ਧੰਨ ਧੰਨ ਗੁਰੂ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਆਖਿਆ ਦੁਆਰਾ
ਸ੍ਰਿਸ਼ਟੀ ਦੀ ਰਚਨਾ ਦੀ ਤੇ ਸ੍ਰਿਸ਼ਟੀ ਦੇ ਰਚਨਹਾਰ ਨੂੰ ਜਾਨਣ ਦੀ ਪੂਰਨ ਸੱਚਾਈ

ਪੂਰੀ ਗੁਰਬਾਣੀ ਦੀ ਰਚਨਾ ਉਨ੍ਹਾਂ ਸਰੀਰਾਂ ਰਾਹੀਂ ਹੋਈ ਹੈ ਜਿਨ੍ਹਾਂ ਸਰੀਰਾਂ ਦੀ ਜੋਤਿ ਦੇ ਅੰਦਰ ਪ੍ਰਗਟ ਹੋ ਕੇ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਾਰੀ ਸੋਝੀ ਪਾਈ ਹੈ ਜੋ ਆਪਣੀ ਸੱਚੀ ਸੋਝੀ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਪਾਉਂਦਾ ਹੈ। ਚੌਥੇ ਪਦ ਦੇ ਉੱਚੇ ਗਿਆਨ ਵਾਲੀ ਸਮਝ ਨੂੰ ਮਨੁੱਖੀ ਤਿੰਨ ਗੁਣਾਂ ਵਾਲੇ ਗਿਆਨ ਦੀ ਸਮਝ ਦੁਆਰਾ ਨਹੀਂ ਸਮਝਿਆ ਜਾ ਸਕਦਾ। ਚੌਥੇ ਪਦ ਦੇ ਗਿਆਨ ਨੂੰ ਸਮਝਣ ਲਈ ਚੌਥੇ ਪਦ ਵਾਲੇ ਗਿਆਨ ਦੀ ਹੀ ਲੋੜ ਹੁੰਦੀ ਹੈ ਜੋ ਆਪਣਾ ਚੌਥੇ ਪਦ ਦਾ ਗਿਆਨ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਜੋਤਿ ਰਾਹੀਂ ਪ੍ਰਗਟ ਹੋ ਕੇ ਕਿਸੇ ਨੂੰ ਆਪ ਹੀ ਬਖਸ਼ ਸਕਦਾ ਹੈ ਤੇ ਤਾਂ ਹੀ ਕੋਈ ਸ਼ਬਦਾਂ ਦੇ ਅੰਦਰ ਦੀ ਸਮਝ ਦੀ ਗਹਿਰਾਈ ਤੱਕ ਪਹੁੰਚ ਸਕਦਾ ਹੈ ਤੇ ਸ਼ਬਦਾਂ ਦੇ ਅੰਦਰ ਦੇ ਅਸਲ ਭਾਵ ਨੂੰ ਸਮਝ ਸਕਦਾ ਹੈ ਤੇ ਅਸਲ ਸੱਚਾਈ ਨੂੰ ਜਾਣ ਸਕਦਾ ਹੈ ਜੋ ਸੱਚਾਈ ਮਨ ਦੇ ਵਿੱਚ ਪ੍ਰਗਟ ਹੋ ਕੇ ਅਕਾਲ ਪੁਰਖ ਆਪ ਹੀ ਸਮਝਾਉਂਦਾ ਹੈ। ਜਿਸ ਅਕਾਲ ਪੁਰਖ ਦੀ ਇਹ ਬਾਣੀ ਹੈ ਉਹ ਆਪ ਹੀ ਸ਼ਬਦਾਂ ਦੇ ਅੰਦਰ ਦੇ ਗਹਿਰੇ ਭਾਵ ਨੂੰ ਜਾਣਦਾ ਹੈ ਤੇ ਆਪ ਹੀ ਸਮਝਾ ਸਕਦਾ ਹੈ। ਅਕਾਲ ਪੁਰਖ ਨੇ ਦਾਸ ਦੀ ਜੋਤਿ ਰਾਹੀਂ ਪ੍ਰਗਟ ਹੋ ਕੇ ਆਪ ਹੀ ਸਾਰੇ ਸ਼ਬਦਾਂ ਦੇ ਅਰਥ ਸਮਝਾਏ ਹਨ ਤੇ ਜਿਉਂ ਜਿਉਂ ਤੁਸੀਂ ਲੇਖ ਵਿੱਚ ਅੱਗੇ ਵੱਧਦੇ ਜਾਵੋਗੇ ਗਹਿਰੇ ਭਾਵ ਵਾਲੇ ਸ਼ਬਦਾਂ ਨੂੰ ਸਮਝਦੇ ਜਾਵੋਗੇ। ਗੁਰਬਾਣੀ ਦੇ ਸੱਚੇ ਅਰਥ ਕਿਸ ਸਰੀਰ ਰਾਹੀਂ ਸੰਸਾਰ ਵਿੱਚ ਆਉਣੇ ਹਨ, ਕਿਸ ਤਰੀਕੇ ਆਉਣੇ ਹਨ ਤੇ ਕਿਸ ਵੇਲੇ ਆਉਣੇ ਹਨ ਇਸ ਗੱਲ ਦੀ ਸੋਝੀ ਗੁਰਬਾਣੀ ਦੇ ਸ਼ਬਦਾਂ ਵਿੱਚ ਅਕਾਲ ਪੁਰਖ ਨੇ ਪਹਿਲੇ ਹੀ ਪਾਈ ਹੋਈ ਹੈ ਜਿਸ ਗੱਲ ਦੀ ਸੋਝੀ ਸਭ ਨੂੰ ਲੇਖ ਵਿੱਚ ਅੱਗੇ ਜਾ ਕੇ ਪਾਈ ਹੋਈ ਹੈ। ਪੂਰੇ ਲੇਖ ਵਿੱਚ ਸ਼ਬਦਾਂ ਦੇ ਇਹ ਉਹ ਅਰਥ ਹਨ ਜਿਨ੍ਹਾਂ ਅਰਥਾਂ ਨੂੰ ਇਸ ਦੁਨੀਆ ਦੇ ਰਹਿੰਦੇ ਤੱਕ ਕੋਈ ਬਦਲ ਨਹੀਂ ਸਕੇਗਾ ਕਿਉਂਕਿ ਇਹ ਸ੍ਰਿਸ਼ਟੀ ਦੇ ਕਰਤੇ ਦੇ ਆਪਣੇ ਕਰਵਾਏ ਹੋਏ ਅਰਥ ਹਨ। ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਹੀ ਹੈ ਜਿਸਨੇ ਪੰਜਾਂ ਤੱਤਾਂ ਦੀ ਰਚਨਾ ਕੀਤੀ ਹੈ, ਪੂਰੀ ਸਾਇੰਸ ਦੀ ਰਚਨਾ ਕੀਤੀ ਹੈ ਜਿਸ ਰਾਹੀਂ ਸਾਰੀ ਸ੍ਰਿਸ਼ਟੀ ਚੱਲ ਰਹੀ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਭਗਵਾਨ ਕਹਿ ਕੇ ਜਾਣੇ, ਅੱਲ੍ਹਾ ਕਹਿ ਕੇ ਜਾਣੇ, ਗਾਡ ਕਹਿ ਕੇ ਜਾਣੇ, ਅਕਾਲ ਪੁਰਖ ਕਹਿ ਕੇ ਜਾਣੇ ਜਾਂ ਕਿਸੇ ਵੀ ਹੋਰ ਨਾਮ ਦੁਆਰਾ ਜਾਣੇ ਉਸ ਨੂੰ ਕੀ ਫਰਕ ਪੈਂਦਾ ਹੈ। ਉਹ ਤਾਂ ਇੱਕੋ ਇੱਕ ਆਪ ਹੀ ਹੈ। ਜਿਸਨੇ ਸ੍ਰਿਸ਼ਟੀ ਦੇ ਰਚਨਹਾਰ ਨੂੰ ਜਾਣ ਲਿਆ ਉਸਨੇ ਸਭ ਕੁੱਝ ਜਾਣ ਲਿਆ ਕਿ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ ਹੈ, ਕਿਸ ਤਰੀਕੇ ਹੋਈ ਹੈ ਤੇ ਕਿਸ ਤਰੀਕੇ ਸਾਰੀ ਸ੍ਰਿਸ਼ਟੀ ਚੱਲ ਰਹੀ ਹੈ ਜਿਵੇਂ ਕਿ ਉਨਾਂ ਸਰੀਰਾਂ ਨੇ ਜਾਣਿਆ ਹੈ ਜਿਨ੍ਹਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸਨੇ ਆਪ ਹੀ ਸਾਰੀ ਗੁਰਬਾਣੀ ਦੀ ਰਚਨਾ ਕਰਵਾਈ ਹੈ। ਸੰਸਾਰ ਦੇ ਹਰ ਮਨੁੱਖ ਦੇ ਅੰਦਰ ਦਾ ਕੋਈ ਐਸਾ ਸਵਾਲ ਨਹੀਂ ਹੈ ਜਿਸਦਾ ਜਵਾਬ ਗੁਰਬਾਣੀ ਦੇ ਸ਼ਬਦਾਂ ਰਾਹੀਂ ਨਾ ਦਿੱਤਾ ਹੋਵੇ।

ਜਿਉਂ ਜਿਉਂ ਇਸ ਲੇਖ ਨੂੰ ਪੜਦੇ ਜਾਵੋਗੇ ਅਨੇਕਾਂ ਹੀ ਅਨੇਕਾਂ ਭਰਮਾਂ ਵਿੱਚੋਂ ਨਿਕਲਦੇ ਜਾਵੋਗੇ ਤੇ ਸੰਸਾਰ ਦੀ, ਸੰਸਾਰ ਨੂੰ ਚਲਾਣ ਵਾਲੇ ਦੀ ਸੋਝੀ ਪੈਂਦੀ ਜਾਵੇਗੀ। ਪੂਰੀ ਗੁਰਬਾਣੀ ਦੇ ਹਰ ਸ਼ਬਦ ਰਾਹੀਂ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਪੂਰੀ ਤਰਾਂ ਹੂਬਹੂ ਸੱਚ ਹੈ ਜੇਕਰ ਉਸਦੇ ਅੰਦਰ ਦੇ ਗੂੜ ਭਾਵ ਦੀ ਸਮਝ ਪੈ ਜਾਵੇ। ਧੰਨ ਹੈ ਧੰਨ ਹੈ ਧੰਨ ਹੈ ਸ੍ਰਿਸ਼ਟੀ ਦਾ ਕਰਤਾ ਜਿਸ ਨੇ ਇਸ ਨਿਮਾਣੇ ਜਿਹੇ ਮਨੁੱਖ ਦੀ ਜੋਤਿ ਰਾਹੀਂ ਪ੍ਰਗਟ ਹੋ ਕੇ ਗੁਰਬਾਣੀ ਦੇ ਅੰਦਰ ਦਾ ਅਤਿਅੰਤ ਹੀ ਗੂੜ ਸੱਚ ਸਮਝਾਇਆ ਹੈ।

ਜਦ ਤੋਂ ਵੀ ਇਸ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਅਨੇਕਾਂ ਹੀ ਜੀਵ ਜੰਤੂ ਆਦਿ ਹੋਂਦ ਵਿੱਚ ਆਏ ਹਨ ਜਿਨਾਂ ਵਿੱਚੋਂ ਅਨੇਕਾਂ ਹੀ ਜੀਵ ਜੰਤੂ ਆਪਣੀ ਆਪਣੀ ਸਮਝ ਦੁਆਰਾ ਦੂਸਰਿਆਂ ਨੂੰ ਸਮਝ ਸਕਦੇ ਹਨ, ਜਾਣ ਸਕਦੇ ਹਨ, ਆਪਣੇ ਚੰਗੇ ਮਾੜੇ ਦਾ ਅੰਦਾਜਾ ਲਗਾ ਸਕਦੇ ਹਨ ਪਰ ਪੂਰੀ ਸ੍ਰਿਸ਼ਟੀ ਵਿੱਚ ਇੱਕੋ ਇੱਕ ਮਨੁੱਖੀ ਹੋਂਦ ਹੀ ਐਸੀ ਹੋਂਦ ਹੈ ਜੋ ਇਸ ਗੱਲ ਨੂੰ ਸਮਝ ਸਕਦੀ ਹੈ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ ਹੈ, ਕਿਸ ਨੇ ਕੀਤੀ ਹੈ ਤੇ ਕਿਸ ਮਕਸਦ ਲਈ ਕੀਤੀ ਹੈ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਨੇ ਕੇਵਲ ਮਨੁੱਖੀ ਹੋਂਦ ਵਿੱਚ ਹੀ ਉਹੋ ਜਿਹੀ ਸਮਝ ਪਾਈ ਹੈ ਜਿਸ ਸਮਝ ਦੁਆਰਾ ਮਨੁੱਖ ਸਭ ਕੁੱਝ ਸਮਝ ਸਕਦਾ ਹੈ। ਮਨੁੱਖੀ ਸਰੀਰ ਦੀ ਰਚਨਾ ਮਨੁੱਖ ਨੇ ਆਪ ਨਹੀਂ ਕੀਤੀ ਤੇ ਜਿਸਨੇ ਸਾਡੇ ਸਰੀਰ ਦੀ ਰਚਨਾ ਕੀਤੀ ਹੈ ਫਿਰ ਸਪੱਸ਼ਟ ਹੈ ਕਿ ਮਨੁੱਖ ਦੇ ਅੰਦਰ ਦੀ ਸਮਝ ਵੀ ਉਸਨੇ ਹੀ ਪਾਈ ਹੈ ਜਿਸ ਨੇ ਸਾਡੀ ਤੇ ਹਰ ਜੀਵ ਦੀ, ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਭਾਵ ਉਸੇ ਨੇ ਕੀਤੀ ਹੈ ਜਿਸਨੇ ਪਹਿਲੇ ਪੰਜ ਤੱਤਾਂ ਦੀ ਰਚਨਾ ਕੀਤੀ ਹੈ ਜਿਨਾਂ ਪੰਜਾਂ ਤੱਤਾਂ ਦੁਆਰਾ ਹੀ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੀ ਹੋਂਦ ਬਣੀ ਹੈ।

ਸਦੀਆਂ ਤੋਂ ਹੀ ਮਨੁੱਖ ਦੇ ਅੰਦਰ ਇਹ ਹੈਰਾਨਗੀ ਭਰੀ ਹੋਈ ਹੈ, ਉਲਝਣ ਭਰੀ ਹੋਈ ਹੈ ਤੇ ਹੁਣ ਵੀ ਭਰੀ ਹੋਈ ਹੈ ਕਿ ਆਖਰ ਇਹ ਇਤਨੀ ਵੱਡੀ ਸ੍ਰਿਸ਼ਟੀ, ਅਨੇਕਾਂ ਹੀ ਅਨੇਕਾਂ ਖੰਡ ਬ੍ਰਹਿਮੰਡ ਕਿਸ ਤਰੀਕੇ ਹੋਂਦ ਵਿੱਚ ਆਏ ਹਨ ਤੇ ਕਿਸਨੇ ਇਹ ਸਭ ਕੁੱਝ ਕੀਤਾ ਹੈ, ਕਿਸ ਤਰੀਕੇ ਕੀਤਾ ਹੈ ਤੇ ਕਿਸ ਮਕਸਦ ਲਈ ਕੀਤਾ ਹੈ। ਧੰਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਹ ਸਭ ਕੁੱਝ ਬਹੁਤ ਹੀ ਬਰੀਕੀ ਨਾਲ ਸਮਝਾਇਆ ਹੋਇਆ ਹੈ ਕਿਉਂਕਿ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਕਰਵਾਈ ਹੋਈ ਹੈ, ਵੱਖਰੇ ਵੱਖਰੇ ਸਰੀਰਾਂ ਰਾਹੀਂ ਭਾਵ ਭਗਤਾਂ ਦੇ ਤੇ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਨਾਂ ਦੇ ਅੰਦਰ ਆਪਣੀ ਉੱਚੀ ਸਮਝ ਪਾ ਕੇ ਆਪ ਹੀ ਪੂਰਾ ਗੁਰੂ ਗ੍ਰੰਥ ਸਾਹਿਬ ਲਿਖਵਾਇਆ ਹੋਇਆ ਹੈ ਜੋ ਗੁਰੂ ਰੂਪ ਧਰਮ ਗ੍ਰੰਥ ਸਾਰੇ ਸੰਸਾਰ ਨੂੰ ਇੱਕੋ ਜਿਹੀ ਵਿਚਾਰ ਹੀ ਦੇਂਦਾ ਹੈ ਕਿ ਸਾਰੀ ਸ੍ਰਿਸ਼ਟੀ ਕਿਸ ਤਰੀਕੇ ਹੋਂਦ ਵਿੱਚ ਆਈ ਹੈ। ਸਾਰੀ ਗੱਲ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੇ ਵਿਚਾਰ ਦੀ ਸਮਝ ਆਉਣ ਦੀ ਹੈ ਭਾਵ ਉਨਾਂ ਦੇ ਅੰਦਰ ਦੀ ਅਸਲੀਅਤ ਨੂੰ ਸਮਝਣ ਦੀ ਹੈ ਜੋ ਅਸਲੀਅਤ ਵਾਲੀ ਗਹਿਰੀ ਸਮਝ ਪੈਣ ਦੇ ਨਾਲ ਹਰ ਕਿਸੇ ਦੇ ਅੰਦਰ ਦੀ ਸਦੀਆਂ ਤੋਂ ਚੱਲਦੀ ਆ ਰਹੀ ਉਲਝਣ, ਹੈਰਾਨਗੀ ਕੁੱਝ ਸਮੇਂ ਵਿੱਚ ਹੀ ਦੂਰ ਹੋ ਸਕਦੀ ਹੈ। ਪੂਰੀ ਸ੍ਰਿਸ਼ਟੀ ਦਾ ਰਚਨਹਾਰ ਇੱਕੋ ਹੀ ਹੈ ਜਿਸਨੂੰ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਪੂਰੇ ਸੰਸਾਰ ਵਿੱਚ ਵੱਖਰੇ ਵੱਖਰੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਅਨੇਕਾਂ ਉਸਨੂੰ ਗਾਡ ਕਹਿੰਦੇ ਹਨ ਤੇ ਅਨੇਕਾਂ ਹੀ ਉਸਨੂੰ ਅੱਲਾਹ ਦੇ ਨਾਂ ਨਾਲ ਪੁਕਾਰਦੇ ਹਨ, ਕਈ ਪ੍ਰਮਾਤਮਾ ਕਹਿੰਦੇ ਹਨ, ਭਗਵਾਨ ਕਹਿੰਦੇ ਹਨ ਤੇ ਕਈ ਵਾਹਿਗੁਰੂ ਕਹਿੰਦੇ ਹਨ ਭਾਵ ਸੰਸਾਰ ਵਿੱਚ ਇੱਕੋ ਕਰਨਹਾਰ ਨੂੰ ਅਨੇਕਾਂ ਹੀ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਸ੍ਰਿਸ਼ਟੀ ਦੇ ਕਰਤੇ ਤੇ ਇੱਕ ਤੋਂ ਜਿਆਦਾ ਨਹੀਂ ਹੋ ਸਕਦੇ, ਇਸ ਗੱਲ ਨੂੰ ਹਰ ਕੋਈ ਸਮਝਦਾ ਹੈ। ਇਸ ਪੁਸਤਕ ਨੂੰ ਲਿਖਣ ਦਾ ਮਕਸਦ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਸੱਚਾਈ ਸਮਝਾਉਣ ਲਈ ਹੀ ਹੈ ਕਿ ਸਭ ਕੁੱਝ ਕਿਵੇਂ ਬਣਿਆ ਹੈ ਤੇ ਕਿਸ ਤਰੀਕੇ ਚੱਲ ਰਹਿਆ ਹੈ ਤੇ ਕਿਸ ਦੇ ਹੁਕਮ ਨਾਲ ਸਭ ਚੱਲ ਰਹਿਆ ਹੈ ਤੇ ਉਸਦਾ ਹੁਕਮ ਸਭ ਜਗ੍ਹਾ ਕਿਸ ਤਰੀਕੇ ਵਰਤ ਰਹਿਆ ਹੈ। ਸ੍ਰਿਸ਼ਟੀ ਦਾ ਕਰਤਾ ਸਭ ਜਗ੍ਹਾ ਹੀ ਹੈ ਤੇ ਸਭ ਦੇ ਅੰਦਰ ਹੀ ਹੈ, ਹਰ ਆਕਾਰ ਰੂਪ ਵਿੱਚ ਹੀ ਹੈ, ਕਣ ਕਣ ਵਿੱਚ ਉਹੀ ਹੈ ਪਰ ਸ੍ਰਿਸ਼ਟੀ ਦੇ ਕਰਤੇ ਨੂੰ ਕਿਸੇ ਵੀ ਆਕਾਰ ਰੂਪ ਨੂੰ ਦੇਖਣ ਨਾਲ ਨਹੀਂ ਜਾਣਿਆ ਜਾ ਸਕਦਾ। ਕਰਤਾ ਹਰ ਆਕਾਰ ਰੂਪ ਵਿੱਚ ਜਿਸ ਵਿੱਚ ਮਨੁੱਖ ਆਪ ਵੀ ਆਉਂਦਾ ਹੈ ਉਹ ਆਪਣੇ ਨਿਰੰਕਾਰ ਰੂਪ ਦੁਆਰਾ, ਨਿਰਗੁਣ ਰੂਪ ਦੁਆਰਾ ਵਰਤਦਾ ਹੈ ਜਿਸ ਰੂਪ ਨੂੰ ਸਰੀਰਕ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਅੱਖਾਂ ਕੇਵਲ ਆਕਾਰ ਰੂਪ ਨੂੰ ਦੇਖ ਸਕਦੀਆਂ ਹਨ। ਜੋ ਨਿਰੰਕਾਰ ਰੂਪ ਹੈ, ਨਿਰਗੁਣ ਰੂਪ ਹੈ ਭਾਵ ਜਿਸ ਦਾ ਆਪਣਾ ਕੋਈ ਆਕਾਰ ਹੀ ਨਹੀਂ ਹੈ ਉਸਨੂੰ ਅੱਖਾਂ ਨਾਲ ਦੇਖਿਆ ਵੀ ਕਿਵੇਂ ਜਾ ਸਕਦਾ ਹੈ। ਨਿਰੰਕਾਰ ਰੂਪ ਨੂੰ ਕੇਵਲ ਮਨ ਦੀ ਸਮਝ ਦੁਆਰਾ ਸਮਝਿਆ ਜਾ ਸਕਦਾ

ਹੈ ਜੋ ਨਿਰੰਕਾਰ ਰੂਪ ਨੂੰ ਸਮਝਣ ਦੀ ਸਮਰੱਥਾ ਸ੍ਰਿਸ਼ਟੀ ਦੇ ਕਰਤੇ ਨੇ ਕੇਵਲ ਮਨੁੱਖੀ ਸਮਝ ਦੇ ਵਿੱਚ ਹੀ ਪਾਈ ਹੈ। ਮਨੁੱਖੀ ਸਮਝ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਭਾਵ ਹਰ ਆਕਾਰ ਰੂਪ ਕਰਤੇ ਨੇ ਕਿਸ ਤਰੀਕੇ ਬਣਾਇਆ ਹੈ ਤੇ ਕਿਸ ਤਰੀਕੇ ਸਭ ਵਿੱਚ ਉਹ ਆਪਣੇ ਨਿਰੰਕਾਰ ਰੂਪ ਵਿੱਚ ਵਰਤ ਰਹਿਆ ਹੈ ਇਹ ਸਭ ਕੁੱਝ ਬੜੀ ਹੀ ਬਰੀਕੀ ਨਾਲ ਇਸ ਪੂਰੀ ਪੁਸਤਕ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ **"ਗੁਰੂ ਗੁਰਬਾਣੀ"** ਦੇ ਸ਼ਬਦਾਂ ਦੀ ਸਹੀ ਵਿਆਖਿਆ ਕਰਨ ਦੁਆਰਾ ਸਮਝਾਇਆ ਹੋਇਆ ਹੈ ਜਿਸ ਵਿਆਖਿਆ ਨੂੰ ਸੰਸਾਰ ਦਾ ਹਰ ਮਨੁੱਖ ਆਸਾਨੀ ਨਾਲ ਸਮਝ ਸਕਦਾ ਹੈ ਤੇ ਜਾਣ ਸਕਦਾ ਹੈ ਕਿ ਸਾਰੀ ਸ੍ਰਿਸ਼ਟੀ ਕਿਸ ਤਰੀਕੇ ਹੋਂਦ ਵਿੱਚ ਆਈ ਹੈ ਤੇ ਕਿਸ ਤਰੀਕੇ ਸਾਰੀ ਸ੍ਰਿਸ਼ਟੀ ਚੱਲ ਰਹੀ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਲਈ ਪੂਰੇ ਸੰਸਾਰ ਵਿੱਚ ਅਨੇਕਾਂ ਹੀ ਭਰਮ ਹਨ ਕਿ ਉਸ ਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਜੋ ਭਰਮ ਸੰਸਾਰ ਵਿੱਚ ਸਦੀਆਂ ਤੋਂ ਚੱਲਦੇ ਆ ਰਹੇ ਹਨ। ਇਹ ਪੂਰਾ ਲੇਖ ਪੜਨ ਤੋਂ ਬਾਅਦ ਸੰਸਾਰ ਦੇ ਕਿਸੇ ਵੀ ਮਨੁੱਖ ਦੇ ਅੰਦਰ ਇਹ ਭਰਮ ਨਹੀਂ ਰਹਿ ਜਾਵੇਗਾ ਕਿ ਸ੍ਰਿਸ਼ਟੀ ਦਾ ਕਰਤਾ ਸਭ ਜਗ੍ਹਾ ਤੇ ਸਭ ਵਿੱਚ ਕਿਸ ਤਰੀਕੇ ਸਮਾਇਆ ਹੋਇਆ ਹੈ। ਸਭ ਨੂੰ ਇਸ ਗੱਲ ਦੀ ਸਮਝ ਵੀ ਪੈ ਜਾਵੇਗੀ ਕਿ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਿਵੇਂ ਹੋਈ ਹੈ, ਕਿਸਨੇ ਕਰਵਾਈ ਹੈ ਤੇ ਕਿਸ ਮਕਸਦ ਲਈ ਕਰਵਾਈ ਹੈ। ਹਰ ਸੱਚਾ ਧਰਮ ਗ੍ਰੰਥ ਸਾਰੇ ਸੰਸਾਰ ਨੂੰ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਇੱਕੋ ਜਿਹਾ ਸੱਚਾ ਮਾਰਗ ਹੀ ਸਮਝਾਉਂਦਾ ਹੈ ਪਰ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਸਮਝਣਾ ਬਹੁਤ ਹੀ ਔਖਾ ਹੈ ਕਿਉਂਕਿ ਧਰਮ ਗ੍ਰੰਥਾਂ ਦਾ ਗਿਆਨ ਚੌਥੇ ਪਦ ਦੀ ਸਮਝ ਵਾਲਾ ਗਿਆਨ ਹੁੰਦਾ ਹੈ ਤੇ ਹਰ ਮਨੁੱਖੀ ਸਮਝ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜੋ ਸਮਝ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਹੀ ਰੱਖਦੀ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਵੀ ਚੌਥੇ ਪਦ ਵਾਲੀ ਸਮਝ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ ਤੇ ਨਾ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਅਸਲ ਤਰੀਕਾ ਸਮਝ ਸਕਦਾ ਹੈ। ਜਿਸ ਨੇ ਸਾਰੇ ਸੰਸਾਰ ਦੇ ਮਨੁੱਖਾਂ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ ਤੇ ਆਪਣੀ ਚੌਥੇ ਪਦ ਵਾਲੀ ਸਮਝ ਦੇ ਨਾਲ ਜੋੜ ਸਕਦਾ ਹੈ ਤੇ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾ ਸਕਦਾ ਹੈ ਤੇ ਉਸ ਸੱਚੀ ਭਗਤੀ ਦੇ ਮਾਰਗ ਤੇ ਚਲਾ ਸਕਦਾ ਹੈ ਜਿਵੇਂ ਕਿ ਸ੍ਰਿਸ਼ਟੀ ਦੇ ਕਰਤੇ ਨੇ ਪੂਰੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਆਪਣਾ ਆਪ ਪ੍ਰਗਟ ਕਰਨ ਦੁਆਰਾ ਉਨ੍ਹਾਂ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਿਆ ਹੈ ਤੇ ਚੌਥੇ ਪਦ ਦੀ ਸਮਝ ਵਾਲਾ ਗਿਆਨ ਉਨ੍ਹਾਂ ਦੀ ਸਮਝ ਦੇ ਅੰਦਰ ਪਾਇਆ ਹੈ ਜਿਸ ਉੱਚੀ ਤੇ ਸੱਚੀ ਧਾਰਮਿਕ ਸਮਝ ਦੁਆਰਾ ਉਸਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਤੇ ਉਸਦੇ ਨਿਰੰਕਾਰ ਰੂਪ ਨੂੰ ਜਾਨਣ ਦਾ ਇੱਕੋ ਜਿਹਾ ਮਾਰਗ ਸਮਝਾਇਆ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਸਾਰੀ ਸ੍ਰਿਸ਼ਟੀ ਨੂੰ ਚਲਾ ਰਹਿਆ ਹੈ। ਸ੍ਰਿਸ਼ਟੀ ਦੇ ਨਿਰੰਕਾਰ ਰੂਪ ਨੂੰ ਕੇਵਲ ਤੇ ਕੇਵਲ ਇਸ ਸ੍ਰਿਸ਼ਟੀ ਦਾ ਉਹੀ ਮਨੁੱਖ ਜਾਣ ਸਕਦਾ ਹੈ ਜਿਸ ਦੇ ਮਨ ਦੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪ ਪ੍ਰਗਟ ਹੋ ਕੇ ਆਪਣਾ ਨਿਰੰਕਾਰ ਰੂਪ ਪ੍ਰਗਟ ਕਰਦਾ ਹੈ ਜਿਸ ਉਸਦੇ ਨਿਰੰਕਾਰ ਰੂਪ ਨੂੰ ਕੋਈ ਆਪਣੇ ਆਪ ਪ੍ਰਗਟ ਕਰ ਲਵੇ ਭਾਵ ਉਸਦੇ ਨਿਰੰਕਾਰ ਰੂਪ ਨੂੰ ਜਾਣ ਲਵੇ ਇਹ ਬਿਲਕੁਲ ਹੀ ਨਾਮੁਮਕਿਨ ਹੈ ਜਿਸ ਗੱਲ ਦੀ ਸਮਝ ਤੇ ਉਸਤੇ ਵਿਸ਼ਵਾਸ ਆਪ ਸਭ ਨੂੰ ਇਹ ਲੇਖ ਪੜਣ ਤੋਂ ਬਾਅਦ ਹੀ ਆਵੇਗਾ। ਇਸ ਪੂਰੇ ਲੇਖ ਰਾਹੀਂ ਪੂਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਹੀ ਸਮਝਾਇਆ ਹੋਇਆ ਹੈ ਜਿਸ ਸੱਚ ਨੂੰ, ਧਰਮ ਗ੍ਰੰਥਾਂ ਦੇ ਵਿੱਚ ਸਮਝਾਏ ਹੋਏ ਸੱਚ ਨੂੰ ਮਨ ਦੀ ਤ੍ਰੈਗੁਣਾਂ ਵਾਲੀ ਅਵਸਥਾ ਕਰਕੇ ਕੋਈ ਵੀ ਨਹੀਂ ਸਮਝ ਸਕਿਆ। ਸ੍ਰਿਸ਼ਟੀ ਦੇ ਕਰਤੇ ਦੇ ਸੱਚ ਨੂੰ ਭਾਵ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਸਮਝਣ ਦੇ ਲਈ ਇਹ ਵੀ ਜਰੂਰੀ ਹੈ ਕਿ ਅਸੀਂ ਧਰਮ ਗ੍ਰੰਥਾਂ ਦੇ ਅੰਦਰ ਸਮਝਾਏ ਹੋਏ ਸੱਚ ਨੂੰ ਪੂਰੀ ਸਾਇੰਸ ਤੇ ਵੀ ਪੂਰਾ ਉਤਾਰ ਕੇ ਦੇਖ ਸਕੀਏ ਕਿਉਂਕਿ ਪੂਰੇ ਸੰਸਾਰ ਵਿੱਚ, ਪੂਰੀ ਸ੍ਰਿਸ਼ਟੀ ਵਿੱਚ ਉਹੀ ਕੁੱਝ ਹੁੰਦਾ ਹੈ ਜੋ ਸਾਇੰਸ ਦੁਆਰਾ ਹੁੰਦਾ ਹੈ। ਇਸ ਲੇਖ ਦੇ ਲਿਖਣ ਵਾਲਾ ਮਨੁੱਖ ਭਾਵੇਂ ਇੱਕ ਸਰਗੁਣ ਰੂਪ ਹੀ ਦਿਸਦਾ ਹੈ ਪਰ ਇਸ ਨੂੰ ਲਿਖਣ ਵਾਲਾ ਇਹ ਮਨੁੱਖੀ ਰੂਪ ਨਹੀਂ ਹੈ ਪਰ ਮਨੁੱਖ ਦੇ ਅੰਦਰ ਦਾ ਜੋ ਨਿਰਗੁਣ ਰੂਪ ਹੈ ਭਾਵ ਨਿਰੰਕਾਰ ਰੂਪ ਹੈ ਉਹ ਆਪ ਹੀ ਇਸ ਮਨੁੱਖੀ ਦੇਹ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਲਿਖਵਾ ਰਹਿਆ ਹੈ। ਪੂਰੀ ਸਾਇੰਸ ਦੁਆਰਾ ਇਹ ਤਾਂ ਸਮਝਿਆ ਜਾ ਸਕਦਾ ਹੈ ਕਿ ਸੰਸਾਰ ਵਿੱਚ ਹਰ ਕੰਮ ਕਿਸ ਤਰੀਕੇ ਹੁੰਦਾ ਹੈ ਭਾਵ ਸ੍ਰਿਸ਼ਟੀ ਕਿਸ ਤਰੀਕੇ ਚੱਲ ਰਹੀ ਹੈ ਪਰ ਇਸ ਪੂਰੀ ਸਾਇੰਸ ਦੇ ਪਿੱਛੇ ਕੌਣ ਹੈ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਨੇ ਉਹ ਸਮਝ ਹਰ ਕਿਸੇ ਦੇ ਅੰਦਰ ਨਹੀਂ ਪਾਈ ਜਿਸ ਮਨ ਦੀ ਸਮਝ ਦੁਆਰਾ ਕੋਈ ਇਸ ਗੱਲ ਨੂੰ ਸਮਝ ਪਾਏ ਕਿ ਸ੍ਰਿਸ਼ਟੀ ਦਾ ਕਰਤਾ ਕਿਸ ਵਿਧੀ ਦੁਆਰਾ ਆਪਣੇ ਆਪ ਨੂੰ ਕਿਸੇ ਸਰੀਰ ਦੇ ਅੰਦਰ ਭਾਵ ਕਿਸੇ ਸਰੀਰ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਮਨ

ਦੀ ਸਮਝ ਦੁਆਰਾ ਆਪ ਹੀ ਸਭ ਕੁੱਝ ਸਮਝਾਉਂਦਾ ਹੈ। ਗੁਰਬਾਣੀ ਰੂਪ ਗ੍ਰੰਥ ਦੁਆਰਾ ਇਹ ਸਭ ਕੁੱਝ ਅਨੇਕਾਂ ਹੀ ਸ਼ਬਦਾਂ ਦੁਆਰਾ ਬੜੀ ਬਰੀਕੀ ਨਾਲ ਸਮਝਾਇਆ ਹੋਇਆ ਹੈ ਕਿ ਉਸਨੇ ਕਿਸ ਤਰੀਕੇ ਉਨਾਂ ਦੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਕਿਸ ਤਰੀਕੇ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਨੂੰ ਇੱਕੋ ਜਿਹਾ ਸੱਚੇ ਧਰਮ ਦੇ ਮਾਰਗ ਤੇ ਚੱਲਣ ਦਾ ਮਾਰਗ ਸਮਝਾਇਆ ਹੈ ਜੋ ਮਾਰਗ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਦੂਸਰੇ ਸੱਚੇ ਧਰਮ ਗ੍ਰੰਥਾਂ ਰਾਹੀਂ ਸਭ ਨੂੰ ਸਮਝਾਇਆ ਹੋਇਆ ਹੈ ਭਾਵੇਂ ਉਹਨਾਂ ਸੱਚੇ ਧਰਮ ਗ੍ਰੰਥਾਂ ਨੂੰ ਮੰਨਣ ਵਾਲਾ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਕਿਉਂਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਵੀ ਇੱਕੋ ਹੀ ਹੈ ਤੇ ਉਸਨੂੰ ਜਾਨਣ ਲਈ ਸਾਰੇ ਸੰਸਾਰ ਲਈ ਧਰਮ ਦੇ ਮਾਰਗ ਤੇ ਚੱਲਣ ਦਾ ਮਾਰਗ ਵੀ ਇੱਕੋ ਹੀ ਹੈ। ਇਸ ਨਿਮਾਣੇ ਜਿਹੇ ਦਾਸ ਦੇ ਸਰੀਰ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਆਪ ਨੂੰ ਕਿਸ ਤਰੀਕੇ ਪਰਗਟ ਕੀਤਾ ਹੈ ਤੇ ਕਿਸ ਮਕਸਦ ਲਈ ਪਰਗਟ ਕੀਤਾ ਹੈ ਇਸ ਗੱਲ ਦੀ ਸਮਝ ਇਸ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਇਹ ਲੇਖ ਪੜਣ ਤੋਂ ਬਾਅਦ ਆਸਾਨੀ ਨਾਲ ਲੱਗ ਜਾਵੇਗੀ ਕਿ ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ ਜੋ ਸਭ ਦੇ ਅੰਦਰ ਆਪ ਹੀ ਵਰਤ ਰਹਿਆ ਹੈ ਤੇ ਹਰ ਆਕਾਰ ਰੂਪ ਉਸਦਾ ਆਪਣਾ ਹੀ ਰਚਿਆ ਹੋਇਆ ਰੂਪ ਹੈ ਜਿਸ ਵਿੱਚ ਮਨੁੱਖੀ ਸਰੀਰ ਦੀ ਰਚਨਾ ਵੀ ਆਉਂਦੀ ਹੈ ਤੇ ਆਪਣੇ ਹਰ ਆਕਾਰ ਰੂਪ ਨੂੰ ਉਹ ਆਪਣੇ ਨਿਰੰਕਾਰ ਰੂਪ ਨੂੰ ਰਚਣ ਦੁਆਰਾ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਹਿਆ ਹੈ ਤੇ ਹਰ ਮਨੁੱਖੀ ਰੂਪ ਨੂੰ ਉਸਨੇ ਆਪ ਹੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਕਰਕੇ ਹੀ ਹਰ ਕੋਈ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਸਮਝਦਾ ਹੈ, ਆਪਣੀ ਵੱਖਰੀ-ਵੱਖਰੀ ਧਾਰਮਿਕ ਆਸਥਾ ਰੱਖਦਾ ਹੈ, ਸ਼੍ਰਿਸ਼ਟੀ ਦੇ ਕਰਤੇ ਦੇ ਵੱਖਰੇ ਵੱਖਰੇ ਰੂਪ ਸਮਝਦਾ ਹੈ ਤੇ ਉਸਨੂੰ ਜਾਨਣ ਦੇ ਵੱਖਰੇ ਵੱਖਰੇ ਤਰੀਕੇ ਅਪਨਾਉਂਦਾ ਹੈ ਜੋ ਕਿ ਮਨ ਦਾ ਭਰਮ ਹੈ ਜੋ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ, ਹਰ ਮਨੁੱਖੀ ਜਨਮ ਦੇ ਨਾਲ ਹੀ ਪਾਇਆ ਹੋਇਆ ਹੈ ਜਿਸ ਦੁਆਰਾ ਸ੍ਰਿਸ਼ਟੀ ਦਾ ਕਰਤਾ ਆਪਣੀ ਇਸ ਸੰਸਾਰਕ ਖੇਡ ਨੂੰ ਚਲਾ ਰਹਿਆ ਹੈ ਜਿਸ ਉਸਦੀ ਖੇਡ ਨੂੰ ਕੇਵਲ ਤੇ ਕੇਵਲ ਤਾਂ ਹੀ ਸਮਝਿਆ ਜਾ ਸਕਦਾ ਹੈ ਜਦੋਂ ਸ੍ਰਿਸ਼ਟੀ ਦਾ ਕਰਤਾ ਆਪ ਹੀ ਆਪਣੇ ਕਿਸੇ ਮਨੁੱਖੀ ਰੂਪ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਮਝਾਉਂਦਾ ਹੈ। ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਕਿ ਕੋਈ ਵੀ ਇਸ ਸ੍ਰਿਸ਼ਟੀ ਦਾ ਮਨੁੱਖ ਆਪਣੇ ਆਪ ਉਸਦੀ ਇਸ ਖੇਡ ਨੂੰ ਸਮਝ ਸਕੇ ਕਿਉਂਕਿ ਮਨੁੱਖੀ ਸਮਝ ਦਾ ਮਾਲਕ ਕੇਵਲ ਉਹ ਆਪ ਹੀ ਹੈ ਜਿਸ ਗੱਲ ਦੀ ਸਮਝ ਉਸਨੂੰ ਹੀ ਲੱਗ ਸਕਦੀ ਹੈ ਜਿਨ੍ਹਾਂ ਦੀ ਸਮਝ ਦੇ ਵਿੱਚ ਪਰਗਟ ਹੋਣ ਦੁਆਰਾ ਭਾਵ ਭਗਤਾਂ ਦੀ, ਗੁਰੂ ਸਾਹਿਬਾਨ ਦੀ ਸਮਝ ਦੇ ਵਿੱਚ ਪਰਗਟ ਹੋਣ ਦੁਆਰਾ ਉਸਨੇ ਆਪ ਹੀ ਸਾਰੀ ਗੁਰਬਾਣੀ ਦੀ ਰਚਨਾ ਕਰਵਾਈ ਹੈ ਤੇ ਉਨਾਂ ਦੀ ਸਮਝ ਦੇ ਰਾਹੀਂ ਆਪਣੀ ਸੰਸਾਰਕ ਖੇਡ ਸਮਝਾਈ ਹੈ। ਉਹ ਕਦੇ ਹੀ ਕਿਸੇ ਵਿਰਲੇ ਸਰੀਰ ਦੀ ਸਮਝ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਆਪਣੀ ਇਹ ਖੇਡ ਸਮਝਾਉਂਦਾ ਹੈ ਤੇ ਦਾਸ ਦੇ ਸਰੀਰ ਨੂੰ ਆਪਣੀ ਖੇਡ ਸਮਝਾਉਣ ਲਈ, ਸ੍ਰਿਸ਼ਟੀ ਦਾ ਸੱਚ ਸਮਝਾਉਣ ਲਈ, ਆਪਣੇ ਆਪ ਦਾ ਸੱਚ ਸਮਝਾਉਣ ਲਈ, ਭਗਤੀ ਦਾ ਸੱਚਾ ਮਾਰਗ ਸਮਝਾਉਣ ਲਈ ਜਿਸ ਸੱਚੇ ਮਾਰਗ ਤੇ ਚੱਲ ਕੇ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਜਾ ਸਕਦਾ ਹੈ ਉਸਨੇ ਦਾਸ ਦੇ ਸਰੀਰ ਨੂੰ ਕਿਸ ਲਈ ਚੁਣਿਆ ਹੈ ਇਹ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਜਾਣਦਾ ਹੈ। ਜਿਉਂ ਜਿਉਂ ਤੁਸੀਂ ਲੇਖ ਦੇ ਪੜਣ ਵਾਲੇ ਗੁਰਬਾਣੀ ਰੂਪ ਸੱਚੇ ਗ੍ਰੰਥ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਸਮਝਦੇ ਜਾਵੋਗੇ ਤੁਹਾਨੂੰ ਸਾਰੀ ਸੱਚਾਈ ਆਪੇ ਹੀ ਸਮਝ ਆਉਂਦੀ ਜਾਵੇਗੀ। ਹਰ ਮਨੁੱਖੀ ਸਰੀਰ ਦੇ ਅੰਦਰ ਸੋਝੀ ਪਾਉਣ ਵਾਲਾ, ਗਿਆਨ ਪਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਕਿਸ ਮਨੁੱਖੀ ਸਰੀਰ ਨੂੰ ਉਹ ਕਿਹੋ ਜਿਹੀ ਸਮਝ ਵਿੱਚ ਰੱਖਣਾ ਚਾਹੁੰਦਾ ਹੈ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਮਰਜੀ ਹੈ, ਆਪਣੀ ਰਜ਼ਾ ਹੈ। ਉਹ ਕਿਸ ਮਨੁੱਖ ਨੂੰ ਉਸਦੀ ਸੱਚੀ ਭਗਤੀ ਦਾ ਮਾਰਗ, ਉਸਨੂੰ ਜਾਨਣ ਦਾ ਮਾਰਗ ਸਮਝਣ ਵਿੱਚ ਭਰਮਾਂ ਵਿੱਚ ਹੀ ਰੱਖਣਾ ਚਾਹੁੰਦਾ ਹੈ ਜਾਂ ਭਰਮਾਂ ਵਾਲੀ ਸਮਝ ਵਿੱਚੋਂ ਕੱਢਣਾ ਚਾਹੁੰਦਾ ਹੈ ਇਹ ਕੇਵਲ ਤੇ ਕੇਵਲ ਆਪ ਲੋਕ ਤਾਂ ਹੀ ਸਮਝ ਸਕੋਗੇ ਜਿਉਂ ਜਿਉਂ ਲੇਖ ਵਿੱਚ ਅੱਗੇ ਵੱਧਦੇ ਜਾਵੋਗੇ। ਗੁਰਬਾਣੀ ਗ੍ਰੰਥ ਰਾਹੀਂ ਪੂਰੀ ਮਨੁੱਖਤਾ ਦੇ ਅੰਦਰ ਜੋ ਵੀ ਭਰਮ ਹਨ ਉਸ ਹਰ ਭਰਮ ਦਾ ਜਵਾਬ ਗੁਰਬਾਣੀ ਦੇ ਸ਼ਬਦਾਂ ਰਾਹੀਂ ਦਿੱਤਾ ਹੋਇਆ ਹੈ। ਇਸ ਨਿਮਾਣੇ ਜਿਹੇ ਦਾਸ ਤੇ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਸਭ ਤੋਂ ਵੱਡੀ ਕਿਰਪਾ ਹੀ ਇਸ ਲਈ ਕੀਤੀ ਹੈ ਭਾਵ ਪੂਰੀ ਗੁਰਬਾਣੀ ਦੇ ਸੱਚੇ ਅਰਥ ਹੀ ਇਸ ਲਈ ਸਮਝਾਏ ਹਨ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਸਮਝਾਏ ਹਨ ਤਾਂ ਜੋ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਿਆ ਜਾ ਸਕੇ ਤੇ ਸ੍ਰਿਸ਼ਟੀ ਦੇ ਕਰਤੇ ਦੀ ਅਸਲੀਅਤ ਨੂੰ ਜਾਣਿਆ ਜਾ ਸਕੇ, ਉਸਦੀ ਸੱਚੀ ਭਗਤੀ ਦੇ ਤਰੀਕੇ ਨੂੰ ਜਾਣਿਆ ਜਾ ਸਕੇ, ਉਸਦਾ ਸੱਚਾ ਨਾਮ ਜਪਣ ਦੇ ਤਰੀਕੇ ਨੂੰ ਜਾਣਿਆ ਜਾ ਸਕੇ ਜਿਸ ਤਰੀਕੇ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਵੀ ਜਾਣ ਸਕਦਾ ਹੈ।

ਧੰਨੁ ਧੰਨੁ ਧੰਨੁ ਅਕਾਲ ਪੁਰਖ, ਅੱਲ੍ਹਾ, ਪ੍ਰਮਾਤਮਾ, ਗਾਡ ਜੋ ਪੂਰੀ ਸ੍ਰਿਸ਼ਟੀ ਨੂੰ ਆਪ ਬਣਾ ਕੇ ਆਪ ਹੀ ਚਲਾ ਰਹਿਆ ਹੈ ਜੋ ਕਿ ਸਭ ਦੇ ਅੰਦਰ ਆਪਣੀ ਜੋਤਿ ਰਾਹੀਂ ਭਾਵ ਆਪਣੇ ਨਿਰੰਕਾਰ ਰੂਪ ਰਾਹੀਂ ਵਿਚਰ ਰਹਿਆ ਹੈ ਤੇ ਉਸਦੇ ਜੋਤਿ ਰੂਪ ਨੂੰ, ਨਿਰੰਕਾਰ ਰੂਪ ਨੂੰ ਜਿਸਦਾ ਕੋਈ ਰੂਪ ਰੇਖ ਹੀ ਨਹੀਂ ਹੈ, ਆਕਾਰ ਰੂਪ ਨਹੀਂ ਹੈ ਉਸਨੂੰ ਤਨ ਦੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਤੇ ਕੇਵਲ ਮਨ ਦੀ ਸਮਝ ਰਾਹੀਂ ਮਨ ਦੇ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ ਤੇ ਸੰਸਾਰ ਦੇ ਹਰ ਮਨੁੱਖ ਲਈ ਉਸਨੂੰ ਜਾਨਣ ਦਾ ਇਹੀ ਇੱਕੋ ਇੱਕ ਤਰੀਕਾ ਹੈ ਤੇ ਹੋਰ ਕੋਈ ਨਹੀਂ ਹੈ ਜਿਵੇਂ ਕਿ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਪ੍ਰਮਾਤਮਾ ਵੀ ਪੂਰੇ ਸੰਸਾਰ ਵਿੱਚ ਇੱਕੋ ਹੀ ਹੈ ਤੇ ਉਸਨੂੰ ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕ ਹੀ ਹੈ ਜੋ ਕਿ ਸਾਡਾ ਮਨ ਹੈ ਜਿੱਥੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਜਾ ਸਕਦਾ ਹੈ। ਸਾਡਾ ਮਨ ਹੀ ਸਾਡੇ ਅੰਦਰ ਪ੍ਰਮਾਤਮਾ ਦੀ **"ਜੋਤਿ"** ਦੇ ਰੂਪ ਵਿਚ ਹੈ। ਆਪਣੇ ਮਨ ਨੂੰ ਜਾਨਣਾ ਹੀ, ਆਪਣੇ ਮਨ ਦੀ ਸਮਝ ਦੇ ਮਾਲਕ ਨੂੰ ਜਾਨਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ, ਉਸਦੇ ਜੋਤਿ ਰੂਪ ਨੂੰ ਜਾਨਣਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਇਹੋ ਹੀ ਇੱਕੋ ਇੱਕ ਤਰੀਕਾ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਕਿ ਜੇਕਰ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣਾ ਚਾਹੁੰਦੇ ਹੋ ਭਾਵ ਜਾਨਣਾ ਚਾਹੁੰਦੇ ਹੋ ਤੇ ਫਿਰ ਆਪਣੇ ਮਨ ਨੂੰ ਖੋਜੋ।

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥}

(ਅੰਗ - ੪੪੧)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥}

(ਅੰਗ - ੧੩)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥
ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥
ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥
ਜਲ ਮਹਿ ਉਪਜੈ ਜਲ ਤੇ ਦੂਰਿ ॥ ਜਲ ਮਹਿ ਜੋਤਿ ਰਹਿਆ ਭਰਪੂਰਿ ॥
ਕਿਸੁ ਨੇੜੈ ਕਿਸੁ ਆਖਾ ਦੂਰਿ ॥ ਨਿਧਿ ਗੁਣ ਗਾਵਾ ਦੇਖਿ ਹਦੂਰਿ ॥੭॥
ਅੰਤਰਿ ਬਾਹਰਿ ਅਵਰੁ ਨ ਕੋਇ ॥ ਜੋ ਤਿਸੁ ਭਾਵੈ ਸੋ ਫੁਨਿ ਹੋਇ ॥
ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥ ਨਿਰਮਲ ਨਾਮੁ ਮੇਰਾ ਆਧਾਰੁ ॥੮॥੧॥}

(ਅੰਗ - ੪੧੧)

{ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥}

(ਅੰਗ - ੨੧)

{ਜੇਹਾ ਡਿਠਾ ਮੈ ਤੇਹੋ ਕਹਿਆ ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥
ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥੪॥੩॥੧੦॥}

(ਅੰਗ - ੯੭)

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ - ੧੨੪)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ - ੧੦੩੨)

{ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥
ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥

ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ - ੨੦੯)

{ਤਾ ਕਾ ਕਹਿਆ ਦਰਿ ਪਰਵਾਣੁ ॥ ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ ॥੧॥
ਕਿਆ ਕਹੀਐ ਸਰਬੇ ਰਹਿਆ ਸਮਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ ਰਹਾਉ ॥
ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥੨॥
ਕਲਿ ਮਹਿ ਆਇਆ ਸੋ ਜਨੁ ਜਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੩॥
ਕਹਣਾ ਸੁਨਣਾ ਅਕਥ ਘਰਿ ਜਾਇ ॥ ਕਥਨੀ ਬਦਨੀ ਨਾਨਕ ਜਲਿ ਜਾਇ ॥੪॥੫॥}

(ਅੰਗ - ੧੩੨੮)

{ਅਗਮ ਦੁਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥
ਬਿਜੁਲੀ ਚਮਕੈ ਹੋਇ ਅਨੰਦੁ ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥੧॥
ਇਹੁ ਜੀਉ ਰਾਮ ਨਾਮ ਲਿਵ ਲਾਗੈ ॥ ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥੧॥ ਰਹਾਉ ॥
ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥ ਹਉਮੈ ਗਾਵਨਿ ਗਾਵਹਿ ਗੀਤ ॥
ਅਨਹਦ ਸਬਦ ਹੋਤ ਝੁਨਕਾਰ ॥ ਜਿਹ ਪਉੜੇ ਪ੍ਰਭ ਸ੍ਰੀ ਗੋਪਾਲ ॥੨॥
ਖੰਡਲ ਮੰਡਲ ਮੰਡਲ ਮੰਡਾ ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥
ਅਗਮ ਅਗੋਚਰੁ ਰਹਿਆ ਅਭ ਅੰਤ ॥ ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥੩॥
ਕਦਲੀ ਪੁਹਪ ਧੂਪ ਪਰਗਾਸ ॥ ਰਜ ਪੰਕਜ ਮਹਿ ਲੀਓ ਨਿਵਾਸ ॥
ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾ ਕੰਤ ॥੪॥
ਅਰਧ ਉਰਧ ਮੁਖਿ ਲਾਗੋ ਕਾਸੁ ॥ ਸੁੰਨ ਮੰਡਲ ਮਹਿ ਕਰਿ ਪਰਗਾਸੁ ॥
ਊਹਾਂ ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ ਕਰੈ ਅਨੰਦ ॥੫॥
ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥ ਮਾਨ ਸਰੋਵਰਿ ਕਰਿ ਇਸਨਾਨੁ ॥
ਸੋਹੰ ਸੋ ਜਾ ਕਉ ਹੈ ਜਾਪ ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥੬॥
ਅਬਰਨ ਬਰਨ ਘਾਮ ਨਹੀ ਛਾਮ ॥ ਅਵਰ ਨ ਪਾਈਐ ਗੁਰ ਕੀ ਸਾਮ ॥
ਟਾਰੀ ਨ ਟਰੈ ਆਵੈ ਨ ਜਾਇ ॥ ਸੁੰਨ ਸਹਜ ਮਹਿ ਰਹਿਓ ਸਮਾਇ ॥੭॥
ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥}

(ਅੰਗ - ੧੧੬੨)

{ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਨੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥
ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥
ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥੨॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥}

(ਅੰਗ - ੮੭੮)

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥

ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ - ੩੨੭)

{ਸਚਾ ਆਪਿ ਸਵਾਰਣਹਾਰਾ ॥ ਅਵਰ ਨ ਸੂਝਸਿ ਬੀਜੀ ਕਾਰਾ ॥
ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥
ਸਭਨਾ ਸਚੁ ਵਸੈ ਮਨ ਮਾਹੀ ॥ ਗੁਰ ਪਰਸਾਦੀ ਸਹਜਿ ਸਮਾਹੀ ॥
ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥
ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥
ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥
ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ - ੧੦੬੯)

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ - ੧੩੫੧)

{ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥
ਸੰਤਹੁ ਤਹਾ ਨਿਰੰਜਨ ਰਾਮੁ ਹੈ ॥ ਗੁਰ ਗਮਿ ਚੀਨੈ ਬਿਰਲਾ ਕੋਇ ॥
ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥
ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥
ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥
ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥
ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥
ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥
ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥
ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥
ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥
ਮਸਤਕਿ ਪਦਮੁ ਦੁਆਲੈ ਮਣੀ ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥
ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥}

(ਅੰਗ - ੯੭੪)

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥

ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ - ੧੦੦੨)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ - ੧੦੨)

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁੋਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥}

(ਅੰਗ - ੭੮)

{ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥
ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥
ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥
ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥}

(ਅੰਗ - ੩੩੦)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥
ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥
ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥
ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥
ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥
ਆਦਿ ਪੁਰਖੁ ਨਿਰੰਜਨ ਦੇਉ ॥੬॥}

(ਅੰਗ - ੧੧੨੮)

ਉੱਪਰ ਵਾਲੇ ਸ਼ਬਦਾਂ ਨੂੰ ਤੇ ਹੋਰ ਵੀ ਅਨੇਕਾਂ ਹੀ ਸ਼ਬਦਾਂ ਦੁਆਰਾ ਅੱਗੇ ਚੱਲਕੇ ਪੂਰੇ ਲੇਖ ਵਿੱਚ ਬਰੀਕੀ ਨਾਲ ਸਮਝਾਂਗੇ ਕਿ ਸ੍ਰਿਸ਼ਟੀ ਦਾ ਕਰਤਾ ਸਭ ਕੁੱਝ ਆਪ ਹੀ ਹੈ ਤੇ ਉਸਨੂੰ ਕੇਵਲ ਗੁਰੂ ਦੀ ਮਤਿ ਪਿੱਛੇ ਲੱਗ ਕੇ ਹੀ ਪਾਇਆ ਜਾ ਸਕਦਾ ਹੈ ਜਿਸ ਲਈ ਸਭ ਤੋਂ ਜਰੂਰੀ ਇਹ ਹੈ ਕਿ ਅਸੀਂ ਕੇਵਲ ਤੇ ਕੇਵਲ ਗੁਰੂ ਦੀ ਮਤਿ ਨਾਲ ਜੁੜੀਏ ਕਿਉਂਕਿ ਅਕਾਲ ਪੁਰਖ ਦਾ ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਸੱਚ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ।

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜਿਸਨੇ ਆਪ ਹੀ ਆਪਣੇ ਆਪ ਨੂੰ ਸਭ ਦੇ ਅੰਦਰ ਗੁਪਤ ਰੱਖਿਆ ਹੋਇਆ ਹੈ ਜਿਸਨੂੰ ਕੇਵਲ ਦਸਵਾਂ ਦੁਆਰ ਖੁੱਲਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਇਹ ਦਸਵਾਂ ਦੁਆਰ, ਗੁਪਤ ਦੁਆਰ ਸਾਡੇ ਮਨ ਦੇ ਅੰਦਰ ਹੀ ਹੈ ਜੋ ਦੁਆਰ ਕਿਸੇ ਦੇ ਅੰਦਰੋਂ ਪ੍ਰਮਾਤਮਾ ਆਪ ਹੀ ਖੋਲ ਸਕਦਾ ਹੈ, ਆਪਣੀ ਕਿਰਪਾ ਦੁਆਰਾ ਕਦੇ ਹੀ ਕਿਸੇ ਵਿਰਲੇ ਦਾ ਖੁੱਲਦਾ ਹੈ ਤੇ ਕਦੇ ਹੀ ਪੂਰੇ ਸੰਸਾਰ ਵਿੱਚੋਂ ਉਸਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੁ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਸਭ ਨੇ ਪ੍ਰਮਾਤਮਾ ਦਾ ਇੱਕੋ ਜਿਹਾ ਰੂਪ ਹੀ ਜਾਣਿਆ ਹੈ, ਉਸਦੇ ਨਿਰੰਕਾਰ ਰੂਪ ਨੂੰ ਹੀ ਜਾਣਿਆ ਹੈ ਜੋ ਕਿ ਆਪ ਹੀ ਹਰ ਸਰਗੁਣ ਰੂਪ ਦਾ, ਆਕਾਰ ਰੂਪ ਦਾ ਮਾਲਕ ਹੈ। ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਨੂੰ ਕਿਵੇਂ ਬਣਾਇਆ ਹੈ ਤੇ ਕਿਵੇਂ ਚਲਾ ਰਹਿਆ ਹੈ ਇਹ ਸਭ ਕੁੱਝ ਬਰੀਕੀ ਨਾਲ ਅਨੇਕਾਂ ਹੀ ਸ਼ਬਦਾਂ ਦੁਆਰਾ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ। ਗੁਰਬਾਣੀ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ, ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਪੂਰੀ ਸ੍ਰਿਸ਼ਟੀ ਵਿੱਚ ਹੋਰ ਕੁੱਝ ਵੀ ਨਹੀਂ ਹੈ ਪਰ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ। ਗੁਰਬਾਣੀ ਰਾਹੀਂ ਸਾਨੂੰ ਇਹ ਵੀ ਵਾਰ-ਵਾਰ ਸਮਝਾਇਆ ਹੋਇਆ ਹੈ ਕਿ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਵਰਤਦੀ ਹੈ, ਮਾਇਆ ਦੀ ਜੁਗਤਿ ਵਰਤਦੀ ਹੈ ਜੋ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਭਾਵ ਚੌਥੇ ਪਦ ਵਾਲੀ ਉੱਚੀ ਸਮਝ ਤੋਂ ਦੂਰ ਰੱਖਦੀ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣ ਸਕਣ ਦਾ ਭੇਦ ਜਾਂ ਨਾ ਜਾਣ ਸਕਣ ਦਾ ਭੇਦ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ ਜਾਂ ਚੌਥੇ ਪਦ ਵਾਲੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜੋ ਮਨ ਦੀ ਸਮਝ ਅਸਲ ਵਿੱਚ ਮਨੁੱਖ ਦੇ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੇ ਆਪਣੇ ਵੱਸ ਹੈ ਜਿਸ ਕਰਕੇ ਕੋਈ ਆਪਣੇ ਆਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਾਮੁਮਕਿਨ ਹੈ ਭਾਵ ਇਹ ਕੇਵਲ ਤੇ ਕੇਵਲ **"ਗੁਰ ਪ੍ਰਸਾਦਿ"** ਹੈ ਭਾਵ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸਨੂੰ ਆਪਣਾ ਆਪ ਜਨਾਉਣਾ ਚਾਹੁੰਦਾ ਹੈ ਤੇ ਕਿਸ ਮਕਸਦ ਲਈ ਜਨਾਉਣਾ ਚਾਹੁੰਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕਿਸੇ ਨੂੰ ਇਹ ਵਿਸ਼ਵਾਸ ਨਹੀਂ ਆਉਂਦਾ ਕਿ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ, ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਇਸ ਗੱਲ ਦੀ ਸਮਝ ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦਿਆਂ ਲੱਗ ਹੀ ਨਹੀਂ ਸਕਦੀ ਕਿਉਂਕਿ ਤ੍ਰੈਗੁਣਾਂ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਪੜਦੇ ਵਿੱਚ ਰੱਖਣ ਦਾ ਹੈ ਜਿਸ ਮਨ ਦੇ ਅੰਦਰ ਦੇ ਪੜਦੇ ਨੂੰ ਬਾਣੀ ਰਾਹੀਂ ਮਾਇਆ ਰੂਪ ਪੜਦਾ, ਹਉਮੈ ਰੂਪ ਪੜਦਾ ਵੀ ਕਹਿਆ ਹੈ, ਸਾਡੇ ਅੰਦਰ ਦੀ ਦੀਵਾਰ ਵੀ ਕਹਿਆ ਹੈ ਜਿਸ ਦੀਵਾਰ ਰੂਪ ਪੜਦੇ ਵਿੱਚ ਰਹਿੰਦਿਆਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਤੇ ਜਿਸਨੇ ਸਾਡੇ ਅੰਦਰ ਇਹ ਦੀਵਾਰ ਪਾਈ ਹੋਈ ਹੈ, ਭਰਮ ਰੂਪ ਵਿਚਾਰਾਂ ਦਾ ਪੜਦਾ ਪਾਇਆ ਹੋਇਆ ਹੈ, ਉਹ ਆਪ ਹੀ ਸਾਡੇ ਅੰਦਰੋਂ ਇਹ ਦੀਵਾਰ ਹਟਾ ਸਕਦਾ ਹੈ ਤੇ ਤਾਂ ਕੋਈ ਉਸਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। ਮਨ ਦੇ ਵਿੱਚੋਂ ਇਹ ਪੜਦਾ ਦੂਰ ਹੋਣ ਦੁਆਰਾ ਹੀ ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਸੱਚੇ ਗਿਆਨ ਦਾ ਪਦ ਹੈ, ਮਨ ਦੇ ਵਿੱਚ **"ਸਹਜ"** ਵਾਲੀ ਅਵਸਥਾ ਦਾ ਪਦ ਹੈ ਜਿਸ ਪਦ ਵਿੱਚ ਪ੍ਰਮਾਤਮਾ ਸਾਡੇ ਅੰਦਰ ਸਾਡੀ ਸਮਝ ਦੇ ਵਿੱਚ ਆਪਣੇ ਆਪ ਨੂੰ ਪਰਗਟ ਕਰਦਾ ਹੈ। ਪੂਰੀ ਗੁਰਬਾਣੀ ਦੀ ਰਚਨਾ ਮਨ ਦੇ ਇਸ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਹੀ ਹੋਈ ਹੈ ਜੋ ਸਮਝ ਮਨ ਦੇ ਵਿਚ ਪਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਚੌਥੇ ਪਦ ਵਾਲਾ ਗਿਆਨ ਹੈ ਜਿਸ ਉੱਚੇ ਗਿਆਨ ਦੀ ਹਰ ਗੱਲ ਨੂੰ ਤ੍ਰੈ ਗੁਣਾਂ ਵਾਲੀ ਛੋਟੀ ਸਮਝ ਦੁਆਰਾ ਨਹੀਂ ਸਮਝਿਆ ਜਾ ਸਕਦਾ। ਚੌਥੇ ਪਦ ਵਾਲੇ ਗਿਆਨ ਦੇ ਅੰਦਰੂਨੀ ਭਾਵ ਨੂੰ ਚੌਥੇ ਪਦ ਵਿੱਚ ਪਹੁੰਚ ਕੇ ਹੀ ਸਮਝਿਆ ਜਾ ਸਕਦਾ ਹੈ ਜੋ ਸਮਝ ਮਨ ਦੇ ਵਿੱਚ ਚੌਥੇ ਪਦ ਦਾ ਮਾਲਕ ਭਾਵ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜੋ ਕੁਝ ਵੀ ਪੂਰੀ ਗੁਰਬਾਣੀ ਵਿਚ ਲਿਖਿਆ ਹੋਇਆ ਹੈ ਉਹ ਪੂਰਨ ਸੱਚ ਹੈ, ਹੂਬਹੂ ਸੱਚ ਹੈ ਜਿਸ ਦੀ ਪੂਰੀ ਸਮਝ ਚੌਥੇ ਪਦ ਵਿੱਚ ਹੀ ਆ ਸਕਦੀ ਹੈ ਤੇ ਗੁਰੂ ਦੀ ਹਰ ਗਲ ਤੇ ਵਿਸ਼ਵਾਸ ਵੀ ਤਾਂ ਹੀ ਆ ਸਕਦਾ ਹੈ। ਜਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਨਹੀਂ ਲੈਂਦਾ ਭਾਵ ਮਨ ਦੀ ਉੱਚੀ ਸਮਝ ਰਾਹੀਂ ਜਾਣ ਨਹੀਂ ਲੈਂਦਾ ਤਦ ਤੱਕ ਫਿਰ ਵਿਸ਼ਵਾਸ ਵੀ ਕਿਵੇਂ ਆਵੇ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਕਿਸ ਰੂਪ ਵਿੱਚ ਹੈ। ਪੂਰੀ ਗੁਰਬਾਣੀ

ਸੱਚ ਦਾ ਭੰਡਾਰ ਹੈ ਤੇ ਇਸ ਪੂਰੇ ਲੇਖ ਦਾ ਮਕਸਦ ਸੰਸਾਰ ਨੂੰ ਗੁਰਬਾਣੀ ਦਾ ਸੱਚ ਸਮਝਾਉਣ ਲਈ ਹੀ ਹੈ ਜੋ ਸੱਚ ਗੁਰਬਾਣੀ ਦੇ ਵਿੱਚ ਬਹੁਤ ਗਹਰਾਈ ਦੇ ਵਿੱਚ ਹੈ। ਦਾਸ ਤੇ ਪ੍ਰਮਾਤਮਾ ਨੇ ਆਪਣੀ ਕਿਰਪਾ ਇਸੇ ਮਕਸਦ ਲਈ ਹੀ ਕੀਤੀ ਹੈ। ਕੁਝ ਸਾਲ ਪਹਿਲੇ ਤੱਕ ਦਾਸ ਨੂੰ ਗੁਰਬਾਣੀ ਬਾਰੇ ਕੁਝ ਵੀ ਗਿਆਨ ਨਹੀਂ ਸੀ ਪਰ ਉਹ ਪ੍ਰਮਾਤਮਾ ਸਭ ਕੁਝ ਕਰ ਸਕਦਾ ਹੈ ਜੋ ਸਾਡੇ ਮਨ ਦੀ ਸਮਝ ਦਾ ਮਾਲਕ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਸੰਸਾਰ ਦਾ ਬਹੁਤ ਹੀ ਵੱਡਾ ਅਸਚਰਜ ਹੈ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਤੇ ਇਸ ਬਾਰੇ ਕੁਝ ਚਰਚਾ ਲੇਖ ਵਿੱਚ ਅੱਗੇ ਚੱਲਕੇ ਕੀਤੀ ਹੋਈ ਹੈ ਤਾਂ ਜੋ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਨਣ ਦੀ ਅਸਲੀਅਤ ਨੂੰ ਜਾਣਿਆ ਜਾ ਸਕੇ ਜੋ ਅਸਲੀਅਤ ਬਿਲਕੁਲ ਉਸ ਪ੍ਰਕਾਰ ਹੀ ਹੈ ਜਿਵੇਂ ਕਿ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਮਝਾਈ ਹੋਈ ਹੈ। ਮਨੁਖੀ ਸਮਝ ਗੁਰਬਾਣੀ ਨੂੰ ਸਮਝਣ ਵਿੱਚ ਬਹੁਤ ਛੋਟੀ ਹੈ ਤੇ ਪ੍ਰਮਾਤਮਾ ਦੀ ਕਿਰਪਾ ਬਿਨਾ, ਉਸਦੇ ਆਪ ਸਮਝਾਏ ਬਿਨਾ ਗੁਰਬਾਣੀ ਦੇ ਅੰਦਰ ਦੇ ਗੂੜ ਭਾਵ ਨੂੰ ਨਹੀਂ ਸਮਝਿਆ ਜਾ ਸਕਦਾ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਪਾਈ ਹੋਈ ਇੱਕ ਬੁਝਾਰਤ ਦੀ ਤਰਾਂ ਹੈ ਜਿਸਦਾ ਜ਼ਿਕਰ ਗੁਰਬਾਣੀ ਵਿੱਚ ਦੋ ਸ਼ਬਦਾਂ ਰਾਹੀਂ ਆਉਂਦਾ ਹੈ, **"ਮੁੰਦਾਵਣੀ"** ਦੇ ਰੂਪ ਵਿੱਚ ਆਉਂਦਾ ਹੈ। **"ਮੁੰਦਾਵਣੀ"** ਬੁਝਾਰਤ ਨੂੰ ਕਹਿੰਦੇ ਹਨ। **"ਮੁੰਦਾਵਣੀ"** ਦਾ ਜ਼ਿਕਰ ਤੀਜੀ ਪਾਤਸ਼ਾਹੀ ਨੇ ਵੀ ਸ਼ਬਦ ਦੁਆਰਾ ਕੀਤਾ ਹੋਇਆ ਹੈ ਤੇ ਪੰਜਵੀ ਪਾਤਸ਼ਾਹੀ ਨੇ ਵੀ ਸ਼ਬਦ ਦੁਆਰਾ ਕੀਤਾ ਹੋਇਆ ਹੈ। ਇਨਾਂ ਦੋਨਾਂ ਸ਼ਬਦਾਂ ਦੇ ਅੰਦਰ ਦੀ ਅਸਲੀਅਤ ਨੂੰ, ਇਨਾਂ ਦੇ ਅੰਦਰ ਦੇ ਅਸਲ ਭਾਵ ਨੂੰ ਸਮਝਣ ਦੁਆਰਾ ਹੀ ਸ਼ਬਦਾਂ ਵਿੱਚ ਪਾਈ ਹੋਈ ਬੁਝਾਰਤ ਨੂੰ ਬੁਝਿਆ ਜਾ ਸਕਦਾ ਹੈ ਕਿ ਦੋਨਾਂ ਸ਼ਬਦਾਂ ਦੁਆਰਾ ਸਾਨੂੰ ਕੀ ਸਮਝਾਇਆ ਹੋਇਆ ਹੈ। ਗੁਰਬਾਣੀ ਨੂੰ ਸਮਝਣ ਲਈ ਸਭ ਤੋਂ ਜਰੂਰੀ ਇਸ ਬੁਝਾਰਤ ਨੂੰ ਸਮਝਣਾ ਹੈ। ਦੋਨਾਂ ਸ਼ਬਦਾਂ ਰਾਹੀਂ ਇੱਕ ਗੱਲ ਹੀ ਸਮਝਾਈ ਹੋਈ ਹੈ ਜਿਸ ਦੀ ਸਮਝ ਹੁਣ ਤੱਕ ਕਿਸੇ ਨੂੰ ਨਹੀਂ ਆ ਸਕੀ। **"ਬੁਝਾਰਤ"** ਵਾਲੇ ਸ਼ਬਦ ਰਾਹੀਂ ਇਹ ਸ਼ਬਦ ਦੇ ਵਿੱਚ ਹੀ ਸਪਸ਼ਟ ਕੀਤਾ ਹੋਇਆ ਹੈ ਕਿ ਇਹ ਬੁਝਾਰਤ ਪ੍ਰਮਾਤਮਾ ਕਿਸੇ ਨੂੰ ਆਪ ਬੁਝਾਏਗਾ ਤੇ ਤਾਂ ਹੀ ਕੋਈ ਇਸ ਬੁਝਾਰਤ ਨੂੰ ਬੁਝ ਸਕੇਗਾ। ਉਸ ਬੁਝਾਰਤ ਨੂੰ ਬੁਝੇ ਬਿਨਾ ਗੁਰਬਾਣੀ ਦੇ ਅੰਦਰ ਲਿਖੇ ਹੋਏ ਸ਼ਬਦਾਂ ਦੇ ਗੂੜ ਭਾਵ ਨੂੰ ਨਹੀਂ ਸਮਝਿਆ ਜਾ ਸਕਦਾ। ਗੁਰਬਾਣੀ ਦੇ ਅਰਥ ਲਿਖਵਾਉਣ ਤੋਂ ਪਹਿਲਾਂ ਪ੍ਰਮਾਤਮਾ ਨੇ ਦਾਸ ਨੂੰ ਮਨ ਦੇ ਵਿੱਚ ਪਹਿਲਾਂ ਸ਼ਬਦਾਂ ਦੀ ਬੁਝਾਰਤ ਹੀ ਸਮਝਾਈ ਸੀ ਜੋ ਬੁਝਾਰਤ ਗੁਰਬਾਣੀ ਵਿੱਚ ਸ਼ਬਦਾਂ ਰਾਹੀਂ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ ਤੇ ਆਪ ਹੀ ਕਿਸੇ ਨੂੰ ਸਮਝਾ ਸਕਦਾ ਹੈ। ਲੇਖ ਵਿੱਚ ਕੁਝ ਅੱਗੇ ਚੱਲਕੇ ਇਹ ਬੁਝਾਰਤ ਸਮਝਾਈ ਹੋਈ ਹੈ ਕਿਉਂਕਿ ਬੁਝਾਰਤ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਆਪਣੀ ਸਮਝ ਨੂੰ ਵਧਾਉਣ ਦੀ ਲੋੜ ਹੈ ਤਾਂ ਜੋ ਅਸੀਂ ਬੁਝਾਰਤ ਨੂੰ ਸਹੀ ਢੰਗ ਨਾਲ ਸਮਝ ਸਕੀਏ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਆਪਣੀ ਹੀ ਰਚਨਾ ਹੈ ਜੋ ਕਿ ਉਸਨੇ ਵੱਖਰੇ ਵੱਖਰੇ ਸਰੀਰਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਆਪਣਾ ਸੱਚਾ ਗਿਆਨ ਦਿੱਤਾ ਹੈ ਜਿਸ ਗਿਆਨ ਰਾਹੀਂ ਪ੍ਰਮਾਤਮਾ ਨੇ ਆਪਣਾ ਆਪ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕੀ ਹੈ, ਉਸਨੇ ਸ੍ਰਿਸ਼ਟੀ ਦੀ ਰਚਨਾ ਕਿਸ ਤਰੀਕੇ ਕੀਤੀ ਹੈ, ਕਿਸ ਤਰੀਕੇ ਸ੍ਰਿਸ਼ਟੀ ਨੂੰ ਚਲਾ ਰਹਿਆ ਹੈ ਤੇ ਸ੍ਰਿਸ਼ਟੀ ਦੇ ਮਾਲਕ ਪ੍ਰਮਾਤਮਾ ਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਭਾਵ ਉਸਦੀ ਸੱਚੀ ਭਗਤੀ ਕਰਨ ਦਾ ਤਰੀਕਾ ਕੀ ਹੈ, ਨਾਮ ਜਪਣ ਦਾ ਤਰੀਕਾ ਕੀ ਹੈ, ਧਰਮ ਦਾ ਸੱਚਾ ਮਾਰਗ ਕੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪੂਰੇ ਸੰਸਾਰ ਵਿੱਚ ਪ੍ਰਮਾਤਮਾ ਨੂੰ ਸਮਝਣ ਬਾਰੇ, ਮਨੁਖ ਦੀ ਅਸਲੀਅਤ ਸਮਝਣ ਬਾਰੇ, ਸੰਸਾਰ ਦੀ ਅਸਲੀਅਤ ਸਮਝਣ ਬਾਰੇ, ਧਰਮ ਦਾ ਸੱਚਾ ਮਾਰਗ ਜਾਨਣ ਬਾਰੇ, ਮਨੁਖੀ ਜਨਮ-ਮਰਣ ਜਾਨਣ ਬਾਰੇ, ਮਨੁਖ ਕਿੱਥੋਂ ਆਉਂਦਾ ਹੈ ਤੇ ਕਿੱਥੇ ਜਾਂਦਾ ਹੈ ਇਹ ਸਮਝਣ ਬਾਰੇ, ਨਰਕ-ਸਵਰਗ ਕੀ ਹਨ ਇਹ ਜਾਨਣ ਬਾਰੇ, ਭੂਤ ਪ੍ਰੇਤ ਕੀ ਹਨ ਇਹ ਜਾਨਣ ਬਾਰੇ, ਧਰਮਰਾਜ ਕੀ ਹੈ ਇਹ ਜਾਨਣ ਬਾਰੇ, ਜਮ ਕੀ ਹਨ ਤੇ ਜਮਾਂ ਦੀ ਮਾਰ ਕੀ ਹੈ ਇਹ ਜਾਨਣ ਬਾਰੇ, ਜੂਨਾਂ ਕੀ ਹਨ ਤੇ ਜੂਨਾਂ ਦਾ ਗੇੜ ਕੀ ਹੈ, ਆਵਾ ਗਉਣ ਕੀ ਹੈ, ਇਹ ਜਾਨਣ ਬਾਰੇ ਤੇ ਹੋਰ ਵੀ ਅਨੇਕਾਂ ਹੀ ਇਹੋ ਜਿਹੀਆਂ ਗੱਲਾਂ ਜਾਨਣ ਬਾਰੇ ਗੁਰਬਾਣੀ ਰਾਹੀਂ ਹਰ ਸਵਾਲ ਦਾ ਜਵਾਬ ਦਿੱਤਾ ਹੋਇਆ ਹੈ ਤੇ ਇਸ ਲੇਖ ਰਾਹੀਂ ਸਾਨੂੰ ਹਰ ਗੱਲ ਦਾ ਜਵਾਬ ਮਿਲੇਗਾ। ਇਹ ਲੇਖ ਬਹੁਤ ਵੱਡਾ ਹੈ ਤੇ ਜਿਉਂ ਜਿਉਂ ਤੁਸੀਂ ਲੇਖ ਵਿੱਚ ਅੱਗੇ ਵਧੋਗੇ ਤੁਹਾਨੂੰ ਹਰ ਗੱਲ ਦਾ ਜਵਾਬ ਮਿਲਦਾ ਜਾਵੇਗਾ, ਸ਼ਬਦਾਂ ਦੀ ਸੱਚੀ ਵਿਚਾਰ ਦੁਆਰਾ ਭਾਵ ਸ਼ਬਦਾਂ ਦੀ ਸੱਚੀ ਸਮਝ ਦੁਆਰਾ ਮਿਲਦਾ ਜਾਵੇਗਾ। ਜਿਸ ਪ੍ਰਮਾਤਮਾ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਉਨਾਂ ਦੇ ਅੰਦਰ ਪਰਗਟ ਕਰਨ ਦੁਆਰਾ ਗੁਰਬਾਣੀ ਦੀ ਰਚਨਾ ਕਰਵਾਈ ਹੋਈ ਹੈ ਉਹ ਆਪ ਹੀ ਉਸਦੇ ਅੰਦਰ ਦੇ ਸ਼ਬਦਾਂ ਦੁਆਰਾ ਸਮਝਾਈ ਹੋਈ ਪੂਰੀ ਅਸਲੀਅਤ ਨੂੰ ਜਾਣਦਾ ਹੈ ਤੇ ਆਪ ਹੀ ਸਭ ਕੁਝ ਸਮਝਾ ਸਕਦਾ ਹੈ। ਮਨੁਖ ਦੀ ਤ੍ਰੈ ਗੁਣਾਂ ਵਾਲੀ ਸਮਝ ਗੁਰੂ ਦੀ, ਪ੍ਰਮਾਤਮਾ ਦੀ ਚੌਥੇ ਪਦ ਵਾਲੀ ਸਮਝ ਦੇ ਅੱਗੇ ਬਹੁਤ ਹੀ ਨੀਵੀਂ ਹੈ ਤੇ ਦਾਸ ਦੀ ਸਮਝ ਵੀ ਕੁਝ ਸਾਲ ਪਹਿਲੇ ਤੱਕ ਇਹੋ ਕੁਝ ਹੀ ਸੀ। ਇਸ ਨਿਮਾਣੇ ਜਿਹੇ ਦਾਸ ਦੀ ਆਪਣੀ ਕੀ ਔਕਾਤ ਕਿ ਉਹ ਚੌਥੇ ਪਦ ਵਾਲੀ ਸਮਝ ਨੂੰ ਜਾਣ ਸਕੇ ਤੇ ਦੂਸਰਿਆਂ ਨੂੰ ਸਮਝਾ ਸਕੇ। ਇਹ ਕੇਵਲ ਤੇ ਕੇਵਲ

ਅਕਾਲ ਪੁਰਖ ਦੀ ਕਿਰਪਾ ਹੈ ਜੋ ਇਸ ਨਿਮਾਣੇ ਜਿਹੇ ਮਨੁਖ ਦੇ ਸਰੀਰ ਰਾਹੀਂ ਆਪਣੀ ਰਚੀ ਹੋਈ ਗੁਰਬਾਣੀ ਦੇ ਅਰਥ ਮਨ ਦੇ ਵਿੱਚ ਬੈਠਾ ਆਪ ਹੀ ਲਿਖਵਾ ਰਹਿਆ ਹੈ ਜੋ ਗੱਲ ਕਿਸੇ ਨੂੰ ਸਮਝਾਈ ਨਹੀਂ ਜਾ ਸਕਦੀ ਕਿ ਉਹ ਕਿਸ ਤਰੀਕੇ ਲਿਖਵਾਉਂਦਾ ਹੈ। ਪੂਰਾ ਲੇਖ ਪੜਨ ਤੋਂ ਬਾਅਦ, ਅਨੇਕਾਂ ਹੀ ਅਨੇਕਾਂ ਗਹਿਰੇ ਭਾਵ ਵਾਲੇ ਸ਼ਬਦਾਂ ਦੇ ਅਰਥ ਸਮਝਣ ਤੋਂ ਬਾਅਦ ਤੁਹਾਨੂੰ ਆਪੇ ਹੀ ਵਿਸ਼ਵਾਸ ਆ ਜਾਵੇਗਾ ਕਿ ਕਿਸੇ ਮਨੁਖੀ ਸਮਝ ਦੀ ਇਹ ਔਕਾਤ ਹੀ ਨਹੀਂ ਕਿ ਉਹ ਆਪਣੇ ਆਪ ਗੁਰਬਾਣੀ ਦੀ ਗਹਿਰਾਈ ਨੂੰ ਸਮਝ ਸਕੇ, ਪ੍ਰਮਾਤਮਾ ਦੀ ਸੱਚਾਈ ਨੂੰ ਸਮਝ ਸਕੇ, ਆਪਣੇ ਆਪ ਦੀ ਸੱਚਾਈ ਨੂੰ ਸਮਝ ਸਕੇ, ਇਸ ਸਰੀਰ ਦੀ ਸੱਚਾਈ ਨੂੰ ਸਮਝ ਸਕੇ। ਗੁਰਬਾਣੀ ਰਾਹੀਂ ਸਾਨੂੰ ਇੱਕ ਗੱਲ ਸਮਝਾਉਣ ਲਈ ਅਨੇਕਾਂ ਹੀ ਸ਼ਬਦਾਂ ਦੀ ਵਰਤੋਂ ਕੀਤੀ ਹੋਈ ਹੈ ਭਾਵ ਹਰ ਸ਼ਬਦ ਦੂਸਰੇ ਸ਼ਬਦ ਦੀ ਆਪ ਹੀ ਪ੍ਰੋੜਤਾ ਕਰਦਾ ਹੈ। ਜੇਕਰ ਅਸੀਂ ਕਿਸੇ ਸ਼ਬਦ ਰਾਹੀਂ ਕੁਝ ਸਮਝਣ ਵਿੱਚ ਭੁੱਲ ਕੀਤੀ ਹੈ ਤਾਂ ਦੂਸਰਾ ਸ਼ਬਦ ਸਾਡੀ ਭੁੱਲ ਨੂੰ ਸਾਹਮਣੇ ਲੈ ਆਵੇਗਾ ਭਾਵ ਸਾਨੂੰ ਭੁੱਲਿਆ ਹੋਇਆ ਸਾਬਿਤ ਕਰ ਦੇਵੇਗਾ। ਗੁਰਬਾਣੀ ਆਪਣੀ ਕਸਵੱਟੀ ਆਪ ਹੈ ਜਿਸਤੇ ਝੂਠਾ ਅਰਥ ਟਿਕ ਹੀ ਨਹੀਂ ਸਕਦਾ ਭਾਵ ਕੇਵਲ ਸੱਚਾ ਅਰਥ ਹੀ ਗੁਰੂ ਦੀ ਕਸਵੱਟੀ ਵਿੱਚੋਂ ਨਿਕਲ ਸਕਦਾ ਹੈ, ਉਸ ਤੇ ਟਿਕ ਸਕਦਾ ਹੈ। ਇਹ ਸਭ ਕੁਝ ਸਾਨੂੰ ਲੇਖ ਵਿੱਚ ਵੇਖਣ ਨੂੰ, ਸਮਝਣ ਨੂੰ ਮਿਲੇਗਾ। ਸ਼ਬਦ ਦੀ ਹਰ ਪੰਗਤੀ ਦੂਸਰੀ ਪੰਗਤੀ ਦੇ ਨਾਲ ਜੁੜੀ ਹੁੰਦੀ ਹੈ ਤੇ ਜੇਕਰ ਅਸੀਂ ਇਕ ਪੰਗਤੀ ਦੇ ਅਰਥ ਵੀ ਗਲਤ ਕਰ ਲੈਂਦੇ ਹਾਂ ਫਿਰ ਅਸੀਂ ਪੂਰੇ ਪਦੇ ਦੇ ਅਰਥਾਂ ਨੂੰ ਸਮਝਣ ਵਿੱਚ ਵੀ ਭੁੱਲ ਕਰਾਂਗੇ। ਇਹ ਸਾਰੀਆਂ ਗੱਲਾਂ ਲੇਖ ਵਿੱਚ ਅੱਗੇ ਚੱਲਕੇ ਤੁਹਾਨੂੰ ਆਪ ਹੀ ਸਪਸ਼ਟ ਹੁੰਦੀਆਂ ਜਾਣਗੀਆਂ। ਗੁਰਬਾਣੀ ਦਾ ਗਿਆਨ ਬਹੁਤ ਗਹਿਰਾਈ ਵਿੱਚ ਹੈ, ਅਤਿ ਦੀ ਗਹਿਰਾਈ ਵਿੱਚ ਹੈ, ਚੌਥੇ ਪਦ ਦੇ ਗਿਆਨ ਵਾਲੀ ਗਹਿਰਾਈ ਵਿੱਚ ਹੈ ਜਿਸਨੂੰ ਆਪਣੇ ਆਪ ਪੂਰਨ ਰੂਪ ਵਿੱਚ ਸਮਝਣਾ ਮਨੁੱਖੀ ਸਮਝ ਦੀ ਸਮਰੱਥਾ ਤੋਂ ਬਾਹਰ ਹੈ। ਕੇਵਲ ਤੁਹਾਨੂੰ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਪੂਰਾ ਲੇਖ ਪੜਨ ਦੀ ਲੋੜ ਹੈ। ਇਹ ਪੂਰਾ ਲੇਖ ਬਹੁਤ ਹੀ ਵੱਡਾ ਬਣੇਗਾ ਜੋ ਕਿ ਇੱਕ ਵੱਡੀ ਪੁਸਤਕ ਦੇ ਰੂਪ ਵਿੱਚ ਹੈ। ਅਜੇ ਪੁਸਤਕ ਦਾ ਪਹਿਲਾ ਭਾਗ ਹੀ ਲਿਖਿਆ ਜਾ ਰਹਿਆ ਹੈ ਤੇ ਪੁਸਤਕ ਦਾ ਨਾਮ ਭਾਵ **"ਸਿਰਲੇਖ" "ਨਾਮ ਦਰਸ਼ਨ"** ਹੈ। ਪੂਰੀ ਪੁਸਤਕ **"ਨਾਮ ਦਰਸ਼ਨ"** ਦੇ ਰੂਪ ਵਿੱਚ ਕਿਸ ਲਈ ਹੈ, ਇਸ ਗੱਲ ਦੀ ਸਮਝ ਤੁਹਾਨੂੰ ਲੇਖ ਵਿੱਚ ਅੱਗੇ ਚੱਲਕੇ ਆਪ ਹੀ ਲੱਗ ਜਾਵੇਗੀ। ਕਿਉਂਕਿ ਪੁਸਤਕ ਬਹੁਤ ਵੱਡੀ ਹੈ, ਗੁਰਬਾਣੀ ਦੇ ਸ਼ਬਦਾਂ ਨੂੰ ਪੂਰੀ ਗਹਿਰਾਈ ਨਾਲ ਸਮਝਣ ਕਰਕੇ ਵੱਡੀ ਹੈ, ਇਸ ਲਈ ਪੁਸਤਕ ਨੂੰ ਵੱਖਰੇ-ਵੱਖਰੇ ਭਾਗਾਂ ਵਿੱਚ ਵੰਡਿਆ ਗਿਆ ਹੈ। ਅਜੇ ਪੁਸਤਕ ਦਾ ਪਹਿਲਾ ਭਾਗ ਲਿਖਿਆ ਗਿਆ ਹੈ ਤੇ ਇਹ ਭਾਗ ਹੀ ਬਹੁਤ ਵੱਡਾ ਹੈ। ਪੂਰੀ ਗੁਰਬਾਣੀ ਦਾ ਮਕਸਦ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਅਣਜਾਨ ਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਗੁਰੂ ਦੇ ਸਮਝਾਏ ਹੋਏ ਪੂਰਨ ਸੱਚ ਨੂੰ ਸਮਝ ਸਕੀਏ ਤੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲ ਸਕੀਏ। ਗੁਰੂ ਦੀ ਸੱਚੀ ਸਮਝ ਸਾਰੇ ਸੰਸਾਰ ਨੂੰ ਇਸ ਸ੍ਰਿਸ਼ਟੀ ਦਾ ਪੂਰਨ ਸੱਚ ਸਮਝਾਉਣ ਲਈ ਹੈ ਕਿ ਸ੍ਰਿਸ਼ਟੀ ਦਾ ਕਰਤਾ ਆਪ ਕਿਸ ਰੂਪ ਵਿੱਚ ਹੈ ਤੇ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕਿਸ ਤਰੀਕੇ ਕੀਤੀ ਹੈ ਤੇ ਕਿਸ ਮਕਸਦ ਲਈ ਕੀਤੀ ਹੈ ਤੇ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਕਿਸ ਤਰੀਕੇ ਜਾ ਸਕਦਾ ਹੈ ਜੋ ਸਭ ਦੇ ਅੰਦਰ ਤੇ ਸਭ ਜਗ੍ਹਾ ਆਪ ਹੀ ਵਰਤ ਰਹਿਆ ਹੈ।

ਪ੍ਰਮਾਤਮਾ ਨੇ ਆਪਣੇ ਆਪ ਦਾ ਪੂਰਨ ਸੱਚ ਸਮਝਾਉਣ ਲਈ ਆਪਣੀ ਸੱਚੀ **"ਗੁਰਬਾਣੀ"** ਸੰਸਾਰ ਨੂੰ ਆਪ ਹੀ ਦਿੱਤੀ ਹੈ, ਵੱਖਰੇ-ਵੱਖਰੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਦਿੱਤੀ ਹੈ, ਆਪਣਾ ਗੁਰੂ ਰੂਪ ਧਾਰਨ ਕਰਨ ਦੁਆਰਾ ਦਿੱਤੀ ਹੈ, ਉਨਾਂ ਦੇ ਸਰੀਰਾਂ ਰਾਹੀਂ ਭਾਵ ਭਗਤਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ, ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਦਿੱਤੀ ਹੈ ਤੇ ਉਨਾਂ ਸਰੀਰਾਂ ਨੂੰ ਪ੍ਰਮਾਤਮਾ ਨੇ ਆਪ ਹੀ ਧੰਨਤਾ ਯੋਗ ਬਣਾਇਆ ਹੈ। ਧੰਨ ਹਨ ਉਹ ਸਰੀਰ, ਧੰਨ ਹਨ ਉਹ ਸਰੀਰ, ਧੰਨ ਹਨ ਉਹ ਸਰੀਰ ਜਿਨਾਂ ਰਾਹੀਂ ਗੁਰਬਾਣੀ ਸੰਸਾਰ ਵਿੱਚ ਆਈ ਹੈ ਜੋ ਸਾਰੇ ਸੰਸਾਰ ਨੂੰ ਪ੍ਰਮਾਤਮਾ ਦਾ ਅਥਾਹ ਸੱਚ ਸਮਝਾ ਰਹੀ ਹੈ। ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਹਿਆ ਬਲਕਿ ਪ੍ਰਮਾਤਮਾ ਨੂੰ ਗੁਰੂ ਕਹਿਆ ਹੈ, **"ਸ਼ਬਦ"** ਨੂੰ ਗੁਰੂ ਕਹਿਆ ਹੈ ਕਿਉਂਕਿ ਗਿਆਨ ਦਾ ਮਾਲਕ ਇੱਕੋ-ਇੱਕ ਪ੍ਰਮਾਤਮਾ ਆਪ ਹੀ ਹੈ। ਇਨਾਂ ਸਾਰੀਆਂ ਗੱਲਾਂ ਨੂੰ ਸ਼ਬਦਾਂ ਰਾਹੀਂ ਲੇਖ ਵਿੱਚ ਵਿਸਥਾਰ ਨਾਲ ਸਮਝਾਂਗੇ। ਇਤਨੀ ਵੱਡੀ, ਇਤਨੀ ਗਹਰੀ ਗੁਰਬਾਣੀ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਸਾਨੂੰ ਉਸਦੇ ਅੰਦਰ ਦੀ ਅਸਲੀਅਤ ਸਮਝ ਆਵੇ ਤਾਂ ਜੋ ਅਸੀਂ ਉਹ ਕੁਝ ਕਰੀਏ ਜੋ ਗੁਰਬਾਣੀ ਦਾ ਮਕਸਦ ਹੈ। ਗੁਰਬਾਣੀ ਦੀ ਵਾਹੁ ਵਾਹੁ ਅਸੀਂ ਤਾਂ ਹੀ ਕਰ ਸਕਾਂਗੇ ਜਦੋਂ ਗੁਰਬਾਣੀ ਦੀ ਗਹਿਰਾਈ ਨੂੰ ਸਮਝਾਂਗੇ। ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਆਪ ਹੀ ਹੈ ਤੇ ਉਹ ਗੁਰਬਾਣੀ ਦੇ ਵਿੱਚ ਕਿਸ ਰੂਪ ਵਿੱਚ ਹੈ ਇਹ ਸਭ ਕੁਝ ਅਸੀਂ ਲੇਖ ਵਿੱਚ ਗਹਿਰਾਈ ਨਾਲ ਜਾਣਾਂਗੇ। ਦਾਸ ਦੀ ਸੰਸਾਰ ਦੇ ਹਰ ਪ੍ਰਾਣੀ ਦੇ ਚਰਨਾਂ ਵਿੱਚ ਤਹਿ ਦਿਲੋਂ

ਬੇਨਤੀ ਹੈ ਕਿ ਗੁਰਬਾਣੀ ਦੀ ਸੱਚਾਈ ਨੂੰ ਸਮਝਣ ਦਾ ਉਪਰਾਲਾ ਕਰੋ ਤੇ ਉਸ ਅਨੁਸਾਰ ਆਪਣਾ ਜੀਵਨ ਬਣਾਉਣ ਦਾ ਉਦਮ ਕਰੋ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾ ਰਹੀ ਹੈ ਤੇ ਵੇਦਾਂ-ਸ਼ਾਸਤਰਾਂ ਦੇ ਅੰਦਰ ਦਾ ਸੱਚ ਵੀ ਬਿਆਨ ਕਰ ਰਹੀ ਹੈ, ਕੁਰਾਨ ਦੇ ਅੰਦਰ ਦਾ ਸੱਚ ਵੀ ਸਮਝਾ ਰਹੀ ਹੈ ਜੋ ਧਰਮ ਗ੍ਰੰਥ ਸਾਨੂੰ ਸਾਡੇ ਜੀਵਨ ਦਾ ਸੱਚਾ ਮਾਰਗ ਹੀ ਸਮਝਾਉਂਦੇ ਹਨ। ਗੁਰਬਾਣੀ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਗੁਰਬਾਣੀ ਹਰ ਕਿਸੇ ਦਾ ਇੱਕੋ ਜਿਹਾ ਭਲਾ ਹੀ ਚਾਹੁੰਦੀ ਹੈ ਤੇ ਸਾਰੇ ਸੰਸਾਰ ਨੂੰ ਸੱਚ ਹੀ ਸਮਝਾਉਂਦੀ ਹੈ ਕਿ ਸਭ ਵਿੱਚ, ਹਰ ਮਨੁਖੀ ਰੂਪ ਵਿੱਚ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ, ਅੱਲ੍ਹਾ ਆਪ ਹੀ ਹੈ, ਗਾਡ ਆਪ ਹੀ ਹੈ, ਅਕਾਲ ਪੁਰਖ ਆਪ ਹੀ ਹੈ ਜਿਸਦਾ ਰੂਪ ਸਭ ਦੇ ਵਿੱਚ ਇੱਕੋ ਜਿਹਾ ਹੀ ਹੈ ਜਿਸ ਕਰਕੇ ਹਰ ਮਨੁਖ ਪ੍ਰਮਾਤਮਾ ਲਈ ਇੱਕੋ ਜਿਹਾ ਹੀ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਗੁਰਬਾਣੀ ਸਾਨੂੰ ਕਿਤਨੇ ਕੂ ਵੱਡੇ ਸੱਚ ਨਾਲ ਜੋੜ ਰਹੀ ਹੈ, ਇਸ ਗੱਲ ਦੀ ਸਮਝ ਆਪ ਸਭ ਨੂੰ ਪੂਰਾ ਲੇਖ, ਪੂਰੀ ਪੁਸਤਕ ਪੜ ਕੇ ਹੀ ਆਵੇਗੀ। ਆਉ ਗੁਰਬਾਣੀ ਨਾਲ ਜੁੜੀਏ ਤੇ ਗੁਰਬਾਣੀ ਦੀ ਅਸਲੀਅਤ ਨੂੰ ਸਮਝੀਏ ਕਿ ਗੁਰਬਾਣੀ ਕਿਸ ਤਰੀਕੇ ਧੰਨ ਹੈ, ਧੰਨ ਹੈ, ਧੰਨ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ।

ਇਹ ਲੇਖ ਲਿਖਣ ਦੀ ਕਿਰਪਾ ਇੱਕ ਨਿਮਾਣੇ ਜਿਹੇ ਮਨੁਖ ਤੇ ਅਚਾਨਕ ਹੀ ਕਿਸ ਤਰੀਕੇ ਹੋਈ ਹੈ ਇਸ ਗੱਲ ਨੂੰ ਅਗਲੇ ਕੁਝ ਪੰਨਿਆਂ ਰਾਹੀਂ ਦਾਸ ਦੀ ਛੋਟੀ ਜਿਹੀ ਜੀਵਨੀ ਰਾਹੀਂ ਜਾਣਿਆ ਜਾ ਸਕਦਾ ਹੈ।

ਅਕਾਲ ਪੁਰਖ ਦੀ ਆਪਣੀ ਪਾਈ ਸਮਝ ਦੁਆਰਾ ਦੁਨਿਆਵੀ ਲੇਖਕ ਇਸ ਦਾਸ ਬਾਰੇ ਕੁਝ ਜਾਣਕਾਰੀ

ਅਸੀਂ ਪਹਿਲੇ ਇਸ ਲੇਖ ਨੂੰ ਲਿਖਣ ਦੇ ਪਿੱਛੇ ਸੱਚਾਈ ਕੀ ਹੈ ਇਸ ਗੱਲ ਨੂੰ ਪੜਿਆ ਹੈ ਜੋ ਪੜਨ ਤੋਂ ਬਾਅਦ ਹਰ ਕੋਈ ਸਮਝ ਸਕਦਾ ਹੈ ਕਿ ਦਾਸ ਕੀ ਹੈ ਭਾਵ ਕੁਝ ਵੀ ਨਹੀਂ ਹੈ ਕਿਉਂਕਿ ਦਾਸ ਨੂੰ ਇਸ ਗੱਲ ਦੀ ਸਮਝ ਪੈ ਚੁਕੀ ਹੈ ਕਿ ਮਨੁੱਖ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਕਠਪੁਤਲੀ ਹੈ ਜਿਸਦੇ ਵੱਸ ਵਿੱਚ ਕੁਝ ਵੀ ਨਹੀਂ ਹੈ ਪਰ ਇਸ ਗੱਲ ਤੇ ਵਿਸ਼ਵਾਸ ਕਿਸੇ ਮਨੁਖ ਨੂੰ ਤਾਂ ਹੀ ਆ ਸਕਦਾ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣੀ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ ਜਿਵੇਂ ਕਿ ਇਹ ਗੱਲ ਸ਼ਬਦ ਰਾਹੀਂ ਵੀ ਸਮਝਾਈ ਹੋਈ ਹੈ। ਦਾਸ ਨੂੰ ਪ੍ਰਮਾਤਮਾ ਨੇ ਆਪਣੀ ਕਠਪੁਤਲੀ ਬਣਾ ਕੇ ਦਿਖਾਇਆ ਹੈ ਤੇ ਕਿਵੇਂ ਬਣਾ ਕੇ ਦਿਖਾਇਆ ਹੈ ਇਸ ਗੱਲ ਦਾ ਜ਼ਿਕਰ ਲੇਖ ਵਿੱਚ ਕੁਝ ਅੱਗੇ ਚੱਲਕੇ ਕੀਤਾ ਹੋਇਆ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਮਨੁਖ ਦੇ ਵੱਸ ਹਕੀਕਤ ਵਿੱਚ ਕੁਝ ਵੀ ਨਹੀਂ ਹੈ ਤੇ ਸਭ ਦੇ ਅੰਦਰ ਪ੍ਰਮਾਤਮਾ ਦੀ ਖੇਡ ਹੀ ਵਰਤ ਰਹੀ ਹੈ ਜਿਸ ਖੇਡ ਨੂੰ ਕੋਈ ਆਪਣੇ ਆਪ ਨਹੀਂ ਸਮਝ ਸਕਦਾ ਤੇ ਪ੍ਰਮਾਤਮਾ ਦੇ ਸਮਝਾਉਣ ਤੇ ਹੀ ਸਮਝ ਸਕਦਾ ਹੈ। ਦਾਸ ਕੇਵਲ ਇੱਕ ਨਿਮਾਣਾ ਜਿਹਾ ਮਨੁੱਖ ਹੀ ਸੀ ਤੇ ਹੁਣ ਵੀ ਉਹ ਕੁਝ ਹੀ ਹੈ ਪਰ ਇਸ ਗੱਲ ਦੀ ਸਮਝ ਜਰੂਰ ਪੈ ਗਈ ਹੈ ਕਿ ਮਨੁੱਖ ਨਿਮਾਣਾ ਕਿਸ ਕਰਕੇ ਹੈ। ਇਸ ਗੱਲ ਨੂੰ ਕੋਈ ਮੰਨ ਨਹੀਂ ਸਕਦਾ ਕਿ ਮਨੁੱਖ ਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ ਤੇ ਉਹ ਭੁਲੇਖੇ ਵਿੱਚ ਹੀ ਆਪਣੇ ਆਪ ਨੂੰ **"ਮੈਂ"** ਸਮਝਦਾ ਹੈ, ਆਪਣਾ ਮਨੁੱਖੀ ਰੂਪ ਸਮਝਦਾ ਹੈ ਜਿਸ ਗੱਲ ਨੂੰ ਸਮਝਣਾ, ਮੰਨਣਾ ਸੰਸਾਰ ਦਾ ਬਹੁਤ ਵੱਡਾ ਅਸਚਰਜ ਹੈ ਜਿਵੇਂ ਕਿ ਬਾਣੀ ਰਾਹੀਂ ਸਾਨੂੰ ਸਭ ਕੁਝ ਸਮਝਾਇਆ ਹੋਇਆ ਹੈ ਪਰ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਦਾਸ ਦੇ ਨਾਲ ਇਹ ਸਭ ਕੁਝ ਹਕੀਕਤ ਵਿੱਚ ਵਰਤਿਆ ਹੈ ਤੇ ਹੁਣ ਵੀ ਵਰਤਦਾ ਹੈ ਜੋ ਅਸਚਰਜ ਕਿਸੇ ਨੂੰ ਸਮਝਾਇਆ ਨਹੀਂ ਜਾ ਸਕਦਾ ਤੇ ਨਾ ਹੀ ਕੋਈ ਮੰਨ ਸਕਦਾ ਹੈ। ਇਹ ਬਹੁਤ ਬਹੁਤ ਵੱਡਾ ਅਸਚਰਜ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨੁਖੀ ਹੋਂਦ ਸਮਝਣਾ ਝੂਠ ਹੈ, ਭਰਮ ਹੈ। ਦਾਸ ਦੇ ਨਾਲ ਇਹ ਸਭ ਕੁਝ ਕਿਵੇਂ ਹੋਇਆ ਹੈ, ਇਸ ਗੱਲ ਨੂੰ ਕੁਝ ਥੋੜਾ ਜਿਹਾ ਇੱਥੇ ਸਮਝਿਆ ਜਾ ਸਕਦਾ ਹੈ। ਦਾਸ ਇੱਕ ਸਰਕਾਰੀ ਬੈਂਕ ਵਿੱਚ ਚੰਗੇ ਅਹੁਦੇ ਤੇ ਕੰਮ ਕਰਦਾ ਸੀ ਤੇ ਸਾਰੀ ਨੌਕਰੀ ਵਿੱਚ ਦਾਸ ਨੇ ਕੋਈ ਮਾੜਾ ਕੰਮ ਨਹੀਂ ਸੀ ਕੀਤਾ ਤੇ ਜੇਕਰ ਕੋਈ ਦੂਸਰਾ ਵੀ ਮਾੜਾ ਕੰਮ ਕਰਦਾ ਸੀ ਤਾਂ ਦਾਸ ਉਸਨੂੰ ਮਨ੍ਹਾ ਕਰਦਾ ਸੀ ਭਾਵ ਦਾਸ ਆਪਣਾ ਪੂਰਾ ਕੰਮ ਇਮਾਨਦਾਰੀ ਦੇ ਨਾਲ ਕਰਦਾ ਸੀ। ਦਾਸ ਇੱਕ ਸੱਚੀ ਸੁੱਚੀ ਕਿਰਤ ਕਰਨ ਵਾਲੇ ਕਿਸਾਨੀ ਪਰਵਾਰ ਵਿਚੋਂ ਹੈ ਤੇ ਆਪਣਾ ਬਚਪਨ ਪਿੰਡ ਦੇ ਵਿੱਚ ਹੀ ਗੁਜਾਰਿਆ ਹੈ। ਦਾਸ ਦੇ ਪਿਤਾ ਜੀ ਹਮੇਸ਼ਾ ਸੱਚ ਤੇ ਚੱਲਣ ਦੀ ਹੀ ਗੱਲ ਸਮਝਾਉਂਦੇ ਸਨ ਤੇ ਉਨਾਂ ਨੂੰ ਪੁਰੇ ਇਲਾਕੇ ਵਿਚ **"ਸੱਚੀ ਦਾੜੀ"** ਦੇ ਨਾਮ ਨਾਲ ਜਾਣਿਆ ਜਾਂਦਾ ਸੀ ਤੇ ਇਸੇ ਲਈ ਦਾਸ ਨੂੰ ਬਚਪਨ ਤੋਂ ਹੀ ਝੂਠ ਨਾਲ ਨਫਰਤ ਸੀ ਤੇ ਸੱਚ ਹੀ ਚੰਗਾ ਲੱਗਦਾ ਸੀ। ਦਾਸ ਦੇ ਮਾਤਾ ਜੀ ਨੂੰ ਵੀ ਗੁਰਬਾਣੀ ਨਾਲ, ਗੁਰੂ ਘਰ ਨਾਲ ਅਥਾਹ ਪ੍ਰੇਮ ਸੀ। ਉਹ ਪਿੰਡ ਦੇ ਵਿੱਚ ਅਨੇਕਾਂ ਲੋੜਵੰਦਾਂ ਦੀਆਂ ਜਰੂਰਤਾਂ ਦਾ ਧਿਆਨ ਰੱਖਦੇ ਸਨ। ਦਾਸ ਦੇ ਜੀਵਨ ਵਿੱਚ ਮਾਤਾ-ਪਿਤਾ ਜੀ ਦੇ ਜੀਵਨ ਦਾ ਕਾਫੀ ਗਹਿਰਾ ਪ੍ਰਭਾਵ ਰਹਿਆ ਹੈ। ਆਪਣੀ ਨੌਕਰੀ ਦੇ ਦੌਰਾਨ ਦਾਸ ਦੇ ਨਾਲ ਇੱਕ ਇਹੋ ਜਿਹਾ ਹਾਦਸਾ ਹੋਇਆ ਜੋ ਕਿ ਦਾਸ ਨੂੰ ਹੈਰਾਨ ਕਰਨ ਵਾਲਾ ਸੀ ਤੇ ਸਮਝ ਤੋਂ ਬਾਹਰ ਸੀ।

ਦਾਸ ਦਾ ਨਾਮ ਅਮਰਜੀਤ ਸਿੰਘ ਚਾਵਲਾ ਹੈ ਤੇ ਲੁਧਿਆਣਾ ਦਾ ਰਹਿਣ ਵਾਲਾ ਹੈ ਤੇ ਮਕਾਨ ਦਾ ਨੰਬਰ 3045 ਹੈ ਜੋ ਕਿ ਅਰਬਨ ਇਸਟੇਟ ਦੁਗਰੀ ਫੇਸ 2 ਵਿੱਚ ਹੈ। ਦਾਸ ਲੁਧਿਆਣਾ ਤੋਂ ਦੂਰ ਦੂਸਰੇ ਸ਼ਹਿਰ ਵਿੱਚ ਸਰਕਾਰੀ ਬੈਂਕ ਦੀ ਇੱਕ ਬਰਾਂਚ ਦੇ ਵਿੱਚ ਸੀਨੀਅਰ ਮੈਨੇਜਰ ਸੀ ਤੇ ਬਰਾਂਚ ਦਾ ਇੰਚਾਰਜ ਸੀ ਜਿਸ ਬਰਾਂਚ ਨੂੰ ਛੱਡਿਆਂ ਦਾਸ ਨੂੰ ਕਰੀਬ ਛੇ ਸਾਲ ਹੋ ਚੁੱਕੇ ਸਨ ਤੇ ਦਾਸ ਦੇ ਰਿਟਾਇਰ ਹੋਣ ਵਿੱਚ ਤਿੰਨ ਸਾਲ ਤੋਂ ਵੀ ਘੱਟ ਸਮਾਂ ਰਹਿੰਦਾ ਸੀ। ਅਚਾਨਕ ਹੀ ਉਸ ਪੁਰਾਣੀ ਬਰਾਂਚ

ਵਿੱਚ ਕਿਸੇ ਮੁਲਾਜ਼ਮ ਦਾ ਕੀਤਾ ਹੋਇਆ ਕੋਈ ਘਪਲਾ ਸਾਹਮਣੇ ਆਇਆ ਜਿਸ ਦਾ ਦਾਸ ਨਾਲ ਕੋਈ ਸੰਬੰਧ ਨਹੀਂ ਸੀ ਪਰ ਫਿਰ ਵੀ ਵੱਡੇ ਹਾਕਮਾਂ ਦੀ ਨਾਸਮਝੀ ਕਰਕੇ ਤੇ ਆਪਣੀਆਂ ਗਲਤੀਆਂ ਤੇ ਪੜਦਾ ਪਾਣ ਕਰਕੇ ਉਥੇ ਰਹੇ ਸਾਰੇ ਮੈਨੇਜਰਾਂ ਨੂੰ ਵੀ ਜਿਮੇਵਾਰ ਬਣਾਇਆ ਗਿਆ, ਜਿਸ ਕਰਕੇ ਸਾਰਿਆਂ ਨੂੰ ਨੌਕਰੀਆਂ ਤੋਂ ਬੇਦਖਲ ਕੀਤਾ ਗਿਆ। ਦਾਸ ਲਈ ਇਹ ਸਦਮਾ ਬਹੁਤ ਹੀ ਵੱਡਾ ਸੀ ਕਿਉਂਕਿ ਦਾਸ ਦੀ ਸਾਰੀ ਉਮਰ ਦੀ ਚੰਗੀ ਨੌਕਰੀ ਤੇ ਇਸ ਗੱਲ ਦਾ ਦਾਗ ਲਗਾ ਦਿੱਤਾ ਕਿ ਤੁਹਾਨੂੰ ਉਸ ਬਰਾਂਚ ਵਿੱਚ ਰਹਿੰਦੇ ਹੋਏ ਘਪਲੇ ਦੀ ਸਮਝ ਕਿਉਂ ਨਾ ਲੱਗੀ । ਬੈਂਕਾਂ ਦੇ ਵਿੱਚ ਅਨੇਕਾਂ ਹੀ ਇੰਸਪੈਕਸ਼ਨ ਹੁੰਦੀਆਂ ਹਨ, ਆਪਣੇ ਬੈਂਕਾਂ ਦੇ ਇੰਸਪੈਕਟਰ ਵੀ ਹਰ ਸਾਲ ਸਾਰੇ ਖਾਤਿਆਂ ਦੀਆਂ ਇੰਸਪੈਕਸ਼ਨ ਕਰਦੇ ਹਨ ਤੇ ਰਿਜਰਵ ਬੈਂਕ ਦੇ ਇੰਸਪੈਕਟਰ ਵੀ ਹਰ ਸਾਲ ਇੰਸਪੈਕਸ਼ਨ ਕਰਦੇ ਹਨ ਪਰ ਘਪਲਾ ਕਿਸੇ ਦੀ ਸਮਝ ਵਿੱਚ ਨਾ ਆਇਆ । ਉਸ ਵੇਲੇ ਬਰਾਂਚ ਵਿੱਚ ਕੰਪਿਊਟਰ ਨਹੀਂ ਸਨ ਹੁੰਦੇ ਤੇ ਜਿਸ ਨੇ ਇਹ ਘਪਲਾ ਕੀਤਾ ਸੀ ਉਹ ਏਐਲਪੀਐਮ ਤੇ ਕੰਮ ਕਰਦਾ ਸੀ ਜੋ ਕਿ ਕੰਪਿਊਟਰ ਨਹੀਂ ਹੁੰਦਾ ਤੇ ਦੂਸਰਾ ਕੋਈ ਉਸ ਨੂੰ ਚੈੱਕ ਨਹੀਂ ਸੀ ਕਰ ਸਕਦਾ । ਉਸ ਏਲਪੀਐਮ ਦੇ ਵਿੱਚ ਉਸਨੇ ਕੋਈ ਇਹੋ ਜਿਹੀ ਗੜਬੜ ਕੀਤੀ ਹੋਈ ਸੀ ਜਿਸ ਦਾ ਅਨੇਕਾਂ ਸਾਲ ਕਿਸੇ ਨੂੰ ਸਮਝ ਹੀ ਨਹੀਂ ਲੱਗ ਸਕੀ । ਉਸ ਨਾਸਮਝੀ ਦੀ ਜਿੰਮੇਵਾਰੀ ਅਚਾਨਕ ਹੀ ਬੈਂਕ ਦੇ ਬਰਾਂਚ ਵਿੱਚ ਰਹੇ ਸਾਰੇ ਮੈਨੇਜਰਾਂ ਤੇ ਬਰਾਂਚ ਦੇ ਕੁਝ ਹੋਰ ਮੁਲਾਜ਼ਮਾਂ ਤੇ ਪਾ ਦਿੱਤੀ ਗਈ । ਦਾਸ ਲਈ ਇਹ ਸਦਮਾ ਨਾ ਸਹਾਰਨਯੋਗ ਸੀ ਜਿਸ ਕਰਕੇ ਦਾਸ ਦੀ ਜਿੰਦਗੀ ਵਿੱਚ ਬਹੁਤ ਵੱਡਾ ਫੇਰ ਬਦਲ ਆਇਆ। ਦਾਸ ਦੇ ਅਨੇਕਾਂ ਹੀਲੇ ਕਿਸੇ ਕੰਮ ਨਾ ਆਏ। ਦਾਸ ਨੂੰ ਬਹੁਤ ਔਖਾਪਨ ਸਹਿਣਾ ਪਿਆ ਤੇ ਦਾਸ ਕਰਜਾਈ ਹੋ ਗਿਆ ਜੋ ਕਰਜ਼ੇ ਮੋੜੇ ਨਹੀਂ ਸੀ ਜਾ ਸਕਦੇ। ਦਾਸ ਨੂੰ ਇਸ ਗੱਲ ਤੇ ਯਕੀਨ ਨਹੀਂ ਸੀ ਆਉਂਦਾ ਕਿ ਪ੍ਰਮਾਤਮਾ ਕਿਸੇ ਦੇ ਨਾਲ ਏਡੀ ਵੱਡੀ ਬੇਨਿਯਾਈ ਵੀ ਕਰ ਸਕਦਾ ਹੈ, ਪਰ ਇਸ ਔਖੇਪਨ ਦੇ ਪਿੱਛੇ, ਇਨਾਂ ਦੁੱਖਾਂ ਦੇ ਪਿੱਛੇ ਪ੍ਰਮਾਤਮਾ ਦੀ ਕਿਤਨੀ ਵੱਡੀ ਦਾਤਿ ਛਿਪੀ ਹੋਈ ਸੀ, ਉਸਦੀ ਕਿਤਨੀ ਵੱਡੀ ਕਿਰਪਾ ਛੁਪੀ ਹੋਈ ਸੀ ਇਸ ਗੱਲ ਨੂੰ ਕੋਈ ਸੁਪਨੇ ਵਿੱਚ ਵੀ ਨਹੀਂ ਜਾਣ ਸਕਦਾ। ਉਸਦੀ ਇਹ ਦਾਤਿ ਲੈਣ ਲਈ ਮਨੁੱਖ ਨੂੰ ਔਖਾਪਨ ਸਹਿਣਾ ਹੀ ਪੈਂਦਾ ਹੈ ਜਿਵੇਂ ਕਿ ਇਹ ਗੱਲ ਜਪੁਜੀ ਬਾਣੀ ਦੇ ਸ਼ਬਦ ਵਿੱਚ ਸਮਝਾਈ ਹੋਈ ਹੈ ਜਿਸ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ। ਉਹ ਸ਼ਬਦ ਸਮਝ ਕੇ ਦਾਸ ਨੂੰ ਬਹੁਤ ਵੱਡੀ ਤਸੱਲੀ ਮਿਲੀ ਸੀ ਤੇ ਵਿਸ਼ਵਾਸ ਆਇਆ ਕੇ ਜੋ ਕੁਝ ਦਾਸ ਦੇ ਨਾਲ ਬੀਤਿਆ ਹੈ ਉਹ ਅਕਾਲ ਪੁਰਖ ਨੇ ਆਪ ਹੀ ਆਪਣੇ ਹੁਕਮ ਦੁਆਰਾ ਕਰਵਾਇਆ ਹੈ, ਆਪਣੇ ਨਾਲ ਮੇਲ ਦੀ ਦਾਤਿ ਬਖਸ਼ਣ ਲਈ ਕਰਵਾਇਆ ਹੈ। ਦਾਸ ਦੇ ਨਜਦੀਕੀਆਂ ਨੇ ਦਾਸ ਨੂੰ ਬਹੁਤ ਸਲਾਹਾਂ ਦਿਤੀਆਂ, ਸੰਤਾਂ ਆਦਿ ਦੇ ਡੇਰਿਆਂ ਤੇ ਜਾ ਕੇ ਦੁੱਖ ਵਿੱਚੋਂ ਨਿਕਲਣ ਦਾ ਤਰੀਕਾ ਸਮਝਾਇਆ ਪਰ ਦਾਸ ਨੂੰ ਕੇਵਲ ਤੇ ਕੇਵਲ ਗੁਰੂ ਤੇ ਹੀ ਭਰੋਸਾ ਸੀ ਜਿਵੇਂ ਕਿ ਦਾਸ ਦੇ ਪਿਤਾ ਜੀ ਨੇ ਬਚਪਨ ਤੋਂ ਹੀ ਸਮਝਾਇਆ ਸੀ। ਦਾਸ ਦੇ ਪਿਤਾ ਜੀ ਕੇਵਲ ਤੇ ਕੇਵਲ ਗੁਰੂ ਤੇ ਭਰੋਸਾ ਹੀ ਕਰਦੇ ਸਨ ਤੇ ਕਿਸੇ ਮਨੁਖੀ ਦੇਹ ਨੂੰ ਵੱਡਾ ਨਹੀਂ ਸਨ ਮੰਨਦੇ ਤੇ ਨਾਂ ਹੀ ਕਿਸੇ ਦੇ ਪਿੱਛੇ ਲੱਗਦੇ ਸਨ। ਦਾਸ ਤੇ ਪਿਤਾ ਜੀ ਦਾ ਅਸਰ ਹੀ ਸੀ ਜਿਸ ਕਰਕੇ ਦਾਸ ਨੂੰ ਕੇਵਲ ਗੁਰੂ ਦੀ, ਗੁਰਬਾਣੀ ਦੀ ਸਮਝ ਤੇ ਹੀ ਭਰੋਸਾ ਸੀ ਕਿ ਗੁਰੂ ਕਦੇ ਗਲਤ ਨਹੀਂ ਹੋ ਸਕਦਾ। ਗੁਰੂ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਹੀ ਸਮਝਾਉਂਦਾ ਹੈ, ਉਹ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਸਭ ਦੀ ਰੱਖਿਆ ਕਰਨ ਵਾਲਾ ਵੀ ਉਹ ਆਪ ਹੀ ਹੈ ਭਾਵ ਦਾਸ ਨੂੰ ਕੇਵਲ ਇਸ ਗੱਲ ਤੇ ਭਰੋਸਾ ਸੀ ਕਿ ਜੇਕਰ ਦਾਸ ਨੂੰ ਕਿਸੇ ਨੇ ਬਚਾਉਣਾ ਹੈ ਤੇ ਉਹ ਕੇਵਲ ਗੁਰੂ ਹੀ ਹੈ, ਗੁਰਬਾਣੀ ਹੀ ਹੈ ਜਿਸ ਤੋਂ ਉਪਰ ਕੋਈ ਹੋ ਹੀ ਨਹੀਂ ਸਕਦਾ। ਦਾਸ ਨੇ ਅੰਮ੍ਰਿਤ ਛੱਕਿਆ ਤੇ ਇਕੱਲਾ ਬੈਠ ਕੇ ਸਾਰਾ ਦਿਨ ਗੁਰਬਾਣੀ ਹੀ ਪੜਦਾ ਸੀ ਤੇ ਸ਼ਬਦਾਂ ਨੂੰ ਸਮਝਣ ਦੀ ਕੋਸ਼ਿਸ਼ ਵੀ ਕਰਦਾ ਸੀ ਜੋ ਸਮਝ ਦਾਸ ਨੂੰ ਬਿਲਕੁਲ ਵੀ ਨਹੀਂ ਸੀ। ਬਾਣੀ ਵਿੱਚ ਵਾਰ-ਵਾਰ ਸੱਚ ਦੀ ਗੱਲ ਆਉਂਦੀ ਹੈ ਤੇ ਸੱਚ ਨੂੰ ਹੀ ਆਪ ਪ੍ਰਮਾਤਮਾ ਕਹਿਆ ਹੋਇਆ ਹੈ। ਦਾਸ ਦੇ ਮੁਹੋਂ ਵਾਰ-ਵਾਰ ਇਹ ਨਿਕਲਦਾ ਸੀ ਕਿ ਹੇ ਪ੍ਰਮਾਤਮਾ ਜੇਕਰ ਤੂੰ ਸੱਚ ਹੈ, ਫਿਰ ਤੈਨੂੰ ਤਾਂ ਇਹ ਸਮਝ ਹੈ ਕਿ ਸੱਚ ਕੀ ਹੈ, ਮੇਰਾ ਕਸੂਰ ਕੀ ਹੈ ਜਿਸ ਕਰਕੇ ਮੈਨੂੰ ਇਤਨੀ ਵੱਡੀ ਸਜ਼ਾ ਮਿਲੀ ਹੈ। ਦਾਸ ਦੇ ਪਾਠ ਕਰਦੇ ਹੋਏ ਕਈ ਵਾਰੀ ਅਥਰੂ ਵੀ ਵੱਗਦੇ ਸੀ ਤੇ ਅਨੇਕਾਂ ਵਾਰੀ ਪੋਥੀ ਤੇ ਵੀ ਡਿਗ ਪੈਂਦੇ ਸੀ ਜਿਸ ਕਰਕੇ ਦਾਸ ਨੂੰ ਹੋਰ ਵੀ ਦੁੱਖ ਲੱਗਦਾ ਸੀ। ਪਰ ਉਹ ਪ੍ਰਮਾਤਮਾ ਬਹੁਤ ਦਿਆਲ ਹੈ, ਬਹੁਤ ਦਿਆਲ ਹੈ, ਬਹੁਤ ਦਿਆਲ ਹੈ ਜਿਸਨੂੰ ਕੋਈ ਸਮਝ ਨਹੀਂ ਸਕਦਾ।

ਦਾਸ ਦੇ ਨਾਲ ਇੱਕ ਦਿਨ ਸਵੇਰੇ ਸਵੇਰੇ 17-04-2010 ਨੂੰ ਪਾਠ ਕਰਦੇ ਹੋਏ ਉਹ ਖੇਡ ਵਰਤੀ ਜੋ ਸੰਸਾਰ ਦਾ ਸਭ ਤੋਂ ਵੱਡਾ ਅਸਚਰਜ ਹੈ ਜਿਸਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। ਦਾਸ ਨੂੰ ਪ੍ਰਮਾਤਮਾ ਦੇ ਕੋਲੋਂ ਉਹ ਦਾਤਿ ਮਿਲੀ ਜੋ ਪ੍ਰਮਾਤਮਾ ਦੀ ਕਿਸੇ ਮਨੁੱਖ ਲਈ ਸਭ ਤੋਂ ਵੱਡੀ ਦਾਤਿ ਹੈ, ਜਿਸ ਦਾਤਿ ਦੇ ਸਾਹਮਣੇ ਸਾਰੇ ਦੁੱਖ ਫਿਕੇ ਪੈ ਜਾਂਦੇ ਹਨ। ਉਹ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਮਨੁੱਖ ਦਾ ਸਰੀਰ ਮਨੁੱਖ ਦੇ ਵੱਸ ਵਿੱਚ ਨਹੀਂ ਹੈ। ਸਰੀਰ ਨੂੰ ਆਪਣੇ ਵੱਸ ਵਿੱਚ

ਸਮਝਣਾ ਮਨੁਖ ਦਾ ਬਹੁਤ ਵੱਡਾ ਭਰਮ ਹੈ ਜਿਸ ਦੀ ਸਮਝ ਪ੍ਰਮਾਤਮਾ ਦੇ ਮਨ ਦੇ ਵਿੱਚ, ਸਰੀਰ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪੈਣਾ ਹੀ ਸੰਸਾਰ ਦਾ ਇੱਕੋ-ਇੱਕ ਅਸਚਰਜ ਹੈ ਜੋ ਕਿ ਪ੍ਰਮਾਤਮਾ ਦੀ ਕਰਾਮਾਤਿ ਹੈ। ਸਭ ਦੀ ਰੱਖਿਆ ਕਰਨ ਵਾਲਾ ਉਹ ਆਪ ਹੀ ਹੈ ਤੇ ਦਾਸ ਦੀ ਰੱਖਿਆ ਉਸਨੇ ਆਪ ਹੀ ਕੀਤੀ ਹੈ, ਹਰ ਔਖੇ ਵੇਲੇ ਕੀਤੀ ਹੈ ਤੇ ਹੁਣ ਵੀ ਕਰ ਰਹਿਆ ਹੈ। ਮਨੁੱਖ ਦੇ ਅੰਦਰ ਉਹ ਆਪਣੇ ਆਪ ਨੂੰ ਕਿਵੇਂ ਪ੍ਰਗਟ ਕਰਦਾ ਹੈ ਤੇ ਮਨੁੱਖ ਨੂੰ ਕਿਸ ਤਰੀਕੇ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ ਇਸ ਗੱਲ ਦਾ ਕੁਝ ਜਿਕਰ ਲੇਖ ਵਿੱਚ ਅੱਗੇ ਚੱਲਕੇ ਕੀਤਾ ਹੋਇਆ ਹੈ ਤੇ ਇਸ ਗੱਲ ਨੂੰ ਬਾਣੀ ਵਿੱਚ ਸ਼ਬਦਾਂ ਰਾਹੀਂ ਵੀ ਸਮਝਾਂਗੇ। ਬਾਣੀ ਰਾਹੀਂ ਸਭ ਕੁਝ ਸਮਝਾਇਆ ਹੋਇਆ ਹੈ। ਦਾਸ ਦੇ ਸਰੀਰ ਰਾਹੀਂ ਪ੍ਰਮਾਤਮਾ ਦੇ ਪ੍ਰਗਟ ਹੋਣ ਦਾ ਅਸਲ ਮਕਸਦ ਗੁਰਬਾਣੀ ਦੇ ਸ਼ਬਦਾਂ ਦੇ ਅਸਲ ਅਰਥ ਕਰਵਾਉਣਾ ਹੀ ਹੈ ਜੋ ਸੱਚੇ ਅਰਥ ਕੇਵਲ ਉਹ ਆਪ ਹੀ ਜਾਣਦਾ ਹੈ ਜਿਸਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਆਪਣੀ ਸੱਚੀ ਬਾਣੀ ਦੀ, ਗੁਰਬਾਣੀ ਦੀ ਰਚਨਾ ਕਰਵਾਈ ਹੈ। ਗੁਰਬਾਣੀ ਦੇ ਅਰਥ ਬਹੁਤ ਹੀ ਗਹਿਰੇ ਹਨ ਜਿਨਾਂ ਦੀ ਅਸਲ ਸਮਝ ਕੇਵਲ ਚੌਥੇ ਪਦ ਦੇ ਗਿਆਨ ਨਾਲ ਜੁੜਕੇ ਹੀ ਆ ਸਕਦੀ ਹੈ। ਸੰਸਾਰ ਵਿੱਚ ਹਰ ਕੋਈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੈ ਤੇ ਚੌਥਾ ਪਦ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਤੇ ਚੌਥੇ ਪਦ ਦੇ ਗਿਆਨ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ ਤੇ ਹੋਰ ਕੋਈ ਨਹੀਂ ਪਾ ਸਕਦਾ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਤੇ ਇਸ ਦੇ ਅੰਦਰ ਦੀ ਸੱਚੀ ਸਮਝ ਵੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈ ਸਕਦੀ ਹੈ। ਦਾਸ ਦੀ ਸਮਝ ਤਾਂ ਬਹੁਤ ਹੀ ਛੋਟੀ ਸਮਝ ਸੀ ਜਿਸਨੂੰ ਗੁਰਬਾਣੀ ਦੇ ਅਰਥਾਂ ਬਾਰੇ ਕੁਝ ਵੀ ਸਮਝ ਨਹੀਂ ਸੀ। ਉਹ ਪ੍ਰਮਾਤਮਾ ਕੁਝ ਵੀ ਕਰਵਾ ਸਕਦਾ ਹੈ ਜੋ ਸਾਡੇ ਮਨ ਦੀ ਸਮਝ ਦਾ ਮਾਲਕ ਹੈ। ਸਭ ਨੂੰ ਤ੍ਰੈ ਗੁਣਾਂ ਵਿਚ ਰੱਖਣ ਵਾਲਾ ਵੀ ਉਹ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ। ਗੁਰਬਾਣੀ ਵਿੱਚ ਜੋ ਕੁਝ ਵੀ ਲਿਖਿਆ ਹੋਇਆ ਹੈ ਉਹ ਸਭ ਕੁਝ ਉਸੇ ਤਰ੍ਹਾਂ ਸੱਚ ਹੈ, ਪੂਰਨ ਸੱਚ ਹੈ ਜਿਸ ਦੀ ਸਮਝ ਉਸ **"ਸੱਚੁ"** ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਤੇ ਮਨੁੱਖ ਨੂੰ ਵਿਸ਼ਵਾਸ ਆ ਸਕਦਾ ਹੈ ਕਿ ਗੁਰਬਾਣੀ ਵਿੱਚ ਜੋ ਕੁਝ ਵੀ ਲਿਖਿਆ ਹੋਇਆ ਹੈ ਉਹ ਉਸੇ ਤਰ੍ਹਾਂ ਹੂਬਹੂ ਸੱਚ ਹੈ। ਇਸ ਪੂਰੇ ਲੇਖ ਰਾਹੀਂ ਸੰਸਾਰ ਨੂੰ ਗੁਰਬਾਣੀ ਦਾ, ਪ੍ਰਮਾਤਮਾ ਦਾ ਪੂਰਨ ਸੱਚ ਹੀ ਸਮਝਾਇਆ ਜਾ ਰਿਹਾ ਹੈ ਜੋ ਆਪਣਾ ਸੱਚ ਉਹ **"ਸਚੁ"** ਰੂਪ ਪ੍ਰਮਾਤਮਾ ਮਨ ਦੇ ਵਿੱਚ ਬੈਠਾ ਆਪ ਹੀ ਸਮਝਾ ਰਹਿਆ ਹੈ। ਦਾਸ ਤਾਂ ਕੇਵਲ ਉਸਦੀ ਬਣਾਈ ਹੋਈ ਕਠਪੁਤਲੀ ਹੈ ਜੋ ਉਸੇ ਤਰੀਕੇ ਚੱਲ ਰਹੀ ਹੈ ਜਿਸ ਤਰੀਕੇ ਉਹ ਚਲਾ ਰਹਿਆ ਹੈ। ਹਰ ਸਰੀਰ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਸਭ ਕੁਝ ਆਪ ਹੀ ਹੈ। ਇਸ ਗੱਲ ਨੂੰ ਅਨੇਕਾਂ ਸ਼ਬਦਾਂ ਰਾਹੀਂ ਵਾਰ-ਵਾਰ ਅਨੇਕਾਂ ਤਰੀਕਿਆਂ ਨਾਲ ਸਮਝਾਂਗੇ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੀ ਗੱਲ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਜੋ ਗੁਰੂ ਕਹਿੰਦਾ ਹੈ, ਸਮਝਾਉਂਦਾ ਹੈ ਉਹ ਪੂਰਨ ਸੱਚ ਹੈ ਜਿਸਨੂੰ ਕਦੇ ਬਦਲਿਆ ਨਹੀਂ ਜਾ ਸਕਦਾ। ਗੁਰੂ ਦੇ ਬੋਲ ਅਟਲ ਹਨ, ਅਡੋਲ ਹਨ। ਆਉ ਗੁਰੂ ਦੇ ਅਟਲ ਬਚਨਾਂ ਨਾਲ ਜੁੜੀਏ ਤੇ ਵਿਸ਼ਵਾਸ ਨਾਲ ਸਮਝੀਏ ਕਿ ਪ੍ਰਮਾਤਮਾ ਕੀ ਹੈ, ਉਸਦਾ ਗੁਰੂ ਰੂਪ ਕੀ ਹੈ, ਧਰਮ ਦਾ, ਭਗਤੀ ਦਾ ਸੱਚਾ ਮਾਰਗ ਕੀ ਹੈ, ਉਸਦਾ ਕੇਵਲ ਇੱਕੋ ਇੱਕ ਸੱਚਾ ਨਾਮ ਜਪਣਾ ਕੀ ਹੈ ਜੋ ਉਸਦਾ ਇੱਕੋ ਇੱਕ ਸੱਚਾ ਨਾਮ ਜਪਣ ਦਾ ਮਾਰਗ ਭਾਵ ਇੱਕੋ ਇੱਕ ਸੱਚੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਗੁਰਬਾਣੀ ਦਾ ਸੰਦੇਸ਼ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪੂਰੇ ਲੇਖ ਵਿੱਚ ਜੋ ਵੀ ਅਰਥ ਹਨ ਇਹ ਦਾਸ ਦੇ ਨਹੀਂ ਹਨ। ਦਾਸ ਦੀ ਕੇਵਲ ਜੁਬਾਨ ਹੀ ਹਿਲਦੀ ਹੈ। ਜੋ ਵੀ ਸਮਝ ਹੈ ਇਹ ਸਭ ਪ੍ਰਮਾਤਮਾ ਦੀ ਆਪਣੀ ਹੀ ਹੈ ਤੇ ਇਸੇ ਲਈ ਇਸ ਵਿੱਚ ਦਾਸ ਦੀ ਆਪਣੀ ਕੋਈ ਵਡਿਆਈ ਨਹੀਂ ਹੈ। ਹਰ ਵਡਿਆਈ ਦਾ ਮਾਲਕ ਉਹ ਪ੍ਰਮਾਤਮਾ ਆਪ ਹੀ ਹੈ ਜੋ ਇਸ ਸਰੀਰ ਦਾ ਮਾਲਕ ਹੈ, ਸਾਡੇ ਅੰਦਰ ਦੀ ਸਮਝ ਦਾ ਮਾਲਕ ਹੈ, ਹਰ ਵਸਤੂ ਦਾ, ਹਰ ਵਸਤੂ ਦੇ ਅੰਦਰ ਦੇ ਗਿਆਨ ਦਾ ਮਾਲਕ ਹੈ। ਉਹ ਸਭ ਕੁਝ ਆਪ ਹੀ ਹੈ ਜਿਸ ਗੱਲ ਦੀ ਸਮਝ ਕੇਵਲ ਤੇ ਕੇਵਲ ਉਸਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ ਜੋ ਕਿ ਕੇਵਲ ਉਸਦੀ ਆਪਣੀ ਰਜ਼ਾ ਹੈ, ਕਿਰਪਾ ਹੈ ਕਿ ਉਹ ਕਿਸੇ ਨੂੰ ਉਸ ਦੇ ਅੰਦਰ ਆਪਣਾ ਆਪ ਪ੍ਰਗਟ ਕਰਕੇ ਆਪਣਾ ਰੂਪ ਦਿਖਾਵੇ, ਆਪਣਾ ਆਪ ਸਮਝਾਏ, ਮਨੁਖ ਦੀ, ਸਾਰੀ ਸ੍ਰਿਸ਼ਟੀ ਦੀ ਅਸਲੀਅਤ ਸਮਝਾਏ ਜਿਸਨੂੰ ਜਾਨਣਾ ਸਭ ਲਈ ਸੰਸਾਰ ਦਾ ਸਭ ਤੋਂ ਵੱਡਾ ਅਸਚਰਜ ਹੀ ਹੈ। ਜਿਵੇਂ ਕਿ ਅਸੀਂ ਪਿਛੇ ਪਹਿਲੇ ਹੀ ਸਮਝਿਆ ਹੈ ਪੂਰੀ ਗੁਰਬਾਣੀ ਦੇ ਅਰਥ **"ਮੁੰਦਾਵਣੀ"** ਦੇ ਰੂਪ ਵਿੱਚ ਹਨ ਭਾਵ ਬੁਝਾਰਤ ਦੇ ਰੂਪ ਵਿੱਚ ਹਨ ਜਿਸ ਬੁਝਾਰਤ ਨੂੰ ਆਪਣੇ ਆਪ ਕੋਈ ਨਹੀਂ ਬੁਝ ਸਕਦਾ ਤੇ ਨਾ ਹੀ ਗੁਰਬਾਣੀ ਦੇ ਅੰਦਰ ਦੇ ਅਸਲ ਅਰਥਾਂ ਨੂੰ ਕੋਈ ਆਪਣੀ ਅਣਜਾਣੀ ਮਤਿ ਨਾਲ, ਭਰਮਾਂ ਨਾਲ ਭਰੀ ਹੋਈ ਤ੍ਰੈ ਗੁਣਾਂ ਵਾਲੀ ਸਮਝ ਨਾਲ ਜਾਣ ਸਕਦਾ ਹੈ। ਆਪਣੀ ਪਾਈ ਹੋਈ ਬੁਝਾਰਤ ਨੂੰ ਪ੍ਰਮਾਤਮਾ ਆਪ ਹੀ ਬੁਝਾ ਸਕਦਾ ਹੈ ਜਿਵੇਂ ਕਿ ਬਾਣੀ ਦੇ ਸ਼ਬਦ ਦੇ ਵਿੱਚ ਹੀ ਸਪਸ਼ਟ ਕੀਤਾ ਹੋਇਆ ਹੈ ਤੇ ਉਹ ਸ਼ਬਦਾਂ ਵਿੱਚ ਬੁਝਾਰਤ ਕੀ ਹੈ, ਇਸ

ਗੱਲ ਨੂੰ ਲੇਖ ਵਿੱਚ ਅੱਗੇ ਚੱਲਕੇ ਸਮਝਾਇਆ ਹੋਇਆ ਹੈ। ਜਿਸ ਪ੍ਰਮਾਤਮਾ ਨੇ ਦਾਸ ਨੂੰ ਮਨ ਦੇ ਵਿੱਚ ਪਹਿਲਾਂ ਆਪਣੀ ਪਾਈ ਹੋਈ ਬੁਝਾਰਤ ਸਮਝਾਈ ਹੈ ਉਹ ਆਪ ਹੀ ਹੁਣ ਪੂਰੀ ਗੁਰਬਾਣੀ ਵਿੱਚ ਪਾਈ ਹੋਈ ਆਪਣੀ ਬੁਝਾਰਤ ਦਾਸ ਨੂੰ ਸਮਝਾ ਰਹਿਆ ਹੈ, ਸ਼ਬਦਾਂ ਦੇ ਅਰਥਾਂ ਰਾਹੀਂ ਸਮਝਾ ਰਹਿਆ ਹੈ, ਫਿਰ ਇਹ ਅਰਥ ਦਾਸ ਦੇ ਕਿਵੇਂ ਹੋ ਸਕਦੇ ਹਨ ਤੇ ਦਾਸ ਦੀ ਇਸ ਵਿੱਚ ਆਪਣੀ ਕੋਈ ਵਡਿਆਈ ਕਿਵੇਂ ਹੋ ਸਕਦੀ ਹੈ। ਸਭ ਵਡਿਆਈ ਉਸ ਪ੍ਰਮਾਤਮਾ ਦੀ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਭਾਵੇਂ ਕੋਈ ਉਸਨੂੰ ਅੱਲ੍ਹਾ ਕਰਕੇ ਜਾਣੇ, ਗਾਡ ਕਰਕੇ ਜਾਣੇ, ਅਕਾਲਪੁਰਖ ਕਰਕੇ ਜਾਣੇ ਜਾਂ ਕਿਸੇ ਵੀ ਹੋਰ ਨਾਮ ਨਾਲ ਜਾਣੇ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਹੈ ਭਾਵੇਂ ਉਸਨੂੰ ਜਿਹੜੇ ਮਰਜੀ ਨਾਮ ਨਾਲ ਜਾਣੇ ਜਾਂ ਪੁਕਾਰੇ ਕਿਉਂਕਿ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਹੀ ਹੈ ਜਿਸ ਸ੍ਰਿਸ਼ਟੀ ਦੇ ਕਰਤੇ ਨੂੰ ਸਮਝਣ ਵਿੱਚ ਸਭ ਦੇ ਅੰਦਰ ਭਰਮ ਹੈ ਜਿਸ ਮਨ ਦੇ ਭਰਮ ਵਿੱਚੋਂ ਕੱਢਣ ਦਾ ਸੱਚਾ ਉੱਦਮ ਹੀ ਸ੍ਰਿਸ਼ਟੀ ਦੇ ਕਰਤੇ ਨੇ ਇਸ ਨਿਮਾਣੇ ਜਿਹੇ, ਤੁੱਛ ਜਿਹੇ ਦਾਸ ਰਾਹੀਂ ਕਰਵਾਇਆ ਹੈ ਜਿਸ ਗੱਲ ਦੀ ਸਮਝ ਸੰਸਾਰ ਦੇ ਹਰ ਮਨੁੱਖ ਨੂੰ ਇਹ ਪੂਰਾ ਲੇਖ ਪੜਨ ਤੋਂ ਬਾਅਦ ਹੀ ਪਵੇਗੀ, ਧੰਨ ਧੰਨ ਗੁਰੂ ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਅਰਥ ਸਮਝਣ ਤੋਂ ਬਾਅਦ ਹੀ ਪਵੇਗੀ ਕਿਉਂਕਿ ਪੂਰੇ ਗੁਰਬਾਣੀ ਦੇ ਸ਼ਬਦ ਆਪਣੇ ਸੱਚੇ ਭਗਤਾਂ ਤੇ ਗੁਰੂ ਸਾਹਿਬਾਨ ਦੇ ਅੰਦਰ ਪ੍ਰਗਟ ਹੋ ਕੇ ਸ੍ਰਿਸ਼ਟੀ ਦੇ ਕਰਤੇ ਦੇ ਸਾਰੇ ਸ਼ਬਦ ਆਪਣੇ ਹੀ ਲਿਖਵਾਏ ਹੋਏ ਹਨ। ਜਿਉਂ ਜਿਉਂ ਤੁਸੀਂ ਅੱਗੇ ਚਲਕੇ ਸ਼ਬਦਾਂ ਦੇ ਅਰਥਾਂ ਨੂੰ ਜਾਣੋਗੇ, ਹਰ ਅਰਥ ਵਿੱਚ ਫਿਰ ਪ੍ਰਮਾਤਮਾ ਦੀ ਵਡਿਆਈ ਆਪੇ ਹੀ ਨਜਰ ਆਵੇਗੀ। ਧੰਨ ਅਕਾਲ ਪੁਰਖ, ਧੰਨ ਅਕਾਲ ਪੁਰਖ, ਧੰਨ ਅਕਾਲ ਪੁਰਖ ਜੋ ਹਰ ਵਡਿਆਈ ਦਾ ਮਾਲਕ ਹੈ, ਹੱਕਦਾਰ ਹੈ ਤੇ ਉਸਦਾ ਮਨੁਖੀ ਰੂਪ ਆਪਣੀ ਨਾਸਮਝੀ ਦੁਆਰਾ ਹੀ ਸੰਸਾਰ ਵਿੱਚ ਆਪ ਵਡਿਆਈਆਂ ਲੈਂਦਾ ਹੈ। ਦਾਸ ਦੀ ਕੀ ਔਕਾਤ ਕਿ ਬਾਣੀ ਦੇ ਇੱਕ ਸ਼ਬਦ ਦੇ ਸੱਚੇ ਅਰਥ ਵੀ ਜਾਣ ਸਕੇ, ਲਿਖ ਸਕੇ। ਆਪਣੀ ਮਨੁੱਖੀ ਹੋਂਦ ਸਮਝਣਾ ਇੱਕ ਵੱਡਾ ਭਰਮ ਹੈ ਜੋ ਭਰਮ ਬਾਣੀ ਦੇ ਸ਼ਬਦਾਂ ਰਾਹੀਂ ਵਾਰ-ਵਾਰ ਕਢਿਆ ਹੋਇਆ ਹੈ। ਮਨੁੱਖੀ ਰੂਪ ਦੀ ਸੱਚੀ ਵਡਿਆਈ ਕਿਸ ਗੱਲ ਵਿਚ ਹੈ ਇਹ ਵੀ ਸ਼ਬਦਾਂ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਤੇ ਹਰ ਗੱਲ ਗੁਰਬਾਣੀ ਸਾਨੂੰ ਆਪਣੇ ਸ਼ਬਦਾਂ ਰਾਹੀਂ ਆਪ ਹੀ ਸਮਝਾ ਰਹੀ ਹੈ। ਪੂਰੀ ਮਨੁੱਖਤਾ ਦੀ ਸਮਝ ਦੇ ਅੰਦਰ ਕੋਈ ਐਸਾ ਸਵਾਲ ਨਹੀਂ ਹੈ ਜਿਸਦਾ ਜਵਾਬ ਗੁਰਬਾਣੀ ਦੇ ਵਿੱਚ ਨਾ ਹੋਵੇ। **“ਗੁਰਬਾਣੀ”** ਪੂਰਾ ਗੁਰੂ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸੰਸਾਰ ਨੂੰ ਸਭ ਕੁਝ ਸਮਝਾਉਣ ਦੇ ਸਮਰੱਥ ਹੈ ਤੇ ਸ਼ਬਦਾਂ ਰਾਹੀਂ ਸੰਸਾਰ ਨੂੰ ਸਭ ਕੁਝ ਸਮਝਾਇਆ ਵੀ ਹੋਇਆ ਹੈ। ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਅਰਥ ਸੰਸਾਰ ਨੂੰ ਸਮਝਾਉਣ ਦੇ ਕੰਮ ਲਈ ਅਕਾਲ ਪੁਰਖ ਨੇ ਆਪ ਹੀ ਸਭ ਕੁਝ ਸਮਝਾ ਕੇ ਦਾਸ ਵਰਗੇ ਨਿਮਾਣੇ ਜਿਹੇ ਸਰੀਰ ਨੂੰ ਚੁਣਿਆ ਹੈ, ਇਹ ਉਸਦੀ ਆਪਣੀ ਰਜ਼ਾ ਹੈ, ਆਪਣੀ ਕਿਰਪਾ ਹੈ। ਸੰਸਾਰ ਵਿੱਚ ਜੋ ਕੁਝ ਵੀ ਹੁੰਦਾ ਹੈ, ਉਸਦੀ ਰਜ਼ਾ ਦੁਆਰਾ ਹੀ ਹੁੰਦਾ ਹੈ।

ਜਰੂਰੀ ਸੂਚਨਾ ਤੇ ਬੇਨਤੀ

ਅੱਜ ਤੋਂ ਕੁਝ ਸਾਲ ਪਹਿਲੇ ਜਦੋਂ ਦਾਸ ਗੁਰਬਾਣੀ ਦੇ ਕਾਫੀ ਅਰਥ ਲਿਖ ਚੁਕਾ ਸੀ ਉਨਾਂ ਵਿੱਚੋਂ ਕਰੀਬ ਇੱਕ ਹਜ਼ਾਰ ਪੰਨਾ ਕੰਪਯੂਟਰ ਦੀ ਲਿਖਤ ਵਿੱਚ ਉਤਾਰਕੇ ਉਸਨੂੰ ਪੁਸਤਕ ਦਾ ਰੂਪ ਦਿੱਤਾ ਗਿਆ ਜੋ ਕਿ ਦਾਸ ਦੇ ਕੁਝ ਨਜ਼ਦੀਕੀ ਸੱਜਣ ਪੜਨਾ ਚਾਹੁੰਦੇ ਸਨ। ਉਨਾਂ ਨੇ ਕੁਝ ਪੁਸਤਕਾਂ ਬਣਵਾਕੇ ਆਪਣੇ ਜਾਨਣ ਵਾਲਿਆਂ ਵਿੱਚ ਵੰਡੀਆਂ ਵੀ ਸਨ ਜਿਨ੍ਹਾਂ ਨੇ ਉਸ ਪੁਸਤਕ ਨੂੰ ਪੜਿਆ ਵੀ ਹੋਵੇਗਾ ਤੇ ਉਸ ਵਿੱਚੋਂ ਧਾਰਮਿਕ ਗਿਆਨ ਲੈ ਕੇ ਫਾਇਦਾ ਵੀ ਚੁਕਿਆ ਹੋਵੇਗਾ, ਆਪਣਾ ਜੀਵਨ ਬਦਲਿਆ ਹੋਵੇਗਾ ਤੇ ਪਰਚਾਰ ਵੀ ਕੀਤਾ ਹੋਵੇਗਾ। ਉਸ ਸਮੇਂ ਦਾਸ ਇੱਕ ਸੱਜਣ ਦੇ ਘਰ ਬੈਠ ਕੇ ਗੁਰਬਾਣੀ ਦੇ ਅਰਥ ਵੀ ਸਮਝਾਉਂਦਾ ਸੀ ਤੇ ਕੁਝ ਸੱਜਣ ਆਪਣੇ ਆਪਣੇ ਮੋਬਾਇਲ ਫੋਨ ਤੇ ਰਿਕਾਰਡਿੰਗ ਵੀ ਕਰ ਲੈਂਦੇ ਸਨ ਤੇ ਉਸ ਦੇ ਰਾਹੀਂ ਉਨਾਂ ਨੇ ਗੁਰਬਾਣੀ ਦੇ ਗਹਿਰੇ ਭਾਵ ਨੂੰ ਸਮਝ ਕੇ ਉਸ ਤੋਂ ਲਾਭ ਵੀ ਚੁਕਿਆ ਹੋਵੇਗਾ ਤੇ ਪ੍ਰਚਾਰ ਵੀ ਕੀਤਾ ਹੋਵੇਗਾ। ਉਨਾਂ ਸੱਜਣਾਂ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਪੁਸਤਕ ਦੀ ਲਿਖਤ ਨੂੰ ਹੁਣ ਕਾਫੀ ਵੱਡਾ ਕਰ ਦਿੱਤਾ ਗਿਆ ਹੈ। ਪੁਸਤਕ ਦੇ ਪਹਿਲੇ ਕਰੀਬ ਪੰਜ ਸੌ ਪੰਨਿਆਂ ਦੀ ਲਿਖਤ ਹੁਣ ਬਹੁਤ ਵੱਡੀ ਬਣ ਚੁੱਕੀ ਹੈ, ਸੰਸਾਰ ਦੀ ਸਭ ਤੋਂ ਵੱਡੀ ਪੁਸਤਕ ਬਣ ਚੁੱਕੀ ਹੈ ਜਿਸ ਦਾ ਮਕਸਦ ਗੁਰਬਾਣੀ ਦੀ ਸਿੱਖਿਆ ਨੂੰ ਹੋਰ ਗਹਿਰਾਈ ਨਾਲ ਸਮਝਾਉਣ ਦਾ ਹੈ ਤੇ ਪੂਰੇ ਸੰਸਾਰ ਤੱਕ ਪਹੁੰਚਾਉਣ ਦਾ ਹੈ। ਅਨੇਕਾਂ ਹੀ ਹੋਰ ਸ਼ਬਦਾਂ ਦੀ ਵਿਆਖਿਆ ਵਿੱਚ ਜੋੜੀ ਗਈ ਹੈ ਤਾਂ ਜੋ ਅਸੀਂ ਗੁਰੂ ਦੇ ਸ਼ਬਦਾਂ ਨੂੰ ਹੋਰ ਵੀ ਬਾਰੀਕੀ ਨਾਲ ਤੇ ਆਸਾਨੀ ਨਾਲ ਸਮਝ ਸਕੀਏ। ਉਨਾਂ ਸਾਰੇ ਸੱਜਣਾਂ ਨੂੰ ਬੇਨਤੀ ਹੈ ਕਿ ਹੁਣ ਨਵੀਂ ਪੁਸਤਕ ਦੀ ਵਿਆਖਿਆ ਦੇ ਨਾਲ ਜੁੜਨ ਦਾ ਉਦਮ ਕਰਨ ਜੋ ਵਿਆਖਿਆ ਹੁਣ ਇੰਟਰਨੈਟ ਉੱਤੇ **"ਗੁਰਬਾਣੀ ਮੰਤਰ" ਵੈਬਸਾਈਟ (www.gurbanimantar.com)** ਉੱਤੇ ਪਾਈ ਜਾ ਰਹੀ ਹੈ ਜਿੱਥੋਂ ਹਰ ਕੋਈ ਸ਼ਬਦਾਂ ਦੀ ਵਿਆਖਿਆ ਨੂੰ ਪੜ ਸਕਦਾ ਹੈ ਤੇ ਡਾਉਨਲੋਡ (download) ਵੀ ਕਰ ਸਕਦਾ ਹੈ। ਨਾਲ ਹੀ **"ਔਰਿਜਿਨੇਟਰ ਆਫ ਯੂਨਿਵਰਸ" (Originator of Universe)** ਨਾਮ ਦੀ **"ਐਪ"** ਤਿਆਰ ਹੋ ਗਈ ਹੈ ਜੋ ਕਿ "ਆਈ ਓ ਐਸ ਐਪ ਸਟੋਰ" (**IOS App Store**) ਅਤੇ "ਐਂਡਰਾਇਡ ਪਲੇ ਸਟੋਰ" **(Android Playstore)** ਉੱਤੇ ਉਪਲਬਧ ਹੈ ਜਿਸ ਤੋਂ ਹਰ ਕੋਈ ਸ਼ਬਦਾਂ ਦੇ ਅਰਥ ਆਡੀਓ, ਵਿਡੀਓ ਦੇ ਰੂਪ ਵਿੱਚ ਯੂਟਿਊਬ **(YouTube)** ਅਤੇ ਹੋਰਨਾਂ ਸ਼ੋਸ਼ਲ ਮੀਡਿਆ ਤੋਂ ਸੁਣ ਸਕਦਾ ਹੈ, ਦੇਖ ਸਕਦਾ ਹੈ ਤੇ ਡਾਉਨਲੋਡ ਵੀ ਕਰ ਸਕਦਾ ਹੈ। ਹਰ ਆਡੀਓ, ਵਿਡੀਓ ਲਗਭਗ 30 ਮਿੰਟ ਦਾ ਹੋਵੇਗਾ ਜੋ ਕਿ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਹੋਵੇਗਾ। ਫਿਲਹਾਲ ਸ਼ਬਦਾਂ ਦੇ ਆਡੀਓ, ਵਿਡੀਓ ਅਰਥ ਪੰਜਾਬੀ, ਹਿੰਦੀ, ਅੰਗ੍ਰੇਜੀ ਤੇ ਉਰਦੂ ਭਾਸ਼ਾ ਵਿੱਚ ਸੁਣਨ ਤੇ ਦੇਖਣ ਦਾ ਉਪਰਾਲਾ ਕੀਤਾ ਗਿਆ ਹੈ ਜੋ ਕਿ ਸਮੇਂ ਅਨੁਸਾਰ ਤੇ ਸਮਰਥਾ ਅਨੁਸਾਰ ਹੋਰ ਭਾਸ਼ਾਵਾਂ ਵਿੱਚ ਵੀ ਵਧਾ ਦਿੱਤਾ ਜਾਵੇਗਾ। ਸਭ ਕੁਝ ਹੁਣ ਤੱਕ ਅਕਾਲਪੁਰਖ ਦੀ ਰਜਾ ਦੇ ਨਾਲ ਹੀ ਹੋਇਆ ਹੈ ਤੇ ਅੱਗੋਂ ਵੀ ਜੋ ਉਸਦੀ ਰਜਾ ਹੋਵੇਗੀ ਉਹ ਆਪੇ ਕਰਵਾ ਲਵੇਗਾ। ਅਕਾਲਪੁਰਖ ਦੇ, ਗਾਡ ਦੇ, ਪ੍ਰਮਾਤਮਾ ਦੇ, ਅੱਲ੍ਹਾ ਦੇ ਭਾਵ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੇ ਹੁਕਮ ਅਨੁਸਾਰ ਹੀ ਪੂਰੀ ਸ੍ਰਿਸ਼ਟੀ ਵਿੱਚ ਸਭ ਕੁਝ ਹੁੰਦਾ ਹੈ ਤੇ ਉਹ ਆਪਣੇ ਹੁਕਮ ਅਨੁਸਾਰ ਇਸ ਦਾਸ ਦੇ ਰਾਹੀਂ ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਗਿਆਨ ਨੂੰ ਪੂਰੇ ਸੰਸਾਰ ਤੱਕ ਪਹੁੰਚਾਉਣਾ ਚਾਹੁੰਦਾ ਹੈ। ਉਸਨੇ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਆਖਿਆ ਪੂਰੇ ਸੰਸਾਰ ਤੱਕ ਪਹੁੰਚਾਉਣ ਦਾ ਸਮਾਂ ਆਪ ਹੀ ਚੁਣਿਆ ਹੈ, ਜਿਸ ਦਾ ਮਕਸਦ ਉਹ ਆਪ ਹੀ ਜਾਣਦਾ ਹੈ। ਇੱਕ ਵੈਬਸਾਈਟ ਹੋਰ ਵੀ ਬਣਾਈ ਗਈ ਹੈ ਜਿਸ ਦਾ ਨਾਮ **"ਫੇਸ ਟੂ ਫੇਸ ਟਾਕ ਵਿਦ ਕਰਿਏਟਰ ਆਫ ਯੂਨੀਵਰਸ" (Face to Face Talk with Creator of Universe)** ਹੈ ਜਿਸ ਵੈਬਸਾਈਟ ਤੇ ਛੋਟੀਆਂ-ਛੋਟੀਆਂ ਰੀਲਾਂ ਚੱਲਣਗੀਆਂ ਤੇ ਸੰਸਾਰ ਦਾ ਕੋਈ ਵੀ ਮਨੁੱਖ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਭਾਵੇਂ ਕੋਈ ਆਪਣੀ-ਆਪਣੀ ਆਸਥਾ ਅਨੁਸਾਰ ਕਿਸੇ ਵੀ ਨਾਮ ਨਾਲ ਪੁਕਾਰਦਾ ਹੈ ਜਿਵੇਂ ਕੋਈ ਉਸਨੂੰ ਗਾਡ ਕਹਿੰਦੇ ਹਨ, ਕੋਈ ਪਰਮਾਤਮਾ ਕਹਿੰਦੇ ਹਨ, ਕੋਈ ਅੱਲ੍ਹਾ ਕਹਿੰਦੇ ਹਨ, ਕੋਈ ਅਕਾਲ ਪੁਰਖ ਕਹਿੰਦੇ ਹਨ ਜਾਂ ਕਿਸੇ ਵੀ ਹੋਰ ਨਾਮ ਨਾਲ ਪੁਕਾਰਦੇ ਹਨ, ਹਰ ਕੋਈ ਉਸਨੂੰ ਜਾਨਣਾ ਚਾਹੁੰਦਾ ਹੈ ਜਿਸ ਨੂੰ ਜਾਨਣ ਬਾਰੇ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦੇ ਅੰਦਰ ਪੂਰਨ ਸੋਝੀ ਪਾਈ ਹੋਈ ਹੈ।

ਹਰ ਮਨੁੱਖ ਦੇ ਅੰਦਰ ਅਨੇਕਾਂ ਹੀ ਸਵਾਲ ਹਨ ਜਿਵੇਂ ਕਿ ਹਰ ਕੋਈ ਇਹ ਜਾਨਣਾ ਚਾਹੁੰਦਾ ਹੈ ਕਿ ਮਨੁੱਖ ਕਿੱਥੋਂ ਆਉਂਦਾ ਹੈ ਤੇ ਸਰੀਰ ਛੱਡਣ ਤੋਂ ਬਾਅਦ ਕਿੱਥੇ ਜਾਂਦਾ ਹੈ। ਸਵਰਗ ਕੀ ਹੈ, ਨਰਕ ਕੀ ਹੈ, ਜਮਾਂ ਦੀ ਮਾਰ ਕੀ ਹੈ, ਮੁਕਤੀ ਕੀ ਹੈ ਤੇ ਇਸੇ ਤਰਾਂ ਹਰ ਮਨੁੱਖ ਅਨੇਕਾਂ ਹੀ ਗੱਲਾਂ ਨੂੰ ਜਾਨਣਾ ਚਾਹੁੰਦਾ ਹੈ ਕਿ ਸ੍ਰਿਸ਼ਟੀ ਕਿਵੇਂ ਬਣੀ ਹੈ, ਕਿਸਨੇ ਬਣਾਈ ਹੈ, ਪੂਰੀ ਸਾਇੰਸ

ਕਿੱਥੋਂ ਆਈ ਹੈ ਤੇ ਕਿਸ ਮਕਸਦ ਲਈ ਆਈ ਹੈ ਜਿਸ ਰਾਹੀਂ ਸਾਰਾ ਸੰਸਾਰ ਚੱਲ ਰਿਹਾ ਹੈ। ਗੁਰਬਾਣੀ ਦੇ ਸ਼ਬਦਾਂ ਵਿੱਚ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਹਰ ਸਵਾਲ ਦਾ ਸੱਚਾ ਜਵਾਬ ਹੈ। ਇਸ ਵੈਬਸਾਈਟ ਤੇ ਜੋ ਛੋਟੀਆਂ-ਛੋਟੀਆਂ ਰੀਲਾਂ ਚੱਲਣਗੀਆਂ, ਉਹ ਮਨੁੱਖ ਦੇ ਇਹੋ ਜਿਹੇ ਸਾਰੇ ਸਵਾਲਾਂ ਦੇ ਰੂਪ ਵਿੱਚ ਹੀ ਚੱਲਣਗੀਆਂ ਕਿ ਉਹ ਕੀ ਜਾਨਣਾ ਚਾਹੁੰਦਾ ਹੈ ਤੇ ਉਸ ਦੇ ਹਰ ਸਵਾਲ ਦਾ ਜਵਾਬ **“ਔਰਿਜਿਨੇਟਰ ਆਫ ਯੂਨਿਵਰਸ” ਐਪ (Originator of Universe) App** ਤੇ ਜਾ ਕੇ ਮਿਲ ਜਾਵੇਗਾ ਭਾਵ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦੇ ਅੰਦਰ ਦੇ ਚੌਥੇ ਪਦ ਦੇ ਗਿਆਨ ਵਾਲੇ ਸ਼ਬਦਾਂ ਰਾਹੀਂ ਮਿਲ ਜਾਵੇਗਾ ਜਿਸ ਚੌਥੇ ਪਦ ਵਾਲੇ ਗਿਆਨ ਨੂੰ ਕੋਈ ਵੀ ਸੰਸਾਰ ਦਾ ਮਨੁੱਖ ਆਪਣੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ ਨਾਲ ਨਹੀਂ ਜਾਣ ਸਕਦਾ।

ਇੰਟਰਨੈਟ ਤੇ ਪਾਉਣ ਤੋਂ ਪਹਿਲਾਂ ਇਸ ਲਿਖਤ ਦੇ ਮਾਲਕ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਹ ਪੁਸਤਕ ਜੋ ਕਿ “**ਨਾਮ ਦਰਸ਼ਨ**” ਪੁਸਤਕ ਦੇ ਰੂਪ ਵਿੱਚ ਹੈ ਜਿਸਨੂੰ ਪੂਰੀ ਹੋ ਜਾਣ ਤੋਂ ਬਾਅਦ **ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਅੰਮ੍ਰਿਤਸਰ ਸ਼ਹਿਰ - ਪੰਜਾਬ (India)** ਵਿਖੇ ਭੇਂਟ ਕਰ ਦਿੱਤੀ ਗਈ ਹੈ। ਇਹ **“ਨਾਮ ਦਰਸ਼ਨ”** ਪੁਸਤਕ ਦਾ ਭਾਗ ਪਹਿਲਾ ਹੈ। ਇਸ ਪੁਸਤਕ ਦਾ ਦੂਸਰਾ ਭਾਗ ਸੰਸਾਰ ਦੇ ਸਾਹਮਣੇ ਕਦੋਂ ਆਵੇਗਾ ਇਹ ਸੰਸਾਰ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਜਾਣੇ ਕਿ ਉਸ ਨੇ ਕਿਸ ਸਰੀਰ ਦੀ ਮਨ ਰੂਪ ਜੋਤਿ ਰਾਹੀਂ ਪ੍ਰਗਟ ਹੋ ਕੇ ਆਪਣੀ ਬਾਣੀ ਦੇ ਅਰਥ ਸਮਝਾਉਣੇ ਹਨ ਜਿਸ ਤਰੀਕੇ ਉਸ ਨੇ ਆਪਣੇ ਇਸ ਦਾਸ ਦੀ ਮਨ ਰੂਪ ਜੋਤਿ ਦੇ ਅੰਦਰ ਪ੍ਰਗਟ ਹੋ ਕੇ ਪੁਸਤਕ ਦੇ ਪਹਿਲੇ ਭਾਗ ਦੇ ਅਰਥ ਲਿਖਵਾਏ ਹਨ। ਦਾਸ ਦੇ ਸਰੀਰ ਰਾਹੀਂ ਇਹ ਲਿਖਤ ਕਿੱਥੋਂ ਤੱਕ ਪਹੁੰਚੇਗੀ ਇਹ ਗੱਲ ਕੇਵਲ ਅਕਾਲ ਪੁਰਖ ਹੀ ਜਾਣਦਾ ਹੈ। ਦਾਸ ਦੀ ਉਮਰ ਤਿਹੱਤਰ ਸਾਲ ਤੋਂ ਉੱਤੇ ਹੋ ਚੁੱਕੀ ਹੈ ਤੇ ਕਿਤਨੇ ਸਵਾਸ ਬਾਕੀ ਹਨ ਇਹ ਉਹ ਹੀ ਜਾਣੇ।

ਜਿਵੇਂ ਕਿ ਅਸੀਂ ਸ਼ੁਰੂ ਦੇ ਕੁਝ ਪੰਨਿਆਂ ਰਾਹੀਂ ਸਮਝਿਆ ਹੈ, ਇਸ ਲਿਖਤ ਦੇ ਲਿਖੇ ਜਾਣ ਬਾਰੇ ਸਮਝਿਆ ਹੈ ਇਸੇ ਤਰਾਂ ਕੁਝ ਖਾਸ ਗਲਾਂ ਲੇਖ ਬਾਰੇ ਇਸ ਤੋਂ ਬਾਅਦ **“ਭੂਮਿਕਾ”** ਵਾਲੇ ਪੰਨਿਆਂ ਰਾਹੀਂ ਸਮਝਾਈਆਂ ਹੋਈਆਂ ਹਨ ਭਾਵ **“ਭੂਮਿਕਾ”** ਨੂੰ ਧਿਆਨ ਨਾਲ ਪੜਨ ਦੀ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਅਸੀਂ ਲੇਖ ਦੇ ਲਿਖਣ ਦੀ ਸੱਚਾਈ ਨਾਲ ਪੂਰੀ ਤਰਾਂ ਜੁੜ ਸਕੀਏ। ਅਕਾਲ ਪੁਰਖ ਦੇ ਹੁਕਮ ਅਨੁਸਾਰ ਇਹ ਸੰਸਾਰ ਦੀ ਸਭ ਤੋਂ ਵੱਡੀ ਪੁਸਤਕ ਤਿਆਰ ਹੋ ਰਹੀ ਹੈ ਤੇ ਇਹ ਪੁਸਤਕ ਦਾ ਪਹਿਲਾ ਭਾਗ ਹੈ ਜੋ ਕਿ ਬਹੁਤ ਵੱਡਾ ਹੈ ਤੇ ਇਸ ਤੋਂ ਬਾਅਦ ਜੋ ਲਿਖਤ ਆਵੇਗੀ ਉਹ ਇਸ ਪੁਸਤਕ ਦੇ ਆਖਰੀ ਪੰਨੇ ਤੋਂ ਬਾਅਦ ਵਾਲੇ ਪੰਨਾ ਨੰਬਰ ਨਾਲ ਸ਼ੁਰੂ ਹੋਵੇਗੀ ਤੇ ਪੁਸਤਕ ਦਾ ਦੂਸਰਾ ਭਾਗ ਬਣੇਗੀ। ਇਹ ਪੁਸਤਕ ਇਸੇ ਤਰਾਂ ਹੀ ਜਦ ਤੱਕ ਅਕਾਲ ਪੁਰਖ ਦੀ ਰਜ਼ਾ ਹੈ ਅਗੇ ਵੱਧਦੀ ਰਹੇਗੀ ਤੇ ਸੰਸਾਰ ਨੂੰ ਗੁਰਬਾਣੀ ਦੇ ਅੰਦਰ ਦੇ ਸਚੁ ਦੇ ਨਾਲ ਜੋੜਦੀ ਰਹੇਗੀ। ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਗੁਰੂ ਦਾ ਹਰ ਸ਼ਬਦ ਸੰਸਾਰ ਨੂੰ ਸੱਚ ਸਮਝਾਉਣ ਲਈ ਹੀ ਹੈ। ਸੱਚ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਜਿਉਂ-ਜਿਉਂ ਅਸੀਂ ਸੱਚ ਨਾਲ ਜੁੜਾਂਗੇ ਅਸੀਂ ਪ੍ਰਮਾਤਮਾ ਨੂੰ ਸਮਝਣ ਦੇ ਨੇੜੇ ਲੱਗਦੇ ਜਾਵਾਂਗੇ। ਦਾਸ ਦੀ ਅਕਾਲ ਪੁਰਖ ਅੱਗੇ ਇਹੀ ਬੇਨਤੀ ਹੈ ਕਿ ਉਹ ਆਪਣੇ ਸੰਸਾਰ ਦੇ ਹਰ ਮਨੁੱਖ ਨੂੰ ਆਪਣੇ ਸੱਚ ਨਾਲ ਜੋੜੇ ਤੇ ਮਨੁਖੀ ਸਮਝ ਨੂੰ ਉਸ ਹਰ ਭਰਮ ਵਿੱਚੋਂ ਕੱਢੇ ਜਿਨ੍ਹਾਂ ਭਰਮਾਂ ਵਿੱਚ ਰਹਿੰਦਿਆਂ ਹਰ ਕੋਈ ਪ੍ਰਮਾਤਮਾ ਨੂੰ ਜਾਨਣ ਤੋਂ, ਉਸਦੇ ਸੱਚ ਰੂਪ ਨੂੰ ਜਾਨਣ ਤੋਂ ਦੂਰ ਹੈ। ਇਸ ਪੂਰੇ ਲੇਖ ਨੂੰ ਲਿਖਵਾਉਣ ਦਾ ਪ੍ਰਮਾਤਮਾ ਦਾ ਮਕਸਦ ਪੂਰੇ ਸੰਸਾਰ ਨੂੰ ਆਪਣੇ ਆਪ ਦਾ ਸੱਚ ਸਮਝਾਉਣ ਲਈ ਹੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ **“ਸੱਚ”** ਰੂਪ ਹੀ ਹੈ ਤੇ ਗੁਰਬਾਣੀ ਗੁਰੂ ਦੀ ਸੱਚਾਈ ਨੂੰ ਜਾਨਣਾ ਪ੍ਰਮਾਤਮਾ ਨੂੰ ਜਾਨਣਾ ਹੀ ਹੈ। ਆਉ ਗੁਰੂ ਦੇ ਸ਼ਬਦਾਂ ਦੀ ਵੀਚਾਰ ਰਾਹੀਂ ਸੱਚ ਨਾਲ ਜੁੜੀਏ, ਸੱਚ ਨਾਲ ਜੁੜਣ ਦਾ ਉਦਮ ਕਰੀਏ ਤੇ ਸੱਚ ਨੂੰ ਸਮਝਣ ਦਾ ਉਦਮ ਕਰੀਏ। ਗੁਰੂ ਦੇ ਹਰ ਸ਼ਬਦ ਦੀ ਵੀਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ। ਧੰਨ ਸੱਚ, ਧੰਨ ਸੱਚ, ਧੰਨ ਸੱਚ। ਧੰਨ ਹੈ ਇਸ ਸ੍ਰਿਸ਼ਟੀ ਦਾ ਕਰਤਾ ਜੋ ਇਸ ਪੂਰੇ ਲੇਖ ਦਾ ਮਾਲਕ ਹੈ, ਧੰਨ ਹੈ ਉਸਦਾ ਭਗਵਾਨ ਰੂਪ, ਧੰਨ ਹੈ ਉਸਦਾ ਅੱਲ੍ਹਾ ਰੂਪ, ਧੰਨ ਹੈ ਉਸਦਾ ਗਾਡ ਰੂਪ, ਧੰਨ ਹੈ ਉਸਦਾ ਵਾਹਿਗੁਰੂ ਰੂਪ।

ਭੂਮਿਕਾ

ਗੁਰਬਾਣੀ ਹਕੀਕਤ ਵਿੱਚ ਕਿਤਨੀ ਕੂ ਵੱਡੀ ਹੈ, ਪ੍ਰਮਾਤਮਾ ਦੀ ਮਨੁੱਖਤਾ ਤੇ ਇਹ ਕਿੰਨੀ ਵੱਡੀ ਕ੍ਰਿਪਾ ਹੈ, ਇਸ ਦਾ ਗਿਆਨ ਕਿਤਨਾ ਕੂ ਗਹਿਰਾ ਹੈ, ਇਸ ਦੀ ਸੋਝੀ ਸਭ ਨੂੰ ਪੂਰਾ ਲੇਖ ਪੜ੍ਹਨ ਤੇ ਹੀ ਪਵੇਗੀ।

ਅੱਜ ਕ੍ਰੋੜਾਂ ਹੀ ਪ੍ਰਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਣਦੇ, ਪੜ੍ਹਦੇ ਹਨ ਤੇ ਸਮਝਣ ਦੀ ਕੋਸ਼ਿਸ਼ ਵੀ ਕਰਦੇ ਹਨ। ਜੋ ਅਰਥ ਅਸੀਂ ਗੁਰਬਾਣੀ ਦੇ ਹੁਣ ਤੱਕ ਸਮਝਦੇ ਆਏ ਹਾਂ, **"ਅਸਲ"** ਅਰਥ ਉਸ ਤੋਂ ਬਹੁਤ ਬਹੁਤ ਬਹੁਤ ਹੀ ਜਿਆਦਾ ਗਹਿਰੇ ਹਨ, ਵੱਖਰੇ ਹਨ। **"ਗੁਰਬਾਣੀ"** ਗਿਆਨ ਦਾ ਅਥਾਹ ਸਾਗਰ ਹੈ ਜਿਸਦੀ ਗਹਿਰਾਈ ਤੱਕ ਪਹੁੰਚ ਪਾਉਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਮਨੁੱਖੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਪੂਰੀ ਗੁਰਬਾਣੀ ਦਾ ਗਿਆਨ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਆਇਆ ਹੈ। ਜਿਹੜੇ ਮਨ ਦੇ ਬਰਤਨ ਦੁਆਰਾ ਭਾਵ ਮਨ ਦੀ ਸਮਝ ਰੂਪ ਬਰਤਨ ਦੁਆਰਾ ਇਸ ਗਿਆਨ ਦੇ ਸਾਗਰ ਗੁਰਬਾਣੀ ਨੂੰ ਸੰਸਾਰ ਦੇ ਸਭ ਤੋਂ ਪਵਿੱਤਰ ਜਲ ਨਾਲ ਭਰਿਆ ਗਿਆ ਹੈ, ਉਸੇ ਬਰਤਨ ਦੁਆਰਾ ਹੀ ਇਸ ਜਲ ਨੂੰ ਗੁਰਬਾਣੀ ਰੂਪ ਗਿਆਨ ਦੇ ਸਾਗਰ ਵਿੱਚੋਂ ਬਾਹਰ ਕੱਢਿਆ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ ਭਾਵ ਜਿਹੜੇ ਸ੍ਰੋਤ ਦੀ ਸੋਝੀ ਨਾਲ ਇਸ ਨੂੰ ਭਰਿਆ ਗਿਆ ਹੈ, ਇਸ ਨੂੰ ਸਮਝਣ ਲਈ ਵੀ ਉਸੇ ਸ੍ਰੋਤ ਦੀ ਸੋਝੀ ਦੀ ਹੀ ਲੋੜ ਹੈ। ਉਹ **"ਬਰਤਨ"**, ਜੋ ਇਸ ਸ੍ਰੋਤ ਵਿੱਚੋਂ ਜਲ ਭਰ ਸਕਦਾ ਹੈ ਉਹ ਬਰਤਨ ਪ੍ਰਮਾਤਮਾ ਨੇ ਆਪਣੇ ਕੋਲ ਹੀ ਰੱਖਿਆ ਹੋਇਆ ਹੈ ਭਾਵ ਉਸ ਦੀ ਆਪਣੀ ਮਲਕੀਅਤ ਹੈ। ਵੈਸੇ ਤਾਂ ਮਨ ਦਾ ਇਹ ਸਮਝ ਰੂਪ ਬਰਤਨ ਸਭ ਦੇ ਕੋਲ ਹੈ, ਸਭ ਦੇ ਮਨ ਦੇ ਵਿੱਚ ਹੀ ਹੈ ਪਰ ਇਸ ਤੇ ਪ੍ਰਮਾਤਮਾ ਨੇ ਆਪ ਹੀ ਆਪਣਾ ਤਾਲਾ ਲਗਾਇਆ ਹੋਇਆ ਹੈ ਤੇ ਇਸ ਨੂੰ ਖੋਲ੍ਹਣ ਦੀ ਕੁੰਜੀ ਕੇਵਲ ਗੁਰੂ ਦੇ ਕੋਲ ਹੈ, ਪ੍ਰਮਾਤਮਾ ਦੇ ਆਪਣੇ ਕੋਲ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਸ ਅੰਮ੍ਰਿਤ ਸਾਗਰ ਨੂੰ ਖੋਜਣ ਲਈ, ਉਸਦਾ ਅੰਮ੍ਰਿਤ ਜਲ ਭਰਨ ਲਈ ਹੋਰ ਕੋਈ ਬਰਤਨ ਕੰਮ ਨਹੀਂ ਆ ਸਕਦਾ। ਜਿਤਨੇ ਵੀ ਵੱਖਰੇ-ਵੱਖਰੇ ਬਰਤਨ ਨਾਲ ਭਾਵ ਵੱਖਰੀ-ਵੱਖਰੀ ਮਨ ਦੀ ਸਮਝ ਨਾਲ ਇਸ ਵਿੱਚੋਂ ਜਲ ਭਰਨ ਦੀ ਕੋਸ਼ਿਸ਼ ਕਰਨਗੇ ਉਨ੍ਹਾਂ ਦਾ ਜਲ ਗੁਰੂ ਦੇ ਜਲ ਨਾਲ ਮੇਲ ਨਹੀਂ ਖਾਵੇਗਾ ਭਾਵ ਉਨਾਂ ਦੁਆਰਾ ਕੀਤੇ ਹੋਏ ਸ਼ਬਦਾਂ ਦੇ ਅਰਥ ਗੁਰੂ ਦੀ ਸਮਝ ਤੇ ਪੂਰੇ ਨਹੀਂ ਉਤਰਨਗੇ। ਸਮੁੰਦਰ ਵੀ ਇੱਕ ਹੈ ਤੇ ਉਸ ਵਿੱਚ ਜਲ ਭਰਨ ਵਾਲਾ ਵੀ ਇੱਕੋ ਹੀ ਹੈ। ਪੂਰੀ ਗੁਰਬਾਣੀ ਸ਼ਬਦ ਰੂਪ ਅੰਮ੍ਰਿਤ ਜਲ ਨਾਲ ਭਰੀ ਹੋਈ ਹੈ। ਹਰ ਸ਼ਬਦ ਦਾ ਮਕਸਦ ਸਾਨੂੰ ਵੱਖਰੇ-ਵੱਖਰੇ ਢੰਗ ਨਾਲ ਸ਼ਬਦ ਦੇ ਅੰਦਰ ਦੀ ਸੱਚਾਈ ਸਮਝਾਉਣ ਨਾਲ ਹੀ ਹੁੰਦਾ ਹੈ ਤੇ ਸ਼ਬਦ ਦੇ ਅੰਦਰ ਦੇ ਸੱਚ ਨੂੰ ਸਮਝਣਾ ਹੀ ਉਸ ਵਿੱਚੋਂ ਅੰਮ੍ਰਿਤ ਜਲ ਭਰਨਾ ਹੈ ਜੋ ਅੰਮ੍ਰਿਤ ਜਲ ਸਾਨੂੰ ਸ਼ਬਦ ਦੇ ਅੰਦਰ ਦਾ ਸੱਚਾ ਭਾਵ ਸਮਝਾਉਂਦਾ ਹੈ। ਇੱਕ ਸ਼ਬਦ ਦੇ ਦੋ ਭਾਵ ਨਹੀਂ ਹੋ ਸਕਦੇ। ਇੱਕ ਸ਼ਬਦ ਦਾ ਪੂਰਾ ਭਾਵ ਉਸਦੇ ਅੰਦਰ ਪਾਈ ਹੋਈ ਉਹ ਸੋਝੀ ਹੈ ਜਿਸ ਮਕਸਦ ਨੂੰ ਲੈ ਕੇ ਉਹ ਸ਼ਬਦ ਉਚਾਰਿਆ ਹੋਇਆ ਹੈ। ਇੱਕ ਸ਼ਬਦ ਦਾ **"ਅਸਲ ਅਰਥ"** ਇੱਕ ਹੀ ਹੋ ਸਕਦਾ ਹੈ, ਦੋ ਕਦੇ ਨਹੀਂ ਹੋ ਸਕਦੇ। ਦੋ ਦੇ ਵਿੱਚ ਦੁਚਿੱਤੀ ਹੈ। ਵੱਖਰੇ-ਵੱਖਰੇ ਬਰਤਨ ਨਾਲ ਜਲ ਭਰਨ ਵਾਲੇ ਭਾਵ ਵੱਖਰੀ-ਵੱਖਰੀ ਸਮਝ ਨਾਲ ਅਰਥ ਕਰਨ ਵਾਲੇ ਅਰਥ ਵੀ ਵੱਖਰੇ-ਵੱਖਰੇ ਹੀ ਸਮਝਾਉਂਦੇ ਹਨ। ਵੱਧ ਤੋਂ ਵੱਧ ਇੱਕ ਬਰਤਨ ਦਾ ਜਲ ਪਵਿੱਤਰ ਹੋ ਸਕਦਾ ਹੈ ਜੋ ਸ਼ਬਦ ਦੇ ਅੰਦਰ ਦੇ ਅਸਲ ਭਾਵ ਨੂੰ ਪ੍ਰਗਟ ਕਰ ਸਕਦਾ ਹੈ ਤੇ ਬਾਕੀ ਦੇ ਜੋ ਸ਼ਬਦ ਦੇ ਅੰਦਰ ਦੀ ਸਚਾਈ ਤੇ ਪੂਰੇ ਨਹੀਂ ਉਤਰਦੇ ਉਹ ਆਪਣੇ ਅਪਵਿੱਤਰ ਬਰਤਨ ਨਾਲ ਗੁਰੂ ਦੇ ਪਵਿੱਤਰ ਜਲ ਨੂੰ ਭਰਨਾ ਚਾਹੁੰਦੇ ਹਨ।

ਹੁਣ ਸਵਾਲ ਇਹ ਉਠਦਾ ਹੈ ਕਿ ਸਾਨੂੰ ਇਹ ਕਿਵੇਂ ਪਤਾ ਚੱਲੇ ਕਿ ਪਵਿੱਤਰ ਜਲ ਕਿਸ ਬਰਤਨ ਦਾ ਹੈ। ਸਾਗਰ ਵਿੱਚੋਂ ਬਰਤਨ ਭਰਨ ਵਾਲੇ ਤਾਂ ਬਹੁਤ ਹੀ ਹਨ। ਇਸ **"ਪਰਖ"** ਦੀ ਕਸਵੱਟੀ ਗੁਰਬਾਣੀ ਆਪ ਹੀ ਹੈ। ਗੁਰਬਾਣੀ ਬਹੁਤ ਹੀ ਗਹਿਰੀ ਹੈ। ਉਹ ਪੂਰਾ ਗੁਰੂ ਹੈ। ਗੁਰਬਾਣੀ ਖਰੇ-ਖੋਟੇ ਦੀ, ਪਵਿੱਤਰ-ਅਪਵਿੱਤਰ ਜਲ ਦੀ ਪਰਖ ਆਪ ਹੀ ਕਰਦੀ ਹੈ। ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ। ਗੁਰਬਾਣੀ ਵਿੱਚ ਇੱਕ ਗੱਲ ਨੂੰ ਵੱਖਰੇ-ਵੱਖਰੇ ਸ਼ਬਦਾਂ ਦੁਆਰਾ ਅਨੇਕਾਂ ਹੀ ਤਰੀਕਿਆਂ ਨਾਲ ਸਮਝਾਇਆ ਹੋਇਆ ਹੈ। **"ਖੋਟਾ ਅਰਥ"** ਗੁਰਬਾਣੀ ਦੀ ਕਸਵੱਟੀ ਤੇ ਖਰਾ ਨਹੀਂ ਉਤਰ ਸਕਦਾ। ਜੇਕਰ ਕਿਸੇ ਸ਼ਬਦ ਦਾ

ਅਰਥ ਠੀਕ ਨਹੀਂ ਹੈ ਤਾਂ ਫਿਰ ਬਾਣੀ ਆਪ ਹੀ ਉਸਨੂੰ ਆਪਣੇ ਦੂਸਰੇ ਸ਼ਬਦਾਂ ਦੁਆਰਾ ਨਕਾਰ ਦਿੰਦੀ ਹੈ ਪਰ ਇਸ ਲਈ ਜ਼ਰੂਰੀ ਇਹ ਹੈ ਕਿ ਅਸੀਂ ਪੂਰੇ ਗੁਰੂ ਦੀ ਪੂਰੀ ਗੱਲ ਨੂੰ ਧਿਆਨ ਨਾਲ ਸੁਣੀਏ ਤੇ ਸਮਝੀਏ। ਕੇਵਲ ਕੁਝ ਸ਼ਬਦਾਂ ਦੇ ਅਰਥ ਕਰਨ ਜਾਂ ਸਮਝਣ ਦੁਆਰਾ ਅਸੀਂ ਕਸਵੱਟੀ ਵਿੱਚੋਂ ਨਹੀਂ ਲੰਘ ਸਕਦੇ। ਖਰਾ ਅਰਥ ਪੂਰੀ ਗੁਰਬਾਣੀ ਵਿੱਚ ਖਰਾ ਹੀ ਉਤਰਦਾ ਜਾਵੇਗਾ, ਉਹ ਸਾਡੇ ਮਨ ਨੂੰ ਆਪ ਹੀ ਭਾਉਂਦਾ ਜਾਵੇਗਾ, ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਦਾ ਹੀ ਜਾਵੇਗਾ। ਖਰੇ ਅਰਥ ਦੀ ਛਾਪ ਆਪੇ ਹੀ ਮਨ ਤੇ ਛਪਦੀ ਜਾਂਦੀ ਹੈ। ਬਾਣੀ ਵਿੱਚ ਅਨੇਕਾਂ ਅਰਥ ਸਾਨੂੰ ਦੁਨਿਆਵੀ ਪ੍ਰਮਾਣ ਦੇ ਕੇ ਸਮਝਾਏ ਹੋਏ ਹਨ ਜਿਨ੍ਹਾਂ ਨੂੰ ਕੁਝ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਪਰ ਉਸ ਵਿੱਚ ਅਸਲ ਭਾਵ ਕੀ ਹੈ, ਇਹ ਜ਼ਰੂਰੀ ਨਹੀਂ ਕਿ ਸਮਝ ਆ ਹੀ ਗਿਆ ਹੋਵੇ। ਮਨੁੱਖ ਤ੍ਰੈਗੁਣੀ ਗਿਆਨ ਦੀ ਅਵਸਥਾ ਵਿੱਚ ਵਿਚਰਦਾ ਹੈ, ਜਿਸ ਦੁਆਰਾ ਸ਼ਬਦ ਦੇ ਅਸਲ ਭਾਵ ਨੂੰ ਸਮਝਣਾ ਬਹੁਤ ਔਖਾ ਹੈ। ਗੁਰਬਾਣੀ ਦੀ ਰਚਨਾ ਚੌਥੇ ਪਦ ਦੇ ਗਿਆਨ ਦੁਆਰਾ ਹੋਈ ਹੋਈ ਹੈ ਤੇ ਤ੍ਰੈਗੁਣੀ ਗਿਆਨ ਦੁਆਰਾ ਉਸਦੀ ਪੂਰੀ ਤਰ੍ਹਾਂ ਸੋਝੀ ਪੈਣਾ ਨਾਮੁਮਕਿਨ ਹੈ। ਬਾਣੀ ਵਿੱਚ ਬਾਰ-ਬਾਰ ਮਨ ਦੀ ਅਵਸਥਾ ਸਮਝਾਈ ਹੋਈ ਹੈ, ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ, ਚੌਥੇ ਪਦ ਦੇ ਗਿਆਨ ਦੀ ਅਵਸਥਾ ਸਮਝਾਈ ਹੋਈ ਹੈ। ਜਦ ਤੱਕ ਸਾਨੂੰ ਇਸ ਮਨ ਦੀ ਸੋਝੀ ਨਹੀਂ ਪੈਂਦੀ ਕਿ ਇਸ ਮਨ ਦੀ ਅਸਲੀਅਤ ਕੀ ਹੈ ਤਦ ਤੱਕ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕੀ ਹੁੰਦਾ ਹੈ, ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ। ਜਦ ਤੱਕ **"ਹਉਮੈ"** ਦਾ ਖਤਮ ਹੋਣਾ ਸਮਝ ਨਹੀਂ ਆਉਂਦਾ, **"ਸਹਜ"** ਦੀ ਅਵਸਥਾ ਦੀ ਪ੍ਰਾਪਤੀ ਨਹੀਂ ਹੁੰਦੀ, ਚੌਥੇ ਪਦ ਦੀ ਪ੍ਰਾਪਤੀ ਨਹੀਂ ਹੁੰਦੀ, ਤਦ ਤੱਕ ਅਸੀਂ ਬਾਣੀ ਦੇ ਮੂਲ ਭਾਵ ਨੂੰ ਸਮਝ ਹੀ ਨਹੀਂ ਸਕਦੇ ਤੇ ਤਦ ਤੱਕ ਉਸਦੇ ਅਸਲ ਅਰਥ ਕਰਨੇ ਨਾਮੁਮਕਿਨ ਹੀ ਹਨ। ਆਪਣੇ ਸਹੀ ਅਰਥਾਂ ਦੀ ਸੋਝੀ ਉਹ ਗੁਰੂ ਰੂਪ ਪ੍ਰਮਾਤਮਾ ਮਨ ਦੇ ਵਿੱਚ ਪਰਗਟ ਹੋ ਕੇ ਆਪ ਹੀ ਪਾ ਸਕਦਾ ਹੈ ਕਿਉਂਕਿ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਇਹ ਮਨੁੱਖ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਇਸੇ ਲਈ ਬਾਣੀ ਵਿੱਚ "ਮੁੰਦਾਵਣੀ" ਦੀ ਗੱਲ ਕੀਤੀ ਹੋਈ ਹੈ। ਇਹ "ਮੁੰਦਾਵਣੀ" ਗੁਰਬਾਣੀ ਦੇ ਅਰਥ ਸਮਝ ਆਉਣ ਦੀ ਕਸਵੱਟੀ ਹੀ ਹੈ ਭਾਵ ਜਿਸ ਨੂੰ ਪ੍ਰਮਾਤਮਾ ਪਹਿਲਾਂ ਇਸ **"ਮੁੰਦਾਵਣੀ"** ਦੀ ਸੋਝੀ ਪਾਵੇਗਾ, ਉਹ ਹੀ ਗੁਰਬਾਣੀ ਦੇ ਅਰਥ ਜਾਣ ਸਕੇਗਾ ਜਿਵੇਂ ਕਿ ਇਸ ਗੱਲ ਦਾ ਕੁਝ ਜਿਕਰ ਪਿੱਛੇ ਵੀ ਕੀਤਾ ਹੋਇਆ ਹੈ। ਆਪਣੀ ਬਾਣੀ ਦੇ ਅਸਲ ਅਰਥ ਉਹ ਆਪ ਹੀ ਜਾਣਦਾ ਹੈ ਤੇ ਆਪ ਹੀ ਕਿਸੇ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣੀ ਬਾਣੀ ਦੀ ਸਹੀ ਸੋਝੀ ਪਾ ਸਕਦਾ ਹੈ। ਇਹ ਗੁਰਬਾਣੀ ਰਾਹੀਂ ਪਾਈ ਹੋਈ **"ਮੁੰਦਾਵਣੀ"** ਕੀ ਹੈ, ਇਸ ਗੱਲ ਦੀ ਸੋਝੀ ਸਾਨੂੰ ਅੱਗੇ ਜਾ ਕੇ ਪੈ ਜਾਵੇਗੀ। ਪਹਿਲਾਂ ਇਹ **"ਮੁੰਦਾਵਣੀ"** ਤੀਜੀ ਪਾਤਸ਼ਾਹੀ ਨੇ ਇੱਕ ਸ਼ਬਦ ਦੁਆਰਾ ਪਾਈ ਹੈ **(ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥, ਅੰਗ ੬੪੫)**। ਗੁਰਬਾਣੀ ਦੇ ਆਖੀਰ ਵਿੱਚ ਆ ਕੇ ਇਸ **"ਮੁੰਦਾਵਣੀ"** ਨੂੰ ਪੰਜਵੀਂ ਪਾਤਸ਼ਾਹੀ ਦੁਆਰਾ ਫਿਰ ਤੋਂ ਦੁਹਰਾਇਆ ਹੋਇਆ ਹੈ **(ਮੁੰਦਾਵਣੀ ਮਹਲਾ ੫)**। ਇਨ੍ਹਾਂ ਦੋਨਾਂ ਸ਼ਬਦਾਂ ਨੂੰ ਮਿਲਾ ਕੇ ਇਹ **"ਮੁੰਦਾਵਣੀ"** ਭਾਵ ਇਹ ਬੁਝਾਰਤ ਪੂਰੀ ਹੁੰਦੀ ਹੈ। ਇਨ੍ਹਾਂ ਦੋਨਾਂ ਸ਼ਬਦਾਂ ਦੁਆਰਾ ਇੱਕ ਹੀ ਗੱਲ ਨੂੰ ਵੱਖਰੇ-ਵੱਖਰੇ ਤਰੀਕੇ ਨਾਲ ਸਮਝਾਇਆ ਹੋਇਆ ਹੈ ਤੇ ਉਹ ਗੱਲ ਕੀ ਹੈ, ਇਸ ਨੂੰ ਬੁਝਣਾ ਹੀ ਇਸ ਬੁਝਾਰਤ ਨੂੰ ਬੁਝਣਾ ਹੈ। ਆਪਣੀ ਰਚੀ ਹੋਈ ਗੁਰਬਾਣੀ ਨੂੰ ਪ੍ਰਮਾਤਮਾ ਨੇ ਕਿਵੇਂ ਸਮਝਾਉਣਾ ਹੈ, ਇਸ ਗੱਲ ਦਾ ਫੈਸਲਾ ਗੁਰਬਾਣੀ ਨੂੰ ਰਚਣ ਦੇ ਸਮੇਂ ਹੀ ਕੀਤਾ ਹੋਇਆ ਹੈ। ਗੁਰਬਾਣੀ ਦੀ ਰਚਨਾ ਹੋਇਆਂ ਸੈਂਕੜੇ ਸਾਲ ਹੋ ਚੁੱਕੇ ਹਨ ਪਰ ਅੱਜ ਤੱਕ ਇਸ ਬੁਝਾਰਤ ਨੂੰ ਬੁਝਿਆ ਨਹੀਂ ਜਾ ਸਕਿਆ। ਮਨੁੱਖ ਨੂੰ ਪ੍ਰਮਾਤਮਾ ਨੇ ਜਿੰਨੀ ਕੁ ਸੋਝੀ ਦਿੱਤੀ ਹੋਈ ਹੈ ਉਸ ਦੁਆਰਾ ਇਸ ਨੂੰ ਬੁਝਿਆ ਜਾ ਵੀ ਨਹੀਂ ਸਕਦਾ। ਇਹ ਉਸਦਾ ਆਪਣਾ ਫੁਰਮਾਨ ਹੈ ਜੋ ਕਿ **"ਮੁੰਦਾਵਣੀ"** ਦੇ ਵਿੱਚ ਹੀ ਸੁਣਾਇਆ ਹੋਇਆ ਹੈ **(ਨਾਨਕ ਜਿਸੁ ਬੁਝਾਏ ਸੁ ਬੁਝਸੀ)**। ਬੁਝਣਾ ਤਾਂ ਦੂਰ ਦੀ ਗੱਲ, ਅੱਜ ਤੱਕ ਸਿੱਖ ਜਗਤ ਵਿੱਚ ਇਸ ਗੱਲ ਨੂੰ ਗੰਭੀਰਤਾ ਨਾਲ ਵਿਚਾਰਿਆ ਵੀ ਨਹੀਂ ਗਿਆ ਲੱਗਦਾ ਕਿ ਗੁਰੂ ਸਾਹਿਬਾਨ ਵੱਲੋਂ ਇਹ ਬੁਝਾਰਤ ਪਾਉਣ ਦਾ ਆਖਰ ਮਕਸਦ ਕੀ ਹੋ ਸਕਦਾ ਹੈ ਤੇ ਨਾ ਹੀ ਇਸਦੀ ਕੋਈ ਚਰਚਾ ਕਰਦਾ ਹੈ। ਬਹੁਤਿਆਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ **"ਮੁੰਦਾਵਣੀ" "ਬੁਝਾਰਤ"** ਨੂੰ ਕਹਿੰਦੇ ਹਨ।

"ਬੁਝਾਰਤ" ਵਾਲੀ ਗਲ ਨੂੰ ਦਾਸ ਦੁਆਰਾ ਬਾਰ ਬਾਰ ਦੁਹਰਾਇਆ ਜਾ ਰਹਿਆ ਹੈ ਤਾਂ ਜੋ ਅਸੀਂ ਇਸ ਬੁਝਾਰਤ ਦੀ ਅਹਿਮਿਅਤ ਨੂੰ ਸਮਝੀਏ ਜਿਸਦੀ ਅਹਮਿਅਤ ਸਮਝੇ ਬਿਨਾ ਅਸੀਂ ਗੁਰਬਾਣੀ ਦੀ ਅਹਿਮਿਅਤ ਨੂੰ ਨਹੀਂ ਸਮਝ ਸਕਦੇ। ਅਸਲ ਵਿੱਚ ਇਹ ਬੁਝਾਰਤ ਗੁਰਬਾਣੀ ਦੇ ਸਹੀ ਅਰਥ ਸਮਝ ਆਉਣ ਨਾਲ ਜੁੜੀ ਹੋਈ ਹੈ। ਜਿਸਨੂੰ ਪ੍ਰਮਾਤਮਾ ਪਹਿਲਾਂ ਇਹ **"ਦੋ ਸ਼ਬਦਾਂ"** ਦੁਆਰਾ ਪਾਈ ਹੋਈ ਆਪਣੀ ਬੁਝਾਰਤ ਸਮਝਾਵੇਗਾ, ਉਸਨੂੰ ਹੀ ਆਪਣੀ ਰਚੀ ਹੋਈ ਗੁਰਬਾਣੀ ਦੇ ਸਹੀ ਅਰਥ ਸਮਝਾਵੇਗਾ। ਨਾ ਹੀ ਅੱਜ ਤੱਕ ਪ੍ਰਮਾਤਮਾ ਨੇ ਕਿਸੇ ਨੂੰ ਇਹ ਬੁਝਾਰਤ ਸਮਝਾਈ ਹੈ ਤੇ ਨਾ ਹੀ ਅੱਜ ਤੱਕ ਕਿਸੇ ਨੂੰ ਇਹ ਬੁਝਾਰਤ ਸਮਝ ਆਈ ਹੈ। ਇਸੇ ਲਈ ਅੱਜ ਤੱਕ ਕਿਸੇ ਨੂੰ ਬਾਣੀ ਦੇ ਸਹੀ ਅਰਥ ਸਮਝ ਨਹੀਂ ਆ ਸਕੇ। ਅਸਲ ਵਿੱਚ ਇਹ

"ਮੁੰਦਾਵਣੀ" ਇੱਕ ਦਰਵਾਜ਼ੇ ਦੀ ਤਰ੍ਹਾਂ ਹੈ ਜਿਸਦੇ ਖੁੱਲ੍ਹਣ ਤੋਂ ਬਾਅਦ ਹੀ ਗੁਰਬਾਣੀ ਦੇ ਅੰਦਰ ਪਰਵੇਸ਼ ਕਰ ਕੇ ਗੁਰਬਾਣੀ ਦੇ ਅੰਦਰ ਦੇ ਸ਼ਬਦਾਂ ਦੀ ਅਸਲੀਅਤ ਨੂੰ ਸਮਝਿਆ ਜਾ ਸਕਦਾ ਹੈ, ਗੁਰਬਾਣੀ ਦੇ ਅਸਲ ਭਾਵ ਨੂੰ ਸਮਝਣ ਦਾ ਦਰਵਾਜ਼ਾ ਖੁਲ੍ਹ ਸਕਦਾ ਹੈ ਭਾਵ ਗੁਰਬਾਣੀ ਨੂੰ ਸਮਝਣ ਲਈ ਪ੍ਰਮਾਤਮਾ ਨੇ ਆਪ ਹੀ ਇਸ ਮੁੰਦਾਵਣੀ ਦੀ ਸੋਝੀ ਪੈਣੀ ਜ਼ਰੂਰੀ ਬਣਾਈ ਹੋਈ ਹੈ, ਪ੍ਰੀ ਕੰਡੀਸ਼ਨ ਭਾਵ ਸੋਝੀ ਪੈਣ ਲਈ ਪਹਿਲੇ ਸ਼ਰਤ ਰੱਖੀ ਹੋਈ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਘਰ ਹੈ, ਉਸਦਾ ਆਪਣਾ ਅਸਥਾਨ ਹੈ। **(ਪੋਥੀ ਪਰਮੇਸਰ ਕਾ ਥਾਨੁ॥)** ਸਾਡੇ ਅੰਦਰ ਦੀ ਜੋਤਿ ਭਾਵ **"ਮਨ"** ਵੀ ਪ੍ਰਮਾਤਮਾ ਦਾ ਆਪਣਾ ਘਰ ਹੈ, ਉਸਦਾ ਆਪਣਾ ਅਸਥਾਨ ਹੈ, ਨਿੱਜ ਘਰ ਹੈ। ਸਾਰੀ ਗੁਰਬਾਣੀ ਦੀ ਰਚਨਾ, ਉਸਦੇ ਇਸ **"ਮਨ ਰੂਪ" "ਜੋਤਿ ਰੂਪ"** ਘਰ ਵਿੱਚੋਂ ਹੀ ਹੋਈ ਹੈ। ਉਸਦੇ ਗੁਰਬਾਣੀ ਰੂਪ ਘਰ ਨੂੰ ਜਾਨਣ ਤੋਂ ਪਹਿਲਾਂ, ਉਸਦੇ ਮਨ ਰੂਪ ਘਰ ਨੂੰ ਜਾਨਣਾ ਜ਼ਰੂਰੀ ਹੈ ਜੋ ਕਿ ਸਾਡੇ ਅੰਦਰ ਹੀ ਹੈ। ਜਿਹੋ ਜਿਹਾ ਘਰ ਉਸਦਾ ਮਨ ਦੇ ਵਿੱਚ ਹੈ, ਉਹੋ ਜਿਹਾ ਘਰ ਹੀ ਗੁਰਬਾਣੀ ਦੇ ਵਿੱਚ ਹੈ।

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥}

(ਅੰਗ - ੯੫੪)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ - ੧੨੪੩)

ਉਪਰ ਵਾਲੇ ਪੂਰੇ ਸ਼ਬਦਾਂ ਦੇ ਅਰਥ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਆਪਣਾ ਘਰ ਪ੍ਰਮਾਤਮਾ ਆਪ ਹੀ ਵਿਖਾ ਸਕਦਾ ਹੈ। ਇਹ **"ਮਨ"** ਕੀ ਹੈ, ਇਸਦੀ ਸੋਝੀ ਉਹ ਮਨ ਦੇ ਵਿੱਚ ਪਰਗਟ ਹੋ ਕੇ ਆਪ ਹੀ ਪਾ ਸਕਦਾ ਹੈ। ਸਭ ਦੇ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਨੇ ਆਪ ਹੀ ਤਾਲਾ ਲਗਾਇਆ ਹੋਇਆ ਹੈ ਜਿਸਦੀ ਚਾਬੀ ਉਸਦੇ ਆਪਣੇ ਕੋਲ ਹੈ। ਉਹ ਆਪ ਹੀ ਗੁਰੂ ਹੈ। **"ਮੁੰਦਾਵਣੀ"** ਦੀ ਸੋਝੀ ਤਾਂ ਹੀ ਪੈ ਸਕਦੀ ਹੈ ਜੇਕਰ ਪਹਿਲਾਂ ਉਹ ਸਾਡੇ ਮਨ ਵਿੱਚ ਲੱਗਿਆ ਹੋਇਆ ਤਾਲਾ ਖੋਲੇ। ਪਹਿਲਾਂ ਪ੍ਰਮਾਤਮਾ ਨੇ ਆਪਣੀ ਅਪਾਰ ਕਿਰਪਾ ਕਰਕੇ ਦਾਸ ਦੇ ਮਨ ਦੇ ਵਿੱਚ ਲੱਗਿਆ ਹੋਇਆ ਤਾਲਾ ਖੋਲ੍ਹ ਕੇ, ਇਹ **"ਮੁੰਦਾਵਣੀ"** ਸਮਝਾ ਕੇ ਗੁਰਬਾਣੀ ਨੂੰ ਸਮਝਣ ਦੀ ਇਹ ਸਮਰੱਥਾ ਬਖ਼ਸ਼ੀ ਹੈ, ਕਿਉਂਕਿ ਮਨ ਵਿੱਚ ਚੌਥੇ ਪਦ ਦੇ ਗਿਆਨ ਦੀ ਸੋਝੀ ਉਸਦੇ ਪਾਉਣ ਨਾਲ ਹੀ ਪੈ ਸਕਦੀ ਹੈ ਜੋ ਸਭ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਵਰਤ ਰਿਹਾ ਹੈ ਭਾਵ ਆਪਣੇ ਜੋਤਿ ਰੂਪ ਵਿੱਚ ਵਰਤ ਰਿਹਾ ਹੈ। ਉਸ ਬਰਤਨ ਦੀ ਪ੍ਰਾਪਤੀ ਜਿਸ ਦੁਆਰਾ ਉਸਦਾ ਪਵਿੱਤਰ ਜਲ ਭਰਿਆ ਜਾ ਸਕਦਾ ਹੈ, ਉਹ ਮਨ ਦੀ ਸਮਝ ਦੇ ਉਪਰ ਉਸਦਾ ਆਪਣਾ ਲਗਾਇਆ ਹੋਇਆ ਤਾਲਾ ਖੁੱਲਣ ਦੁਆਰਾ ਹੀ ਭਰਿਆ ਜਾ ਸਕਦਾ ਹੈ ਜੋ ਤਾਲਾ ਉਹ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਆਪ ਹੀ ਖੋਲਦਾ ਹੈ। ਮਨ ਦੇ ਉਪਰ ਲੱਗਿਆ ਹੋਇਆ ਇਹ ਤਾਲਾ ਪ੍ਰਮਾਤਮਾ ਆਪ ਇਸ ਲਈ ਖੋਲ੍ਹਦਾ ਹੈ ਕਿਉਂਕਿ ਇਸ ਦੀ ਚਾਬੀ ਕੇਵਲ ਉਸਦੇ ਆਪਣੇ ਕੋਲ ਹੀ ਹੈ। ਹੋਰ ਆਪਣੇ ਆਪ ਕੋਈ ਇਸ ਤਾਲੇ ਨੂੰ ਨਹੀਂ ਖੋਲ੍ਹ ਸਕਦਾ। ਪ੍ਰਮਾਤਮਾ ਆਪ ਹੀ ਸਭ ਦਾ ਗੁਰੂ ਹੈ ਤੇ ਉਸਦੇ ਵਿੱਚ ਤੇ ਗੁਰੂ ਦੇ ਵਿੱਚ ਕੋਈ ਭੇਦ ਨਹੀਂ ਹੈ। ਇਸ ਬਰਤਨ ਦੀ ਪ੍ਰਾਪਤੀ ਮਨ ਦੇ ਵਿੱਚ ਸਹਜ ਦੀ ਅਵਸਥਾ ਦਾ ਉਪਜਣਾ ਹੈ, ਸੱਚੇ ਗਿਆਨ ਦਾ ਉਪਜਣਾ ਹੈ ਭਾਵ ਚੌਥੇ ਪਦ ਦਾ ਗਿਆਨ ਹੈ ਜੋ ਪ੍ਰਮਾਤਮਾ ਕੋਲੋਂ ਸਿੱਧਾ ਮਨ ਦੇ ਵਿੱਚ ਹੀ ਮਿਲਦਾ ਹੈ, ਉਸਦੇ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਮਿਲਦਾ ਹੈ। ਇਸ ਤੋਂ ਇਲਾਵਾ ਨਾ ਕੋਈ ਹੋਰ ਤਰੀਕਾ ਹੈ ਤੇ ਨਾ ਹੀ ਕਦੇ ਹੋ ਸਕਦਾ ਹੈ ਜਿਸ ਦੁਆਰਾ ਮਨ ਦਾ ਤਾਲਾ ਖੁਲ੍ਹ ਸਕੇ। ਜਿਸ ਨੇ ਇਹ ਤਾਲਾ ਮਾਰਿਆ ਹੋਇਆ ਹੈ, ਉਹ ਆਪ ਹੀ ਇਸ ਤਾਲੇ ਨੂੰ ਖੋਲ੍ਹ ਸਕਦਾ ਹੈ। ਇਹ **"ਤਾਲਾ"** ਸਾਡੇ ਮਨ ਦੀ ਤ੍ਰੈਗੁਣੀ ਅਵਸਥਾ ਹੈ ਜਿਸ ਨੂੰ ਕਿ ਚੌਥੇ ਪਦ ਦਾ ਗਿਆਨ, **"ਬ੍ਰਹਮਗਿਆਨ"** ਹੀ ਖੋਲ੍ਹ ਸਕਦਾ ਹੈ। ਜਿਸ ਬ੍ਰਹਮਗਿਆਨੀ ਪ੍ਰਮਾਤਮਾ ਦਾ ਇਹ ਤਾਲਾ ਹੈ, ਉਸੇ ਬ੍ਰਹਮਗਿਆਨੀ ਕੋਲ ਇਹ ਕੁੰਜੀ ਹੈ, ਬ੍ਰਹਮ ਗਿਆਨ ਰੂਪ ਕੁੰਜੀ ਹੈ ਭਾਵ ਜਿਸ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਉਸ ਅਵਸਥਾ ਵਿੱਚੋਂ ਕੱਢ ਸਕਦਾ ਹੈ, ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ, ਬ੍ਰਹਮ ਗਿਆਨ ਬਖਸ਼ਣ ਦੁਆਰਾ ਕੱਢ ਸਕਦਾ ਹੈ।

{ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥}

(ਅੰਗ - ੧੨੩੭)

{ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ ॥ ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ ॥}

(ਅੰਗ - ੯੫੯)

{ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥}

(ਅੰਗ - ੨੭੩)

{ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥}

(ਅੰਗ - ੨੭੩)

ਇਸ ਪੂਰੇ ਲੇਖ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਦਾਸ ਦੇ ਸਰੀਰ ਰਾਹੀਂ ਅਕਾਲ ਪੁਰਖ ਨੇ ਪਹਿਲੇ ਕੇਵਲ ਜਪੁਜੀ ਬਾਣੀ ਦੇ ਅਰਥ ਉਸ ਵੇਲੇ ਸਮਝਾ ਕੇ ਕਰਵਾਏ ਸਨ ਜਦੋਂ ਦਾਸ ਗੁਰਬਾਣੀ ਦੀ ਜਾਣਕਾਰੀ ਬਾਰੇ ਬਹੁਤ ਹੀ ਜਿਆਦਾ ਅਣਜਾਣ ਸੀ, ਕੁਝ ਵੀ ਸੋਝੀ ਨਹੀਂ ਸੀ। ਦਾਸ ਤੇ ਪ੍ਰਮਾਤਮਾ ਦੀ ਕ੍ਰਿਪਾ ਬੜੇ ਹੀ ਅਨੋਖੇ ਤੇ ਗਹਿਰੇ ਢੰਗ ਨਾਲ ਹੋਈ ਸੀ ਜਿਸਦਾ ਕੁਝ ਜ਼ਿਕਰ ਲੇਖ ਵਿੱਚ ਅੱਗੇ ਜਾ ਕੇ ਕੀਤਾ ਹੋਇਆ ਹੈ। ਪਹਿਲਾਂ ਪ੍ਰਮਾਤਮਾ ਦੁਆਰਾ ਮਨ ਦੀ ਸਮਝ ਦੇ ਵਿੱਚ ਦਾਸ ਨੂੰ **"ਮੁੰਦਾਵਣੀ"** ਦੀ ਸੋਝੀ ਪਾਈ ਗਈ ਤੇ ਉਸ ਤੋਂ ਬਾਅਦ ਅਚਾਨਕ ਹੀ ਜਪੁਜੀ ਬਾਣੀ ਦੇ ਅਰਥ ਆਉਣੇ ਸ਼ੁਰੂ ਹੋ ਗਏ। ਇਹ ਬੜੀ ਹੀ ਹੈਰਾਨੀ ਭਰੀ ਗੱਲ ਸੀ। ਦਾਸ ਜੋ ਕਿ ਗੁਰਬਾਣੀ ਦੇ ਗਿਆਨ ਨੂੰ ਸਮਝਣ ਵਿੱਚ ਬਿਲਕੁਲ ਹੀ ਅਗਿਆਨ ਅਵਸਥਾ ਵਿੱਚ ਸੀ, ਉਸਨੂੰ ਪ੍ਰਮਾਤਮਾ ਨੇ ਅਚਾਨਕ ਹੀ ਮਨ ਦੀ ਸਮਝ ਦੇ ਵਿੱਚ ਉਹ ਗਿਆਨ ਦੇਣਾ ਸ਼ੁਰੂ ਕਰ ਦਿੱਤਾ ਜੋ ਕਿ ਕਿਸੇ ਮਨੁੱਖ ਲਈ ਵੀ ਯਕੀਨ ਕਰ ਸਕਣ ਤੋਂ ਬਾਹਰ ਹੈ। ਜਪੁਜੀ ਬਾਣੀ ਦੇ ਅਰਥ ਕੁਝ ਹੀ ਦਿਨਾਂ ਵਿੱਚ ਲਿਖਵਾ ਦਿੱਤੇ ਗਏ। ਦਾਸ ਦੇ ਕੁਝ ਨਜ਼ਦੀਕੀ ਸਾਥੀ ਹੀ ਇਸ ਗੱਲ ਨੂੰ ਸਮਝ ਸਕਦੇ ਹਨ ਜਿਨ੍ਹਾਂ ਨੇ ਕਿ ਇਹ ਅਰਥ ਆਪਣੇ ਹੱਥੀਂ ਲਿਖੇ ਸਨ ਤੇ ਅੱਜ ਵੀ ਇਸ ਲੇਖ ਦੇ ਅਰਥ ਲਿਖ ਰਹੇ ਹਨ। ਦਾਸ ਦੀ ਕੇਵਲ ਜੁਬਾਨ ਹੀ ਹਿਲਦੀ ਹੈ ਤੇ ਅਰਥ ਕਿੱਥੋਂ ਆਉਂਦੇ ਹਨ ਤੇ ਕਿਵੇਂ ਆਉਂਦੇ ਹਨ, ਇਹ ਕੇਵਲ ਦਾਸ ਹੀ ਜਾਣਦਾ ਹੈ ਤੇ ਇਹ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਜਪੁਜੀ ਬਾਣੀ ਦੇ ਅਰਥ ਪਹਿਲਾਂ ਕਿਉਂ ਆਏ ਹਨ, ਇਹ ਉਹ ਆਪ ਹੀ ਜਾਣੇ ਜਿਸਦੀ ਇਹ ਸਾਰੀ ਬਾਣੀ ਹੈ। ਮਨੁੱਖ ਕੇਵਲ ਉਸਦੀ ਕਠਪੁਤਲੀ ਹੈ ਤੇ ਸਭ ਵਿੱਚ ਹੁਕਮ ਉਸੇ ਦਾ ਹੀ ਚੱਲ ਰਿਹਾ ਹੈ ਤੇ ਉਸ ਪ੍ਰਮਾਤਮਾ ਦਾ ਹੁਕਮ ਸਭ ਦੇ ਅੰਦਰ ਕਿਸ ਤਰੀਕੇ ਚੱਲ ਰਹਿਆ ਹੈ ਇਸ ਗੱਲ ਨੂੰ ਸਮਝ ਸਕਣਾ ਤੇ ਮੰਨਣਾ ਸਭ ਦੇ ਲਈ ਨਾਮੁਮਕਿਨ ਹੈ। ਉਸਦੀ ਕ੍ਰਿਪਾ ਹੋਣ ਤੋਂ ਬਿਨਾਂ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ। ਜਦੋਂ ਸਾਨੂੰ ਬਾਣੀ ਵਿੱਚ ਸਮਝਾਏ ਹੋਏ ਗੂੜ੍ਹ ਅਰਥਾਂ ਦੀ ਸੋਝੀ ਪੈ ਜਾਵੇਗੀ ਫਿਰ ਸਾਨੂੰ ਇਹ ਯਕੀਨ ਆਉਣਾ ਵੀ ਸ਼ੁਰੂ ਹੋ ਜਾਵੇਗਾ ਕਿ ਇਹ ਅਰਥ ਕਿੱਥੋਂ ਆਉਂਦੇ ਹਨ ਤੇ ਕਿਵੇਂ ਆਉਂਦੇ ਹਨ। ਸਭ ਕੁਝ ਗੁਰਬਾਣੀ ਦੇ ਵਿੱਚ ਹੀ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਗੁਰਬਾਣੀ ਦੀ ਰਚਨਾ ਕਿਵੇਂ ਹੋਈ ਹੈ, ਇਸ ਗੱਲ ਦੀ ਸੋਝੀ ਵੀ ਸਭ ਨੂੰ ਪੈ ਜਾਵੇਗੀ। ਗੁਰਬਾਣੀ ਭਾਵੇਂ ਵੱਖਰੇ-ਵੱਖਰੇ ਸਰੀਰਾਂ ਰਾਹੀਂ ਉਚਾਰਨ ਹੋਈ ਹੈ, ਪਰ ਫਿਰ ਵੀ ਕਿਸੇ ਸ਼ਬਦ ਦਾ ਮੂਲ ਭਾਵ ਦੂਸਰੇ ਸ਼ਬਦ ਦੇ ਮੂਲ ਭਾਵ ਤੋਂ ਕਦੇ ਵੱਖਰਾ ਨਹੀਂ ਹੋ ਸਕਦਾ ਕਿਉਂਕਿ ਉਨਾਂ ਸਾਰੇ ਸਰੀਰਾਂ ਵਿਚ ਪ੍ਰਗਟ ਹੋ ਕੇ ਪੂਰੀ ਗੁਰਬਾਣੀ ਪ੍ਰਮਾਤਮਾ ਨੇ ਆਪ ਹੀ ਲਿਖਵਾਈ ਹੈ। ਇਹ ਸਾਰੀ ਵਿਚਾਰ ਸਾਨੂੰ ਅੱਗੇ ਜਾ ਕੇ ਸਬਦਾਂ ਰਾਹੀਂ ਸਮਝ ਆਉਂਦੀ ਜਾਵੇਗੀ।

ਇਹ ਪੂਰਾ ਲੇਖ ਪੜ੍ਹਨ ਤੋਂ ਬਾਅਦ ਸਾਡਾ ਗੁਰਬਾਣੀ ਨੂੰ ਜਾਨਣ ਬਾਰੇ ਹਰ ਭੁਲੇਖਾ ਹੌਲੀ-ਹੌਲੀ ਕਰਕੇ, ਜਿਉਂ-ਜਿਉਂ ਅਸੀਂ ਲੇਖ ਵਿੱਚ ਅੱਗੇ ਵੱਧਦੇ ਜਾਵਾਂਗੇ, ਆਪੇ ਹੀ ਉਤਰਦਾ ਜਾਵੇਗਾ। ਬਾਣੀ ਦਾ ਗਿਆਨ ਕਿਤਨਾ ਕੂ ਗਹਿਰਾ ਹੈ, ਇਸ ਦੀ ਸੋਝੀ ਤੁਹਾਨੂੰ ਪੂਰਾ ਲੇਖ ਪੜ੍ਹਨ ਤੋਂ ਬਾਅਦ ਹੀ ਪਵੇਗੀ। ਜੇਕਰ ਸੱਚ ਜਾਣੋਂ ਤਾਂ ਸੰਸਾਰ ਨੂੰ ਹੁਣ ਤੱਕ ਬਾਣੀ ਦੀ ਅਸਲੀਅਤ ਬਾਰੇ ਬਹੁਤ ਹੀ ਮਾਮੂਲੀ ਜਾਣਕਾਰੀ ਹੈ ਕਿਉਂਕਿ ਸ਼ਬਦਾਂ ਦੇ ਅੰਦਰ ਦੇ ਗਹਿਰੇ ਭਾਵ ਨੂੰ ਜਾਨਣਾ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਜਪੁਜੀ ਬਾਣੀ ਦੇ ਲਿਖੇ ਹੋਏ ਅਰਥ ਬਹੁਤ ਹੀ ਗਹਿਰੇ ਹਨ ਤੇ ਜਿਨ੍ਹਾਂ ਕੁਝ ਸੱਜਣਾਂ ਨੇ ਉਹ ਅਰਥ ਪੜ੍ਹੇ ਹੋਣਗੇ, ਕਿਸੇ ਨੂੰ ਵੀ ਪੂਰੀ ਗੱਲ ਸਮਝ ਨਹੀਂ ਆਈ ਹੋਵੇਗੀ। ਜਪੁਜੀ ਬਾਣੀ ਬਹੁਤ ਹੀ ਗਹਿਰਾਈ ਵਿੱਚ ਹੈ ਤੇ ਉਸਦੀ ਸਮਝ ਕਿਸੇ ਨੂੰ ਸੌਖੀ ਨਹੀਂ ਆ ਸਕਦੀ। ਜਪੁਜੀ ਬਾਣੀ ਵਿੱਚ ਕਿਸੇ ਵੀ ਸ਼ਬਦ ਨਾਲ **"ਰਹਾਉ"** ਵਾਲੀ ਪੰਗਤੀ ਨਹੀਂ ਹੈ ਜਿਸ ਦੁਆਰਾ ਸ਼ਬਦ ਦੇ ਭਾਵ ਨੂੰ ਸਮਝਿਆ ਜਾ ਸਕੇ। ਨਾ ਹੀ ਸ਼ਬਦਾਂ ਵਿੱਚ ਕੋਈ ਖਾਸ ਦੁਨਿਆਵੀ ਪ੍ਰਮਾਣ ਦਿੱਤੇ ਹੋਏ ਹਨ ਜਿੱਥੋਂ ਅਸੀਂ ਕੁਝ ਅੰਦਾਜ਼ਾ

ਲਗਾ ਸਕੀਏ। ਹਰ ਸ਼ਬਦ ਦੇ ਅਰਥ ਬੜੇ ਹੀ ਬਾਰੀਕ ਹਨ, ਗਹਿਰੇ ਹਨ ਤੇ ਉਨ੍ਹਾਂ ਦੇ ਅੰਦਰੂਨੀ ਭਾਵ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਿਲਕੁਲ ਹੀ ਬਾਹਰ ਹੈ। ਇਸੇ ਲਈ ਜਪੁਜੀ ਬਾਣੀ ਦੇ ਅਰਥ ਬਹੁਤ ਸਾਰੇ ਸਰੀਰਾਂ ਨੇ ਕੀਤੇ ਹਨ ਪਰ ਕਿਸੇ ਦੇ ਵੀ ਅਰਥ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ। ਦਾਸ ਇਹ ਗੱਲ ਕਿਸੇ ਦੇ ਕੀਤੇ ਹੋਏ ਅਰਥਾਂ ਨੂੰ ਪੜ੍ਹੇ ਬਿਨਾਂ ਹੀ ਕਹਿ ਸਕਦਾ ਹੈ ਕਿਉਂਕਿ ਜਿਸ ਪ੍ਰਮਾਤਮਾ ਦੀ ਇਹ ਬਾਣੀ ਹੈ, ਆਪਣੀ ਬਾਣੀ ਦੇ ਸਹੀ ਅਰਥ ਉਹ ਆਪ ਹੀ ਜਾਣਦਾ ਹੈ, ਉਸਦੇ ਆਪਣੇ ਸਮਝਾਏ ਬਿਨਾਂ ਸਹੀ ਅਰਥ ਕੋਈ ਜਾਣ ਹੀ ਨਹੀਂ ਸਕਦਾ।

ਜੋ ਗੱਲਾਂ ਜਪੁਜੀ ਬਾਣੀ ਵਿਚ ਬਾਰੀਕੀ ਨਾਲ ਸਮਝਾਈਆਂ ਹੋਈਆਂ ਹਨ ਉਹ ਗੱਲਾਂ ਅੱਗੇ ਜਾ ਕੇ ਬਾਣੀ ਵਿੱਚ ਵਿਸਥਾਰ ਨਾਲ ਸਮਝਾਈਆਂ ਹੋਈਆਂ ਹਨ। ਇਸ ਲੇਖ ਵਿੱਚ ਪੂਰੀ ਬਾਣੀ ਵਿੱਚੋਂ ਲਏ ਹੋਏ ਵੱਖਰੇ-ਵੱਖਰੇ ਸ਼ਬਦਾਂ ਦੀ ਵਿਆਖਿਆ ਹੈ ਤੇ ਇਹ ਲੇਖ ਪੜ੍ਹਨ ਤੋਂ ਬਾਅਦ ਸਾਨੂੰ ਜਪੁਜੀ ਬਾਣੀ ਦੇ ਅਰਥ ਵੀ ਸਮਝ ਆ ਜਾਣਗੇ। ਜਪੁਜੀ ਬਾਣੀ ਦੇ ਅਰਥ ਇਸ ਲੇਖ ਦੇ ਅੰਦਰ ਕਾਫੀ ਅੱਗੇ ਜਾ ਕੇ ਸਮਝਾਏ ਹੋਏ ਹਨ ਤਾਂ ਜੋ ਅਸੀਂ ਉਸ ਤੋਂ ਪਹਿਲਾਂ ਅਨੇਕਾਂ ਹੋਰ ਸ਼ਬਦਾਂ ਦੀ ਵਿਆਖਿਆ ਸਮਝਣ ਦੁਆਰਾ ਜਪੁਜੀ ਬਾਣੀ ਦੇ ਸ਼ਬਦਾਂ ਦੇ ਅੰਦਰ ਦੀ ਸਚਾਈ ਨੂੰ ਆਸਾਨੀ ਨਾਲ ਸਮਝ ਸਕੀਏ ਕਿਉਂਕਿ ਜਪੁਜੀ ਬਾਣੀ ਨੂੰ ਪੜਣ ਸੁਣਨ ਵਾਲੇ ਬਹੁਤ ਹਨ ਤੇ ਹਰ ਕੋਈ ਇਸ ਨੂੰ ਸਮਝਣ ਵਿੱਚ ਜਿਆਦਾ ਦਿਲਚਸਪੀ ਰੱਖਦਾ ਹੈ। ਸਾਰੀ ਬਾਣੀ ਦੇ ਗਿਆਨ ਦਾ ਸ੍ਰੋਤ **"ਇੱਕ"** ਹੀ ਹੈ ਤੇ ਕਿਸੇ ਵੀ ਸ਼ਬਦ ਵਿੱਚ ਸਮਝਾਈ ਹੋਈ ਗੱਲ **"ਉਸੇ ਭਾਵ"** ਨੂੰ ਸਮਝਾਉਣ ਵਾਲੇ ਦੂਸਰੇ ਸ਼ਬਦ ਵਿੱਚ ਜਾ ਕੇ ਬਦਲ ਨਹੀਂ ਸਕਦੀ। ਜੇਕਰ ਸਾਨੂੰ ਕਿਸੇ ਸ਼ਬਦ ਵਿੱਚ **"ਲਿਵ"** ਲਾਉਣ ਦਾ ਤਰੀਕਾ ਸਿਖਾਇਆ ਹੈ ਤੇ ਫਿਰ ਭਾਵੇਂ ਜਿਸ ਮਰਜ਼ੀ ਸ਼ਬਦ ਵਿੱਚ **"ਲਿਵ"** ਲਾਉਣ ਦੀ ਗੱਲ ਪੜ੍ਹਾਂਗੇ, ਉਹ ਕੋਈ ਵੱਖਰੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਜੇਕਰ ਅਸੀਂ ਕਿਸੇ ਸ਼ਬਦ ਦੁਆਰਾ ਇਹ ਜਾਣਿਆ ਹੈ ਕਿ **"ਭਉ"** ਕੀ ਹੈ ਤਾਂ ਫਿਰ ਜਿੱਥੇ ਵੀ ਉਸ **"ਭਉ"** ਦੀ ਗੱਲ ਕੀਤੀ ਹੋਵੇਗੀ ਉਹ ਆਪਸ ਵਿੱਚ ਮੇਲ ਜ਼ਰੂਰ ਖਾਵੇਗੀ। ਬਾਣੀ ਦਾ ਹਰ ਸ਼ਬਦ ਇੱਕ ਮਾਲਾ ਦੀ ਤਰ੍ਹਾਂ ਹੈ ਜਿਸਦੀ ਹਰ ਪੰਗਤੀ ਉਸ ਵਿੱਚ ਮਣਕਿਆਂ ਦੀ ਤਰ੍ਹਾਂ ਪਰੋਈ ਹੋਈ ਹੈ। ਇੱਕ ਸ਼ਬਦ ਦੀ ਹਰ ਪੰਗਤੀ **"ਇੱਕ -ਦੂਸਰੀ"** ਪੰਗਤੀ ਨਾਲ ਜੁੜੀ ਹੋਈ ਹੁੰਦੀ ਹੈ ਤੇ ਇੱਕੋ ਭਾਵ ਦੇ ਇਰਦ-ਗਿਰਦ ਹੀ ਹਰ ਮਣਕਾ ਘੁੰਮਦਾ ਹੈ। ਜੇਕਰ ਸ਼ਬਦ ਦੀ ਕਿਸੇ ਵੀ ਪੰਗਤੀ ਦਾ ਭਾਵ ਦੂਸਰੀ ਪੰਗਤੀ ਦੇ ਭਾਵ ਤੋਂ ਵੱਖਰਾ ਜਾਂਦਾ ਹੈ ਤਾਂ ਸਮਝੋ ਕਿ ਅਸੀਂ ਸ਼ਬਦ ਦੇ ਸਹੀ ਅਰਥਾਂ ਤੋਂ ਭਟਕ ਗਏ ਹਾਂ। ਬਾਣੀ ਆਪਣੀ ਕਸਵੱਟੀ ਆਪ ਹੈ ਤੇ ਉਸਤੇ ਕੇਵਲ ਖਰੀ ਗੱਲ, ਖਰੇ ਅਰਥ ਹੀ ਟਿਕ ਸਕਦੇ ਹਨ। ਆਪਣੇ ਸਹੀ ਅਰਥਾਂ ਦੀ ਪ੍ਰੌੜ੍ਹਤਾ ਬਾਣੀ ਆਪ ਹੀ ਕਰ ਦੇਵੇਗੀ। ਇਸ ਲੇਖ ਵਿੱਚ ਲਿਖੇ ਹਰ ਸ਼ਬਦ ਦੇ ਅਰਥ ਉਹੀ ਗੱਲ ਸਮਝਾਉਣ ਵਾਲੇ ਹਰ ਦੂਸਰੇ ਸ਼ਬਦ ਦੇ ਅਰਥਾਂ ਤੇ ਪੂਰੇ ਉਤਰਨਗੇ ਭਾਵ ਇਸ ਲੇਖ ਦੇ ਅੰਦਰ ਦੀ ਸੱਚਾਈ ਦੀ ਪ੍ਰੌੜਤਾ ਇਹ ਲੇਖ ਆਪ ਹੀ ਕਰ ਦੇਵੇਗਾ। ਸਾਨੂੰ ਕੇਵਲ ਹਰ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਗੁਰੂ ਦੀ ਸੱਚੀ ਮਤਿ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਗੁਰੂ ਕਦੇ ਗਲਤ ਨਹੀਂ ਹੋ ਸਕਦਾ। ਇਹ ਪੂਰਾ ਲੇਖ "**ਨਾਮ ਦਰਸ਼ਨ**" ਕਿਸ ਲਈ ਹੈ, ਇਸਦੀ ਸੋਝੀ ਸ਼ਬਦਾਂ ਦੀ ਸਹੀ ਸੋਝੀ ਪੈਣ ਦੁਆਰਾ ਆਪੇ ਹੀ ਪੈ ਜਾਵੇਗੀ।

ਆਓ ਹੁਣ ਇਸ ਗੱਲ ਨੂੰ ਜਾਨਣ ਦੀ ਕੋਸ਼ਿਸ਼ ਕਰੀਏ ਕਿ ਗੁਰਬਾਣੀ ਅਸਲ ਵਿੱਚ ਕਿਤਨੀ ਕੁ ਵੱਡੀ ਹੈ, ਕਿਤਨੀ ਕੁ ਗਹਿਰੀ ਹੈ। ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ, ਵਿੱਚ ਵਾਰ-ਵਾਰ **"ਨਾਮ"** ਦੀ ਗੱਲ ਆਉਂਦੀ ਹੈ। ਬਾਣੀ ਵਿੱਚ **"ਨਾਮ"** ਅੱਖਰ ਇੱਕ ਧੁਰੇ ਦੀ ਤਰ੍ਹਾਂ ਹੈ ਤੇ ਹਰ ਸ਼ਬਦ ਦਾ ਅੰਦਰੂਨੀ ਭਾਵ ਇਸ ਧੁਰੇ ਤੇ ਹੀ ਕੇਂਦਰਿਤ ਹੈ। ਬਾਣੀ ਨੂੰ ਪੜ੍ਹਨ, ਸੁਣਨ ਵਾਲਾ ਹਰ ਕੋਈ ਇਹ ਮਹਿਸੂਸ ਕਰਦਾ ਹੈ ਕਿ ਨਾਮ ਜਪਣਾ ਜ਼ਰੂਰੀ ਹੈ। **"ਨਾਮ"** ਦੀ ਸੋਝੀ ਪਏ ਬਿਨਾਂ ਗੁਰਬਾਣੀ ਦੇ ਅਸਲ ਭਾਵ ਨੂੰ ਸਮਝਣਾ ਨਾਮੁਮਕਿਨ ਹੈ। ਨਾਮ ਕੀ ਹੈ, ਨਾਮ ਜਪਣਾ, ਨਾਮ ਸਿਮਰਨਾ, ਧਿਆਉਣਾ, ਆਰਾਧਣਾ, ਸੇਵਾ ਕਰਨੀ, ਗੁਣ ਗਾਉਣੇ, ਸਿਫਤ ਸਾਲਾਹ ਕਰਨੀ, ਨਾਮ ਮਿਲਣਾ, ਨਾਮ ਵੱਸਣਾ, ਨਾਮ ਪ੍ਰਗਟ ਹੋਣਾ ਕੀ ਹੈ, ਇਨ੍ਹਾਂ ਸਾਰੀਆਂ ਗੱਲਾਂ ਨੂੰ ਲੈ ਕੇ ਅਸੀਂ ਚਰਚਾ ਵਿੱਚ ਰਹਿੰਦੇ ਹਾਂ ਤੇ ਮਨ ਵਿੱਚ ਭੁਲੇਖੇ ਵੀ ਉਠੱਦੇ ਹਨ। ਜਦ ਤੱਕ ਸਾਨੂੰ ਇਨ੍ਹਾਂ ਸਾਰੀਆਂ ਗੱਲਾਂ ਦੀ ਸਹੀ ਸੋਝੀ ਨਹੀਂ ਪਵੇਗੀ, ਅਸੀਂ ਗੁਰਬਾਣੀ ਦੀ ਅਸਲੀਅਤ ਨੂੰ, ਉਸਦੇ ਅੰਦਰ ਸਮਝਾਏ ਹੋਏ ਅਸਲੀ ਭਾਵ ਨੂੰ ਨਹੀਂ ਸਮਝ ਸਕਾਂਗੇ। ਇਨ੍ਹਾਂ ਸਾਰੀਆਂ ਗੱਲਾਂ ਨੂੰ ਬਹੁਤ ਬਾਰੀਕੀ ਨਾਲ ਵਿਚਾਰਨ ਦੀ ਲੋੜ ਹੈ। ਹਰ ਗੱਲ ਦਾ ਜਵਾਬ ਗੁਰਬਾਣੀ ਦੇ ਵਿੱਚ ਹੀ ਹੈ, ਸਿਰਫ ਉਸ ਵਿੱਚ ਖੁਭ ਕੇ ਖੋਜਣ ਦੀ ਲੋੜ ਹੈ ਤੇ ਅਕਾਲ ਪੁਰਖ ਵਾਹਿਗੁਰੂ ਆਪ ਹੀ ਕ੍ਰਿਪਾ ਕਰਕੇ ਸੋਝੀ ਪਾਉਂਦਾ ਹੈ।

ਪੂਰੀ ਗੱਲ ਤਾਂ ਹੀ ਸਮਝ ਲੱਗਦੀ ਹੈ ਜਦੋਂ ਪੂਰੇ ਗੁਰੂ ਦੀ ਪੂਰੀ ਗੱਲ ਸੁਣ ਕੇ ਵਿਚਾਰੀ ਜਾਵੇ। ਇਸੇ ਕਰਕੇ ਪੂਰੀ ਬਾਣੀ ਵਿੱਚੋਂ ਅੱਗੇ ਲੇਖ ਵਿੱਚ ਦਿੱਤੇ ਗਏ ਅਨੇਕਾਂ ਸ਼ਬਦਾਂ ਦੁਆਰਾ ਵੱਖਰੀ-ਵੱਖਰੀ ਗੱਲ ਬੜੀ ਬਾਰੀਕੀ ਨਾਲ ਸਮਝਾਉਣ ਦੀ ਕੋਸ਼ਿਸ਼

ਕੀਤੀ ਗਈ ਹੈ। ਪੂਰਾ ਲੇਖ ਪੜ੍ਹਨ ਤੋਂ ਬਾਅਦ ਹਰ ਗੱਲ ਦਾ ਪੂਰਾ ਜਵਾਬ ਮਿਲ ਜਾਵੇਗਾ। ਗੁਰਬਾਣੀ ਪੜ੍ਹਨ ਵਾਲਾ ਹਰ ਸੱਜਣ ਤੇ ਹੋਰ ਵੀ ਹਰ ਮਨੁੱਖ ਇਸ ਗੱਲ ਨੂੰ ਜਾਨਣ ਦਾ ਇੱਛੁਕ ਹੁੰਦਾ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ। ਇਸ ਮਨੁੱਖਾ ਜੀਵਨ ਦਾ ਸੱਚਾ ਮਨੋਰਥ ਪ੍ਰਮਾਤਮਾ ਨੂੰ ਪਾਉਣਾ ਹੀ ਹੈ ਜੋ ਕਿ ਅਕਾਲ ਪੁਰਖ ਦੀ ਆਪਣੀ ਕ੍ਰਿਪਾ ਦੁਆਰਾ ਹੀ ਪੂਰਾ ਹੋ ਸਕਦਾ ਹੈ। ਇਸ ਮਨੋਰਥ ਦੀ ਪੂਰਤੀ ਲਈ ਗੁਰਬਾਣੀ ਦੇ ਅਸਲੀ ਭਾਵ ਨੂੰ ਜਾਨਣਾ ਅਤਿਅੰਤ ਹੀ ਜ਼ਰੂਰੀ ਹੈ ਕਿਉਂਕਿ ਗੁਰਬਾਣੀ ਦੀ ਸੱਚੀ ਵਿਚਾਰਧਾਰਾ ਹੀ ਸਾਨੂੰ ਪ੍ਰਮਾਤਮਾ ਦੇ ਮੇਲ ਦੇ ਮਾਰਗ ਤੇ ਪਾ ਸਕਦੀ ਹੈ ਤੇ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਮਿਲਾ ਸਕਦੀ ਹੈ।

ਭਗਤੀ ਦੇ ਸੱਚੇ ਮਾਰਗ ਨੂੰ ਜਾਨਣ ਲਈ, ਪ੍ਰਮਾਤਮਾ ਨੂੰ ਜਾਨਣ ਲਈ ਸਾਡੇ ਲਈ ਇਹ ਜਾਨਣਾ ਸਭ ਤੋਂ ਜ਼ਰੂਰੀ ਹੈ ਕਿ **"ਨਾਮ"** ਕੀ ਹੈ, ਕਿਉਂਕਿ ਜਦ ਤੱਕ ਨਾਮ ਦੀ ਸੋਝੀ ਨਹੀਂ ਪਵੇਗੀ, ਅਸੀਂ ਪ੍ਰਮਾਤਮਾ ਨੂੰ ਜਪ ਨਹੀਂ ਸਕਦੇ, ਉਸਨੂੰ ਪਾ ਨਹੀਂ ਸਕਦੇ। **"ਨਾਮ"** ਨੂੰ ਸਮਝਣ ਤੋਂ ਪਹਿਲਾਂ ਨਾਮ ਦੇ ਨਾਲ ਜੁੜੀਆਂ ਹੋਈਆਂ ਗੱਲਾਂ ਦੀ ਸੋਝੀ ਪੈਣੀ ਜਰੂਰੀ ਹੈ। ਸਾਰੀ ਬਾਣੀ ਸਾਨੂੰ ਨਾਮ ਹੀ ਸਮਝਾ ਰਹੀ ਹੈ, ਨਾਮ ਵਖਾਣ ਹੀ ਕਰ ਰਹੀ ਹੈ, ਇਸ ਲਈ ਸ਼ਬਦਾਂ ਦੇ ਅੰਦਰ ਸਮਝਾਈ ਹੋਈ ਹਰ ਗੱਲ ਦੀ ਸੋਝੀ ਪੈਣੀ ਜ਼ਰੂਰੀ ਹੈ ਜਿਸ ਰਾਹੀਂ ਸਾਨੂੰ ਨਾਮ ਸਮਝਾਇਆ ਹੋਇਆ ਹੈ। ਅੱਗੇ ਸਮਝਾਈਆਂ ਹੋਈਆਂ ਉਹ ਗੱਲਾਂ ਜਿਨ੍ਹਾਂ ਦਾ ਬਾਣੀ ਵਿੱਚ ਬਾਰ-ਬਾਰ ਜ਼ਿਕਰ ਆਉਂਦਾ ਹੈ, ਉਹਨਾਂ ਗੱਲਾਂ ਦੇ ਸਹੀ ਭਾਵ ਨੂੰ ਜਿਉਂ ਜਿਉਂ ਸਮਝਦੇ ਜਾਵਾਂਗੇ ਤਿਉਂ ਤਿਉਂ ਸਾਡੇ ਅੰਦਰ ਨਾਮ ਦੀ ਸੋਝੀ ਵਧਦੀ ਜਾਵੇਗੀ, ਸਾਡੇ ਅੰਦਰ ਦਾ ਭਰਮ ਮਿੱਟਦਾ ਜਾਵੇਗਾ। ਜਿਉਂ ਜਿਉਂ ਅਸੀਂ ਇਸ ਲੇਖ ਰਾਹੀਂ ਅੱਗੇ ਵਧਦੇ ਜਾਵਾਂਗੇ ਤਿਉਂ ਤਿਉਂ ਉਨ੍ਹਾਂ ਸ਼ਬਦਾਂ ਦੀ ਜਿਨ੍ਹਾਂ ਵਿੱਚ ਬਹੁਤ ਗੂੜ੍ਹ ਭਾਵ ਹੈ, ਗਹਿਰਾਈ ਹੈ, ਗੰਭੀਰਤਾ ਹੈ, ਉਨ੍ਹਾਂ ਨੂੰ ਸਮਝਣ ਵਿੱਚ ਵੀ ਸਾਨੂੰ ਆਸਾਨੀ ਹੋ ਜਾਵੇਗੀ, ਸਾਡੇ ਅੰਦਰ ਬਾਣੀ ਦੇ ਗਹਿਰ ਭਾਵ ਨੂੰ ਸਮਝਣ ਦੀ ਸਮਰੱਥਾ ਆ ਜਾਵੇਗੀ। ਪੂਰੇ ਲੇਖ ਨੂੰ ਪੜ੍ਹਨ ਤੋਂ ਬਾਅਦ ਹੀ ਜੋ ਕੋਈ ਵੀ ਭੁਲੇਖਾ ਬਾਣੀ ਨੂੰ ਸਮਝਣ ਵਿੱਚ ਸਾਡੇ ਅੰਦਰ ਹੈ, ਉਹ ਨਿਕਲ ਜਾਵੇਗਾ। ਸਿਰਫ ਇਕਾਗਰਤਾ ਅਤੇ ਵਿਸ਼ਵਾਸ ਰੱਖ ਕੇ ਪੂਰਾ ਲੇਖ ਪੜ੍ਹਨ ਦੀ ਲੋੜ ਹੈ ਤੇ ਜਿਉਂ ਜਿਉਂ ਲੇਖ ਵਿੱਚ ਅੱਗੇ ਵਧਦੇ ਜਾਵਾਂਗੇ ਸਾਨੂੰ ਸ਼ਬਦਾਂ ਵਿੱਚ ਸਮਝਾਏ ਹੋਏ ਗੂੜ੍ਹ ਭਾਵ ਦੀ ਸੋਝੀ ਪੈਂਦੀ ਜਾਵੇਗੀ ਤੇ ਨਾਲ ਹੀ ਸਾਨੂੰ ਇਸ ਗੱਲ ਦੀ ਸੋਝੀ ਵੀ ਪੈ ਜਾਵੇਗੀ ਕਿ ਇਹ ਲੇਖ ਲਿਖਣ ਦੀ ਸਮਰੱਥਾ ਕਿੱਥੋਂ ਆਈ ਹੈ ਤੇ ਕਿਵੇਂ ਆਈ ਹੈ। ਅੱਗੇ ਲਿਖੀਆਂ ਹੋਈਆਂ ਇਨ੍ਹਾਂ ਸਾਰੀਆਂ ਗੱਲਾਂ ਦੀ ਸੋਝੀ ਸਾਨੂੰ ਸ਼ਬਦਾਂ ਦੁਆਰਾ ਹੀ ਪਵੇਗੀ ਜਿਵੇਂ ਕਿ ਚਰਨ ਕਮਲ, ਗੁਰ ਕੇ ਚਰਨ, ਚਰਨ ਧੂੜ, ਧੂੜੀ ਮਜਨ, ਸਾਧੂ ਧੂੜ, ਸੰਤ ਧੂੜ, ਸੰਤ ਰੇਨ, ਕਮਲ ਪ੍ਰਗਾਸ, ਕਮਲ ਬਿਗਸਨਾ, ਕਮਲ ਸਿੱਧਾ ਹੋਣਾ, ਮਤਿ, ਬੁਧਿ, ਹਿਰਦਾ, ਦਿਬ ਦ੍ਰਿਸ਼ਟਿ, ਨਾਮ ਧਨ, ਹਰਿ ਧਨ, ਨਾਮ ਰਸ, ਹਰਿ ਰਸ, ਮਹਾਂ ਰਸ, ਰਾਮ ਰਸ, ਰਾਮ ਲਿਵ, ਰਾਮ ਰੰਗ, ਹਰਿ ਲਿਵ, ਨਾਮ ਲਿਵ, ਹਰਿ ਰਸ ਚੱਖਣਾ, ਅਨ ਰਸ, ਅੰਮ੍ਰਿਤ ਰਸ, ਅੰਮ੍ਰਿਤ, ਅੰਮ੍ਰਿਤ ਭੋਜਨ, ਨਾਮ ਭੋਜਨ, ਨਾਮ ਪਦਾਰਥ, ਨਾਮ ਰੰਗ, ਹਰਿ ਰੰਗ, ਹਰਿ ਕੀਰਤ, ਹਰਿ ਗੁਣ, ਸੱਚ, ਤੀਰਥ, ਤੀਰਥ ਇਸ਼ਨਾਨ, ਅੰਮ੍ਰਿਤਸਰ ਦਾ ਇਸ਼ਨਾਨ, ਅਬਚਲ ਨਗਰ, ਸੰਤ, ਸਾਧ, ਸਾਧ ਸੰਗਤ, ਸਤਿ ਸੰਗਤ, ਸੰਤ ਸਭਾ, ਬ੍ਰਹਮਗਿਆਨੀ, ਸੰਤ ਕਾ ਦੋਖੀ, ਸੰਤ ਕਾ ਨਿੰਦਕ, ਸ਼ਬਦ, ਸੁਰਤਿ, ਧੁਨਿ, ਅਨਹਦ, ਅਨਹਦ ਸ਼ਬਦ, ਅਨਹਦ ਧੁਨਿ, ਅਨਾਹਤ ਸ਼ਬਦ, ਅਨਹਦ ਤੂਰੇ, ਅਨਹਦ ਵਾਜੇ, ਗੁਰਮੁਖ, ਮਨਮੁਖ, ਗੁਰਮਤਿ, ਮਨਮਤਿ, ਜਪਣਾ, ਆਰਾਧਣਾ, ਧਿਆਉਣਾ, ਸਿਮਰਨਾ, ਗਾਉਣਾ, ਗੁਰੂ ਦਾ ਮੰਤਰ ਕੀ ਹੈ, ਮੰਤਰ ਦਾ ਜਾਪ ਕੀ ਹੈ, ਨਾਮ ਮਿਲਣਾ ਕੀ ਹੈ, ਨਾਮ ਪ੍ਰਾਪਤ ਕਰਨ ਦਾ ਤਰੀਕਾ ਕੀ ਹੈ, ਪ੍ਰਮਾਤਮਾ ਦੀ ਸਿਫਤਿ ਸਾਲਾਹ ਕੀ ਹੈ, ਸਾਸ ਗਿਰਾਸ ਜਪਣਾ ਕੀ ਹੈ, ਸਵਾਸ ਸਵਾਸ ਜਪਣਾ ਕੀ ਹੈ, ਅਨਦਿਨ, ਅੱਠੇ ਪਹਿਰ, ਦਿਨ ਰਾਤ ਜਪਣਾ ਕੀ ਹੈ, ਸੁਕ੍ਰਿਤ ਕਰਨੀ ਕੀ ਹੈ, ਵੇਦਾਂ ਸ਼ਾਸਤਰਾਂ ਵਿੱਚ ਨਾਮ ਕੀ ਹੈ, ਸਿਮ੍ਰਿਤ ਸ਼ਾਸਤਰਾਂ ਵਿੱਚ ਨਾਮ ਜਪਣਾ ਕੀ ਹੈ, ਕੁਰਾਨ ਵਿੱਚ ਨਾਮ ਕੀ ਹੈ, ਨਾਮ ਦੀ ਪਰਖ ਕੀ ਹੈ, ਨਾਮ ਦੀ ਵਣਜ ਕੀ ਹੈ, ਹਉਮੈ, ਹਉਮੈ ਦਾ ਪੜਦਾ, ਕੂੜੈ ਦੀ ਪਾਲਿ, ਮਨੁੱਖ ਦਾ ਪ੍ਰਮਾਤਮਾ ਤੋਂ ਵੱਖਰਾ ਹੋਣਾ ਕੀ ਹੈ, ਮੁਕਤੀ ਕੀ ਹੈ, ਬੰਧਨ ਕੀ ਹੈ, ਬੰਧਣ ਟੁੱਟਣਾ ਕੀ ਹੈ, ਹਉ ਵਾਰੀ ਜੀਓ ਵਾਰੀ ਕੀ ਹੈ, ਹੁਕਮ ਕੀ ਹੈ, ਹੀਰੇ ਹੀਰਾ ਬੇਧਣਾ ਕੀ ਹੈ, ਭਵਸਾਗਰ ਕੀ ਹੈ, ਇਸ ਤੋਂ ਪਾਰ ਪਾਉਣਾ ਕੀ ਹੈ, ਗੁਰੂ ਦਾ ਬੋਹਿਥ ਕੀ ਹੈ, ਪ੍ਰਭਾਤ ਵੇਲਾ ਕੀ ਹੈ, ਅੰਮ੍ਰਿਤ ਵੇਲਾ ਕੀ ਹੈ, ਗੁਰੂ ਦਾ ਕੁਲ ਪਰਿਵਾਰ ਕੀ ਹੈ, ਨਾਮ ਦੀ ਜਾਤ ਕੀ ਹੈ, ਧਰਮ ਕੀ ਹੈ, ਧਰਮ ਕਰਮ ਕੀ ਹਨ, ਨਾਮ ਅਉਖਧ ਕੀ ਹੈ, ਸੱਚਾ ਜਪ ਤਪ ਕੀ ਹੈ, ਸ਼ਬਦ ਦੁਆਰਾ ਮਰਨਾ ਕੀ ਹੈ, ਜੁਗ ਕੀ ਹੈ, ਹਰ ਜੁਗ ਦਾ ਧਰਮ ਕੀ ਹੈ, ਨਾਮ ਬੀਜਣਾ ਕੀ ਹੈ, ਗੁਰੂ ਦੀ ਵਡਿਆਈ ਕਰਨਾ ਕੀ ਹੈ, ਗੁਰੂ ਦੇ ਅੱਗੇ ਸਾਡੇ ਬੋਲ ਬੋਲਣਾ ਕੀ ਹੈ, ਕਥਨੀ ਤੇ ਕਰਣੀ ਕੀ ਹੈ, ਪਾਪ ਪੁੰਨਿ ਕੀ ਹੈ, ਉਸਤਤਿ, ਨਿੰਦਾ ਕੀ ਹੈ, ਰਾਮ ਰਾਮ ਕਹਿਣਾ ਕੀ ਹੈ।

ਹੁਕਮ ਬੁਝਣਾ ਕੀ ਹੈ, ਪ੍ਰਮਾਤਮਾ ਹਰ ਕਿਸੇ ਨੂੰ ਆਪਣੇ ਹੁਕਮ ਵਿੱਚ ਕਿਵੇਂ ਚਲਾ ਰਿਹਾ ਹੈ, ਗਿਆਨ ਦੀ ਨੱਥ ਕੀ ਹੈ, ਚਾਰੇ ਜੁਗਾਂ ਵਿੱਚ ਨਾਮ ਕੀ ਹੈ, ਚਾਰੇ ਜੁਗਾਂ ਦਾ ਗੁਰੂ ਕੌਣ ਹੈ, ਚਾਰੇ ਜੁਗਾਂ ਦਾ ਧਰਮ ਕੀ ਹੈ, ਸਾਰੀ ਮਨੁੱਖਤਾ ਦਾ ਧਰਮ ਕੀ

ਹੈ, ਬਾਣੀ ਸਾਰੀ ਦੁਨੀਆਂ ਦੀ ਸਾਂਝੀ ਕਿਵੇਂ ਹੈ, ਖਾਲਸਾ ਬਣਨਾ ਕੀ ਹੈ, ਅਕਾਲ ਪੁਰਖ ਦੀ ਫੌਜ਼ ਕੀ ਹੈ, ਖਾਲਸਾ ਰਾਜ ਕੀ ਹੈ, ਰਾਮ ਰਾਜ ਕੀ ਹੈ, ਬਾਣੀ ਵਿੱਚ ਮਾਸ ਖਾਣ ਬਾਰੇ ਸ਼ਬਦਾਂ ਦੁਆਰਾ ਸੋਝੀ, ਸਾਡੇ ਨਾਲ ਅੱਗੇ ਕੀ ਜਾਂਦਾ ਹੈ, ਸਾਡਾ ਅੱਗਾ ਕਿਵੇਂ ਸੰਵਰਨਾ ਹੈ, ਸਾਡੇ ਸੱਜਣ ਕੌਣ ਹਨ, ਸਾਡੇ ਦੁਸ਼ਮਣ ਕੌਣ ਹਨ, ਜੋਤਿ ਕੀ ਹੈ, ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਕਿਵੇਂ ਵਰਤਦੀ ਹੈ, ਪ੍ਰਮਾਤਮਾ ਹਰ ਇੱਕ ਵਸਤੂ ਵਿੱਚ ਕਿਵੇਂ ਸਮਾਇਆ ਹੋਇਆ ਹੈ, ਗਿਆਨ ਕੀ ਹੈ, ਗਿਆਨ ਕਿੱਥੋਂ ਆਉਂਦਾ ਹੈ, ਬਾਣੀ ਕਿੱਥੋਂ ਆਈ ਹੈ ਤੇ ਕਿਵੇਂ ਆਈ ਹੈ, ਪ੍ਰਮਾਤਮਾ ਸਾਡੇ ਅੰਦਰ ਕਿਵੇਂ ਵਰਤ ਰਿਹਾ ਹੈ ਤੇ ਕਿੱਥੇ ਵਰਤ ਰਿਹਾ ਹੈ, ਅਕਥ ਕਥਾ ਕੀ ਹੈ, ਸ਼ਬਦ ਸੁਰਤਿ ਦੀ ਨੀਂਵ ਕੀ ਹੈ, ਤ੍ਰੈਗੁਣ, ਮਾਇਆ ਦੀ ਜੁਗਤਿ ਕੀ ਹੈ। ਚੌਥਾ ਪਦ ਕੀ ਹੈ, ਦੀਪਕ ਤੇ ਦੀਪਕ ਪਰਗਾਸਿਆ ਕੀ ਹੈ। ਸਾਡੇ ਅੰਦਰ ਪੁਠਾ ਕਮਲ ਕੀ ਹੈ, ਕਮਲ ਦਾ ਸਿਧਾ ਹੋਣਾ ਕੀ ਹੈ, ਕਮਲ ਦਾ ਖਿੜਨਾ ਕੀ ਹੈ।

ਨਿਰਗੁਣ ਸਰੂਪ, ਸਰਗੁਣ ਸਰੂਪ ਕੀ ਹੈ, ਨਿਰੰਕਾਰ ਰੂਪ ਕੀ ਹੈ, ਅਨੰਦ ਕੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਪ੍ਰਮਾਤਮਾ ਦੇ ਨਾਲ ਵਿਆਹ ਕੀ ਹੈ, ਪ੍ਰਮਾਤਮਾ ਦਾ ਸਾਡੇ ਅੰਦਰ ਪ੍ਰਗਟ ਹੋਣਾ ਕੀ ਹੈ, ਪ੍ਰਮਾਤਮਾ ਦੀ ਸਾਡੇ ਤੇ ਕ੍ਰਿਪਾ ਕੀ ਹੈ, ਅਰਦਾਸ ਕੀ ਹੈ, ਭਾਣਾ ਕੀ ਹੈ, ਸਾਡੇ ਅੰਦਰ ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਹੋਣਾ ਕੀ ਹੈ, ਮਨ ਕੀ ਹੈ, ਦਸਮ ਦੁਆਰ ਕੀ ਹੈ, ਸੱਚਖੰਡ ਕੀ ਹੈ, ਦਰਗਾਹ ਕੀ ਹੈ, ਪ੍ਰਮਾਤਮਾ ਦੇ ਮਹਿਲ ਕੀ ਹਨ, ਸਹਜ ਸਮਾਧ ਕੀ ਹੈ, ਸੁੰਨ ਸਮਾਧ ਕੀ ਹੈ, ਗੁਰੂ ਦਾ ਤੋਲ ਤੁਲਣਾ ਕੀ ਹੈ, ਹੌਲੀ ਮਤਿ, ਹੌਲੇ ਬੋਲ ਕੀ ਹਨ, ਗੁਰੂ ਅੱਗੇ ਨਿਵਣਾ ਕੀ ਹੈ, ਨਿਰਤ ਕਰਨਾ ਕੀ ਹੈ, ਸੱਚੀ ਸਿੱਖਿਆ ਕੀ ਹੈ, ਗੁਰੂ ਨਾਲ ਪਿਆਰ ਕੀ ਹੈ, ਮੋਹ ਕੀ ਹੈ, ਭਰਮ ਕੀ ਹੈ, ਮਾਇਆ ਤੋਂ ਨਿਰਲੇਪ ਹੋਣਾ ਕੀ ਹੈ, ਭੈ ਕੀ ਹੈ, ਭੈ ਤੋਂ ਪਾਰ ਪਾਉਣਾ ਕੀ ਹੈ, ਅਲਖ ਕੀ ਹੈ, ਬੀਜ ਬੀਜਣਾ ਕੀ ਹੈ, ਅਘੜੋ ਘੜਾਵੈ ਕੀ ਹੈ, ਅਪਿਉ ਪੀਓ ਕੀ ਹੈ, ਅਕਥ ਕਥਾ ਕੀ ਹੈ, ਉਰਵਾਰ ਪਾਰ ਕੀ ਹੈ, ਗਰਭ ਜੋਨ ਕੀ ਹੈ, ਕੋਟਿ ਜਨਮ ਕੀ ਹੈ, ਪਰਵਿਰਤਿ-ਨਿਰਵਿਰਤਿ ਕੀ ਹੈ, ਦੇਹੁਰਾ ਫਿਰੈ ਕੀ ਹੈ, ਰਥ ਕੀ ਹੈ, ਮੇਰੁ ਕੀ ਹੈ, ਚੀਰੀ ਕੀ ਹੈ, ਚੀਰੀ ਫਿਰਨਾ ਕੀ ਹੈ, ਪ੍ਰੇਮ ਪਾਉਣਾ ਕੀ ਹੈ, ਸੁੰਵੈ ਘਰ ਕਾ ਪਾਹੁਣਾ ਕੀ ਹੈ, ਸੁੰਵਾ ਘਰ ਕੀ ਹੈ, ਪਵਨ ਰੂਪ ਕੀ ਹੈ, ਬ੍ਰਹਮ ਗਿਆਨ ਰੂਪ ਕੀ ਹੈ, ਰਸਨਾ ਗਾਉਂਣਾ ਕੀ ਹੈ, ਇੰਦਰਿਆਂ ਨੂੰ ਕਾਬੂ ਕਰਨਾ ਕੀ ਹੈ, ਸਹਸ ਸਿਆਣਪ ਕੀ ਹੈ, ਅੱਖਰ ਕੀ ਹੈ, ਅੰਧਾ ਅੱਖਰ ਕੀ ਹੈ, ਰਾਗ ਰਤਨ ਪਰਵਾਰ ਪਰੀਆ ਕੀ ਹੈ, ਚਾਰ ਪਦਾਰਥ ਕੀ ਹੈ, ਸ਼ਬਦ ਰਤਨ ਕੀ ਹੈ, ਸ਼ਬਦ ਵਿਚਾਰ ਕੀ ਹੈ, ਨਿਜ ਘਰ ਕੀ ਹੈ, ਗੁਰੂ ਦੀ ਸੇਵਾ ਕੀ ਹੈ, ਗੁਰੂ ਦੀ ਪੂਜਾ ਕੀ ਹੈ, ਘਰ ਕੀ ਹੈ, ਮੰਦਰ ਕੀ ਹੈ, ਪਤਿ ਕੀ ਹੈ, ਗੁਰੂ ਵਾਲਾ ਬਣਨਾ ਕੀ ਹੈ, ਅਜਰ ਜਰਨਾ ਕੀ ਹੈ, ਅਚਰ ਚਰਨਾਂ ਕੀ ਹੈ, ਮਾਇਆ ਕੀ ਹੈ, ਮਾਇਆ ਦਾ ਛੱਲ ਕੀ ਹੈ, ਮਾਇਆ ਦੇ ਛੱਲ ਵਿੱਚੋਂ ਨਿਕਲਣਾ ਕੀ ਹੈ, ਭੇਡ ਦਾ ਲੇਲੇ ਨੂੰ ਚੁੰਗਣਾ ਕੀ ਹੈ, ਬਾਣੀ ਵਿੱਚ ਪਾਈ ਹੋਈ ਬੁਝਾਰਤ, ਮੁੰਦਾਵਣੀ ਕੀ ਹੈ, ਰਾਗ ਨਾਦ ਕੀ ਹੈ, ਗੁਰੂ ਗੁਰੂ ਕਰਨਾ ਕੀ ਹੈ, ਹਰਿ ਹਰਿ ਕਰਨਾ ਕੀ ਹੈ, ਰਾਮ ਨਾਮ ਕੀ ਹੈ, ਰਾਮ ਰਾਮ ਕਰਨਾ ਕੀ ਹੈ, ਵਾਹੁ ਵਾਹੁ ਕੀ ਹੈ, ਜਨਮ ਮਰਨ ਕੀ ਹੈ, ਮਨੁੱਖ ਕਿਥੋਂ ਆਉਂਦਾ ਹੈ, ਕਿੱਥੇ ਜਾਂਦਾ ਹੈ, ਪੂਰਬ ਜਨਮ ਕੀ ਹੈ, ਨਰਕ ਸਵਰਗ ਕੀ ਹੈ, ਸੁਖ ਦੁਖ ਕੀ ਹੈ, ਪਵਿੱਤਰ ਅਪਵਿੱਤਰ ਕੀ ਹੈ, ਦੁਬਿਧਾ, ਸਹਸਾ, ਦੁਚਿਤੀ ਕੀ ਹੈ, ਕਲਿ ਕੀ ਹੈ, ਰੋਗ ਕੀ ਹੈ, ਅਵਖਧ ਕੀ ਹੈ, ਸੁੱਚੀਆਂ ਚੁਲੀਆਂ ਕੀ ਹਨ, ਝਿਮ ਝਿਮ ਵਰਸੈ ਅੰਮ੍ਰਿਤ ਧਾਰਾ ਕੀ ਹੈ, ਪ੍ਰਮਾਤਮਾ ਦਾ ਘਰ ਕੀ ਹੈ, ਦਰਗਾਹ ਕੀ ਹੈ, ਦਰਬਾਰ ਕੀ ਹੈ, ਆਤਮਾ ਪਰਮਾਤਮਾ ਕੀ ਹੈ, ਸਰਵਰ ਕੀ ਹੈ, ਅਡੋਲ ਹੋਣਾ ਕੀ ਹੈ, ਅਸਥਿਰ ਹੋਣਾ ਕੀ ਹੈ, ਦਿਬ ਦ੍ਰਿਸ਼ਟਿ ਕੀ ਹੈ, ਸਉਣਾ, ਜਾਗਣਾ ਕੀ ਹੈ, ਕੀਰਤਨ ਕਰਨਾ ਕੀ ਹੈ, ਦੂਜਾ ਭਾਉ ਕੀ ਹੈ, ਹਨੇਰਾ ਚਾਨਣ ਕੀ ਹੈ, ਬਾਣੀ ਮੀਠੀ ਲਗਣਾ ਕੀ ਹੈ, ਭੁਗਤਿ ਕੀ ਹੈ, ਭੋਗਣਾ ਕੀ ਹੈ, ਗਤਿ ਅਵਗਤਿ ਕੀ ਹੈ, ਸੁੱਚਾ ਹੋਣਾ ਕੀ ਹੈ, ਨਿਰਮਲ ਕੀ ਹੈ, ਮੈਲਾ ਕੀ ਹੈ, ਲਾਹਾ ਤੋਟਾ ਕੀ ਹੈ, ਮੋਨੀ ਕੀ ਹੈ, ਉਦਾਸ ਹੋਣਾ ਕੀ ਹੈ, ਸੰਨਿਆਸੀ ਹੋਣਾ ਕੀ ਹੈ, ਜੋਗੀ ਹੋਣਾ ਕੀ ਹੈ, ਅਸਲ ਪੰਡਤ ਕੌਣ ਹੈ, ਜਪੁ ਤਪੁ ਸੰਜਮ ਕੀ ਹੈ, ਜਨੇਉ ਕੀ ਹੈ, ਸੁੱਚੀ ਪਾਕਸਾਲ ਕੀ ਹੈ, ਰਤਨਾ ਕੀ ਹੈ, ਨਵਾਜ ਅਦਾ ਕਰਨਾ ਕੀ ਹੈ, ਬੈਕੁੰਠ ਕੀ ਹੈ, ਤੁਰੀਆ ਅਵਸਥਾ ਕੀ ਹੈ, ਬੇਗਮਪੁਰਾ ਕੀ ਹੈ, ਪਾਹੁ ਨਿਵਲ ਕੀ ਹੈ, ਪੂੰਜੀ ਕੀ ਹੈ, ਲੋਕ ਪਰਲੋਕ ਕੀ ਹੈ, ਜਮ ਕੀ ਹਨ, ਜਮਾਂ ਦੀ ਮਾਰ ਕੀ ਹੈ, ਚਉਰਾਸੀ ਲੱਖ ਜੂਨਾਂ ਕੀ ਹਨ, ਜੂਨਾਂ ਵਿਚੋਂ ਨਿਕਲਣਾ ਕੀ ਹੈ, ਪ੍ਰਮਾਤਮਾ ਦੇ ਘਰ ਵਿਚ ਜਮਣਾ ਕੀ ਹੈ, ਮਨੁੱਖ ਦਾ ਜਨਮ-ਮਰਣ ਕੀ ਹੈ, ਅਮਰ ਹੋਣਾ ਕੀ ਹੈ, ਤੱਤ ਕੀ ਹੈ, ਅੰਤ ਜਾਣਨਾ ਕੀ ਹੈ, ਸ੍ਰਿਸ਼ਟੀ ਦੀ ਉਪਜ ਕਿਵੇਂ ਹੋਈ ਹੈ, ਸਾਇੰਸ ਦਾ ਜਨਮ ਕੀ ਹੈ, ਸ੍ਰਿਸ਼ਟੀ ਕਿਸ ਤਰੀਕੇ ਚੱਲ ਰਹੀ ਹੈ ਤੇ ਇਸੇ ਤਰ੍ਹਾਂ ਹੋਰ ਵੀ ਮਨੁੱਖ ਦੇ ਅਨੇਕਾਂ ਸਵਾਲ ਹਨ ਤੇ ਹਰ ਗੱਲ ਦਾ ਜਵਾਬ ਬਾਣੀ ਵਿਚ ਸਮਝਾਇਆ ਹੋਇਆ ਹੈ। ਇਹ ਲੇਖ ਬਹੁਤ ਵੱਡਾ ਹੈ ਤੇ ਪੂਰਾ ਲੇਖ ਪੜਨ ਤੋਂ ਬਾਅਦ ਮਨੁੱਖ ਨੂੰ ਹਰ ਗੱਲ ਦਾ ਸੱਚਾ ਜਵਾਬ ਮਿਲ ਜਾਵੇਗਾ। ਗੁਰਬਾਣੀ ਪੂਰਾ ਗੁਰੂ ਹੈ ਜਿਸ ਕੋਲ ਹਰ ਸਵਾਲ ਦਾ ਜਵਾਬ ਹੈ, ਕੇਵਲ ਗੁਰੂ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਸਭ ਤੋਂ ਵੱਡੀ ਗੱਲ ਇਹ ਕਿ **"ਮਨ"** ਕੀ ਹੈ, ਮਨੁੱਖ ਕੀ ਹੈ, ਪ੍ਰਮਾਤਮਾ ਕੀ ਹੈ, ਇਸ

ਸੰਸਾਰ ਦੇ ਬਣਨ ਦਾ ਸੱਚ ਕੀ ਹੈ, ਚਲਣ ਦਾ ਸੱਚ ਕੀ ਹੈ, ਪ੍ਰਮਾਤਮਾ ਦੀ ਖੇਡ ਕੀ ਹੈ ਭਾਵ ਸਭ ਕੁਝ ਸਮਝਾਂਗੇ। ਇੱਕ ਬਹੁਤ ਹੀ ਅਹਮ ਗੱਲ ਇੱਕ ਸ਼ਬਦ ਦੀਆਂ ਇਨਾਂ ਪੰਗਤੀਆਂ ਨਾਲ ਜੁੜੀ ਹੋਈ ਹੈ। **{ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥}** ਅੰਗ - 722-723 । ਇਸ ਸ਼ਬਦ ਨੂੰ ਜਾਨਣ ਦਾ, ਸਮਝਣ ਦਾ ਮਕਸਦ ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਜਾਣਨ ਦੇ ਨਾਲ ਜੁੜਿਆ ਹੋਇਆ ਹੈ, ਇਸ ਪੂਰੇ ਲੇਖ ਦੀ ਲਿਖਤ ਦੇ ਨਾਲ ਜੁੜਿਆ ਹੋਇਆ ਹੈ ਕਿ ਗੁਰਬਾਣੀ ਦੇ ਅੰਦਰ ਦੇ ਸ਼ਬਦਾਂ ਦੀ ਵਿਚਾਰ ਦਾ ਸੱਚ ਭਾਵ ਚੌਥੇ ਪਦ ਦੇ ਗਿਆਨ ਵਾਲਾ ਸੱਚ ਸੰਸਾਰ ਦੇ ਸਾਹਮਣੇ ਕਦੋਂ ਆਵੇਗਾ ਤੇ ਕਿਵੇਂ ਆਵੇਗਾ। ਇਸ ਗੱਲ ਦਾ ਫੈਂਸਲਾ ਗੁਰਬਾਣੀ ਗ੍ਰੰਥ ਦੀ ਰਚਨਾ ਕਰਨ ਵੇਲੇ ਅਕਾਲਪੁਰਖ ਨੇ ਸਦੀਆਂ ਪਹਿਲੇ ਹੀ ਉਪਰ ਵਾਲੇ ਸ਼ਬਦ ਰਾਹੀਂ ਕਰ ਦਿੱਤਾ ਹੋਇਆ ਹੈ। ਇਸ ਗੱਲ ਦੀ ਸਮਝ ਪੂਰਾ ਲੇਖ ਪੜਣ ਤੋਂ ਬਾਅਦ ਸੰਸਾਰ ਦੇ ਹਰ ਮਨੁੱਖ ਨੂੰ ਆਸਾਨੀ ਨਾਲ ਪੈ ਜਾਵੇਗੀ। ਇਸ ਲੇਖ ਦੇ ਵਿੱਚ ਸ਼ਬਦਾਂ ਦੀ ਵਿਆਖਿਆ ਕਰਨ ਤੋਂ ਪਹਿਲਾਂ ਅਸੀਂ ਹੁਣ ਤੱਕ ਗੁਰਬਾਣੀ ਬਾਰੇ ਜੋ ਵੀ ਵਿਚਾਰ ਸਾਂਝੀ ਕੀਤੀ ਹੈ ਉਨਾਂ ਸਾਰੀਆਂ ਗਲਾਂ ਨੂੰ ਹੁਣ ਲੇਖ ਦੇ ਸ਼ੁਰੂਆਤੀ ਅਗਲੇ ਪੰਨੇ ਤੋਂ ਲੈ ਕੇ ਲੇਖ ਦੇ ਆਖਰੀ ਪੰਨੇ ਤੱਕ ਸ਼ਬਦਾਂ ਦੀ ਵਿਆਖਿਆ ਰਾਹੀਂ ਬਰੀਕੀ ਨਾਲ ਸਮਝਦੇ ਹਾਂ, ਪ੍ਰਮਾਤਮਾ ਦੀ ਵੱਡੀ ਕਿਰਪਾ ਦੇ ਸਦਕੇ ਸਮਝਦੇ ਹਾਂ।

ੴ ਸਤਿਗੁਰ ਪ੍ਰਸਾਦਿ

"ਨਾਮ ਦਰਸ਼ਨ"

ਧੰਨ ਧੰਨ ਧੰਨ ਅਕਾਲ ਪੁਰਖ ਜੋ ਸਭ ਕੁੱਝ ਹੈ, ਸਭ ਕੁੱਝ ਆਪ ਹੀ ਹੈ ਪਰ ਕਿਸੇ ਨੂੰ ਆਪਣਾ ਆਪ ਜਣਾਉਂਦਾ ਨਹੀਂ ਹੈ।

ਧੰਨ ਧੰਨ ਧੰਨ ਗੁਰਬਾਣੀ ਜਿਸ ਦੁਆਰਾ ਅਕਾਲ ਪੁਰਖ ਸਦਾ ਹੀ ਪ੍ਰਗਟ ਹੈ।

ਧੰਨ ਧੰਨ ਧੰਨ ਉਹ ਸਰੀਰ ਜਿਨ੍ਹਾਂ ਰਾਹੀਂ ਉਸਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਗੁਰਬਾਣੀ ਦੀ ਰਚਨਾ ਕੀਤੀ ਹੈ।

ਧੰਨ ਧੰਨ ਧੰਨ ਗੁਰਬਾਣੀ ਦੀ ਸਿੱਖਿਆ ਜਿਸ ਨੂੰ ਮੰਨਣ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸਦੀ ਸੱਚੀ ਸੋਝੀ ਪੈਂਦੀ ਹੈ।

ਧੰਨ ਧੰਨ ਧੰਨ ਉਸਦੀ ਕ੍ਰਿਪਾ ਜਿਸ ਦੁਆਰਾ ਇਸ ਲੇਖ ਦੇ ਪਹਿਲੇ ਅੱਖਰ ਤੋਂ ਲੈ ਕੇ ਆਖਰੀ ਅੱਖਰ ਤੱਕ ਉਸਦੀ ਆਪਣੀ ਸੋਝੀ, ਉਸਦੀ "ਇੱਕ ਸੋਚ" ਸਮਾਈ ਹੋਈ ਹੈ।

ਧੰਨ ਗੁਰਬਾਣੀ ਨੂੰ ਸਮਝਣ ਲਈ ਸਾਡੇ ਲਈ ਸਭ ਤੋਂ ਜਰੂਰੀ ਗੱਲ "ਨਾਮ" ਨੂੰ ਸਮਝਣ ਦੀ ਹੈ ਤੇ ਨਾਮ ਨੂੰ ਸਮਝਣ ਤੋਂ ਪਹਿਲਾਂ ਸਾਡੇ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਮਨੁੱਖ ਦਾ ਪ੍ਰਮਾਤਮਾ ਨਾਲੋਂ ਵੱਖਰਾਪਨ ਕਿਵੇਂ ਬਣਿਆ ਹੋਇਆ ਹੈ ਭਾਵ ਪ੍ਰਮਾਤਮਾ ਨੇ ਸਾਨੂੰ ਆਪਣੇ ਨਾਲੋਂ ਵੱਖਰਾ ਕਿਹੜੀ ਵਿਧੀ ਨਾਲ ਕੀਤਾ ਹੋਇਆ ਹੈ। ਇਸ ਗੱਲ ਨੂੰ ਸਮਝਣ ਲਈ ਸਾਡਾ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ "ਹਉਮੈ" ਕੀ ਹੈ ਅਤੇ ਪ੍ਰਮਾਤਮਾ ਦਾ ਨਿਰਗੁਣ ਸਰੂਪ ਤੇ ਸਰਗੁਣ ਸਰੂਪ ਕੀ ਹੈ ਤੇ ਨਿਰਗੁਣ ਸਰਗੁਣ ਸਰੂਪ ਦਾ ਆਪਸ ਵਿੱਚ ਸੰਬੰਧ ਕੀ ਹੈ, ਉਹ ਕਿਸ ਤਰੀਕੇ ਨਾਲ ਮਨੁੱਖ ਦੇ ਅੰਦਰ ਵਰਤ ਰਿਹਾ ਹੈ ਤੇ ਮਨੁੱਖ ਨੂੰ ਆਪਣੇ ਅੰਦਰੋਂ ਸੋਝੀ ਕਿਉਂ ਨਹੀਂ ਪੈਂਦੀ ਤੇ ਉਹ ਸੋਝੀ ਪੈਂਦੀ ਕਿਵੇਂ ਹੈ।

ਇਸ ਦੇ ਨਾਲ ਹੀ ਇੱਕ ਵੱਡੀ ਗੱਲ ਜੋ ਸਮਝਣ ਦੀ ਲੋੜ ਹੈ ਉਹ ਗੁਰੂ ਅਤੇ ਪ੍ਰਮਾਤਮਾ ਦੇ ਰਿਸ਼ਤੇ ਨੂੰ ਸਮਝਣ ਦੀ ਹੈ। ਬਾਣੀ ਵਿੱਚ ਭਾਵੇਂ ਸਾਨੂੰ ਵਾਰ-ਵਾਰ ਇਹ ਗੱਲ ਸਮਝਾਈ ਗਈ ਹੈ ਕਿ ਗੁਰੂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ਪਰ ਫਿਰ ਵੀ ਜਦ ਤੱਕ ਸਾਨੂੰ ਇਸ "ਮਨ" ਦੀ ਸੋਝੀ ਨਹੀਂ ਪੈਂਦੀ, ਇਸ ਰਿਸ਼ਤੇ ਨੂੰ ਸਮਝਿਆ ਨਹੀਂ ਜਾ ਸਕਦਾ। ਜਿਉਂ-ਜਿਉਂ ਅਸੀਂ ਇਸ ਲੇਖ ਰਾਹੀਂ ਅੱਗੇ ਵਧਾਂਗੇ, ਇਸ ਮਨ ਬਾਰੇ ਜਾਣਾਗੇ ਕਿ ਇਹ ਮਨ ਕੀ ਹੈ, ਫਿਰ ਸਾਨੂੰ ਗੁਰੂ ਤੇ ਪ੍ਰਮਾਤਮਾ ਦਾ ਰਿਸ਼ਤਾ ਸਮਝ ਆਉਂਦਾ ਜਾਵੇਗਾ। ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਾਨੂੰ ਗੁਰੂ ਤੇ ਪ੍ਰਮਾਤਮਾ ਦਾ ਰਿਸ਼ਤਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਅਤੇ ਗੁਰੂ ਦੇ ਵਿੱਚ ਹਕੀਕਤ ਵਿੱਚ ਕੋਈ ਭੇਦ ਨਹੀਂ ਹੈ। ਜੁਗਾਂ-ਜੁਗਾਂ ਤੋਂ, ਜਦ ਤੋਂ ਵੀ ਇਹ ਸ੍ਰਿਸ਼ਟੀ ਹੋਂਦ ਵਿੱਚ ਆਈ ਹੈ, ਸਭ ਦਾ ਗੁਰੂ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ, ਗਿਆਨ ਦਾ ਮਾਲਕ ਉਹ ਆਪ ਹੀ ਹੈ, ਗਿਆਨ ਦਾ ਸ੍ਰੋਤ ਉਹ ਆਪ ਹੀ ਹੈ। ਇਸ ਗੱਲ ਦੀ ਸੋਝੀ ਸਾਨੂੰ ਜਿਉਂ-ਜਿਉਂ ਲੇਖ ਵਿੱਚ ਅੱਗੇ ਜਾਵਾਂਗੇ, ਜਿਉਂ-ਜਿਉਂ ਸ਼ਬਦਾਂ ਨੂੰ ਸਮਝਾਂਗੇ, ਤਾਂ ਹੀ ਪੈ ਸਕੇਗੀ। ਸਾਨੂੰ ਗੁਰਬਾਣੀ ਦੀ ਸਹੀ ਸੋਝੀ ਵੀ ਤਾਂ ਹੀ ਪਵੇਗੀ ਜਦੋਂ ਸਾਨੂੰ ਗੁਰੂ ਤੇ ਪ੍ਰਮਾਤਮਾ ਵਿੱਚ ਰਿਸ਼ਤੇ ਦੀ ਸਮਝ ਲੱਗ ਜਾਵੇਗੀ ਕਿ ਉਸ ਰਿਸ਼ਤੇ ਦਾ ਮੂਲ ਕੀ ਹੈ। ਇਸ ਮਨ ਦੀ ਸੋਝੀ ਪਏ ਬਿਨ੍ਹਾਂ ਨਾ ਸਾਨੂੰ ਆਪਣੇ ਆਪ ਦੀ ਸੋਝੀ ਪੈ ਸਕਦੀ ਹੈ ਤੇ ਨਾ ਹੀ ਗੁਰੂ ਪ੍ਰਮਾਤਮਾ ਦਾ ਰਿਸ਼ਤਾ ਸਮਝ ਆ ਸਕਦਾ ਹੈ। ਗੁਰਬਾਣੀ ਵਿੱਚ ਜੋ ਵੀ ਲਿਖਿਆ ਹੋਇਆ ਹੈ, ਉਹ ਉਸੇ ਤਰਾਂ ਹ ੂ ਬ ਹੂ ਸੱਚ ਹੈ।

{ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੩)

{ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥}

(ਅੰਗ ੨੫੦)

{ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥}

(ਅੰਗ ੧੩੯੫)

{ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥}

(ਅੰਗ ੭੫੯)

{ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥}

(ਅੰਗ ੧੪੦੮)

{ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥੧॥੮॥}

(ਅੰਗ ੪੪੨)

{ਨਾਨਕ ਸੋਧੇ ਸਿੰਮ੍ਰਿਤਿ ਬੇਦ॥
ਪਾਰਬ੍ਰਹਮ ਗੁਰ ਨਾਹੀ ਭੇਦ॥੪॥੧੧॥੨੪॥}

(ਅੰਗ ੧੧੪੨)

{ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥}

(ਅੰਗ ੫੩)

{ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥}

(ਅੰਗ ੮੬੪)

{ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ॥}

(ਅੰਗ ੭੭)

{ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥
ਆਠ ਪਹਰ ਨਾਨਕ ਗੁਰ ਜਾਪਿ॥੪॥੧੬॥੬੭॥}

(ਅੰਗ ੩੮੭)

{ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥}

(ਅੰਗ ੫੧੫)

{ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

{ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥੯॥}

(ਅੰਗ ੧੩੮੭)

{ਗੁਰ ਕਾ ਸਬਦੁ ਨ ਮੇਟੈ ਕੋਇ॥
ਗੁਰੁ ਨਾਨਕੁ ਨਾਨਕੁ ਹਰਿ ਸੋਇ॥੪॥੭॥੯॥}

(ਅੰਗ ੮੬੪)

ਗੁਰਬਾਣੀ ਅਸਲ ਵਿੱਚ ਪਰਮੇਸ਼ਰ ਦਾ ਹੀ ਰੂਪ ਹੈ, ਉਸਦੀ ਆਪਣੀ ਬਿਆਨ ਕੀਤੀ ਹੋਈ ਹਕੀਕਤ ਹੈ। ਗੁਰੂ ਅਤੇ ਪ੍ਰਮਾਤਮਾ ਦਾ ਰਿਸ਼ਤਾ ਸਮਝਣ ਲਈ ਸਾਨੂੰ ਸਭ ਤੋਂ ਪਹਿਲਾਂ ਪ੍ਰਮਾਤਮਾ ਦੇ ਨਿਰਗੁਣ ਸਰੂਪ ਨੂੰ ਜਾਨਣ ਦੀ ਲੋੜ ਹੈ, "ਹਉਮੈ" ਕੀ ਹੈ, ਇਸ ਨੂੰ ਸਮਝਣ ਦੀ ਲੋੜ ਹੈ। ਇਹ ਸਾਰੀਆਂ ਗੱਲਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ। ਹਉਮੈ ਦੀ ਸਮਝ ਆਏ ਬਿਨ੍ਹਾਂ ਨਾਮ ਦੀ ਸਮਝ ਪੈ ਹੀ ਨਹੀਂ ਸਕਦੀ। ਹਉਮੈ ਤੇ ਨਾਮ ਦੋਵੇਂ ਸਾਡੇ ਮਨ ਦੀਆਂ ਅਵੱਸਥਾਵਾਂ ਹੀ ਹਨ। ਸਾਡੇ ਅੰਦਰ ਜਾਂ ਹਉਮੈ ਹੈ, ਜਾਂ ਨਾਮ ਹੈ। ਇਹ ਦੋਨੋਂ ਅਵੱਸਥਾਵਾਂ ਇਕੱਠੀਆਂ ਨਹੀਂ ਹੋ ਸਕਦੀਆ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}

(ਅੰਗ ੫੬੦)

ਹਰ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਬਾਣੀ ਵਿੱਚ ਸਭ ਕੁੱਝ ਸਾਨੂੰ ਬੜੀ ਗਹਿਰਾਈ ਨਾਲ ਸਮਝਾਇਆ ਹੋਇਆ ਹੈ। ਕੇਵਲ ਧਿਆਨ ਨਾਲ ਸਮਝਣ ਦੀ ਲੋੜ ਹੈ। ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਪ੍ਰਮਾਤਮਾ ਸਾਡੇ ਸਭ ਵਿੱਚ ਆਪ ਹੀ ਵਰਤ ਰਿਹਾ ਹੈ ਅਤੇ ਸਭ ਵਿੱਚ ਸਮਾਇਆ ਹੋਇਆ ਹੈ। ਇਹ ਗੱਲ ਅਸੀਂ ਕਹਿ ਤਾਂ ਦਿੰਦੇ ਹਾਂ ਕਿ ਪ੍ਰਮਾਤਮਾ ਹੀ ਸਭ ਵਿੱਚ ਵਰਤਦਾ ਹੈ ਪਰ ਇਹ ਗੱਲ ਸਾਡੇ ਅੰਦਰ ਘਰ ਨਹੀਂ ਕਰਦੀ ਭਾਵ ਸਾਨੂੰ ਵਿਸ਼ਵਾਸ ਨਹੀਂ ਆਉਂਦਾ। ਪ੍ਰਮਾਤਮਾ ਸਾਡੇ ਅੰਦਰ ਕਿਵੇਂ ਵਰਤ ਰਿਹਾ ਹੈ ਤੇ ਸਭ ਵਿੱਚ ਕਿਵੇਂ ਸਮਾਇਆ ਹੋਇਆ ਹੈ, ਇਹ ਜਾਣੇ ਬਿਨ੍ਹਾਂ ਸਾਨੂੰ ਵਿਸ਼ਵਾਸ ਨਹੀਂ ਆ ਸਕਦਾ। ਇਹ ਵਿਸ਼ਵਾਸ ਕਰਨ ਲਈ ਪਹਿਲਾਂ ਸਾਨੂੰ ਆਪਣੇ ਆਪ ਦੀ ਸੋਝੀ ਪੈਣੀ ਜ਼ਰੂਰੀ ਹੈ ਕਿ ਅਸੀਂ ਅਸਲ ਵਿੱਚ ਕੀ ਹਾਂ। ਸਾਨੂੰ ਆਪਣੇ ਆਪ ਦੀ ਸੋਝੀ ਤਾਂ ਹੀ ਪੈ ਸਕਦੀ ਹੈ ਜਦੋਂ ਸਾਨੂੰ ਸਮਝ ਲੱਗ ਜਾਵੇ ਕਿ ਇਹ "ਮਨ" ਕੀ ਹੈ। ਇਸ ਮਨ ਦਾ ਤੇ ਮਨੁੱਖ ਦਾ ਆਪਸ ਵਿੱਚ ਰਿਸ਼ਤਾ ਕੀ ਹੈ। ਇਹ ਰਿਸ਼ਤਾ ਨਿਰਗੁਣ ਅਤੇ ਸਰਗੁਣ ਦਾ ਹੈ। ਸਰਗੁਣ ਸਰੂਪ ਸਾਨੂੰ ਨਜ਼ਰ ਆਉਂਦਾ ਹੈ ਪਰ ਨਿਰਗੁਣ ਸਰੂਪ ਨੂੰ ਕੋਈ ਦੇਖ ਨਹੀਂ ਸਕਦਾ ਕਿਉਂਕਿ ਉਹ ਸਰਗੁਣ ਰੂਪੀ ਅੱਖਾਂ ਦੁਆਰਾ, ਆਕਾਰ ਰੂਪੀ ਅੱਖਾਂ ਦੁਆਰਾ ਨਜ਼ਰ ਨਹੀਂ ਆ ਸਕਦਾ। ਉਸਨੂੰ ਦੇਖਣ ਵਾਲੀਆਂ ਅੱਖਾਂ ਵੱਖਰੀਆਂ ਹੀ ਹਨ।

ਸਲੋਕੁ॥
"ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥੧॥"

(ਅੰਗ ੧੦੯੯)

ਉਸ ਨਿਰਗੁਣ ਸਰੂਪ ਦੀ ਸੋਝੀ, ਨਿਰਗੁਣ, ਸਰਗੁਣ ਦਾ ਰਿਸ਼ਤਾ ਮਨ ਦੀਆਂ ਅੱਖਾਂ ਦੁਆਰਾ ਸਮਝ ਆਉਂਦਾ ਹੈ, ਮਨ ਦੇ ਵਿੱਚ ਪ੍ਰਕਾਸ਼ ਦੁਆਰਾ ਸਮਝ ਆਉਂਦਾ ਹੈ, ਮਨ ਦੇ ਵਿੱਚ ਤੱਤ ਗਿਆਨ ਉਪਜਣ ਦੇ ਨਾਲ ਸਮਝ ਆਉਂਦਾ ਹੈ ਤੇ ਤਾਂ ਹੀ ਮਨੁੱਖ ਵਿਸ਼ਵਾਸ ਕਰਦਾ ਹੈ ਕਿ ਸਭ ਵਿੱਚ ਪ੍ਰਮਾਤਮਾ ਹੀ ਵਰਤ ਰਿਹਾ ਹੈ।

{ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥}

(ਅੰਗ ੨੮੫)

ਪ੍ਰਮਾਤਮਾ ਦੇ ਨਿਰਗੁਣ ਸਰੂਪ ਨੂੰ ਉਸਦਾ ਸਰਗੁਣ ਸਰੂਪ ਬਣਨ ਤੋਂ ਬਾਅਦ ਹੀ ਸਮਝਿਆ ਜਾ ਸਕਦਾ ਹੈ। ਨਿਰਗੁਣ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਤੇ ਸਰਗੁਣ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ। ਸਰਗੁਣ ਰੂਪ ਪ੍ਰਮਾਤਮਾ ਦਾ ਉਹ ਰੂਪ ਹੈ ਜਿਸ ਰੂਪ ਵਿੱਚ ਉਸਨੇ ਆਪਣੇ ਗੁਣਾਂ ਨੂੰ ਪ੍ਰਗਟ ਕੀਤਾ ਹੋਇਆ ਹੈ ਭਾਵ ਉਨ੍ਹਾਂ ਗੁਣਾਂ ਨੂੰ ਦੇਖਿਆ ਜਾ ਸਕਦਾ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਜਿੱਥੇ ਪ੍ਰਮਾਤਮਾ ਨੇ ਆਪਣੇ ਬੇਅੰਤ ਗੁਣਾਂ ਨੂੰ ਪ੍ਰਗਟ ਕੀਤਾ ਹੋਇਆ ਹੈ। ਸਾਡਾ ਸਰੀਰ ਜੋ ਸਾਨੂੰ ਦਿਸਦਾ ਹੈ, ਇਹ ਸਰਗੁਣ ਰੂਪ ਹੈ ਜਿਸ ਦੀ ਰਚਨਾ ਪ੍ਰਮਾਤਮਾ ਨੇ ਇਸ ਸਰੀਰ ਵਿੱਚ ਅਨੇਕਾਂ ਗੁਣ ਪਾਉਣ ਦੁਆਰਾ ਕੀਤੀ ਹੋਈ ਹੈ ਤੇ ਇਸੇ ਤਰ੍ਹਾਂ ਹਰ ਆਕਾਰ ਰੂਪ , ਪੂਰੀ ਸ੍ਰਿਸ਼ਟੀ ਦੀ ਰਚਨਾ ਵਿੱਚ ਪ੍ਰਮਾਤਮਾ ਦੇ ਪਾਏ ਹੋਏ ਗੁਣ ਪ੍ਰਗਟ ਹਨ। ਨਿਰਗੁਣ ਰੂਪ ਪ੍ਰਮਾਤਮਾ ਦਾ ਉਹ ਰੂਪ ਹੈ ਜਿੱਥੇ ਉਸਦਾ ਆਕਾਰ ਰੂਪ ਨਹੀਂ ਹੈ ਬਲਕਿ ਨਿਰੰਕਾਰ ਰੂਪ ਹੈ ਜੋ ਰੂਪ ਦੇਖਿਆ ਨਹੀਂ ਜਾ ਸਕਦਾ ਭਾਵ ਉਸਦੇ ਗੁਣ ਨਜ਼ਰ ਨਹੀਂ ਆਉਂਦੇ। ਸਰਗੁਣ ਰੂਪ ਦੀ ਰਚਨਾ ਕਰਨ ਵਾਲਾ

ਨਿਰਗੁਣ ਰੂਪ ਹੈ ਭਾਵ ਆਕਾਰ ਰੂਪ ਦੀ ਰਚਨਾ ਕਰਨ ਵਾਲਾ ਨਿਰੰਕਾਰ ਰੂਪ ਹੈ। ਪ੍ਰਮਾਤਮਾ ਦਾ ਆਪਣਾ ਮੂਲ ਰੂਪ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ। ਸਰਗੁਣ ਰੂਪ ਨੂੰ ਬਣਾ ਕੇ ਉਸਨੂੰ ਚਲਾਉਣ ਵਾਲਾ ਨਿਰਗੁਣ ਰੂਪ ਹੈ ਭਾਵ ਆਪਣੇ ਆਕਾਰ ਰੂਪ ਦੀ ਰਚਨਾ ਕਰਕੇ ਉਸਨੂੰ ਚਲਾਉਣ ਵਾਲਾ ਨਿਰੰਕਾਰ ਰੂਪ ਹੈ। ਸਭ ਦੇ ਅੰਦਰ, ਹਰ ਆਕਾਰ ਰੂਪ ਦੇ ਅੰਦਰ ਪ੍ਰਮਾਤਮਾ ਦੀ ਹੀ ਜੋਤਿ ਵਰਤਦੀ ਹੈ। ਪ੍ਰਮਾਤਮਾ ਦੀ ਇਹ ਜੋਤਿ ਹੀ ਉਸਦਾ ਨਿਰੰਕਾਰ ਰੂਪ ਹੈ ਜਿਸ ਦੁਆਰਾ ਉਹ ਹਰ ਆਕਾਰ ਰੂਪ ਵਿੱਚ ਸਮਾਇਆ ਹੋਇਆ ਹੈ। ਲੇਖ ਵਿੱਚ ਅੱਗੇ ਚੱਲਕੇ ਇਹਨਾਂ ਸਾਰੀਆਂ ਗੱਲਾਂ ਨੂੰ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ।

{ਰਾਜ ਜੋਬਨ ਪ੍ਰਭ ਤੂੰ ਧਨੀ ॥
ਤੂੰ ਨਿਰਗੁਨ ਤੂੰ ਸਰਗੁਨੀ ॥੨॥} (ਅੰਗ - 211)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥} (ਅੰਗ - 287)

{ਨਿਰੰਕਾਰਿ ਆਕਾਰੁ ਉਪਾਇਆ ॥} (ਅੰਗ - 1066)

ਕਿਸੇ ਵੀ ਚੀਜ਼ ਦੇ ਇੱਕ ਰੂਪ ਨੂੰ ਸਮਝਣ ਲਈ ਉਸਦੇ ਦੂਸਰੇ ਰੂਪ ਦਾ ਹੋਣਾ ਜਰੂਰੀ ਹੈ। ਦੁੱਖ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਸੁੱਖ ਵੀ ਹੋਵੇ ਭਾਵ ਸੁੱਖ ਹੀ ਦੁੱਖ ਦੀ ਪਹਿਚਾਣ ਕਰਵਾ ਸਕਦਾ ਹੈ ਤੇ ਦੁੱਖ ਹੀ ਸੁੱਖ ਦੀ ਪਹਿਚਾਣ ਕਰਵਾ ਸਕਦਾ ਹੈ। ਵੱਡਾ ਛੋਟੇ ਦੀ ਪਹਿਚਾਣ ਕਰਾਉਂਦਾ ਹੈ ਤੇ ਛੋਟਾ ਵੱਡੇ ਦੀ। ਅਗਰ ਧਿਆਨ ਨਾਲ ਵਿਚਾਰੀਏ ਤਾਂ ਹਰ ਚੀਜ਼ ਦੇ ਦੋ ਪਹਿਲੂ ਹੁੰਦੇ ਹਨ ਤੇ ਇੱਕ ਰੂਪ ਉਸਦੇ ਦੂਸਰੇ ਰੂਪ ਦੀ ਪਹਿਚਾਣ ਕਰਾਉਂਦਾ ਹੈ। ਹੁਣ ਇਸ ਗੱਲ ਨੂੰ ਵਿਚਾਰੀਏ ਕਿ ਪ੍ਰਮਾਤਮਾ ਜੋ ਨਿਰਗੁਣ ਰੂਪ ਹੈ, ਜਿਸਦਾ ਕੋਈ ਆਕਾਰ ਨਹੀਂ ਹੈ, ਜਿਸ ਦਾ ਕੋਈ ਰੂਪ ਰੇਖ ਨਹੀਂ ਹੈ, ਜੋ ਪੰਜਾਂ ਤੱਤਾਂ ਤੋਂ ਵੀ ਬਾਹਰ ਹੈ, ਉਸਦੀ ਪਹਿਚਾਣ ਕਿਵੇਂ ਹੋਵੇ। ਉਹ ਤਾਂ ਹੀ ਹੋ ਸਕਦੀ ਹੈ ਜੇਕਰ ਉਸਦਾ ਕੋਈ ਸਰਗੁਣ ਸਰੂਪ ਹੋਵੇ। ਨਿਰਗੁਣ ਰੂਪ ਸਰਗੁਣ ਦੀ ਪਹਿਚਾਣ ਕਰਦਾ ਹੈ ਤੇ ਸਰਗੁਣ ਸਰੂਪ ਨਿਰਗੁਣ ਦੀ ਪਹਿਚਾਣ ਕਰਦਾ ਹੈ। ਪ੍ਰਮਾਤਮਾ ਉਦੋਂ ਵੀ ਸੀ ਜਦੋਂ ਇਹ ਸ੍ਰਿਸ਼ਟੀ ਨਹੀਂ ਸੀ ਬਣੀ, ਕੋਈ ਵੀ ਸਰਗੁਣ ਪਸਾਰਾ ਹੋਂਦ ਵਿੱਚ ਨਹੀਂ ਸੀ ਆਇਆ ਪਰ ਉਸਦੀ ਆਪਣੀ ਹੋਂਦ ਆਦਿ ਵਿੱਚ ਵੀ ਬਣੀ ਹੋਈ ਸੀ। ਉਹ ਉਦੋਂ ਵੀ ਨਿਰਗੁਣ ਰੂਪ ਵਿੱਚ ਸੀ ਤੇ ਹੁਣ ਵੀ ਨਿਰਗੁਣ ਰੂਪ ਵਿੱਚ ਹੀ ਵਰਤ ਰਿਹਾ ਹੈ। ਸਰਗੁਣ ਪਸਾਰਾ ਬਣਨ ਤੋਂ ਪਹਿਲਾਂ ਉਸ ਪ੍ਰਮਾਤਮਾ ਨੂੰ ਕੋਈ ਵੀ ਨਹੀਂ ਸੀ ਜਾਣ ਸਕਦਾ ਕਿਉਂਕਿ ਉਸ ਸਮੇਂ ਵਿੱਚ ਕੇਵਲ ਉਹ ਆਪਣੇ ਨਿਰਗੁਣ ਰੂਪ ਵਿੱਚ ਹੀ ਸੀ। ਜੇਕਰ ਪ੍ਰਮਾਤਮਾ ਇਹ ਚਾਹੇ ਕਿ ਉਸ ਨੂੰ ਕੋਈ ਜਾਣੇ ਫਿਰ ਉਸਦਾ ਇੱਕੋ ਇੱਕ ਤਰੀਕਾ ਇਹੀ ਹੈ ਕਿ ਉਹ ਆਪਣਾ ਕੋਈ ਸਰਗੁਣ ਸਰੂਪ ਬਣਾਵੇ। ਜੋ ਕੁੱਝ ਵੀ ਅਸੀਂ ਦੇਖਦੇ ਹਾਂ, ਜਾਂ ਜੋ ਕੁੱਝ ਸਾਡੇ ਦੇਖਣ ਸੁਣਨ ਤੋਂ ਵੀ ਬਾਹਰ ਹੈ, ਸਭ ਕੁੱਝ ਪ੍ਰਮਾਤਮਾ ਦਾ ਸਰਗੁਣ ਸਰੂਪ ਹੀ ਹੈ। ਸਾਰੇ ਸਰਗੁਣ ਪਸਾਰੇ ਵਿੱਚੋਂ ਕੇਵਲ ਇੱਕੋ ਇੱਕ ਮਨੁੱਖੀ ਰੂਪ ਪ੍ਰਮਾਤਮਾ ਨੇ ਇਹੋ ਜਿਹਾ ਬਣਾਇਆ ਹੈ ਜਿਸ ਰਾਹੀਂ ਉਸ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਨੂ ਜਾਨਣ ਲਈ ਮਨ ਦੇ ਪ੍ਰਕਾਸ਼ ਦੀ ਲੋੜ ਹੈ, ਮਨ ਵਿੱਚ ਗਿਆਨ ਦੇ ਪ੍ਰਕਾਸ਼ ਦੀ ਲੋੜ ਹੈ ਤੇ ਕੇਵਲ ਇੱਕ ਮਨੁੱਖੀ ਮਨ ਦੇ ਗਿਆਨ ਵਿੱਚ ਪ੍ਰਮਾਤਮਾ ਨੇ ਇਹ ਸਮਰੱਥਾ ਪਾਈ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ। ਹੋਰ ਹਰ ਸਰਗੁਣ ਪਸਾਰਾ ਪ੍ਰਮਾਤਮਾ ਨੂੰ ਜਾਨਣ ਵਿੱਚ ਸਮਰੱਥ ਨਹੀਂ ਹੈ। ਹਰ ਸਰਗੁਣ ਸਰੂਪ ਵਿੱਚ ਪ੍ਰਮਾਤਮਾ ਦੀ ਹੀ ਜੋਤਿ ਵਰਤਦੀ ਹੈ ਜੋ ਕਿ ਹਰ ਸਰਗੁਣ ਵਸਤੂ ਵਿੱਚ ਉਸਦਾ ਆਪਣਾ ਨਿਰਗੁਣ ਰੂਪ ਹੈ। ਇਹ ਜੋਤਿ ਹੀ ਉਸ ਦਾ ਸ਼ਬਦ ਰੂਪ ਹੈ, ਨਾਮ ਰੂਪ ਹੈ, ਉਸਦਾ ਗੁਪਤ ਰੂਪ ਹੈ, ਜੋ ਸਭ ਵਿੱਚ ਵਰਤ ਰਿਹਾ ਹੈ।

{ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ॥
ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥}

(ਅੰਗ ੬੫੪)

{ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥}

(ਅੰਗ ੪)

"ਗੋਣੀ" ਤੋਂ ਭਾਵ ਹੈ, ਆਪਣੀ ਸ੍ਰਿਸ਼ਟੀ ਨੂੰ ਬਣਾ ਕੇ, ਆਪਣਾ ਸਰਗੁਣ ਪਸਾਰਾ ਬਣਾ ਕੇ ਉਸਨੂੰ ਚਲਾਉਣ ਦਾ ਤਰੀਕਾ ਵੀ ਉਸਨੇ ਆਪ ਹੀ ਬਣਾਇਆ ਹੋਇਆ ਹੈ ਜਿਵੇਂ ਕਿ ਇਹ ਗੱਲ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਸਮਝਾਈ ਹੋਈ ਹੈ। ਪ੍ਰਮਾਤਮਾ ਆਪਣੇ ਸਾਰੇ ਪਸਾਰੇ ਨੂੰ ਆਪਣੀ ਜੋਤਿ ਦੁਆਰਾ, ਆਪਣੇ ਸ਼ਬਦ ਦੁਆਰਾ ਚਲਾ ਰਿਹਾ ਹੈ, ਜਿਸਦੀ ਸੋਝੀ ਸਾਨੂੰ ਲੇਖ ਵਿੱਚ ਅੱਗੇ ਜਾ ਕੇ ਸਪੱਸ਼ਟ ਹੁੰਦੀ ਜਾਵੇਗੀ। ਪ੍ਰਮਾਤਮਾ ਦਾ ਨਿਰਗੁਣ ਰੂਪ ਉਸਦੀ "ਜੋਤਿ" ਹੈ ਤੇ ਉਸਦੇ ਨਿਰਗੁਣ ਰੂਪ ਨੂੰ ਉਸਦੀ ਜੋਤਿ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਸਾਡਾ ਸਰਗੁਣ ਰੂਪ, ਆਕਾਰ ਰੂਪ ਉਸ ਦੀ ਜੋਤਿ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ। **(ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥ ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥1॥) ਅੰਗ -੭੪੬** ਭਾਵ ਜੇਕਰ ਪ੍ਰਮਾਤਮਾ ਆਪਣੀ ਜੋਤਿ ਦੇ, ਆਪਣੇ ਆਪ ਦੇ ਦਰਸ਼ਨ ਕਰਵਾਉਣਾ ਚਾਹੁੰਦਾ ਹੈ, ਫਿਰ ਇਸ ਲਈ ਇੱਕ ਸਰਗੁਣ ਸਰੂਪ ਦਾ ਹੋਣਾ ਜਰੂਰੀ ਹੈ ਜਿਸ ਵਿੱਚ ਉਹ ਆਪਣੇ ਆਪ ਨੂੰ ਟਿਕਾ ਕੇ, ਰੱਖ ਕੇ, ਆਪਣੇ ਆਪ ਨੂੰ ਪ੍ਰਗਟ ਕਰ ਸਕੇ। ਮਨੁੱਖ ਦੇ ਆਕਾਰ ਰੂਪ ਵਿੱਚ ਉਸਦੀ ਜੋਤਿ ਸਾਡਾ ਮਨ ਹੈ, ਜੋ ਸਾਡੇ ਸਰੀਰ ਨੂੰ ਭਾਵ ਸਾਡੇ ਸਰਗੁਣ ਸਰੂਪ ਨੂੰ ਚਲਾਉਂਦਾ ਹੈ। ਇਸ ਮਨ ਦੀ ਸੋਝੀ ਪੈਣਾ ਹੀ ਜੋਤਿ ਦੀ ਸੋਝੀ ਪੈਣਾ ਹੈ, ਆਪਣੇ ਅੰਦਰ ਦੀ ਜੋਤਿ ਨੂੰ ਜਾਨਣਾ ਹੈ।

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਨੁ॥}

(ਅੰਗ ੪੪੧)

ਸਭ ਦਾ ਮੂਲ ਇੱਕੋ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ, ਜੋ ਕਿ ਨਿਰਗੁਣ ਰੂਪ ਹੈ ਤੇ ਹਰ ਸਰਗੁਣ ਰੂਪ ਨੂੰ ਬਣਾਉਣ ਵਾਲਾ ਉਹ ਆਪ ਹੈ ਭਾਵ ਸਾਡਾ ਮੂਲ ਨਿਰਗੁਣ ਰੂਪ ਹੈ ਜਿਸ ਨੂੰ ਜਾਨਣ ਦਾ ਜ਼ਰੀਆ ਸਾਡਾ ਸਰਗੁਣ ਰੂਪ ਹੈ, ਸਾਡਾ ਸਰੀਰ ਹੈ, ਸਾਡੀ ਮਨੁੱਖੀ ਹੋਂਦ ਹੈ ਭਾਵ ਇਸ ਮਨੁੱਖੀ ਹੋਂਦ ਦੇ ਬਣੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਇਸੇ ਲਈ ਸਾਡੀ ਮਨੁੱਖਾ ਦੇਹ ਦੇ ਵਿੱਚ ਪ੍ਰਮਾਤਮਾ ਦੇ ਨਾਲ ਮਿਲਣ ਨੂੰ ਉੱਚਾ ਕਿਹਾ ਹੈ, ਉਸਦੀ ਕਿਰਪਾ ਕਿਹਾ ਹੈ ਭਾਵ ਪਰਮਾਤਮਾ ਦੇ ਨਾਲ ਮਿਲਣ ਦਾ ਜਰੀਆ ਇਹ ਮਨੁੱਖੀ ਦੇਹ ਹੀ ਹੈ। ਉਸਦੀ ਜੋਤਿ ਟਿਕਾਉਣ ਲਈ, ਜਿੱਥੋਂ ਉਸਦੀ ਜੋਤਿ ਨੂੰ ਸਮਝਿਆ ਜਾ ਸਕਦਾ ਹੈ ਭਾਵ ਜਿੱਥੋਂ ਪ੍ਰਮਾਤਮਾ ਦੀ ਜੋਤਿ ਨੂੰ, ਉਸਦੇ ਨਿਰਗੁਣ ਰੂਪ ਨੂੰ ਸਮਝਿਆ ਜਾ ਸਕਦਾ ਹੈ, ਉਹ ਮਨੁੱਖ ਦਾ ਸਰਗੁਣ ਸਰੂਪ ਹੈ। ਇਸ ਸਰਗੁਣ ਸਰੀਰ ਦੇ ਅੰਦਰ ਮਨ ਨਿਰਗੁਣ ਰੂਪ ਵਿੱਚ ਟਿਕਿਆ ਹੋਇਆ ਹੈ ਜੋ ਸਾਡੇ ਸਰੀਰ ਨੂੰ ਚਲਾਉਣ ਵਾਲਾ ਹੈ।

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ॥
ਵਿਚਿ ਮਨ ਕੋਟਵਰੀਆ॥ ਨਿਜ ਮੰਦਰਿ ਪਿਰੀਆ॥
ਤਹਾ ਆਨਦ ਕਰੀਆ॥ ਨਹ ਮਰੀਆ ਨਹ ਜਰੀਆ॥੧॥}

(ਅੰਗ ੭੪੬)

ਪ੍ਰਮਾਤਮਾ ਆਪ ਨਿਰਗੁਣ ਸਰੂਪ ਹੈ ਤੇ ਹਰ ਸਰਗੁਣ ਸਰੂਪ ਨੂੰ ਬਣਾ ਕੇ ਉਸ ਦੇ ਵਿੱਚ ਉਹ ਆਪਣੇ ਨਿਰਗੁਣ ਸਰੂਪ ਦੁਆਰਾ ਵਸਿਆ ਹੋਇਆ ਹੈ ਜੋ ਸਾਨੂੰ ਅੱਖਾਂ ਰਾਹੀਂ ਨਜ਼ਰ ਨਹੀਂ ਆ ਸਕਦਾ।

{ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ॥}

(ਅੰਗ ੪੬੯)

"ਜਾਤਿ ਮਹਿ ਜੋਤਿ" ਤੋਂ ਭਾਵ ਹੈ ਜਿੱਥੇ ਪ੍ਰਮਾਤਮਾ ਨੇ ਆਪਣੀ ਜੋਤਿ ਰੱਖੀ ਹੋਈ ਹੈ, ਹਰ ਮਨੁੱਖੀ ਸਰੀਰ ਵਿੱਚ ਪ੍ਰਮਾਤਮਾ ਦੀ ਜੋਤਿ ਹੀ ਵਰਤ ਰਹੀ ਹੈ। ਇਹ ਜੋਤਿ ਸਾਡਾ ਮਨ ਹੈ ਅਤੇ ਅਸੀਂ ਜੋ ਕੁੱਝ ਵੀ ਜਾਣਦੇ ਹਾਂ ਭਾਵ ਸਾਨੂੰ ਜੋ ਕੁੱਝ ਵੀ ਸੋਝੀ ਪੈਂਦੀ ਹੈ, ਇਸ ਜੋਤਿ ਦੇ ਵਿੱਚੋ ਹੀ ਪੈਂਦੀ ਹੈ, ਇਸ ਮਨ ਦੇ ਦੁਆਰਾ ਹੀ ਪੈਂਦੀ ਹੈ। **(ਜੋਤਿ ਮਹਿ ਜਾਤਾ)** ਸਾਨੂੰ ਆਪਣੇ ਮਨ ਦੇ ਵਿੱਚੋਂ ਹੀ ਇਹ ਸੋਝੀ ਪੈਂਦੀ ਹੈ ਕਿ ਸਭ ਜਗ੍ਹਾ ਪ੍ਰਮਾਤਮਾ ਦੀ ਕਲਾ ਵਰਤ ਰਹੀ ਹੈ ਜਿਸ ਦੀ ਸਾਨੂੰ ਸਮਝ ਨਹੀਂ ਪੈਂਦੀ ਕਿ ਇਹ ਕਲਾ ਕੀ ਹੈ। ਸਭ ਨੂੰ ਪ੍ਰਮਾਤਮਾ ਨੇ ਮਨ ਦੀ "ਕਲਿ" ਦੇ ਵਿੱਚ ਰੱਖਿਆ ਹੋਇਆ ਹੈ ਤੇ ਉਹ ਆਪ ਇਸ "ਕਲਿ" ਤੋਂ ਬਾਹਰ ਹੈ ਭਾਵ "ਅਕਲਿ" ਹੈ। ਇਹ ਕਲਿ ਕੀ ਹੈ ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਮਨ ਦੀ ਇਸ

ਕਲਿ ਵਿੱਚੋਂ ਨਿਕਲੇ ਬਿਨ੍ਹਾਂ ਕੋਈ "ਅਕਲਿ" ਨਹੀਂ ਹੋ ਸਕਦਾ ਤੇ ਨਾ ਹੀ ਪ੍ਰਮਾਤਮਾ ਦੀ ਕਲਾ ਦੀ ਸਮਝ ਲੱਗ ਸਕਦੀ ਹੈ ਜਿਸ ਕਲਾ ਦੁਆਰਾ ਉਹ ਕਲਾਕਾਰ ਇਸ ਸ੍ਰਿਸ਼ਟੀ ਨੂੰ ਬਣਾ ਕੇ ਆਪਣੀ ਕਲਾ ਦੁਆਰਾ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦੀ ਇਹ "ਕਲਾ" "ਸਾਇੰਟਿਫਿਕ ਕਲਾ" ਭਾਵ ਵਿਗਿਆਨਕ ਕਲਾ ਹੈ ਜਿਸਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਪ੍ਰਮਾਤਮਾ ਆਪਣੀ ਇਸ ਕਲਾ ਦੁਆਰਾ ਹੀ ਸਭ ਜਗ੍ਹਾ ਭਰਪੂਰ ਹੈ, ਸਮਾਇਆ ਹੋਇਆ ਹੈ ਤੇ ਉਸ ਦੀ ਕਲਾ ਦੀ ਸਮਝ ਵੀ ਮਨ ਦੇ ਵਿੱਚੋਂ ਹੀ ਲੱਗ ਸਕਦੀ ਹੈ ਭਾਵ ਜੋਤਿ ਰਾਹੀਂ ਹੀ ਲੱਗ ਸਕਦੀ ਹੈ ਜਦੋਂ ਪ੍ਰਮਾਤਮਾ ਮਨੁੱਖੀ ਸਮਝ ਨੂੰ ਕਲਿ ਵਿੱਚੋਂ ਕੱਢ ਲੈਂਦਾ ਹੈ ਤੇ ਸਾਡੀ ਸਮਝ ਨੂੰ ਅਕਲਿ ਭਾਵ ਕਲਿ ਰਹਿਤ ਬਣਾ ਦਿੰਦਾ ਹੈ। ਪ੍ਰਮਾਤਮਾ ਦੀ ਸਿਫਤ ਤਾਂ ਹੀ ਹੁੰਦੀ ਹੈ ਜਦੋਂ ਉਸਦੀ ਕਲਾ ਦੀ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਕਿਸ ਤਰੀਕੇ ਸਭ ਜਗ੍ਹਾ ਭਰਪੂਰ ਹੈ ਤੇ ਸਭ ਕੁੱਝ ਉਹ ਆਪ ਹੀ ਹੈ।

ਪ੍ਰਮਾਤਮਾ ਦੀ ਸਿਫਤ ਸਾਲਾਹ ਅਸੀਂ ਕਿਵੇਂ ਕਰਨੀ ਹੈ, ਇਸ ਦੀ ਸੋਝੀ ਸਾਨੂੰ ਬਾਣੀ ਵਿੱਚ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਪਾਈ ਹੋਈ ਹੈ ਜਿਸਨੂੰ ਅਸੀਂ ਸ਼ਬਦਾਂ ਦੀ ਵਿਆਖਿਆ ਦੁਆਰਾ ਅੱਗੇ ਚੱਲ ਕੇ ਪੂਰੀ ਬਰੀਕੀ ਨਾਲ ਸਮਝਾਂਗੇ ਤੇ ਜਾਣਾਗੇ ਕਿ ਪਾਰ ਪਾਉਣਾ ਕੀ ਹੈ ਤੇ ਪਾਰ ਪਾਇਆ ਕਿਵੇਂ ਜਾ ਸਕਦਾ ਹੈ।

ਇਹ ਤਾਂ ਹਰ ਕੋਈ ਸਮਝਦਾ ਹੈ ਕਿ ਨਿਰਗੁਣ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਅਤੇ ਸਰਗੁਣ ਰੂਪ ਵਿੱਚ ਵੀ ਆਪ ਹੈ। ਪ੍ਰਮਾਤਮਾ ਦਾ ਨਿਰਗੁਣ ਰੂਪ ਉਸਦੇ ਸਰਗੁਣ ਰੂਪ ਦੇ ਵਿੱਚ ਹੀ ਟਿਕਿਆ ਹੋਇਆ ਹੈ ਪਰ ਫਿਰ ਵੀ ਸਰਗੁਣ ਸਰੂਪ ਨੂੰ ਉਸ ਦੀ ਸੋਝੀ ਨਹੀਂ ਪੈਂਦੀ। ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਦੋਨਾਂ ਵਿੱਚੋਂ ਉੱਚਾ ਰੂਪ ਕਿਸ ਦਾ ਹੈ। ਉੱਚਾ ਰੂਪ ਨਿਰਗੁਣ ਰੂਪ ਹੈ ਜੋ ਕਿ ਸਰਗੁਣ ਰੂਪ ਦੇ ਬਣਾਉਣ ਵਾਲਾ ਹੈ। ਸਰਗੁਣ ਰੂਪ ਸਭ ਮਾਇਆ ਰੂਪ ਹੈ, ਪੰਜ ਤੱਤਾਂ ਦਾ ਬਣਿਆ ਹੋਇਆ ਰੂਪ ਹੈ। ਸਰਗੁਣ ਰੂਪ ਨੂੰ ਰਚਣ ਵਾਲਾ ਨਿਰਗੁਣ ਸਰੂਪ ਹੈ।

{ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥}

(ਅੰਗ ੭੩੬)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ਕਲਾ ਧਾਰਿ ਜਿਨਿ ਸਗਲੀ ਮੋਹੀ॥}

(ਅੰਗ ੨੮੭)

ਸਰਗੁਣ ਸਰੂਪ ਦਾ ਮਾਲਕ ਨਿਰਗੁਣ ਸਰੂਪ ਹੈ। ਸਰਗੁਣ ਸਰੂਪ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਨਿਰਗੁਣ ਰੂਪ ਹੈ, ਜੋਤਿ ਰੂਪ ਹੈ, ਸ਼ਬਦ ਰੂਪ ਹੈ। ਨਿਰਗੁਣ ਰੂਪ ਦੇ ਸਾਡੇ ਅੰਦਰ ਵਰਤਦੇ ਹੋਏ ਵੀ, ਉਸ ਮਾਲਕ ਦੇ ਸਾਡੇ ਅੰਦਰ ਵਰਤਦੇ ਹੋਏ ਵੀ ਉਸ ਦੀ ਸੋਝੀ ਸਾਨੂੰ ਕਿਉਂ ਨਹੀਂ ਪੈਂਦੀ, ਇਸ ਵਿੱਚ ਸਾਡਾ ਕੋਈ ਜ਼ੋਰ ਨਹੀਂ ਚੱਲਦਾ। ਜੋ ਸਰਗੁਣ ਰੂਪ ਦਾ ਮਾਲਕ ਹੈ, ਭਾਵ ਜੋ ਆਪ ਨਿਰਗੁਣ ਰੂਪ ਹੈ, ਉਸ ਦੀ ਮਰਜ਼ੀ ਬਿਨ੍ਹਾਂ ਉਸ ਨੂੰ ਕੋਈ ਨਹੀਂ ਜਾਣ ਸਕਦਾ। ਨਿਰਗੁਣ ਰੂਪ "ਮਨ" ਹੈ ਜਿਸ ਨੂੰ ਕਿ ਅਸੀਂ ਆਪਣਾ ਸਮਝਦੇ ਹਾਂ ਭਾਵ ਇਸ ਨਿਰਗੁਣ ਮਨ ਨੂੰ ਅਸੀਂ ਆਪਣਾ ਸਮਝਦੇ ਹਾਂ। ਬਸ ਇੱਥੇ ਹੀ ਸਾਰਾ ਭੁਲੇਖਾ ਹੈ। ਅਸੀਂ ਨਿਰਗੁਣ ਰੂਪ ਦੇ ਮਾਲਕ ਕਿਵੇਂ ਬਣ ਸਕਦੇ ਹਾਂ, ਸਰਗੁਣ ਸਰੂਪ ਆਪਣੇ ਆਪ ਨੂੰ ਨਿਰਗੁਣ ਰੂਪ ਦਾ ਮਾਲਕ ਕਿਵੇਂ ਕਹਿ ਸਕਦਾ ਹੈ ਜਦਕਿ ਮਾਲਕ ਤਾਂ ਨਿਰਗੁਣ ਰੂਪ ਹੈ ਜੋ ਸਰਗੁਣ ਰੂਪ ਨੂੰ ਬਣਾਉਣ ਵਾਲਾ ਹੈ। ਸਾਰਾ ਭੇਦ ਇਸ ਮਨ ਦੇ ਵਿੱਚ ਹੀ ਹੈ ਕਿਉਂਕਿ ਸਾਨੂੰ ਸਭ ਕੁੱਝ ਸਮਝਾਉਣ ਵਾਲਾ ਇਹ ਮਨ ਹੀ ਹੈ। ਸਾਨੂੰ ਹਰ ਭੁਲੇਖਾ ਮਨ ਦੇ ਵਿੱਚੋਂ ਹੀ ਪੈਂਦਾ ਹੈ ਤੇ ਜਿਹੜਾ ਨਿਰਗੁਣ ਰੂਪ ਹੈ ਉਹੀ ਭੁਲੇਖਾ ਪਾ ਸਕਦਾ ਹੈ, ਪ੍ਰਮਾਤਮਾ ਆਪ ਹੀ ਭੁਲੇਖਾ ਪਾ ਸਕਦਾ ਹੈ। ਸਰਗੁਣ ਸਰੂਪ ਨੂੰ ਨਿਰਗੁਣ ਰੂਪ ਤੋਂ ਵੱਖਰਾ ਕਰਨ ਵਾਲਾ, ਵੱਖਰਾ ਰੱਖਣ ਵਾਲਾ ਇਹ ਭਰਮ ਹੈ, ਭਰਮ ਦਾ ਪੜਦਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਇਹ ਹੀ ਸਾਡੀ ਸਹਸਾ ਹੈ, ਸਾਡੀ ਦੁਚਿੱਤੀ ਹੈ, ਸਾਡੀ ਦੁਬਿਧਾ ਹੈ, ਮਾਇਆ ਦਾ ਪੜਦਾ ਹੈ, "ਹਉਮੈ" ਦਾ ਪੜਦਾ ਹੈ ਜਿਸ ਦਾ ਜ਼ਿਕਰ ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ। ਸਾਡੇ ਅੰਦਰ ਇਹ ਭਰਮ ਦਾ ਪੜਦਾ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਦੁਆਰਾ ਉਸਨੇ ਆਪਣੇ ਸਰਗੁਣ ਤੇ ਨਿਰਗੁਣ ਸਰੂਪ ਨੂੰ ਵੱਖਰਾ ਕੀਤਾ ਹੋਇਆ ਹੈ। ਨਿਰਗੁਣ ਸਰੂਪ ਸਰਗੁਣ ਸਰੂਪ ਨੂੰ ਸਮਝਦਾ ਹੈ ਕਿਉਂਕਿ ਉਹ ਆਪ ਉਸ ਨੂੰ ਬਣਾਉਣ ਤੇ ਚਲਾਉਣ ਵਾਲਾ ਹੈ ਪਰ ਇਹ ਦੋਨਾਂ ਦੇ ਵਿੱਚ ਭਰਮ ਦਾ ਪੜਦਾ, ਸਰਗੁਣ ਸਰੂਪ ਨੂੰ ਨਿਰਗੁਣ ਸਰੂਪ ਸਮਝਣ ਵਿੱਚ ਅਸਮਰੱਥ ਕਰ ਦਿੰਦਾ ਹੈ। ਇਹ ਭਰਮ ਦਾ ਪੜਦਾ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਮਨੁੱਖ ਨੂੰ ਤ੍ਰੈਗੁਣਾਂ ਵਿੱਚ ਰੱਖਦੀ ਹੈ। ਅਸਲ ਵਿੱਚ ਤ੍ਰੈਗਣ ਤੇ ਚੌਥੇ ਪਦ ਦਾ ਸ੍ਰੋਤ ਇੱਕ ਹੀ ਹੈ ਜੋ ਕਿ ਇਹ ਮਨ ਹੈ। ਮਨ ਹੀ ਚੌਥੇ ਪਦ ਦੇ ਗਿਆਨ ਦਾ ਸ੍ਰੋਤ ਹੈ ਤੇ ਮਨ ਦੇ ਵਿੱਚੋਂ ਹੀ ਤ੍ਰੈਗੁਣਾਂ ਵਾਲਾ ਗਿਆਨ ਆਉਂਦਾ ਹੈ। ਅਸਲ ਵਿੱਚ ਭਰਮ ਦਾ ਪੜਦਾ ਤ੍ਰੈਗੁਣੀ ਗਿਆਨ ਤੇ ਚੌਥੇ ਪਦ ਦੇ ਗਿਆਨ ਦੇ ਵਿੱਚ

ਦਾ ਅੰਤਰ ਹੈ। ਤ੍ਰੈਗੁਣਾਂ ਵਾਲਾ ਗਿਆਨ ਸਾਡੀ ਸਮਝ ਨੂੰ ਨੀਵੀਂ ਬਣਾ ਕੇ ਰੱਖਦਾ ਹੈ, ਨਾਸਮਝ ਬਣਾ ਕੇ ਰੱਖਦਾ ਹੈ, ਭਰਮਾਂ ਵਿੱਚ ਪਾ ਕੇ ਰੱਖਦਾ ਹੈ ਤੇ ਚੌਥੇ ਪਦ ਦੇ ਗਿਆਨ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। ਸੰਸਾਰ ਨੂੰ ਪ੍ਰਮਾਤਮਾ ਨੇ ਮਨੁੱਖੀ ਦੇਹ ਦਾ ਸਰੂਪ ਦੇ ਕੇ, ਸਰਗੁਣ ਸਰੂਪ ਬਣਾ ਕੇ ਉਸਨੂੰ ਤ੍ਰੈਗੁਣੀ ਗਿਆਨ ਵਿੱਚ ਰੱਖਿਆ ਹੋਇਆ ਹੈ। ਹਰ ਕਿਸੇ ਵਿੱਚ ਇਹ ਮਾਇਆ ਦੀ ਜੁਗਤਿ ਹੀ ਵਰਤ ਰਹੀ ਹੈ। ਇਹ ਸਭ ਕੁੱਝ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਾਨੂੰ ਸਮਝਾਇਆ ਹੋਇਆ ਹੈ ਪਰ ਮਨ ਦੀ ਸੋਝੀ ਨਾ ਪੈਣ ਕਰਕੇ ਅਸੀਂ ਉਹਨਾਂ ਨੂੰ ਸਮਝ ਨਹੀਂ ਸਕਦੇ। ਲੇਖ ਵਿੱਚ ਕਾਫੀ ਅੱਗੇ ਚੱਲ ਕੇ ਅਸੀਂ ਇਹਨਾਂ ਮਨ ਨਾਲ ਸੰਬੰਧਿਤ ਸ਼ਬਦਾਂ ਨੂੰ ਵਿਸਥਾਰ ਨਾਲ ਸਮਝਾਂਗੇ ਤੇ ਤਾਂ ਹੀ ਸਾਨੂੰ ਸਮਝ ਆਵੇਗੀ ਕਿ ਇਹ ਮਨ ਕੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਉਸਦੇ ਦਰਸ਼ਨ ਕਿਵੇਂ ਹੁੰਦੇ ਹਨ ਅਤੇ ਕਿੱਥੇ ਹੁੰਦੇ ਹਨ, ਕਿਸ ਰੂਪ ਵਿੱਚ ਹੁੰਦੇ ਹਨ ਤੇ ਉਸ ਤੋਂ ਪ੍ਰਾਪਤੀ ਕੀ ਹੁੰਦੀ ਹੈ। ਸਾਨੂੰ ਇਹ ਪੂਰੀ ਤਰ੍ਹਾਂ ਸਮਝ ਲੱਗ ਜਾਵੇਗੀ ਕਿ ਗੁਰਬਾਣੀ ਕਿੱਥੋਂ ਆਈ ਹੈ ਤੇ ਕਿਵੇਂ ਆਈ ਹੈ ਤੇ ਗੁਰਬਾਣੀ ਨੂੰ ਪ੍ਰਮਾਤਮਾ ਦਾ ਰੂਪ ਕਿਸ ਲਈ ਕਿਹਾ ਹੈ ਅਤੇ ਅਸਲ ਵਿੱਚ ਗੁਰੂ ਕੌਣ ਹੈ। ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਉਸਦਾ ਆਪਣਾ ਤੱਤ ਸਾਰ ਹੈ, ਅੰਮ੍ਰਿਤ ਭੋਜਨ ਹੈ। ਹਰ ਗੱਲ ਦੀ ਸੋਝੀ ਸਾਨੂੰ ਬਰੀਕੀ ਨਾਲ ਪੈ ਜਾਵੇਗੀ ਤੇ ਜਿਉਂ-ਜਿਉਂ ਅਸੀਂ ਲੇਖ ਵਿੱਚ ਅੱਗੇ ਵਧਾਂਗੇ ਸਾਡੀ ਸੋਝੀ ਵੀ ਵੱਧਦੀ ਜਾਵੇਗੀ ਤੇ ਸਾਨੂੰ ਸ਼ਬਦਾਂ ਦੀਆਂ ਗੂੜ ਭਾਵ ਦੀਆਂ ਗੱਲਾਂ ਵੀ ਸਮਝ ਆਉਣ ਲੱਗ ਪੈਣਗੀਆਂ। ਇਸ ਮਨ ਦੇ ਦਰਸ਼ਨ ਮਨ ਦੇ ਵਿੱਚ ਪਏ ਹੋਏ ਪੜਦੇ ਦੇ ਦੂਰ ਹੋਣ ਨਾਲ ਹੀ ਹੋ ਸਕਦੇ ਹਨ ਤੇ ਇਹ ਪੜਦਾ ਕਿਵੇਂ ਦੂਰ ਹੁੰਦਾ ਹੈ, ਕੌਣ ਦੂਰ ਕਰਦਾ ਹੈ, ਕਿਵੇਂ ਦੂਰ ਕਰਦਾ ਹੈ, ਇਹ ਸਭ ਸੋਝੀ ਸਾਨੂੰ ਸ਼ਬਦਾਂ ਦੁਆਰਾ ਹੀ ਪਵੇਗੀ। ਇਸ ਪੜਦੇ ਦੇ ਇਕ ਪਾਸੇ ਮਨੁੱਖ ਹੈ ਤੇ ਦੂਸਰੇ ਪਾਸੇ ਆਪ ਪ੍ਰਮਾਤਮਾ ਹੈ। ਮਨੁੱਖ ਤੇ ਪ੍ਰਮਾਤਮਾ ਦੇ ਵਿੱਚ ਕੇਵਲ ਇੱਕ ਪੜਦਾ ਹੀ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਇਸ ਪੜਦੇ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ। ਉਹ ਸਾਡੇ ਅੰਦਰ ਹੀ ਹੈ ਪਰ ਉਸਨੇ ਆਪ ਹੀ ਇਹ ਪੜਦਾ ਪਾ ਕੇ ਸਭ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਮਨ ਦਾ ਇਹ ਪੜਦਾ ਦੂਰ ਹੋਏ ਬਿਨ੍ਹਾਂ ਨਾ ਅਸੀਂ ਇਸ ਮਨ ਨੂੰ ਜਾਣ ਸਕਦੇ ਹਾਂ, ਨਾ ਹੀ ਆਪਣੇ ਆਪ ਦੀ ਅਸਲੀਅਤ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਜੋ ਸਭ ਵਿੱਚ ਆਪਣੇ ਨਿਰਗੁਣ ਰੂਪ ਦੁਆਰਾ ਵਿਚਰ ਰਿਹਾ ਹੈ। ਮਨ ਦੀ ਸਮਝ ਆਏ ਬਿਨ੍ਹਾਂ ਸਾਨੂੰ ਇਹ ਵੀ ਸਮਝ ਨਹੀਂ ਲੱਗ ਸਕਦੀ ਕਿ "ਹਉਮੈ" ਕੀ ਹੈ, "ਨਾਮ" ਕੀ ਹੈ।

ਸਾਡੇ ਮਨ ਵਿੱਚ ਪਏ ਹੋਏ ਪੜਦੇ ਨੂੰ ਹਉਮੈ ਦਾ ਪੜਦਾ ਕਹਿ ਕੇ ਸਮਝਾਇਆ ਹੈ ਜੋ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥੪॥੧॥}

(ਅੰਗ ੧੨੬੩)

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥}

(ਅੰਗ ੨੦੫)

ਹਉਮੈ ਦਾ ਜ਼ਿਕਰ ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ ਤੇ ਨਾਲ ਇਹ ਵੀ ਸਪੱਸ਼ਟ ਕੀਤਾ ਹੁੰਦਾ ਹੈ ਕਿ ਹਉਮੈ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਵਾਰ-ਵਾਰ ਹਉਮੈ ਨੂੰ ਤਜਣ ਦੀ ਗੱਲ ਆਉਂਦੀ ਹੈ। ਹਉਮੈ ਨੂੰ ਹੀ ਦੀਰਘ ਰੋਗ ਕਹਿ ਕੇ ਸਮਝਾਇਆ ਹੈ, ਪੁਰਾਣਾ ਰੋਗ ਕਹਿ ਕੇ ਸਮਝਾਇਆ ਹੈ ਜੋ ਕਿ ਸਦਾ ਤੋਂ ਮਨੁੱਖ ਦੇ ਨਾਲ ਲੱਗਾ ਹੋਇਆ ਹੈ। ਹਉਮੈ ਨੂੰ ਹੀ ਵੱਡਾ ਰੋਗ ਕਹਿ ਕੇ ਸਮਝਾਇਆ ਹੈ ਜੋ ਮਨੁੱਖ ਦੀਆਂ ਪ੍ਰੇਸ਼ਾਨੀਆਂ ਦਾ ਮੂਲ ਹੈ। ਨਾਲ ਹੀ ਸਾਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਦਾਰੂ ਵੀ ਇਸ ਹੁਉਮੈ ਦੇ ਵਿੱਚ ਹੀ ਹੈ ਭਾਵ ਹਉਮੈ ਰੋਗ ਨੂੰ ਕੱਟਣ ਦਾ ਦਾਰੂ ਵੀ ਇਸ ਹਉਮੈ ਵਾਲੀ ਅਵੱਸਥਾ ਦੇ ਵਿੱਚ ਹੀ ਮਿਲਦਾ ਹੈ। ਹਉਮੈ ਅਸਲ ਵਿੱਚ ਕਿਸ ਨੂੰ ਕਿਹਾ ਹੈ, ਇਸ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਸ ਨੂੰ ਸਮਝੇ ਬਿਨ੍ਹਾਂ ਅਸੀਂ ਬਾਣੀ ਨੂੰ ਨਹੀਂ ਸਮਝ ਪਾਵਾਂਗੇ, "ਹਉਮੈ" ਤੇ "ਨਾਮ" ਦਾ ਰਿਸ਼ਤਾ ਵੀ ਤਾਂ ਹੀ ਸਮਝ ਆ ਸਕਦਾ ਹੈ।

ਆਮ ਕਰਕੇ ਇਹ ਧਾਰਨਾ ਬਣੀ ਹੋਈ ਹੈ ਕਿ ਹਉਮੈ ਤੋਂ ਭਾਵ "ਅਹੰਕਾਰ" ਹੈ। ਜਦੋਂ ਅਸੀਂ ਸ਼ਬਦਾਂ ਦੀ ਵਿਚਾਰ ਕਰਾਂਗੇ ਤਾਂ ਇਹ ਸਮਝ ਲੱਗੇਗੀ ਕਿ ਹਉਮੈ ਕੇਵਲ ਅਹੰਕਾਰ ਨਹੀਂ ਹੈ ਬਲਕਿ ਇਹ ਹੀ ਸਾਰੇ ਵਿਕਾਰਾਂ ਦਾ ਕਾਰਨ ਹੈ, ਪ੍ਰਮਾਤਮਾ ਦਾ ਸਾਨੂੰ ਆਪਣੇ ਤੋਂ ਦੂਰ ਰੱਖਣ ਦਾ, ਆਪਣੇ ਆਪ ਦੀ ਸੋਝੀ ਨਾ ਪੈਣ ਦੇਣ ਦਾ ਬਣਾਇਆ ਹੋਇਆ ਤਰੀਕਾ ਹੈ। ਪਹਿਲਾਂ ਹੇਠ ਦਿੱਤੀਆਂ ਪੰਗਤੀਆਂ ਨੂੰ ਵਿਚਾਰੀਏ ਜਿੱਥੇ ਹਉਮੈ ਤੇ ਅਹੰਕਾਰ ਨੂੰ ਵੱਖਰਾ-ਵੱਖਰਾ ਕਹਿ ਕੇ ਉਚਾਰਿਆ ਹੋਇਆ ਹੈ।

"ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥
ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥ਰਹਾਉ॥"

(ਅੰਗ ੭੧੬)

ਉਪਰਲੀ ਪੰਗਤੀ ਨੂੰ ਅਗਰ ਧਿਆਨ ਨਾਲ ਸਮਝਾਂਗੇ ਤਾਂ ਪੰਚ ਦੋਖ ਅਤੇ ਅਹੰ ਰੋਗ ਵੱਖਰੇ-ਵੱਖਰੇ ਦੱਸੇ ਹੋਏ ਹਨ। ਅਹੰਕਾਰ ਦੀ ਗਿਣਤੀ ਪੰਚ ਦੋਖਾਂ ਭਾਵ ਪੰਜ ਵਿਕਾਰਾਂ ਦੇ ਵਿੱਚ ਹੋ ਜਾਂਦੀ ਹੈ ਜਿਨ੍ਹਾਂ ਦਾ ਜ਼ਿਕਰ ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। "ਅਹੰ" ਰੋਗ "**ਮੈਂ**" ਦਾ ਰੋਗ ਹੈ। ਇਹ "ਮੈਂ" ਸਾਡੀ ਹਉਮੈ ਹੈ। ਹਉ + ਮੈਂ ਭਾਵ **"ਮੈਂ ਹਾਂ"** ਭਾਵ ਮੇਰੀ ਆਪਣੀ ਹੋਂਦ ਹੈ। ਇਹੀ ਗੱਲ ਅਗਲੀ ਪੰਗਤੀ ਦੁਆਰਾ ਹੋਰ ਵੀ ਸਪੱਸ਼ਟ ਹੋ ਜਾਵੇਗੀ।

"ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ॥
ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ॥੧॥ਰਹਾਉ॥"

(ਅੰਗ ੨੯)

ਉੱਪਰ ਪੰਗਤੀ ਵਿੱਚ ਵੀ ਹਉਮੈ ਅਤੇ ਅਹੰਕਾਰ ਨੂੰ ਸਪੱਸ਼ਟ ਤਰੀਕੇ ਨਾਲ ਵੱਖਰਾ-ਵੱਖਰਾ ਕਹਿ ਕੇ ਸਮਝਾਇਆ ਹੋਇਆ ਹੈ, ਤਾਂ ਜੋ ਅਸੀਂ ਜਾਣੀਏ ਕਿ ਹਉਮੈ ਕੇਵਲ ਅਹੰਕਾਰ ਨੂੰ ਨਹੀਂ ਕਿਹਾ ਗਿਆ। ਅਹੰਕਾਰ ਅਸਲ ਵਿੱਚ ਸਾਡੀ ਹਉਮੈ ਦੀ ਹੀ ਉਪਜ ਹੈ। ਪ੍ਰਮਾਤਮਾ ਨੂੰ ਪਾਉਣ ਲਈ ਹਉਮੈ ਦਾ ਖਤਮ ਹੋਣਾ ਜ਼ਰੂਰੀ ਹੈ ਜਿਵੇਂ ਕਿ ਵਾਰ-ਵਾਰ ਸ਼ਬਦਾਂ ਦੁਆਰਾ ਸਮਝਾਇਆ ਗਿਆ ਹੈ। ਕੇਵਲ ਅਹੰਕਾਰ ਜਾਣ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਹਉਮੈ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ।

ਆਓ ਅਗਲੀ ਪੰਗਤੀ ਦੁਆਰਾ ਆਪਣੇ ਆਪ ਨੂੰ ਹੋਰ ਦ੍ਰਿੜ ਕਰੀਏ ਕਿ ਹਉਮੈ ਕੇਵਲ ਅਹੰਕਾਰ ਨਹੀਂ ਹੈ।

"ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ॥
ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ॥"

(ਅੰਗ ੬੯੦)

ਇੱਥੇ ਵੀ ਉੱਪਰ ਪੰਗਤੀ ਵਿੱਚ ਅਹੰਕਾਰ ਤੇ ਹਉਮੈ ਨੂੰ ਵੱਖਰਾ-ਵੱਖਰਾ ਕਹਿ ਕੇ ਉਚਾਰਿਆ ਹੈ। ਅਗਲੀਆਂ ਕੁੱਝ ਗੱਲਾਂ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

ਪ੍ਰਮਾਤਮਾ ਆਪ ਨਿਰਗੁਣ ਰੂਪ ਹੈ ਤੇ "ਹਉਮੈ" ਦੀ ਵਿਧੀ ਵੀ ਉਸਨੇ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਪਾਈ ਹੋਈ ਹੈ, ਮਾਇਆ ਰੂਪ ਵਿੱਚ , ਤ੍ਰੈਗੁਣ ਰੂਪ ਵਿੱਚ ਪਾਈ ਹੋਈ ਹੈ ਜੋ ਸਾਡੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਪਾਈ ਹੋਈ ਹੈ। ਮਨ ਦੀ ਇਸ ਸਮਝ ਦੁਆਰਾ ਅਸੀਂ ਇਹ ਸਮਝਦੇ ਹਾਂ ਕਿ ਇਹ ਸਰੀਰ ਮੇਰਾ ਹੈ, ਇਹ ਮਨੁੱਖੀ ਰੂਪ ਮੇਰਾ ਹੈ ਭਾਵ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ ਭਾਵ ਸੱਚ ਨਹੀਂ ਹੈ। ਇਹ ਸਾਡੇ ਅੰਦਰ ਦੀ ਹਉਮੈ ਹੀ ਸਾਨੂੰ ਸਮਝਾਉਂਦੀ ਹੈ ਕਿ ਇਹ ਮੈਂ ਹਾਂ, ਮੇਰੀ ਆਪਣੀ ਵੱਖਰੀ ਹੋਂਦ ਹੈ। ਪ੍ਰਮਾਤਮਾ ਦੀ ਬਣਾਈ ਹੋਈ ਹਰ ਹੋਂਦ ਸੱਚੀ ਹੈ। ਹੋਂਦ ਕੋਈ ਵੀ ਮਾੜੀ ਨਹੀਂ ਹੈ ਪਰ ਉਸ ਹੋਂਦ ਦਾ ਮਾਲਕ ਕੌਣ ਹੈ ਇਸ ਦੀ ਸੋਝੀ ਨਾ ਹੋਣਾ ਮਾੜੀ ਗੱਲ ਹੈ। "ਸੋਝੀ ਦਾ ਨਾ ਹੋਣਾ" "ਸਾਡਾ ਰੋਗ" ਹੈ, ਇਹ ਹਉਮੈ ਰੋਗ ਹੈ ਭਾਵ ਜੇ ਕੋਈ ਇਹ ਕਹੇ ਕਿ ਇਹ ਸਰੀਰ ਮੇਰਾ ਹੈ ਭਾਵ ਇਹ ਮੇਰੀ ਹੋਂਦ ਹੈ, ਇਹ "ਮੈਂ ਹਾਂ" ਤਾਂ ਫਿਰ ਇਹ ਰੋਗ ਹੈ। ਜੋ ਕੋਈ ਵੀ ਆਪਣੇ ਆਪ ਨੂੰ ਮੈਂ ਸਮਝਦਾ ਹੈ ਉਹ ਰੋਗੀ ਹੈ। "ਰੋਗੀ" ਅਸਲ ਵਿੱਚ **"ਮੈਂ"** ਹੈ, ਨਾ ਕਿ ਕੋਈ ਸਰਗੁਣ ਆਕਾਰ, ਬਲਕਿ ਹਰ ਸਰਗੁਣ ਆਕਾਰ ਪ੍ਰਮਾਤਮਾ ਦੀ ਆਪਣੀ ਕੀਤੀ ਹੋਈ ਕਿਰਪਾ ਹੈ। ਸਾਡੇ ਅੰਦਰ ਹਉਮੈ ਭਾਵ ਸਾਡੇ ਅੰਦਰ **"ਮੈਂ"** ਨਾ ਸਾਡੀ ਆਪਣੀ ਪਾਈ ਹੋਈ ਹੈ ਤੇ ਨਾ ਹੀ ਸਾਡੇ ਕੱਢਣ ਨਾਲ ਨਿਕਲ ਸਕਦੀ ਹੈ। ਜਿਸ ਨੇ ਸਾਡੇ ਅੰਦਰ ਇਹ "ਮੈਂ" ਪਾਈ ਹੈ, ਹਉਮੈ ਪਾਈ ਹੈ ਉਹ ਹੀ ਸਾਡੀ ਇਹ "ਮੈਂ" ਕੱਢ ਸਕਦਾ ਹੈ। "ਮੈਂ" ਸਾਡੇ

ਨਿਰਗੁਣ ਰੂਪ ਵਿੱਚੋਂ ਆਉਂਦੀ ਹੈ ਤੇ ਨਿਰਗੁਣ ਰੂਪ ਦੁਆਰਾ ਹੀ ਵਾਪਸ ਜਾ ਸਕਦੀ ਹੈ। ਨਿਰਗੁਣ ਰੂਪ ਸਾਡੇ ਵੱਸ ਵਿੱਚ ਨਹੀਂ ਹੈ। ਅਸੀਂ ਨਿਰਗੁਣ ਰੂਪ ਦੀ ਕੇਵਲ ਕਠਪੁਤਲੀ ਹਾਂ। ਲੇਖ ਵਿੱਚ ਅੱਗੇ ਜਾ ਕੇ ਅਸੀਂ ਇਹਨਾਂ ਸਾਰੀਆਂ ਗੱਲਾਂ ਨੂੰ ਅਨੇਕਾਂ ਸ਼ਬਦਾਂ ਦੁਆਰਾ ਬੜੀ ਬਰੀਕੀ ਨਾਲ ਸਮਝਾਂਗੇ। ਜਿਉਂ-ਜਿਉਂ ਲੇਖ ਰਾਹੀਂ ਸਾਡੀ ਮਨ ਦੀ ਸੋਝੀ ਵੱਧਦੀ ਜਾਵੇਗੀ ਉਤਨਾ ਹੀ ਅਸੀਂ ਮਨ ਦੇ ਨੇੜੇ ਲੱਗਦੇ ਜਾਵਾਂਗੇ ਕਿਉਂਕਿ ਸਭ ਕੁੱਝ ਸਾਡੇ ਮਨ ਦੇ ਵਿੱਚ ਹੀ ਹੈ।

ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਾਨੂੰ ਹਉਮੈ ਬਾਰੇ ਸਮਝਣ ਵਿੱਚ ਮਦਦ ਮਿਲੇਗੀ।

“ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥੨॥”

(ਅੰਗ ੫੬੦)

-13

“ਇਕਿ ਮਾਇਆ ਮੋਹਿ ਗਰਬਿ ਵਿਆਪੇ॥ਹਉਮੈ ਹੋਇ ਰਹੇ ਹੈ ਆਪੇ॥”

(ਅੰਗ ੧੦੬੦)

“ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ॥੧॥”

(ਅੰਗ ੮੩੩)

“ਹਉ ਵਿਚਿ ਮਾਇਆ ਹਉ ਵਿਚਿ ਛਾਇਆ॥ਹਉਮੈ ਕਰਿ ਕਰਿ ਜੰਤ ਉਪਾਇਆ॥
ਹਉਮੈ ਬੂਝੈ ਤਾ ਦਰੁ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥”

(ਅੰਗ ੪੬੬)

“ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥੨॥”

(ਅੰਗ ੪੬੬)

ਉੱਪਰ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਨੂੰ ਵਿਚਾਰਨ ਨਾਲ ਇਹ ਸਪੱਸ਼ਟ ਹੈ ਕਿ ਜੋ ਵੀ ਉਪਜਦਾ ਹੈ, ਜੋ ਵੀ ਜੰਮਦਾ ਹੈ, ਹਉਮੈ ਵਿੱਚ ਹੀ ਜੰਮਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਉਸ ਦਾ ਪੜਦਾ ਨਾਲ ਹੀ ਪੈ ਜਾਂਦਾ ਹੈ ਜੋ ਕਿ ਹਉਮੈ ਦਾ ਪੜਦਾ ਹੈ, ਜੋ ਪੜਦਾ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਹ ਪੜਦਾ ਪ੍ਰਮਾਤਮਾ ਅਤੇ ਆਕਾਰ ਰੂਪ ਨੂੰ ਸਮਝਣ ਵਿੱਚ ਪੜਦਾ ਹੈ, ਜਿਸ ਦੁਆਰਾ ਮਨੁੱਖੀ ਆਕਾਰ ਰੂਪ ਉਸ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰੱਥ ਰਹਿੰਦਾ ਹੈ ਤੇ ਆਪਣੇ ਆਪ ਦੀ ਸੋਝੀ ਪੈਣ ਤੋਂ ਅਸਮਰੱਥ ਰਹਿੰਦਾ ਹੈ ਕਿ ਮੇਰੀ ਅਸਲੀਅਤ ਕੀ ਹੈ, ਮੇਰਾ ਮੂਲ ਕੀ ਹੈ, ਮੇਰਾ ਮਾਲਕ ਕੌਣ ਹੈ। ਜਦ ਤੱਕ ਮਨੁੱਖ ਅਤੇ ਪ੍ਰਮਾਤਮਾ ਦੇ ਵਿੱਚ ਇਹ ਪੜਦਾ ਬਣਿਆ ਰਹਿੰਦਾ ਹੈ, ਮਨੁੱਖ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਇਹ ਹਉਮੈ ਦਾ ਪੜਦਾ ਹੀ ਪ੍ਰਮਾਤਮਾ ਦੀ ਸਾਡੇ ਅੰਦਰ ਪਾਈ ਹੋਈ ਉਸ ਦੀ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਉਹ ਹਰ ਕਿਸੇ ਨੂੰ ਤ੍ਰੈਗੁਣਾਂ ਵਿੱਚ ਰੱਖਦਾ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਤ੍ਰੈਗੁਣਾਂ ਵਾਲਾ ਗਿਆਨ ਸਾਨੂੰ ਪ੍ਰਮਾਤਮਾ ਦੀ ਸਹੀ ਸੋਝੀ ਪੈਣ ਤੋਂ ਦੂਰ ਰੱਖਦਾ ਹੈ। ਤ੍ਰੈਗੁਣਾਂ ਦੇ ਵਿੱਚ ਸਾਡੇ ਅੰਦਰ ਭਰਮ, ਦੁਚਿੱਤੀ, ਦੁਬਿਧਾ ਸਦਾ ਨਾਲ ਹੀ ਰਹਿੰਦੀ ਹੈ ਭਾਵ ਮਨੁੱਖ ਪ੍ਰਮਾਤਮਾ ਨੂੰ ਜਾਨਣ ਵਿੱਚ, ਭਗਤੀ ਦੀ ਸਹੀ ਸੋਝੀ ਪੈਣ ਵਿੱਚ, ਸਦਾ ਅਗਿਆਨਤਾ ਵਿੱਚ ਰਹਿੰਦਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਸਾਡੇ ਅੰਦਰ ਦਾ ਨਿਰਗੁਣ ਰੂਪ ਗਿਆਨ ਹੈ, ਪ੍ਰਮਾਤਮਾ ਦਾ ਹੀ ਦਿੱਤਾ ਹੋਇਆ ਗਿਆਨ ਹੈ ਪਰ ਇਸ ਅਵੱਸਥਾ ਵਿੱਚ ਉਸਦੀ ਮਾਇਆ ਦੀ ਜੁਗਤਿ ਨਾਲ-ਨਾਲ ਹੀ ਚੱਲਦੀ ਹੈ ਜੋ ਸਾਨੂੰ ਸੱਚਾ ਗਿਆਨ ਸਮਝਣ ਤੋਂ ਦੂਰ ਰੱਖਦੀ ਹੈ। “ਸੱਚਾ ਗਿਆਨ” ਚੌਥੇ ਪਦ ਦਾ ਗਿਆਨ ਹੈ ਜਿਸ ਵਿੱਚ ਗੁਰੂ ਪ੍ਰਮਾਤਮਾ ਆਪ ਵਰਤਦਾ ਹੈ। ਤ੍ਰੈਗੁਣੀ ਗਿਆਨ ਦੁਆਰਾ ਮਨੁੱਖ ਮਾਇਆ ਮੋਹ ਵਿੱਚ ਰਹਿੰਦਾ ਹੈ, ਤ੍ਰਿਸ਼ਨਾਵਾਂ ਵਿੱਚ ਰਹਿੰਦਾ ਹੈ, ਹਉਮੈ ਵਿੱਚ ਰਹਿੰਦਾ ਹੈ ਜਿਸ ਕਰਕੇ ਉਸਦੀ ਪ੍ਰਮਾਤਮਾ ਨਾਲੋਂ ਦੂਰੀ ਬਣੀ ਰਹਿੰਦੀ ਹੈ। ਗੁਰੂ ਪ੍ਰਮਾਤਮਾ ਮਾਇਆ ਮੋਹ ਤੋਂ ਨਿਰਲੇਪ ਹੈ, ਤ੍ਰਿਸ਼ਨਾਵਾਂ ਤੋਂ ਮੁਕਤ ਹੈ ਪਰ ਤ੍ਰੈਗੁਣੀ ਗਿਆਨ ਮਨੁੱਖ ਨੂੰ ਇਹਨਾਂ ਵਿੱਚੋਂ ਨਿਕਲਣ ਨਹੀਂ ਦਿੰਦਾ ਕਿਉਂਕਿ ਇਹ ਉਸਦੀ ਆਪਣੀ ਬਣਾਈ ਹੋਈ ਜੁਗਤਿ ਹੈ। ਇਸ ਜੁਗਤਿ ਵਿੱਚੋਂ ਸਾਨੂੰ ਉਹ ਆਪ ਹੀ ਕੱਢ ਸਕਦਾ ਹੈ, ਆਪਣਾ ਸੱਚਾ ਗਿਆਨ ਦੇ ਕੇ ਕੱਢ ਸਕਦਾ ਹੈ। ਉਸਦਾ “ਸੱਚਾ ਗਿਆਨ” “ਪੂਰਾ ਗੁਰੂ” ਹੈ, “ਗੁਰਬਾਣੀ” ਹੈ। ਸੱਚੇ ਗਿਆਨ ਦੀ ਸੋਝੀ ਪਏ ਬਿਨ੍ਹਾਂ ਅਸੀਂ ਗੁਰੂ ਦੀ ਗੱਲ ਨੂੰ ਨਹੀਂ ਸਮਝ ਸਕਦੇ। ਉਸਦੇ ਸੱਚੇ ਮਾਰਗ ਨੂੰ ਨਹੀਂ ਸਮਝ

ਸਕਦੇ। ਆਪਣੇ ਮਾਰਗ ਦੀ ਸਹੀ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ ਤੇ ਉਸ ਤੇ ਅਮਲ ਕਰਵਾਉਣ ਵਾਲਾ ਵੀ ਉਹ ਆਪ ਹੀ ਹੈ। ਸਭ ਕੁੱਝ ਸਾਡੇ ਮਨ ਦੇ ਗਿਆਨ ਤੇ ਨਿਰਭਰ ਹੈ। ਸਾਡੀ ਤ੍ਰੈਗੁਣੀ ਅਵੱਸਥਾ ਵੀ ਸਾਡੇ ਮਨ ਦੇ ਕਾਰਨ ਹੈ ਤੇ ਚੌਥੇ ਪਦ ਦਾ ਗਿਆਨ ਵੀ ਮਨ ਦੇ ਵਿੱਚੋਂ ਹੀ ਉਪਜਦਾ ਹੈ ਜੋ ਕਿ ਬ੍ਰਹਮ ਗਿਆਨ ਹੈ ਜਿਸ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ। ''ਤ੍ਰੈਗੁਣੀ'' ਅਵੱਸਥਾ ਵਿੱਚੋਂ, ''ਹਉਮੈ'' ਵਾਲੀ ਅਵੱਸਥਾ ਵਿੱਚੋਂ, ਸਾਡੀ ''ਮੈਂ'' ਦੇ ਵਿੱਚੋਂ ਸਾਨੂੰ ਕੇਵਲ ਚੌਥੇ ਪਦ ਦਾ ਗਿਆਨ ਹੀ ਕੱਢ ਸਕਦਾ ਹੈ, ਪ੍ਰਮਾਤਮਾ ਆਪ ਕੱਢ ਸਕਦਾ ਹੈ ਕਿਉਂਕਿ ਕੇਵਲ ਉਹ ਆਪ ਬ੍ਰਹਮ ਗਿਆਨ ਦੇ ਵਿੱਚ ਹੈ, ਉਹ ਬ੍ਰਹਮ ਗਿਆਨੀ ਹੈ। ਸਾਨੂੰ ਭਰਮ ਵਿੱਚੋਂ ਕੇਵਲ ਉਹ ਆਪ ਕੱਢ ਸਕਦਾ ਹੈ। ਪ੍ਰਮਾਤਮਾ ਤੋਂ ਦੂਰੀ ਸਾਡੀ ਅਗਿਆਨਤਾ ਕਰਕੇ ਹੈ ਜੋ ਕਿ ਕੇਵਲ ਤੇ ਕੇਵਲ ਉਸ ਦੇ ਸੱਚੇ ਗਿਆਨ ਦੁਆਰਾ ਦੂਰ ਹੋ ਸਕਦੀ ਹੈ, ਗੁਰਬਾਣੀ ਦਾ ਸੱਚਾ ਗਿਆਨ ਸਾਡੇ ਮਨ ਦੇ ਅੰਦਰ ਵੱਸਣ ਨਾਲ ਹੋ ਸਕਦੀ ਹੈ। ਆਪਣਾ ਗਿਆਨ ਉਹ ਆਪ ਵਸਾ ਸਕਦਾ ਹੈ। ਮਨੁੱਖ ਨੂੰ ਆਪਣੇ ਆਪ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਭਾਵ ਆਪਣੇ ਆਪ ਦੀ ਅਸਲੀਅਤ ਮਨ ਦੇ ਵਿੱਚੋਂ ਹੀ ਸਮਝ ਆਉਂਦੀ ਹੈ ਕਿ ''ਮਨੁੱਖ'' ਭਾਵ ''ਸਰਗੁਣ ਸਰੂਪ'' ਪ੍ਰਮਾਤਮਾ ਦੀ ਬਣਾਈ ਹੋਈ ਹੋਂਦ ਹੈ ਤੇ ਇਸ ਹੋਂਦ ਦਾ ਮਾਲਕ ਆਪ ਪ੍ਰਮਾਤਮਾ ਹੈ। ਮਨ ਦੇ ਅੰਦਰ ਉਹ ਆਪ ਹੀ ਵਰਤਦਾ ਹੈ। ਮਨ ਦੇ ਅੰਦਰ ਸਾਰਾ ਗਿਆਨ ਦੇਣ ਵਾਲਾ ਉਹ ਆਪ ਹੀ ਹੈ ਤੇ ਉਹ ਇਸੇ ਤਰ੍ਹਾਂ ਹੀ ਸਭ ਵਿੱਚ ਵਰਤ ਰਿਹਾ ਹੈ ਤੇ ਮਨ ਦੀ ਅਗਿਆਨਤਾ ਦੇ ਕਾਰਨ, ਭਰਮ ਦੇ ਕਾਰਨ ਉਸ ਨੂੰ ਸਮਝਿਆ ਨਹੀਂ ਜਾ ਸਕਦਾ। ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਆਪ ਦੀ ਸੋਝੀ ਆਪ ਹੀ ਪਾਉਂਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਮੇਰੀ ਕੋਈ ਵੱਖਰੀ ਹੋਂਦ ਨਹੀਂ ਹੈ, ਮੇਰੀ ਕੋਈ ਹਉਮੈ ਨਹੀਂ ਹੈ। **"ਮੈਂ"** ਕੇਵਲ ਇੱਕ ਭੁਲੇਖਾ ਹੈ ਤੇ ਅਸਲ ਵਿੱਚ ਸਭ ਕੁੱਝ ''ਤੂੰ'' ਹੈ। ਹਉਮੈ ਇਸ ਤਰੀਕੇ ਨਾਲ ਖਤਮ ਹੁੰਦੀ ਹੈ, ਮਨ ਵਿੱਚੋਂ ਉਸ ਦੇ ਦਰਸ਼ਨ ਕਰਨ ਤੋਂ ਬਾਅਦ ਹੀ ਖਤਮ ਹੁੰਦੀ ਹੈ। ਸਾਡੇ ਮਨ ਦੇ ਵਿੱਚ ਜੋ ਵੀ ਹੁਕਮ ਚੱਲ ਰਿਹਾ ਹੈ ਉਹ ਮਨ ਦੀ ਸਮਝ ਦੁਆਰਾ ਹੀ ਚੱਲ ਰਿਹਾ ਹੈ ਜੋ ਕਿ ਸਭ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਚੱਲ ਰਿਹਾ ਹੈ ਭਾਵ ਸਾਡੇ ਮਨ ਦੇ ਵਿੱਚ ਜੋ ਵੀ ਗਿਆਨ ਆਉਂਦਾ ਹੈ ਉਹ ਸਾਡਾ ਨਹੀਂ ਹੈ, ਉਹ ਪ੍ਰਮਾਤਮਾ ਕੋਲੋਂ ਹੀ ਆ ਰਿਹਾ ਹੈ। ਇਸ ਮਨ ਦੇ ਗਿਆਨ ਨੂੰ ਬੁੱਝਣਾ ਹੀ, ਮਨ ਦੇ ਵਿਚਾਰਾਂ ਨੂੰ ਬੁੱਝਣਾ ਹੀ, ਆਪਣੇ ਮਨ ਦੇ ਵਿੱਚ ਚੱਲ ਰਹੇ ਉਸ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣਾ ਹੈ। ਇਸ ਹੁਕਮ ਨੂੰ ਬੁੱਝਣ ਨਾਲ ਹੀ ਸਾਡੀ ਹਉਮੈ ਜਾ ਸਕਦੀ ਹੈ, ਸਾਡੀ **"ਮੈਂ"** ਜਾ ਸਕਦੀ ਹੈ ਭਾਵ ਸਾਨੂੰ ਆਪਣੇ ਆਪ ਦੀ ਸੋਝੀ ਪੈ ਜਾਂਦੀ ਹੈ ਕਿ ਅਸੀਂ ਕੀ ਹਾਂ ਭਾਵ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਤੇ ਉਸ ਤੋਂ ਵੱਖਰੇ ਨਹੀਂ ਹਾਂ।

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥}

(ਅੰਗ ੧, ਜਪੁਜੀ ਬਾਣੀ)

ਇਹ ਗੱਲ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਕੁੱਝ ਸੰਖੇਪ ਵਿੱਚ ਸਮਝਾਈ ਹੋਈ ਹੈ।

ਹੁਣ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਹਉਮੈ ਨੂੰ ਦਾਰੂ ਕਿਸ ਲਈ ਕਿਹਾ ਹੈ।

"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥"

ਹਉਮੈ ਸਾਡੀ ''ਮੈਂ'' ਹੈ ਭਾਵ ਨਾਸਮਝ ਮਤਿ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ ਜਿਸ ਦੁਆਰਾ ਅਸੀਂ ਆਪਣੀ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਦੇ ਹਾਂ ਤੇ ਜਦ ਤੱਕ ਅਸੀਂ ਹਉਮੈ ਵਿੱਚ ਹਾਂ ਤਦ ਤੱਕ ਸਾਡਾ ਵਿਛੋੜਾ ਪ੍ਰਮਾਤਮਾ ਨਾਲੋਂ ਬਣਿਆ ਹੀ ਰਹਿੰਦਾ ਹੈ ਭਾਵ ਇਹ ਹਉਮੈ ਸਾਡਾ ਰੋਗ ਬਣਿਆ ਰਹਿੰਦਾ ਹੈ। ਰੋਗ ਅਸਲ ਵਿੱਚ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਹੈ, ਕਿਉਂਕਿ ਪ੍ਰਮਾਤਮਾ ਨਾਲੋਂ ਵਿਛੋੜੇ ਦੀ ਜੁਗਤਿ ਇਹ ਹਉਮੈ ਹੈ।

{ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ॥
ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ॥੩॥}

(ਅੰਗ ੧੦੯੪)

ਜਦ ਤੱਕ ਮਨੁੱਖ ਹਉਮੈ ਵਿੱਚ ਹੈ, ''ਮੈਂ'' ਵਿੱਚ ਹੈ ਤਦ ਤੱਕ ਉਹ ਮਨਮਤਿ ਵਿੱਚ ਹੈ, ਦੂਜੇ ਭਾਉ ਵਿੱਚ ਹੈ ਤੇ ਪ੍ਰਮਾਤਮਾ ਨਾਲੋਂ ਵਿਛੋੜਾ ਵੀ ਸਾਡਾ ਇਹ ਦੂਜਾ ਭਾਉ ਹੈ ਜੋ ਕਿ ਸਾਡੀ ਮੈਂ ਦੀ ਉਪਜ ਹੈ, ਮਨਮਤਿ ਦੀ ਉਪਜ ਹੈ, ਤ੍ਰੈਗੁਣਾਂ ਦੀ ਉਪਜ ਹੈ ਜੋ

ਕਿ ਸਾਨੂੰ ਪ੍ਰਮਾਤਮਾ ਨਾਲ ਮਿਲਣ ਤੋਂ ਦੂਰ ਰੱਖਦੀ ਹੈ। ਮਨਮਤਿ ਸਾਡੀ ਦੁਰਜਨ ਹੈ, "ਮੈਂ" ਸਾਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਦੁਰਜਨ ਬਣਾ ਕੇ ਰੱਖਦੀ ਹੈ ਭਾਵ ਮਾੜਾ ਮਨੁੱਖ ਬਣਾ ਕੇ ਰੱਖਦੀ ਹੈ ਭਾਵ ਮਨਮਤਿ ਵਿੱਚ ਰਹਿੰਦਿਆਂ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ। ਸੱਜਣ ਸਾਡਾ ਗੁਰੂ ਪ੍ਰਮਾਤਮਾ ਹੈ, ਗੁਰੂ ਦੇ ਬੋਲ ਹਨ, ਗੁਰੂ ਦੀ ਮਤਿ ਹੈ, ਗੁਰੂ ਦੇ ਗੁਣ ਹਨ ਜੋ ਸਾਨੂੰ ਮਾੜੇ ਕਰਮਾਂ ਤੋਂ ਦੂਰ ਰੱਖਦੇ ਹਨ, ਸਾਨੂੰ ਦੁਰਜਨ ਤੋਂ ਸੱਜਣ ਪੁਰਸ਼ ਬਣਾਉਂਦੇ ਹਨ ਤੇ ਪ੍ਰਮਾਤਮਾ ਦੇ ਨਾਲ, ਉਸ ਸੱਜਣ ਦੇ ਨਾਲ, ਸੱਜਣ ਪੁਰਸ਼ ਬਣ ਕੇ ਹੀ ਮਿਲਿਆ ਜਾ ਸਕਦਾ ਹੈ। ਇਸ "ਮੈਂ" ਵਿੱਚੋਂ ਕੇਵਲ ਗੁਰੂ ਦੀ ਮਤਿ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਤੇ ਉਸ ਦੇ ਨਾਲ ਮਿਲ ਕੇ ਉਸਦਾ ਵਿਛੋੜਾ ਦੂਰ ਹੋ ਸਕਦਾ ਹੈ, ਉਸ ਦੇ ਨਾਲ ਸਾਡਾ ਭੋਗ ਹੋ ਸਕਦਾ ਹੈ ਭਾਵ ਉਸ ਦੇ ਨਾਲ ਮੇਲ ਹੋ ਸਕਦਾ ਹੈ। ਜੋ ਭੋਗ ਮਨ ਦੇ ਵਿੱਚ ਸਾਡੀ ਸਮਝ ਦੇ ਨਾਲ ਹੀ ਹੁੰਦਾ ਹੈ, ਮਨ ਦੇ ਵਿਚਾਰਾਂ ਦੇ ਨਾਲ ਹੀ ਹੁੰਦਾ ਹੈ। ਸ਼ਬਦ ਦੇ ਵਿਚਾਰਾਂ ਦਾ ਭੋਗ ਸੁਰਤਿ ਦੇ ਵਿਚਾਰਾਂ ਨਾਲ ਹੁੰਦਾ ਹੈ। ਧਿਆਨ ਨਾਲ ਸਮਝਣ ਵਾਲੀ ਇਹ ਗੱਲ ਹੈ ਕਿ ਇਹ ਹਉਮੈ ਸਾਨੂੰ ਇਸ ਮਨੁੱਖਾ ਸਰੀਰ ਦੇ ਨਾਲ ਮਿਲਦੀ ਹੈ ਤੇ ਕੇਵਲ ਇੱਕ ਮਨੁੱਖਾ ਸਰੀਰ ਹੀ ਐਸੀ ਹੋਂਦ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ ਭਾਵ ਸਾਡੇ ਲਈ ਪ੍ਰਮਾਤਮਾ ਦੇ ਨਾਲ ਮਿਲਣ ਦਾ ਮੌਕਾ ਵੀ ਇਹ ਹਉਮੈ ਹੀ ਹੈ, ਇਹ ਮਨੁੱਖਾ ਸਰਗੁਣ ਸਰੀਰ ਹੀ ਹੈ। ਜਿਸ ਦੇ ਅੰਦਰ ਦੀ ਸਮਝ ਹਉਮੈ ਵਾਲੀ ਹੈ ਤੇ ਇਹ ਹਉਮੈ ਨਿਕਲਣ ਦੁਆਰਾ ਹੀ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। "ਹਉਮੈ" ਦੇ ਦੀਰਘ ਰੋਗ ਤੋਂ ਛੁਟਣ ਦਾ "ਦਾਰੂ" ਵੀ ਇਸ ਹਉਮੈ ਰੂਪ ਵਿੱਚ ਹੀ ਮਿਲ ਸਕਦਾ ਹੈ ਜੋ ਕਿ ਨਿਰਗੁਣ ਰੂਪ ਵਿੱਚ ਸਾਡੇ ਅੰਦਰ ਹੀ ਹੈ। "ਦਾਰੂ" ਅਸਲ ਵਿੱਚ ਉਸਦਾ ਸ਼ਬਦ ਹੈ, ਉਸਦਾ ਸੱਚਾ ਗਿਆਨ ਹੈ, ਉਸਦੀ ਮਤਿ ਹੈ, ਚੌਥੇ ਪਦ ਦੀ ਸੋਝੀ ਹੈ ਜੋ ਕਿ ਇਸ ਮਨੁੱਖਾ ਸਰੀਰ ਦੁਆਰਾ ਹੀ ਲਈ ਜਾ ਸਕਦੀ ਹੈ। ਇਹ ਦਾਰੂ ਉਸਦੀ ਆਪਣੀ ਕਿਰਪਾ ਦੁਆਰਾ ਹੀ ਮਿਲਦਾ ਹੈ ਤੇ ਕੇਵਲ ਮਨੁੱਖੀ ਹੋਂਦ ਵਿੱਚ ਹੀ ਮਿਲਦਾ ਹੈ, "ਹਉਮੈ" ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਹੀ ਮਿਲਦਾ ਹੈ। ਮਨ ਦੀ ਮਾਇਆ ਵਿੱਚ ਰਹਿੰਦੇ ਹੋਏ ਹੀ ਮਿਲਦਾ ਹੈ।

(ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥੨॥)

ਸਾਡੀ ਇਹ ਮਨੁੱਖੀ ਹੋਂਦ ਸਾਡਾ ਸਰਗੁਣ ਰੂਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਦੂਸਰਾ ਰੂਪ ਹੈ ਜਿਸ ਦੁਆਰਾ ਉਸ ਨਿਰਗੁਣ ਰੂਪ ਨੂੰ ਆਪਣੇ ਅੰਦਰ ਟਿਕਾਇਆ ਜਾ ਸਕਦਾ ਹੈ ਤੇ ਉਸਨੂੰ ਸਮਝਿਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ।

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ॥}

(ਅੰਗ ੭੪੬)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥}

(ਅੰਗ ੨੮੭)

ਇਹ ਦਾਰੂ ਕੀ ਹੈ ਤੇ ਕਿਵੇਂ ਮਿਲਦਾ ਹੈ, ਕਿਸ ਰੂਪ ਵਿੱਚ ਮਿਲਦਾ ਹੈ ਤੇ ਇਹ ਦੁੱਖ ਕਿਵੇਂ ਦੂਰ ਹੁੰਦਾ ਹੈ ਇਸ ਗੱਲ ਨੂੰ ਲੇਖ ਵਿੱਚ ਅੱਗੇ ਜਾ ਕੇ ਹੋਰ ਵੀ ਬਰੀਕੀ ਨਾਲ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਂਗੇ।

ਆਓ ਹੁਣ ਹੇਠ ਦਿੱਤੇ ਕੁੱਝ ਸ਼ਬਦਾਂ ਨੂੰ ਵਿਚਾਰੀਏ ਤੇ ਸਮਝੀਏ ਕਿ ਵਾਰ-ਵਾਰ ਜੰਮਣਾ ਮਰਣਾ ਕਿਸ ਦਾ ਹੁੰਦਾ ਹੈ।

"ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥੩॥"

(ਅੰਗ ੯੯੯)

"ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ॥
ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ॥"

(ਅੰਗ ੧੦੦੯)

"ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥"

(ਅੰਗ ੫੯੨)

“ਤ੍ਰੈ ਗੁਣ ਕੀਆ ਪਸਾਰਾ॥ਨਰਕ ਸੁਰਗ ਅਵਤਾਰਾ॥
ਹਉਮੈ ਆਵੈ ਜਾਈ॥ਮਨੁ ਟਿਕਣੁ ਨ ਪਾਵੈ ਰਾਈ॥”

(ਅੰਗ ੧੦੦੩)

ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ, ਹਉਮੈ ਦਾ ਖਤਮ ਹੋਣਾ “ਮੈਂ” ਦਾ ਖਤਮ ਹੋਣਾ ਹੈ ਭਾਵ ਇਸ ਗੱਲ ਦੀ ਸੋਝੀ ਪੈਣਾ ਹੈ ਕਿ ਮਨੁੱਖ ਦੀ ਵੱਖਰੀ ਹੋਂਦ ਸਮਝਣਾ ਇੱਕ ਭੁਲੇਖਾ ਹੈ ਤੇ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਭ ਨੂੰ ਬਣਾਉਣ ਵਾਲਾ, ਸਰਗੁਣ ਰੂਪ ਬਣਾਉਣ ਵਾਲਾ ਤੇ ਆਪਣੇ ਨਿਰਗੁਣ ਰੂਪ ਦੁਆਰਾ ਸਭ ਨੂੰ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਆਪਣੇ ਮਨੁੱਖੀ ਰੂਪ ਨੂੰ ਮਨ ਦੀ ਹਉਮੈ ਵਾਲੀ ਨਿਰਗੁਣ ਰੂਪ ਸਮਝ ਦੁਆਰਾ ਚਲਾਉਣ ਵਾਲਾ ਉਹ ਆਪ ਹੀ ਹੈ ਪਰ ਹਉਮੈ ਵਾਲੀ ਸਮਝ ਦੁਆਰਾ ਅਸੀਂ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ, ਆਪਣੇ ਆਪ ਨੂੰ ਜਨਮ-ਮਰਨ ਵਿੱਚ ਸਮਝਦੇ ਹਾਂ। ਜਦੋਂ ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਹੋਰ ਹੈ ਹੀ ਨਹੀਂ ਤਾਂ ਫਿਰ ਮਰਦਾ ਕੌਣ ਹੈ। ਪ੍ਰਮਾਤਮਾ ਤਾਂ ਆਪ ਕਦੇ ਮਰ ਨਹੀਂ ਸਕਦਾ, ਉਹ ਜਨਮ ਮਰਣ ਤੋਂ ਰਹਿਤ ਹੈ ਫਿਰ ਜਨਮ ਮਰਣ ਕਿਸ ਦਾ ਹੁੰਦਾ ਹੈ। ਪ੍ਰਮਾਤਮਾ ਤੇ ਮਨੁੱਖ ਦੇ ਵਿੱਚ ਭਾਵ ਨਿਰਗੁਣ ਤੇ ਸਰਗੁਣ ਸਰੂਪ ਦੇ ਵਿੱਚ ਕੇਵਲ ਇੱਕ ਭਰਮ ਦਾ ਪੜਦਾ ਹੈ। “ਹਉਮੈ” ਵਿੱਚ ਰੱਖਣ ਲਈ, “ਮੈਂ” ਵਿੱਚ ਰੱਖਣ ਲਈ ਇੱਕ ਮਨ ਦੇ ਵਿੱਚ ਪਾਇਆ ਹੋਇਆ ਪੜਦਾ ਹੈ। ਜਦ ਤੱਕ ਇਹ ਪੜਦਾ ਸਾਡੇ ਵਿੱਚੋਂ ਨਹੀਂ ਨਿਕਲਦਾ ਸਾਨੂੰ ਪ੍ਰਮਾਤਮਾ ਦੀ ਸੋਝੀ ਨਹੀਂ ਪੈ ਸਕਦੀ ਤੇ ਨਾ ਹੀ ਆਪਣੇ ਆਪ ਦੀ ਸੋਝੀ ਪੈ ਸਕਦੀ ਹੈ ਕਿ ਅਸੀਂ ਕੀ ਹਾਂ। ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹਾਂ ਤੇ ਮਨੁੱਖਾ ਸਰੀਰ ਜਾਣ ਦੇ ਨਾਲ ਅਸੀਂ ਉਸ ਮਨੁੱਖ ਦੀ ਮੌਤ ਸਮਝਦੇ ਹਾਂ। ਅਸਲ ਵਿੱਚ ਇਸ ਸਰੀਰ ਦਾ ਮਾਲਕ ਸਾਡੇ ਅੰਦਰ ਦੀ ਜੋਤਿ ਹੈ ਜੋ ਸਾਨੂੰ ਚਲਾ ਰਹੀ ਹੈ। ਮਰਦਾ ਕੇਵਲ ਸਰੀਰ ਹੈ, ਮਰਦੀ ਕੇਵਲ ਮਿੱਟੀ ਹੈ ਭਾਵ ਮਰਦਾ ਕੇਵਲ ਮਿੱਟੀ ਦਾ ਪੁਤਲਾ ਹੈ ਜੋ ਕਿ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਹਰ ਤੱਤ ਆਪਣੇ ਤੱਤ ਵਿੱਚ ਰਲ ਜਾਂਦਾ ਹੈ ਤੇ ਅੰਦਰ ਦੀ ਜੋਤਿ ਆਪਣੀ ਜੋਤਿ ਦੇ ਵਿੱਚ ਹੀ ਰਹਿੰਦੀ ਹੈ, ਉਸਦੇ ਵਿੱਚ ਹੀ ਰਲ ਜਾਂਦੀ ਹੈ ਭਾਵ ਸਰਗੁਣ ਸਰੂਪ ਸਰਗੁਣ ਸਰੂਪ ਵਿੱਚ ਰਲ ਜਾਂਦਾ ਹੈ ਅਤੇ ਨਿਰਗੁਣ ਰੂਪ ਨਿਰਗੁਣ ਰੂਪ ਵਿੱਚ ਰਲ ਜਾਂਦਾ ਹੈ। ਮਨੁੱਖ ਦੇ ਵਿੱਚ ਤ੍ਰੈਗੁਣੀ ਗਿਆਨ ਵਾਲੀ ਅਵੱਸਥਾ ਵੀ ਪ੍ਰਮਾਤਮਾ ਦੀ ਹੀ ਜੋਤਿ ਹੈ, ਉਸੇ ਦਾ ਹੀ ਦਿੱਤਾ ਹੋਇਆ ਗਿਆਨ ਹੈ ਜੋ ਸਾਨੂੰ ਭੁਲੇਖੇ ਵਿੱਚ, ਅਗਿਆਨਤਾ ਵਿੱਚ ਰੱਖਦਾ ਹੈ। ਸਾਡੇ ਅੰਦਰ ਜੋਤ ਇੱਕੋ ਹੀ ਵਰਤਦੀ ਹੈ, ਸਾਡੇ ਅੰਦਰ ਮਨ ਇੱਕੋ ਹੀ ਹੈ। ਉਸੇ ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਹੈ ਅਤੇ ਉਸੇ ਮਨ ਦੇ ਵਿੱਚੋਂ ਪ੍ਰਮਾਤਮਾ ਸਾਨੂੰ ਭਰਮ ਦੇ ਪੜਦੇ ਦੁਆਰਾ ਤ੍ਰੈਗੁਣੀ ਗਿਆਨ ਵਿੱਚ ਰੱਖਦਾ ਹੈ। ਮਨੁੱਖੀ ਸਰੀਰ ਮਿਟ ਜਾਂਦਾ ਹੈ ਪਰ ਉਸ ਦਾ ਪ੍ਰਮਾਤਮਾ ਦੇ ਨਾਲ ਭੇਦ ਨਹੀਂ ਮਿਟਦਾ, ਭਰਮ ਨਹੀਂ ਮਿਟਦਾ, ਇਸ ਸਰੀਰ ਦੇ ਰਹਿੰਦੇ ਹੋਏ ਹਉਮੈ ਨਹੀਂ ਮਿਟਦੀ, ਭਰਮ ਦਾ ਪੜਦਾ ਨਹੀਂ ਮਿਟਦਾ, ਮਨ ਦੀ ਸਹਸਾ ਨਹੀਂ ਜਾਂਦੀ ਭਾਵ ਮਨੁੱਖ ਜਿਸ ਭੁਲੇਖੇ ਦੇ ਨਾਲ ਆਪਣੇ ਆਪ ਨੂੰ ਮਨੁੱਖ ਸਮਝਦਾ ਹੈ, ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਉਸੇ ਭੁਲੇਖੇ ਦੇ ਵਿੱਚ ਇਸ ਦੁਨੀਆਂ ਤੋਂ ਚਲਾ ਜਾਂਦਾ ਹੈ ਭਾਵ ਉਹ “ਮੈਂ” ਦਾ ਭੁਲੇਖਾ ਨਹੀਂ ਉਤਰਦਾ। ਅਸਲ ਵਿੱਚ ਮਨੁੱਖ ਦੀ ਹੋਂਦ ਸਮਝਣਾ ਮਨੁੱਖ ਦਾ ਭੁਲੇਖਾ ਹੈ ਭਾਵ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਨਹੀਂ ਕਿ ਮੈਂ ਕੀ ਹਾਂ। ਅਸਲ ਵਿੱਚ ਅਸੀਂ, ਹਰ ਕੋਈ, ਪ੍ਰਮਾਤਮਾ ਦਾ ਹੀ ਪ੍ਰਤੱਖ ਰੂਪ ਹਾਂ ਜੋ ਕਿ ਕਦੇ ਮਰ ਨਹੀਂ ਸਕਦਾ। ਹੁਣ ਧਿਆਨ ਨਾਲ ਸਮਝੋ ਜੇਕਰ ਮਨੁੱਖ ਹੈ ਹੀ ਨਹੀਂ, ਫਿਰ ਮਰਦਾ ਕੌਣ ਹੈ। ਇਸ ਸੰਸਾਰ ਵਿੱਚ ਇੱਕ ਪ੍ਰਮਾਤਮਾ ਤੋਂ ਬਿਨ੍ਹਾਂ ਅਗਰ ਕੁੱਝ ਹੈ ਤਾਂ ਉਹ ਪ੍ਰਮਾਤਮਾ ਦਾ ਪਾਇਆ ਹੋਇਆ ਭੁਲੇਖਾ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਪਰ ਮਨ ਵਿੱਚੋਂ ਇਹ ਭੁਲੇਖਾ ਦੂਰ ਹੋਏ ਬਿਨ੍ਹਾਂ, ਹਉਮੈ ਦੂਰ ਹੋਏ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨੁੱਖੀ ਸਰੀਰ ਦੀ ਮੌਤ ਉਸ ਸਰੀਰ ਦੀ ਮੌਤ ਹੈ ਜੋ ਸਰੀਰ ਸਾਡਾ ਹੈ ਹੀ ਨਹੀਂ। ਮਨੁੱਖ ਦੇ ਅੰਦਰ ਦੀ ਹਉਮੈ ਭਾਵ ਭਰਮਾਂ ਵਾਲੀ ਸਮਝ ਸਾਡੇ ਅੰਦਰ ਭਰਮ ਵਾਲੇ ਵਿਚਾਰਾਂ ਦੇ ਰੂਪ ਵਿੱਚ ਜੰਮਦੀ ਮਰਦੀ ਰਹਿੰਦੀ ਹੈ ਭਾਵ ਅਸਲ ਵਿੱਚ ਹਉਮੈ ਹੀ ਆ ਰਹੀ ਹੈ ਤੇ ਜਾ ਰਹੀ ਹੈ। ਮਨ ਦੇ ਵਿਚਾਰਾਂ ਰਾਹੀਂ ਆ ਰਹੀ ਹੈ ਤੇ ਜਾ ਰਹੀ ਹੈ ਭਾਵ ਸਾਡੇ ਅੰਦਰ ਭਰਮ ਵਾਲੇ ਵਿਚਾਰ, ਆਉਂਦੇ ਜਾਂਦੇ ਰਹਿੰਦੇ ਹਨ ਜੋ ਸਾਨੂੰ ਇਹ ਸਮਝਾਉਂਦੇ ਹਨ ਕਿ ਮੈਂ ਮਨੁੱਖ ਹਾਂ। ਇਸ ਗੱਲ ਤੇ ਵਿਸ਼ਵਾਸ ਇਸ ਮਨ ਨੂੰ ਜਾਨਣ ਤੋਂ ਬਾਅਦ ਹੀ ਆ ਸਕਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ।

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥} (ਅੰਗ ੧੩੯)

{ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ॥ ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ॥}
(ਅੰਗ ੧੦੦੯)

{ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥} (ਅੰਗ ੫੯੨)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥} (ਅੰਗ ੧੦੦੩)

{ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥68॥}
(ਅੰਗ ੯੪੬)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥}
(ਅੰਗ ੯੯੯)

{ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥1॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥1॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥
ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥2॥
ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥

ਨਹ ਕੋ ਮੂਆ ਨ ਮਰਣੈ ਜੋਗੁ ॥
ਨਹ ਬਿਨਸੈ ਅਬਿਨਾਸੀ ਹੋਗੁ ॥3॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥
ਨਾ ਕੋਈ ਮਰੈ ਨ ਆਵੈ ਜਾਇਆ ॥4॥} (ਅੰਗ ੯੯੫)

{ਹਉ ਨ ਮੂਆ ਮੇਰੀ ਮੁਈ ਬਲਾਇ॥ਓਹੁ ਨ ਮੂਆ ਜੋ ਰਹਿਆ ਸਮਾਇ॥}
(ਅੰਗ ੧੫੨)

{ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥
ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥1॥
ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥1॥ ਰਹਾਉ ॥
ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥
ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ ॥2॥
ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥
ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥3॥}
(ਅੰਗ - 857)

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥1॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥1॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥
ਸਹਜੇ ਮਰੈ ਅਮਰੁ ਹੋਇ ਸੋਈ ॥2॥
ਕਹੁ ਕਬੀਰ ਮਨਿ ਭਇਆ ਅਨੰਦਾ ॥
ਗਇਆ ਭਰਮੁ ਰਹਿਆ ਪਰਮਾਨੰਦਾ ॥3॥}
(ਅੰਗ - 327)

{ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥1॥
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥1॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥2॥}
(ਅੰਗ - 695)

{ਜਾਤੋ ਜਾਇ ਕਹਾ ਤੇ ਆਵੈ ॥
ਕਹ ਉਪਜੈ ਕਹ ਜਾਇ ਸਮਾਵੈ ॥

ਕਿਉ ਬਾਧਿਓ ਕਿਉ ਮੁਕਤੀ ਪਾਵੈ ॥
ਕਿਉ ਅਬਿਨਾਸੀ ਸਹਜਿ ਸਮਾਵੈ ॥1॥
ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥1॥ ਰਹਾਉ ॥
ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥
ਸਬਦੁ ਬੀਚਾਰਿ ਛੁਟੈ ਹਰਿ ਨਾਇ ॥2॥
ਤਰਵਰ ਪੰਖੀ ਬਹੁ ਨਿਸਿ ਬਾਸੁ ॥
ਸੁਖ ਦੁਖੀਆ ਮਨਿ ਮੋਹ ਵਿਣਾਸੁ ॥
ਸਾਝ ਬਿਹਾਗ ਤਕਹਿ ਆਗਾਸੁ ॥
ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥3॥
ਨਾਮ ਸੰਜੋਗੀ ਗੋਇਲਿ ਥਾਟੁ ॥
ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥
ਗੁਰ ਮਿਲਿ ਖੋਲੇ ਬਜਰ ਕਪਾਟ ॥4॥
ਸਾਧੁ ਮਿਲੈ ਪੂਰਬ ਸੰਜੋਗ ॥
ਸਚਿ ਰਹਸੇ ਪੂਰੇ ਹਰਿ ਲੋਗ ॥
ਮਨੁ ਤਨੁ ਦੇ ਲੈ ਸਹਜਿ ਸੁਭਾਇ ॥
ਨਾਨਕ ਤਿਨ ਕੈ ਲਾਗਉ ਪਾਇ ॥5॥}

(ਅੰਗ - 152)

{ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥1॥
ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥1॥ ਰਹਾਉ ॥}

(ਅੰਗ - 752)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥3॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥4}

(ਅੰਗ - 999)

{ਤ੍ਰੈ ਗੁਣ ਕੀਆ ਪਸਾਰਾ ॥
ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥
ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥
ਮਿਲਿ ਸਤਿਗੁਰ ਨਿਸਤਾਰਾ ॥2॥}

(ਅੰਗ - 1003)

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥1॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥1॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥2॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥3॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥4॥}

(ਅੰਗ - 485)

{ਗੋਬਿੰਦ ਗੋਬਿੰਦ ਗੋਬਿੰਦ ਮਈ ॥
ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥1॥ ਰਹਾਉ ॥
ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥1॥
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥2॥}

(ਅੰਗ - 822)

ਜਨਮ-ਮਰਨ ਕੀ ਹੈ ਇਸ ਗੱਲ ਨੂੰ ਉੱਪਰ ਵਾਲੇ ਸ਼ਬਦਾਂ ਦੀ ਵਿਆਖਿਆ ਦੁਆਰਾ ਲੇਖ ਵਿੱਚ ਅੱਗੇ ਚਲਕੇ ਬਰੀਕੀ ਨਾਲ ਸਮਝਾਂਗੇ। ਮਨ ਦੀ ਸੋਝੀ ਪਏ ਬਿਨ੍ਹਾਂ ਆਪਣੇ ਅੰਦਰੋਂ ਉਸ ਨਿਰੰਕਾਰ ਰੂਪ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਇਸ ਗੱਲ ਨੂੰ ਸਮਝਣਾ, ਇਸ ਗੱਲ ਦਾ ਸਾਡੇ ਅੰਦਰ ਪੂਰਨ ਵਿਸ਼ਵਾਸ ਆਉਣਾ ਨਾ ਮੁਮਕਿਨ ਹੈ। ਇਸ ਗੱਲ ਦਾ ਵਿਸ਼ਵਾਸ ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਤੋਂ ਬਾਅਦ ਹੀ ਆਉਂਦਾ ਹੈ ਤੇ ਉਸ ਤੋਂ ਬਿਨ੍ਹਾਂ ਸਾਡੇ ਅੰਦਰ ਇਹ ਭਰਮ ਬਣਿਆ ਹੀ ਰਹਿੰਦਾ ਹੈ। ਮਨ ਦਾ ਭਰਮ ਨਿਕਲਣ ਤੋਂ ਬਾਅਦ ਹੀ ਸਭ ਵਿੱਚ ਪ੍ਰਮਾਤਮਾ ਦੀ ਹੋਂਦ ਨਜ਼ਰ ਆਉਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਉਹ ਆਪ ਹੀ ਆਪਣਾ ਸਰਗੁਣ ਰੂਪ ਬਣਾਉਣ ਵਾਲਾ ਹੈ ਤੇ ਉਸ ਦੇ ਵਿੱਚ ਵਿਚਰ ਰਿਹਾ ਹੈ, ਸਭ ਵਿੱਚ ਆਪਣੀ ਜੋਤਿ ਪਾ ਕੇ, ਸਭ ਵਿੱਚ ਆਪਣਾ ਗਿਆਨ ਪਾ ਕੇ ਆਪਣੇ ਸਰਗੁਣ ਸਰੂਪ ਨੂੰ ਚਲਾਉਣ ਵਾਲਾ ਹੈ ਤੇ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

{ਕਹੁ ਕਬੀਰ ਮਨਿ ਭਇਆ ਅਨੰਦਾ॥
ਗਇਆ ਭਰਮੁ ਰਹਿਆ ਪਰਮਾਨੰਦਾ॥੩॥੨੦॥}

(ਅੰਗ ੩੨੭)

ਜਿਉਂ-ਜਿਉਂ ਅਸੀਂ ਲੇਖ ਵਿੱਚ ਅੱਗੇ ਵਧਾਂਗੇ ਸਾਨੂੰ ਇਸ ਮਨ ਦੀ ਗਹਿਰਾਈ ਸਮਝ ਆਉਂਦੀ ਜਾਵੇਗੀ। ਇਹ ਮਨ ਹੀ ਬ੍ਰਹਮ ਗਿਆਨ ਦਾ ਸ੍ਰੋਤ ਹੈ, ਗੁਰਬਾਣੀ ਦਾ ਸ੍ਰੋਤ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ।

ਉੱਪਰ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੀ ਹਉਮੈ, ਸਾਡੀ "ਮੈਂ" ਸਾਡੀ ਅਗਿਆਨਤਾ ਦੇ ਕਾਰਨ ਹੈ। ਅਗਿਆਨਤਾ ਦੂਰ ਕਰਨ ਦਾ ਇੱਕੋ ਇੱਕ ਹੱਲ, ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਗੁਰਬਾਣੀ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਹਉਮੈ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਭਾਵ ਤ੍ਰੈਗੁਣੀ ਗਿਆਨ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰੱਥ ਰਹਿੰਦੇ ਹਾਂ, ਅਗਿਆਨਤਾ ਵਿੱਚ ਰਹਿੰਦੇ ਹਾਂ। ਤ੍ਰੈਗੁਣਾਂ ਦਾ ਭਰਮਗੜ੍ਹ ਕੇਵਲ ਬ੍ਰਹਮ ਗਿਆਨ ਹੀ ਤੋੜ ਸਕਦਾ ਹੈ। ਜੋ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੈ, ਉਸੇ ਦੀ ਹੀ ਬਾਣੀ ਹੈ। ਇਹ ਬਾਣੀ ਮਨ ਦੇ ਵਿੱਚੋਂ ਹੀ ਪ੍ਰਗਟ ਹੋਈ ਹੈ। ਪ੍ਰਮਾਤਮਾ ਬ੍ਰਹਮ ਗਿਆਨ ਦੇ ਰੂਪ ਵਿੱਚ ਮਨ ਦੇ ਵਿੱਚ ਹੀ ਪ੍ਰਗਟ ਹੁੰਦਾ ਹੈ, ਮਨ ਦੇ ਸਹਜ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ, ਬਿਬੇਕ ਬੁਧਿ ਦੁਆਰਾ ਪ੍ਰਗਟ ਹੁੰਦਾ ਹੈ। ਸਹਜ ਗਿਆਨ, ਬਿਬੇਕ ਬੁਧਿ ਇੱਕ ਹੀ ਗੱਲ ਹੈ। ਦੋਨਾਂ ਤੋਂ ਭਾਵ ਚੌਥੇ ਪਦ ਦੀ ਅਵੱਸਥਾ ਵਾਲਾ ਬਣਨਾ ਹੈ। ਪੂਰੀ ਗੁਰਬਾਣੀ ਚੌਥੇ ਪਦ ਦੀ ਅਵੱਸਥਾ ਵਿੱਚ ਹੈ ਜੋ ਕਿ ਮਨ ਦੇ ਸਹਜ ਵਿੱਚੋਂ ਉਪਜੀ ਹੋਈ ਹੈ। ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਇਹੀ ਕੁੱਝ ਸਮਝਾਇਆ ਹੋਇਆ ਹੈ ਤੇ ਨਾਲ ਹੀ ਸਾਡੀ ਹਉਮੈ ਵਾਲੀ ਅਵੱਸਥਾ ਵੀ ਸਮਝਾਈ ਹੋਈ ਹੈ ਕਿ ਉਹ ਕਿਵੇਂ ਦੂਰ ਹੁੰਦੀ ਹੈ।

ਸਲੋਕੁ ਮਃ ੩॥
"ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ॥
ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ॥
ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ॥
ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ॥੧॥"

(ਅੰਗ ੯੪੭)

ਇਸ ਉੱਪਰ ਵਾਲੇ ਸ਼ਬਦ ਨੂੰ ਜਿਤਨੀ ਮਰਜ਼ੀ ਗਹਿਰਾਈ ਵਿੱਚ ਜਾ ਕੇ ਦੇਖ ਲਵੋ। ਇਸ ਸ਼ਬਦ ਦੇ ਗਹਿਰੇ ਭਾਵ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ ਕਿਉਂਕਿ ਹਰ ਕੋਈ ਤ੍ਰੈਗੁਣੀ ਅਵੱਸਥਾ ਵਿੱਚ ਵਿਚਰਦਾ ਹੈ। ਇਸ ਸ਼ਬਦ ਦੇ ਅਰਥ ਜੇਕਰ ਤੁਸੀਂ ਹੁਣੇ ਹੀ ਭਾਵ ਲੇਖ ਦੇ ਸ਼ੁਰੂ ਵਿੱਚ ਹੀ ਸਮਝਣੇ ਚਾਹੋਗੇ ਤਾਂ ਨਹੀਂ ਸਮਝ ਪਾਵੋਗੇ। ਸਾਡੇ ਮਨ ਦੀ ਅਵੱਸਥਾ ਮਨ ਨੂੰ ਜਾਨਣ ਬਾਰੇ ਹਾਲੇ ਬਹੁਤ ਘੱਟ ਗਿਆਨ ਵਾਲੀ ਹੈ। ਇਸ ਸ਼ਬਦ ਦੇ ਅਰਥ ਅਸੀਂ ਕਾਫੀ ਅੱਗੇ ਜਾ ਕੇ ਕਰਾਂਗੇ ਜਿਸ ਤੋਂ ਪਹਿਲਾਂ ਅਸੀਂ ਮਨ ਬਾਰੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣ ਚੁੱਕੇ ਹੋਵਾਂਗੇ। ਜਦੋਂ ਸਾਡੇ ਮਨ ਦੇ ਗਿਆਨ ਦੀ ਅਵੱਸਥਾ ਉੱਚੀ ਹੋ ਜਾਵੇਗੀ, ਤਾਂ ਹੀ ਅਸੀਂ ਇਸ ਸ਼ਬਦ ਦੀ ਗਹਿਰਾਈ ਨੂੰ ਸਮਝ ਪਾਵਾਂਗੇ।

ਅਗਿਆਨਤਾ ਦੇ ਵਿੱਚੋਂ ਨਿਕਲਣ ਲਈ, **"ਮੈਂ"** ਦੇ ਵਿੱਚੋਂ ਨਿਕਲਣ ਲਈ ਇੱਕੋ ਇੱਕ ਰਸਤਾ ਗੁਰੂ ਦਾ ਗਿਆਨ ਹੀ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝੀਏ ਜਿਨ੍ਹਾਂ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਹਉਮੈ ਬੂਝੈ ਤਾ ਦਰੁ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥"

(ਅੰਗ ੪੬੬)

"ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ॥"

(ਅੰਗ ੯੪੬)

“ਸੋ ਨਿਹਕਰਮੀ ਜੋ ਸਬਦੁ ਬੀਚਾਰੇ॥
ਅੰਤਰਿ ਤਤੁ ਗਿਆਨਿ ਹਉਮੈ ਮਾਰੇ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ॥੨॥
ਹਉਮੈ ਕਰੈ ਨਿਹਕਰਮੀ ਨ ਹੋਵੈ॥
ਗੁਰ ਪਰਸਾਦੀ ਹਉਮੈ ਖੋਵੈ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ॥੩॥”

(ਅੰਗ ੧੨੯)

“ਹਉਮੈ ਬੂਝੈ” ਤੋਂ ਭਾਵ ਹੈ ਆਪਣੇ ਮਨ ਦੀ ਸਮਝ ਨੂੰ ਬੁੱਝਣਾ, ਆਪਣੇ ਮਨ ਨੂੰ ਬੁੱਝਣਾ, ਆਪਣੇ ਆਪ ਨੂੰ ਬੁੱਝਣਾ ਕਿ “ਮੈਂ ਕੀ ਹਾਂ” ਅਸੀਂ ਕੀ ਹਾਂ ਭਾਵ ਸਾਡੀ ਮਨੁੱਖੀ ਹੋਂਦ ਕੀ ਹੈ। ਆਪਣੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਮੈਂ ਹਾਂ, ਮੈਂ ਇੱਕ ਮਨੁੱਖ ਹਾਂ। ਆਪਣੇ ਅੰਦਰ ਦੀ ਸਮਝ ਨੂੰ ਬੁੱਝਣਾ ਹੀ ਆਪਣੇ ਆਪ ਨੂੰ ਬੁੱਝਣਾ ਹੈ ਕਿ ਇਸ ਮਨੁੱਖੀ ਸਰੀਰ ਵਿੱਚ ਮੈਂ ਹਾਂ ਜਾਂ ਆਪ ਪ੍ਰਮਾਤਮਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਆਪਣੀ ਹੋਂਦ ਦੀ, ਆਪਣੇ ਆਪ ਦੀ ਸੋਝੀ ਪੈਣ ਦੁਆਰਾ ਹੀ ਪ੍ਰਮਾਤਮਾ ਦੇ ਦਰ ਦੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ। **(ਹਉਮੈ ਬੂਝੈ ਤਾ ਦਰ ਸੂਝੈ)** ਇਹ ਸੋਝੀ ਪੈਣ ਤੋਂ ਬਾਅਦ ਹੀ ਸਾਡੀ ਹਉਮੈ ਖਤਮ ਹੁੰਦੀ ਹੈ ਤੇ ਸਾਨੂੰ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਸੋਝੀ, ਆਪਣੇ ਆਪ ਦੀ ਸੋਝੀ, ਗਿਆਨ ਦੁਆਰਾ ਪੈਂਦੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **(ਗਿਆਨ ਵਿਹੂਣਾ ਕਥਿ ਕਥਿ ਲੂਝੈ॥)** ਪ੍ਰਮਾਤਮਾ ਨੂੰ ਜਾਨਣ ਦਾ ਗਿਆਨ ਹੀ ਗੁਰਬਾਣੀ ਹੈ। ਅਸੀਂ ਗੁਰਬਾਣੀ ਨੂੰ ਕਥਦੇ ਤਾਂ ਬਹੁਤ ਹਾਂ ਪਰ ਉਹ ਗਿਆਨ ਸਾਨੂੰ ਕਿਸ ਮਕਸਦ ਲਈ ਦਿੱਤਾ ਹੈ, ਇਸ ਦੀ ਅਹਿਮੀਅਤ ਨਹੀਂ ਸਮਝਦੇ। ਗੁਰੂ ਦਾ ਗਿਆਨ ਉਸ ਤੇ ਅਮਲ ਕਰਨ ਲਈ ਹੈ, ਉਸਨੂੰ ਮੰਨਣ ਲਈ ਹੈ, ਆਪਣੇ ਜੀਵਨ ਨੂੰ ਉਸ ਅਨੁਸਾਰ ਬਣਾਉਣ ਲਈ ਹੈ, ਗਿਆਨ ਨੂੰ ਆਪਣੇ ਮਨ ਵਿੱਚ ਵਸਾਉਣ ਲਈ ਹੈ ਭਾਵ ਗੁਰੂ ਦਾ ਗਿਆਨ ਸਾਡੀ ਕਰਨੀ ਸੁਧਾਰਨ ਲਈ ਹੈ ਨਾ ਕਿ ਕੇਵਲ ਕਥਨੀ ਬਦਨੀ ਲਈ ਹੈ। ਜੇਕਰ ਅਸੀਂ ਆਪਣੇ ਆਪ ਨੂੰ ਬੁੱਝਣਾ ਚਾਹੁੰਦੇ ਹਾਂ, ਪ੍ਰਮਾਤਮਾ ਦੇ ਘਰ ਵਿੱਚ ਜਾਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਆਪਣੀ ਕਰਨੀ ਚੰਗੀ ਬਣਾਉਣੀ ਪਵੇਗੀ, ਗੁਰੂ ਦੀ ਮਤਿ ਅਨੁਸਾਰ ਬਣਾਉਣੀ ਪਵੇਗੀ। ਗਿਆਨ ਨੂੰ ਕੇਵਲ ਕਥੀ ਜਾਣ ਨਾਲ ਮਨੁੱਖ ਗਿਆਨ ਵਿਹੂਣਾ ਹੀ ਰਹਿੰਦਾ ਹੈ। ਜੇਕਰ ਗਿਆਨ ਅਸੀਂ ਕੇਵਲ ਕਥਨ ਲਈ ਹੀ ਇਕੱਠਾ ਕਰਦੇ ਹਾਂ ਪਰ ਉਸ ਤੇ ਅਮਲ ਨਹੀਂ ਕਰਦੇ, ਇਸ ਨਾਲ ਗੁਰੂ ਕੋਲੋਂ ਗਿਆਨ ਲੈਣ ਦਾ ਮਕਸਦ ਪੂਰਾ ਨਹੀਂ ਹੁੰਦਾ, ਉਲਟਾ ਅਸੀਂ ਵਾਦ ਵਿਵਾਦ ਵਿੱਚ ਪਏ ਰਹਿੰਦੇ ਹਾਂ। ਅਸਲ ਵਿੱਚ ਗਿਆਨ ਵਾਲਾ ਉਹ ਹੈ ਜੋ ਗਿਆਨ ਨੂੰ ਆਪਣੇ ਮਨ ਵਿੱਚ ਵਸਾਉਂਦਾ ਹੈ ਭਾਵ ਉਸ ਤੇ ਅਮਲ ਕਰਦਾ ਹੈ। ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀ ਜਾ ਸਕਦੀ ਹੈ।

“ਜਗੁ ਬੰਦੀ ਮੁਕਤੇ ਹਉ ਮਾਰੀ॥ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥”

(ਅੰਗ ੪੧੩)

ਹਉਮੈ ਖਤਮ ਹੋਏ ਬਿਨ੍ਹਾਂ ਭਾਵ ਆਪਣਾ ਆਪ ਪਛਾਣੇ ਬਿਨ੍ਹਾਂ ਕੋਈ ਮੁਕਤ ਨਹੀਂ ਹੋ ਸਕਦਾ ਕਿਉਂਕਿ ਹਉਮੈ ਕਰਕੇ ਹੀ ਹਰ ਕੋਈ ਬੰਧਨ ਵਿੱਚ ਹੈ। **(ਜਗੁ ਬੰਦੀ ਮੁਕਤੇ ਹਉ ਮਾਰੀ)** ਮੁਕਤੀ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। “ਹਉਮੈ” ਮਨ ਦੀ ਸੋਝੀ ਦੇ ਨਾਲ ਹੀ ਜਾਣੀ ਹੈ ਤੇ “ਹਉਮੈ” ਮਾਰਨ ਦਾ ਤਰੀਕਾ ਗੁਰੂ ਦਾ ਗਿਆਨ ਹੈ, ਗੁਰੂ ਦਾ ਸ਼ਬਦ ਹੈ। ਸ਼ਬਦ ਦੇ ਗਿਆਨ ਨੂੰ ਕੇਵਲ ਕਥੀ ਜਾਣ ਨਾਲ, ਕੇਵਲ ਗਿਆਨੀ ਬਣ ਜਾਣ ਨਾਲ ਸਾਨੂੰ ਮੁਕਤੀ ਨਹੀਂ ਮਿਲ ਸਕਦੀ। ਗਿਆਨ ਇਕੱਠਾ ਕਰਨ ਵਾਲਿਆਂ ਦੀ ਕਮੀ ਨਹੀਂ ਹੈ, ਜਗ ਭਰਿਆ ਹੋਇਆ ਹੈ। ਗਿਆਨ ਦਾ ਵੀਚਾਰੀ, ਸ਼ਬਦ ਦਾ ਵੀਚਾਰੀ ਕੋਈ ਵਿਰਲਾ ਹੀ ਬਣਦਾ ਹੈ। “ਵੀਚਾਰੀ” ਤੋਂ ਭਾਵ ਹੈ ਜੋ ਗੁਰੂ ਦੇ ਸ਼ਬਦ ਨੂੰ, ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਿਚਾਰ ਲੈਂਦਾ ਹੈ, ਆਪਣੇ ਵਿਚਾਰਾਂ ਵਿੱਚ ਵਸਾ ਲੈਂਦਾ ਹੈ ਭਾਵ ਆਪਣੇ ਮਨ ਦੇ ਵਿੱਚ ਵਸਾ ਲੈਂਦਾ ਹੈ ਭਾਵ ਉਹ ਗਿਆਨ ਦਾ ਆਚਾਰੀ ਬਣ ਜਾਂਦਾ ਹੈ, ਉਸਦੇ ਆਚਾਰ ਭਾਵ ਉਸਦੀ ਵਿਚਰਨ, ਉਸਦੀ ਕਰਨੀ ਗੁਰੂ ਦੇ ਗਿਆਨ ਅਨੁਸਾਰ ਬਣ ਜਾਂਦੀ ਹੈ, ਗੁਰੂ ਦੀ ਮਤਿ ਅਨੁਸਾਰ ਬਣ ਜਾਂਦੀ ਹੈ, ਸ਼ਬਦ ਦੀ ਮਤਿ ਅਨੁਸਾਰ ਬਣ ਜਾਂਦੀ ਹੈ। **(ਜਗਿ ਗਿਆਨੀ ਵਿਰਲਾ**

ਆਚਾਰੀ॥ ਜਗਿ ਪੰਡਿਤੁ ਵਿਰਲਾ ਵੀਚਾਰੀ) ਇਹੋ ਜਿਹੇ ਚੰਗੇ ਆਚਾਰ ਦੁਆਰਾ, ਚੰਗੀ ਕਰਨੀ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਨਾਲ ਆਪਣੀ ਭੇਟ ਕਰ ਸਕਦੇ ਹਾਂ, ਉਸਦੇ ਨਾਲ ਮਿਲ ਸਕਦੇ ਹਾਂ। ਗੁਰੂ ਦੀ ਮਤਿ ਦੇ ਨਾਲ ਭੇਟ, ਸਤਿਗੁਰੂ ਦੇ ਨਾਲ ਭੇਟ ਹੈ। ਸਿਰਫ ਗਿਆਨ ਇਕੱਠਾ ਕਰਨਾ ਪਰ ਉਸ ਤੇ ਅਮਲ ਨਾ ਕਰਨਾ ਸਾਡਾ ਅਹੰਕਾਰ ਹੀ ਵਧਾਉਂਦਾ ਹੈ, ਸਾਡੀ ਮੈਂ ਵਧਾਉਂਦਾ ਹੈ, ਸਾਡੀ ਹਉਮੈ ਵਧਾਉਂਦਾ ਹੈ, ਸਾਡੀ ਮਨਮਤਿ ਵਧਾਉਂਦਾ ਹੈ। **(ਬਿਨੁ ਸਤਿਗੁਰ ਭੇਟੇ ਸਭ ਫਿਰੈ ਅਹੰਕਾਰੀ)** ਅਸੀਂ ਗੁਰੂ ਦੀ ਮਤਿ ਲੈ ਕੇ, ਸਮਝ ਕੇ, ਉਸ ਅਨੁਸਾਰ ਚੱਲਣ ਦਾ ਉੱਦਮ ਹੀ ਕਰਨਾ ਹੈ ਜੋ ਕਿ ਸਾਡਾ ਫਰਜ਼ ਹੈ। ਫਲ ਪ੍ਰਮਾਤਮਾ ਦੇ ਹੱਥ ਵਿੱਚ ਹੀ ਹੈ ਜੋ ਕਿ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਆਪ ਹੀ ਦਿੰਦਾ ਹੈ ਤੇ ਆਪਣੇ ਨਾਲ ਮਿਲਾਉਂਦਾ ਹੈ।

{ਕਥਨੀ ਕਹਿ ਭਰਮੁ ਨ ਜਾਈ॥ਸਭ ਕਥਿ ਕਥਿ ਰਹੀ ਲੁਕਾਈ॥}

(ਅੰਗ ੬੫੫)

ਦੁਨੀਆਂ ਕਥਨੀ ਵਿੱਚ ਹੀ ਲੱਗੀ ਹੋਈ ਹੈ ਤੇ ਹਰ ਕੋਈ ਇਸੇ ਨੂੰ ਹੀ ਆਪਣੀ ਭਗਤੀ ਸਮਝਦਾ ਹੈ। ਗੁਰੂ ਦੇ ਗਿਆਨ ਦਾ ਅਸਲ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਜਿਸ ਦੁਆਰਾ ਅਸੀਂ ਗੁਰੂ ਦੇ ਦੱਸੇ ਹੋਏ ਸੱਚ ਨਾਲ ਜੁੜ ਸਕੀਏ। ਸਾਡਾ ਭਰਮ ਤਾਂ ਹੀ ਦੂਰ ਹੁੰਦਾ ਹੈ ਜੇਕਰ ਅਸੀਂ ਗੁਰੂ ਦੀ ਗੱਲ ਮੰਨ ਕੇ ਆਪਣੇ ਅੰਦਰ ਵਸਾਈਏ ਤੇ ਉਹ ਕੁੱਝ ਕਰੀਏ ਜੋ ਗੁਰੂ ਸਾਨੂੰ ਸਮਝਾਉਂਦਾ ਹੈ। ਗੁਰੂ ਸਾਨੂੰ ਇਸੇ ਲਈ ਸਮਝਾਉਂਦਾ ਹੈ ਕਿਉਂਕਿ ਮਨ ਦੇ ਭਰਮਾਂ ਕਰਕੇ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਸ਼ਬਦ ਦਾ ਵਿਚਾਰੀ ਉਸ ਦੀ ਗੱਲ ਨੂੰ ਮੰਨ ਕੇ ਹੀ ਬਣਿਆ ਜਾ ਸਕਦਾ ਹੈ। ਸ਼ਬਦ ਨੂੰ ਕੇਵਲ ਕਥੀ ਜਾਣ ਨਾਲ ਅਸੀਂ ਭਰਮ ਵਿੱਚੋਂ ਨਹੀਂ ਨਿਕਲ ਸਕਦੇ, ਸਾਡੇ ਆਚਾਰ ਚੰਗੇ ਨਹੀਂ ਬਣ ਸਕਦੇ। ਗੁਰੂ ਦੇ ਗਿਆਨ ਦਾ ਵੀਚਾਰੀ ਕੋਈ ਵਿਰਲਾ ਹੀ ਬਣ ਸਕਦਾ ਹੈ ਅਤੇ ਵਿਰਲੇ ਦੇ ਹੀ ਆਚਾਰ ਚੰਗੇ ਬਣਦੇ ਹਨ ਭਾਵ ਕੋਈ ਵਿਰਲਾ ਹੀ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ ਤੇ ਇਸੇ ਲਈ ਵਿਰਲੇ ਦੀ ਹੀ ਹਉਮੈ ਮਰਦੀ ਹੈ, ਵਿਰਲੇ ਨੂੰ ਹੀ ਮਨ ਦੇ ਭਰਮਾਂ ਵਾਲੇ ਵਿਚਾਰਾਂ ਤੋਂ ਮੁਕਤੀ ਮਿਲਦੀ ਹੈ ਤੇ ਕੋਈ ਵਿਰਲਾ ਹੀ ਉਸਦੇ ਦਰਸ਼ਨ ਕਰਦਾ ਹੈ, ਕਿਸੇ ਵਿਰਲੇ ਤੇ ਹੀ ਉਹ ਆਪਣੀ ਕਿਰਪਾ ਕਰਕੇ ਚੰਗੇ ਆਚਾਰ ਵਾਲਾ ਬਣਾਉਂਦਾ ਹੈ।

“ਦੁਆਪੁਰਿ ਤ੍ਰੈਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥੧॥”

(ਅੰਗ ੧੧੩੧)

“ਮਾਣਸ” ਤੋਂ ਭਾਵ ਹੈ ਸਾਡਾ ਆਪਾ, ਆਪਣੀ ਮਨੁੱਖੀ ਹੋਂਦ ਸਮਝਣਾ, ਸਾਡੀ “ਮੈਂ” ਭਾਵ ਸਾਡੀ ਹਉਮੈ। ਹਰ ਸਮੇਂ ਦੇ ਵਿੱਚ, ਆਪਣੀ ਹੋਂਦ ਸਮਝਣ ਦਾ ਤਰੀਕਾ ਇੱਕੋ “ਹਉਮੈ” ਹੀ ਰਿਹਾ ਹੈ ਤੇ ਹਉਮੈ ਨੂੰ ਮਾਰਨ ਦਾ ਤਰੀਕਾ ਵੀ ਹਰ ਸਮੇਂ ਇੱਕੋ ਹੀ ਰਿਹਾ ਹੈ ਤੇ ਹੁਣ ਵੀ ਉਹੋ ਹੀ ਹੈ। ਹਰ ਸਮੇਂ ਵਿੱਚ ਵਿਰਲੇ ਹੀ ਪ੍ਰਮਾਤਮਾ ਨੂੰ ਪਾਉਂਦੇ ਰਹੇ ਹਨ। ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ। ਇਹ ਜੁਗ ਕੀ ਹਨ, ਇਹਨਾਂ ਨੂੰ ਬਰੀਕੀ ਨਾਲ ਅਸੀਂ ਲੇਖ ਵਿੱਚ ਅੱਗੇ ਜਾ ਕੇ ਸਮਝਾਂਗੇ।

ਹਉਮੈ ਸਾਡੀ ਸ਼ਬਦ ਦੁਆਰਾ ਹੀ ਜਾਂਦੀ ਹੈ, ਹਉਮੈ ਨੂੰ ਸ਼ਬਦ ਹੀ ਜਲਾਉਂਦਾ ਹੈ ਜਿਵੇਂ ਕਿ ਬਾਣੀ ਵਿੱਚ ਸਾਨੂੰ ਵਾਰ-ਵਾਰ ਸਮਝਾਇਆ ਗਿਆ ਹੈ ਤੇ ਅਗਲੇ ਸ਼ਬਦ ਰਾਹੀਂ ਵੀ ਅਸੀਂ ਇਹੀ ਗੱਲ ਜਾਨਣ ਦੀ ਕੋਸ਼ਿਸ਼ ਕਰ ਰਹੇ ਹਾਂ।

“ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ॥”

(ਅੰਗ - 946)

ਗੁਰੂ ਦਾ ਸ਼ਬਦ ਸਾਨੂੰ ਗਿਆਨ ਹੀ ਦਿੰਦਾ ਹੈ ਤੇ ਜੋ ਗੁਰੂ ਵਾਲਾ ਬਣਦਾ ਹੈ, ਗੁਰੂ ਵਾਲਾ ਬਣ ਕੇ ਰਹਿੰਦਾ ਹੈ, ਉਹ ਗੁਰੂ ਦੇ ਸ਼ਬਦ ਵਿੱਚੋਂ ਗਿਆਨ ਦੇ ਤੱਤ ਨੂੰ ਵਿਚਾਰਦਾ ਹੈ ਭਾਵ ਜੋ ਗਿਆਨ ਦੇ ਰਾਹੀਂ, ਸ਼ਬਦ ਦੇ ਰਾਹੀਂ ਗੁਰੂ ਨੇ ਸਮਝਾਇਆ ਹੈ, ਜੋ ਸ਼ਬਦ ਦੇ ਰਾਹੀਂ ਸਿੱਖਿਆ ਦਿੱਤੀ ਹੈ, ਉਸਨੂੰ ਆਪਣੇ ਅੰਦਰ ਵਿਚਾਰਦਾ ਹੈ। ਗਿਆਨ ਦਾ ਵੀਚਾਰੀ ਬਣਨਾ ਕੀ ਹੈ, ਇਹ ਅਸੀਂ ਉੱਪਰ ਜਾਣ ਹੀ ਚੁੱਕੇ ਹਾਂ। ਜੋ ਸ਼ਬਦ ਦਾ ਵੀਚਾਰੀ ਬਣਦਾ ਹੈ, ਗਿਆਨ ਦੇ ਤੱਤ ਨੂੰ ਵਿਚਾਰਦਾ ਹੈ, ਉਹ ਤਨੋ ਮਨੋ ਨਿਰਮਲ ਬਣਦਾ ਹੈ ਭਾਵ ਉਸਦਾ ਮਨ ਪਵਿੱਤਰ ਬਣ ਜਾਂਦਾ ਹੈ, ਵਿਕਾਰ ਰਹਿਤ ਬਣ ਜਾਂਦਾ ਹੈ, ਉਹ ਸ਼ੁੱਧ ਹਿਰਦੇ ਵਾਲਾ ਬਣ ਜਾਂਦਾ ਹੈ ਤੇ ਉਸਦੀ ਬਾਣੀ ਭਾਵ ਉਸਦੇ ਬੋਲ ਪਵਿੱਤਰ ਬਣ ਜਾਂਦੇ ਹਨ, ਵਿਕਾਰ ਰਹਿਤ ਬਣ ਜਾਂਦੇ ਹਨ, ਗੁਰੂ ਦੇ ਸ਼ਬਦ ਵਾਲੇ, ਗੁਰੂ ਦੀ

ਮਤਿ ਵਾਲੇ ਬਣ ਜਾਂਦੇ ਹਨ ਭਾਵ ਉਸਦੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਬਣ ਜਾਂਦੀ ਹੈ, ਉਹ ਕਿਸੇ ਨਾਲ ਮਾੜਾ ਨਹੀਂ ਕਰਦਾ, ਕਿਸੇ ਨਾਲ ਮਾੜੇ ਬੋਲ ਨਹੀਂ ਬੋਲਦਾ ਕਿਉਂਕਿ ਉਹ ਸੱਚ ਵਿੱਚ ਹੀ ਸਮਾਇਆ ਰਹਿੰਦਾ ਹੈ ਭਾਵ ਗੁਰੂ ਦੀ ਮਤਿ ਵਿੱਚ ਹੀ ਸਮਾਇਆ ਰਹਿੰਦਾ ਹੈ ਭਾਵ ਸਭ ਕੁੱਝ ਗੁਰੂ ਦੀ ਮਤਿ ਅਨੁਸਾਰ ਹੀ ਕਰਦਾ ਹੈ। ''ਹਉਮੈ'' ਮਨਮਤਿ ਹੈ ਤੇ ''ਸ਼ਬਦ'' ਗੁਰਮਤਿ ਹੈ। ''ਹਉਮੈ'' ਕੱਚੀ ਮਤਿ ਹੈ ਤੇ ''ਸ਼ਬਦ'' ਸੱਚੀ ਮਤਿ ਹੈ। ''ਹਉਮੈ'' ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ''ਸ਼ਬਦ'' ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੈ। ਸਾਡੇ ਜੀਵਨ ਦਾ ਮਕਸਦ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਕੇ ਚੌਥੇ ਪਦ ਵਿੱਚ ਪਹੁੰਚਣ ਦਾ ਹੀ ਹੈ ਜਿਸ ਦੁਆਰਾ ਸਾਡੀ ਹਉਮੈ ਖਤਮ ਹੋ ਸਕਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸ਼ਬਦ ਦੀ ਮਤਿ ਸਾਡੇ ਅੰਦਰ ਵੱਸ ਜਾਵੇ ਤੇ ਸਾਡੀ ਮਨਮਤਿ ਦੂਰ ਹੋ ਜਾਵੇ।

''ਹਉਮੈ'' ਸ਼ਬਦ ਦੇ ਨਾਲ ਹੀ ਜਾਂਦੀ ਹੈ ਤੇ ਇਸ ਦਾ ਤਰੀਕਾ ਸਾਨੂੰ ਜਿੱਥੇ ਵੀ ਸਮਝਾਇਆ ਹੈ, ਜਿਸ ਸ਼ਬਦ ਰਾਹੀਂ ਵੀ ਸਮਝਾਇਆ ਹੈ, ਇਹੀ ਸਮਝਾਇਆ ਹੈ, ਜੋ ਕਿ ਅਸੀਂ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ।

ਅਗਲੇ ਸ਼ਬਦ ਰਾਹੀਂ ਵੀ ਸਾਨੂੰ ਇਹੀ ਕੁੱਝ ਸਮਝਾਇਆ ਹੋਇਆ ਹੈ।

“ਸੋ ਨਿਹਕਰਮੀ ਜੋ ਸਬਦੁ ਬੀਚਾਰੇ॥ਅੰਤਰਿ ਤਤੁ ਗਿਆਨਿ ਹਉਮੈ ਮਾਰੇ॥”

(ਅੰਗ ੧੨੯)

ਸ਼ਬਦ ਦਾ ਵੀਚਾਰੀ ਬਣਨਾ ਬਹੁਤ ਔਖਾ ਹੈ। ''ਨਿਹਕਰਮੀ'' ਤੋਂ ਭਾਵ ਹੈ ਜੋ ਮਨੁੱਖ ਆਪਣੀ ਮਾਇਆ ਮੋਹ ਵਾਲੀ ਮਤਿ ਦੁਆਰਾ ਨਹੀਂ ਵਿਚਰਦਾ ਭਾਵ ਜੋ ਗੁਰੂ ਦੀ ਮਤਿ ਦੁਆਰਾ ਵਿਚਰਦਾ ਹੈ। ''ਮੈਂ'' ਵਿੱਚ ਮਨਮਤਿ ਹੈ, ''ਹਉਮੈ'' ਵਿੱਚ ਮਨਮਤਿ ਹੈ ਤੇ ਅਸਲ ਵਿੱਚ ਮਨਮਤਿ ਦਾ ਤਿਆਗ ਹੀ ਹਉਮੈ ਦਾ ਤਿਆਗ ਹੈ। ਨਿਹਕਰਮੀ ਉਹੀ ਹੋ ਸਕਦਾ ਹੈ, ਗੁਰੂ ਦੀ ਮਤਿ ਵਾਲਾ ਉਹੀ ਬਣ ਸਕਦਾ ਹੈ ਜੋ ਸ਼ਬਦ ਦਾ ਵੀਚਾਰੀ ਹੈ ਭਾਵ ਜੋ ਗੁਰੂ ਦੀ ਮਤਿ ਦਾ ਵੀਚਾਰੀ ਹੈ। ਸ਼ਬਦ ਦਾ ਵਿਚਾਰ ਗੁਰੂ ਦੇ ਗਿਆਨ ਦਾ ਤੱਤ ਹੈ, ਉਸ ਦੀ ਦਿੱਤੀ ਹੋਈ ਤੱਤ ਵਾਲੀ ਸਿੱਖਿਆ ਹੈ ਜਿਸ ਨੂੰ ਆਪਣੇ ਅੰਦਰ ਵਸਾ ਕੇ ਭਾਵ ਉਸ ਨੂੰ ਪੂਰੀ ਤਰ੍ਹਾਂ ਮੰਨ ਕੇ ਸਾਡੀ ਹਉਮੈ ਮਰਦੀ ਹੈ, ਸਾਡੀ ਮਨਮਤਿ ਮਰਦੀ ਹੈ। ਸਾਡੀ ਹਉਮੈ ਨੂੰ ਸ਼ਬਦ ਹੀ ਮਾਰ ਸਕਦਾ ਹੈ ਸਾਡੀ ਅਗਿਆਨਤਾ ਨੂੰ ਸ਼ਬਦ ਦਾ ਸੱਚਾ ਗਿਆਨ ਹੀ ਮਾਰ ਸਕਦਾ ਹੈ ਭਾਵ ਸਾਡੀ ਮਨਮਤਿ ਨੂੰ ਗੁਰਮਤਿ ਹੀ ਮਾਰ ਸਕਦੀ ਹੈ ਤੇ ਸਾਨੂੰ ਨਿਹਕਰਮੀ ਬਣਾ ਸਕਦੀ ਹੈ, ਸ਼ਬਦ ਦਾ ਵੀਚਾਰੀ ਬਣਾ ਸਕਦੀ ਹੈ। **(ਸੋ ਨਿਹਕਰਮੀ ਜੋ ਸਬਦੁ ਬੀਚਾਰੇ ਅੰਤਰਿ ਤਤੁ ਗਿਆਨਿ ਹਉਮੈ ਮਾਰੇ)** ਹਉਮੈ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜਿਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ, ਪ੍ਰਮਾਤਮਾ ਦੀ ਸਮਝ ਨਹੀਂ ਹੈ ਤੇ ਗੁਰੂ ਦੇ ਸ਼ਬਦ ਦਾ ਮਕਸਦ, ਤੱਤ ਗਿਆਨ ਦਾ ਮਕਸਦ ਸਾਨੂੰ ਹਉਮੈ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ।

“ਹਉਮੈ ਕਰੈ ਨਿਹਕਰਮੀ ਨ ਹੋਵੈ॥ ਗੁਰ ਪਰਸਾਦੀ ਹਉਮੈ ਖੋਵੈ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ॥੩॥”

(ਅੰਗ ੧੨੯)

ਜਦ ਤੱਕ ਅਸੀਂ ਆਪਣੀ ਮਨਮਤਿ ਨਹੀਂ ਛੱਡਦੇ, ਅਸੀਂ ਗੁਰੂ ਦੀ ਮਤਿ ਵਾਲੇ ਨਹੀਂ ਬਣ ਸਕਦੇ। ਜਦ ਤੱਕ ਸਾਡੇ ਤੇ ਪ੍ਰਮਾਤਮਾ ਦੀ ਕਿਰਪਾ ਨਹੀਂ ਹੁੰਦੀ ਅਸੀਂ ਮਨਮਤਿ ਵਿੱਚੋਂ ਨਹੀਂ ਨਿਕਲ ਸਕਦੇ। ਆਪਣੀ ਮਤਿ ਤੇ ਭਾਵ ਗੁਰਮਤਿ ਤੇ ਚੱਲਣ ਦੀ ਸਮਰੱਥਾ ਉਹ ਆਪ ਹੀ ਬਖਸ਼ ਸਕਦਾ ਹੈ। ਉਸ ਦੀ ਕਿਰਪਾ ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦੁਆਰਾ ਹੁੰਦੀ ਹੈ, ਮਨ ਦਾ ''ਬਿਬੇਕ'' ਦੇਣ ਦੁਆਰਾ ਹੁੰਦੀ ਹੈ, ਚੌਥੇ ਪਦ ਦਾ ਗਿਆਨ ਦੇਣ ਦੁਆਰਾ ਹੁੰਦੀ ਹੈ ਤੇ ਗੁਰੂ ਦੇ ਸ਼ਬਦ ਦੇ ਗੁਣ ਮਨ ਦੇ ਵਿੱਚ ਵੱਸਣ ਦੇ ਨਾਲ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਸਾਡੇ ਮਨ ਦੇ ਵਿੱਚ ਗਿਆਨ, ਆਪਣੀ ਗੁਰਮਤਿ ਦਾ ਗਿਆਨ, ਉਹ ਆਪ ਹੀ ਪਾ ਸਕਦਾ ਹੈ ਤੇ ਸਾਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਚੌਥੇ ਪਦ ਵਿੱਚ ਮਿਲਾ ਕੇ ਸਾਡੀ ਹਉਮੈ ਖਤਮ ਕਰ ਸਕਦਾ ਹੈ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਹਉਮੈ ਵਿੱਚੋਂ ਕੱਢੇ ਜਿਸਨੇ ਆਪ ਸਾਰੇ ਸੰਸਾਰ ਨੂੰ ਹਉਮੈ ਵਿੱਚ ਰੱਖਿਆ ਹੋਇਆ ਹੈ। ਹਉਮੈ ਨੂੰ ਸਮਝੇ ਬਿਨ੍ਹਾਂ ਅਸੀਂ ਗੁਰਬਾਣੀ ਨੂੰ ਸਮਝ ਲਈਏ, ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਸਮਝ ਲਈਏ ਇਹ ਨਾਮੁਮਕਿਨ ਹੈ। ਹਉਮੈ ਵੀ ਸਾਡੇ ਅੰਦਰ ਹੈ ਤੇ ਪ੍ਰਮਾਤਮਾ ਵੀ ਸਾਡੇ ਅੰਦਰ ਹੈ। ਹਉਮੈ ਵੀ ਸਾਡੇ ਅੰਦਰ ਦੀ ਸਮਝ ਹੈ ਤੇ ਪ੍ਰਮਾਤਮਾ ਵੀ ਸਾਡੇ ਅੰਦਰ ਦੀ ਸਮਝ ਵਿੱਚ ਹੀ ਹੈ। ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਸਾਡਾ ਮਨ ਦੇ ਵਿੱਚ ਪੜਦਾ ਹੈ ਜਿਸ ਪੜਦੇ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਦੇ ਨਹੀਂ ਜਾਣ ਸਕਦੇ। ਇਸ ਹਉਮੈ ਨੂੰ ਹੀ ਸਾਡੇ ਅੰਦਰ ਦੀ ਦੀਵਾਰ ਕਿਹਾ ਹੈ ਜੋ ਦੀਵਾਰ ਸਾਡੀ ਹਉਮੈ ਵਾਲੀ ਸਮਝ ਦੇ ਰੂਪ ਵਿੱਚ ਹੈ ਭਾਵ ਪ੍ਰਮਾਤਮਾ

ਦੇ ਨਾਲ ਮਨ ਦੇ ਵਿੱਚ ਇਹ ਪੜਦੇ ਦੀ ਤਰ੍ਹਾਂ ਹੈ। ਇਹ ਹਉਮੈ ਰੂਪ ਦੀਵਾਰ ਟੁੱਟੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਕਦੇ ਨਹੀਂ ਜਾਣ ਸਕਦੇ। ਇਹ ਦੀਵਾਰ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ, ਆਪਣੇ ਆਪ ਨਾਲੋਂ ਵੱਖਰਾ ਕਰਨ ਲਈ ਪਾਈ ਹੋਈ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਸਾਡੇ ਅੰਦਰ ਦਾ ਇਹ ਪੜਦਾ, ਦੀਵਾਰ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ, ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਹੈ ਜਿਸਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਸਾਨੂੰ ਬਿਲਕੁਲ ਸੱਚ ਹੀ ਸਮਝਾਉਂਦਾ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ।

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥1॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥1॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥2॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥3॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥4॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥1॥ ਰਹਾਉ ਦੂਜਾ ॥}

(ਅੰਗ 205)

{ਅਨਦਿਨੁ ਹਰਿ ਹਰਿ ਧਿਆਇਓ ਹਿਰਦੈ ਮਤਿ ਗੁਰਮਤਿ ਦੂਖ ਵਿਸਾਰੀ ॥
ਸਭ ਆਸਾ ਮਨਸਾ ਬੰਧਨ ਤੂਟੇ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥1॥
ਨੈਨੀ ਹਰਿ ਹਰਿ ਲਾਗੀ ਤਾਰੀ ॥
ਸਤਿਗੁਰੁ ਦੇਖਿ ਮੇਰਾ ਮਨੁ ਬਿਗਸਿਓ ਜਨੁ ਹਰਿ ਭੇਟਿਓ ਬਨਵਾਰੀ ॥1॥ ਰਹਾਉ ॥
ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ ॥2॥
ਹਰਿ ਹਰਿ ਆਨਿ ਮਿਲਾਵਹੁ ਗੁਰੁ ਸਾਧੂ ਜਿਸੁ ਅਹਿਨਿਸਿ ਹਰਿ ਉਰਿ ਧਾਰੀ ॥
ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ ਜਿਉ ਬਾਰਿਕੁ ਦੇਖਿ ਮਹਤਾਰੀ ॥3॥
ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥4॥}

(ਅੰਗ 1262-63)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥1॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥2॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥3॥

ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥4॥}

(ਅੰਗ 560)

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥
ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥1॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥1॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥
ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥2॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥3॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥4॥
ਗੁਰ ਪਰਸਾਦੀ ਸਚਾ ਹਰਿ ਪਾਏ ॥
ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥5॥
ਨਉ ਦਰ ਠਾਕੇ ਧਾਵਤੁ ਰਹਾਏ ॥
ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥6॥
ਬਿਨੁ ਸਬਦੈ ਅੰਤਰਿ ਆਨੇਰਾ ॥
ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥7॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥
ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥8॥}

(ਅੰਗ 124)

{ਗੁਰਮੁਖਿ ਮਿਲੈ ਮਿਲਾਏ ਆਪੇ ॥
ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥1॥
ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥
ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥1॥ ਰਹਾਉ ॥
ਗੁਰਮੁਖਿ ਜੀਵੈ ਮਰੈ ਪਰਵਾਣੁ ॥
ਆਰਜਾ ਨ ਛੀਜੈ ਸਬਦੁ ਪਛਾਣੁ ॥
ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥2॥
ਗੁਰਮੁਖਿ ਹਰਿ ਦਰਿ ਸੋਭਾ ਪਾਏ ॥

ਗੁਰਮੁਖਿ ਵਿਚਹੁ ਆਪੁ ਗਵਾਏ ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥3॥
ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥
ਗੁਰਮੁਖਿ ਹਉਮੈ ਚੂਕੈ ਪੀਰ ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥4॥
ਗੁਰਮੁਖਿ ਨਾਮੁ ਮਿਲੈ ਵਡਿਆਈ ॥
ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥5॥
ਗੁਰਮੁਖਿ ਅਨਦਿਨੁ ਸਬਦੇ ਰਾਤਾ ॥
ਗੁਰਮੁਖਿ ਜੁਗ ਚਾਰੇ ਹੈ ਜਾਤਾ ॥
ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥6॥
ਬਾਝੁ ਗੁਰੂ ਹੈ ਅੰਧ ਅੰਧਾਰਾ ॥
ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥7॥
ਗੁਰਮੁਖਿ ਆਪੇ ਕਰੇ ਕਰਾਏ ॥
ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥
ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥8॥}

(ਅੰਗ 124-125)

{ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥
ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥
ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥
ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥2॥}

(ਅੰਗ 300-301)

{ਭੋਲਿਆ ਹਉਮੈ ਸੁਰਤਿ ਵਿਸਾਰਿ ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥1॥ ਰਹਾਉ ॥
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥2॥}

(ਅੰਗ 1168)

{ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥
ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥
ਹਉਮੈ ਮਮਤਾ ਬਹੁ ਮੋਹੁ ਵਧਾਇਆ ॥
ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥}

(ਅੰਗ 1261)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥
ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥

ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥3॥}

(ਅੰਗ 26)

{ਹਉਮੈ ਮਾਰਿ ਮੰਨਿ ਵਸਾਇਆ ॥
ਗੁਰ ਚਰਣੀ ਸਦਾ ਚਿਤੁ ਲਾਇਆ ॥}

(ਅੰਗ 110)

{ਦੂਜੈ ਭਾਇ ਨ ਸੇਵਿਆ ਜਾਇ ॥
ਹਉਮੈ ਮਾਣਿਆ ਮਹਾ ਬਿਖੁ ਖਾਇ ॥}

(ਅੰਗ 161)

{ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥
ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥
ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥4॥}

(ਅੰਗ 638)

{ਆਨੰਦ ਮੂਲੁ ਅਨਾਥ ਅਧਾਰੀ ॥
ਗੁਰਮੁਖਿ ਭਗਤਿ ਸਹਜਿ ਬੀਚਾਰੀ ॥
ਭਗਤਿ ਵਛਲ ਭੈ ਕਾਟਣਹਾਰੇ ॥
ਹਉਮੈ ਮਾਰਿ ਮਿਲੇ ਪਗੁ ਧਾਰੇ ॥5॥}

(ਅੰਗ 685)

{ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥
ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥
ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥4॥}

(ਅੰਗ 1009)

{ਹਉਮੈ ਮਾਣਿਆ ਮੈਲੁ ਕਮਾਣਿਆ ॥
ਮਰਿ ਮਰਿ ਜੰਮਹਿ ਦੂਜਾ ਭਾਣਿਆ ॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ਮਨਿ ਦੇਖਹੁ ਲਿਵ ਲਾਈ ਹੇ ॥15॥}

(ਅੰਗ 1046)

{ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥
ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥
ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥4॥}

(ਅੰਗ 1111)

{ਹਉਮੈ ਮਾਣਿਆ ਮੋਹਿ ਖੁਆਣਿਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥1॥}

(ਅੰਗ 1132)

{ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥
ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥

ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥
ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥1॥
ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥
ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥
ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥2॥
ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥
ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥
ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥
ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥3॥
ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥
ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥
ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥
ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥4॥}

(ਅੰਗ 845)

ਉੱਪਰ ਵਾਲੇ ਸਾਰੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਸਾਡੀ ਅੰਦਰ ਦੀ ਹਉਮੈ ਨੂੰ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਪੜਦਾ ਕਿਹਾ ਹੈ, ਸਾਡੇ ਅੰਦਰ ਦੀ ਦੀਵਾਰ ਕਿਹਾ ਹੈ, ਸਾਡੇ ਅੰਦਰ ਦਾ ਬੰਧਨ ਕਿਹਾ ਹੈ, ਸਾਡੇ ਅੰਦਰ ਦਾ ਬਜਰ ਕਪਾਟ ਕਿਹਾ ਹੈ ਜੋ ਕਪਾਟ ਖੁੱਲੇ ਬਿਨ੍ਹਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਇਹ ਹਉਮੈ ਹੀ ਸਾਡੇ ਅੰਦਰ ਦਾ ਭਰਮ ਗੜ੍ਹ ਹੈ ਜੋ ਗੜ੍ਹ ਟੁੱਟੇ ਬਿਨ੍ਹਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਭਰਮ ਰੂਪ ਬੰਧਨ ਦੀ, ਮਾਇਆ ਦੇ ਬੰਧਨ ਦੀ ਗੱਲ ਆਉਂਦੀ ਹੈ। ਬੰਧਨ ਤਾਂ ਇੱਕੋ ਹੀ ਹੈ ਜਿਸ ਬੰਧਨ ਤੋਂ ਅਸੀਂ ਮੁਕਤੀ ਲੈਣੀ ਹੈ। ਸਾਡੇ ਅੰਦਰ ਦੀ ਹਉਮੈ ਹੀ ਸਾਡੇ ਅੰਦਰ ਭਰਮ ਦਾ ਬੰਧਨ ਹੈ, ਮਾਇਆ ਦਾ ਬੰਧਨ ਹੈ ਜਿਨ੍ਹਾਂ ਸਾਰੀਆਂ ਗੱਲਾਂ ਨੂੰ ਅੱਗੇ ਚੱਲਕੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। ਹਉਮੈ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਹਉਮੈ ਸਾਡੇ ਅੰਦਰ ਕਿਸ ਰੂਪ ਵਿੱਚ ਵਰਤਦੀ ਹੈ, ਇਸ ਗੱਲ ਨੂੰ ਸਮਝੇ ਬਿਨ੍ਹਾਂ ਅਸੀਂ ਬਾਣੀ ਵਿੱਚ ਸ਼ਬਦਾਂ ਦੇ ਅਸਲ ਭਾਵ ਨੂੰ ਨਹੀਂ ਸਮਝ ਸਕਦੇ। ਹਉਮੈ ਨੂੰ ਵੱਡਾ ਗੁਬਾਰ ਕਿਹਾ ਹੈ ਭਾਵ ਮਨੁੱਖ ਦੀ ਵੱਡੀ ਅਗਿਆਨਤਾ ਕਿਹਾ ਹੈ ਤੇ ਮਨ ਦੀ ਇਹ ਅਗਿਆਨਤਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਪੜਦਾ ਹੈ ਜੋ ਪੜਦਾ ਕੇਵਲ ਤੇ ਕੇਵਲ ਗੁਰੂ ਦੇ ਸੱਚੇ ਗਿਆਨ ਨਾਲ ਖੁੱਲ ਸਕਦਾ ਹੈ।

ਅਸੀਂ ਪਿੱਛੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਦੀ ਕੋਸ਼ਿਸ ਕੀਤੀ ਹੈ ਕਿ "ਹਉਮੈ" ਵਿੱਚ ਹੀ ਸਾਡਾ ਜਨਮ ਹੁੰਦਾ ਹੈ ਤੇ ਸਾਡੇ ਅੰਦਰ ਹਉਮੈ ਵਾਲੀ ਸਮਝ ਪਾਉਣ ਵਾਲਾ ਆਪ ਪ੍ਰਮਾਤਮਾ ਹੈ ਤੇ ਇਹੀ ਸਾਡਾ ਪ੍ਰਮਾਤਮਾ ਨਾਲੋਂ ਵੱਖਰਾਪਨ ਹੈ ਭਾਵ ਪ੍ਰਮਾਤਮਾ ਨੇ ਸਾਨੂੰ ਸਾਡੇ ਵਿੱਚ ਹਉਮੈ ਪਾ ਕੇ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ ਇਹ ਹਉਮੈ ਸਾਡੇ ਅੰਦਰ ਪੈਂਦੀ ਕਿਵੇਂ ਹੈ, ਸਾਡੇ ਅੰਦਰ ਇਹ "ਮੈਂ" ਆਉਂਦੀ ਕਿੱਥੋਂ ਹੈ ਤੇ ਸਾਨੂੰ ਸਾਡੀ ਅਸਮਰੱਥਾ ਵੀ ਸਮਝ ਆ ਜਾਵੇਗੀ ਕਿ ਅਸੀਂ ਇਸ ਵਿੱਚੋਂ ਨਿਕਲ ਕਿਉਂ ਨਹੀਂ ਸਕਦੇ। ਨਾਲ ਇਹ ਵੀ ਸਮਝ ਲੱਗ ਜਾਵੇਗੀ ਕਿ ਜਿਸ ਵਿਧੀ ਨਾਲ ਸਾਡੇ ਵਿੱਚ ਹਉਮੈ ਪਈ ਹੋਈ ਹੈ, ਉਸੇ ਵਿਧੀ ਨਾਲ ਹੀ ਨਿਕਲ ਸਕਦੀ ਹੈ। ਜੋ ਸਾਡੇ ਅੰਦਰ "ਮੈਂ" ਪਾਉਂਦਾ ਹੈ ਉਹੀ ਸਾਡੀ "ਮੈਂ" ਕੱਢ ਸਕਦਾ ਹੈ। ਜਿਸ ਨੇ ਸਾਨੂੰ ਵਿਛੋੜਿਆ ਹੋਇਆ ਹੈ ਉਹ ਆਪ ਹੀ ਇਹ ਵਿਛੋੜਾ ਦੂਰ ਕਰ ਸਕਦਾ ਹੈ।

ਆਓ ਇਸ ਗੱਲ ਨੂੰ ਧੰਨ ਧੰਨ ਭਗਤ ਨਾਮਦੇਵ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਦੇ ਉਚਾਰੇ ਹੋਏ ਇਸ ਸ਼ਬਦ ਨੂੰ ਜਾਣੀਏ ਤੇ ਸਮਝੀਏ ਕਿ ਇਸ ਮਨ ਦੀ ਖੇਡ ਕੀ ਹੈ।

ਪ੍ਰਭਾਤੀ॥

“ਅਕੁਲ ਪੁਰਖ ਇਕੁ ਚਲਿਤੁ ਉਪਾਇਆ॥ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥੧॥
ਜੀਅ ਕੀ ਜੋਤਿ ਨ ਜਾਨੈ ਕੋਈ॥ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ ਰਹਾਉ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ॥ਆਪ ਹੀ ਕਰਤਾ ਬੀਠੁਲੁ ਦੇਉ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ॥ਜੋ ਕਿਛੁ ਕੀਆ ਸੁ ਆਪੈ ਆਪੈ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ॥ਅਮਰੁ ਹੋਇ ਸਦ ਆਕੁਲ ਰਹੈ॥੪॥੩॥”

(ਅੰਗ ੧੩੫੧)

ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੀ ਹੈ। ਸ੍ਰਿਸ਼ਟੀ ਦਾ ਸਰਗੁਣ ਸਰੂਪ ਬਣਾ ਕੇ ਪ੍ਰਮਾਤਮਾ ਨੇ ਆਪਣੀ ਖੇਡ ਰਚੀ ਹੋਈ ਹੈ ਤੇ ਸਭ ਨੂੰ ਹਉਮੈ ਵਿੱਚ ਰੱਖ ਕੇ, ਅਗਿਆਨਤਾ ਵਿੱਚ ਰੱਖ ਕੇ ਆਪਣੀ ਇਸ ਖੇਡ ਨੂੰ ਸਮਝਣ ਤੋਂ ਅਣਜਾਣ ਰੱਖਿਆ ਹੋਇਆ ਹੈ। ਉਹ ਆਪ ਹੀ ਇਸ ਖੇਡ ਨੂੰ ਖੇਡਣ ਵਾਲਾ ਹੈ ਅਤੇ ਆਪ ਹੀ ਖਿਡਾਉਣ ਵਾਲਾ ਹੈ। ਉਹ ਆਪ ਖੇਡ ਦਾ ਮਾਲਕ ਪੜਦੇ ਵਿੱਚ ਰਹਿੰਦਾ ਹੈ। ਘਟ-ਘਟ ਦੇ ਵਿੱਚ, ਹਰ ਮਨ ਦੇ ਵਿੱਚ ਉਹ ਆਪ ਹੀ ਵੱਸਿਆ ਹੋਇਆ ਹੈ ਪਰ ਫਿਰ ਵੀ ਉਸ ਨੂੰ ਕੋਈ ਜਾਣ ਨਹੀਂ ਸਕਦਾ ਕਿਉਂਕਿ ਉਸ ਨੇ ਆਪ ਹੀ ਆਪਣੇ ਆਪ ਨੂੰ ਸਭ ਦੇ ਵਿੱਚ ਲੁਕਾਇਆ ਹੋਇਆ ਹੈ ਭਾਵ ਉਹ ਸਭ ਵਿੱਚ ਗੁਪਤ ਰੂਪ ਵਿੱਚ ਵਰਤ ਰਿਹਾ ਹੈ, ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ।

(ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥੧॥)

ਉਸਨੇ ਆਪਣੇ ਆਪ ਨੂੰ ਕਿੱਥੇ ਲੁਕਾਇਆ ਹੋਇਆ ਹੈ, ਇਹ ਨਾਲ ਹੀ ਸਮਝਾਇਆ ਹੋਇਆ ਹੈ।

“ਜੀਅ ਕੀ ਜੋਤਿ ਨ ਜਾਨੈ ਕੋਈ॥”

ਉਹ ਹਰ ਕਿਸੇ ਵਿੱਚ ਆਪਣੀ ਜੋਤਿ ਦੁਆਰਾ ਵਰਤ ਰਿਹਾ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਮਨੁੱਖ ਦੇ ਵਿੱਚ ਉਸ ਦੀ ਜੋਤਿ **“ਮਨ”** ਹੈ ਭਾਵ ਉਹ ਮਨ ਦੇ ਰਾਹੀਂ ਵਰਤ ਰਿਹਾ ਹੈ।

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥} (ਅੰਗ 441)

ਇਸ “ਮਨ” ਨੂੰ, ਜੋਤਿ ਨੂੰ ਕੋਈ ਨਹੀਂ ਜਾਣਦਾ ਕਿ ਇਹ ਕੀ ਹੈ। **(ਜੀਅ ਕੀ ਜੋਤਿ ਨ ਜਾਨੈ ਕੋਈ॥)** ਮਨ ਦੇ ਵਿੱਚੋਂ ਸਾਨੂੰ ਗਿਆਨ ਹੀ ਮਿਲਦਾ ਹੈ ਜਿੱਥੇ ਹਰ ਵੇਲੇ ਵਿਚਾਰ ਹੀ ਉਪਜਦੇ ਰਹਿੰਦੇ ਹਨ ਤੇ ਮਨੁੱਖ ਜੋ ਕੁੱਝ ਕਰਦਾ ਹੈ, ਮਨ ਦੇ ਵਿਚਾਰਾਂ ਦੁਆਰਾ ਹੀ ਕਰਦਾ ਹੈ। ਸਾਨੂੰ ਜੋ ਕੁੱਝ ਵੀ ਸੋਝੀ ਪੈਂਦੀ ਹੈ ਅਸੀਂ ਉਹੀ ਕੁੱਝ ਸਮਝਦੇ ਹਾਂ ਤੇ ਉਹੀ ਕੁੱਝ ਕਰਦੇ ਹਾਂ। ਇਹ ਮਨ ਦੇ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ ਤੇ ਇੱਥੇ ਹੀ ਪ੍ਰਮਾਤਮਾ ਨੂੰ ਜਾਨਣ ਦਾ ਭੇਦ ਛੁਪਿਆ ਹੋਇਆ ਹੈ। ਇਹ “ਮੈਂ” ਸਾਡੇ ਮਨ ਦੇ ਵਿੱਚੋਂ ਹੀ ਆਉਂਦੀ ਹੈ, ਇਹ “ਮੈਂ” ਸਾਨੂੰ ਸਾਡਾ ਮਨ ਹੀ ਸਿਖਾਉਂਦਾ ਹੈ ਜਿਸ ਵਿੱਚ ਪ੍ਰਮਾਤਮਾ ਗੁਪਤ ਰੂਪ ਵਿੱਚ ਵਰਤ ਰਿਹਾ ਹੈ ਭਾਵ ਸਾਡੇ ਮਨ ਵਿੱਚ ਬੈਠਾ ਪ੍ਰਮਾਤਮਾ ਆਪ ਹੀ ਸਾਨੂੰ “ਮੈਂ” ਸਿਖਾ ਰਿਹਾ ਹੈ। ਸਾਨੂੰ ਮਨ ਦੇ ਵਿੱਚੋਂ ਸੋਝੀ ਹੀ ਇਹ ਪੈਂਦੀ ਹੈ ਕਿ ਜੋ ਕੁੱਝ ਕਰਦਾ ਹਾਂ ਉਹ “ਮੈਂ” ਆਪ ਹੀ ਕਰਦਾ ਹਾਂ। **(ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ ਰਹਾਉ॥)** ਸਾਡੇ ਮਨ ਦੇ ਵਿੱਚ ਜੋ ਵੀ ਗਿਆਨ ਉਪਜਦਾ ਹੈ, ਵਿਚਾਰ ਉਪਜਦੇ ਹਨ, ਸੋਚ ਉਪਜਦੀ ਹੈ, ਇਹੀ ਸਾਡੇ ਅੰਦਰ ਪ੍ਰਮਾਤਮਾ ਦੀ “ਜੋਤਿ” ਹੈ। ਸਾਡੇ ਮਨ ਦੇ ਅੰਦਰ ਜੋ ਵੀ ਪ੍ਰਕਾਸ਼ ਹੁੰਦਾ ਹੈ, ਜੋ ਵੀ ਗਿਆਨ ਆਉਂਦਾ ਹੈ ਉਹ ਪ੍ਰਮਾਤਮਾ ਦੇ ਕੋਲੋਂ ਹੀ ਆਉਂਦਾ ਹੈ। ਜੇਕਰ ਸਾਡਾ ਮਨ, ਸਾਡੇ ਅੰਦਰ ਵਰਤ ਰਹੀਂ ਪ੍ਰਮਾਤਮਾ ਦੀ ਜੋਤਿ ਸਾਨੂੰ ਆਪ ਹੀ ਇਹ ਸਿਖਾਏ ਕਿ ਇਹ “ਮੈਂ” ਹਾਂ ਭਾਵ ਮੈਂ ਇੱਕ ਮਨੁੱਖ ਹਾਂ, ਮੇਰਾ ਆਪਣਾ ਵੱਖਰਾ ਵਜੂਦ ਹੈ, ਤਾਂ ਫਿਰ ਅਸੀਂ ਕਰ ਹੀ ਕੀ ਸਕਦੇ ਹਾਂ। ਇਹ ਹੀ ਸਾਡੀ ਹਉਮੈ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਇਸ “ਹਉਮੈ” ਦੀ ਸੋਝੀ ਨਹੀਂ ਪੈ ਸਕਦੀ, ਨਹੀਂ ਪੈ ਸਕਦੀ, ਕਦੇ ਵੀ ਨਹੀਂ ਪੈ ਸਕਦੀ ਕਿ ਇਹ ਕਿੱਥੋਂ ਆਉਂਦੀ ਹੈ ਤੇ ਕਿਵੇਂ ਆਉਂਦੀ ਹੈ।

{ਸਭ ਮਹਿ ਜੋਤਿ ਜੋਤਿ ਹੈ ਸੋਇ॥ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥} (ਅੰਗ - 13)

“ਜੋਤਿ” ਸਾਡੇ ਸਭ ਦੇ ਅੰਦਰ ਵਰਤਦੀ ਹੈ ਤੇ ਇਹ “ਜੋਤਿ” ਹੀ ਪ੍ਰਮਾਤਮਾ ਆਪ ਹੈ। “ਜੋਤਿ” ਸਭ ਦੇ ਅੰਦਰ ਆਪਣਾ ਗਿਆਨ ਹੀ ਦਿੰਦੀ ਹੈ, ਸਭ ਦੇ ਅੰਦਰ ਗਿਆਨ ਦਾ ਚਾਨਣ ਕਰਦੀ ਹੈ। ਮਨ ਦੇ ਰਾਹੀਂ ਸਾਨੂੰ ਗਿਆਨ ਹੀ ਮਿਲਦਾ ਹੈ, ਮਨ ਦੇ ਵਿੱਚ ਵਿਚਾਰਾਂ ਦੇ ਉਪਜਣ ਰਾਹੀਂ ਮਿਲਦਾ ਹੈ। ਮਨ ਦੇ ਵਿੱਚ ਵਿਚਾਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਸਾਨੂੰ ਸਭ ਨੂੰ ਚਲਾ ਰਿਹਾ ਹੈ। ਅਸੀਂ ਉਹੀ ਕੁੱਝ ਕਰਦੇ ਹਾਂ ਜੋ ਸਾਨੂੰ ਮਨ ਦੇ, ਜੋਤਿ ਦੇ ਵਿਚਾਰਾਂ ਰਾਹੀਂ ਸੋਝੀ ਪੈਂਦੀ ਹੈ। ਜੋਤਿ

ਦੇ ਦਰਸ਼ਨ ਕੀਤੇ ਬਿਨ੍ਹਾਂ, ਮਨ ਦੇ ਦਰਸ਼ਨ ਹੋਏ ਬਿਨ੍ਹਾਂ ਕੋਈ ਵੀ ਆਪਣੇ ਆਪ ਦੀ ਅਸਲੀਅਤ ਨੂੰ ਨਹੀਂ ਜਾਣ ਸਕਦਾ, ਆਪਣੇ ਮੂਲ ਨੂੰ ਭਾਵ ਪ੍ਰਮਾਤਮਾ ਨੂੰ ਜਿੱਥੋਂ ਹਰ ਕੋਈ ਆਉਂਦਾ ਹੈ, ਉਸ ਨੂੰ ਨਹੀਂ ਜਾਣ ਸਕਦਾ ਤੇ ਇਸੇ ਲਈ ਸਾਨੂੰ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ ਤੇ ਮਨ ਦੀ ਸੋਝੀ ਪੈਣ ਨਾਲ ਹੀ ਉਸ ਜੋਤਿ ਦੇ, ਉਸ ਨਿਰਗੁਣ ਸਰੂਪ ਪ੍ਰਮਾਤਮਾ ਦੇ ਨਿਰੰਕਾਰ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜਿਸ ਦਾ ਆਪਣਾ ਕੋਈ ਰੂਪ ਰੇਖ ਨਹੀਂ ਹੈ। ਸਾਡੇ ਅੰਦਰ "ਮੈਂ" ਪਾ ਕੇ ਹੀ ਪ੍ਰਮਾਤਮਾ ਨੇ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਦੇ ਹੁੰਦਿਆਂ ਸਾਨੂੰ ਭਰਮ ਭੁਲੇਖੇ ਵਾਲਾ, ਦੁਚਿੱਤੀ ਵਾਲਾ ਗਿਆਨ ਮਿਲਦਾ ਹੈ। ਉਹ ਸੱਚੇ ਗਿਆਨ ਦਾ ਮਾਲਕ ਮਨ ਦੇ ਵਿੱਚ ਹੀ ਹੈ ਜੋ ਕਿ ਮਨ ਦੇ ਵਿੱਚ ਪ੍ਰਗਟ ਹੋ ਕੇ ਸਾਨੂੰ ਇਸ ਦੁਚਿੱਤੀ ਵਾਲੇ ਗਿਆਨ ਵਿੱਚੋਂ ਕੱਢ ਕੇ "ਇੱਕ ਸੋਚ" ਵਾਲਾ ਬਣਾ ਸਕਦਾ ਹੈ। "ਜੋਤਿ" ਬਾਰੇ ਲੇਖ ਵਿੱਚ ਅੱਗੇ ਜਾ ਕੇ ਅਸੀਂ ਹੋਰ ਵੀ ਬਰੀਕੀ ਨਾਲ ਸਮਝਾਂਗੇ ਤੇ ਹੋਰ ਵੀ ਅਨੇਕਾਂ ਹੀ ਭੁਲੇਖੇ ਜੋ ਗੁਰਬਾਣੀ ਨੂੰ ਸਮਝਣ ਬਾਰੇ ਪਏ ਹੋਏ ਹਨ, ਉਹਨਾਂ ਵਿੱਚੋਂ ਨਿਕਲਾਂਗੇ।

ਜਿਵੇਂ ਕਿ ਇਸ ਲੇਖ ਦਾ ਸਿਰਲੇਖ ''ਨਾਮ ਦਰਸ਼ਨ'' ਹੈ ਤਾਂ ਫਿਰ ਇਸ ਲੇਖ ਰਾਹੀਂ ਸਾਡਾ ਮਕਸਦ ਵੀ ਨਾਮ ਦਰਸ਼ਨ ਹੀ ਹੈ। ਅਸੀਂ ਪਿੱਛੇ ਇਹ ਗੱਲ ਜਾਣੀ ਹੈ ਕਿ ਨਾਮ ਨੂੰ ਸਮਝਣ ਤੋਂ ਪਹਿਲਾਂ ਸਾਡਾ ਇਹ ਜਾਨਣਾ ਜਰੂਰੀ ਹੈ ਕਿ ਅਸੀਂ ਇਹ ਸਮਝੀਏ ਕਿ ਹਉਮੈ ਕੀ ਹੈ ਤੇ ਪ੍ਰਮਾਤਮਾ ਦਾ ਨਿਰਗੁਣ-ਸਰਗੁਣ ਸਰੂਪ ਕੀ ਹੈ ਨਿਰੰਕਾਰ - ਆਕਾਰ ਸਰੂਪ ਕੀ ਹੈ। ਇਹ ਸਾਰੀਆਂ ਗੱਲਾਂ ਨਾਮ ਨਾਲ ਜੁੜੀਆਂ ਹੋਈਆਂ ਹਨ। ਇਹ ਕੁੱਝ ਜਾਨਣ ਤੋਂ ਬਾਅਦ ਸਾਨੂੰ ਨਾਮ ਬਾਰੇ ਜਾਨਣਾ ਸੌਖਾ ਹੋ ਜਾਵੇਗਾ ਤੇ ਆਓ ਹੁਣ ਨਾਮ ਬਾਰੇ ਜਾਣੀਏ ਕਿਉਂਕਿ ਨਾਮ ਨੂੰ ਜਾਣੇ ਬਿਨ੍ਹਾਂ ਸਾਨੂੰ ਗੁਰਬਾਣੀ ਦੀ ਸੋਝੀ ਨਹੀਂ ਪੈ ਸਕਦੀ।

ਨਾਮ ਨੂੰ ਸਮਝਣ ਲਈ ਨਾਮ ਨਾਲ ਜੁੜੀਆਂ ਤਿੰਨ ਗੱਲਾਂ ਦਾ ਸਮਝਣਾ ਜਰੂਰੀ ਹੈ। ਇਨ੍ਹਾਂ ਤਿੰਨਾਂ ਗੱਲਾਂ ਨੂੰ ਇਕੱਠੇ ਮਿਲਾ ਕੇ ਸਮਝਣ ਨਾਲ ਹੀ ਨਾਮ ਦੀ ਪੂਰੀ ਸਮਝ ਪੈਂਦੀ ਹੈ।

1 ਨਾਮ ਕੀ ਹੈ।

2 ਨਾਮ ਜਪਣਾ ਕੀ ਹੈ।

3 ਨਾਮ ਮਿਲਣਾ ਕੀ ਹੈ ਭਾਵ ਨਾਮ ਦੀ ਪ੍ਰਾਪਤੀ ਕੀ ਹੈ, ਫਲ ਕੀ ਹੈ।

ਇਨ੍ਹਾਂ ਤਿੰਨਾਂ ਗੱਲਾਂ ਨੂੰ ਕੁੱਝ ਸੰਖੇਪ ਵਿੱਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ:-

1 ਪਹਿਲੀ ਗੱਲ :- ''ਨਾਮ'' ''ਸੱਚ'' ਹੈ, ਸੱਚੁ ਹੀ ਆਪ ਪ੍ਰਮਾਤਮਾ ਹੈ ਤੇ ਪ੍ਰਮਾਤਮਾ ਆਪ ਹੀ ਗੁਰੂ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਰਾਹੀਂ ਵਾਰ-ਵਾਰ ਸਮਝਾਂਗੇ। ਗੁਰਬਾਣੀ ਪ੍ਰਮਾਤਮਾ ਦੇ ਦਰ ਤੋਂ ਹੀ ਆਈ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ। ਜੁਗਾਂ-ਜੁਗਾਂ ਤੋਂ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਹਰ ਧਰਮ ਗ੍ਰੰਥ ਵਿੱਚ ਉਸਦਾ ਆਪਣਾ ਦਿੱਤਾ ਹੋਇਆ ਗਿਆਨ ਹੀ ਹੈ। ਪ੍ਰਮਾਤਮਾ ਦਾ ਆਪਣਾ ਤੱਤ ਸਾਰ ਕੇਵਲ ਗੁਰਬਾਣੀ ਵਿੱਚ ਹੈ ਜਿੱਥੇ ਉਸ ਨੇ ਆਪ ਪ੍ਰਗਟ ਹੋ ਕੇ ਆਪਣੇ ਆਪ ਦੀ ਪੂਰਨ ਸੋਝੀ ਪਾਈ ਹੈ ਤੇ ਇਸੇ ਲਈ ਗੁਰਬਾਣੀ ਪੂਰੀ ਤਰ੍ਹਾਂ ਭਰਮ ਰਹਿਤ ਹੈ ਜੋ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਬਿਆਨ ਕਰਦੀ ਹੈ, ਜਿਸ ਰੂਪ ਵਿੱਚ ਉਹ ਹਰ ਆਕਾਰ ਰੂਪ ਵਿੱਚ ਸਮਾਇਆ ਹੋਇਆ ਹੈ। ਬਾਕੀ ਧਰਮ ਗ੍ਰੰਥਾਂ ਵਿੱਚ ਧਰਮ ਦੇ ਮਾਰਗ ਦਾ ਸੱਚ ਹੀ ਸਮਝਾਇਆ ਹੋਇਆ ਹੈ, ਗੁਰੂ ਦੀ ਸੱਚੀ ਸਿੱਖਿਆ ਹੀ ਸਮਝਾਈ ਹੋਈ ਹੈ ਪਰ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਅਸਲੀਅਤ ਨੂੰ ਸਮਝਣ ਵਿੱਚ ਭਰਮ ਵੀ ਹਨ। ਜੋ ਕੁੱਝ ਵੀ ਅਸੀਂ ਦੇਖ ਸਕਦੇ ਹਾਂ ਉਹ ਸਭ ਪ੍ਰਮਾਤਮਾ ਦੀ ਹੋਂਦ ਹੈ, ਨਾਮ ਦੀ ਹੋਂਦ ਹੈ, ਉਸਦੇ ਸਰਗੁਣ ਰੂਪ ਦੀ ਹੋਂਦ ਹੈ। ਹਰ ਸਰਗੁਣ ਰੂਪ ਨੂੰ ਬਣਾਉਣ ਵਾਲਾ ਨਾਮ ਹੈ ਪ੍ਰਮਾਤਮਾ ਆਪ ਹੈ ਤੇ ਉਸਨੂੰ ਚਲਾਉਣ ਵਾਲਾ ਵੀ ਆਪ ਨਾਮ ਹੈ। ਨਾਮ ਆਪ ਨਿਰਗੁਣ ਰੂਪ ਹੈ। ਕੇਵਲ ਇੱਕ ਨਾਮ ਦੀ ਹੋਂਦ ਹੀ ਸੱਚੀ ਹੈ ਤੇ ਉਸ ਤੋਂ ਇਲਾਵਾ ਕਿਸੇ ਹੋਰ ਹੋਂਦ ਨੂੰ ਸੱਚੀ ਸਮਝਣਾ ਕੇਵਲ ਇੱਕ ਭੁਲੇਖਾ ਹੈ। ਬਾਣੀ ਵਿੱਚ ਨਾਮ ਨੂੰ ਸਮਝਾਉਣ ਲਈ ਪ੍ਰਮਾਤਮਾ ਦੇ ਅਨੇਕਾਂ ਗੁਣਾਂ ਦਾ ਵਰਣਨ ਕਰਕੇ ਸਮਝਾਇਆ ਹੋਇਆ ਹੈ, ਵੱਖਰੇ-ਵੱਖਰੇ ਢੰਗ ਨਾਲ ਸਮਝਾਇਆ ਹੋਇਆ ਹੈ।

2 ਦੂਸਰੀ ਗੱਲ :- ਦੂਸਰੀ ਗੱਲ ਨਾਮ ਨੂੰ ਜਪਣ ਦੀ ਹੈ ਭਾਵ ਪ੍ਰਮਾਤਮਾ ਨੂੰ ਜਾਣਨ ਦੀ ਹੈ, ਆਪਣੇ ਆਪ ਨੂੰ ਜਾਨਣ ਦੀ ਹੈ, ਜਿੰਦਗੀ ਦਾ ਮਨੋਰਥ ਸਮਝਣ ਦੀ ਹੈ, ਮਨੋਰਥ ਦੀ ਪੂਰਤੀ ਕਰਨ ਦੀ ਹੈ, ਪ੍ਰਮਾਤਮਾ ਦੇ ਨਿਰਗੁਣ ਸਰਗੁਣ ਸਰੂਪ ਨੂੰ ਜਾਨਣ ਦੀ ਹੈ ਭਾਵ ਪ੍ਰਮਾਤਮਾ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ, ਨਾਮ ਦੀ ਪ੍ਰਾਪਤੀ ਕਿਵੇਂ ਕੀਤੀ ਜਾ ਸਕਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਕੀਤਾ ਜਾ ਸਕਦਾ ਹੈ? ਇਹ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਹੈ, ਉਪਰਾਲਾ ਹੈ, ਪ੍ਰਮਾਤਮਾ ਨੂੰ ਮਿਲਣ ਦਾ ਮਾਰਗ ਹੈ ਜੋ ਕਿ ਹਰ ਧਰਮ ਗ੍ਰੰਥ ਸਾਨੂੰ ਸਮਝਾਉਂਦਾ ਹੈ, ਜਿਸ ਤੇ ਚੱਲ ਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਹਰ ਧਰਮ ਗ੍ਰੰਥ ਦੇ ਵਿੱਚ ਪ੍ਰਮਾਤਮਾ ਦਾ ਨਾਮ ਹੀ ਹੈ ਜਿਵੇਂ ਕਿ ਸਾਨੂੰ ਬਾਣੀ ਰਾਹੀਂ ਸਮਝਾਇਆ ਹੋਇਆ ਹੈ।

{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥}

(ਅੰਗ - 919)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥}

(ਅੰਗ - 831)

{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥}

(ਅੰਗ - 141)

3 ਤੀਸਰੀ ਗੱਲ :- ਤੀਜੀ ਗੱਲ ਨਾਮ ਦੀ ਪ੍ਰਾਪਤੀ ਹੈ, ਨਾਮ ਜਪਣ ਦਾ ਫਲ ਹੈ, ਇਹ ਨਾਮ ਦਾ ਜਪਿਆ ਜਾਣਾ ਹੈ, ਸਾਡੇ ਅੰਦਰ ਨਾਮ ਦਾ ਵੱਸਣਾ ਹੈ, ਭਗਤੀ ਦੇ ਉੱਦਮ ਦਾ ਫਲ ਹੈ, ਨਾਮ ਜਪਣ ਦੇ ਮਨੋਰਥ ਦੀ ਪੂਰਤੀ ਹੈ, ਮਨੁੱਖਾ ਜੀਵਨ ਦੇ ਮਨੋਰਥ ਦੀ ਪੂਰਤੀ ਹੈ। ਇਹ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦਾ ਫਲ ਹੈ, ਉਸ ਨੂੰ ਪਾ ਲੈਣਾ ਹੈ। ਇਹ ਚੌਥਾ ਪਦ ਹੈ, ਬ੍ਰਹਮ ਗਿਆਨ ਦਾ ਪਦ ਹੈ। ਇਹ ਮਨੁੱਖ ਦੀ ਅਗਿਆਨਤਾ ਦੇ ਬੰਧਨ ਤੋਂ ਮੁਕਤੀ ਹੈ, ਆਵਾਗਉਣ ਤੋਂ ਮੁਕਤੀ ਹੈ। ਨਾਮ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਨਾਮ ਦੀ ਪ੍ਰਾਪਤੀ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੀ ਹੁੰਦੀ ਹੈ। ਆਪਣਾ ਨਾਮ ਉਹ ਆਪ ਹੀ ਦੇ ਸਕਦਾ ਹੈ, ਹੋਰ ਕੋਈ ਨਹੀਂ ਦੇ ਸਕਦਾ। ਇਹ ਕੇਵਲ ਗੁਰ ਪ੍ਰਸਾਦਿ ਹੈ। ਨਾਮ ਦੀ ਪ੍ਰਾਪਤੀ ਤੋਂ ਬਾਅਦ ਹੀ ਪੂਰਨ ਰੂਪ ਵਿਚ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ। ਉਸਤੋਂ ਪਹਿਲਾਂ ਅਸੀਂ ਨਾਮ ਦੀ ਗੱਲ ਨੂੰ ਸਮਝ ਕੇ ਉਸ ਤੇ ਚਲਣ ਦਾ ਉਦਮ ਹੀ ਕਰ ਸਕਦੇ ਹਾਂ, ਗੁਰੂ ਦੀ ਸਿਖਿਆ ਅਨੁਸਾਰ ਚਲਣ ਦਾ ਉਦਮ ਹੀ ਕਰਨਾ ਹੈ।

ਪੂਰੀ ਬਾਣੀ ਵਿੱਚ ਇਨ੍ਹਾਂ ਤਿੰਨਾਂ ਗੱਲਾਂ ਦੀ ਵਿਸਥਾਰ ਵਿੱਚ ਵਿਆਖਿਆ ਹੀ ਹੈ। ਸਾਰੀ ਬਾਣੀ ਸਾਨੂੰ ਇਹ ਹੀ ਸਮਝਾ ਰਹੀ ਹੈ ਕਿ ਪ੍ਰਮਾਤਮਾ ਕੀ ਹੈ, ਸਾਰੀ ਬਾਣੀ ਪ੍ਰਮਾਤਮਾ ਦੀ ਉਸਤਤ ਹੀ ਕਰ ਰਹੀ ਹੈ, ਸਾਨੂੰ ਭਗਤੀ ਕਰਨ ਦਾ ਮਾਰਗ ਸਮਝਾ ਰਹੀ ਹੈ, ਨਾਮ ਜਪਣਾ ਸਿਖਾ ਰਹੀ ਹੈ ਤਾਂ ਜੋ ਉਸ ਪ੍ਰਮਾਤਮਾ ਨੂੰ ਅਸੀਂ ਜਾਣ ਸਕੀਏ, ਉਸਨੂੰ ਪਾ ਸਕੀਏ ਤੇ ਸਾਡਾ ਇਸ ਜ਼ਿੰਦਗੀ ਦਾ ਮਨੋਰਥ ਪੂਰਾ ਹੋ ਸਕੇ। ਉਸਨੂੰ ਪਾਉਣ ਦਾ ਫਲ ਕੀ ਹੈ, ਇਹ ਵੀ ਨਾਲ ਹੀ ਸਮਝਾਇਆ ਹੁੰਦਾ ਹੈ। ਮਨੁੱਖ ਉਹੀ ਕੁਝ ਕਰਦਾ ਹੈ ਜਿਸ ਵਿੱਚ ਕੋਈ ਫਲ ਦੀ ਪ੍ਰਾਪਤੀ ਵੀ ਹੋਵੇ। ਇਸ ਪ੍ਰਾਪਤੀ ਦਾ ਫਲ ਸਭ ਤੋਂ ਮਿੱਠਾ ਫਲ ਹੈ ਪਰ ਇਹ ਫਲ ਕੇਵਲ ਤੇ ਕੇਵਲ ਉਸਦੀ ਕ੍ਰਿਪਾ ਤੇ ਨਿਰਭਰ ਹੈ, ਮਨੁੱਖ ਦੇ ਵਸ ਕੁਝ ਵੀ ਨਹੀਂ ਹੈ।

ਪੂਰੀ ਬਾਣੀ ਦੇ ਵਿੱਚ ਪਹਿਲੇ ਅੱਖਰ ਤੋਂ ਲੈ ਕੇ ਅਖੀਰਲੇ ਅੱਖਰ ਤੱਕ ਉੱਪਰ ਦੱਸੀਆਂ ਗਈਆਂ ਇਹ ਤਿੰਨੇ ਗੱਲਾਂ ਭਾਵ (1) ਨਾਮ ਕੀ ਹੈ, ਪ੍ਰਮਾਤਮਾ ਕੀ ਹੈ, (2) ਨਾਮ ਜਪਣਾ ਭਾਵ ਭਗਤੀ ਦਾ ਮਾਰਗ ਕੀ ਹੈ, (3) ਨਾਮ ਦੀ ਪ੍ਰਾਪਤੀ ਕੀ ਹੈ ਭਾਵ ਫਲ ਕੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ, ਇਹ ਹੀ ਸਮਝਾਈਆਂ ਗਈਆਂ ਹਨ। ਚੌਥੀ ਗੱਲ ਨਹੀਂ ਹੈ। ਸਾਰੀ ਬਾਣੀ ਸਾਨੂੰ ਨਾਮ ਹੀ ਸਮਝਾ ਰਹੀ ਹੈ। ਇਸ ਤੋਂ ਇਲਾਵਾ ਜੇਕਰ ਅਸੀਂ ਕੁਝ ਹੋਰ ਸਮਝਦੇ ਹਾਂ ਤਾਂ ਉਹ ਸਾਡਾ ਕੇਵਲ ਇੱਕ ਭੁਲੇਖਾ ਹੀ ਹੈ ਜੋ ਕਿ ਅਸੀਂ ਜਿਉਂ ਜਿਉਂ ਲੇਖ ਵਿੱਚ ਅੱਗੇ ਵਧਾਂਗੇ ਆਪੇ ਹੀ ਦੂਰ ਹੁੰਦਾ ਜਾਵੇਗਾ **(ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥ ਅਨਦਿਨੁ ਹਰਿ ਕਾ ਨਾਮੁ ਵਖਾਣੀ॥, ਅੰਗ 1057)**। ਪੂਰਾ ਲੇਖ ਪੜ੍ਹਨ ਤੋਂ ਬਾਅਦ ਹੀ ਭੁਲੇਖਾ ਪੂਰੀ ਤਰ੍ਹਾਂ ਦੂਰ ਹੋਵੇਗਾ। ਜਿਤਨਾ ਵੱਡਾ ਭੁਲੇਖਾ ਬਾਣੀ ਨੂੰ ਸਮਝਣ ਵਿੱਚ ਹੈ, ਨਾਮ ਨੂੰ ਸਮਝਣ ਵਿੱਚ ਹੈ, ਲੇਖ ਵੀ ਉਸੇ ਅਨੁਸਾਰ ਹੀ ਕੁਝ ਵੱਡਾ ਹੈ ਤਾਂ ਜੋ ਹਰ ਭੁਲੇਖਾ ਦੂਰ ਹੋ ਸਕੇ, ਬਰੀਕੀ ਨਾਲ ਦੂਰ ਹੋ ਸਕੇ।

ਬਾਣੀ ਵਿੱਚ ਜੋ ਸਾਨੂੰ ਨਾਮ ਬਾਰੇ ਸੋਝੀ ਪਾਈ ਗਈ ਹੈ, ਜਿਹੜੇ ਅੱਖਰਾਂ ਦੀ ਵਰਤੋਂ ਕਰ ਕੇ ਪਾਈ ਗਈ ਹੈ, ਉਹਨਾਂ ਗੱਲਾਂ ਨੂੰ ਹੇਠ ਦਿੱਤੇ ਅੱਖਰਾਂ ਦੇ ਭਾਵ ਨੂੰ ਜਾਨਣ ਦੁਆਰਾ ਸਮਝਿਆ ਜਾ ਸਕਦਾ ਹੈ, ਜਿਸ ਦੀ ਚਰਚਾ ਨਾਲ ਨਾਲ ਲੇਖ ਵਿੱਚ ਹੁੰਦੀ ਰਹੇਗੀ।

1) ਨਾਮ ਪ੍ਰਮਾਤਮਾ ਹੈ।

2) ਨਾਮ ਗੁਰੂ ਹੈ।

3) ਨਾਮ ਗੁਰਬਾਣੀ ਹੈ।

4) ਨਾਮ ਸ਼ਬਦ ਹੈ।

5) ਨਾਮ ਗੁਰੂ ਦੀ ਮਤਿ ਹੈ।

6) ਨਾਮ ਗੁਰੂ ਦਾ ਗਿਆਨ ਹੈ।

7) ਨਾਮ ਗੁਰੂ ਦਾ ਉਪਦੇਸ਼ ਹੈ।

8) ਨਾਮ ਗੁਰੂ ਦਾ ਬਚਨ ਹੈ।

9) ਨਾਮ ਗੁਰੂ ਦਾ ਹੁਕਮ ਹੈ।

10)ਨਾਮ ਗੁਰੂ ਦਾ ਮੰਤਰ ਹੈ।

11)ਨਾਮ ਸੱਚ ਹੈ।

12)ਨਾਮ ਸੁੱਖ ਹੈ।

13)ਨਾਮ ਅੰਮ੍ਰਿਤ ਹੈ।

14)ਨਾਮ ਗੁਰੂ ਦੇ ਚਰਨ ਕਮਲ ਹੈ।

15)ਨਾਮ ਰਤਨ ਜਵਾਹਰ ਮਾਣਕ ਹੀਰਾ ਲਾਲ ਹੈ, ਗੁਣਾਂ ਦਾ ਖ਼ਜ਼ਾਨਾ ਹੈ।

16)ਨਾਮ ਹਰ ਰਸ ਹੈ, ਹਰ ਧੰਨ ਹੈ।

17)ਨਾਮ ਜੋਤਿ ਹੈ, ਨਾਮ "ਗੁਰੂ ਦਾ ਭੈ" ਹੈ,

18)ਨਾਮ ਤੀਰਥ ਹੈ।

19)ਨਾਮ ਅੰਤਰਜਾਮੀ ਹੈ।

20)ਨਾਮ ਸਾਡੇ ਮਨ ਦਾ ਸੁਭਾਅ ਹੈ।

21)ਨਾਮ ਬੇਪਰਵਾਹ ਹੈ।

22)ਨਾਮ ਪ੍ਰਮਾਤਮਾ ਦਾ ਸਭ ਤੋਂ ਵੱਡਾ ਦਾਨ ਹੈ।

23)ਨਾਮ ਅਡੋਲ ਹੈ।

24) ਨਾਮ ਬੋਹਿਥ ਹੈ।

25) ਨਾਮ ਮਨ ਦੀ ਸੋਝੀ ਹੈ, ਮਨ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ।

26) ਨਾਮ ਮਨ ਹੈ।

27) ਨਾਮ ਬਖਸ਼ੀਸ਼ ਹੈ।

28) ਨਾਮ ਸਾਧੂ ਧੂੜ ਹੈ।

29) ਨਾਮ ਮਨ ਦਾ ਸੰਤੋਖ ਹੈ।

30) ਨਾਮ ਸੁਹਾਗ, ਖਸਮ ਹੈ।

31)ਨਾਮ ਮਨੁੱਖਤਾ ਦਾ ਧਰਮ ਹੈ।

32)ਨਾਮ ਮਨੁੱਖ ਦੀ ਰਹਿਤ ਹੈ।

33)ਨਾਮ ਪ੍ਰਮਾਤਮਾ ਦਾ ਅਸੂਲ ਹੈ, ਕਾਨੂੰਨ ਹੈ, ਨਿਯਮ ਹੈ, ਮਰਿਯਾਦਾ ਹੈ, ਮੰਤ ਹੈ, ਤਰੀਕਾ ਹੈ, ਕਲਾ ਹੈ ਭਾਵ ਹੁਨਰ ਹੈ, ਸਿਸਟਮ ਭਾਵ ਪ੍ਰਣਾਲੀ ਹੈ, ਪ੍ਰਿੰਸੀਪਲ ਭਾਵ ਸਿਧਾਂਤ ਹੈ, ਜਿਸ ਦੁਆਰਾ ਉਸਨੇ ਇਸ ਦੁਨੀਆ ਨੂੰ ਬਣਾਇਆ ਹੈ ਤੇ ਇਸ ਦੁਨੀਆ ਨੂੰ ਚਲਾਉਣ ਦਾ ਤਰੀਕਾ ਹੈ।

34)ਨਾਮ ਸਾਡੇ ਮਨ ਵਿੱਚ ਹੈ ਤੇ ਨਾਮ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ।

35)ਆਪਣਾ ਨਾਮ ਪ੍ਰਮਾਤਮਾ, ਗੁਰੂ, ਆਪ ਹੀ ਦਿੰਦਾ ਹੈ। ਹੋਰ ਕੋਈ ਨਹੀਂ ਦੇ ਸਕਦਾ।

36)ਨਾਮ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ, ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ।

37)ਨਾਮ ਔਗੁਣਾਂ ਦੇ ਤਿਆਗਣ ਨਾਲ ਮਿਲਦਾ ਹੈ।

38)ਨਾਮ ਸੱਚੀ ਕਰਣੀ ਅਤੇ ਸ਼ੁੱਧ ਹਿਰਦੇ ਨਾਲ ਮਿਲਦਾ ਹੈ, ਸੱਚੀ ਭਾਵਨੀ, ਸੱਚੀ ਨੀਯਤ ਨਾਲ ਮਿਲਦਾ ਹੈ।

39)ਨਾਮ ਸੱਚੇ, ਸੁੱਚੇ ਜੀਵਨ ਨਾਲ ਮਿਲਦਾ ਹੈ।

40)ਗੁਰੂ ਦੀ ਮਤਿ ਅਨੁਸਾਰ ਚੱਲ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਨਾਮ ਜਪਣਾ ਹੈ, ਜਿਸ ਦੁਆਰਾ ਨਾਮ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ, ਮਨੋਰਥ ਦੀ ਪ੍ਰਾਪਤੀ ਹੁੰਦੀ ਹੈ।

41) ਨਾਮ ਪ੍ਰਮਾਤਮਾ ਦੇ ਨਾਲ ਮੇਲ ਦਾ ਫਲ ਹੈ, ਪ੍ਰਸਾਦਿ ਹੈ।

42)ਨਾਮ ਦਾ ਮਿਲਣਾ ਚੌਥਾ ਪਦ ਹੈ, ਤੁਰੀਆ ਅਵੱਸਥਾ ਹੈ।

43)ਨਾਮ ਪਾਉਣਾ ਹੀ ਮਨੁੱਖ ਦਾ ਮਨੋਰਥ ਹੈ।

44)ਨਾਮ ਮਿਲਣ ਨਾਲ ਹੀ ਮੁਕਤੀ ਹੈ, ਆਵਾਗਉਣ ਤੋਂ ਮੁਕਤੀ ਹੈ, ਮਨ ਦੀ ਅਗਿਆਨਤਾ ਤੋਂ ਮੁਕਤੀ ਹੈ, ਭਰਮਾਂ ਦੇ ਬੰਧਨ ਤੋਂ ਮੁਕਤੀ ਹੈ, ਹਉਮੈ ਤੋਂ, ਤ੍ਰੈਗੁਣਾਂ ਤੋਂ, ਮਾਇਆ ਮੋਹ ਤੋਂ ਮੁਕਤੀ ਹੈ।

45) ਨਾਮ ਸਾਡੇ ਅੰਦਰ ਕਮਲ ਦਾ ਖਿੜਨਾ ਹੈ, ਪੁੱਠੇ ਕਮਲ ਦਾ ਸਿੱਧਾ ਹੋਣਾ ਹੈ।

46) ਨਾਮ ਅਲਖ ਹੈ ਜਿਸਨੂੰ ਦੇਖਿਆ ਨਹੀਂ ਜਾ ਸਕਦਾ

47) ਨਾਮ ਹਰ ਵੇਲੇ ਮਨੁੱਖ ਦੇ ਨਾਲ ਹੀ ਹੈ, ਨਾਮ ਸਭ ਜਗ੍ਹਾ ਭਰਪੂਰ ਹੈ।

48) ਨਾਮ ਸਾਧਸੰਗਤਿ, ਸਾਧੂ ਸੰਗਤਿ, ਸੰਤ ਰੇਣਿ ਹੈ।

49) ਨਾਮ ਬ੍ਰਹਮ ਗਿਆਨ ਹੈ, ਅੰਮ੍ਰਿਤ ਰਸ ਹੈ, ਨਾਮ ਰੰਗਿ ਹੈ, ਅਨਹਦ ਨਾਦ ਹੈ, ਰੁਣਿ ਝੁਣਕਾਰ ਹੈ, ਅੰਮ੍ਰਿਤ ਧਾਰਾ ਹੈ।

50) ਨਾਮ ਅਗੰਮ ਹੈ, ਅਪਾਰ ਹੈ, ਅਗੋਚਰ, ਅਬਿਗਤ, ਅਬਿਨਾਸੀ ਹੈ, ਅਬਚਲ ਨਗਰ ਹੈ, ਬੇਗਮਪੁਰਾ ਹੈ, ਅਚਰ ਹੈ, ਅਜਰ ਹੈ, ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ, ਗੁਰਪਰਸਾਦਿ ਹੈ।

51) ਨਾਮ ਸਭ ਕੁੱਝ ਹੈ।

ਨਾਮ ਬਾਰੇ ਅਸੀਂ ਜੋ ਕੁੱਝ ਵੀ ਉੱਪਰ ਪੜ੍ਹਿਆ ਹੈ ਇਹ ਸਭ ਕੁੱਝ ਗੁਰਬਾਣੀ ਦੇ ਵਿੱਚ ਹੀ ਸਮਝਾਇਆ ਹੋਇਆ ਹੈ ਜਿਸ ਦੀ ਸੋਝੀ ਸਾਨੂੰ ਜਿਉਂ-ਜਿਉਂ ਸ਼ਬਦਾਂ ਨੂੰ ਜਾਣਾਗੇ, ਆਪੇ ਹੀ ਪੈਂਦੀ ਜਾਵੇਗੀ। ਜਿਉਂ-ਜਿਉਂ ਲੇਖ ਰਾਹੀਂ ਅੱਗੇ ਜਾਵਾਂਗੇ ਤਿਉਂ-ਤਿਉਂ ਭਾਵ ਸਪੱਸ਼ਟ ਹੁੰਦੇ ਜਾਣਗੇ। ਸਿਰਫ ਧਿਆਨ ਨਾਲ ਪੜ੍ਹਨ ਦੀ ਤੇ ਧੀਰਜ ਰੱਖਣ ਦੀ ਲੋੜ ਹੈ। ਸਾਨੂੰ ਹਰ ਗੱਲ ਦੀ ਸੋਝੀ ਪਵੇਗੀ ਤੇ ਉਸ ਦਾ ਦਾਇਰਾ ਉੱਪਰ ਨਾਮ ਬਾਰੇ ਦੱਸੀਆਂ ਤਿੰਨੇ ਗੱਲਾਂ ਦੇ ਅੰਦਰ ਹੀ ਹੋਵੇਗਾ ਕਿਉਂਕਿ ਇਸ ਤੋਂ ਬਾਹਰ ਕਿਸੇ ਸ਼ਬਦ ਵਿੱਚ ਨਾਮ ਬਾਰੇ ਕੋਈ ਗੱਲ ਹੈ ਹੀ ਨਹੀਂ। ਪਹਿਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਕੇਵਲ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਨਾਮ ਆਪ ਪ੍ਰਮਾਤਮਾ ਹੈ। ਸ਼ੁਰੂ ਵਿੱਚ ਪੂਰੇ ਸ਼ਬਦ ਦੀ ਵਿਆਖਿਆ ਦੀ ਬਜਾਇ ਸ਼ਬਦ ਦੀ ਵਿਆਖਿਆ ਦਾ ਦਾਇਰਾ ਕੇਵਲ ਨਾਮ ਨੂੰ ਸਮਝਣ ਤੱਕ ਰੱਖਿਆ ਗਿਆ ਹੈ। ਕੇਵਲ ਉਨ੍ਹਾਂ ਪੰਗਤੀਆਂ ਦੀ ਵਿਆਖਿਆ ਤੇ ਜ਼ੋਰ ਪਾਇਆ ਗਿਆ ਹੈ ਜਿੱਥੋਂ ਨਾਮ ਦੀ ਸੋਝੀ ਪੈਂਦੀ ਹੈ। ਇਹ ਵੀ ਕੋਸ਼ਿਸ਼ ਕੀਤੀ ਗਈ ਹੈ ਕਿ ਸ਼ੁਰੂ ਵਿੱਚ ਉਨ੍ਹਾਂ ਸ਼ਬਦਾਂ ਦੁਆਰਾ ਸਮਝਾਇਆ ਜਾਏ ਜਿਨ੍ਹਾਂ ਦਾ ਭਾਵ ਆਸਾਨੀ ਨਾਲ ਸਮਝ ਆ ਜਾਂਦਾ ਹੈ। ਗੂੜ੍ਹ ਭਾਵ ਵਾਲੇ ਸ਼ਬਦਾਂ ਦੀ ਸੋਝੀ ਜਿਉਂ-ਜਿਉਂ ਅੱਗੇ ਵਧਾਂਗੇ ਤਾਂ ਹੀ ਪਵੇਗੀ, ਖਾਸ ਕਰਕੇ ਅਕਾਲ ਪੁਰਖ ਦੇ ਉਹ ਸ਼ਬਦ ਜੋ ਉਸਨੇ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹਨ। ਪਹਿਲੀ ਪਾਤਸ਼ਾਹੀ ਦੇ ਸ਼ਬਦਾਂ ਦਾ ''ਭਾਵ ਅਰਥ'' ਖਾਸ ਕਰਕੇ ਬਹੁਤ ਗਹਿਰਾ ਹੁੰਦਾ ਹੈ। ਸ਼ੁਰੂ ਵਿੱਚ ਉਨ੍ਹਾਂ ਸ਼ਬਦਾਂ ਦੇ ਭਾਵ ਨੂੰ ਸਮਝਣਾ ਬਹੁਤ ਔਖਾ ਹੈ। ਪੂਰਾ ਲੇਖ ਪੜ੍ਹਨ ਤੋਂ ਬਾਅਦ ਇਸ ਗੱਲ ਦਾ ਅਹਿਸਾਸ ਤੁਹਾਨੂੰ ਆਪ ਹੀ ਹੋ ਜਾਵੇਗਾ। ਗੂੜ੍ਹ ਭਾਵ ਵਾਲੇ ਸ਼ਬਦਾਂ ਵਿੱਚ ਨਾਮ ਬਾਰੇ ਸੋਝੀ ਬੜੇ ਹੀ ਗਹਿਰੇ ਭਾਵ ਦੁਆਰਾ ਪਾਈ ਹੋਈ ਹੈ ਜਿਨ੍ਹਾਂ ਨੂੰ ਜਾਣਨ ਤੋਂ ਬਾਅਦ ਸਾਡੇ ਅੰਦਰ ਨਾਮ ਬਾਰੇ ਕੋਈ ਭੁਲੇਖਾ ਨਹੀਂ ਬਚੇਗਾ। ਸਾਡੇ ਲਈ ਸਭ ਤੋਂ ਵੱਡੀ ਗੱਲ ਇਹੀ ਹੈ ਕਿ ਅਸੀਂ ਗੁਰਬਾਣੀ ਤੇ ਆਪਣਾ ਵਿਸ਼ਵਾਸ ਟਿਕਾਈਏ ਕਿ ਜੋ ਕੁੱਝ ਸਾਨੂੰ ਗੁਰਬਾਣੀ ਸਮਝਾ ਰਹੀ ਹੈ ਉਸ ਵਿੱਚ ਪੂਰਨ ਸੱਚ ਹੈ। ਗੁਰੂ ਤੋਂ ਇਲਾਵਾ ਹੋਰ ਕਿਸੇ ਕੋਲ ਉਹ ਗਿਆਨ ਨਹੀਂ ਹੈ ਜੋ ਸਾਨੂੰ ਪ੍ਰਮਾਤਮਾ ਦਾ ਸੱਚ ਸਮਝਾ ਸਕੇ। ਗੁਰਬਾਣੀ ਪ੍ਰਮਾਤਮਾ ਦਾ ਹੀ ਆਪਣਾ ਰੂਪ ਹੈ ਜੋ ਪ੍ਰਮਾਤਮਾ ਦੇ ਕੋਲੋਂ ਹੀ ਆਈ ਹੈ। ਭਰਮ ਉਸੇ ਦਾ ਹੀ ਨਿਕਲੇਗਾ ਜਿਸਨੂੰ ਕੇਵਲ ਤੇ ਕੇਵਲ ਗੁਰੂ ਦੀ ਮਤਿ ਤੇ ਭਰੋਸਾ ਹੈ ਨਾ ਕਿ ਕਿਸੇ ਹੋਰ ਦੀ ਮਤਿ ਤੇ।

“ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ॥

ਹਰਿ ਨਾਮੁ ਹਮ ਸ੍ਵੇਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ॥

ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ॥
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥16॥"

(ਅੰਗ ੫੯੨)

ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਹੀ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਨਾਮ ਕੀ ਹੈ, ਜਿਸਨੂੰ ਹਰ ਕੋਈ ਸਮਝ ਸਕਦਾ ਹੈ। **(ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ॥)** ਇਸ ਸ਼ਬਦ ਤੋਂ ਸਪੱਸ਼ਟ ਹੈ ਕਿ ਨਾਮ ਆਪ ਅਕਾਲ ਪੁਰਖ ਪ੍ਰਮਾਤਮਾ ਹੈ। ਜੋ ਵੀ ਅਸੀਂ ਭਗਤੀ ਕਰਦੇ ਹਾਂ ਭਾਵ ਜੋ ਵੀ ਅਸੀਂ ਗੁਰੂ ਦੀ ਪੂਜਾ ਕਰਦੇ ਹਾਂ, ਸੇਵਾ ਕਰਦੇ ਹਾਂ, ਉਹ ਨਾਮ ਦੀ ਹੀ ਸੇਵਾ ਹੈ, ਨਾਮ ਦੀ ਹੀ ਪੂਜਾ ਹੈ ਭਾਵ ਪ੍ਰਮਾਤਮਾ ਦੀ ਹੀ ਸੇਵਾ ਹੈ, ਪੂਜਾ ਹੈ। ਐਸਾ ਕਰਨ ਨਾਲ ਸਾਡਾ ਮਨ ਪ੍ਰਮਾਤਮਾ ਦੇ ਨਾਲ ਹੀ ਰੱਤਿਆ ਹੁੰਦਾ ਹੈ। **(ਹਰਿ ਨਾਮੁ ਹਮ ਸੇ੍ਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ॥)** ਨਾਮ ਦੀ ਸੇਵਾ, ਨਾਮ ਦੀ ਪੂਜਾ, ਨਾਮ ਨਾਲ ਮਨ ਦਾ ਰੱਤਣਾ ਕੀ ਹੈ, ਇਹਨਾਂ ਸਾਰੀਆਂ ਗੱਲਾਂ ਨੂੰ ਅਸੀਂ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਪ੍ਰਮਾਤਮਾ ਤੋਂ ਵੱਡਾ ਭਾਵ ਨਾਮ ਤੋਂ ਵੱਡਾ ਹੋਰ ਕੋਈ ਹੋ ਹੀ ਨਹੀਂ ਸਕਦਾ ਤੇ ਕੇਵਲ ਇੱਕ ਪ੍ਰਮਾਤਮਾ ਆਪ ਹੀ ਸਾਨੂੰ ਆਵਾਗਉਣ ਤੋਂ ਮੁਕਤ ਕਰ ਸਕਦਾ ਹੈ। ਪ੍ਰਮਾਤਮਾ ਨੇ ਆਪਣਾ ਆਪ ਗੁਰਬਾਣੀ ਰਾਹੀਂ ਪ੍ਰਗਟ ਕੀਤਾ ਹੋਇਆ ਹੈ ਤੇ ਗੁਰਬਾਣੀ ਪ੍ਰਮਾਤਮਾ ਦਾ ਹੀ ਸਰੂਪ ਹੈ। ਪੂਰੀ ਗੁਰਬਾਣੀ ਹੀ "ਹਰਿ ਨਾਮ" ਹੈ ਤੇ ਇਹ ਗੱਲ ਅੱਗੇ ਚੱਲ ਕੇ ਅਸੀਂ ਹੋਰ ਬਰੀਕੀ ਨਾਲ ਸਮਝਦੇ ਜਾਵਾਂਗੇ।

ਆਖਰੀ ਪੰਗਤੀਆਂ ਵਿੱਚ ਨਾਮ ਮਿਲਣ ਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਦੱਸੀ ਹੋਈ ਹੈ। ਦੋਨਾਂ ਪੰਗਤੀਆਂ ਦਾ ਸੰਖੇਪ ਭਾਵ ਇਸ ਪ੍ਰਕਾਰ ਹੈ :- ਨਾਮ ਕੇਵਲ ਗੁਰੂ ਦੁਆਰਾ ਮਿਲ ਸਕਦਾ ਹੈ ਜੋ ਕਿ ਉਸਦਾ ਮਨੁੱਖ ਦੇ ਉੱਤੇ ਸਭ ਤੋਂ ਵੱਡਾ ਪਰਉਪਕਾਰ ਹੈ। ਸਤਿਗੁਰੂ- ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਨਾਮ ਨੂੰ ਜਾਣਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ, ਨਾਮ ਕੀ ਹੈ। **(ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ॥ ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ॥)** ਇਹਨਾਂ ਸਾਰੀਆਂ ਗੱਲਾਂ ਦੀ ਸੋਝੀ ਸਾਨੂੰ ਅੱਗੇ ਚੱਲ ਕੇ ਬਰੀਕੀ ਨਾਲ ਪੈਂਦੀ ਜਾਵੇਗੀ।

ਪ੍ਰਮਾਤਮਾ ਦੇ ਨਾਲ ਮੇਲ ਉਸਦੇ ਨਿਰਗੁਣ ਰੂਪ ਵਿੱਚ ਮਨੁੱਖ ਦੇ ਮਨ ਦੇ ਵਿੱਚ ਹੀ ਹੁੰਦਾ ਹੈ ਜੋ ਕਿ ਮਨੁੱਖ ਦੇ ਅੰਦਰ ਪ੍ਰਮਾਤਮਾ ਦੇ ਨਾਮ ਦੇ ਪ੍ਰਗਟ ਹੋਣ ਨਾਲ ਹੁੰਦਾ ਹੈ। ਇਹ ਅਵਸਥਾ ਅੱਗੇ ਜਾ ਕੇ ਵਿਸਥਾਰ ਵਿੱਚ ਸਮਝਾਈ ਜਾਵੇਗੀ। ਪਹਿਲਾਂ ਸਾਡਾ ਮੇਲ ਗੁਰੂ ਨਾਲ (ਗੁਰਬਾਣੀ ਨਾਲ) ਹੋਵੇਗਾ ਤੇ ਤਾਂ ਹੀ ਇਹ ਮੇਲ ਪ੍ਰਮਾਤਮਾ ਦੇ ਮੇਲ ਵਿੱਚ ਬਦਲੇਗਾ। ਇਹ ਗੱਲ ਵੱਖਰੇ-ਵੱਖਰੇ ਸ਼ਬਦਾਂ ਰਾਹੀਂ ਹੋਰ ਵੀ ਸਪੱਸ਼ਟ ਹੁੰਦੀ ਜਾਵੇਗੀ।

"ਰਾਮ ਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ॥
ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ॥"

(ਅੰਗ ੧੩੧੪)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਕੀਤਾ ਹੈ ਕਿ ਪ੍ਰਮਾਤਮਾ ਹੀ ਨਾਮ ਹੈ ਅਤੇ ਉਹ ਹੀ ਸਭ ਤੋਂ ਉੱਤਮ ਸੌਦਾ (ਵੱਖਰ) ਹੈ ਤੇ ਇਸ ਸੌਦੇ ਦਾ ਭਾਵ ਨਾਮ ਦਾ ਅਸੀਂ ਵਾਪਾਰ (ਵਣਜ) ਕਰਨਾ ਹੈ ਭਾਵ ਇਸ ਸੌਦੇ ਨੂੰ, ਨਾਮ ਨੂੰ ਭਾਵ ਪ੍ਰਮਾਤਮਾ ਨੂੰ ਪਾਉਣਾ ਹੈ ਭਾਵ ਉਸ ਨਾਲ ਮੇਲ ਕਰਨਾ ਹੈ ਤੇ ਉਹ ਹੀ ਸਾਡੀ ਜ਼ਿੰਦਗੀ ਦਾ ਮਨੋਰਥ ਹੈ।

"ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ॥
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ॥
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ॥
ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ॥13॥"

(ਅੰਗ ੧੨੪੨)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਹੈ ਕਿ ਨਾਮ ਪ੍ਰਮਾਤਮਾ ਹੈ। ਉਹ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਹਮੇਸ਼ਾਂ ਮਨੁੱਖ ਦੇ ਨਾਲ ਹੀ ਹੈ ਭਾਵ ਕਿ ਅੰਦਰ ਹੀ ਹੈ ਤੇ ਉਹ ਪ੍ਰਮਾਤਮਾ ਹੀ ਆਪਣੇ ਨਾਮ ਦੇ ਰੂਪ ਵਿੱਚ ਸਭ ਜਗ੍ਹਾ ਵਰਤ ਰਿਹਾ ਹੈ। ਨਾਮ ਨੂੰ, ਪ੍ਰਮਾਤਮਾ ਨੂੰ ਪੂਰੇ ਗੁਰੂ ਦੀ ਕ੍ਰਿਪਾ ਨਾਲ ਪਾਇਆ ਜਾ ਸਕਦਾ ਹੈ ਤੇ ਉਸ ਨਾਲ ਹਿਰਦੇ (ਮਨ) ਦੇ ਅੰਦਰ ਹੀ ਮੇਲ ਹੁੰਦਾ ਹੈ ਤੇ ਉਸਨੂੰ ਆਪਣੇ ਅੰਦਰੋਂ ਵੇਖਿਆ (ਮਹਿਸੂਸ) ਕੀਤਾ ਜਾ ਸਕਦਾ ਹੈ ਭਾਵ ਜਦੋਂ ਵੀ ਸਾਡੇ ਤੇ ਗੁਰੂ ਪ੍ਰਮਾਤਮਾ ਦੀ ਕ੍ਰਿਪਾ ਹੋ ਗਈ ਉਦੋਂ ਹੀ ਸਾਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ, ਇਸ ਤੋਂ ਬਿਨ੍ਹਾਂ ਨਾਮ ਪਾਉਣਾ ਨਾ-ਮੁਮਕਿਨ ਹੈ। ਆਪਣੇ ਅੰਦਰੋਂ ਨਾਮ ਦੇ ਦਰਸ਼ਨ ਹੋਣਾ ਜਾਂ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ। ਉੱਪਰ ਸ਼ਬਦ ਰਾਹੀਂ ਇਹ ਸਭ ਕੁੱਝ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ।

“ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥
ਗੁਰਮੁਖਿ ਜਿਨ੍ਹੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥
ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥੨॥”

(ਅੰਗ ੧੨੮੧)

ਇਸ ਸ਼ਬਦ ਰਾਹੀਂ ਇਹ ਹੀ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਆਪ ਹੀ “ਅੰਮ੍ਰਿਤੁ” ਹੈ ਜੋ ਕਿ ਸਭ ਵਿੱਚ ਵਰਤ ਰਿਹਾ ਹੈ। ਜਿਹੜਾ ਮਨੁੱਖ ਉਸਨੂੰ ਉਸ ਦੀ ਕ੍ਰਿਪਾ ਦੁਆਰਾ ਬੁੱਝ ਲੈਂਦਾ ਹੈ ਉਹ ਉਸਦੇ ਗਿਆਨ ਨੂੰ ਆਪਣੇ ਮਨ ਵਿੱਚ ਵਸਾ ਕੇ ਰੱਖਦਾ ਹੈ। ਉਸਨੂੰ ਕੇਵਲ ਗੁਰੂ ਦੀ ਆਪਣੀ ਕ੍ਰਿਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ। ਜੋ ਮਨੁੱਖ ਉਸਨੂੰ ਪਾ ਲੈਂਦੇ ਹਨ ਉਹ ਸਦਾ ਹੀ ਉਸ ਵਿੱਚ ਰੱਤੇ ਜਾਂਦੇ ਹਨ ਤੇ ਉਨ੍ਹਾਂ ਦੀ ਹਉਮੈ ਭਾਵ ਆਪਾ ਮਿਟ ਜਾਂਦਾ ਹੈ ਅਤੇ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ। ਆਪਣੇ ਅੰਦਰੋਂ ਅੰਮ੍ਰਿਤ ਨੂੰ ਭਾਵ ਨਾਮ ਨੂੰ, ਪ੍ਰਮਾਤਮਾ ਨੂੰ ਬੁੱਝਣ ਨਾਲ ਹੀ ਮਨੁੱਖ ਦੀ ਹਉਮੈ ਖ਼ਤਮ ਹੁੰਦੀ ਹੈ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਹਉਮੈ ਦਾ ਖਤਮ ਹੋਣਾ ਕੀ ਹੈ, ਇਹ ਅਸੀਂ ਪਿੱਛੇ ਬਰੀਕੀ ਨਾਲ ਜਾਣਿਆ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ, ਤਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ। ਨਾਮ ਮਿਲਣ ਨਾਲ ਹੀ ਹਉਮੈ ਦੂਰ ਹੁੰਦੀ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁੱਝ “ਤੂੰ” ਹੈ ਤੇ “ਮੈਂ” ਕੇਵਲ ਇੱਕ ਭੁਲੇਖਾ ਹੀ ਹੈ। “ਅੰਮ੍ਰਿਤ ਰੂਪ” ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਅੰਮ੍ਰਿਤ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜੋ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ।

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥2॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥3॥
ਜਲ ਤਰੰਗੁ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥4॥}

(ਅੰਗ 102)

ਇਸ ਪੂਰੇ ਸ਼ਬਦ ਦੀ ਵਿਆਖਿਆ ਅੱਗੇ ਚੱਲਕੇ ਸਮਝਾਂਗੇ। ਸ਼ਬਦ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ।

“ਸਭ ਨਾਵਹੁ ਉਪਜੈ ਨਾਵਹੁ ਛੀਜੈ॥ ਗੁਰ ਕਿਰਪਾ ਤੇ ਮਨੁ ਤਨੁ ਭੀਜੈ॥
ਰਸਨਾ ਨਾਮੁ ਧਿਆਏ ਰਸਿ ਭੀਜੈ ਰਸ ਹੀ ਤੇ ਰਸੁ ਪਾਇਦਾ॥੭॥”

(ਮਾਰੂ ਮਹਲਾ ੩॥, ਅੰਗ ੧੦੬੪)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਨਾਮ ਪ੍ਰਮਾਤਮਾ ਹੈ। ਨਾਮ ਤੋਂ ਭਾਵ ਪ੍ਰਮਾਤਮਾ ਤੋਂ ਹੀ ਸਭ ਕੁੱਝ ਉਪਜਦਾ ਹੈ ਅਤੇ ਪ੍ਰਮਾਤਮਾ ਦੁਆਰਾ ਹੀ ਸਭ ਕੁੱਝ ਬਿਨਸਦਾ ਹੈ। ਕੇਵਲ ਗੁਰੂ ਦੀ ਕ੍ਰਿਪਾ ਦੁਆਰਾ ਹੀ ਮਨੁੱਖ ਪ੍ਰਮਾਤਮਾ (ਨਾਮ) ਨਾਲ ਮਨੋ ਤਨੋ ਭਿੱਜ ਸਕਦਾ ਹੈ ਭਾਵ ਪ੍ਰਮਾਤਮਾ ਆਪ ਹੀ ਨਾਮ ਹੈ। ਉਹ ਆਪਣੇ ਨਾਮ ਦੇ ਰੂਪ ਵਿੱਚ ਹੀ ਸਭ ਵਿੱਚ ਤੇ ਸਭ ਜਗ੍ਹਾ ਵਿਚਰ ਰਿਹਾ ਹੈ। ਰਸ ਕੀ ਹੈ ਇਸਨੂੰ ਅੱਗੇ ਬਰੀਕੀ ਨਾਲ ਸਮਝਾਂਗੇ।

“ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ॥
ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ॥
ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥
ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ॥
ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ॥੪॥”

(ਅੰਗ ੧੨੩੯)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਨਾਮ ਪ੍ਰਮਾਤਮਾ ਹੈ, ਨਾਮ ਗੁਰੂ ਦੀ ਬਾਣੀ ਭਾਵ ਗੁਰਬਾਣੀ ਹੈ ਅਤੇ ਸਾਡੇ ਅੰਦਰ ਨਾਮ, ਗੁਰਬਾਣੀ ਦੁਆਰਾ ਹੀ ਵੱਸ ਸਕਦਾ ਹੈ ਭਾਵ ਸਾਡਾ ਪ੍ਰਮਾਤਮਾ ਨਾਲ ਮੇਲ ਗੁਰਬਾਣੀ ਹੀ ਕਰਵਾ ਸਕਦੀ ਹੈ। “**ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥”** ਜਿਵੇਂ ਕਿ ਗੁਰਬਾਣੀ ਰਾਹੀਂ ਵਾਰ-ਵਾਰ ਵੱਖਰੇ-ਵੱਖਰੇ ਸ਼ਬਦਾਂ ਵਿੱਚ ਇਹ ਗੱਲ ਸਮਝਾਈ ਗਈ ਹੈ ਕਿ ਪ੍ਰਮਾਤਮਾ ਤੇ ਗੁਰੂ ਵਿੱਚ ਕੋਈ ਅੰਤਰ ਨਹੀਂ ਹੈ, ਫਿਰ ਬਾਣੀ ਤੇ ਨਾਮ ਵਿੱਚ ਫ਼ਰਕ ਕਿਵੇਂ ਹੋ ਸਕਦਾ ਹੈ। ਇਹ ਗੱਲ ਪਹਿਲਾਂ ਜਪੁਜੀ ਬਾਣੀ ਦੀ ਵਿਆਖਿਆ ਦੌਰਾਨ ਵੀ ਸਪੱਸ਼ਟ ਕੀਤੀ ਹੋਈ ਹੈ। ਗੁਰੂ ਪ੍ਰਮਾਤਮਾ ਇੱਕ ਹੈ। ਹੇਠ ਦਿੱਤੇ ਕੁੱਝ ਸ਼ਬਦਾਂ ਨੂੰ ਜਾਣ ਕੇ ਇਹ ਭੁਲੇਖਾ ਕਦੇ ਵੀ ਨਹੀਂ ਰਹਿਣਾ ਚਾਹੀਦਾ ਕਿ ਗੁਰੂ ਅਤੇ ਪ੍ਰਮਾਤਮਾ ਵਿੱਚ ਕੋਈ ਫਰਕ ਹੈ। ਇੱਕੋ ਗੱਲ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ੁਰੂ ਵਿੱਚ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਅਸਲ ਵਿੱਚ “ਗੁਰੂ “ ਪ੍ਰਮਾਤਮਾ ਆਪ ਹੀ ਹੈ ਜਿੱਥੋਂ ਸਾਰਾ ਗਿਆਨ ਆਉਂਦਾ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਇਸ ਗੱਲ ਦੀ ਸਮਝ ਨਹੀਂ ਲੱਗ ਸਕਦੀ। ਜਿਉਂ-ਜਿਉਂ ਅੱਗੇ ਚੱਲ ਕੇ ਸਾਨੂੰ ਮਨ ਦੀ ਸਮਝ ਪੈਂਦੀ ਜਾਵੇਗੀ ਸਾਨੂੰ ਇਹ ਵਿਸ਼ਵਾਸ ਆਉਣ ਲੱਗ ਪਵੇਗਾ ਕਿ “ਗੁਰੂ” ਆਪ ਪ੍ਰਮਾਤਮਾ ਹੀ ਹੈ ਜੋ ਗਿਆਨ ਦਾ ਮਾਲਕ ਹੈ। ਪੂਰੀ ਗੁਰਬਾਣੀ ਉਸ ਖਸਮ ਦੀ ਬਾਣੀ ਹੀ ਹੈ। ਜਿਸ ਦੀ ਇਹ ਬਾਣੀ ਹੈ, ਉਹੀ ਆਪ ਗੁਰੂ ਹੈ। ਪੂਰੀ ਗੁਰਬਾਣੀ ਨਾਮ ਹੈ ਭਾਵ ਗੁਰਬਾਣੀ ਦਾ ਹਰ ਸ਼ਬਦ ਨਾਮ ਹੈ। ਪੂਰੀ ਗੁਰਬਾਣੀ ਵਿੱਚ ਸੱਚਾ ਗਿਆਨ ਹੈ ਭਾਵ ਨਾਮ ਹੈ, ਬ੍ਰਹਮ ਗਿਆਨ ਹੈ, ਸੱਚ ਹੈ।

{ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਸਾਰਗ ਮਹਲਾ ੫॥, ਅੰਗ ੧੨੨੬)

“ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥੧॥੯॥"

(ਰਾਗੁ ਆਸਾ ਛੰਤ ਮਹਲਾ ੪ ਘਰੁ ੧, ਅੰਗ ੪੪੨)

ਉੱਪਰ ਸ਼ਬਦ ਵਿੱਚ "ਸਮੁੰਦ" ਗੁਰਬਾਣੀ ਨੂੰ ਕਿਹਾ ਹੈ ਜੋ ਕਿ ਰਤਨਾ ਦੇ ਨਾਲ, ਗੁਰੂ ਦੇ ਸ਼ਬਦਾਂ ਦੇ ਨਾਲ ਭਰੀ ਹੋਈ ਹੈ। ਅਸੀਂ ਗੁਰੂ ਦੇ ਸ਼ਬਦਾਂ ਨੂੰ ਵਿਰੋਲਣਾ ਹੈ, ਖੰਘਾਲਣਾ ਹੈ ਭਾਵ ਉਹਨਾਂ ਨੂੰ ਪੂਰੀ ਤਹਿ ਤੱਕ ਫਰੋਲਣਾ ਹੈ, ਉਹਨਾਂ ਦੀ ਤੈਅ ਤੱਕ ਪਹੁੰਚਣਾ ਹੈ ਕਿ ਉਹਨਾਂ ਦੁਆਰਾ ਗੁਰੂ ਸਾਹਿਬ ਨੇ ਸਾਨੂੰ ਕੀ ਸੋਝੀ ਪਾਈ ਹੈ। ਉਸ ਸੋਝੀ ਦੇ ਨਾਲ ਜੁੜ ਕੇ ਹੀ ਅਸੀਂ ਆਪਣੇ ਅੰਦਰੋਂ ਉਸ ਵਸਤੂ ਨੂੰ ਪ੍ਰਾਪਤ ਕਰਨਾ ਹੈ ਜੋ ਸਭ ਤੋਂ ਅਨੂਪ ਵਸਤੂ ਹੈ, ਸੁੰਦਰ ਵਸਤੂ ਹੈ। ਇਹ ਸੁੰਦਰ ਵਸਤੂ ਨਾਮ ਰਤਨ ਹੈ ਜਿਸ ਦੇ ਮਿਲਣ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਇਸ ਸਰੀਰ ਦੇ ਵਿੱਚ ਭਾਵ ਮਨ ਦੇ ਵਿੱਚ ਹੀ ਹੁੰਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਮਨ ਦੇ ਵਿੱਚ ਸਾਰਾ ਗਿਆਨ ਕਿੱਥੋਂ ਆਉਂਦਾ ਹੈ, ਗਿਆਨ ਦਾ ਮਾਲਕ ਕੌਣ ਹੈ। ਆਪਣਾ ਗੁਰੂ ਰੂਪ ਧਾਰਨ ਕਰਕੇ ਭਾਵ ਉਹ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣਾ ਸੱਚਾ ਗਿਆਨ ਆਪ ਹੀ ਦਿੰਦਾ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ। ਇਸ ਦੀ ਸੋਝੀ ਉਹਨਾਂ ਨੂੰ ਹੀ ਪੈ ਸਕਦੀ ਹੈ ਜਿਨ੍ਹਾਂ ਦੇ ਮਨ ਵਿੱਚ ਉਹ ਪ੍ਰਗਟ ਹੋ ਜਾਂਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉੱਥੇ ਪ੍ਰਮਾਤਮਾ ਨੇ ਆਪ ਹੀ ਪ੍ਰਗਟ ਹੋ ਕੇ ਇਹ ਰਚਨਾ ਕਰਵਾਈ ਹੈ ਤੇ ਇਸੇ ਲਈ ਉਸਦੇ ਭਗਤਾਂ ਨੇ ਗੁਰੂ ਸਾਹਿਬਾਨ ਨੇ ਪ੍ਰਮਾਤਮਾ ਨੂੰ ਹੀ ਗੁਰੂ ਦੱਸਿਆ ਹੈ। ਗੁਰੂ ਸਾਹਿਬਾਨ, ਭਗਤ ਜਨ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਨ।

"ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥
ਅਨਦਿਨੁ ਹਰਿ ਕਾ ਨਾਮੁ ਵਖਾਣੀ॥"

(ਅੰਗ ੧੦੫੭)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਗੁਰੂ ਦਾ ਸ਼ਬਦ ਭਾਵ ਗੁਰੂ ਦੇ ਸ਼ਬਦ ਦੁਆਰਾ ਸਮਝਾਈ ਹੋਈ ਗੱਲ, ਉਸਦੇ ਬੋਲੇ ਹੋਏ ਬੋਲ ਅੰਮ੍ਰਿਤ ਹਨ ਭਾਵ ਗੁਰੂ ਦੀ ਦਿੱਤੀ ਹੋਈ ਮਤਿ ਅੰਮ੍ਰਿਤ ਹੈ ਭਾਵ ਗੁਰੂ ਦੀ ਬਾਣੀ ਅੰਮ੍ਰਿਤ ਹੈ, ਗੁਰਬਾਣੀ ਅੰਮ੍ਰਿਤ ਹੈ। ਅੰਮ੍ਰਿਤ ਹੀ ਨਾਮ ਹੈ। ਗੁਰੂ ਦਾ ਹਰ ਬੋਲ ਅੰਮ੍ਰਿਤ ਹੈ, ਨਾਮ ਹੈ। ਗੁਰਬਾਣੀ ਹਰ ਵੇਲੇ ਭਾਵ ਹਰ ਸ਼ਬਦ ਦੁਆਰਾ ਸਾਨੂੰ ਪ੍ਰਮਾਤਮਾ ਦਾ ਨਾਮ ਸਮਝਾ ਰਹੀ ਹੈ, ਨਾਮ ਦੀ ਸੋਝੀ ਪਾ ਰਹੀ ਹੈ ਭਾਵ ਗੁਰਬਾਣੀ ਸਾਨੂੰ ਆਪਣੇ ਹਰ ਸ਼ਬਦ ਦੁਆਰਾ ਨਾਮ ਦੀ ਸਿੱਖਿਆ ਦੇ ਰਹੀ ਹੈ। ਗੁਰੂ ਦਾ ਅੰਮ੍ਰਿਤ ਭਾਵ ਗੁਰੂ ਦੇ ਬੋਲ, ਨਾਮ ਹਨ। ਇਹੀ ਗੱਲ ਅਸੀਂ ਪਿੱਛੇ ਸ਼ਬਦ ਰਾਹੀਂ ਸਮਝੀ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ - 1239)

ਪੂਰੀ ਗੁਰਬਾਣੀ ਸਾਨੂੰ ਨਾਮ ਦੇ ਰੂਪ ਵਿੱਚ ਸਿੱਖਿਆ ਦੇ ਰਹੀ ਹੈ ਤੇ ਉਸਦੀ ਸਿੱਖਿਆ ਦਾ ਸਾਡੇ ਅੰਦਰ ਵੱਸਣਾ, ਨਾਮ ਦਾ ਵੱਸਣਾ ਹੈ।

"ਆਇਓ ਸੁਨਨ ਪੜਨ ਕਉ ਬਾਣੀ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥ਰਹਾਉ॥"

(ਸਾਰਗ ਮਹਲਾ ੫॥, ਅੰਗ ੧੨੧੯)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਹੁੰਦਾ ਹੈ ਕਿ ਬਾਣੀ ਹੀ ਨਾਮ ਹੈ। ਗੁਰਬਾਣੀ ਨੂੰ "ਨਾ ਪੜ੍ਹਨਾ ਤੇ ਨਾ ਸੁਣਨਾ" ਹੀ ਭਾਵ ਬਾਣੀ ਦੇ ਲੜ ਨਾ ਲੱਗਣ ਨੂੰ ਨਾਮ ਵਿਸਾਰਨਾ ਕਿਹਾ ਗਿਆ ਹੈ ਭਾਵ ਬਾਣੀ ਦੇ ਲੜ ਲੱਗਣਾ ਹੀ ਨਾਮ ਦੇ ਨਾਲ ਲੱਗਣਾ ਹੈ।

"ਸਾਚਾ ਸੇਵਹੁ ਸਾਚੁ ਪਛਾਣੈ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ॥
ਦਰਿ ਸਾਚੈ ਸਚੁ ਸੋਭਾ ਹੋਇ॥ਨਿਜ ਘਰਿ ਵਾਸਾ ਪਾਵੈ ਸੋਇ॥੩॥
ਆਪਿ ਅਭੁਲੁ ਸਚਾ ਸਚੁ ਸੋਇ॥ ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ॥
ਸਾਚਾ ਸੇਵਹੁ ਸਾਚੀ ਬਾਣੀ॥ ਨਾਨਕ ਨਾਮੇ ਸਾਚਿ ਸਮਾਣੀ॥੪॥"

(ਬਸੰਤੁ ਮਹਲਾ ੩॥, ਅੰਗ ੧੧੭੫)

ਇਸ ਸ਼ਬਦ ਰਾਹੀਂ ਬਾਣੀ ਨੂੰ ਹੀ ਨਾਮ ਕਹਿ ਕੇ ਸਮਝਾਇਆ ਹੈ। ਪ੍ਰਮਾਤਮਾ ਨੂੰ ਉਸਦੀ ਸੱਚੀ ਬਾਣੀ ਦੁਆਰਾ ਸੇਵਿਆਂ ਹੀ ਭਾਵ ਨਾਮ ਦੁਆਰਾ, ਨਾਮ ਦੀ ਸਿੱਖਿਆ ਦੁਆਰਾ, ਬਾਣੀ ਦੀ ਸਿੱਖਿਆ ਦੁਆਰਾ ਸੇਵਿਆਂ ਹੀ ਉਸ ਸੱਚੇ ਪ੍ਰਮਾਤਮਾ ਵਿੱਚ ਸਮਾਇਆ ਜਾ ਸਕਦਾ ਹੈ ਭਾਵ ਬਾਣੀ ਨੂੰ ਜਪਣਾ ਹੀ ਨਾਮ ਜਪਣਾ ਹੈ। ਬਾਣੀ ਸੱਚੀ ਹੈ ਇਸ ਲਈ ਉਸ ਵਿੱਚ ਨਾਮ ਹੈ, ਸੱਚ ਹੈ। ਸੱਚ ਨੂੰ ਜਪਣਾ ਨਾਮ ਜਪਣਾ ਹੈ।

“ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥”

(ਸਾਰਗ ਮਹਲਾ ੫॥, ਅੰਗ ੧੨੨੬)

ਇਸ ਸ਼ਬਦ ਰਾਹੀਂ ਬੜੇ ਸਪੱਸ਼ਟ ਤਰੀਕੇ ਨਾਲ ਇਹ ਸਮਝਾਇਆ ਹੈ ਕਿ ਪੋਥੀ (ਗੁਰਬਾਣੀ) ਪ੍ਰਮਾਤਮਾ ਦਾ ਸਥਾਨ ਹੈ ਭਾਵ ਇਹ ਬਾਣੀ ਪ੍ਰਮਾਤਮਾ ਦੀ ਆਪਣੀ ਬਾਣੀ ਹੈ, ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਬਾਣੀ ਇਸ ਲਈ ਪ੍ਰਮਾਤਮਾ ਦਾ ਅਸਥਾਨ ਹੈ ਕਿਉਂਕਿ ਗੁਰਬਾਣੀ ਦੇ ਵਿੱਚ ਪੂਰਨ ਬ੍ਰਹਮ ਗਿਆਨ ਹੈ, ਪੂਰੀ ਗੁਰਬਾਣੀ ਦੇ ਵਿੱਚ ਉਸ ਬ੍ਰਹਮ ਦਾ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਆਪਣੀ ਪੂਰਨ ਰੂਪ ਵਿੱਚ ਸੱਚੀ ਸੋਝੀ ਪਾਈ ਹੋਈ ਹੈ ਕਿ ਪ੍ਰਮਾਤਮਾ ਕੀ ਹੈ। ਗੁਰਬਾਣੀ ਵਿੱਚ ਬ੍ਰਹਮ ਗਿਆਨ ਇਸ ਲਈ ਹੈ ਕਿ ਜਿਨ੍ਹਾਂ ਸਰੀਰਾਂ ਦੁਆਰਾ ਗੁਰਬਾਣੀ ਉਚਾਰੀ ਗਈ ਹੈ ਉਹਨਾਂ ਨੇ ਇਸਨੂੰ “ਸਾਧਸੰਗਿ” ਦੀ ਅਵੱਸਥਾ ਵਿੱਚ ਉਚਾਰਿਆ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਵਿੱਚ ਉਚਾਰਿਆ ਹੈ। “ਸਾਧਸੰਗਿ” ਕੀ ਹੈ ਇਸ ਗੱਲ ਨੂੰ ਅਸੀਂ ਅੱਗੇ ਚੱਲ ਕੇ ਬਰੀਕੀ ਨਾਲ ਵਿਚਾਰਾਂਗੇ। ਗੁਰਬਾਣੀ ਦੀ ਅਵੱਸਥਾ ਭਾਵ ਗੁਰਬਾਣੀ ਦੀ ਸੋਝੀ, ਗੁਰਬਾਣੀ ਦਾ ਗਿਆਨ, “ਬ੍ਰਹਮਗਿਆਨ” ਹੈ ਜਿਸ ਕਰਕੇ ਪੂਰੀ ਗੁਰਬਾਣੀ ਉਸ ਪ੍ਰਮਾਤਮਾ ਦੇ ਗੁਣ ਗਾ ਰਹੀ ਹੈ ਭਾਵ ਉਸ ਪ੍ਰਮਾਤਮਾ ਦੀ ਉਸਤਤਿ ਕਰ ਰਹੀ ਹੈ, ਉਸਦੀ ਵਡਿਆਈ ਕਰ ਰਹੀ ਹੈ, ਨਾਮ ਦੀ ਵਡਿਆਈ ਕਰ ਰਹੀ ਹੈ ਭਾਵ ਸਾਨੂੰ ਸਮਝਾ ਰਹੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਕਿਤਨਾ ਵੱਡਾ ਹੈ। ਪ੍ਰਮਾਤਮਾ ਦੀ ਵਡਿਆਈ ਉਹ ਹੀ ਕਰ ਸਕਦਾ ਹੈ ਜੋ ਹਕੀਕਤ ਵਿੱਚ ਜਾਣਦਾ ਹੈ ਕਿ ਪ੍ਰਮਾਤਮਾ ਕਿਤਨਾ ਵੱਡਾ ਹੈ ਤੇ ਉਸਦੀ ਵਡਿਆਈ ਕਰਨੀ ਕੀ ਹੈ। ਵਡਿਆਈ ਦੇ ਮਾਰਗ ਤੇ ਚੱਲਣਾ ਕੀ ਹੈ।

“ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ਰਾਮ॥
ਹਰਿ ਮਨੁ ਤਨੋ ਗੁਰਮੁਖਿ ਭੀਜੈ ਰਾਮ ਨਾਮੁ ਪਿਆਰੇ ਰਾਮ॥
ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮ ਨਾਮੁ ਮੁਖਿ ਬਾਣੀ॥
ਆਵਣ ਜਾਣ ਰਹੇ ਸੁਖੁ ਪਾਇਆ ਘਰਿ ਅਨਹਦ ਸੁਰਤਿ ਸਮਾਣੀ॥”

(ਸੂਹੀ ਮਹਲਾ ੩॥, ਅੰਗ ੭੭੨)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਦਾ ਜਸ, ਰਾਮ ਨਾਮ ਦਾ ਜਸ ਗੁਰਬਾਣੀ ਦੇ ਸ਼ਬਦਾਂ ਦੀ ਵਿਚਾਰ ਰਾਹੀਂ ਭਾਵ ਬਾਣੀ ਦਾ ਉਪਦੇਸ਼ ਮੰਨ ਕੇ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਦੇ ਮਨੁੱਖ ਹੀ ਪ੍ਰਮਾਤਮਾ ਨੂੰ, ਗੁਰੂ ਨੂੰ ਪਿਆਰੇ ਲੱਗਦੇ ਹਨ। ਇਹੋ ਜਿਹੇ ਮਨੁੱਖ ਹੀ ਪ੍ਰਮਾਤਮਾ ਨੂੰ ਪਾਉਂਦੇ ਹਨ ਅਤੇ ਉਨ੍ਹਾਂ ਦੇ ਮੁੱਖ ਤੇ ਕੇਵਲ ਬਾਣੀ ਦੀ ਗੱਲ ਹੁੰਦੀ ਹੈ ਰਾਮ ਨਾਮ ਹੁੰਦਾ ਹੈ ਭਾਵ ਉਹ ਬਾਣੀ ਦੇ ਉਪਦੇਸ਼ ਰਾਹੀਂ ਵਿਚਰਦੇ ਹਨ, ਰਾਮ ਨਾਮ ਦੇ ਉਪਦੇਸ਼ ਰਾਹੀਂ ਵਿਚਰਦੇ ਹਨ ਭਾਵ ਬਾਣੀ ਹੀ ਰਾਮ ਨਾਮ ਹੈ। ਬਾਣੀ ਨੂੰ ਜਪਣਾ ਹੀ ਰਾਮ ਨਾਮ ਜਪਣਾ ਹੈ। ਜਿਨ੍ਹਾਂ ਦੇ ਮੁੱਖ ਤੇ ਬਾਣੀ ਦਾ ਉਪਦੇਸ਼ ਹੈ, ਉਨ੍ਹਾਂ ਦੇ ਮੁੱਖ ਤੇ ਰਾਮ ਨਾਮ ਹੈ। ਬੜਾ ਸਪੱਸ਼ਟ ਹੈ ਕਿ ਪੂਰੀ ਬਾਣੀ ਵਿੱਚ ਨਾਮ ਹੈ। (**ਰਾਮ ਨਾਮੁ ਮੁਖਿ ਬਾਣੀ॥**) ਅਨਹਦ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸ਼ਬਦਾਂ ਰਾਹੀਂ ਸਮਝਾਂਗੇ।

“ਲਿਖੁ ਲੇਖਣਿ ਕਾਗਦਿ ਮਸਵਾਣੀ॥
ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥”

(ਅੰਗ ੧੮੫)

ਉੱਪਰਲੀ ਪੰਗਤੀ ਰਾਹੀਂ ਧਿਆਨ ਨਾਲ ਵੇਖੋ ਕਿ ਸਾਨੂੰ ਕਿਤਨੇ ਸਪੱਸ਼ਟ ਤਰੀਕੇ ਨਾਲ ਇਹ ਸਮਝਾਇਆ ਹੈ ਕਿ ਰਾਮ ਨਾਮ ਕੀ ਹੈ। ਸਾਨੂੰ ਆਪਣੇ ਅੰਦਰ ਇਹ ਗੱਲ ਦ੍ਰਿੜ ਕਰਨ ਲਈ ਕਿਹਾ ਹੈ ਕਿ ਬਾਣੀ ਹੀ ਰਾਮ ਨਾਮ ਹੈ ਭਾਵ ਸਾਡੇ ਅੰਦਰ ਇਹ ਭੁਲੇਖਾ ਕਦੇ ਵੀ ਨਹੀਂ ਰਹਿਣਾ ਚਾਹੀਦਾ ਕਿ ਰਾਮ ਨਾਮ ਕੀ ਹੈ ਭਾਵ ਬਾਣੀ ਹੀ ਰਾਮ ਨਾਮ ਹੈ। ਸਾਨੂੰ ਇਸ ਤਰੀਕੇ ਨਾਲ ਇਹ ਗੱਲ ਦ੍ਰਿੜ ਕਰਨ ਲਈ ਕਿਹਾ ਹੈ ਕਿ ਹੇ ਮਨੁੱਖ! ਆਪਣੇ ਹੱਥ ਵਿੱਚ ਕਲਮ ਫੜ ਲੈ, ਕੋਲ ਸਿਆਹੀ ਦੀ ਦਵਾਤ ਰੱਖ ਲੈ ਅਤੇ ਕਾਗਜ਼ ਉੱਤੇ ਇਹ ਲਿਖ ਲੈ ਕਿ ‘‘ਰਾਮ ਨਾਮ’’ ਪ੍ਰਮਾਤਮਾ ਦੀ ਅੰਮ੍ਰਿਤ ਬਾਣੀ ਹੈ ਭਾਵ ਪੂਰੀ ਗੁਰਬਾਣੀ ‘‘ਰਾਮ ਨਾਮ’’ ਹੈ। **(ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥)**

ਪੂਰੀ ਗੁਰਬਾਣੀ ਇਸੇ ਲਈ ਨਾਮ ਹੈ, ਰਾਮ ਨਾਮ ਹੈ ਕਿਉਂਕਿ ਇਸ ਦੇ ਵਿੱਚ ਬ੍ਰਹਮਗਿਆਨ ਹੈ। ਅਸਲ ਵਿੱਚ ਬ੍ਰਹਮਗਿਆਨ ਹੀ ਨਾਮ ਹੈ, ਰਾਮ ਨਾਮ ਹੈ, ਆਪ ਪ੍ਰਮਾਤਮਾ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ ਰਹਾਉ॥”

(ਅੰਗ ੧੧੫੯)

ਬਹੁਤ ਸਪੱਸ਼ਟ ਹੈ ਕਿ ਪ੍ਰਮਾਤਮਾ ਕੀ ਹੈ, ਨਾਮ ਕੀ ਹੈ ਭਾਵ ਇੱਕੋ ਹੀ ਗੱਲ ਹੈ। ‘‘ਬ੍ਰਹਮ ਗਿਆਨ’’ ਹੀ ਆਪੇ ਪ੍ਰਮਾਤਮਾ ਹੈ ਤੇ ਬ੍ਰਹਮਗਿਆਨ ਹੀ ਨਾਮ ਹੈ। ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। ਜਿਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਭਾਵ ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਗੁਰਬਾਣੀ ਦੀ ਰਚਨਾ ਕੀਤੀ ਹੈ, ਜਿੱਥੇ ਪ੍ਰਮਾਤਮਾ ਨੇ ਆਪਣਾ ਪੂਰਨ ਸੱਚ ਸਮਝਾਇਆ ਹੋਇਆ ਹੈ ਜੇਕਰ ਸਾਨੂੰ ਆਪਣੇ ਗੁਰੂ ਤੇ ਯਕੀਨ ਹੈ ਤਾਂ ਫਿਰ ਨਾਮ ਉਹੀ ਹੈ ਜੋ ਸਾਨੂੰ ਗੁਰਬਾਣੀ ਭਾਵ ਆਪ ਪ੍ਰਮਾਤਮਾ ਸਮਝਾ ਰਿਹਾ ਹੈ। ਜੇਕਰ ਸਾਡਾ ਯਕੀਨ, ਵਿਸ਼ਵਾਸ ਕਿਸੇ ਹੋਰ ਤੇ ਟਿਕਿਆ ਹੋਇਆ ਹੈ, ਕਿਸੇ ਮਨੁੱਖ ਉੱਤੇ ਟਿਕਿਆ ਹੋਇਆ ਹੈ ਫਿਰ ਸਾਡਾ ਗੁਰੂ ਤੇ ਵਿਸ਼ਵਾਸ ਟਿਕਾਉਣਾ ਔਖਾ ਹੈ।

ਇਸ ਲੇਖ ਦੇ ਹਰ ਪੜ੍ਹਨ ਵਾਲੇ ਦੇ ਚਰਨਾਂ ਵਿੱਚ ਦਾਸ ਦੀ ਬੇਨਤੀ ਹੈ ਕਿ ਗੁਰਬਾਣੀ ਦੀ ਸਮਝਾਈ ਹੋਈ ਹਰ ਗੱਲ ਨੂੰ ਇਸ ਤਰ੍ਹਾਂ ਮੰਨੋ ਜਿਵੇਂ ਕਿ ਪੱਥਰ ਤੇ ਲਕੀਰ ਹੁੰਦੀ ਹੈ। ਗੁਰਬਾਣੀ ਦੀ ਦੱਸੀ ਹੋਈ ਗੱਲ ਸਦਾ ਅਟੱਲ ਰਹਿਣ ਵਾਲੀ ਹੈ ਜੋ ਕਦੇ ਬਦਲ ਨਹੀਂ ਸਕਦੀ, ਰਹਿੰਦੀ ਦੁਨੀਆਂ ਤੱਕ ਕਦੇ ਬਦਲ ਨਹੀਂ ਸਕਦੀ। ਗੁਰਬਾਣੀ ਸਾਨੂੰ ਜੋ ਗੱਲ ਇੱਕ ਸ਼ਬਦ ਰਾਹੀਂ ਸਮਝਾਉਂਦੀ ਹੈ ਉਹੀ ਗੱਲ ਦੂਸਰੇ ਸ਼ਬਦ ਰਾਹੀਂ ਕਦੇ ਬਦਲ ਨਹੀਂ ਸਕਦੀ, ਸਿਰਫ ਉਸਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੁੰਦੀ ਹੈ, ਧਿਆਨ ਨਾਲ ਖੋਜਣ ਦੀ ਲੋੜ ਹੁੰਦੀ ਹੈ। ਜਿਉਂ-ਜਿਉਂ ਅਸੀਂ ਲੇਖ ਵਿੱਚ ਅੱਗੇ ਵਧਾਂਗੇ ਸਾਡਾ ਗੁਰਬਾਣੀ ਤੇ ਵਿਸ਼ਵਾਸ ਵੱਧਦਾ ਜਾਵੇਗਾ ਤੇ ਉਨ੍ਹਾਂ ਤੇ ਵਿਸ਼ਵਾਸ ਘੱਟਦਾ ਜਾਵੇਗਾ ਜਿਨ੍ਹਾਂ ਨੇ ਸਾਨੂੰ ਨਾਮ ਸਮਝਾਇਆ ਹੋਇਆ ਹੈ। ਸੱਚ ਤੋਂ ਉੱਪਰ ਕੁੱਝ ਨਹੀਂ ਹੈ ਤੇ ਸੱਚ ਕੇਵਲ ਗੁਰੂ ਦੇ ਕੋਲ ਹੈ, ਸੱਚੀ ਮਤਿ ਕੇਵਲ ਗੁਰੂ ਦੇ ਕੋਲ ਹੈ।

“ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ਰਹਾਉ॥”

(ਬਿਲਾਵਲੁ ਮਹਲਾ ੩॥, ਅੰਗ ੭੯੭)

ਉੱਪਰ ਸ਼ਬਦ ਰਾਹੀਂ ਬੜਾ ਸਪੱਸ਼ਟ ਸਮਝਾਇਆ ਗਿਆ ਹੈ ਕਿ ਜਿਸਨੂੰ ਗੁਰੂ ਦੀ ਮਤਿ (ਉਪਦੇਸ਼) ਮਿਲ ਜਾਂਦਾ ਹੈ, ਜੋ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ ਭਾਵ ਜੋ ਆਪਣੀ ਮਤਿ ਤਿਆਗ ਦਿੰਦਾ ਹੈ ਉਹ ਗੁਰੂ ਦੇ ਵਿੱਚ ਸਮਾਅ ਜਾਂਦਾ ਹੈ, ਉਹ ਪ੍ਰਮਾਤਮਾ ਵਿੱਚ ਲੀਨ ਰਹਿੰਦਾ ਹੈ ਭਾਵ ਜੋ ਪ੍ਰਮਾਤਮਾ (ਗੁਰੂ) ਨੂੰ ਭਾਉਂਦਾ ਹੈ, ਉਹ ਮਨੁੱਖ ਉਸੇ ਤਰ੍ਹਾਂ ਹੀ ਵਿਚਰਦਾ ਹੈ, ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਦੁਆਰਾ ਵਿਚਰਦਾ ਹੈ। ਇਹ ਹੀ ਨਾਮ ਦੀ ਪ੍ਰਾਪਤੀ ਹੈ। ਪੂਰੀ ਗੱਲ ਤੋਂ ਭਾਵ ਹੈ, ਜਿਸਦੇ ਅੰਦਰ ਗੁਰੂ ਦਾ ਉਪਦੇਸ਼ ਵੱਸ ਜਾਂਦਾ ਹੈ ਉਸਦੇ ਅੰਦਰ ਨਾਮ ਵੱਸ ਜਾਂਦਾ ਹੈ ਭਾਵ ਗੁਰੂ ਦਾ ਉਪਦੇਸ਼ ਹੀ ਨਾਮ ਹੈ। ਸਾਡੇ ਅੰਦਰ ਬਾਣੀ ਦੇ ਗਿਆਨ ਦਾ ਵੱਸਣਾ ਜਾਂ ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ।

“ਨਾਮੁ ਹਮਾਰੈ ਅੰਤਰਜਾਮੀ॥ ਨਾਮੁ ਹਮਾਰੈ ਆਵੈ ਕਾਮੀ॥
ਰੋਮਿ ਰੋਮਿ ਰਵਿਆ ਹਰਿ ਨਾਮੁ॥ ਸਤਿਗੁਰ ਪੂਰੈ ਕੀਨੋ ਦਾਨੁ॥੧॥
ਨਾਮੁ ਰਤਨੁ ਮੇਰੈ ਭੰਡਾਰ॥ ਅਗਮ ਅਮੋਲਾ ਅਪਰ ਅਪਾਰ॥੧॥ਰਹਾਉ॥
ਨਾਮੁ ਹਮਾਰੈ ਨਿਹਚਲ ਧਨੀ॥ ਨਾਮ ਕੀ ਮਹਿਮਾ ਸਭ ਮਹਿ ਬਨੀ॥
ਨਾਮੁ ਹਮਾਰੈ ਪੂਰਾ ਸਾਹੁ॥ ਨਾਮੁ ਹਮਾਰੈ ਬੇਪਰਵਾਹੁ॥੨॥
ਨਾਮੁ ਹਮਾਰੈ ਭੋਜਨ ਭਾਉ॥ ਨਾਮੁ ਹਮਾਰੈ ਮਨ ਕਾ ਸੁਆਉ॥
ਨਾਮੁ ਨ ਵਿਸਰੈ ਸੰਤ ਪ੍ਰਸਾਦਿ॥ ਨਾਮੁ ਲੈਤ ਅਨਹਦ ਪੂਰੇ ਨਾਦ॥੩॥
ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ॥
ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ॥
ਧਨਵੰਤੇ ਸੇਈ ਪਰਧਾਨ॥ ਨਾਨਕ ਜਾ ਕੈ ਨਾਮੁ ਨਿਧਾਨ॥੪॥”

(ਭੈਰਉ ਮਹਲਾ ੫॥, ਅੰਗ ੧੧੪੪)

ਬੜਾ ਸਪੱਸ਼ਟ ਹੈ ਕਿ ਨਾਮ ਪ੍ਰਮਾਤਮਾ ਨੂੰ ਕਿਹਾ ਹੈ। ਸੰਖੇਪ ਵਿੱਚ ਇਸ ਸ਼ਬਦ ਰਾਹੀਂ ਇਹ ਸਮਝਿਆ ਜਾ ਸਕਦਾ ਹੈ ਕਿ ਨਾਮ ਭਾਵ ਪ੍ਰਮਾਤਮਾ ਆਪ ਹੀ ਸਭ ਕੁੱਝ ਹੈ। ਪ੍ਰਮਾਤਮਾ ਦੀ ਉਸਤਤਿ ਕੀਤੀ ਹੋਈ ਹੈ, ਵਡਿਆਈ ਕੀਤੀ ਹੋਈ ਹੈ ਕਿ ਉਹ ਕਿਤਨਾ ਵੱਡਾ ਹੈ। ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਮਨੁੱਖ ਬਾਣੀ ਨਾਲ ਭਾਵ ਗੁਰੂ ਨਾਲ ਜੁੜਦਾ ਹੈ ਅਤੇ ਗੁਰੂ ਦੀ ਕ੍ਰਿਪਾ ਨਾਲ ਹੀ ਉਸਦੀ ਪ੍ਰਮਾਤਮਾ (ਨਾਮ) ਨਾਲ ਭਾਵ ਪ੍ਰਮਾਤਮਾ ਦੀ ਬਾਣੀ ਨਾਲ ਬਣ ਆਉਂਦੀ ਹੈ ਭਾਵ ਪਿਆਰ ਬਣਦਾ ਹੈ। ਇਹੋ ਜਿਹੇ ਮਨੁੱਖ ਹੀ ਪ੍ਰਮਾਤਮਾ ਦੇ ਨਾਮ ਦਾ ਖ਼ਜ਼ਾਨਾ, ਉਸਦੇ ਗੁਣਾਂ ਦਾ ਖਜ਼ਾਨਾ ਪ੍ਰਾਪਤ ਕਰਦੇ ਹਨ ਤੇ ਉਹ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਧੰਨਵੰਤੇ (ਨਾਮ ਧਨ ਵਾਲੇ) ਤੇ ਪ੍ਰਧਾਨ ਹੁੰਦੇ ਹਨ। ਪੂਰੀ ਗੱਲ ਦਾ ਭਾਵ ਹੈ, ਬਾਣੀ ਦੇ ਨਾਲ ਪਿਆਰ ਪਾਉਣ ਦੁਆਰਾ ਭਾਵ ਉਸ ਗੁਰੂ ਦਾ ਉਪਦੇਸ਼ ਮੰਨਣ ਦੁਆਰਾ ਹੀ ਨਾਮ ਪਾਇਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪੂਰੇ ਸ਼ਬਦ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

“ਮਾਇਆ ਮੋਹੁ ਸਬਦਿ ਜਲਾਏ॥ ਮਨੁ ਤਨੁ ਹਰਿਆ ਸਤਿਗੁਰ ਭਾਏ॥
ਸਫਲਿਓ ਬਿਰਖੁ ਹਰਿ ਕੈ ਦੁਆਰਿ॥ ਸਾਚੀ ਬਾਣੀ ਨਾਮ ਪਿਆਰਿ॥੧॥”

(ਬਸੰਤੁ ਮਹਲਾ ੩॥, ਅੰਗ ੧੧੭੩)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ “ਸੱਚੀ ਬਾਣੀ ਹੀ ਨਾਮ ਹੈ” ਅਤੇ ਬਾਣੀ ਦੇ ਨਾਲ ਪਿਆਰ ਪਾਉਣ ਦੁਆਰਾ ਹੀ ਭਾਵ ਉਸਦੇ ਸ਼ਬਦ ਦੇ ਗਿਆਨ ਦੁਆਰਾ ਹੀ ਮਨੁੱਖ ਮਾਇਆ ਦੇ ਮੋਹ ਤੋਂ ਮੁਕਤ ਹੁੰਦਾ ਹੈ, ਪ੍ਰਮਾਤਮਾ ਦੇ ਦਰ ਤੇ ਪਹੁੰਚ ਕੇ ਮੁਕਤ ਹੁੰਦਾ ਹੈ ਭਾਵ ਪ੍ਰਮਾਤਮਾ ਆਪ ਹੀ ਮਾਇਆ ਮੋਹ ਵਿੱਚੋਂ ਕੱਢਦਾ ਹੈ। ਸੱਚੀ ਬਾਣੀ ਨਾਲ ਪਿਆਰ ਕਰਨਾ ਹੀ ਨਾਮ ਦੇ ਨਾਲ ਪਿਆਰ ਕਰਨਾ ਹੈ, ਪ੍ਰਮਾਤਮਾ ਦੇ ਨਾਲ ਪਿਆਰ ਕਰਨਾ ਹੈ। ਬਾਣੀ ਤੇ ਨਾਮ ਇੱਕੋ ਗੱਲ ਹੈ। (**ਸਾਚੀ ਬਾਣੀ ਨਾਮ ਪਿਆਰਿ॥**)

“ਮੇਰੈ ਗੁਰਿ ਮੋਰੋ ਸਹਸਾ ਉਤਾਰਿਆ॥
ਤਿਸੁ ਗੁਰ ਕੈ ਜਾਈਐ ਬਲਿਹਾਰੀ ਸਦਾ ਸਦਾ ਹਉ ਵਾਰਿਆ॥੧॥ਰਹਾਉ॥
ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ॥
ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ॥੧॥
ਗੁਰ ਪੂਰੇ ਕੀ ਕਰਉ ਨਿਤ ਸੇਵਾ ਗੁਰੁ ਅਪਨਾ ਨਮਸਕਾਰਿਆ॥
ਸਰਬ ਫਲਾ ਦੀਨੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ॥੨॥”

(ਸਾਰਗ ਮਹਲਾ ੫॥, ਅੰਗ ੧੨੧੯)

ਇਸ ਸ਼ਬਦ ਵਿੱਚ “ਗੁਰੂ ਦਾ ਨਾਮ” ਜਪਣ ਦੀ ਗੱਲ ਕੀਤੀ ਗਈ ਹੈ ਜਿੱਥੋਂ ਇਹ ਬਿਲਕੁਲ ਸਪੱਸ਼ਟ ਹੈ ਕਿ ਗੁਰੂ ਹੀ ਨਾਮ ਹੈ ਭਾਵ ਬਾਣੀ ਹੀ ਨਾਮ ਹੈ। ਗੁਰੂ ਦੇ ਚਰਨ ਅਤੇ ਗੁਰੂ ਦੀ ਧੂੜ ਤੋਂ ਭਾਵ ਗੁਰੂ ਦੇ ਉਪਦੇਸ਼/ ਗਿਆਨ ਨਾਲ ਹੈ ਜਿਸ ਦੁਆਰਾ ਮਨੁੱਖ ਦੇ ਪਾਪ ਤੇ ਮਨ ਦੀ ਮੈਲ ਉਤਰ ਜਾਂਦੀ ਹੈ ਭਾਵ ਗੁਰੂ ਦਾ ਨਾਮ ਕਿਵੇਂ ਜਪਣਾ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਆਪਣੇ ਮਨ ਦੀ ਮੈਲ ਨੂੰ ਉਤਾਰਨਾ ਹੀ ਨਾਮ ਜਪਣਾ ਹੈ। “ਗੁਰ ਕਾ ਨਾਮ” ਤੋਂ ਭਾਵ ਹੈ, ਗੁਰੂ ਦਾ ਉਪਦੇਸ਼, ਗੁਰੂ ਦਾ ਗਿਆਨ, ਗੁਰੂ ਦੀ ਮਤਿ, ਗੁਰੂ ਦੇ ਬਚਨ। ਗੁਰਬਾਣੀ ਸਾਡਾ ਗੁਰੂ ਹੈ ਤੇ ਗੁਰੂ ਕੋਲੋਂ ਉਸਦੀ ਸੱਚੀ ਮਤਿ ਹੀ ਮਿਲਦੀ ਹੈ, ਹਰ ਸ਼ਬਦ ਰਾਹੀਂ ਮਿਲਦੀ ਹੈ, ਹਰ ਸ਼ਬਦ ਸਾਨੂੰ ਨਾਮ ਹੀ ਸਮਝਾਉਂਦਾ ਹੈ। ਗੁਰੂ ਦੀ ਸੱਚੀ ਸਮਝ ਨਾਮ ਹੈ ਜੋ ਸਭ ਨੂੰ ਸੱਚ ਸਮਝਾਉਂਦੀ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਸਮਝਾਉਂਦੀ ਹੈ, ਇੱਕੋ ਜਿਹਾ ਨਾਮ ਸਮਝਾਉਂਦੀ ਹੈ। ਗੁਰੂ ਦੀ ਸਮਝ ਨੂੰ ਜਪਣਾ ਹੀ ਨਾਮ ਜਪਣਾ ਹੈ, ਦਿਨ ਰਾਤ ਗੁਰੂ ਦੀ ਸਮਝ ਵਾਲੇ ਬਣ ਕੇ ਰਹਿਣਾ ਗੁਰੂ ਦੇ ਨਾਮ ਨੂੰ ਦਿਨ ਰਾਤ ਜਪਣਾ ਹੈ। ਅੱਗੇ ਚੱਲਕੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਸ਼ਬਦਾਂ ਰਾਹੀਂ ਬੜੀ ਹੀ ਬਰੀਕੀ ਨਾਲ ਸਮਝਾਂਗੇ। ਗੁਰੂ ਦਾ ਹਰ ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ। ਸ਼ਬਦ ਹੀ ਨਾਮ ਹੈ ਭਾਵ ਗੁਰੂ ਦਾ ਨਾਮ ਸਾਨੂੰ ਸਮਝਾਉਣ ਲਈ ਹੀ ਹੈ, ਸਿੱਖਿਆ ਦੇਣ ਲਈ ਹੀ ਹੈ।

“ਖਾਤ ਪੀਅੰਤ ਮੂਏ ਨਹੀ ਜਾਨਿਆ॥
ਖਿਨ ਮਹਿ ਮੂਏ ਜਾ ਸਬਦੁ ਪਛਾਨਿਆ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ॥
ਗੁਰ ਕਿਰਪਾ ਤੇ ਨਾਮੁ ਪਛਾਨਿਆ॥੧੯॥”

(ਅੰਗ ੯੩੨)

ਇਸ ਸ਼ਬਦ ਰਾਹੀਂ ਇਹ ਸਮਝ ਪੈਂਦੀ ਹੈ ਕਿ ਸ਼ਬਦ ਹੀ ਨਾਮ ਹੈ। ਸ਼ਬਦ ਗੁਰੂ ਹੈ ਅਤੇ ਗੁਰੂ ਹੀ ਨਾਮ ਹੈ। ਸ਼ਬਦ, ਗੁਰੂ, ਗੁਰਬਾਣੀ, ਪ੍ਰਮਾਤਮਾ ਇੱਕ ਹੀ ਗੱਲ ਹੈ **(ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥)**। “ਸ਼ਬਦ” ਅੱਖਰ ਦੀ ਵਰਤੋਂ ਬਾਣੀ ਵਿੱਚ ਵਾਰ-ਵਾਰ ਕੀਤੀ ਗਈ ਹੈ, ਇਸ ਲਈ ਇਸ ਦੇ ਅਰਥ ਬਰੀਕੀ ਨਾਲ ਜਾਨਣਾ ਜਰੂਰੀ ਹੈ। ਸ਼ਬਦ ਗੁਰੂ ਦਾ ਗਿਆਨ

ਹੈ, ਸ਼ਬਦ ਗੁਰੂ ਦਾ ਉਪਦੇਸ਼ ਹੈ, ਸ਼ਬਦ ਬ੍ਰਹਮ ਗਿਆਨ ਹੈ। ਸ਼ਬਦ ਅੱਖਰ ਦੀ ਵਿਆਖਿਆ ਅੱਗੇ ਜਾ ਕੇ ਵਿਸਥਾਰ ਵਿੱਚ ਕੀਤੀ ਜਾਵੇਗੀ। ਸ਼ਬਦ ਨੂੰ ਪਹਿਚਾਨਣਾ, ਨਾਮ ਨੂੰ ਪਹਿਚਾਨਣਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਨਣਾ ਹੀ ਹੈ ਜੋ ਸਾਡੇ ਅੰਦਰ ਹੀ ਹੈ।

“ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ॥
ਗੁਰ ਕੈ ਸਬਦਿ ਭਰੇ ਭੰਡਾਰਾ॥
ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ॥
ਮਾਇਆ ਮੋਹਿ ਜਲੈ ਅਭਿਮਾਨੁ॥੧॥
ਗੁਰਮੁਖਿ ਹਰਿ ਰਸੁ ਚਾਖੈ ਕੋਇ॥
ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ॥ਰਹਾਉ॥
ਸਬਦੁ ਦੀਪਕੁ ਵਰਤੈ ਤਿਹੁ ਲੋਇ॥ ਜੋ ਚਾਖੈ ਸੋ ਨਿਰਮਲੁ ਹੋਇ॥
ਨਿਰਮਲ ਨਾਮਿ ਹਉਮੈ ਮਲੁ ਧੋਇ॥ ਸਾਚੀ ਭਗਤਿ ਸਦਾ ਸੁਖੁ ਹੋਇ॥੨॥”

(ਧਨਾਸਰੀ ਮਹਲਾ ੩॥, ਅੰਗ ੬੬੪)

ਇਸ ਸ਼ਬਦ ਵਿੱਚ ਗੁਰੂ ਦੇ ਗਿਆਨ ਦੀ ਗੱਲ ਸਮਝਾਈ ਗਈ ਹੈ। ਸ਼ਬਦ ਨੂੰ ਦੀਪਕ ਰੂਪ ਕਿਹਾ ਗਿਆ ਹੈ ਭਾਵ ਗਿਆਨ ਰੂਪ ਕਹਿਆ ਗਿਆ ਹੈ। ਇਹ ਵੀ ਸੋਝੀ ਪਾਈ ਗਈ ਹੈ ਕਿ ਹਰੀ ਦਾ ਨਾਮ ਗੁਰੂ ਦੇ ਸ਼ਬਦ ਦੇ ਰੂਪ ਵਿੱਚ ਮਿਲਦਾ ਹੈ ਤੇ ਸ਼ਬਦ ਦੁਆਰਾ ਹੀ ਮਿਲਦਾ ਹੈ ਭਾਵ ਗੁਰੂ ਦੇ ਗਿਆਨ ਦੁਆਰਾ ਮਿਲਦਾ ਹੈ ਤੇ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ। ਗੁਰੂ ਦਾ ਗਿਆਨ ਹੀ ਹਰਿ ਰਸ ਹੈ ਅਤੇ ਗੁਰੂ ਦਾ ਗਿਆਨ ਹੀ ਹਰਿ ਧੰਨ ਹੈ। ਇਸ ਗੱਲ ਦੀ ਸਾਨੂੰ ਲੇਖ ਵਿੱਚ ਅੱਗੇ ਜਾ ਕੇ ਬਰੀਕੀ ਨਾਲ ਸੋਝੀ ਪੈ ਜਾਵੇਗੀ। ਗੁਰੂ ਦੇ ਗਿਆਨ ਦੁਆਰਾ ਹੀ ਨਾਮ ਮਿਲਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਬਾਣੀ ਆਪ ਨਾਮ ਹੈ ਤੇ ਸਾਨੂੰ ਨਾਮ ਦੀ ਪ੍ਰਾਪਤੀ ਬਾਣੀ ਦੇ ਵਿੱਚੋਂ ਹੀ ਹੋਣੀ ਹੈ। ਬਾਣੀ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਤੇ ਸੱਚਾ ਗਿਆਨ ਹੀ ਨਾਮ ਹੈ। ਪਹਿਲਾਂ ਗੁਰੂ ਦੇ ਸਮਝਾਏ ਹੋਏ ਨਾਮ ਨਾਲ, ਗੁਰੂ ਦੇ ਗਿਆਨ ਨਾਲ ਜੁੜਾਂਗੇ ਤੇ ਤਾਂ ਹੀ ਗਿਆਨ ਦੇ ਮਾਲਕ ਤੱਕ, ਨਾਮ ਦੇ ਮਾਲਕ ਤੱਕ ਪਹੁੰਚਾਂਗੇ। ਉਸਦਾ ਨਾਮ ਉਸਦੇ ਦਰ ਤੇ ਪਹੁੰਚ ਕੇ ਹੀ ਮਿਲਦਾ ਹੈ ਤੇ ਪਰ ਉਸ ਤੱਕ ਪਹੁੰਚਣ ਦਾ ਮਾਰਗ ਵੀ ਨਾਮ ਹੀ ਹੈ ਭਾਵ ਗੁਰਬਾਣੀ ਦੀ ਸਿੱਖਿਆ ਹੀ ਹੈ।

{ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥1॥ ਰਹਾਉ ॥}

(ਅੰਗ 1159)

“ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥”

(ਅੰਗ ੪੪੨)

ਇਸ ਸ਼ਬਦ ਰਾਹੀਂ ਨਾਮ ਨੂੰ ਰਤਨ ਪਦਾਰਥ ਕਿਹਾ ਗਿਆ ਹੈ ਜੋ ਕਿ ਨਿਰਮੋਲ ਹੈ ਅਤੇ ਉਸਨੂੰ ਕੇਵਲ ਗੁਰਬਾਣੀ ਨਾਲ ਜੁੜ ਕੇ ਹੀ ਪਾਇਆ ਜਾ ਸਕਦਾ ਹੈ। ਇਹ ਨਾਮ (ਪ੍ਰਮਾਤਮਾ) ਸਾਡੇ ਸਰੀਰ ਦੇ ਵਿੱਚ ਹੀ ਹੈ ਭਾਵ ਸਾਡਾ ਮਨ ਹੈ ਤੇ ਇਸ ਨੂੰ ਆਪਣੇ ਅੰਦਰੋਂ ਹੀ ਗੁਰੂ ਦੀ ਕ੍ਰਿਪਾ ਦੁਆਰਾ ਦੇਖਿਆ ਜਾ ਸਕਦਾ ਹੈ। ਇਸ ਗੱਲ ਨੂੰ ਅਸੀਂ ਅੱਗੇ ਚੱਲ ਕੇ ਬੜੀ ਹੀ ਬਰੀਕੀ ਨਾਲ

ਸਮਝਾਂਗੇ। ਇਹ ਗੱਲ ਵੀ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਈ ਗਈ ਹੈ ਕਿ ਗੁਰੂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ਭਾਵ ਇੱਕੋ ਗੱਲ ਹੈ। ਪ੍ਰਮਾਤਮਾ ਹੀ ਸਭ ਦਾ ਗੁਰੂ ਹੈ, ਪਰ ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਉਸਨੂੰ (ਗੁਰੂ ਪ੍ਰਮਾਤਮਾ ਨੂੰ) ਆਪਣੇ ਅੰਦਰੋਂ ਦੇਖ ਲਿਆ ਜਾਂਦਾ ਹੈ, ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ।

“ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ॥” (ਮਃ ੩॥, ਅੰਗ ੮੫੨)

ਇਸ ਸ਼ਬਦ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਜੋ ਸ਼ਬਦ ਨੂੰ ਨਹੀਂ ਵਿਚਾਰਦੇ ਉਹ ਨਾਮ ਨਹੀਂ ਚੇਤਦੇ ਭਾਵ ਸ਼ਬਦ ਦੀ ਵਿਚਾਰ ਕਰਨੀ ਹੀ ਭਾਵ ਗੁਰੂ ਦੇ ਗਿਆਨ ਨੂੰ, ਉਪਦੇਸ਼ ਨੂੰ ਵਿਚਾਰਨਾ ਭਾਵ ਉਸਨੂੰ ਮੰਨਣਾ ਹੀ ਨਾਮ ਨੂੰ ਚੇਤੇ ਰੱਖਣਾ ਹੈ। ਇਹ ਗੱਲ ਸਾਨੂੰ ਅੱਗੇ ਚੱਲ ਕੇ ਬਹੁਤ ਬਰੀਕੀ ਨਾਲ ਸਮਝ ਆਵੇਗੀ।

“ਘਰ ਮਹਿ ਵਸਤੁ ਅਗਮ ਅਪਾਰਾ॥
ਗੁਰਮਤਿ ਖੋਜਹਿ ਸਬਦਿ ਬੀਚਾਰਾ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ॥
ਸਦਾ ਰੰਗਿ ਰਾਤੇ ਸਚਿ ਸਮਾਹਿ॥੩॥
ਆਪਿ ਕਰੇ ਕਿਛੁ ਕਰਣੁ ਨ ਜਾਇ॥
ਆਪੇ ਭਾਵੈ ਲਏ ਮਿਲਾਇ॥
ਤਿਸ ਤੇ ਨੇੜੈ ਨਾਹੀ ਕੋ ਦੂਰਿ॥
ਨਾਨਕ ਨਾਮਿ ਰਹਿਆ ਭਰਪੂਰਿ॥੪॥੧੧॥”

(ਬਸੰਤੁ ਮਹਲਾ ੩॥, ਅੰਗ ੧੧੭੫)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ ਪ੍ਰਮਾਤਮਾ ਹੀ ਨਾਮ ਹੈ ਤੇ ਉਹ ਮਨੁੱਖ ਦੇ ਅੰਦਰ ਹੀ ਵੱਸਦਾ ਹੈ। ਉਸਨੂੰ ਗੁਰੂ ਦੀ ਮਤਿ ਦੁਆਰਾ ਭਾਵ ਉਸਦੇ ਗਿਆਨ ਦੁਆਰਾ ਆਪਣੇ ਅੰਦਰੋਂ ਹੀ ਭਾਵ ਮਨ ਦੇ ਵਿੱਚੋਂ ਖੋਜ ਕੇ ਹੀ ਪਾਇਆ ਜਾ ਸਕਦਾ ਹੈ ਭਾਵ ਨਾਮ (ਪ੍ਰਮਾਤਮਾ) ਸਭ ਦੇ ਅੰਦਰ ਹੀ ਹੈ ਅਤੇ ਉਸਨੂੰ ਗੁਰੂ ਦੀ ਕ੍ਰਿਪਾ ਦੇ ਨਾਲ ਉਸਦੇ ਗਿਆਨ ਦੁਆਰਾ ਆਪਣੇ ਅੰਦਰੋਂ ਹੀ ਪਛਾਣਿਆ ਭਾਵ ਸਮਝਿਆ ਜਾ ਸਕਦਾ ਹੈ। ਹੁਣ ਧਿਆਨ ਨਾਲ ਵਿਚਾਰੋ ਕਿ “ਨਾਮ” ਵਿੱਚ ਤੇ ਪ੍ਰਮਾਤਮਾ ਵਿੱਚ ਕੀ ਫਰਕ ਹੈ ਭਾਵ ਇੱਕੋ ਹੀ ਗੱਲ ਹੈ। ਸਭ ਜਗ੍ਹਾ ਪ੍ਰਮਾਤਮਾ ਆਪਣੇ ਨਾਮ ਦੁਆਰਾ, ਆਪਣੇ ਬ੍ਰਹਮ ਗਿਆਨ ਦੁਆਰਾ ਭਰਪੂਰ ਹੈ, ਵਸਿਆ ਹੋਇਆ ਹੈ। **(ਨਾਨਕ ਨਾਮਿ ਰਹਿਆ ਭਰਪੂਰਿ॥੪॥੧੧॥)** ਪ੍ਰਮਾਤਮਾ ਸਭ ਜਗ੍ਹਾ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਸਮਾਇਆ ਹੋਇਆ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਿਟ ਜਾਂਦੀ ਹੈ ਭਾਵ ਜਦੋਂ ਉਸ ਦੇ ਨਾਲ ਮੇਲ ਹੋ ਜਾਂਦਾ ਹੈ। ਇਹ ਦੂਰੀ ਪ੍ਰਮਾਤਮਾ ਆਪ ਹੀ ਮਿਟਾ ਸਕਦਾ ਹੈ ਤੇ ਕਿਸੇ ਦਾ ਆਪਣਾ ਕੋਈ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਨਾਲ ਮੇਲ ਕੇਵਲ ਉਸਦੀ ਆਪਣੀ ਕਿਰਪਾ ਹੈ, ਗੁਰਪ੍ਰਸਾਦਿ ਹੈ। ਜਦ ਤੱਕ ਉਹ ਆਪ ਸਾਨੂੰ ਆਪਣੇ ਨੇੜੇ ਨਹੀਂ ਲਗਾਉਂਦਾ ਤਦ ਤੱਕ ਉਸ ਨਾਲ ਦੂਰੀ ਨਹੀਂ ਮਿਟਦੀ। ਦੂਰੀ ਮਿਟਣ ਨਾਲ ਹੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਜਿਸ ਰੂਪ ਵਿੱਚ ਆਪਣੇ ਨਾਮ ਦੁਆਰਾ, ਬ੍ਰਹਮ ਗਿਆਨ ਦੁਆਰਾ ਸਾਡੇ ਅੰਦਰ ਵੱਸਿਆ ਹੋਇਆ ਹੈ ਉਸੇ ਤਰ੍ਹਾਂ ਉਹ ਸਭ ਜਗ੍ਹਾ ਭਰਪੂਰ ਹੈ, ਆਪਣੇ ਨਾਮ ਦੁਆਰਾ ਸਭ ਵਿੱਚ ਵੱਸਿਆ ਹੋਇਆ ਹੈ, ਆਪਣੇ ਗਿਆਨ ਰੂਪ ਵਿੱਚ ਸਭ ਜਗ੍ਹਾ ਵੱਸਿਆ ਹੋਇਆ ਹੈ। **(ਤਿਸ ਤੇ ਨੇੜੈ ਨਾਹੀ ਕੋ ਦੂਰਿ॥ ਨਾਨਕ ਨਾਮਿ ਰਹਿਆ ਭਰਪੂਰਿ॥੪॥੧੧॥)**

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥

ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥2॥}

(ਅੰਗ 456)

ਗਿਆਨ ਰਸ ਨੂੰ ਚੱਖਣ ਦੇ ਨਾਲ ਹੀ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਇਸਦਾ ਸਵਾਦ ਪਤਾ ਚੱਲਦਾ ਹੈ ਕਿ ਇਹ ਕਿਤਨਾ ਕੁ ਮਿੱਠਾ ਰਸ ਹੈ। ਇਸ ਰਸ ਦੀ ਪ੍ਰਾਪਤੀ ਦੇ ਨਾਲ ਹੀ ਨਾਮ ਨੂੰ, ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਇਹ ਗੱਲ ਸਾਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝ ਆਵੇਗੀ।

{ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ॥੫॥}

(ਸੋਰਠਿ ਮਹਲਾ ੧ ਪਹਿਲਾ ਦੁਤੁਕੀ॥, ਅੰਗ ੬੩੭)

{ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥}

(ਅੰਗ 992)

{ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ॥}

(ਅੰਗ ੭੬੪)

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥}

(ਅੰਗ 1032)

ਇਹ ਗਿਆਨ ਦਾ ਮਹਾ ਰਸ ਬ੍ਰਹਮ ਗਿਆਨ ਦਾ ਰਸ ਹੈ ਜੋ ਰਸ ਮਨ ਦੇ ਚੱਖਣ ਦਾ ਰਸ ਹੈ, ਮਨ ਦੇ ਇਸਨਾਨ ਲਈ ਹੈ, ਜਿਸ ਵਿੱਚ ਇਸਨਾਨ ਕਰਕੇ ਮਨ ਮੈਲ ਰਹਿਤ ਹੋ ਜਾਂਦਾ ਹੈ, ਔਗੁਣਾਂ, ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ, ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ, ਮਨ ਦੀ ਅਗਿਆਨਤਾ ਤੋਂ ਰਹਿਤ ਹੋ ਜਾਂਦਾ ਹੈ, ਮਨ ਦੇ ਭਰਮਾਂ ਤੋਂ ਰਹਿਤ ਹੋ ਜਾਂਦਾ ਹੈ, ਹਉਮੈ ਤੋਂ ਰਹਿਤ ਹੋ ਜਾਂਦਾ ਹੈ ਜਿਸ ਤੋਂ ਰਹਿਤ ਹੋ ਕੇ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ, ਨਾਮ ਨੂੰ ਜਾਣਿਆ ਜਾ ਸਕਦਾ ਹੈ।

“ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥੮॥
ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥”

(ਅੰਗ ੭੫੯)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਤਾਂ ਸਮਝ ਆਵੇਗੀ ਕਿ ਗੁਰਬਾਣੀ ਹੀ ਨਾਮ ਹੈ, ਗੁਰਬਾਣੀ ਦਾ ਗਿਆਨ ਹੀ ਨਾਮ ਹੈ **(ਗੁਰ ਗਿਆਨੁ ਪਦਾਰਥੁ ਨਾਮੁ ਹੈ)**। ਇਹ ਗਿਆਨ ਪਦਾਰਥ ਸਾਡੇ ਅੰਦਰ ਗੁਰੂ ਹੀ ਦ੍ਰਿੜ ਕਰ ਸਕਦਾ ਹੈ ਭਾਵ ਗੁਰੂ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਮਨੁੱਖ ਦੇ ਅੰਦਰ ਗੁਰੂ ਦੇ ਗਿਆਨ ਤੇ ਚੱਲਣ ਦਾ ਵਿਸ਼ਵਾਸ ਪੱਕਾ ਹੁੰਦਾ ਹੈ ਭਾਵ ਗੁਰੂ ਦੀ ਮਤਿ ਦ੍ਰਿੜ ਹੁੰਦੀ ਹੈ। ਨਾਮ ਹੀ ਗੁਰੂ ਪ੍ਰਮਾਤਮਾ ਦਾ ਰਤਨ ਹੈ ਜੋ ਕੇਵਲ ਪ੍ਰਮਾਤਮਾ ਆਪਣੀ ਪ੍ਰਸੰਨਤਾ ਨਾਲ ਦਿੰਦਾ ਹੈ।

“ਐਸਾ ਗਿਆਨੁ ਪਦਾਰਥੁ ਨਾਮੁ॥
ਗੁਰਮੁਖਿ ਪਾਵਸਿ ਰਸਿ ਰਸਿ ਮਾਨੁ॥੧॥ਰਹਾਉ॥

ਗਿਆਨੁ ਗਿਆਨੁ ਕਥੈ ਸਭੁ ਕੋਈ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ॥
ਕਥਿ ਕਹਣੈ ਤੇ ਰਹੈ ਨ ਕੋਈ॥
ਬਿਨੁ ਰਸ ਰਾਤੇ ਮੁਕਤਿ ਨ ਹੋਈ॥੨॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥
ਸਾਚੀ ਰਹਤ ਸਾਚਾ ਮਨਿ ਸੋਈ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥
ਨਾਵਹੁ ਭੂਲੇ ਥਾਉ ਨ ਕੋਈ॥੩॥"

(ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦, ਅੰਗ ੮੩੧)

ਇਸ ਸ਼ਬਦ ਰਾਹੀਂ ਵੀ ਇਹ ਹੀ ਸਮਝਾਇਆ ਗਿਆ ਹੈ ਕਿ ਗੁਰੂ ਦਾ ਸੱਚਾ ਗਿਆਨ ਹੀ ਨਾਮ ਹੈ। ਸੱਚੇ ਗਿਆਨ ਦਾ ਮਨੋਰਥ ਕੀ ਹੈ, ਨਾਮ ਦਾ ਮਨੋਰਥ ਕੀ ਹੈ, ਇਹ ਹੀ ਸਮਝਾਇਆ ਗਿਆ ਹੈ। ਸੱਚਾ ਗਿਆਨ ਸਾਡੀ ਸੱਚੀ ਰਹਿਤ ਲਈ ਹੀ ਹੈ ਭਾਵ ਗਿਆਨ ਗੁਰੂ ਦਾ ਉਪਦੇਸ਼ ਹੈ ਜਿਸ ਅਨੁਸਾਰ ਮਨੁੱਖ ਆਪਣੀ ਸੱਚੀ ਕਰਣੀ ਕਰੇ। ਗੁਰੂ ਦੇ ਸੱਚੇ ਉਪਦੇਸ਼ ਤੇ ਚੱਲਣ ਤੋਂ ਬਿਨ੍ਹਾਂ ਜੋ ਕੇਵਲ ਗਿਆਨ ਦੀ ਗੱਲ ਹੀ ਕਰਦਾ ਹੈ ਭਾਵ ਕੇਵਲ ਗੁਰੂ ਦੇ ਉਪਦੇਸ਼ ਨੂੰ ਪੜ੍ਹੀ ਜਾਂਦਾ ਹੈ ਪਰ ਉਸ ਤੇ ਅਮਲ ਨਹੀਂ ਕਰਦਾ, ਉਹ ਮਨਮੁੱਖ ਹੈ ਤੇ ਇਹੋ ਜਿਹੇ ਮਨੁੱਖ ਨਾਮ ਨੂੰ ਭਾਵ ਗੁਰੂ ਨੂੰ, ਪ੍ਰਮਾਤਮਾ ਨੂੰ ਭੁੱਲੇ ਹੋਏ ਹੁੰਦੇ ਹਨ ਅਤੇ ਉਨ੍ਹਾਂ ਲਈ ਗੁਰੂ ਦੇ ਕੋਲ ਕੋਈ ਥਾਂ ਨਹੀਂ ਭਾਵ ਜੋ ਗੁਰੂ ਦੇ ਉਪਦੇਸ਼ ਅਨੁਸਾਰ ਨਹੀਂ ਚੱਲਦੇ ਉਹ ਨਾਮ ਤੋਂ ਦੂਰ ਹੀ ਰਹਿੰਦੇ ਹਨ, ਗੁਰੂ ਦੀ ਮਤਿ ਤੋਂ ਦੂਰ ਹੀ ਰਹਿੰਦੇ ਹਨ। ਇੱਥੇ ਸਾਡੀ ਕਥਨੀ ਤੇ ਕਰਨੀ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਜੋ ਕੇਵਲ ਕਥਨੀ ਤੱਕ ਰਹਿੰਦੇ ਹਨ ਪਰ ਆਪਣੀ ਕਰਨੀ ਨਹੀਂ ਸੁਧਾਰਦੇ, ਉਹ ਨਾਮ ਤੋਂ ਭੁੱਲੇ ਹੋਏ ਦੱਸੇ ਹਨ। ਨਾਮ ਵਾਲਾ ਉਹੀ ਹੈ ਜਿਸ ਦੀ ਰਹਿਤ ਭਾਵ ਸੰਸਾਰਿਕ ਵਿਚਰਨ ਚੰਗੀ ਹੈ, ਕਿਰਤ ਚੰਗੀ ਹੈ, ਜਿਸ ਦਾ ਮਨ ਸਾਫ ਹੈ। ਸੱਚੀ ਸੁੱਚੀ ਕਰਨੀ ਹੀ ਨਾਮ ਜਪਣਾ ਹੈ, ਗੁਰਮਤਿ ਅਨੁਸਾਰ ਵਿਚਰਨਾ ਹੀ ਨਾਮ ਜਪਣਾ ਹੈ। ਨਾਮ ਗੁਰੂ ਦਾ ਗਿਆਨ ਹੈ, ਗੁਰੂ ਦੀ ਸਿੱਖਿਆ ਤੇ ਅਸੀਂ ਗੁਰੂ ਦੀ ਸਿੱਖਿਆ ਨੂੰ ਹੀ ਜਪਣਾ ਹੈ ਭਾਵ ਆਪਣੇ ਅੰਦਰ ਵਸਾਉਣਾ ਹੈ ਜਿਸ ਨਾਲ ਸਾਡੀ ਕਰਨੀ ਚੰਗੀ ਬਣਦੀ ਹੈ, ਗੁਰਮਤਿ ਅਨੁਸਾਰ ਬਣਦੀ ਹੈ। (**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥**) ਜੋ ਰੂਪ "ਨਾਮ" ਦਾ ਹੈ ਉਹੀ ਰੂਪ ਪ੍ਰਮਾਤਮਾ ਦਾ ਹੈ। "ਨਾਮ" ਸੱਚਾ ਗਿਆਨ ਹੈ ਤੇ ਪ੍ਰਮਾਤਮਾ ਵੀ "ਗਿਆਨ" ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਸਾਨੂੰ ਬਾਣੀ ਦੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥}

(ਅੰਗ 456)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ 120)

ਉੱਪਰ ਵਾਲੀਆਂ ਪੰਗਤੀਆਂ ਰਾਹੀਂ ਇਹ ਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਗਿਆਨ ਰੂਪ ਹੈ। ਉਹ ਆਪਣੇ ਗਿਆਨ ਰੂਪ ਵਿੱਚ ਹੀ ਸਾਰੀ ਗੁਰਬਾਣੀ ਦੇ ਵਿੱਚ ਹੈ ਤੇ ਗਿਆਨ ਰੂਪ ਵਿੱਚ ਹੀ ਸਭ ਜਗ੍ਹਾ ਵੱਸਿਆ ਹੋਇਆ ਹੈ। ਇਨ੍ਹਾਂ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

"ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥"

(ਗਉੜੀ ਮਹਲਾ ੫ ਮਾਂਝ॥, ਅੰਗ ੨੧੮)

ਇਸ ਸ਼ਬਦ ਰਾਹੀਂ ਸਪੱਸ਼ਟ ਕੀਤਾ ਹੈ ਕਿ ਪ੍ਰਮਾਤਮਾ ਦੇ ਨਾਮ ਨੂੰ ਗੁਰਬਾਣੀ ਦੇ ਪੂਰਨ ਗਿਆਨ ਦੁਆਰਾ ਹੀ ਅਰਾਧਣਾ ਹੈ ਭਾਵ ਗੁਰਬਾਣੀ ਦੀ ਪੂਰੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ। ਅੱਠੇ ਪਹਿਰ ਗੁਰਮਤਿ ਅਨੁਸਾਰ ਹੀ ਵਿਚਰਨਾ ਹੈ। ਅਰਾਧਣਾ ਹੀ ਸਤਿਗੁਰ ਦੇ ਪੂਰੇ ਗਿਆਨ ਦੀ ਭਾਵ ਗੁਰੂ ਦੇ ਪੂਰੇ ਉਪਦੇਸ਼ ਦੀ ਕਰਨੀ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਹੀ ਜਪਣਾ ਹੈ। ਇਹ ਹੀ ਨਾਮ ਜਪਣਾ ਹੈ। ਨਾਮ ਨੂੰ ਅਰਾਧਣਾ ਜਾਂ ਸਤਿਗੁਰ ਦੇ ਪੂਰਨ ਗਿਆਨ ਨੂੰ ਅਰਾਧਣਾ ਇੱਕੋ ਹੀ ਗੱਲ ਹੈ ਭਾਵ "ਪੂਰਨ ਸਤਿਗੁਰ ਗਿਆਨ" ਹੀ ਨਾਮ ਹੈ। ਪੂਰਨ ਸਤਿਗੁਰ ਗਿਆਨ, ਬ੍ਰਹਮ ਗਿਆਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ ਭਾਵ ਨਾਮ ਬ੍ਰਹਮ ਗਿਆਨ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੇ ਨਾਮ ਨੂੰ ਧਿਆਉਣਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਪੱਸ਼ਟ ਸਮਝਾਇਆ ਹੋਇਆ ਹੈ।

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥3॥}

(ਅੰਗ 27)

"ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ॥
ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ॥੧॥"

(ਅੰਗ ੧੩੯੮)

ਇਸ ਸ਼ਬਦ ਰਾਹੀਂ ਗੁਰੂ ਦੇ ਗਿਆਨ ਦੀ ਮਹੱਤਤਾ ਦਾ ਵਰਣਨ ਹੈ। ਗੁਰੂ ਦੇ ਗਿਆਨ ਦੁਆਰਾ ਹੀ ਦੁਰਮਤਿ ਦੀ ਮੈਲ ਧੁਪ ਸਕਦੀ ਹੈ। ਸਾਡੇ ਅੰਦਰ ਗੁਰਮਤਿ ਵੱਸਣ ਦੁਆਰਾ ਹੀ ਦੁਰਮਤਿ ਦੀ ਮੈਲ ਦੂਰ ਹੋ ਸਕਦੀ ਹੈ ਭਾਵ ਸਾਡਾ ਮਨ ਔਗੁਣਾਂ ਤੋਂ ਰਹਿਤ ਹੋ ਸਕਦਾ ਹੈ। ਨਾਮ ਦਾ ਖਜ਼ਾਨਾ ਉਹ ਹੀ ਮਨੁੱਖ ਪਾਉਂਦਾ ਹੈ ਜੋ ਕੇਵਲ ਗੁਰੂ ਦੇ ਗਿਆਨ ਨਾਲ, ਉਪਦੇਸ਼ ਨਾਲ ਲਿਵ ਜੋੜਦਾ ਹੈ ਭਾਵ ਉਪਦੇਸ਼ ਤੇ ਅਮਲ ਕਰਦਾ ਹੈ। ਨਾਮ ਦਾ ਮਕਸਦ ਸਾਡੀ ਮੈਲ ਧੋਣਾ ਹੈ ਤੇ ਸਾਡੇ ਮਨ ਦੀ ਮੈਲ ਗੁਰੂ ਦੇ ਸੱਚੇ ਗਿਆਨ ਨਾਲ ਹੀ ਧੁਪਦੀ ਹੈ ਭਾਵ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੀ ਧੁਪਦੀ ਹੈ। ਮੈਲ ਦੁਰਮਤਿ ਦੇ ਰੂਪ ਵਿੱਚ ਹੈ ਤੇ ਦੁਰਮਤਿ ਤਾਂ ਹੀ ਦੂਰ ਹੁੰਦੀ ਹੈ ਜੇਕਰ ਗੁਰਮਤਿ ਸਾਡੇ ਅੰਦਰ ਵੱਸੇਗੀ, ਸਾਡੇ ਅੰਦਰ ਟਿਕੇਗੀ ਭਾਵ ਜੇਕਰ ਗੁਰੂ ਦੀ ਗੱਲ ਤੇ ਅਮਲ ਕਰਾਂਗੇ, ਗੁਰੂ ਦੀ ਮਤਿ ਨੂੰ ਮੰਨਾਗੇ ਤੇ ਦੁਰਮਤਿ ਛੱਡਾਂਗੇ।

"ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ॥
ਮਨਿ ਤਨਿ ਹਿਰਦੈ ਸਿਮਰਿ ਹਰਿ ਆਠ ਪਹਰ ਗੁਣ ਗਾਉ॥
ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ॥
ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ॥
ਸੂਖ ਸਹਜ ਆਨਦੁ ਘਣਾ ਪ੍ਰਭ ਜਪਤਿਆ ਦੁਖੁ ਜਾਇ॥
ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ॥੧॥"

(ਅੰਗ ੯੬੩)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਆਪ ਹੀ ਸਭ ਕੁੱਝ ਹੈ। ਉਹ ਆਪ ਹੀ ਬਾਣੀ ਹੈ ਉਹ ਆਪ ਹੀ ਅੰਮ੍ਰਿਤ ਰਸ ਹੈ ਅਤੇ ਉਹ ਆਪ ਹੀ ਨਾਮ ਹੈ। "ਅੰਮ੍ਰਿਤੁ" ਤੋਂ ਭਾਵ ਹੈ ਮਰਿਤਯੂ ਤੋਂ ਰਹਿਤ, ਮਰਨ ਤੋਂ ਰਹਿਤ ਭਾਵ ਪ੍ਰਮਾਤਮਾ ਜੋ ਕੇਵਲ ਆਪ ਹੀ ਕਾਲ ਤੋਂ ਰਹਿਤ ਹੈ। ਪ੍ਰਮਾਤਮਾ ਆਪਣੇ ਇਸ ਅੰਮ੍ਰਿਤ ਰੂਪ ਵਿੱਚ, ਨਾਮ ਰੂਪ ਵਿੱਚ, ਸ਼ਬਦ ਸਰੂਪ ਵਿੱਚ ਭਾਵ ਬ੍ਰਹਮ ਗਿਆਨ ਰੂਪ ਵਿੱਚ ਹੀ ਸਭ ਵਿੱਚ, ਸਭ ਜਗ੍ਹਾ ਵਿਚਰਦਾ ਹੈ। "ਬ੍ਰਹਮ ਗਿਆਨ" ਕਾਲ ਰਹਿਤ ਹੈ, ਨਿਰਗੁਣ ਰੂਪ ਹੈ ਤੇ ਸਦਾ ਰਹਿਣ ਵਾਲਾ ਹੈ। ਸੱਚਾ ਗਿਆਨ ਕਦੇ ਨਹੀਂ ਬਿਨਸਦਾ। ਇਸ ਗੱਲ ਨੂੰ ਅੱਗੇ ਚਲਕੇ ਸ਼ਬਦਾਂ ਰਾਹੀਂ

ਬਰੀਕੀ ਨਾਲ ਸਮਝਾਂਗੇ। ਹਰ ਸਰਗੁਣ ਰੂਪ ਬਿਨਸਨ ਵਾਲਾ ਹੈ ਪਰ ਨਿਰਗੁਣ ਰੂਪ, ਪ੍ਰਮਾਤਮਾ ਦਾ ਆਪਣਾ ਰੂਪ ਕਦੇ ਨਹੀਂ ਬਿਨਸਦਾ। ਉਸ ਪ੍ਰਮਾਤਮਾ ਦੀ ਬਾਣੀ ਨੂੰ, ਅੰਮ੍ਰਿਤ ਬਾਣੀ ਨੂੰ ਅੱਠੇ ਪਹਿਰ ਕਿਵੇਂ ਸਿਮਰਨਾ ਹੈ ਅਤੇ ਕਿਵੇਂ ਉਸਦੇ ਗੁਣ ਗਾਉਣੇ ਹਨ, ਇਹ ਵੀ ਸਮਝਾਇਆ ਹੋਇਆ ਹੈ। ਗੁਰੂ ਦੇ ਉਪਦੇਸ਼ ਨੂੰ ਸੁਣ ਕੇ ਉਸਦੇ ਮਨੋਰਥ ਨੂੰ ਮਨ ਵਿੱਚ ਵਸਾਉਣਾ ਭਾਵ ਗੁਰੂ ਦੇ ਉਪਦੇਸ਼ ਤੇ ਚੱਲਣਾ ਹੀ ਸੱਚਾ ਮਨੋਰਥ ਦੱਸਿਆ ਗਿਆ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਹੀ ਮਨੁੱਖ ਦਾ ਪਿਆਰ ਗੁਰੂ ਨਾਲ ਜੁੜਦਾ ਹੈ ਤੇ ਉਸਦਾ ਜਨਮ ਸਫਲ ਹੋ ਸਕਦਾ ਹੈ ਅਤੇ ਉਹ ਨਾਮ ਨੂੰ ਪਾ ਸਕਦਾ ਹੈ ਭਾਵ ਪ੍ਰਮਾਤਮਾ ਦੀ ਦਰਗਾਹ ਵਿੱਚ ਉਸਨੂੰ ਟਿਕਾਣਾ ਮਿਲਦਾ ਹੈ। ਇਹ ਹੀ ਪ੍ਰਮਾਤਮਾ ਦਾ ਸੱਚਾ ਸਿਮਰਨ, ਜਪਣਾ, ਗੁਣ ਗਾਉਣੇ ਅਤੇ ਜ਼ਿੰਦਗੀ ਦਾ ਮਨੋਰਥ ਹੈ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ, ਉਹ ਬ੍ਰਹਮ ਗਿਆਨੀ ਹੈ, ਬ੍ਰਹਮ ਗਿਆਨ ਦਾ ਸ੍ਰੋਤ ਹੈ। ਪੂਰੀ ਗੁਰਬਾਣੀ ਵਿੱਚ ਉਸਦਾ ਅੰਮ੍ਰਿਤ ਰਸ ਹੈ ਭਾਵ ਉਸਦਾ ਪਾਇਆ ਹੋਇਆ ਬ੍ਰਹਮਗਿਆਨ ਹੈ ਤੇ ਇਹੀ ਉਸਦਾ ਨਾਮ ਹੈ। ‘‘ਰਸੁ’’ ਬਾਣੀ ਵਿੱਚ ਕਿਸ ਨੂੰ ਕਿਹਾ ਹੈ, ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ ਤੇ ਸਾਡੀ ਪੂਰੀ ਤਰ੍ਹਾਂ ਤਸੱਲੀ ਹੋ ਜਾਵੇਗੀ।

“ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ॥
ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ॥
ਅੰਤਰਿ ਸੀਤਲ ਸਾਂਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ॥
ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ॥੧॥”

(ਸਲੋਕੁ ਮਃ ੩॥, ਅੰਗ ੫੧੧)

ਇਸ ਸ਼ਬਦ ਰਾਹੀਂ ਜ਼ਿੰਦਗੀ ਦਾ ਅਸਲ ਮਨੋਰਥ ਸਮਝਾਇਆ ਹੋਇਆ ਹੈ। ਮਨੁੱਖ ਦੇ ਸਾਰੇ ਉਪਰਾਲਿਆਂ ਨਾਲੋਂ ਵੱਡਾ ਉਪਰਾਲਾ ਨਾਮ ਦੀ ਪ੍ਰਾਪਤੀ ਕਰਨਾ ਹੈ ਭਾਵ ਪ੍ਰਮਾਤਮਾ ਦੇ ਨਾਲ ਮਿਲਣਾ ਹੈ ਜੋ ਕਿ ਇਸ ਮਨੁੱਖਾ ਜੀਵਨ ਵਿੱਚ ਹੀ ਹੋ ਸਕਦਾ ਹੈ। ਅਸੀਂ ਨਾਮ ਦੀ ਵਡਿਆਈ ਕਿਵੇਂ ਕਰ ਸਕਦੇ ਹਾਂ, ਇਹ ਵੀ ਸਮਝਾਇਆ ਹੋਇਆ ਹੈ। **"ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ"** ਤੋਂ ਭਾਵ ਹੈ ਅੰਮ੍ਰਿਤ ਬਾਣੀ ਦੇ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ ਭਾਵ ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਬਤੀਤ ਕਰਨਾ। ਅੰਮ੍ਰਿਤ ਸਾਡੇ ਮਨ ਦਾ ਭੋਜਨ ਹੈ ਜੋ ਸਾਡਾ ਮਨ ਹੀ ਛਕਦਾ ਹੈ, ਸਾਡੀ ਮਤਿ ਹੀ ਛਕਦੀ ਹੈ ਤੇ ਅੰਮ੍ਰਿਤ ਰੂਪ ਕਪੜਾ ਪਹਿਨਦੀ ਹੈ, ਗੁਰਮਤਿ ਰੂਪ ਸੱਚੇ ਗਿਆਨ ਦਾ ਕਪੜਾ ਪਹਨਦੀ ਹੈ। ਅੱਗੇ ਚਲਕੇ ਬਰੀਕੀ ਨਾਲ ਸਮਝਾਂਗੇ। ਇਸ ਤਰ੍ਹਾਂ ਕਰਨ ਨਾਲ ਹੀ ਗੁਰੂ ਦੀ, ਪ੍ਰਮਾਤਮਾ ਦੀ, ਨਾਮ ਦੀ ਵਡਿਆਈ ਕੀਤੀ ਜਾ ਸਕਦੀ ਹੈ ਭਾਵ ਬਾਣੀ ਦੀ ਸਿੱਖਿਆ ਦੀ ਵਡਿਆਈ ਹੀ ਨਾਮ ਦੀ ਵਡਿਆਈ ਹੈ, ਪ੍ਰਮਾਤਮਾ ਦੀ ਵਡਿਆਈ ਹੈ। ਸਿੱਖਿਆ ਦੀ ਵਡਿਆਈ ਤਾਂ ਹੀ ਹੋ ਸਕਦੀ ਹੈ ਜੇਕਰ ਸਿੱਖਿਆ ਨੂੰ ਮੰਨੀਏ ਭਾਵ ਉਸ ਤੇ ਅਮਲ ਕਰੀਏ।

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥

ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥} (ਅੰਗ 102)

ਪੂਰੀ ਬਾਣੀ ਵਿੱਚ ਅੰਮ੍ਰਿਤ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦਾ ਅੰਮ੍ਰਿਤ ਪੀਣਾ ਹੈ।

"ਲਾਹਾ ਨਾਮੁ ਰਤਨੁ ਜਪਿ ਸਾਰੁ॥ ਲਬੁ ਲੋਭੁ ਬੁਰਾ ਅਹੰਕਾਰੁ॥

ਲਾੜੀ ਚਾੜੀ ਲਾਇਤਬਾਰੁ॥ ਮਨਮੁਖੁ ਅੰਧਾ ਮੁਗਧੁ ਗਵਾਰੁ॥

ਲਾਹੇ ਕਾਰਣਿ ਆਇਆ ਜਗਿ॥ ਹੋਇ ਮਜੂਰੁ ਗਇਆ ਠਗਾਇ ਠਗਿ॥

ਲਾਹਾ ਨਾਮੁ ਪੂੰਜੀ ਵੇਸਾਹੁ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ॥੧੩॥" (ਅੰਗ ੯੩੧)

ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਨਾਮ ਜਪਣਾ ਸਿਖਾਇਆ ਹੋਇਆ ਹੈ। ਸਾਡੇ ਜੀਵਨ ਦਾ ਮਨੋਰਥ ਲਾਹਾ ਖੱਟਣਾ ਹੈ, ਲਾਭ ਖੱਟਣਾ ਹੈ। ਇਹ ਲਾਹਾ ਖੱਟਣਾ ਨਾਮ ਦੀ ਪ੍ਰਾਪਤੀ ਕਰਨਾ ਹੈ ਭਾਵ ਪ੍ਰਮਾਤਮਾ ਦੇ ਨਾਮ ਦੀ ਪ੍ਰਾਪਤੀ ਕਰਨਾ ਹੈ। ਨਾਮ ਮਿਲਣਾ ਜਾਂ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ ਕਿਉਂਕਿ ਪ੍ਰਮਾਤਮਾ ਆਪ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਿਆ ਹੈ। ਲਾਹੇ ਦੀ ਪ੍ਰਾਪਤੀ ਸਾਨੂੰ ਕਿਵੇਂ ਹੋਣੀ ਹੈ, ਇਹੀ ਗੱਲ ਸਾਨੂੰ ਸਮਝਾਈ ਹੋਈ ਹੈ। ਜੋ ਪ੍ਰਾਪਤੀ ਸਾਨੂੰ ਮਾੜੇ ਵਿਚਾਰ ਛੱਡਣ ਦੁਆਰਾ ਹੋਣੀ ਹੈ ਭਾਵ ਨਾਮ ਜਪਣ ਦੁਆਰਾ ਹੋਣੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੈ ਜਿਸ ਨਾਮ ਨੂੰ ਅਸੀਂ ਜਪਣਾ ਹੈ। ਨਾਮ ਸ਼ਬਦਾਂ ਦੇ ਰੂਪ ਵਿੱਚ ਹੈ। ਗੁਰੂ ਦਾ ਹਰ ਸ਼ਬਦ "ਰਤਨ" ਹੈ। (ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੁਝਨਹਾਰੁ)। (ਅੰਗ - 589)

{ਗਿਆਨ ਰਤਨੁ ਮਨਿ ਪਰਗਟੁ ਭਇਆ ॥

ਨਾਮੁ ਪਦਾਰਥੁ ਸਹਜੇ ਲਇਆ ॥

ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥} (ਅੰਗ 1069)

{ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥

ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥

ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥} (ਅੰਗ 992)

"ਰਤਨੁ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਗੁਰੂ ਦਾ ਹਰ ਸ਼ਬਦ ਨਾਮ ਰਤਨੁ ਹੈ। "ਰਤਨੁ" ਸ਼ਬਦ ਦੇ ਅੰਦਰ ਦੀ ਸੋਝੀ ਹੈ, ਸਮਝ ਹੈ, ਗਿਆਨ ਹੈ, ਗੁਰੂ ਦਾ ਸੱਚਾ ਉਪਦੇਸ਼ ਹੈ ਜੋ ਉਪਦੇਸ਼ ਸਾਨੂੰ ਸ਼ਬਦ ਦੇ ਅੰਦਰ ਦਾ "ਸਾਰੁ" ਸਮਝਾਉਂਦਾ ਹੈ, ਤੱਤ ਸਮਝਾਉਂਦਾ ਹੈ, ਸ਼ਬਦ ਦੀ ਅਸਲੀਅਤ ਸਮਝਾਉਂਦਾ ਹੈ, ਸ਼ਬਦ ਦਾ ਅਸਲ ਮਕਸਦ ਸਮਝਾਉਂਦਾ ਹੈ। ਅਸੀਂ ਸ਼ਬਦਾਂ ਦੇ ਅੰਦਰ ਜੋ ਤੱਤ ਦੀ ਗੱਲ ਸਮਝਾਈ ਗਈ ਹੈ ਉਸ ਤੱਤ ਨੂੰ ਜਪਣਾ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਜਪਣਾ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਮੰਨਣਾ ਹੈ, ਆਪਨੇ ਮਨ ਵਿੱਚ ਵਸਾਉਣਾ ਹੈ, ਮਨ ਦੀ ਸਮਝ ਵਿੱਚ ਵਸਾਉਣਾ ਹੈ। (ਲਾਹਾ ਨਾਮੁ ਰਤਨੁ ਜਪਿ ਸਾਰੁ) ਜਿਸ ਸਾਰ ਨੂੰ ਅਸੀਂ ਜਪਣਾ ਹੈ, ਉਹ ਸਾਰੁ ਦੀ ਗੱਲ ਕੀ ਹੈ, ਉਪਦੇਸ਼ ਕੀ ਹੈ ਉਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸ਼ਬਦ ਦੀ ਹਰ ਪੰਗਤੀ ਇੱਕ ਦੂਸਰੀ ਪੰਗਤੀ ਨਾਲ ਜੁੜੀ ਹੁੰਦੀ ਹੈ ਜੋ ਸ਼ਬਦ ਦੇ ਭਾਵ ਨੂੰ ਸਪੱਸ਼ਟ ਕਰਦੀ ਹੈ। ਲੇਖ ਵਿੱਚ ਅੱਗੇ ਚੱਲਕੇ ਅਸੀਂ ਇੱਕ ਪੰਗਤੀ ਨੂੰ ਦੂਸਰੀ ਪੰਗਤੀ ਨਾਲ ਮਿਲਾ ਕੇ ਸਮਝਾਂਗੇ, ਸਬਦ ਦੇ ਹਰ ਪਦੇ ਨੂੰ ਦੂਸਰੇ ਪਦੇ ਨਾਲ ਜੋੜ ਕੇ ਸਮਝਾਂਗੇ ਤੇ ਤਾਂ ਹੀ ਹਰ ਸ਼ਬਦ ਦੇ ਅੰਦਰ ਦੇ ਭਾਵ ਨੂੰ , ਤੱਤ ਸਾਰ ਨੂੰ ਸਮਝ ਸਕਾਂਗੇ। ਉਪਰਲੇ ਸ਼ਬਦ ਰਾਹੀਂ ਸ਼ਬਦ ਦੇ ਸਾਰ ਨੂੰ ਅਸੀਂ ਕਿਸ ਰੂਪ ਵਿੱਚ ਜਪਣਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਲਬੁ ਲੋਭੁ ਬੁਰਾ ਅਹੰਕਾਰੁ ॥

ਲਾੜੀ ਚਾੜੀ ਲਾਇਤਬਾਰੁ ॥

ਮਨਮੁਖੁ ਅੰਧਾ ਮੁਗਧੁ ਗਵਾਰੁ ॥
ਲਾਹੇ ਕਾਰਣਿ ਆਇਆ ਜਗਿ ॥
ਹੋਇ ਮਜੂਰੁ ਗਇਆ ਠਗਾਇ ਠਗਿ ॥" (ਅੰਗ 931)

ਅਸੀਂ ਗੁਰੂ ਦੇ ਸਮਝਾਏ ਹੋਏ ਇਸ ਤੱਤ ਨੂੰ, ਸਾਰ ਨੂੰ ਜਪਣਾ ਹੈ ਭਾਵ ਮੰਨਣਾ ਹੈ ਕਿ ਲਬ੍ਹ, ਲੋਭ, ਅਹੰਕਾਰ ਕਰਨਾ ਬੁਰਾ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਜੇਕਰ ਅਸੀਂ ਲਾਹਾ ਖੱਟਣਾ ਹੈ ਤਾਂ ਫਿਰ ਅਸੀਂ ਮਾੜੇ ਕਰਮਾਂ ਤੋਂ ਬਚਣਾ ਹੈ ਭਾਵ ਮਨ ਦੇ ਅਉਗਣਾਂ ਨੂੰ ਛੱਡਣ ਦੁਆਰਾ ਵਿਚਰਨਾ ਹੈ। ਇਸੇ ਤਰ੍ਹਾਂ ਲਾੜੀ ਚਾੜੀ ਸਾਡੇ ਮਨ ਦੇ ਮਾੜੇ ਵਿਚਾਰ ਹਨ, ਅਉਗਣ ਹਨ ਜੋ ਸਾਡਾ ਗੁਰੂ ਤੋਂ ਇਤਬਾਰ ਗਵਾਉਂਦੇ ਹਨ, ਸਾਨੂੰ ਗੁਰੂ ਦਾ ਲਾਇਤਬਾਰ ਬਣਾਉਂਦੇ ਹਨ ਭਾਵ ਅਸੀਂ ਇਨ੍ਹਾਂ ਮਾੜੇ ਵਿਚਾਰਾਂ ਨੂੰ ਛੱਡਣਾ ਹੈ ਤਾਂ ਜੋ ਗੁਰੂ ਸਾਡੇ ਤੇ ਇਤਬਾਰ ਕਰ ਸਕੇ ਕਿ ਇਹ ਮੇਰੇ ਉਪਦੇਸ਼ ਨੂੰ ਮੰਨਣ ਵਾਲੇ ਹਨ। ਜੋ ਮਨ ਦੇ ਮਾੜੇ ਵਿਚਾਰਾਂ ਨੂੰ ਨਹੀਂ ਛੱਡਦਾ ਉਹ ਮਨਮੁੱਖ ਹੈ ਭਾਵ ਆਪਣੀ ਮਤਿ ਤੇ ਚੱਲਦਾ ਹੈ, ਅੰਧਾ ਹੈ ਭਾਵ ਅਗਿਆਨੀ ਹੈ, ਉਸ ਨੇ ਗੁਰੂ ਦਾ ਗਿਆਨ ਆਪਣੇ ਅੰਦਰ ਨਹੀਂ ਵਸਾਇਆ, ਗੁਰੂ ਦਾ ਉਪਦੇਸ਼ ਆਪਣੇ ਅੰਦਰ ਨਹੀਂ ਵਸਾਇਆ। ਇਹੋ ਜਿਹੀ ਸਮਝ ਰੱਖਣ ਵਾਲਾ ਮਨੁੱਖ ਮੂਰਖ ਹੈ, ਗਵਾਰ ਹੈ ਭਾਵ ਗੁਰੂ ਦਾ ਨਾਮ ਜਪਣ ਵਾਲਾ ਨਹੀਂ ਹੈ। ਇਹੋ ਜਿਹੀ ਮਾੜੀ ਮਤਿ ਵਾਲਾ ਮਨੁੱਖ ਲਾਹੇ ਦੀ ਪ੍ਰਾਪਤੀ ਨਹੀਂ ਕਰ ਸਕਦਾ ਭਾਵ ਆਪਣੇ ਜੀਵਨ ਦਾ ਮਨੋਰਥ ਪੂਰਾ ਨਹੀਂ ਕਰ ਸਕਦਾ। ਇਹੋ ਜਿਹੇ ਮਨੁੱਖ ਮਾਇਆ ਮੋਹ ਦੇ ਗੁਲਾਮ ਹਨ, ਉਨ੍ਹਾਂ ਨੂੰ ਮਾਇਆ ਠੱਗ ਰਹੀ ਹੈ, ਮਾਇਆ ਦੀ ਜੁਗਤਿ ਠੱਗ ਰਹੀ ਹੈ ਜੋ ਜੁਗਤਿ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਪਾਈ ਹੋਈ ਹੈ। ਮਾਇਆ ਦੀ "ਜੁਗਤਿ" ਅੱਗੇ ਚੱਲਕੇ ਵਿਸਥਾਰ ਨਾਲ ਸਮਝਾਂਗੇ।

ਇਹ ਲਾਹਾ ਨਾਮ ਪ੍ਰਾਪਤ ਕਰਨ ਦੀ ਪੂੰਜੀ, ਗੁਰੂ ਤੇ ਭਰੋਸਾ ਕਰਨਾ ਹੈ (ਪੂੰਜੀ ਵੇਸਾਹੁ)। ਭਰੋਸੇ ਤੋਂ ਭਾਵ ਹੈ ਗੁਰੂ ਦੀ ਬਾਣੀ ਤੇ ਪੂਰਨ ਵਿਸ਼ਵਾਸ ਕਰਨਾ। ਅਸੀਂ ਕਿਸੇ ਗੱਲ ਨੂੰ ਤਾਂ ਹੀ ਮੰਨ ਸਕਦੇ ਹਾਂ, ਅਪਣਾ ਸਕਦੇ ਹਾਂ, ਜੇਕਰ ਸਾਨੂੰ ਉਸ ਗੱਲ ਤੇ ਪੂਰਨ ਵਿਸ਼ਵਾਸ ਹੋਵੇ ਕਿ ਇਹ ਗੱਲ ਠੀਕ ਹੈ, ਇਹ ਗੱਲ ਮੰਨਣ ਵਿੱਚ ਮੈਨੂੰ ਲਾਭ ਹੈ। ਜੇਕਰ ਅਸੀਂ ਨਾਮ ਦਾ ਲਾਹਾ ਖੱਟਣਾ ਚਾਹੁੰਦੇ ਹਾਂ, ਉਹ ਤਾਂ ਹੀ ਖੱਟਿਆ ਜਾ ਸਕਦਾ ਹੈ ਜਦੋਂ ਸਾਨੂੰ ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਆ ਜਾਵੇਗਾ ਕਿ ਜੋ ਕੁੱਝ ਗੁਰੂ ਸਾਨੂੰ ਆਪਣੀ ਬਾਣੀ ਰਾਹੀਂ ਸਮਝਾ ਰਿਹਾ ਹੈ, ਉਹੀ ਸਾਡੇ ਲਈ ਠੀਕ ਹੈ। ਨਾਮ ਦੀ ਪ੍ਰਾਪਤੀ ਲਈ, ਨਾਮ ਦਾ ਲਾਹਾ ਖੱਟਣ ਲਈ ਸਾਡੀ ਪੂੰਜੀ ਗੁਰੂ ਦੀ ਮਤਿ ਹੈ, ਗੁਰਮਤਿ ਹੈ ਤੇ ਗੁਰਮਤਿ ਸਾਡੇ ਅੰਦਰ ਤਾਂ ਹੀ ਵੱਸੇਗੀ, ਗੁਰਮਤਿ ਨੂੰ ਅਸੀਂ ਤਾਂ ਹੀ ਅਪਣਾਵਾਂਗੇ ਜੇਕਰ ਸਾਨੂੰ ਗੁਰਮਤਿ ਤੇ ਪੂਰਾ ਵਿਸ਼ਵਾਸ ਹੋਵੇਗਾ ਭਾਵ ਜਦੋਂ ਸਾਨੂੰ ਇਹ ਵਿਸ਼ਵਾਸ ਆ ਜਾਵੇਗਾ ਕਿ ਗੁਰੂ ਦੀ ਮਤਿ ਤੋਂ ਉੱਪਰ ਹੋਰ ਕਿਸੇ ਦੀ ਮਤਿ ਨਹੀਂ ਹੋ ਸਕਦੀ। ਜੇਕਰ ਸਾਨੂੰ ਵਿਸ਼ਵਾਸ ਕਿਸੇ ਹੋਰ ਦੀ ਮਤਿ ਤੇ ਆਇਆ ਹੈ ਫਿਰ ਸਾਡਾ ਗੁਰਮਤਿ ਨਾਲ ਜੁੜਨਾ ਬਹੁਤ ਔਖਾ ਹੈ। ਸਾਡੇ ਲਈ ਸਭ ਤੋਂ ਜ਼ਰੂਰੀ ਇਹੀ ਹੈ ਕਿ ਅਸੀਂ ਗੁਰੂ ਦੀ ਗੱਲ ਤੇ ਆਪਣਾ ਪੂਰਨ ਵਿਸ਼ਵਾਸ ਟਿਕਾਈਏ ਤੇ ਫਿਰ ਤਾਂ ਹੀ ਅਸੀਂ ਗੁਰਮਤਿ ਨਾਲ ਜੁੜ ਸਕਦੇ ਹਾਂ ਤੇ ਦੂਸਰਿਆਂ ਕੋਲੋਂ ਸਿੱਖੀ ਹੋਈ ਮਤਿ ਨੂੰ ਛੱਡ ਸਕਦੇ ਹਾਂ। ਗੁਰਮਤਿ ਤੇ ਪੂਰਨ ਵਿਸ਼ਵਾਸ ਰੱਖਣਾ ਹੀ ਅਸਲ ਵਿੱਚ ਸਾਡੀ ਪੂੰਜੀ ਹੈ ਜਿਸ ਦੁਆਰਾ ਅਸੀਂ ਇਸ ਜੀਵਨ ਵਿੱਚ ਨਾਮ ਦਾ ਲਾਹਾ ਖੱਟ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਲਾਭ ਲੈ ਸਕਦੇ ਹਾਂ। ਇਹ ਲਾਹਾ ਕੇਵਲ ਗੁਰਮਤਿ ਨਾਲ ਜੁੜ ਕੇ ਹੀ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨਾਲ ਸਾਨੂੰ ਕੇਵਲ ਗੁਰੂ ਹੀ ਮਿਲਾ ਸਕਦਾ ਹੈ। ਗੁਰੂ ਦੀ ਮਤਿ ਨੂੰ ਮੰਨਣਾ ਹੀ ਗੁਰੂ ਨੂੰ ਮੰਨਣਾ ਹੈ। **(ਲਾਹਾ ਨਾਮੁ ਪੂੰਜੀ ਵੇਸਾਹੁ॥)** ਜੇਕਰ ਸਾਨੂੰ ਗੁਰੂ ਦੀ ਦਿੱਤੀ ਹੋਈ ਇਸ ਮਤਿ ਤੇ ਵਿਸ਼ਵਾਸ ਆ ਗਿਆ ਹੈ ਕਿ ਲਭ੍ਹ, ਲੋਭ, ਲਾਲਚ ਕਰਨਾ, ਅਹੰਕਾਰ ਕਰਨਾ ਸਾਡੇ ਲਈ ਬੁਰਾ ਹੈ, ਮਾੜਾ ਹੈ, ਫਿਰ ਅਸੀਂ ਆਪਣੇ ਜੀਵਨ ਵਿੱਚ ਲੋਭ ਲਾਲਚ ਵਾਲੀ, ਅਹੰਕਾਰ ਵਾਲੀ ਬਿਰਤੀ ਛੱਡ ਦੇਵਾਂਗੇ ਤੇ ਜੇਕਰ ਸਾਨੂੰ ਗੁਰੂ ਦੀ ਮਤਿ ਤੇ ਭਰੋਸਾ ਨਹੀਂ ਆਇਆ ਤੇ ਫਿਰ ਨਹੀਂ ਛੱਡਾਂਗੇ। ਜੇਕਰ ਗੁਰੂ ਤੇ ਭਰੋਸਾ ਕਰਕੇ ਅਸੀਂ ਇਹ ਮਾੜੀ ਬਿਰਤੀ ਛੱਡ ਦੇਵਾਂਗੇ ਤੇ ਫਿਰ ਗੁਰੂ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਦੇਵੇਗਾ ਤੇ ਜੇਕਰ ਸਾਨੂੰ ਇਹ ਭਰੋਸਾ ਹੀ ਨਹੀਂ ਆਇਆ ਤੇ ਫਿਰ ਗੁਰੂ ਸਾਡਾ ਹੱਥ ਕਿਸ ਲਈ ਫੜੇ। ਜੇਕਰ ਅਸੀਂ ਗੁਰੂ ਦੀ ਗੱਲ ਮੰਨਾਂਗੇ ਉਹ ਸਾਡੀ ਗੱਲ ਮੰਨ ਕੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਦੇਵੇਗਾ। ਗੁਰੂ ਦੇ ਬਚਨਾਂ ਤੇ ਭਰੋਸਾ ਰੱਖਣ ਦੀ ਲੋੜ ਹੈ ਕਿਉਂਕਿ ਗੁਰੂ ਦੇ ਬਚਨ ਹੀ ਅਸਲ ਵਿੱਚ ਸਾਡਾ ਗੁਰੂ ਹਨ। **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਗੁਰੂ ਦੇ ਬਚਨਾਂ ਨੂੰ ਮੰਨਣਾ ਗੁਰੂ ਨੂੰ ਮੰਨਣਾ ਹੈ। ਗੁਰੂ ਸਾਨੂੰ ਇਹ ਸਮਝਾਉਂਦਾ ਹੈ ਕਿ ਮਨੁੱਖ ਦਾ ਜੀਵਨ ਉਸੇ ਤਰ੍ਹਾਂ ਦਾ ਹੋਵੇ ਜਿਹੋ ਜਿਹਾ ਗੁਰੂ ਦਾ ਉਪਦੇਸ਼ ਹੈ। ਇਸ ਤਰ੍ਹਾਂ ਦੇ ਜੀਵਨ ਦੁਆਰਾ ਹੀ ਮਨੁੱਖ ਦੀ ਪਤਿ ਪ੍ਰਮਾਤਮਾ ਦੀ ਨਜ਼ਰ ਵਿੱਚ ਉੱਚੀ ਅਤੇ ਸੁੱਚੀ ਹੁੰਦੀ ਹੈ ਤੇ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ **(ਸਚੀ ਪਤਿ ਸਚਾ ਪਾਤਿਸਾਹੁ॥)**। ਇਹ ਹੀ ਨਾਮ ਦੀ ਪ੍ਰਾਪਤੀ ਹੈ।

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥7॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥8॥} (ਅੰਗ 418)

"ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ॥4॥" (ਅੰਗ ੨੨)

ਬੜੇ ਹੀ ਧਿਆਨ ਨਾਲ ਸਮਝੋ ਕਿ ਉੱਪਰ ਸ਼ਬਦ ਵਿੱਚ ਸਾਨੂੰ ਨਾਮ ਬਾਰੇ ਕੀ ਸਮਝਾਇਆ ਹੋਇਆ ਹੈ। ਗੁਰੂ ਦੀ ਮਤਿ ਤੇ ਵਿਸ਼ਵਾਸ ਟਿਕਾ ਕੇ ਸਮਝੋ। ਇਸ ਸ਼ਬਦ ਰਾਹੀਂ ਬੜੇ ਸਪੱਸ਼ਟ ਤੌਰ ਤੇ ਸਮਝਾਇਆ ਗਿਆ ਹੈ ਕਿ ਨਾਮ ਮਨੁੱਖ ਦੇ ਮਨ ਦੇ ਵਿੱਚ ਹੀ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਮਨ ਵਿੱਚ ਹੀ ਹੈ। ਨਾਮ ਨੂੰ ਮਾਣਕ, ਲਾਲ, ਰਤਨ, ਹੀਰਾ ਕਿਹਾ ਹੈ ਭਾਵ ਅਨਮੋਲ ਗੁਣਾਂ ਵਾਲਾ ਕਿਹਾ ਹੈ ਜੋ ਕਿ ਸਭ ਦੇ ਅੰਦਰ ਹੀ ਹੈ ਅਤੇ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਦੁਆਰਾ ਹੀ ਉਸਨੂੰ ਪਾਇਆ ਜਾ ਸਕਦਾ ਹੈ। ਇਹ ਗੁਣਾਂ ਦਾ ਧੰਨ ਹੀ ਨਾਮ ਧੰਨ ਹੈ, ਜੋ ਕਿ ਗੁਰੂ ਦੇ ਸੱਚੇ ਗਿਆਨ ਦਾ ਧੰਨ ਹੈ, ਮਨੁੱਖ ਦਾ ਸੱਚਾ ਧੰਨ ਹੈ। ਹੀਰੇ ਨੂੰ ਹੀ ਨਾਮ ਕਿਹਾ ਹੈ ਤੇ ਹੀਰੇ ਨੂੰ ਹੀ ਹਰਿ ਕਿਹਾ ਹੈ, ਪ੍ਰਮਾਤਮਾ ਕਿਹਾ ਹੈ ਭਾਵ ਨਾਮ, ਪ੍ਰਮਾਤਮਾ ਇੱਕੋ ਹੀ ਗੱਲ ਹੈ। "ਸਚੁ ਵਖਰੁ" "ਨਾਮ ਧਨੁ" ਹੈ ਜੋ ਕਿ ਸਭ ਦੇ ਅੰਦਰ ਪ੍ਰਮਾਤਮਾ ਦੇ ਰੂਪ ਵਿੱਚ ਹੈ ਤੇ ਇਸੇ ਲਈ ਉਸਦੀ ਪ੍ਰਾਪਤੀ ਵੀ ਸਾਡੇ ਅੰਦਰੋਂ ਹੀ ਹੋਣੀ ਹੈ, ਮਨ ਦੇ ਵਿੱਚੋਂ ਹੀ ਹੋਣੀ ਹੈ। **(ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ॥)** ਇਸ ਤੋਂ ਸਪੱਸ਼ਟ ਗੁਰੂ ਜੀ ਸਾਨੂੰ ਕੀ ਸਮਝਾਉਣ ਕਿ ਨਾਮ ਕੀ ਹੈ ਤੇ ਉਸਦੀ ਪ੍ਰਾਪਤੀ ਕਿੱਥੋਂ ਹੋਣੀ ਹੈ। ਗੱਲ ਕੇਵਲ ਗੁਰੂ ਤੇ ਵਿਸ਼ਵਾਸ ਰੱਖਣ ਦੀ ਹੈ ਤੇ ਭਰਮਾਂ ਨੂੰ ਛੱਡਣ ਦੀ ਹੈ।

"ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ॥4॥
ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ॥
ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥5॥
ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ॥6॥"

(ਅੰਗ ੭੫੪)

ਇਸ ਸ਼ਬਦ ਰਾਹੀਂ ਵੀ ਇਹ ਹੀ ਸਮਝਾਇਆ ਗਿਆ ਹੈ ਕਿ ਨਾਮ ਮਨੁੱਖ ਦੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ, ਆਪ ਮਨ ਹੀ ਹੈ ਜਿਸਨੂੰ ਕਿ ਗੁਰੂ ਦੇ ਉਪਦੇਸ਼ ਉੱਤੇ ਪੂਰੇ ਤੋਲ ਤੁਲ ਕੇ ਭਾਵ ਗੁਰੂ ਦੀ ਪੂਰੀ ਗੱਲ ਮੰਨ ਕੇ ਉਸਦੀ ਕ੍ਰਿਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਹੋਰ ਕਿਸੇ ਵੀ ਤਰੀਕੇ, ਚਤੁਰਾਈ ਦੁਆਰਾ ਨਾਮ ਨਹੀਂ ਪਾਇਆ ਜਾ ਸਕਦਾ। ਜੇਕਰ ਕੋਈ ਮਨੁੱਖ ਇਹੋ ਜਿਹੀ ਗੱਲ ਕਰੇ ਕਿ ਉਸਨੇ ਨਾਮ ਨੂੰ, ਪ੍ਰਮਾਤਮਾ ਨੂੰ ਆਪਣੇ ਸਰੀਰ ਭਾਵ ਮਨ ਤੋਂ ਬਾਹਰ ਕਿਤੇ ਜਾਣਿਆ ਹੈ, ਪਾਇਆ ਹੈ ਤੇ ਇਹ ਉਸਦਾ ਕੇਵਲ ਭਰਮ ਹੈ, ਚਤੁਰਾਈ ਹੈ। ਇਨ੍ਹਾਂ ਗੱਲਾਂ ਨੂੰ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ।

"ਸ਼ਬਦ ਵਿਚਾਰ" ਤੇ "ਗੁਰ ਵਿਚਾਰ" ਇੱਕੋ ਹੀ ਗੱਲ ਹੈ ਕਿਉਂਕਿ ਸ਼ਬਦ ਹੀ ਗੁਰੂ ਹੈ। ਵਿਚਾਰ ਕਰਨ ਤੋਂ ਭਾਵ ਹੈ ਕਿ ਗੁਰੂ ਦੀ ਗੱਲ ਨੂੰ, ਗੁਰੂ ਦੀ ਬਾਣੀ ਨੂੰ ਪੜ੍ਹਨਾ, ਸੁਣਨਾ ਅਤੇ ਉਸ ਤੇ ਵਿਚਾਰ ਕਰਕੇ ਉਸਦੇ ਭਾਵ ਨੂੰ ਸਮਝਣਾ ਕਿ ਗੁਰੂ ਸਾਨੂੰ

ਕੀ ਉਪਦੇਸ਼ ਦੇ ਰਿਹਾ ਹੈ। ਗੁਰੂ ਦੀ ਗੱਲ ਨੂੰ ਜਾਣ ਲੈਣਾ ਕਾਫੀ ਨਹੀਂ ਹੈ। ਜੇ ਗੁਰੂ ਦੀ ਗੱਲ ਤੇ ਅਮਲ ਨਾ ਕਰੀਏ ਤੇ ਇਹ ਸੁਣੀ ਅਣਸੁਣੀ ਕਰਨ ਵਾਲੀ ਗੱਲ ਹੋ ਗਈ। ਬਾਣੀ ਵਿੱਚ ਵਾਰ-ਵਾਰ ਆਇਆ ਹੈ ਕਿ ਬਾਣੀ ਨੂੰ ਹਿਰਦੇ ਵਿੱਚ ਧਾਰੋ, ਵਸਾਓ। ਗੁਰੂ ਦੇ ਚਰਨ ਕਮਲਾਂ, ਚਰਨ ਧੂੜ ਨੂੰ ਵੀ ਮਨ ਵਿੱਚ ਵਸਾਉਣ ਦੀ ਗੱਲ ਵਾਰ-ਵਾਰ ਆਉਂਦੀ ਹੈ। ਗੁਰੂ ਦੇ ਚਰਨ ਕਮਲਾਂ ਤੋਂ ਭਾਵ ਗੁਰੂ ਦੇ ਗਿਆਨ, ਉਪਦੇਸ਼ ਤੋਂ ਹੀ ਹੈ। ਗੁਰੂ ਦੇ ਉਪਦੇਸ਼ ਨੂੰ ਮੰਨ ਕੇ ਉਸ ਤੇ ਚੱਲਣਾ ਹੀ ਗੁਰੂ ਦੇ ਭਉ ਵਿੱਚ ਚੱਲਣਾ ਹੈ ਅਤੇ ਇਹ ਹੀ ਗੁਰੂ ਨਾਲ ਪਿਆਰ ਦਿਖਾਉਣ ਦਾ ਤਰੀਕਾ ਹੈ।

“ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ॥
ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ॥
ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ॥੨॥”

(ਅੰਗ ੬੪੪)

ਇਸ ਸ਼ਬਦ ਵਿੱਚ ਇਹ ਬੜਾ ਹੀ ਸਪੱਸ਼ਟ ਸਮਝਾਇਆ ਗਿਆ ਹੈ ਕਿ ਨਾਮ ਮਨੁੱਖ ਦੇ ਅੰਦਰੋਂ ਹੀ ਉਪਜਦਾ ਹੈ, ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਇਹ ਸੋਝੀ ਗੁਰੂ ਪ੍ਰਮਾਤਮਾ ਦੁਆਰਾ ਮਨ ਦੇ ਅੰਦਰ ਹੀ ਪੈਂਦੀ ਹੈ ਅਤੇ ਮਨੁੱਖ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਕਰਦਾ ਹੈ। ਇਹ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਭਾਵ ਪ੍ਰਮਾਤਮਾ ਦਾ ਨਾਮ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ। ਉਸ ਬ੍ਰਹਮ ਨੂੰ ਆਪਣੇ ਅੰਦਰੋਂ ਦੇਖਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਸਾਰਾ ਗਿਆਨ ਦੇਣ ਵਾਲਾ ਆਪ ਪ੍ਰਮਾਤਮਾ ਹੀ ਹੈ, ਉਹ ਇੱਕੋ ਇੱਕ ਆਪ ਹੀ ਗੁਰੂ ਹੈ। **(ਅੰਮ੍ਰਿਤੁ ਏਕੋ ਸਬਦੁ ਹੈ)।**

{ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥}

(ਅੰਗ ੧੨੩੮)

ਅੰਮ੍ਰਿਤ ਰੂਪ, ਸਬਦੁ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਆਪਣੇ ਅੰਦਰੋਂ ਮਨ ਦੀ ਸੋਝੀ ਦੁਆਰਾ ਹੀ ਦਿਸਦਾ ਹੈ ਤੇ ਉਸਨੂੰ ਦੇਖਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸ਼ਬਦ ਦੁਆਰਾ ਹੀ ਪ੍ਰਗਟ ਹੁੰਦਾ ਹੈ, ਬ੍ਰਹਮ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ ਤੇ ਅੱਗੇ ਚੱਲ ਕੇ ਇਸ ਗੱਲ ਨੂੰ ਬਰੀਕੀ ਨਾਲ ਸਮਝਾਂਗੇ। ਮਨ ਦੀ ਇਸ ਸੋਝੀ ਦੁਆਰਾ ਹੀ ਗੁਰਬਾਣੀ ਦੀ ਰਚਨਾ ਹੋਈ ਹੈ, ਬ੍ਰਹਮ ਗਿਆਨ ਦੀ ਰਚਨਾ ਹੋਈ ਹੈ ਜੋ ਉਸ ਬ੍ਰਹਮ ਦੇ ਕੋਲੋਂ ਆਈ ਹੈ, ਬ੍ਰਹਮ ਗਿਆਨੀ ਦੇ ਕੋਲੋਂ ਆਈ ਹੈ। “ਸਬਦੁ” ਬ੍ਰਹਮ ਗਿਆਨ ਹੈ, ਪੂਰੀ ਗੁਰਬਾਣੀ “ਸਬਦੁ” ਹੈ, ਪੂਰਨ ਗੁਰਬਾਣੀ ਅੰਮ੍ਰਿਤ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ।

“ਅੰਤਰਿ ਨਾਮੁ ਕਮਲੁ ਪਰਗਾਸਾ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ॥੨॥”

(ਅੰਗ ੪੧੨)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਨਾਮ ਮਨੁੱਖ ਦੇ ਅੰਦਰ ਹੀ ਹੈ ਅਤੇ ਨਾਮ ਮਿਲਣ ਦੁਆਰਾ ਹੀ ਕਮਲ ਪ੍ਰਗਾਸ ਹੁੰਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਕਮਲ ਪ੍ਰਗਾਸ ਹੋਣਾ ਜਾਂ ਕਮਲ ਦਾ ਸਿੱਧਾ ਹੋਣਾ ਇੱਕ ਹੀ ਗੱਲ ਹੈ। ਇਹ ਮਨੁੱਖ ਦੀ ਪੁੱਠੀ ਮਤਿ ਦਾ ਸਿੱਧਾ ਹੋਣਾ ਹੈ, ਮਨਮਤਿ ਦਾ ਗੁਰਮਤਿ ਵਿੱਚ ਬਦਲਣਾ ਹੈ, ਮਨ ਦੇ ਅੰਦਰੋਂ ਨਾਮ ਦੀ ਸੋਝੀ ਪੈਣਾ ਹੈ। ਇਹ ਅਸਲ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜੋ ਕਿ ਮਨ ਦੇ ਅੰਦਰੋਂ ਹੀ ਮਿਲਦਾ ਹੈ ਅਤੇ ਉਸ ਤੋਂ ਬਾਅਦ ਹੀ ਮਨੁੱਖ ਨੂੰ ਸੋਝੀ ਪੈਂਦੀ ਹੈ ਕਿ ਇਹ ਮਨ ਮੇਰਾ ਨਹੀਂ ਹੈ ਅਤੇ ਇਸ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ। ਇਹ ਗੱਲ ਅੱਗੇ ਵਿਸਥਾਰ ਵਿੱਚ ਦੱਸੀ ਜਾਵੇਗੀ ਜੋ ਕਿ ਚੌਥੇ ਪਦ ਦੀ ਗੱਲ ਹੈ। ਪੁੱਠਾ ਕਮਲ ਕੀ ਹੈ, ਸਿੱਧਾ ਕਮਲ ਕੀ ਹੈ, ਕਮਲ ਦਾ ਖਿੜਨਾ ਕੀ ਹੈ ਇਸ ਨਾਲ ਜੁੜੇ ਹੋਏ ਅਨੇਕਾਂ ਹੀ ਸ਼ਬਦ ਹਨ ਜਿਨ੍ਹਾਂ ਨੂੰ ਅੱਗੇ ਚੱਲਕੇ ਵਿਸਥਾਰ ਨਾਲ ਸਮਝਾਂਗੇ। ਜਦ ਤੱਕ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਸਮਝ ਨਾ ਆਵੇ, ਬਾਣੀ ਦੇ ਅਸਲੀ ਭਾਵ ਨੂੰ ਸਮਝਿਆ ਨਹੀਂ ਜਾ ਸਕਦਾ ਜੋ ਕਿ ਮਨੁੱਖ ਦੇ ਆਪਣੇ ਹੱਥ ਵੱਸ ਨਹੀਂ ਹੈ।

“ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ॥
ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ॥੪॥”

(ਅੰਗ ੭੫੭)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ। ਇਸ ਸ਼ਬਦ ਰਾਹੀਂ ਵੀ ਇਹ ਸਮਝਾਇਆ ਗਿਆ ਹੈ ਕਿ ਨਾਮ ਆਪਣੇ ਅੰਦਰੋਂ ਹੀ ਮਿਲਣਾ ਹੈ ਜੋ ਕਿ ਕਿਸੇ ਵਿਰਲੇ ਵਡਭਾਗੀ ਨੂੰ ਹੀ ਮਿਲਦਾ ਹੈ। ਇਹ ਗੁਰੂ ਦੀ ਕ੍ਰਿਪਾ ਦੁਆਰਾ, ਆਪਣੇ ਮਨ ਦੇ ਅੰਦਰ ਹੀ ਪ੍ਰਮਾਤਮਾ ਦੀ ਪਛਾਣ ਹੋਣ ਦੁਆਰਾ, ਮਨੁੱਖ ਦੇ ਅੰਦਰ ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਮਿਲਦਾ ਹੈ। ਮਨ ਦੇ ਅੰਦਰ ਆਪਣੀ ਪਛਾਣ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ, ਉਹ ਆਪਣੀ ਪਹਿਚਾਣ ਕਿਵੇਂ ਕਰਵਾਉਂਦਾ ਹੈ, ਕਿਸ ਵਿਧੀ ਦੁਆਰਾ ਕਰਵਾਉਂਦਾ ਹੈ, ਇਹ ਸਭ ਕੁੱਝ ਗੁਰਬਾਣੀ ਦੇ ਵਿੱਚ ਹੀ ਸਮਝਾਇਆ ਹੋਇਆ ਹੈ, ਬੜੀ ਗਹਿਰਾਈ ਨਾਲ ਸਮਝਾਇਆ ਹੋਇਆ ਹੈ ਜਿਸਨੂੰ ਅੱਗੇ ਚੱਲ ਕੇ ਗਹਿਰਾਈ ਨਾਲ ਸਮਝਾਂਗੇ ਤੇ ਹਰ ਭੁਲੇਖੇ ਤੋਂ ਮੁਕਤ ਹੋਵਾਂਗੇ ਕਿ ਪ੍ਰਮਾਤਮਾ ਨੂੰ ਪਾਉਣਾ ਕੀ ਹੈ। ਕੇਵਲ ਇਸ ਗੱਲ ਤੇ ਭਰੋਸਾ ਰੱਖੋ ਕਿ ਗੁਰਬਾਣੀ ਸਾਨੂੰ ਜੋ ਕੁੱਝ ਵੀ ਸਮਝਾ ਰਹੀ ਹੈ ਉਹ ਉਸੇ ਤਰ੍ਹਾਂ ਸੱਚ ਹੈ।

“ਇਹੁ ਧਨੁ ਸਰਬ ਰਹਿਆ ਭਰਪੂਰਿ॥
ਮਨਮੁਖ ਫਿਰਹਿ ਸਿ ਜਾਣਹਿ ਦੂਰਿ॥੧॥
ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ॥
ਜਿਸੁ ਤੂ ਦੇਹਿ ਤਿਸੈ ਨਿਸਤਾਰੈ॥੧॥ਰਹਾਉ॥”

(ਅੰਗ ੯੯੧)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਨਾਮ ਧੰਨ ਭਾਵ ਪ੍ਰਮਾਤਮਾ ਦਾ ਗਿਆਨ ਹੀ ਸਭ ਜਗ੍ਹਾ ਵੱਸਿਆ ਹੋਇਆ ਹੈ, ਭਰਪੂਰਿ ਹੈ। ਪ੍ਰਮਾਤਮਾ ਦਾ ਧੰਨ ਉਸ ਦਾ ਸੱਚਾ ਗਿਆਨ ਹੈ ਤੇ ਪ੍ਰਮਾਤਮਾ ਸਭ ਜਗ੍ਹਾ ਆਪਣੇ ਇਸ ਗਿਆਨ ਦੇ ਧੰਨ ਦੁਆਰਾ ਹੀ ਸਭ ਵਿੱਚ ਸਮਾਇਆ ਹੋਇਆ ਹੈ। ਹਰ ਵਸਤੂ, ਹਰ ਆਕਾਰ ਰੂਪ, ਮਾਇਆ ਰੂਪ ਪ੍ਰਮਾਤਮਾ ਨੇ ਆਪਣੇ ਗਿਆਨ ਨਾਲ ਬਣਾਈ ਹੈ ਤੇ ਉਸ ਵਿੱਚ ਪਾਏ ਹੋਏ ਆਪਣੇ ਗਿਆਨ ਨਾਲ ਹੀ ਉਸਨੂੰ ਚਲਾ ਰਿਹਾ ਹੈ। **(ਇਹੁ ਧਨੁ ਸਰਬ ਰਹਿਆ ਭਰਪੂਰਿ॥)** ਇਹ ਨਾਮ ਧੰਨ ਸਾਡੇ ਅੰਦਰ ਸਾਡੇ ਮਨ ਵਿੱਚ ਹੀ ਹੈ **(ਰਿਦੈ ਹਮਾਰੈ)** ਲੇਕਿਨ ਮਨੁੱਖ ਆਪਣੀ ਮਤਿ ਦੁਆਰਾ, ਮਨਮੁੱਖਤਾ ਦੁਆਰਾ ਭਾਵ ਅਗਿਆਨਤਾ ਦੁਆਰਾ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੋਣ ਕਰਕੇ ਪ੍ਰਮਾਤਮਾ ਨੂੰ ਆਪਣੇ ਤੋਂ ਦੂਰ ਸਮਝਦਾ ਹੈ। ਇਹ ਆਪਣਾ ਨਾਮ ਪ੍ਰਮਾਤਮਾ ਆਪ ਹੀ ਜਿਸਨੂੰ ਦੇਵੇ ਉਹ ਮਨ ਦੀ ਅਗਿਆਨਤਾ ਤੋਂ, ਮਨ ਦੀ ਮਾਇਆ ਤੋਂ ਤਰ ਜਾਂਦਾ ਹੈ। **(ਜਿਸੁ ਤੂ ਦੇਹਿ ਤਿਸੈ ਨਿਸਤਾਰੈ॥੧॥ਰਹਾਉ॥)** ਉਸ ਦਾ ਨਾਮ “ਬ੍ਰਹਮ ਗਿਆਨ” ਹੈ ਜੋ ਕਿ ਮਨ ਦੇ ਵਿੱਚੋਂ ਹੀ ਮਿਲਦਾ ਹੈ, ਪ੍ਰਮਾਤਮਾ ਆਪ ਪ੍ਰਗਟ ਹੋ ਕੇ ਮਨ ਦੇ ਵਿੱਚ ਹੀ ਦਿੰਦਾ ਹੈ। “ਪ੍ਰਮਾਤਮਾ ਦਾ ਨਾਮ ਕੇਵਲ ਪ੍ਰਮਾਤਮਾ ਕੋਲੋਂ ਹੀ ਮਿਲ ਸਕਦਾ ਹੈ, ਹੋਰ ਕੋਈ ਨਹੀਂ ਦੇ ਸਕਦਾ। ਆਪਣਾ ਬ੍ਰਹਮ ਗਿਆਨ ਪ੍ਰਮਾਤਮਾ ਆਪ ਦੇ ਸਕਦਾ ਹੈ, ਹੋਰ ਕੋਈ ਨਹੀਂ ਦੇ ਸਕਦਾ। ਨਾਮ ਮਿਲਣ ਦੁਆਰਾ ਹੀ ਮਨੁੱਖ ਦੀ ਮੁਕਤੀ ਹੈ। ਮੁਕਤੀ ਸਾਡੀ ਅਗਿਆਨਤਾ ਤੋਂ ਹੀ ਹੋਣੀ ਹੈ, ਭਰਮ ਦੇ ਬੰਧਨ ਤੋਂ ਹੀ ਹੋਣੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਹੀ ਹੋਣੀ ਹੈ ਜਿਸ ਵਿੱਚੋਂ ਸਾਨੂੰ ਕੇਵਲ ਬ੍ਰਹਮ ਗਿਆਨ ਹੀ ਮੁਕਤ ਕਰ ਸਕਦਾ ਹੈ, ਸਾਡੇ ਅੰਦਰ ਬੈਠਾ ਉਹ ਬ੍ਰਹਮ ਗਿਆਨੀ ਆਪ ਹੀ ਮੁਕਤ ਕਰ ਸਕਦਾ ਹੈ।

“ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ॥
ਮਨੁ ਖੋਜਤ ਨਾਮੁ ਨਉ ਨਿਧਿ ਪਾਈ॥੧॥ਰਹਾਉ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ॥
ਮਮਤਾ ਲਾਇ ਭਰਮਿ ਭੁੋਲਾਇਆ॥੨॥

ਇਸੁ ਮਨ ਤੇ ਸਭ ਪਿੰਡ ਪਰਾਣਾ॥
ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ॥੪॥
ਮਨ ਕਾ ਸੁਭਾਉ ਸਦਾ ਬੈਰਾਗੀ॥
ਸਭ ਮਹਿ ਵਸੈ ਅਤੀਤੁ ਅਨਰਾਗੀ॥੫॥
ਕਹਤ ਨਾਨਕੁ ਜੋ ਜਾਣੈ ਭੇਉ॥
ਆਦਿ ਪੁਰਖੁ ਨਿਰੰਜਨ ਦੇਉ॥੬॥"

(ਭੈਰਉ ਮਹਲਾ ੩॥, ਅੰਗ 1128-1129)

ਇਸ ਸ਼ਬਦ ਵਿੱਚ ਬੜੇ ਸਪੱਸ਼ਟ ਤੌਰ ਤੇ ਉਪਦੇਸ਼ ਦਿੱਤਾ ਗਿਆ ਹੈ ਕਿ ਨਾਮ ਮਨ ਦੇ ਵਿੱਚ ਹੀ ਹੈ ਅਤੇ ਇਹ ਮਨ ਨੂੰ ਖੋਜਣ ਦੁਆਰਾ ਹੀ ਪਾਇਆ ਜਾ ਸਕਦਾ ਹੈ ਜੋ ਕਿ ਮਨ ਦੀ ਦੁਬਿਧਾ ਮਰਨ ਦੁਆਰਾ ਹੀ ਸੰਭਵ ਹੈ ਤੇ ਦੁਬਿਧਾ ਗੁਰੂ ਦਾ ਗਿਆਨ ਹੀ ਮਾਰ ਸਕਦਾ ਹੈ। ਮਨ ਦੀ ਸਮਝ ਆਉਣ ਤੋਂ ਬਿਨ੍ਹਾਂ, ਨਾਮ ਦੀ, ਪ੍ਰਮਾਤਮਾ ਦੀ ਸਮਝ ਆ ਹੀ ਨਹੀਂ ਸਕਦੀ, ਨਾਮੁਮਕਿਨ ਹੈ। ਇਹ ਮਨ ਕੀ ਹੈ, ਇਸ ਗੱਲ ਨੂੰ ਅੱਗੇ ਜਾ ਕੇ ਬਰੀਕੀ ਨਾਲ ਵਿਚਾਰਾਂਗੇ। ਅਸਲ ਵਿੱਚ ਇਹ "ਮਨ" ਹੀ ਆਪ ਪ੍ਰਮਾਤਮਾ ਹੈ ਤੇ ਇਸ ਮਨ ਦੀ ਸੋਝੀ ਹੀ ਨਾਮ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੈ **(ਕਹਤ ਨਾਨਕੁ ਜੋ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥੬॥)**। ਇਸ ਗੱਲ ਤੇ ਵਿਸ਼ਵਾਸ ਮਨ ਨੂੰ ਜਾਨਣ ਤੇ ਹੀ ਆ ਸਕਦਾ ਹੈ, ਪ੍ਰਮਾਤਮਾ ਦੇ ਆਪ ਵਿਸ਼ਵਾਸ ਦਿਵਾਉਣ ਤੇ ਆ ਸਕਦਾ ਹੈ। ਸੱਚਾਈ ਇਹੀ ਹੈ ਕਿ ਸਾਡੇ ਮਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਗੁਰੂ ਦੀ ਦੱਸੀ ਹੋਈ ਗੱਲ ਕਦੇ ਗਲਤ ਨਹੀਂ ਹੋ ਸਕਦੀ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਇਹ ਕਦੇ ਸਮਝ ਨਹੀਂ ਲੱਗ ਸਕਦੀ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਇਸ ਗੱਲ ਦੀ ਸੋਝੀ ਕੇਵਲ ਮਨ ਦੇ ਚੌਥੇ ਪਦ ਦੁਆਰਾ ਹੀ ਪੈਂਦੀ ਹੈ, ਬ੍ਰਹਮ ਗਿਆਨ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ, ਸਹਜ ਗਿਆਨ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਜਿਸ ਦੁਆਰਾ ਸਾਡੇ ਮਨ ਦੀ ਦੁਬਿਧਾ ਦੂਰ ਹੁੰਦੀ ਹੈ। ਦੁਬਿਧਾ ਵਿੱਚ, ਤ੍ਰੈਗੁਣਾਂ ਵਿੱਚ, ਭਰਮ ਵਿੱਚ, ਮਨ ਦੀ ਮਾਇਆ ਵਾਲੀ ਸਮਝ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਨਹੀਂ ਜਾਣ ਸਕਦਾ।

"ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ॥
ਗੁਰ ਪਰਸਾਦੀ ਹਰਿ ਮਿਲੈ ਮਿਲਾਇਆ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ॥੧੦॥
ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ॥
ਮੇਰੈ ਠਾਕੁਰਿ ਇਹ ਬਣਤ ਬਣਾਈ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ॥
ਗੁਰਮੁਖਿ ਖੋਜੇ ਵੇਪਰਵਾਹਾ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ॥੧੨॥
ਸਚਾ ਮਹਲੁ ਸਚੇ ਭੰਡਾਰਾ॥ਆਪੇ ਦੇਵੈ ਦੇਵਣਹਾਰਾ॥
ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ॥
ਗੁਰਮੁਖਿ ਆਪੇ ਦੇ ਵਡਿਆਈ॥

ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ॥
ਗੁਰ ਪਰਸਾਦੀ ਪਾਇਆ ਜਾਈ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ॥੧੫॥
ਆਪੇ ਸਚਾ ਸਬਦਿ ਮਿਲਾਏ॥ ਸਬਦੇ ਵਿਚਹੁ ਭਰਮੁ ਚੁਕਾਏ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ॥੧੬॥"

(ਅੰਗ 1066-1067)

ਸੰਖੇਪ ਵਿੱਚ ਇਸ ਸ਼ਬਦ ਰਾਹੀਂ ਇਹ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਮਨੁੱਖ ਦੇ ਅੰਦਰ ਹੀ ਹੈ। "ਆਪਿ ਲੁਕਾਇਆ" ਤੋਂ ਭਾਵ ਹੈ ਕਿ ਅਕਾਲ ਪੁਰਖ ਸਾਡੇ ਅੰਦਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ, ਉਸਨੇ ਆਪ ਹੀ ਸਾਨੂੰ ਪੜਦੇ ਵਿੱਚ ਰੱਖਿਆ ਹੋਇਆ ਹੈ, ਭਰਮ ਦੇ ਪੜਦੇ ਵਿੱਚ ਰੱਖਿਆ ਹੋਇਆ ਹੈ। ਨਾਮ ਦੀ ਪ੍ਰਾਪਤੀ ਮਨੁੱਖ ਨੂੰ ਆਪਣੇ ਅੰਦਰੋਂ ਹੀ ਹੋਣੀ ਹੈ ਜੋ ਕਿ ਗੁਰੂ ਦੀ ਕ੍ਰਿਪਾ ਦੁਆਰਾ ਸ਼ਬਦ ਰਾਹੀਂ ਭਾਵ ਸ਼ਬਦ ਦੀ ਗੁਰੂ ਦੀ ਮਤਿ ਰਾਹੀਂ ਸੱਚ ਦੇ ਮਾਰਗ ਤੇ ਚੱਲ ਕੇ ਹੀ ਹੋ ਸਕਦੀ ਹੈ। ਜਦੋਂ ਮਨੁੱਖ ਦਾ ਮਨ ਗੁਰੂ ਦੇ ਨਾਮ ਨਾਲ ਮਿਲ ਜਾਵੇਗਾ ਤਾਂ ਹੀ ਉਸਦੀ ਸੋਝੀ ਪੈ ਸਕਦੀ ਹੈ। ਪ੍ਰਮਾਤਮਾ ਅਤੇ ਮਨੁੱਖ ਦੇ ਵਿੱਚ ਕੇਵਲ ਇੱਕ ਭਰਮ ਦਾ ਪੜਦਾ ਹੈ, ਅਗਿਆਨਤਾ ਦਾ ਪੜਦਾ ਹੈ, ਹਉਮੈ ਦਾ ਪਰਦਾ ਹੈ ਤੇ ਇਹ ਪੜਦਾ ਮਨ ਦੇ ਵਿੱਚ ਗੁਰੂ ਦੇ ਗਿਆਨ ਦੁਆਰਾ ਹੀ ਉਤਰਦਾ ਹੈ, ਚੌਥੇ ਪਦ ਦੇ ਗਿਆਨ ਦੁਆਰਾ ਉਤਰਦਾ ਹੈ ਜੋ ਕਿ ਮਨ ਦੇ ਅੰਦਰ ਪ੍ਰਗਟ ਹੋ ਕੇ ਉਹ ਆਪ ਹੀ ਉਤਾਰਦਾ ਹੈ। ਪ੍ਰਮਾਤਮਾ ਸਾਡੇ ਨਾਲ ਮੇਲ ਆਪਣੇ ਸ਼ਬਦ ਦੁਆਰਾ ਹੀ ਕਰਦਾ ਹੈ ਤੇ ਸ਼ਬਦ "ਗਿਆਨ" ਹੈ, ਸੱਚਾ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਸਾਡੇ ਅੰਦਰੋਂ ਭਰਮ ਦਾ ਪੜਦਾ ਕੱਢਦਾ ਹੈ। ਮਨ ਦੇ ਗਿਆਨ ਰਾਹੀਂ ਅਸੀਂ ਪ੍ਰਮਾਤਮਾ ਨੂੰ, ਨਾਮ ਨੂੰ ਆਪਣੇ ਅੰਦਰੋਂ ਹੀ ਜਾਣ ਲੈਂਦੇ ਹਾਂ, ਉਸਦੀ ਸੋਝੀ ਪੈ ਜਾਂਦੀ ਹੈ ਤੇ ਉਸਦੀ ਵਡਿਆਈ ਕਰਨੀ ਆ ਜਾਂਦੀ ਹੈ। ਇਹ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੀ ਸੁੱਖ ਦੀ ਪ੍ਰਾਪਤੀ ਹੈ। **(ਆਪੇ ਸਚਾ ਸਬਦਿ ਮਿਲਾਏ॥ ਸਬਦੇ ਵਿਚਹੁ ਭਰਮੁ ਚੁਕਾਏ॥ ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ॥੧੬॥)** "ਸ਼ਬਦ" ਆਪ ਗੁਰੂ ਹੈ ਤੇ ਉਹ ਗੁਰੂ ਆਪਣੇ ਉੱਚੇ ਗਿਆਨ ਦੁਆਰਾ ਹੈ। "ਸ਼ਬਦ" ਦੇ ਮਕਸਦ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਗੱਲ ਸਮਝਾਈ ਗਈ ਹੈ ਕਿ ਪ੍ਰਮਾਤਮਾ ਸਾਨੂੰ ਆਪਣੇ ਨਾਲ ਸ਼ਬਦਿ ਦੁਆਰਾ ਹੀ ਮਿਲਾਉਂਦਾ ਹੈ, ਸਾਡੀ ਹਉਮੈ ਸ਼ਬਦ ਦੁਆਰਾ ਹੀ ਦੂਰ ਹੁੰਦੀ ਹੈ। ਹਉਮੈ ਦੇ ਰਹਿੰਦਿਆਂ ਅਸੀਂ ਨਾਮ ਤੋਂ ਦੂਰ ਰਹਿੰਦੇ ਹਾਂ। ਸ਼ਬਦ ਹੀ ਨਾਮ ਹੈ। ਜਦ ਤੱਕ ਸਾਨੂੰ ਸ਼ਬਦ ਦਾ ਮਕਸਦ ਸਮਝ ਨਹੀਂ ਆਉਂਦਾ ਤਦ ਤੱਕ ਸਾਨੂੰ ਨਾਮ ਦਾ ਮਕਸਦ ਵੀ ਸਮਝ ਨਹੀਂ ਲੱਗ ਸਕਦਾ। ਜੋ ਮਕਸਦ ਸ਼ਬਦ ਦਾ ਹੈ, ਉਹੀ ਮਕਸਦ ਨਾਮ ਦਾ ਹੈ। ਸਾਡੀ ਹਉਮੈ ਸ਼ਬਦ ਨਾਲ ਹੀ ਦੂਰ ਹੋਣੀ ਹੈ, ਨਾਮ ਦੇ ਨਾਲ ਹੀ ਦੂਰ ਹੋਣੀ ਹੈ। "ਹਉਮੈ" ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ। "ਹਉਮੈ" ਦਾ ਮਕਸਦ ਸਾਨੂੰ ਭਰਮ ਵਿੱਚ ਰੱਖਣ ਦਾ ਹੈ, "ਮੈਂ" ਵਿੱਚ ਰੱਖਣ ਦਾ ਹੈ ਜਿਸਦੇ ਰਹਿੰਦਿਆਂ ਸਾਨੂੰ ਆਪਣੇ ਅੰਦਰ ਵਰਤ ਰਹੇ ਉਸ "ਤੂੰ" ਦੀ ਸਮਝ ਨਹੀਂ ਪੈਂਦੀ। ਇਹ ਹਉਮੈ ਰੂਪ ਪੜਦਾ ਸਾਡੇ ਅੰਦਰ ਉਸ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਤੇ ਆਪਣੇ ਸੱਚੇ ਸਬਦਾਂ ਦਾ ਗਿਆਨ ਦੇਣ ਦੁਆਰਾ ਮਨ ਦੇ ਵਿੱਚ ਆਪ ਹੀ ਪੜਦਾ ਖੋਲਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਹਰ ਸ਼ਬਦ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤੇ ਸੱਚੀ ਭਗਤੀ ਨਾਲ ਜੋੜਨ ਦਾ ਹੈ, ਗੁਰਮਤਿ ਨਾਲ ਜੋੜਨ ਦਾ ਹੈ।

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥੧॥}

(ਅੰਗ ੨੦੫)

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥੪॥੧॥}

(ਅੰਗ ੧੨੬੩)

ਸਾਡੇ ਅੰਦਰ ਪ੍ਰਮਾਤਮਾ ਨੂੰ ਸਮਝਣ ਬਾਰੇ ਜੋ ਵੀ ਭਰਮ ਉਪਜਦਾ ਹੈ ਉਹ ਮਨ ਦੇ ਵਿੱਚੋਂ ਹੀ ਉਪਜਦਾ ਹੈ। ਸਾਡੇ ਅੰਦਰ ਇਸ ਭਰਮ ਦਾ ਉਪਜਣਾ ਭਾਵ ਭਰਮ ਵਾਲੇ ਵਿਚਾਰਾਂ ਦਾ ਉਪਜਣਾ ਹੀ ਅਸਲ ਵਿੱਚ ਉਹ ਪੜਦਾ ਹੈ ਜਿਸ ਕਰਕੇ ਅਸੀਂ "ਮੈਂ" ਵਿੱਚ ਰਹਿੰਦੇ ਹਾਂ ਭਾਵ ਆਪਣੇ ਆਪ ਨੂੰ "ਤੂੰ" ਤੋਂ, ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਇੱਕ ਵਾਰੀ ਇਹ ਭਰਮ ਦਾ ਪੜਦਾ ਦੂਰ ਹੋ ਜਾਵੇ ਤੇ ਫਿਰ ਸਾਡੀ "ਮੈਂ" ਮੁੱਕ ਜਾਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਉਹ ਪ੍ਰਮਾਤਮਾ ਆਪ ਹੀ ਹੈ, "ਤੂੰ" ਹੀ ਹੈ ਤੇ ਮਨੁੱਖ ਕੇਵਲ ਭਰਮ ਵਿੱਚ, ਭੁਲੇਖੇ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝੀ ਬੈਠਾ ਹੈ ਤੇ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਆਪਣੇ ਅੰਦਰੋਂ ਉਸ ਤੂੰ ਨੂੰ ਵੇਖਣ ਤੋਂ ਬਾਅਦ ਫਿਰ ਸਭ ਵਿੱਚ ਕੇਵਲ "ਤੂੰ" ਹੀ ਨਜ਼ਰ ਆਉਂਦਾ ਹੈ। ਜਿਸ ਰੂਪ ਵਿੱਚ ਉਹ ਸਾਡੇ ਅੰਦਰ ਵਰਤਦਾ ਹੈ, ਉਸੇ ਰੂਪ ਵਿੱਚ, ਨਿਰਗੁਣ ਰੂਪ ਵਿੱਚ, ਨਿਰੰਕਾਰ ਰੂਪ ਵਿੱਚ, ਗਿਆਨ ਰੂਪ ਵਿੱਚ ਉਹ ਸਭ ਵਿੱਚ ਸਮਾਇਆ ਹੋਇਆ ਹੈ।

ਸ਼ਬਦ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਇਸ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਭਰਮ ਤਾਂ ਹੀ ਨਿਕਲੇਗਾ ਜਦੋਂ ਅਸੀਂ ਸ਼ਬਦ ਦੇ, ਨਾਮ ਦੇ, ਗੁਰੂ ਦੇ ਗਿਆਨ ਨਾਲ ਜੁੜਾਂਗੇ। ਸਾਡਾ ਸਵਾਰਨਾ ਗਿਆਨ ਨੇ ਹੀ ਹੈ, ਗੁਰੂ ਨੇ ਹੀ ਹੈ, ਨਾਮ ਨੇ ਹੀ ਹੈ, ਸ਼ਬਦ ਨੇ ਹੀ ਹੈ। ਸ਼ਬਦ ਦੀ ਅਵੱਸਥਾ, ਨਾਮ ਦੀ ਅਵੱਸਥਾ ਚੌਥੇ ਪਦ ਵਾਲੀ ਹੈ ਤੇ ਜਦੋਂ ਪ੍ਰਮਾਤਮਾ ਸਾਡੇ ਤੇ ਪ੍ਰਸੰਨ ਹੋ ਜਾਵੇਗਾ ਉਹ ਸਾਨੂੰ ਮਨ ਦੇ ਵਿੱਚ ਚੌਥਾ ਪਦ ਬਖਸ਼ ਕੇ, ਬ੍ਰਹਮ ਗਿਆਨ ਬਖਸ਼ ਕੇ ਸਾਨੂੰ ਭਰਮ ਦੇ ਪੜਦੇ ਵਿੱਚੋਂ, ਹਉਮੈ ਵਿੱਚੋਂ ਕੱਢ ਲਵੇਗਾ। **(ਆਪੇ ਸਚਾ ਸਬਦਿ ਮਿਲਾਏ॥ ਸਬਦੇ ਵਿਚਹੁ ਭਰਮੁ ਚੁਕਾਏ॥ ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ॥੧੬॥)** ਆਪਣਾ ਨਾਮ, ਆਪਣਾ ਬ੍ਰਹਮ ਗਿਆਨ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ।

"ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥
ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ॥2॥"

(ਅੰਗ ੧੩੩੦)

ਇਸ ਸ਼ਬਦ ਵਿੱਚ ਮਨ ਨੂੰ ਹੀ ਸਭ ਕੁੱਝ ਕਿਹਾ ਗਿਆ ਹੈ। ਮਨ ਨੂੰ ਜੋਗੀ, ਮਨ ਨੂੰ ਹੀ ਭੋਗੀ ਅਤੇ ਮਨ ਨੂੰ ਹੀ ਮੂਰਖ ਗਵਾਰ ਕਿਹਾ ਗਿਆ ਹੈ। ਮਨ ਨੂੰ ਹੀ ਦਾਤਾਂ ਦੇਣ ਵਾਲਾ, ਮਨ ਨੂੰ ਹੀ ਮੰਗਤਾ ਕਿਹਾ ਗਿਆ ਹੈ ਅਤੇ ਮਨ ਨੂੰ ਹੀ ਗੁਰੂ ਕਰਤਾਰ ਕਿਹਾ ਗਿਆ ਹੈ। ਜੇਕਰ ਸਾਨੂੰ ਇਸ ਮਨ ਦੀ ਅਵੱਸਥਾ ਸਮਝ ਪੈ ਜਾਵੇ ਤਾਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਵੀ ਸਮਝ ਪੈ ਜਾਵੇਗੀ। ਅਸਲ ਵਿੱਚ ਇਹ ਮਨ ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਸਾਡੀਆਂ ਸੋਚਾਂ ਰਾਹੀਂ ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਅਸਲ ਵਿੱਚ ਇਹ ਮਨ ਦੀਆਂ ਸੋਚਾਂ ਸਾਡੀਆਂ ਨਹੀਂ ਹਨ ਪਰ ਅਸੀਂ ਇਨ੍ਹਾਂ ਨੂੰ ਆਪਣੀਆਂ ਹੀ ਸਮਝਦੇ ਹਾਂ। ਬੱਸ ਇਹ ਹੀ ਸਾਰਾ ਭੇਦ ਹੈ ਜਿਸ ਕਰਕੇ ਸਾਡਾ, ਪ੍ਰਮਾਤਮਾ ਨਾਲੋਂ ਵੱਖਰਾਪਨ ਬਣਿਆ ਹੋਇਆ ਹੈ। ਇਹ ਹੀ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਸਮਝ ਨਹੀਂ ਆਉਣ ਦਿੰਦੀ ਕਿ ਅਸੀਂ ਕੀ ਹਾਂ। ਇਸ ਸ਼ਬਦ ਵਿੱਚ ਮਨ ਨੂੰ ਮੂਰਖ ਤੇ ਗਵਾਰ ਇਸ ਲਈ ਕਿਹਾ ਗਿਆ ਹੈ ਕਿ ਮਨੁੱਖ ਮਨ ਨੂੰ ਆਪਣਾ ਸਮਝਦਾ ਹੈ। ਇਹ ਸਾਡਾ ਮੂਰਖਪੁਣਾ ਹੈ ਕਿਉਂਕਿ ਦੂਜੇ ਦੀ ਚੀਜ਼ ਨੂੰ ਅਸੀਂ ਆਪਣੀ ਸਮਝਦੇ ਹਾਂ। ਸਭ ਕੁੱਝ ਇਸ ਮਨ ਦੇ ਵਿੱਚ ਹੀ ਹੈ। ਇਸ ਮਨ ਦੇ ਕਾਰਨ ਹੀ ਅਸੀਂ ਮਨੁੱਖ ਹਾਂ ਤੇ ਇਸ ਮਨ ਦੇ ਵਿੱਚ ਹੀ ਆਪ ਪ੍ਰਮਾਤਮਾ ਹੈ। ਇਸ ਮਨ ਦੇ ਰਾਹੀਂ ਹੀ ਅਸੀਂ ਮੰਗਤੇ ਹਾਂ ਭਾਵ ਮਨੁੱਖ ਹਾਂ ਤੇ ਮਨ ਦੇ ਵਿੱਚ ਹੀ ਆਪ ਦਾਤਾ ਹੈ, ਪ੍ਰਮਾਤਮਾ ਹੈ। ਇਸ ਮਨ ਦੀ ਸਮਝ ਆਏ ਬਿਨ੍ਹਾਂ ਨਾ ਅਸੀਂ ਆਪਣੇ ਆਪ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਹਰ ਕੋਈ ਇਹ ਕਹਿੰਦਾ ਹੈ ਕਿ ਸਭ ਦੇ ਸਿਰ ਤੇ ਆਪ ਪ੍ਰਮਾਤਮਾ ਹੈ, ਆਪ ਕਰਤਾਰ ਹੈ ਜੋ ਸਭ ਕੁੱਝ ਕਰਦਾ ਹੈ। ਜੋ ਸਭ ਦੇ ਸਿਰ ਤੇ ਖੜ੍ਹਾ ਹੈ ਉਸਨੂੰ "ਮਨੁ" ਕਿਹਾ ਹੈ ਕਿਉਂਕਿ ਅਸਲ ਵਿੱਚ ਇਹ "ਮਨੁ" ਹੀ ਆਪ ਪ੍ਰਮਾਤਮਾ ਹੈ ਜੋ ਸਾਨੂੰ ਚਲਾ ਰਿਹਾ ਹੈ, ਜਿੱਥੋਂ ਸਾਨੂੰ ਸਾਰਾ ਗਿਆਨ ਮਿਲਦਾ ਹੈ ਤੇ ਮਨੁੱਖ ਉਹੀ ਕੁੱਝ ਕਰਦਾ ਹੈ ਜਿਹੋ ਜਿਹੀ ਉਸਨੂੰ ਮਨ ਦੇ ਵਿੱਚੋਂ ਸੋਝੀ ਮਿਲਦੀ ਹੈ। ਸਭ ਦੇ ਸਿਰ ਤੇ "ਮਨੁ" ਹੀ ਆਪ ਪ੍ਰਮਾਤਮਾ ਵਰਤ ਰਿਹਾ ਹੈ ਪਰ ਸਾਨੂੰ ਇਸ ਦੀ ਸੋਝੀ ਨਹੀਂ ਹੈ **(ਮਨ ਸਿਰਿ ਗੁਰੁ ਕਰਤਾਰੁ॥)**। ਇਸੇ ਲਈ ਗੁਰਬਾਣੀ ਵਿੱਚ ਵਾਰ-ਵਾਰ ਜ਼ਿਕਰ ਆਉਂਦਾ ਹੈ ਕਿ ਆਪਣੇ ਆਪ ਨੂੰ ਪਛਾਣੋ, ਮਨ ਨੂੰ ਖੋਜੋ ਭਾਵ ਆਪਣੇ ਪਰਾਏ ਦੀ ਪਛਾਣ ਕਰੋ। ਪ੍ਰਮਾਤਮਾ ਨੂੰ, "ਮਨ" ਨੂੰ ਸਮਝਣਾ ਸਾਡੇ ਵੱਸ ਵਿੱਚ ਨਹੀਂ ਹੈ। ਇਸ ਮਨ ਰਾਹੀਂ ਹੀ ਪ੍ਰਮਾਤਮਾ ਨੇ ਆਪਣੇ ਆਪ ਨੂੰ ਸਾਡੇ ਤੋਂ ਵੱਖਰਾ ਕੀਤਾ ਹੋਇਆ ਹੈ। ਸਾਡੀ ਸੋਚ ਹੀ ਸਾਨੂੰ ਪ੍ਰਮਾਤਮਾ ਨਾਲੋਂ ਵੱਖਰਾ ਕਰਦੀ ਹੈ ਤੇ ਇਹ ਸੋਚ ਸਾਡੀ ਨਹੀਂ ਹੈ। ਇਸ ਵਿੱਚ ਆਪ ਪ੍ਰਮਾਤਮਾ ਹੈ। ਜਦੋਂ ਸਾਨੂੰ ਆਪਣੇ ਅੰਦਰ ਚੱਲ ਰਹੀਆਂ

ਸੋਚਾਂ ਦੀ ਸਮਝ ਲੱਗ ਜਾਵੇਗੀ, ਤਾਂ ਹੀ ਸਾਨੂੰ ਸਮਝ ਲੱਗ ਸਕਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ ਅਤੇ ਮਨੁੱਖ ਜੋ ਆਪਣੀ ਹੋਂਦ (ਹਉਮੈ) ਸਮਝੀ ਬੈਠਾ ਹੈ ਉਹ ਝੂਠੀ ਹੀ ਹੈ। ਨਾਮ ਦੀ ਪਛਾਣ ਅੰਦਰੋਂ ਹੀ ਹੁੰਦੀ ਹੈ। ਇਹ ਹਕੀਕਤ ਵਿੱਚ ਬੜੀ ਹੀ ਵਿਸਮਾਦ ਵਾਲੀ ਅਵੱਸਥਾ ਹੈ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਮਨ ਹੀ ਮੂਰਖ ਗਵਾਰ ਹੈ ਤੇ ਮਨ ਹੀ ਸਭ ਤੋਂ ਸਿਆਣਾ ਹੈ। ਪ੍ਰਮਾਤਮਾ ਨੇ ਸਭ ਨੂੰ ਤ੍ਰੈਗੁਣਾਂ ਦੀ ਅਵੱਸਥਾ ਵਿੱਚ ਰੱਖ ਕੇ ਆਪ ਹੀ ਮੂਰਖ ਗਵਾਰ ਬਣਾਇਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ‘‘ਮੈਂ’’ ਵਿੱਚ ਰੱਖਿਆ ਹੋਇਆ ਹੈ। ਉਹ ਆਪ ਜੋ ਸਭ ਤੋਂ ਸਿਆਣਾ ਹੈ, ਸੁੰਘੜ ਸੁਜਾਨ ਹੈ, ਉਹ ਮਨ ਦੇ ਵਿੱਚ ਚੌਥੇ ਪਦ ਵਿੱਚ ਵਿਚਰਦਾ ਹੈ ਤੇ ਉਹ ਜਦੋਂ ਆਪਣੇ ਆਪ ਨੂੰ ਮਨ ਵਿੱਚ ਪ੍ਰਗਟ ਕਰਦਾ ਹੈ, ਇਸ ਉੱਚੇ ਪਦ ਦੁਆਰਾ ਹੀ ਪ੍ਰਗਟ ਕਰਦਾ ਹੈ ਜੋ ਕਿ ਉਸ ਦੀ ਸੱਚੀ ਸੋਝੀ ਦਾ ਪਦ ਹੈ, ਸਚੇ ਗਿਆਨ ਦਾ ਪਦ ਹੈ। ਇਹ ਮਨ ਦੀ ਸਮਝ ਮਨ ਦੇ ਵਿੱਚੋਂ ਹੀ ਪੈਂਦੀ ਹੈ ਤੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ।

“ਮਨ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮੰਨੁ ਸਮਾਇਆ॥
ਸਾਚੇ ਹੀ ਸਚੁ ਸਾਚਿ ਪਤੀਜੈ ਵਿਚਹੁ ਆਪੁ ਗਵਾਇਆ॥੪॥
ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ॥
ਏਕੁ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ॥
ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ॥੫॥”

(ਅੰਗ ੧੨੫੯)

ਇਸ ਤੋਂ ਪਿੱਛਲੇ ਸ਼ਬਦ ਦੀ ਵਿਆਖਿਆ ਤੋਂ ਭਾਵ ਇਸ ਮਨ ਨੂੰ ਸਮਝਣਾ ਹੀ ਸੀ ਕਿ ਇਹ ਮਨ ਕੀ ਹੈ। ਇਸ ਸ਼ਬਦ ਦੀ ਸਮਝ ਤਾਂ ਹੀ ਆ ਸਕਦੀ ਹੈ ਜਦੋਂ ਅਸੀਂ ਜਾਣ ਲਈਏ ਕਿ ਮਨ ਕੀ ਹੈ। **“ਮਨ ਹੀ ਤੇ ਮਨੁ ਮਿਲਿਆ ਸੁਆਮੀ”** ਤੋਂ ਭਾਵ ਹੈ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ। ਮਨ ਦੇ ਵਿੱਚ ਹੀ ਤ੍ਰੈਗੁਣਾਂ ਵਾਲੇ ਵਿਚਾਰ ਉਪਜਦੇ ਹਨ ਤੇ ਮਨ ਦੇ ਵਿੱਚ ਹੀ ਚੌਥੇ ਪਦ ਦੇ ਵਿਚਾਰ ਉਪਜਦੇ ਹਨ ਜੋ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਉਪਜਾਉਂਦਾ ਹੈ। ਮਨ ਦੇ ਵਿੱਚ ਮੇਲ ਵਿਚਾਰਾਂ ਦਾ ਹੀ ਹੁੰਦਾ ਹੈ। ਤ੍ਰੈਗੁਣ ਵਾਲੇ, ਹਉਮੈ ਵਾਲੇ ਵਿਚਾਰਾਂ ਦਾ ਮੇਲ ਚੌਥੇ ਪਦ ਦੇ ਉੱਚੇ ਗਿਆਨ ਵਾਲੇ ਵਿਚਾਰਾਂ ਨਾਲ ਹੁੰਦਾ ਹੈ। ਮਨੁੱਖ ਨੂੰ ਤਾਂ ਹੀ ਵਿਸ਼ਵਾਸ ਆਉਂਦਾ ਹੈ ਕਿ ਮੇਰੇ ਅੰਦਰ “ਮਨੁ” ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ, ਸੁਆਮੀ ਹੀ ਹੈ। ਇਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ। ਇਹ ਮਨੁੱਖ ਦੇ ਮਨ ਦੀ ਸਮਝ ਦਾ ਮਨ ਦੇ ਵਿੱਚ ਪ੍ਰਮਾਤਮਾ ਦੀ ਉੱਚੀ ਸਮਝ ਦੇ ਨਾਲ ਮੇਲ ਹੈ। ਇਹ ਆਤਮਾ ਅਤੇ ਪ੍ਰਮਾਤਮਾ ਦਾ ਮੇਲ ਹੈ। ਮਨ ਹੀ ਆਤਮਾ ਹੈ ਤੇ ਮਨ ਹੀ ਪ੍ਰਮਾਤਮਾ ਹੈ। ਜਦ ਤੱਕ ਅਸੀਂ ਇਸ ਮਨ ਨੂੰ ਆਪਣਾ ਸਮਝਿਆ ਹੋਇਆ ਹੈ, ਅਸੀਂ ਆਤਮਾ ਰੂਪ ਹਾਂ ਤੇ ਇਸ ਮਨ ਦੀ ਸਮਝ ਲੱਗਣ ਤੋਂ ਬਾਅਦ ਅਸੀਂ ਪ੍ਰਮਾਤਮਾ ਰੂਪ ਬਣ ਜਾਂਦੇ ਹਾਂ। “ਆਤਮਾ” ਦੀ ਹੋਂਦ ਮਿਟ ਕੇ ਪ੍ਰਮਾਤਮਾ ਵਿੱਚ ਸਮਾ ਜਾਂਦੀ ਹੈ। ਭਰਮ ਮਿਟ ਕੇ ਸੱਚ ਦੀ ਸਮਝ ਪੈ ਜਾਂਦੀ ਹੈ। ਮਨੁੱਖ ਦਾ ਮਨ “ਮਨਮਤਿ” ਹੈ ਤੇ ਪ੍ਰਮਾਤਮਾ ਦਾ ਮਨ “ਗੁਰਮਤਿ” ਹੈ। ਇਹ ਮਨਮਤਿ ਦਾ ਗੁਰਮਤਿ ਨਾਲ ਮਿਲ ਜਾਣਾ ਹੈ। ਇਹ ਪ੍ਰਮਾਤਮਾ ਦੀ ਇੱਕ ਬੜੀ ਹੀ ਵਿਚਿੱਤਰ ਖੇਡ ਹੈ ਜਿਸਦਾ ਅਹਿਸਾਸ ਤਾਂ ਹੀ ਹੋ ਸਕਦਾ ਹੈ ਜਦੋਂ ਇਹ ਖੇਡ ਕਿਸੇ ਦੇ ਮਨ ਦੇ ਅੰਦਰ ਵਰਤ ਜਾਵੇ। ਇਸ ਅਵੱਸਥਾ ਦਾ ਬਿਆਨ ਕਰਨਾ ਬਹੁਤ ਹੀ ਕਠਿਨ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਵਿਸਥਾਰ ਵਿੱਚ ਵਿਆਖਿਆ ਅੱਗੇ ਜਾ ਕੇ ਕੀਤੀ ਜਾਵੇਗੀ। **“ਮਨ ਹੀ ਮੰਨੁ ਸਮਾਇਆ॥”** ਤੋਂ ਭਾਵ ਹੈ ਮਨੁੱਖ ਜਿਹੜੇ ਮਨ ਨੂੰ ਆਪਣਾ ਸਮਝਦਾ ਸੀ ਜਦੋਂ ਉਸਨੂੰ ਮਨ ਦੇ ਵਿੱਚੋਂ ਹੀ ਸੋਚਾਂ ਰਾਹੀਂ ਇਹ ਵਿਸ਼ਵਾਸ ਆ ਗਿਆ ਕਿ ਮਨ ਆਪ ਪ੍ਰਮਾਤਮਾ ਹੈ, ਉਸਦੀ ਸੋਚ ਪ੍ਰਮਾਤਮਾ ਦੇ ਨਾਲ ਸਮਾ ਜਾਂਦੀ ਹੈ। ਦੁਚਿੱਤੀ ਮੁੱਕ ਜਾਂਦੀ ਹੈ, ਪ੍ਰਮਾਤਮਾ ਨੂੰ ਜਾਨਣ ਬਾਰੇ ਸਾਰੀਆਂ ਸੋਚਾਂ ਮਿਟ ਕੇ ਕੇਵਲ “ਇੱਕ ਸੋਚ” ਰਹਿ ਜਾਂਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਗਿਆਨ ਦਾ ਸ੍ਰੋਤ ਉਹ ਆਪ ਹੀ ਹੈ ਭਾਵ ਸਮਝ ਲੱਗ ਜਾਂਦੀ ਹੈ ਕਿ ਇਹ ਸਾਰੀ ਸੋਚ ਪ੍ਰਮਾਤਮਾ ਕੋਲੋਂ ਹੀ ਆ ਰਹੀ ਹੈ। ਫਿਰ ਪ੍ਰਮਾਤਮਾ ਬਾਰੇ “ਇੱਕ ਸੋਚ” ਬਣ ਜਾਂਦੀ ਹੈ, ਕੋਈ ਭੁਲੇਖਾ ਨਹੀਂ ਰਹਿ ਜਾਂਦਾ ਤੇ ਵਿਸ਼ਵਾਸ ਆ ਜਾਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਨ੍ਹਾਂ ਸਾਡੀਆਂ ਮਨ ਦੀਆਂ ਸੋਚਾਂ ਨੂੰ, ਦੁਚਿੱਤੀ ਨੂੰ ਪ੍ਰਮਾਤਮਾ ਆਪ ਹੀ “ਇੱਕ ਸੋਚ” ਵਿੱਚ ਬਦਲ ਸਕਦਾ ਹੈ। ਅਸੀਂ ਭਾਵੇਂ ਲੱਖ ਉਪਰਾਲੇ ਸੋਚੀ ਜਾਈਏ, ਲੱਖ ਯਤਨ ਕਰ ਲਈਏ ਅਸੀਂ ਮਨ ਦੀ ਦੁਚਿੱਤੀ ਵਿੱਚੋਂ, ਭਰਮ ਵਿੱਚੋਂ ਨਹੀਂ ਨਿਕਲ ਸਕਦੇ। ਇਹ ਹੀ ਇੱਕ ਮਨ ਇੱਕ ਚਿੱਤ ਦੀ ਅਵੱਸਥਾ ਹੈ ਭਾਵ ਜਦੋਂ ਮਨ ਦੇ ਵਿੱਚ ਸਿਰਫ਼ ਇੱਕ ਪ੍ਰਮਾਤਮਾ ਦੇ ਹੋਣ ਦੀ ਸੋਝੀ ਪੈ ਜਾਂਦੀ ਹੈ ਤੇ ਮਨ ਅਡੋਲ ਅਵੱਸਥਾ ਵਿੱਚ ਆ ਜਾਂਦਾ ਹੈ। “ਅਡੋਲਤਾ” ਤੋਂ ਭਾਵ ਹੈ, ਮਨੁੱਖ ਨੂੰ ਪ੍ਰਮਾਤਮਾ ਦੀ ਹੋਂਦ ਤੇ ਪੂਰਨ ਵਿਸ਼ਵਾਸ ਆ ਜਾਂਦਾ ਹੈ ਅਤੇ ਉਹ ਮਨੁੱਖ ਕੇਵਲ ਗੁਰੂ ਦੇ, ਪ੍ਰਮਾਤਮਾ ਦੇ ਉਪਦੇਸ਼ ਉੱਤੇ ਹੀ ਚੱਲਦਾ ਹੈ ਅਤੇ ਭਾਣੇ ਵਿੱਚ ਹੀ ਰਹਿੰਦਾ ਹੈ ਤੇ ਉਸਦਾ ਮਨ ਡੋਲਣੋਂ ਹੱਟ ਜਾਂਦਾ ਹੈ, ਮਾਇਆ ਮੋਹ ਵਿੱਚ ਡੋਲਣਾ ਹੱਟ ਜਾਂਦਾ ਹੈ ਕਿਉਂਕਿ ਇਸ ਤੋਂ ਬਾਅਦ ਮਨੁੱਖ ਨੂੰ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸਿੱਧਾ ਗਿਆਨ ਮਿਲਣਾ ਸ਼ੁਰੂ ਹੋ ਜਾਂਦਾ ਹੈ, ਗੁਰਮਤਿ ਰੂਪ ਸੱਚਾ ਗਿਆਨ ਮਿਲਣਾ ਸ਼ੁਰੂ ਹੋ ਜਾਂਦਾ ਹੈ, ਸ਼ਬਦਾਂ ਦੀ ਵਿਚਾਰ ਮਿਲਣੀ ਸ਼ੁਰੂ ਹੋ ਜਾਂਦੀ ਹੈ ਜਿਸ ਦੁਆਰਾ ਆਪਣੀ ਭਗਤੀ ਦੀ, ਨਾਮ ਜਪਣ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ ਭਗਤਾਂ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਹਨਾਂ ਦੇ ਸਰੀਰ ਰਾਹੀਂ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਈ ਹੈ। ਇਹ ਹੀ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨਾ ਹੈ ਅਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਨਾਲ ਗੱਲਾਂ ਹੁੰਦੀਆਂ ਹਨ। ਇਸ ਗੱਲ ਦਾ ਯਕੀਨ ਉਸਨੂੰ ਹੀ ਆ ਸਕਦਾ ਹੈ ਜਿਸ ਤੇ ਪ੍ਰਮਾਤਮਾ ਦੀ ਇਹ ਕ੍ਰਿਪਾ ਹੋ ਜਾਵੇ।

{ਮਨ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮੰਨੁ ਸਮਾਇਆ ॥}

(ਅੰਗ 1259)

"**ਸਾਚੇ ਹੀ ਸਚੁ ਸਾਚਿ ਪਤੀਜੈ ਵਿਚਹੁ ਆਪੁ ਗਵਾਇਆ॥**" ਇਸ ਤੋਂ ਭਾਵ ਹੈ ਕਿ ਮਨੁੱਖ ਦੇ ਅੰਦਰ ਸੱਚ ਪ੍ਰਮਾਤਮਾ ਆਪ ਹੀ ਵੱਸਾ ਸਕਦਾ ਹੈ ਤੇ ਉਹ ਕੇਵਲ ਮਨੁੱਖ ਦੀ ਸੱਚੀ ਬਿਰਤੀ ਦੁਆਰਾ ਹੀ ਪ੍ਰਸੰਨ ਹੁੰਦਾ ਹੈ, ਮਨੁੱਖ ਦੇ ਸੱਚੇ ਕਰਮਾਂ ਦੁਆਰਾ ਪ੍ਰਸੰਨ ਹੁੰਦਾ ਹੈ। "ਸੱਚੁ" ਹੀ ਆਪ ਪ੍ਰਮਾਤਮਾ ਹੈ ਤੇ "ਸੱਚੁ" ਹੀ "ਨਾਮ" ਹੈ ਅਤੇ ਇਸਦੇ ਨਾਲ ਹੀ ਮਨੁੱਖ ਦਾ ਆਪਾ (ਹਉਮੈ) ਮਿਟਦਾ ਹੈ ਤੇ ਮਨਮਤਿ ਮਿਟ ਜਾਂਦੀ ਹੈ, ਉਸ ਨਾਲ ਮੇਲ ਹੋ ਜਾਂਦਾ ਹੈ। ਸਾਡੇ ਅੰਦਰ ਨਾਮ ਦੇ ਵੱਸਣ ਨਾਲ ਹੀ ਸਾਡੀ ਹਉਮੈ ਖਤਮ ਹੁੰਦੀ ਹੈ। ਜਦੋਂ ਮਨੁੱਖ ਨੂੰ ਮਨ ਦੇ ਵਿੱਚੋਂ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਮੇਰੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ, ਮਨੁੱਖੀ ਹੋਂਦ ਸਮਝਣਾ ਝੂਠ ਹੈ, ਇਹੀ ਸਾਡੇ ਅੰਦਰੋਂ ਹਉਮੈ ਦਾ ਖਤਮ ਹੋਣਾ ਹੈ, ਆਪਾ ਖਤਮ ਹੋਣਾ ਹੈ। ਨਾਮ ਤੇ ਹਉਮੈ ਕਦੇ ਇਕੱਠੇ ਨਹੀਂ ਵੱਸ ਸਕਦੇ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥} (ਅੰਗ 560)

ਮਨ ਦੇ ਅੰਦਰ ਸੋਝੀ ਪੈਣ ਨਾਲ ਹੀ ਇਹ ਸਮਝ ਲੱਗਦੀ ਹੈ ਕਿ ਮਨੁੱਖ ਦੀ ਅਸਲ ਵਿੱਚ ਆਪਣੀ ਕੋਈ ਹੋਂਦ ਨਹੀਂ ਹੈ, ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਾਰਾ ਗਿਆਨ ਦੇਣ ਵਾਲਾ ਉਹ ਆਪ ਹੀ ਹੈ।

"ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ॥"

ਏਕੋ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ॥

ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ॥੫॥

(ਅੰਗ ੧੨੫੯)

ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਮਨ ਦੇ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਵੱਸਦਾ ਹੈ ਅਤੇ ਹੋਰ ਕੋਈ ਨਹੀਂ ਭਾਵ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਤੇ ਉਹ ਪ੍ਰਮਾਤਮਾ ਦਾ ਹੀ ਸਰਗੁਣ ਸਰੂਪ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੀ ਪਹਿਚਾਣ ਹੋਣ ਤੋਂ ਬਾਅਦ ਹੀ ਇਹ ਵਿਸ਼ਵਾਸ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਹਰ ਸਰਗੁਣ ਸਰੂਪ ਵਿੱਚ ਉਹ ਆਪ ਹੀ ਹੈ, ਸਾਰਾ ਜਗ ਉਸਦਾ ਆਪਣਾ ਹੀ ਰੂਪ ਹੈ। "ਇੱਕੋ ਨਾਮੁ" ਭਾਵ ਪ੍ਰਮਾਤਮਾ ਸਭ ਜਗ੍ਹਾ ਵਰਤ ਰਿਹਾ ਹੈ ਕੇਵਲ ਇੱਕ ਉਸਦੀ ਹੋਂਦ ਹੀ ਸੱਚੀ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਭਾਵ ਆਪ ਹੀ ਮਨੁੱਖ ਦੇ ਅੰਦਰ ਪ੍ਰਗਟ ਹੁੰਦਾ ਹੈ। ਜਿਸਨੂੰ ਵੀ ਪ੍ਰਮਾਤਮਾ ਨਾਮ ਦਿੰਦਾ ਹੈ, ਆਪਣੇ ਦਰ ਤੋਂ ਹੀ ਦਿੰਦਾ ਹੈ, ਧੁਰੋਂ ਹੀ ਦਿੰਦਾ ਹੈ ਭਾਵ ਕੋਈ ਮਨੁੱਖ ਕਿਸੇ ਮਨੁੱਖ ਨੂੰ ਨਾਮ ਨਹੀਂ ਦੇ ਸਕਦਾ। ਧੁਰ ਕੀ ਹੈ, ਕਿੱਥੇ ਹੈ? ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਇਹ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਆਪਣੇ ਨਾਲ ਉਹ ਆਪ ਹੀ ਮਿਲਾ ਸਕਦਾ ਹੈ। ਕੋਈ ਮਨੁੱਖ ਕਿਸੇ ਨੂੰ ਪ੍ਰਮਾਤਮਾ ਨਾਲ ਕਿਵੇਂ ਮਿਲਾ ਸਕਦਾ ਹੈ, ਨਾਮ ਕਿਵੇਂ ਦੇ ਸਕਦਾ ਹੈ। ਉਸਦਾ ਨਾਮ ਬ੍ਰਹਮ ਗਿਆਨ ਹੈ, ਤੇ ਬ੍ਰਹਮ ਗਿਆਨ ਕੇਵਲ ਉਸ ਬ੍ਰਹਮ ਗਿਆਨੀ ਕੋਲੋਂ ਹੀ ਮਿਲ ਸਕਦਾ ਹੈ ਜੋ ਬ੍ਰਹਮ ਗਿਆਨ ਦਾ ਮਾਲਕ ਹੈ। ਆਪਣੇ ਇਸ ਬ੍ਰਹਮ ਗਿਆਨ ਦੁਆਰਾ, ਨਾਮ ਦੁਆਰਾ, ਅੰਮ੍ਰਿਤ ਦੁਆਰਾ ਹੀ ਉਹ ਸਭ ਜਗ੍ਹਾ ਸਮਾਇਆ ਹੋਇਆ ਹੈ। ਆਪਣੇ ਬ੍ਰਹਮ ਗਿਆਨ ਦੁਆਰਾ ਹੀ ਪ੍ਰਮਾਤਮਾ "ਸੱਚੁ" ਹੈ। ਜਿਸਨੂੰ ਪ੍ਰਮਾਤਮਾ ਨਿਰਮਲ ਬਣਾਉਂਦਾ ਹੈ ਆਪਣਾ ਨਾਮ ਬਖਸ਼ ਕੇ ਹੀ ਬਣਾਉਂਦਾ ਹੈ।

"ਜਿਸ ਨੋ ਨਾਮੁ ਦੇਇ ਸੋ ਪਾਏ॥

ਗੁਰ ਕੈ ਸਬਦਿ ਹਰਿ ਮੰਨਿ ਵਸਾਏ॥

ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ

ਨਾਮੋ ਨਾਮੁ ਧਿਆਇਦਾ॥੧੭॥

ਨਾਵੈ ਨੋ ਲੋਚੈ ਜੇਤੀ ਸਭ ਆਈ॥

ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ॥

ਜਿਨੀ ਨਾਉ ਪਾਇਆ ਸੇ ਵਡਭਾਗੀ

ਗੁਰ ਕੈ ਸਬਦਿ ਮਿਲਾਇਦਾ॥੧੩॥
ਕਾਇਆ ਕੋਟੁ ਅਤਿ ਅਪਾਰਾ॥
ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ॥
ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ॥੧੪॥
ਅੰਤਰ ਘਰ ਬੰਕੇ ਥਾਨੁ ਸੁਹਾਇਆ॥
ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ॥
ਇਤੁ ਸਾਥਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ॥੧੫॥
ਮੇਰੈ ਕਰਤੈ ਇਕ ਬਣਤ ਬਣਾਈ॥ਇਸੁ ਦੇਹੀ ਵਿਚਿ ਸਭ ਵਥੁ ਪਾਈ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ॥੧੬॥"

(ਅੰਗ ੧੦੬੪)

ਇਸ ਸ਼ਬਦ ਦੀ ਜੇ ਧਿਆਨ ਨਾਲ ਵਿਚਾਰ ਕਰੀਏ ਤਾਂ ਨਾਮ ਬਾਰੇ ਬਹੁਤ ਸਾਰੇ ਭੁਲੇਖੇ ਉੱਤਰ ਜਾਣਗੇ, ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ। ਨਾਮ ਉਸਨੂੰ ਹੀ ਮਿਲਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਦਿੰਦਾ ਹੈ। ਪ੍ਰਮਾਤਮਾ ਦਾ ਨਾਮ ਪ੍ਰਮਾਤਮਾ ਕੋਲੋਂ ਹੀ ਮਿਲ ਸਕਦਾ ਹੈ, ਹੋਰ ਕੋਈ ਉਸਦਾ ਨਾਮ ਕਿਵੇਂ ਦੇ ਸਕਦਾ ਹੈ। ਉਸਦਾ ਨਾਮ ਮਿਲਣਾ ਤਾਂ ਉਸਦੇ ਨਾਲ ਮੇਲ ਹੈ ਜੋ ਉਸਦੀ ਆਪਣੀ ਰਜ਼ਾ, ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ। ਨਾਮ ਸਾਡੇ ਅੰਦਰ ਹੀ ਵਰਤ ਰਿਹਾ ਹੈ ਤੇ ਅੰਦਰੋਂ ਹੀ ਉਸਨੇ ਪ੍ਰਗਟ ਹੋਣਾ ਹੈ ਤੇ ਤਾਂ ਹੀ ਉਸਦੀ ਸੋਝੀ ਪੈਣੀ ਹੈ। ਆਪਣਾ ਨਾਮ ਉਹ ਸਾਡੇ ਅੰਦਰ, ਮਨ ਦੇ ਅੰਦਰ ਆਪਣੇ ਸ਼ਬਦ ਦੁਆਰਾ ਭਾਵ ਆਪਣੇ ਸੱਚੇ ਗਿਆਨ ਦੁਆਰਾ ਹੀ ਵਸਾਉਂਦਾ ਹੈ। ਉਹ ਸਾਡੇ ਅੰਦਰ ਗਿਆਨ ਦੁਆਰਾ ਹੀ ਪ੍ਰਗਟ ਹੁੰਦਾ ਹੈ, ਜਿਸ ਦੁਆਰਾ ਸਾਨੂੰ ਉਹ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ, ਦੁਚਿੱਤੀ ਵਿੱਚੋਂ, ਦੁਬਿਧਾ ਵਿੱਚੋਂ, ਭਰਮਾਂ ਵਿੱਚੋਂ ਕੱਢਦਾ ਹੈ।

(ਜਿਸ ਨੋ ਨਾਮੁ ਦੇਇ ਸੋ ਪਾਏ॥ ਗੁਰ ਕੈ ਸਬਦਿ ਹਰਿ ਮੰਨਿ ਵਸਾਏ॥)
"ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ॥੧੨॥"

ਸ਼ਬਦ ਦੀ ਹਰ ਪੰਗਤੀ ਦੂਸਰੀ ਪੰਗਤੀ ਨਾਲ ਜੁੜੀ ਹੁੰਦੀ ਹੈ ਤੇ ਸ਼ਬਦ ਦੇ ਭਾਵ ਨੂੰ ਸਪੱਸ਼ਟ ਕਰਦੀ ਜਾਂਦੀ ਹੈ। ਇਸ ਪੰਗਤੀ ਰਾਹੀਂ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਦੀ ਅਵੱਸਥਾ ਸਮਝਾਈ ਹੋਈ ਹੈ। **"ਨਾਮੋ ਨਾਮੁ ਧਿਆਇਦਾ"** ਤੋਂ ਭਾਵ ਹੈ ਕਿ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਜੋ ਸਿੱਧਾ ਗਿਆਨ ਮਿਲਦਾ ਹੈ, ਨਾਮ ਦੇ ਮਾਲਕ ਪ੍ਰਮਾਤਮਾ ਕੋਲੋਂ ਜੋ ਗਿਆਨ ਮਿਲਦਾ ਹੈ, ਜੋ ਸੱਚੀ ਮਤਿ ਮਿਲਦੀ ਹੈ, ਉਸ ਸਮਝ, ਸੱਚੀ ਮਤਿ, ਸੱਚੀ ਗੁਰਮਤਿ ਨੂੰ ਉਹ ਆਪਣੇ ਅੰਦਰ ਵਸਾਉਂਦਾ ਹੈ ਤੇ ਮਨੁੱਖ ਉਸ ਗਿਆਨ, ਉਪਦੇਸ਼ ਉੱਪਰ ਹੀ ਚੱਲਦਾ ਹੈ। ਜਦੋਂ ਸਾਡੇ ਅੰਦਰ ਨਾਮ ਵੱਸ ਜਾਂਦਾ ਹੈ ਭਾਵ ਜਦੋਂ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ, ਮਨ ਦੇ ਵਿੱਚ ਉਹ ਆਪਣਾ ਗਿਆਨ ਹੀ ਦਿੰਦਾ ਹੈ ਜੋ ਕਿ ਉਸਦੇ ਪ੍ਰਗਟ ਹੋਣ ਦਾ ਮਕਸਦ ਹੈ। ''ਨਾਮੋ'' ਤੋਂ ਭਾਵ ਹੈ ਨਾਮ ਦੁਆਰਾ ਭਾਵ ਪ੍ਰਮਾਤਮਾ ਦੇ ਆਪਣੇ ਦੁਆਰਾ ਭਾਵ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਸੱਚੀ ਸੋਝੀ ਪਾਉਂਦਾ ਹੈ, ਆਪਣੀ ਗੁਰਮਤਿ ਸਮਝਾਉਂਦਾ ਹੈ, ਆਪਣਾ ਨਾਮ ਸਮਝਾਉਂਦਾ ਹੈ ਤੇ ਤਾਂ ਹੀ ਕੋਈ ਉਸਦਾ ਨਾਮ ਧਿਆਉਂਦਾ ਹੈ। ਆਪਣੀ ਸਿੱਖਿਆ ਦੇ ਕੇ ਉਹ ਆਪ ਹੀ ਮਨ ਦੇ ਵਿੱਚ ਉਸ ਸਿੱਖਿਆ ਤੇ ਅਡੋਲ ਰੱਖਦਾ ਹੈ ਭਾਵ ਆਪਣੇ ਨਾਮ ਤੇ ਆਪ ਹੀ ਦ੍ਰਿੜ ਰੱਖਦਾ ਹੈ, ਆਪਣਾ ਨਾਮ ਆਪ ਹੀ ਜਪਾਉਂਦਾ ਹੈ। ਗੁਰਬਾਣੀ ਦਾ ਗਿਆਨ ਦੇਣ ਵਾਲਾ ਪ੍ਰਮਾਤਮਾ ਹੀ ਸਾਡੇ ਅੰਦਰ ਦਾ ਗਿਆਨ ਦਿੰਦਾ ਹੈ, ਉਹ ਗਿਆਨ ਰੂਪ ਵਿੱਚ ਹੀ ਵਰਤਦਾ ਹੈ। ਜਿਸਦੀ ਬਾਣੀ ਹੈ, ਉਹ ਹੀ ਸਾਡੇ ਅੰਦਰ ਆਪ ਹੈ। ''ਨਾਮ'' ਗੁਰੂ ਦਾ ਗਿਆਨ ਹੈ, ਆਪ ਪ੍ਰਮਾਤਮਾ ਹੈ ਤੇ ਉਹ ਆਪ ਹੀ ਅੰਦਰ ਵਰਤ ਰਿਹਾ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪ ਹੀ ਨਾਮ ਦੇ ਰੂਪ ਵਿੱਚ, ਸ਼ਬਦ ਦੇ ਰੂਪ ਵਿੱਚ ਹੈ।

"ਕਾਇਆ ਕੋਟੁ ਅਤਿ ਅਪਾਰਾ॥
ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ॥

ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ॥੧੪॥"

ਉਪਰਲੀਆਂ ਪੰਗਤੀਆਂ ਰਾਹੀਂ ਇਹ ਹੀ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਸਾਡੇ ਸਰੀਰ ਵਿੱਚ ਹੀ ਵੱਸਦਾ ਹੈ ਅਤੇ ਉਸਦੇ ਵਿੱਚ ਹੀ ਮਨੁੱਖ ਦੀ ਸਾਰੀ ਕਰਣੀ ਤੇ ਪ੍ਰਮਾਤਮਾ ਵਿਚਾਰ ਕਰਦਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਤੇ ਮਨ ਦੇ ਵਿੱਚ ਹੀ ਹੈ। ਜਿਸਨੇ ਸੱਚਾ ਵਾਪਾਰ ਕੀਤਾ ਹੈ ਭਾਵ ਜਿਸਨੇ ਆਪਣੇ ਅੰਦਰ ਗੁਣਾਂ ਦਾ ਭੰਡਾਰ ਇਕੱਠਾ ਕੀਤਾ ਹੈ ਉਸਦੇ ਅਨੁਸਾਰ ਹੀ ਪ੍ਰਮਾਤਮਾ ਸੱਚਾ ਨਿਆਂ ਕਰਦਾ ਹੈ ਤੇ ਜਿਹੜਾ ਮਨੁੱਖ ਉਸਦੀ ਸੱਚ ਦੀ ਕਸਵੱਟੀ ਤੇ ਪੂਰਾ ਉਤਰਦਾ ਹੈ ਉਹ ਆਪਣੇ ਅੰਦਰ ਪ੍ਰਮਾਤਮਾ ਦਾ ਵਾਸਾ ਪਾਉਂਦਾ ਹੈ ਭਾਵ ਉੱਥੇ ਪ੍ਰਮਾਤਮਾ ਪ੍ਰਗਟ ਹੁੰਦਾ ਹੈ, ਆਪਣੀ ਕਸਵੱਟੀ ਤੇ ਕਿਸੇ ਨੂੰ ਉਹ ਆਪ ਹੀ ਪੂਰਾ ਉਤਾਰਦਾ ਹੈ ਤੇ ਆਪਣੇ ਆਪ ਕੋਈ ਪੂਰਾ ਨਹੀਂ ਉੱਤਰ ਸਕਦਾ। ਇਹ ਗੱਲ ਸਦਾ ਹੀ ਧਿਆਨ ਵਿੱਚ ਰੱਖਣੀ ਹੈ। ਅਸੀਂ ਕੇਵਲ ਉਪਰਾਲਾ ਹੀ ਕਰ ਸਕਦੇ ਹਾਂ। ਪ੍ਰਮਾਤਮਾ ਦਾ ਨਿਹਚਲੁ ਰੂਪ ਉਸਦਾ ਸਾਡੇ ਅੰਦਰ ਦੀ ਨਿਹਚਲੁ ਮਤਿ ਹੈ ਜੋ ਮਤਿ ਮਾਇਆ ਮੋਹ ਵਿੱਚ ਨਹੀਂ ਡੋਲਦੀ ਭਾਵ ਸੱਚੀ ਮਤਿ ਜੋ ਗੁਰਮਤਿ ਤੇ ਪੂਰੀ ਉਤਰਦੀ ਹੈ। ਇਹ ਗੁਰਮਤਿ ਦੀ ਸੱਚੀ ਸਮਝ ਵਾਲੀ ਮਤਿ ਹੈ, ਨਾਮ ਵਾਲੀ ਮਤਿ ਹੈ।

{ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥} (ਅੰਗ 765)

ਜਿਵੇਂ ਕਿ ਵਾਰ-ਵਾਰ ਸਮਝਾਇਆ ਹੈ ਨਾਮ ਨੂੰ ਕੋਈ ਵਿਰਲਾ ਹੀ ਵਡਭਾਗੀ ਪਾ ਸਕਦਾ ਹੈ। ਨਾਮ ਪਾਉਣਾ ਪ੍ਰਮਾਤਮਾ ਨੂੰ ਪਾਉਣਾ ਹੈ ਤੇ ਉਸਨੂੰ ਕੇਵਲ ਉਸਦੀ ਆਪਣੀ ਕਿਰਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਦਾ ਉਹ ਕਿਹੜਾ ਸਥਾਨ ਹੈ, ਘਰ ਹੈ, ਜਿੱਥੇ ਉਸਨੂੰ ਪਾ ਸਕੀਦਾ ਹੈ, ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅੰਤਰ ਘਰ ਬੰਕੇ ਥਾਨੁ ਸੁਹਾਇਆ॥

ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ॥

ਇਤੁ ਸਾਥਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ॥੧੫॥"

ਪ੍ਰਮਾਤਮਾ ਦਾ ਸਾਡੇ ਅੰਦਰ ਉਸਦਾ ਘਰ, ਉਸਦਾ ਬੰਕ ਦੁਆਰ, ਉਸਦੇ ਰਹਿਣ ਦਾ ਅਸਥਾਨ ਸਾਡਾ ਮਨ ਹੀ ਹੈ ਤੇ ਇਹ ਅਸਥਾਨ, ਇਹ ਮਨ ਤਾਂ ਹੀ ਸੁਹਾਉਂਦਾ ਹੈ, ਚੰਗਾ ਲੱਗਦਾ ਹੈ, ਕੀਮਤੀ ਬਣਦਾ ਹੈ ਜਦੋਂ ਇਸ ਮਨ ਦੀ ਸੋਝੀ ਪੈ ਜਾਂਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੀ ਹੈ ਤੇ ਉਸ ਤੋਂ ਸੋਹਣਾ ਹੋਰ ਕੌਣ ਹੋ ਸਕਦਾ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦਾ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਰੂਪ ਘਰ ਹੈ। ਕੋਈ ਵਿਰਲਾ ਹੀ ਇਸ ਅਸਥਾਨ ਦੀ ਪ੍ਰਾਪਤੀ ਕਰਦਾ ਹੈ ਭਾਵ ਮਨ ਨੂੰ ਜਾਣ ਸਕਦਾ ਹੈ ਕਿ ਇਹ ਕੀ ਹੈ। ਇਸ ਮਨ ਨੂੰ ਜਾਣਨਾ ਹੀ ਗੁਰਮੁਖਿ ਵਾਲੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ। ਇਸ ਅਵੱਸਥਾ ਵਿੱਚ ਗੁਰੂ ਪ੍ਰਮਾਤਮਾ ਆਪ ਵਿਚਰਦਾ ਹੈ। ਮਨ ਦੀ ਇਹ ਅਵੱਸਥਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ, ਉਸਦੇ ਗਿਆਨ ਵਿੱਚ ਰਲਣਾ ਹੈ, ਉਸਦੀ ਸੋਝੀ ਵਿੱਚ ਰਲਣਾ ਹੈ, ਉਸਦੇ ਵਿਚਾਰਾਂ ਨਾਲ ਸਾਂਝ ਪਾਉਣੀ ਹੈ। ਮਨ ਦੇ ਵਿੱਚ ਉਸਦੇ ਕੋਲੋਂ ਉਸਦੇ ਸੱਚੇ ਵਿਚਾਰ ਹੀ ਮਿਲਦੇ ਹਨ, ਗੁਰੂ ਪ੍ਰਮਾਤਮਾ ਕੋਲੋਂ ਉਸਦੀ ਸੱਚੀ ਮਤਿ ਹੀ ਮਿਲਦੀ ਹੈ, ਗੁਰਮਤਿ ਦੀ ਸਮਝ ਵਾਲਾ ਸੱਚਾ ਗਿਆਨ ਹੀ ਮਿਲਦਾ ਹੈ, ਉਸਦਾ ਨਾਮ ਹੀ ਮਿਲਦਾ ਹੈ।

ਇਸ ਅਵੱਸਥਾ ਦੁਆਰਾ ਭਾਵ ਮਨ ਵਿੱਚ ਸੱਚੇ ਗਿਆਨ ਦੀ ਸੋਝੀ ਦੁਆਰਾ ਸਾਡਾ ਪ੍ਰਮਾਤਮਾ ਨਾਲ ਸਾਥ ਬਣਦਾ ਹੈ ਤੇ ਨਿਭਦਾ ਹੈ ਤੇ ਇਹੋ ਜਿਹੀ ਮਤਿ ਦੁਆਰਾ ਅਸੀਂ ਪ੍ਰਮਾਤਮਾ ਦੀ ਸਿਫਤ ਸਾਲਾਹ ਕਰ ਸਕਦੇ ਹਾਂ ਜੋ ਕਿ ਉਹ ਆਪ ਹੀ ਕਰਵਾਉਂਦਾ ਹੈ, ਆਪਣਾ ਨਾਮ ਦੇ ਕੇ ਆਪ ਹੀ ਜਪਵਾਉਂਦਾ ਹੈ, ਆਪਣੀ ਸੱਚੀ ਸਿੱਖਿਆ ਦੇ ਕੇ ਆਪ ਹੀ ਉਸ ਤੇ ਚਲਾਉਂਦਾ ਹੈ, ਦ੍ਰਿੜ ਕਰਕੇ ਚਲਾਉਂਦਾ ਹੈ। ਅਸੀਂ ਸੱਚੇ ਉਸਦੇ ਬਣਾਉਣ ਦੁਆਰਾ ਹੀ ਹੋ ਸਕਦੇ ਹਾਂ। ਕਿਉਂਕਿ ਉਹ ਆਪ ਸੱਚਾ ਹੈ ਇਸ ਲਈ ਉਹ ਸਾਡੇ ਅੰਦਰ ਆਪਣੇ ਨਾਮ ਦੁਆਰਾ ਹੀ ਸੱਚ ਵਸਾਉਂਦਾ ਹੈ, ਸਾਡੀ ਬਿਰਤੀ ਨੂੰ ਸੱਚੀ ਬਣਾਉਂਦਾ ਹੈ, ਸਾਡੇ ਵਿਚਾਰਾਂ ਨੂੰ ਸੱਚੇ ਬਣਾ ਦਿੰਦਾ ਹੈ। ਸਾਡੇ ਅੰਦਰ "ਸੱਚ" ਸੱਚੀ ਸੋਝੀ ਦੁਆਰਾ ਹੀ ਵੱਸਦਾ ਹੈ। ਮਾੜੀ ਸੋਝੀ ਨਾਲ ਸਾਡੇ ਵਿਚਾਰ ਮਾੜੇ ਹਨ ਤੇ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਜੇਕਰ ਸਾਡੇ ਅੰਦਰ ਸੱਚੀ ਸੋਝੀ ਵੱਸ ਜਾਵੇ ਤਾਂ ਫਿਰ ਅਸੀਂ ਸੱਚ ਦੁਆਰਾ ਹੀ ਵਿਚਰਦੇ ਹਾਂ, ਸੱਚੇ ਸੁੱਚੇ ਕਰਮ ਹੀ ਕਰਦੇ ਹਾਂ। ਮਨ ਦੇ ਵਿੱਚ ਸੱਚੀ ਸੋਝੀ ਨਾਲ ਸਾਡੀ ਮਨਮਤਿ ਗੁਰਮਤਿ ਵਿੱਚ ਬਦਲ ਜਾਂਦੀ ਹੈ ਜੋ ਕਿ ਉਹ ਆਪ ਹੀ ਬਦਲਦਾ ਹੈ। ਗੁਰਮਤਿ ਦੇ ਨਾਲ ਸੰਗ ਹੋਣ ਨਾਲ ਹੀ ਸਾਡਾ ਨਾਮ ਦੇ ਨਾਲ, ਸੰਗ ਬਣਦਾ ਹੈ, ਸਾਥ ਬਣਦਾ ਹੈ ਤੇ ਗੁਰਮਤਿ ਦੁਆਰਾ ਵਿਚਰਦੇ ਹੋਏ, ਸੱਚ ਦੁਆਰਾ ਵਿਚਰਦੇ ਹੋਏ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਸਾਥ ਨਿਭਦਾ ਹੈ। **(ਇਤੁ**

ਸਾਧਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ॥੧੫॥) ਮਨ ਦੀ ਸੱਚੀ ਸੋਝੀ ਦੁਆਰਾ ਹੀ ਨਾਮ ਦੀ ਵਣਜ ਹੁੰਦੀ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮੇਰੈ ਕਰਤੈ ਇਕ ਬਣਤ ਬਣਾਈ॥
ਇਸੁ ਦੇਹੀ ਵਿਚਿ ਸਭ ਵਥੁ ਪਾਈ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ॥੧੬॥੬॥੨੦॥"

ਜਿਸ ਵੱਥ ਦੀ ਅਸੀਂ ਵਣਜ ਕਰਨ ਲਈ ਆਏ ਹਾਂ, ਜਿਸਦੀ ਵਣਜ ਕਰਨਾ ਸਾਡੀ ਜ਼ਿੰਦਗੀ ਦਾ ਮਨੋਰਥ ਹੈ, ਉਹ ਵੱਥ ਸਾਡੇ ਅੰਦਰ ਹੀ ਹੈ ਭਾਵ ਅਸੀਂ "ਨਾਮੁ" ਦੀ ਵਣਜ ਕਰਨੀ ਹੈ, ਉਸ ਵੱਥ ਦੀ ਪ੍ਰਾਪਤੀ ਕਰਨੀ ਹੈ, ਨਾਮ ਵੱਥ ਦੀ ਪ੍ਰਾਪਤੀ ਕਰਨੀ ਹੈ। ਇਹ "ਨਾਮ ਵੱਥ" ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਹੀ ਹੈ। ਇਹ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਜੁਗਤਿ ਹੈ ਜਿਸ ਦੁਆਰਾ ਉਹ ਸਾਡੇ ਅੰਦਰ ਹੁੰਦੇ ਹੋਏ ਵੀ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਣ ਦਿੰਦਾ। ਇਸ ਨਾਮ ਦੀ ਵੱਥ ਨੂੰ ਭਾਵ ਉਸਦੇ ਸੱਚੇ ਗਿਆਨ ਦੀ ਵੱਥ ਨੂੰ ਕੋਈ ਵਿਰਲਾ ਹੀ ਪਾ ਸਕਦਾ ਹੈ, ਨਾਮ ਕੋਈ ਵਿਰਲਾ ਹੀ ਪਾ ਸਕਦਾ ਹੈ, ਪ੍ਰਮਾਤਮਾ ਨੂੰ ਕੋਈ ਵਿਰਲਾ ਹੀ ਜਾਣ ਸਕਦਾ ਹੈ ਕਿ ਉਹ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਜਿਨ੍ਹਾਂ ਨੂੰ ਉਹ ਆਪਣੇ ਰੰਗ ਵਿੱਚ ਰੰਗਦਾ ਹੈ, ਉਹ ਹੀ ਇਸ ਵੱਥ ਦੀ ਵਣਜ ਕਰ ਸਕਦੇ ਹਨ। ਉਸਦਾ ਰੰਗ ਉਸਦਾ ਸੱਚਾ ਗਿਆਨ ਹੈ, ਗੁਰਮਤਿ ਦੀ ਸੋਝੀ ਹੈ ਜੋ ਉਹ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ। ਗੁਰਮਤਿ ਨਾਲ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਰੰਗੇ ਜਾਣਾ ਨਾਮ ਦੇ ਨਾਲ ਰੰਗੇ ਜਾਣਾ ਹੈ। **(ਮੇਰੈ ਕਰਤੈ ਇਕ ਬਣਤ ਬਣਾਈ॥ ਇਸੁ ਦੇਹੀ ਵਿਚਿ ਸਭ ਵਥੁ ਪਾਈ॥ ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ॥੧੬॥੬॥੨੦॥)**

ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਅੱਗੇ ਚੱਲ ਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਜਾਵਾਂਗੇ ਤੇ ਸਾਡਾ ਵਿਸ਼ਵਾਸ ਆਪੇ ਹੀ ਵੱਧਦਾ ਜਾਵੇਗਾ। ਗੁਰਬਾਣੀ ਦੀ ਦੱਸੀ ਹੋਈ ਗੱਲ ਕਦੇ ਬਦਲ ਨਹੀਂ ਸਕਦੀ ਭਾਵੇਂ ਉਸ ਗੱਲ ਨੂੰ ਜਿਹੜੇ ਮਰਜ਼ੀ ਸ਼ਬਦ ਦੁਆਰਾ ਸਮਝ ਲਈਏ। ਬਾਣੀ ਇੱਕ ਪ੍ਰਿੰਸੀਪਲ ਭਾਵ ਸਿਧਾਂਤ ਦੇ ਨਾਲ ਜੁੜੀ ਹੋਈ ਹੈ ਜੋ ਕਿ ਕਦੇ ਬਦਲ ਨਹੀਂ ਸਕਦਾ। ਗੁਰਬਾਣੀ ਆਪਣੀ ਕਸਵੱਟੀ ਆਪ ਹੈ ਜਿਸ ਵਿੱਚ ਇੱਕ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਪੱਸ਼ਟ ਕੀਤਾ ਹੁੰਦਾ ਹੈ। ਝੂਠਾ ਅਰਥ, ਗਲਤ ਅਰਥ ਗੁਰਬਾਣੀ ਦੀ ਕਸਵੱਟੀ ਤੇ ਟਿਕ ਹੀ ਨਹੀਂ ਸਕਦਾ, ਗੁਰਬਾਣੀ ਉਸਨੂੰ ਆਪ ਹੀ ਫੜ ਲੈਂਦੀ ਹੈ, ਨਕਾਰ ਦਿੰਦੀ ਹੈ। ਸੱਚੇ ਅਰਥ ਹਰ ਸ਼ਬਦ ਵਿੱਚ ਆਪ ਹੀ ਖਰੇ ਉਤਰਦੇ ਜਾਣਗੇ। ਇਸ ਗੱਲ ਨੂੰ ਪੂਰੇ ਲੇਖ ਵਿੱਚ ਅਜ਼ਮਾ ਕੇ ਜ਼ਰੂਰ ਦੇਖੋ ਤੇ ਤਾਂ ਹੀ ਤੁਹਾਡਾ ਵਿਸ਼ਵਾਸ ਇਨ੍ਹਾਂ ਅਰਥਾਂ ਤੇ ਟਿਕੇਗਾ। ਕੇਵਲ ਇਹ ਵਿਸ਼ਵਾਸ ਮਨ ਵਿੱਚ ਜਰੂਰ ਰੱਖੋ ਕਿ ਗੁਰੂ ਜੋ ਕਹਿੰਦਾ ਹੈ ਉਹੀ ਸੱਚ ਹੈ ਤੇ ਗੁਰੂ ਨਾਲੋਂ ਸਿਆਣਾ ਹੋਰ ਕੋਈ ਨਹੀਂ ਹੈ।

"ਗੁਰੁ ਮੇਲਿ ਮਿਲਾਵੈ ਕਰੇ ਦਾਤਿ॥
ਗੁਰਸਿਖ ਪਿਆਰੇ ਦਿਨਸੁ ਰਾਤਿ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ॥
ਕਹੁ ਨਾਨਕ ਪਾਵਹਿ ਵਿਰਲੇ ਕੇਇ॥"

(ਅੰਗ ੧੧੭੦)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਨਾਮ ਮਿਲਣਾ ਪ੍ਰਮਾਤਮਾ ਦਾ "ਫਲ" ਹੈ ਜੋ ਕਿ ਪ੍ਰਮਾਤਮਾ ਆਪ ਹੀ ਪ੍ਰਸੰਨ ਹੋ ਕੇ ਕਿਸੇ ਵਿਰਲੇ ਨੂੰ ਦਿੰਦਾ ਹੈ। ਇਹ ਫਲ ਪ੍ਰਮਾਤਮਾ ਦੇ ਨਾਲ ਮੇਲ ਹੈ। ਇਸੇ ਮੇਲ ਦੁਆਰਾ ਉਹ ਦਿਨ ਰਾਤ, ਅੱਠੇ ਪਹਿਰ ਗੁਰੂ ਦੇ ਹੁਕਮ ਵਿੱਚ ਰਹਿੰਦੇ ਹਨ ਭਾਵ ਗੁਰੂ ਦੀ ਸਿੱਖਿਆ ਤੇ ਚੱਲਦੇ ਹਨ ਭਾਵ ਉਹ ਗੁਰਸਿੱਖ ਬਣ ਕੇ ਗੁਰੂ ਦੇ ਪਿਆਰੇ ਹੋ ਜਾਂਦੇ ਹਨ। ਜੇਕਰ ਗੁਰੂ ਦੀ ਮਤਿ ਨਾਲ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਦੇ ਨਾਲ ਮੇਲ ਹੋ ਜਾਵੇ, ਤਾਂ ਹੀ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ। ਗੁਰੂ ਦੀ ਮਤਿ ਬ੍ਰਹਮ ਗਿਆਨ ਹੈ ਤੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਗੁਰੂ ਦੀ ਮਤਿ ਅਨੁਸਾਰ ਉਹ ਕਿਸੇ ਵਿਰਲੇ ਨੂੰ ਹੀ ਚਲਾਉਂਦਾ ਹੈ। ਸਾਡੇ ਲਈ ਇਸ ਗੱਲ ਤੇ ਵਿਸ਼ਵਾਸ ਕਰਨਾ ਜਰੂਰੀ ਹੈ ਕਿ ਪ੍ਰਮਾਤਮਾ ਆਪਣਾ ਨਾਮ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ, ਕਰੋੜਾਂ ਅਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ। ਪ੍ਰਮਾਤਮਾ ਆਪਣਾ ਇਹ "ਫਲ" ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ। ਜਿਨ੍ਹਾਂ ਨੂੰ ਇਸ ਫਲ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੇ ਹੀ

ਬ੍ਰਹਮ ਗਿਆਨ ਦੀ ਰਚਨਾ ਕੀਤੀ ਹੈ, ਗੁਰਬਾਣੀ ਦੀ ਰਚਨਾ ਕੀਤੀ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੀ ਹੈ, ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ। (**ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥ ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥**)

“ਨਾਮੁ ਅਮੋਲਕੁ ਨ ਪਾਇਆ ਜਾਇ॥ ਗੁਰ ਪਰਸਾਦਿ ਵਸੈ ਮਨਿ ਆਇ॥੩॥

ਸਭ ਮਹਿ ਵਸੈ ਪ੍ਰਭੁ ਏਕੋ ਸੋਇ॥ ਗੁਰਮਤੀ ਘਟਿ ਪਰਗਟੁ ਹੋਇ॥

ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥ ਨਾਨਕ ਨਾਮੁ ਮਿਲੈ ਮਨੁ ਮਾਨਿਆ॥੪॥੧॥”

(ਅੰਗ 663-664)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ “ਨਾਮ” ਭਾਵ “ਪ੍ਰਮਾਤਮਾ” ਹੀ ਸਭ ਵਿੱਚ ਵੱਸ ਰਿਹਾ ਹੈ ਅਤੇ ਉਹ ਆਪਣੀ ਕ੍ਰਿਪਾ ਦੁਆਰਾ, ਆਪਣੇ ਸੱਚੇ ਗਿਆਨ ਦੁਆਰਾ ਗੁਰਮਤਿ ਰੂਪ ਸੱਚੇ ਗਿਆਨ ਦੁਆਰਾ ਮਨ ਵਿੱਚ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਦੇ ਸਾਡੇ ਅੰਦਰ ਵੱਸਣ ਦੀ ਪਛਾਣ ਉਸਦੇ ਸਾਡੇ ਅੰਦਰ ਪ੍ਰਗਟ ਹੋਣ ਦੁਆਰਾ ਹੀ ਹੁੰਦੀ ਹੈ। ਨਾਮ ਮਿਲਣ ਤੋਂ ਬਾਅਦ ਭਾਵ ਪ੍ਰਮਾਤਮਾ ਦੇ ਮੇਲ ਤੋਂ ਬਾਅਦ ਹੀ ਮਨੁੱਖ ਇਹ ਮੰਨਦਾ ਹੈ ਭਾਵ ਉਸਨੂੰ ਵਿਸ਼ਵਾਸ ਆਉਂਦਾ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਹੀ ਹੈ। ਇਹ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜੋ ਗਿਆਨ ਮਨ ਦੇ ਅੰਦਰ ਹੀ ਆਪ ਪ੍ਰਮਾਤਮਾ ਦਿੰਦਾ ਹੈ। ਉਹ ਆਪਣਾ ਗਿਆਨ ਗੁਰਮਤਿ ਦੇ ਰੂਪ ਵਿੱਚ ਹੀ ਦਿੰਦਾ ਹੈ। ਪੂਰੀ ਗੁਰਬਾਣੀ, ਪੂਰੀ ਗੁਰੂ ਦੀ ਮਤਿ ਚੌਥੇ ਪਦ ਦੇ ਗਿਆਨ ਰਾਹੀਂ ਹੀ ਆਈ ਹੈ। ਗੁਰਬਾਣੀ ਚੌਥੇ ਪਦ ਵਿੱਚ ਹੈ ਜੋ ਮਨ ਦੇ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਆਪ ਹੀ ਉਸਨੂੰ ਉਚਾਰਨ ਲਈ ਸੱਚਾ ਗਿਆਨ ਦਿੱਤਾ ਹੈ, ਬ੍ਰਹਮ ਗਿਆਨ ਦਿੱਤਾ ਹੈ। **(ਗੁਰਮਤੀ ਘਟਿ ਪਰਗਟੁ ਹੋਇ॥)** ਪ੍ਰਮਾਤਮਾ ਜਿਸਦੇ ਅੰਦਰ ਪ੍ਰਗਟ ਹੰਦਾ ਹੈ ਉਹ ਸਹਜ ਦੀ ਅਵੱਸਥਾ ਵਿੱਚ ਹੀ ਪ੍ਰਗਟ ਹੁੰਦਾ ਹੈ। ਸਹਜ ਚੌਥੇ ਪਦ ਦੀ ਅਵੱਸਥਾ ਹੈ। ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

{ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥} (ਅੰਗ 68)

ਇਹ ਨਾਮ ਮਿਲ ਜਾਣ ਦੀ ਅਵੱਸਥਾ ਹੀ “ਸਹਿਜ” ਦੀ ਅਵੱਸਥਾ ਹੈ, ਸਾਡੇ ਅੰਦਰ ਪੂਰਨ ਰੂਪ ਵਿੱਚ ਗੁਰੂ ਦੀ ਮਤਿ ਵੱਸਣ ਵਾਲੀ ਅਵੱਸਥਾ ਹੈ ਜਿਸ ਨਾਲ ਮਨ ਸੰਤੋਖ ਵਿੱਚ ਆ ਜਾਂਦਾ ਹੈ ਅਤੇ ਅਡੋਲ ਹੋ ਜਾਂਦਾ ਹੈ। ਇਹ ਅੰਦਰ ਦਾ ਗਿਆਨ ਹੈ ਜੋ ਪ੍ਰਮਾਤਮਾ ਦੇ ਪ੍ਰਗਟ ਹੋਣ ਤੋਂ ਬਾਅਦ ਹੀ ਮਿਲਦਾ ਹੈ ਜਿਸ ਨਾਲ ਮਨੁੱਖ ਨੂੰ ਆਪਣੇ ਅੰਦਰ ਪ੍ਰਮਾਤਮਾ ਦੇ ਹੋਣ ਦਾ, ਵੱਸਣ ਦਾ ਵਿਸ਼ਵਾਸ ਆਉਂਦਾ ਹੈ। **(ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥ ਨਾਨਕ ਨਾਮੁ ਮਿਲੈ ਮਨੁ ਮਾਨਿਆ॥੪॥੧॥)** ਉਹ ਆਪਣੇ ਅੰਦਰ ਹੋਣ ਦਾ ਵਿਸ਼ਵਾਸ ਕਿਵੇਂ ਦਿਵਾਉਂਦਾ ਹੈ ਇਹ ਬੜੀ ਹੀ ਅਜਬ ਗੱਲ ਹੈ। ਇਸ ਗੱਲ ਨੂੰ ਕੁੱਝ ਅੱਗੇ ਚੱਲ ਕੇ ਸਮਝਾਂਗੇ। ਅਸੀਂ ਕੇਵਲ ਇਹ ਵਿਸ਼ਵਾਸ ਰੱਖੀਏ ਕਿ ਨਾਮ ਸਾਡੇ ਅੰਦਰ ਹੀ ਹੈ, ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਵਿਚਰ ਰਿਹਾ ਹੈ। ਗੁਰਬਾਣੀ ਸਾਨੂੰ ਸੱਚ ਹੀ ਸਮਝਾ ਰਹੀ ਹੈ। ਗੁਰਬਾਣੀ ਦੀ ਕਹੀ ਹੋਈ ਗੱਲ ਕਦੇ ਗਲਤ ਨਹੀਂ ਹੋ ਸਕਦੀ। ਜੁਗਾਂ-ਜੁਗਾਂ ਤੱਕ ਕਦੇ ਗਲਤ ਸਾਬਿਤ ਨਹੀਂ ਹੋ ਸਕਦੀ। ਗੁਰਬਾਣੀ ਪ੍ਰਮਾਤਮਾ ਦੀ ਆਪਣੀ ਹੀ ਰਚੀ ਹੋਈ ਹੈ। ਇਹ ਕਿਸੇ ਕੱਚੇ ਦੀ ਬਾਣੀ ਨਹੀਂ ਹੈ। ਇਹ ਉਸ ਸੱਚੇ ਦੀ ਰਚੀ ਹੋਈ ਸੱਚੀ ਬਾਣੀ ਹੈ।

“ਪ੍ਰਗਟੀ ਜੋਤਿ ਚੂਕਾ ਅਭਿਮਾਨੁ॥

ਸਤਿਗੁਰਿ ਦੀਆ ਅੰਮ੍ਰਿਤ ਨਾਮੁ॥੨॥”

(ਅੰਗ ੧੩੨੮)

ਇਸ ਸ਼ਬਦ ਰਾਹੀਂ ਬੜੇ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ “ਨਾਮੁ” ਮਿਲਣਾ ਪ੍ਰਮਾਤਮਾ ਦਾ ਮਨੁੱਖ ਦੇ ਅੰਦਰ ਪ੍ਰਗਟ ਹੋਣਾ ਹੀ ਹੈ। ਇਸ ਤੋਂ ਸਪੱਸ਼ਟ ਗੁਰੂ ਸਾਹਿਬ ਸਾਨੂੰ ਹੋਰ ਕੀ ਸਮਝਾਉਣ ਕਿ “ਨਾਮੁ” ਕੀ ਹੈ, ਨਾਮ ਮਿਲਣਾ ਕੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੀ ਜੋਤਿ ਦੁਆਰਾ ਹੀ ਵਿਚਰਦਾ ਹੈ, ਹਰ ਵਸਤੂ ਵਿੱਚ ਉਸੇ ਦੀ ਜੋਤ ਹੀ ਵਰਤਦੀ ਹੈ। ਜੋਤ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ।

{ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥}

(ਅੰਗ ੧੩)

ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਸਾਡਾ ਮਨ ਹੀ ਹੈ ਜਿੱਥੇ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਭਾਵ ਸਾਡੇ ਮਨ ਰਾਹੀਂ ਸਾਨੂੰ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ। ਸਾਡੇ ਅੰਦਰ ਜੋਤ ਦਾ ਪ੍ਰਗਟ ਹੋਣਾ ਜਾਂ ਪ੍ਰਮਾਤਮਾ ਦਾ ਪ੍ਰਗਟ ਹੋਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਆਪਣੀ ਜੋਤ ਭਾਵ ਆਪਣੇ ਗਿਆਨ ਦੁਆਰਾ ਮਨ ਵਿੱਚ ਪ੍ਰਗਟ ਹੁੰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ''ਗੁਰ ਸਾਖੀ'' ਭਾਵ ਗੁਰੂ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਜੋ ਗੁਰਮਤਿ ਰੂਪ ਸੱਚੀ ਸਿੱਖਿਆ ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਸਮਝਾਉਂਦਾ ਹੈ ਜਿਵੇਂ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਤੇ ਆਪ ਹੀ ਗੁਰਬਾਣੀ ਦੀ ਰਚਨਾ ਮਨ ਦੀ ਜੋਤਿ ਰਾਹੀਂ ਪ੍ਰਗਟ ਹੋ ਕੇ ਲਿਖਵਾਈ ਹੈ। ਮਨ ਦੇ ਵਿੱਚ ਸੱਚੇ ਗਿਆਨ ਦੀ ਸਮਝ ਦੁਆਰਾ ਮਨੁੱਖ ਦੀ ਹਉਮੈ ਚਲੀ ਜਾਂਦੀ ਹੈ ਭਾਵ ਮਨੁੱਖ ਦਾ ਆਪਾ ਮਿਟ ਜਾਂਦਾ ਹੈ ਕਿਉਂਕਿ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਤੇ ਮਨੁੱਖ ਆਪਣੇ ਆਪ ਵਿੱਚ ਕੇਵਲ ਇੱਕ ਦਿਸਣ ਵਾਲੀ ਵਸਤੂ ਹੀ ਹੈ, ਪ੍ਰਮਾਤਮਾ ਦਾ ਆਪਣਾ ਸਰਗੁਣ ਸਰੂਪ ਹੀ ਹੈ। ਇਹ ਪ੍ਰਮਾਤਮਾ ਦੇ ਨਾਲ ਮੇਲ ਹੀ ਨਾਮ ਮਿਲਣਾ ਹੈ ਜੋ ਕਿ ਸਾਡੇ ਅੰਦਰ ਪ੍ਰਗਟ ਹੋ ਕੇ ਉਹ ਆਪ ਹੀ ਦਿੰਦਾ ਹੈ। ਨਾਮ ਤਾਂ ਸਾਰੇ ਹੀ ਲਈ ਬੈਠੇ ਹਨ ਪਰ ਅੰਦਰ ਦੀ ਜੋਤਿ ਦੀ, ਮਨ ਦੀ ਕਿਸੇ ਨੂੰ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਭਾਵ ਨਾਮ ਦੀ ਸਮਝ ਕਿਸੇ ਨੂੰ ਨਹੀਂ ਹੈ। ਅਸੀਂ ਪਿੱਛਲੇ ਤਿੰਨ ਸ਼ਬਦਾਂ ਦੁਆਰਾ ਆਪਣੇ ਅੰਦਰ ਜੋਤਿ ਦਾ, ਪ੍ਰਮਾਤਮਾ ਦਾ ਪਰਗਟ ਹੋਣਾ ਸਮਝਿਆ ਹੈ ਜੋ ਕਿ ਇਸ ਪ੍ਰਕਾਰ ਹੈ।

{ਨਾਮੁ ਅਮੋਲਕੁ ਨ ਪਾਇਆ ਜਾਇ ॥
ਗੁਰ ਪਰਸਾਦਿ ਵਸੈ ਮਨਿ ਆਇ ॥3॥
ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥
ਗੁਰਮਤੀ ਘਟਿ ਪਰਗਟੁ ਹੋਇ ॥
ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥
ਨਾਨਕ ਨਾਮੁ ਮਿਲੈ ਮਨੁ ਮਾਨਿਆ ॥4॥}

(ਅੰਗ 663-664)

{ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥
ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥}

(ਅੰਗ 1328)

{ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥}

(ਅੰਗ 13)

ਜੋਤਿ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਸ ਗੱਲ ਨੂੰ ਹਰ ਕੋਈ ਮੰਨਦਾ ਹੈ। ਸਾਡੇ ਅੰਦਰ ਜੋਤਿ ਦਾ ਪਰਗਟ ਹੋਣਾ ਪ੍ਰਮਾਤਮਾ ਦਾ ਪਰਗਟ ਹੋਣਾ ਹੈ ਪਰ ਸਾਰੀ ਗੱਲ ਇਹ ਸਮਝਣ ਦੀ ਹੈ ਕਿ ਸਾਡੇ ਅੰਦਰ ਜੋਤਿ ਪਰਗਟ ਕਿਵੇਂ ਹੁੰਦੀ ਹੈ ਭਾਵ ਕਿਸ ਤਰੀਕੇ ਪਰਗਟ ਹੁੰਦੀ ਹੈ, ਕਿਸ ਰੂਪ ਵਿੱਚ ਪਰਗਟ ਹੁੰਦੀ ਹੈ, ਕਿਸ ਮਕਸਦ ਲਈ ਪਰਗਟ ਹੁੰਦੀ ਹੈ। ਜੋਤਿ ਸਾਡੇ ਅੰਦਰ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਪਰਗਟ ਹੁੰਦੀ ਹੈ ਭਾਵ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਆਪਣੀ ਸੱਚੀ ਸਿੱਖਿਆ ਦਿੰਦਾ ਹੈ ਭਾਵ

ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਜੋ ਸੱਚੀ ਸਿੱਖਿਆ ਪੂਰੀ ਗੁਰਬਾਣੀ ਵਿੱਚ ਦਰਜ ਹੈ। ਉੱਪਰ ਸ਼ਬਦਾਂ ਵਿੱਚ ਸਾਨੂੰ ਇਹ ਵੀ ਸਮਝਾਇਆ ਹੈ ਕਿ ਜੋਤਿ ਦੇ ਪਰਗਟ ਹੋਣ ਦੁਆਰਾ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰੂ ਦੀ ਸਿੱਖਿਆ ਵਿੱਚ ਤੇ ਨਾਮ ਵਿੱਚ ਫਰਕ ਕੀ ਹੋਇਆ। ਪੂਰੀ ਗੁਰਬਾਣੀ ਵਿੱਚ ਜੋ ਗੁਰੂ ਦੀ ਸਿੱਖਿਆ ਹੈ ਉਹ ਪ੍ਰਮਾਤਮਾ ਦੀ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਹੀ ਦਿੱਤੀ ਹੋਈ ਸਿੱਖਿਆ ਹੈ ਭਾਵ ਆਪਣਾ ਦਿੱਤਾ ਹੋਇਆ ਨਾਮ ਹੈ ਜਿਸ ਕਰਕੇ ਪੂਰੀ ਗੁਰਬਾਣੀ ਵਿੱਚ ਨਾਮ ਹੈ ਜੋ ਨਾਮ ਪ੍ਰਮਾਤਮਾ ਦੇ ਕੋਲੋਂ ਆਇਆ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥
ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥}

(ਅੰਗ 1239)

ਉੱਪਰ ਪਿੱਛੇ ਸ਼ਬਦ ਰਾਹੀਂ ਹੀ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਗੁਰਮਤਿ ਦੇ ਰੂਪ ਵਿੱਚ ਪਰਗਟ ਹੁੰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਨਾਮ ਦਿੰਦਾ ਹੈ ਭਾਵ ਪੂਰੀ ਗੁਰਮਤਿ ਨਾਮ ਹੈ। ਜੋ ਗੁਰੂ ਦੀ ਸਿੱਖਿਆ ਹੈ ਉਹੀ ਗੁਰੂ ਦੀ ਮਤਿ ਹੈ ਤੇ ਪੂਰੀ ਗੁਰਬਾਣੀ ਵਿੱਚ ਗੁਰੂ ਦੀ ਮਤਿ ਹੀ ਹੈ ਜੋ ਨਾਮ ਦੇ ਰੂਪ ਵਿੱਚ ਹੀ ਹੈ ਭਾਵ ਪੂਰੀ ਗੁਰਬਾਣੀ ਨਾਮੁ ਹੈ ਜੋ ਨਾਮ ਪ੍ਰਮਾਤਮਾ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਗੁਰਮਤਿ ਦੇ ਰੂਪ ਵਿੱਚ ਦਿੰਦਾ ਹੈ ਜਿਸ ਰਾਹੀਂ ਉਸ ਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ ਜੋ ਕਿ ਉਸਦੇ ਨਾਮ ਨੂੰ ਸਮਝਣ ਦੁਆਰਾ ਭਾਵ ਉਸਦੀ ਸਿੱਖਿਆ ਨੂੰ ਜਾਨਣ ਦੁਆਰਾ ਹੀ ਸਮਝਾਇਆ ਜਾ ਸਕਦਾ ਹੈ ਤੇ ਨਾਮ ਨੂੰ ਮੰਨਿਆ ਜਾ ਸਕਦਾ ਹੈ। ਗੁਰੂ ਦਾ ਹਰ ਸ਼ਬਦ ਉਸਦਾ ਨਾਮ ਹੈ ਤੇ ਗੁਰੂ ਦੇ ਸ਼ਬਦਾਂ ਨੂੰ ਮੰਨਣਾ ਹੀ ਗੁਰੂ ਦੇ ਸ਼ਬਦਾਂ ਨੂੰ ਜਪਣਾ ਹੈ, ਧਿਆਉਣਾ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣਾ ਹੈ। (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥** ਅੰਗ - 27)

ਪ੍ਰਮਾਤਮਾ ਜਿਸ ਦੇ ਅੰਦਰ ਆਪਣੇ ਆਪ ਨੂੰ ਪਰਗਟ ਕਰਦਾ ਹੈ, ਆਪਣੀ ਜੋਤਿ ਦੇ ਰੂਪ ਵਿੱਚ ਹੀ ਪਰਗਟ੍ਰ ਕਰਦਾ ਹੈ ਜਿਸ ਦੁਆਰਾ ਉਹ ਮਨੁੱਖੀ ਸਮਝ ਦੇ ਵਿੱਚ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਭਾਵ ਆਪਣੀ ਸੱਚੀ ਸਿੱਖਿਆ ਹੀ ਦਿੰਦਾ ਹੈ, ਗੁਰਮਤਿ ਹੀ ਸਮਝਾਉਂਦਾ ਹੈ, ਆਪਣਾ ਨਾਮ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਪਿੱਛਲੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥9॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥11॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥12॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥

ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥13॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥14॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥
ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥15॥
ਜਿਨ ਕਉ ਆਦਿ ਮਿਲੀ ਵਡਿਆਈ ॥
ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥16॥}

(ਅੰਗ 1070)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥9॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥10॥
ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥11॥
ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥
ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥12॥
ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥13॥
ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥
ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥14॥}

(ਅੰਗ 759)

ਉੱਪਰ ਵਾਲੇ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

“ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ॥
ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ॥”

(ਅੰਗ ੨੩੧)

ਇਸ ਸ਼ਬਦ ਰਾਹੀਂ ਵੀ ਇਹ ਹੀ ਸਮਝਾਇਆ ਗਿਆ ਹੈ ਕਿ ਗੁਰੂ ਦੀ ਸੇਵਾ ਉਹੀ ਕਰਦੇ ਹਨ ਜਿਨ੍ਹਾਂ ਦਾ ਮਨ ਨਿਰਮਲ ਹੈ, ਪਵਿੱਤਰ ਹੈ। ਗੁਰੂ ਦੀ ਸੇਵਾ ਕੀ ਹੈ ਇਸ ਦੀ ਚਰਚਾ ਅੱਗੇ ਚੱਲ ਕੇ ਹੋਵੇਗੀ। ਸਾਰੀ ਗੱਲ ਆਪਣੇ ਮਨ ਨੂੰ ਗੁਰੂ ਦੇ ਮਨ ਨਾਲ ਮਿਲਾਉਣ ਦੀ ਹੈ। ਆਪਣੀ ਮਤਿ ਨੂੰ ਗੁਰੂ ਦੀ ਮਤਿ ਨਾਲ ਮਿਲਾਉਣ ਦੀ ਹੈ। ਕੇਵਲ ਗੁਰੂ ਦੀ ਮਤਿ ਹੀ ਸਾਨੂੰ ਪਵਿੱਤਰ ਬਣਾ ਸਕਦੀ ਹੈ ਤੇ ਇਹੀ ਨਾਮ ਦਾ ਮਨੋਰਥ ਹੈ। ਗੁਰੂ ਦੀ ਸੇਵਾ ਕਰਨਾ ਜਾਂ ਨਾਮ ਜਪਣਾ ਇੱਕੋ ਹੀ ਗੱਲ ਹੈ, ਅੱਗੇ ਚੱਲਕੇ ਸ਼ਬਦਾਂ

ਰਾਹੀਂ ਸਮਝਾਂਗੇ ਭਾਵ ਸਾਡਾ ਸਾਰਾ ਉੱਦਮ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦਾ ਹੋਣਾ ਚਾਹੀਦਾ ਹੈ। ਆਪਣੇ ਮਨ ਨੂੰ ਜਿੱਤਣਾ ਇਸ ਜਗ ਨੂੰ ਜਿੱਤਣ ਵਰਗਾ ਹੈ ਭਾਵ ਬਹੁਤ ਔਖਾ ਹੈ। ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ। ਮਨ ਨੂੰ ਜਿੱਤਣਾ ਮਨ ਦੇ ਵਿਚਾਰਾਂ ਨੂੰ ਜਿੱਤਣਾ ਹੈ, ਮਾਇਆ ਮੋਹ ਨੂੰ ਜਿੱਤਣਾ ਹੈ, ਹਉਮੈ ਨੂੰ ਜਿੱਤਣਾ ਹੈ ਜਿਸ ਲਈ ਆਪਣੀ ਮਤਿ ਪੂਰਨ ਰੂਪ ਵਿੱਚ ਛੱਡਣੀ ਪੈਂਦੀ ਹੈ ਭਾਵ ਆਪਨੇ ਅੰਦਰ ਪੂਰਨ ਰੂਪ ਵਿੱਚ ਗੁਰੂ ਦੀ ਮਤਿ ਵਸਾਉਣੀ ਪੈਂਦੀ ਹੈ, ਨਾਮ ਵਸਾਉਣਾ ਪੈਂਦਾ ਹੈ।

“ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ॥
ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ॥
ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥
ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ
ਜਿਨ ਧੁਰਿ ਮਸਤਕਿ ਭਾਗੁ ਲਿਖਾਇ॥੨੫॥”

(ਅੰਗ 1424)

ਬੜੇ ਧਿਆਨ ਨਾਲ ਸਮਝੋ ਕਿ ਉਪਰਲੀਆਂ ਪੰਗਤੀਆਂ ਦੁਆਰਾ ਨਾਮ ਕਿਸਨੂੰ ਕਿਹਾ ਹੈ।

“ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ॥”

ਸਤਿਗੁਰੂ ਕੌਣ ਹੈ, ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੀ ਹੈ। ਗੁਰਬਾਣੀ ਸਾਡਾ ਗੁਰੂ ਹੈ, ਸਤਿਗੁਰੂ ਹੈ। ਗੁਰਬਾਣੀ ਦੇ ਵਿੱਚ ਜੋ ਕੁੱਝ ਹੈ ਇਹ “ਅੰਮ੍ਰਿਤ ਨਾਮ” ਹੈ ਭਾਵ ਪ੍ਰਮਾਤਮਾ ਦਾ ਦਿੱਤਾ ਹੋਇਆ ਨਾਮ ਹੈ ਭਾਵ ਗੁਰਬਾਣੀ ਸਾਨੂੰ ਜੋ ਵੀ ਗਿਆਨ ਦੇ ਰਹੀ ਹੈ, ਬ੍ਰਹਮਗਿਆਨ ਦੇ ਰਹੀ ਹੈ, ਉਹ ਅੰਮ੍ਰਿਤ ਨਾਮ ਹੈ। ਗੁਰਬਾਣੀ ਵਿੱਚ ਅੰਮ੍ਰਿਤ ਨਾਮ ਕਿਸ ਲਈ ਹੈ, ਕਿਵੇਂ ਆਇਆ ਹੈ, ਕਿੱਥੋਂ ਆਇਆ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਅੰਮ੍ਰਿਤੁ ਕਹੈ ਕਹਾਇ॥”

ਜਿਨ੍ਹਾਂ ਸਰੀਰਾਂ ਰਾਹੀਂ ਵੀ ਗੁਰਬਾਣੀ ਦੀ ਰਚਨਾ ਹੋਈ ਹੈ ਉਨ੍ਹਾਂ ਵਿੱਚ ਪ੍ਰਮਾਤਮਾ ਨੇ ਆਪ ਹੀ ਪ੍ਰਗਟ ਹੋ ਕੇ ਸੋਝੀ ਪਾਈ ਹੈ ਭਾਵ ਉਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪ ਹੀ ਆਪਣੀ ਗੱਲ ਅਖਵਾਈ ਹੈ ਭਾਵ ਉਸਨੇ ਆਪ ਹੀ ਸਾਰੀ ਗੁਰਬਾਣੀ ਲਿਖਵਾਈ ਹੈ। ਇਸੇ ਲਈ ਸਾਰੀ ਗੁਰਬਾਣੀ ਅੰਮ੍ਰਿਤ ਨਾਮ ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ। “ਅੰਮ੍ਰਿਤੁ” ਤੋਂ ਭਾਵ ਹੈ ਉਹ ਪ੍ਰਮਾਤਮਾ ਜੋ ਮਰਨ ਤੋਂ ਰਹਿਤ ਹੈ, ਮਰਿਤਯੂ ਤੋਂ, ਮ੍ਰਿਤ ਹੋਣ ਤੋਂ ਰਹਿਤ ਹੈ, ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ।

ਆਪਣੇ ਭਗਤਾਂ ਨਾਲ ਪ੍ਰਮਾਤਮਾ ਮਨ ਦੇ ਵਿੱਚ ਹੀ ਗੱਲਾਂ ਕਰਦਾ ਹੈ ਤੇ ਸਭ ਕੁੱਝ ਆਪ ਸਮਝਾ ਕੇ ਆਪ ਹੀ ਉਨ੍ਹਾਂ ਦੇ ਮੁੱਖੋਂ ਕਹਾਉਂਦਾ ਹੈ, ਅਖਵਾਉਂਦਾ ਹੈ। **(ਅੰਮ੍ਰਿਤੁ ਕਹੈ ਕਹਾਇ॥)** ਤ੍ਰੈਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਇਹੀ ਭੇਦ ਹੈ। ਜਿਸਨੂੰ ਉਹ ਆਪਣਾ ਭਗਤ ਬਣਾਉਂਦਾ ਹੈ, ਗੁਰੂ ਰੂਪ ਬਣਾਉਂਦਾ ਹੈ, ਉਸਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਚੌਥੇ ਪਦ ਨਾਲ ਮਿਲਾਉਂਦਾ ਹੈ, ਆਪਣੇ ਨਾਲ ਮਿਲਾਉਂਦਾ ਹੈ। ਕਿਉਂਕਿ ਸਾਰਾ ਗਿਆਨ ਉਸੇ ਕੋਲੋਂ ਆਉਂਦਾ ਹੈ, ਇਸੇ ਲਈ ਉਹ ਆਪ ਹੀ ਭਗਤ ਹੈ, ਆਪ ਹੀ ਗੁਰੂ ਹੈ। ਚੌਥੇ ਪਦ ਦਾ ਗਿਆਨ ਹੀ ਉਸਦਾ ਭਗਤ ਰੂਪ ਹੈ, ਗੁਰੂ ਰੂਪ ਹੈ ਜੋ ਕਿ “ਸ਼ਬਦ” ਰੂਪ ਹੈ, ਨਿਰੰਕਾਰ ਰੂਪ ਹੈ। ਇਸੇ ਲਈ ਦੇਹ ਗੁਰੂ ਨਹੀਂ ਹੈ, ਸਰੀਰ ਗੁਰੂ ਨਹੀਂ ਹੈ, “ਸ਼ਬਦ” ਗੁਰੂ ਹੈ, ਸ਼ਬਦ ਦਾ ਸੱਚਾ ਗਿਆਨ ਗੁਰੂ ਹੈ। ਗੁਰੂ ਆਪਣੇ ਗਿਆਨ ਕਰਕੇ ਹੀ ਉੱਚਾ ਹੈ, ਆਪਣੀ ਸਿੱਖਿਆ ਕਰਕੇ ਉੱਚਾ ਹੈ, ਉਸਦੇ ਬਚਨ ਉੱਚੇ ਹਨ, ਉਸਦੇ ਬੋਲ ਉੱਚੇ ਹਨ। ਗੁਰੂ ਦੇ ਬਚਨ, ਗੁਰੂ ਦੇ ਬੋਲੇ ਹੋਏ ਬੋਲ, ਉਸਦੇ ਬੋਲਾਂ ਦੁਆਰਾ ਦਿੱਤੀ ਹੋਈ ਉੱਚੀ ਸਿੱਖਿਆ ਹੀ ਸਾਡਾ ਗੁਰੂ ਹੈ। **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਗੁਰੂ ਆਪਣੀ ਉੱਚੀ ਸਿੱਖਿਆ, ਉੱਚੀ ਮਤਿ ਕਰਕੇ ਹੀ, ਉੱਚੇ ਗਿਆਨ ਕਰਕੇ ਹੀ ਨਿਰਮਲ ਹੈ, ਉਸਦਾ ਨਾਮ ਨਿਰਮਲ ਹੈ, ਪਵਿੱਤਰ ਹੈ, ਹਰ ਭਰਮ ਤੋਂ ਰਹਿਤ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ

“ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ॥”

ਗੁਰੂ ਆਪਣੀ ਸੱਚੀ ਮਤਿ ਦੁਆਰਾ ਨਿਰਮਲ ਹੈ ਤੇ ਨਿਰਮਲ ਹੋਣਾ ਹੀ ਨਾਮ ਧਿਆਉਣਾ ਹੈ। ਗੁਰੂ ਨੇ ਸੱਚੀ ਸਿੱਖਿਆ ਨੂੰ ਆਪਣੇ ਅੰਦਰ ਧਿਆਇਆ ਹੋਇਆ ਹੈ, ਵਸਾਇਆ ਹੋਇਆ ਹੈ ਤੇ ਇਸੇ ਲਈ ਉਹ ਸਭ ਨੂੰ ਨਾਮ ਜਪਾਉਂਦਾ ਹੈ, ਸਭ ਨੂੰ ਸੱਚੀ ਸਿੱਖਿਆ ਦਿੰਦਾ ਹੈ, ਨਾਮ ਜਪਣਾ ਸਿਖਾਉਂਦਾ ਹੈ। ਉਹ ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਸਿਖਾਉਂਦਾ ਹੈ। ਜਿਨ੍ਹਾਂ ਨੇ ਭਾਵ ਭਗਤਾਂ ਨੇ, ਗੁਰੂ ਸਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ ਨਾਮ ਜਪਿਆ ਹੈ, ਉਹ ਪਹਿਲਾਂ ਆਪ ਸੱਚ ਤੇ ਚੱਲੇ ਹਨ ਤੇ ਉਹਨਾਂ ਨੇ ਸਾਨੂੰ ਸੱਚ ਤੇ ਚੱਲਣਾ ਸਿਖਾਇਆ ਹੈ।

“ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥

ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥”

ਸਾਡੇ ਜੀਵਨ ਦਾ ਮਨੋਰਥ ਉਸ ਤੱਤ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ, ਨਾਮ ਦੀ ਪ੍ਰਾਪਤੀ ਹੈ। ਜਦ ਤੱਕ ਸਾਨੂੰ ਇਹ ਸਮਝ ਹੀ ਨਹੀਂ ਆਵੇਗੀ ਕਿ ਉਸ ਤੱਤ ਦੀ ਪ੍ਰਾਪਤੀ ਕੀ ਹੈ ਤਦ ਤੱਕ ਅਸੀਂ ਉਸ ਪ੍ਰਾਪਤੀ ਦਾ ਉੱਦਮ ਕੀ ਕਰ ਸਕਦੇ ਹਾਂ। ਉੱਪਰ ਸਾਨੂੰ ਬੜਾ ਸਪੱਸ਼ਟ ਸਮਝਾਇਆ ਹੈ ਕਿ “ਅੰਮ੍ਰਿਤ ਬਾਣੀ ਤਤੁ ਹੈ” ਤੇ ਇਸੇ ਤੱਤ ਨੂੰ ਹੀ ਅਸੀਂ ਪ੍ਰਾਪਤ ਕਰਨਾ ਹੈ। ਗੁਰਬਾਣੀ ਕੋਲ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ ਜਿਸ ਦੁਆਰਾ ਉਹ ਤੱਤ ਦੀ ਗੱਲ ਕਰਦੀ ਹੈ, ਪ੍ਰਮਾਤਮਾ ਦੇ ਤੱਤ ਸਾਰ ਦੀ ਗੱਲ ਕਰਦੀ ਹੈ। ਜਦੋਂ ਸਾਨੂੰ ਤੱਤ ਦੀ ਪ੍ਰਾਪਤੀ ਹੋਣੀ ਹੈ, ਉਹੋ ਜਿਹੇ ਗਿਆਨ ਦੀ ਹੀ ਹੋਣੀ ਹੈ ਜੋ ਗੁਰਬਾਣੀ ਦੇ ਕੋਲ ਹੈ। ਉਸ ਤੱਤ ਦੀ ਪ੍ਰਾਪਤੀ ਦੇ ਨਾਲ ਸਾਨੂੰ ਗੁਰਬਾਣੀ ਦੀ ਸੋਝੀ ਪੈਣਾ ਸੁਭਾਵਿਕ ਹੀ ਹੈ ਤੇ ਜੇਕਰ ਗੁਰਬਾਣੀ ਦੀ ਸੋਝੀ ਨਹੀਂ ਪਈ ਤੇ ਫਿਰ ਇਸ ਤੋਂ ਭਾਵ ਹੈ ਕਿ ਤੱਤ ਦੀ ਪ੍ਰਾਪਤੀ ਨਹੀਂ ਹੋਈ। “ਤੱਤੁ” ਹੀ “ਨਾਮ” ਹੈ ਭਾਵ ਜੋ ਗੁਰਬਾਣੀ ਹੈ ਉਹੀ “ਨਾਮ” ਹੈ। ਗੁਰਬਾਣੀ ਦਾ ਸੱਚਾ ਗਿਆਨ ਜਿਸ ਦੁਆਰਾ ਗੁਰਮਤਿ ਦੀ ਸੱਚੀ ਸੋਝੀ ਪੈਂਦੀ ਹੈ ਉਹ “ਤੱਤ” ਹੈ। ਗਿਆਨ ਦਾ “ਤੱਤ” ਗਿਆਨ ਦੇ ਅੰਦਰ ਦੀ ਸੋਝੀ ਹੈ। ਸ਼ਬਦ ਦਾ ਤੱਤ ਸ਼ਬਦ ਦੁਆਰਾ ਪਾਈ ਹੋਈ ਸੋਝੀ ਹੈ। ਸ਼ਬਦ ਦਾ ਇਹ “ਤੱਤ” ਹੀ ਨਾਮ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਗਿਆਨ ਦੇ ਤੱਤ ਰੂਪ ਵਿੱਚ ਹੀ ਵਿਚਰਦਾ ਹੈ।

{ਨਾਮ ਤਤੁ ਕਲਿ ਮਹਿ ਪੁਨਹਚਰਨਾ॥}

(ਅੰਗ ੨੫੪)

“ਕਲਿ” ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਸਮਝਾਂਗੇ।

{ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥੧॥}

(ਅੰਗ ੨੯੯)

ਨਾਮ ਰੂਪ ਗਿਆਨ ਪ੍ਰਮਾਤਮਾ ਦਾ ਆਪਣਾ ਸਮਝਾਇਆ ਹੋਇਆ ਸਾਰ ਹੈ ਭਾਵ ਤੱਤ ਹੈ, ਨਿਚੋੜ ਹੈ। ਗੁਰਬਾਣੀ ਸਾਨੂੰ ਪ੍ਰਮਾਤਮਾ ਦਾ ਤੱਤ ਸਾਰ ਹੀ ਸਮਝਾ ਰਹੀ ਹੈ, ਨਾਮ ਹੀ ਸਮਝਾ ਰਹੀ ਹੈ ਕਿ ਪ੍ਰਮਾਤਮਾ ਕੀ ਹੈ, ਉਸਨੂੰ ਕਿਵੇਂ ਪਾਇਆ ਜਾ ਸਕਦਾ ਹੈ ਤੇ ਉਸਨੂੰ ਪਾਉਣ ਦਾ ਫਲ ਕੀ ਹੈ। ਗੁਰਬਾਣੀ ਹੀ ਨਾਮ ਹੈ ਜਿਵੇਂ ਕਿ ਸਾਨੂੰ ਵਾਰ-ਵਾਰ ਇਹ ਗੱਲ ਬਾਣੀ ਵਿੱਚ ਸਮਝਾਈ ਹੋਈ ਹੈ। ਇਸ ਤੱਤ ਰੂਪ ਵਿੱਚ, ਗਿਆਨ ਤੱਤ ਦੇ ਰੂਪ ਵਿੱਚ, ਨਾਮ ਤੱਤ ਦੇ ਰੂਪ ਵਿੱਚ ਬਾਣੀ ਹੀ ਸਾਡੇ ਅੰਦਰ ਵੱਸਦੀ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਹੀ ਸਾਡੇ ਅੰਦਰ ਵੱਸਦਾ ਹੈ ਤੇ ਇਸਦੇ ਵੱਸਣ ਦੇ ਨਾਲ ਹੀ ਸਾਡੀ “ਗੁਰਮੁਖਿ” ਵਾਲੀ ਅਵੱਸਥਾ ਬਣਦੀ ਹੈ ਜੋ ਕਿ ਉਹ “ਗੁਰਮੁਖਿ” ਭਾਵ ਗੁਰੂ ਪ੍ਰਮਾਤਮਾ ਆਪ ਹੀ ਵਸਾਉਂਦਾ ਹੈ, ਇਹ ਅਵੱਸਥਾ ਬਖ਼ਸ਼ ਕੇ ਆਪਣੇ ਨਾਲ ਮਿਲਾਉਂਦਾ ਹੈ।

(ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥)

ਅੰਮ੍ਰਿਤ ਬਾਣੀ ਸਾਡੇ ਅੰਦਰ ਕਿਵੇਂ ਵੱਸਦੀ ਹੈ, ਕਿਸ ਵਿਧੀ ਦੁਆਰਾ ਵੱਸਦੀ ਹੈ, ਇਹ ਹੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

“ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥”

ਸਾਨੂੰ ਸਭ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖ ਕੇ, ਅਗਿਆਨਤਾ ਵਿੱਚ, ਹਉਮੈ ਵਿੱਚ, ਭਰਮ ਵਿੱਚ, ਦੁਬਿਧਾ ਵਿੱਚ ਰੱਖਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਕਮਲ ਦਾ ਪੁੱਠਾ ਹੋਣਾ ਹੈ, ਸਾਡੀ ਮਤਿ ਦਾ ਪੁੱਠਾ ਹੋਣਾ ਹੈ ਭਾਵ ਸਾਡਾ ਮਨਮਤਿ ਵਿੱਚ ਰਹਿਣਾ ਹੈ, ਅਧੂਰੇ ਗਿਆਨ ਵਿੱਚ ਰਹਿਣਾ ਹੈ, ਕੱਚੀ ਮਤਿ ਵਿੱਚ, ਥੋੜ੍ਹੀ ਮਤਿ ਵਿੱਚ ਰਹਿਣਾ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਦੀ, ਗੁਰਬਾਣੀ ਦੀ ਅਸਲੀਅਤ ਦੀ, ਗੁਰਬਾਣੀ ਦੇ ਅੰਦਰ ਦੇ ਸੱਚ ਦੀ, ਤੱਤ ਦੀ ਸੋਝੀ ਨਹੀਂ ਪੈ ਸਕਦੀ। ਇਹ ਸਭ ਕੁੱਝ ਸਾਡੇ ਮਨ ਦੀ ਅਵੱਸਥਾ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਦੀ ਜੋਤਿ ਸਾਡੇ ਅੰਦਰ ਹੀ ਹੈ, ਸਭ ਦੇ ਵਿੱਚ ਹੈ ਜੋ ਕਿ “ਮਨ” ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। ਜੋਤਿ ਦਾ ਮਨੋਰਥ ਸਾਡੇ ਅੰਦਰ

ਗਿਆਨ ਦਾ ਚਾਨਣ ਕਰਨਾ ਹੀ ਹੈ। ਤ੍ਰੈਗੁਣਾਂ ਵਿੱਚ ਵੀ ਸਾਨੂੰ ਮਨ ਦੇ ਵਿੱਚ ਜੋ ਗਿਆਨ ਮਿਲਦਾ ਹੈ ਉਹ ਜੋਤਿ ਦੁਆਰਾ ਹੀ ਆਉਂਦਾ ਹੈ, ਪ੍ਰਮਾਤਮਾ ਦੇ ਕੋਲੋਂ ਹੀ ਆਉਂਦਾ ਹੈ ਜਿਸਨੇ ਸਾਨੂੰ ਆਪ ਹੀ ਭਰਮ ਵਿੱਚ ਰੱਖਿਆ ਹੋਇਆ ਹੈ। ਜਦੋਂ ਉਹ ਸਾਨੂੰ ਭਰਮ ਵਿੱਚੋਂ ਕੱਢਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਹੀ ਕੱਢਦਾ ਹੈ ਜਿਸ ਦੁਆਰਾ ਸਾਡਾ ਭਰਮ ਮਿਟ ਜਾਂਦਾ ਹੈ ਕਿ ਅਸੀਂ ਕੀ ਹਾਂ, ਪ੍ਰਮਾਤਮਾ ਕੀ ਹੈ ਭਾਵ ਇਸ ਮਨ ਦੀ ਸੋਝੀ ਪੈ ਜਾਂਦੀ ਹੈ ਕਿ ਇਹ ਮਨ ਕੀ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਮਿਟ ਕੇ ਸੱਚੇ ਗਿਆਨ ਵਿੱਚ, ਚੌਥੇ ਪਦ ਵਿੱਚ ਮਿਲ ਜਾਂਦੀ ਹੈ। ਇਹ ਜੋਤਿ ਦਾ ਜੋਤਿ ਵਿੱਚ ਮਿਲ ਜਾਣਾ ਹੈ, ਇੱਕ ਹੋ ਜਾਣਾ ਹੈ, ਪ੍ਰਮਾਤਮਾ ਨਾਲ ਇੱਕ ਹੋ ਜਾਣਾ ਹੈ, ਆਤਮਾ ਪ੍ਰਮਾਤਮਾ ਦਾ ਇੱਕ ਹੋ ਜਾਣਾ ਹੈ ਜੋ ਕਿ ਉਸਦੇ ਸੱਚੇ ਗਿਆਨ ਨਾਲ ਇੱਕ ਹੋ ਜਾਣਾ ਹੈ ਤੇ ਇਹ ਹੀ ਸਾਡੇ ਅੰਦਰ ਕਮਲ ਦਾ ਪ੍ਰਕਾਸ਼ ਹੈ ਜਿਸ ਦੁਆਰਾ ਸਾਡੀ ਮਨਮਤਿ ਮਿਟ ਕੇ ਗੁਰਮਤਿ ਵਿੱਚ ਬਦਲ ਜਾਂਦੀ ਹੈ ਭਾਵ ਗੁਰਮਤਿ ਦੀ ਪੂਰਨ ਸੋਝੀ ਪੈ ਜਾਂਦੀ ਹੈ, ਗੁਰਬਾਣੀ ਦੀ ਪੂਰੀ ਸੋਝੀ ਪੈ ਜਾਂਦੀ ਹੈ ਜੋ ਕਿ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ, ਜੋ ਬ੍ਰਹਮਗਿਆਨ ਦਾ ਮਾਲਕ ਹੈ। "ਅੰਮ੍ਰਿਤੁ" ਆਪਣੀ ਗੱਲ ਮਨ ਦੇ ਵਿੱਚ ਆਪ ਕਹਿ ਕੇ ਆਪ ਹੀ ਮੁੱਖੋਂ ਅਖਵਾਉਂਦਾ ਹੈ। **{ਅੰਮ੍ਰਿਤੁ ਕਹੈ ਕਹਾਇ॥}**

{ਊਂਧੋ ਕਵਲੁ ਸਗਲ ਸੰਸਾਰੈ ॥
ਦੁਰਮਤਿ ਅਗਨਿ ਜਗਤ ਪਰਜਾਰੈ ॥
ਸੋ ਉਬਰੈ ਗੁਰ ਸਬਦੁ ਬੀਚਾਰੈ ॥2॥} (ਅੰਗ 225)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥
ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥3॥} (ਅੰਗ 153)

{ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥
ਹਉਮੈ ਮਾਰਿ ਕਮਲੁ ਪਰਗਾਸਾ ॥
ਅਨਹਦੁ ਵਾਜੈ ਨਿਜ ਘਰਿ ਵਾਸਾ ॥
ਨਾਮਿ ਰਤੇ ਘਰ ਮਾਹਿ ਉਦਾਸਾ ॥3॥} (ਅੰਗ 161)

ਸਾਡੇ ਅੰਦਰ ਪੁੱਠੇ ਕਮਲ ਦਾ ਹੋਣਾ ਕੀ ਹੈ, ਸਿੱਧਾ ਕਮਲ ਕੀ ਹੈ, ਕਮਲ ਦਾ ਖਿੜਨਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ।

"ਮਨਮੁਖਿ ਜੋਨੀ ਦੂਖ ਸਹਾਮੰ॥ ਬੰਧਨ ਤੂਟੇ ਇਕੁ ਨਾਮੁ ਵਸਾਮੰ॥੭॥
ਮੰਨੇ ਨਾਮੁ ਸਚੀ ਪਤਿ ਪੂਜਾ॥ ਕਿਸੁ ਵੇਖਾ ਨਾਹੀ ਕੋ ਦੂਜਾ॥"

(ਅੰਗ ੮੩੧)

ਉੱਪਰ ਪੰਗਤੀਆਂ ਰਾਹੀਂ ਵੀ ਨਾਮ ਦੀ ਮਹੱਤਤਾ ਦਾ ਵਰਣਨ ਹੈ। ਨਾਮ ਮਿਲਣ ਨਾਲ, ਗੁਰੂ ਦਾ ਗਿਆਨ ਅੰਦਰ ਵੱਸਣ ਨਾਲ ਮਨੁੱਖ ਬੰਧਨ ਤੋਂ ਮੁਕਤ ਹੋ ਜਾਂਦਾ ਹੈ ਭਾਵ ਉਸਦਾ ਆਵਾਗਉਣ ਮਿਟ ਜਾਂਦਾ ਹੈ ਅਤੇ ਜੋ ਮਨਮੁੱਖ ਹਨ ਭਾਵ ਜੋ ਬਾਣੀ ਦੇ ਉਪਦੇਸ਼ ਤੋਂ ਵਿੱਛੜੇ ਹੋਏ ਹਨ ਉਹ ਜੂਨਾਂ ਵਿੱਚ ਹੀ ਰਹਿੰਦੇ ਹਨ ਤੇ ਦੁੱਖ ਸਹਿੰਦੇ ਹਨ। ਬਾਣੀ ਦੇ ਉਪਦੇਸ਼ ਨੂੰ ਮੰਨਣਾ ਹੀ ਪ੍ਰਮਾਤਮਾ ਦੀ ਸੱਚੀ ਪੂਜਾ ਹੈ ਤੇ ਇਸ ਦੇ ਨਾਲ ਹੀ ਮਨੁੱਖ ਦੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਪਤਿ ਉੱਚੀ ਹੁੰਦੀ ਹੈ। ਗੁਰੂ ਤੋਂ ਬਿਨ੍ਹਾਂ ਹੋਰ ਕੋਈ ਰਸਤਾ ਨਹੀਂ ਹੈ ਜੋ ਪ੍ਰਮਾਤਮਾ ਨਾਲ ਭਾਵ "ਨਾਮ" ਨਾਲ ਮਿਲਾ ਸਕੇ। **ਸਾਡੇ ਅੰਦਰ ਨਾਮ ਵੱਸਣ ਨਾਲ ਸਾਡੇ ਬੰਧਨ ਟੁੱਟ ਜਾਂਦੇ ਹਨ। ਫਿਰ ਨਾਮ ਕੀ ਹੋਇਆ। ਗੁਰੂ ਪ੍ਰਮਾਤਮਾ ਤੋਂ ਬਿਨ੍ਹਾਂ ਸਾਡੇ ਬੰਧਨ ਕੌਣ ਤੋੜ ਸਕਦਾ ਹੈ। ਇਸ ਲਈ ਸਾਨੂੰ ਕੇਵਲ ਗੁਰੂ ਦੀ, ਨਾਮ ਦੀ ਮਤਿ ਨੂੰ ਮੰਨਣਾ ਚਾਹੀਦਾ ਹੈ, ਉਸ ਅਨੁਸਾਰ ਵਿਚਰਨਾ ਚਾਹੀਦਾ ਹੈ ਤਾਂ ਜੋ ਅਸੀਂ**

ਬੰਧਨ ਤੋਂ ਮੁਕਤ ਹੋ ਸਕੀਏ। ਬੰਧਨ ਸਾਡੇ ਅੰਦਰ ਮਨ ਦੀ ਅਗਿਆਨਤਾ ਦਾ ਹੈ, ਭਰਮ ਦੇ ਪੜਦੇ ਦਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦਾ ਹੈ, ਹਉਮੈ ਦਾ ਹੈ, ਮਾਇਆ ਦਾ ਹੈ। ਇਸ ਭਰਮ ਦੇ ਬੰਧਨ ਵਿੱਚੋਂ ਕੇਵਲ ਨਾਮ ਹੀ ਕੱਢ ਸਕਦਾ ਹੈ ਭਾਵ ਸੱਚਾ ਗਿਆਨ, ਬ੍ਰਹਮ ਗਿਆਨ ਹੀ ਕੱਢ ਸਕਦਾ ਹੈ ਜੋ ਕੇਵਲ ਪ੍ਰਮਾਤਮਾ ਦੇ ਆਪਣੇ ਕੋਲ ਹੀ ਹੈ। ਉਸਨੂੰ ਪਾਉਣ ਦਾ ਤਰੀਕਾ ਕੇਵਲ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦਾ ਹੈ ਭਾਵ ਨਾਮ ਦੀ ਗੱਲ ਨੂੰ ਮੰਨਣ ਦਾ ਹੈ। ਮਨ ਦੀ ਅਗਿਆਨਤਾ ਦਾ ਬੰਧਨ, ਮਾਇਆ ਦਾ ਬੰਧਨ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਤੋੜ ਸਕਦਾ ਹੈ, ਬੰਧਨ ਤੋਂ ਮੁਕਤਿ ਕਰ ਸਕਦਾ ਹੈ।

{ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥2॥}

(ਅੰਗ 33)

{ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥1॥}

(ਅੰਗ 124)

{ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥3॥}

(ਅੰਗ 127)

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥
ਮੁਕਤੇ ਸੰਤ ਬੂਝਹਿ ਹਰਿ ਨੇਰਾ ॥} (ਅੰਗ 388)

{ਬੰਧਨ ਤੋਰੇ ਸਹਜਿ ਧਿਆਨੁ ॥
ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥} (ਅੰਗ 416)

{ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥4॥} (ਅੰਗ 598)

{ਬੰਧਨ ਤੂਟਹਿ ਮੁਕਤਿ ਹੋਇ ਤ੍ਰਿਸਨਾ ਅਗਨਿ ਬੁਝਾਏ ॥
ਸਭ ਮਹਿ ਨਾਮੁ ਨਿਧਾਨੁ ਹੈ ਗੁਰਮੁਖਿ ਕੋ ਪਾਏ ॥5॥}

(ਅੰਗ 1011)

ਬੰਧਨ ਤੋਂ ਮੁਕਤੀ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਾਂਗੇ।

"ਸੋ ਨਾਮੁ ਜਪੈ ਜਿਸੁ ਆਪਿ ਜਪਾਏ ॥
ਸਗਲ ਫਲਾ ਸੇ ਸੂਖਿ ਸਮਾਏ ॥"

(ਅੰਗ 890)

ਇਸ ਪੰਗਤੀ ਤੋਂ ਭਾਵ ਹੈ ਗੁਰਬਾਣੀ ਦੇ ਉਪਦੇਸ਼ ਅਨੁਸਾਰ ਉਹ ਮਨੁੱਖ ਹੀ ਚੱਲ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪ ਇਸ ਮਾਰਗ ਤੇ ਪਾਵੇ। ਸਾਰੇ ਫਲ ਇਸੇ ਤਰੀਕੇ ਚੱਲਣ ਨਾਲ, ਪ੍ਰਮਾਤਮਾ ਵਿੱਚ ਸਮਾ ਕੇ ਭਾਵ ਉਸਦੇ ਮੇਲ ਦੁਆਰਾ ਪ੍ਰਾਪਤ ਹੁੰਦੇ ਹਨ। ਨਾਮ ਜਪਣਾ ਕੀ ਹੈ, ਇਸ ਦੀ ਚਰਚਾ ਅੱਗੇ ਚੱਲ ਕੇ ਬਰੀਕੀ ਨਾਲ ਹੋਵੇਗੀ।

"ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ॥
ਬਡਭਾਗੀ ਨਾਨਕ ਜਨ ਸੇਇ॥੮॥੧੩॥"

(ਅੰਗ 281)

ਇਸ ਸ਼ਬਦ ਰਾਹੀਂ ਇਹ ਬੜਾ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਨਾਮ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪਣਾ ਨਾਮ ਕਿਸੇ ਵਡਭਾਗੀ ਨੂੰ ਆਪ ਹੀ ਆਪਣੀ ਕ੍ਰਿਪਾ ਦੁਆਰਾ ਦਿੰਦਾ ਹੈ। ਨਾਮ ਮਿਲਣ ਦਾ ਅਸਲ ਵਿੱਚ ਅਰਥ ਇਹ ਹੈ ਕਿ ਜਿਸ ਮਨੁੱਖ ਨੂੰ ਪ੍ਰਮਾਤਮਾ ਦਾ ਨਾਮ ਮਿਲਦਾ ਹੈ ਉਸਦਾ ਆਪਣਾ ਨਾਮ ਮਿਟ ਜਾਂਦਾ ਹੈ ਭਾਵ ਉਸਦੀ ਆਪਣੀ ਹੋਂਦ ਮਿਟ ਜਾਂਦੀ ਹੈ ਕਿਉਂਕਿ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਇਹ ਸਰੀਰ ਪ੍ਰਮਾਤਮਾ ਦਾ ਹੀ ਹੈ, ਉਹ ਹੀ ਅੰਦਰ ਵਰਤ ਰਿਹਾ ਹੈ। ਇਸ ਨੂੰ ਇਸ ਤਰ੍ਹਾਂ ਸਮਝ ਲਿਆ ਜਾਵੇ, ਜਿਵੇਂ ਕਿਸੇ ਘਰ ਦੇ ਬਾਹਰ ਘਰ ਦਾ ਮਾਲਕ ਬਦਲਣ ਦੇ ਨਾਲ ਨੇਮ ਪਲੇਟ ਭਾਵ ਉਸ ਦੇ ਨਾਮ ਦੀ ਪਲੇਟ ਬਦਲ ਜਾਂਦੀ ਹੈ ਭਾਵ ਮਨੁੱਖ ਦਾ ਆਪਣਾ ਨਾਮ ਖ਼ਤਮ ਹੋ ਜਾਂਦਾ ਹੈ ਤੇ ਕੇਵਲ ਪ੍ਰਮਾਤਮਾ ਦਾ ਨਾਮ ਰਹਿ ਜਾਂਦਾ ਹੈ। ਜਿਸ ਮਨ ਦਾ ਮਾਲਕ ਮਨੁੱਖ ਆਪਣੇ ਆਪ ਨੂੰ ਸਮਝਦਾ ਸੀ, ਉਸਦਾ ਮਾਲਕ ਬਦਲ ਕੇ ਪ੍ਰਮਾਤਮਾ ਬਣ ਜਾਂਦਾ ਹੈ। ਇਹ ਮਨੁੱਖ ਦੀ ਹਉਮੈ ਦਾ, ਉਸਦੀ ਹੋਂਦ ਦਾ ਮਿਟਣਾ ਹੈ, ਮਨ ਦੇ ਵਿੱਚ ਨਾਮ ਵਾਲੀ ਸੱਚੀ ਸਮਝ ਪੈਣ ਦੁਆਰਾ ਮਿਟਣਾ ਹੈ ਜੋ ਸਮਝ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ। ਜਿਸ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਮਨੁੱਖੀ ਸਰੀਰ ਕਦੇ ਕਹਿ ਹੀ ਨਹੀਂ ਸਕਦਾ ਕਿ ਇਹ ਸਰੀਰ ਮੇਰਾ ਹੈ ਕਿਉਂਕਿ ਉਹ ਆਪਣੇ ਅੰਦਰੋਂ ਇਸ ਸਰੀਰ ਦੇ ਮਾਲਕ ਨੂੰ ਦੇਖ ਲੈਂਦਾ ਹੈ। **(ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ॥ ਬਡਭਾਗੀ ਨਾਨਕ ਜਨ ਸੇਇ॥੮॥੧੩॥)**

"ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ॥
ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ॥੭॥
ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥੯॥"

(ਅੰਗ ੭੬੨)

"ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤਿ ਗਾਉ॥
ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ॥੨॥"

(ਅੰਗ ੯੮੮)

ਇਨ੍ਹਾਂ ਪੰਗਤੀਆਂ ਰਾਹੀਂ ਮਨੁੱਖ ਦੀ ਪ੍ਰਮਾਤਮਾ ਅੱਗੇ ਅਰਦਾਸ ਦਾ ਜਿਕਰ ਹੈ ਭਾਵ ਅਰਦਾਸ ਕਰਨ ਦਾ ਤਰੀਕਾ ਦੱਸਿਆ ਗਿਆ ਹੈ ਜਿਸ ਦੁਆਰਾ ਪ੍ਰਮਾਤਮਾ ਕੋਲੋਂ ਉਸਦਾ ਨਾਮ ਮੰਗਿਆ ਗਿਆ ਹੈ ਭਾਵ ਉਸ ਨਾਲ ਮੇਲ ਲਈ ਬੇਨਤੀ ਕੀਤੀ ਗਈ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ, ਹੋਰ ਕੋਈ ਉਸਦਾ ਨਾਮ ਕਿਵੇਂ ਦੇ ਸਕਦਾ ਹੈ। ਉਸਦਾ ਨਾਮ ਮੰਗਣ ਵਾਲੇ, ਉਸਨੂੰ ਖੋਜਣ ਵਾਲੇ ਬਹੁਤ ਹਨ, ਕੋਟਿ ਅਸੰਖ ਹਨ, ਗਿਣਤੀ ਤੋਂ ਬਾਹਰ ਹਨ ਤੇ ਅਨੰਤ ਕਾਲ ਤੋਂ ਖੋਜ ਰਹੇ ਹਨ ਭਾਵ ਹਰ ਕੋਈ ਪ੍ਰਮਾਤਮਾ ਨੂੰ ਜਾਨਣਾ ਚਾਹੁੰਦਾ ਹੈ ਪਰ ਉਸ ਨੂੰ ਜਾਣ ਉਹੀ ਸਕਦਾ ਹੈ ਜਿਸਨੂੰ ਉਹ ਆਪ ਹੀ ਆਪਣੇ ਆਪ ਦੀ ਸੋਝੀ ਪਾਉਂਦਾ ਹੈ ਤੇ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ। ਇਹ ਸੋਝੀ ਪ੍ਰਮਾਤਮਾ ਆਪਣਾ ਨਾਮ ਦੇਣ ਦੁਆਰਾ ਪਾਉਂਦਾ ਹੈ ਕਿ ਉਹ ਸਾਡੇ ਨੇੜੇ ਹੀ ਹੈ, ਨਾਲ ਹੀ ਹੈ ਭਾਵ ਉਸਨੂੰ ਕਿਤੇ ਬਾਹਰੋਂ ਖੋਜਣ ਦੀ ਲੋੜ ਨਹੀਂ ਹੈ। ਜਿਸਨੂੰ ਨਾਮ ਦੀ ਭੁੱਖ ਹੈ, ਪ੍ਰਮਾਤਮਾ ਨੂੰ ਜਾਨਣ ਦੀ ਭੁੱਖ ਹੈ ਉਹ ਪ੍ਰਮਾਤਮਾ ਅੱਗੇ ਬੇਨਤੀ ਹੀ ਕਰ ਸਕਦਾ ਹੈ। ਇਹ ਬੇਨਤੀ ਕਰਨ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅੱਗੇ ਜਾ ਕੇ ਸਮਝਾਂਗੇ। ਸਭ ਤੋਂ ਪਹਿਲੇ ਨਾਮ ਦੀ ਸਮਝ ਲੱਗਣੀ ਜਰੂਰੀ ਹੈ ਕਿ "ਨਾਮ" ਕੀ ਹੈ।

"ਜੋ ਕਿਛੁ ਕਰੈ ਸੁ ਨਿਹਚਉ ਹੋਈ॥ ਤਿਸੁ ਬਿਨੁ ਦਾਤਾ ਅਵਰੁ ਨ ਕੋਈ॥

ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ॥੨॥"

(ਅੰਗ ੧੦੬੨)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਨਾਮ ਪ੍ਰਮਾਤਮਾ ਦਾ ਦਾਨ ਹੈ ਜੋ ਕਿ ਉਹ ਆਪ ਹੀ ਆਪਣੀ ਕ੍ਰਿਪਾ ਦੁਆਰਾ ਦਿੰਦਾ ਹੈ। ਇਹ ਦਾਨ ਹੋਰ ਕੋਈ ਕਿਵੇਂ ਦੇ ਸਕਦਾ ਹੈ। ਉਸ ਬਿਨ੍ਹਾਂ ਹੋਰ ਕੋਈ ਦਾਤਾ ਹੋ ਹੀ ਨਹੀਂ ਸਕਦਾ। ਆਪਣੇ ਆਪ ਨੂੰ ਕੋਈ ਦਾਤਾ ਕਿਵੇਂ ਅਖਵਾ ਸਕਦਾ ਹੈ, ਨਾਮ ਕਿਵੇਂ ਦੇ ਸਕਦਾ ਹੈ। ਉਹੀ ਦੇਵੇਗਾ ਜਿਸਨੂੰ ਨਾਮ ਦੀ ਸੋਝੀ ਨਹੀਂ ਹੈ। ਜਿਸ ਨੂੰ ਨਾਮ ਦਾਨ ਮਿਲ ਜਾਂਦਾ ਹੈ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਕਰਕੇ ਗੁਰੂ ਦੇ ਕੋਲ ਨਾਮ ਹੈ ਜੋ ਨਾਮ ਪੂਰੀ ਗੁਰਬਾਣੀ ਦੇ ਵਿੱਚ ਹੈ।

"ਸੇ ਵਡਭਾਗੀ ਜਿਨੀ ਏਕੋ ਜਾਤਾ॥
ਘਟਿ ਘਟਿ ਵਸਿ ਰਹਿਆ ਜਗਜੀਵਨੁ ਦਾਤਾ॥
ਇਕ ਥੈ ਗੁਪਤੁ ਪਰਗਟੁ ਹੈ ਆਪੇ ਗੁਰਮੁਖਿ ਭ੍ਰਮੁ ਭਉ ਜਾਈ ਹੇ॥੧੫॥
ਗੁਰਮੁਖਿ ਹਰਿ ਜੀਉ ਏਕੋ ਜਾਤਾ॥ ਅੰਤਰਿ ਨਾਮੁ ਸਬਦਿ ਪਛਾਤਾ॥
ਜਿਸੁ ਤੂ ਦੇਹਿ ਸੋਈ ਜਨੁ ਪਾਏ ਨਾਨਕ ਨਾਮਿ ਵਡਾਈ ਹੇ॥੧੬॥"

(ਅੰਗ ੧੦੪੮)

ਇਸ ਸ਼ਬਦ ਦੇ ਰਾਹੀਂ ਵੀ ਮਨ ਦੇ ਅੰਦਰ ਪ੍ਰਮਾਤਮਾ ਦੇ ਮੇਲ ਦੀ ਗੱਲ ਸਮਝਾਈ ਗਈ ਹੈ। ਜਦੋਂ ਮਨੁੱਖ ਆਪਣੇ ਅੰਦਰੋਂ ਨਾਮ ਦੀ ਪਛਾਣ ਕਰ ਲੈਂਦਾ ਹੈ, ਫਿਰ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਮਨੁੱਖ ਭਾਵ ਆਤਮਾ (ਜੀਉ) ਅਤੇ ਪ੍ਰਮਾਤਮਾ (ਹਰਿ) ਇੱਕੋ ਹੀ ਹੈ। **"ਆਤਮਾ" ਭਾਵ ਮਨੁੱਖ ਦੀ ਹੋਂਦ ਕੇਵਲ ਇੱਕ ਭੁਲੇਖਾ ਹੀ ਹੈ ਜੋ ਪ੍ਰਮਾਤਮਾ ਦੇ ਮੇਲ ਤੋਂ ਬਾਅਦ ਭਾਵ ਨਾਮ ਮਿਲਣ ਤੋਂ ਬਾਅਦ ਦੂਰ ਹੋ ਜਾਂਦਾ ਹੈ। ਅਸਲ ਵਿੱਚ "ਮਨ" ਹੀ ਆਤਮਾ ਹੈ, ਮਨ ਹੀ ਪ੍ਰਮਾਤਮਾ ਹੈ।** ਜਦ ਤੱਕ ਸਾਨੂੰ ਮਨ ਦੀ ਸਮਝ ਨਹੀਂ ਇਹ ਆਤਮਾ ਹੈ ਤੇ ਮਨ ਦੀ ਸਮਝ ਲੱਗਣ ਤੋਂ ਬਾਅਦ ਇਹ ਪ੍ਰਮਾਤਮਾ ਹੈ। ਆਪਣੇ ਆਪ ਨੂੰ ਆਤਮਾ ਰੂਪ ਸਮਝਣਾ ਕੇਵਲ ਸਾਡਾ ਭੁਲੇਖਾ ਹੈ, ਭਰਮ ਹੈ ਤੇ ਮਨ ਦੀ ਸੋਝੀ ਪੈਣ ਤੋਂ ਬਾਅਦ ਇਹ ਭੁਲੇਖਾ ਮਿਟ ਜਾਂਦਾ ਹੈ। ਇਹ ਭੁਲੇਖਾ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕੱਢਦਾ ਹੈ। ਇਹ ਭਰਮ ਹੀ ਸਾਡਾ ਬੰਧਨ ਹੈ ਜਿਸ ਵਿੱਚੋਂ ਪ੍ਰਮਾਤਮਾ ਸਾਨੂੰ ਆਪ ਹੀ ਕੱਢਦਾ ਹੈ।ਉਹ ਗੁਪਤ ਰੂਪ ਵਿੱਚ ਸਭ ਵਿੱਚ ਵਰਤ ਰਿਹਾ ਹੈ ਪਰ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ, ਉਸਦਾ ਭੁਲੇਖਾ ਦੂਰ ਹੋ ਜਾਂਦਾ ਹੈ। ਪ੍ਰਮਾਤਮਾ ਨੂੰ ਪਾ ਲੈਣਾ ਮਨੁੱਖ ਦੀ ਆਪਣੀ ਕੋਈ ਸਮਰੱਥਾ ਨਹੀਂ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਵਿੱਚ ਪਰਗਟ ਹੋਣ ਦੁਆਰਾ ਦਿੰਦਾ ਹੈ ਤੇ ਉਸ ਦਾ ਨਾਮ ਮਿਲਣ ਦੁਆਰਾ ਹੀ, ਸੱਚਾ ਗਿਆਨ ਮਿਲਣ ਦੁਆਰਾ ਹੀ, ਸੱਚੀ ਸੋਝੀ ਪੈਣ ਦੁਆਰਾ ਹੀ ਅਸੀਂ ਉਸ ਦੀ ਵਡਿਆਈ ਕਰ ਸਕਦੇ ਹਾਂ। ਆਪਣੀ ਵਡਿਆਈ ਕਰਵਾਉਣ ਦੀ ਸਿੱਖਿਆ ਉਹ ਮਨ ਦੇ ਵਿੱਚ ਆਪ ਹੀ ਦਿੰਦਾ ਹੈ। ਉਸ ਦੀ ਪਹਿਲੀ ਵਡਿਆਈ ਇਸ ਵਿੱਚ ਹੈ ਜਦੋਂ ਇਹ ਕਹਿਣ ਲਾਇਕ ਹੋ ਜਾਈਏ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੁੱਝ ਵੀ ਨਹੀਂ ਹੈ। ਮਨ ਦਾ ਭਰਮ ਮਿਟੇ ਬਿਨ੍ਹਾਂ ਭਾਵ ਨਾਮ ਮਿਲੇ ਬਿਨ੍ਹਾਂ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ।

"ਸਤਿਗੁਰਿ ਪੂਰੈ ਨਾਮੁ ਦੀਆ॥
ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ॥੧॥ਰਹਾਉ॥" (ਅੰਗ ੧੩੪੦)

ਇਸ ਸ਼ਬਦ ਦੁਆਰਾ ਇਹ ਦਰਸਾਇਆ ਗਿਆ ਹੈ ਕਿ ਨਾਮ ਮਿਲਣਾ ਹੀ ਸਭ ਕੁੱਝ ਹੈ। ਜਦੋਂ ਗੁਰੂ ਪ੍ਰਮਾਤਮਾ ਆਪਣਾ ਨਾਮ ਦੇ ਦਿੰਦਾ ਹੈ ਤਾਂ ਮਨੁੱਖ ਨੂੰ ਸਭ ਕੁੱਝ ਮਿਲ ਜਾਂਦਾ ਹੈ ਭਾਵ ਇਹ ਮਨੁੱਖਾ ਜੀਵਨ ਸਫਲ ਹੋ ਜਾਂਦਾ ਹੈ। ਨਾਮ ਮਿਲ ਗਿਆ ਭਾਵ ਰੱਬ ਮਿਲ ਗਿਆ, ਵਾਹਿਗੁਰੂ ਮਿਲ ਗਿਆ।

"ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ॥ ਤੁਧੁ ਆਪੇ ਕਥੀ ਅਕਥ ਕਹਾਣੀ॥
ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ॥੧੪॥
ਤੂ ਆਪੇ ਕਰਤਾ ਸਿਰਜਣਹਾਰਾ॥ ਤੇਰਾ ਲਿਖਿਆ ਕੋਇ ਨ ਮੇਟਣਹਾਰਾ॥

ਗੁਰਮੁਖਿ ਨਾਮੁ ਦੇਵਹਿ ਤੂ ਆਪੇ ਸਹਸਾ ਗਣਤ ਨ ਤਾਹਾ ਹੇ॥੧੫॥
ਭਗਤ ਸਚੇ ਤੇਰੈ ਦਰਵਾਰੇ ॥ਸਬਦੇ ਸੇਵਨਿ ਭਾਇ ਪਿਆਰੇ॥
ਨਾਨਕ ਨਾਮਿ ਰਤੇ ਬੈਰਾਗੀ ਨਾਮੇ ਕਾਰਜੁ ਸੋਹਾ ਹੇ॥੧੬॥"

(ਅੰਗ ੧੦੫੬)

ਮੁੱਖ ਤੌਰ ਤੇ ਇਸ ਸ਼ਬਦ ਰਾਹੀਂ ਇਹ ਸੋਝੀ ਪਾਈ ਹੈ ਕਿ ਪ੍ਰਮਾਤਮਾ ਨੇ ਆਪ ਹੀ ਆਪਣੀ "ਅਕਥਿ ਕਹਾਣੀ" ਭਾਵ "ਗੁਰਬਾਣੀ" ਰਚੀ ਹੈ ਤੇ ਉਹ ਆਪ ਹੀ ਗੁਰੂ ਹੈ। ਉਹ ਆਪ "ਸ਼ਬਦ" ਰੂਪ ਹੈ, ਨਾਮ ਰੂਪ ਹੈ, ਗਿਆਨ ਰੂਪ ਹੈ ਤੇ ਇਹ ਰੂਪ ਹੀ ਉਸਦਾ ਗੁਰੂ ਰੂਪ ਹੈ। ਆਪਣੇ ਆਪ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ ਤੇ ਉਸਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਜਿਸਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਉਸਨੇ "ਸਬਦ" ਰੂਪ ਵਿੱਚ ਹੀ ਉਸਨੂੰ ਜਾਣਿਆ ਹੈ। ਜਿਸਨੇ ਪ੍ਰਮਾਤਮਾ ਨੂੰ ਸ਼ਬਦ ਰੂਪ ਵਿੱਚ ਨਹੀਂ ਜਾਣਿਆ ਉਸਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ। (**ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ॥ ਤੁਧੁ ਆਪੇ ਕਥੀ ਅਕਥ ਕਹਾਣੀ॥**) ਆਪਣਾ ਨਾਮ ਉਹ ਆਪ ਹੀ ਦਿੰਦਾ ਹੈ ਤੇ ਭਰਮ ਦੂਰ ਕਰਦਾ ਹੈ। ਨਾਮ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ। ਜੋ ਸ਼ਬਦ ਦਾ ਮਕਸਦ ਹੈ, ਉਹੀ ਨਾਮ ਦਾ ਮਕਸਦ ਹੈ ਭਾਵ ਇੱਕੋ ਹੀ ਗੱਲ ਹੈ। ਸ਼ਬਦ ਗੁਰੂ ਹੈ, ਨਾਮ ਗੁਰੂ ਹੈ। ਸਾਡਾ ਭਰਮ ਉਹ ਨਾਮ ਦੇਣ ਦੁਆਰਾ ਹੀ ਕੱਢਦਾ ਹੈ। **(ਗੁਰਮੁਖਿ ਨਾਮੁ ਦੇਵਹਿ ਤੂ ਆਪੇ ਸਹਸਾ ਗਣਤ ਨ ਤਾਹਾ ਹੇ॥੧੫॥)** ਪੂਰੀ ਗੁਰਬਾਣੀ ਵਿੱਚ ਨਾਮ ਹੈ ਤੇ ਇਸੇ ਲਈ ਗੁਰਬਾਣੀ ਭਰਮ ਤੋਂ ਰਹਿਤ ਹੈ। ਜਿਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਹਨਾਂ ਨੂੰ ਪ੍ਰਮਾਤਮਾ ਨੇ ਆਪਣਾ ਨਾਮ ਬਖਸ਼ ਕੇ ਹੀ ਭਰਮਾਂ ਵਿੱਚੋਂ ਕੱਢਿਆ ਹੈ। ਮਨ ਦਾ ਭਰਮ ਬ੍ਰਹਮ ਗਿਆਨ ਦੁਆਰਾ ਹੀ ਨਿਕਲਦਾ ਹੈ, ਨਾਮ ਦੁਆਰਾ, ਸ਼ਬਦ ਦੁਆਰਾ ਹੀ ਨਿਕਲਦਾ ਹੈ।

"ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੁ ਨ ਜਾਇ॥
ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ॥੩॥"

(ਅੰਗ ੧੨੫੮)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਨਾਮ ਮਿਲਣ ਤੋਂ ਬਾਅਦ ਮਨੁੱਖ ਦਾ ਚੌਥੇ ਪਦ ਵਿੱਚ ਵਾਸਾ ਹੋ ਜਾਂਦਾ ਹੈ ਤੇ ਉਹ ਪ੍ਰਮਾਤਮਾ ਵਿੱਚ ਭਾਵ ਉਸ ਦੇ ਗੁਣਾਂ ਵਿੱਚ, ਮਤਿ ਵਿੱਚ ਸਮਾਇਆ ਰਹਿੰਦਾ ਹੈ। ਹੁਣ ਜਿਨ੍ਹਾਂ ਨੇ ਨਾਮ ਲਇਆ ਹੋਇਆ ਹੈ ਤੇ ਫਿਰ ਕੀ ਉਨ੍ਹਾਂ ਦਾ ਚੌਥੇ ਪਦ ਵਿੱਚ ਵਾਸਾ ਹੋ ਗਿਆ ਹੋਇਆ ਹੈ, ਆਪ ਹੀ ਵਿਚਾਰ ਲੈਣਾ। ਪੂਰੀ ਗੁਰਬਾਣੀ ਦਾ ਗਿਆਨ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਨਾਮ ਵੱਸਣ ਨਾਲ ਗੁਰਬਾਣੀ ਦੀ ਸੋਝੀ ਪੈਣਾ ਸੁਭਾਵਿਕ ਹੀ ਹੈ, ਉਹ ਆਪ ਹੀ ਸੋਝੀ ਪਾਉਂਦਾ ਹੈ। ਪ੍ਰਮਾਤਮਾ ਨੂੰ ਜਾਨਣ ਤੋਂ ਬਿਨ੍ਹਾਂ, ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਦੀ ਕੀਮਤ ਪਾਉਣਾ ਕੀ ਹੈ ਭਾਵ ਉਹ ਕਿਸ ਕੀਮਤ ਦੁਆਰਾ ਮਿਲਦਾ ਹੈ, ਪ੍ਰਮਾਤਮਾ ਨੂੰ ਪਾਉਣ ਲਈ ਕੀ ਕੀਮਤ ਚੁਕਾਉਣੀ ਪੈਂਦੀ ਹੈ ਭਾਵ ਉਸ ਨੂੰ ਪਾਉਣ ਲਈ ਕਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣਾ ਪੈਂਦਾ ਹੈ। ਪ੍ਰਮਾਤਮਾ ਦਾ ਕਹਨ ਕੀ ਹੈ ਭਾਵ ਪ੍ਰਮਾਤਮਾ ਕਿਸ ਰੂਪ ਵਿੱਚ ਵਿਚਰਦਾ ਹੈ, ਕਿਸ ਰੂਪ ਵਿੱਚ ਉਸਦੇ ਨਾਲ ਮੇਲ ਹੁੰਦਾ ਹੈ ਕਿਸ ਜਗ੍ਹਾ ਮੇਲ ਹੁੰਦਾ ਹੈ ਇਸ ਗੱਲ ਦੀ ਸੋਝੀ ਮਨੁੱਖ ਨੂੰ ਨਹੀਂ ਪੈਂਦੀ (**ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੁ ਨ ਜਾਇ॥**)। ਚੌਥੇ ਪਦ ਦੀ ਪ੍ਰਾਪਤੀ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਦੀ ਅਵੱਸਥਾ ਵਿੱਚ ਹੈ, ਹਉਮੈ ਵਿੱਚ ਹੀ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਨਾਮ ਨਹੀਂ ਹੈ। ਚੌਥਾ ਪਦ ਬ੍ਰਹਮ ਗਿਆਨ ਦੀ ਅਵੱਸਥਾ ਦਾ ਪਦ ਹੈ, ਨਾਮ ਦੀ ਸਮਝ ਵਾਲਾ ਪਦ ਹੈ, ਸਹਜ ਦੀ ਅਵੱਸਥਾ ਦਾ ਪਦ ਹੈ। ਚੌਥਾ ਪਦ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਜਿਸ ਦੁਆਰਾ ਸਾਨੂੰ ਆਪਣੇ ਆਪ ਦੀ, ਆਪਣੇ ਅੰਦਰੋ ਪ੍ਰਮਾਤਮਾ ਦੀ, ਉਸ ਦੇ ਸੱਚੇ ਹੋਣ ਦੀ ਸਮਝ ਪੈਂਦੀ ਹੈ। ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਉਣਾ ਹੀ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ, ਨਾਮ ਦੇ ਵਿੱਚ ਸਮਾਉਣਾ ਹੈ, ਸੱਚ ਰੂਪ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ ਜਿਵੇਂ ਕਿ ਗੁਰੂ ਸਾਹਿਬਾਨ, ਭਗਤ, ਗੁਰਬਾਣੀ ਦੀ ਰਚਨਾ ਕਰਨ ਵਾਲੇ ਉਸ ਵਿੱਚ ਸਮਾਏ ਹੋਏ ਹਨ, ਹੁਣ ਵੀ ਗੁਰਬਾਣੀ ਰਾਹੀਂ ਸਮਾਏ ਹੋਏ ਹਨ ਤੇ ਸਦਾ ਹੀ ਸਮਾਏ ਰਹਿਣਗੇ। (**ਚਉਥੈ ਪਦ ਵਾਸਾ ਹੋਇਆ ਸਚੈ ਰਹੈ ਸਮਾਇ**)

"ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ॥

ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ॥੧॥
ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥੧॥"

(ਅੰਗ ੧੨੦੯)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਗੁਰਬਾਣੀ ਦਾ ਗਿਆਨ ਹੀ ਪ੍ਰਮਾਤਮਾ ਦਾ ਨਾਮ ਹੈ ਤੇ ਨਾਮ ਮੰਨਣ ਨਾਲ ਹੀ ਮਨੁੱਖ ਦੀ ਤ੍ਰਿਪਤੀ ਹੁੰਦੀ ਹੈ। ਗੁਰਬਾਣੀ ਅਕਾਲ ਪੁਰਖ ਦਾ ਆਪਣਾ ਦਿੱਤਾ ਹੋਇਆ ਮੰਤ੍ਰ ਹੈ ਭਾਵ ਗਿਆਨ ਹੈ ਤੇ ਇਸ ਬਾਣੀ ਦੇ ਗਿਆਨ ਨੂੰ ਆਪਣੇ ਮਨ ਵਿੱਚ ਉਤਾਰਨਾ ਭਾਵ ਪੂਰੀ ਤਰ੍ਹਾਂ ਬਾਣੀ ਦੇ ਉਪਦੇਸ਼ ਨੂੰ ਮੰਨਣਾ ਸਾਡੇ ਜੀਵਨ ਦਾ ਮਨੋਰਥ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਸਕਦੇ ਹਾਂ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਸੱਚਾ ਰੂਪ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ। ਨਾਲ ਇਹ ਵੀ ਸੋਚੋ ਕਿ ਜਿਨ੍ਹਾਂ ਨੂੰ ਨਾਮ ਇੱਧਰੋਂ-ਉੱਧਰੋਂ ਮਿਲਿਆ ਹੋਇਆ ਹੈ, ਕੀ ਉਨ੍ਹਾਂ ਦੇ ਮਨ ਦੀ ਤ੍ਰਿਪਤੀ ਹੋ ਚੁੱਕੀ ਹੈ, ਉਹ ਚਿੰਤਾਵਾਂ ਤੋਂ ਮੁਕਤ ਹੋ ਚੁੱਕੇ ਹਨ? ਜਿਸ ਮਨ ਦੇ ਵਿੱਚ ਨਾਮ ਦਾ ਬਿਸ੍ਰਾਮ ਹੁੰਦਾ ਹੈ, ਟਿਕਾਓ ਹੁੰਦਾ ਹੈ, ਉਹ ਹੀ ਸੁੱਖ ਦਾ ਅਸਥਾਨ ਹੈ ਜਿਸਨੂੰ ਅਸੀਂ ਆਪਣੇ ਅੰਦਰੋਂ ਖੋਜਣਾ ਹੈ। ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜ ਲੈਂਦਾ ਹੈ ਉਹ ਸੁੱਖ ਅਸਥਾਨ ਨੂੰ ਖੋਜ ਲੈਂਦਾ ਹੈ। (**ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥੧॥**)

{ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥}

(ਅੰਗ 262)

ਉੱਪਰ ਹੁਣ ਤੱਕ ਦਿੱਤੇ ਗਏ ਸ਼ਬਦਾਂ ਰਾਹੀਂ ਸਾਨੂੰ ਨਾਮ ਬਾਰੇ ਕਾਫੀ ਕੁੱਝ ਪਤਾ ਲੱਗ ਗਿਆ ਹੋਵੇਗਾ। ਹੇਠ ਦਿੱਤੇ ਗਏ ਕੁੱਝ ਸ਼ਬਦਾਂ ਨੂੰ ਵਿਚਾਰ ਕੇ ਹੋਰ ਵੀ ਚਾਨਣਾ ਪਵੇਗਾ ਅਤੇ ਇਹ ਸ਼ਬਦ ਭੁਲੇਖੇ ਦੂਰ ਕਰਨ ਵਿੱਚ ਸਹਾਈ ਹੋਣਗੇ। ਇਹ ਵੀ ਗੱਲ ਸਾਫ਼ ਹੋ ਜਾਵੇਗੀ ਕਿ ਨਾਮ ਹੀ "ਹਰਿ ਰਸ ਹੈ", ਨਾਮ ਹੀ "ਹਰਿ ਧਨ" ਹੈ। ਆਪ ਜੀ ਨੂੰ ਸਮਝ ਆਵੇਗੀ ਕਿ ਇਹ ਸਾਰੇ ਰਸ ਗੁਰੂ ਦੇ, ਪ੍ਰਮਾਤਮਾ ਦੇ ਗਿਆਨ ਦੇ ਰਸ ਹਨ ਜੋ ਕਿ ਮਨ ਭੋਗਦਾ ਹੈ। ਇਹ ਜੀਭ ਦੇ ਰਸ ਨਹੀਂ ਹਨ, ਜਿਸਦਾ ਕਿ ਆਮ ਕਰਕੇ ਭੁਲੇਖਾ ਬਣਿਆ ਹੋਇਆ ਹੈ। ਇਸ ਗੱਲ ਨੂੰ ਅੱਗੇ ਜਾ ਕੇ ਹੋਰ ਬਰੀਕੀ ਨਾਲ ਸਮਝਾਂਗੇ। ਨਾਮ ਕੀ ਹੈ, ਇਸ ਬਾਰੇ ਵੀ ਅੱਗੇ ਜਾ ਕੇ ਬਹੁਤ ਬਰੀਕੀ ਨਾਲ ਸਮਝ ਪਵੇਗੀ, ਪੂਰਨ ਤਸੱਲੀ ਹੋ ਜਾਵੇਗੀ, ਕੇਵਲ ਪੂਰੇ ਲੇਖ ਨੂੰ ਪੜ੍ਹਨ ਦੀ ਲੋੜ ਹੈ ਤੇ ਗੁਰਬਾਣੀ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਗੁਰਬਾਣੀ ਸਾਨੂੰ ਜੋ ਕੁੱਝ ਸਮਝਾ ਰਹੀ ਹੈ ਉਹ ਪੂਰਨ ਸੱਚ ਹੈ। ਗੁਰਬਾਣੀ ਵਿੱਚ ਸਾਨੂੰ ਬਹੁਤ ਬਰੀਕੀ ਨਾਲ ਬਹੁਤ ਕੁੱਝ ਸਮਝਾਇਆ ਹੋਇਆ ਹੈ। ਗੁਰਬਾਣੀ ਦੇ ਗੂੜ ਭਾਵ ਦੀਆਂ ਗੱਲਾਂ ਨੂੰ ਸਮਝ ਕੇ ਹੀ ਅਸੀਂ ਗੁਰਬਾਣੀ ਦੀ ਵਾਹੁ-ਵਾਹੁ ਕਰਾਂਗੇ।

"ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥"

(ਅੰਗ ੫੧੫)

ਗੁਰਬਾਣੀ ਦਾ ਗਿਆਨ ਕਿਤਨੀ ਕੁ ਗਹਿਰਾਈ ਵਿੱਚ ਹੈ, ਇਸਦੀ ਸਮਝ ਸਾਨੂੰ ਲੇਖ ਵਿੱਚ ਕਾਫੀ ਅੱਗੇ ਚੱਲ ਕੇ ਹੀ ਪਵੇਗੀ।

"ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥"

(ਅੰਗ ੫੧੪)

ਉੱਪਰ ਪੰਗਤੀਆਂ ਰਾਹੀਂ ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਗੁਰਬਾਣੀ ਨਿਰੰਕਾਰ ਹੈ, ਗੁਰਬਾਣੀ "ਸੱਚੁ" ਹੈ ਤੇ "ਸਚਿ ਦੁਆਰਾ" ਭਾਵ ਸੱਚ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। "ਸੱਚੁ" ਹੀ ਨਾਮ ਹੈ। ਜੇਕਰ ਗੁਰਬਾਣੀ ਸੱਚੁ ਹੈ ਤੇ ਫਿਰ ਨਾਮ ਕੀ ਹੋਇਆ ਭਾਵ ਪੂਰੀ ਗੁਰਬਾਣੀ ਨਾਮ ਹੈ ਕਿਉਂਕਿ ਪੂਰੀ ਗੁਰਬਾਣੀ ਵਿੱਚ ਸੰਸਾਰ ਨੂੰ ਸੱਚੁ ਹੀ ਸਮਝਾਇਆ ਹੋਇਆ ਹੈ, ਸੱਚਾ ਗਿਆਨ ਹੀ ਦਿੱਤਾ ਹੋਇਆ ਹੈ। "ਸੱਚੁ ਰੂਪ" ਹੀ ਪ੍ਰਮਾਤਮਾ ਆਪ ਹੈ ਭਾਵ ਨਾਮ ਦੇ ਰੂਪ ਵਿੱਚ ਹੈ। ਪੂਰੀ

ਗੁਰਬਾਣੀ ਵਿੱਚ "ਸਚੁ" ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜੋ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। ਗਿਆਨ ਦਾ ਕੋਈ ਰੂਪ ਰੇਖ ਨਹੀਂ ਹੁੰਦਾ। ਕੇਵਲ ਇੱਕ ਗਿਆਨ ਹੀ ਸੰਸਾਰ ਵਿੱਚ ਐਸੀ ਵਸਤੂ ਹੈ ਜਿਸਦਾ ਰੂਪ ਰੇਖ ਨਹੀਂ ਹੁੰਦਾ। ਹੋਰ ਹਰ ਵਸਤੂ ਆਕਾਰ ਰੂਪ ਵਿੱਚ ਹੁੰਦੀ ਹੈ। ਪ੍ਰਮਾਤਮਾ ਨੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਆਕਾਰ ਰੂਪ ਦੀ ਰਚਨਾ ਕੀਤੀ ਹੋਈ ਹੈ ਭਾਵ ਉਸਨੇ ਆਪ ਹੀ ਸ੍ਰਿਸਟੀ ਦੀ ਰਚਨਾ ਕੀਤੀ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥
ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥1॥}

(ਅੰਗ 1066)

{ਅੰਤਰਿ ਨਾਮੁ ਪਰਾਪਤਿ ਹੀਰਾ॥ ਹਰਿ ਜਪਤੇ ਮਨੁ ਮਨ ਤੇ ਧੀਰਾ॥
ਦੁਘਟ ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ॥੬॥}

(ਅੰਗ ੧੦੪੨)

{ਪੂਰੈ ਭਾਗਿ ਸਤਿਗੁਰੁ ਪਾਈਐ ਜੇ ਹਰਿ ਪ੍ਰਭੁ ਬਖਸ ਕਰੇਇ॥
ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ॥}

(ਅੰਗ ੮੫੧)

{ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ
ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ॥
ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ
ਇਹੁ ਛੂਟਣ ਕਾ ਸਾਚਾ ਭਰਵਾਸਾ॥੪॥੨॥}

(ਅੰਗ ੮੬੦)

{ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ॥
ਮਨਿ ਤਨਿ ਹਿਰਦੈ ਸਿਮਰਿ ਹਰਿ ਆਠ ਪਹਰ ਗੁਣ ਗਾਉ॥}

(ਅੰਗ ੯੬੩)

{ਘਰਿ ਵਥੁ ਛੋਡਹਿ ਬਾਹਰਿ ਧਾਵਹਿ॥
ਮਨਮੁਖ ਅੰਧੇ ਸਾਦੁ ਨ ਪਾਵਹਿ॥
ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ॥੧੨॥}

(ਅੰਗ ੧੦੫੮)

{ਗੁਰ ਕਾ ਸਬਦੁ ਮਹਾ ਰਸੁ ਮੀਠਾ॥ ਐਸਾ ਅੰਮ੍ਰਿਤੁ ਅੰਤਰਿ ਡੀਠਾ॥
ਜਿਨਿ ਚਾਖਿਆ ਪੂਰਾ ਪਦੁ ਹੋਇ॥ ਨਾਨਕ ਧ੍ਰਾਪਿਓ ਤਨਿ ਸੁਖੁ ਹੋਇ॥੫॥}

(ਅੰਗ ੧੩੩੧)

{ਹਰਿ ਜੀਉ ਰਾਖਹੁ ਅਪਨੀ ਸਰਣਾਈ ॥
ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ॥੧॥ਰਹਾਉ॥}

(ਅੰਗ ੩੫੩)

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥}

(ਅੰਗ ੪੫੨)

{ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ॥੧॥
ਹਰਿ ਰਸੁ ਪੀਵਹੁ ਪੁਰਖ ਗਿਆਨੀ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ॥ਰਹਾਉ॥}

(ਅੰਗ ੬੧੧)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥
ਆਵਣ ਜਾਣੁ ਰਹਿਓ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ਰਹਾਉ॥}

(ਅੰਗ ੧੦੦੨)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ॥
ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ॥੨੮॥}

(ਅੰਗ ੧੪੨੪)

{ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ॥੧੨॥}

(ਅੰਗ ੧੦੩੧)

{ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥}

(ਅੰਗ ੧੧੫੨)

{ਹਰਿ ਕਾ ਨਾਮੁ ਸਦਾ ਮਨਿ ਵਸਿਆ ਵਿਚਿ ਮਨ ਹੀ ਮਨੁ ਮਾਨੈ॥
ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਤੁ ਆਤਮ ਰਾਮੁ ਪਛਾਨੈ॥3॥}

(ਅੰਗ ੧੩੩੪)

{ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ॥
ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ॥}

(ਅੰਗ ੪੬)

{ਆਪਿ ਕਰਾਏ ਕਰਤਾ ਸੋਈ॥ ਹੋਰੁ ਕਿ ਕਰੇ ਕੀਤੈ ਕਿਆ ਹੋਈ॥

ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ॥੯॥}

(ਅੰਗ ੧੨੪)

{ਹਉਮੈ ਮਾਰਿ ਬਜਰ ਕਪਾਟ ਖੁਲਾਇਆ॥
ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ
ਗੁਰ ਕਿਰਪਾ ਮੰਨਿ ਵਸਾਵਣਿਆ॥੨॥}

(ਅੰਗ ੧੨੪)

{ਆਪੇ ਥਾਪੇ ਥਾਪਿ ਉਥਾਪੇ॥ ਨਾਨਕ ਨਾਮੁ ਦੇਵੈ ਹਰਿ ਆਪੇ॥੪॥}

(ਅੰਗ ੩੬੭)

{ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ
ਹਰਿ ਨਾਮੋ ਤਿਨ ਕੰਉ ਰਖਣਹਾਰਾ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ
ਹਰਿ ਨਾਮੁ ਸਖਾਈ ਮਿਤ੍ਰ ਹਮਾਰਾ॥
ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ
ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ
ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ
ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥੧੫॥}

(ਅੰਗ ੫੯੨)

{ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ॥
ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ ਸਚੈ ਸਬਦਿ ਸਮਾਹਿ॥
ਕੁਲੁ ਉਧਾਰਹਿ ਆਪਣਾ ਮੋਖ ਪਦਵੀ ਆਪੇ ਪਾਹਿ॥}

(ਅੰਗ ੫੯੨)

{ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ॥
ਅਸਥਿਰ ਭਏ ਲਾਗਿ ਹਰਿ ਚਰਣੀ ਗੋਵਿੰਦ ਕੇ ਗੁਣ ਗਾਏ॥੧॥
ਭਲੋ ਸਮੂਰਤੁ ਪੂਰਾ॥
ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ॥੧॥ਰਹਾਉ॥
ਮਿਲੇ ਸੁਆਮੀ ਪ੍ਰੀਤਮ ਅਪੁਨੇ ਘਰ ਮੰਦਰ ਸੁਖਦਾਈ॥
ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ਸਗਲੀ ਇਛ ਪੁਜਾਈ॥੨॥}

(ਅੰਗ ੬੧੮)

{ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ॥

ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥੧॥
ਸਾਧਸੰਗਿ ਚਿੰਤ ਬਿਰਾਨੀ ਛਾਡੀ॥
ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ॥੧॥ਰਹਾਉ॥
ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥੨॥
ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥੩॥
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥੪॥੩॥}

(ਅੰਗ ੬੨੧)

{ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥੩॥}

(ਅੰਗ ੧੦੬੬)

{ਮਨ ਕੀ ਪਰਤੀਤਿ ਮਨ ਤੇ ਪਾਈ॥ ਪੂਰੇ ਗੁਰ ਤੇ ਸਬਦਿ ਬੁਝਾਈ॥
ਜੀਵਣ ਮਰਣੁ ਕੋ ਸਮਸਰਿ ਵੇਖੈ॥ ਬਹੁੜਿ ਨ ਮਰੈ ਨਾ ਜਮੁ ਪੇਖੈ॥੨॥
ਘਰ ਹੀ ਮਹਿ ਸਭਿ ਕੋਟ ਨਿਧਾਨ॥
ਸਤਿਗੁਰਿ ਦਿਖਾਏ ਗਇਆ ਅਭਿਮਾਨੁ॥
ਸਦ ਹੀ ਲਾਗਾ ਸਹਜਿ ਧਿਆਨ॥ ਅਨਦਿਨੁ ਗਾਵੈ ਏਕੋ ਨਾਮ॥੩॥
ਇਸੁ ਜੁਗ ਮਹਿ ਵਡਿਆਈ ਪਾਈ॥ ਪੂਰੇ ਗੁਰ ਤੇ ਨਾਮੁ ਧਿਆਈ॥
ਜਹ ਦੇਖਾ ਤਹ ਰਹਿਆ ਸਮਾਈ॥
ਸਦਾ ਸੁਖਦਾਤਾ ਕੀਮਤਿ ਨਹੀ ਪਾਈ॥੪॥
ਪੂਰੈ ਭਾਗਿ ਗੁਰੁ ਪੂਰਾ ਪਾਇਆ॥ ਅੰਤਰਿ ਨਾਮੁ ਨਿਧਾਨੁ ਦਿਖਾਇਆ॥
ਗੁਰ ਕਾ ਸਬਦੁ ਅਤਿ ਮੀਠਾ ਲਾਇਆ॥
ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ॥੫॥}

(ਅੰਗ ੭੯੮)

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ॥
ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ॥
ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ॥
ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ॥੨॥}

(ਅੰਗ ੧੦੯੩)

{ਤਿਨਿ ਕਰਤੈ ਇਕੁ ਖੇਲੁ ਰਚਾਇਆ॥
ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ॥੩॥

ਸਚਾ ਸਾਹੁ ਸਚੇ ਵਣਜਾਰੇ॥
ਸਚੁ ਵਣੰਜਹਿ ਗੁਰ ਹੇਤਿ ਅਪਾਰੇ॥
ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ॥੪॥
ਬਿਨੁ ਰਾਸੀ ਕੋ ਵਥੁ ਕਿਉ ਪਾਏ॥ ਮਨਮੁਖ ਭੂਲੇ ਲੋਕ ਸਬਾਏ॥
ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ॥੫॥
ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ॥
ਆਪਿ ਤਰਹਿ ਸਗਲੇ ਕੁਲ ਤਾਰੇ॥
ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ॥੬॥
ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥ ਮਨਮੁਖ ਅੰਧੇ ਫਿਰਹਿ ਬੇਤਾਲੇ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ॥੭॥
ਆਪੇ ਦੇਵੈ ਸਬਦਿ ਬੁਲਾਏ॥ ਮਹਲੀ ਮਹਲਿ ਸਹਜ ਸੁਖੁ ਪਾਏ॥
ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ॥੮॥}

(ਅੰਗ ੧੧੭)

{ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥੨੨॥}

(ਅੰਗ ੯੧੦)

{ਮਾਇਆ ਮੋਹੁ ਸਬਦਿ ਜਲਾਏ ॥ ਮਨੁ ਤਨੁ ਹਰਿਆ ਸਤਿਗੁਰ ਭਾਏ ॥
ਸਫਲਿਓੁ ਬਿਰਖੁ ਹਰਿ ਕੈ ਦੁਆਰਿ ॥ ਸਾਚੀ ਬਾਣੀ ਨਾਮ ਪਿਆਰਿ ॥1॥
ਏ ਮਨ ਹਰਿਆ ਸਹਜ ਸੁਭਾਇ ॥ ਸਚ ਫਲੁ ਲਾਗੈ ਸਤਿਗੁਰ ਭਾਇ ॥1॥ ਰਹਾਉ ॥
ਆਪੇ ਨੇੜੈ ਆਪੇ ਦੂਰਿ ॥ ਗੁਰ ਕੈ ਸਬਦਿ ਵੇਖੈ ਸਦ ਹਜੂਰਿ ॥
ਛਾਵ ਘਣੀ ਫੂਲੀ ਬਨਰਾਇ ॥ ਗੁਰਮੁਖਿ ਬਿਗਸੈ ਸਹਜਿ ਸੁਭਾਇ ॥2॥
ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ ॥ ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ ॥
ਪਰਪੰਚ ਵੇਖਿ ਰਹਿਆ ਵਿਸਮਾਦੁ ॥ ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥3॥}

(ਅੰਗ 1173-1174)

ਉੱਪਰ ਦਿੱਤੇ ਹੋਏ ਸਾਰੇ ਹੀ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਾਂਗੇ ਤੇ ਸਾਨੂੰ ਹਰ ਸ਼ਬਦ ਦੁਆਰਾ ਨਾਮ ਨੂੰ ਸਮਝਣ ਵਿੱਚ ਸਹਾਇਤਾ ਮਿਲੇਗੀ। ਜੇਕਰ ਅਸੀਂ ਆਪਣੇ ਮਨ ਤੇ ਜ਼ੋਰ ਪਾ ਕੇ ਸਮਝਾਂਗੇ ਤਾਂ ਗੱਲ ਚੰਗੀ ਤਰ੍ਹਾਂ ਸਮਝ ਆਵੇਗੀ ਤੇ ਫਿਰ ਮਨ ਵਿੱਚ ਦ੍ਰਿੜ ਵੀ ਹੋ ਜਾਵੇਗੀ। ਕੋਸ਼ਿਸ਼ ਕਰਕੇ ਜਰੂਰ ਦੇਖੋ। ਹੁਣ ਤੱਕ ਕੀਤੀ ਚਰਚਾ ਅਤੇ ਸ਼ਬਦਾਂ ਦੀ ਵਿਆਖਿਆ ਦੁਆਰਾ ਅਸੀਂ ਇਹ ਜਾਨਣ ਦੀ ਕੋਸ਼ਿਸ ਕੀਤੀ ਹੈ ਕਿ ਨਾਮ ਕੀ ਹੈ। ਜਦੋਂ ਸਾਡੇ ਮਨ ਦੇ ਵਿੱਚ ਇਹ ਗੱਲ ਪੱਕੀ ਹੋ ਜਾਵੇਗੀ ਕਿ ਨਾਮ ਕੀ ਹੈ, ਉਸ ਤੋਂ ਬਾਅਦ ਇਹ ਸਮਝਣਾ ਸੌਖਾ ਹੋ ਜਾਵੇਗਾ ਕਿ ਨਾਮ ਜਪਣਾ ਕੀ ਹੈ ਅਤੇ ਨਾਮ ਕਿਵੇਂ ਜਪਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ। ਅੱਗੇ ਦਿੱਤੇ ਹੋਏ ਸਾਰੇ ਸ਼ਬਦਾਂ ਦੁਆਰਾ ਅਸੀਂ ਇਹ ਹੀ ਸਮਝਣ ਦੀ ਕੋਸ਼ਿਸ਼ ਕਰਨੀ ਹੈ। ਜਿਉਂ-ਜਿਉਂ ਅਸੀਂ ਅੱਗੇ ਜਾਵਾਂਗੇ, ਨਾਮ ਬਾਰੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ ਜਿਸ ਦੁਆਰਾ ਸਾਡੀ ਪੂਰਨ ਤਸੱਲੀ ਹੋ ਜਾਵੇਗੀ।

ਪ੍ਰਮਾਤਮਾ ਨੂੰ ਜਪਣ ਲਈ ਭਾਵ ਨਾਮ ਜਪਣ ਲਈ ਬਾਣੀ ਵਿੱਚ ਵੱਖਰੇ-ਵੱਖਰੇ ਉਪਰਾਲਿਆਂ ਦੀ ਗੱਲ ਆਉਂਦੀ ਹੈ, ਜਿਵੇਂ ਕਿ ਪ੍ਰਮਾਤਮਾ ਦੀ, ਗੁਰੂ ਦੀ ਸਿਫ਼ਤ ਸਾਲਾਹ ਕਰਨੀ, ਗੁਣ ਗਾਉਣੇ, ਭਗਤੀ ਕਰਨੀ, ਸੇਵਾ ਕਰਨੀ, ਭਜਨ ਕਰਨਾ, ਜਪ ਤਪ ਕਰਨਾ, ਧਰਮ ਕਮਾਉਣਾ, ਜੱਸ ਗਾਉਣਾ, ਕੀਰਤੀ ਗਾਉਣੀ, ਕੀਰਤਨ ਕਰਨਾ, ਆਰਾਧਣਾ, ਧਿਆਉਣਾ, ਸਿਮਰਨਾ, ਜਪਣਾ ਆਦਿ। ਸਭ ਤੋਂ ਪਹਿਲਾਂ ਇਨ੍ਹਾਂ ਸਾਰੇ ਉਪਰਾਲਿਆਂ ਦੇ ਭਾਵ ਨੂੰ ਜਾਨਣਾ ਜਰੂਰੀ ਹੈ ਕਿ ਇਨ੍ਹਾਂ ਉਪਰਾਲਿਆਂ ਦਾ ਮਨੋਰਥ ਕੀ ਹੈ। ਜਦੋਂ ਅਸੀਂ ਬਰੀਕੀ ਨਾਲ ਵਿਚਾਰਾਂਗੇ ਤਾਂ ਅਸੀਂ ਇਹ ਜਾਣਾਗੇ ਕਿ ਹਰ ਤਰੀਕੇ, ਉਪਰਾਲੇ ਦਾ ਇੱਕੋ ਇੱਕ ਮਨੋਰਥ ਹੈ ਪ੍ਰਮਾਤਮਾ ਨੂੰ ਪਾਉਣਾ ਭਾਵ ਨਾਮ ਦੀ ਪ੍ਰਾਪਤੀ ਕਰਨਾ। ਜੇ ਅਸੀਂ ਬਾਣੀ ਵਿੱਚ ਦਿੱਤੇ ਗਏ ਸ਼ਬਦਾਂ ਨੂੰ ਵਿਚਾਰਾਗੇ ਤਾਂ ਇਹ ਸਮਝ ਆਵੇਗੀ ਕਿ ਜਿੱਥੇ ਇਹ ਲਿਖਿਆ ਹੁੰਦਾ ਹੈ ਕਿ ਪ੍ਰਮਾਤਮਾ ਦੇ ਗੁਣ ਗਾਏ, ਉਸਦੀ ਸੇਵਾ ਹੋ ਗਈ, ਉਸਦਾ ਭਜਨ ਕੀਤਾ, ਉਸਦੀ ਭਗਤੀ ਕੀਤੀ, ਉਸਦਾ ਕੀਰਤਨ ਕੀਤਾ, ਉਸਨੂੰ ਆਰਾਧਿਆ, ਧਿਆਇਆ, ਪ੍ਰਮਾਤਮਾ ਨੂੰ ਭਜ ਲਿਆ, ਸਿਮਰ ਲਿਆ, ਜਪ ਲਿਆ ਆਦਿ ਭਾਵ ਸਾਡੇ ਉਸ ਮਨੋਰਥ ਦੀ ਪ੍ਰਾਪਤੀ ਹੋ ਗਈ। ਇਹ ਕੋਈ ਮਨੁੱਖ ਦੁਆਰਾ ਕਰਨ ਵਾਲੀਆਂ ਅਲੱਗ-ਅਲੱਗ ਕਿਰਿਆਵਾਂ ਨਹੀਂ ਹਨ ਬਲਕਿ ਹਰ ਗੱਲ ਦਾ ਇੱਕ ਹੀ ਮਨੋਰਥ ਹੈ ਕਿ ਪ੍ਰਮਾਤਮਾ ਨਾਲ ਮੇਲ ਕਿਵੇਂ ਹੋਵੇ। ਇਸੇ ਲਈ ਬਾਣੀ ਵਿੱਚ ਆਉਂਦਾ ਹੈ ਕਿ ਬਾਣੀ ਨੂੰ ਤੁਰਦੇ-ਫਿਰਦੇ, ਖਾਂਦੇ-ਪੀਂਦੇ, ਹਸਦੇ-ਖੇਡਦੇ, ਸੁੱਤੇ-ਜਾਗਦੇ, ਉਠਦੇ-ਬੈਠਦੇ ਅੱਠੇ ਪਹਿਰ ਜਪੋ ਧਿਆਵੋ ਆਦਿ। ਇਹ ਸਾਰੇ ਉਪਰਾਲੇ ਕਿਸੇ ਸਰੀਰਕ ਕਿਰਿਆ ਵਿਸ਼ੇਸ਼ ਦੁਆਰਾ ਜਪਣ ਦੀ ਗੱਲ ਨਹੀਂ ਹੈ ਬਲਕਿ ਇਨ੍ਹਾਂ ਸਾਰੀਆਂ ਕਿਰਿਆਵਾਂ ਨੂੰ ਬਾਣੀ ਵਿੱਚ ਖੰਡਿਆ ਗਿਆ ਹੈ। ਸਾਰੀ ਗੱਲ ਮਨ ਦੀ ਹੈ ਤੇ ਅਸੀਂ ਉਹੋ ਕੁੱਝ ਕਰਦੇ ਹਾਂ ਜੋ ਸਾਡਾ ਮਨ ਕਹਿੰਦਾ ਹੈ। ਸਾਡੀ ਰਸਨਾ ਨੇ ਉਹ ਕੁੱਝ ਹੀ ਉਚਾਰਨਾ ਹੈ ਜਿਹੋ ਜਿਹਾ ਉਸਨੂੰ ਮਨ ਕੋਲੋਂ ਕਹਿਣ ਦਾ ਹੁਕਮ ਮਿਲਦਾ ਹੈ, ਕੰਨ ਉਹੀ ਕੁੱਝ ਸੁਣਨਾ ਚਾਹੁੰਦੇ ਹਨ ਜੋ ਮਨ ਸੁਣਨਾ ਚਾਹੁੰਦਾ ਹੈ। ਮਨੁੱਖ ਉੱਧਰ ਹੀ ਤੁਰਦਾ ਹੈ ਜਿੱਥੇ ਮਨ ਤੋਰਦਾ ਹੈ ਭਾਵ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਮਨੁੱਖ ਕੋਲੋਂ ਮਨ ਕਰਵਾਉਂਦਾ ਹੈ। ਇਹ ਸਾਡੀਆਂ ਸਾਰੀਆਂ ਇੰਦਰੀਆਂ, ਮਨ ਦੀਆ ਗੁਲਾਮ ਹਨ। ਇਹ ਕੇਵਲ ਮਨ ਦਾ ਹੁਕਮ ਵਜਾਉਣ ਲਈ ਇੱਕ ਜ਼ਰੀਆ ਹਨ, ਸੰਸਾਰ ਵਿੱਚ ਵਿਚਰਨ ਲਈ ਇੱਕ ਜ਼ਰੀਆ ਹਨ, ਸਰਗੁਣ ਸਰੀਰ ਨੂੰ ਸੰਚਾਰੂ ਢੰਗ ਨਾਲ ਚਲਾਉਣ ਦਾ ਜ਼ਰੀਆ ਹਨ। ਇਹਨਾਂ ਉੱਤੇ ਹੁਕਮ ਨਿਰਗੁਣ ਰੂਪ ਦਾ ਹੀ ਚੱਲਦਾ ਹੈ, ਮਨ ਦਾ ਹੀ ਚੱਲਦਾ ਹੈ। ਸਾਰੀ ਗੱਲ ਆਪਣੇ ਮਨ ਨੂੰ ਜਿੱਤਣ ਦੀ ਹੈ, ਮਨ ਦੇ ਮਾੜੇ ਵਿਚਾਰਾਂ ਤੇ ਜਿੱਤ ਪਾਉਣ ਦੀ ਹੈ, ਤਾਂ ਜੋ ਕੋਈ ਵੀ ਇੰਦਰੀ ਮਾੜਾ ਕੰਮ ਨਾ ਕਰੇ। ਸਭ ਤੋਂ ਔਖਾ ਕੰਮ ਮਨ ਨੂੰ ਜਿੱਤਣ ਦਾ ਹੀ ਹੈ। ਇਹ ਜਗ ਨੂੰ ਜਿੱਤਣ ਵਰਗਾ ਔਖਾ ਹੈ।

{ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ॥੨॥}

(ਅੰਗ ੧੧੦੩)

ਬਿਖਿਆ ਤੋਂ ਭਾਵ ਹੈ ਸਾਡੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰ, ਮਾੜੇ ਵਿਚਾਰ। ਆਮ ਕਰ ਕੇ ਲੋਕਾਂ ਨੂੰ ਇਹ ਭੁਲੇਖਾ ਬਣਿਆ ਰਹਿੰਦਾ ਹੈ ਕਿ ਇਹ ਕਿਰਿਆ ਰਸਨਾ ਨਾਲ ਕਰਨੀ ਹੈ, ਇਹ ਕਿਰਿਆ ਸਵਾਸਾਂ ਦੁਆਰਾ ਕਰਨੀ ਹੈ, ਇਹ ਕਿਰਿਆ ਕੰਨਾਂ ਨਾਲ ਕਰਨੀ ਹੈ, ਇਹ ਕਿਰਿਆ ਸਮਾਧੀ ਲਗਾ ਕੇ ਕਰਨੀ ਹੈ, ਇਹ ਕਿਰਿਆ ਸੁਰਤੀ ਜੋੜਨ ਦੁਆਰਾ ਕਰਨੀ ਹੈ ਆਦਿ। ਇਹ ਕੇਵਲ ਸਾਡੀਆ ਉਲਝਣਾਂ ਹਨ ਜੋ ਕਿ ਬਾਣੀ ਦੇ, ਧਰਮ ਗ੍ਰੰਥਾਂ ਦੇ ਅਸਲੀ ਭਾਵ ਅਰਥ ਨਾ ਸਮਝ ਆਉਣ ਦਾ ਨਤੀਜਾ ਹੈ। ਹੇਠ ਦਿੱਤੇ ਸ਼ਬਦਾਂ ਦੁਆਰਾ ਅਸੀਂ ਇਹ ਸਭ ਕੁੱਝ ਸਮਝਣ ਦੀ ਕੋਸ਼ਿਸ ਹੀ ਕਰਨੀ ਹੈ ਤਾਂ ਕਿ ਅਸੀਂ ਬਾਣੀ ਦੀ ਅਸਲੀਅਤ ਨੂੰ ਸਮਝ ਕੇ ਆਪਣੇ ਭੁਲੇਖੇ ਦੂਰ ਕਰਕੇ, ਗੁਰੂ ਦੇ ਉਪਦੇਸ਼ ਤੇ ਚੱਲ ਕੇ ਆਪਣੇ ਮਨੋਰਥ ਦੀ ਪ੍ਰਾਪਤੀ ਕਰ ਸਕੀਏ।

“ਚਿਤਵਤ ਪਾਪ ਨ ਆਲਕੁ ਆਵੈ॥ ਬੇਸੁਆ ਭਜਤ ਕਿਛੁ ਨਹ ਸਰਮਾਵੈ॥
ਸਾਰੋ ਦਿਨਸੁ ਮਜੂਰੀ ਕਰੈ॥
ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ॥੧॥
ਮਾਇਆ ਲਗਿ ਭੂਲੋ ਸੰਸਾਰੁ॥
ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ॥੧॥ਰਹਾਉ॥”

(ਅੰਗ ੧੧੪੩)

ਇਸ ਸ਼ਬਦ ਨੂੰ ਅਗਰ ਧਿਆਨ ਨਾਲ ਵਿਚਾਰੀਏ ਤੇ ਸਾਨੂੰ ਸਮਝ ਲੱਗੇਗੀ ਕਿ ਸਾਰੀ ਗੱਲ ਮਨ ਦੀ ਅਵੱਸਥਾ ਦੀ ਹੈ ਕਿ ਮਨ ਸਾਡਾ ਕੀ ਕਰਨਾ ਚਾਹ ਰਿਹਾ ਹੈ। ਇੱਥੇ ਪਾਪ ਚਿਤਵਨ ਦੀ ਗੱਲ ਕੀਤੀ ਗਈ ਹੈ ਭਾਵ ਜੇਕਰ ਸਾਡੇ ਚਿੱਤ ਵਿੱਚ, ਮਨ ਵਿੱਚ ਪਾਪ ਕਰਨ ਵਾਲੀ ਬਿਰਤੀ ਹੋਵੇ ਤਾਂ ਅਸੀਂ ਉਸ ਵੇਲੇ ਪਾਪਾਂ ਨੂੰ ਚਿਤਵਦੇ ਹਾਂ, ਧਿਆਉਂਦੇ ਹਾਂ।

ਇਥੇ ਬੇਸਵਾ ਨੂੰ ਭਜਨ ਦੀ ਗੱਲ ਕੀਤੀ ਗਈ ਹੈ। ਗੱਲ ਸਾਰੀ ਮਨ ਦੀ ਹੈ। ਮਨ ਦੀ ਮੰਗ, ਮਨ ਦਾ ਰੁਝਾਨ, ਜੇ ਬੇਸਵਾ ਦੀ ਪ੍ਰਾਪਤੀ ਵੱਲ ਹੈ ਤਾਂ ਅਸੀਂ ਬੇਸਵਾ ਨੂੰ ਭਜ ਰਹੇ ਹਾਂ ਭਾਵ ਅਸੀਂ ਬੇਸਵਾ ਦਾ ਭਜਨ ਕਰ ਰਹੇ ਹਾਂ। **(ਚਿਤਵਤ ਪਾਪ ਨ ਆਲਕੁ ਆਵੈ॥ ਬੇਸੁਆ ਭਜਤ ਕਿਛੁ ਨਹ ਸਰਮਾਵੈ॥)** “**ਸਾਰੋ ਦਿਨਸੁ ਮਜੂਰੀ ਕਰੈ॥**” ਤੋਂ ਭਾਵ ਹੈ ਅਸੀਂ ਸਾਰਾ ਦਿਨ ਮਾਇਆ ਦੀ ਗੁਲਾਮੀ ਕਰ ਰਹੇ ਹਾਂ, ਮਾਇਆ ਦੀ ਸੇਵਾ ਕਰ ਰਹੇ ਹਾਂ ਭਾਵ ਮਾਇਆ ਨੂੰ ਭਜ ਰਹੇ ਹਾਂ, ਚਿਤਵ ਰਹੇ ਹਾਂ ਤੇ ਪ੍ਰਮਾਤਮਾ ਦੀ ਪ੍ਰਾਪਤੀ ਲਈ ਤੁਰਨਾ ਸਾਨੂੰ ਔਖਾ ਲੱਗਦਾ ਹੈ ਕਿਉਂਕਿ ਅਸੀਂ ਮਾਇਆ ਦੀ ਪ੍ਰਾਪਤੀ ਲਈ ਮਾਇਆ ਨੂੰ ਜਪ ਰਹੇ ਹਾਂ, ਪ੍ਰਮਾਤਮਾ ਨੂੰ ਨਹੀਂ ਜਪ ਰਹੇ। ਪ੍ਰਮਾਤਮਾ ਦਾ ਸਿਮਰਨ ਤਾਂ ਹੀ ਹੋਵੇਗਾ ਜੇਕਰ ਮਾਇਆ ਦਾ ਸਿਮਰਨ ਬੰਦ ਹੋਵੇਗਾ। ਮਾਇਆ ਦਾ ਸਿਮਰਨ ਛੱਡਣਾ ਬਹੁਤ ਔਖਾ ਹੈ। ਮਾਇਆ ਮੋਹ ਵਿੱਚ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਜੇਕਰ ਸਾਡੇ ਅੰਦਰ “ਹਰਿ ਸਿਮਰਨ” ਵਾਲੀ ਬਿਰਤੀ ਹੈ ਫਿਰ ਅਸੀਂ ਚੰਗੇ ਕਰਮ ਕਰਾਂਗੇ। ਮਾਇਆ ਵਿਚ ਸਾਰੇ ਸੰਸਾਰ ਨੂੰ ਹੀ ਭੁੱਲਿਆ ਹੋਇਆ ਦੱਸਿਆ ਹੈ। ਇਹ ਮਾਇਆ ਸਾਡੇ ਸਭ ਦੇ ਅੰਦਰ ਹੀ ਹੈ ਜਿਸ ਜੁਗਤਿ ਦੁਆਰਾ ਪ੍ਰਮਾਤਮਾ ਇਸ ਸੰਸਾਰ ਨੂੰ ਚਲਾ ਰਿਹਾ ਹੈ। ਇਹ ਮਾਇਆ ਦੀ ਜੁਗਤਿ ਭਾਵ ਸਾਡੇ ਮਨ ਦੀ ਸਮਝ ਸਾਨੂੰ ਬਾਹਰਲੀ ਮਾਇਆ ਦੇ ਮੋਹ ਵਿੱਚ ਰੱਖਦੀ ਹੈ ਤੇ ਉਸ ਵਿੱਚੋਂ ਨਿਕਲਣ ਨਹੀਂ ਦਿੰਦੀ। ਇਸ ਮਾਇਆ ਮੋਹ ਵਿੱਚ ਰਹਿੰਦੇ ਅਸੀਂ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ ਕਿਉਂਕਿ ਇਹ ਮਨ ਦੀ ਮਾਇਆ ਸਾਨੂੰ ਭਗਤੀ ਦਾ ਮਾਰਗ ਸਮਝਣ ਵਿੱਚ ਭਰਮਾਂ ਵਿੱਚ ਰੱਖਦੀ ਹੈ ਤੇ ਸੱਚ ਦੀ ਸਮਝ ਨਹੀਂ ਪੈਣ ਦਿੰਦੀ, ਅਸਲੀਅਤ ਦੀ ਸਮਝ ਨਹੀਂ ਪੈਣ ਦਿੰਦੀ। ਇਸ ਮਾਇਆ ਦੇ ਅੰਦਰ ਰਹਿੰਦੇ ਹੋਏ ਅਸੀਂ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਆਪਣੇ ਆਪ ਦੀ ਅਸਲੀਅਤ ਸਮਝ ਸਕਦੇ ਹਾਂ। ਨਾਮ “ਸਚੁ” ਹੈ ਜਿਸਦਾ ਮਕਸਦ ਸਾਨੂੰ ਇਸ ਮਾਇਆ ਵਿੱਚੋਂ ਕੱਢਣ ਦਾ ਹੈ, ਭਰਮਾ ਵਾਲੀ ਮਤਿ ਵਿੱਚੋਂ ਕੱਢਣ ਦਾ ਹੈ। ਸਾਡੇ ਅੰਦਰ ਮਾਇਆ ਵਾਲੀ ਸਮਝ ਪਾਉਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਆਪ ਹੀ ਹੈ ਜੋ ਕਿ ਨਾਮ ਰੂਪ ਵਿੱਚ ਵਿਚਰਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ। ਸਾਡੇ ਅੰਦਰ ਦੀ ਮਾਇਆ ਹੀ ਸਾਡੇ ਅੰਦਰ ਦਾ ਪੜਦਾ ਹੈ, ਸਾਡੇ ਅੰਦਰ ਦਾ ਬੰਧਨ ਹੈ ਜਿਸ ਤੋਂ ਮੁਕਤ ਹੋਏ ਬਿਨ੍ਹਾਂ ਪ੍ਰਮਾਤਮਾ ਨੂੰ, ਨਾਮ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ। ਸਾਡੇ ਅੰਦਰ ਦੀ ਮਾਇਆ ਹੀ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਸਾਡੀ ਹਉਮੈ ਹੈ ਜਿਸਨੂੰ ਅੱਗੇ ਚੱਲਕੇ ਬਹੁਤ ਹੀ ਬਰੀਕੀ ਨਾਲ ਅਨੇਕਾਂ ਸ਼ਬਦਾਂ ਦੀ ਵੀਚਾਰ ਦੁਆਰਾ ਸਮਝਾਂਗੇ। ਪੂਰੀ ਗੁਰਬਾਣੀ ਵਿੱਚ ਨਾਮ ਹੈ ਜਿਸਦਾ ਮਕਸਦ ਸਾਨੂੰ ਮਾਇਆ ਵਿੱਚੋਂ, ਹਉਮੈ ਵਿੱਚੋਂ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੈ ਤੇ ਉਹ ਅਸੀਂ ਤਾਂ ਹੀ ਨਿਕਲ ਸਕਾਂਗੇ ਜੇਕਰ ਸਾਨੂੰ ਨਾਮ ਦੀ ਸਮਝ ਲੱਗੇ ਤੇ ਨਾਮ ਜਪਣ ਦੀ ਸਮਝ ਲੱਗੇ। ਪ੍ਰਮਾਤਮਾ ਨੂੰ ਜਾਨਣ ਦਾ ਮਾਰਗ, ਨਾਮ ਦਾ ਮਾਰਗ ਮਨ ਦੀ ਸਮਝ ਨਾਲ ਹੀ ਜੁੜਿਆ ਹੋਇਆ ਹੈ ਤੇ ਨਾਮ ਜਪਣ ਦਾ ਮਕਸਦ ਆਪਣੀ ਸਮਝ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ, ਹਉਮੈ ਵਿੱਚੋਂ, ਮਾਇਆ ਵਿਚੋਂ ਕੱਢਣ ਦਾ ਹੀ ਹੈ। **(ਮਾਇਆ ਲਗਿ ਭੂਲੋ ਸੰਸਾਰੁ ॥ ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ ॥1॥ ਰਹਾਉ ॥)**

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥

ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥6॥}

(ਅੰਗ ੬7)

{ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥1॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥3॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥4}

(ਅੰਗ 1123)

ਉਪਰਲੇ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

“ਮਨਿ ਲਾਗੀ ਪ੍ਰੀਤਿ ਰਾਮ ਨਾਮ ਹਰਿ ਹਰਿ ਜਪਿਓ ਹਰਿ ਪ੍ਰਭੁ ਵਡਫਾ॥
ਸਤਿਗੁਰ ਬਚਨ ਸੁਖਾਨੇ ਹੀਅਰੈ ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ॥੧॥”

(ਅੰਗ ੧੩੩੬)

ਇਸ ਸ਼ਬਦ ਰਾਹੀਂ ਹਰੀ ਪ੍ਰਮਾਤਮਾ ਨੂੰ ਜਪਣ ਦੀ ਵਿਧੀ ਦੱਸੀ ਹੋਈ ਹੈ ਕਿ ਗੁਰੂ ਦੇ ਨਾਲ ਮਨ ਦੀ ਪ੍ਰੀਤ ਲੱਗਣੀ ਕੀ ਹੈ ਭਾਵ ਜਦੋਂ ਮਨੁੱਖ ਦਾ ਪਿਆਰ ਇੰਨਾ ਜ਼ਿਆਦਾ ਹੋ ਜਾਵੇ ਕਿ ਉਸਨੂੰ ਗੁਰੂ ਦੇ ਬਚਨ ਮੰਨ ਕੇ ਮਨ ਦੇ ਵਿੱਚ ਸੁੱਖ ਮਹਿਸੂਸ ਹੋਵੇ ਜੋ ਕਿ ਗੁਰੂ ਦੀ ਆਪਣੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ। ਪ੍ਰਮਾਤਮਾ ਨੂੰ ਇਸੇ ਵਿਧੀ ਦੁਆਰਾ ਹੀ, ਗੁਰੂ ਦੇ ਉਪਦੇਸ਼ ਤੇ ਚੱਲ ਕੇ ਉਸਦੀ ਕ੍ਰਿਪਾ ਦੁਆਰਾ ਹੀ ਜਪਿਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਜਾਣਿਆ ਹੈ, ਰਾਮ ਨਾਮ ਪੂਰੀ ਗੁਰਬਾਣੀ ਹੈ, ਗੁਰਬਾਣੀ ਦੇ ਬੋਲ ਹਨ, ਬਚਨ ਹਨ। ਗੁਰੂ ਦੇ ਬਚਨਾਂ ਨਾਲ ਪ੍ਰੀਤ ਗੁਰੂ ਨਾਲ ਪ੍ਰੀਤ ਹੈ।

“ਸਬਦਿ ਸੀਗਾਰੁ ਹੋਵੈ ਨਿਤ ਕਾਮਣਿ ਹਰਿ ਹਰਿ ਨਾਮੁ ਧਿਆਵਏ॥”

(ਅੰਗ ੧੧੧੪)

“ਗੁਰ ਵਾਕਿ ਸਤਿਗੁਰ ਜੋ ਭਾਇ ਚਲੇ ਤਿਨ ਹਰਿ ਹਰਿ ਆਪਿ ਮਿਲਾਇਆ॥”

(ਅੰਗ ੧੧੧੪)

ਇਸ ਸ਼ਬਦ ਰਾਹੀਂ ਨਾਮ ਧਿਆਉਣਾ ਕੀ ਹੈ, ਇਹ ਸਮਝਾਇਆ ਹੋਇਆ ਹੈ। **“ਗੁਰ ਵਾਕਿ”** ਤੋਂ ਭਾਵ ਹੈ ਗੁਰੂ ਦਾ ਹੁਕਮ, ਗੁਰੂ ਦਾ ਉਪਦੇਸ਼ ਭਾਵ ਜੋ ਗੁਰੂ ਦੇ ਉਪਦੇਸ਼ ਅਨੁਸਾਰ ਚੱਲਦੇ ਹਨ, ਉਨ੍ਹਾਂ ਦਾ ਹੀ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ ਭਾਵ ਗੁਰੂ ਦੇ ਭਾਣੇ ਵਿੱਚ ਰਹਿਣਾ ਹੀ ਨਾਮ ਧਿਆਉਣਾ ਹੈ। ‘‘ਸਬਦਿ ਸੀਗਾਰੁ’’ ਤੋਂ ਭਾਵ ਹੈ ਆਪਣੇ ਆਪ ਨੂੰ ਗੁਰੂ ਦੇ ਸ਼ਬਦ ਅਨੁਸਾਰ ਢਾਲਣਾ ਭਾਵ ਉਸਦੇ ਹੁਕਮ ਅਨੁਸਾਰ ਢਾਲਣਾ ਭਾਵ ਉਸਦੇ ਹੁਕਮ ਅਨੁਸਾਰ ਚੱਲਣਾ। ਇਹ ਹੀ ਨਾਮ ਧਿਆਉਣਾ ਹੈ। ਨਾਮ ਗੁਰਬਾਣੀ ਦੀ ਮਤਿ ਹੈ ਤੇ ਉਸਦੀ ਮਤਿ ਅਨੁਸਾਰ ਚੱਲਣਾ, ਉਸਦੀ ਮਤਿ ਨੂੰ ਧਿਆਨ ਵਿੱਚ ਰੱਖਣਾ, ਨਾਮ ਧਿਆਉਣਾ ਹੈ।

“ਮਨ ਕਰਿ ਕਬਹੂ ਨ ਹਰਿ ਗੁਨ ਗਾਇਓ॥
ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ॥੧॥ਰਹਾਉ॥
ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ॥

ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ॥੧॥
ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ॥
ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ॥੨॥"

(ਅੰਗ 1231-1232)

ਇਸ ਸ਼ਬਦ ਰਾਹੀਂ ਮਨ ਦੀ ਬਿਰਤੀ ਦੀ ਗੱਲ ਕੀਤੀ ਹੋਈ ਹੈ। ਇਹ ਸਮਝਾਇਆ ਗਿਆ ਹੈ ਕਿ ਜੋ ਗੁਰੂ ਦਾ ਉਪਦੇਸ਼ ਨਹੀਂ ਸੁਣਦੇ ਭਾਵ ਨਹੀਂ ਮੰਨਦੇ ਭਾਵ ਆਪਣੀ ਮਤਿ ਵਰਤਦੇ ਹਨ, ਉਹ ਵਿਕਾਰਾਂ ਵਿੱਚ ਲੱਗੇ ਰਹਿੰਦੇ ਹਨ ਤੇ ਇਹੋ ਜਿਹੇ ਮਨੁੱਖ ਹਰੀ ਦੇ ਗੁਣ ਨਹੀਂ ਗਾ ਸਕਦੇ ਭਾਵ ਉਸ ਨੂੰ ਨਹੀਂ ਪਾ ਸਕਦੇ। ਗੁਰੂ ਦੇ ਉਪਦੇਸ਼ ਤੋਂ ਉਲਟ ਚੱਲ ਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਆਪਣੀ ਮਨ ਦੀ ਮਰਜ਼ੀ ਨਾਲ ਚੱਲ ਕੇ, ਵਿਕਾਰਾਂ ਵਿੱਚ ਰਹਿ ਕੇ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਉਸਦੇ ਗੁਣ ਵਿਕਾਰਾਂ ਨੂੰ ਛੱਡ ਕੇ ਹੀ ਗਾਏ ਜਾ ਸਕਦੇ ਹਨ। **{ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤਿ ਗਾਉ॥}**। ਅਸਲ ਵਿੱਚ ਆਪਣੇ ਵਿਕਾਰਾਂ ਨੂੰ ਤਜ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣਾ ਹੈ। ਗੁਰੂ ਦੀ ਗੱਲ ਨੂੰ ਮੰਨ ਕੇ, ਉਸ ਤੇ ਚੱਲਣਾ ਹੀ ਉਸ ਦੇ ਗੁਣ ਗਾਉਣਾ ਹੈ।

"ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥
ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥"

(ਅੰਗ ੧੨੪੪)

ਇਸ ਸ਼ਬਦ ਰਾਹੀਂ ਇਹ ਬੜਾ ਸਪੱਸ਼ਟ ਕਰਕੇ ਸਮਝਾਇਆ ਗਿਆ ਹੈ ਕਿ ਜਦ ਤੱਕ ਮਨੁੱਖ ਵਿਕਾਰਾਂ ਵਿੱਚ ਰਹਿ ਕੇ ਮਾੜੇ ਕਰਮ ਕਰਦਾ ਹੈ, ਦੂਸਰਿਆਂ ਦਾ ਹੱਕ ਖਾਂਦਾ ਹੈ ਉਹ ਨਾਮ ਜਪਣ ਦੇ ਉਲਟ ਚੱਲ ਰਿਹਾ ਹੁੰਦਾ ਹੈ। ਨਾਮ ਚੁਰਾਉਣ ਤੋਂ ਭਾਵ ਗੁਰੂ ਦੇ ਉਪਦੇਸ਼ ਤੋਂ ਉਲਟ ਚੱਲਣਾ ਹੈ। ਗੁਰੂ ਦਾ ਉਪਦੇਸ਼ ਸਾਨੂੰ ਸੱਚ ਦੇ ਮਾਰਗ ਤੇ ਚੱਲਣ ਲਈ ਕਹਿੰਦਾ ਹੈ। ਸੱਚ ਦੇ ਮਾਰਗ ਤੇ ਚੱਲਣਾ ਨਾਮ ਜਪਣਾ ਹੈ। ਨਾਮ ਚੁਰਾਉਣਾ ਕੀ ਹੈ, ਇਸਦੀ ਚਰਚਾ ਅੱਗੇ ਚੱਲ ਕੇ ਵਿਸਥਾਰ ਵਿੱਚ ਕਰਾਂਗੇ।

"ਮਨ ਮੇਰੇ ਗੁਰਮੁਖਿ ਨਾਮੁ ਧਿਆਇ॥
ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ॥੧॥ਰਹਾਉ॥"

(ਅੰਗ 1346)

ਇਸ ਸ਼ਬਦ ਰਾਹੀਂ ਨਾਮ ਧਿਆਉਣਾ ਕੀ ਹੈ, ਇਸ ਬਾਰੇ ਚਾਨਣਾ ਪਾਇਆ ਹੋਇਆ ਹੈ। ਮਨੁੱਖ ਨੂੰ ਇਹ ਸਮਝਾਇਆ ਹੈ ਕਿ ਇਹੋ ਜਿਹੇ ਕਰਮ ਕਰੀਏ ਜਿਨ੍ਹਾਂ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਚੰਗੇ ਕਰਮਾਂ ਦੇ ਨਾਲ ਜੋ ਕਿ ਗੁਰੂ ਦੇ ਉਪਦੇਸ਼ ਦੁਆਰਾ ਵਿਚਰ ਕੇ ਉਸਦੀ ਕ੍ਰਿਪਾ ਦੁਆਰਾ ਹੋ ਸਕਦੇ ਹਨ। ਇਹ ਹੀ ਨਾਮ ਧਿਆਉਣਾ ਹੈ ਭਾਵ ਇਸੇ ਤਰੀਕੇ ਨਾਲ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਨਾਮ ਧਿਆਉਣ ਤੋਂ ਭਾਵ ਹੈ ਨਾਮ ਦੀ ਮਤਿ ਨੂੰ, ਗੁਰੂ ਦੀ ਮਤਿ ਨੂੰ ਆਪਣੇ ਧਿਆਨ ਵਿੱਚ ਰੱਖਣਾ। ਗੁਰੂ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਹੀ ਦਿੰਦਾ ਹੈ ਤੇ ਸੱਚ ਨੂੰ ਮਨ ਵਿੱਚ, ਧਿਆਨ ਵਿੱਚ ਰੱਖ ਕੇ, ਸੱਚ ਦੇ ਮਾਰਗ ਤੇ ਚੱਲ ਕੇ ਹੀ ਨਾਮ ਧਿਆਇਆ ਜਾ ਸਕਦਾ ਹੈ। ਜੇਕਰ "ਨਾਮ" ਭਾਵ ਗੁਰੂ ਦੀ ਮਤਿ ਸਾਡੇ ਧਿਆਨ ਵਿੱਚ ਵੱਸੀ ਹੋਈ ਹੈ ਫਿਰ ਅਸੀਂ ਚੰਗੇ ਕਰਮ ਹੀ ਕਰਾਂਗੇ, ਕਿਉਂਕਿ ਗੁਰੂ ਸਾਨੂੰ ਚੰਗੇ ਕਰਮਾਂ ਲਈ ਹੀ ਪ੍ਰੇਰਦਾ ਹੈ, ਅਉਗਣ ਛੱਡਣ ਲਈ ਹੀ ਸਮਝਾਉਂਦਾ ਹੈ।

"ਗੁਰੁ ਸਾਲਾਹੀ ਸਦਾ ਸੁਖਦਾਤਾ ਪ੍ਰਭੁ ਨਾਰਾਇਣੁ ਸੋਈ॥
ਗੁਰ ਪਰਸਾਦਿ ਪਰਮ ਪਦੁ ਪਾਇਆ ਵਡੀ ਵਡਿਆਈ ਹੋਈ॥
ਅਨਦਿਨੁ ਗੁਣ ਗਾਵੈ ਨਿਤ ਸਾਚੇ ਸਚਿ ਸਮਾਵੈ ਸੋਈ॥੧॥
ਮਨ ਰੇ ਗੁਰਮੁਖਿ ਰਿਦੈ ਵੀਚਾਰਿ॥

ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ
ਚਲਣੁ ਰਿਦੈ ਸਮ੍ਾਲਿ॥੧॥ ਰਹਾਉ॥"

(ਅੰਗ ੧੨੫੮)

ਇਸ ਸ਼ਬਦ ਰਾਹੀਂ ਪ੍ਰਮਾਤਮਾ ਦੇ ਗੁਣ ਗਾਉਣ ਦੀ ਗੱਲ ਸਮਝਾਈ ਹੋਈ ਹੈ ਕਿ ਗੁਣ ਕਿਵੇਂ ਗਾਉਣੇ ਹਨ। ਗੁਰੂ ਦੇ ਉਪਦੇਸ਼ ਨੂੰ ਆਪਣੇ ਹਿਰਦੇ ਭਾਵ ਮਨ ਵਿੱਚ ਵਿਚਾਰ ਕਰਨ ਲਈ ਪ੍ਰੇਰਿਆ ਹੈ। **(ਮਨ ਰੇ ਗੁਰਮੁਖਿ ਰਿਦੈ ਵੀਚਾਰਿ॥)**

ਇਹ ਵਿਚਾਰ ਕਿਵੇਂ ਹੋਣੀ ਹੈ, ਇਹ ਗੱਲ ਵੀ ਸਪੱਸ਼ਟ ਤੌਰ ਤੇ ਸਮਝਾਈ ਹੋਈ ਹੈ। **"ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਾਲਿ॥੧॥ ਰਹਾਉ॥"** ਇਹਨਾਂ ਪੰਗਤੀਆਂ ਰਾਹੀਂ ਸਾਡਾ ਸੰਸਾਰ ਦੇ ਵਿੱਚ ਚੱਲਣ ਭਾਵ ਸਾਡੀ ਵਿਚਰਨ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਹ ਸਮਝਾਇਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ। ਸਾਡਾ ਚੱਲਣ ਤਾਂ ਹੀ ਚੰਗਾ ਹੋ ਸਕਦਾ ਹੈ ਜੇਕਰ ਅਸੀਂ ਆਪਣੇ "ਕੂੜ ਕੁਟੰਬੁ" ਨੂੰ ਤਿਆਗੀਏ। ਕੂੜ ਕੁਟੰਬ ਸਾਡੇ ਅੰਦਰ ਝੂਠੇ ਵਿਚਾਰਾਂ ਦਾ ਕੁਟੰਬ ਹੈ। ਹਉਮੈ, ਬਿਖ, ਤ੍ਰਿਸ਼ਨਾ ਛੱਡਣ ਲਈ ਸਮਝਾਇਆ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਛੱਡਣ ਲਈ ਸਮਝਾਇਆ ਹੈ ਜਿਨ੍ਹਾਂ ਨੂੰ ਛੱਡਣ ਦੁਆਰਾ ਹੀ ਸਾਡਾ ਚੱਲਣ ਚੰਗਾ ਹੋ ਸਕਦਾ ਹੈ। ਗੁਰੂ ਸਾਨੂੰ ਇਹੋ ਜਿਹਾ ਚੱਲਣ ਸਮਝਾ ਰਹਿਆ ਹੈ ਭਾਵ ਜੀਵਨ ਦਾ ਸੱਚਾ ਮਾਰਗ ਸਮਝਾ ਰਿਹਾ ਹੈ। ਜੇਕਰ ਅਸੀਂ ਗੁਰੂ ਦੀ ਦਿੱਤੀ ਹੋਈ ਮਤਿ ਦੀ ਆਪਣੇ ਅੰਦਰ ਸੰਭਾਲ ਕਰਾਂਗੇ ਤੇ ਤਾਂ ਹੀ ਚੱਲਣ ਦੀ ਸੰਭਾਲ ਹੋਵੇਗੀ। ਗੁਰਮਤਿ ਦੀ ਸੰਭਾਲ ਹੀ ਨਾਮ ਦੀ ਸੰਭਾਲ ਹੈ ਜੋ ਸਾਨੂੰ ਸਾਡੇ ਜੀਵਨ ਦਾ ਸੱਚਾ ਮਾਰਗ ਸਮਝਾਉਣ ਲਈ ਹੈ, ਜੋ ਕਿ ਸਾਡੀ ਸੱਚੀ ਸੁੱਚੀ ਜੀਵਨ ਵਿਚਰਨ ਹੈ। ਵਿਕਾਰਾਂ ਨੂੰ ਤਿਆਗਣਾ ਹੀ ਗੁਰੂ ਦੀ ਮਤਿ ਨੂੰ ਵਿਚਾਰਨਾ ਹੈ ਤੇ ਇਸ ਤਰੀਕੇ ਉਸਦੇ ਗੁਣ ਗਾਉਣੇ ਹਨ। ਆਪਣੇ ਅੰਦਰ ਗੁਰੂ ਦੇ ਗੁਣਾਂ ਨੂੰ ਵਸਾ ਕੇ ਭਾਵ ਉਨ੍ਹਾਂ ਉੱਪਰ ਅਮਲ ਕਰਕੇ ਹੀ ਗੁਰੂ ਦੇ ਗੁਣ ਗਾਏ ਜਾ ਸਕਦੇ ਹਨ ਭਾਵ ਗੁਰੂ ਦੇ ਉਪਦੇਸ਼ ਤੇ ਚੱਲੇ ਬਿਨ੍ਹਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਮਨੁੱਖ ਦਾ ਆਪ ਗੁਣੀ ਬਣਨਾ ਹੀ ਉਸ ਦੇ ਗੁਣ ਗਾਉਣੇ ਹਨ। ਗੁਣੀ ਔਗੁਣ ਛੱਡ ਕੇ ਹੀ ਬਣਿਆ ਜਾ ਸਕਦਾ ਹੈ। ਮਨ ਦੇ ਵਿੱਚ ਵਿਕਾਰਾਂ ਦੇ ਰਹਿੰਦੇ ਹੋਏ ਅਸੀਂ ਕਿਸੇ ਸਰੀਰਕ ਜਪ ਤਪ ਦੁਆਰਾ, ਵਿਖਾਵੇ ਦੁਆਰਾ ਆਪਣੇ ਆਪ ਨੂੰ ਗੁਣੀ ਅਖਵਾ ਜਰੂਰ ਸਕਦੇ ਹਾਂ ਪਰ ਅਸਲ ਵਿੱਚ ਇਹ ਕੋਈ ਗੁਣ ਨਹੀਂ ਹੈ, ਇਹ ਆਪਣੇ ਆਪ ਨੂੰ ਧੋਖੇ ਵਿੱਚ ਰੱਖਣ ਵਾਲੀ ਗੱਲ ਹੈ। ਅਸੀਂ ਪ੍ਰਮਾਤਮਾ ਨੂੰ ਧੋਖੇ ਵਿੱਚ ਨਹੀਂ ਰੱਖ ਸਕਦੇ ਕਿਉਂਕਿ ਉਹ ਸਾਡੇ ਮਨ ਦੀ ਬਿਰਥਾ ਨੂੰ ਜਾਣਦਾ ਹੈ ਕਿ ਅਸੀਂ ਕਿਹੋ ਜਿਹੇ ਕਰਮ ਕਰਦੇ ਹਾਂ।

"ਸਬਦਿ ਮਰਹਿ ਸੇ ਮਰਣੁ ਸਵਾਰਹਿ॥ ਹਰਿ ਕੇ ਗੁਣ ਹਿਰਦੈ ਉਰ ਧਾਰਹਿ॥"

(ਅੰਗ ੧੦੬੭)

"ਆਪੇ ਦਇਆ ਕਰੇ ਸੁਖਦਾਤਾ
ਗੁਣ ਮਹਿ ਗੁਣੀ ਸਮਾਇਆ॥੫॥"

(ਅੰਗ ੧੦੬੭)

ਇਨ੍ਹਾਂ ਪੰਗਤੀਆਂ ਰਾਹੀਂ ਵੀ ਗੁਰੂ ਪ੍ਰਮਾਤਮਾ ਦੇ ਗੁਣਾਂ ਨੂੰ ਆਪਣੇ ਅੰਦਰ ਅਪਣਾਉਣ ਦੀ ਗੱਲ ਹੀ ਕੀਤੀ ਹੋਈ ਹੈ

"ਸਬਦਿ ਮਰਹਿ ਸੇ ਮਰਣੁ ਸਵਾਰਹਿ॥" ਤੋਂ ਭਾਵ ਹੈ, ਜੋ ਗੁਰੂ ਦੇ ਗਿਆਨ ਦੁਆਰਾ ਆਪਣੇ ਆਪ ਨੂੰ, ਆਪਣੇ ਮਨ ਨੂੰ ਮਾਰ ਲੈਂਦੇ ਹਨ ਭਾਵ ਜੋ ਆਪਣੀ ਮਤਿ ਤਿਆਗ ਕੇ ਪੂਰੀ ਤਰ੍ਹਾਂ ਗੁਰੂ ਦੇ ਗਿਆਨ ਅਨੁਸਾਰ ਚੱਲਦੇ ਹਨ ਭਾਵ ਜਿਨ੍ਹਾਂ ਦੀ ਹਉਮੈ ਮੁੱਕ ਜਾਂਦੀ ਹੈ ਉਹ ਮਨੁੱਖ ਹੀ ਆਪਣਾ ਮਰਨ ਸਵਾਰਦੇ ਹਨ ਭਾਵ ਮੁਕਤ ਹੋ ਜਾਂਦੇ ਹਨ। ਇਹ ਹੀ ਜੀਉਂਦਿਆਂ ਮਰਨਾ ਹੈ ਤੇ ਇਹ ਹੀ ਜੀਉਂਦੇ ਮਰ ਕੇ ਸਦਾ ਲਈ ਜੀਉਣਾ ਹੈ। **{ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ॥}** (ਅੰਗ ੬੦੪)। ਉਹ ਪ੍ਰਮਾਤਮਾ ਜੋ ਗੁਣਾਂ ਦਾ ਭੰਡਾਰ ਹੈ, ਉਸ ਵਿੱਚ ਗੁਣੀ ਬਣਕੇ ਹੀ ਸਮਾਇਆ ਜਾ ਸਕਦਾ ਹੈ। ਔਗੁਣਾਂ ਦੇ ਰਹਿੰਦਿਆਂ, ਵਿਕਾਰਾਂ ਦੇ ਰਹਿੰਦਿਆਂ ਉਸ ਵਿੱਚ ਕੋਈ ਨਹੀਂ ਸਮਾ ਸਕਦਾ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ।

ਆਸਾ ਮਹਲਾ ੩ ਪੰਚਪਦੇ॥

“ਸਬਦਿ ਮਰੈ ਤਿਸੁ ਸਦਾ ਅਨੰਦ॥ ਸਤਿਗੁਰ ਭੇਟੇ ਗੁਰ ਗੋਬਿੰਦ॥
ਨਾ ਫਿਰਿ ਮਰੈ ਨ ਆਵੈ ਜਾਇ॥ ਪੂਰੇ ਗੁਰ ਤੇ ਸਾਚਿ ਸਮਾਇ॥੧॥”

(ਅੰਗ ੩੬੪)

ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਸ਼ਬਦ ਦੁਆਰਾ ਮਰਨਾ ਹੀ ਹੈ ਜੋ ਕਿ ਸਦਾ ਅਨੰਦ ਵਿੱਚ ਰਹਿਣ ਵਾਲੀ ਅਵੱਸਥਾ ਹੈ। ਪ੍ਰਮਾਤਮਾ ਰੂਪ ਗੁਰੂ ਦੇ ਗੁਣ ਉਸਦੀ ਕ੍ਰਿਪਾ ਦੁਆਰਾ ਹੀ ਮਨੁੱਖ ਦੇ ਅੰਦਰ ਵੱਸ ਸਕਦੇ ਹਨ ਭਾਵ ਉਸਦੀ ਕ੍ਰਿਪਾ ਦੁਆਰਾ ਹੀ ਮਨੁੱਖ ਉਸਦੇ ਉਪਦੇਸ਼ ਤੇ ਚੱਲ ਸਕਦਾ ਹੈ। ਆਪਣੇ ਅੰਦਰ ਇਨ੍ਹਾਂ ਗੁਣਾਂ ਨੂੰ ਧਾਰਨ ਕਰਕੇ ਹੀ ਉਸ ਗੁਣੀ ਪ੍ਰਮਾਤਮਾ ਦੇ ਵਿੱਚ ਸਮਾਇਆ ਜਾ ਸਕਦਾ ਹੈ ਭਾਵ ਉਸ ਨਾਲ ਮੇਲ ਹੋ ਸਕਦਾ ਹੈ। ਸਾਡੇ ਅੰਦਰ “ਗੁਣ” ਸ਼ਬਦ ਦਾ ਸੱਚਾ ਗਿਆਨ ਵੱਸਣ ਦੁਆਰਾ ਹੀ ਵੱਸਦੇ ਹਨ। ਸਾਡੇ ਮਨ ਦੀ ਸੋਝੀ ਹੀ ਗੁਣਾਂ ਨੂੰ ਅਪਣਾਉਂਦੀ ਹੈ, ਕਬੂਲ ਕਰਦੀ ਹੈ। ਗੁਰੂ ਦਾ ਗਿਆਨ ਸਾਡੇ ਮਨ ਦੇ ਵਿਚਾਰਾਂ ਨੂੰ ਹੀ ਸ਼ੁੱਧ ਕਰਦਾ ਹੈ, ਮਨ ਦੀ ਮੈਲ ਕੱਢਦਾ ਹੈ, ਅਗਿਆਨਤਾ ਦੀ ਮੈਲ ਕੱਢਦਾ ਹੈ ਜਿਸ ਦੁਆਰਾ ਮਨੁੱਖ ਸੱਚੇ ਵਿਚਾਰਾਂ ਨਾਲ ਜੁੜਦਾ ਹੈ ਤੇ ਗੁਰੂ ਦੇ ਸੱਚੇ ਵਿਚਾਰਾਂ ਵਿਚ ਸਮਾਅ ਜਾਂਦਾ ਹੈ, ਸੱਚ ਰੂਪ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ।

“ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ॥
ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ॥”

(ਅੰਗ ੧੧੭੩)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਗੁਰੂ ਪ੍ਰਮਾਤਮਾ ਦਾ ਕੀਰਤਨ ਭਾਵ ਉਸਦੀ ਕੀਰਤੀ, ਜੱਸ, ਦਿਨ ਰਾਤ ਕਿਵੇਂ ਗਾਇਆ ਜਾ ਸਕਦਾ ਹੈ। ਜਿਨ੍ਹਾਂ ਮਨੁੱਖਾਂ ਦੇ ਵਿੱਚੋਂ ਪ੍ਰਮਾਤਮਾ ਜੂਠ ਭਾਵ ਵਿਕਾਰਾਂ ਵਾਲੀ ਬਿਰਤੀ ਦੂਰ ਕਰ ਦਿੰਦਾ ਹੈ ਭਾਵ ਜਿਨ੍ਹਾਂ ਦੇ ਹਿਰਦੇ ਵਿੱਚ ਸੱਚ ਵੱਸ ਜਾਂਦਾ ਹੈ ਉਹ ਪ੍ਰਮਾਤਮਾ ਦਾ ਦਿਨ ਰਾਤ ਜਸ ਗਾਉਣ ਵਾਲੀ ਗੱਲ ਹੈ ਭਾਵ ਅੱਠੇ ਪਹਿਰ, ਹਰ ਵੇਲੇ ਸੱਚਾ ਮਨੁੱਖ ਬਣਕੇ ਵਿਚਰਨ ਵਾਲੀ ਅਵੱਸਥਾ ਹੈ। ਜੇ ਅਸੀਂ ਇਹ ਸੋਚੀਏ ਕਿ ਅਸੀਂ ਕਥਨੀ ਕਰੀ ਜਾਈਏ, ਕੀਰਤਨ ਕਰੀ ਜਾਈਏ, ਜਸ ਗਾਈ ਜਾਈਏ ਤੇ ਸਾਡੇ ਵਿੱਚੋਂ ਵਿਕਾਰ ਆਪੇ ਹੀ ਨਿਕਲ ਜਾਣਗੇ, ਇਹ ਸਾਡਾ ਭੁਲੇਖਾ ਹੈ। ਸਾਡਾ ਇਹ ਭੁਲੇਖਾ ਅੱਗੇ ਜਾ ਕੇ ਅਨੇਕਾਂ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ। ਹੁਣ ਧਿਆਨ ਨਾਲ ਸੋਚੀਏ, ਅਗਰ ਇਸ ਤਰ੍ਹਾਂ ਕਰਨ ਦੇ ਨਾਲ ਵੀ ਸਾਡੇ ਔਗੁਣ ਦੂਰ ਨਹੀਂ ਹੋ ਰਹੇ ਤੇ ਇਸ ਤੋਂ ਭਾਵ ਹੋਇਆ ਕਿ ਸਾਡੇ ਤੇ ਗੁਰੂ ਦੀ ਕ੍ਰਿਪਾ ਨਹੀਂ ਹੋ ਰਹੀ ਭਾਵ ਸਾਡੇ ਕੋਲੋਂ ਉਸਦਾ ਜਸ ਨਹੀਂ ਗਾਇਆ ਗਿਆ ਭਾਵ ਉਸਨੂੰ ਕਬੂਲ ਨਹੀਂ ਹੋਇਆ। ਕਬੂਲ ਤਾਂ ਹੀ ਹੋਣਾ ਹੈ ਜਦੋਂ ਅਸੀਂ ਗੁਰੂ ਦੇ ਉਪਦੇਸ਼ ਉੱਪਰ ਚੱਲ ਪਵਾਂਗੇ ਤੇ ਇਹੀ ਮਨ ਦਾ ਮਾਰਨਾ ਹੈ। ਸਭ ਤੋਂ ਔਖਾ ਕੰਮ ਗੁਰੂ ਦੇ ਉਪਦੇਸ਼ ਤੇ ਚੱਲਣਾ ਹੀ ਹੈ। ਉਸਦਾ ਭਾਣਾ ਮੰਨਣਾ ਹੀ ਹੈ। ਜਦੋਂ ਮਨੁੱਖ ਗੁਰੂ ਦੇ ਉਪਦੇਸ਼ ਉੱਪਰ ਚੱਲਣਾ ਸ਼ੁਰੂ ਹੋ ਜਾਵੇਗਾ ਫਿਰ ਇਹ ਸਮਝੋ ਕਿ ਗੁਰੂ ਦੀ ਕ੍ਰਿਪਾ ਹੋ ਰਹੀ ਹੈ। ਹੋਣਾ ਸਭ ਗੁਰੂ ਦੀ ਕ੍ਰਿਪਾ ਦੁਆਰਾ ਹੀ ਹੈ ਤੇ ਜੇਕਰ ਸਾਡੇ ਚੰਗੇ ਭਾਗ ਹੋਣਗੇ, ਸਾਡੇ ਤੇ ਗੁਰੂ ਦੀ ਕ੍ਰਿਪਾ ਹੋ ਜਾਵੇਗੀ ਤੇ ਤਾਂ ਹੀ ਅਸੀਂ ਗੁਰੂ ਦੇ ਉਪਦੇਸ਼ ਤੇ ਚੱਲ ਪਾਵਾਂਗੇ।

“ਪਰ ਧਨ ਪਰ ਦਾਰਾ ਪਰਹਰੀ॥ ਤਾ ਕੈ ਨਿਕਟਿ ਬਸੈ ਨਰਹਰੀ॥੧॥
ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥੧॥ਰਹਾਉ॥”

(ਅੰਗ ੧੧੬੩)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਜੋ ਮਨੁੱਖ ਔਗੁਣ ਤਿਆਗਦਾ ਹੈ ਪ੍ਰਮਾਤਮਾ ਉਸਦੇ ਨਜ਼ਦੀਕ ਹੁੰਦਾ ਹੈ ਭਾਵ ਉਹ ਨਾਮ ਦੀ ਪ੍ਰਾਪਤੀ ਲਈ ਉਪਰਾਲਾ ਕਰਦਾ ਹੈ ਭਾਵ ਉਹ ਨਾਮ ਜਪਦਾ ਹੈ ਤੇ ਜੋ ਮਨੁੱਖ ਔਗੁਣ ਨਹੀਂ ਛੱਡਦੇ ਉਹ ਨਾਮ ਨਹੀਂ ਜਪ ਸਕਦੇ, ਭਜ ਸਕਦੇ। ਜੋ ਮਨੁੱਖ ਔਗੁਣਾਂ ਵਿੱਚ ਰਹਿੰਦੇ ਹਨ ਪ੍ਰਮਾਤਮਾ ਉਨ੍ਹਾਂ ਨੂੰ ਦੇਖਣਾ ਵੀ ਨਹੀਂ ਚਾਹੁੰਦਾ, ਮਿਲਣਾ ਤੇ ਦੂਰ ਦੀ ਗੱਲ ਹੈ ਭਾਵ ਔਗੁਣਾਂ ਵਿੱਚ ਰਹਿੰਦੇ ਹੋਏ ਭਜਨ ਦਾ ਕੀ ਲਾਭ। ਲਾਭ ਤਾਂ ਔਗੁਣ ਛੱਡਣ ਨਾਲ ਹੀ ਮਿਲਦਾ ਹੈ।

“ਗੁਣ ਵੀਚਾਰੇ ਗਿਆਨੀ ਸੋਇ॥ ਗੁਣ ਮਹਿ ਗਿਆਨੁ ਪਰਾਪਤਿ ਹੋਇ॥
ਗੁਣਦਾਤਾ ਵਿਰਲਾ ਸੰਸਾਰਿ॥ ਸਾਚੀ ਕਰਣੀ ਗੁਰ ਵੀਚਾਰਿ॥
ਅਗਮ ਅਗੋਚਰੁ ਕੀਮਤਿ ਨਹੀ ਪਾਇ॥ ਤਾ ਮਿਲੀਐ ਜਾ ਲਏ ਮਿਲਾਇ॥

ਗੁਣਵੰਤੀ ਗੁਣ ਸਾਰੇ ਨੀਤ॥ ਨਾਨਕ ਗੁਰਮਤਿ ਮਿਲੀਐ ਮੀਤ॥੧੭॥"

(ਅੰਗ 932)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਨੂੰ ਗੁਰੂ ਦੀ ਮਤਿ ਗ੍ਰਹਿਣ ਕਰਨ ਦੁਆਰਾ ਹੀ ਪਾਇਆ ਜਾ ਸਕਦਾ ਹੈ। ਗੁਰੂ ਕੋਲੋਂ ਗੁਣ ਹੀ ਮਿਲਦੇ ਹਨ ਤੇ ਗੁਣਾਂ ਦੇ ਧਾਰਨ ਕਰਨ ਵਾਲਾ ਹੀ ਗਿਆਨੀ ਹੈ। ਗੁਰੂ ਦੇ ਗਿਆਨ ਦੁਆਰਾ ਵਿਚਰ ਕੇ, ਗੁਣਾਂ ਦੁਆਰਾ ਵਿਚਰ ਕੇ ਹੀ ਮਨੁੱਖ ਸੱਚੀ ਕਰਨੀ ਕਰ ਸਕਦਾ ਹੈ ਭਾਵ ਚੰਗੇ ਕਰਮ ਕਰ ਸਕਦਾ ਹੈ ਜੋ ਪ੍ਰਮਾਤਮਾ ਨੂੰ ਮਿਲਣ ਦਾ ਸਾਧਨ ਹੈ। **"ਗੁਣ ਮਹਿ ਗਿਆਨੁ ਪਰਾਪਤਿ ਹੋਇ"** ਇਸ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। "ਗਿਆਨੁ" ਆਪ ਪ੍ਰਮਾਤਮਾ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਉਹ ਆਪਣੇ "ਗਿਆਨ" ਦੇ ਰੂਪ ਵਿੱਚ ਹੀ ਵਿਚਰਦਾ ਹੈ। "ਗਿਆਨੁ" ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੁੰਦੀ ਹੈ। ਮਨ ਦੇ ਵਿੱਚ ਸਾਡੀ ਪ੍ਰਮਾਤਮਾ ਦੇ ਨਾਲ ਸਾਂਝ ਗਿਆਨ ਰੂਪ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਿਆ ਹੈ ਤੇ ਅੱਗੇ ਚੱਲ ਕੇ ਬੜੀ ਬਰੀਕੀ ਨਾਲ ਸਮਝਾਂਗੇ। ਇਹ ਹੀ ਤਾਂ ਅਸਲ ਵਿੱਚ ਪ੍ਰਮਾਤਮਾ ਦਾ ਭੇਦ ਹੈ ਜੋ ਉਹ ਆਪ ਹੀ ਸਮਝਾਉਂਦਾ ਹੈ। ਜਿਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਇਸ ਭੇਦ ਨੂੰ ਜਾਣ ਕੇ ਹੀ, ਉੱਚੇ ਗਿਆਨ ਦੀ ਪ੍ਰਾਪਤੀ ਕਰਕੇ ਹੀ ਇਤਨਾ ਵੱਡਾ ਗਿਆਨ ਦੁਨੀਆਂ ਨੂੰ ਦਿੱਤਾ ਹੈ। ਇਹੋ ਜਿਹੇ "ਗਿਆਨੁ" ਦੀ ਪ੍ਰਾਪਤੀ ਕਰਕੇ ਹੀ ਕੋਈ ਉਸਦਾ ਗਿਆਨੀ ਬਣ ਸਕਦਾ ਹੈ।

ਜੇਕਰ ਅਸੀਂ ਗੁਰੂ ਦੇ ਦੱਸੇ ਹੋਏ ਗੁਣਾਂ ਅਨੁਸਾਰ ਵਿਚਰਨ ਦਾ ਉੱਦਮ ਕਰਾਂਗੇ ਫਿਰ ਤਾਂ ਹੀ ਉਸ ਗਿਆਨ ਦੇ ਮਾਲਕ ਦੇ ਨਾਲ ਮੇਲ ਦੀ ਉਮੀਦ ਰੱਖ ਸਕਦੇ ਹਾਂ। ਕੇਵਲ ਗਿਆਨ ਇਕੱਠਾ ਕਰਕੇ ਜੇਕਰ ਅਸੀਂ ਉਸਨੂੰ ਆਪਣੇ ਜੀਵਨ ਵਿੱਚ ਅਪਣਾਉਂਦੇ ਨਹੀਂ, ਉਸਨੂੰ ਆਪਣੇ ਅੰਦਰ ਵਿਚਾਰਦੇ ਨਹੀਂ ਤਾਂ ਫਿਰ ਉਹ ਗਿਆਨ ਕੇਵਲ ਸਾਡੀ ਕਥਨੀ ਬਣ ਕੇ ਰਹਿ ਜਾਵੇਗਾ। ਗਿਆਨ ਦਾ ਮਕਸਦ ਉਸਨੂੰ ਆਪਣੀ ਕਰਨੀ ਬਣਾਉਣਾ ਹੈ ਤਾਂ ਜੋ ਉਸ ਦੁਆਰਾ ਸਮਝਾਏ ਹੋਏ ਗੁਣਾਂ ਦੁਆਰਾ ਵਿਚਰੀਏ ਭਾਵ ਸੱਚੀ ਸੁੱਚੀ ਕਿਰਤ ਕਰੀਏ। **(ਗੁਣ ਵੀਚਾਰੇ ਗਿਆਨੀ ਸੋਇ॥ ਗੁਣ ਮਹਿ ਗਿਆਨੁ ਪਰਾਪਤਿ ਹੋਇ॥)**

{ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

{**ਕਥਨੀ ਕਹਿ ਭਰਮੁ ਨ ਜਾਈ॥**
ਸਭ ਕਥਿ ਕਥਿ ਰਹੀ ਲੁਕਾਈ॥}

(ਅੰਗ ੬੫੫)

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੋਰ ਵੀ ਬਰੀਕੀ ਨਾਲ ਸਮਝਣ ਦੀ ਲੋੜ ਹੈ।

"ਗੁਣਦਾਤਾ ਵਿਰਲਾ ਸੰਸਾਰਿ॥
ਸਾਚੀ ਕਰਣੀ ਗੁਰ ਵੀਚਾਰਿ॥"

ਸਾਰੀ ਸ੍ਰਿਸ਼ਟੀ ਦਾ ਦਾਤਾ ਤਾਂ ਇੱਕੋ ਹੀ ਹੈ, ਹੋਰ ਨਹੀਂ ਹੋ ਸਕਦਾ। ਗੁਣਾਂ ਦੀ ਦਾਤ ਦੇਣ ਵਾਲਾ ਉਹ ਇੱਕੋ ਹੀ ਹੈ। ਪ੍ਰਮਾਤਮਾ ਨੇ ਸਾਨੂੰ ਗੁਣਾਂ ਦੀ ਦਾਤ ਦੇਣ ਲਈ ਗੁਰਬਾਣੀ ਦੀ ਰਚਨਾ ਕੀਤੀ ਹੈ ਜੋ ਕਿ ਪ੍ਰਮਾਤਮਾ ਦੇ ਗੁਣਾਂ ਦਾ ਬਿਆਨ ਕਰ ਰਹੀ ਹੈ। ਉਸਦੇ ਗੁਣਾਂ ਦਾ ਬਿਆਨ ਤਾਂ ਹੀ ਹੋ ਸਕਦਾ ਹੈ ਜਦੋਂ ਸਾਨੂੰ ਉਹ ਗਿਆਨ ਪ੍ਰਾਪਤ ਹੋ ਜਾਵੇ, ਉਹ ਸੋਝੀ ਮਿਲ ਜਾਵੇ ਜਿਸ ਦੁਆਰਾ ਉਸ ਪ੍ਰਮਾਤਮਾ ਦੇ ਗੁਣ ਬਿਆਨ ਹੋ ਸਕਣ। ਜਿਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ, ਜਿਨ੍ਹਾਂ ਨੇ ਉਸਦੇ ਗੁਣਾਂ ਨੂੰ ਬਿਆਨ ਕੀਤਾ ਹੈ ਉਹ ਵਿਰਲੇ ਹੀ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਗੁਣ ਵੰਡਣ ਲਈ ਗੁਣਦਾਤਾ ਬਣਾਇਆ ਹੈ। ਗੁਰੂ ਰੂਪ, ਭਗਤ ਰੂਪ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪਣੇ ਆਪ ਨੂੰ ਮਨੁੱਖੀ ਸਰੀਰਾਂ ਰਾਹੀਂ ਪ੍ਰਗਟ ਕਰਕੇ ਗੁਣਾਂ ਦੀ ਦਾਤਿ ਵੰਡਦਾ ਹੈ। ਗੁਣਦਾਤਾ ਅਸਲ ਵਿੱਚ ਉਹ ਆਪ ਹੀ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਸਨੇ ਗੁਰਬਾਣੀ ਵਿੱਚ

ਗੁਣਾਂ ਦਾ ਭੰਡਾਰ ਭਰਿਆ ਹੈ ਉਹ ਸਾਰੇ ਉਸਦਾ ਆਪਣਾ ਹੀ ਰੂਪ ਹਨ, ਸਭ ਵਿੱਚ ਉਸਨੇ ਆਪਣਾ ਸੱਚਾ ਗਿਆਨ ਪ੍ਰਗਟ ਕੀਤਾ ਹੈ। ਉਹ ਕਦੇ ਹੀ ਕੂੜਾਂ, ਕੂੜਾਂ ਵਿੱਚੋਂ ਕਿਸੇ ਵਿਰਲੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। **(ਗੁਣਦਾਤਾ ਵਿਰਲਾ ਸੰਸਾਰਿ॥)** ਪ੍ਰਮਾਤਮਾ ਆਪਣੀ ਇਹ ਗੁਣਾਂ ਦੀ ਦਾਤ ਕਿਸ ਮਕਸਦ ਲਈ ਵੰਡਦਾ ਹੈ, ਇਹ ਨਾਲ ਹੀ ਸਮਝਾਇਆ ਹੋਇਆ ਹੈ।

“ਸਾਚੀ ਕਰਣੀ ਗੁਰ ਵੀਚਾਰਿ॥”

ਗੁਰਬਾਣੀ ਰਾਹੀਂ ਸਾਨੂੰ ਆਪਣੇ ਗੁਣਾਂ ਦੀ ਦਾਤ, ਗੁਣਾਂ ਦੀ ਸੋਝੀ ਉਸਨੇ ਸ਼ਬਦਾਂ ਦੀ ਰਚਨਾ ਕਰਕੇ, ਸ਼ਬਦਾਂ ਦੁਆਰਾ ਆਪਣੇ ਵਿਚਾਰ ਦੇ ਕੇ ਦਿੱਤੀ ਹੋਈ ਹੈ। ਗੁਰੂ ਦੇ ਇਨ੍ਹਾਂ ਵਿਚਾਰਾਂ ਦਾ ਮਕਸਦ ਸਾਨੂੰ ਸੱਚੀ ਕਰਨੀ ਸਿਖਾਉਣਾ ਹੈ ਜੋ ਕਿ ਗੁਣਾਂ ਦੁਆਰਾ ਹੀ ਹੋ ਸਕਦੀ ਹੈ। ਔਗੁਣਾਂ ਦੁਆਰਾ ਸੱਚੀ ਕਰਨੀ ਨਹੀਂ ਹੋ ਸਕਦੀ। ਸਾਰੀ ਗੁਰਬਾਣੀ ਦੇ ਰਚਣ ਦਾ ਮਕਸਦ ਇਹੋ ਹੀ ਹੈ ਕਿ ਸਾਡੀ ਕਰਨੀ ਸੱਚੀ ਸੁੱਚੀ ਹੋਵੇ। ਇਹੀ ਗੁਰਬਾਣੀ ਦਾ ਤੱਤ ਸਾਰ ਹੈ ਤੇ ਵਾਰ-ਵਾਰ ਬਾਣੀ ਵਿੱਚ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਅਸੀਂ ‘‘ਕਥਨੀ’’ ਨੂੰ ਆਪਣੀ ਭਗਤੀ ਦਾ ਤਰੀਕਾ ਸਮਝਦੇ ਹਾਂ ਪਰ ਉਸਦੀ ਭਗਤੀ ਕਰਨ ਦਾ ਤਰੀਕਾ ਕੇਵਲ ਸਾਡੀ ‘‘ਕਰਨੀ’’ ਹੈ ਭਾਵ ਸੱਚੀ ਸੁੱਚੀ ਕਰਨੀ ਹੈ, ਸੱਚੀ ਸੁੱਚੀ ਕਿਰਤ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜੋ ਸਾਡੇ ਜੀਵਨ ਦਾ ਅਸਲ ਮਨੋਰਥ ਹੈ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੇ ਭਰਮ ਕਰਕੇ ਹੈ। ਭਰਮ ਵਿੱਚ ਰਹਿੰਦੇ ਹੋਏ ਹੀ ਅਸੀਂ ਭਗਤੀ ਦੇ ਅਸਲ ਮਾਰਗ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ। ਭਰਮ ਕੇਵਲ ਗੁਰੂ ਦੀ ਗੱਲ ਨੂੰ ਮੰਨ ਕੇ ਦੂਰ ਹੋ ਸਕਦਾ ਹੈ। ਕਥਨੀ ਨਾਲ ਸਾਡਾ ਭਰਮ ਨਹੀਂ ਜਾ ਸਕਦਾ। ਗੁਰੂ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਰਮਾਂ ਵਿੱਚੋਂ, ਮਨਮਤਿ ਵਿੱਚੋਂ ਨਿਕਲ ਕੇ ਗੁਰੂ ਦੀ ਮਤਿ ਅਨੁਸਾਰ ਚੱਲੀਏ। **{ਕਥਨੀ ਕਹਿ ਭਰਮੁ ਨ ਜਾਈ॥ ਸਭ ਕਥਿ ਕਥਿ ਰਹੀ ਲੁਕਾਈ॥}** (ਅੰਗ - 655) । ਗਿਆਨੀ ਉਹ ਹੀ ਬਣਦਾ ਹੈ ਜੋ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਦਾ ਹੈ ਤੇ ਗਿਆਨ ਦਾ ਮਕਸਦ ਮਨੁੱਖ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ, ਗੁਣੀ ਬਣਾਉਣ ਦਾ ਹੀ ਹੈ ਤਾਂ ਜੋ ਸਾਡੀ ਕਰਨੀ ਚੰਗੀ ਹੋਵੇ, ਸਾਡੇ ਆਚਾਰ ਚੰਗੇ ਹੋਣ। ਕੇਵਲ ਸ਼ਬਦਾਂ ਦੀ ਕਥਨੀ ਕਰਨ ਨਾਲ ਕੋਈ ਗਿਆਨੀ ਨਹੀਂ ਬਣ ਸਕਦਾ, ਕਿਸੇ ਦੇ ਆਚਾਰ ਚੰਗੇ ਨਹੀਂ ਬਣ ਸਕਦੇ। ਭਗਤੀ ਦਾ ਮਾਰਗ ਸਾਡੀ ਕਰਨੀ ਦਾ ਮਾਰਗ ਹੈ ਜੋ ਕਿ ਗੁਰੂ ਦੇ ਵਿਚਾਰੀ ਬਣਨ ਦਾ ਮਕਸਦ ਹੈ।

{ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥}

(ਅੰਗ - 413)

ਪ੍ਰਮਾਤਮਾ ਹਰ ਕਿਸੇ ਦੀ ਪਹੁੰਚ ਤੋਂ ਬਾਹਰ ਹੈ ਤੇ ਆਪਣੇ ਕਿਸੇ ਜ਼ੋਰ ਜਾਂ ਸਿਆਣਪ ਨਾਲ ਉਸਨੂੰ ਕੋਈ ਨਹੀਂ ਪਾ ਸਕਦਾ। ਉਸਦੀ ਕੀਮਤ ਪਾਉਣ ਦਾ ਤਰੀਕਾ ਕੇਵਲ ਗੁਣੀ ਬਣ ਕੇ ਵਿਚਰਨਾ ਹੈ ਤੇ ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ, ਉਸਨੂੰ ਔਗੁਣਾਂ ਵਿੱਚੋਂ ਕੱਢ ਕੇ ਗੁਣੀ ਹੀ ਬਣਾਉਂਦਾ ਹੈ ਤੇ ਇਹ ਉਸਦੇ ਆਪਣੇ ਹੱਥ ਵੱਸ ਹੈ ਜੋ ਸਾਡੇ ਅੰਦਰ ਹੀ ਵਰਤ ਰਿਹਾ ਹੈ। ਗੁਣੀ ਬਣ ਕੇ ਹੀ ਅਸੀਂ ਗੁਰਮਤਿ ਤੇ ਪੂਰੇ ਉਤਰ ਸਕਦੇ ਹਾਂ ਤੇ ਇਹੀ ਗੁਰਮਤਿ ਦਾ ਮਨੋਰਥ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਗੁਣੀ ਬਣਨ ਦਾ ਉੱਦਮ ਅਸੀਂ ਆਪ ਹੀ ਕਰਨਾ ਹੈ।

(ਅਗਮ ਅਗੋਚਰੁ ਕੀਮਤਿ ਨਹੀ ਪਾਇ॥ ਤਾ ਮਿਲੀਐ ਜਾ ਲਏ ਮਿਲਾਇ॥
ਗੁਣਵੰਤੀ ਗੁਣ ਸਾਰੇ ਨੀਤ॥ ਨਾਨਕ ਗੁਰਮਤਿ ਮਿਲੀਐ ਮੀਤ॥੧੭॥)

ਗੁਰੂ ਦੇ ਦੱਸੇ ਹੋਏ ਗੁਣਾਂ ਦੁਆਰਾ ਸੱਚੀ ਸੁੱਚੀ ਕਿਰਤ ਕਰਨਾ ਹੀ ਗੁਰਮਤਿ ਤੇ ਚੱਲਣਾ ਹੈ ਜੋ ਕਿ ਇਸ ਪੂਰੇ ਸ਼ਬਦ ਦਾ ਸਾਰ ਹੈ। ਇਹੀ ਗੱਲ ਹੇਠ ਦਿੱਤੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਸਮਝੀ ਜਾ ਸਕਦੀ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ ਰਹਾਉ॥}

(ਅੰਗ ੫੬)

{ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥}

(ਅੰਗ ੧੧੭੯)

ਅੱਗੇ ਚੱਲ ਕੇ ਇਹਨਾਂ ਸ਼ਬਦਾਂ ਨੂੰ ਬਰੀਕੀ ਨਾਲ ਵਿਚਾਰਾਂਗੇ।

"ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥ ਸਤਿਗੁਰੁ ਭੇਟੈ ਮੋਖ ਦੁਆਰ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ॥ ਦੁਰਮਤਿ ਵਿਛੁੜਿ ਚੋਟਾ ਖਾਇ॥
ਮਾਨੈ ਹੁਕਮੁ ਸਭੇ ਗੁਣ ਗਿਆਨ॥ ਨਾਨਕ ਦਰਗਹ ਪਾਵੈ ਮਾਨੁ॥੫੬॥"

(ਅੰਗ ੯੪੪)

ਇਸ ਸ਼ਬਦ ਰਾਹੀਂ ਦੁਰਮਤਿ ਤੇ ਗੁਰਮਤਿ ਦੀ ਪਛਾਣ ਦੱਸੀ ਗਈ ਹੈ। ਜਦ ਤੱਕ ਮਨੁੱਖ ਗੁਰੂ ਦੀ ਮਤਿ ਨਹੀਂ ਲੈਂਦਾ ਭਾਵ ਮਨ ਦੀ ਮਤਿ ਨਾਲ ਚੱਲਦਾ ਹੈ ਉਹ ਪ੍ਰਮਾਤਮਾ ਨਾਲ ਮੇਲ ਨਹੀਂ ਕਰ ਸਕਦਾ ਤੇ ਪ੍ਰਮਾਤਮਾ ਨਾਲੋਂ ਵਿਛੜਿਆ ਹੋਇਆ ਰਹਿੰਦਾ ਹੈ ਤੇ ਦੁੱਖ ਸਹਿੰਦਾ ਹੈ। ਇਸ ਤੋਂ ਉਲਟ ਗੁਰੂ ਦੀ ਮਤਿ ਲੈ ਕੇ ਉਸ ਤੇ ਚੱਲਣ ਨਾਲ ਪ੍ਰਮਾਤਾਮਾ ਨਾਲ ਮੇਲ ਹੁੰਦਾ ਹੈ ਭਾਵ ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਮਿਲਦਾ ਹੈ। ਗੁਰਮਤਿ ਦਾ ਅਸਲੀ ਭਾਵ ਵੀ ਸਮਝਾਇਆ ਹੋਇਆ ਹੈ ਕਿ ਗੁਰ ਸ਼ਬਦ ਵਿਚਾਰ ਕੀ ਹੈ ਭਾਵ ਸ਼ਬਦ ਦੀ ਵਿਚਾਰ ਦਾ ਮਕਸਦ ਕੀ ਹੈ, ਸ਼ਬਦ ਦਾ ਵਿਚਾਰੀ ਬਣਨਾ ਕੀ ਹੈ। ਗੁਰੂ ਦਾ ਹੁਕਮ ਮੰਨਣਾ ਹੀ ਸ਼ਬਦ ਦਾ ਵਿਚਾਰੀ ਬਣਨਾ ਹੈ ਤੇ ਹੁਕਮ ਤਾਂ ਹੀ ਮੰਨਿਆ ਜਾ ਸਕਦਾ ਹੈ ਜੇਕਰ ਸਾਡੇ ਅੰਦਰ ਗੁਰੂ ਦੇ ਸਾਰੇ ਗੁਣ, ਸਾਰਾ ਗਿਆਨ ਵੱਸਿਆ ਹੋਵੇ ਭਾਵ ਗੁਰਮਤਿ ਵੱਸੀ ਹੋਵੇ। ਜਦ ਤੱਕ ਗੁਰੂ ਦਾ ਹੁਕਮ, ਉਪਦੇਸ਼ ਨਹੀਂ ਮੰਨਿਆ ਤਦ ਤੱਕ ਸ਼ਬਦ ਦੀ ਵਿਚਾਰ ਤੇ ਸਾਡੀ ਮਤਿ ਪੂਰੀ ਨਹੀਂ ਹੋ ਸਕਦੀ। ਜਦ ਤੱਕ ਸਾਡੇ ਵਿਚਾਰ ਸ਼ਬਦ ਦੀ ਵਿਚਾਰ ਨਾਲ ਨਹੀਂ ਰਲਦੇ, ਅਸੀਂ ਸ਼ਬਦ ਦੇ ਵਿਚਾਰੀ ਨਹੀਂ ਬਣ ਸਕਦੇ। ਸ਼ਬਦ ਦੀ ਵਿਚਾਰ ਦਾ ਮਕਸਦ ਉਸ ਦੇ ਉੱਪਰ ਅਮਲ ਕਰਕੇ ਹੀ ਪੂਰਾ ਹੋਣਾ ਹੈ ਕਿਉਂਕਿ ਜਿਹੜੇ ਮਕਸਦ ਨਾਲ ਗੱਲ ਲਿਖੀ ਗਈ ਹੈ ਉਹ ਮਕਸਦ ਸਾਡੇ ਅੰਦਰ ਹੀ ਨਾ ਵੱਸਿਆ ਤੇ ਉਸਦਾ ਕੀ ਲਾਭ ਹੋ ਸਕਦਾ ਹੈ। ਗੁਰੂ ਦਾ ਮਕਸਦ ਸਾਡੀ ਕਬੁਧਿ, ਮਾੜੀ ਬੁਧਿ ਦੂਰ ਕਰਨ ਲਈ ਹੈ। ਜਦ ਤੱਕ ਸਾਡੀ ਕਬੁਧਿ ਨਹੀਂ ਮਿਟੀ ਤਦ ਤੱਕ ਸ਼ਬਦ ਦੀ ਵਿਚਾਰ ਨਹੀਂ ਹੋਈ। ਸ਼ਬਦ ਨੂੰ ਵਿਚਾਰਨਾ ਉਸਨੂੰ ਮੰਨਣਾ ਹੈ। ਸ਼ਬਦ ਦੀ ਵਿਚਾਰ ਨੂੰ ਮੰਨੇ ਬਿਨ੍ਹਾਂ ਸਾਡੀ ਬੁਧਿ "ਕੁਬੁਧਿ" ਹੈ, ਦੁਰਮਤਿ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੇ ਵਿੱਚ ਹੀ ਹੈ ਜੋ ਕਿ ਸਾਡੇ ਅੰਦਰ ਮਾੜੀ ਮਤਿ ਦਾ ਹੋਣਾ ਹੈ, ਅਉਗਣਾਂ ਦਾ ਹੋਣਾ ਹੈ, ਮਾਇਆ ਮੋਹ ਦਾ ਹੋਣਾ ਹੈ। ਦੁਰਮਤਿ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਗੁਰਮਤਿ ਪ੍ਰਮਾਤਮਾ ਦੇ ਨਾਲ ਮੇਲ ਹੈ। ਗੁਰਮਤਿ ਸਾਡੇ ਅੰਦਰ ਤਾਂ ਹੀ ਵਸਦੀ ਹੈ ਜੇਕਰ ਅਸੀਂ ਗੁਰੂ ਦੇ ਹੁਕਮ ਨੂੰ ਮੰਨੀਏ। ਜੋ ਗੁਰੂ ਦੇ ਹੁਕਮ ਨੂੰ ਮੰਨਦਾ ਹੈ ਉਸਦੇ ਅੰਦਰ ਸਾਰੇ ਗੁਣ ਵੱਸਦੇ ਹਨ, ਗੁਰੂ ਦਾ ਗਿਆਨ ਵੱਸਦਾ ਹੈ ਭਾਵ ਪ੍ਰਮਾਤਮਾ ਨਾਲ ਮੇਲ ਕਰਨ ਦਾ ਤਰੀਕਾ ਅਉਗਣਾਂ ਵਿੱਚੋਂ ਨਿਕਲ ਕੇ ਗੁਣੀ ਬਣਨ ਦਾ ਹੈ। ਜਿਸ ਦੁਆਰਾ ਅਸੀਂ ਚੰਗੇ ਕਰਮ ਕਰੀਏ, ਕੋਈ ਮਾੜਾ ਕਰਮ ਨਾ ਕਰੀਏ। (**ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥ ਸਤਿਗੁਰੁ ਭੇਟੈ ਮੋਖ ਦੁਆਰ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ॥ ਦੁਰਮਤਿ ਵਿਛੁੜਿ ਚੋਟਾ ਖਾਇ॥ ਮਾਨੈ ਹੁਕਮੁ ਸਭੇ ਗੁਣ ਗਿਆਨ॥ ਨਾਨਕ ਦਰਗਹ ਪਾਵੈ ਮਾਨੁ॥੫੬॥**)

“ਤੇਰੀ ਨਿਰਗੁਣ ਕਥਾ ਕਥਾ ਹੈ ਮੀਠੀ ਗੁਰਿ ਨੀਕੇ ਬਚਨ ਸਮਾਰੇ॥
ਗਾਵਤ ਗਾਵਤ ਹਰਿ ਗੁਨ ਗਾਏ ਗੁਨ ਗਾਵਤ ਗੁਰਿ ਨਿਸਤਾਰੇ॥੨॥
ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥”

(ਅੰਗ ੯੮੧)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਦੇ ਗੁਣ ਕਿਵੇਂ ਗਾਏ ਜਾ ਸਕਦੇ ਹਨ। ਨਿਰਗੁਣ ਕਥਾ ਤੋਂ ਭਾਵ ਹੈ ਨਿਰਗੁਣ ਰੂਪ ਪ੍ਰਮਾਤਮਾ ਦੀ ਕਥਾ ਭਾਵ ਬਾਣੀ ਭਾਵ ਗੁਰਬਾਣੀ। ਪੂਰੀ ਗੁਰਬਾਣੀ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਨਿਰਗੁਨ ਰੂਪ ਹੈ, ਨਿਰੰਕਾਰ ਰੂਪ ਹੈ। ਗੁਰਬਾਣੀ ਵਿੱਚ ਜੋ ਗੁਰੂ ਦੇ ਬਚਨ ਹਨ ਉਨ੍ਹਾਂ ਨੂੰ ਆਪਣੇ ਅੰਦਰ ਵਸਾ ਕੇ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਗੁਰੂ ਦੇ ਬਚਨਾਂ ਨੂੰ, ਸ਼ਬਦਾਂ ਨੂੰ ਜੋ ਅਸੀਂ ਅੱਖਰਾਂ ਦੇ ਰੂਪ ਵਿੱਚ ਦੇਖਦੇ ਹਾਂ, ਉਹ ਅੱਖਰ ਸਰਗੁਣ ਰੂਪ ਹਨ ਭਾਵ ਆਕਾਰ ਰੂਪ ਹਨ ਤੇ ਉਨ੍ਹਾਂ ਸ਼ਬਦਾਂ ਦੇ ਅੰਦਰ ਜੋ ਗਿਆਨ ਹੈ ਉਹ ਨਿਰਗੁਣ ਰੂਪ ਹੈ। ਜਦੋਂ ਸਾਨੂੰ ਸ਼ਬਦਾਂ ਦੇ ਅੰਦਰ ਦਾ ਨਿਰਗੁਣ ਰੂਪ ਮਿੱਠਾ ਲੱਗੇਗਾ ਭਾਵ ਚੰਗਾ ਲਗੇਗਾ ਅਸੀਂ ਤਾਂ ਹੀ ਗੁਰੂ ਦੇ ਬਚਨਾਂ ਨੂੰ ਮੰਨਾਗੇ ਭਾਵ ਉਨਾਂ ਦੀ ਸੰਭਾਲ ਕਰਾਂਗੇ ਭਾਵ ਗੁਰੂ ਦੇ ਬਚਨਾਂ ਅਨੁਸਾਰ ਚੱਲਾਂਗੇ। ਗੁਰੂ ਦੇ ਬਚਨਾਂ ਨੂੰ ਮੰਨ ਕੇ ਉਸ ਅਨੁਸਾਰ ਵਿਚਰਨਾ ਹੀ ਗੁਰੂ ਦੇ ਪ੍ਰਮਾਤਮਾ ਦੇ ਗੁਣ ਗਾਉਣੇ ਹਨ। (**ਤੇਰੀ ਨਿਰਗੁਣ ਕਥਾ ਕਥਾ ਹੈ ਮੀਠੀ ਗੁਰਿ ਨੀਕੇ ਬਚਨ ਸਮਾਰੇ॥**)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ 120)

ਗੁਣ ਗਾਉਂਦੇ ਹੋਏ **(ਗਾਵਤ ਗਾਵਤ)** ਭਾਵ ਗੁਰੂ ਦੇ ਬਚਨਾਂ ਤੇ ਚੱਲਦੇ-ਚੱਲਦੇ ਹੀ ਗੁਰੂ ਦੁਆਰਾ ਮਨੁੱਖ ਦਾ ਨਿਸਤਾਰਾ ਹੋ ਜਾਂਦਾ ਹੈ ਭਾਵ ਨਾਮ ਜਪਣ ਦਾ ਉੱਦਮ ਕਰਦੇ ਕਰਦੇ ਨਾਮ ਮਿਲ ਜਾਂਦਾ ਹੈ ਭਾਵ ਗੁਰੂ ਪ੍ਰਮਾਤਮਾ ਦੇ ਦੱਸੇ ਹੋਏ ਮਾਰਗ ਤੇ ਚੱਲਦੇ-ਚੱਲਦੇ ਉਸ ਨਾਲ ਮੇਲ ਹੋ ਜਾਂਦਾ ਹੈ। (**ਗਾਵਤ ਗਾਵਤ ਹਰਿ ਗੁਨ ਗਾਏ ਗੁਨ ਗਾਵਤ ਗੁਰਿ ਨਿਸਤਾਰੇ॥**) ਗੁਰੂ ਦੇ ਬਚਨ ਉਸਦਾ ਨਾਮ ਹਨ ਤੇ ਆਪਣੇ ਅੰਦਰ ਗੁਰੂ ਦੇ ਬਚਨਾਂ ਦੀ ਸੰਭਾਲ ਕਰਨੀ ਹੀ ਨਾਮ ਦੀ ਸੰਭਾਲ ਕਰਨੀ ਹੈ। ਜੇਕਰ ਸਾਨੂੰ ਗੁਰੂ ਦੇ ਬਚਨ ਚੇਤੇ ਹਨ ਤਾਂ ਫਿਰ ਸਾਨੂੰ ਉਸਦਾ ਨਾਮ ਚੇਤੇ ਹੈ। ਗੁਰੂ ਦੇ ਬਚਨ ਸਾਨੂੰ ਔਗੁਣ ਛੱਡ ਕੇ ਗੁਣੀ ਬਣਨ ਲਈ ਕਹਿੰਦੇ ਹਨ ਤੇ ਜੇਕਰ ਅਸੀਂ ਔਗੁਣ ਛੱਡੇ ਹੋਏ ਹਨ ਫਿਰ ਅਸੀਂ ਗੁਰੂ ਦੇ ਬਚਨਾਂ ਨੂੰ ਸੰਭਾਲਿਆ ਹੋਇਆ ਹੈ, ਆਪਣੇ ਅੰਦਰ ਨਾਮ ਨੂੰ ਸੰਭਾਲਿਆ ਹੋਇਆ ਹੈ। ਉੱਪਰ ਸ਼ਬਦ ਦੀ ਆਖਰੀ ਪੰਗਤੀ ਨੂੰ ਅੱਗੇ ਚੱਲਕੇ ਸਮਝਾਂਗੇ।

“ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ॥
ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ॥
ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ॥
ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ॥੧॥”

(ਅੰਗ ੯੫੦)

ਇਸ ਸ਼ਬਦ ਰਾਹੀਂ ਸਮਝਾਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਕਿਵੇਂ ਹੋ ਸਕਦੀ ਹੈ। ਬੜੇ ਸਪੱਸ਼ਟ ਤੌਰ ਤੇ ਸਮਝਾਇਆ ਗਿਆ ਹੈ ਕਿ ਜੋ ਪ੍ਰਮਾਤਮਾ ਦਾ, ਗੁਰੂ ਦਾ ਭਾਣਾ ਮੰਨਦਾ ਹੈ ਭਾਵ ਗੁਰੂ ਦਾ ਉਪਦੇਸ਼ ਮੰਨ ਕੇ ਚੱਲਦਾ ਹੈ ਉਹੀ ਪ੍ਰਮਾਤਮਾ ਦਾ ਭਗਤ ਹੈ। ਬਾਕੀਆਂ ਨੂੰ ਕਚ ਨਿਕਚ ਹੀ ਕਿਹਾ ਗਿਆ ਹੈ ਕਿਉਂਕਿ ਉਹ ਕਥਨੀ ਬਦਨੀ ਵਿੱਚ ਹੀ ਪਏ ਰਹਿੰਦੇ ਹਨ ਤੇ ਉਹ ਗੁਰੂ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝਦੇ ਭਾਵ ਉਸਦੇ ਹੁਕਮ ਨੂੰ ਨਹੀਂ ਸਮਝਦੇ ਤੇ ਹੁਕਮ ਵਿੱਚ ਨਹੀਂ ਚੱਲਦੇ, ਜੋ ਕਿ ਭਗਤ ਹੋਣ ਦਾ ਤਰੀਕਾ ਦੱਸਿਆ ਗਿਆ ਹੈ। ਇਹ ਹੀ ਨਾਮ ਧਿਆਉਣਾ ਹੈ ਤੇ ਇਸਦੇ ਨਾਲ ਹੀ ਪ੍ਰਮਾਤਮਾ ਦੀ ਭਾਵ ਉਸਦੇ “ਸੱਚ” ਰੂਪ ਦੀ ਪ੍ਰਾਪਤੀ ਹੈ ਜੋ ਕਿ ਉਸਦਾ “ਫਲ” ਹੈ। ਭਾਣਾ ਮੰਨਣਾ ਕੀ ਹੈ, ਇਹ ਗੱਲ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ। ਸਭ ਜਗ੍ਹਾ “ਸਚੁ” ਹੀ ਵਰਤ ਰਿਹਾ ਹੈ ਭਾਵ ਪ੍ਰਮਾਤਮਾ ਹੀ ਵਰਤ ਰਿਹਾ ਹੈ ਤੇ ਫਲ ਦੇ ਰੂਪ ਵਿੱਚ ਪ੍ਰਾਪਤੀ ਵੀ “ਸਚੁ” ਦੀ ਹੀ ਹੁੰਦੀ

ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੁੰਦੀ ਹੈ। "ਸਚੁ" ਹੀ "ਨਾਮ" ਹੈ। ਫਿਰ ਨਾਮ ਵਿੱਚ ਤੇ ਪ੍ਰਮਾਤਮਾ ਵਿੱਚ ਭੇਦ ਕੀ ਹੋਇਆ। ਭੇਦ ਹੈ ਹੀ ਨਹੀਂ, ਕੇਵਲ ਸਾਡਾ ਭੁਲੇਖਾ ਹੈ। ਜੋ "ਫਲ" ਦੀ ਪ੍ਰਾਪਤੀ "ਸਚੁ' ਦੇ ਰੂਪ ਵਿੱਚ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੁੰਦੀ ਹੈ ਉਹੀ "ਫਲ" ਦੀ ਪ੍ਰਾਪਤੀ ਨਾਮ ਦੇ "ਫਲ" ਦੇ ਰੂਪ ਵਿੱਚ ਹੁੰਦੀ ਹੈ।

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥
ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥
ਕਹੁ ਨਾਨਕ ਪਾਵਹਿ ਵਿਰਲੇ ਕੇਇ ॥4॥}

(ਅੰਗ 1170)

"ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ
ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ॥
ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ
ਇਹੁ ਛੂਟਣ ਕਾ ਸਾਚਾ ਭਰਵਾਸਾ॥੪॥੨॥"

(ਅੰਗ ੮੬੦)

ਇਸ ਸ਼ਬਦ ਰਾਹੀਂ ਪ੍ਰਮਾਤਮਾ ਦਾ ਜਪ ਕਰਨ ਦਾ ਤਰੀਕਾ ਦੱਸਿਆ ਹੋਇਆ ਹੈ। ਇਸ ਵਿੱਚ ਇਹ ਹੀ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਨੂੰ ਗੁਰੂ ਦੇ ਉਪਦੇਸ਼ ਦਾ ਅਸਲੀ ਮੰਤਵ, ਅਸਲ ਮਨੋਰਥ ਸਮਝ ਕੇ ਜਪਣਾ ਚਾਹੀਦਾ ਹੈ ਤੇ ਇਸ ਤਰੀਕੇ ਦਿਨ ਰਾਤ ਉਸਦੇ ਉਪਦੇਸ਼ ਤੇ ਚੱਲਣ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਰੂ ਦੇ ਉਪਦੇਸ਼ ਨੂੰ ਭਾਵ ਜਿਸ ਮਕਸਦ ਲਈ ਗੁਰੂ ਨੇ ਉਪਦੇਸ਼ ਦਿੱਤਾ ਹੈ, ਉਸ ਮਕਸਦ ਨੂੰ ਆਪਣੇ ਅੰਦਰ ਵਸਾਉਣਾ ਹੀ ਗੁਰੂ ਨੂੰ ਜਪਣਾ ਹੈ। ਜਪਣਾ ਅਸੀਂ ਗੁਰੂ ਦੇ ਮਕਸਦ ਨੂੰ ਹੀ ਹੈ ਭਾਵ ਉਸਦੇ ਉਪਦੇਸ਼ ਅਨੁਸਾਰ ਆਪਣੇ ਆਪ ਨੂੰ ਢਾਲ ਕੇ ਉਸ ਤੇ ਅਮਲ ਕਰਨਾ ਹੈ ਤੇ ਇਹ ਹੀ ਗੁਰੂ ਨਾਲ ਪ੍ਰੀਤ ਦਿਖਾਉਣ ਦਾ ਤਰੀਕਾ ਹੈ ਭਾਵ ਗੁਰੂ ਨਾਲ ਪ੍ਰੀਤ ਉਸੇ ਨੂੰ ਹੈ ਜਿਸਨੂੰ ਉਸਦੀ ਸਿੱਖਿਆ ਨਾਲ ਪ੍ਰੀਤ ਹੈ ਕਿਉਂਕਿ ਗੁਰੂ ਦੀ ਸਿੱਖਿਆ ਹੀ ਤੇ ਅਸਲ ਵਿੱਚ ਗੁਰੂ ਹੈ। ਇੱਥੇ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਹਰਿ ਜਪ ਕੀ ਹੈ। ਗੁਰੂ ਦੀ ਸਮਝਾਈ ਹੋਈ ਗੱਲ ਨੂੰ ਸਮਝ ਕੇ ਉਸ ਨੂੰ ਮੰਨਣਾ ਹੀ ਹਰਿ ਜਪ ਹੈ ਭਾਵ ਜਿਸ ਨਾਲ ਗੁਰੂ ਦੀ ਦੱਸੀ ਹੋਈ ਗੱਲ ਦਾ ਮਕਸਦ ਪੂਰਾ ਹੋਵੇ, ਉਹ ਹੀ ਉਸਨੂੰ ਜਪਣਾ ਹੈ। ਗੁਰੂ ਦੇ ਨਾਮ ਜਪਣ ਦਾ ਮਕਸਦ ਮਾਇਆ ਮੋਹ ਤੋਂ ਛੁੱਟਣ ਦਾ ਹੀ ਹੈ ਤੇ ਇਹ ਛੁੱਟਣਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥੮॥੨॥੯॥"

(ਅੰਗ ੪੪੪)

ਗੁਰੂ ਅਸਲ ਵਿੱਚ ਆਪ ਹੀ ਸਿਖੁ ਹੈ ਜੋ ਆਪਣੇ ਉਪਦੇਸ਼ ਤੇ ਚੱਲਦਾ ਹੈ। ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਉਸਦਾ ਸਿੱਖ ਬਣਿਆ ਜਾ ਸਕਦਾ ਹੈ।

"ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ॥
ਗੁਰੁ ਸਿਮਰਤ ਜਮ ਸੰਗਿ ਨ ਫਾਸਹਿ॥
ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ॥੨॥"

(ਅੰਗ 1075)

ਇਸ ਸ਼ਬਦ ਵਿੱਚ ਨਾਮ ਸਿਮਰਨ ਦੀ ਬਜਾਇ ਗੁਰੂ ਨੂੰ ਸਿਮਰਨ ਦੀ ਗੱਲ ਕੀਤੀ ਗਈ ਹੈ ਭਾਵ ਨਾਮ ਤੇ ਗੁਰੂ, ਗੁਰਬਾਣੀ ਵਿੱਚ ਕੋਈ ਭੇਦ ਨਹੀਂ ਹੈ ਭਾਵ ਇੱਕੋ ਹੀ ਗੱਲ ਹੈ। ਇੱਥੇ ਵੀ "ਸਿਮਰਤ" ਤੋਂ ਭਾਵ ਗੁਰੂ ਦੇ ਉਪਦੇਸ਼ ਨੂੰ ਮੰਨਣ ਨਾਲ ਹੀ ਹੈ ਜਿਸ

ਨੂੰ ਮੰਨਣ ਨਾਲ, ਸਾਡੇ ਅੰਦਰ ਉਸਦੀ ਮਤਿ ਵੱਸਣ ਨਾਲ ਸਾਡੀ ਪਾਪਾਂ ਵਾਲੀ ਬਿਰਤੀ ਦੂਰ ਹੋ ਜਾਂਦੀ ਹੈ, ਸਾਡਾ ਔਗੁਣਾਂ ਨਾਲ ਸਾਥ ਛੁੱਟ ਜਾਂਦਾ ਹੈ ਤੇ ਸਾਡਾ ਮਨ ਨਿਰਮਲ ਹੋ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ ਤੇ ਇਹ ਉਸਦੀ ਆਪਣੀ ਕਿਰਪਾ ਦੁਆਰਾ ਹੀ ਹੁੰਦਾ ਹੈ। ਗੁਰੂ ਦੇ ਉਪਦੇਸ਼ ਨੂੰ ਨਾ ਮੰਨ ਕੇ ਅਸੀਂ ਗੁਰੂ ਦੇ ਉਪਦੇਸ਼ ਦਾ, ਗੁਰੂ ਦਾ ਅਪਮਾਨ ਕਰਦੇ ਹਾਂ ਤੇ ਉਸਦਾ ਉਪਦੇਸ਼ ਮੰਨ ਕੇ ਸਾਡੀ ਇਹ ਮਾੜੀ ਬਿਰਤੀ ਦੂਰ ਹੋ ਜਾਂਦੀ ਹੈ ਤੇ ਫਿਰ ਅਸੀਂ ਗੁਰੂ ਦਾ ਮਾਣ ਕਰਦੇ ਹਾਂ ਤੇ ਇਸ ਮਾਣ ਦੇ ਬਦਲੇ ਹੀ ਸਾਨੂੰ ਗੁਰੂ ਕੋਲੋਂ ਮਾਣ ਮਿਲਦਾ ਹੈ। ਜਮ ਕੀ ਹਨ, ਇਸ ਗੱਲ ਨੂੰ ਅੱਗੇ ਚੱਲਕੇ ਸਮਝਾਂਗੇ।

“ਗੁਰ ਚਰਨ ਸਰੇਵਹਿ ਗੁਰਸਿਖ ਤੋਰ॥ ਗੁਰ ਸੇਵ ਤਰੇ ਤਜਿ ਮੇਰ ਤੋਰ॥
ਨਰ ਨਿੰਦਕ ਲੋਭੀ ਮਨਿ ਕਠੋਰ॥ ਗੁਰ ਸੇਵ ਨ ਭਾਈ ਸਿ ਚੋਰ ਚੋਰ॥੨॥
ਗੁਰੁ ਤੁਠਾ ਬਖਸੇ ਭਗਤਿ ਭਾਉ॥
ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ॥ ਗੁਰਸਿਖ ਪਿਆਰੇ ਦਿਨਸੁ ਰਾਤਿ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ॥ ਕਹੁ ਨਾਨਕ ਪਾਵਹਿ ਵਿਰਲੇ ਕੇਇ॥੪॥੭॥”

(ਅੰਗ ੧੧੭੦)

ਇਸ ਸ਼ਬਦ ਰਾਹੀਂ ਇਹ ਚਾਨਣਾ ਪਾਇਆ ਗਿਆ ਹੈ ਕਿ ਗੁਰੂ ਦੀ ਸੇਵਾ ਤੇ ਗੁਰੂ ਦੀ ਭਗਤੀ ਇੱਕੋ ਗੱਲ ਹੈ। ਇਹ ਹੀ ਸਮਝਾਇਆ ਗਿਆ ਹੈ ਕਿ ਜਦੋਂ ਤੱਕ ਅਸੀਂ ਔਗੁਣਾਂ ਵਿੱਚ ਫਸੇ ਰਹਿੰਦੇ ਹਾਂ, ਉਸ ਵਿੱਚ ਪ੍ਰਮਾਤਮਾ ਦੀ ਸੇਵਾ, ਭਗਤੀ ਨਹੀਂ ਹੋ ਸਕਦੀ ਕਿਉਂਕਿ ਇਹ ਗੁਰੂ ਦੇ ਉਪਦੇਸ਼ ਅਨੁਸਾਰ ਨਹੀਂ ਹੁੰਦੀ। ਸੇਵਾ ਭਾਵ, ਭਗਤੀ ਭਾਵ, ਮਨੁੱਖ ਵਿੱਚ ਤਾਂ ਹੀ ਵੱਸ ਸਕਦਾ ਹੈ ਜੇ ਪ੍ਰਮਾਤਮਾ ਪ੍ਰਸੰਨ ਹੋ ਕੇ ਇਹ ਦਾਤਿ ਬਖ਼ਸ਼ੇ। ਮਨੁੱਖ ਨੂੰ ਔਗੁਣਾਂ ਤੋਂ ਬਚਾ ਲੈਣਾ ਇਹ ਉਸਦੀ ਵੱਡੀ ਦਾਤ ਹੈ। ਪ੍ਰਮਾਤਮਾ, ਗੁਰੂ ਤਾਂ ਹੀ ਪ੍ਰਸੰਨ ਹੁੰਦਾ ਹੈ ਜਦੋਂ ਉਸਦੇ ਭਾਣੇ, ਉਪਦੇਸ਼ ਅਨੁਸਾਰ ਚੱਲੀਏ, ਉਸਦੇ ਦੱਸੇ ਹੋਏ ਗੁਣਾਂ ਅਨੁਸਾਰ ਚੱਲੀਏ। ਇਹੋ ਜਿਹੀ ਸੇਵਾ, ਭਗਤੀ ਦੁਆਰਾ ਨਾਮ ਦੀ ਪ੍ਰਾਪਤੀ ਦਾ ਫਲ ਮਿਲਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਕਿ ਕਿਸੇ ਵਿਰਲੇ ਦੇ ਨਸੀਬ ਵਿੱਚ ਹੀ ਆਉਂਦਾ ਹੈ। ਔਗੁਣਾਂ ਤੋਂ ਮੁਕਤ ਹੋ ਕੇ ਕੋਈ ਵਿਰਲਾ ਹੀ ਗੁਣਾਂ ਦੁਆਰਾ ਵਿਚਰਦਾ ਹੈ ਜਿਸ ਰਾਹੀਂ ਉਹ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਸਦੀ ਸੇਵਾ ਕਰਦਾ ਹੈ। ਪ੍ਰਮਾਤਮਾ ਦੀ ਭਗਤੀ ਦੁਆਰਾ ਜਾਗਣਾ, ਭਗਤੀ ਵਿੱਚ ਜਾਗਣਾ ਭਾਵ ਭਗਤੀ ਦਾ ਮਾਰਗ ਨਿੰਦਾ ਨੂੰ ਤਿਆਗਣਾ ਹੈ ਭਾਵ ਜਦ ਤੱਕ ਸਾਡੇ ਅੰਦਰ ਨਿੰਦਾ ਹੈ ਤਦ ਤੱਕ ਭਗਤੀ ਨਹੀਂ ਹੈ। ਨਿੰਦਾ ਕੀ ਹੈ ਜਿਸ ਨੂੰ ਤਿਆਗਣਾ ਹੈ ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸ਼ਬਦਾਂ ਦੁਆਰਾ ਸਮਝਾਂਗੇ। ਉੱਪਰ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ “ਨਾਮੁ” ਫਲ ਦੇ ਰੂਪ ਵਿੱਚ ਮਿਲਦਾ ਹੈ ਜੋ ਕਿ ਗੁਰੂ ਰੂਪ ਪ੍ਰਮਾਤਮਾ ਕਿਸੇ ਵਿਰਲੇ ਨੂੰ ਆਪ ਹੀ ਦਿੰਦਾ ਹੈ। ਇਹ ਫਲ ਉਹਨਾਂ ਨੂੰ ਹੀ ਮਿਲਦਾ ਹੈ ਜੋ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦਾ ਉਦਮ ਕਰਦੇ ਹਨ, ਮਨ ਦੇ ਵਿਕਾਰਾਂ ਨੂੰ ਛੱਡਦੇ ਹਨ ਭਾਵ ਚੰਗੇ ਕਰਮ ਕਰਦੇ ਹਨ। ਫਲ ਤਾਂ ਪ੍ਰਮਾਤਮਾ ਦੇ ਨਾਲ ਮੇਲ ਹੈ ਭਾਵ ਨਾਮ ਰੂਪ ਫਲ ਮਿਲਣਾ ਪ੍ਰਮਾਤਮਾ ਦੇ ਨਾਲ ਮੇਲ ਹੈ। ਇਹ ਫਲ ਕਿਸੇ ਵਿਰਲੇ ਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ, ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ, ਭਗਤਾਂ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ।

“ਗੁਰ ਕਾ ਬਚਨੁ ਜਪਿ ਮੰਤੁ॥ ਏਹਾ ਭਗਤਿ ਸਾਰ ਤਤੁ॥”

(ਅੰਗ ੮੯੫)

“ਆਨੰਦ ਕਰਿ ਸੰਤ ਹਰਿ ਜਪਿ ॥
ਛਾਡਿ ਸਿਆਨਪ ਬਹੁ ਚਤੁਰਾਈ ਗੁਰ ਕਾ ਜਪਿ ਮੰਤੁ ਨਿਰਮਲ॥੧॥ਰਹਾਉ॥”

(ਅੰਗ ੮੯੫)

“ਪੂਰਨ ਤੇਰੀ ਹੋਵੈ ਆਸ॥ ਜਮ ਕੀ ਕਟੀਐ ਤੇਰੀ ਫਾਸ॥
ਗੁਰ ਕਾ ਉਪਦੇਸੁ ਸੁਨੀਜੈ॥ ਨਾਨਕ ਸੁਖਿ ਸਹਜਿ ਸਮੀਜੈ॥੪॥੩੦॥”

(ਅੰਗ ੮੯੫)

ਇਨ੍ਹਾਂ ਪੰਗਤੀਆਂ ਰਾਹੀਂ ਪ੍ਰਮਾਤਮਾ ਦੀ ਭਗਤੀ ਕਰਨ ਦਾ ਸਾਰ ਦੱਸਿਆ ਹੋਇਆ ਹੈ, "ਤੱਤ" ਦੀ ਗੱਲ ਸਮਝਾਈ ਹੋਈ ਹੈ। ਭਗਤੀ ਕਰਨਾ ਗੁਰੂ ਦੇ ਬਚਨਾਂ ਨੂੰ ਭਾਵ ਬਚਨਾਂ ਦੇ ਮੰਤਵ (ਮੰਤ) ਨੂੰ, ਮਨੋਰਥ ਨੂੰ ਜਪਣਾ ਹੈ। ਗੁਰੂ ਦੇ ਉਪਦੇਸ਼ ਨੂੰ ਜਪਣਾ ਹੀ ਨਾਮ ਜਪਣਾ ਹੈ। ਗੁਰੂ ਦੇ ਬਚਨ ਹੀ ਅਸਲ ਵਿੱਚ ਸਾਡਾ ਗੁਰੂ ਹਨ।

{ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥5॥}

(ਅੰਗ ੧੩੦੯)

ਗੁਰੂ ਦੇ ਬਚਨਾਂ ਨੂੰ ਜਪਣਾ ਹੀ ਗੁਰੂ ਨੂੰ ਜਪਣਾ ਹੈ, ਗੁਰੂ ਦਾ ਨਾਮ ਜਪਣਾ ਹੈ। ਇਸ ਗੱਲ ਨੂੰ ਅਸੀਂ ਕੁੱਝ ਪਿੱਛੇ ਵੀ ਸਮਝਿਆ ਹੈ ਤੇ ਇੱਥੇ ਵੀ ਉਹੀ ਗੱਲ ਸਮਝਾਈ ਹੋਈ ਹੈ। ਬਰੀਕੀ ਨਾਲ ਸਮਝਣ ਦੀ ਲੋੜ ਹੈ। ਬਾਣੀ ਸਾਨੂੰ ਇਹ ਹੀ ਗੱਲ ਸਮਝਾ ਰਹੀ ਹੈ ਜਦ ਤੱਕ ਅਸੀਂ ਗੁਰੂ ਦੇ ਉਪਦੇਸ਼ ਨੂੰ ਭਾਵ ਉਸਦੇ ਅੰਦਰ ਸਮਝਾਏ ਹੋਏ ਭਾਵ ਨੂੰ ਨਹੀਂ ਜਪਦੇ, ਆਪਣੇ ਅੰਦਰ ਨਹੀਂ ਵਸਾਉਂਦੇ, ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਹੋਰ ਕਿਸੇ ਵੀ ਸਿਆਣਪ ਜਾਂ ਚਤੁਰਾਈ ਦੁਆਰਾ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ। ਗੁਰੂ ਦੇ ਦੱਸੇ ਹੋਏ ਬਚਨਾਂ ਦਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜਦੋਂ ਉਸ ਤੇ ਅਮਲ ਹੋਵੇ ਨਹੀਂ ਤਾਂ ਉਨ੍ਹਾਂ ਬਚਨਾਂ ਨੂੰ ਗੁਰੂ ਦੁਆਰਾ ਦੱਸਣ ਦਾ ਜਾਂ ਸਾਡੇ ਦੁਆਰਾ ਸੁਣਨ ਦਾ ਲਾਭ ਕੀ ਹੋਇਆ। ਗੁਰੂ ਆਪਣੀ ਸਿੱਖਿਆ ਆਪਣੇ ਬਚਨ ਸੁਣਾ ਕੇ ਹੀ ਦਿੰਦਾ ਹੈ। ਗੁਰੂ ਦੇ ਬਚਨਾਂ ਤੇ ਪੂਰਾ ਉਤਰਨਾ ਗੁਰਮਤਿ ਤੇ ਪੂਰਾ ਉਤਰਨਾ ਹੈ।

{ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥੫॥
ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ॥}

(ਅੰਗ ੧੩੦੯)

"ਨਿਹਸਾਸਨਿ" ਨਾਮ ਧਿਆਉਣਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ।

"ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ॥
ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ॥੧॥ਰਹਾਉ॥"

(ਅੰਗ ੮੧੮)

ਇਸ ਸ਼ਬਦ ਰਾਹੀਂ ਗੁਰੂ ਦੇ ਚਰਨ ਕਮਲਾਂ ਬਾਰੇ ਸੋਝੀ ਪਾਈ ਹੈ। ਜਿਵੇਂ ਕਿ ਪਿੱਛੇ ਦੱਸਿਆ ਗਿਆ ਸੀ, ਗੁਰੂ ਦੇ ਚਰਨ ਕਮਲ ਗੁਰੂ ਦਾ ਉਪਦੇਸ਼, ਗੁਰੂ ਦਾ ਗਿਆਨ ਹਨ ਤੇ ਇਸੇ ਉਪਦੇਸ਼ ਦਾ ਹੀ ਸਾਨੂੰ ਆਸਰਾ ਮਿਲਦਾ ਹੈ ਅਤੇ ਜਦ ਤੱਕ ਸਾਡੇ ਸੁਆਸ ਹਨ, ਸਾਨੂੰ ਇਸੇ ਉਪਦੇਸ਼ ਦਾ ਆਸਰਾ ਲੈਣਾ ਚਾਹੀਦਾ ਹੈ ਭਾਵ ਸਾਨੂੰ ਆਪਣੇ ਸਾਰੇ ਜੀਵਨ ਕਾਲ ਵਿੱਚ ਗੁਰੂ ਦੇ ਉਪਦੇਸ਼ ਦੁਆਰਾ ਹੀ ਵਿਚਰਨਾ ਚਾਹੀਦਾ ਹੈ। ਇਹ ਹੀ ਉਸਦਾ ਕੀਰਤਨ ਹੈ ਅਤੇ ਨਾਮ ਸਿਮਰਨ ਹੈ। ਗੁਰੂ ਦੇ ਚਰਨ ਕਮਲ ਕੀ ਹਨ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਗਹਿਰਾਈ ਨਾਲ ਸਮਝਾਂਗੇ।

"ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ॥੧੯॥
ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ॥23॥"

(ਅੰਗ ੯੧੦)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰਾਂਗੇ ਤੇ ਸਮਝ ਲੱਗ ਜਾਏਗੀ ਕਿ ਪ੍ਰਮਾਤਮਾ ਦੀ ਉਸਤਤ, ਵਡਿਆਈ, ਸਿਫ਼ਤ ਸਾਲਾਹ ਭਾਵ ਉਸਦੇ ਗੁਣ ਕਿਵੇਂ ਗਾਏ ਜਾ ਸਕਦੇ ਹਨ। ਇੱਥੋਂ ਇਹ ਵੀ ਸਮਝ ਪੈ ਜਾਵੇਗੀ ਕਿ ਬਾਣੀ ਨਾਲ ਲੱਗਣਾ ਕੀ ਹੈ। ਬਾਣੀ ਨੂੰ ਕੇਵਲ ਪੜ੍ਹੀ ਜਾਣ ਨਾਲ ਸਾਨੂੰ ਲਾਭ ਨਹੀਂ ਮਿਲਦਾ। ਲਾਭ ਉਸਦੀ ਗੱਲ ਨੂੰ ਬੁੱਝ ਕੇ, ਸਮਝ ਕੇ, ਉਸ ਤੇ ਅਮਲ ਕਰਨ ਨਾਲ ਮਿਲਦਾ ਹੈ।ਜੋ ਕੇਵਲ ਧਰਮ ਗ੍ਰੰਥਾਂ ਨੂੰ ਪੜੀ ਜਾਂਦੇ ਹਨ ਪਰ ਗੁਰੂ ਦੇ ਉਪਦੇਸ਼ ਨੂੰ ਮੰਨਦੇ ਨਹੀਂ ਉਨ੍ਹਾਂ ਨੂੰ ਬਿਖਿਆ ਮਾਤੇ ਕਿਹਾ ਹੈ, ਮਾਇਆ ਵਿਚ ਕਿਹਾ ਹੈ ਭਾਵ ਭਰਮ ਵਿੱਚ ਭੁੱਲੇ ਹੋਏ ਕਿਹਾ ਹੈ ਕਿ ਉਨ੍ਹਾਂ ਨੇ ਪ੍ਰਮਾਤਮਾ ਦੀ ਭਗਤੀ ਨੂੰ ਨਹੀਂ ਸਮਝਿਆ ਤੇ ਕੇਵਲ ਕਥਨੀ ਕਰੀ ਜਾਨ ਨਾਲ ਤੇ ਹੋਰਾਂ ਨੂੰ ਇਹੀ ਕੁੱਝ ਸਮਝਾਉਣ ਨਾਲ ਉਹਨਾਂ ਦਾ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਮੁਕਦਾ। ਝਗੜਾ ਗੁਰੂ ਦਾ ਉਪਦੇਸ਼ ਮੰਨਣ ਦੁਆਰਾ ਹੀ ਮੁਕਦਾ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। (**ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥18॥ ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥**)। ਬਾਣੀ ਲੱਗਣਾ ਭਾਵ ਬਾਣੀ ਨਾਲ ਜੁੜਨਾ ਇਹ ਹੀ ਹੈ ਕਿ ਬਾਣੀ ਦਾ ਗਿਆਨ ਮਨੁੱਖ ਦੇ ਅੰਦਰ ਵੱਸ ਜਾਣਾ। ਗਿਆਨ, ਉਪਦੇਸ਼ ਮੰਨਣ ਦੁਆਰਾ ਮਨੁੱਖ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ ਭਾਵ ਉਸਨੂੰ "ਨਾਮ ਨਉਨਿਧ" ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਕਿ ਉਸਨੂੰ ਆਪਣੇ ਸਰੀਰ ਦੇ ਅੰਦਰੋਂ ਹੀ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਪ੍ਰਾਪਤ ਹੁੰਦੀ ਹੈ। ਨਾਮ ਮਿਲਣ ਦੇ ਨਾਲ ਮਨੁੱਖ ਦੀ ਆਪਣੀ ਮਨਸਾ ਭਾਵ ਆਪਣੀਆਂ ਇੱਛਾਵਾਂ ਖ਼ਤਮ ਹੋ ਜਾਂਦੀਆਂ ਹਨ ਤੇ ਉਹ ਮਨੁੱਖ ਪ੍ਰਮਾਤਮਾ ਦੀ ਰਜ਼ਾ ਵਿੱਚ ਆ ਜਾਂਦਾ ਹੈ ਤੇ ਗੁਰੂ ਦੇ ਭਾਣੇ ਅਨੁਸਾਰ ਹੀ ਚੱਲਦਾ ਹੈ ਭਾਵ ਉਹ ਮਨੁੱਖ ਉਹ ਕੁੱਝ ਹੀ ਕਰਦਾ ਹੈ ਜੋ ਗੁਰੂ ਨੂੰ ਚੰਗਾ ਲੱਗਦਾ ਹੈ ਭਾਵ ਉਹ ਬਿਨ੍ਹਾਂ ਆਪਣੀ ਰਸਨਾ ਤੋਂ ਕੁੱਝ ਬੋਲੇ ਹੀ ਪ੍ਰਮਾਤਮਾ ਦੀ ਉਸਤਤਿ, ਸਿਫ਼ਤ ਸਾਲਾਹ ਕਰੀ ਜਾਂਦਾ ਹੈ। ਇਹ ਉਸਤਤਿ ਮਨੁੱਖ ਦੀ ਸੱਚੀ ਸੁੱਚੀ ਵਿਚਰਨ ਹੈ, ਗੁਰਮਤਿ ਅਨੁਸਾਰ ਜੀਵਨ ਜਾਂਚ ਹੈ ਜਿਸਦੇ ਲਈ ਕੋਈ ਰਸਨਾ ਦੁਆਰਾ ਬੋਲ ਬੋਲ ਕੇ ਗੁਣ ਗਾਉਣਾ ਭਗਤੀ ਦਾ ਮਾਰਗ ਨਹੀਂ ਹੈ। ਸਾਰੀ ਗੱਲ ਗੁਰੂ ਦੇ ਉਪਦੇਸ਼ ਨੂੰ ਸਮਝ ਕੇ ਉਸਨੂੰ ਮੰਨਣ ਦੀ ਹੈ। ਕੇਵਲ ਕਥਨੀ ਕਰੀ ਜਾਣਾ ਪਰ ਗੁਰੂ ਦੀ ਗੱਲ ਤੇ ਅਮਲ ਨਾ ਕਰਨਾ ਭਗਤੀ ਨਹੀਂ ਹੈ। ਭਗਤੀ ਸਾਡੀ ਕਰਨੀ ਹੈ ਜੋ ਕਿ ਮਨ ਦੀਆਂ ਇੱਛਾਵਾਂ ਨੂੰ , ਤ੍ਰਿਸ਼ਨਾਵਾਂ ਨੂੰ ਮਾਰਨ ਦੁਆਰਾ ਹੁੰਦੀ ਹੈ, ਮਾਇਆ ਮੋਹ ਛੱਡਣ ਦੁਆਰਾ ਹੁੰਦੀ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। (**ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥**) ਇਹ ਹੀ ਮਨ ਦਾ ਮਰਨਾ ਹੈ ਤੇ ਇਹ ਹੀ ਤਰੀਕਾ ਹੈ ਪ੍ਰਮਾਤਮਾ ਦੇ ਗੁਣ ਗਾਉਣ ਦਾ ਅਤੇ ਉਸਦੀ ਭਗਤੀ ਕਰਨ ਦਾ ਤੇ ਨਾਮ ਜਪਣ ਦਾ ਭਾਵ ਪ੍ਰਮਾਤਮਾ ਦੀ ਉਸਤਤੀ ਕਰਨ ਦਾ ਤਰੀਕਾ, ਉਸ ਦੇ ਗੁਣ ਗਾਉਣ ਦਾ ਤਰੀਕਾ ਆਪਣੀਆਂ ਇੱਛਾਵਾਂ ਨੂੰ ਮਾਰ ਕੇ ਗੁਰੂ ਦੀ ਮਤਿ ਵਾਲਾ ਬਣਨਾ ਹੈ। ਉਸਦੀ ਗੱਲ ਨੂੰ ਕੇਵਲ ਬੋਲ ਬੋਲ ਕੇ ਉਸਦੀ ਵਡਿਆਈ ਨਹੀਂ ਕੀਤੀ ਜਾ ਸਕਦੀ ਬਲਕਿ ਵਡਿਆਈ ਉਸਦੀ ਗੱਲ ਨੂੰ ਮੰਨ ਕੇ ਕੀਤੀ ਜਾ ਸਕਦੀ ਹੈ। ਨਾਮ ਦੀ ਪ੍ਰਾਪਤੀ ਸਾਨੂੰ ਆਪਣੇ ਅੰਦਰੋਂ ਹੀ ਹੋਣੀ ਹੈ, ਮਨ ਦੇ ਵਿੱਚੋਂ ਹੀ ਹੋਣੀ ਹੈ ਜਿੱਥੇ ਪ੍ਰਮਾਤਮਾ ਸਾਡੇ ਅੰਦਰ ਵਸਿਆ ਹੋਇਆ ਹੈ। ਨਾਮ ਦੀ ਪ੍ਰਾਪਤੀ ਬ੍ਰਹਮ ਗਿਆਨ ਦੀ ਪ੍ਰਾਪਤੀ ਹੈ, ਚੌਥੇ ਪਦ ਦੀ ਪ੍ਰਾਪਤੀ ਹੈ ਜਿਸ ਦੁਆਰਾ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਤੇ ਉਸ ਤੋਂ ਬਾਅਦ ਹੀ ਅਸੀਂ ਉਹੋ ਜਿਹਾ ਨਾਮ ਜਪ ਸਕਦੇ ਹਾਂ ਜੋ ਸਾਨੂੰ ਗੁਰਬਾਣੀ ਸਮਝਾ ਰਹੀ ਹੈ। (**ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥22॥ ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥**) ਇਹ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ। ਕਥਨੀ ਗੁਰੂ ਦੀ ਗੱਲ ਨੂੰ ਕੇਵਲ ਸਮਝਣ ਦਾ ਤਰੀਕਾ ਹੈ ਤੇ ਜਦ ਤੱਕ ਕਥਨੀ ਸਾਡੀ ਕਰਨੀ ਵਿੱਚ ਨਹੀਂ ਬਦਲਦੀ ਤਦ ਤੱਕ ਸਾਨੂੰ ਉਸ ਦਾ ਲਾਭ ਨਹੀਂ ਮਿਲਦਾ। ਪ੍ਰਮਾਤਮਾ ਦੀ ਸੱਚੀ ਉਸਤਤਿ ਸਾਡੀ ਕਰਨੀ ਦੁਆਰਾ ਹੀ ਹੁੰਦੀ ਹੈ। ਰਸਨਾ ਨਾਲ ਅਸੀਂ ਕੇਵਲ ਕਥਨੀ ਹੀ ਕਰਦੇ ਹਾਂ। "**ਸਹਜਿ ਸਮਾਣਾ**" ਕੀ ਹੈ ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ, ਚੌਥੇ ਪਦ ਦੀ ਪ੍ਰਾਪਤੀ ਦੀ ਅਵੱਸਥਾ ਹੈ।

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥6॥}

(ਅੰਗ 68)

{ਕਹਿ ਕਬੀਰ ਹਮਰਾ ਗੋਬਿੰਦੁ ॥
ਚਉਥੇ ਪਦ ਮਹਿ ਜਨ ਕੀ ਜਿੰਦੁ ॥}

(ਅੰਗ 871)

“ਰਾਮ ਨਾਮੁ ਗੁਰ ਬਚਨੀ ਬੋਲਹੁ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ॥
ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ॥੪॥”

(ਅੰਗ ੧੦੩੦)

ਇਸ ਉੱਪਰ ਵਾਲੇ ਸ਼ਬਦ ਰਾਹੀਂ ਨਾਮ ਜਪਣ ਬਾਰੇ ਚਾਨਣਾ ਪਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਗੁਰੂ ਦੇ ਬਚਨ ਬੋਲ ਕੇ ਭਾਵ ਗੁਰੂ ਦੇ ਬਚਨਾਂ ਤੇ ਚੱਲ ਕੇ ਭਾਵ ਜਿਹੋ ਜਿਹੇ ਗੁਰੂ ਦੇ ਬਚਨ ਹਨ ਉਸਦੇ ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ ਕੀਤੀ ਜਾ ਸਕਦੀ ਹੈ। ਹੁਣ ਧਿਆਨ ਨਾਲ ਸਮਝੋ ਕਿ “ਰਾਮ ਨਾਮੁ” ਕੀ ਹੈ। ਪੂਰੀ ਗੁਰਬਾਣੀ ਦੇ ਵਿੱਚ ਗੁਰੂ ਦੇ ਬਚਨ ਹੀ ਹਨ। ਗੁਰੂ ਦੇ ਬਚਨਾਂ ਨੂੰ ਬੋਲਣਾ, “ਰਾਮ ਨਾਮੁ” ਬੋਲਣਾ ਹੈ ਭਾਵ ਪੂਰੀ ਗੁਰਬਾਣੀ ਰਾਮ ਨਾਮੁ ਹੈ। ਪੂਰੀ ਗੁਰਬਾਣੀ ਵਿੱਚ ਗੁਰਮਤਿ ਹੈ ਜਿਸ ਗੁਰਮਤਿ ਰਾਹੀਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਖੋਜਣਾ ਹੈ। ਗੁਰੂ ਦੇ ਬਚਨ ਹੀ ਗੁਰੂ ਦੀ ਮਤਿ ਹਨ। ਜੋ ਗੁਰੂ ਦੀ ਮਤਿ ਸਾਨੂੰ ਸਮਝਾਉਂਦੀ ਹੈ, ਸਿੱਖਿਆ ਦਿੰਦੀ ਹੈ, ਉਹੀ ਰਾਮ ਨਾਮੁ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ 1239)

{ਲਿਖੁ ਲੇਖਣਿ ਕਾਗਦਿ ਮਸਵਾਣੀ॥
ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥}

(ਅੰਗ ੧੮੫)

“ਇਹੁ ਰਸੁ” ਭਾਵ “ਨਾਮ ਰਸ” ਦੀ ਅਸੀਂ ਪ੍ਰਾਪਤੀ ਕਰਨੀ ਹੈ। ਸੰਤ ਸਭਾ ਤੋਂ ਭਾਵ ਹੈ ਗੁਰੂ, ਪ੍ਰਮਾਤਮਾ ਦੀ ਸਭਾ। ਗੁਰੂ “ਸੰਤ” ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਸੰਤ ਸਭਾ ਹੈ ਜਿੱਥੇ ਉਸ ਪ੍ਰਮਾਤਮਾ ਨੇ ਆਪਣੀ ਸਭਾ ਲਗਾਈ ਹੋਈ ਹੈ, ਨਿਰਗੁਣ ਰੂਪ, ਬ੍ਰਹਮ ਗਿਆਨ ਰੂਪ ਸਭਾ ਲਗਾਈ ਹੋਈ ਹੈ। ਇਸ ਸਭਾ ਵਿੱਚ ਬੈਠ ਕੇ ਪ੍ਰਮਾਤਮਾ ਆਪਣੇ ਬੋਲ ਸੁਣਾ ਰਿਹਾ ਹੈ, ਆਪਣੇ ਬਚਨ ਸੁਣਾ ਰਿਹਾ ਹੈ, ਸਾਨੂੰ ਸੱਚੀ ਮਤਿ ਦੇ ਰਿਹਾ ਹੈ, ਗੁਰਮਤਿ ਦੇ ਰਿਹਾ ਹੈ। ਗੁਰਮਤਿ ਦੀ ਸੱਚੀ ਸਮਝ ਹੀ ਸੰਤ ਸਭਾ ਦਾ ਰਸ ਹੈ। ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਜਦ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ ਸੰਤ ਕੌਣ ਹੈ ਤਾਂ ਹੀ ਸੰਤ ਸਭਾ ਨੂੰ ਸਮਝ ਸਕਾਂਗੇ। ਆਪਣੇ ਬਚਨਾਂ ਰਾਹੀਂ ਪ੍ਰਮਾਤਮਾ ਜੋ ਸਾਨੂੰ ਗਿਆਨ ਦੇ ਰਿਹਾ ਹੈ ਇਹ ਉਸਦਾ ਰਸ ਹੈ, ਹਰਿ ਰਸ ਹੈ। ਇਹ ਸੱਚੇ ਗਿਆਨ ਦਾ ਰਸ ਹੈ, ਬ੍ਰਹਮ ਗਿਆਨ ਦਾ ਰਸ ਹੈ। ਅਸੀਂ “ਸੰਤ ਸਭਾ” ਵਿੱਚੋਂ ਇਸ ਰਸ ਨੂੰ ਟੋਲਣਾ ਹੈ, ਲੱਭਣਾ ਹੈ, ਖੋਜਣਾ ਹੈ ਭਾਵ ਗੁਰਬਾਣੀ ਰਾਹੀਂ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੈ। ਪ੍ਰਮਾਤਮਾ ਨਿਰਗੁਣ ਰੂਪ ਵਿੱਚ ਹੈ ਤੇ ਉਸਦੇ ਨਾਲ ਮੇਲ ਵੀ ਨਿਰਗੁਣ ਰੂਪ ਵਿੱਚ ਹੀ ਹੋਣਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਦੇ ਵਿੱਚ ਹੈ ਉਸ ਦੇ ਨਾਲ ਮੇਲ ਵੀ ਉਸੇ ਰੂਪ ਵਿੱਚ ਹੁੰਦਾ ਹੈ। ਪ੍ਰਮਾਤਮਾ ਗੁਰਬਾਣੀ ਦੇ ਵਿੱਚ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਉਸ ਦੇ ਨਾਲ ਮੇਲ ਵੀ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੁੰਦਾ ਹੈ। ਆਪਣਾ ਬ੍ਰਹਮ ਗਿਆਨ ਉਹ ਬ੍ਰਹਮ ਗਿਆਨੀ ਭਾਵ ਪ੍ਰਮਾਤਮਾ ਆਪ ਹੀ ਦਿੰਦਾ ਹੈ ਜੋ ਸਾਡੇ ਅੰਦਰ ਹੀ ਹੈ। ਬ੍ਰਹਮ ਗਿਆਨੀ ਉਹ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਰੂਪ ਹੈ ਤੇ ਬ੍ਰਹਮ ਗਿਆਨ ਦੀ ਪ੍ਰਾਪਤੀ “ਨਾਮ” ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਹੀ ਵਿਚਰਦਾ ਹੈ ਤੇ ਆਪਣਾ ਨਾਮ ਉਹ ਆਪ ਹੀ ਦੇ ਸਕਦਾ ਹੈ, ਹੋਰ ਕੋਈ ਨਹੀਂ ਦੇ ਸਕਦਾ। ਪ੍ਰਮਾਤਮਾ ਨੇ ਆਪਣਾ “ਨਾਮੁ” ਗੁਰਬਾਣੀ ਰਾਹੀਂ ਪ੍ਰਗਟ ਕੀਤਾ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਨਾਮੁ ਹੈ, ਬ੍ਰਹਮ ਗਿਆਨ ਹੈ, ਨਾਮ ਰਸ ਹੈ ਜੋ ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ।

{ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

{ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥

ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥8}

(ਅੰਗ 273-274)

ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਪਾਉਣ ਵਾਲਾ ਆਪ ਬ੍ਰਹਮ ਹੈ ਭਾਵ ਪ੍ਰਮਾਤਮਾ ਹੈ। ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਉਹ "ਰਸੁ" ਕੀ ਹੈ, ਨਾਮ ਰਸ ਕੀ ਹੈ ਜਿਸਦੀ ਅਸੀਂ ਪ੍ਰਾਪਤੀ ਕਰਨੀ ਹੈ। ਨਾਮ ਬ੍ਰਹਮ ਗਿਆਨ ਹੈ ਤੇ ਬ੍ਰਹਮ ਗਿਆਨ ਦੁਆਰਾ ਪਾਈ ਹੋਈ ਸੋਝੀ, ਉਸ ਦੁਆਰਾ ਦਿੱਤੀ ਹੋਈ ਮਤਿ ਉਸਦਾ "ਰਸੁ" ਹੈ। ਅਸੀਂ ਇਸ "ਰਸੁ" ਦੀ ਪ੍ਰਾਪਤੀ ਕਰਨੀ ਹੈ ਭਾਵ ਗੁਰਬਾਣੀ ਦੇ ਵਿੱਚੋਂ ਸੋਝੀ ਲੈਣੀ ਹੈ, ਉਸ ਦੀ ਮਤਿ ਲੈਣੀ ਹੈ, ਗੁਰਮਤਿ ਲੈਣੀ ਹੈ ਭਾਵ ਗੁਰੂ ਦੀ ਦੱਸੀ ਹੋਈ ਗੱਲ ਨੂੰ ਬਰੀਕੀ ਨਾਲ ਸਮਝਣਾ ਹੈ ਤੇ ਉਸ ਦੀ ਮਤਿ ਅਨੁਸਾਰ ਚੱਲ ਕੇ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਸਕਦੇ ਹਾਂ, ਆਪਣੇ ਅਸਲ ਘਰ ਵਿੱਚ ਪਹੁੰਚ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਸਾਡਾ ਪੂਰਾ ਉੱਦਮ ਇਹੋ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਬਰੀਕੀ ਨਾਲ ਸਮਝੀਏ ਤੇ ਉਸ ਅਨੁਸਾਰ ਆਪਣੇ ਆਪ ਨੂੰ ਢਾਲੀਏ ਤੇ ਉਸੇ ਤਰ੍ਹਾਂ ਆਪਣੇ ਜੀਵਨ ਵਿੱਚ ਵਿਚਰੀਏ। ਗੁਰੂ ਦਾ ਮਕਸਦ ਸਾਨੂੰ ਚੰਗੇ ਤੇ ਸੱਚੇ ਸੁੱਚੇ ਇਨਸਾਨ ਬਣਾਉਣ ਲਈ ਹੀ ਹੈ ਤਾਂ ਜੋ ਸਾਡਾ ਸਮਾਜ ਸੰਚਾਰੂ ਢੰਗ ਨਾਲ ਚੱਲੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਾਡੇ ਅੰਦਰ ਸੱਚ ਵੱਸੇ। ਗੁਰੂ ਸਾਨੂੰ ਜੋ ਵੀ ਸਮਝਾਉਂਦਾ ਹੈ ਉਹ ਸੱਚ ਹੈ, ਨਾਮ ਹੈ ਤੇ ਸਾਡੇ ਲਈ ਪਹਿਲੇ ਇਹ ਜਰੂਰੀ ਹੈ ਕਿ ਸੱਚ ਨੂੰ ਸਮਝੀਏ, ਗੁਰੂ ਦੀ ਮਤਿ ਨੂੰ ਸਮਝੀਏ। ਸੱਚ ਨੂੰ ਸਮਝੇ ਬਿਨ੍ਹਾਂ ਅਸੀਂ ਸੱਚ ਤੇ ਨਹੀਂ ਚੱਲ ਸਕਦੇ। ਅਸੀਂ ਪ੍ਰਮਾਤਮਾ ਨੂੰ ਗੁਰਮਤਿ ਤੇ ਚੱਲ ਕੇ ਹੀ ਖੋਜਣਾ ਹੈ, ਸੱਚ ਤੇ ਚੱਲ ਕੇ ਹੀ ਖੋਜਣਾ ਹੈ। ਗੁਰਮਤਿ ਸਾਨੂੰ ਔਗੁਣਾਂ ਵਿੱਚੋਂ ਨਿਕਲ ਕੇ ਗੁਣੀ ਬਣਨਾ ਹੀ ਸਿਖਾਉਂਦੀ ਹੈ ਕਿਉਂਕਿ ਚੰਗੇ ਇਨਸਾਨ ਅਸੀਂ ਗੁਣਾਂ ਦੁਆਰਾ ਹੀ ਬਣ ਸਕਦੇ ਹਾਂ ਤੇ ਹੋਰ ਕੋਈ ਤਰੀਕਾ ਨਹੀਂ ਹੈ। (**ਰਾਮ ਨਾਮੁ ਗੁਰ ਬਚਨੀ ਬੋਲਹੁ ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥ ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥**) ਗੁਰਮਤਿ ਦਾ ਮਕਸਦ ਕੀ ਹੈ ਇਸਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥"

(ਅੰਗ ੧੧੭੮)

ਗੁਰਮਤਿ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਿਵੇਂ ਖੋਜਣਾ ਹੈ, ਇਹੀ ਗੱਲ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸਮਝਾਈ ਹੋਈ ਹੈ। ਗੁਰਮਤਿ ਸਾਨੂੰ ਇਹ ਸਿਖਾ ਰਹੀ ਹੈ, ਇਹ ਸਮਝਾ ਰਹੀ ਹੈ ਕਿ ਪੰਜ ਔਗੁਣ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੇ ਅੰਦਰ ਵਸੇ ਹੋਏ ਉਹ ਚੋਰ ਹਨ ਜਿਨ੍ਹਾਂ ਨੂੰ ਫੜਨ ਦੀ ਲੋੜ ਹੈ ਭਾਵ ਇਹਨਾਂ ਔਗੁਣਾਂ ਨੂੰ ਤਿਆਗਣ ਦੀ ਲੋੜ ਹੈ ਜਿਨ੍ਹਾਂ ਦੇ ਰਹਿੰਦਿਆਂ ਅਸੀਂ ਨਾਮ ਨਹੀਂ ਜਪ ਸਕਦੇ। ਇਹ ਚੋਰ ਸਾਡੇ ਅੰਦਰੋਂ ਨਾਮ ਧੰਨ ਚੁਰਾਉਂਦੇ ਹਨ। ਨਾਮ ਧੰਨ ਗੁਰੂ ਦੀ ਸੱਚੀ ਮਤਿ ਦਾ ਧੰਨ ਹੈ, ਗੁਣਾਂ ਦਾ ਧੰਨ ਹੈ, ਸੱਚ ਦਾ ਧੰਨ ਹੈ। ਇਹ ਚੋਰ ਸਾਡੇ ਅੰਦਰੋਂ ਗੁਣਾਂ ਨੂੰ ਚੁਰਾਉਂਦੇ, ਸੱਚ ਨੂੰ ਚੁਰਾਉਂਦੇ ਹਨ ਜਿਸ ਕਰਕੇ ਸਾਡੇ ਅੰਦਰ ਇਹ ਗੁਰੂ ਦੀ ਮਤਿ ਨੂੰ ਟਿਕਣ ਨਹੀਂ ਦਿੰਦੇ ਭਾਵ ਨਾਮ ਨੂੰ ਵੱਸਣ ਨਹੀਂ ਦਿੰਦੇ। ਇਹ ਸੱਚੇ ਗੁਣਾਂ ਦਾ ਧੰਨ ਹੀ ਸਾਡੀ ਰਾਸਿ ਹੈ, ਪੂੰਜੀ ਹੈ ਜਿਸ ਦੁਆਰਾ ਅਸੀਂ ਸੰਸਾਰ ਵਿੱਚ ਵਿਚਰਨਾ ਹੈ। ਜੇਕਰ ਸਾਡੀ ਇਹ ਪੂੰਜੀ ਚੋਰੀ ਹੁੰਦੀ ਰਹੇਗੀ ਫਿਰ ਅਸੀਂ ਚੰਗੇ ਇਨਸਾਨ ਨਹੀਂ ਬਣ ਸਕਦੇ।

ਨਾਮ ਧੰਨ ਦੀ ਪੂੰਜੀ ਭਾਵ ਗੁਰਮਤਿ ਦੀ ਸੱਚੀ ਸਮਝ ਦੀ ਪੂੰਜੀ ਸਾਨੂੰ ਚੰਗਾ ਇਨਸਾਨ ਬਣਾ ਕੇ ਹੀ ਰੱਖਦੀ ਹੈ ਤੇ ਜਿਸ ਦੇ ਕੋਲ ਜਿਤਨੀ ਜ਼ਿਆਦਾ ਪੂੰਜੀ ਹੈ ਭਾਵ ਜੋ ਮਨੁੱਖ ਜਿਤਨਾ ਜ਼ਿਆਦਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚਿਆ ਹੋਇਆ ਹੈ ਉਹ ਉਤਨਾ ਹੀ ਚੰਗਾ ਇਨਸਾਨ ਹੈ ਤੇ ਉਸ ਦੀ ਸੰਸਾਰਿਕ ਵਿਚਰਨ ਉਤਨੀ ਹੀ ਚੰਗੀ ਹੈ। ਮਾਇਆ ਮੋਹ ਦੇ ਸਾਗਰ ਵਿੱਚੋਂ ਅਸੀਂ ਆਪਣੀ ਪੂਰੀ ਪੂੰਜੀ ਦੇ ਨਾਲ ਭਾਵ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਕੇ ਨਿਕਲ ਸਕਦੇ ਹਾਂ, ਤਰ ਸਕਦੇ ਹਾਂ। ਆਪਣੇ

ਇਨ੍ਹਾਂ ਔਗੁਣਾਂ ਕਰਕੇ ਹੀ ਅਸੀਂ ਮਾਇਆ ਮੋਹ ਦੇ ਸਾਗਰ ਵਿੱਚ ਡੁੱਬੇ ਹੋਏ ਹਾਂ ਜਿਸਦਾ ਮੂਲ ਸਾਡੀ ਮਨ ਦੀ ਤ੍ਰਿਸ਼ਨਾ ਹੈ ਤੇ ਤ੍ਰਿਸ਼ਨਾ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ, ਗੁਰੂ ਦੀ ਮਤਿ ਦਾ ਨਾ ਹੋਣਾ ਹੈ। ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਉਹ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਕਰਦੇ ਹਾਂ ਜਿਸ ਕਰਕੇ ਅਸੀਂ ਔਗੁਣਾਂ ਵਿੱਚੋਂ ਨਹੀਂ ਨਿਕਲ ਸਕਦੇ। ਗੁਰੂ ਦੀ ਮਤਿ ਜੇਕਰ ਸਾਡੇ ਅੰਦਰ ਵੱਸ ਜਾਵੇ ਫਿਰ ਅਸੀਂ ਔਗੁਣ ਛੱਡ ਕੇ ਗੁਣਾਂ ਦੁਆਰਾ ਹੀ ਵਿਚਰਦੇ ਹਾਂ, ਨਾਮ ਦੀ ਸੋਝੀ ਮਨ ਵਿੱਚ ਵੱਸਾ ਕੇ ਵਿਚਰਦੇ ਹਾਂ, ਨਾਮ ਰਸ ਮਨ ਦੇ ਵਿੱਚ ਵਸਾ ਕੇ ਵਿਚਰਦੇ ਹਾਂ ਜਿਸ ਦੁਆਰਾ ਅਸੀਂ ਕੇਵਲ ਚੰਗੇ ਕਰਮ ਹੀ ਕਰਦੇ ਹਾਂ। ਇਹੋ ਜਿਹੇ ਚੰਗੇ ਕਰਮ ਕਰਨ ਵਾਲੀ ਸਮਝ ਵਾਲਾ ਬਣਨਾ ਹੀ ਨਾਮ ਜਪਣਾ ਹੈ। ਪੂਰੀ ਬਾਣੀ ਵਿੱਚ ਸਾਨੂੰ ਇਹੋ ਜਿਹਾ ਨਾਮ ਜਪਣਾ ਹੀ ਸਿਖਾਇਆ ਗਿਆ ਹੈ। **(ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥)**

ਗੁਰਮਤਿ ਦੁਆਰਾ ਖੋਜਣਾ ਕੀ ਹੈ ਇਸ ਗੱਲ ਨੂੰ ਹੁਣ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਤੇ ਇਹੋ ਜਿਹੀ "ਗੁਰਮਤਿ ਖੋਜਿ" ਹੀ ਸਾਨੂੰ ਪਿੱਛਲੇ ਸ਼ਬਦ ਦੁਆਰਾ ਸਮਝਾਈ ਹੋਈ ਹੈ ਜਿਹੋ ਜਿਹੀ ਖੋਜ ਕਰਨ ਦੁਆਰਾ ਅਸੀਂ ਆਪਣੇ ਅਸਲ ਘਰ ਵਿੱਚ, ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ ਭਾਵ ਉਸਦੇ ਨਾਲ ਮੇਲ ਕਰ ਸਕਦੇ ਹਾਂ ਤੇ ਆਵਾਗਉਣ ਤੋਂ ਮੁਕਤ ਹੋ ਸਕਦੇ ਹਾਂ।

(ਰਾਮ ਨਾਮੁ ਗੁਰ ਬਚਨੀ ਬੋਲਹੁ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ॥
ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ॥੪॥)

"ਹਰਿ ਰਸੁ" ਕੀ ਹੈ, "ਨਾਮ ਰਸ" ਕੀ ਹੈ, ਨਾਮ ਧੰਨ ਕੀ ਹੈ ਇਹਨਾਂ ਸਾਰੀਆਂ ਗੱਲਾਂ ਦੀ ਸੋਝੀ ਸਾਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਬੜੀ ਬਰੀਕੀ ਨਾਲ ਪਾਈ ਹੋਈ ਹੈ। ਇਹਨਾਂ ਗੱਲਾਂ ਨੂੰ ਤੇ ਹੋਰ ਅਨੇਕਾਂ ਹੀ ਗੱਲਾਂ ਨੂੰ ਅਸੀਂ ਲੇਖ ਵਿੱਚ ਅੱਗੇ ਚੱਲ ਕੇ ਸਮਝਾਂਗੇ ਤੇ ਸਾਡੀ ਆਪੇ ਹੀ ਤਸੱਲੀ ਹੁੰਦੀ ਜਾਵੇਗੀ। ਗੁਰਬਾਣੀ ਆਪਣੀ ਕਸਵੱਟੀ ਆਪ ਹੈ ਤੇ ਆਪਣੇ ਅਰਥਾਂ ਦੀ ਪ੍ਰੌੜਤਾ ਆਪ ਹੀ ਕਰ ਦਿੰਦੀ ਹੈ। ਕੇਵਲ ਸੱਚਾ ਅਰਥ ਹੀ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਉਤਰ ਸਕਦਾ ਹੈ ਤੇ ਗਲਤ ਅਰਥ ਕਦੇ ਬਾਣੀ ਵਿੱਚੋਂ ਪਾਸ ਨਹੀਂ ਹੋ ਸਕਦਾ ਤੇ ਗੁਰਬਾਣੀ ਉਸਨੂੰ ਆਪ ਹੀ ਫੇਲ ਕਰ ਦਿੰਦੀ ਹੈ। ਜਿਉਂ-ਜਿਉਂ ਤੁਸੀਂ ਲੇਖ ਵਿੱਚ ਅੱਗੇ ਵਧੋਗੇ ਇਸ ਗੱਲ ਦਾ ਅੰਦਾਜ਼ਾ ਤੁਹਾਨੂੰ ਆਪ ਹੀ ਹੋ ਜਾਵੇਗਾ। ਗੁਰਬਾਣੀ ਪ੍ਰਮਾਤਮਾ ਦੀ ਬੜੀ ਹੀ ਕਮਾਲ ਦੀ ਰਚਨਾ ਹੈ ਜੋ ਬਹੁਤ ਗਹਿਰਾਈ ਵਿੱਚ ਹੈ, ਚੌਥੇ ਪਦ ਵਿੱਚ ਹੈ ਜਿਸਨੂੰ ਆਪਣੇ ਆਪ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਜਿਸ ਦੀ ਇਹ ਬਾਣੀ ਹੈ ਆਪਣੇ ਸ਼ਬਦਾਂ ਹੀ ਗਹਿਰਾਈ ਉਹ ਆਪ ਹੀ ਸਮਝਾ ਸਕਦਾ ਹੈ। ਸਾਨੂੰ ਸਭ ਕੁੱਝ ਸਮਝ ਆ ਜਾਵੇਗਾ ਪਰ ਕੇਵਲ ਇਸ ਗੱਲ ਤੇ ਵਿਸ਼ਵਾਸ ਰੱਖੋ ਕਿ ਗੁਰਬਾਣੀ ਸਾਨੂੰ ਜੋ ਸਮਝਾ ਰਹੀ ਹੈ ਉਹ ਪੂਰਨ ਸੱਚ ਹੈ। ਗੁਰਬਾਣੀ ਦੀ ਗੱਲ ਤੇ ਕਦੇ ਬੇਵਿਸ਼ਵਾਸੀ ਨਾ ਕਰੋ ਕਿਉਂਕਿ ਜੋ ਅਰਥ ਬਾਣੀ ਦੇ ਅਸੀਂ ਹੁਣ ਤੱਕ ਸਮਝੇ ਹੋਏ ਹਨ ਉਹ ਬਾਣੀ ਦੀ ਕਸਵੱਟੀ ਤੇ ਪੂਰੇ ਨਹੀਂ ਉਤਰ ਸਕਦੇ ਕਿਉਂਕਿ ਉਹ ਸਾਰੇ ਅਰਥ ਹਰ ਕਿਸੇ ਨੇ ਆਪਣੀ ਆਪਣੀ ਸਮਰੱਥਾ ਅਨੁਸਾਰ ਕੀਤੇ ਹੋਏ ਹਨ ਜੋ ਆਪਸ ਵਿੱਚ ਵੀ ਮੇਲ ਨਹੀਂ ਖਾਂਦੇ।

ਅਸੀਂ ਉੱਪਰ ਸ਼ਬਦ ਦੁਆਰਾ ਸਮਝਿਆ ਹੈ ਕਿ "ਹਰਿ ਰਸੁ" ਕੀ ਹੈ। ਹੇਠ ਦਿੱਤੀ ਪੰਗਤੀ ਦੁਆਰਾ ਸਮਝੋ ਕਿ ਇੱਥੇ ਕਿਹੜੇ "ਹਰਿ ਰਸੁ" ਦੀ ਗੱਲ ਕੀਤੀ ਹੋਈ ਹੈ ਜੋ ਵਣਿ ਤਿਣਿ ਤੇ ਸਭ ਜਗ੍ਹਾ ਹੈ, ਸਭ ਦੇ ਵਿੱਚ ਹੀ ਹੈ।

{ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ॥}

(ਅੰਗ ੪੧)

ਜਦੋਂ ਲੇਖ ਵਿੱਚ ਅੱਗੇ ਚੱਲ ਕੇ ਅਸੀਂ ਇਸ ਪੂਰੇ ਸ਼ਬਦ ਨੂੰ ਸਮਝਾਂਗੇ ਤੇ ਹੋਰ ਵੀ ਉਹਨਾਂ ਅਨੇਕਾਂ ਸ਼ਬਦਾਂ ਨੂੰ ਸਮਝਾਂਗੇ ਜਿੱਥੇ "ਹਰਿ ਰਸੁ" ਬਾਰੇ ਸੋਝੀ ਪਾਈ ਹੋਈ ਹੈ ਫਿਰ ਸਾਨੂੰ ਆਪੇ ਹੀ ਵਿਸ਼ਵਾਸ ਆ ਜਾਵੇਗਾ। ਕੇਵਲ ਧੀਰਜ ਤੇ ਗੁਰੂ ਦੀ ਗੱਲ ਤੇ ਭਰੋਸਾ ਰੱਖਣ ਦੀ ਲੋੜ ਹੈ।

ਪਿੱਛਲੇ ਸ਼ਬਦ ਰਾਹੀਂ ਅਸੀਂ "ਸੰਤ ਸਭਾ" ਕੀ ਹੈ, ਇਸ ਬਾਰੇ ਵੀ ਸਮਝਿਆ ਹੈ। ਅਗਲੇ ਸ਼ਬਦ ਵਿੱਚ ਸਾਨੂੰ "ਸੰਤ ਸਭਾ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਸਮਝਾਈ ਹੋਈ ਹੈ। ਜਦੋਂ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਇਹ "ਸੰਤ ਸਭਾ" ਮਨ ਦੇ ਵਿੱਚ ਹੀ ਬਣ ਜਾਂਦੀ ਹੈ ਜਿੱਥੇ ਉਹ "ਸੰਤ" ਭਾਵ ਪ੍ਰਮਾਤਮਾ ਆਪ ਹੀ ਆਪਣਾ ਰਸ, ਆਪਣਾ ਅੰਮ੍ਰਿਤ ਰਸ ਪਿਆਉਂਦਾ ਹੈ, ਮਨ ਦੇ ਵਿੱਚ ਹੀ ਪਿਆਉਂਦਾ ਹੈ। ਇਹ ਅਰਥ ਤੁਹਾਡੇ ਕੋਲ ਉਹ "ਹਰਿ ਰਸ" ਪੀਣ ਦੁਆਰਾ ਹੀ ਆ ਰਹੇ ਹਨ।

"ਗੁਰਿ ਮਨੁ ਮਾਰਿਓ ਕਰਿ ਸੰਜੋਗੁ॥ ਅਹਿਨਿਸਿ ਰਾਵੇ ਭਗਤਿ ਜੋਗੁ॥

ਗੁਰ ਸੰਤ ਸਭਾ ਦੁਖੁ ਮਿਟੈ ਰੋਗੁ॥ ਜਨ ਨਾਨਕ ਹਰਿ ਵਰੁ ਸਹਜ ਜੋਗੁ॥4॥"

(ਅੰਗ ੧੧੭੦)

ਸੰਤ ਕੌਣ ਹੈ, ਸਾਧ ਕੌਣ ਹੈ, ਸਾਧਸੰਗਤਿ ਕੀ ਹੈ, ਸਤਸੰਗਤਿ ਕੀ ਹੈ, ਸਹਜ ਜੋਗ ਕੀ ਹੈ, ਇਨ੍ਹਾਂ ਸਾਰੀਆਂ ਗੱਲਾਂ ਬਾਰੇ ਵਿਸਥਾਰ ਵਿੱਚ ਅੱਗੇ ਚੱਲ ਕੇ ਸ਼ਬਦਾਂ ਰਾਹੀਂ ਵਿਚਾਰ ਕੀਤੀ ਜਾਵੇਗੀ। ਸਾਡੇ ਦੁੱਖ, ਰੋਗ ਗੁਰੂ ਹੀ ਮਿਟਾ ਸਕਦਾ ਹੈ, "ਗੁਰ ਸੰਤ ਸਭਾ" ਹੀ ਮਿਟਾ ਸਕਦੀ ਹੈ, ਗੁਰਬਾਣੀ ਹੀ ਮਿਟਾ ਸਕਦੀ ਹੈ, ਸਾਨੂੰ ਸਾਡੇ ਵਰ ਨਾਲ ਭਾਵ ਪ੍ਰਮਾਤਮਾ ਨਾਲ ਮਿਲਾ ਸਕਦੀ ਹੈ ਜੋ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਸਾਡੇ ਅੰਦਰ ਚੌਥੇ ਪਦ ਦੇ ਰੂਪ ਵਿੱਚ ਹੀ ਵਿਚਰਦਾ ਹੈ ਤੇ ਉਸਦੇ ਨਾਲ ਮੇਲ ਵੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਹੁੰਦਾ ਹੈ। ਚੌਥਾ ਪਦ ਸਹਜ ਗਿਆਨ ਦਾ ਪਦ ਹੈ, ਬ੍ਰਹਮ ਗਿਆਨ ਦਾ ਪਦ ਹੈ।

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥੭॥}

(ਅੰਗ ੬੮)

"ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥੧॥ਰਹਾਉ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥
ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥੪॥੪॥"

(ਅੰਗ ੭੩੨)

ਉੱਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਨੂੰ ਕਿਵੇਂ ਧਿਆਇਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ ਤੇ ਉਸਦੀ ਭਗਤੀ ਕਿਵੇਂ ਹੋ ਸਕਦੀ ਹੈ। ਹਰਿ ਹਰਿ ਕਰਨਾ ਕੀ ਹੈ, ਇਸ ਦੀ ਵੀ ਸੋਝੀ ਪੈ ਜਾਵੇਗੀ। ਇਹ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਗਿਆ ਹੈ ਕਿ ਹਿਰਦਾ ਸ਼ੁੱਧ ਹੋਏ ਬਿਨ੍ਹਾਂ ਭਗਤੀ ਨਹੀਂ ਹੋ ਸਕਦੀ। ਜਦ ਤੱਕ ਮਨੁੱਖ ਦੀ ਬਿਰਤੀ ਕਪਟ ਵਾਲੀ ਹੁੰਦੀ ਹੈ ਭਾਵ ਹਿਰਦਾ ਸ਼ੁੱਧ ਨਹੀਂ ਹੁੰਦਾ, ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਦੇ ਮਨ ਵਿੱਚ ਜਦ ਤੱਕ ਕਿਸੇ ਵੀ ਤਰੀਕੇ ਦਾ ਕਪਟ ਹੁੰਦਾ ਹੈ ਉਹ ਜਿਤਨਾ ਮਰਜ਼ੀ "ਹਰਿ ਹਰਿ" ਕਰੀ ਜਾਵੇ ਉਹ ਥਾਂਇ ਨਹੀਂ ਪੈਂਦਾ ਤੇ ਉਸਨੂੰ ਸੁਪਨੇ ਵਿੱਚ ਵੀ ਸੁੱਖ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਮੇਲ ਦੀ ਪ੍ਰਾਪਤੀ ਭਾਵ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਦੋਂ ਵੀ ਮਨੁੱਖ ਨੂੰ ਪ੍ਰਾਪਤੀ ਹੋਣੀ ਹੈ ਉਹ ਹਿਰਦਾ ਸ਼ੁੱਧ ਹੋਣ ਦੇ ਨਾਲ ਹੀ ਹੋਣੀ ਹੈ। ਇਹ ਵੀ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਹਰਿ ਹਰਿ ਬੋਲੀ ਜਾਣ ਨਾਲ ਹਿਰਦਾ ਸ਼ੁੱਧ ਨਹੀਂ ਹੋ ਸਕਦਾ ਜਿਵੇਂ ਕਿ ਆਮ ਧਾਰਨਾ ਬਣੀ ਹੋਈ ਹੈ। (**ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ ਅਨਦਿਨੁ ਕਰਮ ਕਰਹਿ**

ਬਹੁਤੇਰੇ ਸੁਪਨੈ ਸੁਖੁ ਨ ਹੋਈ ॥) ‘‘ਗੁਰਬਾਣੀ ਗੁਰੂ’’ ਦਾ ਫੁਰਮਾਨ ਤਾਂ ਬਹੁਤ ਸਪੱਸ਼ਟ ਹੈ ਕਿ ਕਿਸੇ ਅੱਖਰ ਨੂੰ ਨਾਮ ਸਮਝਕੇ ਬੋਲੀ ਜਾਣਾ ਵਿਅਰਥ ਦੀ ਕਿਰਿਆ ਹੈ, ਜਿਸ ਨਾਲ ਨਾ ਹਿਰਦਾ ਸ਼ੁੱਧ ਹੋ ਸਕਦਾ ਹੈ ਤੇ ਨਾ ਹੀ ਸੁੱਖ ਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ। ਪੂਰੀ ਗੁਰਬਾਣੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਅਨੇਕਾਂ ਹੀ ਸ਼ਬਦਾਂ ਦੁਆਰਾ ਸਾਡਾ ਇਹ ਭਰਮ ਗੁਰੂ ਨੇ ਕਢਿਆ ਹੋਇਆ ਹੈ। ਜਿਉਂ-ਜਿਉਂ ਸ਼ਬਦਾਂ ਨੂੰ ਵਿਚਾਰਾਂਗੇ ਭਰਮ ਨਿਕਲਦਾ ਜਾਵੇਗਾ।

ਜਦ ਤੱਕ ਮਨੁੱਖ ਕੋਰਾ ਬਣਿਆ ਰਹਿੰਦਾ ਹੈ ਭਾਵ ਗੁਰੂ ਦੇ ਗਿਆਨ ਵੱਲੋਂ ਕੋਰਾ ਬਣਿਆ ਰਹਿੰਦਾ ਹੈ, ਸਿਰਫ ਆਪਣੀ ਮਤਿ ਦੀ ਗੱਲ ਕਰਦਾ ਹੈ, ਆਪਣੀ ਮਤਿ ਤੇ ਚੱਲਦਾ ਹੈ, ਉਹ ਮਨਮੁੱਖ ਹੈ ਭਾਵ ਜਦ ਤੱਕ ਉਹ ਗੁਰੂ ਦੇ ਗਿਆਨ ਤੋਂ ਦੂਰ ਹੈ ਐਸੀ ਅਵੱਸਥਾ ਅੰਦਰ ਉਸਦੇ ਦੁਆਰਾ ਕੀਤੇ ਗਏ ਜਪ, ਤਪ, ਸੰਜਮ, ਵਰਤ, ਪੂਜਾ ਆਦਿ ਲੇਖੇ ਨਹੀਂ ਪੈਂਦੇ ਕਿਉਂਕਿ ਇਹ ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਹੀ ਨਹੀਂ ਹੈ, ਇਹ ਮਨਮਤਿ ਹੈ। ਮੂੰਹੋਂ ਬੋਲ ਬੋਲ ਕੇ ਸਰੀਰਕ ਕਿਰਿਆਵਾਂ ਦੁਆਰਾ ਅਸੀਂ ਜੋ ਵੀ ਜਪ, ਤਪ ਸੰਜਮ ਆਦਿ ਕਰਦੇ ਹਾਂ ਉਹਨਾਂ ਨੂੰ ਸਾਡਾ ਦਿਖਾਵਾ ਤੇ ਚਤੁਰਾਈ ਹੀ ਦੱਸਿਆ ਹੈ। ਪ੍ਰਾਪਤੀ ਉਦੋਂ ਹੀ ਹੋਣੀ ਹੈ ਜਦੋਂ ਉਹ ਗੁਰੂ ਦੇ ਗਿਆਨ ਨੂੰ ਵਿਚਾਰੇਗਾ, ਉਸਨੂੰ ਬੁੱਝੇਗਾ ਭਾਵ ਉਸ ਉੱਤੇ ਅਮਲ ਕਰੇਗਾ। ਇਸ ਤਰੀਕੇ ਹੀ ਪ੍ਰਮਾਤਮਾ ਨੂੰ ਧਿਆਇਆ ਜਾ ਸਕਦਾ ਹੈ ਜੋ ਕਿ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ। ਇਸ ਲਈ ਹਮੇਸ਼ਾਂ ਹੀ ਅਕਾਲ ਪੁਰਖ ਅੱਗੇ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਔਗੁਣਾਂ ਤੋਂ ਬਚਾਵੇ ਤੇ ਮਨੁੱਖ ਉਸਦੀ ਰਜ਼ਾ ਵਿੱਚ ਆਵੇ। ਸਾਡੇ ਅੰਦਰ ਦੀ ਹਉਮੈ ਸਾਡਾ ਵਡਾ ਰੋਗ ਹੈ, ਅਗਿਆਨਤਾ ਦਾ ਰੋਗ ਹੈ ਜਿਸ ਕਰਕੇ ਅਸੀਂ ਭਗਤੀ ਦੇ ਉਹਨਾਂ ਤਰੀਕਿਆਂ ਦਾ ਮਾਨ ਕਰਦੇ ਹਾਂ ਜੋ ਭਗਤੀ ਦਾ ਮਾਰਗ ਹੈ ਹੀ ਨਹੀਂ। ਹਉਮੈ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਭਾਵ ਮਨਮਤਿ ਵਿੱਚੋਂ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਸ਼ਬਦ ਨੂੰ ਭਾਵ ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਸਾਵਾਂਗੇ ਜਿਸ ਦੁਆਰਾ ਅਸੀਂ ਭਗਤੀ ਦੇ ਮਾਰਗ ਨੂੰ ਸਮਝ ਸਕਦੇ ਹਾਂ, ਨਾਮ ਜਪ ਸਕਦੇ ਹਾਂ। (**ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥1॥ ਰਹਾਉ ॥ ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥ ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥2॥ ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥ ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥**) ਨਾਮ ਤਾਂ ਉਹੀ ਮਨੁੱਖ ਧਿਆਉਂਦਾ ਹੈ ਜੋ ਉਸ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ ਤੇ ਉਸ ਵਿੱਚ ਸਮਾ ਜਾਂਦਾ ਹੈ ਭਾਵ ਉਸ ਦੇ ਭਾਣੇ ਵਿੱਚ, ਹੁਕਮ ਵਿੱਚ ਆ ਜਾਂਦਾ ਹੈ ਜੋ ਕਿ ਉਸਦੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ। **(ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥੪॥੪॥)** ਅੰਗ - 732 । ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣਾ ਹੀ ਨਾਮ ਦੀ ਪ੍ਰਾਪਤੀ ਹੈ, ਉਸ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਮੇਲ ਦੇ ਦੁਆਰਾ ਪ੍ਰਮਾਤਮਾ ਸਾਨੂੰ ਨਾਮ ਦੀ ਸੋਝੀ ਹੀ ਪਾਉਂਦਾ ਹੈ, ਆਪਣੇ ਬ੍ਰਹਮ ਗਿਆਨ ਦੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਉਸਨੇ ਪੂਰੀ ਗੁਰਬਾਣੀ ਵਿੱਚ ਆਪਣਾ ਨਾਮ ਪਾਇਆ ਹੈ, ਬ੍ਰਹਮ ਗਿਆਨ ਪਾਇਆ ਹੈ। ਨਾਮ ਦੀ ਪ੍ਰਾਪਤੀ ਦੁਆਰਾ ਭਾਵ ਨਾਮ ਦੀ ਸੋਝੀ ਪੈਣ ਦੁਆਰਾ ਹੀ ਨਾਮ ਧਿਆਇਆ ਜਾ ਸਕਦਾ ਹੈ, ਪੂਰਨ ਸੱਚ ਤੇ ਚੱਲਿਆ ਜਾ ਸਕਦਾ ਹੈ ਜਿਵੇਂ ਕਿ ਭਗਤਾਂ ਨੇ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਨਾਮ ਜਪਿਆ ਹੈ ਭਾਵ ਪੂਰਨ ਸੱਚ ਦੁਆਰਾ ਵਿਚਰੇ ਹਨ। ਅਸੀਂ ਭਰਮ ਦੇ ਵਿੱਚ ਇਕ ਅੱਖਰ ਨੂੰ ਸੱਚ ਸਮਝ ਕੇ, ਗੁਣ ਸਮਝ ਕੇ ਜਪੀ ਜਾ ਰਹੇ ਹਾਂ ਪਰ ਸਾਡੇ ਅੰਦਰ ਕਿਤਨੇ ਕੁ ਔਗੁਣ ਹਨ ਇਸਦੀ ਸਾਨੂੰ ਕੋਈ ਚਿੰਤਾ ਨਹੀਂ ਹੈ। ਹਰਿ ਹਰਿ ਕਰਨਾ ਕੀ ਹੈ ਇਸ ਗੱਲ ਨੂੰ ਅੱਗੇ ਚੱਲ ਕੇ ਬੜੀ ਬਾਰੀਕੀ ਨਾਲ ਤੇ ਵਿਸਥਾਰ ਵਿੱਚ ਸਮਝਾਂਗੇ। ਸਾਰੀ ਬਾਣੀ ਸਾਨੂੰ ਹਰਿ ਹਰਿ ਕਰਨਾ ਹੀ ਸਿਖਾ ਰਹੀ ਹੈ, ਨਾਮ ਜਪਣਾ ਹੀ ਸਿਖਾ ਰਹੀ ਹੈ।

“ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥”

(ਅੰਗ ੫੭੮)

ਇਸ ਸ਼ਬਦ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਗਿਆ ਹੈ ਕਿ ਅਸੀਂ ਦਿਨ ਰਾਤ ਪ੍ਰਮਾਤਮਾ ਨੂੰ ਕਿਵੇਂ ਧਿਆ ਸਕਦੇ ਹਾਂ ਤੇ “ਹਰਿ ਹਰਿ” ਕਰਨਾ ਕੀ ਹੈ ਤੇ ਪ੍ਰਮਾਤਮਾ ਨੂੰ ਭਾਉਣਾ ਕੀ ਹੈ ਭਾਵ ਅਸੀਂ ਕਿਸ ਤਰੀਕੇ ਪ੍ਰਮਾਤਮਾ ਨੂੰ ਚੰਗੇ ਲੱਗ ਸਕਦੇ ਹਾਂ। ਜੇ ਇਤਨੀ, ਬੜੇ ਹੀ ਸਿੱਧੇ ਤਰੀਕੇ ਨਾਲ ਸਮਝਾਈ ਹੋਈ ਗੱਲ ਸਾਡੇ ਪੱਲੇ ਪੈ ਜਾਵੇ ਤਾਂ ਸਾਰੇ ਸ਼ੰਕੇ ਦੂਰ ਹੋ ਜਾਣਗੇ ਤੇ ਸਮਝ ਲੱਗ ਜਾਵੇਗੀ ਕਿ ਪ੍ਰਮਾਤਮਾ ਨੂੰ ਜਪਣ ਲਈ ਸਾਨੂੰ ਕੀ ਹੁਕਮ ਹੈ। ਹੁਕਮ ਬੜਾ ਹੀ ਸਾਫ਼ ਅਤੇ ਸਪੱਸ਼ਟ ਹੈ। ਅਸੀਂ ਮਾਨ, ਮੋਹ ਅਤੇ ਸਾਰੇ ਵਿਕਾਰ ਭਾਵ ਔਗੁਣ ਤਿਆਗ ਕੇ ਹੀ ਪ੍ਰਮਾਤਮਾ ਦੇ ਮਨ ਨੂੰ ਭਾ ਸਕਦੇ ਹਾਂ ਤੇ ਇਹੀ ਸਾਡਾ ਪ੍ਰਮਾਤਮਾ ਅੱਗੇ ਬੇਨਤੀ ਕਰਨ ਦਾ ਤਰੀਕਾ ਹੈ ਜਿਸ ਦੁਆਰਾ ਉਸ ਨਾਲ ਮਿਲਿਆ ਜਾ ਸਕਦਾ ਹੈ ਤੇ ਉਸਦੀ ਭਗਤੀ ਹੋ ਸਕਦੀ ਹੈ। ਵਿਕਾਰਾਂ ਨੂੰ ਤਜਣ ਦੁਆਰਾ ਸਾਡੇ ਕਰਮ ਹੀ ਚੰਗੇ ਬਣਦੇ ਹਨ ਤੇ ਚੰਗੇ ਕਰਮ ਕਰਨਾ ਹੀ ਪ੍ਰਮਾਤਮਾ ਦਾ ਜਪ ਕਰਨਾ ਹੈ, ਹਰਿ ਹਰਿ ਕਰਨਾ ਹੈ। ਪ੍ਰਮਾਤਮਾ ਨੂੰ ਸਾਡਾ ਭਾ ਜਾਣਾ ਹੀ ਭਾਵ ਉਸਦੇ ਹੁਕਮ ਵਿੱਚ ਆ ਜਾਣਾ ਹੀ ਉਸਨੂੰ ਦਿਨ ਰਾਤ ਧਿਆਉਣਾ ਹੈ ਤੇ

ਹਰਿ ਹਰਿ ਕਰਨਾ ਹੈ। ਹੁਣ ਧਿਆਨ ਨਾਲ ਸੋਚੋ ਕਿ ਕੀ ਕੋਈ ਅੱਠੇ ਪਹਿਰ, ਦਿਨ-ਰਾਤ, ਸੁਆਸ-ਸੁਆਸ ਪ੍ਰਮਾਤਮਾ ਨੂੰ ਹਰਿ ਹਰਿ ਕਹਿ ਕੇ ਜਪ ਸਕਦਾ ਹੈ? ਕਿਉਂਕਿ ਇਸ ਤਰ੍ਹਾਂ ਜਪਣਾ ਬਾਣੀ ਦਾ ਹੁਕਮ ਹੈ। ਇਹ ਹੁਕਮ ਮਨੁੱਖ ਕਿਵੇਂ ਪੂਰਾ ਕਰ ਸਕਦਾ ਹੈ। ਜੇ ਜਪਣ ਦੀ ਗੱਲ ਸਮਝ ਆ ਜਾਵੇਗੀ ਤਾਂ ਫਿਰ ਅਸੀਂ ਪ੍ਰਮਾਤਮਾ ਨੂੰ ਦਿਨ-ਰਾਤ, ਅੱਠੇ ਪਹਿਰ, ਸੁਆਸ-ਸਆਸ, ਸੁੱਤੇ-ਜਾਗਦੇ ਸਭ ਕੰਮਾਂ ਕਾਜਾਂ ਵਿੱਚ ਲੱਗੇ ਹੋਏ ਵੀ ਧਿਆ ਸਕਾਂਗੇ। ਜਦੋਂ ਅਸੀਂ ਸਭ ਔਗੁਣ ਤਿਆਗ ਦੇਵਾਂਗੇ ਤੇ ਸਾਡੇ ਹਿਰਦੇ ਅੰਦਰ ਸਿਰਫ਼ ਸੱਚ ਰਹਿ ਜਾਵੇਗਾ, ਉਸ ਵਕਤ ਅਸੀਂ ਅੱਠੇ ਪਹਿਰ ਸੱਚੇ ਹੀ ਰਹਾਂਗੇ। ਅਸੀਂ ਸੁੱਤੇ ਹੋਏ ਵੀ ਸੱਚੇ ਹੀ ਰਹਾਂਗੇ ਭਾਵ ਔਗੁਣਾਂ ਤੋਂ ਦੂਰ ਰਹਾਂਗੇ, ਅਸੀਂ ਆਪਣੇ ਹਰ ਕੰਮ ਕਾਜ ਵਿੱਚ ਸੱਚੇ ਹੀ ਰਹਾਂਗੇ ਭਾਵ ਹਰ ਵੇਲੇ ਗੁਰੂ ਦੇ ਉਪਦੇਸ਼ ਵਿੱਚ ਹੀ ਰਹਾਂਗੇ। ਇਹ ਹੀ ਪ੍ਰਮਾਤਮਾ ਨੂੰ ਅੱਠੇ ਪਹਿਰ ਸੁਆਸ ਸੁਆਸ ਧਿਆਉਣਾ ਹੈ ਤੇ ਇਹੀ ਇੱਕੋ ਇੱਕ ਵਸੀਲਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। (**ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥ ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥**) ਹਰਿ ਹਰਿ ਕਰਨਾ ਕੀ ਹੈ, ਹਰਿ ਹਰਿ ਕਿਵੇਂ ਕਰਨਾ ਹੈ, ਇਸ ਬਾਰੇ ਹੋਰ ਅੱਗੇ ਜਾ ਕੇ ਅਨੇਕਾਂ ਸ਼ਬਦਾਂ ਦੁਆਰਾ ਸਾਡਾ ਭੁਲੇਖਾ ਨਿਕਲਦਾ ਜਾਵੇਗਾ। ਇਸ ਭੁਲੇਖੇ ਨੂੰ ਆਪਣੇ ਅੰਦਰੋਂ ਕੱਢਣਾ ਇਸ ਲਈ ਵੀ ਜ਼ਿਆਦਾ ਮੁਸ਼ਕਿਲ ਹੈ ਕਿਉਂਕਿ ਇਹ ਹਰਿ ਹਰਿ ਦਾ ਜਪ ਮਨੁੱਖ ਦੇ ਅੰਦਰ ਅਭਿਆਸ ਕਰਨ ਦੇ ਦੁਆਰਾ ਚੱਲਣ ਵੀ ਲੱਗ ਪੈਂਦਾ ਹੈ ਜੋ ਕਿ ਆਪੇ ਹੀ ਹੋਈ ਜਾਂਦਾ ਹੈ। ਜਿਹੋ ਜਿਹਾ ਕੋਈ ਬੋਲ ਬੋਲ ਕੇ ਅਭਿਆਸ ਕਰਦਾ ਰਹਿੰਦਾ ਹੈ ਉਹੋ ਜਿਹਾ ਹੀ ਆਪੇ ਅੰਦਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਵੇਂ ਅਗਰ ਕੋਈ ਲਗਾਤਾਰ ਵਾਹਿਗੁਰੂ ਵਾਹਿਗੁਰੂ ਦਾ ਜਪ ਕਰਦਾ ਹੈ ਤਾਂ ਅਭਿਆਸ ਤੋਂ ਬਾਅਦ ਕਈਆਂ ਦੇ ਅੰਦਰ ਇਹ ਆਪੇ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ। ਜੋ ਲੋਕ ਰਾਮ ਰਾਮ ਕਰਕੇ ਜਪਦੇ ਹਨ ਉਨ੍ਹਾਂ ਵੀ ਬੜਿਆਂ ਦੇ ਅੰਦਰ ਇਹੋ ਜਿਹਾ ਜਪ ਚੱਲ ਪੈਂਦਾ ਹੈ। ਜਿਸਦੇ ਅੰਦਰ ਵੀ ਇਹੋ ਜਿਹਾ ਜਪ ਚੱਲਦਾ ਹੈ ਉਹ ਇਸ ਨੂੰ ਨਾਮ ਦਾ ਜਪ ਸਮਝਣ ਲੱਗ ਜਾਂਦਾ ਹੈ ਕਿਉਂਕਿ ਅਸੀਂ ਨਾਮ ਨੂੰ ਇੱਕ ਅੱਖਰਾਂ ਦਾ ਜਪ ਹੀ ਸਮਝਦੇ ਹਾਂ। ਉਹ ਉਸਨੂੰ ਪ੍ਰਮਾਤਮਾ ਦੀ ਕਿਰਪਾ ਸਮਝਣ ਲੱਗ ਪੈਂਦੇ ਹਨ ਜੋ ਕਿ ਕੇਵਲ ਸਾਡਾ ਭੁਲੇਖਾ ਹੈ। ਇਹ ਭੁਲੇਖਾ ਤਾਂ ਹੀ ਨਿਕਲਦਾ ਹੈ ਜਦੋਂ ਇਹ ਭੁਲੇਖਾ ਪ੍ਰਮਾਤਮਾ ਆਪ ਹੀ ਕੱਢੇ। ਅਸਲ ਵਿੱਚ ਜਿਸ ਨੂੰ ਅਸੀਂ ਆਪਣੇ ਅੰਦਰ ਜਪ ਸਮਝਦੇ ਹਾਂ ਉਹ ਕੇਵਲ ਮਾਇਆ ਦੀ ਇੱਕ ਜੁਗਤ ਹੈ, ਸਾਡੇ ਅੰਦਰ ਭੁਲੇਖਾ ਪਾਈ ਰੱਖਣ ਦੀ ਇੱਕ ਜੁਗਤ ਹੈ। ਸਾਨੂੰ ਪ੍ਰਮਾਤਮਾ ਭੁਲੇਖੇ ਵਿੱਚ ਕਿਸੇ ਜੁਗਤ ਦੁਆਰਾ ਹੀ ਪਾਉਂਦਾ ਹੈ। ਉਹ ਪ੍ਰਮਾਤਮਾ ਦੀ ਜੁਗਤ ਹੀ ਕੀ ਹੋਈ ਜੋ ਉਸਦੇ ਸਮਝਾਏ ਬਿਨ੍ਹਾਂ ਸਮਝ ਆ ਜਾਵੇ। ਦਾਸ ਨਾਲ ਇਹ ਸਭ ਕੁਝ ਬੀਤ ਚੁੱਕਾ ਹੈ। ਦਾਸ ਨੂੰ ਵੀ ਸ਼ੁਰੂ ਸ਼ੁਰੂ ਤੋਂ ਬੜੀ ਹੈਰਾਨੀ ਹੋਈ ਸੀ ਕਿ ਆਪ ਹੀ ਅੰਦਰ ਨਾਮ ਚੱਲਣਾ ਸ਼ੁਰੂ ਹੋ ਗਿਆ ਹੈ ਕਿਉਂਕਿ ਦਾਸ ਵਾਹਿਗੁਰੂ ਵਾਹਿਗੁਰੂ ਬੋਲਣ ਨੂੰ ਹੀ ਨਾਮ ਜਪਣਾ ਸਮਝਦਾ ਸੀ, ਜਿਵੇਂ ਕਿ ਹਰ ਕੋਈ ਸਮਝਦਾ ਹੈ, ਭਾਵੇਂ ਕਿ ਇਹੋ ਜਿਹਾ ਜਾਪ ਦਾਸ ਨੇ ਕਦੇ ਜਪਿਆ ਵੀ ਨਹੀਂ ਸੀ। ਅਚਾਨਕ ਆਪੇ ਹੀ ਸ਼ੁਰੂ ਹੋ ਗਿਆ ਸੀ ਤੇ ਦਾਸ ਇਸ ਵਿੱਚ ਬੜੀ ਤਸੱਲੀ ਮਹਿਸੂਸ ਕਰਦਾ ਸੀ ਕਿ ਉਸ ਤੇ ਪ੍ਰਮਾਤਮਾ ਦੀ ਬਹੁਤ ਵੱਡੀ ਕ੍ਰਿਪਾ ਹੋ ਗਈ ਹੈ। ਅਚਾਨਕ ਹੀ ਇਹ ਜਾਪ "ਰਾਮ ਰਾਮ" ਕਰਨ ਵਿੱਚ ਬਦਲ ਗਿਆ। ਆਪੇ ਹੀ ਅੰਦਰ ਰਾਮ ਰਾਮ ਹੋਈ ਜਾਂਦਾ ਸੀ। ਫਿਰ ਇਹ ਜਾਪ "ਰਾਮਈਆ ਰਾਮਈਆ" ਵਿੱਚ ਬਦਲ ਗਿਆ ਤੇ ਕੁੱਝ ਸਮਾਂ ਇਸੇ ਤਰ੍ਹਾਂ ਹੀ ਹੁੰਦਾ ਰਿਹਾ। ਫਿਰ ਅਚਾਨਕ ਹੀ ਇਹ ਜਾਪ ਅੱਲ੍ਹਾ ਹੂ, ਅੱਲ੍ਹਾ ਹੂ ਵਿੱਚ ਬਦਲ ਗਿਆ ਤੇ ਦਾਸ ਕੋਲ ਸਿਵਾਇ ਹੈਰਾਨ ਹੋਣ ਦੇ ਹੋਰ ਕੋਈ ਚਾਰਾ ਨਹੀਂ ਸੀ। ਇਹੋ ਜਿਹੇ ਜਾਪ ਸ਼ੁਰੂ ਹੋਣ ਤੋਂ ਕੁੱਝ ਸਮਾਂ ਪਹਿਲੇ ਦਾਸ ਤੇ ਉਸਦੀ ਕ੍ਰਿਪਾ ਹੋ ਚੁੱਕੀ ਹੋਈ ਸੀ। ਉਹ ਅੰਦਰ ਬੈਠਾ ਆਪ ਹੀ ਸਭ ਕੁੱਝ ਸਮਝਾਉਂਦਾ ਹੈ। ਸਮਝਾਇਆ ਦਾਸ ਨੂੰ ਇਹ ਗਿਆ ਕਿ ਇਹ ਜਾਪ ਕੋਈ ਨਾਮ ਦਾ ਜਾਪ ਨਹੀਂ ਹੈ, ਕੇਵਲ ਇੱਕ ਉਸਦਾ ਭੁਲੇਖਾ ਪਾਉਣ ਦਾ ਤਰੀਕਾ ਹੈ। ਦਾਸ ਦੇ ਸਾਰੇ ਭੁਲੇਖੇ ਉਹ ਇਸੇ ਤਰ੍ਹਾਂ ਹੀ ਕੱਢਦਾ ਹੈ। ਉਹ ਬਹੁਤ ਬਹੁਤ ਬਹੁਤ ਜ਼ਿਆਦਾ ਸਿਆਣਾ ਹੈ, ਉਸਨੂੰ ਸਮਝਿਆ ਨਹੀਂ ਜਾ ਸਕਦਾ। ਦਾਸ ਨਾਲ ਜੋ ਕੁੱਝ ਵਰਤਦਾ ਹੈ ਇਨ੍ਹਾਂ ਗੱਲਾਂ ਦੀ ਸਾਂਝ ਪਾਉਣੀ ਬਹੁਤ ਔਖੀ ਹੈ। ਇਹ ਕੇਵਲ ਵਿਸਮਾਦ ਹੈ। ਅੱਗੇ ਚੱਲ ਕੇ ਕੁਝ ਉਨ੍ਹਾਂ ਜ਼ਰੂਰੀ ਗੱਲਾਂ ਦੀ ਸਾਂਝ ਜ਼ਰੂਰ ਕੀਤੀ ਜਾਵੇਗੀ ਜਿਨ੍ਹਾਂ ਦੁਆਰਾ ਸਾਡੇ ਭੁਲੇਖੇ ਦੂਰ ਹੋ ਸਕਣ। ਜੋ ਕੁਝ ਦਾਸ ਨਾਲ ਬੀਤੀਆ ਹੈ ਤੇ ਅਕਸਰ ਬੀਤਦਾ ਰਹਿੰਦਾ ਹੈ ਇਹ ਕੁੱਝ ਕੋਈ ਸੁਪਨੇ ਵਿੱਚ ਵੀ ਨਹੀਂ ਮੰਨ ਸਕਦਾ ਪਰ ਇਹ ਸੱਚ ਹੈ। ਜੋ ਜੋ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ ਉਹ ਹਰ ਗੱਲ ਉਸੇ ਤਰ੍ਹਾਂ ਹੀ ਸੱਚ ਹੈ ਤੇ ਇਸ ਗੱਲ ਦਾ ਯਕੀਨ ਉਹ ਪ੍ਰੈਕਟੀਕਲੀ ਭਾਵ ਅਮਲੀ ਤੌਰ ਤੇ ਕਰਵਾਉਂਦਾ ਹੈ। ਜਿਸ ਨੂੰ ਅਸੀਂ ਨਾਮ ਦਾ ਜਪ ਸਮਝਦੇ ਹਾਂ ਇਹ ਕੇਵਲ ਤੇ ਕੇਵਲ ਸਾਡਾ ਇੱਕ ਭੁਲੇਖਾ ਹੈ, ਹੋਰ ਕੁੱਝ ਵੀ ਨਹੀਂ। ਜਦੋਂ ਇਹੋ ਜਿਹਾ ਜਪ ਮਨੁੱਖ ਦੇ ਅੰਦਰ ਚੱਲਦਾ ਹੈ ਤਾਂ ਫਿਰ ਉਹ ਮਨੁੱਖ ਦੇ ਰੋਕਿਆਂ ਰੁਕਦਾ ਵੀ ਨਹੀਂ ਹੈ, ਹਰ ਵੇਲੇ ਚੱਲੀ ਜਾਂਦਾ ਹੈ। ਅੰਦਰੋਂ ਮਿੱਠੀ ਮਿੱਠੀ ਆਵਾਜ਼ ਵੀ ਸੁਣਦੀ ਹੈ ਤੇ ਨਾਲ ਇਹ ਵੀ ਮਹਿਸੂਸ ਹੁੰਦਾ ਹੈ ਕਿ ਸਾਜ ਵੀ ਵੱਜ ਰਹੇ ਹਨ। ਮਹਿਸੂਸ ਦਾਸ ਨੂੰ ਇਹ ਹੁੰਦਾ ਸੀ ਕਿ ਸ਼ਾਇਦ ਅੰਦਰ "ਅਨਹਦ ਤੂਰੇ" ਵੱਜਣ ਲੱਗ

ਪਏ ਹਨ। ਪਰ ਇਹ ਇਸ ਤੋਂ ਵੀ ਵੱਡਾ ਭੁਲੇਖਾ ਸਾਬਿਤ ਹੋਇਆ। ਇਹੋ ਜਿਹੇ ਜਪ ਤਪ ਦਾ ਵਾਰ-ਵਾਰ ਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ ਤੇ ਜਿਉਂ ਜਿਉਂ ਅੱਗੇ ਚੱਲਾਗੇ ਇਹ ਭੁਲੇਖਾ ਨਿਕਲਦਾ ਜਾਵੇਗਾ। ਅਨਹਦ ਤੂਰੇ ਕੀ ਹਨ, ਇਹ ਸਾਡੇ ਅੰਦਰ ਕਿਵੇਂ ਵੱਜਦੇ ਹਨ ਇਸ ਬਾਰੇ ਸ਼ਬਦਾਂ ਰਾਹੀਂ ਅੱਗੇ ਚੱਲ ਕੇ ਵਿਸਥਾਰ ਨਾਲ ਜਾਣਾਗੇ।

“ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ॥
ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ॥”

(ਅੰਗ 996)

ਇਸ ਸ਼ਬਦ ਰਾਹੀਂ ਵੀ ਇਹ ਸਮਝਾਇਆ ਗਿਆ ਹੈ ਕਿ ਹਰਿ ਹਰਿ ਕੀ ਹੈ। ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਹਰਿ ਹਰਿ ਕਥਾ ਪ੍ਰਮਾਤਮਾ ਦੀ ਆਪਣੀ ਸੁਣਾਈ ਹੋਈ ਕਥਾ ਹੈ, ਉਸਦੀ ਅਕਥਿ ਕਥਾ ਹੈ ਜਿਸ ਨੂੰ ਕੋਈ ਆਪਣੇ ਆਪ ਨਹੀਂ ਜਾਣ ਸਕਦਾ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥਿ ਕਥਾ ਹੈ ਜੋ ਉਸਨੇ ਆਪਣੇ ਭਗਤਾਂ ਦੇ, ਗੁਰੂ ਸਾਹਿਬਾਨ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸੁਣਾਈ ਹੈ, ਬਿਆਨ ਕੀਤੀ ਹੈ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜੋ ਕੁੱਝ ਆਪਣੇ ਅੰਦਰੋਂ ਪ੍ਰਮਾਤਮਾ ਕੋਲੋਂ ਸੁਣਿਆ ਹੈ, ਉਹੀ ਗੁਰਬਾਣੀ ਰਾਹੀਂ ਬਿਆਨ ਕੀਤਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਦਿੱਤੀ ਹੋਈ ਮਤਿ ਹੈ, ਗੁਰਮਤਿ ਹੈ। ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਸਾਡੇ ਅੰਦਰ ਬੈਠਾ ਆਪ ਹੀ ਆਪਣਾ ਸੱਚਾ ਗਿਆਨ ਦਿੰਦਾ ਹੈ। ਉਹ “ਗੁਰੂ” ਨਿਰਗੁਣ ਰੂਪ ਵਿੱਚ ਹੈ, ਗਿਆਨ ਦੇ ਮਾਲਕ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸ਼ਬਦ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ “ਸ਼ਬਦ” ਹੈ, ਬ੍ਰਹਮ ਗਿਆਨ ਹੈ। ਗੁਰਬਾਣੀ ਦੇ ਹਰ ਸ਼ਬਦ ਰਾਹੀਂ ਪ੍ਰਮਾਤਮਾ ਨੇ ਆਪਣੀ ਹਰਿ ਹਰਿ ਕਥਾ ਸੁਣਾਈ ਹੈ, ਅਕਥਿ ਕਥਾ ਸੁਣਾਈ ਹੈ, ਗੁਰਮਤਿ ਸੁਣਾਈ ਹੈ। ਜਿਸ ਸਰੀਰ ਰਾਹੀਂ, ਮਨ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਆਪਣੀ ਹਰਿ ਹਰਿ ਕਥਾ ਸੁਣਾਉਂਦਾ ਹੈ, ਗੁਰਮਤਿ ਸੁਣਾਉਂਦਾ ਹੈ ਉਸਦੇ ਹਿਰਦੇ ਵਿੱਚ ਹੀ ਇਹ ਕਥਾ ਭਾਵ ਗੁਰਮਤਿ ਸਮਾਉਂਦੀ ਹੈ, ਵੱਸਦੀ ਹੈ। **(ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ॥)**

ਹੁਣ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਅਸੀਂ ਜਪਣਾ ਕਿਸ ਨੂੰ ਹੈ।

“ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ॥”

“ਹਰਿ ਹਰਿ ਕਥਾ” ਤਾਂ ਗੁਰਬਾਣੀ ਹੀ ਹੈ ਜੋ ਕਿ ਹਰ ਕੋਈ ਸਮਝਦਾ ਹੈ। ਫਿਰ ਜਪਣਾ ਅਸੀਂ ਕਿਸਨੂੰ ਹੈ। ਅਸੀਂ ਗੁਰਬਾਣੀ ਨੂੰ ਹੀ ਜਪਣਾ ਹੈ। ਪੂਰੀ ਗੁਰਬਾਣੀ ਨਾਮ ਹੈ, ਬ੍ਰਹਮ ਗਿਆਨ ਹੈ, ਗੁਰਮਤਿ ਹੈ। ਅਸੀਂ ਆਪਣੇ ਅੰਦਰ ਗੁਰੂ ਦੀ ਮਤਿ ਨੂੰ ਹੀ ਜਪਣਾ ਹੈ ਕਿਉਂਕਿ ਗੁਰੂ ਦੀ ਮਤਿ ਹੀ, ਗੁਰੂ ਦੀ ਸਿੱਖਿਆ ਹੀ, ਸਾਡਾ ਗੁਰੂ ਹੈ, ਗੁਰੂ ਦੇ ਬਚਨ ਹੀ ਸਾਡਾ ਗੁਰੂ ਹਨ ਜਿਵੇਂ ਕਿ ਪਿੱਛੇ ਵੀ ਅਸੀਂ ਇਸ ਗੱਲ ਨੂੰ ਸਮਝਿਆ ਹੈ। ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਧਾਰਣ ਕਰਨਾ, ਆਪਣੇ ਅੰਦਰ ਵਸਾਉਣਾ ਭਾਵ ਗੁਰੂ ਦੀ ਗੱਲ ਨੂੰ ਮੰਨ ਲੈਣਾ, ਉਸਨੂੰ ਆਪਣੇ ਜੀਵਨ ਦਾ ਮਾਰਗ ਬਣਾ ਕੇ ਉਸ ਅਨੁਸਾਰ ਵਿਚਰਨਾ ਉਸਨੂੰ “ਜਪਣਾ” ਹੈ। ਜੇਕਰ ਅਸੀਂ ਗੁਰੂ ਦੀ ਸਿੱਖਿਆ ਤੇ ਅਮਲ ਨਹੀਂ ਕੀਤਾ ਫਿਰ ਅਸੀਂ ਸਿੱਖਿਆ ਨੂੰ ਨਹੀਂ ਜਪਿਆ। ਜੇਕਰ ਗੁਰੂ ਸਾਨੂੰ ਕਹਿੰਦਾ ਹੈ ਕਿ ਝੂਠ ਬੋਲਣਾ ਛੱਡੋ, ਜੋ ਕਿ ਉਹ ਵਾਰ-ਵਾਰ ਕਹਿ ਹੀ ਰਿਹਾ ਹੈ ਤੇ ਜੇਕਰ ਅਸੀਂ ਝੂਠ ਬੋਲਣਾ ਛੱਡ ਦਿੱਤਾ ਫਿਰ ਅਸੀਂ ਗੁਰੂ ਦੀ ਸਿੱਖਿਆ ਨੂੰ ਜਪਿਆ ਹੈ, ਅਸੀਂ ਨਾਮ ਜਪਿਆ ਹੈ ਤੇ ਜੇਕਰ ਅਸੀਂ ਝੂਠ ਬੋਲਣਾ ਨਹੀਂ ਛੱਡਿਆ ਫਿਰ ਅਸੀਂ ਨਾਮ ਨਹੀਂ ਜਪਿਆ। ਸਾਰਾ ਭੇਦ ਸਾਡੀ ਕਥਨੀ ਤੇ ਕਰਨੀ ਦਾ ਹੈ। ਜਦ ਤੱਕ ਸਾਡੀ ਕਥਨੀ, ਕਰਨੀ ਵਿੱਚ ਨਹੀਂ ਬਦਲਦੀ ਤਦ ਤੱਕ ਉਹ ਕਿਸੇ ਲੇਖੇ ਨਹੀਂ ਹੈ।

ਪੂਰੀ ਗੁਰਬਾਣੀ ਉੱਤਮ ਪਦ ਵਿੱਚ ਹੈ ਭਾਵ ਚੋਥੇ ਪਦ ਵਿੱਚ ਹੈ ਤੇ ਅਸੀਂ ਪ੍ਰਾਪਤੀ ਵੀ ਇਸੇ ਪਦ ਦੀ ਕਰਨੀ ਹੈ ਜਿਸ ਦੁਆਰਾ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਕੇ ਗੁਰਬਾਣੀ ਦੇ ਪਦ ਵਿੱਚ ਰਲ ਸਕਦੇ ਹਾਂ।

ਇਹ ਉੱਤਮ ਪਦ, ਚੌਥਾ ਪਦ ਹੀ ਪ੍ਰਮਾਤਮਾ ਦਾ ਆਪਣਾ ਪਦ ਹੈ ਜਿਸ ਦੁਆਰਾ ਉਹ ਗੁਰਬਾਣੀ ਰਾਹੀਂ ਆਪ ਹੀ ਗੁਰੂ ਹੈ, ਬ੍ਰਹਮ ਗਿਆਨ ਰਾਹੀਂ ਗੁਰੂ ਹੈ। ਇਹ ਪਦ ਹੀ ਨਿਰਬਾਣ ਪਦ ਹੈ ਜਿਸਦੀ ਪ੍ਰਾਪਤੀ ਨਿਰਗੁਣ ਰੂਪ ਵਿੱਚ ਹੁੰਦੀ ਹੈ। ਇਸ ਪਦ ਦੀ ਪ੍ਰਾਪਤੀ ਲਈ ਸਾਡੇ ਲਈ ਇੱਕੋ ਇੱਕ ਸਾਧਨ ਇਹੋ ਹੀ ਹੈ ਕਿ ਅਸੀਂ ਗੁਰਬਾਣੀ ਦੀ ਸਿੱਖਿਆ ਨੂੰ ਜਪੀਏ, ਪ੍ਰਮਾਤਮਾ ਦੀ ਹਰਿ ਹਰਿ ਕਥਾ ਨੂੰ ਜਪੀਏ। ਹਰਿ ਹਰਿ ਕਥਾ ਨੂੰ ਜਪਣਾ ਹੀ ਹਰਿ ਹਰਿ ਜਪਣਾ ਹੈ। **(ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ॥)**

ਆਓ ਹੁਣ ਅਗਲੇ ਸ਼ਬਦ ਰਾਹੀਂ ਸਮਝੀਏ ਕਿ ਹਰਿ ਹਰਿ ਜਪਣਾ ਕੀ ਹੈ।

“ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ॥
ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ॥੧॥
ਭਾਈ ਰੇ ਹਰਿ ਹੀਰਾ ਗੁਰ ਮਾਹਿ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ॥੧॥ਰਹਾਉ॥”

(ਅੰਗ ੨੨)

ਇਸ ਸ਼ਬਦ ਰਾਹੀਂ ਵੀ ਇਹ ਸਮਝਾਇਆ ਗਿਆ ਹੈ ਕਿ ਹਰਿ ਹਰਿ ਜਪਣਾ ਕੀ ਹੈ। ਹਰਿ ਹਰਿ ਜਪਣ ਤੋਂ ਭਾਵ ਗੁਰੂ ਦੀ ਮਤਿ ਨੂੰ ਜਪਣਾ ਹੈ। **"ਗੁਰਮਤਿ ਲੇ ਹਰਿ ਬੋਲ॥"** ਤੋਂ ਭਾਵ ਹੈ “ਗੁਰਮਤਿ” ਭਾਵ “ਗੁਰਬਾਣੀ” ਹਰਿ ਦੇ ਬੋਲ ਹਨ, ਹਰਿ ਦਾ, ਪ੍ਰਮਾਤਮਾ ਦਾ ਦਿੱਤਾ ਹੋਇਆ ਗਿਆਨ ਹੈ ਜੋ ਗੁਰਮਤਿ ਦੇ ਰੂਪ ਵਿੱਚ ਹੈ ਤੇ ਗੁਰੂ ਦੀ ਦਿੱਤੀ ਹੋਈ ਮਤਿ ਨੂੰ ਲੈ ਕੇ ਜਪਣਾ ਹਰਿ ਨੂੰ ਜਪਣਾ ਹੈ ਭਾਵ ਗੁਰਮਤਿ ਨੂੰ ਜਪਣਾ ਹੀ ਹਰਿ ਹਰਿ ਜਪਣਾ ਹੈ ਭਾਵ ਗੁਰਮਤਿ ਅਨੁਸਾਰ ਚੱਲਣਾ ਹਰਿ ਹਰਿ ਕਰਨਾ ਹੈ। “ਸੱਚ ਕਸਵੱਟੀ” ਤੋਂ ਭਾਵ ਹੈ ਗੁਰਬਾਣੀ। ਪੂਰੀ ਗੁਰਬਾਣੀ ਵਿੱਚ ਸੱਚ ਹੈ, ਨਾਮ ਹੈ ਜੋ ਸੱਚੁ ਦੀ ਕਸਵੱਟੀ ਤੇ ਪੂਰੀ ਹੈ ਕਿਉਂਕਿ ਇਹ ਸੱਚੁ ਰੂਪ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਬਾਣੀ ਹੈ। ਸਚ ਉਹ ਹੈ ਜਿਸ ਵਿਚ ਰੱਤੀ ਭਰ ਵੀ ਭਰਮ ਨਹੀਂ ਹੈ। ਮਨ ਨੂੰ ਗੁਰਬਾਣੀ ਦੇ ਨਾਲ ਲਾ ਕੇ ਉਸਦੇ ਪੂਰੇ ਤੋਲ ਤੁਲਣ ਦਾ ਹੁਕਮ ਹੈ, ਉਸ ਤੇ ਪੂਰੀ ਤਰ੍ਹਾਂ ਚੱਲੀਏ ਭਾਵ ਪੂਰੇ ਤੋਲ ਤੁਲੀਏ ਤੇ ਇਸ ਤਰ੍ਹਾਂ ਅਸੀਂ ਹਰਿ ਹਰਿ ਜਪ ਸਕਦੇ ਹਾਂ ਭਾਵ ਬਾਣੀ ਦੀ ਕਸਵੱਟੀ ਉੱਤੇ ਖਰੇ ਉਤਰ ਕੇ ਹੀ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ। ਗੁਰਬਾਣੀ ਦੀ ਕਸਵੱਟੀ ਤੇ, ਸੱਚ ਦੀ ਕਸਵੱਟੀ ਤੇ ਪੂਰਾ ਉੱਤਰਨਾ ਹੀ ਉਸਦੀ ਕੀਮਤ ਦੇਣਾ ਹੈ, ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਚੁਕਾਉਣਾ ਹੈ ਭਾਵ ਉਸਨੂੰ ਪਾਉਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਲੇਕਿਨ ਇਸ ਦੀ ਕੀਮਤ ਬਹੁਤ ਉੱਚੀ ਹੈ ਜੋ ਕੋਈ ਨਹੀਂ ਚੁਕਾ ਸਕਦਾ ਕਿਉਂਕਿ ਗੁਰਬਾਣੀ ਦੀ ਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਭਾਵ ਗੁਰੂ ਦੀ ਹਰ ਗੱਲ ਨੂੰ ਮੰਨਣਾ ਬਹੁਤ ਔਖਾ ਹੈ ਭਾਵ ਬਾਣੀ ਦੀ ਕਸਵੱਟੀ ਤੇ ਖਰਾ ਉਤਰਨਾ ਬਹੁਤ ਬਹੁਤ ਔਖਾ ਹੈ। ਪੂਰਾ ਤੋਲ ਤਾਂ ਹੀ ਤੁਲਿਆ ਜਾ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਹਰ ਬੋਲ ਤੇ ਭਾਵ ਸਾਰੇ ਬੋਲਾਂ ਤੇ ਪੂਰੇ ਉਤਰੀਏ। ਜੋ ਪ੍ਰਮਾਤਮਾ ਸਾਡੇ ਅੰਦਰ ਹੈ, ਉਹ ਹੀ ਗੁਰੂ ਦੇ ਵਿੱਚ ਭਾਵ ਗੁਰਬਾਣੀ ਵਿੱਚ ਹੈ ਤੇ ਉਸ ਨੂੰ ਗੁਰੂ ਦੀ ਸੰਗਤ ਦੁਆਰਾ ਉਸਦੇ ਉਪਦੇਸ਼ ਤੇ ਚੱਲ ਕੇ ਪਾਇਆ ਜਾ ਸਕਦਾ ਹੈ। ਆਪਣੀ ਕੀਮਤ ਉਹ ਪ੍ਰਮਾਤਮਾ ਆਪ ਹੀ ਪੁਆਉਂਦਾ ਹੈ ਭਾਵ ਆਪਣੀ ਕਿਰਪਾ ਦੁਆਰਾ ਆਪਣੀ ਸੱਚੀ ਮਤਿ ਬਖਸ਼ ਕੇ ਆਪ ਹੀ ਉਸ ਤੇ ਚਲਾਉਂਦਾ ਹੈ। ਆਪਣਾ ਨਾਮ ਬਖਸ਼ ਕੇ ਆਪ ਹੀ ਉਸ ਤੇ ਦ੍ਰਿੜ ਕਰਕੇ ਚਲਵਾਉਂਦਾ ਹੈ। ਸਤਸੰਗਤਿ ਕੀ ਹੈ, ਸਾਧਸੰਗਤਿ ਕੀ ਹੈ, ਇਨ੍ਹਾਂ ਗੱਲਾਂ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਵਿਸਥਾਰ ਨਾਲ ਸਮਝਾਂਗੇ।

“ਗੁਰਮੁਖਿ ਹਰਿ ਹਰਿ ਨਾਮੁ ਜਪੰਨਿ॥
ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ॥੧॥ਰਹਾਉ॥
ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ॥੨॥
ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ॥
ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ॥੩॥”

(ਅੰਗ 756-757)

ਇਸ ਸ਼ਬਦ ਰਾਹੀਂ ਵੀ ਇਹ ਸਮਝਾਇਆ ਹੋਇਆ ਹੈ ਕਿ ਹਰਿ ਹਰਿ ਨਾਮ ਜਪਣਾ ਕੀ ਹੈ। ਜੋ ਹਮੇਸ਼ਾਂ ਭਾਵ ਅੱਠੇ ਪਹਿਰ ਪ੍ਰਮਾਤਮਾ ਦੇ ਗੁਣਾਂ ਵਿੱਚ ਰਹਿੰਦੇ ਹਨ ਭਾਵ ਉਸਦੇ ਉਪਦੇਸ਼ ਅਨੁਸਾਰ ਵਿਚਰਦੇ ਹਨ ਉਹ ਉਸਦਾ ਨਾਮ ਜਪਦੇ ਹਨ। ਗੁਰੂ ਦੀ ਕਿਰਪਾ ਦੁਆਰਾ ਜੋ ਬਾਣੀ ਨਾਲ ਜੁੜ ਜਾਂਦੇ ਹਨ ਤੇ ਜਿਨ੍ਹਾਂ ਨੂੰ ਬਾਣੀ ਦਾ ਰੰਗ ਲੱਗ ਜਾਂਦਾ ਹੈ ਭਾਵ ਜੋ ਗੁਰੂ ਦਾ ਭਾਣਾ ਮੰਨ

ਲੈਂਦੇ ਹਨ ਉਹ ਨਾਮ ਧਿਆਉਂਦੇ ਹਨ। ਗੁਰੂ ਦਾ ਭਾਣਾ ਮੰਨਣਾ ਹੀ ਸਭ ਕੁਛ ਹੈ ਤੇ ਇਸ ਦੇ ਲਈ ਮਨ ਨੂੰ ਮਾਰਨਾ ਹੀ ਪੈਣਾ ਹੈ, ਗੁਰੂ ਦੇ ਗੁਣਾਂ ਵਾਲਾ ਬਣਨਾ ਹੀ ਪੈਣਾ ਹੈ। ਸਭ ਤੋਂ ਔਖਾ ਭਾਣਾ ਮੰਨਣਾ ਹੀ ਹੈ ਜਿਸਨੂੰ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ। ਭਾਣਾ ਮੰਨਣਾ ਜਾਂ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਉਤਰਨਾ ਇੱਕੋ ਹੀ ਗੱਲ ਹੈ। ਸਰੋਵਰ ਕੀ ਹੈ, ਹੰਸ ਕੌਣ ਹਨ ਇਹ ਅੱਗੇ ਚੱਲਕੇ ਸ਼ਬਦਾਂ ਰਾਹੀਂ ਸਮਝਾਂਗੇ। ਸਾਡਾ "ਪੂਰਬਿ" ਕੀ ਹੈ, ਇਸ ਗੱਲ ਨੂੰ ਕਾਫੀ ਅੱਗੇ ਚੱਲਕੇ ਸਮਝਾਂਗੇ।

"ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ॥
ਕਹੁ ਨਾਨਕ ਜਪਿ ਜੀਵੇ ਗਿਆਨੀ॥੨॥"

(ਅੰਗ ੮੦੬)

ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਅਸੀਂ ਜਪਣਾ ਕਿਸਨੂੰ ਹੈ। ਕੇਵਲ ਬਾਣੀ ਨੂੰ ਜਪਣ ਦੀ ਗੱਲ ਕੀਤੀ ਗਈ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਬਾਣੀ ਹੈ। ਇਹ ਹੀ ਨਾਮ ਜਪਣਾ ਹੈ। ਨਾਮ ਜਪਣਾ ਕੋਈ ਵੱਖਰੀ ਗੱਲ ਨਹੀਂ ਹੈ, ਬਾਣੀ ਨੂੰ ਜਪਣਾ ਹੀ ਨਾਮ ਜਪਣਾ ਹੈ ਕਿਉਂਕਿ ਬਾਣੀ ਹੀ ਨਾਮ ਹੈ ਜਿਵੇਂ ਕਿ ਪਿੱਛੇ ਦਿੱਤੇ ਗਏ ਕਈ ਸ਼ਬਦਾਂ ਦੁਆਰਾ ਸਪੱਸ਼ਟ ਹੋ ਚੁੱਕਾ ਹੈ। ਬਾਣੀ ਨੂੰ ਜਪਣ ਦੁਆਰਾ ਭਾਵ ਬਾਣੀ ਦਾ ਉਪਦੇਸ਼ ਧਾਰਨ ਕਰਨ ਦੁਆਰਾ ਜੋ ਗੁਰੂ ਕੋਲੋਂ ਸੱਚਾ ਗਿਆਨ ਮਿਲਦਾ ਹੈ, ਬਾਣੀ ਨੂੰ ਜਪਣ ਦੁਆਰਾ ਭਾਵ ਮੰਨਣ ਦੁਆਰਾ ਜੋ ਸੱਚਾ ਗਿਆਨ ਮਿਲਦਾ ਹੈ ਗਿਆਨੀ, ਮਨੁੱਖ ਉਸੇ ਗਿਆਨ ਦੁਆਰਾ ਜਿਉਂਦਾ ਹੈ ਭਾਵ ਵਿਚਰਦਾ ਹੈ। ਗੁਰੂ ਦਾ ਸੱਚਾ ਗਿਆਨ ਹੀ ਮਨੁੱਖ ਨੂੰ ਗਿਆਨੀ ਬਨਾਉਂਦਾ ਹੈ। ਗਿਆਨ ਨੂੰ ਜਪਣ ਦੁਆਰਾ ਮਨੁੱਖ ਗਿਆਨੀ ਹੀ ਬਣੇਗਾ। ਬਾਣੀ ਨੂੰ ਜਪਣਾ, ਗਿਆਨ ਨੂੰ ਜਪਣਾ, ਨਾਮ ਨੂੰ ਜਪਣਾ ਇੱਕੋ ਹੀ ਗੱਲ ਹੈ ਭਾਵ ਆਪਣੀ ਸਮਝ ਨੂੰ ਗੁਰੂ ਵਾਲੇ ਸੱਚੇ ਗਿਆਨ ਦੀ ਸਮਝ ਵਾਲਾ ਬਣਾਉਣਾ ਹੈ ਤਾਂ ਜੋ ਉਸ ਸਮਝ ਅਨੁਸਾਰ ਚੱਲ ਸਕੀਏ। ਗੁਰੂ ਦੇ ਉਪਦੇਸ਼ ਵਿੱਚ ਰਹਿ ਕੇ ਜੀਣਾ ਹੀ ਸਾਡਾ ਅਸਲ ਜੀਵਨ ਹੈ। ਗੁਰਬਾਣੀ ਦਾ ਗਿਆਨ ਇਕੱਠਾ ਕਰਨ ਵਾਲੇ ਤਾਂ ਬਹੁਤ ਹਨ ਪਰ ਉਸ ਤੇ ਚੱਲਣ ਵਾਲਾ ਕੋਈ ਵਿਰਲਾ ਹੀ ਹੋ ਸਕਦਾ ਹੈ।

{ਜਗਿ ਗਿਆਨੀ ਵਿਰਲਾ ਆਚਾਰੀ॥}

(ਅੰਗ - 413)

ਗੁਰੂ ਦੀ ਮਤਿ ਨੂੰ, ਉਪਦੇਸ਼ ਨੂੰ ਜਪਣ ਤੋਂ ਭਾਵ ਉਸਦੇ ਉਪਦੇਸ਼ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੈ ਜੋ ਕਿ ਉਸਦਾ ਅਸਲ ਮਕਸਦ ਹੈ। ਕਥਨੀ ਕਰੀ ਜਾਣ ਨਾਲ ਜਾਂ ਗਿਆਨ ਇਕੱਠਾ ਕਰੀ ਜਾਣ ਨਾਲ ਕੀ ਲਾਭ ਮਿਲਣਾ ਹੈ ਸਿਵਾਇ ਦੁਨਿਆਵੀ ਮਾਨ ਦੇ।

"ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ॥
ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥੧॥ਰਹਾਉ॥
ਸਰਨਿ ਸੁਹਾਗਨਿ ਚਰਨ ਸੀਸੁ ਧਰਿ॥ ਲਾਲਨੁ ਮੋਹਿ ਮਿਲਾਵਹੁ॥
ਕਬ ਘਰਿ ਆਵੈ ਰੀ॥੧॥
ਸੁਨਹੁ ਸਹੇਰੀ ਮਿਲਨ ਬਾਤ ਕਹਉ
ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ॥
ਤਬ ਰਸ ਮੰਗਲ ਗੁਨ ਗਾਵਹੁ॥ ਆਨਦ ਰੂਪ ਧਿਆਵਹੁ॥
ਨਾਨਕੁ ਦੁਆਰੈ ਆਇਓ॥ ਤਉ ਮੈ ਲਾਲਨੁ ਪਾਇਓ ਰੀ॥੨॥
ਮੋਹਨ ਰੂਪੁ ਦਿਖਾਵੈ॥ ਅਬ ਮੋਹਿ ਨੀਦ ਸੁਹਾਵੈ॥
ਸਭ ਮੇਰੀ ਤਿਖਾ ਬੁਝਾਨੀ॥ ਅਬ ਮੈ ਸਹਜਿ ਸਮਾਨੀ॥
ਮੀਠੀ ਪਿਰਹਿ ਕਹਾਨੀ॥ਮੋਹਨੁ ਲਾਲਨੁ ਪਾਇਓ ਰੀ॥ਰਹਾਉ ਦੂਜਾ॥"

(ਅੰਗ ੮੩੦)

ਇਸ ਸ਼ਬਦ ਰਾਹੀਂ ਪ੍ਰਮਾਤਮਾ ਨਾਲ ਮੇਲ ਕਿਵੇਂ ਹੋਵੇ ਭਾਵ ਨਾਮ ਦੀ ਪ੍ਰਾਪਤੀ ਕਿਵੇਂ ਹੋਵੇ, ਇਹ ਗੱਲ ਸਮਝਾਈ ਗਈ ਹੈ। ਇੱਥੇ "ਸੁਹਾਗਨਿ" ਤੋਂ ਭਾਵ ਹੈ "ਗੁਰਬਾਣੀ" ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ। ਸੁਹਾਗਣ ਬਣਨਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਗੁਰੂ ਦੇ ਚਰਨਾਂ ਵਿੱਚ ਸੀਸ ਧਰ ਕੇ ਪ੍ਰਮਾਤਮਾ ਦੇ ਨਾਲ ਮੇਲ ਲਈ ਬੇਨਤੀ ਕਰਨੀ ਸਮਝਾਈ ਹੈ। ਇਹ ਬੇਨਤੀ ਕਿਵੇਂ ਕਰਨੀ ਹੈ, ਇਸ ਦਾ ਉੱਤਰ ਗੁਰੂ ਵੱਲੋਂ ਇਸ ਤਰ੍ਹਾਂ ਹੈ ਕਿ ਆਪਣਾ ਆਪ ਮਿਟਾ ਕੇ ਹੀ ਪ੍ਰਮਾਤਮਾ ਦੇ ਨਾਲ ਆਪਣੇ ਮਨ ਦੇ ਅੰਦਰ ਮੇਲ ਹੋ ਸਕਦਾ ਹੈ ਤੇ ਤਾਂ ਹੀ ਸਾਰੀ ਪਿਆਸ ਬੁਝ ਸਕਦੀ ਹੈ ਭਾਵ ਆਪਾ ਆਪ ਮਿਟਾਏ ਬਿਨ੍ਹਾਂ, ਮਨ ਮਾਰੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਨਾਮ ਨਹੀਂ ਜਪਿਆ ਜਾ ਸਕਦਾ। ਆਪਾ ਆਪ ਮਿਟਾਏ ਬਿਨ੍ਹਾਂ ਭਾਵ ਆਪਣੀ ਮਤਿ ਛੱਡੇ ਬਿਨ੍ਹਾਂ, ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਆਪਣੀ ਮਤਿ ਛੱਡ ਕੇ ਗੁਰਮਤਿ ਰਾਹੀਂ ਵਿਚਰਨਾ ਹੀ ਗੁਰੂ ਦੇ ਗੁਣ ਗਾਉਣੇ ਹਨ ਤੇ ਇਸੇ ਲਈ ਸਾਨੂੰ ਗੁਰਮਤਿ ਦੀ ਸੋਝੀ ਪੈਣਾ ਬਹੁਤ ਜਰੂਰੀ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਜਪ ਸਕੀਏ। ਆਪਣੀ ਮਤਿ ਛੱਡੇ ਬਿਨ੍ਹਾਂ, ਹਉਮੈ ਛੱਡੇ ਬਿਨ੍ਹਾਂ, ਮਾਇਆ ਮੋਹ ਛੱਡੇ ਬਿਨ੍ਹਾਂ, ਔਗੁਣ ਛੱਡੇ ਬਿਨ੍ਹਾਂ ਗੁਰੂ ਦੇ, ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ।

"ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥
ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥
ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ॥੧॥"

(ਅੰਗ ੧੦੦)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਅਤੇ ਜਪਣਾ ਕੀ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਉਸਦੇ ਹੁਕਮ ਅਤੇ ਰਜ਼ਾ ਵਿੱਚ ਰਹਿਣਾ ਹੈ।ਜੋ ਉਸਦਾ ਹੁਕਮ ਹੈ ਉਹੀ ਉਸਦੀ ਰਜ਼ਾ ਹੈ। ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੁਕਮ ਰਜ਼ਾ ਹੀ ਹੈ ਭਾਵ ਜੋ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਉਹ ਉਸ ਦੀ ਰਜ਼ਾ ਹੈ ਤੇ ਉਸਦੀ ਰਜ਼ਾ ਸਾਡੇ ਲਈ ਹੁਕਮ ਹੈ। ਜੋ ਪ੍ਰਮਾਤਮਾ ਦੀ ਰਜ਼ਾ ਹੈ, ਜੋ ਉਸਨੂੰ ਚੰਗਾ ਲੱਗਦਾ ਹੈ ਉਹ ਕੁਝ ਉਸਨੇ ਗੁਰਬਾਣੀ ਰਾਹੀਂ ਬਿਆਨ ਕੀਤਾ ਹੋਇਆ ਹੈ ਤੇ ਉਸਦੀ ਰਜ਼ਾ ਨੂੰ ਮੰਨਣਾ ਉਸਦੇ ਹੁਕਮ ਨੂੰ ਮੰਨਣਾ ਹੈ। ਉਸਦੇ ਇਸ ਹੁਕਮ ਵਿੱਚ ਚੱਲ ਕੇ ਹੀ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੋ ਸਕਦੀ ਹੈ। ਉਸਦੇ ਹੁਕਮ ਨੂੰ ਅਸੀਂ ਪੜ੍ਹਨਾ ਹੈ, ਸੁਣਨਾ ਹੈ, ਉਸਨੂੰ ਸਮਝਣਾ ਹੈ ਤੇ ਉਸਨੂੰ ਮੰਨਣਾ ਹੈ ਤੇ ਇਸ ਤਰੀਕੇ ਅਸੀਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਹੈ। ਉਸਦਾ ਹੁਕਮ ਤਾਂ ਹੀ ਮੰਨਿਆ ਜਾ ਸਕਦਾ ਹੈ ਜੇਕਰ ਅਸੀਂ ਉਸ ਅਨੁਸਾਰ ਵਿਚਰੀਏ, ਅਮਲ ਕਰੀਏ। ਉਸਦੇ ਹੁਕਮ ਨੂੰ ਕੇਵਲ ਪੜ੍ਹੀ ਜਾਈਏ, ਸੁਣੀ ਜਾਈਏ, ਸੁਣਾਈ ਜਾਈਏ ਫਿਰ ਉਸ ਹੁਕਮ ਦਾ ਮਨੋਰਥ ਹੀ ਕੀ ਰਹਿ ਗਿਆ, ਉਸਦਾ ਹੁਕਮ ਪ੍ਰਵਾਨ ਕਿਵੇਂ ਹੋਵੇਗਾ। ਸਿਫ਼ਤ ਤਾਂ ਅਸੀਂ ਉਸਦੇ ਹੁਕਮ ਦੀ ਕਰਨੀ ਹੈ ਭਾਵ ਉਸਦੇ ਹੁਕਮ ਨੂੰ ਉੱਚਾ ਕਰਕੇ ਮੰਨਣਾ ਹੈ ਉਸਦਾ ਹੁਕਮ ਹੀ ਸਾਡਾ ਗੁਰੂ ਹੈ, ਉਸਦੇ ਬਚਨ ਹੀ ਅਸਲ ਵਿੱਚ ਸਾਡਾ ਗੁਰੂ ਹਨ। **{ਸਤਿਗੁਰ ਬਚਨ ਬਚਨ ਹੈ ਸਤਿਗੁਰ}** (ਅੰਗ - 1309) ਗੁਰੂ ਨੂੰ ਆਪਣੇ ਬਚਨਾਂ ਰਾਹੀਂ ਸਾਨੂੰ ਆਪਣਾ ਹੁਕਮ ਹੀ ਸੁਣਾਇਆ ਹੋਇਆ ਹੈ। ਭੇਦ ਇਸੇ ਗੱਲ ਨੂੰ ਸਮਝਣ ਵਿੱਚ ਹੀ ਹੈ ਕਿ ਅਸਲ ਵਿੱਚ ਗੁਰੂ ਨੂੰ ਅਸੀਂ ਕਿਸ ਰੂਪ ਵਿੱਚ ਪੂਜਣਾ ਹੈ, ਜਪਣਾ ਹੈ। **(ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥)** ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥"

"ਗਿਆਨੁ ਧਿਆਨੁ" ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ, ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। **"ਗਿਆਨੁ ਧਿਆਨੁ"** ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਸ ਵਿੱਚ ਗੁਰੂ ਪ੍ਰਮਾਤਮਾ ਆਪ ਵਿਚਰਦਾ ਹੈ। ਸਾਰੀ ਗੁਰਬਾਣੀ ਵਿੱਚ "ਗਿਆਨੁ ਧਿਆਨੁ" ਹੀ ਹੈ ਭਾਵ ਚੌਥੇ ਪਦ ਦਾ ਗਿਆਨ ਹੈ, ਬ੍ਰਹਮਗਿਆਨ ਹੈ। ਗੁਰੂ ਦਾ ਧਿਆਨ ਭਾਵ ਗੁਰੂ ਦੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਹੈ। ਇਹ ਚੌਥੇ ਪਦ ਦਾ ਗਿਆਨ ਪਹਿਲਾਂ ਸਾਡੇ ਮਨ ਦੇ ਵਿੱਚ, ਧਿਆਨ ਦੇ ਵਿੱਚ, ਸਾਡੀ ਸਮਝ ਦੇ ਵਿੱਚ ਉਪਜਦਾ ਹੈ ਜੋ ਕਿ ਬ੍ਰਹਮਗਿਆਨ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਉਪਜਾਉਂਦਾ ਹੈ,

ਆਪ ਹੀ ਮਨ ਦੇ ਵਿੱਚ, ਸਾਡੇ ਧਿਆਨ ਦੇ ਵਿੱਚ ਪਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

"ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥"

(ਅੰਗ - 1243)

ਪੂਰੀ ਬਾਣੀ ਪ੍ਰਮਾਤਮਾ ਦਾ ਤੱਤ, ਸਾਰ ਬਿਆਨ ਕਰ ਰਹੀ ਹੈ, ਪ੍ਰਮਾਤਮਾ ਦਾ ਸੱਚ ਬਿਆਨ ਕਰ ਰਹੀ ਹੈ ਕਿ ਪ੍ਰਮਾਤਮਾ ਕੀ ਹੈ। ਜਿਨ੍ਹਾਂ ਸਰੀਰਾਂ ਰਾਹੀਂ ਬਾਣੀ ਦੀ ਰਚਨਾ ਹੋਈ ਹੈ ਉਥੇ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਉਨ੍ਹਾਂ ਅੰਦਰ ਆਪਣਾ ਬ੍ਰਹਮਗਿਆਨ ਦਿੱਤਾ ਹੈ ਭਾਵ ਉਨ੍ਹਾਂ ਦੇ ਧਿਆਨ ਵਿੱਚ ਆਪਣਾ ਸੱਚਾ ਗਿਆਨ, ਬ੍ਰਹਮਗਿਆਨ ਪਾਇਆ ਹੈ ਭਾਵ ਉਨ੍ਹਾਂ ਦੇ ਅੰਦਰ **"ਗਿਆਨੁ ਧਿਆਨੁ"** ਦੀ ਅਵੱਸਥਾ ਬਣਾਈ ਹੈ। ਇਹ ਉਸਦੇ ਭਗਤਾਂ ਦੀ, ਗੁਰੂ ਸਾਹਿਬਾਨ ਦੀ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮਨ ਦੀ ਅਵੱਸਥਾ ਹੈ, ਮਨ ਦੀ ਸਮਝ ਹੈ ਜਿਸ ਦੁਆਰਾ ਗੁਰਬਾਣੀ ਰਚੀ ਗਈ ਹੈ। ਇਸੇ ਲਈ ਗੁਰਬਾਣੀ ਦੀ ਅਵੱਸਥਾ "ਗਿਆਨੁ ਧਿਆਨੁ" ਵਾਲੀ ਅਵੱਸਥਾ ਹੈ ਭਾਵ ਗੁਰਬਾਣੀ ਦਾ ਧਿਆਨ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜਿਆ ਹੋਇਆ ਹੈ। ਗੁਰਬਾਣੀ ਦੇ ਧਿਆਨ ਵਿੱਚ, ਗੁਰਬਾਣੀ ਦੀ ਸੋਝੀ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ ਹੈ। ਜਦੋਂ ਕਿਸੇ ਦਾ ਇਹੋ ਜਿਹਾ **"ਗਿਆਨੁ ਧਿਆਨੁ"** ਹੋ ਜਾਵੇ, ਮਨੁੱਖ ਦੀ ਇਹੋ ਜਿਹੀ ਅਵੱਸਥਾ ਬਣ ਜਾਵੇ ਤਾਂ ਫਿਰ ਇਹ ਅਵੱਸਥਾ ਪ੍ਰਮਾਤਮਾ ਨੂੰ ਭਾਉਂਦੀ ਹੈ। **(ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥)** ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਪ੍ਰਮਾਤਮਾ ਦੀ ਸੱਚੀ ਸਿਫ਼ਤ ਸਾਲਾਹ ਹੋ ਸਕਦੀ ਹੈ ਜੋ ਕਿ ਉਸਦੇ ਨਾਲ ਮੇਲ ਤੋਂ ਬਾਅਦ ਹੀ ਹੁੰਦੀ ਹੈ। ਉਸਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਉਸਦੀ ਇਸ ਅਵੱਸਥਾ ਦੁਆਰਾ ਹੀ ਸਿਫ਼ਤ ਸਾਲਾਹ ਕੀਤੀ ਹੈ, ਆਪਣੇ ਜੀਵਨ ਵਿੱਚ ਉਹ ਪੂਰਨ ਸੱਚ ਦੁਆਰਾ ਵਿਚਰੇ ਹਨ, ਸੱਚੀ ਸੁੱਚੀ ਕਿਰਤ ਦੁਆਰਾ ਵਿਚਰੇ ਹਨ। ਜਿਹੋ ਜਿਹਾ ਸੱਚ ਤੇ ਚੱਲਣਾ ਉਨ੍ਹਾਂ ਨੇ ਦੁਨੀਆਂ ਨੂੰ ਸਮਝਾਇਆ ਹੈ, ਆਪ ਉਸ ਤੇ ਚੱਲ ਕੇ ਵੀ ਦਿਖਾਇਆ ਹੈ ਭਾਵ ਜਿਹੋ ਜਿਹਾ ਨਾਮ ਉਨ੍ਹਾਂ ਨੇ ਜਪਣਾ ਸਿਖਾਇਆ ਹੈ ਪਹਿਲਾਂ ਆਪ ਜਪ ਕੇ ਵੀ ਦਿਖਾਇਆ ਹੈ। ਸੱਚ ਦੁਆਰਾ ਵਿਚਰਨਾ ਹੀ ਮਨੁੱਖ ਦਾ ਜਪ ਹੈ। ਉਨ੍ਹਾਂ ਨੇ ਸਾਨੂੰ ਪ੍ਰਮਾਤਮਾ ਦੇ ਭਾਣੇ ਵਿੱਚ ਰਹਿਣਾ ਸਿਖਾਇਆ ਹੈ ਤੇ ਆਪ ਭਾਣਾ ਮੰਨ ਕੇ ਵੀ ਦਿਖਾਇਆ ਹੈ। ਪ੍ਰਮਾਤਮਾ ਦੇ ਇਹੋ ਜਿਹੇ ਭਾਣੇ ਵਿੱਚ ਅਸੀਂ ਤਾਂ ਹੀ ਰਹਿ ਸਕਦੇ ਹਾਂ ਜਦੋਂ ਸਾਡੀ ਅਵੱਸਥਾ **"ਗਿਆਨੁ ਧਿਆਨੁ"** ਵਾਲੀ ਬਣ ਜਾਵੇ ਭਾਵ ਜਦੋਂ ਪੂਰਨ ਗਿਆਨ ਦੀ ਪ੍ਰਾਪਤੀ ਹੋ ਜਾਵੇ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ॥੧॥)**

ਜੇਕਰ ਅਸੀਂ ਉਸ "ਪੂਰਨ ਗਿਆਨ" ਦੀ ਅਵਸਥਾ ਪ੍ਰਾਪਤ ਕਰਨਾ ਚਾਹੁੰਦੇ ਹਾਂ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਜੋ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਤੇ ਫਿਰ ਉਸ ਅਵੱਸਥਾ ਤੱਕ ਪਹੁੰਚਣ ਦਾ ਮਾਰਗ ਗੁਰਬਾਣੀ ਦੇ ਕੋਲ ਹੈ ਜਿਸ ਦੀ ਅਵਸਥਾ "ਪੂਰਨ ਗਿਆਨ" ਵਾਲੀ ਹੈ। ਜੋ ਮਾਰਗ ਸਾਨੂੰ ਗੁਰਬਾਣੀ ਸਮਝਾ ਰਹੀ ਹੈ, ਉਸ ਮਾਰਗ ਤੇ ਚੱਲ ਕੇ ਹੀ, ਉਸਦੇ ਭਾਣੇ ਵਿੱਚ ਚੱਲ ਕੇ ਹੀ ਅਸੀਂ ਉਸ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ, ਜੋ ਪੂਰਨ ਗਿਆਨ ਦਾ ਮਾਲਕ ਹੈ। ਜਿਉ-ਂ ਜਿਉਂ ਸਾਡੇ ਅੰਦਰ ਗੁਰਬਾਣੀ ਦਾ ਗਿਆਨ ਵੱਸਦਾ ਜਾਵੇਗਾ ਭਾਵ ਉਸਦੀ ਮਤਿ ਵੱਸਦੀ ਜਾਵੇਗੀ, ਉਸਦਾ ਨਾਮ ਵੱਸਦਾ ਜਾਵੇਗਾ ਅਸੀਂ ਪ੍ਰਮਾਤਮਾ ਦੇ ਨੇੜੇ ਹੁੰਦੇ ਜਾਵਾਂਗੇ। ਜਿਤਨਾ ਅਸੀਂ ਆਪਣੀ ਮਤਿ ਤੋਂ ਦੂਰ ਹੋਵਾਂਗੇ ਉਤਨਾ ਹੀ ਅਸੀਂ ਗੁਰੂ ਦੀ ਮਤਿ ਦੇ ਨੇੜੇ ਲੱਗਾਗੇ। ਗੁਰੂ ਦੀ ਮਤਿ ਕੇਵਲ ਗੁਰੂ ਕੋਲੋਂ ਹੀ ਜਾਨਣੀ ਚਾਹੀਦੀ ਹੈ। ਇਧਰੋਂ-ਉਧਰੋਂ ਸੁਣ ਕੇ ਜੋ ਅਸੀਂ ਗੁਰੂ ਦੀ ਮਤਿ ਲੈਂਦੇ ਹਾਂ, ਉਹ ਜਰੂਰੀ ਨਹੀਂ ਕਿ ਠੀਕ ਹੋਵੇ। ਜਦ ਤੱਕ ਕਿਸੇ ਦੀ ਦੱਸੀ ਹੋਈ ਗੱਲ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਾ ਉਤਰੇ ਸਾਨੂੰ ਉਹ ਗੱਲ ਕਦੇ ਵੀ ਨਹੀਂ ਮੰਨਣੀ ਚਾਹੀਦੀ। ਗੁਰਬਾਣੀ ਸਭ ਦੇ ਲਈ ਬਣੀ ਹੈ ਤੇ ਇਸ ਕਰਕੇ ਸਭ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪ ਗੁਰਬਾਣੀ ਨੂੰ ਪੜ੍ਹਨ ਦਾ ਉੱਦਮ ਕਰਨ ਤੇ ਗੁਰੂ ਦੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਗੁਰੂ ਕੋਲੋਂ ਸਮਝਣ ਦੀ ਬਜਾਇ ਅਸੀਂ ਇੱਧਰੋਂ ਉਧਰੋਂ ਸੁਣੀਆਂ ਗੱਲਾਂ ਤੇ ਜ਼ਿਆਦਾ ਭਰੋਸਾ ਕਰਦੇ ਹਾਂ ਜੋ ਕਿ ਸਾਡੀ ਸਭ ਦੀ ਉਲਝਣ ਦਾ ਕਾਰਨ ਹੈ, ਨਾਮ ਦੀ ਸੋਝੀ ਨਾ ਪੈਣ ਦਾ ਵੱਡਾ ਕਾਰਨ ਹੈ। ਅਸੀਂ ਕਿਸੇ ਦੀਆਂ ਗੱਲਾਂ ਵਿੱਚ ਕਿਸ ਲਈ ਆਉਂਦੇ ਹਾਂ, ਇਸ ਗੱਲ ਨੂੰ ਅੱਗੇ ਚੱਲ ਕੇ ਵਿਸਥਾਰ ਵਿੱਚ ਸਮਝਾਂਗੇ।

ਜੇਕਰ ਅਸੀਂ ਹਕੀਕਤ ਵਿੱਚ ਉਸ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤੇ ਫਿਰ ਸਾਡੇ ਕੋਲ ਇੱਕੋ ਇੱਕ ਤਰੀਕਾ, ਗੁਰੂ ਤੇ, ਗੁਰਬਾਣੀ ਤੇ ਵਿਸ਼ਵਾਸ ਰੱਖਣ ਦਾ ਹੈ ਤੇ ਉਸਦੀ ਸਮਝਾਈ ਹੋਈ ਗੁਰਮਤਿ ਅਨੁਸਾਰ ਵਿਚਰਨ ਦਾ ਹੈ। ਆਓ ਵੱਧ ਤੋਂ ਵੱਧ ਗੁਰਮਤਿ ਅਨੁਸਾਰ ਗੁਣੀ ਬਣ ਕੇ ਵਿਚਰਨ ਦਾ ਉੱਦਮ ਕਰੀਏ, ਨਾਮ ਜਪਣ ਦਾ ਉੱਦਮ ਕਰੀਏ ਭਾਵ ਮਾੜੇ ਕਰਮ ਛੱਡੀਏ

ਤੇ ਚੰਗੇ ਕਰਮ ਕਰੀਏ ਜਿਨ੍ਹਾਂ ਨੇ ਸਾਨੂੰ ਗੁਰੂ ਪ੍ਰਮਾਤਮਾ ਦੇ ਨੇੜੇ ਲਾਉਣਾ ਹੈ। ਪ੍ਰਮਾਤਮਾ ਦੇ ਨਾਲ ਸਾਡੀ ਦੂਰੀ ਜਾਂ ਨੇੜਤਾ ਸਾਡੇ ਕਰਮਾਂ ਦੁਆਰਾ ਹੀ ਹੁੰਦੀ ਹੈ। ਮਾੜੇ ਕਰਮ ਸਾਨੂੰ ਪ੍ਰਮਾਤਮਾ ਤੋਂ ਦੂਰ ਕਰਦੇ ਹਨ ਤੇ ਚੰਗੇ ਕਰਮ ਸਾਨੂੰ ਪ੍ਰਮਾਤਮਾ ਦੇ ਨੇੜੇ ਲਿਆਉਂਦੇ ਹਨ। (**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**) ਅਸੀਂ ਕੇਵਲ ਚੰਗੇ ਇਨਸਾਨ ਬਣ ਕੇ ਹੀ ਭਾਵ ਔਗੁਣ ਛੱਡ ਕੇ ਹੀ ਪ੍ਰਮਾਤਮਾ ਨੂੰ ਚੰਗੇ ਲੱਗ ਸਕਦੇ ਹਾਂ। ਮਾੜੇ ਕਰਮ ਕਰਨ ਵਾਲਾ ਮਨੁੱਖ ਪ੍ਰਮਾਤਮਾ ਨੂੰ ਕਦੇ ਵੀ ਚੰਗਾ ਨਹੀਂ ਲੱਗ ਸਕਦਾ ਭਾਵੇਂ ਉਹ ਜਿਤਨਾ ਮਰਜ਼ੀ ਭਗਤੀ ਦਾ ਦਿਖਾਵਾ ਕਰੀ ਜਾਵੇ। ਹਰਿ ਹਰਿ ਕਰਨਾ ਸਾਡੀ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ।

{ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥
ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥
ਨਾਵਹੁ ਭੂਲੇ ਥਾਉ ਨ ਕੋਈ ॥3॥}

(ਅੰਗ 831)

ਉੱਪਰ ਵਾਲੀਆਂ ਪੰਗਤੀਆਂ ਨੂੰ ਹਮੇਸ਼ਾ ਮਨ ਵਿੱਚ ਵੱਸਾ ਕੇ ਰਖੋ ਭਾਵ ਯਾਦ ਰੱਖੋ ਕਿ ਨਾਮ ਤੋਂ ਭੁੱਲਿਆ ਹੋਇਆ ਕੌਣ ਹੈ, ਮਨਮੁੱਖ ਕੌਣ ਹੈ। ਸਾਡੇ ਅੰਦਰ ਗਿਆਨ ਧਿਆਨ ਦੀ ਅਵੱਸਥਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛਲੇ ਸ਼ਬਦ ਦੁਆਰਾ ਸਮਝਿਆ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦੇ ਵੱਸਣ ਦੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦਾ ਮਾਰਗ , ਨਾਮ ਜਪਣ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਇਸ ਮਾਰਗ ਦੀ ਸਮਝ ਕੇਵਲ ਉਸ ਨੂੰ ਹੀ ਪੈ ਸਕਦੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਗਿਆਨ ਰੂਪ ਨੂੰ ਜਾਣ ਲੈਂਦਾ ਹੈ। "ਗਿਆਨੁ ਰੂਪ" ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਗਿਆਨ ਹੀ ਮਿਲਦਾ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਜੋ ਵੀ ਸਾਡੇ ਅੰਦਰ ਗਿਆਨ ਉਪਜਦਾ ਹੈ, ਸਮਝ ਉਪਜਦੀ ਹੈ, ਵਿਚਾਰ ਉਪਜਦੇ ਹਨ ਉਹ ਸਾਡੇ ਨਹੀਂ ਹਨ ਭਾਵ ਉਹਨਾਂ ਨੂੰ ਸਾਡੇ ਅੰਦਰ ਉਪਜਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ ਤਦ ਤੱਕ ਅਸੀਂ ਕਦੇ ਇਸ ਗੱਲ ਨੂੰ ਨਹੀਂ ਸਮਝ ਸਕਦੇ, ਵਿਸ਼ਵਾਸ ਕਰ ਸਕਦੇ ਕਿ ਇਹ ਵਿਚਾਰ ਸਾਡੇ ਅੰਦਰ ਕਿੱਥੋਂ ਆਉਂਦੇ ਹਨ ਤੇ ਕਿਵੇਂ ਆਉਂਦੇ ਹਨ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ, ਮਾਇਆ ਮੋਹ ਵਾਲੀ ਅਵੱਸਥਾ ਵਿੱਚ, ਹਉਮੈ ਵਾਲੀ ਅਵੱਸਥਾ ਵਿੱਚ ਜੋ ਵਿਚਾਰ ਉਪਜਦੇ ਹਨ ਉਹ ਸਾਡੇ ਨਹੀਂ ਹਨ, ਪ੍ਰਮਾਤਮਾ ਆਪ ਹੀ ਉਹਨਾਂ ਵਿਚਾਰਾਂ ਨੂੰ ਸਾਡੇ ਅੰਦਰ ਪਾਉਂਦਾ ਹੈ ਪਰ ਇਹ ਗੱਲ ਤੇ ਵਿਸ਼ਵਾਸ ਮਨੁੱਖ ਨੂੰ ਤਾਂ ਹੀ ਆਉਂਦਾ ਜਦੋਂ ਪ੍ਰਮਾਤਮਾ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ "ਗਿਆਨੁ ਰੂਪ", ਨਿਰੰਕਾਰ ਰੂਪ ਦਿਖਾ ਦਿੰਦਾ ਹੈ। ਬਾਣੀ ਵਿੱਚ ਵਾਰ-ਵਾਰ ਲਿਖਿਆ ਹੋਇਆ ਹੈ ਕਿ ਸਾਡੇ ਅੰਦਰ ਭਰਮ ਪਾਉਣ ਵਾਲਾ, ਹਉਮੈ ਪਾਉਣ ਵਾਲਾ, ਮਾਇਆ ਮੋਹ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਸਭ ਕੁੱਝ ਉਹ ਆਪ ਹੀ ਹੈ ਪਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤੇ ਅਸੀਂ ਫਿਰ ਵੀ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ, ਆਪਣਾ ਮਨ ਸਮਝਦੇ ਹਾਂ, ਮਨੁੱਖੀ ਹੋਂਦ ਨੂੰ ਆਪਣੀ ਹੋਂਦ ਸਮਝਦੇ ਹਾਂ। ਸਾਡੇ ਅੰਦਰ ਵਿਸ਼ਵਾਸ ਨਾ ਆਉਣਾ ਹੀ ਸਾਡੇ ਅੰਦਰ ਦਾ ਪੜਦਾ ਹੈ ਜੋ ਪੜਦਾ ਪ੍ਰਮਾਤਮਾ ਆਪ ਹੀ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਦੂਰ ਕਰਦਾ ਹੈ, "ਗਿਆਨੁ ਧਿਆਨੁ" ਵਾਲੀ ਅਵੱਸਥਾ ਬਖਸ਼ਣ ਦੁਆਰਾ ਕਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਵਿਸ਼ਵਾਸ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਗੁਰੂ ਵੀ ਆਪ ਹੀ ਹੈ ਜੋ ਹਰ ਗਿਆਨ ਦਾ ਮਾਲਕ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜੋ ਕਿ ਮਨੁੱਖ ਦੀ ਸੱਚੀ ਰਹਿਤ ਹੈ, ਸੱਚੀ ਕਰਨੀ ਹੈ, ਸੱਚੀ ਵਿਚਰਨ ਹੇ। ਜਦੋਂ ਸੱਚਾ ਮਨ ਵਿੱਚ ਵੱਸਦਾ ਹੈ ਉਹ ਫਿਰ ਮਨੁੱਖ ਨੂੰ ਸੱਚ ਹੀ ਸਮਝਾਉਂਦਾ ਹੈ, ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਉਸ ਸੱਚੇ ਮਾਰਗ ਤੇ ਮਨ ਦੀ ਸਮਝ ਦੇਣ ਦੁਆਰਾ ਆਪ ਹੀ ਦ੍ਰਿੜ ਕਰਕੇ ਚਲਾਉਂਦਾ ਹੈ। ਜੋ ਪ੍ਰਮਾਤਮਾ ਨੂੰ, ਗੁਰੂ ਨੂੰ ਆਪਣੇ ਅੰਦਰੋਂ ਨਹੀਂ ਜਾਣਦੇ ਉਹਨਾਂ ਨੂੰ ਭਗਤੀ ਦੇ ਮਾਰਗ ਦੀ, ਨਾਮ ਦੇ ਜਪਣ ਦੇ ਮਾਰਗ ਦੀ ਸਮਝ ਨਹੀਂ ਪੈਂਦੀ ਕਿਉਂਕਿ ਉਹ ਮਨਮੁੱਖ ਹੀ ਰਹਿੰਦੇ ਹਨ ਭਾਵ ਆਪਣੀ ਮਾਇਆ ਮੋਹ ਵਾਲੀ ਮਤਿ ਨਾਲ, ਭਰਮਾਂ ਵਾਲੀ ਮਤਿ ਨਾਲ ਹੀ ਜੁੜੇ ਰਹਿੰਦੇ ਹਨ ਤੇ ਕੇਵਲ ਸ਼ਬਦਾਂ ਦੀ ਕਥਨੀ ਕਰਨ ਨੂੰ ਹੀ, ਕਿਸੇ ਅੱਖਰ ਨੂੰ ਕਥੀ ਜਾਣ ਨੂੰ ਹੀ ਭਗਤੀ ਸਮਝਦੇ ਹਨ, ਨਾਮ ਜਪਣਾ ਸਮਝਦੇ ਹਨ। ਕਥਨੀ ਨਾਲ ਜੁੜੇ ਹੋਇਆਂ ਨੂੰ ਨਾਮ ਤੋਂ ਭੁੱਲੇ ਹੋਏ ਕਿਹਾ ਹੈ ਭਾਵ ਕਥਨੀ ਕਰੀ ਜਾਣਾ ਨਾਮ ਜਪਣਾ ਨਹੀਂ ਹੈ,

ਸਾਡਾ ਭਰਮ ਹੈ। ਨਾਮ ਜਪਣ ਦਾ ਮਕਸਦ ਸਾਡੀ ਰਹਿਤ ਦੇ ਨਾਲ ਹੈ, ਸਾਡੀ ਕਰਨੀ ਦੇ ਨਾਲ ਹੈ ਜੋ ਕਿ ਸੱਚਾ ਸੁੱਚਾ ਇਨਸਾਨ ਬਣ ਕੇ ਹੀ ਹੋ ਸਕਦੀ ਹੈ। ‘‘ਕਥਨੀ’’ ਕੇਵਲ ਭਗਤੀ ਦਾ ਮਾਰਗ ਸਿੱਖਣ ਲਈ ਹੈ ਜੋ ਕਿ ਸਾਡੇ ਸਭ ਦੇ ਲਈ ਜਰੂਰੀ ਹੈ ਪਰ ਕੇਵਲ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝ ਲੈਣਾ, ਨਾਮ ਜਪਣਾ ਸਮਝ ਲੈਣਾ ਸਾਡੀ ਅਗਿਆਨਤਾ ਹੈ, ਮਨਮੁੱਖਤਾ ਹੈ। ਗੁਰੂ ਦੇ ਗਿਆਨ ਦਾ ਮਕਸਦ, ਸ਼ਬਦਾਂ ਦਾ ਮਕਸਦ ਸਾਡੀ ਅਗਿਆਨਤਾ, ਸਾਡੀ ਮਾੜੀ ਸਮਝ ਕੱਢਣ ਨਾਲ ਹੀ ਹੈ ਤਾਂ ਜੋ ਅਸੀਂ ਉਹ ਕੁੱਝ ਕਰੀਏ ਜੋ ਗੁਰੂ ਸਾਨੂੰ ਸਮਝਾਉਂਦਾ ਹੈ। ਗੁਰੂ ਸਾਨੂੰ ਬਾਣੀ ਰਾਹੀਂ, ਸ਼ਬਦਾਂ ਰਾਹੀਂ ਵਾਰ-ਵਾਰ ਸਮਝਾ ਰਿਹਾ ਹੈ ਕਿ ਕਥਨੀ ਨਾਮ ਜਪਣ ਦਾ ਮਾਰਗ ਨਹੀਂ ਹੈ ਬਲਕਿ ਸਾਡੀ ਕਰਨੀ ਹੈ। ਜੇਕਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਤਾਂ ਫਿਰ ਅਸੀਂ ਆਪਣੀ ‘‘ਕਰਨੀ’’ ਨੂੰ ਹੀ ਨਾਮ ਜਪਣਾ ਸਮਝਾਂਗੇ ਤੇ ਜੇਕਰ ਵਿਸ਼ਵਾਸ ਉਹਨਾਂ ਤੇ ਟਿਕਿਆ ਹੋਇਆ ਹੈ ਜਿਨ੍ਹਾਂ ਨੇ ਸਾਨੂੰ ਕਥਨੀ ਦਾ ਮਾਰਗ ਸਮਝਾਇਆ ਹੈ ਤਾਂ ਫਿਰ ਅਸੀਂ ‘‘ਕਥਨੀ’’ ਨਾਲ ਹੀ ਜੁੜੇ ਰਹਾਂਗੇ। ਕੇਵਲ ਕਥਨੀ ਕਰੀ ਜਾਣ ਵਾਲਿਆਂ ਨੂੰ ਪ੍ਰਮਾਤਮਾ ਦੇ ਦਰ ਤੇ ਟਿਕਾਣਾ ਨਹੀਂ ਮਿਲਦਾ ਭਾਵ ਉਹਨਾਂ ਦੀ ਕਥਨੀ ਦਾ ਕੋਈ ਮੁੱਲ ਨਹੀਂ ਪੈਂਦਾ ਭਾਵੇਂ ਇਹੋ ਜਿਹੇ ਕਥਨੀ ਕਰਨ ਵਾਲੇ ਤੇ ਦੂਸਰਿਆਂ ਨੂੰ ਸਿਖਾਉਣ ਵਾਲੇ, ਨਾਮ ਸਮਝਾਉਣ ਵਾਲੇ ਆਪਣੇ ਆਪ ਨੂੰ ਗੁਰਮੁਖਿ ਹੀ ਸਮਝਦੇ ਹਨ। ਗੁਰਮੁਖਿ ਦਾ ਦਰਜਾ ਪ੍ਰਮਾਤਮਾ ਦੇ ਨਾਲ ਮੇਲ ਦਾ ਦਰਜਾ ਹੈ, ਗੁਰੂ ਦਾ ਦਰਜਾ ਹੈ। ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। (**ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥ ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ॥**)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥6॥}

(ਅੰਗ 56)

ਪੂਰਾ ਸ਼ਬਦ ਅੱਗੇ ਚੱਲਕੇ ਸਮਝਾਂਗੇ।

"ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥
ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥"

(ਅੰਗ 1034)

ਉਪਰਲੀਆਂ ਪੰਗਤੀਆਂ ਰਾਹੀਂ ਦੇਖੋ, ਸਮਝੋ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ। ਉਹ "ਸੱਚ ਰੂਪ" ਪ੍ਰਮਾਤਮਾ ਜੋ ਬਹੁਤ ਹੀ ਗਹਿਰਾ ਹੈ, ਡੂੰਘਾ ਹੈ, ਗੰਭੀਰ ਹੈ ਉਹ ਸਾਡੇ ਅੰਦਰ ਕਿਸ ਰੂਪ ਵਿੱਚ ਸਾਨੂੰ ਮਿਲਦਾ ਹੈ। "ਗਿਆਨੁ ਧਿਆਨੁ" ਦੇ ਰੂਪ ਵਿੱਚ ਹੀ ਸਾਡੇ ਅੰਦਰ ਆਪ ਪ੍ਰਮਾਤਮਾ ਹੈ। "ਗਿਆਨੁ ਧਿਆਨੁ" ਵਾਲੀ ਅਵੱਸਥਾ ਵਿੱਚ ਸਾਡੇ ਅੰਦਰ "ਸਚੁ" ਹੀ ਉਪਜਦਾ ਹੈ ਭਾਵ ਸੱਚੀ ਸਮਝ ਹੀ ਉਪਜਦੀ ਹੈ, ਸੱਚਾ ਗਿਆਨ ਹੀ ਉਪਜਦਾ ਹੈ, ਬ੍ਰਹਮ ਗਿਆਨ ਹੀ ਉਪਜਦਾ ਹੈ, ਨਾਮ ਹੀ ਉਪਜਦਾ ਹੈ, ਜੋ ਮਨੁੱਖ ਨੂੰ ਹਉਮੈ ਵਿੱਚੋਂ, ਮਨ ਦੇ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਬਹੁਤ ਹੀ ਗਹਿਰਾਈ ਵਿੱਚ ਹੈ ਭਾਵ ਚੌਥੇ ਪਦ ਦਾ ਗਿਆਨ ਬਹੁਤ ਹੀ ਗਹਿਰਾਈ ਵਿੱਚ ਹੁੰਦਾ ਹੈ ਜਿਸਨੂੰ ਤ੍ਰੈਗੁਣਾਂ ਵਾਲੀ ਸਮਝ ਦੁਆਰਾ ਨਹੀਂ ਸਮਝਿਆ ਜਾ ਸਕਦਾ ਤੇ ਇਸੇ ਲਈ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਪ੍ਰਮਾਤਮਾ ਦੀ ਸੱਚਾਈ ਕੀ ਹੈ, ਇਸ ਸੰਸਾਰ ਦੀ ਸੱਚਾਈ ਕੀ ਹੈ, ਮਨੁੱਖ ਦੀ ਸੱਚਾਈ ਕੀ ਹੈ। ਗੁਰੂ ਦੀ ਸੱਚਾਈ ਦੀ ਸਮਝ ਤੇ ਵਿਸ਼ਵਾਸ ਮਨ ਦੇ ਵਿੱਚ "ਗਿਆਨੁ ਧਿਆਨੁ" ਵਾਲੀ ਅਵੱਸਥਾ ਦੁਆਰਾ ਆਉਂਦਾ ਹੈ ਜੋ ਵਿਸ਼ਵਾਸ ਪ੍ਰਮਾਤਮਾ ਆਪ ਹੀ ਆਪਣਾ ਰੂਪ ਦਿਖਾਉਣ ਦੁਆਰਾ ਦਿਵਾਉਂਦਾ ਹੈ। ਪ੍ਰਮਾਤਮਾ ਤੋਂ ਵੱਡਾ ਕੀ ਕੋਈ ਹੋਰ ਵੀ ਹੋ ਸਕਦਾ ਹੈ? ਭਾਵ ਨਹੀਂ ਹੋ ਸਕਦਾ। ਜੋ ਗੱਲ ਪ੍ਰਮਾਤਮਾ ਆਪ ਮਨ ਦੇ ਅੰਦਰ ਸਮਝਾਉਂਦਾ ਹੈ ਉਸ ਤੋਂ ਸੱਚੀ ਗੱਲ ਕੋਈ ਹੋਰ ਨਹੀਂ ਹੋ ਸਕਦੀ। ਭਗਤੀ ਦਾ ਮਾਰਗ ਸਮਝਾਉਣ ਵਾਲੇ ਬਹੁਤ ਹਨ, ਨਾਮ ਸਮਝਾਉਣ ਵਾਲੇ ਬਹੁਤ ਹਨ ਪਰ ਉਹਨਾਂ ਦੀ ਗੱਲ ਤੇ ਕੋਈ ਤਦ ਤੱਕ ਹੀ ਵਿਸ਼ਵਾਸ ਕਰ ਸਕਦਾ ਹੈ ਜਦ ਤਕ ਕਿਸੇ ਨੇ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਆਪਣੇ ਅੰਦਰੋਂ ਨਹੀਂ ਜਾਣਿਆ, ਪ੍ਰਮਾਤਮਾ ਦੇ ਕੋਲੋਂ ਨਹੀਂ ਜਾਣਿਆ। ਜਿਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੇ ਨਾਮ ਨੂੰ, ਭਗਤੀ ਦੇ ਮਾਰਗ ਨੂੰ ਪ੍ਰਮਾਤਮਾ ਦੇ ਕੋਲੋਂ ਜਾਣਿਆ ਹੈ ਜਿਸ ਕਰਕੇ ਉਹਨਾਂ ਨੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਇਆ ਹੈ। ਜਿਸ ਪ੍ਰਮਾਤਮਾ ਦੇ ਨਾਲ ਉਹਨਾਂ ਦਾ ਮੇਲ ਹੋਇਆ ਹੈ ਉਹੀ ਪ੍ਰਮਾਤਮਾ, ਉਸੇ ਰੂਪ ਵਿਚ ਹੀ ਸਭ ਦੇ ਅੰਦਰ ਵਿਚਰ ਰਹਿਆ ਤੇ ਉਸਨੂੰ ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ। ਸਭ ਦੇ ਲਈ ਨਾਮ ਜਪਣਾ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਆਪਣਾ ਸੱਚ ਮਨ ਦੇ ਵਿੱਚ ਸ਼ਬਦਾਂ ਦੇ ਰੂਪ ਵਿੱਚ ਹੀ ਸਮਝਾਉਂਦਾ ਹੈ ਤੇ ਹਰ ਸ਼ਬਦ ਦੀ ਵਿਚਾਰ ਦੇ ਵਿੱਚ ਪੂਰਨ ਸੱਚ ਹੈ, ਨਾਮ ਹੈ ਜੋ ਸੱਚੁ ਪ੍ਰਮਾਤਮਾ ਪੂਰੀ ਗਹਿਰਾਈ ਦੁਆਰਾ, ਗਹਿਰੇ ਭਾਵ ਦੁਆਰਾ ਸਮਝਾਉਂਦਾ ਹੈ, ਪੂਰੀ ਗੰਭੀਰਤਾ ਨਾਲ ਸਮਝਾਉਂਦਾ ਹੈ ਤੇ ਇਸੇ ਲਈ ਉਸ ਦੀ ਸਮਝਾਈ ਹੋਈ ਹਰ ਗੱਲ, ਹਰ ਸ਼ਬਦ ਦੀ ਵਿਚਾਰ ਦੂਸਰੇ ਸ਼ਬਦ ਦੀ ਵਿਚਾਰ ਨਾਲ ਮੇਲ ਖਾਂਦੀ ਹੈ ਤੇ ਕਿਸੇ ਗੱਲ ਵਿੱਚ ਫਰਕ ਨਹੀਂ ਆ ਸਕਦਾ। ਜੋ "ਸੱਚ" ਭਾਵ ਨਾਮ ਜਪਣਾ ਸਾਨੂੰ ਇੱਕ ਸ਼ਬਦ ਰਾਹੀਂ ਸਮਝਾਇਆ ਹੈ ਉਹ ਨਾਮ ਜਪਣ ਦਾ ਤਰੀਕਾ ਕਿਸੇ ਦੂਸਰੇ ਸ਼ਬਦ ਰਾਹੀਂ ਬਦਲ ਨਹੀਂ ਸਕਦਾ। ਕੇਵਲ ਸ਼ਬਦ ਦੀ ਗਹਿਰਾਈ ਨੂੰ ਸਮਝਣ ਦੀ ਲੋੜ ਹੁੰਦੀ ਹੈ। ਉਸ ਗਹਿਰਾਈ ਦੀ ਸਮਝ ਪੂਰਨ ਰੂਪ ਵਿੱਚ "ਚੌਥੇ ਪਦ" ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਸਾਡੇ ਲਈ ਬਸ ਇਹੀ ਸੱਚਾ ਉੱਦਮ ਹੈ ਕਿ ਅਸੀਂ ਗੁਰੂ ਦੀ ਗੱਲ ਤੇ ਵਿਸਵਾਸ ਰੱਖੀਏ ਤੇ ਭਰਮਿਆਂ ਹੋਇਆਂ ਦੀ ਮਤਿ ਨਾਲ ਨਾ ਜੁੜੀਏ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਤੇ ਕਿਸ ਤਰੀਕੇ ਵੱਡਾ ਹੈ। ਉਸਦੀ ਵਡਿਆਈ ਕਰਨ ਦੀ ਸਮਝ ਉਸ ਦੇ ਨਾਲ ਮੇਲ ਦੁਆਰਾ ਹੀ ਆਉਂਦੀ ਹੈ। ਪ੍ਰਮਾਤਮਾ ਨੂੰ ਪਾਉਣਾ ਤਾਂ ਹਰ ਕੋਈ ਚਾਹੁੰਦਾ ਹੈ ਪਰ ਉਹ ਹਰ ਕਿਸੇ ਦੀ ਪਹੁੰਚ ਤੋਂ ਬਾਹਰ ਹੈ ਕਿਉਂਕਿ ਮਨ ਦੀ ਸਮਝ, ਮਨ ਦਾ ਗਿਆਨ ਸਾਡੇ ਵੱਸ ਨਹੀਂ ਹੈ। ਇਹ ਕੇਵਲ ਤੇ ਕੇਵਲ

ਗੁਰਪ੍ਰਸਾਦਿ ਹੈ, ਉਸ ਪ੍ਰਮਾਤਮਾ ਦੀ ਬਖਸ਼ਿਸ਼ ਹੈ ਕਿ ਉਹ ਕਿਸੇ ਨੂੰ "ਗਿਆਨ ਧਿਆਨ" ਵਾਲੀ ਅਵੱਸਥਾ ਬਖਸ਼ੇ ਜਿਸ ਦੁਆਰਾ ਉਸਨੂੰ ਮਨ ਦੇ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ। **(ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥ ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥)**

ਪ੍ਰਮਾਤਮਾ ਨੂੰ ਪਾਉਣ ਲਈ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਪ੍ਰਮਾਤਮਾ ਨੂੰ ਉਸ ਤਰੀਕੇ ਜਪੀਏ, ਧਿਆਈਏ ਜਿਸ ਤਰੀਕੇ ਸਾਨੂੰ ਗੁਰੂ ਸਮਝਾ ਰਿਹਾ ਹੈ, ਆਪਣੇ ਸ਼ਬਦਾਂ ਦੁਆਰਾ ਸਮਝਾ ਰਿਹਾ ਹੈ ਜੋ ਕਿ ਮਾੜੇ ਵਿਚਾਰਾਂ ਨੂੰ ਛੱਡਣਾ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰ ਸਕੀਏ, ਗੁਰਮਤਿ ਅਨੁਸਾਰ ਆਪਣੀ ਕਰਨੀ ਬਣਾਈਏ।

"ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥"

(ਅੰਗ ੫੭੮)

ਉਪਰਲੀਆਂ ਪੰਗਤੀਆਂ ਰਾਹੀਂ ਸੰਸਾਰ ਨੂੰ ਕਿਤਨੇ ਸਪੱਸ਼ਟ ਤਰੀਕੇ ਨਾਲ ਹਰਿ ਹਰਿ ਧਿਆਉਣਾ ਸਿਖਾਇਆ ਹੋਇਆ ਹੈ। ਹਰਿ ਹਰਿ ਧਿਆਉਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਮਾਰਗ ਹੀ ਹੈ ਜੋ ਕਿ ਵਿਕਾਰਾਂ ਤੋਂ ਰਹਿਤ ਹੋ ਕੇ, ਗੁਣੀ ਬਣ ਕੇ ਵਿਚਰਨ ਦਾ ਹੈ। ਔਗੁਣਾਂ ਦੁਆਰਾ ਅਸੀਂ ਦੂਸਰਿਆਂ ਦਾ ਮਾੜਾ ਕਰਦੇ ਹਾਂ ਤੇ ਗੁਣਾਂ ਦੁਆਰਾ ਅਸੀਂ ਸਭ ਦਾ ਭਲਾ ਕਰਦੇ ਹਾਂ। ਇਹ ਸਾਰੇ ਸੰਸਾਰ ਲਈ ਇੱਕੋ ਜਿਹੀ ਗੱਲ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਭਗਤੀ ਦਾ ਮਾਰਗ ਹੈ ਜਿਸ ਤਰੀਕੇ ਸੰਸਾਰ ਸੰਚਾਰੂ ਢੰਗ ਨਾਲ ਚੱਲ ਸਕਦਾ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਅਸੀਂ ਔਗੁਣ ਤਿਆਗਣ ਦੁਆਰਾ ਹੀ ਪ੍ਰਮਾਤਮਾ ਨੂੰ ਚੰਗੇ ਲੱਗ ਸਕਦੇ ਹਾਂ ਤੇ ਪ੍ਰਮਾਤਮਾ ਨੂੰ ਇਸੇ ਤਰੀਕੇ ਹੀ ਧਿਆਇਆ ਜਾ ਸਕਦਾ ਹੈ, ਦਿਨ-ਰਾਤ, ਅੱਠੇ ਪਹਿਰ ਧਿਆਇਆ ਜਾ ਸਕਦਾ ਹੈ ਕਿਉਂਕਿ ਹਰ ਵੇਲੇ ਮਨੁੱਖ ਔਗੁਣਾਂ ਤੋਂ ਰਹਿਤ ਹੋ ਕੇ ਹੀ ਰਹਿੰਦਾ ਹੈ। ਧਿਆਉਣਾ ਤਾਂ ਅਸੀਂ ਹਰ ਵੇਲੇ ਹਰਿ ਹਰਿ ਹੀ ਹੈ ਪਰ ਉਸਨੂੰ ਕਿਸ ਤਰੀਕੇ ਨਾਲ ਧਿਆਉਣਾ ਹੈ ਬਸ ਇਹੀ ਗੱਲ ਸਮਝਣ ਦੀ ਲੋੜ ਹੈ ਕਿ ਕਥਨੀ ਨਾਲ ਧਿਆਉਣਾ ਹੈ ਜਾਂ ਕਰਨੀ ਨਾਲ ਧਿਆਉਣਾ ਹੈ। (**ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥ ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥**)

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥1॥
ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥1॥ ਰਹਾਉ ॥
ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥
ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥2॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥3॥
ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥

ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥
ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ ॥
ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥4॥
ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥5॥4॥37॥}

(ਅੰਗ 27-28)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ। ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜੋ ਗੁਰੂ ਦੇ ਸ਼ਬਦਾਂ ਨੂੰ, ਬਚਨਾਂ ਨੂੰ ਮੰਨਦਾ ਹੈ ਉਹੀ ਸ਼ਬਦ ਨੂੰ ਧਿਆਉਂਦਾ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਨਾਮ ਧਿਆਉਣਾ ਹੈ। (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥**)

"ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ॥"

(ਅੰਗ ੭੫੫)

ਜਿਵੇਂ ਕਿ ਪਿੱਛੇ ਸ਼ਬਦਾਂ ਵਿੱਚ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਉਸਦਾ ਗਿਆਨ ਲੈ ਕੇ ਤੇ ਉਪਦੇਸ਼ ਮੰਨ ਕੇ ਹੀ ਹੋ ਸਕਦੀ ਹੈ ਉਹੀ ਗੱਲ ਇੱਥੇ ਸਮਝਾਈ ਗਈ ਹੈ। "ਸਬਦਿ ਵੀਚਾਰਿ" ਤੋਂ ਭਾਵ ਵੀ ਗੁਰੂ ਦਾ ਉਪਦੇਸ਼ ਮੰਨਣਾ ਹੀ ਹੈ, ਗੁਰੂ ਦੇ ਵਿਚਾਰਾਂ ਨੂੰ ਮੰਨਣਾ ਹੀ ਹੈ, ਜਿਵੇਂ ਕਿ ਪਹਿਲਾਂ ਵੀ ਕੁੱਝ ਸ਼ਬਦਾਂ ਦੁਆਰਾ ਸਮਝਾਇਆ ਜਾ ਚੁੱਕਾ ਹੈ। **{ਸਾਚੀ ਕਰਣੀ ਗੁਰ ਵਿਚਾਰਿ॥}** ਸ਼ਬਦ ਵਿਚਾਰ ਬਾਰੇ ਅੱਗੇ ਜਾ ਕੇ ਹੋਰ ਵੀ ਬਰੀਕੀ ਨਾਲ ਜਾਣਾਗੇ। ਸ਼ਬਦ ਦਾ ਮਕਸਦ ਉਸਨੂੰ ਆਪਣੇ ਅੰਦਰ ਵਿਚਾਰਨ ਨਾਲ ਪੂਰਾ ਹੁੰਦਾ ਹੈ ਨਾ ਕਿ ਕਿਸੇ ਸ਼ਬਦ ਨੂੰ, ਅੱਖਰ ਨੂੰ ਰਟੀ ਜਾਣ ਨਾਲ।

{ਅਪਣੀ ਗਹਣ ਗਤਿ ਆਪੇ ਜਾਣੈ॥
ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ॥
ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ॥੪॥}

(ਅੰਗ ੧੦੫੬)

{ਬਿਨੁ ਗੁਰ ਦਾਤੇ ਕੋਇ ਨ ਪਾਏ॥ ਲਖ ਕੋਟੀ ਜੇ ਕਰਮ ਕਮਾਏ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ॥੧੫॥}

(ਅੰਗ ੧੦੫੭)

{ਸੇਵਕ ਸੇਵਹਿ ਸਬਦਿ ਸਲਾਹਹਿ॥
ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ॥}

(ਅੰਗ ੧੦੫੭)

ਇਨ੍ਹਾਂ ਸ਼ਬਦਾਂ ਨੂੰ ਅਗਰ ਧਿਆਨ ਨਾਲ ਵਿਚਾਰੀਏ ਤੇ ਸਮਝ ਆਵੇਗੀ ਕਿ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਉਸਦੇ ਗਿਆਨ ਨੂੰ ਧਾਰਨ ਕਰਨ ਦੁਆਰਾ ਹੀ ਹੋ ਸਕਦੀ ਹੈ ਜਿਵੇਂ ਕਿ ਪਿੱਛਲੇ ਸ਼ਬਦਾਂ ਵਿੱਚ ਸਮਝਾਇਆ ਗਿਆ ਹੈ। ਸਮਝਣ ਦੀ ਗੱਲ ਸਿਰਫ ਇਤਨੀ ਹੈ ਕਿ ਅਸੀਂ ਉਹ ਗਿਆਨ ਕਿਸਦੇ ਕੋਲੋਂ ਲੈਂਦੇ ਹਾਂ। ਇਧਰੋਂ-ਉਧਰੋਂ ਗਿਆਨ ਲੈਣ ਦੀ ਬਜਾਏ, ਸਿਫਤ ਸਲਾਹ ਸਿੱਖਣ ਦੀ ਬਜਾਇ ਕੇਵਲ ਗੁਰੂ ਕੋਲੋਂ ਹੀ ਉਸਦੀ ਸਿਫਤ ਸਾਲਾਹ ਕਰਨੀ ਸਿੱਖਣੀ ਚਾਹੀਦੀ ਹੈ। **(ਅਪਣੀ ਗਹਣ ਗਤਿ ਆਪੇ ਜਾਣੈ॥ ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ॥ ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ॥੪॥)**

{ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥੩੦॥
ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥੩੧॥}

(ਅੰਗ ੭੫੮)

ਇਸ ਸ਼ਬਦ ਰਾਹੀਂ ਗੁਰੂ ਨੂੰ ਦਿਨ ਰਾਤ ਅਰਾਧਣ ਦੀ ਗੱਲ ਕੀਤੀ ਗਈ ਹੈ। ਗੱਲ ਇੱਥੇ ਵੀ ਉਹੀ ਹੈ ਜੋ ਪਿੱਛੇ ਦੱਸੀ ਗਈ ਹੈ। "ਗੁਰ ਚਰਣ" ਤੋਂ ਭਾਵ ਹੈ ਗੁਰੂ ਦਾ ਉਪਦੇਸ਼, ਗੁਰੂ ਦਾ ਗਿਆਨ ਹੈ, ਗੁਰੂ ਦੀ ਮਤਿ ਹੈ। ਗੁਰੂ ਨੂੰ ਦਿਨਸੁ ਰੈਣਿ ਕਿਵੇਂ ਧਿਆਇਆ ਜਾ ਸਕਦਾ ਹੈ ਇਹ ਵੀ ਅਸੀਂ ਪਿੱਛੇ ਸ਼ਬਦ ਰਾਹੀਂ ਜਾਣਿਆ ਹੈ। **{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥ ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}**।

"ਭਾਈ ਰੇ ਦਾਸਨਿ ਦਾਸਾ ਹੋਇ ॥ ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥1॥ ਰਹਾਉ ॥
ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥"

(ਅੰਗ ੬੬)

"ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥7॥
ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥"

(ਅੰਗ ੬੭)

ਆਸਾ ਮਹਲਾ ੩॥

"ਨਿਰਤਿ ਕਰੇ ਬਹੁ ਵਾਜੇ ਵਜਾਏ॥ ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ॥
ਅੰਤਰਿ ਲੋਭੁ ਭਰਮੁ ਅਨਲ ਵਾਉ॥ ਦੀਵਾ ਬਲੈ ਨ ਸੋਝੀ ਪਾਇ॥੧॥
ਗੁਰਮੁਖਿ ਭਗਤਿ ਘਟਿ ਚਾਨਣੁ ਹੋਇ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ॥੧॥ਰਹਾਉ॥
ਗੁਰਮੁਖਿ ਨਿਰਤਿ ਹਰਿ ਲਾਗੈ ਭਾਉ॥
ਪੂਰੇ ਤਾਲ ਵਿਚਹੁ ਆਪੁ ਗਵਾਇ॥
ਮੇਰਾ ਪ੍ਰਭੁ ਸਾਚਾ ਆਪੇ ਜਾਣੁ॥
ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ॥੨॥
ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ॥
ਗੁਰ ਕਾ ਸਬਦੁ ਸਹਜਿ ਵੀਚਾਰੁ॥
ਗੁਰਮੁਖਿ ਭਗਤਿ ਜੁਗਤਿ ਸਚੁ ਸੋਇ॥
ਪਾਖੰਡਿ ਭਗਤਿ ਨਿਰਤਿ ਦੁਖੁ ਹੋਇ॥੩॥
ਏਹਾ ਭਗਤਿ ਜਨੁ ਜੀਵਤ ਮਰੈ॥
ਗੁਰ ਪਰਸਾਦੀ ਭਵਜਲੁ ਤਰੈ॥
ਗੁਰ ਕੈ ਬਚਨਿ ਭਗਤਿ ਥਾਇ ਪਾਇ॥
ਹਰਿ ਜੀਉ ਆਪਿ ਵਸੈ ਮਨਿ ਆਇ॥੪॥
ਹਰਿ ਕ੍ਰਿਪਾ ਕਰੇ ਸਤਿਗੁਰੂ ਮਿਲਾਏ॥

ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ॥
ਭਗਤਿ ਰਤੇ ਤਿਨ੍ ਸਚੀ ਸੋਇ॥
ਨਾਨਕ ਨਾਮਿ ਰਤੇ ਸੁਖੁ ਹੋਇ॥੫॥"

(ਅੰਗ ੩੬੫)

ਉੱਪਰ ਦਿੱਤੇ ਗਏ ਸ਼ਬਦਾਂ ਨੂੰ ਬੜੇ ਧਿਆਨ ਨਾਲ ਵਿਚਾਰੀਏ ਤਾਂ ਸਾਨੂੰ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗਾ ਕਿ ਗੁਰੂ ਦੀ ਸੇਵਾ ਕੀ ਹੈ, ਭਗਤੀ ਕੀ ਹੈ, ਗੁਣ ਗਾਉਣੇ ਕੀ ਹਨ, ਗੁਰੂ ਦੀ ਪ੍ਰੀਤ ਕੀ ਹੈ, ਕਰਣੀ ਕੀ ਹੈ, ਗੁਰੂ ਦੇ ਹੁਕਮ ਵਿੱਚ ਰਹਿਣਾ ਕੀ ਹੈ ਆਦਿ।

ਗੁਰੂ ਦੀ ਸੇਵਾ ਹੀ ਉਸਦੀ ਭਗਤੀ ਹੈ ਜੋ ਕਿ ਕੋਈ ਵਿਰਲਾ ਹੀ ਪਾ ਸਕਦਾ ਹੈ, ਬਿਨ੍ਹਾਂ ਗੁਣ ਧਾਰਨ ਦੇ ਭਗਤੀ ਨਹੀਂ ਹੋ ਸਕਦੀ ਤੇ ਬਿਨ੍ਹਾਂ ਗੁਰੂ ਦੀ ਮਤਿ ਵੱਸਣ ਦੇ ਗੁਣ ਨਹੀਂ ਆ ਸਕਦੇ। ਗੁਣ ਸਾਡੇ ਅੰਦਰ ਤਾਂ ਹੀ ਵੱਸ ਸਕਦੇ ਹਨ ਜੇਕਰ ਪਹਿਲਾਂ ਔਗੁਣ ਨਿਕਲ ਜਾਣ। ਔਗੁਣਾਂ ਦੇ ਰਹਿੰਦਿਆਂ ਗੁਰੂ ਨਾਲ ਪ੍ਰੀਤ ਨਹੀਂ ਜੁੜ ਸਕਦੀ। ਅਸਲ ਵਿੱਚ ਗੁਰੂ ਦੀ ਮਤਿ ਨਾਲ ਪ੍ਰੀਤ ਹੀ ਗੁਰੂ ਨਾਲ ਪ੍ਰੀਤ ਹੈ। ਭਗਤੀ ਦਾ ਮੂਲ ਗੁਰੂ ਦੇ ਨਾਲ ਪ੍ਰੀਤ ਹੈ। ਗੁਰੂ ਨਾਲ ਪ੍ਰੀਤ ਤਾਂ ਹੀ ਪੈ ਸਕਦੀ ਹੈ ਜੇਕਰ ਅਸੀਂ ਗੁਰੂ ਦੇ ਗੁਣਾਂ ਨੂੰ ਅਪਣਾਈਏ ਜਿਸ ਦੁਆਰਾ ਸਾਡੇ ਔਗੁਣ ਦੂਰ ਹੋ ਜਾਣ।

{ਜਿਨਿ ਪ੍ਰੇਮ ਕੀਉ ਤਿਨਿ ਹੀ ਪ੍ਰਭ ਪਾਇਉ}

(ਸਬਦ ਦਸਵੀਂ ਪਾਤਿਸ਼ਾਹੀ)

ਉੱਪਰ ਦਿੱਤੇ ਗਏ ਸ਼ਬਦਾਂ ਨੂੰ ਬੜੇ ਧਿਆਨ ਨਾਲ ਵਿਚਾਰਾਂਗੇ ਤਾਂ ਸਾਨੂੰ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗਾ ਕਿ ਗੁਰੂ ਦੀ ਗੱਲ ਸਮਝਣ ਵਾਲੀ ਸਿਰਫ ਇਹ ਹੈ ਕਿ ਗੁਰੂ ਨਾਲ ਸਾਡੀ ਪ੍ਰੀਤ ਕਿਹੋ ਜਿਹੀ ਹੋਵੇ ਜਿਸ ਨਾਲ ਗੁਰੂ ਪਤੀਜ ਜਾਵੇ ਤੇ ਸਾਨੂੰ ਪ੍ਰਸੰਨ ਹੋ ਕੇ ਹੁਕਮ ਵਿੱਚ ਚੱਲਣ ਦੀ ਸਮਰੱਥਾ ਦੇ ਦੇਵੇ। ਉਸਦੇ ਹੁਕਮ ਵਿੱਚ ਚੱਲ ਕੇ ਹੀ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ, ਉਸ ਨਾਲ ਮੇਲ ਹੋ ਸਦਕਾ ਹੈ, ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਨਾਲ ਪ੍ਰੇਮ ਦੀ ਤਾਂਘ ਭਾਵ ਬੈਰਾਗ, ਭੁੱਖ ਸਾਡੇ ਅੰਦਰੋਂ ਹੀ ਪੈਦਾ ਹੁੰਦੀ ਹੈ ਜੋ ਕਿ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ। ਗੁਰੂ ਦੇ ਪ੍ਰਤੀ ਅਥਾਹ ਪ੍ਰੇਮ ਪੈਦਾ ਹੋਣਾ ਇਹ ਹੈ ਜਦੋਂ ਮਨੁੱਖ ਨੂੰ ਸਿਵਾਏ ਪ੍ਰਮਾਤਮਾ ਨੂੰ ਮਿਲਣ ਦੇ ਹੋਰ ਕੁੱਝ ਨਾ ਸੁੱਝੇ, ਹੋਰ ਕੁੱਝ ਵੀ ਨਾ ਭਾਵੇ ਤੇ ਉਦੋਂ ਹੀ ਗੁਰੂ ਪਤੀਜ ਸਕਦਾ ਹੈ। ਜਦੋਂ ਕਿਸੇ ਛੋਟੇ ਜਿਹੇ ਬੱਚੇ ਕੋਲੋਂ ਮਾਂ ਵਿਛੜ ਜਾਂਦੀ ਹੈ ਉਹ ਰੋਈ ਹੀ ਜਾਂਦਾ ਹੈ। ਉਸਨੂੰ ਚੁੱਪ ਕਰਵਾਉਣ ਦਾ ਕੋਈ ਵੀ ਯਤਨ, ਲਾਲਚ ਕੰਮ ਨਹੀਂ ਆਉਂਦਾ। ਬੱਚੇ ਨੂੰ ਸਿਰਫ਼ ਮਾਂ ਦੇ ਨਾਲ ਮੇਲ ਹੀ ਚਾਹੀਦਾ ਹੁੰਦਾ ਹੈ ਤੇ ਉਸਨੂੰ ਹੋਰ ਕੁੱਝ ਨਹੀਂ ਸੁੱਝਦਾ ਕਿਉਂਕਿ ਉਸਨੂੰ ਮਾਂ ਨਾਲ ਸੱਚਾ ਪਿਆਰ ਹੁੰਦਾ ਹੈ। ਇਹ ਹੀ ਬੈਰਾਗ ਹੈ। ਜਦੋਂ ਇਹੋ ਜਿਹੀ ਬਿਰਤੀ ਮਨੁੱਖ ਦੀ ਬਣ ਜਾਵੇ ਫਿਰ ਤਾਂ ਹੀ ਸਮਝੋ ਕਿ ਪ੍ਰਮਾਤਮਾ ਦੀ ਕ੍ਰਿਪਾ ਹੋ ਰਹੀ ਹੈ। ਮਨੁੱਖ ਦਾ ਜਿਸਦੇ ਨਾਲ ਦਿਲੋਂ ਪ੍ਰੇਮ ਹੁੰਦਾ ਹੈ, ਜਿਵੇਂ ਕਿ ਬੱਚੇ ਦੇ ਨਾਲ ਹੁੰਦਾ ਹੈ ਫਿਰ ਬੱਚਾ ਜੋ ਵੀ ਮੰਗ ਕਰੇ, ਮਾਂ ਪਿਉ ਉਸਦੀ ਹਰ ਇੱਛਾ ਪੂਰੀ ਕਰਨ ਲਈ ਤਤਪਰ ਰਹਿੰਦੇ ਹਨ, ਕਿਉਂਕਿ ਉਨ੍ਹਾਂ ਨੂੰ ਬੱਚੇ ਨਾਲ ਅਥਾਹ ਪ੍ਰੇਮ ਹੁੰਦਾ ਹੈ। ਬੱਚੇ ਦੀ ਇੱਛਾ ਪੂਰੀ ਕਰਨ ਲਈ ਆਪਣਾ ਮਨ ਮਾਰਨ ਲਈ ਵੀ ਤਿਆਰ ਰਹਿੰਦੇ ਹਨ। ਇਹ ਹੀ ਪਿਆਰ ਹੈ। ਜਦੋਂ ਮਨੁੱਖ ਦਾ ਇਹੋ ਜਿਹਾ ਪਿਆਰ ਗੁਰੂ ਪ੍ਰਮਾਤਮਾ ਨਾਲ ਪੈ ਜਾਵੇ ਤਾਂ ਗੁਰੂ ਦੀ ਪ੍ਰਸੰਨਤਾ ਆਪੇ ਹੀ ਮਿਲ ਜਾਵੇਗੀ ਤੇ ਮਨੁੱਖ ਗੁਰੂ ਦੇ ਭਾਣੇ ਵਿੱਚ ਭਾਵ ਉਸਦੇ ਉਪਦੇਸ਼ ਅਨੁਸਾਰ ਆਪਣੇ ਜੀਵਨ ਦੀ ਘਾਲਣਾ ਘਾਲੇਗਾ, ਆਪਣਾ ਮਨ ਮਾਰੇਗਾ ਭਾਵ ਗੁਰੂ ਦੀ ਹਰ ਇੱਛਾ ਪੂਰੀ ਕਰੇਗਾ, ਉਸਦੀ ਹਰ ਗੱਲ ਮੰਨੇਗਾ। ਇਹ ਹੀ ਗੁਰੂ ਦੀ ਸੇਵਾ ਹੈ, ਇਹ ਹੀ ਗੁਰੂ ਦੀ ਚਾਕਰੀ ਹੈ, ਇਹ ਹੀ ਗੁਰੂ ਦੀ ਭਗਤੀ ਹੈ ਤੇ ਇਸੇ ਤਰ੍ਹਾਂ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਅਗਰ ਉੱਪਰ ਦਿੱਤੇ ਗਏ ਸਾਰੇ ਸ਼ਬਦਾਂ ਨੂੰ ਬਰੀਕੀ ਨਾਲ ਵਿਚਾਰੋਗੇ ਤਾਂ ਤੱਤ ਸਾਰ ਇਹੀ ਨਿਕਲੇਗਾ, ਜਿਵੇਂ ਕਿ ਇਸ ਤੋਂ ਪਹਿਲਾਂ ਵੀ ਕਈ ਸ਼ਬਦਾਂ ਦੁਆਰਾ ਸੋਝੀ ਪਾਈ ਗਈ ਹੈ। ਗੁਰੂ ਦੇ ਨਾਲ ਪਿਆਰ ਗੁਰੂ ਦੀ ਮਤਿ ਦੇ ਨਾਲ ਪਿਆਰ ਹੈ, ਗੁਰੂ ਦੀ ਸਿੱਖਿਆ ਦੇ ਨਾਲ ਪਿਆਰ, ਗੁਣਾਂ ਦੇ ਨਾਲ ਪਿਆਰ ਹੈ। ਉੱਪਰ ਸ਼ਬਦ ਰਾਹੀਂ ਇਸ ਗੱਲ ਨੂੰ ਵੀ ਦ੍ਰਿੜ ਕਰੋ ਕਿ ਸਾਨੂੰ ਪ੍ਰਮਾਤਮਾ ਦੀ ਪ੍ਰਾਪਤੀ ਕਿਸ ਜਗ੍ਹਾ ਤੇ ਹੋਣੀ ਹੈ, ਕਿਸ ਅਸਥਾਨ ਤੇ ਹੋਣੀ ਹੈ। **"ਮੇਰਾ ਪ੍ਰਭੁ ਸਾਚਾ ਆਪੇ ਜਾਣੁ॥ ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ॥੨॥"** ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਗੁਰੂ ਦੇ ਗਿਆਨ ਦੁਆਰਾ ਉਸਦੀ ਪਛਾਣ ਸਾਡੇ ਅੰਦਰੋਂ ਹੀ ਹੋਣੀ ਹੈ। ਜੇਕਰ ਅਸੀਂ ਗੁਰੂ ਤੇ ਭਾਵ ਗੁਰੂ ਦੀ ਮਤਿ ਤੇ ਆਪਣਾ ਅਥਾਹ ਵਿਸ਼ਵਾਸ ਕਰਕੇ ਉਸ ਅਨੁਸਾਰ ਚੱਲਣ ਦਾ ਉੱਦਮ ਕਰਦੇ ਹਾਂ ਤਾਂ ਫਿਰ ਪ੍ਰਮਾਤਮਾ ਆਪ ਹੀ ਪ੍ਰਸੰਨ ਹੋ ਕੇ ਸਾਡੇ ਅੰਦਰ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਜਿਸ ਦੁਆਰਾ ਸਾਨੂੰ ਆਪਣੇ

ਆਪ ਦੀ ਸੋਝੀ ਪੈਂਦੀ ਹੈ ਕਿ ਅਸੀਂ ਕੀ ਹਾਂ ਭਾਵ ਪ੍ਰਮਾਤਮਾ ਦਾ ਆਪਣਾ ਰੂਪ ਹੀ ਹਾਂ ਤੇ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਇਸ ਸਰੀਰ ਦਾ, ਸਰਗੁਣ ਰੂਪ ਦਾ ਮਾਲਕ ਹੈ। **(ਗੁਰਮੁਖਿ ਭਗਤਿ ਘਟਿ ਚਾਨਣੁ ਹੋਇ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ॥੧॥ਰਹਾਉ॥)**

“ਸਚੁ ਬੋਲੈ ਬੋਲਾਵੈ ਪਿਆਰੁ॥ ਗੁਰ ਕਾ ਸਬਦੁ ਕਰਣੀ ਹੈ ਸਾਰੁ॥੭॥

ਹਰਿ ਜਸੁ ਕਰਮੁ ਧਰਮੁ ਪਤਿ ਪੂਜਾ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ॥”

(ਅੰਗ 1345)

ਇਸ ਸ਼ਬਦ ਰਾਹੀਂ ਵੀ ਗੁਰੂ ਨਾਲ ਪਿਆਰ ਦੀ ਮਹੱਤਤਾ ਦਾ ਵਰਣਨ ਹੈ। ਮਨੁੱਖ ਕੋਲੋਂ “ਸੱਚ” ਗੁਰੂ ਦਾ ਪਿਆਰ ਬੁਲਵਾਉਂਦਾ ਹੈ ਭਾਵ ਜਦੋਂ ਮਨੁੱਖ ਦੇ ਅੰਦਰ ਗੁਰੂ ਲਈ ਅਥਾਹ ਪ੍ਰੇਮ ਪੈਦਾ ਹੋ ਜਾਂਦਾ ਹੈ ਉਹ ਗੁਰੂ ਦੇ ਦੱਸੇ ਹੋਏ ਸੱਚ ਦੇ ਮਾਰਗ ਤੇ ਚੱਲ ਪੈਂਦਾ ਹੈ ਭਾਵ ਗੁਰੂ ਦੇ ਸ਼ਬਦ, ਉਪਦੇਸ਼ ਤੇ ਅਮਲ ਕਰਦਾ ਹੈ, ਸੱਚ ਤੇ ਅਮਲ ਕਰਦਾ ਹੈ। ਗੁਰੂ ਸਾਨੂੰ ਜੋ ਵੀ ਸਮਝਾ ਰਿਹਾ ਹੈ, ਉਹ ਸੱਚ ਹੈ। ਇਹ ਹੀ ਮਨੁੱਖ ਦੀ ਸਾਰੀ ਕਰਣੀ ਦਾ ਸਾਰ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਮੰਨਣਾ। ਕੇਵਲ ਸੱਚ ਦੁਆਰਾ ਵਿਚਰਨਾ, ਪੂਰੀ ਤਰ੍ਹਾਂ ਗੁਰੂ ਦੀ ਮਤਿ ਦੁਆਰਾ ਵਿਚਰਨਾ, ਇਹ ਹੀ ਪ੍ਰਮਾਤਮਾ ਦਾ ਜਸ ਕਰਨਾ ਹੈ, ਕਰਮ ਧਰਮ ਹੈ, ਮਨੁੱਖ ਦੀ ਪਤਿ ਹੈ ਅਤੇ ਗੁਰੂ ਦੀ ਪੂਜਾ ਹੈ। ਇਸ ਮਾਰਗ ਤੇ ਮਨੁੱਖ ਤਾਂ ਹੀ ਚੱਲ ਸਕਦਾ ਹੈ ਜੇ ਉਸਦੇ ਅੰਦਰੋਂ ਔਗੁਣ ਸੜ ਜਾਣ ਭਾਵ ਖ਼ਤਮ ਹੋ ਜਾਣ। ਇਨ੍ਹਾਂ ਔਗੁਣਾਂ ਨੂੰ ਖ਼ਤਮ ਕਰਨਾ ਹੀ ਸ਼ਬਦ ਦੇ ਸੱਚ ਨੂੰ ਮੰਨਣਾ ਹੈ ਜਿਸ ਦੁਆਰਾ ਸਾਡੀ ਕਰਨੀ ਸੱਚੀ ਹੋ ਸਕਦੀ ਹੈ। **(ਹਰਿ ਜਸੁ ਕਰਮੁ ਧਰਮੁ ਪਤਿ ਪੂਜਾ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ॥)**

“ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ॥

ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ॥

ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥

ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ॥੧॥”

(ਅੰਗ 34)

ਇਸ ਸ਼ਬਦ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ “ਕਿਵੇਂ ਜਪਣਾ ਹੈ” ਤੇ ਗੁਰੂ ਪ੍ਰਮਾਤਮਾ ਦੀ ਸੇਵਾ ਕੀ ਹੈ।

ਇਸ ਗੱਲ ਦਾ ਉੱਤਰ ਸਤਿਗੁਰੂ ਕੋਲੋਂ ਪੁੱਛਿਆ ਹੋਇਆ ਹੈ ਅਤੇ ਸਤਿਗੁਰੂ ਦਾ ਜਵਾਬ ਬਿਲਕੁਲ ਸਪੱਸ਼ਟ ਹੈ। ਆਪਣਾ ਆਪਾ ਛੱਡ ਕੇ ਭਾਵ ਆਪਣੀ ਮਤਿ ਛੱਡ ਕੇ ਭਾਵ ਆਪਣੀ ਹਉਮੈ ਛੱਡ ਕੇ ਗੁਰੂ ਦਾ ਭਾਣਾ ਮੰਨਣ ਦਾ ਭਾਵ ਗੁਰੂ ਦੇ ਹੁਕਮ ਤੇ ਚੱਲਣ ਦਾ ਉਪਦੇਸ਼ ਹੈ। ਇਹ ਹੀ ਪ੍ਰਮਾਤਮਾ ਦੀ ਸੇਵਾ ਹੈ, ਇਹ ਹੀ ਉਸ ਦੀ ਚਾਕਰੀ ਹੈ ਅਤੇ ਇਹ ਹੀ ਨਾਮ ਜਪਣਾ ਹੈ ਭਾਵ ਨਾਮ ਜਪਣ ਦਾ ਤਰੀਕਾ ਹੈ। ਕੇਵਲ ਇਸੇ ਤਰੀਕੇ ਨਾਲ ਹੀ ਮਨੁੱਖ ਪ੍ਰਮਾਤਮਾ ਨੂੰ ਭਾ ਸਕਦਾ ਹੈ ਤੇ ਉਸਨੂੰ ਪਾ ਸਕਦਾ ਹੈ। ਇਹ “ਨਾਮ” ਪ੍ਰਾਪਤੀ ਦਾ ਤਰੀਕਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। ਇੱਥੇ ਕਿਸੇ ਅੱਖਰ ਦਾ ਜਪ ਨਹੀਂ ਸਮਝਾਇਆ ਹੋਇਆ ਜਦ ਕਿ ਗੁਰੂ ਕੋਲੋਂ ਸਵਾਲ “ਜਪੁ” ਕਰਨ ਲਈ ਪੁੱਛਿਆ ਹੋਇਆ ਹੈ। **(ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ॥ ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥)** ਜੇਕਰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ, ਫਿਰ ਤਾਂ ਨਾਮ ਜਪਣਾ ਇਹੀ ਹੈ, ਜੇਕਰ ਵਿਸ਼ਵਾਸ ਕਿਸੇ ਹੋਰ ਤੇ ਟਿਕਿਆ ਹੋਇਆ ਹੈ ਫਿਰ ਗੁਰੂ ਤੇ ਸਾਨੂੰ ਬੇਵਿਸ਼ਵਾਸੀ ਹੈ। ਗੁਰਬਾਣੀ ਗੁਰੂ ਹੈ, ਗੁਰਬਾਣੀ ਸ਼ਬਦ ਹੈ, ਸ਼ਬਦ ਗੁਰੂ ਦਾ ਉਪਦੇਸ਼ ਹੈ, ਸ਼ਬਦ ਗੁਰੂ ਦਾ ਗਿਆਨ ਹੈ, ਸ਼ਬਦ ਗੁਰੂ ਦਾ ਹੁਕਮ ਹੈ। ਸ਼ਬਦ ਦੇ ਭਾਵ ਨੂੰ ਸਮਝ ਕੇ ਉਸ ਤੇ ਅਮਲ ਕਰਨਾ ਗੁਰੂ ਦੇ ਭਾਣੇ ਵਿੱਚ ਚੱਲਣਾ ਹੈ ਭਾਵ ਗੁਰੂ ਦੇ ਭਾਣੇ ਨੂੰ ਮੰਨਣਾ ਹੈ, ਭਾਣੇ ਵਿੱਚ ਰਹਿਣਾ ਹੈ। ਪ੍ਰਮਾਤਮਾ ਜੋ ਕੁੱਝ ਵੀ ਕਰ ਰਿਹਾ ਹੈ ਉਸਨੂੰ ਮਿੱਠਾ ਕਰਕੇ ਮੰਨਣਾ ਹੈ। ਇਸ ਗੱਲ ਨੂੰ ਅਗਲੇ ਸ਼ਬਦ ਰਾਹੀਂ ਕੁੱਝ ਹੋਰ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

“ਜੋ ਤੁਧੁ ਕਰਣਾ ਸੋ ਕਰਿ ਪਾਇਆ॥ ਭਾਣੇ ਵਿਚਿ ਕੋ ਵਿਰਲਾ ਆਇਆ॥

ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥੧॥
ਗੁਰਮੁਖਿ ਤੇਰਾ ਭਾਣਾ ਭਾਵੈ॥ ਸਹਜੇ ਹੀ ਸੁਖੁ ਸਚੁ ਕਮਾਵੈ॥
ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ॥੨॥
ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ॥
ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ॥
ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ॥੩॥
ਜਾ ਤਿਸੁ ਭਾਵੈ ਤਾ ਗੁਰੂ ਮਿਲਾਏ॥ ਗੁਰਮੁਖਿ ਨਾਮੁ ਪਦਾਰਥੁ ਪਾਏ॥
ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ
ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ॥੪॥
ਮਨਮੁਖੁ ਅੰਧੁ ਕਰੇ ਚਤੁਰਾਈ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ॥੫॥
ਸਤਿਗੁਰੁ ਮੇਲੇ ਦੇ ਵਡਿਆਈ॥ ਸਤਿਗੁਰ ਕੀ ਸੇਵਾ ਧੁਰਿ ਫੁਰਮਾਈ॥
ਸਤਿਗੁਰ ਸੇਵੇ ਤਾ ਨਾਮੁ ਪਾਏ ਨਾਮੇ ਹੀ ਸੁਖੁ ਪਾਇਦਾ॥੬॥”

(ਅੰਗ 1063-1064)

“ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ॥
ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ॥੧॥
ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ॥
ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ॥੧॥ਰਹਾਉ॥
ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ॥੨॥
ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ॥
ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ॥੩॥
ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ॥
ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ॥੪॥”

(ਅੰਗ ੩੬੫)

ਪਉੜੀ॥

“ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ॥
ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ॥
ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ॥
ਜਿਨ ਕਉ ਪੂਰਬਿ ਲਿਖਿਆ ਤਿਨ ਸਚੁ ਕਮਾਇਆ॥
ਨਾਨਕ ਤਿਸੁ ਸਰਣਾਗਤੀ ਜਿਨਿ ਜਗਤੁ ਉਪਾਇਆ॥੨੧॥”

(ਅੰਗ ੧੦੯੩)

ਗੁਰੂ ਪ੍ਰਮਾਤਮਾ ਦਾ ਭਾਣਾ ਕੀ ਹੈ, ਉੱਪਰ ਲਿਖੇ ਸ਼ਬਦਾਂ ਦੁਆਰਾ ਬਿਲਕੁਲ ਸਪੱਸ਼ਟ ਹੋ ਜਾਵੇਗਾ। ਪਹਿਲੇ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਹੀ ਸਭ ਕੁੱਝ ਸਮਝਾਇਆ ਹੋਇਆ ਹੈ ਜਿਸ ਨੂੰ ਬੜੇ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਪਹਿਲੀ ਪੰਗਤੀ ਵਿੱਚ ਗੁਰਮਤਿ ਦਾ ਸਾਰ ਹੀ ਸਮਝ ਆ ਜਾਂਦਾ ਹੈ।

“ਜੋ ਤੁਧੁ ਕਰਣਾ ਸੋ ਕਰਿ ਪਾਇਆ॥ ਭਾਣੇ ਵਿਚਿ ਕੋ ਵਿਰਲਾ ਆਇਆ॥”

"ਜੋ ਤੁਧ ਕਰਣਾ" ਤੋਂ ਭਾਵ ਹੈ ਜੋ ਗੁਰੂ ਆਪ ਕਰਨਾ ਚਾਹੁੰਦਾ ਹੈ ਭਾਵ ਜਿਹੋ ਜਿਹਾ ਕਰਨਾ ਉਸਨੂੰ ਚੰਗਾ ਲੱਗਦਾ ਹੈ ਭਾਵ ਜਿਹੋ ਜਿਹੀ ਕਰਣੀ ਗੁਰੂ ਨੂੰ ਚੰਗੀ ਲੱਗਦੀ ਹੈ ਭਾਵ ਉਹੋ ਜਿਹੀ ਕਰਣੀ ਜੋ ਪੂਰੀ ਤਰ੍ਹਾਂ ਗੁਰੂ ਦੇ ਉਪਦੇਸ਼ ਅਨੁਸਾਰ ਹੋਵੇ। ਇਹੋ ਜਿਹੀ ਕਰਣੀ ਕਰਕੇ ਭਾਵ ਪੂਰੀ ਤਰ੍ਹਾਂ ਗੁਰੂ ਦੇ ਹੁਕਮ ਵਿੱਚ ਰਹਿ ਕੇ ਉਸਨੂੰ ਪਾਇਆ ਜਾ ਸਕਦਾ ਹੈ। ਉਸਦੇ ਭਾਣੇ ਵਿੱਚ ਕੋਈ ਵਿਰਲਾ ਹੀ ਆ ਸਕਦਾ ਹੈ ਭਾਵ ਗੁਰੂ ਦਾ ਪੂਰਾ ਉਪਦੇਸ਼ ਕੋਈ ਵਿਰਲਾ ਹੀ ਮੰਨ ਸਕਦਾ ਹੈ। ਜਿਸ ਤੇ ਉਹ ਆਪਣੀ ਕਿਰਪਾ ਕਰਕੇ ਸੋਝੀ ਪਾ ਦਿੰਦਾ ਹੈ ਉਹੀ ਉਸਦੇ ਭਾਣੇ ਵਿੱਚ ਆ ਸਕਦਾ ਹੈ।

ਜੋ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਦਾ ਹੈ ਉਹੀ ਪ੍ਰਮਾਤਮਾ ਨੂੰ ਭਾਉਂਦਾ ਹੈ ਅਤੇ ਆਪਣਾ ਭਾਣਾ ਅਕਾਲ ਪੁਰਖ ਆਪ ਹੀ ਜਿਸ ਤੇ ਕ੍ਰਿਪਾ ਕਰੇ ਉਸ ਕੋਲੋਂ ਮਨਵਾਉਂਦਾ ਹੈ, ਆਪ ਹੀ ਉਸਨੂੰ ਆਪਣਾ ਨਾਮ ਦਿੰਦਾ ਹੈ।

ਗੁਰੂ ਦੇ ਭਾਣੇ ਵਿੱਚ ਸਾਡੀ ਸੱਚੀ ਸੋਝੀ ਦੁਆਰਾ ਜੋ ਕਿ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ, ਤਾਂ ਹੀ ਰਿਹਾ ਜਾ ਸਕਦਾ ਹੈ। ਉਸਦੇ ਭਾਣੇ ਵਿੱਚ ਰਹਿਣਾ ਹੀ ਉਸਦਾ ਜਸ ਗਾਉਣਾ ਹੈ, ਸੇਵਾ ਕਰਨੀ ਹੈ ਅਤੇ ਉਸਦੀ ਸਿਫ਼ਤ ਸਾਲਾਹ ਕਰਨਾ ਹੈ।

ਪ੍ਰਮਾਤਮਾ ਜਿਸਨੂੰ ਆਪਣੇ ਭਾਣੇ ਵਿੱਚ ਰੱਖਦਾ ਹੈ ਇਹ ਉਸਦੀ ਸਭ ਤੋਂ ਵੱਡੀ ਦਾਤਿ ਹੈ ਕਿਉਂਕਿ ਭਾਣੇ ਵਿੱਚ ਚੱਲਣ ਨਾਲ ਮਨੁੱਖ ਨੂੰ ਸਭ ਕੁੱਝ ਮਿਲ ਜਾਂਦਾ ਹੈ, ਉਸਦੇ ਭਾਣੇ ਵਿੱਚ ਰਹਿਣਾ ਹੀ ਉਸਦੀ ਵਡਿਆਈ ਕਰਨੀ ਹੈ। “ਭਾਣਾ” ਉਹ ਹੈ ਜੋ ਗੁਰੂ ਨੂੰ ਭਾਉਂਦਾ ਹੈ ਤੇ ਪੂਰੀ ਗੁਰਬਾਣੀ ਵਿੱਚ ਉਹੋ ਕੁੱਝ ਲਿਖਿਆ ਹੋਇਆ ਹੈ ਜੋ ਗੁਰੂ ਨੂੰ ਭਾਉਂਦਾ ਹੈ ਜੋ ਕਿ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ, ਗੁਰੂ ਦਾ ਦੱਸਿਆ ਹੋਇਆ ਅਸੂਲ ਹੈ ਤੇ ਉਸਦੇ ਅਨੁਸਾਰ ਵਿਚਰਨਾ ਹੀ ਗੁਰੂ ਦੇ, ਪ੍ਰਮਾਤਮਾ ਦੇ ਭਾਣੇ ਵਿੱਚ ਰਹਿਣਾ ਹੈ। ਜੋ ਵਿਕਾਰਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ, ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ, ਉਹੀ ਗੁਰੂ ਦੇ ਭਾਣੇ ਵਿੱਚ ਰਹਿੰਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥}

(ਅੰਗ 65)

“ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ॥
ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ॥
ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ॥
ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ॥੨॥”

(ਅੰਗ ੩੪)

ਇਸ ਸ਼ਬਦ ਰਾਹੀਂ ਇਹ ਦੱਸਿਆ ਗਿਆ ਹੈ ਕਿ ਜਦੋਂ ਮਨੁੱਖ ਦੇ ਮਨ ਦੀ ਇੱਛਾ ਪੂਰੀ ਹੋ ਜਾਂਦੀ ਹੈ ਭਾਵ ਜਦੋਂ ਉਸਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਅਵੱਸਥਾ ਵਿੱਚ ਮਨੁੱਖ ਦੇ ਅੰਦਰ ਗੁਰੂ ਆਪਣਾ ਗਿਆਨ ਵਸਾ ਦਿੰਦਾ ਹੈ ਤੇ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਆਪ ਹੀ ਆਪਣੇ ਗਿਆਨ ਦੁਆਰਾ ਸਭ ਜਗ੍ਹਾਂ ਭਰਪੂਰ ਹੈ। **(ਸਬਦਿ ਰਹਿਆ ਭਰਪੂਰਿ॥)** ਪ੍ਰਮਾਤਮਾ ਸਭ ਜਗ੍ਹਾ ਆਪਣੇ ਸ਼ਬਦ ਦੁਆਰਾ ਹੀ ਭਰਪੂਰ ਹੈ। ਸਾਡੇ ਅੰਦਰ ਵੀ ਉਹ ਸ਼ਬਦ ਰੂਪ ਵਿੱਚ ਹੀ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਹੀ ਹੈ। ਪੂਰੀ ਗੁਰਬਾਣੀ ਵਿੱਚ ਉਹ ਸ਼ਬਦ ਰੂਪ ਵਿੱਚ ਹੀ ਸਮਾਇਆ ਹੋਇਆ ਹੈ। “ਸ਼ਬਦ ਰੂਪ” ਪ੍ਰਮਾਤਮਾ ਦਾ ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਉਸਨੂੰ ਪਾਉਣ ਤੋਂ ਬਾਅਦ ਉਹ ਮਨੁੱਖ ਫਿਰ ਹਮੇਸ਼ਾ ਪ੍ਰਮਾਤਮਾ ਦੇ ਭੈਅ ਵਿੱਚ ਰਹਿੰਦਾ ਹੈ, ਉਸਦੇ ਭਾਣੇ ਵਿੱਚ ਰਹਿੰਦਾ ਹੈ ਤੇ ਇਸ ਤਰੀਕੇ ਨਾਲ ਉਹ ਪ੍ਰਮਾਤਮਾ ਦੀ ਦਿਨ ਰਾਤ ਭਗਤੀ ਕਰਦਾ ਹੈ ਭਾਵ ਉਹ ਅੱਠੇ ਪਹਿਰ

ਪ੍ਰਮਾਤਮਾ ਦੇ ਹੁਕਮ ਵਿੱਚ ਚੱਲਦਾ ਹੈ ਤੇ ਹਰ ਵਕਤ ਆਪਣੇ ਅੰਦਰ ਹੀ ਪ੍ਰਮਾਤਮਾ ਨੂੰ ਵੇਖਦਾ ਹੈ ਭਾਵ ਮਹਿਸੂਸ ਕਰਦਾ ਹੈ। ਉਹ ਮਨੁੱਖ ਗੁਰੂ ਦੇ ਸੱਚੇ ਉਪਦੇਸ਼ ਵਿੱਚ ਰੱਤਿਆ ਰਹਿੰਦਾ ਹੈ ਤੇ ਉਸਦੇ ਸਾਰੇ ਭਰਮ, ਸੰਸੇ ਦੂਰ ਹੋ ਜਾਂਦੇ ਹਨ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਜਪਣਾ ਕੀ ਹੈ। ਮਨੁੱਖ ਦਾ ਭਰਮ ਹੀ ਪ੍ਰਮਾਤਮਾ ਨਾਲੋਂ ਉਸ ਦੇ ਵਿਛੋੜੇ ਦਾ ਕਾਰਨ ਹੈ ਤੇ ਗੁਰੂ ਦਾ ਸੱਚਾ ਗਿਆਨ ਹੀ ਉਸਨੂੰ ਇਸ ਭਰਮ ਵਿੱਚੋਂ ਕੱਢਦਾ ਹੈ ਤੇ ਮਨੁੱਖ ਦੀ ਬਿਰਤੀ ਗੁਣਾਂ ਵਾਲੀ ਬਨਾਉਂਦਾ ਹੈ। "ਭੈ" ਕਿਸਨੂੰ ਕਿਹਾ ਹੈ ਇਹ ਅੱਗੇ ਚੱਲ ਕੇ ਬਰੀਕੀ ਨਾਲ ਜਾਣਾਗੇ। (**ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥ ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥**)

{ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}

(ਅੰਗ 937)

ਉਪਰ ਵਾਲੇ ਸ਼ਬਦ ਨੂੰ ਅਗੇ ਚਲਕੇ ਵਿਸਥਾਰ ਨਾਲ ਸਮਝਾਂਗੇ।

"ਤਜਿ ਹਉਮੈ ਗੁਰ ਗਿਆਨ ਭਜੋ॥
ਮਿਲਿ ਸੰਗਤਿ ਧੁਰਿ ਕਰਮ ਲਿਖਿਓ॥੧॥
ਜੋ ਦੀਸੈ ਸੋ ਸੰਗਿ ਨ ਗਇਓ॥
ਸਾਕਤੁ ਮੂੜੁ ਲਗੇ ਪਚਿ ਮੁਇਓ॥੨॥
ਮੋਹਨ ਨਾਮੁ ਸਦਾ ਰਵਿ ਰਹਿਓ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ॥੩॥"

(ਅੰਗ ੨੪੧)

ਇਸ ਸ਼ਬਦ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦਾ ਭਜਨ ਕਿਵੇਂ ਕਰਨਾ ਹੈ। ਆਪਣੀ ਹਉਮੈ ਤਿਆਗ ਕੇ ਭਾਵ ਆਪਾ ਤਿਆਗ ਕੇ ਭਾਵ ਆਪਣੀ ਮਤਿ ਤਿਆਗ ਕੇ ਗੁਰੂ ਦੀ ਮੱਤ ਲੈਣ ਦਾ ਹੁਕਮ ਹੈ। **"ਗੁਰ ਗਿਆਨ ਭਜੋ"** ਤੋਂ ਭਾਵ ਹੈ ਗੁਰੂ ਦੇ ਗਿਆਨ ਨੂੰ ਅਪਣਾਓ ਭਾਵ ਆਪਣੇ ਅੰਦਰ ਧਾਰੋ ਭਾਵ ਗੁਰੂ ਦੇ ਗਿਆਨ ਦੁਆਰਾ ਗੁਰੂ ਦੀ ਸਮਝ ਲੈ ਕੇ ਆਪਣਾ ਜੀਵਨ ਬਤੀਤ ਕਰੋ। ਗਿਆਨ ਦਾ ਭਜਨ ਗਿਆਨ ਗਿਆਨ ਬੋਲੀ ਜਾਣ ਨਾਲ ਤਾਂ ਨਹੀਂ ਹੋ ਸਕਦਾ। ਗਿਆਨ ਤਾਂ ਸਾਨੂੰ ਕੁੱਝ ਸਮਝਾਉਣ ਲਈ ਬਣਿਆ ਹੈ। ਗਿਆਨ ਦਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜੇ ਅਸੀਂ ਉਸ ਕੋਲੋਂ ਕੁੱਝ ਸੋਝੀ ਲਈਏ ਜਿਸ ਨਾਲ ਸਾਡੇ ਜੀਵਨ ਅੰਦਰ ਤਬਦੀਲੀ ਆਏ। ਗੁਰੂ ਸਾਨੂੰ ਹਉਮੈ ਤਜਣ ਲਈ ਕਹਿ ਰਿਹਾ ਹੈ, ਗਿਆਨ ਦੇ ਰਿਹਾ ਹੈ। ਗਿਆਨ ਦਾ ਮਕਸਦ ਤਾਂ ਹੀ ਪੂਰਾ ਹੋਵੇਗਾ ਜੇਕਰ ਅਸੀਂ ਹਉਮੈ ਛੱਡਾਂਗੇ। ਕੇਵਲ ਗਿਆਨ ਗਿਆਨ ਬੋਲੀ ਜਾਣ ਨਾਲ ਸਾਡੀ ਹਉਮੈ ਥੋੜੀ ਚਲੀ ਜਾਵੇਗੀ! ਉਲਟਾ ਵੱਧ ਸਕਦੀ ਹੈ। ਹਉਮੈ ਸਾਡੇ ਅੰਦਰ ਦੀ ਨਾਸਮਝ ਮਤਿ ਹੈ, ਅਗਿਆਨਤਾ ਵਾਲੀ ਮਤਿ ਹੈ ਜਿਸਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ ਤੇ ਮਾਇਆ ਮੋਹ ਵਿੱਚ ਰਹਿੰਦੀ ਹੈ ਜਿਸ ਨੂੰ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਹਉਮੈ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਨਿਕਲ ਸਕਦੀ ਹੈ ਜਿਸਨੂੰ ਸੱਚੁ ਦੀ ਸਮਝ ਹੈ, ਨਾਮ ਦੀ ਸਮਝ ਹੈ। ਗਿਆਨ ਨੂੰ ਭਜਨ ਦਾ ਮਕਸਦ ਹਉਮੈ ਛੱਡਣਾ ਹੈ। ਗੁਰੂ ਦਾ ਸੱਚਾ ਗਿਆਨ ਹੀ ਨਾਮ ਹੈ। ਗਿਆਨ ਨੂੰ ਭਜਨਾ ਨਾਮ ਨੂੰ ਭਜਨਾ ਹੈ, ਜਪਣਾ ਹੈ ਭਾਵ ਗੁਰੂ ਦੇ ਗਿਆਨ ਨੂੰ ਉਪਦੇਸ਼ਕ ਮੰਨਣਾ ਹੈ ਤੇ ਆਪਣੀ ਮਤਿ ਨੂੰ ਛੱਡਣਾ ਹੈ। ਆਖਰੀ ਪੰਗਤੀ ਨੂੰ ਧਿਆਨ ਨਾਲ ਸਮਝੋ ਜਿਸ ਵਿੱਚ ਇਹ ਸਮਝਾਇਆ ਹੈ ਕਿ ਨਾਮ ਆਪ ਪ੍ਰਮਾਤਮਾ ਹੈ ਜੋ ਸਦਾ ਤੋਂ ਹੈ ਤੇ ਉਹ ਕਰੋੜਾਂ ਵਿੱਚੋਂ ਕਿਸੇ ਵਿਰਲੇ ਨੂੰ ਗੁਰੂ ਦੀ ਮਤਿ ਤੇ ਚੱਲ ਕੇ ਮਿਲਦਾ ਹੈ, ਹਉਮੈ ਛੱਡ ਕੇ ਮਿਲਦਾ ਹੈ। **(ਮੋਹਨ ਨਾਮੁ ਸਦਾ ਰਵਿ ਰਹਿਓ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ॥੩॥)** ਨਾਮ ਤਾਂ ਸਦਾ ਤੋਂ ਇੱਕੋ ਹੀ ਹੈ ਜੋ ਸਭ ਨੂੰ ਰਵਿ ਰਿਹਾ ਹੈ ਭਾਵ ਚਲਾ ਰਿਹਾ ਹੈ। ਸਾਡੇ ਅੰਦਰ ਸਾਨੂੰ ਨਾਮ ਹੀ ਰਵਿ ਰਿਹਾ ਹੈ। ਹਰ ਵਸਤੂ ਨੂੰ ਪ੍ਰਮਾਤਮਾ ਹੀ ਚਲਾ ਰਿਹਾ ਹੈ ਜੋ ਕਿ ਗਿਆਨ ਰੂਪ ਵਿੱਚ ਚਲਾ ਰਿਹਾ ਹੈ। ਪ੍ਰਮਾਤਮਾ ਦਾ ਨਾਮ ਉਸਦਾ ਬ੍ਰਹਮ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਹਰ ਵਸਤੂ ਵਿੱਚ ਆਪਣੇ ਨਿਰਗੁਣ ਰੂਪ ਵਿੱਚ ਹੈ। ਪ੍ਰਮਾਤਮਾ ਸਭ ਜਗ੍ਹਾ ਤੇ ਸਭ ਵਿੱਚ ਸਾਇੰਟਿਫਿਕਲੀ ਹੀ ਵਰਤਦਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦੇ ਨਾਮ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਹੀ ਚੱਲ ਰਹੀ ਹੈ। ਇੱਕ ਅੱਖਰ ਰੂਪ ਨਾਮ ਲੈ ਕੇ ਹਰ ਕੋਈ ਆਪਣੇ ਆਪ ਨੂੰ ਗੁਰਮੁਖਿ ਸਮਝਦਾ ਹੈ। "ਗੁਰਮੁਖਿ" ਦੀ ਅਵੱਸਥਾ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਅੱਗੇ ਚੱਲਕੇ ਸਭ ਕੁੱਝ ਬੜੀ ਬਰੀਕੀ ਨਾਲ ਸਮਝਾਂਗੇ।

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥}

(ਅੰਗ 759)

ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ।

ਪਉੜੀ॥

“ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ॥
ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ॥
ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ॥
ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ॥੪॥”

(ਅੰਗ ੬੪੪)

ਇਸ ਸ਼ਬਦ ਰਾਹੀਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਵੇਗੀ ਕਿ ਪ੍ਰਮਾਤਮਾ ਨੂੰ ਧਿਆਉਣਾ, ਗੁਣ ਗਾਉਣੇ, ਸੇਵਾ ਕਰਨੀ ਕੀ ਹੈ, ਭਾਵ ਮਨੋਰਥ ਕੇਵਲ ਇੱਕੋ ਇੱਕ ਪ੍ਰਮਾਤਮਾ ਨੂੰ ਪਾਉਣ ਦਾ ਹੈ। ਇਸ ਮਨੋਰਥ ਦੀ ਪੂਰਤੀ ਕੇਵਲ ਪ੍ਰਮਾਤਮਾ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਹੋ ਸਕਦੀ ਹੈ। ਉਸ ਦੇ ਮਾਰਗ ਤੇ ਪ੍ਰਮਾਤਮਾ ਜਿਸਨੂੰ ਆਪ ਸੋਝੀ ਪਾਉਂਦਾ ਹੈ ਉਹ ਹੀ ਚੱਲ ਸਕਦਾ ਹੈ ਭਾਵ ਉਹ ਹੀ ਉਸਦੀ ਸੇਵਾ ਕਰ ਸਕਦਾ ਹੈ ਅਤੇ ਉਸਨੂੰ ਪਾ ਸਕਦਾ ਹੈ। ਉਸਦੀ ਸੇਵਾ ਕਰਨੀ ਉਸਦੇ ਹੁਕਮ ਵਿੱਚ ਰਹਿਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ ਤੇ ਅੱਗੇ ਜਾ ਕੇ ਹੋਰ ਵੀ ਜਾਣਾਗੇ। ਅਸੀਂ ਕੇਵਲ ਉਸਦੇ ਮਾਰਗ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਸੇਵਾ ਦਾ ਉੱਦਮ ਹੀ ਕਰਨਾ ਹੈ ਤੇ ਜਿਹੋ ਜਿਹਾ ਮਾਰਗ ਸਾਨੂੰ ਗੁਰਬਾਣੀ ਸਮਝਾਉਂਦੀ ਹੈ, ਉਹ ਹੀ ਸੱਚਾ ਮਾਰਗ ਹੈ ਜੋ ਕਿ ਗੁਣਾਂ ਦੁਆਰਾ ਵਿਚਰਨ ਦਾ ਹੈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਹੀ ਆਪਣਾ ਮਾਰਗ ਸਮਝਾਇਆ ਹੋਇਆ ਹੈ। ਉਪਰ ਸਾਨੂੰ ਇਹ ਵੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ ਭਾਵ ਆਕਾਰ ਰੂਪ ਨਹੀਂ ਹੈ ਜਿਸ ਕਰਕੇ ਉਹ ਅਦ੍ਰਿਸ਼ਟ ਹੈ ਭਾਵ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਪਰ ਫਿਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਵਿਖਾਉਂਦਾ ਹੈ ਕਿਉਂਕਿ ਉਹ ਮਨ ਦੀਆਂ ਅੱਖਾਂ ਨਾਲ, ਮਨ ਦੀ ਸਮਝ ਨਾਲ ਮਨ ਦੇ ਵਿੱਚੋਂ ਹੀ ਦਿਸਦਾ ਹੈ। **(ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥)**

“ਭਨਤਿ ਨਾਨਕੁ ਕਰੇ ਵੀਚਾਰੁ॥ ਸਾਚੀ ਬਾਣੀ ਸਿਉ ਧਰੇ ਪਿਆਰੁ॥
ਤਾ ਕੋ ਪਾਵੈ ਮੋਖ ਦੁਆਰੁ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ॥”

(ਅੰਗ ੬੬੧)

ਉੱਪਰ ਪੰਗਤੀਆਂ ਰਾਹੀਂ ਸਾਰੇ ਜਪੁ ਤਪੁ ਦਾ ਸਾਰ ਦੱਸਿਆ ਹੋਇਆ ਹੈ। ‘‘ਸਬਦੁ’’ ਦਾ, ਗੁਰੂ ਦਾ, ਗੁਰਬਾਣੀ ਦਾ ਤੱਤ ਸਾਰ ਦੱਸਿਆ ਹੈ, ਗੁਰਬਾਣੀ ਨੂੰ ਰਚਨ ਦਾ ਮਨੋਰਥ ਦੱਸਿਆ ਹੋਇਆ ਹੈ ਤਾਂ ਜੋ ਅਸੀਂ ਮੋਖ ਦੀ ਪ੍ਰਾਪਤੀ ਕਰ ਸਕੀਏ। ਇੱਥੇ ਇਹ ਵੀ ਸਾਫ਼ ਹੋ ਜਾਂਦਾ ਹੈ ਕਿ ਹਰ ਗੱਲ ਦਾ ਮਨੋਰਥ ਇੱਕ ਹੀ ਹੈ ਭਾਵੇਂ ਉਹ ਗੱਲ ਜਪੁ ਕਰਨ ਦੀ ਹੈ, ਤਪੁ ਕਰਨ ਦੀ ਹੈ, ਧਿਆਨ ਦੀ ਹੈ, ਅਰਾਧਣ ਦੀ ਹੈ, ਸਿਮਰਨ ਦੀ ਹੈ, ਗੁਣ ਗਾਉਣ ਦੀ ਹੈ ਭਾਵ ਅਸੀਂ ਜੋ ਕੁਝ ਵੀ ਉਪਰਾਲੇ ਪ੍ਰਮਾਤਮਾ ਨੂੰ ਪਾਉਣ ਦੇ ਕਰਦੇ ਹਾਂ ਉਹ ਸਭ ਕੁਝ ਭਾਵ ਜਪੁ, ਤਪੁ, ਸਭੁ ਮਨੋਰਥ ਇੱਕੋ ਇੱਕ ਹੈ ਜੋ ਕਿ ਪ੍ਰਮਾਤਮਾ ਨੂੰ ਪਾਉਣਾ ਹੈ ਭਾਵ ‘‘ਮੋਖ ਦੁਆਰ’’। ਇਸ ਮਨੋਰਥ ਦੀ ਪੂਰਤੀ ਬਾਣੀ ਨਾਲ ਪਿਆਰ ਪੈਣ ਦੇ ਦੁਆਰਾ ਹੋ ਸਕਦੀ ਹੈ, ਜਿਸਦਾ ਜ਼ਿਕਰ ਪਿੱਛਲੇ ਸ਼ਬਦਾਂ ਵਿੱਚ ਕੀਤਾ ਗਿਆ ਹੈ ਕਿ ਸਾਡਾ ਗੁਰੂ ਨਾਲ ਪਿਆਰ ਕੀ ਹੈ। ਗੁਰੂ ਦੇ ਨਾਲ ਪਿਆਰ ਗੁਰੂ ਦੀ ਮਤਿ ਦੇ ਨਾਲ ਪਿਆਰ ਹੈ ਜੋ ਕਿ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਪੈਂਦਾ ਹੈ। ਗੁਰੂ ਦਾ ਮਕਸਦ ਸਾਨੂੰ ਮਤਿ ਦੇਣ ਨਾਲ ਹੀ ਹੈ ਤਾਂ ਜੋ ਅਸੀਂ ਉਸਦੀ ਮਤਿ ਤੇ ਚੱਲੀਏ, ਨਹੀਂ ਤਾਂ ਮਤਿ ਦੇਣ ਦਾ ਮਨੋਰਥ ਹੀ ਕੀ ਰਹਿ ਗਿਆ। ਹੋਰ ਕੋਈ ਤਰੀਕਾ ਪ੍ਰਮਾਤਮਾ ਦੇ ਨਾਲ ਮੇਲ ਦਾ ਨਹੀਂ ਦੱਸਿਆ, ਭਾਵ ਕੋਈ ਸਰੀਰਕ ਜਪ ਤਪ ਨਹੀਂ ਦੱਸਿਆ। ਗੁਰੂ ਦੇ ਨਾਲ ਸਾਡਾ ਪਿਆਰ ਕਿਵੇਂ ਪੈਂਦਾ ਹੈ ਇਸ ਗੱਲ ਨੂੰ ਹਮੇਸ਼ਾਂ ਹੀ ਯਾਦ ਰੱਖਣ ਦੀ ਲੋੜ ਹੈ। ਆਓ ਇੱਕ ਵਾਰੀ ਫਿਰ ਯਾਦ ਕਰੀਏ। **{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥}** (ਅੰਗ - 578) । ਕੇਵਲ ਗੁਰੂ ਨੂੰ ਮੱਥੇ ਟੇਕੀ ਜਾਈਏ, ਪੜ੍ਹੀ ਸੁਣੀ ਜਾਈਏ, ਕਿਸੇ ਅੱਖਰ ਦਾ ਜਪ ਕਰੀ ਜਾਈਏ ਇਹਨਾਂ ਗੱਲਾਂ ਨਾਲ ਅਸੀਂ ਪ੍ਰਮਾਤਮਾ ਨੂੰ ਨਹੀਂ ਭਾ ਸਕਦੇ, ਚੰਗੇ ਨਹੀਂ ਲੱਗ ਸਕਦੇ। ਚੰਗੇ ਇਨਸਾਨ ਅਸੀਂ ਮਾਣ ਮੋਹ ਤੇ ਸਾਰੇ

ਵਿਕਾਰ ਛੱਡ ਕੇ ਹੀ ਬਣ ਸਕਦੇ ਹਾਂ ਤੇ ਪ੍ਰਮਾਤਮਾ ਨੂੰ ਇਹੋ ਜਿਹੇ ਚੰਗੇ ਮਨੁੱਖ ਹੀ ਭਾਉਂਦੇ ਹਨ ਭਾਵ ਸ਼ਬਦਾਂ ਦੇ ਵਿਚਾਰੀ ਬਣ ਕੇ ਭਾਉਂਦੇ ਹਨ। ਪ੍ਰਮਾਤਮਾ ਨੂੰ ਕੇਵਲ ਮੋਖ ਦੁਆਰਾ ਭਾਵ ਮੁਕਤੀ ਹੋਣ ਦੁਆਰਾ ਪਾਇਆ ਜਾ ਸਕਦਾ ਹੈ ਜੋ ਕਿ ਗੁਰੂ ਦੀ ਬਾਣੀ ਨਾਲ ਪਿਆਰ ਕਰਨ ਨਾਲ ਹੀ ਪੈ ਸਕਦਾ ਹੈ। ਮੋਖ ਦੁਆਰ ਕੀ ਹੈ, ਮੁਕਤੀ ਕੀ ਹੈ, ਇਹ ਗੱਲ ਸਾਨੂੰ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਜਿਨ੍ਹਾਂ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਤੇ ਮੋਖ ਦੁਆਰ ਕੀ ਹੈ, ਇਹ ਸਮਝਾਂਗੇ। (**ਭਨਤਿ ਨਾਨਕੁ ਕਰੇ ਵੀਚਾਰੁ॥ ਸਾਚੀ ਬਾਣੀ ਸਿਉ ਧਰੇ ਪਿਆਰੁ॥ ਤਾ ਕੋ ਪਾਵੈ ਮੋਖ ਦੁਆਰੁ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ॥**)

“ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ
ਇਵ ਹਰਿ ਹਰਿ ਨਾਮੁ ਧਿਆਈ॥
ਹਰਿ ਦਰਗਹ ਭਾਵਹਿ ਫਿਰਿ ਜਨਮਿ ਨ ਆਵਹਿ
ਹਰਿ ਹਰਿ ਹਰਿ ਜੋਤਿ ਸਮਾਈ॥੧॥”

(ਅੰਗ ੬੬੯)

ਇਸ ਸ਼ਬਦ ਦੇ ਵਿੱਚ ਬੜੀ ਹੀ ਬਰੀਕੀ ਨਾਲ ਇਹ ਸਮਝਾਇਆ ਹੋਇਆ ਹੈ ਕਿ ਹਰਿ ਹਰਿ ਕਿਵੇਂ ਕਰਨਾ ਹੈ ਅਤੇ ਇਸ ਦਾ ਭਾਵ ਕੀ ਹੈ।

ਸਾਰੀ ਗੁਰਬਾਣੀ “ਹਰਿ” ਹੈ ਭਾਵ ਪ੍ਰਮਾਤਮਾ ਦਾ ਰੂਪ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ। ਪ੍ਰਮਾਤਮਾ ਗੁਣਾਂ ਦਾ ਖਜ਼ਾਨਾ ਹੈ, ਉਹ ਗੁਣਾਂ ਨਾਲ ਭਰਪੂਰ ਹੈ, ਪੂਰੀ ਬਾਣੀ ਪ੍ਰਮਾਤਮਾ ਦੇ ਗੁਣਾਂ ਨਾਲ ਭਰਪੂਰ ਹੈ। ਗੁਰੂ ਦੇ ਗਿਆਨ ਦੇ ਵਿੱਚ ਗੁਣ ਹੀ ਹੁੰਦੇ ਹਨ। “ਹਰਿ” ਪ੍ਰਮਾਤਮਾ ਦਾ ਪੂਰਨ ਗੁਣਾਂ ਵਾਲਾ ਰੂਪ ਹੈ, “ਹਰਿ” ਪ੍ਰਮਾਤਮਾ ਦਾ ਉਪਦੇਸ਼ ਹੈ, “ਹਰਿ” ਪ੍ਰਮਾਤਮਾ ਦਾ ਸ਼ਬਦ ਹੈ, “ਹਰਿ” ਪ੍ਰਮਾਤਮਾ ਆਪ ਹੈ, ਹਰਿ ਪ੍ਰਮਾਤਮਾ ਦੀ ਬਾਣੀ ਹੈ, “ਹਰਿ” ਪ੍ਰਮਾਤਮਾ ਦਾ ਸੱਚ ਹੈ, “ਹਰਿ” ਬ੍ਰਹਮ ਗਿਆਨ ਹੈ, “ਹਰਿ” “ਨਾਮ” ਹੈ, “ਹਰਿ” ਗੁਰੂ ਦੀ ਸੱਚੀ ਸਿੱਖਿਆ ਹੈ, “ਹਰਿ” ਸ਼ਬਦ ਦੀ ਵਿਚਾਰ ਹੈ।

“ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮੁ ਧਿਆਈ ॥”

ਇਸ ਤੋਂ ਭਾਵ ਹੈ ਪ੍ਰਮਾਤਮਾ ਸਾਨੂੰ ਗੁਣੀ ਬਣ ਕੇ ਮਿਲਦਾ ਹੈ। ਪਹਿਲੇ ਉਸ ਦੇ ਦੱਸੇ ਹੋਏ ਗੁਣਾਂ ਨੂੰ ਅਪਣੇ ਜੀਵਨ ਵਿੱਚ ਕਹੋ ਭਾਵ ਪ੍ਰਮਾਤਮਾ ਦਾ “ਆਖਣ” ਪ੍ਰਮਾਤਮਾ ਦੀ ਭਗਤੀ, ਗੁਣੀ ਬਣ ਕੇ ਕਰੋ ਭਾਵ ਗੁਣੀ ਬਣ ਕੇ ਵਿਚਰੋ ਤੇ ਇਸ ਤਰੀਕੇ ਪ੍ਰਮਾਤਮਾ ਨੂੰ ਲਵੋ ਭਾਵ ਉਸਦੀ ਪ੍ਰਾਪਤੀ ਕਰੋ। ਗੁਣਾਂ ਨਾਲ ਵਿਚਰਨਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਕਰਨਾ ਹੈ। ਇਹ ਹੀ “ਹਰਿ ਹਰਿ” ਕਰਨਾ ਹੈ ਤੇ ਹਰ ਵੇਲੇ ਉਸਦੇ ਗੁਣਾਂ ਵਿੱਚ ਰਹਿਣਾ ਹੀ ਨਾਮ ਧਿਆਉਣਾ ਹੈ। ਇਹੋ ਜਿਹਾ ਹਰਿ ਹਰਿ ਕਰਨ ਨਾਲ ਮਨੁੱਖ ਹਰੀ ਦੀ ਜੋਤ ਵਿੱਚ ਸਮਾਅ ਜਾਂਦਾ ਹੈ ਤੇ ਮਨੁੱਖ ਪ੍ਰਮਾਤਮਾ ਦੀ ਦਰਗਾਹ ਵਿੱਚ ਭਾਉਂਦਾ ਹੈ ਤੇ ਉਸਦੇ ਜਨਮ ਮਰਨ ਦੇ ਗੇੜੇ ਕੱਟੇ ਜਾਂਦੇ ਹਨ। ਇੱਥੇ ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਬਾਣੀ ਹੀ “ਹਰਿ ਹਰਿ” ਹੈ ਤੇ ਇਹ ਗੱਲ ਅਗਲੇ ਸ਼ਬਦ ਵਿੱਚ ਹੋਰ ਸਪੱਸ਼ਟ ਕੀਤੀ ਹੋਈ ਹੈ।

“ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥”

(ਅੰਗ ੬੬੯)

ਇੱਥੇ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਬਾਣੀ ਨੂੰ ਗਾਉਣਾ ਹੀ ਹਰਿ ਹਰਿ ਗਾਉਣਾ ਹੈ ਭਾਵ ਬਾਣੀ ਹੀ ਹਰਿ ਹਰਿ ਹੈ। ਇਸ ਸ਼ਬਦ ਰਾਹੀਂ ਬੜੇ ਹੀ ਸਿੱਧੇ ਤੌਰ ਤੇ ਇਹ ਸਮਝਾਇਆ ਗਿਆ ਹੈ ਕਿ ਬਾਣੀ ਦਾ ਪੜ੍ਹਿਆ, ਸੁਣਿਆ ਉਸਦੀ ਸੇਵਾ

ਉਸਦੀ ਪੂਜਾ ਤਾਂ ਹੀ ਸਫਲ ਹੁੰਦੀ ਹੈ ਜੇਕਰ ਕੋਈ ਬਾਣੀ ਦੇ ਉਪਦੇਸ਼ ਨੂੰ, ਹੁਕਮ ਨੂੰ, ਆਗਿਆ ਨੂੰ ਬਿਲਕੁਲ ਬਾਣੀ ਦੇ ਭਾਵ ਅਨੁਸਾਰ ਸੱਚ ਕਰਕੇ ਮੰਨੇ ਭਾਵ ਉਸ ਤੇ ਅਮਲ ਕਰੇ। ਜੇ ਅਜੇ ਵੀ ਕੋਈ ਇਹ ਸਮਝੇ ਕਿ ਕੇਵਲ ਬਾਣੀ ਨੂੰ ਪੜ੍ਹਨ ਅਤੇ ਸੁਣਨ ਨਾਲ ਹੀ ਗੁਰੂ ਪ੍ਰਸੰਨ ਹੋ ਜਾਂਦਾ ਹੈ ਤਾਂ ਇਹ ਸਾਡਾ ਕੇਵਲ ਭੁਲੇਖਾ ਹੀ ਹੈ। ਗੁਰੂ ਦੇ ਉਪਦੇਸ਼ ਤੇ ਚੱਲੇ ਬਿਨ੍ਹਾਂ ਗਤੀ ਨਹੀਂ ਹੈ ਭਾਵ ਗੁਰੂ ਦੀ ਆਗਿਆ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੀ ਹਰਿ ਹਰਿ ਕਰਨਾ ਹੈ। ਬਾਣੀ ਨੂੰ ਗਾਉਣਾ, ਸੁਣਨਾ ਕੇਵਲ ਗੁਰੂ ਦੀ ਆਗਿਆ ਨੂੰ ਜਾਨਣ ਲਈ ਹੈ। ਆਗਿਆ ਨੂੰ ਜਾਣ ਕੇ ਉਸ ਤੇ ਅਮਲ ਕਰਨਾ, ਉਸਨੂੰ ਸੱਚ ਕਰਕੇ ਮੰਨਣਾ ਹੈ ਤੇ ਤਾਂ ਹੀ ਸਾਡਾ ਪੜ੍ਹਿਆ ਸੁਣਿਆ ਥਾਇ ਪੈਂਦਾ ਹੈ। ਜਿਵੇਂ ਬਾਣੀ ਨੂੰ ਕੇਵਲ ਗਾਈ ਜਾਣਾ ਸਾਡੀ ਕਥਨੀ ਹੈ, ਇਸੇ ਤਰ੍ਹਾਂ ਮੁੱਖੋਂ ਜੋ ਮਰਜ਼ੀ ਬੋਲ ਬੋਲ ਕੇ ਜਪੀ ਜਾਈਏ, ਉਹ ਸਾਡੀ ਕਥਨੀ ਹੈ। ਲੇਖੇ ਵਿੱਚ ਸਾਡੀ ਸੱਚੀ ਸੁੱਚੀ ਕਿਰਤ ਹੀ ਪੈਣੀ ਹੈ। ਸਾਡੀ ਸੱਚੀ ਸੁੱਚੀ ਕਿਰਤ ਹੀ ਸਾਡੇ ਚੰਗੇ ਕਰਮ ਹਨ, ਧਰਮ ਕਰਮ ਹਨ। ਗੁਰਬਾਣੀ ਸਾਨੂੰ ਧਰਮ ਸਿਖਾਉਣ ਲਈ ਹੈ ਤੇ ਉਸ ਧਰਮ ਨੂੰ ਅਸੀਂ ਆਪਣੇ ਜੀਵਨ ਵਿੱਚ ਕਮਾਉਣਾ ਹੈ। ਸਾਰੀ ਜਿੰਦਗੀ ਅਸੀਂ ਗੁਰੂ ਦੀ ਸਿੱਖਿਆ ਨੂੰ ਪੜ੍ਹਨ ਸੁਣਨ ਵਿੱਚ ਹੀ ਬਿਤਾਉਂਦੇ ਹਾਂ ਪਰ ਉਸ ਸਿੱਖਿਆ ਨੂੰ ਮੰਨਣਾ ਕਦੋਂ ਹੈ ਇਸ ਗੱਲ ਵੱਲੋਂ ਅਸੀਂ ਬੇਪ੍ਰਵਾਹ ਹੀ ਰਹਿੰਦੇ ਹਾਂ। ਅਸਲ ਵਿੱਚ ਸਿੱਖਿਆ ਨੂੰ ਮੰਨਣਾ ਬਹੁਤ ਔਖਾ ਹੈ। ਝੂਠ ਛੱਡ ਕੇ ਸੱਚ ਤੇ ਚੱਲਣਾ ਬਹੁਤ ਔਖਾ ਹੈ। ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ, ਸੱਚ ਤੇ ਚੱਲਣਾ ਬਹੁਤ ਔਖਾ ਹੈ।

“ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥੧॥
ਲਾਲ ਬਹੁ ਗੁਣਿ ਕਾਮਣਿ ਮੋਹੀ॥
ਤੇਰੇ ਗੁਣ ਹੋਹਿ ਨ ਅਵਰੀ॥੧॥ਰਹਾਉ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥੩॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥੪॥”

(ਅੰਗ ੩੫੯)

ਇਸ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਉਸ ਨਾਲ ਵਿਆਹ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ। ਉੱਚੇ ਗੁਣਾਂ ਨੂੰ ਧਾਰਨ ਦੀ ਗੱਲ ਕੀਤੀ ਹੋਈ ਹੈ ਅਤੇ ਉੱਚੇ ਗੁਣ ਧਾਰਨ ਕਰਨ ਦੁਆਰਾ ਹੀ ਮਨੁੱਖ ਦਾ ਸੱਚਾ ਸ਼ਿੰਗਾਰ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਨੂੰ ਮੋਹ ਸਕਦਾ ਹੈ ਅਤੇ ਇਹ ਸਾਰੇ ਗੁਣ ਗੁਰੂ ਦੇ ਗਿਆਨ ਦੁਆਰਾ ਹੀ ਮਿਲ ਸਕਦੇ ਹਨ **"ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥੪॥"** ਪ੍ਰਮਾਤਮਾ ਦੀ ਭਗਤੀ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ ਤੇ ਇਹ ਸੋਝੀ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜਿਸ ਮਨ ਦੇ ਅੰਦਰ ਪ੍ਰਮਾਤਮਾ ਗਿਆਨ ਦਾ ਦੀਵਾ ਬਾਲਦਾ ਹੈ ਭਾਵ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਕਰਦਾ ਹੈ ਉੱਥੇ ਹੀ ਸੱਚੀ ਸੋਝੀ ਪਾਉਂਦਾ ਹੈ। ਪ੍ਰਮਾਤਮਾ ਜਿਸਨੂੰ ਆਪਣੀ ਸੁਹਾਗਣ ਬਣਾਉਂਦਾ ਹੈ, ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਹੀ ਬਣਾਉਂਦਾ ਹੈ। ਗੁਰੂ ਸਾਹਿਬਾਨ ਨੂੰ, ਭੱਟ ਸਾਹਿਬਾਨ ਨੂੰ, ਭਗਤ ਸਾਹਿਬਾਨ ਨੂੰ ਪ੍ਰਮਾਤਮਾ ਨੇ ਮਨ ਦੇ ਪ੍ਰਕਾਸ਼ ਦੁਆਰਾ ਹੀ ਆਪਣੀ ਸੁਹਾਗਣ ਬਣਾਇਆ ਹੈ। ਪ੍ਰਮਾਤਮਾ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ। ਉਹ “ ਗਿਆਨ ਰਾਉ” ਹੈ, ਗਿਆਨ ਦਾ ਮਾਲਕ ਹੈ ਜਿਸ ਰਾਹੀਂ ਸਾਰਾ ਗਿਆਨ ਉਪਜਦਾ ਹੈ। ਸਾਡੀ ਕਾਇਆ, ਸਾਡਾ ਸਰੀਰ ਮਨ ਦੇ ਗਿਆਨ ਦੁਆਰਾ ਹੀ ਚੱਲਦਾ ਹੈ, ਮਨ ਦੀ ਸੋਝੀ ਦੁਆਰਾ ਹੀ ਚੱਲਦਾ ਹੈ ਭਾਵ ਮਨੁੱਖ ਜੋ ਕੁੱਝ ਵੀ ਕਰਦਾ ਹੈ, ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ। ਮਨ ਦੀ ਸੋਝੀ ਦੁਆਰਾ ਹੀ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਮਨ ਦੀ ਸੋਝੀ ਦੁਆਰਾ ਹੀ ਅਸੀਂ ਚੰਗੇ ਕਰਮ ਕਰਦੇ ਹਾਂ। ਮਨੁੱਖ ਦੇ

ਵਿੱਚ ਤੇ ਗੁਰੂ ਰੂਪ ਪ੍ਰਮਾਤਮਾ ਦੇ ਵਿੱਚ ਭੇਦ ਮਨ ਦੀ ਸੋਝੀ ਕਰਕੇ ਹੀ ਹੈ। ਉਹ "ਗਿਆਨ ਰਾਉ" ਭਾਵ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਤੇ ਜਦ ਤੱਕ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ। ਉਹ ਆਪਣੇ ਆਪ ਨੂੰ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਪ੍ਰਗਟ ਕਰਦਾ ਹੈ ਤੇ ਸਾਨੂੰ ਮਨ ਦੇ ਵਿੱਚ ਹੀ ਭੋਗਦਾ ਹੈ, ਗਿਆਨ ਰੂਪ ਵਿੱਚ ਸਾਡੀ ਮਤਿ ਨੂੰ ਭੋਗਦਾ ਹੈ। ਸਾਡੀ ਮਾੜੀ ਮਤਿ ਨੂੰ, ਤ੍ਰੈਗੁਣਾਂ ਵਾਲੀ ਮਤਿ ਨੂੰ ਭੋਗ ਕੇ ਚੌਥੇ ਪਦ ਵਿੱਚ ਬਦਲ ਦਿੰਦਾ ਹੈ, ਸਹਜ ਗਿਆਨ ਵਿੱਚ ਬਦਲ ਦਿੰਦਾ ਹੈ। ਪ੍ਰਮਾਤਮਾ ਸਾਡਾ ਵਰ, ਸਾਡਾ ਪਤੀ ਇਸ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ, ਸਹਜ ਗਿਆਨ ਦੇ ਰੂਪ ਵਿੱਚ ਹੀ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਬੜੇ ਵਿਸਥਾਰ ਨਾਲ ਸਮਝਾਂਗੇ।

{ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥}

(ਅੰਗ ੧੦੨੨)

ਉੱਪਰ ਵਾਲੇ ਸ਼ਬਦ ਨੂੰ ਅੱਗੇ ਚੱਲ ਕੇ ਵਿਚਾਰਾਂਗੇ ਤੇ ਪ੍ਰਮਾਤਮਾ ਦੇ ਨਾਲ ਵਿਆਹ ਵਾਲੇ ਹੋਰ ਸ਼ਬਦ ਵੀ ਵਿਚਾਰਾਗੇ। ਸਾਡਾ ਵਰ "ਸਹਜੁ" ਹੀ ਹੈ ਪਰ ਅਗਿਆਨਤਾ ਵਿੱਚ ਰਹਿੰਦੇ ਹੋਏ, ਕੱਚੀ ਮਤਿ ਦੀ ਚੋਲੀ ਵਿੱਚ ਰਹਿੰਦੇ ਹੋਏ ਉਸਨੂੰ ਕੋਈ ਨਹੀਂ ਜਾਣ ਸਕਦਾ ਕਿ ਸਾਡਾ ਵਰ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਨਿਰਗੁਣ ਰੂਪ ਵਿੱਚ ਭਾਵ ਨਿਰੰਕਾਰ ਰੂਪ ਵਿੱਚ ਹੀ ਵਰ ਹੈ ਤੇ ਨਿਰਗੁਣ ਰੂਪ ਵਿੱਚ ਹੀ ਸਾਨੂੰ ਆਪਣੀ ਸੁਹਾਗਣ ਬਣਾਉਂਦਾ ਹੈ। ਗੁਰਬਾਣੀ ਨਿਰੰਕਾਰ ਰੂਪ ਵਿੱਚ ਹੀ ਪ੍ਰਮਾਤਮਾ ਦੀ ਸੁਹਾਗਣ ਹੈ। ਪੂਰੀ ਗੁਰਬਾਣੀ "ਸਹਜੁ" ਦੀ ਅਵੱਸਥਾ ਵਿੱਚ ਹੈ, ਚੌਥੇ ਪਦ ਵਿੱਚ ਹੈ। ਪੂਰੀ ਗੁਰਬਾਣੀ ਵਿੱਚ "ਬ੍ਰਹਮ ਗਿਆਨੁ" ਹੈ ਜੋ ਉਸਦਾ ਸੁਹਾਗ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਦਾ ਹੈ ਉਸ ਰਾਹੀਂ ਸਾਨੂੰ ਬ੍ਰਹਮ ਗਿਆਨ ਹੀ ਬਖਸ਼ਦਾ ਹੈ ਤੇ ਇਹ ਬ੍ਰਹਮ ਗਿਆਨ ਹੀ ਸਾਡਾ ਸੁਹਾਗ ਹੈ ਜੋ ਸਾਨੂੰ ਸੱਚ ਤੇ ਚਲਾਉਂਦਾ ਹੈ, ਮਨ ਦੇ ਵਿੱਚ ਸੱਚ ਦੀ ਸੋਝੀ ਪਾ ਕੇ ਉਸ ਤੇ ਆਪ ਹੀ ਚਲਾਉਂਦਾ ਹੈ। ਸਾਨੂੰ ਔਗੁਣਾਂ ਵਾਲੀ ਬਿਰਤੀ ਵਿੱਚੋਂ ਕੱਢ ਕੇ ਗੁਣਾਂ ਵਾਲੀ ਬਿਰਤੀ ਤੇ ਦ੍ਰਿੜ ਕਰਦਾ ਹੈ। ਮਨਮਤਿ ਵਿੱਚੋਂ ਕੱਢ ਕੇ ਗੁਰਮਤਿ ਵਾਲੀ ਅਵੱਸਥਾ ਬਖਸ਼ਦਾ ਹੈ। ਇਹ "ਗੁਰਮਤਿ" ਭਾਵ ਗੁਰੂ ਦਾ ਸੱਚਾ ਗਿਆਨ, "ਗੁਰਮਤਿ ਦੀ ਸੱਚੀ ਸੋਝੀ" ਮਨ ਦੇ ਵਿੱਚ ਪ੍ਰਮਾਤਮਾ ਦੀ ਸੁਹਾਗਣ ਹੈ ਤੇ ਸਚੀ ਸੋਝੀ ਪਾਉਣ ਵਾਲਾ ਭਾਵ ਪ੍ਰਮਾਤਮਾ ਆਪ ਸੁਹਾਗ ਹੈ। ਪ੍ਰਮਾਤਮਾ ਦੀ ਸੁਹਾਗਣ ਉਸਦਾ ਆਪਣਾ ਹੀ ਰੂਪ ਹੈ ਕਿਉਂਕਿ ਉਹ ਸਭ ਕੁੱਝ ਆਪ ਹੀ ਹੈ। ਗੁਰਮਤਿ ਦੀ "ਸੱਚੀ ਸੋਝੀ" ਹੀ "ਨਾਮੁ" ਹੈ ਤੇ "ਨਾਮੁ" ਮਿਲਣ ਦੁਆਰਾ ਹੀ ਸਾਨੂੰ ਸਾਡੇ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ ਜੋ ਆਪਣਾ ਨਾਮ ਪ੍ਰਮਾਤਮਾ ਭਾਵ ਨਾਮ ਦਾ ਮਾਲਕ ਆਪ ਹੀ ਦਿੰਦਾ ਹੈ ਤੇ ਆਪ ਹੀ ਕਿਸੇ ਨੂੰ ਆਪਣੀ ਸੁਹਾਗਣ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਤੇ ਗੁਰਬਾਣੀ ਉਸ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਸੁਹਾਗਣ ਹੈ, ਨਾਮ ਦੁਆਰਾ, ਬ੍ਰਹਮ ਗਿਆਨ ਦੀ ਸਮਝ ਦੁਆਰਾ ਸੁਹਾਗਣ ਹੈ।

ਮਨ ਦੀ ਇਸ ਉੱਚੇ ਗਿਆਨ ਵਾਲੀ ਅਵੱਸਥਾ ਦੁਆਰਾ ਮਨੁੱਖ ਦੀ ਕਾਇਆ ਭਾਵ ਮਨੁਖ ਦਾ ਮਨ ਉਸ ਪ੍ਰਮਾਤਮਾ ਦੀ ਸੇਜ ਬਣਦੀ ਹੈ ਤੇ ਇਹ ਕਾਇਆ ਉਸ ਦੇ ਭਾਣੇ ਅਨੁਸਾਰ ਗੁਣੀ ਬਣ ਕੇ ਹੀ ਵਿਚਰਦੀ ਹੈ। ਆਪਣੇ ਆਪ ਕੋਈ ਪ੍ਰਮਾਤਮਾ ਦੀ ਸੁਹਾਗਣ ਬਣ ਜਾਵੇ ਇਹ ਕਿਸੇ ਦੇ ਵੱਸ ਨਹੀਂ ਹੈ। ਅਸੀਂ ਕੇਵਲ ਉੱਦਮ ਕਰਨਾ ਹੈ ਪਰ ਸਾਡਾ ਉੱਦਮ ਸੱਚਾ ਹੋਣਾ ਚਾਹੀਦਾ ਹੈ। ਸਾਡਾ ਸੱਚਾ ਉੱਦਮ ਸਾਨੂੰ ਪ੍ਰਮਾਤਮਾ ਦੀ ਸੁਹਾਗਣ ਹੀ ਸਿਖਾ ਸਕਦੀ ਹੈ ਭਾਵ ਗੁਰਬਾਣੀ ਹੀ ਸਿਖਾ ਸਕਦੀ ਹੈ। ਗੁਰਬਾਣੀ ਸਾਨੂੰ ਕੀ ਸਿੱਖਿਆ ਦੇ ਰਹੀ ਹੈ, ਪ੍ਰਮਾਤਮਾ ਨੂੰ ਪਾਉਣ ਦਾ ਕਿਹੋ ਜਿਹਾ ਤਰੀਕਾ ਸਮਝਾ ਰਹੀ ਹੈ ਇਹ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ ਸਭ ਤੋਂ ਪਹਿਲਾਂ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰਬਾਣੀ ਤੇ ਆਪਣਾ ਵਿਸ਼ਵਾਸ ਟਿਕਾਈਏ। ਜੇਕਰ ਅਸੀਂ ਸੁਹਾਗਣਾਂ ਉਹਨਾਂ ਨੂੰ ਮੰਨਿਆ ਹੋਇਆ ਹੈ ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਸਾਡਾ ਸੁਹਾਗ ਕੀ ਹੈ, ਤੇ ਕਿੱਥੇ ਵੱਸਦਾ ਹੈ, ਕਿਸ ਰੂਪ ਵਿੱਚ ਵੱਸਦਾ ਹੈ, ਕਿਸ ਰੂਪ ਵਿਚ ਭੋਗਦਾ ਹੈ ਫਿਰ ਅਸੀਂ ਆਪਣੇ ਪਹਿਲੇ ਉੱਦਮ ਵਿੱਚ ਹੀ ਗਲਤ ਹਾਂ ਜੋ ਕਿਸੇ ਨੂੰ ਗੁਰੂ ਤੋਂ ਸਿਆਣਾ ਮੰਨੀ ਬੈਠੇ ਹਾਂ। **(ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥੪॥)** ਉਸਦਾ ਭੋਗ ਮਨ ਦੇ ਵਿੱਚ ਗਿਆਨ ਰੂਪ ਵਿੱਚ ਹੀ ਹੁੰਦਾ ਹੈ। ਆਪਣੇ ਇਸ ਭੋਗ ਦੁਆਰਾ ਉਹ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਭੋਗ ਕੇ ਉਸਨੂੰ ਚੌਥੇ ਪਦ ਦੇ ਗਿਆਨ ਵਾਲੀ ਬਣਾਉਂਦਾ ਹੈ। ਉਹ ਗਿਆਨ ਰਾਉ ਹੈ, ਗਿਆਨ ਦਾ ਮਾਲਕ ਹੈ, ਗਿਆਨ ਦਾ ਸ੍ਰੋਤ ਹੈ। ਕਿਉਂਕਿ ਪ੍ਰਮਾਤਮਾ ਖੁਦ "ਗਿਆਨੁ" ਹੈ ਇਸ ਲਈ ਗੁਰੂ ਰੂਪ ਪ੍ਰਮਾਤਮਾ ਕੋਲੋਂ ਗਿਆਨ ਹੀ ਮਿਲਦਾ ਹੈ। ਹਰ ਚੀਜ਼ ਦੀ ਹੋਂਦ ਕਿਸੇ ਨਾ ਕਿਸੇ ਗਿਆਨ ਦੁਆਰਾ

ਹੀ ਬਣਦੀ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਗਿਆਨ ਰਾਹੀਂ ਹੀ ਵੱਸਿਆ ਹੋਇਆ ਹੈ। ਹਰ ਗੱਲ, ਹਰ ਵਸਤੂ ਵਿੱਚ ਗਿਆਨ ਹੀ ਗਿਆਨ ਹੈ। ਸਭ ਕੁੱਝ ਪ੍ਰਮਾਤਮਾ ਦੇ ਗਿਆਨ ਦੁਆਰਾ ਹੀ ਹੁੰਦਾ ਹੈ। ਹਰ ਇੱਕ ਗੱਲ ਦੀ, ਵਸਤੂ ਦੀ ਪਛਾਣ ਗਿਆਨ ਦੁਆਰਾ ਹੀ ਹੁੰਦੀ ਹੈ। ਧਿਆਨ ਨਾਲ ਸੋਚੋ ਸਾਡੇ ਸਭ ਪਾਸੇ ਸਭ ਗਿਆਨ ਹੀ ਗਿਆਨ ਵੱਸਿਆ ਹੋਇਆ ਹੈ। ਸੁੱਖ ਦੁੱਖ ਵਿੱਚ ਗਿਆਨ ਹੀ ਹੈ। ਜਿਉਂ-ਜਿਉਂ ਵਿਚਾਰੋਗੇ ਤਾਂ ਸਮਝ ਪਵੇਗੀ ਕਿ ਸਭ ਕੁੱਝ ਗਿਆਨ ਹੀ ਹੈ। ਇਹ ਗਿਆਨ ਕਿੱਥੋਂ ਆਉਂਦਾ ਹੈ, ਕਿੱਥੋਂ ਉਪਜਦਾ ਹੈ, ਜਦੋਂ ਇਸ ਗੱਲ ਦੀ ਸੋਝੀ ਪੈ ਜਾਵੇਗੀ, ਤਾਂ ਹੀ ਗਿਆਨ ਦੀ ਸਮਝ ਲੱਗਦੀ ਹੈ। ਇਸ ਗਿਆਨ ਦੀ ਸੋਝੀ ਉਹ ਗਿਆਨ ਰਾਉ (ਪ੍ਰਮਾਤਮਾ) ਆਪ ਹੀ ਪਾ ਸਕਦਾ ਹੈ। ਇਹ ਕੇਵਲ ਬਾਣੀ ਦਾ ਹੁਕਮ ਮੰਨਣ ਦੁਆਰਾ ਹੀ ਹੋ ਸਕਦਾ ਹੈ। ਸੱਚ ਕਰਕੇ ਜਾਣੋ ਸਭ ਗੋਬਿੰਦ ਹੈ, ਸਭ ਗੋਬਿੰਦ ਹੈ, ਸਭ ਗੋਬਿੰਦ ਹੈ। ਇਹ ਹੀ ਦੁਨੀਆਂ ਦੀ ਸਭ ਤੋਂ ਵੱਡੀ ਸੱਚਾਈ ਹੈ ਤੇ ਅਸਚਰਜਤਾ ਵਾਲੀ ਗੱਲ ਹੈ ਜਿਸ ਤੇ ਮਨੁੱਖ ਤਦ ਤੱਕ ਯਕੀਨ ਨਹੀਂ ਕਰ ਸਕਦਾ ਜਦ ਤੱਕ ਪ੍ਰਮਾਤਮਾ ਆਪ ਅੰਦਰੋਂ ਯਕੀਨ ਨਾ ਦਿਵਾਏ। ਅੱਗੇ ਚੱਲਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਪ੍ਰਮਾਤਮਾ ਦੇ "ਗਿਆਨੁ" ਰੂਪ ਨੂੰ ਸਮਝਾਂਗੇ ਜੋ ਕਿ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ।

"ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ॥
ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ॥
ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ॥
ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ॥
ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ॥੧੮॥"

(ਅੰਗ ੧੪੨੩)

ਇਸ ਸ਼ਬਦ ਰਾਹੀਂ ਪ੍ਰਮਾਤਮਾ ਦਾ ਹੁਕਮ ਮੰਨਣ ਨਾਲ ਹੀ ਉਸਦੀ ਪ੍ਰਾਪਤੀ ਦੀ ਗੱਲ ਕੀਤੀ ਗਈ ਹੈ। ਉਸਦੇ "ਹੁਕਮ" ਨੂੰ ਭਾਵ ਉਪਦੇਸ਼ ਨੂੰ, ਸਿੱਖਿਆ ਨੂੰ ਹੀ ਅਰਾਧਣਾ ਹੈ ਤੇ ਅੱਠੇ ਪਹਿਰ ਉਸਦੇ ਹੁਕਮ ਅਨੁਸਾਰ ਹੀ ਚੱਲਣਾ ਹੈ ਭਾਵ ਇਹ ਉਸਨੂੰ ਅੱਠੇ ਪਹਿਰ ਜਪਣਾ ਹੈ। ਉਸਦੇ ਹੁਕਮ ਵਿੱਚ ਰਹਿਣਾ ਭਾਵ ਉਸਦੇ ਭਾਣੇ ਵਿੱਚ ਚੱਲਣ ਨਾਲ ਹੀ ਸਾਡੇ ਮਨ ਭਾਉਂਦੇ ਫਲਾਂ ਦੀ ਪ੍ਰਾਪਤੀ ਹੈ। ਸਾਰੇ ਵਰਤ, ਨੇਮ, ਸੁੱਚ, ਸੰਜਮ ਉਸਦੇ ਹੁਕਮ ਵਿੱਚ ਵਿਚਰਨਾ ਹੀ ਹੈ ਭਾਵ ਇਸ ਤੋਂ ਇਲਾਵਾ ਹੋਰ ਕਿਸੇ ਵਰਤ, ਨੇਮ, ਸੁੱਚ, ਸੰਜਮ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਜਿਨ੍ਹਾਂ ਦਾ ਕਿ ਬਾਣੀ ਵਿੱਚ ਖੰਡਨ ਹੀ ਕੀਤਾ ਗਿਆ ਹੈ। ਜੋ ਮਨੁੱਖ ਉਸਦੇ ਹੁਕਮ ਨੂੰ ਬੁੱਝ ਕੇ ਉਸ ਤੇ ਚੱਲਦਾ ਹੈ, ਉਹ ਹੀ ਉਸਦੀ ਸੇਵਾ ਕਰਦਾ ਹੈ ਤੇ ਇਹ ਹੀ ਉਸਨੂੰ ਅਰਾਧਣਾ ਹੈ ਤੇ ਇਹ ਹੀ ਉਸਦੇ ਨਾਲ ਲਿਵ ਲੱਗਣਾ ਹੈ। (**ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥ ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥**) ਉਹ ਮਨੁੱਖ ਫਿਰ ਸਦਾ ਹੀ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ **(ਸਦਾ ਸੁਹਾਗਣਿ)** ਭਾਵ ਉਸ ਤੋਂ ਬਾਅਦ ਵਿਛੋੜਾ ਨਹੀਂ ਪੈਂਦਾ। ਉਹ ਮਨੁੱਖ ਸਦਾ ਹੀ ਉਸਦੇ ਗੁਣਾਂ ਵਿੱਚ ਭਾਵ ਗੁਰੂ ਦੇ ਵਿਚਾਰਾਂ ਵਿੱਚ ਰਸਿਆ ਰਹਿੰਦਾ ਹੈ ਅਤੇ ਉਸਦੀ ਹਰ ਕਰਨੀ ਵਿੱਚ ਗੁਰੂ ਦੇ ਗੁਣਾਂ ਦੀ ਝਲਕ ਹੁੰਦੀ ਹੈ। ਉਸਦੀ ਸੁਹਾਗਣ ਬਣਨਾ ਉਸਦੇ ਨਾਲ ਮੇਲ ਹੋਣਾ ਹੈ, ਜੋ ਕਿ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ। ਅਸੀਂ ਕੇਵਲ ਗੁਰੂ ਤੇ ਵਿਸ਼ਵਾਸ ਰੱਖ ਕੇ ਉਸਦੇ ਹੁਕਮ ਅਨੁਸਾਰ ਚੱਲਣ ਦਾ ਉੱਦਮ ਹੀ ਕਰਨਾ ਹੈ, ਕਿਰਪਾ ਕਰਕੇ ਉਹ ਆਪ ਹੀ ਪਾਰ ਉਤਾਰਦਾ ਹੈ। ਗੁਰਬਾਣੀ ਸਾਨੂੰ ਵਾਰ-ਵਾਰ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾ ਰਹੀ ਹੈ ਭਾਵ ਆਪਣਾ ਹੁਕਮ ਸੁਣਾ ਰਹੀ ਹੈ ਤੇ ਅਸੀਂ ਗੁਰੂ ਦੇ ਇਸ ਹੁਕਮ ਨੂੰ ਮੰਨਣਾ ਹੈ ਤਾਂ ਜੋ ਅਸੀਂ ਉਸਦੇ ਹੁਕਮ ਅਨੁਸਾਰ ਵਿਚਰ ਸਕੀਏ। ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪਣਾ "ਹੁਕਮੁ" ਆਪ ਹੀ ਬੁਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ "ਹੁਕਮੁ" ਹੀ ਸਮਝਾਇਆ ਹੋਇਆ ਹੈ। ਇਸ "ਹੁਕਮੁ" ਨਾਲ ਜੁੜ ਕੇ ਹੀ ਅਸੀਂ ਉਸ ਹੁਕਮ ਦੇ ਮਾਲਕ ਨਾਲ ਜੁੜ ਸਕਦੇ ਹਾਂ।

"ਗੁਰਮੁਖਿ ਹਸੈ ਗੁਰਮੁਖਿ ਰੋਵੈ॥
ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ॥
ਗੁਰਮੁਖਿ ਹੋਵੈ ਸੁ ਕਰੇ ਵੀਚਾਰੁ॥

ਗੁਰਮੁਖਿ ਨਾਨਕ ਪਾਵੈ ਪਾਰੁ॥੧੪॥
ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ॥੧੫॥"

(ਅੰਗ 1422)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਨ੍ਹਾਂ ਪੰਗਤੀਆਂ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਗੁਰੂ ਦੀ ਭਗਤੀ ਕਿਵੇਂ ਹੋਵੇ। **"ਗੁਰਮੁਖਿ ਹਸੈ ਗੁਰਮੁਖਿ ਰੋਵੈ"** ਤੋਂ ਭਾਵ ਹੈ ਕਿ ਮਨੁੱਖ ਦੀ ਹਰ ਗੱਲ ਗੁਰੂ ਦੇ ਉਪਦੇਸ਼ ਅਨੁਸਾਰ ਹੋਵੇ। ਉਸਦੀ ਹਰ ਖੁਸ਼ੀ ਗਮੀ ਵਿੱਚ ਪ੍ਰਮਾਤਮਾ ਦੇ ਗੁਣ ਹੀ ਨਜ਼ਰ ਆਉਣ ਭਾਵ ਉਸਦੀ ਹਰ ਕਰਨੀ ਗੁਰੂ ਦੀ ਰਜ਼ਾ ਵਿੱਚ ਹੋਵੇ। ਜੋ ਮਨੁੱਖ ਇਨ੍ਹਾਂ ਗੁਣਾਂ ਦੁਆਰਾ ਵਿਚਰਦਾ ਹੈ ਭਾਵ ਜਿਵੇਂ ਗੁਰੂ ਚਾਹੁੰਦਾ ਹੈ ਉਹੀ ਕੁੱਝ ਕਰੇ, ਉਸਦੇ ਕੀਤੇ ਹੋਏ ਨੂੰ ਸੱਚ ਕਰਕੇ ਮੰਨੇ, ਇਹ ਹੀ ਭਗਤੀ ਹੈ। ਇਹ ਸੁੱਖ-ਦੁੱਖ ਨੂੰ ਇੱਕੋ ਜਿਹਾ ਕਰਕੇ ਜਾਨਣ ਦੀ, ਮੰਨਣ ਦੀ ਗੱਲ ਹੈ। ਇਸਨੂੰ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ ਕਿ ਇਹ ਪ੍ਰਮਾਤਮਾ ਦੀ ਭਗਤੀ ਲਈ ਕਿਸ ਵਾਸਤੇ ਜਰੂਰੀ ਹੈ। ਜੋ ਕੁੱਝ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ, ਉਸ ਅਨੁਸਾਰ ਵਿਚਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ। **(ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ॥)** ਜਿਨ੍ਹਾਂ ਦੇ ਅੰਦਰ ਗੁਰਬਾਣੀ ਦਾ ਵਿਚਾਰ ਭਾਵ ਗੁਰਬਾਣੀ ਦਾ ਗਿਆਨ ਹੈ, ਇਹ ਹੀ ਨਾਮ ਦਾ ਖ਼ਜ਼ਾਨਾ ਹੈ ਭਾਵ ਗੁਰਬਾਣੀ ਦਾ ਗਿਆਨ ਹੀ ਨਾਮ ਨਿਧਾਨ ਹੈ। ਜਿਨ੍ਹਾਂ ਦੇ ਅੰਦਰ ਇਹ ਗਿਆਨ ਵੱਸ ਜਾਂਦਾ ਹੈ ਉਨ੍ਹਾਂ ਦੇ ਮੁੱਖ ਹੀ ਪ੍ਰਮਾਤਮਾ ਦੇ ਦਰਬਾਰ ਵਿੱਚ ਉਜਲੇ ਹੁੰਦੇ ਹਨ। ਇਹੋ ਜਿਹੇ ਮਨੁੱਖ ਜਿਨ੍ਹਾਂ ਤੇ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਂਦੀ ਹੈ ਭਾਵ ਜਿਨ੍ਹਾਂ ਦੇ ਅੰਦਰ ਗੁਰਬਾਣੀ ਦਾ ਸੱਚਾ ਗਿਆਨ ਵੱਸ ਜਾਂਦਾ ਹੈ, ਉਸਦੀ ਸੱਚੀ ਮਤਿ ਵੱਸ ਜਾਂਦੀ ਹੈ ਜੋ ਕਿ ਉਹ ਆਪ ਹੀ ਵਸਾਉਂਦਾ ਹੈ, ਉਹਨਾਂ ਨੂੰ ਫਿਰ ਗੁਰੂ ਦੀ ਮਤਿ ਕਦੇ ਨਹੀਂ ਵਿਸਰਦੀ, ਫਿਰ ਪ੍ਰਮਾਤਮਾ ਕਦੇ ਨਹੀਂ ਵਿਸਰਦਾ, ਵਿਛੜਦਾ। ਇਹ ਹੀ ਪ੍ਰਮਾਤਮਾ ਨੂੰ ਉੱਠਦੇ, ਬੈਠਦੇ ਧਿਆਉਣਾ ਹੈ ਭਾਵ ਅੱਠੇ ਪਹਿਰ ਧਿਆਉਣਾ ਹੈ।ਉੱਪਰ ਵਾਲੇ ਸ਼ਬਦ ਵਿੱਚੋਂ ਹੇਠ ਦਿੱਤੀ ਪੰਗਤੀ ਨੂੰ ਆਓ ਫਿਰ ਤੋਂ ਵਿਚਾਰੀਏ ਤੇ ਸਮਝੀਏ ਕਿ ਨਾਮ ਕੀ ਹੈ।

"ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥"

ਪੂਰੀ ਗੁਰਬਾਣੀ ਸਾਨੂੰ ਆਪਣੀ ਵਿਚਾਰ ਹੀ ਦੇ ਰਹੀ ਹੈ, ਆਪਣੇ ਉੱਚੇ ਗਿਆਨ ਦੁਆਰਾ ਸਾਨੂੰ ਸਮਝਾ ਰਹੀ ਹੈ। ਫਿਰ ਉਹ **"ਨਾਮੁ ਨਿਧਾਨੁ"** ਕੀ ਹੈ ਜੋ ਕਿ ਗੁਰਬਾਣੀ ਦੇ, ਗੁਰੂ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਗੁਰਬਾਣੀ ਸਾਨੂੰ ਇਤਨਾ ਉੱਚਾ ਗਿਆਨ ਦਿੰਦੀ ਹੈ ਜੋ ਕਿਸੇ ਹੋਰ ਮਨੁੱਖ ਦੇ ਕੋਲ ਨਹੀਂ ਹੈ। ਗੁਰਬਾਣੀ ਦੇ ਕੋਲ "ਬ੍ਰਹਮਗਿਆਨ" ਹੈ ਜੋ ਇਸ ਵਿੱਚ ਆਪ ਬ੍ਰਹਮ ਨੇ, ਆਪ ਪ੍ਰਮਾਤਮਾ ਨੇ ਪਾਇਆ ਹੋਇਆ ਹੈ, ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪਾਇਆ ਹੋਇਆ ਹੈ। ਇਹ **"ਬ੍ਰਹਮ ਗਿਆਨ"** ਹੀ **"ਨਾਮੁ ਨਿਧਾਨੁ"** ਹੈ ਜੋ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਵਾਉਂਦਾ ਹੈ। **"ਗੁਰਬਾਣੀ"** ਪ੍ਰਮਾਤਮਾ ਦਾ ਆਪਣਾ "ਗੁਰੂ ਰੂਪ" ਹੈ ਤੇ ਇਸੇ ਲਈ ਕੇਵਲ ਗੁਰੂ ਹੀ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਸਾਡੇ ਮਨ ਦੀ ਸਮਝ ਦਾ "ਬ੍ਰਹਮ ਗਿਆਨੁ" ਵਾਲੀ ਸਮਝ ਦੇ ਨਾਲ ਮੇਲ, ਗੁਰੂ ਦੇ ਨਾਲ ਮੇਲ ਹੈ, ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਇਹ ਬ੍ਰਹਮਗਿਆਨ ਹੀ ਗੁਰਬਾਣੀ ਦੇ ਕੋਲ ਹੈ। ਇਹ ਬ੍ਰਹਮਗਿਆਨ ਹੀ ਪ੍ਰਮਾਤਮਾ ਦਾ ਨਾਮ ਦਾ ਖਜ਼ਾਨਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ, ਉਸਨੂੰ ਆਪਣੇ ਇਸ ਖਜ਼ਾਨੇ ਵਿੱਚ ਹੀ ਰਲਾਉਂਦਾ ਹੈ ਜਿੱਥੋਂ ਸਾਨੂੰ ਸੱਚੀ ਮਤਿ ਹੀ ਮਿਲਦੀ ਹੈ, ਗੁਣੀ ਬਣਨ ਦੀ ਮਤਿ ਹੀ ਮਿਲਦੀ ਹੈ ਜੋ ਸਾਨੂੰ ਔਗੁਣਾਂ ਵਿੱਚੋਂ, ਵਿਕਾਰਾਂ ਵਿੱਚੋਂ ਕੱਢ ਦਿੰਦੀ ਹੈ। ਉਹ ਆਪਣੀ ਸੱਚੀ ਮਤਿ ਸਾਡੇ ਅੰਦਰ ਆਪ ਹੀ ਦ੍ਰਿੜ ਕਰਦਾ ਹੈ ਭਾਵ ਆਪ ਹੀ ਅੰਦਰ ਪ੍ਰਗਟ ਹੋ ਕੇ ਸੱਚੀ ਮਤਿ ਦੇ ਕੇ, ਉਸਤੇ ਚਲਾਉਂਦਾ ਹੈ, ਆਪਣੀ ਸੱਚੀ ਮਤਿ ਤੇ ਅਡੋਲ ਰੱਖਦਾ ਹੈ, ਸੱਚ ਤੇ ਅਡੋਲ ਰੱਖਦਾ ਹੈ, ਨਾਮ ਤੇ ਅਡੋਲ ਰੱਖਦਾ ਹੈ। ਪੂਰੀ ਗੁਰਬਾਣੀ ਉਸਦਾ **"ਨਾਮੁ ਨਿਧਾਨੁ"** ਹੈ, ਉਸਦੀ ਸੱਚੀ ਮਤਿ ਹੈ ਜੋ ਕਿ ਗੁਰਬਾਣੀ ਦੇ ਸ਼ਬਦਾਂ ਦੁਆਰਾ ਦਿੱਤੀ ਹੋਈ ਵਿਚਾਰ ਹੈ ਭਾਵ ਗੁਰਬਾਣੀ ਦੇ ਹਰ ਸ਼ਬਦ ਦੀ ਵਿਚਾਰ ਨਾਮ ਨਿਧਾਨ ਹੈ। ਜੇਕਰ ਅਸੀਂ ਨਾਮ ਨਿਧਾਨ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ, ਸੱਚੇ ਗਿਆਨ ਦੀ, ਬ੍ਰਹਮਗਿਆਨ ਦੀ ਪ੍ਰਾਪਤੀ

ਕਰਨੀ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਉਸਦੇ ਸਮਝਾਏ ਹੋਏ ਮਾਰਗ ਅਨੁਸਾਰ ਹੀ ਚੱਲਣਾ ਚਾਹੀਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਗੁਰੂ ਦੇ ਸੱਚੇ ਗਿਆਨ ਦੀ ਪ੍ਰਾਪਤੀ ਤਾਂ ਸਾਡੇ ਅੰਦਰ ਗਿਆਨ ਦੇ ਵੱਸਣ ਨਾਲ ਹੀ ਹੋਣੀ ਹੈ ਭਾਵ ਗੁਰੂ ਦੀ ਗੱਲ ਨੂੰ ਆਪਣੇ ਅੰਦਰ ਵੱਸਾ ਕੇ, ਮੰਨ ਕੇ ਤੇ ਉਸ ਤੇ ਚੱਲ ਕੇ ਹੀ ਹੋਣੀ ਹੈ ਨਹੀਂ ਤਾਂ ਉਹ ਗਿਆਨ ਕਿਸ ਕੰਮ। ਕੇਵਲ ਗਿਆਨ ਨੂੰ ਕਥੀ ਜਾਈਏ ਤੇ ਸੁਣਾਈ ਜਾਈਏ ਉਸ ਨਾਲ ਸਾਡਾ ਭਰਮ ਦੂਰ ਨਹੀਂ ਹੋ ਸਕਦਾ, ਸਾਡੀ ਮਨਮਤਿ ਦੂਰ ਨਹੀਂ ਹੋ ਸਕਦੀ। ਮਨਮਤਿ ਤੇ ਗੁਰਮਤਿ ਦੇ ਵੱਸਣ ਨਾਲ ਹੀ ਦੂਰ ਹੋਣੀ ਹੈ।

ਗੁਰੂ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ, ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨ ਲਈਏ। ਜੇਕਰ ਸਾਨੂੰ ਗੁਰੂ ਨੇ ਇਹ ਗੱਲ ਸਮਝਾਈ ਹੈ ਕਿ ਥਿਤਾਂ ਵਾਰਾਂ ਨੂੰ ਪੂਜਣਾ ਗਲਤ ਹੈ ਭਾਵ ਇਨ੍ਹਾਂ ਨੂੰ ਪੂਜਣਾ ਸਾਡਾ ਭਰਮ ਹੈ ਫਿਰ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨ ਕੇ ਉਸ ਤੇ ਅਮਲ ਕਰ ਲਿਆ ਹੈ ਭਾਵ ਥਿਤਾਂ ਵਾਰਾਂ ਨੂੰ ਪੂਜਣਾ ਛੱਡ ਦਿੱਤਾ ਹੈ ਫਿਰ ਸਾਡਾ ਭਰਮ ਦੂਰ ਹੋ ਗਿਆ ਹੈ। ਜੇਕਰ ਅਸੀਂ ਅਮਲ ਨਹੀਂ ਕੀਤਾ ਫਿਰ ਸਾਡਾ ਭਰਮ ਉੱਥੇ ਹੀ ਹੈ ਭਾਵ ਸਾਨੂੰ ਗੁਰੂ ਦੀ ਮਤਿ ਤੇ ਵਿਸ਼ਵਾਸ ਨਹੀਂ ਆਇਆ ਤੇ ਸਾਨੂੰ ਆਪਣੀ ਮਤਿ ਤੇ ਹੀ ਵਿਸ਼ਵਾਸ ਹੈ ਜਾਂ ਇੱਧਰੋਂ-ਉਧਰੋਂ ਸੁਣੀਆਂ ਹੋਈਆ ਗੱਲਾਂ ਤੇ ਵਿਸ਼ਵਾਸ ਹੈ।

ਸਾਡੇ ਲਈ ਸਭ ਤੋਂ ਜਰੂਰੀ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣਾ ਹੈ ਕਿ ਗੁਰੂ ਸਾਨੂੰ ਜੋ ਕੁੱਝ ਸਮਝਾਉਂਦਾ ਹੈ, ਉਹੀ ਠੀਕ ਹੈ ਤੇ ਗੁਰੂ ਨਾਲੋਂ ਸਿਆਣਾ ਹੋਰ ਕੋਈ ਨਹੀਂ ਹੋ ਸਕਦਾ ਭਾਵੇਂ ਉਹ ਸਾਨੂੰ ਜਿਤਨਾ ਮਰਜ਼ੀ ਸਿਆਣਾ ਨਜ਼ਰ ਆਵੇ। ਸਾਡੇ ਲਈ ਇੱਕੋ ਇੱਕ ਕਸਵੱਟੀ ਗੁਰਬਾਣੀ ਹੈ ਜਿੱਥੋਂ ਅਸੀਂ ਸੱਚ ਦੀ ਪਰਖ ਕਰ ਸਕਦੇ ਹਾਂ। ਜੋ ਗੱਲ ਗੁਰਬਾਣੀ ਤੇ ਪੂਰੀ ਨਹੀਂ ਉਤਰਦੀ, ਉਹ ਕਦੇ ਸੱਚ ਨਹੀਂ ਹੋ ਸਕਦੀ। ਇਸ ਗੱਲ ਨੂੰ ਪੱਕੀ ਤਰ੍ਹਾਂ ਪੱਲੇ ਬੰਨ੍ਹ ਲਵੋ।

ਗੁਰਬਾਣੀ ਰਾਹੀਂ ਸਾਨੂੰ ਗੁਰੂ ਪ੍ਰਮਾਤਮਾ ਅਨੇਕਾਂ ਹੀ ਅਨੇਕਾਂ ਭਰਮਾਂ ਵਿੱਚੋਂ ਕੱਢ ਰਿਹਾ ਹੈ, ਸਾਨੂੰ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾ ਰਿਹਾ ਹੈ ਤੇ ਸਾਨੂੰ ਇਸੇ ਲਈ ਸਮਝਾ ਰਿਹਾ ਹੈ ਕਿਉਂਕਿ ਸਾਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੈ। ਸਦੀਆਂ ਤੋਂ ਜੋ ਅਸੀਂ ਭਗਤੀ ਦੇ ਮਾਰਗ ਸਮਝੇ ਹੋਏ ਹਨ ਉਨ੍ਹਾਂ ਸਾਰਿਆਂ ਤਰੀਕਿਆਂ ਨੂੰ ਵਾਰ-ਵਾਰ ਖੰਡਿਆ ਹੋਇਆ ਹੈ ਭਾਵ ਸਾਨੂੰ ਭਰਮਾਂ ਵਿੱਚੋਂ ਕੱਢਿਆ ਹੈ। ਭਰਮ ਵਿੱਚੋਂ ਤਾਂ ਹੀ ਨਿਕਲਾਂਗੇ ਜੇ ਉਸ ਗੱਲ ਨੂੰ ਮੰਨ ਲਵਾਂਗੇ ਭਾਵ ਉਸ ਤੇ ਅਮਲ ਕਰਾਂਗੇ। ਸਦੀਆਂ ਤੋਂ ਸਰੀਰਕ ਜਪਾਂ, ਤਪਾਂ ਨੂੰ, ਮੁੱਖੋਂ ਇੱਕ ਅੱਖਰ ਦਾ ਜਪ ਕਰੀ ਜਾਣ ਨੂੰ ਤੇ ਹੋਰ ਵੀ ਅਨੇਕਾਂ ਤਰੀਕਿਆਂ ਨੂੰ, ਜਿਨ੍ਹਾਂ ਨੂੰ ਅਸੀਂ ਭਗਤੀ ਦਾ ਮਾਰਗ ਸਮਝਦੇ ਹਾਂ, ਇਨ੍ਹਾਂ ਸਾਰੇ ਤਰੀਕਿਆਂ ਨੂੰ ਸਾਡਾ ਭਰਮ ਦੱਸਿਆ ਹੈ ਤੇ ਭਰਮ ਵਿੱਚ ਰਹਿੰਦਿਆਂ ਅਸੀਂ ਉਸ ਦੀ ਭਗਤੀ ਨਹੀਂ ਕਰ ਸਕਦੇ। ਇਨ੍ਹਾਂ ਭਰਮਾਂ ਵਿੱਚੋਂ ਨਿਕਲਣਾ ਹੀ ਗੁਰੂ ਦੀ ਮਤਿ ਨਾਲ ਜੁੜਨਾ ਹੈ, ਗੁਰਬਾਣੀ ਦੇ ਵਿਚਾਰ ਨਾਲ ਜੁੜਨਾ ਹੈ। ਗੁਰਬਾਣੀ ਦੀ ਵਿਚਾਰਧਾਰਾ ਹੀ "ਨਾਮੁ ਨਿਧਾਨੁ" ਹੈ। ਜੇਕਰ ਅਸੀਂ ਕਿਸੇ ਹੋਰ ਦੀ ਵਿਚਾਰਧਾਰਾ ਨਾਲ ਜੁੜੇ ਹੋਏ ਹਾਂ ਫਿਰ ਅਸੀਂ ਨਾਮ ਨਿਧਾਨ ਤੋਂ ਵਿਛੜੇ ਹੋਏ ਹਾਂ, ਗੁਰਬਾਣੀ ਤੋਂ ਵਿਛੜੇ ਹੋਏ ਹਾਂ। ਮੇਲ ਤਾਂ ਅਸੀਂ ਉਸ ਬ੍ਰਹਮਗਿਆਨੀ ਦੇ ਨਾਲ ਕਰਨਾ ਹੈ ਜਿਸਨੇ ਸਾਨੂੰ ਗੁਰਬਾਣੀ ਰਾਹੀਂ ਆਪਣਾ ਬ੍ਰਹਮਗਿਆਨ, ਨਾਮ ਨਿਧਾਨ ਬਖ਼ਸ਼ਿਆ ਹੋਇਆ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਉਸ ਅਨੁਸਾਰ ਚੱਲਣ ਦਾ ਉੱਦਮ ਕਰੀਏ, ਉਸਨੂੰ ਸੱਚਾ ਕਰਕੇ ਮੰਨੀਏ। (**ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥**)

ਅਸੀਂ ਪ੍ਰਮਾਤਮਾ ਦੀ ਭਗਤੀ ਕਥਨੀ ਦੁਆਰਾ ਕਰਦੇ ਹਾਂ ਭਾਵ ਧਰਮ ਗ੍ਰੰਥਾਂ ਨੂੰ ਵਾਰ-ਵਾਰ ਪੜ੍ਹੀ ਜਾਂਦੇ ਹਾਂ, ਸੁਣੀ ਜਾਂਦੇ ਹਾਂ, ਕਿਸੇ ਅੱਖਰ ਦਾ ਜਪ ਕਰੀ ਜਾਂਦੇ ਹਾਂ, ਸਮਾਧੀਆਂ ਆਦਿ ਲਗਾ ਕੇ ਬੈਠੇ ਰਹਿੰਦੇ ਹਾਂ ਜੋ ਕਿ ਭਗਤੀ ਦਾ ਮਾਰਗ ਨਹੀਂ ਦੱਸਿਆ ਬਲਕਿ ਸਾਡਾ ਭਰਮ ਦੱਸਿਆ ਹੈ। ਸਾਨੂੰ ਇਸ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਜੋ ਕਿ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਕੇ ਉਸ ਤੇ ਅਮਲ ਕਰਨ ਦੀ ਲੋੜ ਹੈ। ਇਸੇ ਲਈ ਸਾਨੂੰ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਕਥਨੀ ਨਾਲ ਨਹੀਂ ਪਾਇਆ ਜਾ ਸਕਦਾ, ਕਰਨੀ ਨਾਲ ਪਾਇਆ ਜਾ ਸਕਦਾ ਹੈ ਭਾਵ ਜੋ ਗੱਲ ਵੀ ਗੁਰੂ ਸਾਨੂੰ ਸਮਝਾਉਂਦਾ ਹੈ ਅਸੀਂ ਉਸ ਹਰ ਗੱਲ ਤੇ ਅਮਲ ਕਰਨਾ ਹੈ, ਗੁਰਮਤਿ ਨੂੰ ਆਪਣੀ ਕਰਨੀ ਵਿੱਚ ਲਿਆਉਣਾ ਹੈ।

{ਕਥਨੀ ਕਹਿ ਭਰਮੁ ਨ ਜਾਈ॥
ਸਭ ਕਥਿ ਕਥਿ ਰਹੀ ਲੁਕਾਈ॥}

(ਅੰਗ ੬੫੫)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥}

(ਅੰਗ ੫੬)

ਸਾਡਾ ਪ੍ਰਮਾਤਮਾ ਨਾਲੋਂ ਪੜਦਾ ਕੇਵਲ ਭਰਮ ਕਰਕੇ ਹੀ ਹੈ। ਜਿਉਂ-ਜਿਉਂ ਅਸੀਂ ਭਰਮ ਵਿੱਚੋਂ ਨਿਕਲਦੇ ਜਾਂਦੇ ਹਾਂ ਅਸੀਂ ਗੁਰੂ ਦੇ ਨੇੜੇ ਲੱਗਦੇ ਜਾਂਦੇ ਹਾਂ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਭਰਮ ਵਾਲੀ ਅਵੱਸਥਾ ਹੈ ਤੇ ਚੌਥਾ ਪਦ, ਗੁਰਬਾਣੀ ਦਾ ਪਦ, ਬ੍ਰਹਮਗਿਆਨ ਦਾ ਪਦ ਪੂਰਨ ਸੋਝੀ ਵਾਲੀ, ਸੱਚੇ ਗਿਆਨ ਵਾਲੀ ਅਵੱਸਥਾ ਹੈ ਜਿੱਥੇ ਬਿਲਕੁਲ ਵੀ ਭਰਮ ਨਹੀਂ ਹੈ ਕਿ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ। ਜਿਉਂ-ਜਿਉਂ ਅਸੀਂ ਉਸ ਗੁਰਬਾਣੀ ਰੂਪ ਬ੍ਰਹਮਗਿਆਨੀ ਦੀ ਗੱਲ ਨੂੰ ਮੰਨੀ ਜਾਵਾਂਗੇ ਅਸੀਂ ਉਸਦੇ ਨੇੜੇ ਲੱਗੀ ਜਾਵਾਂਗੇ। ਸਭ ਕੁੱਝ ਸਾਡੀ ਸੋਝੀ ਤੇ ਹੀ ਨਿਰਭਰ ਹੈ। ਜਿਉਂ-ਜਿਉਂ ਸਾਡੀ ਸੋਝੀ, ਜਿਉਂ-ਜਿਉਂ ਸਾਡੇ ਵਿਚਾਰ ਗੁਰਬਾਣੀ ਦੇ ਵਿਚਾਰਾਂ ਨਾਲ ਰਲਦੇ ਜਾਣਗੇ, ਅਸੀਂ ਗੁਰੂ ਦੇ ਨੇੜੇ ਲੱਗੀ ਜਾਵਾਂਗੇ। ਇਸੇ ਲਈ ਸਾਨੂੰ ਗੁਰਬਾਣੀ ਦੀ ਸਹੀ ਸੋਝੀ ਪੈਣਾ ਅਤਿ ਜ਼ਰੂਰੀ ਹੈ ਤਾਂ ਜੋ ਅਸੀਂ ਭਰਮਾਂ ਵਿੱਚੋਂ ਨਿਕਲ ਕੇ ਉਸ ਸੱਚੇ ਗਿਆਨ ਦੇ ਨਾਲ ਇੱਕ ਹੋ ਸਕੀਏ, ਉਸ ਨਾਮ ਨਿਧਾਨ ਦੇ ਵਿੱਚ ਰਲ ਸਕੀਏ। ਗੁਰਬਾਣੀ ਨੂੰ ਸਮਝਣ ਵਿੱਚ ਸਾਡੀ ਝੂਠੀ ਸੋਝੀ ਸਾਨੂੰ ਹੋਰ ਭਰਮਾਂ ਵਿੱਚ ਪਾਉਂਦੀ ਹੈ, ਭਰਮਾਂ ਨੂੰ ਹੋਰ ਦ੍ਰਿੜ ਕਰਦੀ ਹੈ।

ਪ੍ਰਮਾਤਮਾ ਦੇ ਘਰ ਵਿੱਚ ਸਾਡੀ ਪਰਖ ਸੱਚ ਦੁਆਰਾ ਹੀ ਹੁੰਦੀ ਹੈ ਤੇ ਸੱਚ ਕੇਵਲ ਗੁਰਬਾਣੀ ਦੇ ਘਰ ਵਿੱਚ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ। ਸਾਡਾ ਮਨ ਵੀ ਉਸੇ ਦਾ ਹੀ ਘਰ ਹੈ ਜਿੱਥੋਂ ਗੁਰਬਾਣੀ ਆਈ ਹੈ। ਉਹ ਸਾਡੇ ਅੰਦਰ ਬੈਠਾ ਸਾਨੂੰ ਹਰ ਵੇਲੇ ਪਰਖ ਰਿਹਾ ਹੈ ਕਿ ਅਸੀਂ ਕਿਤਨਾ ਕੁ ਸੱਚ ਤੇ ਚੱਲ ਰਹੇ ਹਾਂ ਭਾਵ ਗੁਰਮਤਿ ਅਨੁਸਾਰ ਵਿਚਰ ਰਹੇ ਹਾਂ। ਅਸੀਂ ਹਰ ਵੇਲੇ ਗੁਰਬਾਣੀ ਦੇ ਸੱਚ ਤੇ ਭਾਵ ਗੁਰਮਤਿ ਤੇ ਪੂਰਾ ਉਤਰਨ ਦਾ ਹੀ ਉੱਦਮ ਕਰਨਾ ਹੈ ਜੋ ਕਿ ਮਨਮਤਿ ਨੂੰ ਛੱਡ ਕੇ, ਭਰਮ ਛੱਡ ਕੇ ਹੀ ਹੋ ਸਕਦਾ ਹੈ। ਜਿੱਥੇ ਭਰਮ ਹੈ, ਉੱਥੇ ਮਨਮਤਿ ਹੈ। ਪ੍ਰਮਾਤਮਾ ਦੇ ਦਰਬਾਰ ਵਿੱਚ ਸਾਡਾ ਮੁਖ ਤਾਂ ਹੀ ਉਜਲ ਹੋ ਸਕਦਾ ਹੈ ਜੇਕਰ ਅਸੀਂ ਗੁਰਬਾਣੀ ਦੇ ਵਿਚਾਰ ਨਾਲ, ਨਾਮ ਨਿਧਾਨ ਨਾਲ ਜੁੜੀਏ, ਬ੍ਰਹਮ ਗਿਆਨ ਨਾਲ ਜੁੜੀਏ। ਉਸ ਬ੍ਰਹਮ ਗਿਆਨੀ ਤੱਕ ਸਾਡੀ ਪਹੁੰਚ ਉਸਦੇ ਬ੍ਰਹਮ ਗਿਆਨ ਨਾਲ ਜੁੜਨ ਦੁਆਰਾ ਹੀ ਹੋ ਸਕਦੀ ਹੈ। **(ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥)**

“ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ॥੧॥”

(ਅੰਗ ੮੪੯)

“ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ॥
ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ॥
ਸਭੁ ਕਿਛੁ ਆਪੇ ਆਪਿ ਹੈ ਆਪੇ ਦੇਇ ਵਡਿਆਈ॥੧੪॥”

(ਅੰਗ ੯੫੪)

ਉੱਪਰ ਸ਼ਬਦ ਰਾਹੀਂ ਵੀ ਇਹ ਬੜਾ ਖੋਲ੍ਹ ਕੇ ਸਮਝਾਇਆ ਹੋਇਆ ਹੈ ਕਿ ਗੁਰੂ ਦਾ ਉਪਦੇਸ਼ ਸੁਣ ਕੇ ਉਸਨੂੰ ਮੰਨਣਾ ਹੀ ਸਭ ਕੁੱਝ ਹੈ। ਉਸਦੇ ਉਪਦੇਸ਼ ਤੇ ਚੱਲ ਕੇ ਹੀ ਪ੍ਰਭੂ ਦੇ ਗੁਣ ਗਾਏ ਜਾ ਸਕਦੇ ਹਨ। ਮਨੁੱਖ ਪੂਰੀ ਤਰ੍ਹਾਂ ਗੁਰੂ ਦੇ ਉਪਦੇਸ਼ ਵਿੱਚ ਤਾਂ ਹੀ ਆਉਂਦਾ ਹੈ ਜਦੋਂ ਉਸਦਾ ਅਗਿਆਨਤਾ ਦਾ ਹਨੇਰਾ ਮਿਟ ਕੇ ਉਸਦੇ ਅੰਦਰ ਗੁਰੂ ਦੇ ਗਿਆਨ ਦਾ ਚਾਨਣ ਹੋ ਜਾਂਦਾ ਹੈ ਜਿਸ

ਨਾਲ ਮਨੁੱਖ ਦਾ ਤਨ ਮਨ ਖਿੜ ਜਾਂਦਾ ਹੈ। ਮਨ ਦਾ ਖਿੜਨਾ ਸਾਡੀ ਮਤਿ ਦਾ ਖਿੜਨਾ ਹੈ, ਹਰੇ ਭਰੇ ਬਾਗ ਦੀ ਤਰ੍ਹਾਂ ਖਿੜਨਾ ਹੈ। ਜਦ ਤਕ ਸਾਡੇ ਮਨ ਵਿੱਚ ਅਗਿਆਨਤਾ ਰੂਪ ਹਨੇਰਾ ਹੈ ਸਾਡੀ ਮਤਿ ਸੁੱਕੀ ਹੈ, ਸੁੱਕੇ ਹੋਏ ਬਾਗ ਦੀ ਤਰ੍ਹਾਂ ਹੈ ਜਿਸਦੇ ਬੂਟਿਆਂ ਨੂੰ ਫਲ ਨਹੀਂ ਲੱਗਦਾ। ਅਗਿਆਨਤਾ ਵਿੱਚ ਰਹਿੰਦੇ ਹੋਏ ਮਨ ਵਿੱਚ ਉਸ ਫਲ ਦੀ ਪ੍ਰਾਪਤੀ ਨਹੀਂ ਹੁੰਦੀ, ਨਾਮ ਰੂਪ ਫਲ ਦੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੁੰਦੀ ਜੋ ਸਾਡੇ ਜੀਵਨ ਦਾ ਮਨੋਰਥ ਹੈ। ਫਲ ਦੇ ਰੂਪ ਵਿੱਚ "ਬ੍ਰਹਮ ਗਿਆਨ" ਹੀ ਮਿਲਦਾ ਹੈ ਜੋ ਕਿ ਅਗਿਆਨਤਾ ਨਿਕਲਣ ਦੁਆਰਾ ਮਿਲਦਾ ਹੈ ਤੇ ਤਾਂ ਹੀ ਮਨੁੱਖੀ ਸਮਝ ਦੀ ਮਨ ਦੇ ਵਿੱਚ ਪ੍ਰਮਾਤਮਾ ਨਾਲ ਲਿਵ ਜੁੜ ਜਾਂਦੀ ਹੈ ਤੇ ਉਹ ਦਿਨ ਰਾਤ ਗੁਰੂ ਦੇ ਭਾਣੇ ਵਿੱਚ ਰਹਿੰਦਾ ਹੈ। ਇਹ ਹੀ ਦਿਨ ਰਾਤ ਉਸਦੇ ਗੁਣ ਗਾਉਣਾ ਹੈ। ਮਨੁੱਖ ਸੁੱਤਾ ਹੋਇਆ ਵੀ ਉਸਦੇ ਗੁਣ ਗਾ ਰਿਹਾ ਹੁੰਦਾ ਹੈ। ਥੋੜ੍ਹਾ ਬਾਰੀਕੀ ਨਾਲ ਵਿਚਾਰੋਗੇ ਤਾਂ ਇਹ ਗੱਲ ਸਮਝ ਆ ਜਾਣੀ ਕੋਈ ਇਤਨੀ ਔਖੀ ਵੀ ਨਹੀਂ ਹੈ ਕਿ ਪ੍ਰਮਾਤਮਾ ਨੂੰ ਅੱਠੇ ਪਹਿਰ ਸਵਾਸ-ਸਵਾਸ ਧਿਆਉਣਾ ਕੀ ਹੈ। ਜੋ ਮਨੁੱਖ ਹਰ ਵੇਲੇ ਗੁਰੂ ਦੇ ਗੁਣਾਂ ਨਾਲ ਜੁੜਿਆ ਹੋਇਆ ਹੈ, ਸੱਚ ਦੇ ਨਾਲ ਜੁੜਿਆ ਹੋਇਆ ਹੈ, ਉਹ ਹਰ ਵੇਲੇ, ਅੱਠੇ ਪਹਿਰ ਪ੍ਰਮਾਤਮਾ ਨੂੰ, ਗੁਰੂ ਨੂੰ ਜਪ ਰਿਹਾ ਹੈ, ਹਰਿ ਹਰਿ ਕਰ ਰਿਹਾ ਹੈ, ਕਿਉਂਕਿ ਉਸਦੀ ਸਾਰੀ ਕਰਨੀ ਸੱਚੀ ਸੁੱਚੀ ਹੋ ਜਾਂਦੀ ਹੈ, ਗੁਰਮਤਿ ਅਨੁਸਾਰ ਹੋ ਜਾਂਦੀ ਹੈ। ਇਸ ਗੱਲ ਨੂੰ ਹਰ ਕੋਈ ਮੰਨਦਾ ਹੈ ਕਿ ਨਾਮ "ਸੱਚ" ਹੈ। ਜੇਕਰ ਸੱਚ ਦੀ ਸਮਝ ਆ ਜਾਵੇ ਤਾਂ ਫਿਰ ਨਾਮ ਦੀ ਆਪੇ ਹੀ ਸਮਝ ਆ ਜਾਵੇਗੀ। "ਸੱਚ" ਹੀ ਆਪ ਪ੍ਰਮਾਤਮਾ ਹੈ ਜਿਵੇਂ ਕਿ ਸਾਨੂੰ ਵਾਰ-ਵਾਰ ਸਮਝਾਇਆ ਹੋਇਆ ਹੈ ਤੇ "ਸਚੁ" ਹੀ ਉਸਦੀ ਬਾਣੀ ਹੈ ਜਿਵੇਂ ਕਿ ਉੱਪਰ ਸਮਝਾਇਆ ਹੋਇਆ ਹੈ। **(ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ॥)** ਭਾਵ ਪੂਰੀ ਗੁਰਬਾਣੀ ਨਾਮ ਹੈ, ਸੱਚੁ ਰੂਪ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਜੋ ਕੁੱਝ ਸਾਨੂੰ ਬਾਣੀ ਸਮਝਾਉਂਦੀ ਹੈ ਉਹ ਪੂਰਨ ਸੱਚ ਹੈ। ਗੁਰਬਾਣੀ ਦੇ ਪੂਰਨ ਸੱਚ ਨਾਲ ਜੁੜ ਕੇ ਅਸੀਂ ਉਸ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ। ਗੁਰਬਾਣੀ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਉਸੇ ਤਰ੍ਹਾਂ ਸੱਚ ਹੈ, ਹੂ ਬ ਹੂ ਸੱਚ ਹੈ ਪਰ ਇਸ ਗੱਲ ਤੇ ਵਿਸ਼ਵਾਸ ਉਸ "ਸੱਚੁ" ਰੂਪ ਪ੍ਰਮਾਤਮਾ ਦੇ ਨਾਲ ਜੁੜਨ ਤੋਂ ਬਾਅਦ ਹੀ ਆਉਂਦਾ ਹੈ। ਸੱਚ ਦੀ ਕਦਰ ਉਸ ਸੱਚ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਕਿ ਸੱਚ ਤੇ ਚੱਲਣਾ ਕਿਤਨਾ ਜਰੂਰੀ ਹੈ। ਕੇਵਲ ਸੱਚ ਤੇ, ਕੇਵਲ ਨਾਮ ਤੇ ਚੱਲਣਾ ਕਿਤਨਾ ਜਰੂਰੀ ਹੈ। ਕੇਵਲ ਗੁਰਬਾਣੀ ਦੀ ਮਤਿ ਨਾਲ ਜੁੜਨਾ ਭਾਵ ਕੇਵਲ ਗੁਰੂ ਦੀ ਮਤਿ ਨੂੰ ਮੰਨਣਾ ਹੀ ਕੇਵਲ ਨਾਮ ਜਪਣਾ ਹੈ। ਜੇਕਰ ਅਸੀਂ ਇੱਕ ਅੱਖਰ ਦੇ ਜਪ ਨੂੰ ਹੀ ਸੱਚ ਸਮਝੀ ਜਾਵਾਂਗੇ ਫਿਰ ਅਸੀਂ ਸੱਚ ਨਾਲ ਕਦੇ ਨਹੀਂ ਜੁੜ ਸਕਦੇ, ਗੁਰੂ ਦੇ ਸੱਚੇ ਵਿਚਾਰਾਂ ਨਾਲ ਕਦੇ ਨਹੀਂ ਜੁੜ ਸਕਦੇ।

{ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ॥
ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ॥੩॥
ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥
ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ॥੪॥}

(ਅੰਗ ੫੩)

{ਮੇਰੈ ਗੁਰਿ ਮੋਰੋ ਸਹਸਾ ਉਤਾਰਿਆ॥
ਤਿਸੁ ਗੁਰ ਕੈ ਜਾਈਐ ਬਲਿਹਾਰੀ
ਸਦਾ ਸਦਾ ਹਉ ਵਾਰਿਆ॥੧॥ਰਹਾਉ॥
ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ॥
ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ॥੧॥
ਗੁਰ ਪੂਰੇ ਕੀ ਕਰਉ ਨਿਤ ਸੇਵਾ ਗੁਰੁ ਅਪਨਾ ਨਮਸਕਾਰਿਆ॥
ਸਰਬ ਫਲਾ ਦੀਨ੍ਹੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ॥੨॥}

(ਅੰਗ ੧੨੧੮)

{ਆਇਓ ਸੁਨਨ ਪੜਨ ਕਉ ਬਾਣੀ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ
ਬਿਰਥਾ ਜਨਮੁ ਪਰਾਣੀ॥੧॥ਰਹਾਉ॥
ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ॥
ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ॥੧॥
ਉਦਮੁ ਸਕਤਿ ਸਿਆਣਪ ਤੁਮ੍ਰੀ ਦੇਹਿ ਤ ਨਾਮੁ ਵਖਾਣੀ॥
ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ॥੨॥}

(ਅੰਗ ੧੨੧੯)

{ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ॥
ਗੁਰੁ ਸਿਮਰਤ ਜਮ ਸੰਗਿ ਨ ਫਾਸਹਿ॥
ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ॥੨॥}

(ਅੰਗ 1075)

{ਪੂਰੇ ਗੁਰ ਕੀ ਪੂਰੀ ਬਾਣੀ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ॥੧੫॥
ਬਾਰਹਾ ਕੰਚਨੁ ਸੁਧੁ ਕਰਾਇਆ॥ ਨਦਰਿ ਸਰਾਫ ਵੰਨੀ ਸਚੜਾਇਆ॥
ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ॥੧੬॥
ਅੰਮ੍ਰਿਤ ਨਾਮੁ ਤੁਮਾਰਾ ਸੁਆਮੀ॥ ਨਾਨਕ ਦਾਸ ਸਦਾ ਕੁਰਬਾਨੀ॥
ਸੰਤਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹੁ ਮਨੁ ਭੀਜਾ ਹੇ॥}

(ਅੰਗ ੧੦੨੪)

{ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥ ਆਠ ਪਹਰ ਨਾਨਕ ਗੁਰ ਜਾਪਿ॥}

(ਅੰਗ ੩੮੭)

ਨਾਮ ਜਪਣ ਨੂੰ ਲੈ ਕੇ ਇੱਕ ਬਹੁਤ ਵੱਡਾ ਭੁਲੇਖਾ ਇਹ ਬਣਿਆ ਹੋਇਆ ਹੈ ਕਿ ਨਾਮ ਜਪਣਾ ਸਿੱਧਾ ਰੱਬ ਨੂੰ ਜਪਣਾ ਹੈ ਤੇ ਗੁਰਬਾਣੀ ਪੜ੍ਹਨਾ ਵੱਖਰੀ ਗੱਲ ਹੈ। ਇਸ ਭੁਲੇਖੇ ਕਰਕੇ ਹਰ ਕੋਈ ਨਾਮ ਜਪਣ ਨੂੰ ਭਾਵ ਆਪਣੇ ਵੱਲੋਂ ਰੱਬ ਨੂੰ ਜਪਣ ਨੂੰ ਜਿਆਦਾ ਤਰਜੀਹ ਦਿੰਦਾ ਹੈ ਤੇ ਗੁਰਬਾਣੀ ਦੀ ਗੱਲ ਨੂੰ ਪਿੱਛੇ ਰੱਖਦਾ ਹੈ। ਉੱਪਰ ਲਿਖੇ ਸ਼ਬਦਾਂ ਦੁਆਰਾ ਇਹ ਭੁਲੇਖਾ ਕੱਢਣ ਦੀ ਕੋਸ਼ਿਸ ਕੀਤੀ ਗਈ ਹੈ, ਜਿਵੇਂ ਕਿ ਪਹਿਲਾਂ ਵੀ ਕੁੱਝ ਸ਼ਬਦਾਂ ਰਾਹੀਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਗੁਰੂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਹੈ ਹੀ ਨਹੀਂ, ਫਿਰ ਇਹ ਭੁਲੇਖਾ ਕਿਸ ਕਰਕੇ। ਇਹ ਗੱਲ ਵੀ ਪਿੱਛੇ ਕੁੱਝ ਸ਼ਬਦਾਂ ਰਾਹੀਂ ਸਪੱਸ਼ਟ ਕੀਤੀ ਗਈ ਹੈ ਕਿ ਨਾਮ ਹੀ ਬਾਣੀ ਹੈ, ਨਾਮ ਹੀ ਗੁਰੂ ਹੈ ਅਤੇ ਨਾਮ ਹੀ ਪ੍ਰਮਾਤਮਾ ਆਪ ਹੈ। ਇਹ ਭੇਦ ਸਾਨੂੰ ਕਦੇ ਵੀ ਨਹੀਂ ਸਮਝਣਾ ਚਾਹੀਦਾ। ਇਹ ਕੇਵਲ ਬਾਣੀ ਨੂੰ ਪੜ੍ਹ ਕੇ ਉਸਨੂੰ ਨਾ ਮੰਨਣ ਵਾਲੀ ਗੱਲ ਹੋਵੇਗੀ, ਜੋ ਕਿ ਕੋਈ ਵੀ ਗੁਰੂ ਦਾ ਸਿੱਖ ਨਹੀਂ ਕਰਨਾ ਚਾਹੇਗਾ। ਅਸੀਂ ਬਾਣੀ ਦੇ ਅਸਲੀ ਭਾਵ ਨੂੰ ਸਮਝਾਂਗੇ ਤੇ ਤਾਂ ਹੀ ਉਸਦੇ ਉਪਦੇਸ਼ ਤੇ ਚੱਲ ਸਕਾਂਗੇ।

ਹੁਣ ਧਿਆਨ ਨਾਲ ਵਿਚਾਰੀਏ ਤਾਂ ਸਮਝ ਲੱਗਦੀ ਹੈ ਕਿ ਇਨ੍ਹਾਂ ਉੱਪਰ ਦਿੱਤੇ ਸਾਰੇ ਸ਼ਬਦਾਂ ਵਿੱਚ ਗੁਰੂ ਦਾ ਨਾਮ, ਗੁਰੂ ਨੂੰ ਜਪਣ ਦੀ ਗੱਲ ਕੀਤੀ ਗਈ ਹੈ ਅਤੇ ਸਪੱਸ਼ਟ ਤੌਰ ਤੇ ਸਮਝਾਇਆ ਹੋਇਆ ਹੈ ਕਿ ਗੁਰੂ ਤੇ ਪ੍ਰਮਾਤਮਾ ਇੱਕੋ ਗੱਲ ਹੈ, ਅੱਠੇ ਪਹਿਰ ਗੁਰੂ ਨੂੰ ਜਪਣ ਦੀ ਗੱਲ ਕੀਤੀ ਗਈ ਹੈ ਅਤੇ ਇਸੇ ਨੂੰ ਹੀ ਨਾਮ ਧਿਆਉਣਾ ਦੱਸਿਆ ਗਿਆ ਹੈ। ਇਹ ਭੁਲੇਖਾ ਕਿ ਗੁਰੂ, ਪ੍ਰਮਾਤਮਾ ਵਿੱਚ ਕੋਈ ਫਰਕ ਹੈ, ਸਾਨੂੰ ਆਪਣੇ ਮਨ ਵਿੱਚੋਂ ਹਮੇਸ਼ਾਂ ਹਮੇਸ਼ਾਂ ਲਈ ਕੱਢ ਕੇ ਸੁੱਟ ਦੇਣਾ ਚਾਹੀਦਾ ਹੈ, ਨਹੀਂ ਤਾਂ ਅਸੀਂ ਬਾਣੀ ਨਾਲ ਪੂਰੀ ਤਰ੍ਹਾਂ ਨਹੀਂ ਜੁੜ ਸਕਾਂਗੇ। ਸਾਡਾ ਗੁਰੂ ਗੁਰਬਾਣੀ ਹੈ ਤੇ ਗੁਰਬਾਣੀ ਨੂੰ ਜਪਣਾ ਹੀ ਗੁਰੂ ਨੂੰ ਜਪਣਾ ਹੈ, ਨਾਮ ਜਪਣਾ ਹੈ ਭਾਵ ਗੁਰਬਾਣੀ ਦੀ ਮਤਿ ਨੂੰ ਜਪਣਾ ਨਾਮ ਜਪਣਾ ਹੈ। ਉੱਪਰ ਦਿੱਤੇ ਸ਼ਬਦਾਂ ਵਿੱਚੋਂ ਹੇਠ ਲਿਖੀਆਂ ਪੰਗਤੀਆਂ ਨੂੰ ਵਿਚਾਰੀਏ।

“ਪੂਰੇ ਗੁਰ ਕੀ ਪੂਰੀ ਬਾਣੀ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ॥੧੫॥”

ਜਿਵੇਂ ਕਿ ਅਸੀਂ ਵਾਰ-ਵਾਰ ਜਾਣਦੇ ਆ ਰਹੇ ਹਾਂ ਪੂਰਾ ਗੁਰੂ ਆਪ ਪ੍ਰਮਾਤਮਾ ਹੀ ਹੈ ਜੋ ਹਰ ਗੱਲੋਂ ਪੂਰਾ ਹੈ। ਉਸਦੇ ਕੋਲ ਪੂਰਨ ਬ੍ਰਹਮਗਿਆਨ ਹੈ ਜਿਸ ਤੋਂ ਬਾਹਰ ਹੋਰ ਕੁੱਝ ਵੀ ਨਹੀਂ ਹੈ। ਉਸਦੀ ਸਾਰੀ ਰਚਨਾ ਬ੍ਰਹਮਗਿਆਨ ਦੁਆਰਾ ਹੀ ਹੋਈ ਹੈ ਤੇ ਆਪਣੇ ਹਰ ਸਰਗੁਣ ਸਰੂਪ ਨੂੰ ਉਹ ਆਪਣੇ ਬ੍ਰਹਮਗਿਆਨ ਦੁਆਰਾ ਹੀ ਚਲਾ ਰਿਹਾ ਹੈ। ਉਹ ਆਪਣੇ ਬ੍ਰਹਮਗਿਆਨ ਦੁਆਰਾ ਹੀ ਪੂਰਾ ਹੈ। ਪੂਰੀ ਗੁਰਬਾਣੀ ਵਿੱਚ ਉਸਦਾ ਬ੍ਰਹਮਗਿਆਨ ਹੈ, ਬਾਣੀ ਉਸਦੀ ਆਪਣੀ ਰਚੀ ਹੋਈ ਹੈ ਤੇ ਇਸੇ ਲਈ ਗੁਰਬਾਣੀ ਪੂਰਾ ਗੁਰੂ ਹੈ। ਜਦੋਂ ਅਸੀਂ ਉਸ ਪੂਰੇ ਵਿੱਚ ਸਮਾਉਣਾ ਹੈ, ਪ੍ਰਮਾਤਮਾ ਵਿੱਚ ਸਮਾਉਣਾ ਹੈ ਭਾਵ ਜਦੋਂ ਸਾਡਾ ਉਸਦੇ ਨਾਲ ਮੇਲ ਹੋਣਾ ਹੈ ਉਸਨੇ ਸਾਨੂੰ ਆਪਣੀ ਪੂਰੀ ਬਾਣੀ ਨਾਲ ਹੀ ਜੋੜਨਾ ਹੈ, ਬ੍ਰਹਮਗਿਆਨ ਦੇ ਨਾਲ ਹੀ ਜੋੜਨਾ ਹੈ ਭਾਵ ਪੂਰੀ ਗੁਰਬਾਣੀ ਨਾਲ ਜੁੜਨਾ ਹੀ ਬ੍ਰਹਮਗਿਆਨ ਦੇ ਨਾਲ ਜੁੜਨਾ ਹੈ ਜੋ ਕਿ ਉਹ ਆਪ ਹੀ ਆਪਣੀ ਕ੍ਰਿਪਾ ਦੁਆਰਾ ਜੋੜਦਾ ਹੈ। **(ਪੂਰੇ ਗੁਰ ਕੀ ਪੂਰੀ ਬਾਣੀ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ॥)** ਗੁਰਬਾਣੀ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ਪਰ ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਉਹ ਆਪਣੇ ਨਾਲ ਜੋੜ ਲੈਂਦਾ ਹੈ ਤੇ ਆਪਣੇ ਨਾਲ ਜੋੜ ਕੇ ਉਹ ਆਪਣੀ ਰਚੀ ਹੋਈ ਗੁਰਬਾਣੀ ਦੀ ਸੋਝੀ ਆਪ ਹੀ ਮਨ ਦੇ ਵਿੱਚ ਪਾਉਂਦਾ ਹੈ। ਜੇਕਰ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਕਿਸੇ ਨੂੰ ਗੁਰਬਾਣੀ ਦੀ ਸੋਝੀ ਨਹੀਂ ਪਈ ਤਾਂ ਫਿਰ ਇਹ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੈ। ਗੁਰਬਾਣੀ ਤੇ ਪ੍ਰਮਾਤਮਾ ਇੱਕ ਹੀ ਹਨ,ਨਿਰਗੁਣ ਰੂਪ ਵਿੱਚ ਇੱਕ ਹੀ ਹਨ। ਦੋਨਾਂ ਦਾ ਰੂਪ ਬ੍ਰਹਮਗਿਆਨ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਅਸੀਂ ਬ੍ਰਹਮਗਿਆਨ ਵਿੱਚ ਹੀ ਸਮਾਉਂਦੇ ਹਾਂ, ਉਸ ਬ੍ਰਹਮਗਿਆਨੀ ਵਿੱਚ ਸਮਾਉਂਦੇ ਹਾਂ ਜੋ ਸਾਡੇ ਅੰਦਰ ਹਰ ਵੇਲੇ ਨਿਰੰਕਾਰ ਰੂਪ ਵਿੱਚ ਵਿਚਰ ਰਿਹਾ ਹੈ। ਜੇਕਰ ਅਸੀਂ ਪੂਰਨ ਰੂਪ ਵਿੱਚ ਗੁਰਬਾਣੀ ਦੇ ਨਾਲ ਜੁੜਨ ਦਾ ਉੱਦਮ ਕਰਾਂਗੇ, ਨਾਮ ਦੇ ਨਾਲ ਜੁੜਨ ਦਾ ਉੱਦਮ ਕਰਾਂਗੇ, ਬ੍ਰਹਮਗਿਆਨ ਦੇ ਨਾਲ ਜੁੜਨ ਦਾ ਉੱਦਮ ਕਰਾਂਗੇ ਫਿਰ ਤਾਂ ਹੀ ਉਸ ਬ੍ਰਹਮਗਿਆਨੀ ਤੱਕ ਪਹੁੰਚ ਹੋ ਸਕਦੀ ਹੈ, ਉਸਦੀ ਕ੍ਰਿਪਾ ਹੋ ਸਕਦੀ ਹੈ। “ਬ੍ਰਹਮਗਿਆਨ” ਦੇ ਨਾਲ, “ਗੁਰਮਤਿ” ਦੇ ਨਾਲ ਰੰਗ ਲੱਗਣਾ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਰੰਗ ਲੱਗਣਾ ਹੈ। ਅਸੀਂ ਤੋਲ ਗੁਰਮਤਿ ਦਾ ਹੀ ਤੁਲਣਾ ਹੈ ਜੋ ਕਿ ਉਸਦੀ ਕ੍ਰਿਪਾ ਦੁਆਰਾ ਹੀ ਤੁਲਿਆ ਜਾ ਸਕਦਾ ਹੈ। ਮਨ ਦੇ ਵਿੱਚ ਗੁਰਮਤਿ ਦਾ ਸੱਚਾ ਗਿਆਨ ਬਖ਼ਸ ਕੇ, ਗੁਰਮਤਿ ਦੀ ਸੱਚੀ ਸੋਝੀ ਪਾ ਕੇ ਉਹ ਆਪ ਹੀ ਉਸ ਤੇ ਚਲਾਉਂਦਾ ਹੈ ਤੇ ਗੁਰਮਤਿ ਦੇ ਤੋਲ ਤੇ ਪੂਰਾ ਉਤਾਰਦਾ ਹੈ। ਉਹ ਸਭ ਕੁੱਝ ਉਸੇ ਤਰ੍ਹਾਂ ਕਰਵਾਉਂਦਾ ਹੈ ਜੋ ਗੁਰਮਤਿ ਅਨੁਸਾਰ ਕਰਨਾ ਚਾਹੀਦਾ ਹੈ। ਉਹ ਅੰਦਰ ਬੈਠਾ ਸਾਨੂੰ ਹਰ ਭਰਮ ਵਿੱਚੋਂ ਆਪ ਹੀ ਕੱਢੀ ਜਾਂਦਾ ਹੈ। ਜਿਉਂ ਜਿਉਂ ਮਨ ਦੇ ਵਿੱਚ ਉਹ ਆਪਣੀ ਸੋਝੀ ਵਧਾਈ ਜਾਂਦਾ ਹੈ ਸਾਡੇ ਤੇ ਉਸਦਾ ਰੰਗ ਹੋਰ ਚੜ੍ਹੀ ਜਾਂਦਾ ਹੈ, ਰੰਗ ਸਵਾਇਆ ਹੋਈ ਜਾਂਦਾ ਹੈ, ਉਸਦੀ ਹਰ ਗੱਲ ਅੰਦਰ ਦ੍ਰਿੜ ਹੋਈ ਜਾਂਦੀ ਹੈ, ਮਨੁੱਖ ਦੇ ਅੰਦਰ ਗੁਰਮਤਿ ਤੇ ਚੱਲਣ ਦਾ ਵਿਸ਼ਵਾਸ ਵੱਧਦਾ ਜਾਂਦਾ ਹੈ, ਅਡੋਲ ਹੋਈ ਜਾਂਦਾ ਹੈ ਭਾਵ ਉਹ ਪੂਰੇ ਵਿਸ਼ਵਾਸ ਨਾਲ ਪੂਰੀ ਦ੍ਰਿੜਤਾ ਦੇ ਨਾਲ ਗੁਰਮਤਿ ਤੇ ਪੂਰਾ ਉਤਰਦਾ ਹੈ ਜਿਸ ਦੁਆਰਾ ਉਸਦਾ ਤੋਲ ਤੁਲਿਆ ਜਾਂਦਾ ਹੈ। ਇਸ ਤੋਲ ਤੇ ਮਨੁੱਖ ਆਪ ਨਹੀਂ ਪੂਰਾ ਉਤਰ ਸਕਦਾ, ਉਹ ਪ੍ਰਮਾਤਮਾ ਆਪ ਹੀ ਉਤਾਰਦਾ ਹੈ। ਸਾਡਾ ਉੱਦਮ ਕੇਵਲ ਇਹ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਵੱਧ ਤੋਂ ਵੱਧ ਗੁਰਮਤਿ ਅਨੁਸਾਰ ਚੱਲੀਏ, ਗੁਰੂ ਤੇ ਪੂਰਨ ਵਿਸ਼ਵਾਸ ਕਰੀਏ ਕਿ ਜੋ ਉਸਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ, ਕੇਵਲ ਉਹ ਹੀ ਸੱਚ ਹੈ। (**ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥15॥**)

“ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ॥”

(ਅੰਗ ੯੫੪)

ਗੁਰਬਾਣੀ "ਸਚੁ" ਹੈ ਭਾਵ ਪ੍ਰਮਾਤਮਾ ਦਾ ਆਪਣਾ ਰੂਪ ਹੈ, ਉਸ ਵਿੱਚ ਉਸਦਾ ਆਪਣਾ ਸੱਚਾ ਗਿਆਨ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ "ਸਚੁ" ਦੇ ਨਾਲ ਹੀ ਮੇਲਦਾ ਹੈ ਭਾਵ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੋੜ ਕੇ ਆਪਣੇ ਆਪ ਨਾਲ ਜੋੜਦਾ ਹੈ। "ਸਚੁ" ਹੀ ਗੁਰਬਾਣੀ ਹੈ, "ਸਚੁ" ਹੀ ਆਪ ਪ੍ਰਮਾਤਮਾ ਹੈ ਤੇ ਜਦੋਂ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਹ ਇਸ 'ਸਚੁ' ਦੇ ਨਾਲ ਹੀ ਹੁੰਦਾ ਹੈ ਜਿਸ ਦੁਆਰਾ ਸੱਚੇ ਗਿਆਨ ਦੀ, ਸੱਚੀ ਮਤਿ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ "ਸਚੁ" ਹੀ ਨਾਮ ਹੈ। ਹੁਣ ਧਿਆਨ ਨਾਲ ਸਮਝਣ ਦੀ ਲੋੜ ਇਹ ਕਿ ਜਦੋਂ "ਸਚੁ" ਹੀ ਗੁਰਬਾਣੀ ਹੈ, "ਸਚੁ" ਹੀ ਆਪ ਪ੍ਰਮਾਤਮਾ ਹੈ, "ਸਚੁ" ਹੀ ਨਾਮ ਹੈ, "ਸਚੁ" ਹੀ ਬ੍ਰਹਮਗਿਆਨ ਹੈ, ਜੋ ਪੂਰੀ ਗੁਰਬਾਣੀ ਵਿੱਚ ਹੈ ਫਿਰ "ਸਚੁ" ਨੂੰ ਜਪਣਾ ਕੀ ਹੋਇਆ ਭਾਵ ਅਸੀਂ "ਗੁਰਬਾਣੀ" ਨੂੰ ਜਪਣਾ ਹੈ ਜਾਂ ਕਿ ਕਿਸੇ "ਅਖਰ" ਨੂੰ ਕੇਵਲ ਬੋਲ ਬੋਲ ਕੇ ਉਸ ਨੂੰ ਜਪੀ ਜਾਣਾ ਹੈ। ਕੀ ਪੂਰੀ ਗੁਰਬਾਣੀ ਕੇਵਲ ਇੱਕ ਅੱਖਰ ਹੀ ਹੈ। "ਸਚੁ" ਤੇ ਚੱਲਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ ਇਸ ਲਈ ਕੋਈ ਵਿਰਲਾ ਹੀ ਨਾਮ ਜਪ ਸਕਦਾ ਹੈ, ਬਾਣੀ ਦੀ ਮਤਿ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ ਜੋ ਕਿ ਪ੍ਰਮਾਤਮਾ ਦੀ ਕਿਰਪਾ ਹੋਇ ਬਿਨ੍ਹਾਂ ਨਹੀਂ ਚੱਲਿਆ ਜਾ ਸਕਦਾ। ਗੁਰਮਤਿ ਦੀ ਸੱਚੁ ਦੀ ਸੋਝੀ ਵੀ ਉਹ ਪ੍ਰਮਾਤਮਾ ਆਪ ਪਾਉਂਦਾ ਹੈ ਤੇ ਉਸ ਤੇ ਆਪ ਹੀ ਮਨ ਦੀ ਸਮਝ ਦੁਆਰਾ ਚਲਾਉਂਦਾ ਹੈ। (**ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ॥**)

ਨਾਮ ਜਪਣਾ, ਸਿਮਰਨਾ, ਧਿਆਉਣਾ ਆਦਿ ਕੀ ਹੈ, ਇਸ ਗੱਲ ਨੂੰ ਉੱਪਰ ਅਨੇਕਾਂ ਹੀ ਸ਼ਬਦਾਂ ਦੁਆਰਾ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਫਿਰ ਵੀ ਜੋ ਨਾਮ ਜਪਣਾ ਕੁੱਝ ਹੋਰ ਹੀ ਸਮਝਦੇ ਹਨ, ਉਨ੍ਹਾਂ ਦਾ ਭੁਲੇਖਾ ਅੱਗੇ ਦਿੱਤੇ ਗਏ ਅਨੇਕਾਂ ਸ਼ਬਦਾਂ ਦੁਆਰਾ ਨਿਕਲਦਾ ਜਾਵੇਗਾ।

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹਰਿ ਪਾਇਆ ਉਦਰ ਮੰਝਾਰਿ॥
ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ
ਹਰਿ ਹਰਿ ਨਾਮੁ ਸਮਾਰਿ॥
ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ॥
ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ॥
ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ ਕਰਿ ਹਿਰਦੈ ਗੁਰਮੁਖਿ ਬੀਚਾਰਿ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹਰਿ ਜਪੀਐ ਕਿਰਪਾ ਧਾਰਿ॥੧॥"

(ਅੰਗ 76)

ਇਸ ਸ਼ਬਦ ਨੂੰ ਪੜ੍ਹ ਕੇ ਧਿਆਨ ਦੇ ਨਾਲ ਵਿਚਾਰਨ ਨਾਲ, "ਨਾਮ ਜਪਣਾ ਕੀ ਹੈ", ਇਹ ਭੁਲੇਖਾ ਲਹਿ ਜਾਵੇਗਾ। ਇਸ ਸ਼ਬਦ ਵਿੱਚ ਮਨੁੱਖ ਦੇ ਮਾਤਾ ਦੇ ਗਰਭ ਵਿੱਚ, ਅਗਨੀ ਵਿੱਚ ਹਰਿ ਹਰਿ ਨਾਮ ਜਪਣ ਦੀ ਗੱਲ ਕੀਤੀ ਗਈ ਹੈ ਕਿ ਮਨੁੱਖ ਉਸ ਅਵੱਸਥਾ ਵਿੱਚ ਵੀ ਗਰਭ ਕਾਲ ਦੇ ਦੌਰਾਨ ਨਾਮ ਜਪਦਾ ਹੈ। ਧਿਆਨ ਨਾਲ ਸੋਚੋ ਕਿ ਜਦ ਮਨੁੱਖ ਦੀ ਰਸਨਾ ਹੀ ਨਹੀਂ ਹੁੰਦੀ, ਸੁਣਨ ਲਈ ਕੰਨ ਵੀ ਨਹੀਂ ਹੁੰਦੇ ਭਾਵ ਕਿ ਹਾਲੇ ਮਨੁੱਖ ਦਾ ਸਰੀਰ ਪੂਰੀ ਤਰ੍ਹਾਂ ਵਿਕਸਿਤ ਵੀ ਨਹੀਂ ਹੋਇਆ ਹੁੰਦਾ ਉਸ ਵਕਤ ਉਹ ਨਾਮ ਕਿਵੇਂ ਜਪਦਾ ਹੈ। ਨਾਮ ਜਪਣਾ ਪ੍ਰਮਾਤਮਾ ਦੇ ਹੁਕਮ ਵਿੱਚ ਰਹਿਣਾ ਹੈ। ਪ੍ਰਮਾਤਮਾ ਦਾ ਹੁਕਮ ਕਿਸ ਰੂਪ ਵਿੱਚ ਹੈ, ਸਾਰੀ ਗੱਲ ਇਸਨੂੰ ਸਮਝਣ ਦੀ ਹੈ। ਸੰਸਾਰ ਵਿੱਚ ਜੋ ਕੁੱਝ ਵੀ ਉਪਜਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਉਪਜਦਾ ਹੈ, ਜਿਸ ਰੂਪ ਵਿੱਚ ਵੀ ਉਪਜਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਉਪਜਦਾ ਹੈ ਤੇ ਹਰ ਆਕਾਰ ਰੂਪ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਚੱਲਦਾ ਹੈ, ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਹਰ ਆਕਾਰ ਰੂਪ ਦਾ ਮਨੋਰਥ ਪੂਰਾ ਹੁੰਦਾ ਹੈ। ਹਰ ਆਕਾਰ ਰੂਪ ਨੂੰ ਪ੍ਰਮਾਤਮਾ ਨੇ ਕਿਸੇ ਮਨੋਰਥ ਲਈ ਹੀ ਬਣਾਇਆ ਹੈ ਤੇ ਹਰ ਆਕਾਰ ਰੂਪ ਆਪਣਾ ਮਨੋਰਥ ਹੀ ਪੂਰਾ ਕਰਦਾ ਹੈ ਤੇ ਇਹ ਸਭ ਕੁੱਝ ਕਿਸੇ ਹੁਕਮ ਦੁਆਰਾ ਹੀ ਹੁੰਦਾ ਹੈ। ਪ੍ਰਮਾਤਮਾ ਦਾ ਇਹ ਹੁਕਮ ਸਮਝ ਆਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਨਾਮ ਕੀ ਹੈ, ਨਾਮ ਜਪਣਾ ਕੀ ਹੈ। ਮਨੁੱਖ ਵੀ ਪ੍ਰਮਾਤਮਾ ਦਾ ਬਣਾਇਆ ਹੋਇਆ ਇੱਕ ਆਕਾਰ ਰੂਪ ਹੈ ਜਿਸ ਦੀ ਰਚਨਾ ਪ੍ਰਮਾਤਮਾ ਨੇ ਕਿਸੇ ਮਨੋਰਥ ਲਈ ਕੀਤੀ ਹੈ। ਪ੍ਰਮਾਤਮਾ ਦੇ ਇਸ ਮਨੋਰਥ ਨੂੰ ਸਮਝਣਾ ਨਾਮ ਨੂੰ ਸਮਝਣਾ ਹੈ। ਸਾਨੂੰ ਬਾਣੀ

ਰਾਹੀਂ ਹੀ ਹੋਰ ਸ਼ਬਦਾਂ ਦੁਆਰਾ ਇਹ ਸਮਝਾਇਆ ਹੋਇਆ ਹੈ ਕਿ ਨਾਮ ਤੇ ਹਰ ਆਕਾਰ ਰੂਪ , ਹਰ ਵਸਤੂ ਜਪਦੀ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥
ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥}

(ਅੰਗ - 540)

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥
ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ - 948)

ਉੱਪਰ ਦੋਨੋਂ ਸ਼ਬਦਾਂ ਨੂੰ ਧਿਆਨ ਨਾਲ ਪੜੋ, ਸਾਨੂੰ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ। ਅਸੀਂ ਆਪਣੀਆਂ ਅੱਖਾਂ ਦੁਆਰਾ ਜੋ ਕੁੱਝ ਵੀ ਦੇਖ ਸਕਦੇ ਹਾਂ, ਧਰਤੀ ਤੋਂ ਲੈ ਕੇ ਪਾਤਾਲ, ਆਕਾਸ ਭਾਵ ਜੋ ਕੁੱਝ ਵੀ ਬਣਿਆ ਹੋਇਆ ਹੈ, ਖੰਡ ਬ੍ਰਹਿਮੰਡ ਸਭ ਕੁੱਝ ਜੋ ਵੀ ਹੋਂਦ ਹੈ ਸਭ ਪ੍ਰਮਾਤਮਾ ਦਾ ਨਾਮ ਜਪ ਰਹੀ ਹੈ। ਹੋਰ ਸ਼ਬਦਾਂ ਰਾਹੀਂ ਵੀ ਇਹ ਗੱਲ ਸਮਝਾਈ ਹੋਈ ਹੈ, ਅੱਗੇ ਚੱਲਕੇ ਸਮਝਾਂਗੇ। ਹਰ ਵਸਤੂ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਚੱਲ ਰਹੀ ਹੈ ਭਾਵ ਪ੍ਰਮਾਤਮਾ ਦਾ ਨਾਮ ਜਪ ਰਹੀ ਹੈ ਤੇ ਆਪਣੇ ਮਨੋਰਥ ਦੀ ਪੂਰਤੀ ਕਰ ਰਹੀ ਹੈ। ਹੁਣ ਧਿਆਨ ਨਾਲ ਸਮਝੋ ਕਿ ਹਰ ਵਸਤੂ ਕਿਸ ਤਰੀਕੇ ਪ੍ਰਮਾਤਮਾ ਦੇ ਹੁਕਮ ਵਿੱਚ ਚੱਲ ਰਹੀ ਹੈ। ਹਰ ਵਸਤੂ ਸਾਇੰਸ ਨਾਲ ਬੱਝੀ ਹੋਈ ਹੈ, ਸਾਇੰਟਿਫਿਕਲੀ ਕੰਮ ਕਰਦੀ ਹੈ ਭਾਵ ਹਰ ਕੰਮ ਸਾਇੰਟਿਫਿਕਲੀ ਹੁੰਦਾ ਹੈ। ਇਹ ਸਾਇੰਟਿਫਿਕ ਗਿਆਨ ਕਿੱਥੋਂ ਆਇਆ ਹੈ। ਇਹ ਸਾਇੰਟਿਫਿਕ ਗਿਆਨ ਬ੍ਰਹਮ ਗਿਆਨ ਹੈ, ਨਾਮ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਆਪਣੇ ਉੱਚੇ ਗਿਆਨ ਦੁਆਰਾ ਸਾਇੰਸ ਦੀ ਰਚਨਾ ਕੀਤੀ ਹੋਈ ਹੈ ਤੇ ਉਸਨੇ ਆਪਣੀ ਸਾਇੰਸ ਨਾਲ ਹੀ ਸਭ ਕੁੱਝ ਬਣਾਇਆ ਹੈ ਤੇ ਸਾਇੰਸ ਨਾਲ ਹੀ ਸਭ ਕੁੱਝ ਚਲਾ ਰਹਿਆ ਹੈ। ਸਭ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਰਤਦੀ ਹੈ, ਨਾਮ ਹੀ ਵਰਤਦਾ ਹੈ ਭਾਵ ਇੱਕੋ ਹੀ ਗੱਲ ਹੈ। ਜੋਤਿ ਦਾ ਮਕਸਦ ਸਭ ਦੇ ਅੰਦਰ ਗਿਆਨ ਪਾਉਣ ਨਾਲ ਹੀ ਹੈ। ਜਿਤਨੀ ਬਨਸਪਤੀ ਹੈ ਇਹ ਜੈਨੇਟਿਕਲੀ ਚੱਲਦੀ ਹੈ, ਮਨੁੱਖ ਦਾ ਸਰੀਰ ਵੀ ਜੈਨੇਟਿਕਲੀ ਹੀ ਚੱਲਦਾ ਹੈ ਭਾਵ ਸਭ ਕੁੱਝ ਸਾਇੰਟਿਫਿਕਲੀ ਹੀ ਹੁੰਦਾ ਹੈ। ਪਵਨ ਪਾਣੀ ਅਗਨੀ ਦੀ ਰਚਨਾ ਸਾਇੰਟਿਫਿਕਲੀ ਹੀ ਹੈ ਤੇ ਸਾਇੰਟਿਫਿਕਲੀ ਹੀ ਉਹ ਆਪਣਾ ਕੰਮ ਕਰੀ ਜਾਂਦੇ ਹਨ ਭਾਵ ਜਿਹੋ ਜਿਹਾ ਹੁਕਮ ਪ੍ਰਮਾਤਮਾ ਨੇ ਉਹਨਾਂ ਅੰਦਰ ਪਾਇਆ ਹੈ ਉਸੇ ਤਰ੍ਹਾਂ ਹੀ ਹਰ ਆਕਾਰ ਰੂਪ ਕਰੀ ਜਾਂਦਾ ਹੈ, ਸਾਇੰਟਿਫਿਕਲੀ ਆਪੇ ਹੀ ਹੋਈ ਜਾਂਦਾ ਹੈ। ਜੋ ਕੁੱਝ ਆਪਣੇ ਆਪ ਹੋਈ ਜਾਂਦਾ ਹੈ, ਇਹੀ ਪ੍ਰਮਾਤਮਾ ਦਾ ਹੁਕਮ ਵਰਤ ਰਹਿਆ ਹੈ ਜਿਸਨੂੰ ਸਮਝਾਇਆ ਨਹੀਂ ਜਾ ਸਕਦਾ।

ਪ੍ਰਮਾਤਮਾ ਦਾ ‘‘ਹੁਕਮੁ’’ ਕਿਵੇਂ ਵਰਤਦਾ ਹੈ ਇਸ ਗੱਲ ਦੀ ਸੋਝੀ ਕੇਵਲ ਮਨੁੱਖੀ ਮਨ ਨੂੰ ਪੈ ਸਕਦੀ ਹੈ ਤੇ ਹੋਰ ਕੋਈ ਸਰਗੁਣ ਸਰੂਪ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿਉਂਕਿ ਇਹ ਗਿਆਨ ਨਾਲ ਜੁੜਿਆ ਹੋਇਆ ਹੈ ਤੇ ਉਸ ਗਿਆਨ ਦੀ ਸਮਰੱਥਾ ਪ੍ਰਮਾਤਮਾ ਨੇ ਕੇਵਲ ਮਨੁੱਖੀ ਮਨ ਨੂੰ ਹੀ ਬਖਸ਼ੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਉਸਦੇ ਹੁਕਮ ਨੂੰ ਬੁੱਝਿਆ ਜਾ ਸਕਦਾ ਹੈ। ਹੁਕਮ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜੋ ਕਿ ਸਾਡੇ ਮਨ ਦੇ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਪਾਈ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਹਿਆ ਹੈ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਾਣੀ ਰਾਹੀਂ ਸਮਝਾਇਆ ਹੋਇਆ ਹੈ ਤੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਮਨੁੱਖ ਨੂੰ ਵੀ ਪ੍ਰਮਾਤਮਾ ਨੇ ਕਿਸੇ ਮਨੋਰਥ ਲਈ ਹੀ ਬਣਾਇਆ ਹੈ ਤੇ ਮਨੁੱਖ ਦੇ ਰਾਹੀਂ ਆਪਣੇ ਹੁਕਮ

ਦੁਆਰਾ ਭਾਵ ਮਨ ਦੀ ਸਮਝ ਦੁਆਰਾ ਆਪਣਾ ਮਨੋਰਥ ਹੀ ਪੂਰਾ ਕਰਦਾ ਹੈ। ਸਾਡੀ ਮਨੁੱਖੀ ਹੋਂਦ ਇਸ ਧਰਤੀ ਦੇ ਉੱਤੇ ਹੈ। ਜਿੱਥੇ ਹੋਰ ਵੀ ਅਨੇਕਾਂ ਜੀਵ ਜੰਤੂ ਹਨ, ਅਨੇਕਾਂ ਹੀ ਆਕਾਰ ਰੂਪ ਹਨ। ਹਰ ਆਕਾਰ ਰੂਪ ਦੀ ਦੇਖ ਭਾਲ ਵੀ ਪ੍ਰਮਾਤਮਾ ਆਪ ਹੀ ਕਰਦਾ ਹੈ। ਪ੍ਰਮਾਤਮਾ ਆਪ ਨਿਰੰਕਾਰ ਰੂਪ ਵਿੱਚ ਵਿਚਰਦਾ ਹੈ ਪਰ ਅਨੇਕਾਂ ਹੀ ਆਕਾਰ ਰੂਪ ਇਹੋ ਜਿਹੇ ਹਨ ਜਿਨ੍ਹਾਂ ਦੀ ਦੇਖਭਾਲ ਕਰਨ ਲਈ ਆਕਾਰ ਰੂਪ ਦੀ ਹੀ ਲੋੜ ਪੈਂਦੀ ਹੈ। ਮਨੁੱਖ ਉਹ ਆਕਾਰ ਰੂਪ ਹੈ ਜੋ ਦੂਸਰੇ ਆਕਾਰ ਰੂਪ ਦੀ ਦੇਖਭਾਲ ਕਰ ਸਕਦਾ ਹੈ। ਦੇਖਭਾਲ ਲਈ ਮਨ ਦੀ ਸਮਝ ਦੀ ਲੋੜ ਪੈਂਦੀ ਹੈ ਜਿਸ ਸਮਝ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਮਨੁੱਖ ਅਨੇਕਾਂ ਹੀ ਤਰੀਕੇ ਦੂਸਰੇ ਜੀਵ ਜੰਤੂਆਂ ਦੀ ਸੰਭਾਲ ਕਰਦਾ ਹੈ, ਬਨਸਪਤੀ ਦੀ ਸੰਭਾਲ ਕਰਦਾ ਹੈ। ਨਦੀਆਂ ਵਿੱਚ ਹੜ੍ਹ ਆਉਣ ਤੋਂ ਬਾਅਦ ਉਨ੍ਹਾਂ ਨੂੰ ਠੀਕ ਕਰਦਾ ਹੈ, ਜਮੀਨ ਨੂੰ ਠੀਕ ਕਰਦਾ ਹੈ। ਭੂਚਾਲ ਆਉਣ ਤੋਂ ਬਾਅਦ ਜੋ ਧਰਤੀ ਦੇ ਉੱਤੇ ਤੋੜ ਫੋੜ ਹੁੰਦੀ ਹੈ ਉਸ ਨੂੰ ਠੀਕ ਕਰਦਾ ਹੈ ਤੇ ਅਨੇਕਾਂ ਹੀ ਤਰੀਕਿਆਂ ਨਾਲ ਧਰਤੀ ਦੇ ਉੱਤੇ ਚੱਲ ਰਹੇ ਜੀਵਨ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਉੱਦਮ ਕਰਦਾ ਹੈ। ਅਸਲ ਵਿੱਚ ਇਹ ਸਭ ਕੁੱਝ ਪ੍ਰਮਾਤਮਾ ਆਪ ਹੀ ਕਰ ਰਿਹਾ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿਉਂਕਿ ਮਨ ਦੇ ਵਿੱਚ ਸਾਡੀ ਸਮਝ ਦੇ ਉੱਤੇ ਪੜਦਾ ਪ੍ਰਮਾਤਮਾ ਨੇ ਆਪ ਹੀ ਪਾਇਆ ਹੋਇਆ ਹੈ। ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ ਤੇ ਮਨੁੱਖੀ ਰੂਪ ਉਸ ਦੀ ਖੇਡ ਦਾ ਹੀ ਹਿੱਸਾ ਹੈ। ਮਨੁੱਖੀ ਜੀਵਨ ਸੰਚਾਰੂ ਢੰਗ ਨਾਲ ਚੱਲੇ, ਇਹ ਸੰਸਾਰ ਸੰਚਾਰੂ ਢੰਗ ਨਾਲ ਚੱਲੇ ਇਸ ਲਈ ਪ੍ਰਮਾਤਮਾ ਨੇ ਆਪ ਹੀ ਮਨੁੱਖ ਦੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਵਿੱਚ ਹੀ ਬਹੁਤ ਗਿਆਨ ਪਾਇਆ ਹੋਇਆ ਹੈ। ਮਨੁੱਖ ਨੂੰ ਸਰੀਰਕ ਰੋਗ ਵੀ ਲੱਗਦੇ ਹਨ ਤੇ ਉਹਨਾਂ ਤੋਂ ਬਚਣ ਲਈ ਇਲਾਜ ਵੀ ਗਿਆਨ ਰਾਹੀਂ ਆਪ ਹੀ ਸਮਝਾਉਂਦਾ ਹੈ।ਉਹ ਆਪ ਹੀ ਇੱਕੋ ਇੱਕ ਵੈਦ ਹੈ, ਡਾਕਟਰ ਹੈ ਜਿਸ ਨੇ ਆਪਣੇ ਅਨੇਕਾਂ ਰੂਪ ਧਾਰਨ ਕੀਤੇ ਹੋਏ ਹਨ। ਮਨੁੱਖੀ ਵਿਚਰਨ ਲਈ ਜੋ ਕੁੱਝ ਵੀ ਲੋੜਾਂ ਹਨ ਉਸਨੇ ਹਰ ਲੋੜ ਪੂਰੀ ਕਰਨ ਦਾ ਸਾਧਨ ਵੀ ਆਪ ਹੀ ਬਣਾਇਆ ਹੋਇਆ ਹੈ, ਪੰਜਾਂ ਤੱਤਾਂ ਦੀ ਰਚਨਾ ਰਾਹੀਂ ਬਣਾਇਆ ਹੋਇਆ ਹੈ। ਪੰਜਾਂ ਤੱਤਾਂ ਦੀ ਵਰਤੋਂ ਲਈ ਗਿਆਨ ਦੀ ਲੋੜ ਹੈ, ਮਨ ਦੀ ਸਮਝ ਦੀ ਲੋੜ ਹੈ ਜੋ ਉਹ ਆਪ ਹੀ ਦਿੰਦਾ ਹੈ। ਗਿਆਨ ਦਾ ਇੱਕੋ ਇੱਕ ਸ੍ਰੋਤ ਉਹ ਪ੍ਰਮਾਤਮਾ ਆਪ ਹੀ ਹੈ। ਉਹ ਆਪ ਹੀ ਡਾਕਟਰ ਹੈ, ਆਪ ਹੀ ਇੰਜਨੀਅਰ ਹੈ ਆਪ ਹੀ ਇਕਨੌਮਿਸਟ ਹੈ ਆਪ ਹੀ ਸਾਇੰਟਿਸਟ ਹੈ। ਆਪ ਹੀ ਸਕੂਲਾਂ ਕਾਲਜਾਂ ਵਿੱਚ ਟੀਚਰ ਹੈ ਤੇ ਆਪ ਹੀ ਉਨ੍ਹਾਂ ਕੋਲੋਂ ਪੜਨ ਵਾਲਾ ਹੈ। ਸਾਡਾ ਜੀਵਨ ਧਰਤੀ ਦੇ ਉਪਰ ਬਤੀਤ ਹੁੰਦਾ ਹੈ ਤੇ ਧਰਤੀ ਬਹੁਤ ਵੱਡੀ ਹੈ। ਧਰਤੀ ਤੇ ਸਾਡਾ ਜੀਵਨ ਚੰਗਾ ਬਤੀਤ ਹੋਵੇ ਇਸੇ ਲਈ ਧਰਤੀ ਦੀ ਵੰਡ ਵੀ ਕੀਤੀ ਹੋਈ ਹੈ ਜਿਸ ਦੁਆਰਾ ਵੱਖਰੇ-ਵੱਖਰੇ ਮੁਲਕ ਬਣੇ ਹੋਏ ਹਨ ਤਾਂ ਜੋ ਹਰ ਮੁਲਕ ਆਪਣੇ-ਆਪਣੇ ਹਿੱਸੇ ਵਿੱਚ ਚੰਗੀ ਸੰਭਾਲ ਕਰੇ। ਮੁਲਕਾਂ ਨੂੰ ਵੀ ਅੱਗੇ ਹੋਰ ਛੋਟੇ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ ਜਿਵੇਂ ਕਿ ਛੋਟੇ ਛੋਟੇ ਸੂਬਿਆਂ ਵਿੱਚ ਤੇ ਅੱਗੇ ਹੋਰ ਛੋਟੇ ਹਿੱਸਿਆਂ ਵਿੱਚ ਭਾਵ ਜਿਲਿਆਂ, ਤਹਿਸੀਲਾਂ ਆਦਿ ਵਿੱਚ ਤਾਂ ਜੋ ਅਸੀਂ ਧਰਤੀ ਦੇ ਉੱਤੇ ਜੀਵਨ ਨੂੰ ਵੱਧ ਤੋਂ ਵੱਧ ਸੰਚਾਰੂ ਢੰਗ ਨਾਲ ਚਲਾ ਸਕੀਏ। ਹਰ ਮੁਲਕ ਵਿੱਚ ਜੀਵਨ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਕਾਨੂੰਨ ਬਣਾਏ ਜਾਂਦੇ ਹਨ ਤਾਂ ਜੋ ਹਰ ਕੋਈ ਆਪਣਾ-ਆਪਣਾ ਫਰਜ਼ ਨਿਭਾਵੇ। ਮਾੜੇ ਕਰਮ ਕਰਨ ਤੋਂ ਹਰ ਮੁਲਕ ਦਾ ਕਾਨੂੰਨ ਮਨ੍ਹਾਂ ਕਰਦਾ ਹੈ ਤਾਂ ਜੋ ਮਨੁੱਖਤਾ ਫਲੇ ਫੁਲੇ, ਜੀਵ-ਜੰਤੂ ਫਲਣ-ਫੁਲਣ, ਇਸ ਧਰਤੀ ਤੇ ਵੱਸੋਂ ਸੰਚਾਰੂ ਢੰਗ ਨਾਲ ਚੱਲੇ, ਖਾਣ ਪੀਣ ਦੇ ਸਾਧਨਾਂ ਵਿੱਚ ਕਮੀ ਨਾ ਆਵੇ, ਮਾਇਆ ਦੀ ਪੂਰਤੀ ਵਿੱਚ ਕਮੀ ਨਾ ਆਵੇ ਜੋ ਕਿ ਜੀਵਨ ਨੂੰ ਚਲਾਉਣ ਲਈ ਬਹੁਤ ਜਰੂਰੀ ਹੈ। ਜੋ ਲੋਗ ਕਾਨੂੰਨ ਨੂੰ ਨਹੀਂ ਮੰਨਦੇ ਭਾਵ ਮਾੜੇ ਕਰਮ ਕਰਦੇ ਹਨ, ਦੂਸਰਿਆਂ ਦਾ ਹੱਕ ਖਾਂਦੇ ਹਨ, ਚੋਰੀਆਂ ਡਕੈਤੀਆਂ ਕਰਦੇ ਹਨ, ਠੱਗੀਆਂ ਮਾਰਦੇ ਹਨ ਤੇ ਅਨੇਕਾਂ ਮਾੜੇ ਕਰਮ ਕਰਦੇ ਹਨ ਉਨ੍ਹਾਂ ਨੂੰ ਹਕੂਮਤ ਸਜ਼ਾ ਵੀ ਦਿੰਦੀ ਹੈ। ਇਸ ਧਰਤੀ ਤੇ ਜੀਵਨ ਤਾਂ ਹੀ ਸੰਚਾਰੂ ਢੰਗ ਨਾਲ ਚੱਲ ਸਕਦਾ ਹੈ ਜੇਕਰ ਹਰ ਕੋਈ ਆਪਣਾ-ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਵੇ। ਜਿਸ ਆਉਂਦੇ ਤੇ ਵੀ ਕੋਈ ਕੰਮ ਕਰਦਾ ਹੈ, ਜਿਹੋ ਜਿਹੀ ਕਿਰਤ ਵੀ ਕੋਈ ਕਰਦਾ ਹੈ ਸਭ ਜਗ੍ਹਾ ਇਮਾਨਦਾਰੀ ਦੀ ਲੋੜ ਹੈ ਨਹੀਂ ਤਾਂ ਦੂਸਰਿਆਂ ਦਾ ਜੀਵਨ ਔਖਾ ਬਣ ਜਾਂਦਾ ਹੈ। ਇਮਾਨਦਾਰੀ ਦੀ ਲੋੜ ਹਰ ਗੱਲ ਵਿੱਚ ਹੈ ਤੇ ਸਭ ਲਈ ਹੈ। ਰਾਜੇ ਲਈ ਵੀ ਹੈ ਤੇ ਪ੍ਰਜਾ ਲਈ ਵੀ ਹੈ। ਜਿੱਥੇ ਰਾਜਾ ਹੀ ਮਾੜਾ ਹੋਵੇ ਉੱਥੇ ਪ੍ਰਜਾ ਨੂੰ ਵੀ ਇਮਾਨਦਾਰੀ ਦਾ ਡਰ ਨਹੀਂ ਰਹਿੰਦਾ ਜਿਸ ਕਰਕੇ ਬਾਣੀ ਵਿੱਚ ਰਾਜਿਆਂ ਨੂੰ ਵੀ ਉਹਨਾਂ ਦੇ ਫਰਜ਼ ਸਮਝਾਏ ਹਨ। ਇਮਾਨਦਾਰੀ ਸਭ ਲਈ ਜਰੂਰੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਤੇ ਇਸੇ ਲਈ ਬਾਣੀ ਵਿੱਚ ਜਿਹੋ ਜਿਹੀ ਇਨਸਾਨੀਅਤ ਹਿੰਦੂ ਨੂੰ ਸਿਖਾਈ ਹੈ ਉਹੋ ਜਿਹੀ ਇਨਸਾਨੀਅਤ ਮੁਸਲਮਾਨ ਨੂੰ ਸਿਖਾਈ ਹੈ ਭਾਵ ਸਾਰੇ ਜਗਤ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਜੋ ਸਾਡੇ ਦੁਨਿਆਵੀ ਫਰਜ਼ ਹਨ, ਇਸ ਸੰਸਾਰ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਹੀ ਹਨ ਤੇ ਇਸੇ ਲਈ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪੋ ਆਪਣਾ ਫਰਜ਼ ਪੂਰੀ ਇਮਾਨਦਾਰੀ ਨਾਲ ਨਿਭਾਉਣ

ਦਾ ਹੈ ਤਾਂ ਜੋ ਕੋਈ ਵੀ ਮਨੁੱਖ ਕਿਸੇ ਦੂਸਰੇ ਮਨੁੱਖ ਦਾ ਮਾੜਾ ਨਾ ਕਰੇ। ਇਸੇ ਲਈ ਇਮਾਨਦਾਰੀ ਵਰਤਾਣ ਲਈ ਹੀ ਧਰਮ ਗ੍ਰੰਥ ਸਾਨੂੰ ਧਰਮ ਦਾ ਮਾਰਗ ਸਮਝਾਉਂਦੇ ਹਨ ਜੋ ਸੱਚੇ ਸੁੱਚੇ ਕਰਮ ਕਰਨ ਦਾ ਹੈ। ਸੱਚੇ ਸੁੱਚੇ ਕਰਮ ਤਾਂ ਹੀ ਹੋ ਸਕਦੇ ਹਨ ਜੇਕਰ ਅਸੀਂ ਔਗੁਣਾਂ ਤੋਂ ਬਚੀਏ ਭਾਵ ਗੁਣੀ ਬਣ ਕੇ ਵਿਚਰੀਏ। ਬਾਣੀ ਸਾਨੂੰ ਵਾਰ-ਵਾਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗਣ ਲਈ ਸਮਝਾਉਂਦੀ ਹੈ, ਤ੍ਰਿਸ਼ਨਾਵਾਂ ਤਿਆਗਣ ਲਈ ਸਮਝਾਉਂਦੀ ਹੈ ਜਿਸ ਦਾ ਮਕਸਦ ਸਾਨੂੰ ਚੰਗੇ ਇਨਸਾਨ ਬਣਾਉਣ ਲਈ ਹੈ। ਇਹ ਇਨਸਾਨੀਅਤ ਹੀ ਸਾਰੇ ਸੰਸਾਰ ਦਾ ਧਰਮ ਹੈ। ਇੱਕ ਧਰਮੀ ਅਖਵਾ ਕੇ ਜੇਕਰ ਮਾੜੇ ਕਰਮ ਕਰਦਾ ਹੈ ਫਿਰ ਉਹ ਧਰਮੀ ਨਹੀਂ ਹੈ। ਇੱਕ ਧਰਮੀ ਨਹੀਂ ਅਖਵਾਉਂਦਾ ਪਰ ਆਪਣੇ ਹਰ ਕਰਮ ਵਿਚ ਇਨਸਾਨੀਅਤ ਦਿਖਾਉਂਦਾ ਹੈ ਫਿਰ ਉਹ ਧਰਮ ਦੇ ਮਾਰਗ ਤੇ ਚੱਲਦਾ ਹੈ, ਨਾਮ ਜਪਦਾ ਹੈ। ਗੁਰੂ ਸਾਨੂੰ ਵਾਰ-ਵਾਰ ਔਗੁਣ ਛੱਡਣ ਲਈ ਸਮਝਾਉਂਦਾ ਹੈ ਭਾਵ ‘‘ਸੱਚੁ’’ ਸਮਝਾਉਂਦਾ ਹੈ, ‘‘ਨਾਮੁ’’ ਸਮਝਾਉਂਦਾ ਹੈ ਜੋ ਕਿ ਉਸ ਦਾ ਹੁਕਮ ਹੈ। ਜੋ ਉਸਦੇ ਹੁਕਮ ਨੂੰ ਮੰਨਦਾ ਹੈ ਉਹ ਨਾਮ ਜਪਦਾ ਹੈ ਜਿਸ ਲਈ ਮੁੱਖੋਂ ਕਿਸੇ ਅੱਖਰ ਨੂੰ ਬੋਲੀ ਜਾਣ ਦੀ ਲੋੜ ਨਹੀਂ ਹੈ। ਪ੍ਰਮਾਤਮਾ ਨੇ ਮਨੁੱਖੀ ਰੂਪ ਨੂੰ ‘‘ਮਾਇਆ’’ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ ਜੋ ਕਿ ਉਸਦਾ ਹੁਕਮ ਹੀ ਹੈ ਜਿਸ ਨੂੰ ਅਸੀਂ ਜਪ ਰਹੇ ਹਾਂ, ਮਨ ਰਹੇ ਹਾਂ ਪਰ ਮਾਇਆ ਰੂਪ ਹੁਕਮ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਦੇ ਨਹੀਂ ਜਾਣ ਸਕਦੇ ਤੇ ਅਨੇਕਾਂ ਹੀ ਸਜਾਵਾਂ ਵਿੱਚੋਂ ਨਹੀਂ ਨਿਕਲ ਸਕਦੇ ਜੋ ਸਜਾਵਾਂ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਕਰਕੇ ਭੋਗਦੇ ਹਾਂ। ਇਸ ਗੱਲ ਨੂੰ ਅੱਗੇ ਚੱਲਕੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਗੁਰੂ ਨੇ ਆਪਣਾ ਸੱਚਾ ਹੁਕਮ ਸਾਨੂੰ ਪੂਰੀ ਗੁਰਬਾਣੀ ਰਾਹੀਂ ਸੁਣਾਇਆ ਹੋਇਆ ਹੈ, ਨਾਮ ਸਮਝਾਇਆ ਹੋਇਆ ਹੈ ਜਿਸ ਹੁਕਮ ਨੂੰ ਮੰਨ ਕੇ ਅਸੀਂ ਮਾਇਆ ਦੇ ਹੁਕਮ ਵਿੱਚੋਂ ਨਿਕਲ ਸਕਦੇ ਹਾਂ ਤੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਸਕਦੇ ਹਾਂ ਤੇ ਪ੍ਰਮਾਤਮਾ ਦੇ ‘‘ਨਾਮੁ’’ ਨੂੰ ਉਸ ਤਰੀਕੇ ਜਪ ਸਕਦੇ ਹਾਂ ਜਿਸ ਤਰੀਕੇ ਗੁਰਬਾਣੀ ਸਾਨੂੰ ਸਮਝਾ ਰਹੀ ਹੈ। ਪ੍ਰਮਾਤਮਾ ਦਾ ‘‘ਸੱਚ ਰੂਪ ਨਾਮ’’ ਤਾਂ ਹੀ ਜਪਿਆ ਜਾ ਸਕਦਾ ਹੈ ਜਦੋਂ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਸਨੂੰ ਵਿਸ਼ਵਾਸ ਆ ਜਾਂਦਾ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੈ, ਸਭ ਵਿੱਚ ਉਹ ਆਪ ਹੀ ਹੈ, ਆਪਣੇ ਬ੍ਰਹਮ ਗਿਆਨ ਰੂਪ ਵਿੱਚ ਆਪ ਹੀ ਹੈ, ਨਾਮ ਰੂਪ ਵਿੱਚ ਆਪ ਹੀ ਹੈ ਜਿਸਦਾ ਮਕਸਦ ਇਸ ਸ੍ਰਿਸ਼ਟੀ ਨੂੰ ਬਣਾ ਕੇ ਉਸਨੂੰ ਸੰਚਾਰੂ ਢੰਗ ਨਾਲ ਚਲਾਉਣ ਦਾ ਹੈ ਤਾਂ ਜੋ ਇਸ ਧਰਤੀ ਤੇ ਜੀਵਨ ਫਲੇ ਫੁਲੇ।

ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਆਪ ਹੀ ਹੈ, ਆਪ ਹੀ ਹੈ ਪਰ ਇਸ ਗੱਲ ਨੂੰ ਆਪਣੇ ਆਪ ਵਿਸ਼ਵਾਸ ਨਾਲ ਕੋਈ ਮੰਨ ਨਹੀਂ ਸਕਦਾ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਆਪਣੀ ਖੇਡ ਚਲਾਉਣ ਲਈ ਸੰਸਾਰ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਹਉਮੈ ਰੂਪ ਪੜਦੇ ਵਿੱਚ, ਮਾਇਆ ਰੂਪ ਪੜਦੇ ਵਿੱਚ, ਤ੍ਰੈਗੁਣਾਂ ਵਾਲੀ ਅਵਸਥਾ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੋਇਆ ਹੈ ਜੋ ਮਨ ਦੇ ਵਿੱਚੋਂ ਪੜਦਾ ਉਹ ਕੇਵਲ ਤੇ ਕੇਵਲ ਆਪ ਹੀ ਖੋਲ ਸਕਦਾ ਹੈ ਤੇ ਇਸੇ ਲਈ ਕੇਵਲ ਇੱਕ ਮਨੁੱਖੀ ਹੋਂਦ ਹੀ ਪ੍ਰਮਾਤਮਾ ਦੀ ਐਸੀ ਹੋਂਦ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੀ ਹੈ ਤੇ ਹੋਰ ਕੋਈ ਨਹੀਂ ਜਾਣ ਸਕਦਾ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਹਿਆ ਹੈ ਪਰ ਅਸੀਂ ਉਸਦੇ ਹੁਕਮ ਨੂੰ ਆਪਣੇ ਆਪ ਬੁੱਝ ਨਹੀਂ ਸਕਦੇ। ਆਪਣੇ ਹੁਕਮ ਦੀ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪਾਉਂਦਾ ਹੈ ਤੇ ਉਹ ਮਨੁੱਖੀ ਮਨ ਦੇ ਵਿੱਚ ਪ੍ਰਗਟ ਵੀ ਗਿਆਨ ਦੇ ਰੂਪ ਵਿੱਚ ਹੁੰਦਾ ਹੈ। ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਜੋ ਗਿਆਨ ਬਖਸ਼ਦਾ ਹੈ ਉਹ ਚੌਥੇ ਪਦ ਦਾ ਗਿਆਨ ਹੈ, ਸਹਜ ਦੀ ਅਵੱਸਥਾ ਵਾਲਾ ਗਿਆਨ ਹੈ ਜਿਸ ਗਿਆਨ ਦੁਆਰਾ ਪ੍ਰਮਾਤਮਾ ਆਪਣਾ ਆਪ ਸਮਝਾਉਂਦਾ ਹੈ, ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ, ਇਸ ਸੰਸਾਰ ਦੀ ਅਸਲੀਅਤ ਸਮਝਾਉਂਦਾ ਹੈ, ਮਨੁੱਖ ਦੀ ਅਸਲੀਅਤ ਸਮਝਾਉਂਦਾ ਹੈ ਭਾਵ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ। ਉਹ ਜੋ ਕੁੱਝ ਸਮਝਾਉਂਦਾ ਹੈ ਉਹ ਪੂਰਨ ਸੱਚ ਹੁੰਦਾ ਹੈ। ਇਹ ਪੂਰਨ ਸੱਚ ਹੀ ਉਸਦਾ ਬ੍ਰਹਮ ਗਿਆਨ ਹੈ, ਨਾਮ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਇਹ ਸੱਚ ਪ੍ਰਮਾਤਮਾ ਦਾ ਆਪਣਾ ਸਮਝਾਇਆ ਹੋਇਆ ਸੱਚ ਹੈ ਜੋ ਸੱਚੁ ਉਸਨੇ ਆਪ ਹੀ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਲਿਖਵਾਇਆ ਹੈ। ਪ੍ਰਮਾਤਮਾ ਆਪ ਇਸ ‘‘ਸੱਚੁ’’ ਦੇ ਰੂਪ ਵਿੱਚ ਹੀ ਹੈ, ‘‘ਨਾਮ’’ ਦੇ ਰੂਪ ਵਿੱਚ ਹੀ ਹੈ, ‘‘ਬ੍ਰਹਮ ਗਿਆਨ’’ ਦੇ ਰੂਪ ਵਿੱਚ ਹੀ ਹੈ ਜਿਸ ਕਰਕੇ ਉਹ ਆਪ ਹੀ ਪੂਰੀ ਗੁਰਬਾਣੀ ਦੇ ਰੂਪ ਵਿੱਚ ਗੁਰੂ ਹੈ। ਆਪਣੀ ਰਚੀ ਹੋਈ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਹੀ ਸੰਸਾਰ ਨੂੰ ਇਹ ਗੱਲ ਸਮਝਾਈ ਹੈ ਕਿ ਹਰ ਆਕਾਰ ਰੂਪ ਪ੍ਰਮਾਤਮਾ ਦੇ ਨਾਮ ਨੂੰ ਜਪ ਰਿਹਾ ਹੈ। ਇਹ ਸੱਚੁ ਹੈ ਪਰ ਇਸ ਗੱਲ ਨੂੰ ਅਸੀਂ ਤਾਂ ਹੀ ਮੰਨ ਸਕਦੇ ਹਾਂ ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਨਾਮ ਕੀ ਹੈ। ਨਾਮ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਤੇ ਹਰ ਆਕਾਰ ਰੂਪ ਬ੍ਰਹਮ ਗਿਆਨੀ ਦੀ ਭਾਵ ਪਰਮਾਤਮਾ ਦੀ ਪਾਈ ਹੋਈ ਸੋਝੀ ਦੁਆਰਾ ਹੀ ਵਿਚਰ ਰਿਹਾ ਹੈ, ਉਸਦੀ

ਜੋਤਿ ਦੁਆਰਾ ਹੀ ਚੱਲ ਰਹਿਆ ਹੈ। ਸਾਡੇ ਮਨੁੱਖੀ ਰੂਪ ਦੇ ਵਿੱਚ ਸੋਝੀ ਪਾਉਣ ਵਾਲਾ ਉਹ "ਬ੍ਰਹਮ ਗਿਆਨੀ ਨਿਰੰਕਾਰ" ਆਪ ਹੀ ਹੈ ਜੋ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖ ਕੇ ਚਲਾ ਰਹਿਆ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ, ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜੇ ਰਹਿੰਦੇ ਹਾਂ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਅਸੀਂ ਇਸ ਸੰਸਾਰ ਨੂੰ ਸੰਚਾਰੂ ਢੰਗ ਨਾਲ ਚੱਲਣ ਵਿੱਚ ਬਾਧਾ ਬਣਦੇ ਹਾਂ ਜਿਸ ਲਈ ਪ੍ਰਮਾਤਮਾ ਨੇ ਸਾਨੂੰ ਭਗਤੀ ਦਾ ਮਾਰਗ ਸਮਝਾਇਆ ਹੈ ਤਾਂ ਜੋ ਅਸੀਂ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਨ ਲਈ ਸੰਸਾਰ ਦੇ ਸੰਚਾਰੂ ਢੰਗ ਨਾਲ ਚੱਲਣ ਦੇ ਵਿੱਚ ਰੁਕਾਵਟ ਨਾ ਬਣੀਏ, ਕਿਸੇ ਦਾ ਮਾੜਾ ਨਾ ਕਰੀਏ, ਹਰ ਆਕਾਰ ਰੂਪ ਨੂੰ ਵੀ ਚੰਗੇ ਤਰੀਕੇ ਨਾਲ ਚਲਾਈਏ ਜਿਸ ਨਾਲ ਸ੍ਰਿਸ਼ਟੀ ਤੇ ਸਭ ਦਾ ਜੀਵਨ ਫਲੇ ਫੁਲੇ। ਸਾਡੇ ਜੀਵਨ ਦਾ ਇਹੀ ਸੱਚਾ ਮਨੋਰਥ ਹੈ ਤੇ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਇਸ ਮਨੋਰਥ ਦੀ ਪੂਰਤੀ ਕਰਨ ਲਈ ਹੀ ਹੈ। ਮਨੁੱਖ ਨੂੰ ਤ੍ਰਿਸ਼ਨਾਵਾਂ ਵਿੱਚ ਵੀ ਪ੍ਰਮਾਤਮਾ ਨੇ ਆਪ ਹੀ ਰੱਖਿਆ ਹੋਇਆ ਹੈ ਭਾਵ ਮਨੁੱਖ ਕੋਲੋਂ ਕਰਮ ਵੀ ਉਹ ਆਪ ਹੀ ਕਰਵਾਉਂਦਾ ਹੈ ਪਰ ਇਸ ਦਾ ਦੋਸ਼ ਉਹ ਆਪਣੇ ਸਿਰ ਨਹੀਂ ਲੈਂਦਾ। ਮਾੜੇ ਕਰਮਾਂ ਦੀ ਸਜ਼ਾ ਮਨੁੱਖੀ ਸਰੀਰ ਨੂੰ ਹੀ ਭੁਗਤਣੀ ਪੈਂਦੀ ਹੈ। ਜੋ ਸਰੀਰ ਆਪਣੇ ਸੁੱਖ ਲਈ ਮਾੜੇ ਕਰਮ ਕਰਦਾ ਹੈ ਸਜ਼ਾ ਵੀ ਉਸੇ ਸਰੀਰ ਨੂੰ ਹੀ ਭੁਗਤਣੀ ਪੈਂਦੀ ਹੈ। ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। ਇਨ੍ਹਾਂ ਸਜਾਵਾਂ ਵਿੱਚੋਂ ਨਿਕਲਣ ਦਾ ਤਰੀਕਾ ਵੀ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੋਇਆ ਹੈ ਤੇ ਧਰਮ ਗ੍ਰੰਥਾਂ ਰਾਹੀਂ ਆਪ ਹੀ ਸਮਝਾਇਆ ਹੋਇਆ ਹੈ ਜੋ ਕਿ ਭਗਤੀ ਦੇ ਮਾਰਗ ਤੇ ਚੱਲਣ ਦਾ ਹੈ। ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਕਿਸੇ ਫਲ ਦੀ ਪ੍ਰਾਪਤੀ ਲਈ ਹੀ ਕਰਦਾ ਹੈ। "ਇਹ ਫਲ ਦੀ ਪ੍ਰਾਪਤੀ" ਪ੍ਰਮਾਤਮਾ ਨੇ ਬਹੁਤ ਔਖੀ ਬਣਾਈ ਹੋਈ ਹੈ ਜੋ ਔਖੀ ਪ੍ਰਾਪਤੀ ਮਾਇਆ ਮੋਹ ਛੱਡਣ ਨਾਲ ਹੈ, ਮਾੜੇ ਕਰਮ ਛੱਡਣ ਦੀ ਹੈ, ਨਾਮ ਜਪਣ ਦੀ ਹੈ ਭਾਵ ਗੁਰੂ ਦੀ ਗੱਲ ਨੂੰ ਪੂਰਨ ਰੂਪ ਵਿੱਚ ਮੰਨਣ ਦੀ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਤੇ ਇਹ ਸੰਸਾਰ ਸੰਚਾਰੂ ਢੰਗ ਨਾਲ ਚਲੇ। ਧਰਮ ਦਾ ਮਾਰਗ ਸੰਸਾਰ ਲਈ ਇੱਕ ਡੰਡੇ ਦੀ ਤਰ੍ਹਾਂ ਹੈ ਜਿਸ ਦੇ ਡਰ ਨਾਲ ਪ੍ਰਮਾਤਮਾ ਮਨੁੱਖ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਦਾ ਹੈ ਤੇ ਸਜਾਵਾਂ ਤੋਂ ਬਚਣ ਲਈ ਪ੍ਰੇਰਣਾ ਦਿੰਦਾ ਹੈ। ਇਸ ਡੰਡੇ ਦੀ ਮਾਰ ਸਹਿਣੀ ਬਹੁਤ ਔਖੀ ਹੈ ਕਿਉਂਕਿ ਮਾਇਆ ਦੇ ਸੁੱਖਾਂ ਦਾ ਤਿਆਗ ਬਹੁਤ ਔਖਾ ਹੈ, ਇੱਕ ਚੰਗਾ ਇਨਸਾਨ ਬਣ ਕੇ, ਹਰ ਔਗੁਣ ਤਿਆਗ ਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗ ਕੇ ਸੰਸਾਰ ਵਿੱਚ ਵਿਚਰਨਾ ਬਹੁਤ ਔਖਾ ਹੈ। ਪ੍ਰਮਾਤਮਾ ਦਾ "ਫਲ" ਵੀ ਇਸ ਔਖੇਪਨ ਨਾਲ ਹੀ ਜੁੜਿਆ ਹੋਇਆ ਹੈ ਜੋ ਕਿ ਉਸ ਪ੍ਰਮਾਤਮਾ ਦੇ ਨਾਲ ਮੇਲ ਹੈ। ਇਹ ਫਲ ਕਿਤਨਾ ਕੁ ਵੱਡਾ ਹੈ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸਨੂੰ ਇਸ "ਫਲ" ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਫਲ ਦੀ ਪ੍ਰਾਪਤੀ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਇਹ ਬਹੁਤ ਹੀ ਮਿੱਠਾ ਫਲ ਹੈ ਜਿਸ ਦੀ ਪ੍ਰਾਪਤੀ ਕਦੇ ਹੀ ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੁੰਦੀ ਹੈ। ਇਸ ਫਲ ਦੀ ਪ੍ਰਾਪਤੀ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਨੂੰ ਵੀ ਨਹੀਂ ਹੋਈ। ਇਸ ਫਲ ਦੀ ਪ੍ਰਾਪਤੀ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ ਭਾਵ ਚੌਥੇ ਪਦ ਵਿੱਚ ਪਹੁੰਚਕੇ ਹੀ ਹੁੰਦੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਦੀ ਸਮਝ ਹੀ ਚੌਥੇ ਪਦ ਵਿੱਚ ਪਹੁੰਚਕੇ ਲੱਗਦੀ ਹੈ। ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਣਾ ਹੈ ਤੇ ਚਉਥੇ ਪਦ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। (**ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥ ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥ ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥3॥**)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥}

(ਅੰਗ - 852)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥}

(ਅੰਗ - 1032)

ਹੁਣ ਅਸੀਂ ਉਸ ਮੁੱਖ ਸ਼ਬਦ ਦੀ ਵਿਆਖਿਆ ਨੂੰ ਸਮਝ ਸਕਦੇ ਹਾਂ ਕਿ ਮਾਤਾ ਦੇ ਪੇਟ ਵਿੱਚ ਹਰਿ ਹਰਿ ਧਿਆਉਣਾ ਕੀ ਹੈ, ਨਾਮ ਜਪਣਾ ਕੀ ਹੈ।

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ ॥

ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ ॥
ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ ॥
ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ ॥
ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ ਕਰਿ ਹਿਰਦੈ ਗੁਰਮੁਖਿ ਬੀਚਾਰਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹਰਿ ਜਪੀਐ ਕਿਰਪਾ ਧਾਰਿ ॥੧॥"

(ਅੰਗ - 76)

"ਰੈਨਿ" ਸਾਡਾ ਪੂਰਾ ਜੀਵਨ ਹੈ ਭਾਵ ਸਾਡੀ ਪੂਰੀ ਜਿੰਦਗੀ ਸਾਡੀ ਰੈਨਿ ਹੈ। ਰੈਨਿ ਨੂੰ ਚਾਰ ਪਹਿਰਾਂ ਵਿੱਚ ਵੰਡ ਕੇ ਸਮਝਾਇਆ ਹੋਇਆ ਹੈ। ਪਹਿਲਾ ਪਹਿਰ ਬਚਪਨ ਦਾ ਸਮਾਂ ਹੈ, ਦੂਸਰਾ ਪਹਿਰ ਜਵਾਨੀ ਵਾਲਾ ਸਮਾਂ ਹੈ, ਤੀਸਰਾ ਪਹਿਰ ਢਲਦੀ ਜਵਾਨੀ ਵਾਲਾ ਸਮਾਂ ਹੈ ਤੇ ਚਉਥਾ ਪਹਿਰ ਬੁਢਾਪੇ ਵਾਲਾ ਸਮਾਂ ਹੈ। ਇਹ ਗੱਲ ਹੋਰ ਸ਼ਬਦਾਂ ਰਾਹੀਂ ਵੀ ਸਮਝਾਈ ਹੋਈ ਹੈ। ਸਾਡੇ ਪੂਰੇ ਜੀਵਨ ਨੂੰ "ਰੈਨਿ" ਇਸ ਲਈ ਕਿਹਾ ਹੈ ਕਿ ਸਾਡਾ ਪੂਰਾ ਜੀਵਨ ਇੱਕ ਰਾਤ ਦੇ ਹਨੇਰੇ ਦੀ ਤਰਾਂ ਹੈ। ਇਹ ਰਾਤ ਦਾ ਹਨੇਰਾ ਸਾਡੇ ਮਨ ਦੇ ਅੰਦਰ ਹੈ ਜੋ ਕਿ ਅਗਿਆਨਤਾ ਦੇ ਰੂਪ ਵਿੱਚ ਹੈ, ਜਿਸ ਵਿੱਚ ਰਹਿੰਦੇ ਹੋਏ ਸਾਨੂੰ ਆਪਣੀ ਅਸਲੀਅਤ ਦੀ ਸਮਝ ਨਹੀਂ ਪੈਂਦੀ, ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਨਹੀਂ ਪੈਂਦੀ, ਭਗਤੀ ਦੇ ਮਾਰਗ ਦੀ ਸੱਚੀ ਸਮਝ ਨਹੀਂ ਪੈਂਦੀ ਭਾਵ ਆਪਣੇ ਜੀਵਨ ਵਿੱਚ ਅਸਲ ਮਨੋਰਥ ਦੀ ਸਮਝ ਨਹੀਂ ਪੈਂਦੀ ਜਿਸ ਮਨੋਰਥ ਤੇ ਚੱਲ ਕੇ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ, ਜਾਨ ਸਕਦੇ ਹਾਂ ਤੇ ਇਸ ਸੰਸਾਰ ਦੀ ਅਸਲੀਅਤ ਨੂੰ ਜਾਣ ਸਕਦੇ ਹਾਂ। ਪੂਰੇ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ, ਆਪਣੇ ਜੀਵਨ ਨੂੰ ਭਾਵ ਇਸ ਰੈਨਿ ਨੂੰ ਸਫਲ ਕਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ। ਆਪਣੇ ਜੀਵਨ ਨੂੰ ਸਫਲ ਕਰਨ ਦਾ ਤਰੀਕਾ ਪ੍ਰਮਾਤਮਾ ਦੀ ਭਗਤੀ ਹੀ ਹੈ, ਨਾਮ ਜਪਣਾ ਹੀ ਹੈ ਪਰ ਉਹ ਤਾਂ ਹੀ ਜਪਿਆ ਜਾ ਸਕਦਾ ਹੈ ਜੇ ਅਸੀਂ ਗੁਰੂ ਕੋਲੋਂ ਸਿੱਖੀਏ ਕਿ ਨਾਮ ਕੀ ਹੈ, ਨਾਮ ਜਪਣ ਦਾ ਤਰੀਕਾ ਕੀ ਹੈ। ਨਾਮ ਤਾਂ ਮਨੁੱਖ ਮਾਂ ਦੇ ਪੇਟ ਵਿੱਚ ਵੀ ਜਪਦਾ ਹੈ ਭਾਵ ਗਰਭ ਵਿੱਚ ਵੀ ਜਪਦਾ ਹੈ ਤੇ ਸਾਰੀ ਸ੍ਰਿਸ਼ਟੀ ਹੀ ਪ੍ਰਮਾਤਮਾ ਦਾ ਨਾਮ ਜਪ ਰਹੀ ਹੈ। ਜਿਨ੍ਹਾਂ ਕੋਲੋਂ ਅਸੀਂ ਨਾਮ ਸਮਝਿਆ ਹੈ ਕੀ ਉਹ ਇਸ ਗੱਲ ਨੂੰ ਸਮਝਾ ਸਕਦੇ ਹਨ ਕਿ ਸਾਰੀ ਸ੍ਰਿਸ਼ਟੀ ਕਿਸ ਤਰੀਕੇ ਪ੍ਰਮਾਤਮਾ ਦਾ ਨਾਮ ਜਪ ਰਹੀ ਹੈ, ਮਾਂ ਦੇ ਗਰਭ ਵਿੱਚ ਮਨੁੱਖ ਕਿਸ ਤਰੀਕੇ ਜਪ ਕਰਦਾ ਹੈ ਜਦੋਂ ਮਨੁੱਖ ਦੀ ਰਸਨਾ ਵੀ ਨਹੀਂ ਹੁੰਦੀ, ਕੋਈ ਸਮਝ ਵੀ ਨਹੀਂ ਹੁੰਦੀ। ਨਾਮ ਜਪਣਾ ਪ੍ਰਮਾਤਮਾ ਦੇ ਹੁਕਮ ਨੂੰ ਜਪਣਾ ਹੈ ਭਾਵ ਉਸਦੇ ਹੁਕਮ ਵਿੱਚ ਰਹਿਣਾ ਹੈ। ਮਾਤਾ ਦੇ ਗਰਭ ਵਿੱਚ ਮਨੁੱਖੀ ਸਰੀਰ ਕਿਸ ਤਰੀਕੇ ਪੈਦਾ ਹੁੰਦਾ ਹੈ ਇਸ ਦਾ ਤਰੀਕਾ ਪ੍ਰਮਾਤਮਾ ਨੇ ਪਹਿਲੇ ਹੀ ਸਾਇੰਟਿਫਿਕਲੀ ਭਾਵ ਵਿਗਿਆਨਿਕ ਤੌਰ ਤੇ ਬਣਾਇਆ ਹੋਇਆ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਤਰੀਕੇ ਪ੍ਰਮਾਤਮਾ ਦਾ ਹੁਕਮ ਵਰਤ ਰਿਹਾ ਹੈ, ਨਾਮ ਵਰਤ ਰਿਹਾ ਹੈ ਤੇ ਉਸਨੂੰ ਹੀ ਮੰਨਿਆ ਜਾ ਰਹਿਆ ਹੈ ਭਾਵ ਜਪਿਆ ਜਾ ਰਿਹਾ ਹੈ। ਪੂਰੀ ਸ੍ਰਿਸ਼ਟੀ ਦੀ ਹਰ ਹੋਂਦ ਪ੍ਰਮਾਤਮਾ ਦੇ ਹੁਕਮ ਨੂੰ ਹੀ ਜਪ ਰਹੀ ਹੈ ਭਾਵ ਮੰਨ ਰਹੀ ਹੈ।

ਮਾਤਾ ਦੇ ਗਰਭ ਤੋਂ ਬਾਹਰ ਆਉਣ ਨਾਲ ਬੱਚਾ ਫਿਰ ਮਾਂ ਬਾਪ ਨੂੰ ਦੇਖਦਾ ਹੈ ਤੇ ਉਹਨਾਂ ਨਾਲ ਹੀ ਜੁੜ ਜਾਂਦਾ ਹੈ ਭਾਵ ਉਹਨਾਂ ਨੂੰ ਹੀ ਆਪਣੇ ਪੈਦਾ ਕਰਨ ਵਾਲੇ ਸਮਝਦਾ ਹੈ। ਇਹ ਉਸਦੇ ਮਨ ਦਾ ਭਰਮ ਹੁੰਦਾ ਹੈ ਕਿ ਇਹੀ ਮੇਰੇ ਮਾਤਾ ਪਿਤਾ ਹਨ ਕਿਉਂਕਿ ਸਭ ਦੇ ਅੰਦਰ ਪ੍ਰਮਾਤਮਾ ਸਮਝ ਹੀ ਇਹੋ ਜਿਹੀ ਪਾਉਂਦਾ ਹੈ ਜਿਸ ਦੁਆਰਾ ਉਸਨੂੰ ਸੱਚਾਈ ਦੀ ਸਮਝ ਨਹੀਂ ਪੈਂਦੀ। ਇਹ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਾਲੀ ਸਮਝ ਹੈ ਜੋ ਸਾਨੂੰ ਸਾਡੀ ਅਸਲੀਅਤ ਜਾਨਣ ਤੋਂ ਦੂਰ ਰੱਖਦੀ ਹੈ। ਅਸਲੀਅਤ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਨਹੀਂ। ਮਨੁੱਖੀ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ, ਮਾਤਾ ਪਿਤਾ ਉਹ ਆਪ ਹੀ ਹੈ, ਹਕੀਕਤ ਵਿੱਚ ਆਪ ਹੀ ਹੈ ਪਰ ਮਨ ਦੀ ਸਮਝ ਬਚਪਨ ਤੋਂ ਹੀ ਇਹੋ ਜਿਹੀ ਹੁੰਦੀ ਹੈ ਕਿ ਉਹ ਸਾਨੂੰ ਭਰਮ ਵਿੱਚ ਹੀ ਪਾ ਕੇ ਰੱਖਦੀ ਹੈ, ਪੂਰਾ ਜੀਵਨ ਪਾ ਕੇ ਰੱਖਦੀ ਹੈ ਭਾਵ ਮਨੁੱਖ ਦਾ ਪੂਰਾ ਜੀਵਨ "ਰੈਣਿ" ਵਿੱਚ ਬੀਤਦਾ ਹੈ, ਮਨ ਦੀ ਹਨੇਰੀ ਰਾਤ ਵਿੱਚ ਬੀਤਦਾ ਹੈ, ਮਨ ਦੀ ਅਗਿਆਨਤਾ ਵਿੱਚ ਹੀ ਬੀਤਦਾ ਹੈ। ਸਾਡਾ ਸਰੀਰ ਭਾਵ ਇਹ ਵਸਤੂ ਪ੍ਰਮਾਤਮਾ ਦੀ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ। ਮਨ ਦੀ ਇਸ ਸਮਝ ਵਿੱਚੋਂ ਨਿਕਲਣਾ ਹੀ ਆਪਣੀ ਰੈਣਿ ਨੂੰ ਸਫਲ ਕਰਨਾ ਹੈ, ਆਪਣੇ ਜੀਵਨ ਨੂੰ ਸਫਲ ਕਰਨਾ ਹੈ। ਇਹ ਰੈਨਿ ਉਸਦੀ ਹੀ ਸਫਲ ਹੁੰਦੀ ਹੈ ਜਿਸ ਨੂੰ ਪ੍ਰਮਾਤਮਾ ਆਪਣਾ ਆਪ ਸਮਝਾ ਦਿੰਦਾ ਹੈ, ਆਪਣੀ ਸੱਚੀ ਭਗਤੀ ਦੀ ਸਮਝ ਪਾ ਦਿੰਦਾ ਹੈ ਭਾਵ

ਆਪਣਾ ਭਗਤ ਰੂਪ ਬਣਾ ਲੈਂਦਾ ਹੈ। ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ।

"ਨਾਮ" ਪ੍ਰਮਾਤਮਾ ਦਾ ਗਿਆਨ ਹੈ ਤੇ ਹਰ ਗਿਆਨ ਪ੍ਰਮਾਤਮਾ ਕੋਲੋਂ ਹੀ ਆਉਂਦਾ ਹੈ ਜੋ ਗਿਆਨ ਦਾ ਸ੍ਰੋਤ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਵੀ ਗਿਆਨ ਹੈ ਪਰ ਉਹ ਗਿਆਨ "ਬ੍ਰਹਮ ਗਿਆਨ" ਨੂੰ ਸਮਝਣ ਤੋਂ ਦੂਰ ਹੈ ਤੇ ਇਹ ਅਵੱਸਥਾ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ, ਆਪਣੀ ਖੇਡ ਚਲਾਉਣ ਲਈ ਪਾਈ ਹੋਈ ਹੈ ਤਾਂ ਜੋ ਉਸ ਦੀ ਖੇਡ ਨੂੰ ਕੋਈ ਸਮਝ ਨਾ ਸਕੇ। ਇਸ ਅਵੱਸਥਾ ਵਿੱਚ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਚੱਲਦਾ ਹੈ ਪਰ ਅਸੀਂ ਉਸਨੂੰ ਬੁੱਝ ਨਹੀਂ ਸਕਦੇ, ਜਾਣ ਨਹੀਂ ਸਕਦੇ। ਜਿਸ ਨਾਮ ਦੁਆਰਾ ਪ੍ਰਮਾਤਮਾ ਨੂੰ, ਉਸਦੀ ਖੇਡ ਨੂੰ , ਉਸਦੇ ਹੁਕਮ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਉਹ "ਬ੍ਰਹਮ ਗਿਆਨ" ਹੈ ਜੋ ਗਿਆਨ ਕੇਵਲ ਮਨੁੱਖੀ ਸਰੀਰ ਰਾਹੀਂ ਹੀ ਪਾਇਆ ਜਾ ਸਕਦਾ ਹੈ। ਤ੍ਰੈਗੁਣੀ ਗਿਆਨ ਵਿੱਚ ਰਹਿੰਦੇ ਹੋਏ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਤੇ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਜਿਸ ਕਰਕੇ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਜੋ ਕਿ ਭਗਤੀ ਤੋਂ ਉਲਟ ਮਾਰਗ ਹੈ, ਨਾਮ ਤੋਂ ਉਲਟ ਮਾਰਗ ਹੈ। "ਸੱਚੇ ਨਾਮ" ਦਾ ਮਕਸਦ ਸਾਨੂੰ ਭਰਮਾਂ ਵਾਲੇ ਗਿਆਨ ਵਿੱਚੋਂ, ਤ੍ਰੈਗੁਣਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਉਹੋ ਜਿਹੇ ਕਰਮ ਕਰੀਏ ਜੋ ਅਸਲ ਧਰਮ ਦਾ ਮਾਰਗ ਹੈ, ਅਸਲ ਨਾਮ ਜਪਣ ਦਾ ਮਾਰਗ ਹੈ, ਸੱਚਾ ਨਾਮ ਜਪਣ ਦਾ ਮਾਰਗ ਹੈ ਜਿਸ ਤੇ ਚੱਲਕੇ ਭਾਵ ਸੱਚਾ ਉੱਦਮ ਕਰਕੇ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਸਾਡੀ ਰੈਨਿ ਸਫਲ਼ ਹੋ ਸਕਦੀ ਹੈ ਤੇ ਉਸ ਫਲ ਦੀ ਪ੍ਰਾਪਤੀ ਹੋ ਸਕਦੀ ਹੈ ਜਿਸ ਨੂੰ ਪਾਉਣ ਲਈ ਅਨੇਕਾਂ ਹੀ ਅਨੇਕਾਂ ਰਿਸ਼ੀ-ਮੁਨੀ, ਦੇਵੀ-ਦੇਵਤੇ ਅਖਵਾਉਣ ਵਾਲੇ ਵੀ ਤਰਸ ਗਏ ਹਨ ਪਰ ਇਸ ਫਲ ਦੀ ਪ੍ਰਾਪਤੀ ਨਹੀਂ ਹੋ ਸਕੀ। ਇਸ ਫਲ ਦੀ ਪ੍ਰਾਪਤੀ ਕਰਨ ਦਾ ਇੱਕੋ ਇੱਕ ਸਾਧਨ ਆਪਣੀ ਮਤਿ ਨੂੰ, ਹਉਮੈ ਨੂੰ ਪੂਰਨ ਰੂਪ ਵਿੱਚ ਛੱਡਣ ਦਾ ਹੈ ਜੋ ਕਿ ਭਰਮਾਂ ਦੀ ਭਰੀ ਹੋਈ ਹੈ ਤੇ ਗੁਰੂ ਦੀ ਸੱਚੀ ਮਤਿ ਨੂੰ ਭਾਵ ਨਾਮ ਵਾਲੀ ਸਮਝ ਨੂੰ ਆਪਣੇ ਅੰਦਰ ਵਸਾਉਣ ਦਾ ਹੈ ਜੋ ਸਾਨੂੰ ਮਨ ਦੇ ਹਰ ਭਰਮ ਵਿੱਚੋਂ ਕੱਢ ਲੈਂਦੀ ਹੈ, ਹਉਮੈ ਵਿੱਚੋਂ ਕੱਢ ਲੈਂਦੀ ਹੈ। ਪ੍ਰਮਾਤਮਾ ਨਾਲ ਸਾਡਾ ਪਰਦਾ ਮਨ ਦੀ ਹਉਮੈ ਕਰਕੇ ਹੀ ਹੈ, ਮਨ ਦੇ ਭਰਮਾਂ ਕਰਕੇ ਹੀ ਹੈ ਜਿਨ੍ਹਾਂ ਵਿੱਚੋਂ ਨਿਕਲੇ ਬਿਨ੍ਹਾਂ ਨਾ ਹੀ ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ।

ਹਉਮੈ ਮਨੁੱਖ ਦੇ ਅੰਦਰ ਪੈ ਕੇ ਹੀ ਆਉਂਦੀ ਹੈ ਕਿਉਂਕਿ ਹਉਮੈ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਇਸ ਲਈ ਇਸ ਨੂੰ ਛੱਡਣਾ, ਤਿਆਗਣਾ ਸਾਡੇ ਵੱਸ ਵਿੱਚ ਨਹੀਂ ਹੈ। ਬਸ ਇਹ ਹੀ ਮਨੁੱਖ ਦਾ ਸਭ ਤੋਂ ਵੱਡਾ ਇਮਤਿਹਾਨ ਹੈ ਕਿ ਉਹ ਆਪਣੇ ਅੰਦਰ ਵਰਤ ਰਹੇ ਪ੍ਰਮਾਤਮਾ ਨੂੰ ਬੁੱਝੇ, ਪਛਾਣੇ ਅਤੇ ਮਨ ਦੀ ਸੱਚੀ ਸਮਝ ਰਾਹੀਂ ਉਸ ਵਿੱਚ ਸਮਾਅ ਜਾਏ। ਇਹ ਸਭ ਗੁਰੂ, ਗੁਰਬਾਣੀ ਦੇ ਗਿਆਨ ਦੁਆਰਾ ਹੀ ਸੰਭਵ ਹੈ ਕਿਉਂਕਿ ਉਹ ਪ੍ਰਮਾਤਮਾ ਦਾ ਆਪਣਾ ਦੱਸਿਆ ਹੋਇਆ ਮਾਰਗ ਹੈ। ਇਹ ਹੀ ਸੱਚਾ ਮਾਰਗ ਹੈ ਕਿਉਂਕਿ ਸਿਰਫ ਬਾਣੀ ਹੀ ਭਾਵ ਉਸਦਾ ਨਾਮ ਹੀ ਸੱਚਾ ਹੈ ਜਿਸ ਤੇ ਚੱਲ ਕੇ ਉਸਨੂੰ ਬੁੱਝਿਆ ਜਾ ਸਕਦਾ ਹੈ। ਗੁਰਬਾਣੀ ਨਾਲ ਜੁੜ ਕੇ ਹੀ ਅਸੀਂ ਆਪਣੇ ਮਨ ਤੱਕ ਪਹੁੰਚ ਸਕਦੇ ਹਾਂ ਤੇ ਉਸ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਇਹ ਹੀ ਸਾਡੀ ਜ਼ਿੰਦਗੀ ਦਾ ਮਨੋਰਥ ਹੈ ਕਿ ਅਸੀਂ ਹਉਮੈ ਵਾਲੀ ਤ੍ਰੈਗੁਣੀ ਅਵੱਸਥਾ ਵਿੱਚੋਂ ਨਿਕਲ ਕੇ ਨਾਮ ਵਾਲੀ ਅਵੱਸਥਾ ਦੀ ਪ੍ਰਾਪਤੀ ਕਰੀਏ। ਹਉਮੈ ਸਾਡੀ ਕੱਚੀ ਮਤਿ ਹੈ ਤੇ ਨਾਮ ਸੱਚੀ ਮਤਿ ਹੈ। ਅਸੀਂ ਕੱਚੀ ਮਤਿ ਵਿੱਚੋਂ ਨਿਕਲ ਕੇ ਸੱਚੀ ਮਤਿ ਨਾਲ ਮੇਲ ਕਰਨਾ ਹੈ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}

(ਅੰਗ - 560)

ਹਉਮੈ ਸਾਡੀ ਤ੍ਰੈਗੁਣੀ ਅਵੱਸਥਾ ਹੈ ਤੇ ਨਾਮ ਚੌਥਾ ਪਦ ਹੈ। ਇਕ ਸਮੇਂ ਸਾਡੇ ਅੰਦਰ ਇੱਕ ਅਵੱਸਥਾ ਹੀ ਰਹਿ ਸਕਦੀ ਹੈ। ਦੋਵੇਂ ਅਵੱਸਥਾਵਾਂ ਇਕੱਠੀਆਂ ਨਹੀਂ ਰਹਿ ਸਕਦੀਆਂ। ਨਾਮ ਮਿਲਣ ਨਾਲ ਹਉਮੈ ਖਤਮ ਹੋ ਜਾਂਦੀ ਹੈ।

“ਸਿਮਰੈ ਧਰਤੀ ਅਰੁ ਆਕਾਸਾ॥ ਸਿਮਰਹਿ ਚੰਦ ਸੂਰਜ ਗੁਣਤਾਸਾ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ॥੧॥
ਸਿਮਰਹਿ ਖੰਡ ਦੀਪ ਸਭਿ ਲੋਆ॥
ਸਿਮਰਹਿ ਪਾਤਾਲ ਪੁਰੀਆ ਸਚੁ ਸੋਆ॥
ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ॥੨॥
ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ਸਿਮਰਹਿ ਦੇਵਤੇ ਕੋੜਿ ਤੇਤੀਸਾ॥
ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ॥੩॥
ਸਿਮਰਹਿ ਪਸੁ ਪੰਖੀ ਸਭਿ ਭੂਤਾ ॥ਸਿਮਰਹਿ ਬਨ ਪਰਬਤ ਅਉਧੂਤਾ॥
ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ॥੪॥
ਸਿਮਰਹਿ ਥੂਲ ਸੂਖਮ ਸਭਿ ਜੰਤਾ॥
ਸਿਮਰਹਿ ਸਿਧ ਸਾਧਿਕ ਹਰਿ ਮੰਤਾ॥
ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ॥੫॥
ਸਿਮਰਹਿ ਨਰ ਨਾਰੀ ਆਸਰਮਾ॥ ਸਿਮਰਹਿ ਜਾਤਿ ਜੋਤਿ ਸਭਿ ਵਰਨਾ॥
ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ॥੬॥
ਸਿਮਰਹਿ ਘੜੀ ਮੂਰਤ ਪਲ ਨਿਮਖਾ॥
ਸਿਮਰੈ ਕਾਲੁ ਅਕਾਲੁ ਸੁਚਿ ਸੋਚਾ॥
ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ॥੭॥”

(ਅੰਗ 1078-1079)

ਪਿੱਛਲੇ ਸ਼ਬਦਾਂ ਰਾਹੀਂ ਹੁਣ ਤੱਕ ਸਭ ਦਾ ਭਰਮ ਨਿਕਲ ਗਿਆ ਹੋਵੇਗਾ ਕਿ ਨਾਮ ਸਿਮਰਨਾ ਕੀ ਹੈ ਤੇ ਜੇ ਅਜੇ ਵੀ ਕਿਸੇ ਦੀ ਕੋਈ ਸ਼ੰਕਾ ਰਹਿ ਗਈ ਹੋਵੇ ਕਿ ਪ੍ਰਮਾਤਮਾ ਨੂੰ ਸਿਮਰਨਾ ਕੀ ਹੈ ਤਾਂ ਉਮੀਦ ਹੈ ਕਿ ਇਸ ਸ਼ਬਦ ਦੁਆਰਾ ਸ਼ੰਕਾ ਨਿਕਲ ਜਾਵੇਗੀ।

ਇਸ ਸ਼ਬਦ ਰਾਹੀਂ ਇਹ ਸੋਝੀ ਪਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਜੀਵ, ਨਿਰਜੀਵ, ਹਰ ਕੋਈ ਸਿਮਰ ਰਿਹਾ ਹੈ। ਨਿਰਜੀਵ ਵਸਤੂ ਦੀ ਕੋਈ ਰਸਨਾ ਨਹੀਂ ਹੁੰਦੀ ਲੇਕਿਨ ਉਹ ਵੀ ਪ੍ਰਮਾਤਮਾ ਨੂੰ ਸਿਮਰਦੇ ਹਨ। ਜੇਕਰ ਅਸੀਂ ਇਹ ਗੱਲ ਮੰਨ ਲਈਏ ਕਿ ਉਸਦੇ ਹੁਕਮ ਵਿੱਚ ਰਹਿਣਾ ਹੀ ਉਸਨੂੰ ਸਿਮਰਨਾ ਹੈ ਤਾਂ ਸ਼ਬਦ ਦਾ ਭਾਵ ਸਮਝ ਆ ਜਾਵੇਗਾ। ਇੱਥੇ ਇਹ ਹੀ ਸਮਝਾਇਆ ਗਿਆ ਹੈ ਕਿ ਸਭ ਕੁੱਝ ਪ੍ਰਮਾਤਮਾ ਦੇ ਭਾਣੇ ਵਿੱਚ ਹੀ ਹੁੰਦਾ ਹੈ ਭਾਵ ਉਸਦੇ ਹੁਕਮ ਵਿੱਚ ਹੀ ਹੁੰਦਾ ਹੈ ਭਾਵ ਹਰ ਕੋਈ ਉਸਦੇ ਹੁਕਮ ਨੂੰ ਹੀ ਮੰਨ ਰਿਹਾ ਹੈ ਭਾਵ ਹਰ ਕੋਈ ਉਸਨੂੰ ਹੀ ਸਿਮਰ ਰਿਹਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਜਦੋਂ ਮਨੁੱਖ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੁੰਦਾ ਹੈ ਉਦੋਂ ਵੀ ਮਨੁੱਖ ਪ੍ਰਮਾਤਮਾ ਦਾ ਹੀ ਹੁਕਮ ਮੰਨ ਰਿਹਾ ਹੁੰਦਾ ਹੈ, ਹੁਕਮ ਉਸਦਾ ਹੀ ਚੱਲ ਰਿਹਾ ਹੁੰਦਾ ਹੈ, ਸਾਡੇ ਅੰਦਰ ਵਰਤ ਪ੍ਰਮਾਤਮਾ ਦਾ ਕੀਤਾ ਹੋਇਆ ਗਿਆਨ ਹੀ ਰਿਹਾ ਹੈ ਪਰ ਮਨੁੱਖ ਨੂੰ ਇਸ ਦੀ ਸੋਝੀ ਨਹੀਂ ਹੁੰਦੀ। ਇਹ ਹੀ ਸਾਡਾ ਇਮਤਿਹਾਨ ਹੈ ਕਿ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣਾ ਹੈ। ਇਹ ਹੀ ਉਸਦੇ ਸਾਡੇ ਅੰਦਰ ਚੱਲ ਰਹੇ ਹੁਕਮ ਨੂੰ ਬੁੱਝਣਾ ਹੈ ਜੋ ਕਿ ਕੇਵਲ ਗੁਰਬਾਣੀ ਦੇ ਗਿਆਨ ਤੇ ਚੱਲਣ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ। ਜਿਸ ਪ੍ਰਮਾਤਮਾ ਨੇ ਆਪਣਾ ਹੁਕਮ ਗੁਰਬਾਣੀ ਵਿੱਚ ਸੁਣਾਇਆ ਹੋਇਆ ਹੈ ਉਸਦਾ ਹੁਕਮ ਹੀ ਸਾਡੇ ਅੰਦਰ ਚੱਲ ਰਿਹਾ ਹੈ। ਪਹਿਲਾਂ ਗੁਰਬਾਣੀ ਦੇ ਰਾਹੀਂ ਉਸ ਦਾ ਹੁਕਮ ਬੁੱਝਾਂਗੇ ਭਾਵ ਉਸ ਨੂੰ ਸਮਝ ਕੇ ਉਸ ਤੇ ਚੱਲਾਂਗੇ ਤੇ ਤਾਂ ਹੀ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਿਆ ਜਾ ਸਕਦਾ ਹੈ। ਇਸੇ ਲਈ ਮਨੁੱਖੀ ਸਰੀਰ ਦੇ ਰਾਹੀਂ ਮਾਇਆ ਵਾਲੀ ਅਵੱਸਥਾ ਵਿੱਚ ਵਿਚਰਦੇ ਹੋਏ ਹੀ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਅਸੀਂ ਜੋ ਪ੍ਰਮਾਤਮਾ ਨੂੰ ਸਿਮਰਨਾ ਹੈ ਭਾਵ ਉਸ ਦਾ ਨਾਮ ਸਿਮਰਨਾ ਹੈ ਇਹ ਅਸੀਂ ਉਸਦੇ ਹੁਕਮ ਨੂੰ ਹੀ ਸਿਮਰਨਾ ਹੈ ਜੋ ਹੁਕਮ ਪ੍ਰਮਾਤਮਾ ਦਾ ਪੂਰੀ ਬਾਣੀ ਦੇ ਵਿੱਚ ਉਸਦੇ ਨਾਮ ਦੇ

ਰੂਪ ਵਿੱਚ ਹੈ। ਅਸੀਂ ਪ੍ਰਮਾਤਮਾ ਦੇ ਇਸ ਹੁਕਮ ਨੂੰ ਮੰਨਣਾ ਹੈ ਭਾਵ ਸਿਮਰਨਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। **(ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥29॥)** ਅੰਗ - 921 । ਹਉਮੈ ਦੀ ਜੁਗਤਿ ਦੇ ਵਿੱਚ ਰਹਿੰਦੇ ਹੋਏ ਇਸ ਸਰੀਰ ਰਾਹੀਂ ਹੀ ਉਸਨੂੰ ਪਾਇਆ ਜਾ ਸਕਦਾ ਹੈ। ਕੇਵਲ ਇੱਕ ਮਨੁੱਖ ਨੂੰ ਪ੍ਰਮਾਤਮਾ ਨੇ ਉਹ ਬੁੱਧੀ ਬਖ਼ਸ਼ੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਸਮਝਿਆ ਜਾ ਸਕਦਾ ਹੈ।

“ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥”

(ਅੰਗ 466)

ਇਹ ਗੱਲ ਅਸੀਂ ਪਿੱਛੇ ਪਹਿਲੇ ਵੀ ਸਮਝ ਚੁੱਕੇ ਹਾਂ। ਇਸ ਤੋਂ ਭਾਵ ਹੈ ਕਿ ਹਉਮੈ ਭਾਵ ਆਪਾ ਭਾਵ ਆਪਣੀ ਭਰਮਾਂ ਵਾਲੀ ਸਮਝ ਹੀ ਸਾਡਾ ਵੱਡਾ ਰੋਗ ਹੈ ਤੇ ਆਪਣੀ ਮਤਿ ਛੱਡਣੀ ਬਹੁਤ ਔਖੀ ਹੈ, ਆਪਣਾ ਮਾਣ ਛੱਡਣਾ ਬਹੁਤ ਔਖਾ ਹੈ। ਬਾਣੀ ਵਿੱਚ ਵਾਰ-ਵਾਰ ਹਉਮੈ ਤਿਆਗਣ ਦੀ ਗੱਲ ਆਉਂਦੀ ਹੈ। ਇਹ ਹਉਮੈ ਹੀ ਸਾਡਾ “ਆਵਾਗਉਣ” ਹੈ, ਸਾਡਾ “ਜਨਮ ਮਰਨ” ਹੈ, ਜਿਸਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਇਸੇ ਲਈ ਇਸ ਨੂੰ ਦੀਰਘ ਭਾਵ ਲੰਬਾ ਰੋਗ ਕਿਹਾ ਗਿਆ ਹੈ ਜੋ ਲੰਮੇ ਸਮੇਂ ਤੋਂ ਮਨੁੱਖ ਨਾਲ ਲੱਗਿਆ ਹੋਇਆ ਹੈ। ਇਸ ਰੋਗ ਤੋਂ ਮੁਕਤੀ ਪਾਉਣਾ ਹੀ ਜੀਵਨ ਮੁਕਤ ਹੋਣਾ ਹੈ। ਜਿਸ ਨੇ ਪ੍ਰਮਾਤਮਾ ਨਾਲ ਮੇਲ ਕਰਨਾ ਹੈ ਉਹ ਇਸੇ ਮਨੁੱਖਾ ਸਰੀਰ ਵਿੱਚ ਰਹਿੰਦੇ ਹੋਏ ਮਨ ਦੀ ਹਉਮੈ ਵਿੱਚ ਹੀ ਕਰ ਸਕਦਾ ਹੈ। ਪਹਿਲਾਂ ਮਨੁੱਖ ਨੂੰ ਇਹ ਸਰੀਰ ਮਿਲੇਗਾ, ਉਸਦੀ ਪ੍ਰਮਾਤਮਾ ਤੋਂ ਵੱਖਰੀ ਹੋਂਦ ਬਣੇਗੀ, ਭਰਮ ਵਾਲੀ ਹੋਂਦ ਬਣੇਗੀ ਤੇ ਤਾਂ ਹੀ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪ੍ਰਮਾਤਮਾ ਤੋਂ ਵੱਖਰਾ ਬਣ ਕੇ ਹੀ ਸਮਝਿਆ ਜਾ ਸਕਦਾ ਹੈ, ਉਸਦਾ ਸਰਗੁਣ ਸਰੂਪ ਬਣ ਕੇ ਹੀ ਜਾਣਿਆ ਜਾ ਸਕਦਾ ਹੈ। ਜੇ ਮਨੁੱਖ ਇਸ ਹਉਮੈ ਨੂੰ ਭਾਵ ਆਪੇ ਨੂੰ, ਆਪਣੀ ਮਤਿ ਨੂੰ, ਆਪਣੀ ਮੱਤ ਦੇ ਮਾਨ ਅਭਿਮਾਨ ਨੂੰ ਛੱਡ ਸਕੇ ਤੇ ਇਹ ਹੀ ਦਾਰੂ ਦਾ ਕੰਮ ਕਰਦੀ ਹੈ ਭਾਵ ਸਾਨੂੰ ਪ੍ਰਮਾਤਮਾ ਨਾਲ ਮਿਲਾ ਦਿੰਦੀ ਹੈ। ਦਾਰੂ ਗੁਰੂ ਦਾ ਸ਼ਬਦ ਹੀ ਹੈ, ਸ਼ਬਦ ਦੀ ਦਿੱਤੀ ਹੋਈ ਮਤਿ ਹੀ ਹੈ ਜੋ ਸਾਨੂੰ ਇਹੋ ਜਿਹਾ ਤਿਆਗ ਕਰਨ ਲਈ ਸਮਝਾਉਂਦੀ ਹੈ। ਜੇਕਰ ਅਸੀਂ ਸ਼ਬਦ ਦੀ ਗੱਲ ਨੂੰ ਮੰਨ ਲੈਂਦੇ ਹਾਂ ਫਿਰ ਅਸੀਂ ਹਉਮੈ ਵਿੱਚੋਂ ਨਿਕਲ ਸਕਦੇ ਹਾਂ। ਸ਼ਬਦ ਦੀ ਕਮਾਈ ਤੋਂ ਭਾਵ ਹੈ ਗੁਰੂ ਦੇ ਗਿਆਨ ਨੂੰ ਗ੍ਰਹਿਣ ਕਰਨਾ ਭਾਵ ਉਸਦੇ ਉਪਦੇਸ਼, ਭਾਣੇ ਵਿੱਚ ਚੱਲਣਾ, ਸ਼ਬਦ ਦੀ ਮਤਿ ਨੂੰ ਅਪਣਾ ਕੇ ਆਪਣੀ ਮਤਿ ਨੂੰ ਛੱਡਣਾ। ਇਹ ਹੀ ਨਾਮ ਜਪਣਾ ਹੈ ਜੋ ਕਿ ਉਸਦੀ ਕ੍ਰਿਪਾ ਦੁਆਰਾ ਹੀ ਜਪਿਆ ਜਾ ਸਕਦਾ ਹੈ। ਹਉਮੈ ਕੀ ਹੈ ਇਸ ਬਾਰੇ ਵਿਸਥਾਰ ਵਿੱਚ ਅਸੀਂ ਪਹਿਲਾਂ ਹੀ ਪਿੱਛੇ ਜਾਣ ਚੁੱਕੇ ਹਾਂ ਤੇ ਅੱਗੇ ਚੱਲ ਕੇ ਹੋਰ ਵੀ ਜਾਣਾਗੇ। (**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**)

“ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ॥
ਗੁਰ ਉਪਦੇਸਿ ਹਰਿ ਹਿਰਦੈ ਵਸਿਓ
ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ॥੧॥ਰਹਾਉ॥
ਗੁਰ ਕੇ ਚਰਣ ਵਿਟਹੁ ਬਲਿ ਜਾਉ॥
ਗੁਰ ਕੇ ਗੁਣ ਅਨਦਿਨੁ ਨਿਤ ਗਾਉ॥
ਗੁਰ ਕੀ ਧੂੜਿ ਕਰਉ ਇਸਨਾਨੁ॥
ਸਾਚੀ ਦਰਗਹ ਪਾਈਐ ਮਾਨੁ॥੨॥”

(ਅੰਗ 1270-1271)

ਇਸ ਸ਼ਬਦ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਗੁਰੂ-ਗੁਰੂ ਕਰਨਾ ਕੀ ਹੈ। ਗੁਰੂ ਦੇ ਉਪਦੇਸ਼ ਨੂੰ ਆਪਣੇ ਹਿਰਦੇ ਵਿੱਚ ਵੱਸਾ ਕੇ ਭਾਵ ਉਸ ਤੇ ਅਮਲ ਕਰਨਾ ਹੀ ਗੁਰੂ- ਗੁਰੂ ਕਰਨਾ ਹੈ ਅਤੇ ਇਸੇ ਤਰ੍ਹਾਂ ਹੀ ਸੁੱਖ ਦੀ ਭਾਵ ਨਾਮ ਦੀ ਪ੍ਰਾਪਤੀ ਹੁੰਦੀ ਹੈ। ਇਸੇ ਤਰੀਕੇ ਹੀ ਪ੍ਰਮਾਤਮਾ ਨੂੰ ਸਾਸਿ ਗਿਰਾਸਿ, ਅੱਠੇ ਪਹਿਰ ਧਿਆਇਆ ਜਾ ਸਕਦਾ ਹੈ। ਗੁਰੂ ਦੇ ਚਰਨ ਅਤੇ ਗੁਰੂ ਦੀ ਧੂੜ ਤੋਂ ਭਾਵ ਗੁਰੂ ਦਾ ਗਿਆਨ, ਗੁਰੂ ਦੀ ਮਤਿ ਹੀ ਹੈ। ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ।

“ਪੰਚ ਤਤੁ ਮਿਲਿ ਇਹੁ ਤਨੁ ਕੀਆ॥ ਆਤਮ ਰਾਮ ਪਾਏ ਸੁਖੁ ਥੀਆ॥
ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ॥੭॥”

(ਅੰਗ 1039)

ਇਸ ਸ਼ਬਦ ਰਾਹੀਂ ਮਨੁੱਖਾ ਸਰੀਰ ਦੀ ਉੱਤਪਤੀ ਦਾ ਮਨੋਰਥ ਸਮਝਾ ਕੇ ਨਾਲ ਪ੍ਰਾਪਤੀ ਦਾ ਸਾਧਨ ਵੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਣਾ ਹੀ “ਸੁੱਖੁ” ਦੀ ਪ੍ਰਾਪਤੀ ਹੈ। ਇਹ “ਪ੍ਰਮਾਤਮਾ ਦੀ ਪ੍ਰਾਪਤੀ ਦਾ ਫਲ” ਭਾਵ “ਨਾਮ ਫਲ”, “ਅੰਮ੍ਰਿਤ ਫਲ”, ਮਨੁੱਖ ਕਿਹੋ ਜਿਹੇ ਕਰਮ ਕਰਦਾ ਹੈ, ਇਸ ਦੁਆਰਾ ਤਹਿ ਹੁੰਦਾ ਹੈ ਭਾਵ ਚੰਗੇ ਕਰਮਾਂ ਦੁਆਰਾ ਹੀ ਉਸਨੂੰ ਪਾਇਆ ਜਾ ਸਕਦਾ ਹੈ। ਇਸ ਫਲ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਉੱਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। **(ਆਤਮ ਰਾਮ ਪਾਏ ਸੁਖੁ ਥੀਆ॥)** ਪ੍ਰਮਾਤਮਾ ਨੇ ਸਾਨੂੰ ਅੰਦਰੋਂ ਹੀ ਮਿਲਣਾ ਹੈ। “ਆਤਮ ਰਾਮ ਪਾਏ” ਜਾਂ “ਹਰਿ ਨਾਮ ਰਤਨੁ ਮਨਿ ਪਾਇਆ” ਇੱਕੋ ਹੀ ਗੱਲ ਹੈ। ਪ੍ਰਾਪਤੀ ਮਨ ਦੇ ਵਿੱਚ ਹੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੀ ਹੈ। ਜੋ “ਰਾਮ” ਹੈ ਉਹੀ “ਹਰਿ ਨਾਮ ਰਤਨੁ” ਹੈ। ਰਾਮ ਭਾਵ ਪ੍ਰਮਾਤਮਾ ਆਪਣੇ “ਨਾਮੁ ਰਤਨੁ” ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਹੀ ਵਿਚਰਦਾ ਹੈ। ਪੂਰੀ ਗੁਰਬਾਣੀ ਵਿੱਚ “ਨਾਮ ਰਤਨੁ” ਹੈ ਜੋ ਮਨ ਦੇ ਰਾਹੀਂ ਹੀ ਆਇਆ ਹੈ। ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਦਾ ਮਾਰਗ ਸਾਡੇ ਚੰਗੇ ਕਰਮ ਹੀ ਹਨ ਤੇ ਇਹੀ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ। **(ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ॥)**

{ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥}

(ਅੰਗ 8)

“ਸਚ ਬਿਨੁ ਸਤੁ ਸੰਤੋਖੁ ਨ ਪਾਵੈ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥੫॥”

(ਅੰਗ ੧੦੪੦)

ਇਸ ਸ਼ਬਦ ਨੂੰ ਬੜੇ ਧਿਆਨ ਨਾਲ ਵਿਚਾਰੀਏ ਤਾਂ ਸਾਨੂੰ ਸਮਝ ਲੱਗ ਜਾਵੇਗੀ ਕਿ ਮੂਲਮੰਤ੍ਰ ਕੀ ਹੈ, ਜਿਸ ਬਾਰੇ ਆਮ ਕਰਕੇ ਭੁਲੇਖਾ ਬਣਿਆ ਹੋਇਆ ਹੈ। **"ਸਚ ਬਿਨੁ ਸਤੁ ਸੰਤੋਖੁ ਨ ਪਾਵੈ॥"** ਤੋਂ ਭਾਵ ਹੈ ਕਿ ਸਾਡੇ ਅੰਦਰ ਸੱਚ ਵੱਸਣ ਤੋਂ ਬਿਨ੍ਹਾਂ ਸਤੁ, ਸੰਤੋਖ ਨਹੀਂ ਵੱਸ ਸਕਦਾ। ਸੱਚ ਗੁਰੂ ਦੀ ਸੱਚੀ ਮਤਿ ਹੈ, ਨਾਮ ਹੈ ਤੇ ਨਾਮ ਦਾ ਮਕਸਦ ਸਾਨੂੰ ਤ੍ਰਿਸ਼ਨਾਵਾਂ ਤੋਂ ਮੁਕਤ ਕਰਨ ਦਾ ਹੈ ਤਾਂ ਜੋ ਅਸੀਂ ਮਨ ਦੇ ਸੰਤੋਖ ਵਿੱਚ ਆਈਏ ਤੇ ਚੰਗੇ ਕਰਮ ਕਰੀਏ, ਸਤੁ ਦੁਆਰਾ ਵਿਚਰੀਏ ਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ ਤੇ ਤ੍ਰਿਸ਼ਨਾਵਾਂ ਨੂੰ ਛੱਡਾਂਗੇ ਜਿਨ੍ਹਾਂ ਦੀ ਪੂਰਤੀ ਕਰਨ ਲਈ ਅਸੀਂ ਮਾੜੇ ਕਰਮ ਕਰਦੇ ਹਾਂ। ਪੂਰੀ ਗੁਰਬਾਣੀ ਵਿੱਚ ਸੱਚ ਹੈ ਭਾਵ ਨਾਮ ਹੈ ਤੇ ਇਹ ਸੱਚ ਹੀ “ਮੂਲ ਮੰਤ੍ਰ” ਹੈ, ਨਾਮ ਦਾ ਮੰਤ੍ਰ ਹੈ। ਪੂਰੀ ਗੁਰਬਾਣੀ ਮੂਲ ਮੰਤ੍ਰ ਹੈ ਭਾਵ ਉਸ ਮੂਲ ਰੂਪ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਮੰਤ੍ਰ ਹੈ, ਗਿਆਨ ਹੈ, ਉਪਦੇਸ਼ ਹੈ। ਜਿਸਦੇ ਅੰਦਰ ਇਹ ਮੂਲ ਮੰਤ੍ਰ ਵੱਸ ਜਾਂਦਾ ਹੈ, ਸੱਚਾ ਗਿਆਨ ਵੱਸ ਜਾਂਦਾ ਹੈ, ਬ੍ਰਹਮ ਗਿਆਨ ਵੱਸ ਜਾਂਦਾ ਹੈ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਪ੍ਰਮਾਤਮਾ ਆਪ ਮੂਲ ਮੰਤ੍ਰ ਦੇ ਰੂਪ ਵਿੱਚ ਹੀ ਹੈ। (**ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥**)

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥}

(ਅੰਗ ੧੨੦੯)

{ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ॥}

(ਅੰਗ 954)

ਸਾਰੀ ਬਾਣੀ ਮੂਲਮੰਤ੍ਰ ਹੈ ਅਤੇ ਗੁਰਬਾਣੀ ਹੀ ਨਾਮ ਹੈ ਜਿਵੇਂ ਕਿ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਪੱਸ਼ਟ ਕੀਤਾ ਜਾ ਚੁੱਕਾ ਹੈ। ਗੁਰਬਾਣੀ ਦਾ ਗਿਆਨ ਹੀ ਰਸਾਇਣ ਹੈ ਭਾਵ ਗੁਰੂ ਦੀ ਦਿੱਤੀ ਹੋਈ ਅਉਖਧ ਹੈ ਜਿਸ ਦੁਆਰਾ ਸਾਡੇ ਸਾਰੇ ਦੁੱਖ ਕੱਟੇ ਜਾਂਦੇ ਹਨ ਜੋ ਕਿ ਉਸਦੇ ਉਪਦੇਸ਼ ਨੂੰ ਮੰਨਣ ਦੁਆਰਾ ਪ੍ਰਮਾਤਮਾ ਨੂੰ ਪਾ ਕੇ ਹੁੰਦਾ ਹੈ।

“ਨਿਰਮਲ ਬਾਣੀ ਕੋ ਮੰਨਿ ਵਸਾਏ॥ ਗੁਰ ਪਰਸਾਦੀ ਸਹਸਾ ਜਾਏ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ॥੧੩॥”

(ਅੰਗ ੧੦੬੨)

ਇਸ ਸ਼ਬਦ ਰਾਹੀਂ ਬੜਾ ਸਾਫ ਤੌਰ ਤੇ ਸਮਝਾਇਆ ਹੈ ਕਿ ਬਾਣੀ ਨੂੰ ਮਨ ਵਿੱਚ ਵੱਸਾ ਕੇ ਭਾਵ ਉਸ ਤੇ ਅਮਲ ਕਰਕੇ ਹੀ ਗੁਰੂ ਦੇ ਭਾਣੇ ਵਿੱਚ ਚੱਲਿਆ ਜਾ ਸਕਦਾ ਹੈ ਅਤੇ ਇਹੋ ਜਿਹਾ ਮਨੁੱਖ ਹੀ ਦਿਨ ਰਾਤ ਨਾਮ ਨੂੰ ਚੇਤਦਾ ਹੈ ਅਤੇ ਪ੍ਰਮਾਤਮਾ ਨੂੰ ਪਾਉਂਦਾ ਹੈ। ਦਿਨ ਰਾਤ ਗੁਰੂ ਦੇ ਭਾਣੇ ਵਿੱਚ ਲੀਨ ਰਹਿਣਾ ਹੀ ਅੱਠੇ ਪਹਿਰ ਉਸਦਾ ਨਾਮ ਚੇਤਣਾ ਹੈ। ਬਾਣੀ ਹੀ ਸਾਨੂੰ ਵਾਰ ਵਾਰ ਇਹ ਸਮਝਾ ਰਹੀ ਹੈ ਕਿ ਨਾਮ ਨੂੰ ਮਨ ਵਿੱਚ ਵਸਾਓ, ਕੇਵਲ ਨਾਮ ਨੂੰ ਮਨ ਵਿੱਚ ਵਸਾਓ ਤੇ ਬਾਣੀ ਹੀ ਸਾਨੂੰ ਇਹ ਸਮਝਾ ਰਹੀ ਹੈ ਕਿ ਬਾਣੀ ਨੂੰ ਮਨ ਵਿੱਚ ਵਸਾਓ। ਫਿਰ ਕਿਸਨੂੰ ਮਨ ਵਿੱਚ ਵਸਾਈਏ। ਕੇਵਲ ਨਾਮ ਨੂੰ ਜਾਂ ਬਾਣੀ ਨੂੰ। ਇਹ ਸ਼ੰਕਾ ਤਾਂ ਹੀ ਨਿਕਲ ਸਕਦਾ ਹੈ ਜਦੋਂ ਇਹ ਸਮਝ ਲੱਗ ਜਾਵੇਗੀ ਕਿ ਬਾਣੀ ਹੀ ਨਾਮ ਹੈ ਭਾਵ ਗੁਰੂ ਦਾ ਨਾਮ ਜਾਂ ਗੁਰੂ ਦੀ ਬਾਣੀ ਇੱਕੋ ਹੀ ਗੱਲ ਹੈ। (**ਨਿਰਮਲ ਬਾਣੀ ਕੋ ਮੰਨਿ ਵਸਾਏ॥ ਗੁਰ ਪਰਸਾਦੀ ਸਹਸਾ ਜਾਏ॥ ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ॥**)

“ਪੂਰੇ ਗੁਰ ਕੀ ਪੂਰੀ ਬਾਣੀ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ॥੧੫॥
ਬਾਰਹਾ ਕੰਚਨੁ ਸੁਧੁ ਕਰਾਇਆ॥ ਨਦਰਿ ਸਰਾਫ ਵੰਨੀ ਸਚੜਾਇਆ॥
ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ॥੧੬॥
ਅੰਮ੍ਰਿਤ ਨਾਮੁ ਤੁਮਾਰਾ ਸੁਆਮੀ॥ ਨਾਨਕ ਦਾਸ ਸਦਾ ਕੁਰਬਾਨੀ॥
ਸੰਤਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹੁ ਮਨੁ ਭੀਜਾ ਹੇ॥17॥”

(ਅੰਗ ੧੦੨੪)

ਉੱਪਰ ਸ਼ਬਦ ਵਿੱਚੋਂ ਪਹਿਲੀਆਂ ਪੰਗਤੀਆਂ ਦੇ ਅਰਥ ਅਸੀਂ ਪਿੱਛੇ ਸਮਝ ਚੁੱਕੇ ਹਾਂ। ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਉਸ ਪੂਰੇ ਗੁਰੂ ਦਾ ਪੂਰਾ ਉਪਦੇਸ਼ ਪੂਰੀ ਤਰ੍ਹਾਂ ਮੰਨ ਕੇ ਹੀ ਉਸ ਵਿੱਚ ਸਮਾਇਆ ਜਾ ਸਕਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਗੁਰੂ ਦਾ ਉਪਦੇਸ਼ ਪੂਰੀ ਤਰ੍ਹਾਂ ਮੰਨਣ ਨਾਲ ਮਨੁੱਖ ਪੂਰੀ ਤਰ੍ਹਾਂ ਖਰੇ ਸੋਨੇ ਦੀ ਤਰ੍ਹਾਂ ਸ਼ੁੱਧ ਹਿਰਦੇ ਵਾਲਾ ਹੋ ਜਾਂਦਾ ਹੈ। ਇਹ ਹੀ ਮਨੁੱਖ ਦੀ ਪਰਖ ਹੈ ਤੇ ਉਹ ਪ੍ਰਮਾਤਮਾ ਨਾਲ ਮਿਲ ਜਾਂਦਾ ਹੈ ਅਤੇ ਫਿਰ ਉਸਨੂੰ ਤ੍ਰਿਸ਼ਨਾਵਾਂ ਦੇ, ਆਵਾਗਉਣ ਦੇ ਦੁੱਖ ਨਹੀਂ ਸਹਿਣੇ ਪੈਂਦੇ **(ਫਿਰਿ ਨਾਹੀ ਤਾਈਜਾ ਹੇ॥)**। ਮਨ ਦੇ ਵਿੱਚ ਆਪਣਾ ਸੱਚਾ ਗਿਆਨ ਵੱਸਾ ਕੇ ਉਹ ਆਪ ਹੀ ਸਾਡਾ ਹਿਰਦਾ ਪੂਰੀ ਤਰ੍ਹਾਂ ਸ਼ੁੱਧ ਕਰਦਾ ਹੈ ਤੇ ਆਪਣੀ ਪਰਖ ਵਿੱਚੋਂ ਕੱਢਦਾ ਹੈ, ਪੂਰਾ ਉੱਤਾਰਦਾ ਹੈ। “ਸਰਾਫ” ਭਾਵ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਸਾਡੀ ਮਤਿ ਨੂੰ, ਸੁਰਤਿ ਨੂੰ ਘੜ ਕੇ ਬਿਲਕੁਲ ਖਰੇ ਸੋਨੇ ਦੀ ਤਰ੍ਹਾਂ ਬਣਾ ਦਿੰਦਾ ਹੈ ਭਾਵ ਮਨ ਦੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਭਰਮ ਤੋਂ, ਔਗੁਣਾਂ ਤੋਂ ਰਹਿਤ ਕਰ ਦਿੰਦਾ ਹੈ, ਮਾਇਆ ਮੋਹ ਤੋਂ, ਤ੍ਰੈਗੁਣਾਂ ਦੀ ਅਵੱਸਥਾ ਵਿੱਚੋਂ ਕੱਢ ਲੈਂਦਾ ਹੈ। **(ਬਾਰਹਾ ਕੰਚਨੁ ਸੁਧੁ ਕਰਾਇਆ॥ ਨਦਰਿ ਸਰਾਫ ਵੰਨੀ ਸਚੜਾਇਆ॥ ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ॥੧੬॥)** ਮਨ ਦੀ ਇਹੋ ਜਿਹੀ ਅਵੱਸਥਾ, ਪੂਰਨ ਸ਼ੁੱਧ ਹਿਰਦੇ ਵਾਲੀ ਅਵੱਸਥਾ ਹੀ ਮਨ ਦੇ ਵਿੱਚ ਨਾਮ ਵਾਲੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ ਹੈ ਜਿਸ ਉੱਚੀ ਸਮਝ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਮਨੁੱਖ ਦਾ ਮਨ ਭਾਵ ਮਨ ਦੇ ਵਿਚਾਰ ਗੁਰੂ ਪ੍ਰਮਾਤਮਾ ਦੇ ਨਾਲ ਭਿੱਜ ਜਾਂਦੇ ਹਨ ਭਾਵ ਉਸ ਦੇ ਸੱਚੇ ਵਿਚਾਰਾਂ ਨਾਲ, ਗੁਰਮਤਿ ਰੂਪ ਵਿਚਾਰਾਂ ਨਾਲ ਇੱਕ ਹੋ ਜਾਂਦੇ ਹਨ। ਇਹੀ ਸਾਡੇ ਅੰਦਰ ਦਾ ਸਤਿਸੰਗ ਹੈ ਜਿਸਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਸਮਝਾਂਗੇ। ਪੂਰੀ ਬਾਣੀ ਦਾ ਮਾਲਕ ਪੂਰਾ ਗੁਰੂ ਭਾਵ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜਿਸਨੂੰ ਉਸਦੀ

ਪੂਰੀ ਬਾਣੀ ਨਾਲ ਜੁੜਕੇ ਭਾਵ ਪੂਰੀ ਬਾਣੀ ਦੀ ਮਤਿ ਨਾਲ ਜੁੜਕੇ ਹੀ ਪਾਇਆ ਜਾ ਸਕਦਾ ਹੈ, ਉਸਦੇ ਨਾਮ ਨੂੰ ਪਾਇਆ ਜਾ ਸਕਦਾ ਹੈ।

ਪ੍ਰਮਾਤਮਾ ਦਾ ਨਾਮ ਮਿਲਣ ਨਾਲ ਉਸਦਾ ਦਾਸ ਉਸ ਤੇ ਸਦਾ ਸਦਾ ਲਈ ਕੁਰਬਾਨ ਹੋ ਜਾਂਦਾ ਹੈ ਭਾਵ ਆਪਾ ਮਿਟ ਜਾਂਦਾ ਹੈ ਤੇ ਉਹ ਸਭ ਕੁੱਝ ਪ੍ਰਮਾਤਮਾ ਦੇ ਭਾਣੇ ਵਿੱਚ ਕਰਦਾ ਹੈ ਭਾਵ ਉਸਦੇ ਹੁਕਮ ਵਿੱਚ ਵਿਚਰਦਾ ਹੈ। **(ਅੰਮ੍ਰਿਤ ਨਾਮੁ ਤੁਮਾਰਾ ਸੁਆਮੀ॥ ਨਾਨਕ ਦਾਸ ਸਦਾ ਕੁਰਬਾਨੀ॥)** ਸਾਡੀ ਸਮਝ ਨੂੰ ਪ੍ਰਮਾਤਮਾ ਨਾਮ ਵਾਲੀ ਸਮਝ, ਗੁਰਮਤਿ ਵਾਲੀ ਕਿਸ ਤਰੀਕੇ ਬਣਾਉਂਦਾ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥”

(ਅੰਗ ੮)

ਸਾਡੇ ਅੰਦਰ ਦਾ ਸਰਾਫ ਭਾਵ ਪ੍ਰਮਾਤਮਾ ਸਾਡੇ ਮਨ ਦੇ ਨਾਸਮਝ ਵਿਚਾਰਾਂ ਨੂੰ ਹੀ ਘੜਦਾ ਹੈ, ਸਾਡੀ ਸੁਰਤਿ ਦੇ, ਮਤਿ ਦੇ, ਬੁਧਿ ਦੇ ਭਰਮਾਂ ਵਾਲੇ ਵਿਚਾਰਾਂ ਨੂੰ ਹੀ ਘੜਦਾ ਹੈ ਤੇ ਵਿਚਾਰਾਂ ਨੂੰ ਸ਼ੁੱਧ ਕਰਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਸੱਚੀ ਭਗਤੀ ਦੀ ਸੁਧਿ ਪੈਂਦੀ ਹੈ, ਨਾਮ ਜਪਣ ਦੀ ਸੋਝੀ ਪੈਂਦੀ ਹੈ।

“ਗੁਰ ਉਪਦੇਸਿ ਜਪੀਐ ਮਨਿ ਸਾਚਾ ॥
ਗੁਰ ਉਪਦੇਸਿ ਰਾਮ ਰੰਗਿ ਰਾਚਾ ॥
ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥
ਜਹ ਰਾਖੈ ਸੋਈ ਸੁਖ ਥਾਨਾ ॥
ਸਹਜੇ ਹੋਇ ਸੋਈ ਭਲ ਮਾਨਾ ॥
ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ ॥੧੩॥
ਡਰ ਚੂਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥
ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ ॥੧੪॥
ਐਸਾ ਕੋ ਵਡਭਾਗੀ ਆਇਆ ॥ ਆਠ ਪਹਰ ਜਿਨਿ ਖਸਮੁ ਧਿਆਇਆ ॥
ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ ॥੧੫॥
ਇਹ ਬਖਸੀਸ ਖਸਮ ਤੇ ਪਾਵਾ ॥ ਆਠ ਪਹਰ ਕਰ ਜੋੜਿ ਧਿਆਵਾ ॥
ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥”

(ਅੰਗ ੧੦੨੨)

ਇਸ ਸ਼ਬਦ ਰਾਹੀਂ ਪ੍ਰਮਾਤਮਾ ਨੂੰ ਜਪਣ ਲਈ ਕੇਵਲ ਗੁਰੂ ਦੇ ਉਪਦੇਸ਼ ਦੀ ਗੱਲ ਕੀਤੀ ਗਈ ਹੈ। ਗੁਰੂ ਦਾ ਉਪੇਦਸ਼ ਲੈ ਕੇ ਹੀ ਮਨ ਸੱਚਾ ਹੁੰਦਾ ਹੈ, ਉਪਦੇਸ਼ ਦੁਆਰਾ ਹੀ ਮਨੁੱਖ ਉਸਦੇ ਰੰਗ ਵਿੱਚ ਰਚਦਾ ਹੈ, ਗੁਰੂ ਦੇ ਉਪਦੇਸ਼ ਤੇ ਚੱਲਣ ਨਾਲ ਹੀ ਬੰਧਨਾਂ ਤੋਂ ਮੁਕਤੀ ਮਿਲਦੀ ਹੈ ਜਿਸ ਨਾਲ ਮਨੁੱਖ ਦੇ ਇਹ ਭਰਮ, ਮੋਹ ਦੂਰ ਹੋ ਸਕਦੇ ਹਨ। ਕੋਈ ਵਿਰਲਾ ਹੀ ਪੂਰੀ ਤਰ੍ਹਾਂ ਉਸਦੇ ਉਪਦੇਸ਼ ਉੱਪਰ ਚੱਲ ਸਕਦਾ ਹੈ ਤੇ ਉਹ ਹੀ ਅੱਠੇ ਪਹਿਰ ਪ੍ਰਮਾਤਮਾ ਨੂੰ ਧਿਆਉਂਦਾ ਹੈ ਭਾਵ ਗੁਰੂ ਦਾ ਉਪਦੇਸ਼ ਹੀ ਨਾਮ ਹੈ ਤੇ ਉਸਦੇ ਉਪਦੇਸ਼ ਅਨੁਸਾਰ ਵਿਚਰਨਾ ਪ੍ਰਮਾਤਮਾ ਨੂੰ ਧਿਆਉਣਾ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਆਪਣੇ ਧਿਆਨ ਵਿੱਚ ਰੱਖਣਾ ਹੈ। ਗੁਰੂ ਆਪ ਹੀ ਆਪਣੇ ਉਪਦੇਸ਼ ਤੇ ਪੂਰਾ ਉਤਰ ਸਕਦਾ ਹੈ ਤੇ ਉਸ ਨਾਲ ਜੁੜ ਕੇ ਹੀ ਹਰ ਕੋਈ ਤਰ ਸਕਦਾ ਹੈ। **(ਐਸਾ ਕੋ ਵਡਭਾਗੀ ਆਇਆ॥ ਆਠ ਪਹਰ ਜਿਨਿ ਖਸਮੁ ਧਿਆਇਆ॥ ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ॥੧੫॥)** ਇਹ ਗੁਰੂ ਦੀ ਆਪਣੀ ਅਵੱਸਥਾ ਹੈ ਭਾਵ ਗੁਰੂ ਦੇ ਅੰਦਰ ਦੀ ਸੱਚੀ ਸਮਝ ਹੈ ਜੋ ਉਸਨੂੰ ਅੱਠੇ ਪਹਿਰ, ਹਰ ਵੇਲੇ ਉਸ ਪ੍ਰਮਾਤਮਾ ਨੂੰ ਜਪਣ ਦੀ ਸਮਰੱਥਾ ਬਖਸ਼ਦੀ ਹੈ ਤੇ ਉਹ ਹਰ ਵੇਲੇ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਦਾ

ਹੈ। ਆਪਣੇ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ। ਇਹੋ ਜਿਹੇ ਗੁਰੂ ਦੀ ਮਤਿ ਦਾ ਸੰਗ ਕਰਕੇ ਹਰ ਕੋਈ ਤਰ ਸਕਦਾ ਹੈ। ਗੁਰੂ ਸਭ ਲਈ, ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਤੇ ਸਭ ਨੂੰ ਇੱਕੋ ਜਿਹੀ ਮਤਿ ਹੀ ਦਿੰਦਾ ਹੈ, ਸਭ ਨੂੰ ਇੱਕੋ ਜਿਹਾ ਨਾਮ ਜਪਣ ਦੀ ਮਤਿ ਦਿੰਦਾ ਹੈ।

“ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ॥
ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ॥
ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿ ਆਈ॥
ਐਥੈ ਸੁਖਦਾਤਾ ਮਨਿ ਵਸੈ ਅੰਤਿ ਹੋਇ ਸਖਾਈ॥
ਹਰਿ ਸਿਉ ਪ੍ਰੀਤਿ ਉਪਜੀ ਗੁਰਿ ਸੋਝੀ ਪਾਈ॥੨॥”

(ਅੰਗ ੧੦੮੭)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਨੂੰ ਸੱਚ ਦੁਆਰਾ ਹੀ ਪਾਇਆ ਜਾ ਸਕਦਾ ਹੈ। ‘‘ਸਚੁ’’ ਦੀ ਕਮਾਈ ਕਰਨੀ ਕੀ ਹੈ, ਇਹ ਵੀ ਸਮਝਾਇਆ ਹੋਇਆ ਹੈ। ‘‘ਸਚੁ’’ ਦੀ ਕਮਾਈ ਕੇਵਲ ਸੱਚ ਦੁਆਰਾ ਵਿਚਰ ਕੇ ਹੁੰਦੀ ਹੈ। ਸੱਚ ਗੁਰੂ ਦੇ ਕੋਲ ਹੈ ਜੋ ਉਹ ਆਪਣੇ ਉਪਦੇਸ਼ ਰਾਹੀਂ ਸਾਨੂੰ ਦਿੰਦਾ ਹੈ। ਇਸੇ ਲਈ ਗੁਰੂ ਦਾ ਉਪਦੇਸ਼ ਸੱਚਾ ਹੈ। ਗੁਰੂ ਦੇ ਸੱਚੇ ਉਪਦੇਸ਼ ਨੂੰ ਜਪਣ ਦੀ ਗੱਲ ਸਮਝਾਈ ਹੋਈ ਹੈ ਭਾਵ ਸੱਚ ਦੀ ਕਮਾਈ ਕਰਨੀ ਸਿਖਾਈ ਹੋਈ ਹੈ। ‘‘ਸਚੁ’’ ਆਪ ਪ੍ਰਮਾਤਮਾ ਹੈ ਤੇ ਅਸੀਂ ਆਪਣੇ ਜੀਵਨ ਵਿੱਚ ‘‘ਸਚੁ’’ ਦੀ ਕਮਾਈ ਕਰਨੀ ਹੈ ਭਾਵ ਪ੍ਰਮਾਤਮਾ ਦੀ ਪ੍ਰਾਪਤੀ ਕਰਨੀ ਹੈ ਜੋ ਸਾਡੇ ਜੀਵਨ ਦਾ ਮਨੋਰਥ ਹੈ। ‘‘ਸਚੁ’’ ਦੀ ਕਮਾਈ ‘‘ਨਾਮੁ’’ ਦੀ ਕਮਾਈ ਹੈ ਭਾਵ ਨਾਮ ਦੀ ਪ੍ਰਾਪਤੀ ਹੈ। ਗੁਰੂ ਦੇ ਦੱਸੇ ਹੋਏ ਸੱਚੇ ਉਪਦੇਸ਼ ਨੂੰ ਮੰਨ ਕੇ ਹੀ, ਸੱਚ ਤੇ ਚੱਲ ਕੇ ਹੀ ਅਸੀਂ ਉਸ ‘‘ਸਚੁ’’ ਤੱਕ ਪਹੁੰਚ ਸਕਦੇ ਹਾਂ। ਗੁਰੂ ਦੇ ਉਪਦੇਸ਼ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਨਾਲ ਮਨੁੱਖ ਦੀ ਬਣ ਆਉਂਦੀ ਹੈ, ਉਸ ਨਾਲ ਪ੍ਰੀਤ ਉਪਜਦੀ ਹੈ ਅਤੇ ਇਹ ਸੋਝੀ ਜਿਸਨੂੰ ਉਹ ਆਪ ਪਾ ਦੇਵੇ ਉਸਨੂੰ ਹੀ ਪੈਂਦੀ ਹੈ ਭਾਵ ਆਪਣੇ ਸੱਚੇ ਮਾਰਗ ਤੇ ਚਲਾਉਣ ਦੀ ਕ੍ਰਿਪਾ ਉਹ ਆਪ ਹੀ ਕਰਦਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੀ ‘‘ਨਿਹਕੰਟਕ ਰਾਜੁ’’ ਦੀ ਪ੍ਰਾਪਤੀ ਹੈ, ਜੋ ਕਿ ਸੱਚੁ ਦੀ ਕਮਾਈ ਦੇ ਰੂਪ ਵਿੱਚ ਹੈ। ‘‘ਨਿਹਕੰਟਕ ਰਾਜ’’ ਤੋਂ ਭਾਵ ਹੈ ਉਹ ਰਾਜ ਜਿਸ ਵਿੱਚ ਕੋਈ ਕੰਡਾ ਨਹੀਂ ਚੁੰਭਦਾ। ਇਹ ਕੰਡੇ ਸਾਡੇ ਮਨ ਦੇ ਮਾੜੇ ਵਿਚਾਰ ਹਨ, ਨਾਸਮਝ ਵਿਚਾਰ ਹਨ ਜਿਨ੍ਹਾਂ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੁੰਦੀ ਜੋ ਵਿਚਾਰ ਸਾਨੂੰ ਤ੍ਰਿਸ਼ਨਾਵਾਂ ਵਿੱਚ ਪਾਉਂਦੇ ਹਨ, ਮਾਇਆ ਮੋਹ ਵਿੱਚ ਪਾਉਂਦੇ ਹਨ ਭਾਵ ਮਨੁੱਖ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਜੋ ਮਾਰਗ ਭਗਤੀ ਦਾ ਉਲਟ ਮਾਰਗ ਹੈ।

ਨਿਹਕੰਟਕ ਰਾਜ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਰਾਜ ਹੈ, ਗੁਰਮਤਿ ਵਾਲੇ ਸੱਚੇ ਵਿਚਾਰਾਂ ਦਾ, ਗੁਰੂ ਦੇ ਸਮਝਾਏ ਹੋਏ ਸੱਚੇ ਗਿਆਨ ਦਾ ਰਾਜ ਹੈ, ਸਾਡੇ ਅੰਦਰ ਸੱਚੀ ਸਮਝ ਦਾ ਰਾਜ ਹੈ ਜੋ ਪੂਰੀ ਤਰ੍ਹਾਂ ਮਨੁੱਖੀ ਸਰੀਰ ਨੂੰ ਭਗਤੀ ਦੇ ਮਾਰਗ ਤੇ, ਧਰਮ ਦੇ ਮਾਰਗ ਤੇ ਚਲਾਉਂਦੀ ਹੈ। ਇਹ ‘‘ਰਾਜੁ’’ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਮਿਲਦਾ ਹੈ, ਸੱਚੁ ਦੀ ਕਮਾਈ ਕਰਨ ਦੁਆਰਾ ਹੀ ਮਿਲਦਾ ਹੈ ਜਿਸ ਰਾਜ ਦੀ ਪ੍ਰਾਪਤੀ ਦੁਆਰਾ ਮਨੁੱਖ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ ਭਾਵ ਉਸਨੂੰ ਸਮਝ ਪੈ ਜਾਂਦੀ ਹੈ ਕਿ ਇਸ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਗੁਰੂ ਸਾਹਿਬਾਨ ਨੇ, ਭਗਤਾਂ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਇਹੋ ਜਿਹੇ ਰਾਜ ਦੀ ਪ੍ਰਾਪਤੀ ਹੀ ਕੀਤੀ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਸੱਚੇ ਤਖਤ ਤੇ ਬੈਠੇ ਹਨ, ਸੱਚੇ ਗਿਆਨ ਦੇ ਤਖਤ ਤੇ, ਬ੍ਰਹਮ ਗਿਆਨ ਰੂਪ ਤਖਤ ਤੇ ਬੈਠੇ ਹਨ ਜਿਸ ਤਖਤ ਤੇ ਬੈਠ ਕੇ ਤਖਤ ਦਾ ਰਾਜਾ ਨਿਆਉ ਹੀ ਕਰਦਾ ਹੈ ਭਾਵ ਸਭ ਨੂੰ ਭਗਤੀ ਦੇ ਮਾਰਗ ਦੀ ਸੱਚੀ ਮਤਿ ਹੀ ਦਿੰਦਾ ਹੈ ਜਿਸ ਤੇ ਚੱਲਣ ਦੁਆਰਾ ਮਨ ਦੇ ਵਿੱਚ ਹੀ ਸਤਸੰਗਤਿ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ‘‘ਸਤਸੰਗਤਿ’’ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੀ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ‘‘ਸਤਸੰਗਤਿ’’ ਦੀ ਪ੍ਰਾਪਤੀ ਕਰਨਾ, ‘‘ਸਚੁ’’ ਦੀ ਕਮਾਈ ਕਰਨਾ ਹੀ ਸਾਡੇ ਜੀਵਨ ਦਾ ਮਨੋਰਥ ਹੈ ਜਿਸ ਮਨੋਰਥ ਦੀ ਪੂਰਤੀ ਗੁਰੂ ਦਾ ਉਪਦੇਸ਼ ਜਪਣ ਦੁਆਰਾ ਹੀ ਭਾਵ ਉਪਦੇਸ਼ ਮੰਨਣ ਦੁਆਰਾ ਹੀ ਹੋ ਸਕਦੀ ਹੈ।
(**ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ॥ ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ॥ ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿ ਆਈ॥ ਐਥੈ ਸੁਖਦਾਤਾ ਮਨਿ ਵਸੈ ਅੰਤਿ ਹੋਇ ਸਖਾਈ॥ ਹਰਿ ਸਿਉ ਪ੍ਰੀਤਿ ਉਪਜੀ ਗੁਰਿ ਸੋਝੀ ਪਾਈ॥**)

“ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ॥
ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥
ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ॥੧੧॥”

(ਅੰਗ ੧੦੯੦)

ਇਸ ਸ਼ਬਦ ਰਾਹੀਂ ਪ੍ਰਮਾਤਮਾ ਨੂੰ ਗੁਰੂ ਦੇ ਸ਼ਬਦ ਦੁਆਰਾ ਭਾਵ ਗੁਰੂ ਦੇ ਗਿਆਨ ਦੁਆਰਾ ਪਾਉਣ ਦੀ, ਜਪਣ ਦੀ ਵਿਧੀ ਸਮਝਾਈ ਹੈ। ਗੁਰੂ ਦੇ ਸ਼ਬਦ ਦਾ ਮਕਸਦ ਇਹ ਹੈ ਕਿ ਅਸੀਂ ਉਸ ਵਿੱਚੋਂ ਹਰਿ ਦਾ ਭਾਵ ਪ੍ਰਮਾਤਮਾ ਦਾ ਭੇਦ ਜਾਣੀਏ ਕਿ ਉਸਨੂੰ ਕਿਵੇਂ ਜਪਿਆ ਜਾ ਸਕਦਾ ਹੈ, ਬੁੱਝਿਆ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ ਭਾਵ ਪਾਇਆ ਜਾ ਸਕਦਾ ਹੈ। ਜਦ ਤੱਕ ਅਸੀਂ ਗੁਰੂ ਦੇ ਸ਼ਬਦ ਨੂੰ, ਉਪਦੇਸ਼ ਨੂੰ ਨਹੀਂ ਭੇਦਾਂਗੇ ਭਾਵ ਉਸ ਵਿੱਚ ਨਹੀਂ ਖੁੰਭਾਂਗੇ ਭਾਵ ਜਦ ਤੱਕ ਉਸਦਾ ਮੰਤਵ ਨਹੀਂ ਸਮਝਾਂਗੇ, ਅਸੀਂ ਪ੍ਰਮਾਤਮਾ ਨੂੰ ਕਿਵੇਂ ਬੁੱਝ ਸਕਦੇ ਹਾਂ ਕਿ ਪ੍ਰਮਾਤਮਾ ਕੀ ਹੈ ਅਤੇ ਉਸਨੂੰ ਕਿਵੇਂ ਪਾਇਆ ਜਾ ਸਕਦਾ ਹੈ, ਜਪਿਆ ਜਾ ਸਕਦਾ ਹੈ। ਇਹ ਗੁਰੂ ਦੇ “ਸ਼ਬਦ ਭਾਵ” ਨੂੰ ਭੇਦ ਕੇ ਹੀ ਹੋ ਸਕਦਾ ਹੈ। ਭੇਦਣਾ ਤਾਂ ਅਸੀਂ ਸ਼ਬਦ ਦੇ ਅੰਦਰ ਦੀ ਸਮਝ ਨੂੰ ਹੈ, ਸ਼ਬਦ ਦੇ ਮਕਸਦ ਨੂੰ ਹੈ ਤੇ ਉਸ ਦੇ ਅੰਦਰ ਦੀ ਸਮਝ ਨੂੰ ਹੀ ਆਪਣੇ ਅੰਦਰ ਜਪਣਾ ਹੈ। ਜਪਣ ਤੋਂ ਭਾਵ ਗੁਰੂ ਦੀ ਗੱਲ ਨੂੰ ਮੰਨਣ ਦੇ ਨਾਲ ਹੈ ਤਾਂ ਜੋ ਉਸ ਅਨੁਸਾਰ ਚੱਲ ਸਕੀਏ। **(ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ॥)** ਗੁਰੂ ਦਾ ਉਪਦੇਸ਼ ਮੰਨਣ ਲਈ ਮਨ ਦੇ ਨਾਲ ਜੂਝਣਾ ਪੈਂਦਾ ਹੈ ਕਿਉਂਕਿ ਗੁਰੂ ਦਾ ਉਪਦੇਸ਼, ਉਸਦਾ ਭਾਣਾ ਮੰਨਣਾ ਬਹੁਤ ਔਖਾ ਹੈ। ਇਹ ਹੀ ਮਨ ਦਾ ਮਾਰਨ ਹੈ। ਗੁਰੂ ਦੇ ਉਪਦੇਸ਼ ਨੂੰ ਮਨ ਦੇ ਵਿੱਚ ਵਿਚਾਰਨਾ ਹੀ ਸ਼ਬਦ ਦਾ ਜਪਿ ਕਰਨਾ ਹੈ ਭਾਵ ਨਾਮ ਜਪਣਾ ਹੈ। **"ਮਨਿ ਵੀਚਾਰਿ"** ਤੋਂ ਭਾਵ ਹੈ ਉਸਨੂੰ ਮੰਨ ਲੈਣਾ, ਉਸਨੂੰ ਮਨ ਦੇ ਵਿੱਚ ਵਿਚਾਰ ਲੈਣਾ, ਸ਼ਬਦ ਦਾ ਵਿਚਾਰੀ ਬਣ ਜਾਣਾ। ਇਹੋ ਜਿਹਾ ਜਪ ਕਰਕੇ ਹੀ ਮਨੁੱਖ ਪ੍ਰਮਾਤਮਾ ਦੀ ਦਰਗਾਹ ਵਿੱਚ ਕਬੂਲ ਹੁੰਦਾ ਹੈ। “ਹਰਿ” ਦੀ ਦਿੱਤੀ ਹੋਈ ਸਮਝ ਨੂੰ, ਸ਼ਬਦਾਂ ਰਾਹੀਂ ਦਿਤੀ ਹੋਈ ਮਤਿ ਨੂੰ ਸਮਝ ਕੇ ਉਸ ਤੇ ਅਮਲ ਕਰਨਾ ਹੀ ਹਰਿ ਹਰਿ ਜਪਣਾ ਹੈ, ਉਸ ਦੀ ਸ਼ਰਨ ਵਿੱਚ ਆਉਣਾ ਹੈ। ਗੁਰੂ ਦੇ ਉਪਦੇਸ਼ ਨੂੰ ਮਨ ਕੇ ਵਿਚਾਰਨਾ ਹੀ ਹਰਿ ਜਪੁ ਹੈ। **(ਮਨਿ ਵੀਚਾਰਿ ਹਰਿ ਜਪੁ ਕਰੇ)** ਧਿਆਨ ਨਾਲ ਸਮਝੋ ਕਿ “ਹਰਿ ਜਪਿ” ਕੀ ਹੈ। ਜਦ ਤੱਕ ਅਸੀਂ ਸ਼ਬਦ ਨੂੰ ਵਿਚਾਰਿਆ ਹੀ ਨਹੀਂ, ਸਮਝਿਆ ਹੀ ਨਹੀਂ ਫਿਰ ਸ਼ਬਦ ਦਾ ਮਕਸਦ ਹੀ ਕੀ ਰਹਿ ਗਿਆ। ਕਿਸੇ ਸ਼ਬਦ ਨੂੰ ਪੜ੍ਹਿਆ ਜਾਂ ਨਾ ਪੜ੍ਹਿਆ ਕੀ ਫਰਕ ਪੈਂਦਾ ਹੈ। ਸ਼ਬਦ ਸਾਨੂੰ ਕੁੱਝ ਸਿਖਾਉਣ ਲਈ ਹੈ। ਸ਼ਬਦ ਕੋਲੋਂ ਸਿੱਖਿਆ ਲੈਣ ਦੀ ਬਜਾਇ ਮੁੱਖੋਂ ਸ਼ਬਦ-ਸ਼ਬਦ ਬੋਲੀ ਜਾਵਾਂਗੇ ਤੇ ਫਿਰ ਗੁਰੂ ਖੁਸ਼ ਕਿਵੇਂ ਹੋ ਸਕਦਾ ਹੈ। ਗੁਰੂ ਤਾਂ ਹੀ ਖੁਸ਼ ਹੁੰਦਾ ਹੈ ਜਦੋਂ ਅਸੀਂ ਸ਼ਬਦ ਦੇ ਮਕਸਦ ਨੂੰ ਪੂਰਾ ਕਰਦੇ ਹਾਂ, ਗੁਰੂ ਦੇ ਕਹੇ ਨੂੰ ਮੰਨਦੇ ਹਾਂ।

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥}

(ਅੰਗ 578)

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥}

(ਅੰਗ 409)

“ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ॥
ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ॥
ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ॥
ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ
ਵਡਭਾਗਿ ਜਪੀਐ ਹਰਿ ਜਸੋ॥4॥”

(ਅੰਗ 1113)

“ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ॥
ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ॥5॥”

(ਅੰਗ 1113)

ਇਨ੍ਹਾਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ''ਗੁਰ ਸ਼ਬਦਿ'' ਤੋਂ ਭਾਵ ਕੀ ਹੈ। ਇਸ ਦੀ ਵਰਤੋਂ ਬਾਣੀ ਵਿੱਚ ਵਾਰ-ਵਾਰ ਹੋਈ ਹੈ, ਇਸ ਲਈ ਸਮਝਣਾ ਬਹੁਤ ਜ਼ਰੂਰੀ ਹੈ। **"ਗੁਰ ਸਬਦਿ"** ਤੋਂ ਭਾਵ ਗੁਰੂ ਦੀ ਗੱਲ ਦੇ ਭਾਵ ਨੂੰ, ਮੰਤਵ ਨੂੰ ਪਛਾਨਣਾ ਹੈ ਕਿ ਇਸ ਵਿੱਚ ਗੁਰੂ ਦਾ ਉਪਦੇਸ਼ ਕੀ ਹੈ ਤੇ ਉਸਨੂੰ ਸਮਝ ਕੇ ਅਸੀਂ ਆਪਣੇ ਮਨ ਨੂੰ ਸਮਝਾਉਣਾ ਹੈ ਭਾਵ ਮਨ ਨਾਲ ਜੂਝਣਾ ਹੈ ਕਿ ਇਸ ਤੇ ਅਮਲ ਕਰੀਏ। ਸਬਦਿ ਤੋਂ ਭਾਵ ਗੁਰੂ ਦੇ ਗਿਆਨ ਨਾਲ ਹੀ ਹੈ। ਗੁਰੂ ਦਾ ਸ਼ਬਦ ਸਾਨੂੰ ਮਨ ਦੀ ਮੈਲ ਛੱਡਣ ਲਈ ਸਮਝਾ ਰਿਹਾ ਹੈ ਤੇ ਜੇਕਰ ਅਸੀਂ ਸ਼ਬਦ ਦੀ ਇਸ ਗੱਲ ਨੂੰ ਮੰਨ ਰਹੇ ਹਾਂ, ਅਸੀਂ ਸ਼ਬਦ ਨੂੰ ਜਪ ਰਹੇ ਹਾਂ। ਜਦ ਤੱਕ ਅਸੀਂ ਸ਼ਬਦ ਦੇ ਮਕਸਦ ਨੂੰ ਨਹੀਂ ਪਛਾਣਦੇ ਤਦ ਤੱਕ ਸ਼ਬਦ ਦੀ ਕੀਮਤ ਨਹੀਂ ਪੈ ਸਕਦੀ। ਸ਼ਬਦ ਦੀ ਕੀਮਤ ਉਸਦੇ ਅੰਦਰ ਛੁਪੇ ਹੋਏ ਉਸ ਵੱਖਰ ਦੀ ਹੈ ਜਿਸਨੇ ਇਸਨੂੰ ਕੀਮਤੀ ਬਣਾਇਆ ਹੈ। ਅਸੀਂ ਉਸ ਵੱਖਰ ਦੀ ਪ੍ਰਾਪਤੀ ਕਰਨੀ ਹੈ ਜਿਸਨੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ। ਇਹ ''ਵਖਰ'' ਸ਼ਬਦ ਦੇ ਅੰਦਰ ਦੀ ਸੋਝੀ ਹੈ ਤੇ ਸ਼ਬਦ ਦੀ ਕੀਮਤ ਉਸਦੇ ਅੰਦਰ ਛੁਪੀ ਹੋਈ ਸੋਝੀ ਕਰਕੇ ਹੀ ਹੈ। ਸ਼ਬਦ ਹੀ ਨਾਮ ਹੈ। ਸ਼ਬਦ ਦੇ ਅੰਦਰ ਦੀ ਸੋਝੀ ਹੀ ''ਨਾਮ ਵਖਰ'' ਹੈ, ਨਾਮ ਦਾ ਧੰਨ ਹੈ ਜਿਸ ਦੀ ਪ੍ਰਾਪਤੀ ਕਰਨੀ ਹੈ। ਸ਼ਬਦ ਹੀ ਗੁਰੂ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰੂ ਕਿਸ ਗੱਲ ਕਰਕੇ ਸਭ ਤੋਂ ਵੱਡਾ ਹੈ। ਗੁਰੂ ਆਪਣੇ ਗਿਆਨ ਕਰਕੇ ਉੱਚਾ ਹੈ ਭਾਵ ਗੁਰੂ ਦੀ ਸੋਝੀ ਸਾਡੇ ਨਾਲੋਂ ਬਹੁਤ ਉੱਚੀ ਹੈ। ਗੁਰੂ ਦੇ ਅੰਦਰ ਸੋਝੀ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਪਾਈ ਹੈ। ਗੁਰੂ ਕੋਲ ''ਸਹਜ'' ਦੀ ਅਵੱਸਥਾ ਵਾਲਾ ਗਿਆਨ ਹੈ, ਚੌਥੇ ਪਦ ਵਾਲਾ ਗਿਆਨ ਹੈ, ਬ੍ਰਹਮ ਗਿਆਨ ਹੈ। ਹਰ ਮਨੁੱਖ ਦੀ ਅਵੱਸਥਾ ਤ੍ਰੈਗੁਣਾਂ ਵਾਲੀ ਹੈ। ਗੁਰੂ ਵਿੱਚ ਤੇ ਮਨੁੱਖ ਵਿੱਚ ਕੇਵਲ ਗਿਆਨ ਦਾ ਹੀ ਅੰਤਰ ਹੈ ਜਿਸ ਕਰਕੇ ਗੁਰੂ ਪ੍ਰਮਾਤਮਾ ਨੂੰ ਜਾਣਦਾ ਹੈ ਤੇ ਆਮ ਮਨੁੱਖ ਪ੍ਰਮਾਤਮਾ ਨੂੰ ਨਹੀਂ ਸਮਝ ਸਕਦਾ।

ਗੁਰੂ ਕੋਲ ਜੋ ''ਨਾਮ ਧਨ'' ਹੈ, ''ਨਾਮ ਵਖਰ'' ਹੈ ਉਹ ਉਸਦੀ ਉੱਚੀ ਸੋਝੀ ਹੈ ਜੋ ਉਸਨੂੰ ਪ੍ਰਮਾਤਮਾ ਨੇ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੱਤੀ ਹੈ। ਨਾਮ ਧੰਨ ਦਾ, ਨਾਮ ਵੱਖਰ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਉਹ ਆਪਣੇ ਇਸ ਧੰਨ ਦੁਆਰਾ ਹੀ ਸਭ ਜਗ੍ਹਾ ਤੇ ਸਭ ਵਿੱਚ ਵਿਚਰਦਾ ਹੈ, ਗੁਪਤ ਰੂਪ ਵਿੱਚ ਵਿਚਰਦਾ ਹੈ, ਨਿਰਗੁਣ ਰੂਪ ਵਿੱਚ ਵਿਚਰਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਨਾਮ ਧੰਨ ਦੇ ਰੂਪ ਵਿੱਚ ਹੀ ਹੈ ਜਿਸ ਨਾਮ ਧੰਨ ਨੂੰ ਉਸਨੇ ਆਪਣੇ ਸ਼ਬਦਾਂ ਦੁਆਰਾ ਪਾਇਆ ਹੋਇਆ ਹੈ। ਹਰ ਸ਼ਬਦ ਦੇ ਅੰਦਰ ਦੀ ''ਸੋਝੀ'' ''ਨਾਮ ਧਨ'' ਹੈ, ''ਨਾਮ ਵਖਰ'' ਹੈ ਤੇ ਆਪਣੇ ਜੀਵਨ ਵਿੱਚ ਅਸੀਂ ਇਹੋ ਜਿਹੇ ਨਾਮ ਧੰਨ ਦੀ ਪ੍ਰਾਪਤੀ ਕਰਨੀ ਹੈ, ਵੱਖਰ ਦੀ ਪ੍ਰਾਪਤੀ ਕਰਨੀ ਹੈ। ਪ੍ਰਮਾਤਮਾ ਦੇ ਨਾਲ ਸਾਨੂੰ ਇਸ ਧੰਨ ਨੇ ਮਿਲਾਉਣਾ ਹੈ। ਇਹ ਸੱਚੇ ਗਿਆਨ ਦਾ ਧੰਨ ਹੈ, ਗਿਆਨ ਰੂਪ ਰਾਸਿ ਹੈ, ਪੂੰਜੀ ਹੈ ਜਿਸ ਪੂੰਜੀ ਨਾਲ ਸਾਨੂੰ ਉਸ ਸੌਦੇ ਦੀ ਪ੍ਰਾਪਤੀ ਹੁੰਦੀ ਹੈ, ਵੱਖਰ ਦੀ ਪ੍ਰਾਪਤੀ ਹੁੰਦੀ ਹੈ ਜੋ ਸੌਦਾ ਲੈਣਾ ਸਾਡੇ ਜੀਵਨ ਦਾ ਮਕਸਦ ਹੈ। ਇਹ ਨਾਮ-ਧੰਨ ਦੀ ਰਾਸਿ ਪ੍ਰਮਾਤਮਾ ਆਪ ਹੀ ਕਿਸੇ ਨੂੰ ਸੌਂਪਦਾ ਹੈ ਜਿਵੇਂ ਕਿ ਉਸਨੇ ਆਪਣੇ ਗੁਰੂ ਰੂਪ ਨੂੰ ਸੌਂਪਿਆ ਹੈ, ਆਪਣੇ ਮੇਲ ਦੁਆਰਾ ਸੌਂਪਿਆ ਹੈ।

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥}

(ਅੰਗ ੧੧੦੨)

ਇਸ ਧੰਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਇਸ ਧੰਨ ਦੁਆਰਾ ਵਿਚਰੀਏ ਭਾਵ ਇਸ ਧੰਨ ਨੂੰ ਖਰਚ ਕਰੀਏ। ਇਸ ਧੰਨ ਨੂੰ ਇਕੱਠਾ ਕਰਨਾ ਹੋਰ ਗੱਲ ਹੈ ਤੇ ਇਸਨੂੰ ਖਰਚਣਾ ਹੋਰ ਗੱਲ ਹੈ। ਇਸ ਧੰਨ ਨੂੰ ਇਕੱਠਾ ਕਰਕੇ ਅਸੀਂ ਪੰਡਿਤ ਜਾਂ ਗਿਆਨੀ ਜਰੂਰ ਅਖਵਾ ਸਕਦੇ ਹਾਂ ਪਰ ਉਸ ਨਾਲ ਇਸ ਧੰਨ ਦਾ ਮਕਸਦ ਪੂਰਾ ਨਹੀਂ ਹੁੰਦਾ। ਇਹ ਧੰਨ ਸਾਨੂੰ ਆਚਾਰੀ ਬਣਾਉਣ ਲਈ ਹੈ, ਸਾਡੀ ਸੰਸਾਰਿਕ ਵਿਚਰਨ ਚੰਗੀ ਬਣਾਉਣ ਲਈ ਹੈ। ਉੱਪਰ ਮੁੱਖ ਸ਼ਬਦ ਰਾਹੀਂ ਸਾਨੂੰ ਇਹੋ ਜਿਹਾ ਧੰਨ ਇਕੱਠਾ ਕਰਕੇ ਉਸਨੂੰ ਖਰਚਣਾ ਸਮਝਾਇਆ ਹੋਇਆ ਹੈ।

"ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ॥
ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ॥"

ਬੜੇ ਧਿਆਨ ਨਾਲ ਸਮਝੋ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਕੀ ਸਮਝਾਇਆ ਗਿਆ ਹੈ। ਉੱਪਰ ਸਾਨੂੰ ਹਰਿ ਹਰਿ ਨਾਮ ਜਪਣਾ ਹੀ ਸਿਖਾਇਆ ਗਿਆ ਹੈ। ਅਸੀਂ ਜੋ ਧੰਨ ਇਕੱਠਾ ਕਰਨਾ ਹੈ, ਜੋ ਧੰਨ ਸੰਚਣਾ ਹੈ ਉਹ ਹਰਿ ਹਰਿ ਨਾਮ ਵਖਰ ਹੈ। ਹਰਿ ਹਰਿ ਨਾਮ ਵਖਰ ਨੂੰ ਅਸੀਂ ਸ਼ਬਦ ਦੁਆਰਾ ਪ੍ਰਾਪਤ ਕਰਨਾ ਹੈ। ਸ਼ਬਦ ਦਾ ਮਕਸਦ ਸਾਨੂੰ ਸੋਝੀ ਪਾਉਣ ਨਾਲ ਹੈ। ਨਾਮ ਵਖਰ ਦੀ ਪ੍ਰਾਪਤੀ ਸਾਨੂੰ ਸ਼ਬਦ ਦਾ ਭਾਵ, ਸ਼ਬਦ ਦਾ ਮੰਤਵ ਸਮਝ ਕੇ ਹੋਣੀ ਹੈ। ਸ਼ਬਦ ਰਾਹੀਂ ਗੁਰੂ ਨੇ ਜੋ ਸਾਨੂੰ ਸੋਝੀ ਪਾਈ ਹੈ, ਜੋ ਕੁੱਝ ਸ਼ਬਦ ਰਾਹੀਂ ਸਾਨੂੰ ਸਮਝਾਇਆ ਹੈ, ਉਹ ''ਹਰਿ ਹਰਿ ਨਾਮ ਵਖਰ'' ਹੈ। ਅਸੀਂ ਸ਼ਬਦ ਦੁਆਰਾ ਪਾਈ ਹੋਈ

ਸੋਝੀ ਨੂੰ ਸਮਝਣਾ ਹੈ ਜੋ ਕਿ ਸਾਡਾ ਸਭ ਤੋਂ ਪਹਿਲਾ ਫਰਜ਼ ਹੈ। **(ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ॥)** ਗੁਰੂ ਦੇ ਸ਼ਬਦ ਨੂੰ ਪੜ੍ਹਨ ਜਾਂ ਸੁਣਨ ਦਾ ਮਕਸਦ ਇਹੀ ਹੈ ਕਿ ਅਸੀਂ ਉਸ ਵਿੱਚੋਂ ਸੋਝੀ ਲਈਏ, ਨਾਮ ਧੰਨ ਲਈਏ, ਨਾਮ ਦਾ ਵਖਰ ਲਈਏ। ਇਸ ਵਖਰ ਨੂੰ ਲੈ ਕੇ ਭਾਵ ਇਸ ਸੋਝੀ ਨੂੰ ਲੈ ਕੇ ਅਸੀਂ ਕੀ ਕਰਨਾ ਹੈ, ਕਿਵੇਂ ਵਰਤਣਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਸ਼ਬਦ ਦੀ ਹਰ ਪੰਗਤੀ ਦੂਸਰੀ ਪੰਗਤੀ ਨਾਲ ਜੁੜੀ ਹੁੰਦੀ ਹੈ ਤੇ ਸ਼ਬਦ ਦੇ ਭਾਵ ਨੂੰ ਸਪੱਸ਼ਟ ਕਰਦੀ ਜਾਂਦੀ ਹੈ। ਉੱਪਰ ਸ਼ਬਦ ਵਿੱਚ ਅਗਲੀ ਪੰਗਤੀ ਪਿਛਲੀ ਪੰਗਤੀ ਨੂੰ ਇਸ ਤਰ੍ਹਾਂ ਸਪੱਸ਼ਟ ਕਰ ਰਹੀ ਹੈ।

“ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ॥”

ਸ਼ਬਦ ਨੂੰ ਪੜ੍ਹਨ, ਸੁਣਨ ਦੁਆਰਾ ਅਸੀਂ ਜੋ ਸੋਝੀ ਲਈ ਹੈ, ਜੋ ਨਾਮ ਧੰਨ, ਜੋ ਨਾਮ ਵਖਰ ਲਿਆ ਹੈ ਉਸ ਦੁਆਰਾ ਅਸੀਂ ਕੀ ਕਰਨਾ ਹੈ, ਇਹੀ ਗੱਲ ਉੱਪਰ ਸਮਝਾਈ ਹੋਈ ਹੈ। ਸ਼ਬਦ ਦਾ ਮਕਸਦ ਸਾਡੇ ਮਨ ਦੀ ਮੈਲ ਕੱਢਣ ਲਈ ਹੈ। ਸਾਡੇ ਮਨ ਦੀ ਮੈਲ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਹਉਮੈ ਹੈ, ਭਰਮ ਹੈ ਜਿਸ ਦੇ ਰਹਿੰਦਿਆਂ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਭਾਵ ਪੂਰਨ ਸੱਚ ਦੀ ਸਮਝ ਨਹੀਂ ਪੈਂਦੀ। ਇਹ ਹਉਮੈ ਦੀ ਮੈਲ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਈ ਹੋਈ ਹੈ। ਹਉਮੈ ਸਾਡੇ ਨਾਲ ਹੀ ਪੈ ਕੇ ਆਉਂਦੀ ਹੈ ਜੋ ਸਾਨੂੰ ਮਨਮਤਿ ਵਿੱਚ ਰੱਖਦੀ ਹੈ। ਇਹ ਮੈਲ ਸਾਡੀ ਮਨਮਤਿ ਹੈ ਜਿਸ ਨੂੰ ਕੇਵਲ ਗੁਰੂ ਦੀ ਮਤਿ ਹੀ ਧੋ ਸਕਦੀ ਹੈ, ਗੁਰੂ ਦਾ ਸੱਚਾ ਗਿਆਨ ਹੀ ਧੋ ਸਕਦਾ ਹੈ। ਸ਼ਬਦ ਦੇ ਗਿਆਨ ਦੁਆਰਾ ਸਾਨੂੰ ਗੁਰੂ ਦੀ ਮਤਿ ਹੀ ਮਿਲਦੀ ਹੈ ਤੇ ਗੁਰਮਤਿ ਦੀ ਸੱਚੀ ਸੋਝੀ ਹੀ ਨਾਮ ਧਨ ਹੈ, ਨਾਮ ਵਖਰ ਹੈ।

ਅਸੀਂ ਅਪਵਿੱਤਰ ਆਪਣੇ ਮਨ ਦੀ ਮੈਲ ਕਰਕੇ ਹਾਂ, ਮਨਮਤਿ ਕਰਕੇ ਹਾਂ, ਭਰਮਾਂ ਕਰਕੇ ਹਾਂ।

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥}

(ਅੰਗ ੪੭੨)

ਸੱਚਾ ਪਾਸਾ ਕੇਵਲ ਇੱਕ ਗੁਰਮਤਿ ਹੈ, ਸੱਚਾ ਗਿਆਨ ਹੈ ਤੇ ਉਸ ਤੋਂ ਬਿਨ੍ਹਾਂ ਹਰ ਗੱਲ ਹਰ ਦੂਸਰੀ ਮਤਿ ਦੂਸਰਾ ਪਾਸਾ ਹੈ ਭਾਵ ਮਨਮਤਿ ਹੈ, ਦੁਰਮਤਿ ਹੈ। ਗੁਰਮਤਿ ਸੱਚੇ ਗਿਆਨ ਦਾ ਪਾਸਾ ਹੈ ਤੇ ਮਨਮਤਿ ਭਰਮ ਦਾ ਪਾਸਾ ਹੈ। “ਸੂਤਕੁ” ਤੋਂ ਭਾਵ ਹੈ “ਅਪਵਿੱਤਰਤਾ” ਮਨ ਦੀ ਅਪਵਿੱਤਰਤਾ। ਹਰ ਅਪਵਿੱਤਰਤਾ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਹੈ ਜੋ ਸਾਨੂੰ ਗੁਰਮਤਿ ਤੋਂ ਦੂਰ ਕਰਦਾ ਹੈ। ਗੁਰਮਤਿ ਦਾ ਮਕਸਦ, ਸ਼ਬਦ ਦਾ ਮਕਸਦ ਸਾਨੂੰ ਇਸ ਭਰਮ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਸਾਡਾ ਮਨ ਪਵਿੱਤਰ ਹੋ ਸਕੇ। ਭਰਮ ਸਾਨੂੰ ਅਪਵਿੱਤਰ ਕਰਦਾ ਹੈ ਤੇ ਗੁਰੂ ਦਾ ਸੱਚਾ ਗਿਆਨ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਪਵਿੱਤਰ ਕਰਦਾ ਹੈ।

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥}

(ਅੰਗ ੪੭੨)

ਸਾਡੇ ਔਗੁਣ ਸਾਨੂੰ ਅਪਵਿੱਤਰ ਕਰਦੇ ਹਨ। ਜੋ ਕੁੱਝ ਵੀ ਅਸੀਂ ਗੁਰਮਤਿ ਤੋਂ ਉਲਟ ਕਰਦੇ ਹਾਂ ਉਸ ਦੁਆਰਾ ਅਸੀਂ ਆਪਣੇ ਆਪ ਨੂੰ ਅਪਵਿੱਤਰ ਹੀ ਕਰਦੇ ਹਾਂ ਜਿਸ ਦਾ ਕਾਰਨ ਸਾਨੂੰ ਸੱਚੀ ਸੋਝੀ ਦਾ ਨਾ ਹੋਣਾ ਹੈ ਭਾਵ ਸੱਚੀ ਸੋਝੀ ਦਾ ਨਾ ਵੱਸਣਾ ਹੈ ਭਾਵ ਸਾਡੇ ਮਨ ਵਿੱਚ ਭਰਮ ਦਾ ਹੋਣਾ ਹੈ ਭਾਵ ਗੁਰਮਤਿ ਦਾ ਨਾ ਹੋਣਾ ਹੈ, ਮਨਮਤਿ ਵਾਲੀ ਸਮਝ ਦਾ ਹੋਣਾ ਹੈ। ਗੁਰਮਤਿ ਨੂੰ ਆਪਣੇ ਅੰਦਰ ਵਸਾਏ ਬਿਨ੍ਹਾਂ ਅਸੀਂ ਭਰਮਾਂ ਵਾਲੀ ਮਾੜੀ ਸਮਝ ਵਿੱਚੋਂ ਨਹੀਂ ਨਿਕਲ ਸਕਦੇ, ਮਨ ਦੀ ਮੈਲ ਨੂੰ ਨਹੀਂ ਧੋ ਸਕਦੇ, ਔਗੁਣਾਂ ਵਿੱਚੋਂ ਨਹੀਂ ਨਿਕਲ ਸਕਦੇ।

ਅਸੀਂ ਜੋ ਕੁੱਝ ਵੀ ਕਰਦੇ ਹਾਂ, ਮਨ ਦੀ ਸੋਝੀ ਦੁਆਰਾ ਹੀ ਕਰਦੇ ਹਾਂ। ਮਾੜੇ ਕਰਮ ਵੀ ਸਾਡੇ ਮਨ ਦੀ ਸੋਝੀ ਹੈ ਤੇ ਚੰਗੇ ਕਰਮ ਵੀ ਮਨ ਦੀ ਸੋਝੀ ਹੈ। ਮਾੜੇ ਤੇ ਚੰਗੇ ਮਨੁੱਖ ਵਿੱਚ ਕੇਵਲ ਮਨ ਦੀ ਸੋਝੀ ਦਾ ਫਰਕ ਹੀ ਹੁੰਦਾ ਹੈ। ਸਾਡੇ ਵਿੱਚ ਤੇ ਗੁਰੂ ਵਿੱਚ ਮਨ ਦੀ ਸੋਝੀ ਦਾ ਹੀ ਫਰਕ ਹੈ। ਗੁਰੂ ਆਪਣੀ ਸੋਝੀ ਦੁਆਰਾ ਚੰਗਾ ਹੈ ਤੇ ਅਸੀਂ ਆਪਣੀ ਸੋਝੀ ਦੁਆਰਾ ਮਾੜੇ ਹਾਂ। ਗੁਰੂ ਕੋਲ ਜੋ ਸੋਝੀ ਹੈ ਉਹ ਉਸ ਤੇ ਅਮਲ ਕਰਦਾ ਹੈ, ਕੇਵਲ ਕਥਨੀ ਨਹੀਂ ਕਰਦਾ। ਅਸੀਂ ਕੇਵਲ ਕਥਨੀ ਦੁਆਰਾ ਹੀ ਚੰਗੇ ਬਣਨਾ ਚਾਹੁੰਦੇ ਹਾਂ ਜਦ ਕਿ ਗੱਲ ਸਾਡੀ ਕਰਨੀ ਤੇ ਨਿਬੜਦੀ ਹੈ। ਗੁਰੂ ਦਾ ਮਕਸਦ, ਸ਼ਬਦ ਦਾ ਮਕਸਦ ਸਾਨੂੰ ਇਸ ਭਰਮ ਵਿੱਚੋਂ ਕੱਢਣ ਦਾ ਹੀ ਹੈ ਕਿ ਅਸੀਂ ਕਥਨੀ ਨਾਲ ਪਵਿੱਤਰ ਨਹੀਂ ਹੋ ਸਕਦੇ ਬਲਕਿ ਗੁਰੂ ਦੀ ਗੱਲ ਨੂੰ ਮੰਨ ਕੇ ਪਵਿੱਤਰ ਹੋ

ਸਕਦੇ ਹਾਂ। ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਮਨ ਦੀ ਅਪਵਿੱਤਰਤਾ ਵਿੱਚੋਂ ਕੱਢਣ ਦਾ ਹੀ ਹੈ ਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਗਿਆਨ ਨਾਲ ਜੁੜੀਏ, ਸ਼ਬਦ ਦੇ ਭਾਵ ਨੂੰ ਸਮਝ ਕੇ ਉਸ ਦੇ ਭਾਵ ਨਾਲ ਜੁੜੀਏ।

{ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥੧॥}

(ਅੰਗ ੪੭੨)

ਗਿਆਨ ਦਾ ਮਕਸਦ ਮਨ ਦੀ ਮੈਲ ਨੂੰ ਧੋਣ ਲਈ ਹੈ, ਭਰਮਾਂ ਨੂੰ ਕੱਢਣ ਲਈ ਹੈ। ਗਿਆਨ ਇਕੱਠਾ ਕਰੀ ਜਾਣ ਨਾਲ ਮਨ ਦੀ ਮੈਲ ਨਹੀਂ ਧੁਲ ਸਕਦੀ, ਭਰਮ ਨਹੀਂ ਨਿਕਲ ਸਕਦਾ ਤੇ ਅਸੀਂ ਸ਼ਬਦ ਦੇ ਵਿਚਾਰੀ ਨਹੀਂ ਬਣ ਸਕਦੇ, ਸ਼ਬਦ ਦੇ ਆਚਾਰੀ ਨਹੀਂ ਬਣ ਸਕਦੇ।

{ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

ਗਿਆਨੀ ਜਾਂ ਪੰਡਿਤ ਅਸਲ ਵਿੱਚ ਕੌਣ ਹੈ ਇਸ ਗੱਲ ਦੀ ਚਰਚਾ ਅੱਗੇ ਚੱਲ ਕੇ ਬਰੀਕੀ ਨਾਲ ਕਰਾਂਗੇ।

ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੁਣ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਸ਼ਬਦ ਦੀ ਮਤਿ ਦਾ ਮਕਸਦ ਕੀ ਹੈ।

"ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ॥
ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ॥"

ਸ਼ਬਦ ਦੇ ਵਖਰ ਨੇ ਭਾਵ ਸ਼ਬਦ ਦੀ ਸੋਝੀ ਨੇ ਸਾਡੇ ਮਨ ਦੀ ਅਗਿਆਨਤਾ ਨੂੰ ਹੀ ਧੋਣਾ ਹੈ ਜਿਸ ਦੁਆਰਾ ਸਾਡਾ ਮਨ ਨਿਰਮਲ ਹੋ ਸਕਦਾ ਹੈ, ਪਵਿੱਤਰ ਹੋ ਸਕਦਾ ਹੈ, ਭਰਮ ਰਹਿਤ ਹੋ ਸਕਦਾ ਹੈ। ਪ੍ਰਮਾਤਮਾ ਦਾ "ਮਹਲੁ", ਪ੍ਰਮਾਤਮਾ ਦਾ "ਘਰੁ" ਸ਼ਬਦ ਦੁਆਰਾ ਹੀ "ਨਿਰਮਲੁ" ਹੈ ਭਾਵ ਸੱਚੇ ਗਿਆਨ ਦੀ ਸੋਝੀ ਦੁਆਰਾ, ਬ੍ਰਹਮ ਗਿਆਨ ਦੀ ਸੋਝੀ ਦੁਆਰਾ ਹੀ "ਨਿਰਮਲੁ" ਹੈ ਤੇ ਉਹ ਭਰਮ ਦੀ ਮੈਲ ਤੋਂ ਰਹਿਤ ਹੈ, ਅਗਿਆਨਤਾ ਤੋਂ ਰਹਿਤ ਹੈ, ਹਉਮੈ ਤੋਂ ਰਹਿਤ ਹੈ, ਮਾਇਆ ਮੋਹ ਤੋਂ ਰਹਿਤ ਹੈ, ਤ੍ਰੈਗੁਣਾਂ ਵਾਲੀ ਸਮਝ ਤੋਂ ਰਹਿਤ ਹੈ। ਮਨ ਦੀ ਇਹ ਅਵੱਸਥਾ ਪੂਰਨ "ਸਚੁ" ਦੀ ਅਵੱਸਥਾ ਹੈ। ਇਹੋ ਜਿਹਾ "ਸਚੁ" ਪ੍ਰਮਾਤਮਾ ਦਾ ਘਰ ਹੈ। ਪ੍ਰਮਾਤਮਾ ਦੇ ਮਨ ਰੂਪ ਘਰ ਵਿੱਚ, ਮਹਲ ਵਿੱਚ ਮਨੁੱਖ ਇਹੋ ਜਿਹੀ ਮਨ ਦੀ ਅਵੱਸਥਾ ਦੁਆਰਾ ਹੀ ਵੱਸਦਾ ਹੈ। ਇਹ ਅਵੱਸਥਾ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਬਖਸ਼ਦਾ ਹੈ ਪਰ ਉਸ ਨੂੰ ਪਾਉਣ ਦਾ ਤਰੀਕਾ ਵੀ ਸਾਡੇ ਲਈ ਇਹੀ ਹੈ ਕਿ ਅਸੀਂ ਸ਼ਬਦ ਦੀ ਮਤਿ ਨੂੰ ਲੈ ਕੇ ਆਪਣੇ ਆਪ ਨੂੰ ਪਵਿੱਤਰ ਕਰਨ ਦੀ ਕੋਸ਼ਿਸ਼ ਕਰੀਏ, ਉੱਦਮ ਕਰੀਏ। ਸ਼ਬਦ ਦੀ ਮਤਿ ਲੈਣ ਦੀ ਬਜਾਇ ਜੇਕਰ ਮੁੱਖੋਂ ਸ਼ਬਦ-ਸ਼ਬਦ ਹੀ ਬੋਲੀ ਜਾਈਏ ਫਿਰ ਸਾਡੀ ਅਗਿਆਨਤਾ ਦੀ ਮੈਲ ਕਿਵੇਂ ਧੁਲ ਸਕਦੀ ਹੈ ਤੇ ਅਸੀਂ ਔਗੁਣਾਂ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ, ਸੱਚ ਨਾਲ ਕਿਵੇਂ ਜੁੜ ਸਕਦੇ ਹਾਂ।

{ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥}

(ਅੰਗ ੬੮੭)

ਨਾਮ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਹੀ ਦਿੰਦਾ ਹੈ, ਸ਼ਬਦ ਸਾਨੂੰ ਸੱਚ ਹੀ ਸਿਖਾਉਂਦਾ ਹੈ। ਜਦ ਤੱਕ ਸਾਡੇ ਅੰਦਰ ਸੱਚ ਨਹੀਂ ਵੱਸਦਾ, ਗੁਰੂ ਦੀ, ਸ਼ਬਦ ਦੀ ਮਤਿ ਨਹੀਂ ਵੱਸਦੀ ਤਦ ਤੱਕ ਹਰ ਕੋਈ ਰੋਗੀ ਹੈ, ਪੂਰਾ ਸੰਸਾਰ ਰੋਗੀ ਹੈ। ਪੂਰਨ ਸੱਚ ਦੀ ਸੋਝੀ ਬਿਨਾਂ ਹਰ ਕੋਈ ਰੋਗੀ ਹੈ। ਸਭ ਦੇ ਅੰਦਰ ਹਉਮੈ ਦੀ ਮੈਲ ਹੈ, ਭਰਮ ਦੀ ਮੈਲ ਹੈ। ਇਸ ਰੋਗ ਦਾ ਇਲਾਜ ਕੇਵਲ ਪ੍ਰਮਾਤਮਾ ਦਾ ਨਾਮ ਹੈ, ਬ੍ਰਹਮ ਗਿਆਨ ਹੈ ਜਿਸ ਦੁਆਰਾ ਉਹ ਸਾਨੂੰ ਸੱਚ ਦਾ ਮਾਰਗ ਸਮਝਾਉਂਦਾ ਹੈ। ਪੂਰੀ ਗੁਰਬਾਣੀ ਸਾਨੂੰ ਸੱਚ ਦਾ ਮਾਰਗ ਹੀ ਸਮਝਾ ਰਹੀ ਹੈ ਤੇ ਉਸ ਸੱਚ ਤੇ ਚੱਲ ਕੇ ਹੀ ਅਸੀਂ ਰੋਗ ਮੁਕਤ ਹੋ ਸਕਦੇ ਹਾਂ, ਸ਼ਬਦ ਦੀ ਮਤਿ ਨੂੰ ਮੰਨ ਕੇ ਹੀ, ਸੱਚ ਦੇ ਨਾਲ ਜੁੜ ਕੇ ਹੀ ਰੋਗ ਮੁਕਤ ਹੋ ਸਕਦੇ ਹਾਂ ਤੇ "ਸਚੁ" ਦੇ ਘਰ ਵਿੱਚ ਪਹੁੰਚਣ ਦਾ ਉੱਦਮ ਕਰ ਸਕਦੇ ਹਾਂ ਜੋ ਸਾਡੇ ਜੀਵਨ ਦਾ ਮਨੋਰਥ ਹੈ।

ਜਦ ਤੱਕ ਅਸੀਂ ਸ਼ਬਦ ਦੇ ਮਕਸਦ ਨੂੰ ਨਹੀਂ ਸਮਝਦੇ ਤਦ ਤੱਕ ਅਸੀਂ ਭਰਮ ਵਿੱਚ ਹੀ ਹਾਂ। ਸ਼ਬਦ ਦੀ ਕਥਨੀ ਨਾਲ ਅਸੀਂ ਸੱਚ ਨਾਲ ਨਹੀਂ ਜੁੜ ਸਕਦੇ। ਸੱਚ ਦੇ ਨਾਲ ਸਾਨੂੰ ਕਰਨੀ ਨੇ ਜੋੜਨਾ ਹੈ। ਅਸੀਂ ਹਰ ਰੋਜ਼ ਸ਼ਬਦਾਂ ਦਾ ਉਚਾਰਨ ਕਰਦੇ ਹਾਂ ਜਾਂ ਸੁਣਦੇ ਹਾਂ ਕਿ ਔਗੁਣ ਸਾਡੇ ਲਈ ਮਾੜੇ ਹਨ ਤੇ ਗੁਣ ਚੰਗੇ ਹਨ। ਸਾਰਾ ਜੀਵਨ ਅਸੀਂ ਇਹ ਸਿੱਖਿਆ ਲੈਣ ਵਿੱਚ ਹੀ ਜੇਕਰ ਬਤੀਤ ਕਰ ਦੇਵਾਂਗੇ ਤਾਂ ਫਿਰ ਗੁਰੂ ਦੀ ਸਿੱਖਿਆ ਕਿਸ ਲੇਖੇ। ਅਸੀਂ ਬਸ ਇਸੇ ਗੱਲ ਨੂੰ ਹੀ ਆਪਣੀ ਭਗਤੀ ਸਮਝਿਆ ਹੋਇਆ ਹੈ ਤੇ ਗੁਰੂ ਦੀ ਗੱਲ ਤੇ ਅਮਲ ਕਰਨ ਨੂੰ ਕਿਨਾਰੇ ਕੀਤਾ ਹੋਇਆ ਹੈ ਭਾਵ ਕਥਨੀ ਨੂੰ ਹੀ ਭਗਤੀ ਸਮਝਿਆ ਹੋਇਆ ਹੈ। ਇਹ ਸਾਡਾ ਬਹੁਤ ਵੱਡਾ ਭਰਮ ਹੈ ਜਿਸਨੂੰ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

"ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥"

(ਅੰਗ ੫੬)

ਪੂਰੇ ਸ਼ਬਦ ਦੀ ਵਿਆਖਿਆ ਅੱਗੇ ਚੱਲ ਕੇ ਸਮਝਾਗੇ। ਸ਼ਬਦ ਦਾ ਮਕਸਦ ਸਾਨੂੰ ਇਹ ਸਮਝਾਉਣ ਲਈ ਹੈ ਕਿ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਜਾਂ ਸਮਝਾਈ ਜਾਣਾ ਕੇਵਲ ਕਥਨੀ ਹੈ ਜਿਸ ਨਾਲ ਸਾਨੂੰ ਕੋਈ ਲਾਭ ਨਹੀਂ ਮਿਲਦਾ। ਸ਼ਬਦਾਂ ਨੂੰ ਰਟੀ ਜਾਣ ਨਾਲ ਕੋਈ ਲਾਭ ਨਹੀਂ ਹੈ। ਅਸੀਂ ਕਥਨੀ ਨੂੰ ਆਪਣੀ ਭਗਤੀ ਸਮਝ ਕੇ ਇਕ ਝੂਠਾ ਵਿਸ਼ਵਾਸ ਰੱਖਿਆ ਹੋਇਆ ਹੈ। ਭਗਤੀ ਦਾ ਮਾਰਗ ਸਾਡੀ ਕਰਨੀ ਹੈ ਜੋ ਕਿ ਸਾਡੀ ਰਹਿਤ ਹੈ, ਰਹਿਣੀ ਹੈ ਭਾਵ ਸੰਸਾਰਿਕ ਵਿਚਰਨ ਹੈ ਕਿ ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ। ਜੇਕਰ ਅਸੀਂ ਚੰਗੇ ਕਰਮ ਕਰਦੇ ਹਾਂ ਤਾਂ ਸਾਡੀ ਰਹਿਣੀ ਚੰਗੀ ਹੈ ਭਾਵ ਸ਼ਬਦ ਦੇ ਮਕਸਦ ਅਨੁਸਾਰ ਹੈ। ਸ਼ਬਦਾਂ ਦੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਣਾ ਸਾਡੀ ਝੂਠੀ ਸਮਝ ਹੈ ਜਦ ਕਿ ਸ਼ਬਦਾਂ ਦਾ ਅਸਲ ਮਕਸਦ ਸਾਨੂੰ ਚੰਗੀ ਕਰਨੀ

ਸਿਖਾਉਣ ਨਾਲ ਹੈ ਤਾਂ ਜੋ ਅਸੀਂ ਔਗੁਣ ਛੱਡਕੇ ਵਿਚਰੀਏ ਭਾਵ ਗੁਣੀ ਬਣ ਕੇ ਸੰਸਾਰ ਵਿੱਚ ਵਿਚਰੀਏ। (**ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥**) ਜੇਕਰ ਰਹਿਣੀ ਮਾੜੀ ਹੈ ਫਿਰ ਜਿਤਨੇ ਮਰਜ਼ੀ ਸ਼ਬਦ ਪੜ੍ਹੀ ਜਾਵੋ, ਰਟੀ ਜਾਵੋ, ਕਿਸੇ ਅੱਖਰ ਨੂੰ ਰਟੀ ਜਾਵੋ ਉਸਦਾ ਕੀ ਲਾਭ ਭਾਵ ਕੇਵਲ ਇੱਕ ਦਿਖਾਵਾ ਹੈ, ਭੇਖ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥”

(ਅੰਗ 269)

ਗੱਲ ਸਾਡੀ ਰਹਿਤ ਤੇ ਹੀ ਨਿਬੜਦੀ ਹੈ ਕਿ ਸਾਡੀ ਰਹਿਣੀ ਬਹਿਣੀ ਕਿਹੋ ਜਿਹੀ ਹੈ, ਸਾਡੇ ਅੰਦਰ ਇਨਸਾਨੀਅਤ ਕਿਹੋ ਜਿਹੀ ਹੈ। ਕਮਾਈ ਤਾਂ ਅਸੀਂ ਉਸ ਪ੍ਰਮਾਤਮਾ ਦੀ ਕਰਨੀ ਚਾਹੁੰਦੇ ਹਾਂ, ਉਸ “ਸਚੁ” ਰੂਪ ਨੂੰ, “ਪ੍ਰਮਾਤਮਾ” ਨੂੰ ਪਾਉਣਾ ਚਾਹੁੰਦੇ ਹਾਂ ਪਰ ਰਹਿਤ ਸਾਡੀ ਮਾੜੀ ਹੈ ਭਾਵ ਉਹੋ ਜਿਹੀ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਅਸੀਂ ਚੰਗੇ ਕਰਮ ਕਰਨ ਦੁਆਰਾ ਹੀ ਜਪ ਸਕਦੇ ਹਾਂ ਜਿਵੇਂ ਕਿ ਸਾਨੂੰ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਗੁਰੂ ਦੀ ਮਤਿ ਨਾਲ ਪ੍ਰੀਤ ਗੁਰੂ ਨਾਲ ਪ੍ਰੀਤ ਹੈ। ਜੇਕਰ ਸਾਨੂੰ ਗੁਰਮਤਿ ਨਾਲ ਪ੍ਰੀਤ ਹੈ ਫਿਰ ਅਸੀਂ ਮਾੜੇ ਕਰਮ ਨਹੀਂ ਕਰ ਸਕਦੇ, ਮਾੜੀ ਰਹਿਤ ਨਹੀਂ ਰੱਖ ਸਕਦੇ। ਅਸੀਂ ਪ੍ਰਮਾਤਮਾ ਨਾਲ ਆਪਣੀ ਪ੍ਰੀਤ ਕਥਨੀ ਦੁਆਰਾ ਹੀ ਜਤਾਉਂਦੇ ਹਾਂ ਭਾਵ ਮੁੱਖੋਂ ਬੋਲ ਬੋਲ ਕੇ ਹੀ ਆਪਣੀ ਪ੍ਰੀਤ ਦਿਖਾਉਂਦੇ ਹਾਂ, ਪ੍ਰਮਾਤਮਾ ਨਾਲ ਆਪਣੀ ਗੰਢ ਪਾਉਣੀ ਚਾਹੁੰਦੇ ਹਾਂ, ਉਸ ਦੇ ਨਾਲ ਜੁੜਨਾ ਚਾਹੁੰਦੇ ਹਾਂ ਪਰ ਇਸ ਨੂੰ ਕੇਵਲ ਸਾਡਾ ਭੇਖ ਦੱਸਿਆ ਹੈ, ਦਿਖਾਵਾ ਦੱਸਿਆ ਹੈ। ਪ੍ਰਮਾਤਮਾ ਸਾਡੇ ਮਨ ਦੀ ਅਵੱਸਥਾ ਨੂੰ ਜਾਣਦਾ ਹੈ ਕਿ ਸਾਡੀ ਰਹਿਤ ਚੰਗੀ ਨਹੀਂ ਹੈ। ਉਹ ਇਹੋ ਜਿਹੇ ਦਿਖਾਵਿਆਂ ਨਾਲ ਭਾਵ ਕਥਨੀ ਕਰੀ ਜਾਣ ਨਾਲ ਸਾਡੇ ਨਾਲ ਨਹੀਂ ਭਿੱਜਦਾ। ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਆਪਣੀ ਪ੍ਰੀਤ ਦਿਖਾਉਣੀ ਚਾਹੁੰਦੇ ਹਾਂ ਤੇ ਫਿਰ ਉਹ ਕੇਵਲ ਉਸ ਦੀ ਗੱਲ ਤੇ ਅਮਲ ਕਰਕੇ ਹੀ ਦਿਖਾ ਸਕਦੇ ਹਾਂ। (**ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ** ॥)

ਸਾਡਾ ਮਕਸਦ ਪ੍ਰਮਾਤਮਾ ਦੇ ਨਾਲ ਜੁੜਨ ਦਾ ਹੈ, ਗੁਰੂ ਦੇ ਨਾਲ ਜੁੜਨ ਦਾ ਹੈ, ਸ਼ਬਦ ਦੇ ਨਾਲ ਜੁੜਨ ਦਾ ਹੈ। “ਸ਼ਬਦ” ਅੱਖਰਾਂ ਦੀ ਲਿਖਤ ਹੈ। ਸਮਝਣ ਦੀ ਗੱਲ ਇਹ ਹੈ ਕਿ ਅਸੀਂ ਅੱਖਰਾਂ ਦੀ ਲਿਖਤ ਦੇ ਨਾਲ ਜੁੜਨਾ ਹੈ ਜਾਂ ਅੱਖਰਾਂ ਦੀ ਸੋਝੀ ਦੇ ਨਾਲ ਜੁੜਨਾ ਹੈ। ਸ਼ਬਦ ਗੁਰੂ ਹੈ ਪਰ ਸਮਝਣ ਦੀ ਲੋੜ ਇਹ ਹੈ ਕਿ “ਸ਼ਬਦ” ਅੱਖਰਾਂ ਦੀ ਲਿਖਤ ਦੁਆਰਾ ਗੁਰੂ ਹੈ ਜਾਂ ਸ਼ਬਦ ਦੀ ਸੋਝੀ ਦੁਆਰਾ ਗੁਰੂ ਹੈ। ਆਓ ਇਸ ਗੱਲ ਨੂੰ ਹੇਠ ਦਿੱਤੀਆਂ ਹੋਈਆਂ ਪੰਗਤੀਆਂ ਦੁਆਰਾ ਸਮਝੀਏ।

“ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥”

(ਅੰਗ ੧੨੦)

ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਉਪਰਲੀਆਂ ਪੰਗਤੀਆਂ ਨੂੰ, ਤਾਂ ਜੋ ਅਸੀਂ ਭਰਮ ਵਿੱਚੋਂ ਨਿਕਲ ਸਕੀਏ ਕਿ ਸ਼ਬਦ ਨੂੰ ਜਪਣਾ ਕੀ ਹੈ। “ਲੇਖਾ” ਤੋਂ ਭਾਵ ਹੈ ਸ਼ਬਦ ਦੀ ਲਿਖਤ, ਅੱਖਰਾਂ ਦੀ ਲਿਖੀ ਹੋਈ ਲਿਖਤ। ਗੁਰਬਾਣੀ ਦਾ ਹਰ ਸ਼ਬਦ ਅੱਖਰਾਂ ਦੀ ਲਿਖਤ ਹੈ। ਅਸੀਂ ਆਪਣੇ ਆਪ ਨੂੰ ਸ਼ਬਦਾਂ ਦੀ ਲਿਖਤ ਪੜ੍ਹਨ ਤੱਕ ਹੀ ਰੱਖਿਆ ਹੋਇਆ ਹੈ। ਹਰ ਰੋਜ਼ ਅਸੀਂ ਲਿਖਤ ਪੜ੍ਹਦੇ ਹਾਂ, ਲਿਖਤ ਸੁਣਦੇ ਹਾਂ ਭਾਵ ਸ਼ਬਦ ਨੂੰ ਕਥਦੇ ਹਾਂ, ਸੁਣਦੇ ਹਾਂ। ਇਹ ਸਾਡੀ ਕਥਨੀ ਹੈ। ਸਾਨੂੰ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਨੂੰ ਕਥਨੀ ਦੁਆਰਾ ਨਹੀਂ ਪਾਇਆ ਜਾ ਸਕਦਾ। ਸ਼ਬਦਾਂ ਦੀ ਕਥਨੀ ਕੇਵਲ ਸ਼ਬਦਾਂ ਦੇ ਅੰਦਰ ਦੇ ਭਾਵ ਨੂੰ ਸਮਝਣ ਲਈ ਹੈ ਤਾਂ ਜੋ ਸ਼ਬਦਾਂ ਨੂੰ ਸਮਝ ਕੇ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰ ਸਕੀਏ। ਉੱਪਰ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਸ਼ਬਦਾਂ ਦੀ ਲਿਖਤ ਨੂੰ ਤਾਂ ਪੜ੍ਹੀ ਜਾਂਦੇ ਹਾਂ ਭਾਵ ਕੇਵਲ ਉਹਨਾਂ ਦੀ ਕਥਨੀ ਕਰੀ ਜਾਂਦੇ ਹਾਂ ਪਰ ਸ਼ਬਦਾਂ ਨੂੰ ਤਾਂ ਹੀ ਕਥੀਏ ਜੇਕਰ ਪ੍ਰਮਾਤਮਾ ਸ਼ਬਦਾਂ ਦੀ ਲਿਖਤ ਵਿੱਚਹੋਵੇ। **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥)** ਸ਼ਬਦ ਦੇ ਵਿੱਚ ਗੁਰੂ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਇਹ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥”

ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਕੀ ਹੈ, ਉਸਦਾ ਰੂਪ ਕੀ ਹੈ। ਪ੍ਰਮਾਤਮਾ ਸ਼ਬਦ ਦੇ ਅੰਦਰ ਪਈ ਹੋਈ ਸੋਝੀ ਦੇ ਵਿੱਚ ਹੈ, "ਸਬਦਿ ਸੁਧਿ" ਵਿੱਚ ਹੈ। ਧਿਆਨ ਨਾਲ ਸਮਝੋ ਕਿ ਸ਼ਬਦ ਦੀ ਸੋਝੀ ਵਿੱਚ ਕੀ ਹੈ। ਸ਼ਬਦ ਦੀ ਸੋਝੀ ਵਿੱਚ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੀ ਹੈ, ਜੋ ਉਸ ਬ੍ਰਹਮ ਦੇ ਕੋਲੋਂ ਹੀ ਆਇਆ ਹੈ।

{ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

{ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ 456)

ਹਰ ਸ਼ਬਦ ਦੀ ਸੋਝੀ ਵਿੱਚ ਬ੍ਰਹਮ ਗਿਆਨ ਹੈ। ਇਹ "ਬ੍ਰਹਮ ਗਿਆਨੁ" ਹੀ ਪ੍ਰਮਾਤਮਾ ਆਪ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਵਿਚਰਦਾ ਹੈ। ਇਹ ਬ੍ਰਹਮ ਗਿਆਨ ਹੀ ਉਸਦਾ ਨਾਮ ਹੈ, ਸ਼ਬਦਾਂ ਦੁਆਰਾ ਪਾਈ ਹੋਈ ਸੋਝੀ ਨਾਮ ਹੈ। ਸ਼ਬਦ ਦੀ ਸੋਝੀ ਨੂੰ ਜਪਣਾ ਨਾਮ ਜਪਣਾ ਹੈ। ਸ਼ਬਦ ਦੀ ਸੋਝੀ ਦਾ ਸਾਡੇ ਅੰਦਰ ਵੱਸਣਾ, ਨਾਮ ਦਾ ਵੱਸਣਾ ਹੈ, ਨਾਮ ਧੰਨ ਦਾ ਵੱਸਣਾ ਹੈ, ਹਰਿ ਹਰਿ ਨਾਮ ਵਖਰ ਦਾ ਵੱਸਣਾ ਹੈ ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ। ਇਸ ਨਾਮ ਵਖਰ ਦੀ ਪ੍ਰਾਪਤੀ ਕਰਨਾ ਹੀ ਸਾਡੇ ਜੀਵਨ ਦਾ ਮਕਸਦ ਹੈ। "ਨਾਮ ਵਖਰ" ਹੀ ਆਪ ਪ੍ਰਮਾਤਮਾ ਹੈ। ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਨਾਮ ਵਖਰ ਦੁਆਰਾ ਹੀ ਵੱਸਿਆ ਹੋਇਆ ਹੈ, ਸਮਾਇਆ ਹੋਇਆ ਹੈ, ਸ਼ਬਦ ਦੀ ਸੋਝੀ ਦੇ ਰੂਪ ਵਿੱਚ ਸਮਾਇਆ ਹੋਇਆ ਹੈ। ਗੁਰਬਾਣੀ ਦੇ ਵਿੱਚ ਇਹ "ਨਾਮ ਵਖਰ" ਮਨ ਦੇ ਰਾਹੀਂ ਹੀ ਆਇਆ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਪਹਿਲੇ ਪ੍ਰਗਟ ਹੋ ਕੇ ਸ਼ਬਦਾਂ ਦੀ ਸੋਝੀ ਪਾਈ ਹੈ, ਆਪਣਾ ਨਾਮ ਵਖਰ ਦਿਤਾ ਹੈ, ਉਹਨਾਂ ਦੇ ਮਨ ਰਾਹੀਂ ਹੀ ਗੁਰਬਾਣੀ ਦੀ ਰਚਨਾ ਹੋਈ ਹੈ।

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ॥
ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥}

(ਅੰਗ ੯੫੪)

ਉਪਰ ਵਾਲੇ ਇਸ ਪੂਰੇ ਸ਼ਬਦ ਦੇ ਅਰਥ ਅਸੀਂ ਅੱਗੇ ਚੱਲ ਕੇ ਸਮਝਾਂਗੇ। ਇਸ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜੋ ਵਖਰ ਗੁਰਬਾਣੀ ਵਿੱਚ ਹੈ ਉਹੀ ਵਖਰ ਸਾਡੇ ਅੰਦਰ ਹੈ ਭਾਵ ਜਿਹਨਾਂ ਨੂੰ ਪਹਿਲੇ ਆਪਣੇ ਅੰਦਰੋਂ ਇਸ ਵਖਰ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੇ ਇਹ ਵਖਰ ਗੁਰਬਾਣੀ ਵਿੱਚ ਪਾਇਆ ਹੈ। ਜੇਕਰ ਅਸੀਂ ਇਸ ਵਖਰ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ ਉਹ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਸ਼ਬਦ ਦੀ ਸੋਝੀ ਨਾਲ ਜੁੜੀਏ, ਉਸ ਵਖਰ ਨਾਲ ਜੁੜੀਏ ਜੋ ਪ੍ਰਮਾਤਮਾ ਨੇ ਗੁਰਬਾਣੀ ਵਿੱਚ ਪਾਇਆ ਹੋਇਆ ਹੈ। ਜਿਉਂ-ਜਿਉਂ ਅਸੀਂ ਇਸ ਵਖਰ ਦੇ ਨਾਲ ਜੁੜਦੇ ਜਾਵਾਂਗੇ ਅਸੀਂ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਦੇ ਜਾਵਾਂਗੇ। ਜੇਕਰ ਸ਼ਬਦ ਦੇ, ਨਾਮ ਦੇ ਵਖਰ ਨਾਲ ਜੁੜਨ ਦੀ ਬਜਾਇ ਕੇਵਲ ਸ਼ਬਦ ਦੀ ਲਿਖਤ ਨਾਲ ਜੁੜੇ ਰਹਾਂਗੇ ਫਿਰ ਉਸ ਵਖਰ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ਜਿਸ ਨੂੰ ਲੈ ਕੇ ਸਾਡਾ ਜੀਵਨ ਸਫਲ ਹੋ ਸਕਦਾ ਹੈ। ਸ਼ਬਦ ਦੀ ਕਥਨੀ ਨਾਲ ਮੁਕਤੀ ਨਹੀਂ ਮਿਲਣੀ। ਮੁਕਤੀ ਲੈਣ ਦਾ ਮਾਰਗ ਸਾਡੀ ਕਰਨੀ ਹੈ। ਮੁਕਤੀ ਅਸੀਂ ਮਾਇਆ ਮੋਹ ਤੋਂ ਪਾਉਣੀ ਹੈ, ਭਰਮ ਤੋਂ ਪਾਉਣੀ ਹੈ, ਹਉਮੈ ਤੋਂ ਪਾਉਣੀ ਹੈ ਤੇ ਇਹ ਤਾਂ ਹੀ ਹੋ ਸਕਦਾ ਹੈ ਜਦੋਂ ਮਨਮਤਿ ਛੱਡ ਕੇ ਗੁਰਮਤਿ ਨਾਲ ਜੁੜਾਂਗੇ। ਗੁਰਮਤਿ ਸ਼ਬਦ ਦੀ ਸੋਝੀ ਵਿੱਚ ਹੈ, ਸੋਝੀ ਨੂੰ ਮੰਨਣ ਵਿੱਚ ਹੈ ਨਾ ਕਿ ਸ਼ਬਦ ਦੀ ਲਿਖਤ ਨੂੰ ਪੜ੍ਹੀ ਜਾਣ ਵਿੱਚ। **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥)**

ਗੁਰਮਤਿ ਅਨੁਸਾਰ ਚੱਲਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਵੀ ਜਾਣਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਅਰਥ ਆਸਾਨੀ ਨਾਲ ਹਰ ਕੋਈ ਸਮਝ ਸਕਦਾ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥}

(ਅੰਗ ੧੧੭੮)

ਗੁਰਬਾਣੀ ਸਾਡੇ ਪੜ੍ਹਨ ਸੁਣਨ ਲਈ ਹੀ ਬਣੀ ਹੈ ਪਰ ਪੜ੍ਹਨ ਸੁਣਨ ਦੇ ਮਨੋਰਥ ਨੂੰ ਸਮਝਣਾ ਵੀ ਜਰੂਰੀ ਹੈ। ਇਹੀ ਗੱਲ ਹਰ ਧਰਮ ਗ੍ਰੰਥ ਪੜ੍ਹਨ ਸੁਣਨ ਵਾਲਿਆਂ ਤੇ ਲਾਗੂ ਹੁੰਦੀ ਹੈ। ਧਰਮ ਗ੍ਰੰਥ ਸਾਨੂੰ ਸਾਡਾ ਧਰਮ ਸਮਝਾਉਣ ਲਈ ਹੀ ਹਨ। ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਨਾਲ ਅਸੀਂ ਧਰਮ ਤੇ ਪੂਰੇ ਨਹੀਂ ਉਤਰ ਸਕਦੇ। ਧਰਮ ਸਾਡੀ ਵਿਚਰਨ ਨਾਲ ਜੁੜਿਆ ਹੋਇਆ ਹੈ ਜਿਸ ਦੀ ਸਿੱਖਿਆ ਸਾਨੂੰ ਧਰਮ ਗ੍ਰੰਥਾਂ ਰਾਹੀਂ ਮਿਲਦੀ ਹੈ। ਅਸੀਂ ਕਿਸੇ ਵੀ ਧਰਮ ਨਾਲ ਆਪਣੀ-ਆਪਣੀ ਆਸਥਾ ਅਨੁਸਾਰ ਜੁੜਦੇ ਹਾਂ ਤੇ ਉਸੇ ਧਰਮ ਗ੍ਰੰਥ ਨਾਲ ਜੁੜਦੇ ਹਾਂ ਜਿਸ ਨਾਲ ਉਸ ਧਰਮ ਦੀ ਪਹਿਚਾਣ ਬਣੀ ਹੁੰਦੀ ਹੈ। ਸਾਡੀ ਧਾਰਮਿਕ ਆਸਥਾ ਕਿਸੇ ਨਾ ਕਿਸੇ ਧਾਰਮਿਕ ਗ੍ਰੰਥ ਨਾਲ ਹੀ ਜੁੜੀ ਹੁੰਦੀ ਹੈ ਤੇ ਉਸੇ ਧਰਮ ਗ੍ਰੰਥ ਨੂੰ ਪੜ੍ਹਨਾ ਜਾਂ ਸੁਣਨਾ ਸਾਨੂੰ ਚੰਗਾ ਲੱਗਦਾ ਹੈ, ਮਨ ਦੀ ਤਸੱਲੀ ਮਿਲਦੀ ਹੈ, ਹੌਸਲਾ ਮਿਲਦਾ ਹੈ, ਸਕੂਨ ਮਿਲਦਾ ਹੈ, ਅਨੰਦ ਮਹਿਸੂਸ ਹੁੰਦਾ ਹੈ।

ਗੁਰਬਾਣੀ ਨੂੰ ਰਾਗਾਂ ਦੇ ਨਾਲ ਜੋੜਿਆ ਹੋਇਆ ਹੈ ਜਿਸ ਕਰਕੇ ਸੁਣਨ ਦਾ ਰਸ ਹੋਰ ਵੀ ਵੱਧ ਜਾਂਦਾ ਹੈ।

{ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥}

(ਅੰਗ ੧੬)

ਗੁਰਬਾਣੀ ਨੂੰ ਪੜ੍ਹਨ ਸੁਣਨ ਵਿੱਚ ਅਸੀਂ ਅਨੰਦ ਮਹਿਸੂਸ ਕਰਦੇ ਹਾਂ ਇਹ ਖੁਦ ਬਾਣੀ ਦਾ ਆਪਣਾ ਹੀ ਫੁਰਮਾਨ ਹੈ। ਉਪਰ ਵਾਲੇ ਸ਼ਬਦ ਦੇ ਪੂਰੇ ਅਰਥ ਬਹੁਤ ਜ਼ਿਆਦਾ ਗਹਿਰਾਈ ਵਿੱਚ ਹਨ ਜਿਸ ਦੀ ਵਿਆਖਿਆ ਅੱਗੇ ਚੱਲ ਕੇ ਕਰਾਂਗੇ।

ਜੇਕਰ ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਦੇ ਅਨੰਦ ਤੱਕ ਹੀ ਰਹਿੰਦੇ ਹਾਂ ਤਾਂ ਫਿਰ ਅਸੀਂ ਉਸ ਅਨੰਦ ਤੱਕ ਨਹੀਂ ਪਹੁੰਚ ਸਕਦੇ ਜਿਸ ਅਨੰਦ ਦੀ ਗੱਲ ਬਾਣੀ ਵਿੱਚ ਕੀਤੀ ਹੋਈ ਹੈ। ਉਸ "ਅਨੰਦ" ਦੀ ਵਿਚਾਰ ਅੱਗੇ ਚੱਲ ਕੇ ਵਿਸਥਾਰ ਵਿੱਚ ਕੀਤੀ ਜਾਵੇਗੀ। ਉਸ ਅਨੰਦ ਤੱਕ ਪਹੁੰਚਣ ਦਾ ਤਰੀਕਾ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ॥੪॥੪॥"

(ਅੰਗ ੭੯੮)

ਬੜਾ ਸਪੱਸ਼ਟ ਸਮਝਾਇਆ ਹੈ ਕਿ ਹਰ ਕੋਈ ਭਾਵੇਂ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਉਹ ਕੇਵਲ ਸ਼ਬਦਾਂ ਨੂੰ ਕਹਿਣ ਸੁਣਨ ਤੱਕ ਹੀ ਰਹਿੰਦੇ ਹਨ ਤੇ ਇਸੇ ਗੱਲ ਵਿੱਚ ਹੀ ਸੁੱਖ ਦੀ ਪ੍ਰਾਪਤੀ ਕਰਨੀ ਸਮਝਦੇ ਹਨ ਕਿਉਂਕਿ ਕਹਿਣ ਸੁਣਨ ਨਾਲ ਸਾਨੂੰ ਬਹੁਤ ਚੰਗਾ ਮਹਿਸੂਸ ਹੁੰਦਾ ਹੈ, ਅਨੰਦ ਮਹਿਸੂਸ ਹੁੰਦਾ ਹੈ। ਕਿਉਂਕਿ ਧਰਮ ਗ੍ਰੰਥ ਪ੍ਰਮਾਤਮਾ ਦੀ ਗੱਲ ਕਰਦੇ ਹਨ, ਅੱਲ੍ਹਾ ਦੀ ਗੱਲ ਕਰਦੇ ਹਨ ਇਸੇ ਲਈ ਅਸੀਂ ਉਹਨਾਂ ਨੂੰ ਪੜ੍ਹਨ ਸੁਣਨ ਵਿੱਚ ਜ਼ਿਆਦਾ ਅਨੰਦ ਮਹਿਸੂਸ ਕਰਦੇ ਹਾਂ। ਇਸ ਨਾਲ ਸਾਡੀ ਆਸਥਾ ਦੀ ਪੂਰਤੀ ਹੁੰਦੀ ਹੈ ਜੋ ਸਾਨੂੰ ਪੜ੍ਹਨ ਸੁਣਨ ਨਾਲ ਜੋੜਦੀ ਹੈ।

ਧਰਮ ਦਾ ਮਾਰਗ ਅਸਲ ਵਿੱਚ ਇਸ ਆਸਥਾ ਤੋਂ ਉੱਪਰ ਉੱਠਣ ਲਈ ਹੈ। "ਅਸਲ ਅਨੰਦ" ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦੇ ਵਿੱਚ ਹੈ ਜਿਸ ਅਵੱਸਥਾ ਵਿੱਚ ਪਹੁੰਚ ਕੇ ਸਾਰੀ ਦੁਨੀਆਂ ਦਾ, ਸਾਰੀ ਮਨੁੱਖਤਾ ਦਾ ਧਰਮ ਇੱਕੋ ਹੀ ਨਜ਼ਰ ਆਉਂਦਾ ਹੈ। ਗੁਰਬਾਣੀ ਸਾਨੂੰ ਉਸ ਧਰਮ ਦੇ ਨਾਲ ਜੋੜਨ ਦੀ ਗੱਲ ਹੀ ਕਰਦੀ ਹੈ। ਉਹ ਧਰਮ "ਸੱਚ" ਹੈ, ਨਾਮ ਹੈ ਜੋ ਸਾਰੀ ਮਨੁੱਖਤਾ ਲਈ ਇੱਕੋ ਜਿਹਾ ਹੀ ਹੈ। ਗੁਰਬਾਣੀ ਸਾਨੂੰ ਵਾਰ-ਵਾਰ ਇਸੇ ਲਈ ਔਗੁਣ ਤਿਆਗਣ ਲਈ ਸਮਝਾਉਂਦੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਇਨਸਾਨ ਬਣ ਸਕੀਏ। ਔਗੁਣ, ਗੁਣ ਸਾਰੀ ਮਨੁੱਖਤਾ ਲਈ ਇੱਕੋ ਜਿਹੇ ਹੀ ਹਨ। ਹਰ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਲਈ ਹੀ ਪ੍ਰੇਰਦਾ ਹੈ ਪਰ ਅਸੀਂ "ਸੱਚ" ਨੂੰ ਪੜ੍ਹਨ ਸੁਣਨ ਤੱਕ ਹੀ ਰਹਿੰਦੇ ਹਾਂ, ਉਸੇ ਵਿੱਚ ਹੀ ਸੁੱਖ ਦੀ ਪ੍ਰਾਪਤੀ ਕਰਨੀ ਸਮਝਦੇ ਹਾਂ ਪਰ ਅਸਲ ਵਿੱਚ ਸੁੱਖ "ਸਚੁ" ਦੀ ਪ੍ਰਾਪਤੀ ਵਿੱਚ ਹੈ। "ਸਚੁ" ਪ੍ਰਮਾਤਮਾ ਆਪ ਹੈ ਤੇ ਉਸਨੂੰ ਕੇਵਲ ਸੱਚ ਤੇ ਚੱਲ ਕੇ ਹੀ ਪਾਇਆ ਜਾ ਸਕਦਾ ਹੈ। ਸੱਚ ਤੇ ਅਸੀਂ ਤਾਂ ਹੀ ਚੱਲ ਸਕਦੇ ਹਾਂ ਜੇਕਰ ਅਸੀਂ ਪੜ੍ਹਨ ਸੁਣਨ ਤੋਂ ਅੱਗੇ ਵਧਾਂਗੇ ਭਾਵ ਗੁਰੂ ਦੀ ਦੱਸੀ ਹੋਈ ਗੱਲ ਨੂੰ ਮੰਨਾਂਗੇ, ਉਸ ਅਨੁਸਾਰ ਸੱਚ ਤੇ ਚੱਲਾਂਗੇ। ਉਸ "ਸੁਖ ਨਿਧਾਨ" ਦੀ ਪ੍ਰਾਪਤੀ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ ਭਾਵ ਕਥਨੀ ਨਹੀਂ ਬਲਕਿ ਕਰਨੀ ਦੁਆਰਾ ਹੋ ਸਕਦੀ ਹੈ। ਕਥਨੀ ਕੇਵਲ ਗੁਰੂ ਦੀ ਗੱਲ ਨੂੰ ਸਮਝਣ ਲਈ ਹੈ ਪਰ ਲਾਭ ਕਰਨੀ ਦਾ ਹੀ ਮਿਲਦਾ ਹੈ।

(ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ॥੪॥੪॥)

ਅਸੀਂ ਗੁਰੂ ਦੇ ਸ਼ਬਦ ਨੂੰ ਜਿਤਨਾ ਮਰਜ਼ੀ ਪੜ੍ਹ ਲਈਏ, ਸੁਣ ਲਈਏ ਪਰ ਜਦ ਤੱਕ ਅਸੀਂ ਸ਼ਬਦ ਦੀ ਗੱਲ ਨੂੰ ਸੁਣ ਕੇ, ਸਮਝ ਕੇ ਆਪਣੇ ਮਨ ਨੂੰ ਨਹੀਂ ਸਮਝਾਉਂਦੇ ਭਾਵ ਉਸ ਤੇ ਅਮਲ ਨਹੀਂ ਕਰਦੇ ਤਦ ਤੱਕ ਅਸੀਂ ਗੁਰੂ ਦੇ ਸ਼ਬਦ ਨਾਲ ਨਹੀਂ ਜੁੜ ਸਕਦੇ। ਜੁੜਨਾ ਅਸੀਂ ਗੁਰੂ ਦੇ ਸ਼ਬਦ ਦੀ ਸਿੱਖਿਆ ਦੇ ਨਾਲ ਹੀ ਹੈ।

“ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ॥
ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ॥੫॥੬॥”

(ਅੰਗ 1113)

ਗੁਰੂ ਦੀ ਸਿੱਖਿਆ ਹੀ ਨਾਮ ਹੈ ਤੇ ਸ਼ਬਦ ਦੀ ਸਿੱਖਿਆ ਦੀ ਸੰਗਤ ਨਾਮ ਦੀ ਸੰਗਤ ਹੈ। ਪ੍ਰਮਾਤਮਾ ਕੋਲੋਂ ਸਾਨੂੰ ਇਹੋ ਜਿਹਾ ਦਾਨ ਮੰਗਣਾ ਸਮਝਾਇਆ ਹੈ। ਇਹ ਨਾਮ ਦਾ ਦਾਨ ਹੈ ਕਿ ਅਸੀਂ ਗੁਰੂ ਦੀ ਸਿੱਖਿਆ ਦੇ ਨਾਲ ਜੁੜ ਜਾਈਏ। ਗੁਰੂ ਦੀ ਸਿੱਖਿਆ ਤੇ ਚੱਲਣ ਦਾ ਦਾਨ ਮੰਗਿਆ ਹੈ, ਆਪਣੇ ਮਨ ਨੂੰ ਸਮਝਾਉਣ ਦਾ ਦਾਨ ਮੰਗਿਆ ਹੈ ਕਿ ਅਸੀਂ ਗੁਰੂ ਦੀ ਸਿੱਖਿਆ ਤੇ ਚੱਲ ਸਕੀਏ। ਸਾਨੂੰ ਪ੍ਰਮਾਤਮਾ ਕੋਲੋਂ ਇਹ ਦਾਨ ਹੀ ਮੰਗਣਾ ਚਾਹੀਦਾ ਹੈ।

“ਸਬਦਿ ਸੀਗਾਰੁ ਹੋਵੈ ਨਿਤ ਕਾਮਣਿ ਹਰਿ ਹਰਿ ਨਾਮੁ ਧਿਆਵਏ॥”

(ਅੰਗ ੧੧੧੪)

“ਗੁਰ ਵਾਕਿ ਸਤਿਗੁਰ ਜੋ ਭਾਇ ਚਲੇ ਤਿਨ ਹਰਿ ਹਰਿ ਆਪਿ ਮਿਲਾਇਆ॥”

(ਅੰਗ ੧੧੧੪)

"ਸਬਦਿ ਸੀਗਾਰੁ" ਤੋਂ ਭਾਵ ਹੈ "ਗੁਰੂ ਦੀ ਸਿੱਖਿਆ ਦਾ ਸ਼ਿੰਗਾਰ" ਭਾਵ ਜੋ ਗੁਰੂ ਦੇ ਉਪਦੇਸ਼ ਵਿੱਚ ਚੱਲਦਾ ਹੈ ਉਹ ਹਰ ਵਕਤ ਹਰਿ ਹਰਿ ਨਾਮ ਧਿਆਉਂਦਾ ਹੈ ਭਾਵ ਗੁਰੂ ਦੇ ਉਪਦੇਸ਼ ਤੇ ਚੱਲਣਾ ਹੀ ਹਰਿ ਹਰਿ ਕਰਨਾ ਹੈ, ਨਾਮ ਧਿਆਉਣਾ ਹੈ, “ਗੁਰ ਵਾਕਿ” ਤੋਂ ਭਾਵ ਵੀ ਗੁਰੂ ਦੇ ਉਪਦੇਸ਼ ਦੇ ਨਾਲ ਹੀ ਹੈ ਅਤੇ ਇਸ ਤੇ ਚੱਲਣਾ ਹੀ ਉਸਦੇ ਭਾਣੇ ਵਿੱਚ ਚੱਲਣਾ ਹੈ ਜਿਸ ਨਾਲ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ।

“ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ॥
ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ॥੩॥”

(ਅੰਗ ੧੧੨੬)

ਇੱਥੇ “ਸ਼ਬਦ ਭੇਦ” ਦੀ ਗੱਲ ਸਮਝਾਈ ਹੋਈ ਹੈ। “ਸ਼ਬਦ ਭੇਦ” ਸ਼ਬਦ ਦੇ ਵਿੱਚ ਸਮਝਾਇਆ ਹੋਇਆ ਉਸਦਾ ਅਸਲੀ ਭਾਵ ਹੈ, ਅੰਦਰ ਦਾ ਭੇਦ ਹੈ, ਗਿਆਨ ਹੈ, ਉਪਦੇਸ਼ ਹੈ ਅਤੇ ਇਹ ਹੀ “ਅੰਮ੍ਰਿਤ ਰਸੁ” ਹੈ ਜਿਸਨੂੰ ਕਿ ਕੋਈ ਵਿਰਲਾ ਹੀ ਪਾ ਸਕਦਾ ਹੈ ਭਾਵ ਕੋਈ ਵਿਰਲਾ ਹੀ ਗੁਰੂ ਦੇ ਉਪਦੇਸ਼ ਨੂੰ ਸਮਝ ਕੇ ਉਸ ਤੇ ਚੱਲ ਸਕਦਾ ਹੈ ਤੇ ਕੋਈ ਵਿਰਲਾ ਹੀ ਉਸ ਅੰਮ੍ਰਿਤ ਨੂੰ, ਨਾਮ ਨੂੰ, ਪ੍ਰਮਾਤਮਾ ਨੂੰ ਪਾ ਸਕਦਾ ਹੈ। ਸ਼ਬਦ ਦਾ ਮਕਸਦ ਹੀ ਉਸਦੇ ਅੰਦਰ ਦੇ ਭੇਦ ਨੂੰ ਸਮਝਣਾ ਹੈ ਤਾਂ ਜੋ ਅਸੀਂ ਉਸ ਕੋਲੋਂ ਸਿੱਖਿਆ ਲੈ ਸਕੀਏ। “ਅੰਮ੍ਰਿਤੁ ਰਸੁ” ਕੀ ਹੈ, “ਕਾਲੁ” ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ।

“ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ॥
ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ॥੧॥
ਸੋ ਜਨੁ ਐਸਾ ਮੈ ਮਨਿ ਭਾਵੈ॥
ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ॥੧॥ਰਹਾਉ॥”

(ਅੰਗ ੧੧੨੬)

ਉਪਰਲੀਆਂ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਉਸਦਾ “ਜਨੁ” ਕਿਹੋ ਜਿਹਾ ਹੁੰਦਾ ਹੈ। ਗੁਰੂ ਉਸਦਾ ਜਨ ਹੈ ਜਿਸਦਾ ਮੇਲ ਪ੍ਰਮਾਤਮਾ ਦੇ ਨਾਲ ਬਣਿਆ ਹੋਇਆ ਹੈ, ਜਿਸਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ

ਪਛਾਣਿਆ ਹੋਇਆ ਹੈ। ਇਸ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਉਹ ਮਨੁੱਖ ਭਾਉਂਦਾ ਹੈ ਜੋ ਆਪਣਾ ਆਪ ਮਾਰ ਕੇ ਗੁਰੂ ਦੇ ਉਪਦੇਸ਼ ਅਨੁਸਾਰ ਕਾਰ ਕਮਾਵੇ ਭਾਵ ਉਸਦੀ ਸਾਰੀ ਕਰਨੀ, ਗੁਰੂ ਦੇ ਭਾਣੇ ਵਿੱਚ ਹੋਵੇ ਭਾਵ ਮਨ ਮਾਰੇ ਬਿਨ੍ਹਾਂ ਗੁਰੂ ਦੇ ਉਪਦੇਸ਼ ਤੇ ਨਹੀਂ ਚੱਲਿਆ ਜਾ ਸਕਦਾ। ਐਸਾ ਕਰਨਾ ਹੀ ਦਿਨ ਰਾਤ ਗੁਰੂ ਦੇ ਨਾਲ ਰਹਿਣਾ ਹੈ। ਗੁਰੂ ਤਾਂ ਅਸਲ ਵਿੱਚ ਗੁਰੂ ਦੇ ਬਚਨ ਹਨ ਤੇ ਦਿਨ ਰਾਤ ਸੰਗ ਵੀ ਉਸਦੇ ਬਚਨਾਂ ਦਾ ਹੀ ਕਰਨਾ ਹੈ। **(ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ॥)**

{ਸਤਿਗੁਰ ਬਚਨ ਬਚਨ ਹੈ ਸਤਿਗੁਰ}

(ਅੰਗ 1309)

“ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥ ਹਿਰਦੈ ਫੇਰਿ ਚਲੈ ਤੁਧੁ ਨਾਲੀ॥੧॥
ਹਰਿ ਹਰਿ ਨਾਮੁ ਜਪਹੁ ਬਨਵਾਲੀ॥”

(ਅੰਗ ੧੧੩੪)

ਧਿਆਨ ਨਾਲ ਸਮਝੋ ਕਿ ਉੱਪਰ ਸ਼ਬਦ ਦੁਆਰਾ ਸਾਨੂੰ ਕਿਹੋ ਜਿਹਾ ਜਪ ਸਿਖਾਇਆ ਹੋਇਆ ਹੈ। ਇਸ ਸ਼ਬਦ ਵਿੱਚ ਸਾਰੇ ਜਪਣ ਦੇ ਸਾਰ ਨੂੰ ਸੁਕ੍ਰਿਤ ਕਰਨੀ ਕਿਹਾ ਗਿਆ ਹੈ ਭਾਵ ਮਨੁੱਖ ਦੀ ਚੰਗੀ ਕਰਨੀ ਹੀ ਪ੍ਰਮਾਤਮਾ ਨੂੰ ਜਪਣ ਦਾ ਸਾਰ ਹੈ, ਤੱਤ ਹੈ। ਇਹ ਕਰਮ ਹੀ ਮਨੁੱਖ ਦੇ ਨਾਲ ਜਾਂਦੇ ਹਨ ਭਾਵ ਸਾਨੂੰ ਪ੍ਰਮਾਤਮਾ ਦੇ ਦਰ ਤੱਕ ਪਹੁੰਚਾਂਦੇ ਹਨ। ਸੁਕ੍ਰਿਤ ਕਰਨੀ ਗੁਰੂ ਦੇ ਗਿਆਨ ਦੀ ਮਾਲਾ, ਗੁਰਮਤਿ ਦੀ ਮਾਲਾ ਮਨ ਵਿੱਚ ਜਪ ਕੇ ਹੀ ਹੋ ਸਕਦੀ ਹੈ। ਇਸ ਲਈ ਹਮੇਸ਼ਾਂ ਚੰਗੇ, ਸੁੱਚੇ ਕਰਮ ਹੀ ਕਰਨੇ ਚਾਹੀਦੇ ਹਨ ਜੋ ਕਿ ਗੁਰੂ ਦੇ ਗਿਆਨ ਨੂੰ ਮਨ ਵਿੱਚ ਵਸਾਉਣ ਦੁਆਰਾ ਹੀ ਹੋ ਸਕਦੇ ਹਨ। ਇਸੇ ਚੰਗੀ ਕਰਨੀ ਨੂੰ ਹੀ ਹਰਿ ਹਰਿ ਨਾਮ ਜਪਣਾ ਕਿਹਾ ਗਿਆ ਹੈ ਭਾਵ ਸਾਨੂੰ ਹਰਿ ਹਰਿ ਨਾਮ ਜਪਣਾ ਸਿਖਾਇਆ ਗਿਆ ਹੈ। ਸਾਰੀ ਗੁਰਬਾਣੀ ਵਿੱਚ ਸੱਚੀ ਸੁੱਚੀ ਕਿਰਤ ਕਰਨ ਨੂੰ ਹੀ ਨਾਮ ਜਪਣਾ ਕਿਹਾ ਗਿਆ ਹੈ ਤੇ ਇਹ ਗੱਲ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਜਾਵਾਂਗੇ। (**ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥ ਹਿਰਦੈ ਫੇਰਿ ਚਲੈ ਤੁਧੁ ਨਾਲੀ॥੧॥ ਹਰਿ ਹਰਿ ਨਾਮੁ ਜਪਹੁ ਬਨਵਾਲੀ॥**) ਅਗਲੇ ਸ਼ਬਦ ਰਾਹੀਂ ਧਿਆਨ ਨਾਲ ਸਮਝੋ ਕਿ ਨਾਮ ਜਪਣ ਵਾਲੇ ਮਨੁੱਖ ਕਿਹੋ ਜਿਹੇ ਹੁੰਦੇ ਹਨ। ਜੇਕਰ ਹੇਠ ਦਿੱਤੇ ਸ਼ਬਦ ਨੂੰ ਜਾਨਣ ਦੁਆਰਾ ਵੀ ਕੋਈ ਇਹ ਕਹੇ ਕਿ ਉਸਨੂੰ ਨਾਮ ਜਪਣਾ ਸਮਝ ਨਹੀਂ ਆਇਆ ਤਾਂ ਫਿਰ ਸਮਝਾਉਣ ਵਾਲੇ ਵਿੱਚ ਭਾਵ ਗੁਰੂ ਦੇ ਸਮਝਾਉਣ ਵਿੱਚ ਕਮੀ ਨਹੀਂ ਹੈ ਪਰ ਸਮਝਣ ਵਾਲੇ ਵਿੱਚ ਹੀ ਕਮੀ ਹੈ ਭਾਵੇਂ ਕੋਈ ਆਪਣੇ ਆਪ ਨੂੰ ਜਿਤਨੀ ਮਰਜ਼ੀ ਉੱਚੀ ਮਤਿ ਵਾਲਾ ਸਮਝਦਾ ਹੋਵੇ, ਜਿਤਨਾ ਮਰਜ਼ੀ ਵੱਡਾ ਪੰਡਿਤ ਗਿਆਨੀ ਭਾਵ ਧਰਮ ਦਾ ਵਿਦਵਾਨ ਸਮਝਦਾ ਹੋਵੇ।

“ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥
ਅਹੰਬੁਧਿ ਕਾ ਛੋਡਿਆ ਸੰਗੁ॥ ਕਾਮ ਕ੍ਰੋਧ ਕਾ ਉਤਰਿਆ ਰੰਗੁ॥
ਨਾਮ ਧਿਆਏ ਹਰਿ ਹਰਿ ਹਰੇ॥ ਸਾਧ ਜਨਾ ਕੈ ਸੰਗਿ ਨਿਸਤਰੇ॥੨॥
ਬੈਰੀ ਮੀਤ ਹੋਏ ਸੰਮਾਨ॥ ਸਰਬ ਮਹਿ ਪੂਰਨ ਭਗਵਾਨ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ॥
ਸੋਈ ਭਗਤੁ ਜਪੈ ਨਾਮ ਜਾਪ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ॥

ਕਹੁ ਨਾਨਕ ਤਾ ਕੀ ਪੂਰੀ ਪਈ॥੪॥"

(ਅੰਗ ੧੧੪੭)

ਉੱਪਰ ਵਾਲਾ ਸ਼ਬਦ ਇੱਕ ਬਾਣ ਦੀ ਤਰ੍ਹਾਂ ਹੈ ਜੋ ਸਿੱਧਾ ਇੱਕ ਦਮ ਮਨ ਦੇ ਵਿੱਚ ਛੇਦ ਕਰਦਾ ਹੈ ਤੇ ਸਮਝ ਆ ਜਾਂਦੀ ਹੈ ਕਿ ਨਾਮ ਜਪਣਾ ਕੀ ਹੈ। ਜੋ ਕੋਈ ਵੀ ਇਸ ਸ਼ਬਦ ਨੂੰ ਧਿਆਨ ਨਾਲ ਪੜ੍ਹ ਲਵੇਗਾ, ਉਸਨੂੰ ਨਾਮ ਦਾ ਭੁਲੇਖਾ ਨਹੀਂ ਰਹੇਗਾ। ਕੋਈ ਜਾਣ ਬੁਝ ਕੇ ਹੀ ਨਾ ਮੰਨਣਾ ਚਾਹੇ ਤੇ ਇਹ ਵੱਖਰੀ ਗੱਲ ਹੈ। ਸ਼ਬਦ ਦਾ ਭਾਵ ਆਪਣੇ ਆਪ ਵਿੱਚ ਬਹੁਤ ਸਪੱਸ਼ਟ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਇੱਕ ਅੱਖਰ ਦੇ ਜਪ ਨੂੰ ਜੋ ਨਾਮ ਜਪਣਾ ਸਮਝਦੇ ਹਨ ਉਨ੍ਹਾਂ ਅੱਗੇ ਖਾਸ ਕਰਕੇ ਬੇਨਤੀ ਹੈ ਕਿ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਤੇ ਇਸ ਗੱਲ ਨੂੰ ਮੰਨਣ ਕਿ ਗੁਰੂ ਤੋਂ ਸਿਆਣਾ ਹੋਰ ਕੋਈ ਨਹੀਂ ਹੈ। ਉਹ ਆਪ ਭਰਮ ਵਿੱਚੋਂ ਨਿਕਲਣ ਤੇ ਹੋਰਨਾਂ ਨੂੰ ਭਰਮ ਵਿੱਚ ਨਾ ਪਾਉਣ। ਗੁਰਮਤਿ ਦੇ ਉਲਟ ਚੱਲਣਾ ਤੇ ਦੂਸਰਿਆਂ ਨੂੰ ਗਲਤ ਸਮਝਾਉਣਾ ਬੜੀ ਮਾੜੀ ਗੱਲ ਹੈ। ਜਿਸਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ।

ਉੱਪਰ ਵਾਲੇ ਸ਼ਬਦ ਰਾਹੀਂ ਇਹ ਬਿਲਕੁਲ ਸਪੱਸ਼ਟ ਕੀਤਾ ਹੋਇਆ ਹੈ ਕਿ ਗੁਰੂ ਦੀ ਆਗਿਆ ਮੰਨਣਾ ਕੀ ਹੈ, ਉਸ ਤੇ ਅਮਲ ਕਰਨਾ ਕੀ ਹੈ, ਨਾਮ ਜਪਣਾ ਕੀ ਹੈ, ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। "ਗੁਰੂ ਦੀ ਆਗਿਆ ਨੂੰ ਮੰਨਣਾ ਹੀ ਨਾਮ ਜਪਣਾ ਹੈ"। ਗੁਰੂ ਦੀ ਆਗਿਆ ਨੂੰ ਮੰਨਣਾ ਕੀ ਹੈ ਭਾਵ ਗੁਰੂ ਦੀ ਉਹ ਕਿਹੜੀ ਗੱਲ ਹੈ ਜਿਸਨੂੰ ਅਸੀਂ ਮੰਨਣਾ ਹੈ, ਇਹ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦਾ ਨਾਮ ਜਪਣ ਵਾਲਾ ਮਨੁੱਖ ਕਿਹੋ ਜਿਹਾ ਹੁੰਦਾ ਹੈ, ਇਸ ਸ਼ਬਦ ਰਾਹੀਂ ਸਾਨੂੰ ਇਹ ਚਾਨਣਾ ਪਾਇਆ ਹੋਇਆ ਹੈ।

"ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ ਰਹਾਉ॥"

ਪਹਿਲਾਂ ਜਿਹੜਾ ਮਨੁੱਖ ਔਗੁਣ ਛੱਡਦਾ ਹੈ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਆਦਿ ਛੱਡਦਾ ਹੈ, ਉਹੀ ਨਾਮ ਜਪਦਾ ਹੈ। ਕੋਈ ਵਿਰਲਾ ਹੀ ਔਗੁਣਾਂ ਤੋਂ ਰਹਿਤ ਹੋ ਸਕਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਸੋਝੀ ਪਾਏ, ਉਹੀ ਔਗੁਣਾਂ ਤੋਂ ਰਹਿਤ ਹੋ ਸਕਦਾ ਹੈ। "ਪਰਾਈ ਨਿੰਦਾ" ਕੀ ਹੈ, ਇਸ ਗੱਲ ਨੂੰ ਅਸੀਂ ਅੱਗੇ ਚੱਲਕੇ ਸਮਝ ਸਕਾਂਗੇ ਜਦੋਂ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ ਨਿੰਦਾ ਕੀ ਹੈ, ਗੁਰੂ ਦੀ ਨਿੰਦਾ ਕੀ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ। ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ। ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਇਸ ਪੂਰੇ ਸ਼ਬਦ ਵਿੱਚ ਸਾਡੇ ਸਾਰੇ ਔਗੁਣ ਗਿਣਾਏ ਹੋਏ ਹਨ ਤੇ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਇਨ੍ਹਾਂ ਔਗੁਣਾਂ ਨੂੰ ਛੱਡਿਆ ਹੈ ਤੇ ਪ੍ਰਮਾਤਮਾ ਦਾ ਨਾਮ ਉਹੀ ਜਪਦਾ ਹੈ ਜੋ ਇਨ੍ਹਾਂ ਸਾਰੇ ਔਗੁਣਾਂ ਦਾ ਤਿਆਗੀ ਹੈ ਭਾਵ ਜੋ ਮਨੁੱਖ ਪੂਰੀ ਤਰ੍ਹਾਂ ਔਗੁਣਾਂ ਤੋਂ, ਵਿਕਾਰਾਂ ਤੋਂ ਮੁਕਤ ਹੈ ਭਾਵ ਜਿਸ ਦੇ ਅੰਦਰ ਗੁਰੂ ਦੇ ਗੁਣ ਵੱਸ ਜਾਂਦੇ ਹਨ ਉਹੀ ਮਨੁੱਖ ਨਾਮ ਜਪਦਾ ਹੈ। ਨਾਮ ਜਪਣਾ ਸਾਡੀ ਸੱਚੀ ਸੁੱਚੀ ਕਿਰਤ ਹੈ ਜੋ ਕਿ ਗੁਣੀ ਬਣ ਕੇ ਹੀ ਹੋ ਸਕਦੀ ਹੈ। ਔਗੁਣਾਂ ਦੇ ਰਹਿੰਦਿਆਂ ਅਸੀਂ ਚੰਗੀ ਕਿਰਤ ਨਹੀਂ ਕਰ ਸਕਦੇ। ਔਗੁਣਾਂ ਦੇ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਇਸੇ ਲਈ ਇਹੋ ਜਿਹੇ ਮਨੁੱਖ ਨਾਮ ਨਹੀਂ ਜਪਦੇ। ਪ੍ਰਮਾਤਮਾ ਦੇ ਨਾਲ ਮੇਲ ਵੀ ਔਗੁਣਾਂ ਨੂੰ ਤਿਆਗਣ ਦੁਆਰਾ ਹੀ ਹੁੰਦਾ ਹੈ ਜੋ ਦਰਸ਼ਨ ਪ੍ਰਮਾਤਮਾ ਦੇ ਮਨ ਦੇ ਵਿੱਚ ਹੀ ਹੁੰਦੇ ਹਨ, ਜੋ ਹਰ ਵੇਲੇ ਸਾਡੇ ਅੰਦਰ ਹਾਜਰ-ਨਾਜਰ ਹੈ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੀ ਮਾੜੀ ਸਮਝ ਹੈ, ਵਿਕਾਰਾਂ ਵਾਲੀ ਮਤਿ ਹੈ ਜਿਸ ਦੇ ਤਿਆਗਣ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਸ ਤੋਂ ਸਪੱਸ਼ਟ ਹੋਰ ਸਾਨੂੰ ਗੁਰੂ ਸਾਹਿਬ ਕੀ ਸਮਝਾਉਣ। **(ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥ ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ ਰਹਾਉ॥)**

ਉੱਪਰ ਵਾਲੀ ਪੰਗਤੀ "ਰਹਾਉ" ਵਾਲੀ ਪੰਗਤੀ ਹੈ ਜਿੱਥੇ ਸਾਰੇ ਸ਼ਬਦ ਦਾ ਸਾਰ ਸਮਝਾਇਆ ਹੁੰਦਾ ਹੈ। ਇਸ ਸ਼ਬਦ ਵਿੱਚ ਸਾਨੂੰ ਔਗੁਣ ਗਿਣਾਏ ਹੋਏ ਹਨ ਤੇ ਉਨ੍ਹਾਂ ਨੂੰ ਛੱਡਣ ਲਈ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਨਾਮ ਜਪ ਸਕੀਏ, ਨਾਮ ਦੇ ਸਮਝਾਏ ਹੋਏ ਮਾਰਗ ਤੇ ਚੱਲ ਸਕੀਏ। ਸ਼ਬਦ ਦੇ ਅਗਲੇ ਪਦੇ ਵਿੱਚ ਫਿਰ ਔਗੁਣ ਗਿਣਾ ਕੇ ਉਨ੍ਹਾਂ ਨੂੰ ਛੱਡਣ ਲਈ ਪ੍ਰੇਰਿਆ ਹੋਇਆ ਹੈ ਭਾਵ ਇੱਕ ਭਗਤ ਕਿਹੋ ਜਿਹਾ ਹੁੰਦਾ ਹੈ, ਉਸਦੇ ਲੱਛਣ ਸਮਝਾਏ ਹੋਏ ਹਨ।

“ਅਹੰਬੁਧਿ ਕਾ ਛੋਡਿਆ ਸੰਗੁ॥ ਕਾਮ ਕ੍ਰੋਧ ਕਾ ਉਤਰਿਆ ਰੰਗੁ॥

ਨਾਮ ਧਿਆਏ ਹਰਿ ਹਰਿ ਹਰੇ॥ ਸਾਧ ਜਨਾ ਕੈ ਸੰਗਿ ਨਿਸਤਰੇ॥੨॥”

“ਅਹੰਬੁਧਿ” ਤੋਂ ਭਾਵ ਹੈ **“ਆਪਣੀ ਮਤਿ”** ਜੋ ਕਿ ਸਾਡੇ ਅੰਦਰ ਦਾ ਅਸਲ ਰੋਗ ਹੈ, ਵਿਕਾਰਾਂ ਦੀ ਜੜ੍ਹ ਹੈ। ਗੁਰਮਤਿ ਦਾ ਮਕਸਦ ਸਾਨੂੰ ਇਸ ਮਨਮਤਿ ਵਿੱਚੋਂ ਕੱਢਣ ਦਾ ਹੀ ਹੈ। ਇਹ ਮਨਮਤਿ ਹੀ ਸਾਡੀ “ਮੈਂ” ਹੈ, “ਹਉਮੈ” ਹੈ ਜਿਸਦੇ ਰਹਿੰਦਿਆਂ ਅਸੀਂ ਗੁਰਮਤਿ ਤੋਂ ਦੂਰ ਰਹਿੰਦੇ ਹਾਂ। ਗੁਰਮਤਿ “ਤੂੰ” ਹੈ, “ਨਾਮ” ਹੈ। “ਮੈਂ” ਮਨੁੱਖ ਹੈ, “ਤੂੰ” ਪ੍ਰਮਾਤਮਾ ਹੈ। “ਤੂੰ” ਨਾਲ ਸਾਡਾ ਮੇਲ “ਮੈਂ” ਛੱਡ ਕੇ ਹੀ ਹੋਣਾ ਹੈ, ਹਉਮੈ ਛੱਡ ਕੇ ਹੀ ਹੋਣਾ ਹੈ, ਮਨਮਤਿ ਛੱਡ ਕੇ ਹੀ ਹੋਣਾ ਹੈ। ਮਨਮਤਿ ਸਾਡੀ ਤ੍ਰੈਗੁਣਾਂ ਵਾਲੀ ਅਵਸਥਾ ਹੈ ਜਿਸਦੇ ਰਹਿੰਦਿਆਂ ਸਾਨੂੰ ਆਪਣੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ, ਵਿਕਾਰਾਂ ਵਿੱਚ ਰਹਿੰਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ। ਗੁਰਮਤਿ ਦਾ ਮਕਸਦ ਸਾਨੂੰ ਇਸ ਮਾੜੀ ਅਵਸਥਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਇਨਸਾਨ ਬਣੀਏ ਤੇ ਇਸੇ ਲਈ ਗੁਰਮਤਿ ਸਾਨੂੰ ਬਾਰ-ਬਾਰ ਔਗੁਣ ਛੱਡਣ ਲਈ ਪ੍ਰੇਰ ਰਹੀ ਹੈ, ਤਾਂ ਜੋ ਅਸੀਂ ਨਾਮ ਜਪੀਏ ਭਾਵ ਨਾਮ ਦੇ, ਗੁਰਮਤਿ ਦੇ ਮਾਰਗ ਤੇ ਚੱਲੀਏ ਜੋ ਕਿ ਚੰਗੇ ਕਰਮ ਕਰਨਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਆਪਣੀ ਮਤਿ ਛੱਡੀਏ ਤੇ ਗੁਰੂ ਦੀ ਮਤਿ ਲਈਏ। ਜੋ ਗੁਰੂ ਦੀ ਮਤਿ ਲੈਂਦਾ ਹੈ, ਗੁਰੂ ਦਾ ਗਿਆਨ ਲੈਂਦਾ ਹੈ ਉਹ ਫਿਰ ਵਿਕਾਰਾਂ ਦਾ ਸੰਗ ਛੱਡ ਦਿੰਦਾ ਹੈ, ਵਿਕਾਰਾਂ ਦਾ ਮੋਹ ਛੱਡ ਦਿੰਦਾ ਹੈ ਤੇ ਇਹ ਹੀ ਸਾਡੇ ਅੰਦਰ ਗੁਣਾਂ ਦਾ ਵਸਣਾ ਹੈ ਜਿਸ ਕਰਕੇ ਫਿਰ ਅਸੀਂ ਚੰਗੇ ਕਰਮ ਹੀ ਕਰਦੇ ਹਾਂ। ਗੁਰੂ ਦੀ ਗੱਲ ਨੂੰ ਮੰਨਣਾ ਹੀ, ਗੁਰੂ ਦੇ ਹੁਕਮ ਨੂੰ ਮੰਨ ਕੇ, ਅਉਗਣ ਛੱਡ ਕੇ ਚੰਗੇ ਕਰਮ ਕਰਨਾ ਹੀ ਹਰਿ ਹਰਿ ਕਰਨਾ ਹੈ, ਨਾਮ ਜਪਣਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨਾ ਹੀ ਨਾਮ ਜਪਣਾ ਹੈ, ਹਰਿ ਹਰਿ ਕਰਨਾ ਹੈ। ਇਹੀ ਗੁਰੂ ਦੇ ਹੁਕਮ ਨੂੰ ਮੰਨਣਾ ਹੈ, ਉਸਦੇ ਹੁਕਮ ਵਿਚ ਚਲਣਾ ਹੈ। ਸਾਰੀ ਗੁਰਬਾਣੀ ਸਾਨੂੰ ਗੁਰੂ ਦਾ, ਪ੍ਰਮਾਤਮਾ ਦਾ ਹੁਕਮ ਹੀ ਸੁਣਾ ਰਹੀ ਹੈ ਜਿਸ ਹੁਕਮ ਨੂੰ ਮੰਨਣਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਪਿਛੇ ਵੀ ਸਮਝਿਆ ਹੈ ਕਿ ਆਕਾਰ ਰੂਪ ਪ੍ਰਮਾਤਮਾ ਦਾ ਹੁਕਮ ਮੰਨਣ ਦੁਆਰਾ ਹੀ ਉਸਦਾ ਨਾਮ ਜਪ ਰਿਹਾ ਹੈ **(ਅਹੰਬੁਧਿ ਕਾ ਛੋਡਿਆ ਸੰਗੁ॥ ਕਾਮ ਕ੍ਰੋਧ ਕਾ ਉਤਰਿਆ ਰੰਗੁ॥ ਨਾਮ ਧਿਆਏ ਹਰਿ ਹਰਿ ਹਰੇ॥ ਸਾਧ ਜਨਾ ਕੈ ਸੰਗਿ ਨਿਸਤਰੇ॥੨॥)**

{ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥

ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥

ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥

ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥2॥

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥

ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥

ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥}

(ਅੰਗ 27)

“ਸਾਧ” ਗੁਰੂ ਹੈ ਤੇ ਗੁਰਮਤਿ ਦੀ ਸੰਗਤ, ਗੁਣਾਂ ਦੀ ਸੰਗਤ, ਸਾਧਸੰਗਤ ਹੈ ਜਿਸਨੂੰ ਅੱਗੇ ਚੱਲ ਕੇ ਵਿਸਥਾਰ ਨਾਲ ਸਮਝਾਂਗੇ। ਮਨਮਤਿ ਵਿੱਚ ਰਹਿੰਦਿਆਂ, ਔਗੁਣਾਂ ਵਿੱਚ ਰਹਿੰਦਿਆਂ ਅਸੀਂ ਕਦੇ ਨਾਮ ਤੇ ਪੂਰੇ ਨਹੀਂ ਉਤਰ ਸਕਦੇ, ਗੁਰਮਤਿ ਤੇ ਪੂਰੇ ਨਹੀਂ ਉਤਰ ਸਕਦੇ। ਗੁਰਮਤਿ ਤੇ ਉਹੀ ਪੂਰਾ ਉਤਰ ਸਕਦਾ ਹੈ ਜੋ ਔਗੁਣਾਂ ਦਾ ਤਿਆਗ ਕਰਕੇ ਗੁਣਾਂ ਦਾ ਧਾਰਨੀ ਬਣਦਾ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥

ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ ਰਹਾਉ॥}

(ਅੰਗ ੫੬)

ਅਸਲ ਵਿੱਚ ਪੂਰੇ ਮੁੱਖ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਭਗਤ ਦੇ ਲੱਛਣ ਹੀ ਸਮਝਾਏ ਹੋਏ ਹਨ ਜਿਸ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੁੰਦਾ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਜਪਾਉਂਦਾ ਹੈ ਭਾਵ ਪਹਿਲੇ ਮਨੁੱਖ ਨੂੰ ਆਪਣੀ ਗੁਰਮਤਿ ਦੀ ਸੱਚੀ ਸੋਝੀ ਪਾ ਕੇ ਆਪ ਹੀ ਉਸ ਤੇ ਚਲਾਉਂਦਾ ਹੈ ਤੇ ਇਹੀ ਕੁੱਝ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਬੈਰੀ ਮੀਤ ਹੋਏ ਸੰਮਾਨ॥ ਸਰਬ ਮਹਿ ਪੂਰਨ ਭਗਵਾਨ॥

ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ॥

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥੩॥”

ਜਦੋਂ ਪ੍ਰਮਾਤਮਾ ਸਾਨੂੰ ਆਪਣਾ ਸੱਚਾ ਗਿਆਨ ਬਖ਼ਸ਼ ਦਿੰਦਾ ਹੈ, ਸੱਚੀ ਮਤਿ ਦੀ ਸੋਝੀ ਪਾ ਦਿੰਦਾ ਹੈ ਫਿਰ ਉਹ ਕਿਸੇ ਵਿੱਚ ਮਾੜੇ ਚੰਗੇ ਦਾ ਭੇਦ ਨਹੀਂ ਕਰਦਾ ਕਿਉਂਕਿ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਜੋ ਪ੍ਰਮਾਤਮਾ ਮੇਰੇ ਅੰਦਰ ਹੈ ਉਹੀ ਪ੍ਰਮਾਤਮਾ ਸਭ ਦੇ ਅੰਦਰ ਹੈ। ਕੋਈ ਮਨੁੱਖ ਭਾਵੇਂ ਕਿਸੇ ਵੀ ਧਰਮ ਵਿੱਚ ਆਸਥਾ ਰੱਖਦਾ ਹੋਵੇ ਫਿਰ ਮਨੁੱਖ-ਮਨੁੱਖ ਵਿੱਚ ਕੋਈ ਭੇਦ ਨਜ਼ਰ ਨਹੀਂ ਆਉਂਦਾ।

{ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥}

(ਅੰਗ ੧੩੪੯)

ਮਨੁੱਖ ਨੂੰ ਹਕੀਕਤ ਦੀ ਸਮਝ ਲੱਗ ਜਾਂਦੀ ਹੈ ਤੇ ਫਿਰ ਉਸਨੂੰ ਸਭ ਵਿੱਚ ਇੱਕੋ ਪ੍ਰਮਾਤਮਾ ਦੀ ਹੋਂਦ ਹੀ ਸੱਚੀ ਲੱਗਦੀ ਹੈ ਤੇ ਫਿਰ ਉਹ ਕਿਸੇ ਦਾ ਮਾੜਾ ਨਹੀਂ ਕਰਦਾ। ਉਸਨੂੰ ਗੁਰੂ ਦੀ ਆਗਿਆ ਦੀ, ਗੁਰੂ ਦੀ ਮਤਿ ਦੀ ਸੋਝੀ ਪੈ ਜਾਂਦੀ ਹੈ ਕਿ ਕੇਵਲ ਸੱਚੇ ਸੁੱਚੇ ਕਰਮ ਕਰਨੇ ਹੀ ਉਸਦੀ ਭਗਤੀ ਹੈ ਤੇ ਫਿਰ ਉਹ ਉਸਦੀ ਆਗਿਆ ਅਨੁਸਾਰ ਹੀ ਵਿਚਰਦਾ ਹੈ, ਗੁਣੀ ਬਣ ਕੇ ਵਿਚਰਦਾ ਹੈ, ਔਗੁਣਾਂ ਦਾ ਤਿਆਗੀ ਬਣ ਕੇ ਵਿਚਰਦਾ ਹੈ ਤੇ ਇਸਦੇ ਦੁਆਰਾ ਹੀ ਸੁੱਖ ਦੀ, ਪ੍ਰਮਾਤਮਾ ਦੇ ਮੇਲ ਦੀ ਪ੍ਰਾਪਤੀ ਹੁੰਦੀ ਹੈ। ਉਹ ਆਪਣੀ ਚੰਗੀ ਕਰਨੀ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ। ਇਹ ਹੀ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ ਭਾਵ ਉਸਦੀ ਮਤਿ ਦਾ ਦ੍ਰਿੜ ਹੋਣਾ ਹੈ, ਗੁਰਮਤਿ ਦਾ ਦ੍ਰਿੜ ਹੋਣਾ ਹੈ ਜਿਸ ਤੋਂ ਬਾਅਦ ਮਨੁੱਖ ਕਦੇ ਗੁਰਮਤਿ ਤੇ ਚੱਲਣ ਤੋਂ ਡੋਲਦਾ ਨਹੀਂ। ਮਨੁੱਖ ਦੇ ਅੰਦਰ ਇਹ ਸੱਚੀ ਸਮਝ ਵਾਲੀ ਅਵੱਸਥਾ ਉਹ ਪੂਰਾ ਗੁਰੂ ਭਾਵ ਆਪ ਪ੍ਰਮਾਤਮਾ ਹੀ ਦ੍ਰਿੜ ਕਰਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ, ਹਰ ਵੇਲੇ ਸਾਡੇ ਮਨ ਦੇ ਵਿੱਚ ਹੀ ਹੈ। ਉਹ ਸਾਡੇ ਅੰਦਰ ਆਪਣਾ ਨਾਮ, ਆਪਣੀ ਗੁਰਮਤਿ ਕਿਵੇਂ ਦ੍ਰਿੜ ਕਰਵਾਉਂਦਾ ਹੈ, ਕਿਸ ਵਿਧੀ ਦੁਆਰਾ ਦ੍ਰਿੜ ਕਰਵਾਉਂਦਾ ਹੈ, ਇਹੀ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਕਰਿ ਕਿਰਪਾ ਜਿਸੁ ਰਾਖੈ ਆਪਿ॥ ਸੋਈ ਭਗਤੁ ਜਪੈ ਨਾਮ ਜਾਪ॥

ਮਨਿ ਪ੍ਰਗਾਸੁ ਗੁਰ ਤੇ ਮਤਿ ਲਈ॥ ਕਹੁ ਨਾਨਕ ਤਾ ਕੀ ਪੂਰੀ ਪਈ॥੪॥੨੭॥੪੦॥”

ਪ੍ਰਮਾਤਮਾ ਸਾਡੇ ਤੇ ਆਪਣੀ ਕ੍ਰਿਪਾ ਕਿਸ ਰੂਪ ਵਿੱਚ ਕਰਦਾ ਹੈ, ਇਹੀ ਉੱਪਰ ਸਮਝਾਇਆ ਹੋਇਆ ਹੈ। ਜਿਸ ਤੇ ਪ੍ਰਮਾਤਮਾ ਕ੍ਰਿਪਾ ਕਰਦਾ ਹੈ ਉਸਨੂੰ ਔਗੁਣ ਕਰਨ ਤੋਂ ਰੱਖ ਲੈਂਦਾ ਹੈ, ਔਗੁਣ ਕਰਨ ਤੋਂ ਬਚਾਅ ਲੈਂਦਾ ਹੈ। ਜਿਸ ਕੋਲੋਂ ਪ੍ਰਮਾਤਮਾ ਆਪਣੀ ਭਗਤੀ ਕਰਵਾਉਂਦਾ ਹੈ, ਜਿਸਨੂੰ ਉਹ ਆਪਣਾ ਭਗਤ ਬਣਾਉਂਦਾ ਹੈ, ਉਸਦੇ ਔਗੁਣ ਕੱਢ ਕੇ ਉਸ ਵਿੱਚ ਆਪਣੇ ਗੁਣ ਵੱਸਾ ਦਿੰਦਾ ਹੈ ਜਿਸ ਦੁਆਰਾ ਉਸਦੀ ਭਗਤੀ ਹੁੰਦੀ ਹੈ, ਉਸਦਾ ਨਾਮ ਜਪਿਆ ਜਾ ਸਕਦਾ ਹੈ। ਜਿਸਦੇ ਅੰਦਰ ਔਗੁਣ ਹੋਣ ਉਹ ਉਸਦਾ ਭਗਤ ਕਿਵੇਂ ਹੋ ਸਕਦਾ ਹੈ, ਭਗਤੀ ਕੇਵਲ ਗੁਣਾਂ ਦੁਆਰਾ ਹੋ ਸਕਦੀ ਹੈ ਭਾਵ ਆਪਣੇ ਜੀਵਨ ਵਿੱਚ ਗੁਣ ਕਰਨ ਨਾਲ ਭਾਵ ਗੁਣਾਂ ਦੁਆਰਾ ਵਿਚਰਨ ਨਾਲ ਹੋ ਸਕਦੀ ਹੈ। ਆਪਣੇ ਅੰਦਰ ਔਗੁਣਾਂ ਦੇ ਹੁੰਦਿਆਂ ਕੋਈ ਆਪਣੇ ਆਪ ਨੂੰ ਗੁਣੀ ਅਖਵਾਏ, ਗੁਣਾਂ ਵਾਲਾ ਅਖਵਾਏ ਇਹ ਕੇਵਲ ਉਸਦਾ ਭਰਮ ਹੈ, ਮਨਮਤਿ ਹੈ, ਹਉਮੈ ਹੈ।

{ਵਿਣੁ ਗੁਣ ਕੀਤੇ ਭਗਤਿ ਨ ਹੋਇ॥}

(ਅੰਗ - 4)

ਉਸਦਾ ਨਾਮ ਉਸਦਾ ਭਗਤ ਬਣ ਕੇ ਹੀ ਜਪਿਆ ਜਾ ਸਕਦਾ ਹੈ। **(ਕਰਿ ਕਿਰਪਾ ਜਿਸੁ ਰਾਖੈ ਆਪਿ॥ ਸੋਈ ਭਗਤੁ ਜਪੈ ਨਾਮ ਜਾਪ॥)** ਉਹ ਆਪਣੀ ਭਗਤੀ ਕਿਵੇਂ ਬਖ਼ਸ਼ਦਾ ਹੈ, ਆਪਣਾ "ਭਗਤੁ" ਕਿਵੇਂ ਬਣਾਉਂਦਾ ਹੈ, ਇਹ ਹੀ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਮਨਿ ਪ੍ਰਗਾਸੁ ਗੁਰ ਤੇ ਮਤਿ ਲਈ॥

ਕਹੁ ਨਾਨਕ ਤਾ ਕੀ ਪੂਰੀ ਪਈ॥੪॥੨੭॥੪੦॥"

ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਜਦੋਂ ਪ੍ਰਮਾਤਮਾ ਦੀ ਸਾਡੇ ਤੇ ਉਸਦੇ ਨਾਲ ਮੇਲ ਦੀ ਕ੍ਰਿਪਾ ਹੁੰਦੀ ਹੈ ਉਹ ਮਨ ਦੇ ਵਿੱਚ ਹੀ ਹੁੰਦੀ ਹੈ। ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦੇ ਵਿੱਚ ਆਪਣੀ ਮਤਿ ਦਾ ਪ੍ਰਕਾਸ਼ ਕਰਦਾ ਹੈ, ਗੁਰਮਤਿ ਦੀ ਸੋਝੀ ਪਾਉਂਦਾ ਹੈ ਤੇ ਆਪਣੀ ਭਗਤੀ ਦਾ ਸੱਚਾ ਗਿਆਨ ਬਖ਼ਸ਼ਦਾ ਹੈ। ਇਹ ਚੌਥੇ ਪਦ ਦੀ ਸੋਝੀ ਹੈ ਜੋ ਮਨੁੱਖ ਨੂੰ ਮਨਮਤਿ ਵਿੱਚੋਂ ਕੱਢਦੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦੀ ਹੈ ਤੇ ਮਨ ਦੇ ਵਿੱਚ ਉਸਦੀ ਮਤਿ ਦਾ ਪ੍ਰਕਾਸ਼ ਹੀ ਉਸਦਾ "ਭਗਤੁ" ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪਣਾ ਭਗਤ ਰੂਪ ਧਾਰ ਕੇ, ਗੁਰੂ ਰੂਪ ਧਾਰ ਕੇ ਗੁਰਬਾਣੀ ਦੀ, ਗੁਰਮਤਿ ਦੀ, ਸੱਚੇ ਗਿਆਨ ਦੀ ਰਚਨਾ ਕੀਤੀ ਹੈ। ਪ੍ਰਮਾਤਮਾ ਨਿਰਗੁਣ ਰੂਪ ਵਿੱਚ ਹੀ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ, ਬ੍ਰਹਮ ਗਿਆਨ ਰੂਪ ਵਿੱਚ ਗੁਰੂ ਹੈ। ਗੁਰਬਾਣੀ ਆਪਣੇ ਨਿਰਗੁਣ ਰੂਪ ਦੁਆਰਾ, ਸ਼ਬਦ ਦੇ ਗਿਆਨ ਰੂਪ ਵਿੱਚ ਹੀ ਗੁਰੂ ਹੈ। ਪ੍ਰਮਾਤਮਾ ਦੇ ਆਪਣੇ ਪ੍ਰਗਟ ਕੀਤੇ ਹੋਏ ਇਸ ਰੂਪ ਦੁਆਰਾ, ਮਨ ਦੀ ਇਸ ਅਵੱਸਥਾ ਦੁਆਰਾ ਹੀ ਉਸਦਾ ਨਾਮ ਜਪਿਆ ਜਾ ਸਕਦਾ ਹੈ ਜਿਹੋ ਜਿਹਾ ਨਾਮ ਉਸਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ ਜਪ ਕੇ ਦਿਖਾਇਆ ਹੈ।

ਮਨ ਦੇ ਪ੍ਰਕਾਸ਼ ਦੇ ਬਿਨ੍ਹਾਂ ਸਾਡੀ ਮਤਿ ਅਧੂਰੀ ਹੈ, ਤ੍ਰੈਗੁਣਾਂ ਵਿੱਚ ਸਾਡੀ ਮਤਿ ਅਧੂਰੀ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਪ੍ਰਕਾਸ਼ ਕਰਨ ਦੇ ਨਾਲ ਸਾਡੀ ਮਤਿ ਨੂੰ "ਪੂਰੀ" ਕਰ ਦਿੰਦਾ ਹੈ ਭਾਵ ਗੁਰਮਤਿ ਦੀ ਪੂਰਨ ਸੋਝੀ ਪੈ ਜਾਂਦੀ ਹੈ। ਪ੍ਰਮਾਤਮਾ ਆਪ ਆਪਣੇ ਗਿਆਨ ਦੁਆਰਾ ਪੂਰਾ ਹੈ ਤੇ ਜਿਸਨੂੰ ਉਹ ਪੂਰਨ ਕਰਦਾ ਹੈ, ਆਪਣੀ ਮਤਿ ਦੁਆਰਾ ਹੀ ਪੂਰਨ ਕਰਦਾ ਹੈ, ਆਪਣੇ ਸੱਚੇ ਗਿਆਨ ਵਿੱਚ ਮਿਲਾ ਕੇ ਹੀ ਪੂਰੀ ਮਤਿ ਵਾਲਾ ਕਰਦਾ ਹੈ। ਇਹ ਅਸਲ ਵਿੱਚ ਉਸਦਾ ਆਪਣਾ ਹੀ ਭਗਤ ਰੂਪ ਹੈ, ਗੁਰੂ ਰੂਪ ਹੈ ਜਿਸ ਦੁਆਰਾ ਉਹ ਆਪ ਹੀ ਆਪਣੇ ਆਪ ਨੂੰ ਕਿਸੇ ਸਰੀਰ ਰਾਹੀਂ ਪ੍ਰਗਟ ਕਰਦਾ ਹੈ ਤੇ ਮਨੁੱਖ ਦਾ ਭਰਮ ਦੂਰ ਕਰਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਹੋਂਦ ਸਮਝਣਾ ਝੂਠ ਹੈ, ਭਰਮ ਹੈ। (**ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥ ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥ ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥ ਅਹੰਬੁਧਿ ਕਾ ਛੋਡਿਆ ਸੰਗੁ॥ ਕਾਮ ਕ੍ਰੋਧ ਕਾ ਉਤਰਿਆ ਰੰਗੁ॥ ਨਾਮ ਧਿਆਏ ਹਰਿ ਹਰਿ ਹਰੇ॥ ਸਾਧ ਜਨਾ ਕੈ ਸੰਗਿ ਨਿਸਤਰੇ॥੨॥ ਬੈਰੀ ਮੀਤ ਹੋਏ ਸੰਮਾਨ॥ ਸਰਬ ਮਹਿ ਪੂਰਨ ਭਗਵਾਨ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥੩॥ ਕਰਿ ਕਿਰਪਾ ਜਿਸੁ ਰਾਖੈ ਆਪਿ॥ ਸੋਈ ਭਗਤੁ ਜਪੈ ਨਾਮ ਜਾਪ॥ ਮਨਿ ਪ੍ਰਗਾਸੁ ਗੁਰ ਤੇ ਮਤਿ ਲਈ॥ ਕਹੁ ਨਾਨਕ ਤਾ ਕੀ ਪੂਰੀ ਪਈ॥੪॥**)

ਬੜਾ ਸਪੱਸ਼ਟ ਹੈ ਕਿ ਉਸ ਪ੍ਰਮਾਤਮਾ ਨੂੰ ਉਹ ਹੀ ਜਪ ਸਕਦਾ ਹੈ ਜੋ ਵਿਕਾਰਾਂ ਨੂੰ ਤਿਆਗੇ। ਇਹ ਵਿਕਾਰ ਕੋਈ ਵਿਰਲਾ ਹੀ ਤਿਆਗ ਸਕਦਾ ਹੈ ਤੇ ਉਸ ਪ੍ਰਮਾਤਮਾ ਨੂੰ ਕੋਈ ਵਿਰਲਾ ਹੀ ਜਪ ਸਕਦਾ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਨਾਮ ਉਹ ਹੀ ਜਪਦਾ ਹੈ ਜੋ ਔਗੁਣਾਂ ਨੂੰ ਤਿਆਗਦਾ ਹੈ।

ਘੱਟੋ ਘੱਟ ਪੂਰੀ ਬਾਣੀ ਵਿੱਚ ਤਾਂ ਹੋਰ ਕੋਈ ਨਾਮ ਜਪਣ ਦਾ ਤਰੀਕਾ ਨਜ਼ਰ ਨਹੀਂ ਆਉਂਦਾ। ਗੁਰਬਾਣੀ ਆਪਣੀ ਗੱਲ ਤੋਂ ਕਦੇ ਬਦਲ ਨਹੀਂ ਸਕਦੀ, ਕਿਸੇ ਦੂਸਰੇ ਸਬਦ ਰਾਹੀਂ ਆਪਣੀ ਗੱਲ ਤੋਂ ਹੱਟ ਨਹੀਂ ਸਕਦੀ। ਉਹ ਹਰ ਸ਼ਬਦ ਰਾਹੀਂ ਸੱਚ ਹੀ ਸਮਝਾਉਂਦੀ ਹੈ ਪਰ ਅਸੀਂ ਸੱਚ ਨੂੰ ਸਮਝਣ ਵਿੱਚ ਭੁੱਲ ਕਰਦੇ ਹਾਂ ਜੋ ਕਿ ਸਾਡੇ ਅੰਦਰ ਦੀ ਨਾਸਮਝ ਮਤਿ ਦਾ ਨਤੀਜਾ ਹੈ। ਬਾਣੀ ਵਿੱਚ ਤਾਂ ਹਰ ਸ਼ਬਦ ਰਾਹੀਂ ਜਿੱਥੇ ਵੀ ਨਾਮ ਜਪਣ ਦੀ ਜਾਂ ਪ੍ਰਮਾਤਮਾ ਨੂੰ ਪਾਉਣ ਦੀ ਗੱਲ ਕੀਤੀ ਹੈ, ਤਰੀਕਾ ਇਹ ਹੀ ਸਮਝਾਇਆ ਗਿਆ ਹੈ। ਜਿਸ ਮਨੁੱਖ ਦੇ ਵਿੱਚ ਔਗੁਣ ਹਨ ਤੇ ਉਹ ਨਾਲ ਇਹ ਵੀ ਕਹੇ ਕਿ ਉਹ ਨਾਮ ਜਪਦਾ ਹੈ ਫਿਰ ਇਹ ਸਿਵਾਇ ਭੁਲੇਖੇ ਤੋਂ ਹੋਰ ਕੁੱਝ ਨਹੀਂ। ਹਰ ਕੋਈ ਆਪਣੇ ਆਪ ਨੂੰ ਵਿਰਲਾ ਬਣਾਈ ਬੈਠਾ ਹੈ ਤੇ ਆਪਣਾ ਝੂਠਾ ਮਾਣ ਬਣਾਈ ਬੈਠਾ ਹੈ ਕਿ ਉਹ ਬਹੁਤ ਨਾਮ ਜਪਣ ਵਾਲਾ ਹੈ। ਸਾਰੀ ਮਨੁੱਖਤਾ ਨੂੰ ਨਾਮ ਸਮਝਾਉਣ ਵਾਲਾ ਆਪ ਗੁਰੂ ਹੈ ਤੇ ਗੁਰੂ ਤੋਂ ਜਿਆਦਾ ਸਮਝ ਰੱਖਣ ਵਾਲਾ ਹੋਰ ਕੌਣ ਹੋ ਸਕਦਾ ਹੈ। ਇਸ ਗੱਲ ਨੂੰ ਤੇ ਹਰ ਕੋਈ ਜਾਣਦਾ ਹੈ ਕਿ ਸਭ ਤੋਂ ਪਹਿਲਾਂ "ਗੁਰਬਾਣੀ ਗੁਰੂ"

ਦਾ ਪ੍ਰਕਾਸ਼ ‘‘ਹਰਿਮੰਦਰ ਸਾਹਿਬ’’ ਅੰਮ੍ਰਿਤਸਰ ਵਿਖੇ ਹੋਇਆ ਸੀ ਜੋ ਪ੍ਰਕਾਸ਼ ਧੰਨ ਧੰਨ ਪੰਜਵੇਂ ਪਾਤਿਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਹੱਥਾਂ ਨਾਲ ਕੀਤਾ ਸੀ। ਸ਼੍ਰੀ ਹਰਿਮੰਦਰ ਸਾਹਿਬ ਵਿਖੇ ਹਰ ਰੋਜ ਸਵੇਰੇ ਜਦੋਂ ਪ੍ਰਕਾਸ਼ ਕੀਤਾ ਜਾਂਦਾ ਹੈ, ਉੱਥੇ ਗੁਰਬਾਣੀ ਦਾ ਉਚਾਰਨ ਹੀ ਕੀਤਾ ਜਾਂਦਾ ਹੈ ਜੋ ਕਿ ਆਸਾ ਦੀ ਵਾਰ ਦੇ, ਪੜ੍ਹਨ, ਗਾਇਨ ਦੇ ਰੂਪ ਵਿੱਚ ਕੀਤਾ ਜਾਂਦਾ ਹੈ ਜੋ ਮਰਿਯਾਦਾ ਗੁਰੂ ਸਾਹਿਬ ਦੀ ਆਪਣੀ ਸ਼ੁਰੂ ਕੀਤੀ ਹੋਈ ਹੈ। ਹਰਿਮੰਦਰ ਸਾਹਿਬ ਵਿਖੇ ਕਿਸੇ ਵੱਖਰੇ ਨਾਮ ਦਾ ਉਚਾਰਨ ਨਹੀਂ ਕੀਤਾ ਜਾਂਦਾ ਜਿਸ ਗੱਲ ਨੂੰ ਸਮਝਣਾ ਸਾਡੇ ਲਈ ਬਹੁਤ ਜਰੂਰੀ ਹੈ। ਹਰਿਮੰਦਰ ਸਾਹਿਬ ਕਿਸੇ ਅੱਖਰ ਨੂੰ ਨਾਮ ਸਮਝ ਕੇ ਜਪਣ ਵਿੱਚ ਮਨਾਹੀ ਹੈ ਜੋ ਭਰਮ ਸਾਰੇ ਸੰਸਾਰ ਦਾ ਗੁਰੂ ਸਾਹਿਬ ਨੇ ਆਪ ਹੀ ਕੱਢਿਆ ਹੋਇਆ ਹੈ। ਉਨ੍ਹਾਂ ਦੀ ਸਮਝਾਈ ਹੋਈ ਮਰਿਯਾਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੱਜ ਵੀ ਉਸੇ ਤਰ੍ਹਾਂ ਹੀ ਚੱਲ ਰਹੀ ਹੈ। ਉੱਥੇ ਹਰ ਕੀਰਤਨੀਏ ਨੂੰ ਕੀਰਤਨ ਕਰਨ ਤੋਂ ਪਹਿਲਾਂ ਇਹ ਗੱਲ ਸਮਝਾਈ ਜਾਂਦੀ ਹੈ ਕਿ ਇੱਥੇ ਕੋਈ ਅੱਖਰ ਵਾਲਾ ਜਪ ਨਹੀਂ ਜਪਣਾ ਜਿਸਨੂੰ ਕਿ ਨਾਮ ਜਪਣਾ ਸਮਝਿਆ ਜਾਂਦਾ ਹੈ। ਅਗਰ ਕੋਈ ਕੀਰਤਨੀਆ ਹਰਿਮੰਦਰ ਸਾਹਿਬ ਕਿਸੇ ਅੱਖਰ ਦਾ ਜਪ ਕਰੇ ਤੇ ਉਸਨੂੰ ਤਾੜਨਾ ਪਾਈ ਜਾਂਦੀ ਹੈ ਕਿ ਦੁਬਾਰਾ ਇਹ ਕੁੱਝ ਨਹੀਂ ਕਰਨਾ ਤੇ ਅਗਰ ਕੋਈ ਫਿਰ ਵੀ ਇਹ ਕੁੱਝ ਕਰੇ ਭਾਵ ਕਿਸੇ ਅੱਖਰ ਨੂੰ ਨਾਮ ਸਮਝ ਕੇ ਜਪੇ ਤਾਂ ਉਸਨੂੰ ਫਿਰ ਉਸ ਤੋਂ ਬਾਅਦ ਹਰਿਮੰਦਰ ਸਾਹਿਬ ਕੀਰਤਨ ਨਹੀਂ ਕਰਨ ਦਿੱਤਾ ਜਾਂਦਾ। ਇਹ ਮਰਿਯਾਦਾ ਗੁਰੂ ਸਾਹਿਬ ਦੀ ਆਪਣੀ ਸ਼ੁਰੂ ਕੀਤੀ ਹੋਈ ਹੈ ਜੋ ਮਰਿਯਾਦਾ ਅੱਜ ਤੱਕ ਚੱਲ ਰਹੀ ਹੈ। ਗੁਰੂ ਸਾਹਿਬ ਨੂੰ ਤਾਂ ਨਾਮ ਬਾਰੇ ਕੋਈ ਭਰਮ ਨਹੀਂ ਹੋ ਸਕਦਾ ਜਿਨ੍ਹਾਂ ਨੇ ਸਾਰੀ ਬਾਣੀ ਵਿੱਚ ਆਪ ਹੀ ਨਾਮ ਪਾਇਆ ਹੈ ਭਾਵ ਗੁਰਮਤਿ ਰੂਪ ਸੱਚਾ ਗਿਆਨ ਪਾਇਆ ਹੈ। ਕੀਰਤਨੀਏ ਸਿੰਘ ਬਜਾਇ ਇਸ ਗੱਲ ਨੂੰ ਸਮਝਣ ਦੇ ਕਿ ਦਰਬਾਰ ਸਾਹਿਬ ਕਿਸੇ ਅੱਖਰ ਦਾ ਜਪ ਕਰਨ ਦੀ ਮਨਾਹੀ ਕਿਸ ਲਈ ਹੈ ਉਹ ਜਦੋਂ ਕਿਸੇ ਹੋਰ ਜਗ੍ਹਾ ਕੀਰਤਨ ਕਰਦੇ ਹਨ ਉੱਥੇ ਅੱਖਰ ਜਪਣਾ ਸ਼ੁਰੂ ਕਰ ਦਿੰਦੇ ਹਨ ਜਿਸਨੂੰ ਨਾਮ ਜਪਣਾ ਕਹਿ ਕੇ ਸਮਝਾਉਂਦੇ ਹਨ ਭਾਵ ਆਪ ਭਰਮ ਵਿੱਚ ਪੈਂਦੇ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ। ਇਹ ਭਰਮ ਘੱਟਣ ਦੀ ਬਜਾਇ ਵੱਧਦਾ ਹੀ ਜਾ ਰਹਿਆ ਹੈ ਤੇ ਭਰਮ ਵਧਾਉਣ ਵਾਲੇ ਕੌਣ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਅਸੀਂ ਭਰਮ ਵਿੱਚ ਹੀ ਅਨੇਕਾਂ ਨੂੰ ਗੁਰੂ ਤੋਂ ਸਿਆਣੇ ਸਮਝਿਆ ਹੋਇਆ ਹੈ ਜੋ ਗੁਰੂ ਦੀ ਗੱਲ ਤੇ ਅਮਲ ਕਰਨ ਦੀ ਬਜਾਇ ਭਾਵ ਮਾਇਆ ਮੋਹ ਛੱਡਣ ਦੀ ਬਜਾਇ, ਵਿਕਾਰ ਛੱਡਣ ਦੀ ਬਜਾਇ, ਕਾਮ, ਕ੍ਰੋਧ, ਲੋਭ, ਮੋਹ,ਅਹੰਕਾਰ ਛੱਡਣ ਦੀ ਬਜਾਇ ਭਾਵ ਆਪਣੀ ਮਾੜੀ ਸਮਝ ਛੱਡਣ ਦੀ ਬਜਾਇ, ਮਾੜੇ ਕਰਮ ਛੱਡਣ ਦੀ ਬਜਾਏ ਗੱਲਾਂ ਨਾਲ ਹੀ, ਕਥਨੀ ਨਾਲ ਹੀ ਨਾਮ ਵਾਲੇ ਅਖਵਾਉਣਾ ਚਾਹੁੰਦੇ ਹਨ, ਦੁਨਿਆਵੀ ਸੋਭਾ ਲੈਣੀ ਚਾਹੁੰਦੇ ਹਨ ਤੇ ਇਹੀ ਕੁੱਝ ਦੂਸਰਿਆਂ ਨੂੰ ਸਮਝਾਉਂਦੇ ਹਨ ਜਿਸ ਕਰਕੇ ਧਰਮ ਦੇ ਮਾਰਗ ਤੇ ਚੱਲਣ ਦਾ ਸੱਚਾ ਮਨੋਰਥ ਕਦੇ ਪੂਰਾ ਨਹੀਂ ਹੋ ਸਕਦਾ ਜੋ ਨਾਮ ਦਾ ਮਨੋਰਥ ਸਾਨੂੰ ਗੁਰੂ ਵਾਰ -ਵਾਰ ਸ਼ਬਦਾਂ ਰਾਹੀਂ ਸਮਝਾ ਰਿਹਾ ਹੈ। ਨਾਮ ਜਪਣ ਦਾ ਸੱਚਾ ਮਨੋਰਥ ਸੱਚੇ ਸੁੱਚੇ ਇਨਸਾਨ ਬਣ ਕੇ ਵਿਚਰਨ ਦਾ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਭਾਵ ਹਰ ਕੋਈ ਸੁਖੀ ਵੱਸੇ।

ਕੀਰਤਨ ਕਰਨ ਵਾਲਿਆਂ ਦੇ ਚਰਨਾਂ ਵਿੱਚ ਦਾਸ ਦੀ ਬੇਨਤੀ ਹੈ ਕਿ ਉਹ ਉਹੋ ਜਿਹਾ ਕੀਰਤਨ ਕਰਨ ਜਿਹੋ ਜਿਹਾ ਕੀਰਤਨ ਕਰਨਾ ਸਾਨੂੰ ਗੁਰੂ ਗੁਰਬਾਣੀ ਸਮਝਾ ਰਹੀ ਹੈ ਭਾਵ ਪਹਿਲਾਂ ਆਪ ਕੀਰਤਨ ਦਾ ਮਕਸਦ ਸਮਝਣ ਤੇ ਸੁਣਨ ਵਾਲਿਆਂ ਨੂੰ ਵੀ ਕੀਰਤਨ ਦਾ ਮਕਸਦ ਸਮਝਾਉਣ ਭਾਵ ਗੁਰੂ ਪ੍ਰਮਾਤਮਾ ਦੇ ਗੁਣ ਗਾਉਣ ਦਾ ਮਕਸਦ ਸਮਝਾਉਣ ਜਿਵੇਂ ਕਿ ਧੰਨ ਧੰਨ ਪੰਜਵੀ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਰਾਮਕਲੀ ਮਹਲਾ 5 ॥
“ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥1॥
ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥1॥ ਰਹਾਉ ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥
ਬਾਜਾ ਮਾਨੁ ਤਾਨੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥2॥
ਨਾਰਦੀ ਨਰਹਰ ਜਾਣਿ ਹਦੂਰੇ ॥
ਘੂੰਘਰ ਖੜਕੁ ਤਿਆਗਿ ਵਿਸੂਰੇ ॥
ਸਹਜ ਅਨੰਦ ਦਿਖਾਵੈ ਭਾਵੈ ॥
ਏਹੁ ਨਿਰਤਿਕਾਰੀ ਜਨਮਿ ਨ ਆਵੈ ॥3॥
ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥
ਸਾਧਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥4॥8॥”

(ਅੰਗ - 885)

ਪ੍ਰਮਾਤਮਾ ਦਾ ਸੱਚਾ ਕੀਰਤਨੀਆ ਕਿਹੋ ਜਿਹਾ ਹੁੰਦਾ ਹੈ ਤੇ ਉਹ ਦੂਸਰਿਆਂ ਨੂੰ ਕਿਹੋ ਜਿਹਾ ਕੀਰਤਨ ਕਰਨਾ ਸਿਖਾਉਂਦਾ ਹੈ, ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦਾ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ। ਸ਼ਬਦਾਂ ਦੀ ਕਥਨੀ ਕੀਰਤਨ ਸਿੱਖਣ ਲਈ ਹੈ, ਨਾਮ ਸਿੱਖਣ ਲਈ ਹੈ, ਗੁਰੂ ਦੇ ਹੁਕਮ ਗਾਉਂਣੇ ਸਿੱਖਣ ਲਈ ਹੈ ਤੇ ਅਸਲ ਕੀਰਤਨ ਸਾਡੀ ਕਰਨੀ ਹੈ ਜੋ ਕਿ ਮਾਇਆ ਮੋਹ ਛੱਡਣ ਦੁਆਰਾ ਹੀ ਹੁੰਦਾ ਹੈ। ਪੂਰੇ ਸ਼ਬਦ ਨੂੰ ਲੇਖ ਵਿੱਚ ਅੱਗੇ ਚੱਲਕੇ ਸਮਝਾਂਗੇ। ਪ੍ਰਮਾਤਮਾ ਦਾ ਇਹੋ ਜਿਹਾ ਕੀਰਤਨ ਕੋਈ ਕਰੋੜਾਂ ਵਿੱਚੋਂ ਵਿਰਲਾ ਹੀ ਕਰ ਸਕਦਾ ਹੈ ਜਿਵੇਂ ਕਿ ਸ਼ਬਦ ਦੇ ਵਿੱਚ ਹੀ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦਾ ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ ਤੇ ਸ਼ਬਦ ਦੀ ‘‘ਰਹਾਉ’’ ਵਾਲੀ ਪੰਗਤੀ ਰਾਹੀਂ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ। ਅੱਗੇ ਚੱਲਕੇ ਸਭ ਕੁੱਝ ਬਰੀਕੀ ਨਾਲ ਸਮਝਾਂਗੇ, ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਹੇਠ ਦਿੱਤੇ ਸ਼ਬਦ ਦੁਆਰਾ ਹੁਣ ਇਸ ਗੱਲ ਨੂੰ ਹੋਰ ਵੀ ਦ੍ਰਿੜ ਕਰਦੇ ਹਾਂ ਨਾਮ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਫਰਕ ਨਹੀਂ ਹੈ ਭਾਵ ਨਾਮ ਦੀ ਪ੍ਰਾਪਤੀ ਹੋਣਾ ਜਾਂ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ।

“ਏਕਾ ਮੂਰਤਿ ਸਾਚਾ ਨਾਉ॥ ਤਿਥੈ ਨਿਬੜੈ ਸਾਚੁ ਨਿਆਉ॥
ਸਾਚੀ ਕਰਣੀ ਪਤਿ ਪਰਵਾਣੁ॥ ਸਾਚੀ ਦਰਗਹ ਪਾਵੈ ਮਾਣੁ॥੬॥”

(ਅੰਗ ੧੧੯੮)

ਇਸ ਸ਼ਬਦ ਰਾਹੀਂ ਬੜੀ ਵੱਡੀ ਗੱਲ ਸਮਝਾਈ ਹੋਈ ਹੈ। **"ਏਕਾ ਮੂਰਤਿ"** ਤੋਂ ਭਾਵ ਹੈ ਇਕੋ ਪ੍ਰਮਾਤਮਾ ਦੀ ਮੂਰਤਿ ਬਣਨਾ ਭਾਵ ਪ੍ਰਮਾਤਮਾ ਦੇ ਰੂਪ ਵਰਗਾ। ਪੂਰੀ ਪੰਗਤੀ ਤੋਂ ਭਾਵ ਹੈ ਕਿ ਪ੍ਰਮਾਤਮਾ ਤੇ ਸੱਚਾ ਨਾਮ ਇੱਕੋ ਹੀ ਹਨ ਭਾਵ ਸੱਚਾ ਨਾਮ ਤੇ ਪ੍ਰਮਾਤਮਾ ਇੱਕੋ ਹੀ ਹਨ, ਇੱਕੋ ਰੂਪ ਹੀ ਹਨ ਭਾਵ ਜੋ ਸੱਚਾ ਨਾਮ ਹੈ ਉਹੀ ਕੁੱਝ ਆਪ ਪ੍ਰਮਾਤਮਾ ਹੈ। (**ਏਕਾ ਮੂਰਤਿ ਸਾਚਾ ਨਾਉ**) ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਆਪਣੇ ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਗਿਆਨ ਦੁਆਰਾ ਪ੍ਰਮਾਤਮਾ ਸਾਨੂੰ ਪੂਰਨ ਸੱਚ ਦੀ ਸਮਝ ਪਾਉਂਦਾ ਹੈ, ਨਾਮ ਜਪਣ ਦੀ ਸਮਝ ਪਾਉਂਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਸਮਝ ਪਾਉਂਦਾ ਹੈ। ਪੂਰਨ ਸੱਚ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਪ੍ਰਮਾਤਮਾ ਆਪ ਹੀ ਗੁਰੂ ਹੈ ਭਾਵ ਆਪ ਹੀ "ਗੁਰ ਮੂਰਤਿ" ਹੈ, ਅਕਾਲ ਮੂਰਤਿ ਹੈ ਤੇ ਆਪਣੇ ਅੰਦਰ ਗੁਰੂ ਦੀ ਮੂਰਤਿ ਵਸਾਉਣਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਗਹਿਰਾਈ ਨਾਲ ਸਮਝਾਂਗੇ।

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ 1159)

"ਤਿਥੈ ਨਿਬੜੈ ਸਾਚੁ ਨਿਆਉ" ਤੋਂ ਭਾਵ ਹੈ ਕਿ ਪ੍ਰਮਾਤਮਾ ਦੇ ਦਰ ਤੇ ਨਿਆਂ ਇਸ ਗੱਲ ਨਾਲ ਹੁੰਦਾ ਹੈ ਕਿ ਮਨੁੱਖ ਦੇ ਅੰਦਰ ਕਿੰਨਾ ਸੱਚ ਵੱਸਿਆ ਹੈ ਭਾਵ ਉਸਨੇ ਗੁਰੂ ਦੀ ਗੱਲ ਤੇ ਕਿੰਨਾ ਅਮਲ ਕੀਤਾ ਹੈ ਭਾਵ ਉਸਦੀ ਕਰਨੀ ਕਿਹੋ ਜਿਹੀ ਹੈ ਭਾਵ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਹੀ ਨਿਆਂ ਹੁੰਦਾ ਹੈ ਭਾਵ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਨਿਬੇੜਾ, ਆਵਾਗਉਣ ਤੋਂ ਛੁਟਕਾਰਾ ਸੱਚ ਧਾਰਨ ਕਰਨ ਨਾਲ ਹੀ ਹੋਣਾ ਹੈ, ਪੂਰਨ ਗੁਰਮਤਿ ਤੇ ਚੱਲ ਕੇ ਹੋਣਾ ਹੈ। ਸੱਚ ਦਾ ਮਕਸਦ ਕੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। **"ਸਾਚੀ ਕਰਣੀ ਪਤਿ ਪਰਵਾਣੁ॥ ਸਾਚੀ ਦਰਗਹ ਪਾਵੈ ਮਾਣੁ॥੬॥"** ਸਾਡੇ ਅੰਦਰ ਦੇ ਸੱਚ ਨੇ, ਸੱਚੇ ਵਿਚਾਰਾਂ ਨੇ ਸਾਡੀ ਕਰਨੀ ਦੁਆਰਾ ਹੀ ਪ੍ਰਗਟ ਹੋਣਾ ਹੈ, ਸੱਚੀ ਵਿਚਰਨ ਦੁਆਰਾ ਹੀ ਸੱਚ ਸਾਹਮਣੇ ਆਉਣਾ ਹੈ।

ਸਾਰੀ ਗੱਲ ਮਨੁੱਖ ਦੀ ਸੱਚੀ ਕਰਨੀ ਤੇ ਨਿਬੜਦੀ ਹੈ। ਸੱਚੀ ਕਰਨੀ ਦੁਆਰਾ ਹੀ ਮਨੁੱਖ ਦੀ ਪਤਿ ਉੱਚੀ ਹੁੰਦੀ ਹੈ ਅਤੇ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਮਿਲਦਾ ਹੈ। ਸੱਚੀ ਕਰਨੀ ਗੁਰੂ ਦੀ ਮਤਿ ਆਪਣੇ ਅੰਦਰ ਵੱਸਾ ਕੇ ਹੀ ਹੋ ਸਕਦੀ ਹੈ ਜਿਸ ਨਾਲ ਸਾਡੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਪਤਿ ਉੱਚੀ ਹੁੰਦੀ ਹੈ ਤੇ ਸਾਨੂੰ ਉਸਦੀ ਦਰਗਾਹ ਵਿੱਚ ਮਾਣ ਮਿਲਦਾ ਹੈ, ਅਸੀਂ ਉਸ ਦੇ ਦਰ ਤੇ ਪ੍ਰਵਾਨ ਹੁੰਦੇ ਹਾਂ। **(ਸਾਚੀ ਕਰਣੀ ਪਤਿ ਪਰਵਾਣੁ॥ ਸਾਚੀ ਦਰਗਹ ਪਾਵੈ ਮਾਣੁ॥੬॥)**

{ਏਤਿ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ}

(ਅੰਗ 7)

ਸਾਡੀ ਪਤਿ ਸੱਚ ਦੇ ਨਾਲ ਹੀ ਪੈਂਦੀ ਹੈ ਤੇ ਜਿਉਂ-ਜਿਉਂ ਸੱਚ ਦੀਆਂ ਪਉੜੀਆਂ ਚੜ੍ਹਦੇ ਜਾਵਾਂਗੇ ਤਿਉਂ-ਤਿਉਂ ਪ੍ਰਮਾਤਮਾ ਦੇ ਨੇੜੇ ਲੱਗਦੇ ਜਾਵਾਂਗੇ ਤੇ ਇਸੇ ਤਰੀਕੇ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ।

"ਬਲਿਹਾਰੀ ਗੁਰਦੇਵ ਚਰਨ॥ ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ
ਉਪਦੇਸੁ ਹਮਾਰੀ ਗਤਿ ਕਰਨ॥੧॥ਰਹਾਉ॥"

(ਅੰਗ ੧੨੦੬)

ਇਸ ਸ਼ਬਦ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਕਿ ਗੁਰੂ ਦੇ ਚਰਨ ਕੀ ਹਨ। ਗੁਰੂ ਦੇ ਚਰਨ ਗੁਰੂ ਦਾ ਉਪਦੇਸ਼ ਹੈ। ਗੁਰਬਾਣੀ ਦੇ ਉਪਦੇਸ਼ ਨਾਲ ਜੁੜ ਕੇ ਪ੍ਰਮਾਤਮਾ ਨੂੰ ਧਿਆਉਣ ਨਾਲ ਭਾਵ ਉਸਦੇ ਉਪਦੇਸ਼ ਨੂੰ ਆਪਣੇ ਅੰਦਰ ਧਾਰ ਕੇ ਗਤੀ ਹੁੰਦੀ ਹੈ ਭਾਵ ਸਭ ਕੁੱਝ ਗੁਰੂ ਦਾ ਉਪਦੇਸ਼ ਮੰਨਣ ਦੁਆਰਾ ਹੀ ਹੈ। ਗੁਰੂ ਦੇ ਉਪਦੇਸ਼ ਦਾ ਸੰਗ ਕਰਨਾ ਹੀ ਗੁਰੂ ਦਾ ਸੰਗ ਕਰਨਾ ਹੈ। (**ਬਲਿਹਾਰੀ ਗੁਰਦੇਵ ਚਰਨ॥ ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ ਉਪਦੇਸੁ ਹਮਾਰੀ ਗਤਿ ਕਰਨ॥੧॥ਰਹਾਉ॥**)

"ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥"

(ਅੰਗ ੧੧੯੯)

ਇਸ ਸ਼ਬਦ ਰਾਹੀਂ ਇਹ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਹੋਇਆ ਹੈ ਕਿ ਜਦ ਤੱਕ ਸਾਡੇ ਅੰਦਰ ਕਪਟ ਅਤੇ ਵਿਕਾਰ ਹਨ ਭਾਵ ਜਦ ਤੱਕ ਸਾਡਾ ਹਿਰਦਾ ਸ਼ੁੱਧ ਨਹੀਂ ਹੈ, ਇਹੋ ਜਿਹੀ ਅਵੱਸਥਾ ਵਿੱਚ ਜੋ ਅਸੀਂ ਹਰਿ ਹਰਿ ਕਰਦੇ ਹਾਂ ਭਾਵ ਆਪਣੇ ਵੱਲੋਂ ਨਾਮ ਜਪਦੇ ਹਾਂ ਉਸਦਾ ਕੋਈ ਲਾਭ ਨਹੀਂ ਮਿਲਦਾ। ਇਹ ਕੇਵਲ ਕੱਖ (ਫੱਕ), ਛਿਲਕਾ, ਕੁੱਟਣ ਦੇ ਬਰਾਬਰ ਹੈ ਭਾਵ ਇਸ ਤੋਂ ਪ੍ਰਾਪਤੀ ਕੁੱਝ ਨਹੀਂ ਹੈ ਅਤੇ ਅਸੀਂ ਦੁੱਖ ਵਿੱਚ ਹੀ ਰਹਿੰਦੇ ਹਾਂ। ਇਸ ਤਰ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ। ਨਾਮ ਕੇਵਲ ਪ੍ਰਮਾਤਮਾ ਦੇ ਪ੍ਰਸੰਨ ਹੋਣ ਨਾਲ ਤੇ ਉਸਦੇ ਆਪਣੇ ਦੁਆਰਾ ਆਪਣੇ ਗਿਆਨ ਨਾਲ ਜੋੜਨ ਦੁਆਰਾ ਹੀ ਜਪਿਆ ਜਾ ਸਕਦਾ ਹੈ। ਅਸਲ ਵਿੱਚ ਵਿਕਾਰਾਂ ਤੋਂ ਮੁਕਤ ਹੋਣਾ ਹੀ ਤੇ ਨਾਮ ਜਪਣਾ ਹੈ। ਆਓ ਨਾਮ ਨੂੰ ਸਮਝੀਏ ਤੇ "ਤੁਹ" ਕੁਟਣੀ ਛੱਡੀਏ। ਕਿਸੇ ਕੰਮ ਨਹੀਂ ਆਉਣਾ ਸਿਵਾਇ ਆਪਣੀ ਹਉਮੈ ਵਧਾਉਣ ਦੇ। ਕਿਸੇ ਅੱਖਰ ਦਾ ਜਪ ਕਰੀ ਜਾਣਾ ਕੋਈ ਨਾਮ ਜਪਣਾ ਨਹੀਂ ਹੈ ਬਲਕਿ ਸਾਡਾ ਬਹੁਤ ਵੱਡਾ ਭਰਮ ਹੈ। ਅੱਖਰ ਦੇ ਜਪ ਨੂੰ ਬਾਣੀ ਵਿੱਚ ਕਿਤਨਾ ਮਾੜਾ ਦੱਸਿਆ ਹੈ ਇਸ ਗੱਲ ਨੂੰ ਜਿਉਂ-ਜਿਉਂ ਅਸੀਂ ਲੇਖ ਵਿੱਚ ਅੱਗੇ ਵਧਾਂਗੇ, ਇਹ ਕੁੱਝ ਬੜੀ ਬਰੀਕੀ ਨਾਲ ਸਮਝਾਇਆ ਹੋਇਆ ਹੈ, ਬੜੀ ਗਹਿਰਾਈ ਨਾਲ ਸਮਝਾਇਆ ਹੋਇਆ ਹੈ ਜਿਸਨੂੰ ਤ੍ਰੈਗੁਣਾਂ ਵਾਲੀ ਮਤਿ ਦੇ ਵਿੱਚ ਰਹਿੰਦੇ ਹੋਏ ਨਹੀਂ ਸਮਝਿਆ ਜਾ ਸਕਦਾ। ਪਹਿਲੇ ਅਸੀਂ ਉਹਨਾਂ ਸ਼ਬਦਾਂ ਦੁਆਰਾ ਸਮਝ ਰਹੇ ਹਾਂ ਜਿਨ੍ਹਾਂ ਸ਼ਬਦਾਂ ਦੇ ਭਾਵ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਅੱਗੇ ਚੱਲਕੇ ਗਹਿਰਾਈ ਵਾਲੇ ਸ਼ਬਦਾਂ ਨੂੰ ਸਮਝਾਂਗੇ। ਬਸ ਇੱਕੋ ਗੱਲ ਤੇ ਵਿਸ਼ਵਾਸ ਰੱਖੋ ਕਿ ਗੁਰੂ ਕਦੇ ਗਲਤ ਨਹੀਂ ਹੋ ਸਕਦਾ। ਗਲਤ ਮਨੁੱਖੀ ਸਮਝ ਹੀ ਹੈ।

"ਹੁਕਮੁ ਮੰਨੇ ਸੋ ਜਨੁ ਪਰਵਾਣੁ॥
ਗੁਰ ਕੈ ਸਬਦਿ ਨਾਮਿ ਨੀਸਾਣੁ॥੧॥ਰਹਾਉ॥"

(ਅੰਗ ੧੧੭੫)

ਇੱਥੇ ਗੱਲ ਬਿਲਕੁਲ ਸਪੱਸ਼ਟ ਹੈ ਕਿ ਗੁਰੂ ਦਾ ਹੁਕਮ ਮੰਨੇ ਬਿਨ੍ਹਾਂ ਮਨੁੱਖ ਪ੍ਰਮਾਤਮਾ ਨੂੰ ਪ੍ਰਵਾਨ ਨਹੀਂ ਹੋ ਸਕਦਾ। ਗੁਰੂ ਦੇ ਸ਼ਬਦ ਦੁਆਰਾ ਸੁਣਾਇਆ ਹੋਇਆ ਉਸਦਾ ਹੁਕਮ ਮੰਨ ਕੇ ਹੀ ਨਾਮ ਦਾ ਨਿਸ਼ਾਨ ਲੱਗਦਾ ਹੈ, ਪ੍ਰਮਾਤਮਾ ਦਾ ਨਿਸ਼ਾਨ ਲੱਗਦਾ ਹੈ। ਸਾਰੀ ਗੁਰਬਾਣੀ ਵਿੱਚ ਗੁਰੂ ਦਾ, ਪ੍ਰਮਾਤਮਾ ਦਾ ਹੁਕਮ ਹੀ ਹੈ ਜੋ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਨ੍ਹਾਂ ਵਿਚਾਰਾਂ ਨੂੰ ਅਸੀਂ ਮੰਨਣਾ ਹੈ।

"ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ॥
ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ॥੨॥"

(ਅੰਗ ੧੨੩੮)

ਇਸ ਸ਼ਬਦ ਰਾਹੀਂ ਗੁਰੂ ਨੇ ਬਹੁਤ ਹੀ ਸਪੱਸ਼ਟ ਫੁਰਮਾਨ ਆਖ ਕੇ ਸਮਝਾਇਆ ਹੈ ਕਿ ਮਨੁੱਖਾ ਜੀਵਨ ਵਿੱਚ ਸਭ ਕੁੱਝ ਸਾਡੀ ਕਰਨੀ ਦੁਆਰਾ ਹੀ ਤੈਅ ਹੁੰਦਾ ਹੈ। ਸਾਡਾ ਸਾਰਾ ਜਪ ਤਪ ਸਾਡੀ ਕਰਨੀ ਕਿਹੋ ਜਿਹੀ ਹੈ, ਇਸ ਤੇ ਹੀ ਨਿਰਭਰ ਕਰਦਾ ਹੈ। ਜਿਹੋ ਜਿਹੇ ਕਰਮ ਕੋਈ ਕਰਦਾ ਹੈ, ਉਹੋ ਜਿਹੇ ਹੀ ਫਲ ਪਾਉਂਦਾ ਹੈ। ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਗੁਰੂ ਸਾਹਿਬ ਸਾਨੂੰ ਭਾਵ ਪੂਰੇ ਸੰਸਾਰ ਨੂੰ ਇਹ ਕਹਿ ਕੇ ਸੰਬੋਧਨ ਕਰ ਰਹੇ ਹਨ ਕਿ ਜੋ ਉਪਦੇਸ਼ ਮੈਂ ਤੁਹਾਨੂੰ ਗੁਰਬਾਣੀ ਰਾਹੀਂ ਕਹਿ ਕੇ ਸੁਣਾ ਰਹਿਆ ਹਾਂ ਉਸਦੇ ਅੰਦਰ "ਮਤਿ" ਮੇਰੀ ਨਹੀਂ ਹੈ ਬਲਕਿ "ਮੂਲ" ਦੀ ਹੈ ਭਾਵ ਪ੍ਰਮਾਤਮਾ ਦੀ ਹੈ ਤੇ ਮੈਂ ਕੇਵਲ ਤੁਹਾਨੂੰ ਪ੍ਰਮਾਤਮਾ ਦਾ "ਪਰਵਾਨਾ", ਉਸਦੀ ਚਿੱਠੀ, ਉਸਦਾ ਹੁਕਮ ਆਖ ਕੇ ਸੁਣਾ ਰਿਹਾ ਹਾਂ।

(ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ॥)

(ਅੰਗ ੧੨੩੮)

ਉਹ ਕਿਹੜਾ ਪਰਵਾਨਾ ਹੈ ਜਿਸ ਪਰਵਾਨੇ ਨੂੰ ਬਦਲਿਆ ਨਹੀਂ ਜਾ ਸਕਦਾ ਜੋ ਪਰਵਾਨਾ ਹਮੇਸ਼ਾ ਲਈ "ਏਹੋ" ਹੀ ਰਹਿਣਾ ਹੈ, ਉਸ ਪ੍ਰਮਾਤਮਾ ਦੇ ਪਰਵਾਨੇ ਨੂੰ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥"

(ਅੰਗ 1238)

ਉਪਰਲੀ ਪੰਗਤੀ ਰਾਹੀਂ ਸਾਨੂੰ ਪੂਰੀ ਗੁਰਬਾਣੀ ਦਾ ਸਾਰ ਹੀ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਹਰ ਕੋਈ ਪਾਉਣਾ ਚਾਹੁੰਦਾ ਹੈ, ਜਾਨਣਾ ਚਾਹੁੰਦਾ ਹੈ ਜਿਸ ਲਈ ਹਰ ਕੋਈ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਸਦਾ ਨਾਮ ਜਪਣਾ ਚਾਹੁੰਦਾ ਹੈ ਤੇ ਆਪਣੀ ਅਪਣੀ ਆਸਥਾ ਅਨੁਸਾਰ ਅਨੇਕਾਂ ਹੀ ਇਹੋ ਜਿਹੇ ਤਰੀਕੇ ਅਪਣਾਏ ਜਾਂਦੇ ਹਨ ਜਿਨ੍ਹਾਂ ਨੂੰ ਭਗਤੀ ਦੇ ਤਰੀਕੇ ਸਮਝਿਆ ਜਾਂਦਾ ਹੈ, ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦੇ ਤਰੀਕੇ ਸਮਝਿਆ ਜਾਂਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਜਾਣ ਸਕੀਏ, ਉਸਦੇ ਨਾਲ ਮੇਲ ਕਰ ਸਕੀਏ। ਸਦੀਆਂ ਤੋਂ ਹੀ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਢੰਗ ਵਰਤੇ ਜਾਂਦੇ ਰਹੇ ਹਨ ਤੇ ਅੱਜ ਵੀ ਪ੍ਰਚਲਿਤ ਹਨ, ਅਨੇਕਾਂ ਰੂਪ ਵਿੱਚ ਪ੍ਰਚਲਿਤ ਹਨ। ਇਹੋ ਜਿਹੇ ਅਨੇਕਾਂ ਹੀ ਤਰੀਕਿਆਂ ਦਾ ਬਾਣੀ ਰਾਹੀਂ ਵਰਣਨ ਕੀਤਾ ਹੋਇਆ ਹੈ ਤੇ ਉਹਨਾਂ ਸਭ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਕਿ ਇਹ ਭਗਤੀ ਦਾ ਮਾਰਗ ਨਹੀਂ ਹੈ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਨਹੀਂ ਹੈ। ਇਹਨਾਂ ਸਾਰੇ ਤਰੀਕਿਆਂ ਦਾ ਅੱਗੇ ਚੱਲਕੇ ਵਿਸਥਾਰ ਵਿੱਚ ਵਰਣਨ ਕਰਾਂਗੇ ਤੇ ਹਰ ਗੱਲ ਨੂੰ ਬਰੀਕੀ ਨਾਲ ਸਮਝਾਂਗੇ।

ਉਪਰਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਹੁਕਮ ਹੀ ਸੁਣਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਕੀ ਹੈ ਜਿਸ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਦੇ ਦਰਬਾਰ ਵਿੱਚ "ਤਪਾਵਸੁ" ਭਾਵ ਫੈਸਲਾ ਕਿਸ ਤਰੀਕੇ ਹੁੰਦਾ ਹੈ ਕਿ ਕਿਹੜਾ ਮਨੁੱਖ ਪ੍ਰਮਾਤਮਾ ਦੇ ਦਰਬਾਰ ਵਿੱਚ ਚੰਗਾ ਜਾਂ ਮਾੜਾ ਹੈ ਇਹ ਗੱਲ ਮਨੁੱਖ ਦੀ ਕਰਨੀ ਉਤੇ ਤਹਿ ਹੁੰਦੀ ਹੈ ਭਾਵ ਮਨੁਖ ਦੇ ਕਰਮ ਕਿਹੋ ਜਿਹੇ ਹਨ ਇਸ ਗੱਲ ਨਾਲ ਫੈਸਲਾ ਹੁੰਦਾ ਹੈ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੀ ਕਰਨੀ ਹੈ ਭਾਵ ਜੀਵਨ ਦੀ ਵਿਚਰਨ ਹੈ। ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਸਾਡੀ ਕਰਨੀ ਹੀ ਸਮਝਾ ਰਿਹਾ ਹੈ ਜੋ ਕਿ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਹੁੰਦੀ ਹੈ। ਸਾਡੀ ਚੰਗੀ ਕਰਨੀ ਕੇਵਲ ਉਹੀ ਹੈ ਜੋ ਗੁਰਮਤਿ ਅਨੁਸਾਰ ਹੈ ਤੇ ਸਾਡੀ ਜਿਸ ਕਰਨੀ ਵਿੱਚ ਗੁਰੂ ਦੀ ਮਤਿ ਨਹੀਂ ਹੈ ਭਾਵ ਮਨਮਤਿ ਹੈ ਉਹ ਸਾਡੀ ਮਾੜੀ ਕਰਨੀ ਹੈ। ਅਸੀਂ ਅਨੇਕਾਂ ਹੀ ਭਗਤੀ ਦੇ ਉਹੋ ਜਿਹੇ ਤਰੀਕੇ ਅਪਣਾਏ ਹੋਏ ਹਨ ਜਿਨ੍ਹਾਂ ਲਈ ਗੁਰੂ ਸਾਨੂੰ ਮਨ੍ਹਾਂ ਕਰਦਾ ਹੈ ਤੇ ਉਸਨੂੰ ਅਸੀਂ ਆਪਣੀ ਚੰਗੀ ਕਰਨੀ ਸਮਝਦੇ ਹਾਂ ਜਦ ਕਿ ਜੋ ਕਰਨੀ ਗੁਰਮਤਿ ਦੇ ਉਲਟ ਹੈ ਉਹ ਚੰਗੀ ਕਰਨੀ ਕਿਵੇਂ ਹੋ ਸਕਦੀ ਹੈ ਤੇ ਪ੍ਰਮਾਤਮਾ ਨੂੰ ਅਸੀਂ ਕਿਵੇਂ ਚੰਗੇ ਲੱਗ ਸਕਦੇ ਹਾਂ। ਪ੍ਰਮਾਤਮਾ ਦੇ ਦਰਬਾਰ ਵਿੱਚ ਜੋ ਵੀ ਫੈਸਲਾ ਹੁੰਦਾ ਹੈ ਉਹ ਸਾਡੀ ਕਰਨੀ ਦੁਆਰਾ ਹੀ ਹੁੰਦਾ ਹੈ। ਜੇਕਰ ਅਸੀਂ ਕਥਨੀ ਨਾਲ ਹੀ ਜੁੜੇ ਰਹਾਂਗੇ, ਸਰੀਰਕ ਜਪਾਂ ਤਪਾਂ ਨਾਲ ਜੁੜੇ ਰਹਾਂਗੇ ਤਾਂ ਫਿਰ ਅਸੀਂ ਭਗਤੀ ਦੇ ਮਾਰਗ ਤੋਂ ਦੂਰ ਹੀ ਰਹਾਂਗੇ ਤੇ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ। ਇਸ ਤਰੀਕੇ ਨਾ ਹੀ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਪਾਇਆ ਜਾ ਸਕਦਾ ਹੈ। ਅੱਗੇ ਚੱਲਕੇ ਇਹਨਾਂ ਸਾਰੀਆਂ ਗੱਲਾਂ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ।

ਪ੍ਰਮਾਤਮਾ ਦਾ ਕਹਿਣ ਭਾਵ ਉਸਦੀ ਭਗਤੀ, ਉਸਦਾ ਆਖਣ ਕੋਈ ਤਾਂ ਹੀ ਕਰ ਸਕਦਾ ਹੈ ਜੇਕਰ ਪ੍ਰਮਾਤਮਾ ਆਪ ਹੀ ਆਪਣਾ ਆਖਣ ਕਿਸ ਕੋਲੋਂ ਅਖਵਾਏ ਭਾਵ ਆਪ ਹੀ ਕਿਸੇ ਨੂੰ ਆਪਣੀ ਭਗਤੀ ਦਾ ਮਾਰਗ ਸਮਝਾ ਕੇ ਆਪ ਹੀ ਉਸ ਤੇ ਚਲਾਏ। ਕੋਈ ਵਿਰਲਾ ਹੀ ਹੁੰਦਾ ਹੈ ਜਿਸਨੂੰ ਪ੍ਰਮਾਤਮਾ ਆਪਣੇ ਸੱਚੇ ਮਾਰਗ ਤੇ ਚਲਾਉਂਦਾ ਹੈ। ਆਪਣਾ ਕਹਿਣ ਪ੍ਰਮਾਤਮਾ ਆਪ ਹੀ ਕਿਸੇ ਕੋਲੋਂ ਕਹਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਕੋਲੋਂ ਕਹਾਇਆ ਹੈ। **(ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥)**

ਫੈਸਲਾ ਸਾਡੇ ਕਰਮਾਂ ਅਨੁਸਾਰ ਹੀ ਹੋਣਾ ਹੈ। ਕਰਮ ਮਾੜੇ ਕਰੀਏ ਪਰ ਮੁੱਖੋਂ ਹਰਿ ਹਰਿ ਕਹੀ ਜਾਈਏ, ਉਸਦਾ ਕੀ ਲਾਭ। ਫਲ ਤੇ ਮਾੜੇ ਕਰਮਾਂ ਦਾ ਹੀ ਮਿਲਣਾ ਹੈ ਕਿਉਂਕਿ ਫੈਸਲਾ ਸਾਡੇ ਕਰਮਾਂ ਨਾਲ ਹੀ ਹੁੰਦਾ ਹੈ।

"ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥"

(ਅੰਗ 1262)

ਇਸ ਸ਼ਬਦ ਰਾਹੀਂ ਬੜਾ ਸਪੱਸ਼ਟ ਕੀਤਾ ਹੋਇਆ ਹੈ ਕਿ ਰਸਨਾ ਦੇ ਨਾਲ ਤਾਂ ਹਰ ਕੋਈ ਨਾਮ ਜਪੀ ਜਾਂਦਾ ਹੈ ਪਰ ਇਹ ਪ੍ਰਮਾਤਮਾ ਦਾ ਨਾਮ ਲੈਣ ਦਾ ਤਰੀਕਾ ਨਹੀਂ ਹੈ। ਨਾਮ ਲੈਣਾ ਭਾਵ ਨਾਮ ਜਪਣਾ ਗੁਰੂ ਦੀ ਸੇਵਾ ਹੈ ਭਾਵ ਜੋ ਗੁਰੂ ਦੀ ਸੇਵਾ ਵਿੱਚ ਲੱਗਾ ਹੋਇਆ ਹੈ ਉਹ ਨਾਮ ਲੈ ਰਿਹਾ ਹੈ, ਉਸਦੀ ਰਸਨਾ ਨਾਮ ਲੈ ਰਹੀ ਹੈ, ਨਾਮ ਜਪ ਰਹੀ ਹੈ। ਸੇਵਾ ਕੀ ਹੈ ਇਹ ਅਸੀਂ ਪਹਿਲਾਂ ਹੀ ਜਾਣ ਚੁੱਕੇ ਹਾਂ, ਕਿ ਸੇਵਾ ਗੁਰੂ ਦੇ ਭਾਣੇ ਵਿੱਚ ਚੱਲਣਾ ਹੀ ਹੈ। ਹੁਣ ਆਪੇ ਹੀ ਸੋਚੋ ਕਿ ਜਿਸ ਤਰੀਕੇ ਨਾਲ ਹਰ

ਕੋਈ ਨਾਮ ਜਪਣ ਲੱਗਾ ਹੋਇਆ ਹੈ, ਕੀ ਬਾਣੀ ਇਸ ਨੂੰ ਪ੍ਰਵਾਨ ਕਰਦੀ ਹੈ? ਨਾਮ ਸਾਡਾ ਮਨ ਜਪਦਾ ਹੈ ਨਾ ਕਿ ਰਸਨਾ। ਜੇਕਰ ਮਨ ਸੱਚਾ ਹੈ ਤਾਂ ਅਸੀਂ ਨਾਮ ਜਪ ਰਹੇ ਹਾਂ, ਅਗਰ ਮਨ ਵਿੱਚ ਝੂਠ ਵੱਸਿਆ ਹੋਇਆ ਹੈ ਤਾਂ ਫਿਰ ਅਸੀਂ ਨਾਮ ਤੋਂ ਵਿਸਰੇ ਹੋਏ ਹਾਂ। ਮਨ ਨੂੰ ਨਾਮ ਵਾਲਾ ਬਣਾਉਣਾ ਹੀ ਰਸਨਾ ਨੂੰ ਨਾਮ ਵਾਲੀ ਬਣਾਉਣਾ ਹੈ।

“ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥”

(ਅੰਗ 55)

ਜਦ ਤੱਕ ਮਨ ਵਿੱਚ ਝੂਠ ਹੈ ਜਿਹਵਾ ਜੂਠੀ ਹੀ ਹੈ ਭਾਵੇਂ ਜਿਹੜਾ ਮਰਜ਼ੀ ਅੱਖਰ ਬੋਲੀ ਜਾਵੋ ਕੀ ਫਰਕ ਪੈਂਦਾ ਹੈ। ਰਸਨਾ ਨਾਲ ਰਾਮ ਰਾਮ ਬੋਲੋ, ਹਰਿ ਹਰਿ ਬੋਲੋ, ਅੱਲ੍ਹਾ ਅੱਲ੍ਹਾ ਬੋਲੋ, ਵਾਹਿਗੁਰੂ ਵਾਹਿਗੁਰੂ ਬੋਲੋ ਉਸ ਨਾਲ ਕੀ ਫਰਕ ਪੈਣਾ ਹੈ। ਜੇਕਰ ਮਨ ਵਿਚੋਂ ਜੂਠ ਨਿਕਲ ਜਾਵੇ ਫਿਰ ਰਸਨਾ ਸਦਾ ਹੀ ਸੱਚ ਬੋਲਦੀ ਹੈ ਭਾਵ ਨਾਮ ਜਪਦੀ ਹੈ। ਸੇਵਾ ਕਰਨ ਲਈ ਰਸਨਾ ਨਾਲ ਬੋਲਣ ਦੀ ਲੋੜ ਨਹੀਂ ਹੁੰਦੀ, ਮਨ ਦੀ ਮਰਜੀ ਦੀ ਲੋੜ ਹੁੰਦੀ ਹੈ। ਸੇਵਾ ਕਰਨੀ ਕੀ ਹੈ? ਇਸ ਗੱਲ ਨੂੰ ਅੱਗੇ ਚੱਲਕੇ ਹੋਰ ਬਰੀਕੀ ਨਾਲ ਸਮਝਾਂਗੇ।

“ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੪॥”

(ਅੰਗ 565)

ਹਰਿ ਹਰਿ ਕਰਨਾ ਭਾਵ ਨਾਮ ਜਪਣਾ ਸਾਡੀ ਕਥਨੀ ਦਾ ਨਹੀਂ ਬਲਕਿ ਕਰਨੀ ਦਾ ਮਾਰਗ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਮਝਾਇਆ ਹੋਇਆ ਹੈ। ਪੂਰੇ ਸ਼ਬਦ ਨੂੰ ਅੱਗੇ ਚੱਲਕੇ ਵਿਸਥਾਰ ਨਾਲ ਸਮਝਾਂਗੇ ਕਿ ਨਾਮ ਨੂੰ ਹਿਰਦੇ ਵਸਾਉਣਾ ਕੀ ਹੈ।

“ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥
ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥
ਨਦਰਿ ਤਿਨ੍ਾ ਕਉ ਨਾਨਕਾ ਨਾਮੁ ਜਿਨ੍ਾ ਨੀਸਾਣੁ॥੨॥”

(ਅੰਗ 1239)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਦੀ ਕ੍ਰਿਪਾ ਇਹ ਹੀ ਹੁੰਦੀ ਹੈ ਕਿ ਉਹ ਕਿਸ ਨੂੰ ਆਪਣੀ ਸਿਫਤ ਕਰਵਾਉਣ ਦੀ ਦਾਤਿ ਬਖ਼ਸ਼ੇ, ਆਪਣੇ ਨਾਮ ਦਾ ਨਿਸ਼ਾਨ ਲਗਾਵੇ ਭਾਵ ਬਾਣੀ ਨਾਲ ਜੋੜੇ। ਉਸਦੀ ਸਿਫਤ ਕੋਈ ਗੁਣਾਂ ਦੁਆਰਾ ਵਿਚਰ ਕੇ ਹੀ ਕਰ ਸਕਦਾ ਹੈ। ਜਿਸਨੂੰ ਪ੍ਰਮਾਤਮਾ ਬਾਣੀ ਨਾਲ ਜੋੜ ਲੈਂਦਾ ਹੈ, ਉਸਨੂੰ ਹੀ ਬਾਣੀ ਦੇ ਗੁਣਾਂ ਦਾ ਭੰਡਾਰ ਮਿਲਦਾ ਹੈ। ਆਪਣੇ ਇਹ ਗੁਣਾਂ ਦਾ ਭੰਡਾਰ ਉਹ ਜਿਨ੍ਹਾਂ ਨੂੰ ਦਿੰਦਾ ਹੈ, ਉਸਦੀ ਸੰਭਾਲ ਵੀ ਕਰਵਾਉਂਦਾ ਹੈ ਭਾਵ ਉਸ ਦੇ ਗੁਣਾਂ ਦੀ ਸੰਭਾਲ ਉਸੇ ਮਨ ਦੇ ਵਿੱਚ ਹੁੰਦੀ ਹੈ ਜਿੱਥੇ ਆਪ ਭੰਡਾਰੀ ਭਾਵ ਪ੍ਰਮਾਤਮਾ ਪ੍ਰਗਟ ਹੋ ਕੇ ਮਨ ਦੇ ਵਿੱਚ ਗੁਣ ਪਾਉਂਦਾ ਹੈ। ਅਸੀਂ ਆਪਣੇ ਆਪ ਪ੍ਰਮਾਤਮਾ ਦੇ ਪੂਰੇ ਗੁਣ, ਪੂਰੀ ਗੁਰਮਤਿ ਦੇ ਗੁਣ ਆਪਣੇ ਅੰਦਰ ਵੱਸਾ ਲਈਏ, ਔਗੁਣਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਈਏ ਇਹ ਸਾਡੀ ਸਮਰੱਥਾ ਤੋਂ ਬਾਹਰ ਹੈ। ਜਿਸਨੂੰ ਉਹ ਆਪਣੇ ਦਰ ਤੇ ਪ੍ਰਵਾਨ ਕਰਦਾ ਹੈ ਉਸਨੂੰ ਆਪ ਹੀ ਅੰਦਰ ਪ੍ਰਗਟ ਹੋ ਕੇ ਗੁਣ ਬਖਸ਼ਦਾ ਹੈ, ਮਨ ਵਿੱਚ ਆਪਣੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਆਪਣੇ ਆਪ ਉਸਦੇ ਦਰ ਤੇ ਕੋਈ ਪ੍ਰਵਾਨ ਨਹੀਂ ਹੋ ਸਕਦਾ। **(ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥)** “ਕੁੰਜੀ” ਸਾਡੇ ਮਨ ਦੀ ਸੱਚੀ ਸੋਝੀ ਹੈ, ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੈ, ਬ੍ਰਹਮ ਗਿਆਨ ਦਾ ਪ੍ਰਕਾਸ਼ ਹੈ ਜਿਸ ਦੁਆਰਾ ਸਾਨੂੰ ਗੁਰਮਤਿ ਦੀ ਸੋਝੀ ਪੈਂਦੀ ਹੈ। ਇਸ ਸੋਝੀ ਦੁਆਰਾ ਮਨ ਦੀ ਅਗਿਆਨਤਾ ਦਾ ਤਾਲਾ ਖੁੱਲ੍ਹਦਾ ਹੈ, ਮਨੁੱਖ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਦਾ ਹੈ, ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਨਿਕਲਦਾ ਹੈ ਤੇ ਪੂਰਨ ਸੱਚ ਨਾਲ ਜੁੜਦਾ ਹੈ। ਇਹ ਤਾਲਾ ਪ੍ਰਮਾਤਮਾ ਆਪ ਹੀ ਖੋਲ੍ਹਦਾ ਹੈ, ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਕੇ ਖੋਲ੍ਹਦਾ ਹੈ। ਮਨ ਦੀ ਇਸ ਸੋਝੀ ਦੁਆਰਾ ਹੀ ਪ੍ਰਮਾਤਮਾ ਸੱਚ ਤੇ ਚੱਲਣ ਦੀ ਦ੍ਰਿੜਤਾ, ਨਾਮ ਤੇ ਚੱਲਣ ਦੀ ਦ੍ਰਿੜਤਾ ਬਖਸ਼ਦਾ ਹੈ। ਆਪਣਾ ਨਾਮ ਉਹ ਮਨ ਦੇ ਵਿੱਚ ਆਪ ਹੀ ਦ੍ਰਿੜ ਕਰਵਾਉਂਦਾ ਹੈ। ਮਨ

ਦੀ ਇਸ ਅਡੋਲਤਾ ਦੁਆਰਾ ਫਿਰ ਮਨ ਮਾਇਆ ਮੋਹ ਵਿੱਚ ਨਹੀਂ ਡੋਲਦਾ। ਇਹ ਮਨ ਦੀ ਦ੍ਰਿੜਤਾ ਉਹ ਆਪ ਹੀ ਦਿੰਦਾ ਹੈ ਤੇ ਤਾਂ ਹੀ ਅਸੀਂ ਆਪਣੇ ਅੰਦਰ ਗੁਣਾਂ ਦੀ ਸੰਭਾਲ ਕਰ ਸਕਦੇ ਹਾਂ, ਨਾਮ ਦੀ ਸੰਭਾਲ ਕਰ ਸਕਦੇ ਹਾਂ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਸਿਰਫ ਗੁਰਬਾਣੀ ਦੇ ਗੁਣਾਂ ਤੇ ਹੀ ਚੱਲਦਾ ਹੈ ਤੇ ਤਾਂ ਹੀ ਪ੍ਰਵਾਨ ਹੁੰਦਾ ਹੈ ਭਾਵ ਬਾਣੀ ਦੇ ਗੁਣ ਧਾਰਨ ਕੀਤੇ ਬਿਨ੍ਹਾਂ ਪ੍ਰਮਾਤਮਾ ਨਾਲ ਮੇਲ ਨਹੀਂ ਹੋ ਸਕਦਾ ਭਾਵ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅਸੀਂ ਕੇਵਲ ਗੁਰਮਤਿ ਤੇ ਚੱਲਣ ਦਾ ਹੀ ਉੱਦਮ ਕਰਨਾ ਹੈ ਜੋ ਕਿ ਸਾਡਾ ਫਰਜ਼ ਬਣਦਾ ਹੈ। ਇਹ ਮਨ ਨੂੰ ਮਾਰਨ ਦਾ ਮਾਰਗ ਹੈ। (**ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ॥ ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥੨॥**)

“ਨਿਤ ਨਿਤ ਕਾਇਆ ਮਜਨੁ ਕੀਆ ਨਿਤ ਮਲਿ ਮਲਿ ਦੇਹ ਸਵਾਰੇ॥
ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ ਸਭ ਫੋਕਟ ਚਾਰ ਸੀਗਾਰੇ॥੩॥”

(ਅੰਗ ੯੮੩)

ਇਸ ਸ਼ਬਦ ਰਾਹੀਂ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਗੁਰੂ ਦੇ ਬਚਨ ਮੰਨਣ ਤੋਂ ਬਿਨ੍ਹਾਂ ਹੋਰ ਸਾਰੀਆਂ ਗੱਲਾਂ ਪ੍ਰਮਾਤਮਾ ਨੂੰ ਪ੍ਰਸੰਨ ਕਰਨ ਲਈ ਵਿਅਰਥ ਹੀ ਹਨ। ਉਹ ਕੇਵਲ ਸਾਡੇ ਗੁਣਾਂ ਦੁਆਰਾ ਪ੍ਰਸੰਨ ਹੁੰਦਾ ਹੈ, ਉਸਦੇ ਬਚਨ ਮੰਨਣ ਦੁਆਰਾ ਪ੍ਰਸੰਨ ਹੁੰਦਾ ਹੈ। ਜਦ ਤੱਕ ਸਾਨੂੰ ਪ੍ਰਮਾਤਮਾ ਦੇ ਬਚਨ ਨਹੀਂ ਭਾਉਂਦੇ ਤਦ ਤੱਕ ਅਸੀਂ ਉਸ ਨੂੰ ਨਹੀਂ ਭਾ ਸਕਦੇ, ਚੰਗੇ ਨਹੀਂ ਲੱਗ ਸਕਦੇ। ਗੁਰੂ ਦੇ ਬਚਨ ਮੰਨਣੇ ਬੜੇ ਔਖੇ ਹਨ।

(ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥)

(ਅੰਗ 578)

(ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥5॥)

(ਅੰਗ 65)

“ਘਰਿ ਰਹੁ ਰੇ ਮਨ ਮੁਗਧ ਇਆਨੇ॥ ਰਾਮੁ ਜਪਹੁ ਅੰਤਰਗਤਿ ਧਿਆਨੇ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ॥੧॥”

(ਅੰਗ ੧੦੩੦)

ਗੁਰਬਾਣੀ ਆਪਣੇ ਚੌਥੇ ਪਦ ਦੁਆਰਾ, ਬ੍ਰਹਮ ਗਿਆਨ ਦੁਆਰਾ ਹੀ ਪ੍ਰਮਾਤਮਾ ਦਾ ਨਿੱਜ ਘਰ ਹੈ, ਪ੍ਰਮਾਤਮਾ ਦਾ ਅਸਥਾਨ ਹੈ।

{ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

ਗੁਰਬਾਣੀ ਆਪਣੇ ਬ੍ਰਹਮ ਗਿਆਨ ਦੁਆਰਾ ਭਰਮ ਤੋਂ ਮੁਕਤ ਹੈ ਤੇ ਪ੍ਰਮਾਤਮਾ ਦਾ ਆਪਣਾ ਘਰ ਹੈ ਤੇ ਇਸੇ ਲਈ ਸਾਨੂੰ ਮੁਕਤੀ ਦਾ ਤਰੀਕਾ ਸਮਝਾ ਰਹੀ ਹੈ ਜੋ ਤਰੀਕਾ ਪ੍ਰਮਾਤਮਾ ਨੂੰ ਆਪਣੇ ਧਿਆਨ ਦੁਆਰਾ ਜਪਣ ਦਾ ਹੈ ਜਿਸ ਦੁਆਰਾ ਅਸੀਂ ਆਪਣੇ ਅਸਲ ਘਰ ਵਿੱਚ ਪਹੁੰਚ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ ਜੋ ਉਸਦਾ ਸੱਚਾ ਘਰ, ਬ੍ਰਹਮ ਗਿਆਨ ਰੂਪ ਘਰ ਸਾਡੇ ਅੰਦਰ ਹੀ ਹੈ, ਜਿਸ ਘਰ ਵਿੱਚੋਂ ਪੂਰੀ ਗੁਰਬਾਣੀ ਆਈ ਹੈ। ਗੁਰਬਾਣੀ ਰੂਪ ਘਰ ਵਿੱਚ ਰਹਿਣਾ ਹੀ ਆਪਣੇ ਘਰ ਵਿੱਚ ਰਹਿਣਾ ਹੈ। **(ਘਰਿ ਰਹੁ ਰੇ ਮਨ ਮੁਗਧ ਇਆਨੇ॥ ਰਾਮੁ ਜਪਹੁ ਅੰਤਰਗਤਿ ਧਿਆਨੇ ॥)** ਮੁਕਤ ਹੋਣ ਦਾ ਤਰੀਕਾ ਕੀ ਹੈ, ਰਾਮ ਨੂੰ ਜਪਣ ਦਾ ਤਰੀਕਾ ਕੀ ਹੈ, ਅਸਲ ਘਰ ਵਿੱਚ ਜਾਣ ਦਾ ਤਰੀਕਾ ਕੀ ਹੈ, ਇਹ ਗੱਲ ਸਾਨੂੰ “ਗੁਰੂ” ਅਗਲੀ ਪੰਗਤੀ ਰਾਹੀਂ ਸਮਝਾ ਰਿਹਾ ਹੈ।

“ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ॥੧॥”

ਇਹ ਸਾਨੂੰ ਰਾਮ ਜਪਣ ਦਾ ਭਾਵ ਨਾਮ ਜਪਣ ਦਾ ਤਰੀਕਾ ਸਮਝਾਇਆ ਹੋਇਆ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਨੂੰ ਰਾਮ ਕਹਿ ਕੇ ਜਾਣੋ, ਅੱਲ੍ਹਾ ਕਹਿ ਕੇ ਜਾਣੋ, ਵਾਹਿਗੁਰੂ ਕਹਿ ਕੇ ਜਾਣੋ, ਗਾਡ ਕਹਿ ਕੇ ਜਾਣੋ ਕੀ ਫਰਕ ਪੈਂਦਾ ਹੈ। ਇਹ ਸਾਰੇ ਉਸਨੂੰ ਸੰਬੋਧਨ ਕਰਨ ਦੇ ਨਾਮ ਹਨ ਭਾਵੇਂ ਉਸਨੂੰ ਜਿਹੜੇ ਮਰਜ਼ੀ ਨਾਮ ਨਾਲ ਪੁਕਾਰ ਲਵੋ। ਨਾਮ ਕੋਈ ਤੰਤਰ ਮੰਤਰ ਨਹੀਂ ਹੈ। "ਨਾਮ" ਸਾਨੂੰ ਸਮਝਾਉਣ ਲਈ ਹੈ, ਮਤਿ ਦੇਣ ਲਈ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਦਿੱਤਾ ਹੋਇਆ ਮੰਤ੍ਰ ਹੈ, ਗੁਰੂ ਮੰਤ੍ਰ ਹੈ ਜਿਸਨੂੰ ਅਸੀਂ ਜਪਣਾ ਹੈ।

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥੧॥੨੦॥}

(ਅੰਗ ੧੨੦੯)

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਦਿੱਤਾ ਹੋਇਆ ਮੰਤ੍ਰ ਹੈ ਭਾਵ ਗਿਆਨ ਹੈ, ਬ੍ਰਹਮ ਗਿਆਨ ਹੈ। ਇਸੇ ਮੰਤ੍ਰ ਦੁਆਰਾ, ਗਿਆਨ ਦੁਆਰਾ ਗੁਰਬਾਣੀ ਗੁਰੂ ਹੈ। ਪੂਰੀ ਬਾਣੀ ਵਿੱਚ ਗੁਰਮੰਤਰ ਹੈ ਜਿਸ ਮੰਤਰ ਦੁਆਰਾ ਗੁਰਬਾਣੀ ਪੂਰੇ ਸੰਸਾਰ ਨੂੰ ਇੱਕੋ ਜਿਹੀ ਗੱਲ ਸਮਝਾਉਂਦੀ ਹੈ ਤੇ ਸਾਨੂੰ ਤੰਤਰ ਮੰਤਰ ਦੇ ਜਪ ਤੋਂ ਦੂਰ ਹਟਾਉਂਦੀ ਹੈ। ਤੰਤਰ ਮੰਤਰ ਸਭ ਨੇ ਆਪਣੀ-ਆਪਣੀ ਆਸਥਾ ਅਨੁਸਾਰ ਬਣਾਏ ਹੋਏ ਹਨ ਜਿਨ੍ਹਾਂ ਨੂੰ ਉਹ ਨਾਮ ਦਾ ਮੰਤਰ ਕਹਿ ਕੇ ਜਪਦੇ ਹਨ ਤੇ ਜਪਾਉਂਦੇ ਹਨ। ਬਾਣੀ ਸਭ ਨੂੰ ਇੱਕੋ ਜਿਹਾ ਮੰਤ੍ਰ ਜਪਣ ਲਈ ਸਮਝਾਉਂਦੀ ਹੈ ਜਿਸ ਮੰਤ੍ਰ ਰਾਹੀਂ ਸਭ ਨੂੰ ਸੱਚ ਤੇ ਚੱਲਣ ਲਈ ਹੀ ਪ੍ਰੇਰਿਆ ਹੈ। ਉਸ "ਸੁਖੁ ਅਸਥਾਨ" ਦੀ ਪ੍ਰਾਪਤੀ, ਸਾਡੇ ਅੰਦਰ ਨਾਮ ਦੇ, ਪ੍ਰਮਾਤਮਾ ਦੇ ਵੱਸਣ ਦੀ ਪ੍ਰਾਪਤੀ ਇਸ ਗੁਰਮੰਤਰ ਨੂੰ ਜਪਣ ਦੁਆਰਾ ਹੋਣੀ ਹੈ ਭਾਵ ਉਸਨੂੰ ਸਮਝ ਕੇ ਤੇ ਉਸ ਤੇ ਚੱਲਣ ਦੁਆਰਾ ਹੋਣੀ ਹੈ। ਗੁਰੂ ਦਾ ਮੰਤ੍ਰ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਇਹ ਸਮਝਾ ਰਿਹਾ ਹੈ।

"ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ॥੧॥"

ਮੰਤ੍ਰ ਦਾ ਜਪ ਅਸੀਂ ਮੁਕਤੀ ਪਾਉਣ ਲਈ ਹੀ ਕਰਦੇ ਹਾਂ ਪਰ ਉਹ ਤਾਂ ਹੀ ਮਿਲੇਗੀ ਜੇਕਰ ਸਾਨੂੰ ਪਹਿਲੇ ਇਹ ਸਮਝ ਲੱਗ ਜਾਵੇ ਕਿ ਅਸੀਂ ਗੁਰਮੰਤਰ ਨੂੰ, ਰਾਮ ਨਾਮ ਨੂੰ ਜਪਣਾ ਕਿਵੇਂ ਹੈ।

ਸਾਰੀ ਗੱਲ ਇਸ ਮਨ ਨੂੰ ਸ਼ੁੱਧ ਕਰਨ ਦੀ ਹੈ, ਆਪਣੀ ਨੀਯਤ ਨੂੰ ਰਾਸ ਕਰਨ ਦੀ ਹੈ, ਵਿਕਾਰਾਂ ਵਿੱਚੋਂ, ਔਗੁਣਾਂ ਵਿੱਚੋਂ ਨਿਕਲਣ ਦੀ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦੀ ਹੈ, ਲੋਭ ਲਾਲਚ ਵਿੱਚੋਂ ਨਿਕਲਣ ਦੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ। ਪ੍ਰਮਾਤਮਾ ਨੂੰ ਜਪਣ ਦਾ, ਪਾਉਣ ਦਾ ਤਰੀਕਾ, ਮੁਕਤੀ ਪਾਉਣ ਦਾ ਤਰੀਕਾ ਵਿਕਾਰਾਂ ਤੋਂ ਮੁਕਤੀ ਪਾਉਣਾ ਹੀ ਹੈ ਭਾਵ ਮਨ ਦੀ ਮਾੜੀ ਸਮਝ ਤੋਂ ਮੁਕਤੀ ਪਾਉਣਾ ਹੀ ਹੈ, ਮਨਮਤਿ ਵਾਲੀ ਸਮਝ ਤੋਂ ਮੁਕਤੀ ਪਾਉਣਾ ਹੀ ਹੈ। ਵਿਕਾਰਾਂ ਤੋਂ ਮੁਕਤੀ ਪਾਏ ਬਿਨ੍ਹਾਂ ਅਸੀਂ ਨਾਮ ਨਹੀਂ ਜਪ ਸਕਦੇ, ਸੱਚ ਤੇ ਨਹੀਂ ਚੱਲ ਸਕਦੇ, ਗੁਰਮਤਿ ਅਨੁਸਾਰ ਨਹੀਂ ਚੱਲ ਸਕਦੇ, ਸੱਚੀ ਸੁੱਚੀ ਕਿਰਤ ਨਹੀਂ ਕਰ ਸਕਦੇ।

ਜੇਕਰ ਕੋਈ ਇਹੋ ਜਿਹੇ ਵਿਚਾਰ ਲੈ ਕੇ ਬੈਠੇ ਹਨ ਕਿ ਕਿਸੇ ਅੱਖਰ ਦਾ ਜਪ ਕਰਨ ਨਾਲ ਵਿਕਾਰ ਆਪੇ ਦੂਰ ਹੋ ਜਾਂਦੇ ਹਨ ਉਹ ਘੋਰ ਭੁਲੇਖੇ ਵਿੱਚ ਹਨ। ਇਹ ਭੁਲੇਖਾ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ।

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥}

(ਅੰਗ ੧੧੯੯)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥}

(ਅੰਗ ੭੩੨)

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥}

(ਅੰਗ ੫੫੫)

ਬਾਣੀ ਸਾਨੂੰ ਵਾਰ-ਵਾਰ ਰਾਮ ਜਪਣ ਲਈ, ਹਰਿ ਹਰਿ ਜਪਣ ਲਈ ਹੀ ਸਮਝਾ ਰਹੀ ਹੈ ਪਰ ਬਜਾਇ "ਹਰਿ ਹਰਿ" ਜਪਣ ਨੂੰ ਸਮਝਣ ਦੇ ਅਸੀਂ ਅੱਖਰ ਹੀ ਬਦਲ ਲਿਆ ਹੈ। ਅਸੀਂ ਆਪਣੇ ਅੱਖਰ ਦਾ ਨਾਮ "ਵਾਹਿਗੁਰੂ" ਰੱਖ ਲਿਆ ਹੈ ਕਿ ਵਾਹਿਗੁਰੂ ਅੱਖਰ ਰਾਮ ਨਾਲੋਂ ਵੱਡਾ ਹੈ, ਹਰਿ ਨਾਲੋਂ ਵੱਡਾ ਹੈ ਭਾਵ ਅਸੀਂ ਆਪਣਾ ਭਰੋਸਾ ਇੱਕ ਅੱਖਰ ਤੇ ਹੀ ਟਿਕਾਇਆ ਹੋਇਆ

ਹੈ। ਸਾਡੇ ਇਹੋ ਜਿਹੇ ਭਰੋਸੇ ਦਾ, ਅੱਖਰ ਦੇ ਜਪ ਦਾ ਬਾਣੀ ਵਿੱਚ ਪੁਰਜ਼ੋਰ ਖੰਡਨ ਕੀਤਾ ਹੋਇਆ ਹੈ ਜਿਸ ਨੂੰ ਅਸੀਂ ਲੇਖ ਵਿੱਚ ਅੱਗੇ ਚੱਲ ਕੇ ਬੜੀ ਬਰੀਕੀ ਨਾਲ ਸਮਝਾਂਗੇ। ਮਾਇਆ ਮੋਹ ਛੱਡੇ ਬਿਨ੍ਹਾਂ, ਮਨਮਤਿ ਛੱਡੇ ਬਿਨ੍ਹਾਂ ਕੋਈ ਨਾਮ ਨਹੀਂ ਜਪ ਸਕਦਾ, ਕੋਈ ਪੂਰਨ ਸੱਚ ਤੇ ਨਹੀਂ ਚੱਲ ਸਕਦਾ। ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ, ਮੁਕਤ ਨਹੀਂ ਹੋਇਆ ਜਾ ਸਕਦਾ।

ਜੇਕਰ ਅਸੀਂ ਤਨੋਂ ਮਨੋਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਉਸਦਾ ਭੇਦ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕਿਸੇ ਦੇ ਕੋਲ ਨਹੀਂ ਹੈ। ਗੁਰਬਾਣੀ ਸਾਨੂੰ ਨਿਰਗੁਣ ਰੂਪ ਪ੍ਰਮਾਤਮਾ ਦੇ ਨਾਲ ਜੋੜਨ ਲਈ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਵਿੱਚ ਵੱਸਿਆ ਹੋਇਆ ਹੈ। ਨਿਰਗੁਣ ਰੂਪ ਪ੍ਰਮਾਤਮਾ ਨਾਲ ਅਸੀਂ ਤਾਂ ਹੀ ਮਿਲ ਸਕਦੇ ਹਾਂ ਜਦੋਂ ਅਸੀਂ ਸਰਗੁਣ ਰੂਪ ਦੇ ਮੋਹ ਵਿੱਚੋਂ ਨਿਕਲਾਂਗੇ, ਉਹਨਾਂ ਦੇ ਮੋਹ ਵਿੱਚੋਂ ਨਿਕਲਾਂਗੇ ਜਿਨ੍ਹਾਂ ਕੋਲੋਂ ਅਸੀਂ ਨਾਮ ਜਪਣਾ ਸਿੱਖਿਆ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਇਹ "ਮਨ" ਆਪ ਪ੍ਰਮਾਤਮਾ ਹੀ ਹੈ ਤੇ ਇਸੇ ਲਈ ਗੁਰਬਾਣੀ ਸਾਨੂੰ ਵਾਰ-ਵਾਰ ਇਸ ਮਨ ਨੂੰ ਖੋਜਣ ਲਈ ਸਮਝਾਉਂਦੀ ਹੈ। ਇਸ ਮਨ ਨੂੰ ਕੇਵਲ ਗੁਰਬਾਣੀ ਨਾਲ ਜੁੜ ਕੇ ਹੀ ਖੋਜਿਆ ਜਾ ਸਕਦਾ ਹੈ ਜਿਸ ਨੂੰ ਮਨ ਦੀ ਸਮਝ ਹੈ। ਆਓ ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

"ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ॥੭॥
ਸਤ ਸੰਤੋਖਿ ਰਹਹੁ ਜਨ ਭਾਈ॥ ਖਿਮਾ ਗਹਹੁ ਸਤਿਗੁਰ ਸਰਣਾਈ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ॥੮॥"

(ਅੰਗ 1030)

ਆਤਮਾ ਤੇ ਪ੍ਰਮਾਤਮਾ ਵਿੱਚ ਕੋਈ ਫਰਕ ਨਹੀਂ ਹੈ। ਇੱਕੋ ਗੱਲ ਹੈ। ਇਹ ਕੇਵਲ ਸਾਡਾ ਭੁਲੇਖਾ ਹੈ ਜੋ ਹਉਮੈ ਅੰਦਰ ਵਿਚਰਦੇ ਹੋਏ ਸਾਨੂੰ ਸਮਝ ਨਹੀਂ ਆ ਸਕਦੀ। ਮਨ ਹੀ ਆਤਮਾ ਹੈ ਅਤੇ ਮਨ ਹੀ ਪ੍ਰਮਾਤਮਾ ਹੈ। ਜਦੋਂ ਅਸੀਂ ਮਨ ਨੂੰ ਆਪਣਾ ਸਮਝਦੇ ਹਾਂ ਤਾਂ ਅਸੀਂ ਆਤਮਾ ਹਾਂ। ਇਸ ਅਵੱਸਥਾ ਵਿੱਚ ਅਸੀਂ ਬੇਸਮਝ ਹਾਂ। ਅਸਲ ਵਿੱਚ ਇਹ ਮਨ ਪ੍ਰਮਾਤਮਾ ਹੈ ਅਤੇ ਉਸ ਦੇ ਮੇਲ ਤੋਂ ਬਾਅਦ ਇਹ ਭੇਦ ਮਿਟ ਜਾਂਦਾ ਹੈ ਤੇ ਫਿਰ ਕੇਵਲ ਪ੍ਰਮਾਤਮਾ ਹੀ ਰਹਿ ਜਾਂਦਾ ਹੈ। ਆਤਮਾ ਦੀ ਹੋਂਦ ਮਿਟ ਜਾਂਦੀ ਹੈ। ਇਹ ਹੀ ਹਉਮੈ ਦਾ ਮਿਟਣਾ ਹੈ। ਅਸਲ ਵਿੱਚ ਆਤਮਾ ਕੋਈ ਹੈ ਹੀ ਨਹੀਂ ਹੈ। ਕੇਵਲ ਇੱਕ ਪ੍ਰਮਾਤਮਾ ਹੀ ਹੈ ਅਤੇ ਸਭ ਵਿੱਚ ਉਹ ਹੀ ਵਰਤ ਰਿਹਾ ਹੈ। ਇਹ ਭੁਲੇਖਾ ਉਸ ਦੇ ਨਾਲ ਮਨ ਦੇ ਵਿੱਚ ਮੇਲ ਤੋਂ ਬਾਅਦ ਹੀ ਉਤਰਦਾ ਹੈ। **(ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥)** ਮਨ ਦੇ ਵਿਚ ਇਹ ਭੇਦ ਸ਼ਬਦ ਦੀ ਵਿਚਾਰ ਵੱਸਣ ਦੁਆਰਾ ਸਮਝ ਆਉਂਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਮਿਲਣ ਦੁਆਰਾ ਆਉਂਦਾ ਹੈ। ਇਸੇ ਲਈ ਸਾਨੂੰ ਸਮਝਾਇਆ ਹੈ, **"ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ॥"** ਭਾਵ ਜਦੋਂ ਵੀ ਪ੍ਰਮਾਤਮਾ ਨਾਲ ਮੇਲ ਹੋਣਾ ਹੈ ਮਨ ਦੇ ਵਿੱਚ ਹੀ ਹੋਣਾ ਹੈ ਤੇ ਉਦੋਂ ਹੀ ਅਸੀਂ ਆਪਣੇ ਅਸਲੀ ਘਰ ਵਿੱਚ ਪਹੁੰਚਾਂਗੇ। ਬਾਣੀ ਵਿੱਚ ਵਾਰ -ਵਾਰ ਮਨ ਨੂੰ ਖੋਜਣ ਦੀ ਗੱਲ ਕੀਤੀ ਗਈ ਹੈ ਅਤੇ ਬਾਣੀ ਵਿੱਚ ਬੜੀ ਜਗ੍ਹਾ ਇਹ ਹੀ ਸਮਝਾਇਆ ਗਿਆ ਹੈ ਕਿ "ਮਨ" ਆਪ ਪ੍ਰਮਾਤਮਾ ਹੈ **(ਮਨ ਤੂੰ ਜੋਤਿ ਸਰੂਪੁ ਹੈ)**। ਜਿਹੜਾ ਪ੍ਰਮਾਤਮਾ ਸਾਡੇ ਮਨ ਵਿੱਚ ਹੈ ਉਸੇ ਪ੍ਰਮਾਤਮਾ ਦੀ ਗੁਰਬਾਣੀ ਹੈ। **(ਪੋਥੀ ਪਰਮੇਸਰ ਕਾ ਥਾਨੁ॥)** ਸਾਨੂੰ ਮਨ ਦੇ ਵਿੱਚੋਂ ਸੋਚਾਂ ਰਾਹੀਂ ਕੇਵਲ ਗਿਆਨ ਹੀ ਮਿਲਦਾ ਹੈ ਪਰ ਇਹ ਗਿਆਨ ਮਾਇਆ ਦੇ ਅਸਰ ਹੇਠ ਹੁੰਦਾ ਹੈ ਜਿਸ ਕਰਕੇ ਸਾਨੂੰ ਅਸਲੀਅਤ ਦੀ ਸਮਝ ਨਹੀਂ ਲੱਗਦੀ। ਪ੍ਰਮਾਤਮਾ ਦਾ ਸੱਚਾ ਗਿਆਨ ਹੀ ਗੁਰਬਾਣੀ ਵਿੱਚ ਹੈ। "ਮਨ" ਨੂੰ ਖੋਜਣ ਤੋਂ ਭਾਵ ਪ੍ਰਮਾਤਮਾ ਨੂੰ ਖੋਜਣ ਦੇ ਨਾਲ ਹੈ ਅਤੇ ਉਸਨੂੰ ਉਸਦੇ ਦੱਸੇ ਹੋਏ ਸੱਚੇ ਗਿਆਨ ਦੁਆਰਾ ਹੀ ਖੋਜਿਆ ਜਾ ਸਕਦਾ ਹੈ ਭਾਵ ਗੁਰਬਾਣੀ ਵਿੱਚੋਂ ਹੀ ਖੋਜਿਆ ਜਾ ਸਕਦਾ ਹੈ ਭਾਵ ਗੁਰਬਾਣੀ ਦੇ ਸਮਝਾਏ ਹੋਏ ਮਾਰਗ ਦੁਆਰਾ ਹੀ ਖੋਜਿਆ ਜਾ ਸਕਦਾ ਹੈ, ਗੁਰਮਤਿ ਦੁਆਰਾ ਹੀ ਖੋਜਿਆ ਜਾ ਸਕਦਾ ਹੈ ਭਾਵ ਗੁਰੂ ਦੇ ਨਾਮ ਨੂੰ ਜਪਣ ਦੁਆਰਾ ਹੀ ਖੋਜਿਆ ਜਾ ਸਕਦਾ ਹੈ ਭਾਵ ਗੁਰੂ ਦੀ ਮਤਿ ਤੇ ਅਮਲ ਕਰਨ ਦੁਆਰਾ ਹੀ ਖੋਜਿਆ ਜਾ ਸਕਦਾ ਹੈ। ਇਹ ਹੀ ਮਨ ਦਾ ਖੋਜਣਾ ਹੈ। ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਮਨ ਦੀ ਗੱਲ ਲਿਖੀ ਹੋਈ ਹੈ ਭਾਵ ਜੋ ਉਸਨੂੰ ਚੰਗਾ ਲੱਗਦਾ ਹੈ, ਜੋ ਉਸਨੂੰ ਭਾਉਂਦਾ ਹੈ, ਜੋ ਉਸਦਾ ਨਿਯਮ ਹੈ ਉਹ ਕੁੱਝ ਹੀ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ। ਪ੍ਰਮਾਤਮਾ ਨੂੰ ਗੁਰਬਾਣੀ ਵਿੱਚੋਂ ਖੋਜ ਕੇ ਭਾਵ ਅਸਲੀ ਮਨੋਰਥ ਨੂੰ ਜਾਣ ਕੇ ਅਤੇ ਉਸ ਤੇ ਅਮਲ ਕਰਕੇ ਭਾਵ ਉਸਦਾ ਭਾਣਾ ਮੰਨ ਕੇ ਹੀ ਉਸਨੂੰ ਪਾਇਆ ਜਾ ਸਕਦਾ ਹੈ। ਕਿਸੇ ਵੀ ਹੋਰ ਕਿਰਿਆ ਦੁਆਰਾ ਮਨ ਨੂੰ ਖੋਜਣ ਦੀਆਂ ਗੱਲਾਂ ਕੇਵਲ ਸਾਡੀ ਭਟਕਣਾ ਅਤੇ ਉਲਝਣਾਂ ਹੀ ਹਨ। ਸਿਰਫ ਬਾਣੀ ਦੀ ਗੱਲ ਨੂੰ ਸਮਝ ਕੇ,

ਨਾਮ ਦੀ ਗੱਲ ਨੂੰ ਸਮਝ ਕੇ ਆਪਣੇ ਮਨ ਦੀ ਸਮਝ ਦੇ ਨਾਲ ਮਿਲਾਉਣਾ ਹੈ ਤੇ ਇਹੀ ਆਪਣੀ ਆਤਮਾ ਨੂੰ ਚੀਨਣਾ ਹੈ। ਗੁਰੂ ਦੇ ਵਿਚਾਰਾਂ ਨਾਲ ਸੰਗਤਿ ਗੁਰੂ ਦੇ ਨਾਲ ਸੰਗਤਿ ਹੈ। **(ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥)**

{ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥8॥}

(ਅੰਗ 1013)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥2॥}

(ਅੰਗ 1178)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥}

(ਅੰਗ 1414)

{ਇਸੁ ਮਨ ਕਉ ਕੋਈ ਖੋਜਹੁ ਭਾਈ ॥
ਤਨ ਛੂਟੇ ਮਨੁ ਕਹਾ ਸਮਾਈ ॥4॥
ਗੁਰ ਪਰਸਾਦੀ ਜੈਦੇਉ ਨਾਮਾਂ ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥5॥}

(ਅੰਗ 330)

{ਇਸੁ ਮਨ ਕਉ ਕੋਈ ਖੋਜਹੁ ਭਾਈ ॥
ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥1॥ ਰਹਾਉ ॥}

(ਅੰਗ 1128)

"ਰਾਮੁ ਜਪਹੁ ਅੰਤਰਗਤਿ ਧਿਆਨੇ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ॥੧॥"

ਉੱਪਰ ਪੰਗਤੀਆਂ ਰਾਹੀਂ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ, ਗੁਰਮਤਿ ਹੀ ਸਮਝਾਈ ਹੋਈ ਹੈ ਭਾਵ ਆਪਣੇ ਵਿਚਾਰਾਂ ਨੂੰ ਗੁਰੂ ਦੇ ਵਿਚਾਰਾਂ ਨਾਲ ਜੋੜਨ ਦਾ ਤਰੀਕਾ ਸਮਝਾਇਆ ਹੋਇਆ ਹੈ। ਅਸੀਂ ਜੋ ਵੀ ਗੱਲ ਗੁਰੂ ਦੀ ਮੰਨ ਲੈਂਦੇ ਹਾਂ ਸਾਡੇ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਇੱਕ ਹੋ ਜਾਂਦੇ ਹਨ। ਅਸੀਂ ਗੁਰੂ ਦੀ ਹਰ ਵਿਚਾਰ ਨੂੰ ਮੰਨਣਾ ਹੈ।

ਪ੍ਰਮਾਤਮਾ ਨੂੰ ਜਪਣਾ ਕੀ ਹੈ ਇਹ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪਹਿਲਾਂ ਹੀ ਜਾਣ ਚੁੱਕੇ ਹਾਂ ਜੋ ਕਿ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਹੈ ਭਾਵ ਗੁਰੂ ਦੇ ਹਰ ਹੁਕਮ ਨੂੰ ਮੰਨਣਾ ਹੈ। ਇਸ ਤਰ੍ਹਾਂ ਪ੍ਰਮਾਤਮਾ ਨੂੰ ਜਪਣ ਨਾਲ ਭਾਵ ਉਸਦੇ ਉਪਦੇਸ਼ ਤੇ ਚੱਲਣ ਨਾਲ ਮਨੁੱਖ ਦੀ ਗਤੀ ਭਾਵ ਮੁਕਤੀ ਹੋ ਜਾਂਦੀ ਹੈ ਜੋ ਕਿ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੁੰਦੀ ਹੈ **(ਅੰਤਰਗਤਿ ਧਿਆਨੇ)**। "ਧਿਆਨੇ" ਤੋਂ ਭਾਵ ਹੈ ਧਿਆਨ ਦੇ ਵਿੱਚ ਭਾਵ ਮਨ ਦੇ ਵਿੱਚ ਹੀ। "ਅੰਤਰਗਤਿ" ਨੂੰ "ਅੰਤਰ" ਅਤੇ "ਗਤਿ" ਅਲੱਗ-ਅੱਲਗ ਪੜ੍ਹਨਾ ਚਾਹੀਦਾ ਹੈ। ਗੁਰੂ ਦੇ ਉਪਦੇਸ਼ ਤੇ ਚੱਲ ਕੇ ਹੀ ਭਾਵ ਵਿਕਾਰ ਛੱਡ ਕੇ, ਬਾਣੀ ਦੇ ਗੁਣਾਂ ਵਿੱਚ ਰਚ ਕੇ ਹੀ ਮੁਕਤੀ ਦਾ ਦੁਆਰ ਮਿਲਦਾ ਹੈ। ਵਿਕਾਰਾਂ ਦੇ ਰਹਿੰਦਿਆਂ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ ਕਿਉਂਕਿ ਵਿਕਾਰਾਂ ਵਿੱਚੋਂ

ਨਿਕਲਣਾ ਹੀ ਪ੍ਰਮਾਤਮਾ ਨੂੰ ਜਪਣਾ ਹੈ। ਕਿਸੇ ਨਾ ਕਿਸੇ ਗੱਲ ਦਾ ਲਾਲਚ ਸਭ ਵਿੱਚ ਹੈ। ਲਾਲਚ ਤੋਂ ਮੁਕਤ ਕੋਈ ਵੀ ਨਹੀਂ ਹੈ। (**ਰਾਮੁ ਜਪਹੁ ਅੰਤਰਗਤਿ ਧਿਆਨੇ॥ ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ॥੧॥**)

“ਨਦਰਿ ਕਰੇ ਤਾ ਸਿਮਰਿਆ ਜਾਇ॥ ਆਤਮਾ ਦ੍ਰਵੈ ਰਹੈ ਲਿਵ ਲਾਇ॥
ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥੧॥
ਗੁਰ ਪਰਸਾਦੀ ਪਾਇਆ ਜਾਇ॥”

(ਅੰਗ ੬੬੧)

ਇਸ ਸ਼ਬਦ ਰਾਹੀਂ ਵੀ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਸਿਮਰਨਾ, ਉਸਦੇ ਨਾਲ ਲਿਵ ਲਾਉਣਾ ਭਾਵ ਉਸਦੇ ਭਾਣੇ ਵਿੱਚ ਚੱਲਣਾ ਸਾਡੇ ਵੱਸ ਨਹੀਂ ਹੈ। ਇਹ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣਾ, ਆਤਮਾ ਅਤੇ ਪ੍ਰਮਾਤਮਾ ਦਾ ਇੱਕ ਹੋ ਜਾਣਾ ਹੈ ਜਿਵੇਂ ਕਿ ਪਿਛਲੇ ਸ਼ਬਦ ਦੁਆਰਾ ਸਮਝਾਇਆ ਗਿਆ ਹੈ। "ਅੰਤਰ" ਤੋਂ ਭਾਵ ਮਨ ਹੈ ਤੇ ਮਨ ਦੇ ਵਿੱਚ ਵਿਚਾਰ ਹੀ ਹੁੰਦੇ ਹਨ, ਹੋਰ ਕੁੱਝ ਨਹੀਂ ਹੁੰਦਾ ਜਿਨ੍ਹਾਂ ਵਿਚਾਰਾਂ ਰਾਹੀਂ ਸਾਨੂੰ ਮਨ ਦੇ ਵਿੱਚ ਸਾਰੀ ਸਮਝ ਪੈਂਦੀ ਹੈ। ਮਨ ਦੀ ਸਮਝ ਹੀ ਸਾਨੂੰ ਹਉਮੈ ਵਿੱਚ ਰੱਖਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਸਾਡੇ ਅੰਦਰ ਹਉਮੈ ਦਾ ਹੋਣਾ ਜਾਂ ਦੁਬਿਧਾ ਦਾ ਹੋਣਾ ਇੱਕੋ ਹੀ ਗੱਲ ਹੈ। ਸਾਡੀ ਹਉਮੈ ਦਾ ਮਰਨਾ ਜਾਂ ਮਨ ਦੀ ਦੁਬਿਧਾ ਦਾ ਮਰਨਾ ਇੱਕੋ ਹੀ ਗੱਲ ਹੈ। ਮਨ ਦੀ ਦੁਬਿਧਾ ਮਨ ਦੇ ਵਿੱਚ ਹੀ ਮਰਦੀ ਹੈ ਅਤੇ ਮਨ ਦੇ ਵਿੱਚ ਹੀ ਗਤਿ ਹੁੰਦੀ ਹੈ ਭਾਵ ਮੁਕਤੀ ਹੁੰਦੀ ਹੈ। ਦੁਬਿਧਾ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਦੁਬਿਧਾ ਕਰਕੇ ਹੀ ਹੈ ਭਾਵ ਨਾ ਸਮਝ ਮਤਿ ਕਰਕੇ ਹੀ, ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰ ਦੀ ਦੁਬਿਧਾ ਗੁਰੂ ਦੇ ਗਿਆਨ ਦੁਆਰਾ ਹੀ ਜਾ ਸਕਦੀ ਹੈ ਨਾ ਕਿ ਕੋਈ ਸੁਰਤੀ ਆਦਿ ਜੋੜਨ ਨਾਲ। ਅਗਿਆਨਤਾ ਨੂੰ ਕੇਵਲ ਗਿਆਨ ਹੀ ਮਾਰ ਸਕਦਾ ਹੈ। “ਆਤਮਾ” ਨੂੰ ਸਮਝਣਾ ਬਹੁਤ ਜਰੂਰੀ ਹੈ। ਆਪਣੇ ਆਪ ਨੂੰ ਆਤਮਾ ਸਮਝਣਾ ਅਸਲ ਵਿੱਚ ਸਾਡੀ “ਮੈਂ” ਹੈ, ਹਉਮੈ ਹੈ, ਦੁਬਿਧਾ ਹੈ, ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਜਦ ਤੱਕ ਅਸੀਂ ਆਪਣੇ ਆਪ ਨੂੰ “ ਆਤਮਾ” ਰੂਪ ਸਮਝਦੇ ਹਾਂ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਹਾਂ। ਆਤਮਾ ਦਾ ਮੂਲ ਅਗਿਆਨਤਾ ਹੈ, ਭਰਮ ਹੈ, ਦੁਬਿਧਾ ਹੈ। ਇਹ ਦੁਬਿਧਾ ਸਾਡੇ ਮਨ ਦੇ ਵਿੱਚ ਹੀ ਹੈ ਤੇ ਮਨ ਦੇ ਵਿੱਚ ਹੀ ਇਹ ਮਰ ਸਕਦੀ ਹੈ। ਜਿਸਨੇ ਸਾਡੇ ਅੰਦਰ ਇਹ ਦੁਬਿਧਾ ਪਾਈ ਹੋਈ ਹੈ, ਹਉਮੈ ਪਾਈ ਹੋਈ ਹੈ, ਸਾਨੂੰ “ਆਤਮਾ” ਹੋਣ ਦਾ ਭੁਲੇਖਾ ਪਾਇਆ ਹੋਇਆ ਹੈ, ਉਹ ਆਪ ਹੀ ਭੁਲੇਖਾ ਕੱਢ ਸਕਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਮਨ ਤੇ ਸਾਡੇ ਅੰਦਰ ਇੱਕੋ ਹੀ ਹੈ ਜਿਸ ਨੂੰ ਅਸੀਂ ਭੁਲੇਖੇ ਦੇ ਕਾਰਨ ਆਤਮਾ ਸਮਝਦੇ ਹਾਂ ਪਰ ਅਸਲ ਵਿੱਚ ਉਹ ਆਪ ਪ੍ਰਮਾਤਮਾ ਹੈ। ਜਦ ਤੱਕ ਸਾਨੂੰ ਉਹ ਆਪ ਨਾ ਦੱਸੇ ਕਿ ਇਹ ਮਨ ਕੀ ਹੈ ਭਾਵ ਆਪ ਪ੍ਰਮਾਤਮਾ ਹੀ ਸਾਡੇ ਅੰਦਰ “ਮਨ” ਦੇ ਰੂਪ ਵਿੱਚ ਵਿਚਰ ਰਿਹਾ ਹੈ ਤਦ ਤੱਕ ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਜਿਸਨੂੰ ਅਸੀਂ ਆਤਮਾ ਸਮਝ ਰਹੇ ਹਾਂ ਉਹ ਅਸਲ ਵਿੱਚ ਆਪ ਪ੍ਰਮਾਤਮਾ ਹੈ। ਜਦ ਤੱਕ ਸਾਡਾ ਇਹ ਭੁਲੇਖਾ ਦੂਰ ਨਹੀਂ ਹੁੰਦਾ, ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਉਹ ਸਭ ਜਗ੍ਹਾ, ਸਭ ਦੇ ਅੰਦਰ ਕਿਵੇਂ ਰਵਿਆ ਹੋਇਆ ਹੈ। ਆਤਮਾ ਵੀ ਸਾਡੇ ਮਨ ਦੀ ਸਮਝ ਹੈ ਤੇ ਪ੍ਰਮਾਤਮਾ ਵੀ ਸਾਡੇ ਮਨ ਦੀ ਸਮਝ ਹੈ। ਸਾਡੀ ਤ੍ਰੈਗੁਣਾਂ ਵਾਲੀ ਸਮਝ ਸਾਡੀ ਦੁਬਿਧਾ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ “ਆਤਮਾ” ਰੂਪ ਹੈ, ਮੇਰੇ ਅੰਦਰ ਆਤਮਾ ਵੱਸਦੀ ਹੈ। ਜਦੋਂ ਮਨ ਦੀ ਸਮਝ ਬਦਲ ਜਾਂਦੀ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਬਣ ਜਾਂਦੀ ਹੈ ਫਿਰ ਸਾਡੀ ਦੁਬਿਧਾ ਖਤਮ ਹੋ ਜਾਂਦੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਮਿਟ ਜਾਂਦੀ ਹੈ, ਹਉਮੈ ਮਿਟ ਜਾਂਦੀ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਮਨ ਦੀ ਸੱਚੀ ਸਮਝ ਦੁਆਰਾ ਸਾਨੂੰ ਇਹ ਵਿਸ਼ਵਾਸ ਆ ਜਾਂਦਾ ਹੈ ਕਿ ਆਤਮਾ ਹੀ ਆਪ ਪ੍ਰਮਾਤਮਾ ਹੈ। ਇਹ ਵਿਸ਼ਵਾਸ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ। “ਆਤਮਾ ਦ੍ਰਵੈ” ਤੋਂ ਭਾਵ ਹੈ ਆਤਮਾ ਦਾ ਸਰੂਪ ਬਦਲ ਜਾਣਾ। ਇਸ ਗੱਲ ਨੂੰ ਕੁੱਝ ਇਸ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ, ਜਿਵੇਂ ਕਿ ਬਰਫ਼ ਪਿਘਲ ਕੇ ਪਾਣੀ ਬਣ ਜਾਂਦੀ ਹੈ। ਜੋ ਬਰਫ਼ ਹੈ, ਉਹੀ ਪਾਣੀ ਹੈ, ਕੇਵਲ ਦਿਸਣ ਦਾ ਫ਼ਰਕ ਹੈ। ਮੂਲ ਰੂਪ ਦੋਨਾਂ ਦਾ ਪਾਣੀ ਹੀ ਹੈ। ਆਤਮਾ ਆਪ ਪ੍ਰਮਾਤਮਾ ਹੀ ਹੈ। ਆਤਮਾ ਦਾ ਇਹ ਸਰੂਪ ਬਦਲਣ ਨਾਲ ਹੀ ਭਾਵ ਇਸ ਮਨ ਦੀ ਸੋਝੀ ਪੈਣ ਦੁਆਰਾ ਹੀ ਸਾਡੀ ਉਸ ਪ੍ਰਮਾਤਮਾ ਦੇ ਨਾਲ ਭਾਵ ਉਸਦੇ ਸੱਚੇ ਗਿਆਨ ਨਾਲ ਮਨ ਦੇ ਵਿੱਚ ਹੀ ਲਿਵ ਜੁੜ ਜਾਂਦੀ ਹੈ, ਮਨ ਜੁੜ ਜਾਂਦਾ ਹੈ, ਸੱਚੇ ਗਿਆਨ ਦੇ ਨਾਲ ਧਿਆਨ ਜੁੜ ਜਾਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੇ ਹੋਣ ਦੀ ਸੋਝੀ ਮਨ ਦੇ ਵਿਚਾਰਾਂ

ਰਾਹੀਂ ਹੀ ਪਾਉਂਦਾ ਹੈ ਤੇ ਸਮਝ ਲੱਗਦੀ ਹੈ ਕਿ ਇਹ ਵਿਚਾਰ ਕਿੱਥੋਂ ਆਉਂਦੇ ਹਨ। ਇਹ ਬਹੁਤ ਵੱਡਾ ਅਚਰਜ ਹੈ ਜਿਸਨੂੰ ਸਮਝਾਉਣਾ ਬਹੁਤ ਔਖਾ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਸਾਨੂੰ ਆਪਣੇ ਬ੍ਰਹਮ ਗਿਆਨ ਨਾਲ ਜੋੜ ਲੈਂਦਾ ਹੈ ਤੇ ਆਪਣਾ ਸੱਚ ਸਮਝਾਉਂਦਾ ਹੈ ਜੋ ਸੱਚ ਉਸਨੇ ਗੁਰਬਾਣੀ ਰਾਹੀਂ ਸਮਝਾਇਆ ਹੈ। ਉਸਦੀ ਪੂਰਨ ਗੁਰਮਤਿ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ, ਉਸਦੀ ਕਿਰਪਾ ਦੁਆਰਾ ਹੀ ਪੈਂਦੀ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਉਹ ਸਿਮਰਿਆ ਜਾ ਸਕਦਾ ਹੈ, ਜਪਿਆ ਜਾ ਸਕਦਾ ਹੈ ਭਾਵ ਗੁਰਬਾਣੀ ਨੂੰ ਪੂਰਨ ਰੂਪ ਵਿੱਚ ਸਮਝਿਆ ਜਾ ਸਕਦਾ ਹੈ ਤੇ ਉਸ ਅਨੁਸਾਰ ਵਿਚਰਿਆ ਜਾ ਸਕਦਾ ਹੈ। ਇਸ ਲਈ ਸਾਡਾ ਸਾਰਾ ਉੱਦਮ ਗੁਰਬਾਣੀ ਦੀ ਮਤਿ ਨਾਲ ਜੁੜਨ ਦਾ ਹੋਣਾ ਚਾਹੀਦਾ ਹੈ ਜੋ ਸਾਨੂੰ ਉਸ ਨਿਰਗੁਣ ਰੂਪ ਪ੍ਰਮਾਤਮਾ ਨਾਲ ਮਿਲਾ ਸਕਦੀ ਹੈ। **(ਨਦਰਿ ਕਰੇ ਤਾ ਸਿਮਰਿਆ ਜਾਇ॥ ਆਤਮਾ ਦ੍ਰਵੈ ਰਹੈ ਲਿਵ ਲਾਇ॥ ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥੧॥ ਗੁਰ ਪਰਸਾਦੀ ਪਾਇਆ ਜਾਇ॥)**

ਅਸੀਂ ਪ੍ਰਮਾਤਮਾ ਨੂੰ ਕਿਵੇਂ ਜਪਣਾ ਹੈ, ਧਿਆਉਣਾ ਹੈ, ਸਿਮਰਨਾ ਹੈ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਕਾਮੁ ਕ੍ਰੋਧੁ ਲੋਭੁ ਤਿਆਗੁ ॥
ਮਨਿ ਸਿਮਰਿ ਗੋਬਿੰਦ ਨਾਮ ॥
ਹਰਿ ਭਜਨ ਸਫਲ ਕਾਮ ॥1॥ ਰਹਾਉ ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥
ਮਨ ਸੰਤਨਾ ਕੈ ਚਰਨਿ ਲਾਗੁ ॥1॥
ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ ॥
ਕਰਿ ਭਗਤਿ ਨਾਨਕ ਪੂਰਨ ਭਾਗੁ ॥2॥}

(ਅੰਗ 408-409)

{ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ ॥
ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥}

(ਅੰਗ 704)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥2॥}

(ਅੰਗ 23)

{ਹਉਮੈ ਗਰਬੁ ਨਿਵਾਰੀਐ ਕਾਮੁ ਕ੍ਰੋਧੁ ਅਹੰਕਾਰੁ ॥
ਲਬੁ ਲੋਭੁ ਪਰਜਾਲੀਐ ਨਾਮੁ ਮਿਲੈ ਆਧਾਰੁ ॥}

(ਅੰਗ 790)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥}

(ਅੰਗ 296)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥6॥}

(ਅੰਗ 58)

{ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥8॥}

(ਅੰਗ 506)

{ਨਿਰਮਲ ਜਲਿ ਨ੍ਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥}

(ਅੰਗ 437)

{ਛੋਡਿਹੁ ਨਿੰਦਾ ਤਾਤਿ ਪਰਾਈ ॥
ਪੜਿ ਪੜਿ ਦਝਹਿ ਸਾਤਿ ਨ ਆਈ ॥
ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ ॥7॥
ਛੋਡਹੁ ਕਾਮ ਕ੍ਰੋਧੁ ਬੁਰਿਆਈ ॥
ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥8॥}

(ਅੰਗ 1026)

ਉਪਰਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਨਾਮ ਜਪਣਾ, ਧਿਆਉਣਾ, ਸਿਮਰਨਾ ਹੀ ਸਿਖਾਇਆ ਹੋਇਆ ਹੈ ਜਿਸਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਗੁਰੂ ਵੱਲੋਂ ਸਮਝਾਉਣ ਵਿੱਚ ਤਾਂ ਕੋਈ ਕਮੀ ਨਹੀਂ ਹੈ ਤੇ ਨਾ ਹੀ ਗੁਰੂ ਨੂੰ ਨਾਮ ਬਾਰੇ ਕੋਈ ਭਰਮ ਹੈ। ਹਰ ਸ਼ਬਦ ਰਾਹੀਂ ਸਾਨੂੰ ਔਗੁਣ ਛੱਡਣੇ ਹੀ ਸਮਝਾਏ ਹੋਏ ਹਨ ਭਾਵ ਔਗੁਣਾਂ ਨੂੰ ਛੱਡਣਾ ਹੀ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਛੱਡਣਾ ਹੀ ਨਾਮ ਜਪਣਾ ਹੈ, ਨਾਮ ਧਿਆਉਣਾ ਹੈ, ਨਾਮ ਸਿਮਰਨਾ ਹੈ। ਇਨ੍ਹਾਂ ਔਗੁਣਾਂ ਨੂੰ ਛੱਡਣਾ ਹੀ ਪ੍ਰਮਾਤਮਾ ਦੇ ਨਾਲ ਲਿਵ ਲਾਉਣਾ ਹੈ ਜਿਵੇਂ ਕਿ ਉੱਪਰ ਸਮਝਾਇਆ ਹੋਇਆ ਹੈ। ਇਨ੍ਹਾਂ ਔਗੁਣਾਂ ਨੂੰ ਛੱਡਣਾ ਹੀ ਆਪਣੇ ਹਿਰਦੇ ਵਿੱਚ ਨਾਮ ਵਸਾਉਣਾ ਹੈ ਜਿਸ ਦੀ ਗੱਲ ਬਾਣੀ ਵਿੱਚ ਵਾਰ-ਵਾਰ ਸਮਝਾਈ ਹੋਈ ਹੈ। ਹਿਰਦੇ ਵਿੱਚ ਨਾਮ ਵਸਾਉਣਾ ਕੀ ਹੈ ਇਸ ਗੱਲ ਨੂੰ ਉੱਪਰ ਸ਼ਬਦਾਂ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਔਗੁਣਾਂ ਨੂੰ ਤਿਆਗਣਾ ਹੀ ਭਵਜਲ ਸਾਗਰ ਨੂੰ ਤਰਨਾ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਔਗੁਣਾਂ ਨੂੰ ਅਸੀਂ ਤਾਂ ਹੀ ਛੱਡਾਂਗੇ ਜੇਕਰ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨਾਂਗੇ ਭਾਵ ਉਸ ਤੇ ਅਮਲ ਕਰਾਂਗੇ। ਨਾਮ ਸਾਡੀ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ ਜਿਵੇਂ ਕਿ ਸ਼ਬਦਾਂ ਰਾਹੀਂ ਵਾਰ-ਵਾਰ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਤੇ ਗੁਰੂ ਦੀ ਗੱਲ ਨੂੰ ਅਸੀਂ ਤਾਂ ਹੀ ਮੰਨਾਂਗੇ ਜੇਕਰ ਅਸੀਂ ਪਹਿਲਾਂ ਅਸੀਂ ਇਸ ਗੱਲ ਨੂੰ ਮੰਨਾਂਗੇ ਕਿ ਕੇਵਲ ਗੁਰੂ ਹੀ ਸਾਨੂੰ ਸੱਚੀ ਮਤਿ ਦੇ ਸਕਦਾ ਹੈ ਤੇ ਉਨ੍ਹਾਂ ਦੀ ਮਤਿ ਨੂੰ ਛੱਡਾਂਗੇ ਜੋ ਸਦੀਆਂ ਤੋਂ ਸਾਨੂੰ ਉਹੋ ਜਿਹਾ ਨਾਮ ਜਪਣਾ ਸਿਖਾ ਰਹੇ ਹਨ, ਉਹੋ ਜਿਹੀ ਪ੍ਰਮਾਤਮਾ ਦੀ ਭਗਤੀ ਸਿਖਾ ਰਹੇ ਹਨ ਜਿਹੋ ਜਿਹੀ ਭਗਤੀ ਦੇ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਭਗਤੀ ਸਾਡੀ ਕਥਨੀ ਦਾ ਨਹੀਂ, ਕਰਨੀ ਦਾ ਮਾਰਗ ਹੈ। ਬਾਹਰੀ ਦਿਖਾਵੇ ਦਾ ਨਹੀਂ ਬਲਕਿ ਗੁਰੂ ਦੀ ਗੱਲ ਨੂੰ ਮੰਨਕੇ ਉਸ ਤੇ ਅਮਲ ਕਰਨ ਦਾ ਮਾਰਗ ਹੈ, ਆਪਣੇ ਮਨ ਨੂੰ ਸਮਝਾਉਣ ਦਾ ਮਾਰਗ ਹੈ। ਸਾਡੀ ਰਸਨਾ ਕੇਵਲ ਸਾਡੇ ਮਨ ਦੀ ਗੁਲਾਮ ਹੈ। ਜੇਕਰ ਮਨ ਦੇ ਵਿੱਚ ਸੱਚ ਹੈ ਤੇ ਫਿਰ ਸਾਡੀ ਰਸਨਾ ਵੀ ਸੱਚ ਬੋਲੇਗੀ ਤੇ ਜੇਕਰ ਮਨ ਦੇ ਵਿੱਚ ਝੂਠ ਹੈ ਫਿਰ ਰਸਨਾ ਵੀ ਝੂਠ ਹੀ ਬੋਲੇਗੀ।

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥8॥}

(ਅੰਗ 565)

{ਰਸਨਾ ਨਾਮੁ ਸਭੁ ਕੋਈ ਕਹੈ ॥
ਸਤਿਗੁਰੁ ਸੇਵੇ ਤਾ ਨਾਮੁ ਲਹੈ ॥
ਬੰਧਨ ਤੋੜੇ ਮੁਕਤਿ ਘਰਿ ਰਹੈ ॥
ਗੁਰ ਸਬਦੀ ਅਸਥਿਰੁ ਘਰਿ ਬਹੈ ॥1॥}

(ਅੰਗ 1262)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥

ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥6॥}

(ਅੰਗ 56)

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥3॥}

(ਅੰਗ 655)

ਸਭ ਤੋਂ ਜਰੂਰੀ ਨਾਮ ਜਪਣ ਦੇ ਮਕਸਦ ਨੂੰ ਸਮਝਣ ਦਾ ਹੈ। ਸਾਰੀ ਗੁਰਬਾਣੀ ਵਿੱਚ ਨਾਮ ਹੀ ਹੈ ਤੇ ਇਸੇ ਤਰ੍ਹਾਂ ਹਰ ਧਰਮ ਗ੍ਰੰਥ ਦੇ ਵਿੱਚ ਵੀ ਨਾਮ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਬਰੀਕੀ ਨਾਲ ਸਮਝਾਂਗੇ। ਨਾਮ ਗੁਰੂ ਦੀ ਮਤਿ ਹੈ ਤੇ ਹਰ ਧਰਮ ਗ੍ਰੰਥ ਸਾਨੂੰ ਮਤਿ ਹੀ ਦਿੰਦਾ ਹੈ। ਹਰ ਧਰਮ ਗ੍ਰੰਥ ਪ੍ਰਮਾਤਮਾ ਦਾ ਆਪਣਾ ਹੀ ਰਚਿਆ ਹੋਇਆ ਹੈ ਤੇ ਉਹ ਆਪ ਹੀ ਗੁਰੂ ਹੈ ਜੋ ਗਿਆਨ ਦਾ ਸ੍ਰੋਤ ਹੈ ਤੇ ਇਸ ਗੱਲ ਤੇ ਵਿਸ਼ਵਾਸ ਉਸਨੂੰ ਹੀ ਆ ਸਕਦਾ ਹੈ ਜੋ ਪ੍ਰਮਾਤਮਾ ਨੂੰ, ਗਿਆਨ ਦੇ ਦਾਤੇ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਉਨ੍ਹਾਂ ਨੂੰ ਇਸ ਗੱਲ ਤੇ ਵਿਸ਼ਵਾਸ ਆਇਆ ਹੈ ਕਿ ਗੁਰੂ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਮਨੁੱਖ ਆਪਣੇ ਆਪ ਇਸ ਗੱਲ ਨੂੰ ਸਮਝ ਸਕੇ, ਵਿਸ਼ਵਾਸ ਕਰ ਸਕੇ ਇਹ ਨਾਮੁਮਕਿਨ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਨੇ ਆਪ ਹੀ ਹਰ ਕਿਸੇ ਨੂੰ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ। ਸਾਡੇ ਅੰਦਰ ਦੇ ਇਹ ਭਰਮਾਂ ਵਾਲੇ ਵਿਚਾਰ ਹੀ ਸਾਡੇ ਅੰਦਰ ਦੀ ਦੁਬਿਧਾ ਹੈ ਜੋ ਦੁਬਿਧਾ ਮਿਟੇ ਬਿਨ੍ਹਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੀ ਵਿਆਖਿਆ ਦੁਆਰਾ ਸਮਝਿਆ ਹੈ। (**ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥ ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥1॥ ਗੁਰ ਪਰਸਾਦੀ ਪਾਇਆ ਜਾਇ ॥**)

ਨਾਮ ਦਾ ਮਕਸਦ ਸਾਨੂੰ ਮਨ ਦੀ ਦੁਬਿਧਾ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਮਨ ਦੀ ਦੁਬਿਧਾ ਕਰਕੇ ਹੀ ਹੈ ਜਿਸ ਦੁਬਿਧਾ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ, ਉਸ ਨਾਮ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਨਹੀਂ ਜਾਣ ਸਕਦੇ। ਨਾਮ ਦੇ ਮਾਲਕ ਨੂੰ ਅਸੀਂ ਆਪਣੇ ਅੰਦਰੋਂ ਤਾਂ ਹੀ ਜਾਣ ਸਕਦੇ ਹਾਂ ਜੇਕਰ ਅਸੀਂ ਪਹਿਲਾਂ ਇਸ ਗੱਲ ਨੂੰ ਸਮਝਾਂਗੇ ਸਾਰੇ ਧਰਮ ਗ੍ਰੰਥਾਂ ਦੇ ਵਿੱਚ ਜੋ ਨਾਮ ਹੈ ਉਹ ਕਿਸ ਮਕਸਦ ਲਈ ਹੈ। "ਨਾਮ" ਦਾ ਮਕਸਦ ਸਾਨੂੰ ਨਾਮ ਦੇ ਮਾਲਕ ਤੱਕ ਪਹੁੰਚਾਣ ਦਾ ਹੀ ਹੈ ਭਾਵ ਪਹਿਲਾਂ ਅਸੀਂ ਧਰਮ ਗ੍ਰੰਥਾਂ ਵਿੱਚੋਂ ਨਾਮ ਨੂੰ ਸਮਝ ਕੇ ਭਾਵ ਗੁਰੂ ਦੀ ਮਤਿ ਨੂੰ ਸਮਝ ਕੇ ਉਸ ਅਨੁਸਾਰ ਵਿਚਰਨਾ ਹੈ ਭਾਵ ਗੁਰੂ ਸਾਨੂੰ ਜੋ ਕੁੱਝ ਕਰਨ ਲਈ ਸਮਝਾਉਂਦਾ ਹੈ, ਉਸ ਅਨੁਸਾਰ ਚੱਲਣ ਦਾ ਅਸੀਂ ਸੱਚਾ ਉੱਦਮ ਕਰਨਾ ਹੈ ਭਾਵ ਆਪਣੀ ਕਰਨੀ ਨੂੰ ਉਹੋ ਜਿਹਾ ਬਣਾਉਣਾ ਹੈ ਜੋ ਗੁਰੂ ਨੂੰ ਚੰਗੀ ਲੱਗਦੀ ਹੈ। ਗੁਰੂ ਨੂੰ ਸਾਡੀ ਕਰਨੀ ਵਿੱਚ ਔਗੁਣ ਕਰਨੇ ਚੰਗੇ ਨਹੀਂ ਲੱਗਦੇ ਜਿਸ ਲਈ ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਔਗੁਣ ਨੂੰ ਛੱਡੋ ਤੇ ਗੁਣੀ ਬਣ ਕੇ ਵਿਚਰੋ। ਗੁਣੀ ਬਣ ਕੇ ਵਿਚਰਨਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵ ਨਾਮ ਜਪਣ ਦਾ ਸਾਡਾ ਸੱਚਾ ਉੱਦਮ ਹੈ ਜਿਸ ਸੱਚੇ ਉੱਦਮ ਦੇ ਕਰਨ ਦੁਆਰਾ ਹੀ ਅਸੀਂ ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਸਾਡੇ ਸਭ ਦੇ ਅੰਦਰ ਹੀ ਹੈ। ਉਸ ਨੂੰ ਪਾਉਣ ਦਾ ਮਾਰਗ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ।

"ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥6॥"

(ਅੰਗ 56)

“ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥
ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥5॥
ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥6॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥7॥
ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥8॥”

(ਅੰਗ 1343)

ਪਹਿਲੇ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਨੂੰ ਸਮਝਦੇ ਹਾਂ।

“ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥6॥”

ਇਸ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ ਜਿਸ ਰਾਹੀਂ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਸਾਡੇ ਭਰਮ ਹੀ ਕੱਢੇ ਹੋਏ ਹਨ। ਉੱਪਰ ਵਾਲੀਆਂ ਪੰਗਤੀਆਂ ਰਾਹੀਂ ਧਰਮ ਗ੍ਰੰਥਾਂ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਭਾਵੇ ਆਪਣੀ ਆਪਣੀ ਆਸਥਾ ਅਨੁਸਾਰ ਕੋਈ ਕਿਹੜੇ ਵੀ ਧਰਮ ਗ੍ਰੰਥ ਦੀ ਮਤਿ ਨਾਲ ਜੁੜਿਆ ਹੋਇਆ ਹੈ। ਸਾਰੇ ਸੱਚੇ ਧਰਮ ਗ੍ਰੰਥਾਂ ਦਾ ਮਕਸਦ ਇੱਕੋ ਹੀ ਹੈ ਜੋ ਕਿ ਸਾਨੂੰ ਚੰਗੀ ਕਰਨੀ ਸਮਝਾਉਣ ਲਈ ਹੈ ਤੇ ਇਹੀ ਗੱਲ ਸਾਨੂੰ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਪਰ ਅਸੀਂ ਕੇਵਲ ਧਰਮ ਗ੍ਰੰਥਾਂ ਦੀ ਕਥਨੀ ਕਰਨ ਵਿੱਚ ਹੀ ਆਪਣੀ ਭਗਤੀ ਸਮਝਦੇ ਹਾਂ ਜਿਸਨੂੰ ਸਾਡਾ ਭਰਮ ਦੱਸਿਆ ਹੈ। “ਪੰਡਿਤ” ਉਹ ਹਨ ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਸਮਝਦੇ ਹਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ। ਕੋਈ ਕਾਜੀ ਅਖਵਾਉਂਦਾ ਹੈ, ਕੋਈ ਗਿਆਨੀ ਅਖਵਾਉਂਦਾ ਹੈ। ਗੁਰਬਾਣੀ ਦੀ ਮਤਿ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਜੋ ਸਭ ਨੂੰ ਇੱਕੋ ਜਿਹਾ ਧਰਮ ਦਾ ਸੱਚਾ ਮਾਰਗ ਸਮਝਾਉਂਦੀ ਹੈ। ਹਰ ਧਾਰਮਿਕ ਪੋਥੀ ਧਾਰਮਿਕ ਗ੍ਰੰਥ ਹੈ ਜਿਸ ਗ੍ਰੰਥ ਨੂੰ ਪੜ੍ਹਨਾ ਸਾਡਾ ਫਰਜ਼ ਹੈ ਭਾਵ ਧਰਮ ਗ੍ਰੰਥਾਂ ਨੂੰ ਪੜ੍ਹਨਾ ਜਾਂ ਸੁਣਨਾ ਸਭ ਦੇ ਲਈ ਜਰੂਰੀ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਧਰਮ ਗ੍ਰੰਥ ਸਾਨੂੰ ਕੀ ਸਮਝਾਉਂਦੇ ਹਨ, ਸਾਨੂੰ ਕੀ ਗਿਆਨ ਦਿੰਦੇ ਹਨ, ਸਾਨੂੰ ਕੀ ਉਪਦੇਸ਼ ਦਿੰਦੇ ਹਨ ਤਾਂ ਜੋ ਅਸੀਂ ਧਰਮ ਗ੍ਰੰਥ ਰੂਪ ਗੁਰੂ ਕੋਲੋਂ ਉਸਦਾ ਉਪਦੇਸ਼ ਸੁਣ ਕੇ, ਉਸਦਾ ਉਪਦੇਸ਼ ਪੜ ਕੇ ਉਸਨੂੰ ਮੰਨੀਏ, ਆਪਣੇ ਅੰਦਰ ਬੁੱਝੀਏ ਭਾਵ ਉਸ ਤੇ ਅਮਲ ਕਰੀਏ, ਗੁਰੂ ਦੇ ਮਕਸਦ ਨੂੰ ਪੂਰਾ ਕਰੀਏ। ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਜਾਂ ਸੁਣੀ ਜਾਣ ਨਾਲ ਧਰਮ

ਗ੍ਰੰਥਾਂ ਦੇ ਮਕਸਦ ਦੀ ਪੂਰਤੀ ਨਹੀਂ ਹੋ ਸਕਦੀ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਹਰ ਕੋਈ ਕਥਨੀ ਨਾਲ ਹੀ ਜੁੜਿਆ ਹੋਇਆ ਹੈ। (**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥**)

ਜੋ ਕੁੱਝ ਇਹ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਆਪ ਕਰਦੇ ਹਨ, ਉਹੀ ਕੁੱਝ ਦੂਸਰਿਆਂ ਨੂੰ ਸਮਝਾਉਂਦੇ ਹਨ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥”

ਗੁਰੂ ਕੋਲੋਂ ਆਪਣੇ ਆਪ ਮਤਿ ਲੈਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ਤੇ ਸਭ ਉਨ੍ਹਾਂ ਕੋਲੋਂ ਮਤਿ ਲੈਂਦੇ ਹਨ ਜਿਨ੍ਹਾਂ ਨੂੰ ਸਭ ਧਰਮ ਦੇ ਵਿਦਵਾਨ ਸਮਝਦੇ ਹਨ, ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਨ। ਸਾਨੂੰ ਕਥਨੀ ਦੇ ਨਾਲ ਜੋੜਨ ਵਾਲੇ ਇਹੋ ਜਿਹੇ ਧਰਮ ਦੇ ਵਿਦਵਾਨ ਹੀ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਹ ਸਾਨੂੰ ਸ਼ਬਦਾਂ ਦੀ ਕਥਨੀ ਦੇ ਨਾਲ ਹੀ ਜੋੜਦੇ ਹਨ ਤੇ ਇਸੇ ਨੂੰ ਹੀ ਭਗਤੀ ਦਾ ਮਾਰਗ ਸਮਝਾਉਂਦੇ ਹਨ। ਗੁਰੂ ਦੇ ਨਾਮ ਨੂੰ ਵੀ ਇਨ੍ਹਾਂ ਨੇ ਕਥਨੀ ਦਾ ਮਾਰਗ ਹੀ ਸਮਝਿਆ ਹੋਇਆ ਹੈ ਤੇ ਇਹੀ ਕੁੱਝ ਇਹ ਪ੍ਰਚਾਰ ਕਰਦੇ ਹਨ। ਇਨ੍ਹਾਂ ਦੇ ਇਹੋ ਜਿਹੇ ਪ੍ਰਚਾਰ ਨੂੰ “ਮਾਇਆ ਦਾ ਵਾਪਾਰ” ਦੱਸਿਆ ਹੈ ਜਿਸ ਗੱਲ ਨੂੰ ਸਮਝਣ ਦੀ ਲੋੜ ਹੈ। ਜਿਸ ਮਾਇਆ ਦਾ ਇਹ ਵਾਪਾਰ ਕਰਦੇ ਹਨ ਉਹ “ਮਾਇਆ” ਸਾਡੇ ਅੰਦਰ ਹੀ ਹੈ। “ਮਾਇਆ” ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਵੀ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਮਾਇਆ ਨਾਲ ਜੁੜੇ ਹੋਏ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਸਾਡੇ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਵਰਤਦੀ ਹੈ ਜਿਸ ਸਮਝ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ। ਸਾਡੇ ਅੰਦਰ ਦੀ ਇਹ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ ਜੋ ਮਨ ਦੀ ਸਮਝ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ, ਸੱਚ ਨੂੰ ਸਮਝਣ ਤੋਂ ਦੂਰ ਰੱਖਦੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ, ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਦੂਰ ਰੱਖਦੀ ਹੈ। ਭਗਤੀ ਦੇ ਮਾਰਗ ਨੂੰ ਕਥਨੀ ਦਾ ਮਾਰਗ ਸਮਝਣਾ, ਨਾਮ ਨੂੰ ਕਥਨੀ ਸਮਝਣਾ ਇਹ ਸਾਡੇ ਅੰਦਰ ਦੀ “ਮਾਇਆ” ਹੀ ਹੈ। ਜੋ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਸਾਨੂੰ ਕਥਨੀ ਦਾ ਮਾਰਗ ਸਮਝਾਉਂਦੇ ਹਨ ਉਹ ਮਾਇਆ ਦਾ ਵਾਪਾਰ ਕਰਦੇ ਹਨ ਭਾਵ ਆਪਣੀ ਭਰਮਾਂ ਵਾਲੀ ਮਤਿ ਨੂੰ ਵੇਚਦੇ ਹਨ, ਭਰਮਾਂ ਵਾਲੀ ਸਮਝ ਦਾ ਪ੍ਰਚਾਰ ਕਰਦੇ ਹਨ ਭਾਵ ਦੂਸਰਿਆਂ ਨੂੰ ਆਪਣੀ ਮਾਇਆ ਵਾਲੀ ਸਮਝ ਦੇ ਨਾਲ ਜੋੜਦੇ ਹਨ। (**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥**) ਮਾਇਆ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥}

(ਅੰਗ 604)

ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ, ਮਾਇਆ ਵਾਲੀ ਅਵੱਸਥਾ, ਹਉਮੈ ਵਾਲੀ ਅਵੱਸਥਾ ਸਭ ਇੱਕੋ ਹੀ ਗੱਲ ਹੈ ਜਿਵੇਂ ਕਿ ਉੱਪਰ ਵਾਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਹੀ ਸ਼ਬਦਾਂ ਦੀ ਵਿਆਖਿਆ ਦੇ ਨਾਲ ਸਮਝਾਂਗੇ। ਜਦ ਤੱਕ ਸਾਡੇ ਅੰਦਰ ਮਾਇਆ ਵਾਲ਼ੀ ਸਮਝ ਹੈ, ਇਹ ਸਾਨੂੰ ਭਰਮਾਂ ਵਿੱਚ ਪਾ ਕੇ ਹੀ ਰੱਖਦੀ ਹੈ ਤੇ ਇਹੀ ਸਾਡੇ ਅੰਦਰ ਦਾ ਬੰਧਨ ਹੈ ਜਿਸ ਤੋਂ ਅਸੀਂ ਮੁਕਤ ਹੋਣਾ ਹੈ। ਮੁਕਤ ਸਾਨੂੰ ਗੁਰੂ ਦੇ ਨਾਮ ਨੇ ਕਰਨਾ ਹੈ ਤੇ ਗੁਰੂ ਗੁਰਬਾਣੀ ਰਾਹੀਂ ਨਾਮ ਦਾ ਵਾਪਾਰ ਕਰਦਾ ਹੈ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਤੇ ਅੱਗੇ ਚੱਲਕੇ ਸਭ ਕੁਝ ਸਮਝਾਂਗੇ। ਗੁਰੂ ਨਾਮ ਦਾ ਵਾਪਾਰੀ ਹੈ ਭਾਵ ਸਚੁ ਦਾ ਵਾਪਾਰੀ ਹੈ। ਸੱਚ ਹਰ ਭਰਮ ਤੋਂ ਰਹਿਤ ਹੈ, ਮਾਇਆ ਤੋਂ, ਹਉਮੈ ਤੋਂ, ਤ੍ਰੈਗੁਣਾਂ ਤੋਂ ਰਹਿਤ ਹੈ ਭਾਵ ਨਾਮ ਗੁਰੂ ਦਾ ਸੱਚਾ ਗਿਆਨ ਹੈ ਤੇ ਗੁਰੂ ਨਾਮ ਦਾ ਵਾਪਾਰ ਆਪਣਾ ਸੱਚਾ ਗਿਆਨ ਵੰਡਣ ਦੁਆਰਾ ਕਰਦਾ ਹੈ। ਜੇਕਰ ਅਸੀਂ ਗੁਰੂ ਦੇ ਨਾਮ ਰਾਹੀਂ ਸਿੱਖਿਆ ਲੈਂਦੇ ਹਾਂ ਤਾਂ ਉਹ ਸਾਨੂੰ ਸ਼ਬਦਾਂ ਦੀ ਕਥਨੀ ਨਾਲ ਨਹੀਂ ਬਲਕਿ ਕਰਨੀ ਦੇ ਨਾਲ ਜੋੜਦਾ ਹੈ ਤੇ ਜੋ ਮਾਇਆ ਦਾ ਵਾਪਾਰ ਕਰਦੇ ਹਨ ਉਹ ਸਾਨੂੰ ਕਥਨੀ ਵਾਲੀ ਭਗਤੀ ਦੇ ਨਾਲ ਜੋੜਦੇ ਹਨ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥”

ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਕਥਨੀ ਤਾਂ ਅਸੀਂ ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਹੀ ਕਰਦੇ ਹਾਂ ਜੋ ਸ਼ਬਦ ਸਾਨੂੰ ਸੱਚ ਹੀ ਸਮਝਾਉਂਦੇ ਹਨ, ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦੇ ਹਨ, ਔਗੁਣ ਛੱਡਣੇ ਤੇ ਗੁਣੀ ਬਣਕੇ ਵਿਚਰਨਾ ਹੀ ਸਮਝਾਉਂਦੇ ਹਨ ਪਰ ਅਸੀਂ ਜੇਕਰ ਆਪਣੀ ਕਥਨੀ ਨੂੰ ਹੀ ਭਗਤੀ ਸਮਝੀਏ ਪਰ ਸ਼ਬਦਾਂ ਦੀ ਸਮਝ ਤੇ ਅਮਲ

ਨਾ ਕਰੀਏ, ਇਹ ਗੱਲ ਝੂਠੀ ਹੈ ਭਾਵ ਇਸਨੂੰ ਭਗਤੀ ਸਮਝਣਾ, ਕਥਨੀ ਨੂੰ ਹੀ ਭਗਤੀ ਸਮਝਣਾ ਝੂਠ ਹੈ, ਸਾਡੀ ਝੂਠੀ ਸਮਝ ਹੈ ਤੇ ਸਾਰਾ ਜਗ ਇਹੋ ਜਿਹੀ ਭਗਤੀ ਦੇ ਨਾਲ ਹੀ ਜੁੜਿਆ ਹੋਇਆ ਹੈ ਕਿਉਂਕਿ ਸਾਨੂੰ ਧਰਮ ਦੇ ਮਾਰਗ ਵਿਦਵਾਨ ਸਮਝਣ ਵਾਲੇ ਸਮਝਾਉਂਦੇ ਹੀ ਇਹ ਕੁੱਝ ਹਨ ਕਿ ਵੱਧ ਤੋਂ ਵੱਧ ਕਥਨੀ ਕਰੋ, ਵੱਧ ਤੋਂ ਵੱਧ ਪਾਠ ਕਰੀ ਜਾਉ ਪਰ ਅਸਲ ਭਗਤੀ ਦਾ ਮਾਰਗ ਜੋ ਸਾਨੂੰ ਗੁਰੂ ਦਾ ਸ਼ਬਦ ਸਮਝਾਉਂਦਾ ਹੈ, ਉਹ ਸਾਡੀ ਕਰਨੀ ਦਾ ਮਾਰਗ ਹੈ ਭਾਵ ਸੱਚੀ ਸੁੱਚੀ ਚੰਗੀ ਕਰਨੀ ਦਾ ਮਾਰਗ ਹੈ ਜਿਸ ਲਈ ਸ਼ਬਦਾਂ ਦੀ ਸਮਝ ਨੂੰ ਮੰਨ ਕੇ, ਸ਼ਬਦਾਂ ਦੀ ਸਿੱਖਿਆ ਨੂੰ ਮੰਨ ਕੇ ਉਸ ਤੇ ਅਮਲ ਕਰਨ ਦੀ ਲੋੜ ਹੈ। ਜੋ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਦੇ ਨਾਲ ਜੋੜਦੇ ਹਨ, ਉਨਾਂ ਦੀ ਮਤਿ ਵਿੱਚੋਂ ਨਿਕਲ ਕੇ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨ ਦੀ ਲੋੜ ਹੈ। (**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥**)

ਜੋ ਸਾਡੇ ਅੰਦਰ ਦੀ ਮਾਇਆ ਹੈ, ਤ੍ਰੈਗੁਣ ਹੈ, ਹਉਮੈ ਵਾਲੀ ਸਮਝ ਹੈ, ਇਹੀ ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਭਰਮਾਂ ਵਾਲੀ ਮਤਿ ਹੈ ਜੋ ਸਾਡੇ ਅੰਦਰ ਦਾ ਬੰਧਨ ਹੈ ਜਿਵੇਂ ਕਿ ਅਸੀਂ ਕੁੱਝ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਮਨ ਦੀ ਦੁਬਿਧਾ ਨਿਕਲਣ ਦੁਆਰਾ ਹੀ ਪੈਂਦੀ ਹੈ ਤੇ ਸਮਝ ਲੱਗਦੀ ਹੈ ਕਿ ਸੱਚਾ ਮਾਰਗ ਸਾਡੀ ਕਥਨੀ ਨਹੀਂ ਬਲਕਿ ਕਰਨੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥
ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥5॥
ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥6॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥7॥
ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥8॥”

(ਅੰਗ 1343)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ। ਪੂਰੇ ਸ਼ਬਦ ਰਾਹੀਂ ਸਾਨੂੰ ਮਨਮਤਿ ਵਾਲੀ ਭਗਤੀ ਵਿੱਚ ਤੇ ਗੁਰਮਤਿ ਵਾਲੀ ਭਗਤੀ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਹਰ ਮਨੁੱਖੀ ਦੇਹ ਤ੍ਰੈਗੁਣਾਂ ਵਿੱਚ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਹੈ, ਮਨਮਤਿ ਵਿੱਚ ਹੈ, ਧਰਮ ਦੇ ਮਾਰਗ ਦੇ ਸੱਚ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹੈ, ਦੁਬਿਧਾ ਵਿੱਚ ਹੈ, ਸ਼ਬਦ ਦੇ ਉੱਪਰ ਵਾਲੇ ਪਦੇ ਰਾਹੀਂ ਸਾਨੂੰ ਮਨੁੱਖੀ ਸਮਝ ਬਾਰੇ ਹੀ ਚਾਨਣਾ ਪਾਇਆ ਹੋਇਆ ਹੈ ਜਿਸ ਕਰਕੇ ਮਨੁੱਖ ਨੂੰ ਸੱਚੀ ਭਗਤੀ ਦੇ ਮਾਰਗ ਦੀ ਸਮਝ ਨਹੀਂ ਪੈਂਦੀ। ਹਰ ਮਨੁੱਖੀ ਸਰੀਰ ਦੇ ਅੰਦਰ ਤ੍ਰੈਗੁਣਾਂ ਵਾਲ਼ੀ ਮਾਇਆ ਹੀ ਵਰਤਦੀ ਹੈ ਜੋ ਮਨ ਦੀ ਸਮਝ ਦੇ ਰੂਪ

ਵਿੱਚ ਵਰਤਦੀ ਹੈ ਜੋ ਮਨੁੱਖੀ ਸਰੀਰ ਨੂੰ ਆਪਣੀ ਸਮਝ ਦੁਆਰਾ ਚਲਾਉਂਦੀ ਹੈ। ਜਦ ਤੱਕ ਮਨੁੱਖ ਦੇ ਅੰਦਰ ਤ੍ਰੈਗੁਣੀ ਮਾਇਆ ਹੈ ਤਦ ਤੱਕ ਮਨੁੱਖ ਸੋਗ ਸੰਤਾਪ ਵਿੱਚ ਰਹਿੰਦਾ ਹੈ ਭਾਵ ਉਸਦਾ ਮਨ ਦੁਖੀ ਰਹਿੰਦਾ ਹੈ ਕਿਉਂਕਿ ਉਸਨੂੰ ਇਸ ਵਿੱਚੋਂ ਨਿਕਲਣ ਦੀ ਸਮਝ ਨਹੀਂ ਪੈਂਦੀ, ਮਨ ਦੀ ਇਸ ਅਵੱਸਥਾ ਤੋਂ ਛੁਟਕਾਰਾ ਕਿਵੇਂ ਪਾਉਣਾ ਹੈ, ਇਸ ਗੱਲ ਦੀ ਸਮਝ ਨਹੀਂ ਪੈਂਦੀ। ਮਨ ਦੀ ਇਹੋ ਜਿਹੀ ਸਮਝ ਦਾ ਕਾਰਣ ਕੀ ਹੈ, ਦੁੱਖਾਂ ਦਾ ਕਾਰਣ ਕੀ ਹੈ, ਇਸ ਗੱਲ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਇਸੇ ਲਈ ਸਾਨੂੰ ਉੱਪਰ ਪਦੇ ਰਾਹੀਂ ਇਹ ਸਮਝਾਇਆ ਹੈ ਕਿ ਕਿਸੇ ਮਨੁੱਖ ਕੋਲੋਂ ਮਤਿ ਲੈਣ ਦੀ ਬਜਾਇ ਉਸ ਦੇ ਕੋਲੋਂ ਮਤਿ ਲਵੋ ਭਾਵ ਉਸਦੀ ਸੇਵਾ ਕਰੋ ਜਿਸਦਾ ਕੋਈ ਮਾਈ ਬਾਪ ਨਹੀਂ ਹੈ ਭਾਵ ਨਿਰੰਕਾਰ ਰੂਪ ਹੈ ਭਾਵ ਪ੍ਰਮਾਤਮਾ ਦੀ ਸੇਵਾ ਕਰੋ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਦੇ ਵਿੱਚ ਉਹ ਆਪਣੇ ਨਿਰੰਕਾਰ ਰੂਪ ਵਿੱਚ ਹੈ ਜੋ ਰੂਪ ਉਸਦਾ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ ਤੇ ਗੁਰੂ ਦੀ ਸੇਵਾ ਕਰਨਾ ਗੁਰੂ ਦੀ ਵਿਚਾਰ ਨੂੰ ਮੰਨਣਾ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ ॥
ਹਉਮੈ ਮਾਰੇ ਕਰਣੀ ਸਾਰੁ ॥7॥}

(ਅੰਗ 223)

{ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥1॥}

(ਅੰਗ 593)

ਗੁਰੂ ਦੀ ਵਿਚਾਰ ਨੂੰ ਮੰਨਣਾ ਗੁਰੂ ਦੀ ਸੇਵਾ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਕਿਸੇ ਮਨੁੱਖੀ ਸਮਝ ਦੇ ਵਿਚਾਰਾਂ ਨੂੰ ਮੰਨਣਾ ਮਨੁੱਖੀ ਸੇਵਾ ਹੈ ਜਿਸ ਦੁਆਰਾ ਸਾਨੂੰ ਸੱਚੀ ਭਗਤੀ ਦੇ ਮਾਰਗ ਦੀ ਸਮਝ ਨਹੀਂ ਲੱਗ ਸਕਦੀ, ਮਨ ਦੇ ਸੋਗ ਸੰਤਾਪੁ ਵਿੱਚੋਂ ਨਿਕਲਣ ਦੀ ਸਮਝ ਨਹੀਂ ਲੱਗ ਸਕਦੀ ਕਿਉਂਕਿ ਹਰ ਕੋਈ ਤ੍ਰੈਗੁਣਾਂ ਵਾਲੀ ਸਮਝ ਵਿੱਚ ਹੀ ਹੈ। ਗੁਰੂ ਤ੍ਰੈਗੁਣਾਂ ਤੋਂ ਬਾਹਰ ਹੈ ਭਾਵ ਚੌਥੇ ਪਦ ਵਿੱਚ ਹੈ ਤੇ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਕਰਕੇ ਉਸਨੂੰ ਸਾਡੇ ਮਨ ਦੀ ਸਮਝ ਹੈ ਤੇ ਸਾਡੇ ਮਨ ਦੇ ਦੁੱਖਾਂ ਦਾ ਕਾਰਨ ਕੀ ਹੈ, ਇਸ ਗੱਲ ਦੀ ਉਸਨੂੰ ਸਮਝ ਹੈ ਜਿਸ ਕਰਕੇ ਸਾਨੂੰ ਕੇਵਲ ਗੁਰੂ ਦੀ ਵਿਚਾਰ ਹੀ ਮੰਨਣੀ ਚਾਹੀਦੀ ਹੈ। ਗੁਰੂ ਸਾਨੂੰ ਸਮਝਾ ਰਹਿਆ ਹੈ ਕਿ ਸਾਡੇ ਦੁੱਖਾਂ ਦਾ ਕਾਰਨ ਸਾਡੇ ਅੰਦਰ ਦੀ ਤ੍ਰਿਸਨਾ ਹੈ ਤੇ ਸਾਡੇ ਅੰਦਰ ਦਾ ਆਪਾ ਹੈ ਭਾਵ ਹਉਮੈ ਹੈ। ਇਸੇ ਲਈ ਗੁਰੂ ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਇਹ ਸਮਝਾਉਂਦਾ ਹੈ ਕਿ ਹਉਮੈ ਛੱਡੋ ਭਾਵ ਆਪਣੀ ਮਤਿ ਛੱਡੋ ਤੇ ਆਪਣੀਆਂ ਤ੍ਰਿਸ਼ਨਾਵਾਂ ਛੱਡੋ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਤੇ ਦੂਸਰਿਆਂ ਨੂੰ ਦੁੱਖ ਪਹੁੰਚਾਉਂਦੇ ਹਾਂ। ਤ੍ਰਿਸ਼ਨਾਵਾਂ ਕਦੇ ਕਿਸੇ ਦੀਆਂ ਪੂਰੀਆਂ ਨਹੀਂ ਹੁੰਦੀਆਂ ਜਿਨ੍ਹਾਂ ਦੀ ਪੂਰਤੀ ਨਾ ਹੋਣ ਕਰਕੇ ਮਨੁੱਖ ਦੁਖੀ ਹੁੰਦਾ ਹੈ, ਸੋਗ ਸੰਤਾਪੁ ਵਿੱਚ ਰਹਿੰਦਾ ਹੈ। ਤ੍ਰਿਸ਼ਨਾਵਾਂ ਵਿੱਚੋਂ ਨਿਕਲੇ ਬਿਨ੍ਹਾਂ, ਹਉਮੈ ਛੱਡੇ ਬਿਨ੍ਹਾਂ ਨਾ ਅਸੀਂ ਆਪ ਸੁਖੀ ਹੋ ਸਕਦੇ ਹਾਂ ਤੇ ਨਾ ਹੀ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕਦੇ ਹਾਂ ਜੋ ਮਾਰਗ ਹੈ ਹੀ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣ ਦਾ, ਉਸਦੇ ਹੁਕਮ ਅਨੁਸਾਰ ਚੱਲਣ ਦਾ ਜਿਸ ਲਈ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ ਤੇ ਦੂਸਰਿਆਂ ਦੇ ਮਨ ਨੂੰ ਤਕਲੀਫ ਦੇਣ ਤੋਂ ਬਚਿਆ ਜਾ ਸਕਦਾ ਹੈ। ਸੱਚੇ ਸੁੱਚੇ ਕਰਮ ਕਰਨ ਨਾਲ ਕਿਸੇ ਨੂੰ ਤਕਲੀਫ ਨਹੀਂ ਹੁੰਦੀ ਜਿਸ ਲਈ ਸਿਰਫ ਆਪਣੇ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਦੀ ਲੋੜ ਹੈ, ਆਪਣੀ ਨਾਸਮਝ ਮਤਿ ਭਾਵ ਹਉਮੈ ਛੱਡਣ ਦੀ ਲੋੜ ਹੈ। (**ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥ ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥**) ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਵਿਛੋੜਾ ਮਨ ਦੇ ਵਿੱਚ ਹੀ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਸਾਡਾ ਆਪਾ ਹੈ ਜਿਸ ਕਰਕੇ ਅਸੀਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ, ਮਨੁੱਖੀ ਹੋਂਦ ਸਮਝਦੇ ਹਾਂ ਤੇ ਜਿਸ ਦਾ ਆਪਾ ਮਿਟ ਜਾਂਦਾ ਹੈ, ਹਉਮੈ ਮਿਟ ਜਾਂਦੀ ਹੈ ਉਸਨੂੰ ਫਿਰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਸਭ ਜਗ੍ਹਾ ਉਹ ਆਪਣੇ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ। ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦਾ ਮਾਰਗ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਮਨੁੱਖ ਦੀ ਹਉਮੈ ਖਤਮ ਕਰਨ ਦੁਆਰਾ ਆਪ ਹੀ ਸਮਝਾਉਂਦਾ ਹੈ ਪਰ ਹਉਮੈ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਅਸੀਂ ਹੀ ਕਰਨਾ ਹੈ ਜਿਸ ਤਰੀਕੇ ਆਪਣੇ ਅੰਦਰੋਂ ਪ੍ਰਮਾਤਮਾ ਦੀ ਕਿਰਪਾ ਦੁਆਰਾ ਉਸਨੂੰ ਜਾਣਿਆ ਜਾ ਸਕਦਾ ਹੈ। ਆਪਣੀ ਸੱਚੀ ਭਗਤੀ ਦਾ

ਮਾਰਗ ਮਨ ਦੇ ਵਿੱਚ ਪ੍ਰਮਾਤਮਾ ਕਿਸ ਰੂਪ ਵਿੱਚ ਸਮਝਾਉਂਦਾ ਹੈ, ਇਹੀ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥”

ਉਪਰਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਵੀ ਸਮਝੋ ਕਿ ਸਤਿਗੁਰ ਨੂੰ ਭੇਟਣਾ ਕੀ ਹੈ ਤੇ ਮੁਕਤਿ ਹੋਣਾ ਕੀ ਹੈ। ਮਨੁੱਖ ਦਾ ਜਦੋਂ ਆਪਾ ਮਿਟਦਾ ਹੈ ਭਾਵ ਹਉਮੈ ਮਿਟਦੀ ਹੈ, ਇਸ ਦੇ ਨਾਲ ਮਨ ਦੇ ਵਿੱਚੋਂ ਮਨੁੱਖ ਦੀ ਭਰਮਾਂ ਵਾਲੀ ਮਤਿ ਹੀ ਦੂਰ ਹੁੰਦੀ ਹੈ, ਮਨ ਦੀ ਅਗਿਆਨਤਾ ਹੀ ਦੂਰ ਹੁੰਦੀ ਹੈ ਜੋ ਕਿ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਹੁੰਦੀ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਦੁਆਰਾ ਸਮਝਿਆ ਹੈ। ਸਤਿਗੁਰ ਦੇ ਨਾਲ ਸਾਡੀ ਭੇਟ ਮਨ ਦੇ ਵਿੱਚ ਹੀ ਹੁੰਦੀ ਹੈ। ਇਹ ਭੇਟ ਸਤਿਗੁਰ ਦੇ ਨਾਲ ਮਨ ਦੇ ਗਿਆਨ ਦੁਆਰਾ ਹੁੰਦੀ ਹੈ। ਸਤਿਗੁਰ ਗਿਆਨ ਦੇ ਰੂਪ ਵਿੱਚ ਹੈ ਜੋ ਗਿਆਨ ਦਾ ਰੂਪ ਉਸਦਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚਾ ਗਿਆਨ ਹੀ ਦਿੰਦੀ ਹੈ ਤੇ ਪ੍ਰਮਾਤਮਾ ਆਪ ਇਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਕਰਕੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਪ੍ਰਮਾਤਮਾ ਦਾ “ਸਤਿਗੁਰ” ਰੂਪ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਭੇਟ ਹੋਣੀ ਜਾਂ ਸਤਿਗੁਰ ਨਾਲ ਭੇਟ ਹੋਣੀ ਜਾਂ ਗੁਰਬਾਣੀ ਦੇ ਸੱਚੇ ਗਿਆਨ ਦੇ ਨਾਲ ਭੇਟ ਹੋਣੀ ਭਾਵ ਗੁਰਬਾਣੀ ਦੀ ਸਮਝ ਪੈਣੀ ਇੱਕੋ ਹੀ ਗੱਲ ਹੈ। ਜਿਨ੍ਹਾਂ ਸਰੀਰਾਂ ਦੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ, ਸਤਿਗੁਰ ਦੇ ਨਾਲ ਭੇਟ ਹੋਈ ਹੈ ਉਹ ਇਸੇ ਤਰੀਕੇ ਹੀ ਹੋਈ ਹੈ ਜਿਸ ਨਾਲ ਉਨ੍ਹਾਂ ਨੂੰ ਮਨ ਦੇ ਵਿੱਚੋਂ ਗੁਰਬਾਣੀ ਦੀ ਸਮਝ ਪਈ ਹੈ ਜੋ ਪ੍ਰਮਾਤਮਾ ਨੇ ਆਪ ਹੀ ਪਾਈ ਹੈ, ਜਿਸ ਕਰਕੇ ਪ੍ਰਮਾਤਮਾ ਆਪ ਹੀ ਸਤਿਗੁਰ ਹੈ ਜਿਵੇਂ ਕਿ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੋਈ ਹੈ। ਸਤਿਗੁਰ ਰੂਪ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਭੇਟ ਹੋਣ ਦੁਆਰਾ ਹੀ ਮਨੁੱਖ ਦੀ ਹਉਮੈ ਤੋਂ ਭਾਵ ਮਨ ਦੀ ਅਗਿਆਨਤਾ ਤੋਂ ਮੁਕਤੀ ਹੁੰਦੀ ਹੈ ਤੇ ਫਿਰ ਮਨ ਦੇ ਵਿੱਚ ਸੱਚੇ ਗਿਆਨ ਦੀ ਸਮਝ ਦੁਆਰਾ ਸਭ ਜਗ੍ਹਾ ਪ੍ਰਮਾਤਮਾ ਹੀ ਨਜਰ ਆਉਂਦਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਆਪਣੇ ਅੰਦਰੋਂ ਨਜਰ ਆਉਂਦਾ ਹੈ, ਉਸੇ ਰੂਪ ਵਿੱਚ ਪ੍ਰਮਾਤਮਾ ਹਰ ਵਸਤੂ ਵਿੱਚ, ਹਰ ਆਕਾਰ ਰੂਪ ਵਿੱਚ ਨਜਰ ਆਉਂਦਾ ਹੈ ਜੋ ਰੂਪ ਉਸਦਾ ਬ੍ਰਹਮ ਗਿਆਨ ਰੂਪ ਹੈ, ਉਸਦਾ ਜੋਤਿ ਰੂਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੈ ਜਿਸ ਰੂਪ ਨੂੰ ਕੇਵਲ ਮਨ ਦੀ ਸਮਝ ਦੁਆਰਾ ਕੇਵਲ ਮਨ ਦੇ ਵਿੱਚੋਂ ਹੀ ਸਮਝਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਕੋਈ ਹੋਰ ਤਰੀਕਾ ਨਹੀਂ ਹੈ। (**ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥**) ਪ੍ਰਮਾਤਮਾ ਦਾ ਇਹ ਬ੍ਰਹਮ ਗਿਆਨ ਰੂਪ ਹੀ ਉਸਦਾ ਨਾਮ ਰੂਪ ਹੈ ਜਿਸ ਨਾਮ ਰੂਪ ਦੁਆਰਾ, ਬ੍ਰਹਮ ਗਿਆਨ ਰੂਪ ਦੁਆਰਾ ਪ੍ਰਮਾਤਮਾ ਸਭ ਵਿੱਚ ਤੇ ਸਭ ਜਗ੍ਹਾ ਸਮਾਇਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥3॥}

(ਅੰਗ 1152)

{ਘਰ ਮਹਿ ਵਸਤੁ ਅਗਮ ਅਪਾਰਾ ॥
ਗੁਰਮਤਿ ਖੋਜਹਿ ਸਬਦਿ ਬੀਚਾਰਾ ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥
ਸਦਾ ਰੰਗਿ ਰਾਤੇ ਸਚਿ ਸਮਾਹਿ ॥3॥

ਆਪਿ ਕਰੇ ਕਿਛੁ ਕਰਣੁ ਨ ਜਾਇ ॥
ਆਪੇ ਭਾਵੈ ਲਏ ਮਿਲਾਇ ॥
ਤਿਸ ਤੇ ਨੇੜੈ ਨਾਹੀ ਕੋ ਦੂਰਿ ॥
ਨਾਨਕ ਨਾਮਿ ਰਹਿਆ ਭਰਪੂਰਿ ॥4॥}

(ਅੰਗ 1175)

{ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥
ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥4॥
ਮਾਇਆ ਮਹਿ ਫਿਰਿ ਚਿਤੁ ਨ ਲਾਏ ॥
ਗੁਰ ਕੈ ਸਬਦਿ ਸਦ ਰਹੈ ਸਮਾਏ ॥
ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥5॥
ਸਚੁ ਸਾਲਾਹੀ ਸਦਾ ਹਜੂਰੇ ॥
ਗੁਰ ਕੈ ਸਬਦਿ ਰਹਿਆ ਭਰਪੂਰੇ ॥
ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥6॥
ਸਚੁ ਮਨ ਅੰਦਰਿ ਰਹਿਆ ਸਮਾਇ ॥
ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥7॥
ਸਚੁ ਸਾਲਾਹੀ ਅਵਰੁ ਨ ਕੋਈ ॥
ਜਿਤੁ ਸੇਵਿਐ ਸਦਾ ਸੁਖੁ ਹੋਈ ॥
ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥8॥}

(ਅੰਗ 120-121)

{ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥8॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥9॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥

ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥11॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥12॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥13॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥14॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥
ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥15॥
ਜਿਨ ਕਉ ਆਦਿ ਮਿਲੀ ਵਡਿਆਈ ॥
ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥16}

(ਅੰਗ 1069-1070)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥
ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥3॥
ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥
ਜਾ ਹਿਰਦੈ ਵਸਿਆ ਸਚੁ ਸੋਇ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥
ਹੁਕਮੁ ਪਛਾਣੈ ਬੂਝੈ ਸਚੁ ਸੋਇ ॥4॥
ਤੂੰ ਕਰਤਾ ਮੈ ਅਵਰੁ ਨ ਕੋਇ ॥
ਤੁਝੁ ਸੇਵੀ ਤੁਝ ਤੇ ਪਤਿ ਹੋਇ ॥
ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥
ਨਾਮ ਰਤਨੁ ਸਭ ਜਗ ਮਹਿ ਲੋਇ ॥5॥
ਗੁਰਮੁਖਿ ਬਾਣੀ ਮੀਠੀ ਲਾਗੀ ॥

ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥
ਸਹਜੇ ਸਚੁ ਮਿਲਿਆ ਪਰਸਾਦੀ ॥
ਸਤਿਗੁਰੁ ਪਾਇਆ ਪੂਰੈ ਵਡਭਾਗੀ ॥6॥
ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥
ਜਬ ਹਿਰਦੈ ਰਾਮ ਨਾਮ ਗੁਣਤਾਸੁ ॥
ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥
ਜਬ ਹਿਰਦੈ ਰਵਿਆ ਚਰਣ ਨਿਵਾਸੁ ॥7॥
ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥
ਗੁਰਮੁਖਿ ਮੇਲੇ ਆਪੁ ਗਵਾਏ ॥
ਹਿਰਦੈ ਸਾਚਾ ਨਾਮੁ ਵਸਾਏ ॥
ਨਾਨਕ ਸਹਜੇ ਸਾਚਿ ਸਮਾਏ ॥8॥}

(ਅੰਗ 232)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥2॥}

(ਅੰਗ 593)

ਸਾਡੇ ਅੰਦਰ ਪ੍ਰਮਾਤਮਾ ਦਾ ਵੱਸਣਾ, ਨਾਮ ਦਾ ਵੱਸਣਾ, ਸੱਚ ਦਾ ਵੱਸਣਾ, ਗੁਰਬਾਣੀ ਦੀ ਸੱਚੀ ਸਮਝ ਦਾ ਵੱਸਣਾ ਭਾਵ ਗੁਰਮਤਿ ਦੀ ਪੂਰਨ ਸਮਝ ਪੈਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਅੱਗੇ ਚੱਲਕੇ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਵਾਰ-ਵਾਰ ਸਮਝਣਾ ਹੈ। ਮਨ ਦੇ ਵਿੱਚ ਵੱਸਣ ਦੁਆਰਾ ਪ੍ਰਮਾਤਮਾ ਆਪਣਾ ਸੱਚ ਹੀ ਸਮਝਾਉਂਦਾ ਹੈ ਭਾਵ ਆਪਣੇ ਆਪ ਦਾ ਤੇ ਭਗਤੀ ਦੇ ਸੱਚੇ ਮਾਰਗ ਦਾ ਭਾਵ ਜਿਸ ਮਾਰਗ ਤੇ ਚੱਲਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਇਹ ਸਭ ਕੁੱਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਉਸਦੀ ਸੱਚੀ ਭਗਤੀ ਦਾ ਮਾਰਗ ਕੀ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਉਸ ਤੋਂ ਵੱਡੀ ਗੱਲ ਗੁਰੂ ਦੀ ਸਮਝ ਤੇ, ਗੁਰੂ ਦੇ ਉਪਦੇਸ਼ ਤੇ, ਗੁਰੂ ਦੀ ਮਤਿ ਤੇ ਭਾਵ ਗੁਰੂ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਜੋ ਭਗਤੀ ਦਾ ਮਾਰਗ ਸਾਨੂੰ ਗੁਰੂ ਸਮਝਾ ਰਹਿਆ ਹੈ, ਉਹੀ ਸੱਚਾ ਮਾਰਗ ਹੈ।

“ਹਿਰਦੈ ਸਚੁ ਏਹ ਕਰਣੀ ਸਾਰੁ ॥

ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥”

ਜੋ ਸੱਚੁ ਹੈ ਉਹੀ ਨਾਮ ਹੈ ਤੇ ਜੋ ਸੱਚੁ ਦਾ ਮਕਸਦ ਹੈ ਉਹੀ ਨਾਮ ਦਾ ਮਕਸਦ ਹੈ। ਸੱਚੁ ਦੇ ਨਾਲ ਸਾਨੂੰ ਸੱਚੀ ਸਮਝ ਹੀ ਪੈਂਦੀ ਹੈ। ਪੂਰੀ ਗੁਰਬਾਣੀ ਵਿੱਚ ਸੱਚੁ ਹੈ ਜੋ ਸਾਰੇ ਸੰਸਾਰ ਨੂੰ ਸੱਚੁ ਹੀ ਸਮਝਾਉਂਦੀ ਹੈ, ਸੱਚੁ ਤੇ ਚੱਲਣ ਦਾ ਮਾਰਗ ਹੀ ਸਮਝਾਉਂਦੀ ਹੈ ਤੇ ਸੱਚੁ ਰੂਪ ਪ੍ਰਮਾਤਮਾ ਨਾਲ ਮੇਲ ਕਰਨ ਦਾ ਮਾਰਗ ਸਮਝਾਉਂਦੀ ਹੈ ਜਿਵੇਂ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ ॥

{ਕਾਇਆ ਹੰਸ ਧੁਰਿ ਮੇਲੁ ਕਰਤੈ ਲਿਖਿ ਪਾਇਆ ॥

ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥

ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ ॥

ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ ॥

ਸਭੁ ਕਿਛੁ ਆਪੇ ਆਪਿ ਹੈ ਆਪੇ ਦੇਇ ਵਡਿਆਈ ॥14॥}

(ਅੰਗ 954)

{ਸਬਦਿ ਮੁਆ ਵਿਚਹੁ ਆਪੁ ਗਵਾਇ ॥

ਸਤਿਗੁਰੁ ਸੇਵੇ ਤਿਲੁ ਨ ਤਮਾਇ ॥

ਨਿਰਭਉ ਦਾਤਾ ਸਦਾ ਮਨਿ ਹੋਇ ॥

ਸਚੀ ਬਾਣੀ ਪਾਏ ਭਾਗਿ ਕੋਇ ॥1॥

ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥

ਪੂਰੇ ਗੁਰ ਕੈ ਸਬਦਿ ਸਮਾਹਿ ॥1॥ ਰਹਾਉ ॥

ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥

ਅੰਮ੍ਰਿਤ ਸਬਦਿ ਨਾਮੁ ਵਖਾਣੈ ॥

ਸਾਚੀ ਬਾਣੀ ਸੂਚਾ ਹੋਇ ॥

ਗੁਣ ਤੇ ਨਾਮੁ ਪਰਾਪਤਿ ਹੋਇ ॥2॥

ਗੁਣ ਅਮੋਲਕ ਪਾਏ ਨ ਜਾਹਿ ॥

ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥

ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥

ਸਦਾ ਗੁਣਦਾਤਾ ਮੰਨਿ ਵਸਾਇਆ ॥3॥

ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥

ਦਰਿ ਸਾਚੈ ਸਾਚੇ ਗੁਣ ਗਾਉ ॥

ਆਪੇ ਦੇਵੈ ਸਹਜਿ ਸੁਭਾਇ ॥

ਨਾਨਕ ਕੀਮਤਿ ਕਹਣੁ ਨ ਜਾਇ ॥4॥}

(ਅੰਗ 361)

{ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥
ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥
ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥1॥
ਮਨ ਰੇ ਦੂਜਾ ਭਾਉ ਚੁਕਾਇ ॥
ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥
ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥
ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥2॥
ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥
ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥3॥
ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥
ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥
ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥4॥}

(ਅੰਗ 33-34)

{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥
ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥
ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥1॥
ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥
ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥1॥ ਰਹਾਉ ॥
ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ ॥
ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥
ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥
ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥2॥
ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥
ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥
ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥
ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥3॥
ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥
ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥
ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥

ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥4॥}

(ਅੰਗ 35-36)

{ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥1॥
ਸੰਤਹੁ ਗੁਰਮੁਖਿ ਪੂਰਾ ਪਾਈ ॥
ਨਾਮੋ ਪੂਜ ਕਰਾਈ ॥1॥ ਰਹਾਉ ॥
ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥2॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥3॥
ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥4॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥5॥
ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥6॥
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ ॥7॥
ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ ॥8॥
ਆਪੇ ਨਿਰਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ ॥9॥
ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ ॥10॥
ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥11॥
ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ ॥12॥
ਅਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ ॥13॥
ਪਾਖੰਡਿ ਕੀਨੈ ਜਮੁ ਨਹੀ ਛੋਡੈ ਲੈ ਜਾਸੀ ਪਤਿ ਗਵਾਈ ॥14॥
ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ ॥15॥
ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥16॥
ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤਸੰਗਤਿ ਮੇਲਾਈ ॥17॥
ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ ॥18॥
ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ ॥19॥
ਭੈ ਭੰਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ ॥20॥
ਸਭੁ ਕਿਛੁ ਆਪੇ ਆਪਿ ਵਰਤੈ ਨਾਨਕ ਨਾਮਿ ਵਡਿਆਈ ॥21॥}

(ਅੰਗ 910)

{ਆਪੇ ਕਰਤਾ ਕਰੇ ਕਰਾਏ ॥
ਸਚੀ ਬਾਣੀ ਸਚੁ ਦ੍ਰਿੜਾਏ ॥
ਨਾਨਕ ਨਾਮੁ ਮਿਲੈ ਵਡਿਆਈ ਜੁਗਿ ਜੁਗਿ ਏਕੋ ਜਾਤਾ ਹੇ ॥16॥}

(ਅੰਗ 1053)

{ਗੁਰਮੁਖਿ ਸਾਚੈ ਕੀਆ ਅਕਾਰਾ ॥

ਗੁਰਮੁਖਿ ਪਸਰਿਆ ਸਭੁ ਪਾਸਾਰਾ ॥
ਗੁਰਮੁਖਿ ਹੋਵੈ ਸੋ ਸਚੁ ਬੂਝੈ ਸਬਦਿ ਸਚੈ ਸੁਖੁ ਤਾਹਾ ਹੇ ॥9॥
ਗੁਰਮੁਖਿ ਜਾਤਾ ਕਰਮਿ ਬਿਧਾਤਾ ॥
ਜੁਗ ਚਾਰੇ ਗੁਰ ਸਬਦਿ ਪਛਾਤਾ ॥
ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ ॥10॥
ਗੁਰਮੁਖਿ ਨਾਮਿ ਸਬਦਿ ਸਾਲਾਹੇ ॥
ਅਗਮ ਅਗੋਚਰ ਵੇਪਰਵਾਹੇ ॥
ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ ॥11॥
ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥
ਗੁਰਮੁਖਿ ਹਿਰਦੈ ਨਾਮੁ ਵਸਾਏ ॥
ਗੁਰਮੁਖਿ ਹੋਵੈ ਸੋ ਨਾਮੁ ਬੂਝੈ ਕਾਟੇ ਦੁਰਮਤਿ ਫਾਹਾ ਹੇ ॥12॥
ਗੁਰਮੁਖਿ ਉਪਜੈ ਸਾਚਿ ਸਮਾਵੈ ॥
ਨਾ ਮਰਿ ਜੰਮੈ ਨ ਜੂਨੀ ਪਾਵੈ ॥
ਗੁਰਮੁਖਿ ਸਦਾ ਰਹਹਿ ਰੰਗਿ ਰਾਤੇ ਅਨਦਿਨੁ ਲੈਦੇ ਲਾਹਾ ਹੇ ॥13॥
ਗੁਰਮੁਖਿ ਭਗਤ ਸੋਹਹਿ ਦਰਬਾਰੇ ॥
ਸਚੀ ਬਾਣੀ ਸਬਦਿ ਸਵਾਰੇ ॥
ਅਨਦਿਨੁ ਗੁਣ ਗਾਵੈ ਦਿਨੁ ਰਾਤੀ ਸਹਜ ਸੇਤੀ ਘਰਿ ਜਾਹਾ ਹੇ ॥14॥
ਸਤਿਗੁਰੁ ਪੂਰਾ ਸਬਦੁ ਸੁਣਾਏ ॥
ਅਨਦਿਨੁ ਭਗਤਿ ਕਰਹੁ ਲਿਵ ਲਾਏ ॥
ਹਰਿ ਗੁਣ ਗਾਵਹਿ ਸਦ ਹੀ ਨਿਰਮਲ ਨਿਰਮਲ ਗੁਣ ਪਾਤਿਸਾਹਾ ਹੇ ॥15॥
ਗੁਣ ਕਾ ਦਾਤਾ ਸਚਾ ਸੋਈ ॥
ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਨਕ ਜਨੁ ਨਾਮੁ ਸਲਾਹੇ ਬਿਗਸੈ ਸੋ ਨਾਮੁ ਬੇਪਰਵਾਹਾ ਹੇ ॥16॥}

(ਅੰਗ 1054-1055)

{ਅੰਮ੍ਰਿਤ ਨਾਮੁ ਮੰਨਿ ਵਸਾਏ ॥
ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥1॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥1॥ ਰਹਾਉ ॥
ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥2॥

ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥
ਅੰਮ੍ਰਿਤੁ ਗੁਰ ਪਰਸਾਦੀ ਪਾਏ ॥
ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥3॥
ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥
ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥4॥
ਅਜਬ ਕੰਮ ਕਰਤੇ ਹਰਿ ਕੇਰੇ ॥
ਇਹੁ ਮਨੁ ਭੂਲਾ ਜਾਂਦਾ ਫੇਰੇ ॥
ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥5॥
ਖੋਟੇ ਖਰੇ ਤੁਧੁ ਆਪਿ ਉਪਾਏ ॥
ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥6॥
ਕਿਉ ਕਰਿ ਵੇਖਾ ਕਿਉ ਸਾਲਾਹੀ ॥
ਗੁਰ ਪਰਸਾਦੀ ਸਬਦਿ ਸਲਾਹੀ ॥
ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥7॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥
ਸਤਿਗੁਰਿ ਸੇਵਿਐ ਰਿਦੈ ਸਮਾਣੀ ॥
ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥8॥}

(ਅੰਗ 118-119)

ਜਿਵੇਂ ਕਿ ਉਪਰਲੇ ਸ਼ਬਦਾਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ, ਪੂਰੀ ਬਾਣੀ ਸੱਚੁ ਹੈ, ਪੂਰੀ ਬਾਣੀ ਅੰਮ੍ਰਿਤ ਹੈ, ਪੂਰੀ ਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ, ਫਿਰ ਨਾਮ ਕੀ ਹੋਇਆ? ਭਾਵ ਪੂਰੀ ਬਾਣੀ ਨਾਮ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪੂਰੀ ਗੁਰਬਾਣੀ ਵਿੱਚ "ਸਚੁ" ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ "ਸਚੁ" ਰੂਪ ਹੈ, "ਨਾਮ" ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਨਾਮ ਨੂੰ, ਸੱਚ ਨੂੰ, ਪ੍ਰਮਾਤਮਾ ਨੂੰ ਇਸੇ ਰੂਪ ਵਿੱਚ ਹੀ ਪਾਇਆ ਹੈ। {**ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥1॥ ਰਹਾਉ ॥**} ਅੰਗ-1159 । {**ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥ ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥3॥**} ਅੰਗ-1152

ਸੱਚੁ ਦਾ ਮਕਸਦ, ਪ੍ਰਮਾਤਮਾ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਸਮਝਾਉਣ ਨਾਲ ਹੀ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝ ਰਹੇ ਹਾਂ।

"ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥"

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੀ ਸੱਚੀ ਸੁੱਚੀ ਕਰਨੀ ਹੈ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਵੀ ਇਹੋ ਭਗਤੀ ਦਾ ਮਾਰਗ ਹੀ ਸਮਝਾਂਗੇ ਕਿਉਂਕਿ ਬਾਣੀ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ

ਭਗਤੀ ਦਾ ਮਾਰਗ ਭਾਵ ਨਾਮ ਜਪਣ ਦਾ ਮਾਰਗ, ਸੇਵਾ ਦਾ ਮਾਰਗ ਸਮਝਾਇਆ ਹੋਇਆ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ। ਗੁਰੂ ਸਾਨੂੰ ਹਰ ਸ਼ਬਦ ਰਾਹੀਂ ਸੱਚੁ ਹੀ ਸਮਝਾਉਂਦਾ ਹੈ। ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦਾ ਹੈ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਅਸੀਂ ਆਪਣੀ-ਆਪਣੀ ਮਤਿ ਦੁਆਰਾ, ਆਪਣੀ-ਆਪਣੀ ਧਾਰਮਿਕ ਆਸਥਾ ਦੁਆਰਾ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਨਾਮ ਜਪਣ ਦੇ ਤਰੀਕੇ ਬਣਾਏ ਹੋਏ ਹਨ ਜਿਨ੍ਹਾਂ ਭਗਤੀ ਦੇ ਤਰੀਕਿਆਂ ਦੇ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਭਾਵ ਉਨ੍ਹਾਂ ਤਰੀਕਿਆਂ ਵਿੱਚ ਸੱਚ ਨਹੀਂ ਹੈ, ਗੁਰੂ ਦੀ ਮਤਿ ਨਹੀਂ ਹੈ। ਜਿੱਥੇ ਗੁਰੂ ਦੀ ਮਤਿ ਨਹੀਂ ਹੈ ਅਗਰ ਫਿਰ ਵੀ ਅਸੀਂ ਉਹੋ ਜਿਹੇ ਤਰੀਕੇ ਅਪਣਾਉਂਦੇ ਹਾਂ ਫਿਰ ਉਹ ਕੇਵਲ ਸਾਡਾ ਪਾਖੰਡ ਹੈ, ਭਗਤੀ ਦਾ ਪਾਖੰਡ ਹੈ, ਪਾਖੰਡ ਦੀ ਪੂਜਾ ਹੈ ਜਿਹੋ ਜਿਹੇ ਪਾਖੰਡ ਕਰਨ ਨਾਲ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ, ਆਪਣੇ ਆਪ ਨੂੰ ਬੇਵਜਾ ਤੰਗ ਕਰਦੇ ਹਾਂ, ਆਪਣੇ ਸਰੀਰ ਨੂੰ ਕੇਵਲ ਦੁੱਖ ਹੀ ਦਿੰਦੇ ਹਾਂ ਜਿਹੋ ਜਿਹੀ ਭਗਤੀ ਕਦੇ ਪ੍ਰਮਾਤਮਾ ਨੂੰ ਪਰਵਾਨ ਨਹੀਂ ਹੋ ਸਕਦੀ ਭਾਵ ਸਾਨੂੰ ਉਹੋ ਜਿਹੇ ਹਰ ਭਗਤੀ ਦੇ ਤਰੀਕਿਆਂ ਨੂੰ ਛੱਡਣ ਲਈ ਸਮਝਾਇਆ ਹੈ ਜੋ ਅਸੀਂ ਕੇਵਲ ਮਨ ਦੇ ਭਰਮਾਂ ਕਰਕੇ ਕਰਦੇ ਹਾਂ। ਸਾਰੇ ਸੰਸਾਰ ਲਈ ਇੱਕੋ ਇੱਕ ਭਗਤੀ ਦਾ ਤਰੀਕਾ, ਪ੍ਰਮਾਤਮਾ ਦਾ ਨਾਮ ਜਪਣ ਦਾ ਤਰੀਕਾ, ਸੱਚ ਤੇ ਚੱਲਣ ਦਾ ਤਰੀਕਾ ਸਾਡੀ ਸੱਚੀ ਸੁੱਚੀ ਕਿਰਤ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਤੇ ਸੰਸਾਰ ਦੇ ਭਲੇ ਲਈ ਵਿਚਰੀਏ ਭਾਵ ਸੰਸਾਰ ਵਿੱਚ ਦੁੱਖਾਂ ਦਾ ਕਾਰਨ ਨਾ ਬਣੀਏ, ਸੁੱਖਾਂ ਦਾ ਕਾਰਨ ਬਣੀਏ, ਆਪਣੀ ਚੰਗੀ ਕਰਨੀ ਦੁਆਰਾ ਬਣੀਏ। (**ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥6॥**)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥
ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥3॥
ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥
ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥4॥}

(ਅੰਗ 1188)

{ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥
ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥
ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥
ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਨੁ ਕਹੈ ॥
ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਨੁ ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਨੁ ॥1॥}

(ਅੰਗ 952)

ਉੱਪਰ ਵਾਲੇ ਸ਼ਬਦ ਰਾਹੀਂ ਸਾਨੂੰ ਸਾਡੀ ਖੁਆਰੀ ਹੀ ਸਮਝਾਈ ਹੋਈ ਹੈ ਜੋ ਆਪਣੀ ਖੁਆਰੀ ਅਸੀਂ ਆਪਣੀ ਮਤਿ ਦੁਆਰਾ ਉਹੋ ਜਿਹੇ ਭਗਤੀ ਦੇ ਮਾਰਗਾਂ ਤੇ ਚੱਲਕੇ ਕਰਦੇ ਹਾਂ ਜੋ ਅਸਲ ਵਿੱਚ ਭਗਤੀ ਦੇ ਮਾਰਗ ਹੈ ਹੀ ਨਹੀਂ। ਸ਼ਬਦ ਰਾਹੀਂ ਸਾਨੂੰ ਕੁੱਝ ਗੱਲਾਂ ਗਹਿਰਾਈ ਵਿੱਚ ਸਮਝਾਈਆਂ ਹੋਈਆਂ ਹਨ ਤੇ ਉੱਪਰ ਵਾਲੇ ਪੂਰੇ ਸ਼ਬਦ ਨੂੰ ਲੇਖ ਵਿੱਚ ਅੱਗੇ ਚੱਲਕੇ ਸਮਝਾਂਗੇ ਤੇ ਭਗਤੀ ਨੂੰ ਸਮਝਣ ਬਾਰੇ ਆਪਣੇ ਭੁਲੇਖਿਆਂ ਨੂੰ ਸਮਝਾਂਗੇ। ਭਗਤੀ ਦੇ ਸੱਚੇ ਮਾਰਗ ਨੂੰ ਨਾ ਸਮਝਣ ਦਾ ਕਾਰਨ ਕੀ ਹੈ ਜਿਸ ਕਰਕੇ ਅਸੀਂ ਪਾਖੰਡ ਵਾਲੀ ਭਗਤੀ ਕਰਦੇ ਹਾਂ ਤੇ ਆਪਣੇ ਆਪ ਨੂੰ ਵਿਅਰਥ ਵਿੱਚ ਹੀ ਖੁਆਰ ਕਰਦੇ ਹਾਂ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਦੁਬਿਧਾ ਚੂਕੈ ਤਾਂ ਸਬਦੁ ਪਛਾਨੁ ॥
ਘਰਿ ਬਾਹਰਿ ਏਕੋ ਕਰਿ ਜਾਨੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥7॥”

(ਅੰਗ - 1343)

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ, ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ, ਸਾਡੀ ਦੂਰੀ ਮਨ ਦੇ ਵਿੱਚ ਹੀ ਹੈ। ਸਾਡੇ ਮਨ ਦੀ ਸਮਝ ਹੀ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਹੈ, ਪ੍ਰਮਾਤਮਾ ਨਾਲ ਸਾਡਾ ਪਰਦਾ ਹੈ ਤੇ ਮਨ ਦੀ ਸਮਝ ਦੇ ਵਿੱਚ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਸੱਚਾਈ ਇਹ ਹੈ ਕਿ ਸਾਡੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ। ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਸਾਡੇ ਅੰਦਰ ਦੀ ਹਉਮੈ ਦੇ ਕਾਰਨ ਹੈ, ਮਾਇਆ ਦੀ ਜੁਗਤਿ ਦੇ ਕਾਰਨ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦੇ ਕਾਰਨ ਹੈ ਭਾਵ ਭਰਮਾਂ ਵਾਲੀ ਸਮਝ ਦੇ ਕਾਰਨ ਹੈ, ਮਨ ਦੀ ਅਗਿਆਨਤਾ ਦੇ ਕਾਰਨ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਸਮਝਦੇ ਰਹਾਂਗੇ ਕਿਉਂਕਿ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੇਵਲ ਸਾਡੀ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਮਨ ਦੀ “ਦੁਬਿਧਾ” ਵਿੱਚੋਂ ਨਿਕਲਣਾ ਸਮਝਾਇਆ ਹੋਇਆ ਹੈ। “ਦੁਬਿਧਾ” ਸਾਡੇ ਮਨ ਦੀ ਸਮਝ ਹੀ ਹੈ ਭਾਵ ਭਰਮਾਂ ਵਾਲੀ ਸਮਝ ਹੀ ਹੈ ਜੋ ਸਾਨੂੰ “ਸੱਚ” ਸਮਝਣ ਤੋਂ ਦੂਰ ਰੱਖਦੀ ਹੈ ਭਾਵ ਪ੍ਰਮਾਤਮਾ ਦਾ ਸੱਚ, ਮਨੁੱਖ ਦਾ ਸੱਚੁ, ਸੰਸਾਰ ਦਾ ਸੱਚ, ਭਗਤੀ ਦਾ ਸੱਚ ਕੀ ਹੈ, ਇਹ ਸਮਝਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਆਪ ਗੁਰੂ ਹੈ ਜੋ “ਸਬਦੁ” ਦੇ ਰੂਪ ਵਿੱਚ ਹੈ। ਉਹ “ਸਬਦੁ” ਰੂਪ ਗੁਰੂ, ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜਿਸਨੂੰ ਅਸੀਂ ਆਪਣੇ ਅੰਦਰੋਂ ਹੀ ਪਹਿਚਾਨਣਾ ਹੈ ਭਾਵ ਜਾਨਣਾ ਹੈ, ਸਮਝਣਾ ਹੈ ਜਿਸ ਨੂੰ ਮਨ ਦੀ ਦੁਬਿਧਾ ਵਾਲੀ ਸਮਝ ਮਿਟਣ ਦੁਆਰਾ, ਨਿਕਲਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਭਾਵ ਹਉਮੈ ਦਾ ਪੜਦਾ ਦੂਰ ਹੋਣ ਦੁਆਰਾ ਹੀ ਸਮਝਿਆ ਜਾ ਸਕਦਾ, ਮਨ ਦੀ ਸੱਚੀ ਸਮਝ ਰਾਹੀਂ ਜਾਣਿਆ ਜਾ ਸਕਦਾ ਹੈ। ਮਨ ਦੀ ਦੁਬਿਧਾ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਦੂਰ ਹੋ ਸਕਦੀ ਹੈ, ਮਨ ਦੀ ਮੁਕਤੀ ਦੁਆਰਾ ਹੀ ਦੂਰ ਹੋ ਸਕਦੀ ਹੈ, ਭਰਮਾਂ ਵਾਲੇ ਵਿਚਾਰਾਂ ਤੋਂ ਮੁਕਤੀ ਹੋਣ ਦੁਆਰਾ ਹੀ ਹੋ ਸਕਦੀ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ। ਦੁਬਿਧਾ ਦੂਰ ਹੋਣ ਦੁਆਰਾ ਜੋ “ਸ਼ਬਦ” ਰੂਪ ਪ੍ਰਮਾਤਮਾ ਦਾ, ਗੁਰੂ ਦਾ ਮਨ ਦੇ ਵਿੱਚ ਦਿੱਸਦਾ ਹੈ ਉਹੀ ਰੂਪ ਉਸਦਾ ਸਭ ਵਿੱਚ ਨਜ਼ਰ ਆਉਂਦਾ ਹੈ, ਜੋ ਰੂਪ ਉਸਦਾ ਬ੍ਰਹਮ ਗਿਆਨ ਰੂਪ ਹੈ, ਸਾਇੰਟਿਫਿਕ ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪਣੀ ਉੱਚੀ ਸਾਇੰਸ ਦੀ ਰਚਨਾ ਕੀਤੀ ਹੋਈ ਹੈ ਤੇ ਆਪਣੀ ਉੱਚੀ ਸਾਇੰਸ ਨਾਲ ਸ੍ਰਿਸ਼ਟੀ ਦੀ ਰਚਨਾ ਕਰਕੇ ਉਸਨੂੰ ਚਲਾ ਰਹਿਆ ਹੈ, ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਗਿਆਨੁ ਰੂਪ ਦੁਆਰਾ ਚਲਾ ਰਹਿਆ ਹੈ ਜੋ ਉਸਦਾ ਜੋਤਿ ਰੂਪ ਹੈ। ਪ੍ਰਮਾਤਮਾ ਦਾ ਜੋ ਜੋਤਿ ਰੂਪ ਸਾਡੇ ਅੰਦਰ ਹੈ, ਉਹੀ ਜੋਤਿ ਰੂਪ ਉਸਦਾ ਹਰ ਆਕਾਰ ਰੂਪ ਦੇ ਵਿੱਚ ਹੈ। ਹਰ ਆਕਾਰ ਰੂਪ ਉਸਦੀ ਜੋਤਿ ਦੁਆਰਾ ਹੀ ਬਣਿਆ ਹੈ ਤੇ ਜੋਤਿ ਦੁਆਰਾ ਹੀ ਚੱਲ ਰਹਿਆ ਹੈ। (**ਦੁਬਿਧਾ ਚੂਕੈ ਤਾਂ ਸਬਦੁ ਪਛਾਨੁ ॥ ਘਰਿ ਬਾਹਰਿ ਏਕੋ ਕਰਿ ਜਾਨੁ ॥**) ਜਦ ਤੱਕ ਕੋਈ ਮਨੁੱਖੀ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਲੈਂਦਾ, ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਤੇ ਇਹ ਗੱਲ ਸੰਸਾਰ ਦਾ ਸਭ ਤੋਂ ਵੱਡਾ ਸੱਚ ਹੈ। ਜਦ ਤੱਕ ਮਨੁੱਖ ਨੂੰ ਇਸ ਸੱਚੁ ਦੀ ਸਮਝ ਨਹੀਂ ਪੈਂਦੀ ਤਦ ਤੱਕ ਮਨੁੱਖ ਸੱਚ ਵਾਲਾ ਕਿਵੇਂ ਬਣ ਸਕਦਾ ਹੈ, ਨਾਮ ਵਾਲਾ ਕਿਵੇਂ ਬਣ ਸਕਦਾ ਹੈ। ਨਾਮ ਵਾਲਾ ਬਣਨ ਲਈ, ਸੱਚ ਵਾਲਾ ਬਣਨ ਲਈ ਪਹਿਲੇ ਇਸ ਸੱਚ ਦੀ ਸਮਝ ਜਰੂਰੀ ਹੈ ਕਿ ਸਭ ਕੁੱਝ ਸੱਚ ਰੂਪ ਪ੍ਰਮਾਤਮਾ ਆਪ ਹੀ ਹੈ। ਇਸ ਸੱਚੁ ਦੀ ਸਮਝ ਮਨ ਦੀ ਦੁਬਿਧਾ ਮਿਟਣ ਦੁਆਰਾ ਹੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਦੋਂ ਮਨੁੱਖ ਦੇ ਅੰਦਰੋਂ ਦੁਬਿਧਾ ਮਿਟ ਜਾਂਦੀ ਹੈ ਤੇ ਆਪਣੇ

ਅੰਦਰੋਂ ਮਨੁਖੀ ਰੂਪ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸ ਰਾਹੀਂ ਮਨ ਦੇ ਵਿਚ ਪ੍ਰਮਾਤਮਾ ਕੋਲੋਂ ਉਸਦੀ ਸੱਚੀ ਮਤਿ ਹੀ ਮਿਲਦੀ ਹੈ ਜਿਸ ਰਾਹੀਂ ਪ੍ਰਮਾਤਮਾ ਆਪਣੀ ਭਗਤੀ ਦਾ ਤਤੁ ਸਾਰ ਹੀ ਸਮਝਾਉਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥”

ਉੱਪਰ ਪੰਗਤੀਆਂ ਰਾਹੀਂ ਸਾਡੀ ਦੁਬਿਧਾ ਵਾਲੀ ਮਤਿ ਵਿੱਚ ਤੇ ਗੁਰੂ ਦੀ ਸੱਚੀ ਮਤਿ ਦੇ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਦੁਬਿਧਾ ਵਾਲੀ ਸਮਝ ਸਾਡੀ ਹਉਮੈ ਹੈ, ਮਨਮਤਿ ਹੈ ਜਿਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਤੇ ਉਹ ਭਰਮਾਂ ਵਾਲੀ ਸਮਝ ਦੁਆਰਾ ਹੀ ਵਿਚਰਦਾ ਹੈ। ‘‘ਸਬਦੁ’’ ਗੁਰੂ ਹੈ ਤੇ ਸਬਦੁ ਸਾਰੁ ਗੁਰੂ ਦੀ ਸੱਚੀ ਮਤਿ ਦਾ ਤੱਤੁ ਸਾਰ ਹੈ ਭਾਵ ਤੱਤੁ ਗਿਆਨ ਹੈ ਜੋ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਸੱਚੀ ਮਤਿ ਹੈ ਭਾਵ ਗੁਰਮਤਿ ਹੈ, ਨਾਮ ਹੈ ਤੇ ਸਾਡੀ ਦੁਬਿਧਾ ਵਾਲੀ ਮਤਿ, ਮਨਮਤਿ ਹੈ, ਹਉਮੈ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਨਾਮ ਨਹੀਂ ਹੈ ਤੇ ਜਦ ਨਾਮ ਵਾਲੀ ਸਮਝ ਵੱਸ ਜਾਂਦੀ ਹੈ, ਉੱਥੇ ਕੋਈ ਭਰਮ ਨਹੀਂ ਰਹਿ ਜਾਂਦਾ, ਹਉਮੈ ਵਾਲੀ ਸਮਝ ਨਹੀਂ ਰਹਿੰਦੀ, ਦੁਬਿਧਾ ਨਹੀਂ ਰਹਿੰਦੀ ਭਾਵ ਮਨੁੱਖੀ ਸਮਝ ਨੂੰ ਪੂਰਨ ਸੱਚ ਦੀ ਸਮਝ ਪੈ ਜਾਂਦੀ ਹੈ, ਆਪਣੇ ਆਪ ਦੀ ਸਮਝ ਪੈ ਜਾਂਦੀ ਹੈ, ਪ੍ਰਮਾਤਮਾ ਦੀ ਸਮਝ ਪੈ ਜਾਂਦੀ ਹੈ ਕਿ ਉਹ ਸਭ ਕੁੱਝ ਆਪ ਹੀ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਜਾਂਦੀ ਹੈ ਜੋ ਸਮਝ ਮਨ ਦੇ ਵਿੱਚ ਦੁਬਿਧਾ ਵਿੱਚੋਂ ਕੱਢ ਕੇ ਉਹ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਦੇ ਦਰ ਤੇ ਮਨੁੱਖ ਮਨ ਦੀ ਇਹੋ ਜਿਹੀ ਸੱਚੀ ਸਮਝ ਦੁਆਰਾ ਹੀ ਪਰਵਾਨ ਹੁੰਦਾ ਹੈ, ਸੱਚੀ ਭਗਤੀ ਦੀ ਸਮਝ ਦੁਆਰਾ ਹੀ ਪਰਵਾਨ ਹੁੰਦਾ ਹੈ ਤੇ ਦੁਬਿਧਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੇ ਦਰ ਤੇ ਸਾਡੇ ਸਿਰ ਸਵਾਹ ਹੀ ਪੈਂਦੀ ਹੈ ਕਿਉਂਕਿ ਮਨ ਦੀ ਮਾੜੀ ਸਮਝ ਕਰਕੇ, ਮਨ ਦੇ ਭਰਮਾਂ ਕਰਕੇ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਗੁਰਮਤਿ ਦੇ ਉਲਟ ਚੱਲਦੇ ਹਾਂ। (**ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥**) ਦੁਬਿਧਾ ਨਿਕਲਣ ਦੁਆਰਾ ਸੱਚੀ ਭਗਤੀ ਦੀ ਸਮਝ, ਸਬਦੁ ਸਾਰੁ ਦੀ ਸਮਝ ਕਿਸ ਰੂਪ ਵਿੱਚ ਪੈਂਦੀ ਹੈ, ਕਿਸ ਤਰੀਕੇ ਪੈਂਦੀ ਹੈ, ਇਹੀ ਗੱਲ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਸੱਚੀ ਭਗਤੀ ਦਾ ਮਾਰਗ , ਪ੍ਰਮਾਤਮਾ ਦਾ ਜੱਸ ਗਾਉਂਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਹੀ ਹੈ, ਗੁਰਮਤਿ ਸਾਰੇ ਸੰਸਾਰ ਲਈ ਇੱਕੋ ਜਿਹੀ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ, ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਕਦੇ ਗਲਤ ਨਹੀਂ ਹੋ ਸਕਦਾ।

“ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥”

ਇਸ ਗੱਲ ਨੂੰ ਤੇ ਹਰ ਕੋਈ ਸਮਝਦਾ ਹੈ ਕਿ ਪੂਰੀ ਗੁਰਬਾਣੀ ਵਿੱਚ ਗੁਰਮਤਿ ਹੈ ਤੇ ਗੁਰਮਤਿ ਦਾ ਮਕਸਦ ਸਾਨੂੰ ਸਮਝਾਉਣ ਲਈ ਹੈ, ਸਾਨੂੰ ਮਤਿ ਦੇਣ ਲਈ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਕਿਸ ਤਰੀਕੇ ਵਿਚਰਨਾ ਹੈ, ਕਿਸ ਤਰੀਕੇ ਪ੍ਰਮਾਤਮਾ ਦਾ ਜੱਸ ਗਾਉਣਾ ਹੈ, ਕਿਸ ਤਰੀਕੇ ਪ੍ਰਮਾਤਮਾ ਦੀ ਕੀਰਤੀ ਕਰਨਾ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਗੁਰਮਤਿ ਦਾ ‘‘ਸਾਰੁ’’ ਸਮਝਾਇਆ ਹੋਇਆ ਹੈ, ਤੱਤੁ ਸਮਝਾਇਆ ਹੋਇਆ ਹੈ ਭਾਵ ਗੁਰਮਤਿ ਦਾ ਨਿਚੋੜ ਸਮਝਾਇਆ ਹੋਇਆ ਹੈ ਕਿ ਗੁਰਮਤਿ ਦਾ ਮਕਸਦ ਕੀ ਹੈ। ਗੁਰਮਤਿ ਦਾ ‘‘ਸਾਰੁ’’ ਭਾਵ ਗੁਰਮਤਿ ਦਾ ਨਿਚੋੜ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਜੱਸ ਅਸੀਂ ਆਪਣੀ ਕਰਨੀ ਦੁਆਰਾ ਗਾਉਣਾ ਹੈ ਭਾਵ ਮਨੁੱਖ ਦੀ ਜੇਕਰ ਕਰਨੀ ਚੰਗੀ ਹੈ ਉਹ ਮਨੁੱਖ ਗੁਰਮਤਿ ਅਨੁਸਾਰ ਚੱਲਦਾ ਹੈ। ਗੁਰੂ ਦੀ ਮਤਿ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਇਹ ਸਮਝਾਉਂਦੀ ਹੈ ਕਿ ਔਗੁਣ ਛੱਡਣ ਦੁਆਰਾ ਸੰਸਾਰ ਵਿੱਚ ਵਿਚਰੋ ਭਾਵ ਚੰਗੀ ਕਰਨੀ ਕਰੋ। ਸਾਨੂੰ ਬਾਣੀ ਰਾਹੀਂ ਵਾਰ-ਵਾਰ ਇਹੀ ਭਗਤੀ ਦਾ ਮਾਰਗ ਸਮਝਾਇਆ ਹੈ, ਨਾਮ ਜਪਣ ਦਾ ਮਾਰਗ ਸਮਝਾਇਆ ਹੈ। ਜਿਸ ਦੀ ਕਰਨੀ ਚੰਗੀ ਹੈ, ਉਹ ਗੁਰੂ ਦੀ ਮਤਿ ਨੂੰ ਮੰਨਣ ਵਾਲਾ ਮਨੁੱਖ ਹੈ, ਗੁਰੂ ਦੀ ਮਤਿ ਅਨੁਸਾਰ ਚੱਲਣ ਵਾਲਾ ਮਨੁੱਖ ਹੈ ਭਾਵ ਭਗਤੀ ਦੇ ਮਾਰਗ ਤੇ ਚੱਲਣ ਵਾਲਾ ਮਨੁੱਖ ਹੈ, ਨਾਮ ਜਪਣ ਵਾਲਾ ਮਨੁੱਖ ਹੈ। (**ਕਰਣੀ ਕੀਰਤਿ ਗੁਰਮਤਿ ਸਾਰੁ ॥**)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥1॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥1॥ ਰਹਾਉ ॥}

(ਅੰਗ 56)

ਗੁਰਮਤਿ ਦਾ ਤੱਤੁ ਸਾਰੁ ਸਾਨੂੰ ਕਿੱਥੋਂ ਮਿਲਣਾ ਹੈ, ਕਿਸ ਤਰੀਕੇ ਮਿਲਣਾ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੰਤ ਸਭਾ ਗੁਣ ਗਿਆਨੁ ਬੀਚਾਰੁ ॥"

ਗੁਰੂ ਦੀ ਮਤਿ ਸਾਨੂੰ ਸੰਤ ਸਭਾ ਦੇ ਵਿੱਚੋਂ ਮਿਲਣੀ ਹੈ। ਸੰਤ ਸਭਾ ਉੱਥੇ ਹੈ ਜਿੱਥੇ ਸੰਤ ਹਰ ਵੇਲੇ ਮੌਜੂਦ ਹੈ। ਸੰਤ ਗੁਰੂ ਹੈ ਜਿੱਥੇ ਹਰ ਵੇਲੇ ਸੰਤ ਸਭਾ ਲੱਗੀ ਹੋਈ ਹੈ। ਗੁਰਮਤਿ ਤਾਂ ਗੁਰੂ ਕੋਲੋਂ ਹੀ ਮਿਲ ਸਕਦੀ ਹੈ। ਗੁਰੂ ਗੁਰਬਾਣੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਸੰਤ ਰੂਪ ਹੈ ਜਿਸ ਵਿੱਚ ਸੰਤ ਰੂਪ ਗੁਰੂ ਪ੍ਰਮਾਤਮਾ ਹਰ ਵੇਲੇ ਪਰਗਟ ਹੈ ਜੋ ਉਸਦਾ ਸੰਤ ਰੂਪ ਗੁਰਬਾਣੀ ਦੇ ਵਿੱਚ ਉਸਦਾ ਬ੍ਰਹਮ ਗਿਆਨ ਰੂਪ ਹੈ, ਸੱਚੇ ਗਿਆਨ ਦਾ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਗੁਰਬਾਣੀ ਦੇ ਵਿੱਚ "ਸਚੁ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਇਹ ਉਸਦਾ ਸੰਤ ਰੂਪ ਹੈ ਜਿਸ ਰੂਪ ਦੁਆਰਾ ਉਹ ਗੁਰਬਾਣੀ ਰਾਹੀਂ, ਸ਼ਬਦਾਂ ਦੀ ਵਿਚਾਰ ਰਾਹੀਂ ਸਾਰੇ ਸੰਸਾਰ ਨੂੰ ਸੱਚੀ ਮਤਿ ਦੇ ਰਹਿਆ ਹੈ, ਗੁਰਮਤਿ ਦਾ "ਸਾਰੁ" ਸਮਝਾ ਰਹਿਆ ਹੈ, ਗੁਰਮਤਿ ਦਾ ਮਕਸਦ ਸਮਝਾ ਰਹਿਆ ਹੈ, ਭਗਤੀ ਦਾ, ਨਾਮ ਦਾ ਮਾਰਗ ਸਮਝਾ ਰਹਿਆ ਹੈ ਜੋ ਮਾਰਗ ਮਨੁੱਖ ਦੀ ਚੰਗੀ ਕਰਨੀ ਹੈ। ਜਿਸ ਮਨੁੱਖੀ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਮੇਲ ਦੁਆਰਾ ਪ੍ਰਗਟ ਹੋਇਆ ਹੈ ਉਸ ਮਨ ਦੇ ਵਿੱਚ ਪਹਿਲਾਂ ਉਸਨੇ ਸੰਤ ਸਭਾ ਬਣਾਈ ਹੈ ਤੇ ਉਨ੍ਹਾਂ ਸਰੀਰਾਂ ਰਾਹੀਂ ਹੀ ਗੁਰਬਾਣੀ ਦੀ ਰਚਨਾ ਹੋਈ ਹੈ ਜਿਸ ਕਰਕੇ ਪੂਰੀ ਗੁਰਬਾਣੀ ਸੰਤ ਸਭਾ ਹੈ। ਸੰਤ ਸਭਾ ਦੇ ਵਿੱਚੋਂ ਸਾਨੂੰ ਸੰਤ ਆਪਣੇ ਗੁਣ ਹੀ ਸਮਝਾਉਂਦਾ ਹੈ ਔਗੁਣ ਛੱਡਣੇ ਸਮਝਾਉਂਦਾ ਹੈ ਤਾਂ ਜੋ ਅਸੀਂ ਚੰਗੀ ਕਰਨੀ ਕਰੀਏ ਜਿਸ ਦੁਆਰਾ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ। ਗੁਰੂ ਰੂਪ ਸੰਤ ਸਾਨੂੰ ਜੋ ਗੁਣ ਸਮਝਾਉਂਦਾ ਹੈ ਉਹ ਆਪਣੇ ਵਿਚਾਰ ਦੇਣ ਦੁਆਰਾ ਹੀ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਸਮਝਾਉਂਦਾ ਹੈ ਤੇ ਹਰ ਸ਼ਬਦ ਦੀ ਵਿਚਾਰ ਗੁਰੂ ਦਾ ਸੱਚਾ ਗਿਆਨ ਹੈ ਜਿਸ ਸੱਚੇ ਗਿਆਨ ਦੁਆਰਾ ਸਾਨੂੰ ਗੁਰੂ ਗੁਰਮਤਿ ਦਾ ਸਾਰੁ ਹੀ ਸਮਝਾਉਂਦਾ ਹੈ ਜੋ ਸਾਰੁ ਗੁਣੀ ਬਣ ਕੇ ਵਿਚਰਨ ਦਾ ਹੈ। (**ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥**) ਬਾਣੀ ਵਿੱਚ ਵਾਰ-ਵਾਰ ਮਨ ਨੂੰ ਮਾਰਨ ਦੀ ਗੱਲ ਆਉਂਦੀ ਹੈ, ਜੀਵਤ ਮਰਨ ਦੀ ਗੱਲ ਆਉਂਦੀ ਹੈ, ਸ਼ਬਦ ਦੁਆਰਾ ਮਰਨ ਦੀ ਗੱਲ ਆਉਂਦੀ ਹੈ। ਇਹੋ ਜਿਹਾ ਮਰਨਾ ਕੀ ਹੈ ਇਹੀ ਗੱਲ ਸਾਨੂੰ ਉੱਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥"

ਜੋ ਕੁੱਝ ਅਸੀਂ ਇਨ੍ਹਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ, ਉਹੀ ਕੁੱਝ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਰੀ ਗੱਲ ਆਪਣੇ ਮਨ ਨੂੰ ਸਮਝਣ ਦੀ ਹੈ ਭਾਵ ਮਨ ਦੀ ਸਮਝ ਕੀ ਹੈ, ਇਸ ਗੱਲ ਨੂੰ ਸਮਝਣ ਦੀ ਹੈ, ਮਨਮਤਿ ਤੇ ਗੁਰਮਤਿ ਦੇ ਫਰਕ ਨੂੰ ਸਮਝਣ ਦੀ ਹੈ, ਹਉਮੈ ਵਿੱਚ ਤੇ ਨਾਮ ਵਿੱਚ ਫਰਕ ਨੂੰ ਸਮਝਣ ਦੀ ਹੈ, ਤ੍ਰੈਗੁਣਾਂ ਵਿੱਚ ਤੇ ਚਉਥੇ ਪਦ ਵਿੱਚ ਫਰਕ ਨੂੰ ਸਮਝਣ ਦੀ ਹੈ ਜਿਸ ਫਰਕ ਨੂੰ ਕੇਵਲ ਤੇ ਕੇਵਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਸਮਝਿਆ ਜਾ ਸਕਦਾ ਹੈ ਜੋ ਸਾਡੇ ਮਨ ਦਾ ਮਾਲਕ ਹੈ, ਮਨ ਦੀ ਸਮਝ ਦਾ ਮਾਲਕ ਹੈ, ਮਨ ਦੇ ਵਿਚਾਰਾਂ ਦਾ ਮਾਲਕ ਹੈ। ਸਾਡੇ ਅੰਦਰ ਸਾਡੀ ਸੁਰਤਿ ਦੇ ਵਿੱਚ ਵਿਚਾਰ ਪਾਉਣ ਵਾਲਾ ਵੀ ਉਹ ਆਪ ਹੈ ਤੇ ਸ਼ਬਦਾਂ ਦੇ ਵਿਚਾਰਾਂ ਵਿੱਚ ਵੀ ਉਹ ਆਪ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ, ਸੰਤ ਹੈ ਤੇ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ

ਹੋਇਆ ਹੈ, ਤ੍ਰੈਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ। ਆਪਣੀ ਸੰਤ ਸਭਾ ਰਾਹੀਂ ਭਾਵ ਗੁਰਬਾਣੀ ਰਾਹੀਂ ਸੰਤ ਰੂਪ ਪ੍ਰਮਾਤਮਾ ਜੋ ਸਾਨੂੰ ਸੱਚਾ ਗਿਆਨ ਦਿੰਦਾ ਹੈ ਉਸ ਸੱਚੇ ਗਿਆਨ ਨੂੰ ਮੰਨਣਾ ਹੀ ਆਪਣੇ ਮਨ ਨੂੰ ਮਾਰਨਾ ਹੈ ਭਾਵ ਆਪਣੀ ਨਾਸਮਝ ਮਤਿ ਨੂੰ, ਮਨਮਤਿ ਨੂੰ ਮਾਰਨਾ ਹੈ, ਹਉਮੈ ਨੂੰ ਮਾਰਨਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਕੇ ਆਪਣੀ ਸੁਰਤਿ ਵਾਲੇ ਵਿਚਾਰਾਂ ਨੂੰ ਤਿਆਗਣਾ ਹੈ ਭਾਵ ਸਾਡੀ ਸੁਰਤਿ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਨਾਲ ਇੱਕ ਹੋ ਜਾਣਾ ਹੈ ਤੇ ਇਹੀ ਸ਼ਬਦ ਸੁਰਤਿ ਦਾ ਮੇਲ ਹੈ ਜਿਸਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਜਦੋਂ ਸਾਡੇ ਅੰਦਰੋਂ ਹਉਮੈ ਵਾਲੀ, ਅਗਿਆਨਤਾ ਵਾਲੀ, ਭਰਮਾਂ ਵਾਲੀ ਮਨਮਤਿ ਦੂਰ ਹੋ ਜਾਂਦੀ ਹੈ ਫਿਰ ਮਨੁੱਖ ਨੂੰ ਮਨ ਦੇ ਵਿੱਚੋਂ ਇਹ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੈ ਤੇ ਮਨੁੱਖ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ, ਹਰ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ, ਇਹ ਮਨੁੱਖ ਦਾ ਜਿਉਂਦੇ ਹੋਏ ਮਰਨਾ ਹੈ ਭਾਵ ਆਪਣੀ ਹੋਂਦ ਦਾ ਮਿਟ ਜਾਣਾ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਹੋ ਸਕਦਾ ਹੈ ਜੋ ਸਾਡੇ ਮਨ ਦਾ ਮਾਲਕ ਹੈ, ਸਾਡੀ ਸਮਝ ਦਾ ਮਾਲਕ ਹੈ। ਜਦੋਂ ਮਨ ਦੇ ਵਿੱਚ ਕਿਸੇ ਨੂੰ ਪ੍ਰਮਾਤਮਾ ਆਪਣੀ ਸੱਚੀ ਸਮਝ ਦੇ ਨਾਲ ਜੋੜਦਾ ਹੈ ਉਹ ਆਪ ਹੀ ਜੋੜਦਾ ਹੈ ਤੇ ਮਨ ਦੇ ਵਿੱਚ ਗੁਰਮਤਿ ਰੂਪ ਸੱਚਾ ਗਿਆਨ ਦੇਣ ਦੁਆਰਾ ਜੋੜਦਾ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਪਛਾਣ ਹੁੰਦੀ ਹੈ, ਆਪਣੇ ਆਪ ਦੀ ਪਛਾਣ ਹੁੰਦੀ ਹੈ ਤੇ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਆਪਣੀ ਸੱਚੀ ਭਗਤੀ ਦਾ ਮਾਰਗ ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਮਾਰਗ ਤੇ ਚਲਾਉਂਦਾ ਹੈ ਜੋ ਮਾਰਗ ਮਨੁੱਖ ਦੀ ਸੱਚੀ ਸੁੱਚੀ ਕਰਨੀ ਹੈ ਜਿਸ ਸੱਚੀ ਸੁੱਚੀ ਕਰਨੀ ਦੁਆਰਾ ਉਸਦਾ ਮਨੁੱਖੀ ਰੂਪ ਪੂਰਨ ਸੱਚ ਦੁਆਰਾ ਹੀ ਵਿਚਰਦਾ ਹੈ ਭਾਵ ਆਪਣੇ ਜੀਵਨ ਵਿੱਚ ਆਪਣੀ ਸੱਚੀ ਕਰਣੀ ਦੁਆਰਾ, ਔਗੁਣ ਤੋਂ ਰਹਿਤ ਹੋ ਕੇ ਉਸਦਾ ਨਾਮ ਜਪਦਾ ਹੈ, ਅੱਠੇ ਪਹਰ ਸੱਚਾ ਸੁੱਚਾ ਇਨਸਾਨ ਬਣ ਕੇ ਹੀ ਰਹਿੰਦਾ ਹੈ। (**ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥**) ਉਹ ਨਦਰੀ ਭਾਵ ਪ੍ਰਮਾਤਮਾ ਜੋ ਕਿਰਪਾ ਦਾ ਮਾਲਕ ਹੈ, ਉਹ ਆਪ ਹੀ ਕਿਸੇ ਤੇ ਆਪਣੀ ਨਦਰਿ ਕਰੇ ਤਾਂ ਉਸ ਨੂੰ ਕੋਈ ਪਛਾਣ ਸਕਦਾ ਹੈ।

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥1॥}

(ਅੰਗ 412)

ਪਿਛਲੇ ਸ਼ਬਦ ਦੁਆਰਾ ਤੇ ਉਸ ਤੋਂ ਪਹਿਲੇ ਸ਼ਬਦ ਦੁਆਰਾ ਵੀ ਅਸੀਂ "ਦੁਬਿਧਾ" ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਤੇ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੀ ਨਾਸਮਝੀ ਦਾ ਕਾਰਨ ਸਾਡੀ ਦੁਬਿਧਾ ਹੈ ਜੋ ਸਾਨੂੰ ਧਰਮ ਦਾ ਸਹੀ ਮਾਰਗ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਦੁਬਿਧਾ ਕਰਕੇ ਹੀ ਹੈ। ਦੁਬਿਧਾ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਵਿਸਥਾਰ ਨਾਲ ਸਮਝਾਂਗੇ। ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਮਨ ਦੀ ਦੁਬਿਧਾ ਨਿਕਲੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਜਿਸ ਦੇ ਨਾਲ ਸਾਡਾ ਪੜਦਾ ਮਨ ਦੇ ਵਿੱਚ ਦੁਬਿਧਾ ਕਰਕੇ ਹੀ ਹੈ। ਹੇਠ ਦਿੱਤਾ ਪੂਰਾ ਸ਼ਬਦ ਮਨ ਦੀ ਦੁਬਿਧਾ ਨਾਲ ਹੀ ਜੁੜਿਆ ਹੋਇਆ ਹੈ ਭਾਵ ਦੁਬਿਧਾ ਕੀ ਹੈ, ਇਹੀ ਗੱਲ ਸਮਝਾਈ ਹੋਈ ਹੈ।

{ਜੋ ਇਸੁ ਮਾਰੇ ਸੋਈ ਸੂਰਾ ॥
ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥1॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥1॥ ਰਹਾਉ ॥

ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥
ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥2॥
ਜੋ ਇਸੁ ਮਾਰੇ ਸੋ ਧਨਵੰਤਾ ॥
ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥
ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥3॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥
ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥4॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥
ਜੋ ਇਸੁ ਮਾਰੇ ਸੁ ਸਹਜ ਧਿਆਨੀ ॥5॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥
ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥6॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥
ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥
ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥7॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥
ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥8॥}

(ਅੰਗ 237-238)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਪੂਰੀ ਬਰੀਕੀ ਨਾਲ ਸਮਝਾਂਗੇ।

ਗੁਰਬਾਣੀ ਬਹੁਤ ਗਹਿਰੇ ਭਾਵ ਵਿੱਚ ਹੈ, ਚੌਥੇ ਪਦ ਵਿੱਚ ਹੈ ਭਾਵ ਇਸਦੀ ਰਚਨਾ ਚੌਥੇ ਪਦ ਦੀ ਸੋਝੀ ਦੁਆਰਾ ਹੋਈ ਹੈ, ਮਨ ਦੀ ਸੋਝੀ ਦੁਆਰਾ ਹੋਈ ਹੈ। ਜੋ ਸੋਝੀ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੋਣ ਦੁਆਰਾ ਪਾਉਂਦਾ ਹੈ। ਗੁਰਬਾਣੀ ਦੀ ਅਸਲੀਅਤ ਨੂੰ ਮਨ ਦੀ ਸੋਝੀ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਜਦ ਤੱਕ ਸਾਨੂੰ ਪ੍ਰਮਾਤਮਾ ਆਤਮਾ ਦਾ ਭੇਦ ਸਮਝ ਨਹੀਂ

ਆਉਂਦਾ ਅਸੀਂ ਗੁਰਬਾਣੀ ਨੂੰ ਨਹੀਂ ਸਮਝ ਸਕਦੇ। ਭੇਦ ਮਨ ਦੇ ਵਿੱਚ ਹੀ ਹੈ ਤੇ ਇਹ ਭੇਦ ਉਹ ਹੀ ਖੋਲ੍ਹ ਸਕਦਾ ਹੈ ਜੋ ਇਸ ਮਨ ਦੇ ਗਿਆਨ ਦਾ ਮਾਲਕ ਹੈ।

“ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥੨॥”

(ਅੰਗ ੫੨੨)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਨੂੰ ਜਪਣ ਲਈ ਕਿਸੇ ਖਾਸ ਵਿਧੀ ਭਾਵ ਕਿਰਿਆ ਦੀ ਲੋੜ ਨਹੀਂ ਹੈ। ਪ੍ਰਮਾਤਮਾ ਨੂੰ ਹੱਸਦਿਆਂ, ਖੇਡਦਿਆਂ, ਪਹਿਨਦਿਆਂ, ਖਾਂਦਿਆਂ ਭਾਵ ਆਮ ਤਰੀਕੇ ਨਾਲ ਘਰ ਪਰਿਵਾਰ ਵਿੱਚ ਰਹਿੰਦਿਆਂ, ਦੁਨੀਆਂਦਾਰੀ ਵਿੱਚ ਵਿਚਰਦਿਆਂ ਪਾਇਆ ਜਾ ਸਕਦਾ ਹੈ ਭਾਵ ਕੋਈ ਖਾਸ ਵਿਧੀ ਨਹੀਂ ਹੈ, ਜਿਸਦਾ ਕਿ ਆਮ ਤੌਰ ਤੇ ਭੁਲੇਖਾ ਬਣਿਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਉਸਦੇ ਭਾਣੇ ਵਿੱਚ ਚੱਲਣਾ ਹੀ ਹੈ। ਜੋ ਸਾਡਾ ਸਭ ਦਾ ਸੱਚਾ ਉੱਦਮ ਹੋਣਾ ਚਾਹੀਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸਤਿਗੁਰੂ ਨੂੰ ਭੇਟਣਾ ਉਸਦੀ ਮਤਿ ਨੂੰ ਭੇਟਣਾ ਹੈ, ਉਸਦੇ ਗਿਆਨ ਨਾਲ ਜੁੜਨਾ ਹੈ, ਜਿਸ ਦੁਆਰਾ ਸਾਨੂੰ ਉਸਦੇ ਨਾਲ ਮੇਲ ਕਰਨ ਦੀ, ਉਸਨੂੰ ਜਪਣ ਦੀ ਜੁਗਤਿ ਸਮਝ ਆਉਂਦੀ ਹੈ। ਉਸਨੂੰ ਪਾਉਣ ਦੀ ਜੁਗਤਿ ਉਹ ਆਪ ਹੀ ਸਮਝਾਉਂਦਾ ਹੈ, ਆਪਣੇ ਮੇਲ ਦੁਆਰਾ ਸਮਝਾਉਂਦਾ ਹੈ। ਜਿਸਨੂੰ ਉਸਦੀ ਜੁਗਤਿ ਦੀ ਸੋਝੀ ਹੈ ਉਹਨਾਂ ਨੇ ਸਾਨੂੰ ਕੋਈ ਸਰੀਰਕ ਜੁਗਤ ਨਹੀਂ ਸਮਝਾਈ। ਗੁਰੂ ਉਸਦੀ ਜੁਗਤ ਨੂੰ ਜਾਣਦਾ ਹੈ ਤੇ ਤਾਂ ਹੀ ਸਾਨੂੰ ਸਮਝਾ ਰਿਹਾ ਹੈ ਕਿ ਉਸਨੂੰ ਪਾਉਣ ਲਈ ਕਿਸੇ ਸਰੀਰਕ ਜਪ ਤਪ ਆਦਿ ਦੀ ਲੋੜ ਨਹੀਂ ਹੈ। (**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥੨॥**)

“ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥੧॥
ਗੁਰਮੁਖਿ ਹਰਿ ਹਰਿ ਨਾਮੁ ਜਪੰਨਿ॥
ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ॥੧॥ਰਹਾਉ॥
ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ॥੨॥
ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ॥
ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ॥੩॥
ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ॥
ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ॥੪॥”

(ਅੰਗ 756-757)

ਇਸ ਸ਼ਬਦ ਨੂੰ ਪੂਰੀ ਤਰ੍ਹਾਂ ਵਿਚਾਰ ਕੇ ਸਮਝ ਲੱਗਦੀ ਹੈ ਕਿ ਹਰਿ ਹਰਿ ਨਾਮ ਜਪਣਾ ਕੀ ਹੈ। ਗੱਲਾਂ ਸਾਰੀਆਂ ਉਹੋ ਹਨ ਜੋ ਕਿ ਪਿੱਛੇ ਸ਼ਬਦਾਂ ਰਾਹੀਂ ਦੱਸੀਆਂ ਗਈਆਂ ਹਨ। ਵੱਡੀ ਗੱਲ ਸ਼ਬਦਾਂ ਦੇ ਮਕਸਦ ਨੂੰ ਸਮਝਣ ਦੀ ਹੈ। ਗੁਰੂ ਦੇ ਸ਼ਬਦਾਂ ਦਾ ਮਕਸਦ ਸਾਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਤੇ ਸਾਡੇ ਭਰਮ ਤਾਂ ਹੀ ਨਿਕਲਣਗੇ ਜੇਕਰ ਅਸੀਂ ਸ਼ਬਦਾਂ ਦੁਆਰਾ ਸਮਝਾਈ ਹੋਈ ਗੱਲ ਨੂੰ ਮੰਨਾਂਗੇ। ਪ੍ਰਮਾਤਮਾ ਨਾਲ ਸਾਡਾ ਵਿਛੋੜਾ ਮਨ ਦੇ ਵਿੱਚ ਭਰਮਾਂ ਵਾਲੀ ਸਮਝ ਕਰਕੇ ਹੀ ਹੈ ਤੇ ਭਰਮਾਂ ਵਿੱਚੋਂ ਨਿਕਲ ਕੇ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। (**ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥ ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥**) ਨਾਮ ਦਾ ਖਜਾਨਾ ਆਪਣੇ ਅੰਦਰੋਂ ਭਾਵ ਆਪਣੇ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਪਛਾਣ ਕੇ ਹੀ ਮਿਲਣਾ ਹੈ ਜੋ ਕਿ ਬਾਣੀ ਨਾਲ ਜੁੜ ਕੇ, ਉਸਦਾ ਭਾਣਾ ਮੰਨ ਕੇ, ਹਰ ਵੇਲੇ ਉਸਦੇ ਗੁਣਾਂ ਵਿੱਚ ਰਹਿ ਕੇ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ। “ਹਰਿ” ਦੇ ਦੱਸੇ ਹੋਏ ਗੁਣਾਂ ਵਿੱਚ ਰਮੇ ਰਹਿਣਾ ਹੀ ਹਰਿ ਹਰਿ ਜਪਣਾ ਹੈ ਜੋ ਕਿ ਕੇਵਲ ਉਸਦੀ ਆਪਣੀ ਕਿਰਪਾ ਹੈ। (**ਗੁਰਮੁਖਿ ਹਰਿ ਹਰਿ ਨਾਮੁ ਜਪੰਨਿ॥ ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ॥੧॥ਰਹਾਉ॥ ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ॥ ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ॥੨॥ ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ॥ ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ॥**) ਸਾਨੂੰ ਉੱਦਮ ਹਰ ਵੇਲੇ ਗੁਰਮਤਿ ਨਾਲ ਜੁੜਨ ਦਾ ਹੀ ਕਰਨਾ ਚਾਹੀਦਾ ਹੈ। ਸਰੀਰਕ ਜਪ ਤਪ ਕਰਨੇ ਗੁਰਮਤਿ ਨਹੀ ਹੈ ਬਲਕਿ ਗੁਰਮਤਿ ਦੇ ਉਲਟ ਚੱਲਣ ਵਾਲੀ ਗੱਲ ਹੈ। ਕੇਵਲ ਮਨਮਤਿ ਹੈ। ਪ੍ਰਮਾਤਮਾ ਦੇ, ਗੁਰੂ ਦੇ ਹੁਕਮ ਅਨੁਸਾਰ ਵਿਚਰਨਾ ਹੀ ਸਾਡਾ ਜਪ ਤਪ ਹੈ ਤੇ ਇਸ ਗੱਲ ਨੂੰ ਅਨੇਕਾਂ ਸਬਦਾਂ ਦੁਆਰਾ ਸਮਝਾਂਗੇ। ਸਰੀਰਕ ਜਪ ਤਪ ਕਰਨੇ ਕੇਵਲ ਸਾਡੀਆਂ ਚਤੁਰਾਈਆਂ ਹਨ ਜਿਹਨਾਂ ਦਾ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। (**ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥**) ਇਸ ਗੱਲ ਤੇ ਪੂਰਨ ਵਿਸ਼ਵਾਸ ਕਰੋ ਕਿ ਪ੍ਰਮਾਤਮਾ ਨੇ ਜਦੋਂ ਵੀ ਮਿਲਣਾ ਹੈ, ਆਪਣੇ ਅੰਦਰੋਂ ਮਿਲਣਾ ਹੈ ਜਿਵੇਂ ਕਿ ਗੁਰੂ ਸਾਹਿਬ ਸਾਨੂੰ ਵਾਰ-ਵਾਰ ਸਮਝਾ ਰਹੇ ਹਨ। ਪ੍ਰਮਾਤਮਾ ਨੂੰ ਬਾਹਰੋਂ ਕਿਤੋਂ ਖੋਜਣ ਦੀਆਂ ਗੱਲਾਂ ਕਰਨ ਵਾਲੇ ਵੱਡੇ ਭਰਮ ਵਿੱਚ ਹਨ ਤੇ ਉਹ ਸਾਨੂੰ ਵੀ ਭਰਮ ਵਿੱਚ ਪਾਉਂਦੇ ਹਨ ਤੇ ਸਰੀਰਕ ਜਪਾਂ ਤਪਾਂ ਨਾਲ ਜੋੜਦੇ ਹਨ। ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਖੋਜਣਾ ਜਾਂ ਨਾਮ ਦੇ ਖਜਾਨੇ ਦੀ ਪ੍ਰਾਪਤੀ ਹੋਣਾ ਇੱਕੋ ਹੀ ਗੱਲ ਹੈ ਜੋ ਕਿ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਣਾ ਹੈ ਤੇ ਕੋਈ ਵਡਭਾਗੀ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਛਾਣ ਸਕਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਛਾਣਿਆ ਹੈ। (**ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ॥ ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ॥੪॥**)

“ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ॥
ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ॥”

(ਅੰਗ ੭੬੧)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਜਿਸ ਮਨ ਵਿੱਚ ਪ੍ਰਗਟ ਹੁੰਦਾ ਹੈ ਉੱਥੇ ਉਸਦੇ ਨਾਲ ਗੁਣਾਂ ਦੀ ਸਾਂਝ ਹੋ ਜਾਂਦੀ ਹੈ ਭਾਵ ਮਨ ਦੇ ਵਿੱਚ ਉਹ ਆਪ ਹੀ ਆਪਣੇ ਗੁਣਾਂ ਦੀ ਸਾਂਝ ਕਰਦਾ ਹੈ, ਮਨੁੱਖ ਨੂੰ ਗੁਣੀ ਬਣਾਉਂਦਾ ਹੈ। ਉਸ ਨਾਲ ਗੁਣਾਂ ਦੀ ਸਾਂਝ ਹੋਣ ਨਾਲ ਹੀ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਸੰਗ ਹੋਣ ਨਾਲ ਹੀ ਮਨੁੱਖ ਅੱਠੇ ਪਹਿਰ ਪ੍ਰਮਾਤਮਾ ਨੂੰ ਜਪ ਸਕਦਾ ਹੈ ਭਾਵ ਗੁਣੀ ਬਣ ਕੇ ਸੱਚੀ ਸੁੱਚੀ ਕਿਰਤ ਕਰਦਾ ਹੈ। ਆਪਣਾ ਨਾਮ ਉਹ ਆਪ ਹੀ ਜਪਵਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਜਪਵਾਉਂਦਾ ਹੈ। ਗੁਣੀ ਬਣ ਕੇ ਹੀ ਸਾਡਾ ਪ੍ਰਮਾਤਮਾ ਨਾਲ ਸੱਚਾ ਪਿਆਰ ਜੁੜਦਾ ਹੈ। ਗੁਣਾਂ ਦੀ ਸਾਂਝ ਬਿਨ੍ਹਾਂ ਪ੍ਰਮਾਤਮਾ ਨੂੰ ਕੋਈ ਨਹੀਂ ਜਪ ਸਕਦਾ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ। **(ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ॥ ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ॥)**

“ਅਧਿਆਤਮ ਕਰਮ ਕਰੇ ਤਾ ਸਾਚਾ ॥
ਮੁਕਤਿ ਭੇਦੁ ਕਿਆ ਜਾਣੈ ਕਾਚਾ ॥1॥
ਐਸਾ ਜੋਗੀ ਜੁਗਤਿ ਬੀਚਾਰੈ ॥
ਪੰਚ ਮਾਰਿ ਸਾਚੁ ਉਰਿ ਧਾਰੈ ॥1॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥
ਜੋਗ ਜੁਗਤਿ ਕੀ ਕੀਮਤਿ ਪਾਵੈ ॥2॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥
ਕਰਣੀ ਕੀਰਤਿ ਕਰਮ ਸਮਾਨੈ ॥3॥
ਏਕ ਸਬਦ ਇਕ ਭਿਖਿਆ ਮਾਗੈ ॥
ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥4॥
ਭੈ ਰਚਿ ਰਹੈ ਨ ਬਾਹਰਿ ਜਾਇ ॥
ਕੀਮਤਿ ਕਉਣ ਰਹੈ ਲਿਵ ਲਾਇ ॥5॥
ਆਪੇ ਮੇਲੇ ਭਰਮੁ ਚੁਕਾਏ ॥
ਗੁਰ ਪਰਸਾਦਿ ਪਰਮ ਪਦੁ ਪਾਏ ॥6॥
ਗੁਰ ਕੀ ਸੇਵਾ ਸਬਦੁ ਵੀਚਾਰੁ ॥
ਹਉਮੈ ਮਾਰੇ ਕਰਣੀ ਸਾਰੁ ॥7॥
ਜਪ ਤਪ ਸੰਜਮ ਪਾਠ ਪੁਰਾਣੁ॥
ਕਹੁ ਨਾਨਕ ਅਪਰੰਪਰ ਮਾਨੁ॥੮॥”

(ਅੰਗ ੨੨੩)

ਇਸ ਪੂਰੇ ਸ਼ਬਦ ਨੂੰ ਧਿਆਨ ਨਾਲ ਵਿਚਾਰਾਂਗੇ ਤਾਂ ਸਾਨੂੰ ਜੋਗ ਦੀ ਜੁਗਤਿ ਭਾਵ ਪ੍ਰਮਾਤਮਾ ਨਾਲ ਮੇਲ ਦੀ ਜੁਗਤੀ ਸਮਝ ਆ ਜਾਵੇਗੀ। **(ਅਧਿਆਤਮ ਕਰਮ ਕਰੇ ਤਾ ਸਾਚਾ॥ ਮੁਕਤਿ ਭੇਦੁ ਕਿਆ ਜਾਣੈ ਕਾਚਾ॥੧॥)** ਅਧਿਆਤਮ ਕਰਮ ਉਹ ਹਨ ਜੋ ਅਸੀਂ ਪ੍ਰਮਾਤਮਾ ਨੂੰ ਪਾਉਣ ਲਈ ਕਰਦੇ ਹਾਂ। ਅਸੀਂ ਆਪਣੀ ਆਪਣੀ ਮਤਿ ਦੁਆਰਾ ਜਾਂ ਇੱਧਰੋਂ ਉਧਰੋਂ ਸੁਣੀਆਂ ਹੋਈਆਂ ਗੱਲਾਂ ਦੁਆਰਾ ਉਹੋ ਜਿਹੇ ਕਰਮ ਕਰਦੇ ਹਾਂ, ਸਰੀਰਕ ਜਪ ਤਪ ਕਰਦੇ ਹਾਂ ਜਿਨ੍ਹਾਂ ਦੁਆਰਾ ਅਸੀਂ ਸਮਝਦੇ ਹਾਂ ਕਿ ਪ੍ਰਮਾਤਮਾ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ। ਅਸੀਂ ਆਪਣੇ ਵੱਲੋਂ ਜੋ ਕੁੱਝ ਵੀ ਇਹੋ ਜਿਹੇ ਕਰਮ

ਕਰਦੇ ਹਾਂ ਉਨ੍ਹਾਂ ਨੂੰ ਹੀ ਧਰਮ ਦੇ ਮਾਰਗ ਤੇ ਚੱਲਣਾ ਸਮਝਦੇ ਹਾਂ, ਅਧਿਆਤਮ ਕਰਮ ਸਮਝਦੇ ਹਾਂ। ਸਾਡੇ ਲਈ ਅਸਲ ਅਧਿਆਤਮ ਕਰਮ ਕੀ ਹੈ, ਇਸ ਗੱਲ ਦੀ ਉਪਰਲੇ ਸ਼ਬਦ ਦੁਆਰਾ ਸੋਝੀ ਪਾਈ ਹੋਈ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਜੋ ਮਨੁੱਖ ਗੁਰੂ ਦੇ ਦੱਸੇ ਮਾਰਗ ਤੇ ਚੱਲ ਕੇ ਕਰਮ ਕਰਦਾ ਹੈ, ਉਹ ਹੀ ਪ੍ਰਮਾਤਮਾ ਨੂੰ ਪਾਉਂਦਾ ਹੈ ਭਾਵ ਜੋਗ ਜੁਗਤਿ ਦੀ ਕੀਮਤ ਪਾਉਂਦਾ ਹੈ ਭਾਵ ਜੋਗਿ ਜੁਗਤਿ ਦੀ ਕੀਮਤ ਨੂੰ ਸਮਝਦਾ ਹੈ। ਇਹ "ਜੁਗਤਿ" ਧਰਮ ਦੇ ਮਾਰਗ ਤੇ ਚੱਲਣ ਦਾ ਤਰੀਕਾ ਹੈ, ਪ੍ਰਮਾਤਮਾ ਦੇ ਨਾਲ ਜੋਗ ਕਰਨ ਦਾ, ਮਿਲਣ ਦਾ ਤਰੀਕਾ ਹੈ। ਜੋ ਇਸ ਮਾਰਗ ਤੇ ਨਹੀਂ ਚੱਲਦੇ ਉਹ ਮਨੁੱਖ ਕੱਚੇ ਹੀ ਹਨ ਅਤੇ ਮੁਕਤੀ ਦਾ ਭੇਦ ਨਹੀਂ ਜਾਣਦੇ। ਜੋਗ ਦੀ ਜੁਗਤਿ ਇਹ ਸਮਝਾਈ ਹੈ ਕਿ ਮਨੁੱਖ ਆਪਣੇ ਅੰਦਰੋਂ ਸਾਰੇ ਵਿਕਾਰਾਂ ਨੂੰ ਮਾਰੇ ਭਾਵ ਤਿਆਗੇ ਅਤੇ ਆਪਣੇ ਅੰਦਰ ਸੱਚ ਲਿਆਵੇ ਭਾਵ ਮਨ ਨੂੰ ਸੱਚਾ ਕਰੇ। ਆਪਣੇ ਅੰਦਰ ਸੱਚ ਨੂੰ ਵਸਾਉਣਾ ਭਾਵ ਗੁਰੂ ਦੇ ਦੱਸੇ ਮਾਰਗ ਤੇ ਚੱਲਣਾ ਅਧਿਆਤਮ ਕਰਮ ਹੈ, ਪ੍ਰਮਾਤਮਾ ਨਾਲ ਜੋਗ ਦੀ ਭਾਵ ਮੇਲ ਦੀ ਕੀਮਤ ਹੈ। ਜੋ ਕੀਮਤ ਚੁਕਾਉਣੀ ਬਹੁਤ ਔਖੀ ਹੈ। ਪੂਰੀ ਬਾਣੀ ਵਿੱਚ ਪ੍ਰਮਾਤਮਾ ਦੇ ਨਾਲ ਜੋਗ ਦਾ ਤਰੀਕਾ ਇਹ ਹੀ ਸਮਝਾਇਆ ਹੈ। ਪੂਰੀ ਬਾਣੀ ਨੂੰ ਧਿਆਨ ਨਾਲ ਪੜ੍ਹ ਕੇ ਦੇਖ ਲਵੋ। ਅਨੇਕਾਂ ਤਰੀਕਿਆਂ ਨਾਲ ਇਹ ਹੀ ਗੱਲ ਸਮਝਾਈ ਹੈ। ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿ ਧਾਰੈ॥੧॥ ਰਹਾਉ॥

ਜਿਸ ਕੈ ਅੰਤਰਿ ਸਾਚੁ ਵਸਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ॥੨॥"

"ਜੋਗ ਜੁਗਤਿ" ਦੀ ਗੱਲ ਹੋਰ ਵੀ ਕਈ ਜਗ੍ਹਾ ਕੀਤੀ ਹੋਈ ਹੈ ਤੇ ਇਸ ਲਈ ਇਸਨੂੰ ਬਰੀਕੀ ਨਾਲ ਸਮਝਣਾ ਜਰੂਰੀ ਹੈ। ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਇੱਕੋ ਹੀ ਹੈ ਜੋ ਕਿ ਗੁਰਮਤਿ ਅਨੁਸਾਰ ਵਿਚਰਨ ਦੀ ਹੈ। ਕੀਮਤ ਅਸੀਂ ਇਸ ਜੁਗਤਿ ਦੀ ਹੀ ਪਾਉਣੀ ਹੈ। ਗੁਰਮਤਿ ਦੀ ਕੀਮਤ ਚੁਕਾ ਕੇ ਹੀ ਪ੍ਰਮਾਤਮਾ ਦੇ ਨਾਲ ਜੋਗ ਹੁੰਦਾ ਹੈ, ਮੇਲ ਹੁੰਦਾ ਹੈ। ਗੁਰਮਤਿ ਦੀ ਕੀਮਤ ਗੁਰਮਤਿ ਉੱਤੇ ਪੂਰਾ ਉਤਰ ਕੇ ਹੀ ਚੁਕਾਈ ਜਾ ਸਕਦੀ ਹੈ। ਗੁਰਮਤਿ ਉੱਤੇ ਪੂਰਾ ਉਤਰਨਾ ਕੀ ਹੈ, ਇਹ ਅਸੀਂ ਪਿੱਛੇ ਜਾਣਦੇ ਹੀ ਆ ਰਹੇ ਹਾਂ। ਉਹੀ ਗੱਲ ਉੱਪਰ ਸਮਝਾਈ ਹੋਈ ਹੈ। ਅਸੀਂ ਇਸ ਜੋਗ ਦੀ ਜੁਗਤਿ ਨੂੰ ਆਪਣੇ ਅੰਦਰ ਵਿਚਾਰਨਾ ਹੈ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਿਚਾਰਨਾ ਹੈ ਭਾਵ ਉਸਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣਾ ਹੈ ਤੇ ਗੁਰਮਤਿ ਦਾ ਸਾਡੇ ਅੰਦਰ ਵੱਸਣਾ ਇਹ ਹੈ ਕਿ ਸਾਡੇ ਪੰਜੇ ਵਿਕਾਰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਮਰ ਜਾਣ, ਖ਼ਤਮ ਹੋ ਜਾਣ। ਇਨ੍ਹਾਂ ਵਿਕਾਰਾਂ ਨੂੰ ਮਾਰਨਾ ਹੀ ਜੋਗ ਜੁਗਤਿ ਦੀ ਕੀਮਤ ਚੁਕਾਉਣਾ ਹੈ ਜਿਸ ਨਾਲ ਸੱਚੁ ਰੂਪ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ। **(ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿ ਧਾਰੈ॥੧॥ ਰਹਾਉ॥)** ਇਹ ਕੀਮਤ ਚੁਕਾਉਣ ਦੇ ਬਦਲੇ ਸਾਨੂੰ ਪ੍ਰਮਾਤਮਾ ਮਿਲਦਾ ਹੈ ਭਾਵ ਉਸਦੇ ਨਾਲ ਮੇਲ ਹੋ ਜਾਂਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ। ਔਗੁਣਾਂ ਦੇ ਮਰਨ ਨਾਲ ਹੀ ਸਾਡੇ ਅੰਦਰ ਪ੍ਰਮਾਤਮਾ ਵੱਸਦਾ ਹੈ। "ਸਾਚੁ" ਤੋਂ ਭਾਵ ਹੈ ਉਹ ਸੱਚਾ ਪ੍ਰਮਾਤਮਾ। ਮਨੁੱਖ ਨੂੰ ਪ੍ਰਮਾਤਮਾ ਨੇ ਇਸਦੇ ਸਮਰੱਥ ਨਹੀਂ ਬਣਾਇਆ ਕਿ ਉਹ ਆਪਣੇ ਔਗੁਣ ਆਪੇ ਮਾਰ ਸਕੇ, ਇਨ੍ਹਾਂ ਤੋਂ ਛੁਟਕਾਰਾ ਪਾ ਸਕੇ, ਮਾਇਆ ਮੋਹ ਵਿੱਚੋਂ ਨਿਕਲ ਸਕੇ ਭਾਵ ਉਹ ਪ੍ਰਮਾਤਮਾ ਦੇ ਨਾਲ ਮੇਲ ਦੀ ਕੀਮਤ ਚੁਕਾ ਸਕੇ। ਆਪਣੀ ਕੀਮਤ ਉਹ ਆਪ ਹੀ ਪਾਉਂਦਾ ਹੈ ਭਾਵ ਆਪ ਹੀ ਪਵਾਉਂਦਾ ਹੈ। ਉਹ ਮਨੁੱਖ ਦੀ ਬਿਰਤੀ ਆਪ ਹੀ ਸੱਚੀ ਬਣਾਉਂਦਾ ਹੈ, ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਬਣਾਉਂਦਾ ਹੈ ਕਿ ਮਾਇਆ ਮੋਹ ਸਾਡੀ ਖੁਆਰੀ ਹੈ ਤੇ ਕੇਵਲ ਸੱਚੇ ਕਰਮ ਕਰਨੇ ਹੀ ਸਾਡੇ ਜੀਵਨ ਦਾ ਮਨੋਰਥ ਹੈ। ਇਹ ਸੋਝੀ ਉਹ ਆਪ ਮਨ ਦੇ ਅੰਦਰ ਪ੍ਰਗਟ ਹੋ ਕੇ ਪਾਉਂਦਾ ਹੈ ਤੇ ਸੱਚ ਤੇ ਚੱਲਣ ਦੀ ਦ੍ਰਿੜਤਾ ਦਿੰਦਾ ਹੈ। ਆਪਣੀ ਪੂਰੀ ਗੁਰਮਤਿ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ ਤੇ ਇਸ ਤਰੀਕੇ ਹੀ ਕੋਈ ਉਸਦੀ ਕੀਮਤ ਪਾ ਸਕਦਾ ਹੈ, ਪ੍ਰਮਾਤਮਾ ਦੇ ਮੇਲ ਦੀ ਕੀਮਤ ਚੁਕਾ ਸਕਦਾ ਹੈ। (**ਜਿਸ ਕੈ ਅੰਤਰਿ ਸਾਚੁ ਵਸਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ॥੨॥**)

{ਪੰਚ ਮਾਰਿ ਚਿਤੁ ਰਖਹੁ ਥਾਇ ॥

ਜੋਗ ਜੁਗਤਿ ਕੀ ਇਹੈ ਪਾਂਇ ॥5॥

ਹਉਮੈ ਪੈਖੜੁ ਤੇਰੇ ਮਨੈ ਮਾਹਿ ॥

ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥6॥}

(ਅੰਗ 1189)

ਗੁਰੂ ਦੀ ਮਤਿ ਦੀ, ਗੁਰੂ ਦੇ ਬਚਨਾਂ ਦੀ ਕੀਮਤ ਤਾਂ ਹੀ ਪੈਂਦੀ ਹੈ ਜਦੋਂ ਉਨ੍ਹਾਂ ਤੇ ਪੂਰਾ ਉਤਰਿਆ ਜਾਵੇ ਜਿਵੇਂ ਕਿ ਉੱਪਰ ਸਮਝਾਇਆ ਹੈ ਤੇ ਇਹੀ ਉਸਦੇ ਬਚਨਾਂ ਦਾ ਤੋਲ ਤੁਲਣਾ ਹੈ ਜਿਸ ਤੋਲ ਤੁਲਣ ਦੀ ਗੱਲ ਬਾਣੀ ਵਿੱਚ ਅਨੇਕਾਂ ਵਾਰ ਆਈ ਹੈ। ਪ੍ਰਮਾਤਮਾ ਦੇ ਨਾਲ ਜੋਗ ਦੀ ਪਾਇ ਭਾਵ ਨੀਂਵ ਵੀ ਇਹ ਹੈ ਕਿ ਅਸੀਂ ਆਪਣੇ ਅੰਦਰੋਂ ਪੰਜੇ ਵਿਕਾਰਾਂ ਨੂੰ ਮਾਰੀਏ ਜਿਨ੍ਹਾਂ ਕਰਕੇ ਸਾਡਾ ਮਨ ਮਾਇਆ ਮੋਹ ਵਿੱਚ ਡੋਲਦਾ ਹੈ। (**ਪੰਚ ਮਾਰਿ ਚਿਤੁ ਰਖਹੁ ਥਾਇ॥ ਜੋਗ ਜੁਗਤਿ ਕੀ ਇਹੈ ਪਾਂਇ॥**)

ਅਸੀਂ ਉਸ ਦੀ ਕੀਮਤ ਕੇਵਲ ਕਥਨੀ ਦੁਆਰਾ ਪਾਉਣੀ ਚਾਹੁੰਦੇ ਹਾਂ, ਸਰੀਰਕ ਜਪਾਂ ਤਪਾਂ ਦੁਆਰਾ ਪਾਉਣੀ ਚਾਹੁੰਦੇ ਹਾਂ, ਇੱਕ ਅੱਖਰ ਦਾ ਜਾਪ ਕਰੀ ਜਾਣ ਨਾਲ ਪਾਉਣੀ ਚਾਹੁੰਦੇ ਹਾਂ ਪਰ ਮਾਇਆ ਮੋਹ ਵਿੱਚੋਂ ਨਿਕਲਣਾ ਨਹੀਂ ਚਾਹੁੰਦੇ ਕਿਉਂਕਿ ਮਾਇਆ ਬਹੁਤ ਪਿਆਰੀ ਲੱਗਦੀ ਹੈ ਜੋ ਸਾਨੂੰ ਲੋਭ ਲਾਲਚ ਵਿੱਚ ਪਾ ਕੇ ਮਾੜੇ ਕਰਮ ਕਰਵਾਉਂਦੀ ਹੈ। ਇਸੇ ਲਈ ਸਾਡੇ ਸਰੀਰਕ ਜਪਾਂ ਤਪਾਂ ਨੂੰ ਬਾਣੀ ਵਿੱਚ ਵਾਰ-ਵਾਰ ਖੰਡਿਆ ਹੋਇਆ ਹੈ ਤੇ ਸਾਨੂੰ ਭਰਮੇ ਹੋਏ ਕਿਹਾ ਹੈ। ਅੱਗੇ ਚੱਲ ਕੇ ਇਨ੍ਹਾਂ ਨੂੰ ਹੋਰ ਵੀ ਬਰੀਕੀ ਨਾਲ ਸਮਝਾਂਗੇ। ਬਾਣੀ ਵਿੱਚ ਬਹੁਤ ਕੁੱਝ ਸਮਝਾਇਆ ਹੋਇਆ ਹੈ ਤੇ ਬਹੁਤ ਹੀ ਗੂੜ ਤਰੀਕੇ ਨਾਲ ਸਮਝਾਇਆ ਹੋਇਆ ਹੈ। ਅਸੀਂ ਅੱਗੇ ਚੱਲਕੇ ਸਭ ਕੁੱਝ ਸਮਝਾਂਗੇ, ਹਰ ਗੂੜ ਭਾਵ ਨੂੰ ਸਮਝਾਂਗੇ।

ਆਓ ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ ਤੇ ਸਮਝੀਏ ਕਿ ਪ੍ਰਮਾਤਮਾ ਕਿਵੇਂ ਮਿਲਦਾ ਹੈ ਤੇ ਕਿੱਥੇ ਮਿਲਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਕੀ ਹੈ ਤੇ ਆਪਣੇ ਅੰਦਰੋਂ ਪੰਜੇ ਵਿਕਾਰਾਂ ਨੂੰ ਅਸੀਂ ਕਿਸ ਮਕਸਦ ਲਈ ਮਾਰਨਾ ਹੈ।

“ਰਵਿ ਸਸਿ ਏਕੋ ਗ੍ਰਿਹ ਉਦਿਆਨੈ॥ ਕਰਣੀ ਕੀਰਤਿ ਕਰਮ ਸਮਾਨੈ॥੩॥”

ਇੱਥੇ “ਰਵਿ” ਪ੍ਰਮਾਤਮਾ ਨੂੰ ਅਤੇ “ਸਸਿ” ਆਤਮਾ ਨੂੰ ਕਿਹਾ ਗਿਆ ਹੈ ਤੇ ਗ੍ਰਿਹ ਮਨ ਨੂੰ ਕਿਹਾ ਗਿਆ ਹੈ। ਰਵਿ ਸੂਰਜ ਨੂੰ ਕਹਿੰਦੇ ਹਨ ਤੇ ਸਸਿ ਚੰਦ੍ਰਮਾ ਨੂੰ ਕਹਿੰਦੇ ਹਨ। ਸੂਰਜ ਸਾਨੂੰ ਤੇਜ ਰੌਸ਼ਨੀ ਦਿੰਦਾ ਹੈ ਤੇ ਚੰਦ੍ਰਮਾ ਮੱਧਮ ਰੌਸ਼ਨੀ ਦਿੰਦਾ ਹੈ। ਸਾਡੇ ਮਨ ਦੀ ਅਵੱਸਥਾ ਵੀ ਇਹੋ ਜਿਹੀ ਹੀ ਹੈ। ਪ੍ਰਮਾਤਮਾ ਮਨ ਦੇ ਵਿੱਚ ਸੂਰਜ ਦੀ ਤਰ੍ਹਾਂ ਤੇਜ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਉੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਚੌਥੇ ਪਦ ਦੇ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਬ੍ਰਹਮ ਗਿਆਨ ਦਾ ਪ੍ਰਕਾਸ਼ ਕਰਦਾ ਹੈ ਤੇ ਚੰਦ੍ਰਮਾ ਸਾਡੇ ਅੰਦਰ ਮੱਧਮ ਗਿਆਨ ਦਿੰਦਾ ਹੈ, ਹੌਲੀ ਮਤਿ ਦਿੰਦਾ ਹੈ, ਤ੍ਰੈਗੁਣਾਂ ਵਾਲੀ ਮਤਿ ਵਿੱਚ ਰੱਖਦਾ ਹੈ ਭਾਵ ਪ੍ਰਮਾਤਮਾ ਦੀ ਸੱਚਾਈ ਸਮਝਣ ਤੋਂ ਦੂਰ ਰੱਖਦਾ ਹੈ, ਮਨ ਦੀ ਅਸਲੀਅਤ ਜਾਨਣ ਤੋਂ ਦੂਰ ਰੱਖਦਾ ਹੈ। ਜਿਹੜੇ ਮਨ ਨੂੰ ਅਸੀਂ ਆਤਮਾ ਸਮਝਦੇ ਹਾਂ ਅਸਲ ਵਿੱਚ ਉਹ ਹੀ ਪ੍ਰਮਾਤਮਾ ਹੈ। ਦੋਨਾਂ ਦਾ ਆਪਸ ਵਿੱਚ ਸਮਾਅ ਜਾਣਾ ਭਾਵ ਇੱਕ ਹੋ ਜਾਣਾ ਹੀ ਮੇਲ ਹੈ ਭਾਵ ਆਤਮਾ ਦਾ ਭੁਲੇਖਾ ਨਿਕਲ ਜਾਣਾ ਤੇ ਕੇਵਲ ਪ੍ਰਮਾਤਮਾ ਦਾ ਰਹਿ ਜਾਣਾ ਭਾਵ ਇਸ ਗੱਲ ਦੀ ਸੋਝੀ ਪੈ ਜਾਣੀ ਕਿ ਜਿਸ ਮਨ ਨੂੰ ਅਸੀਂ ਆਤਮਾ ਸਮਝਿਆ ਹੋਇਆ ਸੀ ਉਹ ਮਨ ਹੀ ਆਪ ਪ੍ਰਮਾਤਮਾ ਹੈ। ਇਹ ਮੇਲ ਮਨੁੱਖ ਦੀ ਕਰਨੀ ਦੁਆਰਾ ਕੀਤੀ ਗਈ ਕੀਰਤੀ ਦੁਆਰਾ ਹੁੰਦਾ ਹੈ ਭਾਵ ਪ੍ਰਮਾਤਮਾ ਦਾ ਜੱਸ ਅਸੀਂ ਆਪਣੀ ਸੱਚੀ ਸੁੱਚੀ ਕਰਨੀ ਦੁਆਰਾ ਕਰ ਕੇ ਹੀ ਉਸ ਵਿੱਚ ਸਮਾਅ ਸਕਦੇ ਹਾਂ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸਨੂੰ ਕੇਵਲ ਭਾਗਾਂ ਦੁਆਰਾ, ਚੰਗੇ ਕਰਮਾਂ ਦੁਆਰਾ ਹੀ ਪਾਇਆ ਜਾ ਸਕਦਾ ਹੈ। ਜਿਸਨੂੰ ਪ੍ਰਮਾਤਮਾ ਭਾਗਾਂ ਵਾਲਾ ਬਣਾਉਂਦਾ ਹੈ ਉਸ ਕੋਲੋਂ ਚੰਗੀ ਕਿਰਤ ਹੀ ਕਰਵਾਉਂਦਾ ਹੈ, ਸੱਚੀ ਸੁੱਚੀ ਕਿਰਤ ਹੀ ਕਰਵਾਉਂਦਾ ਹੈ ਜੋ ਕਿ ਕੇਵਲ ਗੁਣਾਂ ਦੁਆਰਾ ਹੀ ਹੋ ਸਕਦੀ ਹੈ, ਆਪਣੇ ਅੰਦਰੋਂ ਪੰਜੇ ਔਗੁਣ ਮਰਨ ਦੁਆਰਾ ਹੋ ਸਕਦੀ ਹੈ ਜਿਵੇਂ ਕਿ ਪਿਛਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਤੇ ਉਸ ਦਾ ਜੱਸ ਗਾਉਣ ਦਾ ਇਹੀ ਤਰੀਕਾ ਹੈ, ਉਸ ਦੇ ਨਾਲ ਜੋਗ ਦੀ ਜੁਗਤਿ ਦਾ ਇਹੀ ਤਰੀਕਾ ਹੈ। ਅਸੀਂ ਕਥਨੀ ਦੁਆਰਾ ਪ੍ਰਮਾਤਮਾ ਦਾ ਜੱਸ ਗਾਉਣਾ ਸਮਝਦੇ ਹਾਂ ਪਰ ਉਸ ਦਾ ਜੱਸ ਸਾਡੀ ਸੱਚੀ ਸੁੱਚੀ ਕਿਰਤ ਦੁਆਰਾ, ਚੰਗੀ ਸਮਾਜਿਕ ਵਿਚਰਨ ਦੁਆਰਾ ਹੀ ਗਾਇਆ ਜਾ ਸਕਦਾ ਹੈ। **(ਰਵਿ ਸਸਿ ਏਕੋ ਗ੍ਰਿਹ ਉਦਿਆਨੈ॥ ਕਰਣੀ ਕੀਰਤਿ ਕਰਮ ਸਮਾਨੈ॥੩॥)**

{ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥੪॥}

(ਅੰਗ 1343)

ਪ੍ਰਮਾਤਮਾ ਨੂੰ ਜਪਣ ਦੀ ਜੁਗਤਿ ਸਾਨੂੰ ਕਿਵੇਂ ਸਮਝ ਆਉਂਦੀ ਹੈ, ਆਪਣੀ ਜੁਗਤਿ ਉਹ ਕਿਵੇਂ ਸਮਝਾਉਂਦਾ ਹੈ, ਇਹ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਏਕ ਸਬਦ ਇਕ ਭਿਖਿਆ ਮਾਗੈ॥

ਗਿਆਨੁ ਧਿਆਨੁ ਜੁਗਤਿ ਸਚੁ ਜਾਗੈ॥੪॥"

ਪ੍ਰਮਾਤਮਾ ਨੂੰ ਜਪਣ ਦੀ ਜੁਗਤਿ ਸਾਨੂੰ ਮਨ ਦੇ ਵਿੱਚ ਹੀ ਸਮਝ ਆਉਂਦੀ ਹੈ ਤੇ ਉਹ ਆਪ ਹੀ ਸਮਝਾਉਂਦਾ ਹੈ ਜੋ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਸ਼ਬਦ ਰੂਪ ਵਿੱਚ ਹੀ ਵਿਚਰ ਰਿਹਾ ਹੈ, ਗਿਆਨ ਰੂਪ ਵਿੱਚ ਹੀ ਵਿਚਰ ਰਿਹਾ ਹੈ। ਜਿਵੇਂ ਕਿ ਅਸੀਂ ਸ਼ਬਦ ਦੇ ਪਿਛਲੇ ਪਦੇ ਦੁਆਰਾ ਜਾਣਿਆ ਹੈ ਕਿ ਇਹ ਮਨ ਹੀ ਸਾਡੀ ਆਤਮਾ ਹੈ ਤੇ ਮਨ ਹੀ ਆਪ ਪ੍ਰਮਾਤਮਾ ਹੈ। ਆਤਮਾ ਦੀ ਔਕਾਤ ਪ੍ਰਮਾਤਮਾ ਅੱਗੇ ਤੁੱਛ ਹੈ ਭਾਵ ਮਨੁੱਖ ਦੀ ਮਤਿ ਪ੍ਰਮਾਤਮਾ ਦੀ ਆਪਣੀ ਮਤਿ ਅੱਗੇ ਇਤਨੀ ਨੀਵੀਂ ਹੈ, ਛੋਟੀ ਹੈ ਜਿਸ ਕਰਕੇ ਉਸਦੀ ਕੋਈ ਸਮਰੱਥਾ ਨਹੀਂ ਹੈ ਕਿ ਉਹ ਆਪਣੇ ਆਪ ਕਿਸੇ ਜੁਗਤਿ ਦੁਆਰਾ ਪ੍ਰਮਾਤਮਾ ਨੂੰ ਪਾ ਸਕੇ, ਉਸ ਨਾਲ ਮੇਲ ਕਰ ਸਕੇ। ਆਪਣੀ-ਆਪਣੀ ਮਤਿ ਅਨੁਸਾਰ ਅਸੀਂ ਪ੍ਰਮਾਤਮਾ ਨੂੰ ਪਾਉਣ ਦੀਆਂ ਜੁਗਤੀਆਂ ਤਾਂ ਬਹੁਤ ਲਾਉਂਦੇ ਹਾਂ, ਅਨੇਕਾਂ ਸਰੀਰਕ ਜਪ ਤਪ ਆਦਿ ਕਰਦੇ ਹਾਂ ਪਰ ਇਹ ਜੁਗਤੀਆਂ ਸਾਡੇ ਕਿਸੇ ਕੰਮ ਨਹੀਂ ਆਉਂਦੀਆਂ ਤੇ ਸਾਡੀਆਂ ਇਨ੍ਹਾਂ ਸਾਰੀਆਂ ਜੁਗਤੀਆਂ ਨੂੰ ਬਾਣੀ ਵਿੱਚ ਵਾਰ-ਵਾਰ ਖੰਡਿਆ ਹੋਇਆ ਹੈ। ਮਨੁੱਖੀ ਸਮਝ ਦੀ ਔਕਾਤ ਪ੍ਰਮਾਤਮਾ ਅੱਗੇ ਇੱਕ ਭਿਖਾਰੀ ਵਾਲੀ ਹੈ ਤੇ ਇਸ ਤੋਂ ਜ਼ਿਆਦਾ ਕੁੱਝ ਵੀ ਨਹੀਂ ਹੈ। (**ਏਕ ਸਬਦ ਇਕ ਭਿਖਿਆ ਮਾਗੈ॥**) ਪ੍ਰਮਾਤਮਾ ਦੀ ਭਿੱਖਿਆ, ਉਸਦਾ ਦਾਨ "ਨਾਮ ਦਾਨ" ਕਿਸੇ ਚਤੁਰਾਈ ਨਾਲ ਨਹੀਂ ਪਾਇਆ ਜਾ ਸਕਦਾ ਜਿਵੇਂ ਕਿ ਅਸੀਂ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਭਾਵ ਸਰੀਰਕ ਜਪਾਂ, ਤਪਾਂ ਦੁਆਰਾ, ਸੁਰਤੀਆਂ ਸਮਾਧੀਆਂ ਲਗਾਉਣ ਦੁਆਰਾ ਉਸਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਸਾਡੇ ਇਹੋ ਜਿਹੇ ਜਪਾਂ ਤਪਾਂ ਨੂੰ ਬਾਣੀ ਵਿੱਚ ਚਤੁਰਾਈ ਦੱਸਿਆ ਹੈ, ਮਨਮਤਿ ਹੀ ਦੱਸਿਆ ਹੈ ਭਾਵ ਇਹ ਭਿੱਖਿਆ ਮੰਗਣ ਦਾ ਤਰੀਕਾ ਨਹੀਂ ਹੈ।

{ਸਭਿ ਜਪ ਸਭਿ ਤਪ ਸਭ ਚਤੁਰਾਈ॥

ਊਝੜਿ ਭਰਮੈ ਰਾਹਿ ਨ ਪਾਈ॥}

ਇਹੋ ਜਿਹੇ ਜਪ ਤਪ ਕਰਨ ਵਾਲੇ, ਇਨ੍ਹਾਂ ਜਪਾਂ ਤਪਾਂ ਨੂੰ ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਸਮਝਣ ਵਾਲੇ ਸਭ ਭਰਮ ਵਿੱਚ ਹੀ ਹਨ ਤੇ ਉਸਦੇ ਆਪਣੇ ਭੁਲਾਏ ਹੋਏ ਹੀ ਹਨ। ਇਹੋ ਜਿਹੀਆਂ ਜੁਗਤੀਆਂ ਦੁਆਰਾ ਉਸਦੀ ਕੀਮਤ ਨਹੀਂ ਪਾਈ ਜਾ ਸਕਦੀ, ਨਹੀਂ ਚੁਕਾਈ ਜਾ ਸਕਦੀ। ਉਸਦੀ ਕੀਮਤ ਪਾਉਣ ਦੀ ਜੁਗਤਿ ਸਾਨੂੰ ਇਹ ਕਹਿ ਕੇ ਸਮਝਾਈ ਹੈ।

"ਗਿਆਨੁ ਧਿਆਨੁ ਜੁਗਤਿ ਸਚੁ ਜਾਗੈ॥੪॥"

ਇਹ ਜੁਗਤਿ ਸਾਨੂੰ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਆਪਣੀ ਭਿੱਖਿਆ, ਆਪਣਾ ਦਾਨ, ਪ੍ਰਮਾਤਮਾ ਸਾਨੂੰ ਮਨ ਦੇ ਵਿੱਚ ਆਪ ਹੀ ਦਿੰਦਾ ਹੈ। ਉਸਦਾ ਦਾਨ ਸਾਡੀ "ਗਿਆਨੁ ਧਿਆਨੁ" ਦੀ ਅਵਸਥਾ ਹੈ ਜੋ ਕਿ ਉਹ ਆਪ ਹੀ ਬਖਸ਼ਦਾ ਹੈ, ਆਪ ਅੰਦਰ ਪ੍ਰਗਟ ਹੋ ਕੇ ਬਖ਼ਸ਼ਦਾ ਹੈ। "ਗਿਆਨੁ ਧਿਆਨੁ" ਕੀ ਹੈ, ਇਹ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਇਹ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਗੁਰਬਾਣੀ ਦੀ ਰਚਨਾ ਹੋਈ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥}

(ਅੰਗ - 1243)

ਇਹ ਮਨ ਦੇ ਵਿੱਚ ਬ੍ਰਹਮਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਆਪਣਾ ਤੱਤ ਸਾਰ ਸਮਝਾਉਂਦਾ ਹੈ, ਆਪਣੇ ਸੱਚੇ ਗਿਆਨ ਦੀ ਸੋਝੀ ਪਾਉਂਦਾ ਹੈ ਤੇ ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਤੱਤ ਸਾਰ ਬਿਆਨ ਕਰ ਰਹੀ ਹੈ। ਗੁਰਬਾਣੀ ਵਿੱਚ ਬ੍ਰਹਮਗਿਆਨ ਹੈ ਕਿਉਂਕਿ ਇਹ ਉਸ ਬ੍ਰਹਮਗਿਆਨੀ ਨੇ, ਪ੍ਰਮਾਤਮਾ ਨੇ ਮਨ ਦੇ ਵਿੱਚ, ਧਿਆਨ ਦੇ ਵਿੱਚ ਆਪ ਹੀ ਆਪਣਾ ਗਿਆਨ ਪਾਇਆ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਡੇ ਅੰਦਰ ਦਾ "ਸਚੁ" ਜਾਗਦਾ ਹੈ। "ਸਚੁ" ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਹੀ ਹੈ ਪਰ ਉਸਦੇ ਆਪਣੇ ਬੁੱਝਾਏ ਬਿਨ੍ਹਾਂ ਅਸੀਂ ਉਸ ਨੂੰ ਆਪਣੇ ਅੰਦਰੋਂ ਬੁੱਝ ਨਹੀਂ ਸਕਦੇ। "ਸਚੁ" ਦਾ ਜਾਗਣਾ ਸਾਡੇ ਅੰਦਰ ਪ੍ਰਮਾਤਮਾ ਦਾ ਪ੍ਰਗਟ ਹੋਣਾ ਹੈ ਜੋ ਸਾਡੀ ਮਨ ਦੀ ਅਵੱਸਥਾ ਨੂੰ "ਸਚੁ" ਬਖ਼ਸ਼ਦਾ ਹੈ ਜਿਸ ਦੁਆਰਾ ਇਹ

ਸੁੱਤਾ ਹੋਇਆ ਮਨ, ਮਾਇਆ ਮੋਹ ਵਿੱਚ ਸੁੱਤਾ ਹੋਇਆ ਮਨ, ਅਗਿਆਨਤਾ ਵਿੱਚ ਸੁੱਤਾ ਹੋਇਆ ਮਨ ਜਾਗ ਪੈਂਦਾ ਹੈ ਭਾਵ ਆਤਮਾ ਦੇ ਵਿੱਚੋਂ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ ਤੇ ਇਸ ਆਤਮਾ ਦਾ ਰੂਪ ਬਦਲ ਕੇ ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ। ਇਹ ਮਨ "ਸਚੁ" ਦੁਆਰਾ ਹੀ ਜਾਗਦਾ ਹੈ ਤੇ ਗੁਰਬਾਣੀ ਦੀ ਰਚਨਾ ਇਹੋ ਜਿਹੇ ਜਾਗਦੇ ਹੋਏ ਮਨ ਦੁਆਰਾ ਹੀ ਹੋਈ ਹੈ ਤੇ ਤਾਂ ਹੀ ਗੁਰਬਾਣੀ ਵਿੱਚ ਕੇਵਲ ਸੱਚ ਹੈ। "ਸਚੁ" ਹੀ ਆਪ ਪ੍ਰਮਾਤਮਾ ਹੈ ਤੇ ਆਪਣੇ ਇਸ "ਸਚੁ" ਰੂਪ ਦੁਆਰਾ ਹੀ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਸਮਾਇਆ ਹੋਇਆ ਹੈ, ਪੂਰੀ ਗੁਰਬਾਣੀ ਉਸਦਾ ਆਪਣਾ ਅਸਥਾਨ ਹੈ। ਉਸਦਾ "ਸਚੁ" ਉਸਦਾ ਸੱਚਾ ਗਿਆਨ ਹੈ ਜੋ ਕਿ ਕੇਵਲ "ਗਿਆਨੁ ਧਿਆਨੁ" ਦੀ ਅਵੱਸਥਾ ਦੁਆਰਾ ਸਮਝ ਲੱਗ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮਿਲਣ ਦੀ ਜੁਗਤਿ, ਉਸਦੀ ਭਗਤੀ ਕਰਨ ਦੀ ਜੁਗਤਿ ਮਨ ਦੀ ਇਸ ਅਵੱਸਥਾ ਦੁਆਰਾ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾ ਸਕਦਾ ਹੈ ਤੇ ਆਪ ਹੀ ਪਾਉਂਦਾ ਹੈ। ਗੁਰਬਾਣੀ ਉਸਦੀ ਜੁਗਤਿ ਨੂੰ ਜਾਣਦੀ ਹੈ ਤੇ ਜੋ ਜੁਗਤਿ ਸਾਨੂੰ ਗੁਰਬਾਣੀ ਸਮਝਾ ਰਹੀ ਹੈ ਉਹੀ ਸੱਚੀ ਜੁਗਤਿ ਹੈ ਤੇ ਇਸ ਤੋਂ ਇਲਾਵਾ ਅਸੀਂ ਜੋ ਕੋਈ ਵੀ ਹੋਰ ਜੁਗਤਿ ਲਗਾਉਂਦੇ ਹਾਂ, ਤਰੀਕੇ ਅਪਣਾਉਂਦੇ ਹਾਂ, ਉਨ੍ਹਾਂ ਨੂੰ ਸਾਡਾ ਭਰਮ ਦੱਸਿਆ ਹੈ ਤੇ ਵਾਰ-ਵਾਰ ਖੰਡਿਆ ਹੋਇਆ ਹੈ। ਗੁਰਬਾਣੀ ਰਾਹੀਂ ਜੋ ਜੁਗਤਿ ਸਾਨੂੰ ਸਮਝਾਈ ਗਈ ਹੈ ਉਹ ਅਸੀਂ ਇਸ ਸ਼ਬਦ ਦੀ ਰਹਾਉ ਵਾਲੀ ਪੰਗਤੀ ਦੁਆਰਾ ਪਹਿਲੇ ਹੀ ਸਮਝੀ ਹੈ ਜੋ ਕਿ ਇਸ ਤਰ੍ਹਾਂ ਸਮਝਾਈ ਹੋਈ ਹੈ।

"ਐਸਾ ਜੋਗੀ ਜੁਗਤਿ ਬੀਚਾਰੈ॥
ਪੰਚ ਮਾਰਿ ਸਾਚੁ ਉਰਿ ਧਾਰੈ॥੧॥ਰਹਾਉ॥"
{ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥
ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥1॥
ਅਪੁਨੀ ਬਿਧਿ ਆਪਿ ਜਨਾਵਹੁ ॥
ਹਰਿ ਜਨ ਮੰਗਲ ਗਾਵਹੁ ॥1॥ ਰਹਾਉ ॥
ਬਿਸਰੁ ਨਾਹੀ ਕਬਹੂ ਹੀਏ ਤੇ ਇਹ ਬਿਧਿ ਮਨ ਮਹਿ ਪਾਵਹੁ ॥
ਗੁਰੁ ਪੂਰਾ ਭੇਟਿਓ ਵਡਭਾਗੀ ਜਨ ਨਾਨਕ ਕਤਹਿ ਨ ਧਾਵਹੁ ॥2॥}

(ਅੰਗ 617)

ਸਾਡੇ ਅੰਦਰ "ਸਚੁ" ਵਾਲੀ ਅਵੱਸਥਾ ਤਾਂ ਹੀ ਹੈ, ਨਾਮ ਵਾਲੀ ਅਵੱਸਥਾ ਤਾਂ ਹੀ ਹੈ, ਪ੍ਰਮਾਤਮਾ ਦੇ ਨਾਲ ਮੇਲ ਵਾਲੀ ਬਿਧਿ, ਜੁਗਤਿ ਤਾਂ ਹੀ ਹੈ ਜੇਕਰ ਸਾਡੇ ਸਾਰੇ ਔਗੁਣ ਮਰ ਗਏ ਹਨ ਭਾਵ ਸਾਡਾ ਹਿਰਦਾ ਪੂਰੀ ਤਰ੍ਹਾਂ ਸ਼ੁੱਧ ਹੋ ਗਿਆ ਹੈ। ਮਨ ਦੀ ਇਸ ਅਵੱਸਥਾ ਦੁਆਰਾ ਅਸੀਂ ਨਾਮ ਜਪਦੇ ਹਾਂ ਭਾਵ ਹਰ ਵੇਲੇ ਗੁਰਮਤਿ ਵਾਲੇ ਵਿਚਾਰਾਂ ਨੂੰ ਮੰਨਦੇ ਹਾਂ ਤੇ ਸੱਚੇ ਸੁੱਚੇ ਕਰਮ ਕਰਦੇ ਹਾਂ। ਇਸੇ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਕਿ ਹਿਰਦੇ ਦੀ ਸ਼ੁੱਧੀ ਬਿਨ੍ਹਾਂ, ਮਨ ਦੇ ਅੰਦਰ ਸੱਚ ਦੇ ਬਿਨ੍ਹਾਂ, ਸਾਡੇ ਔਗੁਣ ਮਰੇ ਬਿਨ੍ਹਾਂ ਅਸੀਂ ਜੋ ਵੀ ਆਪਣੇ ਵੱਲੋਂ ਪ੍ਰਮਾਤਮਾ ਨੂੰ ਜਪਣ ਦਾ ਦਿਖਾਵਾ ਕਰਦੇ ਹਾਂ, ਜਪ ਤਪ ਆਦਿ ਕਰਦੇ ਹਾਂ ਉਹ ਕੇਵਲ ਇੱਕ ਪਾਖੰਡ ਹੈ ਤੇ ਉਸ ਵਿੱਚ ਕੋਈ ਭਗਤੀ ਨਹੀਂ ਹੈ।

{ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ॥੧॥ ਰਹਾਉ॥}

(ਅੰਗ ੬੬੨)

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

{ਬਿਨੁ ਜਿਹਵਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥੨॥}

(ਅੰਗ ੧੨੫੬)

ਹਿਰਦੇ ਦੀ ਸ਼ੁੱਧੀ ਦਾ ਮਨੋਰਥ ਸਾਡੀ ਚੰਗੀ ਕਰਨੀ ਨਾਲ ਹੀ ਹੈ ਕਿਉਂਕਿ ਚੰਗੀ ਕਰਨੀ ਕੇਵਲ ਸ਼ੁੱਧ ਮਨ ਨਾਲ ਹੀ ਹੋ ਸਕਦੀ ਹੈ ਤੇ ਇਹ ਚੰਗੀ ਕਰਨੀ ਹੀ ਸਾਡੀ ਭਗਤੀ ਹੈ ਤੇ ਬਾਕੀ ਸਭ ਕੁੱਝ ਕੇਵਲ ਭਗਤੀ ਦਾ ਦਿਖਾਵਾ ਹੈ, ਪਾਖੰਡ ਹੈ। ਜਿਵੇਂ ਕਿ ਗੁਰੂ ਸਾਨੂੰ ਬਹੁਤ ਹੀ ਸਪੱਸ਼ਟ ਤਰੀਕੇ ਨਾਲ ਸਮਝਾ ਰਹਿਆ ਹੈ। (**ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ**

ਪੂਜ ਖੁਆਰੁ॥) ਇਹ ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ ਜੋ ਕਦੇ ਗਲਤ ਨਹੀਂ ਹੋ ਸਕਦਾ। ਜੇਕਰ ਕੋਈ ਇਹ ਕਹੇ ਕਿ ਕਿਸੇ ਸਰੀਰਕ ਜਪ ਤਪ ਦੁਆਰਾ, ਕਿਸੇ ਅੱਖਰ ਦਾ ਜਪ ਕਰਨ ਦੁਆਰਾ ਸਾਡੀ ਮੈਲ ਆਪੇ ਹੀ ਧੁਪ ਜਾਂਦੀ ਹੈ ਤਾਂ ਫਿਰ ਇਹ ਵੀ ਸਾਡਾ ਭਰਮ ਹੀ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਗੁਰਬਾਣੀ ਰਾਹੀਂ ਕੱਢਿਆ ਹੋਇਆ ਹੈ।

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥}

(ਅੰਗ ੭੩੨)

{ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ ਰਹਾਉ॥}

(ਅੰਗ ੩੯)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥}

(ਅੰਗ ੧੧੯੯)

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥}

(ਅੰਗ ੪੯੧)

ਸਾਡੇ ਅੰਦਰ ਪ੍ਰਮਾਤਮਾ ਆਪਣਾ "ਸਚੁ" ਵਸਾ ਕੇ, ਨਾਮ ਵਸਾ ਕੇ, ਆਪਣਾ ਆਪ ਵਸਾ ਕੇ ਆਪਣੀ ਕੀਮਤ ਆਪ ਹੀ ਪਾਉਂਦਾ ਹੈ ਜੋ "ਸਚੁ" ਸਾਨੂੰ ਉਹ ਭਿੱਖਿਆ ਦੇ ਰੂਪ ਵਿੱਚ ਦਿੰਦਾ ਹੈ ਭਾਵ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿਸਨੂੰ ਆਪਣੀ ਭਿੱਖਿਆ ਦਿੰਦਾ ਹੈ ਭਾਵ ਆਪਣੇ ਨਾਲ ਮਨ ਦੇ ਵਿੱਚ ਮੇਲ ਬਖਸ਼ਦਾ ਹੈ। ਭਿੱਖਿਆ ਮੰਗਣ ਵਾਲੇ ਦਾ ਕੋਈ ਹੱਕ ਨਹੀਂ ਹੁੰਦਾ, ਕੋਈ ਜ਼ੋਰ ਨਹੀਂ ਹੁੰਦਾ। ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਭਿਖਿਆ ਮੰਗਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ। ਭਿਖਿਆ ਮੰਗਣ ਦਾ ਤਰੀਕਾ ਕੇਵਲ ਗੁਰੂ ਦੇ ਭੈ ਵਿੱਚ ਰਹਿਣ ਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨ ਕੇ ਉਸ ਅਨੁਸਾਰ ਵਿਚਰਨ ਦਾ ਹੈ।

"ਭੈ ਰਚਿ ਰਹੈ ਨ ਬਾਹਰਿ ਜਾਇ॥
ਕੀਮਤਿ ਕਉਣ ਰਹੈ ਲਿਵ ਲਾਇ॥੫॥"

"ਭੈ" ਦੀ, "ਭਉ" ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਭੈ ਕਿਸਨੂੰ ਕਿਹਾ ਹੈ ਇਹ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਇਹ "ਭੈ" ਗੁਰਮਤਿ ਨੂੰ ਮੰਨਣ ਦਾ ਹੈ, ਗੁਰੂ ਦੀ ਸਿੱਖਿਆ ਨੂੰ ਮੰਨਣ ਦਾ ਹੈ, ਜੋ ਕਿ ਬਹੁਤ ਔਖਾ ਹੈ। ਕੁੱਝ ਅੱਗੇ ਚੱਲ ਕੇ ਅਸੀਂ "ਭੈ" ਨੂੰ ਬਹੁਤ ਹੀ ਬਰੀਕੀ ਨਾਲ ਸਮਝਾਂਗੇ। ਹੁਣ ਅਸੀਂ ਕੇਵਲ ਇਤਨਾ ਜਾਣ ਲਈਏ ਕਿ "ਭੈ" ਵਿੱਚ ਰਹਿਣਾ ਗੁਰੂ ਦੀ ਮਤਿ ਵਿੱਚ ਰਹਿਣਾ ਹੈ, ਗੁਰੂ ਦੇ ਭਾਣੇ ਵਿੱਚ ਰਹਿਣਾ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਕੁੱਝ ਸਮਝਿਆ ਹੈ। ਸਭ ਦੇ ਅੰਦਰ ਮਾਇਆ ਮੋਹ ਨੂੰ ਛੱਡਣ ਦਾ ਭਉ ਹੈ ਜਿਸਨੂੰ ਛੱਡੇ ਬਿਨ੍ਹਾਂ ਗੁਰੂ ਦੀ ਮਤਿ ਤੇ ਚੱਲਣ ਦਾ ਭਉ ਸਾਡੇ ਅੰਦਰ ਨਹੀਂ ਵੱਸਦਾ। ਗੁਰਮਤਿ ਦੀ ਕੀਮਤ ਅਸੀਂ ਗੁਰੂ ਦੇ ਭਾਵ ਉਸਦੀ ਦਿੱਤੀ ਹੋਈ ਮਤਿ ਦੇ ਭੈ ਵਿੱਚ ਰਹਿ ਕੇ ਹੀ ਚੁਕਾ ਸਕਦੇ ਹਾਂ। ਜੋ ਗੁਰਮਤਿ ਦੇ ਭੈ ਵਿੱਚ ਆ ਜਾਂਦਾ ਹੈ ਭਾਵ ਗੁਰਮਤਿ ਤੇ ਚੱਲਣ ਦਾ ਭਉ ਕਬੂਲ ਲੈਂਦਾ ਹੈ ਉਹ ਫਿਰ ਕਦੇ ਗੁਰਮਤਿ ਤੋਂ ਬਾਹਰ ਨਹੀਂ ਜਾਂਦਾ ਭਾਵ ਕੋਈ ਇਹੋ ਜਿਹਾ ਕਰਮ ਨਹੀਂ ਕਰਦਾ ਜੋ ਗੁਰਮਤਿ ਅਨੁਸਾਰ ਨਾ ਹੋਵੇ। ਮਾੜੇ ਕਰਮ ਕਰਨੇ ਗੁਰਮਤਿ ਅਨੁਸਾਰ ਨਹੀਂ ਹਨ, ਇਸ ਲਈ ਉਹ ਕੇਵਲ ਸੱਚੇ ਸੁੱਚੇ ਕਰਮ ਹੀ ਕਰਦਾ ਹੈ। ਸਰੀਰਕ ਜਪ ਤਪ ਆਦਿ ਗੁਰਮਤਿ ਦੇ ਉਲਟ ਹਨ ਤੇ ਉਹ ਫਿਰ ਕਦੇ ਇਹੋ ਜਿਹੇ ਜਪ ਤਪ ਆਦਿ ਨਹੀਂ ਕਰਦਾ। ਹੋਰ ਵੀ ਅਨੇਕਾਂ ਹੀ ਅਨੇਕਾਂ ਗੱਲਾਂ ਹਨ ਜੋ ਕਿ ਗੁਰਮਤਿ ਦੇ ਉਲਟ ਹਨ ਤੇ ਉਹ ਫਿਰ ਇਹੋ ਜਿਹੇ ਕਰਮ ਨਹੀਂ ਕਰਦਾ। ਜਿਸਨੂੰ ਪ੍ਰਮਾਤਮਾ "ਗਿਆਨੁ ਧਿਆਨੁ" ਦੀ ਅਵੱਸਥਾ ਬਖ਼ਸ਼ ਦਿੰਦਾ ਹੈ ਜਿਵੇਂ ਕਿ ਪਿਛਲੇ ਪਦੇ ਦੁਆਰਾ ਸਮਝਿਆ ਹੈ, ਉਸਦੀ ਅਵੱਸਥਾ ਹੀ ਇਹੋ ਜਿਹੀ ਬਣ ਜਾਂਦੀ ਹੈ ਜੋ ਕਿ ਮਨ ਦੇ ਵਿੱਚ ਗੁਰਮਤਿ ਦੀ ਪੂਰਨ ਸੋਝੀ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਉਹ ਆਪ ਹੀ ਮਨੁੱਖ ਨੂੰ ਆਪਣੇ "ਭੈ" ਵਿੱਚ ਰੱਖਦਾ ਹੈ, ਆਪਣਾ "ਭੈ" ਆਪ ਹੀ ਕਬੂਲ ਕਰਵਾਉਂਦਾ ਹੈ। **(ਭੈ ਰਚਿ ਰਹੈ ਨ ਬਾਹਰਿ**

ਜਾਇ॥) ਪ੍ਰਮਾਤਮਾ ਦੇ ਨਾਲ ਲਿਵ ਲੱਗਣੀ, ਗੁਰਮਤਿ ਦੇ ਨਾਲ ਲਿਵ ਲੱਗਣੀ ਹੈ, ਉਸਦੇ ਸੱਚੇ ਗਿਆਨ ਦੇ ਨਾਲ ਲਿਵ ਲੱਗਣੀ ਹੈ ਜੋ ਕਿ ਮਨ ਦੇ ਵਿੱਚ ਹੀ ਲੱਗਦੀ ਹੈ। "ਲਿਵ ਲੱਗਣਾ" ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਵੀ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਪ੍ਰਮਾਤਮਾ ਦੇ ਨਾਲ ਲਿਵ ਉਸਦੇ ਮੇਲ ਦੁਆਰਾ ਹੀ ਲੱਗਦੀ ਹੈ। ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਗੁਰਮਤਿ ਤੇ ਪੂਰੇ ਉਤਰ ਕੇ ਹੀ ਪੈਂਦੀ ਹੈ ਜੋ ਕਿ ਆਪਣਾ ਸੱਚਾ ਗਿਆਨ ਬਖ਼ਸ਼ ਕੇ ਹੀ ਭਾਵ ਗੁਰਮਤਿ ਦੀ ਪੂਰੀ ਸੋਝੀ ਪਾ ਕੇ ਫਿਰ ਆਪ ਹੀ ਉਸ ਤੇ ਚਲਾਉਂਦਾ ਹੈ ਤੇ ਇਸ ਤਰ੍ਹਾਂ ਆਪ ਹੀ ਆਪਣੀ ਕੀਮਤ ਪੁਆਉਂਦਾ ਹੈ, ਆਪਣੀ ਜੋਗ ਜੁਗਤਿ ਦੀ ਕੀਮਤ ਪਵਾਉਂਦਾ ਹੈ। ਆਪਣੇ ਆਪ ਉਸਦੀ ਕੀਮਤ ਕੌਣ ਪਾ ਸਕਦਾ ਹੈ। **(ਭੈ ਰਚਿ ਰਹੈ ਨ ਬਾਹਰਿ ਜਾਇ॥ ਕੀਮਤਿ ਕਉਣ ਰਹੈ ਲਿਵ ਲਾਇ॥੫॥)** ਮਨ ਦੇ ਵਿੱਚ ਆਪਣਾ ਸੱਚਾ ਗਿਆਨ ਪਾ ਕੇ, ਪ੍ਰਗਟ ਕਰਕੇ, ਆਪਣੀ ਸੱਚੀ ਸੋਝੀ ਪਾ ਕੇ ਉਹ ਸਾਨੂੰ ਭਰਮਾਂ ਵਿੱਚੋਂ ਹੀ ਕੱਢਦਾ ਹੈ, ਅਗਿਆਨਤਾ ਵਿੱਚੋਂ ਹੀ ਕੱਢਦਾ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ, ਦੂਰੀ ਹੈ ਤੇ ਪ੍ਰਮਾਤਮਾ ਦੇ ਸਾਡੇ ਅੰਦਰ ਹੁੰਦੇ ਹੋਏ ਵੀ ਅਸੀਂ ਉਸਨੂੰ ਜਾਣ ਨਹੀਂ ਸਕਦੇ। ਪ੍ਰਮਾਤਮਾ ਸਾਨੂੰ ਇਸ ਤਰੀਕੇ ਹੀ ਆਪਣੇ ਨਾਲ ਮਿਲਾਉਂਦਾ ਹੈ, ਕੇਵਲ ਆਪਣੀ ਕ੍ਰਿਪਾ ਦੁਆਰਾ ਮਿਲਾਉਂਦਾ ਹੈ ਤੇ ਤਾਂ ਹੀ ਮਨੁੱਖ ਪਰਮ ਪਦ ਦੀ ਪ੍ਰਾਪਤੀ ਕਰਦਾ ਹੈ। ਪਰਮ ਪਦ ਸੱਚੇ ਗਿਆਨ ਦਾ ਪਦ ਹੈ, ਬ੍ਰਹਮਗਿਆਨ ਦਾ ਪਦ ਹੈ ਜਿਸ ਵਿੱਚ ਉਹ ਆਪ ਬ੍ਰਹਮਗਿਆਨੀ ਵਿਚਰਦਾ ਹੈ ਤੇ ਮਨ ਦੇ ਵਿੱਚ ਉਸ ਬ੍ਰਹਮਗਿਆਨੀ ਦੇ ਨਾਲ ਹੀ ਮੇਲ ਹੁੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਆਪੇ ਮੇਲੇ ਭਰਮੁ ਚੁਕਾਏ॥ ਗੁਰ ਪਰਸਾਦਿ ਪਰਮ ਪਦੁ ਪਾਏ॥੬॥)** ਮਨੁੱਖ ਇਸ ਅਵੱਸਥਾ ਦੁਆਰਾ ਹੀ ਸ਼ਬਦ ਦਾ ਵਿਚਾਰੀ ਬਣਦਾ ਹੈ ਗੁਰੂ ਦੀ ਮਤਿ ਦਾ ਵਿਚਾਰੀ ਬਣਦਾ ਹੈ, ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਸੇਵਾ ਦੀ ਸਮਰੱਥਾ ਮਿਲਦੀ ਹੈ। ਉਸਦੀ ਸੇਵਾ ਸਾਡੀ ਸੱਚੀ ਸੁੱਚੀ ਕਿਰਤ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਜੋ ਗੁਰੂ ਦੀ ਸੇਵਾ ਹੈ, ਉਹੀ ਉਸਦਾ ਨਾਮ ਜਪਣਾ ਹੈ ਭਾਵ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਸਾਡੀ ਸੱਚੀ ਸੁੱਚੀ ਕਿਰਤ ਨਾਲ ਹੀ ਹੈ। ਸਾਡੇ ਅੰਦਰ ਦਾ ਭਰਮ ਜਾਣ ਨਾਲ ਹੀ, ਪਰਮ ਪਦ ਦੀ ਪ੍ਰਾਪਤੀ ਦੇ ਨਾਲ ਹੀ ਸਾਡੀ ਹਉਮੈ ਮਰਦੀ ਹੈ, ਸਾਡੀ "ਮੈਂ" ਮਰਦੀ ਹੈ ਕਿਉਂਕਿ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੀ ਹੈ ਤੇ ਮਨੁੱਖ ਭੁਲੇਖੇ ਵਿੱਚ ਹੀ ਸਮਝੀ ਜਾ ਰਿਹਾ ਹੈ ਕਿ ਇਹ "ਮੈਂ" ਹਾਂ, ਇਹ ਮਨੁੱਖਾ ਸਰੀਰ ਮੇਰਾ ਹੈ ਜਦ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਹਰ ਸਰਗੁਣ ਸਰੂਪ ਦਾ ਮਾਲਕ ਉਹ ਆਪ ਹੀ ਹੈ ਜੋ ਸਾਨੂੰ ਬਣਾ ਕੇ ਆਪ ਹੀ ਚਲਾ ਰਿਹਾ ਹੈ। ਅਸੀਂ ਕੇਵਲ ਉਸਦੀਆਂ ਬਣਾਈਆਂ ਹੋਈਆਂ ਕਠਪੁਤਲੀਆਂ ਹੀ ਹਾਂ। ਮਨੁੱਖ ਦੀ ਇਹ "ਹਉਮੈ" ਮਰਨ ਦੇ ਨਾਲ ਹੀ ਸਾਡਾ "ਨਾਮ" ਦੇ ਨਾਲ, ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। "ਨਾਮ" ਸੱਚਾ ਗਿਆਨ ਹੈ ਤੇ "ਹਉਮੈ" ਭਰਮਾਂ ਵਾਲੀ ਸਮਝ ਹੈ। ਭਰਮ ਮਿਟਣ ਤੋਂ ਬਾਅਦ ਕੇਵਲ ਨਾਮ ਹੀ ਰਹਿ ਜਾਂਦਾ ਹੈ, ਪ੍ਰਮਾਤਮਾ ਹੀ ਰਹਿ ਜਾਂਦਾ ਹੈ ਭਾਵ ਸਭ ਵਿੱਚ ਕੇਵਲ ਇੱਕ ਨਾਮ, ਕੇਵਲ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ।

{ਗਇਆ ਭਰਮੁ ਰਹਿਆ ਪਰਮਾਨੰਦਾ॥੩॥੨੦॥}

(ਅੰਗ ੩੨੭)

ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਕੇਵਲ ਨਾਮ ਜਪ ਸਕਦਾ ਹੈ ਭਾਵ ਕੇਵਲ ਗੁਰਮਤਿ ਤੇ ਚੱਲ ਸਕਦਾ ਹੈ, ਉਸਦੀ ਸੱਚੀ ਸੇਵਾ ਕਰ ਸਕਦਾ ਹੈ ਜਿਸ ਵਿੱਚ ਸਾਡੀ ਕਰਨੀ ਸੱਚੀ ਸੁੱਚੀ ਕਿਰਤ ਕਰਨਾ ਭਾਵ ਸਾਡੇ ਜੀਵਨ ਵਿੱਚ ਸਾਡੀ ਚੰਗੀ ਕਰਨੀ ਹੀ ਗੁਰੂ ਦੀ ਸੇਵਾ ਹੈ, ਸ਼ਬਦ ਦਾ ਵਿਚਾਰੀ ਬਣਨਾ ਹੈ, ਆਪਣੀ ਹਉਮੈ ਛੱਡਣਾ ਹੈ ਭਾਵ ਮਨ ਦੀ ਮਾੜੀ ਸਮਝ ਨੂੰ ਛੱਡਣਾ ਹੈ ਤੇ ਗੁਰੂ ਦੀ ਮਤਿ ਅਨੁਸਾਰ ਚੱਲਣਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। **(ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥)**

ਹਉਮੈ ਵਿੱਚ ਸਭ ਕੋਈ ਹੈ ਤੇ ਹਉਮੈ ਵਿੱਚ ਰਹਿੰਦੇ ਹੋਏ ਕੋਈ ਨਾਮ ਨਹੀਂ ਜਪ ਸਕਦਾ। ਹਉਮੈ ਤੇ ਨਾਮ ਕਦੀ ਇੱਕ ਜਗ੍ਹਾ ਨਹੀਂ ਹੋ ਸਕਦੇ। ਭਰਮ ਤੇ ਸੱਚਾ ਗਿਆਨ ਕਦੇ ਇੱਕ ਜਗ੍ਹਾ ਨਹੀਂ ਵੱਸ ਸਕਦੇ। ਜਿਹੜੇ ਮਨ ਵਿੱਚ ਭਰਮ ਹੈ ਉੱਥੇ ਨਾਮ ਨਹੀਂ ਹੈ ਤੇ ਜਿਹੜੇ ਮਨ ਵਿੱਚ ਨਾਮ ਹੈ ਉੱਥੇ ਭਰਮ ਨਹੀਂ ਹੈ। ਸਾਡਾ ਸਾਰਾ ਜਪ, ਤਪ, ਸੰਜਮ, ਪਾਠ ਕਰਨਾ, ਪੁਰਾਣ ਪੜ੍ਹਨਾ ਇਹੋ ਹੀ ਹੈ ਭਾਵ ਇਨ੍ਹਾਂ ਸਭ ਤੋਂ ਮਕਸਦ ਇਹੀ ਹੈ ਕਿ ਅਸੀਂ ਉਸ ਪ੍ਰਮਾਤਮਾ ਨੂੰ ਭਾਵ ਧਰਮ ਗ੍ਰੰਥਾਂ ਵਿੱਚ ਦਿੱਤੀ ਹੋਈ ਉਸਦੀ ਸੱਚੀ ਮਤਿ ਨੂੰ ਮੰਨੀਏ ਭਾਵ ਸੱਚ ਤੇ ਚੱਲੀਏ, ਸੱਚੀ ਕਿਰਤ ਕਰੀਏ ਜੋ ਕਿ ਪ੍ਰਮਾਤਮਾ ਦੀ ਅਸਲ ਭਗਤੀ ਹੈ ਜਿਵੇਂ ਕਿ ਸ਼ਬਦ ਦੇ ਆਖਿਰ ਵਿੱਚ ਸਮਝਾਇਆ ਹੋਇਆ ਹੈ। ਭਗਤੀ ਦੇ ਸੱਚੇ ਮਾਰਗ ਤੇ ਮਨੁੱਖ ਉਦੋਂ ਹੀ ਚੱਲਦਾ ਹੈ ਜਦੋਂ ਉਹ ਇਸ ਗੱਲ ਨੂੰ ਮੰਨ

ਲੈਂਦਾ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਹੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਆਉਂਦੀ ਹੈ ਜੋ ਭਗਤੀ ਦਾ ਮਾਰਗ ਉਹ ਆਪ ਹੀ ਸਮਝਾਉਂਦਾ ਹੈ। **(ਜਪ ਤਪ ਸੰਜਮ ਪਾਠ ਪੁਰਾਣ॥ ਕਹੁ ਨਾਨਕ ਅਪਰੰਪਰ ਮਾਨੁ॥੮॥੬॥)**

{ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥3॥}

(ਅੰਗ 9)

ਜਦ ਤੱਕ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਭਾਵ ਤਦ ਤੱਕ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਆਪਣੀ ਗੁਰਮਤਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ ਜਿਸ ਅਨੁਸਾਰ ਚੱਲਣਾ ਹੀ ਉਸਦਾ ਜਪ ਤਪ ਕਰਨਾ ਹੈ।

ਇਹ ਭਗਤੀ ਦਾ ਮਾਰਗ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਕੇਵਲ ਕਥਨੀ ਦਾ। ਜਦ ਤੱਕ ਸਾਡੀ ਕਥਨੀ ਕਰਨੀ ਵਿੱਚ ਨਹੀਂ ਬਦਲਦੀ ਤਦ ਤੱਕ ਸਾਨੂੰ ਉਸਦਾ ਲਾਭ ਨਹੀਂ ਮਿਲ ਸਕਦਾ।

“ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥
ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ॥”

(ਅੰਗ ੩੦੦)

ਇਸ ਸ਼ਬਦ ਰਾਹੀਂ ਬਾਣੀ ਨੂੰ ਗਾਉਣ ਅਤੇ ਸੁਣਨ ਦਾ ਮਨੋਰਥ ਸਮਝਾਇਆ ਹੋਇਆ ਹੈ। ਕੋਈ ਬਾਣੀ ਨੂੰ ਗਾਉਂਦਾ ਹੈ, ਕੋਈ ਸੁਣਦਾ ਹੈ, ਕੋਈ ਉਸ ਤੇ ਵਿਚਾਰ ਕਰਦਾ ਹੈ ਭਾਵ ਗੁਰੂ ਦੇ ਦਿੱਤੇ ਹੋਏ ਵਿਚਾਰ ਨੂੰ ਸਮਝਦਾ ਹੈ, ਉਸਦੇ ਦਿੱਤੇ ਹੋਏ ਉਪਦੇਸ਼ ਨੂੰ ਸਮਝਦਾ ਹੈ। ਅਸਲ ਗੱਲ ਗੁਰੂ ਦੇ ਉਪਦੇਸ਼ ਨੂੰ, ਵਿਚਾਰ ਨੂੰ ਆਪਣੇ ਅੰਦਰ ਦ੍ਰਿੜ ਕਰਨ ਦੀ ਹੈ, ਤਾਂ ਜੋ ਅਸੀਂ ਉਸ ਤੇ ਅਮਲ ਕਰ ਸਕੀਏ। ਜੇਕਰ ਅਮਲ ਨਹੀਂ ਹੋਇਆ ਤਾਂ ਕੀ ਲਾਭ ਮਿਲਣਾ ਹੈ। ਸਾਡਾ ਉਧਾਰ ਤਾਂ ਉਪਦੇਸ਼ ਨੂੰ ਆਪਣੇ ਅੰਦਰ ਦ੍ਰਿੜ ਕਰਨ ਨਾਲ ਹੀ ਹੋਣਾ ਹੈ। ਗੁਰੂ ਦਾ ਉਪਦੇਸ਼ ਹੀ ਨਾਮ ਹੈ ਤੇ ਇਹੀ ਨਾਮ ਨੂੰ ਆਪਣੇ ਅੰਦਰ ਦ੍ਰਿੜ ਕਰਨਾ ਹੈ। **“ਕੋ ਉਪਦੇਸੈ ਕੋ ਦ੍ਰਿੜੈ”** ਤੋਂ ਭਾਵ ਹੈ ਜੋ ਗੁਰੂ ਦੇ ਵਿਚਾਰ ਨੂੰ, ਉਪਦੇਸ਼ ਨੂੰ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਦ੍ਰਿੜ ਕਰਦਾ ਹੈ।

“ਪਿਤਾ ਹਮਾਰੋ ਵਡ ਗੋਸਾਈ॥
ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ॥
ਸਤਿਗੁਰ ਮਿਲੇ ਤ ਮਾਰਗੁ ਦਿਖਾਇਆ॥
ਜਗਤ ਪਿਤਾ ਮੇਰੈ ਮਨਿ ਭਾਇਆ॥੩॥
ਹਉ ਪੂਤੁ ਤੇਰਾ ਤੂੰ ਬਾਪੁ ਮੇਰਾ॥ ਏਕੈ ਠਾਹਰ ਦੁਹਾ ਬਸੇਰਾ॥
ਕਹੁ ਕਬੀਰ ਜਨਿ ਏਕੋ ਬੂਝਿਆ॥ ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ॥4॥”

(ਅੰਗ ੪੭੬)

ਇਸ ਸ਼ਬਦ ਰਾਹੀਂ ਮਨੁੱਖ ਦੇ ਮਨ ਬਾਰੇ ਚਾਨਣਾ ਪਾਇਆ ਹੋਇਆ ਹੈ। ਜਿਵੇਂ ਕਿ ਪਿਛਲੇ ਕੁੱਝ ਸ਼ਬਦਾਂ ਵਿੱਚ ਅਸੀਂ ਚਰਚਾ ਕੀਤੀ ਹੈ ਕਿ ਆਤਮਾ ਪ੍ਰਮਾਤਮਾ ਇੱਕੋ ਮਨ ਵਿੱਚ ਹੀ ਹਨ ਅਤੇ ਪ੍ਰਮਾਤਮਾ ਨੂੰ ਆਪਣੇ ਮਨ ਦੇ ਵਿੱਚੋਂ ਹੀ ਬੁੱਝਣਾ ਹੈ। ਇੱਥੇ ਪ੍ਰਮਾਤਮਾ ਨੂੰ ਪਿਤਾ ਅਤੇ ਆਤਮਾ ਨੂੰ ਭਾਵ ਮਨੁੱਖ ਨੂੰ ਪੁੱਤਰ ਕਿਹਾ ਗਿਆ ਹੈ। ਦੋਨਾਂ ਦਾ ਬਸੇਰਾ ਭਾਵ ਟਿਕਾਣਾ ਇੱਕੋ ਜਗ੍ਹਾ ਹੀ ਦੱਸਿਆ ਹੈ ਭਾਵ ਮਨ। (ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥ ਏਕੈ ਠਾਹਰ ਦੁਹਾ ਬਸੇਰਾ ॥) ਪ੍ਰਮਾਤਮਾ ਨੂੰ ਆਪਣੇ ਮਨ ਦੇ ਅੰਦਰੋਂ ਗੁਰੂ ਦੀ ਕ੍ਰਿਪਾ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ, ਉਸਦੇ ਮਾਰਗ ਤੇ ਚੱਲ ਕੇ ਹੀ ਬੁੱਝਿਆ ਜਾ ਸਕਦਾ ਹੈ। ਉਸਨੂੰ ਬੁੱਝਿਆ ਤਾਂ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਜਾ ਸਕਦਾ ਹੈ ਪਰ ਸਾਨੂੰ ਘੱਟੋ ਘੱਟ ਇਹ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਉਸਨੇ ਮਿਲਣਾ ਕਿੱਥੇ ਹੈ ਤਾਂ ਜੋ ਅਸੀਂ ਉਸਨੂੰ ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚੋਂ ਖੋਜਣ ਦੀਆਂ ਗੱਲਾਂ ਨਾ ਕਰੀਏ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਨਾਲ ਸਾਨੂੰ ਸੋਝੀ ਪੈਂਦੀ ਹੈ, ਪ੍ਰਮਾਤਮਾ ਦਾ ਭੇਦ ਸਮਝ ਲੱਗ ਜਾਂਦਾ ਹੈ ਤੇ ਉਸ ਤੋਂ ਬਾਅਦ ਸਾਨੂੰ ਕਿਸੇ

ਹੋਰ ਸੋਝੀ ਦੀ ਲੋੜ ਨਹੀਂ ਰਹਿ ਜਾਂਦੀ ਜੋ ਸਾਨੂੰ ਪ੍ਰਮਾਤਮਾ ਬਾਰੇ ਸਮਝਾ ਸਕੇ, ਗੁਰਮਤਿ ਬਾਰੇ ਸਮਝਾ ਸਕੇ। **(ਕਹੁ ਕਬੀਰ ਜਨਿ ਏਕੋ ਬੂਝਿਆ॥ ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ॥)** ਜਿਨ੍ਹਾਂ ਨੇ ਬਾਣੀ ਉਚਾਰੀ ਹੈ ਉਹ ਇਸ ਅੰਦਰ ਦੀ ਸੋਝੀ ਦੁਆਰਾ ਹੀ ਉੱਚਾਰੀ ਹੈ।

“ਮਾਤ ਪਿਤਾ ਭਾਈ ਸੁਤੁ ਬਨਿਤਾ॥ ਚੁਗਹਿ ਚੋਗ ਅਨੰਦ ਸਿਉ ਜੁਗਤਾ॥
ਉਰਝਿ ਪਰਿਓ ਮਨ ਮੀਠ ਮੁੋਹਾਰਾ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ॥੧॥”

(ਅੰਗ ੧੩੪੭)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਜਦ ਤੱਕ ਮਨੁੱਖ ਮਾਇਆ ਦੇ ਰਸਾਂ ਵਿੱਚ ਉਲਝਿਆ ਰਹਿੰਦਾ ਹੈ, ਉਹ ਗੁਰੂ ਦੇ ਗੁਣਾਂ ਤੋਂ ਵਾਂਝਾ ਹੁੰਦਾ ਹੈ। ਮੀਠ ਮੁੋਹਾਰਾ ਤੋਂ ਭਾਵ ਹੈ ਮਿੱਠਾ ਮਹੁਰਾ ਭਾਵ ਮਿੱਠਾ ਜ਼ਹਿਰ। ਹੁਣ ਤਾਂ ਇਹ ਰਸ ਭਾਵ ਮਾਇਆ ਰਸ, ਮਾਇਆ ਦੇ ਸੁੱਖ ਮਿੱਠੇ ਜਾਪਦੇ ਹਨ, ਅਸੀਂ ਇਨ੍ਹਾਂ ਵਿੱਚ ਆਨੰਦ ਮਾਣਦੇ ਹਾਂ, ਹਰ ਕਿਸੇ ਨੂੰ ਇਹ ਚੰਗੇ ਲੱਗਦੇ ਹਨ ਪਰ ਅਸਲ ਵਿੱਚ ਇਹ ਸਾਡੇ ਲਈ ਜ਼ਹਿਰ ਹੁੰਦੇ ਹਨ ਜੋ ਸਾਨੂੰ ਪ੍ਰਮਾਤਮਾ ਤੋਂ ਦੂਰ ਰੱਖਦੇ ਹਨ। ਸਾਨੂੰ ਆਤਮਿਕ ਮੌਤ ਮਾਰਦੇ ਹਨ। ਮਿੱਠੇ ਰਸਾਂ ਦੀ ਪ੍ਰਾਪਤੀ ਲਈ, ਮਾਇਆ ਦੇ ਰਸਾਂ ਦੀ ਪ੍ਰਾਪਤੀ ਲਈ ਹੀ ਅਸੀਂ ਮਾੜੇ ਕਰਮ ਕਰਦੇ ਹਾਂ, ਅਨੇਕਾਂ ਔਗੁਣ ਕਰਦੇ ਹਾਂ। ਪ੍ਰਮਾਤਮਾ ਕੇਵਲ ਗੁਣਾਂ ਦਾ ਗਾਹਕ ਹੈ ਭਾਵ ਚੰਗੇ ਗੁਣ ਧਾਰਨ ਕਰਨ ਅਤੇ ਔਗੁਣ ਛੱਡਣ ਦੁਆਰਾ ਹੀ ਪ੍ਰਮਾਤਮਾ ਦੇ ਨੇੜੇ ਹੋਇਆ ਜਾ ਸਕਦਾ ਹੈ ਕਿਉਂਕਿ ਔਗੁਣ ਰਹਿਤ ਹੋ ਕੇ ਹੀ ਅਸੀਂ ਚੰਗੇ ਕਰਮ ਕਰ ਸਕਦੇ ਹਾਂ। (**ਉਰਝਿ ਪਰਿਓ ਮਨ ਮੀਠ ਮੁੋਹਾਰਾ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ॥**)

{ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥} (ਅੰਗ 8)

“ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥੬੪॥”

(ਅੰਗ ੧੪੨੧)

ਇਸ ਸ਼ਬਦ ਰਾਹੀਂ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੈ ਕਿ ਘਰ ਵਿੱਚ ਹੀ ਆਮ ਜੀਵਨ ਬਤੀਤ ਕਰਦੇ ਹੋਏ, ਗੁਰੂ ਦੇ ਉਪਦੇਸ਼ ਤੇ ਚੱਲਦੇ ਹੋਏ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸਾਰੀ ਗੱਲ ਗੁਰੂ ਦਾ ਉਪਦੇਸ਼ ਮੰਨਣ ਤੇ ਮੁਕਦੀ ਹੈ। ਬਾਕੀ ਸਭ ਉਪਰਾਲੇ ਵਿਅਰਥ ਹੀ ਹਨ। ਗੁਰੂ ਦਾ ਉਪਦੇਸ਼ ਸਾਨੂੰ ਸੱਚੇ ਸੁੱਚੇ ਜੀਵਨ ਵਾਲਾ ਬਨਾਉਣ ਲਈ ਹੈ ਤੇ ਇਸੇ ਤਰੀਕੇ ਹੀ ਪ੍ਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ, ਕਿਤੇ ਭਟਕਣ ਦੀ ਲੋੜ ਨਹੀਂ ਹੈ। ਸਾਡੇ ਉੱਚੇ-ਉੱਚੇ ਵਸਤਰਾਂ ਦੇ ਦਿਖਾਵੇ, ਖਾਸ ਤਰੀਕੇ ਦੀ ਵੇਸਭੂਸ਼ਾ ਕਿਸੇ ਕੰਮ ਨਹੀਂ ਆਉਂਦੀ। (**ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥ ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥**)

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥}

(ਅੰਗ 1383)

“ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ
ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ॥
ਕੀਓ ਸੀਗਾਰੁ ਮਿਲਣ ਕੈ ਤਾਈ
ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ॥੭॥”

(ਅੰਗ 836)

ਇਸ ਸ਼ਬਦ ਰਾਹੀਂ ਗੁਰੂ ਦਾ ਹੁਕਮ ਮੰਨਣਾ ਕਿੰਨਾ ਜ਼ਰੂਰੀ ਹੈ, ਇਸ ਬਾਰੇ ਸੋਝੀ ਪਾਈ ਹੋਈ ਹੈ। ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਧਰਮ ਗ੍ਰੰਥਾਂ ਰਾਹੀਂ ਸਾਨੂੰ ਭਗਤੀ ਦਾ ਮਾਰਗ ਸਮਝਾਉਂਦਾ ਹੈ। ਪ੍ਰਭੂ ਨੇ ਸਾਨੂੰ ਸਮਝਾਇਆ ਕੁੱਝ ਹੋਰ ਹੈ ਤੇ ਅਸੀਂ ਕਰਦੇ ਕੁੱਝ ਹੋਰ ਹਾਂ ਭਾਵ ਗੁਰੂ ਦੇ ਉਪਦੇਸ਼ ਅਨੁਸਾਰ ਨਹੀਂ ਚੱਲਦੇ ਤੇ ਉਸਦੇ ਉਲਟ ਜਿਹੋ ਜਿਹਾ ਭਗਤੀ ਦਾ ਮਾਰਗ ਕੋਈ ਅਪਣਾਉਂਦਾ ਹੈ, ਉਹ ਭਗਤੀ ਦਾ ਝੂਠਾ ਸ਼ਿੰਗਾਰ ਹੈ। (**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**) ਸਾਰੇ ਮਨੁੱਖ ਪ੍ਰਮਾਤਮਾ ਨੂੰ ਪਾਉਣ ਲਈ ਹੀ ਉਪਰਾਲੇ ਕਰਦੇ ਹਨ ਲੇਕਿਨ ਪ੍ਰਮਾਤਮਾ ਉਸਨੂੰ ਹੀ ਮਿਲਦਾ ਹੈ ਜੋ ਉਸਦੇ ਹੁਕਮ ਤੇ ਚੱਲਦਾ ਹੈ। ਪਰ ਜੋ ਉਸਦੇ ਉਪਦੇਸ਼ ਤੇ ਨਹੀਂ ਚੱਲਦੇ ਉਨ੍ਹਾਂ ਦਾ ਸਾਰਾ ਸ਼ਿੰਗਾਰ ਭਾਵ ਸਾਰੇ ਉਪਰਾਲੇ

ਵਿਅਰਥ ਹੀ ਜਾਂਦੇ ਹਨ ਅਤੇ ਮੂੰਹ ਤੇ ਥੁੱਕਾਂ ਹੀ ਪੈਂਦੀਆਂ ਹਨ ਭਾਵ ਪ੍ਰਮਾਤਮਾ ਕੋਲੋਂ ਉਨ੍ਹਾਂ ਨੂੰ ਕੋਈ ਇੱਜ਼ਤ ਨਹੀਂ ਮਿਲਦੀ। ਉਸਦੀ ਸੁਹਾਗਣ ਉਸਦਾ ਹੁਕਮ ਮੰਨ ਕੇ ਹੀ ਬਣਿਆ ਜਾ ਸਕਦਾ ਹੈ, ਉਸਦੇ ਨਾਲ ਮੇਲ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿਛੇ ਵੀ ਕੁੱਝ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। **(ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥)**

“ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ॥
ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ॥
ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ॥੨॥”

(ਅੰਗ ੮੫੧)

ਇਸ ਸ਼ਬਦ ਰਾਹੀਂ ਗੁਰੂ ਨੇ ਬੜਾ ਸਪੱਸ਼ਟ ਆਦੇਸ਼ ਸੁਣਾਇਆ ਹੋਇਆ ਹੈ। ਗੁਰੂ ਦੀ ਸਿੱਖ ਭਾਵ ਗੁਰੂ ਦੀ ਸਿੱਖਿਆ ਭਾਵ ਗੁਰੂ ਦਾ ਉਪਦੇਸ਼ ਸੁਣਨ ਲਈ ਪ੍ਰੇਰਿਆ ਹੈ ਤਾਂ ਕਿ ਅਸੀਂ ਗੁਰੂ ਦੀ ਗੱਲ ਨੂੰ ਸਮਝ ਸਕੀਏ ਅਤੇ ਉਸ ਤੇ ਚੱਲ ਸਕੀਏ ਤੇ ਉਸਨੂੰ ਪਾ ਸਕੀਏ। ਉਸਦੇ ਉਪਦੇਸ਼ ਤੇ ਚੱਲ ਕੇ ਆਪਣਾ ਮਾਨ ਅਭਿਮਾਨ ਖਤਮ ਕਰੀਏ, ਆਪਣੀ ਹਉਮੈ ਖ਼ਤਮ ਕਰੀਏ। ਜੇਕਰ ਸਾਰਾ ਦਿਨ ਉਸਦੀ ਸਿੱਖਿਆ ਨੂੰ ਪੜ੍ਹੀ ਜਾਈਏ, ਸੁਣੀ ਜਾਈਏ ਪਰ ਉਸਨੂੰ ਸਮਝੀਏ ਹੀ ਨਾ ਕਿ ਗੁਰੂ ਨੇ ਸਿੱਖਿਆ ਕੀ ਦਿੱਤੀ ਹੈ ਫਿਰ ਸਿੱਖਿਆ ਸੁਣਨ ਦਾ ਮਕਸਦ ਹੀ ਕੀ ਰਹਿ ਗਿਆ ਤੇ ਜੇਕਰ ਸਮਝ ਵੀ ਲੱਗ ਗਈ ਤੇ ਉਸਨੂੰ ਮੰਨਿਆ ਹੀ ਨਾ ਫਿਰ ਸਮਝਣ ਦਾ ਮਕਸਦ ਹੀ ਕੀ ਰਹਿ ਗਿਆ। ਹਉਮੈ ਨੂੰ ਛੱਡਣਾ ਆਪਣੀ ਮਤਿ ਨੂੰ ਛੱਡਣਾ ਹੈ ਤੇ ਉਹ ਤਾਂ ਹੀ ਛੱਡੀ ਜਾ ਸਕਦੀ ਹੈ ਜਦੋਂ ਗੁਰੂ ਦੀ ਮਤਿ ਨੂੰ, ਸਿੱਖਿਆ ਨੂੰ ਮੰਨ ਲਈਏ। **“ਅੰਮ੍ਰਿਤ”** ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਕਸਦ ਹੈ ਜੋ ਕਿ ਗੁਣੀ ਨਿਧਾਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਨਾਮ ਰੂਪ ਖਜਾਨੇ ਦੇ ਰੂਪ ਵਿੱਚ ਆਪ ਹੀ ਹੈ ਤੇ ਉਸਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇਕਰ ਸਾਡੀ ਹਉਮੈ ਨਿਕਲ ਜਾਵੇਗੀ ਤੇ ਉਹ ਤਾਂ ਨਿਕਲੇਗੀ ਜੇਕਰ ਗੁਰੂ ਦੀ ਸਿੱਖਿਆ ਨੂੰ, ਨਾਮ ਦੀ ਮਤਿ ਨੂੰ ਸੁਣਕੇ ਮੰਨਾਂਗੇ। **(ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥ ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ॥ ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ॥)**

“ਗੁਰ ਕੀ ਕੀਰਤਿ ਜਪੀਐ ਹਰਿ ਨਾਉ॥
ਗੁਰ ਕੀ ਭਗਤਿ ਸਦਾ ਗੁਣ ਗਾਉ॥
ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ॥
ਗੁਰ ਕਾ ਸਬਦੁ ਸਤਿ ਕਰਿ ਮਾਨੁ॥੨॥”

(ਅੰਗ ੮੬੭)

"ਗੁਰੁ ਕੀ ਸੁਰਤਿ" ਤੋਂ ਭਾਵ ਹੈ ਗੁਰੂ ਦਾ ਮਨ, ਗੁਰੂ ਦੀ ਸਮਝ, ਗੁਰੂ ਦੀ ਮਰਜ਼ੀ, ਗੁਰੂ ਦਾ ਗਿਆਨ, ਗੁਰੂ ਦੇ ਸ਼ਬਦਾਂ ਦੀ ਵਿਚਾਰ। ਸਾਡੇ ਅੰਦਰ ਜੋ “ਸੁਰਤਿ” ਹੈ ਉਹ ਸਾਡੀ ਸੋਚ ਹੈ, ਸਾਡੀ ਸਮਝ ਹੈ, ਸਾਡਾ ਮਨ ਹੈ। ਗੁਰੂ ਦੇ ਮਨ ਨੂੰ ਆਪਣੇ ਮਨ ਦੇ ਨਾਲ ਮਿਲਾਉਣਾ ਹੈ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ ਗੁਰੂ ਦੇ ਸ਼ਬਦਾਂ ਦੇ ਵਿਚਾਰਾਂ ਦੇ ਨਾਲ ਮਿਲਾਉਣਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਉਪਦੇਸ਼ ਨੂੰ, ਸ਼ਬਦ ਨੂੰ ਸੱਚ ਕਰਕੇ ਮੰਨੀਏ, ਉਸ ਤੇ ਭਰੋਸਾ ਕਰੀਏ ਤੇ ਆਪਣੇ ਵਿਚਾਰ ਛੱਡੀਏ ਭਾਵ ਗੁਰੂ ਦੀ ਮਤਿ ਨੂੰ ਮੰਨੀਏ ਤੇ ਆਪਣੀ ਮਤਿ ਛੱਡੀਏ। ਇਹ ਕਰਨਾ ਹੀ ਉਸਦਾ ਨਾਮ ਜਪਣਾ ਹੈ ਜਿਸ ਵਿੱਚ ਉਸਦੀ ਭਗਤੀ ਹੈ, ਉਸਦੇ ਗੁਣ ਗਾਉਣੇ ਹਨ। ਅਸੀਂ ਸ਼ਬਦ ਦੇ ਵਿਚਾਰਾਂ ਨੂੰ ਆਪਣੀ ਸੁਰਤਿ ਦੇ ਵਿਚਾਰਾਂ ਨਾਲ ਇੱਕ ਕਰਨਾ ਹੈ ਜਿਸ ਦੁਆਰਾ ਸ਼ਬਦ ਸੁਰਤਿ ਦਾ ਮੇਲ ਹੁੰਦਾ ਹੈ, ਮੇਲ ਵਿਚਾਰਾਂ ਦਾ ਹੀ ਹੋਣਾ ਹੈ ਤੇ ਮਨ ਦੇ ਵਿੱਚ ਹੀ ਹੋਣਾ ਹੈ।

“ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ॥
ਮੁਖੁ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ॥੧॥”

(ਅੰਗ ੯੧੬)

"ਸਿਖਹੁ" ਤੋਂ ਭਾਵ ਹੈ ਸਿੱਖਿਆ ਲਵੋ। ਹਮੇਸ਼ਾਂ ਯਾਦ ਰੱਖੀਏ ਕਿ ਗੁਰੂ ਕੋਲੋਂ ਸਿੱਖਿਆ, ਉਪਦੇਸ਼ ਹੀ ਮਿਲਦਾ ਹੈ ਜੋ ਕਿ ਸਾਡੇ ਲਈ ਹੁਕਮ ਹੀ ਹੁੰਦਾ ਹੈ। "ਸਬਦੁ" ਤੋਂ ਭਾਵ ਹੈ ਗੁਰੂ। ਪੂਰੀ ਪੰਗਤੀ ਤੋਂ ਭਾਵ ਹੈ ਕਿ ਗੁਰੂ ਦੇ ਪਿਆਰਿਓ ਗੁਰੂ ਦੀ ਸਿੱਖਿਆ ਲਵੋ ਭਾਵ ਗੁਰੂ ਦਾ ਉਪਦੇਸ਼ ਹੀ ਤੁਹਾਡਾ ਜਨਮ ਮਰਨ ਦਾ ਆਸਰਾ ਹੈ। ਸਾਡਾ ਜਨਮ ਮਰਨ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ। ਸਾਨੂੰ ਜਨਮ ਮਰਨ ਵਿੱਚ ਰੱਖਣ ਵਾਲੀ, ਸਾਨੂੰ ਜਨਮ ਮਰਣ ਸਮਝਾਉਣ ਵਾਲੀ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ, ਭਰਮਾਂ ਵਾਲੀ, ਹਉਮੈ ਵਾਲੀ ਸਮਝ ਹੈ ਜਿਸ ਵਿੱਚੋਂ ਨਿਕਲਣ ਦਾ ਆਸਰਾ ਗੁਰੂ ਦੀ ਸਿੱਖਿਆ ਹੈ, ਗੁਰੂ ਦੀ ਮਤਿ ਹੈ ਭਾਵ ਗੁਰੂ ਦਾ ਉਪਦੇਸ਼ ਮੰਨ ਕੇ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਮੁੱਖ ਉਜਲਾ ਹੁੰਦਾ ਹੈ ਭਾਵ ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਕੇ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਭਾਵ ਮਨੁੱਖੀ ਸਮਝ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਦਰਗਾਹ ਦੀ ਸਮਝ ਪੈਂਦੀ ਹੈ। ਉਸਦੀ ਸਿੱਖਿਆ ਨੂੰ ਸਿਮਰਨਾ ਹੀ ਗੁਰੂ ਨੂੰ ਸਿਮਰਨਾ ਹੈ। ਗੁਰੂ ਦੀ ਸਿੱਖਿਆ ਨੂੰ ਚੇਤੇ ਰੱਖਣਾ ਹੀ ਗੁਰੂ ਨੂੰ ਚੇਤੇ ਰੱਖਣਾ ਹੈ। (**ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ॥ ਮੁਖੁ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ॥**)

“ਕਰਿ ਆਚਾਰੁ ਸਚੁ ਸੁਖੁ ਹੋਈ॥
ਨਾਮ ਵਿਹੂਣਾ ਮੁਕਤਿ ਕਿਵ ਹੋਈ॥੧੫॥”

(ਅੰਗ ੯੩੧)

ਇੱਥੇ ਇਹ ਗੱਲ ਸਪੱਸ਼ਟ ਕੀਤੀ ਹੋਈ ਹੈ ਕਿ ਮਨੁੱਖ ਦੇ ਸੱਚੇ ਆਚਾਰ ਭਾਵ ਸੱਚੀ ਕਰਨੀ ਦੁਆਰਾ ਹੀ ਸੱਚੁ ਦੀ, ਸੁੱਖ ਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਜਿਸ ਮਨੁੱਖ ਦੀ ਕਰਨੀ ਸੱਚੀ ਨਹੀਂ ਹੈ ਭਾਵ ਜੋ ਵਿਕਾਰਾਂ ਵਿੱਚ ਹੈ ਉਹ ਨਾਮ ਵਿਹੂਣਾ ਹੈ ਭਾਵ ਉਹ ਗੁਰੂ ਦੇ ਗੁਣਾਂ ਤੋਂ ਖਾਲੀ ਹੈ। ਇਹੋ ਜਿਹੇ ਮਨੁੱਖ ਮੁਕਤੀ ਨਹੀਂ ਪਾ ਸਕਦੇ ਭਾਵ ਸਾਡੇ ਸੱਚੇ ਆਚਾਰ ਹੀ ਨਾਮ ਜਪਣਾ ਹੈ, ਸਾਡੀ ਸੱਚੀ ਸੁੱਚੀ ਵਿਚਰਨ ਹੀ ਨਾਮ ਜਪਣਾ ਹੈ ਜੋ ਨਾਮ ਜਪਣ ਦੁਆਰਾ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਅਸੀਂ ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤ ਹੁੰਦੇ ਹਾਂ। (**ਕਰਿ ਆਚਾਰੁ ਸਚੁ ਸੁਖੁ ਹੋਈ॥ ਨਾਮ ਵਿਹੂਣਾ ਮੁਕਤਿ ਕਿਵ ਹੋਈ॥**)

“ਵਿਆਨੋ ਬੋਲੈ ਆਪੇ ਬੂਝੈ॥ ਆਪੇ ਸਮਝੈ ਆਪੇ ਸੂਝੈ॥
ਗੁਰ ਕਾ ਕਹਿਆ ਅੰਕਿ ਸਮਾਵੈ॥ ਨਿਰਮਲ ਸੂਚੇ ਸਾਚੋ ਭਾਵੈ॥
ਗੁਰੁ ਸਾਗਰੁ ਰਤਨੀ ਨਹੀ ਤੋਟ॥ ਲਾਲ ਪਦਾਰਥ ਸਾਚੁ ਅਖੋਟ॥
ਗੁਰਿ ਕਹਿਆ ਸਾ ਕਾਰ ਕਮਾਵਹੁ॥ ਗੁਰ ਕੀ ਕਰਣੀ ਕਾਹੇ ਧਾਵਹੁ॥
ਨਾਨਕ ਗੁਰਮਤਿ ਸਾਚਿ ਸਮਾਵਹੁ॥27॥”

(ਅੰਗ ੯੩੩)

ਗੁਰੂ ਦਾ ਕਹਿਆ ਕੀ ਹੈ ਇਹ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। **"ਗੁਰ ਕਾ ਕਹਿਆ ਅੰਕਿ ਸਮਾਵੈ"** ਤੋਂ ਭਾਵ ਹੈ ਗੁਰੂ ਦਾ ਉਪਦੇਸ਼ ਮਨੁੱਖ ਦੇ ਅੰਦਰ ਸਮਾਵੇ ਭਾਵ ਗੁਰੂ ਦੀ ਗੱਲ ਤੇ ਅਮਲ ਕਰੇ। ਉਹ ਪ੍ਰਮਾਤਮਾ ਆਪ ਸੱਚਾ ਸੁੱਚਾ ਹੈ ਅਤੇ ਉਸਨੂੰ ਸੱਚਾ ਮਨੁੱਖ ਹੀ ਭਾਉਂਦਾ ਹੈ। **"ਲਾਲ ਪਦਾਰਥ"** ਤੋਂ ਭਾਵ ਹੈ ਪ੍ਰਮਾਤਮਾ ਦਾ ਪਦਾਰਥ ਭਾਵ “ਨਾਮ ਪਦਾਰਥ” ਭਾਵ ਗੁਰਮਤਿ ਰੂਪ ਸੱਚਾ ਗਿਆਨ ਨਾਮ ਪਦਾਰਥ ਉਹ ਪਦਾਰਥ ਹੈ ਜਿਸ ਵਿੱਚ ਕੇਵਲ ਸੱਚ ਹੈ, ਜੋ ਪੂਰੀ ਤਰ੍ਹਾਂ ਖੋਟ ਤੋਂ ਰਹਿਤ ਹੈ। ਨਾਮ ਪਦਾਰਥ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਸੱਚੀ ਮਤਿ ਹੈ ਜਿਸ ਵਿੱਚ ਕੋਈ ਖੋਟ ਨਹੀਂ ਹੈ। **(ਲਾਲ ਪਦਾਰਥ ਸਾਚੁ ਅਖੋਟ॥)** “ਲਾਲ” ਪੂਰੀ ਤਰ੍ਹਾਂ ਖੋਟ ਤੋਂ ਰਹਿਤ ਵਸਤੂ ਹੈ ਤੇ ਇਸੇ ਤਰ੍ਹਾਂ ਗੁਰੂ ਦੀ ਸੱਚੀ ਮਤਿ ਭਾਵ ਗੁਰਬਾਣੀ ਇੱਕ “ਲਾਲ” ਦੀ ਤਰ੍ਹਾਂ ਗੁਣਾਂ ਵਾਲੀ ਹੈ ਜਿਸ ਵਿੱਚ ਪੂਰੀ ਤਰ੍ਹਾਂ ਸੱਚ ਹੀ ਹੈ ਜੋ ਹਰ ਭਰਮ ਦੀ ਖੋਟ ਤੋਂ ਰਹਿਤ ਹੈ। ਜਿੱਥੇ ਭਰਮ ਹੁੰਦਾ ਹੈ, ਅਗਿਆਨਤਾ ਹੁੰਦੀ ਹੈ, ਉੱਥੇ ਸੱਚ ਨਹੀਂ ਹੁੰਦਾ। “ਲਾਲ” ਗੁਰੂ ਦਾ ਆਪਣਾ ਰੰਗ ਹੈ ਜੋ ਸੱਚੇ ਗਿਆਨ ਦਾ ਰੰਗ ਹੈ, ਸੱਚੇ ਗੁਣਾਂ ਦਾ ਰੰਗ ਹੈ, ਉਸਦੀ ਸੱਚੀ ਮਤਿ ਦਾ ਰੰਗ ਹੈ। ਜਿਸਨੂੰ ਪ੍ਰਮਾਤਮਾ ਆਪਣੇ ਇਸ ਰੰਗ ਵਿੱਚ ਰੰਗ ਦਿੰਦਾ ਹੈ ਉਸਨੂੰ ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਰੰਗ ਦਿੰਦਾ ਹੈ ਜੋ ਰੰਗ ਫਿਰ ਕਦੇ ਨਹੀਂ ਉੱਤਰਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਲਾਲ ਪਦਾਰਥ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਪਦਾਰਥ ਹੈ ਜਿਸਦੇ ਨਾਲ ਅਸੀਂ ਆਪਣੇ ਆਪ ਨੂੰ ਰੰਗਣ ਦਾ ਉੱਦਮ

ਕਰਨਾ ਹੈ। ਇਸ "ਲਾਲ ਪਦਾਰਥ" ਦਾ ਮਕਸਦ ਸਾਡੀ ਕਰਨੀ ਨੂੰ ਸੱਚਾ ਸੁੱਚਾ ਬਣਾਉਣਾ ਹੈ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਸਾਡੀ ਸੱਚੀ ਸੁੱਚੀ ਕਰਨੀ ਮਨ ਦੇ ਵਿੱਚ ਗੁਰੂ ਦੀ ਸੱਚੀ ਮਤਿ ਵੱਸਣ ਦੁਆਰਾ ਹੀ ਹੋ ਸਕਦੀ ਹੈ। ਬੜਾ ਸਾਫ ਹੁਕਮ ਕੀਤਾ ਹੈ ਕਿ ਅਸੀਂ ਉਹੋ ਜਿਹੀ ਕਰਨੀ ਕਰੀਏ ਭਾਵ ਸਾਡੇ ਕਾਰ ਵਿਹਾਰ ਉਹੋ ਜਿਹੇ ਹੋਣ ਜਿਹੋ ਜਿਹਾ ਗੁਰੂ ਕਹਿੰਦਾ ਹੈ ਭਾਵ ਜੈਸਾ ਉਸਦਾ ਉਪਦੇਸ਼ ਹੈ ਭਾਵ ਪੂਰੀ ਤਰ੍ਹਾਂ ਸੱਚੇ ਸੁੱਚੇ ਕਰਮ ਕਰੀਏ। ਇਹ ਵੀ ਸਮਝਾਇਆ ਹੈ ਕਿ ਇਹੋ ਜਿਹੀ ਸੱਚੀ ਸੁੱਚੀ ਕਰਨੀ ਤੋਂ ਕਿਉਂ ਦੌੜਦੇ ਹੋ ਭਾਵ ਗੁਰੂ ਦੇ ਉਪਦੇਸ਼ ਤੇ ਚੱਲਣਾ ਔਖਾ ਹੈ ਭਾਵ ਮਾਇਆ ਮੋਹ ਵਾਲੀ ਮਤਿ ਛੱਡਣੀ ਔਖੀ ਹੈ ਪਰ ਇਸਨੂੰ ਛੱਡ ਕੇ ਗੁਰਮਤਿ ਤੇ ਚੱਲ ਕੇ ਹੀ ਪ੍ਰਮਾਤਮਾ ਵਿੱਚ ਸਮਾਇਆ ਜਾ ਸਕਦਾ ਹੈ। **(ਗੁਰਿ ਕਹਿਆ ਸਾ ਕਾਰ ਕਮਾਵਹੁ॥ ਗੁਰ ਕੀ ਕਰਣੀ ਕਾਹੇ ਧਾਵਹੁ॥ ਨਾਨਕ ਗੁਰਮਤਿ ਸਾਚਿ ਸਮਾਵਹੁ॥)**

{ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥1॥}

(ਅੰਗ 808)

{ਸੁਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥
ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥
ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥
ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥1॥}

(ਅੰਗ 786)

ਉੱਪਰ ਵਾਲੇ ਸ਼ਬਦ ਵਿੱਚ ਸ਼ਿਵ ਸ਼ਕਤੀ ਦੀ ਗੱਲ ਵੀ ਕੀਤੀ ਹੋਈ ਹੈ ਜੋ ਸਾਡੇ ਮਨ ਦੀ ਅਵੱਸਥਾ ਹੀ ਹੈ, ਮਨ ਦੀ ਸਮਝ ਹੀ ਹੈ ਜਿਸ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਵਿਸਥਾਰ ਨਾਲ ਸਮਝਾਂਗੇ।

"ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ॥
ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ॥੨॥"

(ਅੰਗ ੯੫੪)

ਸਾਡਾ ਸਾਰਾ "ਜਪੁ ਤਪੁ" ਇਹੀ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਮੰਨ ਕੇ ਉਸ ਤੇ ਅਮਲ ਕਰੀਏ, ਆਪਣਾ ਜੀਵਨ ਸੁਧਾਰੀਏ ਭਾਵ ਜੋ ਕੁੱਝ ਗੁਰੂ ਨੂੰ ਚੰਗਾ ਲੱਗਦਾ ਹੈ, ਉਹ ਕੁੱਝ ਕਰੀਏ। ਬਾਕੀ ਦੇ ਸਾਡੇ ਕੀਤੇ ਗਏ ਕਰਮ ਤੇ ਸਰੀਰਕ ਜਪ ਤਪ ਐਵੇਂ ਵਿਅਰਥ ਹੀ ਜਾਂਦੇ ਹਨ। "ਮੰਨਿਆ ਮੰਨਿਐ" ਤੋਂ ਭਾਵ ਹੈ ਕਿ ਗੁਰੂ ਦੀ ਗੱਲ ਮੰਨਣ ਵਾਲਾ ਉਸਨੂੰ ਮੰਨੀਏ ਭਾਵ ਉਸਨੂੰ ਸਮਝੀਏ ਜਿਸ ਨੇ ਪ੍ਰਮਾਤਮਾ ਦੀ ਕਿਰਪਾ ਨਾਲ ਉਸਨੂੰ ਬੁੱਝ ਲਿਆ ਹੈ, ਆਪਣੇ ਅੰਦਰੋਂ ਉਸਨੂੰ ਜਾਣ ਲਿਆ ਹੈ, ਉਸਦੇ ਹੁਕਮ ਨੂੰ ਬੁੱਝ ਲਿਆ ਹੈ, ਜਿਸਨੂੰ ਗੁਰਮਤਿ ਦੀ ਸੋਝੀ ਪੈ ਚੁੱਕੀ ਹੈ। ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਕਿਸੇ ਨੂੰ ਉਹ ਆਪ ਹੀ ਚਲਾ ਸਕਦਾ ਹੈ, ਆਪਣਾ ਹੁਕਮ ਆਪ ਹੀ ਬੁੱਝਾ ਕੇ ਉਸ ਤੇ ਆਪ ਹੀ ਚਲਾਉਂਦਾ ਹੈ। ਉਸਦੇ ਹੁਕਮ ਵਿੱਚ ਰਹਿਣਾ ਹੀ ਉਸਦਾ ਜਪ ਤਪ ਹੈ। **(ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ॥ ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ ॥)**

"ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ॥
ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ॥੬॥
ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ॥
ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ॥੭॥
ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ॥

ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ॥੮॥"

(ਅੰਗ ੧੦੧੫)

ਇਸ ਸ਼ਬਦ ਰਾਹੀਂ ਇਹ ਹੀ ਸਮਝਾਇਆ ਗਿਆ ਹੈ ਕਿ ਉਸ ਸੱਚੇ ਪ੍ਰਮਾਤਮਾ ਨੂੰ ਸੱਚੇ ਬਣ ਕੇ ਹੀ ਪਾਇਆ ਜਾ ਸਕਦਾ ਹੈ। ਉਹ ਆਪ ਸੱਚਾ ਹੈ ਅਤੇ ਉਸਨੂੰ ਆਪਣੇ ਵਰਗੇ ਭਾਵ ਸੱਚੇ ਹੀ ਭਾਉਂਦੇ ਹਨ। ਸੱਚੇ ਆਚਰਨ ਧਾਰਨ ਕੀਤੇ ਬਿਨ੍ਹਾਂ ਉਸਨੂੰ ਨਹੀਂ ਜਪਿਆ ਜਾ ਸਕਦਾ, ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਸੱਚਾ ਹੈ ਤੇ ਉਸਨੂੰ ਉਸਦੇ ਸੱਚੇ ਗਿਆਨ ਨਾਲ ਜੁੜਨ ਦੁਆਰਾ ਹੀ ਪਾਇਆ ਜਾ ਸਕਦਾ ਹੈ। ਪੂਰੀ ਗੁਰਬਾਣੀ ਉਸਦਾ ਸੱਚਾ ਗਿਆਨ ਹੈ ਤੇ ਪ੍ਰਮਾਤਮਾ ਸਾਨੂੰ ਇਸ ਸੱਚੇ ਗਿਆਨ ਦੁਆਰਾ ਆਪਣੇ ਨਾਲ ਮਿਲਾਉਣ ਦਾ ਸੱਦਾ ਦੇ ਰਿਹਾ ਹੈ ਤੇ ਪ੍ਰਮਾਤਮਾ ਦਾ ਇਹ ਸੱਦਾ ਗੁਰਬਾਣੀ ਵਿੱਚ ਪਾਈ ਹੋਈ ਉਸਦੀ ਵਿਚਾਰ ਦੁਆਰਾ ਸੁਣਨਾ ਹੈ। **(ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ॥)**

ਗੁਰਬਾਣੀ ਵਿੱਚ ਪਾਈ ਹੋਈ ਉਸਦੀ ਵਿਚਾਰ ਉਸਦੀ ਮਤਿ ਹੈ, ਜਿਸਨੂੰ ਅਸੀਂ ਸੁਣਨਾ ਹੈ। ਗੁਰੂ ਦੀ ਮਤਿ ਦਾ ਮਕਸਦ ਸਾਨੂੰ ਸੱਚਾ ਬਣਾਉਣ ਲਈ ਹੈ ਤਾਂ ਜੋ ਅਸੀਂ ਉਸ ਸੱਚੇ ਨਾਲ ਬਹਿ ਸਕੀਏ ਭਾਵ ਮਿਲ ਸਕੀਏ। ਉਸ ਸੱਚੇ ਨਾਲ ਸੱਚਾ ਬਣ ਕੇ ਹੀ ਮਿਲਿਆ ਜਾ ਸਕਦਾ ਹੈ ਤੇ ਸੱਚਾ ਬਣ ਕੇ ਹੀ ਉਸ ਨਾਲ ਪਿਆਰ ਜੁੜਦਾ ਹੈ। ਉਹ ਆਪਣੀ ਕ੍ਰਿਪਾ ਦੁਆਰਾ ਹੀ ਕਿਸੇ ਨੂੰ ਸੱਚਾ ਬਣਾਉਂਦਾ ਹੈ। **(ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ॥੬॥)**

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥5॥}

(ਅੰਗ 65)

ਪ੍ਰਮਾਤਮਾ ਕਿਸੇ ਨੂੰ ਸੱਚਾ ਕਿਵੇਂ ਬਣਾਉਂਦਾ ਹੈ, ਸੱਚਾ ਬਣਾ ਕੇ ਆਪਣੇ ਨਾਲ ਕਿਵੇਂ ਮਿਲਾਉਂਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ॥

ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ॥੭॥"

ਗਿਆਨੀ ਅਸਲ ਵਿੱਚ ਇੱਕੋ ਇੱਕ ਗੁਰੂ ਹੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਦੇ ਕੋਲ ਸੱਚਾ ਗਿਆਨ ਹੈ ਤੇ ਪ੍ਰਮਾਤਮਾ ਆਪਣੇ ਇਸ ਸੱਚੇ ਗਿਆਨ ਦੁਆਰਾ, ਉੱਚੇ ਗਿਆਨ ਦੁਆਰਾ ਹੀ ਸਭ ਦੀ ਸੰਭਾਲ ਕਰਦਾ ਹੈ। ਸਭ ਨੂੰ ਦੇਖਣ ਵਾਲਾ, ਦੇਖਣਹਾਰ ਉਹ ਆਪ ਹੀ ਹੈ ਜੋ ਗਿਆਨ ਦਾ ਮਾਲਕ ਹੈ, ਸਭ ਗਿਆਨ ਦਾ ਸ੍ਰੋਤ ਹੈ। ਉਹ ਬ੍ਰਹਮਗਿਆਨੀ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ ਤੇ ਉਹ ਮਨੁੱਖੀ ਰੂਪ ਫਿਰ ਆਪਣੇ ਆਪ ਨੂੰ ਗਿਆਨੀ, ਬ੍ਰਹਮ ਗਿਆਨੀ ਨਹੀਂ ਕਹਿ ਸਕਦਾ। ਜੋ ਗਿਆਨ ਦਾ ਮਾਲਕ ਹੈ ਉਹ ਆਪ ਹੀ ਗੁਰੂ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਗੁਰੂ ਹੈ। **{ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥}** (ਅੰਗ-274) **(ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ॥)** ਉਹ ਗਿਆਨ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਤੇ ਜਿਸਨੂੰ ਉਹ ਸੱਚਾ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚ ਹੀ ਆਪਣਾ ਸੱਚਾ ਗਿਆਨ ਦੇ ਕੇ ਬਣਾਉਂਦਾ ਹੈ। ਆਪਣਾ ਆਪ ਕੇਵਲ ਉਹ ਆਪ ਹੀ ਬੁਝਾਉਂਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਬੁਝਾਉਂਦਾ ਹੈ ਤੇ ਤਾਂ ਹੀ ਕੋਈ ਸੱਚਾ ਬਣ ਸਕਦਾ ਹੈ, ਉਸ ਨਾਲ ਮਿਲ ਸਕਦਾ ਹੈ, ਉਸ ਨਾਲ ਬੈਠ ਸਕਦਾ ਹੈ। ਉਸਦੇ ਨਾਲ ਬੈਠਕ ਮਨ ਦੇ ਵਿੱਚ ਹੀ ਹੁੰਦੀ ਹੈ ਤੇ ਸੱਚ ਦੇ ਵਿੱਚ ਰਲਕੇ ਸੱਚੇ ਰਹਿਣਾ ਹੀ ਉਸਦੇ ਨਾਲ ਮਿਲੇ ਰਹਿਣਾ ਹੈ ਤੇ ਇਸ ਅਵੱਸਥਾ ਦੁਆਰਾ ਹੀ ਸਾਡਾ ਆਪਾ ਮਿਟਦਾ ਹੈ, ਸਾਡੀ ਹਉਮੈ, ਸਾਡੀ "ਮੈਂ" ਸਾਡਾ ਆਪੇ ਦਾ ਮਾਣ ਖ਼ਤਮ ਹੁੰਦਾ ਹੈ, ਸਾਡੀ ਮਨਮਤਿ, ਸਾਡੀ ਅਗਿਆਨਤਾ ਦੂਰ ਹੁੰਦੀ ਹੈ। **(ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ॥੭॥)**

ਗੁਰਬਾਣੀ ਰਾਹੀਂ ਪ੍ਰਮਾਤਮਾ ਸਾਨੂੰ ਆਪਣੇ ਨਾਲ ਮਿਲਣ ਦਾ ਸੱਦਾ ਦੇ ਰਿਹਾ ਹੈ, ਆਪਣੀ ਸ਼ਬਦ ਦੀ ਵਿਚਾਰ ਦੇ ਕੇ ਸਾਨੂੰ ਇਹ ਸਮਝਾ ਰਿਹਾ ਹੈ ਕਿ ਆਪਣੇ ਇਸ ਜੀਵਨ ਦੀ ਸੰਭਾਲ ਕਿਵੇਂ ਕਰਨੀ ਹੈ। ਉਹ ਆਪਣੇ ਗਿਆਨ ਦੁਆਰਾ ਹੀ ਸਭ ਦੀ ਸੰਭਾਲ ਕਰਦਾ ਹੈ ਤੇ ਆਪਣੇ ਸੱਚੇ ਗਿਆਨ ਦੁਆਰਾ ਹੀ ਸਾਨੂੰ ਇਹ ਸਮਝਾ ਰਿਹਾ ਹੈ ਕਿ ਅਸੀਂ ਕਿਸ ਤਰ੍ਹਾਂ ਆਪਣੇ ਜੀਵਨ ਨੂੰ ਸੰਭਾਲਣਾ ਹੈ।ਸਾਡੇ ਜੀਵਨ ਦੀ ਸੰਭਾਲ ਕੇਵਲ ਸੱਚ ਦੁਆਰਾ ਹੀ ਹੋ ਸਕਦੀ ਹੈ, ਸੱਚ ਤੇ ਚੱਲ ਕੇ ਹੋ ਸਕਦੀ ਹੈ ਤੇ ਇਹ ਹੀ

ਸਾਨੂੰ ਪ੍ਰਮਾਤਮਾ ਨੇ ਗੁਰਬਾਣੀ ਰਾਹੀਂ ਸਮਝਾਇਆ ਹੈ ਤੇ ਸਾਨੂੰ ਆਪਣੇ ਨਾਲ ਮਿਲਾਉਣ ਦਾ ਸੱਦਾ ਦਿੱਤਾ ਹੈ ਕਿ ਸੱਚ ਤੇ ਚੱਲੋ ਤੇ ਮੇਰੇ ਨਾਲ ਮਿਲ ਲਵੋ। ਸੱਚ ਤੇ ਚੱਲਣ ਦਾ ਉੱਦਮ ਅਸੀਂ ਆਪ ਹੀ ਕਰਨਾ ਹੈ। ਉਸਦੇ ਨਾਲ ਮੇਲ ਕਿਸ ਰੂਪ ਵਿੱਚ ਹੁੰਦਾ ਹੈ, ਇਹ ਵੀ ਉੱਪਰ ਵਾਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਨਾਲ ਹੀ ਸਮਝਾਇਆ ਹੈ ਤਾਂ ਜੋ ਅਸੀਂ ਉਸਦੇ ਸੱਚੇ ਗਿਆਨ ਨਾਲ ਜੁੜੀਏ, ਗੁਰਬਾਣੀ ਨਾਲ ਭਾਵ ਗੁਰਬਾਣੀ ਦੇ ਵਿਚਾਰਾਂ ਨਾਲ, ਗੁਰਬਾਣੀ ਦੀ ਮਤਿ ਨਾਲ ਜੁੜੀਏ ਭਾਵ ਸੱਚ ਨੂੰ ਮੰਨ ਕੇ ਸੱਚੇ ਸੁੱਚੇ ਕਰਮ ਕਰੀਏ। ਉਹ ਆਪ ਸੱਚਾ ਹੈ ਤੇ ਉਸ ਨੂੰ ਆਪਣੇ ਵਰਗੇ ਹੀ ਭਾਉਂਦੇ ਹਨ, ਸੱਚੇ ਮਨੁੱਖ ਹੀ ਭਾਉਂਦੇ ਹਨ ਤੇ ਸੱਚ ਨਾਲ ਜੁੜਨਾ ਹੀ ਨਾਮ ਨਾਲ ਜੁੜਨਾ ਹੈ **(ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ॥ ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ॥੮॥੧॥੯॥)** ਅੰਗ - 1015

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਣੀਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੮)

ਮਨ ਵਿਚ ਇੱਕ ਵਾਰੀ ਸੱਚ ਵੱਸ ਜਾਵੇ ਤਾਂ ਫਿਰ ਮਨੁੱਖ ਸਦਾ ਹੀ ਸੱਚ ਨਾਲ, ਪ੍ਰਮਾਤਮਾ ਨਾਲ, ਨਾਮ ਨਾਲ ਜੁੜਿਆ ਰਹਿੰਦਾ ਹੈ ਤੇ ਫਿਰ ਦਿਨ ਰਾਤ ਸਦਾ ਉਹ ਸੱਚਾ ਹੀ ਰਹਿੰਦਾ ਹੈ, ਅੱਠੇ ਪਹਿਰ ਸੱਚਾ ਹੀ ਰਹਿੰਦਾ ਹੈ ਤੇ ਹਰ ਵੇਲੇ ਹਰਿ ਹਰਿ ਧਿਆਉਂਦਾ ਹੈ, ਗੁਰਮਤਿ ਨੂੰ ਹਰ ਵੇਲੇ ਆਪਣੇ ਧਿਆਨ ਵਿੱਚ ਰੱਖਦਾ ਹੈ ਤੇ ਗੁਰਮਤਿ ਅਨੁਸਾਰ ਵਿਚਰਦਾ ਹੈ।

“ਮੇਰੈ ਮਨਿ ਰਾਮ ਨਾਮੁ ਜਪਿਓ ਗੁਰ ਵਾਕ॥
ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ
ਦੁਰਮਤਿ ਦੂਜਾ ਭਾਉ ਗਇਓ ਸਭ ਝਾਕ॥੧॥ਰਹਾਉ॥”

(ਅੰਗ ੧੨੯੫)

“ਗੁਰ ਵਾਕ” ਤੋਂ ਭਾਵ ਗੁਰੂ ਦੇ ਉਪਦੇਸ਼ ਨਾਲ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ “ਰਾਮ-ਨਾਮ” ਜਪਣਾ ਸਿਖਾਇਆ ਹੋਇਆ ਹੈ ਜੋ ਕਿ ਗੁਰੂ ਦੇ ਵਾਕ ਨੂੰ ਜਪਣਾ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਵਾਕ ਹੀ ਹਨ ਜਿਨ੍ਹਾਂ ਰਾਹੀਂ ਸਾਨੂੰ ਗੁਰੂ ਨੇ ਆਪਣਾ ਉਪਦੇਸ਼ ਦਿੱਤਾ ਹੈ, ਆਪਣੀ ਸਿੱਖਿਆ ਦਿੱਤੀ ਹੈ। ਅਸਲ ਵਿੱਚ ਗੁਰੂ ਦੇ ਉਪਦੇਸ਼ ਨੂੰ, ਸਿੱਖਿਆ ਨੂੰ ਹੀ ਤੇ ਜਪਣਾ ਹੈ। ਗੁਰੂ ਦਾ ਉਪਦੇਸ਼ ਹੀ ਨਾਮ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਹੀ ਆਪਣੇ ਅੰਦਰ ਧਾਰਨ ਕਰਨਾ ਹੈ ਤੇ ਤਾਂ ਹੀ ਗੁਰੂ ਦੀ ਕ੍ਰਿਪਾ ਨਾਲ ਸਾਡੀ ਮਾੜੀ ਮਤਿ ਦੂਰ ਹੁੰਦੀ ਹੈ। ਆਪਣੀ ਮਤਿ ਨੂੰ ਗੁਰੂ ਦੀ ਮਤਿ ਵਾਲਾ ਬਣਾਉਣਾ ਹੀ ਨਾਮ ਵਾਲਾ ਬਣਨਾ ਹੈ। ਨਾਮ ਦਾ ਮਕਸਦ ਆਪਣੀ ਦੁਰਮਤਿ ਨੂੰ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਗੁਰੂ ਦੀ ਮਤਿ ਅਨੁਸਾਰ ਵਿਚਰ ਸਕੀਏ। ਦੁਰਮਤਿ ਵਿੱਚ ਰਹਿੰਦੇ ਹੋਏ ਅਸੀਂ ਔਗੁਣਾਂ ਨਾਲ ਜੁੜੇ ਰਹਿੰਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ। ਨਾਮ ਦਾ ਮਕਸਦ ਸਾਨੂੰ ਮਾੜੀ ਮਤਿ ਵਿੱਚੋਂ ਕੱਢ ਕੇ ਚੰਗੀ ਮਤਿ ਵਾਲਾ ਬਣਾਉਣ ਨਾਲ ਹੀ ਹੈ, ਗੁਣੀ ਬਣਾਉਣ ਨਾਲ ਹੀ ਹੈ ਤੇ ਉਹ ਅਸੀਂ ਤਾਂ ਹੀ ਬਣਾਂਗੇ ਜੇਕਰ ਗੁਰੂ ਦੀ ਹਰ ਗੱਲ ਨੂੰ, ਗੁਰੂ ਦੀ ਪੂਰੀ ਸਿੱਖਿਆ ਨੂੰ ਮੰਨਾਂਗੇ ਭਾਵ ਜੋ ਕੁੱਝ ਗੁਰੂ ਸਾਨੂੰ ਛੱਡਣ ਲਈ ਕਹਿੰਦਾ ਹੈ ਉਹ ਕੁੱਝ ਛੱਡਾਂਗੇ ਤੇ ਜੋ ਕੁੱਝ ਕਰਨ ਲਈ ਕਹਿੰਦਾ ਹੈ ਉਹ ਕੁੱਝ ਕਰਾਂਗੇ। ਜੋ ਕੁੱਝ ਵੀ ਅਸੀਂ ਗੁਰੂ ਦੀ ਮਤਿ ਦੇ ਉਲਟ ਕਰਦੇ ਹਾਂ ਉਹ ਦੁਰਮਤਿ ਹੈ ਤੇ ਦੁਰਮਤਿ ਛੱਡਣ ਦੁਆਰਾ ਹੀ ਗੁਰਮਤਿ ਵਾਲੇ ਬਣਿਆ ਜਾ ਸਕਦਾ ਹੈ। (**ਮੇਰੈ ਮਨਿ ਰਾਮ ਨਾਮੁ ਜਪਿਓ ਗੁਰ ਵਾਕ॥ ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ ਦੁਰਮਤਿ ਦੂਜਾ ਭਾਉ ਗਇਓ ਸਭ ਝਾਕ॥੧॥ਰਹਾਉ॥**)

“ਭਗਤਿ ਭਗਤਨ ਹੂੰ ਬਨਿ ਆਈ॥
ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ॥੧॥ਰਹਾਉ॥
ਗਾਵਨਹਾਰੀ ਗਾਵੈ ਗੀਤ ॥ਤੇ ਉਧਰੇ ਬਸੇ ਜਿਹ ਚੀਤ॥੧॥
ਪੇਖੇ ਬਿੰਜਨ ਪਰੋਸਨਹਾਰੈ॥ ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ॥੨॥
ਅਨਿਕ ਸ੍ਵਾਂਗ ਕਾਛੇ ਭੇਖਧਾਰੀ॥ ਜੈਸੋ ਸਾ ਤੈਸੋ ਦ੍ਰਿਸਟਾਰੀ॥੩॥
ਕਹਨ ਕਹਾਵਨ ਸਗਲ ਜੰਜਾਰ॥ ਨਾਨਕ ਦਾਸ ਸਚੁ ਕਰਣੀ ਸਾਰ॥੪॥”

(ਅੰਗ ੧੨੯੯)

ਇਸ ਸ਼ਬਦ ਰਾਹੀਂ ਇਹ ਹੀ ਸਮਝਾਇਆ ਗਿਆ ਹੈ ਕਿ ਬਾਣੀ ਪੜ੍ਹ ਕੇ ਉਸ ਤੇ ਅਮਲ ਕੀਤੇ ਬਿਨ੍ਹਾਂ ਲਾਭ ਨਹੀਂ ਮਿਲਦਾ। **"ਪੇਖੇ ਬਿੰਜਨ ਪਰੋਸਨਹਾਰੈ॥"** ਤੋਂ ਭਾਵ ਹੈ ਕਿ ਗੁਰੂ ਦੇ ਭੋਜਨ ਨੂੰ ਭਾਵ ਗੁਰੂ ਦੇ ਉਪਦੇਸ਼ ਨੂੰ ਪੜ੍ਹਿਆ ਤੇ ਸੁਣਿਆ। **"ਜਿਹ ਭੋਜਨੁ ਕੀਨੋ ਤੇ ਤ੍ਰਿਪਤਾਰੈ॥"** ਤੋਂ ਭਾਵ ਹੈ ਜਿਨ੍ਹਾਂ ਨੇ ਉਪਦੇਸ਼ ਨੂੰ ਆਪਣੇ ਅੰਦਰ ਧਾਰਨ ਕੀਤਾ, ਅਮਲ ਕੀਤਾ, ਤ੍ਰਿਪਤੀ ਉਨ੍ਹਾਂ ਦੀ ਹੀ ਹੁੰਦੀ ਹੈ। ਖਾਲੀ ਗੱਲਾਂ ਕਰਨ ਨਾਲ ਕੋਈ ਫਾਇਦਾ ਨਹੀਂ। ਸਾਰੀ ਗੱਲ ਸੱਚੀ ਕਰਨੀ ਦੀ ਹੀ ਹੈ। ਸਾਹਮਣੇ ਪਏ ਭੋਜਨ ਨੂੰ ਵੇਖ ਕੇ ਭੋਜਨ ਭੋਜਨ ਜਪੀ ਜਾਈਏ ਤੇ ਉਸਦਾ ਲਾਭ ਕੀ ਮਿਲਣਾ ਹੈ, ਭੁੱਖ ਤਾਂ ਭੋਜਨ ਖਾ ਕੇ ਹੀ ਉਤਰਨੀ ਹੈ। **(ਕਹਨ ਕਹਾਵਨ ਸਗਲ ਜੰਜਾਰ॥ ਨਾਨਕ ਦਾਸ ਸਚੁ ਕਰਣੀ ਸਾਰ॥੪॥)** ਬਾਣੀ ਵਿੱਚੋਂ ਰੋਜ਼ ਜੇਕਰ ਇਹ ਪੜ੍ਹੀ ਜਾਈਏ ਕਿ ਔਗੁਣ ਛੱਡਣੇ ਚਾਹੀਦੇ ਹਨ, ਮਾੜੇ ਕਰਮ ਨਹੀਂ ਕਰਨੇ ਚਾਹੀਦੇ ਫਿਰ ਇਹੋ ਜਿਹੇ ਪੜ੍ਹਨ ਦਾ ਕੀ ਫਾਇਦਾ ਜੇਕਰ ਅਸੀਂ ਮਾੜੇ ਕਰਮ ਕਰਨੇ ਨਹੀਂ ਛੱਡਣੇ। ਸਾਰੀ ਗੁਰਬਾਣੀ ਦਾ ਸਾਰ ਭਾਵ ਨਿਚੋੜ ਇਹ ਹੈ ਕਿ ਅਸੀਂ ਸੱਚ ਦੁਆਰਾ ਕਰਨੀ ਕਰੀਏ। ਸੱਚੁ ਹੀ ਨਾਮ ਹੈ ਤੇ ਸਾਨੂੰ ਹਰ ਸ਼ਬਦ ਰਾਹੀਂ ਜੋ ਕੁੱਝ ਵੀ ਸਮਝਾਉਂਦੀ ਹੈ, ਉਹ ਸੱਚ ਹੈ ਜਿਸ ਸੱਚੁ ਨੂੰ ਮੰਨਣ ਦੁਆਰਾ ਹੀ ਸਾਡੀ ਕਰਨੀ ਚੰਗੀ ਬਨਣੀ ਹੈ। ਸਚੁ ਨੂੰ ਮੰਨਣਾ ਹੀ ਨਾਮ ਜਪਣਾ ਹੈ ਭਾਵ ਨਾਮ ਜਪਣ ਦਾ ਮਕਸਦ ਆਪਣੀ ਕਰਨੀ ਨੂੰ ਚੰਗਾ ਬਨਾਉਣਾ ਹੈ। ਜੇਕਰ ਗੁਰੂ ਦੀ ਗੱਲ ਨੂੰ ਪੜ੍ਹ ਕੇ, ਸੱਚੁ ਨੂੰ ਪੜ ਕੇ ਮੰਨਣਾ ਹੀ ਨਹੀਂ ਫਿਰ ਗੁਰੂ ਦੀ ਗੱਲ ਪੜਨ ਸੁਣਨ ਦਾ ਮਕਸਦ ਹੀ ਕੀ ਰਹਿ ਗਿਆ। ਗੁਰੂ ਦੇ ਸ਼ਬਦਾਂ ਨੂੰ ਕੇਵਲ ਗਾਈ ਜਾਣਾ ਕਿਸੇ ਗੀਤ ਨੂੰ ਗਾਈ ਜਾਣ ਦੇ ਬਰਾਬਰ ਹੈ ਜਿਸ ਦੁਆਰਾ ਮਨੁੱਖ ਆਪਣੀ ਮਤਿ ਤੋਂ, ਭਾਵੀ ਭਰਮਾਂ ਵਾਲੀ ਮਾੜੀ ਮਤਿ ਤੋਂ ਉਧਰ ਨਹੀਂ ਸਕਦਾ ਭਾਵ ਉਸ ਵਿੱਚੋਂ ਨਿਕਲ ਨਹੀਂ ਸਕਦਾ। ਉਧਰਦਾ ਉਹੀ ਹੈ ਜੋ ਸ਼ਬਦਾਂ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਦਾ ਹੈ ਭਾਵ ਮੰਨਦਾ ਹੈ ਤੇ ਆਪਣੀ ਮਾੜੀ ਮਤਿ ਤੋਂ ਉਧਰਦਾ ਹੈ। **(ਗਾਵਨਹਾਰੀ ਗਾਵੈ ਗੀਤ॥ ਤੇ ਉਧਰੇ ਬਸੇ ਜਿਹ ਚੀਤ॥) (ਕਹਨ ਕਹਾਵਨ ਸਗਲ ਜੰਜਾਰ॥ ਨਾਨਕ ਦਾਸ ਸਚੁ ਕਰਣੀ ਸਾਰ॥)**

"ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ॥
ਸਤਿਅਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥੫॥"

(ਅੰਗ ੧੩੦੯)

ਇਸ ਸ਼ਬਦ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਜੋ ਧਰਮ ਦੇ ਮਾਰਗ ਤੇ ਚੱਲਦੇ ਹਨ ਭਾਵ ਜੋ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲਦੇ ਹਨ ਉਹ ਖਲੋਤੇ, ਉੱਠਦੇ ਬੈਠਦੇ ਭਾਵ ਹਰ ਵੇਲੇ ਪ੍ਰਮਾਤਮਾ ਨੂੰ ਧਿਆਉਂਦੇ ਹਨ ਤੇ ਸਮਝਣ ਦੀ ਗੱਲ ਇਹ ਹੈ ਕਿ ਉਹ ਕਿਸ ਤਰੀਕੇ ਧਿਆਉਂਦੇ ਹਨ। ਹੁਣ ਧਿਆਨ ਨਾਲ ਸਮਝੋ ਕਿ ਅਸੀਂ ਧਿਆਉਣਾ ਕਿਸ ਨੂੰ ਹੈ। ਹਰ ਕੋਈ ਜਾਣਦਾ ਹੈ ਕਿ ਅਸੀਂ ਨਾਮ ਧਿਆਉਣਾ ਹੈ, ਨਾਮ ਜਪਣਾ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਮਝੋ ਕਿ ਸਾਨੂੰ ਕੀ ਧਿਆਉਣ ਲਈ ਸਮਝਾਇਆ ਹੈ। ਸਾਨੂੰ "ਮਾਰਗਿ ਪੰਥਿ" ਧਿਆਉਣ ਲਈ ਸਮਝਾਇਆ ਹੈ ਭਾਵ ਅਸੀਂ ਆਪਣੇ ਅੰਦਰ ਗੁਰੂ ਦੇ ਦੱਸੇ ਹੋਏ ਮਾਰਗ ਨੂੰ, ਗੁਰੂ ਦੇ ਸਮਝਾਏ ਹੋਏ ਰਸਤੇ ਨੂੰ ਆਪਣੇ ਅੰਦਰ ਧਿਆਉਣਾ ਹੈ, ਉੱਠਦੇ ਬੈਠਦੇ ਹੋਏ ਧਿਆਉਣਾ ਹੈ। ਫਿਰ ਕੀ ਸਾਨੂੰ ਹਰ ਵੇਲੇ ਮੁੱਖੋਂ "ਮਾਰਗਿ ਪੰਥ, ਮਾਰਗਿ ਪੰਥ" ਬੋਲੀ ਜਾਣਾ ਚਾਹੀਦਾ ਹੈ। ਗੁਰੂ ਦੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਗੁਰੂ ਸਾਨੂੰ ਨਾਮ ਧਿਆਉਣਾ ਹੀ ਸਮਝਾ ਰਹਿਆ ਹੈ। ਨਾਮ ਸਾਡੇ ਜੀਵਨ ਦਾ ਮਾਰਗ ਦਰਸਕ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਕਿਸ ਤਰੀਕੇ ਵਿਚਰਨਾ ਹੈ ਭਾਵ ਗੁਰੂ ਆਪਣੇ ਨਾਮ ਰਾਹੀਂ, ਸ਼ਬਦਾਂ ਰਾਹੀਂ ਸਾਡੇ ਜੀਵਨ ਦਾ ਮਾਰਗ ਹੀ ਸਮਝਾਉਂਦਾ ਹੈ ਜਿਸ ਮਾਰਗ ਤੇ ਅਸੀਂ ਪੂਰਾ ਜੀਵਨ ਚੱਲਣਾ ਹੈ। ਅਸੀਂ ਆਪਣੇ ਜੀਵਨ ਵਿੱਚ ਸੱਚੇ, ਖਰੇ ਇਨਸਾਨ ਬਣਕੇ ਵਿਚਰਨਾ ਹੈ, ਔਗੁਣ ਰਹਿਤ ਹੋ ਕੇ ਵਿਚਰਨਾ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗਣ ਦੁਆਰਾ ਵਿਚਰੀਏ ਜੋ ਕਿ ਸੰਸਾਰ ਵਿੱਚ ਸਭ ਲਈ ਸਹੀ ਮਾਰਗ ਹੈ। **(ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ॥)** ਇਹੋ ਜਿਹੇ ਖਰੇ ਮਨੁੱਖ ਉੱਠਦੇ ਬੈਠਦੇ ਭਾਵ ਹਰ ਵੇਲੇ ਉਸ ਪ੍ਰਮਾਤਮਾ ਨੂੰ ਧਿਆਉਂਦੇ ਹਨ। ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੈ ਕਿ ਸਤਿਗੁਰੂ ਨੂੰ ਜਪਣਾ ਕੀ ਹੈ ਭਾਵ ਪ੍ਰਮਾਤਮਾ ਨੂੰ ਜਪਣਾ, ਨਾਮ ਜਪਣਾ ਕੀ ਹੈ। ਸਤਿਗੁਰੂ ਦਾ ਬਚਨ ਗੁਰੂ ਹੈ ਤੇ ਗੁਰੂ ਆਪ ਬਚਨ ਹੈ। ਗੁਰੂ ਨੂੰ ਧਿਆਉਣ ਤੋਂ ਭਾਵ ਗੁਰੂ ਦੇ ਬਚਨ ਨੂੰ ਧਿਆਉਣਾ ਹੈ। ਬਚਨ ਗੁਰੂ ਦਾ ਗਿਆਨ ਹੈ, ਉਪਦੇਸ਼ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਧਿਆਉਣਾ ਹੈ ਭਾਵ ਉਸ ਤੇ ਅਮਲ ਕਰਨਾ ਹੈ, ਚੱਲਣਾ ਹੈ। ਇਹ ਹੀ ਧਰਮ ਦਾ ਮਾਰਗ ਹੈ। "ਪਾਧਰੁ" ਤੋਂ ਭਾਵ ਹੈ ਬਿਲਕੁਲ ਪੱਧਰਾ ਭਾਵ ਬਿਲਕੁਲ ਸਾਫ਼, ਸਿੱਧਾ। ਜੋ ਗੁਰੂ ਦੇ ਬਚਨਾਂ ਤੇ ਉਸਦੇ

ਕਹੇ ਅਨੁਸਾਰ ਭਾਵ ਸਿੱਧਾ ਹੋ ਕੇ ਚੱਲਦਾ ਹੈ ਉਹ ਹੀ ਮੁਕਤੀ ਪਾਉਂਦਾ ਹੈ। ਗੁਰੂ ਸਾਨੂੰ ਖਰੇ ਮਨੁੱਖ ਬਣਨ ਲਈ ਹੀ ਪ੍ਰੇਰਦਾ ਹੈ। **(ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥)**

"ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ॥
ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ॥੫॥"

(ਅੰਗ ੧੩੧੧)

ਇਸ ਸ਼ਬਦ ਨੂੰ ਸਿਰਫ਼ ਥੋੜ੍ਹਾ ਜਿਹਾ ਧਿਆਨ ਨਾਲ ਪੜ੍ਹਨ ਨਾਲ ਹੀ ਇਹ ਸਮਝ ਲੱਗ ਜਾਂਦੀ ਹੈ ਕਿ ਹਰਿ ਹਰਿ ਕਰਨਾ ਕੀ ਹੈ। ਇਹ ਇੱਕ ਬਹੁਤ ਵੱਡਾ ਭੁਲੇਖਾ ਹੈ ਜੋ ਆਮ ਕਰਕੇ ਸਾਰਿਆਂ ਦੇ ਵਿੱਚ ਬਣਿਆ ਹੋਇਆ ਹੈ ਕਿਉਂਕਿ ਬਾਣੀ ਵਿੱਚ ਵਾਰ-ਵਾਰ ਹਰਿ ਹਰਿ ਕਰਨ ਦੀ ਗੱਲ ਆਈ ਹੈ। ਹਾਲਾਂਕਿ ਪਿੱਛੇ ਦਿੱਤੇ ਕੁੱਝ ਸ਼ਬਦਾਂ ਵਿੱਚ ਵੀ ਇਹ ਗੱਲ ਸਪੱਸ਼ਟ ਕੀਤੀ ਹੋਈ ਹੈ ਪਰ ਇਸ ਸ਼ਬਦ ਰਾਹੀਂ ਇਹ ਹੋਰ ਵੀ ਸਪੱਸ਼ਟ ਹੈ ਕਿ ਗੁਰੂ ਦੀ ਮਤਿ ਤੇ ਚੱਲਣਾ ਹੀ ਹਰਿ ਹਰਿ ਕਰਨਾ ਹੈ। ਗੁਰਮਤਿ ਨੂੰ ਆਪਣੇ ਧਿਆਨ ਵਿੱਚ ਰੱਖਣਾ ਹੀ ਗੁਰੂ ਨੂੰ, ਹਰਿ ਨੂੰ ਆਪਣੇ ਧਿਆਨ ਵਿੱਚ ਰੱਖਣਾ ਹੈ ਭਾਵ ਜੋ ਗੁਰੂ ਦੀ ਮਤਿ, ਉਪਦੇਸ਼ ਤੇ ਚੱਲਦਾ ਹੈ ਉਹ ਹਰ ਵੇਲੇ ਗੁਰੂ ਪ੍ਰਮਾਤਮਾ ਦੇ ਗੁਣਾਂ ਵਿੱਚ ਰਹਿੰਦਾ ਹੈ ਭਾਵ ਬਿਨ੍ਹਾਂ ਕੁੱਝ ਬੋਲੇ ਹੀ ਹਰਿ ਹਰਿ ਕਰ ਰਿਹਾ ਹੁੰਦਾ ਹੈ **{ਬਿਨੁ ਰਸਨਾ ਉਸਤਤਿ ਕਰਾਈ॥23॥}** ਅੰਗ - 910 । "ਹਰਿ" ਤੋਂ ਭਾਵ ਹੈ ਹਰਿ ਦੀ ਦਿੱਤੀ ਹੋਈ ਮਤਿ ਭਾਵ ਗੁਰਮਤਿ। "**ਹਰਿ**" ਆਪ ਆਪਣੀ ਗੁਰਮਤਿ ਦੇ ਰੂਪ ਵਿੱਚ ਹੀ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ। ਪੂਰੀ ਗੁਰਬਾਣੀ "ਹਰਿ ਸਰੁ" ਹੈ ਭਾਵ ਪ੍ਰਮਾਤਮਾ ਦਾ ਸਰੋਵਰ ਹੈ ਜੋ ਕਿ ਨਾਮ ਦਾ ਸਰੋਵਰ ਹੈ, ਗੁਰਮਤਿ ਰੂਪ ਸੱਚੇ ਗਿਆਨ ਦਾ ਸਰੋਵਰ ਹੈ, ਅੰਮ੍ਰਿਤ ਸਰੋਵਰ ਹੈ ਜਿਸ ਦੀ ਅਸੀਂ ਸੇਵਾ ਕਰਨੀ ਹੈ, ਉਸਦੇ ਵਿੱਚੋਂ ਗੁਰਮਤਿ ਰੂਪ ਸੱਚਾ ਗਿਆਨ ਲੈ ਕੇ ਉਸਨੂੰ ਆਪਣੇ ਅੰਦਰ ਧਿਆਉਣਾ ਹੈ ਤੇ ਗੁਰਮਤਿ ਦੇ ਵਿਚਾਰਾਂ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਮਿਲਦਾ ਹੈ, ਉਸਦੇ ਨਾਲ ਮੇਲ ਹੁੰਦਾ ਹੈ। (**ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ॥ ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ॥੫॥**)

"ਰਾਮ ਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ॥
ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ॥੪॥"

(ਅੰਗ ੧੩੨੬)

ਇਸ ਸ਼ਬਦ ਰਾਹੀਂ ਵੀ ਇਹ ਬੜਾ ਖੋਲ੍ਹ ਕੇ ਸਮਝਾਇਆ ਹੈ ਕਿ ਸਾਰੀ ਪ੍ਰਾਪਤੀ ਗੁਰੂ ਦੇ ਬਚਨਾਂ ਨੂੰ ਮੰਨਣ ਦੁਆਰਾ ਹੀ ਹੈ। ਪ੍ਰਮਾਤਮਾ ਦੇ ਨਾਮ ਦੀ ਵੱਥ, "ਨਾਮ ਪਦਾਰਥ", ਪ੍ਰਮਾਤਮਾ ਨੇ ਗੁਰੂ ਦੇ ਕੋਲ ਰੱਖਿਆ ਹੋਇਆ ਹੈ ਭਾਵ ਪੂਰੀ ਗੁਰਬਾਣੀ ਵਿੱਚ ਰਤਨ ਵਥੁ ਹੀ ਹੈ, ਨਾਮ ਵਥੁ ਹੀ ਹੈ। ਸਾਧੂ ਤੋਂ ਭਾਵ ਹੈ ਗੁਰੂ। ਗੁਰੂ ਕੋਲ ਰੱਖਣ ਤੋਂ ਭਾਵ ਹੈ ਸਭ ਕੁੱਝ ਗੁਰੂ ਦੇ ਗਿਆਨ ਰਾਹੀਂ ਸਮਝਾਇਆ ਹੋਇਆ ਹੈ। ਗੁਰੂ ਦਾ ਬਚਨ ਹੀ ਗੁਰੂ ਹੈ ਅਤੇ ਜੋ ਗੁਰੂ ਦੇ ਬਚਨ ਨੂੰ ਬਿਲਕੁਲ ਸਤਿ ਕਰਕੇ ਮੰਨਦਾ ਹੈ ਭਾਵ ਉਸ ਤੇ ਅਮਲ ਕਰਦਾ ਹੈ, ਨਾਮ ਵੱਥ ਗੁਰੂ ਉਸਦੇ ਅੱਗੇ ਹੀ ਕੱਢ ਕੇ ਰੱਖਦਾ ਹੈ ਭਾਵ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ ਹੀ ਨਾਮ ਮਿਲ ਸਕਦਾ ਹੈ। ਨਾਮ ਦੀ ਪ੍ਰਾਪਤੀ ਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦਾ ਇਹੋ ਹੀ ਇੱਕੋ ਇੱਕ ਸਾਧਨ ਹੈ। (**ਰਾਮ ਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ॥ ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ॥੪॥**)

"ਤਾ ਕਾ ਕਹਿਆ ਦਰਿ ਪਰਵਾਣੁ॥
ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ॥੧॥
ਕਿਆ ਕਹੀਐ ਸਰਬੇ ਰਹਿਆ ਸਮਾਇ॥
ਜੋ ਕਿਛੁ ਵਰਤੈ ਸਭ ਤੇਰੀ ਰਜਾਇ॥੧॥ਰਹਾਉ॥
ਪ੍ਰਗਟੀ ਜੋਤਿ ਚੂਕਾ ਅਭਿਮਾਨੁ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ॥੨॥
ਕਲਿ ਮਹਿ ਆਇਆ ਸੋ ਜਨੁ ਜਾਣੁ॥ ਸਾਚੀ ਦਰਗਹ ਪਾਵੈ ਮਾਣੁ॥੩॥

ਕਹਣਾ ਸੁਨਣਾ ਅਕਥ ਘਰਿ ਜਾਇ॥
ਕਥਨੀ ਬਦਨੀ ਨਾਨਕ ਜਲਿ ਜਾਇ॥੪॥"

(ਅੰਗ ੧੩੨੯)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰਾਂਗੇ ਤਾਂ ਬਹੁਤ ਕੁੱਝ ਸਮਝ ਆ ਜਾਵੇਗਾ।

"ਤਾ ਕਾ ਕਹਿਆ ਦਰਿ ਪਰਵਾਨੁ॥
ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਨੁ॥੧॥"

"ਤਾ ਕਾ ਕਹਿਆ ਦਰਿ ਪਰਵਾਨੁ" ਤੋਂ ਭਾਵ ਹੈ ਕਿ ਪ੍ਰਮਾਤਮਾ ਦੇ ਦਰਿ ਤੇ ਉਹੋ ਜਿਹਾ ਕਹਿਆ ਪਰਵਾਨ ਹੁੰਦਾ ਹੈ ਜਿਹੋ ਜਿਹਾ ਉਸਨੇ ਆਪ ਸਾਨੂੰ ਕਹਿਣ ਲਈ ਸਮਝਾਇਆ ਹੈ। ਕਿਸੇ ਹੋਰ ਦੀ ਮਤਿ ਉਸ ਦੇ ਦਰਿ ਤੇ ਪਰਵਾਨ ਨਹੀਂ ਹੋ ਸਕਦੀ ਕਿਉਂਕਿ ਆਪਣੀ ਆਪਣੀ ਭਰਮਾਂ ਵਾਲੀ ਮਤਿ ਦੇਣ ਵਾਲੇ ਬਹੁਤ ਹਨ। ਪ੍ਰਮਾਤਮਾ ਦੇ, ਗੁਰੂ ਦੇ ਕਹੇ ਅਨੁਸਾਰ ਅਸੀਂ ਤਾਂ ਹੀ ਚੱਲ ਸਕਦੇ ਹਾਂ ਜੇਕਰ ਪਹਿਲਾਂ ਗੁਰੂ ਦੀ ਗੱਲ ਨੂੰ ਸਮਝੀਏ ਕਿ ਉਸਨੇ ਸਾਨੂੰ ਕਿਹੋ ਜਿਹਾ ਕਹਣ ਭਾਵ ਕਿਹੋ ਜਿਹਾ ਆਖਣ ਸਮਝਾਇਆ ਹੈ। ਪ੍ਰਮਾਤਮਾ ਦਾ ਕਹਣ, ਆਖਣ, ਉਸਦਾ ਜਪ ਜਪਣਾ ਸਾਡੇ ਜੀਵਨ ਦਾ ਮਾਰਗ ਹੈ, ਜੋ ਸਾਡੇ ਜੀਵਨ ਦੀ ਵਿਚਰਨ ਹੈ ਜੋ ਅਸੀਂ ਆਪਣੇ ਜੀਵਨ ਵਿੱਚ ਅਪਨਾਉਣੀ ਹੈ। ਪ੍ਰਮਾਤਮਾ ਦੇ ਦਰਿ ਤੇ ਸਾਡਾ ਕਿਹੋ ਜਿਹਾ "ਕਹਣ", "ਆਖਣ" ਪਰਵਾਣ ਹੁੰਦਾ ਹੈ, ਇਹੋ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਸ ਪੰਗਤੀ ਰਾਹੀਂ ਸਾਡੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਰਾਹੀਂ ਅਸੀਂ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਭਾਵ ਉਸਦਾ ਆਖਣਿ ਸਮਝ ਸਕਦੇ ਹਾਂ ਤੇ ਉਸ ਤੇ ਅਮਲ ਕਰ ਸਕਦੇ ਹਾਂ

"ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਨੁ॥"

"ਬਿਖੁ" ਅਤੇ ਅੰਮ੍ਰਿਤ ਵਿੱਚ ਕੋਈ ਭੇਦ ਨਾ ਸਮਝੀਏ, ਦੋਨਾਂ ਨੂੰ ਇੱਕੋ ਜਿਹਾ ਸਮਝੀਏ। **(ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਨੁ॥੧॥)** "ਬਿਖੁ" ਦਾ ਤੇ "ਅੰਮ੍ਰਿਤੁ" ਦਾ ਭੇਦ ਸਮਝ ਆਇ ਬਿਨ੍ਹਾਂ ਸਾਨੂੰ ਅਸਲੀਅਤ ਦੀ ਸਮਝ ਨਹੀਂ ਲੱਗ ਸਕਦੀ ਕਿ ਪ੍ਰਮਾਤਮਾ ਨੂੰ ਕਿਸ ਤਰੀਕੇ ਜਪੀਏ ਜੋ ਉਸ ਦੀ ਮਰਜ਼ੀ ਅਨੁਸਾਰ ਹੋਵੇ। ਬਿਖੁ, ਅੰਮ੍ਰਿਤ ਦਾ ਭੇਦ ਜਾਣ ਕੇ ਹੀ ਸਾਨੂੰ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦਾ ਆਖਣ ਕੀ ਹੈ ਜੋ ਕਿ ਉਹ ਆਪ ਹੀ ਸਮਝਾਉਂਦਾ ਹੈ। ਭੇਦ ਸਾਡੇ ਮਨ ਦੇ ਵਿੱਚ ਹੀ ਹੈ। "ਬਿਖੁ" ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਮਨ ਦੀ ਮਾਇਆ ਵਾਲੀ ਜੁਗਤਿ ਹੈ, "ਹਉਮੈ" ਵਾਲੀ ਅਵੱਸਥਾ ਹੈ ਜੋ ਸਾਨੂੰ ਮਨ ਦੇ ਵਿਚਾਰਾਂ ਰਾਹੀਂ, ਮਨ ਦੀ ਸਮਝ ਰਾਹੀਂ ਭਰਮਾਂ ਵਿੱਚ ਪਾ ਕੇ ਰੱਖਦੀ ਹੈ, ਮਾਇਆ ਮੋਹ ਵਿੱਚ ਰੱਖਦੀ ਹੈ ਤੇ "ਅੰਮ੍ਰਿਤੁ" ਚੌਥੇ ਪਦ ਦੀ ਅਵੱਸਥਾ ਹੈ, ਨਾਮ ਵਾਲੀ ਅਵੱਸਥਾ ਹੈ, ਸੱਚੇ ਗਿਆਨ ਦੀ ਅਵੱਸਥਾ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਸਾਡੇ ਅੰਦਰ ਹੀ "ਬਿਖੁ" ਹੈ ਤੇ ਸਾਡੇ ਅੰਦਰ ਹੀ "ਅੰਮ੍ਰਿਤੁ" ਹੈ। ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਾਨੂੰ ਗਿਆਨ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ ਪਰ ਇਸਦੀ ਸਮਝ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ, ਅਸੀਂ ਮਾਇਆ ਮੋਹ ਵਿੱਚ ਹਾਂ, ਭਰਮਾਂ ਵਿੱਚ ਹਾਂ, ਦੁਬਿਧਾ ਵਿੱਚ ਹਾਂ ਤਦ ਤੱਕ ਇਸ ਗੱਲੋਂ ਬੇਸਮਝ ਹਾਂ ਕਿ ਪ੍ਰਮਾਤਮਾ ਦਾ ਆਖਣ ਕੀ ਹੈ, ਉਸਨੂੰ ਜਪਣਾ ਕੀ ਹੈ। ਜਦ ਤੱਕ ਤ੍ਰੈਗੁਣਾਂ ਵਾਲੀ ਸਮਝ ਦਾ ਮੇਲ ਚੌਥੇ ਪਦ ਦੀ ਸਮਝ ਦੇ ਨਾਲ ਨਹੀਂ ਹੁੰਦਾ ਤਦ ਤੱਕ ਸਾਡੀ ਅਗਿਆਨਤਾ ਦੂਰ ਨਹੀਂ ਹੁੰਦੀ, ਸਾਨੂੰ ਬਿਖ ਵਿੱਚ ਤੇ ਅੰਮ੍ਰਿਤ ਵਿੱਚ ਉਹ ਇੱਕੋ ਇੱਕ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ। ਸਾਡੇ ਜੀਵਨ ਦਾ ਮਕਸਦ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਕੇ ਚੌਥੇ ਪਦ ਵਿੱਚ ਪਹੁੰਚਣ ਦਾ ਹੈ ਭਾਵ ਹਉਮੈ ਵਿੱਚੋਂ ਨਿਕਲ ਕੇ ਨਾਮ ਨਾਲ ਜੁੜਣ ਦਾ ਹੈ ਭਾਵ ਮਨ ਦੀ ਬਿਖ ਨੂੰ ਤੇ ਅੰਮ੍ਰਿਤ ਨੂੰ ਇੱਕ ਕਰਨ ਦਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਆਪਣੀ ਬਿਖ ਵਿੱਚੋਂ ਨਿਕਲੀਏ ਤੇ ਗੁਰੂ ਦੇ ਸਮਝਾਏ ਹੋਏ ਸੱਚੇ ਗਿਆਨ ਨਾਲ ਜੁੜੀਏ, ਨਾਮ ਨਾਲ ਜੁੜੀਏ ਤਾਂ ਜੋ ਅਸੀਂ ਆਪਣੇ ਅੰਦਰੋਂ ਹੀ ਅੰਮ੍ਰਿਤ ਨੂੰ ਜਾਣ ਸਕੀਏ, ਪ੍ਰਮਾਤਮਾ ਨੂੰ ਜਾਣ ਸਕੀਏ। ਆਪਣੇ ਅੰਦਰੋਂ ਅੰਮ੍ਰਿਤ ਰੂਪ ਪ੍ਰਮਾਤਮਾ ਨੂੰ ਜਾਨਣਾ ਹੀ ਬਿਖ ਅੰਮ੍ਰਿਤ ਨੂੰ ਇੱਕ ਕਰਨਾ ਹੈ ਭਾਵ ਹਉਮੈ ਵਾਲੇ ਵਿਚਾਰਾਂ ਨੂੰ ਨਾਮ ਵਾਲੇ ਵਿਚਾਰਾਂ ਨਾਲ ਇੱਕ ਕਰਨਾ ਹੈ। ਹਰ ਕੋਈ ਭਾਵੇਂ ਤ੍ਰੈਗੁਣਾਂ ਵਿੱਚ ਹੈ ਪਰ ਅਸਲ ਵਿੱਚ ਇਸ ਅਵੱਸਥਾ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਜੋ ਸਾਨੂੰ ਭਰਮ ਵਿੱਚ ਰੱਖ ਕੇ ਚਲਾ ਰਿਹਾ ਹੈ। ਜਦੋਂ ਸਾਡੇ ਅੰਦਰ ਤ੍ਰੈਗੁਣਾਂ ਦਾ ਤੇ ਚੌਥੇ ਪਦ ਦਾ ਭੇਦ ਮਿਟ ਜਾਂਦਾ ਹੈ ਫਿਰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ, ਹਰ ਸਰਗੁਣ ਸਰੂਪ ਵਿੱਚ ਇੱਕੋ

ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। (**ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ॥**) ਜਦੋਂ ਅਸੀਂ ਇਹ ਆਖਣ ਜੋਗੇ ਹੋ ਜਾਈਏ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਤਾਂ ਫਿਰ ਸਾਡਾ ਇਹੋ ਜਿਹਾ ਕਿਹਾ ਹੋਇਆ ਪ੍ਰਮਾਤਮਾ ਨੂੰ ਭਾਉਂਦਾ ਹੈ ਤੇ ਅਸੀਂ ਉਸਦੇ ਦਰ ਤੇ ਪ੍ਰਵਾਨ ਹੁੰਦੇ ਹਾਂ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦੇ ਸਾਨੂੰ ਪ੍ਰਮਾਤਮਾ ਦਾ ਆਖਣ ਸਮਝ ਨਹੀਂ ਆ ਸਕਦਾ ਕਿਉਂਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਇਹ ਸਮਝ ਆਏ ਬਿਨ੍ਹਾਂ ਪ੍ਰਮਾਤਮਾ ਦਾ ਆਖਣ ਸਾਡੀ ਸਮਝ ਤੋਂ ਬਾਹਰ ਹੈ।

“ਕਿਆ ਕਹੀਐ ਸਰਬੇ ਰਹਿਆ ਸਮਾਇ॥
ਜੋ ਕਿਛੁ ਵਰਤੈ ਸਭ ਤੇਰੀ ਰਜਾਇ॥੧॥ ਰਹਾਉ॥”

ਗੁਰਬਾਣੀ ਸਾਨੂੰ ਵਾਰ-ਵਾਰ ਇਹ ਗੱਲ ਸਮਝਾ ਰਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਅਸੀਂ ਇਹ ਗੱਲ ਕਹਿ ਨਹੀਂ ਸਕਦੇ ਭਾਵ ਉੱਪਰੋਂ ਉੱਪਰੋਂ ਭਾਵੇਂ ਕਹੀ ਜਾਈਏ ਪਰ ਅਸੀਂ ਪੂਰੇ ਵਿਸ਼ਵਾਸ ਨਾਲ ਕਦੇ ਇਹ ਗੱਲ ਨਹੀਂ ਕਹਿ ਸਕਦੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਭ ਕੁੱਝ ਦੇ ਵਿੱਚ ਅਸੀਂ ਖੁਦ ਵੀ ਆਉਂਦੇ ਹਾਂ ਤੇ ਜਦ ਤੱਕ ਆਪਣੇ ਆਪ ਦੀ ਸੋਝੀ ਨਹੀਂ ਪੈਂਦੀ ਕਿ ਅਸੀਂ ਆਪ ਕੀ ਹਾਂ, ਅਸੀਂ ਕਿਸੇ ਹੋਰ ਨੂੰ ਪ੍ਰਮਾਤਮਾ ਦਾ ਰੂਪ ਨਹੀਂ ਕਹਿ ਸਕਦੇ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ, ਬਿਖ ਵਿੱਚ ਰਹਿੰਦੇ ਹੋਏ, ਮਾਇਆ ਵਿੱਚ ਰਹਿੰਦੇ ਹੋਏ ਸਾਨੂੰ ਇਸ ਗੱਲ ਦੀ ਸਮਝ ਵੀ ਨਹੀਂ ਲੱਗ ਸਕਦੀ ਕਿਉਂਕਿ ਤ੍ਰੈਗੁਣਾਂ ਦੀ ਅਵੱਸਥਾ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣਾ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਨੂੰ ਉਸ “ਅੰਮ੍ਰਿਤੁ” ਦੀ ਦਾਤਿ ਸਮਝਕੇ, ਉਸ ਦਾ ਆਪਣਾ ਹੀ ਰੂਪ ਸਮਝ ਕੇ ਨਹੀਂ ਜਾਣਦੇ, “ਬਿਖੁ” ਦੇ ਵਿੱਚ ਵੀ ਉਸ “ਅੰਮ੍ਰਿਤੁ” ਦੀ ਹੋਂਦ ਨਹੀਂ ਸਮਝਦੇ ਤਦ ਤੱਕ ਅਸੀਂ ਸਭ ਵਿੱਚ ਪ੍ਰਮਾਤਮਾ ਨੂੰ ਨਹੀਂ ਵੇਖ ਸਕਦੇ ਤੇ ਨਾ ਹੀ ਅਸੀਂ ਉਸ ਪ੍ਰਮਾਤਮਾ ਨੂੰ ਉਸ ਤਰੀਕੇ ਨਾਲ ਜਪ ਸਕਦੇ ਹਾਂ, ਉਸਦੀ ਰਜ਼ਾ ਅਨੁਸਾਰ ਜਪ ਸਕਦੇ ਹਾਂ ਜਿਸ ਦੁਆਰਾ ਉਸਨੂੰ ਚੰਗਾ ਲੱਗਦਾ ਹੈ ਤੇ ਨਾ ਹੀ ਇਸ ਗੱਲ ਨੂੰ ਸਮਝ ਸਕਦੇ ਹਾਂ ਜੋ ਕੁੱਝ ਵੀ ਸਾਰੀ ਸ੍ਰਿਸ਼ਟੀ ਵਿੱਚ ਹੋ ਰਹਿਆ ਹੈ ਉਹ ਸਭ ਪ੍ਰਮਾਤਮਾ ਦੀ ਰਜ਼ਾ ਦੁਆਰਾ ਹੀ ਹੋ ਰਹਿਆ ਹੈ। (**ਕਿਆ ਕਹੀਐ ਸਰਬੇ ਰਹਿਆ ਸਮਾਇ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ॥੧॥ ਰਹਾਉ॥**) ਉਸਨੂੰ ਜਪਣ ਦੀ ਸੋਝੀ ਵੀ ਚੌਥੇ ਪਦ ਵਿੱਚ ਪੈਂਦੀ ਹੈ ਤੇ ਆਪਣਾ ਮਾਰਗ ਸਮਝਾ ਕੇ ਉਸ ਤੇ ਚਲਾਉਂਦਾ ਵੀ ਉਹ ਆਪ ਹੀ ਹੈ। ਸਾਡੇ ਮਨ ਦੀ ਇਹ ਅਵੱਸਥਾ, ਚੌਥੇ ਪਦ ਦੀ ਅਵੱਸਥਾ ਕਿਵੇਂ ਬਣਦੀ ਹੈ ਇਹ ਹੀ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਪ੍ਰਗਟੀ ਜੋਤਿ ਚੂਕਾ ਅਭਿਮਾਨੁ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ॥੨॥”

ਹੁਣ ਧਿਆਨ ਨਾਲ ਸਮਝੋ ਕਿ ਨਾਮ ਕੀ ਹੈ, ਕਿਵੇਂ ਮਿਲਦਾ ਹੈ ਤੇ ਕੌਣ ਦਿੰਦਾ ਹੈ। ਜਿਨ੍ਹਾਂ ਨੇ ਸਾਨੂੰ ਨਾਮ ਸਮਝਾਉਣ ਵਿੱਚ ਭਰਮਾਂ ਵਿੱਚ ਪਾਇਆ ਹੋਇਆ ਹੈ ਉਹ ਹੋਰ ਵੀ ਧਿਆਨ ਨਾਲ ਸਮਝਣ ਤਾਂ ਜੋ ਦੂਸਰਿਆਂ ਨੂੰ ਭਰਮਾਂ ਵਿੱਚ ਨਾ ਪਾਉਣ। ਜੋਤਿ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਮਨ ਦੇ ਰੂਪ ਵਿੱਚ ਹੈ। ਸਭ ਦੇ ਅੰਦਰ ਪ੍ਰਮਾਤਮਾ ਆਪਣੀ ਜੋਤਿ ਦੁਆਰਾ ਹੀ ਵਰਤ ਰਿਹਾ ਹੈ। ਜੋਤਿ ਦਾ ਮਕਸਦ ਸਾਡੇ ਅੰਦਰ ਚਾਨਣ ਕਰਨ ਦਾ ਹੈ, ਗਿਆਨ ਦੇਣ ਦਾ ਹੈ।

{ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥}

(ਅੰਗ ੧੩)

ਪ੍ਰਮਾਤਮਾ ਸਾਡੇ ਅੰਦਰ ਜੋਤਿ ਰੂਪ ਵਿੱਚ ਭਾਵ ਗਿਆਨ ਰੂਪ ਵਿੱਚ ਵਿਚਰਦਾ ਹੈ ਤੇ ਆਪਣੇ ਗਿਆਨ ਰੂਪ ਦੁਆਰਾ ਹੀ ਸਾਡੇ ਅੰਦਰ ਪ੍ਰਗਟ ਹੁੰਦਾ ਹੈ ਭਾਵ ਆਪਣੇ ਆਪ ਨੂੰ ਸਾਡੇ ਮਨ ਦੇ ਅੰਦਰ ਪ੍ਰਗਟ ਕਰਦਾ ਹੈ। ਇਹ ਕੇਵਲ ਉਸ ਦੀ ਰਜ਼ਾ ਹੈ ਕਿ ਉਹ ਆਪਣੇ ਆਪ ਨੂੰ ਕਿਸ ਮਨੁੱਖੀ ਸਰੀਰ ਰਾਹੀਂ ਪ੍ਰਗਟ ਕਰਦਾ ਹੈ। ਜਦ ਤੱਕ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ, ਕੋਈ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਪ੍ਰਮਾਤਮਾ ਆਪ ਵਰਤ ਰਿਹਾ ਹੈ ਭਾਵ ਕੋਈ ਨਹੀਂ ਸਮਝ ਸਕਦਾ ਕਿ ਸਾਡੇ ਮਨ ਦੇ ਵਿੱਚ ਗਿਆਨ ਕਿੱਥੋਂ ਆ ਰਿਹਾ ਹੈ, ਇਹ ਸਾਡੀਆਂ ਸੋਚਾਂ ਕਿੱਥੋਂ ਆ ਰਹੀਆਂ ਹਨ। ਅਸੀਂ ਆਪਣੇ ਮਨ ਦੀਆਂ ਸੋਚਾਂ ਨੂੰ, ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਹੀ ਸਮਝਦੇ ਹਾਂ। ਸਾਡੇ ਮਨ ਦੀ ਇਹ ਵਾਲੀ ਅਵੱਸਥਾ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਵਿੱਚ ਭਰਮ ਹੀ ਭਰਮ ਹੈ, ਦੁਬਿਧਾ ਹੈ, ਹਉਮੈ ਹੈ ਜੋ ਸਾਨੂੰ “ਮੈਂ” ਵਿੱਚ ਰੱਖਦੀ ਹੈ ਭਾਵ ਉਸ “ਤੂੰ” ਤੋਂ “ਨਾਮੁ” ਤੋਂ ਦੂਰ ਰੱਖਦੀ

ਹੈ। ਜਦ ਤੱਕ ਸਾਡੇ ਅੰਦਰ "ਹਉਮੈ" ਹੈ, "ਮੈਂ" ਹੈ ਤਦ ਤੱਕ ਸਾਡੇ ਅੰਦਰ "ਨਾਮੁ" ਨਹੀਂ ਹੈ ਭਾਵ ਸਾਨੂੰ ਆਪਣੇ ਅੰਦਰ "ਨਾਮੁ" ਦੇ ਹੋਣ ਦੀ, ਪ੍ਰਮਾਤਮਾ ਦੇ ਹੋਣ ਦੀ ਸਮਝ ਨਹੀਂ ਹੈ। ਆਪਣਾ "ਨਾਮੁ" ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਕੇ, ਆਪਣੀ ਜੋਤਿ ਦੁਆਰਾ ਪ੍ਰਗਟ ਹੋ ਕੇ ਹੀ ਦਿੰਦਾ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਹੋਣ ਦੀ ਸੋਝੀ ਆਪ ਹੀ ਪਾਉਂਦਾ ਹੈ। ਇਹ ਸੋਝੀ ਪੈਣ ਨਾਲ ਹੀ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਤਾਂ ਸਾਡਾ "ਅਭਿਮਾਨੁ" ਭਾਵ "ਹਉਮੈ", ਸਾਡੀ "ਮੈਂ" ਖ਼ਤਮ ਹੁੰਦੀ ਹੈ, ਸਾਡੀ ਪ੍ਰਮਾਤਮਾ ਨੂੰ ਜਾਨਣ ਬਾਰੇ ਅਗਿਆਨਤਾ ਖ਼ਤਮ ਹੁੰਦੀ ਹੈ, ਸਾਡੀ ਦੁਬਿਧਾ ਦੂਰ ਹੁੰਦੀ ਹੈ, ਸਾਡਾ ਭਰਮ ਦੂਰ ਹੁੰਦਾ ਹੈ, ਸਾਡਾ ਮਾਇਆ ਮੋਹ ਦੂਰ ਹੁੰਦਾ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਦੂਰ ਹੁੰਦੀ ਹੈ ਤੇ ਤਾਂ ਹੀ ਸਾਨੂੰ ਸਭ ਵਿੱਚ ਪ੍ਰਮਾਤਮਾ ਨਜ਼ਰ ਆਉਂਦਾ ਹੈ। ਪਹਿਲੇ ਪ੍ਰਮਾਤਮਾ ਆਪਣੇ ਅੰਦਰ ਦਿੱਸੇਗਾ ਤੇ ਤਾਂ ਹੀ ਸਭ ਵਿੱਚ ਉਸਦੇ ਹੋਣ ਦਾ ਯਕੀਨ ਆ ਸਕਦਾ ਹੈ ਤੇ ਤਾਂ ਹੀ ਅਸੀਂ ਕਹਿ ਸਕਦੇ ਹਾਂ ਕਿ

{ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥}

(ਅੰਗ ੪੮੫)

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥}

(ਅੰਗ 9)

ਜਦ ਤੱਕ ਸਾਡੇ ਅੰਦਰ ਇਹ ਗੁਣ ਨਹੀਂ ਆਉਂਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤਦ ਤੱਕ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਜਿਸ ਪ੍ਰਮਾਤਮਾ ਨੂੰ ਅਸੀਂ ਜਾਣਦੇ ਹੀ ਨਹੀਂ ਉਹ ਕੀ ਹੈ, ਉਸ ਦਾ ਕੀ ਰੂਪ ਹੈ ਤਦ ਤੱਕ ਅਸੀਂ ਉਸਦੇ ਗੁਣ ਕੀ ਗਾ ਸਕਦੇ ਹਾਂ। ਮਨ ਦੇ ਭਰਮਾਂ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਗੁਣ ਨਹੀਂ ਗਾ ਸਕਦੇ।

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥}

(ਅੰਗ ੯)

(ਕਿਆ ਕਹੀਐ ਸਰਬੇ ਰਹਿਆ ਸਮਾਇ॥ਜੋ ਕਿਛੁ ਵਰਤੈ ਸਭ ਤੇਰੀ ਰਜਾਇ॥੧॥ਰਹਾਉ॥
ਪ੍ਰਗਟੀ ਜੋਤਿ ਚੂਕਾ ਅਭਿਮਾਨੁ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ॥੨॥)

{ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥9॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥}

(ਅੰਗ 1069)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥4॥}

(ਅੰਗ 354)

ਉੱਪਰ ਵਾਲੀਆਂ ਪੰਗਤੀਆਂ ਵਿੱਚੋਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ, ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝੋ ਕਿ ਸਾਡੇ ਅੰਦਰ ਜੋਤਿ ਦਾ ਪਰਗਟ ਹੋਣਾ ਕੀ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝਣ ਵਿੱਚ ਬਿਲਕੁਲ ਕਿਸੇ ਭਰਮ ਵਿੱਚ ਨਾ ਰਹੀਏ ਕਿ ਜਿਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਜਾਣਿਆ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਪੂਰੀ ਗੁਰਬਾਣੀ ਦੇ ਰੂਪ ਵਿੱਚ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਕਿਸ ਤਰੀਕੇ ਹੈ।

{ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥
ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥}

(ਅੰਗ 1328)

{ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥}

(ਅੰਗ 13)

ਉੱਪਰ ਵਾਲੇ ਦੋਨਾਂ ਸ਼ਬਦਾਂ ਰਾਹੀਂ ਸਾਨੂੰ ਸਾਡੇ ਅੰਦਰ ਜੋਤਿ ਦਾ ਪਰਗਟ ਹੋਣਾ ਕੀ ਹੈ, ਇਹੀ ਗੱਲ ਸਮਝਾਈ ਹੋਈ ਹੈ। ਪਹਿਲੇ ਸ਼ਬਦ ਰਾਹੀਂ ਸਾਡੇ ਅੰਦਰ ਜੋਤਿ ਦੇ ਪਰਗਟ ਹੋਣ ਦੁਆਰਾ ਸਾਨੂੰ ਨਾਮ ਮਿਲਣ ਦੀ ਗੱਲ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਪਹਿਲੇ ਸਮਝਿਆ ਹੈ। ਇਹ ਗੱਲ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਆਪਣਾ ਨਾਮ ਕਿਸੇ ਨੂੰ ਆਪ ਹੀ ਦਿੰਦਾ ਹੈ ਜੋ ਨਾਮ ਦਾ ਮਾਲਕ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਜਿਸਨੂੰ ਵੀ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਹ ਮਨ ਦੇ ਵਿੱਚ ਪਰਗਟ ਹੋ ਕੇ ਹੀ ਦਿੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਰੀ ਗੱਲ ਇਸ ਗੱਲ ਨੂੰ ਸਮਝਣ ਦੀ ਹੈ ਕਿ ਜਿਸਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ, ਉਹ ਕਿਸ ਰੂਪ ਵਿੱਚ ਦਿੰਦਾ ਹੈ। ਉਸਦਾ ਨਾਮ ਬ੍ਰਹਮ ਗਿਆਨ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਆਪਣਾ ਬ੍ਰਹਮ ਗਿਆਨ ਰੂਪ ਨਾਮ ਕਿਵੇਂ ਦਿੰਦਾ ਹੈ, ਕਿਸ ਰੂਪ ਵਿੱਚ ਦਿੰਦਾ ਹੈ, ਇਹੀ ਗੱਲ ਸਾਨੂੰ ਉੱਪਰ ਦੂਸਰੇ ਸ਼ਬਦ ਦੁਆਰਾ ਸਮਝਾਈ ਹੋਈ ਹੈ ਜਿਸਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਜਿਸ ਮਨ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਪਰਗਟ ਹੁੰਦਾ ਹੈ, ਉਹ ‘‘ਗੁਰ ਸਾਖੀ’ ਦੇ ਰੂਪ ਵਿੱਚ ਪਰਗਟ ਹੁੰਦਾ ਹੈ ਭਾਵ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਪਰਗਟ ਹੁੰਦਾ ਹੈ। ਮਨ ਦੇ ਵਿੱਚੋਂ ਜੋਤਿ ਦੇ ਪਰਗਟ ਹੋਣ ਦੁਆਰਾ ਨਾਮ ਦਾ ਮਿਲਣਾ ਜਾਂ ਗੁਰੂ ਦੀ ਸਿੱਖਿਆ ਦਾ ਮਿਲਣਾ ਇੱਕੋ ਹੀ ਗੱਲ ਹੈ। ਪੂਰੀ ਗੁਰਬਾਣੀ ਦੇ ਵਿੱਚ ਗੁਰੂ ਦੀ ਸਿੱਖਿਆ ਹੀ ਹੈ ਜੋ ਕਿ ਨਾਮ ਦੇ ਰੂਪ ਵਿੱਚ ਹੈ। ਜਿਨ੍ਹਾਂ ਸਰੀਰਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ, ਉਸਦੇ ਜੋਤਿ ਰੂਪ ਨੂੰ ਜਾਣਿਆ ਹੈ ਉਨ੍ਹਾਂ ਨੂੰ ਮਨ ਦੇ ਵਿੱਚੋਂ ਨਾਮ ਹੀ ਮਿਲਿਆ ਹੈ ਭਾਵ ਉਸਦੀ ਸੱਚੀ ਸਿੱਖਿਆ ਹੀ ਮਿਲੀ ਹੈ ਜੋ ਸਿੱਖਿਆ ਉਨ੍ਹਾਂ ਨੇ ਸ਼ਬਦਾਂ ਦੇ ਰੂਪ ਵਿੱਚ ਪੂਰੀ ਗੁਰਬਾਣੀ ਦੇ ਵਿੱਚ ਪਾਈ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪਾਈ ਹੈ ਭਾਵ ਨਾਮ ਦੇ ਰੂਪ ਵਿੱਚ ਪਾਈ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਪਾਈ ਹੈ ਜੋ ਬ੍ਰਹਮ ਗਿਆਨ ਉਸ ਗਿਆਨ ਦੇ ਮਾਲਕ ਬ੍ਰਹਮ ਦੇ ਕੋਲੋਂ ਆਇਆ ਹੈ, ਪ੍ਰਮਾਤਮਾ ਦੇ ਕੋਲੋਂ ਆਇਆ ਹੈ, ਅਕਾਲ ਪੁਰਖ ਦੇ ਕੋਲੋਂ ਆਇਆ ਹੈ। ਸਾਡੇ ਅੰਦਰ ਦੀ ਜੋਤਿ ਪ੍ਰਮਾਤਮਾ ਦਾ ਆਪਣਾ ਅਸਥਾਨ ਹੀ ਹੈ, ਉਸਦਾ ਆਪਣਾ ਟਿਕਾਣਾ ਹੀ ਹੈ, ਉਸਦੀ ਆਪਣੀ ਦਰਗਾਹ ਹੀ ਹੈ ਜੋ ਉਸਦੀ ਦਰਗਾਹ ਨਿਰੰਕਾਰ ਰੂਪ ਵਿੱਚ ਹੈ ਜਿਸ ਦਾ ਕੋਈ ਆਕਾਰ ਰੂਪ ਨਹੀਂ ਹੈ ਭਾਵ ਉਸਦੀ ਦਰਗਾਹ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਦਰਗਾਹ ਵਿੱਚੋਂ ਬ੍ਰਹਮ ਗਿਆਨ ਆਇਆ ਹੈ, ਪੂਰੀ ਗੁਰਬਾਣੀ ਆਈ ਹੈ ਜੋ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪਣਾ ਜੋਤਿ ਰੂਪ ਪਰਗਟ ਕਰਨ ਦੁਆਰਾ, ਵੱਖਰੇ-ਵੱਖਰੇ ਸਰੀਰਾਂ ਰਾਹੀਂ ਪਰਗਟ ਕਰਨ ਦੁਆਰਾ ਆਪ ਹੀ ਕਰਵਾਈ ਹੈ, ਮਨ ਦੀ ਸਮਝ ਰਾਹੀਂ ਆਪ ਹੀ ਲਿਖਵਾਈ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। (**ਪ੍ਰਗਟੀ ਜੋਤਿ ਚੂਕਾ ਅਭਿਮਾਨੁ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ॥**) (**ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥**)

ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਜੋ ਨਾਮ ਮਿਲਦਾ ਹੈ, ਉਹ ਸੱਚੇ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਕੇਵਲ ਗੁਰੂ ਦੀ ਸਮਝ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਗੁਰੂ ਕਦੇ ਗਲਤ ਨਹੀਂ ਹੋ ਸਕਦਾ, ਗੁਰੂ ਕਿਸੇ ਭਰਮ ਵਿੱਚ ਨਹੀਂ ਹੋ ਸਕਦਾ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਕਿਉਂਕਿ ਹਰ ਵਿਚਾਰ ਸੱਚ ਰੂਪ ਪ੍ਰਮਾਤਮਾ ਦੇ ਕੋਲੋਂ ਹੀ ਆਈ ਹੈ, ਮਨ ਦੀ ਜੋਤਿ ਰਾਹੀਂ ਹੀ ਆਈ ਹੈ।

{ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥8॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥9॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥

ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥11॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥12॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥13॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥14॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥
ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥15॥
ਜਿਨ ਕਉ ਆਦਿ ਮਿਲੀ ਵਡਿਆਈ ॥
ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥16॥}

(ਅੰਗ 1069-1070)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥4॥}

(ਅੰਗ 354)

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥
ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥
ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥1॥
ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥

ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥1॥ ਰਹਾਉ ॥
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥2॥
ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥
ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥
ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥3॥
ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥4॥}

(ਅੰਗ 992)

ਅੱਗੇ ਚੱਲਕੇ ਉੱਪਰ ਵਾਲੇ ਸ਼ਬਦਾਂ ਨੂੰ ਵਿਸਥਾਰ ਨਾਲ ਸਮਝਾਂਗੇ। ਆਪਣੇ ਅੰਦਰ ਦੀ ਜੋਤਿ ਦੇ ਦਰਸ਼ਨ ਹੋਏ ਬਿਨ੍ਹਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਨਾ ਬ੍ਰਹਮ ਗਿਆਨ ਦੀ ਸਮਝ ਪੈ ਸਕਦੀ ਹੈ ਤੇ ਨਾਂ ਹੀ ਬ੍ਰਹਮ ਗਿਆਨ ਦੇ ਮਾਲਕ, ਨਾਮ ਦੇ ਮਾਲਕ ਬ੍ਰਹਮਗਿਆਨੀ ਦੀ ਸਮਝ ਪੈ ਸਕਦੀ ਹੈ।

"ਅੰਮ੍ਰਿਤੁ ਨਾਮੁ" ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਬ੍ਰਹਮਗਿਆਨ ਹੈ ਜੋ ਕਿ ਮਨ ਦੇ ਵਿੱਚ ਬੈਠਾ ਬ੍ਰਹਮਗਿਆਨ ਦਾ ਮਾਲਕ ਉਹ "ਬ੍ਰਹਮਗਿਆਨੀ" ਆਪ ਹੀ ਦਿੰਦਾ ਹੈ। ਬ੍ਰਹਮਗਿਆਨੀ ਬ੍ਰਹਮਗਿਆਨ ਦੇਣ ਵਾਲਾ ਹੈ ਨਾ ਕਿ ਲੈਣ ਵਾਲਾ। ਲੈਣ ਵਾਲੇ ਦੀ ਮਨੁੱਖੀ ਹੋਂਦ ਮਿਟ ਜਾਂਦੀ ਹੈ ਤੇ ਦੇਣ ਵਾਲੇ ਦੀ ਹੋਂਦ ਸਦਾ ਉਸੇ ਤਰ੍ਹਾਂ ਹੀ ਬਣੀ ਰਹਿੰਦੀ ਹੈ ਕਿਉਂਕਿ ਉਹ ਨਿਰਗੁਣ ਰੂਪ, ਨਿਰੰਕਾਰ ਰੂਪ ਵਿੱਚ ਬ੍ਰਹਮਗਿਆਨੀ ਹੈ ਨਾ ਕਿ ਆਕਾਰ ਰੂਪ ਵਿੱਚ ਬ੍ਰਹਮਗਿਆਨੀ ਹੈ। ਬ੍ਰਹਮ ਗਿਆਨ ਲੈਣ ਵਾਲੇ ਦਾ ਭਰਮ ਮਿਟ ਜਾਂਦਾ ਹੈ, ਹਉਮੈ ਮਿਟ ਜਾਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਸਾਡੀ "ਮੈਂ" ਮਿਟ ਜਾਂਦੀ ਹੈ ਤੇ ਪਿੱਛੇ ਕੇਵਲ ਉਹ ਆਪ ਹੀ ਰਹਿ ਜਾਂਦਾ ਹੈ।

{ਗਇਆ ਭਰਮੁ ਰਹਿਆ ਪਰਮਾਨੰਦਾ॥੩॥੨੦॥}

(ਅੰਗ ੩੨੭)

ਬ੍ਰਹਮਗਿਆਨੀ ਆਪ ਨਿਰਗੁਣ ਸਰੂਪ ਹੈ ਜੋ ਆਪਣੇ ਬ੍ਰਹਮਗਿਆਨ ਦੁਆਰਾ ਵਿਚਰਦਾ ਹੈ। ਬ੍ਰਹਮਗਿਆਨ ਨਿਰਗੁਣ ਰੂਪ ਹੈ, ਬ੍ਰਹਮਗਿਆਨੀ ਵੀ ਨਿਰਗੁਣ ਰੂਪ ਹੈ ਜੋ ਕਿ ਸਾਡਾ ਮਨ ਹੈ। ਦੇਹੀ ਰੂਪ ਉਸ ਬ੍ਰਹਮਗਿਆਨੀ ਦਾ ਬਣਾਇਆ ਹੋਇਆ ਸਰਗੁਣ ਰੂਪ ਹੈ ਜਿਸਨੂੰ ਉਹ ਆਪ ਹੀ ਆਪਣੇ ਬ੍ਰਹਮਗਿਆਨ ਦੁਆਰਾ ਬਣਾ ਕੇ ਆਪ ਹੀ ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। ਇਹ ਸਰਗੁਣ ਰੂਪ ਦੇਹੀ ਬ੍ਰਹਮਗਿਆਨੀ ਨਹੀਂ ਹੈ, ਬ੍ਰਹਮਗਿਆਨੀ ਸਾਡੇ ਅੰਦਰ ਹੈ। "ਨਾਮੁ" ਹੀ ਬ੍ਰਹਮਗਿਆਨੀ ਹੈ, "ਨਾਮੁ" ਹੀ ਉਸਦਾ ਬ੍ਰਹਮਗਿਆਨ ਹੈ ਜਿਸ ਦੁਆਰਾ ਉਹ ਵਿਚਰਦਾ ਹੈ ਭਾਵ ਆਪਣੇ ਬ੍ਰਹਮਗਿਆਨ ਦੁਆਰਾ, ਬ੍ਰਹਮਗਿਆਨ ਦਾ ਮਾਲਕ ਹੋਣ ਦੁਆਰਾ ਹੀ ਪ੍ਰਮਾਤਮਾ ਬ੍ਰਹਮਗਿਆਨੀ ਹੈ।

{ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

ਆਪਣਾ ਨਾਮ, ਆਪਣਾ ਬ੍ਰਹਮਗਿਆਨ, ਪ੍ਰਮਾਤਮਾ ਮਨ ਦੀ ਇਸ ਵਿਧੀ ਦੁਆਰਾ ਸਾਡੇ ਅੰਦਰ ਪ੍ਰਗਟ ਹੋ ਕੇ ਦਿੰਦਾ ਹੈ, ਆਪਣੀ ਜੋਤਿ ਦੁਆਰਾ ਦਿੰਦਾ ਹੈ। ਆਪਣੇ ਅੰਦਰੋਂ ਜੋਤਿ ਨੂੰ ਜਾਨਣਾ ਭਾਵ ਆਪਣੇ ਮਨ ਨੂੰ ਜਾਨਣਾ, ਪ੍ਰਮਾਤਮਾ ਨੂੰ ਜਾਨਣਾ, ਨਾਮ ਦੇ ਮਾਲਕ ਨੂੰ ਜਾਨਣਾ ਇੱਕੋ ਹੀ ਗੱਲ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਗੱਲਾਂ ਕਰਕੇ ਆਪਣੀ ਸੱਚੀ ਸੋਝੀ ਪਾਉਂਦਾ ਹੈ। ਬੜੀ ਬਰੀਕੀ ਨਾਲ ਆਪਣੀ ਗੱਲ ਸਮਝਾਉਂਦਾ ਹੈ। ਉਹ ਆਪਣੇ ਆਪ ਨੂੰ ਕਿਵੇਂ ਪ੍ਰਗਟ ਕਰਦਾ ਹੈ, ਆਪਣਾ ਆਪ ਕਿਵੇਂ ਦਿਖਾਉਂਦਾ ਹੈ ਇਸ ਗੱਲ ਨੂੰ ਕੁੱਝ ਅੱਗੇ ਚੱਲ ਕੇ ਸਮਝਾਂਗੇ। ਇਸ ਅਵੱਸਥਾ ਨੂੰ ਕੇਵਲ ਉਹੀ ਸਮਝ ਸਕਦਾ ਹੈ ਜਿਸ ਨੂੰ ਨਾਮ ਮਿਲਿਆ ਹੋਵੇ, ਬ੍ਰਹਮਗਿਆਨ ਮਿਲਿਆ ਹੋਵੇ। ਇਹ ਮਨ ਦੀ ਉਹ ਅਵੱਸਥਾ ਹੈ ਜਿਸਨੂੰ ਸੁਪਨੇ ਵਿੱਚ ਵੀ ਸਮਝਣਾ ਨਾਮੁਮਕਿਨ ਹੈ। ਨਾਮ ਤਾਂ ਹਰ ਕੋਈ ਕਿਸੇ ਅੱਖਰ ਨੂੰ ਸਮਝਦਾ ਹੈ ਜਾਂ ਕਿਸੇ ਸ਼ਬਦ ਨੂੰ ਸਮਝਦਾ ਹੈ ਪਰ ਨਾਮ ਅਸਲ ਵਿੱਚ ਕੀ ਹੈ ਤੇ ਕਿਵੇਂ ਮਿਲਦਾ ਹੈ ਇਸ ਗੱਲ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਨਾਮ ਦੀ ਸੋਝੀ ਕੇਵਲ ਗੁਰਬਾਣੀ ਦੇ ਕੋਲ ਹੈ ਕਿਉਂਕਿ ਇਸ ਦੀ ਰਚਨਾ ਉਨ੍ਹਾਂ ਸਰੀਰਾਂ ਦੁਆਰਾ ਹੋਈ ਹੈ ਜਿਨ੍ਹਾਂ ਨੂੰ ਪਹਿਲੇ ਨਾਮ ਦੀ ਪ੍ਰਾਪਤੀ ਹੋਈ ਹੈ।

ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੈ ਕਲਿ ਵਿੱਚ ਸਾਡਾ ਛੁਟਕਾਰਾ ਨਾਮ ਨਾਲ ਹੀ ਹੋਣਾ ਹੈ ਤੇ ਉਹ ਇਹੋ ਜਿਹੇ ਨਾਮ ਨਾਲ ਹੋਣਾ ਹੈ ਜਿਹੋ ਜਿਹਾ ਨਾਮ ਸਾਨੂੰ ਉੱਪਰ ਸਮਝਾਇਆ ਗਿਆ ਹੈ। "ਕਲਿ" ਕੀ ਹੈ, ਇਸ ਗੱਲ ਨੂੰ ਕਾਫੀ ਅੱਗੇ ਚੱਲਕੇ ਸ਼ਬਦਾਂ ਦੁਆਰਾ ਸਮਝਾਂਗੇ।

(ਕਲਿ ਮਹਿ ਆਇਆ ਸੋ ਜਨੁ ਜਾਣੁ॥ ਸਾਚੀ ਦਰਗਹ ਪਾਵੈ ਮਾਣੁ॥੩॥)

(ਅੰਗ - 1328)

ਪ੍ਰਮਾਤਮਾ ਦਾ ਘਰ, ਪ੍ਰਮਾਤਮਾ ਦੀ ਦਰਗਾਹ ਸਾਡੇ ਅੰਦਰ ਹੀ ਹੈ ਜੋ "ਨਾਮੁ" ਦੇ ਰੂਪ ਵਿੱਚ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਹੈ। ਇਸ ਘਰ ਦੇ ਵਿੱਚ, ਅਕੱਥ ਘਰ ਵਿੱਚ ਪਹੁੰਚ ਕੇ ਹੀ ਅਸੀਂ ਗੁਰੂ ਪ੍ਰਮਾਤਮਾ ਦਾ ਕਹਿਣਾ ਸੁਣਦੇ ਹਾਂ ਤੇ ਉਸਦਾ ਕਿਹਾ ਮੰਨਦੇ ਹਾਂ ਭਾਵ ਉਸਦੀ ਮਤਿ ਅਨੁਸਾਰ ਵਿਚਰਦੇ ਹਾਂ ਕਿਉਂਕਿ ਇਸ ਘਰ ਵਿੱਚ ਪਹੁੰਚ ਕੇ ਹੀ ਉਸ ਨੂੰ ਜਪਣ ਦੀ ਸਹੀ ਸੋਝੀ ਪੈਂਦੀ ਹੈ, ਜੋ ਕਿ ਉਹ ਆਪ ਹੀ ਪਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਆਪਣਾ ਨਾਮ ਦੇ ਕੇ ਆਪ ਹੀ ਪ੍ਰਮਾਤਮਾ ਆਪਣਾ ਨਾਮ ਜਪਵਾਉਂਦਾ ਹੈ। ਉਸਦੇ ਘਰ ਵਿੱਚ ਪਹੁੰਚੇ ਬਿਨ੍ਹਾਂ, ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ, ਸੱਚੀ ਸੋਝੀ ਪਏ ਬਿਨ੍ਹਾਂ ਹਰ ਕੋਈ ਕਥਨੀ ਬਦਨੀ ਵਿੱਚ ਹੀ ਹੈ, ਮਾਇਆ ਮੋਹ ਵਿੱਚ ਹੀ ਹੈ। (**ਕਹਣਾ ਸੁਨਣਾ ਅਕਥ ਘਰਿ ਜਾਇ ॥ ਕਥਨੀ ਬਦਨੀ ਨਾਨਕ ਜਲਿ ਜਾਇ ॥4॥**) ਅੰਗ - 1328

ਪੂਰੀ ਗੁਰਬਾਣੀ ਪ੍ਰਮਾਤਮਾ ਦਾ "ਅਕਥ ਘਰਿ" ਹੀ ਹੈ ਜੋ ਉਸਦੇ ਮਨ ਰੂਪ ਘਰ ਵਿੱਚੋਂ ਆਈ ਹੈ। ਪ੍ਰਮਾਤਮਾ "ਅਕਥ" ਹੈ ਭਾਵ ਉਸਨੂੰ ਕੋਈ ਆਪਣੇ ਆਪ ਨਹੀਂ ਕਥ ਸਕਦਾ, ਬਿਆਨ ਨਹੀਂ ਕਰ ਸਕਦਾ ਕਿ ਪ੍ਰਮਾਤਮਾ ਕੀ ਹੈ, ਉਸ ਦਾ ਰੂਪ ਕੀ ਹੈ, ਉਸਦਾ ਟਿਕਾਣਾ ਕੀ ਹੈ ਤੇ ਉਸਨੂੰ ਜਾਣਿਆ ਕਿਵੇਂ ਜਾ ਸਕਦਾ ਹੈ, ਉਸਦੇ ਨਾਲ ਮੇਲ ਕਿਵੇਂ ਕੀਤਾ ਜਾ ਸਕਦਾ ਹੈ। ਪੂਰੀ ਗੁਰਬਾਣੀ ਉਸ ਅਕਥ ਰੂਪ ਪ੍ਰਮਾਤਮਾ ਦੀ ਕਥਾ ਕਰ ਰਹੀ ਹੈ ਭਾਵ ਉਸ ਅਕਥ ਪ੍ਰਮਾਤਮਾ ਬਾਰੇ ਸਭ ਕੁੱਝ ਬਿਆਨ ਕਰ ਰਹੀ ਹੈ ਕਿਉਂਕਿ ਗੁਰਬਾਣੀ ਪ੍ਰਮਾਤਮਾ ਨੂੰ ਜਾਣਦੀ ਹੈ, ਉਹ ਪ੍ਰਮਾਤਮਾ ਦੇ ਕੋਲੋਂ ਹੀ ਆਈ ਹੈ, ਉਹਨਾਂ ਸਰੀਰਾਂ ਰਾਹੀਂ ਆਈ ਹੈ ਜਿਨ੍ਹਾਂ ਵਿੱਚ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣੀ ਕਥਾ ਸਮਝਾਈ ਹੈ। ਆਪਣੇ ਆਪ ਕੋਈ "ਅਕਥ ਕਥਾ" ਜਾਣ ਲਵੇ ਇਹ ਮੁਮਕਿਨ ਨਹੀਂ ਹੈ। ਜੇਕਰ ਅਸੀਂ ਆਪਣੇ ਅੰਦਰੋਂ ਅਕਥ ਘਰਿ ਨੂੰ ਜਾਨਣਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਸਾਡਾ ਸੱਚਾ ਉੱਦਮ ਇਹ ਹੀ ਬਣਦਾ ਹੈ ਕਿ ਅਸੀਂ ਉਹ ਕੁੱਝ ਕਰੀਏ ਜੋ ਗੁਰਬਾਣੀ ਰੂਪ ਅਕਥ ਘਰਿ ਸਾਨੂੰ ਸਮਝਾ ਰਹਿਆ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾ ਰਹਿਆ ਹੈ ਭਾਵ ਉਸ ਤਰੀਕੇ ਨਾਮ ਜਪੀਏ ਜਿਸ ਤਰੀਕੇ ਸਾਨੂੰ ਗੁਰੂ ਸਮਝਾ ਰਹਿਆ ਹੈ, ਆਪ ਪ੍ਰਮਾਤਮਾ ਸਮਝਾ ਰਹਿਆ ਹੈ। ਹਰ ਸ਼ਬਦ ਦੀ ਵਿਚਾਰ ਨਾਮ ਹੈ। **(ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ਰਹਾਉ ॥ ਅੰਗ 355)** ਜਦ ਸ਼ਬਦ ਦੀ ਦਿਤੀ ਹੋਈ ਵਿਚਾਰ ਨਾਮ ਹੈ ਤਾਂ ਫਿਰ ਪੂਰੀ ਗੁਰਬਾਣੀ ਕੀ ਹੋਈ ਭਾਵ ਪੂਰੀ ਗੁਰਬਾਣੀ ਵਿੱਚ ਨਾਮ ਹੈ ਜੋ ਕਿ ਸ਼ਬਦਾਂ ਦੀ ਵੀਚਾਰਿ ਦੇ ਰੂਪ ਵਿੱਚ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਕੁੱਝ ਸਮਝਾਉਣ ਲਈ ਹੈ, ਸਾਨੂੰ ਉਪਦੇਸ਼ ਦੇਣ ਲਈ ਹੈ। ਜੋ ਸ਼ਬਦ ਦੀ ਵਿਚਾਰ ਨੂੰ ਮੰਨਦਾ ਹੈ, ਗੁਰੂ ਦੀ ਦਿੱਤੀ ਹੋਈ ਮਤਿ ਨੂੰ ਮੰਨਦਾ ਹੈ ਤੇ ਆਪਣੀ ਨਾ ਸਮਝ ਮਤਿ ਛੱਡ ਦਿੰਦਾ ਹੈ ਉਹ ਨਾਮ ਜਪਦਾ ਹੈ। ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਹਰ ਸ਼ਬਦ ਦੀ ਵਿਚਾਰ ਨੂੰ ਜਪਣਾ ਨਾਮ ਜਪਣਾ ਹੈ। ਗੁਰੂ ਸਾਨੂੰ ਵਾਰ-ਵਾਰ ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਹਰ ਔਗੁਣ ਛੱਡਣ ਲਈ ਸਮਝਾਉਂਦਾ ਹੈ, ਭਗਤੀ ਦੇ ਝੂਠੇ ਉਪਰਾਲੇ ਛੱਡਣ ਲਈ ਸਮਝਾਉਂਦਾ ਹੈ, ਸਰੀਰਕ ਜਪ ਤਪ

ਆਦਿ ਛੱਡਣ ਲਈ ਸਮਝਾਉਂਦਾ ਹੈ, ਕਿਸੇ ਅੱਖਰ ਦਾ ਜਪ ਕਰੀ ਜਾਣ ਲਈ ਮਨਾ ਕਰਦਾ ਹੈ, ਥਿਤਾਂ ਵਾਰਾਂ ਨੂੰ ਪੂਜਣ ਤੋਂ ਮਨਾ ਕਰਦਾ ਹੈ, ਕਿਸੇ ਖਾਸ ਵੇਲੇ ਨੂੰ ਉੱਚਾ ਸਮਝ ਕੇ ਉਸਨੂੰ ਭਗਤੀ ਦਾ ਵੇਲਾ ਸਮਝਣ ਤੋਂ ਮਨਾ ਕਰਦਾ ਹੈ ਤੇ ਇਸੇ ਤਰ੍ਹਾਂ ਹੋਰ ਅਨੇਕਾਂ ਹੀ ਅਨੇਕਾਂ ਗੱਲਾਂ ਹਨ ਜਿਨ੍ਹਾਂ ਦੀ ਅੱਗੇ ਚੱਲਕੇ ਵਿਸਥਾਰ ਨਾਲ ਚਰਚਾ ਕਰਾਂਗੇ ਤੇ ਕੀ ਅਸੀਂ ਗੁਰੂ ਦੇ ਹਰ ਸ਼ਬਦ ਦੀ ਵਿਚਾਰ ਤੇ ਪੂਰਾ ਉਤਰ ਸਕਦੇ ਹਾਂ। ਜੋ ਪੂਰਾ ਨਹੀਂ ਉਤਰ ਸਕਦਾ ਉਹ ਨਾਮ ਵਾਲਾ ਨਹੀਂ ਬਣ ਸਕਦਾ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਜੋ ਸੱਚ ਨੂੰ ਮੰਨ ਲੈਂਦਾ ਹੈ ਉਹ ਸੱਚਾ ਬਣ ਜਾਂਦਾ ਹੈ। ਜਿਸਨੂੰ ਪ੍ਰਮਾਤਮਾ ਪੂਰਨ ਰੂਪ ਵਿੱਚ ਸੱਚਾ ਬਣਾਉਂਦਾ ਹੈ ਉਸਨੂੰ ਮਨ ਰੂਪ ਘਰ ਦੇ ਵਿੱਚ ਹੀ ਬਣਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਬਣਾਉਂਦਾ ਹੈ ਜਿਸ ਤਰੀਕੇ ਕੋਈ "ਗੁਰਮੁਖਿ" ਰੂਪ ਬਣਦਾ ਹੈ ਤੇ ਪ੍ਰਮਾਤਮਾ ਦੇ ਘਰ ਵਿੱਚ ਭਾਵ ਉਸਦੇ ਦਰਬਾਰ ਵਿੱਚ ਸੱਚਾ ਅਖਵਾਉਂਦਾ ਹੈ। **(ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ਰਹਾਉ ॥ ਅੰਗ 355)** ਜੇਕਰ ਅਸੀਂ ਪ੍ਰਮਾਤਮਾ ਦੇ ਘਰਿ ਵਿੱਚ, ਦਰਬਾਰਿ ਵਿੱਚ ਸੱਚੇ ਬਣਨਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਇੱਕੋ ਇੱਕ ਤਰੀਕਾ ਸ਼ਬਦਾਂ ਦੀ ਵਿਚਾਰ ਨੂੰ ਅਪਨਾਉਣ ਦਾ ਹੈ, ਮੰਨਣ ਦਾ ਹੈ ਤੇ ਆਪਣੀ ਭਰਮਾਂ ਵਾਲੀ ਮਤਿ ਛੱਡਣ ਦਾ ਹੈ, ਹਉਮੈ ਛੱਡਣ ਦਾ ਹੈ। ਨਾਮ ਦਾ ਮਕਸਦ ਸਾਨੂੰ ਹਉਮੈ ਵਿੱਚੋਂ ਕੱਢਣ ਦਾ ਹੀ ਹੈ ਜੋ ਮਕਸਦ ਨਾਮ ਨੂੰ ਉਸ ਤਰੀਕੇ ਜਪਣ ਨਾਲ ਪੂਰਾ ਹੋ ਸਕਦਾ ਹੈ ਜੋ ਤਰੀਕਾ ਸਾਨੂੰ ਪ੍ਰਮਾਤਮਾ ਦੀ ਆਪਣੀ ਅਕਥ ਕਥਾ ਭਾਵ ਗੁਰਬਾਣੀ ਸਮਝਾ ਰਹੀ ਹੈ, ਪ੍ਰਮਾਤਮਾ ਆਪ ਸਮਝਾ ਰਹਿਆ ਹੈ ਜੋ ਆਪ ਹੀ ਜਗਤ ਦਾ ਗੁਰੂ ਹੈ ਤੇ ਆਪਣੇ ਗੁਰਬਾਣੀ ਰੂਪ ਘਰ ਵਿੱਚ, ਦਰਬਾਰ ਵਿੱਚ ਸਦਾ ਹੀ ਪ੍ਰਗਟ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਪ੍ਰਗਟ ਹੈ, ਨਾਮ ਰਾਹੀਂ ਪ੍ਰਗਟ ਹੈ, ਸੱਚੇ ਗਿਆਨ ਰਾਹੀਂ, ਬ੍ਰਹਮ ਗਿਆਨ ਰਾਹੀਂ ਪ੍ਰਗਟ ਹੈ।

"ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥2॥"

(ਅੰਗ ੧੩)

ਬੜੇ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਰੂਪ ਰਸੁ ਹੈ ਜੋ ਕਿ ਨਾਮ ਰਸੁ ਹੈ। ਸਾਰਾ ਸੰਸਾਰ ਵਿਕਾਰਾਂ ਵਿੱਚ ਹੈ, "ਸੰਸੇ" ਵਿੱਚ ਹੈ ਭਾਵ ਭਰਮਾਂ ਵਿੱਚ ਹੈ, ਅਗਿਆਨਤਾ ਵਿੱਚ ਹੈ। ਇਹੀ ਮਾਇਆ ਮੋਹ ਦਾ ਸਾਗਰ ਹੈ ਜਿਸ ਵਿੱਚੋਂ ਅਸੀਂ ਤਰਨਾ ਹੈ। ਇਹ ਮਾਇਆ ਰੂਪ ਸਾਗਰ ਸਾਡੇ ਮਨ ਦੇ ਵਿੱਚ ਹੀ ਹੈ, ਸਾਡੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਜੋ ਵਿਚਾਰ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੇ ਹਨ, ਵਿਕਾਰਾਂ ਨਾਲ ਜੋੜ ਕੇ ਰੱਖਦੇ ਹਨ। ਅਸੀਂ ਇਨ੍ਹਾਂ ਮਾੜੇ ਵਿਚਾਰਾਂ ਤੋਂ ਹੀ ਤਰਨਾ ਹੈ, ਮਨ ਦੀ ਅਗਿਆਨਤਾ ਤੋਂ ਹੀ ਤਰਨਾ ਹੈ ਜਿਸ ਵਿੱਚੋਂ ਤਰਨ ਦਾ ਸਾਧਨ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਉਸਦਾ ਨਾਮ ਹੈ ਜੋ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਨਾਮ ਰਸੁ ਦੇ ਰੂਪ ਵਿੱਚ ਹੈ। ਜਿਸਨੂੰ ਪ੍ਰਮਾਤਮਾ ਤਾਰਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਉਸਨੂੰ ਆਪਣਾ ਬ੍ਰਹਮ ਗਿਆਨ ਰੂਪ ਰਸ ਹੀ ਪਿਆਉਂਦਾ ਹੈ ਜੋ ਰਸੁ ਸਾਡੇ ਮਨ ਦੇ ਪੀਣ ਦਾ ਰਸੁ ਹੈ। ਜਦ ਤੱਕ ਪ੍ਰਮਾਤਮਾ ਕਿਸੇ ਨੂੰ ਇਹ ਬ੍ਰਹਮ ਗਿਆਨ ਰੂਪ ਰਸ ਨਹੀਂ ਪਿਆਉਂਦਾ ਤਦ ਤੱਕ ਹਰ ਕੋਈ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਰਹਿੰਦਾ ਹੈ ਭਾਵ ਉਸਨੂੰ ਸੱਚਾਈ ਦੀ ਸਮਝ ਨਹੀਂ ਪੈਂਦੀ ਕਿ ਪ੍ਰਮਾਤਮਾ ਕੀ ਹੈ, ਇਸ ਸੰਸਾਰ ਦੀ ਸੱਚਾਈ ਕੀ ਹੈ, ਸਾਡੀ ਅਸਲੀਅਤ ਕੀ ਹੈ, ਧਰਮ ਦਾ ਮਾਰਗ ਕੀ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਕੀ ਹੈ। ਪ੍ਰਮਾਤਮਾ ਦੀ ਅਕਥ ਕਥਾ ਨੂੰ ਉਹ ਹੀ ਜਾਣ ਸਕਦਾ ਹੈ ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪ ਬ੍ਰਹਮਗਿਆਨੀ ਬਣਾਉਂਦਾ ਹੈ, ਆਪਣਾ ਬ੍ਰਹਮ ਗਿਆਨ ਰੂਪ ਰਸੁ ਪਿਆਉਣ ਦੁਆਰਾ ਬਣਾਉਂਦਾ ਹੈ। ਜੋ ਇਹ ਰਸੁ ਪੀਂਦਾ ਹੈ, ਉਹ ਹੀ ਸਮਝ ਸਕਦਾ ਹੈ ਕਿ ਅਸਲ ਵਿੱਚ ਬ੍ਰਹਮਗਿਆਨੀ ਕੌਣ ਹੈ, ਬ੍ਰਹਮ ਗਿਆਨ ਦਾ ਸ੍ਰੋਤ ਕੀ ਹੈ। ਬ੍ਰਹਮ ਗਿਆਨ ਦਾ ਸ੍ਰੋਤ ਸਾਡੇ ਅੰਦਰ ਦੀ "ਜੋਤਿ" ਹੈ ਜੋ ਹਰ ਗਿਆਨ ਦਾ ਸ੍ਰੋਤ ਹੈ ਭਾਵੇਂ ਕੋਈ ਗਿਆਨ ਕਿਸੇ ਵੀ ਰੂਪ ਵਿੱਚ ਹੈ। ਇਸੇ ਲਈ ਬ੍ਰਹਮ ਗਿਆਨੀ ਆਪ ਪ੍ਰਮਾਤਮਾ ਹੈ ਜੋ ਕਿ ਨਿਰੰਕਾਰ ਰੂਪ ਵਿੱਚ ਬ੍ਰਹਮ ਗਿਆਨੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਬ੍ਰਹਮ-ਗਿਆਨ ਰੂਪ ਰਸੁ ਹੈ, ਨਾਮ ਰਸੁ ਹੈ ਜੋ ਸਾਡੇ ਮਨ ਨੇ ਪੀਣਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੇ ਰੂਪ ਵਿੱਚ ਪੀਣਾ ਹੈ। ਇਹ ਰਸ ਪੀਣ ਦੁਆਰਾ ਹੀ ਕੋਈ ਮਨ ਦੀ ਅਗਿਆਨਤਾ ਤੋਂ ਤਰ ਸਕਦਾ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਉਸਦੀ ਅਕਥ ਕਥਾ ਨੂੰ ਜਾਣ ਸਕਦਾ ਹੈ ਜੋ ਅਕਥ ਕਥਾ ਉਹ ਆਪ ਹੀ ਸਮਝਾਉਂਦਾ ਹੈ। ਅਸੀਂ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਅਕਥ ਕਥਾ ਨਾਲ ਜੁੜਨ ਦਾ ਉੱਦਮ ਹੀ ਕਰਨਾ ਹੈ ਜੋ ਕਥਨੀ ਦੁਆਰਾ ਨਹੀਂ ਹੋ ਸਕਦਾ, ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਨੂੰ ਬੋਲੀ ਜਾਣ ਨਾਲ ਨਹੀਂ ਹੋ ਸਕਦਾ। **(ਇਹੁ ਸੰਸਾਰੁ**

ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥2॥}

(ਅੰਗ 102)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥16॥}

(ਅੰਗ 1032)

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥2॥}

(ਅੰਗ 41)

ਉੱਪਰ ਵਾਲੇ ਸ਼ਬਦਾਂ ਦੀ ਵਿਆਖਿਆ ਅੱਗੇ ਚੱਲਕੇ ਸਮਝਾਂਗੇ ਤੇ ਹੋਰ ਅਨੇਕਾਂ ਭਰਮਾਂ ਵਿੱਚੋਂ ਨਿਕਲਾਂਗੇ।

ਜੋ ਪ੍ਰਮਾਤਮਾ ਨੂੰ ਉਸਦੇ ਦੱਸੇ ਹੋਏ ਉਪਦੇਸ਼ ਦੁਆਰਾ ਕਹਿੰਦਾ, ਸੁਣਦਾ ਹੈ ਭਾਵ ਉਸ ਤੇ ਅਮਲ ਕਰਦਾ ਹੈ ਉਹ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਕਰਦਾ ਹੈ ਕਿਉਂਕਿ ਇਸ ਸੱਚੇ ਮਾਰਗ ਦੀ ਸਮਝ ਹੀ ਉਸਦੇ ਘਰ ਵਿੱਚ ਪਹੁੰਚ ਕੇ ਪੈਂਦੀ ਹੈ ਤੇ ਉਸਦੇ ਘਰ ਵਿੱਚ ਪਹੁੰਚੇ ਬਿਨ੍ਹਾਂ ਜੋ ਮਨੁੱਖ ਕੇਵਲ ਕਥਨੀ ਬਦਨੀ ਵਿੱਚ ਪਏ ਰਹਿੰਦੇ ਹਨ ਭਾਵ ਜੋ ਉਪਦੇਸ਼ ਤੇ ਨਹੀਂ ਚੱਲਦੇ ਕੇਵਲ ਗੱਲਾਂ ਹੀ ਕਰਦੇ ਹਨ ਉਹ ਮਾਇਆ ਮੋਹ ਵਿੱਚ ਰਹਿ ਕੇ ਤ੍ਰਿਸ਼ਨਾਵਾਂ ਦੀ ਅੱਗ ਵਿੱਚ ਹੀ ਸੜਦੇ ਰਹਿੰਦੇ ਹਨ ਜਿਨ੍ਹਾਂ ਨੂੰ ਛੱਡੇ ਬਿਨ੍ਹਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। **(ਕਹਣਾ ਸੁਨਣਾ ਅਕਥ ਘਰਿ ਜਾਇ॥ ਕਥਨੀ ਬਦਨੀ ਨਾਨਕ ਜਲਿ ਜਾਇ॥੪॥੫॥)** ਅੰਗ - 1328

“ਗੁਰ ਉਪਦੇਸ ਸਾਚੁ ਸੁਖੁ ਜਾ ਕਉ ਕਿਆ ਤਿਸੁ ਉਪਮਾ ਕਹੀਐ॥
ਲਾਲ ਜਵੇਹਰ ਰਤਨ ਪਦਾਰਥ ਖੋਜਤ ਗੁਰਮੁਖਿ ਲਹੀਐ॥੨॥”

(ਅੰਗ ੧੩੩੨)

ਇੱਥੇ ਇਹ ਸਮਝਾਇਆ ਗਿਆ ਹੈ ਕਿ ਗੁਰੂ ਦੇ ਉਪਦੇਸ਼ ਤੇ ਚੱਲਣ ਵਿੱਚ ਹੀ ਜੋ ਮਨੁੱਖ ਸੱਚਾ ਸੁੱਖ ਸਮਝਦਾ ਹੈ, ਇਹੋ ਜਿਹੇ ਮਨੁੱਖ ਦੀ ਉਪਮਾ ਨਹੀਂ ਕਹੀ ਜਾ ਸਕਦੀ ਭਾਵ ਉਹ ਹੀ ਉਪਮਾ ਦੇ ਯੋਗ ਹੈ ਜੋ ਉਸਦੀ ਮਤਿ ਅਨੁਸਾਰ ਚੱਲਦਾ ਹੈ। ਨਾਮ ਦੀ ਪ੍ਰਾਪਤੀ ਗੁਰੂ ਦੇ ਗਿਆਨ ਤੇ ਚੱਲ ਕੇ ਹੀ ਹੋ ਸਕਦੀ ਹੈ। ਗੁਰੂ ਦੇ ਉਪਦੇਸ਼ ਅਨੁਸਾਰ ਚੱਲਣਾ ਬਹੁਤ ਔਖਾ ਹੈ ਤੇ ਕੋਈ ਵਿਰਲਾ ਹੀ ਇਸ ਵਿੱਚ ਸੁਖ, ਅਨੰਦ ਮਹਿਸੂਸ ਕਰ ਸਕਦਾ ਹੈ। ਇਹ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ ਜੇਕਰ ਕਿਸੇ ਨੂੰ ਆਪਣਾ ਭਾਣਾ ਮਨਾ ਲਵੇ, ਆਪਣਾ ਹੁਕਮ ਮਨਾ ਲਵੇ, ਆਪਣੀ ਮਤਿ ਤੇ ਚਲਾ ਲਵੇ, ਮਾਇਆ ਮੋਹ ਵਿੱਚੋਂ ਕੱਢ ਲਵੇ। **(ਗੁਰ ਉਪਦੇਸ ਸਾਚੁ ਸੁਖੁ ਜਾ ਕਉ ਕਿਆ ਤਿਸੁ ਉਪਮਾ ਕਹੀਐ॥ ਲਾਲ ਜਵੇਹਰ ਰਤਨ ਪਦਾਰਥ ਖੋਜਤ ਗੁਰਮੁਖਿ ਲਹੀਐ॥)**

“ਕਾਇਆ ਨਗਰਿ ਨਗਰਿ ਹਰਿ ਬਸਿਓ
ਮਤਿ ਗੁਰਮਤਿ ਹਰਿ ਹਰਿ ਸਹੇ॥
ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ
ਘਰਿ ਮੰਦਰਿ ਹਰਿ ਪ੍ਰਭੁ ਲਹੇ॥੨॥”

(ਅੰਗ ੧੩੩੬)

ਇਸ ਸ਼ਬਦ ਰਾਹੀਂ ਵੀ ਇਹ ਸਮਝਾਇਆ ਹੋਇਆ ਹੈ ਕਿ ਹਰਿ ਹਰਿ ਕਰਨਾ ਕੀ ਹੈ। ਜਿਵੇਂ ਕਿ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਾਇਆ ਹੈ ''ਹਰਿ'' ਗੁਰੂ ਦੀ ਮਤਿ ਹੈ, ਗੁਰੂ ਦਾ ਗਿਆਨ ਹੈ, ਉਪਦੇਸ਼ ਹੈ ਅਤੇ ਉਸ ਤੇ ਚੱਲਣਾ ਹੀ ਹਰਿ ਹਰਿ ਕਰਨਾ ਹੈ। ਇਸ ਸ਼ਬਦ ਵਿੱਚ **"ਮਤਿ ਗੁਰਮਤਿ ਹਰਿ ਹਰਿ ਸਹੇ"** ਕਿਹਾ ਗਿਆ ਹੈ। ਇੱਥੇ ਗੁਰੂ ਦੀ ਮਤਿ ਨੂੰ ਭਾਵ ਉਪਦੇਸ਼ ਨੂੰ ਮੰਨਣਾ ਕਿਤਨਾ ਔਖਾ ਹੈ, ਇਹ ਗੱਲ ਸਮਝਾਈ ਹੋਈ ਹੈ। ਗੁਰੂ ਦੇ ਉਪਦੇਸ਼ ਤੇ ਚੱਲਣਾ ਬਹੁਤ ਹੀ ਔਖਾ ਹੈ। **(ਆਖਣਿ ਅਉਖਾ ਸਾਚਾ ਨਾਉ ॥)** ਪਰ ਜੋ ਮਨੁੱਖ ਇਸ ਨੂੰ ਸਹਿ ਲੈਂਦਾ ਹੈ, ਗੁਰਮਤਿ ਤੇ ਚੱਲਣ ਦੇ ਔਖੇਪਨ ਨੂੰ ਸਹਿ ਲੈਂਦਾ ਹੈ ਭਾਵ ਆਪਣੇ ਅੰਦਰ ਗੁਰੂ ਦੀ ਮਤਿ ਨੂੰ ਧਾਰ ਲੈਂਦਾ ਹੈ ਭਾਵ ਆਪਣੇ ਮਨ ਨੂੰ ਮਾਰ ਕੇ, ਆਪਣੀ ਮਤਿ ਤਿਆਗ ਕੇ ਗੁਰੂ ਦੀ ਮਤਿ ਤੇ ਚੱਲ ਪੈਂਦਾ ਹੈ ਭਾਵ ਮਾਇਆ ਮੋਹ ਛੱਡਣ ਦਾ ਔਖਾਪਨ ਸਹਿ ਲੈਂਦਾ ਹੈ ਉਹ ਹੀ ਪ੍ਰਮਾਤਮਾ ਨੂੰ ਪਾ ਸਕਦਾ ਹੈ ਭਾਵ ਨਾਮ ਪਾ ਸਕਦਾ ਹੈ। ਇਹ ਨਾਮ ਦੀ ਪ੍ਰਾਪਤੀ ਆਪਣੇ ਸਰੀਰ ਦੇ ਅੰਦਰੋਂ ਨਾਮ ਦੇ ਪ੍ਰਗਟ ਹੋਣ ਦੁਆਰਾ ਹੀ ਹੋਣੀ ਹੈ। ''ਹਰਿ ਹਰਿ ਕਰਨਾ'', ''ਹਰਿ ਹਰਿ ਸਹਿਣਾ'' ਹੈ ਭਾਵ ਗੁਰੂ ਦੇ ਭਾਣੇ ਨੂੰ ਮੰਨਣਾ ਹੈ, ਗੁਰੂ ਤੇ ਭਰੋਸਾ ਕਰਨਾ ਹੈ, ਗੁਰੂ ਦੀ ਮਤਿ ਤੇ ਚੱਲਣ ਦਾ ਜੋ ਔਖਾਪਨ ਹੈ ਉਸਨੂੰ ਸਹਿਣਾ ਹੈ। ਜੋ ਇਸ ਔਖੇਪਨ ਨੂੰ ਸਹਿ ਲੈਂਦਾ ਹੈ ਉਸ ਮਨੁੱਖੀ ਸਰੀਰ ਦੇ ਅੰਦਰ ਹੀ ਨਾਮ ਪ੍ਰਗਟ ਹੁੰਦਾ ਹੈ, ਹਰਿ ਆਪ ਪ੍ਰਗਟ ਹੁੰਦਾ ਹੈ। ਜਿਸਦਾ ਵੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਜੋ ਵੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰਦਾ ਹੈ, ਨਾਮ ਦੀ ਪ੍ਰਾਪਤੀ ਕਰਦਾ ਹੈ ਉਹ ਆਪਣੇ ਅੰਦਰੋਂ ਹੀ ਕਰਦਾ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਇਹ ਸਰੀਰ ਪ੍ਰਮਾਤਮਾ ਦਾ ਆਪਣਾ ਹੀ ਮੰਦਰਿ ਹੈ, ਉਸਦਾ ਆਪਣਾ ਹੀ ਘਰਿ ਹੈ। ਨਾਮ ਦੀ ਪ੍ਰਾਪਤੀ ਹੋਣਾ ਜਾਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣਾ, ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। **(ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥ ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥)**

“ਸਚੈ ਸਬਦਿ ਸਚੁ ਕਮਾਵੈ॥ ਸਚੀ ਬਾਣੀ ਹਰਿ ਗੁਣ ਗਾਵੈ॥
ਨਿਜ ਘਰਿ ਵਾਸੁ ਅਮਰ ਪਦੁ ਪਾਵੈ॥ ਤਾ ਦਰਿ ਸਾਚੈ ਸੋਭਾ ਪਾਵੈ॥੫॥
ਗੁਰ ਸੇਵਾ ਬਿਨੁ ਭਗਤਿ ਨ ਹੋਈ॥ ਅਨੇਕ ਜਤਨ ਕਰੈ ਜੇ ਕੋਈ॥
ਹਉਮੈ ਮੇਰਾ ਸਬਦੇ ਖੋਈ॥ ਨਿਰਮਲ ਨਾਮੁ ਵਸੈ ਮਨਿ ਸੋਈ॥੬॥
ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥
ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥
ਸਬਦੇ ਨਾਮੁ ਰਖੈ ਉਰਿ ਧਾਰਿ॥ ਸਬਦੇ ਗਤਿ ਮਤਿ ਮੋਖ ਦੁਆਰੁ॥੭॥”

(ਅੰਗ ੧੩੪੨)

ਇਸ ਸ਼ਬਦ ਰਾਹੀਂ ਵੀ ਗੁਰੂ ਦੇ ਸ਼ਬਦ ਦੀ ਉਪਮਾ ਦੱਸੀ ਗਈ ਹੈ। ਸ਼ਬਦ ਕੀ ਹੈ ਅਸੀਂ ਇਸਨੂੰ ਜਾਣ ਹੀ ਚੁੱਕੇ ਹਾਂ। ਸ਼ਬਦ ਦੀ ਕਮਾਈ ਤੋਂ ਭਾਵ ਹੈ ਅਸੀਂ ਇਸ ਦੇ ਵਿੱਚੋਂ ਸੱਚ ਦੀ ਕਮਾਈ ਕਰਨੀ ਹੈ ਭਾਵ ਗੁਰੂ ਦੇ ਦੱਸੇ ਹੋਏ ਸੱਚ ਦੇ ਮਾਰਗ ਤੇ ਚੱਲ ਕੇ ''ਸਚੁ'' ਦੀ ਭਾਵ ਪ੍ਰਮਾਤਮਾ ਦੀ ਕਮਾਈ ਕਰਨੀ ਹੈ ਭਾਵ ਪ੍ਰਾਪਤੀ ਕਰਨੀ ਹੈ ਭਾਵ ਉਸਨੂੰ ਪਾਉਣਾ ਹੈ। ਇਹ ਹੀ ਨਾਮ ਦੀ ਕਮਾਈ ਹੈ। ਇਹ ਹੀ ਨਾਮ ਦੀ ਸੱਚੀ ਵਣਜ ਹੈ। ਇਹ ਹੀ ਨਾਮ ਦਾ ਵਾਪਾਰ ਹੈ ਜੋ ਸੱਚ ਦੇ ਮਾਰਗ ਤੇ ਚੱਲ ਕੇ ਹੀ ਹੋ ਸਕਦਾ ਹੈ। (**ਹਉਮੈ ਮੇਰਾ ਸਬਦੇ ਖੋਈ॥ ਨਿਰਮਲ ਨਾਮੁ ਵਸੈ ਮਨਿ ਸੋਈ॥**) ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਨਾਮ ਦਾ ਵੱਸਣਾ ਪ੍ਰਮਾਤਮਾ ਦਾ ਵੱਸਣਾ ਹੈ ਜੋ ਕਿ ਹਉਮੈ ਮਿਟਣ ਦੁਆਰਾ ਹੀ ਵੱਸਦਾ ਹੈ। ਇਹੀ ਪ੍ਰਮਾਤਮਾ ਦੀ ਸੇਵਾ ਹੈ, ਭਗਤੀ ਹੈ ਜੋ ਸ਼ਬਦ ਦੀ ਸਮਝਾਈ ਹੋਈ ਮਤਿ ਅਨੁਸਾਰ ਚੱਲਕੇ ਹੁੰਦੀ ਹੈ, ਸਾਡੀ ਚੰਗੀ ਕਰਨੀ ਦੁਆਰਾ ਹੁੰਦੀ ਹੈ। ਸ਼ਬਦ ਦਾ ਮਕਸਦ ਸਾਡੀ ਚੰਗੀ ਕਰਨੀ ਨਾਲ ਹੀ ਹੈ। **(ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ ॥) “ਸਬਦੇ ਗਤਿ ਮਤਿ ਮੋਖ ਦੁਆਰੁ॥”** ਇਸ ਤੋਂ ਭਾਵ ਹੈ ਗੁਰੂ ਦੇ ਗਿਆਨ ਦੁਆਰਾ ਹੀ ਸਾਨੂੰ ਮੁਕਤੀ ਦਾ ਦੁਆਰ ਮਿਲਣਾ ਹੈ। ਇਹ ਮੁਕਤੀ ਮਨ ਦੇ ਵਿਚਾਰਾਂ ਰਾਹੀਂ ਮਿਲਣੀ ਹੈ, ਸਾਡੀ ਮਤਿ ਦੇ ਰਾਹੀਂ ਮਿਲਣੀ ਹੈ, ਮਤਿ ਦੇ ਉਤਮ ਹੋਣ ਨਾਲ ਮਿਲਣੀ ਹੈ, ਸਾਡੀ ਮਤਿ ਦੇ ਵਿੱਚ ਚੌਥੇ ਪਦ ਦਾ ਗਿਆਨ ਵੱਸਣ ਨਾਲ, ਨਾਮ ਵੱਸਣ ਨਾਲ ਮਿਲਣੀ ਹੈ, ਹਉਮੈ ਦੂਰ ਹੋਣ ਨਾਲ ਮਿਲਣੀ ਹੈ ਭਾਵ ਸਾਰੀ ਗੱਲ ਆਪਣੀ ਮਤਿ ਨੂੰ ਛੱਡਣ ਦੀ ਹੈ ਤੇ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੀ ਹੈ।

“ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥
ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ॥
ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ॥੩॥”

(ਅੰਗ - 1343)

“ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥”

(ਅੰਗ ੧੩੪੩)

“ਕਰਣੀ ਕੀਰਤਿ ਗੁਰਮਤਿ ਸਾਰੁ॥ ਸੰਤ ਸਭਾ ਗੁਣ ਗਿਆਨੁ ਬੀਚਾਰੁ॥
ਮਨੁ ਮਾਰੇ ਜੀਵਤ ਮਰਿ ਜਾਣੁ॥ ਨਾਨਕ ਨਦਰੀ ਨਦਰਿ ਪਛਾਣੁ॥੪॥”

(ਅੰਗ ੧੩੪੩)

ਇਸ ਸ਼ਬਦ ਰਾਹੀਂ ਝੂਠੀ ਕਰਨੀ ਅਤੇ ਸੱਚੀ ਕਰਨੀ ਵਿੱਚ ਫਰਕ ਦੱਸਿਆ ਗਿਆ ਹੈ। ਜਦ ਤੱਕ ਮਨੁੱਖ ਆਪਣੇ ਮਨ ਦੀ ਮਤਿ ਤੇ ਚੱਲਦਾ ਹੈ ਉਸ ਦੀ ਇਹੋ ਜਿਹੀ ਕਰਨੀ ਸਭ ਫਜ਼ੂਲ ਹੀ ਹੈ ਤੇ ਇਸ ਤਰ੍ਹਾਂ ਦੀ ਕਰਨੀ ਤੇ ਪ੍ਰਮਾਤਮਾ ਕਦੇ ਪ੍ਰਸੰਨ ਨਹੀਂ ਹੁੰਦਾ ਕਿਉਂਕਿ ਇਸ ਵਿੱਚ ਗੁਰੂ ਦਾ ਉਪਦੇਸ਼ ਨਹੀਂ ਹੁੰਦਾ। **“ਬਿਨੁ ਨਾਵੈ”** ਤੋਂ ਭਾਵ ਹੈ ਜਿੱਥੇ ਝੂਠ ਹੈ, ਉੱਥੇ ਨਾਮ ਨਹੀਂ ਹੈ। ਝੂਠੀ ਮਨਮਤਿ ਨੂੰ ਦੁਸ਼ਟੀ ਸਭਾ ਕਿਹਾ ਗਿਆ ਹੈ। ਦੁਸ਼ਟੀ ਸਭਾ ਸਾਨੂੰ ਮਾੜੇ ਕਰਮ ਕਰਨੇ ਸਿਖਾਉਂਦੀ ਹੈ ਤੇ ਇਸ ਤੋਂ ਉਲਟ ਸੰਤ ਸਭਾ ਹੈ ਜੋ ਗੁਰਮਤਿ ਦੀ ਸਮਝ ਵਾਲੀ ਸਭਾ ਹੈ, ਗੁਰੂ ਦੀ ਸਭਾ ਹੈ ਜੋ ਸਾਨੂੰ ਚੰਗੇ ਕਰਮ ਕਰਨੇ ਸਿਖਾਉਂਦੀ ਹੈ। ਗੁਰੂ ਉਪਦੇਸ਼ ਦੁਆਰਾ ਕੀਤੀ ਗਈ ਕਰਨੀ ਹੀ ਸਾਰੀ ਗੁਰਮਤਿ ਦਾ ਸਾਰ ਹੈ ਤੇ ਇਹ ਸੱਚੀ ਕਰਨੀ ਹੀ ਪ੍ਰਮਾਤਮਾ ਦੀ ਕੀਰਤ ਗਾਉਣਾ ਹੈ, ਉਸਦਾ ਜਸ ਗਾਉਣਾ ਹੈ, ਉਸਦੇ ਗੁਣ ਗਾਉਣੇ ਹਨ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਸ਼ਬਦ ਨੂੰ ਸਮਝਿਆ ਹੈ। **(ਕਰਣੀ ਕੀਰਤਿ ਗੁਰਮਤਿ ਸਾਰੁ॥ ਸੰਤ ਸਭਾ ਗੁਣ ਗਿਆਨੁ ਬੀਚਾਰੁ॥)** ਕਿਤਨਾ ਸਪੱਸ਼ਟ ਸਮਝਾਇਆ ਹੈ ਕਿ ਸਾਰੀ ਗੁਰਮਤਿ ਦਾ ਤੱਤ ਸਾਰ ਇਹ ਹੈ ਕਿ ਅਸੀਂ ਆਪਣੀ ਕਰਨੀ ਦੁਆਰਾ ਗੁਰੂ ਪ੍ਰਮਾਤਮਾ ਦਾ ਜਸ ਗਾਉਣਾ ਹੈ। ਸਾਡੀ ਕਰਨੀ ਤਾਂ ਹੀ ਚੰਗੀ ਹੋ ਸਕਦੀ ਹੈ ਜੇਕਰ ਅਸੀਂ ਗੁਰੂ ਦੀ ਸਭਾ ਵਿੱਚੋਂ ਭਾਵ ਗੁਰਬਾਣੀ ਵਿੱਚੋਂ ਗੁਰੂ ਦੇ ਗੁਣ ਲੈ ਕੇ ਗੁਣੀ ਬਣੀਏ, ਉਸਦੇ ਗਿਆਨ ਨੂੰ ਆਪਣੇ ਅੰਦਰ ਵਿਚਾਰੀਏ। ਇਸ ਤੋਂ ਸਪੱਸ਼ਟ ਹੋਰ ਸਾਨੂੰ ਗੁਰੂ ਕੀ ਸਮਝਾਵੇ ਕਿ ਉਸਦੇ ਗੁਣ ਗਾਉਣੇ ਕੀ ਹਨ। ਉਸਦੇ ਗੁਣ ਗੁਣੀ ਬਣ ਕੇ ਭਾਵ ਔਗੁਣ ਛੱਡ ਕੇ ਹੀ ਗਾਏ ਜਾ ਸਕਦੇ ਹਨ। ਇਹ ਹੀ ਮਨ ਨੂੰ ਮਾਰਨਾ ਹੈ ਭਾਵ ਆਪਣੇ ਔਗੁਣਾਂ ਨੂੰ ਮਾਰਨਾ, ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨਾ ਹੀ ਮਨ ਨੂੰ ਮਾਰਨਾ ਹੈ ਤੇ ਤਾਂ ਹੀ ਅਸੀਂ ਸੱਚੀ ਕਰਨੀ ਕਰ ਸਕਦੇ ਹਾਂ। ਆਪਣੀ ਸੱਚੀ ਕਰਨੀ ਨਾਲ ਮਨੁੱਖ ਜਦੋਂ ਆਪਣੇ ਕਾਰ ਵਿਹਾਰ ਕਰਦਾ ਹੈ, ਇਸ ਵਿੱਚ ਹੀ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ। **"ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥"** ਅਗਰ ਇਸ ਪੰਗਤੀ ਨੂੰ ਅਸੀਂ ਹਮੇਸ਼ਾਂ ਯਾਦ ਰੱਖੀਏ ਤਾਂ ਅਸੀਂ ਹਮੇਸ਼ਾਂ ਹੀ ਬਾਣੀ ਨਾਲ ਜੁੜੇ ਰਹਾਂਗੇ। ਬਾਣੀ ਸਾਡੇ ਕੋਲੋਂ ਸੱਚ ਦੀ ਮੰਗ ਕਰਦੀ ਹੈ ਅਤੇ ਕੇਵਲ ਇਹੋ ਇੱਕੋ ਇੱਕ ਉਪਰਾਲਾ ਹੈ ਜਿਸ ਦੇ ਦੁਆਰਾ ਉਸ ਨੂੰ ਮਿਲਿਆ ਜਾ ਸਕਦਾ ਹੈ। ਜੇਕਰ ਸਾਡੇ ਅੰਦਰ ਸੱਚ ਹੈ ਤੇ ਤਾਂ ਹੀ ਸਾਡੀ ਕਰਨੀ ਸੱਚੀ ਸੁੱਚੀ ਹੋ ਸਕਦੀ ਹੈ। ਜੇਕਰ ਮਨ ਮੈਲਾ ਹੈ ਤੇ ਫਿਰ ਸਾਡੇ ਕਰਮ ਵੀ ਮਾੜੇ ਹੋਣਗੇ। ਮੈਲੇ ਮਨ ਨਾਲ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਸਾਡੀ ਸੱਚੀ ਸੁੱਚੀ ਕਿਰਤ ਹੀ ਪ੍ਰਮਾਤਮਾ ਦੀ ਸੱਚੀ ਪੂਜਾ ਹੈ, ਹੋਰ ਬਾਕੀ ਸਭ ਪਾਖੰਡ ਹੀ ਹੈ ਭਾਵ ਭਗਤੀ ਦੇ ਦਿਖਾਵੇ ਹੀ ਹਨ। ਇਹ ਬਾਣੀ ਦਾ ਫੁਰਮਾਨ ਹੈ। ਫੈਸਲਾ ਅਸੀਂ ਹੀ ਕਰਨਾ ਹੈ ਕਿ ਅਸੀਂ ਝੂਠ ਦੀ ਜ਼ਿੰਦਗੀ ਜੀਉਣੀ ਹੈ ਭਾਵ “ਦੁਸ਼ਟੀ ਸਭਾ” ਵਿੱਚ ਰਹਿਣਾ ਹੈ ਜਾਂ ਸੱਚ ਦੀ ਜ਼ਿੰਦਗੀ ਜੀਅ ਕੇ “ਸੰਤ ਸਭਾ” ਵਿੱਚ ਰਹਿਣਾ ਹੈ। ਦੁਸ਼ਟੀ ਸਭਾ ਵਿੱਚ ਤੇ ਸੰਤ ਸਭਾ ਵਿੱਚ ਕੀ ਫਰਕ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਇਹ ਸਭਾ ਮਨ ਦੇ ਵਿਚਾਰਾਂ ਦੀ ਸਭਾ ਹੈ। ਜਦ ਤੱਕ ਸਾਡੀ ਮਤਿ ਝੂਠੀ ਹੈ ਭਾਵ ਜਦ ਤੱਕ ਇਸ ਦੇ ਅੰਦਰ ਸੱਚ ਨਹੀਂ ਵੱਸਿਆ, ਨਾਮ ਨਹੀਂ ਵੱਸਿਆ, ਗੁਰੂ ਦੀ ਸੱਚੀ ਮਤਿ ਨਹੀਂ ਵੱਸੀ ਤਦ ਤੱਕ ਸਾਡੀ ਮਤਿ ਦੁਸ਼ਟਾਂ ਦੀ ਸਭਾ ਵਿੱਚ ਵੱਸਦੀ ਹੈ। ਇਹ ਦੁਸ਼ਟ ਸਾਡੇ ਮਾੜੇ ਵਿਚਾਰ ਹਨ, ਸਾਡੇ ਔਗੁਣ ਹਨ ਜੋ ਸਾਡੇ ਜੀਵਨ ਨੂੰ ਖੁਆਰ ਕਰਦੇ ਹਨ, ਮਾੜੇ ਕਰਮ ਕਰਨ ਦੁਆਰਾ ਖੁਆਰ ਕਰਦੇ ਹਨ, ਸਾਡੀ ਕਰਨੀ ਨੂੰ ਮਾੜਾ ਬਣਾਉਂਦੇ ਹਨ ਜਿਸ ਕਰਕੇ ਸਾਡਾ ਖਸਮ ਭਾਵ ਪ੍ਰਮਾਤਮਾ ਸਾਨੂੰ ਚੰਗਾ ਨਹੀਂ ਸਮਝਦਾ ਕਿਉਂਕਿ ਅਸੀਂ ਸੱਚ ਤੋਂ ਉਲਟ ਚੱਲਦੇ ਹਾਂ, ਨਾਮ ਤੋਂ ਉਲਟ ਚੱਲਦੇ ਹਾਂ ਤੇ ਪ੍ਰਮਾਤਮਾ ਨਾਲ ਅਸੀਂ ਆਪਣਾ ਝਗੜਾ ਪਾਉਂਦੇ ਹਾਂ, ਨਾਮ ਨਾਲ ਆਪਣੀ ਵਿਰੋਧਤਾ

ਦਿਖਾਉਂਦੇ ਹਾਂ। **(ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ॥ ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ॥)** ਦੁਸ਼ਟੀ ਸਭਾ ਦੇ ਉਲਟ ਸੰਤ ਸਭਾ ਹੈ ਜਿਵੇਂ ਕਿ ਇਸੇ ਸ਼ਬਦ ਦੇ ਆਖਰੀ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ।

“ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥”

ਸਭ ਤੋਂ ਪਹਿਲੇ ਤਾਂ ਇਸ ਗੱਲ ਨੂੰ ਸਮਝੋ ਕਿ ਸੰਤ ਸਭਾ ਦਾ ਮਕਸਦ ਕੀ ਹੈ, ਮਨੋਰਥ ਕੀ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਦੁਸ਼ਟੀ ਸਭਾ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ ਤੇ ਸੰਤ ਸਭਾ ਦਾ ਮਕਸਦ ਸਾਨੂੰ ਦੁਸ਼ਟੀ ਸਭਾ ਵਿੱਚੋਂ ਕੱਢਣ ਦਾ ਹੈ। “ਸੰਤ” ਆਪ ਗੁਰੂ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਸੰਤ ਸਭਾ ਗੁਰੂ ਦੇ ਵਿਚਾਰਾਂ ਦੀ ਸਭਾ ਹੈ, ਸੱਚੇ ਵਿਚਾਰਾਂ ਦੀ ਸਭਾ ਹੈ ਜਿਸ ਸਭਾ ਦਾ ਹਰ ਵਿਚਾਰ ਸਾਨੂੰ ਸੱਚ ਹੀ ਸਮਝਾਉਂਦਾ ਹੈ। ਪੂਰੀ ਗੁਰਬਾਣੀ ਸੰਤ ਸਭਾ ਹੈ ਜਿੱਥੇ ਹਰ ਵੇਲੇ ਗੁਰੂ ਦੀ ਸਭਾ ਲੱਗੀ ਹੋਈ ਹੈ ਜਿਸ ਸਭਾ ਰਾਹੀਂ ਗੁਰੂ ਸਾਨੂੰ ਹਰ ਵੇਲੇ ਆਪਣਾ ਸੱਚਾ ਗਿਆਨ ਵੰਡ ਰਹਿਆ ਹੈ, ਸੱਚੇ ਵਿਚਾਰ ਦੇ ਰਹਿਆ ਹੈ ਜਿਨ੍ਹਾਂ ਦਾ ਮਕਸਦ ਮਨੁੱਖੀ ਮਨ ਨੂੰ ਗੁਣੀ ਬਣਾਉਣ ਦਾ ਹੈ ਭਾਵ ਔਗੁਣਾਂ ਵਿੱਚੋਂ ਕੱਢਣ ਦਾ ਹੈ, ਮਾੜੀ ਮਤਿ ਵਿਚੋਂ, ਝੂਠੀ ਮਤਿ ਵਿੱਚੋਂ ਕੱਢਣ ਦਾ ਹੈ, ਦੁਸ਼ਟਾਂ ਨਾਲ ਸਾਡਾ ਸਾਥ ਛੁਡਾਉਣ ਦਾ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ ਭਾਵ ਕੋਈ ਮਾੜਾ ਕਰਮ ਨਾ ਕਰੀਏ ਤੇ ਅਸੀਂ ਉਸ ਤਰੀਕੇ ਪ੍ਰਮਾਤਮਾ ਦਾ ਜੱਸ ਗਾਈਏ, ਪ੍ਰਮਾਤਮਾ ਦੀ ਕੀਰਤਿ ਗਾਈਏ ਜੋ ਕਿ ਸਾਡੀ ਸੱਚੀ ਕਰਨੀ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ ਤੇ ਇਹੀ ਪੂਰੀ ਗੁਰਮਤਿ ਦਾ ਸਾਰ ਹੈ, ਤੱਤੁ ਹੈ। ਪ੍ਰਮਾਤਮਾ ਦੇ ਗੁਣ ਸਾਡੀ ਚੰਗੀ ਕਰਨੀ ਦੁਆਰਾ ਹੀ ਗਾਏ ਜਾ ਸਕਦੇ ਹਨ ਨਾ ਕਿ ਕਥਨੀ ਦੁਆਰਾ, ਕਿਸੇ ਸਰੀਰਕ ਜਪ ਤਪ ਦੁਆਰਾ ਜੋ ਕਿ ਸਭ ਦਾ ਭਰਮ ਹੀ ਹੈ। **(ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥)** ਆਪਣੇ ਅੰਦਰੋਂ ਝੂਠੀ ਮਤਿ ਨੂੰ ਕੱਢਣਾ, ਔਗੁਣਾਂ ਨੂੰ ਕੱਢਣਾ ਭਾਵ ਗੁਰੂ ਦੀ ਗੁਣਾਂ ਵਾਲੀ ਮਤਿ ਨੂੰ ਆਪਣੇ ਅੰਦਰ ਵਸਾਉਣਾ, ਸੰਤ ਸਭਾ ਦੇ ਗਿਆਨ ਵਾਲੇ ਬਣਨਾ, ਵਿਚਾਰਾਂ ਵਾਲੇ ਬਣਨਾ ਹੀ ਆਪਣੇ ਮਨ ਨੂੰ ਮਾਰਨਾ ਹੈ ਤੇ ਜੀਉਂਦੇ ਹੋਏ ਮਰਨਾ ਹੈ, ਜਿਸ ਮਰਨ ਦੀ ਗੱਲ ਬਾਣੀ ਵਿੱਚ ਅਨੇਕਾਂ ਵਾਰ ਆਉਂਦੀ ਹੈ। ਇਹ ਸਾਡੇ ਅੰਦਰੋਂ ਹਉਮੈ ਦਾ ਮਰਨਾ ਹੀ ਹੈ, ਅਗਿਆਨਤਾ ਵਾਲੀ ਮਤਿ ਦਾ ਮਰਨਾ ਹੀ ਹੈ ਜੋ ਸਾਨੂੰ ਸੱਚੇ ਮਾਰਗ ਦੀ ਸਮਝ ਨਹੀਂ ਆਉਣ ਦਿੰਦੀ ਤੇ ਆਪਣੇ ਅੰਦਰੋਂ ਪ੍ਰਮਾਤਮਾ ਦੀ ਪਛਾਣ ਨਹੀਂ ਕਰਨ ਦਿੰਦੀ ਭਾਵ ਇਸ ਗੱਲ ਦੀ ਸਮਝ ਨਹੀਂ ਆਉਣ ਦਿੰਦੀ ਕਿ ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਣਾ ਹੀ ਜਿਉਂਦੇ ਮਰਨਾ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੀ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਝੂਠੀ ਮਤਿ ਹੀ ਹੈ, ਨਾਸਮਝ ਮਤਿ ਹੀ ਹੈ, ਦੁਸ਼ਟੀ ਮਤਿ ਹੀ ਹੈ ਭਾਵ ਹਉਮੈ ਹੀ ਹੈ। ਆਪਣੇ ਮਨ ਨੂੰ ਭਾਵ ਮਨ ਦੀ ਮਾੜੀ ਮਤਿ ਨੂੰ ਅਸੀਂ ਆਪਣੇ ਆਪ ਨਹੀਂ ਮਾਰ ਸਕਦੇ ਕਿਉਂਕਿ ਇਹ ਮਤਿ ਸਾਡੇ ਵੱਸ ਨਹੀਂ ਹੈ। ਪ੍ਰਮਾਤਮਾ ਦੀ ਆਪਣੀ ਕਿਰਪਾ ਤੋਂ ਬਿਨ੍ਹਾਂ ਕਿਸੇ ਦੀ ਅਗਿਆਨਤਾ ਵਾਲੀ ਮਤਿ ਭਾਵ ਹਉਮੈ ਦੂਰ ਨਹੀਂ ਹੋ ਸਕਦੀ ਤੇ ਨਾ ਹੀ ਇਸੇ ਲਈ ਕੋਈ ਆਪਣੇ ਆਪ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਧਰਮ ਦੇ ਸੱਚੇ ਮਾਰਗ ਨੂੰ, ਪ੍ਰਮਾਤਮਾ ਦੇ ਜਸ ਗਾਉਣ ਦੇ ਮਾਰਗ ਨੂੰ ਸਮਝ ਸਕਦਾ ਹੈ ਜੋ ਕਿ ਸਾਡੀ ਚੰਗੀ ਕਰਨੀ ਹੈ ਤੇ ਪੂਰੀ ਤਰਾਂ ਗੁਰਮਤਿ ਅਨੁਸਾਰ ਵਿਚਰਨ ਦੁਆਰਾ ਹੁੰਦੀ ਹੈ। **(ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥)**

ਇਸੇ ਲਈ ਸਾਨੂੰ ਸ਼ਬਦ ਵਿੱਚ ਪਿੱਛੇ ਇਹ ਸਮਝਾਇਆ ਹੈ।

“ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥”

ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ, ਆਪਣੀ-ਆਪਣੀ ਮਤਿ ਅਨੁਸਾਰ, ਆਸਥਾ ਅਨੁਸਾਰ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿਨ੍ਹਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ

ਹੈ। ਭਗਤੀ ਦਾ ਇੱਕੋ ਇੱਕ ਮਾਰਗ ਸਾਡੀ ਚੰਗੀ ਕਰਨੀ ਹੈ, ਚੰਗੀ ਸੰਸਾਰਿਕ ਵਿਚਰਨ ਹੈ ਜੋ ਚੰਗੀ ਕਰਨੀ ਤਾਂ ਹੀ ਹੋ ਸਕਦੀ ਹੈ ਜੇਕਰ ਸਾਡੇ ਅੰਦਰ ਸੱਚੁ ਹੈ, ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਸੱਚੀ ਮਤਿ ਹੈ ਭਾਵ ਅਸੀਂ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਦੇ ਹਾਂ। ਸੱਚੀ ਕਰਨੀ ਤੋਂ ਇਲਾਵਾ ਅਸੀਂ ਜੋ ਵੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਸਰੀਰਕ ਜਪ ਤਪ ਆਦਿ ਬਣਾਏ ਹੋਏ ਹਨ ਉਹ ਸਭ ਭਗਤੀ ਦੇ ਪਾਖੰਡ ਹਨ, ਪਖੰਡ ਵਾਲੀ ਪੂਜਾ ਹੈ ਜਿਸ ਨਾਲ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਕਰਦੇ ਹਾਂ ਭਾਵ ਵਿਅਰਥ ਵਿੱਚ ਤੰਗ ਹੁੰਦੇ ਹਾਂ, ਔਖੇ ਹੁੰਦੇ ਹਾਂ ਜਿਸਦਾ ਕੋਈ ਲਾਭ ਨਹੀਂ ਹੈ। ਸਭ ਪਾਸੇ ਇਹੋ ਕੁੱਝ ਹੀ ਹੋ ਰਹਿਆ ਹੈ ਭਾਵ ਅਸਲ ਭਗਤੀ ਦੀ ਸਮਝ ਨਹੀਂ ਹੈ। ਜੋ ਚੰਗੇ ਕਰਮ ਕਰ ਰਹਿਆ ਹੈ ਉਹ ਚੁੱਪ ਚੁਪੀਤੇ ਪ੍ਰਮਾਤਮਾ ਦੀ ਭਗਤੀ ਤੇ ਚੱਲ ਰਹਿਆ ਹੈ ਭਾਵੇਂ ਉਸ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਤੇ ਉਹ ਵਿਅਰਥ ਵਿੱਚ ਹੀ ਇਹ ਸਮਝਦਾ ਹੈ ਕਿ ਭਗਤੀ ਕਰਨ ਵਾਲੇ ਹੋਰ ਹਨ ਜੋ ਅਸਲ ਵਿੱਚ ਭਗਤੀ ਦਾ ਦਿਖਾਵਾ ਹੀ ਕਰ ਰਹੇ ਹੁੰਦੇ ਹਨ। ਇਹ ਸਾਡਾ ਸਭ ਦਾ ਬਹੁਤ ਵੱਡਾ ਭਰਮ ਹੈ ਜਿਸ ਵਿੱਚੋਂ ਨਿਕਲੀਏ, ਕਿਉਂਕਿ ਗੁਰੂ ਸਾਨੂੰ ਜੋ ਭਗਤੀ ਦਾ ਮਾਰਗ ਸਮਝਾ ਰਹਿਆ ਹੈ ਉਹ ਗਲਤ ਕਿਵੇਂ ਹੋ ਸਕਦਾ ਹੈ, ਸਚੁ ਰੂਪ ਗੁਰੂ ਪ੍ਰਮਾਤਮਾ ਦੀ ਗੱਲ ਸੱਚ ਕਰਕੇ ਮੰਨੀਏ ਤੇ ਭਰਮਾਂ ਵਿੱਚੋਂ ਨਿਕਲ ਕੇ ਨਾਮ ਜਪੀਏ ਭਾਵ ਸੱਚ ਨੂੰ ਮੰਨੀਏ ਤੇ ਸੱਚੁ ਅਨੁਸਾਰ ਚਲੀਏ। (**ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥**)

“ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ॥
ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ॥
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥
ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ॥੧੨॥”

(ਅੰਗ ੧੩੬੨)

ਇੱਥੇ “ਮਿਤ” ਤੋਂ ਭਾਵ ਪ੍ਰਮਾਤਮਾ ਦੇ ਨਾਲ ਹੈ, ਗੁਰੂ ਦੇ ਨਾਲ ਹੈ ਜੋ ਸਭ ਦਾ ਮਿਤ ਹੈ ਅਤੇ ਉਹ ਗੁਣਾਂ ਦਾ ਗਾਹਕ ਹੈ ਭਾਵ ਸਾਡੇ ਗੁਣਾਂ ਦੇ ਬਦਲੇ ਉਹ ਆਪਣਾ ਨਾਮ ਦਿੰਦਾ ਹੈ ਤੇ ਉਸਦਾ ਨਾਮ ਮਿਲਣ ਤੇ ਹੀ ਉਸ ਪ੍ਰਮਾਤਮਾ ਦੀ, “ਤਤੁ” ਦੀ ਪਛਾਣ ਹੁੰਦੀ ਹੈ। ਨਾਮ ਦੀ ਪ੍ਰਾਪਤੀ ਮਨ ਨੂੰ ਮਾਰ ਕੇ ਹੀ ਹੋ ਸਕਦੀ ਹੈ। ਮਨ ਦਾ ਮਾਰਨਾ ਕੀ ਹੈ, ਇਹ ਅਸੀਂ ਪਿਛਲੇ ਸ਼ਬਦਾਂ ਰਾਹੀਂ ਜਾਣ ਹੀ ਚੁੱਕੇ ਹਾਂ। ਵਿਕਾਰਾਂ ਨੂੰ ਮਾਰਨਾ ਹੀ, ਮਨ ਦੀ ਮਾੜੀ ਸਮਝ ਨੂੰ ਮਾਰਨਾ ਹੀ, ਹਉਮੈ ਨੂੰ ਮਾਰਨਾ ਹੀ, ਮਨਮਤਿ ਨੂੰ ਮਾਰਨਾ ਹੀ ਮਨ ਨੂੰ ਮਾਰਨਾ ਹੈ। ਅਸੀਂ ਆਪਣੇ ਚਿੱਤ ਨੂੰ ਗੁਰੂ ਦੇ ਚਿੱਤ ਨਾਲ ਮਿਲਾਉਣਾ ਹੈ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਨਾਲ ਮਿਲਾਉਣਾ ਹੈ। ਸਾਡੇ ਮਨ ਦੇ ਵਿੱਚ ਪੰਜ ਚੋਰ ਵੱਸੇ ਹੋਏ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੱਸੇ ਹੋਏ ਹਨ ਜੋ ਸਾਡੇ ਅੰਦਰੋਂ ਸੱਚੁ ਧੰਨ, ਨਾਮ ਧੰਨ ਚੁਰਾਉਂਦੇ ਹਨ ਤੇ ਇਹਨਾਂ “ਨਾਮ ਧਨ” ਦੇ ਚੋਰਾਂ ਨੂੰ ਮਾਰੇ ਬਿਨ੍ਹਾਂ, ਵਿਕਾਰਾਂ ਨੂੰ ਮਾਰੇ ਬਿਨ੍ਹਾਂ, ਅਸੀਂ ਸੱਚੇ ਧੰਨ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਕਿ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਧੰਨ ਹੈ, ਗੁਣਾਂ ਦਾ ਧੰਨ ਹੈ, ਗੁਰਮਤਿ ਵਾਲੀ ਸੱਚੀ ਸੋਝੀ ਦਾ ਧੰਨ ਹੈ, ਨਾਮ ਧੰਨ ਹੈ। **(ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥ ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ॥੧੨॥)** ਸੱਚੁ ਧੰਨ ਹੀ ਨਾਮ ਧੰਨ ਹੈ ਤੇ ਹੁਣ ਧਿਆਨ ਨਾਲ ਸਮਝੋ ਕਿ ਪੰਜਾਂ ਚੋਰਾਂ ਦੇ ਰਹਿੰਦੇ ਹੋਏ ਕੀ ਅਸੀਂ ਨਾਮ ਧੰਨ ਵਾਲੇ ਅਖਵਾ ਸਕਦੇ ਹਾਂ। ਨਾਮ ਧੰਨ ਸੱਚੇ ਗਿਆਨ ਦਾ ਧੰਨ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਧੰਨ ਹੈ ਭਾਵ ਸਾਡੀ ਸੱਚੀ ਸਮਝ ਦਾ ਧੰਨ ਹੈ ਜੋ ਸਮਝ ਪੰਜੇ ਵਿਕਾਰਾਂ ਤੋਂ ਰਹਿਤ ਹੈ ਜੋ ਨਾਮ ਦੇ ਚੋਰ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਾਮ ਦੇ ਚੋਰ ਹਨ ਜੋ ਕਿ ਸਾਡੇ ਮਨ ਦੇ ਮਾੜੇ ਵਿਚਾਰ ਹਨ, ਔਗੁਣਾਂ ਵਾਲੇ ਵਿਚਾਰ ਹਨ। ਫਿਰ ਨਾਮ ਕੀ ਹੋਇਆ? ਜਿੱਥੇ ਪੰਜੇ ਵਿਕਾਰ ਵੱਸੇ ਹੋਏ ਹਨ ਉੱਥੇ ਨਾਮ ਨਹੀਂ ਵੱਸ ਸਕਦਾ। ਨਾਮ ਤਾਂ ਹੀ ਵੱਸੇਗਾ ਜੇਕਰ ਅਸੀਂ ਆਪਣੇ ਮਨ ਦੇ ਵਿੱਚ ਵੱਸੇ ਹੋਏ ਮਾੜੇ ਵਿਚਾਰਾਂ ਨੂੰ ਛੱਡਾਂਗੇ, ਮਾੜੀ ਸਮਝ ਨੂੰ ਛੱਡਾਂਗੇ, ਔਗੁਣਾਂ ਨੂੰ ਛੱਡਾਂਗੇ। ਸਾਰੀ ਗੱਲ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਜੋ ਸਾਨੂੰ ਗੁਣੀ ਬਨਾਉਣਾ ਚਾਹੁੰਦੀ ਹੈ। ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਅਸੀਂ ਗੁਣੀ ਨਹੀਂ ਬਣ ਸਕਦੇ, ਸ਼ਬਦ ਦੀ ਦਿੱਤੀ ਹੋਈ ਮਤਿ ਨੂੰ ਮੰਨਣ ਦੁਆਰਾ ਹੀ ਕੋਈ ਗੁਣੀ ਬਣ ਸਕਦਾ ਹੈ ਤੇ ਫਿਰ ਉਹ ਚੰਗੇ ਕਰਮ ਹੀ ਕਰੇਗਾ, ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਨਾਮ ਦੇ ਚੋਰ ਸਾਰੇ ਸੰਸਾਰ ਲਈ ਇੱਕੋ ਜਿਹੇ ਹੀ ਹਨ ਤੇ ਚੋਰਾਂ ਨੂੰ ਆਪਣੇ ਅੰਦਰੋਂ ਕੱਢਣਾ ਵੀ ਸਭ ਲਈ ਇੱਕੋ ਜਿਹਾ ਹੀ ਹੈ ਜੋ ਕਿ ਸਭ ਲਈ ਔਖਾ ਹੈ। ਇਸੇ ਲਈ ਨਾਮ ਜਪਣਾ ਔਖਾ ਹੈ। **(ਆਖਣਿ ਅਉਖਾ ਸਾਚਾ ਨਾਉ ॥)** ਸਾਡੇ ਅੰਦਰ ਦੇ ਵਿਕਾਰ ਸਾਡੀਆਂ ਤ੍ਰਿਸ਼ਨਾਵਾਂ ਨਾਲ ਜੁੜੇ ਹੋਏ ਹਨ, ਮਾਇਆ ਮੋਹ ਨਾਲ ਜੁੜੇ ਹੋਏ ਹਨ, ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਅਸੀਂ ਔਗੁਣਾਂ ਦਾ ਸਹਾਰਾ ਲੈਂਦੇ ਹਾਂ, ਜਿਸ ਕਰਕੇ ਔਗੁਣ ਸਾਨੂੰ ਚੰਗੇ ਲੱਗਦੇ ਹਨ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਆਪਣੀਆਂ ਤ੍ਰਿਸ਼ਨਾਵਾਂ ਛੱਡੋ ਜਿਸ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢਣ ਦਾ ਹੀ ਹੁੰਦਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਨਾਮ ਦੇ ਚੋਰਾਂ ਨੂੰ ਆਪਣੇ ਅੰਦਰ ਵੱਸਣ ਨ ਦੇਈਏ ਜੋ ਸਾਡੇ ਅੰਦਰੋਂ ਨਾਮ ਧੰਨ ਨੂੰ ਚੁਰਾਉਂਦੇ ਹਨ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੇ ਧੰਨ ਨੂੰ ਚੁਰਾਉਂਦੇ ਹਨ। ਇਹ ਸੱਚੀ ਮਤਿ ਦੇ ਚੋਰ ਹਨ ਜੋ ਚੋਰੀ ਰੁਕੇ ਬਿਨ੍ਹਾਂ ਅਸੀਂ ਨਾਮ ਨਾਲ ਨਹੀਂ ਜੁੜ ਸਕਦੇ। ਨਾਮ ਜਪਣ ਦਾ ਮਕਸਦ ਹੀ, ਇਹਨਾਂ ਚੋਰਾਂ ਨੂੰ ਆਪਣੇ ਅੰਦਰੋਂ ਕੱਢਣ ਦਾ ਹੈ। ਨਾਮ ਦੇ ਚੋਰਾਂ ਬਾਰੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਖੁੱਲ ਕੇ ਚਰਚਾ ਕਰਾਂਗੇ।

“ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥੧॥
ਮਨ ਰੇ ਗੁਰਮੁਖਿ ਅਗਨਿ ਨਿਵਾਰਿ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ॥੧॥ਰਹਾਉ॥”

(ਅੰਗ ੨੨)

ਬੜਾ ਸਾਫ਼ ਸਾਫ਼ ਸਮਝਾਇਆ ਹੈ ਕਿ ਗੁਰੂ ਦੇ ਉਪਦੇਸ਼ ਨੂੰ ਮੰਨੇ ਬਿਨ੍ਹਾਂ ਭਗਤੀ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਹੈ। ਗੁਰੂ ਦਾ ਉਪਦੇਸ਼ ਕੀ ਹੈ, ਇਹ ਵੀ ਸਮਝਾਇਆ ਹੋਇਆ ਹੈ। ਗੁਰੂ ਦਾ ਕਿਹਾ ਹੋਇਆ ਮਨ ਦੇ ਵਿੱਚ ਵੱਸ ਜਾਣਾ ਹੀ ਗੁਰੂ ਦਾ ਉਪਦੇਸ਼ ਵੱਸਣਾ ਹੈ। ਜਿੱਥੇ ਵੀ ਗੁਰੂ ਦੇ ਉਪਦੇਸ਼ ਦੀ ਗੱਲ ਜਾਂ ਗੁਰਮਤਿ ਦੀ ਗੱਲ ਆਉਂਦੀ ਹੈ ਉਸਦਾ ਭਾਵ ਉਸਨੂੰ ਮਨ ਵਿੱਚ ਵਸਾਉਣਾ ਹੀ ਹੁੰਦਾ ਹੈ। ਗੁਰਮਤਿ ਤੋਂ ਭਾਵ ਹੈ ਗੁਰੂ ਦੀ ਮਤਿ ਨੂੰ ਮਨ ਵਿੱਚ ਵਸਾਉਣਾ, ਉਪਦੇਸ਼ ਤੋਂ ਭਾਵ ਹੁੰਦਾ ਹੈ ਉਪਦੇਸ਼ ਨੂੰ ਮਨ ਵਿੱਚ ਵਸਾਉਣਾ। ਮਨ ਵਿੱਚ ਵਸਾਉਣਾ ਤੋਂ ਭਾਵ ਹੈ ਉਸ ਤੇ ਅਮਲ ਕਰਨਾ ਭਾਵ ਗੁਰੂ ਦੀ ਮਤਿ, ਉਪਦੇਸ਼, ਗਿਆਨ, ਕੇਵਲ ਸੁਣਨ ਲਈ ਨਹੀਂ ਹੈ ਬਲਕਿ ਮੰਨ ਕੇ ਉਸ ਤੇ ਅਮਲ ਕਰਨ ਲਈ ਹੈ, ਜਿਵੇਂ ਕਿ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਗਿਆ ਹੈ। (**ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥**) ਭਗਤੀ ਕਰਨ ਲਈ ਗੁਰੂ ਦਾ ਉਪਦੇਸ਼ ਕੀ ਹੈ ਜਿਸ ਨੂੰ ਅਸੀਂ ਮੰਨਣਾ ਹੈ, ਉਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮਨ ਰੇ ਗੁਰਮੁਖਿ ਅਗਨਿ ਨਿਵਾਰਿ॥

ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ॥੧॥ਰਹਾਉ॥"

ਜੇਕਰ ਅਸੀਂ ਆਪਣੀ ਹਉਮੈ, ਤ੍ਰਿਸ਼ਨਾ ਨੂੰ ਮਾਰਿਆ ਹੈ ਤੇ ਤਾਂ ਹੀ ਸਾਡੇ ਅੰਦਰ ਗੁਰੂ ਦਾ ਕਹਿਆ ਹੋਇਆ, ਵੱਸਿਆ ਮੰਨਿਆ ਜਾ ਸਕਦਾ ਹੈ। ਗੁਰੂ ਦਾ ਉਪਦੇਸ਼ ਸਾਨੂੰ ਹੈ ਹੀ ਆਪਣੀ ਹਉਮੈ, ਤ੍ਰਿਸ਼ਨਾ ਮਾਰਨ ਲਈ ਜੋ ਕਿ ਸਾਡੇ ਅੰਦਰ ਸਾਰੇ ਔਗੁਣਾਂ ਦਾ, ਵਿਕਾਰਾਂ ਦਾ ਕਾਰਨ ਹਨ।

ਗੁਰੂ ਦਾ ਉਪਦੇਸ਼ ਸਾਨੂੰ ਇਹ ਸਿੱਖਿਆ ਦੇ ਰਹਿਆ ਹੈ "ਮਨ ਰੇ ਗੁਰਮੁਖਿ ਅਗਨਿ ਨਿਵਾਰਿ॥" "ਅਗਨਿ" ਸਭ ਦੇ ਅੰਦਰ ਹੈ। **{ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥ ਅੰਗ-120}** ਸਾਡੇ ਅੰਦਰ ਵਿਕਾਰਾਂ ਦਾ ਕਾਰਨ ਸਾਡੀਆਂ ਤ੍ਰਿਸ਼ਨਾਵਾਂ ਹੀ ਹਨ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ। ਗੁਰੂ ਸਾਨੂੰ ਆਪਣੇ ਅੰਦਰ ਦੀ ਅਗਨਿ ਇਸੇ ਲਈ ਨਿਵਾਰਨ ਲਈ ਭਾਵ ਤਿਆਗਣ ਲਈ ਸਮਝਾ ਰਹਿਆ ਹੈ ਤਾਂ ਜੋ ਅਸੀਂ ਉਨ੍ਹਾਂ ਦੀ ਪੂਰਤੀ ਲਈ ਔਗੁਣਾਂ ਵਿੱਚ ਨਾ ਪਈਏ ਭਾਵ ਮਾੜੇ ਕਰਮ ਨਾ ਕਰੀਏ ਜੋ ਕਿ ਧਰਮ ਦੇ ਮਾਰਗ ਦੇ, ਨਾਮ ਦੇ ਮਾਰਗ ਦੇ, ਭਗਤੀ ਦੇ ਮਾਰਗ ਦੇ, ਗੁਰੂ ਦੀ ਸੇਵਾ ਦੇ ਮਾਰਗ ਦੇ, ਨਾਮ ਦੇ ਮਾਰਗ ਦੇ ਉਲਟ ਹੈ ਭਾਵ ਚੰਗੇ ਕਰਮ ਕਰਨ ਦੇ ਉਲਟ ਹੈ। **(ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥)** ਅਸੀਂ "ਗੁਰਮੁਖਿ" ਕਿਵੇਂ ਬਣਨਾ ਹੈ ਭਾਵ ਗੁਰੂ ਦੀ ਮਤਿ ਵਾਲਾ ਕਿਵੇਂ ਬਣਨਾ ਹੈ ਤੇ ਆਪਣੇ ਅੰਦਰੋਂ ਤ੍ਰਿਸ਼ਨਾ ਰੂਪ ਅਗਨਿ ਨੂੰ ਕਿਵੇਂ ਕੱਢਣਾ ਹੈ, ਇਹੀ ਗੱਲ ਅਗਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

"ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥1॥ ਰਹਾਉ ॥" ਗੁਰਮੁਖਿ ਉਹ ਹੀ ਬਣਦਾ ਹੈ ਜੋ ਗੁਰੂ ਦਾ ਕਹਿਆ ਮੰਨਦਾ ਹੈ। ਗੁਰੂ ਦਾ ਕਹਿਆ ਮਨਿ ਵਿੱਚ ਵੱਸਣਾ ਜਾਂ ਉਸਦਾ ਕਹਿਆ ਮੰਨਣਾ ਇੱਕੋ ਹੀ ਗੱਲ ਹੈ। ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ ਕਿ ਨਾਮ ਨੂੰ ਆਪਣੇ ਅੰਦਰ ਵਸਾਉ ਜਿਸ ਤੋਂ ਭਾਵ ਹੁੰਦਾ ਹੈ ਕਿ ਗੁਰੂ ਦੇ ਉਪਦੇਸ਼ ਨੂੰ, ਗੁਰੂ ਦੀ ਸਿੱਖਿਆ ਨੂੰ ਭਾਵ ਗੁਰੂ ਦੀ ਮਤਿ ਨੂੰ ਮੰਨੋ। ਗੁਰਮਤਿ ਹੀ ਨਾਮ ਹੈ ਤੇ ਗੁਰਮਤਿ ਨੂੰ ਆਪਣੇ ਅੰਦਰ ਵਸਾਉਣਾ ਹੀ ਨਾਮ ਜਪਣਾ ਹੈ। ਨਾਮ ਜਪਣ ਦਾ ਮਕਸਦ ਆਪਣੀ ਹਉਮੈ ਦੂਰ ਕਰਨ ਦੇ ਨਾਲ ਹੀ ਹੈ ਭਾਵ ਆਪਣੀ ਨਾਸਮਝ ਮਤਿ, ਮਨਮਤਿ ਦੂਰ ਕਰਨ ਦਾ ਹੀ ਹੈ ਜਿਸ ਮਤਿ ਵਿੱਚ ਰਹਿੰਦੇ ਹੋਏ ਅਸੀਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ, ਔਗੁਣਾਂ ਵਿੱਚ ਰਹਿੰਦੇ ਹਾਂ ਤੇ ਭਗਤੀ ਦੇ ਮਾਰਗ ਤੋਂ ਉਲਟ ਚੱਲਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ। ਗੁਰਮਤਿ ਦਾ ਮਕਸਦ, ਨਾਮ ਜਪਣ ਦਾ ਮਕਸਦ ਸਾਨੂੰ ਮਾੜੀ ਮਤਿ ਵਿੱਚੋਂ ਕੱਢਣ ਦਾ ਹੀ ਹੈ, ਮਨਮੁੱਖ ਵਾਲੀ ਮਤਿ ਵਿੱਚੋਂ ਕੱਢਕੇ ਗੁਰਮੁਖਿ ਵਾਲੀ ਮਤਿ ਵਾਲਾ ਬਨਾਉਣ ਦਾ ਹੀ ਹੈ ਤੇ ਗੁਰੂ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਉਸਦੀ ਮਤਿ ਨੂੰ ਮੰਨੀਏ, ਉਸਨੂੰ ਆਪਣੇ ਅੰਦਰ ਵਸਾਈਏ ਤਾਂ ਜੋ ਸਾਡੀ ਹਉਮੈ ਮਰੇ, ਸਾਡੀਆਂ ਤ੍ਰਿਸ਼ਨਾਵਾਂ ਮਰਨ। **(ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥1॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥1॥ ਰਹਾਉ ॥)**

"ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥

ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥"

(ਅੰਗ ੪੯੧)

"ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥

ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥"

(ਅੰਗ ੪੯੧)

ਹਰ ਕੋਈ ਰਾਮ ਰਾਮ ਕਰਦਾ ਹੈ ਭਾਵ ਆਪਣੇ ਵੱਲੋਂ ਨਾਮ ਜਪਦਾ ਹੈ ਭਾਵ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਨਾਮ ਜਪਣਾ ਸਮਝਦਾ ਹੈ ਪਰ ਅਸਲੀ ਰਾਮ ਰਾਮ ਕਰਨਾ ਕੀ ਹੈ, ਇਹ ਗੱਲ ਹੀ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਰਾਮ ਰਾਮ ਕਰਨ ਨਾਲ ਭਾਵ ਕਿਸੇ ਅੱਖਰ ਦੀ ਕਥਨੀ ਕਰੀ ਜਾਣ ਨਾਲ ਕੋਈ ਲਾਭ ਨਹੀਂ ਮਿਲਦਾ, ਰਾਮ ਨਹੀਂ ਮਿਲਦਾ। ਫਲ ਦੀ ਪ੍ਰਾਪਤੀ ਤਾਂ ਹੀ ਹੁੰਦੀ ਹੈ ਜਦੋਂ ਰਾਮ ਮਨ ਵਿੱਚ ਵੱਸ ਜਾਵੇ। ਰਾਮ ਕੀ ਹੈ ਬਸ ਇਸਦੀ ਸਮਝ ਲੱਗਣੀ ਹੀ ਜਰੂਰੀ ਹੈ ਜਿਵੇਂ ਕਿ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਦੱਸਿਆ ਗਿਆ ਹੈ। "ਰਾਮ" ਗੁਰਬਾਣੀ ਹੈ **(ਪੋਥੀ ਪਰਮੇਸਰ ਕਾ ਥਾਨੁ॥)** ਗੁਰਬਾਣੀ ਰਾਮ ਦਾ ਗਿਆਨ ਹੈ। "ਰਾਮ" ਦਾ ਮਨ ਵਿੱਚ ਵੱਸਣ ਤੋਂ ਭਾਵ ਹੈ ਉਸਦੇ ਗਿਆਨ ਦਾ ਮਨ ਵਿੱਚ ਵੱਸਣਾ, ਉਸਦੇ ਉਪਦੇਸ਼ ਦਾ ਮਨ ਵਿੱਚ ਵੱਸਣਾ ਭਾਵ ਉਸ ਤੇ ਅਮਲ ਕਰਨਾ। ਰਾਮ ਨਿਰਗੁਣ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ, ਬ੍ਰਹਮ ਗਿਆਨ ਰੂਪ ਵਿੱਚ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੈ। ਜਦੋਂ "ਰਾਮੁ" ਮਨ ਦੇ ਵਿੱਚ ਵੱਸਦਾ ਹੈ ਉਹ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਵੱਸਦਾ ਹੈ, ਸੱਚੇ ਉਪਦੇਸ਼ ਦੇ ਰੂਪ ਵਿੱਚ ਹੀ ਵੱਸਦਾ ਹੈ ਜਿਵੇਂ ਕਿ ਉਹ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਵੱਸਿਆ ਹੈ। ਖਾਲੀ ਕਥਨੀ ਨਾਲ ਗੱਲ ਨਹੀਂ ਬਣਦੀ, ਗੱਲ ਤਾਂ ਉਪਦੇਸ਼ ਤੇ ਚੱਲ ਕੇ ਹੀ ਬਣਨੀ ਹੈ। ਭਾਵ ਹਿਰਦੇ ਵਿੱਚੋਂ ਕਪਟ ਕੱਢ ਕੇ ਸੱਚ ਅਪਨਾਉਣ ਨਾਲ ਹੀ ਲਾਭ ਮਿਲਣਾ ਹੈ। ਜਦ ਤੱਕ ਸਾਡੇ ਅੰਦਰ ਕਪਟ ਵੱਸਿਆ ਹੋਇਆ ਹੈ, ਮਾਇਆ ਰੂਪ ਕਪਟ ਵੱਸਿਆ ਹੋਇਆ ਹੈ, ਮਾਇਆ ਦੀ ਠੱਗੀ ਵੱਸੀ ਹੋਈ ਹੈ, ਧੋਖਾ ਵੱਸਿਆ ਹੋਇਆ ਹੈ ਜੋ ਸਾਡੀ ਸਮਝ ਦੇ ਵਿੱਚ ਵੱਸਿਆ ਹੋਇਆ ਹੈ ਤਦ ਤੱਕ ਰਾਮ ਨਹੀਂ ਵੱਸ ਸਕਦਾ, ਭਾਵੇਂ ਕਥਨੀ ਦੁਆਰਾ ਅਸੀਂ ਆਪਣੇ ਆਪ ਨੂੰ ਜਿਤਨਾ ਮਰਜ਼ੀ ਉੱਚਾ ਅਖਵਾ ਲਈਏ, ਭਗਤੀ ਦੇ ਬਾਹਰੀ ਦਿਖਾਵਿਆਂ ਦੁਆਰਾ ਜਿਤਨਾ ਮਰਜੀ ਉੱਚਾ ਅਖਵਾ ਲਈਏ, ਭਾਵੇਂ ਸੰਤ ਆਦਿ ਅਖਵਾ ਲਈਏ। ਸਾਡੀ ਤ੍ਰਿਸ਼ਨਾ ਤਾਂ ਰਾਮ ਦੀ ਮਤਿ ਸਾਡੇ ਅੰਦਰ ਵੱਸਣ ਨਾਲ ਹੀ ਜਾਣੀ ਹੈ। ਆਪਣੇ ਆਪ ਨੂੰ ਵੱਡਾ ਅਖਵਾਉਣਾ ਵੀ ਸਾਡੀ ਤ੍ਰਿਸ਼ਨਾ ਹੀ ਹੈ। (**ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥) (ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥**) ਸਾਡੇ ਅੰਦਰ ਕਪਟ ਦਾ ਵੱਸਣਾ ਕੀ ਹੈ ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਰਾਮ ਰਾਮ ਕਰਨਾ ਕੀ ਹੈ ਇਹ ਅਗਲੇ ਸ਼ਬਦ ਵਿੱਚ ਸਮਝਾਇਆ ਹੋਇਆ ਹੈ।

"ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ
ਮਨਿ ਅਨਦੁ ਭਇਆ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥੧੮॥"

(ਅੰਗ ੫੯੩)

ਬਾਣੀ ਸਾਨੂੰ ਸਮਝਾ ਰਹੀ ਹੈ ਕਿ ਰਾਮ ਰਾਮ ਕਰਨ ਦਾ ਕੋਈ ਲਾਭ ਨਹੀਂ ਹੈ ਤੇ ਬਾਣੀ ਹੀ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਸਾਨੂੰ ਰਾਮ ਨਾਮ ਜਪਣਾ ਚਾਹੀਦਾ ਹੈ। ਸਾਰਾ ਭੇਦ ਕਥਨੀ ਕਰਨੀ ਵਿੱਚ ਹੈ ਜਿਵੇਂ ਕਿ ਉਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਆਪਣੇ ਮੁੱਖੋਂ ਰਾਮ ਉਸ ਮਨੁੱਖ ਨੇ ਹੀ ਕਿਹਾ ਹੈ ਜੋ ਗੁਰੂ ਦੇ ਭਾਣੇ ਵਿੱਚ ਚੱਲਿਆ ਹੈ ਭਾਵ ਜਿਸਨੇ ਗੁਰੂ ਦੀ ਸੇਵਾ ਕੀਤੀ ਹੈ। ਗੁਰੂ ਦੀ ਸੇਵਾ ਕੀ ਹੈ, ਉਸਦੇ ਭਾਣੇ ਵਿੱਚ ਚੱਲਣਾ ਕੀ ਹੈ ਇਹ ਗੱਲ ਅਸੀਂ ਬਰੀਕੀ ਨਾਲ ਪਿੱਛੇ ਸ਼ਬਦਾਂ ਰਾਹੀਂ ਜਾਣ ਹੀ ਚੁੱਕੇ ਹਾਂ। "ਗੁਰਸਿਖੁ" ਰੂਪ ਵਿੱਚ ਗੁਰੂ ਆਪ ਹੈ ਤੇ ਅੱਗੇ ਚੱਲ ਕੇ ਇਸ ਗੱਲ ਨੂੰ ਬਰੀਕੀ ਨਾਲ ਸਮਝਾਂਗੇ। ਰਾਮ ਰਾਮ ਅਸੀਂ ਆਪਣੀ ਕਰਣੀ ਦੁਆਰਾ ਕਰਨਾ ਹੈ ਨਾ ਕਿ ਕਥਨੀ ਦੁਆਰਾ। ਰਾਮ ਰਾਮ ਜਪਣ ਵਾਲਾ ਉਹੀ ਹੈ ਜੋ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਦਾ ਹੈ ਭਾਵ ਜੋ ਸੱਚੀ ਸੁੱਚੀ ਕਿਰਤ ਕਰਦਾ ਹੈ, ਸੱਚੇ ਸੁੱਚੇ ਕਰਮ ਕਰਦਾ ਹੈ ਜਿਵੇਂ ਕਿ ਹੇਠ ਦਿੱਤੀਆਂ

ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥”

(ਅੰਗ ੪੦੯)

ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਰਾਮ ਰਾਮ ਜਪੋ, ਰਾਮ ਨਾਮ ਜਪੋ ਤੇ ਨਾਲ ਹੀ ਸਮਝਾ ਰਹੀ ਹੈ ਕਿ ਰਾਮ ਰਾਮ ਕਰੀ ਜਾਣ ਦਾ ਕੋਈ ਲਾਭ ਨਹੀਂ ਹੈ। ਫਰਕ ਕੇਵਲ ਕਥਨੀ ਤੇ ਕਰਨੀ ਵਿੱਚ ਹੈ। ਮੁੱਖੋਂ ਰਾਮ ਰਾਮ ਇੱਕ ਅੱਖਰ ਦੇ ਰੂਪ ਵਿੱਚ ਬੋਲੀ ਜਾਣ ਦਾ ਲਾਭ ਨਹੀਂ ਹੈ ਬਲਕਿ ਰਾਮ ਰਾਮ ਕਰਨ ਦੇ ਮਕਸਦ ਨੂੰ ਸਮਝਣ ਦੀ ਲੋੜ ਹੈ। ‘‘ਰਾਮ ਨਾਮ’’ ਸਾਨੂੰ ਮਤਿ ਦੇਣ ਲਈ ਹੈ ਤੇ ਅਸੀਂ ਰਾਮ ਨਾਮ ਦੀ ਦਿੱਤੀ ਹੋਈ ਮਤਿ ਨੂੰ ਜਪਣਾ ਹੈ ਜੋ ਸਾਨੂੰ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦੀ ਹੈ। ਨਾਮ ਸਮਝਣ ਵਿੱਚ ਇਹੀ ਸਾਡਾ ਸਭ ਦਾ ਭਰਮ ਹੈ, ਭੁਲੇਖਾ ਹੈ। ਜਦ ਤੱਕ ਸਾਡੇ ਮਨ ਨੇ ਨਾਮ ਨਹੀਂ ਜਪਿਆ ਭਾਵ ਜਦ ਤੱਕ ਸਾਡੇ ਮਨ ਨੇ ਗੁਰੂ ਦੀ ਸਿੱਖਿਆ ਨੂੰ ਨਹੀਂ ਮੰਨਿਆ ਤਦ ਤੱਕ ਸਾਡਾ ਮੁੱਖ ਨਾਮ ਜਪਣ ਵਾਲਾ ਨਹੀਂ ਬਣ ਸਕਦਾ। ਸਾਡਾ ਮੁੱਖ ਉਹੀ ਕੁੱਝ ਕਰਦਾ ਹੈ ਜੋ ਸਾਡਾ ਮਨ ਸਾਨੂੰ ਸਮਝਾਉਂਦਾ ਹੈ। ਨਾਮ ਗੁਰੂ ਦਾ ਸ਼ਬਦ ਹੈ ਭਾਵ ਗੁਰੂ ਦਾ ਹਰ ਸ਼ਬਦ ਨਾਮ ਹੈ ਤੇ ਹਰ ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ਕੇ ਨਾਮ ਧਿਆਉਣਾ ਕੀ ਹੈ ਤਾਂ ਜੋ ਕੋਈ ਵੀ ਵੱਡੇ ਤੋਂ ਵੱਡਾ ਧਰਮ ਦਾ ਗਿਆਤਾ ਅਖਵਾਉਣ ਵਾਲਾ, ਧਰਮ ਦਾ ਵਿਦਵਾਨ ਅਖਵਾਉਣ ਵਾਲਾ, ਪੰਡਿਤ, ਗਿਆਨੀ, ਬ੍ਰਹਮ ਗਿਆਨੀ ਆਦਿ ਅਖਵਾਉਣ ਵਾਲਾ ਇਹ ਨਾ ਕਹਿ ਸਕੇ ਕਿ ਗੁਰਬਾਣੀ ਗੁਰੂ ਨੇ ਸਾਨੂੰ ‘‘ਨਾਮ ਧਿਆਉਣਾ’’ ਸਮਝਾਉਣ ਵਿੱਚ ਕੋਈ ਕਸਰ ਛੱਡੀ ਹੈ। ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਨਾਮ ਧਿਆਉਣਾ ਕੀ ਹੈ। ਜੋ ਨਾਮ ਧਿਆਉਣਾ ਹੈ, ਉਹੀ ਨਾਮ ਜਪਣਾ ਹੈ, ਸਿਮਰਨਾ ਹੈ।

“ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥”

(ਅੰਗ 27)

ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਕੀ ਅਸੀਂ ਪੂਰੀ ਗੁਰਬਾਣੀ ਵਿਚੋਂ ਕਿਸੇ ਖਾਸ ਸ਼ਬਦ ਨੂੰ ਛਾਂਟਣਾ ਹੈ ਕਿ ਕਿਹੜੇ ਸ਼ਬਦ ਦੀ ਗੱਲ ਨੂੰ ਸੁਣ ਕੇ ਮੰਨਣਾ ਹੈ ਤੇ ਕਿਹੜੇ ਸ਼ਬਦ ਦੀ ਗੱਲ ਨੂੰ ਨਹੀਂ ਮੰਨਣਾ। ਕੀ ਅਸੀਂ ਕਿਸੇ ਖਾਸ ਸ਼ਬਦ ਦੀ ਗੱਲ ਨੂੰ ਉਚਾ ਸਮਝਣਾ ਹੈ ਤੇ ਦੂਸਰੇ ਸ਼ਬਦਾਂ ਦੀ ਗੱਲ ਨੂੰ ਨੀਵਾਂ ਸਮਝਣਾ ਹੈ। ਹਰ ਸ਼ਬਦ ਗੁਰੂ ਪ੍ਰਮਾਤਮਾ ਨੇ ਸਾਡੇ ਮੰਨਣ ਲਈ ਉਚਾਰਿਆ ਹੈ ਤੇ ਜੋ ਗੁਰੂ ਦੇ ਸ਼ਬਦ ਦੁਆਰਾ ਸਮਝਾਈ ਹੋਈ ਗੱਲ ਨੂੰ ਮੰਨ ਲੈਂਦਾ ਹੈ, ਗੁਰੂ ਦੀ ਦਿਤੀ ਹੋਈ ਮਤਿ ਨੂੰ ਮੰਨ ਲੈਂਦਾ ਹੈ, ਉਹ ਸ਼ਬਦ ਨੂੰ ਭਾਵ ਨਾਮ ਨੂੰ ਆਪਣੇ ਅੰਦਰ ਧਿਆ ਲੈਂਦਾ ਹੈ, ਜਪ ਲੈਂਦਾ ਹੈ, ਸਿਮਰ ਲੈਂਦਾ ਹੈ ਭਾਵ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਸੁਣਿ ਕੇ ਜੋ ਮੰਨ ਲੈਂਦਾ ਹੈ ਉਹੀ ਨਾਮ ਧਿਆਉਂਦਾ ਹੈ ਤੇ ਜੋ ਗੁਰੂ ਦੀ ਗੱਲ ਨੂੰ ਕੇਵਲ ਸੁਣਦੇ ਹਨ ਪਰ ਮੰਨਦੇ ਨਹੀਂ ਉਹ ਨਾਮ ਨਹੀਂ ਧਿਆਉਂਦੇ। **(ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥)** ਹੁਣ ਧਿਆਨ ਨਾਲ ਸਮਝੋ ਕਿ ‘‘**ਹਰਿ**’’ ਕੀ ਹੈ ਭਾਵ ਹਰਿ ਨੂੰ ਧਿਆਉਣਾ ਕੀ ਹੈ। ਸ਼ਬਦ ਦੀ ਗੱਲ ਨੂੰ ਸੁਣ ਕੇ ਮੰਨਣਾ ਹੀ ‘‘**ਹਰਿ**’’ ਨੂੰ ਧਿਆਉਣਾ ਹੈ, ਪ੍ਰਮਾਤਮਾ ਨੂੰ ਧਿਆਉਣਾ ਹੈ। ‘‘**ਹਰਿ**’’ ਭਾਵ ਪ੍ਰਮਾਤਮਾ ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਹੀ ਆਪ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੀ ਆਪ ਹੈ, ਸ਼ਬਦਾਂ ਦੇ ਅੰਦਰ ਜੋ ਸੱਚਾ ਗਿਆਨ ਹੈ, ਗੁਰਮਤਿ ਰੂਪ ਗਿਆਨ ਹੈ, ਬ੍ਰਹਮ ਗਿਆਨ ਹੈ ਉਸ ਗਿਆਨ ਦੇ ਰੂਪ ਵਿਚ ਹੀ ਪ੍ਰਮਾਤਮਾ ਆਪ ਹੈ। ਸ਼ਬਦ ਦੀ ਮਤਿ ਨੂੰ ਮੰਨਣਾ ਭਾਵ ਧਿਆਉਣਾ ਹੀ ਹਰਿ ਨੂੰ ਧਿਆਉਣਾ ਹੈ ਕਿਉਂਕਿ ਜੋ ਸ਼ਬਦ ਦਾ ਗਿਆਨ ਹੈ ਉਹੀ ਪ੍ਰਮਾਤਮਾ ਆਪ ਹੈ। **(ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥)**

ਪ੍ਰਮਾਤਮਾ ਪੂਰੀ ਗੁਰਬਾਣੀ ਵਿਚ ਕਿਸ ਰੂਪ ਵਿਚ ਹੈ ਇਸ ਗੱਲ ਨੂੰ ਹੇਠ ਦਿਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

“ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥”

(ਅੰਗ 456)

“ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥”

(ਅੰਗ 120)

ਪ੍ਰਮਾਤਮਾ ਪੂਰੀ ਬਾਣੀ ਵਿੱਚ “ਗਿਆਨ ਅੰਜਨ” ਦੇ ਰੂਪ ਵਿੱਚ ਹੈ ਤੇ ਆਪਣੇ ਇਸੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਗੁਰੂ ਹੈ। “ਗਿਆਨ ਅੰਜਨ” ਤੋਂ ਭਾਵ ਗਿਆਨ ਦੇ ਅੰਦਰ ਦੀ ਸਮਝ ਹੈ, ਗਿਆਨ ਦੇ ਅੰਦਰ ਦਾ ਪਦਾਰਥ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਦੇ ਅੰਦਰ ਹੈ ਉਸੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਰੂਪ ਵਿੱਚ ਹੀ ਉਹ ਸਭ ਜਗ੍ਹਾ ਸਮਾਇਆ ਹੋਇਆ ਹੈ, ਹਰ ਆਕਾਰ ਰੂਪ ਵਿੱਚ ਸਮਾਇਆ ਹੋਇਆ ਹੈ ਤੇ ਜਿਸਦੇ ਹਿਰਦੈ ਵਿੱਚ ਪ੍ਰਮਾਤਮਾ ਵੱਸਦਾ ਹੈ ਉਹ ਆਪਣੇ ਇਸੇ ਰੂਪ ਦੁਆਰਾ ਹੀ ਵੱਸਦਾ ਹੈ ਤੇ ਉਹ ਕਿਸੇ ਦੇ ਵੀ ਅੰਦਰ ਇੱਕ ਨਿਮਖ ਵਿੱਚ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ ਤੇ ਆਪਣੇ ਸੱਚੇ ਗਿਅਨ ਦੁਆਰਾ, ਸਮਝ ਦੁਆਰਾ ਉਸ ਮਨੁੱਖੀ ਰੂਪ ਦੀਆਂ ਸਾਰੀਆ ਚਿੰਤਾਵਾਂ ਦੂਰ ਕਰ ਦਿੰਦਾ ਹੈ। **(ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥)**

ਅਗਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸ਼ਬਦਾਂ ਦੇ ਲੇਖੇ ਵਿੱਚ ਭਾਵ ਅੱਖਰਾਂ ਦੀ ਲਿਖਤ ਵਿੱਚ ਨਹੀਂ ਹੈ, ਉਹ ਸ਼ਬਦਾਂ ਦੇ ਅੰਦਰ ਦੀ ਸੋਝੀ ਦੇ ਵਿਚ ਹੈ, ਸ਼ਬਦਾਂ ਦੇ ਗਿਆਨ ਦੇ ਵਿਚ ਹੈ। ਜੇਕਰ ਅਸੀਂ ਸ਼ਬਦਾਂ ਦੀ ਕੇਵਲ ਲਿਖਤ ਨੂੰ ਹੀ ਪੜੀ ਜਾਈਏ ਤਾਂ ਫਿਰ ਅਸੀਂ ਪ੍ਰਮਾਤਮਾ ਨਾਲ ਨਹੀਂ ਜੁੜ ਸਕਦੇ। ਜੇਕਰ ਅਸੀਂ ਸ਼ਬਦਾਂ ਦੀ ਸੋਝੀ ਨਾਲ, ਸ਼ਬਦਾਂ ਦੀ ਮਤਿ ਨਾਲ ਜੁੜਦੇ ਹਾਂ ਤਾਂ ਫਿਰ ਅਸੀਂ ਪ੍ਰਮਾਤਮਾ ਦੇ ਨਾਲ ਜੁੜਦੇ ਹਾਂ ਭਾਵ ਜੁੜਨ ਦਾ ਉਦਮ ਕਰਦੇ ਹਾਂ। ਹਰ ਸ਼ਬਦ ਦੇ ਅੰਦਰ ਦੀ ਸਮਝ ਸੱਚ ਹੈ, ਬ੍ਰਹਮ ਗਿਆਨ ਹੈ, ਨਾਮ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਪੂਰੀ ਗੁਰਬਾਣੀ ਦੇ ਵਿੱਚ ਆਪ ਹੀ ਗੁਰੂ ਹੈ। **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥)**

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥10॥}

(ਅੰਗ 759)

{ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥2॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥
ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥3॥
ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥4॥}

(ਅੰਗ 29)

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਨਾਮ ਹੈ ਜਿਸਨੂੰ ਅਸੀਂ ਜਪਣਾ ਹੈ, ਧਿਆਉਣਾ ਹੈ ਭਾਵ ਮੰਨਣਾ ਹੈ, ਜਿਸ ਧਿਆਉਣ ਦਾ ਮਕਸਦ ਮਨ ਦੀ ਮੈਲ ਵਿੱਚੋਂ, ਅਗਿਆਨਤਾ ਵਿੱਚੋਂ, ਹਉਮੈ ਵਿੱਚੋਂ,

ਤ੍ਰਿਸ਼ਨਾ ਵਿੱਚੋਂ, ਵਿਕਾਰਾਂ ਵਿੱਚੋਂ ਨਿਕਲਣਾ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਆਸਾਨੀ ਨਾਲ ਹਰ ਕੋਈ ਸਮਝ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਰਾਮ ਨਾਮ ਹੈ, ਹਰਿ ਹਰਿ ਨਾਮ ਹੈ। ਪੂਰੀ ਗੁਰਬਾਣੀ ਵਿੱਚ ਹਰਿ ਹਰਿ ਨਾਮ, ਰਾਮ ਨਾਮ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚੀ ਮਤਿ ਹੀ ਦਿੰਦੀ ਹੈ, ਸੱਚਾ ਗਿਆਨ ਹੀ ਦਿੰਦੀ ਹੈ ਜਿਸ ਵਿਚਾਰ ਨੂੰ ਜਪਣਾ ਹੀ ਭਾਵ ਮੰਨਣਾ ਹੀ ਨਾਮ ਜਪਣਾ ਹੈ ਜਿਸ ਨਾਮ ਨੂੰ ਜਪਣ ਦੁਆਰਾ ਅਸੀਂ ਪ੍ਰਮਾਤਮਾ ਦੇ ਦਰ ਤੇ ਸੱਚੇ ਬਣ ਸਕਦੇ ਹਾਂ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ ਰਹਾਉ ॥}

(ਅੰਗ 355)

ਸਾਨੂੰ ਗੁਰੂ ਆਪ ਹੀ ਵਾਰ-ਵਾਰ ਸਮਝਾਉਂਦਾ ਹੈ ਕਿ ਰਾਮ ਰਾਮ ਜਪੋ, ਹਰਿ ਹਰਿ ਜਪੋ ਤੇ ਆਪ ਹੀ ਸਮਝਾਉਂਦਾ ਹੈ ਕਿ ਰਾਮ ਰਾਮ ਕਰਨ ਦਾ ਕੋਈ ਲਾਭ ਨਹੀਂ ਹੈ, ਹਰਿ ਹਰਿ ਬੋਲਣ ਦਾ ਕੋਈ ਲਾਭ ਨਹੀਂ ਹੈ। ਸਾਰੀ ਗੱਲ ਨਾਮ ਦੇ ਮਕਸਦ ਨੂੰ ਸਮਝਣ ਦੀ ਹੈ ਜੋ ਮਕਸਦ ਸਾਨੂੰ ਬਾਣੀ ਆਪ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ ਤੇ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਵੀ ਹੈ ਤੇ ਪੂਰੇ ਲੇਖ ਵਿੱਚ ਸਮਝਾਂਗੇ ਕਿਉਂਕਿ ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ।

ਰਾਮ ਨਾਮ ਦੇ ਮਕਸਦ ਨੂੰ ਸਮਝਣ ਦੀ ਬਜਾਇ ਅਸੀਂ ਇੱਕ ਅੱਖਰ ਦੇ ਜਪ ਨਾਲ ਜੁੜੇ ਹੋਏ ਹਾਂ। ਸਿੱਖ ਜਗਤ ਨੇ ਰਾਮ ਨਾਮ ਨੂੰ, ਹਰਿ ਹਰਿ ਨਾਮ ਨੂੰ ਸਮਝਣ ਦੀ ਬਜਾਇ ਅੱਖਰ ਦਾ ਨਾਮ ਬਦਲ ਕੇ "ਵਾਹਿਗੁਰੂ" ਅੱਖਰ ਨੂੰ "ਨਾਮ" ਬਣਾ ਲਿਆ ਹੈ ਜੋ ਕਿ ਅਤਿ ਦਾ ਭਰਮ ਹੈ ਕਿਉਂਕਿ ਹਰ ਕੋਈ ਕਿਸੇ ਅੱਖਰ ਨੂੰ ਹੀ ਨਾਮ ਸਮਝਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰਬਾਣੀ ਹੀ ਸਾਨੂੰ ਇਹ ਸਮਝਾ ਰਹੀ ਹੈ ਕਿ ਵੇਦਾਂ ਸ਼ਾਸਤਰਾਂ ਵਿੱਚ ਵੀ ਨਾਮ ਹੈ ਤੇ ਸਭ ਨੂੰ ਉਹ ਨਾਮ ਜਪਣਾ ਚਾਹੀਦਾ ਹੈ।

"ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥"

(ਅੰਗ 919)

ਨਾਮ ਤਾਂ ਸੱਚ ਹੀ ਹੈ ਤੇ ਜੋ ਸੱਚ ਨਹੀਂ ਉਹ ਕੂੜ ਹੈ ਭਾਵ ਝੂਠ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਵੇਦ ਵੀ ਸਾਨੂੰ ਸੱਚੀ ਮਤਿ ਹੀ ਦਿੰਦੇ ਹਨ, ਸਾਨੂੰ ਸੱਚ ਹੀ ਸਮਝਾਉਂਦੇ ਹਨ, ਸਾਨੂੰ ਸੱਚਾ ਸੁੱਚਾ ਜੀਵਨ ਜਿਉਂਣ ਲਈ ਸਮਝਾਉਂਦੇ ਹਨ ਪਰ ਜੋ ਧਰਮ ਗ੍ਰੰਥਾਂ ਦੀ ਸੱਚੀ ਮਤਿ ਨਾਲ ਨਹੀਂ ਜੁੜਦਾ ਉਹ ਕੂੜ ਨਾਲ ਹੀ ਜੁੜਿਆ ਰਹਿੰਦਾ ਹੈ ਭਾਵ ਆਪਣੀ ਝੂਠੀ ਮਤਿ ਨਾਲ ਹੀ ਜੁੜਿਆ ਰਹਿੰਦਾ ਹੈ। ਜੇਕਰ ਅਸੀਂ ਸੱਚ ਨੂੰ ਮੰਨਦੇ ਹਾਂ ਭਾਵ ਵੇਦਾਂ ਦੀ ਸਮਝਾਈ ਹੋਈ ਮਤਿ ਨੂੰ ਮੰਨਦੇ ਹਾਂ ਫਿਰ ਤਾਂ ਹੀ ਸਾਡੀ ਤਾਲ ਗੁਰੂ ਦੇ ਨਾਲ ਰਲਦੀ ਹੈ ਭਾਵ ਗੁਰੂ ਦੀ ਸਮਝ ਦੇ ਨਾਲ ਅਸੀਂ ਇੱਕ ਹੁੰਦੇ ਹਾਂ ਤੇ ਜੇਕਰ ਸੱਚ ਨੂੰ ਨਹੀਂ ਮੰਨਦੇ, ਨਾਮ ਨੂੰ ਨਹੀਂ ਮੰਨਦੇ ਤਾਂ ਫਿਰ ਅਸੀਂ ਬੇਤਾਲੇ ਹੀ ਰਹਿੰਦੇ ਹਾਂ। ਇਹ ਸਾਡਾ ਜੀਵਨ ਇੱਕ ਜੂਏ ਦੀ ਖੇਡ ਦੀ ਤਰ੍ਹਾਂ ਹੈ ਜਿਸਨੂੰ ਕੇਵਲ ਨਾਮ ਦੁਆਰਾ ਭਾਵ ਗੁਰੂ ਦੀ ਸੱਚੀ ਮਤਿ ਨੂੰ ਅਪਣਾ ਕੇ ਹੀ ਜਿੱਤਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਝੂਠੀ ਮਤਿ ਨਾਲ ਜੁੜਕੇ ਅਸੀਂ ਇਸ ਜੀਵਨ ਦੀ ਖੇਡ ਨੂੰ ਹਾਰ ਜਾਂਦੇ ਹਾਂ। (**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥ ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥**) ਜੇਕਰ ਕਿਸੇ ਅੱਖਰ ਨੂੰ ਜਪਣਾ ਹੀ ਨਾਮ ਹੈ ਤਾਂ ਫਿਰ ਸਿਖ ਜਗਤ ਵਾਲੇ ਉਸ ਅੱਖਰ ਨੂੰ ਕਿਉਂ ਨਹੀਂ ਜਪਦੇ ਜੋ ਅੱਖਰ ਵੇਦ ਸਮਝਾਉਂਦੇ ਹਨ। ਕੇਵਲ ਨਾਮ ਨੂੰ ਸਮਝਣ ਵਿੱਚ ਭਰਮ ਹੈ, ਹੋਰ ਕੁੱਝ ਵੀ ਨਹੀਂ। ਆਓ ਇਸ ਗੱਲ ਨੂੰ ਹੇਠਾਂ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰਦੇ ਹਾਂ।

"ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥7॥"

(ਅੰਗ 831)

ਸਾਸਤ੍ਰ ਸਿਮ੍ਰਿਤਿ ਸਭ ਧਰਮ ਗ੍ਰੰਥ ਹੀ ਹਨ ਜੋ ਧਰਮ ਦਾ ਮਾਰਗ ਹੀ ਸਮਝਾਉਂਦੇ ਹਨ ਭਾਵ ਨਾਮ ਹੀ ਦ੍ਰਿੜ ਕਰਵਾਉਂਦੇ ਹਨ, ਧਰਮ ਦੇ ਮਾਰਗ ਤੇ ਚੱਲਣ ਦੀ ਸਿੱਖਿਆ ਹੀ ਦ੍ਰਿੜ ਕਰਵਾਉਂਦੇ ਹਨ। (**ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥**) "ਨਾਮ" ਨੂੰ ਧਰਮ ਗ੍ਰੰਥ ਕਿਸ ਰੂਪ ਵਿੱਚ ਦ੍ਰਿੜ ਕਰਵਾਉਂਦੇ ਹਨ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰਮੁਖਿ ਸਾਂਤਿ ਊਤਮ ਕਰਮੰ ॥"

"ਗੁਰਮੁਖਿ ਸਾਂਤਿ" ਤੋਂ ਭਾਵ ਹੈ ਗੁਰੂ ਦੀ ਸਿੱਖਿਆ ਲੈਣ ਦੁਆਰਾ ਅਸੀਂ ਆਪਣੇ ਮਨ ਨੂੰ ਸ਼ਾਂਤ ਕਰਨਾ ਹੈ ਭਾਵ ਮਨ ਵਿੱਚ ਸੰਤੋਖ ਲਿਆਉਣਾ ਹੈ ਤਾਂ ਜੋ ਅਸੀਂ ਉੱਤਮ ਕਰਮ ਕਰੀਏ, ਚੰਗੇ ਕਰਮ ਕਰੀਏ ਜੋ ਕਿ ਭਗਤੀ ਦਾ ਮਾਰਗ ਹੈ ਭਾਵ ਇਸ ਤਰੀਕੇ ਨਾਮ ਜਪੀਏ। ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾਵਾਂ ਹਨ ਤਦ ਤੱਕ ਅਸੀਂ ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਔਖੇ ਹੁੰਦੇ ਰਹਿੰਦੇ ਹਾਂ ਤੇ ਸਾਡਾ ਮਨ ਸ਼ਾਂਤ ਨਹੀਂ ਹੁੰਦਾ ਤੇ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਔਗੁਣ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। **(ਤਿਸਨਾ ਅਗਨਿ ਜਲੈ ਸੰਸਾਰਾ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ॥ ਅੰਗ-120) (ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥1॥ਰਹਾਉ॥ ਅੰਗ-22)** ਸਾਰੇ ਧਰਮ ਗ੍ਰੰਥ ਸਾਨੂੰ ਇਹੋ ਜਿਹਾ ਨਾਮ ਹੀ ਦ੍ਰਿੜ ਕਰਵਾਉਂਦੇ ਹਨ ਕਿ ਅਸੀਂ ਤ੍ਰਿਸ਼ਨਾਵਾਂ ਨੂੰ ਛੱਡੀਏ ਤੇ ਮਨ ਦੇ ਸੰਤੋਖ ਰਾਹੀਂ ਉੱਤਮ ਕਰਮ ਕਰੀਏ ਭਾਵ ਔਗੁਣਾਂ ਤੋਂ ਰਹਿਤ ਹੋ ਕੇ ਉੱਤਮ ਕਰਮ ਕਰਨੇ ਹੀ ਨਾਮ ਦਾ ਮਕਸਦ ਹੈ, ਨਾਮ ਜਪਣਾ ਹੈ। (**ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਮੰ ॥**) ਨਾਮ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਆਪਣੀ ਮਤਿ ਨੂੰ ਛੱਡੀਏ ਭਾਵ ਮਨਮੁਖਿ ਵਾਲੀ ਸਮਝ ਛੱਡੀਏ, ਹਉਮੈ ਵਾਲੀ, ਅਗਿਆਨਤਾ ਵਾਲੀ ਸਮਝ ਛੱਡੀਏ ਜੋ ਸਾਡੇ ਅੰਦਰ ਦਾ ਬੰਧਨ ਹੈ। ਇਹ ਬੰਧਨ ਸਾਡੇ ਅੰਦਰੋਂ ਤਾਂ ਹੀ ਟੁੱਟਦਾ ਹੈ ਜੇਕਰ ਸਾਡੇ ਅੰਦਰ ਨਾਮ ਵੱਸ ਜਾਵੇ ਭਾਵ ਗੁਰੂ ਦੀ ਸੱਚੀ ਸਿੱਖਿਆ ਵੱਸ ਜਵੇ, ਗੁਰੂ ਦਾ ਸੱਚਾ ਗਿਆਨ ਵੱਸ ਜਾਵੇ ਜਿਸ ਦੁਆਰਾ ਮਨੁੱਖ ਜੂਨਾਂ ਦੇ ਦੁੱਖ ਵਿੱਚੋਂ ਨਿਕਲਦਾ ਹੈ। ਜੂਨਾਂ ਦਾ ਦੁੱਖ ਕੀ ਹੈ ਇਸ ਗੱਲ ਨੂੰ ਕਾਫੀ ਅੱਗੇ ਚੱਲਕੇ ਸਮਝਾਂਗੇ। (**ਮਨਮੁਖਿ ਜੋਨੀ ਦੁਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥**)

ਉੱਪਰ ਅਸੀਂ ਇਹ ਸਮਝਿਆ ਹੈ ਕਿ ਵੇਦਾਂ ਵਿੱਚ ਵੀ ਨਾਮ ਹੈ, ਸਾਸਤ੍ਰ ਸਿਮ੍ਰਿਤਿ ਵਿੱਚ ਵੀ ਨਾਮ ਹੈ ਤੇ ਉਹ ਨਾਮ ਕਿਸ ਰੂਪ ਵਿੱਚ ਹੈ। ਆਓ ਹੁਣ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ਕਿ ਧਰਮ ਗ੍ਰੰਥ "ਗੀਤਾ" ਦੇ ਵਿੱਚ ਨਾਮ ਕਿਸ ਰੂਪ ਵਿੱਚ ਹੈ।

"ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥5॥"

(ਅੰਗ 874)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਕਿ "ਗੀਤਾ" ਵੀ ਸਾਨੂੰ ਇਹ ਹੀ ਕਹਿੰਦੀ ਹੈ ਭਾਵ ਇਹੀ ਸਿੱਖਿਆ ਦਿੰਦੀ ਹੈ ਕਿ ਰਾਮ ਨਾਮ ਨੂੰ ਆਪਣੇ ਅੰਦਰ ਵਸਾਉ ਜੋ ਰਾਮ ਨਾਮ "ਗੀਤਾ" ਦੇ ਅੰਦਰ ਗੁਰਮਤਿ ਦੇ ਰੂਪ ਵਿੱਚ ਹੈ। ਹਰ ਧਰਮ ਗ੍ਰੰਥ ਸਾਨੂੰ ਗੁਰਮਤਿ ਹੀ ਸਮਝਾਉਂਦਾ ਹੈ ਤੇ ਗੁਰਮਤਿ ਹੀ ਪ੍ਰਮਾਤਮਾ ਦਾ ਨਾਮ ਹੈ। ਹਰ ਧਰਮ ਗ੍ਰੰਥ ਸ਼ਬਦਾਂ ਦਾ ਭੰਡਾਰ ਹੈ ਤੇ ਹਰ ਸ਼ਬਦ ਦੀ ਵਿਚਾਰ ਨਾਮ ਹੈ ਜੋ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਭਾਵ ਨਾਮ ਹੀ ਸਮਝਾਉਂਦੀ ਹੈ।

ਜੋ ਰਾਮ ਨਾਮ ਸਾਨੂੰ ਦੂਸਰੇ ਧਰਮ ਗ੍ਰੰਥ ਸਮਝਾਉਂਦੇ ਹਨ ਉਹੀ ਰਾਮ ਨਾਮ ਸਾਨੂੰ ਗੁਰਬਾਣੀ ਸਮਝਾ ਰਹੀ ਹੈ ਜੋ ਰਾਮ ਨਾਮ ਸਾਰੀ ਗੁਰਬਾਣੀ ਦੇ ਵਿੱਚ ਗੁਰਮਤਿ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ ਰਹਾਉ ॥}

(ਅੰਗ 355)

ਉਪਰਲੀ ਪੰਗਤੀ ਨੂੰ ਹਮੇਸ਼ਾ ਹੀ ਧਿਆਨ ਵਿੱਚ ਰੱਖੋ ਤਾਂ ਜੋ ਅਸੀਂ ਨਾਮ ਨੂੰ ਸਮਝਣ ਵਿੱਚ ਕਦੇ ਭੁੱਲ ਨਾ ਕਰੀਏ। ਗੁਰਬਾਣੀ ਰਾਹੀਂ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਇਆ ਗਿਆ ਹੈ ਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ। ਹਰ ਧਰਮ ਗ੍ਰੰਥ ਸ਼ਬਦਾਂ ਦਾ ਭੰਡਾਰ ਹੀ ਹੈ ਤੇ ਹਰ ਸ਼ਬਦ ਸਾਨੂੰ ਵਿਚਾਰ ਹੀ ਦਿੰਦਾ ਹੈ ਜੋ ਧਰਮ ਗ੍ਰੰਥ ਦਾ ਭਾਵ ਗੁਰੂ ਦਾ ਉਪਦੇਸ਼ ਹੁੰਦਾ

ਹੈ। ਗੁਰੂ ਦਾ ਹਰ ਉਪਦੇਸ਼ ਨਾਮ ਹੀ ਹੈ ਭਾਵੇਂ ਅਸੀਂ ਉਹ ਉਪਦੇਸ਼ ਕਿਸੇ ਵੀ ਧਰਮ ਗ੍ਰੰਥ ਦੁਆਰਾ ਪੜ੍ਹੀਏ। ਹਰ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦਾ ਹੈ, ਭਾਵ ਸੱਚੀ ਮਤਿ ਹੀ ਦਿੰਦਾ ਹੈ ਕਿ ਔਗੁਣਾਂ ਨੂੰ ਤਿਆਗੋ ਤੇ ਗੁਣਾਂ ਦੁਆਰਾ ਵਿਚਰੋ ਜਿਸ ਦੁਆਰਾ ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਭਗਤਾਂ ਨੇ ਪ੍ਰਮਾਤਮਾ ਨੂੰ ਇਸੇ ਤਰੀਕੇ ਹੀ ਪਾਇਆ ਹੈ। ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦੇ ਹਨ ਪਰ ਜੋ ਉਨ੍ਹਾਂ ਨੂੰ ਵਿਚਾਰਦੇ ਨਹੀਂ ਭਾਵ ਉਨ੍ਹਾਂ ਦੀ ਸਿੱਖਿਆ ਨੂੰ ਮੰਨਦੇ ਨਹੀਂ ਉਹ ਝੂਠੇ ਹਨ ਨਾ ਕਿ ਕੋਈ ਧਰਮ ਗ੍ਰੰਥ ਝੂਠਾ ਹੈ ਜਿਵੇਂ ਕਿ ਗੁਰਬਾਣੀ ਵਿੱਚੋਂ ਹੇਠ ਦਿੱਤੇ ਸ਼ਬਦ ਦੀ ਪੰਗਤੀ ਦੁਆਰਾ ਸਮਝਿਆਂ ਜਾ ਸਕਦਾ ਹੈ।

“ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥”

(ਅੰਗ 1350)

ਆਪਣੀ-ਆਪਣੀ ਅਵੱਸਥਾ ਅਨੁਸਾਰ ਕੋਈ ਵੇਦਾਂ ਦੀ ਮਤਿ ਨੂੰ ਮੰਨਦਾ ਹੈ ਤੇ ਕੋਈ ‘‘ਕਤੇਬ’’ ਭਾਵ ਕੁਰਾਨ ਧਰਮ-ਗ੍ਰੰਥ ਦੀ ਮਤਿ ਨਾਲ ਜੁੜਿਆ ਹੋਇਆ ਹੈ। ਹਰ ਧਰਮ ਗ੍ਰੰਥ ਚੰਗੀ ਮਤਿ ਹੀ ਦਿੰਦਾ ਹੈ ਭਾਵ ਸਾਨੂੰ ਸੱਚ ਹੀ ਸਮਝਾਉਂਦਾ ਹੈ, ਧਰਮ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ ਭਾਵ ਚੰਗੇ ਕਰਮ ਕਰਨੇ ਹੀ ਸਮਝਾਉਂਦਾ ਹੈ ਭਾਵ ਨਾਮ ਹੀ ਸਮਝਾਉਂਦਾ ਹੈ ਤੇ ਫਰਕ ਕੇਵਲ ਮਨੁੱਖੀ ਸਮਝ ਵਿੱਚ ਹੈ, ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਸਮਝ ਕੇ ਉਸਨੂੰ ਮੰਨਣ ਵਿੱਚ ਹੈ ਭਾਵ ਅੰਦਰ ਵਿਚਾਰਨ ਵਿੱਚ ਹੈ।
(ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥)
ਉੱਪਰ ਵਾਲੀ ਪੰਗਤੀ ਸ਼ਬਦ ਦੀ ਪਹਿਲੀ ਪੰਗਤੀ ਹੈ ਤੇ ਇਸ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਵਿਚਾਰਾਂਗੇ। ਪੂਰੇ ਸ਼ਬਦ ਦੇ ਅਰਥ ਕੁੱਝ ਗਹਿਰਾਈ ਵਿੱਚ ਹਨ।

ਸਾਰੇ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦੇ ਹਨ, ਉਹ ਕਿਸ ਤਰੀਕੇ ਇੱਕੋ ਜਿਹਾ ਨਾਮ ਸਮਝਾਉਂਦੇ ਹਨ ਭਾਵ ਉਨ੍ਹਾਂ ਦੇ ਉੱਚੇ ਗਿਆਨ ਦਾ ਸ੍ਰੋਤ ਕੀ ਹੈ। ਜਿੱਥੋਂ ਉਹਨਾਂ ਨੂੰ ਗਿਆਨ ਮਿਲਿਆ ਹੈ ਇਸ ਗੱਲ ਨੂੰ ਸਮਝਣਾ ਜਰੂਰੀ ਹੈ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

“ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ ॥
ਕੀਨੇ ਰਾਮ ਨਾਮ ਇਕ ਆਖ੍ਰਰ ॥”

(ਅੰਗ 262)

ਉਪਰਲੀਆਂ ਪੰਗਤੀਆਂ ਨੂੰ ਸਮਝਣ ਤੋਂ ਪਹਿਲਾਂ ਸਾਡੇ ਲਈ ਇਸ ਗੱਲ ਨੂੰ ਸਮਝਣਾ ਜਰੂਰੀ ਹੈ ਕਿ ‘‘ਅੱਖਰ’’ ਕੀ ਹੈ। ਕੋਈ ਵੀ ਗੱਲ ਅਸੀਂ ਸਮਝਣੀ ਹੈ ਜਾਂ ਕਿਸੇ ਨੂੰ ਸਮਝਾਣੀ ਹੈ ਉਸ ਲਈ ਅੱਖਰ ਦੀ ਜ਼ਰੂਰਤ ਹੈ ਭਾਵ ‘‘ਅੱਖਰ’’ ਗਿਆਨ ਦਾ ਸਾਧਨ ਹੈ, ਗਿਆਨ ਦਾ ਮੂਲ ਹੈ। ਬਿਨ੍ਹਾਂ ਅੱਖਰ ਦੇ ਗਿਆਨ ਨੂੰ ਨਹੀਂ ਸਮਝਿਆ ਜਾ ਸਕਦਾ। ਸਾਡੇ ਸਭ ਦੇ ਅੰਦਰ ਗਿਆਨ ਉਪਜਦਾ ਹੈ ਤੇ ਧਿਆਨ ਨਾਲ ਸਮਝੋ ਕਿ ਉਹ ਕਿਸ ਰੂਪ ਵਿੱਚ ਉਪਜਦਾ ਹੈ। ਸਾਨੂੰ ਮਨ ਦੇ ਅੰਦਰ ਜੋ ਵੀ ਸਮਝ ਪੈਂਦੀ ਹੈ ਉਹ ਗਿਆਨ ਰੂਪ ਵਿੱਚ ਹੀ ਪੈਂਦੀ ਹੈ ਤੇ ਜੋ ਵੀ ਸਮਝ ਪੈਂਦੀ ਹੈ ਉਸ ਸਮਝ ਨੂੰ ਕਿਸੇ ਅੱਖਰਾਂ ਦੇ ਰੂਪ ਵਿੱਚ ਹੀ ਸਮਝਿਆ ਜਾ ਸਕਦਾ ਹੈ ਤੇ ਮੁੱਖੋਂ ਬੋਲਿਆ ਜਾ ਸਕਦਾ ਹੈ ਭਾਵ ਬਿਨ੍ਹਾਂ ਅੱਖਰ ਤੋਂ ਗਿਆਨ ਨਹੀਂ ਹੈ ਤੇ ਬਿਨ੍ਹਾਂ ਗਿਆਨ ਤੋਂ ਅੱਖਰ ਨਹੀਂ ਹੈ। ਗਿਆਨ ਤੇ ਅੱਖਰ ਦੋਨੋਂ ਇੱਕੋ ਰੂਪ ਹੀ ਹਨ। ਜਦੋਂ ਸਾਡੇ ਅੰਦਰ ਗਿਆਨ ਉਪਜਦਾ ਹੈ ਉਸਦਾ ਕੋਈ ਆਕਾਰ ਰੂਪ ਨਹੀਂ ਹੁੰਦਾ ਭਾਵ ਉਹ ਨਿਰੰਕਾਰ ਰੂਪ ਹੁੰਦਾ ਹੈ। ਨਿਰੰਕਾਰ ਰੂਪ ਅੱਖਰ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਦੀ ਸਮਝ ਕੇਵਲ ਤੇ ਕੇਵਲ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੇ। ਜਦੋਂ ਮਨ ਦੇ ਵਿੱਚ ਉਪਜਿਆ ਅੱਖਰ ਕਿਤੇ ਲਿਖਿਆ ਜਾਂਦਾ ਹੈ ਤਾਂ ਉਹ ਅੱਖਰ ਆਕਾਰ ਰੂਪ ਬਣ ਜਾਂਦਾ ਹੈ। ਆਕਾਰ ਰੂਪ ਅੱਖਰ ਦੇ ਅੰਦਰ ਦਾ ਗਿਆਨ ਨਿਰੰਕਾਰ ਰੂਪ ਹੈ। ਜਿਵੇਂ ਆਕਾਰ ਰੂਪ ਅੱਖਰ ਦਾ ਮੂਲ ਨਿਰੰਕਾਰ ਰੂਪ ਅੱਖਰ ਹੈ, ਇਸੇ ਤਰ੍ਹਾਂ ਹਰ ਆਕਾਰ ਰੂਪ ਦਾ ਮੂਲ ਨਿਰੰਕਾਰ ਰੂਪ ਅੱਖਰ ਹੈ ਕਿਉਂਕਿ ਹਰ ਆਕਾਰ ਰੂਪ ਦੀ ਰਚਨਾ ਨਿਰੰਕਾਰ ਦੁਆਰਾ ਹੀ ਹੋਈ ਹੈ ਭਾਵ ਪ੍ਰਮਾਤਮਾ ਦੇ ਉੱਚੇ ਗਿਆਨ ਰੂਪ ਦੁਆਰਾ ਹੀ ਹੋਈ ਹੈ, ਉਸਦੇ ਅੱਖਰ ਦੁਆਰਾ ਹੀ ਹੋਈ ਹੈ। ਸਾਰੇ ਧਰਮ ਗ੍ਰੰਥਾਂ ਦੇ ਵਿੱਚ ਜੋ ਵੀ ਸਮਝ ਹੈ, ਗਿਆਨ ਹੈ ਉਹ ਅੱਖਰਾਂ ਦੇ ਜੋੜ ਦੇ ਰੂਪ ਵਿੱਚ ਹੀ ਹੈ। ਹਰ ਆਕਾਰ ਰੂਪ ਅੱਖਰ ਨੂੰ ਬਣਾਉਣ ਵਾਲਾ ਨਿਰੰਕਾਰ ਰੂਪ ਅੱਖਰ ਹੈ, ਪ੍ਰਮਾਤਮਾ ਆਪ ਹੈ। ਹਰ ਗਿਆਨ ਨੂੰ ਪੈਦਾ ਕਰਨ ਵਾਲਾ ਇੱਕੋ ਇੱਕ ‘‘ਅੱਖਰ’’ ਪ੍ਰਮਾਤਮਾ ਆਪ ਹੀ ਹੈ। ਸੰਸਾਰ ਦੀ ਸਭ ਰਚਨਾ ਇੱਕ ‘‘ਅੱਖਰ’’

ਦੁਆਰਾ ਹੀ ਹੋਈ ਹੈ। "ਅੱਖਰ" ਦੀ ਗੱਲ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਾਇਆ ਜਾ ਸਕਦਾ ਹੈ।

ਪਉੜੀ ॥
"ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥
ਅਖਰ ਕਰਿ ਕਰਿ ਬੇਦ ਬੀਚਾਰੇ ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥
ਅਖਰ ਨਾਦ ਕਥਨ ਵਖ੍ਯਾਨਾ ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥
ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥
ਨਾਨਕ ਪਾਰਬ੍ਰਹਮ ਨਿਰਲੇਪਾ ॥54॥"

(ਅੰਗ 261)

ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਨੇ ਆਪਣੇ ਅੱਖਰ ਦੁਆਰਾ ਕੀਤਾ ਹੈ ਤੇ ਅੱਖਰ ਦੁਆਰਾ ਹੀ ਸੰਸਾਰ ਚੱਲਦਾ ਹੈ। ਸਾਰੇ ਧਰਮ ਗ੍ਰੰਥਾਂ ਦੀ ਰਚਨਾ ਵੀ "ਅੱਖਰ" ਦੁਆਰਾ ਹੀ ਹੋਈ ਹੈ। ਮਨ ਦੇ "ਭੈ" ਤੋਂ, ਭਰਮ ਤੋਂ ਮੁਕਤਿ ਹੋਣ ਦੀ ਜੁਗਤਿ ਵੀ ਅੱਖਰ ਹੈ ਭਾਵ ਮਨ ਦਾ ਗਿਆਨ ਹੈ, ਮਨ ਦੀ ਸਮਝ ਹੈ ਤੇ ਸਾਡੇ ਅੰਦਰ ਦਾ ਅੱਖਰ ਹੀ ਸਾਡੇ ਕਰਮ ਕਰਨ ਦਾ ਸਾਧਨ ਹੈ, ਸਾਡੀ ਕਿਰਤ ਦਾ ਸਾਧਨ ਹੈ, ਸਾਡੇ ਮਨ ਦੀ ਸੁੱਚ ਦਾ ਸਾਧਨ ਹੈ ਜਿਸ ਦੁਆਰਾ ਅਸੀਂ ਧਰਮ ਦੇ ਮਾਰਗ ਤੇ ਚੱਲ ਸਕਦੇ ਹਾਂ ਕਿਉਂਕਿ ਮਨ ਦਾ ਅੱਖਰ ਹੀ ਸਾਨੂੰ ਹਰ ਸੋਝੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਵਿਚਰਦਾ ਹੈ। ਮਨ ਦੇ ਭੈ ਤੋਂ, ਭਰਮਾਂ ਤੋਂ ਮੁਕਤਿ ਹੋ ਕੇ ਹੀ ਮਨੁੱਖ ਧਰਮ ਦੇ ਮਾਰਗ ਤੇ ਚੱਲਦਾ ਹੈ ਜੋ ਕਿ ਮਨ ਦੀ ਸੁੱਚ ਦੁਆਰਾ ਚੱਲਿਆ ਜਾ ਸਕਦਾ ਹੈ, ਜਿਸ ਦੁਆਰਾ ਮਨੁੱਖ ਚੰਗੇ ਕਰਮ ਕਰਦਾ ਹੈ, ਚੰਗੀ ਕਿਰਤ ਕਰਦਾ ਹੈ, ਸੱਚੀ ਸੁੱਚੀ ਕਿਰਤ ਕਰਦਾ ਹੈ। ਇਹ ਸਭ ਸਾਡੇ ਮਨ ਦੇ ਗਿਆਨ ਨਾਲ ਜੁੜਿਆ ਹੈ ਭਾਵ ਮਨ ਦੇ ਅੱਖਰ ਨਾਲ ਜੁੜਿਆ ਹੈ ਭਾਵ ਸਾਡੀ ਸਮਝ ਪ੍ਰਮਾਤਮਾ ਦੇ ਵੱਸ ਹੈ ਕਿ ਉਹ ਮਨੁੱਖ ਕੋਲੋਂ ਕਿਹੋ ਜਿਹੇ ਕਰਮ ਕਰਵਾਉਂਦਾ ਹੈ। (**ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ॥**) ਜਿਸ ਅੱਖਰ ਰੂਪ ਵਿੱਚ ਪ੍ਰਮਾਤਮਾ ਮਨੁੱਖ ਦੇ ਅੰਦਰ ਹੈ, ਆਪਣੇ ਉਸੇ ਅੱਖਰ ਰੂਪ ਵਿੱਚ ਪ੍ਰਮਾਤਮਾ ਹਰ ਆਕਾਰ ਰੂਪ ਦੇ ਅੰਦਰ ਹੈ ਜੋ ਕੁੱਝ ਵੀ ਅਸੀਂ ਦੇਖਦੇ ਹਾਂ। ਉਹ ਸਭ ਦੇ ਅੰਦਰ ਆਪਣੇ ਨਿਰੰਕਾਰ ਰੂਪ ਅੱਖਰ ਦੇ ਰਾਹੀਂ ਸਮਾਇਆ ਹੋਇਆ ਹੈ ਜਿਸ ਕਰਕੇ ਉਹ ਆਪ ਨਿਰਲੇਪ ਰਹਿੰਦਾ ਹੈ, ਸਭ ਤੋਂ ਵੱਖਰਾ ਰਹਿੰਦਾ ਹੈ, ਆਪਣੇ ਨਿਰੰਕਾਰ ਰੂਪ ਦੁਆਰਾ ਸਮਝ ਤੋਂ ਬਾਹਰ ਰਹਿੰਦਾ ਹੈ ਜਿਸ ਕਰਕੇ ਉਸਨੂੰ ਕੋਈ ਦੇਖ ਨਹੀਂ ਸਕਦਾ, ਕੋਈ ਜਾਣ ਨਹੀਂ ਸਕਦਾ। (**ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ॥**) ਪ੍ਰਮਾਤਮਾ ਦਾ ਇਹ ਅੱਖਰ ਰੂਪ ਹੀ ਉਸਦਾ ਜੋਤਿ ਰੂਪ ਹੈ, ਨਾਮ ਰੂਪ ਹੈ ਭਾਵ ਬ੍ਰਹਮਗਿਆਨ ਰੂਪ ਹੈ ਆਪਣੇ ਜਿਸ ਰੂਪ ਰਾਹੀਂ, ਨਿਰੰਕਾਰ ਰੂਪ ਰਾਹੀਂ ਪ੍ਰਮਾਤਮਾ ਨੇ ਸਭ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਸਭ ਨੂੰ ਚਲਾ ਰਹਿਆ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥
ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥1॥}

(ਅੰਗ 1066)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਵਿਸਥਾਰ ਨਾਲ ਸਮਝਾਂਗੇ।

ਪ੍ਰਮਾਤਮਾ ਜਦੋਂ ਕਿਸੇ ਮਨੁੱਖੀ ਮਨ ਦੇ ਅੰਦਰ ਵੱਸਦਾ ਹੈ ਭਾਵ ਪ੍ਰਗਟ ਹੁੰਦਾ ਹੈ ਉਹ ਆਪਣੇ ਇਸ ਅੱਖਰ ਰੂਪ ਦੁਆਰਾ ਹੀ ਵੱਸਦਾ ਹੈ ਤੇ ਸਮਝ ਲੱਗਦੀ ਹੈ ਕਿ "ਅੱਖਰ" ਰੂਪ ਵਿੱਚ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਜਿਸ ਨੂੰ ਪ੍ਰਮਾਤਮਾ ਨਿਹਾਲ ਕਰਦਾ ਹੈ ਮਨ ਦੇ ਅੱਖਰ ਦੁਆਰਾ ਹੀ ਕਰਦਾ ਹੈ ਭਾਵ ਆਪਣਾ ਸੱਚਾ ਗਿਆਨ ਬਖਸਣ ਦੁਆਰਾ ਹੀ ਕਰਦਾ ਹੈ, ਬ੍ਰਹਮ ਗਿਆਨ ਬਖਸ਼ਣ ਦੁਆਰਾ ਹੀ ਕਰਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਅੱਖਰ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਆਪਣਾ ਅੱਖਰ ਰੂਪ ਦਿਖਾਇਆ ਹੈ ਉਨ੍ਹਾਂ ਨੇ ਫਿਰ ਆਪਣੇ ਆਪ ਨੂੰ ਗੁਰੂ ਨਹੀਂ ਕਹਿਆ, ਪ੍ਰਮਾਤਮਾ ਨੂੰ ਹੀ ਗੁਰੂ ਆਖਿਆ ਹੈ ਜੋ ਗਿਆਨ ਦਾ ਮਾਲਕ ਹੈ। ਹਰ ਧਰਮ ਗ੍ਰੰਥ ਵਿੱਚ ਗਿਆਨ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ ਪਰ ਜਿਨ੍ਹਾਂ ਨੇ ਗਿਆਨ ਨੂੰ ਆਪਣਾ ਆਖਿਆ ਹੈ ਉਹਨਾਂ ਨੇ ਪ੍ਰਮਾਤਮਾ ਦੇ "ਅੱਖਰ" ਰੂਪ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਕਿਉਂਕਿ ਉਹਨਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ। ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। **(ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥ ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥1॥ ਅੰਗ-261)**

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ।

"ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ ॥
ਕੀਨੇ ਰਾਮ ਨਾਮ ਇਕ ਆਖ੍ਰ ॥"

(ਅੰਗ 262)

ਪ੍ਰਾਚੀਨ ਸਮੇਂ ਤੋਂ ਲੈ ਕੇ ਭਾਰਤ ਵਰਸ਼ ਵਿੱਚ ਜਿਨ੍ਹਾਂ ਧਰਮ ਗ੍ਰੰਥਾਂ ਦਾ ਗੁਰਬਾਣੀ ਵਿੱਚ ਜਿਕਰ ਹੈ ਉਹਨਾਂ ਰਾਹੀਂ ਸਾਨੂੰ ਧਰਮ ਦਾ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਸਾਨੂੰ ਇਹ ਸਮਝ ਪਾਈ ਹੋਈ ਹੈ। ਜਿਨ੍ਹਾਂ ਨੇ ਧਰਮ ਗ੍ਰੰਥਾਂ ਦੀ ਲਿਖਤ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਲਿਖਤ ਦੱਸਿਆ ਹੈ ਜਿਵੇਂ ਕਿ "ਬ੍ਰਹਮਾ" ਨੂੰ ਚਾਰੇ ਵੇਦ ਲਿਖਣ ਵਾਲਾ ਦੱਸਿਆ ਜਾਂਦਾ ਹੈ, ਮੰਨਿਆ ਜਾਂਦਾ ਹੈ, ਇਸੇ ਲਈ ਉਨ੍ਹਾਂ ਨੂੰ ਗੁਰਬਾਣੀ ਨੇ ਤ੍ਰੈਗੁਣਾਂ ਵਿੱਚ ਦੱਸਿਆ ਹੈ ਕਿਉਂਕਿ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ, ਅੱਖਰ ਕਿੱਥੋਂ ਆਉਂਦਾ ਹੈ। ਅੱਗੇ ਚੱਲਕੇ ਕਈ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਾਂਗੇ।

{ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥} (ਅੰਗ 423)

{ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥} (ਅੰਗ 1066)

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥} (ਅੰਗ ੫੦੯)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥2॥

ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥3॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥4॥} (ਅੰਗ 735-736)

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥
ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥1॥} (ਅੰਗ 852)

{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥15॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥16॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥17॥} (ਅੰਗ 909)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥
ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥1॥} (ਅੰਗ 1094)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥
ਅੰਤਰਿ ਤਾਮਸੁ ਆਪੁ ਨ ਪਛਾਣੈ ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥1॥} (ਅੰਗ 231)

ਉੱਪਰ ਵਾਲੇ ਸ਼ਬਦਾਂ ਨੂੰ ਅੱਗੇ ਚੱਲਕੇ ਵਿਸਥਾਰ ਨਾਲ ਸਮਝਾਂਗੇ ਤੇ ਹਰ ਭਰਮ ਵਿੱਚੋਂ ਨਿਕਲਾਂਗੇ।

ਪਿੱਛੇ ਮੁੱਖ ਸ਼ਬਦ ਰਾਹੀਂ ਸਾਨੂੰ ਜਿੰਨੇ ਵੀ ਧਰਮ ਗ੍ਰੰਥਾਂ ਬਾਰੇ ਸਮਝਾਇਆ ਹੋਇਆ ਹੈ ਭਾਵ ਵੇਦਾਂ ਬਾਰੇ, ਕੁਰਾਨ ਬਾਰੇ, ਸਿਮ੍ਰਿਤਿ ਬਾਰੇ ਸਮਝਾਇਆ ਹੋਇਆ ਹੈ ਉਨ੍ਹਾਂ ਦੀ ਰਚਨਾ ਕਰਨ ਵਾਲਾ ਪ੍ਰਮਾਤਮਾ ਆਪ ਹੈ, ‘‘ਇੱਕ ਆਖ੍ਰ’’ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਜੇਕਰ ਅਸੀਂ ਕਿਸੇ ਮਨੁੱਖੀ ਰੂਪ ਨੂੰ ਧਰਮ ਗ੍ਰੰਥਾਂ ਦੀ ਰਚਨਾ ਕਰਨ ਵਾਲਾ ਸਮਝਦੇ ਹਾਂ ਤਾਂ ਉਹ ਸਾਡਾ ਭਰਮ ਹੈ। ਮਨ ਦੇ ਅੰਦਰ

ਗਿਆਨ ਦੇਣ ਵਾਲਾ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਜਿਸ ਨੇ ਵੀ ਮਨ ਦੇ ਗਿਆਨ ਨੂੰ ਆਪਣਾ ਸਮਝਿਆ ਹੈ, ਆਪਣੇ ਆਪ ਨੂੰ ਗੁਰੂ ਸਮਝਿਆ ਹੈ, ਉੱਚਾ ਸਮਝਿਆ ਹੈ ਉਹ ਆਪ ਵੀ ਪ੍ਰਮਾਤਮਾ ਨੂੰ ਸਮਝਣ ਵਿੱਚ ਭਰਮ ਵਿੱਚ ਰਹਿਆ ਹੈ ਤੇ ਦੂਸਰਿਆਂ ਨੂੰ ਵੀ ਪ੍ਰਮਾਤਮਾ ਦੀ ਅਸਲੀਅਤ ਸਮਝਣ ਵਿੱਚ ਭਰਮਾਂ ਵਿੱਚ ਪਾਇਆ ਹੈ। ਉਹ ਆਪ ਵੀ ਤ੍ਰੈਗੁਣਾਂ ਵਾਲੀ ਭਾਵ ਭਰਮ ਵਾਲੀ ਸਮਝ ਵਿੱਚ ਰਹੇ ਹਨ ਤੇ ਤ੍ਰੈਗੁਣਾਂ ਵਾਲੀ ਸਮਝ ਦਾ ਹੀ ਵਿਸਥਾਰ ਕੀਤਾ ਹੈ ਭਾਵ ਪ੍ਰਮਾਤਮਾ ਦੀ ਅਸਲੀਅਤ ਸਮਝਾਉਣ ਬਾਰੇ ਭਰਮ ਦਾ ਹੀ ਵਿਸਥਾਰ ਕੀਤਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਨਿਰੰਕਾਰ ਰੂਪ ਜਾਣੇ ਬਿਨ੍ਹਾਂ ਉਨ੍ਹਾਂ ਨੇ ਆਪਣੇ ਮਨੁੱਖੀ ਰੂਪ ਨੂੰ ਪ੍ਰਮਾਤਮਾ ਦਾ ਰੂਪ ਆਖਿਆ ਹੈ, ਆਕਾਰ ਰੂਪ ਨੂੰ ਪ੍ਰਮਾਤਮਾ ਆਖਿਆ ਹੈ ਤੇ ਇਹੀ ਰੂਪ ਦੂਸਰਿਆਂ ਨੂੰ ਸਮਝਾਇਆ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ, ਅੱਖਰ ਰੂਪ ਨੂੰ, ਬ੍ਰਹਮ ਗਿਆਨ ਰੂਪ ਨੂੰ, ਨਾਮ ਰੂਪ ਨੂੰ ਕੇਵਲ ਚਉਥੇ ਪਦ ਦੀ ਅਵੱਸਥਾ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਿਆ ਹੈ ਜਿਸ ਕਰਕੇ ਉਨ੍ਹਾਂ ਨੇ ਸ਼ਬਦ ਨੂੰ ਗੁਰੂ ਕਹਿਆ ਹੈ, ਪ੍ਰਮਾਤਮਾ ਨੂੰ ਗੁਰੂ ਕਹਿਆ ਹੈ, ਉਸਦੇ ਨਿਰੰਕਾਰ ਰੂਪ ਨੂੰ ਗੁਰੂ ਕਹਿਆ ਹੈ ਨਾ ਕਿ ਆਕਾਰ ਰੂਪ ਨੂੰ। ਜਿਨ੍ਹਾਂ ਧਰਮ ਗ੍ਰੰਥਾਂ ਦੀ ਉੱਪਰ ਗੱਲ ਕੀਤੀ ਹੋਈ ਹੈ ਉਨ੍ਹਾਂ ਵਿੱਚ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਕੀ ਹੈ, ਇਹੀ ਸਮਝਾਇਆ ਹੋਇਆ ਹੈ ਤੇ ਕਿਤੇ ਇਹ ਨਹੀਂ ਸਮਝਾਇਆ ਹੋਇਆ ਕਿ ਪ੍ਰਮਾਤਮਾ ਆਕਾਰ ਰੂਪ ਵਿੱਚ ਗੁਰੂ ਹੈ। ਹਰ ਮਨੁੱਖੀ ਦੇਹ, ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਪਰ ਉਸਨੂੰ ਉਸਨੇ ਕਿਸ ਤਰੀਕੇ ਬਣਾਇਆ ਹੋਇਆ ਹੈ ਇਸ ਗੱਲ ਦੀ ਸਮਝ ਉਸਦੇ ਨਿਰੰਕਾਰ ਰੂਪ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ ਜਿਸ ਆਪਣੇ ਰੂਪ ਦੁਆਰਾ ਉਹ ਆਕਾਰ ਰੂਪ ਦਾ ਮਾਲਕ ਹੈ। ਧਰਮ ਗ੍ਰੰਥਾਂ ਦੇ ਵਿੱਚ ਜੋ ਗਿਆਨ ਹੈ ਉਹ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਜਿਸਦੇ ਨਾਲ ਅਸੀਂ ਜੁੜਨਾ ਹੈ ਤੇ ਅਸੀਂ ਉਸ ਨਿਰੰਕਾਰ ਰੂਪ ਦੇ ਨਾਲ ਮਿਲ ਸਕਦੇ ਹਾਂ। ਪ੍ਰਮਾਤਮਾ ਦਾ ਇਹ ਨਿਰੰਕਾਰ ਰੂਪ ਧਰਮ ਗ੍ਰੰਥਾਂ ਦੇ ਵਿੱਚ "ਰਾਮ-ਨਾਮ" ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ। ਧਰਮ ਗ੍ਰੰਥਾਂ ਦੇ ਵਿੱਚ ਇਹ ਰਾਮ ਨਾਮ "ਸੁਧਾਖ੍ਰ" ਦੇ ਰੂਪ ਵਿੱਚ ਹੈ ਭਾਵ ਸੁ ਅੱਖਰਾਂ ਦੇ ਰੂਪ ਵਿੱਚ ਹੈ, ਅੱਖਰਾਂ ਦੀ ਸੁਧੀ ਦੇ ਰੂਪ ਵਿੱਚ ਹੈ ਜੋ ਅੱਖਰਾਂ ਦੀ ਸੁਧੀ ਸਾਡੇ ਮਨ ਦੀ ਸਮਝ ਨੂੰ ਸ਼ੁੱਧ ਬਣਾਉਣ ਦੇ ਲਈ ਹੈ। ਧਰਮ ਗ੍ਰੰਥਾਂ ਦੇ ਅੱਖਰ ਇਸੇ ਲਈ ਸ਼ੁੱਧ ਹਨ ਕਿਉਂਕਿ ਉਹ "ਇਕ ਆਖਰ" ਤੋਂ ਆਏ ਹਨ, ਇੱਕੋ ਇੱਕ ਪ੍ਰਮਾਤਮਾ ਦੇ ਗਿਆਨ ਨਾਲ ਆਏ ਹਨ। ਅਸੀਂ ਇਸ "ਰਾਮ ਨਾਮ" ਨੂੰ ਜਪਣਾ ਹੈ ਭਾਵ ਮੰਨਣਾ ਹੈ ਜਿਸ ਦੁਆਰਾ ਸਾਡੇ ਮਨ ਦੀ ਸ਼ੁੱਧੀ ਹੋ ਸਕੇ, ਸਾਡੀ ਸਮਝ ਚੰਗੇ ਵਿਚਾਰਾਂ ਵਾਲੀ ਬਣ ਸਕੇ, ਸ਼ਬਦ ਦੇ ਵਿਚਾਰਾਂ ਵਾਲੀ ਬਣ ਸਕੇ। ਹਰ ਸ਼ਬਦ ਦੀ ਵਿਚਾਰ ਨਾਮ ਹੈ ਭਾਵੇਂ ਜਿਹੜੇ ਮਰਜ਼ੀ ਸੱਚੇ ਧਰਮ ਗ੍ਰੰਥ ਵਿੱਚੋ ਲੈ ਲਵੋ। ਸਾਰੇ ਸੱਚੇ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦੇ ਹਨ ਉਸ ਨਿਰੰਕਾਰ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸੱਚਾ ਮਾਰਗ ਹੀ ਸਮਝਾਉਂਦੇ ਹਨ। (**ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ॥ ਕੀਨੇ ਰਾਮ ਨਾਮ ਇਕ ਆਖ੍ਰ॥**)

{ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥
ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥1॥}

(ਅੰਗ 930)

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਕਿ ਨਾਮ ਸ਼ਬਦ ਦੀ ਵਿਚਾਰ ਹੈ, ਸ਼ਬਦਾਂ ਦੁਆਰਾ ਦਿੱਤੀ ਹੋਈ ਪ੍ਰਮਾਤਮਾ ਦੀ ਆਪਣੀ ਵਿਚਾਰ ਹੈ ਜਿਸ ਤੋਂ ਉੱਪਰ ਕੋਈ ਹੋਰ ਵਿਚਾਰ ਨਹੀਂ ਹੋ ਸਕਦੀ। ਸ਼ਬਦਾਂ ਦੀ ਵਿਚਾਰ ਕਦੇ ਬਦਲ ਨਹੀਂ ਸਕਦੀ ਤੇ ਇਸੇ ਲਈ ਪ੍ਰਮਾਤਮਾ ਦਾ ਨਾਮ ਕਦੇ ਬਦਲ ਨਹੀਂ ਸਕਦਾ। ਸੱਚ ਕਦੇ ਬਦਲ ਨਹੀਂ ਸਕਦਾ, ਬ੍ਰਹਮ ਗਿਆਨ ਕਦੇ ਬਦਲ ਨਹੀਂ ਸਕਦਾ। ਜੋ ਬਦਲ ਜਾਏ ਉਹ ਸੱਚ ਨਹੀਂ ਹੋ ਸਕਦਾ। ਇਸੇ ਲਈ ਹਰ ਸਮੇਂ ਵਿੱਚ, ਜੁਗਾਂ ਜੁਗਾਂ ਤੋਂ ਜੋ ਵੀ ਸਾਨੂੰ ਧਰਮ ਗ੍ਰੰਥ

ਵਿਚਾਰ ਦਿੰਦੇ ਆਏ ਹਨ ਉਹੀ ਨਾਮ ਹੈ ਜੋ ਕਦੇ ਬਦਲ ਨਹੀਂ ਸਕਦਾ।

{ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥
ਵਿਣੁ ਨਾਵੈ ਕੋ ਮੁਕਤਿ ਨ ਹੋਇ ॥6॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥7॥
ਸਾਚਾ ਮਰੈ ਨ ਆਵੈ ਜਾਇ ॥
ਨਾਨਕ ਗੁਰਮੁਖਿ ਰਹੈ ਸਮਾਇ ॥8॥}

(ਅੰਗ 229)

ਅਸੀਂ ਅਨੇਕਾਂ ਸ਼ਬਦਾਂ ਦੁਆਰਾ ਨਾਮ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਨਾਮ ਬਾਰੇ ਬੜੀ ਹੀ ਬਰੀਕੀ ਨਾਲ ਸਮਝਾਈਆਂ ਹੋਈਆਂ ਗੱਲਾਂ ਨੂੰ ਸਮਝਾਂਗੇ, ਮਨ ਦੀ ਗਹਿਰਾਈ ਵਿੱਚ ਪਹੁੰਚ ਕੇ ਸਮਝਾਂਗੇ। ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਸਭ ਨੇ ਵੱਖਰੇ-ਵੱਖਰੇ ਨਾਮ ਬਣਾਏ ਹੋਏ ਹਨ, ਸਿੱਖ ਜਗਤ ਨੇ ਵੀ ਬਣਾਇਆ ਹੋਇਆ ਹੈ। ਇਹ ਸਭ ਪ੍ਰਮਾਤਮਾ ਨੂੰ ਸੰਬੋਧਨ ਕਰਨ ਦੇ ਨਾਮ ਹਨ, ਅੱਖਰ ਹਨ। ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਜਿਹੜਾ ਮਰਜ਼ੀ ਅੱਖਰ ਬੋਲੀਏ ਉਹ ਚੰਗਾ ਅੱਖਰ ਹੈ। ਦਾਸ ਨੂੰ ਵੀ ਵਾਹਿਗੁਰੂ ਬੋਲਣਾ ਚੰਗਾ ਲੱਗਦਾ ਹੈ ਜੋ ਕਿ ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਦਾਸ ਦਿਨ ਵਿੱਚ ਅਨੇਕਾਂ ਵਾਰ ਬੋਲਦਾ ਹੈ ਪਰ ਕਿਸੇ ਵੀ ਅੱਖਰ ਦੇ ਬਾਹਰੀ ਰੂਪ ਨੂੰ ਨਾਮ ਸਮਝਣਾ, ਕਿਸੇ ਅੱਖਰ ਦੀ ਕਥਨੀ ਨੂੰ ਨਾਮ ਸਮਝਣਾ ਸਭ ਦਾ ਭਰਮ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਉਸ ਤਰੀਕੇ ਜਪ ਸਕੀਏ ਜਿਸ ਤਰੀਕੇ ਉਸ ਨੂੰ ਪਾਇਆ ਜਾ ਸਕਦਾ ਹੈ, ਉਸਦੇ ਨਿਰੰਕਾਰ ਰੂਪ ਨਾਮ ਦੇ ਨਾਲ ਮੇਲ ਕੀਤਾ ਜਾ ਸਕਦਾ ਹੈ।

“ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥”

(ਅੰਗ ਪਪਪ)

ਇੱਕ ਅੱਖਰ ਦਾ ਜਪ ਕਰੀ ਜਾਣ ਨਾਲ ਉਸ “ਅਤੁਲ” ਪ੍ਰਮਾਤਮਾ ਨੂੰ ਪਾਉਣ ਦਾ ਤੋਲ ਨਹੀਂ ਤੁਲਿਆ ਜਾ ਸਕਦਾ। ਉਸ ਦਾ ਤੋਲ ਤੁਲਣ ਦਾ ਤਰੀਕਾ ਉਸ ਦੀ ਦਿੱਤੀ ਹੋਈ ਮਤਿ ਦੇ ਤੋਲ ਤੇ ਤੁਲਣਾ ਹੈ ਭਾਵ ਉਸਦੀ ਮਤਿ ਤੇ ਪੂਰਾ ਉਤਰਨਾ ਹੈ ਜੋ ਉਸ ਦੀ ਮਤਿ ਨੂੰ ਮੰਨ ਕੇ ਹੀ ਉਸ ਤੇ ਪੂਰਾ ਉਤਰਿਆ ਜਾ ਸਕਦਾ ਹੈ। ਗੁਰੂ ਦੀ ਮਤਿ, ਰਾਮ ਨਾਮ ਦੀ ਮਤਿ ਸਾਨੂੰ ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦੀ ਹੈ ਤੇ ਗੁਣਾਂ ਦੁਆਰਾ ਵਿਚਰਨਾ ਹੀ ਭਾਵ ਔਗੁਣ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਰਾਮ ਰਾਮ ਕਰਨਾ ਹੈ, ਹਰ ਵੇਲੇ ਰਾਮ ਰਾਮ ਜਪਣਾ ਹੈ। **(ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥)** ਅੰਗ- 409

{ਪ੍ਰਥਮੇ ਛੋਡੀ ਪਰਾਈ ਨਿੰਦਾ ॥
ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥1॥
ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥1॥ ਰਹਾਉ ॥}

(ਅੰਗ 1147)

“ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥”

(ਅੰਗ ੫੬)

ਜਿਸ ਮਨੁੱਖ ਦੇ ਅੰਦਰ ਔਗੁਣ ਹਨ ਉੱਥੇ ਗੁਰਮਤਿ ਨਹੀਂ ਹੈ, ਨਾਮ ਨਹੀਂ ਹੈ। ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਆਪਣੇ ਅੰਦਰ ਵਸਾਉਣਾ ਹੀ ਨਾਮ ਨੂੰ ਆਪਣੇ ਅੰਦਰ ਵਸਾਉਣ ਦਾ ਉਪਰਾਲਾ ਕਰਨਾ ਹੈ। ਆਪਣੇ ਅੰਦਰ ਔਗੁਣਾਂ ਦੇ ਰਹਿੰਦਿਆਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੇ ਰਹਿੰਦਿਆਂ, ਹਉਮੈ ਦੇ ਰਹਿੰਦਿਆਂ, ਲੋਭ ਲਾਲਚ ਦੇ, ਮਾਇਆ ਮੋਹ ਦੇ ਰਹਿੰਦਿਆਂ ਕੋਈ ਨਾਮ ਜਪਣ ਵਾਲਾ ਨਹੀਂ ਹੈ, ਕੋਈ ਪੂਰੀ ਤਰ੍ਹਾਂ ਗੁਰਮਤਿ ਤੇ ਚੱਲਣ ਵਾਲਾ ਨਹੀਂ ਹੈ। ਨਾਮ ਜਪਣਾ ਸਾਡੀ ਕਥਨੀ ਦਾ ਨਹੀਂ ਬਲਕਿ ਕਰਨੀ ਦਾ ਮਾਰਗ ਹੈ, ਜਿਹੋ ਜਿਹਾ ਨਾਮ ਜਪਣਾ ਸਾਨੂੰ ਗੁਰੂ ਵਾਰ-ਵਾਰ ਸ਼ਬਦਾਂ ਰਾਹੀਂ ਸਮਝਾ ਰਹਿਆ ਹੈ ਪਰ ਫਿਰ ਵੀ ਅਸੀਂ ਜੇਕਰ ਭਰਮ ਵਿੱਚੋਂ ਨਹੀਂ ਨਿਕਲਦੇ, ਇਹੀ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ ਜਿਸ ਵਿੱਚੋਂ ਨਿਕਲਣਾ ਮਨੁੱਖ ਲਈ ਬਹੁਤ ਔਖਾ ਹੈ।

“ਜੀਅਰੇ ਰਾਮ ਜਪਤ ਮਨੁ ਮਾਨੁ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ॥੧॥ਰਹਾਉ॥”

(ਅੰਗ ੨੦)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਗੁਰੂ ਕੋਲੋਂ ਗਿਆਨ ਹੀ ਮਿਲਦਾ ਹੈ ਅਤੇ ਗਿਆਨ ਦੁਆਰਾ ਹੀ ਸਾਡੀ ਤ੍ਰਿਪਤੀ ਹੁੰਦੀ ਹੈ। ਪਹਿਲੀ ਪੰਗਤੀ ਤੋਂ ਭਾਵ ਹੈ ਆਪਣੇ ਹਿਰਦੇ ਦੇ ਅੰਦਰ ਗੁਰੂ ਦੇ ਗਿਆਨ ਨੂੰ ਧਾਰ ਕੇ (ਰਾਮ ਜਪਤ) ਗੁਰੂ ਦੇ ਨਾਲ ਮਨ ਜੁੜ ਜਾਂਦਾ ਹੈ ਭਾਵ ਮਨੁੱਖ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ ਅਤੇ ਗੁਰੂ ਦੇ ਗਿਆਨ ਦੁਆਰਾ ਹੀ ਤ੍ਰਿਸ਼ਨਾ ਮਿਟਦੀ ਹੈ। ਗੁਰੂ ਦੇ ਗਿਆਨ ਦੁਆਰਾ ਸਾਨੂੰ ਗੁਰੂ ਦੀ ਮਤਿ ਹੀ ਮਿਲਦੀ ਹੈ ਜੋ ਗੁਰੂ ਦੇ ਗਿਆਨ ਦਾ ਮਕਸਦ ਹੈ। ਗੁਰੂ ਆਪਣਾ ਗਿਆਨ ਸ਼ਬਦ ਦੀ ਵਿਚਾਰ ਦੁਆਰਾ ਦਿੰਦਾ ਹੈ ਤੇ ਸ਼ਬਦ ਦੀ ਵਿਚਾਰ ਨੂੰ ਆਪਣੇ ਅੰਦਰ ਜਪਣਾ ਹੀ ਰਾਮ ਨੂੰ ਜਪਣਾ ਹੈ। ਸ਼ਬਦ ਦੇ ਵਿਚਾਰ ਦੇ ਨਾਲ ਸਾਡੇ ਮਨ ਦਾ ਮੰਨਣਾ ਹੀ ਰਾਮ ਦੇ ਨਾਲ, ਗੁਰੂ ਦੇ ਨਾਲ ਸਾਡੇ ਮਨ ਦਾ ਮੰਨਣਾ ਹੈ। ਸਾਡੇ ਅੰਦਰ ਦੀ ਤ੍ਰਿਸ਼ਨਾ, ਮਾਇਆ ਮੋਹ ਦੀ ਤ੍ਰਿਸ਼ਨਾ ਗੁਰੂ ਦੇ ਜਲਿ ਦੁਆਰਾ ਹੀ ਬੁਝਦੀ ਹੈ। ਗੁਰੂ ਦਾ ਜਲਿ ਗੁਰੂ ਦੀ ਸੱਚੀ ਮਤਿ ਹੈ, ਅੰਮ੍ਰਿਤ ਜਲ ਹੈ, ਗੁਰੂ ਦੇ ਸ਼ਬਦ ਦੀ ਵਿਚਾਰ ਹੈ ਜਿਸ ਨੂੰ ਮੰਨਣ ਨਾਲ ਮਨੁੱਖ ਤ੍ਰਿਸ਼ਨਾ ਤੋਂ ਮੁਕਤ ਹੁੰਦਾ ਹੈ ਜੋ ਸਾਡੇ ਜੀਵਨ ਦਾ ਮਕਸਦ ਹੈ। ਤ੍ਰਿਸ਼ਨਾ ਤੋਂ, ਵਿਕਾਰਾਂ ਤੋਂ ਮੁਕਤ ਹੋ ਕੇ ਹੀ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ। ਜਦ ਤੱਕ ਸਾਡਾ ਮਨ ਗੁਰੂ ਦੇ ਗਿਆਨ ਨਾਲ ਮੰਨਦਾ ਹੀ ਨਹੀਂ, ਉਸਦੇ ਨਾਲ ਰਲਦਾ ਹੀ ਨਹੀਂ ਤਾਂ ਤਦ ਤੱਕ “ਰਾਮ ਜਪ” ਹੋ ਹੀ ਨਹੀਂ ਸਕਦਾ। ਮਨ ਦੀ ਤ੍ਰਿਸ਼ਨਾ ਬੁਝਣ ਨਾਲ ਹੀ ਅਸੀਂ ਮਾਇਆ ਮੋਹ ਵਿੱਚੋਂ ਨਿਕਲਦੇ ਹਾਂ ਜਿਸ ਮਾਇਆ ਮੋਹ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ। ਮਾੜੇ ਕਰਮਾਂ ਤੋਂ ਬੱਚਣਾ ਹੀ, ਮਾਇਆ ਮੋਹ ਵਿੱਚੋਂ ਨਿਕਲਣਾ ਹੀ, ਮਨ ਦੀ ਮਾੜੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਹੀ ਰਾਮ ਨਾਮ ਜਪਣਾ ਹੈ ਤੇ ਇਸੇ ਲਈ ਮਾੜੇ ਕਰਮਾਂ ਦਾ ਮੂਲ ਸਾਡੀ ਅਗਿਆਨਤਾ ਹੈ ਤੇ ਸਾਡੀ ਅਗਿਆਨਤਾ ਗੁਰੂ ਦੇ ਗਿਆਨ ਨਾਲ ਦੂਰ ਹੁੰਦੀ ਹੈ ਭਾਵ ਨਾਮ ਮੰਨ ਕੇ, ਨਾਮ ਜਪ ਕੇ ਦੂਰ ਹੁੰਦੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਵੀ ਸਾਨੂੰ “ਗਿਆਨੁ” ਦੇ ਰੂਪ ਵਿੱਚ ਹੀ ਹੁੰਦੀ ਹੈ, ਨਾਮ ਦੇ ਰੂਪ ਵਿੱਚ ਹੀ ਹੁੰਦੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਦੀ ਪੂਰਨ ਰੂਪ ਵਿੱਚ ਤ੍ਰਿਪਤੀ ਹੁੰਦੀ ਹੈ, ਪ੍ਰਮਾਤਮਾ ਨੂੰ ਪਾਉਣ ਦੀ ਪਿਆਸ ਬੁਝਦੀ ਹੈ। **(ਜੀਅਰੇ ਰਾਮ ਜਪਤ ਮਨੁ ਮਾਨੁ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ॥੧॥ਰਹਾਉ॥)**

“ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ॥੧॥”

(ਅੰਗ ੯੮)

ਇਸ ਸ਼ਬਦ ਰਾਹੀਂ ਵੀ ਇਹ ਹੀ ਸਮਝਾਇਆ ਹੈ ਕਿ ਗੁਰੂ ਦੀ ਸੇਵਾ ਆਪਣੇ ਅੰਦਰ ਗੁਰੂ ਦਾ ਗਿਆਨ ਧਾਰ ਕੇ ਹੀ ਹੋ ਸਕਦੀ ਹੈ। ਸ਼ਬਦ ਵਿਚਾਰ ਦੀ ਗੱਲ ਵੀ ਸਮਝਾਈ ਹੋਈ ਹੈ। ਸ਼ਬਦ ਦੀ ਵਿਚਾਰ ਤੋਂ ਭਾਵ ਗੁਰੂ ਦੇ ਗਿਆਨ ਨੂੰ ਸਮਝ ਕੇ ਆਪਣੇ ਅੰਦਰ ਵਸਾਉਣਾ ਹੀ ਹੈ। ਆਪਣੇ ਅੰਦਰ ਗੁਰੂ ਦੇ ਗਿਆਨ ਰਾਹੀਂ, ਉਪਦੇਸ਼ ਦੇ ਰਾਹੀਂ ਉਸ ਤੇ ਚੱਲਣਾ ਹੀ ਗੁਰੂ ਦੀ ਸੇਵਾ ਹੈ ਜਿਵੇਂ ਕਿ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਗਿਆ ਹੈ। ਗੁਰੂ ਦੇ ਗਿਆਨ ਦੁਆਰਾ ਹੀ ਨਾਮ ਦੀ ਪ੍ਰਾਪਤੀ ਹੈ। ਜਿਨ੍ਹਾਂ ਮਨੁੱਖਾਂ ਦੇ ਅੰਦਰ ਗੁਰੂ ਦਾ ਗਿਆਨ ਨਹੀਂ ਹੈ ਉਨ੍ਹਾਂ ਨੂੰ ਮਰੇ ਹੋਏ ਦੇ ਬਰਾਬਰ ਦੱਸਿਆ ਹੈ ਭਾਵ ਉਹ ਆਤਮਕ ਰੂਪ ਵਿੱਚ ਮਰੇ ਹੋਏ ਹੁੰਦੇ ਹਨ। ਸਾਡੀ ਅਗਿਆਨਤਾ ਵਾਲੀ ਨਾਸਮਝ ਮਤਿ ਮਰੀ ਹੋਈ ਮਤਿ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਸੱਚ ਜੀਵਨ ਦੀ ਸਮਝ ਨਹੀਂ ਪੈਂਦੀ। (**ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥**) ਗੁਰੂ ਦਾ ਗਿਆਨ ਮਨ ਵਿੱਚ ਵਸਾਉਣ ਲਈ ਹੈ ਭਾਵ ਉਸ ਤੇ ਅਮਲ ਕਰਨ ਲਈ ਹੈ, ਕੇਵਲ ਕਥਨੀ ਕਰਨ ਲਈ ਨਹੀਂ ਹੈ। **(ਗਿਆਨ ਵਿਹੂਣਾ ਕਥਿ ਕਥਿ ਲੂਝੈ॥)** ਅੰਗ - 466 ਜੇਕਰ ਗਿਆਨ ਸਾਡੀ ਕਥਨੀ ਬਣ ਕੇ ਹੀ ਰਹਿ ਜਾਵੇ ਤਾਂ ਫਿਰ ਅਸੀਂ ਗਿਆਨ ਵਿਹੂਣੇ ਹੀ ਹਾਂ। ਉੱਪਰ ਬੜਾ ਸਪੱਸ਼ਟ ਸਮਝਾਇਆ ਹੈ ਕਿ "**ਸਤਿਗੁਰ ਵਿਚਿ ਨਾਮ ਨਿਧਾਨ ਹੈ**"। ਪੂਰੀ ਗੁਰਬਾਣੀ ਸਤਿਗੁਰ ਹੈ ਤੇ ਕੀ ਪੂਰੀ ਗੁਰਬਾਣੀ ਵਿੱਚ ਇੱਕ ਅੱਖਰ ਹੀ ਨਾਮ ਹੈ ਤੇ ਇੱਕ ਅੱਖਰ ਤੋਂ ਬਿਨ੍ਹਾਂ ਹੋਰ ਕੁੱਝ ਨਹੀਂ। ਕੇਵਲ ਨਾਮ ਨੂੰ ਸਮਝਣ ਵਿੱਚ ਫਰਕ ਹੈ। ਪੂਰੀ ਗੁਰਬਾਣੀ ਵਿੱਚ ਨਾਮ ਦਾ ਖਜਾਨਾ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਜਿਸ ਦੀ ਪ੍ਰਾਪਤੀ ਕਦੇ ਹੀ ਕਿਸੇ ਕਰਮਾਂ ਵਾਲੇ ਨੂੰ ਹੁੰਦੀ ਹੈ। (**ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ॥**) ਨਾਮ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਕਿ ਨਾਲ ਹੀ ਸਮਝਾਇਆ ਹੋਇਆ ਹੈ। ਇਹ ਮਨੁੱਖ ਦੀ ਸਹਜਿ ਵਾਲੀ ਅਵੱਸਥਾ ਹੈ, ਚੌਥੇ ਪਦ ਵਾਲੀ ਅਵੱਸਥਾ ਹੈ ਜੋ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ। ਇਸ ਮੇਲ ਦੁਆਰਾ ਹੀ ਕਿਸੇ ਦੀ ਪ੍ਰਮਾਤਮਾ ਦੇ ਨਾਲ ਲਿਵ ਜੁੜਦੀ ਹੈ ਤੇ ਉਹ ਸ਼ਬਦ ਦੇ ਸਮਝਾਏ ਹੋਏ ਸਚਿ ਨਾਲ ਰਤਿਆ ਜਾਂਦਾ ਹੈ। (**ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ॥ ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ॥**)

"ਸਹਜਿ ਸਮਾਇਓ ਦੇਵ॥
ਮੋ ਕਉ ਸਤਿਗੁਰ ਭਏ ਦਇਆਲ ਦੇਵ॥੧॥ਰਹਾਉ॥
ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ॥4॥"

(ਅੰਗ ੨੦੯)

ਇਸ ਸ਼ਬਦ ਰਾਹੀਂ ਮਨੁੱਖ ਦੇ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ। **(ਸਹਜਿ ਸਮਾਇਓ ਦੇਵ॥ ਮੋ ਕਉ ਸਤਿਗੁਰ ਭਏ ਦਇਆਲ ਦੇਵ॥੧॥ਰਹਾਉ॥)** ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਸਹਜ ਦੀ ਅਵੱਸਥਾ ਦੁਆਰਾ ਭਾਵ ਚੌਥੇ ਪਦ ਦੀ ਅਵੱਸਥਾ ਦੁਆਰਾ ਹੁੰਦਾ ਹੈ ਜੋ ਕਿ ਉਸ ਗੁਰੂ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੀ ਹੁੰਦਾ ਹੈ। ਮੇਲ ਤੋਂ ਬਾਅਦ ਬੰਧਨ ਕੱਟੇ ਜਾਂਦੇ ਹਨ। ਇਹ ਬੰਧਨ ਮਨ ਦਾ ਹੈ ਭਾਵ ਮਨ ਦੀ ਅਗਿਆਨਤਾ ਦਾ ਹੈ। ਮਨੁੱਖ

ਤ੍ਰੈਗੁਣਾਂ ਵਾਲੀ ਮਾਇਆ ਦੀ ਅਵੱਸਥਾ ਵਿੱਚ ਵਿਚਰਦਾ ਹੈ ਭਾਵ ਮਾਇਆ ਦੀ ਜੁਗਤਿ ਵਾਲੇ ਗਿਆਨ ਵਿੱਚ ਵਿਚਰਦਾ ਹੈ। ਮੇਲ ਤੋਂ ਬਾਅਦ ਮਨ ਮਾਇਆ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ ਭਾਵ ਵਿੱਚੋਂ ਮਾਇਆ ਦਾ ਝੂਠਾ ਪਰਦਾ ਹੱਟ ਜਾਂਦਾ ਹੈ, ਵਿੱਚੋਂ ਕੂੜੇ ਦੀ ਪਾਲਿ ਟੁੱਟ ਜਾਂਦੀ ਹੈ ਤੇ ਮਨ ਬੰਧਨ ਤੋਂ ਆਜ਼ਾਦ ਹੋ ਜਾਂਦਾ ਹੈ, ਬੰਧਨ ਮੁਕਤਿ ਹੋ ਜਾਂਦਾ ਹੈ। ਇਹ ਬੰਧਨ ਦੇ ਖਤਮ ਹੋਣ ਨਾਲ ਹੀ ਮਨੁੱਖ ਅਸਲ ਰੂਪ ਵਿੱਚ ਪ੍ਰਮਾਤਮਾ ਦਾ ਦਾਸ ਬਣਦਾ ਹੈ ਅਤੇ ਉਹ ਅਸਲ ਰੂਪ ਵਿੱਚ ਪ੍ਰਮਾਤਮਾ ਦੀ ਸੇਵਾ ਕਰਦਾ ਹੈ ਭਾਵ ਉਸਦੇ ਭਾਣੇ ਵਿੱਚ ਚੱਲਦਾ ਹੈ। **(ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ॥ ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ॥)** ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਮਨੁੱਖ ਉਸ ਪ੍ਰਮਾਤਮਾ ਦਾ ਭਾਵ ਨਾਮ ਦਾ ਅਸਲ ਰੂਪ ਵਿੱਚ ਪੁਜਾਰੀ ਬਣਦਾ ਹੈ ਕਿਉਂਕਿ ਉਸਨੂੰ ਸਮਝ ਆ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ ਤੇ ਮਨੁੱਖ ਕੁੱਝ ਵੀ ਨਹੀਂ ਹੈ ਤੇ ਅੰਦਰ ਬੈਠਾ ਪ੍ਰਮਾਤਮਾ ਆਪ ਹੀ ਸਭ ਕੁੱਝ ਕਰਵਾ ਰਿਹਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੀ ਸੱਚੀ ਗੁਰਮਤਿ ਆਪ ਹੀ ਸਮਝਾਉਂਦਾ ਹੈ ਤੇ ਉਸ ਅਨੁਸਾਰ ਚਲਾਉਂਦਾ ਹੈ ਤੇ ਉਹ ਮਨੁੱਖੀ ਰੂਪ ਫਿਰ ਹਮੇਸ਼ਾਂ ਹੀ ਉਸਦੇ ਭਾਣੇ ਵਿੱਚ ਚੱਲਦਾ ਹੈ ਭਾਵ ਗੁਰਬਾਣੀ ਦੇ ਗਿਆਨ ਤੇ ਚੱਲਦਾ ਹੈ ਕਿਉਂਕਿ ਉਹ ਅਚਰਜੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਜੋ ਅਸਲ ਵਿੱਚ ਮਨ ਦੇ ਗਿਆਨ ਦੁਆਰਾ ਆਪ ਹੀ ਸਭ ਨੂੰ ਚਲਾਉਂਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣਾ ਹੀ ਇਸ ਸੰਸਾਰ ਦਾ ਉਹ ਅਚਰਜੁ ਹੈ ਜਿਸਨੂੰ ਕੋਈ ਸਮਝ ਨਹੀਂ ਸਕਦਾ ਤੇ ਉਸ ‘‘ਅਚਰਜੁ’’ ਨੂੰ ਦੇਖੇ ਬਿਨ੍ਹਾਂ ਕਿਸੇ ਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਜੋ ਕਿ ਉਸਦੇ ਗਿਆਨ ਦੁਆਰਾ ਹੁੰਦਾ ਹੈ। ਇਹ ਗਿਆਨ ਸਿੱਧਾ ਹੀ ਮਨ ਦੇ ਵਿੱਚ ਮਿਲਦਾ ਹੈ ਜਿਸਨੂੰ ਬਿਆਨ ਕਰਨਾ ਬਹੁਤ ਕਠਿਨ ਹੈ। ਬੱਸ ਅਸੀਂ ਇਤਨਾ ਜਾਣ ਲਈਏ ਕਿ ਮਨੁੱਖ ਕੇਵਲ ਇੱਕ ਕਠਪੁਤਲੀ ਹੀ ਹੈ। ਪ੍ਰਮਾਤਮਾ ਮਨੁੱਖ ਨੂੰ ਪ੍ਰਤੱਖ ਤੌਰ ਤੇ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ ਤੇ ਮਨੁੱਖ ਹੈਰਾਨ ਹੀ ਹੈਰਾਨ ਰਹਿ ਜਾਂਦਾ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਲਗਦੀ ਹੈ ਕਿ ਮੇਰਾ ਵਜੂਦ ਕੀ ਹੈ। ਇਸ ਤੋਂ ਪਹਿਲਾਂ ਪ੍ਰਮਾਤਮਾ ਦਾ ਆਪਣੇ ਅੰਦਰ ਹੋਣ ਦਾ ਯਕੀਨ ਨਹੀਂ ਆਉਂਦਾ ਭਾਵੇਂ ਸਾਨੂੰ ਕੋਈ ਲੱਖ ਸਮਝਾਉਣ ਦੀ ਕੋਸ਼ਿਸ਼ ਕਰ ਲਵੇ। ਇਹ ਸਮਝ ਉਸਦੀ ਕ੍ਰਿਪਾ ਦੁਆਰਾ ਹੀ ਆ ਸਕਦੀ ਹੈ ਭਾਵ ਪ੍ਰਮਾਤਮਾ ਦੇ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਹੀ ਆ ਸਕਦੀ ਹੈ।

ਮਨ ਦੇ ਵਿੱਚ ਗਿਆਨ ਦਾ ਪ੍ਰਗਾਸ ਹੋਣ ਤੋਂ ਬਾਅਦ ਭਾਵ ਮਨ ਦੇ ਵਿੱਚ ਗਿਆਨ ਆ ਜਾਣ ਤੋਂ ਬਾਅਦ ਸਭ ਪਾਸੇ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਭਾਵ ਉਸਦਾ ਗਿਆਨ ਹੀ ਸਭ ਵਿੱਚ ਸਮਾਇਆ ਹੋਇਆ ਦਿੱਸਦਾ ਹੈ, ਕਿਉਂਕਿ ਪ੍ਰਮਾਤਮਾ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ। **(ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ॥ ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥) "ਅੰਮ੍ਰਿਤ ਨਾਮ ਪੀਓ"** ਤੋਂ ਭਾਵ ਹੈ ਪ੍ਰਮਾਤਮਾ ਦੇ ਸੱਚੇ ਗਿਆਨ ਨੂੰ ਆਪਣੇ ਅੰਦਰ ਪੀਤਾ। ਇਹ ਗਿਆਨ ਰੂਪ ਅੰਮ੍ਰਿਤ ਸਾਡਾ ਮਨ ਪੀਂਦਾ ਹੈ ਭਾਵ ਸਾਡੇ ਮਨ ਦੀ ਸਮਝ ਪੀਂਦੀ ਹੈ ਜੋ ਆਪਣਾ ਅੰਮ੍ਰਿਤ ਪ੍ਰਮਾਤਮਾ ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਆਪ ਹੀ ਪਿਆਉਂਦਾ ਹੈ। ਇਹ ਅੰਮ੍ਰਿਤ ਨਾਮ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੈ। ਮਨ ਦੇ ਵਿੱਚ ਇਹ ਬ੍ਰਹਮ ਗਿਆਨ ਰੂਪ ਅੰਮ੍ਰਿਤ ਪੀਣ ਦੁਆਰਾ ਹੀ ਮਨ ਦੀ ਤ੍ਰਿਪਤੀ ਹੁੰਦੀ ਹੈ ਤੇ ਮਨ ਭੈਅ ਵਿੱਚੋਂ ਨਿਕਲ ਕੇ ਭੈਅ ਰਹਿਤ ਹੋ ਜਾਂਦਾ ਹੈ, ਅਡੋਲ ਹੋ ਜਾਂਦਾ ਹੈ। ਪ੍ਰਮਾਤਮਾ ਦੀ ਭਾਵ ਨਾਮ ਦੀ ਪ੍ਰਾਪਤੀ ਗੁਰੂ ਦੀ ਆਗਿਆ ਮੰਨਣ ਦੁਆਰਾ ਹੀ ਹੁੰਦੀ ਹੈ ਭਾਵ ਉਸਦੇ ਭਾਣੇ ਵਿੱਚ ਚੱਲ ਕੇ ਹੀ ਹੁੰਦੀ ਹੈ। ਇਸ ਦੇ ਨਾਲ ਹੀ ਸਾਰੇ ਸੁੱਖ ਮਿਲਦੇ ਹਨ ਅਤੇ ਦੁੱਖਾਂ ਦਾ ਨਾਸ ਹੁੰਦਾ ਹੈ। ਦੁੱਖ ਸਾਡੇ ਅੰਦਰ ਦੇ ਮਾੜੇ ਔਗੁਣਾਂ ਵਾਲੇ ਵਿਚਾਰ ਹਨ, ਸਾਡੀਆਂ ਤ੍ਰਿਸ਼ਨਾਵਾਂ ਹਨ। ਇਹ ਸਭ ਕੁੱਝ ਪ੍ਰਮਾਤਮਾ ਦੀ ਆਪਣੀ ਬਖਸ਼ਿਸ਼ ਨਾਲ ਹੀ ਹੋ ਸਕਦਾ ਹੈ। **" ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ॥ ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ॥ ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥"** ਇਸ ਪੰਗਤੀ ਦੇ ਅਰਥ ਬਹੁਤ ਗਹਿਰੇ ਹਨ ਅਤੇ ਯਕੀਨ ਤਾਂ ਹੀ ਆ ਸਕਦਾ ਹੈ ਜਦੋਂ ਤੁਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲਵੋਗੇ, ਪਛਾਣ ਲਵੋਗੇ। ਬਾਣੀ ਵਿੱਚ ਵਾਰ- ਵਾਰ ਲਿਖਿਆ ਹੈ, ਸਮਝਾਇਆ ਹੈ ਕਿ ਸਭ ਕੁੱਝ ਕੇਵਲ ਇੱਕ ਪ੍ਰਮਾਤਮਾ ਹੀ ਹੈ ਅਤੇ ਹੋਰ ਕੋਈ ਦੂਸਰਾ ਨਹੀਂ ਹੈ। ਹਰ ਕੋਈ ਇਹ ਗੱਲ ਕਹਿ ਤਾਂ ਦਿੰਦਾ ਹੈ ਪਰ ਮੰਨਣੀ ਬਹੁਤ ਔਖੀ ਹੈ। ਮਨੁੱਖ ਦੇ ਅੰਦਰ ਵੀ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਪਰ ਸਾਨੂੰ ਇਸ ਗੱਲ ਤੇ ਯਕੀਨ ਨਹੀਂ ਆਉਂਦਾ। ਯਕੀਨ ਤਾਂ ਹੀ ਆ ਸਕਦਾ ਹੈ ਜੇ ਉਹ ਸਾਡੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਾਡਾ ਭੁਲੇਖਾ ਕੱਢੇ। ਹਕੀਕਤ ਵਿੱਚ ਇਹ ਸਾਡਾ ਇੱਕ ਭੁਲੇਖਾ ਹੀ ਹੈ, ਸਾਡੀ ਸ਼ੰਕਾ, ਸਹਿਸਾ, ਭਰਮ ਹੀ ਹੈ ਕਿ ਅਸੀਂ ਪ੍ਰਮਾਤਮਾ ਤੋਂ ਕੋਈ ਵੱਖਰੇ ਹਾਂ। ਅਸੀਂ ਵੱਖਰੇ

ਨਹੀਂ ਹਾਂ, ਸਾਡੇ ਅੰਦਰ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ। ਇਸ ਗੱਲ ਤੇ ਵਿਸ਼ਵਾਸ ਮਨ ਦੇ ਵਿੱਚ ਸੱਚਾ ਗਿਆਨ ਮਿਲਣ ਦੁਆਰਾ ਹੀ ਆਉਂਦਾ ਹੈ ਜੋ ਤੱਤੁ ਗਿਆਨ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ।

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥}

(ਅੰਗ 285)

ਹੁਣ ਧਿਆਨ ਨਾਲ ਵਿਚਾਰੋ ਕਿ ਪ੍ਰਮਾਤਮਾ ਕਦੇ ਮਰ ਸਕਦਾ ਹੈ? ਜਾਂ ਮਰ ਕੇ ਫਿਰ ਜੰਮ ਸਕਦਾ ਹੈ? ਸਭ ਦਾ ਇੱਕ ਹੀ ਜਵਾਬ ਹੋਵੇਗਾ, ਨਹੀਂ! ਕਿਉਂਕਿ ਪ੍ਰਮਾਤਮਾ ਜੰਮਣ ਮਰਨ ਤੋਂ ਰਹਿਤ ਹੈ। ਹਰ ਕੋਈ ਹਉਮੈ ਵਿੱਚ ਹੈ ਤੇ ਇਹ "ਹਉਮੈ" ਹੀ ਸਾਡੇ ਅੰਦਰ ਦਾ ਭੁਲੇਖਾ ਹੈ ਭਾਵ ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ। ਅਸਲ ਵਿੱਚ ਸਾਡੀ ਕੋਈ ਵੱਖਰੀ ਹੋਂਦ ਨਹੀਂ ਹੈ ਪਰ ਅਸੀਂ ਸਮਝੀ ਹੋਈ ਹੈ ਜੋ ਕਿ ਸਾਡੇ ਵੱਸ ਵਿੱਚ ਨਹੀਂ ਹੈ। ਇਸ ਭੁਲੇਖੇ ਨੂੰ ਮਾਰ ਕੇ ਹੀ ਮਨੁੱਖ ਆਵਾਗਉਣ ਤੋਂ ਛੁਟਕਾਰਾ ਪਾ ਸਕਦਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਕਿ ਮਨ ਦੀ ਹਉਮੈ ਕਰਕੇ ਹੀ ਭਾਵ ਅਗਿਆਨਤਾ ਕਰਕੇ ਹੀ ਅਸੀਂ ਇਹ ਸਮਝਦੇ ਹਾਂ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਮੈਂ ਹਾਂ ਪਰ ਅਸਲ ਵਿੱਚ ਇਸ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਵਿਸ਼ਵਾਸ ਆਉਂਦਾ ਹੈ। ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਮੇਲ ਹੀ ਸਮਝਾਇਆ ਹੋਇਆ ਹੈ। ਮਨੁੱਖ ਦੀ "ਹਉਮੈ" ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਮਰਦੀ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ। ਨਾ ਕੋਈ ਜੰਮਦਾ ਹੈ ਨਾ ਮਰਦਾ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਭਰਮ ਹੈ ਜਿਸ ਦੁਆਰਾ ਉਹ ਇਸ ਸੰਸਾਰ ਦੀ ਖੇਡ ਨੂੰ ਚਲਾ ਰਹਿਆ ਹੈ। ਇਸ ਗੱਲ ਦੀ ਸਮਝ ਉਸਦੇ ਭਗਤਾਂ ਨੂੰ ਹੀ ਆਉਂਦੀ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਆਪ ਹੀ ਆਪਣਾ ਅੰਮ੍ਰਿਤ ਰੂਪ ਨਾਮ ਮਨ ਦੇ ਵਿੱਚ ਪਿਆਉਂਦਾ ਹੈ ਤੇ ਆਪਣੇ ਸੱਚ ਦੀ, ਸੰਸਾਰ ਦੇ ਸੱਚ ਦੀ, ਮਨੁੱਖ ਦੇ ਸੱਚ ਦੀ ਸਮਝ ਪਾਉਂਦਾ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਪ੍ਰਮਾਤਮਾ ਸਭ ਦੀ ਪਹੁੰਚ ਤੋਂ ਬਾਹਰ ਹੈ ਭਾਵ ਅਗਮ ਹੈ। (**ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥ ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥3॥ ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥ ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ॥**)

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥}

(ਅੰਗ 138)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥੩॥}

(ਅੰਗ ੯੯੯)

{ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥68॥}

(ਅੰਗ 946)

{ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥੨॥}

(ਅੰਗ ੧੫੨)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥1॥ ਰਹਾਉ ॥}

(ਅੰਗ 752)

{ਹਉ ਨ ਮੂਆ ਮੇਰੀ ਮੁਈ ਬਲਾਇ॥
ਓਹੁ ਨ ਮੂਆ ਜੋ ਰਹਿਆ ਸਮਾਇ॥}

(ਅੰਗ ੧੫੨)

{ਤ੍ਰੈ ਗੁਣ ਕੀਆ ਪਸਾਰਾ ॥
ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥
ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥
ਮਿਲਿ ਸਤਿਗੁਰ ਨਿਸਤਾਰਾ ॥2॥}

(ਅੰਗ 1003-1004)

ਸਾਡਾ ਸਰੀਰ ਪੰਜ ਤੱਤਾਂ ਤੋਂ ਬਣਿਆ ਹੋਇਆ ਹੈ ਜੋ ਕਿ ਸੰਸਾਰਿਕ ਪਦਾਰਥ ਹਨ। ਇਹ ਸਰੀਰ ਬਿਨਸਨ ਦੇ ਨਾਲ ਇਹ ਸਾਰੇ ਤੱਤ ਇੱਥੇ ਹੀ ਰਹਿ ਜਾਂਦੇ ਹਨ। ਸਾਡੇ ਅੰਦਰ ਪ੍ਰਮਾਤਮਾ ਨਿਰਗੁਣ ਰੂਪ ਵਿੱਚ ਭਾਵ ਨਿਰੰਕਾਰ ਰੂਪ ਵਿੱਚ ਵਰਤਦਾ ਹੈ ਜੋ ਕਿ ਸਾਡਾ ਮਨ ਹੈ, ਸਾਡੇ ਮਨ ਦਾ ਗਿਆਨ ਹੈ। ਗਿਆਨ ਨਿਰੰਕਾਰ ਰੂਪ ਹੈ। ਇਸਦਾ ਕੋਈ ਰੂਪ ਰੇਖ ਜਾਂ ਆਕਾਰ ਨਹੀਂ ਹੈ। ਗਿਆਨ ਕਦੇ ਨਹੀਂ ਮਰਦਾ। ਗਿਆਨ ਜਨਮ ਮਰਨ ਤੋਂ ਰਹਿਤ ਹੈ। ਪ੍ਰਮਾਤਮਾ "ਗਿਆਨ" ਰੂਪ ਹੈ ਅਤੇ ਆਪਣੇ ਗਿਆਨ ਰਾਹੀਂ ਹੀ ਪ੍ਰਮਾਤਮਾ ਹਰ ਇੱਕ ਵਸਤੂ ਵਿੱਚ ਸਮਾਇਆ ਹੋਇਆ ਹੈ। ਇਸ ਸੰਸਾਰ ਵਿੱਚ ਅਸੀਂ ਜੋ ਕੁੱਝ ਵੀ ਦੇਖਦੇ ਹਾਂ, ਸੁਣਦੇ ਹਾਂ, ਮਹਿਸੂਸ ਕਰਦੇ ਹਾਂ, ਸਭ ਕੁੱਝ ਗਿਆਨ ਦੁਆਰਾ ਹੀ ਹੁੰਦਾ ਹੈ। ਸਭ ਜਗ੍ਹਾ ਗਿਆਨ ਹੀ ਭਰਪੂਰ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਸਾਇੰਸ ਦੇ ਰੂਪ ਵਿੱਚ ਭਰਪੂਰ ਹੈ। ਸਾਡਾ ਮਨ ਪ੍ਰਮਾਤਮਾ ਦੀ ਜੋਤਿ ਹੈ ਭਾਵ ਉਸਦਾ ਗਿਆਨ ਰੂਪ ਹੈ। ਸਾਨੂੰ ਸਾਰਾ ਗਿਆਨ ਆਪਣੇ ਮਨ ਤੋਂ ਹੀ ਮਿਲਦਾ ਹੈ ਭਾਵ ਸਾਡੀਆਂ ਸੋਚਾਂ ਰਾਹੀਂ ਮਿਲਦਾ ਹੈ।

ਇਸੇ ਲਈ ਉਪਰਲੀਆਂ ਪੰਗਤੀਆਂ ਵਿੱਚ ਸਮਝਾਇਆ ਹੈ ਕਿ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ ਭਾਵ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਰੀਰ ਬਿਨਸਨ ਤੋਂ ਬਾਅਦ ਪ੍ਰਮਾਤਮਾ ਦੀ ਜੋਤਿ (ਸਾਡਾ ਮਨ) ਜੋ ਨਿਰਗੁਣ ਰੂਪ ਹੈ, ਉਹ ਪ੍ਰਮਾਤਮਾ ਦੇ ਨਿਰਗੁਣ ਰੂਪ ਵਿੱਚ ਸਮਾਅ ਜਾਂਦਾ ਹੈ ਭਾਵ ਪ੍ਰਮਾਤਮਾ ਦੀ ਆਪਣੀ ਜੋਤਿ ਉਸਦੀ ਜੋਤਿ ਵਿੱਚ ਮਿਲ ਜਾਂਦੀ ਹੈ। ਮਨੁੱਖ ਜੋ ਕੁੱਝ ਵੀ ਹੈ, ਇਸ ਮਨ, ਜੋਤਿ ਦੁਆਰਾ ਹੀ ਹੈ। ਜੋਤਿ ਨਾ ਜੰਮਦੀ ਹੈ ਨਾ ਮਰਦੀ ਹੈ, ਉਹ ਉੱਥੇ ਹੀ ਰਹਿੰਦੀ ਹੈ। ਇਸ ਦੁਨੀਆਂ ਵਿੱਚ ਮਨੁੱਖ ਦਾ ਆਪਣੀ "ਹਉਮੈ" ਦੇ ਵਿੱਚ ਰਹਿਣਾ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਜਿਸਦੀ ਸਮਝ ਉਸਦੇ ਨਾਲ ਮੇਲ ਤੋਂ ਬਾਅਦ ਹੀ ਆ ਸਕਦੀ ਹੈ। ਉਸਦੇ ਭਗਤ ਉਸਦੇ ਗਿਆਨ ਦਾ ਹੀ ਆਸਰਾ ਲੈਂਦੇ ਹਨ ਭਾਵ ਉਸਦੇ ਦਿੱਤੇ ਹੋਏ ਗਿਆਨ ਦੁਆਰਾ ਹੀ ਵਿਚਰਦੇ ਹਨ। ਇਹ ਗਿਆਨ ਪ੍ਰਮਾਤਮਾ ਕੋਲੋਂ ਸਿੱਧਾ ਮਨ ਦੇ ਵਿੱਚ ਹੀ ਮਿਲਦਾ ਹੈ ਤੇ ਸਮਝ ਲੱਗਦੀ ਹੈ ਕਿ ਅਸਲ ਵਿੱਚ "ਭਗਤ" ਉਹ ਆਪ ਹੀ ਹੈ, ਗੁਰੂ ਦੇ ਰੂਪ ਵਿੱਚ ਉਹ ਆਪ ਹੀ ਹੈ ਤੇ ਮਨੁੱਖ ਦੀ ਹੋਂਦ ਕੇਵਲ ਇੱਕ ਭੁਲੇਖਾ ਹੀ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਉਸਦੀ ਬਣਾਈ ਹੋਈ ਖੇਡ ਹੀ ਹੈ ਤੇ ਇਸ ਖੇਡ ਦੀ ਸਮਝ ਤਾਂ ਹੀ ਲੱਗ ਸਕਦੀ ਹੈ ਜੇਕਰ ਆਪ ਹੀ ਉਹ ਆਪਣੀ ਖੇਡ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਖਾਵੇ। ਉਸਦੇ ਗਿਆਨ ਦੁਆਰ ਖੇਡੀ ਜਾ ਰਹੀ ਇਹ ਖੇਡ ਉਸਦੇ ਗਿਆਨ ਦੁਆਰਾ ਹੀ ਸਮਝ ਆਉਂਦੀ ਹੈ।

ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਕੇਵਲ ਤੇ ਕੇਵਲ ਮਨ ਦੇ ਗਿਆਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

“ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥੧॥ਰਹਾਉ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥੨॥੪੩॥”

(ਅੰਗ 332)

ਉਪਰਲੇ ਸ਼ਬਦ ਰਾਹੀਂ ਅਕਾਲ ਪੁਰਖ ਰੂਪ ਭਗਤ ਕਬੀਰ ਜੀ ਸੰਸਾਰ ਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾ ਰਹੇ ਹਨ। ਇਸ ਸ਼ਬਦ ਰਾਹੀਂ ਗੁਰੂ ਦੇ ਗਿਆਨ ਦੀ ਮਹੱਤਤਾ ਦਾ ਵਰਣਨ ਹੀ ਕੀਤਾ ਹੋਇਆ ਹੈ। ਗਿਆਨ ਦੀ ਆਂਧੀ ਤੋਂ ਭਾਵ ਹੈ ਗੁਰੂ ਦਾ ਸੱਚਾ ਗਿਆਨ ਜੋ ਪ੍ਰਮਾਤਮਾ ਦੇ ਸਾਡੇ ਮਨ ਦੇ ਵਿੱਚ ਪ੍ਰਗਟ ਹੋਣ ਤੋਂ ਬਾਅਦ ਇੱਕ ਹਨੇਰੀ ਦੀ ਤਰ੍ਹਾਂ ਕੰਮ ਕਰਦਾ ਹੈ, ਸਾਡੀ ਅਗਿਆਨਤਾ ਦੂਰ ਕਰਦਾ ਹੈ। ਗਿਆਨ ਦੁਆਰਾ ਹੀ ਮਨੁੱਖ ਦੇ ਸਾਰੇ ਭਰਮ ਦੂਰ ਹੁੰਦੇ ਹਨ ਤੇ ਮਨੁੱਖ ਮਾਇਆ ਦੇ ਬੰਧਨ ਤੋਂ ਮੁਕਤੀ ਪਾਉਂਦਾ ਹੈ। ਮਾਇਆ ਸਾਡੇ ਅੰਦਰ ਦੀ ਨਾਸਮਝ ਮਤਿ ਹੀ ਹੈ, ਮਨਮਤਿ ਹੀ ਹੈ, ਹਉਮੈ ਹੀ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਸੱਚੇ ਗਿਆਨ ਦੁਆਰਾ ਹੀ ਮਨੁੱਖ ਦੀ ਦੁਚਿੱਤੀ ਦੂਰ ਹੁੰਦੀ ਹੈ ਤੇ ਮਾਇਆ ਮੋਹ ਤੋਂ ਛੁਟਕਾਰਾ ਮਿਲਦਾ ਹੈ ਤੇ ਤ੍ਰਿਸ਼ਨਾ ਬੁਝਦੀ ਹੈ। ਗੁਰੂ ਦੇ ਗਿਆਨ ਦੁਆਰਾ ਹੀ ਮਨੁੱਖ ਦੀ ਆਪਣੀ ਮਾੜੀ ਮਤਿ ਦੂਰ ਹੁੰਦੀ ਹੈ ਤੇ ਮਨੁੱਖ ਗੁਰੂ ਦੀ ਮਤਿ ਤੇ ਚੱਲਦਾ ਹੈ। ਗੁਰੂ ਦਾ ਗਿਆਨ ਮਿਲਣ ਤੋਂ ਬਾਅਦ ਹੀ ਜੋ ਉਸ ਦੁਆਰਾ ਉਪਦੇਸ਼ ਮਿਲਦਾ ਹੈ, ਮਨੁੱਖ ਉਸ ਦੁਆਰਾ ਗੁਰੂ ਨਾਲ ਜੁੜਿਆ ਰਹਿੰਦਾ ਹੈ, ਉਸ ਦੇ ਭਾਣੇ ਵਿੱਚ ਰਹਿੰਦਾ ਹੈ। ਆਪਣੇ ਸੱਚੇ ਗਿਆਨ ਦੁਆਰਾ ਹੀ ਪ੍ਰਮਾਤਮਾ ਮਨ ਵਿੱਚ ਵੱਸਦਾ ਹੈ ਭਾਵ ਪ੍ਰਗਟ ਹੁੰਦਾ ਹੈ ਤੇ ਮਨ ਵਿੱਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਭਾਵ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ। ਪ੍ਰਮਾਤਮਾ ਦੇ ਨਾਲ ਵਿਛੋੜਾ ਜਾਂ ਮੇਲ ਸਾਡੇ ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ, ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਮਾਇਆ ਰੂਪ ਮਾੜੀ ਸਮਝ ਭਾਵ ਦੁਰਮਤਿ ਸਾਡਾ ਵਿਛੋੜਾ ਹੈ ਤੇ ਸੱਚੇ ਗਿਆਨ ਵਾਲੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਤਾਂ ਉਸ ਲਈ ਗੁਰੂ ਕੋਲੋਂ ਗਿਆਨ ਲੈ ਕੇ ਉਸ ਤੇ ਚੱਲਣਾ ਹੀ ਸਾਡਾ ਮਨੋਰਥ ਹੋਣਾ ਚਾਹੀਦਾ ਹੈ ਤਾਂ ਜੋ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕੇ। ਸ਼ਬਦ ਦੇ ਸਿੱਧੇ ਭਾਵ ਨੂੰ ਸਮਝਣਾ ਕੋਈ ਔਖਾ ਨਹੀਂ ਹੈ, ਆਸਾਨੀ ਨਾਲ ਸਮਝ ਆ ਜਾਂਦਾ ਹੈ ਪਰ ਅਸਲ ਭਾਵ ਬਹੁਤ ਗਹਿਰਾ ਹੈ। ਗਿਆਨ ਨੂੰ ਆਂਧੀ ਕਹਿ ਕੇ ਸਮਝਾਇਆ ਹੈ, ਹਨੇਰੀ ਕਹਿ ਕੇ ਸਮਝਾਇਆ ਹੈ, ਜਿਸ ਹਨੇਰੀ ਨਾਲ ਘਰ ਦੀ ਛੰਨ ਦੀ ਛੱਤ ਉੱਡ ਜਾਂਦੀ ਹੈ, ਥੂਨ ਗਿਰ ਜਾਂਦੀ ਹੈ ਭਾਵ ਥੰਮ੍ਹੀਆਂ ਗਿਰ ਜਾਂਦੀਆਂ ਹਨ, ਘਰ ਨੂੰ ਸਹਾਰਾ ਦੇਣ ਵਾਲੇ ਸਹਾਰੇ ਟੁੱਟ ਜਾਂਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਡੇ ਮਨ ਦੇ ਮਾਇਆ ਮੋਹ ਨਾਲ ਜੋੜ ਕੇ ਸਮਝਾਇਆ ਹੈ। ਗੁਰੂ ਦੇ ਗਿਆਨ ਦੇ ਨਾਲ ਮਾਇਆ ਮੋਹ ਛੱਡਣਾ ਪੈਂਦਾ ਹੈ ਭਾਵ ਇਸ ਗਿਆਨ ਦੀ ਆਂਧੀ ਨੂੰ ਸਹਿਣਾ ਪੈਂਦਾ ਹੈ। ਇਹ ਆਂਧੀ ਗੁਰੂ ਦੇ ਸ਼ਬਦਾਂ ਦਾ ਸੱਚਾ ਉਪਦੇਸ਼ ਹੈ, ਸੱਚ ਦਾ ਮਾਰਗ ਹੈ ਜਿਸ ਤੇ ਚੱਲਣਾ ਪੈਂਦਾ ਹੈ, ਆਪਣੇ ਆਪ ਨੂੰ ਔਖੇ ਕਰਨਾ ਪੈਂਦਾ ਹੈ, ਆਪਣੇ ਘਰ ਬਾਰ ਦੀ ਪ੍ਰਵਾਹ ਛੱਡਣੀ ਪੈਂਦੀ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਪੈਂਦਾ ਹੈ, ਤ੍ਰਿਸ਼ਨਾਵਾਂ ਨੂੰ ਤਿਆਗਣਾ ਪੈਂਦਾ ਹੈ, ਆਪਣੀ ਮਨਮਤਿ ਭਾਵ ਦੁਚਿੱਤੀ ਛੱਡ ਕੇ ਗੁਰੂ ਨਾਲ ਇਕ ਮਨ ਇੱਕ ਚਿੱਤ ਹੋਣਾ ਪੈਂਦਾ ਹੈ, ਉਸ ਤੇ ਪੂਰਨ ਵਿਸ਼ਵਾਸ ਰੱਖਣਾ ਪੈਂਦਾ ਹੈ ਭਾਵ ਪੂਰੀ ਤਰ੍ਹਾਂ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ, ਔਗੁਣ ਰਹਿਤ ਹੋਣਾ ਪੈਂਦਾ ਹੈ ਭਾਵ ਇਹ ਗੁਰੂ ਦੇ ਗਿਆਨ ਤੇ ਚੱਲਣਾ ਭਾਵੇਂ ਸਾਨੂੰ ਹਨੇਰੀ ਦੀ ਤਰ੍ਹਾਂ ਸਹਿਣਾ ਔਖਾ ਲੱਗੇ, ਸਾਡਾ ਜਿੰਨਾ ਮਰਜ਼ੀ ਨੁਕਸਾਨ ਹੋ ਜਾਵੇ ਤਾਂ ਵੀ ਅਸੀਂ ਗੁਰੂ ਦੀ ਗੱਲ ਤੇ ਅੜੇ ਰਹੀਏ ਤੇ ਸਭ ਕੁੱਝ ਉਸਦਾ ਭਾਣਾ ਮੰਨ ਕੇ ਸਹੀਏ। ਇਸ ਗਿਆਨ ਦੀ ਹਨੇਰੀ ਦੇ ਭੈ ਨੂੰ ਆਪਣੇ ਮਨ ਦੇ ਵਿੱਚ ਕਬੂਲ ਕਰੀਏ ਕਿ ਅਸੀਂ ਇਸ ਭੈ ਨੂੰ ਸਹਾਂਗੇ। ਗੁਰੂ ਦੇ ਉਪਦੇਸ਼ ਤੇ ਚੱਲਣਾ ਬਹੁਤ ਔਖਾ ਹੈ, ਇਸ ਭਉ ਨੂੰ ਕਬੂਲ ਕਰਨਾ ਬਹੁਤ ਔਖਾ ਹੈ ਤੇ ਅਸਲ ਵਿੱਚ ਇਹੀ ਤਾਂ ਨਾਮ ਜਪਣਾ ਹੈ। ਨਾਮ ਜਪਣਾ ਬਹੁਤ ਔਖਾ ਹੈ।

ਇਹ ਗਿਆਨ ਦੀ ਹਨੇਰੀ ਮਨ ਦੇ ਵਿੱਚ ਚੱਲਦੀ ਹੈ ਤੇ ਮਨ ਨੇ ਹੀ ਇਸ ਨੂੰ ਸਹਿਣਾ ਹੈ ਤੇ ਤਾਂ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। (**ਦੇਖੋ ਭਾਈ ਗ੍ਯਾਨ ਕੀ ਆਈ ਆਂਧੀ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥੧॥ਰਹਾਉ॥ ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥ ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥**) ਮਨ ਦੇ ਵਿਚ ਇਹ ਔਖਾਪਨ ਸਹਿਣ ਤੋਂ ਬਾਅਦ ਫਲ ਦੀ ਪ੍ਰਾਪਤੀ ਕੀ ਹੈ, ਇਹ ਗੱਲ ਨਾਲ ਹੀ ਸ਼ਬਦ ਵਿੱਚ ਸਮਝਾਈ ਹੋਈ ਹੈ। **"ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥ ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥੨॥੪੩॥"** ਫਲ ਦੀ ਪ੍ਰਾਪਤੀ ਉਸ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਸਨੂੰ ਹਨੇਰੀ ਤੋਂ ਬਾਅਦ ਜੋ ਜਲ ਦੀ ਵਰਖਾ ਹੁੰਦੀ ਹੈ, ਮੀਂਹ ਪੈਂਦਾ ਹੈ, ਉਸਦੇ ਨਾਲ ਜੋੜ ਕੇ ਸਮਝਾਇਆ ਹੈ। ਹਨੇਰੀ ਚੱਲਣ ਤੋਂ ਬਾਅਦ ਜੋ ਮੀਂਹ ਵਰਸਦਾ ਹੈ ਉਹ ਸੁਖਦਾਈ ਹੁੰਦਾ ਹੈ, ਬਹੁਤ ਚੰਗਾ ਲੱਗਦਾ ਹੈ, ਅਨੰਦਦਾਇਕ ਹੁੰਦਾ ਹੈ। ਇਸੇ ਤਰ੍ਹਾਂ ਇਸ ਗਿਆਨ ਦੀ ਹਨੇਰੀ ਨੂੰ, ਔਖੇਪਨ ਨੂੰ ਜਦੋਂ ਮਨੁੱਖ ਸਹਿੰਦਾ ਹੈ ਤੇ ਤਾਂ ਹੀ ਉਹ ਪ੍ਰਮਾਤਮਾ ਦੇ ਨਾਲ ਭਿੱਜਦਾ ਹੈ, ਉਸਦੇ ਅੰਮ੍ਰਿਤ ਜਲ ਦੇ ਨਾਲ ਭਿੱਜਦਾ ਹੈ ਜੋ ਅੰਮ੍ਰਿਤ ਜਲ ਪ੍ਰਮਾਤਮਾ ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ। ਜੋ ਮਨ ਦੇ ਵਿੱਚ ਅੰਮ੍ਰਿਤ ਜਲ ਦੇ ਨਾਲ ਭਿੱਜਦਾ ਹੈ ਉਸਦੇ ਮਨ ਵਿੱਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਮਨ ਦੇ ਵਿੱਚ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ। ਇਹੀ ਫਲ ਦੀ ਪ੍ਰਾਪਤੀ ਹੈ ਜੋ ਹਰ ਕੋਈ ਕਰਨੀ ਚਾਹੁੰਦਾ ਹੈ। ਇਹ ਫਲ ਦੀ ਪ੍ਰਾਪਤੀ ਬਹੁਤ ਔਖੀ ਹੈ। ਇਹੀ ਨਾਮ ਦੀ ਪ੍ਰਾਪਤੀ ਹੈ। ਪਹਿਲੇ ਨਾਮ ਜਪਣ ਦਾ ਉੱਦਮ ਕਰਨਾ ਪੈਂਦਾ ਹੈ, ਗੁਰੂ ਦੀ ਗੱਲ ਨੂੰ ਮੰਨਣਾ ਪੈਂਦਾ ਹੈ, ਔਖੇ ਹੋਣਾ ਪੈਂਦਾ ਹੈ ਤੇ ਤਾਂ ਹੀ ਇਸ ਫਲ ਦੀ ਪ੍ਰਾਪਤੀ ਹੁੰਦੀ ਹੈ। ਫਲ ਦੀ ਪ੍ਰਾਪਤੀ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ ਜੋ ਕਿ ਗਿਆਨ ਰੂਪ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਕਰਦਾ ਹੈ। ਜਿਵੇਂ "ਭਾਨੁ" ਭਾਵ ਸੂਰਜ ਧਰਤੀ ਦੇ ਉੱਤੇ ਪਰਕਾਸ਼ ਕਰਦਾ ਹੈ, ਇਸੇ ਤਰ੍ਹਾਂ ਮਨ ਦੇ ਵਿੱਚ ਪ੍ਰਮਾਤਮਾ ਮਨ ਦੇ ਵਿੱਚ ਉਦੈ ਹੋਣ ਦੁਆਰਾ ਭਾਵ ਪਰਗਟ ਹੋਣ ਦੁਆਰਾ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। (**ਦੇਖੋ ਭਾਈ ਗ੍ਯਾਨ ਕੀ ਆਈ ਆਂਧੀ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥੧॥ਰਹਾਉ॥ ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥ ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥੧॥ ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥ ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥**)

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥}

(ਅੰਗ 1032)

ਗਿਆਨ ਦਾ ਭੋਜਨ ਸਾਡੇ ਮਨ ਦਾ ਭੋਜਨ ਹੈ ਜਿਸ ਨੂੰ ਮਹਾਰਸੁ ਕਿਹਾ ਹੈ, ਮਿੱਠਾ ਰਸ ਕਿਹਾ ਹੈ। ਇਹ ਮਿੱਠਾ ਰਸ ਹੀ ਨਾਮ ਰਸੁ ਹੈ ਜੋ ਮਨ ਦੇ ਵਿੱਚ ਪ੍ਰਮਾਤਮਾ ਇਹ ਗਿਆਨ ਰੂਪ ਭੋਜਨ ਆਪ ਹੀ ਕਿਸੇ ਨੂੰ ਛਕਾਉਂਦਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। (**ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥**)

"ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥੨॥"

(ਅੰਗ ੪੫੬)

ਉੱਪਰ ਸ਼ਬਦ ਦੁਆਰਾ ਸਾਨੂੰ ਬੜਾ ਸਪੱਸ਼ਟ ਕਰ ਕੇ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਨਾਮ ਕੀ ਹੈ, ਨਾਮ ਦਾ ਮਕਸਦ ਕੀ ਹੈ ਤੇ ਪ੍ਰਮਾਤਮਾ ਸਭ ਜਗ੍ਹਾ ਕਿਸ ਤਰੀਕੇ ਵਿਆਪਕ ਹੈ। ਜੋ ਵੀ ਗੁਰਬਾਣੀ ਨੂੰ ਦਿਲੋਂ ਜਾਣਨ ਦੀ ਖੁਹਾਇਸ਼ ਰੱਖਦੇ ਹਨ ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਸੌਖੀ ਹੀ ਪੈ ਜਾਵੇਗੀ।

“ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥

ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥”

ਇਨ੍ਹਾਂ ਉੱਪਰਲੀਆਂ ਪੰਗਤੀਆਂ ਦੁਆਰਾ ਸਾਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਨਾਮ ਕੀ ਹੈ ਤੇ ਨਾਮ ਦਾ ਮਕਸਦ ਕੀ ਹੈ। ਨਾਮ ਦਾ ਮਕਸਦ ਸਾਨੂੰ ਪਾਵਨ ਕਰਨ ਲਈ ਹੈ, ਪਵਿੱਤਰ ਕਰਨ ਲਈ ਹੈ ਭਾਵ ਸਾਡੇ ਮਨ ਨੂੰ ਪਵਿੱਤਰ ਕਰਨ ਲਈ ਹੈ, ਸਾਨੂੰ ਪਤਿਤ ਤੋਂ ਪੁਨੀਤ ਕਰਨ ਲਈ ਹੈ। ਪਤਿਤ ਮਨੁੱਖ ਉਹ ਹੀ ਹਨ ਜੋ ਮਾੜੇ ਕਰਮ ਕਰਦੇ ਹਨ ਜਿਵੇਂ ਕਿ ਗੁਰਬਾਣੀ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਪਤਿਤ ਮਨੁੱਖ ਉਹ ਹੀ ਹੈ ਜਿਸਦਾ ਹਿਰਦਾ ਸ਼ੁੱਧ ਨਹੀਂ ਹੈ, ਜੋ ਮਨੁੱਖ ਵਿਕਾਰੀ ਹੈ। ਪ੍ਰਮਾਤਮਾ ਦੇ ਨਾਮ ਦਾ ਮਕਸਦ ਸਾਨੂੰ ਸੱਚੇ ਸੁੱਚੇ ਇਨਸਾਨ ਬਣਾਉਣ ਲਈ ਹੈ। **(ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥)** ਆਪਣੇ ਨਾਮ ਦੁਆਰਾ ਪ੍ਰਮਾਤਮਾ ਸਾਨੂੰ ਪਤਿਤ ਤੋਂ ਪੁਨੀਤ ਕਿਵੇਂ ਬਣਾਉਂਦਾ ਹੈ, ਕਿਸ ਨਾਮ ਦੁਆਰਾ ਬਣਾਉਂਦਾ ਹੈ, ਇਹ ਨਾਲ ਹੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

“ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥”

ਪਤਿਤ ਅਸੀਂ ਮਨ ਦੇ ਵਿੱਚ ਮਾਇਆ ਮੋਹ ਕਰਕੇ ਹਾਂ, ਤ੍ਰਿਸ਼ਨਾਵਾਂ ਕਰਕੇ ਹਾਂ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਔਗੁਣਾਂ ਦਾ ਸਹਾਰਾ ਲੈਂਦੇ ਹਾਂ, ਮਾੜੇ ਕਰਮ ਕਰਦੇ ਹਾਂ ਭਾਵ ਸਾਡੇ ਮਨ ਦੀ ਸੋਝੀ ਮਾੜੀ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ, ਮਨ ਦੀ ਸੋਝੀ ਦੁਆਰਾ ਹੀ ਕਰਦੇ ਹਾਂ। ਜੇਕਰ ਮਨ ਦੀ ਸੋਝੀ ਚੰਗੀ ਹੋ ਜਾਵੇ ਤਾਂ ਫਿਰ ਅਸੀਂ ਚੰਗੇ ਕਰਮ ਕਰਾਂਗੇ, ਮਾੜੇ ਕਰਮ ਨਹੀਂ ਕਰਾਂਗੇ। ਨਾਮ ਦਾ ਮਕਸਦ ਸਾਡੀ ਮਾੜੀ ਸੋਝੀ ਨੂੰ ਬਦਲ ਕੇ ਉਸਨੂੰ ਚੰਗੀ ਸੋਝੀ ਬਣਾਉਣਾ ਹੀ ਹੈ। ਚੰਗੀ ਸੋਝੀ ਸਾਨੂੰ ਗੁਰੂ ਕੋਲੋਂ ਹੀ ਮਿਲ ਸਕਦੀ ਹੈ ਜੋ ਕਿ ਗੁਰੂ ਦਾ ਮਕਸਦ ਹੈ। ਪ੍ਰਮਾਤਮਾ ਦਾ ਨਾਮ, ਪ੍ਰਮਾਤਮਾ ਦੀ ਪਾਈ ਹੋਈ ਸੋਝੀ ਹੈ ਜੋ ਕਿ ਸਾਡੇ ਕੋਲ ਧਰਮ ਗ੍ਰੰਥਾਂ ਦੇ ਰੂਪ ਵਿੱਚ ਹੈ, ਗੁਰਬਾਣੀ ਦੇ ਰੂਪ ਵਿੱਚ ਹੈ। ਵੇਦਾਂ, ਸ਼ਾਸਤਰਾਂ ਵਿੱਚ ਵੀ ਨਾਮ ਹੈ, ਕੁਰਾਨ ਵਿੱਚ ਵੀ ਨਾਮ ਹੈ ਤੇ ਗੁਰਬਾਣੀ ਵਿੱਚ ਵੀ ਨਾਮ ਹੈ ਭਾਵ ਸਾਰੇ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਦਾ ਉਪਦੇਸ਼ ਕਰਦੇ ਹਨ, ਚੰਗੇ ਕਰਮ ਕਰਨ ਦਾ ਉਪਦੇਸ਼ ਦਿੰਦੇ ਹਨ। ਗੁਰੂ ਦਾ ਗਿਆਨ ਹੀ ਨਾਮ ਹੈ ਜਿਵੇਂ ਕਿ ਉੱਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ, ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਮਾੜੀ ਬਿਰਤੀ ਵਿੱਚੋ ਕੱਢਣ ਦਾ ਹੈ, ਮਨਮਤਿ ਵਿੱਚੋਂ ਕੱਢਣ ਦਾ ਹੈ ਜਿਸਦੇ ਰਹਿੰਦਿਆਂ ਸਾਨੂੰ ਆਪਣੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਅਸੀਂ ਮਨ ਦੀ ਨਾਸਮਝੀ ਕਰਕੇ ਉਹੋ ਜਿਹੇ ਧਰਮ ਦੇ ਮਾਰਗ ਤੇ ਹੀ ਚੱਲੀ ਜਾਂਦੇ ਹਾਂ ਜੋ ਕਿ ਅਸਲ ਵਿੱਚ ਧਰਮ ਦਾ ਮਾਰਗ ਹੈ ਹੀ ਨਹੀਂ। ਧਰਮ ਦੇ ਮਾਰਗ ਦੀ ਸਾਨੂੰ ਸਹੀ ਸੋਝੀ ਪ੍ਰਮਾਤਮਾ ਦੇ ਨਾਮ ਦੁਆਰਾ ਹੀ ਪੈਂਦੀ ਹੈ, ਗੁਰੂ ਦੇ ਗਿਆਨ ਦੁਆਰਾ ਹੀ ਪੈਂਦੀ ਹੈ, ਮਨ ਦਾ ਭਰਮ, ਅਗਿਆਨਤਾ ਦੂਰ ਹੋਣ ਨਾਲ ਹੀ ਪੈਂਦੀ ਹੈ ਤੇ ਸੱਚੀ ਸੋਝੀ ਜਿਸ ਨੂੰ ਪੈ ਜਾਂਦੀ ਹੈ ਉਹ ਫਿਰ ਉਹੋ ਜਿਹੇ ਕਰਮ ਨਹੀਂ ਕਰਦਾ ਜਿਨ੍ਹਾਂ ਦੁਆਰਾ ਮਨੁੱਖ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਪਤਿਤ ਹੁੰਦਾ ਹੈ ਭਾਵ ਮਾੜੇ ਕਰਮ ਨਹੀਂ ਕਰਦਾ ਤੇ ਕੇਵਲ ਚੰਗੇ ਕਰਮ ਹੀ ਕਰਦਾ ਹੈ, ਕੇਵਲ ਨਾਮ ਜਪਦਾ ਹੈ ਭਾਵ ਕੇਵਲ ਗੁਰੂ ਦੀ ਮਤਿ ਤੇ ਹੀ ਚੱਲਦਾ ਹੈ। **(ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥)** ਨਾਮ ਗੁਰੂ ਦਾ ਗਿਆਨ ਹੈ ਤੇ ਨਾਮ ਹੀ ਆਪ ਪ੍ਰਮਾਤਮਾ ਹੈ ਜਿਸ ਦੁਆਰਾ ਉਹ ਸਭ ਵਿੱਚ ਵਰਤਦਾ ਹੈ। ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥

ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥”

ਉੱਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਇਸ ਗੱਲ ਨੂੰ ਦ੍ਰਿੜ ਕਰਨ ਦੀ ਲੋੜ ਹੈ। ਇੱਥੇ ਪ੍ਰਮਾਤਮਾ ਨੇ ਆਪਣਾ ਭੇਦ ਖੋਲ੍ਹਿਆ ਹੋਇਆ ਹੈ ਕਿ ਉਹ ਕੀ ਹੈ। ਗੁਰੂ ਦੇ ਗਿਆਨ ਦਾ ਅੰਜਨ, ਗੁਰੂ ਦੇ ਗਿਆਨ ਦਾ ਸੁਰਮਾ ਭਾਵ ਜਿਸ ਦੁਆਰਾ ਗਿਆਨ ਦਾ ਪ੍ਰਗਟਾਵਾ ਹੁੰਦਾ ਹੈ, ਗਿਆਨ ਦਾ ਮਕਸਦ ਸਾਹਮਣੇ ਆਉਂਦਾ ਹੈ ਭਾਵ ਜੋ ਗਿਆਨ ਦੇ ਅੰਦਰ ਦੀ ਸੋਝੀ ਹੈ ਉਹ ਆਪ ਪ੍ਰਮਾਤਮਾ ਹੈ। ਗਿਆਨ ਦਾ ਮਕਸਦ ਉਸਦੇ ਅੰਦਰ ਦੀ ਸੋਝੀ

ਦੇ ਵਿੱਚ ਹੀ ਹੈ। ਹਰ ਵਸਤੂ ਵਿੱਚ ਜੋ ਵੀ ਸੋਝੀ ਪੈਂਦੀ ਹੈ ਭਾਵੇਂ ਉਹ ਕੋਈ ਵੀ ਵਸਤੂ ਹੈ ਉਹ ਕਿਸੇ ਗਿਆਨ ਦੁਆਰਾ ਹੀ ਪੈਂਦੀ ਹੈ। ਹਰ ਵਸਤੂ ਕਿਸੇ ਗਿਆਨ ਦੁਆਰਾ ਹੀ ਬਣਦੀ ਹੈ, ਗਿਆਨ ਦੁਆਰਾ ਹੀ ਚੱਲਦੀ ਹੈ ਤੇ ਕਿਸੇ ਗਿਆਨ ਦੁਆਰਾ ਹੀ ਬਿਨਸ ਜਾਂਦੀ ਹੈ ਭਾਵ ਸਭ ਕੁੱਝ ਗਿਆਨ ਦੁਆਰਾ ਹੀ ਹੁੰਦਾ ਹੈ, ਸਾਇੰਟਿਫਿਕਲੀ ਭਾਵ ਵਿਗਿਆਨਕ ਤੌਰ ਤੇ ਹੁੰਦਾ ਹੈ। ਇਹ ਹੀ ਪ੍ਰਮਾਤਮਾ ਨੂੰ ਸਮਝਣ ਦਾ ਭੇਦ ਹੈ ਕਿ ਉਹ ਸਭ ਵਿੱਚ ਕਿਵੇਂ ਸਮਾਇਆ ਹੋਇਆ ਹੈ। ਸਾਡੇ ਅੰਦਰ ਪ੍ਰਮਾਤਮਾ ਸਾਡੇ ਮਨ ਦੀ ਸੋਝੀ ਦੁਆਰਾ ਸਮਾਇਆ ਹੋਇਆ ਹੈ ਤੇ ਇਸੇ ਤਰ੍ਹਾਂ ਪ੍ਰਮਾਤਮਾ ਹਰ ਵਸਤੂ ਵਿੱਚ ਆਪਣੇ ਗਿਆਨ ਦੁਆਰਾ ਸਮਾਇਆ ਹੋਇਆ ਹੈ, ਆਪਣੀ ਸਾਇੰਸ ਭਾਵ ਵਿਗਿਆਨ ਦੁਆਰਾ, ਉੱਚੇ ਗਿਆਨ ਦੁਆਰਾ, ਬ੍ਰਹਮਗਿਆਨ ਦੁਆਰਾ ਸਭ ਵਿੱਚ ਸਾਇੰਟਿਫਿਕਲੀ ਸਮਾਇਆ ਹੋਇਆ ਹੈ। ਜਿਵੇਂ ਕਿ ਕੋਈ ਵੀ ਬਨਸਪਤੀ ਉਪਜਦੀ ਹੈ ਉਹ ਕਿਸੇ ਗਿਆਨ ਦੁਆਰਾ ਹੀ ਉਪਜਦੀ ਹੈ ਜੋ ਗਿਆਨ ਉਸਦੇ ਅੰਦਰ ਪਹਿਲਾਂ ਤੋਂ ਹੀ ਪਾਇਆ ਹੋਇਆ ਹੈ, ਗਿਆਨ ਦੁਆਰਾ ਹੀ ਉਹ ਫਲਦੀ ਫੁਲਦੀ ਹੈ, ਖੁਰਾਕ ਲੈਂਦੀ ਹੈ ਤੇ ਬਿਨਸ ਜਾਂਦੀ ਹੈ ਤੇ ਆਪਣਾ ਬੀਜ ਪਿੱਛੇ ਛੱਡ ਜਾਂਦੀ ਹੈ ਜੋ ਫਿਰ ਤੋਂ ਬਨਸਪਤੀ ਦਾ ਰੂਪ ਧਾਰਨ ਕਰ ਲੈਂਦਾ ਹੈ। ਸਭ ਦੇ ਅੰਦਰ ਗਿਆਨ ਦਾ ਮੂਲ ਉਹ ਪ੍ਰਮਾਤਮਾ ਆਪ ਹੀ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੀ ਹੈ। ਆਪਣਾ ਸਰਗੁਣ ਰੂਪ ਉਹ ਆਪ ਹੀ ਬਣਾਉਂਦਾ ਹੈ, ਆਪਣੇ ਗਿਆਨ ਨਾਲ ਬਣਾਉਂਦਾ ਹੈ ਤੇ ਆਪਣੇ ਗਿਆਨ ਨਾਲ ਆਪ ਹੀ ਉਸਨੂੰ ਚਲਾਉਂਦਾ ਹੈ। ਸਾਰੀ ਸ੍ਰਿਸ਼ਟੀ ਨੂੰ ਉਹ ਇਸੇ ਤਰ੍ਹਾਂ ਹੀ ਚਲਾ ਰਿਹਾ ਹੈ। ਸਰਗੁਣ ਰੂਪ ਬਿਨਸਣਹਾਰ ਹੈ ਪਰ ਸਰਗੁਣ ਰੂਪ ਦਾ ਮਾਲਕ ਜੋ ਕਿ ਗਿਆਨ ਹੈ, ਉਹ ਸਦਾ ਰਹਿਣ ਵਾਲਾ ਹੈ, ਕਦੇ ਨਹੀਂ ਬਿਨਸਦਾ। ਗਿਆਨ ਦਾ ਕੋਈ ਰੂਪ ਰੇਖ ਨਹੀਂ ਹੈ, ਕੋਈ ਆਕਾਰ ਨਹੀਂ ਹੈ, ਉਸਦਾ ਕੋਈ ਅੰਤ ਨਹੀਂ ਹੈ, ਉਸਨੂੰ ਬਾਹਰੀ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ, ਉਹ ਕੇਵਲ ਮਨ ਦੀਆਂ ਅੱਖਾਂ ਨਾਲ ਦਿੱਸਦਾ ਹੈ ਅਤੇ ਮਨ ਦੇ ਵਿੱਚ ਹੀ ਉਸਦੇ ਦਰਸ਼ਨ ਹੁੰਦੇ ਹਨ। ਪੂਰੀ ਗੁਰਬਾਣੀ ਵਿੱਚ "ਗਿਆਨ" ਹੈ ਜਿਸ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਕਿ ਉਸਦਾ ਧਾਰਮਿਕ ਗਿਆਨ ਹੈ ਭਾਵ ਧਰਮ ਦਾ ਸੱਚਾ ਮਾਰਗ ਸਮਝਾਉਣ ਵਾਲਾ ਗਿਆਨ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ, ਸਮਝਣ ਦਾ ਗਿਆਨ ਹੈ, ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦਾ ਗਿਆਨ ਹੈ। "ਗਿਆਨ" ਦੇ ਰੂਪ ਵਿੱਚ ਹੀ ਪ੍ਰਮਾਤਮਾ ਹਰ ਵਸਤੂ ਵਿੱਚ ਹੈ ਪਰ ਉਹ ਸਾਨੂੰ ਨਜ਼ਰ ਨਹੀਂ ਆਉਂਦਾ, ਪ੍ਰਮਾਤਮਾ ਸਭ ਵਿੱਚ ਹੁੰਦੇ ਹੋਏ ਵੀ ਸਾਨੂੰ ਨਜ਼ਰ ਨਹੀਂ ਆਉਂਦਾ। ਇੱਕ ਵਾਰੀ ਮਨ ਦੇ ਵਿੱਚ ਉਸਦੇ ਦਰਸ਼ਨ ਹੋ ਜਾਣ ਤੇ ਫਿਰ ਸਭ ਵਿੱਚ ਕੇਵਲ ਉਹੀ ਨਜ਼ਰ ਆਉਂਦਾ ਹੈ ਜੋ ਹਰ ਸਰਗੁਣ ਰੂਪ ਦਾ ਬਣਾਉਣ ਵਾਲਾ ਹੈ ਤੇ ਉਸਦਾ ਮਾਲਕ ਹੈ। **(ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥)** ਆਪਣੇ ਇਸ ਉੱਚੇ ਗਿਆਨ ਕਰਕੇ ਹੀ ਪ੍ਰਮਾਤਮਾ ਗੁਰੂ ਹੈ, ਸਭ ਦਾ ਗੁਰੂ ਹੈ। ਉਹ ਗਿਆਨ ਦਾ ਸ੍ਰੋਤ ਹੈ, ਗਿਆਨ ਦਾ ਮਾਲਕ ਹੈ।

ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ, ਆਪਣਾ ਨਾਮ ਦਿੰਦਾ ਹੈ, ਜਿਸਨੂੰ ਪਤਿਤ ਤੋਂ ਪੁਨੀਤ ਕਰਦਾ ਹੈ ਉੱਥੇ ਆਪਣੇ ਆਪ ਨੂੰ ਉਸਦੇ ਹਿਰਦੇ ਵਿੱਚ ਹੀ ਵਸਾਉਂਦਾ ਹੈ, ਮਨ ਦੇ ਵਿੱਚ ਵਸਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਉਸ ਵਿੱਚ ਪ੍ਰਗਟ ਹੁੰਦਾ ਹੈ, ਜੋਤਿ ਦੁਆਰਾ ਪ੍ਰਗਟ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਿਆ ਹੈ। **(ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥)** ਪ੍ਰਮਾਤਮਾ ਨੂੰ ਸਾਡੇ ਅੰਦਰ ਪ੍ਰਗਟ ਹੋਣ ਲਈ ਇੱਕ ਨਿਮਖ ਲੱਗਦਾ ਹੈ, ਉਹ ਅਚਾਨਕ ਹੀ ਇੱਕਦਮ ਪ੍ਰਗਟ ਹੋ ਜਾਂਦਾ ਹੈ ਤੇ ਇਸ ਤੋਂ ਵੱਡੀ ਹੈਰਾਨੀ ਦੀ ਗੱਲ, ਅਚੰਭੇ ਵਾਲੀ ਗੱਲ ਕੋਈ ਹੋ ਹੀ ਨਹੀਂ ਸਕਦੀ। ਪ੍ਰਮਾਤਮਾ ਇੱਕ ਨਿਮਖ ਵਿੱਚ ਮਨੁੱਖ ਨੂੰ ਇਹ ਅਹਿਸਾਸ ਕਰਵਾ ਦਿੰਦਾ ਹੈ ਕਿ ਉਸਦੇ ਅੰਦਰ ਹੁਕਮ ਕਿਸ ਦਾ ਚੱਲਦਾ ਹੈ। ਮਨ ਦੇ ਵਿੱਚ ਆਪਣਾ ਗਿਆਨ ਦੇ ਕੇ ਹੀ ਪ੍ਰਮਾਤਮਾ ਸਾਡੇ ਅੰਦਰੋਂ ਭਰਮ ਅੰਧੇਰ ਦਾ ਨਾਸ ਕਰਦਾ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ, ਹਉਮੈ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ। ਮਨ ਦੇ ਵਿੱਚੋਂ ਭਰਮਾਂ ਵਾਲੀ ਸਮਝ ਕੱਢ ਕੇ ਹੀ ਕਿਸੇ ਨੂੰ ਆਪਣੇ ਆਪ ਨਾਲ ਮਿਲਾਉਂਦਾ ਹੈ, ਸਾਡੀ ਪਤਿਤ ਮਤਿ ਨੂੰ ਪੁਨੀਤ ਕਰਦਾ ਹੈ, ਆਪਣਾ ਨਾਮ ਭਾਵ ਸੱਚਾ ਗਿਆਨ ਬਖਸ਼ਣ ਦੁਆਰਾ ਪੁਨੀਤ ਕਰਦਾ ਹੈ। **(ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥)** ਮਨੁੱਖ ਦੀ ਔਗੁਣਾਂ ਤੋਂ ਮੁਕਤੀ, ਮਾਇਆ ਮੋਹ ਤੋਂ ਮੁਕਤੀ ਮਨ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਸਾਡੇ ਅੰਦਰ ਮਾਇਆ ਮੋਹ ਵਿੱਚੋਂ ਨਿਕਲਣ ਦਾ ਭਉ, ਗੁਰਮਤਿ ਤੇ ਚੱਲਣ ਦਾ ਭਉ ਉਹ ਆਪ ਹੀ ਕੱਢਦਾ ਹੈ, ਮਨ ਦੀ ਸੱਚੀ ਸੋਝੀ ਦੁਆਰਾ ਕੱਢਦਾ ਹੈ ਜੋ ਸਭ ਦੇ ਅੰਦਰ ਵਰਤ ਰਿਹਾ ਹੈ। ਮਨ ਦੇ ਵਿੱਚੋਂ ਇਹ ਭਉ ਕੱਢ ਕੇ ਹੀ ਉਹ ਸਾਡੇ ਮਨ ਨੂੰ ਪਵਿੱਤਰ ਬਣਾਉਂਦਾ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਦੇ ਭਉ ਵਿੱਚੋਂ ਨਿਕਲ ਕੇ ਗੁਰੂ ਦੇ ਭਉ ਵਿੱਚ ਆ ਜਾਂਦਾ ਹੈ, ਗੁਰਮਤਿ ਦੇ ਭਉ ਵਿੱਚ ਆ ਜਾਂਦਾ ਹੈ ਤੇ ਇਹੋ ਜਿਹੀ ਮਨ ਦੀ ਪਵਿੱਤਰਤਾ ਦੇ ਨਾਲ ਮਨੁੱਖ ਗੁਰੂ ਦੀ ਸੱਚੀ ਸੇਵਾ

ਕਰਦਾ ਹੈ, ਗੁਰੂ ਦੇ ਚਰਨ ਜਪਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ। **(ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥੨॥)**

ਜਦ ਤੱਕ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ "ਗੁਰਮਤਿ" ਹੀ ਆਪ "ਗੁਰੂ" ਹੈ, ਗੁਰੂ ਦੀ "ਸਿੱਖਿਆ" ਹੀ "ਗੁਰੂ" ਹੈ ਤਦ ਤੱਕ ਅਸੀਂ ਭਰਮ ਵਿੱਚ ਹੀ ਉਹੋ ਜਿਹੀ ਭਗਤੀ ਵਿੱਚ ਲੱਗੇ ਹੋਏ ਹਾਂ ਜਿਸ ਦਾ ਕੋਈ ਲਾਭ ਨਹੀਂ ਹੈ। "ਗਿਆਨ" ਆਪ ਗੁਰੂ ਹੈ, ਪ੍ਰਮਾਤਮਾ ਹੈ ਤੇ ਅਸੀਂ ਗਿਆਨ ਨੂੰ ਹੀ ਆਪਣੇ ਅੰਦਰ ਜਪਣਾ ਹੈ, ਗੁਰਮਤਿ ਨੂੰ ਹੀ ਆਪਣੇ ਅੰਦਰ ਜਪਣਾ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਜਪ ਸਕਦੇ ਹਾਂ। ਇਹੀ ਗੱਲ ਸਾਨੂੰ ਹੇਠ ਦਿੱਤੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

"ਅੰਤਰਿ ਵਸੈ ਨ ਬਾਹਰਿ ਜਾਇ॥
ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ॥੧॥
ਐਸਾ ਗਿਆਨੁ ਜਪਹੁ ਮਨ ਮੇਰੇ॥
ਹੋਵਹੁ ਚਾਕਰ ਸਾਚੇ ਕੇਰੇ॥੧॥ਰਹਾਉ॥
ਗਿਆਨੁ ਧਿਆਨੁ ਸਭੁ ਕੋਈ ਰਵੈ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ॥੨॥
ਸੇਵਾ ਕਰੇ ਸੁ ਚਾਕਰੁ ਹੋਇ॥
ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ॥੩॥
ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥4॥"

(ਅੰਗ ੭੨੮)

ਇਸ ਸ਼ਬਦ ਰਾਹੀਂ ਵੀ "ਨਾਮ ਜਪਣ" ਦੀ ਗੱਲ "ਗਿਆਨ ਜਪਣ" ਦੁਆਰਾ ਕੀਤੀ ਗਈ ਹੈ ਭਾਵ ਨਾਮ ਜਪਣਾ, ਗਿਆਨ ਜਪਣਾ, ਬਾਣੀ ਜਪਣਾ, ਇੱਕੋ ਗੱਲ ਹੀ ਹੈ। ਅਸੀਂ ਕੇਵਲ ਆਪਣੇ ਭੁਲੇਖਿਆਂ ਕਰਕੇ ਬਾਣੀ ਅਤੇ ਨਾਮ ਵਿੱਚ ਫ਼ਰਕ ਸਮਝ ਲੈਂਦੇ ਹਾਂ ਮਗਰ ਫ਼ਰਕ ਬਿਲਕੁਲ ਵੀ ਨਹੀਂ ਹੈ। ਇੱਕੋ ਹੀ ਗੱਲ ਹੈ। ਗੁਰੂ ਦੇ ਗਿਆਨ ਨੂੰ ਜਪਣ ਦੁਆਰਾ ਹੀ ਭਾਵ ਉਸਦੇ ਉਪਦੇਸ਼ ਨੂੰ ਜਪਣ ਦੁਆਰਾ ਹੀ ਅਸੀਂ ਪ੍ਰਮਾਤਮਾ ਦੇ ਚਾਕਰ ਬਣ ਸਕਦੇ ਹਾਂ ਕਿਉਂਕਿ ਗੁਰੂ ਦੇ ਗਿਆਨ ਦੁਆਰਾ ਹੀ ਸਾਨੂੰ ਸਮਝ ਲਗਦੀ ਹੈ ਕਿ ਗੁਰੂ ਦੀ ਸੇਵਾ ਕੀ ਹੈ ਤੇ ਗੁਰੂ ਦੀ ਚਾਕਰੀ ਗੁਰੂ ਦੀ ਸੇਵਾ ਦੁਆਰਾ ਹੀ ਹੋ ਸਕਦੀ ਹੈ। ਗੁਰੂ ਦੀ ਸੇਵਾ ਕੀ ਹੈ, ਇਹ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਪਹਿਲਾਂ ਹੀ ਜਾਣ ਚੁੱਕੇ ਹਾਂ। ਗੁਰੂ ਦੇ ਭਾਣੇ ਵਿੱਚ ਵਿਚਰਨਾ ਹੀ ਗੁਰੂ ਦੀ ਸੇਵਾ ਹੈ ਤੇ ਗੁਰੂ ਦੇ ਭਾਣੇ ਵਿੱਚ ਰਹਿਣਾ ਹੀ ਗਿਆਨ ਨੂੰ ਜਪਣਾ ਹੈ, ਨਾਮ ਜਪਣਾ ਹੈ। ਆਪਣੀ ਮਤਿ ਵਿੱਚ ਰਹਿੰਦਿਆਂ ਸਾਡਾ ਧਿਆਨ ਗਿਆਨ ਵਾਲਾ ਨਹੀਂ ਹੋ ਸਕਦਾ। ਗਿਆਨ ਵਾਲਾ ਧਿਆਨ ਉਹੀ ਹੈ ਜਦੋਂ ਸਾਡੇ ਅੰਦਰ ਗੁਰੂ ਦੀ ਮਤਿ ਵੱਸ ਜਾਵੇ। **"ਗਿਆਨੁ ਧਿਆਨੁ ਸਭੁ ਕੋਈ ਰਵੈ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ॥੨॥"** ਇਹਨਾਂ ਪੰਗਤੀਆਂ ਨੂੰ ਕੁੱਝ ਧਿਆਨ ਨਾਲ ਸਮਝਣ ਦੀ ਲੋੜ ਹੈ। "ਗਿਆਨੁ ਧਿਆਨੁ" ਤੋਂ ਭਾਵ ਮਨ ਦੇ ਵਿੱਚ ਗੁਰਮਤਿ ਦੀ ਪੂਰਨ ਸੋਝੀ ਹੋਣ ਦੀ ਅਵੱਸਥਾ ਹੈ। ਇਹ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਗੁਰਬਾਣੀ ਦੀ ਰਚਨਾ ਇਹੋ ਜਿਹੀ ਮਨ ਦੀ ਸੋਝੀ ਦੁਆਰਾ ਹੀ ਹੋਈ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥}

(ਅੰਗ ੧੨੪੩)

ਪ੍ਰਮਾਤਮਾ ਦੀ ਭਗਤੀ ਆਪਣੇ ਵੱਲੋਂ ਹਰ ਕੋਈ ਕਰਦਾ ਹੈ, ਅਨੇਕਾਂ ਪ੍ਰਕਾਰ ਦੇ ਜਪ ਤਪ ਪੂਜਾ ਆਦਿ ਕਰਦਾ ਹੈ, ਵਰਤ ਨੇਮ ਆਦਿ ਕਰਦਾ ਹੈ ਜਿਨ੍ਹਾਂ ਦਾ ਕਿ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ, ਲੇਕਿਨ ਇਹੋ ਜਿਹੀ ਭਗਤੀ ਕਰਨ ਵਾਲੇ ਆਪਣੇ ਆਪ ਨੂੰ ਠੀਕ ਹੀ ਸਮਝਦੇ ਹਨ, ਗੁਰਮਤਿ ਅਨੁਸਾਰ ਚੱਲਣਾ ਹੀ ਸਮਝਦੇ ਹਨ, ਆਪਣੇ ਆਪ ਨੂੰ ਭਗਤੀ ਦੀ ਸੋਝੀ

ਰੱਖਣ ਵਾਲੇ ਹੀ ਸਮਝਦੇ ਹਨ ਪਰ ਇਹਨਾਂ ਨੂੰ ਭਰਮ ਵਿੱਚ ਦੱਸਿਆ ਗਿਆ ਹੈ। ਪ੍ਰਮਾਤਮਾ ਨੇ ਸਭ ਨੂੰ ਭਰਮ ਦੇ ਬੰਧਨ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਭਾਵ ਸਾਡੇ ਮਨ ਦੀ ਸੋਝੀ ਉੱਤੇ ਤ੍ਰੈਗੁਣਾਂ ਵਾਲੀ ਅਗਿਆਨਤਾ ਦਾ ਤਾਲਾ ਲਾਇਆ ਹੋਇਆ ਹੈ ਜਿਸ ਦੇ ਵਿੱਚ ਰਹਿੰਦੇ ਹੋਏ ਸਾਨੂੰ ਸੱਚ ਝੂਠ ਦੀ ਅਸਲੀਅਤ ਦੀ ਸਮਝ ਨਹੀਂ ਲੱਗਦੀ ਤੇ ਆਪਣੀ ਮਨਮਤਿ ਨੂੰ ਹੀ ਅਸੀਂ ਠੀਕ ਸਮਝਦੇ ਹਾਂ। ਸਾਡੀ ਝੂਠੀ ਮਤਿ ਬਿਖ ਹੈ ਤੇ ਗੁਰੂ ਦੀ ਸੱਚੀ ਮਤਿ ਅੰਮ੍ਰਿਤ ਹੈ। ਇਹ ਅੰਮ੍ਰਿਤ ਛੱਡ ਕੇ ਬਿਖ ਖਾਣ ਵਾਲੀ ਗੱਲ ਹੈ। ਬਿਖ ਵਾਲੀ ਸਮਝ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਅੰਮ੍ਰਿਤ ਵਾਲੀ ਸਮਝ ਸਾਨੂੰ ਮਨ ਦੇ ਭਰਮਾਂ ਵਾਲੀ ਸਮਝ ਵਿੱਚੋਂ ਕੱਢਦੀ ਹੈ। ਮਨ ਦੇ ਭਰਮਾਂ ਕਰਕੇ ਅਸੀਂ ਝੂਠੀ ਗੱਲ ਤੇ ਭਾਵ ਆਪਣੀ ਝੂਠੀ ਸਮਝ ਤੇ ਜੋ ਸਮਝ ਗੁਰਮਤਿ ਤੇ ਪੂਰੀ ਨਹੀਂ ਉੱਤਰਦੀ ਉਸ ਤੇ ਹੀ ਵਿਸ਼ਵਾਸ ਕਰੀ ਜਾਂਦੇ ਹਾਂ। ਇਸ ਭਰਮ ਦੇ ਬੰਧਨ ਤੋਂ, ਹਉਮੈ ਦੇ ਬੰਧਨ ਤੋਂ ਕੋਈ ਵੀ ਬਾਹਰ ਨਹੀਂ ਹੈ, ਪੂਰੇ ਜਗ ਵਿੱਚ ਪ੍ਰਮਾਤਮਾ ਦਾ ਇੱਕੋ ਹੀ ਅਸੂਲ ਚੱਲਦਾ ਹੈ। ਇਸੇ ਬੰਧਨ ਕਰਕੇ ਹਰ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਨਹੀਂ ਜਾਣ ਸਕਦਾ। ਇਸ ਬੰਧਨ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖ ਕੇ ਪ੍ਰਮਾਤਮਾ ਦੀ ਅਸਲੀਅਤ ਜਾਣਨ ਤੋਂ ਦੂਰ ਰੱਖਣ ਦਾ ਹੈ। ਆਪਣੀ ਪੂਰਨ ਸੋਝੀ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਤੇ ਇਹ ਵੀ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ। ਜਦ ਤੱਕ ਸਹੀ ਸੋਝੀ ਨਹੀਂ ਪੈਂਦੀ, ਹਰ ਕੋਈ ਭਰਮ ਵਿੱਚ ਹੀ ਆਪਣੀ ਮਤਿ ਅਨੁਸਾਰ ਪ੍ਰਮਾਤਮਾ ਨੂੰ ਜਪੀ ਜਾ ਰਿਹਾ ਹੈ ਤੇ ਸਮਝੀ ਜਾ ਰਿਹਾ ਹੈ ਕਿ ਉਸਨੂੰ ਪੂਰਨ ਸੋਝੀ ਹੈ, ਪੂਰੀ ਸਮਝ ਹੈ ਕਿ ਭਗਤੀ ਕੀ ਹੈ।

(ਗਿਆਨੁ ਧਿਆਨੁ ਸਭੁ ਕੋਈ ਰਵੈ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ॥੨॥)

ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀ ਜਾ ਸਕਦੀ ਹੈ।

{ਸੁਮਤਿ ਗਿਆਨੁ ਧਿਆਨੁ ਜਿਨ ਦੇਇ॥ ਜਨ ਦਾਸ ਨਾਮੁ ਧਿਆਵਹਿ ਸੇਇ॥
ਤਿਹੁ ਗੁਣ ਮਹਿ ਜਾ ਕਉ ਭਰਮਾਏ॥ ਜਨਮਿ ਮਰੈ ਫਿਰਿ ਆਵੈ ਜਾਏ॥}

(ਅੰਗ ੨੯੪)

ਸਾਨੂੰ ਆਪਣੇ ਆਪ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਲੱਗ ਸਕਦੀ, ਇਸੇ ਲਈ ਧਰਮ ਸਿਖਾਉਣ ਲਈ ਪ੍ਰਮਾਤਮਾ ਨੇ ਆਪ ਹੀ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੋਈ ਹੈ ਪਰ ਸਾਨੂੰ ਫਿਰ ਵੀ ਉਨ੍ਹਾਂ ਤੇ ਵਿਸ਼ਵਾਸ ਨਹੀਂ ਆਉਂਦਾ। ਵਿਸ਼ਵਾਸ ਨਾ ਆਉਣ ਦਾ ਕਾਰਨ ਇਹ ਹੈ ਕਿ ਅਸੀਂ ਗੁਰੂ ਨਾਲੋਂ ਸਿਆਣੇ ਕਿਸੇ ਹੋਰਾਂ ਨੂੰ ਸਮਝਿਆ ਹੋਇਆ ਹੈ, ਜਿਨ੍ਹਾਂ ਨੇ ਸਾਨੂੰ ਨਾਮ ਜਪਣਾ ਸਿਖਾਇਆ ਹੈ। ਗੁਰਬਾਣੀ ਵਿੱਚ ਹਰ ਤਰ੍ਹਾਂ ਦੇ ਸਰੀਰਕ ਜਪ ਤਪ ਦੀ ਨਿਖੇਧੀ ਕੀਤੀ ਹੋਈ ਹੈ ਪਰ ਫਿਰ ਵੀ ਸਾਨੂੰ ਉਸ 'ਤੇ ਯਕੀਨ ਨਹੀਂ ਆਉਂਦਾ। ਇਹ "ਭਰਮ" ਹੀ ਸਾਡਾ ਗੁਰੂ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਹੈ। ਜਿਨ੍ਹਾਂ ਨੇ ਖ਼ੁਦ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਕੀਤਾ, ਅਸੀਂ ਉਨ੍ਹਾਂ ਤੇ ਵਿਸ਼ਵਾਸ ਕੀਤਾ ਹੋਇਆ ਹੈ। ਸਭ ਪਾਸੇ ਭਰਮ ਹੀ ਭਰਮ ਹੈ। ਸਭ ਪਾਸੇ ਤ੍ਰੈਗੁਣ ਦੀ ਅਵੱਸਥਾ ਹੀ ਵਰਤ ਰਹੀ ਹੈ। ਭਰਮ ਰਹਿਤ ਕੇਵਲ ਗੁਰੂ ਪ੍ਰਮਾਤਮਾ ਆਪ ਹੈ, ਗੁਰੂ ਦਾ ਸੱਚਾ ਗਿਆਨ ਹੈ, ਗੁਰਮਤਿ ਹੈ, ਗੁਰਬਾਣੀ ਹੈ। ਜੇਕਰ ਅਸੀਂ ਸੱਚੇ ਦਿਲੋਂ ਭਰਮ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਤੇ ਆਓ ਗੁਰਬਾਣੀ ਨਾਲ ਜੁੜੀਏ, ਕੇਵਲ ਤੇ ਕੇਵਲ ਗੁਰਬਾਣੀ ਨਾਲ ਜੁੜੀਏ, ਨਾਮ ਨਾਲ ਜੁੜੀਏ ਜੋ ਕਿ ਇਸ ਲੇਖ ਦਾ ਮਕਸਦ ਹੈ।

"ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥੮॥
ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥"

(ਅੰਗ ੭੫੯)

ਇਸ ਸ਼ਬਦ ਰਾਹੀਂ ਬੜਾ ਸਾਫ ਕਰਕੇ ਸਮਝਾਇਆ ਹੈ ਕਿ ਗੁਰਬਾਣੀ ਹੀ ਨਾਮ ਹੈ। ਪੂਰੀ ਗੁਰਬਾਣੀ ਵਿੱਚ ਗਿਆਨ ਹੈ ਅਤੇ ਗੁਰੂ ਦਾ ਗਿਆਨ ਹੀ ਨਾਮ ਹੈ। ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਤਾਂ ਇਸ ਗੱਲ ਦੀ ਸੋਝੀ ਪੈ ਜਾਵੇਗੀ। ਗੁਰਬਾਣੀ ਨੂੰ ਜੀਵਨ ਦਾ ਆਧਾਰ ਦੱਸਿਆ ਹੈ ਤੇ ਗੁਰਬਾਣੀ ਨਾਲ ਹੀ ਲੱਗੇ ਰਹਿਣ ਦੀ ਭਾਵ ਜੁੜੇ ਰਹਿਣ ਦੀ ਗੱਲ ਕੀਤੀ ਹੈ। ਅਗਲੀ ਹੀ ਪੰਗਤੀ ਵਿੱਚ ਸੱਚੇ ਨਾਮ ਦੇ ਆਸਰੇ ਦੀ ਗੱਲ ਕੀਤੀ ਹੈ ਤੇ ਨਾਮ ਨਾਲ ਜੁੜੇ ਰਹਿਣ ਦੀ ਗੱਲ ਕੀਤੀ ਹੈ। ਗੁਰਬਾਣੀ ਸਾਨੂੰ ਗਿਆਨ ਦਿੰਦੀ ਹੈ ਤੇ ਗਿਆਨ ਨੂੰ ਹੀ ਨਾਮ ਕਿਹਾ ਹੈ **"ਗੁਰ ਗਿਆਨੁ ਪਦਾਰਥੁ ਨਾਮੁ ਹੈ"।** ਹੁਣ ਧਿਆਨ ਨਾਲ ਸੋਚੋ ਕਿ "ਨਾਮ" ਗੁਰਬਾਣੀ ਤੋਂ ਕੋਈ ਅਲੱਗ ਹੈ? ਨਹੀਂ! ਇੱਕੋ ਹੀ ਗੱਲ ਹੈ। ਹਰ ਵੇਲੇ ਬਾਣੀ ਦੇ ਹੁਕਮ ਵਿੱਚ, ਭਾਣੇ ਵਿੱਚ ਚੱਲਣਾ ਹੀ ਨਾਮ ਜਪਣਾ ਹੈ, ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਸਮਝਾਇਆ ਗਿਆ ਹੈ। **"ਗੁਰ ਗਿਆਨੁ ਪਦਾਰਥ"** ਤੋਂ ਭਾਵ ਹੈ ਗੁਰੂ ਦੇ ਗਿਆਨ ਦੁਆਰਾ ਪਾਈ ਹੋਈ ਸੋਝੀ। ਗਿਆਨ ਦਾ "ਪਦਾਰਥ" ਗਿਆਨ ਦੁਆਰਾ ਸਮਝਾਈ ਹੋਈ ਉਹ ਗੱਲ ਹੈ ਜੋ ਗਿਆਨ ਦਾ ਮਕਸਦ ਹੈ। ਗਿਆਨ ਦਾ ਪਦਾਰਥ ਨਾਮ ਹੈ ਭਾਵ ਗਿਆਨ ਦੁਆਰਾ ਦਿੱਤੀ ਹੋਈ ਮਤਿ "ਨਾਮੁ" ਹੈ। ਗੁਰੂ ਆਪਣੇ ਗਿਆਨ ਦੁਆਰਾ ਸਾਨੂੰ ਮਤਿ ਹੀ ਦਿੰਦਾ ਹੈ ਭਾਵ "ਗੁਰੂ ਦੀ ਮਤਿ" ਨਾਮ ਹੈ। **(ਗੁਰ ਗਿਆਨੁ ਪਦਾਰਥੁ ਨਾਮੁ ਹੈ)।** ਇਸ ਤੋਂ ਸਪੱਸ਼ਟ ਹੋਰ ਅਸੀਂ ਕਿਸ ਤਰੀਕੇ ਨਾਲ ਸਮਝਣਾ ਚਾਹੁੰਦੇ ਹਾਂ। ਪੂਰੇ ਸ਼ਬਦ ਰਾਹੀਂ ਸਾਨੂੰ ਇਹ ਹੀ ਸਮਝਾਇਆ ਗਿਆ ਹੈ ਕਿ ਗੁਰਬਾਣੀ ਰਾਹੀਂ ਦਿੱਤਾ ਹੋਇਆ ਗਿਆਨ "ਨਾਮ" ਹੈ। ਗਿਆਨ ਤਾਂ ਮਨ ਵਿੱਚ ਵਸਾਉਣ ਲਈ ਹੀ ਹੈ ਨਾ ਕਿ ਅਸੀਂ ਮੁੱਖੋਂ ਗਿਆਨ, ਗਿਆਨ, ਗਿਆਨ ਕਰੀ ਜਾਈਏ ਭਾਵ ਕਥਨੀ ਕਰੀ ਜਾਈਏ। ਇਹੀ ਗੱਲ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਤਾਂ ਸਾਨੂੰ ਸੱਚ ਹੀ ਸਮਝਾਉਂਦਾ ਹੈ। ਗੁਰੂ ਕਿਸੇ ਦੁਚਿੱਤੀ ਵਿੱਚ, ਭਰਮਾਂ ਵਿੱਚ ਨਹੀਂ ਹੈ ਕਿ ਉਹ ਕਿਸੇ ਸ਼ਬਦ ਦੁਆਰਾ ਨਾਮ ਨੂੰ ਕੁੱਝ ਹੋਰ ਸਮਝਾਵੇ ਤੇ ਕਿਸੇ ਹੋਰ ਸ਼ਬਦ ਦੁਆਰਾ ਕੁੱਝ ਹੋਰ ਸਮਝਾਵੇ। ਗੁਰੂ ਦੇ ਬੋਲ ਅਟੱਲ ਹਨ ਜੋ ਕਦੇ ਬਦਲ ਨਹੀਂ ਸਕਦੇ। ਸੱਚੁ ਸਦਾ ਅਟੱਲ ਰਹਿੰਦਾ ਹੈ ਜੋ ਕਦੇ ਬਦਲ ਨਹੀਂ ਸਕਦਾ ਤੇ ਨਾ ਹੀ ਉਸਨੂੰ ਕੋਈ ਬਦਲ ਸਕਦਾ ਹੈ ਕਿਉਂਕਿ "ਸਚੁ" ਤੋਂ ਉੱਚਾ ਕੋਈ ਹੋ ਹੀ ਨਹੀਂ ਸਕਦਾ। ਸੱਚ ਤੱਤ ਗਿਆਨ ਹੈ ਜਿਸ ਨੂੰ ਕਦੇ ਝੂਠ ਸਾਬਿਤ ਨਹੀਂ ਕੀਤਾ ਜਾ ਸਕਦਾ।

"ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ॥
ਏਤੁ ਦੁਆਰੈ ਧੋਇ ਹਛਾ ਹੋਇਸੀ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ॥
ਮਤੁ ਕੋ ਜਾਣੈ ਜਾਇ ਅਗੈ ਪਾਇਸੀ॥
ਜੇਹੇ ਕਰਮ ਕਮਾਇ ਤੇਹਾ ਹੋਇਸੀ॥
ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ॥
ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ॥
ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ॥
ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ॥੧॥"

(ਅੰਗ ੭੩੦)

ਇਸ ਸ਼ਬਦ ਰਾਹੀਂ ਇਹ ਹੀ ਸਮਝਾਇਆ ਹੈ ਕਿ ਗੁਰੂ ਨੇ ਸਾਨੂੰ ਗਿਆਨ ਕਿਸ ਮਕਸਦ ਲਈ ਦਿੱਤਾ ਹੈ। ਗੁਰੂ ਦੇ ਗਿਆਨ ਦਾ ਮਕਸਦ ਸਾਡੇ ਅੰਦਰੋਂ ਭਰਮ ਤੇ ਵਿਕਾਰ ਕੱਢਣ ਲਈ ਹੈ। ਸਾਡੇ ਮਨ ਦੀ ਮੈਲ ਭਾਵ ਸਾਡੇ ਵਿਕਾਰਾਂ ਵਾਲੀ ਬਿਰਤੀ, ਸਾਡੀ ਨਾ-ਸਮਝ ਮਤਿ ਵਾਲੀ ਬਿਰਤੀ ਗੁਰੂ ਦੇ ਗਿਆਨ ਦੁਆਰਾ ਸੋਝੀ ਪੈਣ ਨਾਲ ਹੀ ਚੰਗੀ ਹੋ ਸਕਦੀ ਹੈ। ਮਨ ਦੇ ਮੈਲੇ ਵਿਚਾਰਾਂ ਕਰਕੇ ਸਾਡਾ ਮਨ ਰੂਪ ਭਾਂਡਾ ਮੈਲਾ ਹੈ ਤੇ ਮਨ ਦੇ ਵਿਚਾਰਾਂ ਨੂੰ ਚੰਗਾ ਕਰਨਾ ਹੀ ਭਾਂਡੇ ਨੂੰ ਚੰਗਾ ਬਣਾਉਣਾ ਹੈ। ਗੁਰੂ ਦੇ ਸੱਚੇ ਵਿਚਾਰਾਂ ਦਾ ਮਕਸਦ, ਨਾਮ ਦਾ ਮਕਸਦ ਸਾਡੇ ਭਾਂਡੇ ਨੂੰ ਚੰਗਾ ਬਣਾਉਣ ਲਈ ਹੈ, ਮਨ ਦੀ ਮੈਲ ਕੱਢਣ ਲਈ ਹੀ ਹੈ। ਸਾਡੇ

ਅੰਦਰ ਦੀ ਮੈਲ ਅਸਲ ਵਿੱਚ ਸਾਡੀ ਭਰਮਾਂ ਵਾਲੀ ਸਮਝ ਹੈ, ਮਨ ਦੀ ਅਗਿਆਨਤਾ ਹੈ ਭਾਵ ਸਾਡੀ ਮਨਮਤਿ ਹੈ ਜੋ ਸਾਨੂੰ ਗੁਰਮਤਿ ਦੀ ਸੱਚੀ ਸਮਝ ਤੋਂ ਦੂਰ ਰੱਖਦੀ ਹੈ ਤੇ ਸਾਡੇ ਮਨ ਨੂੰ ਵਿਕਾਰਾਂ ਨਾਲ ਮੈਲਾ ਬਣਾ ਕੇ ਰੱਖਦੀ ਹੈ, ਮਾੜੇ ਵਿਚਾਰਾਂ ਰਾਹੀਂ ਮੈਲਾ ਬਣਾ ਕੇ, ਮਾੜਾ ਬਣਾ ਕੇ ਰੱਖਦੀ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਦੇ ਭਾਂਡੇ ਨੂੰ ਆਪਣੇ ਸੱਚੇ ਵਿਚਾਰ ਪਾਉਣ ਦੁਆਰਾ, ਆਪਣਾ ਨਾਮ ਦੇਣ ਦੁਆਰਾ ਧੋ ਦਿੰਦਾ ਹੈ ਜਿਸ ਦੁਆਰਾ ਮਨੁੱਖ ਮਨ ਦੀ ਸੱਚੀ ਸੋਝੀ ਦੁਆਰਾ ਨਾਮ ਦੇ ਮਾਰਗ ਤੇ, ਧਰਮ ਦੇ ਮਾਰਗ ਤੇ ਚੱਲਦਾ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ। (**ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ॥ ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥**) ਸਾਰੀ ਗੱਲ ਸਾਡੇ ਕਰਮਾਂ ਤੇ ਨਿਬੜਦੀ ਹੈ। ਜਿਹੋ ਜਿਹੇ ਕਰਮ ਅਸੀਂ ਕਰਾਂਗੇ ਉਹੋ ਜਿਹਾ ਫਲ ਹੀ ਮਿਲਣਾ ਹੈ ਭਾਵ ਚੰਗੇ ਕਰਮਾਂ ਲਈ ਪ੍ਰੇਰਿਆ ਹੈ ਜੋ ਕਿ ਮਨੁੱਖ ਗੁਰੂ ਦਾ ਗਿਆਨ ਭਾਵ ਨਾਮ ਅੰਦਰ ਵੱਸਣ ਦੁਆਰਾ ਹੀ ਕਰ ਸਕਦਾ ਹੈ। ਜੇਕਰ ਭਾਂਡਾ ਮੈਲਾ ਹੈ ਭਾਵ ਜੇਕਰ ਮਨ ਮੈਲਾ ਹੈ ਤੇ ਮਾੜੇ ਕਰਮ ਕਰਾਂਗੇ ਤੇ ਜੇਕਰ ਭਾਂਡਾ ਅੱਛਾ ਹੈ, ਮਨ ਸਾਫ ਹੈ ਤੇ ਫਿਰ ਸਾਡੇ ਕਰਮ ਵੀ ਚੰਗੇ ਹੋਣਗੇ। ਉਸਦਾ ਗਿਆਨ ਹੀ ਨਾਮ ਹੈ ਤੇ ਜਿਸਨੂੰ ਉਹ ਕ੍ਰਿਪਾ ਕਰਕੇ ਆਪਣੇ ਗਿਆਨ ਤੇ ਚੱਲਣ ਦੀ ਸਮਰੱਥਾ ਬਖ਼ਸ਼ੇਗਾ, ਉਹ ਹੀ ਉਸ ਤੇ ਚੱਲ ਸਕਦਾ ਹੈ, ਨਾਮ ਜਪ ਸਕਦਾ ਹੈ। ਨਾਮ ਦੇ ਮਕਸਦ ਨੂੰ ਸਮਝੇ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ। ਨਾਮ ਜਪਣ ਦਾ ਮਕਸਦ ਆਪਣੇ ਅੰਦਰੋਂ ਮਨ ਦੀ ਮੈਲ ਕੱਢਣ ਦਾ ਹੈ, ਅਗਿਆਨਤਾ ਵਾਲੀ ਮਾੜੀ ਸਮਝ ਕੱਢਣ ਦਾ ਹੈ ਜਿਸ ਕਾਰਨ ਸਾਡਾ ਮਨ ਮੈਲਾ ਹੈ ਤੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥4॥”

(ਅੰਗ 992)

ਉਪਰਲੀਆਂ ਪੰਗਤੀਆਂ ਦੁਆਰਾ ਸਾਨੂੰ ਨਾਮ ਸਲਾਹੁਣਾ ਹੀ ਸਿਖਾਇਆ ਹੋਇਆ ਹੈ, ਨਾਮ ਨੂੰ ਸਲਾਹੁਣਾ, ਪ੍ਰਮਾਤਮਾ ਨੂੰ ਸਲਾਹੁਣਾ ਹੀ ਸਿਖਾਇਆ ਹੋਇਆ ਹੈ ਜਿਸ ਤਰੀਕੇ ਨਾਮ ਸਲਾਹੁਣ ਨਾਲ ਭਾਵ ਗੁਰੂ ਦੀ ਮਤਿ ਨੂੰ, ਗੁਰੂ ਨੂੰ ਸਲਾਹੁਣ ਨਾਲ, ਪ੍ਰਮਾਤਮਾ ਨੂੰ ਸਲਾਹੁਣ ਨਾਲ ਸਾਡਾ ਮਨ ਤ੍ਰਿਪਤਿ ਹੁੰਦਾ ਹੈ ਭਾਵ ਸਾਡੇ ਮਨ ਦੇ ਵਿੱਚ ਸੰਤੋਖ ਆਉਂਦਾ ਹੈ ਭਾਵ ਨਾਮ ਜਪਣ ਦਾ ਮਕਸਦ ਪੂਰਾ ਹੁੰਦਾ ਹੈ। (**ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥**) ਨਾਮ ਨੂੰ ਅਸੀਂ ਕਿਸ ਤਰੀਕੇ ਸਲਾਹੁਣਾ ਹੈ, ਗੁਰੂ ਦੀ ਵਡਿਆਈ ਇਸ ਤਰੀਕੇ ਕਰਨੀ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥”

ਗਿਆਨ ਰਤਨ ਹੀ ਨਾਮ ਹੈ ਜਿਵੇਂ ਕਿ ਉੱਪਰ ਸਮਝਾਇਆ ਹੋਇਆ ਹੈ ਤੇ ਇਹੀ ਕੁੱਝ ਅਸੀਂ ਪਿੱਛੇ ਵੀ ਸਮਝਿਆ ਹੈ। ਗਿਆਨ ਰਤਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਜਿਸਦਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਸਨੂੰ ਗਿਆਨ ਰਤਨ ਦੀ ਹੀ ਪ੍ਰਾਪਤੀ ਹੁੰਦੀ ਹੈ ਜੋ ਕਿ ਨਾਮ ਦੇ ਰੂਪ ਵਿੱਚ ਹੁੰਦੀ ਹੈ।

{ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥8॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥9॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥

ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥,
ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥11॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥12॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥13॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥14॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥
ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥15॥
ਜਿਨ ਕਉ ਆਦਿ ਮਿਲੀ ਵਡਿਆਈ ॥
ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥16॥}

(ਅੰਗ 1069-1070)

ਅੱਗੇ ਚੱਲਕੇ ਇਸ ਪੂਰੇ ਸ਼ਬਦ ਨੂੰ ਹਰ ਪੰਗਤੀ ਦੁਆਰਾ ਸਮਝਾਂਗੇ ਤੇ ਪ੍ਰਮਾਤਮਾ ਨੂੰ ਸਮਝਣ ਬਾਰੇ, ਨਾਮ ਨੂੰ ਸਮਝਣ ਬਾਰੇ ਭੁਲੇਖਿਆਂ ਵਿੱਚੋਂ ਨਿਕਲਾਗੇ। ਨਾਮ ਗੁਰੂ ਦਾ ਸੱਚਾ ਗਿਆਨ ਹੈ ਜਿਸਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਹਉਮੈ ਹੈ, ਮਾਇਆ ਮੋਹ ਹੈ ਜੋ ਸਾਡੇ ਅੰਦਰ ਦਾ ਬੰਧਨ ਹੈ। ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਗੁਰੂ ਦਾ ਸੱਚਾ ਗਿਆਨ ਹੈ ਭਾਵ ਗੁਰੂ ਦਾ ਨਾਮ ਹੈ। ਮਨ ਦੀ ਅਗਿਆਨਤਾ ਕਰਕੇ ਹੀ ਸਾਡਾ ਮਨ ਮੈਲਾ ਹੈ, ਮਾੜੀ ਸਮਝ ਵਾਲਾ ਹੈ ਜੋ ਸਮਝ ਸਾਨੂੰ ਮਾਇਆ ਮੋਹ ਵਿੱਚ ਰੱਖਕੇ, ਤ੍ਰਿਸ਼ਨਾਵਾਂ ਵਿੱਚ ਰੱਖਕੇ ਸਾਡੇ ਕੋਲੋਂ ਅਨੇਕਾਂ ਔਗੁਣ ਕਰਵਾਉਂਦੀ ਹੈ, ਮਾੜੇ ਕਰਮ ਕਰਵਾਉਂਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਵਿਚਾਰਾਂ ਵਿੱਚ ਰੱਖਦੀ ਹੈ ਭਾਵ ਸਾਡੇ ਮਨ ਨੂੰ ਮੈਲਾ ਬਣਾ ਕੇ ਰੱਖਦੀ ਹੈ। ਮਨ ਦੀ ਇਸ ਮੈਲ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਤੇ ਮਨ ਦੀ ਮੈਲ ਵਿੱਚੋਂ ਅਸੀਂ ਤਾਂ ਹੀ ਨਿਕਲਾਗੇ ਜਦੋਂ ਅਸੀਂ ਆਪਣੇ ਇਸ ਮਨ ਦੀ ਮੈਲ ਨੂੰ ਧੋਵਾਗੇ ਭਾਵ ਮਨ ਦੇ ਵਿਕਾਰਾਂ ਵਾਲੀ ਮਾੜੀ ਸਮਝ ਨੂੰ ਛੱਡਾਂਗੇ ਭਾਵ ਗੁਰੂ ਦੀ ਮਤਿ ਨੂੰ ਮੰਨਾਂਗੇ। ਗੁਰੂ ਦੀ ਸੱਚੀ ਮਤਿ ਨੂੰ ਮੰਨਣਾ ਹੀ, ਗੁਰੂ ਦੇ ਸੱਚੇ ਗਿਆਨ ਨੂੰ ਮੰਨਣਾ ਹੀ ਮਨ ਦੀ ਮੈਲ ਨੂੰ ਧੋਣਾ ਹੈ ਜਿਸ ਦੁਆਰਾ ਸਾਡਾ ਮਨ ਅੱਛਾ ਹੋ ਸਕਦਾ ਹੈ, ਮੈਲ ਤੋਂ ਸਾਫ ਹੋ ਸਕਦਾ ਹੈ। ਅਸੀਂ ਇਸ ਲਈ ਉੱਦਮ ਹੀ ਕਰ ਸਕਦੇ ਹਾਂ ਜੋ ਅਸੀਂ ਕਰਨਾ ਹੈ ਤੇ ਸਾਡੇ ਮਨ ਦੀ ਮੈਲ ਨੂੰ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਆਪ ਹੀ ਧੋਂਦਾ ਹੈ ਜੋ ਸਾਡੇ ਮਨ ਦਾ ਮਾਲਕ ਹੈ, ਸਾਡੀ ਸਮਝ ਦਾ ਮਾਲਕ ਹੈ। ਜਿਸ ਦੇ ਮਨ ਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਇੱਕ

ਵਾਰੀ ਮਾਂਜ ਦਿੰਦਾ ਹੈ ਭਾਵ ਆਪਣਾ ਨਾਮ ਬਖਸ਼ ਦਿੰਦਾ ਹੈ, ਉਹ ਮਨ ਫਿਰ ਦੁਬਾਰਾ ਮੈਲਾ ਨਹੀਂ ਹੋ ਸਕਦਾ ਭਾਵ ਮਾੜੀ ਸਮਝ, ਅਗਿਆਨਤਾ ਵਾਲੀ ਸਮਝ, ਮਨਮਤਿ ਵਾਲੀ, ਮਾਇਆ ਮੋਹ ਵਾਲੀ ਸਮਝ ਫਿਰ ਉਸਦੇ ਮਨ ਤੇ ਅਸਰ ਨਹੀਂ ਕਰਦੀ। (**ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥**)

ਸਾਡੇ ਮਨ ਦੀ ਮੈਲ ਭਾਵ ਸਾਡੇ ਅੰਦਰ ਦੀ ਮਾੜੀ ਸਮਝ, ਅਗਿਆਨਤਾ ਵਾਲੀ ਸਮਝ ਹੀ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਬਿਘਨ ਹੈ ਭਾਵ ਰੁਕਾਵਟ ਹੈ ਜੋ ਰੁਕਾਵਟ ਹਟੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥”

ਪ੍ਰਮਾਤਮਾ ਸਾਡੇ ਅੰਦਰੋਂ ਅਗਿਆਨਤਾ ਦੀ ਮੈਲ ਨੂੰ, ਮਾੜੇ ਵਿਚਾਰਾਂ ਦੀ ਮੈਲ ਨੂੰ ਧੋ ਕੇ ਹੀ ਸਾਡੇ ਅੰਦਰ ਵੱਸਦਾ ਹੈ ਜਿਸ ਦੁਆਰਾ ਉਹ ਸਾਡੇ ਅੰਦਰੋਂ ਉਸ ਬਿਘਨੁ ਨੂੰ, ਰੁਕਾਵਟ ਨੂੰ ਦੂਰ ਕਰਦਾ ਹੈ ਜਿਸਦੇ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਇਹ ਬਿਘਨੁ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ, ਹਉਮੈ ਰੂਪ ਮੈਲ ਹੈ ਜਿਸ ਮਾੜੀ ਸਮਝ ਦਾ ਮਕਸਦ ਹੀ ਸਾਨੂੰ ਮਾਇਆ ਮੋਹ ਵਿੱਚ ਪਾ ਕੇ ਰੱਖਣ ਦਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਤੋਂ, ਨਾਮ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ ਜਿਸ ਸਮਝ ਦੁਆਰਾ ਅਸੀਂ ਉਹ ਕੁੱਝ ਕਰਦੇ ਹਾਂ, ਉਹੋ ਜਿਹੇ ਕਰਮ ਕਰਦੇ ਹਾਂ ਜੋ ਧਰਮ ਦਾ ਸੱਚਾ ਮਾਰਗ ਨਹੀਂ ਹੈ, ਨਾਮ ਦਾ ਮਾਰਗ ਨਹੀਂ ਹੈ। ਜਿਸਨੇ ਸਾਡੇ ਅੰਦਰ ਇਹ ਅਗਿਆਨਤਾ ਵਾਲੀ ਮਤਿ ਦੇ ਰੂਪ ਵਿੱਚ ਬਿਘਨ ਪਾਇਆ ਹੋਇਆ ਹੈ, ਉਹੀ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ ਪਰ ਇਸਦੇ ਲਈ ਉੱਦਮ ਅਸੀਂ ਹੀ ਕਰਨਾ ਹੈ। ਜਿਸ ਦੀ ਰੁਕਾਵਟ ਪ੍ਰਮਾਤਮਾ ਦੂਰ ਕਰ ਦਿੰਦਾ ਹੈ ਉਹ ਫਿਰ ਸਦਾ ਲਈ ਦੂਰ ਹੋ ਜਾਂਦੀ ਹੈ ਕਿਉਂਕਿ ਜਦੋਂ ਪ੍ਰਮਾਤਮਾ ਸਾਡੇ ਅੰਦਰ ਵੱਸ ਜਾਂਦਾ ਹੈ ਭਾਵ ਪਰਗਟ ਹੋ ਜਾਂਦਾ ਹੈ ਉਹ ਫਿਰ ਕਦੇ ਨਹੀਂ ਵਿਛੜਦਾ ਭਾਵ ਉਸਦੀ ਸੱਚੀ ਮਤਿ, ਉਸਦਾ ਸੱਚਾ ਗਿਆਨ ਮਨ ਦੇ ਵਿੱਚ ਪੱਕਾ ਦ੍ਰਿੜ ਹੋ ਜਾਂਦਾ ਹੈ, ਉਸਦਾ ਨਾਮ ਮਨ ਦੇ ਵਿੱਚ ਦ੍ਰਿੜ ਹੋ ਜਾਂਦਾ ਹੈ ਤੇ ਮਨੁੱਖੀ ਸਮਝ ਫਿਰ ਉਸ ਅਨੁਸਾਰ ਹੀ ਚੱਲਦੀ ਹੈ ਤੇ ਮਨੁੱਖ ਦੇ ਸਾਰੇ ਕਰਮ ਗੁਰਮਤਿ ਦੀ ਸੱਚੀ ਸਮਝ ਵਾਲੇ ਹੀ ਹੁੰਦੇ ਹਨ, ਨਾਮ ਵਾਲੇ, ਭਗਤੀ ਵਾਲੇ ਹੀ ਹੁੰਦੇ ਹਨ। (**ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥**)

ਮਨ ਦੇ ਵਿੱਚੋਂ ਭਰਮਾਂ ਵਾਲੀ ਮਤਿ ਦਾ ਨਿਕਲਣਾ ਹੀ, ਨਾ-ਸਮਝ ਮਤਿ ਨੂੰ ਛੱਡਣਾ ਹੀ, ਆਪਣੀ ਹਉਮੈ ਛੱਡਣਾ ਹੀ ਆਪਣਾ ਸਿਰ ਦੇਣਾ ਹੈ ਭਾਵ ਆਪਣਾ ਆਪ ਖਤਮ ਕਰਨਾ ਹੈ ਜੋ ਸਮਝ ਨਿਕਲਣ ਦੁਆਰਾ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਆਪਣੀ ਮਨੁੱਖੀ ਹੋਂਦ ਸਮਝਣ ਦਾ ਕਾਰਨ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ, ਅਗਿਆਨਤਾ ਹੈ ਜੋ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਰੁਕਾਵਟ ਹੈ। ਇਹ ਰੁਕਾਵਟ ਦੂਰ ਹੋਣ ਦੁਆਰਾ ਹੀ ਮਨੁੱਖ ਦਾ ਆਪਾ ਖਤਮ ਹੁੰਦਾ ਹੈ ਤੇ ਇਹੀ ਮਨੁੱਖ ਦਾ ਜਿਉਂਦੇ ਹੋਏ ਮਰਨਾ ਹੈ, ਸ਼ਬਦੇ ਮਰਨਾ ਹੈ ਭਾਵ ਸ਼ਬਦ ਦੀ ਸਮਝ ਦੁਆਰਾ ਆਪਣੀ ਸਮਝ ਨੂੰ ਮਾਰਨਾ ਹੈ, ਆਪਣੀ ਹਉਮੈ ਨੂੰ ਮਾਰਨਾ ਹੈ। ਸਾਡੇ ਮਨ ਦੇ ਰੂਪ ਵਿੱਚ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਤੇ ਤਨ ਦੇ ਰੂਪ ਵਿੱਚ ਵੀ ਉਹ ਆਪ ਹੈ। ਇਸ ਗੱਲ ਦੀ ਸਮਝ ਪੈ ਜਾਣੀ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ, ਸਾਡਾ ਆਪਾ ਖਤਮ ਹੋਣਾ ਹੈ, ਸਾਡੀ ਹਉਮੈ ਦਾ ਖਤਮ ਹੋਣਾ ਹੈ, ਇਹੀ ਸਾਡੇ ਅੰਦਰ ਦੀ ਨਾ-ਸਮਝ ਮਤਿ ਦਾ ਖਤਮ ਹੋਣਾ ਹੈ ਤੇ ਇਹੀ ਆਪਣਾ ਸਿਰ ਦੇ ਕੇ ਮਨ ਦੀ ਅਗਿਆਨਤਾ ਤੋਂ ਛੁੱਟਣਾ ਹੈ ਜੋ ਮਨ ਦੀ ਅਗਿਆਨਤਾ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਰੁਕਾਵਟ ਹੈ। (**ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥**)

ਨਾਮ ਦਾ ਮਕਸਦ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣ ਦਾ ਹੀ ਹੈ ਤੇ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਤਾਂ ਹੀ ਕਰ ਸਕਾਂਗੇ ਜੇਕਰ ਪਹਿਲੇ ਇਸ ਗੱਲ ਨੂੰ ਸਮਝਾਂਗੇ ਕਿ ਨਾਮ ਕੀ ਹੈ ਤੇ ਨਾਮ ਜਪਣਾ ਕੀ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ ਤੇ ਗੁਰੂ ਦੇ ਸੱਚੇ ਗਿਆਨ ਨੂੰ ਹੀ ਅਸੀਂ ਜਪਣਾ ਹੈ ਜੋ ਨਾਮ ਜਪਣ ਦੁਆਰਾ ਸਾਡੇ ਮਨ ਦੀ ਮੈਲ ਧੁਪਨੀ ਹੈ, ਅਗਿਆਨਤਾ ਰੂਪ ਮੈਲ ਧੁਪਨੀ ਹੈ ਜਿਸ ਮੈਲ ਕਰਕੇ ਸਾਡਾ ਮਨ ਅਪਵਿੱਤਰ ਹੈ। ਗੁਰੂ ਦਾ ਨਾਮ ਪਵਿੱਤਰ ਹੈ, ਗੁਰੂ ਦਾ ਸੱਚਾ ਗਿਆਨ ਅਗਿਆਨਤਾ ਤੋਂ ਰਹਿਤ ਹੈ, ਮੈਲ ਤੋਂ ਰਹਿਤ ਹੈ ਤੇ ਇਸੇ ਲਈ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਸਾਡੇ ਮਨ ਦੀ ਮੈਲ ਨੂੰ ਧੋ ਸਕਦਾ ਹੈ।

{ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥2॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥
ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥3॥}

(ਅੰਗ 29)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥1॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥1॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥2॥}

(ਅੰਗ 39)

{ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥
ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥14॥}

(ਅੰਗ 1050)

{ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥2॥
ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥

ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥3॥}

(ਅੰਗ 774-775)

ਗੁਰੂ ਦੇ ਕੋਲੋਂ ਸਾਨੂੰ ਸ਼ਬਦਾਂ ਦੀ ਵਿਚਾਰ ਹੀ ਮਿਲਦੀ ਹੈ ਤੇ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਜੋ ਗੁਰੂ ਦਾ ਸੱਚਾ ਗਿਆਨ ਹੈ ਜਿਸਦਾ ਮਕਸਦ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ॥
ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ॥
ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ॥
ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ॥
ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ॥੧॥”

(ਅੰਗ ੧੦੮੭)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ “ਗੁਰ ਸ਼ਬਦਿ ਵਿਚਾਰਾ” ਤੋਂ ਭਾਵ ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਸਾਉਣਾ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ। ਗੁਰੂ ਦੇ ਗਿਆਨ ਨੂੰ ਮੰਨਣ ਦੁਆਰਾ ਹੀ ਮਨੁੱਖ ਦੇ ਭਰਮ ਅਤੇ ਵਿਕਾਰ ਦੂਰ ਹੁੰਦੇ ਹਨ ਭਾਵ ਗੁਰੂ ਦੀ ਕ੍ਰਿਪਾ ਹੁੰਦੀ ਹੈ ਤੇ ਇਸੇ ਦੁਆਰਾ ਹੀ ਮਨ ਵਿੱਚ ਨਾਮ ਵੱਸਦਾ ਹੈ ਭਾਵ ਗੁਰੂ ਦੇ ਗਿਆਨ ਨੂੰ ਮੰਨਣਾ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ। ਆਪਣੇ ਅੰਦਰੋਂ ਵਿਕਾਰਾਂ ਦਾ ਨਿਕਲਣਾ ਹੀ ਨਾਮ ਦਾ ਵੱਸਣਾ ਹੈ, ਗੁਰੂ ਦੀ ਮਤਿ ਦਾ ਵੱਸਣਾ ਹੈ। ਮਨੁੱਖ ਦਾ ਸੱਚਾ ਸੰਜਮ ਹੈ ਕਿ ਉਹ ਆਪਣੀ ਮਤਿ ਨੂੰ ਉੱਤਮ ਕਰੇ ਭਾਵ ਗੁਰੂ ਦੀ ਮਤਿ ਵਾਲਾ ਬਣੇ। ਉੱਤਮ ਮਤਿ ਵਾਲਾ ਉਹੀ ਬਣਦਾ ਹੈ ਜਿਸਦੇ ਅੰਦਰੋਂ ਵਿਕਾਰ ਨਿਕਲ ਜਾਂਦੇ ਹਨ ਜਿਨ੍ਹਾਂ ਦਾ ਕਾਰਨ ਸਾਡੇ ਅੰਦਰ ਭਰਮ ਵਾਲੀ ਮਤਿ ਹੈ, ਮਾੜੀ ਮਤਿ ਹੈ। ਗੁਰੂ ਦੇ ਗਿਆਨ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਇਸ ਮਾੜੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ। ਉੱਪਰ ਸ਼ਬਦ ਰਾਹੀਂ ਗੁਰੂ ਦੇ ਗਿਆਨ ਨੂੰ “ਖੜਗੁ ਕਰਾਰਾ” ਕਹਿ ਕੇ ਸਮਝਾਇਆ ਹੈ ਭਾਵ ਕਰਾਰਾ ਪਰਹਾਰ ਕਰਨ ਵਾਲੀ ਤਲਵਾਰ ਕਹਿ ਕੇ ਸਮਝਾਇਆ ਹੈ। ਇਹ ਗਿਆਨ ਰੂਪ ਗੁਰੂ ਦੀ ਖੜਗ ਕਿਸ ਕਿਸ ਤੇ ਚਲਾਉਣੀ ਹੈ, ਇਹ ਨਾਮ ਰੂਪ ਖੜਗ ਅਸੀਂ ਕਿਸ ਉੱਤੇ ਚਲਾਉਣੀ ਹੈ, ਕਿਸ ਮਕਸਦ ਲਈ ਚਲਾਉਣੀ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ॥
ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ॥”

ਬਾਣੀ ਵਿੱਚ ਵਾਰ-ਵਾਰ “ਦੂਜਾ ਭਾਉ” ਦੀ ਗੱਲ ਆਉਂਦੀ ਹੈ। ਇਹ “ਦੂਜਾ ਭਾਉ” ਕੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। “ਇੱਕ” ਤੋਂ ਬਿਨ੍ਹਾਂ ਸਭ ਕੁੱਝ ਦੂਜਾ ਹੈ। “ਇੱਕ” ਪ੍ਰਮਾਤਮਾ ਆਪ ਹੈ ਜੋ ਸੱਚੇ ਗਿਆਨ ਦੇ ਰੂਪ ਵਿੱਚ ਹੈ, ਸੱਚੀ ਗੁਰਮਤਿ ਦੇ ਰੂਪ ਵਿੱਚ ਹੈ। ਗੁਰਮਤਿ ਰੂਪ ਸੱਚੇ ਗਿਆਨ ਦੇ ਨਾਲ, ਬ੍ਰਹਮ ਗਿਆਨ ਦੇ ਨਾਲ ਮੇਲ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਮੇਲ ਹੋਣ ਤੋਂ ਬਾਅਦ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਤੇ ਕੋਈ ਦੂਜਾ ਨਜ਼ਰ ਨਹੀਂ ਆਉਂਦਾ। ਪ੍ਰਮਾਤਮਾ ਨਾਲ ਮੇਲ ਹੋਏ ਬਿਨ੍ਹਾਂ, ਗੁਰਮਤਿ ਵਾਲਾ ਸੱਚਾ ਗਿਆਨ ਅੰਦਰ ਵੱਸੇ ਬਿਨ੍ਹਾਂ ਹਰ ਕੋਈ ਪ੍ਰਮਾਤਮਾ ਤੋਂ ਦੂਜਾ ਹੀ ਨਜ਼ਰ ਆਉਂਦਾ ਹੈ। ਕਿਸੇ ਨਾਲ ਵੀ, ਕਿਸੇ ਵਸਤੂ ਨਾਲ ਵੀ ਪ੍ਰਮਾਤਮਾ ਤੋਂ ਦੂਸਰਾ ਸਮਝ ਕੇ ਉਸ ਨਾਲ ਪਿਆਰ ਪਾਉਣਾ “ਦੂਜਾ ਭਾਉ” ਹੈ ਭਾਵ ਪਰਮਾਤਮਾ ਨਾਲੋਂ ਦੂਸਰੇ ਨਾਲ ਪਿਆਰ ਹੈ। “ਦੂਜਾ ਭਾਉ” ਦਾ ਮੂਲ ਸਾਡੇ ਮਨ ਦੀ ਨਾ-ਸਮਝ ਮਤਿ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ, ਮਾਇਆ ਮੋਹ ਵਿੱਚ ਰੱਖਦੀ ਹੈ ਜਿਸ ਦੇ ਰਹਿੰਦਿਆਂ ਅਸੀਂ ਕਦੇ ਨਹੀਂ ਜਾਣ ਸਕਦੇ ਕਿ ਸਭ ਕੁੱਝ

ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਹਰ ਹੋਂਦ ਝੂਠੀ ਹੈ ਭਾਵ ਕੋਈ ਹੋਰ ਹੋਂਦ ਸਮਝਣਾ ਝੂਠ ਹੈ। ਅਸੀਂ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ, ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਜੋ ਕਿ ਝੂਠ ਹੈ। ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਸਮਝਣਾ ਸਾਡਾ ਔਗੁਣ ਹੈ। (**ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥**) ਅੰਗ - 9

ਸਾਡਾ ਮਨ ਭਰਮ ਵਾਲੇ ਵਿਚਾਰਾਂ ਨਾਲ ਭਰਿਆ ਹੋਇਆ ਹੈ ਭਾਵ ਭਰਮਾਂ ਦਾ ਗੜ ਹੈ। ਸਾਡੇ ਅੰਦਰ ਦਾ "ਭਰਮ ਗੜ" ਹੀ "ਦੂਜਾ" ਹੈ ਭਾਵ ਸੱਚ ਦਾ ਦੂਜਾ ਪਾਸਾ ਹੈ, ਨਾਮ ਦਾ ਦੂਜਾ ਪਾਸਾ ਹੈ, ਗੁਰਮਤਿ ਦਾ ਦੂਜਾ ਪਾਸਾ ਹੈ ਭਾਵ ਪੁੱਠਾ ਪਾਸਾ ਹੈ, ਸਾਡੇ ਅੰਦਰ ਦੀ ਪੁੱਠੀ ਮਤਿ ਹੈ ਜੋ ਸਾਨੂੰ ਔਗੁਣਾਂ ਨਾਲ ਜੋੜ ਕੇ ਰੱਖਦੀ ਹੈ, ਲੋਭ, ਮੋਹ, ਅਹੰਕਾਰ ਨਾਲ ਜੋੜ ਕੇ ਰੱਖਦੀ ਹੈ। ਗੁਰਮਤਿ ਦਾ ਪੁੱਠਾ ਪਾਸਾ ਭਾਵ ਦੂਜਾ ਪਾਸਾ ਮਨਮਤਿ ਹੈ। ਮਨ ਦੀ ਨਾ-ਸਮਝ ਮਤਿ ਨਾਲ "ਭਾਉ" ਦੂਜਾ ਭਾਉ ਹੈ ਜਿਸ ਰਾਹੀਂ ਸਾਡਾ ਗੁਰਮਤਿ ਨਾਲ ਭਾਉ ਨਹੀਂ ਜੁੜਦਾ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈ ਸਕਦੀ ਹੈ ਤੇ ਸਮਝ ਆ ਸਕਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਦੂਜਾ ਕੋਈ ਨਹੀਂ ਹੈ। ਗੁਰੂ ਦੇ ਗਿਆਨ ਦੀ ਖੜਗ ਦਾ ਮਕਸਦ ਇਨ੍ਹਾਂ ਮਨ ਦੇ ਨਾ-ਸਮਝ ਵਿਚਾਰਾਂ ਨੂੰ ਮਾਰਨ ਦੇ ਨਾਲ ਹੈ, ਖਤਮ ਕਰਨ ਦੇ ਨਾਲ ਹੈ ਜਿਨ੍ਹਾਂ ਦਾ ਕਾਰਨ ਸਾਡੇ ਮਨ ਦੇ ਭਰਮ ਹਨ ਕਿਉਂਕਿ ਭਰਮ ਉਹ ਹੈ ਜਿਸਨੂੰ ਸੱਚ ਦੀ ਸਮਝ ਨਹੀਂ, ਆਪਣੇ ਜੀਵਨ ਦੇ ਸੱਚੇ ਮਾਰਗ ਦੀ ਸਮਝ ਨਹੀਂ। ਸੱਚਾ ਮਾਰਗ ਗੁਣੀ ਬਣਕੇ ਵਿਚਰਨ ਦਾ ਹੈ ਤੇ ਗੁਣੀ ਕੋਈ ਤਾਂ ਹੀ ਬਣ ਸਕਦਾ ਹੈ ਜੇਕਰ ਪਹਿਲਾਂ ਉਸ ਦੇ ਅੰਦਰ ਦੇ ਔਗੁਣ ਮਰਨ। ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ, ਮਨ ਦੀ ਮਾੜੀ ਸਮਝ ਵਿੱਚੋਂ ਕੱਢ ਕੇ ਗੁਣੀ ਬਣਾਉਣ ਦਾ ਹੀ ਹੈ। ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨਣਾ ਹੀ ਗੁਰੂ ਦੇ ਗਿਆਨ ਦੀ ਖੜਗ ਨੂੰ ਆਪਣੇ ਮਨ ਵਿੱਚ ਚਲਾਉਣਾ ਹੈ। (**ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ॥**)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥14॥}

(ਅੰਗ 1414)

ਜਦੋਂ ਸਾਡੇ ਅੰਦਰੋਂ ਭਰਮ ਦਾ ਗੜ ਟੁਟ ਜਾਂਦਾ ਹੈ, ਸਾਰੇ ਅਉਗਣ ਮਰ ਜਾਂਦੇ ਹਨ ਫਿਰ ਤਾਂ ਹੀ ਸਾਡੇ ਅੰਦਰ ਨਾਮ ਵੱਸਦਾ ਹੈ, ਸ਼ਬਦਾਂ ਦੀ ਵੀਚਾਰ ਦੇ ਰੂਪ ਵਿਚ ਵੱਸਦਾ ਹੈ, ਸੱਚ ਦੇ ਰੂਪ ਵਿਚ ਵੱਸਦਾ ਹੈ, ਪ੍ਰਮਾਤਮਾ ਦੇ ਆਪਣੇ ਰੂਪ ਵਿਚ ਵਸਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ॥
ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ॥
ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ॥1॥"

(ਅੰਗ 1087)

ਸਾਡੇ ਅੰਦਰ ਸ਼ਬਦ ਦੀ ਵਿਚਾਰ ਦਾ ਵੱਸਣਾ ਜਾਂ ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਸ਼ਬਦ ਦੀ ਵਿਚਾਰ ਭਾਵ ਗੁਰੂ ਦੀ ਵਿਚਾਰ ਕਦੇ ਬਦਲ ਨਹੀਂ ਸਕਦੀ ਤੇ ਇਸੇ ਲਈ ਕਦੇ ਨਾਮ ਨਹੀਂ ਬਦਲ ਸਕਦਾ। ਸ਼ਬਦ ਦੀ ਵਿਚਾਰ ਹੀ ਸੱਚ ਹੈ ਤੇ ਸੱਚ ਕਦੇ ਬਦਲ ਨਹੀਂ ਸਕਦਾ। ਸੱਚ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਕਦੇ ਬਦਲ ਨਹੀਂ ਸਕਦਾ। ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਤੇ ਜਿੱਥੇ ਸੱਚ ਹੈ ਉੱਥੇ ਭਰਮ ਨਹੀਂ ਹੋ ਸਕਦਾ। ਜੇਕਰ ਅਸੀਂ ਸ਼ਬਦ ਦੀ ਵਿਚਾਰ ਨੂੰ ਮੰਨਾਂਗੇ, ਸੱਚ ਨੂੰ ਮੰਨਾਂਗੇ ਤੇ ਉਹ ਸਾਡੇ ਅੰਦਰ ਦੇ ਭਰਮਾਂ ਨੂੰ ਹੀ ਕੱਢੇਗਾ ਤੇ ਜੋ ਵੀ ਸਾਡੇ ਅੰਦਰ ਔਗੁਣ ਹਨ

ਉਹ ਮਨ ਦੇ ਭਰਮਾਂ ਕਰਕੇ ਹੀ ਹਨ, ਸੱਚ ਨਾ ਹੋਣ ਦੇ ਕਾਰਨ ਹੀ ਹਨ। ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਹੀ ਗੁਰੂ ਦੇ ਗਿਆਨ ਦੀ ਖੜਗ ਹੈ ਜਿਸ ਨੂੰ ਅਸੀਂ ਆਪਣੇ ਅੰਦਰ ਚਲਾਉਣਾ ਹੈ ਤਾਂ ਜੋ ਅਸੀਂ ਭਰਮਾਂ ਤੋਂ ਮੁਕਤ ਹੋਈਏ, ਔਗੁਣਾਂ ਤੋਂ ਮੁਕਤ ਹੋਈਏ ਤੇ ਇਹਨਾਂ ਤੋਂ ਮੁਕਤੀ ਪਾਉਣਾ ਹੀ ਨਾਮ ਜਪਣਾ ਹੈ, ਸੱਚ ਰੂਪ ਪ੍ਰਮਾਤਮਾ ਨੂੰ ਜਪਣਾ ਹੈ। (**ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ॥ ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ॥ ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ॥**)

“ਏਕੁ ਬੁਰਾ ਭਲਾ ਸਚੁ ਏਕੈ॥ ਬੂਝੁ ਗਿਆਨੀ ਸਤਗੁਰ ਕੀ ਟੇਕੈ॥
ਗੁਰਮੁਖਿ ਵਿਰਲੀ ਏਕੋ ਜਾਣਿਆ॥ ਆਵਣੁ ਜਾਣਾ ਮੇਟਿ ਸਮਾਣਿਆ॥੮॥
ਜਿਨ ਕੈ ਹਿਰਦੈ ਏਕੰਕਾਰੁ॥ ਸਰਬ ਗੁਣੀ ਸਾਚਾ ਬੀਚਾਰੁ॥
ਗੁਰ ਕੈ ਭਾਣੈ ਕਰਮ ਕਮਾਵੈ॥ ਨਾਨਕ ਸਾਚੇ ਸਾਚਿ ਸਮਾਵੈ॥9॥”

(ਅੰਗ ੯੦੫)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਮਨ ਕੀ ਹੈ ਅਤੇ ਮਨ ਵਿੱਚ ਪ੍ਰਮਾਤਮਾ ਨਾਲ ਮੇਲ ਕਿਵੇਂ ਹੁੰਦਾ ਹੈ।

ਮਨ ਕੀ ਹੈ ਇਸ ਬਾਰੇ ਪਹਿਲਾਂ ਵੀ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਹੈ। ਇਸ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਮਾੜੀ ਦੀ ਮਾੜੀ ਸਮਝ ਵਿੱਚ ਵੀ ਪ੍ਰਮਾਤਮਾ ਹੀ ਹੈ ਤੇ ਸੱਚੀ ਸਮਝ ਵਿੱਚ ਵੀ ਆਪ ਹੀ ਹੈ। ਇਸ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਮਨ ਦੀ ਮਾੜੀ ਸਮਝ ਵਿੱਚ ਵੀ ਪ੍ਰਮਾਤਮਾ ਹੀ ਹੈ ਤੇ ਸੱਚੀ ਸਮਝ ਵਿੱਚ ਵੀ ਆਪ ਹੀ ਹੈ। ਇਸੇ ਮਨ ਨੂੰ ਹੀ ਬੁਰਾ ਕਿਹਾ ਗਿਆ ਹੈ ਅਤੇ ਇਸੇ ਮਨ ਨੂੰ ਹੀ ਭਲਾ ਤੇ ਸੱਚਾ ਕਿਹਾ ਗਿਆ ਹੈ। ਜਦ ਤੱਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੀ ਪਹਿਚਾਣ ਨਹੀਂ ਕਰ ਲੈਂਦੇ ਭਾਵ ਜਦ ਤੱਕ ਅਸੀਂ ਇਸ ਮਨ ਨੂੰ ਆਪਣਾ ਸਮਝਦੇ ਹਾਂ, ਇਸ ਨੂੰ ਬੁਰਾ ਕਿਹਾ ਗਿਆ ਹੈ ਕਿਉਂਕਿ ਤਦ ਤੱਕ ਅਸੀਂ ਗੁਰੂ ਉਪਦੇਸ਼ ਅਨੁਸਾਰ, ਸੱਚ ਅਨੁਸਾਰ ਪੂਰੀ ਤਰ੍ਹਾਂ ਸੱਚੇ ਕਰਮ ਨਹੀਂ ਕਰਦੇ। ਜਦੋਂ ਅਸੀਂ ਗੁਰੂ ਦੀ ਕ੍ਰਿਪਾ ਨਾਲ ਉਸ ਦੇ ਗਿਆਨ ਦੁਆਰਾ ਉਸ ਨੂੰ ਆਪਣੇ ਅੰਦਰੋਂ ਬੁੱਝ ਲੈਂਦੇ ਹਾਂ ਤੇ ਫਿਰ ਇਹ ਮਨ ਭਲਾ ਤੇ ਸੱਚਾ ਹੋ ਜਾਂਦਾ ਹੈ ਭਾਵ ਸਮਝ ਆ ਜਾਂਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੀ ਹੈ। ਮਨ ਵਿੱਚ ਪ੍ਰਮਾਤਮਾ ਆਪਣੇ ਆਪ ਦੀ ਸੋਝੀ ਆਪ ਹੀ ਪ੍ਰਗਟ ਹੋ ਕੇ ਪਾਉਂਦਾ ਹੈ ਤੇ ਮਨ ਦੇ ਵਿੱਚ ਆਪਣੀ ਸੱਚੀ ਮਤਿ ਦੇ ਕੇ, ਸੱਚੇ ਵਿਚਾਰ ਦੇ ਕੇ, ਆਪਣੇ ਗੁਣ ਦੇ ਕੇ, ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ ਤੇ ਆਪ ਹੀ ਆਪਣੀ ਮਤਿ ਅਨੁਸਾਰ ਚਲਾਉਂਦਾ ਹੈ ਤੇ ਇਸ ਤਰੀਕੇ ਸਾਡਾ ਮਨ ਸੱਚਾ ਬਣ ਜਾਂਦਾ ਹੈ ਭਾਵ ਸੱਚੀ ਸਮਝ ਵਾਲਾ ਬਣ ਜਾਂਦਾ ਹੈ ਜਿਸ ਸਮਝ ਦੁਆਰਾ ਆਪਣੇ ਅੰਦਰ ਤੇ ਸਭ ਜਗ੍ਹਾ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਇਹ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਮਨ ਨੂੰ ਭਰਮਾਂ ਵਿੱਚ ਪਾਉਣ ਵਾਲਾ ਵੀ ਉਹ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ। ਤ੍ਰੈਗੁਣ ਪਾਉਣ ਵਾਲਾ ਵੀ ਉਹ ਆਪ ਹੈ ਤੇ ਚਉਥੇ ਪਦ ਵਾਲੀ ਸਮਝ ਦੇਣ ਵਾਲਾ ਵੀ ਉਹ ਆਪ ਹੈ। ਉਹ ਸਭ ਕੁੱਝ ਆਪ ਹੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਗੁਰੂ ਦੀ ਭਾਵ ਉਸਦੀ ਆਪਣੀ ਕ੍ਰਿਪਾ ਦੁਆਰਾ ਕੋਈ ਵਿਰਲਾ ਹੀ ਜਾਣ ਸਕਦਾ ਹੈ ਅਤੇ ਉਸਦਾ ਆਵਾਗਉਣ ਮਿਟ ਜਾਂਦਾ ਹੈ ਤੇ ਮਨ ਪ੍ਰਮਾਤਮਾ ਵਿੱਚ ਹੀ ਸਮਾਅ ਜਾਂਦਾ ਹੈ ਭਾਵ ਉਸਦੇ ਹੁਕਮ ਵਿੱਚ ਸਮਾਅ ਜਾਂਦਾ ਹੈ, ਉਸਦੀ ਸੱਚੀ ਸਮਝ ਦੇ ਵਿੱਚ ਸਮਾਅ ਜਾਂਦਾ ਹੈ ਭਾਵ ਉਸਦੀ ਸਮਝ ਦੇ ਨਾਲ ਇੱਕ ਹੋ ਜਾਂਦਾ ਹੈ ਤੇ ਉਸਦੇ ਭਾਣੇ ਵਿੱਚ ਆ ਜਾਂਦਾ ਹੈ। ਜਿਨ੍ਹਾਂ ਦੇ ਹਿਰਦੇ ਅੰਦਰ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਵੱਸ ਜਾਂਦਾ ਹੈ ਉਨ੍ਹਾਂ ਦੇ ਅੰਦਰ ਸਾਰੇ ਗੁਣ ਅਤੇ ਸੱਚੇ ਵਿਚਾਰ ਵੱਸ ਜਾਂਦੇ ਹਨ। ਫਿਰ ਉਹ ਮਨੁੱਖ ਆਪਣੇ ਸਾਰੇ ਕਰਮ ਗੁਰੂ ਦੇ ਭਾਣੇ ਵਿੱਚ ਹੀ ਕਰਦਾ ਹੈ। ਪ੍ਰਮਾਤਮਾ ਆਪ ਸੱਚਾ ਹੈ ਅਤੇ ਉਹ ਸੱਚੇ ਮਨ ਵਿੱਚ ਹੀ ਸਮਾਉਂਦਾ ਹੈ। ਜਿਸ ਮਨ ਨੂੰ ਉਹ ਆਪ ਹੀ ਸੱਚਾ ਬਣਾਉਂਦਾ ਹੈ, ਗੁਰਮਤਿ ਦੀ ਸੱਚੀ ਸਮਝ ਦੇਣ ਦੁਆਰਾ, ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਬਣਾਉਂਦਾ ਹੈ। ਸਾਨੂੰ ਬੁਰਾ ਜਾਂ ਭਲਾ ਬਣਾਉਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਵਿਚਰ ਰਿਹਾ ਹੈ। ਸਾਡੇ ਮਨ ਦੇ ਵਿਚਾਰ ਉਸ ਦੇ ਹੱਥ ਹਨ। ਹਰ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਪਰ ਉਹ ਆਪਣੇ ਸੱਚੁ ਰੂਪ ਨਾਲ ਕਿਸੇ ਵਿਰਲੇ ਨੂੰ ਹੀ ਜੋੜਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਜੋੜਦਾ ਹੈ। ਜਿਸਦੇ ਅੰਦਰ ਉਹ ਪ੍ਰਗਟ ਹੋ ਜਾਂਦਾ ਹੈ ਉਸਨੂੰ ਸੱਚੇ ਵਿਚਾਰ ਦੇ ਕੇ ਸਾਰੇ ਗੁਣ ਭਰ ਦਿੰਦਾ

ਹੈ ਜਿਵੇਂ ਕਿ ਉਸਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਰਬ ਗੁਣੀ ਬਣਾਇਆ ਹੈ ਤੇ ਤਾਂ ਹੀ ਉਸਦੇ ਭਾਣੇ ਵਿੱਚ ਚੱਲਿਆ ਜਾ ਸਕਦਾ ਹੈ, ਉਸਦੇ ਹੁਕਮ ਵਿੱਚ ਚੱਲਿਆ ਜਾ ਸਕਦਾ ਹੈ। ਜੋ ਪ੍ਰਮਾਤਮਾ ਨੂੰ ਉਸਦੀ ਕਿਰਪਾ ਦੁਆਰਾ ਆਪਣੇ ਅੰਦਰੋਂ ਬੁੱਝ ਲੈਂਦਾ ਹੈ ਉਹ ਉਸਦਾ ਗਿਆਨੀ ਹੈ। ਪ੍ਰਮਾਤਮਾ ਦੇ ਭਗਤ ਰੂਪ, ਗੁਰੂ ਰੂਪ ਉਸਦੇ ਗਿਆਨੀ ਰੂਪ ਹਨ ਜਿਨ੍ਹਾਂ ਨੂੰ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ। ਉਸ ਪ੍ਰਮਾਤਮਾ ਦਾ ਗਿਆਨੀ ਰੂਪ ਕੋਈ ਵਿਰਲਾ ਹੀ ਬਣ ਸਕਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਉਸਦਾ ਗਿਆਨੀ ਰੂਪ, ਭਗਤ ਰੂਪ, ਗੁਰੂ ਰੂਪ, ਸਾਧ ਰੂਪ ਹੀ ਗੁਰਮੁਖਿ ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਗਿਆਨੀ ਰੂਪ ਹੈ, ਗੁਰਮੁਖਿ ਰੂਪ ਹੈ ਜਿਸ ਦਾ ਮੇਲ ਪ੍ਰਮਾਤਮਾ ਦੇ ਨਾਲ ਹੋਇਆ ਹੋਇਆ ਹੈ ਤੇ ਆਪਣੇ ਸੱਚੇ ਗਿਆਨ ਰਾਹੀਂ, ਬ੍ਰਹਮ ਗਿਆਨ ਰਾਹੀਂ ਪ੍ਰਮਾਤਮਾ ਗੁਰਬਾਣੀ ਰਾਹੀਂ ਸਦਾ ਹੀ ਪ੍ਰਗਟ ਹੈ। **(ਏਕੁ ਬੁਰਾ ਭਲਾ ਸਚੁ ਏਕੈ॥ ਬੂਝੁ ਗਿਆਨੀ ਸਤਗੁਰ ਕੀ ਟੇਕੈ॥ ਗੁਰਮੁਖਿ ਵਿਰਲੀ ਏਕੋ ਜਾਣਿਆ॥ ਆਵਣੁ ਜਾਣਾ ਮੇਟਿ ਸਮਾਣਿਆ॥੮॥ ਜਿਨ ਕੈ ਹਿਰਦੈ ਏਕੰਕਾਰੁ॥ ਸਰਬ ਗੁਣੀ ਸਾਚਾ ਬੀਚਾਰੁ॥ ਗੁਰ ਕੈ ਭਾਣੈ ਕਰਮ ਕਮਾਵੈ॥ ਨਾਨਕ ਸਾਚੇ ਸਾਚਿ ਸਮਾਵੈ॥)**

“ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ॥੧॥
ਮਹਲ ਮਹਿ ਬੈਠੇ ਅਗਮ ਅਪਾਰ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ
ਜਿਸੁ ਗੁਰ ਕਾ ਸਬਦੁ ਰਤਨੁ ਆਚਾਰ॥੧॥ਰਹਾਉ॥
ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ
ਸਤਸੰਗਤਿ ਗੁਰ ਪਿਆਰ॥੨॥
ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ॥
ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ॥੩॥
ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ॥੪॥”

(ਅੰਗ ੧੨੫੫-੫੬)

ਇਸ ਸ਼ਬਦ ਰਾਹੀਂ ਇਹ ਬੜਾ ਖੋਲ੍ਹ ਕੇ ਸਮਝਾਇਆ ਗਿਆ ਹੈ ਕਿ ਨਾਮ ਦੀ ਪ੍ਰਾਪਤੀ ਮਨੁੱਖ ਨੂੰ ਕਿਵੇਂ ਹੋ ਸਕਦੀ ਹੈ ਭਾਵ ਉਸਨੂੰ ਕਿਵੇਂ ਜਪਿਆ ਜਾ ਸਕਦਾ ਹੈ, ਕਿਵੇਂ ਪਾਇਆ ਜਾ ਸਕਦਾ ਹੈ। ਸਭ ਤੋਂ ਪਹਿਲੇ ਵਿਕਾਰਾਂ ਨੂੰ ਤੇ ਹਉਮੈ ਨੂੰ ਤਿਆਗਣ ਦੀ ਗੱਲ ਕੀਤੀ ਗਈ ਹੈ ਜੋ ਕਿ ਪ੍ਰਮਾਤਮਾ ਨੂੰ ਜਪਣ ਦਾ ਮੂਲ ਆਧਾਰ ਹੈ। ਵਿਕਾਰਾਂ ਦੇ ਰਹਿੰਦੇ ਪ੍ਰਮਾਤਮਾ ਨੂੰ ਜਪਣ ਵਾਲਾ ਨਹੀਂ ਅਖਵਾਇਆ ਜਾ ਸਕਦਾ ਕਿਉਂਕਿ ਗੁਰੂ ਦੀ ਸਿੱਖਿਆ ਨੂੰ ਮੰਨ ਕੇ ਭਾਵ ਵਿਚਾਰਾਂ ਨੂੰ ਤਿਆਗਣਾ ਹੀ ਨਾਮ ਜਪਣਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਦਾ “ਮਹਲੁ” ਮਨੁੱਖ ਦੇ ਅੰਦਰ ਹੀ ਹੈ ਭਾਵ ਸਾਡਾ ਮਨ ਹੈ, ਜਿਸ ਵਿੱਚ ਪ੍ਰਮਾਤਮਾ ਦੀ ਜੋਤਿ ਭਾਵ ਗਿਆਨ ਵਰਤਦਾ ਹੈ। ਆਪਣੇ ਅੰਦਰੋਂ “ਅੰਮ੍ਰਿਤੁ” ਦੀ ਪ੍ਰਾਪਤੀ ਭਾਵ ਨਾਮ ਦੀ ਪ੍ਰਾਪਤੀ ਉਸ ਨੂੰ ਹੀ ਹੋ ਸਕਦੀ ਹੈ ਜੋ ਗੁਰੂ ਦੇ ਦੱਸੇ ਗਿਆਨ ਦੁਆਰਾ ਉਸ ਤੇ ਅਮਲ ਕਰਕੇ ਚੰਗੇ ਆਚਾਰ ਕਰੇ ਭਾਵ ਦੱਸੇ ਗਏ ਵਿਕਾਰਾਂ ਨੂੰ ਛੱਡੇ ਤੇ ਸੱਚੀ ਜੀਵਨ ਜੁਗਤਿ ਨੂੰ ਅਪਣਾਵੇ। (**ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥ ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ॥1॥ ਮਹਲ ਮਹਿ ਬੈਠੇ ਅਗਮ ਅਪਾਰ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥1॥ ਰਹਾਉ॥**)

“ਮਹਲ ਮਹਿ ਬੈਠੇ ਅਗਮ ਅਪਾਰ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ॥੧॥ਰਹਾਉ॥”

ਇਹਨਾਂ ਪੰਗਤੀਆਂ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਕੀ ਹੈ। ਪ੍ਰਮਾਤਮਾ ਸਾਡੇ ਅੰਦਰ "**ਅੰਮ੍ਰਿਤੁ**" ਰੂਪ ਵਿੱਚ ਹੈ ਜੋ ਮਰਿਤਯੂ ਤੋਂ, ਮੌਤ ਤੋਂ ਰਹਿਤ ਹੈ। "ਅੰਮ੍ਰਿਤੁ" ਰੂਪ ਵਿੱਚ ਹੀ ਪ੍ਰਮਾਤਮਾ "ਨਾਮੁ" ਰੂਪ ਹੈ ਜੋ ਸਾਡੇ ਅੰਦਰ ਹੀ ਹੈ। ਇਹ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ, "ਗਿਆਨ" ਰੂਪ ਹੈ, "ਬ੍ਰਹਮ ਗਿਆਨ" ਰੂਪ ਹੈ ਜਿਸ ਦੀ ਪ੍ਰਾਪਤੀ ਸਾਨੂੰ ਸਾਡੇ ਅੰਦਰੋਂ ਹੀ ਹੋਣੀ ਹੈ। "ਅੰਮ੍ਰਿਤ" ਰੂਪ, ਨਾਮ ਰੂਪ ਪ੍ਰਮਾਤਮਾ ਦਾ "ਸਚੁ" ਰੂਪ ਹੈ ਭਾਵ ਸੱਚੇ ਗਿਆਨ ਦਾ ਰੂਪ ਹੈ। ਸੱਚਾ ਗਿਆਨ ਸਦਾ ਰਹਿਣ ਵਾਲਾ ਹੈ ਜੋ ਕਦੇ ਬਿਨਸ ਨਹੀਂ ਸਕਦਾ। ਪੂਰੀ ਗੁਰਬਾਣੀ ਵਿੱਚ ਸੱਚੁ ਹੈ, "ਨਾਮੁ" ਹੈ, ਅੰਮ੍ਰਿਤ ਹੈ ਜੋ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਕਦੇ ਬਿਨਸ ਨਹੀਂ ਸਕਦਾ। ਅੰਮ੍ਰਿਤ ਦੀ ਪ੍ਰਾਪਤੀ ਕਰਨ ਦਾ ਸਾਧਨ ਗੁਰੂ ਦਾ "ਸਬਦੁ" ਹੈ। "ਸਬਦੁ" "ਰਤਨੁ" ਹੈ। ਭਾਵ ਬਹੁਤ ਕੀਮਤੀ ਹੈ। ਸ਼ਬਦ ਦੀ ਕੀਮਤ ਉਸਦੇ ਅੰਦਰ ਦੀ ਸੋਝੀ ਦੇ ਰੂਪ ਵਿੱਚ ਹੈ, ਮਤਿ ਦੇ ਰੂਪ ਵਿੱਚ ਹੈ, ਗਿਆਨ ਦੇ ਰੂਪ ਵਿੱਚ ਹੈ। ਸ਼ਬਦ ਦੀ ਸੋਝੀ ਦੇ ਅੰਦਰ ਬ੍ਰਹਮ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਇਹੀ ਉਸਦਾ "ਨਾਮੁ" ਰੂਪ ਹੈ। ਅਸੀਂ ਆਪਣੇ ਅੰਦਰ ਸ਼ਬਦ ਦੀ ਸੋਝੀ ਨੂੰ ਹੀ ਜਪਣਾ ਹੈ ਜੋ ਕਿ ਗੁਰੂ ਦੇ ਉਪਦੇਸ਼ ਦੇ ਰੂਪ ਵਿੱਚ ਹੈ। ਗੁਰੂ ਦਾ ਉਪਦੇਸ਼ ਸਾਨੂੰ ਚੰਗੇ ਆਚਾਰ ਕਰਨ ਲਈ ਸਮਝਾਉਂਦਾ ਹੈ, ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦਾ ਹੈ। ਜੋ ਮਨੁੱਖ ਚੰਗੇ ਆਚਾਰ ਕਰਦਾ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ ਉਹੀ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਾ ਸਕਦਾ ਹੈ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ, ਸ਼ਬਦ ਦੀ ਮਤਿ ਅਨੁਸਾਰ ਨਹੀਂ ਹੈ ਉਹ ਸਾਡਾ ਚੰਗਾ ਕਰਮ ਨਹੀਂ ਹੈ, ਚੰਗਾ ਆਚਾਰ ਨਹੀਂ ਹੈ ਭਾਵ ਮਾੜਾ ਕਰਮ ਹੈ। ਸਾਡਾ ਪੂਰਾ ਉੱਦਮ ਗੁਰਮਤਿ ਅਨੁਸਾਰ ਜੀਵਨ ਜੀਉਂਣ ਦਾ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਅੰਦਰੋਂ "ਅੰਮ੍ਰਿਤੁ" ਦੀ ਪ੍ਰਾਪਤੀ ਕਰ ਸਕੀਏ, ਪ੍ਰਮਾਤਮਾ ਨੂੰ ਪਾ ਸਕੀਏ। **(ਮਹਲ ਮਹਿ ਬੈਠੇ ਅਗਮ ਅਪਾਰ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ॥੧॥ਰਹਾਉ॥)** "ਅੰਮ੍ਰਿਤੁ" ਦੀ ਪ੍ਰਾਪਤੀ ਦੇ ਨਾਲ ਫਿਰ ਦੁੱਖ, ਸੁੱਖ ਵਿੱਚ, ਬੁਰੇ ਭਲੇ ਵਿੱਚ ਫਰਕ ਨਹੀਂ ਦਿੱਸਦਾ ਭਾਵ ਸਭ ਦੇ ਵਿੱਚ ਪ੍ਰਮਾਤਮਾ ਦਾ ਹੀ ਰੂਪ ਨਜ਼ਰ ਆਉਂਦਾ ਹੈ, ਦੁੱਖ, ਸੁੱਖ ਵਿੱਚ ਮਨੁੱਖ ਪ੍ਰਮਾਤਮਾ ਦਾ ਭਾਣਾ ਹੀ ਮੰਨਦਾ ਹੈ। ਸਾਡੇ ਸੁੱਖ, ਦੁੱਖ ਕੀ ਹਨ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਐਸਾ ਕਰਨਾ ਮਨੁੱਖ ਦੀ ਸੁਰਤਿ ਦੇ ਅੰਦਰ ਭਾਵ ਮਨ ਦੇ ਅੰਦਰ ਨਾਮ ਦਾ ਵੱਸਣਾ ਹੈ। ਸ਼ੁੱਧ, ਬੁੱਧ ਤੇ ਸੁਰਤਿ ਇੱਕੋ ਹੀ ਗੱਲ ਹੈ। ਸਭ ਕੁੱਝ ਮਨ ਭਾਵ ਸਾਡੀ ਸੋਚ ਹੀ ਹੈ। ਨਾਮ ਦੀ ਪ੍ਰਾਪਤੀ ਦੇ ਨਾਲ ਪ੍ਰਮਾਤਮਾ ਦੀ ਸੰਗਤ ਹੁੰਦੀ ਹੈ ਤੇ ਗੁਰੂ ਨਾਲ ਪਿਆਰ ਬਣਦਾ ਹੈ ਭਾਵ ਮਨੁੱਖ ਗੁਰੂ ਦੇ ਉਪਦੇਸ਼ ਦੁਆਰਾ ਹੀ ਵਿਚਰਦਾ ਹੈ। ਇਸ ਤਰ੍ਹਾਂ ਮਨੁੱਖ ਦਿਨ ਰਾਤ ਨਾਮ ਦਾ ਲਾਹਾ ਲੈਂਦਾ ਹੈ ਭਾਵ ਚੰਗੇ ਕਰਮਾਂ ਦਾ ਲਾਹਾ ਲੈਂਦਾ ਹੈ, ਲਾਭ ਲੈਂਦਾ ਹੈ, ਇਸ ਜੀਵਨ ਦਾ ਲਾਭ ਲੈਂਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਦੇਣ ਵਾਲਾ ਹੈ। (**ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥ ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥**)

"ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ॥
ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ॥੩॥"

ਇਹਨਾਂ ਉੱਪਰ ਵਾਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ "ਨਾਮੁ" ਮਿਲਣਾ ਕੀ ਹੈ ਤੇ ਨਾਮੁ ਦੇਣ ਵਾਲਾ ਕੌਣ ਹੈ। ਨਾਮ ਸਾਨੂੰ ਦਾਤੇ ਦੇ ਕੋਲੋਂ ਮਿਲਣਾ ਹੈ ਜੋ ਆਪ ਹੀ ਗੁਰੂ ਹੈ। ਆਪਣਾ ਨਾਮ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਜੋ ਨਾਮ ਦਾ ਮਾਲਕ ਹੈ। ਉਸਦਾ ਨਾਮ ਹੋਰ ਕੋਈ ਨਹੀਂ ਦੇ ਸਕਦਾ ਜੋ ਕਿ ਨਾਮੁਮਕਿਨ ਹੈ। "ਨਾਮੁ" ਦੀ ਪ੍ਰਾਪਤੀ "ਗੁਰਮੁਖਿ ਸਿਖ" ਦੇ ਰੂਪ ਵਿੱਚ ਹੁੰਦੀ ਹੈ। "ਗੁਰਮੁਖਿ ਸਿਖ" ਤੋਂ ਭਾਵ ਹੈ ਗੁਰੂ ਦੀ ਸਿੱਖਿਆ, ਗੁਰੂ ਦੇ ਮੁੱਖ ਦੁਆਰਾ ਉਚਾਰੀ ਹੋਈ ਸ਼ਬਦਾਂ ਦੀ ਵਿਚਾਰ। "ਸਿਖ" ਤੋਂ ਭਾਵ ਹੈ ਸਿੱਖਿਆ ਜੋ ਸਿੱਖਿਆ ਗੁਰੂ ਦੇ ਕੋਲੋਂ ਮਿਲਦੀ ਹੈ, ਗੁਰਮੁਖਿ ਦੇ ਕੋਲੋਂ ਮਿਲਦੀ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਸੱਚੀ ਸਿੱਖਿਆ ਹੀ ਦਿੰਦਾ ਹੈ, ਸੱਚੀ ਬਾਣੀ ਹੀ ਦਿੰਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਆਪਣੀ ਬਾਣੀ ਰੂਪ ਸਿੱਖਿਆ ਦਿੱਤੀ ਹੈ, "ਸਿਖ" ਦਿੱਤੀ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਜੋ ਸਭ ਨੂੰ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਸਿੱਖਿਆ ਸਮਝਾ ਰਹੀ ਹੈ। ਦਿਨ ਰਾਤ ਲਾਹਾ ਉਹੀ ਲੈਂਦਾ ਹੈ, ਦਿਨ ਰਾਤ ਨਾਮ ਉਹੀ ਜਪਦਾ ਹੈ ਜਿਸਨੂੰ ਪ੍ਰਮਾਤਮਾ ਆਪਣਾ ਨਾਮ ਆਪ ਹੀ ਦਿੰਦਾ ਹੈ ਭਾਵ ਦਿਨ ਰਾਤ ਗੁਰਮਤਿ ਅਨੁਸਾਰ, ਗੁਰੂ ਦੀ ਸਿੱਖਿਆ ਅਨੁਸਾਰ ਉਹੀ ਚੱਲਦਾ ਹੈ ਜਿਸਨੂੰ ਆਪਣੀ ਸੱਚੀ ਸਿੱਖਿਆ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ

ਨੇ ਹੀ ਉਸਦਾ ਨਾਮ ਦਿਨ ਰਾਤ ਜਪਿਆ ਹੈ ਭਾਵ ਉਹ ਆਪ ਹੀ ਆਪਣੀ ਸਿੱਖਿਆ ਅਨੁਸਾਰ ਚੱਲੇ ਹਨ ਤੇ ਸੰਸਾਰ ਨੂੰ ਸੱਚੀ ਸਿੱਖਿਆਂ ਤੇ ਚੱਲਣਾ ਸਮਝਾਇਆ ਹੈ। **(ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ॥ ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ॥੩॥)** ਪ੍ਰਮਾਤਮਾ ਦਾ "ਜਨੁ" ਕੋਈ ਵਿਰਲਾ ਹੀ ਬਣ ਸਕਦਾ ਹੈ, ਨਾਮ ਦੀ ਪ੍ਰਾਪਤੀ ਦੁਆਰਾ ਬਣ ਸਕਦਾ ਹੈ। ਭਗਤ ਰੂਪ, ਗੁਰੂ ਰੂਪ ਹੀ ਪ੍ਰਮਾਤਮਾ ਦਾ "ਜਨੁ" ਰੂਪ ਹੈ।

ਬਾਣੀ ਵਿੱਚ ਹੋਰ ਵੀ ਕਾਫ਼ੀ ਸ਼ਬਦਾਂ ਰਾਹੀਂ ਇਹ ਦੱਸਿਆ ਹੋਇਆ ਹੈ ਕਿ ਉਸਦੇ ਮਹਿਲ, ਕੋਟ, ਗੜ੍ਹ ਆਦਿ ਸਭ ਕੁੱਝ ਸਾਡੇ ਅੰਦਰ ਹੀ ਹੈ ਤੇ ਜਦੋਂ ਵੀ ਪ੍ਰਮਾਤਮਾ ਦੀ ਪ੍ਰਾਪਤੀ ਹੋਣੀ ਹੈ ਉਹ ਅੰਦਰੋਂ ਹੀ ਹੋਣੀ ਹੈ। ਉਸਦਾ ਮਹਿਲ ਨਿਰਗੁਣ ਰੂਪ ਵਿੱਚ ਹੈ, ਨਿਰੰਕਾਰ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਸਾਡੇ ਅੰਦਰ ਹੀ ਹੈ। "ਅੰਮ੍ਰਿਤੁ" ਦੀ ਪ੍ਰਾਪਤੀ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੋਣੀ ਹੈ। ਇਹ ਮੇਲ ਦੀ ਪ੍ਰਾਪਤੀ ਤਾਂ ਹੀ ਹੋਵੇਗੀ ਜਦੋਂ ਅਸੀਂ ਸੱਚੇ ਸੁੱਚੇ ਕਰਮ ਕਰਨ ਦਾ ਉੱਦਮ ਕਰਾਂਗੇ, ਔਗੁਣਾਂ ਤੋਂ ਰਹਿਤ ਹੋ ਕੇ ਕਰਮ ਕਰਨ ਦਾ ਉੱਦਮ ਕਰਾਂਗੇ। **(ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥ ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ॥੧॥ ਮਹਲ ਮਹਿ ਬੈਠੇ ਅਗਮ ਅਪਾਰ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ॥੧॥ਰਹਾਉ॥)**

ਗੁਰੂ ਦਾ ਸ਼ਬਦ "ਰਤਨੁ" ਦੀ ਤਰ੍ਹਾਂ ਗੁਣਾਂ ਵਾਲਾ ਹੈ, ਖਰਾ ਹੈ, ਸ਼ੁੱਧ ਹੈ ਤੇ ਜਦੋਂ ਸਾਡਾ ਹਿਰਦਾ ਇਹੋ ਜਿਹਾ ਸ਼ੁੱਧ ਹੋ ਜਾਵੇਗਾ, ਔਗੁਣ ਰਹਿਤ ਹੋ ਜਾਵੇਗਾ ਤਾਂ ਹੀ ਸਾਡੇ ਆਚਾਰ, ਸਾਡੀ ਕਰਨੀ ਚੰਗੀ ਹੋ ਸਕਦੀ ਹੈ। "ਸ਼ਬਦ "ਦਾ, "ਨਾਮ" ਦਾ ਮਕਸਦ ਸਾਡੀ ਚੰਗੀ ਕਰਨੀ ਨਾਲ ਹੀ ਪੂਰਾ ਹੁੰਦਾ ਹੈ।

"ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥੨੧॥"

(ਅੰਗ 1101-1102)

ਇਸ ਸ਼ਬਦ ਰਾਹੀਂ ਵੀ ਪ੍ਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਦੇ ਗਿਆਨ ਨੂੰ ਰਾਸ ਕਿਹਾ ਗਿਆ ਹੈ ਭਾਵ ਗੁਰੂ ਦੇ ਗਿਆਨ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ ਕਿਉਂਕਿ ਪ੍ਰਮਾਤਮਾ ਆਪ ਖੁਦ ਗਿਆਨ ਰੂਪ ਵਿੱਚ ਹੈ ਤੇ ਉਸਦੇ ਨਾਲ ਸਾਂਝ ਵੀ ਉਸਦੇ ਦਿੱਤੇ ਗਿਆਨ ਦੁਆਰਾ ਹੀ ਹੋ ਸਕਦੀ ਹੈ। ਗੁਰੂ ਦੇ ਗਿਆਨ ਰਾਹੀਂ ਹੀ ਸਾਨੂੰ ਇਹ ਸਮਝ ਲੱਗਦੀ ਹੈ ਕਿ ਗੁਰੂ ਦਾ ਉਪਦੇਸ਼ ਕੀ ਹੈ, ਗੁਣ ਕੀ ਹਨ ਤਾਂ ਜੋ ਅਸੀਂ ਉਨ੍ਹਾਂ ਤੇ ਅਮਲ ਕਰ ਸਕੀਏ। "ਨਾਮੁ ਧਨੁ" ਉਸਦੇ ਸੱਚੇ ਗਿਆਨ ਦਾ ਧੰਨ ਹੈ, ਗੁਰੂ ਦੀ ਮਤਿ ਦਾ ਧੰਨ ਹੈ ਜਿਸ ਦੁਆਰਾ ਵਿਚਰ ਕੇ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, "ਨਾਮੁ" ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਨਾਮ ਦੀ ਪ੍ਰਾਪਤੀ ਵੀ "ਨਾਮੁ ਧਨੁ" ਦੇ ਰੂਪ ਵਿੱਚ ਹੀ ਹੁੰਦੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੁੰਦੀ ਹੈ ਪਰ ਉਸ ਤੱਕ ਪਹੁੰਚਣ ਲਈ ਆਪ ਹੀ ਉਸ ਨੇ ਸਾਨੂੰ ਗੁਰਬਾਣੀ ਰਾਹੀਂ ਇਹ "ਨਾਮੁ ਧਨੁ" ਦਿੱਤਾ ਹੋਇਆ ਹੈ ਤੇ ਉਸ ਤੇ ਚੱਲ ਕੇ ਹੀ ਉਸ ਤੱਕ ਪਹੁੰਚਿਆ ਜਾ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਗਿਆਨ ਹੀ ਹੈ, ਬ੍ਰਹਮ ਗਿਆਨ ਹੀ ਹੈ ਜੋ ਨਾਮ ਧੰਨ ਹੈ, ਗਿਆਨ ਦੀ ਰਾਸਿ ਹੈ, ਪੂੰਜੀ ਹੈ। ਜਿਸ ਪੂੰਜੀ ਦਾ, ਨਾਮ ਧੰਨ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਉਹ ਆਪ ਇਸ ਨਾਮ ਧੰਨ ਦੇ ਰੂਪ ਵਿੱਚ ਹੀ ਵਿਚਰਦਾ ਹੈ ਤੇ ਪੂਰੀ ਗੁਰਬਾਣੀ ਵਿੱਚ ਆਪ ਪ੍ਰਮਾਤਮਾ ਇਸ ਗਿਆਨ ਦੇ ਧੰਨ ਦੇ ਰੂਪ ਵਿੱਚ ਹੀ ਹੈ। ਜਿਸ ਸੌਦੇ ਦੀ ਅਸੀਂ ਪ੍ਰਾਪਤੀ ਕਰਨੀ ਹੈ, ਉਹ ਸੌਦਾ, ਉਹ ਵਖਰ ਪ੍ਰਮਾਤਮਾ ਆਪ ਹੈ। ਉਸ ਨੂੰ ਪਾਉਣ ਲਈ ਅਸੀਂ ਆਪਣੇ ਜੀਵਨ ਵਿੱਚ ਨਾਮ ਧੰਨ ਨੂੰ ਖਰਚਣਾ ਹੈ, ਜੋ ਕਿ ਸੱਚੀ ਸਮਝ ਦਾ ਧੰਨ ਹੈ। ਸੱਚੀ ਸਮਝ ਦੁਆਰਾ ਵਿਚਰਨਾ ਹੀ ਨਾਮ ਧੰਨ ਨੂੰ ਖਰਚਣਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। (**ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥**)

"ਏਕੁ ਗਿਰਹੁ ਦਸ ਦੁਆਰ ਹੈ ਜਾ ਕੇ
ਅਹਿਨਿਸਿ ਤਸਕਰ ਪੰਚ ਚੋਰ ਲਗਈਆ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ

ਮਨਮੁਖ ਅੰਧੁਲੇ ਖਬਰਿ ਨ ਪਈਆ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ
ਜਾਗੇ ਗਿਆਨ ਤਤਿ ਲਿਵ ਲਈਆ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ॥੩॥"

(ਅੰਗ ੮੩੩)

ਇਸ ਸ਼ਬਦ ਰਾਹੀਂ ਇਹ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਅਸੀਂ ਧਰਮ ਗੋਚਰੇ ਆਪਣੇ ਵੱਲੋਂ ਜਿਤਨੇ ਵੀ ਕਰਮ ਕਰਦੇ ਹਾਂ ਉਹ ਸਾਡੇ ਅੰਦਰ ਵਿਕਾਰਾਂ ਦੇ ਹੁੰਦਿਆਂ ਥਾਇ ਨਹੀਂ ਪੈਂਦੇ ਭਾਵ ਵਿਕਾਰਾਂ ਨੂੰ ਛੱਡਣ ਦੁਆਰਾ ਹੀ ਧਰਮ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਧਰਮ ਦਾ ਮਾਰਗ ਸਾਨੂੰ ਗੁਰੂ ਦੇ ਗਿਆਨ ਦੁਆਰਾ ਹੀ ਪਤਾ ਲੱਗ ਸਕਦਾ ਹੈ। ਇਸ ਲਈ ਸਾਨੂੰ ਹਰ ਵੇਲੇ ਗੁਰੂ ਦੇ ਗਿਆਨ ਨਾਲ ਭਾਵ ਗੁਰਬਾਣੀ ਨਾਲ ਜੁੜੇ ਰਹਿਣਾ ਚਾਹੀਦਾ ਹੈ ਤਾਂ ਕਿ ਅਸੀਂ ਵਿਕਾਰਾਂ ਨੂੰ ਤਿਆਗ ਸਕੀਏ। ਇਹ ਵਿਕਾਰਾਂ ਵਾਲੀ ਬਿਰਤੀ ਅਸੀਂ ਗੁਰੂ ਦੇ ਸ਼ਬਦ ਤੇ ਚੱਲ ਕੇ **(ਗੁਰ ਕੈ ਸਬਦਿ)** ਹੀ ਛੱਡ ਸਕਦੇ ਹਾਂ। ਬਾਣੀ ਵਿੱਚ ਵਾਰ-ਵਾਰ ਗੁਰਸ਼ਬਦ ਦੀ ਗੱਲ ਆਉਂਦੀ ਹੈ ਤੇ ਉਸ ਤੋਂ ਭਾਵ ਇਹ ਹੀ ਹੁੰਦਾ ਹੈ। ਗੁਰੂ ਦਾ ਸ਼ਬਦ ਸਾਨੂੰ ਵਾਰ-ਵਾਰ ਵਿਕਾਰ ਛੱਡਣ ਲਈ ਹੀ ਪ੍ਰੇਰਦਾ ਹੈ ਅਤੇ ਇਨ੍ਹਾਂ ਨੂੰ ਛੱਡਣਾ ਹੀ ਧਰਮ ਦੀ ਕਮਾਈ ਹੈ, ਗੁਰਮਤਿ ਦੀ ਕਮਾਈ ਹੈ, ਨਾਮ ਦੀ ਕਮਾਈ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਰੂਪ ਚੋਰ ਵੱਸੇ ਹੋਏ ਹਨ ਤਦ ਤੱਕ ਸਾਡੀ ਪ੍ਰਮਾਤਮਾ ਨਾਲ ਲਿਵ ਨਹੀਂ ਜੁੜ ਸਕਦੀ। ਲਿਵ ਤਾਂ ਅਸੀਂ ਗੁਰਮਤਿ ਦੇ ਨਾਲ ਜੋੜਨੀ ਹੈ, ਸ਼ਬਦ ਦੇ ਨਾਲ ਜੋੜਨੀ ਹੈ ਪਰ ਸਾਡੇ ਵਿਕਾਰ ਸਾਨੂੰ ਗੁਰਮਤਿ ਤੋਂ ਦੂਰ ਰੱਖਦੇ ਹਨ। ਗੁਰੂ ਦੇ ਸ਼ਬਦ ਨੇ ਸਾਨੂੰ ਗਿਆਨ ਦੁਆਰਾ ਜਗਾਉਣਾ ਹੈ ਤਾਂ ਜੋ ਅਸੀਂ ਆਪਣੇ ਅੰਦਰ ਦੇ ਚੋਰਾਂ ਨੂੰ ਫੜ ਸਕੀਏ ਤੇ ਤਾਂ ਹੀ ਸਾਡੀ ਗੁਰੂ ਦੀ ਮਤਿ ਨਾਲ ਲਿਵ ਜੁੜ ਸਕਦੀ ਹੈ ਜਿਸ ਮਨ ਦੇ ਗਿਆਨ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਔਗੁਣ ਰਹਿਤ ਹੋ ਕੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। **(ਜਾਗੇ ਗਿਆਨ ਤਤਿ ਲਿਵ ਲਈਆ॥ ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ॥੩॥)** ਸਾਡੇ ਅੰਦਰ ਦੇ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜੋ ਕਿ ਨਾਮ ਦੇ ਚੋਰ ਹਨ, ਗੁਰਮਤਿ ਦੇ ਚੋਰ ਹਨ। ਇਨ੍ਹਾਂ ਚੋਰਾਂ ਦੇ ਰਹਿੰਦਿਆਂ ਸਾਡੇ ਅੰਦਰ ਨਾਮ ਨਹੀਂ ਟਿਕ ਸਕਦਾ ਭਾਵ ਗੁਰੂ ਦੀ ਸਿੱਖਿਆ ਨਹੀਂ ਟਿਕ ਸਕਦੀ। ਇਸ ਸ਼ਬਦ ਨੂੰ ਵਿਸਥਾਰ ਨਾਲ, ਅੱਗੇ ਚੱਲ ਕੇ ਸਮਝਾਂਗੇ। (**ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ॥ ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ॥੨॥**)

"ਸਚਾ ਸਬਦੁ ਸਚੀ ਹੈ ਬਾਣੀ॥ ਗੁਰਮੁਖਿ ਵਿਰਲੈ ਕਿਨੈ ਪਛਾਣੀ॥
ਸਚੇ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ॥੧੧॥
ਸਬਦੁ ਬੁਝੈ ਸੋ ਮੈਲੁ ਚੁਕਾਏ॥ ਨਿਰਮਲ ਨਾਮੁ ਵਸੈ ਮਨਿ ਆਏ॥
ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ॥੧੨॥
ਗੁਰ ਤੇ ਬੂਝੈ ਤਾ ਦਰੁ ਸੂਝੈ॥ ਨਾਮ ਵਿਹੂਣਾ ਕਥਿ ਕਥਿ ਲੂਝੈ॥
ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ॥੧੩॥
ਆਪੇ ਆਪਿ ਮਿਲੈ ਤਾ ਬੂਝੈ॥ ਗਿਆਨ ਵਿਹੂਣਾ ਕਿਛੁ ਨ ਸੂਝੈ॥
ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ॥੧੪॥"

(ਅੰਗ ੧੦੪੪)

ਉੱਪਰ ਸ਼ਬਦ ਰਾਹੀਂ ਸਾਨੂੰ ਗੁਰਬਾਣੀ ਦੀ ਮਹੱਤਤਾ ਹੀ ਸਮਝਾਈ ਹੋਈ ਹੈ ਜੋ ਸਾਨੂੰ ਆਵਾਗਉਣ ਵਿੱਚੋਂ ਕੱਢ ਸਕਦੀ ਹੈ। ਜਿਸਨੇ ਗੁਰਬਾਣੀ ਭੇਜੀ ਹੈ, ਉਸਨੇ ਹੀ ਸਾਨੂੰ ਆਵਾਗਉਣ ਵਿੱਚੋਂ, ਹਉਮੈ ਵਿੱਚੋਂ ਕੱਢਣਾ ਹੈ।

"ਸਚਾ ਸਬਦੁ ਸਚੀ ਹੈ ਬਾਣੀ॥ ਗੁਰਮੁਖਿ ਵਿਰਲੈ ਕਿਨੈ ਪਛਾਣੀ॥
ਸਚੇ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ॥੧੧॥"

ਸਭ ਤੋਂ ਪਹਿਲੇ ਸਾਨੂੰ ਪਹਿਲੀ ਪੰਗਤੀ ਰਾਹੀਂ ਇਹ ਸਮਝਾਇਆ ਹੈ ਕਿ ਬਾਣੀ ਸੱਚੀ ਕਿਸ ਕਰਕੇ ਹੈ, "ਗੁਰਬਾਣੀ" ਨੂੰ "ਸੱਚੀ ਬਾਣੀ" ਕਿਸ ਲਈ ਕਿਹਾ ਗਿਆ ਹੈ। ਬਾਣੀ ਸਾਨੂੰ ਜੋ ਕੁੱਝ ਵੀ ਸਮਝਾ ਰਹੀ ਹੈ ਉਹ ਬਿਲਕੁਲ ਸੱਚ ਹੈ, ਬਾਣੀ ਦੇ ਬੋਲ ਸਦਾ ਰਹਿਣ ਵਾਲੇ ਹਨ ਜੋ ਕਦੇ ਬਦਲ ਨਹੀਂ ਸਕਦੇ। ਇਹ ਗੱਲ ਸਾਨੂੰ ਇਸ ਤਰੀਕੇ ਨਾਲ ਸਮਝਾਈ ਹੈ।

"ਸਚਾ ਸਬਦੁ ਸਚੀ ਹੈ ਬਾਣੀ॥"

"ਸਬਦੁ" ਗੁਰੂ ਹੈ ਤੇ ਗੁਰੂ ਆਪ "ਪ੍ਰਮਾਤਮਾ" ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਰਾਹੀਂ ਜਾਣਿਆ ਹੈ। "ਸਬਦੁ" ਆਪ ਪ੍ਰਮਾਤਮਾ ਹੈ ਜੋ ਸਭ ਵਿੱਚ ਤੇ ਸਭ ਜਗ੍ਹਾ ਸਮਾਇਆ ਹੋਇਆ ਹੈ। ਸਾਡੇ ਅੰਦਰ ਵੀ "ਸਬਦੁ" ਹੀ ਵਰਤਦਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਗਿਆਨ ਦੁਆਰਾ ਵਰਤਦਾ ਹੈ।

{ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

"ਸਬਦੁ" ਭਾਵ ਪ੍ਰਮਾਤਮਾ ਆਪ ਸੱਚਾ ਹੈ ਤੇ ਉਸਦੀ ਦੱਸੀ ਹੋਈ ਹਰ ਗੱਲ ਸੱਚੀ ਹੈ। "ਸਬਦੁ" ਉਸਦਾ ਗੁਰੂ ਰੂਪ ਹੈ ਜੋ ਕਿ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ। ਪੂਰੀ ਪੰਗਤੀ ਤੋਂ ਭਾਵ ਹੈ ਕਿ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪ ਆਪਣਾ ਗੁਰੂ ਰੂਪ ਧਾਰ ਕੇ ਕੀਤੀ ਹੈ ਭਾਵ ਸਾਰੀ ਗੁਰਬਾਣੀ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਪ੍ਰਮਾਤਮਾ ਦਾ ਆਪਣਾ ਹੀ ਲਿਖਾਇਆ ਹੋਇਆ ਹੈ ਤੇ ਇਸੇ ਲਈ ਉਸ ਵਿੱਚ ਲਿਖੀ ਹਰ ਗੱਲ ਸੱਚੀ ਹੈ। ਪ੍ਰਮਾਤਮਾ ਤੋਂ ਉੱਪਰ ਹੋਰ ਕੌਣ ਹੈ ਜੋ ਸਾਨੂੰ ਪ੍ਰਮਾਤਮਾ ਬਾਰੇ ਸੱਚੀ ਗੱਲ ਦੱਸ ਸਕੇ, ਉਸਦੀ ਬਣਾਈ ਹੋਈ ਸ੍ਰਿਸ਼ਟੀ ਬਾਰੇ ਕੁੱਝ ਦੱਸ ਸਕੇ। ਪੂਰੀ "ਬਾਣੀ" "ਸਬਦੁ" ਦੇ ਆਪਣੇ ਬੋਲੇ ਹੋਏ ਬੋਲ ਹਨ ਭਾਵ ਪ੍ਰਮਾਤਮਾ ਦੇ ਆਪਣੇ ਬੋਲੇ ਹੋਏ ਬੋਲ ਹਨ ਜੋ ਕਿ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ, ਸੱਚੇ ਗਿਆਨ ਦੇ ਰੂਪ ਵਿੱਚ, ਸ਼ਬਦਾਂ ਦੇ ਰੂਪ ਵਿੱਚ ਮੌਜੂਦ ਹਨ। **(ਸਚਾ ਸਬਦੁ ਸਚੀ ਹੈ ਬਾਣੀ॥)** ਗੁਰਬਾਣੀ ਦੀ ਇਸ ਸੱਚਾਈ ਨੂੰ, ਇਸ ਸੱਚ ਦੇ ਭੇਦ ਨੂੰ ਕੋਈ ਵਿਰਲਾ ਹੀ ਸਮਝ ਸਕਦਾ ਹੈ ਕਿ ਗੁਰਬਾਣੀ ਪ੍ਰਮਾਤਮਾ ਕੋਲੋਂ ਹੀ ਆਈ ਹੈ ਤੇ ਉਹ ਬਿਲਕੁਲ ਸੱਚ ਹੈ, ਉਸਦੀ ਹਰ ਗੱਲ ਸੱਚ ਹੈ। ਸਮਝ ਉਹ ਹੀ ਸਕਦਾ ਹੈ, ਬਾਣੀ ਦੀ ਸੱਚਾਈ ਉਹੀ ਪਛਾਣ ਸਕਦਾ ਹੈ ਜਿਸਨੂੰ ਇਹ ਸਮਝ ਲੱਗ ਜਾਵੇ ਕਿ ਸਾਡੇ ਅੰਦਰ ਉਹ ਕਿਹੜਾ ਰਸਤਾ ਹੈ, ਦੁਆਰ ਹੈ, ਜਿੱਥੋਂ ਪ੍ਰਮਾਤਮਾ ਆਪਣੀ ਗੱਲ ਸੁਣਾਉਂਦਾ ਹੈ, ਸਾਡੇ ਨਾਲ ਗੱਲਾਂ ਕਰਦਾ ਹੈ। ਇਹ ਦੁਆਰਾ ਸਾਡਾ ਮਨ ਹੈ ਜੋ ਕਿ ਦਸਵਾਂ ਦੁਆਰ ਹੈ। ਪ੍ਰਮਾਤਮਾ ਇਸ ਮਨ ਦੇ ਵਿੱਚ ਹੀ ਹੈ ਪਰ ਇਸ ਮਨ ਦੀ ਸੋਝੀ, ਦਸਵੇਂ ਦੁਆਰ ਦੀ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਨੂੰ, ਕ੍ਰੋੜਾਂ, ਅਰਬਾਂ ਵਿੱਚੋਂ ਕਦੇ ਹੀ ਕਿਸੇ ਨੂੰ ਪਾਉਂਦਾ ਹੈ।

{ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥੧॥}

(ਅੰਗ ੧੩੦੧)

ਉਹ ਕਦੇ ਹੀ ਕਿਸੇ ਵਿਰਲੇ ਨੂੰ "ਗੁਰਮੁਖਿ" ਵਾਲੀ ਅਵੱਸਥਾ ਬਖਸ਼ ਕੇ ਇਸ ਮਨ ਦੇ ਦਰਸ਼ਨ ਕਰਵਾਉਂਦਾ ਹੈ, ਆਪਣੇ ਦਰਸ਼ਨ ਕਰਵਾਉਂਦਾ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਗੁਰਬਾਣੀ ਦੀ ਰਚਨਾ ਕਿਵੇਂ ਹੋਈ ਹੈ ਤੇ ਕਿਸ ਕਰਕੇ ਇਹ ਸੱਚੀ ਬਾਣੀ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪਣਾ ਸੱਚ ਆਪ ਹੀ ਸਮਝਾਉਂਦਾ ਹੈ। ਉਸਦੇ ਸਮਝਾਉਣ ਦਾ ਇਹ ਤਰੀਕਾ ਸੰਸਾਰ ਦਾ ਉਹ ਅਸਚਰਜ ਹੈ ਜਿਸਨੂੰ ਆਪਣੇ ਆਪ ਨਾ ਕੋਈ ਸਮਝ ਸਕਦਾ ਹੈ ਤੇ ਨਾ ਕੋਈ ਵਿਸ਼ਵਾਸ ਕਰ ਸਕਦਾ ਹੈ। ਉਹ ਬਹੁਤ ਬਹੁਤ ਬਹੁਤ ਜ਼ਿਆਦਾ ਸਿਆਣਾ ਹੈ, ਗਿਆਨਵਾਨ ਹੈ। ਉਹ ਕਮਾਲ ਹੀ ਕਮਾਲ ਹੈ ਜੋ ਹਰ ਕਿਸੇ ਦੇ ਸਮਝਣ ਤੋਂ ਬਾਹਰ ਦੀ ਗੱਲ ਹੈ। ਉਹ ਆਪਣੇ ਨਾਲ ਸਾਨੂੰ "ਗੁਰਮੁਖਿ" ਵਾਲੀ ਅਵੱਸਥਾ ਦੁਆਰਾ ਹੀ ਮਿਲਾਉਂਦਾ ਹੈ ਜਿਸ ਅਵੱਸਥਾ ਦੁਆਰਾ ਸਾਡੇ ਅੰਦਰ ਉਹ ਆਪ ਵਰਤਦਾ ਹੈ। ਇਹ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਸਾਨੂੰ ਗੁਰਬਾਣੀ ਦੀ ਪਛਾਣ ਹੋ ਸਕਦੀ ਹੈ ਕਿ ਗੁਰਬਾਣੀ ਕਿਵੇਂ ਇਤਨੀ ਉੱਚੀ ਤੇ ਸੁੱਚੀ ਹੈ। **(ਸਚਾ ਸਬਦੁ ਸਚੀ ਹੈ ਬਾਣੀ॥ ਗੁਰਮੁਖਿ ਵਿਰਲੈ ਕਿਨੈ ਪਛਾਣੀ॥)**

ਗੁਰਬਾਣੀ ਦਾ ਮਕਸਦ ਸਾਨੂੰ ਸੱਚੇ ਮਨੁੱਖ ਬਣਾਉਣ ਲਈ ਹੀ ਹੈ। ਸੱਚੇ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਗੁਰਬਾਣੀ ਦੀ ਸਮਝਾਈ ਹੋਈ ਸੱਚਾਈ ਨਾਲ ਜੁੜੀਏ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚ ਹੀ ਸਮਝਾ ਰਿਹਾ ਹੈ, ਨਾਮ ਹੀ ਸਮਝਾ ਰਿਹਾ ਹੈ ਭਾਵ ਅਸੀਂ ਸ਼ਬਦ ਦੀ ਸੋਝੀ ਨਾਲ ਜੁੜੀਏ। ਗੁਰੂ ਦੀ ਸੱਚੀ ਮਤਿ ਨਾਲ ਜੁੜ ਕੇ ਹੀ ਅਸੀਂ ਗੁਰੂ ਦੇ ਵੈਰਾਗੀ ਬਣ

ਸਕਦੇ ਹਾਂ। ਵੈਰਾਗੀ ਅਸੀਂ ਗੁਰਮਤਿ ਦੇ ਹੀ ਬਣਨਾ ਹੈ। ਜਦੋਂ ਸਾਨੂੰ ਗੁਰੂ ਦੀ ਮਤਿ ਤੋਂ ਬਿਨ੍ਹਾਂ ਹੋਰ ਕੋਈ ਮਤਿ ਚੰਗੀ ਨਾ ਲੱਗੇ ਅਸੀਂ ਤਾਂ ਹੀ ਗੁਰੂ ਦੇ ਵੈਰਾਗੀ ਬਣ ਸਕਦੇ ਹਾਂ ਤੇ ਤਾਂ ਹੀ ਅਸੀਂ ਆਵਾਗਉਣ ਤੋਂ ਮੁਕਤ ਹੋ ਸਕਦੇ ਹਾਂ। ਆਵਾਗਉਣ ਤੋਂ ਮੁਕਤ ਸਾਨੂੰ ਮਨ ਦੀ ਸੱਚੀ ਸਮਝ ਨੇ ਹੀ ਕਰਨਾ ਹੈ ਜਿਸ ਸਮਝ ਦੁਆਰਾ ਸਾਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਤੇ ਮਨੁੱਖੀ ਹੋਂਦ ਸਮਝਣਾ ਝੂਠ ਹੈ।

(ਸਚੇ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ॥੧੧॥)

ਜੇਕਰ ਮਤਿ ਸਾਡੇ ਅੰਦਰ ਕਿਸੇ ਹੋਰ ਦੀ ਵੱਸੀ ਹੋਈ ਹੈ, ਕਿਸੇ ਸਿਰਮੌਰ ਦੀ ਵੱਸੀ ਹੋਈ ਹੈ ਜਿਸਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ, ਫਿਰ ਅਸੀਂ ਗੁਰੂ ਦੇ ਵੈਰਾਗੀ ਨਹੀਂ ਬਣ ਸਕਦੇ। ਕਿਸੇ ਦੀ ਵੀ ਦਿੱਤੀ ਮਤਿ, ਕਿਸੇ ਵੀ ਹੋਰ ਕੋਲੋਂ ਲਈ ਹੋਈ ਮਤਿ ਜੋ ਗੁਰਮਤਿ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ ਉਹ ਸਾਨੂੰ ਕਦੇ ਨਹੀਂ ਮੰਨਣੀ ਚਾਹੀਦੀ। ਜੇਕਰ ਅਸੀਂ ਆਵਾਗਉਣ ਤੋਂ ਬਚਣਾ ਹੈ ਫਿਰ ਸਾਨੂੰ ਗੁਰਮਤਿ ਦੇ ਵੈਰਾਗੀ ਹੀ ਬਣਨਾ ਪਵੇਗਾ ਜਿਸ ਲਈ ਸਾਨੂੰ ਗੁਰਮਤਿ ਦੀ ਸੋਝੀ ਦਾ ਪੈਣਾ ਜ਼ਰੂਰੀ ਹੈ, ਨਾਮ ਦੀ ਸੋਝੀ ਦਾ ਪੈਣਾ ਜਰੂਰੀ ਹੈ। ਆਵਾਗਉਣ ਤੋਂ ਮੁਕਤੀ ਮਨ ਦੀ ਹਉਮੈ ਦੂਰ ਹੋਣ ਦੁਆਰਾ ਹੀ ਹੁੰਦੀ ਹੈ ਜੋ ਝੂਠੀ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ, ਇਹ ਸਰੀਰ ਮੇਰਾ ਹੈ।

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਬਦੁ ਬੁਝੈ ਸੋ ਮੈਲੁ ਚੁਕਾਏ॥ ਨਿਰਮਲ ਨਾਮੁ ਵਸੈ ਮਨਿ ਆਏ॥
ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ॥੧੨॥”

ਸਾਡੇ ਅੰਦਰ ਮੈਲ ਦਾ ਕਾਰਨ ਸਾਡੀ ਹਉਮੈ ਹੈ, ਅਗਿਆਨਤਾ ਹੈ, ਭਰਮ ਹੈ ਜੋ ਕਿ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਹਉਮੈ ਦੀ ਮੈਲ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਤੇ ਉਹ ਆਪ ਹੀ ਕੱਢ ਸਕਦਾ ਹੈ। ਸਾਡੀ ਇਹ ਮਨ ਦੀ ਮੈਲ “ਸ਼ਬਦੁ” ਦੁਆਰਾ ਹੀ ਜਾਂਦੀ ਹੈ ਭਾਵ ਉਸਦੇ ਸੱਚੇ ਗਿਆਨ ਦੁਆਰਾ ਹੀ ਜਾਂਦੀ ਹੈ। “ਸ਼ਬਦੁ” ਭਾਵ ਗੁਰੂ ਪ੍ਰਮਾਤਮਾ ਸਾਡੇ ਅੰਦਰ ਹੀ ਹੈ। “ਸ਼ਬਦੁ” ਹੀ ਨਾਮ ਹੈ ਭਾਵ ਗੁਰੂ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਗਿਆਨ ਰਾਹੀਂ ਵਿਚਰ ਰਿਹਾ ਹੈ। “ਸ਼ਬਦੁ” ਨੂੰ ਅਸੀਂ ਆਪਣੇ ਅੰਦਰੋਂ ਬੁੱਝਣਾ ਹੈ ਭਾਵ ਜਾਣਨਾ ਹੈ ਭਾਵ ਆਪਣੇ ਮਨ ਦੇ ਗਿਆਨ ਨੂੰ ਜਾਣਨਾ ਹੈ, ਮਨ ਦੀਆਂ ਸੋਚਾਂ ਨੂੰ ਬੁੱਝਣਾ ਹੈ ਕਿ ਇਹ ਕੀ ਹਨ ਤੇ ਕਿੱਥੋਂ ਆਉਂਦੀਆਂ ਹਨ। ਸਾਡੇ ਅੰਦਰ ਪ੍ਰਮਾਤਮਾ ਸ਼ਬਦ ਰੂਪ ਵਿੱਚ ਇਹਨਾਂ ਮਨ ਦੇ ਵਿਚਾਰਾਂ ਰਾਹੀਂ ਹੀ ਵਿਚਰਦਾ ਹੈ। **(ਸਬਦਿ ਰਵੈ ਮਨਿ ਗਿਆਨੁ॥)** ਅਸੀਂ ਜੋ ਕੁੱਝ ਵੀ ਕਰਦੇ ਹਾਂ, ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦੇ ਹਾਂ ਪਰ ਅਸੀਂ ਇਹਨਾਂ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ ਤੇ ਇਹ ਹੀ ਸਾਡੀ “ਮੈਂ” ਹੈ, ਹਉਮੈ ਹੈ, ਅਗਿਆਨਤਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਨਿਰਗੁਣ ਰੂਪ “ਪੜਦਾ” ਹੈ ਜੋ ਸਾਨੂੰ ਨਜ਼ਰ ਨਹੀਂ ਆਉਂਦਾ। ਜਦ ਤੱਕ ਸਾਡੇ ਅੰਦਰ ਇਹ “ਹਉਮੈ” ਦਾ ਪੜਦਾ ਹੈ ਤਦ ਤੱਕ ਸਾਡੇ ਅੰਦਰ “ਨਾਮ” ਨਹੀਂ ਹੈ ਭਾਵ ਪ੍ਰਮਾਤਮਾ ਦੇ ਸਾਡੇ ਅੰਦਰ ਹੁੰਦੇ ਹੋਏ ਵੀ ਸਾਨੂੰ ਉਸਦੀ ਸਮਝ ਨਹੀਂ ਹੈ। “ਸ਼ਬਦੁ” ਨੂੰ ਅਸੀਂ ਆਪਣੇ ਅੰਦਰੋਂ ਤਾਂ ਹੀ ਬੁੱਝ ਸਕਦੇ ਹਾਂ ਜੇਕਰ ਉਹ “ਸ਼ਬਦੁ” “ਗੁਰੂ ਪ੍ਰਮਾਤਮਾ” ਆਪ ਹੀ ਸਾਨੂੰ ਅੰਦਰ ਪ੍ਰਗਟ ਹੋ ਕੇ ਇਹ ਸਮਝਾਏ ਕਿ ਇਸ ਮਨ ਨੂੰ ਗਿਆਨ ਕਿੱਥੋਂ ਆਉਂਦਾ ਹੈ, “ਸ਼ਬਦੁ” ਕਿਸ ਤਰੀਕੇ ਨਾਲ ਗੁਰੂ ਹੈ। ਅੰਦਰ ਪ੍ਰਗਟ ਹੋ ਕੇ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਜੋ ਸਾਨੂੰ ਅਗਿਆਨਤਾ ਵਿੱਚੋਂ, ਹਉਮੈ ਵਿੱਚੋਂ ਕੱਢਦਾ ਹੈ ਤੇ ਇਹੀ ਸਾਡੇ ਅੰਦਰ “ਨਾਮੁ” ਦਾ ਵੱਸਣਾ ਹੈ ਜੋ ਸਾਡੇ ਮਨ ਨੂੰ ਨਿਰਮਲ ਕਰਦਾ ਹੈ, ਪਵਿੱਤਰ ਕਰਦਾ ਹੈ, ਅਗਿਆਨਤਾ ਦੀ ਮੈਲ ਤੋਂ ਪਵਿੱਤਰ ਕਰਦਾ ਹੈ, ਹਉਮੈ ਦੀ ਮੈਲ ਤੋਂ ਪਵਿੱਤਰ ਕਰਦਾ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਮਨੁੱਖ ਆਵਾਗਉਣ ਤੋਂ ਮੁਕਤ ਹੁੰਦਾ ਹੈ ਕਿਉਂਕਿ ਉਸਨੂੰ ਸਮਝ ਪੈ ਜਾਂਦੀ ਹੈ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਹੈ। ਮਨ ਵਿੱਚ ਸੱਚੇ ਗਿਆਨ ਦੁਆਰਾ ਸੱਚੀ ਸੋਝੀ ਪੈਣ ਨਾਲ ਹੀ ਫਿਰ ਅਸੀਂ ਪ੍ਰਮਾਤਮਾ ਦੀ ਉਸ ਰੂਪ ਵਿੱਚ ਸੇਵਾ ਕਰ ਸਕਦੇ ਹਾਂ ਜਿਹੋ ਜਿਹੀ ਸੇਵਾ ਕਰਨੀ ਸਾਨੂੰ ਗੁਰਬਾਣੀ ਸਮਝਾ ਰਹੀ ਹੈ। “ਨਾਮੁ” ਵੱਸਣ ਤੋਂ ਪਹਿਲੇ ਭਾਵ ਹਉਮੈ ਨਿਕਲਣ ਤੋਂ ਪਹਿਲੇ ਅਸੀਂ ਗੁਰੂ ਦੀ ਸੱਚੀ ਮਤਿ ਨਾਲ ਜੁੜਨ ਦਾ ਉੱਦਮ ਹੀ ਕਰਨਾ ਹੈ ਤਾਂ ਜੋ ਸਾਨੂੰ “ਨਾਮੁ” ਦੀ ਪ੍ਰਾਪਤੀ ਹੋ ਸਕੇ, ਨਾਮ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕੇ। **(ਸਬਦੁ ਬੁਝੈ ਸੋ ਮੈਲੁ ਚੁਕਾਏ॥ ਨਿਰਮਲ ਨਾਮੁ ਵਸੈ ਮਨਿ ਆਏ॥ ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ॥੧੨॥)**

“ਗੁਰ ਤੇ ਬੂਝੈ ਤਾ ਦਰੁ ਸੂਝੈ॥
ਨਾਮ ਵਿਹੂਣਾ ਕਥਿ ਕਥਿ ਲੂਝੈ॥
ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ॥੧੩॥”

ਉੱਪਰ ਧਿਆਨ ਨਾਲ ਸਮਝੋ ਕਿ “ਨਾਮ ਵਿਹੂਣਾ” ਕਿਸ ਨੂੰ ਕਿਹਾ ਹੈ। ਜਦ ਤੱਕ ਗੁਰੂ ਸਾਨੂੰ ਆਪ ਨਹੀਂ ਸਮਝਾਉਂਦਾ, ਆਪ ਮਨ ਵਿੱਚ ਆਪਣਾ ਸੱਚਾ ਗਿਆਨ ਨਹੀਂ ਦਿੰਦਾ, ਤਦ ਤੱਕ ਅਸੀਂ ਉਸ ਦੇ ਦਰ ਤੇ ਨਹੀਂ ਪਹੁੰਚ ਸਕਦੇ, ਨਾਮ ਦੇ ਦਰ ਤੇ ਨਹੀਂ ਪਹੁੰਚ ਸਕਦੇ। ਉਸਦਾ ਦਰ ਸੱਚੇ ਗਿਆਨ ਦਾ ਦਰ ਹੈ। ਗੁਰਬਾਣੀ ਉਸਦਾ ਸੱਚੇ ਗਿਆਨ ਦਾ ਦਰ ਹੈ ਤੇ ਗੁਰਬਾਣੀ ਦੇ ਦਰ ਦੀ ਸੋਝੀ ਮਨ ਦੇ ਵਿੱਚੋਂ ਹੀ ਆਈ ਹੈ, ਪ੍ਰਗਟ ਹੋਈ ਹੈ। ਮਨ ਦੇ ਵਿੱਚ ਪ੍ਰਮਾਤਮਾ ਦਾ ਸੱਚਾ ਦਰ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਤੇ ਪੂਰੀ ਗੁਰਬਾਣੀ ਇਸੇ ਲਈ “ਨਾਮ” ਹੈ। ਜਦ ਤੱਕ ਸਾਨੂੰ ਨਾਮ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਨੂੰ ਨਾਮ ਜਪਣਾ ਵੀ ਨਹੀਂ ਆਉਂਦਾ ਤੇ ਅਸੀਂ “ਨਾਮ ਵਿਹੂਣੇ” ਹੀ ਹਾਂ। ਇਸੇ ਲਈ ਹਰ ਕੋਈ ਕਥਨੀ ਵਿੱਚ ਹੀ ਲੱਗਾ ਹੋਇਆ ਹੈ ਜਦ ਕਿ ਪ੍ਰਮਾਤਮਾ ਦਾ ਨਾਮ ਜਪਣਾ ਸਾਡੀ ਸੱਚੀ ਸੁੱਚੀ ਕਿਰਤ ਹੈ। ਸੱਚੀ ਸੁੱਚੀ ਕਿਰਤ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਡੇ ਅੰਦਰੋਂ ਤ੍ਰਿਸ਼ਨਾ ਨਿਕਲੇ, ਮਾਇਆ ਮੋਹ ਨਿਕਲੇ, ਮਾਇਆ ਦੀ ਭੁੱਖ ਨਿਕਲੇ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਪ੍ਰਮਾਤਮਾ ਦੀ ਵਡਿਆਈ ਅਸੀਂ ਉਸਦੀ ਇਹੋ ਜਿਹੀ ਸੇਵਾ ਦੁਆਰਾ ਕਰ ਸਕਦੇ ਹਾਂ ਭਾਵ ਵਿਕਾਰ ਰਹਿਤ ਹੋ ਕੇ ਚੰਗੇ ਕਰਮਾਂ ਦੁਆਰਾ ਕਰ ਸਕਦੇ ਹਾਂ। ਆਪਣਾ ਨਾਮ ਦੇ ਕੇ ਭਾਵ ਆਪਣੀ ਸੱਚੀ ਮਤਿ ਦੇ ਕੇ ਪ੍ਰਮਾਤਮਾ ਸਾਡੀ ਤ੍ਰਿਸ਼ਨਾ, ਮਾਇਆ ਮੋਹ ਹੀ ਕੱਢਦਾ ਹੈ ਤਾਂ ਜੋ ਅਸੀਂ ਉਸਨੂੰ ਜਪ ਸਕੀਏ। ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾਵਾਂ ਹਨ, ਮਾਇਆ ਮੋਹ ਹੈ ਤਦ ਤੱਕ ਕੋਈ ਨਾਮ ਜਪਣ ਵਾਲਾ ਨਹੀਂ ਹੈ ਤੇ ਅਸੀਂ ਕਥਨੀ ਦੁਆਰਾ ਬੋਲ ਬੋਲ ਕੇ ਆਪਣੇ ਵਲੋਂ ਜੋ ਨਾਮ ਜਪਦੇ ਹਾਂ ਉਹ ਕੇਵਲ ਸਾਡਾ ਭਰਮ ਹੈ। **(ਗੁਰ ਤੇ ਬੂਝੈ ਤਾ ਦਰੁ ਸੂਝੈ॥ ਨਾਮ ਵਿਹੂਣਾ ਕਥਿ ਕਥਿ ਲੂਝੈ॥ ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ॥੧੩॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਨਾਮ ਸਾਨੂੰ ਪ੍ਰਮਾਤਮਾ ਕੋਲੋਂ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ ਤੇ ਨਾਮ ਦੀ ਪ੍ਰਾਪਤੀ, ਨਾਮ ਦਾ ਵੱਸਣਾ ਪ੍ਰਮਾਤਮਾ ਦੇ ਨਾਲ ਮੇਲ ਹੀ ਹੈ।

“ਆਪੇ ਆਪਿ ਮਿਲੈ ਤਾ ਬੂਝੈ॥ ਗਿਆਨ ਵਿਹੂਣਾ ਕਿਛੁ ਨ ਸੂਝੈ॥
ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ॥੧੪॥”

ਆਪਣੇ ਅੰਦਰੋਂ “ਸ਼ਬਦੁ” ਨੂੰ ਬੁਝਣਾ ਜਾਂ “ਨਾਮੁ” ਦਾ ਵੱਸਣਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਹੈ ਤੇ ਆਪਣੇ ਮੇਲ ਦੁਆਰਾ ਉਹ ਆਪ ਹੀ ਆਪਣਾ ਆਪ ਬੁਝਾਉਂਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਸੋਝੀ ਪਾਉਂਦਾ ਹੈ ਤੇ ਤਦ ਤੱਕ ਮਨੁੱਖ ਗਿਆਨ ਵਿਹੂਣਾ ਹੀ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਤੋਂ ਵਿਹੂਣਾ ਹੀ ਹੈ। ਇਹਨਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਇਸੇ ਗੱਲ ਲਈ ਨਾਮ ਵਿਹੂਣਾ ਕਿਹਾ ਹੈ। **{ਗੁਰ ਤੇ ਬੂਝੈ ਤਾ ਦਰੁ ਸੂਝੈ॥ ਨਾਮ ਵਿਹੂਣਾ ਕਥਿ ਕਥਿ ਲੂਝੈ॥}** ਪ੍ਰਮਾਤਮਾ ਦਾ ਸੱਚਾ ਗਿਆਨ ਹੀ ਨਾਮ ਹੈ, ਗੁਰਬਾਣੀ ਦਾ ਗਿਆਨ ਹੀ ਨਾਮ ਹੈ। ਇਹ ਗੱਲ ਜਦ ਤੱਕ ਸਾਡੇ ਅੰਦਰ ਦ੍ਰਿੜ ਨਹੀਂ ਹੁੰਦੀ ਅਸੀਂ ਗੁਰਬਾਣੀ ਨੂੰ ਜਾਨਣ ਤੋਂ ਅਗਿਆਨਤਾ ਵਿੱਚ ਹੀ ਰਹਾਂਗੇ। ਇਹੀ ਗੱਲ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਵਾਰ-ਵਾਰ ਸਮਝਦੇ ਆ ਰਹੇ ਹਾਂ।

{ਗੁਰ ਗਿਆਨੁ ਪਦਾਰਥੁ ਨਾਮੁ ਹੈ}

(ਅੰਗ ੭੫੯)

{ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥}

(ਅੰਗ 1069)

ਜਦ ਤੱਕ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਨਹੀਂ ਪੈਂਦੀ, ਨਾਮ ਦੀ ਸੱਚੀ ਸੋਝੀ ਨਹੀਂ ਪੈਂਦੀ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਜਾਣਨ ਬਾਰੇ ਅਗਿਆਨਤਾ ਵਿੱਚ ਹੀ ਹਾਂ, ਭਰਮ ਵਿੱਚ ਹੀ ਹਾਂ ਕਿ ਸਭ ਜਗ੍ਹਾ, ਸਭ ਵਿੱਚ ਪ੍ਰਮਾਤਮਾ ਆਪ ਹੀ ਹੈ, ਗਿਆਨ ਰੂਪ ਵਿੱਚ ਹੈ। **(ਆਪੇ ਆਪਿ ਮਿਲੈ ਤਾ ਬੂਝੈ॥ ਗਿਆਨ ਵਿਹੂਣਾ ਕਿਛੁ ਨ ਸੂਝੈ॥)** ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ

ਹਰ ਕੋਈ ਗਿਆਨ ਵਿਹੂਣਾ ਹੀ ਹੈ, ਗਿਆਨ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਗਿਆਨੀ ਅਖਵਾ ਸਕਦਾ ਹੈ ਭਾਵ ਧਾਰਮਿਕ ਵਿਦਵਾਨ ਅਖਵਾ ਸਕਦਾ ਹੈ। ਇਸ ਗੱਲ ਨੂੰ ਅਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤਿ ਸਾਨੂੰ ਕਿੱਥੋਂ ਪ੍ਰਾਪਤ ਹੁੰਦੀ ਹੈ, ਨਾਮ ਦੀ ਪ੍ਰਾਪਤੀ ਕਿੱਥੋਂ ਹੁੰਦੀ ਹੈ, ਇਹ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ॥੪॥”

ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਦੀ ਦਾਤਿ, ਉਸਦੇ ਨਾਮ ਦੀ ਦਾਤਿ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਤੇ ਉੱਥੋਂ ਹੀ ਪ੍ਰਾਪਤ ਹੋਣੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਵਾਰ-ਵਾਰ ਜਾਣਦੇ ਆ ਰਹੇ ਹਾਂ। ਗੁਰਬਾਣੀ ਸੱਚੀ ਬਾਣੀ ਹੈ ਤੇ ਬਾਣੀ ਦੀ ਗੱਲ ਕਦੇ ਗਲਤ ਨਹੀਂ ਹੋ ਸਕਦੀ। ਇਹ ਪ੍ਰਮਾਤਮਾ ਦੇ ਆਪਣੇ ਬੋਲ ਹਨ। ਸਾਡੇ ਅੰਦਰ ਜੋ ਵੀ ਬਾਣੀ ਵੱਜ ਰਹੀ ਹੈ, ਜੋ ਵੀ ਨਾਦ ਵੱਜ ਰਿਹਾ ਹੈ ਭਾਵ ਸਾਡੇ ਮਨ ਦੇ ਅੰਦਰ ਜੋ ਵੀ ਬਾਣੀ ਉਪਜਦੀ ਹੈ, ਜੋ ਵੀ ਬੋਲ ਸਾਡੇ ਬੋਲਣ ਲਈ ਉਪਜਦੇ ਹਨ, ਜੋ ਵੀ ਬਾਣੀ ਅਸੀਂ ਬੋਲਦੇ ਹਾਂ ਇਹ ਸਾਡੇ ਅੰਦਰ ਸ਼ਬਦਿ ਰਾਹੀਂ ਆਉਂਦੀ ਹੈ, ਗੁਰੂ ਪ੍ਰਮਾਤਮਾ ਦੇ ਰਾਹੀਂ ਆਉਂਦੀ ਹੈ।

ਸ਼ਬਦ ਸਾਡੇ ਅੰਦਰ ਸਦਾ ਹੀ ਵਰਤ ਰਿਹਾ ਹੈ, ਮਨਿ ਦੇ ਵਿਚਾਰਾਂ ਰਾਹੀਂ ਵਰਤ ਰਿਹਾ ਹੈ ਪਰ ਇਸ ਗੱਲ ਦੀ ਸੋਝੀ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਪਾਉਂਦਾ ਹੈ, ਆਪਣੇ ਨਾਮ ਦੀ ਦਾਤਿ ਆਪ ਹੀ ਦਿੰਦਾ ਹੈ। **(ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ॥੧੪॥)**

ਪ੍ਰਮਾਤਮਾ ਦੀ ਇਹ ਨਾਮ ਦੀ ਦਾਤਿ ਇਸ ਸ੍ਰਿਸ਼ਟੀ ਦੀ ਸਭ ਤੋਂ ਵੱਡੀ ਦਾਤਿ ਹੈ ਜੋ ਕਿ ਕੇਵਲ ਤੇ ਕੇਵਲ ਉਹ ਆਪ ਹੀ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ, ਸੁਪਨੇ ਵਿੱਚ ਵੀ ਨਹੀਂ ਦੇ ਸਕਦਾ। ਨਾਮ ਦੀ ਕਿਸੇ ਨੂੰ ਸੋਝੀ ਨਹੀਂ ਹੈ ਜਿਸ ਕਰਕੇ ਭਰਮ ਨੂੰ ਨਾਮ ਸਮਝਕੇ ਵੰਡਿਆ ਜਾ ਰਿਹਾ ਹੈ, ਮੰਨਿਆ ਜਾ ਰਿਹਾ ਹੈ। ਸਭ ਪਾਸੇ ਭਰਮ ਹੀ ਭਰਮ ਹੈ।

“ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ॥
ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ॥
ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥
ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ॥੪॥੨॥”

(ਅੰਗ ੮੪੪)

ਇਸ ਸ਼ਬਦ ਵਿੱਚ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਕਿਵੇਂ ਮਨੁੱਖ ਤੇ ਰੀਝਦਾ ਹੈ ਭਾਵ ਪ੍ਰਸੰਨ ਹੁੰਦਾ ਹੈ। ਜਦੋਂ ਮਨੁੱਖ ਆਪਣੇ ਮਨ ਨੂੰ ਮਾਰ ਲੈਂਦਾ ਹੈ ਭਾਵ ਆਪਣੀ ਮਤਿ ਤਿਆਗ ਦਿੰਦਾ ਹੈ ਤੇ ਗੁਰੂ ਦੀ ਮਤਿ ਲੈਂਦਾ ਹੈ, ਤਾਂ ਹੀ ਉਹ ਪ੍ਰਮਾਤਮਾ ਨੂੰ ਪਛਾਣ ਸਕਦਾ ਹੈ ਤੇ ਉਸਦਾ ਮਨ ਅਡੋਲ ਹੁੰਦਾ ਹੈ। ਮਨੁੱਖ ਦਾ ਮਨ ਮਾਇਆ ਮੋਹ ਵਿੱਚ ਡੋਲਦਾ ਹੈ ਭਾਵ ਸੱਚ ਤੇ ਨਹੀਂ ਟਿਕਦਾ, ਗੁਰਮਤਿ ਤੇ ਨਹੀਂ ਟਿਕਦਾ ਜਿਸ ਦਾ ਕਾਰਨ ਸਾਡੀ ਮਨਮਤਿ ਹੈ। ਜਿਥੇ ਗੁਰਮਤਿ ਨਹੀਂ ਉੱਥੇ ਮਨਮਤਿ ਹੈ ਭਾਵ ਮਾਇਆ ਮੋਹ ਵਾਲੀ ਸਮਝ ਹੈ ਜੋ ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਲਈ ਡੋਲਦੀ ਹੈ, ਤ੍ਰਿਸ਼ਨਾਵਾਂ ਦੀ ਪੂਰਤੀ ਲਈ ਡੋਲਦੀ ਹੈ। ਮਨਮਤਿ ਛੱਡਣ ਨਾਲ ਹੀ ਮਨ ਅਡੋਲ ਹੁੰਦਾ ਹੈ। ਜਦ ਗੁਰੂ ਦਾ ਗਿਆਨ ਮਨੁੱਖ ਦੇ ਹਿਰਦੇ ਵਿੱਚ ਵੱਸ ਜਾਂਦਾ ਹੈ ਤੇ ਫਿਰ ਗੁਰੂ ਨੂੰ ਹੀ ਆਪਣਾ ਖਸਮ ਸਮਝ ਕੇ, ਪ੍ਰਮਾਤਮਾ ਨੂੰ ਆਪਣਾ ਮਾਲਕ ਸਮਝ ਕੇ ਭਾਵ ਗੁਰੂ ਦੀ ਮਤਿ ਨੂੰ ਆਪਣਾ ਮਾਲਕ ਸਮਝ ਕੇ ਉਸਦਾ ਹੀ ਆਸਰਾ ਤੱਕਦਾ ਹੈ। ਪ੍ਰਮਾਤਮਾ ਗੁਰਮਤਿ ਦੇ ਰੂਪ ਵਿੱਚ, ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿਚ, ਸੱਚ ਦੇ ਰੂਪ ਵਿੱਚ ਹੀ ਸਾਡਾ ਖਸਮ ਹੈ, ਆਪਣੀ ਸੱਚੀ ਬਾਣੀ ਦੇ ਰੂਪ ਵਿੱਚ ਹੀ ਸਭ ਦਾ ਖਸਮ ਹੈ।

{ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥}

(ਅੰਗ 922)

ਉਹ ਸੱਚਾ ਪ੍ਰਮਾਤਮਾ ਮਨੁੱਖ ਦੇ ਅੰਦਰ ਸੱਚ ਵਸਾਉਣ ਦੁਆਰਾ ਹੀ ਵੱਸਦਾ ਹੈ ਤੇ ਫਿਰ ਮਨੁੱਖ ਗੁਰੂ ਦੇ ਗਿਆਨ, ਉਪਦੇਸ਼ ਨੂੰ ਹੀ ਮੰਨਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚੁ ਨੂੰ ਹੀ ਮੰਨਦਾ ਹੈ। ਇਹ ਨਾਮ ਦੀ ਪ੍ਰਾਪਤੀ ਦੁਆਰਾ ਹੀ ਹੁੰਦਾ ਹੈ। ਜਦ ਤੱਕ ਸਾਡੇ ਅੰਦਰ ਸੱਚ ਨਹੀਂ ਵੱਸਦਾ, ਸਾਡਾ ਪ੍ਰਮਾਤਮਾ ਨਾਲ ਝਗੜਾ ਨਹੀਂ ਨਿਬੜ ਸਕਦਾ। ਪ੍ਰਮਾਤਮਾ ਨਾਲ ਸਾਡਾ ਝਗੜਾ ਮਨ ਦੇ ਵਿਕਾਰਾਂ ਕਰਕੇ ਹੀ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ, ਮਨਮਤਿ ਹੈ ਜਿਸਨੂੰ ਸੱਚੁ ਦੀ ਸਮਝ ਨਹੀਂ ਹੈ, ਗੁਰਮਤਿ ਦੀ ਸਮਝ ਨਹੀਂ ਹੈ, ਨਾਮ ਦੀ ਸਮਝ ਨਹੀਂ ਹੈ। ਇਹ ਵਿਕਾਰ ਸਾਡੇ ਅੰਦਰ ਸੱਚ ਵੱਸਣ ਦੁਆਰਾ, ਗੁਰੂ ਦੀ ਮਤਿ ਵੱਸਣ ਦੁਆਰਾ ਹੀ ਨਿਕਲਦੇ ਹਨ। ਝਗੜਾ ਅਸਲ ਵਿੱਚ ਮਨਮਤਿ ਦਾ ਤੇ ਗੁਰਮਤਿ ਦਾ ਹੈ, ਹਉਮੈ ਦਾ ਤੇ ਨਾਮ ਦਾ ਹੈ। (**ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ॥ ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ॥ ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ॥**) ਮਨ ਦਾ ਮਾਰਨ ਕੀ ਹੈ ਇਸ ਗੱਲ ਨੂੰ ਅੱਗੇ ਚੱਲ ਕੇ ਹੋਰ ਵੀ ਬਾਰੀਕੀ ਨਾਲ ਸਮਝਾਂਗੇ ਕਿਉਂਕਿ ਮਨ ਦਾ ਮਾਰਨ ਹੀ ਤੇ ਨਾਮ ਜਪਣਾ ਹੈ।

“ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥
ਏਹ ਵਡਿਆਈ ਗੁਰ ਤੇ ਪਾਈ
ਸਤਿਗੁਰ ਕਉ ਸਦ ਬਲਿ ਜਾਈ ਹੇ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ
ਕਰਮਿ ਮਿਲੈ ਸੁਖੁ ਪਾਈ ਹੇ॥੧੦॥”

(ਅੰਗ ੧੦੬੯)

ਇਸ ਸ਼ਬਦ ਰਾਹੀਂ ਬੜਾ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਨਾਮ ਗੁਰੂ ਦਾ ਸੱਚਾ ਗਿਆਨ ਹੈ ਤੇ ਨਾਮ ਦੀ ਪ੍ਰਾਪਤੀ ਮਨ ਦੇ ਵਿੱਚ ਗਿਆਨ ਦੇ ਪ੍ਰਗਟ ਹੋਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਸ਼ਬਦ ਨੂੰ ਸਮਝਿਆ ਹੈ। ਨਾਮ ਨੂੰ “ਗਿਆਨ ਰਤਨੁ” ਕਹਿਆ ਹੈ ਤੇ ਰਤਨ ਗੁਰੂ ਦਾ ਸ਼ਬਦ ਹੈ। (**ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥ ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥**) ਸ਼ਬਦ ਰਤਨ ਹੀ ਗਿਆਨ ਰਤਨ ਹੈ। ਰਤਨ ਬਹੁਤ ਕੀਮਤੀ ਹੁੰਦਾ ਹੈ ਤੇ ਗੁਰੂ ਦਾ ਸਬਦ, ਗੁਰੂ ਦਾ ਨਾਮ ਆਪਣੇ ਉੱਚੇ ਗਿਆਨ ਦੁਆਰਾ ਕੀਮਤੀ ਹੈ, ਬ੍ਰਹਮ ਗਿਆਨ ਦੁਆਰਾ ਕੀਮਤੀ ਹੈ। ਜਿਸ ਰਤਨ ਦੀ ਪ੍ਰਾਪਤੀ ਦੇ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ ਉਸ ਤੋਂ ਕੀਮਤੀ ਵਸਤੂ ਹੋਰ ਕੀ ਹੋ ਸਕਦੀ ਹੈ। ਗਿਆਨ ਰਤਨ ਸਾਡੇ ਮਨ ਦੇ ਵਿੱਚੋਂ ਪ੍ਰਗਟ ਹੁੰਦਾ ਹੈ, ਨਾਮ ਪਦਾਰਥ ਸਾਡੇ ਮਨ ਦੇ ਵਿੱਚੋਂ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਆਪ ਸਾਡੇ ਮਨ ਦੇ ਵਿੱਚ ਹੀ ਹੈ ਤੇ ਉਹ ਮਨ ਦੇ ਵਿਚੋਂ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਅਪਣੇ ਆਪ ਨੂੰ ਭਗਤਾਂ ਦੇ ਸਰੀਰਾਂ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਜਿਸ ਰੂਪ ਵਿੱਚ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹ “ਗਿਆਨ ਰਤਨ” ਦੇ ਰੂਪ ਵਿੱਚ ਹੀ ਪ੍ਰਗਟ ਕੀਤਾ ਹੈ ਤੇ ਇਸੇ ਲਈ ਸਭ ਨੇ ਗੁਰਬਾਣੀ ਵਿੱਚ ਇੱਕੋ ਜਿਹਾ ਗਿਆਨ ਰਤਨ ਪਾਇਆ ਹੈ, ਇੱਕੋ ਜਿਹੀ ਗੁਰਮਤਿ ਸਮਝਾਈ ਹੈ, ਇੱਕੋ ਜਿਹਾ ਨਾਮ ਸਮਝਾਇਆ ਹੈ, ਇੱਕੋ ਜਿਹਾ ਭਗਤੀ ਦਾ ਤਰੀਕਾ ਸਮਝਾਇਆ ਹੈ, ਪ੍ਰਮਾਤਮਾ ਦਾ ਇੱਕੋ ਜਿਹਾ ਰੂਪ ਸਮਝਾਇਆ ਹੈ, ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਜਿਹਾ ਤਰੀਕਾ ਸਮਝਾਇਆ ਹੈ। ਗਿਆਨ ਰਤਨ ਪੂਰਨ ਸੱਚ ਰੂਪ ਰਤਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਗਿਆਨ ਰਤਨ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ, ਨਾਮ ਪਦਾਰਥ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। ਆਪਣਾ ਨਾਮ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ, ਗਿਆਨ ਰਤਨ ਦੇ ਰੂਪ ਵਿੱਚ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਜੋ ਉਸਦੇ ਗੁਰੂ ਰੂਪ ਨਾਲ ਜੁੜੇਗਾ, ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜੇਗਾ ਫਿਰ ਉਹੀ ਪ੍ਰਮਾਤਮਾ ਕੋਲੋਂ ਗਿਆਨ ਰਤਨ ਦੀ ਪ੍ਰਾਪਤੀ ਕਰਨ ਦਾ ਉਪਰਾਲਾ ਕਰ ਸਕਦਾ ਹੈ। ਜੇਕਰ ਅਸੀਂ ਕਿਸੇ ਅੱਖਰ ਦੀ ਕਥਨੀ

ਕਰੀ ਜਾਣ ਨੂੰ ਹੀ ਨਾਮ ਜਪਣਾ ਸਮਝੀ ਜਾਵਾਂਗੇ ਤਾਂ ਫਿਰ ਗੁਰੂ ਕੋਲੋਂ ਮਤਿ ਲੈਣ ਦਾ ਮਕਸਦ ਹੀ ਕੀ ਰਹਿ ਗਿਆ। ਭਰਮੇ ਹੋਇਆਂ ਦੀ ਮਤਿ ਨਾਲ ਜੁੜਕੇ ਅਸੀਂ ਕਦੇ ਗਿਆਨ ਰਤਨ ਦੀ, ਨਾਮ ਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦੇ। ਨਾਮ ਦੀ ਪ੍ਰਾਪਤੀ ਨਾਲ ਹੀ ਸਾਨੂੰ "ਸਹਜ" ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ। "ਸਹਜ" ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। (**ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ॥**)

ਨਾਮ ਨੂੰ ਹੀ ਸੂਰਜ ਪ੍ਰਤੀਕ ਕਿਹਾ ਗਿਆ ਹੈ ਭਾਵ ਚਾਨਣ ਦਾ, ਗਿਆਨ ਦਾ ਪ੍ਰਤੀਕ ਕਿਹਾ ਗਿਆ ਹੈ ਜਿਸ ਨਾਲ ਅਗਿਆਨਤਾ ਦਾ ਹਨੇਰਾ ਮਿਟ ਕੇ ਮਨ ਵਿੱਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਭਾਵ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਸਾਨੂੰ "ਨਾਮੁ" ਦੀ ਪ੍ਰਾਪਤੀ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਕਾਫੀ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੀ ਸਾਡੇ ਅੰਦਰ "ਸਹਜ" ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ, ਭਰਮ, ਦੁਬਿਧਾ, ਸਹਸਾ, ਮਾਇਆ ਮੋਹ ਵਾਲੀ ਅਵੱਸਥਾ ਵਿੱਚੋਂ ਭਾਵ ਭਰਮ ਦੇ ਬੰਧਨ ਵਿੱਚੋਂ, ਹਉਮੈ ਦੇ ਬੰਧਨ ਵਿੱਚੋਂ ਕੱਢਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ। "ਨਾਮੁ" ਮਿਲਣ ਦੁਆਰਾ ਹੀ ਸਾਡੀ "ਹਉਮੈ" ਦੂਰ ਹੁੰਦੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਦੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਨੂੰ ਜੋ ਵੀ ਗਿਆਨ ਦਿੰਦਾ ਹੈ ਉਹ ਨਾਮ ਹੈ। ਮਨ ਦੇ ਵਿੱਚ ਪ੍ਰਗਟ ਹੋਣ ਤੋਂ ਬਾਅਦ ਪ੍ਰਮਾਤਮਾ ਕੋਲੋਂ ਉਸ ਦਾ ਸੱਚਾ ਗਿਆਨ ਸਿੱਧਾ ਹੀ ਮਿਲਦਾ ਹੈ। (**ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥ ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥**) ਗੁਰੂ ਦੇ ਰਤਨ ਦਾ, ਨਾਮ ਰਤਨ ਦਾ, ਸ਼ਬਦ ਰਤਨ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਕਿਉਂਕਿ ਨਾਮ ਰਤਨ ਹੈ ਹੀ ਸੱਚੇ ਗਿਆਨ ਦਾ ਰਤਨ ਤੇ ਗਿਆਨ ਦਾ ਮਕਸਦ ਅਗਿਆਨਤਾ ਕੱਢਣ ਨਾਲ ਹੀ ਹੁੰਦਾ ਹੈ ਤੇ ਸਾਡੀ ਅਗਿਆਨਤਾ ਤਾਂ ਹੀ ਨਿਕਲੇਗੀ ਜੇਕਰ ਅਸੀਂ ਸ਼ਬਦ ਦੀ ਗੱਲ ਨੂੰ ਮੰਨਾਂਗੇ ਤੇ ਸ਼ਬਦ, ਸ਼ਬਦਾਂ ਦੀ ਗੱਲ ਨੂੰ ਮੰਨਣਾ ਹੀ ਨਾਮ ਜਪਣਾ ਹੈ ਭਾਵ ਨਾਮ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਹਰ ਕੋਈ ਉਪਰਲੀਆਂ ਪੰਗਤੀਆਂ ਰਾਹੀਂ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਤੇ ਭਰੋਸਾ ਰਖਣ ਦੀ ਲੋੜ ਹੈ।

"ਅੰਮ੍ਰਿਤ ਨਾਮੁ ਮੰਨਿ ਵਸਾਏ॥ ਹਉਮੈ ਮੇਰਾ ਸਭੁ ਦੁਖੁ ਗਵਾਏ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ॥੧॥ਰਹਾਉ॥
ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ॥੨॥
ਅੰਮ੍ਰਿਤ ਰੰਗਿ ਰਤਾ ਲਿਵ ਲਾਏ॥ ਅੰਮ੍ਰਿਤੁ ਗੁਰ ਪਰਸਾਦੀ ਪਾਏ॥
ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ॥੩॥
ਸੋ ਕਿਛੁ ਕਰੈ ਜੁ ਚਿਤਿ ਨ ਹੋਈ॥ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ॥੪॥
ਅਜਬ ਕੰਮ ਕਰਤੇ ਹਰਿ ਕੇਰੇ॥ ਇਹੁ ਮਨੁ ਭੂਲਾ ਜਾਂਦਾ ਫੇਰੇ॥
ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ॥੫॥
ਖੋਟੇ ਖਰੇ ਤੁਧੁ ਆਪਿ ਉਪਾਏ॥ ਤੁਧੁ ਆਪੇ ਪਰਖੇ ਲੋਕ ਸਬਾਏ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ॥੬॥

ਕਿਉ ਕਰਿ ਵੇਖਾ ਕਿਉ ਸਾਲਾਹੀ॥ ਗੁਰ ਪਰਸਾਦੀ ਸਬਦਿ ਸਲਾਹੀ॥
ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ॥੭॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥
ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥੪॥"

(ਅੰਗ 118-119)

ਆਪ ਜੀ ਇਸ ਪੂਰੇ ਸ਼ਬਦ ਨੂੰ ਧਿਆਨ ਨਾਲ ਪੜ੍ਹੋ ਤੇ ਵਿਚਾਰੋ। ਇਹ ਸਾਰੀਆਂ ਗੱਲਾਂ ਅਸੀਂ ਪਿੱਛੇ ਕਰ ਚੁੱਕੇ ਹਾਂ ਤੇ ਆਪਣੇ ਆਪ ਹੀ ਫੈਸਲਾ ਕਰੋ ਕਿ "ਅੰਮ੍ਰਿਤ" ਕੀ ਹੈ, "ਅੰਮ੍ਰਿਤ" ਬਾਣੀ ਕੀ ਹੈ, "ਅੰਮ੍ਰਿਤ" ਨਾਮ ਕੀ ਹੈ, "ਅੰਮ੍ਰਿਤ" ਬੋਲਣਾ ਕੀ ਹੈ, "ਅੰਮ੍ਰਿਤ" ਧਿਆਉਣਾ ਕੀ ਹੈ, "ਅੰਮ੍ਰਿਤ" ਵੇਖਣਾ ਕੀ ਹੈ, "ਅੰਮ੍ਰਿਤ" ਪਰਖਣਾ ਕੀ ਹੈ, ਦਿਨ ਰਾਤ "ਅੰਮ੍ਰਿਤ" ਕਥਾ ਕਹਿਣਾ ਕੀ ਹੈ, ਦਿਨ ਰਾਤ "ਅੰਮ੍ਰਿਤ ਰਸਨਾ ਬੋਲੈ" ਕੀ ਹੈ, "ਅੰਮ੍ਰਿਤ" ਰੰਗ ਵਿੱਚ ਰੱਤਣਾ ਕੀ ਹੈ, "ਅੰਮ੍ਰਿਤ ਪੀਣਾ" ਕੀ ਹੈ, "ਅੰਮ੍ਰਿਤ ਹੁਕਮ" ਕੀ ਹੈ, "ਅੰਮ੍ਰਿਤ ਸ਼ਬਦ ਵਜਾਉਣਾ" ਕੀ ਹੈ, ਖੋਟੇ ਖਰੇ ਦਾ ਭੇਦ ਕੀ ਹੈ, "ਤੇਰਾ ਭਾਣਾ" ਕੀ ਹੈ, "ਸਤਿਗੁਰੂ ਸੇਵਾ" ਕੀ ਹੈ। ਇਸ ਦੀ ਵਿਚਾਰ ਤੋਂ ਬਾਅਦ ਇਹ ਜ਼ਰੂਰ ਸਮਝ ਲੱਗ ਜਾਵੇਗੀ ਕਿ **"ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ॥"** ਤੋਂ ਭਾਵ ਕੀ ਹੈ ਜੋ ਕਿ "ਰਹਾਉ" ਵਾਲੀ ਪੰਗਤੀ ਹੈ। ਪੂਰੀ ਦੁਨੀਆਂ ਵਿੱਚ ਇੱਕੋ "ਅੰਮ੍ਰਿਤੁ" ਹੈ ਤੇ ਉਹ ਆਪ ਹੀ ਸਭ ਕੁੱਝ ਹੈ। ਉਹ ਆਪ ਹੀ "ਬਾਣੀ" ਹੈ ਤੇ ਬਾਣੀ ਦੇ ਰੂਪ ਵਿੱਚ ਆਪ ਹੀ "ਨਾਮੁ" ਹੈ। ਧਿਆਨ ਨਾਲ ਸੋਚੋ ਕਿ ਹੈ ਕੋਈ ਐਸਾ ਪ੍ਰਾਣੀ ਜੋ ਦਿਨ ਰਾਤ, ਸਾਰੀ ਜ਼ਿੰਦਗੀ ਅੰਮ੍ਰਿਤ ਕਥਾ, ਅੰਮ੍ਰਿਤ ਬਾਣੀ ਬੋਲਦਾ ਰਹੇ, ਆਪਣੀ ਰਸਨਾ ਤੋਂ ਸਦਾ ਹੀ ਦਿਨ ਰਾਤ ਅੰਮ੍ਰਿਤ ਬੋਲਦਾ ਰਹੇ। ਦਿਨ ਰਾਤ ਸਾਰੀ ਜ਼ਿੰਦਗੀ ਸੱਚਾ ਬਣਕੇ ਜ਼ਰੂਰ ਰਹਿਆ ਜਾ ਸਕਦਾ ਹੈ ਤੇ ਇਹ ਹੀ ਇਸ ਤੋਂ ਭਾਵ ਹੈ। "ਗੁਰਬਾਣੀ" ਨੂੰ ਤੇ "ਨਾਮ" ਨੂੰ ਵੱਖਰਾ ਸਮਝਣਾ ਸਾਡੀ ਅਤਿ ਦੀ ਅਗਿਆਨਤਾ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ। ਇਸ ਭਰਮ ਵਿੱਚੋਂ ਨਿਕਲੇ ਬਿਨ੍ਹਾਂ ਸਾਨੂੰ ਗੁਰਬਾਣੀ ਦੀ ਸੋਝੀ ਨਹੀਂ ਪੈ ਸਕਦੀ ਤੇ ਗੁਰਬਾਣੀ ਦੀ ਸੋਝੀ ਪਏ ਬਿਨ੍ਹਾਂ ਗੁਰਬਾਣੀ ਦੇ ਮਕਸਦ ਨੂੰ, ਨਾਮ ਦੇ ਮਕਸਦ ਨੂੰ ਨਹੀਂ ਸਮਝਿਆ ਜਾ ਸਕਦਾ। "ਅੰਮ੍ਰਿਤ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ, ਚੌਥੇ ਪਦ ਵਾਲੇ ਗਿਆਨ ਦਾ ਰੂਪ ਹੈ। ਸੱਚਾ ਗਿਆਨ, ਬ੍ਰਹਮ ਗਿਆਨ ਸਦਾ ਰਹਿਣ ਵਾਲਾ ਹੈ ਜੋ ਗਿਆਨ ਕਦੇ ਖਤਮ ਨਹੀਂ ਹੋ ਸਕਦਾ, ਕਦੇ ਮਰ ਨਹੀਂ ਸਕਦਾ। ਇਹੀ ਪ੍ਰਮਾਤਮਾ ਦਾ ਅਟੱਲ ਰੂਪ ਹੈ ਜੋ ਸਦਾ ਰਹਿਣ ਵਾਲਾ ਰੂਪ ਹੈ। ਪੂਰੀ ਸਾਇੰਸ ਭਾਵ ਵਿਗਿਆਨ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜੋ ਉਸਦਾ ਨਿਰੰਕਾਰ ਰੂਪ ਹੈ ਜੋ ਕਦੇ ਮਰ ਨਹੀਂ ਸਕਦਾ ਭਾਵ ਸਦਾ ਰਹਿਣ ਵਾਲਾ ਹੈ। ਇਹ ਪ੍ਰਮਾਤਮਾ ਦਾ "ਅੰਮ੍ਰਿਤ" ਰੂਪ ਹੈ ਜੋ ਕਿ ਮ੍ਰਿਤ ਹੋਣ ਤੋਂ ਰਹਿਤ ਹੈ ਭਾਵ ਅੰਮ੍ਰਿਤ ਹੈ ਜੋ ਕਦੇ ਮਰ ਨਹੀਂ ਸਕਦਾ, ਕਦੇ ਬਿਨਸ ਨਹੀਂ ਸਕਦਾ। ਸੱਚਾ ਗਿਆਨ ਸੱਚੁ ਹੈ ਤੇ ਸੱਚੁ ਕਦੇ ਬਿਨਸ ਨਹੀਂ ਸਕਦਾ ਤੇ ਸਦਾ ਟਿਕਿਆ ਰਹਿੰਦਾ ਹੈ। ਝੂਠ ਬਿਨਸ ਜਾਂਦਾ ਹੈ ਤੇ ਸੱਚ ਕਦੇ ਨਹੀਂ ਬਿਨਸਦਾ। ਸਾਡੇ ਸਭ ਦੇ ਅੰਦਰ ਜੋ ਮਤਿ ਹੈ, ਸਮਝ ਹੈ ਉਸ ਵਿੱਚ ਭਰਮ ਹਨ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੇ ਹਨ ਕਿ ਪ੍ਰਮਾਤਮਾ ਕੀ ਹੈ, ਅਸੀਂ ਆਪ ਕੀ ਹਾਂ ਤੇ ਸਾਨੂੰ ਕਿਸਨੇ ਬਣਾਇਆ ਹੈ, ਕਿਵੇਂ ਬਣਾਇਆ ਹੈ, ਇਸ ਸੰਸਾਰ ਦੀ ਰਚਨਾ ਕਿਵੇਂ ਹੋਈ ਹੈ ਤੇ ਇਸਨੂੰ ਕੌਣ ਚਲਾ ਰਹਿਆ ਹੈ, ਕਿਵੇਂ ਚਲਾ ਰਹਿਆ ਹੈ। ਸਾਨੂੰ ਇਸ ਗੱਲ ਦੀ ਸਮਝ ਅੰਮ੍ਰਿਤ ਨਾਲ ਹੀ ਪੈ ਸਕਦੀ ਹੈ, ਸੱਚ ਦੇ ਨਾਲ ਹੀ ਪੈ ਸਕਦੀ ਹੈ ਤੇ ਜੇਕਰ ਸਾਡੇ ਅੰਦਰ ਸੱਚੀ ਮਤਿ ਵੱਸ ਜਾਵੇ ਤੇ ਫਿਰ ਉਹ ਸਾਨੂੰ ਸਭ ਕੁੱਝ ਸੱਚ ਹੀ ਸਮਝਾਉਂਦੀ ਹੈ ਤੇ ਉਹ ਸੱਚ ਕਦੇ ਨਹੀਂ ਬਿਨਸਦਾ। ਸਾਡੇ ਅੰਦਰ ਜੋ ਝੂਠੀ ਮਤਿ ਹੈ ਅਸੀਂ ਉਸਨੂੰ ਹੀ ਖਤਮ ਕਰਨਾ ਹੈ ਭਾਵ ਮਨਮਤਿ ਵਿੱਚੋਂ ਨਿਕਲਣਾ ਹੈ ਤੇ ਸੱਚ ਨਾਲ ਜੁੜਣਾ ਹੈ, ਨਾਮ ਨਾਲ ਜੁੜਣਾ ਹੈ, ਅੰਮ੍ਰਿਤ ਨਾਲ ਜੁੜਣਾ ਹੈ। ਇਹ ਸੱਚ ਰੂਪ ਅੰਮ੍ਰਿਤ ਸਾਡਾ ਮਨ ਦੇ ਪੀਣ ਦਾ ਅੰਮ੍ਰਿਤ ਹੈ। ਪੂਰੀ ਗੁਰਬਾਣੀ ਵਿੱਚ ਇਹ ਅੰਮ੍ਰਿਤ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦ ਦੇ ਵਿਚਾਰਾਂ ਰੂਪ ਅੰਮ੍ਰਿਤ ਨੂੰ ਸਾਡੇ ਮਨ ਦੇ ਵਿਚਾਰਾਂ ਨੇ ਪੀਣਾ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਸਾਡੇ ਭਰਮ ਵਾਲੇ ਵਿਚਾਰਾਂ ਨੇ ਪੀਣਾ ਹੈ ਤਾਂ ਜੋ ਸਾਡਾ ਭਰਮ ਨਿਕਲ ਸਕੇ ਤੇ ਸਾਡੇ ਅੰਦਰ ਸੱਚ ਵੱਸ ਸਕੇ, ਗੁਰੂ ਦਾ ਸੱਚਾ ਗਿਆਨ ਵੱਸ ਸਕੇ, ਨਾਮ ਵੱਸ ਸਕੇ। (**ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥ ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥2॥**) ਅੰਗ - 102

ਪੂਰੀ ਗੁਰਬਾਣੀ ਵਿੱਚ ਇਹ ਅੰਮ੍ਰਿਤ ਹੀ ਭਰਿਆ ਹੋਇਆ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਭਰਿਆ ਹੋਇਆ ਹੈ ਜਿਸ ਕਰਕੇ ਪੂਰੀ ਬਾਣੀ ਅੰਮ੍ਰਿਤ ਬਾਣੀ ਹੈ, ਪੂਰੀ ਬਾਣੀ ਅੰਮ੍ਰਿਤ ਨਾਮ ਹੈ। ਜੋ ਅੰਮ੍ਰਿਤ ਬਾਣੀ ਨੂੰ ਆਪਣੇ ਅੰਦਰ ਵਸਾਉਂਦਾ

ਹੈ ਭਾਵ ਉਸਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਂਦਾ ਹੈ, ਮੰਨਦਾ ਹੈ ਉਹੀ ਅੰਮ੍ਰਿਤ ਨਾਮ ਧਿਆਉਂਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਰਹਾਉ ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। (**ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ॥ ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ॥1॥ਰਹਾਉ॥**) ਆਪਣੀ ਹਉਮੈ ਨੂੰ ਛੱਡਣਾ, ਭਰਮਾਂ ਵਾਲੀ ਮਤਿ ਨੂੰ ਛੱਡਣਾ ਹੀ "ਹਉ" ਨੂੰ ਵਾਰਨਾ ਹੈ, ਜੀਉ ਵਾਰਨਾ ਹੈ ਜੋ ਕਿ ਅੰਮ੍ਰਿਤ ਬਾਣੀ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਵਾਰਿਆ ਜਾ ਸਕਦਾ ਹੈ। ਆਪਣੇ ਆਪ ਕੋਈ ਨਾਮ ਨੂੰ ਆਪਣੇ ਅੰਦਰ ਨਹੀਂ ਵੱਸਾ ਸਕਦਾ ਤੇ ਨਾ ਹੀ ਕਿਸੇ ਦੀ ਹਉਮੈ ਦੂਰ ਹੋ ਸਕਦੀ ਹੈ। ਜੋ ਨਾਮ ਦਾ ਮਾਲਕ ਹੈ, ਅੰਮ੍ਰਿਤ ਦਾ ਮਾਲਕ ਹੈ ਉਹੀ ਸਾਨੂੰ ਆਪਣਾ ਨਾਮ ਦੇ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅੰਮ੍ਰਿਤ ਨਾਮੁ ਮੰਨਿ ਵਸਾਏ ॥
ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥"

(ਅੰਗ 118)

ਹਉਮੈ ਸਭ ਦੇ ਅੰਦਰ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਦਾ ਜਨਮ ਹੀ ਹਉਮੈ ਦੇ ਵਿੱਚ ਹੈ ਜੋ ਸਾਨੂੰ ਭਰਮਾਂ ਵਿੱਚ ਪਾਉਂਦੀ ਹੈ ਤੇ ਸਾਡੀ ਹਉਮੈ ਭਾਵ ਨਾਸਮਝ ਮਤਿ ਹੀ ਸਾਡੇ ਸਭ ਦੁੱਖਾਂ ਦਾ ਕਾਰਨ ਹੈ। ਸਾਡਾ ਦੁੱਖ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਕਰਕੇ ਹੈ ਜਿਸ ਦਾ ਕਾਰਨ ਸਾਡੀ ਹਉਮੈ ਹੈ ਤੇ ਸਾਡੀ ਹਉਮੈ ਹੀ ਸਾਨੂੰ ਮਾਇਆ ਮੋਹ ਵਿੱਚ ਰੱਖਦੀ ਹੈ, ਤ੍ਰਿਸ਼ਨਾਵਾਂ ਵਿੱਚ ਰੱਖਦੀ ਹੈ ਜਿਨ੍ਹਾਂ ਦੀ ਪੂਰਤੀ ਨਾ ਹੋਣ ਕਰਕੇ ਅਸੀਂ ਦੁੱਖ ਮਹਿਸੂਸ ਕਰਦੇ ਹਾਂ। ਜਿੱਥੇ ਹਉਮੈ ਹੈ ਉੱਥੇ ਨਾਮ ਨਹੀਂ ਹੋ ਸਕਦਾ ਤੇ ਅੰਮ੍ਰਿਤ ਨਾਮ ਦਾ ਮਕਸਦ ਸਾਨੂੰ ਹਉਮੈ ਵਿੱਚੋਂ ਕੱਢਣ ਦਾ ਹੈ, ਮਨ ਦੀ ਨਾ-ਸਮਝ ਮਤਿ ਵਿੱਚੋਂ, ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਸਭ ਦੁੱਖਾਂ ਵਿੱਚੋਂ ਕੱਢਣ ਦਾ ਹੈ ਤੇ ਸਾਡੀ ਹਉਮੈ ਤਾਂ ਹੀ ਨਿਕਲੇਗੀ ਜੇਕਰ ਅਸੀਂ ਅੰਮ੍ਰਿਤ ਨਾਮ ਨੂੰ ਆਪਣੇ ਅੰਦਰ ਵਸਾਵਾਂਗੇ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਵਾਂਗੇ ਭਾਵ ਮੰਨਾਂਗੇ। ਕੇਵਲ ਕਿਸੇ ਸ਼ਬਦ ਦੀ ਕਥਨੀ ਕਰੀ ਜਾਣ ਨਾਲ ਸਾਡੀ ਹਉਮੈ ਦੂਰ ਨਹੀਂ ਹੋ ਸਕਦੀ। **(ਅੰਮ੍ਰਿਤ ਨਾਮੁ ਮੰਨਿ ਵਸਾਏ॥ ਹਉਮੈ ਮੇਰਾ ਸਭੁ ਦੁਖੁ ਗਵਾਏ॥)** ਅੰਮ੍ਰਿਤ ਨਾਮ ਨੂੰ ਮਨ ਵਿੱਚ ਵਸਾਉਣਾ ਹੀ ਅੰਮ੍ਰਿਤ ਬਾਣੀ ਨੂੰ ਸਲਾਹੁਣਾ ਹੈ, ਗੁਰੂ ਨੂੰ ਸਲਾਹੁਣਾ ਹੈ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

"ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥"

ਆਪਣੀ ਹਉਮੈ ਨੂੰ ਛੱਡਣਾ ਹੀ ਭਾਵ ਆਪਣੀ ਮਤਿ ਨੂੰ ਛੱਡਣਾ ਹੀ ਅੰਮ੍ਰਿਤ ਬਾਣੀ ਨੂੰ ਸਲਾਹੁਣਾ ਹੈ, ਗੁਰੂ ਨੂੰ ਸਲਾਹੁਣਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਹੀ ਗੁਰੂ ਨੂੰ ਸਲਾਹੁਣਾ ਹੈ ਭਾਵ ਮੁੱਖੋਂ ਬੋਲ ਬੋਲ ਕੇ ਗੁਰੂ ਨੂੰ ਨਹੀਂ ਸਲਾਹਿਆ ਜਾ ਸਕਦਾ। ਗੁਰੂ ਜੋ ਕੁੱਝ ਸਾਨੂੰ ਸਮਝਾਉਂਦਾ ਹੈ ਉਸ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਗੁਰੂ ਨੂੰ ਸਲਾਹੁਣਾ ਹੈ। ਹਉਮੈ ਵਿੱਚ ਰਹਿ ਕੇ ਗੁਰੂ ਨੂੰ ਨਹੀਂ ਸਲਾਹਿਆ ਜਾ ਸਕਦਾ। ਹਉਮੈ ਛੱਡ ਕੇ ਹੀ ਗੁਰੂ ਨੂੰ ਸਲਾਹਿਆ ਜਾ ਸਕਦਾ ਹੈ। ਜੋ ਗੁਰੂ ਦੀ ਮਤਿ ਤੇ ਅਮਲ ਕਰਦੇ ਹਨ ਭਾਵ ਸੱਚਾ ਉੱਦਮ ਕਰਦੇ ਹਨ ਉਹਨਾਂ ਤੇ ਹੀ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਉਹਨਾਂ ਨੂੰ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਉਂਦਾ ਹੈ ਜਿਵੇਂ ਕਿ ਨਾਲ ਹੀ ਸਮਝਾਇਆ ਹੋਇਆ ਹੈ। **"ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥"**। ਇੱਕ ਵਾਰੀ "**ਅੰਮ੍ਰਿਤਿ**" ਲਿਖਿਆ ਹੈ ਤੇ ਦੂਸਰੀ ਵਾਰੀ "ਅੰਮ੍ਰਿਤੁ" ਲਿਖਿਆ ਹੋਇਆ ਹੈ। ਦੋਨਾਂ ਵਿੱਚ ਫਰਕ ਹੈ ਜਿਸਨੂੰ ਸਮਝਣ ਦੀ ਲੋੜ ਹੈ। "ਅੰਮ੍ਰਿਤੁ" ਰੂਪ ਪ੍ਰਮਾਤਮਾ ਆਪ ਹੈ ਜੋ ਆਪ ਹੀ ਆਪਣੇ "ਅੰਮ੍ਰਿਤੁ" ਦਾ ਮਾਲਕ ਹੈ ਭਾਵ ਬ੍ਰਹਮ ਗਿਆਨ ਦਾ ਮਾਲਕ ਹੈ, ਨਾਮ ਦਾ ਮਾਲਕ ਹੈ ਤੇ ਉਹ ਆਪਣੇ ਅੰਮ੍ਰਿਤ ਰੂਪ ਵਿੱਚ ਹੀ ਸਭ ਵਿੱਚ ਵਿਚਰਦਾ ਹੈ। "ਅੰਮ੍ਰਿਤਿ" ਤੋਂ ਭਾਵ ਹੈ ਆਪਣੇ ਅੰਮ੍ਰਿਤ ਦੇ ਵਿੱਚੋਂ ਹੀ। ਜਿਸਨੂੰ ਪ੍ਰਮਾਤਮਾ ਆਪਣਾ "ਅੰਮ੍ਰਿਤ" ਪਿਆਉਂਦਾ ਹੈ ਉਹ ਆਪਣੇ ਅੰਮ੍ਰਿਤ ਦੇ ਵਿੱਚੋਂ ਹੀ ਅੰਮ੍ਰਿਤ ਪਿਆਉਂਦਾ ਹੈ ਭਾਵ ਆਪਣੇ ਬ੍ਰਹਮ ਗਿਆਨ ਦੇ ਵਿੱਚੋਂ ਹੀ ਕਿਸੇ ਨੂੰ ਆਪਣਾ ਬ੍ਰਹਮ ਗਿਆਨ ਦਿੰਦਾ ਹੈ। ਉਹ ਨਾਮ ਦਾ ਮਾਲਕ ਆਪ ਹੀ ਕਿਸੇ ਨੂੰ ਆਪਣਾ ਨਾਮ ਦਿੰਦਾ ਹੈ ਜਿਸ ਦੁਆਰਾ ਕਿਸੇ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ, ਮਨੁੱਖ ਦੀ ਹਉਮੈ ਦੂਰ ਹੁੰਦੀ ਹੈ ਤੇ ਉਸਦੇ ਸਭ ਦੁੱਖ ਦੂਰ ਹੁੰਦੇ ਹਨ। "ਅੰਮ੍ਰਿਤ" ਦੀ ਪ੍ਰਾਪਤੀ ਕਰਨ ਲਈ ਸਾਡਾ ਸਭ ਦਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰਬਾਣੀ ਦੇ ਵਿੱਚੋਂ ਉਸਦੇ ਅੰਮ੍ਰਿਤ ਰੂਪ ਨਾਮ ਨੂੰ ਆਪਣੇ ਅੰਦਰ ਵਸਾਈਏ

ਤੇ ਹਉਮੈ ਵਿੱਚੋਂ ਨਿਕਲੀਏ, ਮਨ ਦੇ ਭਰਮਾਂ ਵਿੱਚੋਂ ਨਿਕਲੀਏ ਤੇ ਸੱਚੀ ਮਤਿ ਨਾਲ ਜੁੜੀਏ ਜੋ ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਸਾਧਨ ਹੈ ਤੇ ਹੋਰ ਕੋਈ ਨਹੀਂ। ਕਥਨੀ ਕਰੀ ਜਾਣ ਨਾਲ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਪਾਇਆ ਜਾ ਸਕਦਾ ਹੈ। (**ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥ ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥ ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥ ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥1॥ ਰਹਾਉ ॥**)

ਉੱਪਰ ਵਾਲੇ ਸ਼ਬਦ ਰਾਹੀਂ ਹੁਣ ਇਸ ਗੱਲ ਨੂੰ ਸਮਝੋ ਕਿ ਖਰੇ ਮਨੁੱਖ ਵਿੱਚ ਤੇ ਖੋਟੇ ਮਨੁੱਖ ਵਿੱਚ ਕੀ ਫਰਕ ਹੈ। ਖਰੇ ਖੋਟੇ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਗੁਰੂ ਨੂੰ ਖੋਟੇ ਮਨੁੱਖ ਨਹੀਂ ਭਾਉਂਦੇ ਭਾਵ ਖਰੇ ਮਨੁੱਖ ਹੀ ਭਾਉਂਦੇ ਹਨ।

“ਖੋਟੇ ਖਰੇ ਤੁਧੁ ਆਪਿ ਉਪਾਏ ॥
ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥”

(ਅੰਗ 119)

ਕੋਈ ਮਨੁੱਖ ਖੋਟਾ ਹੈ ਜਾਂ ਖਰਾ ਹੈ, ਇਹ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਗੁਰੂ ਦੀ ਸਮਝ ਖਰੀ ਹੈ ਜਿਸ ਵਿੱਚ ਪੂਰਨ ਸੱਚ, ਨਾਮ ਹੈ ਤੇ ਜਿੱਥੇ ਸੱਚ ਨਹੀਂ, ਨਾਮ ਨਹੀਂ ਉਹ ਸਮਝ ਖਰੀ ਨਹੀਂ ਹੋ ਸਕਦੀ ਭਾਵ ਜਿਸ ਸਮਝ ਦੇ ਵਿੱਚ ਭਰਮਾਂ ਵਾਲੇ ਵਿਚਾਰ ਹਨ ਉਹ ਖੋਟੀ ਸਮਝ ਹੈ, ਖੋਟੀ ਮਤਿ ਹੈ ਤੇ ਇਹੀ ਮਨੁੱਖ ਦੀ ਖੋਟੀ ਰਾਸਿ ਹੈ ਭਾਵ ਮਨਮਤਿ ਵਾਲੀ ਸਮਝ ਹੈ। ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਆਪ ਪ੍ਰਮਾਤਮਾ ਹੈ ਤੇ ਸਭ ਦੇ ਮਨ ਦੇ ਅੰਦਰ ਖੋਟਿ ਪਾਉਣ ਵਾਲਾ ਉਹ ਆਪ ਹੀ ਹੈ ਜਿਵੇਂ ਕਿ ਉੱਪਰ ਵਾਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। ਜਿਸ ਮਨੁੱਖ ਦੀ ਸਮਝ ਦੇ ਅੰਦਰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸਦੀ ਮਤਿ ਨੂੰ ਖਰੀ ਮਤਿ ਹੀ ਬਣਾਉਂਦਾ ਹੈ, ਸੱਚੇ ਗਿਆਨ ਵਾਲੀ ਮਤਿ ਵਾਲਾ ਬਣਾਉਂਦਾ ਹੈ ਤੇ ਜਿਸਨੂੰ ਪ੍ਰਮਾਤਮਾ ਆਪਣੇ ਖਜਾਨੇ ਵਿੱਚ ਰਲਾਉਂਦਾ ਹੈ ਉਸਦੀ ਮਤਿ ਨੂੰ ਖਰਾ ਬਣਾ ਕੇ ਹੀ ਰਲਾਉਂਦਾ ਹੈ। ਪ੍ਰਮਾਤਮਾ ਦਾ ਖਰਾ ਖਜਾਨਾ, ਨਾਮ ਰੂਪ ਖਜਾਨਾ ਸੱਚੇ ਗਿਆਨ ਦਾ ਖਜਾਨਾ ਹੀ ਹੈ, ਬ੍ਰਹਮ ਗਿਆਨ ਦਾ ਖਜਾਨਾ ਹੀ ਹੈ ਜਿਸ ਖਜਾਨੇ ਦਾ ਉਹ ਆਪ ਹੀ ਮਾਲਕ ਹੈ। ਉਹ ਆਪ ਹੀ ਹਰ ਮਨੁੱਖ ਦੇ ਅੰਦਰ ਸਮਝ ਪਾਉਣ ਵਾਲਾ ਹੈ ਤੇ ਆਪ ਹੀ ਸਮਝ ਨੂੰ ਪਰਖਣ ਵਾਲਾ ਹੈ ਭਾਵ ਖਰੇ ਖੋਟੇ ਦੀ ਪਹਿਚਾਣ ਉਹ ਖੁਦ ਹੀ ਜਾਣਦਾ ਹੈ ਤੇ ਖੁਦ ਹੀ ਕਰਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਤੇ ਉਸਨੂੰ ਆਪਣੇ ਸੱਚ ਗਿਆਨ ਰੂਪ ਖਜਾਨੇ ਵਿੱਚ ਹੀ ਰਲਾਉਂਦਾ ਹੈ, ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਹੀ ਰਲਾਉਂਦਾ ਹੈ। (**ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥ ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥**)

ਖਰੇ ਖੋਟੇ ਦੀ ਪਹਿਚਾਣ ਕੀ ਹੈ, ਪ੍ਰਮਾਤਮਾ ਦਾ ਖਜਾਨਾ ਕੀ ਹੈ, ਉਸ ਵਿੱਚ ਰਲਣਾ ਕੀ ਹੈ ਇਨ੍ਹਾਂ ਗੱਲਾਂ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਖਰੀ ਸਿਰਫ ਗੁਰੂ ਦੀ ਮਤਿ ਹੈ ਜੋ ਹਰ ਭਰਮ ਤੋਂ ਰਹਿਤ ਹੈ ਹਰ ਮਨੁੱਖੀ ਮਤਿ ਨੂੰ ਪ੍ਰਮਾਤਮਾ ਨੇ ਆਪ ਹੀ ਭਰਮਾਂ ਵਿੱਚ ਰੱਖਿਆ ਹੈ, ਮਾਇਆ ਵਿੱਚ, ਹਉਮੈ ਵਿੱਚ, ਤ੍ਰੈਗੁਣਾਂ ਵਿੱਚ, ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਂਗੇ। ਪੂਰੀ ਬਾਣੀ ਮਨੁੱਖੀ ਸਮਝ ਵਿੱਚ ਤੇ ਗੁਰੂ ਦੀ ਸਮਝ ਵਿੱਚ ਫਰਕ ਹੀ ਸਮਝਾ ਰਹੀ ਹੈ ਕਿਉਂਕਿ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਜਾਂ ਮੇਲ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਜਦ ਤੱਕ ਸਾਡੀ ਸਮਝ ਗੁਰੂ ਵਾਲੀ ਸਮਝ ਤੋਂ ਵੱਖਰੀ ਹੈ ਇਹ ਮਨਮਤਿ ਹੈ, ਹਉਮੈ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਸਾਡੀ ਨਾਸਮਝ ਮਤਿ ਦੁਆਰਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਜਦੋਂ ਸਾਡੀ ਸਮਝ ਗੁਰਮਤਿ ਵਾਲੀ ਬਣ ਜਾਂਦੀ ਹੈ, ਨਾਮ ਵਾਲੀ ਬਣ ਜਾਂਦੀ ਹੈ, ਸ਼ਬਦਾਂ ਦੀ ਵਿਚਾਰ ਵਾਲੀ ਬਣ ਜਾਂਦੀ ਹੈ, ਇਹ ਮਨ ਦੇ ਵਿੱਚ ਮਨ ਦੀ ਸਮਝ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੈ। ਜਦ ਤੱਕ ਮਨ ਦੇ ਵਿੱਚ ਕਿਸੇ ਦਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਨਹੀਂ ਹੁੰਦਾ, ਉਸਦੇ ਨਿਰੰਕਾਰ ਰੂਪ ਦੇ ਨਾਲ ਮੇਲ ਨਹੀਂ ਹੁੰਦਾ ਤਦ ਤੱਕ ਹਰ ਕੋਈ ਭਰਮਾਂ ਵਾਲੀ ਸਮਝ ਵਿੱਚ ਹੀ ਹੈ ਭਾਵ ਮਨ ਦੀ ਖੋਟ ਵਿੱਚ ਹੀ ਹੈ। ਮਨ ਦੀ ਖੋਟ ਪ੍ਰਮਾਤਮਾ ਆਪ ਹੀ ਕਿਸੇ ਦੀ ਕੱਢਦਾ ਹੈ ਤੇ ਮਨੁੱਖੀ ਸਮਝ ਨੂੰ ਖਰੀ ਸਮਝ ਬਣਾਉਂਦਾ ਹੈ, ਸੱਚੀ ਗੁਰਮਤਿ ਵਾਲੀ ਸਮਝ ਬਣਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਦੀ, ਗੁਰੂ ਸਾਹਿਬਾਨ ਦੀ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਸਮਝ ਨੂੰ ਖਰਾ ਬਣਾਇਆ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ

ਬਣਾਇਆ ਹੈ, ਗੁਰਬਾਣੀ ਦੇ ਹਰ ਸ਼ਬਦ ਦੀ ਵਿਚਾਰ ਦਾ ਮਕਸਦ ਸਾਡੀ ਭਰਮਾਂ ਵਾਲੀ ਖੋਟੀ ਮਤਿ ਨੂੰ ਖਰੀ ਮਤਿ ਬਨਾਉਣ ਦਾ ਹੀ ਹੈ, ਗੁਰਮਤਿ ਵਾਲੀ, ਨਾਮ ਵਾਲੀ, ਸੱਚੀ ਮਤਿ ਬਨਾਉਣ ਦਾ ਹੀ ਹੈ ਤੇ ਮਾੜੀ ਮਤਿ ਖਰੀ ਤਾਂ ਹੀ ਬਣ ਸਕਦੀ ਹੈ ਜੇਕਰ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਤੇ ਪਹਿਲਾਂ ਇਸ ਗੱਲ ਨੂੰ ਮੰਨਾਂਗੇ ਸਾਡੀ ਮਤਿ ਵਿੱਚ ਖੋਟ ਹੈ ਜਿਸਨੂੰ ਖਰੀ ਬਨਾਉਣ ਦੀ ਲੋੜ ਹੈ। ਜੇਕਰ ਅਸੀਂ ਪਹਿਲਾਂ ਹੀ ਆਪਣੇ ਆਪ ਨੂੰ ਖਰਾ ਸਮਝਾਂਗੇ, ਗੁਰਮਤਿ ਦੀ ਸੱਚੀ ਸਮਝ ਵਾਲੇ ਸਮਝਾਂਗੇ, ਨਾਮ ਦੀ ਸਮਝ ਵਾਲੇ ਸਮਝਾਂਗੇ ਤਾਂ ਫਿਰ ਸਾਡੀ ਖੋਟ ਕਿਵੇਂ ਨਿਕਲ ਸਕਦੀ ਹੈ ਤੇ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਉਪਰਾਲਾ ਕਿਵੇਂ ਕਰ ਸਕਦੇ ਹਾਂ। ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣ ਵਾਲੇ ਆਪਣੇ ਆਪ ਨੂੰ ਖਰਾ ਹੀ ਸਮਝਦੇ ਹਨ ਭਾਵ ਆਪਣੀ ਮਤਿ ਨੂੰ ਖਰੀ ਮਤਿ ਹੀ ਸਮਝਦੇ ਹਨ, ਸੱਚੀ ਭਗਤੀ ਦੀ ਸਮਝ ਵਾਲੀ ਮਤਿ ਹੀ ਸਮਝਦੇ ਹਨ ਪਰ ਸੱਚੀ ਮਤਿ, ਖਰੀ ਮਤਿ ਕੇਵਲ ਗੁਰੂ ਦੀ ਹੈ ਜੋ ਸਦਾ ਤੋਂ ਖਰੀ ਹੈ ਤੇ ਸਦਾ ਖਰੀ ਹੀ ਰਹਿਣੀ ਹੈ ਭਾਵ ਗੁਰੂ ਦੀ ਖਰੀ ਮਤਿ ਨਾਲ ਜੁੜੇ ਬਿਨ੍ਹਾਂ, ਆਪਣੀ ਭਰਮਾਂ ਵਾਲੀ ਮਤਿ ਛੱਡੇ ਬਿਨ੍ਹਾਂ ਅਸੀਂ ਖਰੇ ਨਹੀਂ ਬਣ ਸਕਦੇ, ਭਗਤੀ ਦਾ ਸੱਚਾ ਮਾਰਗ ਨਹੀਂ ਸਮਝ ਸਕਦੇ, ਉਸ ਤੇ ਨਹੀਂ ਚੱਲ ਸਕਦੇ ਤੇ ਨਾ ਹੀ ਇਸ ਤਰੀਕੇ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਖਰਾ ਬਨਾਉਣ ਨਾਲ ਹੀ ਹੈ ਕਿਉਂਕਿ ਗੁਰੂ ਹੀ ਖਰੇ ਖੋਟੇ ਦੀ ਪਹਿਚਾਣ ਜਾਣਦਾ ਹੈ ਜੋ ਕਿ ਆਪ ਪ੍ਰਮਾਤਮਾ ਹੀ ਹੈ। ਜਿਸ ਪ੍ਰਮਾਤਮਾ ਨੇ ਬਾਣੀ ਦੀ ਰਚਨਾ ਕੀਤੀ ਹੈ ਉਹ ਪਰਖ ਕਰਨ ਵਾਲਾ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਹੈ। ਉਸ ਦੀ ਪਰਖ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਆਪ ਨੂੰ ਖੋਟੇ ਹੁੰਦੇ ਹੋਏ ਵੀ ਖਰੇ ਸਮਝਦੇ ਹਾਂ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਖੋਜਤ ਖੋਜਤ ਅੰਮ੍ਰਿਤੁ ਪੀਆ ॥
ਖਿਮਾ ਗਹੀ ਮਨੁ ਸਤਗੁਰਿ ਦੀਆ ॥
ਖਰਾ ਖਰਾ ਆਖੈ ਸਭੁ ਕੋਇ ॥
ਖਰਾ ਰਤਨੁ ਜੁਗ ਚਾਰੇ ਹੋਇ ॥
ਖਾਤ ਪੀਅੰਤ ਮੂਏ ਨਹੀ ਜਾਨਿਆ ॥
ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥
ਗੁਰ ਕਿਰਪਾ ਤੇ ਨਾਮੁ ਪਛਾਨਿਆ ॥19॥”

(ਅੰਗ - 932)

ਖਰੇ ਖੋਟੇ ਦੀ ਪਹਿਚਾਣ ਸਾਨੂੰ ਮਨ ਦੇ ਵਿੱਚ ਹੀ ਹੋ ਸਕਦੀ ਹੈ ਭਾਵ ਮਨ ਦੀ ਸਮਝ ਦੁਆਰਾ ਹੀ ਹੋ ਸਕਦੀ ਹੈ ਤੇ ਪਹਿਚਾਣ ਤਾਂ ਹੀ ਹੋਵੇਗੀ ਜਦੋਂ ਖਰੀ ਮਤਿ ਸਾਡੇ ਅੰਦਰ ਵੱਸ ਜਾਵੇਗੀ ਭਾਵ ਜਦੋਂ ਸਾਡੀ ਸਮਝ ਖਰੇ ਖੋਟੇ ਵਿੱਚ ਫਰਕ ਜਾਣ ਸਕੇ। ਜਦ ਤੱਕ ਮਨ ਦੇ ਵਿੱਚ ਭਰਮਾਂ ਵਾਲੇ ਵਿਚਾਰਾਂ ਦੀ ਖੋਟ ਹੈ ਤਦ ਤੱਕ ਸਾਨੂੰ ਇਸ ਗੱਲ ਦੀ ਸਮਝ ਕਿਵੇਂ ਪਵੇ ਕਿ ਸਾਡੇ ਵਿਚਾਰ ਭਰਮਾਂ ਵਾਲੇ ਹਨ। ਜਦੋਂ ਗੁਰੂ ਦੇ ਸੱਚੇ ਵਿਚਾਰ ਸਾਡੇ ਅੰਦਰ ਵੱਸ ਜਾਣ ਭਾਵ ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਸਾਡੇ ਅੰਦਰ ਵੱਸ ਜਾਣਗੇ ਫਿਰ ਤਾਂ ਹੀ ਅਸੀਂ ਖਰੇ ਖੋਟੇ ਦੀ ਪਹਿਚਾਣ ਕਰ ਸਕਦੇ ਹਾਂ। ਚੌਥੇ ਪਦ ਵਾਲਾ ਗਿਆਨ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਵੱਸਾ ਸਕਦਾ ਹੈ ਜੋ ਕਿ ਉਸਦੇ ਨਾਮ ਵਾਲਾ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਦੇ ਪਦੇ ਦੁਆਰਾ ਸਮਝਾਈ ਹੋਈ ਹੈ। ਪੂਰੀ ਗੁਰਬਾਣੀ ਵਿੱਚ ਖਰੇ ਵਿਚਾਰ ਹਨ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹਨ, ਨਾਮ ਦੇ ਰੂਪ ਵਿੱਚ ਹਨ, ਗੁਰਮਤਿ ਦੀ ਸੱਚੀ ਸਮਝ ਵਾਲੇ ਵਿਚਾਰ ਹਨ, ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਹਨ। ਅਸੀਂ ਇਨ੍ਹਾਂ ਸੱਚੇ ਵਿਚਾਰਾਂ ਦੁਆਰਾ, ਖਰੀ ਸਮਝ ਵਾਲੇ ਵਿਚਾਰਾਂ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜਣਾ ਹੈ, ਅੰਮ੍ਰਿਤ ਨੂੰ, ਨਾਮ ਨੂੰ ਖੋਜਣਾ ਹੈ। ਗੁਰਬਾਣੀ ਰਾਹੀਂ ਆਪਣੇ ਅੰਦਰੋਂ ਪ੍ਰਮਾਤਮਾ ਅੰਦਰੋਂ ਖੋਜਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਦੁਆਰਾ ਹੋਰ ਵੀ ਸਮਝਾਂਗੇ। ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਮਨ ਦੀ ਸਮਝ ਦੁਆਰਾ ਹੀ ਖੋਜਣਾ ਹੈ, ਮਨ ਦੇ ਗਿਆਨ ਦੁਆਰਾ ਹੀ ਖੋਜਣਾ ਹੈ। ਸਾਡੇ ਅੰਦਰ ਦੀ ਸਮਝ ਤ੍ਰੈਗੁਣਾਂ ਵਾਲੀ ਹੈ, ਹਉਮੈ ਵਾਲੀ ਹੈ, ਮਾਇਆ ਮੋਹ ਵਾਲੀ ਹੈ ਜਿਸ ਸਮਝ ਦੇ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਸ਼ਬਦ ਦੇ

ਵਿਚਾਰਾਂ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਸਾਡੀ ਮਾੜੀ ਨਾ-ਸਮਝ ਮਤਿ ਵਿੱਚੋਂ ਕੱਢਣ ਦਾ ਹੀ ਹੈ ਭਾਵ ਅਸੀਂ ਆਪਣੇ ਅੰਦਰੋਂ ਆਪਣੀ ਭਰਮਾਂ ਵਾਲੀ ਮਾੜੀ ਸਮਝ ਨੂੰ ਕੱਢਣਾ ਹੈ ਜੋ ਸਾਡੇ ਮਨ ਦੀ ਖੋਟ ਹੈ। ਮਨ ਦੀ ਇਹ ਖੋਟ ਗੁਰੂ ਦੇ ਸੱਚੇ ਵਿਚਾਰਾਂ ਨੂੰ, ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਜਾ ਸਕਦੀ ਹੈ ਭਾਵ ਜੋ ਸਾਨੂੰ ਗੁਰਮਤਿ ਸਮਝਾਉਂਦੀ ਹੈ, ਅਸੀਂ ਉਹੀ ਕੁੱਝ ਆਪਣੇ ਵਿਚਾਰਾਂ ਵਿੱਚ ਵਸਾਉਣਾ ਹੈ ਭਾਵ ਮੰਨਣਾ ਹੈ ਤੇ ਇਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਾਮ ਦੇ ਮਾਲਕ ਨੂੰ ਖੋਜਣਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥1॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥1॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥2॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥3॥”

(ਅੰਗ - 1178)

ਰਾਮ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ ਤੇ ਅਸੀਂ ਆਪਣੇ ਅੰਦਰੋਂ ਰਾਮ ਨਾਮ ਰਤਨ ਨੂੰ ਹੀ ਖੋਜਣਾ ਹੈ ਜੋ ਸਾਡੇ ਅੰਦਰ ਲੁਕਿਆ ਹੋਇਆ ਹੈ, ਛੁਪਿਆ ਹੋਇਆ ਹੈ ਭਾਵ ਮਨ ਦੇ ਵਿੱਚ ਹੀ ਛੁਪਿਆ ਹੋਇਆ ਹੈ, ਮਨ ਦੀ ਅਗਿਆਨਤਾ ਕਰਕੇ ਛੁਪਿਆ ਹੋਇਆ ਹੈ ਜਿਸ ਨੂੰ ਅਸੀਂ ਆਪਣੇ ਅੰਦਰੋਂ ਖੋਜਣਾ ਹੈ। ਉਸਨੂੰ ਖੋਜਣ ਦਾ ਤਰੀਕਾ ਗੁਰੂ ਦਾ ਸੱਚਾ ਗਿਆਨ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਪੂਰੀ ਗੁਰੂ ਦੀ ਮਤਿ ਗੁਰੂ ਦਾ ਸੱਚਾ ਗਿਆਨ ਹੈ ਜਿਸ ਗਿਆਨ ਦੁਆਰਾ ਅਸੀਂ ਆਪਣੇ ਅੰਦਰੋਂ ਰਾਮ ਨਾਮ ਰਤਨ ਨੂੰ ਭਾਵ ਪ੍ਰਮਾਤਮਾ ਨੂੰ ਖੋਜਣਾ ਹੈ ਜੋ ਸਭ ਦੇ ਅੰਦਰ ਹੀ ਹੈ ਪਰ ਉਹ ਸਭ ਦੇ ਅੰਦਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ ਤੇ ਉਸ ਨੇ ਆਪ ਹੀ ਸਭ ਨੂੰ ਮਨ ਦੀ ਅਗਿਆਨਤਾ ਵਿੱਚ, ਹਉਮੈ ਵਾਲੀ ਸਮਝ ਵਿੱਚ, ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ ਤੇ ਜੋ ਕਿ ਮਨ ਦੀ ਅਗਿਆਨਤਾ ਕਰਕੇ ਭਾਵ ਮਨ ਦੀ ਖੋਟੀ ਸਮਝ ਕਰਕੇ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਤੇ ਗੁਰੂ ਦੀ ਸੱਚੀ ਮਤਿ ਦਾ ਮਕਸਦ, ਗੁਰੂ ਦੇ ਸੱਚੇ ਗਿਆਨ ਦਾ ਮਕਸਦ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ, ਕਾਮ, ਕ੍ਰੋਧ ,ਲੋਭ ,ਮੋਹ ,ਅਹੰਕਾਰ ਵਿੱਚੋਂ ਕੱਢਣ ਦਾ ਹੈ ਜੋ ਮਾੜੇ ਵਿਚਾਰ ਸਾਡੇ ਅੰਦਰੋਂ ਨਾਮ ਧੰਨ ਚੁਰਾਉਂਦੇ ਹਨ। ਜਦੋਂ ਅਸੀਂ ਗੁਰੂ ਦੀ ਮਤਿ ਦੁਆਰਾ ਆਪਣੇ ਮਨ ਨੂੰ ਖੋਜਾਂਗੇ, ਆਪਣੇ ਅੰਦਰੋਂ ਨਾਮ ਨੂੰ ਖੋਜਾਂਗੇ, ਉਹ ਤਾਂ ਹੀ ਖੋਜਿਆ ਜਾ ਸਕਦਾ ਹੈ ਜੇਕਰ ਪਹਿਲਾਂ ਨਾਮ ਦੇ ਚੋਰਾਂ ਨੂੰ ਆਪਣੇ ਅੰਦਰੋਂ ਪਕੜਾਂਗੇ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਛੱਡਾਂਗੇ, ਗੁਰੂ ਦੀ ਮਤਿ ਤੇ ਅਮਲ ਕਰਾਂਗੇ। ਜਦ ਤੱਕ ਸਾਡੇ ਅੰਦਰ ਨਾਮ ਦੇ ਚੋਰ ਵੱਸੇ ਹੋਏ ਹਨ ਉਹ ਸਾਡੇ ਅੰਦਰੋਂ ਨਾਮ ਧੰਨ ਚੁਰਾਉਂਦੇ ਹਨ ਭਾਵ ਗੁਰਮਤਿ ਵਾਲੀ ਸੱਚੀ ਸਮਝ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ। ਇਨ੍ਹਾਂ ਚੋਰਾਂ ਦਾ ਸਾਡੇ ਅੰਦਰ ਵੱਸੇ ਰਹਿਣਾ ਸਾਡੇ ਅੰਦਰ ਗੁਰੂ ਦੀ ਮਤਿ ਦਾ ਨਾ ਹੋਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ ਭਾਵ ਸਾਡੇ ਅੰਦਰ ਅਗਿਆਨਤਾ ਵਾਲੀ ਮਾੜੀ ਸਮਝ ਹੈ ਜਿਸ ਸਮਝ ਨੂੰ ਛੱਡੇ ਬਿਨ੍ਹਾਂ, ਔਗੁਣ ਛੱਡੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਨੂੰ ਮੰਨੇ ਬਿਨ੍ਹਾਂ, ਨਾਮ ਦੇ ਚੋਰਾਂ ਨੂੰ ਆਪਣੇ ਅੰਦਰੋਂ ਕੱਢੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਰਾਮ ਨਾਮ ਰਤਨ ਨੂੰ ਨਹੀਂ ਖੋਜ ਸਕਦੇ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਖੋਜ ਸਕਦੇ ਭਾਵ ਨਾਮ ਵਾਲੇ ਨਹੀਂ ਬਣ ਸਕਦੇ। ਭਗਤੀ ਦੇ ਮਾਰਗ ਤੇ ਚੱਲਣ ਦਾ ਇਹੀ ਸਾਡਾ ਸਭ ਦਾ, ਸਾਰੇ ਸੰਸਾਰ ਦਾ ਸੱਚਾ ਉਪਰਾਲਾ ਹੈ ਤੇ ਇਸ ਤੋਂ ਇਲਾਵਾ ਅਸੀਂ ਜੋ ਵੀ ਆਪਣੀ-ਆਪਣੀ ਮਤਿ ਦੁਆਰਾ, ਆਪਣੀ ਆਪਣੀ ਆਸਥਾ ਦੁਆਰਾ ਆਪਣੇ ਵੱਲੋਂ ਭਗਤੀ ਦੇ ਤਰੀਕੇ ਸਮਝੇ ਹੋਏ ਹਨ, ਸਰੀਰਕ ਜਪ ਤਪ ਆਦਿ ਸਮਝੇ ਹੋਏ ਹਨ ਉਹਨਾਂ ਨੂੰ ਉੱਪਰ ਸ਼ਬਦ ਰਾਹੀਂ ਸਾਡੇ ਪਾਖੰਡ ਹੀ ਦੱਸਿਆ ਹੈ, ਸਾਡਾ ਭਰਮ ਹੀ ਦੱਸਿਆ ਹੈ, ਸਾਡੇ ਅੰਦਰ ਦੀ ਮਾਇਆ ਹੀ ਦੱਸਿਆ ਹੈ ਭਾਵ ਸਾਡੀ ਅਗਿਆਨਤਾ ਹੀ ਦੱਸਿਆ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ, ਨਾਮ ਦੇ ਮਾਲਕ

ਨੂੰ ਨਹੀਂ ਜਾਣ ਸਕਦੇ, ਨਹੀਂ ਖੋਜ ਸਕਦੇ ਜੋ ਹਕੀਕਤ ਵਿੱਚ ਸਾਡੇ ਸਭ ਦੇ ਅੰਦਰ ਹੀ ਹੈ। (**ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥ ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥1॥ ਮਾਧੋ ਸਾਧੂ ਜਨ ਦੇਹੁ ਮਿਲਾਇ ॥ ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥1॥ ਰਹਾਉ ॥ ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥2॥ ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥**)

ਹੁਣ ਅਸੀਂ ਮੁੱਖ ਸ਼ਬਦ ਦੇ ਪਦੇ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਆਪਣੇ ਅੰਦਰੋਂ ਅੰਮ੍ਰਿਤ ਨੂੰ ਖੋਜਣਾ ਕੀ ਹੈ, ਮਨ ਦੇ ਵਿੱਚ ਅੰਮ੍ਰਿਤ ਪੀਣਾ ਕੀ ਹੈ, ਮਨ ਦਾ ਖਰਾ ਜਾਂ ਖੋਟਾ ਹੋਣਾ ਕੀ ਹੈ।

“ਖੋਜਤ ਖੋਜਤ ਅੰਮ੍ਰਿਤੁ ਪੀਆ ॥
ਖਿਮਾ ਗਹੀ ਮਨੁ ਸਤਗੁਰਿ ਦੀਆ ॥
ਖਰਾ ਖਰਾ ਆਖੈ ਸਭੁ ਕੋਇ ॥
ਖਰਾ ਰਤਨੁ ਜੁਗ ਚਾਰੇ ਹੋਇ ॥
ਖਾਤ ਪੀਅੰਤ ਮੂਏ ਨਹੀ ਜਾਨਿਆ ॥
ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥
ਗੁਰ ਕਿਰਪਾ ਤੇ ਨਾਮੁ ਪਛਾਨਿਆ ॥19॥”

(ਅੰਗ - 932)

ਉੱਪਰ ਪਹਿਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ “ਅੰਮ੍ਰਿਤ” ਪੀਣਾ ਕੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣਾ ਕੀ ਹੈ ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਜਦ ਤੱਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਨਹੀਂ ਲੈਂਦਾ ਤਦ ਤੱਕ ਕੋਈ ਵੀ ਪ੍ਰਮਾਤਮਾ ਦਾ “ਅੰਮ੍ਰਿਤੁ” ਪੀਣ ਵਾਲਾ ਨਹੀਂ ਬਣ ਸਕਦਾ। ਧਿਆਨ ਵਿੱਚ ਰੱਖਣ ਦੀ ਗੱਲ ਇਹ ਹੈ ਕਿ ਅਸੀਂ “ਅੰਮ੍ਰਿਤੁ” ਰੂਪ ਪ੍ਰਮਾਤਮਾ ਨੂੰ ਉਸਦੇ ਅੰਮ੍ਰਿਤ ਦੁਆਰਾ ਹੀ ਖੋਜਣਾ ਹੈ ਜਿਸ ਅੰਮ੍ਰਿਤ ਰੂਪ ਵਿੱਚ ਪ੍ਰਮਾਤਮਾ ਆਪ ਹੀ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਅੰਮ੍ਰਿਤ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੈ, ਗੁਰਮਤਿ ਦੇ ਸੱਚੇ ਗਿਆਨ ਦਾ ਰੂਪ ਹੈ ਜੋ ਪ੍ਰਮਾਤਮਾ ਦਾ ਅੰਮ੍ਰਿਤ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਅੰਮ੍ਰਿਤ ਨੂੰ ਆਪਣੇ ਅੰਦਰੋਂ ਖੋਜਣਾ ਹੈ ਜੋ ਅੰਮ੍ਰਿਤ ਦਾ ਮਾਲਕ ਹੈ ਤੇ ਮਨੁੱਖੀ ਮਨ ਦੇ ਵਿੱਚ ਉਹ ਆਪਣੇ ਆਪ ਨੂੰ “ਅੰਮ੍ਰਿਤੁ” ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜੋ ਉਸਦਾ ਆਪਣਾ ਰੂਪ ਹੈ, ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਤੇ ਮਨ ਦੇ ਵਿੱਚ ਇਸ ਤਰੀਕੇ ਉਹ ਆਪਣਾ ਅੰਮ੍ਰਿਤ ਆਪ ਹੀ ਪਿਆਉਂਦਾ ਹੈ, ਅੰਮ੍ਰਿਤ ਦਾ ਮਾਲਕ, ਨਾਮ ਦਾ ਮਾਲਕ ਮਨ ਦੇ ਵਿੱਚ ਆਪ ਹੀ ਆਪਣਾ ਨਾਮ ਦਿੰਦਾ ਹੈ ਜੋ ਆਪਣਾ ਅੰਮ੍ਰਿਤ ਪ੍ਰਮਾਤਮਾ ਮਨ ਦੇ ਵਿੱਚ ਸੱਚੇ ਗਿਆਨ ਦੀ ਸਮਝ ਦੇਣ ਦੁਆਰਾ ਪਿਆਉਂਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਪਿਆਉਂਦਾ ਹੈ ਭਾਵ ਪ੍ਰਮਾਤਮਾ ਦਾ ਇਹ ਅੰਮ੍ਰਿਤ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਪੀਣ ਲਈ, ਉਸਨੂੰ ਆਪਣੇ ਅੰਦਰੋਂ ਖੋਜਣ ਲਈ ਉੱਦਮ ਅਸੀਂ ਆਪ ਹੀ ਕਰਨਾ ਹੈ ਜੋ ਉੱਦਮ ਪ੍ਰਮਾਤਮਾ ਦਾ ਨਾਮ ਜਪਣ ਦਾ ਹੈ ਭਾਵ ਗੁਰੂ ਦੀ ਮਤਿ ਨੂੰ, ਸ਼ਬਦਾਂ ਦੀ ਵਿਚਾਰ ਨੂੰ ਸਮਝ ਕੇ ਉਸ ਤੇ ਅਮਲ ਕਰਨ ਦਾ ਹੈ। (**ਖੋਜਤ ਖੋਜਤ ਅੰਮ੍ਰਿਤੁ ਪੀਆ ॥**) ਜੋ ਆਪਣੇ ਅੰਦਰੋਂ ਪ੍ਰਮਾਤਮਾ ਦਾ ਅੰਮ੍ਰਿਤ ਪੀ ਲੈਂਦਾ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਲੈਂਦਾ ਹੈ, ਉਹ ਅੰਮ੍ਰਿਤ ਕਿਸ ਰੂਪ ਵਿੱਚ ਪੀਂਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਖਿਮਾ ਗਹੀ ਮਨੁ ਸਤਗੁਰਿ ਦੀਆ ॥”

ਪ੍ਰਮਾਤਮਾ ਦੇ ਦਰ ਤੋਂ ਮਨੁੱਖ ਨੂੰ ਖਿਮਾ ਮਿਲਣੀ, ਮੁਆਫੀ ਮਿਲਣੀ ਕੀ ਹੈ, ਇਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜੋ ਖਿਮਾ ਪ੍ਰਮਾਤਮਾ ਦਾ ਅੰਮ੍ਰਿਤ ਪੀਣ ਦੁਆਰਾ ਹੀ ਮਿਲਦੀ ਹੈ। ਸਾਰੀ ਗੱਲ ਸਾਡੇ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਪ੍ਰਮਾਤਮਾ ਦਾ ਅੰਮ੍ਰਿਤ ਪੀਣ ਤੋਂ ਬਾਅਦ ਭਾਵ ਉਸ ਦੇ ਨਾਲ ਮੇਲ ਤੋਂ ਬਾਅਦ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਹੀ ਦੂਰ ਹੁੰਦੀ ਹੈ ਤੇ ਇਸ ਸੰਸਾਰ ਦੇ ਸੱਚ ਦੀ ਸਮਝ ਪੈਂਦੀ ਹੈ, ਮਨੁੱਖ ਨੂੰ ਆਪਣੇ ਅੰਦਰ ਦੀ ਸਮਝ ਪੈਂਦੀ ਹੈ ਕਿ ਮੈਂ ਕੀ ਹਾਂ ਭਾਵ ਕੁੱਝ ਵੀ ਨਹੀਂ ਹਾਂ ਤੇ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਅੰਮ੍ਰਿਤ ਪੀਣ ਤੋਂ ਬਾਅਦ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਮਤਿ ਭਰਮਾਂ ਦੀ ਭਰੀ ਹੋਈ ਮਤਿ ਹੈ ਜਿਸ ਮਤਿ ਨੂੰ ਮਨੁੱਖ ਫਿਰ ਤਿਆਗ ਦਿੰਦਾ ਹੈ, ਪ੍ਰਮਾਤਮਾ ਦੇ ਸਮਝਾਉਣ ਦੁਆਰਾ ਤਿਆਗ ਦਿੰਦਾ ਹੈ ਤੇ ਉਸ ਤੋਂ ਬਾਅਦ ਉਹੀ ਕੁੱਝ ਕਰਦਾ ਹੈ ਜੋ ਗੁਰੂ ਦੀ, ਪ੍ਰਮਾਤਮਾ ਦੀ ਸੱਚੀ ਮਤਿ ਸਮਝਾਉਂਦੀ ਹੈ ਜੋ ਸੱਚੀ ਮਤਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ। ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਸੱਚੀ ਸਮਝ ਦਾ ਮਿਲਣਾ ਹੀ ਉਸਦਾ ਮਨ ਦੇ ਵਿੱਚ ਅੰਮ੍ਰਿਤ ਪੀਣਾ ਹੈ ਤੇ ਆਪਣੀ ਮਤਿ ਛੱਡਣਾ ਹੀ ਆਪਣਾ ਮਨ ਗੁਰੂ ਨੂੰ ਦੇਣਾ ਹੈ, ਗੁਰੂ ਨੂੰ ਸੌਂਪਣਾ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਹੀ ਖਿਮਾ ਮਿਲਦੀ ਹੈ। ਖਿਮਾ ਮਿਲਣ ਤੋਂ ਪਹਿਲਾਂ ਮਨੁੱਖ ਮਨ ਦੀ ਮਾੜੀ ਸਮਝ ਦੁਆਰਾ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ, ਗੁਰਮਤਿ ਦੇ, ਸੱਚ ਦੇ ਉਲਟ ਕੰਮ ਕਰਦਾ ਹੈ ਭਾਵ ਅਨੇਕਾਂ ਗੁਨਾਹ ਕਰਦਾ ਹੈ, ਔਗੁਣ ਕਰਦਾ ਹੈ। ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਮਨ ਦੀ ਮਾੜੀ ਸਮਝ ਦੁਆਰਾ ਕਿਸੇ ਵਸਤੂ ਨੂੰ ਵੀ, ਆਪਣੇ ਆਪ ਨੂੰ ਵੀ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਸਾਡਾ ਗੁਨਾਹ ਹੈ। ਪ੍ਰਮਾਤਮਾ ਦਾ ਅੰਮ੍ਰਿਤ ਪੀਣ ਤੋਂ ਬਾਅਦ ਸਾਨੂੰ ਇਸ ਗੁਨਾਹ ਤੋਂ ਹੀ ਮਾਫੀ ਮਿਲਦੀ ਹੈ ਜਦੋਂ ਮਨੁੱਖ ਮਨ ਦੀ ਸੱਚੀ ਸਮਝ ਦੁਆਰਾ ਇਹ ਕਹਿਣ ਜੋਗਾ ਹੋ ਜਾਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਫਿਰ ਮਨੁੱਖ ਸੱਚੇ ਧਰਮ ਦੇ ਮਾਰਗ ਤੇ ਹੀ ਚੱਲਦਾ ਹੈ ਤੇ ਕੋਈ ਮਾੜਾ ਕਰਮ ਨਹੀਂ ਕਰਦਾ, ਕੋਈ ਗੁਨਾਹ ਨਹੀਂ ਕਰਦਾ ਜਿਸ ਲਈ ਮੁਆਫੀ ਮੰਗਣੀ ਪੈਂਦੀ ਹੈ। ਜਦ ਤੱਕ ਪ੍ਰਮਾਤਮਾ ਕਿਸੇ ਨੂੰ ਆਪ ਮੁਆਫ ਨਹੀਂ ਕਰਦਾ ਤਦ ਤੱਕ ਕੋਈ ਮਨ ਦੀ ਮਾੜੀ ਸਮਝ ਵਿੱਚੋਂ ਨਹੀਂ ਨਿਕਲ ਸਕਦਾ। ਜਿਸਨੂੰ ਪ੍ਰਮਾਤਮਾ ਖਿਮਾ ਬਖਸ਼ਦਾ ਹੈ ਉਸ ਨੂੰ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਉਣ ਦੁਆਰਾ ਹੀ ਬਖਸ਼ਦਾ ਹੈ, ਆਪਣਾ ਨਾਮ ਦੇਣ ਦੁਆਰਾ ਹੀ ਬਖਸ਼ਦਾ ਹੈ। (**ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥**) ਪ੍ਰਮਾਤਮਾ ਦੇ ਕੋਲੋਂ ਸਾਨੂੰ ਖਿਮਾ ਕਿਵੇਂ ਮਿਲਦੀ ਹੈ ਜੋ ਕਿ ਕਦੇ ਕਿਸੇ ਵਿਰਲੇ ਨੂੰ ਹੀ ਮਿਲਦੀ ਹੈ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਮਿਲਦੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥
ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ ॥
ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ ॥
ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ ॥
ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ ॥
ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ ॥
ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ ॥49॥”

(ਅੰਗ - 937)

ਉੱਪਰ ਵਾਲੇ ਸ਼ਬਦ ਨੂੰ ਲੇਖ ਵਿੱਚ ਅੱਗੇ ਚੱਲਕੇ ਸਮਝਾਂਗੇ ਤੇ ਪ੍ਰਮਾਤਮਾ ਦੇ ਦਰ ਤੋਂ ਖਿਮਾ ਪਾਉਣ ਦਾ ਤਰੀਕਾ ਸਮਝਾਂਗੇ। ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ।

ਪ੍ਰਮਾਤਮਾ ਦੇ ਦਰ ਤੋਂ ਖਿਮਾ ਉਸਦੇ ਨਾਲ ਮੇਲ ਰਾਹੀਂ ਹੀ ਮਿਲਦੀ ਹੈ, ਅੰਮ੍ਰਿਤ ਦੀ ਪ੍ਰਾਪਤੀ ਹੋਣ ਨਾਲ ਹੀ ਮਿਲਦੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਇਹ ਖਿਮਾ ਮਿਲਣ ਦੁਆਰਾ ਹੀ ਮਨੁੱਖ ਦੀ ਸਮਝ ਖਰੀ ਬਣਦੀ ਹੈ ਭਾਵ ਉਸਦੇ ਮਨ ਦੀ ਖੋਟ ਨਿਕਲਦੀ ਹੈ, ਅਗਿਆਨਤਾ ਨਿਕਲਦੀ ਹੈ ਜਿਵੇਂ ਕਿ ਉਸ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਖਰਾ ਖਰਾ ਆਖੈ ਸਭੁ ਕੋਇ ॥

ਖਰਾ ਰਤਨੁ ਜੁਗ ਚਾਰੇ ਹੋਇ ॥”

ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਕਿ ਖਰੇ ਖੋਟੇ ਵਿੱਚ ਪਹਿਚਾਣ ਤਾਂ ਹੀ ਹੋ ਸਕਦੀ ਹੈ ਜਦੋਂ ਦੋਨੋਂ ਗੱਲਾਂ ਦੀ ਸਮਝ ਪੈ ਜਾਵੇ ਕਿ ਖੋਟਾ ਕੀ ਹੈ ਤੇ ਖਰਾ ਕੀ ਹੈ। ਖਰਾ ਕੇਵਲ ਸ਼ਬਦ ਹੈ ਭਾਵ ਖਰਾ ਕੇਵਲ ਸ਼ਬਦ ਦਾ ਗਿਆਨ ਹੈ, ਗੁਰੂ ਦਾ ਗਿਆਨ ਹੈ ਭਾਵ ਚੌਥੇ ਪਦ ਦਾ ਗਿਆਨ ਹੈ ਜਿਸ ਸੱਚੇ ਗਿਆਨ ਨੂੰ ਜਾਣੇ ਬਿਨ੍ਹਾਂ ਸਾਨੂੰ ਇਸ ਗੱਲ ਦੀ ਸਮਝ ਕਿਵੇਂ ਲੱਗ ਸਕਦੀ ਹੈ ਕਿ ਖੋਟਾ ਕਿਸਨੂੰ ਆਖਦੇ ਹਨ। ਜੋ ਗਿਆਨ ਭਾਵ ਜੋ ਮਨ ਦੀ ਸਮਝ ਗੁਰੂ ਦੀ ਸਮਝ ਦੇ ਨਾਲ ਮੇਲ ਨਹੀਂ ਖਾਂਦੀ ਉਹ ਖੋਟੀ ਸਮਝ ਹੈ, ਮਨੁੱਖ ਦੀ ਖੋਟੀ ਰਾਸਿ ਹੈ। ਸਭ ਨੂੰ ਪ੍ਰਮਾਤਮਾ ਨੇ ਆਪ ਹੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਇਸ ਭਰਮਾਂ ਵਾਲੀ ਸਮਝ ਦੀ, ਹਉਮੈ ਵਾਲੀ ਸਮਝ ਦੀ ਮਨ ਦੇ ਵਿੱਚੋਂ ਪਹਿਚਾਣ ਹੀ ਗੁਰੂ ਦੇ ਸੱਚੇ ਗਿਆਨ ਦੁਆਰਾ ਹੁੰਦੀ ਹੈ। ਆਪਣੀ ਖੋਟੀ ਸਮਝ ਦੁਆਰਾ ਅਸੀਂ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿਨ੍ਹਾਂ ਦਾ ਗੁਰੂ ਦੀ ਖਰੀ ਸਮਝ ਬਾਣੀ ਰਾਹੀਂ ਵਾਰ-ਵਾਰ ਖੰਡਨ ਕਰਦੀ ਹੈ। ਅਸੀਂ ਕਿਸੇ ਅੱਖਰ ਨੂੰ ਹੀ ਨਾਮ ਸਮਝਿਆ ਹੋਇਆ ਹੈ ਜੋ ਸਾਡੀ ਖੋਟੀ ਸਮਝ ਦਾ ਭਾਵ ਭਰਮਾਂ ਵਾਲੀ ਸਮਝ ਦਾ ਨਤੀਜਾ ਹੈ ਤੇ ਇਸ ਗੱਲ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ, ਉਸਦਾ ਅੰਮ੍ਰਿਤ ਪੀਣ ਦੁਆਰਾ ਪੈਂਦੀ ਹੈ ਜੋ ਅੰਮ੍ਰਿਤ ਮਨ ਦੇ ਵਿੱਚ ਉਹ ਆਪ ਹੀ ਪਿਆਉਂਦਾ ਹੈ। ਭਾਵੇਂ ਕੋਈ ਜਿਹੋ ਜਿਹੀ ਮਰਜੀ ਭਗਤੀ ਦੇ ਮਾਰਗ ਤੇ ਲੱਗਿਆ ਹੋਇਆ ਹੈ, ਜਿਹੋ ਜਿਹੇ ਮਰਜੀ ਅੱਖਰ ਦੇ ਜਪ ਨੂੰ ਨਾਮ ਜਪਣਾ ਸਮਝਦਾ ਹੈ ਉਹ ਆਪਣੇ ਆਪ ਨੂੰ ਠੀਕ ਹੀ ਸਮਝਦਾ ਹੈ, ਖਰੀ ਮਤਿ ਵਾਲਾ, ਖਰੀ ਸਮਝ ਵਾਲਾ ਭਾਵ ਸੱਚੀ ਸਮਝ ਵਾਲਾ ਹੀ ਸਮਝਦਾ ਹੈ ਪਰ ਅਸਲ ਵਿੱਚ ਖਰਾ ਕੇਵਲ ਗੁਰੂ ਦਾ ਰਤਨ ਹੈ ਭਾਵ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਜੋ ਗੁਰੂ ਦਾ ਗਿਆਨ ਜੁਗਾਂ-ਜੁਗਾਂ ਤੋਂ ਸੱਚ ਹੀ ਸਮਝਾਉਂਦਾ ਆ ਰਹਿਆ ਹੈ, ਸਦਾ ਤੋਂ ਭਗਤੀ ਦਾ ਇੱਕੋ ਇੱਕ ਮਾਰਗ ਹੀ ਸਮਝਾਉਂਦਾ ਆ ਰਹਿਆ ਹੈ, ਸਦਾ ਤੋਂ ਇੱਕੋ ਇੱਕ ਨਾਮ ਹੀ ਸਮਝਾਉਂਦਾ ਆ ਰਹਿਆ ਹੈ ਜੋ ਕਦੇ ਬਦਲ ਨਹੀਂ ਸਕਦਾ। (**ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ਜੁਗ ਚਾਰੇ ਹੋਇ ॥**)

{ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥
ਵਿਣੁ ਨਾਵੈ ਕੋ ਮੁਕਤਿ ਨ ਹੋਇ ॥6॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥7॥
ਸਾਚਾ ਮਰੈ ਨ ਆਵੈ ਜਾਇ ॥
ਨਾਨਕ ਗੁਰਮੁਖਿ ਰਹੈ ਸਮਾਇ ॥8॥}

(ਅੰਗ - 229)

{ਜੁਗ ਚਾਰੇ ਨਾਮਿ ਵਡਿਆਈ ਹੋਈ ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥1॥ ਰਹਾਉ ॥}

(ਅੰਗ - 880)

{ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥

ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥
ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥
ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥2॥}

(ਅੰਗ - 646)

ਮਨ ਦੇ ਵਿੱਚ ਖੋਟੀ ਖਰੀ ਸਮਝ ਦੀ ਪਹਿਚਾਣ ਕੀ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਖਾਤ ਪੀਅੰਤ ਮੂਏ ਨਹੀ ਜਾਨਿਆ ॥
ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥
ਗੁਰ ਕਿਰਪਾ ਤੇ ਨਾਮੁ ਪਛਾਨਿਆ ॥19॥”

(ਅੰਗ - 932)

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ “ਸਬਦੁ ਰਤਨੁ” ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਆਪਣੇ ਰੂਪ ਦੁਆਰਾ ਉਹ ਆਪ ਹੀ ਗੁਰੂ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਸਬਦੁ ਰੂਪ ਵਿੱਚ ਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਉਸਦੇ ਸਬਦੁ ਰੂਪ ਨਾਲ ਹੀ ਹੁੰਦਾ ਹੈ, ਉਸਦੇ ਰਤਨੁ ਰੂਪ ਨਾਲ ਹੀ ਹੁੰਦਾ ਹੈ ਭਾਵ ਉਸਦੇ ਨਾਮ ਰੂਪ ਦੇ ਨਾਲ, ਬ੍ਰਹਮ ਗਿਆਨ ਰੂਪ ਦੇ ਨਾਲ ਹੀ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿੱਚ ਕਿਤਨੇ ਉੱਚੇ ਗਿਆਨ ਵਾਲਾ ਹੈ ਜੋ ਮਨੁੱਖ ਦੀ ਤ੍ਰੈਗੁਣਾਂ ਵਾਲੀ ਸਮਝ ਦੇ ਮੁਕਾਬਲੇ ਬਹੁਤ ਉੱਚਾ ਗਿਆਨ ਹੈ। ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਉਸਦੇ ਸ਼ਬਦ ਰੂਪ ਦੁਆਰਾ ਹੀ ਪੈਂਦੀ ਹੈ ਤੇ ਜਦ ਤਕ ਮਨੁਖ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਹੈ, ਮਾਇਆ ਮੋਹ ਵਾਲੀ ਮਸਝ ਹੈ ਤਦ ਤਕ ਮਨੁਖ ਮਾਇਆ ਦੇ ਸੁਖਾਂ ਨਾਲ ਹੀ ਜੁੜਿਆ ਰਹਿੰਦਾ ਹੈ, ਤ੍ਰਿਸ਼ਨਾਵਾਂ ਨਾਲ ਹੀ ਜੁੜਿਆ ਰਹਿੰਦਾ ਹੈ ਜਿਨ੍ਹਾਂ ਦੀ ਪੂਰਤੀ ਲਈ ਉਹ ਅਨੇਕਾਂ ਮਾੜੇ ਕਰਮ ਵੀ ਕਰਦਾ ਹੈ, ਗੁਰਮਤਿ ਦੇ ਉਲਟ ਚੱਲਦਾ ਹੈ। ਜਦ ਤੱਕ ਮਨੁੱਖ ਖਾਣ ਪੀਣ ਦੇ ਭੋਗਾਂ ਨਾਲ ਭਾਵ ਮਾਇਆ ਦੇ ਰਸਾਂ ਨਾਲ ਜੁੜਿਆ ਰਹਿੰਦਾ ਹੈ, ਇਹੋ ਜਿਹੀ ਸਮਝ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਸੱਚੀ ਭਗਤੀ ਨਹੀਂ ਹੋ ਸਕਦੀ ਤੇ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿਉਂਕਿ ਮਨ ਦੀ ਇਹੋ ਜਿਹੀ ਮਾਇਆ ਮੋਹ ਵਾਲੀ ਸਮਝ ਮਨੁੱਖ ਨੂੰ ਆਤਮਿਕ ਤੌਰ ਤੇ ਮਾਰ ਦਿੰਦੀ ਹੈ, ਧਰਮ ਦੇ ਮਾਰਗ ਤੇ ਚੱਲਣ ਲਈ ਮਾਰ ਦਿੰਦੀ ਹੈ ਜਿਸ ਕਰਕੇ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਇਹੋ ਜਿਹੀ ਸਾਡੀ ਮਾੜੀ ਸਮਝ ਹੀ ਸਾਡੇ ਅੰਦਰ ਦੀ ਖੋਟੀ ਸਮਝ ਹੈ, ਖੋਟੀ ਮਤਿ ਹੈ, ਮਨਮਤਿ ਹੈ ਜੋ ਸਾਨੂੰ ਗੁਰੂ ਦੀ ਸੱਚੀ ਮਤਿ ਨਾਲੋਂ, ਸ਼ਬਦ ਦੀ ਖਰੀ ਮਤਿ ਨਾਲੋਂ ਵਿਛੋੜ ਕੇ ਰੱਖਦੀ ਹੈ ਜਿਸ ਦੇ ਰਹਿੰਦਿਆਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਨਹੀਂ ਮੰਨਦੇ, ਨਾਮ ਨੂੰ ਨਹੀਂ ਮੰਨਦੇ ਭਾਵ ਨਾਮ ਨਹੀਂ ਜਪਦੇ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। (**ਖਾਤ ਪੀਅੰਤ ਮੂਏ ਨਹੀ ਜਾਨਿਆ ॥**) ਮਾਇਆ ਮੋਹ ਵਾਲੀ ਸਮਝ ਰਹਿੰਦੇ ਹੋਏ ਭਾਵ ਖੋਟੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਆਤਮਿਕ ਤੌਰ ਤੇ ਮਰੇ ਰਹਿੰਦੇ ਹਾਂ ਪਰ ਸਾਡਾ ਅਸਲੀ ਮਰਨ ਕੀ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥
ਗੁਰ ਕਿਰਪਾ ਤੇ ਨਾਮੁ ਪਛਾਨਿਆ ॥”

ਮਨੁੱਖ ਦਾ ਅਸਲ ਮਰਨਾ ਮਨ ਦੇ ਅੰਦਰੋਂ ਸਾਡੀ ਖੋਟੀ ਸਮਝ ਦਾ, ਹਉਮੈ ਵਾਲੀ ਸਮਝ ਦਾ, ਭਰਮਾਂ ਵਾਲੀ ਸਮਝ ਦਾ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦਾ ਮਰਨਾ ਹੈ ਜਿਸ ਮਾੜੀ ਸਮਝ ਦੁਆਰਾ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਆਪਣੀ ਵੱਖਰੀ ਹੋਂਦ ਸਮਝਦਾ ਹੈ ਭਾਵ ਆਪਣੇ ਆਪ ਨੂੰ ਮਨੁੱਖ ਸਮਝਦਾ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਭਾਵ ਖੋਟੀ ਸਮਝ ਤਾਂ ਹੀ ਦੂਰ ਹੁੰਦੀ ਹੈ, ਸਾਡੇ ਅੰਦਰੋਂ ਤਾਂ ਹੀ ਨਿਕਲਦੀ ਹੈ, ਤਾਂ ਹੀ ਮਰਦੀ ਹੈ ਜਦੋਂ ਮਨੁੱਖ ਆਪਣੇ

ਅੰਦਰੋਂ ‘‘ਸਬਦੁ’’ ਨੂੰ ਪਛਾਣ ਲੈਂਦਾ ਹੈ ਭਾਵ ਗੁਰੂ ਨੂੰ ਪਛਾਣ ਲੈਂਦਾ ਹੈ ਭਾਵ ਪ੍ਰਮਾਤਮਾ ਨੂੰ ਪਛਾਣ ਲੈਂਦਾ ਹੈ ਜੋ ਮਨ ਦੇ ਗਿਆਨ ਦਾ ਮਾਲਕ ਹੈ, ਹਰ ਗਿਆਨ ਦਾ ਮਾਲਕ ਹੈ। ਆਪਣੇ ਅੰਦਰੋਂ ਸਬਦ ਨੂੰ ਪਛਾਨਣਾ, ਪ੍ਰਮਾਤਮਾ ਨੂੰ ਪਛਾਨਣਾ, ਨਾਮ ਨੂੰ ਪਛਾਨਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਇਸ ਸ਼ਬਦ ਰਾਹੀਂ ਸਮਝਾਈ ਹੋਈ ਹੈ। ਅਸੀਂ ਆਪਣੇ ਅੰਦਰੋਂ ਸ਼ਬਦ ਰੂਪ ਗੁਰੂ ਨੂੰ, ਪ੍ਰਮਾਤਮਾ ਨੂੰ, ‘‘ਨਾਮੁ’’ ਨੂੰ ਆਪਣੇ ਅੰਦਰੋਂ ਤਾਂ ਹੀ ਪਹਿਚਾਣ ਸਕਦੇ ਹਾਂ ਜੇਕਰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਆਪਣਾ ਅੰਮ੍ਰਿਤ ਪਿਆਵੇ ਜਿਵੇਂ ਕਿ ਅਸੀਂ ਇਸ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਆਪਣੇ ਦਰਸ਼ਨ ਕਰਵਾਉਂਦਾ ਹੈ, ਕਿਸ ਨੂੰ ਆਪਣਾ ਨਾਮ ਬਖਸ਼ਦਾ ਹੈ ਜਿਸ ਦੁਆਰਾ ਉਹ ਖਿਨ ਵਿੱਚ ਹੀ ਕਿਸੇ ਦੇ ਅੰਦਰ ਵਾਲੀ ਅਗਿਆਨਤਾ ਖਤਮ ਕਰ ਸਕਦਾ ਹੈ ਭਾਵ ਖਿਨ ਵਿੱਚ ਇਹ ਸੋਝੀ ਪਾ ਸਕਦਾ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ। ਉਹ ਆਪਣੇ ਆਪ ਨੂੰ ਮਨੁੱਖ ਦੇ ਅੰਦਰ ਕਿਸ ਤਰੀਕੇ ਪ੍ਰਗਟ ਕਰਦਾ ਹੈ, ਇਸ ਗੱਲ ਦਾ ਥੋੜਾ ਜਿਕਰ ਪਿੱਛੇ ਵੀ ਕੀਤਾ ਹੈ ਤੇ ਅੱਗੇ ਚੱਲਕੇ ਥੋੜਾ ਹੋਰ ਵੀ ਕਰਾਂਗੇ ਤਾਂ ਜੋ ਅਸੀਂ ਸ਼ਬਦਾਂ ਦੇ ਅੰਦਰ ਦੇ ਭਾਵ ਨੂੰ ਸਮਝ ਸਕੀਏ। ਇਸ ਗੱਲ ਨੂੰ ਬਿਆਨ ਕਰਨਾ ਬਹੁਤ ਅਜੀਬ ਗੱਲ ਹੈ, ਪ੍ਰਮਾਤਮਾ ਦਾ ਬਹੁਤ ਹੀ ਵੱਡਾ ਕੌਤਕ ਹੈ ਜਿਸਨੂੰ ਕੇਵਲ ਉਹ ਹੀ ਸਮਝ ਸਕਦਾ ਹੈ ਤੇ ਵਿਸ਼ਵਾਸ ਕਰ ਸਕਦਾ ਹੈ ਜਿਸ ਦੇ ਨਾਲ ਇਹ ਕੌਤਕ ਵਰਤਦਾ ਹੈ। ਜਦ ਤੱਕ ਪ੍ਰਮਾਤਮਾ ਆਪਣਾ ਸ਼ਬਦ ਰੂਪ, ਨਾਮ ਰੂਪ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਤਦ ਤੱਕ ਕੋਈ ਨਹੀਂ ਸਮਝ ਸਕਦਾ ਕਿ ਗੁਰੂ ‘‘ਸ਼ਬਦ’’ ਹੈ ਭਾਵ ਪ੍ਰਮਾਤਮਾ ਆਪ ਹੈ ਜੋ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਗੁਰੂ ਹੈ ਤੇ ਪ੍ਰਮਾਤਮਾ ਦੇ ਇਹ ਸ਼ਬਦ ਰੂਪ ਹੀ ਉਸਦਾ ਨਾਮੁ ਰੂਪ ਹੈ ਜਿਸ ਸ਼ਬਦ ਰੂਪ ਵਿੱਚ, ਨਾਮ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪ ਹੀ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਉਸਦਾ ਸੱਚਾ ਗਿਆਨ ਮਿਲਣ ਤੋਂ ਪਹਿਲਾਂ, ਨਾਮ ਮਿਲਣ ਤੋਂ ਪਹਿਲਾਂ ਕਿਸੇ ਵੀ ਮਨੁੱਖ ਦਾ ਮਨ ਅਸਥਿਰ ਨਹੀਂ ਹੁੰਦਾ ਭਾਵ ਹਰ ਕੋਈ ਮਾਇਆ ਮੋਹ ਵਾਲੀ ਸਮਝ ਵਿੱਚ ਹੁੰਦਾ ਹੈ, ਭਰਮਾਂ ਵਾਲੀ ਸਮਝ ਵਿੱਚ ਹੁੰਦਾ ਹੈ ਤੇ ਉਸਦਾ ਮਨ ਮਾਇਆ ਮੋਹ ਵਿੱਚ, ਤ੍ਰਿਸ਼ਨਾਵਾਂ ਦੀ ਪੂਰਤੀ ਵਿੱਚ ਡੋਲਦਾ ਰਹਿੰਦਾ ਹੈ ਜਿਸ ਕਰਕੇ ਮਨੁੱਖ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ। ਜਦੋਂ ਮਨ ਦੇ ਵਿੱਚ ਭਗਤੀ ਦੀ ਸੱਚੀ ਸਮਝ ਪੈਣ ਨਾਲ, ਸ਼ਬਦਾਂ ਦੀ ਵਿਚਾਰ ਦੀ ਸੱਚੀ ਸਮਝ ਪੈਣ ਦੇ ਨਾਲ ਮਨੁੱਖ ਦਾ ਮਨ ਗੁਰੂ ਦੇ, ਸ਼ਬਦਾਂ ਦੇ ਵਿਚਾਰਾਂ ਨਾਲ ਇੱਕ ਹੋ ਜਾਂਦਾ ਹੈ, ਇਹੀ ਸਾਡਾ ਅਸਲ ਮਰਨਾ ਹੈ ਭਾਵ ਸਾਡੀ ਮਾਇਆ ਮੋਹ ਵਾਲੀ ਸਮਝ ਦਾ ਮਰਨਾ ਹੈ, ਸਾਡੀ ਹਉਮੈ ਦਾ ਮਰਨਾ ਹੈ ਤੇ ਸ਼ਬਦ ਦੁਆਰਾ ਆਪਣੇ ਆਪ ਨੂੰ ਮਾਰਨਾ ਹੈ। ਸ਼ਬਦ ਦੀ ਮਤਿ ਨੂੰ ਮੰਨਣਾ ਹੀ ਅਸਲ ਮਰਨ ਕਬੂਲ ਕਰਨਾ ਹੈ ਜਿਸ ਮਰਨ ਦੀ ਗੱਲ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਵਾਰ-ਵਾਰ ਆਉਂਦੀ ਹੈ ਤੇ ਅੱਗੇ ਚੱਲਕੇ ਸ਼ਬਦਾਂ ਰਾਹੀਂ ਹੋਰ ਵੀ ਸਮਝਾਂਗੇ ਭਾਵ ਇਸ ਗੱਲ ਨੂੰ ਦ੍ਰਿੜ ਕਰਾਂਗੇ ਤਾਂ ਜੋ ਅਸੀਂ ਆਪਣਾ ਅਸਲ ਮਰਨ ਸਮਝ ਸਕੀਏ, ਸ਼ਬਦੇ ਮਰਨਾ ਸਮਝ ਸਕੀਏ। ਆਪਣੇ ਅੰਦਰੋਂ ‘‘ਸ਼ਬਦੁ’’ ਨੂੰ ਪਛਾਣੇ ਬਿਨ੍ਹਾਂ, ‘‘ਨਾਮੁ’’ ਨੂੰ ਪਛਾਣੇ ਬਿਨ੍ਹਾਂ, ਭਾਵ ਪ੍ਰਮਾਤਮਾ ਨੂੰ ਪਛਾਣੇ ਬਿਨ੍ਹਾਂ, ਮਨ ਦੇ ਵਿੱਚ ਉਸਦਾ ‘‘ਅੰਮ੍ਰਿਤ’’ ਪੀਏ ਬਿਨ੍ਹਾਂ, ਮਨ ਦੀ ਖੋਟੀ ਮਤਿ ਦਾ ਖਰਾ ਹੋਏ ਬਿਨ੍ਹਾਂ ਕਿਸੇ ਦਾ ਅਸਲ ਮਰਨ ਨਹੀਂ ਹੋ ਸਕਦਾ ਜੋ ਮਰਨ ਹੋਣ ਤੋਂ ਬਾਦ ਸਭ ਦੇ ਵਿੱਚ ਕੇਵਲ ਤੇ ਕੇਵਲ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ, ਨਾਮ ਦਾ ਮਾਲਕ ਨਜ਼ਰ ਆਉਂਦਾ ਹੈ।

(ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥ ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ਜੁਗ ਚਾਰੇ ਹੋਇ ॥ ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥ ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥)

ਸਭ ਦੇ ਅੰਦਰ, ਹਰ ਵਸਤੂ ਦੇ ਅੰਦਰ, ਹਰ ਆਕਾਰ ਰੂਪ ਦੇ ਅੰਦਰ ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਵੱਸਿਆ ਹੋਇਆ ਹੈ, ਸਮਾਇਆ ਹੋਇਆ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ, ਗਿਆਨ ਰੂਪ ਹੈ ਜਿਸਨੂੰ ਤਨ ਦੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਤੇ ਕੇਵਲ ਮਨ ਦੀਆਂ ਅੱਖਾਂ ਦੁਆਰਾ ਭਾਵ ਮਨ ਦੀ ਸਮਝ ਰੂਪ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਮਨ ਦੇ ਗਿਆਨ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਸਮਝਿਆ ਜਾ ਸਕਦਾ ਹੈ ਜੋ ਆਪਣਾ ਰੂਪ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਆਪਣਾ ਅੰਮ੍ਰਿਤ ਪਿਆਉਣ ਦੁਆਰਾ ਸਮਝਾਉਂਦਾ ਹੈ ਤੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਇਆ ਹੈ, ਉਨ੍ਹਾਂ ਨੇ ਹੀ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਅਕਥਿ ਕਥਾ ਬਿਆਨ ਕੀਤੀ ਹੈ, ਪ੍ਰਮਾਤਮਾ ਦੇ ਨਾਮ ਦੇ ਰੂਪ ਵਿੱਚ ਬਿਆਨ ਕੀਤੀ ਹੈ।

“ਆਪਿ ਕਰੇ ਕਿਛੁ ਕਰਣੁ ਨ ਜਾਇ ॥

ਆਪੇ ਭਾਵੈ ਲਏ ਮਿਲਾਇ ॥
ਤਿਸ ਤੇ ਨੇੜੈ ਨਾਹੀ ਕੋ ਦੂਰਿ ॥
ਨਾਨਕ ਨਾਮਿ ਰਹਿਆ ਭਰਪੂਰਿ ॥4॥"

(ਅੰਗ - 1175)

"ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥
ਅਨ ਭੈ ਵਿਸਰੇ ਨਾਮਿ ਸਮਾਇਆ ॥1॥"

(ਅੰਗ 154)

ਉੱਪਰ ਦੋਨਾਂ ਸ਼ਬਦਾਂ ਦੀਆਂ ਪੰਗਤੀਆਂ ਵਿੱਚ ਨਾਮ ਦੀ, ਅੰਮ੍ਰਿਤ ਦੀ ਗੱਲ ਕੀਤੀ ਹੋਈ ਹੈ। ਉਪਰਲੇ ਸ਼ਬਦ ਵਿੱਚ ਨਾਮ ਦੀ ਗੱਲ ਕੀਤੀ ਹੋਈ ਹੈ, ਦੂਸਰੇ ਸ਼ਬਦ ਵਿੱਚ ਅੰਮ੍ਰਿਤ ਪੀਣ ਦੀ ਗੱਲ ਕੀਤੀ ਹੋਈ ਹੈ। ਜੇਕਰ ਸਾਨੂੰ ਨਾਮ ਦੀ ਸਮਝ ਹੈ ਤੇ ਫਿਰ ਦੋਨਾਂ ਵਿੱਚ ਇੱਕੋ ਜਿਹਾ ਨਾਮ ਹੀ ਸਮਝਾਇਆ ਹੋਇਆ ਹੈ ਨਹੀਂ ਤਾਂ ਫਿਰ ਸਾਨੂੰ ਦੋਨਾਂ ਵਿੱਚ ਫਰਕ ਲੱਗੇਗਾ। ਪਹਿਲਾਂ ਦੂਸਰੇ ਸ਼ਬਦ ਦੀਆਂ ਪੰਗਤੀਆਂ ਨੂੰ ਸਮਝਦੇ ਹਾਂ।

ਗਉੜੀ ਮਹਲਾ ੧ ॥
"ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥
ਅਨ ਭੈ ਵਿਸਰੇ ਨਾਮਿ ਸਮਾਇਆ ॥1॥"

(ਅੰਗ 154)

ਅਕਾਲ ਪੁਰਖ ਰੂਪ ਧੰਨ ਧੰਨ ਪਹਿਲੀ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਦਾ ਇਹ ਪਹਿਲਾ ਪਦਾ ਹੈ। ਪੂਰੇ ਸ਼ਬਦ ਨੂੰ ਅੱਗੇ ਚੱਲ ਕੇ ਸਮਝਾਂਗੇ ਜਿਸ ਰਾਹੀਂ ਸਾਡੇ ਨਾਮ ਨੂੰ ਜਪਣ ਬਾਰੇ ਭਰਮ ਹੀ ਕੱਢੇ ਹੋਏ ਹਨ।

ਸਾਰੀ ਗੁਰਬਾਣੀ ਪ੍ਰਮਾਤਮਾ ਦੀ ਅਕਥਿ ਕਥਾ ਹੈ ਜਿਸ ਰਾਹੀਂ ਉਸ "ਅਕਥੁ" ਪ੍ਰਮਾਤਮਾ ਨੂੰ ਕਥਿਆ ਗਿਆ ਹੈ। ਪ੍ਰਮਾਤਮਾ ਦੀ ਅਕਥੁ ਕਥਾ ਉਹੀ ਕਥ ਸਕਦਾ ਹੈ ਜਿਸਨੂੰ ਉਹ ਅਕਥੁ ਰੂਪ ਪ੍ਰਮਾਤਮਾ ਆਪ ਹੀ ਆਪਣੀ ਕਥਾ ਸਮਝਾਉਂਦਾ ਹੈ ਕਿਉਂਕਿ ਆਪਣੇ ਆਪ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ, ਕਥ ਸਕਦਾ ਕਿ ਪ੍ਰਮਾਤਮਾ ਕੀ ਹੈ। ਬਾਬਾ ਨਾਨਕ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਜਿਸ ਨੇ ਮੇਰੇ ਕੋਲੋਂ "ਅਕਥੁ" ਕਹਾਇਆ ਹੈ ਭਾਵ ਆਪਣੀ ਅਕਥਿ ਕਥਾ ਬਿਆਨ ਕਰਵਾਈ ਹੈ, ਲਿਖਵਾਈ ਹੈ, ਉਸਨੇ ਮੈਨੂੰ **"ਅਪਿਉ"** ਪੀਆਇਆ ਹੈ, ਅੰਮ੍ਰਿਤ ਪੀਆਇਆ ਹੈ। ਇਹ ਅੰਮ੍ਰਿਤ ਸਾਡਾ ਮਨ ਹੀ ਪੀਂਦਾ ਹੈ ਜਿਸ ਦੁਆਰਾ ਅਕਥਿ ਕਥਾ ਸਮਝ ਆਉਂਦੀ ਹੈ। (**ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥**) ਜਿਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਨੇ ਮਨ ਦੇ ਵਿੱਚ ਆਪਣਾ ਅੰਮ੍ਰਿਤ ਰੂਪ ਗਿਆਨ ਸਮਝਾਇਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਨਾਮ ਪਾਇਆ ਹੈ, ਸੱਚਾ ਗਿਆਨ ਪਾਇਆ ਹੈ ਭਾਵ ਬ੍ਰਹਮ ਗਿਆਨ ਪਾਇਆ ਹੈ। ਇਸੇ ਲਈ ਪੂਰੀ ਗੁਰਬਾਣੀ ਉਸ ਪ੍ਰਮਾਤਮਾ ਦੇ ਦਰ ਤੋਂ ਆਈ ਹੈ ਜੋ ਉਸਦਾ ਦਰ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੀ ਹੈ ਤੇ ਇਸੇ ਲਈ ਪ੍ਰਮਾਤਮਾ ਆਪ ਹੀ ਗੁਰੂ ਹੈ, ਸ਼ਬਦ ਦੇ ਰੂਪ ਵਿੱਚ ਗੁਰੂ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਗੁਰੂ ਹੈ।

{**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥**
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥44॥}

(ਅੰਗ - 943)

ਅੱਗੇ ਚੱਲਕੇ ਇਸ ਸ਼ਬਦ ਨੂੰ ਬਰੀਕੀ ਨਾਲ ਸਮਝਾਂਗੇ॥

ਪੂਰੀ ਗੁਰਬਾਣੀ ਵਿੱਚ ਅਕਥਿ ਕਥਾ ਹੀ ਹੈ ਤੇ ਇਹ ਉਹਨਾਂ ਸਰੀਰਾਂ ਰਾਹੀਂ ਆਈ ਹੈ ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਉਨਾਂ ਨੂੰ ਆਪ ਹੀ ਆਪਣਾ ਅੰਮ੍ਰਿਤ ਪਿਆਇਆ ਹੈ, ਆਪ ਹੀ ਆਪਣਾ ਨਾਮ ਸਮਝਾਇਆ

ਹੈ। ਇਸ ਲਈ ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ, ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਹੈ, ਨਾਮ ਹੈ, ਬ੍ਰਹਮ ਗਿਆਨ ਹੈ, ਪੂਰਨ ਸੱਚ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। {**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥2॥ ਅੰਗ - 13**}

ਜਿਸ ਨੂੰ ਮਨ ਦੇ ਵਿੱਚ ਪ੍ਰਮਾਤਮਾ ਆਪਣਾ ਅੰਮ੍ਰਿਤ ਪਿਆਉਂਦਾ ਹੈ ਉਸ ਦੇ ਮਨ ਦੀ ਅਵੱਸਥਾ ਫਿਰ ਕਿਹੋ ਜਿਹੀ ਬਣ ਜਾਂਦੀ ਹੈ, ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਅਨ ਭੈ ਵਿਸਰੇ ਨਾਮਿ ਸਮਾਇਆ ॥"

ਭੈ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਭੈ ਦੀ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ "ਭੈ" ਨੂੰ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਸੱਚਾ ਭੈ ਕੇਵਲ ਸੱਚ ਤੇ ਚੱਲਣ ਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਜਿਸ ਲਈ ਸਾਨੂੰ ਆਪਣੀਆਂ ਇੱਛਾਵਾਂ ਤਿਆਗਣੀਆਂ ਪੈਂਦੀਆਂ ਹਨ, ਮਾਇਆ ਮੋਹ ਤਿਆਗਣਾ ਪੈਂਦਾ ਹੈ, ਮਾਇਆ ਦੇ ਸੁੱਖ ਛੱਡਣੇ ਪੈਂਦੇ ਹਨ ਜਿਨ੍ਹਾਂ ਨੂੰ ਛੱਡਣਾ ਬਹੁਤ ਔਖਾ ਹੈ ਤੇ ਇਸੇ ਲਈ ਸੱਚ ਤੇ ਚੱਲਣਾ ਔਖਾ ਹੈ, ਨਾਮ ਜਪਣਾ ਔਖਾ ਹੈ ਕਿਉਂਕਿ ਗੁਰੂ ਦੀ ਮਤਿ ਨੂੰ ਅਪਨਾਉਣ ਲਈ ਆਪਣੀ ਮਤਿ ਪੂਰੀ ਤਰਾਂ ਛੱਡਣੀ ਪੈਂਦੀ ਹੈ ਜੋ ਬਹੁਤ ਔਖਾ ਹੈ। ਸਾਡੇ ਅੰਦਰ ਅਨੇਕਾਂ ਹੀ ਭਉ ਵੱਸੇ ਰਹਿੰਦੇ ਹਨ ਜਿਨ੍ਹਾਂ ਦਾ ਕਾਰਨ ਸਾਡੇ ਅੰਦਰ ਦੇ ਭਰਮ ਹਨ। ਸਾਡੇ ਅੰਦਰ ਆਪਣੇ ਮਰਨ ਦਾ ਬਹੁਤ ਵੱਡਾ ਭਉ ਹੈ ਜੋ ਕਿ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ, ਅੰਮ੍ਰਿਤ ਦੀ ਪ੍ਰਾਪਤੀ ਤੋਂ ਬਾਅਦ ਭਾਵ ਮਨ ਦੇ ਵਿੱਚ ਸੱਚੀ ਸਮਝ ਪੈਣ ਤੋਂ ਬਾਅਦ ਦੂਰ ਹੋ ਜਾਂਦਾ ਹੈ ਕਿਉਂਕਿ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਤੇ ਇਹ ਸਮਝ ਲੱਗਣ ਤੋਂ ਬਾਅਦ ਮਨੁੱਖ ਨੂੰ ਸਰੀਰ ਦੇ ਬਿਨਸਨ ਦਾ ਕੋਈ ਭਉ ਮਹਿਸੂਸ ਨਹੀਂ ਹੁੰਦਾ। ਮਨ ਦੇ ਵਿੱਚੋਂ ਹਰ ਭਉ ਪ੍ਰਮਾਤਮਾ ਆਪ ਹੀ ਦੂਰ ਕਰ ਦਿੰਦਾ ਹੈ। ਮਨੁੱਖ ਦੇ ਅੰਦਰ ਅਨੇਕਾਂ ਹੀ ਭਉ ਵੱਸੇ ਰਹਿੰਦੇ ਹਨ ਜੋ ਸੱਚ ਸਮਝ ਪੈਣ ਦੁਆਰਾ ਦੂਰ ਹੋ ਜਾਂਦੇ ਹਨ। ਪ੍ਰਮਾਤਮਾ ਦੀ ਭਗਤੀ ਨੂੰ ਲੈ ਕੇ, ਨਾਮ ਜਪਣ ਨੂੰ ਲੈਕੇ ਵੀ ਮਨੁੱਖ ਦੇ ਅੰਦਰ ਅਨੇਕਾਂ ਭਉ ਹਨ ਕਿ ਮੈਂ ਇਨ੍ਹਾਂ ਤੇ ਪੂਰਾ ਉਤਰਨਾ ਹੈ। ਇਹ ਸਾਡੇ ਮਨ ਦੇ ਝੂਠੇ ਭਉ ਹੀ ਹਨ, ਅਨ ਭਉ ਹੀ ਹਨ ਜੋ ਸੱਚੀ ਸਮਝ ਦੁਆਰਾ ਨਿਕਲ ਜਾਂਦੇ ਹਨ। ਭਗਤੀ ਦੇ ਮਾਰਗ ਨੂੰ ਲੈ ਕੇ ਅਸੀਂ ਅਨੇਕਾਂ ਨੂੰ ਉੱਚਾ ਸਮਝਿਆ ਹੁੰਦਾ ਹੈ ਕਿ ਉਨ੍ਹਾਂ ਨੂੰ ਭਗਤੀ ਦੀ ਉੱਚੀ ਸਮਝ ਹੈ ਤੇ ਉਨ੍ਹਾਂ ਬਾਰੇ ਕੁੱਝ ਵੀ ਕਹਿਣ ਤੋਂ ਅਸੀਂ ਡਰਦੇ ਹਾਂ। ਸੱਚ ਸਮਝ ਆਉਣ ਤੋਂ ਬਾਅਦ ਮਨੁੱਖ ਦੇ ਇਹ ਸਾਰੇ ਡਰ ਦੂਰ ਹੋ ਜਾਂਦੇ ਹਨ। ਇਹ ਸਾਰੇ ਡਰ ਪ੍ਰਮਾਤਮਾ ਮਨ ਦੇ ਵਿੱਚੋਂ ਆਪ ਹੀ ਕੱਢਦਾ ਹੈ, ਆਪਣਾ ਨਾਮ ਰੂਪ ਅੰਮ੍ਰਿਤ ਪਿਆਉਣ ਦੁਆਰਾ ਕੱਢਦਾ ਹੈ ਤੇ ਮਨੁੱਖ ਦੇ ਅੰਦਰ ਕੇਵਲ ਸੱਚ ਤੇ ਚੱਲਣ ਦਾ ਭਉ ਹੀ ਰਹਿ ਜਾਂਦਾ ਹੈ, ਨਾਮ ਦੀ ਮਤਿ ਤੇ ਚੱਲਣ ਦਾ ਭਉ ਹੀ ਰਹਿ ਜਾਂਦਾ ਹੈ ਜੋ ਕਿ ਸੱਚੇ ਸੁਚੇ ਕਰਮ ਹਨ। ਇਹ ਸਾਡਾ ਸੱਚਾ ਭਉ ਹੈ। (**ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥**)

ਉਪਰਲੇ ਸ਼ਬਦ ਰਾਹੀਂ ਅਸੀਂ "ਅੰਮ੍ਰਿਤ ਨਾਮ" ਸਮਝਿਆ ਹੈ ਤੇ ਹੁਣ ਦੂਸਰੇ ਸ਼ਬਦ ਰਾਹੀਂ ਨਾਮ ਸਮਝਦੇ ਹਾਂ ਜਿਸਦਾ ਪਿੱਛੇ ਜਿਕਰ ਕੀਤਾ ਹੈ।

"ਆਪਿ ਕਰੇ ਕਿਛੁ ਕਰਣੁ ਨ ਜਾਇ ॥
ਆਪੇ ਭਾਵੈ ਲਏ ਮਿਲਾਇ ॥
ਤਿਸ ਤੇ ਨੇੜੈ ਨਾਹੀ ਕੋ ਦੂਰਿ ॥
ਨਾਨਕ ਨਾਮਿ ਰਹਿਆ ਭਰਪੂਰਿ ॥"

ਉਪਰਲੇ ਸ਼ਬਦ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਭ ਜਗ੍ਹਾ ਆਪਣੇ ਨਾਮ ਦੁਆਰਾ ਭਰਪੂਰ ਹੈ ਭਾਵ ਸਭ ਜਗ੍ਹਾ ਉਸਦਾ ਨਾਮ ਹੀ ਹੈ ਜਿਸ ਰੂਪ ਵਿੱਚ ਉਹ ਆਪ ਹੀ ਹੈ। ਜੋ ਕੁੱਝ ਵੀ ਅਸੀਂ ਦੇਖਦੇ ਹਾਂ ਉਹ ਸਭ ਕੁੱਝ ਨਾਮ ਹੀ ਹੈ। ਅਸੀਂ ਆਪਣੇ ਆਪ ਨੂੰ ਵੀ ਵੇਖਦੇ ਹਾਂ ਭਾਵ ਅਸੀਂ "ਨਾਮ" ਹੀ ਹਾਂ, ਹਰ ਮਨੁੱਖ ਵੀ "ਨਾਮ" ਹੀ ਹੈ। ਸਭ ਕੁੱਝ ਤੇ ਆਪ ਪ੍ਰਮਾਤਮਾ ਹੀ ਹੈ ਭਾਵ ਪ੍ਰਮਾਤਮਾ ਆਪ ਨਾਮ ਦੇ ਰੂਪ ਵਿੱਚ ਹੀ ਹੈ। ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ। ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ। "ਨਾਮ" ਬ੍ਰਹਮ ਗਿਆਨ ਹੈ ਤੇ ਪ੍ਰਮਾਤਮਾ ਸਭ ਦੇ ਅੰਦਰ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ। ਹਰ ਆਕਾਰ ਰੂਪ ਨੂੰ ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਬਣਾਇਆ ਹੈ

ਤੇ ਸਭ ਨੂੰ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਚਲਾ ਰਹਿਆ ਹੈ। ਸਾਡੇ ਅੰਦਰ ਦੀ "ਜੋਤਿ" ਬ੍ਰਹਮ ਗਿਆਨ ਰੂਪ ਹੀ ਹੈ, ਨਾਮ ਰੂਪ ਹੀ ਹੈ ਆਪਣੇ ਜਿਸ ਰੂਪ ਦੁਆਰਾ, ਨਿਰੰਕਾਰ ਰੂਪ ਦੁਆਰਾ ਪ੍ਰਮਾਤਮਾ ਸਭ ਦੇ ਅੰਦਰ ਸਮਾਇਆ ਹੋਇਆ ਹੈ। ਇੱਕ ਅੱਖਰ ਨੂੰ ਨਾਮ ਸਮਝਣ ਵਾਲੇ ਕੀ ਇਹ ਕਦੇ ਮੰਨ ਸਕਦੇ ਹਨ ਕਿ ਉਹ ਆਪ ਵੀ ਨਾਮ ਦਾ ਰੂਪ ਹੀ ਹਨ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਜੋ ਆਪਣੇ ਨਾਮ ਦੁਆਰਾ ਆਪ ਹੀ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ, ਅਸੀਂ ਇਹ ਸਮਝਦੇ ਹਾਂ ਕਿ ਅਸੀਂ ਆਪ ਹੀ ਕਰਦੇ ਹਾਂ ਜੋ ਕਿ ਸਾਡਾ ਭਰਮ ਹੈ। ਸਭ ਕੁੱਝ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਸਰੀਰ ਰਾਹੀਂ ਆਪ ਹੀ ਕਰ ਰਹਿਆ ਹੈ, ਆਪਣੇ ਨਾਮ ਦੁਆਰਾ ਕਰ ਰਹਿਆ ਹੈ ਭਾਵ ਮਨ ਦੇ ਗਿਆਨ ਦੁਆਰਾ ਕਰ ਰਹਿਆ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿਉਂਕਿ ਸਾਨੂੰ ਨਾਮ ਦੀ ਸਮਝ ਨਹੀਂ ਹੈ, ਜੋ ਨਾਮ ਦੀ ਸਮਝ ਉਸਦੇ ਮੇਲ ਦੁਆਰਾ ਪੈਂਦੀ ਹੈ ਤੇ ਆਪਣੇ ਨਾਲ ਮੇਲ ਉਹ ਆਪਣੀ ਰਜ਼ਾ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਕਿਸੇ ਨੂੰ ਉਹ ਆਪਣਾ ਨਾਮ ਸਮਝਾਉਂਦਾ ਹੈ। (**ਆਪਿ ਕਰੇ ਕਿਛੁ ਕਰਣੁ ਨ ਜਾਇ॥ ਆਪੇ ਭਾਵੈ ਲਏ ਮਿਲਾਇ॥**) ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ।

"ਤਿਸ ਤੇ ਨੇੜੈ ਨਾਹੀ ਕੋ ਦੂਰਿ ॥
ਨਾਨਕ ਨਾਮਿ ਰਹਿਆ ਭਰਪੂਰਿ ॥"

ਜਦ ਤੱਕ ਪ੍ਰਮਾਤਮਾ ਆਪ ਕਿਸੇ ਨੂੰ ਆਪਣੇ ਨੇੜੇ ਨਹੀਂ ਲਗਾਉਂਦਾ ਤਦ ੱਉਸਦੇ ਨਾਲ ਦੂਰੀ ਨਹੀਂ ਮਿਟਦੀ। ਜਿਸਦੀ ਵੀ ਪ੍ਰਮਾਤਮਾ ਦੇ ਨਾਲ ਦੂਰੀ ਮਿਟੀ ਹੈ ਉਹ ਉਸਨੇ ਆਪ ਹੀ ਮਿਟਾਈ ਹੈ ਤੇ ਆਪਣਾ ਨਾਮ ਦੇਣ ਦੁਆਰਾ ਹੀ ਮਿਟਾਈ ਹੈ। ਪ੍ਰਮਾਤਮਾ ਦੇ ਨਾਲ ਦੂਰੀ ਉਸਦੇ ਨਾਲ ਮੇਲ ਦੁਆਰਾ ਹੀ ਮਿਟਦੀ ਹੈ, ਉਸਦਾ ਨਾਮ ਮਿਲਣ ਦੁਆਰਾ ਹੀ ਮਿਟਦੀ ਹੈ ਜੋ ਨਾਮ ਉਹ ਨਾਮ ਦਾ ਮਾਲਕ ਕੇਵਲ ਤੇ ਕੇਵਲ ਆਪ ਹੀ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਨਾਮ ਚੌਥੇ ਪਦ ਦਾ ਗਿਆਨ ਹੈ, ਸਭ ਤੋਂ ਉੱਚਾ ਗਿਆਨ ਹੈ ਜੋ ਕੇਵਲ ਗੁਰੂ ਪ੍ਰਮਾਤਮਾ ਦੀ ਆਪਣੀ ਮਲਕੀਅਤ ਹੈ। ਪੂਰੇ ਸੰਸਾਰ ਨੂੰ ਪ੍ਰਮਾਤਮਾ ਨੇ ਆਪ ਹੀ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਚੌਥੇ ਪਦ ਦੇ ਗਿਆਨ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਬ੍ਰਹਮ ਗਿਆਨ ਪ੍ਰਮਾਤਮਾ ਦਾ ਚੌਥੇ ਪਦ ਦਾ ਗਿਆਨ ਹੈ ਜੋ ਨਾਮ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸਨੂੰ ਆਪਣਾ ਬ੍ਰਹਮ ਗਿਆਨ ਦੇਣ ਦੁਆਰਾ ਹੀ ਮਿਲਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲਾਇਆ ਹੈ ਤੇ ਪ੍ਰਮਾਤਮਾ ਸਭ ਦੇ ਵਿੱਚ ਤੇ ਸਭ ਜਗ੍ਹਾ ਕਿਸ ਤਰੀਕੇ ਵਿਚਰਦਾ ਹੈ ਇਸ ਗੱਲ ਨੂੰ ਕੇਵਲ ਉਸਦੇ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਗੁਰੂ ਤਾਂ ਸਾਨੂੰ ਵਾਰ-ਵਾਰ ਇਹੀ ਨਾਮ ਸਮਝਾ ਰਹਿਆ ਹੈ ਜੋ ਕਿਸੇ ਵੀ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਆਪਣੀ-ਆਪਣੀ ਤ੍ਰੈਗੁਣਾਂ ਵਾਲੀ ਮਤਿ ਨਾਲ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਨਾਮ ਸਮਝਾਉਣ ਵਾਲੇ ਤੇ ਨਾਮ ਦੇਣ ਵਾਲੇ ਬਹੁਤ ਹਨ ਤੇ ਇਸਦਾ ਮਤਲਬ ਇਹੀ ਹੈ ਕਿ ਉਨ੍ਹਾਂ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਸਮਝਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਉਸਦੇ ਨਾਮ ਦੇ ਰੂਪ ਵਿੱਚ ਹੈ, ਸ਼ਬਦ ਦੇ ਰੂਪ ਵਿੱਚ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਇਸ ਲਈ ਸਾਨੂੰ ਕੇਵਲ ਤੇ ਕੇਵਲ ਗੁਰੂ ਕੋਲੋਂ ਹੀ ਸਿਖਣਾ ਚਾਹੀਦਾ ਹੈ ਕਿ ਨਾਮ ਕੀ ਹੈ ਨਾ ਕਿ ਉਨ੍ਹਾਂ ਦੇ ਪਿੱਛੇ ਲੱਗਣਾ ਚਾਹੀਦਾ ਹੈ ਜੋ ਖੁਦ ਭਰਮ ਵਿੱਚ ਰਹੇ ਹਨ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਪਾਇਆ ਹੈ। ਨਾਮ ਦਾ ਤਾਂ ਮਕਸਦ ਹੀ ਸੰਸਾਰ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਤੇ ਜਿਸਦਾ ਭਰਮ ਨਿਕਲ ਜਾਂਦਾ ਹੈ ਉਸਨੂੰ ਸਭ ਵਿੱਚ, ਸਭ ਜਗ੍ਹਾ ਪ੍ਰਮਾਤਮਾ ਭਾਵ ਨਾਮ ਹੀ ਨਾਮ ਨਜ਼ਰ ਆਉਂਦਾ ਹੈ। (**ਤਿਸ ਤੇ ਨੇੜੈ ਨਾਹੀ ਕੋ ਦੂਰਿ॥ ਨਾਨਕ ਨਾਮਿ ਰਹਿਆ ਭਰਪੂਰਿ॥**) ਅੰਗ - 1175

{ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਤੂ ਸਦਾ ਸਲਾਮਤਿ ਨਿਰੰਕਾਰ ॥19॥}

(ਅੰਗ ੪)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥3॥}

(ਅੰਗ 1152)

{ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥9॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥}

(ਅੰਗ 1069)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥4॥}

(ਅੰਗ 354)

{ਘਰ ਮਹਿ ਵਸਤੁ ਅਗਮ ਅਪਾਰਾ ॥
ਗੁਰਮਤਿ ਖੋਜਹਿ ਸਬਦਿ ਬੀਚਾਰਾ ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥
ਸਦਾ ਰੰਗਿ ਰਾਤੇ ਸਚਿ ਸਮਾਹਿ ॥3॥}

(ਅੰਗ 1175)

ਉਪਰਲੇ ਸ਼ਬਦਾਂ ਨੂੰ ਪੜਨ ਤੋਂ ਬਾਅਦ ਕਿ ਕਿਸੇ ਦੇ ਅੰਦਰ ਨਾਮ ਨੂੰ ਸਮਝਣ ਵਿੱਚ ਕੋਈ ਭਰਮ ਬਚਦਾ ਹੈ ਭਾਵ ਨਹੀਂ ਬਚਦਾ ਤੇ ਕੇਵਲ ਗੁਰੂ ਦੀ ਮਤਿ ਤੇ ਭਰੋਸਾ ਕਰਨ ਦੀ ਲੋੜ ਹੈ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲਣ ਦੀ ਲੋੜ ਹੈ ਜਿਨ੍ਹਾਂ ਦੇ ਕੋਲੋਂ ਅਸੀਂ "ਨਾਮੁ" ਸਿੱਖਿਆ ਹੋਇਆ ਹੈ ਜੋ ਖੁਦ ਭਰਮ ਵਿੱਚ ਹਨ।

"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥

ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ॥੧॥"

(ਅੰਗ ੫੯੪)

ਉਪਰਲੇ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਗੁਰੂ ਕੋਲੋਂ ਅਸੀਂ ਨਾਮ ਦੀ ਪ੍ਰਾਪਤੀ ਕਿਸ ਤਰੀਕੇ ਕਰਨੀ ਹੈ। ਇਸ ਸ਼ਬਦ ਰਾਹੀਂ ਬੜਾ ਸਪੱਸ਼ਟ ਉਪਦੇਸ਼ ਸੁਣਾਇਆ ਹੋਇਆ ਹੈ ਕਿ ਗੁਰੂ ਨੂੰ ਕੇਵਲ ਵੇਖਣ ਦੁਆਰਾ ਭਾਵ ਸਿਰਫ ਦਰਸ਼ਨ ਕਰਨ ਦੁਆਰਾ ਹੀ ਮੁਕਤੀ ਨਹੀਂ ਮਿਲਦੀ। ਮੁਕਤੀ ਤਾਂ ਗੁਰੂ ਦਾ ਉਪਦੇਸ਼ ਸੁਣ ਕੇ ਤੇ ਉਸ ਤੇ ਵਿਚਾਰ ਕਰਨ ਦੁਆਰਾ ਭਾਵ ਉਸ ਤੇ ਅਮਲ ਕਰਨ ਦੁਆਰਾ ਹੀ ਹੋ ਸਕਦੀ ਹੈ। ਬਾਣੀ ਦੇ ਉਪਦੇਸ਼ ਦੇ ਨਾਲ ਜੁੜਨ ਨੂੰ ਹੀ ਨਾਮ ਦੇ ਨਾਲ ਪਿਆਰ ਦੱਸਿਆ ਗਿਆ ਹੈ। ਗੁਰੂ ਦੇ ਉਪਦੇਸ਼ ਨੂੰ ਮੰਨਣ ਤੋਂ ਬਿਨ੍ਹਾਂ ਭਾਵ ਉਸ ਤੇ ਚੱਲਣ ਤੋਂ ਬਿਨ੍ਹਾਂ ਮਨੁੱਖ ਦਾ ਹਿਰਦਾ ਸ਼ੁੱਧ ਨਹੀਂ ਹੋ ਸਕਦਾ ਅਤੇ ਮਨੁੱਖ ਦੀ ਹਉਮੈ ਨਹੀਂ ਮਿਟਦੀ ਭਾਵ ਨਾਮ ਨਹੀਂ ਮਿਲਦਾ। ਜਦ ਤੱਕ ਮਨ ਵਿੱਚ ਵਿਕਾਰ ਹਨ ਤਦ ਤੱਕ ਨਾਮ ਨਾਲ ਪਿਆਰ ਪੈ ਹੀ ਨਹੀਂ ਸਕਦਾ। ਔਗੁਣਾਂ ਨੂੰ ਛੱਡਣਾ ਹੀ ਨਾਮ ਨਾਲ ਪਿਆਰ ਪਾਉਣਾ ਹੈ, ਗੁਰੂ ਨਾਲ ਪਿਆਰ ਪਾਉਣਾ ਹੈ। ਇਹੋ ਜਿਹਾ ਪਿਆਰ ਪਾਉਣ ਨਾਲ ਹੀ ਉਸਨੂੰ ਮਿਲਿਆ ਜਾ ਸਕਦਾ ਹੈ, ਕੇਵਲ ਦਰਸ਼ਨ ਕਰੀ ਜਾਣ ਨਾਲ ਪ੍ਰਾਪਤੀ ਨਹੀਂ ਹੋ ਸਕਦੀ। ਪ੍ਰਮਾਤਮਾ ਦੀ ਮਨੁੱਖ ਤੇ ਸੱਚੀ ਕ੍ਰਿਪਾ, ਬਖਸ਼ਿਸ਼ ਇਹੋ ਹੀ ਹੈ, ਜਿਸਨੂੰ ਉਹ ਵਿਕਾਰਾਂ ਵਿੱਚੋਂ ਕੱਢ ਲਵੇ, ਦੁਬਿਧਾ ਵਿੱਚੋਂ, ਭਰਮ ਵਿੱਚੋਂ ਕੱਢ ਲਵੇ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਇਹੋ ਹੀ ਹੈ ਕਿ ਅਸੀਂ ਵਿਕਾਰਾਂ ਵਿੱਚੋਂ ਨਿਕਲਣ ਦਾ ਉੱਦਮ ਕਰੀਏ ਭਾਵ ਸ਼ਬਦ ਦੇ ਵਿਚਾਰੀ ਬਣਨ ਦਾ ਉੱਦਮ ਕਰੀਏ ਜੋ ਕਿ ਗੁਰੂ ਦੇ ਨਾਲ ਆਪਣਾ ਪਿਆਰ ਦਿਖਾਉਣ ਦਾ ਅਸਲ ਤਰੀਕਾ ਹੈ। ਕੇਵਲ ਦਰਸ਼ਨ ਕਰੀ ਜਾਣ ਨਾਲ, ਮੱਥੇ ਟੇਕੀ ਜਾਣ ਨਾਲ ਤੇ ਸ਼ਬਦਾਂ ਨੂੰ ਸੁਣੀ ਜਾਣ ਨਾਲ, ਸ਼ਬਦਾਂ ਨੂੰ ਕਥੀ ਜਾਣ ਨਾਲ, ਕਿਸੇ ਅੱਖਰ ਨੂੰ ਰੱਟੀ ਜਾਣ ਨਾਲ ਗੁਰੂ ਦੇ ਨਾਲ ਪਿਆਰ ਨਹੀਂ ਜੁੜ ਸਕਦਾ। ਗੁਰੂ ਦੇ ਉਪਦੇਸ਼ ਨਾਲ ਪਿਆਰ ਕਰਨਾ ਗੁਰੂ ਦੇ ਨਾਲ ਪਿਆਰ ਹੈ, ਨਾਮ ਦੇ ਨਾਲ ਪਿਆਰ ਹੈ ਜੋ ਪਿਆਰ ਹਉਮੈ ਛੱਡਣ ਦੁਆਰਾ ਭਾਵ ਮਨਮਤਿ ਛੱਡਣ ਦੁਆਰਾ, ਔਗੁਣ ਛੱਡਣ ਦੁਆਰਾ ਹੀ ਜੁੜਦਾ ਹੈ। **(ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ॥੧॥)** ਪ੍ਰਮਾਤਮਾ ਆਪਣੇ ''ਦਰਸਨੁ'' ਮਨ ਦੇ ਵਿੱਚੋਂ ਹੀ ਕਰਵਾਉਂਦਾ ਹੈ ਤੇ ਉਸਦੇ ਦਰਸ਼ਨ ਕਰਨ ਲਈ ਸਾਨੂੰ ਉਸਦੀ ਨਿਰੰਕਾਰ ਰੂਪ ਮਤਿ ਨਾਲ ਜੁੜਨ ਦੀ ਲੋੜ ਹੈ, ਗੁਰੂ ਦੇ ਗਿਆਨ ਨਾਲ ਜੁੜਨ ਦੀ ਲੋੜ ਹੈ ਭਾਵ ਉਸ ਦੇ ਨਾਮ ਨਾਲ ਜੁੜਨ ਦੀ ਲੋੜ ਹੈ।

"ਕਾਇਆ ਕਾਮਣਿ ਅਤਿ ਸੁਆਲ੍ਹਿਉ ਪਿਰੁ ਵਸੈ ਜਿਸੁ ਨਾਲੇ॥
ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ॥
ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ॥੧॥
ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥੧॥ਰਹਾਉ॥
ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ॥੨॥
ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ॥੩॥
ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ॥

ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ
ਗੁਰ ਕੈ ਸਬਦਿ ਵੀਚਾਰਾ॥੪॥
ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ॥
ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥੫॥
ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ॥੬॥
ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ॥
ਸਚੈ ਆਪਣਾ ਖੇਲੁ ਰਚਾਇਆ ਆਵਾ ਗਉਨੁ ਪਾਸਾਰਾ॥
ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ॥੭॥
ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ॥
ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ॥
ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ॥੮॥"

(ਅੰਗ ੭੫੪)

ਇਸ ਸ਼ਬਦ ਨੂੰ ਵਿਚਾਰੀਏ ਤਾਂ ਸਮਝ ਲੱਗ ਜਾਵੇਗੀ ਕਿ ਇਹ ਸਰੀਰ ਪ੍ਰਮਾਤਮਾ ਦਾ ਹੀ ਹੈ। ਜਿਸਦਾ ਸਭ ਕੁੱਝ ਹੈ ਉਸਦਾ ਹੀ ਇਹ ਸਰੀਰ ਹੈ ਤੇ ਜਿੱਥੇ ਪ੍ਰਮਾਤਮਾ ਵੱਸਦਾ ਹੈ ਉੱਥੇ ਸਭ ਕੁੱਝ ਵੱਸਦਾ ਹੈ ਭਾਵ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਸੱਚੇ ਪ੍ਰਮਾਤਮਾ ਦਾ ਖੰਡ ਭਾਵ ਸੱਚਖੰਡ ਸਾਡੇ ਅੰਦਰ ਹੀ ਹੈ ਭਾਵ ਇਹ ਮਨ ਹੈ। **(ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥)** ਅੰਗ - 441 । ਨਾਮ ਦੀ ਪ੍ਰਾਪਤੀ ਜਦੋਂ ਵੀ ਹੋਣੀ ਹੈ ਆਪਣੇ ਅੰਦਰੋਂ ਹੀ ਹੋਣੀ ਹੈ ਤੇ ਆਪਣੇ ਮਨ ਨੂੰ ਛੱਡ ਕੇ ਕਿਤੋਂ ਬਾਹਰੋਂ ਨਾਮ ਨੂੰ ਭਾਲਣਾ ਭਾਵ ਪ੍ਰਮਾਤਮਾ ਨੂੰ ਲੱਭਣਾ ਨਿਰਾ ਹੀ ਭਰਮ ਹੈ, ਭੁਲੇਖਾ ਹੈ। ਨਾਮ ਗੁਰੂ ਦੀ ਵਿਚਾਰ ਤੋਂ ਬਿਨ੍ਹਾਂ ਭਾਵ ਗੁਰਬਾਣੀ ਦੇ ਦੱਸੇ ਹੋਏ ਮਾਰਗ ਤੇ ਚੱਲਣ ਤੋਂ ਬਿਨ੍ਹਾਂ ਕਿਸੇ ਕੀਮਤ ਤੇ ਵੀ, ਕਿਸੇ ਵੀ ਹੋਰ ਤਰੀਕੇ ਦੁਆਰਾ, ਕਿਰਿਆ ਦੁਆਰਾ, ਨਹੀਂ ਪਾਇਆ ਜਾ ਸਕਦਾ। ਇਹ ਬਾਣੀ ਦਾ ਫੁਰਮਾਨ ਹੈ। ਅੱਗੇ ਜਾ ਕੇ ਅਸੀਂ ਇਹਨਾਂ ਗੱਲਾਂ ਨੂੰ ਬਰੀਕੀ ਨਾਲ ਸਮਝਾਂਗੇ। ਉੱਪਰ ਸ਼ਬਦ ਵਿੱਚੋਂ ਹੇਠ ਦਿੱਤੇ ਹੋਏ ਪਦੇ ਨੂੰ ਧਿਆਨ ਨਾਲ ਸਮਝੋ ਤੇ ਜਾਣੋਂ ਕਿ ਸਾਡੇ ਅੰਦਰ ਨਾਮ ਕੀ ਹੈ ਜਿਸਨੂੰ ਅਸੀਂ ਪਾਉਣਾ ਹੈ।

"ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥੫॥"

ਹਰ ਕੋਈ ਪ੍ਰਮਾਤਮਾ ਨੂੰ ਜਾਨਣਾ ਚਾਹੁੰਦਾ ਹੈ, ਪਾਉਣਾ ਚਾਹੁੰਦਾ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਪ੍ਰਮਾਤਮਾ ਨੂੰ ਪਾਉਣ ਦਾ ਮੁੱਲ ਚੁਕਾਉਣਾ ਪੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ। ਉਸਦੀ ਜੋਗ ਜੁਗਤਿ ਦੀ ਕੀਮਤ ਚੁਕਾਉਣੀ ਪੈਂਦੀ ਹੈ। ਇਹ ਕੀਮਤ ਚੁਕਾ ਕੇ ਅਸੀਂ ਪ੍ਰਮਾਤਮਾ ਨੂੰ ਪਾਉਣਾ ਹੈ, ਉਸਦੇ ਨਾਲ ਜੋਗ ਕਰਨਾ ਹੈ, ਮੇਲ ਕਰਨਾ ਹੈ ਭਾਵ ਉਸਦੇ ਨਾਲ ਮੇਲ ਕਰਨ ਲਈ ਉਸਦੀ ਦੱਸੀ ਹੋਈ ਕੀਮਤ ਦੇਣੀ ਹੈ। ਕੀਮਤ ਚੁਕਾਉਣ ਦੇ ਨਾਲ ਉਹ ਕੀਮਤੀ ਚੀਜ਼ ਕੀ ਹੈ ਜਿਸਨੂੰ ਅਸੀਂ ਪ੍ਰਾਪਤ ਕਰਨਾ ਹੈ, ਉਹ ਹੀ ਇੱਥੇ ਸਮਝਾਇਆ ਹੋਇਆ ਹੈ ਜੋ ਬੜੇ ਹੀ ਸਪੱਸ਼ਟ, ਸੌਖੇ ਤਰੀਕੇ ਨਾਲ ਸਮਝਾਇਆ ਹੋਇਆ ਹੈ ਤੇ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਉਹ ਕੀਮਤੀ ਚੀਜ਼ ਇਹ "ਮਨੁ" ਹੈ ਜਿਸ ਨੂੰ "ਰਤਨੁ" "ਜਵਾਹਰ" "ਮਾਣਕੁ" ਵਰਗਾ ਕੀਮਤੀ ਕਿਹਾ ਹੈ ਭਾਵ ਜਿਸ ਦਾ ਮੁੱਲ ਬਹੁਤ ਹੀ ਉੱਚਾ ਹੈ, ਬਹੁਤ ਹੀ ਭਾਰਾ ਮੁੱਲ ਹੈ। **(ਇਹੁ ਮਨੁ ਰਤਨੁ ਜਵਾਹਰ**

ਮਾਣਕੁ ਤਿਸ ਕਾ ਮੋਲੁ ਅਫਾਰਾ॥) ਕੀਮਤ ਤਾਂ ਅਸੀਂ ਇਸ "ਮਨੁ" ਦੀ ਹੀ ਚੁਕਾਉਣੀ ਹੈ, ਪ੍ਰਾਪਤੀ ਇਸ "ਮਨੁ" ਦੀ ਕਰਨੀ ਹੈ ਪਰ ਪ੍ਰਾਪਤੀ ਸਾਨੂੰ ਨਾਮ ਦੀ ਹੁੰਦੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥੫॥)** ਇਹ "ਮਨੁ" ਹੀ ਆਪ ਪ੍ਰਮਾਤਮਾ ਹੈ, ਆਪ "ਨਾਮੁ" ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਭ ਕੁੱਝ ਇਸ "ਮਨੁ" ਦੀ ਸੋਝੀ ਪੈਣਾ ਹੀ ਹੈ ਕਿ ਇਹ "ਮਨੁ" ਕੀ ਹੈ। ਸਭ ਕੁੱਝ ਸਾਡੇ ਮਨ ਦੇ ਵਿੱਚ ਹੀ ਹੈ। ਚੌਥਾ ਪਦ, ਬ੍ਰਹਮ ਗਿਆਨ ਇਸ ਮਨ ਦੇ ਵਿੱਚ ਹੀ ਹੈ ਜਿੱਥੇ ਉਹ ਆਪ ਬ੍ਰਹਮ ਗਿਆਨੀ ਆਪਣਾ ਆਸਣ ਲਗਾਈ ਬੈਠਾ ਹੈ, ਉੱਥੇ ਹੀ ਸਭ ਕੁਝ ਹੈ। ਉਸਨੂੰ ਪਾਉਣ ਦੀ ਕੀਮਤ ਕੇਵਲ ਤੇ ਕੇਵਲ "ਗੁਰ ਵੀਚਾਰਿ" ਹੈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਗੁਰ ਵਿਚਾਰ ਹੀ ਦਿੱਤੀ ਹੋਈ ਹੈ, ਆਪਣੀ ਵਿਚਾਰ ਹੀ ਦਿੱਤੀ ਹੋਈ ਹੈ ਤੇ ਉਸਦੀ ਵਿਚਾਰਧਾਰਾ ਨੂੰ ਮੰਨਣਾ ਹੀ ਉਸਦੀ ਕੀਮਤ ਚੁਕਾਉਣਾ ਹੈ, ਉਸਦਾ ਮੁੱਲ ਚੁਕਾਉਣਾ ਹੈ। ਅਸੀਂ ਕੇਵਲ ਉੱਦਮ ਹੀ ਕਰਨਾ ਹੈ, ਗੁਰੂ ਤੇ ਵਿਸ਼ਵਾਸ ਰੱਖਣਾ ਹੈ ਭਾਵ ਉਸਦੀ ਗੁਰਮਤਿ ਤੇ ਵਿਸ਼ਵਾਸ ਰੱਖਣਾ ਹੈ ਕਿ ਕੇਵਲ ਉਹੀ ਗੱਲ ਸੱਚੀ ਹੈ ਜੋ ਸਾਨੂੰ ਗੁਰੂ ਨੇ ਸਮਝਾਈ ਹੈ । ਕਿਸੇ ਹੋਰ ਦੀ ਮਤਿ ਪਿੱਛੇ ਨਹੀਂ ਲੱਗਣਾ। ਸਾਡਾ ਮਨ ਕੀ ਹੈ ਇਸ ਨੂੰ ਜਾਨਣਾ ਬਹੁਤ ਔਖਾ ਹੈ। ਆਪਣੇ ਮਨ ਨੂੰ ਜਾਨਣਾ ਪ੍ਰਮਾਤਮਾ ਨੂੰ ਜਾਨਣਾ ਹੈ। ਸ਼ਬਦ ਦਾ ਵੀਚਾਰੀ ਬਣਨਾ ਬਹੁਤ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ, ਨਾਮ ਨੂੰ ਪ੍ਰਾਪਤ ਕਰਨਾ ਬਹੁਤ ਔਖਾ ਹੈ। ਸ਼ਬਦ ਦਾ ਵੀਚਾਰੀ ਬਣਨ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ, ਸਾਰੇ ਔਗੁਣ ਛੱਡਣੇ ਪੈਂਦੇ ਹਨ ਮਾਇਆ ਦੇ ਸੁੱਖ ਤਿਆਗਣੇ ਪੈਂਦੇ ਹਨ ਜੋ ਕਿ ਬਹੁਤ ਔਖਾ ਹੈ ਤੇ ਇਸੇ ਲਈ ਮੇਲ ਦੀ ਕੀਮਤ ਚੁਕਾਉਣੀ ਬਹੁਤ ਔਖੀ ਹੈ। (**ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥ ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥**) ਆਪਣੇ ਅੰਦਰੋਂ ਪਾਉਣ ਦੀ ਬਜਾਇ ਜੋ ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਲੱਭਣ ਦੀਆਂ ਗੱਲਾਂ ਕਰਦੇ ਹਨ, ਕਿਸੇ ਸਰਗੁਣ ਸਰੂਪ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ ਉਹ ਸਭ ਭਰਮ ਵਿੱਚ ਹੀ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਦੇ ਅਸਲ ਸਰੂਪ ਦੀ, ਨਿਰਗੁਣ ਰੂਪ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ। **(ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥ ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥)**

(ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ॥੪॥)

(ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ॥ ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ॥) ਪ੍ਰਮਾਤਮਾ ਆਪਣਾ ਨਾਮ ਆਪ ਹੀ ਦਿੰਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਦਿੰਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਨਾਮ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਗੱਲ ਅਸੀਂ ਉੱਪਰ ਵਾਲੇ ਸ਼ਬਦ ਰਾਹੀਂ ਸਮਝੀ ਹੈ। ਨਾਮ ਦੀ ਸੋਝੀ ਤੋਂ ਬਿਨ੍ਹਾਂ ਹਰ ਕੋਈ ਪ੍ਰਮਾਤਮਾ ਨੂੰ ਪਾਉਣ ਦੀਆਂ ਚਤੁਰਾਈਆਂ ਹੀ ਦਿਖਾ ਰਿਹਾ ਹੈ। ਇਸ ਗੱਲ ਨੂੰ ਅੱਗੇ ਚੱਲ ਕੇ ਹੋਰ ਬਰੀਕੀ ਨਾਲ ਸਮਝਾਂਗੇ ਜੋ ਕਿ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ, ਬੜੇ ਗਹਿਰੇ ਢੰਗ ਨਾਲ ਸਮਝਾਇਆ ਹੋਇਆ ਹੈ।

“ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ॥7॥”

(ਅੰਗ ੯੮੩)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਮਨੁੱਖ ਦੇ ਵਿਕਾਰ ਗੁਰੂ ਦੇ ਗਿਆਨ ਤੋਂ ਬਿਨ੍ਹਾਂ ਨਹੀਂ ਜਾ ਸਕਦੇ ਭਾਵ ਇੱਕ ਗੁਰੂ ਦਾ ਗਿਆਨ ਹੀ ਹੈ ਜੋ ਵਿਕਾਰਾਂ ਤੋਂ ਸਾਡੀ ਰੱਖਿਆ ਕਰ ਸਕਦਾ ਹੈ। ਹਰ ਕੋਈ ਮਾਇਆ ਦੇ ਲੋਭ ਲਾਲਚ ਵਿੱਚ ਫਸਿਆ ਹੋਇਆ ਹੈ ਕਿਉਂਕਿ ਉਹ ਗੁਰੂ ਦੇ ਗਿਆਨ ਤੋਂ ਵਾਂਝਾ ਹੈ। ਇਸ ਲੋਭ ਲਾਲਚ ਦੇ ਹੁੰਦਿਆਂ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ ਜੋ ਕੇਵਲ ਗੁਰੂ ਦੇ ਗਿਆਨ ਵਿੱਚ ਆ ਕੇ ਹੀ ਹੋ ਸਕਦੀ ਹੈ ਭਾਵ ਇਹ ਲੋਭ ਲਾਲਚ ਦਾ ਹਲਕੁ ਛੱਡ ਕੇ ਹੀ ਹੋ ਸਕਦੀ ਹੈ। ਜਿਸ ਦਾ ਕਾਰਨ ਸਾਡੇ ਅੰਦਰ ਦੀ ਨਾਮਸਝ ਮਤਿ ਹੈ ਭਾਵ ਮਨਮਤਿ ਹੈ, ਹਉਮੈ ਹੈ। ਗੁਰੂ ਦੇ ਗਿਆਨ ਦੀ ਖੜਗ ਦਾ ਮਕਸਦ ਸਾਡੇ ਅੰਦਰ ਦੇ ਵਿਕਾਰਾਂ ਨੂੰ ਮਾਰਨ ਨਾਲ ਹੀ ਹੈ ਸਾਨੂੰ ਮਨ ਦੀ ਮਾੜੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤੇ ਉਹ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ ਭਾਵ ਆਪਣੇ ਅੰਦਰ ਵਿਚਾਰਾਂਗੇ, ਆਪਣੇ ਵਿਚਾਰਾਂ ਵਿੱਚ ਲਿਖਾਵਾਂਗੇ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਸਾਡੇ ਵਿਚਾਰ ਨਹੀਂ ਨਿਕਲ ਸਕਦੇ। ਕਿਸੇ ਨਾ ਕਿਸੇ ਗੱਲ ਦਾ ਲੋਭ, ਤ੍ਰਿਸ਼ਨਾ ਹਰ ਕਿਸੇ ਵਿੱਚ ਹੈ। ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਸਾਬਤ ਕਰਨਾ ਵੀ ਸਾਡੇ ਮਨ ਦਾ ਲੋਭ ਹੀ ਹੈ, ਤ੍ਰਿਸ਼ਨਾ ਹੀ ਹੈ। ਇਸ ਗੱਲ ਨੂੰ ਅਸੀਂ ਅੱਗੇ ਚੱਲ ਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ।
(**ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥ ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ॥**)

{ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ 1414)

{ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥
ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥
ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥}

(ਅੰਗ 1087)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥2॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥3॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥4॥}

(ਅੰਗ - 1178)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥7॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥8॥}

(ਅੰਗ - 235)

{ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥

ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ ॥}

(ਅੰਗ - 574)

{ਦੂਜੀ ਦੁਰਮਤਿ ਅੰਨੀ ਬੋਲੀ ॥
ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥1॥
ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥2॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥3॥}

(ਅੰਗ - 1022)

{ਹਰਿ ਕਾ ਨਾਮੁ ਕੋਟਿ ਲਖ ਬਾਹਾ ॥
ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥
ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥9॥}

(ਅੰਗ - 1072)

“ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥
ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥੧੯੧॥

ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ ਪੁਕਾਰੈ ਅਉਰ॥
ਲਾਗੀ ਚੋਟ ਮਰੰਮ ਕੀ ਰਹਿਓ ਕਬੀਰਾ ਠਉਰ॥੧੯੨॥

ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ॥
ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ॥੧੯੩॥”

(ਅੰਗ ੧੩੭੪)

ਧੰਨ ਧੰਨ ਭਗਤ ਕਬੀਰ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਨੇ ਇਨ੍ਹਾਂ ਸਲੋਕਾਂ ਰਾਹੀਂ ਇਹ ਸਮਝਾਇਆ ਹੈ ਕਿ ਗੁਰੂ ਦੇ ਉਪਦੇਸ਼ ਤੇ ਚੱਲਣਾ ਭਾਵ ਉਸਨੂੰ ਮੰਨਣਾ ਬਹੁਤ ਔਖਾ ਹੈ। ਤਾਂ ਹੀ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਉਸ ਦੇ ਭਾਣੇ ਨੂੰ ਕੋਈ ਵਿਰਲਾ ਹੀ ਮੰਨ ਸਕਦਾ ਹੈ ਭਾਵ ਜਿਸਨੂੰ ਉਹ ਆਪ ਮਨਾਏ, ਉਹ ਹੀ ਮੰਨ ਸਕਦਾ ਹੈ।

ਪਹਿਲੇ ਸਲੋਕ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਜੋ ਮਨੁੱਖ ਮਾਇਆ ਦੇ ਸੁਖਾਂ ਵਿੱਚ ਉਲਝੇ ਹੋਏ ਹਨ, ਮਸਤ ਹਨ, ਸੁੱਤੇ ਹੋਏ ਹਨ, ਉਨ੍ਹਾਂ ਨੇ ਗੁਰੂ ਦੇ ਉਪਦੇਸ਼ ਨੂੰ ਜਾਣਿਆ ਹੀ ਨਹੀਂ ਤੇ ਉਹ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਜਿਨ੍ਹਾਂ ਨੇ ਗੁਰੂ ਦੀ ਗੱਲ ਨੂੰ ਬੁੱਝਿਆ ਹੈ ਭਾਵ ਸਮਝਿਆ ਹੈ ਉਨ੍ਹਾਂ ਨੇ ਆਪਣੇ ਗਲ ਪੂਰੀ ਬਲਾ ਪਾ ਕੇ ਹੀ ਪ੍ਰਮਾਤਮਾ ਨੂੰ ਪਾਇਆ ਹੈ ਭਾਵ ਔਖੇ ਹੋ ਕੇ ਹੀ ਪਾਇਆ ਹੈ ਭਾਵ ਗੁਰੂ ਦੇ ਉਪਦੇਸ਼ ਤੇ ਚੱਲਣਾ ਉਸਦੇ ਭਾਣੇ ਵਿੱਚ ਰਹਿਣਾ ਬਹੁਤ ਔਖਾ ਹੈ। ਇਸ ਨੂੰ ਬਲਾ ਗੱਲ ਪਾਉਣ ਵਾਲੀ ਗੱਲ ਕਿਹਾ ਗਿਆ ਹੈ। ਲੇਕਿਨ ਧਿਆਨ ਨਾਲ ਸੋਚੋ ਜਿਸਦੇ ਗੱਲ ਪ੍ਰਮਾਤਮਾ ਇਹ ਬਲਾ ਪਾਉਂਦਾ ਹੈ ਇਹ ਉਸਦੀ ਸਭ ਤੋਂ ਵੱਡੀ ਦਾਤ ਹੈ। ਜੇਕਰ ਪ੍ਰਮਾਤਮਾ ਨੂੰ ਪਾਉਣਾ ਹੈ ਤਾਂ ਫਿਰ ਮਾਇਆ ਦੇ ਸੁੱਖਾਂ ਵਿੱਚੋਂ, ਔਗੁਣਾਂ ਵਿੱਚੋਂ ਨਿਕਲਣਾ

ਪਵੇਗਾ ਤੇ ਔਖਿਆਂ ਹੋਣਾ ਹੀ ਪਵੇਗਾ। **(ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥ ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥੧੮੧॥)**

ਦੂਸਰੇ ਸਲੋਕ ਰਾਹੀਂ ਇਹ ਸਮਝਾਇਆ ਹੈ ਕਿ ਅਸਲੀ ਪੀੜ ਕੀ ਹੈ। ਇਹ ਕੋਈ ਸਰੀਰਕ ਚੋਟ ਦੀ ਪੀੜ ਨਹੀਂ ਹੈ ਜੋ ਕਿ ਸਹਿਣ ਕੀਤੀ ਜਾ ਸਕਦੀ ਹੈ ਭਾਵ ਸਰੀਰ ਨੂੰ ਦੁੱਖਾਂ ਵਿੱਚ ਪਾ ਕੇ ਜਿਵੇਂ ਕਿ ਆਮ ਜੋਗੀ ਲੋਕ ਤੇ ਹੋਰ ਕਈ ਲੋਕ ਭਗਤੀ ਕਰਦੇ ਹਨ, ਇਹ ਪ੍ਰਮਾਤਮਾ ਨੂੰ ਪਾਉਣ ਦਾ ਢੰਗ ਨਹੀਂ ਹੈ। ਆਪਣੇ ਸਰੀਰ ਨੂੰ ਦੁੱਖਾਂ ਵਿੱਚ ਪਾਉਣਾ, ਵਸਤਰ ਹੀਣ ਹੋ ਕੇ ਰਹਿਣਾ, ਨੰਗੀ ਪੈਰੀ ਫਿਰਨਾ, ਪਹਾੜਾਂ ਦੀਆਂ ਚੋਟੀਆਂ ਤੇ ਜਾ ਕੇ ਆਪਣੇ ਆਪ ਨੂੰ ਔਖਾ ਕਰਨਾ ਆਦਿ ਭਗਤੀ ਦਾ ਮਾਰਗ ਨਹੀਂ ਹੈ। ਇਹ ਸਰੀਰ ਨੂੰ ਮਾਰਨ ਦਾ ਨਹੀਂ ਬਲਕਿ ਮਨ ਨੂੰ ਮਾਰਨ ਦਾ ਮਾਰਗ ਹੈ, ਆਪਣੀ ਮਨਮਤਿ ਨੂੰ ਮਾਰਨ ਦਾ ਮਾਰਗ ਹੈ, ਗੁਰਮਤਿ ਨੂੰ ਮੰਨਣ ਦਾ ਮਾਰਗ ਹੈ। ਅਸਲੀ ਚੋਟ ਮਨ ਦੀ ਹੈ ਭਾਵ ਮਨ ਦੇ ਵੈਰਾਗ ਦੀ ਹੈ ਜੋ ਮਨੁੱਖ ਦੇ ਅੰਦਰ ਪਨਪਦੀ ਹੈ। ਇਸ ਵੈਰਾਗ ਦੁਆਰਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਵੈਰਾਗ ਕੀ ਹੈ ਇਹ ਪਿੱਛੇ ਸ਼ਬਦ ਰਾਹੀਂ ਪਹਿਲਾਂ ਹੀ ਸਮਝਿਆ ਜਾ ਚੁੱਕਾ ਹੈ। ਇਹ ਮਨ ਨੂੰ ਮਾਰਨ ਦੀ ਪੀੜ ਹੈ, ਗੁਰਮਤਿ ਲਈ ਵੈਰਾਗ ਹੈ, ਮਾਇਆ ਮੋਹ ਛੱਡਣ ਦੀ ਪੀੜ ਹੈ, ਮਨ ਦੀ ਅਗਿਆਨਤਾ ਛੱਡਣ ਦੀ ਪੀੜ ਹੈ, ਹਉਮੈ ਛੱਡਣ ਦੀ ਪੀੜ ਹੈ, ਭਗਤੀ ਦੇ ਦਿਖਾਵੇ ਦਾ ਝੂਠਾ ਮਾਣ ਛੱਡਣ ਦੀ ਪੀੜ ਹੈ, ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਨਾ ਅਖਵਾਉਣ ਦੀ ਪੀੜ ਹੈ। (**ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ ਪੁਕਾਰੈ ਅਉਰ॥ ਲਾਗੀ ਚੋਟ ਮਰੰਮ ਕੀ ਰਹਿਓ ਕਬੀਰਾ ਠਉਰ॥**)

ਤੀਸਰੇ ਸਲੋਕ ਰਾਹੀਂ ਇਹੋ ਗੱਲ ਹੋਰ ਸਪੱਸ਼ਟ ਕਰਕੇ ਸਮਝਾਈ ਹੋਈ ਹੈ। ਸ਼ਬਦ ਦੀ ਚੋਟ ਤੋਂ ਭਾਵ ਹੈ ਗੁਰੂ ਦੇ ਗਿਆਨ ਦੀ ਚੋਟ, ਗੁਰੂ ਦੇ ਉਪਦੇਸ਼ ਨੂੰ ਮੰਨ ਕੇ ਉਸ ਤੇ ਚੱਲਣ ਦੀ ਚੋਟ ਭਾਵ ਗੁਰੂ ਦੀ ਗੱਲ ਨੂੰ ਸਹਿਣ ਦੀ ਚੋਟ। ਸ਼ਰੀਰ ਦੀ ਚੋਟ ਸਹਿਣੀ ਸੌਖੀ ਹੈ ਪਰ ਗੁਰੂ ਦੀ, ਸ਼ਬਦ ਦੀ ਮਤਿ ਨੂੰ ਮੰਨਣ ਦੀ ਚੋਟ ਨੂੰ ਜੋ ਮਨੁੱਖ ਸਹਾਰ ਸਕਦਾ ਹੈ ਭਾਵ ਜੋ ਉਸਦੇ ਭਾਣੇ ਵਿੱਚ ਚੱਲ ਸਕਦਾ ਹੈ, ਉਹ ਹੀ ਗੁਰੂ ਦਾ ਦਾਸ ਬਣ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਮਿਲ ਸਕਦਾ ਹੈ। ਇਹੀ ਗੱਲ ਪਿੱਛੇ ਸ਼ਬਦ ਰਾਹੀਂ ਸਮਝਾਈ ਹੋਈ ਹੈ। **"ਹਰਿ ਹਰਿ ਸਹੇ"** ਤੋਂ ਭਾਵ ਵੀ ਇਹ ਹੀ ਹੈ ਜੋ ਕਿ ਇਸ ਸ਼ਬਦ ਵਿੱਚ ਸਮਝਾਇਆ ਹੋਇਆ ਹੈ। (**ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ॥ ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ॥**)

ਪੂਰੀ ਗੁਰਬਾਣੀ ਪੜ੍ਹ ਲਵੋ, ਉਸਨੂੰ ਧਿਆਨ ਨਾਲ ਵਿਚਾਰੋ, ਪ੍ਰਮਾਤਮਾ ਨੂੰ ਜਪਣ ਲਈ ਹਰ ਸ਼ਬਦ ਦਾ ਭਾਵ ਇੱਕ ਹੀ ਹੋਵੇਗਾ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਇੱਕੋ ਹੀ ਹੈ ਜੋ ਕਿ ਅਨੇਕਾਂ ਹੀ ਸ਼ਬਦਾਂ ਦੁਆਰਾ ਅਨੇਕਾਂ ਹੀ ਵੱਖਰੇ-ਵੱਖਰੇ ਢੰਗ ਨਾਲ ਸਮਝਾਇਆ ਹੋਇਆ ਹੈ। ਗੱਲ ਇੱਕ ਹੀ ਹੈ, ਸਿਰਫ ਸਮਝਣ ਦੀ ਲੋੜ ਹੈ। ਪੂਰੀ ਬਾਣੀ ਇੱਕੋ ਪ੍ਰਮਾਤਮਾ ਦੀ ਹੈ ਅਤੇ ਪੂਰੀ ਬਾਣੀ ਵਿੱਚ ਇੱਕੋ ਜਿਹੀ ਗੱਲ ਹੈ। ਆਓ ਸੱਚੀ ਬਾਣੀ ਦੇ ਲੜ ਲੱਗੀਏ। ਬਾਣੀ ਨੂੰ ਜੀਅ ਲਗਾ ਕੇ ਪੜ੍ਹੀਏ, ਸੁਣੀਏ ਤੇ ਵਿਚਾਰੀਏ ਤੇ ਉਸਨੂੰ ਮੰਨ ਕੇ ਅਮਲ ਕਰੀਏ ਤਾਂ ਜੋ ਲੋੜੀਂਦਾ ਲਾਭ ਲੈ ਸਕੀਏ, ਲਾਹਾ ਖੱਟ ਸਕੀਏ। ਜੋ ਭਗਤੀ ਦਾ ਮਾਰਗ ਅਸੀਂ ਹੁਣ ਤੱਕ ਸਮਝਿਆ ਹੈ, ਉਹੀ ਭਗਤੀ ਦਾ ਮਾਰਗ ਹੁਣ ਧੰਨ ਧੰਨ ਸ਼ੇਖ ਫਰੀਦ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਦੇ ਹਾਂ।

“ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥੧੦੦॥

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥੧੦੩॥

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥੧੦੪॥”

(ਅੰਗ ੧੩੮੩)

ਧੰਨ ਧੰਨ ਤੀਜੀ ਪਾਤਸ਼ਾਹੀ ਨੇ ਵੀ ਆਖਰੀ ਸ਼ਬਦ ਦਾ ਅਸਲੀ ਭਾਵ ਸਮਝਾਉਣ ਲਈ ਸ਼ਬਦ ਉਚਾਰਿਆ ਹੋਇਆ ਹੈ ਤਾਂ ਜੋ ਕੋਈ ਭੁਲੇਖਾ ਨਾ ਪੈ ਸਕੇ ਤੇ ਸ਼ਬਦ ਦਾ ਅਸਲੀ ਭਾਵ ਸਮਝ ਆ ਸਕੇ।

ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਅਤੇ ਪ੍ਰੇਰਿਆ ਹੋਇਆ ਹੈ ਕਿ ਮਨੁੱਖ ਦੇ ਚੰਗੇ ਕਰਮ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਕੰਮ ਆਉਂਦੇ ਹਨ ਭਾਵ ਸੰਸਾਰ ਵਿੱਚ ਸਾਡੇ ਚੰਗੇ ਕਰਮ ਹੀ ਸਾਡੇ ਜੀਵਨ ਦਾ ਅਸਲ ਮਨੋਰਥ ਹੈ, ਭਗਤੀ ਦਾ ਸੱਚਾ ਮਾਰਗ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਮਿਲਦਾ ਹੈ, ਉੱਥੇ ਕੰਮ ਆਉਂਦਾ ਹੈ। ਪ੍ਰਮਾਤਮਾ ਦੀ ਦਰਗਾਹ ਵਿੱਚ ਸਾਡੇ ਸੱਚੇ ਅਮਲ ਕਿਸ ਤਰੀਕੇ ਤੇ ਕਿਸ ਜਗ੍ਹਾ ਕੰਮ ਆਉਂਦੇ ਹਨ ਤੇ ਇਸ ਸੰਸਾਰ ਵਿੱਚੋਂ ਜਾਣਾ ਕੀ ਹੈ, ਅਸਲ ਮਰਨਾ ਕੀ ਹੈ ਪ੍ਰਮਾਤਮਾ ਦੀ ਦਰਗਾਹ ਵਿੱਚ ਪਹੁੰਚਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਉੱਪਰ ਵਾਲੇ ਸ਼ਬਦ ਰਾਹੀਂ ਵੀ ਸਮਝਦੇ ਹਾਂ।

“ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥

ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥”

ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਉਹ ਦਰਗਾਹ ਕਿੱਥੇ ਹੈ ਜਿਥੇ ਸਾਡੇ ਕੀਤੇ ਹੋਏ ਅਮਲ ਕੰਮ ਆਉਂਦੇ ਹਨ। ਸੰਸਾਰ ਦੇ ਵਿੱਚ ਸਾਡਾ ਸਰੀਰ ਹੀ ਆਉਂਦਾ ਹੈ ਤੇ ਇੱਥੋਂ ਚਲਾ ਜਾਂਦਾ ਹੈ। ਆਪਣੇ ਸਰੀਰ ਰਾਹੀਂ ਮਨੁੱਖ ਕਰਮ ਹੀ ਕਰਦਾ ਹੈ। ਮਨੁੱਖ ਦੇ ਕੀਤੇ ਹੋਏ ਕਰਮ ਮਾੜੇ ਵੀ ਹੋ ਸਕਦੇ ਹਨ ਤੇ ਚੰਗੇ ਵੀ ਹੋ ਸਕਦੇ ਹਨ। ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਸਾਡੇ ਮਾੜੇ ਜਾਂ ਚੰਗੇ ਕਰਮ ਕਿਸਦੇ ਕੰਮ ਆਉਂਦੇ ਹਨ। ਸਾਡੇ ਕਰਮ ਦੁਨੀਆ ਦੇ ਵਿੱਚ ਹੀ ਕੰਮ ਆਉਂਦੇ ਹਨ। ਆਪਣੇ ਮਾੜੇ ਕਰਮਾਂ ਦੁਆਰਾ ਅਸੀਂ ਸੰਸਾਰ ਵਿੱਚ ਮਨੁੱਖਾਂ ਦਾ ਮਾੜਾ ਕਰਦੇ ਹਾਂ ਤੇ ਚੰਗੇ ਕਰਮਾਂ ਦੁਆਰਾ ਦੂਸਰੇ ਮਨੁੱਖਾਂ ਦਾ ਹੀ ਚੰਗਾ ਕਰਦੇ ਹਾਂ। ਸੰਸਾਰ ਦੇ ਵਿੱਚ ਸਾਡੇ ਚੰਗੇ ਅਮਲ ਸਾਡੇ ਚੰਗੇ ਕਰਮ ਹਨ ਜੋ ਸੰਸਾਰ ਦੇ ਵਿੱਚ ਹੀ ਕੰਮ ਆਉਂਦੇ ਹਨ। ਸਾਡੇ ਚੰਗੇ ਅਮਲਾਂ ਦਾ ਦੁਨੀਆਂ ਦੇ ਵਿੱਚ ਦੁਨੀਆ ਦੇ ਕੰਮ ਆਉਣਾ ਹੀ ਪ੍ਰਮਾਤਮਾ ਦੀ, ਅੱਲਾਹ ਦੀ ਦਰਗਾਹ ਦੇ ਵਿੱਚ ਸਾਡੇ ਅਮਲਾਂ ਦਾ ਕੰਮ ਆਉਣਾ ਹੈ, ਸਾਡੇ ਚੰਗੇ ਅਮਲ ਹੀ ਸਾਨੂੰ ਇਸ ਸਰੀਰ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਦਰਗਾਹ ਦੇ ਵਿੱਚ ਪਹੁੰਚਾਂਦੇ ਹਨ ਭਾਵ ਮਨ ਰੂਪ ਦਰਗਾਹ ਦੇ ਵਿੱਚ ਉਸ ਦੇ ਨਾਲ ਮੇਲ ਕਰਵਾਉਂਦੇ ਹਨ। ਉੱਪਰ ਸ਼ਬਦ ਦੀ ਪੰਗਤੀ ਨੂੰ ਧਿਆਨ ਨਾਲ ਸਮਝੋ। “**ਦਰਗਹ ਆਏ ਕੰਮਿ॥**” ਭਾਵ ਜਦੋਂ ਦੁਨੀਆ ਵਿੱਚੋਂ ਮਨੁੱਖ ਜਾਂਦਾ ਹੈ, ਉਸਦੇ ਜਾਣ ਤੋਂ ਪਹਿਲਾਂ ਹੀ ਪਰਮਾਤਮਾ ਦੇ ਦਰਗਹ ਵਿੱਚ ਮਨੁੱਖ ਦੇ ਚੰਗੇ ਅਮਲ ਉਸਦੇ ਕੰਮ ਆਏ। ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਇਸ ਗੱਲ ਨੂੰ ਬਰੀਕੀ ਨਾਲ ਸਮਝਾਂਗੇ ਕਿ ਮਨੁੱਖੀ ਜਨਮ ਮਰਨ ਕੇਵਲ ਮਨੁੱਖ ਦਾ ਭਰਮ ਹੈ ਭਾਵ ਇਸ ਸੰਸਾਰ ਵਿੱਚ ਨਾ ਕੋਈ ਆਉਂਦਾ ਹੈ ਨਾ ਜਾਂਦਾ ਹੈ ਕਿਉਂਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਗੱਲ ਦੀ ਸਮਝ ਕੇਵਲ ਮਨ ਦਾ ਭਰਮ ਨਿਕਲਣ ਦੁਆਰਾ ਹੀ ਪੈ ਸਕਦੀ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਪੈ ਸਕਦੀ ਹੈ, ਇਸ ਸਰੀਰ ਦੇ ਰਹਿੰਦੇ ਹੋਏ ਪ੍ਰਮਾਤਮਾ ਦੀ ਦਰਗਾਹ ਵਿੱਚ ਪਹੁੰਚ ਕੇ ਪੈ ਸਕਦੀ ਹੈ ਜਿਵੇਂ ਕਿ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨੁੱਖੀ ਸਰੀਰ ਵਿੱਚ ਰਹਿੰਦੇ ਹੋਏ ਹੀ ਪਈ ਹੈ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਜਨਮ ਮਰਣ ਤੋਂ ਰਹਿਤ ਹੈ।

{ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥1॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥1॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥
ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥2॥

ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥
ਨਹ ਬਿਨਸੈ ਅਬਿਨਾਸੀ ਹੋਗੁ ॥3॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥
ਨਾ ਕੋਈ ਮਰੈ ਨ ਆਵੈ ਜਾਇਆ ॥4॥}

(ਅੰਗ - 885)

{ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥
ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥4॥
ਜਹ ਦੇਖਾ ਤਹ ਪਿਰੁ ਹੈ ਭਾਈ ॥
ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥1॥ ਰਹਾਉ ਦੂਜਾ ॥}

(ਅੰਗ - 738)

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥1॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥1॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥
ਸਹਜੇ ਮਰੈ ਅਮਰੁ ਹੋਇ ਸੋਈ ॥2॥
ਕਹੁ ਕਬੀਰ ਮਨਿ ਭਇਆ ਅਨੰਦਾ ॥
ਗਇਆ ਭਰਮੁ ਰਹਿਆ ਪਰਮਾਨੰਦਾ ॥3॥}

(ਅੰਗ - 327)

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥}

(ਅੰਗ - 138)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥3॥}

(ਅੰਗ - 999)

{ਤ੍ਰੈ ਗੁਣ ਕੀਆ ਪਸਾਰਾ ॥
ਨਰਕ ਸੁਰਗ ਅਵਤਾਰਾ ॥

ਹਉਮੈ ਆਵੈ ਜਾਈ ॥
ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥
ਮਿਲਿ ਸਤਿਗੁਰ ਨਿਸਤਾਰਾ ॥2॥}

(ਅੰਗ - 1003-1004)

ਪੂਰੀ ਸ੍ਰਿਸ਼ਟੀ ਦੇ ਵਿੱਚ ਪ੍ਰਮਾਤਮਾ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਸਮਝਣਾ ਮਨੁੱਖ ਦਾ ਕੇਵਲ ਭਰਮ ਹੈ, ਮਨ ਦੀ ਨਾ-ਸਮਝੀ ਹੈ, ਹਉਮੈ ਹੈ, ਤ੍ਰੈਗੁਣਾਂ ਵਾਲੀ ਸਮਝ ਹੈ, ਪੁੱਠੇ ਕਮਲ ਵਾਲੀ ਪੁੱਠੀ ਸਮਝ ਹੈ, ਮਾਇਆ ਦੀ ਜੁਗਤਿ ਵਾਲੀ ਸਮਝ ਹੈ ਜਿਸ ਸਮਝ ਤੇ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ ਜਿਸ ਕਰਕੇ ਕੋਈ ਪ੍ਰਮਾਤਮਾ ਨੂੰ ਆਪਣੇ ਆਪ ਕੋਈ ਨਹੀਂ ਜਾਣ ਸਕਦਾ ਜੋ ਅਸਲ ਵਿੱਚ ਸਭ ਕੁੱਝ ਆਪ ਹੀ ਹੈ। ਸ੍ਰਿਸ਼ਟੀ ਦਾ ਪੂਰਾ ਪਸਾਰਾ ਪ੍ਰਮਾਤਮਾ ਦਾ ਆਪਣਾ ਹੀ ਨਿਰਗੁਣ ਸਰਗੁਣ ਰੂਪ ਹੈ ਭਾਵ ਪੂਰੀ ਸ੍ਰਿਸ਼ਟੀ ਵਿੱਚ ਪ੍ਰਮਾਤਮਾ ਆਪ ਹੀ ਵੱਸ ਰਹਿਆ ਹੈ, ਪੂਰੀ ਸ੍ਰਿਸ਼ਟੀ ਪ੍ਰਮਾਤਮਾ ਦੇ ਆਪਣੇ ਰਹਿਣ ਦੀ ਜਗ੍ਹਾ ਹੀ ਹੈ, ਉਸਦੀ ਆਪਣੀ ਦਰਗਾਹ ਹੀ ਹੈ, ਉਸਦਾ ਆਪਣਾ ਠਿਕਾਣਾ ਹੀ ਹੈ। ਜਦ ਤਕ ਅਸੀਂ ਪ੍ਰਮਾਤਮਾ ਦੀ ਦਰਗਾਹ ਨੂੰ, ਉਸਦੇ ਟਿਕਾਣੇ ਨੂੰ ਭਾਵ ਉਸਦੇ ਨਿਰੰਕਾਰ ਰੂਪ, ਨਿਰਗੁਣ ਰੂਪ ਟਿਕਾਣੇ ਨੂੰ ਆਪਣੇ ਅੰਦਰੋਂ ਨਹੀਂ ਦੇਖ ਲੈਂਦੇ ਤਦ ਤੱਕ ਉਸਦੇ ਆਕਾਰ ਰੂਪ ਟਿਕਾਣੇ ਨੂੰ ਨਹੀਂ ਸਮਝਿਆ ਜਾ ਸਕਦਾ। ਪੂਰਾ ਸੰਸਾਰ ਪ੍ਰਮਾਤਮਾ ਦੇ ਆਪਣੇ ਰਹਿਣ ਦੀ ਜਗ੍ਹਾ ਹੀ ਹੈ, ਉਸਦਾ ਆਪਣਾ ਟਿਕਾਣਾ ਹੈ, ਉਸਦੀ ਆਪਣੀ ਦਰਗਾਹ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਮਹਲਾ 2 ॥
{ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥3॥}

(ਅੰਗ - 463)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਤੇ ਹੋਰ ਸ਼ਬਦਾਂ ਰਾਹੀਂ ਵੀ ਇਸ ਗੱਲ ਨੂੰ ਸਮਝਾਂਗੇ ਕਿ ਇਹ ਪੂਰਾ ਜਗ ਪ੍ਰਮਾਤਮਾ ਦੀ ਆਪਣੀ ਹੀ ਕੋਠੜੀ ਹੈ। ਪ੍ਰਮਾਤਮਾ ਦੀ ਇਸ ਕੋਠੜੀ ਦੀ ਸਮਝ "ਸਚੁ ਖੰਡ" ਵਿੱਚ ਪਹੁੰਚ ਕੇ ਹੀ ਪਤਾ ਚੱਲਦੀ ਹੈ ਜਿਸ ਸੱਚ ਖੰਡ ਵਿੱਚੋਂ ਪੂਰੀ ਗੁਰਬਾਣੀ ਆਈ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚੁ ਖੰਡ ਹੀ ਹੈ। ਪੂਰੀ ਗੁਰਬਾਣੀ ਮਨ ਦੀ ਸਮਝ ਵਿੱਚੋਂ ਹੀ ਆਈ ਹੈ ਤੇ ਮਨੁੱਖ ਦੇ ਮਨ ਦੇ ਅੰਦਰ ਹੀ "ਸੱਚ ਖੰਡ" ਹੈ ਜਿੱਥੇ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਸੱਚ ਖੰਡ ਦੇ ਰੂਪ ਵਿੱਚ ਹੈ ਜੋ ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦਾ ਖੰਡ ਹੈ, ਬ੍ਰਹਮ ਗਿਆਨ ਦਾ ਖੰਡ ਹੈ ਜਿਸ ਖੰਡ ਦੇ ਵਿੱਚੋਂ ਪੂਰਨ ਸੱਚ ਵਾਲਾ ਸੱਚਾ ਗਿਆਨ ਹੀ ਉਪਜਦਾ ਹੈ, ਬ੍ਰਹਮ ਗਿਆਨ ਹੀ ਉਪਜਦਾ ਹੈ ਜੋ ਬ੍ਰਹਮ ਗਿਆਨ ਪੂਰੀ ਗੁਰਬਾਣੀ ਦੇ ਵਿੱਚ ਹੈ। ਜਦ ਤੱਕ ਅਸੀਂ ਮਨ ਦੇ ਵਿੱਚ ਸੱਚ ਖੰਡ ਦੇ ਅੰਦਰ ਨਹੀਂ ਪਹੁੰਚਦੇ ਤਦ ਤੱਕ ਹਰ ਕੋਈ ਤ੍ਰੈਗੁਣਾਂ ਵਾਲੀ ਸਮਝ ਦੇ ਖੰਡ ਵਿੱਚ ਹੀ ਹੈ। ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ, ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਾਂਗੇ।

{ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥36॥}

(ਅੰਗ - 8)

{ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥37॥}

(ਅੰਗ - 8)

ਆਪਣੇ ਅੰਦਰੋਂ ਸੱਚ ਖੰਡ ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਇਹ ਸਾਰਾ ਸੰਸਾਰ ਪ੍ਰਮਾਤਮਾ ਦਾ ਆਪਣਾ ਹੀ ਖੰਡ ਹੈ ਜਿਸ ਖੰਡ ਵਿਚ ਹਰ ਆਕਾਰ ਰੂਪ ਉਸਦਾ ਆਪਣਾ ਹੀ ਰੂਪ ਹੈ ਤੇ ਆਪਣੇ ਹਰ ਆਕਾਰ ਰੂਪ ਵਿੱਚ ਉਹ ਆਪਣੇ ਨਿਰੰਕਾਰ ਰੂਪ ਵਿੱਚ ਵੱਸਿਆ ਹੋਇਆ ਹੈ ਜੋ ਨਿਰੰਕਾਰ ਰੂਪ ਉਸਦਾ ਆਪਣੀ ਜੋਤਿ ਦਾ ਰੂਪ ਹੈ ਭਾਵ ਗਿਆਨ ਦਾ ਰੂਪ ਹੈ।

“ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥
ਅਪੁਨੀ ਕੀਮਤਿ ਆਪੇ ਪਾਏ ॥

ਹਰਿ ਬਿਨੁ ਦੂਜਾ ਨਾਹੀ ਕੋਇ ॥
ਸਰਬ ਨਿਰੰਤਰਿ ਏਕੋ ਸੋਇ ॥
ਓਤਿ ਪੋਤਿ ਰਵਿਆ ਰੂਪ ਰੰਗ ॥
ਭਏ ਪ੍ਰਗਾਸ ਸਾਧ ਕੈ ਸੰਗ ॥
ਰਚਿ ਰਚਨਾ ਅਪਨੀ ਕਲ ਧਾਰੀ ॥
ਅਨਿਕ ਬਾਰ ਨਾਨਕ ਬਲਿਹਾਰੀ ॥8॥”

(ਅੰਗ - 288)

ਸਭ ਦੇ ਵਿੱਚ, ਸਭ ਜਗ੍ਹਾ ਪ੍ਰਮਾਤਮਾ ਦੀ ਕਲਾ ਹੀ ਵਰਤ ਰਹੀ ਹੈ ਜਿਸ ਕਲਾ ਨੂੰ ਸਮਝੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਉਹ ਸਭ ਵਿੱਚ ਕਿਸ ਤਰੀਕੇ ਵਰਤ ਰਹਿਆ ਹੈ। ਆਪਣੀ ਕਲਾ ਉਹ ਆਪ ਹੀ ਸਮਝਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸਮਝਾਉਂਦਾ ਹੈ ਤੇ ਕੋਈ ਉਸਦੀ ਕਲਾ ਨੂੰ ਸਮਝ ਸਕਦਾ ਹੈ। ਪ੍ਰਮਾਤਮਾ ਦੀ ਕਲਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਸਮਝਾਂਗੇ।

ਹੁਣ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਸਾਰੀ ਦੁਨੀਆ ਪ੍ਰਮਾਤਮਾ ਦੀ ਆਪਣੀ ਹੀ ਦਰਗਾਹ ਹੈ ਤੇ ਪ੍ਰਮਾਤਮਾ ਦੀ ਇਸ ਦਰਗਾਹ ਦੇ ਵਿੱਚ ਮਨੁੱਖ ਦੇ ਚੰਗੇ ਅਮਲ ਹੀ ਕੰਮ ਆਉਂਦੇ ਹਨ, ਮਨੁੱਖ ਦੇ ਅਮਲ ਕੰਮ ਆਉਂਦੇ ਹਨ ਜਿਨ੍ਹਾਂ ਚੰਗੇ ਅਮਲਾਂ ਦੁਆਰਾ ਇਸ ਸੰਸਾਰ ਵਿੱਚ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ। (**ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ੍ ॥ ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥**) ਇਸ ਪੂਰੇ ਸ਼ਬਦ ਦੇ ਅਰਥ ਕੁੱਝ ਗਹਿਰੇ ਹਨ ਜਿਸ ਨੂੰ ਸਮਝਣ ਲਈ ਇਸ ਤੋਂ ਕੁੱਝ ਪਿਛਲੇ ਸ਼ਬਦਾਂ ਨੂੰ ਨਾਲ ਮਿਲਾ ਕੇ ਸਮਝਣਾ ਪਵੇਗਾ ਜੋ ਕਿ ਅੱਗੇ ਚੱਲਕੇ ਸਮਝਾਂਗੇ।

ਸਾਡੇ ਅੰਦਰ ਪ੍ਰਮਾਤਮਾ ਦੀ ਦਰਗਾਹ ਉੱਥੇ ਹੀ ਹੈ ਜਿੱਥੇ ਉਸਦਾ ਠਿਕਾਣਾ ਹੈ ਭਾਵ ਸਾਡਾ ਮਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਤੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਟਿਕਾਣਾ ਕਿੱਥੇ ਹੈ ਤੇ ਕਿਸ ਰੂਪ ਵਿੱਚ ਹੈ ਜਿੱਥੋਂ ਉਸਦੇ ਟਿਕਾਣੇ ਨੂੰ, ਉਸਦੀ ਦਰਗਾਹ ਨੂੰ ਜਾਣਿਆ ਜਾ ਸਕਦਾ ਹੈ। ਪਹਿਲਾਂ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ ਜਿਸ ਰਾਹੀਂ ਅਕਾਲ ਪੁਰਖ ਨੇ ਆਪ ਹੀ ਆਪਣਾ ਟਿਕਾਣਾ ਸਮਝਾਇਆ ਹੋਇਆ ਕਿ ਉਹ ਮਨੁੱਖ ਦੇ ਅੰਦਰ ਕਿਸ ਜਗ੍ਹਾ ਤੇ ਵੱਸਦਾ ਹੈ।

“**ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥**
ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥1॥
ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥1॥ ਰਹਾਉ ॥
ਮੂਲ ਦੁਆਰੈ ਬੰਧਿਆ ਬੰਧੁ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥
ਪਛਮ ਦੁਆਰੈ ਸੂਰਜੁ ਤਪੈ ॥
ਮੇਰ ਡੰਡ ਸਿਰ ਊਪਰਿ ਬਸੈ ॥2॥
ਪਸਚਮ ਦੁਆਰੇ ਕੀ ਸਿਲ ਓੜ ॥

ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥
ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥3॥"

(ਅੰਗ - 1159)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅੱਗੇ ਚੱਲਕੇ ਸਮਝਾਂਗੇ ਜਿਸ ਰਾਹੀਂ ਸਾਡੇ ਮਨ ਦਾ ਅਸਲ ਰੂਪ ਬਿਆਨ ਕੀਤਾ ਹੋਇਆ ਹੈ ਕਿ ਸਾਡਾ ਮਨ ਕੀ ਹੈ ਤੇ ਇਹ ਕਿਸ ਤਰੀਕੇ ਕੰਮ ਕਰਦਾ ਹੈ। ਇੱਥੇ ਅਸੀਂ ਕੇਵਲ ਸ਼ਬਦ ਦੇ ਪਹਿਲੇ ਪਦੇ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਕਿਸ ਜਗ੍ਹਾ ਹੈ, ਇਸ ਗੱਲ ਦੀ ਸੋਝੀ ਪਾਈ ਹੋਈ ਹੈ ਤੇ ਨਾਲ ਹੀ ਰਹਾਉ ਵਾਲੀ ਪੰਗਤੀ ਨੂੰ ਸਮਝਦੇ ਹਾਂ।

"ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥
ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥1॥
ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥1॥ ਰਹਾਉ ॥"

ਉਪਰਲੇ ਪਦੇ ਰਾਹੀਂ ਸਾਨੂੰ "ਸਿਵ ਦੀ ਪੁਰੀ" ਭਾਵ ਪ੍ਰਮਾਤਮਾ ਦੀ ਪੁਰੀ ਕਿੱਥੇ ਹੈ, ਇਹ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਦੀ ਪੁਰੀ ਪ੍ਰਮਾਤਮਾ ਦੇ ਰਹਿਣ ਦਾ ਟਿਕਾਣਾ ਹੈ, ਪ੍ਰਮਾਤਮਾ ਦਾ ਘਰ ਹੈ, ਪ੍ਰਮਾਤਮਾ ਦੀ ਦਰਗਾਹ ਹੈ ਭਾਵ ਉਹ ਦਰਗਾਹ ਹੈ ਜਿੱਥੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਦਾ ਇਹ ਟਿਕਾਣਾ ਸਾਡੇ ਅੰਦਰ ਹੀ ਹੈ ਜਿੱਥੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਸਮਝ ਲੱਗ ਸਕਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਾਰੇ ਸੰਸਾਰ ਦੇ ਆਕਾਰ ਰੂਪ ਨੂੰ ਬਣਾ ਕੇ ਉਸ ਵਿੱਚ ਵੱਸਣ ਵਾਲਾ ਉਹ ਆਪ ਹੀ ਹੈ। ਪ੍ਰਮਾਤਮਾ ਦਾ ਟਿਕਾਣਾ ਸਾਡੇ ਆਕਾਰ ਰੂਪ ਸਰੀਰ ਦੇ ਵਿੱਚ ਹੀ ਹੈ ਤੇ ਉਸਦਾ ਟਿਕਾਣਾ ਨਿਰੰਕਾਰ ਰੂਪ ਵਿੱਚ ਹੈ ਜਿਸ ਟਿਕਾਣੇ ਨੂੰ ਸਰੀਰਕ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਤੇ ਕੇਵਲ ਮਨ ਦੀਆਂ ਅੱਖਾਂ ਨਾਲ ਆਪਣੇ ਅੰਦਰੋਂ ਦੇਖਿਆ ਜਾ ਸਕਦਾ ਹੈ ਭਾਵ ਸਮਝਿਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਹੀ ਸਾਨੂੰ ਪ੍ਰਮਾਤਮਾ ਦੀ ਪੁਰੀ ਸਾਡੇ ਅੰਦਰ ਕਿਸ ਜਗ੍ਹਾ ਤੇ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ ਉਹ ਸਾਡਾ ਮਨ ਹੈ ਭਾਵ ਸਾਡੇ ਅੰਦਰ ਦੀ ਸਮਝ ਹੈ, ਸਾਡੇ ਅੰਦਰ ਦੀ ਮਤਿ ਹੈ, ਸਾਡੇ ਅੰਦਰ ਦਾ ਗਿਆਨ ਹੈ ਭਾਵ ਸਾਡੇ ਅੰਦਰ ਦੀ "ਬੁਧਿ" ਹੈ, ਸਾਡੇ ਅੰਦਰ ਦੀ ਬੁੱਧੀ ਹੈ। ਬੁੱਧੀ ਤਾਂ ਹਰ ਮਨੁੱਖ ਦੇ ਅੰਦਰ ਹੈ ਪਰ ਸਾਡੀ ਬੁੱਧੀ ਕਿਹੋ ਜਿਹੀ ਹੈ, ਇਸੇ ਗੱਲ ਦਾ ਹੀ ਸਾਰਾ ਭੇਦ ਹੈ। ਸਾਰੀ ਗੱਲ ਸਾਡੇ ਅੰਦਰ ਦੀ ਚੰਗੀ ਸਮਝ ਜਾਂ ਮਾੜੀ ਸਮਝ ਦੀ ਹੈ। ਇਹ ਮਨ ਦੀ ਸਮਝ ਮਨੁੱਖ ਦੇ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੇ ਆਪਣੇ ਵੱਸ ਹੈ। ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ, ਹਉਮੈ ਵਿੱਚ, ਮਾਇਆ ਮੋਹ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਦੇ ਵਿੱਚ ਰਹਿੰਦਿਆਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕੋਈ ਜਾਣ ਲਵੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਸਾਡੇ ਅੰਦਰ ਉੱਤਮ ਬੁਧਿ ਵਾਲੀ ਸਮਝ ਦੇ ਵਿੱਚ ਵੱਸਦਾ ਹੈ। ਉੱਤਮ ਬੁਧਿ ਚੌਥੇ ਪਦ ਦੇ ਗਿਆਨ ਵਾਲੀ ਬੁਧਿ ਹੈ ਜੋ ਬੁਧਿ ਗੁਰੂ ਦੀ ਆਪਣੀ ਬੁਧਿ ਹੈ ਜੋ ਬੁਧਿ ਹਰ ਭਰਮ ਤੋਂ ਰਹਿਤ ਹੈ, ਮਨ ਦੀ ਅਗਿਆਨਤਾ ਤੋਂ ਪੂਰੀ ਤਰ੍ਹਾਂ ਰਹਿਤ ਹੈ। ਜਿਸ ਦੀ ਬੁਧਿ ਪ੍ਰਮਾਤਮਾ ਉੱਤਮ ਬਣਾਉਂਦਾ ਹੈ ਉਹ ਆਪ ਹੀ ਬਣਾਉਂਦਾ ਹੈ ਕਿਉਂਕਿ ਇਹ ਬੁਧਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਬੁਧਿ ਹੈ ਭਾਵ ਜਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦਾ, ਪ੍ਰਮਾਤਮਾ ਦੇ ਨਾਲ ਜਦ ਤੱਕ ਮਨ ਦੇ ਵਿੱਚ ਮੇਲ ਨਹੀਂ ਹੋ ਜਾਂਦਾ ਤਦ ਤੱਕ ਕੋਈ ਵੀ ਮਨੁੱਖ ਉੱਤਮ ਬੁਧਿ ਵਾਲਾ ਨਹੀਂ ਬਣ ਸਕਦਾ। ਉੱਤਮ ਬੁਧਿ ਪ੍ਰਮਾਤਮਾ ਦੇ, ਗੁਰੂ ਦੇ ਸੱਚੇ ਗਿਆਨ ਵਾਲੀ ਬੁਧਿ ਹੈ ਜੋ ਬੁਧਿ ਮਨ ਦੇ ਵਿੱਚ ਮੇਲ ਦੁਆਰਾ ਪ੍ਰਮਾਤਮਾ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਦਿੰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਵਿਚਾਰ ਹੀ ਸਾਂਝੇ ਹੁੰਦੇ ਹਨ ਜਿਨ੍ਹਾਂ ਵਿਚਾਰਾਂ ਰਾਹੀਂ ਪ੍ਰਮਾਤਮਾ ਮਨੁੱਖ ਦੇ ਨਾ-ਸਮਝ ਵਿਚਾਰਾਂ ਨੂੰ, ਭਰਮ ਵਾਲੇ ਵਿਚਾਰਾਂ ਨੂੰ, ਮਨਮਤਿ ਵਾਲੇ ਵਿਚਾਰਾਂ ਨੂੰ, ਹਉਮੈ ਵਾਲੇ ਵਿਚਾਰਾਂ ਨੂੰ, ਮਾਇਆ ਮੋਹ ਵਾਲੇ ਮਾੜੇ ਵਿਚਾਰਾਂ ਨੂੰ ਆਪਣੇ ਸੱਚੇ ਗਿਆਨ ਵਾਲੇ ਵਿਚਾਰਾਂ ਵਿੱਚ ਬਦਲ ਦਿੰਦਾ ਹੈ ਭਾਵ ਉੱਤਮ

ਬੁਧਿ ਵਾਲੇ ਵਿਚਾਰ ਬਣਾ ਦਿੰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਇਸ ਤਰੀਕੇ ਹੀ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦੇ ਟਿਕਾਣੇ ਨੂੰ ਜਾਣ ਸਕੇ। (**ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥**) ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਵਿਚਾਰ ਹੋਣ ਤੋਂ ਬਾਅਦ ਕੀ ਮਿਲਦਾ ਹੈ, ਕੀ ਪ੍ਰਾਪਤੀ ਹੁੰਦੀ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਈਤ ਊਤ ਕੀ ਸੋਝੀ ਪਰੈ ॥

ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥”

ਪ੍ਰਮਾਤਮਾ ਦੇ ਦਰ ਤੋਂ ਸਾਨੂੰ ਉਸ ਦੇ ਨਾਲ ਮਨ ਦੇ ਵਿੱਚ ਮੇਲ ਤੋਂ ਬਾਅਦ ਗਿਆਨ ਹੀ ਮਿਲਦਾ ਹੈ ਕਿਉਂਕਿ ਪ੍ਰਮਾਤਮਾ ਹੈ ਹੀ ਗਿਆਨ ਰੂਪ ਦੇ ਵਿੱਚ ਜੋ ਉਸਦਾ ਨਿਰੰਕਾਰ ਰੂਪ ਹੈ। ਮਨ ਦੇ ਵਿੱਚ ਉਸਦੇ ਨਿਰੰਕਾਰ ਰੂਪ ਨਾਲ ਹੀ ਮੇਲ ਹੁੰਦਾ ਹੈ। ਪ੍ਰਮਾਤਮਾ ਆਪਣੇ ਆਪ ਦੀ ਤੇ ਆਪਣੀ ਭਗਤੀ ਦੀ, ਆਪਣੇ ਨਾਮ ਦੀ ਸੱਚੀ ਸਮਝ ਮਨ ਦੇ ਵਿੱਚ ਹੀ ਪਾਉਂਦਾ ਹੈ, ਆਪਣੀ ਦਰਗਾਹ ਦੇ ਵਿੱਚੋਂ ਪਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਤੇ ਆਪਣਾ ਪੂਰਨ ਸੱਚ ਸਮਝਾਇਆ ਹੈ, ਭਗਤੀ ਦਾ ਸੱਚ ਸਮਝਾਇਆ ਹੈ, ਸੰਸਾਰ ਦਾ ਸੱਚ ਸਮਝਾਇਆ ਹੈ, ਮਨੁੱਖੀ ਰੂਪ ਦੀ ਅਸਲੀਅਤ ਸਮਝਾਈ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ “ਈਤ ਊਤ” ਦੀ ਸੋਝੀ ਪੈਣ ਦੀ ਗੱਲ ਸਮਝਾਈ ਹੋਈ ਹੈ ਜੋ ਸੋਝੀ ਉਸ ਦੇ ਦਰ ਤੋਂ ਹੀ ਪੈਂਦੀ ਹੈ, ਮਨ ਦੇ ਵਿੱਚੋਂ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਆਪ ਹੀ ਪਾਉਂਦਾ ਹੈ। “ਈਤ ਊਤ” ਦੀ ਗੱਲ, “ਉਰਵਾਰ ਪਾਰ” ਦੀ ਗੱਲ ਬਾਣੀ ਵਿੱਚ ਅਨੇਕਾਂ ਵਾਰ ਆਉਂਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਤੋਂ ਭਾਵ ਇੱਕੋ ਹੀ ਹੈ ਜੋ ਗੱਲ ਅਸੀਂ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। “ਈਤ” ਉਹ ਜਗ੍ਹਾ ਹੈ ਜਿੱਥੇ ਅਸੀਂ ਆਪਣਾ ਟਿਕਾਣਾ ਸਮਝਦੇ ਹਾਂ, ਜਿਸ ਟਿਕਾਣੇ ਤੋਂ ਸਾਨੂੰ ਆਪਣੇ ਆਪ ਦੀ ਸਮਝ ਪੈਂਦੀ ਹੈ ਕਿ ਮਨੁੱਖ ਦੀ ਆਪਣੀ ਇੱਕ ਹੋਂਦ ਹੈ ਜੋ ਪ੍ਰਮਾਤਮਾ ਨਾਲ ਵੱਖਰੀ ਹੋਂਦ ਹੈ। ਸਾਨੂੰ ਇਹ ਸਭ ਕੁੱਝ ਸਮਝਾਉਣ ਵਾਲੀ ਸਾਡੇ ਅੰਦਰ ਦੀ ਸਮਝ ਹੀ ਹੈ ਭਾਵ ਸਾਡੀ ਅਗਿਆਨਤਾ ਵਾਲੀ, ਭਰਮਾਂ ਵਾਲੀ ਸਮਝ ਹੈ, ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੈ, ਮਨਮਤਿ ਵਾਲੀ ਸਮਝ ਹੈ, ਮਾਇਆ ਵਾਲੀ ਸਮਝ ਹੈ ਭਾਵ ਸਾਡੇ ਸਭ ਦੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ ਹੈ ਜੋ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਮਨੁੱਖੀ ਸਮਝ ਉਸ ਬੰਧਨ ਦੇ ਵਿੱਚ ਬੱਝੀ ਹੋਈ ਹੈ ਜਿਸ ਤੇ ਮਨੁੱਖ ਦਾ ਕੋਈ ਵੱਸ ਨਹੀਂ ਹੈ। ਜੋ ਸਾਡੇ ਅੰਦਰ ਦੀ ਇਹ ਭਰਮਾਂ ਵਾਲੀ ਸਮਝ ਸਾਨੂੰ ਸਮਝਾਉਂਦੀ ਹੈ, ਅਸੀਂ ਉਹੀ ਕੁੱਝ ਸਮਝਦੇ ਹਾਂ, ਮੰਨਦੇ ਹਾਂ ਤਾਂ ਉਹੋ ਕੁੱਝ ਹੀ ਕਰਦੇ ਹਾਂ। ਮਨ ਦੀ ਇਹੋ ਜਿਹੀ ਸਮਝ ਦੇ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਕਦੇ ਨਹੀਂ ਜਾਣ ਸਕਦੇ ਕਿ ਪ੍ਰਮਾਤਮਾ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਜਿਸ ਤਰੀਕੇ ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਦੀ ਸੱਚੀ ਮਤਿ ਹੈ, ਉੱਤਮ ਮਤਿ ਹੈ, ਗੁਰਮਤਿ ਦੇ ਗਿਆਨ ਵਾਲੀ, ਬ੍ਰਹਮ ਗਿਆਨ ਵਾਲੀ ਉੱਚੀ ਮਤਿ ਹੈ, ਨਾਮ ਵਾਲੀ ਮਤਿ ਹੈ। ਪ੍ਰਮਾਤਮਾ ਦੇ ਮਨ ਰੂਪ ਟਿਕਾਣੇ ਨੂੰ ਜਾਣੇ ਬਿਨ੍ਹਾਂ ਭਾਵ ਉਸ ਟਿਕਾਣੇ ਤੇ ਪਹੁੰਚੇ ਬਿਨ੍ਹਾਂ ਮਨ ਦੇ ਵਿੱਚ ਹੀ ਮਨੁੱਖੀ ਮਤਿ ਦਾ ਟਿਕਾਣਾ ਭਰਮਾਂ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ ਜੋ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦਾ ਟਿਕਾਣਾ ਸਮਝਣ ਨਹੀਂ ਦਿੰਦੀ ਭਾਵ ਸੱਚਾਈ ਤੇ ਪੜਦਾ ਪਾ ਕੇ ਰੱਖਦੀ ਹੈ। ਮਨ ਦੇ ਵਿੱਚ ਸਾਨੂੰ “ਈਤ” ਸਿਖਾਉਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ “ਊਤ”ਵਿੱਚ ਵੀ ਉਹ ਆਪ ਹੈ ਭਾਵ ਤ੍ਰੈਗੁਣਾਂ ਵਾਲੀ ਸਮਝ ਵਿੱਚ ਵੀ ਉਹ ਆਪ ਹੈ ਤੇ ਚੌਥੇ ਪਦ ਵਾਲੀ ਸਮਝ ਵਿੱਚ ਵੀ ਉਹ ਆਪ ਹੈ। ਉਹ ਆਪਣੇ ਆਪ ਨੂੰ ਮਨ ਦੇ ਵਿੱਚ ਜਦੋਂ ਪ੍ਰਗਟ ਕਰਦਾ ਹੈ, ਚੌਥੇ ਪਦ ਵਾਲੀ ਸਮਝ ਦੇ ਰੂਪ ਵਿੱਚ, ਨਾਮ ਵਾਲੀ ਸਮਝ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਟਿਕਾਣੇ ਨੂੰ, ਉਸਦੀ ਦਰਗਾਹ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਈਤ ਊਤ ਕੀ ਹੈ ਜਿਸ ਦਾ ਸੰਬੰਧ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। “ਈਤ ਊਤ” ਦੀ ਸਮਝ ਪੈਣ ਨਾਲ ਹੀ ਮਨੁੱਖ ਨੂੰ ਪਤਾ ਚੱਲਦਾ ਹੈ ਕਿ ਮਨੁੱਖੀ ਸਮਝ ਮਨੁੱਖ ਦੇ ਵੱਸ ਨਹੀਂ ਹੈ ਭਾਵ ਸਾਡੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਮਨੁਖ ਜੋ ਵੀ ਕਰਮ ਕਰਦਾ ਹੈ ਉਹ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਮਨੁੱਖ ਇਹੀ ਸਮਝਦਾ ਹੈ ਕਿ ਕਰਮ ਕਰਨ ਵਾਲਾ ਮੈਂ ਆਪ ਹੀ ਹਾਂ ਕਿਉਂਕਿ ਮੈਂ ਇੱਕ ਮਨੁੱਖ ਹਾਂ ਜੋ ਆਪਣੀ ਸਮਝ ਦੁਆਰਾ ਸਾਰੇ ਕਰਮ ਕਰਦਾ ਹੈ। ਮਨੁੱਖ ਦਾ ਇਹ ਵੱਡਾ ਭਰਮ ਹੀ ਹੈ ਜੋ ਉਹ ਇਹ ਸਮਝਦਾ ਹੈ ਕਿ ਕਰਮ ਕਰਨ ਵਾਲਾ ਮੈਂ ਹਾਂ। ਸੱਚਾਈ ਇਹ ਹੈ ਕਿ ਮਨ ਦੀ ਸਮਝ ਰਾਹੀਂ ਜੋ ਕੁੱਝ ਵੀ ਮਨੁੱਖ ਕਰਮ ਕਰਦਾ ਹੈ ਉਹ ਉਸ ਕੋਲੋਂ ਆਪ ਪ੍ਰਮਾਤਮਾ ਹੀ ਕਰਵਾ ਰਹਿਆ ਹੈ ਤੇ ਜੇਕਰ ਮਨੁੱਖ ਇਹ ਸਮਝਦਾ ਹੈ ਕਿ ਕਰਮ ਕਰਨ ਵਾਲਾ ਮੈਂ ਹਾਂ ਇਹ ਉਸਦਾ ਆਤਮਿਕ ਮੌਤ ਮਰਨ ਦੇ ਬਰਾਬਰ ਹੈ ਭਾਵ ਉਸ ਦੀ ਆਤਮਿਕ ਸਮਝ, ਸੱਚੇ ਧਰਮ ਵਾਲੀ ਸਮਝ , ਸੱਚੀ ਭਗਤੀ ਵਾਲੀ ਸਮਝ ਮਰੀ

ਹੋਈ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆਉਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਸਭ ਕਰਮ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਤਾਂ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਹੋ ਸਕਦੀ ਹੈ, ਆਤਮਿਕ ਤੌਰ ਤੇ ਜੀਵਤ ਹੋ ਕੇ ਹੋ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। (**ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥ ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥**)

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥2॥}

(ਅੰਗ - 138)

ਹੁਣ ਮੁੱਖ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ, ਆਪਣੇ ਮਨ ਦੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ ਫਿਰ ਉਸਨੂੰ ਆਪਣੇ ਅੰਦਰੋਂ ਪ੍ਰਮਾਤਮਾ ਕਿਸ ਰੂਪ ਵਿੱਚ ਨਜ਼ਰ ਆਉਂਦਾ ਹੈ।

“ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥1॥ ਰਹਾਉ ॥”

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਵਾਰ-ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਕਿ ਜੋ ਰੂਪ ਪ੍ਰਮਾਤਮਾ ਦਾ ਆਪਣਾ ਹੈ, ਉਹੀ ਰੂਪ ਉਸਦਾ ਨਾਮ ਰੂਪ ਹੈ ਭਾਵ ਨਾਮ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਫਰਕ ਨਹੀਂ ਹੈ। ਮਨੁੱਖ ਨੂੰ ਪ੍ਰਮਾਤਮਾ ਮਿਲ ਜਾਣਾ ਜਾਂ ਪ੍ਰਮਾਤਮਾ ਦਾ ਨਾਮ ਮਿਲ ਜਾਣਾ ਇੱਕੋ ਹੀ ਗੱਲ ਹੈ, ਇਹੀ ਗੱਲ ਸਾਨੂੰ ਉੱਪਰ ਸ਼ਬਦ ਦੀ “ਰਹਾਉ” ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਏ ਬਿਨ੍ਹਾਂ ਕਿਸੇ ਨੂੰ ਨਾਮ ਦੀ ਸੱਚੀ ਸਮਝ ਲੱਗ ਹੀ ਨਹੀਂ ਸਕਦੀ ਤੇ ਇਸੇ ਲਈ ਸੰਸਾਰ ਵਿੱਚ ਨਾਮ ਨੂੰ ਸਮਝਣ ਵਿੱਚ ਸਦੀਆਂ ਤੋਂ ਭਰਮ ਹੀ ਚੱਲਦਾ ਆ ਰਹਿਆ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੈ। ਹਰ ਕੋਈ ਕਿਸੇ ਅੱਖਰ ਨੂੰ ਹੀ ਨਾਮ ਸਮਝਦਾ ਹੈ ਜੋ ਕਿ ਵੱਡਾ ਭਰਮ ਹੈ ਤੇ ਗੁਰਬਾਣੀ ਸਾਨੂੰ ਵਾਰ-ਵਾਰ ਇਸ ਭਰਮ ਵਿੱਚੋਂ ਕੱਢ ਰਹੀ ਹੈ ਤਾਂ ਜੋ ਅਸੀਂ ਸੱਚੇ ਨਾਮ ਨੂੰ ਸਮਝੀਏ। ਨਾਮ ਨੂੰ ਸਮਝੇ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ ਤੇ ਨਾ ਹੀ ਧਰਮ ਦੇ ਸੱਚੇ ਮਾਰਗ ਤੇ, ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਉੱਪਰ ਪੰਗਤੀ ਰਾਹੀਂ ਸਾਨੂੰ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਬ੍ਰਹਮ ਗਿਆਨ ਹੀ ਨਾਮ ਹੈ ਤੇ ਬ੍ਰਹਮ ਗਿਆਨ ਹੀ ਆਪ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਜੋ ਨਾਮ ਹੈ ਤੇ ਇਸ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਪੂਰੀ ਗੁਰਬਾਣੀ ਦੇ ਵਿੱਚ ਹੈ ਜਿਸ ਕਰਕੇ ਪੂਰੀ ਪੋਥੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ। ਆਪਣੇ ਬ੍ਰਹਮ ਗਿਆਨ ਰਾਹੀਂ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪਣਾ ਆਪ ਹੀ ਸਮਝਾਇਆ ਹੈ ਤੇ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ, ਆਪਣਾ ਨਾਮ ਜਪਣ ਦਾ ਤਰੀਕਾ ਸਮਝਾਇਆ ਹੈ ਜਿਸ ਤਰੀਕੇ ਨਾਮ ਦੇ ਮਾਲਕ ਨੂੰ, ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਭਾਵ ਜਾਣ ਲੈਂਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ, ਬ੍ਰਹਮ ਗਿਆਨ ਹੀ ਦਿੰਦਾ ਹੈ ਜੋ ਗਿਆਨ ਉਹ ਆਪਣੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ ਤੇ ਇਸੇ ਲਈ ਪ੍ਰਮਾਤਮਾ ਆਪ ਹੀ ਗੁਰੂ ਹੈ। ਹਰ ਸ਼ਬਦ ਦੀ ਵਿਚਾਰ ਬ੍ਰਹਮ ਗਿਆਨ ਹੈ ਭਾਵ ਨਾਮ ਹੈ ਤੇ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਵਿਚਰਦਾ ਹੈ ਜੋ ਉਸਦਾ ਨਿਰੰਕਾਰ ਰੂਪ ਹੈ। ਮਨ ਦੇ ਵਿੱਚ ਉਸਦੇ ਨਿਰੰਕਾਰ ਰੂਪ ਨਾਲ ਹੀ ਮੇਲ ਹੁੰਦਾ ਹੈ, ਮਨ ਦੀ ਸੱਚੀ ਸਮਝ ਦੇ ਰੂਪ ਵਿੱਚ ਹੁੰਦਾ ਹੈ, ਚੌਥੇ ਪਦ ਵਾਲੀ ਸਮਝ ਦੇ ਰੂਪ ਵਿੱਚ ਹੁੰਦਾ ਹੈ। ਸਾਡੇ ਅੰਦਰ ਦੀ ਇਹ ਚੌਥੇ ਪਦ ਵਾਲੀ ਸਮਝ ਹੀ, ਬ੍ਰਹਮ ਗਿਆਨ ਵਾਲੀ, ਨਾਮ ਵਾਲੀ ਸਮਝ ਹੀ ਸਾਡੇ ਅੰਦਰ ਦਾ “ਨਿਜ ਪਦ” ਹੈ, ਸਾਡਾ ਨਿਜ ਘਰ ਹੈ, ਸਾਡੇ ਅੰਦਰ ਪ੍ਰਮਾਤਮਾ ਦਾ ਘਰ ਹੈ, ਪ੍ਰਮਾਤਮਾ ਦੀ ਦਰਗਾਹ ਹੈ ਜਿਸ ਘਰ ਵਿੱਚ ਅਸੀਂ ਮਨ ਦੀ ਸਮਝ ਦੁਆਰਾ ਪਹੁੰਚਣਾ ਹੈ, ਇਸ ਸਰੀਰ ਦੇ ਰਹਿੰਦੇ ਹੋਏ ਪਹੁੰਚਣਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਪਹੁੰਚਣਾ ਹੈ ਜਿਸ ਘਰ ਵਿੱਚ ਪਹੁੰਚ ਕੇ, ਨਿਜ ਪਦ ਵਿੱਚ ਪਹੁੰਚ ਕੇ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੀ ਸਮਝ ਦੁਆਰਾ ਉਸਦੇ ਨਾਲ ਧਿਆਨ ਜੁੜਦਾ ਹੈ,

ਉਸਦੇ ਨਾਲ ਲਿਵ ਜੁੜਦੀ ਹੈ ਜੋ ਧਿਆਨ ਜੁੜਨ ਦੁਆਰਾ ਪ੍ਰਮਾਤਮਾ ਦੇ ਕੋਲੋਂ ਬ੍ਰਹਮ ਗਿਆਨ ਹੀ ਮਿਲਦਾ ਹੈ, ਉਸਦਾ ਨਾਮ ਹੀ ਮਿਲਦਾ ਹੈ ਜੋ ਨਾਮ ਉਹ ਨਾਮ ਦਾ ਮਾਲਕ ਕਿਸੇ ਨੂੰ ਮਨ ਦੇ ਵਿੱਚ ਮੇਲ ਦੁਆਰਾ ਆਪ ਹੀ ਦਿੰਦਾ ਹੈ ਜੋ ਆਪ ਹੀ ਗੁਰੂ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਸਨੇ ਆਪ ਆਪਣਾ ਨਾਮ ਦਿੱਤਾ ਹੈ, ਬ੍ਰਹਮ ਗਿਆਨ ਦਿੱਤਾ ਹੈ ਉਨ੍ਹਾਂ ਸਰੀਰਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਨਾਮ ਪਾਇਆ ਹੈ। ਜੋ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿੱਥੋਂ ਹਰ ਕੋਈ ਨਾਮ ਨੂੰ ਸਮਝ ਕੇ ਉਸ ਨੂੰ ਆਪਣੇ ਅੰਦਰ ਜਪ ਸਕਦਾ ਹੈ ਜਿਸ ਨੂੰ ਜਪਣ ਦੁਆਰਾ ਭਾਵ ਮੰਨਣ ਦੁਆਰਾ ਅਸੀਂ ਭਰਮਾਂ ਵਿੱਚੋਂ ਹੀ ਨਿਕਲਣ ਦਾ ਸੱਚਾ ਉੱਦਮ ਕਰਾਂਗੇ। ਬ੍ਰਹਮ ਗਿਆਨ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜ ਸਕੀਏ ਤੇ ਆਪਣੇ ਜੀਵਨ ਵਿੱਚ ਸੱਚ ਤੇ ਚੱਲਣ ਦਾ ਉੱਦਮ ਕਰੀਏ ਜਿਸ ਸੱਚੇ ਉੱਦਮ ਦੁਆਰਾ ਅਸੀਂ ਆਪਣੇ ਅੰਦਰੋਂ ਨਾਮ ਦੇ ਮਾਲਕ, ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਨੂੰ ਜਾਣ ਸਕਦੇ ਹਾਂ। (**ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥1॥ ਰਹਾਉ ॥**)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥10॥
ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥11॥
ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥
ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥12॥
ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥13॥
ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥
ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥14॥1॥2॥11॥}

(ਅੰਗ - 759)

{ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥8॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥9॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥11॥

ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥12॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥13॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥14॥}

(ਅੰਗ - 1069-1070)

{ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥2॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥
ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥3॥
ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥4॥}

(ਅੰਗ - 29)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥4॥}

(ਅੰਗ - 354)

ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਹੀ ਹੈ ਜਿਸ ਦੀ ਸਮਝ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਪੈ ਸਕਦੀ ਹੈ, ਉਸਦਾ ਨਾਮ ਮਿਲਣ ਦੁਆਰਾ ਪੈ ਸਕਦੀ ਹੈ। ਆਪਣੇ ਮਨ ਦੀ ਸਮਝ ਪੈਣੀ, ਆਪਣੀ ਸਮਝ ਦੇ ਮਾਲਕ ਦੀ ਸਮਝ ਪੈਣੀ ਹੈ ਆਪਣੇ ਅੰਦਰੋਂ ਪ੍ਰਮਾਤਮਾ ਦੇ ਟਿਕਾਣੇ ਦੀ ਸਮਝ ਪੈਣੀ ਹੈ ਜਿਵੇਂ ਕਿ ਅਸੀਂ ਉੱਪਰ ਮੁੱਖ ਸ਼ਬਦ ਦੁਆਰਾ ਸਮਝਿਆ ਹੈ ਤੇ ਇਹ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇੱਕ ਹੋਰ ਸ਼ਬਦ ਦੁਆਰਾ ਸਮਝਦੇ ਹਾਂ ਕਿ ਉਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਸਮਝਿਆ ਹੈ, ਜਾਣਿਆ ਹੈ।

"ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥1॥

ਜਹਾ ਬੋਲ ਤਹ ਅਛਰ ਆਵਾ ॥
ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥
ਜਸ ਓਹੁ ਹੈ ਤਸ ਲਖੈ ਨ ਕੋਈ ॥2॥"

(ਅੰਗ - 340)

ਮਨੁੱਖ ਨੇ ਕੋਈ ਵੀ ਗੱਲ ਕਹਿਣੀ ਹੋਵੇ ਜਾਂ ਸਮਝਣੀ ਹੋਵੇ, ਸਮਝਾਣੀ ਹੋਵੇ ਉਸ ਲਈ ਅੱਖਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਹਰ ਬੋਲਾਂ ਦੀ ਲਿਪੀ ਲਈ, ਲਿਖਤ ਲਈ ਅੱਖਰ ਹੀ ਵਰਤੇ ਜਾਂਦੇ ਹਨ। ਜੋ ਵੀ ਗਿਆਨ ਅਸੀਂ ਲੈਂਦੇ ਹਾਂ, ਸੁਣਦੇ ਹਾਂ ਉਸ ਨੂੰ ਅੱਖਰਾਂ ਦੇ ਰੂਪ ਵਿੱਚ ਹੀ ਸੁਣਦੇ ਹਾਂ ਤਾਂ ਅੱਖਰਾਂ ਦੇ ਰੂਪ ਵਿੱਚ ਹੀ ਉਸਨੂੰ ਲਿਖਦੇ ਹਾਂ ਤਾਂ ਜੋ ਦੂਸਰੇ ਉਨ੍ਹਾਂ ਨੂੰ ਪੜ ਕੇ ਸਮਝ ਸਕਣ ਭਾਵ ਅੱਖਰ ਹਰ ਗਿਆਨ ਦਾ ਮੂਲ ਹੈ। ਪਹਲੇ ਅੱਖਰ ਸਾਡੇ ਮਨ ਦੇ ਵਿੱਚ ਉਪਜਦਾ ਹੈ ਜਿਸ ਰਾਹੀਂ ਅਸੀਂ ਮਨ ਦੇ ਵਿੱਚ ਹੀ ਗਿਆਨ ਨੂੰ ਸਮਝਦੇ ਹਾਂ ਭਾਵ ਪਹਿਲਾਂ ਅੱਖਰਾਂ ਦੀ ਲਿਖਤ ਸਾਡੇ ਮਨ ਦੇ ਵਿੱਚ ਲਿਖੀ ਜਾਂਦੀ ਹੈ ਜਿਸ ਰਾਹੀਂ ਸਾਡੇ ਅੰਦਰ ਗਿਆਨ ਉਪਜਦਾ ਹੈ ਜਿਸਨੂੰ ਅਸੀਂ ਮਨ ਦੇ ਵਿੱਚ ਹੀ ਸਮਝਦੇ ਹਾਂ, ਵਿਚਾਰਦੇ ਹਾਂ। ਮਨ ਦੇ ਵਿੱਚ ਇਹ ਅੱਖਰਾਂ ਦੀ ਲਿਖਤ ਨਿਰਗੁਣ ਰੂਪ ਵਿੱਚ, ਨਿਰੰਕਾਰ ਰੂਪ ਵਿੱਚ ਉਪਜਦੀ ਹੈ, ਲਿਖੀ ਜਾਂਦੀ ਹੈ ਤੇ ਜਦੋਂ ਸਾਡੇ ਅੰਦਰ ਦੇ ਅੱਖਰਾਂ ਨੂੰ ਬਾਹਰ ਕਾਗਜ਼ ਤੇ ਲਿਖਿਆ ਜਾਂਦਾ ਹੈ ਇਹ ਅੱਖਰ ਸਰਗੁਣ ਰੂਪ ਵਿੱਚ ਭਾਵ ਆਕਾਰ ਰੂਪ ਵਿੱਚ ਆ ਜਾਂਦੇ ਹਨ। ਹਰ ਆਕਾਰ ਰੂਪ ਦਾ ਮੂਲ ਰੂਪ ਉਸ ਦੇ ਅੰਦਰ ਦਾ ਨਿਰੰਕਾਰ ਰੂਪ ਹੈ ਜਿਸਨੂੰ ਸਰੀਰ ਦੀਆਂ ਅੱਖਾਂ ਨਾਲ ਦੇਖਿਆ ਨਹੀਂ ਜਾ ਸਕਦਾ ਤੇ ਕੇਵਲ ਮਨ ਦੇ ਵਿੱਚ ਹੀ ਉਸਦੇ ਨਿਰੰਕਾਰ ਰੂਪ ਨੂੰ ਸਮਝਿਆ ਜਾ ਸਕਦਾ ਹੈ। ਆਕਾਰ ਰੂਪ ਅੱਖਰ ਦਾ ਮਕਸਦ ਸਾਨੂੰ ਸੋਝੀ ਆਉਣ ਲਈ ਹੀ ਹੈ, ਗਿਆਨ ਦੇਣ ਲਈ ਹੀ ਹੈ। ਇਹ ਅੱਖਰ ਸਾਡੇ ਮਨ ਦੇ ਲੇਖ ਹਨ ਤੇ ਸਾਡੇ ਅੰਦਰ ਇਹ ਲੇਖ ਕੌਣ ਲਿਖਦਾ ਹੈ, ਅੱਖਰਾਂ ਦੀ ਲਿਖਤ ਕੌਣ ਲਿਖਦਾ ਹੈ ਬਸ ਇੱਥੇ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦਾ ਸਾਰਾ ਭੇਦ ਛੁਪਿਆ ਹੋਇਆ ਹੈ ਜੋ ਭੇਦ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ, ਉਸਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਬਾਣੀ ਵਿੱਚ, ਸ਼ਬਦਾਂ ਦੇ ਵਿੱਚ ਮਨ ਦੇ ਲੇਖ ਲਿਖੇ ਜਾਣ ਦੀ ਤੇ ਮਨ ਦੇ ਲੇਖ ਪੜ੍ਹੇ ਜਾਣ ਦੀ ਗੱਲ ਆਉਂਦੀ ਹੈ ਜਿਸ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਸਾਡੇ ਅੰਦਰ ਇਹ ਅੱਖਰਾਂ ਦੇ ਰੂਪ ਵਿੱਚ ਲੇਖ ਲਿਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਸਾਰੀ ਸੋਝੀ ਪੈਂਦੀ ਹੈ। ਆਪਣੇ ਅੰਦਰੋਂ ਸੋਝੀ ਪਾਉਣ ਵਾਲੇ ਮਾਲਕ ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਦੀ ਸੋਚ ਕਿੱਥੋਂ ਆਉਂਦੀ ਹੈ ਜਿਸ ਰਾਹੀਂ ਮਨੁੱਖ ਨੂੰ ਸਾਰੀ ਸਮਝ ਪੈਂਦੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਮਨ ਦੀ ਸਮਝ ਨੂੰ ਆਪਣੀ ਸਮਝ ਹੀ ਸਮਝਦਾ ਹੈ ਜੋ ਕਿ ਸਾਡੇ ਅੰਦਰ ਦਾ ਭਰਮ ਹੈ ਜਿਸ ਭਰਮ ਵਿੱਚ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਰੱਖਿਆ ਹੋਇਆ ਹੈ, ਮਨ ਦੇ ਵਿੱਚ ਭਰਮਾਂ ਵਾਲੀ ਸਮਝ ਪਾਉਣ ਦੁਆਰਾ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਾਲੀ ਸਮਝ ਪਾਉਣ ਦੁਆਰਾ, ਹਉਮੈ ਪਾਉਣ ਦੁਆਰਾ ਰੱਖਿਆ ਹੋਇਆ ਹੈ ਜਿਸ ਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਹੈ।

{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥33॥}

(ਅੰਗ 7)

ਇਹ ਗੱਲ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਕਿ ਮਨੁੱਖ ਦੀ ਸਮਝ ਮਨੁੱਖ ਦੇ ਵੱਸ ਵਿੱਚ ਨਹੀਂ ਹੈ ਪਰ ਇਸ ਤੇ ਵਿਸ਼ਵਾਸ ਮਨ ਦੇ ਵਿੱਚੋਂ ਆਪਣੀ ਸਮਝ ਦੇ ਮਾਲਕ ਨੂੰ ਜਾਨਣ ਦੁਆਰਾ ਹੀ ਆਉਂਦਾ ਹੈ, ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਹੀ ਆਉਂਦਾ ਹੈ। ਗੁਰਬਾਣੀ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਬਿਲਕੁਲ ਉਸੇ ਤਰ੍ਹਾਂ ਸੱਚ ਹੈ ਪਰ

ਇਸ ਗੱਲ ਤੇ ਵਿਸ਼ਵਾਸ ਭਰਮਾਂ ਵਾਲੀ ਸਮਝ ਵਿਚੋਂ ਨਿਕਲ ਕੇ ਹੀ ਆਉਂਦਾ ਹੈ ਜਿਨਾਂ ਭਰਮਾਂ ਵਾਲੀ ਸਮਝ ਵਿਚੋਂ ਪ੍ਰਮਾਤਮਾ ਆਪ ਹੀ ਕਿਸੇ ਨੂੰ ਕਢਦਾ ਹੈ, ਮਨ ਦੀ ਸਮਝ ਦੇ ਵਿਚ ਪ੍ਰਗਟ ਹੋਣ ਦੁਆਰਾ ਕਢਦਾ ਹੈ।

ਸੰਸਾਰ ਵਿਚ ਜੋ ਕੁਝ ਵੀ ਕਿਸੇ ਨੂੰ ਸਮਝ ਪੈਂਦੀ ਹੈ ਉਹ ਬਾਵਨ ਅੱਖਰਾਂ ਦੇ ਵਿਚ ਹੀ ਪੈਂਦੀ ਹੈ ਤੇ ਹਰ ਕੋਈ ਇਨਾਂ ਅੱਖਰਾਂ ਦੇ ਗਿਆਨ ਨਾਲ ਹੀ ਜੁੜਿਆ ਹੋਇਆ ਹੈ। ਸਾਰੇ ਧਰਮ ਗ੍ਰੰਥ ਇਨ੍ਹਾਂ ਬਾਵਨ ਅੱਖਰਾਂ ਦੇ ਗਿਆਨ ਨਾਲ ਹੀ ਰਚੇ ਹੋਏ ਹਨ ਜਿਨ੍ਹਾਂ ਨੂੰ ਅਸੀਂ ਪੜਦੇ ਹਾਂ ਜੋ ਅੱਖਰ ਆਕਾਰ ਰੂਪ ਵਿਚ ਹਨ। ਅੱਖਰਾਂ ਦਾ ਇਹ ਆਕਾਰ ਰੂਪ ਬਿਨਸਨ ਵਾਲਾ ਰੂਪ ਹੈ ਪਰ ਇਨਾਂ ਅੱਖਰਾਂ ਦੇ ਵਿਚ ਗਿਆਨ ਪਾਉਣ ਵਾਲਾ ਕੌਣ ਹੈ ਇਸ ਗੱਲ ਦੀ ਕਿਸੇ ਨੂੰ ਸਮਝ ਨਹੀਂ ਪੈਂਦੀ। ਅੱਖਰਾਂ ਦੇ ਅੰਦਰ ਦਾ ਗਿਆਨ ਨਾ ਬਿਨਸਨ ਵਾਲਾ ਰੂਪ ਹੈ ਜਿਸ ਰੂਪ ਨਾਲ ਜੁੜੇ ਬਿਨਾ ਅਸੀਂ ਨਾ ਬਿਨਸਨ ਵਾਲੇ ਰੂਪ ਨਾਲ ਨਹੀਂ ਜੁੜ ਸਕਦੇ ਜੋ ਰੂਪ ਨਿਰੰਕਾਰ ਰੂਪ ਹੈ ਜਿਸ ਰੂਪ ਨੂੰ ਕੇਵਲ ਮਨ ਦੇ ਵਿਚ ਸਮਝਿਆ ਜਾ ਸਕਦਾ ਹੈ। ਹਰ ਅੱਖਰ ਦੇ ਅੰਦਰ ਦਾ ਨਿਰੰਕਾਰ ਰੂਪ ਭਾਵ ਗਿਆਨ ਰੂਪ ਆਪ ਪ੍ਰਮਾਤਮਾ ਹੈ ਜੋ ਹਰ ਅੱਖਰ ਨੂੰ ਰਚਣ ਵਾਲਾ ਹੈ। ਸਾਡੇ ਮਨ ਦੇ ਵਿਚ ਜੋ ਵੀ ਅੱਖਰ ਉਪਜਦੇ ਹਨ ਉਨ੍ਹਾਂ ਅੱਖਰਾਂ ਨੂੰ ਸਾਡੇ ਅੰਦਰ ਲਿਖਣ ਵਾਲਾ ਆਪ ਪ੍ਰਮਾਤਮਾ ਹੈ ਜਿਸ ਗੱਲ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਦ ਹੀ ਪੈਂਦੀ ਹੈ ਜੋ ਸਾਡੇ ਸਭ ਦੇ ਅੰਦਰ ਮਨ ਦੇ ਸਮਝ ਦੇ ਰੂਪ ਵਿਚ ਹੀ ਵਿਚਰ ਰਹਿਆ ਹੈ, ਅੱਖਰਾਂ ਦੇ ਅੰਦਰ ਦੇ ਗਿਆਨ ਰੂਪ ਵਿਚ ਵਿਚਰ ਰਹਿਆ ਹੈ ਜੋ ਰੂਪ ਨਾ ਬਿਨਸਨ ਵਾਲਾ ਹੈ। (**ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥ ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥**) ਪ੍ਰਮਾਤਮਾ ਅੱਖਰ ਦੇ ਰੂਪ ਵਿਚ ਸਾਡੇ ਅੰਦਰ ਕਿਸ ਤਰੀਕੇ ਵਿਚਰਦਾ ਹੈ, ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਹਾ ਬੋਲ ਤਹ ਅਛਰ ਆਵਾ ॥
ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥
ਜਸ ਓਹੁ ਹੈ ਤਸ ਲਖੈ ਨ ਕੋਈ ॥3॥”

ਆਪਣੇ ਮੁਖੋਂ ਜੋ ਕੁਝ ਵੀ ਮਨੁਖ ਬੋਲਦਾ ਹੈ ਉਸ ਬੋਲਣ ਰਾਹੀਂ ਅੱਖਰ ਹੀ ਬਾਹਰ ਆਉਂਦਾ ਹੈ ਭਾਵ ਮਨੁੱਖ ਹਰ ਗੱਲ ਕਿਸੇ ਅੱਖਰ ਦੇ ਰੂਪ ਵਿਚ ਹੀ ਬੋਲਦਾ ਹੈ ਜਿਸ ਅੱਖਰ ਦਾ ਮਕਸਦ ਕੁਝ ਸਮਝਾਉਣ ਲਈ ਹੁੰਦਾ ਹੈ, ਕੁਝ ਗਿਆਨ ਦੇਣ ਲਈ ਹੁੰਦਾ ਹੈ ਭਾਵ ਹਰ ਗਿਆਨ ਦਾ ਮੂਲ ਅੱਖਰ ਹੈ। ਬਾਵਨ ਅੱਖਰਾਂ ਦੇ ਵਿਚ ਹਰ ਗਿਆਨ ਸਮਝਾਇਆ ਜਾ ਸਕਦਾ ਹੈ ਭਾਵੇਂ ਅੱਖਰਾਂ ਦੀ ਲਿਪੀ ਵਖਰੀ ਵਖਰੀ ਹੋ ਸਕਦੀ ਹੈ, ਅਖਰਾਂ ਦਾ ਆਕਾਰ ਰੂਪ ਵੱਖਰਾ ਵੱਖਰਾ ਹੋ ਸਕਦਾ ਹੈ ਪਰ ਅਖਰਾਂ ਰਾਹੀਂ ਗਿਆਨ ਹੀ ਬਾਹਰ ਆਉਂਦਾ ਹੈ। ਜੋ ਵੀ ਅੱਖਰ ਮਨੁਖ ਆਪਣੇ ਮੁਖੋਂ ਬੋਲਦਾ ਹੈ, ਉਹ ਅੱਖਰ ਪਹਿਲਾਂ ਮਨੁਖ ਦੇ ਮਨ ਦੇ ਵਿਚ ਉਪਜਦੇ ਹਨ, ਨਿਰੰਕਾਰ ਰੂਪ ਵਿਚ ਉਪਜਦੇ ਹਨ। ਪ੍ਰਮਾਤਮਾ ਦੇ ਨਾਲ ਮਨੁਖ ਦਾ ਸਾਰਾ ਭੇਦ ਮਨ ਦੇ ਵਿਚ ਅਖਰਾਂ ਦੀ ਉਪਜ ਦੇ ਨਾਲ ਹੀ ਜੁੜਿਆ ਹੋਇਆ ਹੈ। ਮਨ ਦੇ ਵਿਚ ਅਖਰ ਉਪਜਣ ਰਾਹੀਂ ਮਨੁਖ ਨੂੰ ਮਨ ਦੇ ਅੰਦਰੋਂ ਸਮਝ ਹੀ ਪੈਂਦੀ ਹੈ। ਮਨੁਖ ਨੂੰ ਮਨ ਦੇ ਵਿਚੋਂ ਸਮਝ ਕਿਹੋ ਜਿਹੀ ਪੈਂਦੀ ਹੈ ਬਸ ਇਥੇ ਹੀ ਸਾਰਾ ਭੇਦ ਛੁਪਿਆ ਹੋਇਆ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਪਾਈ ਹੋਈ ਹੈ ਜੋ ਸਾਡੇ ਅੰਦਰ ਅਖਰਾਂ ਦੇ ਰੂਪ ਵਿਚ ਹੀ ਉਪਜਦੀ ਹੈ ਜੋ ਸਮਝ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰਖਦੀ ਹੈ ਭਾਵ ਸਾਨੂੰ ਭਰਮਾਂ ਵਿਚ ਪਾ ਕੇ ਰਖਦੀ ਹੈ ਤੇ ਸਾਡੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇਕ ਮਨੁਖ ਹਾਂ ਤੇ ਪ੍ਰਮਾਤਮਾ ਨਾਲੋਂ ਵਖਰਾ ਹਾਂ। ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਕਰਵਾਉਣ ਵਾਲੀ ਵੀ ਸਾਡੇ ਅੰਦਰ ਦੀ ਸਮਝ ਹੈ ਜੋ ਕਿ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ ਜੋ ਸਮਝ ਪੂਰੀ ਗੁਰਬਾਣੀ ਦੇ ਵਿਚ ਹੈ। ਚੌਥੇ ਪਦ ਵਾਲੀ ਸਮਝ ਪੂਰੀ ਤਰ੍ਹਾਂ ਹਰ ਭਰਮਾਂ ਤੋਂ ਰਹਿਤ ਹੈ ਭਾਵ ਉਸ ਦੇ ਅੰਦਰ ਪੂਰਨ ਸੱਚ ਹੈ, ਨਾਮ ਹੈ। ਭਰਮਾਂ ਵਾਲੀ ਸਮਝ ਹਉਮੈ ਹੈ ਤੇ ਸੱਚ ਵਾਲੀ ਸਮਝ ਨਾਮ ਹੈ। ਹਉਮੈ ਵਾਲੀ ਸਮਝ ਵਿਚ ਰਹਿੰਦਿਆਂ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਨਾਮ ਵਾਲੀ ਸਮਝ ਦੁਆਰਾ ਅਸੀਂ ਪ੍ਰਮਾਤਮਾ ਦੀ ਸਮਝ ਵਿਚ, ਗੁਰੂ ਵਾਲੀ ਸਮਝ ਵਿਚ ਰਲ ਕੇ ਉਸ ਦੇ ਨਾਲ ਇਕ ਹੋ ਜਾਂਦੇ ਹਾਂ ਜੋ ਉਸਦੇ ਨਾਲ ਮਨ ਦੇ ਵਿਚ ਮੇਲ ਦੀ ਅਵਸਥਾ ਹੈ। ਸਾਰੀ ਗੱਲ ਸਾਡੇ ਮਨ ਦੇ ਅੱਖਰਾਂ ਨਾਲ ਜੁੜੀ ਹੋਈ ਹੈ ਜੋ ਅੱਖਰ ਪਹਿਲਾਂ ਸਾਡੇ ਮਨ ਦੇ ਵਿਚ, ਸਾਡੀ ਸਮਝ ਦੇ ਵਿਚ ਉਪਜਦੇ ਹਨ ਤੇ ਫਿਰ ਮੁਖ ਰਾਹੀਂ ਬਾਹਰ ਆਉਂਦੇ ਹਨ। ਸਾਡੇ ਅੰਦਰ ਜੋ ਅੱਖਰ ਉਪਜਦੇ

ਹਨ ਉਹ ਮਨੁੱਖ ਦੇ ਵੱਸ ਨਹੀਂ ਹਨ ਭਾਵ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਆਪਣੇ ਵੱਸ ਹਨ। ਇਹ ਉਸਦੀ ਮਰਜ਼ੀ ਹੈ ਕਿ ਉਹ ਸਾਨੂੰ ਮਨ ਦੀ ਸਮਝ ਰਾਹੀਂ ਭਾਵੇਂ ਤ੍ਰੈਗੁਣਾਂ ਵਿੱਚ ਰੱਖੇ ਤੇ ਭਾਵੇਂ ਆਪਣੇ ਚੌਥੇ ਪਦ ਵਾਲੀ ਸਮਝ ਦੇ ਨਾਲ ਮਿਲਾ ਲਵੇ। ਜੋ ਵੀ ਅੱਖਰ ਸਾਡੇ ਅੰਦਰ ਉਪਜਦੇ ਹਨ, ਇਹ ਜਰੂਰੀ ਨਹੀਂ ਕਿ ਅਸੀਂ ਹਰ ਅੱਖਰ ਨੂੰ ਮੁੱਖੋਂ ਬੋਲ ਦੇਈਏ, ਬੋਲ ਕੇ ਕਿਸੇ ਨੂੰ ਸੁਣਾਈਏ। ਅਨੇਕਾਂ ਵਾਰੀ ਅਸੀਂ ਜੋ ਸਾਨੂੰ ਮਨ ਦੇ ਵਿੱਚੋਂ ਸਮਝ ਪੈਂਦੀ ਹੈ ਉਸਨੂੰ ਅਸੀਂ ਬੋਲਦੇ ਨਹੀਂ ਤੇ ਉਸ ਗੱਲ ਨੂੰ ਮਨ ਦੇ ਵਿੱਚ ਹੀ ਰੱਖ ਲੈਂਦੇ ਹਾਂ ਤਾਂ ਜੋ ਹੋਰ ਕੋਈ ਉਸ ਗੱਲ ਨੂੰ ਨਾ ਜਾਣ ਸਕੇ, ਸਮਝ ਸਕੇ ਕਿ ਮੇਰੇ ਅੰਦਰ ਕੀ ਹੈ। ਇਹ ਮਨੁੱਖ ਦਾ ਕੇਵਲ ਭਰਮ ਹੈ ਜੋ ਉਹ ਮਨ ਦੀ ਸਮਝ ਨੂੰ ਆਪਣੀ ਸਮਝ ਮੰਨਦਾ ਹੈ, ਸਮਝਦਾ ਹੈ। ਉੱਪਰ ਸ਼ਬਦ ਰਾਹੀਂ ਮਨੁੱਖ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਇਹ ਮਨ ਦੀ ਸਮਝ ਮਨੁੱਖ ਦੀ ਆਪਣੀ ਨਹੀਂ ਹੈ ਬਲਕਿ ਇਸ ਵਿੱਚ ਆਪ ਪ੍ਰਮਾਤਮਾ ਹੀ ਹੈ। ਜੋ ਅੱਖਰ ਰੂਪ ਬੋਲ ਅਸੀਂ ਮੁੱਖੋਂ ਬੋਲਦੇ ਹਾਂ ਉਨ੍ਹਾਂ ਬੋਲਾਂ ਵਿੱਚ ਵੀ ਪ੍ਰਮਾਤਮਾ ਆਪ ਹੈ ਤੇ ਜੋ ਬੋਲ ਅਸੀਂ ਨਹੀਂ ਬੋਲਦੇ ਭਾਵ ਮਨ ਦੇ ਵਿੱਚ ਰੱਖ ਲੈਂਦੇ ਹਾਂ ਉਹਨਾਂ ਬੋਲਾਂ ਵਿੱਚ ਵੀ ਆਪ ਪ੍ਰਮਾਤਮਾ ਹੀ ਹੈ ਭਾਵ ਸਾਡੀ ਹਰ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੈ। ਆਪਣੇ ਮਨ ਦੀ ਸਮਝ ਨੂੰ ਅਸੀਂ ਦੇਖ ਨਹੀਂ ਸਕਦੇ, ਸਰੀਰਕ ਅੱਖਾਂ ਨਾਲ ਦੇਖ ਨਹੀਂ ਸਕਦੇ, ਇਸੇ ਲਈ ਪ੍ਰਮਾਤਮਾ ਨੂੰ ਕੋਈ ਵੇਖ ਨਹੀਂ ਸਕਦਾ। ਪ੍ਰਮਾਤਮਾ ਸਾਡੇ ਅੰਦਰ ਨਿਰੰਕਾਰ ਰੂਪ ਵਿੱਚ ਹੈ ਜੋ ਰੂਪ ਉਸਦਾ ਅੱਖਰਾਂ ਦੇ ਅੰਦਰ ਦਾ ਗਿਆਨ ਰੂਪ ਹੈ। ਪ੍ਰਮਾਤਮਾ ਦਾ ਇਹ ਰੂਪ ਹੀ ਉਸਦਾ ਗੁਰੂ ਰੂਪ ਹੈ ਜੋ ਰੂਪ ਉਸਦਾ ਪੂਰੀ ਗੁਰਬਾਣੀ ਦੇ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਬ੍ਰਹਮ ਗਿਆਨ ਮਨ ਦੀ ਸਮਝ ਰਾਹੀਂ ਹੀ ਆਇਆ ਹੈ, ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਵਾਲੇ ਅੱਖਰ ਉਪਜਣ ਦੁਆਰਾ ਹੀ ਆਇਆ ਹੈ। (**ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥ ਬੋਲ ਅਬੋਲ ਮਧਿ ਹੈ ਸੋਈ ॥ ਜਸ ਓਹੁ ਹੈ ਤਸ ਲਖੈ ਨ ਕੋਈ ॥**)

ਅੱਖਰਾਂ ਦੇ ਮੂਲ ਨੂੰ ਜਾਣੇ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ, ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ ਤੇ ਗਿਆਨ ਰੂਪ ਵਿੱਚ ਹੀ ਹੈ। ਜਦ ਤੱਕ ਅਸੀਂ ਇਹ ਸਮਝਦੇ ਹਾਂ ਕਿ ਅੱਖਰਾਂ ਦੀ ਰਚਨਾ ਪ੍ਰਮਾਤਮਾ ਤੋਂ ਬਿਨ੍ਹਾਂ ਕਿਸੇ ਹੋਰ ਨੇ ਕੀਤੀ ਹੈ ਭਾਵ ਗਿਆਨ ਦਾ ਮਾਲਕ ਮਨੁੱਖ ਹੈ ਫਿਰ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣਿਆ। ਪ੍ਰਮਾਤਮਾ ਨੂੰ ਉਹੀ ਜਾਣ ਸਕਦਾ ਹੈ ਜੋ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ, ਗਿਆਨ ਦੇ ਸਰੋਤ ਨੂੰ ਜਾਣ ਲੈਂਦਾ ਹੈ। ਪੂਰੀ ਸ੍ਰਿਸ਼ਟੀ ਦੇ ਗਿਆਨ ਦਾ ਸਰੋਤ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜਿਸ ਰਾਹੀਂ ਮਨ ਦੇ ਵਿੱਚ ਹਰ ਅੱਖਰ ਦੀ ਉਪਜ ਹੁੰਦੀ ਹੈ। ਇਸ ਗੱਲ ਨੂੰ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੀ ਹੋਈ ਬਾਵਨ ਅੱਖਰੀ ਬਾਣੀ ਦੇ ਆਖਰੀ ਪਦੇ ਰਾਹੀਂ ਸਮਝਿਆ ਜਾ ਸਕਦਾ ਹੈ। ਜਿਸਨੂੰ ਪ੍ਰਮਾਤਮਾ ਧਰਮ ਦੇ ਮਾਰਗ ਦਾ ਗਿਆਨਵਾਨ ਬਣਾਉਂਦਾ ਹੈ ਉਸ ਮਨ ਦੇ ਵਿੱਚ ਆਪ ਹੀ ਬਣਾਉਂਦਾ ਹੈ।

“ਬਾਵਨ ਅਖਰ ਜੋਰੇ ਆਨਿ ॥
ਸਕਿਆ ਨ ਅਖਰੁ ਏਕੁ ਪਛਾਨਿ ॥
ਸਤ ਕਾ ਸਬਦੁ ਕਬੀਰਾ ਕਹੈ ॥
ਪੰਡਿਤ ਹੋਇ ਸੁ ਅਨਭੈ ਰਹੈ ॥
ਪੰਡਿਤ ਲੋਗਹ ਕਉ ਬਿਉਹਾਰ ॥
ਗਿਆਨਵੰਤ ਕਉ ਤਤੁ ਬੀਚਾਰ ॥
ਜਾ ਕੈ ਜੀਅ ਜੈਸੀ ਬੁਧਿ ਹੋਈ ॥
ਕਹਿ ਕਬੀਰ ਜਾਨੈਗਾ ਸੋਈ ॥45॥”

(ਅੰਗ - 343)

ਹਰ ਅੱਖਰ ਦਾ ਮੂਲ ਪ੍ਰਮਾਤਮਾ ਆਪ ਹੈ ਭਾਵ ਅੱਖਰ ਦੀ ਸਮਝ ਦੇ ਵਿੱਚ ਪ੍ਰਮਾਤਮਾ ਆਪ ਹੈ, ਇਹੀ ਗੱਲ ਸਾਨੂੰ ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਬਾਵਨ ਅਖਰ ਜੋਰੇ ਆਨਿ ॥

ਸਕਿਆ ਨ ਅਖਰੁ ਏਕੁ ਪਛਾਨਿ ॥"

ਬਾਵਨ ਅਖਰਾਂ ਵਿਚ ਹਰ ਗੱਲ ਸਮਝਾਈ ਜਾ ਸਕਦੀ ਹੈ ਭਾਵ ਪੂਰਾ ਗਿਆਨ ਬਾਵਨ ਅੱਖਰਾਂ ਵਿਚ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਸਮਝਣ ਦੀ ਗੱਲ ਇਹ ਹੈ ਕਿ ਸਾਡੇ ਅੰਦਰ ਇਹ ਅੱਖਰ ਆਉਂਦੇ ਕਿਥੋਂ ਹਨ ਤੇ ਇਸ ਗੱਲ ਨੂੰ ਸਮਝਣ ਵਿਚ ਹੀ ਸਾਡਾ ਪ੍ਰਮਾਤਮਾ ਨੂੰ ਅੰਦਰੋਂ ਜਾਨਣ ਦਾ ਜਾਂ ਨਾ ਜਾਨਣ ਦਾ ਭੇਦ ਛੁਪਿਆ ਹੋਇਆ ਹੈ। "**ਬਾਵਨ ਅਖਰ ਜੋਰੇ ਆਨਿ ॥**" ਤੋਂ ਭਾਵ ਹੈ ਜੇਕਰ ਅਸੀਂ ਇਹ ਸਮਝੀਏ ਕਿ ਬਾਵਨ ਅਖਰਾਂ ਨੂੰ ਆਪਸ ਵਿਚ ਜੋੜ ਕੇ ਜੋ ਸਾਨੂੰ ਗਿਆਨ ਦਿਤਾ ਹੋਇਆ ਹੈ, ਦਿਤਾ ਜਾਂਦਾ ਹੈ ਉਨਾਂ ਅੱਖਰਾਂ ਨੂੰ ਆਪਸ ਵਿਚ ਕਿਸੇ ਹੋਰ ਨੇ ਜੋੜਿਆ ਹੈ, ਆਨਿ ਨੇ ਜੋੜਿਆ ਹੈ ਭਾਵ ਪ੍ਰਮਾਤਮਾ ਤੋਂ ਬਿਨਾ ਕਿਸੇ ਹੋਰ ਨੇ ਜੋੜਿਆ ਹੈ ਤਾਂ ਫਿਰ ਅਸੀਂ "ਅਖਰੁ" ਦੇ ਮੂਲ ਨੂੰ ਨਹੀਂ ਪਛਾਣਿਆ ਜੋ ਮੂਲ ਇਕੋ ਇਕ ਆਪ ਪ੍ਰਮਾਤਮਾ ਹੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। (**ਸਕਿਆ ਨ ਅਖਰੁ ਏਕੁ ਪਛਾਨਿ ॥**) ਪ੍ਰਮਾਤਮਾ "ਅਖਰੁ" ਰੂਪ ਵਿਚ ਹੀ ਵਿਚਰਦਾ ਹੈ ਜੋ ਰੂਪ ਉਸਦਾ ਅਖਰ ਦੇ ਅੰਦਰ ਦਾ ਗਿਆਨ ਰੂਪ ਹੈ। ਹਰ ਅਖਰ ਦਾ ਮਕਸਦ ਗਿਆਨ ਦੇ ਨਾਲ ਹੀ ਹੁੰਦਾ ਹੈ। ਪ੍ਰਮਾਤਮਾ ਪੂਰੀ ਸ੍ਰਿਸ਼ਟੀ ਵਿਚ ਆਪਣੇ "ਅਖਰੁ" ਰੂਪ ਵਿਚ ਹੀ ਵਿਚਰਦਾ ਹੈ ਤੇ ਇਸ ਗੱਲ ਨੂੰ ਅੱਗੇ ਚਲਕੇ ਹੋਰ ਸ਼ਬਦਾਂ ਰਾਹੀਂ ਵੀ ਸਮਝਾਂਗੇ। ਜਦੋਂ ਵੀ ਕਿਸੇ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ, ਉਸਨੂੰ ਅਖਰੁ ਦੇ ਰੂਪ ਵਿਚ ਹੀ ਪਹਿਚਾਣਿਆ ਹੈ, ਜਾਣਿਆ ਹੈ ਭਾਵ ਗਿਆਨ ਦੇ ਮੂਲ ਰੂਪ ਵਿਚ ਹੀ ਜਾਣਿਆ ਹੈ ਤੇ ਇਸ ਲਈ ਪ੍ਰਮਾਤਮਾ ਨੂੰ ਜਿਨਾਂ ਨੇ ਅਸਲੀਅਤ ਵਿਚ ਜਾਣਿਆ ਹੈ ਉਨਾਂ ਨੇ ਗੁਰਬਾਣੀ ਰਾਹੀਂ ਪ੍ਰਮਾਤਮਾ ਨੂੰ ਗਿਆਨ ਰੂਪ ਵਿਚ ਹੀ ਦਸਿਆ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ ਗਿਆਨ ਰੂਪ ਵਿਚ ਹੀ ਹੈ ਭਾਵ ਅਖਰਾਂ ਦੇ, ਸ਼ਬਦਾਂ ਦੇ ਗਿਆਨ ਰੂਪ ਵਿਚ ਹੀ ਹੈ। ਹਰ ਸ਼ਬਦ ਅਖਰਾਂ ਦਾ ਜੋੜ ਹੀ ਹੈ ਤੇ ਹਰ ਅਖਰ ਨੂੰ ਜੋੜਨ ਵਾਲਾ ਪ੍ਰਮਾਤਮਾ ਆਪ ਹੀ ਹੈ ਨਾ ਕਿ ਕੋਈ ਮਨੁਖ ਹੈ। ਸਾਰੀ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਇਸੇ ਤਰੀਕੇ ਹੀ ਕਰਵਾਈ ਹੈ ਜੋ ਆਪ ਅਖਰ ਰੂਪ ਵਿਚ ਹੀ ਹੈ। ਗਿਆਨ ਦਾ ਮਾਲਕ ਆਪਣੇ ਗਿਆਨ ਰੂਪ ਵਿਚ ਹੀ ਵਿਚਰਦਾ ਹੈ ਜਿਸ ਦੀ ਪਛਾਣ ਕੇਵਲ ਆਪਣੇ ਅੰਦਰੋਂ ਹੀ ਹੋ ਸਕਦੀ ਹੈ ਜੋ ਆਪਣੇ ਆਪ ਦੀ ਪਹਿਚਾਣ ਪ੍ਰਮਾਤਮਾ ਮਨ ਦੇ ਵਿਚ ਆਪ ਹੀ ਕਰਵਾ ਸਕਦਾ ਹੈ ਭਾਵ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ, ਗੁਰ ਪ੍ਰਸਾਦਿ ਹੈ ਭਾਵ ਕਿਸੇ ਦੇ ਆਪਣੇ ਵੱਸ ਨਹੀਂ ਹੈ ਕਿਉਂਕਿ ਉਹ ਆਪ ਹੀ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਹੈ, ਸਾਡੀ ਸਮਝ ਦਾ ਮਾਲਕ ਹੈ। (**ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥**)

ਜੋ ਆਪਣੇ ਅੰਦਰੋਂ ਅਖਰੁ ਰੂਪ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ ਉਹ ਫਿਰ ਜੋ ਵੀ ਬਾਣੀ ਉਚਾਰਦਾ ਹੈ, ਉਸਨੂੰ ਆਪਣੀ ਬਾਣੀ ਨਹੀਂ ਕਹਿੰਦਾ, ਪ੍ਰਮਾਤਮਾ ਦੀ ਬਾਣੀ ਕਹਿੰਦਾ ਹੈ ਤੇ ਗਿਆਨ ਦਾ ਮਾਲਕ ਪ੍ਰਮਾਤਮਾ ਨੂੰ ਹੀ ਕਹਿੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸਤ ਕਾ ਸਬਦੁ ਕਬੀਰਾ ਕਹੈ ॥
ਪੰਡਿਤ ਹੋਇ ਸੁ ਅਨਭੈ ਰਹੈ ॥"

ਪ੍ਰਮਾਤਮਾ "ਸਤ" ਦੇ ਰੂਪ ਵਿਚ ਹੈ, ਸੱਚ ਦੇ ਰੂਪ ਵਿਚ ਹੈ। ਜਿਥੇ ਸਚੁ ਹੁੰਦਾ ਹੈ ਉਥੇ ਸਤ ਹੁੰਦਾ ਭਾਵ ਤੱਤ ਹੁੰਦਾ ਹੈ ਜਿਸ ਤੋਂ ਉਪਰ ਕੋਈ ਹੋਰ ਸਚਾਈ ਨਹੀਂ ਹੋ ਸਕਦੀ। ਭਗਤ ਕਬੀਰ ਜੀ ਉਪਰ ਵਾਲੀ ਪੰਗਤੀ ਰਾਹੀਂ ਇਹ ਸਮਝਾ ਰਹੇ ਹਨ ਕਿ ਉਹ ਆਪਣੇ ਮੁਖੋਂ ਜੋ ਸ਼ਬਦ ਕਹਿੰਦੇ ਹਨ, ਬੋਲਦੇ ਹਨ ਉਹ "ਸਤ" ਦਾ ਸਬਦੁ ਹੈ ਭਾਵ ਪ੍ਰਮਾਤਮਾ ਦਾ ਸਬਦ ਹੈ, ਪ੍ਰਮਾਤਮਾ ਦਾ ਦਿਤਾ ਹੋਇਆ, ਸਮਝਾਇਆ ਹੋਇਆ ਸੱਚਾ ਗਿਆਨ ਹੈ ਜੋ ਮੈਂ ਆਪਣੇ ਮੁਖੋਂ ਉਚਾਰ ਰਹਿਆਂ ਹਾਂ ਭਾਵ ਮੇਰੇ ਦੁਆਰਾ ਬੋਲੇ ਹੋਏ ਸ਼ਬਦਾਂ ਵਿਚ ਮੇਰੇ ਬੋਲ ਨਹੀਂ ਬਲਕਿ ਪ੍ਰਮਾਤਮਾ ਦੇ ਆਪਣੇ ਬੋਲ ਹਨ। (**ਸਤ ਕਾ ਸਬਦੁ ਕਬੀਰਾ ਕਹੈ ॥**) ਹੁਣ ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਜੋ ਸ਼ਬਦਾਂ ਦਾ ਮਾਲਕ ਹੈ, ਸਬਦ ਬੁਲਵਾਉਣ ਵਾਲਾ ਹੈ, ਸ਼ਬਦਾਂ ਦੀ ਸਮਝ ਪਾਉਣ ਵਾਲਾ ਹੈ ਭਾਵ ਮਨ ਦੇ ਵਿਚ ਧਰਮ ਦਾ ਸੱਚਾ ਗਿਆਨ ਦੇਣ ਵਾਲਾ ਹੈ ਉਹ ਆਪ ਪੰਡਿਤ ਹੈ ਭਾਵ ਆਪ ਧਰਮ ਦਾ ਵਿਦਵਾਨ ਹੈ ਜਾਂ ਕੋਈ ਹੋਰ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਪੰਡਿਤ ਹੋਇ ਸੁ ਅਨਭੈ ਰਹੈ ॥"

“ਪੰਡਿਤ” ਤੋਂ ਭਾਵ ਹੈ ਧਰਮ ਦਾ ਵਿਦਵਾਨ, ਧਰਮ ਦਾ ਗਿਆਨ ਰੱਖਣ ਵਾਲਾ ਤੇ ਦੂਸਰਿਆਂ ਨੂੰ ਸਮਝਾਉਣ ਵਾਲਾ। ਅਸਲ ਪੰਡਿਤ ਕੌਣ ਹੈ, ਧਰਮ ਦਾ ਵਿਦਵਾਨ ਕੌਣ ਹੈ, ਸ਼ਬਦਾਂ ਦੀ ਸਮਝ ਪਾਉਣ ਵਾਲਾ ਕੌਣ ਹੈ, ਇਹੀ ਗੱਲ ਸਮਝਾਈ ਹੋਈ ਹੈ ਜਿਸ ਦੀ ਸਮਝ ਅਖਰ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ। ਧਰਮ ਦਾ ਵਿਦਵਾਨ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੈ ਤੇ ਉਸਦਾ ਆਪਣਾ ਰੂਪ “ਅਨਭੈ” ਰੂਪ ਹੈ। “ਅਨਭੈ” ਰੂਪ ਕੇਵਲ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਹਰ ਭੈ ਤੋਂ ਰਹਿਤ ਹੈ। “ਭੈ” ਤੋਂ ਰਹਿਤ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਪ੍ਰਮਾਤਮਾ ਨੇ ਹਰ ਕਿਸੇ ਨੂੰ ਮਾਇਆ ਮੋਹ ਦੇ ਭੈ ਵਿੱਚ ਰੱਖਿਆ ਹੋਇਆ ਹੈ, ਜਨਮ ਮਰਨ ਦੇ ਭੈ ਵਿੱਚ ਰੱਖਿਆ ਹੋਇਆ ਹੈ ਜਿਸ ਦਾ ਕਾਰਨ ਸਾਡੇ ਅੰਦਰ ਸੱਚ ਵਾਲੀ ਸਮਝ ਦਾ ਨਾ ਹੋਣਾ ਹੈ, ਤੱਤੁ ਵਾਲੀ ਸਮਝ ਦਾ ਨਾ ਹੋਣਾ ਹੈ ਭਾਵ ਸੱਚੇ ਗਿਆਨ ਵਾਲੀ, ਬ੍ਰਹਮ ਗਿਆਨ ਵਾਲੀ ਸਮਝ ਦਾ, ਨਾਮ ਵਾਲੀ ਸਮਝ ਦਾ ਨਾ ਹੋਣਾ ਹੈ, ਚੌਥੇ ਪਦ ਦੇ ਗਿਆਨ ਵਾਲੀ ਸਮਝ ਦਾ ਨਾ ਹੋਣਾ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ, ਤੱਤ ਗਿਆਨ ਦੇ ਰੂਪ ਵਿੱਚ ਹੀ ਮਿਲਦੀ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੀ ਮਿਲਦੀ ਹੈ ਜੋ ਮਨੁੱਖ ਨੂੰ ਅਨਭੈ ਵਿੱਚੋਂ ਕੱਢ ਲੈਂਦੀ ਹੈ ਤੇ ਮਨੁੱਖੀ ਸਮਝ ਦੇ ਅੰਦਰ ਫਿਰ ਕੇਵਲ ਸੱਚ ਤੇ ਚੱਲਣ ਦਾ ਭੈ ਹੀ ਰਹਿ ਜਾਂਦਾ ਹੈ ਤੇ ਹੋਰ ਸਭ ਭੈ ਨਿਕਲ ਜਾਂਦੇ ਹਨ। ਸੱਚੇ ਗਿਆਨ ਦਾ ਵਿਦਵਾਨ ਪ੍ਰਮਾਤਮਾ ਕੇਵਲ ਆਪ ਹੀ ਹੈ ਤੇ ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਭਗਤਾਂ ਦੇ, ਗੁਰੂ ਸਾਹਿਬਾਨ ਦੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰਾਂ ਰਾਹੀਂ ਪ੍ਰਗਟ ਕੀਤਾ ਹੈ ਉਨ੍ਹਾਂ ਸਰੀਰਾਂ ਰਾਹੀਂ ਉਸ ਨੇ ਆਪ ਹੀ ਆਪਣੀ ਸੱਚੀ ਭਗਤੀ ਦਾ ਗਿਆਨ ਦਿੱਤਾ ਹੈ ਭਾਵ ਉਸਨੇ ਆਪ ਹੀ ਉਨ੍ਹਾਂ ਸਰੀਰਾਂ ਰਾਹੀਂ ਆਪਣਾ ਗੁਰੂ ਰੂਪ ਧਾਰਨ ਕੀਤਾ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਸਰੀਰ ਨੂੰ ਗੁਰੂ ਨਹੀਂ ਆਖਿਆ ਬਲਕਿ “ਸ਼ਬਦ” ਨੂੰ ਗੁਰੂ ਆਖਿਆ ਹੈ, ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਗੁਰੂ ਆਖਿਆ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਆਪਣੇ ਇਸ ਰੂਪ ਵਿੱਚ ਹੀ ਪ੍ਰਮਾਤਮਾ ਆਪ ਗੁਰੂ ਹੈ, ਧਰਮ ਦਾ ਪੰਡਿਤ ਹੈ, ਧਰਮ ਦਾ ਵਿਦਵਾਨ ਹੈ, ਬ੍ਰਹਮ ਗਿਆਨੀ ਹੈ ਜੋ ਉਸਦਾ ਨਿਰੰਕਾਰ ਰੂਪ ਹੈ ਜਿਸ ਰੂਪ ਨੂੰ ਕੇਵਲ ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣਾ ਹੀ, ਵਿਦਵਾਨ ਰੂਪ ਨੂੰ ਜਾਨਣਾ ਹੀ ਉਸਦੇ ਨਾਲ ਮਨ ਦੇ ਵਿੱਚ ਮੇਲ ਹੈ ਜਿਸ ਮੇਲ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਤੇ ਜੋ ਗਿਆਨ ਉਹ ਦਿੰਦਾ ਹੈ, ਸ਼ਬਦਾਂ ਦੇ ਰੂਪ ਵਿੱਚ ਦਿੰਦਾ ਹੈ ਤੇ ਉਹੀ ਕੁੱਝ ਉਸਨੂੰ ਜਾਨਣ ਵਾਲਿਆਂ ਨੇ ਸੰਸਾਰ ਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ। (**ਸਤ ਕਾ ਸਬਦੁ ਕਬੀਰਾ ਕਹੈ ॥ ਪੰਡਿਤ ਹੋਇ ਸੁ ਅਨਭੈ ਰਹੈ ॥**) ਆਪਣੇ ਆਪ ਨੂੰ ਪੰਡਿਤ ਅਖਵਾਉਣ ਵਾਲੇ ਭਾਵ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਬਹੁਤ ਹਨ ਪਰ ਅਸਲ ਵਿਦਵਾਨ ਕਿਹੋ ਜਿਹੇ ਹੁੰਦੇ ਹਨ ਇਸ ਗੱਲ ਦਾ ਫਰਕ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਪੰਡਿਤ ਲੋਗਹ ਕਉ ਬਿਉਹਾਰ ॥

ਗਿਆਨਵੰਤ ਕਉ ਤਤੁ ਬੀਚਾਰ ॥”

ਆਪਣੇ ਆਪ ਨੂੰ ਪੰਡਿਤ ਭਾਵ ਵਿਦਵਾਨ ਉਹ ਹੀ ਸਮਝ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਅੱਖਰ ਨੂੰ ਨਹੀਂ ਪਹਿਚਾਣਿਆ ਭਾਵ ਪ੍ਰਮਾਤਮਾ ਨੂੰ ਨਹੀਂ ਪਹਿਚਾਣਿਆ, ਗਿਆਨ ਦੇ ਮਾਲਕ ਨੂੰ ਨਹੀਂ ਜਾਣਿਆ। ਆਪਣੇ ਆਪ ਨੂੰ ਧਰਮ ਦੇ ਪੰਡਿਤ ਅਖਵਾਉਣ ਵਾਲਿਆਂ ਨੂੰ ਇਸ ਗੱਲ ਨਾਲ ਕੋਈ ਬਿਉਹਾਰ ਨਹੀਂ ਹੁੰਦਾ ਭਾਵ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਹੁੰਦਾ ਕਿ ਮੈਂ ਧਰਮ ਦੇ ਮਾਰਗ ਤੇ ਕਿਸ ਤਰੀਕੇ ਨਾਲ ਚੱਲਣਾ ਹੈ ਕਿਉਂਕਿ ਧਰਮ ਦੇ ਅਸਲ ਮਾਰਗ ਦੀ ਉਨ੍ਹਾਂ ਨੂੰ ਸਮਝ ਹੀ ਨਹੀਂ ਹੁੰਦੀ ਤੇ ਉਹ ਕੇਵਲ ਧਰਮ ਦਾ ਦਿਖਾਵਾ ਹੀ ਕਰਦੇ ਹਨ ਤੇ ਦੂਸਰਿਆਂ ਨੂੰ ਧਰਮ ਦਾ ਮਾਰਗ ਸਮਝਾਉਂਦੇ ਹਨ ਤੇ ਆਪ ਵਡਿਆਈਆਂ ਲੈਂਦੇ ਹਨ ਕਿ ਉਹ ਧਰਮ ਦੇ ਮਾਰਗ ਦੀ ਉੱਚੀ ਸਮਝ ਰੱਖਦੇ ਹਨ। ਇਹੀ ਕੁੱਝ ਸਭ ਪਾਸੇ ਦੇਖਿਆ ਜਾ ਸਕਦਾ ਹੈ। ਹਰ ਕੋਈ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦਾ ਵੱਖਰਾ-ਵੱਖਰਾ ਮਾਰਗ ਸਮਝਾਉਂਦਾ ਹੈ, ਪ੍ਰਮਾਤਮਾ ਦਾ ਵੱਖਰਾ-ਵੱਖਰਾ ਨਾਮ ਸਮਝਾਉਂਦਾ ਹੈ, ਵੱਖਰੇ-ਵੱਖਰੇ ਤਰੀਕੇ ਨਾਲ ਨਾਮ ਜਪਣਾ ਸਿਖਾਇਆ ਜਾਂਦਾ ਹੈ ਭਾਵ ਪ੍ਰਮਾਤਮਾ ਦੀ ਭਗਤੀ ਦੇ ਅਨੇਕਾਂ ਹੀ ਤਰੀਕੇ ਸਮਝਾਏ ਜਾਂਦੇ ਹਨ ਜਿਹੋ ਜਿਹੇ ਸਾਰੇ ਤਰੀਕਿਆਂ ਦਾ ਗੁਰਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਗੁਰਬਾਣੀ ਸਾਨੂੰ ਭਗਤੀ ਦਾ, ਧਰਮ ਦਾ ਇੱਕੋ ਇੱਕ ਮਾਰਗ ਸਮਝਾਉਂਦੀ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਜਪਣਾ ਸਿਖਾਉਂਦੀ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ, ਔਗੁਣ ਰਹਿਤ ਹੋ ਕੇ

ਵਿਚਰਨ ਦਾ ਹੈ। ਸਾਰੇ ਸੰਸਾਰ ਦਾ ਪ੍ਰਮਾਤਮਾ ਵੀ ਇੱਕੋ ਹੀ ਹੈ ਤੇ ਉਸਨੂੰ ਪਾਉਣ ਦਾ, ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਉਸਨੂੰ ਆਪਣੇ ਮਨ ਦੇ ਵਿੱਚੋਂ ਜਾਨਣ ਦਾ ਹੈ। ਮਨ ਦੇ ਵਿੱਚ ਕੇਵਲ ਸਮਝ ਹੀ ਹੁੰਦੀ ਹੈ ਤੇ ਮਨ ਦੀ ਸਮਝ ਰਾਹੀਂ ਹੀ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਇੱਕੋ ਜਿਹੀ ਤ੍ਰੈਗੁਣਾਂ ਵਾਲੀ ਸਮਝ ਵਿੱਚ, ਭਰਮਾਂ ਵਾਲੀ ਸਮਝ ਵਿੱਚ, ਹਉਮੈ ਵਿੱਚ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ ਤੇ ਉਸ ਸਮਝ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਸਭ ਦੇ ਅੰਦਰ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਹੈ ਜਿਸ ਸਮਝ ਦੇ ਨਾਲ ਜੁੜਕੇ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਪ੍ਰਮਾਤਮਾ ਸੱਚ ਰੂਪ ਹੈ ਤੇ ਸੱਚ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸੱਚ ਉੱਥੇ ਹੁੰਦਾ ਹੈ ਜਿਸ ਵਿਚਾਰ ਦੇ ਵਿੱਚ "ਤੱਤ" ਹੁੰਦਾ ਹੈ। ਧਰਮ ਦਾ ਅਸਲ ਵਿਦਵਾਨ ਉਹ ਹੁੰਦਾ ਹੈ ਜੋ ਤੱਤ ਵਿਚਾਰੀ ਹੁੰਦਾ ਹੈ। ਪੂਰੀ ਗੁਰਬਾਣੀ ਦੇ ਵਿੱਚ "ਤਤੁ ਬੀਚਾਰ" ਹੈ ਤੇ ਜੋ ਸੱਚਾ ਗਿਆਨਵੰਤ ਹੈ ਭਾਵ ਧਰਮ ਦਾ ਸੱਚਾ ਵਿਦਵਾਨ ਹੈ ਉਹ ਜਿਹੋ ਜਿਹਾ ਤੱਤੁ ਬੀਚਾਰੀ ਹੁੰਦਾ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਉਂਦਾ ਹੈ। ਤੱਤੁ ਬੀਚਾਰ ਵਾਲਾ ਕੇਵਲ ਗੁਰੂ ਆਪ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਲਈ ਉਹ ਗਿਆਨਵੰਤ ਹੈ ਭਾਵ ਧਰਮ ਦਾ ਸੱਚਾ ਵਿਦਵਾਨ ਹੈ। (**ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥**) ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੇਵਲ ਤੇ ਕੇਵਲ ਸੱਚੇ ਗਿਆਨ ਵਾਲੀ ਸਮਝ ਦੁਆਰਾ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਕਿਉਂਕਿ ਪ੍ਰਮਾਤਮਾ ਦਾ ਸਾਡੇ ਅੰਦਰ ਟਿਕਾਣਾ ਹੀ ਸੱਚੀ ਬੁਧਿ ਦੇ ਰੂਪ ਵਿੱਚ ਹੈ, ਉੱਤਮ ਵਿਚਾਰਾਂ ਵਾਲੀ ਬੁਧਿ ਦੇ ਰੂਪ ਵਿੱਚ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥"

ਇਸ ਗੱਲ ਤੇ ਹਰ ਕੋਈ ਵਿਸ਼ਵਾਸ ਰੱਖਦਾ ਹੈ ਕਿ ਮਨੁੱਖ ਜੋ ਕੁੱਝ ਵੀ ਸਮਝਦਾ ਹੈ ਉਹ ਆਪਣੇ ਮਨ ਦੇ ਰਾਹੀਂ ਹੀ ਸਮਝਦਾ ਹੈ। ਜੋ ਸਾਡਾ ਮਨ ਹੈ, ਉਹੀ ਸਾਡੀ ਸਮਝ ਹੈ ਭਾਵ ਸਾਡੀ ਬੁਧਿ ਹੈ। ਸਾਡਾ ਮਨ ਹੀ ਸਾਡੇ ਅੰਦਰ ਦੀ ਜੋਤਿ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਭ ਦੇ ਅੰਦਰ ਵਰਤਦਾ ਹੈ। ਮਨੁੱਖ ਨੂੰ ਜੋ ਵੀ ਆਪਣੇ ਅੰਦਰੋਂ ਸਮਝ ਮਿਲਦੀ ਹੈ ਉਹ ਜੋਤਿ ਦੇ ਰਾਹੀਂ ਹੀ ਮਿਲਦੀ ਹੈ।

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥}

(ਅੰਗ - 13)

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥5॥}

(ਅੰਗ - 441)

ਮਨੁੱਖ ਜੋ ਕੁੱਝ ਵੀ ਸਮਝਦਾ ਹੈ ਉਹ ਆਪਣੇ ਮਨ ਦੀ ਸਮਝ ਰਾਹੀਂ ਹੀ ਸਮਝਦਾ ਹੈ ਤੇ ਆਪਣੇ ਅੰਦਰੋਂ ਮਨ ਨੂੰ ਪਛਾਨਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੀ ਜੋਤਿ ਨੂੰ ਪਛਾਨਣਾ ਹੈ, ਜਾਨਣਾ ਹੈ, ਪ੍ਰਮਾਤਮਾ ਨੂੰ ਜਾਨਣਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਸਮਝਣਾ ਹੈ। ਬਾਣੀ ਰਾਹੀਂ ਸਾਨੂੰ ਵਾਰ-ਵਾਰ ਅਨੇਕਾਂ ਸਬਦਾਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਤੇ ਕਿਸੇ ਵੀ ਸ਼ਬਦ ਵਿੱਚ ਕੋਈ ਵੱਖਰਾ ਮੇਲ ਨਹੀਂ ਸਮਝਾਇਆ ਹੋਇਆ ਤੇ ਨਾ ਹੀ ਮੇਲ ਕਰਨ ਦਾ ਕੋਈ ਤਰੀਕਾ ਵੱਖਰਾ ਸਮਝਾਇਆ ਹੋਇਆ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਨੂੰ ਜਿਸਨੇ ਵੀ ਜਾਣਿਆ ਹੈ, ਮਨ ਦੇ ਵਿੱਚੋਂ ਹੀ ਜਾਣਿਆ ਹੈ ਜੋ ਕਿ ਉਸਦਾ ਸਾਡੇ ਅੰਦਰ ਉਸਦਾ ਨਿਰੰਕਾਰ ਰੂਪ ਹੈ, ਸੱਚੇ ਗਿਆਨ ਦਾ ਰੂਪ ਹੈ। ਪ੍ਰਮਾਤਮਾ ਨੂੰ ਜਾਨਣ ਦੀਆਂ ਗੱਲਾਂ ਕਰਨ ਵਾਲੇ ਅਨੇਕਾਂ ਹਨ ਜੋ ਉਸਨੂੰ ਕਿਸੇ ਆਕਾਰ

ਰੂਪ ਵਿੱਚ, ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚੋਂ ਖੋਜਣ ਦੀਆਂ ਗੱਲਾਂ ਕਰਦੇ ਹਨ ਜਿਨ੍ਹਾਂ ਗੱਲਾਂ ਨੂੰ ਸਾਡੇ ਅੰਦਰ ਦਾ ਭਰਮ ਦੱਸਿਆ ਹੋਇਆ ਹੈ ਭਾਵ ਖੰਡਨ ਕੀਤਾ ਹੋਇਆ ਹੈ। ਮਨੁੱਖ ਜੋ ਕੁੱਝ ਵੀ ਸਮਝਦਾ ਹੈ ਉਹ ਮਨ ਦੇ ਵਿੱਚੋਂ ਹੀ ਸਮਝਦਾ ਹੈ ਤੇ ਮਨ ਦੇ ਵਿੱਚ ਸਮਝਾਉਣ ਵਾਲਾ ਪ੍ਰਮਾਤਮਾ ਆਪ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਕਿਸੇ ਨੂੰ ਕਿਹੋ ਜਿਹੀ ਸੋਝੀ ਮਨ ਦੇ ਵਿੱਚੋਂ ਪਾਉਂਦਾ ਹੈ। ਜਿਵੇਂ ਕਿ ਗੁਰਬਾਣੀ ਸਾਨੂੰ ਵਾਰ -ਵਾਰ ਇਹ ਸਮਝਾ ਰਹੀ ਹੈ ਕਿ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ, ਪੁੱਠੇ ਕਮਲ ਵਾਲੀ ਸਮਝ ਵਿੱਚ ਭਾਵ ਭਰਮਾਂ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਫਿਰ ਇਸ ਵਿੱਚ ਪੂਰਨ ਸੱਚ ਹੈ ਕਿਉਂਕਿ ਗੁਰੂ ਕਦੇ ਗਲਤ ਨਹੀਂ ਹੋ ਸਕਦਾ। ਉਹ ਪੂਰਨ ਸੱਚ ਦੀ ਗੱਲ ਹੀ ਕਰਦਾ ਹੈ, ਸਮਝਾਉਂਦਾ ਹੈ। ਆਪਣੇ ਮਨ ਨੂੰ ਜਾਣੇ ਬਿਨ੍ਹਾਂ ਭਾਵ ਆਪਣੇ ਮਨ ਦੀ ਸਮਝ ਨੂੰ ਜਾਣੇ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਸਾਡੇ ਤ੍ਰੈਗੁਣਾਂ ਵਾਲੀ ਸਮਝ ਕੀ ਹੈ, ਹਉਮੈ ਕੀ ਹੈ, ਮਾਇਆ ਕੀ ਹੈ ਭਾਵ ਮਨ ਦੀ ਅਗਿਆਨਤਾ ਕੀ ਹੈ ਜੋ ਸਾਨੂੰ ਗੁਰੂ ਦੇ ਸੱਚੇ ਗਿਆਨ ਨੂੰ ਸਮਝਣ ਤੋਂ ਦੂਰ ਰੱਖਦੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ। ਤ੍ਰੈਗੁਣਾਂ ਵਾਲੀ ਸਮਝ ਵੀ ਸਾਡੇ ਅੰਦਰੋਂ ਪ੍ਰਮਾਤਮਾ ਦੀ ਜੋਤਿ ਰਾਹੀਂ ਆਉਂਦੀ ਹੈ ਤੇ ਚੌਥੇ ਪਦ ਵਾਲੀ ਸਮਝ ਵੀ ਜੋਤਿ ਰਾਹੀਂ ਹੀ ਆਉਂਦੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮਨ ਦੇ ਵਿੱਚ ਵਿਛੋੜਾ ਵੀ ਸਾਡੀ ਸਮਝ ਕਰਕੇ ਹੈ ਤੇ ਮੇਲ ਵੀ ਮਨ ਦੀ ਸਮਝ ਵਿੱਚ ਹੀ ਹੁੰਦਾ ਹੈ। ਇਹ ਮਨ ਦਾ ਭੇਦ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਜਿਸਨੂੰ ਉਹ ਬਣਾ ਕੇ ਆਪ ਹੀ ਚਲਾ ਰਹਿਆ ਹੈ ਤੇ ਮਨ ਦੀ ਸਮਝ ਰਾਹੀਂ ਉਸਨੇ ਆਪ ਹੀ ਆਪਣੀ ਖੇਡ ਸਮਝਣ ਤੋਂ ਸੰਸਾਰ ਨੂੰ ਦੂਰ ਰੱਖਿਆ ਹੋਇਆ ਹੈ ਮਨ ਦੇ ਵਿੱਚ ਹਉਮੈ ਰੂਪ ਪੜਦਾ ਪਾ ਕੇ, ਤ੍ਰੈਗੁਣਾਂ ਵਾਲੀ ਸਮਝ ਪਾ ਕੇ ਰੱਖਿਆ ਹੋਇਆ ਹੈ। ਸਭ ਕੁੱਝ ਮਨੁੱਖ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਭਰਮ ਵੀ ਮਨ ਦੀ ਸਮਝ ਰਾਹੀਂ ਆਉਂਦੇ ਹਨ ਤੇ ਭਰਮ ਨਿਕਲਦੇ ਵੀ ਮਨ ਦੀ ਸਮਝ ਰਾਹੀਂ ਹੀ ਹਨ। ਗੁਰੂ ਦੀ ਸਮਝ ਹਰ ਭਰਮ ਤੋਂ ਰਹਿਤ ਹੈ, ਤ੍ਰੈਗੁਣਾਂ ਤੋਂ ਰਹਿਤ ਹੈ ਜਿਸ ਕਰਕੇ ਉਸਨੂੰ ਸਭ ਗੱਲ ਦੀ ਸਮਝ ਹੈ ਭਾਵ ਪ੍ਰਮਾਤਮਾ ਦੀ ਵੀ ਸਮਝ ਹੈ ਤੇ ਉਸ ਨੂੰ ਸੰਸਾਰਿਕ ਖੇਡ ਦੀ ਵੀ ਸਮਝ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰ ਦੀ ਬਜਾਇ ਕਿਤੇ ਬਾਹਰੋਂ ਲੱਭਦੇ ਹਾਂ, ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਸਮਝਦੇ ਹਾਂ ਤਾਂ ਇਸ ਗੱਲ ਦੀ ਸਮਝ ਵੀ ਸਾਨੂੰ ਮਨ ਦੇ ਵਿੱਚੋਂ ਹੀ ਪੈਂਦੀ ਹੈ ਜੋ ਸਮਝ ਸਾਡੇ ਵੱਸ ਵਿੱਚ ਨਹੀਂ ਹੈ। ਇਹ ਸਾਡੇ ਮਨ ਦੇ ਭਰਮ ਹਨ ਜਿਨ੍ਹਾਂ ਵਿੱਚ ਪ੍ਰਮਾਤਮਾ ਸਭ ਨੂੰ ਆਪ ਹੀ ਪਾਉਂਦਾ ਹੈ ਪਰ ਇਸ ਗੱਲ ਨੂੰ ਕੋਈ ਸਮਝ ਨਹੀਂ ਸਕਦਾ ਕਿ ਸਾਨੂੰ ਭਰਮਾਂ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ। ਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਗੱਲ ਸਮਝਾਈ ਹੈ ਕਿ ਭਰਮਾਂ ਵਿੱਚ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਇਹ ਭਰਮ ਸਾਡੇ ਅੰਦਰ ਕਿਵੇਂ ਉਪਜਦੇ ਹਨ ਇਸ ਗੱਲ ਨੂੰ ਤਾਂ ਹੀ ਸਮਝਿਆ ਜਾ ਸਕਦਾ ਹੈ ਜਦੋਂ ਸਾਨੂੰ ਆਪਣੇ ਅੰਦਰੋਂ ਅੱਖਰ ਰੂਪ ਪ੍ਰਮਾਤਮਾ ਦੀ ਪਹਿਚਾਣ ਹੋ ਜਾਵੇ ਜੋ ਸਭ ਦੇ ਅੰਦਰ ਮਨ ਦੇ ਵਿੱਚ ਅੱਖਰ ਲਿਖਣ ਵਾਲਾ ਆਪ ਹੀ ਹੈ। ਜੇਕਰ ਸਾਡੇ ਅੰਦਰ ਅੱਖਰ ਹੀ ਭਰਮਾਂ ਵਾਲੇ ਲਿਖੇਗਾ ਫਿਰ ਸਾਨੂੰ ਸਮਝ ਵੀ ਭਰਮਾਂ ਵਾਲੀ ਹੀ ਪਵੇਗੀ। ਮਨ ਦੇ ਭਰਮਾਂ ਰਾਹੀਂ ਹੀ ਅਸੀਂ ਅਨੇਕਾਂ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਠੀਕ ਸਮਝਦੇ ਹਾਂ। ਇਹੀ ਸਾਡੇ ਅੰਦਰ ਦੇ ਭਰਮ ਹਨ। ਝੂਠੀ ਗੱਲ ਨੂੰ, ਝੂਠੀ ਭਗਤੀ ਨੂੰ ਸੱਚੀ ਭਗਤੀ ਸਮਝਣਾ ਸਾਡਾ ਭਰਮ ਹੈ। ਮਨ ਦੀ ਬਜਾਇ ਪ੍ਰਮਾਤਮਾ ਦਾ ਟਿਕਾਣਾ ਕਿਤੇ ਹੋਰ ਸਮਝਣਾ ਭਰਮ ਹੈ ਭਾਵ ਸੱਚ ਹੈ। ਸਾਰੀ ਗੁਰਬਾਣੀ ਰਾਹੀਂ ਸਾਡੇ ਭਰਮਾਂ ਵਾਲੇ ਵਿਚਾਰਾਂ ਦਾ ਖੰਡਨ ਕੀਤਾ ਹੋਇਆ ਹੈ ਕਿਉਂਕਿ ਗੁਰੂ ਦੇ ਵਿਚਾਰਾਂ ਵਿੱਚ ਸੱਚ ਹੈ ਜੋ ਚੌਥੇ ਪਦ ਵਾਲੇ ਵਿਚਾਰ ਹਨ। ਹਰ ਸ਼ਬਦ ਦੀ ਵਿਚਾਰ ਚੌਥੇ ਪਦ ਦੀ ਵਿਚਾਰ ਹੈ। ਸਾਡੇ ਅੰਦਰ ਦੇ ਵਿਚਾਰ ਹੀ ਸਾਡੇ ਅੰਦਰ ਦੀ ਸਮਝ ਹੈ, ਸਾਡੇ ਅੰਦਰ ਦੀ ਸਮਝ ਹੈ, ਸਾਡੇ ਅੰਦਰ ਦੀ ਬੁਧਿ ਹੈ ਜੋ ਬੁਧਿ ਸਾਡੇ ਵੱਸ ਨਹੀਂ ਹੈ। ਆਪਣੇ ਬੁਧਿ ਨੂੰ ਪਛਾਨਣਾ ਹੀ ਭਾਵ ਬੁਧਿ ਦੇ ਮਾਲਕ ਨੂੰ ਪਛਾਨਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਛਾਨਣਾ ਹੈ ਤੇ ਇਹੀ ਗੱਲ ਅਸੀਂ ਪੂਰੇ ਸ਼ਬਦ ਰਾਹੀਂ ਸਮਝੀ ਹੈ ਤੇ ਉੱਪਰ ਆਖਰੀ ਵਾਲੀਆਂ ਆਖਰੀ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਮਨੁੱਖ ਆਪਣੀ ਬੁਧਿ ਦਾ ਬੱਝਿਆ ਹੋਇਆ ਹੈ। ਜੋ ਮਨੁੱਖੀ ਬੁਧਿ ਮਨੁੱਖ ਨੂੰ ਸਮਝਾਉਂਦੀ ਹੈ ਉਹੀ ਕੁੱਝ ਮਨੁੱਖ ਜਾਣਦਾ ਹੈ ਭਾਵ ਸਮਝਦਾ ਹੈ। (**ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥**)

ਮਨੁੱਖ ਜੋ ਕੁੱਝ ਵੀ ਜਾਣਦਾ ਹੈ, ਸਮਝਦਾ ਹੈ ਉਹ ਮਨ ਦੀ ਜੋਤਿ ਰਾਹੀਂ ਹੀ ਸਮਝਦਾ ਹੈ, ਇਹ ਗੱਲ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਜੋ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣਾ ਦੁਆਰਾ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਦੀ ਵਿਆਖਿਆ ਅੱਗੇ ਚੱਲਕੇ ਸਮਝਾਂਗੇ।

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥
ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥1॥
ਜੀਅ ਕੀ ਜੋਤਿ ਨ ਜਾਨੈ ਕੋਈ ॥
ਤੈ ਮੈ ਕੀਆ ਸੁ ਮਾਲੂਮੁ ਹੋਈ ॥1॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥
ਆਪ ਹੀ ਕਰਤਾ ਬੀਠੁਲੁ ਦੇਉ ॥2॥
ਜੀਅ ਕਾ ਬੰਧਨੁ ਕਰਮੁ ਬਿਆਪੈ ॥
ਜੋ ਕਿਛੁ ਕੀਆ ਸੁ ਆਪੈ ਆਪੈ ॥3॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥
ਅਮਰੁ ਹੋਇ ਸਦ ਆਕੁਲ ਰਹੈ ॥4॥}

(ਅੰਗ - 1351)

{ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥2॥}

(ਅੰਗ - 138)

ਪ੍ਰਮਾਤਮਾ ਦਾ "ਅਖਰੁ" ਰੂਪ ਕੀ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਵਰਤਦਾ ਹੈ ਤੇ ਜਿਸ ਰੂਪ ਦੁਆਰਾ ਉਸਨੇ ਆਪ ਹੀ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਲੇਖ ਵਿੱਚ ਅੱਗੇ ਚੱਲਕੇ ਪ੍ਰਮਾਤਮਾ ਦੇ ਇਸ ਰੂਪ ਨੂੰ ਹੋਰ ਵੀ ਸਮਝਾਂਗੇ। ਪ੍ਰਮਾਤਮਾ ਦਾ ਰੂਪ ਇੱਕੋ ਹੀ ਹੈ ਜੋ ਉਸਦਾ ਨਿਰੰਕਾਰ ਰੂਪ ਹੈ ਜਿਸ ਰੂਪ ਦੁਆਰਾ ਉਸਨੂੰ ਜਾਣਿਆ ਜਾ ਸਕਦਾ ਹੈ। ਇਹ ਰੂਪ ਪ੍ਰਮਾਤਮਾ ਦਾ ਸੱਚੇ ਗਿਆਨ ਦਾ ਰੂਪ ਹੈ ਜਿਸ ਪ੍ਰਮਾਤਮਾ ਦੇ ਰੂਪ ਨੂੰ ਗੁਰਬਾਣੀ ਰਾਹੀਂ, ਧਰਮ ਗ੍ਰੰਥਾਂ ਰਾਹੀਂ ਵੱਖਰੇ-ਵੱਖਰੇ ਢੰਗ ਨਾਲ ਸਮਝਾਇਆ ਹੋਇਆ ਹੈ ਪਰ ਇਸਦੀ ਸਮਝ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ ਭਾਵ ਪੂਰੇ ਸੰਸਾਰ ਵਿੱਚੋਂ ਕਦੇ ਹੀ ਕਿਸੇ ਨੂੰ ਪੈਂਦੀ ਹੈ ਜੋ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਪਾਉਂਦਾ ਹੈ। ਉਸਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਰਹਿੰਦਾ ਹੈ ਕਿ ਪ੍ਰਮਾਤਮਾ ਕੀ ਹੈ, ਅੱਲਾਹ ਕੀ ਹੈ, ਵਾਹਿਗੁਰੂ ਕੀ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ, ਆਪਣੀ ਸੱਚੀ ਸਾਇੰਸ ਦੇ ਰੂਪ ਵਿੱਚ, ਆਪਣੀ ਸੱਚੀ ਕੁਦਰਤਿ ਦੇ ਰੂਪ ਵਿੱਚ ਇੱਕੋ ਇੱਕ ਆਪ ਹੀ ਹੈ, ਹਰ ਸਰਗੁਣ ਰੂਪ ਦੇ ਵਿੱਚ, ਆਕਾਰ ਰੂਪ ਦੇ ਵਿੱਚ ਉਹ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਸਮਝਣਾ ਕੇਵਲ ਮਨੁੱਖ ਦਾ ਭਰਮ ਹੈ ਜਿਸ ਭਰਮ ਵਿੱਚ ਮਨ ਦੀ ਸਮਝ ਰਾਹੀਂ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਰੱਖਿਆ ਹੋਇਆ ਹੈ।

{ਅਖਰ ਨਾਨਕ ਅਖਿਓ ਆਪਿ ॥
ਲਹੈ ਭਰਾਤਿ ਹੋਵੈ ਜਿਸੁ ਦਾਤਿ ॥2॥}

(ਅੰਗ - 150)

{ਸਾਜਨੁ ਮੀਤੁ ਸਖਾ ਕਰਿ ਏਕੁ ॥
ਹਰਿ ਹਰਿ ਅਖਰ ਮਨ ਮਹਿ ਲੇਖੁ ॥3॥}

(ਅੰਗ - 192)

ਸਲੋਕੁ ॥
{ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥
ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥1॥}

(ਅੰਗ - 261)

ਪਉੜੀ ॥
{ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥
ਅਖਰ ਕਰਿ ਕਰਿ ਬੇਦ ਬੀਚਾਰੇ ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥
ਅਖਰ ਨਾਦ ਕਥਨ ਵਖ੍ਯਾਨਾ ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥
ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥
ਨਾਨਕ ਪਾਰਬ੍ਰਹਮ ਨਿਰਲੇਪਾ ॥54॥}

(ਅੰਗ - 261)

{ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ ॥
ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥1॥}

(ਅੰਗ - 306)

{ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥
ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥3॥}

(ਅੰਗ - 354)

{ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥
ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥2॥}

(ਅੰਗ - 878)

{ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥
ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥1॥}

(ਅੰਗ - 929-930)

{ਆਸਤਿ ਨਾਸਤਿ ਏਕੋ ਨਾਉ ॥
ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥
ਧੂਪ ਛਾਵ ਜੇ ਸਮ ਕਰਿ ਸਹੈ ॥
ਤਾ ਨਾਨਕੁ ਆਖੈ ਗੁਰੁ ਕੋ ਕਹੈ ॥}

(ਅੰਗ - 953)

{ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥
ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥1॥ ਰਹਾਉ ॥}

(ਅੰਗ - 1171)

{ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥2॥}

(ਅੰਗ - 1246)

ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਵਿੱਚੋਂ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਨੂੰ ਸਮਝਦੇ ਹਾਂ ਤਾਂ ਜੋ ਅਸੀਂ ਇਸ ਗੱਲ ਨੂੰ ਹੋਰ ਦ੍ਰਿੜ ਕਰ ਸਕੀਏ ਕਿ ਸਾਡੇ ਅੰਦਰ ਪ੍ਰਮਾਤਮਾ ਅੱਖਰ ਦੇ ਰੂਪ ਵਿੱਚ ਕਿਸ ਤਰੀਕੇ ਹੈ।

"ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥
ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥1॥ ਰਹਾਉ ॥"

(ਅੰਗ - 1171)

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਕਿ ਅੱਖਰ ਸਾਡੇ ਮਨ ਦੀ ਉਪਜ ਹਨ ਤੇ ਜਿਹੋ ਜਿਹੇ ਅੱਖਰ ਸਾਡੇ ਅੰਦਰ ਉਪਜਦੇ ਹਨ ਉਹੋ ਜਿਹੀ ਸਮਝ ਹੀ ਮਨ ਦੇ ਵਿੱਚ ਮਨੁੱਖ ਨੂੰ ਪੈਂਦੀ ਹੈ। ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਦੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਮਨੁੱਖ ਦੇ ਅੰਦਰ ਭਰਮਾਂ ਵਾਲੇ ਵਿਚਾਰ ਵੀ ਉਪਜਦੇ ਹਨ ਤੇ ਸੱਚ ਵਾਲੇ ਸੱਚੇ ਵਿਚਾਰ ਵੀ ਉਪਜਦੇ ਹਨ। ਹਰ ਕਿਸੇ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਸਮਝ ਦੇ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹ ਗੱਲ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ।

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥6॥}

(ਅੰਗ - 68)

{ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥1॥ ਰਹਾਉ ॥}

(ਅੰਗ - 92)

{ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥4॥}

(ਅੰਗ - 92)

{ਬਾਝੁ ਗੁਰੂ ਸਭ ਭਰਮਿ ਭੁਲਾਈ ॥}

(ਅੰਗ - 158)

{ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥
ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥6॥}

(ਅੰਗ - 233)

ਸਾਡੇ ਅੰਦਰ ਜੋ ਬੰਧਨ ਹੈ ਉਹ ਭਰਮ ਵਾਲੇ ਵਿਚਾਰਾਂ ਦਾ ਹੀ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਵਿਸਥਾਰ ਨਾਲ ਸਮਝਾਂਗੇ। ਮਨ ਦੇ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜਾ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਹੀ ਹੈ। ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ, ਮਾਇਆ ਵਾਲੀ ਸਮਝ, ਪੁੱਠੇ ਕਮਲ ਵਾਲੀ ਸਮਝ ਦਾ ਇੱਕੋ ਮਕਸਦ ਹੀ ਹੈ ਜੋ ਕਿ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਵਿਸਥਾਰ ਨਾਲ ਸਮਝਾਂਗੇ। ਸਾਡੇ ਲਈ ਇਤਨਾ ਵਿਸ਼ਵਾਸ ਕਰਨਾ ਕਾਫੀ ਹੈ ਕਿ ਸਾਨੂੰ ਭਰਮਾਂ ਵਾਲੀ ਸਮਝ ਵਿੱਚ ਪ੍ਰਮਾਤਮਾ ਨੇ ਆਪ ਹੀ ਰੱਖਿਆ ਹੋਇਆ ਹੈ ਜਿਸ ਤੇ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ। ਜਿਸਨੇ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ ਉਹ ਆਪ ਹੀ ਸਾਨੂੰ ਇਸ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢੇ ਤੇ ਆਪਣਾ ਆਪ ਜਤਾਵੇ ਕਿ ਉਹ ਸਾਡੇ ਅੰਦਰ ਹੀ ਹੈ ਤੇ ਮਨ ਦੀ ਸਮਝ ਦੇ ਵਿੱਚ ਹੀ ਹੈ। ਉੱਪਰ ਮੁੱਖ ਸ਼ਬਦ ਵਾਲੀ ਪੰਗਤੀ ਦੁਆਰਾ ਸਾਨੂੰ ਇਹ ਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਪ੍ਰਮਾਤਮਾ ਆਪ ਹੀ ਭੁਲਾਉਣ ਵਾਲਾ ਹੈ, ਭਰਮਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਹੈ। (**ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥**) ਪ੍ਰਮਾਤਮਾ ਸਾਨੂੰ ਮਨ ਦੀ ਸਮਝ ਰਾਹੀਂ ਕਿਸ ਤਰੀਕੇ ਭੁਲਾ ਕੇ ਰੱਖਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥1॥ ਰਹਾਉ ॥"

ਮਨੁੱਖ ਜੋ ਵੀ ਬਾਣੀ ਜਾਣਦਾ ਹੈ, ਜੋ ਵੀ ਬੋਲ ਜਾਣਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਜਾਣਦਾ ਹੈ। ਜਿਹੋ ਜਿਹੇ ਬੋਲ ਮਨੁੱਖ ਜਾਣਦਾ ਹੈ ਉਹੋ ਬੋਲ ਹੀ ਗਾਉਂਦਾ ਹੈ ਭਾਵ ਉਹ ਜਿਹੀ ਕਰਨੀ ਹੀ ਕਰਦਾ ਹੈ, ਉਹੋ ਜਿਹੀ ਵਿਚਰਨ ਹੀ ਉਸਦੀ ਹੁੰਦੀ ਹੈ ਭਾਵ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ। ਮਨੁੱਖ ਉਹ ਕੁੱਝ ਸਮਝਦਾ ਤੇ ਕਰਦਾ ਹੈ ਜਿਹੋ ਜਿਹੇ ਅੱਖਰ ਉਸ ਦੇ ਮਨ ਦੇ ਵਿੱਚ ਲਿਖੇ ਜਾਂਦੇ ਹਨ। ਸਾਡੇ ਅੰਦਰ ਅੱਖਰ ਲਿਖਣ ਵਾਲਾ ਪ੍ਰਮਾਤਮਾ ਆਪ ਹੈ। ਸਾਡੇ ਅੰਦਰ ਮਨ ਦੇ ਵਿੱਚ ਜੋ ਅੱਖਰ ਲਿਖੇ ਜਾਂਦੇ ਹਨ ਉਹ ਹੀ ਸਾਡੇ ਲੇਖ ਹਨ ਜੋ ਲੇਖ ਸਾਡੇ ਅੰਦਰ ਪ੍ਰਮਾਤਮਾ ਹਰ ਵੇਲੇ ਲਿਖਦਾ ਹੈ ਪਰ ਸਾਨੂੰ ਇਸ ਦੀ ਸਮਝ ਨਹੀਂ ਪੈਂਦੀ। ਸਾਡੇ ਅੰਦਰ ਲੇਖ ਲਿਖੇ ਜਾਣੇ ਕੀ ਹਨ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੀ ਵਿਆਖਿਆ ਰਾਹੀਂ ਸਮਝਾਂਗੇ। ਸਾਡੇ ਮਨ ਦੇ ਅੰਦਰ ਜੋ ਵੀ ਅੱਖਰ ਲਿਖਦਾ ਹੈ ਉਹ ਲਿਖਣ ਵਾਲਾ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਹੀ ਹੈ ਭਾਵ ਗਿਆਨ ਰੂਪ ਵਿੱਚ ਹੀ ਹੈ, ਨਿਰੰਕਾਰ ਰੂਪ ਵਿੱਚ ਹੀ ਹੈ। ਉਹ ਬਹੁਤ ਹੀ ਉੱਚੇ ਗਿਆਨ ਵਾਲਾ ਹੈ ਜੋ ਸਭ ਕੁੱਝ ਕਰ ਸਕਦਾ ਹੈ। ਜਿਸਨੇ ਇਤਨੀ ਵੱਡੀ ਸ੍ਰਿਸ਼ਟੀ ਬਣਾਈ ਹੈ ਤੇ ਉਸਨੂੰ ਆਪ ਹੀ ਚਲਾ ਰਹਿਆ ਹੈ ਉਹ ਕਿਤਨਾ ਵੱਡਾ ਗਿਆਨਵਾਨ ਹੈ ਇਸਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮਨੁੱਖੀ ਸਮਝ ਨੂੰ ਉਹ ਕਿਸ ਤਰੀਕੇ ਚਲਾਉਣਾ ਚਾਹੁੰਦਾ ਹੈ ਇਹ ਉਸ ਲਈ ਇੱਕ ਮਾਮੂਲੀ ਖੇਡ ਹੈ। ਉਹ ਮਨੁੱਖੀ ਸਮਝ ਨੂੰ ਭਾਵੇਂ ਕਿਤਨੇ ਵੱਡੇ ਭਰਮਾਂ ਵਿੱਚ ਪਾ ਕੇ ਰੱਖੇ, ਉਹ ਸਭ ਕੁੱਝ ਕਰ ਸਕਦਾ ਹੈ ਤੇ ਕਰ ਵੀ ਰਹਿਆ ਹੈ ਜਿਸ ਦੀ ਉਹ ਮਨੁੱਖ ਨੂੰ ਸਮਝ ਹੀ ਨਹੀਂ ਲੱਗਣ ਦਿੰਦਾ ਕਿ ਸਾਡੇ ਅੰਦਰ ਗਿਆਨ ਦਾ ਮੂਲ ਕੀ ਹੈ। ਉਹ ਸਭ ਕੁੱਝ ਆਪਣੀ ਉੱਚੀ ਸਾਇੰਸ ਦੁਆਰਾ ਹੀ ਕਰਦਾ ਹੈ ਤੇ ਮਨੁੱਖੀ ਸਮਝ ਨੂੰ ਵੀ ਉਹ ਆਪਣੀ ਸਾਇੰਸ ਦੁਆਰਾ ਹੀ ਚਲਾਉਂਦਾ ਹੈ ਪਰ ਉਸਨੂੰ ਕੋਈ ਸਮਝ ਨਹੀਂ ਸਕਦਾ। ਮਨ ਦੇ ਵਿੱਚ ਜਦ ਤੱਕ ਪ੍ਰਮਾਤਮਾ ਖੁਦ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ, ਕੋਈ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਉਹ ਸਾਡੇ ਅੰਦਰ ਕਿਸ ਰੂਪ ਵਿੱਚ ਹੈ। ਮਨ ਦੇ ਵਿੱਚ ਉਹ ਆਪਣੇ ਗਿਆਨ ਦੁਆਰਾ ਹੀ ਪ੍ਰਗਟ ਹੁੰਦਾ ਹੈ ਜੋ ਕਿ ਉਸਦਾ ਚੌਥੇ ਪਦ ਦਾ ਗਿਆਨ ਹੈ ਜਿਸ ਗਿਆਨ ਦੁਆਰਾ ਉਹ ਕਿਸੇ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚੋ ਕੱਢਦਾ ਹੈ। ਪ੍ਰਮਾਤਮਾ ਸਾਡੇ ਅੰਦਰ ਕਿਸ ਤਰੀਕੇ ਪ੍ਰਗਟ ਕਰਦਾ ਹੈ ਇਸ

ਗੱਲ ਨੂੰ ਉਸਨੇ ਸਾਇੰਸ ਵਾਲੀ ਸਮਝ ਤੋਂ ਵੀ ਬਾਹਰ ਰੱਖਿਆ ਹੋਇਆ ਹੈ। ਹਰ ਗੱਲ ਸਾਇੰਸ ਦਆਰਾ ਸਮਝੀ ਜਾ ਸਕਦੀ ਹੈ ਪਰ ਪ੍ਰਮਾਤਮਾ ਸਾਡੇ ਅੰਦਰ ਕਿਸ ਤਰੀਕੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਇਸ ਗੱਲ ਨੂੰ ਸਾਇੰਸ ਦੁਆਰਾ ਨਹੀਂ ਸਮਝਿਆ ਜਾ ਸਕਦਾ। ਇਸੇ ਲਈ ਸਾਨੂੰ ਗੁਰਬਾਣੀ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਇੱਕੋ ਸੰਸਾਰ ਦੇ ਵਿੱਚ ਚਮਤਕਾਰ, ਕਰਾਮਾਤ ਇਹੀ ਹੈ ਜੋ ਕਿ ਕਿਸੇ ਦੇ ਮਨ ਦੇ ਅੰਦਰ ਪ੍ਰਮਾਤਮਾ ਦਾ ਪ੍ਰਗਟ ਹੋਣਾ ਹੈ। ਇਸ ਤੋਂ ਇਲਾਵਾ ਹਰ ਕਰਾਮਾਤ ਦਾ ਖੰਡਨ ਕੀਤਾ ਹੋਇਆ ਹੈ ਜੋ ਕਿ ਕੇਵਲ ਮਨੁੱਖ ਦਾ ਭਰਮ ਹੈ, ਸਾਇੰਸ ਦੀ ਸੱਚਾਈ ਨੂੰ ਨਾ ਸਮਝ ਸਕਣਾ ਹੈ। ਅਨੇਕਾਂ ਹੀ ਇਹੋ ਜਿਹੀਆਂ ਗੱਲਾਂ ਹਨ ਜਿਨ੍ਹਾਂ ਨੂੰ ਅਸੀਂ ਪਹਿਲਾਂ ਕਰਾਮਾਤਾਂ ਸਮਝਦੇ ਸੀ ਪਰ ਹੁਣ ਸਾਇੰਸ ਉਨ੍ਹਾਂ ਕਰਾਮਾਤਾਂ ਤੋਂ ਪੜਦਾ ਹਟਾਈ ਜਾ ਰਹੀ ਹੈ। ਉਹ ਕਰਾਮਾਤਾਂ ਸਾਡੇ ਮਨ ਦਾ ਭਰਮ ਹੀ ਹਨ ਜੋ ਭਰਮ ਸੱਚੀ ਸਮਝ ਦੁਆਰਾ ਦੂਰ ਹੋ ਜਾਂਦੇ ਹਨ। ਭਰਮਾਂ ਵਾਲੀ ਸਮਝ ਸਾਡੇ ਅੰਦਰੋਂ ਹੀ ਆਉਂਦੀ ਹੈ ਜੋ ਕਿ ਪ੍ਰਮਾਤਮਾ ਮਨ ਦੇ ਵਿੱਚ ਅੱਖਰ ਲਿਖਣ ਦੁਆਰਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਸੱਚੀ ਸਮਝ ਦੇਣ ਦੁਆਰਾ ਉਨ੍ਹਾਂ ਵਿੱਚੋਂ ਕੱਢਦਾ ਹੈ। ਹਰ ਕਿਸੇ ਦੇ ਵਿੱਚ ਸਮਝ ਪ੍ਰਮਾਤਮਾ ਦੀ ਹੀ ਵਰਤਦੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਕਾਰ ਕਰਦਾ ਹੈ। ਇਹ ਉਸਦੀ ਰਜ਼ਾ ਹੈ ਭਾਵੇਂ ਉਹ ਕਿਸੇ ਨੂੰ ਜਿਤਨਾ ਵੱਡਾ ਮਰਜ਼ੀ ਅਗਿਆਨੀ ਬਣਾਵੇ ਤੇ ਭਾਵੇਂ ਜਿਤਨਾ ਮਰਜ਼ੀ ਵੱਡਾ ਗਿਆਨਵਾਨ ਬਣਾਵੇ। ਤ੍ਰੈਗੁਣਾਂ ਵਿੱਚ ਵੀ ਉਹੀ ਹੈ ਤੇ ਚੌਥੇ ਪਦ ਵਿੱਚ ਵੀ ਉਹੀ ਹੈ। ਚੌਥੇ ਪਦ ਵਾਲੀ ਸਮਝ ਧਰਮ ਦੇ ਸੱਚੇ ਮਾਰਗ ਵਾਲੀ ਸਮਝ ਹੈ, ਨਾਮ ਵਾਲੀ ਸਮਝ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਵਾਲੀ ਸਮਝ ਹੈ। (**ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥ ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥1॥ ਰਹਾਉ ॥**)

ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹੈ, ਉਸੇ ਰੂਪ ਵਿੱਚ ਭਾਵ ਗਿਆਨ ਰੂਪ ਵਿੱਚ ਸਭ ਜਗ੍ਹਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਨਾਮ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਗਿਆਨ ਰੂਪ ਹੈ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥2॥}

(ਅੰਗ - 456)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥3॥}

(ਅੰਗ - 1152)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ - 120)

ਪਿਛਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਕਿਸ ਜਗ੍ਹਾ ਹੈ ਜੋ ਕਿ ਸਾਡਾ ਮਨ ਹੈ ਭਾਵ ਸਾਡੇ ਅੰਦਰ ਦੀ ਸਮਝ ਹੈ ਜਿੱਥੇ ਪ੍ਰਮਾਤਮਾ ਹਰ ਵੇਲੇ ਮੌਜੂਦ ਹੈ ਤੇ ਅਸੀਂ ਜਦੋਂ ਵੀ ਪ੍ਰਮਾਤਮਾ ਨੂੰ ਖੋਜਣਾ ਹੈ ਉਸਨੂੰ ਉਸਦੇ ਟਿਕਾਣੇ ਤੋਂ ਹੀ ਖੋਜਣਾ ਹੈ ਭਾਵ ਮਨ ਦੇ ਵਿੱਚੋਂ ਹੀ ਖੋਜਣਾ ਹੈ। ਇਸੇ ਲਈ ਸਾਨੂੰ ਬਾਣੀ ਰਾਹੀਂ

ਸਮਝਾਇਆ ਹੈ ਕਿ ਆਪਣੇ ਮਨ ਨੂੰ ਖੋਜੋ। ਜੋ ਆਪਣੇ ਮਨ ਨੂੰ ਖੋਜ ਲੈਂਦਾ ਉਹ ਪ੍ਰਮਾਤਮਾ ਦੇ ਟਿਕਾਣੇ ਨੂੰ ਆਪਣੇ ਅੰਦਰੋਂ ਖੋਜਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

{ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥1॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥1॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥
ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥2॥
ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥3॥
ਇਸੁ ਮਨ ਕਉ ਕੋਈ ਖੋਜਹੁ ਭਾਈ ॥
ਤਨ ਛੂਟੇ ਮਨੁ ਕਹਾ ਸਮਾਈ ॥4॥
ਗੁਰ ਪਰਸਾਦੀ ਜੈਦੇਉ ਨਾਮਾਂ ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥5॥
ਇਸੁ ਮਨ ਕਉ ਨਹੀ ਆਵਨ ਜਾਨਾ ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥6॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥7॥
ਇਸ ਮਨ ਕਾ ਕੋਈ ਜਾਨੈ ਭੇਉ ॥
ਇਹ ਮਨਿ ਲੀਣ ਭਏ ਸੁਖਦੇਉ ॥8॥
ਜੀਉ ਏਕੁ ਅਰੁ ਸਗਲ ਸਰੀਰਾ ॥
ਇਸੁ ਮਨ ਕਉ ਰਵਿ ਰਹੇ ਕਬੀਰਾ ॥9॥}

(ਅੰਗ - 330)

ਉੱਪਰ ਵਾਲੇ ਸ਼ਬਦ ਨੂੰ ਅੱਗੇ ਚੱਲਕੇ ਵਿਸਥਾਰ ਨਾਲ ਸਮਝਾਂਗੇ। ਅਸੀਂ ਆਪਣੇ ਮਨ ਨੂੰ ਕਿਵੇਂ ਖੋਜਣਾ ਹੈ ਤੇ ਕਿਸ ਮਕਸਦ ਲਈ ਖੋਜਣਾ ਹੈ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀ ਜਾ ਸਕਦੀ ਹੈ ਜਿਸ ਰਾਹੀਂ ਸਾਨੂੰ ਇਸ ਮਨ ਨੂੰ ਖੋਜਣ ਲਈ ਹੀ ਸਮਝਾਇਆ ਹੋਇਆ ਹੈ।

ਭੈਰਉ ਮਹਲਾ 3 ॥
{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥1॥
ਇਸੁ ਮਨ ਕਉ ਕੋਈ ਖੋਜਹੁ ਭਾਈ ॥
ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥1॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥

ਮਮਤਾ ਲਾਇ ਭਰਮਿ ਭੁੋਲਾਇਆ ॥2॥
ਇਸੁ ਮਨ ਤੇ ਸਭ ਪਿੰਡ ਪਰਾਣਾ ॥
ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥3॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥4॥
ਮਨ ਕਾ ਸੁਭਾਉ ਸਦਾ ਬੈਰਾਗੀ ॥
ਸਭ ਮਹਿ ਵਸੈ ਅਤੀਤੁ ਅਨਰਾਗੀ ॥5॥
ਕਹਤ ਨਾਨਕੁ ਜੋ ਜਾਣੈ ਭੇਉ ॥
ਆਦਿ ਪੁਰਖੁ ਨਿਰੰਜਨ ਦੇਉ ॥6॥}

(ਅੰਗ - 1128-1129)

ਉੱਪਰ ਵਾਲੇ ਦੋਨਾਂ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਵਿਚਾਰਾਂਗੇ।ਪਹਿਲਾਂ ਸ਼ਬਦ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰਿਆ ਹੋਇਆ ਹੈ ਤੇ ਦੂਸਰਾ ਸ਼ਬਦ ਧੰਨ ਧੰਨ ਤੀਜੀ ਪਾਤਿਸ਼ਾਹੀ ਦੇ ਮੁੱਖੋਂ ਉਚਾਰਿਆ ਹੋਇਆ ਹੈ। ਪ੍ਰਮਾਤਮਾ ਨੂੰ ਜਿਸਨੇ ਵੀ ਪਾਇਆ ਹੈ ਮਨ ਦੇ ਵਿੱਚੋਂ ਹੀ ਪਾਇਆ ਹੈ ਤੇ ਉਸਨੂੰ ਹੋਰ ਕਿਤੋਂ ਨਹੀਂ ਪਾਇਆ ਜਾ ਸਕਦਾ। ਸਾਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਇਹੀ ਟਿਕਾਣਾ ਸਮਝਾਇਆ ਹੋਇਆ ਹੈ ਜਿੱਥੋਂ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜੋ ਪ੍ਰਮਾਤਮਾ ਦਾ ਟਿਕਾਣਾ ਹੈ, ਘਰ ਹੈ ਉਹੀ ਪ੍ਰਮਾਤਮਾ ਦੀ ਦਰਗਾਹ ਹੈ ਜਿਵੇਂ ਕਿ ਅਸੀਂ ਕੁੱਝ ਕੁ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੀ ਦਰਗਾਹ ਨੂੰ ਖੋਜਣਾ ਹੈ ਜੋ ਕਿ ਸਾਡਾ ਮਨ ਹੈ। ਇਸ ਗੱਲ ਨੂੰ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣਾ ਜਾਂ ਆਪਣੇ ਮਨ ਨੂੰ ਖੋਜਣਾ ਇੱਕੋ ਹੀ ਗੱਲ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਅਸੀਂ ਖੋਜਣਾ ਕਿਸ ਤਰੀਕੇ ਹੈ। ਖੋਜਣਾ ਅਸੀਂ ਗੁਰੂ ਦੀ ਮਤਿ ਤੇ ਚੱਲਕੇ ਹੀ ਹੈ ਤੇ ਗੁਰੂ ਦੀ ਮਤਿ ਤੇ ਅਸੀਂ ਕਿਸ ਤਰੀਕੇ ਚੱਲਣਾ ਹੈ ਇਸ ਨੂੰ ਹੀ ਸਮਝਣ ਦੀ ਲੋੜ ਹੈ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਜੋ ਗੱਲ ਸਾਡੇ ਕੰਮ ਆਉਂਦੀ ਹੈ ਉਹ ਸਾਡੇ ਚੰਗੇ ਕਰਮ ਹਨ ਭਾਵ ਸਾਡੀ ਸੱਚੀ ਸੁੱਚੀ ਕਿਰਤ ਹੈ, ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ ਜੋ ਸਾਨੂੰ ਗੁਰੂ ਵਾਰ-ਵਾਰ ਸਮਝਾਉਂਦਾ ਹੈ ਤੇ ਸਾਡੀ ਇਹੋ ਜਿਹੀ ਚੰਗੀ ਵਿਚਰਨ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਰੀ ਗੱਲ ਮਨੁੱਖ ਦੇ ਅਮਲਾਂ ਤੇ ਨਿਬੜਦੀ ਹੈ ਕਿ ਮਨੁੱਖ ਦੇ ਅਮਲ ਕਿਹੋ ਜਿਹੇ ਹਨ ਜੋ ਪ੍ਰਮਾਤਮਾ ਦੇ ਦਰ ਤੇ, ਉਸਦੀ ਦਰਗਾਹ ਵਿੱਚ ਸਾਡੇ ਕੰਮ ਆਉਂਦੇ ਹਨ ਜਿਸ ਤਰੀਕੇ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਇਸੇ ਗੱਲ ਨੂੰ ਹੀ ਅਸੀਂ ਧੰਨ ਧੰਨ ਸ਼ੇਖ ਫਰੀਦ ਜੀ ਦੇ ਸ਼ਬਦ ਰਾਹੀਂ ਸਮਝਦੇ ਆ ਰਹੇ ਹਾਂ। ਚੰਗੇ ਕਰਮ ਮਨੁੱਖ ਤਾਂ ਹੀ ਕਰ ਸਕਦਾ ਹੈ ਜੇ ਮਨੁੱਖ ਦੀ ਨੀਅਤ ਸਾਫ ਹੋਵੇ, ਮਨ ਸਾਫ ਹੋਵੇ। ਮਨ ਤਾਂ ਹੀ ਸਾਫ ਹੋ ਸਕਦਾ ਹੈ ਜੇ ਗੁਰੂ ਕੋਲੋਂ ਸੱਚਾ ਗਿਆਨ ਲੈ ਕੇ ਉਸ ਤੇ ਅਮਲ ਕਰੇ। ਸਾਰੀ ਬਾਣੀ ਵਿੱਚ ਇਸੇ ਗੱਲ ਲਈ ਪ੍ਰੇਰਿਆ ਹੈ। ਇਹ ਹੀ ਉਸ ਨੂੰ ਜਪਣਾ ਹੈ। ਜਦ ਤੱਕ ਸਾਡੀ ਨੀਅਤ ਵਿੱਚ ਖੋਟ ਹੈ, ਮਨ ਵਿੱਚ ਝੂਠ ਹੈ ਤਾਂ ਫਿਰ ਕੀ ਫਾਇਦਾ ਇਤਨੇ ਜਪ ਤਪ ਦਿਖਾਉਣ ਦਾ, ਭਗਤੀ ਦੇ ਬਾਹਰੀ ਦਿਖਾਵੇ ਕਰਨ ਦਾ, ਸਭ ਵਿਅਰਥ ਹੈ, ਪਾਖੰਡ ਹੈ। ਸਾਡਾ ਸਰੀਰਕ ਪਹਿਰਾਵਾ ਕਿਹੋ ਜਿਹਾ ਹੈ, ਇਸਦਾ ਭਗਤੀ ਦੇ ਮਾਰਗ ਨਾਲ ਕੋਈ ਸੰਬੰਧ ਨਹੀਂ ਹੈ ਤੇ ਭਗਤੀ ਦਾ ਮਾਰਗ ਮਨੁੱਖ ਦੀ ਨੀਅਤ ਦੇ ਨਾਲ ਜੁੜਿਆ ਹੋਇਆ ਹੈ ਭਾਵ ਮਨੁੱਖ ਦੇ ਕਰਮਾਂ ਦੇ ਨਾਲ ਜੁੜਿਆ ਹੋਇਆ ਹੈ। ਮਾੜੀ ਨੀਅਤ ਵਾਲਾ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਚੰਗੀ ਨੀਅਤ ਵਾਲਾ ਮਨੁੱਖ ਚੰਗੇ ਕਰਮ ਕਰਦਾ ਹੈ। (**ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥104**) ਅੰਗ - 1383

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

“ਜਾ ਕਉ ਦੇਖਤ ਦਰਿਦ੍ਰ ਜਾਵੈ
ਨਾਮੁ ਸੋ ਨਿਧਾਨੁ ਪਾਵੈ ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ॥
ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ
ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ॥੧॥
ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ॥
ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ
ਨਰ ਜਾਚਹਿ ਸਬਦ ਸਾਰੁ ਏਕ ਲਿਵ ਲਾਈ ਹੈ॥”

(ਅੰਗ ੧੩੯੮)

ਇਸ ਉੱਪਰ ਵਾਲੇ ਸ਼ਬਦ ਰਾਹੀਂ ਇੱਕ ਲਿਵ ਲਾ ਕੇ ਨਾਮ ਜਪਣਾ ਕੀ ਹੈ, ਇਹ ਗੱਲ ਸਮਝਾਈ ਹੋਈ ਹੈ। ਇਸ ਬਾਰੇ ਆਮ ਕਰਕੇ ਭੁਲੇਖੇ ਬਣੇ ਹੋਏ ਹਨ। ਲੋਕ ਵੱਖਰੀਆਂ-ਵੱਖਰੀਆਂ ਕਿਰਿਆਵਾਂ ਦੁਆਰਾ ਲਿਵ ਜੋੜਨ ਦੀ, ਸੁਰਤੀ ਜੋੜਨ ਦੀ ਕੋਸ਼ਿਸ਼ ਕਰਦੇ ਹਨ ਤੇ ਇਹੋ ਜਿਹਾ ਪ੍ਰਚਾਰ ਕਰਨ ਵਾਲਿਆਂ ਦੀ ਗਿਣਤੀ ਵੀ ਘੱਟ ਨਹੀਂ ਹੈ। ਧਿਆਨ ਨਾਲ ਸੋਚੋ, ਹੁਣ ਤੱਕ ਕੀਤੀਆਂ ਗਈਆਂ ਸਾਰੀਆਂ ਵਿਚਾਰਾਂ ਦੌਰਾਨ ਕੀ ਕੋਈ ਇਹੋ ਜਿਹੀ ਗੱਲ ਆਈ ਹੈ ਭਾਵ ਕੀ ਕੋਈ ਇਹੋ ਜਿਹਾ ਸ਼ਬਦ ਅਸੀਂ ਪੜ੍ਹਿਆ ਹੈ ਜਿੱਥੇ ਪ੍ਰਮਾਤਮਾ ਨੂੰ ਜਪਣ ਦੀ ਗੱਲ ਉਸਦੇ ਉਪਦੇਸ਼, ਗਿਆਨ ਨੂੰ ਜਪਣ ਤੋਂ ਬਿਨ੍ਹਾਂ ਹੋਈ ਹੋਵੇ। ਕੀ ਹੋਰ ਕੋਈ ਰਸਤਾ ਹੁਣ ਤੱਕ ਨਜ਼ਰ ਆਇਆ ਹੈ? ਆ ਵੀ ਨਹੀਂ ਸਕਦਾ, ਕਿਉਂਕਿ ਹੋਰ ਕੋਈ ਰਸਤਾ ਹੈ ਹੀ ਨਹੀਂ। ਇਸ ਸ਼ਬਦ ਵਿੱਚ ਵੀ ਉਹ ਹੀ ਗੱਲ ਸਮਝਾਈ ਹੋਈ ਹੈ, ਸਿਰਫ ਵਿਚਾਰਨ ਦੀ ਲੋੜ ਹੈ।

ਜੇ ਸਾਨੂੰ ਇਹ ਸਮਝ ਲੱਗ ਜਾਵੇ ਕਿ ਨਾਮ ਕੀ ਹੈ ਤਾਂ ਫਿਰ ਬਾਕੀ ਗੱਲ ਵੀ ਸਮਝ ਆ ਜਾਵੇਗੀ। ਇਹ ਅਸੀਂ ਜਾਣ ਹੀ ਚੁੱਕੇ ਹਾਂ ਕਿ “ਨਾਮੁ” ਕੀ ਹੈ ਤੇ ਉਹ ਕਿਵੇਂ ਮਿਲਦਾ ਹੈ ਤੇ ਕਿਸ ਕੋਲੋਂ ਮਿਲਦਾ ਹੈ। ਉੱਪਰ ਸ਼ਬਦ ਰਾਹੀਂ ਬੜਾ ਸਾਫ ਤੌਰ ਤੇ ਸਮਝਾਇਆ ਹੈ ਕਿ “ਨਾਮ” ਭਾਵ “ਪ੍ਰਮਾਤਮਾ” ਗੁਰੂ ਦੀ ਮਤਿ ਦੁਆਰਾ, ਗਿਆਨ ਦੁਆਰਾ ਮਨ ਦੀ ਮੈਲ ਧੋ ਕੇ ਭਾਵ ਮਨ ਦੇ ਵਿੱਚ ਸੱਚ ਵਸਣ ਦੁਆਰਾ ਮਿਲਦਾ ਹੈ ਜਿਸਨੂੰ ਦੇਖ ਕੇ ਭਾਵ ਮਿਲ ਕੇ ਮਨੁੱਖ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ, ਉਸਨੂੰ ਆਪਣੇ ਅੰਦਰੋਂ ਦੇਖਣ ਤੋਂ ਬਾਅਦ ਉਸ ਦੇ ਕੋਲੋਂ ਗਿਆਨ ਹੀ ਮਿਲਦਾ ਹੈ, ਗੁਰਮਤਿ ਦੀ ਸੱਚੀ ਸੋਝੀ ਹੀ ਮਿਲਦੀ ਹੈ ਜਿਸ ਨੂੰ ਆਪਣੇ ਅੰਦਰ ਵਿਚਾਰਨ ਨਾਲ ਮਨੁੱਖ ਦੀ ਦੁਰਮਤਿ ਰੂਪ ਮੈਲ, ਮਾੜੇ ਵਿਚਾਰਾਂ ਦੀ ਮੈਲ ਦੂਰ ਹੁੰਦੀ ਹੈ। **(ਜਾ ਕਉ ਦੇਖਤ ਦਰਿਦ੍ਰ ਜਾਵੈ॥ ਨਾਮੁ ਸੋ ਨਿਧਾਨੁ ਪਾਵੈ ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ॥)** ਇਸ ਤੋਂ ਵੱਖਰਾ ਹੋਰ ਕੋਈ ਜਪਣਾ ਨਹੀਂ ਦੱਸਿਆ ਗਿਆ ਹੈ ਭਾਵ ਉਪਦੇਸ਼ ਦੀ ਚੋਟ ਨੂੰ ਸਹਿਣਾ ਹੀ ਪ੍ਰਮਾਤਮਾ ਨੂੰ ਜਪਣਾ ਹੈ। ਪ੍ਰਮਾਤਮਾ ਨਾਲ ਲਿਵ ਉਸਦੇ ਉਪਦੇਸ਼, ਭਾਣੇ ਵਿੱਚ ਚੱਲਣਾ ਹੀ ਹੈ ਜਿਵੇਂ ਕਿ ਪਿੱਛੇ ਵੀ ਸ਼ਬਦ ਵਿੱਚ ਸਮਝਾਇਆ ਗਿਆ ਸੀ। ਇਹ ਲਿਵ ਲੱਗਣਾ, ਮਨੁੱਖ ਦੀ ਬਿਰਤੀ, ਲਗਨ, ਗੁਰੂ ਵਿੱਚ ਜੁੜਨਾ, ਗੁਰੂ ਦੇ ਗਿਆਨ ਨਾਲ ਜੁੜਨਾ ਹੀ ਹੈ, ਸਾਡੇ ਮਨ ਦੇ ਵਿਚਾਰਾਂ ਦਾ ਸ਼ਬਦਾਂ ਦੇ ਵਿਚਾਰਾਂ ਨਾਲ ਜੁੜਨਾ ਹੀ ਹੈ, ਸਾਡੇ ਮਨ ਦੀ ਮਤਿ ਦਾ ਗੁਰੂ ਦੀ ਮਤਿ ਦੇ ਨਾਲ ਜੁੜਣਾ ਹੀ ਹੈ, ਸਾਡੀ ਹਉਮੈ ਵਾਲੀ ਸਮਝ ਦਾ ਗੁਰੂ ਦੀ ਨਾਮ ਵਾਲੀ ਸਮਝ ਨਾਲ ਜੁੜਣਾ ਹੀ ਹੈ। ਜਦੋਂ ਮਨੁੱਖ ਨੂੰ ਕੇਵਲ ਗੁਰੂ ਦੀ ਗੱਲ ਹੀ ਚੰਗੀ ਲੱਗਦੀ ਹੈ, ਉਸਦੀ ਲਿਵ ਅੱਠੇ ਪਹਿਰ ਗੁਰੂ ਨਾਲ ਲੱਗੀ ਰਹਿੰਦੀ ਹੈ ਭਾਵ ਉਹ ਉਸਦੇ ਉਪਦੇਸ਼ ਅਨੁਸਾਰ ਹੀ ਸਾਰੇ ਧਰਮ ਕਰਮ ਕਰਦਾ ਹੈ।

"ਸਬਦ ਸਾਰੁ ਏਕ ਲਿਵ ਲਾਈ ਹੈ" ਤੋਂ ਭਾਵ ਹੈ ਜੋ ਗੁਰੂ ਦੇ ਸ਼ਬਦ ਦਾ ਸਾਰੁ ਹੈ, ਤੱਤੁ ਹੈ ਭਾਵ ਜੋ ਗੁਰੂ ਦੇ ਉਪਦੇਸ਼ ਦਾ ਨਿਚੋੜ ਹੈ, ਉਸਦੇ ਨਾਲ ਲਿਵ ਲੱਗਣੀ ਭਾਵ ਉਸ ਦੀ ਮਤਿ ਦਾ ਮਨ ਵਿੱਚ ਵੱਸ ਜਾਣਾ ਤੇ ਉਸ ਤੇ ਅਮਲ ਕਰਨਾ। ਇਹ ਲਿਵ ਲਾਉਣੀ ਸਾਡੇ ਵੱਸ ਵਿੱਚ ਨਹੀਂ ਹੈ ਤੇ ਨਾ ਹੀ ਇਹ ਕਿਸੇ ਕਿਰਿਆ ਦੁਆਰਾ ਹੋ ਸਕਦਾ ਹੈ ਬਲਕਿ ਕਿਰਿਆਵਾਂ ਕਰਨ ਦਾ ਬਾਣੀ ਵਿੱਚ ਅਨੇਕਾਂ ਵਾਰ ਖੰਡਨ ਕੀਤਾ ਗਿਆ ਹੈ। ਇਹ ਕਿਰਿਆਵਾਂ ਕੇਵਲ ਸਾਡੀਆਂ ਸਿਆਣਪਾਂ ਭਾਵ ਮਨਮਤਿ ਹੀ ਹੈ, ਸਾਡੀਆਂ ਕੇਵਲ ਉਲਝਣਾਂ ਹੀ ਹਨ। ਆਓ ਇਨ੍ਹਾਂ ਉਲਝਣਾਂ ਵਿੱਚੋਂ ਨਿਕਲੀਏ ਤੇ ਗੁਰੂ ਦੇ ਦੱਸੇ ਹੋਏ ਅਸਲੀ ਮਾਰਗ ਤੇ ਚੱਲੀਏ। ਉਹ ਆਪਣੀ ਲਿਵ ਆਪੇ ਹੀ ਲਾ ਦੇਵੇਗਾ **(ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥)** ਅੰਗ

- 921, **(ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥)** ਅੰਗ - 5 । **(ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥)** ਅੰਗ - 1 । ਇਹ ਲਿਵ ਕਿਸੇ ਸਮਾਧੀਆਂ ਲਗਾਉਣ ਨਾਲ ਨਹੀਂ ਲੱਗ ਸਕਦੀ।

"ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥"

(ਅੰਗ ੧੩੯੯)

ਇਸ ਸ਼ਬਦ ਰਾਹੀਂ ਅਸੀਂ ਗੁਰੂ ਕੋਲੋਂ ਗਿਆਨ ਕਿਵੇਂ ਹਾਸਲ ਕਰਨਾ ਹੈ, ਕਿਸ ਮਕਸਦ ਲਈ ਹਾਸਲ ਕਰਨਾ ਹੈ, ਇਹ ਸਮਝਾਇਆ ਹੋਇਆ ਹੈ। ਅਸੀਂ ਬਾਣੀ ਨੂੰ ਮੁੱਖੋਂ ਬੋਲੀਏ ਭਾਵ ਪੜ੍ਹੀਏ, ਉਸਨੂੰ ਸੁਣੀਏ, ਉਸ ਤੇ ਵਿਚਾਰ ਕਰੀਏ ਭਾਵ ਸਮਝੀਏ ਕਿ ਗੁਰੂ ਦਾ ਉਪਦੇਸ਼ ਕੀ ਹੈ ਤੇ ਉਸਨੂੰ ਮੰਨ ਕੇ ਉਸ ਤੇ ਅਮਲ ਕਰੀਏ। ਗੁਰੂ ਦੇ ਗਿਆਨ ਨਾਲ ਹੀ ਸਾਡੀ ਅਗਿਆਨਤਾ ਦੂਰ ਹੋਣੀ ਹੈ ਤੇ ਸੱਚ ਦੀ ਪ੍ਰਾਪਤੀ ਹੋਣੀ ਹੈ ਤੇ ਉਹ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਗੁਰੂ ਦੀ ਗੱਲ ਤੇ ਅਮਲ ਕਰਾਂਗੇ। ਕੇਵਲ ਪੜ੍ਹੀ ਸੁਣੀ ਜਾਣ ਨਾਲ ਸਾਡੇ ਅੰਦਰ ਦੀ ਬਿਖ ਭਾਵ ਮਾੜੀ ਸਮਝ ਨਹੀਂ ਨਿਕਲਣੀ। ਗੁਰੂ ਦੇ ਉਪਦੇਸ਼ ਤੇ ਅਮਲ ਕਰਕੇ ਹੀ ਨਿਕਲਣੀ ਹੈ ਭਾਵ ਮੰਨਣ ਦੁਆਰਾ ਹੀ ਨਿਕਲਣੀ ਹੈ। (**ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥**) ਅਸੀਂ ਲੋਹਾ, ਪਾਹਣ ਆਪਣੀ ਮਾੜੀ ਮਤਿ ਕਰਕੇ ਹਾਂ, ਮਨਮਤਿ ਕਰਕੇ ਹਾਂ, ਅਗਿਆਨਤਾ ਕਰਕੇ ਹਾਂ ਜਿਸ ਦੇ ਰਹਿੰਦਿਆਂ ਅਸੀਂ ਗੁਰਮਤਿ ਦੇ ਉਲਟ ਚੱਲਦੇ ਹਾਂ, ਮਾੜੇ ਕਰਮ ਕਰਦੇ ਹਾਂ। ਮਨ ਦੀ ਇਸ ਅਵੱਸਥਾ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਗੁਰੂ ਦਾ "ਗਿਆਨੁ" ਸਾਡੇ ਅੰਦਰ ਵੱਸੇ। ਗਿਆਨ ਸਾਡੇ ਅੰਦਰ ਤਾਂ ਹੀ ਵੱਸੇਗਾ ਜੇਕਰ ਅਸੀਂ ਗੁਰੂ ਦੀ ਕਹੀ ਹੋਈ ਗੱਲ ਨੂੰ ਆਪਣੇ ਅੰਦਰ ਵਿਚਾਰਾਂਗੇ ਭਾਵ ਮੰਨਾਂਗੇ। "ਗੁਰਮਤਿ" "ਕੰਚਨੁ" ਹੈ, "ਅੰਮ੍ਰਿਤੁ" ਹੈ, "ਲਾਲੁ" ਹੈ, "ਮਾਣਕ" ਹੈ ਭਾਵ ਉਸ ਵਿੱਚ ਪੂਰਨ ਸ਼ੁੱਧੀ ਹੈ ਜੋ ਭਰਮ ਦੀ ਖੋਟ ਤੋਂ, ਅਗਿਆਨਤਾ ਦੀ ਖੋਟ ਤੋਂ ਰਹਿਤ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਰੂਪ ਹੈ, ਉਸਦਾ ਸੱਚੇ "ਗਿਆਨੁ" ਦਾ ਰੂਪ ਹੈ। ਗੁਰੂ ਦੇ ਸੱਚੇ ਗਿਆਨ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਾਲ ਜੁੜਨਾ ਹੈ। **(ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥ ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥)**

"ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥
ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥
ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥"

(ਅੰਗ ੧੩੯੯)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ "ਗੁਰੂ ਗੁਰੂ" ਕਰਨਾ ਕੀ ਹੈ। ਗੁਰੂ ਗਿਆਨ ਦਾ ਸਾਗਰ ਹੈ ਜਿਸ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਕੱਢਣ ਦੇ ਨਾਲ ਹੈ। ਗੁਰੂ ਗੁਰੂ ਕਰਨਾ ਸਾਡੀ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ। ਗੁਰੂ ਸੱਚ ਹੈ, ਗੁਰੂ ਦਾ ਸ਼ਬਦ ਸੱਚ ਹੈ, ਗੁਰੂ ਦਾ ਗਿਆਨ ਸੱਚਾ ਹੈ। ਇਸ ਸੱਚ ਦੀ ਵਿਚਾਰ ਕਰਨੀ ਤੇ ਉਸਨੂੰ ਪੂਰਨ ਤੌਰ ਤੇ ਮੰਨ ਕੇ ਉਸ ਤੇ ਅਮਲ ਕਰਨਾ ਹੀ "ਗੁਰੂ ਗੁਰੂ" ਕਰਨਾ ਹੈ। ਜਿਵੇਂ ਕਿ ਪਿੱਛੇ ਸ਼ਬਦਾਂ ਰਾਹੀਂ ਅਸੀਂ ਜਾਣਿਆ ਹੈ ਕਿ ਹਰਿ ਹਰਿ ਕਰਨਾ ਕੀ ਹੈ, ਉਹ ਹੀ ਗੱਲ ਇੱਥੇ ਦੱਸੀ ਹੋਈ ਹੈ। ਜਦੋਂ ਹਰੀ ਤੇ ਗੁਰੂ ਵਿੱਚ ਕੋਈ ਫ਼ਰਕ ਨਹੀਂ ਹੈ ਫਿਰ ਹਰਿ ਹਰਿ ਤੇ ਗੁਰੂ ਗੁਰੂ ਕਰਨ ਵਿੱਚ ਕੀ ਫ਼ਰਕ ਹੋ ਸਕਦਾ ਹੈ। ਫ਼ਰਕ ਕੇਵਲ ਸਾਡੀ ਸਮਝ ਦਾ ਹੈ। ਕਿਤਨਾ ਸਪੱਸ਼ਟ ਸਮਝਾਇਆ ਹੈ **(ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥)**। ਸੱਚੁ ਹੀ ਨਾਮ ਹੈ ਜੋ ਕਿ "ਸਚੁ ਬੀਚਾਰੁ" ਦੇ ਰੂਪ ਵਿੱਚ ਹੈ। ਗੁਰੂ ਸਾਨੂੰ ਸੱਚੀ ਬੀਚਾਰ ਹੀ ਦਿੰਦਾ ਹੈ ਤੇ ਗੁਰੂ ਦੀ ਸੱਚੀ ਬੀਚਾਰ ਵਾਲਾ ਬਣਨਾ ਹੀ ਨਾਮ ਵਾਲਾ ਬਣਨਾ ਹੈ ਭਾਵ ਨਾਮ ਜਪਣਾ ਹੈ, ਗੁਰੂ ਗੁਰੂ ਕਰਨਾ ਹੈ। ਗੁਰੂ ਦੇ ਸੱਚੇ ਵਿਚਾਰਾਂ ਤੇ ਅਮਲ ਕਰਨਾ ਹੀ ਗੁਰੂ ਗੁਰੂ ਕਰਨਾ ਹੈ ਜੋ ਅਮਲ ਅਸੀਂ ਆਪਣਾ ਪੂਰਾ ਜੀਵਨ ਕਰਨਾ ਹੈ, ਅੱਠੇ ਪਹਿਰ ਕਰਨਾ ਹੈ, ਦਿਨ ਰਾਤ ਕਰਨਾ ਹੈ ਭਾਵ ਪੂਰਾ ਜੀਵਨ ਸੱਚੇ ਬਣ ਕੇ ਵਿਚਰਨਾ ਹੈ।

“ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ
ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ॥
ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ
ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ॥
ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ
ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ॥
ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ॥੧॥੧੩॥”

(ਅੰਗ ੧੪੦੦)

“ਗੁਰ ਕੇ ਬਚਨ ਸਤਿ ਜੀਅ ਧਾਰਹੁ॥”

(ਅੰਗ ੧੪੦੧)

ਇਨ੍ਹਾਂ ਸ਼ਬਦਾਂ ਰਾਹੀਂ ਇਹ ਹੀ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਗੁਰੂ ਦੇ ਸ਼ਬਦ ਦੁਆਰਾ ਹੀ ਜਪਣਾ ਹੈ ਭਾਵ ਉਨ੍ਹਾਂ ਨੂੰ ਸੱਚ ਕਰਕੇ ਜਾਨਣਾ ਹੈ। ਗੁਰੂ ਦੇ ਬਚਨਾਂ ਨੂੰ ਹੀ ਆਪਣੇ ਹਿਰਦੇ ਅੰਦਰ ਧਾਰਨਾ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਮੰਨਣਾ ਹੀ ਪ੍ਰਮਾਤਮਾ ਨੂੰ ਜਪਣਾ ਹੈ, ਨਾਮ ਜਪਣਾ ਹੈ, ਗੁਰੂ ਦੇ ਗਿਆਨ ਨੂੰ ਭਜਣਾ ਹੈ ਤਾਂ ਜੋ ਅਸੀਂ ਕਿਸੇ ਹੋਰ ਮਾਰਗ ਤੇ ਨਾ ਚੱਲ ਪਾਈਏ। ਗੁਰੂ ਦੇ ਬਚਨਾਂ ਨੂੰ ਹਿਰਦੇ ਵਿੱਚ ਰੱਖਣਾ ਇਹੀ ਹੈ ਕਿ ਅਸੀਂ ਪੰਜੇ ਵਿਕਾਰਾਂ ਤੋਂ ਬਚੀਏ, ਉਨ੍ਹਾਂ ਨੂੰ ਵੱਸ ਵਿੱਚ ਰੱਖੀਏ, ਸੰਜਮ ਵਿੱਚ ਰੱਖੀਏ। **(ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ॥ ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ)** ਪੰਚ ਭੂ ਤੋਂ ਭਾਵ ਪੰਜ ਭੂਤ ਹੈ ਭਾਵ ਸਾਡੇ ਅੰਦਰ ਦੇ ਪੰਜੇ ਵਿਕਾਰ ਹਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜਿਨ੍ਹਾਂ ਨੂੰ ਤਿਆਗਣ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਜਦ ਤੱਕ ਪੰਜੇ ਵਿਕਾਰ ਸਾਡੇ ਅੰਦਰ ਹਨ ਤਦ ਤੱਕ ਗੁਰੂ ਦਾ ਬਚਨ ਸਾਡੇ ਅੰਦਰ ਨਹੀਂ ਵੱਸਿਆ। ਕੇਵਲ ਗੁਰੂ ਗੁਰੂ ਬੋਲੀ ਜਾਣ ਨਾਲ ਕੀ ਲਾਭ। ਗੁਰੂ ਗੁਰੂ ਬੋਲਣਾ ਸਾਡੀ ਕਥਨੀ ਨਹੀਂ ਹੈ, ਇਹ ਸਾਡੀ ਕਰਨੀ ਹੈ ਜੋ ਅਸੀਂ ਵਿਕਾਰ ਰਹਿਤ ਹੋ ਕੇ ਕਰਨੀ ਹੈ, ਮਨ ਨੂੰ ਸ਼ੁੱਧ ਕਰਕੇ ਕਰਨੀ ਹੈ। ਗੁਰ ਦੇ ਬਚਨਾਂ ਨੂੰ ਹਿਰਦੇ ਵਿੱਚ ਵਸਾਉਣਾ ਕੀ ਹੈ, ਇਸ ਤੋਂ ਸਪੱਸ਼ਟ ਹੋਰ ਗੁਰੂ ਸਾਹਿਬ ਸਾਨੂੰ ਕਿਵੇਂ ਸਮਝਾਉਣ। ਗੁਰੂ ਦੇ ਬਚਨਾਂ ਨੂੰ ਕਿੰਨਿਆਂ ਕੁ ਨੇ ਮੰਨਿਆ ਹੋਇਆ ਹੈ ਭਾਵ ਸਾਰੇ ਵਿਕਾਰਾਂ ਨੂੰ ਕਿੰਨਿਆਂ ਕੁ ਨੇ ਛੱਡਿਆ ਹੋਇਆ ਹੈ, ਇਸ ਗੱਲ ਦਾ ਅੰਦਾਜ਼ਾ ਆਪ ਹੀ ਲਗਾ ਲਵੋ। ਇੱਕ ਅੱਖਰ ਦਾ ਜਪ ਕਰਨ ਵਾਲੇ ਇਹ ਹੀ ਕਹਿੰਦੇ ਹਨ ਕਿ ਉਹ ਗੁਰੂ ਦੇ ਬਚਨਾਂ ਅਨੁਸਾਰ ਹੀ ਜਪ ਰਹੇ ਹਨ, ਗੁਰੂ ਦੇ ਬਚਨਾਂ ਤੇ ਪੂਰੇ ਉਤਰ ਰਹੇ ਹਨ। ਗੁਰੂ ਦਾ ਬਚਨ ਹੀ ਤੇ ਆਪ ਗੁਰੂ ਹੈ। **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਫਿਰ ਗੁਰੂ ਨੂੰ ਜਪਣਾ ਕੀ ਹੋਇਆ? ਭਾਵ ਗੁਰੂ ਦੇ ਬਚਨਾਂ ਨੂੰ ਜਪਣਾ ਹੀ ਗੁਰੂ ਨੂੰ ਜਪਣਾ ਹੈ। ਸਭ ਭਰਮ ਵਿੱਚ ਹੀ ਗੁਰੂ ਗੁਰੂ ਕਰੀ ਜਾ ਰਹੇ ਹਨ, ਕਿਸੇ ਅੱਖਰ ਨੂੰ ਜਪੀ ਜਾ ਰਹੇ ਹਨ ਜੋ ਕਿ ਅਤਿ ਦੀ ਅਗਿਆਨਤਾ ਹੈ। ਗੁਰੂ ਗੁਰੂ ਕਰਨਾ ਸਾਡੀ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ ਜੋ ਪੰਜੇ ਵਿਕਾਰਾਂ ਤੋਂ ਰਹਿਤ ਹੋ ਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਮਾਰਗ ਹੈ। ਸਾਨੂੰ ਗੁਰਬਾਣੀ ਰਾਹੀਂ ਇਹੋ ਜਿਹਾ ਨਾਮ ਜਪਣਾ ਸਮਝਾਇਆ ਹੈ ਜਿਸ ਵਿੱਚ ਸਾਰੇ ਸੰਸਾਰ ਦਾ ਭਲਾ ਹੁੰਦਾ ਹੈ, ਸਭ ਦਾ ਭਲਾ ਹੁੰਦਾ ਹੈ। ਨਾਮ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਮਾਰਗ ਹੀ ਹੈ ਜੋ ਕਿ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨ ਦਾ ਹੈ।

{ਪ੍ਰਥਮੇ ਛੋਡੀ ਪਰਾਈ ਨਿੰਦਾ ॥
ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥1॥
ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥1॥ ਰਹਾਉ ॥}

(ਅੰਗ 1147)

“ਭੈ ਭਗਤੀ ਭਗਤ ਬਹੁ ਲੋਚਦੇ ਪ੍ਰਭ ਲੋਚਾ ਪੂਰਿ ਮਿਲਾਇ॥
ਹਰਿ ਪ੍ਰਭੁ ਵੇਪਰਵਾਹੁ ਹੈ ਕਿਤੁ ਖਾਧੈ ਤਿਪਤਾਇ॥
ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ॥
ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ॥੧੨॥”

(ਅੰਗ ੧੪੧੪)

ਪ੍ਰਮਾਤਮਾ ਦੀ ਭਗਤੀ ਕਰਨ ਦਾ ਇੱਕੋ ਇੱਕ ਤਰੀਕਾ ਇਹ ਹੀ ਸਮਝਾਇਆ ਹੈ ਕਿ ਉਸਦੇ ਭਾਣੇ ਵਿੱਚ ਚੱਲ ਕੇ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਜੇ ਕੋਈ ਉਸਦੇ ਭਾਣੇ ਵਿੱਚ ਆ ਸਕੇ ਉਸਨੂੰ ਹੀ ਧੰਨ ਧੰਨ ਕਿਹਾ ਹੈ ਭਾਵ ਉਸਦੇ ਭਾਣੇ ਵਿੱਚ ਆਉਣਾ, ਭਾਣਾ ਮੰਨਣਾ ਬਹੁਤ ਔਖਾ ਹੈ। ਬਹੁਤ ਔਖਾ ਹੈ ਨਾਮ ਜਪਣਾ। **(ਆਖਣਿ ਅਉਖਾ ਸਾਚਾ ਨਾਉ॥)** ਅੰਗ - 9 । ਇਸ ਸ਼ਬਦ ਨੂੰ ਬਾਰ-ਬਾਰ ਪੜ੍ਹੋ ਤੇ ਵਿਚਾਰੋ ਕਿ ਪ੍ਰਮਾਤਮਾ ਸਾਡੇ ਕੋਲੋਂ ਕਿਹੋ ਜਿਹੀ ਭਗਤੀ ਮੰਗਦਾ ਹੈ ਜਿਸ ਨਾਲ ਉਹ ਤ੍ਰਿਪਤ ਹੁੰਦਾ ਹੈ। ਕੇਵਲ ਉਸਦੇ ਭਾਣੇ ਨੂੰ ਮੰਨਣਾ। ਪੂਰੀ ਬਾਣੀ ਸਾਨੂੰ ਉਸਦਾ ਭਾਣਾ ਸਮਝਾ ਰਹੀ ਹੈ। ਜੋ ਗੁਰੂ ਨੂੰ ਭਾਉਂਦਾ ਹੈ, ਉਹ ਹੀ ਉਸਦਾ ਭਾਣਾ ਹੈ। ਪ੍ਰਮਾਤਮਾ ਨੂੰ ਸਾਡੀ ਕਥਨੀ ਨਹੀਂ ਭਾਉਂਦੀ, ਸਾਡੇ ਵਿਕਾਰ ਨਹੀਂ ਭਾਉਂਦੇ। ਉਸਨੂੰ ਕੇਵਲ ਸੱਚ ਭਾਉਂਦਾ ਹੈ ਤੇ ਸੱਚ ਦੁਆਰਾ ਵਿਚਰਨਾ ਹੀ ਉਸਦੇ ਗੁਣ ਗਾਉਣੇ ਹਨ। ਗੁਰੂ ਪ੍ਰਮਾਤਮਾ ਦੇ ਗੁਣ ਗਾਉਣੇ ਸਾਡੀ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ ਭਾਵ ਸਾਡੀ ਸਚੀ ਸੁਚੀ ਵਿਚਰਨ ਹੈ ਜੋ ਅਉਗਣ ਤਿਆਗ ਕੇ ਹੀ ਹੁੰਦੀ ਹੈ। **(ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ॥ ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ॥੧੨॥)** ‘‘ਕਲਜੁਗਿ’’ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸਮਝਾਂਗੇ।

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ॥ ਸਤਿਗੁਰ ਕੈ ਭਾਣੈ ਵਡਿਆਈ ਪਾਵੈ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ॥੧॥}

(ਅੰਗ ੫੦੯)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

ਉੱਪਰ ਵਾਲੀਆਂ ਪੰਗਤੀਆਂ ਨੂੰ ਹਮੇਸ਼ਾ ਚੇਤੇ ਰੱਖੋ ਤਾਂ ਜੋ ਸਾਨੂੰ ਇਹ ਗੱਲ ਚੇਤੇ ਰਹੇ ਕਿ ਸੱਚੇ ਮਨੁੱਖ ਕਿਹੜੇ ਹੁੰਦੇ ਹਨ, ਨਿਰਮਲ ਮਨੁੱਖ ਕਿਹੜੇ ਹੁੰਦੇ ਹਨ, ਗੁਰੂ ਨਾਲ ਪਿਆਰ ਕਰਨ ਵਾਲੇ ਮਨੁੱਖ ਕਿਹੋ ਜਿਹੇ ਹੁੰਦੇ ਹਨ, ਗੁਰੂ ਪ੍ਰਮਾਤਮਾ ਦਾ ਭਾਣਾ ਮੰਨਣ ਵਾਲੇ ਮਨੁੱਖ ਕਿਹੋ ਜਿਹੇ ਹੁੰਦੇ ਹਨ। ਇਹੋ ਜਿਹੇ ਚੰਗੇ ਮਨੁੱਖ ਉਹੀ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਅੰਦਰੋਂ "ਬਿਖ" ਭਾਵ ਮਾੜੀ ਮਤਿ ਛੱਡੀ ਹੋਈ ਹੈ, ਹਉਮੈ ਛੱਡੀ ਹੋਈ ਹੈ, ਸਾਰੇ ਵਿਕਾਰ, ਸਾਰ ਔਗੁਣ ਤਜੇ ਹੋਏ ਹਨ ਭਾਵ ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ ਨੂੰ, ਗੁਰੂ ਦੀ ਮਤਿ ਨੂੰ, ਗੁਰੂ ਦੇ ਨਾਮ ਨੂੰ ਮੰਨਿਆ ਹੋਇਆ ਹੈ ਜੋ ਕਿ ਗੁਰੂ ਦੀ ਮਤਿ ਤੇ ਅਮਲ ਕਰਨ ਵਾਲੇ ਹਨ। ਪ੍ਰਮਾਤਮਾ ਦੀ ਭਗਤੀ ਕਰਨ ਵਾਲੇ, ਨਾਮ ਜਪਣ ਵਾਲੇ ਮਨੁੱਖ ਇਹੋ ਜਿਹੇ ਹੁੰਦੇ ਹਨ ਜੋ ਕਰਮ ਚੰਗੇ ਕਰਦੇ ਹਨ।

"ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ॥
ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ॥
ਐਥੈ ਓਥੈ ਮੰਨੀਅਨਿ ਹਰਿ ਨਾਮਿ ਲਗੇ ਵਾਪਾਰਿ॥
ਗੁਰਮੁਖਿ ਸਬਦਿ ਸਿਞਾਪਦੇ ਤਿਤੁ ਸਾਚੈ ਦਰਬਾਰਿ॥
ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ॥
ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ॥
ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ॥੨੬॥"

(ਅੰਗ ੧੪੧੬)

ਉੱਪਰ ਪਹਿਲੀਆਂ ਪੰਗਤੀਆਂ ਰਾਹੀਂ ਬੜਾ ਸਾਫ ਸਮਝਾਇਆ ਹੈ ਕਿ ਸਤਿਗੁਰੂ ਦੀ ਸੇਵਾ ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਹੀ ਹੋ ਸਕਦੀ ਹੈ। ਗੁਰੂ ਦੇ "ਸ਼ਬਦ ਵਿਚਾਰਿ" ਨੂੰ ਸਮਝਣਾ ਅਤਿ ਜ਼ਰੂਰੀ ਹੈ। ਜਿਵੇਂ ਕਿ ਪਿੱਛੇ ਵੀ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੈ ਕਿ "ਸ਼ਬਦ ਵਿਚਾਰਿ" ਤੋਂ ਭਾਵ ਸ਼ਬਦ ਦੇ ਵਿਚਾਰ ਵਾਲਾ ਬਣਨਾ ਹੈ, ਗੁਰੂ ਦੇ ਉਪਦੇਸ਼ ਤੇ ਚੱਲਣਾ ਹੈ ਤੇ ਇਹ ਹੀ ਉਸਦੇ ਭਾਣੇ ਨੂੰ ਮੰਨਣਾ ਹੈ। ਸ਼ਬਦ ਗੁਰੂ ਹੈ ਤੇ ਸ਼ਬਦ ਦੀ ਵਿਚਾਰ ਗੁਰੂ ਦੀ ਵਿਚਾਰ ਹੈ ਜਿਸ ਵਿਚਾਰ ਦਾ ਮਕਸਦ ਸਾਨੂੰ ਸਮਝਾਉਣ ਲਈ ਹੈ, ਸੱਚਾ ਗਿਆਨ ਦੇਣ ਲਈ ਹੈ ਜਿਸ ਗਿਆਨ ਨੂੰ ਮੰਨਣਾ, ਗੁਰੂ ਦੇ ਉਪਦੇਸ਼ ਨੂੰ ਮੰਨਣਾ ਸ਼ਬਦ ਦਾ ਵੀਚਾਰੀ ਬਣਨਾ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥}

(ਅੰਗ 355)

ਜਿਸਦੇ ਹਿਰਦੇ ਵਿੱਚ ਸ਼ਬਦਾਂ ਦੀ ਵਿਚਾਰ ਵੱਸ ਜਾਂਦੀ ਹੈ, ਗੁਰੂ ਦਾ ਗਿਆਨ ਵੱਸ ਜਾਂਦਾ ਹੈ ਉਸਦੇ ਹਿਰਦੇ ਵਿੱਚ ਨਾਮ ਵੱਸ ਜਾਂਦਾ ਹੈ। ਇੱਕੋ ਹੀ ਗੱਲ ਹੈ।ਕਿਤਨਾ ਹੀ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ ਜੋ ਮਨੁੱਖ ਉਸਦਾ ਭਾਣਾ ਮੰਨ ਲੈਂਦਾ ਹੈ, ਉਸਦੇ ਹਿਰਦੇ ਵਿੱਚ ਹੀ ਨਾਮ ਟਿਕਿਆ ਹੁੰਦਾ ਹੈ **(ਸਤਿਗੁਰੁ ਸੇਵਨਿ ਆਪਣਾ ਗੁਰਸਬਦੀ ਵੀਚਾਰਿ ॥ ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ॥)** ਬੜਾ ਸਪੱਸ਼ਟ ਹੈ ਕਿ ਜੋ ਗੁਰੂ ਦੀ ਸੇਵਾ ਹੈ, ਉਹੀ ਗੁਰੂ ਦਾ ਨਾਮ ਜਪਣਾ ਹੈ, ਉਹੀ ਗੁਰੂ ਦੇ ਭਾਣੇ ਵਿੱਚ ਚੱਲਣਾ ਹੈ। ਸਭ ਤੋਂ ਭਾਵ ਔਗੁਣ ਰਹਿਤ ਹੋ ਕੇ ਵਿਚਰਨ ਦਾ ਹੀ ਹੈ। ਗੁਰੂ ਦੀ ਸੇਵਾ ਹੀ ਗੁਰੂ ਦੀ ਭਗਤੀ ਹੈ।

{ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥1॥ ਰਹਾਉ ॥}

(ਅੰਗ 66)

ਜਿਸ ਮਨੁੱਖ ਦੇ ਅੰਦਰ ਹਉਮੈ ਹੈ, ਵਿਕਾਰ ਹਨ, ਮਾਇਆ ਮੋਹ ਹੈ ਉਹ ਨਾ ਹੀ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਦਾ ਹੈ ਤੇ ਨਾ ਹੀ ਉਹ ਨਾਮ ਜਪਦਾ ਹੈ, ਨਾ ਹੀ ਉਹ ਗੁਰੂ ਦੀ ਸੇਵਾ ਕਰਨ ਵਾਲਾ ਹੈ, ਨਾ ਹੀ ਉਹ ਭਗਤੀ ਕਰਨ ਵਾਲਾ ਹੈ।

{ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

{ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥2}

(ਅੰਗ 394)

{ਪ੍ਰਥਮੇ ਛੋਡੀ ਪਰਾਈ ਨਿੰਦਾ॥
ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥1॥
ਐਸੋ ਤਿਆਗੀ ਵਿਰਲਾ ਕੋਇ॥
ਹਰਿ ਹਰਿ ਨਾਮੁ ਜਪੈ ਜਨੁ ਸੋਇ॥1॥ ਰਹਾਉ ॥}

(ਅੰਗ 1147)

ਪ੍ਰਮਾਤਮਾ ਦਾ ਭਾਣਾ ਮੰਨਣ ਤੋਂ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ, ਇੱਕੋ ਹੀ ਗੱਲ ਹੈ। ਅਸੀਂ ਭਾਣਾ ਮੰਨਣ ਦਾ ਉੱਦਮ ਹੀ ਕਰਨਾ ਹੈ ਤੇ ਇਹ ਹੀ ਨਾਮ ਦੀ ਪ੍ਰਾਪਤੀ ਦਾ ਸਾਧਨ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸਾਧਨ ਹੈ। ਜੋ ਗੁਰੂ ਦੇ ਉਪਦੇਸ਼ ਨੂੰ ਮੰਨ ਲੈਂਦੇ ਹਨ ਉਹ ਪ੍ਰਮਾਤਮਾ ਦੇ ਦਰਬਾਰ ਵਿੱਚ ਮੰਨੇ ਜਾਂਦੇ ਹਨ ਭਾਵ ਉਹ ਹੀ ਪ੍ਰਮਾਤਮਾ ਨੂੰ ਪਾਉਂਦੇ ਹਨ। ਜਿਨ੍ਹਾਂ ਨੇ ਗੁਰੂ ਦੇ ਗਿਆਨ ਨੂੰ ਅਪਣਾਇਆ ਹੈ, ਸ਼ਬਦ ਦੀ ਵਿਚਾਰ ਨੂੰ ਮੰਨਿਆ ਹੈ ਭਾਵ ਜਿਨ੍ਹਾਂ ਨੇ ਸੱਚ ਨੂੰ ਅਪਣਾ ਲਿਆ ਹੈ ਉਹ ਆਪਣੇ ਸੱਚ ਦੁਆਰਾ ਹੀ ਪ੍ਰਮਾਤਮਾ ਦੇ ਦਰਬਾਰ ਵਿੱਚ ਪਛਾਣੇ ਜਾਂਦੇ ਹਨ। ਜਿਨ੍ਹਾਂ ਦੇ ਅੰਦਰ ਗੁਰੂ ਦਾ ਪਿਆਰ ਵੱਸ ਜਾਂਦਾ ਹੈ ਭਾਵ ਉਸਦਾ ਉਪਦੇਸ਼ ਵੱਸ ਜਾਂਦਾ ਹੈ, ਇਹ ਹੀ ਸੱਚਾ ਸੌਦਾ ਹੈ ਭਾਵ ਸੱਚਾ ਨਾਮ ਹੈ, ਸੱਚਾ ਗਿਆਨ ਹੈ ਭਾਵ ਇਸ ਗਿਆਨ ਦੁਆਰਾ, ਸੱਚ ਦੁਆਰਾ ਵਿਚਰਨਾ ਹੀ ਸੱਚਾ ਸੌਦਾ ਕਰਨਾ ਹੈ, ਸੱਚਾ ਵਾਪਾਰ ਕਰਨਾ ਹੈ। ‘‘ਖਰਚੁ’’ ਤੋਂ ਭਾਵ ਹੈ ਸਾਡੀ ਵਿਚਰਨ। ਜਿਸ ਕੋਲ ਸੱਚਾ ਗਿਆਨ ਹੈ ਉਹ ਹੀ ਸੱਚ ਦੁਆਰਾ ਵਿਚਰ ਸਕਦਾ ਹੈ ਤੇ ਸੱਚਾ ਗਿਆਨ ਵੰਡ ਸਕਦਾ ਹੈ ਭਾਵ ਖਰਚ ਸਕਦਾ ਹੈ। ਇਹ ਹੀ ਨਾਮ ਧੰਨ ਹੈ। ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ, ਭਲੇ ਕਰਮ ਹੀ ਕਰਦੇ ਹਾਂ। ਇਹ ਹੀ ਸੱਚ ਦਾ ਖਰਚਣਾ ਹੈ, ਸੱਚ ਦਾ ਵਾਪਾਰ ਕਰਨਾ ਹੈ। ਸੱਚ ਦੁਆਰਾ ਵਿਚਰ ਕੇ ਹੀ ਉਸ ‘‘ਸਚੁ’’ ਨੂੰ, ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਪੂਰਨ ਸੱਚ ਦੀ ਪ੍ਰਾਪਤੀ ਉਸਨੂੰ ਪਾ ਕੇ ਹੀ ਹੁੰਦੀ ਹੈ। ਸਾਡਾ ਸਾਰਾ ਉੱਦਮ ਸੱਚ ਤੇ ਚੱਲਣ ਦਾ ਹੀ ਹੋਣਾ ਚਾਹੀਦਾ ਹੈ।

ਇਸ ਸੱਚੇ ਗਿਆਨ ਦੇ ਧੰਨ ਨੂੰ ਜਿਤਨਾ ਖਰਚੋ ਭਾਵ ਜਿਤਨਾ ਵੰਡੋ ਭਾਵ ਜਿਤਨੀਆਂ ਰਲ ਮਿਲ ਕੇ ਵਿਚਾਰਾਂ ਕਰੋ ਇਹ ਗਿਆਨ ਵੱਧਦਾ ਹੀ ਜਾਂਦਾ ਹੈ ਤੇ ਕਦੇ ਘੱਟਦਾ ਨਹੀਂ। ਸੱਚੇ ਧੰਨ ਦਾ ਪਸਾਰਾ ਜਿਤਨਾ ਵੱਧਦਾ ਹੈ ਉਤਨੀ ਸੰਸਾਰ ਵਿੱਚ ਸੱਚੀ ਸੋਝੀ ਵੱਧਦੀ ਹੈ ਤੇ ਸੱਚ ਦੁਆਰਾ ਵਿਚਰਨ ਨਾਲ ਸੱਚੇ ਸੁੱਚੇ ਕਰਮ ਕਰਨ ਵਾਲਿਆ ਦੀ ਗਿਣਤੀ ਵੱਧਦੀ ਹੈ ਜਿਸ ਦੁਆਰਾ ਸਮਾਜ ਸੁਖੀ ਹੁੰਦਾ ਹੈ। ਮਾੜੇ ਕਰਮਾਂ ਨਾਲ ਸਮਾਜ ਦੁਖੀ ਹੁੰਦਾ ਹੈ ਤੇ ਚੰਗੇ ਕਰਮਾਂ ਨਾਲ ਸਮਾਜ ਸੁਖੀ ਹੁੰਦਾ ਹੈ। ਸੱਚਾ ਗਿਆਨ, ਸੱਚੀ ਸੋਝੀ ਹੀ ਸਾਡੀ ਸੱਚੀ ਰਾਸ ਹੈ ਜਿਸ ਨਾਲ ਨਾਮ ਦਾ ਵਾਪਾਰ ਹੁੰਦਾ ਹੈ। ਇਹ ਸਭ ਪ੍ਰਮਾਤਮਾ ਦੀ ਆਪਣੀ ਬਖਸ਼ਿਸ਼ ਦੁਆਰਾ ਹੀ ਮਿਲਦਾ ਹੈ, ਮਨ ਦੇ ਵਿੱਚੋਂ ਹੀ ਮਿਲਦਾ ਹੈ, ਉਸ ਗਿਆਨ ਦੇ ਭੰਡਾਰ ਕੋਲੋਂ ਮਿਲਦਾ ਹੈ ਤੇ ਕਦੇ ਤੋਟਿ ਨਹੀਂ ਆਉਣ ਦਿੰਦਾ। ਇਹ ਮਨ ਦੀ ਸੋਝੀ ਹੈ ਜੋ ਵੱਧਦੀ ਹੀ ਜਾਂਦੀ ਹੈ। ਇਹ ਮਨ ਦੀ ਸੋਝੀ ਦਾ ਧੰਨ ਹੈ ਜੋ ਵੱਧਦਾ ਹੀ ਜਾਂਦਾ ਹੈ। ਪੂਰੀ ਗੁਰਬਾਣੀ ਵਿੱਚ ਇਹ ਨਾਮ ਧੰਨ, ਗਿਆਨ ਧੰਨ ਭਰਪੂਰ ਹੈ ਜਿੱਥੋਂ ਅਸੀਂ ਇਸ ਧੰਨ ਦੀ ਪ੍ਰਾਪਤੀ ਕਰ ਸਕਦੇ ਹਾਂ। ਜਿਨ੍ਹਾਂ ਕੋਲ ਇਹੋ ਜਿਹਾ ਧੰਨ ਹੈ

ਉਹ ਧਨਵੰਤੇ ਹਨ ਤੇ ਹੋਰ ਸੰਸਾਰ ਨਿਰਧਨ ਹੀ ਹੈ। ਗੁਰਮਤਿ ਰੂਪ ਸੱਚੇ ਗਿਆਨ ਦਾ ਧੰਨ ਸਾਨੂੰ ਧਨਵੰਤ ਬਣਾਉਂਦਾ ਹੈ ਤੇ ਮਨਮਤਿ ਦੇ ਰਹਿੰਦਿਆਂ ਹਰ ਕੋਈ ਨਿਰਧਨ ਹੀ ਹੈ। ਸਾਰੇ ਸੰਸਾਰ ਵਿੱਚ ਮਨਮਤਿ ਹੀ ਹੈ, ਮਾਇਆ ਮੋਹ ਹੀ ਹੈ, ਅਗਿਆਨਤਾ ਹੀ ਹੈ, ਹਉਮੈ ਹੀ ਹੈ ਭਾਵ ਨਾ ਸਮਝ ਮਤਿ ਹੀ ਹੈ ਜਿਸ ਕਰਕੇ ਹਰ ਕੋਈ ਨਿਰਧਨ ਹੈ। (**ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ॥ ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ॥ ਐਥੈ ਓਥੈ ਮੰਨੀਅਨਿ ਹਰਿ ਨਾਮਿ ਲਗੇ ਵਾਪਾਰਿ॥ ਗੁਰਮੁਖਿ ਸਬਦਿ ਸਿਞਾਪਦੇ ਤਿਤੁ ਸਾਚੈ ਦਰਬਾਰਿ॥ ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ॥ ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ॥ ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ॥**)

“ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥
ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ॥
ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ॥
ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ॥”

(ਅੰਗ ੧੪੧੯)

ਉੱਪਰ ਵਾਲੇ ਇਸ ਸ਼ਬਦ ਵਿੱਚ ਨਾਮ ਜਪਣਾ ਕੀ ਹੈ ਇਹ ਸਮਝਾਇਆ ਹੋਇਆ ਹੈ। ਇੱਕੋ ਇੱਕ ਤਰੀਕਾ ਇਹ ਹੀ ਦੱਸਿਆ ਹੈ ਕਿ ਆਪਣਾ ਆਪ ਗੁਰੂ ਨੂੰ ਸੌਂਪ ਕੇ ਭਾਵ ਆਪਣੀ ਮਤਿ ਤਿਆਗ ਕੇ ਗੁਰੂ ਦੇ ਹੁਕਮ ਵਿੱਚ ਚੱਲਣਾ। ਜਿੱਥੇ ਗੁਰੂ ਬੈਠਾਏ ਉੱਥੇ ਮਨੁੱਖ ਬੈਠੇ ਤੇ ਜਿੱਥੇ ਗੁਰੂ ਭੇਜੇ ਉੱਥੇ ਜਾਏ ਭਾਵ ਸਾਡੀ ਸਾਰੀ ਕਰਨੀ ਉਹੋ ਜਿਹੀ ਹੋਵੇ ਜੋ ਗੁਰੂ ਨੂੰ ਭਾਉਂਦੀ ਹੈ ਤੇ ਮਨੁੱਖ ਦੀ ਇਹੋ ਜਿਹੀ ਮਤਿ ਉਸਦਾ ਸਭ ਤੋਂ ਵੱਡਾ ਧੰਨ ਭਾਵ ਨਾਮ ਧੰਨ ਹੈ। ਗੁਰੂ ਦਾ ਸੱਚਾ ਗਿਆਨ ਹੀ ਸਾਡਾ ਧੰਨ ਹੈ, ਉਸਦੇ ਦੱਸੇ ਹੋਏ ਗੁਣ ਭਾਵ ਸ਼ਬਦਾਂ ਦੀ ਵਿਚਾਰ ਹੀ ਸਾਡਾ ਧੰਨ ਹਨ, ਨਾਮ ਧੰਨ ਹਨ ਤੇ ਇਹੋ ਜਿਹੇ ਨਾਮ ਧੰਨ ਦੁਆਰਾ ਵਿਚਰਨਾ ਹੀ ਨਾਮ ਜਪਣਾ ਹੈ।

{ਤੋਟਿ ਨ ਆਵੈ ਵਧਦੋ ਜਾਈ॥3॥}

(ਅੰਗ - 186)

ਜਿਉਂ-ਜਿਉਂ ਸ਼ਬਦਾਂ ਦੀ ਵਿਚਾਰ ਸਾਡੇ ਅੰਦਰ ਵੱਧਦੀ ਜਾਂਦੀ ਹੈ, ਨਾਮ ਧੰਨ ਸਾਡੇ ਅੰਦਰ ਵੱਧਦਾ ਜਾਂਦਾ ਹੈ। ਗੁਰੂ ਕੋਲ ਇਸ ਧੰਨ ਦੀ ਤੋਟਿ ਨਹੀਂ ਹੈ, ਜਿਤਨਾ ਮਰਜ਼ੀ ਲੈ ਲਵੋ। ਗੁਰੂ ਕੋਲ ਇਸ ਧੰਨ ਦਾ ਖਜਾਨਾ ਹੈ, ਭੰਡਾਰ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ।

“ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ॥
ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ॥
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ॥
ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ॥
ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ॥੫੩॥”

(ਅੰਗ ੧੪੧੯)

ਇਸ ਸ਼ਬਦ ਰਾਹੀਂ ਸੱਚ ਦੀ ਮਹੱਤਤਾ ਦਾ ਵਰਣਨ ਕੀਤਾ ਹੋਇਆ ਹੈ। ਗੁਰੂ ਦਾ ਸੱਚਾ ਗਿਆਨ ਮਨ ਵਿੱਚ ਵੱਸ ਜਾਣ ਨਾਲ ਮਨੁੱਖ ਗੁਰੂ ਵਿੱਚ ਹੀ ਸਮਾਅ ਜਾਂਦਾ ਹੈ ਭਾਵ ਮਨੁੱਖ ਦੀ ਆਪਣੀ ਮਤਿ ਗੁਰੂ ਦੀ ਮਤਿ ਵਿੱਚ ਸਮਾਅ ਜਾਂਦੀ ਹੈ, ਗੁਰੂ ਦੀ ਮਤਿ ਨਾਲ ਇੱਕ ਹੋ ਜਾਂਦੀ ਹੈ ਤੇ ਫਿਰ ਉਸਦੀ ਸਾਰੀ ਕਰਨੀ ਗੁਰੂ ਉਪਦੇਸ਼ ਦੁਆਰਾ ਹੀ ਹੁੰਦੀ ਹੈ। ਉਨ੍ਹਾਂ ਦੇ ਮੁੱਖੋਂ ਹਮੇਸ਼ਾਂ ਸੱਚ ਹੀ ਨਿਕਲਦਾ ਹੈ ਤੇ ਉਹ ਹੀ ਸੱਚ ਦੀ ਭਾਵ ਸੱਚੇ ਨਾਮ ਦੀ ਕਮਾਈ ਕਰਦੇ ਹਨ, ਆਪਣੇ ਜੀਵਨ ਵਿੱਚ ਸੱਚ ਨੂੰ ਕਮਾਉਂਦੇ ਹਨ, ਉਸ ਤੇ ਅਮਲ ਕਰਦੇ ਹਨ ਭਾਵ ਸੱਚ ਦੁਆਰਾ ਵਿਚਰਦੇ ਹਨ। ਉਹ ਗੁਰੂ ਦੇ ਸੱਚੇ ਗਿਆਨ ਨੂੰ ਸੁਣ ਕੇ, ਉਸਨੂੰ ਮੰਨ ਕੇ, ਸੱਚੀ

ਕਾਰ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਹੀ ਪ੍ਰਮਾਤਮਾ ਦੀ ਸੱਚੀ ਦਰਗਾਹ ਵਿੱਚ ਜਗ੍ਹਾ ਮਿਲਦੀ ਹੈ। ਬਿਨ੍ਹਾਂ ਗੁਰੂ ਦੇ ਗਿਆਨ ਤੋਂ ਸੱਚ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੱਚਾ ਸ਼ਬਦ ਮਨ ਵੱਸਣਾ ਕੀ ਹੈ ਤੇ ਸੱਚ ਕਮਾਉਣਾ ਕੀ ਹੈ ਭਾਵ ਸ਼ਬਦ ਦੀ ਕਮਾਈ ਕੀ ਹੈ ਇਸ ਗੱਲ ਦੀ ਵੀ ਸਮਝ ਗੁਰੂ ਦਾ ਸੱਚਾ ਗਿਆਨ ਮਨ ਵਿੱਚ ਵੱਸਣ ਦੁਆਰਾ ਹੀ ਲੱਗਦੀ ਹੈ। ਗੁਰੂ ਦੇ ਸ਼ਬਦ ਦਾ ਸੱਚਾ ਗਿਆਨ ਮਨ ਵਿੱਚ ਵੱਸ ਜਾਣ ਨਾਲ ਮਨੁੱਖ ਸੱਚੀ ਸੁੱਚੀ ਕਿਰਤ ਹੀ ਕਰਦਾ ਹੈ ਜਿਸਦੇ ਨਾਲ ਅਸੀਂ ਸੱਚ ਦੀ ਕਮਾਈ ਕਰਦੇ ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਕਮਾਈ ਕਰਦੇ ਹਾਂ। ਸੱਚ ਤੇ ਚੱਲ ਕੇ ਹੀ ਉਸ "ਸਚੁ" ਨੂੰ, ਪ੍ਰਮਾਤਮਾ ਨੂੰ ਕਮਾਇਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ। ਗੁਣੀ ਬਣ ਕੇ ਹੀ ਉਸ ਗੁਣੀ ਵਿੱਚ ਸਮਾਇਆ ਜਾ ਸਕਦਾ ਹੈ। "ਨਾਮ" ਦੀ ਸਿੱਖਿਆ ਤੇ ਚੱਲ ਕੇ ਹੀ "ਨਾਮ" ਨੂੰ ਕਮਾਇਆ ਜਾ ਸਕਦਾ ਹੈ। ਸੱਚ ਸਾਡੇ ਅੰਦਰ ਤਾਂ ਹੀ ਵੱਸੇਗਾ ਜੇ ਪਹਿਲਾਂ ਝੂਠ ਨਿਕਲ ਜਾਵੇਗਾ ਭਾਵ ਮਨਮਤਿ ਨਿਕਲ ਜਾਵੇਗੀ। ਗੁਰਮਤਿ ਸੱਚ ਹੈ, ਮਨਮਤਿ ਝੂਠ ਹੈ। ਝੂਠ ਦੇ ਰਹਿੰਦਿਆਂ ਸੱਚ ਨਹੀਂ ਵੱਸ ਸਕਦਾ। "ਸਚੁ" ਭਾਵ "ਸ਼ਬਦ ਦੀ ਮਤਿ", "ਗੁਰੂ ਦੀ ਮਤਿ" ਹੀ ਸਾਡੀ ਸੱਚੀ ਰਾਸ ਹੈ, ਸੱਚਾ ਧੰਨ ਹੈ। (**ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ॥ ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ॥ ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ॥ ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ॥ ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ॥੫੩॥**)

"ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥
ਪੰਚ ਜਨਾ ਸਿਉ ਸੰਗੁ ਨਿਵਾਰੈ॥
ਦਸ ਇੰਦ੍ਰੀ ਕਰਿ ਰਾਖੈ ਵਾਸਿ॥
ਤਾ ਕੈ ਆਤਮੈ ਹੋਇ ਪਰਗਾਸੁ॥੧॥"

(ਅੰਗ ੨੩੬)

ਉੱਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਇਸ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਗੁਰੂ ਦੇ ਸ਼ਬਦ ਦਾ, ਗੁਰੂ ਦੇ ਗਿਆਨ ਦਾ ਸਾਡੇ ਅੰਦਰ ਵੱਸਣਾ ਕੀ ਹੈ। ਜੇਕਰ ਸਾਡਾ ਪੰਜਾਂ ਵਿਕਾਰਾਂ ਨਾਲੋਂ ਸਾਥ ਛੁਟਦਾ ਹੈ ਭਾਵ ਔਗੁਣਾਂ ਤੋਂ ਛੁਟਕਾਰਾ ਮਿਲਦਾ ਹੈ, ਇੰਦਰੀਆਂ ਵੱਸ ਵਿੱਚ ਰਹਿੰਦੀਆਂ ਹਨ ਤੇ ਤਾਂ ਹੀ ਸਾਡੇ ਅੰਦਰ ਗੁਰੂ ਦਾ ਸ਼ਬਦ ਵੱਸਿਆ ਹੋਇਆ ਹੈ, ਉਸ ਦੀ ਮਤਿ ਵੱਸੀ ਹੋਈ ਹੈ। ਗੁਰੂ ਦਾ ਸ਼ਬਦ ਹੀ ਨਾਮ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਤਦ ਤੱਕ ਕਿਸੇ ਦੇ ਅੰਦਰ ਵੀ ਨਾਮ ਨਹੀਂ ਹੈ। ਵਿਕਾਰਾਂ ਤੋਂ ਰਹਿਤ ਹੋਣ ਦੁਆਰਾ ਹੀ ਮਨ ਦੇ ਅੰਦਰ ਨਾਮ ਦਾ ਪ੍ਰਕਾਸ਼ ਹੁੰਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਧਾਰਨ ਕੀਤੇ ਬਿਨ੍ਹਾਂ, ਨਾਮ ਦੀ ਮਤਿ ਨੂੰ ਧਾਰਨ ਕੀਤੇ ਬਿਨ੍ਹਾਂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ। ਇਸ ਸ਼ਬਦ ਨੂੰ ਪੜ੍ਹ ਕੇ ਵੀ ਜੇਕਰ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਸ਼ਬਦ ਨੂੰ, ਨਾਮ ਨੂੰ ਮਨ ਵਿੱਚ ਵਸਾਉਣਾ, ਧਾਰਨ ਕਰਨਾ ਕੀ ਹੈ ਤੇ ਫਿਰ ਸਮਝਾਉਣ ਵਾਲਾ ਵੀ ਕੀ ਕਰ ਸਕਦਾ ਹੈ। ਮੁੱਖੋਂ ਇੱਕ ਸ਼ਬਦ ਦਾ, ਅੱਖਰ ਦਾ ਰੱਟਾ ਲਗਾਈ ਜਾਣ ਨਾਲ ਸਾਡੇ ਅੰਦਰ ਸ਼ਬਦ ਨਹੀਂ ਵੱਸ ਜਾਣਾ। ਉਸ ਲਈ ਮਨ ਨੂੰ ਮਾਰਨ ਦੀ ਲੋੜ ਹੈ ਭਾਵ ਮਨ ਦੇ ਵਿਕਾਰਾਂ ਨੂੰ ਮਾਰਨ ਦੀ ਲੋੜ ਹੈ, ਮਨ ਦੀ ਝੂਠੀ ਸਮਝ ਨੂੰ ਮਾਰਨ ਦੀ ਲੋੜ ਹੈ, ਮਨਮਤਿ ਨੂੰ, ਹਉਮੈ ਨੂੰ ਮਾਰਨ ਦੀ ਲੋੜ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੀ ਲੋੜ ਹੈ। (**ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥ ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥੧॥**) ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਸਾਡੀ ਆਤਮਾ ਦੇ ਅੰਦਰ ਭਾਵ ਮਨ ਦੇ ਅੰਦਰ ਪਰਗਾਸੁ ਹੋਣਾ ਕੀ ਹੈ। ਇਹ ਸਾਡੇ ਅੰਦਰ ਗੁਰੂ ਦੀ ਮਤਿ ਦਾ ਪਰਗਾਸੁ ਹੈ, ਨਾਮ ਦਾ ਪਰਗਾਸੁ ਹੈ।

"ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥
ਬੰਧਨ ਤੋੜੇ ਮੁਕਤਿ ਘਰਿ ਰਹੈ॥ਗੁਰ ਸਬਦੀ ਅਸਥਿਰੁ ਘਰਿ ਬਹੈ॥੧॥"

(ਅੰਗ ੧੨੬੨)

ਉੱਪਰ ਵਾਲੀਆਂ ਪੰਗਤੀਆਂ ਨੂੰ ਵੀ ਬੜੇ ਧਿਆਨ ਨਾਲ ਸਮਝੋ ਤਾਂ ਜੋ ਨਾਮ ਨੂੰ ਸਮਝਣ ਵਿਚ ਕੋਈ ਭਰਮ ਨਾ ਰਹੇ। ਇਸ ਪੰਗਤੀ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੈ ਕਿ ਰਸਨਾ ਦੁਆਰਾ ਜੋ ਅਸੀਂ ਆਪਣੇ ਵੱਲੋਂ ਨਾਮ ਜਪਦੇ ਹਾਂ ਉਹ ਨਾਮ ਜਪਣਾ

ਨਹੀਂ ਹੈ। ਇਸ ਤਰੀਕੇ ਨਾਲ ਨਾਮ ਨਹੀਂ ਜਪਿਆ ਜਾ ਸਕਦਾ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਨਹੀਂ ਵਸਾਇਆ ਜਾ ਸਕਦਾ। ਇਹ ਹੀ ਆਮ ਤੌਰ ਤੇ ਸਭ ਤੋਂ ਵੱਡਾ ਭੁਲੇਖਾ ਬਣਿਆ ਹੋਇਆ ਹੈ। ਗੁਰੂ ਦੀ ਸੇਵਾ ਹੀ ਨਾਮ ਲੈਣਾ ਹੈ, ਨਾਮ ਜਪਣਾ ਹੈ। ਗੁਰੂ ਦੀ ਸੇਵਾ ਕੀ ਹੈ ਇਹ ਅਸੀਂ ਪਹਿਲੇ ਹੀ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ ਭਾਵ ਪ੍ਰਮਾਤਮਾ ਦੇ, ਗੁਰੂ ਦੇ ਹੁਕਮ ਤੇ ਚੱਲਣ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ। "ਨਾਮੁ" ਦੀ ਤਾਂ ਅਸੀਂ ਪ੍ਰਾਪਤੀ ਕਰਨੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ। ਨਾਮ ਦੀ ਦੱਸੀ ਹੋਈ ਮਤਿ ਤੇ ਚੱਲ ਕੇ ਭਾਵ ਪ੍ਰਮਾਤਮਾ ਦੀ ਦੱਸੀ ਹੋਈ ਮਤਿ ਤੇ ਚੱਲ ਕੇ ਹੀ "ਨਾਮੁ" ਦੀ ਪ੍ਰਾਪਤੀ ਹੋ ਸਕਦੀ ਹੈ। ਪੂਰੀ ਗੁਰਬਾਣੀ ਵਿੱਚ "ਨਾਮੁ" ਦੀ ਦਿੱਤੀ ਹੋਈ ਮਤਿ ਹੈ ਜਿਸ ਮਤਿ ਨੂੰ ਮੰਨਣਾ ਹੀ ਨਾਮ ਜਪਣਾ ਹੈ। ਨਾਮ ਜਪਣ ਦਾ ਮਕਸਦ ਆਪਣੇ ਅੰਦਰ ਦੇ ਬੰਧਨ ਨੂੰ ਤੋੜਨ ਨਾਲ ਹੈ ਜੋ ਬੰਧਨ ਸਾਡੇ ਅੰਦਰ ਭਰਮਾਂ ਵਾਲੇ ਵਿਚਾਰਾਂ ਦਾ ਹੈ, ਮਨ ਦੀ ਅਗਿਆਨਤਾ ਦਾ ਹੈ ਜੋ ਬੰਧਨ ਨਾਮ ਨੂੰ ਮੰਨਣ ਦੁਆਰਾ ਭਾਵ ਜਪਣ ਦੁਆਰਾ ਭਾਵ ਗੁਰੂ ਦੀ ਸੱਚੀ ਸਮਝ ਨੂੰ ਜਪਣ ਦੁਆਰਾ, ਮੰਨਣ ਦੁਆਰਾ ਹੀ ਟੁੱਟ ਸਕਦਾ ਹੈ ਜਿਸ ਤੋਂ ਬਾਅਦ ਸਾਡਾ ਮਨ ਮਾਇਆ ਮੋਹ ਵਿੱਚ ਨਹੀਂ ਡੋਲਦਾ ਭਾਵ ਟਿਕ ਜਾਂਦਾ ਹੈ, ਸੱਚ ਤੇ ਟਿਕ ਜਾਂਦਾ ਹੈ। (**ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥ ਬੰਧਨ ਤੋੜੇ ਮੁਕਤਿ ਘਰਿ ਰਹੈ॥ ਗੁਰ ਸਬਦੀ ਅਸਥਿਰੁ ਘਰਿ ਬਹੈ॥**) ਨਾਮ ਦੀ ਪ੍ਰਾਪਤੀ ਬਹੁਤ ਔਖੀ ਹੈ ਕਿਉਂਕਿ ਨਾਮ ਦਾ ਮਿਲਣਾ ਜਾਂ ਪ੍ਰਮਾਤਮਾ ਦਾ ਮਿਲਣਾ ਇੱਕੋ ਹੀ ਗੱਲ ਹੈ। ਇਹੀ ਗੱਲ ਅਗਲੇ ਸ਼ਬਦ ਦੁਆਰਾ ਸਮਝੀ ਜਾ ਸਕਦੀ ਹੈ।

"ਕਲਜੁਗ ਮਹਿ ਰਾਮ ਨਾਮੁ ਉਰ ਧਾਰੁ॥ ਬਿਨੁ ਨਾਵੈ ਮਾਥੈ ਪਾਵੈ ਛਾਰੁ॥੧॥
ਰਾਮ ਨਾਮੁ ਦੁਲਭੁ ਹੈ ਭਾਈ॥ ਗੁਰ ਪਰਸਾਦਿ ਵਸੈ ਮਨਿ ਆਈ॥੧॥ਰਹਾਉ॥
ਰਾਮ ਨਾਮੁ ਜਨ ਭਾਲਹਿ ਸੋਇ॥ ਪੂਰੇ ਗੁਰ ਤੇ ਪ੍ਰਾਪਤਿ ਹੋਇ॥੨॥
ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ॥ ਗੁਰ ਕੈ ਸਬਦਿ ਨਾਮ ਨੀਸਾਣੁ॥੩॥
ਸੋ ਸੇਵਹੁ ਜੋ ਕਲ ਰਹਿਆ ਧਾਰਿ॥ ਨਾਨਕ ਗੁਰਮੁਖਿ ਨਾਮੁ ਪਿਆਰਿ॥੪॥"

(ਅੰਗ ੧੧੨੯)

ਇਸ ਸ਼ਬਦ ਰਾਹੀਂ ਵੀ ਉਹੀ ਗੱਲ ਸਮਝਾਈ ਹੈ ਜੋ ਕਿ ਵਾਰ-ਵਾਰ ਪਹਿਲੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝ ਚੁੱਕੇ ਹਾਂ। "ਰਾਮ ਨਾਮੁ ਉਰਧਾਰੁ" ਤੋਂ ਭਾਵ ਹੈ ਕਿ ਗੁਰੂ ਦੀ ਮਤਿ ਨੂੰ, ਗੁਰੂ ਦੀ ਸਿੱਖਿਆ ਨੂੰ, ਗੁਰੂ ਦੇ ਗਿਆਨ ਨੂੰ ਹਿਰਦੇ ਵਿੱਚ ਵਸਾਓ। ਪ੍ਰਮਾਤਮਾ ਦਾ ਨਾਮ ਮਿਲਣਾ ਬਹੁਤ ਔਖਾ ਹੈ ਭਾਵ ਉਸਦੇ ਭਾਣੇ ਵਿੱਚ ਚੱਲਣਾ ਬਹੁਤ ਔਖਾ ਹੈ। ਰਾਮ ਨਾਮ ਦੀ ਪ੍ਰਾਪਤੀ ਬੜੀ "ਦੁਲਭੁ" ਦੱਸੀ ਹੈ, ਬੜੀ ਔਖੀ ਦੱਸੀ ਹੈ ਕਿਉਂਕਿ "ਰਾਮ ਨਾਮ" ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਬਹੁਤ ਹੀ ਔਖੀ ਹੈ, ਗੁਰੂ ਪ੍ਰਮਾਤਮਾ ਦੀ ਆਪਣੀ ਕਿਰਪਾ ਬਿਨ੍ਹਾਂ ਕੋਈ ਰਾਮ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦਾ। ਰਾਮ ਨਾਮ ਨੂੰ ਤਾਂ ਹਰ ਕੋਈ ਭਾਲਦਾ ਹੈ ਭਾਵ ਲੱਭਦਾ ਹੈ। ਲੱਭਦਾ ਤਾਂ ਹਰ ਕੋਈ ਪ੍ਰਮਾਤਮਾ ਨੂੰ ਹੀ ਹੈ ਜੋ ਕਿ ਰਾਮ ਨਾਮ ਦੇ ਰੂਪ ਵਿੱਚ ਆਪ ਹੀ ਹੈ ਤੇ ਪੂਰੇ ਗੁਰੂ ਦੀ ਕਿਰਪਾ ਦੁਆਰਾ ਹੀ ਮਿਲ ਸਕਦਾ ਹੈ। ਉਸਦੇ ਭਾਣੇ ਵਿੱਚ ਚੱਲਣ ਦਾ ਉੱਦਮ ਕਰਨ ਦੁਆਰਾ ਮਿਲ ਸਕਦਾ ਹੈ। (**ਰਾਮ ਨਾਮੁ ਦੁਲਭੁ ਹੈ ਭਾਈ॥ ਗੁਰ ਪਰਸਾਦਿ ਵਸੈ ਮਨਿ ਆਈ ॥1॥ ਰਹਾਉ ॥ ਰਾਮ ਨਾਮੁ ਜਨ ਭਾਲਹਿ ਸੋਇ॥ ਪੂਰੇ ਗੁਰ ਤੇ ਪ੍ਰਾਪਤਿ ਹੋਇ॥2॥ ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ॥ ਗੁਰ ਕੈ ਸਬਦਿ ਨਾਮ ਨੀਸਾਣੁ॥3॥**) ਬਿਨ੍ਹਾਂ ਭਾਣੇ ਵਿੱਚ ਚੱਲਣ ਦੇ ਕੋਈ ਪ੍ਰਵਾਨ ਨਹੀਂ ਹੋ ਸਕਦਾ।

{ਭਾਣੇ ਵਿਚਿ ਕੋ ਵਿਰਲਾ ਆਇਆ॥}

(ਅੰਗ ੧੦੬੩)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

ਜਦੋਂ ਵੀ ਮਨੁੱਖ ਤੇ ਪ੍ਰਮਾਤਮਾ ਦੇ ਨਾਮ ਦਾ ਨਿਸ਼ਾਨ ਲੱਗਦਾ ਹੈ ਭਾਵ ਨਾਮ ਮਿਲਦਾ ਹੈ ਉਹ ਗੁਰੂ ਦੇ ਸ਼ਬਦ ਦੁਆਰਾ ਭਾਵ ਉਸਦਾ ਗਿਆਨ ਧਾਰਨ ਕਰਨ ਦੁਆਰਾ ਹੀ ਮਿਲਦਾ ਹੈ। ਉਸੇ ਪ੍ਰਮਾਤਮਾ ਨੂੰ ਸੇਵੋ ਜਿਸ ਦੀ ਕਲਾ ਸਭ ਵਿੱਚ ਵਰਤ ਰਹੀ ਹੈ, ਜਿਸਦਾ ਹੁਕਮ ਸਭ ਵਿੱਚ ਸਮਾਇਆ ਹੋਇਆ ਹੈ ਤੇ ਉਸਦੀ ਸੇਵਾ ਦੁਆਰਾ ਹੀ ਭਾਵ ਉਸਦੀ ਮਤਿ ਨੂੰ ਮੰਨਣ ਦੁਆਰਾ ਹੀ ਪ੍ਰਮਾਤਮਾ

ਦੇ ਨਾਲ, ਨਾਮ ਦੇ ਨਾਲ, ਪਿਆਰ ਬਣਦਾ ਹੈ ਭਾਵ ਮੇਲ ਹੁੰਦਾ ਹੈ। ਗੁਰੂ ਦੀ ਵਿਚਾਰਧਾਰਾ ਨੂੰ ਮੰਨਣਾ ਹੀ ਪ੍ਰਮਾਤਮਾ ਦੀ ਸੇਵਾ ਹੈ। ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜੋ ਤੇ ਹੋਰ ਕਿਸੇ ਦੀ ਮਤਿ ਦੇ ਨਾਲ ਨਾ ਜੁੜੋ ਜੋ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ, ਵੱਖਰੇ - ਵੱਖਰੇ ਨਾਮ ਸਮਝਾਉਂਦੇ ਹਨ। (ਸੋ ਸੇਵਹੁ ਜੋ ਕਲ ਰਹਿਆ ਧਾਰਿ ॥ ਨਾਨਕ ਗੁਰਮੁਖਿ ਨਾਮੁ ਪਿਆਰਿ ॥) ਨਾਮ ਨੂੰ ਮਨ ਵਿੱਚ ਵਸਾਉਣਾ ਕੀ ਹੈ, ਇਹ ਅਸੀਂ ਸਮਝ ਹੀ ਚੁੱਕੇ ਹਾਂ। ਪੰਜਾਂ ਵਿਕਾਰਾਂ ਤੋਂ ਛੁਟਕਾਰਾ ਪਾਉਣਾ ਹੀ ਆਪਣੇ ਅੰਦਰ ਨਾਮ ਨੂੰ ਵਸਾਉਣਾ ਹੈ।

“ਏਕ ਵਸਤੁ ਜੇ ਪਾਵੈ ਕੋਇ॥ ਪੂਰਨ ਕਾਜੁ ਤਾਹੀ ਕਾ ਹੋਇ॥
ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ॥ ਨਾਨਕ ਆਇਆ ਸੋ ਪਰਵਾਨੁ॥4॥”

(ਅੰਗ 1145)

ਉੱਪਰ ਵਾਲੇ ਸ਼ਬਦ ਨੂੰ ਪੜ੍ਹ ਕੇ ਭੁਲੇਖਾ ਆਪਣੇ ਆਪ ਹੀ ਦੂਰ ਹੋ ਜਾਂਦਾ ਹੈ ਕਿ “ਨਾਮੁ” ਕੀ ਹੈ ਅਤੇ ਕਿਸਨੂੰ ਜਪਣਾ ਹੈ।ਧਿਆਨ ਨਾਲ ਵਿਚਾਰੋ, “ਨਾਮੁ” ਦਾ ਮਿਲਣਾ “ਰੱਬ” ਦਾ ਮਿਲਣਾ ਹੈ। ਜੋ ਇਹ ਕਹਿੰਦੇ ਹਨ ਕਿ ਸਾਨੂੰ ਨਾਮ ਮਿਲਿਆ ਹੋਇਆ ਹੈ, ਕੀ ਉਨ੍ਹਾਂ ਨੂੰ ਰੱਬ ਮਿਲਿਆ ਹੋਇਆ ਹੈ? ਕੀ ਕੋਈ ਮਨੁੱਖ ਕਿਸੇ ਨੂੰ ਨਾਮ (ਰੱਬ) ਦੇ ਸਕਦਾ ਹੈ? ਇਸੇ ਲਈ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਆਪਣਾ ਨਾਮ ਗੁਰੂ ਭਾਵ ਪ੍ਰਮਾਤਮਾ ਆਪੇ ਹੀ ਦੇ ਸਕਦਾ ਹੈ। ਨਾਮ ਉਹੀ ਮਨੁੱਖ ਵੰਡਦੇ ਹਨ ਜਿਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ। ਆਓ ਅਗਰ ਸੱਚਾ ਨਾਮ ਲੈਣ ਦੀ ਇੱਛਾ ਰੱਖਦੇ ਹੋ, ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਰੱਖਦੇ ਹੋ, ਆਪਣਾ ਇਸ ਜਗ ਵਿੱਚ ਆਇਆ ਸਫਲ ਕਰਨਾ ਚਾਹੁੰਦੇ ਹੋ, ਪ੍ਰਮਾਤਮਾ ਨੂੰ ਪ੍ਰਵਾਨ ਹੋਣਾ ਚਾਹੁੰਦੇ ਹੋ, ਆਪਣਾ “ਕਾਜੁ” ਪੂਰਨ ਕਰਨਾ ਚਾਹੁੰਦੇ ਹੋ ਤਾਂ ਗੁਰੂ ਦੇ ਲੜ ਲੱਗੀਏ, ਪ੍ਰਮਾਤਮਾ ਦੀ ਬਾਣੀ ਦੇ ਲੜ ਲੱਗੀਏ। ਸਾਡੇ ਜੀਵਨ ਦਾ ਮਕਸਦ ਉਸ “ਏਕ ਵਸਤੁ” ਨੂੰ ਪ੍ਰਾਪਤ ਕਰਨ ਦਾ ਹੀ ਹੈ ਜੋ ਕਿ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦੀ ਇਹ “ਵਸਤੁ”, “ਨਾਮੁ” ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੀ ਇਸ “ਵਸਤੁ” ਦੇ ਰੂਪ ਵਿੱਚ ਹੀ ਹੈ, ਨਾਮ ਦੇ ਰੂਪ ਵਿੱਚ ਹੀ ਹੈ। ਇਸ ਵਸਤੂ ਦੀ ਪ੍ਰਾਪਤੀ ਗੁਰਬਾਣੀ ਦੀ ਮਤਿ ਨਾਲ ਜੁੜ ਕੇ ਹੀ ਹੋ ਸਕਦੀ ਹੈ, ਭਰਮਿਆਂ ਹੋਇਆਂ ਦੀ ਮਤਿ ਨੂੰ ਛੱਡ ਕੇ ਹੋ ਸਕਦੀ ਹੈ ਜਿਨ੍ਹਾਂ ਨੇ ਸਾਨੂੰ ਨਾਮ ਸਮਝਣ ਦੇ ਭਰਮ ਵਿੱਚ ਪਾਇਆ ਹੋਇਆ ਹੈ। ਨਾਮ ਦੀ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਕਿਸਨੂੰ ਆਪਣਾ ਨਾਮ ਬਖਸ਼ਣਾ ਚਾਹੁੰਦਾ ਹੈ, ਆਪਣਾ ਮੇਲ ਬਖਸ਼ਣਾ ਚਾਹੁੰਦਾ ਹੈ। (**ਏਕ ਵਸਤੁ ਜੇ ਪਾਵੈ ਕੋਇ॥ ਪੂਰਨ ਕਾਜੁ ਤਾਹੀ ਕਾ ਹੋਇ॥ ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ॥ ਨਾਨਕ ਆਇਆ ਸੋ ਪਰਵਾਨੁ॥**)

“ਗੁਰ ਮਿਲਿ ਤਿਆਗਿਓ ਦੂਜਾ ਭਾਉ॥
ਗੁਰਮੁਖਿ ਜਪਿਓ ਹਰਿ ਕਾ ਨਾਉ॥
ਬਿਸਰੀ ਚਿੰਤ ਨਾਮਿ ਰੰਗੁ ਲਾਗਾ॥
ਜਨਮ ਜਨਮ ਕਾ ਸੋਇਆ ਜਾਗਾ॥੧॥”

(ਅੰਗ ੧੧੪੭-੪੮)

ਉੱਪਰ ਵਾਲੇ ਸ਼ਬਦ ਨੂੰ ਥੋੜ੍ਹਾ ਜਿਹਾ ਵਿਚਾਰ ਕੇ ਹੀ ਸਮਝ ਲੱਗ ਜਾਂਦੀ ਹੈ ਕਿ ਨਾਮ ਜਪਣਾ ਕੀ ਹੈ। ਗੁਰਮਤਿ ਤੋਂ ਬਿਨ੍ਹਾਂ ਸਭ ਕੁੱਝ ਦੂਜਾ ਭਾਉ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਗੁਰਮਤਿ ਦੀ ਸੋਝੀ ਦਾ ਰੰਗ ਹੀ ਨਾਮ ਦਾ ਰੰਗ ਹੈ ਜਿਸਨੇ ਸਾਡਾ ਜਨਮਾਂ ਜਨਮਾਂ ਦਾ ਰੋਗ ਕੱਟਣਾ ਹੈ, ਅਗਿਆਨਤਾ ਦਾ ਰੋਗ ਕੱਟਣਾ ਹੈ। ਗੁਰੂ ਤੋਂ ਬਿਨ੍ਹਾਂ ਦੂਜਿਆਂ ਦੀ ਮਤਿ ਨਾਲ ਪਿਆਰ ਸਾਡਾ ਦੂਜਾ ਭਾਉ ਹੀ ਹੈ। ਦੂਜਾ ਭਾਉ ਉਹ ਹੀ ਤਿਆਗਦਾ ਹੈ ਜਿਸਦਾ ਗੁਰੂ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਿਸਨੂੰ ਗੁਰਮਤਿ ਦੀ ਸੋਝੀ ਪੈ ਜਾਂਦੀ ਹੈ। ਉਹ ਫਿਰ ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਨਹੀਂ ਮੰਨ ਸਕਦਾ। ਦੂਜਿਆਂ ਦੀ ਮਤਿ ਨਾਲ ਮੋਹ ਛੱਡ ਕੇ ਗੁਰੂ ਦੀ ਮਤਿ ਨੂੰ ਮੰਨਣਾ ਹੀ ਨਾਮ ਜਪਣਾ ਹੈ ਜੋ ਕਿ ਗੁਰਮੁਖਿ ਬਣ ਕੇ ਹੀ ਜਪਿਆ ਜਾ ਸਕਦਾ ਹੈ। (**ਗੁਰ ਮਿਲਿ ਤਿਆਗਿਓ ਦੂਜਾ ਭਾਉ॥ ਗੁਰਮੁਖਿ ਜਪਿਓ ਹਰਿ ਕਾ ਨਾਉ॥ ਬਿਸਰੀ ਚਿੰਤ ਨਾਮਿ ਰੰਗੁ ਲਾਗਾ॥ ਜਨਮ ਜਨਮ ਕਾ ਸੋਇਆ ਜਾਗਾ॥1॥**) ਸਾਡੇ ਮਨ ਦਾ ਸੌਣਾ ਕੀ ਹੈ, ਜਾਗਣਾ ਕੀ ਹੈ ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ

ਸਮਝਾਂਗੇ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕੋਈ ਵੀ ਸੁੱਤਾ ਹੋਇਆ ਨਹੀਂ ਜਾਗ ਸਕਦਾ। ਹਰ ਕਿਸੇ ਨੂੰ ਪ੍ਰਮਾਤਮਾ ਨੇ ਆਪਣੀ ਅਗਿਆਨਤਾ ਦੀ ਨੀਂਦ ਵਿੱਚ ਸੁਆਇਆ ਹੋਇਆ ਹੈ।

“ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ॥
ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ॥
ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ॥”

(ਅੰਗ 1422)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਸਤਿਗੁਰੂ ਦਾ ਹੁਕਮ ਮੰਨਣਾ ਕੀ ਹੈ। ਜਦੋਂ ਮਨੁੱਖ ਹਉਮੈ ਦੇ ਜ਼ੋਰ ਵਿੱਚ ਭਾਵ ਮਨਮਤਿ ਦੁਆਰਾ ਕਰਮ ਕਰਦਾ ਹੈ ਉਹ ਔਗੁਣਾਂ ਵਿੱਚ ਰਹਿੰਦਾ ਹੈ ਜਿਸਨੂੰ ਕਿ ਗੁਰੂ ਦਾ ਹੁਕਮ ਨਾ ਮੰਨਣ ਵਾਲਾ ਕਿਹਾ ਗਿਆ ਹੈ। ਇਹੋ ਜਿਹੇ ਕਰਮਾਂ ਦੁਆਰਾ ਮਾਇਆ ਮੋਹ ਤੋਂ ਮੁਕਤੀ ਨਹੀਂ ਪਾਈ ਜਾ ਸਕਦੀ। ਮੁਕਤੀ ਉਹ ਹੀ ਪਾ ਸਕਦਾ ਹੈ ਜਿਸ ਤੇ ਕ੍ਰਿਪਾ ਹੋ ਜਾਵੇ ਤੇ ਉਹ ਸਤਿਗੁਰੂ ਦੇ ਭਾਣੇ ਵਿੱਚ ਚੱਲੇ ਭਾਵ ਉਸਦੇ ਹੁਕਮ ਅਨੁਸਾਰ ਚੱਲੇ। ਜਿਸ ਮਨੁੱਖ ਨੂੰ ਪ੍ਰਮਾਤਮਾ ਔਗੁਣਾਂ ਤੋਂ ਬਚਾਉਂਦਾ ਹੈ, ਇਹ ਉਸਦੀ ਬਹੁਤ ਵੱਡੀ ਕ੍ਰਿਪਾ ਹੈ। ਇਸ ਗੱਲ ਨੂੰ ਸਮਝਣਾ ਬਹੁਤ ਹੀ ਔਖਾ ਹੈ ਕਿਉਂਕਿ ਅਸੀਂ ਉਸਦੀ ਕਿਰਪਾ ਕੇਵਲ ਆਪਣੀਆਂ ਇੱਛਾਵਾਂ ਦੀ ਪੂਰਤੀ ਨੂੰ ਹੀ ਸਮਝਦੇ ਹਾਂ, ਪਦਾਰਥਾਂ ਦੀ ਪੂਰਤੀ ਨੂੰ ਸਮਝਦੇ ਹਾਂ ਜੋ ਕਿ ਅਸਲੀਅਤ ਤੋਂ ਉਲਟ ਹੈ। ਆਪਣੀਆਂ ਇੱਛਾਵਾਂ ਦੀ ਪੂਰਤੀ ਦੁਆਰਾ ਅਸੀਂ ਹੋਰ ਵੀ ਮੋਹ ਮਾਇਆ ਵਿੱਚ ਫਸ ਜਾਂਦੇ ਹਾਂ। ਪ੍ਰਮਾਤਮਾ ਦੀਆਂ ਦਿੱਤੀਆਂ ਹੋਈਆਂ ਰਿੱਧੀਆਂ-ਸਿੱਧੀਆਂ ਨੂੰ ਵੀ ਅਸੀਂ ਉਸਦੀ ਬੜੀ ਵੱਡੀ ਕ੍ਰਿਪਾ ਸਮਝਦੇ ਹਾਂ ਜੋ ਕਿ ਕੇਵਲ ਸਾਨੂੰ ਪ੍ਰਮਾਤਮਾ ਤੋਂ ਦੂਰ ਹੀ ਕਰਦੀਆਂ ਹਨ। ਇਹ ਸਭ ਮੋਹ ਮਾਇਆ ਹੈ ਤੇ ਇਨ੍ਹਾਂ ਵਿੱਚੋਂ ਨਿਕਲ ਕੇ ਹੀ ਪ੍ਰਮਾਤਮਾ ਨੂੰ ਸਮਝਿਆ ਜਾ ਸਕਦਾ ਹੈ। ਦੁਤਰ ਤਰਨਾ, ਮਨ ਦੇ ਨਾਸਮਝ ਵਿਚਾਰਾਂ ਤੋਂ ਤਰਨਾ ਹੈ, ਮਨਮਤਿ ਤੋਂ ਤਰਨਾ ਹੈ, ਔਗੁਣਾਂ ਤੋਂ ਤਰਨਾ ਹੈ, ਮਾਇਆ ਮੋਹ ਤੋਂ ਤਰਨਾ ਹੈ, ਉਸ ਵਿੱਚੋਂ ਨਿਕਲਣਾ ਹੈ ਜਿਸ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ। ਦੁਤਰ ਸਾਡੇ ਮਨ ਦੀ ਨਾ ਸਮਝ ਮਤਿ ਹੈ, ਭਰਮਾਂ ਵਾਲੀ, ਅਗਿਆਨਤਾ ਵਾਲੀ ਸਮਝ ਹੈ ਭਾਵ ਸਾਡੇ ਮਨ ਦਾ ਹਨੇਰਾ ਹੈ, ਜਿਸ ਦੇ ਰਹਿੰਦਿਆਂ ਅਸੀਂ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਨਾ ਹੀ ਕਿਸੇ ਹੋਰ ਵਿੱਚ ਸਾਨੂੰ ਪ੍ਰਮਾਤਮਾ ਨਜ਼ਰ ਆ ਸਕਦਾ ਹੈ। ਇਸਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। (**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥1॥**) ਅੰਗ - 1429 । ਤੁਮ ਸਾਡੇ ਮਨ ਦਾ ਹਨੇਰਾ ਹੈ, ਅਗਿਆਨਤਾ ਵਾਲੀ ਸਮਝ ਹੈ ਜਿਸ ਵਿੱਚ ਪੂਰਾ ਸੰਸਾਰ ਹੀ ਹੈ। ਸਾਡੇ ਅੰਦਰ ਦੀ ਕੂੜੀ ਮਤਿ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਨਾ-ਸਮਝ ਮਤਿ ਹੀ ਹੈ ਤੇ ਇਹੀ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਹੈ ਜਿਸ ਵਿੱਚੋਂ ਅਸੀਂ ਨਿਕਲਣਾ ਹੈ ਭਾਵ ਤਰਨਾ ਹੈ ਜਿਸ ਵਿੱਚੋਂ ਤਰਨ ਦਾ ਸਾਧਨ ਕੇਵਲ ਗੁਰੂ ਦੀ ਸੱਚੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦਾ ਸੱਚਾ ਨਾਮ ਹੈ ਜਿਸਨੂੰ ਮੰਨਣ ਦੁਆਰਾ ਹੀ ਇਸ ਵਿੱਚੋਂ ਤਰਿਆ ਜਾ ਸਕਦਾ ਹੈ। (**ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ॥ ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ॥ ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ॥**)

“ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ॥4॥”

(ਅੰਗ ੪੯੪)

ਇਸ ਪੰਗਤੀ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਗੁਰਬਾਣੀ ਵਿੱਚ ਸਮਾਉਣਾ ਹੀ ਹਰਿ ਨਾਮ ਵਿੱਚ ਸਮਾਉਣਾ ਹੈ। ਨਾਮ ਗੁਰਬਾਣੀ ਹੈ, ਗੁਰਬਾਣੀ ਗੁਰੂ ਦੇ ਗੁਣ ਹਨ। ਜੋ ਮਨੁੱਖ ਬਾਣੀ ਦੇ ਗੁਣਾਂ ਨੂੰ ਬੋਲਦਾ ਹੈ ਭਾਵ ਬਾਣੀ ਦੇ ਗੁਣਾਂ ਅਨੁਸਾਰ, ਗਿਆਨ ਅਨੁਸਾਰ, ਉਪਦੇਸ਼ ਅਨੁਸਾਰ ਵਿਚਰਦਾ ਹੈ, ਇਹ ਹੀ ਗੁਰਬਾਣੀ ਦੇ ਵਿੱਚ, ਨਾਮ ਦੇ ਵਿੱਚ ਸਮਾਉਣਾ ਹੈ। ਸਾਰੀ ਗੱਲ ਗੁਣਾਂ ਦੀ ਹੀ ਹੈ ਭਾਵ ਗੁਣਾਂ ਨੂੰ ਅਪਨਾਉਣ ਦੀ ਹੈ ਜੋ ਕਿ ਔਗੁਣਾਂ ਨੂੰ ਤਿਆਗਣ ਦੁਆਰਾ ਹੀ ਅਪਣਾਏ ਜਾ ਸਕਦੇ ਹਨ। ਗੁਰਬਾਣੀ ਵਿੱਚ ਤੇ ਨਾਮ ਵਿੱਚ ਕੋਈ ਭੇਦ ਨਹੀਂ ਹੈ। ਇਹ ਗੱਲ ਬਾਣੀ ਸਾਨੂੰ ਆਪ ਹੀ ਵਾਰ-ਵਾਰ ਸਮਝਾ ਰਹੀ ਹੈ। ਕੇਵਲ ਗੁਰਬਾਣੀ ਗੁਰੂ ਦੀ ਗੱਲ ਤੇ ਭਰੋਸਾ ਕਰਨ ਦੀ ਲੋੜ ਹੈ। (**ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ॥**)

“ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ॥
ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ॥

ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ॥32॥”

(ਅੰਗ ੧੪੧੬)

ਗੁਰੂ ਦਾ ਫੁਰਮਾਨ ਬੜਾ ਸਪੱਸ਼ਟ ਹੈ। ਗੁਰੂ ਦੇ ਸ਼ਬਦ ਬਿਨ੍ਹਾਂ ਮੁਕਤੀ ਨਹੀਂ ਹੈ। ਗੁਰੂ ਦੇ ਸ਼ਬਦਾਂ ਰਾਹੀਂ ਸਾਨੂੰ ਸੱਚਾ ਗਿਆਨ ਹੀ ਮਿਲਦਾ ਹੈ ਜੋ ਸਾਨੂੰ ਮਨ ਦੇ ਭਰਮਾਂ ਤੋਂ ਮੁਕਤ ਕਰਦਾ ਹੈ। ਅਸੀਂ ਮਨ ਦੇ ਭਰਮਾਂ ਤੋਂ ਹੀ ਮੁਕਤ ਹੋਣਾ ਹੈ ਤੇ ਅੱਗੇ ਚੱਲਕੇ ਮੁਕਤੀ ਨੂੰ ਬਰੀਕੀ ਨਾਲ ਸਮਝਾਂਗੇ। ਗੁਰੂ ਦਾ ਸ਼ਬਦ ਕੀ ਹੈ ਤੇ ਸ਼ਬਦ ਦੁਆਰਾ ਮਰਨਾ ਕੀ ਹੈ ਇਹ ਅਸੀਂ ਪਿੱਛੇ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ ਤੇ ਅੱਗੇ ਜਾ ਕੇ ਹੋਰ ਵੀ ਬਰੀਕੀ ਨਾਲ ਜਾਣਾਗੇ। ਆਓ ਗੁਰੂ ਦੇ ਸ਼ਬਦ ਭਾਵ ਉਸਦੇ ਗਿਆਨ ਨੂੰ ਅਪਣਾ ਕੇ, ਉਸ ਤੇ ਅਮਲ ਕਰਕੇ ਭਾਵ ਗੁਰੂ ਦੀ ਮਤਿ ਲੈ ਕੇ ਆਪਣੀ ਮਤਿ ਤਿਆਗੀਏ, ਆਪਣਾ ਆਪ ਮਾਰੀਏ ਭਾਵ ਆਪਣਾ ਮਨ ਮਾਰੀਏ ਭਾਵ ਆਪਣੀ ਮਤਿ ਛੱਡੀਏ ਭਾਵ ਸ਼ਬਦ ਦੁਆਰਾ ਮਰੀਏ ਤੇ ਪ੍ਰਮਾਤਮਾ ਨੂੰ ਪਾਈਏ। ਘੱਟੋ ਘੱਟ ਕੋਸ਼ਿਸ਼ ਜਰੂਰ ਕਰੀਏ ਭਾਵ ਉੱਦਮ ਕਰੀਏ। ਅੱਗੇ ਸਤਿਗੁਰੂ ਵੱਧ ਤੋਂ ਵੱਧ ਕਰਵਾਉਣ ਲਈ ਆਪ ਹੀ ਤਤਪਰ ਹੈ। ਗੁਰੂ ਦੇ ਸ਼ਬਦ ਦੀ ਸਮਝ ਨੂੰ ਆਪਣੇ ਅੰਦਰ ਵਸਾਉਣਾ ਹੀ ਸ਼ਬਦੇ ਮਰਨਾ ਹੈ। (**ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ॥ ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ॥ ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ॥**) ਸ਼ਬਦ ਨੂੰ ਆਪਣੇ ਅੰਦਰ ਵਸਾਉਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਵੇਂ ਅਸੀਂ ਪਿੱਛੇ ਵੀ ਸਮਝਿਆ ਹੈ।

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥1॥}

(ਅੰਗ 236)

“ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥
ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ
ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ॥੩੭॥”

(ਅੰਗ ੯੨੨)

ਆਓ ਇਸ ਸ਼ਬਦ ਨੂੰ ਚੰਗੀ ਤਰ੍ਹਾਂ ਵਿਚਾਰੀਏ। ਇਸ ਸ਼ਬਦ ਵਿੱਚ ਨਾਮ ਨੂੰ ਸੁਣਨ ਦਾ ਹੁਕਮ ਹੈ। ਇੱਕ ਪੰਗਤੀ ਵਿੱਚ ਸੱਚੀ ਬਾਣੀ ਨੂੰ ਸੁਣਨ ਦਾ ਹੁਕਮ ਹੈ ਤੇ ਨਾਲ ਹੀ ਅਗਲੀ ਪੰਗਤੀ ਵਿੱਚ ਅੰਮ੍ਰਿਤ ਨਾਮ ਸੁਣਨ ਦਾ ਹੁਕਮ ਹੈ। ਧਿਆਨ ਨਾਲ ਵਿਚਾਰੋ ਕਿ ਅੰਮ੍ਰਿਤ ਬਾਣੀ ਤੇ ਅੰਮ੍ਰਿਤ ਨਾਮ ਵਿੱਚ ਕੀ ਫਰਕ ਹੈ? ਇਹ ਅੰਮ੍ਰਿਤ ਨਾਮ ਕਿੱਥੋਂ ਸੁਣਨਾ ਹੈ ਤੇ ਕਿਸਨੇ ਸੁਨਾਉਣਾ ਹੈ। ਕੀ ਅੰਮ੍ਰਿਤ ਬਾਣੀ ਤੋਂ ਇਲਾਵਾ ਸਾਡੇ ਕੋਲ ਹੋਰ ਕੁੱਝ ਹੈ ਜਿਸ ਦੇ ਨਾਲ ਸਾਨੂੰ ਜੁੜਨ ਦਾ ਭਾਵ ਮੰਨਣ ਦਾ ਹੁਕਮ ਹੈ। ਕੀ ਉਹ “ਅੰਮ੍ਰਿਤ ਨਾਮੁ” ਬਾਣੀ ਤੋਂ ਬਾਹਰੋਂ ਕਿਤੋਂ ਸੁਣਨਾ ਹੈ। ਗੁਰਬਾਣੀ ਰਾਹੀਂ ਸਾਨੂੰ ਅੱਠੇ ਪਹਿਰ ਗੁਰਬਾਣੀ ਨਾਲ ਜੁੜੇ ਰਹਿਣ ਦਾ ਹੁਕਮ ਵੀ ਸਮਝਾਇਆ ਹੋਇਆ ਹੈ ਤੇ ਅੱਠੇ ਪਹਿਰ ਨਾਮ ਨਾਲ ਜੁੜਨ ਦਾ ਹੁਕਮ ਵੀ ਸੁਣਾਇਆ ਹੋਇਆ ਹੈ। ਅੱਗੇ ਚੱਲਕੇ ਸਮਝਾਂਗੇ। ਕੀ ਇਹ ਇਸ ਤਰ੍ਹਾਂ ਨਹੀਂ ਲੱਗਦਾ ਕਿ ਅਸੀਂ ਨਾਮ ਨੂੰ ਪਹਿਚਾਨਣ ਵਿੱਚ ਕੋਈ ਭੁੱਲ ਕੀਤੀ ਹੈ। ਸਾਰੀ ਬਾਣੀ ਵਿੱਚ ਨਾਮ ਦੀ ਗੱਲ ਹੈ ਤੇ ਅਨੇਕਾਂ ਹੀ ਸ਼ਬਦਾਂ ਦੁਆਰਾ ਵਿੱਚੇ ਹੀ ਸਮਝਾਇਆ ਹੋਇਆ ਹੈ ਕਿ ਨਾਮ ਕੀ ਹੈ ਤੇ ਨਾਮ ਜਪਣਾ ਕੀ ਹੈ। ਇਹ ਭੁਲੇਖਾ ਸਾਨੂੰ ਕਿੱਥੋਂ ਪਿਆ ਤੇ ਕਿਵੇਂ ਪਿਆ, ਜਦੋਂ ਇਸ ਦਾ ਪਿੱਛਾ ਕਰਾਂਗੇ ਤਾਂ ਇਹ ਵੀ ਸਮਝ ਲੱਗ ਜਾਵੇਗੀ। ਗੱਲ ਕੇਵਲ ਸੱਚੀ ਬਾਣੀ ਤੇ ਕੱਚੀ ਬਾਣੀ ਵਿੱਚ ਪਹਿਚਾਣ ਕਰਨ ਦੀ ਹੈ। ਇਸਦੀ ਚਰਚਾ ਅੱਗੇ ਚੱਲ ਕੇ ਕਰਾਂਗੇ। ਬਾਣੀ ਸੁਣਨ ਦੀ ਤੇ ਨਾਮ ਸੁਣਨ ਦੀ ਗੱਲ ਇਕੱਠੀ ਹੀ ਕੀਤੀ ਗਈ ਹੈ। ਕੀ ਅਸੀਂ ਦੋਨੋਂ ਗੱਲਾਂ ਇਕੱਠੀਆਂ ਸੁਣ ਸਕਦੇ ਹਾਂ?

ਸੁਣਨ ਵਾਲਾ ਮਨ ਤਾਂ ਇੱਕ ਹੀ ਹੈ ਤੇ ਫਿਰ ਵੱਖਰੀਆਂ ਵੱਖਰੀਆਂ ਗੱਲਾਂ ਇਕੱਠੀਆਂ ਕਿਵੇਂ ਸੁਣਾਂਗੇ, ਧਿਆਨ ਕਿਸ ਵੱਲ ਰੱਖਾਂਗੇ। ਧਿਆਨ ਤਾਂ ਇੱਕ ਵੱਲ ਹੀ ਰੱਖਿਆ ਜਾ ਸਕਦਾ ਹੈ, ਇੱਕ ਵੱਲੋਂ ਤਾਂ ਬੇ-ਧਿਆਨ ਹੋਣਾ ਹੀ ਪਵੇਗਾ। ਜੇਕਰ ਅਸੀਂ ਇਹ ਮੰਨ ਲਈਏ ਕਿ ਦੋਨਾਂ ਵਿੱਚ ਕੋਈ ਫਰਕ ਹੀ ਨਹੀਂ ਹੈ, ਕੀ ਅਸੀਂ ਸੌਖੇ ਨਹੀਂ ਹੋ ਜਾਵਾਂਗੇ ਤੇ ਸਾਡੀ ਦੁਬਿਧਾ ਵੀ ਮਿਟ ਜਾਵੇਗੀ ਕਿ ਕਿਸ ਵੱਲ ਧਿਆਨ ਦੇਈਏ ਤੇ ਕਿਸ ਵੱਲ ਨਾ ਦੇਈਏ। ਧਿਆਨ ਤਾਂ ਪ੍ਰਮਾਤਮਾ ਵਿੱਚ ਹੀ ਰੱਖਣਾ ਹੈ ਤੇ ਆਓ ਪ੍ਰਮਾਤਮਾ ਵਿੱਚ ਵੰਡੀਆਂ ਨਾ ਪਾਈਏ ਭਾਵ ਕਿਤੇ ਉਸਨੂੰ ਜ਼ਿਆਦਾ ਵੱਡਾ ਕਰਕੇ ਜਾਣੀਏ ਤੇ ਕਿਤੇ ਘੱਟ ਵੱਡਾ ਕਰਕੇ ਜਾਣੀਏ। ਜਦੋਂ ਸਾਨੂੰ ਇਸ ਗੱਲ ਤੇ ਭਰੋਸਾ ਆ ਜਾਵੇਗਾ ਕਿ ਗੁਰੂ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ਫਿਰ ਬਾਣੀ ਸੁਣਨ ਤੇ ਨਾਮ ਸੁਣਨ ਵਿੱਚ ਭੇਦ ਮਿਟ ਜਾਵੇਗਾ। ਜਦੋਂ ਖੁਦ ਬਾਣੀ ਸਾਨੂੰ ਸੈਂਕੜੇ ਸ਼ਬਦਾਂ ਰਾਹੀਂ ਵਾਰ-ਵਾਰ ਇਹ ਸਮਝਾ ਰਹੀ ਹੈ ਕਿ ਗੁਰੂ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ਤੇ ਫਿਰ ਅਸੀਂ ਕੌਣ ਹੁੰਦੇ ਹਾਂ ਇਹ ਭੇਦ ਬਣਾਉਣ ਵਾਲੇ। ਕੀ ਇਹ ਗੁਰੂ ਦੇ ਹੁਕਮ ਦੀ ਨਾ ਫੁਰਮਾਨੀ ਨਹੀਂ ਹੈ। ਕੀ ਇਹ ਭੇਦ ਸਮਝ ਕੇ ਨਾਮ ਜਪਿਆ ਜਾ ਸਕਦਾ ਹੈ। ਠੰਡੇ ਜਿਗਰੇ ਨਾਲ ਵਿਚਾਰੋ। (**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥**) ਗੁਰੂ ਦੀ ਗੱਲ ਨੂੰ, ਨਾਮ ਨੂੰ ਸੁਣਨ ਤੋਂ ਭਾਵ ਗੁਰੂ ਦੀ ਗੱਲ ਨੂੰ ਸੁਣਕੇ ਉਸਨੂੰ ਮੰਨਣ ਨਾਲ ਹੀ ਹੁੰਦਾ ਹੈ।

ਅੱਗੇ ਦਿੱਤੇ ਜਾ ਰਹੇ ਸ਼ਬਦਾਂ ਨੂੰ ਵਿਚਾਰੀਏ ਤੇ ਹੋਰ ਗਹਿਰਾਈ ਨਾਲ ਸਮਝੀਏ ਕਿ ਨਾਮ ਕਿਵੇਂ ਜਪਣਾ ਹੈ। ਇਨ੍ਹਾਂ ਸ਼ਬਦਾਂ ਰਾਹੀਂ ਮਨੁੱਖ ਨੂੰ ਔਗੁਣ ਛੱਡਣ ਲਈ ਹੀ ਪ੍ਰੇਰਿਆ ਹੋਇਆ ਹੈ ਕਿਉਂਕਿ ਔਗੁਣਾਂ ਦੇ ਰਹਿੰਦਿਆਂ ਨਾਮ ਨਹੀਂ ਜਪਿਆ ਜਾ ਸਕਦਾ ਤੇ ਜਿਹੋ ਜਿਹਾ ਨਾਮ ਅਸੀਂ ਜਪਦੇ ਹਾਂ ਉਸ ਨੂੰ ਛਡਣ ਲਈ ਸਮਝਾਇਆ ਹੋਇਆ ਹੈ।

“ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥
ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ॥
ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥
ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ॥
ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ॥੧੬॥”

(ਅੰਗ ੧੨੪੪)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਮਨੁੱਖ ਜਿਹੋ ਜਿਹੀ ਬਿਰਤੀ ਰੱਖਦਾ ਹੈ ਫਲ ਵੀ ਉਹੋ ਜਿਹਾ ਹੀ ਮਿਲਦਾ ਹੈ। ਕੇਵਲ ਕਥਨੀ ਕਰੀ ਜਾਣ ਨਾਲ ਮਨੁਖ ਦੀ ਬਿਰਤੀ ਨਹੀਂ ਬਦਲਦੀ।

ਜਦੋਂ ਤੱਕ ਮਨੁੱਖ ਦੇ ਹਿਰਦੇ ਅੰਦਰ ਕਪਟ ਹੈ, ਇਹੋ ਜਿਹੀ ਅਵੱਸਥਾ ਵਿੱਚ ਪ੍ਰਮਾਤਮਾ ਨੂੰ ਜਪਣ ਦਾ ਮਨੋਰਥ ਕਦੇ ਵੀ ਪੂਰਾ ਨਹੀਂ ਹੋ ਸਕਦਾ ਕਿਉਂਕਿ ਸਾਡੇ ਮਨ ਦੀ ਮਾੜੀ ਬਿਰਤੀ ਕੇਵਲ ਕਥਨੀ ਦੁਆਰਾ ਕਦੇ ਚੰਗੀ ਬਿਰਤੀ ਵਿੱਚ ਨਹੀਂ ਬਦਲ ਸਕਦੀ, ਸਾਡੇ ਮਨ ਦੀ ਮੈਲ ਨਹੀਂ ਨਿਕਲ ਸਕਦੀ, ਸਾਡੇ ਔਗੁਣ ਨਹੀਂ ਨਿਕਲ ਸਕਦੇ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ ਕਿ ਅਸੀਂ ਸੱਚੇ ਸੁੱਚੇ ਬਣੀਏ। ਸਾਡੀ ਮਾੜੀ ਬਿਰਤੀ ਦੀ ਤੁਲਨਾ ਨਿੰਮ ਦੇ ਪੇੜ ਤੇ ਸੱਪ ਨਾਲ ਕਰਕੇ ਦੱਸੀ ਹੈ। ਨਿੰਮ ਦੇ ਰਸ ਵਿੱਚ ਕੁੜੱਤਣ ਹੁੰਦੀ ਹੈ ਪਰ ਜੇਕਰ ਉਸ ਨੂੰ ਅੰਮ੍ਰਿਤ ਨਾਲ ਸਿੰਚਿਆ ਜਾਵੇ ਭਾਵ ਚੰਗੇ ਜਲ, ਪਵਿੱਤਰ ਜਲ ਨਾਲ ਸਿੰਚਿਆ ਜਾਵੇ ਤੇ ਤਾਂ ਵੀ ਉਸਦੀ ਕੁੜੱਤਣ ਦੂਰ ਨਹੀਂ ਹੁੰਦੀ ਭਾਵ ਨਿੰਮ ਦੀ ਮਾੜੀ ਬਿਰਤੀ ਦੂਰ ਨਹੀਂ ਹੁੰਦੀ, ਨਿੰਮ ਦਾ ਸੁਭਾਅ ਨਹੀਂ ਬਦਲਦਾ ਤੇ ਇਸੇ ਤਰ੍ਹਾਂ ਜੇਕਰ ਮਾੜੀ ਬਿਰਤੀ ਵਾਲਾ ਮਨੁੱਖ ਜਿਤਨਾ ਮਰਜ਼ੀ ਚੰਗਾ ਅੱਖਰ ਜਪੀ ਜਾਵੇ, ਪਵਿੱਤਰ ਬਾਣੀ, ਅੰਮ੍ਰਿਤ ਬਾਣੀ ਦੇ ਬੋਲ ਬੋਲੀ ਜਾਵੇ, ਇਸ ਨਾਲ ਮਨੁੱਖ ਦਾ ਮਾੜਾ ਸੁਭਾਅ ਨਹੀਂ ਬਦਲ ਸਕਦਾ, ਮਨ ਦੇ ਵਿਕਾਰ ਦੂਰ ਨਹੀਂ ਹੋ ਸਕਦੇ, ਮਨੋਰਥ ਦੀ ਪੂਰਤੀ ਨਹੀਂ ਹੁੰਦੀ। ਸੱਪ ਦੇ ਅੰਦਰ ਜ਼ਹਿਰ ਹੈ, ਬਿਖ ਹੈ ਤੇ ਉਸਦੇ ਅੱਗੇ ਜਿਤਨੇ ਮਰਜ਼ੀ ਮੰਤਰ ਬੋਲੀਏ, ਅੰਮ੍ਰਿਤ ਰੂਪ ਦੁੱਧ ਪਿਆਈਏ ਪਰ ਉਸਦਾ ਜ਼ਹਿਰ ਨਹੀਂ ਨਿਕਲਦਾ ਭਾਵ ਉਸਦਾ ਮਾੜਾ ਸੁਭਾਅ ਦੂਰ ਨਹੀਂ ਹੁੰਦਾ ਤੇ ਇਸੇ ਤਰ੍ਹਾਂ ਮਾੜੀ ਬਿਰਤੀ ਵਾਲਾ ਮਨੁੱਖ ਜਿਤਨੇ ਮਰਜ਼ੀ ਮੰਤਰ ਜਪੀ ਜਾਵੇ, ਕੋਈ ਅੱਖਰ ਰੂਪ ਮੰਤਰ ਦਾ ਜਾਪ ਕਰੀ ਜਾਵੇ, ਦੁੱਧ ਵਰਗਾ ਪਵਿੱਤਰ ਭੋਜਨ ਛਕੀ ਜਾਵੇ, ਪਰ ਇਹਨਾਂ ਗੱਲਾਂ ਨਾਲ ਮਨੁੱਖ ਦਾ ਹਿਰਦਾ ਪਵਿੱਤਰ ਨਹੀਂ ਹੋ ਸਕਦਾ, ਮਨ ਦੇ ਵਿਕਾਰ ਨਹੀਂ ਨਿਕਲ ਸਕਦੇ ਭਾਵ ਇਹੋ ਜਿਹੇ ਤਰੀਕਿਆਂ ਨਾਲ ਕੀਤੀ ਭਗਤੀ, ਕਥਨੀ ਦੁਆਰਾ ਕੀਤੀ ਭਗਤੀ ਕਿਸੇ ਲੇਖੇ ਨਹੀਂ ਪੈਂਦੀ। ਇਹੋ ਜਿਹੇ ਜਪਣ ਵਾਲਿਆਂ ਨੂੰ, ਮਨ ਦੇ ਮੈਲਿਆਂ ਨੂੰ ਮਨਮੁੱਖ ਕਿਹਾ ਹੈ, ਮਨਮਤਿ ਵਾਲੇ ਕਿਹਾ ਹੈ ਜੋ ਕਿ ਗੁਰੂ ਦੇ ਨਾਲ ਨਹੀਂ ਭਿੱਜ ਸਕਦੇ।

ਗੁਰੂ ਨਾਲ ਭਿੱਜਣਾ, ਗੁਰੂ ਦੀ ਮਤਿ ਨਾਲ ਭਿੱਜਣਾ ਹੈ ਜੋ ਕਿ ਵਿਕਾਰ ਛੱਡ ਕੇ ਹੀ ਭਿੱਜਿਆ ਜਾ ਸਕਦਾ ਹੈ। ਜਿਵੇਂ ਕਿ ਇੱਕ ਪੱਥਰ ਨੂੰ ਨਵਾਉਣ ਨਾਲ ਉਹ ਭਿੱਜਦਾ ਨਹੀਂ ਭਾਵ ਗਿੱਲਾ ਨਹੀਂ ਹੁੰਦਾ, ਪਾਣੀ ਉਸ ਦੇ ਅੰਦਰ ਨਹੀਂ ਜਾਂਦਾ, ਇਸੇ ਤਰ੍ਹਾਂ ਸਾਡੇ ਸਰੀਰਕ ਜਪ ਤਪ ਕੇਵਲ ਇੱਕ ਪੱਥਰ ਨੂੰ ਨਵਾਉਣ ਵਾਲੀ ਗੱਲ ਹੈ ਜਿਸ ਦੁਆਰਾ ਗੁਰੂ ਸਾਡੇ ਨਾਲ ਨਹੀਂ ਭਿੱਜਦਾ। ਜਦ ਤੱਕ ਸਾਡਾ ਮਨ ਗੁਰੂ ਦੀ ਮਤਿ ਨਾਲ ਨਹੀਂ ਭਿੱਜਦਾ ਗੁਰੂ ਸਾਡੇ ਨਾਲ ਨਹੀਂ ਭਿੱਜ ਸਕਦਾ।

ਬਿਖ ਵਾਲੀ ਬਿਰਤੀ ਵਿੱਚ ਰਹਿੰਦਿਆਂ, ਔਗੁਣਾਂ ਵਿੱਚ ਰਹਿੰਦਿਆਂ, ਮਾੜੇ ਕਰਮ ਕਰਦੇ ਹੋਏ ਜਿਤਨਾ ਮਰਜ਼ੀ ਸਰੀਰਕ ਜਪ ਤਪ ਕਰੀ ਜਾਈਏ, ਗੁਰੂ ਨੂੰ ਪੜ੍ਹੀ ਸੁਣੀ ਜਾਈਏ ਪਰ ਫਲ ਸਾਨੂੰ ਮਾੜੇ ਕਰਮਾਂ ਦਾ ਹੀ ਮਿਲਦਾ ਹੈ ਭਾਵ ਮਾੜਾ ਹੀ ਮਿਲਦਾ ਹੈ ਤੇ ਅੰਮ੍ਰਿਤ ਫਲ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਫਲ ਨਹੀਂ ਮਿਲ ਸਕਦਾ ਭਾਵ ਇਹੋ ਜਿਹੀ ਭਗਤੀ ਦਾ ਕੋਈ ਲਾਭ ਨਹੀਂ ਤੇ ਅਸੀਂ ਮਾੜੇ ਕਰਮਾਂ ਦੀਆਂ ਸਜਾਵਾਂ ਤੋਂ ਨਹੀਂ ਬੱਚ ਸਕਦੇ। **(ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ॥)** ਸਾਡੇ ਅੰਦਰ ਦੀ ਬਿਖ, ਮਾਇਆ ਮੋਹ, ਵਿਕਾਰਾਂ ਵਾਲੀ ਬਿਰਤੀ ਗੁਰਮਤਿ ਦੀ ਸੰਗਤਿ ਕਰਨ ਨਾਲ ਹੀ ਜਾਂਦੀ ਹੈ। **(ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥ ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ॥ ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥ ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ॥ ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ॥੧੬॥)**

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥1॥}

(ਅੰਗ ੭੩੨)

“ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥”

(ਅੰਗ ੧੩੪੩)

ਇਸ ਪੰਗਤੀ ਨੂੰ ਹਮੇਸ਼ਾਂ ਯਾਦ ਰੱਖੀਏ ਤੇ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕਿ ਸਾਡੀ ਸਾਰੀ ਕਰਨੀ ਨੂੰ ਸੱਚੀ ਤੇ ਸੁੱਚੀ ਬਣਾਵੇ। ਬੱਸ ਇਹੋ ਇੱਕੋ ਇੱਕ ਤਰੀਕਾ ਹੈ ਜਿਸ ਦੁਆਰਾ ਉਸ ਨੂੰ ਪੂਜਿਆ, ਜਪਿਆ ਜਾ ਸਕਦਾ ਹੈ। ਇਸ ਤੋਂ ਬਿਨ੍ਹਾਂ ਬਾਕੀ ਸਭ ਪਾਖੰਡ ਤੇ ਨਿਰੀ ਖੁਆਰੀ ਹੈ। ਇਸ ਪੰਗਤੀ ਵਿੱਚ ਜਪਣੀ ਦਾ ਸਾਰ ਦਿੱਤਾ ਹੋਇਆ ਹੈ ਕਿ ਪ੍ਰਮਾਤਮਾ ਦੀ ਪੂਜਾ ਕਿਵੇਂ ਹੋ ਸਕਦੀ ਹੈ ਭਾਵ ਗੁਰੂ ਵੱਲੋਂ ਸੱਚੇ ਹੋ ਕੇ ਹੀ ਹੋ ਸਕਦੀ ਹੈ ਭਾਵ ਗੁਰੂ ਦੇ ਦੱਸੇ ਹੋਏ ਸੱਚੇ ਮਾਰਗ ਤੇ ਚੱਲ ਕੇ ਹੀ ਹੋ ਸਕਦੀ ਹੈ। ਸਾਡੇ ਹਿਰਦੇ ਅੰਦਰ “ਸਚੁ” ਤਾਂ ਹੀ ਵੱਸੇਗਾ ਜੇਕਰ ਸਾਡੇ ਸਾਰੇ ਔਗੁਣ ਨਿਕਲ ਜਾਣਗੇ। “ਸਚੁ” ਰੂਪ ਵਿੱਚ ਆਪ ਪ੍ਰਮਾਤਮਾ ਹੈ ਤੇ ਉਸਦੇ ਅੰਦਰ ਵੱਸਣ ਦੁਆਰਾ ਹੀ ਮਨੁੱਖ ਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ, ਗੁਰਮਤਿ ਦੀ ਪੂਰੀ ਸੋਝੀ ਪੈਂਦੀ ਹੈ ਤੇ ਮਨੁੱਖ ਵਿਕਾਰਾਂ ਤੋਂ ਮੁਕਤ ਹੁੰਦਾ ਹੈ। ਬੋਲ ਬੋਲ ਕੇ ਅਸੀਂ ਸੱਚੇ ਨਹੀਂ ਬਣ ਸਕਦੇ। ਝੂਠ ਨੂੰ ਛੱਡਣ ਨਾਲ ਹੀ ਮਨੁੱਖ ਸੱਚਾ ਬਣ ਸਕਦਾ ਹੈ।

“ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ॥੪॥”

(ਅੰਗ ੭੬੪)

ਬੜੀ ਸਾਫ ਗੱਲ ਹੈ ਕਿ ਸਾਡੇ ਔਗੁਣ ਗੁਰੂ ਦੇ ਗਿਆਨ ਦੁਆਰਾ ਹੀ ਜਾ ਸਕਦੇ ਹਨ ਗੁਰੂ ਦੇ ਸ਼ਬਦ ਤੇ ਅਮਲ ਕਰਨ ਦੁਆਰਾ ਹੀ ਜਾ ਸਕਦੇ ਹਨ ਤੇ ਸਾਡੇ ਅੰਦਰ ਗੁਣ ਆ ਸਕਦੇ ਹਨ। ਪ੍ਰਮਾਤਮਾ ਨਾਲ ਮੇਲ ਗੁਣਾਂ ਦੁਆਰਾ ਹੀ ਹੋ ਸਕਦਾ ਹੈ। ਉਹ ਕੇਵਲ ਗੁਣਾਂ ਦਾ ਹੀ ਗਾਹਕ ਹੈ। ਆਓ ਆਪਣੀ ਜਪਣੀ ਗੁਣਾਂ ਵਾਲੀ ਬਣਾਈਏ ਤੇ ਅਸਲੀਅਤ ਨੂੰ ਸਮਝੀਏ, ਸ਼ਬਦ ਨੂੰ ਜਪਣ ਦਾ ਅਸਲ ਮਨੋਰਥ ਸਮਝੀਏ। ਸ਼ਬਦ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ ਗੁਣੀ ਬਣਾਉਣ ਦਾ ਹੀ ਹੈ। ਸ਼ਬਦ ਨੂੰ ਰਟੀ ਜਾਣ ਨਾਲ ਸਾਡੇ ਔਗੁਣ ਦੂਰ ਨਹੀਂ ਹੋਣੇ। ਸ਼ਬਦ ਦੀ ਗੱਲ ਨੂੰ ਮੰਨ ਕੇ ਹੀ ਔਗੁਣ ਨਿਕਲ ਸਕਦੇ ਹਨ ਤੇ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। (**ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ॥**) ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਤਾਂ ਇਸੇ ਤਰੀਕੇ ਹੀ ਪਾਇਆ ਹੈ ਤੇ ਤਾਂ ਹੀ ਸੰਸਾਰ ਨੂੰ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਇਸ ਤਰੀਕੇ ਪਾਉ ਜੋ ਕਿ ਅਵਗੁਣ ਛੱਡਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਵਾਰ-ਵਾਰ ਬਾਣੀ ਸਾਨੂੰ ਇਹੋ ਕੁੱਝ ਹੀ ਸਮਝਾ ਰਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਅਸੀਂ ਅੱਗੇ ਚੱਲਕੇ ਵੀ ਸਮਝਣਾ ਹੈ ਕਿਉਂਕਿ ਪ੍ਰਮਾਤਮਾ ਨੂੰ ਪਾਉਣ ਦਾ ਕੋਈ ਹੋਰ ਤਰੀਕਾ ਹੈ ਹੀ ਨਹੀਂ। ਇਹ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ।

“ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥
ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥”

“ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥
ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ॥”

(ਅੰਗ ੭੬੬)

ਗੁਰੂ ਨੂੰ ਮਿਲਣ ਲਈ ਪੌੜੀਆਂ ਸੱਚ ਦੀਆਂ ਹੀ ਚੜ੍ਹਨੀਆਂ ਪੈਂਦੀਆਂ ਹਨ **(ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥)** ਤੇ ਤਾਂ ਹੀ ਸੱਚੇ ਸੁੱਖ ਦੀ ਭਾਵ ਪ੍ਰਮਾਤਮਾ ਦੀ, ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਸੱਚ ਗੁਰੂ ਦੇ ਗਿਆਨ ਦੁਆਰਾ ਹੀ ਆ ਸਕਦਾ ਹੈ, ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣ ਦੁਆਰਾ ਹੀ ਆ ਸਕਦਾ ਹੈ। ਜਦ ਤੱਕ ਸਾਡੇ ਮਨ ਵਿੱਚ ਮੈਲ ਹੈ ਭਾਵ ਝੂਠੀ ਮਤਿ ਹੈ ਤਦ ਤੱਕ ਅਸੀਂ ਅੰਮ੍ਰਿਤ ਨਹੀਂ ਪੀਤਾ ਭਾਵ ਗੁਰਮਤਿ ਸਾਡੇ ਅੰਦਰ ਨਹੀਂ ਵੱਸੀ, ਤਦ ਤੱਕ ਅਸੀਂ ਨਾਮ ਨਹੀਂ ਜਪਿਆ। ਜਦ ਤੱਕ ਸਾਡੇ ਅੰਦਰ ਮੈਲ ਹੈ ਅਸੀਂ ਵਿਅਰਥ ਹੀ ਜਪ ਤਪ ਕਰ ਰਹੇ ਹਾਂ। ਕਿਸੇ ਲੇਖੇ ਨਹੀਂ। ਆਪਣੇ ਆਪ ਨੂੰ ਸੱਚਾ ਬਨਾਉਣਾ ਹੀ ਉਸਦੀ ਭਗਤੀ ਹੈ ਜਿਸ ਲਈ ਕੇਵਲ ਮਨ ਨੂੰ ਮਾਰਨ ਦੀ ਲੋੜ ਹੈ, ਮਨ ਦੇ ਵਿਕਾਰਾਂ ਨੂੰ ਮਾਰਨ ਦੀ ਲੋੜ ਹੈ, ਕਿਸੇ ਸਰੀਰਕ ਕਿਰਿਆ ਦੀ ਲੋੜ ਨਹੀਂ ਹੈ। (**ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ॥**)

“ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥
ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥੩॥”

(ਅੰਗ ੭੬੬)

ਉੱਪਰ ਪਹਿਲੀ ਪੰਗਤੀ ਰਾਹੀਂ ਹੀ ਇਹ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਗੁਣ ਇਕੱਠੇ ਕੀਤੇ ਬਿਨ੍ਹਾਂ ਪ੍ਰਮਾਤਮਾ ਦਾ ਵਾਸਾ ਸਾਡੇ ਮਨ ਵਿੱਚ ਨਹੀਂ ਹੁੰਦਾ ਭਾਵ ਉਸਦੀ ਆਪਣੇ ਅੰਦਰੋਂ ਪਹਿਚਾਣ ਨਹੀਂ ਹੁੰਦੀ। ਸਾਡੀ ਪ੍ਰਮਾਤਮਾ ਨਾਲ ਸਾਂਝ ਸਾਡੇ ਗੁਣਾਂ ਦੁਆਰਾ ਹੀ ਪੈ ਸਕਦੀ ਹੈ ਤੇ ਗੁਣਾਂ ਦੇ ਵੱਸਣ ਨਾਲ ਹੀ ਸਾਡੇ ਔਗੁਣ ਨਿਕਲਦੇ ਹਨ ਭਾਵ ਅੰਮ੍ਰਿਤ ਦੀ ਪ੍ਰਾਪਤੀ ਔਗੁਣ ਛੱਡਣ ਨਾਲ ਤੇ ਗੁਣਾਂ ਨੂੰ ਧਾਰਨ ਕਰਨ ਦੁਆਰਾ ਹੀ ਹੋ ਸਕਦੀ ਹੈ। ਇਹ ਹੀ ਸ਼ਬਦੇ ਮਰਨਾ ਹੈ, ਇਹ ਹੀ ਮਨ ਦਾ ਮਾਰਨ ਹੈ ਤੇ ਇਹ ਹੀ ਨਾਮ ਜਪਣਾ ਹੈ। ਸ਼ਬਦ ਦੀਆਂ ਕੁੱਝ ਗੱਲਾਂ ਨੂੰ ਅੱਗੇ ਚੱਲਕੇ ਸਮਝਾਂਗੇ। **(ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥)**

“ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ॥
ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ॥੩॥
ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ॥
ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ॥”

(ਅੰਗ ੭੬੬)

ਸਾਰੀ ਗੱਲ ਸੱਚੀ ਮਤਿ ਭਾਵ ਗੁਰੂ ਦੇ ਸੱਚੇ ਗਿਆਨ ਦੀ ਹੈ। ਅਸੀਂ ਐਸਾ ਗਿਆਨ ਆਪਣੇ ਅੰਦਰ ਧਾਰੀਏ ਜਿਹੜਾ ਗੁਰੂ ਨੂੰ ਚੰਗਾ ਲਗਦਾ ਹੈ ਭਾਵ ਕੇਵਲ ਗੁਰਬਾਣੀ ਦਾ ਗਿਆਨ ਜੋ ਕਿ ਕੇਵਲ ਗੁਰੂ ਦੀ ਕ੍ਰਿਪਾ ਦੁਆਰਾ ਹੀ ਮਿਲ ਸਕਦਾ ਹੈ ਤੇ ਇਸ ਦੇ ਦੁਆਰਾ ਹੀ ਔਗੁਣ ਨਿਕਲ ਸਕਦੇ ਹਨ ਤੇ ਸੱਚ ਵਸ ਸਕਦਾ ਹੈ। ਬਿਨਾਂ ਸੱਚ ਤੋਂ ਨਾਮ ਦੀ ਪ੍ਰਾਪਤੀ ਨਹੀਂ ਹੈ। ਸੱਚ ਕੇਵਲ

ਉਹ ਹੀ ਗੱਲ ਹੈ ਜੋ ਗੁਰੂ ਨੂੰ ਭਾਉਂਦੀ ਹੈ ਭਾਵ ਜੋ ਗੁਰੂ ਨੂੰ ਨਹੀਂ ਭਾਉਂਦਾ ਉਹ ਸੱਚ ਨਹੀਂ ਹੈ **(ਤੁਧੁ ਭਾਵੈ ਸਚੁ ਸੋਈ)**। ਸੱਚ ਕੇਵਲ ਗੁਰੂ ਦੀ ਮਤਿ ਹੈ। ਸੱਚ ਹੀ ਪ੍ਰਮਾਤਮਾ ਆਪ ਹੈ। ਗੁਰੂ ਦੀ ਮਤਿ ਤੇ ਪੂਰੀ ਤਰ੍ਹਾਂ ਚੱਲੇ ਬਿਨਾਂ ਭਾਵ ਸੱਚ ਤੇ ਚੱਲੇ ਬਿਨਾਂ ਉਸ ਸੱਚ ਨੂੰ, ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। "ਸਚੁ" ਉਹਨਾਂ ਨੇ ਜਾਣਿਆ ਹੈ ਜਿਨ੍ਹਾਂ ਦਾ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਤੇ ਉਹਨਾਂ ਨੇ ਹੀ ਸਾਨੂੰ ਪੂਰੀ ਗੁਰਬਾਣੀ ਰਾਹੀਂ ਸੱਚ ਸਮਝਾਇਆ ਹੈ, ਸੱਚੀ ਮਤਿ ਸਮਝਾਈ ਹੈ, ਗੁਰਮਤਿ ਸਮਝਾਈ ਹੈ। ਗੁਰੂ ਦੀ ਸੱਚੀ ਮਤਿ ਨਾਲ ਜੁੜ ਕੇ ਹੀ, ਔਗੁਣ ਰਹਿਤ ਹੋ ਕੇ ਹੀ ਅਸੀਂ ਆਵਾਗਉਣ ਤੋਂ ਨਿਕਲ ਸਕਦੇ ਹਾਂ ਭਾਵ ਪ੍ਰਮਾਤਮਾ ਨੂੰ ਪਾ ਸਕਦੇ ਹਾਂ। (**ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ॥**) ਜਦ ਤਕ ਸਾਡੇ ਅੰਦਰ ਸੱਚੀ ਮਤਿ ਨਹੀਂ ਹੈ, ਸੱਚੀ ਸਮਝ ਨਹੀਂ ਹੈ ਤਦ ਤਕ ਹੀ ਅਸੀਂ ਆਪਣੇ ਆਪ ਨੂੰ ਮਨੁਖੀ ਰੂਪ ਸਮਝਦੇ ਹਾਂ ਤੇ ਆਪਣੇ ਆਪ ਨੂੰ ਆਵਾ ਗਉਣ ਵਿਚ ਸਮਝਦੇ ਹਾਂ ਜੋ ਕਿ ਸਾਡੇ ਅੰਦਰ ਦੀ ਨਾ ਸਮਝੀ ਹੈ, ਹਉਮੈ ਹੈ। ਸੱਚੀ ਮਤਿ ਵਸਣ ਦੁਆਰਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ ਤੇ ਸਭ ਵਿਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ। ਆਪਣੀ ਸੱਚੀ ਮਤਿ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ। ਗੁਰੂ ਦਾ ਅੰਜਨੁ ਗੁਰੂ ਦੀ ਸਚੀ ਮਤਿ ਹੈ ਜੋ ਅੰਜਨ ਸਾਡੇ ਅੰਦਰ ਦੀ ਮਤਿ ਦੇ ਪਾਉਣ ਦਾ ਅੰਜਨ ਹੈ। ਇਹ ਅੰਜਨ, ਸੱਚ ਦਾ ਅੰਜਨ ਹੈ ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ ਤੇ ਸਾਡੀ ਮਤਿ ਨੂੰ ਭਰਮਾਂ ਵਾਲੀ ਸਮਝ ਦੇ ਵਿਚੋਂ ਕੱਢਦਾ ਹੈ। (**ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ॥ ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ॥**)

"ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ॥
ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ॥੨॥
ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਹਾਰੇ॥
ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ॥੩॥
ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ॥
ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ॥੪॥"

(ਅੰਗ ੮੧੫)

ਇਸ ਸ਼ਬਦ ਰਾਹੀਂ ਬਹੁਤ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜਦ ਤੱਕ ਮਨੁੱਖ ਦੇ ਅੰਦਰ ਝੂਠੀ ਸਮਝ ਹੈ, ਝੂਠ ਦੀ ਸਮੱਗਰੀ ਹੈ ਭਾਵ ਜਦ ਤੱਕ ਮਨੁੱਖ ਭਰਮਾਂ, ਵਿਕਾਰਾਂ ਤੇ ਲੋਭ ਮੋਹ ਆਦਿ ਵਿੱਚ ਫਸਿਆ ਹੋਇਆ ਹੈ ਉਹ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਭਾਵ ਉਹ ਗੁਰੂ ਦੇ ਗਿਆਨ ਵਾਲਾ ਨਹੀਂ ਹੈ। ਮਨੁੱਖ ਨੂੰ ਵਿਕਾਰਾਂ ਵਿੱਚੋਂ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਤੇ ਇਸ ਲਈ ਉਸਦੇ ਅੱਗੇ ਬੇਨਤੀ ਕਰਨੀ ਚਾਹੀਦੀ ਹੈ ਕਿ ਪ੍ਰਮਾਤਮਾ ਤੂੰ ਮੈਨੂੰ ਆਪਣਾ ਨਾਮ ਦੇਹ ਭਾਵ ਮੈਨੂੰ ਆਪਣੇ ਗੁਣ ਦੇਹ ਭਾਵ ਆਪਣੇ ਭਾਣੇ ਵਿੱਚ ਚਲਾ ਤਾਂ ਕਿ ਮੈਂ ਤੈਨੂੰ ਜਾਣ ਸਕਾਂ, ਮਿਲ ਸਕਾਂ। ਸਾਡੀ ਬੇਨਤੀ ਤਾਂ ਹੀ ਪ੍ਰਵਾਨ ਹੋ ਸਕਦੀ ਹੈ ਜੇਕਰ ਅਸੀਂ ਆਪਣੇ ਤਨੋ ਮਨੋ ਵਿਕਾਰ ਛੱਡਣ ਲਈ ਤਿਆਰ ਹੋਈਏ, ਕੇਵਲ ਪੜ੍ਹੀ ਸੁਣੀ ਜਾਣ ਦੁਆਰਾ ਗੱਲ ਨਹੀਂ ਬਣ ਸਕਦੀ। ਉੱਦਮ ਵੀ ਕਰਨਾ ਪਵੇਗਾ ਕਿ ਵਿਕਾਰਾਂ ਵਿੱਚੋਂ ਨਿਕਲੀਏ ਭਾਵ ਗੁਰੂ ਦੀ ਗੱਲ ਨੂੰ ਮੰਨੀਏ, ਪ੍ਰਮਾਤਮਾ ਸੱਚੀ ਅਰਦਾਸ ਹੀ ਕਬੂਲ ਕਰਦਾ ਹੈ। ਸਾਡਾ ਵਿਕਾਰਾਂ ਨੂੰ ਛੱਡਣ ਦਾ ਸੱਚਾ ਉੱਦਮ ਹੀ ਸਾਡੀ ਗੁਰੂ ਪ੍ਰਮਾਤਮਾ ਅੱਗੇ ਸੱਚੀ ਅਰਦਾਸ ਹੈ। ਜਿਸ ਲਈ ਕਥਨੀ ਦੀ ਨਹੀਂ ਕਰਨੀ ਦੀ ਜਰੂਰਤ ਹੈ। ਪ੍ਰਮਾਤਮਾ ਦੇ ਕੋਲੋਂ ਉਸਦਾ ਨਾਮ ਮਿਲੇ ਬਿਨ੍ਹਾਂ ਉਸਦੇ ਨਾਲ ਸਾਧਸੰਗਿ ਨਹੀਂ ਹੁੰਦਾ। ਸਾਧਸੰਗਿ ਅਸੀਂ ਪਿੱਛੇ ਵੀ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। (**ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥2॥ ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਹਾਰੇ ॥ ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥3॥ ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ ॥ ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ ॥**)

"ਸਾਕਤ ਕੂੜ ਕਪਟ ਮਹਿ ਟੇਕਾ॥ ਅਹਿਨਿਸਿ ਨਿੰਦਾ ਕਰਹਿ ਅਨੇਕਾ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ॥9॥"

(ਅੰਗ ੧੦੩0)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਤੇ ਇਹ ਸਮਝ ਲੱਗੇਗੀ ਕਿ ਜਦ ਤੱਕ ਮਨੁੱਖ ਦੇ ਅੰਦਰ ਕੂੜ ਕਪਟ ਹੈ ਉਹ ਗੁਰੂ ਦੀ ਨਿੰਦਾ ਚੁਗਲੀ ਵਿੱਚ ਰਹਿੰਦਾ ਹੈ, ਉਹ ਪ੍ਰਮਾਤਮਾ ਨੂੰ ਨਹੀਂ ਸਿਮਰ ਰਿਹਾ ਭਾਵ ਸਿਮਰਨ ਦੇ ਉਲਟ ਚੱਲ ਰਿਹਾ ਹੈ। ਜੋ ਵੀ ਕੰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਸ ਵਿੱਚ ਅਸੀਂ ਗੁਰੂ ਦੀ ਨਿੰਦਾ ਹੀ ਕਰਦੇ ਹਾਂ। ਪ੍ਰਮਾਤਮਾ ਨੂੰ ਸਿਮਰਨਾ ਉਸਦੇ ਗੁਣਾਂ ਵਿੱਚ ਰਹਿਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪਹਿਲਾਂ ਹੀ ਜਾਣ ਚੁੱਕੇ ਹਾਂ। ਨਿੰਦਾ ਕੀ ਹੈ, ਸੰਤ ਦੀ ਨਿੰਦਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਸਮਝਾਂਗੇ। (**ਸਾਕਤ ਕੂੜ ਕਪਟ ਮਹਿ ਟੇਕਾ॥ ਅਹਿਨਿਸਿ ਨਿੰਦਾ ਕਰਹਿ ਅਨੇਕਾ॥ ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ॥**) ਗਰਭ ਜੋਨ ਕੀ ਹੈ, ਨਰਕ ਕੀ ਹੈ ਇਨਾਂ ਗੱਲਾਂ ਨੂੰ ਲੇਖ ਵਿੱਚ ਕਾਫੀ ਅੱਗੇ ਚੱਲਕੇ ਸਮਝਾਂਗੇ।

“ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ॥
ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ॥੧॥”

(ਅੰਗ ੬੧੭)

ਮਨੁੱਖ ਦੀ ਪ੍ਰਮਾਤਮਾ ਅੱਗੇ ਕੀ ਅਰਦਾਸ ਹੋਣੀ ਚਾਹੀਦੀ ਹੈ ਇਸ ਸ਼ਬਦ ਰਾਹੀਂ ਸਮਝਾਈ ਹੋਈ ਹੈ। ਸ਼ਬਦ ਦਾ ਭਾਵ ਬਿਲਕੁਲ ਸਪੱਸ਼ਟ ਹੈ। ਪ੍ਰਮਾਤਮਾ ਦੇ ਨੇੜੇ ਲੱਗਣ ਦਾ ਤਰੀਕਾ ਵਿਕਾਰਾਂ ਨੂੰ ਛੱਡਣਾ ਹੈ ਭਾਵ ਜਦ ਤੱਕ ਅਸੀਂ ਵਿਕਾਰਾਂ ਵਿੱਚ ਹਾਂ, ਅਸੀਂ ਆਪਣੇ ਵੱਲੋਂ ਭਾਵੇਂ ਪ੍ਰਮਾਤਮਾ ਨੂੰ ਜਪੀ ਜਾਂਦੇ ਹਾਂ ਪਰ ਅਸਲ ਵਿੱਚ ਸਾਡੀ ਪ੍ਰਮਾਤਮਾ ਤੋਂ ਦੂਰੀ ਬਣੀ ਹੋਈ ਹੈ। ਇਹ ਦੂਰੀ ਤਾਂ ਹੀ ਮਿਟ ਸਕਦੀ ਹੈ ਜੇ ਆਪ ਪ੍ਰਮਾਤਮਾ ਕ੍ਰਿਪਾ ਕਰਕੇ ਸਾਨੂੰ ਔਗੁਣ ਕਰਨ ਤੋਂ ਬਚਾ ਲਵੇ। ਜੇਕਰ ਅਸੀਂ ਅਰਦਾਸ ਸੱਚੀ ਕਰਨੀ ਹੈ ਤਾਂ ਫਿਰ ਆਪਣੇ ਮਨ ਨੂੰ ਵੀ ਪੱਕਾ ਕਰਨਾ ਪਵੇਗਾ। ਆਪਣਾ ਮਨ ਪੱਕਾ ਕੀਤੇ ਬਿਨ੍ਹਾਂ ਅਰਦਾਸ ਨਹੀਂ ਹੋ ਸਕਦੀ। ਗੁਰੂ ਦੇ ਦੱਸੇ ਮਾਰਗ ਨੂੰ ਸਮਝ ਕੇ ਉਸ ਤੇ ਚੱਲਣ ਲਈ ਤਿਆਰ ਵੀ ਹੋਣਾ ਪਵੇਗਾ ਜੋ ਉਸ ਦੇ ਅੱਗੇ ਅਰਦਾਸ ਕਰਨ ਦਾ ਤਰੀਕਾ ਹੈ। ਔਗੁਣ ਛੱਡਣ ਦਾ ਉੱਦਮ ਅਸੀਂ ਹੀ ਕਰਨਾ ਹੈ ਜਿਵੇਂ ਕਿ ਸਾਨੂੰ ਗੁਰੂ ਵਾਰ-ਵਾਰ ਸਮਝਾ ਰਹਿਆ ਹੈ ਕਿ ਔਗੁਣ ਛੱਡੋ। ਗੱਲਾਂ ਕਰਨ ਨਾਲ, ਮੂੰਹੋਂ ਬੋਲੀ ਜਾਣ ਨਾਲ ਅਰਦਾਸ ਨਹੀਂ ਹੋ ਸਕਦੀ। ਸੱਚ ਤੇ ਚੱਲਣ ਦਾ ਉੱਦਮ ਕਰਨਾ ਹੀ ਪ੍ਰਮਾਤਮਾ ਦੇ ਅੱਗੇ ਅਰਦਾਸ ਕਰਨ ਦਾ ਤਰੀਕਾ ਹੈ। ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। (**ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ॥ ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ॥**) ਪ੍ਰਮਾਤਮਾ ਅੱਗੇ ਸੱਚੀ ਬੇਨਤੀ ਤਾਂ ਹੀ ਹੁੰਦੀ ਹੈ ਜੇਕਰ ਪਹਿਲਾਂ ਮਨੁੱਖ ਸੱਚ ਤੇ ਚੱਲਣ ਦਾ ਉਪਰਾਲਾ ਕਰੇ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥}

(ਅੰਗ ੪੬੮)

“ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥੧॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ॥੧॥ਰਹਾਉ॥
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥੨॥
ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥
ਆਵਾ ਗਉਨੁ ਨਿਵਾਰਿਆ ਹੈ ਸਾਚਾ ਸੋਈ॥੩॥
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ॥
ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ॥੪॥
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥

ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ॥੫॥"

(ਅੰਗ ੭੨੯)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਸਾਡਾ ਜਪੁ ਤਪੁ ਕਿਹੋ ਜਿਹਾ ਹੋਵੇ ਜਿਸ ਨਾਲ ਅਸੀਂ ਭਵਜਲ ਪਾਰ ਕਰ ਸਕੀਏ ਤੇ ਸਾਡਾ ਪ੍ਰਾਮਤਮਾ ਨੂੰ ਮਿਲਣ ਦਾ ਮਾਰਗ ਸੌਖਾ ਹੋ ਜਾਵੇ।

ਸਾਰਾ ਜਪੁ ਤਪੁ ਗੁਰਬਾਣੀ ਦੇ ਰੰਗ ਵਿੱਚ ਰਚ ਕੇ ਭਾਵ ਨਾਮ ਦੇ ਰੰਗ ਵਿੱਚ ਰਚ ਕੇ ਹੀ ਹੋ ਸਕਦਾ ਹੈ। ਨਾਮ ਦੇ ਰੰਗ ਵਿੱਚ ਰਚਣਾ ਕੀ ਹੈ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਇਹ ਗੱਲ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣ ਚੁੱਕੇ ਹਾਂ। ਨਾਮ ਦੇ ਰੰਗ ਵਿੱਚ ਰਚਣਾ ਉਸਦੇ ਗੁਣਾਂ ਵਿੱਚ ਰਚਣਾ ਹੈ ਤੇ ਜੋ ਮਨੁੱਖ ਉਸਦੇ ਗੁਣਾਂ ਵਿੱਚ ਰਚ ਜਾਂਦਾ ਹੈ ਭਾਵ ਚੱਲ ਪੈਂਦਾ ਹੈ, ਉਸਦਾ ਚੋਲਾ ਭਾਵ ਉਸਦਾ ਮਨ ਹਮੇਸ਼ਾਂ ਗੁਰੂ ਦੇ ਰੰਗ ਵਿੱਚ ਹੀ ਰਹਿੰਦਾ ਹੈ ਭਾਵ ਉਹ ਉਸਦੇ ਗੁਣਾਂ ਦੁਆਰਾ ਹੀ ਵਿਚਰਦਾ ਹੈ। ਆਪਣੇ ਜਪ ਤਪ ਦੇ ਬੇੜੇ ਨੂੰ ਅਸੀਂ ਉਛਲਦੇ ਹੋਏ ਸਰੋਵਰ ਵਿੱਚੋਂ ਕੱਢਣਾ ਹੈ। ਇਹ ਉਛਲਦਾ ਹੋਇਆ ਸਰੋਵਰ ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਹੈ, ਸਾਡੀਆਂ ਇੱਛਾਵਾਂ ਦਾ, ਤ੍ਰਿਸ਼ਨਾਵਾਂ ਦਾ ਸਾਗਰ ਹੈ ਜੋ ਹਰ ਵੇਲੇ ਸਾਡੇ ਅੰਦਰ ਉਛਲਦੀਆਂ ਰਹਿੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਲਈ ਮਨੁੱਖ ਔਗੁਣਾਂ ਵਿੱਚ ਪੈਂਦਾ ਹੈ ਤੇ ਮਾੜੇ ਕਰਮ ਕਰਦਾ ਹੈ। ਆਪਣੇ ਅੰਦਰ ਦੀਆਂ ਤ੍ਰਿਸ਼ਨਾਵਾਂ ਨੂੰ ਵੱਸ ਵਿੱਚ ਰੱਖਣਾ ਹੀ ਮਾਇਆ ਮੋਹ ਦੇ ਸਾਗਰ ਵਿੱਚੋਂ ਲੰਘਣਾ ਹੈ ਜੋ ਕਿ ਗੁਣੀ ਬਣ ਕੇ ਹੀ ਲੰਘਿਆ ਜਾ ਸਕਦਾ ਹੈ ਭਾਵ ਨਾਮ ਜਪਣ ਦੁਆਰਾ, ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਲੰਘਿਆ ਜਾ ਸਕਦਾ ਹੈ। ਗੁਣੀ ਬਣ ਕੇ ਵਿਚਰਨਾ ਹੀ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਨਾ ਹੀ ਸਾਡਾ ਜਪ ਤਪ ਹੈ ਜਿਸ ਦੁਆਰਾ ਸਾਡਾ ਬੇੜਾ ਪਾਰ ਹੁੰਦਾ ਹੈ ਤੇ ਮਨ ਦੇ ਵਿੱਚ ਹੀ ਸੱਚੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। (**ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥੧॥ ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ॥੧॥ਰਹਾਉ॥**) ਅਸੀਂ ਆਪਣਾ ਜਪ ਤਪ ਕਿਸ ਰੂਪ ਵਿੱਚ ਦਿਖਾਉਣਾ ਹੈ, ਕਿਸ ਤਰੀਕੇ ਮਾਇਆ ਮੋਹ ਦੇ ਸਾਗਰ ਨੂੰ ਪਾਰ ਕਰਨਾ ਹੈ, ਕਿਸ ਤਰੀਕੇ ਆਪਣੇ ਆਪ ਨੂੰ ਗੁਰੂ ਦੇ ਰੰਗ ਵਿੱਚ ਰੰਗਣਾ ਹੈ, ਕਿਸ ਤਰੀਕੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥੨॥"

"ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ" ਇਸ ਤੋਂ ਭਾਵ ਹੈ ਅਸੀਂ ਆਪਣੇ ਸੱਜਣ ਪਿਆਰੇ ਭਾਵ ਪ੍ਰਮਾਤਮਾ ਕੋਲ ਕਿਵੇਂ ਜਾਈਏ ਭਾਵ ਉਸ ਨਾਲ ਮੇਲ ਕਿਵੇਂ ਹੋਵੇ। ਇਸ ਦਾ ਜਵਾਬ ਨਾਲ ਹੀ ਦਿੱਤਾ ਹੋਇਆ ਹੈ। **"ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ"** ਭਾਵ ਪ੍ਰਮਾਤਮਾ ਉਸ ਨੂੰ ਹੀ ਆਪਣੇ ਨਾਲ ਮੇਲਦਾ ਹੈ ਜਿਸ ਵਿੱਚ ਉਸਦੇ ਦੱਸੇ ਹੋਏ ਗੁਣ ਹੋਣਗੇ ਭਾਵ ਜੋ ਉਸਦੇ ਉਪਦੇਸ਼ ਤੇ ਚੱਲੇਗਾ ਭਾਵ ਜੋ ਔਗੁਣਾਂ ਨੂੰ ਤਿਆਗ ਕੇ ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਅਪਣਾਵੇਗਾ। ਜਿਸਦਾ ਇੱਕ ਵਾਰੀ ਪ੍ਰਮਾਤਮਾ ਨਾਲ ਮੇਲ ਹੋ ਜਾਵੇ ਫਿਰ ਉਹ ਕਦੇ ਨਹੀਂ ਵਿਛੜਦਾ ਭਾਵ ਜੇਕਰ ਕੋਈ ਇਹ ਕਹੇ ਕਿ ਪ੍ਰਮਾਤਮਾ ਨਾਲ ਮੇਲ ਹੋਣ ਤੋਂ ਬਾਅਦ ਉਸ ਨਾਲ ਵਿਛੋੜਾ ਵੀ ਹੋ ਜਾਂਦਾ ਹੈ ਇਹੋ ਜਿਹੀ ਗੱਲ ਉਹ ਹੀ ਕਰਦੇ ਹਨ ਜੋ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ, ਆਕਾਰ ਰੂਪ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ ਭਾਵ ਜਿਨ੍ਹਾਂ ਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਹੈ, ਉਸਦੇ ਨਿਰੰਕਾਰ ਰੂਪ ਦੀ ਸੋਝੀ ਨਹੀਂ ਹੈ, ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਦੇਖਿਆ ਤੇ ਕੇਵਲ ਭਰਮ ਵਿੱਚ ਹੀ ਹਨ ਜਿਵੇਂ ਕਿ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਇਹ ਮੇਲ ਮਨ ਦੇ ਵਿੱਚ ਹੁੰਦਾ ਹੈ ਤੇ ਮਨ ਮਨੁੱਖ ਤੋਂ ਕਦੇ ਵਿਛੜ ਹੀ ਨਹੀਂ ਸਕਦਾ। ਆਪਣੇ ਮਨ ਦੀ ਸਮਝ ਤੋਂ ਮਨੁੱਖ ਵਿਛੜ ਕਿਵੇਂ ਸਕਦਾ ਹੈ। ਮਨ ਦੀ ਸਮਝ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਮਨੁੱਖੀ ਸਰੀਰ ਉਸਦਾ ਆਪਣਾ ਹੀ ਰੂਪ ਹੈ ਜਿਸ ਨਾਲ ਫਿਰ ਵਿਛੋੜਾ ਹੋ ਹੀ ਨਹੀਂ ਸਕਦਾ। (**ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥ ਆਵਾ ਗਉਨੁ ਨਿਵਾਰਿਆ ਹੈ ਸਾਚਾ ਸੋਈ॥**)

{ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥}

(ਅੰਗ - 249)

ਉਸਦੇ ਮੇਲ ਦੁਆਰਾ ਹੀ ਮਨੁੱਖ ਦਾ ਆਵਾਗਉਣ ਛੁਟਦਾ ਹੈ ਤੇ ਉਸਦਾ ਆਪਾ ਮਿਟਦਾ ਹੈ। **"ਸੀਤਾ ਹੈ ਚੋਲਾ"** ਤੋਂ ਭਾਵ ਹੈ ਮਨ ਦੇ ਵਿੱਚ ਮਨੁੱਖੀ ਸਮਝ ਦਾ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਨਾਲ ਸੀਤਾ ਜਾਣਾ ਭਾਵ ਜੁੜ ਜਾਣਾ ਭਾਵ ਮੇਲ ਹੋ ਜਾਣਾ ਤੇ ਮਨ ਦੇ ਵਿੱਚ ਆਪਣੇ ਆਪ ਦੀ ਸਮਝ ਪੈ ਜਾਣੀ, ਪ੍ਰਮਾਤਮਾ ਦੀ ਸਮਝ ਪੈ ਜਾਣੀ। ਪ੍ਰਮਾਤਮਾ ਦੀ ਮਹਿਮਾ ਮਨ ਦੇ ਵਿੱਚ ਉਸ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। **(ਤਿਥੈ ਸੀਤੋ ਸੀਤਾ ਮਹਿਮਾ ਮਾਹਿ॥)** ਭਾਵ ਜਿਸ ਮਨ ਨੂੰ ਮਨੁੱਖ ਆਪਣਾ ਸਮਝਦਾ ਹੈ ਉਸ ਦੇ ਵਿੱਚੋਂ ਪ੍ਰਮਾਤਮਾ ਦੀ ਪਹਿਚਾਣ ਹੋ ਜਾਣੀ ਤੇ ਦੋਨਾਂ ਦਾ ਇੱਕ ਹੋ ਜਾਣਾ ਭਾਵ ਦੁਚਿੱਤੀ ਮਿਟ ਕੇ ਇੱਕ ਚਿੱਤ ਹੋ ਜਾਣਾ। ਇਹ ਪ੍ਰਮਾਤਮਾ ਦਾ ਮੇਲ ਹੀ ਨਾਮ ਫਲ ਹੈ। ਇਹ ਫਲ ਗੁਰੂ ਦੇ ਬਚਨਾਂ ਦੁਆਰਾ, ਅੰਮ੍ਰਿਤ ਬੋਲਾਂ ਦੁਆਰਾ ਭਾਵ ਗੁਰੂ ਪ੍ਰਮਾਤਮਾ ਦੇ ਬਚਨਾਂ, ਬੋਲਾਂ ਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣ ਕੇ, ਆਪਣੇ ਸੱਚ ਕੋਲੋਂ ਸੁਣ ਕੇ ਮਿਲਦਾ ਹੈ, ਇਹ ਫਲ ਉਹ ਆਪ ਦਿੰਦਾ ਹੈ। ਸਾਡੀ ਹਉਮੈ ਮਾਰਨ ਦੁਆਰਾ ਦਿੰਦਾ ਹੈ,ਮਨ ਦੀ ਅਗਿਆਨਤਾ ਕੱਢਣ ਦੁਆਰਾ ਦਿੰਦਾ ਹੈ। **(ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ॥)** ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਬੋਲ ਹਨ ਜੋ ਅੰਮ੍ਰਿਤ ਰੂਪ ਪ੍ਰਮਾਤਮਾ ਦੇ ਕੋਲੋਂ ਹੀ ਆਏ ਹਨ। ਇਹ ਅੰਮ੍ਰਿਤ ਬੋਲ ਹੀ ਪ੍ਰਮਾਤਮਾ ਦਾ ਨਾਮ ਹਨ ਜੋ ਨਾਮ ਪੂਰੀ ਗੁਰਬਾਣੀ ਵਿੱਚ ਹੈ।

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥2॥}

(ਅੰਗ 1208)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥}

(ਅੰਗ 1243)

"ਕਰਤ ਬਿਕਾਰ ਦੋਊ ਕਰ ਝਾਰਤ॥ਰਾਮ ਰਤਨੁ ਰਿਦ ਤਿਲੁ ਨਹੀ ਧਾਰਤ॥"

(ਅੰਗ ੭੪੩)

ਇਸ ਸ਼ਬਦ ਰਾਹੀਂ ਸਪੱਸ਼ਟ ਹੈ ਕਿ ਮਨੁੱਖ ਦੇ ਆਪਣੇ ਵੱਲੋਂ ਕੀਤੇ ਗਏ ਧਰਮ ਦੇ ਉਪਰਾਲੇ ਵਿਅਰਥ ਹੀ ਚਲੇ ਜਾਂਦੇ ਹਨ **(ਦੋਊ ਕਰ ਝਾਰਤ),** ਜਦ ਤੱਕ ਉਹ ਵਿਕਾਰ ਨਹੀਂ ਛੱਡਦਾ। ਇਹੋ ਜਿਹੀ ਅਵਸਥਾ ਵਿੱਚ ਉਸਦੇ ਅੰਦਰ ਗੁਰੂ ਦੀ ਮਤਿ ਨਹੀਂ ਹੁੰਦੀ ਜਿਸ ਕਰਕੇ ਉਸਦਾ ਸਾਰਾ ਕੀਤਾ ਹੋਇਆ, ਦੋਵੇਂ ਹੱਥ ਝਾੜਨ ਵਾਲੀ ਗੱਲ ਹੈ ਭਾਵ ਕਿਸੇ ਲੇਖੇ ਨਹੀਂ ਹੈ। ਜਿੱਥੇ ਵਿਕਾਰ ਹਨ, ਔਗੁਣ ਹਨ ਉਥੇ ਭਗਤੀ ਹੈ ਹੀ ਨਹੀਂ, ਕੇਵਲ ਸਾਡਾ ਭੁਲੇਖਾ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਹਨ ਤਦ ਤੱਕ ਰਾਮ ਰਤਨੁ ਭਾਵ ਗੁਰੂ ਦੀ ਮਤਿ, ਨਾਮ ਦੀ ਮਤਿ ਸਾਡੇ ਅੰਦਰ ਇਕ ਤਿਲ ਜਿਤਨੀ ਵੀ ਨਹੀਂ ਹੈ। **(ਕਰਤ ਬਿਕਾਰ ਦੋਊ ਕਰ ਝਾਰਤ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ॥)** ਸਾਡੇ ਅੰਦਰ ਗੁਣਾਂ ਦਾ ਵੱਸਣਾ, ਰਾਮ ਰਤਨੁ ਦਾ ਵੱਸਣਾ, ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ। "ਰਾਮ ਰਤਨੁ" ਨਾਮ ਰਤਨੁ ਹੈ। ਫਿਰ ਸਾਡੇ ਅੰਦਰ ਨਾਮ ਰਤਨ ਦਾ ਵਸਨਾ ਕੀ ਹੋਇਆ ਜਿਸਨੂੰ ਆਪਣੇ ਅੰਦਰ ਵਸਾਉਣ ਦੀ ਗੱਲ ਬਾਣੀ ਵਿਚ ਬਾਰ-ਬਾਰ ਆਉਂਦੀ ਹੈ। ਮਨ ਦੇ ਵਿਕਾਰਾਂ ਨੂੰ ਛਡੇ ਬਿਨਾਂ ਕਿਸੇ ਦੇ ਅੰਦਰ ਨਾਮ ਨਹੀਂ ਹੈ ਭਾਵ ਗੁਰੂ ਦੀ ਮਤਿ ਨਹੀਂ ਹੈ, ਸੱਚੀ ਮਤਿ ਨਹੀਂ ਹੈ।

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥8॥}

(ਅੰਗ 565)

ਨਾਮ ਸਾਡੀ ਕਥਨੀ ਦਾ ਨਹੀਂ, ਕਰਨੀ ਦਾ ਮਾਰਗ ਹੈ।

"ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ॥

ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ॥੧੨॥"

"ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ॥੧੭॥
ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ॥
ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ॥੧੮॥"

(ਅੰਗ 755-756)

ਗੁਰੂ ਸਾਹਿਬ ਦਾ ਫੁਰਮਾਨ ਬੜਾ ਸਪੱਸ਼ਟ ਹੈ। ਪ੍ਰਮਾਤਮਾ ਆਪ ਸੱਚ ਹੈ, ਪਵਿੱਤਰ ਹੈ ਤੇ ਉਸਨੂੰ ਮੈਲੇ ਮਨ ਦੇ ਨਾਲ ਕਿਵੇਂ ਮਿਲਿਆ ਜਾ ਸਕਦਾ ਹੈ ਭਾਵ ਬਿਨ੍ਹਾਂ ਸੱਚ ਧਾਰਨ ਤੋਂ ਉਸ ਨਾਲ ਮਿਲਿਆ ਨਹੀਂ ਜਾ ਸਕਦਾ, ਉਸਨੂੰ ਪਾਇਆ ਨਹੀਂ ਜਾ ਸਕਦਾ। ਝੂਠਾ ਮਨੁੱਖ ਉਸਦੇ ਸਾਹਮਣੇ ਨਹੀਂ ਟਿਕ ਸਕਦਾ। ਮਨ ਦੀ ਮੈਲ ਗੁਰੂ ਦੇ ਗਿਆਨ ਤੋਂ ਬਿਨ੍ਹਾਂ ਨਹੀਂ ਉਤਰ ਸਕਦੀ। ਇਹ ਸਾਡੇ ਅੰਦਰ ਅਗਿਆਨਤਾ ਦੀ ਮੈਲ ਹੈ, ਹਉਮੈ ਦੀ ਮੈਲ ਹੈ, ਨਾ ਸਮਝ ਮਤਿ ਦੀ ਮੈਲ ਹੈ, ਮਨਮਤਿ ਦੀ ਮੈਲ ਹੈ। ਮਨ ਦੀ ਮੈਲ ਨੂੰ ਕੱਢਣਾ ਭਾਵ ਆਪਣੀ ਮਾੜੀ ਸਮਝ ਨੂੰ ਛੱਡਣਾ ਹੀ, ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣਾ ਹੀ ਕੇਵਲ ਇੱਕ ਤਰੀਕਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ। ਸਾਡੇ ਅੰਦਰ ਵੱਡਾ ਭੁਲੇਖਾ ਇਹ ਬੈਠਿਆ ਹੋਇਆ ਹੈ ਕਿ ਜੋ ਕੁੱਝ ਅਸੀਂ ਨਾਮ ਸਮਝ ਕੇ ਜਪ ਰਹੇ ਹਾਂ ਉਹ ਹੀ ਸੱਚ ਹੈ ਭਾਵ ਉਹ ਜਪ ਕਰਨਾ ਹੀ ਸੱਚ ਨੂੰ ਜਪਣਾ ਹੈ। ਸੱਚ ਉਸ ਨੂੰ ਦੱਸਿਆ ਹੈ ਜਿੱਥੇ ਮੈਲ ਨਹੀਂ ਹੈ **(ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ॥੧੭॥)**। ਸੱਚਾ ਆਪਣੇ ਹਿਰਦੇ ਨੂੰ ਕਰਨਾ ਹੈ। ਹਿਰਦਾ ਸੱਚਾ ਤਾਂ ਹੋਵੇਗਾ ਜਦੋਂ ਮਨ ਦੀ ਮੈਲ ਨਿਕਲ ਜਾਵੇਗੀ, ਮਨ ਵਿੱਚੋਂ ਝੂਠ, ਵਿਕਾਰ ਨਿਕਲ ਜਾਣਗੇ। ਅੰਦਰ ਸੱਚ ਦਾ ਵੱਸਣਾ ਹੀ ਗੁਰੂ ਦੇ ਸ਼ਬਦ ਦਾ ਵੱਸਣਾ ਹੈ। ਜਿਸਦਾ ਮਨ ਸੱਚਾ ਹੈ, ਉਸਦਾ ਮੁੱਖ ਵੀ ਸੱਚਾ ਹੈ। ਜੇਕਰ ਮਨ ਮੈਲਾ ਹੈ ਤੇ ਮੁੱਖ ਕੇਵਲ ਦਿਖਾਵੇ ਲਈ ਸੱਚਾ ਬਣ ਸਕਦਾ ਹੈ, ਅਸਲ ਵਿੱਚ ਉਹ ਮੁੱਖ ਝੂਠਾ ਹੀ ਹੈ ਤੇ ਇਹੋ ਜਿਹੇ ਮੁੱਖ ਤੇ ਨਾਮ ਕਿਵੇਂ ਹੋ ਸਕਦਾ ਹੈ। ਨਾਮ ਸੱਚ ਹੈ ਤੇ ਸੱਚ ਸਾਡੇ ਮਨ ਵਿੱਚ ਹੀ ਹੋ ਸਕਦਾ ਹੈ। ਮਨ ਸੱਚਾ ਤੇ ਸਭ ਕੁੱਝ ਸੱਚਾ, ਸਾਡੀ ਕਰਨੀ ਸੱਚੀ। ਗੁਰੂ ਦੇ ਸ਼ਬਦ ਦਾ ਮਕਸਦ ਸਾਡੇ ਮਨ ਦੀ ਮੈਲ ਕੱਢਣ ਨਾਲ ਹੀ ਹੈ ਤੇ ਉਹ ਤਾਂ ਹੀ ਨਿਕਲੇਗੀ ਜੇਕਰ ਸ਼ਬਦ ਦੀ ਦੱਸੀ ਹੋਈ ਗੱਲ ਨੂੰ ਮੰਨਾਂਗੇ। ਕੇਵਲ ਸ਼ਬਦ ਨੂੰ ਰਟੀ ਜਾਣ ਨਾਲ ਮਨ ਦੀ ਮੈਲ ਨਹੀਂ ਨਿਕਲ ਸਕਦੀ, ਮਨ ਦੀ ਅਗਿਆਨਤਾ ਨਹੀਂ ਨਿਕਲ ਸਕਦੀ, ਮਨ ਦੀ ਮਾੜੀ ਸਮਝ ਨਹੀਂ ਨਿਕਲ ਸਕਦੀ ਭਾਵ ਮਨ ਦੇ ਵਿਕਾਰ ਨਹੀਂ ਨਿਕਲ ਸਕਦੇ ਤੇ ਮਨ ਸੱਚਾ ਨਹੀਂ ਬਣ ਸਕਦਾ। (**ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ॥**)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ॥ ਗੁਰ ਕਾ ਸਬਦੁ ਰਖੈ ਉਰ ਧਾਰੇ॥}

(ਅੰਗ ੧੧੭)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥
ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥
ਤਾ ਕੈ ਆਤਮੈ ਹੋਇ ਪਰਗਾਸੁ ॥1॥}

(ਅੰਗ 236)

ਅੱਗੇ ਜਾ ਕੇ ਸੱਚ ਨੂੰ ਹੋਰ ਵੀ ਬਰੀਕੀ ਨਾਲ ਸਮਝਾਂਗੇ, ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ।

"ਸਾਚੁ ਧਰਮੁ ਨਹੀ ਭਾਵੈ ਡੀਠਾ॥ ਝੂਠ ਧੋਹ ਸਿਉ ਰਚਿਓ ਮੀਠਾ॥
ਦਾਤਿ ਪਿਆਰੀ ਵਿਸਰਿਆ ਦਾਤਾਰਾ॥ਜਾਣੈ ਨਾਹੀ ਮਰਣੁ ਵਿਚਾਰਾ॥੨॥
ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ॥
ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੇ॥੩॥
ਜੋ ਤੁਧੁ ਭਾਵੈ ਸੋ ਪਰਵਾਣੁ॥ ਤੇਰੇ ਭਾਣੇ ਨੋ ਕੁਰਬਾਣੁ॥

ਨਾਨਕੁ ਗਰੀਬੁ ਬੰਦਾ ਜਨੁ ਤੇਰਾ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ॥4॥"

(ਅੰਗ ੬੭੬)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਤੇ ਸਮਝੀਏ ਕਿ ਕੀ ਵਿਕਾਰ ਛੱਡੇ ਬਿਨ੍ਹਾਂ ਸਾਡਾ ਕਰਮ ਧਰਮ ਕਿਸੇ ਲੇਖੇ ਪੈਂਦਾ ਹੈ? ਗੁਰੂ ਦਾ ਫੁਰਮਾਨ ਬੜਾ ਸਪੱਸ਼ਟ ਹੈ। **(ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ॥)** ਸਾਡਾ ਸਭ ਦਾ ਧਰਮ, ਸਾਰੀ ਸ੍ਰਿਸ਼ਟੀ ਦਾ ਧਰਮ ਇੱਕੋ ਹੀ ਹੈ ਜੋ ਕਿ ਸੱਚ ਹੈ ਭਾਵ ਕੇਵਲ ਸੱਚ ਦੁਆਰਾ ਵਿਚਰਨਾ ਹੈ। ਸੱਚ ਸਾਨੂੰ ਚੰਗਾ ਨਹੀਂ ਲੱਗਦਾ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਣਾ ਸਾਨੂੰ ਚੰਗਾ ਨਹੀਂ ਲੱਗਦਾ, ਮਾਇਆ ਮੋਹ ਛੱਡਣਾ ਸਾਨੂੰ ਚੰਗਾ ਨਹੀਂ ਲੱਗਦਾ। ਸਾਨੂੰ ਝੂਠ ਚੰਗਾ ਲੱਗਦਾ ਹੈ, ਮਾਇਆ ਮੋਹ ਚੰਗਾ ਲੱਗਦਾ ਹੈ। ਜੋ ਗੱਲ ਗੁਰੂ ਦੇ ਸਮਝਾਏ ਹੋਏ ਸੱਚ ਤੇ ਪੂਰੀ ਨਹੀਂ ਉਤਰਦੀ, ਸ਼ਬਦਾਂ ਦੀ ਵਿਚਾਰ ਤੇ ਪੂਰੀ ਨਹੀਂ ਉਤਰਦੀ ਉਹ ਝੂਠ ਹੈ। ਗੁਰਮਤਿ ਸੱਚ ਹੈ, ਮਨਮਤਿ ਝੂਠ ਹੈ। ਜਿੱਥੇ ਸੱਚ ਨਹੀਂ ਉੱਥੇ ਧਰਮ ਨਹੀਂ। **(ਸਾਚੁ ਧਰਮੁ ਨਹੀ ਭਾਵੈ ਡੀਠਾ॥ ਝੂਠ ਧੋਹ ਸਿਉ ਰਚਿਓ ਮੀਠਾ॥)** ਪ੍ਰਮਾਤਮਾ ਨੂੰ ਜੋ ਮਨੁੱਖ ਭਾਉਂਦਾ ਹੈ, ਉਹ ਹੀ ਪ੍ਰਵਾਨ ਹੁੰਦਾ ਹੈ ਤੇ ਪ੍ਰਮਾਤਮਾ ਨੂੰ ਉਹੀ ਭਾਉਂਦਾ ਹੈ ਜੋ ਉਸਦੇ ਭਾਣੇ ਵਿੱਚ ਚੱਲਦਾ ਹੈ ਭਾਵ ਜੋ ਪ੍ਰਮਾਤਮਾ ਦੀ ਰਜਾ ਮੰਨ ਕੇ ਆਪਣੇ ਆਪ ਨੂੰ ਕੁਰਬਾਨ ਕਰ ਦਿੰਦਾ ਹੈ ਭਾਵ ਆਪਣਾ ਆਪਾ ਮਿਟਾ ਦਿੰਦਾ ਹੈ। ਵਾਰ-ਵਾਰ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਹੁਕਮ ਬੁੱਝੇ ਬਿਨ੍ਹਾਂ ਭਾਵ ਉਸ ਤੇ ਅਮਲ ਕੀਤੇ ਬਿਨ੍ਹਾਂ ਭਾਵ ਸੱਚਾ ਜੀਵਨ ਧਾਰਨ ਕੀਤੇ ਬਿਨ੍ਹਾਂ ਛੁਟਕਾਰਾ ਨਹੀਂ ਹੈ। ਸਾਡਾ ਸਾਰਾ ਉੱਦਮ ਇਹ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਔਗੁਣਾਂ ਤੋਂ ਬਚੀਏ ਤੇ ਉਸਦੇ ਭਾਣੇ ਅਨੁਸਾਰ ਵਿਚਰੀਏ। ਸਾਰੀ ਸ੍ਰਿਸ਼ਟੀ ਲਈ ਇਹ ਹੀ ਧਰਮ ਕਰਮ ਹੈ। (**ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੇ॥੩॥ ਜੋ ਤੁਧੁ ਭਾਵੈ ਸੋ ਪਰਵਾਣੁ॥ ਤੇਰੇ ਭਾਣੇ ਨੋ ਕੁਰਬਾਣੁ॥**)

"ਝੂਠੇ ਕਉ ਨਾਹੀ ਪਤਿ ਨਾਉ॥ ਕਬਹੁ ਨ ਸੂਚਾ ਕਾਲਾ ਕਾਉ॥
ਪਿੰਜਰਿ ਪੰਖੀ ਬੰਧਿਆ ਕੋਇ॥ ਛੇਰੀਂ ਭਰਮੈ ਮੁਕਤਿ ਨ ਹੋਇ॥
ਤਉ ਛੂਟੈ ਜਾ ਖਸਮੁ ਛਡਾਏ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ॥੭॥"

(ਅੰਗ ੮੩੯)

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ। ਜ਼ਿੰਦਗੀ ਵਿੱਚ ਝੂਠ ਨੂੰ ਅਪਣਾ ਕੇ ਸਾਡੀ ਪਤਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਦੇ ਵੀ ਉੱਚੀ ਨਹੀਂ ਹੋ ਸਕਦੀ। ਝੂਠੇ ਮਨੁੱਖ ਦੀ ਨਾ ਹੀ ਪਤਿ ਹੈ ਤੇ ਨਾ ਹੀ ਉੱਥੇ ਨਾਮ ਹੈ ਕਿਉਂਕਿ ਨਾਮ ਉੱਥੇ ਹੈ ਜਿੱਥੇ ਸੱਚ ਹੈ। ਵਿਕਾਰਾਂ ਵਿੱਚ ਰਹਿੰਦੇ ਹੋਏ ਸਾਡੇ ਕਰਮ ਸੁੱਚੇ ਨਹੀਂ ਹੋ ਸਕਦੇ। ਇਸ ਤਰੀਕੇ ਸਾਨੂੰ ਮੁਕਤੀ ਮਿਲ ਜਾਵੇ, ਇਹ ਸਾਡਾ ਭਰਮ ਹੀ ਹੈ। ਮੁਕਤੀ ਤਾਂ ਹੀ ਮਿਲ ਸਕਦੀ ਹੈ ਜਦੋਂ ਪ੍ਰਮਾਤਮਾ ਆਪ ਆਪਣੀ ਕ੍ਰਿਪਾ ਕਰੇ ਤੇ ਆਪਣੀ ਮਤਿ, ਗਿਆਨ ਸਾਡੇ ਅੰਦਰ ਭਰ ਕੇ ਆਪਣੇ ਨਾਲ ਮੇਲ ਲਵੇ ਭਾਵ ਸੱਚ ਦਾ ਰਸਤਾ ਅਪਣਾਏ ਬਿਨ੍ਹਾਂ ਗਤੀ ਨਹੀਂ ਹੈ। ਜਿਵੇਂ ਕਿ ਪਿੰਜਰੇ ਵਿੱਚ ਪਿਆ ਹੋਇਆ ਪੰਛੀ ਇਹ ਉਮੀਦ ਰੱਖੇ ਕਿ ਉਹ ਪਿੰਜਰੇ ਦੇ ਸੁਰਾਖਾਂ ਵਿੱਚੋਂ ਨਿਕਲ ਕੇ ਮੁਕਤ ਹੋ ਜਾਵੇਗਾ ਤੇ ਇਹ ਉਸਦਾ ਨਿਰਾ ਭੁਲੇਖਾ ਹੈ। ਸਾਡਾ ਮਨ ਵੀ ਇੱਕ ਪਿੰਜਰੇ ਦੇ ਪੰਛੀ ਦੀ ਤਰ੍ਹਾਂ ਹੀ ਹੈ ਜਿਸ ਪਿੰਜਰੇ ਦੇ ਛੇਦ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾਉਣ ਲਈ ਹੀ ਹਨ। ਪਿੰਜਰੇ ਵਿੱਚੋਂ ਨਿਕਲੇ ਬਿਨ੍ਹਾਂ ਸਾਡਾ ਮਨ ਭਰਮਾਂ ਤੋਂ ਮੁਕਤ ਨਹੀਂ ਹੋ ਸਕਦਾ। ਇਸੇ ਤਰ੍ਹਾਂ ਝੂਠੀ ਬਿਰਤੀ ਵਾਲਾ ਮਨੁੱਖ ਇਹ ਉਮੀਦ ਰੱਖੇ ਕਿ ਮਨ ਦੀ ਭਰਮਾਂ ਵਾਲੀ ਸਮਝ ਛੱਡੇ ਬਿਨ੍ਹਾਂ ਝੂਠ ਨੂੰ ਤਿਆਗੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਲਏ ਬਿਨ੍ਹਾਂ ਕਿਸੇ ਜਪ ਤਪ ਦੁਆਰਾ ਉਹ ਮੁਕਤ ਹੋ ਜਾਵੇਗਾ ਤੇ ਉਹ ਪਿੰਜਰੇ ਦੇ ਪੰਛੀ ਦੀ ਤਰ੍ਹਾਂ ਝੂਠੀ ਉਮੀਦ ਵਿੱਚ ਬੈਠਾ ਹੈ, ਭਰਮ ਵਿੱਚ ਬੈਠਾ ਹੈ। ਆਪਣੇ ਅੰਦਰੋਂ ਝੂਠੀ ਮਤਿ ਛੱਡੇ ਬਿਨ੍ਹਾਂ ਕਿਸੇ ਅੱਖਰ ਨੂੰ ਬੋਲੀ ਜਾਣ ਨੂੰ ਹੀ ਜੇਕਰ ਕੋਈ ਆਪਣੇ ਆਪ ਨੂੰ ਸੱਚਾ ਸਮਝਦਾ ਹੈ, ਨਾਮ ਵਾਲਾ ਸਮਝਦਾ ਹੈ ਤੇ ਫਿਰ ਇਹ ਉਸਦਾ ਭਰਮ ਨਹੀਂ ਤੇ ਹੋਰ ਕੀ ਹੈ। ਨਾਮ ਤਾਂ ਅਸਲੀ ਸੱਚ ਹੈ ਨਾ ਕਿ ਨਕਲੀ ਸੱਚ। ਝੂਠ ਛੱਡੇ ਬਿਨ੍ਹਾਂ ਜੇਕਰ ਕੋਈ ਆਪਣੇ ਆਪ ਨੂੰ ਸੱਚਾ ਆਖੇ ਤਾਂ ਫਿਰ ਉਹ ਨਕਲੀ ਸੱਚ ਹੀ ਹੈ। ਜਿਸ ਨੂੰ ਵੀ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ ਆਪਣੀ ਗੁਰਮਤਿ ਰੂਪ ਸੱਚੀ ਮਤਿ ਦੇ ਨਾਲ ਜੋੜ ਕੇ ਹੀ ਮਿਲਾਉਂਦਾ ਹੈ ਜਿਸ ਦੁਆਰਾ ਉਸ ਦੀ ਭਗਤੀ ਹੋ ਸਕਦੀ ਹੈ। ਜਿੱਥੇ ਗੁਰਮਤਿ ਹੈ ਉੱਥੇ ਕੇਵਲ ਸੱਚ ਹੈ, ਨਾਮ ਹੈ, ਗੁਣ ਹਨ ਭਾਵ ਉਹ ਮਨੁੱਖ ਵਿਕਾਰਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ ਜਿਸ ਦੁਆਰਾ ਪ੍ਰਮਾਤਮਾ ਉਸਨੂੰ ਮੁਕਤ ਕਰਦਾ ਹੈ, ਆਵਾਗਉਣ ਤੋਂ ਮੁਕਤ ਕਰਦਾ ਹੈ। ਜਦ ਤੱਕ ਮਨੁੱਖ ਵਿਕਾਰਾਂ ਤੋਂ ਮੁਕਤ ਨਹੀਂ ਹੁੰਦਾ, ਮਾਇਆ ਮੋਹ ਤੋਂ ਮੁਕਤ ਨਹੀਂ ਹੁੰਦਾ ਤਦ ਤੱਕ ਆਵਾਗਉਣ ਤੋਂ ਮੁਕਤੀ ਨਹੀਂ ਹੋ ਸਕਦੀ, ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ। ਮਾਇਆ ਮੋਹ ਤੋਂ ਮੁਕਤ ਹੋਣਾ

ਕੀ ਹੈ, ਆਵਾਗਉਣ ਤੋਂ ਮੁਕਤ ਹੋਣਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। **(ਝੂਠੇ ਕਉ ਨਾਹੀ ਪਤਿ ਨਾਉ॥ ਕਬਹੁ ਨ ਸੂਚਾ ਕਾਲਾ ਕਾਉ॥ ਪਿੰਜਰਿ ਪੰਖੀ ਬੰਧਿਆ ਕੋਇ॥ ਛੇਰੀਂ ਭਰਮੈ ਮੁਕਤਿ ਨ ਹੋਇ॥)**

“ਹਰਿ ਅੰਤਰਿ ਨਾਲੇ ਬਾਹਰਿ ਨਾਲੇ
ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ॥
ਨਿਹਕਪਟ ਸੇਵਾ ਕੀਜੈ ਹਰਿ ਕੇਰੀ
ਤਾਂ ਮੇਰੇ ਮਨ ਸਰਬ ਸੁਖ ਪਈਐ॥੩॥”

(ਅੰਗ ੮੬੧)

ਉਸ ਪ੍ਰਮਾਤਮਾ ਕੋਲੋਂ ਸਾਡੇ ਮਨ ਦੀ ਅਵੱਸਥਾ ਛੁਪੀ ਨਹੀਂ ਹੋਈ। ਪ੍ਰਮਾਤਮਾ ਦੀ ਭਗਤੀ, ਉਸਦੀ ਸੇਵਾ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ “ਨਿਹਕਪਟ” ਹੋਈਏ ਭਾਵ ਕਪਟ, ਵਿਕਾਰ ਰਹਿਤ ਹੋਈਏ। ਮਨ ਦੇ ਵਿੱਚ ਕਪਟ ਹੁੰਦਿਆਂ ਪ੍ਰਮਾਤਮਾ ਦੀ ਸੇਵਾ ਨਹੀਂ ਹੈ ਭਾਵ ਉਹ ਲੇਖੇ ਨਹੀਂ ਪੈਂਦੀ। ਚੰਗੇ ਕਰਮ ਅਸੀਂ ਨਿਹਕਪਟ ਹੋ ਕੇ ਹੀ ਕਰ ਸਕਦੇ ਹਾਂ ਤੇ ਚੰਗੇ ਕਰਮ ਕਰਨਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ। (**ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥7॥** ਅੰਗ-223) ਮਨੁੱਖਤਾ ਦੀ ਸੇਵਾ ਹੀ ਪ੍ਰਮਾਤਮਾ ਦੀ, ਗੁਰੂ ਦੀ ਸੇਵਾ ਹੈ। ਸ਼ਬਦ ਦੀ ਵੀਚਾਰ ਦੁਆਰਾ ਵਿਚਰਨਾ ਹੀ ਗੁਰੂ ਦੀ ਸੇਵਾ ਹੈ। ਸ਼ਬਦ ਦਾ ਵੀਚਾਰੀ ਔਗੁਣਾਂ ਨੂੰ ਛੱਡਣ ਦੁਆਰਾ ਹੀ ਬਣਿਆ ਜਾ ਸਕਦਾ ਹੈ। ਸ਼ਬਦ ਦੀ ਵੀਚਾਰ ਹੀ ਨਾਮ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਸਰਬ ਸੁੱਖ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਿਹਕਪਟ ਹੋ ਕੇ ਵਿਚਰਨ ਦੁਆਰਾ ਭਾਵ ਸਾਡੀ ਸੱਚੀ ਸੁੱਚੀ ਕਰਨੀ ਦੁਆਰਾ ਹੀ ਹੋ ਸਕਦੀ ਹੈ। (**ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ॥**)

“ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ॥
ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ॥”

(ਅੰਗ ੯੩੫)

ਔਗੁਣ ਕੇਵਲ ਗੁਣਾਂ ਨੂੰ ਧਾਰਨ ਕਰਕੇ, ਗੁਰੂ ਦੀ ਮਤਿ ਨੂੰ ਮੰਨ ਕੇ ਹੀ ਨਿਕਲ ਸਕਦੇ ਹਨ। ਔਗੁਣ ਵੀ ਸਾਡੇ ਮਨ ਦੇ ਵਿਚਾਰ ਹਨ ਤੇ ਗੁਣ ਵੀ ਸਾਡੇ ਮਨ ਦੇ ਵਿਚਾਰ ਹਨ। ਕੇਵਲ ਆਪਣੇ ਵਿਚਾਰਾਂ ਨੂੰ ਬਦਲਣ ਦੀ ਲੋੜ ਹੈ ਤੇ ਇਸ ਲਈ ਸਾਨੂੰ ਕਿਸੇ ਸਰੀਰਕ ਜਪ ਤਪ ਦੀ ਕੀ ਲੋੜ ਹੈ ਤੇ ਇਸੇ ਲਈ ਸਾਡੇ ਜਪਾਂ ਤਪਾਂ ਨੂੰ ਕੇਵਲ ਸਾਡੀ ਚਤੁਰਾਈ ਦੱਸਿਆ ਹੈ ਕਿ ਅਸੀਂ ਔਗੁਣ ਵੀ ਨਾ ਛੱਡੀਏ ਤੇ ਗੁਣੀ ਵੀ ਅਖਵਾ ਲਈਏ। ਬਿਨ੍ਹਾਂ ਗੁਣ ਕੀਤੇ ਹੀ ਗੁਣੀ ਅਖਵਾ ਲਈਏ। ਬਿਨ੍ਹਾਂ ਭਗਤੀ ਕੀਤੇ ਹੀ ਭਗਤੀ ਵਾਲੇ ਅਖਵਾ ਲਈਏ। (**ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ॥ ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ॥**)

{ਵਿਣੁ ਗੁਣ ਕੀਤੇ ਭਗਤਿ ਨ ਹੋਇ॥}

(ਅੰਗ - 4)

“ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ॥
ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ॥
ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ॥
ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥”

(ਅੰਗ ੯੩੬)

ਸਾਰੇ ਸ਼ਬਦਾਂ ਰਾਹੀਂ ਇਹੀ ਸਮਝਾਇਆ ਗਿਆ ਹੈ ਕਿ ਕਪਟ ਵਾਲੀ ਬਿਰਤੀ ਵਿੱਚ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਗੁਣਾਂ ਨੂੰ ਧਾਰਨ ਕੀਤੇ ਬਿਨ੍ਹਾਂ ਹੋਰ ਕੋਈ ਉਪਾਅ ਨਹੀਂ ਹੈ। ਸਾਡਾ ਮਨ ਔਗੁਣਾਂ ਨਾਲ ਭਰਪੂਰ ਹੈ ਪਰ ਗੁਣਾਂ ਵਾਲੇ ਵਿਚਾਰ ਵੀ ਸਾਡੇ ਨਾਲ ਮਨ ਦੇ ਵਿੱਚ ਹੀ ਹਨ। ਔਗੁਣ ਵੀ ਸਾਡੇ ਮਨ ਦੀ ਸਮਝ ਹਨ ਭਾਵ ਸਾਡੇ ਮਨ ਦੇ ਵਿਚਾਰ ਹਨ ਤੇ ਗੁਣ ਵੀ

ਸਾਡੇ ਮਨ ਦੇ ਵਿਚਾਰ ਹਨ ਭਾਵ ਗੁਣ ਔਗੁਣ ਸਾਡੇ ਮਨ ਦੇ ਵਿਚਾਰਾਂ ਦੇ ਦੋ ਪਾਸੇ ਹੀ ਹਨ। ਜਦੋਂ ਅਸੀਂ ਮਾੜੇ ਵਿਚਾਰ ਛੱਡ ਦੇਵਾਂਗੇ ਉਹੀ ਵਿਚਾਰ ਫਿਰ ਚੰਗੇ ਵਿਚਾਰ ਬਣ ਜਾਂਦੇ ਹਨ। ਜੇਕਰ ਅਸੀਂ ਝੂਠ ਬੋਲਣਾ ਛੱਡ ਦੇਵਾਂਗੇ ਫਿਰ ਝੂਠੇ ਵਿਚਾਰ ਸੱਚੇ ਵਿਚਾਰਾਂ ਵਿਚ ਬਦਲ ਜਾਣਗੇ। ਸਾਰੀ ਗੱਲ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੀ ਹੈ, ਆਪਣੇ ਅੰਦਰ ਵਿਚਾਰਨ ਦੀ ਹੈ ਜੋ ਸਾਨੂੰ ਸੱਚ ਹੀ ਸਮਝਾਉਂਦੇ ਹਨ। ਸ਼ਬਦ ਦਾ ਵੀਚਾਰੀ ਸ਼ਬਦ ਦੀ ਵੀਚਾਰ ਨੂੰ ਮੰਨ ਕੇ ਹੀ ਬਣਿਆ ਜਾ ਸਕਦਾ ਹੈ, ਔਗੁਣਾਂ ਨੂੰ ਛੱਡ ਕੇ ਹੀ ਬਣਿਆ ਜਾ ਸਕਦਾ ਹੈ। ਜੇਕਰ ਧਰਮ ਗ੍ਰੰਥਾਂ ਵਿੱਚ ਪ੍ਰਮਾਤਮਾ ਦੇ ਸਮਝਾਏ ਹੋਏ ਗੁਣਾਂ ਨੂੰ ਪਹਿਲਾਂ ਅਪਣਾਵਾਂਗੇ, ਸ਼ਬਦਾਂ ਦੀ ਵੀਚਾਰ ਨੂੰ ਮੰਨਾਂਗੇ ਫਿਰ ਤਾਂ ਹੀ ਅਸੀਂ ਗੁਣਾਂ ਦੇ ਮਾਲਕ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਜੋ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਔਗੁਣਾਂ ਵਾਲੇ ਮਾੜੇ ਵਿਚਾਰ ਛੱਡ ਕੇ ਹੀ ਹੁੰਦਾ ਹੈ। (**ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ॥ ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ॥ ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ॥ ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥**)

“ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥”

(ਅੰਗ ੧੨੭੯)

ਉਪਰਲੀਆਂ ਪੰਗਤੀਆਂ ਦੁਆਰਾ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਉਹ ਕਿਹੜੀਆਂ ਅੱਖਾਂ ਹਨ ਜਿਨ੍ਹਾਂ ਰਾਹੀਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਸਕਦੇ ਹਾਂ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜੋ ਕਿ ਮਨ ਦੇ ਵਿੱਚ ਗਿਆਨ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਪ੍ਰਮਾਤਮਾ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੈ, ਨਿਰੰਕਾਰ ਰੂਪ ਵਿੱਚ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੈ, ਆਕਾਰ ਰੂਪ ਨਹੀਂ ਹੈ। ਸਾਡੀਆਂ ਸਰੀਰ ਦੀਆਂ ਅੱਖਾਂ ਨਾਲ ਸਾਨੂੰ ਆਕਾਰ ਰੂਪ ਦਿੱਸ ਸਕਦਾ ਹੈ ਪਰ ਨਿਰੰਕਾਰ ਰੂਪ ਨਹੀਂ ਦਿੱਸ ਸਕਦਾ। ਨਿਰੰਕਾਰ ਰੂਪ ਨੂੰ ਕੇਵਲ ਸਮਝਿਆ ਜਾ ਸਕਦਾ ਹੈ, ਮਨ ਦੀ ਸਮਝ ਦੁਆਰਾ, ਮਨ ਦੇ ਗਿਆਨ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਸਾਡੇ ਅੰਦਰ ਦਾ ਨਿਰੰਕਾਰ ਰੂਪ ਹੀ ਸਮਝ ਸਕਦਾ ਹੈ, ਆਪਣੇ ਅੰਦਰੋਂ ਪਹਿਚਾਣ ਸਕਦਾ ਹੈ ਤੇ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਜਾਨਣ ਤੋਂ ਬਾਦ ਉਸਦੇ ਨਾਲ ਮੇਲ ਵੀ ਮਨ ਦੇ ਵਿੱਚ ਗਿਆਨ ਰੂਪ ਵਿੱਚ ਹੀ ਹੁੰਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ, ਬੁੱਝਣਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣਾ ਹੈ। ਸਾਡੇ ਮਨ ਦੀ ਸਮਝ ਸਾਡੇ ਮਨ ਦੀਆਂ ਅੱਖਾਂ ਹਨ ਜਿਨ੍ਹਾਂ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਜਾ ਸਕਦਾ ਹੈ। ਮਨ ਰੂਪ ਅੱਖਾਂ, ਸਮਝ ਰੂਪ ਅੱਖਾਂ ਹਰ ਮਨੁੱਖ ਦੇ ਅੰਦਰ ਹਨ ਪਰ ਫਿਰ ਵੀ ਸਾਨੂੰ ਪ੍ਰਮਾਤਮਾ ਆਪਣੇ ਅੰਦਰੋਂ ਨਜ਼ਰ ਨਹੀਂ ਆਉਂਦਾ। ਕਿਉਂ ਨਹੀਂ ਨਜ਼ਰ ਆਉਂਦਾ ਤੇ ਕਿਸ ਤਰੀਕੇ ਨਜ਼ਰ ਆਉਂਦਾ ਹੈ, ਇਹੀ ਗੱਲ ਸਾਨੂੰ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਹੋ ਜਿਹਾ ਉੱਦਮ ਕਰੀਏ ਜਿਸ ਦੁਆਰਾ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਹੋ ਸਕਦੇ ਹਨ। ਜਦ ਤੱਕ ਸਾਡੇ ਅੰਦਰ ਦੀ ਸਮਝ ਮਾੜੀ ਹੈ, ਔਗੁਣਾਂ ਵਾਲੀ ਹੈ, ਵਿਕਾਰਾਂ ਵਾਲੀ ਹੈ, ਮਾਇਆ ਦੀਆਂ ਤ੍ਰਿਸ਼ਨਾਵਾਂ ਵਾਲੀ ਹੈ ਤਦ ਤੱਕ ਸਾਡੇ ਮਨ ਦੀਆਂ ਅੱਖਾਂ, ਸਮਝ ਰੂਪ ਅੱਖਾਂ ਮਾੜੀਆਂ ਹਨ ਜਿਨ੍ਹਾਂ ਅੱਖਾਂ ਦੁਆਰਾ ਸਾਨੂੰ ਪ੍ਰਮਾਤਮਾ ਆਪਣੇ ਅੰਦਰ ਹੁੰਦੇ ਹੋਏ ਵੀ ਨਜ਼ਰ ਨਹੀਂ ਆਉਂਦਾ। ਪ੍ਰਮਾਤਮਾ ਆਪਣੇ ਅੰਦਰੋਂ ਸੱਚੇ ਗਿਆਨ ਵਾਲੀਆਂ ਅੱਖਾਂ ਦੁਆਰਾ ਨਜ਼ਰ ਆਉਂਦਾ ਹੈ। ਮਨ ਦੀਆਂ ਸੱਚੀਆਂ ਅੱਖਾਂ ਜਾਂ ਮਾੜੀਆਂ ਅੱਖਾਂ ਸਾਡੇ ਮਨ ਦੇ ਵਿਚਾਰ ਹੀ ਹਨ ਜੋ ਸਾਡੇ ਮਨ ਦੀ ਸਮਝ ਹਨ। ਜਦ ਤੱਕ ਸਾਡੇ ਵਿਚਾਰ ਸ਼ਬਦ ਦੀ ਵਿਚਾਰ ਵਾਲੇ ਨਹੀਂ ਬਣਦੇ, ਸੱਚੇ ਗਿਆਨ ਵਾਲੇ ਵਿਚਾਰ ਨਹੀਂ ਬਣਦੇ ਤਦ ਤੱਕ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਨਹੀਂ ਆ ਸਕਦਾ। ਸਾਡੇ ਮਨ ਦੀ ਮਾੜੀ ਸਮਝ ਦਾ ਕਾਰਨ ਵੀ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੋਇਆ ਹੈ ਜਿਸ ਦੁਆਰਾ ਉਸਨੇ ਸਾਰੇ ਸੰਸਾਰ ਨੂੰ ਮਾਇਆ ਮੋਹ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਜਿਸ ਰਾਹੀਂ ਉਸਨੇ ਆਪ ਹੀ ਮਨ ਦੇ ਵਿੱਚ ਸੰਸਾਰ ਕੋਲੋਂ ਆਪਣਾ ਪੜਦਾ ਕੀਤਾ ਹੋਇਆ ਹੈ ਤੇ ਇਸ ਪੜਦੇ ਵਿੱਚੋਂ ਉਹ ਕਿਸੇ ਨੂੰ ਆਪ ਹੀ ਕੱਢ ਸਕਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਕੱਢ ਸਕਦਾ ਹੈ ਭਾਵ ਸਾਨੂੰ ਮਨ ਦੀਆਂ ਉਹ ਅੱਖਾਂ ਆਪ ਹੀ ਦੇ ਸਕਦਾ ਹੈ ਜਿਨ੍ਹਾਂ ਅੱਖਾਂ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਨਜ਼ਰ ਆਉਂਦਾ ਹੈ ਭਾਵ ਉਸਦੀ ਸਮਝ ਪੈਂਦੀ ਹੈ। ਜਿਸਨੇ ਵੀ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੇ ਦਰਸ਼ਨ ਕੀਤੇ ਹਨ ਉਹ ਮਨ ਦੀਆਂ ਅੱਖਾਂ ਦੁਆਰਾ ਹੀ ਕੀਤੇ ਹਨ, ਗੁਰਮਤਿ ਰੂਪ ਸੱਚੇ ਗਿਆਨ ਦੀਆਂ ਅੱਖਾਂ ਦੁਆਰਾ ਹੀ ਕੀਤੇ ਹਨ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤੇ ਹਨ। ਸਾਡੇ ਸਭ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰੂ ਦੇ ਸ਼ਬਦਾਂ ਦੀ ਵਿਚਾਰ ਨਾਲ ਜੁੜੀਏ ਤੇ ਆਪਣੇ ਅੰਦਰ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲੀਏ, ਔਗੁਣਾਂ ਵਾਲੇ ਵਿਚਾਰਾਂ ਵਿੱਚੋਂ ਨਿਕਲੀਏ, ਮਾਇਆ ਮੋਹ ਵਿੱਚੋਂ ਨਿਕਲੀਏ ਭਾਵ ਮਨ ਦੀ ਅਗਿਆਨਤਾ ਵਾਲੀਆਂ ਮਾੜੀਆਂ ਅੱਖਾਂ ਨੂੰ ਛੱਡੀਏ ਤੇ ਗੁਰੂ ਦੀਆਂ ਸੱਚੀਆਂ ਅੱਖਾਂ ਨਾਲ ਜੁੜ ਕੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਸੱਚਾ ਉਪਰਾਲਾ ਕਰੀਏ। (**ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥ ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥**) ਇਹਨਾਂ ਪੰਗਤੀਆਂ ਦੁਆਰਾ ਹਰ ਕੋਈ ਇਹ ਗੱਲ ਵੀ ਆਸਾਨੀ ਨਾਲ ਸਮਝ ਸਕਦਾ ਹੈ ਕਿ ਸ਼ਬਦਾਂ ਦੀ ਵਿਚਾਰ ਦਾ ਮਕਸਦ ਕੀ ਹੈ। ਮਕਸਦ ਸਪੱਸ਼ਟ ਹੈ ਜੋ ਕਿ ਔਗੁਣਾਂ ਨੂੰ ਛੱਡਣ ਦਾ ਹੈ, ਮਾਇਆ ਮੋਹ ਛੱਡਣ ਦਾ ਹੈ ਭਾਵ ਆਪਣੀ ਮਾੜੀ ਮਤਿ ਛੱਡਣ ਦਾ ਹੈ, ਮਨਮਤਿ ਛੱਡਣ ਦਾ ਹੈ, ਭਰਮਾਂ ਵਾਲੀ ਮਤਿ ਛੱਡਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ। ਸ਼ਬਦ ਦੀ ਵਿਚਾਰ ਹੀ ਨਾਮ ਹੈ, ਗੁਰੂ ਦੀ ਸੇਵਾ ਹੈ, ਭਗਤੀ ਦਾ ਮਾਰਗ ਹੈ ਭਾਵ ਮਨ ਦੀ ਮਾੜੀ ਮਤਿ ਵਿੱਚ ਰਹਿੰਦਿਆਂ ਹੋਇਆਂ ਹਰ ਕੋਈ ਪ੍ਰਮਾਤਮਾ ਦਾ ਨਾਮ ਜਪਣ ਤੋਂ ਦੂਰ ਹੈ, ਭਗਤੀ ਦੇ ਮਾਰਗ ਤੋਂ ਭਟਕਿਆ ਹੋਇਆ ਹੈ।

ਜੇਕਰ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ ਤਾਂ ਉਹ ਨਾਮ ਜਪਣ ਦੁਆਰਾ ਹੀ ਹੋ ਸਕਦੇ ਹਨ ਤੇ ਅਸੀਂ ਨਾਮ ਨੂੰ ਉਸ ਤਰੀਕੇ ਜਪੀਏ ਜੋ ਤਰੀਕਾ ਸਾਨੂੰ ਗੁਰੂ ਵਾਰ-ਵਾਰ ਸਮਝਾ ਰਹਿਆ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ, ਗੁਰਮਤਿ ਰੂਪ ਗਿਆਨ ਹੈ ਤੇ ਗੁਰਮਤਿ ਸਾਡੇ ਅੰਦਰ ਤਾਂ ਹੀ ਵੱਸੇਗੀ ਜੇਕਰ ਆਪਣੀ ਮਨਮਤਿ ਛੱਡਾਂਗੇ, ਮਨ ਦੇ ਮਾੜੇ ਵਿਚਾਰਾਂ ਨੂੰ ਛੱਡਾਂਗੇ। ਪ੍ਰਮਾਤਮਾ ਦੇ ਦਰਸ਼ਨ ਆਪਣੇ ਅੰਦਰੋਂ ਗੁਰਮਤਿ ਰੂਪ ਅੱਖਾਂ ਦੁਆਰਾ ਹੀ ਹੁੰਦੇ ਹਨ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥
ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥
ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥14॥
ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥
ਗੁਰਮਤਿ ਆਖੀ ਦੇਖਹੁ ਊਚਾ ॥
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥15॥3॥20॥”

(ਅੰਗ 1041)

ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸਨੂੰ ਆਪਣੇ ਅੰਦਰੋਂ ਹੀ ਜਾਣਿਆ ਜਾ ਸਕਦਾ ਹੈ, ਬੁੱਝਿਆ ਜਾ ਸਕਦਾ ਹੈ, ਪਛਾਣਿਆ ਜਾ ਸਕਦਾ ਹੈ, ਦੇਖਿਆ ਜਾ ਸਕਦਾ ਹੈ, ਗੁਰਮਤਿ ਰੂਪ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ ਤੇ ਉਸਨੂੰ ਆਪਣੇ ਅੰਦਰੋਂ ਤਾਂ ਹੀ ਦੇਖ ਪਾਵਾਂਗੇ ਜੇਕਰ ਸਾਡੀਆਂ ਅੱਖਾਂ ਗੁਰਮਤਿ ਰੂਪ ਅੱਖਾਂ ਬਣਨਗੀਆਂ ਭਾਵ ਅਸੀਂ ਪਹਿਲੇ ਮਨਮਤਿ ਛੱਡਾਂਗੇ। ਮਨਮਤਿ ਰੂਪ ਅੱਖਾਂ ਨਾਲ ਪ੍ਰਮਾਤਮਾ ਆਪਣੇ ਅੰਦਰੋਂ ਕਦੇ ਨਜ਼ਰ ਨਹੀਂ ਆ ਸਕਦਾ। (**ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥**) ਗੁਰਮਤਿ ਰੂਪ ਸੱਚਾ ਗਿਆਨ “ਹਰਿ ਜਸੁ” ਹੈ ਜੋ ਕਿ ਪੂਰਨ ਰੂਪ ਵਿੱਚ ਸੁੱਚਾ ਗਿਆਨ ਹੈ, ਅਗਿਆਨਤਾ ਦੀ ਮੈਲ ਤੋਂ ਰਹਿਤ ਗਿਆਨ ਹੈ, ਮਨਮਤਿ ਦੀ ਮੈਲ ਤੋਂ ਰਹਿਤ ਗਿਆਨ ਹੈ। ਆਪਣੇ ਜੀਵਨ ਵਿੱਚ ਇਸ ਸੁੱਚੇ ਗਿਆਨ ਵਾਲੀ ਸਮਝ ਦੁਆਰਾ ਵਿਚਰਨਾ ਹੀ ਸਾਡੇ ਗੁਰਮਤਿ ਰੂਪ ਬੋਲ ਹਨ, ਗੁਰਮਤਿ ਦੁਆਰਾ ਵਿਚਰਨ ਦਾ ਮਾਰਗ ਹੈ, ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ ਤੇ ਅੱਗੇ ਚੱਲਕੇ ਇਸ ਗੱਲ ਨੂੰ ਦੂਸਰੇ ਸ਼ਬਦਾਂ ਦੁਆਰਾ ਸਮਝਾਂਗੇ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਮਨ ਦੀ ਇਹੋ ਜਿਹੀ ਗੁਰਮਤਿ ਵਾਲੀ ਸੋਝੀ ਦੁਆਰਾ ਹੁੰਦੇ ਹਨ, ਗੁਰਮਤਿ ਰੂਪ ਸੱਚੇ ਗਿਆਨ ਵਾਲੀ ਸਮਝ ਦੁਆਰਾ ਹੁੰਦੇ ਹਨ। ਜਿਸ ਦੇ ਅੰਦਰ ਔਗੁਣ ਹਨ ਉਸਦੇ ਅੰਦਰ ਗੁਰਮਤਿ ਨਹੀਂ ਹੈ। ਗੁਰਮਤਿ ਉਸਦੇ ਅੰਦਰ ਹੈ ਜੋ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ ਵਾਲੇ ਵਿਚਾਰਾਂ ਤੋਂ ਰਹਿਤ ਹੈ ਭਾਵ ਗੁਣਾਂ ਵਾਲੀ ਸਮਝ ਰੱਖਦਾ ਹੈ ਤੇ ਮਨ ਦੀਆਂ ਇਹੋ ਜਿਹੀਆਂ ਗੁਰਮਤਿ ਵਾਲੀਆਂ ਅੱਖਾਂ ਦੁਆਰਾ ਪ੍ਰਮਾਤਮਾ ਦਿੱਸਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥1॥ ਰਹਾਉ ॥}

(ਅੰਗ 56)

{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥15॥
ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥16॥}

(ਅੰਗ 1032)

ਉੱਪਰ ਵਾਲੇ ਸ਼ਬਦ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਕਿ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਉਸਦਾ ਗੁਰਮਤਿ ਰੂਪ ਸੱਚੇ ਗਿਆਨ ਦਾ ਭੋਜਨ ਛੱਕ ਕੇ ਹੀ ਹੁੰਦੇ ਹਨ, ਮਨ ਦੀਆਂ ਸੱਚੇ ਗਿਆਨ ਵਾਲੀਆਂ ਅੱਖਾਂ ਰਾਹੀਂ ਹੁੰਦੇ ਹਨ।

ਮੁੱਖ ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਮਝੋ ਕਿ ਨਾਮ ਕੀ ਹੈ।

"ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥"

ਉਪਰਲੀ ਪੰਗਤੀ ਰਾਹੀਂ ਸਮਝੋ ਕਿ ਨਾਮ ਸੁਣਨ ਵਿੱਚ ਤੇ ਪ੍ਰਮਾਤਮਾ ਦੀ ਬਾਣੀ ਸੁਣਨ ਵਿੱਚ ਕੀ ਫਰਕ ਹੈ ਤੇ ਅਸੀਂ ਪ੍ਰਮਾਤਮਾ ਦੇ ਕਿਸ ਰੰਗ ਵਿੱਚ ਰੰਗੇ ਜਾਣਾ ਹੈ, ਨਾਮ ਦੇ ਰੰਗ ਵਿੱਚ ਜਾਂ ਬਾਣੀ ਦੇ ਰੰਗ ਵਿੱਚ। ਵਾਰ-ਵਾਰ ਬਾਣੀ ਵਿੱਚ ਪ੍ਰਮਾਤਮਾ ਦੇ ਰੰਗ ਵਿੱਚ ਰੰਗੇ ਜਾਣ ਦੀ ਗੱਲ ਆਉਂਦੀ ਹੈ, ਨਾਮ ਰੰਗ ਵਿੱਚ ਰੰਗੇ ਜਾਣ ਦੀ ਗੱਲ ਆਉਂਦੀ ਹੈ ਫਿਰ ਅਸੀਂ ਆਪਣੇ ਆਪ ਨੂੰ ਕਿਹੜੇ ਰੰਗ ਵਿੱਚ ਰੰਗਣਾ ਹੈ। ਕੰਨ੍ਹਾਂ ਦੇ ਨਾਲ ਅਸੀਂ ਸੁਣਦੇ ਤਾਂ ਬਾਣੀ ਹੀ ਹਾਂ, "ਹਰਿ" ਕੀ ਬਾਣੀ ਹੀ ਹਾਂ। "ਹਰਿ" ਹੀ ਨਾਮ ਹੈ ਜਿਸ ਨੂੰ ਜਪਣ ਦੀ ਗੱਲ ਵਾਰ-ਵਾਰ ਆਉਂਦੀ ਹੈ। ਜੇਕਰ ਅਸੀਂ ਨਾਮ ਵਿੱਚ ਤੇ ਗੁਰਬਾਣੀ ਵਿੱਚ ਫਰਕ ਕਰਨਾ ਛੱਡ ਦੇਵਾਂਗੇ ਤੇ ਫਿਰ ਅਸੀਂ ਇਸ ਭਰਮ ਵਿੱਚੋਂ ਨਿਕਲ ਜਾਵਾਂਗੇ ਕਿ ਨਾਮ ਕੀ ਹੈ। "ਗੁਰਬਾਣੀ" ਹੀ ਨਾਮ ਹੈ, "ਗੁਰਬਾਣੀ" ਹੀ ਨਾਮ ਹੈ, "ਗੁਰਬਾਣੀ" ਹੀ ਨਾਮ ਹੈ ਤੇ ਕਿਰਪਾ ਕਰਕੇ ਕੋਈ ਫਰਕ ਨਾ ਸਮਝੋ ਤੇ ਇਸ ਭਰਮ ਨੂੰ ਮਨ ਦੇ ਵਿੱਚੋਂ ਸਦਾ ਲਈ ਕੱਢ ਦਿਉ। ਅੱਗੇ ਚੱਲਕੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਹ ਕੁੱਝ ਸਮਝਾਂਗੇ। ਆਉ ਆਪਣੇ ਆਪ ਨੂੰ ਗੁਰਬਾਣੀ ਦੇ ਰੰਗ ਵਿੱਚ ਰੰਗੀਏ। ਗੁਰਬਾਣੀ ਦੇ ਰੰਗ ਵਿੱਚ ਰੰਗੇ ਜਾਣਾ ਹੀ ਨਾਮ ਦੇ ਰੰਗ ਵਿੱਚ ਰੰਗੇ ਜਾਣਾ ਹੈ। ਗੁਰਬਾਣੀ ਦਾ ਰੰਗ ਉਸਦੇ ਸੱਚੇ ਗਿਆਨ ਦਾ ਰੰਗ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ। ਜੋ ਸ਼ਬਦਾਂ ਦੀ ਵਿਚਾਰ ਨੂੰ ਮੰਨਦਾ ਹੈ, ਉਸ ਤੇ ਨਾਮ ਦਾ ਰੰਗ ਚੜ੍ਹ ਜਾਂਦਾ ਹੈ। ਇਹ ਰੰਗ ਸਾਡੀ ਮਤਿ ਦੇ ਉੱਤੇ ਚੜ੍ਹਦਾ ਹੈ ਤੇ ਸਾਡੀ ਮਾੜੀ ਮਤਿ ਨੂੰ ਸੱਚੀ ਮਤਿ ਬਣਾਉਂਦਾ ਹੈ, ਗੁਰਮਤਿ ਵਾਲੀ ਮਤਿ ਬਣਾਉਂਦਾ ਹੈ ਜਿਸ ਮਤਿ ਦੁਆਰਾ, ਮਨ ਦੀ ਸਮਝ ਦੁਆਰਾ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। (**ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥**)

{ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥
ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥
ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥4॥16॥49॥}

(ਅੰਗ 32)

{ਗੁਰਮਤੀ ਮਨਿ ਸਚੋ ਭਾਵੈ ॥
ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥3॥}

(ਅੰਗ 128)

ਸ਼ਬਦ ਦੀ ਵਿਚਾਰ ਸਾਨੂੰ ਨਾਮ ਦੇ ਰੰਗ ਦੇ ਨਾਲ ਰੰਗਦੀ ਹੈ ਜੋ ਰੰਗ ਪੂਰਨ ਸੱਚ ਦੇ ਰੂਪ ਵਿੱਚ ਹੈ, ਜੋ ਝੂਠ ਦਾ ਦੂਸਰਾ ਪਾਸਾ ਹੈ, ਝੂਠੀ ਮਤਿ ਦਾ ਦੂਸਰਾ ਪਾਸਾ ਹੈ, ਮਨਮਤਿ ਦਾ ਦੂਸਰਾ ਪਾਸਾ ਹੈ। ਗੁਰੂ ਦੀ ਸੱਚੀ ਮਤਿ ਅੰਮ੍ਰਿਤ ਹੈ, ਨਾਮ ਹੈ ਜੋ ਸਾਨੂੰ ਗੁਰੂ ਦੇ ਸੱਚੇ ਰੰਗ ਵਿੱਚ ਰੰਗਦੀ ਹੈ। (**ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥ ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥**)
(**ਗੁਰਮਤੀ ਮਨਿ ਸਚੋ ਭਾਵੈ ॥ ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥**)

"ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ॥
ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ॥"

(ਅੰਗ ੯੪੯)

ਉੱਪਰ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ ਝੂਠ ਬੋਲਣ ਨੂੰ ਕਿਤਨਾ ਮਾੜਾ ਆਖਿਆ ਹੈ। ਜ਼ਹਿਰ ਖਾਣ ਦੇ ਬਰਾਬਰ ਆਖਿਆ ਹੈ ਜਿਸ ਦੁਆਰਾ ਮਨੁੱਖ ਦੀ ਮੌਤ ਹੁੰਦੀ ਹੈ। ਇਹੋ ਜਿਹੇ ਮਾੜੇ ਕਰਮ ਕਰਨ ਵਾਲੇ ਮਨੁੱਖ ਜਿਉਂਦਿਆਂ ਹੀ ਆਪਣੇ

ਆਪ ਨੂੰ ਮਾਰ ਰਹੇ ਹਨ ਭਾਵ ਉਹਨਾਂ ਅੰਦਰ ਗੁਰੂ ਦੀ ਮਤਿ ਨਹੀਂ ਹੈ। ਗੁਰੂ ਦੀ ਸੱਚੀ ਮਤਿ ਅੰਮ੍ਰਿਤ ਹੈ ਤੇ ਮਨੁੱਖ ਦੀ ਝੂਠੀ ਮਤਿ, ਮਨਮਤਿ ਜਹਿਰ ਹੈ। ਗੁਰੂ ਦੀ ਸੱਚੀ ਮਤਿ ਰਾਹੀਂ ਅਸੀਂ ਚੰਗੇ ਕਰਮ ਕਰਦੇ ਹਾਂ ਤੇ ਮਾੜੀ ਮਤਿ ਰਾਹੀਂ ਮਾੜੇ ਕਰਮ ਕਰਦੇ ਹਾਂ, ਝੂਠ ਬੋਲਦੇ ਹਾਂ। ਝੂਠ ਨਾਲ, ਮਾੜੇ ਕਰਮਾਂ ਨਾਲ ਮਨੁੱਖ ਦੀ ਪਤਿ ਲੈਂਦੀ ਹੈ ਤੇ ਇਹ ਦੂਜਾ ਭਾਉ ਹੈ, ਮਾਇਆ ਮੋਹ ਹੈ ਭਾਵ ਗੁਰੂ ਨਾਲ ਮੋਹ ਨਹੀਂ ਹੈ। ਇਹੋ ਜਿਹੇ ਮਨੁੱਖ ਆਪਣਾ ਜੀਵਨ ਬਰਬਾਦ ਕਰਕੇ ਹੀ ਜਾਂਦੇ ਹਨ, ਮਾਇਆ ਨੂੰ ਰੋਂਦੇ ਹੋਏ ਹੀ ਜਾਂਦੇ ਹਨ। ਇਹੋ ਜਿਹੇ ਮਨੁੱਖ ਜਿਤਨਾ ਮਰਜ਼ੀ ਭਗਤੀ ਦਾ ਦਿਖਾਵਾ ਕਰੀ ਜਾਣ, ਜਿਤਨਾ ਮਰਜ਼ੀ ਸਰੀਰਕ ਜਪ ਤਪ ਕਰਕੇ ਦਿਖਾਈ ਜਾਣ, ਕਿਸੇ ਅੱਖਰ ਨੂੰ ਜਪੀ ਜਾਣ, ਸਵੇਰੇ ਸ਼ਾਮ ਧਰਮ ਸਥਾਨਾਂ ਤੇ ਮੱਥੇ ਟੇਕੀ ਜਾਣ, ਸਮਾਧੀਆਂ ਲਗਾ ਕੇ ਬੈਠੇ ਰਹਿਣ, ਉਹ ਕਿਸੇ ਲੇਖੇ ਨਹੀਂ ਹੈ ਬਲਕਿ ਕੇਵਲ ਦਿਖਾਵਾ ਹੈ, ਭਗਤੀ ਦਾ ਪਾਖੰਡ ਹੈ। ਭਗਤੀ ਸਾਡੇ ਸੱਚੇ ਸੁੱਚੇ ਜੀਵਨ ਨਾਲ ਹੋਣੀ ਹੈ ਜੋ ਕਿ ਗੁਰੂ ਦੀ ਗੱਲ ਨੂੰ ਮੰਨ ਕੇ ਤੇ ਉਸ ਤੇ ਅਮਲ ਕਰਕੇ ਹੋ ਸਕਦੀ ਹੈ। (**ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ ॥ ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ ॥**)

“ਸਾਹਿਬੁ ਮੇਰਾ ਉਜਲਾ ਜੇ ਕੋ ਚਿਤਿ ਕਰੇਇ॥
ਨਾਨਕ ਸੋਈ ਸੇਵੀਐ ਸਦਾ ਸਦਾ ਜੋ ਦੇਇ॥
ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ॥
ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ॥੨॥”

(ਅੰਗ ੯੫੬)

ਉੱਪਰ ਸ਼ਬਦ ਰਾਹੀਂ ਸਾਡੇ ਔਗੁਣਾਂ ਨੂੰ ਸਾਡੇ ਦੁੱਖ ਦੱਸਿਆ ਹੈ ਭਾਵ ਦੁੱਖਾਂ ਦਾ ਕਾਰਨ ਦੱਸਿਆ ਹੈ ਜਿਸ ਕਰਕੇ ਸਾਨੂੰ ਆਖਿਰ ਦੁੱਖ ਹੀ ਭੋਗਣੇ ਪੈਂਦੇ ਹਨ, ਸਜਾਵਾਂ ਭੁਗਤਣੀਆਂ ਪੈਂਦੀਆਂ ਹਨ। ਸੁੱਖ ਗੁਣਾਂ ਵਿੱਚ ਹੈ, ਗੁਰੂ ਦੀ ਮਤਿ ਲੈਣ ਵਿੱਚ ਹੈ। ਗੁਰੂ ਦੀ ਸੇਵਾ ਕਰਨਾ ਗੁਰਮਤਿ ਦੀ ਸੇਵਾ ਕਰਨਾ ਹੈ ਭਾਵ ਗੁਰਮਤਿ ਦੇ ਗੁਣਾਂ ਅਨੁਸਾਰ ਗੁਣੀ ਬਣ ਕੇ ਵਿਚਰਨਾ ਹੈ ਜਿਸ ਦੁਆਰਾ ਸਾਨੂੰ “ਸੁੱਖ” ਦੀ, ਉਸ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ, ਮਨ ਦੇ ਵਿੱਚ ਸੰਤੋਖ ਦੀ ਪ੍ਰਾਪਤੀ ਹੁੰਦੀ ਹੈ। **(ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ॥ ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ॥੨॥)** ਜੋ ਸ਼ਬਦਾਂ ਦੀ ਕੇਵਲ ਕਥਨੀ ਕਰਦੇ ਹਨ ਜਾਂ ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲੀ ਜਾਂਦੇ ਹਨ ਉਹ ਇਸੇ ਗੱਲ ਨੂੰ ਹੀ ਆਪਣਾ ਗੁਣ ਸਮਝਦੇ ਹਨ ਤੇ ਆਪਣੇ ਆਪ ਨੂੰ ਗੁਣੀ ਅਖਵਾਉਂਦੇ ਹਨ, ਪ੍ਰਮਾਤਮਾ ਦੇ ਗੁਣ ਗਾਉਣ ਵਾਲੇ ਅਖਵਾਉਂਦੇ ਹਨ ਪਰ ਗੁਣੀ ਕੇਵਲ ਉਹ ਹੈ ਜਿਸ ਨੇ ਔਗੁਣ ਛੱਡੇ ਹੋਏ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡੇ ਹੋਏ ਹਨ। ਲੋਭ ਲਾਲਚ ਛੱਡਿਆ ਹੋਇਆ ਹੈ, ਝੂਠ ਬੋਲਣਾ ਛਡਿਆ ਹੋਇਆ ਹੈ ਜਿਵੇਂ ਕਿ ਉਪਰਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਅਉਗਣਾਂ ਦੇ ਰਹਿੰਦਿਆਂ ਕੋਈ ਗੁਣੀ ਨਹੀਂ ਹੈ। ਜੋ ਕੁੱਝ ਸਾਨੂੰ ਗੁਰਮਤਿ ਸਮਝਾਉਂਦੀ ਹੈ ਉਸਨੂੰ ਮੰਨਣਾ ਗੁਣ ਹੈ ਤੇ ਜੋ ਕੁੱਝ ਵੀ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਹ ਸਾਡਾ ਔਗੁਣ ਹੈ। (**ਸਾਹਿਬੁ ਮੇਰਾ ਉਜਲਾ ਜੇ ਕੋ ਚਿਤਿ ਕਰੇਇ॥ ਨਾਨਕ ਸੋਈ ਸੇਵੀਐ ਸਦਾ ਸਦਾ ਜੋ ਦੇਇ॥ ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ॥ ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ॥**)

“ਸਾਈ ਸੋਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ॥
ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ॥”

(ਅੰਗ 959)

ਪ੍ਰਮਾਤਮਾ ਦੀ ਸੁਹਾਗਣ ਬਣਨਾ ਕੀ ਹੈ, ਕਿਵੇਂ ਬਣਿਆ ਜਾ ਸਕਦਾ ਹੈ, ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਅਸੀਂ ਆਪਣੇ ਔਗੁਣਾਂ ਕਰਕੇ ਹੀ ਉਸ ਪ੍ਰਮਾਤਮਾ ਦੀ ਦੁਹਾਗਣ ਹਾਂ ਤੇ ਜਿਸਨੂੰ ਪ੍ਰਮਾਤਮਾ ਆਪਣੀ ਸੁਹਾਗਣ ਬਣਾਉਂਦਾ ਹੈ, ਉਸ ਤੇ ਆਪਣੀ ਕਿਰਪਾ ਕਰਕੇ ਉਸਦੇ ਔਗੁਣ ਹੀ ਕੱਢਦਾ ਹੈ, ਉਸਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ, ਤ੍ਰਿਸ਼ਨਾ ਵਿੱਚੋਂ ਕੱਢਦਾ ਹੈ ਜੋ ਸਾਡੇ ਵਿਕਾਰਾਂ ਦੀ ਜੜ੍ਹ ਹੈ ਤੇ ਤ੍ਰਿਸ਼ਨਾ ਦਾ ਮੂਲ ਸਾਡੇ ਮਨ ਦੀ ਮਾੜੀ ਸਮਝ ਹੈ, ਸਾਡੇ ਅੰਦਰ ਗੁਰੂ ਦੀ ਸੱਚੀ ਸਮਝ ਦਾ ਨਾ ਹੋਣਾ ਹੈ, ਗੁਰਮਤਿ ਦਾ ਨਾ ਹੋਣਾ ਹੈ, ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ ਭਾਵ ਅਗਿਆਨਤਾ ਹੈ, ਮਾੜੀ ਸੋਝੀ ਹੈ। ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਸਾਡੀ ਸੋਝੀ ਹੀ ਬਦਲਦਾ ਹੈ, ਮਨ ਦੇ ਵਿਚਾਰ ਹੀ ਬਦਲਦਾ ਹੈ ਜੋ ਕਿ ਉਸ ਦੇ ਆਪਣੇ ਹੱਥ ਹੀ

ਹਨ। ਮਨ ਵਿੱਚ ਆਪਣੇ ਗੁਣ ਬਖਸ਼ ਕੇ ਹੀ ਉਹ ਸਾਨੂੰ ਸਵਾਰਦਾ ਹੈ, ਆਪਣੇ ਨਾਲ ਮੇਲ ਕਰਨ ਦੇ ਯੋਗ ਬਣਾਉਂਦਾ ਹੈ ਜਿਸ ਦੁਆਰਾ ਉਸਦੀ ਸੁਹਾਗਣ ਬਣਿਆ ਜਾ ਸਕਦਾ ਹੈ। ਸਰੀਰਕ ਜਪਾਂ ਤਪਾਂ ਦੁਆਰਾ ਸਾਡੇ ਅੰਦਰ ਗੁਣ ਨਹੀਂ ਵੱਸ ਸਕਦੇ। ਗੁਣ ਮਨ ਦੇ ਵਿਕਾਰ ਮਰਨ ਨਾਲ ਹੀ ਵੱਸਦੇ ਹਨ ਤੇ ਇਹ ਹੀ ਸਾਡਾ ਉੱਦਮ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਦੇ ਦੱਸੇ ਹੋਏ ਗੁਣਾਂ ਅਨੁਸਾਰ ਵਿਚਰੀਏ ਤਾਂ ਜੋ ਉਸਦੀ ਸੁਹਾਗਣ ਬਣਨ ਦਾ ਸੁੱਖ ਪ੍ਰਾਪਤ ਕਰ ਸਕੀਏ ਤੇ ਭਾਗਾਂ ਵਾਲੇ ਬਣ ਸਕੀਏ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ। (**ਸਾਈ ਸੋਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ॥ ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ॥**)

“ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥੧॥”

(ਅੰਗ ੯੭੮)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਅਸੀਂ ਆਪਣੇ ਜੀਵਨ ਵਿੱਚ ਕਿਹੋ ਜਿਹੀ ਘਾਲਣਾ ਘਾਲਣੀ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਨਿਹਾਲ ਕਰ ਦੇਵੇ, ਪ੍ਰਸੱਨ ਕਰ ਦੇਵੇ ਭਾਵ ਆਪਣੇ ਨਾਲ ਮੇਲ ਲਵੇ। ਮਨ ਵਿੱਚ ਕਪਟ ਦੇ ਰਹਿੰਦਿਆਂ, ਔਗੁਣਾਂ ਦੇ ਰਹਿੰਦਿਆਂ ਅਸੀਂ ਆਪਣੇ ਜੀਵਨ ਵਿੱਚ ਉਹ ਘਾਲਣਾ ਨਹੀਂ ਘਾਲ ਸਕਦੇ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਨਿਹਾਲ ਕਰਦਾ ਹੈ। ਉਹੋ ਜਿਹੀ ਘਾਲਣਾ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰ ਕੇ ਹੀ ਘਾਲੀ ਜਾ ਸਕਦੀ ਹੈ ਕਿਉਂਕਿ ਸੱਚੀ ਸੁੱਚੀ ਕਿਰਤ ਅਸੀਂ ਵਿਕਾਰ ਰਹਿਤ ਹੋ ਕੇ ਹੀ ਕਰ ਸਕਦੇ ਹਾਂ। ਸੱਚੇ ਸੁੱਚੇ ਬਣ ਕੇ, ਪਰਉਪਕਾਰੀ ਬਣ ਕੇ ਇਸ ਜੀਵਨ ਵਿੱਚ ਵਿਚਰਨਾ ਹੀ ਸਾਡੀ ਸੱਚੀ ਘਾਲਣਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਮੋਹ ਸਕਦੇ ਹਾਂ ਤੇ ਉਸਦੇ ਮੇਲ ਦੁਆਰਾ ਇਸ ਆਵਾਗਉਣ ਤੋਂ ਮੁਕਤ ਹੋ ਸਕਦੇ ਹਾਂ। ਸਾਰਾ ਦਿਨ ਸਮਾਧੀਆਂ ਲਗਾ ਕੇ ਜਪ ਤਪ ਕਰੀ ਜਾਣਾ ਕੋਈ ਸੇਵਾ ਘਾਲਣਾ ਨਹੀਂ ਹੈ। ਗੁਰਸਿੱਖ ਅਖਵਾਉਣਾ ਬਹੁਤ ਸੌਖਾ ਹੈ ਪਰ ਗੁਰਸਿੱਖ ਬਣਨਾ ਬਹੁਤ ਔਖਾ ਹੈ। ਹਰ ਕੋਈ ਆਪਣੇ ਆਪ ਹੀ ਗੁਰਸਿੱਖ ਬਣੀ ਬੈਠਾ ਹੈ ਜਾਂ ਕਿਸੇ ਨੂੰ ਬਣਾਈ ਬੈਠਾ ਹੈ। ਗੁਰਬਾਣੀ ਵਿੱਚ “ਗੁਰਸਿਖ” ਕਿਸ ਨੂੰ ਕਿਹਾ ਹੈ, ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਵਿਕਾਰੀ ਮਨੁੱਖ ਗੁਰਸਿਖ ਨਹੀਂ ਹੋ ਸਕਦਾ। ਗੁਰੂ ਦੀ ਸਿੱਖਿਆ ਨੂੰ ਪੂਰਨ ਰੂਪ ਵਿਚ ਮੰਨਣ ਵਾਲਾ, ਉਸ ਤੇ ਅਮਲ ਕਰਨ ਵਾਲਾ ਹੀ ਗੁਰਸਿਖ ਬਣ ਸਕਦਾ ਹੈ।

{ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥}

(ਅੰਗ ੮)

ਆਪਣੇ ਕਰਮਾਂ ਦੁਆਰਾ ਹੀ ਭਾਵ ਸਾਫ-ਸੁਥਰੀ ਜੀਵਨ ਦੀ ਵਿਚਰਨ ਦੁਆਰਾ ਹੀ ਅਸੀਂ ਉਸਦਾ ਨਾਮ ਧਿਆਉਣਾ ਹੈ, ਇਸ ਜੀਵਨ ਦੀ ਘਾਲਣਾ ਘਾਲਣੀ ਹੈ। ਹਰ ਸ਼ਬਦ ਰਾਹੀਂ ਇਹ ਹੀ ਸਮਝਾਇਆ ਹੋਇਆ ਹੈ ਕਿ ਔਗੁਣਾਂ ਦਾ ਤਿਆਗ ਕੀਤੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ। ਜੇ ਸਾਨੂੰ ਸੱਚੇ ਦਿਲੋਂ ਉਸ ਪ੍ਰਮਾਤਮਾ ਨਾਲ ਮਿਲਣ ਦੀ ਤਾਂਘ ਹੈ, ਇਹ ਰਸਤਾ ਸਿੱਧਾ ਤੇ ਸਪੱਸ਼ਟ ਹੈ, ਬਸ ਫੈਸਲਾ ਹੀ ਕਰਨਾ ਹੈ ਕਿ ਅਸੀਂ ਸਹਾਰਾ ਝੂਠ ਦਾ ਤੇ ਸਿਆਣਪਾਂ ਦਾ ਲੈਣਾ ਹੈ ਜਾਂ ਸੱਚ ਨਾਲ ਜੁੜਨਾ ਹੈ। ਇੱਕ ਪਾਸੇ ਖੁਆਰੀ ਹੈ ਤੇ ਦੂਜੇ ਪਾਸੇ ਸੁੱਖ ਹੈ। ਸੁੱਖ ਦੀ ਪ੍ਰਾਪਤੀ ਲਈ ਇੱਕ ਵਾਰੀ ਤਾਂ ਮਨ ਨੂੰ ਮਾਰਨਾ ਹੀ ਪੈਣਾ ਹੈ। ਉਸ ਤੋਂ ਬਾਅਦ ਉੱਥੇ ਸੁੱਖ ਹੀ ਸੁੱਖ ਹੈ। ਬਹੁਤ ਔਖਾ ਹੈ ਔਗੁਣਾਂ ਵਿੱਚੋਂ ਨਿਕਲਣਾ, ਬਹੁਤ ਔਖਾ ਹੈ ਨਾਮ ਜਪਣਾ। ਸ਼ਬਦ ਨੂੰ ਵਾਰ-ਵਾਰ ਪੜ੍ਹੋ ਤੇ ਸਮਝੋ ਕਿ “ਹਰਿ ਕੀ ਹਰਿ ਘਾਲ” ਕਮਾਉਣੀ ਕੀ ਹੈ। ਭਾਵ ਹਰਿ ਹਰਿ ਕਰਨਾ ਕੀ ਹੈ। ਆਪਣੇ ਆਪ ਨੂੰ ਨਿਹਕਪਟ ਕਰਨਾ ਭਾਵ ਔਗੁਣ ਰਹਿਤ ਕਰਨਾ ਹੀ, ਸੱਚੇ ਬਣ ਕੇ ਵਿਚਰਨਾ ਹੀ ਹਰਿ ਕੀ ਘਾਲ ਕਮਾਉਣਾ ਹੈ। **(ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥੧॥)** ਹਰ ਕੋਈ ਗੱਲਾਂ ਨਾਲ ਹੀ ਆਪਣੇ ਆਪ ਨੂੰ ਨਿਹਾਲ ਕਰੀ ਬੈਠਾ ਹੈ। ਨਿਹਾਲ ਉਹ ਹੀ ਹੋ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲ ਲੈਂਦਾ ਹੈ ਤੇ ਉਸਦੇ ਨਾਲ ਮੇਲ ਕੀ ਹੈ, ਇਸਦੀ ਕਿਸੇ ਨੂੰ ਸਮਝ ਨਹੀਂ ਹੈ।

“ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥”

(ਅੰਗ ੧੦੧੦)

ਸਾਡੀ ਭਗਤੀ ਦਾ ਮਕਸਦ ਤਾਂ ਆਪਣੇ ਅਸਲ ਘਰ ਵਿੱਚ ਜਾਣ ਦਾ ਹੈ, ਨਿਜ ਘਰ ਵਿੱਚ ਜਾਣ ਦਾ ਹੈ, ਪ੍ਰਮਾਤਮਾ ਦੇ ਘਰ ਵਿੱਚ ਜਾਣ ਦਾ ਹੈ ਭਾਵ ਉਸਦੇ ਨਾਲ ਮਿਲਣ ਦਾ ਹੈ ਤੇ ਜਦ ਤੱਕ ਸਾਡੇ ਅੰਦਰ ਔਗੁਣ ਭਰੇ ਹੋਏ ਹਨ ਅਸੀਂ ਉਸ ਘਰ ਵਿੱਚ ਕਿਵੇਂ ਪਹੁੰਚ ਸਕਦੇ ਹਾਂ। ਉਹ ਘਰ ਗੁਣਾਂ ਦਾ ਖਜ਼ਾਨਾ ਹੈ, ਗੁਣਾਂ ਨਾਲ ਭਰਪੂਰ ਹੈ ਤੇ ਉਸ ਘਰ ਦੇ ਵਿੱਚ ਜਾਇਆ ਵੀ ਗੁਣਾਂ ਦੇ ਨਾਲ ਹੀ ਸਕਦਾ ਹੈ ਭਾਵ ਸਾਡੀ ਜ਼ਿੰਦਗੀ ਦਾ ਸਾਰਾ ਉਪਰਾਲਾ ਔਗੁਣਾਂ ਵਿੱਚੋਂ ਨਿਕਲਣ ਦਾ ਹੀ ਹੋਣਾ ਚਾਹੀਦਾ ਹੈ ਤੇ ਇਹ ਹੀ ਸਾਡੀ ਸੱਚੀ ਭਗਤੀ ਦਾ ਉੱਦਮ ਹੈ ਜਿਸ ਦੁਆਰਾ ਪ੍ਰਮਾਤਮਾ ਨਾਲ ਮਿਲਿਆ ਜਾ ਸਕਦਾ ਹੈ, ਆਪਣੇ ਅਸਲ ਘਰ ਵਿੱਚ ਪਹੁੰਚਿਆ ਜਾ ਸਕਦਾ ਹੈ। ਜੋ ਪ੍ਰਮਾਤਮਾ ਦਾ ਘਰ ਸਾਡਾ ਮਨ ਹੀ ਹੈ। ਮਨ ਦੇ ਵਿੱਚ, ਔਗਣ ਨਿਕਲਣਗੇ, ਗੁਣ ਵੱਸਣਗੇ ਤੇ ਤਾਂ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਅਸੀਂ ਔਗੁਣਾਂ ਨੂੰ ਛੱਡਣ ਦਾ ਸੱਚਾ ਉੱਦਮ ਹੀ ਕਰਨਾ ਹੈ। ਕਿਸੇ ਭਾਗਾਂ ਵਾਲੇ ਮਨੁੱਖ ਨੂੰ ਹੀ ਪ੍ਰਮਾਤਮਾ ਔਗੁਣਾਂ ਵਿੱਚੋਂ ਕੱਢਦਾ ਹੈ, ਆਪਣਾ ਸੱਚਾ ਗਿਆਨ ਬਖ਼ਸ਼ਦਾ ਹੈ, ਸਹਿਜ ਗਿਆਨ ਬਖ਼ਸ਼ਦਾ ਹੈ। ਇਹੀ ਪ੍ਰਮਾਤਮਾ ਦਾ ਸੱਚਾ ਧੰਨ ਹੈ ਜੋ ਕਿ ਸੱਚੀ ਸਮਝ ਦਾ ਧੰਨ ਹੈ, ਗੁਰਮਤਿ ਦੀ ਸਮਝ ਦਾ ਧੰਨ ਹੈ, ਗੁਣਾਂ ਦਾ ਧੰਨ ਹੈ ਜਿਸਦੀ ਪ੍ਰਾਪਤੀ ਦੁਆਰਾ ਆਪਣੇ ਅਸਲ ਘਰ ਵਿੱਚ ਪਹੁੰਚਿਆ ਜਾ ਸਕਦਾ ਹੈ। (**ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥**)

“ਕੂਕਰ ਸੂਕਰ ਕਹੀਅਹਿ ਕੂੜਿਆਰਾ॥
ਭਉਕਿ ਮਰਹਿ ਭਉ ਭਉ ਭਉ ਹਾਰਾ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ॥੧੫॥”

(ਅੰਗ ੧੦੨੯)

ਉੱਪਰ ਸ਼ਬਦ ਰਾਹੀਂ ਮਾੜੇ ਕਰਮ ਕਰਨ ਵਾਲੇ, ਔਗੁਣਾਂ ਵਾਲੇ ਮਨੁੱਖਾਂ ਦੀ ਤੁਲਨਾ ਕੁੱਤੇ ਅਤੇ ਸੂਰ ਨਾਲ ਕੀਤੀ ਹੋਈ ਹੈ ਭਾਵ ਉਨ੍ਹਾਂ ਨੂੰ ਬਹੁਤ ਮਾੜਾ ਕਿਹਾ ਗਿਆ ਹੈ। ਮਨ ਦੀ ਮਾੜੀ ਬਿਰਤੀ ਵਾਲਿਆਂ ਨੂੰ ਭਾਵ ਮਾੜੇ ਕਰਮ ਕਰਨ ਵਾਲਿਆਂ ਨੂੰ ਕਿਤਨੀ ਕੁ ਫਿਟਕਾਰ ਪਾਈ ਹੈ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਇਹੋ ਜਿਹੀ ਬਿਰਤੀ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰਨਾ ਜੋ ਕਿ ਅਸੀਂ ਮੁੱਖੋਂ ਕੇਵਲ ਬੋਲ ਬੋਲ ਕੇ ਹੀ ਕਰਨਾ ਸਮਝਦੇ ਹਾਂ, ਉਸਨੂੰ ਕੇਵਲ ਇੱਕ ਕੁੱਕੜ ਦੇ ਭੌਂਕਣ ਦੀ ਤਰ੍ਹਾਂ ਦੱਸਿਆ ਹੈ। ਇਹੋ ਜਿਹੀ ਬਿਰਤੀ ਵਿੱਚ ਅਗਰ ਕੋਈ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ ਭਾਵੇਂ ਉਹ ਜਿਤਨਾ ਮਰਜ਼ੀ ਉਪਰਾਲਾ ਕਰਦਾ ਹੈ, ਜਿਹੋ ਜਿਹਾ ਵੀ ਉਪਰਾਲਾ ਕਰਦਾ ਹੈ ਭਾਵ ਜਿਹੋ ਜਿਹਾ ਮਰਜ਼ੀ ਸਰੀਰਕ ਜਪ ਤਪ ਕਰਦਾ ਹੈ ਉਹ ਭੌਂਕ ਭੌਂਕ ਕੇ ਹਾਰ ਜਾਵੇਗਾ ਭਾਵ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕੇਗਾ ਕਿਉਂਕਿ ਜਿਸ ਮਨੁੱਖ ਦਾ ਮਨ ਤਨ ਜੂਠਾ ਹੈ, ਜੋ ਝੂਠੀ ਬਿਰਤੀ ਵਾਲਾ ਹੈ, ਜੋ ਕੂੜ ਕਮਾਉਣ ਵਾਲਾ ਹੈ, ਉਹ ਦੁਰਮਤਿ ਵਿੱਚ ਹੈ ਭਾਵ ਉਹ ਗੁਰੂ ਦੀ ਮਤਿ ਵਾਲਾ ਨਹੀਂ ਹੈ ਤੇ ਉਹ ਪ੍ਰਮਾਤਮਾ ਦੀ ਦਰਗਾਹ ਵਿੱਚ ਕਦੇ ਨਹੀਂ ਜਾ ਸਕਦਾ, ਉਸਦੀ ਹਾਰ ਪੱਕੀ ਹੈ ਭਾਵ ਵਿਕਾਰਾਂ ਦੇ ਰਹਿੰਦਿਆਂ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ ਤੇ ਇਹੋ ਜਿਹੀ ਅਵੱਸਥਾ ਵਿੱਚ ਪ੍ਰਮਾਤਮਾ ਦੀ ਮੰਗ ਕਰਨਾ, ਆਪਣੇ ਆਪ ਨੂੰ ਭਗਤੀ ਵਾਲਾ ਸਮਝਣਾ, ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰਨਾ ਕੇਵਲ ਇੱਕ ਫ਼ਜ਼ੂਲ ਦਾ ਭੌਂਕਣਾ ਹੈ ਜਿਸਦਾ ਪ੍ਰਮਾਤਮਾ ਉੱਤੇ ਕੋਈ ਅਸਰ ਨਹੀਂ ਹੁੰਦਾ। ਹੁਣ ਧਿਆਨ ਨਾਲ ਸੋਚੋ ਜੇਕਰ ਅਸੀਂ ਸੱਚੇ ਦਿਲੋਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤੇ ਫਿਰ ਉਸ ਲਈ ਇੱਕੋ ਇੱਕ ਤਰੀਕਾ ਸੱਚ ਨੂੰ ਅਪਣਾਉਣ ਦਾ ਹੈ, ਝੂਠ, ਔਗੁਣ, ਵਿਕਾਰ ਛੱਡਣ ਦਾ ਹੀ ਹੈ ਤਾਂ ਜੋ ਅਸੀਂ ਸੱਚੀ ਸੁੱਚੀ ਕਿਰਤ ਕਰ ਸਕੀਏ, ਚੰਗੇ ਕਰਮ ਕਰ ਸਕੀਏ ਜੋ ਪ੍ਰਮਾਤਮਾ ਨੂੰ ਭਾਉਂਦੇ ਹਨ। (**ਕੂਕਰ ਸੂਕਰ ਕਹੀਅਹਿ ਕੂੜਿਆਰਾ॥ ਭਉਕਿ ਮਰਹਿ ਭਉ ਭਉ ਭਉ ਹਾਰਾ॥ ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ॥**) ਪ੍ਰਮਾਤਮਾ ਨੂੰ ਸਾਡੇ ਸਰੀਰਕ ਜਪ ਤਪ ਨਹੀਂ ਭਾਉਂਦੇ ਜਿਹਨਾਂ ਨੂੰ ਬਾਣੀ ਵਿੱਚ ਵਾਰ-ਵਾਰ ਖੰਡਿਆ ਹੈ ਤੇ ਕੇਵਲ ਸਾਡਾ ਪ੍ਰਮਾਤਮਾ ਨੂੰ ਪਾਉਣ ਲਈ ਪਾਖੰਡ ਦੱਸਿਆ ਹੈ

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

{ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥}

(ਅੰਗ ੪੧੨)

ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਇਹ ਹੀ ਹੈ ਕਿ ਅਸੀਂ ਸੱਚ ਨੂੰ ਅਪਣਾਈਏ ਭਾਵ ਕੇਵਲ ਉਹ ਕੁੱਝ ਕਰੀਏ ਜੋ ਸਾਨੂੰ ਗੁਰਮਤਿ ਸਮਝਾਉਂਦੀ ਹੈ। ਕੇਵਲ ਗੁਰਮਤਿ ਹੀ ਸੱਚ ਹੈ। ਜੋ ਕੁੱਝ ਸਾਨੂੰ ਗੁਰਬਾਣੀ ਸਮਝਾ ਰਹੀ ਹੈ ਉਹ ਸੱਚ ਹੈ। ਗੁਰਬਾਣੀ ਸਾਨੂੰ ਸਮਝਾ ਰਹੀ ਹੈ ਕਿ ਸਰੀਰਕ ਜਪ ਤਪ ਨਹੀਂ ਕਰਨੇ ਚਾਹੀਦੇ ਫਿਰ ਸਾਨੂੰ ਨਹੀਂ ਕਰਨੇ ਚਾਹੀਦੇ, ਪਾਖੰਡ ਨਹੀਂ ਕਰਨੇ ਚਾਹੀਦੇ।

“ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥੧॥”

(ਅੰਗ ੧੦੮੮)

ਗੱਲ ਇੱਥੇ ਵੀ ਗੁਣਾਂ ਔਗੁਣਾਂ ਦੀ ਹੀ ਸਮਝਾਈ ਹੋਈ ਹੈ ਜੋ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ। ਜਿਸ ਮਨੁੱਖ ਦੀ ਬਿਰਤੀ ਮਾੜੀ ਹੈ, ਕਾਲੀ ਹੈ, ਉਹ ਪ੍ਰਮਾਤਮਾ ਦੇ ਮਹਿਲ ਵਿੱਚ ਭਾਵ ਉਸਦੀ ਦਰਗਾਹ ਵਿੱਚ, ਉਸ ਦੀਆਂ ਨਜ਼ਰਾਂ ਵਿੱਚ ਸਦਾ ਹੀ ਕੁਚੱਜਾ ਹੈ ਤੇ ਇਹੋ ਜਿਹੀ ਬਿਰਤੀ ਵਿੱਚ ਉਸਨੂੰ ਕੋਈ ਨਹੀਂ ਪਾ ਸਕਦਾ। ਉਸਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਮਨੁੱਖ ਦੇ ਗੁਣ ਹਨ, ਜਿਨ੍ਹਾਂ ਦੁਆਰਾ ਅਸੀਂ ਕੇਵਲ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ।

ਗੁਰੂ ਦਾ ਫੁਰਮਾਨ ਹਰ ਸ਼ਬਦ ਵਿੱਚ ਸਪੱਸ਼ਟ ਹੈ ਤੇ ਲਾਭ ਗੁਰੂ ਦੀ ਗੱਲ ਮੰਨ ਕੇ ਹੀ ਮਿਲਦਾ ਹੈ। ਕੇਵਲ ਗੱਲਾਂ ਕਰਨ ਨਾਲ ਲਾਭ ਨਹੀਂ ਮਿਲ ਸਕਦਾ। ਗੁਰੂ ਜੀ ਸਾਨੂੰ ਵਾਰ-ਵਾਰ ਇੱਕੋ ਗੱਲ ਸਮਝਾ ਰਹੇ ਹਨ ਕਿ ਔਗੁਣਾਂ ਨੂੰ ਤਿਆਗੋ, ਮਨ ਨੂੰ ਮਾਰੋ। ਇਹ ਗੁਣ ਹੀ ਮਨੁੱਖ ਦਾ ਧੰਨ ਹਨ। (**ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ॥ ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥**)

“ਪਡੀਆ ਕਵਨ ਕੁਮਤਿ ਤੁਮ ਲਾਗੇ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥੧॥ਰਹਾਉ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥੧॥”

(ਅੰਗ ੧੧੦੨)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ। ਸਾਡੇ ਪਾਠ ਪੜ੍ਹਨ ਸੁਣਨ ਆਦਿ ਦਾ ਤਦ ਤੱਕ ਸਾਨੂੰ ਕੀ ਲਾਭ ਹੋ ਸਕਦਾ ਹੈ ਜਦ ਤੱਕ ਉਸਦੇ ਗੁਣ ਸਾਡੇ ਅੰਦਰ ਨਹੀਂ ਵੱਸਦੇ। ਆਪਣੇ ਅੰਦਰ ਗੁਰੂ ਦਾ ਗਿਆਨ ਵੱਸਾਏ ਬਿਨ੍ਹਾਂ ਉਸਦਾ ਜਪ ਨਹੀਂ ਹੋ ਸਕਦਾ। ਗੁਰੂ ਦਾ ਜਪੁ ਆਪਣੀ ਮਤਿ ਤਿਆਗ ਕੇ ਹੀ ਹੋ ਸਕਦਾ ਹੈ। “ਰਾਮ ਨਾਮ” ਕੀ ਹੈ, ਇਸ ਦੀ ਸਮਝ ਵੀ ਲੱਗ ਰਹੀ ਹੈ। ਰਾਮ ਨਾਮ ਗੁਰਬਾਣੀ ਹੈ। **(ਰਾਮ ਨਾਮ ਹਰਿ ਅੰਮ੍ਰਿਤ ਬਾਣੀ॥ਰਹਾਉ॥)** ਅੰਗ - 185 । ਉੱਪਰ ਸ਼ਬਦ ਵਿੱਚ ਵੇਦ ਕੁਰਾਨ ਪੜ੍ਹਨ ਰਾਹੀਂ ਵੀ ਰਾਮ ਨਾਮ ਸਮਝਣ ਦੀ ਗੱਲ ਕੀਤੀ ਹੋਈ ਹੈ। ਸਾਰੇ ਧਰਮ ਗ੍ਰੰਥਾਂ ਦੇ ਵਿੱਚ ਰਾਮ ਨਾਮ ਹੀ ਹੈ ਭਾਵ ਉਸ ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸੱਚਾ ਧਾਰਮਿਕ ਗਿਆਨ ਹੀ ਹੈ, ਗੁਰੂ ਰੂਪ ਪ੍ਰਮਾਤਮਾ ਦੀ ਆਪਣੀ ਬਾਣੀ ਹੈ, ਜਦ ਤੱਕ ਅਸੀਂ ਰਾਮ ਨਾਮ ਦੀ ਗਤਿ ਨੂੰ ਭਾਵ ਉਸਦੇ ਅੰਦਰ ਸਮਝਾਈ ਹੋਈ ਸਮਝ ਨੂੰ, ਉਪਦੇਸ਼ ਨੂੰ ਨਹੀਂ ਜਾਣਦੇ, ਨਹੀਂ ਮੰਨਦੇ ਭਾਵ ਉਸ ਤੇ ਅਮਲ ਨਹੀਂ ਕਰਦੇ ਅਸੀਂ ਪਾਰ ਕਿਵੇਂ ਉਤਰ ਸਕਦੇ ਹਾਂ ਤੇ ਇਹ ਹੀ ਰਾਮ ਨਾਮ ਜਪਣਾ ਹੈ। ਜੇਕਰ ਅਸੀਂ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਈਏ ਪਰ ਉਸ ਵਿੱਚ ਸਮਝਾਈ ਹੋਈ ਗੱਲ ਤੇ ਅਮਲ ਨਾ ਕਰੀਏ ਤਾਂ ਇਹ ਕੇਵਲ ਉਸ ਪ੍ਰਮਾਤਮਾ ਦਾ ਇਹੋ ਜਿਹਾ ਜਸ ਕਰਨ ਵਾਲੀ ਗੱਲ ਹੈ ਜਿਵੇਂ ਕਿ ਖੋਤੇ ਦੇ ਉੱਤੇ ਚੰਦਨ ਦਾ ਭਾਰ ਲੱਦਿਆ ਹੋਵੇ। ਜਿਵੇਂ ਖੋਤੇ ਨੂੰ ਉਸ ਚੰਦਨ ਦਾ ਕੋਈ ਲਾਭ ਨਹੀਂ, ਉਸ ਲਈ ਕੇਵਲ ਉਹ ਇੱਕ ਭਾਰ ਚੁੱਕਣ ਵਾਲੀ ਗੱਲ ਹੈ। ਉਸੇ ਤਰ੍ਹਾਂ ਕੇਵਲ ਧਰਮ ਗ੍ਰੰਥਾਂ ਦੇ ਪੜ੍ਹੀ ਜਾਣ ਦਾ ਮਨੁੱਖ ਨੂੰ ਕੋਈ ਲਾਭ ਨਹੀਂ ਹੈ ਜੇਕਰ ਪੜ੍ਹਿਆ ਹੋਇਆ ਸਾਡੇ ਕੰਮ ਨਾ ਆਵੇ ਭਾਵ ਉਸ ਵਿੱਚ ਦੱਸੀ

ਹੋਈ ਮਤਿ ਦੁਆਰਾ ਭਾਵ ਉਸ ਚੰਦਨ ਦੁਆਰਾ ਅਸੀਂ ਆਪਣਾ ਜੀਵਨ ਨਾ ਸੁਧਾਰੀਏ। ਅਸੀਂ ਕੇਵਲ ਆਪਣੇ ਆਪ ਨੂੰ ਉੱਚਾ ਕਰੀ ਜਾਂਦੇ ਹਾਂ, ਆਪਣਾ ਜਸ ਵਧਾਈ ਜਾਂਦੇ ਹਾਂ ਪਰ ਇਸ ਨਾਲ ਪ੍ਰਮਾਤਮਾ ਦਾ ਜਸ ਨਹੀਂ ਹੁੰਦਾ। ਪ੍ਰਮਾਤਮਾ ਦਾ ਜਸ ਤਾਂ ਹੀ ਹੁੰਦਾ ਹੈ ਜਦੋਂ ਉਸਦੀ ਸਮਝਾਈ ਹੋਈ ਗੱਲ ਨੂੰ ਮੰਨਿਆ ਜਾਵੇ, ਉਸ ਤੇ ਅਮਲ ਕੀਤਾ ਜਾਵੇ। ਅਸੀਂ ਧਰਮ ਗ੍ਰੰਥਾਂ ਦੇ ਪੜ੍ਹੀ ਜਾਣ ਨੂੰ ਹੀ, ਗੁਰਬਾਣੀ ਪੜ੍ਹੀ ਜਾਣ ਨੂੰ ਹੀ ਆਪਣਾ ਗੁਣ ਸਮਝਦੇ ਹਾਂ, ਆਪਣੀ ਭਗਤੀ ਸਮਝਦੇ ਹਾਂ ਜਿਸਨੂੰ ਕਿ ਸਾਡੀ "ਕੁਮਤਿ" ਦੱਸਿਆ ਹੈ ਕਿਉਂਕਿ ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਚੰਗੇ ਇਨਸਾਨ ਬਣਾਉਣ ਨਾਲ ਹੈ, ਚੰਗੇ ਆਚਰਣ ਵਾਲਾ ਬਣਾਉਣ ਨਾਲ ਹੈ ਤੇ ਜੇਕਰ ਸਾਡੇ ਆਚਰਣ ਨਹੀਂ ਬਦਲਦੇ ਫਿਰ ਪੜ੍ਹੀ ਜਾਣ ਦਾ ਕੀ ਲਾਭ। ਧਰਮ ਗ੍ਰੰਥਾਂ ਨੂੰ ਪੜਨਾ ਵੀ ਸਾਡੇ ਲਈ ਜਰੂਰੀ ਹੈ ਨਹੀਂ ਤਾਂ ਸਾਨੂੰ ਸਮਝ ਕਿਵੇਂ ਪਵੇਗੀ ਕਿ ਗੁਰੂ ਨੇ ਸਾਨੂੰ ਕੀ ਸਮਝਾਇਆ ਹੈ ਤੇ ਜੇਕਰ ਅਸੀਂ ਕੇਵਲ ਪੜੀ ਜਾਈਏ ਪਰ ਗੁਰੂ ਦੀ ਗੱਲ ਮੰਨੀਏ ਨਾ, ਇਹ ਕੇਵਲ ਆਪਣੀ ਹਉਮੈ ਉੱਚੀ ਕਰਨ ਵਾਲੀ ਗੱਲ ਹੈ, ਆਪਣਾ ਜਸ ਉੱਚਾ ਕਰਨ ਵਾਲੀ ਗੱਲ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। **(ਪਡੀਆ ਕਵਨ ਕੁਮਤਿ ਤੁਮ ਲਾਗੇ॥ ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥੧॥ਰਹਾਉ॥ ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥ ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥)**

{ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥1॥}

(ਅੰਗ 641)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥8॥}

(ਅੰਗ 58)

"ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ॥
ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ॥"

(ਅੰਗ ੧੧੨੨)

"ਅਵਗਣ ਛੋਡਉ ਗੁਣ ਕਮਾਇ॥ ਗੁਰ ਸਬਦੀ ਰਾਤਾ ਸਚਿ ਸਮਾਇ॥੫॥"

(ਅੰਗ ੧੧੮੮)

ਉੱਪਰ ਵਾਲੇ ਸ਼ਬਦਾਂ ਦਾ ਭਾਵ ਇੱਕੋ ਹੀ ਹੈ ਕਿ ਔਗੁਣਾਂ ਨੂੰ ਛੱਡੀਏ ਤੇ ਸੱਚੀ ਕਰਣੀ ਕਰੀਏ। ਇਹ ਵੀ ਸਮਝਾਇਆ ਹੋਇਆ ਹੈ ਕਿ ਗੁਣਾਂ ਦੀ ਕਮਾਈ ਹੀ ਸ਼ਬਦ ਦੀ ਕਮਾਈ ਹੈ, ਗੁਰਸ਼ਬਦੀ ਰਤਣਾ ਹੈ। ਮਨੁੱਖ ਨੂੰ ਅਚੇਤ ਕਿਸ ਲਈ ਕਹਿਆ ਹੈ। ਜੋ ਮਨੁੱਖ ਔਗੁਣਾਂ ਵਿੱਚ ਹੈ ਉਹ ਧਰਮ ਦੇ ਮਾਰਗ ਤੋਂ ਅਚੇਤ ਹੈ ਭਾਵ ਭੁੱਲਿਆ ਹੋਇਆ ਹੈ ਤੇ ਜੋ ਔਗੁਣ ਛੱਡ ਦਿੰਦਾ ਹੈ ਉਸਨੂੰ ਧਰਮ ਦਾ ਮਾਰਗ ਚੇਤੇ ਹੈ, ਨਾਮ ਜਪਣ ਦਾ ਮਾਰਗ ਚੇਤੇ ਹੈ। ਪ੍ਰਮਾਤਮਾ ਦੇ ਵਿੱਚ ਸਾਡੀ ਸਮਝ ਨੇ ਹੀ ਸਮਾਉਣਾ ਹੈ ਤੇ ਜਿਸ ਸਮਝ ਵਿੱਚ ਗੁਰੂ ਦੇ ਗੁਣ ਵੱਸ ਜਾਂਦੇ ਹਨ ਉਹ ਸਮਝ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦੀ ਹੈ, ਸੱਚ ਦੇ ਵਿੱਚ ਸਮਾਅ ਜਾਂਦੀ ਹੈ। **(ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ॥ ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ॥)** **(ਅਵਗਣ ਛੋਡਉ ਗੁਣ ਕਮਾਇ॥ ਗੁਰ ਸਬਦੀ ਰਾਤਾ ਸਚਿ ਸਮਾਇ॥)**

"ਬਾਬੀਹਾ ਨਾ ਬਿਲਲਾਇ ਨਾ ਤਰਸਾਇ
ਏਹੁ ਮਨੁ ਖਸਮ ਕਾ ਹੁਕਮੁ ਮੰਨਿ॥
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ॥੧॥"

(ਅੰਗ ੧੨੮੨)

ਇਸ ਸ਼ਬਦ ਰਾਹੀਂ ਮਨੁੱਖ ਨੂੰ ਬਬੀਹਾ ਕਹਿ ਕੇ ਸੰਬੋਧਨ ਕੀਤਾ ਹੈ ਤੇ ਸਮਝਾਇਆ ਹੈ ਕਿ ਮਨੁੱਖ ਦੀ ਪ੍ਰਮਾਤਮਾ ਨੂੰ ਪਾਉਣ ਦੀ ਤ੍ਰਿਸ਼ਨਾ ਕਿਵੇਂ ਦੂਰ ਹੋ ਸਕਦੀ ਹੈ। ਇੱਕੋ ਇੱਕ ਤਰੀਕਾ ਪ੍ਰਮਾਤਮਾ ਨੂੰ ਪਾਉਣ ਦਾ ਉਸਦੇ ਹੁਕਮ ਨੂੰ, ਉਪਦੇਸ਼ ਨੂੰ, ਸਿੱਖਿਆ ਨੂੰ ਮੰਨਣ ਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਉਸਦਾ ਹੁਕਮ ਮੰਨਣਾ ਉਸਦੇ ਦੱਸੇ ਹੋਏ ਸੱਚ ਤੇ ਚੱਲਣਾ ਹੈ ਤੇ ਇਹ ਹੀ ਉਸਨੂੰ ਪਾਉਣ ਦਾ ਤਰੀਕਾ ਹੈ। ਬਬੀਹਾ ਵਾਲੇ ਸ਼ਬਦ ਅੱਗੇ ਚਲਕੇ ਬਰੀਕੀ ਨਾਲ ਸਮਝਾਂਗੇ। ਬਬੀਹਾ ਨਾਲ ਸੰਬੰਧਿਤ ਬਾਣੀ ਵਿੱਚ ਅਨੇਕਾਂ ਸ਼ਬਦ ਹਨ। (**ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ॥ ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ॥**)

“ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ॥
ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ॥੧੦੫॥”

(ਅੰਗ ੧੩੭੦)

ਜੋ ਵੀ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਹਉਮੈ ਵਿੱਚ ਰਹਿੰਦੇ ਅਸੀਂ ਕਿਤਨੇ ਹੀ ਮਾੜੇ ਕਰਮ ਕਰਦੇ ਹਾਂ, ਉਹਨਾਂ ਦਾ ਲੇਖਾ ਸਾਨੂੰ ਭੁਗਤਣਾ ਹੀ ਪੈਣਾ ਹੈ। ਦੁਨੀਆ ਕੋਲੋਂ ਅਸੀਂ ਛੁਪਾ ਸਕਦੇ ਹਾਂ, ਸਰੀਰਕ ਜਪ ਤਪ ਕਰਨ ਨਾਲ ਅਸੀਂ ਆਪਣੇ ਆਪ ਨੂੰ ਭੁਲੇਖੇ ਵਿੱਚ ਰੱਖ ਸਕਦੇ ਹਾਂ ਕਿ ਅਸੀਂ ਆਪਣੇ ਪਾਪ ਕੱਢ ਰਹੇ ਹਾਂ, ਤੀਰਥਾਂ ਤੇ ਇਸ਼ਨਾਨ ਕਰਕੇ ਅਸੀਂ ਆਪਣੇ ਪਾਪ ਧੋ ਰਹੇ ਹਾਂ ਪਰ ਸਾਡੇ ਪਾਪ ਇਹਨਾਂ ਗੱਲਾਂ ਨਾਲ ਦੂਰ ਨਹੀਂ ਹੁੰਦੇ। ਮਾੜੇ ਕਰਮਾਂ ਦਾ ਲੇਖਾ ਭੁਗਤਣਾ ਹੀ ਪੈਂਦਾ ਹੈ। ਸਾਨੂੰ ਚੰਗੇ ਕਰਮ ਕਰਨ ਲਈ ਹੀ ਸਮਝਾਇਆ ਹੈ। ਧਰਮ ਰਾਇ ਦਾ ਲੇਖਾ ਦੇਣਾ ਕੀ ਹੈ ਇਸ ਗੱਲ ਨੂੰ ਲੇਖ ਵਿੱਚ ਕਾਫੀ ਅੱਗੇ ਚਲਕੇ ਸਮਝਾਂਗੇ। (**ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ॥ ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ॥**)

“ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥੧੫੫॥”

(ਅੰਗ ੧੩੭੨)

ਸਾਡੇ ਜੀਵਨ ਦਾ ਮਨੋਰਥ ਧਰਮੀ ਬਣ ਕੇ ਜਿਉਣਾ ਹੈ ਜੋ ਕਿ ਸਭ ਲਈ ਇੱਕੋ ਜਿਹਾ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਹੈ। ਉਪਰਲੀ ਪੰਗਤੀ ਵਿੱਚ “ਧਰਮੁ” ਨੂੰ “ਗਿਆਨੁ” ਨਾਲ ਜੋੜਿਆ ਹੈ ਤੇ “ਪਾਪੁ” ਨੂੰ ਝੂਠ ਨਾਲ ਜੋੜਿਆ ਹੈ। ਬੜਾ ਸਪੱਸ਼ਟ ਹੈ ਕਿ ਜੋ ਮਨੁੱਖ ਝੂਠ ਬੋਲਦੇ ਹਨ ਉਹ ਪਾਪੀ ਹਨ, ਨਾ ਉਹ ਧਰਮੀ ਹਨ ਤੇ ਨਾ ਉਹ ਗਿਆਨੀ ਹਨ। ਗੁਰੂ ਦਾ ਗਿਆਨ ਸਾਨੂੰ ਧਰਮੀ ਬਣਾਉਣ ਲਈ ਹੈ। ਧਰਮੀ ਉਹ ਹੀ ਹੈ ਜੋ ਪਾਪਾਂ ਤੋਂ ਬਚਿਆ ਹੋਇਆ ਹੈ, ਝੂਠ ਤੋਂ, ਲੋਭ ਲਾਲਚ ਤੋਂ ਬਚਿਆ ਹੋਇਆ ਹੈ ਭਾਵ ਵਿਕਾਰਾਂ ਤੋਂ ਬਚਿਆ ਹੋਇਆ ਹੈ ਭਾਵ ਜੋ ਸੱਚ ਤੇ ਚੱਲਦਾ ਹੈ, ਸੱਚੀ ਸੁੱਚੀ ਕਿਰਤ ਕਰਦਾ ਹੈ, ਜੋ ਕਿਸੇ ਦਾ ਮਾੜਾ ਨਹੀਂ ਕਰਦਾ। ਗੁਰੂ ਦਾ ਗਿਆਨ ਸਾਨੂੰ ਸੱਚ ਤੇ ਚੱਲਣਾ ਹੀ ਸਿਖਾਉਂਦਾ ਹੈ ਤੇ ਸੱਚ ਤੇ ਚੱਲਣਾ ਸਾਡਾ ਧਰਮ ਹੈ ਜੋ ਸਾਰੀ ਮਨੁੱਖਤਾ ਲਈ ਇੱਕੋ ਜਿਹਾ ਹੈ। ਸੱਚ ਹੀ “ਨਾਮ” ਹੈ, ਗੁਰੂ ਦਾ “ਗਿਆਨ” ਹੈ। ਝੂਠ ਛੱਡ ਕੇ, ਪਾਪ ਛੱਡ ਕੇ ਹੀ ਸੱਚ ਨੂੰ ਆਪਣੇ ਅੰਦਰ ਜਪਿਆ ਜਾ ਸਕਦਾ ਹੈ, ਨਾਮ ਜਪਿਆ ਜਾ ਸਕਦਾ ਹੈ, ਪਾਪਾਂ ਵਾਲੀ ਬਿਰਤੀ ਵਿੱਚੋਂ, ਮਾੜੀ ਬਿਰਤੀ ਵਿੱਚੋਂ ਨਿਕਲਿਆ ਜਾ ਸਕਦਾ ਹੈ। ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ, ਕੋਈ ਵਿਰਲਾ ਹੀ ਜਪ ਸਕਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਉਸਦੀ ਨੀਅਤ ਚੰਗੀ ਬਣਾਉਂਦਾ ਹੈ, ਉਹੀ ਉਸਦਾ ਨਾਮ ਜਪਦਾ ਹੈ, ਸੱਚ ਤੇ ਚੱਲਦਾ ਹੈ। ਪ੍ਰਮਾਤਮਾ ਆਪਣਾ ਸੱਚ ਬਖਸ਼ ਕੇ ਹੀ ਸਾਨੂੰ ਆਪਣੀ ਖਿਮਾ ਬਖਸ਼ਦਾ ਹੈ ਭਾਵ ਔਗੁਣਾਂ ਤੋਂ ਮੁਕਤ ਕਰਦਾ ਹੈ, ਆਪਣੇ ਆਪ ਨਾਲ ਮਿਲਾਉਂਦਾ ਹੈ। ਅਸੀਂ ਆਪਣੇ ਔਗੁਣਾਂ ਕਰਕੇ ਹੀ, ਲੋਭ ਲਾਲਚ ਵਾਲੀ ਬਿਰਤੀ ਕਰਕੇ ਹੀ “ਕਾਲੁ” ਦੇ ਵੱਸ ਹਾਂ ਭਾਵ ਆਵਾਗਉਣ ਵਿੱਚ ਹਾਂ। “ਕਾਲੁ” ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। **(ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥੧੫੫॥)** ਜਦ ਤੱਕ ਸਾਡੇ ਅੰਦਰ ਲੋਭ ਲਾਲਚ ਹੈ ਤਦ ਤੱਕ ਪ੍ਰਮਾਤਮਾ ਨੇ ਸਾਨੂੰ ਖਿਮਾ ਨਹੀਂ ਬਖਸ਼ੀ, ਮੁਆਫ ਨਹੀਂ ਕੀਤਾ, ਆਪਣੇ ਆਪ ਨਾਲ ਮਿਲਾਉਣ ਦੀ ਬਖਸ਼ਿਸ਼ ਨਹੀਂ ਕੀਤੀ।

{ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥

ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥}

(ਅੰਗ 937)

“ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ॥
ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ॥੭੨॥”

(ਅੰਗ ੧੩੬੯)

“ਰਸ” ਤੋਂ ਭਾਵ ਹੈ ਮਾਇਆ ਦੇ ਰਸ ਜੋ ਅਸੀਂ ਔਗੁਣਾਂ ਦੁਆਰਾ, ਮਾੜੇ ਕਰਮਾਂ ਦੁਆਰਾ, ਮਨਮਤਿ ਦੁਆਰਾ ਪ੍ਰਾਪਤ ਕਰਦੇ ਹਾਂ ਤੇ ਇਹ ਰਸ ਸਾਨੂੰ ਬਹੁਤ ਮਿੱਠਾ ਲੱਗਦਾ ਹੈ। ਮਾਇਆ ਆਉਂਦੀ ਬਹੁਤ ਚੰਗੀ ਲੱਗਦੀ ਹੈ ਭਾਵੇਂ ਉਸਨੂੰ ਕਮਾਉਣ ਲਈ ਮਾੜੇ ਕਰਮ ਕਰਨੇ ਪੈਂਦੇ ਹਨ, ਕਿਸੇ ਦਾ ਹੱਕ ਮਾਰਨਾ ਪਏ ਅਸੀਂ ਇਹ ਸਭ ਕੁੱਝ ਕਰਨ ਨੂੰ ਤਿਆਰ ਹੋ ਜਾਂਦੇ ਹਾਂ। ਮਾਇਆ ਅਸੀਂ ਔਗੁਣ ਰਹਿਤ ਹੋ ਕੇ, ਗੁਣੀ ਬਣ ਕੇ ਵੀ ਕਮਾ ਸਕਦੇ ਹਾਂ ਪਰ ਸਾਡੀ ਤ੍ਰਿਸ਼ਨਾ ਸਾਨੂੰ ਮਾੜੇ ਕਰਮ ਕਰਨ ਲਈ ਮਜ਼ਬੂਰ ਕਰਦੀ ਹੈ। ਇਸੇ ਲਈ ਸਾਨੂੰ ਵਾਰ-ਵਾਰ ਸਮਝਾਇਆ ਹੈ ਕਿ ਅਸੀਂ ਤ੍ਰਿਸ਼ਨਾਵਾਂ ਵਿੱਚੋਂ ਨਿਕਲੀਏ ਤੇ ਸੱਚ ਦੀ ਕਮਾਈ ਵਿੱਚ ਹੀ ਸੰਤੋਖ ਕਰੀਏ ਤਾਂ ਜੋ ਸਾਨੂੰ ਮਾੜੇ ਕਰਮ ਨਾ ਕਰਨੇ ਪੈਣ। ਔਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਕਦੇ ਵੀ ਪ੍ਰਮਾਤਮਾ ਨੂੰ ਭਲੇ ਨਹੀਂ ਲੱਗ ਸਕਦੇ, ਚੰਗੇ ਨਹੀਂ ਲੱਗ ਸਕਦੇ। ਇੱਕ ਪਾਸੇ “ਅਨ ਰਸ” ਹਨ ਤੇ ਦੂਸਰੇ ਪਾਸੇ “ਹਰ ਰਸ” ਹੈ ਜੋ ਗੁਰੂ ਦੇ ਸੱਚੇ ਗਿਆਨ ਦਾ ਰਸ ਹੈ, ਗੁਰਮਤਿ ਦਾ ਰਸ ਹੈ, ਗੁਣਾਂ ਦਾ ਰਸ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਆਉਂਦਾ ਹੈ। ਇਹ ਮਨ ਦੇ ਸੰਤੋਖ ਦਾ ਰਸ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਭਲੇ ਲੱਗਦੇ ਹਾਂ, ਚੰਗੇ ਲੱਗਦੇ ਹਾਂ। ਅਸੀਂ ਕੇਵਲ ਆਪਣੇ ਸਰੀਰਕ ਜਪ ਤਪ ਦੁਆਰਾ ਹੀ ਭਲਾ ਬਣਨਾ ਤੇ ਅਖਵਾਉਣਾ ਚਾਹੁੰਦੇ ਹਾਂ ਤੇ ਇਹੀ ਕੁੱਝ ਹੋ ਰਿਹਾ ਹੈ। (**ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ॥ ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ॥**)

“ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥੧੫੮॥”

(ਅੰਗ ੧੩੭੨)

ਉੱਪਰ ਵਾਲੇ ਸ਼ਬਦ ਰਾਹੀਂ ਧਿਆਨ ਨਾਲ ਸਮਝੋ ਕਿ ਅਕਾਲ ਪੁਰਖ ਸਾਨੂੰ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਰਾਹੀਂ ਕੀ ਸਮਝਾ ਰਹੇ ਹਨ। ਅਸੀਂ ਗੁਰੂ ਕੋਲੋਂ ਉਸਦੀ ਸੱਚੀ ਸਿੱਖਿਆ ਨਹੀਂ ਲੈਂਦੇ। ਸਾਡੇ ਸਰੀਰਕ ਜਪਾਂ ਤਪਾਂ ਦਾ ਕਾਰਨ ਗੁਰੂ ਦੀ ਸਿੱਖਿਆ ਨੂੰ ਨਾ ਸਮਝਣਾ ਹੀ ਹੈ। ਅਸੀਂ ਗੁਰੂ ਦੀ ਸਿੱਖਿਆ ਨੂੰ ਚੰਗੀ ਤਰ੍ਹਾਂ ਸਮਝਣ ਦੀ ਬਜਾਇ ਉਸ ਵਿੱਚ ਆਪਣੀ ਮਨਮਤਿ ਪਾਉਂਦੇ ਹਾਂ ਤੇ ਉਸ ਵਿੱਚ ਉਪਦੇਸ਼ ਦੇਣ ਵਾਲਾ ਕੀ ਕਰ ਸਕਦਾ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਸਮਝਣਾ ਬਹੁਤ ਜਰੂਰੀ ਹੈ, ਤਾਂ ਹੀ ਉਸ ਤੇ ਸਹੀ ਅਮਲ ਹੋ ਸਕਦਾ ਹੈ ਤੇ ਸਾਡੇ ਭਰਮ ਦੂਰ ਹੋ ਸਕਦੇ ਹਨ। ਬਾਂਸ ਖੋਖਲਾ ਹੁੰਦਾ ਹੈ। ਉਸਦੇ ਇੱਕ ਪਾਸੇ ਫੂਕ ਮਾਰੀਏ ਤੇ ਦੂਜੇ ਪਾਸਿਉ ਨਿਕਲ ਜਾਂਦੀ ਹੈ ਭਾਵ ਵਿੱਚ ਟਿਕਦੀ ਨਹੀਂ। ਇਸੇ ਤਰ੍ਹਾਂ ਅਸੀਂ ਗੁਰੂ ਦੀ ਗੱਲ ਨੂੰ ਇੱਕ ਕੰਨੋਂ ਸੁਣ ਕੇ ਦੂਸਰੇ ਕੰਨੋਂ ਕੱਢ ਦਿੰਦੇ ਹਾਂ ਪਰ ਉਸਨੂੰ ਆਪਣੇ ਅੰਦਰ ਟਿਕਾਉਂਦੇ ਨਹੀਂ ਭਾਵ ਉਸਨੂੰ ਮੰਨਦੇ ਨਹੀਂ, ਉਸ ਤੇ ਅਮਲ ਨਹੀਂ ਕਰਦੇ। ਅਸੀਂ ਗੁਰੂ ਦੀ ਗੱਲ ਨੂੰ ਧਿਆਨ ਨਾਲ ਸਮਝਣ ਤੇ ਵਿਚਾਰਨ ਦੀ ਬਜਾਇ ਇੱਧਰੋ-ਉੱਧਰੋਂ ਸੁਣੀਆਂ ਸੁਣਾਈਆਂ ਗੱਲਾਂ ਤੇ ਯਕੀਨ ਜ਼ਿਆਦਾ ਕਰਨ ਲੱਗ ਪੈਂਦੇ ਹਾਂ ਜਿਸ ਕਰਕੇ ਗੁਰੂ ਦੀ ਗੱਲ ਦਾ ਅਸਲੀ ਭਾਵ ਸਮਝਣ ਤੋਂ ਵਾਂਝੇ ਰਹਿ ਜਾਂਦੇ ਹਾਂ, ਜਿਸ ਕਰਕੇ ਸਾਨੂੰ ਅੰਧੇ ਕਿਹਾ ਹੈ। ਗੁਰੂ ਦੀ ਗੱਲ ਅਸੀਂ ਸੁਣੀ ਅਣਸੁਣੀ ਕਰ ਦਿੰਦੇ ਹਾਂ। ਗੁਣ ਅਪਣਾਉਣ ਤੋਂ ਹਰ ਕੋਈ ਭੱਜਦਾ ਹੈ, ਰੋਂਦਾ ਹੈ ਤੇ ਹਰ ਕੋਈ ਮਾਇਆ ਮੋਹ ਵਿੱਚ ਹੀ ਰਹਿਣਾ ਚਾਹੁੰਦਾ ਹੈ, ਔਗੁਣਾਂ ਵਿੱਚ ਰਹਿਣਾ ਸਭ ਨੂੰ ਚੰਗਾ ਲੱਗਦਾ ਹੈ। ਔਗੁਣਾਂ ਵਿੱਚ ਰਹਿੰਦਿਆਂ ਹੋਇਆਂ ਸਾਨੂੰ ਕੋਈ ਵੀ ਭਲਾ ਨਹੀਂ ਕਹਿ ਸਕਦਾ, ਚੰਗਾ ਨਹੀਂ ਕਹਿ ਸਕਦਾ। ਮਨੁੱਖ ਮਾੜਾ ਜਾਂ ਚੰਗਾ ਆਪਣੇ ਗੁਣਾਂ ਜਾਂ ਔਗੁਣਾਂ ਕਰਕੇ ਹੀ ਹੁੰਦਾ ਹੈ ਨਾ ਕਿ ਕਿਸੇ ਜਪ ਤਪ ਦੁਆਰਾ। **(ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥ ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥)**

“ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥੧॥”

(ਅੰਗ 139-140)

“ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥”

(ਅੰਗ ੧੪੧)

ਝੂਠ ਬੋਲਣਾ ਤੇ ਕਿਸੇ ਦਾ ਹੱਕ ਖਾਣਾ ਕਿਤਨਾ ਕੁ ਮਾੜਾ ਹੈ ਜੇ ਇਸ ਦੀ ਸਮਝ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਵੀ ਨਾ ਆਵੇ ਤੇ ਫਿਰ ਆ ਸਕਦੀ ਹੀ ਨਹੀਂ। ਇਸ ਤੋਂ ਜ਼ਿਆਦਾ ਤਾੜਨਾ ਹੋਰ ਕੀ ਹੋ ਸਕਦੀ ਹੈ। ਅਸਲੀ ਮੁਰਦਾਰ ਖਾਣਾ ਕੀ ਹੈ ਇਸ ਤੋਂ ਜ਼ਿਆਦਾ ਸਪੱਸ਼ਟ ਹੋਰ ਕੀ ਹੋ ਸਕਦਾ ਹੈ। ਅਸੀਂ ਜਦੋਂ ਵੀ ਧਰਮ ਦੀਆਂ ਗੱਲਾਂ ਕਰਦੇ ਹਾਂ, ਦੂਸਰਿਆਂ ਨੂੰ ਗੁਰੂ ਦੀ ਸਿੱਖਿਆ ਸਮਝਾਉਂਦੇ ਹਾਂ ਕੀ ਅਸੀਂ ਇਸ ਗੱਲ ਤੇ ਵੀ ਕਦੇ ਜ਼ੋਰ ਪਾਇਆ ਹੈ ਜਿਸਨੂੰ ਤਿਆਗਣ ਲਈ ਵਾਰ-ਵਾਰ ਬਾਣੀ ਸਾਨੂੰ ਪ੍ਰੇਰ ਰਹੀ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਝੂਠੇ ਮਨੁੱਖ ਦੀ ਹਾਮੀ ਗੁਰੂ ਕਦੇ ਨਹੀਂ ਭਰਦਾ ਤੇ ਫਿਰ ਆਪ ਹੀ ਸੋਚੋ ਕਿ ਸਾਡੇ ਉਹ ਜਪੁ ਤਪੁ ਕਦੇ ਲੇਖੇ ਪੈ ਸਕਦੇ ਹਨ, ਦੂਸਰਿਆਂ ਨੂੰ ਸਮਝਾਇਆ ਕਿਸੇ ਲੇਖੇ ਪੈ ਸਕਦਾ ਹੈ ਜਦ ਤੱਕ ਅਸੀਂ ਝੂਠ ਬੋਲਣਾ ਤੇ ਪਰਾਇਆ ਹੱਕ ਖਾਣਾ ਨਹੀਂ ਛੱਡਦੇ। ਆਓ ਗੁਰੂ ਦੀ ਭਾਵਨਾ ਨੂੰ ਸਮਝੀਏ ਤੇ ਉਹ ਜਪ ਕਰੀਏ ਜੋ ਸਾਨੂੰ ਸਮਝਾਇਆ ਗਿਆ ਹੈ ਤੇ ਦੂਸਰਿਆਂ ਨੂੰ ਝੂਠੀ ਮਤਿ, ਝੂਠੀ ਸਿੱਖਿਆ ਨਾ ਸਮਝਾਈਏ। ਜਿਸ ਨੂੰ ਨਾਮ ਦੀ ਸਮਝ ਨਹੀਂ ਹੈ ਉਹ ਦੂਸਰਿਆਂ ਨੂੰ ਸੱਚ ਨਹੀਂ ਸਮਝਾ ਸਕਦਾ, ਗੁਰੂ ਦੀ ਸੱਚੀ ਸਿੱਖਿਆ ਨਾਲ ਨਹੀਂ ਜੋੜ ਸਕਦਾ। ਝੂਠੀ ਸਿੱਖਿਆ ਲੈਣ ਵਾਲੇ ਵੀ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਨੀਵੇਂ ਹੁੰਦੇ ਹਨ ਤੇ ਝੂਠੀ ਸਿੱਖਿਆ ਨਾਲ ਜੋੜਨ ਵਾਲੇ ਵੀ ਗੁਰੂ ਦੀਆਂ ਨਜਰਾਂ ਵਿੱਚ ਆਪਣੇ ਆਪ ਨੂੰ ਨੀਵਾਂ ਕਰਦੇ ਹਨ। ਅਸੀਂ ਗੱਲਾਂ ਦੁਆਰਾ ਹੀ, ਕਥਨੀ ਦੁਆਰਾ ਹੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਜਦ ਕਿ ਪ੍ਰਮਾਤਮਾ ਨੂੰ ਕੇਵਲ ਸੱਚ ਕਮਾ ਕੇ ਮਿਲਿਆ ਜਾ ਸਕਦਾ ਹੈ। ਸੱਚ ਦੀ ਕਮਾਈ ਤਾਂ ਹੀ ਹੋਵੇਗੀ ਜੇਕਰ ਪਹਿਲਾਂ ਝੂਠ ਬੋਲਣਾ ਛੱਡਾਂਗੇ, ਕਿਸੇ ਦਾ ਹੱਕ ਮਾਰਨਾ ਛੱਡਾਂਗੇ। ਗੱਲਾਂ ਨਾਲ, ਬੋਲ ਬੋਲ ਕੇ ਸੱਚ ਨਹੀਂ ਕਮਾਇਆ ਜਾ ਸਕਦਾ। ਸੱਚ ਤਾਂ ਸੱਚ ਤੇ ਚੱਲ ਕੇ ਹੀ ਕਮਾਇਆ ਜਾ ਸਕਦਾ ਹੈ। **“ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥"** ਇੱਥੇ ਬਹੁਤ ਵੱਡੀ ਗੱਲ ਸਮਝਾਈ ਹੋਈ ਹੈ। ਇੱਥੇ ਸੱਚ ਦੀ ਕਮਾਈ ਤੇ ਹਰਾਮ ਦੀ ਕਮਾਈ ਵਿੱਚ ਫਰਕ ਸਮਝਾਇਆ ਹੋਇਆ ਹੈ। **"ਮਾਰਣ ਪਾਹਿ ਹਰਾਮ ਮਹਿ"** ਤੋਂ ਭਾਵ ਹੈ ਜਿਸ ਜੀਵ ਨੂੰ, ਸ਼ਿਕਾਰ ਨੂੰ, ਤੁਸੀਂ ਖਾਣਾ ਬਣਾਉਣ ਲਈ ਆਪਣੀ ਹਰਾਮ ਦੀ ਕਮਾਈ ਨਾਲ ਖਰੀਦਿਆ ਹੈ, ਉਸਨੂੰ ਹੱਕ ਹਲਾਲ ਦੀ ਕਮਾਈ ਵਿੱਚ ਨਹੀਂ ਬਦਲਿਆ ਜਾ ਸਕਦਾ, ਜਿਵੇਂ ਕਿ ਜੀਵ ਨੂੰ ਹਲਾਲ ਦੀ ਵਿਧੀ ਨਾਲ ਕੀਤਾ ਜਾਂਦਾ ਹੈ। ਅਗਰ ਸਾਡੀ ਕਮਾਈ ਸੱਚੀ ਨਹੀਂ ਹੈ ਭਾਵ ਉਹ ਕਿਸੇ ਦਾ ਹੱਕ ਮਾਰ ਕੇ ਝੂਠ ਬੋਲ ਕੇ ਕੀਤੀ ਹੋਈ ਹੈ ਤੇ ਉਹ ਕਮਾਈ ਹਰਾਮ ਦੀ ਹੀ ਰਹੇਗੀ। ਉਸ ਕਮਾਈ ਨੂੰ ਕਿਸੇ ਵੀ ਸ਼ਬਦਾਂ ਦੀ ਕਥਨੀ ਦੁਆਰਾ, ਜਪ, ਤਪ ਦੁਆਰਾ ਕਿਸੇ ਮੰਤ੍ਰ ਨੂੰ ਬੋਲਣ, ਜਪਣ ਦੁਆਰਾ ਹੱਕ ਹਲਾਲ ਦੀ ਕਮਾਈ ਵਿੱਚ ਨਹੀਂ ਬਦਲਿਆ ਜਾ ਸਕਦਾ। ਹਰਾਮ ਦੀ ਕਮਾਈ ਨਾਲ ਖਰੀਦੀ ਗਈ ਹਰ ਵਸਤੂ ਹਰਾਮ ਹੈ, ਝੂਠ ਬੋਲ ਕੇ ਕੀਤੀ ਹੋਈ ਕਮਾਈ ਹਰਾਮ ਦੀ ਕਮਾਈ ਹੈ ਤੇ ਇਹੋ ਜਿਹੀ ਕਮਾਈ ਦੁਆਰਾ ਜੋ ਕੁਝ ਵੀ ਮਨੁੱਖ ਖਾਂਦਾ ਹੈ ਉਹ ਹੀ ਅਸਲ ਵਿੱਚ ਮੁਰਦਾਰ ਨੂੰ ਖਾਣਾ ਦੱਸਿਆ ਗਿਆ ਹੈ। ਸਾਡਾ ਸੱਚਾ ਸੁੱਚਾ ਖਾਣਾ ਉਹ ਹੀ ਹੈ ਜਿਸਦੇ ਪਿੱਛੇ ਸਾਡੀ ਕਮਾਈ ਸੱਚੀ ਹੈ। ਹਰਾਮ ਦੀ ਕਮਾਈ ਨਾਲ ਖਰੀਦਿਆ ਹੋਇਆ ਆਟਾ, ਨਮਕ ਵੀ ਹਰਾਮ ਹੈ। ਇਹ ਸੱਚ ਦਾ ਅਸੂਲ ਪ੍ਰਮਾਤਮਾ ਦਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੈ। **(ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥ ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥) (ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ ਮਾਰਣ ਪਾਹਿ ਹਰਾਮ**

ਮਹਿ ਹੋਇ ਹਲਾਲੁ ਨ ਜਾਇ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥)

"ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥
ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥33॥"

(ਅੰਗ 1366)

"ਮਨ ਕਾ ਝੂਠਾ ਝੂਠੁ ਕਮਾਵੈ॥ ਮਾਇਆ ਨੋ ਫਿਰੈ ਤਪਾ ਸਦਾਵੈ॥
ਭਰਮੇ ਭੂਲਾ ਸਭਿ ਤੀਰਥ ਗਹੈ॥ ਓਹੁ ਤਪਾ ਕੈਸੇ ਪਰਮ ਗਤਿ ਲਹੈ॥
ਗੁਰ ਪਰਸਾਦੀ ਕੋ ਸਚੁ ਕਮਾਵੈ॥ ਨਾਨਕ ਸੋ ਤਪਾ ਮੋਖੰਤਰੁ ਪਾਵੈ॥੧॥"

(ਅੰਗ ੯੪੮)

"ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥
ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ॥
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ॥
ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ॥
ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ॥੧੮॥"

(ਅੰਗ ੧੦੯੨)

ਸਾਰੇ ਸ਼ਬਦਾਂ ਦਾ ਭਾਵ ਇੱਕੋ ਹੀ ਹੈ। ਝੂਠ ਸੱਚ ਵਿੱਚ ਤੇ ਖਰੇ ਖੋਟੇ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਝੂਠ ਦਾ ਸਹਾਰਾ ਲੈ ਕੇ, ਮਾੜੇ ਕਰਮ ਕਰਕੇ ਵੀ ਇਹ ਉਮੀਦ ਰੱਖਣੀ ਕਿ ਪ੍ਰਮਾਤਮਾ ਆਪੇ ਹੀ ਕਿਸੇ ਤਰ੍ਹਾਂ ਮਿਲ ਜਾਵੇਗਾ ਇਸ ਤੋਂ ਵੱਡਾ ਧਾਰਮਿਕ ਭੁਲੇਖਾ ਨਹੀਂ ਹੋ ਸਕਦਾ। ਜੇ ਸਾਨੂੰ ਤਲਾਸ਼ ਉਸ ਸੱਚੇ ਪ੍ਰਮਾਤਮਾ ਦੀ ਹੈ ਤੇ ਫਿਰ ਚੱਲਣਾ ਵੀ ਸੱਚੇ ਮਾਰਗ ਤੇ ਹੀ ਪਵੇਗਾ। ਖਰੇ ਤਾਂ ਬਣਨਾ ਹੀ ਪਵੇਗਾ। ਉੱਥੇ ਖੋਟਿਆਂ ਲਈ ਕੋਈ ਜਗ੍ਹਾ ਨਹੀਂ ਹੈ। ਸੱਚਾ ਅਸੀਂ ਮਨ ਨਾਲ ਹੀ ਬਣਨਾ ਹੈ। ਬੋਲ ਬੋਲ ਕੇ ਜਾਂ ਧਰਮ ਦੀਆਂ ਗੱਲਾਂ ਕਰਨ, ਪੜ੍ਹਨ, ਸੁਣਨ ਨਾਲ ਨਹੀਂ ਬਣਿਆ ਜਾ ਸਕਦਾ। ਨਿਬੇੜਾ ਸੱਚ ਤੇ ਚੱਲ ਕੇ ਹੀ ਹੋਣਾ ਹੈ। ਸੱਚ ਦਾ ਵਿਖਾਵਾ ਕਰਕੇ ਉਹ ਕੁੱਝ ਨਹੀਂ ਲੱਭਣਾ ਜਿਸ ਨੂੰ ਲੱਭਣ ਦਾ ਅਸੀਂ ਦਾਅਵਾ ਕਰਦੇ ਹਾਂ। ਝੂਠਾ ਦੁਨਿਆਵੀ ਮਾਨ ਜਰੂਰ ਲੱਭ ਜਾਵੇਗਾ ਜਿਸ ਨਾਲ ਉਲਟੀ ਹਉਮੈ ਹੀ ਉੱਚੀ ਹੋਵੇਗੀ, ਮਨਹਠਿ ਵਧੇਗੀ। ਜੇਕਰ ਸਾਡੇ ਮਨ ਦੇ ਅੰਦਰ ਝੂਠ ਹੈ ਤੇ ਫਿਰ ਅਸੀਂ ਸਾਰਾ ਦਿਨ ਅੱਠੇ ਪਹਿਰ ਝੂਠ ਦੀ ਕਮਾਈ ਕਰਦੇ ਹਾਂ ਤੇ ਜੇਕਰ ਮਨ ਦੇ ਵਿੱਚ ਸੱਚ ਹੈ ਤੇ ਫਿਰ ਅੱਠੇ ਪਹਿਰ ਸੱਚ ਦੀ ਕਮਾਈ ਕਰਦੇ ਹਾਂ। **(ਮਨ ਕਾ ਝੂਠਾ ਝੂਠੁ ਕਮਾਵੈ॥ ਮਾਇਆ ਨੋ ਫਿਰੈ ਤਪਾ ਸਦਾਵੈ॥)** ਮਾੜੇ ਕਰਮ ਕਰਨ ਵਾਲਾ ਮਨੁੱਖ ਤਪੀਆ ਨਹੀਂ ਹੋ ਸਕਦਾ ਭਾਵੇਂ ਉਹ ਜਿਤਨੇ ਮਰਜ਼ੀ ਤਪ ਕਰਨ ਦੇ ਦਿਖਾਵੇ ਕਰੀ ਜਾਵੇ।। ਚੰਗੇ ਕਰਮ ਕਰਨੇ ਹੀ ਉਸਦਾ ਜਪ ਤਪ ਹੈ। "ਰਾਮ ਰਾਮ" ਕਰਨਾ ਰਾਮ ਦੀ ਕਸਉਂਟੀ ਤੇ ਪੂਰਾ ਉਤਰਨਾ ਹੈ। ਰਾਮ ਦੀ ਕਸਉਂਟੀ ਸੱਚ ਹੈ, ਗੁਰੂ ਦੀ ਮਤਿ ਹੈ ਤੇ ਝੂਠਾ ਮਨੁੱਖ ਉਸਦੀ ਕਸਵੱਟੀ ਤੇ ਪੂਰਾ ਉਤਰ ਹੀ ਨਹੀਂ ਸਕਦਾ, ਟਿਕ ਹੀ ਨਹੀਂ ਸਕਦਾ। ਅਸੀਂ ਮੁੱਖੋਂ ਹੀ ਰਾਮ ਰਾਮ ਜਪੀ ਜਾਂਦੇ ਹਾਂ, ਇੱਕ ਅੱਖਰ ਨੂੰ ਜਪੀ ਜਾਂਦੇ ਹਾਂ ਤੇ ਇਸੇ ਗੱਲ ਨਾਲ ਸੱਚੇ ਬਣੀ ਬੈਠੇ ਹਾਂ। ਸੱਚਾ ਬਣਨ ਲਈ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ ਭਾਵ ਮਨਮਤਿ ਛੱਡਣੀ ਪੈਂਦੀ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਪੂਰੀ ਤਰ੍ਹਾਂ ਔਗੁਣ ਰਹਿਤ ਹੋਣਾ ਪੈਂਦਾ ਹੈ ਜੋ ਜਿਉਂਦੇ ਹੋਏ ਆਪਣੇ ਆਪ ਨੂੰ ਮਾਰਨਾ ਹੈ **(ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥ ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥੧॥)** ਮਰਜੀਵਾ ਹੋਣਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਸਮਝਾਂਗੇ। ਪ੍ਰਮਾਤਮਾ ਦੇ ਦਰਬਾਰ ਵਿੱਚ ਮੱਨੁਖ ਦੀ ਪਰਖ ਝੂਠ ਤੇ ਸੱਚ ਵਿੱਚ ਫਰਕ ਦੇ ਨਾਲ ਹੁੰਦੀ ਹੈ। ਝੂਠਾ ਮਨੁੱਖ ਖੋਟਾ ਹੈ ਤੇ ਸੱਚਾ ਮਨੁੱਖ ਖਰਾ ਹੈ। ਪਰਮਾਤਮਾ ਦੇ ਦਰ ਤੇ ਖੋਟਿਆਂ ਲਈ ਕੋਈ ਜਗ੍ਹਾ ਨਹੀਂ ਹੈ ਉੱਥੇ ਖਰੇ ਮਨੁੱਖ ਹੀ ਕਬੂਲ ਹੁੰਦੇ ਹਨ, ਜੋ ਮਨ ਦੇ ਵਿਚਾਰਾਂ ਰਾਹੀਂ ਖਰੇ ਹੁੰਦੇ ਹਨ। (**ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥**)

{ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ॥ ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥2॥}

(ਅੰਗ ੭੮੬)

"ਦਿਸਟਿ ਵਿਕਾਰੀ ਨਾਹੀ ਭਉ ਭਾਉ॥ ਆਪੁ ਮਾਰੇ ਤਾ ਪਾਏ ਨਾਉ॥੨॥"

(ਅੰਗ ੧੫੩)

ਉਪਰਲੀ ਪੰਗਤੀ ਰਾਹੀਂ ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜੋ ਮਨੁੱਖ ਵਿਕਾਰੀ ਹੈ ਉਸਦੇ ਅੰਦਰ ਨਾ ਹੀ ਗੁਰੂ ਦਾ ਭਉ ਹੈ ਤੇ ਨਾ ਹੀ ਗੁਰੂ ਨਾਲ ਪਿਆਰ ਹੈ ਤੇ ਨਾ ਹੀ ਉਸਦੇ ਅੰਦਰ ਨਾਮ ਹੈ। ਆਪਣੇ ਅੰਦਰ ਦੇ ਵਿਕਾਰਾਂ ਨੂੰ ਮਾਰਨਾ ਹੀ, ਮਾੜੀ ਸਮਝ ਨੂੰ ਮਾਰਨਾ ਹੀ ਆਪਣੇ ਆਪ ਨੂੰ ਮਾਰਨਾ ਹੈ ਤੇ ਇਸ ਤਰੀਕੇ ਆਪਣੇ ਆਪ ਨੂੰ ਮਾਰਨ ਦੁਆਰਾ ਹੀ ਨਾਮ ਪਾਇਆ ਜਾ ਸਕਦਾ ਹੈ। ਨਾਮ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ ਜੋ ਭਰਮ ਸਦੀਆਂ ਤੋਂ ਚੱਲਦਾ ਆ ਰਹਿਆ ਹੈ ਤੇ ਗੁਰਬਾਣੀ ਸਾਡਾ ਇਹ ਭਰਮ ਕੱਢ ਰਹੀ ਹੈ ਤਾਂ ਜੋ ਅਸੀਂ ਖੁਆਰੀ ਤੋਂ ਬਚੀਏ। **(ਦਿਸਟਿ ਵਿਕਾਰੀ ਨਾਹੀ ਭਉ ਭਾਉ॥ ਆਪੁ ਮਾਰੇ ਤਾ ਪਾਏ ਨਾਉ॥)**

"ਅਬ ਪੂਛੇ ਕਿਆ ਕਹਾ॥
ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ॥੧॥ਰਹਾਉ॥
ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ॥
ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ॥੧॥
ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥
ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ॥੨॥
ਸਗਲ ਪਰਾਧ ਏਕੁ ਗੁਣੁ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ॥
ਆਈ ਮਸਟਿ ਜੜਵਤ ਕੀ ਨਿਆਈ ਜਿਉ ਤਸਕਰੁ ਦਰਿ ਸਾਂਨ੍ਹਿਹਾ॥੩॥
ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ॥
ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ॥੪॥"

(ਅੰਗ ੧੨੦੩)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰਾਂਗੇ ਤੇ ਪ੍ਰਮਾਤਮਾ ਨੂੰ ਭਜਨ ਦਾ ਤਰੀਕਾ ਸਮਝ ਆ ਜਾਵੇਗਾ। ਇਸ ਜੀਵਨ ਦਾ ਮਨੋਰਥ ਅੰਮ੍ਰਿਤ ਨਾਮ ਦੀ ਪ੍ਰਾਪਤੀ ਲਈ ਹੈ। ਪਰ ਬਿਖਿਆ, ਮਾਇਆ ਵਿੱਚ ਉਲਝ ਕੇ ਇਸ ਦੀ ਪ੍ਰਾਪਤੀ ਨਹੀਂ ਕਰ ਸਕਦੇ। ਜਦ ਤੱਕ ਮਨੁੱਖ ਔਗੁਣਾਂ ਨੂੰ ਨਹੀਂ ਤਿਆਗਦਾ ਮਨੁੱਖ ਦਾ ਇਸ ਮਨੁੱਖਾ ਦੇਹ ਵਿੱਚ ਆਇਆ ਸਫਲ ਨਹੀਂ ਹੋ ਸਕਦਾ। **(ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ॥੧॥ਰਹਾਉ॥)** "ਨਾਮੁ" ਦੀ ਪ੍ਰਾਪਤੀ ਕਰਨਾ ਸਾਡੇ ਇਸ ਜੀਵਨ ਦਾ ਮਨੋਰਥ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਉਸ ਦੀ ਪ੍ਰਾਪਤੀ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਹੋ ਸਕਦੀ ਹੈ। ਇੱਥੇ ਪ੍ਰਮਾਤਮਾ ਨੂੰ ਛੱਡ ਕੇ ਦਾਸੀ ਨੂੰ ਭਾਵ ਮਾਇਆ ਨੂੰ ਭਜਨ ਦੀ ਗੱਲ ਕੀਤੀ ਹੋਈ ਹੈ ਭਾਵ ਅਸੀਂ ਦਾਸੀ ਨੂੰ ਭੱਜ ਰਹੇ ਹਾਂ। (**ਸਗਲ ਪਰਾਧ ਏਕੁ ਗੁਣੁ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ॥**) ਠਾਕੁਰ ਨੂੰ ਭਜਣਾ ਗੁਰੂ ਦੀ ਮਤਿ ਨੂੰ ਭਜਣਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਹੈ ਤੇ ਦਾਸੀ ਨੂੰ ਭਜਣਾ ਭਾਵ ਮਾਇਆ ਨੂੰ ਭਜਣਾ ਆਪਣੀ ਮਤਿ ਨੂੰ ਮੰਨਣਾ ਹੈ ਜੋ ਸਾਨੂੰ ਹਰ ਵੇਲੇ ਮਾਇਆ ਮੋਹ ਨਾਲ ਜੋੜ ਕੇ ਰੱਖਦੀ ਹੈ। ਹੁਣ ਆਓ ਇਸ ਗੱਲ ਨੂੰ ਸੋਚੀਏ ਕਿ ਅਸੀਂ ਮਾਇਆ ਨੂੰ ਕਿਸ ਤਰ੍ਹਾਂ ਭੱਜ ਰਹੇ ਹਾਂ। ਕੀ ਅਸੀਂ ਆਪਣੀ ਰਸਨਾ ਰਾਹੀਂ ਮਾਇਆ ਮਾਇਆ ਕਰ ਰਹੇ ਹਾਂ ਜਾਂ ਸਾਡੇ ਮਨ ਦੀ ਬਿਰਤੀ ਮਾਇਆ ਵਾਲੀ ਹੈ। ਅਸੀਂ ਮੂੰਹੋਂ ਇੱਕ ਵਾਰੀ ਵੀ ਮਾਇਆ ਬੋਲੇ ਬਿਨ੍ਹਾਂ ਮਾਇਆ ਨੂੰ ਜਪੀ ਜਾ ਰਹੇ ਹਾਂ ਭਾਵ ਮਾਇਆ ਨੂੰ ਕਮਾਉਣ ਤੇ ਹੀ ਲੱਗੇ ਹੋਏ ਹਾਂ ਭਾਵ ਸਾਡੇ ਵਿਚਾਰਾਂ ਵਿੱਚ ਮਾਇਆ ਵੱਸੀ ਹੋਈ ਹੈ, ਸਾਡੇ ਅੰਦਰ ਮਾਇਆ ਦੀ ਚਿੰਤਾ ਲੱਗੀ ਹੋਈ ਹੈ। ਅਸੀਂ ਸਾਰਾ ਦਿਨ ਮਾਇਆ ਕਮਾਉਂਦੇ ਹਾਂ ਪਰ ਮੂੰਹੋਂ ਇੱਕ ਵਾਰੀ ਵੀ ਮਾਇਆ ਮਾਇਆ ਨਹੀਂ ਜਪਦੇ। ਹੁਣ ਇਸਦੇ ਉਲਟ ਜੇ ਅਸੀਂ ਸਾਰਾ ਦਿਨ ਘਰ ਬੈਠੇ ਜਾਂ ਤੁਰਦੇ ਫਿਰਦੇ ਮਾਇਆ ਮਾਇਆ ਬੋਲੀ ਜਾਈਏ, ਕੀ ਮਾਇਆ ਦੀ ਪ੍ਰਾਪਤੀ ਹੋ ਜਾਵੇਗੀ? ਜਵਾਬ ਹੈ ਨਹੀਂ। ਬਸ

ਇਹ ਹੀ ਗੱਲ ਸਮਝਣ ਦੀ ਲੋੜ ਹੈ। ਬੋਲਣ ਨਾਲ ਮਾਇਆ ਨਹੀਂ ਮਿਲਣੀ। ਜਦੋਂ ਮਾਇਆ ਲਈ ਉੱਦਮ ਕਰਾਂਗੇ, ਮਾਇਆ ਲਈ ਤਪੱਸਿਆ ਕਰਾਂਗੇ, ਮਾਇਆ ਬਾਰੇ ਹੀ ਸੋਚਾਂਗੇ, ਮਾਇਆ ਨਾਲ ਪਿਆਰ ਕਰਾਂਗੇ, ਹਰ ਗੱਲ ਉਹੋ ਜਿਹੀ ਹੀ ਕਰਾਂਗੇ ਜਿਸ ਨਾਲ ਮਾਇਆ ਮਿਲੇ ਤਾਂ ਹੀ ਮਾਇਆ ਮਿਲੇਗੀ। ਬੱਸ ਇਸੇ ਤਰ੍ਹਾਂ ਜਦੋਂ ਸਾਡੀ ਬਿਰਤੀ ਪ੍ਰਮਾਤਮਾ ਨੂੰ ਪਾਉਣ ਵਾਲੀ ਬਣ ਜਾਵੇਗੀ ਤਾਂ ਫਿਰ ਅਸੀਂ ਸਭ ਕੁੱਝ ਉਹੋ ਜਿਹਾ ਹੀ ਕਰਾਂਗੇ ਜਿਹੜਾ ਮਾਰਗ ਗੁਰੂ ਸਮਝਾਉਂਦਾ ਹੈ। ਪ੍ਰਮਾਤਮਾ ਦੇ ਦੱਸੇ ਮਾਰਗ ਤੇ ਚੱਲ ਕੇ ਹੀ ਉਸ ਦੀ ਪ੍ਰਾਪਤੀ ਹੋ ਸਕਦੀ ਹੈ। ਕੇਵਲ ਰੱਬ ਰੱਬ ਕਰੀ ਜਾਈਏ ਪਰ ਉਸ ਨੂੰ ਪਾਉਣ ਦਾ ਉੱਦਮ ਨਾ ਕਰੀਏ ਭਾਵ ਗੁਰੂ ਦੀ ਗੱਲ ਤੇ ਅਮਲ ਨਾ ਕਰੀਏ ਭਾਵ ਵਿਕਾਰ ਨਾ ਛੱਡੀਏ ਤੇ ਸੱਚ ਦੇ ਜੀਵਨ ਨੂੰ ਨਾ ਅਪਣਾਈਏ ਤਾਂ ਇਸ ਤਰ੍ਹਾਂ ਪ੍ਰਮਾਤਮਾ ਕਿਵੇਂ ਮਿਲ ਸਕਦਾ ਹੈ। ਸ਼ਬਦ ਦੀ ਆਖਰੀ ਪੰਗਤੀ ਰਾਹੀਂ ਆਵਾਗਉਣ ਤੋਂ ਛੁੱਟਣ ਦਾ ਤਰੀਕਾ ਭਾਵ ਅੰਮ੍ਰਿਤ ਨਾਮ ਦੀ ਪ੍ਰਾਪਤੀ ਦਾ ਤਰੀਕਾ, ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਜੋ ਕਿ ਸਾਰੇ ਔਗੁਣਾਂ ਨੂੰ ਮੇਟਣ ਦਾ ਹੈ, ਛੱਡਣ ਦਾ ਹੈ। (**ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ ॥**)ਔਗੁਣਾਂ ਨੂੰ ਛੱਡੇ ਬਿਨ੍ਹਾਂ ਭਾਵ ਸੱਚਾ ਸੁੱਚਾ ਜੀਵਨ ਅਪਣਾਏ ਬਿਨ੍ਹਾਂ, ਸੱਚੀ ਸੁੱਚੀ ਕਿਰਤ ਕੀਤੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਤੇ ਨਾ ਹੀ ਉਸਨੂੰ ਪਾਇਆ ਜਾ ਸਕਦਾ ਹੈ।

(ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥)

(ਅੰਗ ੫੫੫)

(ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥)

(ਅੰਗ ੪੯੧)

ਜੇਕਰ ਅਸੀਂ ਗੁਰੂ ਦੀ ਗੱਲ ਹੀ ਨਹੀਂ ਮੰਨਣੀ ਫਿਰ ਅਸੀਂ ਗੁਰੂ ਨੂੰ ਚੰਗੇ ਕਿਵੇਂ ਲੱਗ ਸਕਦੇ ਹਾਂ। ਬਸ ਥੋੜ੍ਹੀ ਵਿਚਾਰਨ ਦੀ ਲੋੜ ਹੈ ਤੇ ਗੱਲ ਕੋਈ ਇਤਨੀ ਔਖੀ ਨਹੀਂ ਹੈ ਜੋ ਸਮਝ ਨਾ ਆ ਸਕੇ। ਬਾਣੀ ਸਾਨੂੰ ਵਾਰ -ਵਾਰ ਅਨੇਕਾਂ ਸ਼ਬਦਾਂ ਰਾਹੀਂ ਇਹ ਹੀ ਗੱਲ ਸਮਝਾ ਰਹੀ ਹੈ ਕਿ ਆਪਣੇ ਔਗੁਣ ਛੱਡੋ। ਨਾਮ ਜਪਣ ਦਾ ਮਕਸਦ ਹੀ ਔਗੁਣਾਂ ਨੂੰ ਤਿਆਗਣ ਦਾ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦਾ ਹੈ ਜੋ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਉਨ੍ਹਾਂ ਦੀ ਮਤਿ ਨੂੰ ਛੱਡਣ ਦੀ ਲੋੜ ਹੈ ਜਿਨ੍ਹਾਂ ਨੇ ਸਾਨੂੰ ਝੂਠੀ ਸਮਝ ਦੇ ਨਾਲ ਜੋੜਿਆ ਹੋਇਆ ਹੈ, ਕਥਨੀ ਦੇ ਨਾਲ ਜੋੜਿਆ ਹੋਇਆ ਹੈ।

“ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ॥
ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ॥
ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ॥
ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ॥
ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ॥੧੫॥”

(ਅੰਗ ੧੨੪੩)

“ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥
ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥”

(ਅੰਗ ੧੨੪੪)

ਗੁਰਬਾਣੀ ਸਾਨੂੰ ਪੁਕਾਰ ਪੁਕਾਰ ਕੇ ਕਹਿ ਰਹੀ ਹੈ ਕਿ ਜਦ ਤੱਕ ਸਾਡੇ ਹਿਰਦੇ ਵਿੱਚ ਮੈਲ ਹੈ, ਕਪਟ ਹੈ, ਕੂੜ ਹੈ, ਨਿੰਦਾ ਹੈ ਅਸੀਂ ਕਦੇ ਵੀ ਅਸਲੀ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦੇ। ਜਿਹੋ ਜਿਹੇ ਅਸੀਂ ਕਰਮ ਕਰਾਂਗੇ ਉਹੋ ਜਿਹਾ ਹੀ ਨਤੀਜਾ ਭੁਗਤਣਾ ਪਵੇਗਾ। ਇਹ ਬਾਣੀ ਦਾ ਫੁਰਮਾਨ ਹੈ। ਸਾਡੇ ਵਾਰ-ਵਾਰ ਜੂਨਾਂ ਵਿੱਚ ਪੈਣ ਦਾ ਕਾਰਨ ਸਾਡੇ ਅੰਦਰ ਦਾ ਕੂੜ, ਲੋਭ, ਲਾਲਚ ਹੀ ਹੈ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ। **(ਕੂੜੈ ਲਾਲਚਿ ਲਗਿਆ ਫਿਰਿ ਜੂਨੀ**

ਪਾਇਆ॥) ਸਾਡਾ ਜੂਨਾਂ ਵਿੱਚ ਪੈਣਾ ਕੀ ਹੈ ਤੇ ਉਸ ਵਿੱਚੋਂ ਨਿਕਲਣਾ ਕੀ ਹੈ, ਇਸ ਗੱਲ ਨੂੰ ਲੇਖ ਵਿੱਚ ਕਾਫੀ ਅੱਗੇ ਚੱਲਕੇ ਸਮਝਾਂਗੇ, ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਂਗੇ। ਜੇਕਰ ਜੂਨਾਂ ਵਿੱਚ ਪੈਣ ਦਾ ਕਾਰਨ ਸਾਡਾ ਝੂਠ, ਲੋਭ ਲਾਲਚ ਹੈ ਭਾਵ ਮਾੜੇ ਕਰਮ ਹਨ ਫਿਰ ਜੂਨਾਂ ਵਿੱਚੋਂ ਨਿਕਲਣ ਦਾ ਤਰੀਕਾ ਇਹ ਹੀ ਹੈ ਕਿ ਅਸੀਂ ਔਗੁਣਾਂ ਵਿੱਚੋਂ ਨਿਕਲ ਕੇ ਮਾੜੇ ਕਰਮ ਨਾ ਕਰੀਏ, ਚੰਗੇ ਕਰਮ ਕਰੀਏ। ਇਹ ਹੀ ਸਾਡਾ ਜਪ ਤਪ ਹੈ। ਸਾਡੇ ਅੰਦਰੋਂ ਨਾਮ ਦਾ ਚੋਰੀ ਹੋਣਾ ਕੀ ਹੈ, ਇਸ ਗੱਲ ਦੀ ਚਰਚਾ ਅਸੀਂ ਪਿੱਛੇ ਵੀ ਕੀਤੀ ਹੈ ਤੇ ਅੱਗੇ ਚੱਲਕੇ ਹੋਰ ਵੀ ਕਰਾਂਗੇ। ਜੋ ਮਨੁੱਖ ਮਾੜੇ ਕਰਮ ਕਰਦੇ ਹਨ ਉਹ ਨਾਮ ਦੇ ਚੋਰ ਹਨ। ਫਿਰ ਨਾਮ ਜਪਣ ਵਾਲੇ ਕੌਣ ਹੋਏ ਭਾਵ ਜੋ ਔਗੁਣ ਤਿਆਗ ਕੇ ਚੰਗੇ ਕਰਮ ਕਰਦੇ ਹਨ ਉਹ ਨਾਮ ਜਪਦੇ ਹਨ ਭਾਵ ਗੁਰੂ ਦੀ ਮਤਿ ਤੇ, ਗੁਰੂ ਦੀ ਸਿੱਖਿਆ ਤੇ ਅਮਲ ਕਰਦੇ ਹਨ ਤੇ ਇਹੋ ਜਿਹੇ ਮਨੁੱਖ ਹੀ ਪ੍ਰਮਾਤਮਾ ਨੂੰ ਭਾਉਂਦੇ ਹਨ। ਮਾੜੇ ਕਰਮ ਕਰਨ ਵਾਲੇ ਮਨੁੱਖ ਦੂਸਰਿਆਂ ਨੂੰ ਵੀ ਦੁੱਖ ਦਿੰਦੇ ਹਨ ਤੇ ਆਪ ਵੀ ਦੁੱਖ ਸਹਿੰਦੇ ਹਨ ਤੇ ਗੁਰੂ ਦੀਆਂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਮਾੜੇ ਬਣਦੇ ਹਨ। (**ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥ ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥ ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ ॥**)

“ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ॥
ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ॥
ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ॥
ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ॥
ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ॥੧੯॥”

(ਅੰਗ ੧੨੪੪)

ਇਸ ਸ਼ਬਦ ਰਾਹੀਂ ਇਹ ਹੀ ਸਮਝਾਇਆ ਹੋਇਆ ਹੈ ਕਿ ਮਨੁੱਖ ਦਾ ਹਿਰਦਾ ਗੁਰੂ ਦੇ ਗਿਆਨ ਦੁਆਰਾ ਹੀ ਸ਼ੁੱਧ ਹੁੰਦਾ ਹੈ। ਮਨੁੱਖ ਦੇ ਹਿਰਦੇ ਵਿੱਚ ਸੰਤੋਖ ਉਦੋਂ ਹੀ ਆਉਂਦਾ ਹੈ ਭਾਵ ਮਨ ਤਾਂ ਹੀ ਟਿਕਾਅ ਵਿੱਚ ਆਉਂਦਾ ਹੈ ਜਦੋਂ ਉਸ ਦੇ ਅੰਦਰ ਗੁਰੂ ਦਾ ਗਿਆਨ (ਨਾਉ) ਉਪਜ ਜਾਂਦਾ ਹੈ। ਮਨ ਦੇ ਵਿੱਚ ਸੰਤੋਖ ਮਾਇਆ ਮੋਹ ਨਿਕਲਣ ਦੁਆਰਾ ਹੀ ਆਉਂਦਾ ਹੈ, ਤ੍ਰਿਸ਼ਨਾਵਾਂ ਤਿਆਗਣ ਦੁਆਰਾ ਹੀ ਆਉਂਦਾ ਹੈ, ਗੁਰੂ ਦੀ ਸੱਚੀ ਮਤਿ ਵੱਸਣ ਦੁਆਰਾ ਹੀ ਆਉਂਦਾ ਹੈ ਭਾਵ ਮਨ ਦੇ ਵਿੱਚ ਨਾਮ ਉਪਜਣ ਦੁਆਰਾ, ਪ੍ਰਗਟ ਹੋਣ ਦੁਆਰਾ ਹੀ ਆਉਂਦਾ ਹੈ, ਪ੍ਰਮਾਤਮਾ ਦੇ ਆਪ ਪ੍ਰਗਟ ਹੋਣ ਦੁਆਰਾ ਹੀ ਆਉਂਦਾ ਹੈ। ਪ੍ਰਮਾਤਮਾ ਸਾਡੇ ਅੰਦਰ ਨਾਮ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। (**ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ ॥**) ਨਾਮ ਗੁਰੂ ਦਾ ਗਿਆਨ ਹੈ ਜੋ ਸਾਨੂੰ ਗੁਰਬਾਣੀ ਰਾਹੀਂ ਮਿਲਣਾ ਹੈ। ਗੁਰੂ ਦੇ ਗਿਆਨ ਵਿੱਚ ਆ ਕੇ ਭਾਵ ਉਸ ਤੇ ਚੱਲਣਾ ਹੀ ਪ੍ਰਮਾਤਮਾ ਦਾ ਸੱਚਾ ਜਪੁ ਤਪੁ, ਤੀਰਥ ਸੰਜਮ ਆਦਿ ਹੁੰਦਾ ਹੈ ਤੇ ਇਹ ਹੀ ਪ੍ਰਮਾਤਮਾ ਨੂੰ ਭਾਉਂਦਾ ਹੈ। ਤ੍ਰਿਸ਼ਨਾਵਾਂ ਦਾ ਤਿਆਗ ਕਰਕੇ ਜਦੋਂ ਮਨੁੱਖ ਮਨ ਦੇ ਸੰਤੋਖ ਰਾਹੀਂ ਵਿਚਰਦਾ ਹੈ ਉਹ ਚੰਗੇ ਕਰਮ ਹੀ ਕਰਦਾ ਹੈ। ਮਾੜੇ ਕਰਮ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਕਰਦਾ ਹੈ। ਮਨ ਦੇ ਸੰਤੋਖ ਰਾਹੀਂ ਸੱਚੇ ਸੁੱਚੇ ਕਰਮ ਕਰਨਾ ਹੀ ਮਨੁੱਖ ਦਾ ਜਪ ਤਪ ਹੈ। ਗੁਰੂ ਦੇ ਗਿਆਨ ਰਾਹੀਂ ਭਾਵ ਗੁਰੂ ਦੇ ਗਿਆਨ ਨੂੰ ਮੰਨ ਕੇ ਹੀ ਹਿਰਦਾ ਸ਼ੁੱਧ ਹੁੰਦਾ ਹੈ ਤੇ ਮਨੁੱਖ ਗੁਰੂ ਦੇ ਭਾਣੇ ਵਿੱਚ ਆਉਂਦਾ ਹੈ ਤੇ ਇਨ੍ਹਾਂ ਗੁਣਾਂ ਦੁਆਰਾ ਹੀ ਉਹ ਪ੍ਰਮਾਤਮਾ ਨੂੰ ਸੁਹਾਉਂਦਾ ਹੈ। ਆਪਣੇ ਹਿਰਦੇ ਦੀ ਸ਼ੁੱਧੀ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਮਨ ਦੇ ਅੰਦਰ ਵਿਕਾਰਾਂ ਦੇ ਰਹਿੰਦਿਆ ਹਿਰਦਾ ਸ਼ੁੱਧ ਨਹੀਂ ਹੋ ਸਕਦਾ। **(ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ॥ ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ॥ ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ॥ ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ॥ ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ॥)**

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ॥ ਅਵਗਣ ਛੋਡਿ ਗੁਣ ਮਾਹਿ ਸਮਾਏ॥}

(ਅੰਗ ੧੦੫੧)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥

ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥1॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥1॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥2॥
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥3॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥
ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥4॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥5॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥6॥
ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥7॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥8॥6॥}

(ਅੰਗ 56)

ਉੱਪਰ ਵਾਲੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ। ਪ੍ਰਮਾਤਮਾ ਦਾ ਜਪ ਤਪ ਸਾਡੀਆਂ ਸਰੀਰਕ ਕਿਰਿਆਵਾਂ ਨਹੀਂ ਹਨ ਬਲਕਿ ਸਾਡੇ ਚੰਗੇ ਕਰਮ ਹਨ ਜੋ ਸੱਚ ਤੇ ਚੱਲਣ ਦੁਆਰਾ ਹੀ ਹੁੰਦੇ ਹਨ। ਤੀਰਥ ਦਾ ਇਸ਼ਨਾਨ ਕੀ ਹੈ ਇਹ ਗੱਲ ਵੀ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਸਾਰੀ ਗੱਲ ਗੁਰਮਤਿ ਤੇ ਪੂਰਾ ਉਤਰਨ ਦੀ ਹੈ ਜੋ ਕਿ ਉਸ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਦੁਆਰਾ ਹੀ ਉਤਰਿਆ ਜਾ ਸਕਦਾ ਹੈ।

“ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥
ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ॥”

(ਅੰਗ ੧੯)

ਇਸ ਪੰਗਤੀ ਰਾਹੀਂ ਇਹ ਸਮਝਾਇਆ ਹੈ ਕਿ ਅਸੀਂ ਤਨੋ ਮਨੋ ਕਿਵੇਂ ਸੱਚੇ ਸੁੱਚੇ ਹੋ ਸਕਦੇ ਹਾਂ। ਜਦੋਂ ਮਨੁੱਖ ਦੇ ਅੰਦਰ ਗੁਰੂ ਦਾ ਸੱਚਾ ਗਿਆਨ (ਸਾਚਾ ਨਾਉ) ਵਸ ਜਾਂਦਾ ਹੈ ਤੇ ਫਿਰ ਉਹ ਸੱਚਾ ਤੇ ਸੁੱਚਾ ਹੋ ਜਾਂਦਾ ਹੈ। ਉਹ ਮਨੁੱਖ ਹਮੇਸ਼ਾਂ ਪ੍ਰਮਾਤਮਾ ਦੇ ਭੈ ਵਿੱਚ ਚੱਲ ਕੇ ਸੱਚੀ ਕਾਰ ਕਰਦਾ ਹੈ ਤੇ ਉਸ ਦੇ ਮੁੱਖ ਤੇ ਹਮੇਸ਼ਾਂ ਸੱਚ ਹੁੰਦਾ ਹੈ ਭਾਵ ਉਸਦਾ ਹਰ ਮਨੋਰਥ ਸੱਚ ਦੀ ਪ੍ਰਾਪਤੀ ਲਈ ਹੁੰਦਾ ਹੈ ਭਾਵ ਸੱਚ ਤੇ, ਗੁਰਮਤਿ ਤੇ ਪੂਰਾ ਉਤਰਨ ਲਈ ਹੁੰਦਾ ਹੈ, ਉਹ ਕੇਵਲ ਸੱਚੇ ਸੁੱਚੇ ਕਰਮ ਕਰਦਾ ਹੈ। "ਭੈ" ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ ਤੇ ਇਸ ਨੂੰ ਗਹਿਰਾਈ ਨਾਲ ਅੱਗੇ ਜਾ ਕੇ ਸਮਝਾਂਗੇ। ਸਾਡੇ ਅੰਦਰ "ਸਚੁ" ਦਾ ਵੱਸਣਾ ਜਾਂ "ਨਾਮੁ" ਦਾ ਵੱਸਣਾ ਇੱਕੋ ਹੀ ਗੱਲ ਹੈ ਜਿਸ ਤੋਂ ਭਾਵ ਸਾਡੇ ਅੰਦਰ ਪ੍ਰਮਾਤਮਾ ਦਾ ਵੱਸਣਾ ਹੀ ਹੈ। ਜਿਸ ਮਨੁੱਖ ਦੀ ਜਿਹਵਾ ਗੁਰੂ ਦੇ ਸੱਚੇ ਮਨੋਰਥ ਦੀ ਪੂਰਤੀ ਕਰਦੀ ਹੈ ਉਹ ਜਿਹਵਾ ਨਾਮ ਵਾਲੀ ਹੈ। (**ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥ ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ॥**)

"ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥"

(ਅੰਗ ੪੩੭)

ਔਗੁਣਾਂ ਵਿੱਚ ਰਹਿੰਦੇ ਹੋਏ ਨਾ ਹੀ ਕਿਸੇ ਦੇ ਅੰਦਰ ਸੱਚ ਹੈ ਤੇ ਨਾ ਹੀ ਕਿਸੇ ਦੇ ਅੰਦਰ ਨਾਮ ਹੈ।

ਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਨਾਮ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਦੀ ਗੱਲ ਆਉਂਦੀ ਹੈ ਤੇ ਸੱਚੁ ਨਾਮ ਨੂੰ ਅਸੀਂ ਆਪਣੇ ਅੰਦਰ ਕਿਵੇਂ ਵਸਾਉਣਾ ਹੈ ਇਹ ਗੱਲ ਸਾਨੂੰ ਗੁਰੂ ਸਾਹਿਬ ਇਸ ਤੋਂ ਸਪੱਸ਼ਟ ਹੋਰ ਕਿਵੇਂ ਸਮਝਾਉਣ ਜਿਵੇਂ ਉੱਪਰ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। (**ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥**) ਸਾਨੂੰ ਨਾਮ ਸਮਝਾਉਣ ਵਾਲੇ ਸਭ ਝੂਠੀ ਮਤਿ ਨਾਲ ਹੀ ਜੁੜੇ ਹੋਏ ਹਨ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੀ ਸੱਚੀ ਮਤਿ ਨਾਲ ਜੁੜ ਸਕੀਏ। ਨਾਮ ਨੂੰ ਆਪਣੇ ਅੰਦਰ ਵਸਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉੱਪਰ ਵਾਲੀ ਪੰਗਤੀ ਦੁਆਰਾ ਬੜੀ ਸਪੱਸ਼ਟ ਕਰਕੇ ਸਮਝਾਈ ਹੋਈ ਹੈ। ਕੇਵਲ ਮੰਨਣ ਦੀ ਗੱਲ ਹੈ ਕਿ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਜਾਂ ਉਨ੍ਹਾਂ ਦੀ ਗੱਲ ਤੇ ਜਿਨ੍ਹਾਂ ਨੇ ਸਾਨੂੰ ਭਰਮਾਂ ਵਿੱਚ ਪਾਇਆ ਹੈ। ਨਾਮ ਨੂੰ ਸਮਝਣ ਵਿੱਚ ਸਾਰਾ ਭੇਦ ਕਥਨੀ ਤੇ ਕਰਨੀ ਵਿੱਚ ਹੈ।

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੪॥}

(ਅੰਗ 565)

ਗੁਰਬਾਣੀ ਵਿੱਚ ਸਾਨੂੰ ਨਾਮ ਸਮਝਾਉਣ ਬਾਰੇ, ਭਗਤੀ ਦਾ, ਧਰਮ ਦਾ ਸੱਚਾ ਮਾਰਗ ਸਮਝਾਉਣ ਬਾਰੇ ਕੋਈ ਕਸਰ ਨਹੀਂ ਛੱਡੀ ਹੋਈ ਤੇ ਇਸੇ ਤਰਾਂ ਸਾਨੂੰ ਭਰਮਾਂ ਵਿੱਚ ਪਾਉਣ ਵਾਲਿਆਂ ਨੇ ਵੀ ਕੋਈ ਕਸਰ ਨਹੀਂ ਛੱਡੀ ਹੋਈ। ਸਭ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਖੇਡ ਹੀ ਵਰਤ ਰਹੀ ਹੈ।

"ਧਨਵੰਤ ਨਾਮ ਕੇ ਵਣਜਾਰੇ॥
ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ॥੧॥ਰਹਾਉ॥
ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ॥੧॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ॥
ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ॥੨॥"

(ਅੰਗ ੧੨੨੦)

ਉੱਪਰ ਸ਼ਬਦ ਰਾਹੀਂ ਸਾਨੂੰ ਨਾਮ ਧੰਨ ਖਟਣਾ ਸਿਖਾਇਆ ਹੋਇਆ ਹੈ ਜਿਸ ਨੂੰ ਖੱਟਣ ਦਾ ਤਰੀਕਾ ਸ਼ਬਦ ਦੀ ਵਿਚਾਰ ਹੈ ਭਾਵ ਸ਼ਬਦ ਦਾ ਵਿਚਾਰੀ ਬਣਨ ਨਾਲ ਹੀ ਨਾਮ ਧੰਨ ਖੱਟਿਆ ਜਾ ਸਕਦਾ ਹੈ। ਸ਼ਬਦ ਦਾ ਵਿਚਾਰੀ ਸ਼ਬਦ ਦੀ ਵਿਚਾਰ ਨੂੰ ਮੰਨ ਕੇ ਬਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਸ਼ਬਦ ਦੀ ਵਿਚਾਰ ਨੂੰ ਮੰਨਦਾ ਹੈ

ਉਹ ਫਿਰ ਆਪਣੇ ਅੰਦਰੋਂ ਔਗੁਣਾਂ ਨੂੰ ਵੀ ਤਿਆਗਦਾ ਹੈ ਤੇ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ। ਨਾਮ ਧੰਨ ਖੱਟਣ ਲਈ ਉੱਪਰ ਸ਼ਬਦ ਰਾਹੀਂ ਵੀ ਸਾਨੂੰ ਔਗੁਣ ਛੱਡਣ ਲਈ ਸਮਝਾਇਆ ਹੋਇਆ ਹੈ। (**ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥**) ਸ਼ਬਦ ਦੀ ਵਿਚਾਰ ਗੁਰੂ ਦਾ ਸੱਚਾ ਗਿਆਨ ਹੈ ਤੇ ਇਸ ਸੱਚੇ ਗਿਆਨ ਦਾ ਸਾਡੇ ਅੰਦਰ ਵੱਸਣਾ ਹੀ ਸਾਡਾ ਨਾਮ ਧਨੁ ਹੈ, ਜੋ ਕਿ ਸਾਡੀ ਸੱਚੀ ਸਮਝ ਦਾ ਧੰਨ ਹੈ, ਗੁਰਮਤਿ ਰੂਪ ਸੱਚੀ ਸਮਝ ਦਾ ਧੰਨ ਹੈ। ਜਦ ਤੱਕ ਸਾਡੇ ਅੰਦਰ ਨਾਮ ਧੰਨ ਨਹੀਂ ਵੱਸਦਾ ਤਦ ਤੱਕ ਅਸੀਂ ਔਗੁਣਾਂ ਵਿੱਚ ਰਹਿੰਦੇ ਹਾਂ ਜਿਨ੍ਹਾਂ ਔਗੁਣਾਂ ਕਰਕੇ ਅਸੀਂ ਗੁਰੂ ਪ੍ਰਮਾਤਮਾ ਨਾਲ ਵੈਰ ਕਮਾਉਂਦੇ ਹਾਂ। ਗੁਰੂ ਨਾਲ ਸਾਡਾ ਵੈਰ ਤਾਂ ਹੀ ਖਤਮ ਹੁੰਦਾ ਹੈ ਜੇਕਰ ਅਸੀਂ ਔਗੁਣ ਛੱਡ ਦੇਈਏ ਭਾਵ ਸ਼ਬਦ ਦੇ ਵਿਚਾਰੀ ਬਣ ਜਾਈਏ, ਨਾਮ ਧੰਨ ਵਾਲੇ ਬਣ ਜਾਈਏ, ਗੁਣਾਂ ਵਾਲੇ ਬਣ ਜਾਈਏ ਤੇ ਸਾਡਾ ਗੁਰੂ ਨਾਲ ਪਿਆਰ ਪੈ ਜਾਵੇ ਤੇ ਇਹੀ ਨਾਮ ਧੰਨ ਦਾ ਮਕਸਦ ਹੈ। ਗੁਰੂ ਦੇ ਨਾਲ ਸਾਡੀ ਸਾਂਝ ਗੁਰੂ ਦੇ ਵਿਚਾਰਾਂ ਨਾਲ, ਸ਼ਬਦ ਦੇ ਵਿਚਾਰਾਂ ਨਾਲ ਸਾਂਝ ਕਰਨ ਦੁਆਰਾ ਹੀ ਪੈਂਦੀ ਹੈ ਭਾਵ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਪੈਂਦੀ ਹੈ ਜਿਸ ਦੁਆਰਾ ਸਾਨੂੰ ਨਾਮ ਧੰਨ ਦੀ ਪ੍ਰਾਪਤੀ ਹੁੰਦੀ ਹੈ। ਨਾਮ ਧੰਨ ਨੂੰ ਖਰਚਣਾ ਸ਼ਬਦ ਦੇ ਵਿਚਾਰਾਂ ਤੇ ਅਮਲ ਕਰਨਾ ਹੈ ਤੇ ਇਹੀ ਪ੍ਰਮਾਤਮਾ ਦੇ ਦੁਆਰ ਤੇ ਜਾਣ ਦਾ ਭਾਵ ਉਸਦੇ ਨਾਲ ਮੇਲ ਕਰਨ ਦਾ ਤਰੀਕਾ ਹੈ (**ਧਨਵੰਤ ਨਾਮ ਕੇ ਵਣਜਾਰੇ॥ ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ॥੧॥ਰਹਾਉ॥ ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥ ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ॥੧॥ ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ॥ ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ॥੨॥**)

ਨਾਮ ਧੰਨ ਦੀ, ਸੱਚੁ ਧਨੁ ਦੀ ਪ੍ਰਾਪਤੀ ਕਪਟੁ ਛੱਡਣ ਦੁਆਰਾ ਹੁੰਦੀ ਹੈ, ਝੂਠ ਛੱਡਣ ਦੁਆਰਾ, ਔਗੁਣ ਛੱਡਣ ਦੁਆਰਾ ਹੁੰਦੀ ਹੈ ਨਾ ਕਿ ਕਿਸੇ ਅੱਖਰ ਦਾ ਜਪ ਕਰੀ ਜਾਣ ਨਾਲ। ਨਾਮ ਦੀ ਵਣਜ ਕੀ ਹੈ, ਇਸਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ।

“ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ॥
ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ॥205॥”

(ਅੰਗ ੧੩੭੫)

ਧਿਆਨ ਨਾਲ ਸਮਝੋ ਉੱਪਰ ਵਾਲੇ ਸ਼ਬਦ ਨੂੰ। ਧੰਨ ਧੰਨ ਭਗਤ ਕਬੀਰ ਜੀ ਨੇ ਕਿਤਨੇ ਸੋਹਣੇ ਢੰਗ ਨਾਲ ਸਮਝਾਇਆ ਹੋਇਆ ਹੈ ਕਿ ਵਿਕਾਰਾਂ ਦੇ ਰਹਿੰਦੇ ਭਾਵ ਵਿਕਾਰਾਂ ਨੂੰ ਤਿਆਗੇ ਬਿਨ੍ਹਾਂ ਜੋ ਵੀ ਅਸੀਂ ਜਪੁ ਤਪੁ ਕਰਦੇ ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਆਸ ਰੱਖਦੇ ਹਾਂ ਉਹ ਸਾਡੀ ਇੱਕ ਝੂਠੀ ਆਸ ਹੈ। ਇਸ ਤਰ੍ਹਾਂ ਕਰਨ ਨਾਲ ਸਾਡੇ ਮਨੋਰਥ ਦੀ ਪੂਰਤੀ ਨਹੀਂ ਹੋ ਸਕਦੀ ਤੇ ਇਸ ਦੁਨੀਆਂ ਵਿੱਚੋਂ ਨਿਰਾਸ਼ਾ ਲੈ ਕੇ ਹੀ ਜਾਣਾ ਪਵੇਗਾ। ਹੁਣ ਧਿਆਨ ਨਾਲ ਸਮਝੋ ਕਿ ਵਿਕਾਰਾਂ ਦਾ ਚਿਤਵਨਾ ਕੀ ਹੈ। ਕੀ ਅਸੀਂ ਬੋਲ ਬੋਲ ਕੇ ਵਿਕਾਰਾਂ ਦਾ ਜਾਪ ਕਰਦੇ ਹਾਂ? ਇਹ ਕੇਵਲ ਸਾਡੇ ਮਨ ਦੀ ਬਿਰਤੀ ਹੈ। ਇਸੇ ਤਰ੍ਹਾਂ ਨਾਮ ਨੂੰ ਚਿਤਵਨਾ ਹੈ ਭਾਵ ਚਿਤਵਨਾ ਸਾਡੀ ਮਨ ਦੀ ਸਮਝ ਦੇ ਨਾਲ, ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ, ਸਾਡੇ ਮਨ ਦੀ ਬਿਰਤੀ ਦੇ ਨਾਲ ਜੁੜਿਆ ਹੋਇਆ ਹੈ ਕਿ ਸਾਨੂੰ ਕੀ ਚੰਗਾ ਲੱਗਦਾ ਹੈ। ਜੋ ਕੁੱਝ ਅਸੀਂ ਚਿਤਵਦੇ ਹਾਂ ਉਹੀ ਕੁੱਝ ਸਾਨੂੰ ਚੰਗਾ ਲੱਗਦਾ ਹੈ ਭਾਵ ਸਾਡੀ ਕਰਨੀ ਸਾਡੇ ਚਿੱਤ ਦੀ ਸਮਝ ਨਾਲ ਸਾਡੇ ਚਿੱਤ ਦੀ ਲੱਗਣ ਨਾਲ, ਸਾਡੇ ਚਿੱਤ ਦੀ ਪ੍ਰਾਪਤੀ ਕਰਨਾ ਚਾਹੁੰਦੀ ਹੈ, ਇਸੇ ਦੇ ਨਾਲ ਜੁੜੀ ਹੋਈ ਹੈ। ਜੇਕਰ ਸਾਨੂੰ ਮਾਇਆ ਚੰਗੀ ਲੱਗਦੀ ਹੈ ਫਿਰ ਸਾਡੀ ਬਿਰਤੀ ਮਾਇਆ ਕਮਾਉਣ ਲਈ ਹੀ ਸਾਨੂੰ ਪ੍ਰੇਰੇਗੀ ਜਿਸ ਲਈ ਅਸੀਂ ਮਾੜੇ ਕਰਮ ਵੀ ਕਰਾਂਗੇ, ਔਗੁਣ ਵੀ ਕਰਾਂਗੇ। ਜਦੋਂ ਸਾਡੀ ਬਿਰਤੀ ਗੁਣਾਂ ਵਾਲੀ ਬਣ ਜਾਵੇਗੀ, ਫਿਰ ਅਸੀਂ ਹਰ ਵੇਲੇ ਨਾਮ ਨੂੰ ਚੇਤੇ ਰੱਖਦੇ ਹਾਂ, ਹਮੇਸ਼ਾਂ ਦਿਨ ਰਾਤ ਨਾਮ ਚਿਤਵਦੇ ਹਾਂ, ਗੁਰਮਤਿ ਅਨੁਸਾਰ ਵਿਚਰਦੇ ਹਾਂ। **(ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ॥ ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ॥)**

“ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ॥
ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ॥209॥”

(ਅੰਗ ੧੩੭੫)

ਅਸੀਂ ਹਰ ਵੇਲੇ ਮਾਇਆ ਦੇ ਪਿੱਛੇ ਭੱਜਦੇ ਹਾਂ ਭਾਵ ਹਰ ਵੇਲੇ ਮਾਇਆ ਦੀ ਤ੍ਰਿਸ਼ਨਾ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਇਹੋ ਜਿਹੀ “ਕੂਕਰੁ” ਬਿਰਤੀ ਵਿੱਚ, ਲੋਭ ਲਾਲਚ ਵਾਲੀ ਬਿਰਤੀ ਵਿੱਚ ਅਸੀਂ ਜੋ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ

ਕਰਦੇ ਹਾਂ, ਉਹ ਕੇਵਲ ਸਾਡਾ ਵਿਅਰਥ ਦਾ ਭੌਂਕਣਾ ਹੈ, ਮਾਇਆ ਦੀ ਪ੍ਰਾਪਤੀ ਲਈ ਭੌਂਕਣਾ ਹੈ ਜਿਸ ਨਾਲ ਕੋਈ ਲਾਭ ਨਹੀਂ ਮਿਲਣਾ। ਭਗਤ ਕਬੀਰ ਜੀ ਸਾਨੂੰ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੇ ਮੈਨੂੰ ਇਸ ਲੋਭ ਵਾਲੀ ਬਿਰਤੀ ਵਿੱਚੋਂ ਛੁਡਾ ਲਿਆ ਹੈ ਤੇ ਮੈਂ ਵੱਡੇ ਭਾਗਾਂ ਨਾਲ ਉਸ ਪ੍ਰਮਾਤਮਾ ਨੂੰ ਪਾਇਆ ਹੈ। ਭਗਤੀ ਦਾ ਮਾਰਗ ਲੋਭ ਲਾਲਚ ਵਿੱਚੋਂ ਨਿਕਲ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਨਾ ਕਿ ਸਰੀਰਕ ਦਿਖਾਵੇ ਕਰਨ ਦਾ। **(ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ॥ ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ॥)**

{ਕੂਕਰ ਸੂਕਰ ਕਹੀਅਹਿ ਕੂੜਿਆਰਾ॥
ਭਉਕਿ ਮਰਹਿ ਭਉ ਭਉ ਭਉ ਹਾਰਾ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ॥੧੫॥}

(ਅੰਗ ੧੦੨੯)

ਸਲੋਕ ਮਹਲਾ ੫॥
"ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥
ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥੧॥"

(ਅੰਗ 965)

ਉੱਪਰ ਵਾਲੇ ਸ਼ਬਦ ਦੁਆਰਾ ਵੀ ਇਹ ਹੀ ਸਮਝਾਇਆ ਹੋਇਆ ਹੈ ਕਿ ਔਗੁਣਾਂ, ਵਿਕਾਰਾਂ ਵਿੱਚ ਰਹਿੰਦੇ ਹੋਏ ਭਾਵ ਮਾੜੇ ਕਰਮ ਕਰਦੇ ਹੋਏ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਉਸਨੂੰ ਕੇਵਲ ਸਾਡੇ ਚੰਗੇ ਕਰਮ ਕਰਨ ਦੁਆਰਾ ਹੀ ਪਾਇਆ ਜਾ ਸਕਦਾ ਹੈ।

ਸਾਡਾ ਇਹ ਸਰੀਰ (ਧਰਤੀ) ਪ੍ਰਮਾਤਮਾ ਦੀ ਆਪਣੀ ਹੈ ਜੋ ਆਪ ਹੀ ਸਾਧ ਰੂਪ ਹੈ, ਗੁਰੂ ਰੂਪ ਹੈ। ਉਹ ਆਪ ਹੀ ਵਿੱਚ ਵਰਤ ਰਿਹਾ ਹੈ ਤੇ ਇਸ ਵਿੱਚ ਮਾਇਆ ਦੀ ਜੁਗਤਿ ਪਾ ਕੇ ਮਨੁੱਖ ਨੂੰ ਇਹ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਕਿ ਇਹ ਸਰੀਰ ਕਿਸ ਦਾ ਹੈ। ਮਨੁੱਖ ਇਸ ਸਰੀਰ ਨੂੰ ਆਪਣਾ ਹੀ ਸਮਝਦਾ ਹੈ ਤੇ ਉਸ ਵਿੱਚ ਚੋਰਾਂ ਦਾ ਭਾਵ ਵਿਕਾਰਾਂ ਤੇ ਔਗੁਣਾਂ ਦਾ ਬੋਲਬਾਲਾ ਕੀਤਾ ਹੋਇਆ ਹੈ ਜਿਨ੍ਹਾਂ ਕਰਕੇ ਮਨੁੱਖ ਇਸ ਸਰੀਰ ਰਾਹੀਂ ਮੌਜਾਂ ਕਰ ਰਿਹਾ ਹੈ। ਇਨ੍ਹਾਂ ਵਿਕਾਰਾਂ ਕਰਕੇ ਮਨੁੱਖ ਭਾਰ ਆਪਣੇ ਸਿਰ ਹੀ ਚੜ੍ਹਾ ਰਿਹਾ ਹੈ ਤੇ ਜਿਸਦਾ ਇਹ ਸਰੀਰ ਹੈ ਭਾਵ ਜਿਸ ਪ੍ਰਮਾਤਮਾ ਦਾ ਇਹ ਸਰੀਰ ਹੈ, ਉਸਨੂੰ ਇਸ ਦਾ ਕੋਈ ਬੋਝ ਨਹੀਂ ਹੈ। ਇਨ੍ਹਾਂ ਵਿਕਾਰਾਂ ਦਾ ਬੋਝ ਸਾਨੂੰ ਹੀ ਸਹਿਣਾ ਪੈਣਾ ਹੈ। ਜਿਹੋ ਜਿਹੇ ਲੇਖ ਭਾਵ ਵਿਚਾਰ ਸਾਡੇ ਮਨ ਦੇ ਵਿੱਚ ਲਿਖੇ ਜਾਂਦੇ ਹਨ ਅਸੀਂ ਉਸੇ ਤਰ੍ਹਾਂ ਹੀ ਵਿਚਰ ਰਹੇ ਹਾਂ ਤੇ ਆਪਣੇ ਕਰਮਾਂ ਦਾ ਫਲ ਅਸੀਂ ਆਪ ਹੀ ਭੁਗਤਣਾ ਹੈ। ਜੇਕਰ ਮਾੜੇ ਕਰਮ ਕਰਕੇ ਅਸੀਂ ਮੌਜਾਂ ਕਰ ਰਹੇ ਹਾਂ ਤੇ ਫਿਰ ਸਜਾਵਾਂ ਵੀ ਸਾਨੂੰ ਹੀ ਭੁਗਤਣੀਆਂ ਪੈਣੀਆਂ ਹਨ। ਆਪਣੇ ਅੰਦਰੋਂ ਵਿਕਾਰ ਰੂਪ ਚੋਰਾਂ ਨੂੰ ਕੱਢਣ ਦੀ ਜਿੰਮੇਵਾਰੀ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਪਾਈ ਹੋਈ ਹੈ ਜੋ ਕਿ ਬਹੁਤ ਔਖਾ ਹੈ ਕਿਉਂਕਿ ਮਾਇਆ ਦੇ ਸੁੱਖ ਭਾਵ ਮੌਜਾਂ ਛੱਡਣੀਆਂ ਪੈਂਦੀਆਂ ਹਨ। (**ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥ ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥**)

{ਸਾਦਿ ਮੋਹਿ ਲਾਦੀ ਅਹੰਕਾਰੇ ॥
ਦੋਸੁ ਨਾਹੀ ਪ੍ਰਭ ਕਰਣੈਹਾਰੇ ॥3॥} (ਅੰਗ 389)

{ਜੇਤਾ ਮੋਹੁ ਪਰੀਤਿ ਸੁਆਦ ॥
ਸਭਾ ਕਾਲਖ ਦਾਗਾ ਦਾਗ ॥
ਦਾਗ ਦੋਸ ਮੁਹਿ ਚਲਿਆ ਲਾਇ ॥
ਦਰਗਹ ਬੈਸਣ ਨਾਹੀ ਜਾਇ ॥3॥}

(ਅੰਗ 662)

{ਆਪਿ ਉਪਾਵਨ ਆਪਿ ਸਧਰਨਾ ॥
ਆਪਿ ਕਰਾਵਨ ਦੋਸੁ ਨ ਲੈਨਾ ॥1॥}

(ਅੰਗ 803)

“ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ॥2॥”

(ਅੰਗ ੧੩੭੫)

ਇਸ ਉੱਪਰ ਵਾਲੇ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਜੇ ਅਸੀਂ ਪ੍ਰਮਾਤਮਾ ਨੂੰ ਪਾਉਣਾ ਹੈ ਤੇ ਸਾਨੂੰ ਮਾੜੀ ਸੰਗਤ ਭਾਵ ਵਿਕਾਰਾਂ ਦੀ ਸੰਗਤ ਛੱਡਣੀ ਹੀ ਪਵੇਗੀ ਤੇ ਇਹ ਸੰਗਤਿ ਛੱਡਣੀ ਸੌਖੀ ਨਹੀਂ ਹੈ। ਜੇ ਚਾਵਲ ਪ੍ਰਾਪਤ ਕਰਨੇ ਹੋਣ ਤਾਂ ਉਨ੍ਹਾਂ ਦੇ ਉੱਤੋਂ ਤੁਖ ਨੂੰ ਉਤਾਰਨਾ ਹੀ ਪੈਂਦਾ ਹੈ ਤੇ ਇਹ ਤੁਖ ਨੂੰ ਮੁਹਲਿਆਂ ਦੀ ਮਾਰ ਦੁਆਰਾ ਹੀ ਉਤਾਰਿਆ ਜਾ ਸਕਦਾ ਹੈ ਭਾਵ ਵਿਕਾਰਾਂ ਨੂੰ ਮਾਰਨਾ ਔਖਾ ਹੈ ਪਰ ਇਹਨਾਂ ਨੂੰ ਮਾਰਨਾ ਹੀ ਪਵੇਗਾ ਤੇ ਤਾਂ ਹੀ ਧਰਮ ਰਾਜ ਦੀ ਪੇਸ਼ੀ ਤੋਂ ਬਚਿਆ ਜਾ ਸਕਦਾ ਹੈ। ਜੇਕਰ ਆਵਾ ਗਉਣ ਤੋਂ ਬਚਣਾ ਹੈ ਤਾਂ ਫਿਰ ਔਖਾ ਹੋਣਾ ਹੀ ਪਵੇਗਾ। ਅਸਲ ਸੁੱਖ ਦੀ ਪ੍ਰਾਪਤੀ ਲਈ ਮਾਇਆ ਦੇ ਸੁੱਖਾਂ ਵਿੱਚੋਂ ਨਿਕਲਣਾ ਹੀ ਪਵੇਗਾ ਜਿਸ ਮਾਇਆ ਦੇ ਸੁੱਖਾਂ ਲਈ ਅਸੀਂ ਔਗੁਣ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ। “ਕੁਸੰਗੀ” ਸਾਡੇ ਔਗੁਣ ਹਨ ਜਿਨ੍ਹਾਂ ਦਾ ਸੰਗ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਲੇਖਾ ਭੁਗਤਣਾ ਪੈਂਦਾ ਹੈ। ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਸਮਝਾਂਗੇ ਤੇ ਧਰਮ ਰਾਜ ਦਾ ਲੇਖਾ ਕੀ ਹੈ, ਇਸ ਗੱਲ ਨੂੰ ਵੀ ਸਮਝਾਂਗੇ। (**ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥ ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ॥**)

“ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥216॥”

(ਅੰਗ ੧੩੭੬)

ਇਸ ਸ਼ਬਦ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਆਮ ਤੌਰ ਤੇ ਹਰ ਕੋਈ ਇਹ ਹੀ ਕਹਿ ਦਿੰਦਾ ਹੈ ਕਿ ਔਗੁਣ ਕਰਨੇ, ਨਾ ਕਰਨੇ ਸਾਡੇ ਵੱਸ ਨਹੀਂ ਹਨ, ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ। ਸਾਡੇ ਲਈ ਚੰਗਾ ਕੀ ਹੈ, ਮਾੜਾ ਕੀ ਹੈ, ਸੱਚ ਕੀ ਹੈ, ਝੂਠ ਕੀ ਹੈ, ਆਪਣਾ ਹੱਕ ਕੀ ਹੈ, ਪਰਾਇਆ ਹੱਕ ਕੀ ਹੈ, ਇਸ ਗੱਲ ਦੀ ਸੋਝੀ ਵੀ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਈ ਹੋਈ ਹੈ। ਮਨੁੱਖ ਜਦੋਂ ਔਗੁਣ ਕਰਦਾ ਹੈ, ਉਸਨੂੰ ਇਹ ਪਤਾ ਹੁੰਦਾ ਹੈ ਕਿ ਮੈਂ ਇਹ ਔਗੁਣ ਕਰ ਰਿਹਾ ਹਾਂ ਪਰ ਫਿਰ ਵੀ ਉਹ ਕਰੀ ਹੀ ਜਾਂਦਾ ਹੈ ਭਾਵ ਜਾਣ ਬੁੱਝ ਕੇ ਕਰਦਾ ਹੈ। ਫਿਰ ਇਹ ਦੋਸ਼ ਕਿਸ ਦੇ ਸਿਰ ਹੋਇਆ? ਜਦੋਂ ਸਾਨੂੰ ਪ੍ਰਮਾਤਮਾ ਨੇ ਚੰਗੇ ਮਾੜੇ ਕਰਮਾਂ ਦੀ ਸੋਝੀ ਪਾਈ ਹੋਈ ਹੈ, ਮਨ ਦੇ ਦੀਵੇ ਰਾਹੀਂ ਪਾਈ ਹੋਈ ਹੈ। ਸਾਡਾ ਮਨ ਗਿਆਨ ਰੂਪ ਦੀਵਾ ਹੈ, ਪ੍ਰਮਾਤਮਾ ਦੀ ਜੋਤਿ ਰੂਪ ਦੀਵਾ ਹੈ ਜੋ ਦੀਵਾ ਸਾਡੇ ਅੰਦਰ ਹਰ ਵੇਲੇ ਜਗਦਾ ਰਹਿੰਦਾ ਹੈ ਤੇ ਮਨ ਦੇ ਵਿੱਚ ਚਾਨਣਾ ਕਰਨ ਦੁਆਰਾ ਸਾਨੂੰ ਸਮਝ ਪਾਉਂਦਾ ਹੈ, ਚੰਗੇ ਮਾੜੇ ਕਰਮਾਂ ਦੀ ਸਮਝ ਪਾਉਂਦਾ ਹੈ ਤੇ ਫਿਰ ਇਹ ਆਪ ਹੀ ਜਾਣ ਬੁੱਝ ਕੇ ਖੂਹ ਵਿੱਚ ਡਿੱਗਣ ਵਾਲੀ ਗੱਲ ਹੈ। ਔਗੁਣਾਂ ਤੋਂ ਬਚਣ ਲਈ ਮਨ ਨੂੰ ਮਾਰਨਾ ਹੀ ਪੈਂਦਾ ਹੈ। ਜਿਸ ਦੀ ਜਿੰਮੇਵਾਰੀ ਪ੍ਰਮਾਤਮਾ ਨੇ ਸਾਡੇ ਸਿਰ ਪਾਈ ਹੋਈ ਹੈ ਜੋ ਸਾਡੇ ਲਈ ਉਸਦਾ ਹੁਕਮ ਹੈ। ਉਸਦੇ ਹੁਕਮ ਨੂੰ ਮੰਨਣਾ ਸਾਡਾ ਫਰਜ਼ ਹੈ। ਬਿਨ੍ਹਾਂ ਮਨ ਮਾਰੇ ਸੱਚ ਦੇ ਮਾਰਗ ਤੇ ਨਹੀਂ ਤੁਰਿਆ ਜਾਂਦਾ। ਇਹ ਬਹੁਤ ਔਖਾ ਹੈ। ਨਾਮ ਜਪਣਾ ਵਾਕਈ ਬਹੁਤ ਔਖਾ ਹੈ। (**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥**)

“ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ॥
ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ
ਧ੍ਯਾਨੁ ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ॥
ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ
ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ॥
ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ
ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜੁ ਭਗਤਿ ਹਰਿ॥
ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ॥੨॥”

(ਅੰਗ ੧੪੦੦)

ਇਸ ਸ਼ਬਦ ਦੀ ਪਹਿਲੀ ਅਤੇ ਆਖਰੀ ਪੰਗਤੀ ਨੂੰ ਪੜ੍ਹੀਏ, ਇੱਕੋ ਗੱਲ ਲਿਖੀ ਹੋਈ ਹੈ ਭਾਵ ਗੁਰੂ ਗੁਰੂ ਜਪਣਾ ਲਿਖਿਆ ਹੋਇਆ ਹੈ, ਸਤਿ ਕਰਕੇ ਜਪਣਾ ਲਿਖਿਆ ਹੋਇਆ ਹੈ। ਵਿਚਕਾਰਲੀਆਂ ਸਾਰੀਆਂ ਪੰਗਤੀਆਂ ਦੁਆਰਾ ਉਹ ਸਤਿ ਕਰਕੇ ਜਪਣਾ ਕੀ ਹੈ, ਇਹ ਹੀ ਸਮਝਾਇਆ ਹੋਇਆ ਹੈ। ਪੂਰਾ ਸ਼ਬਦ ਪੜ੍ਹ ਕੇ ਹੀ ਪੂਰੀ ਗੱਲ ਸਮਝ ਪੈਂਦੀ ਹੈ। ਸਾਨੂੰ ਸਮਝਾਇਆ ਹੈ ਕਿ ਸਾਡਾ ਜਪਣਾ ਇਹੋ ਜਿਹਾ ਹੋਣਾ ਚਾਹੀਦਾ ਹੈ।

ਉਸ ਪ੍ਰਮਾਤਮਾ ਦੇ ਗੁਣਾਂ ਨੂੰ ਜਾਣੀਏ। ਉਸਦੇ ਗੁਣ ਹੀ ਪ੍ਰਮਾਤਮਾ ਦਾ ਖਜ਼ਾਨਾ ਹਨ ਭਾਵ ਗੁਰੂ ਦੇ ਸੱਚੇ ਵਿਚਾਰ ਜੋ ਸਾਨੂੰ ਗੁਣੀ ਬਨਾਉਣ ਦੀ ਸਿੱਖਿਆ ਦਿੰਦੇ ਹਨ ਉਹ ਸੱਚੇ ਵਿਚਾਰ ਹੀ ਗੁਰੂ ਦਾ ਖਜਾਨਾ ਹਨ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਗੁਣਾਂ ਦਾ ਖਜ਼ਾਨਾ ਹੈ, ਸੱਚੇ ਗਿਆਨ ਵਾਲੇ ਵਿਚਾਰਾਂ ਦਾ ਖਜਾਨਾ ਹੈ। ਪ੍ਰਮਾਤਮਾ ਦੇ ਗੁਣਾਂ ਨੂੰ ਉਸਦੇ ਖਜ਼ਾਨੇ ਭਾਵ ਗੁਰਬਾਣੀ ਵਿੱਚੋਂ ਜਾਣੀਏ ਤੇ ਉਸ ਨੂੰ ਆਪਣੇ ਮਨ ਵਿੱਚ ਧਰੀਏ ਭਾਵ ਵਸਾਈਏ ਭਾਵ ਗੁਰਬਾਣੀ ਦੇ ਗੁਣਾਂ ਨੂੰ, ਗਿਆਨ ਨੂੰ, ਉਪਦੇਸ਼ ਨੂੰ ਆਪਣੇ ਮਨ ਵਿੱਚ ਵਸਾਈਏ ਭਾਵ ਉਸ ਤੇ ਅਮਲ ਕਰੀਏ। ਗੁਰੂ ਦੇ ਗਿਆਨ ਨੂੰ, ਬਚਨਾਂ ਨੂੰ ਆਪਣੇ ਅੰਦਰ ਧਾਰ ਕੇ, ਦਿਨ ਰਾਤ ਉਸੇ ਦਾ ਧਿਆਨ ਕਰੀਏ ਭਾਵ ਉਸਦੇ ਗਿਆਨ ਦੁਆਰਾ ਹੀ ਵਿਚਰੀਏ। (**ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ**

ਧ੍ਰਾਨੁ ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ॥) ਗੁਰੂ ਦੇ ਗਹਿਰੇ ਗਿਆਨ ਰੂਪੀ ਜਲ ਵਿੱਚ ਇਸ਼ਨਾਨ ਕਰੀਏ ਭਾਵ ਉਸਦੇ ਵਿੱਚ ਰਚ ਜਾਈਏ ਭਾਵ ਉਸ ਦੇ ਭਾਣੇ ਵਿੱਚ ਚੱਲੀਏ। ਇਸ ਤਰ੍ਹਾਂ ਗੁਰੂ ਦੇ ਗਿਆਨ ਰੂਪੀ ਸਰੋਵਰ ਵਿੱਚ ਰੰਗੇ ਜਾਣ ਨਾਲ ਸੱਚੇ ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਮਨੁੱਖ ਤਰ ਜਾਂਦਾ ਹੈ। ਐਸਾ ਕਰਨ ਦੁਆਰਾ ਉਸ ਨਿਰਭੈ ਤੇ ਨਿਰਵੈਰ ਪ੍ਰਮਾਤਮਾ ਨੂੰ ਜਪੀਏ। ਇਹ ਸਭ ਗੁਰੂ ਦੇ ਸ਼ਬਦ ਰਸ ਭਾਵ ਗਿਆਨ ਰਸ ਨੂੰ ਆਪਣੇ ਅੰਦਰ ਦ੍ਰਿੜ ਕਰਕੇ ਭਾਵ ਪੂਰੀ ਤਰ੍ਹਾਂ ਉਸ ਤੇ ਵਿਸ਼ਵਾਸ ਕਰਕੇ ਹੀ ਉਸਦੀ ਭਗਤੀ ਹੁੰਦੀ ਹੈ।

ਇਹੀ ਗੁਰੂ ਦੇ ਨਾਲ ਪ੍ਰੇਮ ਪਾਉਣਾ ਹੈ। ਗੁਰੂ ਦੇ ਗਿਆਨ ਨੂੰ ਮਨ ਵਿੱਚ ਵਸਾਉਣ ਦੁਆਰਾ ਹੀ ਭਰਮ ਦੂਰ ਹੁੰਦਾ ਹੈ, ਮਨੁੱਖ ਦੀ ਅਗਿਆਨਤਾ ਦੂਰ ਹੁੰਦੀ ਹੈ ਤੇ ਇਸ ਤਰ੍ਹਾਂ ਨਾਮ ਭਜਿਆ ਜਾ ਸਕਦਾ ਹੈ, ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਇਸੇ ਨੂੰ ਹੀ ਗੁਰੂ ਗੁਰੂ ਕਰਨਾ ਕਿਹਾ ਗਿਆ ਹੈ। ਕੇਵਲ ਪਹਿਲੀ ਜਾਂ ਆਖਰੀ ਪੰਗਤੀ ਨੂੰ ਮੰਨ ਕੇ ਉਸ ਤੇ ਚੱਲਣ ਨਾਲ ਨਾਮ ਜਪਣਾ ਨਹੀਂ ਹੋ ਸਕਦਾ। ਬਾਕੀ ਦੀਆਂ ਸਾਰੀਆਂ ਪੰਗਤੀਆਂ ਵੀ ਸਾਡੇ ਮੰਨਣ ਵਾਸਤੇ ਹੀ ਹਨ ਤੇ ਉਨ੍ਹਾਂ ਨੂੰ ਮੰਨ ਕੇ ਹੀ ਨਾਮ ਜਪਿਆ ਜਾ ਸਕਦਾ ਹੈ। ਗੁਰੂ ਦਾ ਮਕਸਦ ਸਾਨੂੰ ਭਰਮ ਵਿੱਚੋਂ, ਮਨਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਸਾਡੀ ਮਾੜੀ ਮਤਿ ਚੰਗੀ ਮਤਿ ਵਿੱਚ ਬਦਲੇ। ਗੁਰੂ ਦੇ ਬਚਨਾਂ ਨੂੰ ਹਿਰਦੈ ਵਿੱਚ ਵਸਾਉਣਾ ਕੀ ਹੈ, ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ॥}

(ਅੰਗ ੧੪੦੦)

{ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥}

(ਅੰਗ 437)

ਗੁਰੂ ਦੇ ਬਚਨ ਪੰਜੇ ਵਿਕਾਰਾਂ ਨੂੰ ਵੱਸ ਵਿਚ ਕਰਨ ਲਈ ਹਨ, ਛੱਡਣ ਲਈ ਹਨ ਭਾਵ ਮਾੜੀ ਮਤਿ ਛੱਡਣ ਲਈ ਹਨ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਤੇ ਚੰਗੇ ਕਰਮ ਕਰੀਏ। ਗੁਰੂ ਦੇ ਬਚਨਾਂ ਨੂੰ ਮੰਨਣ ਵਾਲਾ ਮਨੁੱਖ ਚੰਗੇ ਕਰਮ ਹੀ ਕਰਦਾ ਹੈ। ਗੁਰੂ ਦੇ ਬਚਨਾਂ ਨੂੰ ਆਪਣੇ ਧਿਆਨ ਵਿੱਚ ਵਸਾਉਣਾ ਹੀ ਗੁਰੂ ਨੂੰ ਆਪਣੇ ਧਿਆਨ ਵਿੱਚ ਵਸਾਉਣਾ ਹੈ ਤੇ ਫਿਰ ਤਾਂ ਹੀ ਮਨੁੱਖ ਦਿਨ ਰਾਤ ਗੁਰੂ ਨੂੰ ਜਪਿ ਸਕਦਾ ਹੈ ਭਾਵ ਦਿਨ ਰਾਤ ਗੁਰੂ ਗੁਰੂ ਜਪ ਸਕਦਾ ਹੈ। ਅੱਠੇ ਪਹਿਰ ਆਪਣੇ ਮਨ ਦੇ ਔਗੁਣਾਂ ਤੋਂ ਮੁਕਤ ਹੋ ਕੇ ਵਿਚਰਨਾ ਹੀ ਅੱਠੇ ਪਹਿਰ, ਦਿਨ ਰਾਤ ਗੁਰੂ ਗੁਰੂ ਕਰਨਾ ਹੈ, ਨਾਮ ਜਪਣਾ ਹੈ। **(ਧ੍ਰਾਨੁ ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ॥)** ਜੋ ਗੁਰੂ ਦੇ ਬਚਨਾਂ ਨੂੰ ਮੰਨਣ ਦਾ ਮਕਸਦ ਹੈ ਭਾਵ ਪੰਜੇ ਔਗੁਣ ਤਿਆਗਣ ਦਾ ਮਕਸਦ ਹੈ, ਉਹੀ ਮਕਸਦ ਆਪਣੇ ਅੰਦਰ ਨਾਮ ਨੂੰ ਵਸਾਉਣ ਦਾ ਹੈ ਜੋ ਕਿ ਸਾਰੇ ਔਗੁਣਾਂ ਨੂੰ ਤਿਆਗਣ ਦਾ ਹੈ ਜਿਵੇਂ ਕਿ ਉਪਰਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। ਫਿਰ ਗੁਰੂ ਦੇ ਬਚਨਾਂ ਨੂੰ ਮੰਨਣ ਵਿੱਚ ਤੇ ਨਾਮ ਜਪਣ ਵਿੱਚ ਕੀ ਫਰਕ ਹੋਇਆ ਭਾਵ ਕੋਈ ਫਰਕ ਨਹੀਂ ਹੈ। ਗੁਰੂ ਦੇ ਬਚਨਾਂ ਤੇ ਅਮਲ ਕਰਨਾ ਹੀ ਨਾਮ ਜਪਣਾ ਹੈ। (**ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥**)

ਸਲੋਕ ਮਃ ੩॥

"ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥

ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥

ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ॥

ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ॥

ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ॥

ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ॥੧॥"

(ਅੰਗ ਪਪਪ)

ਇਹ ਗੱਲ ਤਾਂ ਬੜੀ ਸਪੱਸ਼ਟ ਹੈ ਕਿ ਰਾਮ ਰਾਮ ਕਰਨ ਨਾਲ ਰਾਮ ਨੂੰ ਭਾਵ ਪ੍ਰਮਾਤਮਾ ਨੂੰ, ਨਾਮ ਨੂੰ, ਨਹੀਂ ਪਾਇਆ ਜਾ ਸਕਦਾ। ਕੇਵਲ ਰਾਮ ਰਾਮ ਕਰਨ ਨਾਲ ਜੇ ਪ੍ਰਮਾਤਮਾ ਮਿਲਦਾ ਹੁੰਦਾ ਤੇ ਹੁਣ ਤੱਕ ਸਾਰਾ ਜੱਗ ਹੀ ਉਸਨੂੰ ਪਾ ਲੈਂਦਾ। ਮੂੰਹੋਂ ਰਾਮ ਰਾਮ ਬੋਲਣਾ ਕਿਹੜਾ ਔਖਾ ਹੈ, ਹਰਿ ਹਰਿ ਬੋਲਣਾ ਕਿਹੜਾ ਔਖਾ ਹੈ ਜਾਂ ਕੋਈ ਵੀ ਅੱਖਰ ਮੁੱਖੋਂ ਬੋਲੀ ਜਾਣਾ ਕੀ ਔਖਾ ਹੈ। ਹਰ ਕੋਈ ਬੋਲ ਲੈਂਦਾ ਹੈ ਪਰ ਫਿਰ ਵੀ ਰਾਮ ਕਿਉਂ ਨਹੀਂ ਮਿਲਦਾ, ਇਸਦੀ ਵਿਚਾਰ ਕਰਨੀ ਵੀ ਜਰੂਰੀ ਹੈ ਤੇ ਇਸ ਸ਼ਬਦ ਰਾਹੀਂ ਰਾਮ ਰਾਮ ਕਿਵੇਂ ਕਰਨਾ ਹੈ ਇਹ ਹੀ ਸਿਖਾਇਆ ਹੋਇਆ ਹੈ। ਉਹ ਪ੍ਰਮਾਤਮਾ ਬਹੁਤ ਵੱਡਾ ਹੈ, ਉਹ ਅਤੁੱਲ ਹੈ, ਉਹ ਅਨਮੋਲ ਹੈ ਤੇ ਉਸਨੂੰ ਇਤਨੇ ਸੌਖੇ ਤਰੀਕੇ ਨਾਲ ਕਿਵੇਂ ਪਾਇਆ ਜਾ ਸਕਦਾ ਹੈ। **(ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥)** ਪੂਰੀ ਗੁਰਬਾਣੀ ਵਿੱਚ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਉਸ ਅਤੁੱਲ ਨੂੰ ਕਿਵੇਂ ਤੋਲਿਆ ਜਾ ਸਕਦਾ ਹੈ। ਉਸ ਅਨਮੋਲ ਦੀ ਕੀਮਤ ਕਿਵੇਂ ਪਾਈ ਜਾ ਸਕਦੀ ਹੈ। ਪ੍ਰਮਾਤਮਾ ਗੁਣਾਂ ਦਾ ਖਜ਼ਾਨਾ ਹੈ ਜਿਸਦਾ ਕੋਈ ਮੁੱਲ ਨਹੀਂ ਹੈ ਤੇ ਉਹ ਉਸ ਦੇ ਨਾਲ ਗੁਣਾਂ ਦੀ ਸਾਂਝ ਕਰਨ ਦੁਆਰਾ ਹੀ ਮਿਲ ਸਕਦਾ ਹੈ। ਜਿਤਨੇ ਉੱਚੇ ਗੁਣ ਉਹ ਚਾਹੁੰਦਾ ਹੈ ਅਗਰ ਉਤਨੇ ਉੱਚੇ ਗੁਣ ਸਾਡੇ ਵਿੱਚ ਆਉਣਗੇ ਤੇ ਤਾਂ ਹੀ ਉਸ ਨਾਲ ਸਾਂਝ ਪੈ ਸਕਦੀ ਹੈ। ਉਸ ਵਿੱਚ ਕੋਈ ਔਗੁਣ ਨਹੀਂ ਹੈ ਤੇ ਜਦ ਤੱਕ ਸਾਡੇ ਵਿੱਚ ਔਗੁਣ ਹਨ ਉਸ ਨਾਲ ਸਾਂਝ ਕਿਵੇਂ ਪੈ ਸਕਦੀ ਹੈ। ਉਹ ਸੱਚਾ ਹੈ ਤੇ ਜਦ ਤੱਕ ਸਾਡੇ ਅੰਦਰ ਝੂਠ ਹੈ, ਉਸ ਨਾਲ ਸਾਂਝ ਕਿਵੇਂ ਪੈ ਸਕਦੀ ਹੈ। ਸੱਚ ਵਿੱਚ ਕੇਵਲ ਸੱਚ ਹੀ ਸਮਾਅ ਸਕਦਾ ਹੈ, ਝੂਠ ਕਿਵੇਂ ਸਮਾਅ ਸਕਦਾ ਹੈ। ਉਸ ਅਤੁੱਲ ਨੂੰ ਤੋਲਣ ਲਈ ਉਸ ਦੇ ਬਰਾਬਰ ਦਾ ਤੋਲ ਤੁਲਣਾ ਪੈਂਦਾ ਹੈ। ਤੋਲ ਗੁਣਾਂ ਦਾ ਹੈ। ਵੱਡਾ ਤੋਲ ਤੁਲਣ ਲਈ ਗੁਣ ਵੀ ਵੱਡੇ ਹੀ ਹੋਣੇ ਚਾਹੀਦੇ ਹਨ ਭਾਵ ਗੁਣਾਂ ਦਾ ਉੱਚਾ ਭੰਡਾਰ ਹੋਣਾ ਜਰੂਰੀ ਹੈ। ਇਹ ਹੀ ਉਸਦੀ ਕੀਮਤ ਹੈ। ਉਹ ਆਪਣੀ ਕੀਮਤ ਆਪ ਪਾਉਂਦਾ ਹੈ ਭਾਵ ਆਪ ਪਰਖਦਾ ਹੈ। ਸਾਰੀ ਗੁਰਬਾਣੀ ਉਸਦੀ ਕੀਮਤ ਹੀ ਸਮਝਾ ਰਹੀ ਹੈ। ਉਸਦੀ ਇਹ ਕੀਮਤ ਦੇਣੀ ਸੌਖੀ ਨਹੀਂ ਹੈ, ਬਹੁਤ ਔਖੀ ਹੈ। ਇਸੇ ਲਈ ਉਸਨੂੰ ਪਾਉਣਾ ਵੀ ਬਹੁਤ ਔਖਾ ਹੈ। ਬਹੁਤ ਔਖਾ ਹੈ ਰਾਮ ਰਾਮ ਕਰਨਾ। ਇਸ ਨੂੰ ਇਤਨਾ ਸੌਖਾ ਨਾ ਸਮਝੀਏ। ਆਪਣੇ ਮਨ ਨੂੰ ਮਾਰਨਾ ਪੈਂਦਾ ਹੈ, ਆਪਣਾ ਆਪ ਖ਼ਤਮ ਕਰਨਾ ਪੈਂਦਾ ਹੈ, ਗੁਰੂ ਦਾ ਪੂਰਨ ਉਪਦੇਸ਼ ਮੰਨਣਾ ਪੈਂਦਾ ਹੈ ਲੇਕਿਨ ਉਹ ਵੀ ਆਪਣੇ ਹੱਥ ਵਸ ਨਹੀਂ ਹੈ। ਉਹ ਆਪਣੀ ਕੀਮਤ ਆਪ ਪਾਉਂਦਾ ਹੈ ਤੇ ਆਪਣੇ ਭਾਣੇ ਤੇ ਚੱਲਣ ਦੀ ਸਮਰੱਥਾ ਵੀ ਆਪ ਹੀ ਬਖ਼ਸ਼ਦਾ ਹੈ। ਉਹ ਆਪਣਾ ਤੋਲ ਆਪ ਹੀ ਤੁਲਾ ਸਕਦਾ ਹੈ। ਉਹ ਆਪ ਹੀ ਤੋਲਣਹਾਰਾ ਹੈ। ਧਰਮ ਗ੍ਰੰਥਾਂ ਵਿੱਚ ਦਿੱਤੀ ਹੋਈ ਪ੍ਰਮਾਤਮਾ ਦੀ, ਗੁਰੂ ਦੀ ਮਤਿ ਤੇ ਪੂਰਾ ਉਤਰਨਾ ਹੀ ਉਸਦਾ ਤੋਲ ਤੁਲਣਾ ਹੈ ਜੋ ਬਹੁਤ ਔਖਾ ਹੈ।

ਇੱਕੋ ਇੱਕ ਵਿਧੀ ਜਿਸ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ, ਉਹ ਹੈ ਗੁਰੂ ਦੇ ਸ਼ਬਦ ਦੁਆਰਾ ਭਾਵ ਗੁਰੂ ਦੇ ਗਿਆਨ ਦੁਆਰਾ ਆਪਣੇ ਮਨ ਨੂੰ ਭੇਦ ਕੇ ਭਾਵ ਉਸਦੇ ਗਿਆਨ ਨੂੰ ਆਪਣੇ ਅੰਦਰ ਵਸਾ ਕੇ, ਉਸ ਤੇ ਅਮਲ ਕਰਕੇ ਹੀ ਪ੍ਰਮਾਤਮਾ ਨੂੰ ਆਪਣੇ ਮਨ ਵਿੱਚ ਵਸਾਇਆ ਜਾ ਸਕਦਾ ਹੈ। **(ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ॥)** ਹਰ ਸ਼ਬਦ ਦਾ ਮਕਸਦ ਸਾਨੂੰ ਕੁੱਝ ਸਮਝਾਉਣ ਲਈ ਹੈ, ਗਿਆਨ ਦੇਣ ਲਈ ਹੈ ਤੇ ਮੁੱਖੋਂ ਸ਼ਬਦ ਸ਼ਬਦ ਬੋਲੀ ਜਾਣ ਨਾਲ ਸਾਡੇ ਅੰਦਰ ਕੀ ਵੱਸੇਗਾ। ਗਿਆਨ ਨੇ ਗਿਆਨ ਵਿੱਚ ਹੀ ਸਮਾਉਣਾ ਹੈ। ਆਪਣੇ ਦਮ ਤੇ ਭਾਵ ਆਪਣੀ ਕਿਸੇ ਸਿਆਣਪ, ਕਿਰਿਆ ਦੁਆਰਾ ਪ੍ਰਮਾਤਮਾ ਨੂੰ ਪਾਉਣਾ ਨਾ-ਮੁਮਕਿਨ ਹੈ। ਉਸ ਨੂੰ ਕੇਵਲ ਗੁਰੂ ਦੀ, ਉਸਦੀ ਆਪਣੀ ਕ੍ਰਿਪਾ ਦੁਅਰਾ ਹੀ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਜਿਸ ਨੂੰ ਮਿਲਦਾ ਹੈ, ਆਪਣੀ ਰਜ਼ਾ ਨਾਲ ਮਿਲਦਾ ਹੈ, ਆਪ ਹੀ ਆ ਕੇ ਮਿਲਦਾ ਹੈ ਭਾਵ ਆਪ ਹੀ ਮਨੁੱਖ ਦੇ ਅੰਦਰ ਪ੍ਰਗਟ ਹੁੰਦਾ ਹੈ ਤੇ ਇੱਕ ਵਾਰੀ ਮਿਲਣ ਤੋਂ ਬਾਅਦ ਉਹ ਮਿਲਿਆ ਹੀ ਰਹਿੰਦਾ ਹੈ ਤੇ ਕਦੇ ਨਹੀਂ ਵਿਛੜਦਾ। ਆਓ ਗੁਰੂ ਦੇ ਲੜ ਲੱਗੀਏ, ਬਾਣੀ ਨੂੰ ਪੜ੍ਹੀਏ, ਸੁਣੀਏ, ਵਿਚਾਰੀਏ, ਗੁਰੂ ਦੀ ਗੱਲ ਨੂੰ ਸਮਝੀਏ ਤੇ ਉਸਤੇ ਚੱਲਣ ਦਾ ਉੱਦਮ ਕਰੀਏ। ਆਪਣੇ ਔਗੁਣਾਂ ਤੋਂ ਬਚੀਏ ਤੇ ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਅਪਣਾਈਏ। ਸਾਡਾ ਇਹ ਉੱਦਮ ਕਰਨਾ ਹੀ ਉਸਦੇ ਅੱਗੇ ਸਾਡੀ ਅਰਦਾਸ ਹੈ ਤੇ ਉਹ ਆਪ ਹੀ ਸਾਨੂੰ ਸਮਰੱਥਾ ਬਖ਼ਸ਼ ਕੇ ਆਪਣੇ ਮਾਰਗ ਤੇ ਚਲਾ ਸਕਦਾ ਹੈ। ਅਸੀਂ ਉੱਦਮ ਜ਼ਰੂਰ ਕਰਨਾ ਹੈ। ਉਸਦੇ ਉਪਦੇਸ਼ ਅਨੁਸਾਰ ਚੱਲ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਰਾਮ ਰਾਮ ਕਰਨਾ ਹੈ ਤੇ ਇਹ ਹੀ ਉਸ ਨੂੰ ਭਾਉਂਦਾ ਹੈ। ਅਨੇਕਾਂ ਸ਼ਬਦਾਂ ਦੁਆਰਾ ਗੁਰਬਾਣੀ ਸਾਨੂੰ ਰਾਮ ਰਾਮ ਕਰਨਾ ਸਿਖਾ ਰਹੀ ਹੈ, ਨਾਮ ਜਪਣਾ ਸਿਖਾ ਰਹੀ ਹੈ ਪਰ ਧਿਆਨ ਨਾਲ ਸਮਝਣ ਦੀ ਲੋੜ ਹੈ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਬੜੀ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਰਾਮ ਰਾਮ ਕਰਨਾ ਕੀ ਹੈ।

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥}

(ਅੰਗ ੪੦੯)

ਵਿਕਾਰਾਂ ਤੋਂ ਮੁਕਤ ਹੋ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਰਾਮ ਰਾਮ ਕਰਨਾ ਹੈ ਜਿਸਦੇ ਲਈ ਮੁੱਖੋਂ ਬੋਲਣ ਦੀ ਲੋੜ ਨਹੀਂ ਹੈ ਬਲਕਿ ਕਰਨੀ ਦੀ ਲੋੜ ਹੈ। (**ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥ ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥ ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ॥ ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ॥ ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ॥ ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ॥**)

{ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥}

(ਅੰਗ 437)

“ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥੧੧॥”

(ਅੰਗ ੯੧੮)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਕਿ ਗੁਰੂ ਸਾਹਿਬ ਕੀ ਸਮਝਾ ਰਹੇ ਹਨ। ਸਾਡੇ ਜੀਵਨ ਵਿੱਚ ਉਹ ਕਿਹੜੀ ਚੀਜ ਹੈ ਜਿਸਨੇ ਸਾਡਾ ਸਾਥ ਦੇਣਾ ਹੈ। ਸਾਡਾ ਸਾਥ ਸੱਚ ਨੇ ਦੇਣਾ ਹੈ ਤੇ ਸਾਨੂੰ ਹਰ ਵੇਲੇ ਸੱਚ ਦੀ ਸੰਭਾਲ ਕਰਨ ਲਈ ਸਮਝਾਇਆ ਹੈ। ਸੱਚ ਅਸੀਂ ਕਿੱਥੋਂ ਸਿੱਖਣਾ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਅਸੀਂ ਗੁਰੂ ਦੇ ਉਪਦੇਸ਼ ਨੂੰ ਸੁਣਨਾ ਹੈ ਜੋ ਸੱਚ ਸਮਝਾਉਂਦਾ ਹੈ ਕਿਉਂਕਿ ਗੁਰੂ ਦੀ ਗੱਲ ਕਦੇ ਝੂਠ ਨਹੀਂ ਹੋ ਸਕਦੀ। ਪੂਰੀ ਗੁਰਬਾਣੀ ਸਾਨੂੰ ਉਪਦੇਸ਼ ਹੀ ਦੇ ਰਹੀ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਦੇ ਰਹੀ ਹੈ। ਹਰ ਸ਼ਬਦ ਦੀ ਵਿਚਾਰ ਸੱਚ ਹੈ ਤੇ ਸੱਚ ਹੀ ਨਾਮ ਹੈ। ਗੁਰੂ ਦੇ ਸ਼ਬਦ ਸਾਨੂੰ ਬਹੁਤ ਕੁੱਝ ਸਮਝਾ ਰਹੇ ਹਨ, ਅਨੇਕਾਂ ਉਪਦੇਸ਼ ਸੁਣਾ ਰਹੇ ਹਨ। ਅਸੀਂ ਹਰ ਉਪਦੇਸ਼ ਨੂੰ ਮੰਨਣਾ ਹੈ। ਹਰ ਉਪਦੇਸ਼ ਸੱਚ ਹੈ, ਹਰ ਉਪਦੇਸ ਨਾਮ ਹੈ। ਸਾਡੇ ਜੀਵਨ ਵਿੱਚ ਸਾਡਾ ਸੱਚਾ ਸਾਥੀ ਗੁਰੂ ਦਾ ਸੱਚਾ ਉਪਦੇਸ਼ ਹੀ ਹੈ, ਗੁਰੂ ਦਾ ਸੱਚਾ ਗਿਆਨ ਹੀ ਹੈ ਭਾਵ ਨਾਮ ਹੀ ਹੈ ਜਿਸ ਨੂੰ ਅਸੀਂ ਹਰ ਵੇਲੇ ਆਪਣੇ ਅੰਦਰ ਸੰਭਾਲ ਕੇ ਰੱਖਣਾ ਹੈ ਭਾਵ ਆਪਣੇ ਜੀਵਨ ਵਿੱਚ ਹਰ ਵੇਲੇ ਗੁਰੂ ਦੇ ਸਮਝਾਏ ਹੋਏ ਉਪਦੇਸ਼ ਦੁਆਰਾ ਹੀ ਵਿਚਰਨਾ ਹੈ, ਸੱਚ ਦੁਆਰਾ ਹੀ ਵਿਚਰਨਾ ਹੈ। ਗੁਰੂ ਦਾ ਉਪਦੇਸ਼ ਬੜਾ ਸਪੱਸ਼ਟ ਹੈ ਕਿ ਔਗੁਣ ਛੱਡੋ ਤੇ ਗੁਣਾਂ ਦੁਆਰਾ ਵਿਚਰੋ। ਗੁਰੂ ਦੇ ਦੱਸੇ ਹੋਏ ਸੱਚ ਨੂੰ ਮੰਨਣਾ ਹੀ ਨਾਮ ਜਪਣਾ ਹੈ ਜੋ ਅਸੀਂ ਆਪਣੇ ਪੂਰੇ ਜੀਵਨ ਵਿੱਚ ਜਪਣਾ ਹੈ, ਅੱਠੇ ਪਹਿਰ ਜਪਣਾ ਹੈ। ਸਾਡਾ ਸਾਥ ਸਾਡੇ ਕੁਟੰਬ ਨੇ, ਪਰਿਵਾਰ ਨੇ ਨਹੀਂ ਦੇਣਾ ਜਿਨ੍ਹਾਂ ਦੇ ਮੋਹ ਵਿੱਚ ਆ ਕੇ ਅਸੀਂ ਸੱਚ ਤੋਂ ਭਟਕ ਜਾਂਦੇ ਹਾਂ, ਗੁਰੂ ਦੇ ਉਪਦੇਸ਼ ਤੋਂ ਭਟਕ ਜਾਂਦੇ ਹਾਂ ਤੇ ਅਨੇਕਾਂ ਮਾੜੇ ਕਰਮ ਕਰਦੇ ਹਾਂ, ਮਾਇਆ ਦੇ ਸੁੱਖਾਂ ਲਈ ਕਰਦੇ ਹਾਂ। ਅਸਲ ਸੁੱਖ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਜੋ ਸੁੱਖ ਗੁਰੂ ਦੇ ਉਪਦੇਸ਼ ਨੂੰ ਮੰਨਣ ਨਾਲ ਹੀ ਪ੍ਰਾਪਤ ਹੁੰਦਾ ਹੈ ਭਾਵ ਸੱਚ ਨੂੰ ਆਪਣੇ ਅੰਦਰ ਸੰਭਾਲਣ ਦੁਆਰਾ ਹੀ ਪ੍ਰਾਪਤ ਹੁੰਦਾ ਹੈ। (**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥ ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥ ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥ ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥**)

“ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ
ਹੋਰੁ ਕਿਆ ਜਾਣਾ ਗੁਣ ਤੇਰੇ॥
ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ॥
ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ॥

ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ॥
ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ॥੧੫॥"

(ਅੰਗ ੯੧੯)

ਇੱਥੇ ਸਾਰੀ ਗੱਲ ਗੁਰੂ ਦੇ ਭਾਣੇ ਵਿੱਚ ਚੱਲਣ ਦੀ ਹੈ ਤੇ ਇਸ ਤੋਂ ਇਲਾਵਾ ਹੋਰ ਕੋਈ ਮਾਰਗ ਨਹੀਂ ਦੱਸਿਆ। ਇਹ ਹੀ ਉਸਦੇ ਗੁਣ ਗਾਉਣੇ ਹਨ **(ਹੋਰੁ ਕਿਆ ਜਾਣਾ ਗੁਣ ਤੇਰੇ॥)**। ਜਿਨ੍ਹਾਂ ਤੇ ਗੁਰੂ ਪ੍ਰਮਾਤਮਾ ਕ੍ਰਿਪਾ ਕਰਦਾ ਹੈ ਉਨ੍ਹਾਂ ਨੂੰ ਹੀ ਆਪਣੇ ਨਾਮ ਨਾਲ ਭਾਵ ਉਪਦੇਸ਼ ਨਾਲ ਜੋੜਦਾ ਹੈ ਤੇ ਉਹ ਹੀ "ਸੁਖੁ" ਦੀ ਭਾਵ ਪ੍ਰਮਾਤਮਾ ਦੀ, "ਨਾਮੁ" ਦੀ ਪ੍ਰਾਪਤੀ ਕਰਦੇ ਹਨ। ਸਾਰੀ ਗੱਲ ਗੁਰੂ ਦੇ ਭਾਣੇ ਵਿੱਚ ਚੱਲਣ ਦੀ ਹੈ। ਭਾਣੇ ਵਿੱਚ ਚੱਲਣਾ ਹੀ ਨਾਮ ਜਪਣਾ ਹੈ, ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਭਾਣੇ ਵਿੱਚ ਚੱਲਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਦੀ ਮਤਿ ਨੂੰ ਮੰਨ ਕੇ ਉਸ ਅਨੁਸਾਰ ਚੱਲਣਾ ਹੀ ਗੁਰੂ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਹੈ। (**ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ॥ ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ॥ ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ॥ ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ॥ ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ॥**)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥}

(ਅੰਗ 65)

"ਏਹੁ ਸੋਹਿਲਾ ਸਬਦੁ ਸੁਹਾਵਾ॥
ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥
ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ॥
ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ॥
ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ॥੧੬॥"

(ਅੰਗ ੯੧੯)

"ਏਹੁ ਸੋਹਿਲਾ" ਤੋਂ ਭਾਵ ਹੈ ਇਹ ਜੱਸ ਜੋ ਗੁਰਬਾਣੀ ਸਾਨੂੰ ਸੁਣਾ ਰਹੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਜੱਸ ਹੈ (ਸੋਹਿਲਾ) ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੋਹਿਲਾ ਗਾ ਰਹੀ ਹੈ ਤੇ ਸਾਨੂੰ ਸੋਹਿਲਾ ਗਾਉਣਾ ਸਮਝਾ ਰਹੀ ਹੈ। **"ਸਬਦੁ ਸੁਹਾਵਾ"** ਤੋਂ ਭਾਵ ਹੈ ਇਹ ਜਸ (ਸੋਹਿਲਾ) ਗੁਰੂ ਨੂੰ, ਪ੍ਰਮਾਤਮਾ ਨੂੰ ਸੁਹਾਂਦਾ ਹੈ ਭਾਵ ਚੰਗਾ ਲੱਗਦਾ ਹੈ। ਸ਼ਬਦ ਦੇ ਰੂਪ ਵਿੱਚ ਭਾਵ ਸ਼ਬਦਾਂ ਦੇ ਉਪਦੇਸ਼ ਦੇ ਰੂਪ ਵਿੱਚ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਗੁਰੂ ਆਪ ਹੈ, ਪ੍ਰਮਾਤਮਾ ਆਪ ਹੈ। ਇਹ ਗੁਰਬਾਣੀ ਦੁਆਰਾ ਜੱਸ ਭਾਵ ਗੁਰਬਾਣੀ ਦਾ ਗਿਆਨ ਭਾਵ ਗੁਰਬਾਣੀ ਦਾ ਉਪਦੇਸ਼ ਪ੍ਰਮਾਤਮਾ ਦਾ ਆਪਣਾ ਸੁਣਾਇਆ ਹੋਇਆ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਸੋਹਿਲਾ ਸੁਣਾਇਆ ਹੈ ਉਨ੍ਹਾਂ ਦੇ ਮਨ ਦੇ ਵਿੱਚ ਉਸਨੇ ਇਹ ਸੱਚੇ ਵਿਚਾਰ ਉਸਨੇ ਆਪ ਹੀ ਲਿਖੇ ਹਨ। ਇਸੇ ਲਈ ਗੁਰਬਾਣੀ ਧੁਰ ਦੀ ਬਾਣੀ ਹੈ। ਜਿੱਥੇ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ, ਟਿਕਾਣਾ ਹੈ ਉਹ ਸਾਡਾ ਮਨ ਹੀ ਹੈ ਜੋ "ਧੁਰ" ਦੇ ਰੂਪ ਵਿੱਚ ਹੈ। ਜਿਨ੍ਹਾਂ ਨੇ ਧੁਰੋਂ ਬਾਣੀ ਸੁਣੀ ਹੈ, ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਸੁਣੀ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ। ਗੁਰੂ ਦੀ ਬਾਣੀ ਨੂੰ ਗਾਉਣ ਤੋਂ ਭਾਵ ਗੁਰੂ ਦੇ ਉਪਦੇਸ਼ ਤੇ ਚੱਲਣਾ ਹੀ ਹੈ ਤੇ ਇਹੀ ਗੁਰੂ ਦਾ ਜੱਸ ਗਾਉਣਾ ਹੈ ਤੇ ਜੱਸ ਉਹ ਹੀ ਗਾ ਸਕਦਾ ਹੈ ਭਾਵ ਉਪਦੇਸ਼ ਉਹ ਹੀ ਮੰਨ ਸਕਦਾ ਹੈ ਜਿਸ ਤੇ ਧੁਰੋਂ ਹੀ ਪ੍ਰਮਾਤਮਾ ਨੇ ਕ੍ਰਿਪਾ ਕੀਤੀ ਹੋਵੇ ਤੇ ਉਹ ਹੀ ਪ੍ਰਮਾਤਮਾ ਨੂੰ ਪਾ ਸਕਦਾ ਹੈ। ਕੇਵਲ ਗੱਲਾਂ ਕਰਨ ਨਾਲ, ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਭਾਵ ਬਿਨ੍ਹਾਂ ਉਪਦੇਸ਼ ਮੰਨਣ ਦੇ ਉਸਨੂੰ ਕੋਈ ਨਹੀਂ ਪਾ ਸਕਦਾ। ਮੂੰਹੋਂ ਬੋਲ ਬੋਲ ਕੇ ਜਪ ਕਰੀ ਜਾਣਾ ਕੇਵਲ ਗੱਲਾਂ ਕਰਨ ਦੇ ਬਰਾਬਰ ਹੀ ਹੈ। ਬੋਲ-ਬੋਲ ਕੇ ਪ੍ਰਮਾਤਮਾ ਦਾ ਸੋਹਿਲਾ ਨਹੀਂ ਗਾਇਆ ਜਾ ਸਕਦਾ, ਕਥਨੀ ਦੁਆਰਾ ਉਸਦਾ ਜੱਸ ਨਹੀਂ ਗਾਇਆ ਜਾ ਸਕਦਾ। ਉਸਦਾ ਜੱਸ ਅਸੀਂ ਕਰਨੀ ਦੁਆਰਾ ਗਾਉਣਾ ਹੈ। **(ਏਹੁ ਸੋਹਿਲਾ ਸਬਦੁ ਸੁਹਾਵਾ॥ ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥ ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ॥ਇਕਿ**

ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ॥) ਜਿਨ੍ਹਾਂ ਸਰੀਰਾਂ ਨੇ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਸੋਹਿਲਾ ਪਾਇਆ ਹੈ ਉਨ੍ਹਾਂ ਨੇ ਆਪ ਹੀ ਆਪਣੇ ਜੀਵਨ ਵਿੱਚ ਇਹ ਸੋਹਿਲਾ ਗਾਕੇ ਸੁਣਾਇਆ ਹੈ ਭਾਵ ਉਸ ਤੇ ਅਮਲ ਕਰਕੇ ਦਿਖਾਇਆ ਹੈ।

“ਜੀਅਹੁ ਮੈਲੇ ਬਾਹਰਹੁ ਨਿਰਮਲ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ
ਤਿਨੀ ਜਨਮੁ ਜੂਐ ਹਾਰਿਆ॥੧੯॥”

(ਅੰਗ ੯੧੯)

ਇਸ ਸ਼ਬਦ ਰਾਹੀਂ ਵੇਦਾਂ ਦੇ ਵਿੱਚ ਵੀ ਨਾਮ ਨੂੰ ਹੀ ਉੱਤਮ ਕਿਹਾ ਗਿਆ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਨਾਮ ਬਾਰੇ ਕੋਈ ਭੁਲੇਖਾ ਨਾ ਰਹੇ। ਆਓ ਫਿਰ ਤੋਂ ਵਿਚਾਰੀਏ ਕਿ ਇਹ ਕਿਹੜਾ ਨਾਮ ਹੈ। ਹੇਠਾਂ ਲਿਖੇ ਕੁੱਝ ਹੋਰ ਸ਼ਬਦਾਂ ਵੱਲ ਵੀ ਝਾਤੀ ਮਾਰੀਏ ਤੇ ਸਮਝਣ ਦੀ ਕੋਸ਼ਿਸ਼ ਕਰੀਏ ਕਿ ਨਾਮ ਕਿਸਨੂੰ ਕਿਹਾ ਹੈ। ਇੱਕ ਵਾਰੀ ਜਦੋਂ ਸਾਡੇ ਅੰਦਰ ਇਹ ਗੱਲ ਪੱਕੀ ਹੋ ਜਾਵੇਗੀ ਕਿ ਨਾਮ ਕੀ ਹੈ ਫਿਰ ਗੁਰਬਾਣੀ ਨੂੰ ਸਮਝਣਾ ਸੱਚਮੁੱਚ ਹੀ ਬਹੁਤ ਸੌਖਾ ਹੋ ਜਾਵੇਗਾ ਤੇ ਵੱਖਰੀਆਂ-ਵੱਖਰੀਆਂ ਵਿਚਾਰਧਾਰਾਵਾਂ ਇੱਕ ਹੋ ਜਾਣਗੀਆਂ।

ਉੱਪਰਲੇ ਸ਼ਬਦ ਰਾਹੀਂ ਵੇਦਾਂ ਵਿੱਚ ਨਾਮ ਦੀ ਗੱਲ ਕੀਤੀ ਗਈ ਹੈ ਤੇ ਹੇਠ ਲਿਖੇ ਸ਼ਬਦਾਂ ਵਿੱਚ ਸ਼ਾਸਤਰਾਂ ਅਤੇ ਸਿਮ੍ਰਤੀਆਂ ਵਿੱਚ ਵੀ ਨਾਮ ਦੀ ਗੱਲ ਕੀਤੀ ਗਈ ਹੈ।

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ॥ ਗੁਰਮੁਖਿ ਸਾਂਤਿ ਊਤਮ ਕਰਾਮੰ॥}

(ਅੰਗ ੮੩੧)

{ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ॥6॥}

(ਅੰਗ ੮੮੦)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥੭॥}

(ਅੰਗ ੨੨੯)

ਹਰ ਜੁਗ ਵਿੱਚ ਨਾਮ ਨੂੰ ਉੱਤਮ ਕਿਹਾ ਗਿਆ ਹੈ ਭਾਵ ਜਦੋਂ ਦੀ ਵੀ ਮਨੁੱਖਾਂ ਦੀ ਹੋਂਦ ਬਣੀ ਹੈ, ਪ੍ਰਮਾਤਮਾ ਦੀ ਪ੍ਰਾਪਤੀ ਨਾਮ ਦੁਆਰਾ ਹੀ ਹੋਈ ਹੈ। ਹਰ ਧਾਰਮਿਕ ਗ੍ਰੰਥ ਸਾਨੂੰ ਧਰਮ ਦੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ। ਹਰ ਧਾਰਮਿਕ ਗ੍ਰੰਥ ਸੱਚ ਦੇ ਰਸਤੇ ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ। ਹਰ ਧਾਰਮਿਕ ਗ੍ਰੰਥ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦੀ ਗੱਲ ਕਰਦਾ ਹੈ ਭਾਵੇਂ ਪ੍ਰਮਾਤਮਾ ਨੂੰ ਹਰ ਕੋਈ ਅਲੱਗ-ਅੱਲਗ ਨਾਵਾਂ ਨਾਲ ਸੰਬੋਧਨ ਕਰਦਾ ਹੈ। ਪ੍ਰਮਾਤਮਾ ਤੇ ਇੱਕ ਹੀ ਹੈ, ਜ਼ਿਆਦਾ ਨਹੀਂ ਹੋ ਸਕਦੇ। ਹਰ ਧਾਰਮਿਕ ਗ੍ਰੰਥ ਉਸੇ ਪ੍ਰਮਾਤਮਾ ਦੀ ਗੱਲ ਹੀ ਕਰਦਾ ਹੈ ਜਿਸ ਪ੍ਰਮਾਤਮਾ ਨੇ ਗੁਰਬਾਣੀ ਉਚਾਰੀ ਹੈ। ਹਰ ਧਾਰਮਿਕ ਗ੍ਰੰਥ ਪ੍ਰਮਾਤਮਾ ਦਾ ਆਪਣਾ ਹੀ ਰਚਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਉਹ ਪ੍ਰਮਾਤਮਾ ਸਦਾ ਤੋਂ ਹੀ ਸੱਚ ਹੈ ਤੇ ਉਸ ਨੂੰ ਸੱਚ ਹੀ ਭਾਉਂਦਾ ਹੈ ਤੇ ਹਰ ਧਾਰਮਿਕ ਗ੍ਰੰਥ ਸੱਚ ਦੀ ਗੱਲ ਹੀ ਕਰਦਾ ਹੈ। ਅਸੀਂ ਧਾਰਮਿਕ ਗ੍ਰੰਥ ਨੂੰ ਕਿਤਨਾ ਕੁ ਸਮਝਦੇ ਹਾਂ ਤੇ ਕਿਤਨਾ ਕੁ ਉਸ ਤੇ ਅਮਲ ਕਰਦੇ ਹਾਂ, ਗੱਲ ਇੱਥੇ ਨਿਬੜਦੀ ਹੈ। ਕੋਈ ਧਾਰਮਿਕ ਗ੍ਰੰਥ ਗਲਤ ਜਾਂ ਝੂਠ ਨਹੀਂ ਹੈ, ਝੂਠਾ ਉਹ ਹੈ ਜੋ ਉਸਨੂੰ ਵਿਚਾਰਦਾ ਨਹੀਂ ਭਾਵ ਜਿਸਨੂੰ ਉਸਦੀ ਸਮਝ ਨਹੀਂ ਲੱਗਦੀ ਜਾਂ ਉਹ ਮੰਨਦਾ ਨਹੀਂ **(ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥)**। ਅੰਗ - 1350

ਇਨ੍ਹਾਂ ਧਰਮ ਗ੍ਰੰਥਾਂ ਦੇ ਪੜ੍ਹਨ ਵਾਲਿਆਂ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ। ਪਾਇਆ ਉਸ ਨੇ ਹੀ ਹੈ ਜਿਸਨੂੰ ਸੱਚੀ ਗੱਲ ਸਮਝ ਆਈ ਹੈ ਤੇ ਉਹਨਾਂ ਨੇ ਸੱਚ ਨੂੰ ਅਪਣਾਇਆ ਹੈ। ਵੇਦ, ਸਿਮ੍ਰਿਤ, ਸਾਸਤ੍ਰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਆਏ ਹਨ ਭਾਵ ਜਿਨ੍ਹਾਂ ਸਰੀਰਾਂ ਨੇ ਇਹਨਾਂ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ ਉੱਥੇ ਪ੍ਰਮਾਤਮਾ ਨੇ ਉਹਨਾਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਜਿਸ ਕਰਕੇ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ ਸਾਡੇ ਅੰਦਰ ਗਿਆਨ ਦੇਣ ਵਾਲਾ ਕੌਣ ਹੈ ਤੇ ਇਸੇ ਲਈ ਉਹਨਾਂ ਨੇ ਧਰਮ ਗ੍ਰੰਥਾਂ ਦੇ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ ਤੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉੱਥੇ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਸਮਝਣ ਵਿੱਚ ਭਰਮ ਹੀ ਬਣਿਆ ਰਹਿੰਦਾ ਹੈ ਜਿਸ ਕਰਕੇ ਉਹ ਆਕਾਰ ਰੂਪ ਨੂੰ ਪ੍ਰਮਾਤਮਾ ਸਮਝਦੇ ਹਨ ਤੇ ਸਰੀਰਕ ਜਪਾਂ ਤਪਾਂ ਦੀਆਂ ਗੱਲਾਂ ਕਰਦੇ ਹਨ। ਧਰਮ ਗ੍ਰੰਥਾਂ ਵਿੱਚ ਨਾਮ ਦੁਆਰਾ ਸਾਨੂੰ ਸੱਚ ਤੇ ਚੱਲਣਾ ਸਿਖਾਇਆ ਹੈ , ਸੱਚੇ ਸੁੱਚੇ ਕਰਮ ਕਰਨੇ ਸਿਖਾਏ ਹਨ ਪਰ ਉਹਨਾਂ ਤੇ ਚੱਲਣ ਦੀ ਬਜਾਇ ਅਸੀਂ ਦੂਸਰੇ ਤਰੀਕਿਆਂ ਵਿੱਚ ਭਗਤੀ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਡੇ ਇਹ ਭਰਮ ਹੀ ਕੱਢੇ ਹਨ ਤੇ ਆਪਣਾ ਨਿਰਗੁਣ ਰੂਪ, ਨਿਰੰਕਾਰ ਰੂਪ ਸਮਝਾਇਆ ਹੈ ਜਿਸ ਦੁਆਰਾ ਉਹ ਸਭ ਵਿੱਚ ਸਮਾਇਆ ਹੋਇਆ ਹੈ। ਅੱਜ ਜਿਨ੍ਹਾਂ ਭਗਤਾਂ ਦੀ ਬਾਣੀ ਅਸੀਂ ਪੜ੍ਹਦੇ ਹਾਂ ਜੋ ਕਿ ਗੁਰਬਾਣੀ ਦਾ ਅਟੁੱਟ ਹਿੱਸਾ ਹਨ ਉਨ੍ਹਾਂ ਨੇ ਸੱਚ ਦੀ ਸਿੱਖਿਆ ਇਨ੍ਹਾਂ ਗ੍ਰੰਥਾਂ ਦੇ ਗਿਆਨ ਵਿੱਚੋਂ ਹੀ ਲਈ ਹੈ। ਬਹੁਤੀ ਦੁਨੀਆਂ ਭਰਮ ਭੁਲੇਖਿਆਂ ਵਿੱਚ ਹੀ ਉਲਝ ਗਈ ਹੈ। ਇਸੇ ਲਈ ਗੁਰਬਾਣੀ ਵਿੱਚ ਸਭ ਨੂੰ ਸੱਚੀ ਗੱਲ ਸਮਝਾਉਣ ਲਈ, ਭਰਮ ਭੁਲੇਖੇ ਕੱਢਣ ਲਈ ਪ੍ਰੇਰਿਆ ਗਿਆ ਹੈ। ਗੁਰਬਾਣੀ ਹਰ ਕਿਸੇ ਲਈ ਹੈ। ਜਦੋਂ ਸਾਨੂੰ ਹਕੀਕਤ ਵਿੱਚ ਇਹ ਸਮਝ ਆ ਜਾਵੇਗੀ ਕਿ "ਨਾਮ" ਆਪ ਪ੍ਰਮਾਤਮਾ ਹੈ, ਨਾਮ ਪ੍ਰਮਾਤਮਾ ਦਾ ਸੱਚਾ ਗਿਆਨ ਹੈ, "ਨਾਮ ਸੱਚ" ਹੈ ਤਾਂ ਫਿਰ ਸਾਨੂੰ ਇਹ ਵੀ ਸਮਝ ਲੱਗ ਜਾਵੇਗੀ ਕਿ ਸਭ ਵਿੱਚ ਨਾਮ ਹੀ ਵਰਤ ਰਿਹਾ ਹੈ। ਸਭ ਧਰਮ ਗ੍ਰੰਥ ਇੱਕੋ ਗਿਆਨ ਦੇ ਮਾਲਕ ਤੋਂ ਹੀ ਆਏ ਹਨ। ਭਾਵੇਂ ਧਰਮ ਗ੍ਰੰਥਾਂ ਦੇ ਲਿਖਣ ਵਾਲੇ ਇਹੀ ਸਮਝਦੇ ਹੋਣ ਕਿ ਧਰਮ ਗ੍ਰੰਥ ਸਾਡੀ ਲਿਖਤ ਹੈ ਪਰ ਅਸਲ ਵਿੱਚ ਲਿਖਵਾ ਕੌਣ ਰਿਹਾ ਹੈ ਭਾਵ ਇਹ ਸਾਰਾ ਗਿਆਨ ਆ ਕਿੱਥੋਂ ਰਿਹਾ ਹੈ ਇਹ ਜਾਨਣਾ ਜ਼ਿਆਦਾ ਜਰੂਰੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਮਨੁੱਖ ਜੋ ਵੀ ਕਰਦਾ ਹੈ, ਲਿਖਦਾ ਹੈ, ਮਨ ਦੇ ਗਿਆਨ ਦੁਆਰਾ ਹੀ ਕਰਦਾ ਹੈ। ਜਦੋਂ ਮਨੁੱਖ ਆਪਣੇ ਅੰਦਰੋਂ ਇਹ ਪਹਿਚਾਣ ਕਰ ਲੈਂਦਾ ਹੈ ਕਿ ਇਹ ਗਿਆਨ ਕਿਵੇਂ ਆ ਰਿਹਾ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਸਭ ਗਿਆਨ ਪ੍ਰਮਾਤਮਾ ਦਾ ਹੀ ਹੈ। ਇਹ ਮਨ ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਵਰਤ ਰਿਹਾ ਹੈ ਪਰ ਸਾਨੂੰ ਇਸ ਦੀ ਸਮਝ ਨਹੀਂ ਹੈ। ਇਸਦਾ ਯਕੀਨ ਪ੍ਰਮਾਤਮਾ ਨੂੰ ਆਪਣੇ ਮਨ ਦੇ ਅੰਦਰ ਸੁਣ ਕੇ ਭਾਵ ਉਸਦੇ ਮੇਲ ਤੋਂ ਬਾਅਦ ਹੀ ਆਉਂਦਾ ਹੈ। ਗਿਆਨ ਦਾ ਸ੍ਰੋਤ ਸਿਰਫ਼ ਇੱਕੋ ਹੀ ਹੈ। ਜਿਸ ਧਰਮ ਗ੍ਰੰਥ ਵਿੱਚ ਪ੍ਰਮਾਤਮਾ ਨੂੰ ਸਮੇਂ ਮੁਤਾਬਿਕ, ਆਪਣੀ ਰਜ਼ਾ ਮੁਤਾਬਿਕ ਜੋ ਜੋ ਚੰਗਾ ਲੱਗਾ ਹੈ, ਉਹੋ ਉਹੋ ਗਿਆਨ ਗ੍ਰੰਥਾਂ ਵਿੱਚ ਆਪ ਹੀ ਪਵਾਇਆ ਹੈ। ਜੋ ਸੱਚ ਦੇ ਮਾਰਗ ਤੇ ਚੱਲਿਆ ਹੈ ਉਸਨੇ ਹੀ ਪ੍ਰਮਾਤਮਾ ਨੂੰ ਸਮਝਿਆ ਹੈ ਭਾਵ ਉਸਨੂੰ ਪਾਇਆ ਹੈ। ਗੱਲ ਅੱਜ ਵੀ ਉਹੋ ਹੀ ਹੈ। ਉਹੀ ਨਾਮ ਗੁਰਬਾਣੀ ਵਿੱਚ ਵਰਤ ਰਿਹਾ ਹੈ ਜੋ ਹਰ ਜੁਗ ਵਿੱਚ ਵਰਤਿਆ ਹੈ ਤੇ ਹਰ ਧਰਮ ਗ੍ਰੰਥ ਵਿੱਚ ਵਰਤ ਰਿਹਾ ਹੈ। ਨਾਮ ਜਪਣ ਦਾ ਤਰੀਕਾ ਹਰ ਜੁਗ ਵਿੱਚ ਉਹੋ ਹੀ ਸੀ ਜੋ ਅੱਜ ਹੈ। ਗੱਲ ਉਦੋਂ ਵੀ ਧਰਮ ਦੇ ਮਾਰਗ ਭਾਵ ਸੱਚ ਦੇ ਮਾਰਗ ਤੇ ਚੱਲਣ ਦੀ ਸੀ ਭਾਵ ਔਗੁਣ ਛੱਡਣ ਦੀ ਸੀ ਤੇ ਗੱਲ ਅੱਜ ਵੀ ਉਹੋ ਹੀ ਹੈ। ਉਲਝਣਾਂ ਉਦੋਂ ਵੀ ਸਨ, ਉਲਝਣਾਂ ਅੱਜ ਵੀ ਹਨ। ਭਰਮ ਭੁਲੇਖੇ ਉਦੋਂ ਵੀ ਸਨ, ਭਰਮ ਭੁਲੇਖੇ ਅੱਜ ਵੀ ਹਨ। ਇਹ ਭਰਮ ਭੁਲੇਖੇ ਉਦੋਂ ਵੀ ਪ੍ਰਮਾਤਮਾ ਦੇ ਆਪਣੇ ਪਾਏ ਹੋਏ ਹੀ ਸਨ ਤੇ ਅੱਜ ਵੀ ਉਸਦੇ ਆਪਣੇ ਪਾਏ ਹੋਏ ਹੀ ਹਨ। ਮਾਇਆ ਦੀ ਜੁਗਤਿ ਉਦੋਂ ਵੀ ਉਹ ਹੀ ਵਰਤਦੀ ਸੀ, ਮਾਇਆ ਦੀ ਜੁਗਤਿ ਅੱਜ ਵੀ ਉਹੋ ਹੀ ਵਰਤ ਰਹੀ ਹੈ। ਸੱਚਾਈ ਨੂੰ ਉਦੋਂ ਵੀ ਕਿਸੇ ਵਿਰਲੇ ਨੇ ਹੀ ਜਾਣਿਆ ਹੈ, ਸੱਚਾਈ ਨੂੰ ਅੱਜ ਵੀ ਕੋਈ ਵਿਰਲਾ ਹੀ ਜਾਣ ਸਕਦਾ ਹੈ। ਨਾਮ ਪਹਿਲਾਂ ਵੀ ਕਿਸੇ ਵਿਰਲੇ ਨੇ ਹੀ ਜਪਿਆ ਹੈ ਤੇ ਨਾਮ ਹੁਣ ਵੀ ਕੋਈ ਵਿਰਲਾ ਹੀ ਜਪ ਸਕਦਾ ਹੈ। ਪ੍ਰਮਾਤਮਾ ਦਾ ਇਹ ਹੀ ਦਸਤੂਰ ਹੈ। ਪ੍ਰਮਾਤਮਾ ਨੂੰ ਇਹ ਹੀ ਭਾਉਂਦਾ ਹੈ। ਗੁਰੂ ਹਮੇਸ਼ਾਂ ਤੋਂ ਪ੍ਰਮਾਤਮਾ ਆਪ ਹੀ ਰਿਹਾ ਹੈ ਅਤੇ ਅੱਜ ਵੀ ਉਹੋ ਹੀ ਹੈ। ਗੁਰੂ ਅਸਲ ਵਿੱਚ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਖੁਦ ਆਪ ਪ੍ਰਮਾਤਮਾ ਹੈ। ਗਿਆਨ ਦੇ ਰੂਪ ਵਿੱਚ ਹੀ ਗੁਰੂ ਦਾ ਸ਼ਬਦ ਹੈ ਤੇ ਸ਼ਬਦ ਗੁਰੂ ਹੈ।

{ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ॥੪॥}

(ਅੰਗ ੭੯੩)

“ਬਿਬੇਕ” ਗੁਰੂ ਦਾ ਗਿਆਨ ਹੈ, ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। ਬਿਬੇਕੋ ਤੋਂ ਭਾਵ ਹੈ, ਬਿਬੇਕ ਦੇਣ ਵਾਲਾ, ਗਿਆਨ ਦੇਣ ਵਾਲਾ ਭਾਵ ਆਪ ਪ੍ਰਮਾਤਮਾ।

{ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥}

(ਅੰਗ ੯੮੧)

{ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥
ਗੁਰੁ ਗੋਪਾਲੁ ਪੁਰਖੁ ਭਗਵਾਨੁ ॥}

(ਅੰਗ 864)

{ਸਬਦੁ ਗੁਰੂ ਸੁਰਤਿ ਧੁਨਿ ਚੇਲਾ॥}

(ਅੰਗ ੯੪੩)

ਦੋਨਾਂ ਸ਼ਬਦਾਂ ਰਾਹੀਂ ਗੱਲ ਇੱਕੋ ਹੀ ਸਮਝਾਈ ਹੋਈ ਹੈ। ਬਿਬੇਕ ਵੀ ਗੁਰੂ ਦਾ ਗਿਆਨ ਹੈ ਤੇ ਸ਼ਬਦ ਦੇ ਵਿੱਚ ਵੀ ਗੁਰੂ ਦਾ ਗਿਆਨ ਹੈ। ਗਿਆਨ ਪ੍ਰਮਾਤਮਾ ਆਪ ਹੈ। ਉਹ **"ਗਿਆਨ ਰਾਉ"** ਹੈ। “ਗੁਰੂ” ਪ੍ਰਮਾਤਮਾ ਆਪ ਹੈ। ਜੁਗਾਂ ਜੁਗਾਂ ਤੋਂ ਉਹ ਆਪ ਹੀ ਇੱਕੋ ਇੱਕ ਗੁਰੂ ਹੈ ਸਿਰਫ਼ ਸਮਝਣ ਦੀ ਲੋੜ ਹੈ। ਨਾਮ ਹਰ ਜੁਗਿ ਵਿੱਚ ਸ਼ਬਦਿ ਦੀ ਵਿਚਾਰ ਹੀ ਰਹੀ ਹੈ ਤੇ ਅੱਜ ਵੀ ਸ਼ਬਦ ਦੀ ਵਿਚਾਰ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥7॥}

(ਅੰਗ 229)

ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ, ਸ਼ਬਦਾਂ ਦੇ ਅੰਦਰ ਦੀ ਸਮਝ ਦੇ ਰੂਪ ਵਿੱਚ, ਸ਼ਬਦਾਂ ਦੇ ਅੰਦਰ ਦੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥** ਅੰਗ - 120) (**ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥** ਅੰਗ - 456)

ਆਓ ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਹੋਰ ਵਿਸਥਾਰ ਨਾਲ ਸਮਝੀਏ, ਜਿੱਥੇ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਗੁਰੂ ਕੌਣ ਹੈ ਤੇ ਜਪਣਾ ਕਿਸ ਨੂੰ ਹੈ।

“ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥੫੬॥”

(ਅੰਗ ੧੪੨੯)

ਇਸ ਸ਼ਬਦ ਦੀ ਸਮਝ ਤਾਂ ਹੀ ਲੱਗ ਸਕਦੀ ਹੈ ਜੇਕਰ ਸਾਨੂੰ ਨਾਮ ਦੀ ਸਮਝ ਲੱਗ ਜਾਵੇ। ਜਿਵੇਂ ਕਿ ਪਿੱਛੇ ਸਮਝਿਆ ਹੈ, ਨਾਮ ਗੁਰੂ ਦਾ ਮੰਤੁ ਹੈ, ਨਿਯਮ ਹੈ, ਅਸੂਲ ਹੈ ਜੋ ਕਿ ਸਾਰੀ ਬਾਣੀ ਸਾਨੂੰ ਸਮਝਾ ਰਹੀ ਹੈ, ਆਪਣੇ ਗਿਆਨ ਦੁਆਰਾ ਸਮਝਾ ਰਹੀ ਹੈ। ਜੋ ਗੁਰੂ ਦਾ ਸੱਚਾ ਗਿਆਨ ਹੈ ਉਹੀ ਉਸਦਾ ਅਸੂਲ ਹੈ, ਨਿਯਮ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜਦੋਂ ਤੋਂ ਵੀ ਇਹ ਦੁਨੀਆਂ ਹੋਂਦ ਵਿੱਚ ਆਈ ਹੈ ਪ੍ਰਮਾਤਮਾ ਦਾ ਇਸ ਦੁਨੀਆਂ ਨੂੰ ਚਲਾਉਣ ਲਈ ਇੱਕੋ ਹੀ ਨਿਯਮ ਤੁਰਿਆ ਆ ਰਿਹਾ ਹੈ ਜੋ ਕਿ ਨਾ ਕਦੇ ਬਦਲਿਆ ਹੈ ਤੇ ਨਾ ਕਦੇ ਬਦਲ ਸਕਦਾ ਹੈ। ਜੁਗਾਂ ਜੁਗਾਂ ਤੋਂ ਪ੍ਰਮਾਤਮਾ ਦਾ ਇਹ ਹੀ ਨਿਯਮ, ਅਸੂਲ ਚੱਲਦਾ

ਆ ਰਿਹਾ ਹੈ, ਜੋ ਕਿ ਉਸਦੇ ਨਾਮ ਦੇ ਰੂਪ ਵਿੱਚ ਚੱਲਦਾ ਆ ਰਿਹਾ ਹੈ। ਆਪਣੇ ਨਾਮ ਦੀ ਸੋਝੀ ਪ੍ਰਮਾਤਮਾ ਆਪਣੇ ਗੁਰੂ ਰੂਪ ਦੁਆਰਾ ਪਾਉਂਦਾ ਹੈ, ਆਪ ਗੁਰੂ ਦਾ ਰੂਪ ਧਾਰ ਕੇ ਪਾਉਂਦਾ ਹੈ। ''ਸਾਧੂ'' ਰੂਪ ਉਸਦਾ ਆਪਣਾ ਗੁਰੂ ਰੂਪ ਹੈ।

"ਨਾਮੁ ਰਹਿਓ" ਤੋਂ ਭਾਵ ਹੈ ਕਿ ਜਦੋਂ ਦੀ ਇਹ ਦੁਨੀਆਂ ਬਣੀ ਹੈ, ਪ੍ਰਮਾਤਮਾ ਦਾ ਨਾਮ ਹੀ ਰਹਿਆ ਹੈ ਭਾਵ ਉਸਦਾ ਬਣਾਇਆ ਹੋਇਆ ਨਿਯਮ ਹੀ ਚੱਲਦਾ ਆ ਰਿਹਾ ਹੈ। ''ਨਾਮੁ'' ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਸਦਾ ਤੋਂ ਪ੍ਰਮਾਤਮਾ ਇਸ ਸੰਸਾਰ ਨੂੰ ਆਪਣੇ ਨਾਮ ਦੁਆਰਾ ਚਲਾਉਂਦਾ ਆ ਰਿਹਾ ਹੈ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਚਲਾਉਂਦਾ ਆ ਰਿਹਾ ਹੈ। ਆਪਣੇ ਸਾਇੰਟਿਫਿਕ ਭਾਵ ਵਿਗਿਆਨਿਕ ਤੌਰ ਤੇ ਗਿਆਨ ਦੁਆਰਾ ਚਲਾਉਂਦਾ ਆ ਰਹਿਆ ਹੈ ਤੇ ਹੁਣ ਵੀ ਚਲਾ ਰਹਿਆ ਹੈ। ਪ੍ਰਮਾਤਮਾ ਦਾ ''ਨਾਮੁ'' ਰੂਪ ਹੀ ਉਸਦਾ ''ਸਾਧੂ'' ਰੂਪ ਹੈ ਜੋ ਕਿ ਉਸਦਾ ਧਾਰਮਿਕ ਗਿਆਨ ਦਾ ਰੂਪ ਹੈ ਭਾਵ ''ਗੁਰੂ'' ਰੂਪ ਹੈ ਭਾਵ ਉਸਦਾ ਸਾਧੂ ਰੂਪ ਉਸਦੇ ਨਾਮ ਦੇ ਅਸੂਲਾਂ ਨਾਲ ਜੁੜਿਆ ਹੋਇਆ ਹੈ, ਨਾਮ ਦੇ ਗਿਆਨ ਨਾਲ ਜੁੜਿਆ ਹੋਇਆ ਹੈ ਜੋ ਨਾਮ ਦੇ ਅਸੂਲਾਂ ਤੋਂ ਬਾਹਰ ਨਹੀਂ ਜਾਂਦਾ ਭਾਵ ਗੁਰੂ ਉਹ ਹੀ ਬਣ ਸਕਦਾ ਹੈ, ਅਖਵਾ ਸਕਦਾ ਹੈ ਜੋ ਪ੍ਰਮਾਤਮਾ ਦੇ ਬਣਾਏ ਹੋਏ ਅਸੂਲ ਤੇ, ਨਾਮ ਤੇ ਚੱਲਦਾ ਹੈ। ਅਸਲ ਵਿੱਚ ਪ੍ਰਮਾਤਮਾ ਦਾ ਬਣਾਇਆ ਹੋਇਆ ਅਸੂਲ ਹੀ ਤੇ ਗੁਰੂ ਹੈ ਭਾਵ ਉਸ ਦਾ ਦੱਸਿਆ ਹੋਇਆ ''ਧਰਮ ਦਾ ਮਾਰਗ'' ਹੀ ਗੁਰੂ ਹੈ, ''ਗੁਰੂ ਦੀ ਸਿੱਖਿਆ'' ਹੀ ਗੁਰੂ ਹੈ ਗੁਰੂ ਦੇ ਬਚਨ ਹੀ ਗੁਰੂ ਹਨ ਜਿਨ੍ਹਾਂ ਬਚਨਾਂ ਤੇ ਅਸੀਂ ਚੱਲਣਾ ਹੈ।

{ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥}

(ਅੰਗ 1309)

ਜੋ ਪਹਿਲੇ ਇਸ ਮਾਰਗ ਤੇ ਆਪ ਚੱਲਦਾ ਹੈ ਫਿਰ ਤਾਂ ਹੀ ਗੁਰੂ ਅਖਵਾ ਸਕਦਾ ਹੈ ਤੇ ਦੂਸਰਿਆਂ ਨੂੰ ਉਸ ਤੇ ਚੱਲਣ ਲਈ ਕਹਿ ਸਕਦਾ ਹੈ। ਜਿਸਦਾ ਆਪਣਾ ਕੋਈ ਅਸੂਲ ਨਹੀਂ ਹੈ ਭਾਵ ਜੋ ਖੁਦ ਪ੍ਰਮਾਤਮਾ ਦੇ ਦੱਸੇ ਮਾਰਗ ਤੇ ਨਹੀਂ ਚੱਲਦਾ ਉਹ ਦੂਸਰਿਆਂ ਨੂੰ ਉਸ ਮਾਰਗ ਤੇ ਚੱਲਣ ਲਈ ਕਿਵੇਂ ਆਖ ਸਕਦਾ ਹੈ। ਜੋ ਆਪ ਪ੍ਰਮਾਤਮਾ ਦਾ ਉਪਦੇਸ਼ ਮੰਨਦਾ ਹੈ, ਉਸਦੇ ਬਣਾਏ ਹੋਏ ਧਰਮ ਦੇ ਅਸੂਲਾਂ ਨੂੰ ਮੰਨਦਾ ਹੈ, ਉਹ ਹੀ ਦੂਸਰਿਆਂ ਨੂੰ ਉਪਦੇਸ਼ ਦੇ ਸਕਦਾ ਹੈ। ਸਾਰੇ ਭਗਤ ਸਾਹਿਬਾਨ ਨੇ, ਦਸਾਂ ਪਾਤਸ਼ਾਹੀਆਂ ਨੇ ਪਹਿਲੇ ਖੁਦ ਪ੍ਰਮਾਤਮਾ ਦੇ ਬਣਾਏ ਹੋਏ ਅਸੂਲਾਂ ਤੇ ਵਿਚਰ ਕੇ ਦਿਖਾਇਆ ਹੈ ਤੇ ਸਾਰੇ ਜਗਤਿ ਨੂੰ ਪ੍ਰਮਾਤਮਾ ਦੇ ਬਣਾਏ ਹੋਏ ਇਸ ਅਸੂਲ ਤੇ ਚੱਲਣ ਲਈ ਉਪਦੇਸ਼ ਦਿੱਤਾ ਹੈ ਤੇ ਇਸ ਤਰ੍ਹਾਂ ਪ੍ਰਮਾਤਮਾ ਵੱਖਰੇ -ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਗੁਰੂ ਰਿਹਾ ਹੈ। ਉਹ ਹਮੇਸ਼ਾ ਤੋਂ ਆਪ ਹੀ ਗੁਰੂ ਹੈ। **"ਰਹਿਓ ਗੁਰੁ ਗੋਬਿੰਦੁ"** ਤੋਂ ਭਾਵ ਹੈ ਕਿ ਹਮੇਸ਼ਾਂ ਤੋਂ ਪ੍ਰਮਾਤਮਾ (ਗੋਬਿੰਦ) ਆਪ ਹੀ ਗੁਰੂ ਰਿਹਾ ਹੈ। ਇਸੇ ਲਈ ਸਾਨੂੰ ਬਾਣੀ ਸਮਝਾ ਰਹੀ ਹੈ ਕਿ ਪ੍ਰਮਾਤਮਾ ਨੇ ਆਪ ਹੀ ਮਨੁੱਖੀ ਸਰੂਪ ਧਾਰ ਕੇ ਬਾਣੀ ਲਿਖੀ ਹੈ।

{ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥}

(ਅੰਗ - 1395)

ਇਸੇ ਲਈ ਇਹ ਬਾਣੀ ਧੁਰ ਕੀ ਬਾਣੀ ਹੈ, ਇਹ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਬਾਣੀ ਹੈ ਤੇ ਉਹ ਆਪ ਹੀ ਗੁਰੂ ਹੈ। ਉਹ ਸਾਰੇ ਜਗਤਿ ਦਾ ਗੁਰੂ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਸਾਡੇ ਅੰਦਰ ਇਹ ਸਾਰਾ ਗਿਆਨ ਕਿੱਥੋਂ ਆਉਂਦਾ ਹੈ ਤੇ ਫਿਰ ਇਹ ਭਰਮ ਮਿਟ ਜਾਵੇਗਾ ਕਿ ਸਾਰੇ ਧਰਮ ਗ੍ਰੰਥ ਕਿੱਥੋਂ ਆਏ ਹਨ ਅਤੇ ਕਿਵੇਂ ਆਏ ਹਨ। ਇਹ ਹੀ ਤੇ ਪ੍ਰਮਾਤਮਾ ਦਾ ਤੇ ਮਨੁੱਖ ਦਾ ਭੇਦ ਹੈ ਜਿਸ ਨੂੰ ਜਾਨਣਾ ਸਾਡੀ ਸਮਰੱਥਾ ਤੋਂ ਬਾਹਰ ਹੈ। ਇਹ ਉਸਦੀ ਕ੍ਰਿਪਾ ਦੁਆਰਾ ਹੀ ਸਮਝ ਆ ਸਕਦਾ ਹੈ। **"ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥"** ਇਸ ਤੋਂ ਭਾਵ ਹੈ ਕਿ ਇਸ ਸੰਸਾਰ ਵਿੱਚ ਪ੍ਰਮਾਤਮਾ ਦੇ ਬਣਾਏ ਹੋਏ ਇਸ ਅਸੂਲ ਤੇ, ਗੁਰਬਾਣੀ ਦੇ ਉਪਦੇਸ਼ ਤੇ ਕੌਣ ਚੱਲ ਸਕਦਾ ਹੈ ਭਾਵ ਇਹ ਨਾਮ ਕੌਣ ਜਪ ਸਕਦਾ ਹੈ ਭਾਵ ਬਹੁਤ ਔਖਾ ਹੈ ਭਾਵ ਗੁਰੂ ਵਰਗਾ ਬਣਨਾ ਪੈਂਦਾ ਹੈ। ਆਪਣੇ ਬਣਾਏ ਅਸੂਲ ਤੇ ਉਹ ਆਪ ਹੀ ਚੱਲ ਕੇ ਦਿਖਾ ਸਕਦਾ ਹੈ। (**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥**)

ਜਦੋਂ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਵਰਤਦਾ ਹੈ ਤੇ ਫਿਰ ਭੇਦ ਕਿਸ ਗੱਲ ਦਾ। ਸਿਰਫ ਸਾਡੇ ਕੋਲੋਂ ਇਹ ਗੱਲ ਮੰਨੀ ਨਹੀਂ ਜਾਂਦੀ ਜੋ ਕਿ ਸਾਡੇ ਵੱਸ ਵਿੱਚ ਨਹੀਂ ਹੈ। ਉਹ ਆਪ ਹੀ ਜਿਸ ਤੇ ਕ੍ਰਿਪਾ ਕਰੇ ਉਸਨੂੰ ਮਨਾ ਸਕਦਾ ਹੈ। ਇਸੇ ਲਈ ਬਾਣੀ ਵਾਰ-ਵਾਰ ਸਮਝਾ ਰਹੀ ਹੈ ਕਿ ਕਿਸੇ ਦਾ ਮਾੜਾ ਨਾ ਕਰੋ। ਜੇ ਸਭ ਵਿੱਚ ਪ੍ਰਮਾਤਮਾ ਹੀ ਹੈ ਤੇ ਫਿਰ ਅਸੀਂ ਮਾੜਾ ਕਿਸਦਾ ਕੀਤਾ। ਪ੍ਰਮਾਤਮਾ ਸਾਨੂੰ ਭੁਲੇਖੇ ਵਿੱਚ ਰੱਖ ਕੇ ਮਾੜੇ ਕਰਮ ਕਰਵਾਉਂਦਾ ਹੈ ਪਰ ਉਸ

ਦਾ ਦੋਸ਼ ਮਨੁੱਖ ਦੇ ਸਿਰ ਆਉਂਦਾ ਹੈ। ਜੇਕਰ ਸਾਡੇ ਕਰਮਾਂ ਦਾ ਸੁੱਖ ਅਸੀਂ ਲੈਂਦੇ ਹਾਂ ਤਾਂ ਫਿਰ ਦੋਸ਼ ਵੀ ਸਾਡੇ ਸਿਰ ਹੀ ਆਉਂਦਾ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਅਸਲ ਵਿੱਚ ਇੱਕ ਖੇਡ ਹੀ ਹੈ। ਕਿਸੇ ਵੀ ਧਰਮ ਦੇ ਮੰਨਣ ਵਾਲੇ ਨੂੰ ਭੁੱਲ ਕੇ ਵੀ ਮਾੜਾ ਨਾ ਕਹੀਏ।ਸਭ ਕੁੱਝ ਪ੍ਰਮਾਤਮਾ ਦੀ ਰਜ਼ਾ ਵਿੱਚ ਹੋ ਰਿਹਾ ਹੈ।

{ਸੁਣਿਐ ਮੁਖਿ ਸਾਲਾਹਣ ਮੰਦੁ॥}

(ਅੰਗ - 2)

ਅੱਗੇ ਜਾ ਕੇ ਅਸੀਂ ਇਸ ਗੱਲ ਨੂੰ ਹੋਰ ਵੀ ਬਰੀਕੀ ਨਾਲ ਸਮਝਾਂਗੇ।

ਪ੍ਰਭਾਤੀ॥

{ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥੪॥੩॥}

(ਅੰਗ 1349-1350)

ਸਭ ਵਿੱਚ ਇੱਕੋ ਪ੍ਰਮਾਤਮਾ ਹੀ ਵਰਤ ਰਿਹਾ ਹੈ। ਪਰ ਉਸਨੂੰ ਆਪਣੇ ਅੰਦਰੋਂ ਕੋਈ ਆਪਣੇ ਆਪ ਜਾਣ ਨਹੀਂ ਸਕਦਾ ਕਿਉਂਕਿ ਸਭ ਦੇ ਅੰਦਰ ਮਾਇਆ ਮੋਹ ਭਾਵ ਮਿੱਠਾ ਗੁੜ ਉਸਨੇ ਆਪ ਹੀ ਪਾਇਆ ਹੋਇਆ ਹੈ, ਮਾਇਆ ਦੀ ਜੁਗਤਿ ਦੇ ਰੂਪ ਵਿੱਚ ਪਾਇਆ ਹੋਇਆ ਹੈ ਜੋ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਦਾ ਹੈ, ਮਨ ਦੀ ਅਗਿਆਨਤਾ ਵਿੱਚ ਰੱਖਦਾ ਹੈ, ਮਨ ਦੀ ਸੰਕਾ ਵਿੱਚ ਰੱਖਦਾ ਹੈ। ਜਿਸਦੀ ਪ੍ਰਮਾਤਮਾ ਸੰਕਾ ਦੂਰ ਕਰ ਦਿੰਦਾ ਹੈ, ਅਗਿਆਨਤਾ, ਸਹਸਾ ਦੂਰ ਕਰ ਦਿੰਦਾ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਭਾਵ ਜਾਣ ਲੈਂਦਾ ਹੈ। (**ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥**) ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਉਸਨੂੰ ਹੀ ਇਹ ਵਿਸ਼ਵਾਸ ਆਉਂਦਾ ਹੈ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਆਪਣੇ ਨਿਰੰਕਾਰ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ। ਗੁਰੂ ਦੇ ਨਾਮ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਉਸਨੂੰ ਆਪਣੇ ਅੰਦਰੋਂ ਜਾਣ ਸਕੀਏ ਤੇ ਉਸ ਪ੍ਰਮਾਤਮਾ ਦੀ ਵਡਿਆਈ ਨੂੰ ਸਮਝ ਸਕੀਏ। ਹਰ ਜੁਗ ਵਿੱਚ ਉਸ ਦੀ ਵਡਿਆਈ ਨਾਮ ਦੁਆਰਾ, ਸੱਚ ਦੁਆਰਾ ਹੀ ਹੋਈ ਹੈ ਅਤੇ ਹੁੰਦੀ ਰਹੇਗੀ। ਪੂਰੀ ਬਾਣੀ ਵਿੱਚ ਤਾਂ ਨਾਮ ਇਸੇ ਨੂੰ ਹੀ ਕਿਹਾ ਗਿਆ ਹੈ ਜਿਵੇਂ ਕਿ ਹੁਣ ਤੱਕ ਸ਼ਬਦਾਂ ਦੀ ਵਿਆਖਿਆ ਦੁਆਰਾ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਜੇਕਰ ਅਜੇ ਵੀ ਕਿਸੇ ਨੂੰ ਭੁਲੇਖਾ ਹੈ ਕਿ ਨਾਮ ਕੁੱਝ ਹੋਰ ਹੈ ਭਾਵ ਕੋਈ ਮੰਤ੍ਰ ਹੈ, ਕੋਈ ਅੱਖਰ ਰੂਪ ਮੰਤ੍ਰ ਹੈ ਇਹ ਭੁਲੇਖਾ ਵੀ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਰੇ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਨ ਦਾ ਉੱਦਮ ਕਰੋ। ਭਰਮ ਆਪੇ ਹੀ ਨਿਕਲ ਜਾਵੇਗਾ।

“ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥
ਗੁਰੁ ਮੇਰਾ ਦੇਉ ਅਲਖ ਅਭੇਉ॥ ਸਰਬ ਪੂਜ ਚਰਨ ਗੁਰ ਸੇਉ॥੧॥
ਗੁਰ ਬਿਨੁ ਅਵਰੁ ਨਾਹੀ ਮੈ ਥਾਉ॥
ਅਨਦਿਨੁ ਜਪਉ ਗੁਰੂ ਗੁਰ ਨਾਉ॥੧॥ਰਹਾਉ॥
ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥ ਗੁਰੁ ਗੋਪਾਲੁ ਪੁਰਖੁ ਭਗਵਾਨੁ॥
ਗੁਰ ਕੀ ਸਰਣਿ ਰਹਉ ਕਰ ਜੋਰਿ॥ ਗੁਰੂ ਬਿਨਾ ਮੈ ਨਾਹੀ ਹੋਰੁ॥੨॥
ਗੁਰੁ ਬੋਹਿਥੁ ਤਾਰੇ ਭਵ ਪਾਰਿ॥ ਗੁਰ ਸੇਵਾ ਜਮ ਤੇ ਛੁਟਕਾਰਿ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ॥ ਗੁਰ ਕੈ ਸੰਗਿ ਸਗਲ ਨਿਸਤਾਰਾ॥੩॥

ਗੁਰੁ ਪੂਰਾ ਪਾਈਐ ਵਡਭਾਗੀ॥ ਗੁਰ ਕੀ ਸੇਵਾ ਦੂਖੁ ਨ ਲਾਗੀ॥
ਗੁਰ ਕਾ ਸਬਦੁ ਨ ਮੇਟੈ ਕੋਇ॥ ਗੁਰੁ ਨਾਨਕੁ ਨਾਨਕੁ ਹਰਿ ਸੋਇ॥੪॥"

(ਅੰਗ ੮੬੪)

"ਮਨ ਕਹਾ ਲੁਭਾਈਐ ਆਨ ਕਉ॥
ਈਤ ਊਤ ਪ੍ਰਭੁ ਸਦਾ ਸਹਾਈ ਜੀਅ ਸੰਗਿ ਤੇਰੇ ਕਾਮ ਕਉ॥੧॥ਰਹਾਉ॥
ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ॥
ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ॥੧॥
ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥"

(ਅੰਗ ੧੨੦੯)

"ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ॥
ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ॥
ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ॥
ਸਤਿਵੰਤੁ ਹਰਿ ਨਾਮੁ ਮੰਤ੍ਰ ਨਵ ਨਿਧਿ ਨ ਨਿਖੁਟੈ॥
ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ॥
ਗੁਰ ਅਰਜੁਨ ਕਲ੍ਯਚਰੈ ਤੈ ਰਾਜ ਜੋਗ ਰਸੁ ਜਾਣਿਅਉ॥੭॥"

(ਅੰਗ ੧੪੦੭)

"ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ॥
ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰ ਇਹੈ
ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ॥
ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ
ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ॥
ਦੇਹ ਗੇਹ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ
ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ॥
ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ
ਮਨ ਗਯੰਦ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ॥੫॥"

(ਅੰਗ ੧੪੦੩)

ਇਨ੍ਹਾਂ ਸਾਰੇ ਸ਼ਬਦਾਂ ਨੂੰ ਪੂਰਾ ਧਿਆਨ ਦੇ ਕੇ ਪੜ੍ਹੀਏ। ਸਮਝ ਆਪਣੇ ਆਪ ਆ ਜਾਂਦੀ ਹੈ ਕਿ ਬਾਣੀ ਵਿੱਚ ਮੰਤ੍ਰ ਕਿਸਨੂੰ ਕਿਹਾ ਗਿਆ ਹੈ। ਬਾਣੀ ਵਿੱਚ ਹੋਰ ਕਿਸੇ ਮੰਤ੍ਰ ਦੀ ਗੱਲ ਨਹੀਂ ਕੀਤੀ ਗਈ। ਪਹਿਲੇ ਸ਼ਬਦ ਨੂੰ ਹੀ ਵਿਚਾਰੀਏ ਤੇ ਪਤਾ ਲੱਗ ਜਾਂਦਾ ਹੈ ਕਿ ਗੁਰਮੰਤ੍ਰ ਕੀ ਹੈ। ਗੁਰੂ ਨੂੰ ਗਿਆਨ ਕਿਹਾ ਗਿਆ ਹੈ ਤੇ ਗਿਆਨ ਰੂਪ ਵਿੱਚ ਗੁਰੂ ਆਪ ਪ੍ਰਮਾਤਮਾ ਹੈ। (**ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥**) ਤੇ ਉਸੇ ਗਿਆਨ ਨੂੰ ਹੀ ਆਪਣੇ ਹਿਰਦੇ ਅੰਦਰ ਧਿਆਉਣ ਦੀ ਗੱਲ ਕੀਤੀ ਗਈ ਹੈ। ਗੁਰੂ ਦੇ ਗਿਆਨ ਨੂੰ ਹੀ ਗੁਰਮੰਤ੍ਰ ਕਹਿ ਕੇ ਹਨੇਰੇ ਵਿੱਚ ਉਜਾਲਾ ਕਰਨ ਵਾਲਾ ਕਿਹਾ

ਗਿਆ ਹੈ ਭਾਵ ਅਗਿਆਨਤਾ ਦਾ ਹਨੇਰਾ ਗੁਰੂ ਦੇ ਗਿਆਨ ਦੁਆਰਾ ਦੂਰ ਹੋਣ ਦੀ ਗੱਲ ਕੀਤੀ ਗਈ ਹੈ। "ਮੰਤ੍ਰ" ਗਿਆਨ ਨੂੰ ਹੀ ਕਹਿੰਦੇ ਹਨ। ਪੁਰਾਣੀ ਮਤਿ ਅਨੁਸਾਰ ਅਸੀਂ ਮੰਤ੍ਰ ਨੂੰ ਕੋਈ ਪੜ੍ਹਨ ਵਾਲਾ ਮੰਤ੍ਰ ਹੀ ਸਮਝੀ ਜਾਂਦੇ ਹਾਂ। ਇਹ ਕੋਈ ਤੰਤਰ, ਮੰਤਰ ਨਹੀਂ ਹੈ, ਇਨ੍ਹਾਂ ਗੱਲਾਂ ਦਾ ਤਾਂ ਬਾਣੀ ਵਿੱਚ ਖੰਡਨ ਕੀਤਾ ਗਿਆ ਹੈ। ਗੁਰੂ ਮੰਤ੍ਰ ਤੋਂ ਭਾਵ ਗੁਰੂ ਦੇ ਗਿਆਨ ਤੋਂ ਹੀ ਹੈ, ਹੋਰ ਕੁੱਝ ਨਹੀਂ। **(ਅੰਧਕਾਰ ਮਹਿ ਗੁਰ ਮੰਤ੍ਰ ਉਜਾਰਾ)** ਪੂਰੀ ਗੁਰਬਾਣੀ ਵਿੱਚ ਗਿਆਨ ਰੂਪ ਗੁਰ ਮੰਤ੍ਰ ਹੀ ਹੈ ਭਾਵ ਨਾਮ ਹੀ ਹੈ। ਜਿਸ ਨਾਮ ਨੂੰ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਅਸੀਂ ਧਿਆਉਣਾ ਹੈ ਜਿਸ ਨੂੰ ਧਿਆਉਣ ਨਾਲ ਸਾਡੀ ਅਗਿਆਨਤਾ ਹੀ ਦੂਰ ਹੁੰਦੀ ਹੈ।

ਦੂਸਰੇ ਸ਼ਬਦ ਨੂੰ ਧਿਆਨ ਨਾਲ ਪੜ੍ਹੀਏ ਤੇ ਮੰਤ੍ਰ ਦੀ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਅਕਾਲ ਪੁਰਖ ਦੀ ਬਾਣੀ ਭਾਵ ਗੁਰਬਾਣੀ ਨੂੰ ਮੰਤ੍ਰ ਕਿਹਾ ਗਿਆ ਹੈ। ਗੁਰਬਾਣੀ ਗਿਆਨ ਦਾ ਸਾਗਰ ਹੈ ਤੇ ਬਾਣੀ ਹੀ ਮੰਤ੍ਰ ਹੈ। ਮੰਤ੍ਰ ਤੇ ਗਿਆਨ ਵਿੱਚ ਫਰਕ ਕੀ ਹੋਇਆ? ਇਸ ਤੋਂ ਇਲਾਵਾ ਇਸ ਨੂੰ ਕੋਈ ਹੋਰ ਮੰਤ੍ਰ ਸਮਝਣਾ ਸਾਡੀ ਬਹੁਤ ਵੱਡੀ ਭੁੱਲ ਹੋਵੇਗੀ। (**ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥ ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥**) ਪੂਰੀ ਗੁਰਬਾਣੀ ਵਿਚ ਨਾਮ ਮੰਤ੍ਰ ਹੀ ਹੈ।

ਤੀਸਰੇ ਸ਼ਬਦ ਰਾਹੀਂ ਵੀ ਗੁਰੂ ਦੇ ਗਿਆਨ ਨੂੰ "ਨਾਮ ਮੰਤਰ" ਦੱਸਿਆ ਗਿਆ ਹੈ ਤੇ ਗੁਰੂ ਦੇ ਗਿਆਨ ਨੂੰ ਹੀ ਮਹਾ ਦਾਨ ਦੱਸਿਆ ਗਿਆ ਹੈ। ਸਿਰਫ ਥੋੜ੍ਹੇ ਵਿਚਾਰ ਦੀ ਲੋੜ ਹੈ। (**ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥ ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ ॥**) ਜਿਸਨੂੰ ਪ੍ਰਮਾਤਮਾ ਆਪਣਾ ਨਾਮ ਦਾਨ ਬਖਸ਼ਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੀ ਬਖਸ਼ਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। (**ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥**) ਅੰਗ - 1069 , (**ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥**) ਅੰਗ - 759 । ਆਖਰੀ ਸ਼ਬਦ ਪੜ੍ਹਨ ਨਾਲ ਗੱਲ ਹੋਰ ਵੀ ਬੜੀ ਸਪੱਸ਼ਟ ਹੋ ਜਾਂਦੀ ਹੈ। ਇੱਥੇ ਗੁਰੂ ਦੀ ਕਹੀ ਹੋਈ ਗੱਲ ਨੂੰ ਭਾਵ ਗੁਰੂ ਦੇ ਉਪਦੇਸ਼ ਨੂੰ ਹੀ ਮੰਤ੍ਰ ਕਿਹਾ ਗਿਆ ਹੈ। ਗੁਰੂ ਕੋਲੋਂ ਸਾਨੂੰ ਗਿਆਨ ਹੀ ਮਿਲਦਾ ਹੈ ਤੇ ਸਾਰੇ ਸ਼ਬਦ ਵਿੱਚ ਗੁਰੂ ਦੇ ਗਿਆਨ ਦੀ ਗੱਲ ਹੀ ਹੋ ਰਹੀ ਹੈ। ਇਸ ਪੂਰੇ ਸ਼ਬਦ ਨੂੰ ਚੰਗੀ ਤਰ੍ਹਾਂ ਵਿਚਾਰੋ ਤੇ ਹੋਰ ਵੀ ਸਮਝ ਲੱਗਦੀ ਹੈ ਕਿ ਨਾਮ ਜਪਣਾ ਕੀ ਹੈ। ਨਾਮ ਗੁਰੂ ਦੇ ਮੰਤ੍ਰ ਦੁਆਰਾ ਸਮਝਾਈ ਹੋਈ ਗੱਲ ਨੂੰ ਮੰਨਣ ਦੁਆਰਾ ਹੀ ਜਪਿਆ ਜਾ ਸਕਦਾ ਹੈ, ਜਰੂਰਤ ਸਿਰਫ ਇਹ ਜਾਨਣ ਦੀ ਹੈ ਕਿ ਮੰਤ੍ਰ ਕਿਸਨੂੰ ਕਿਹਾ ਗਿਆ ਹੈ। **(ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ)** ਗੁਰੂ ਦਾ ਕਹਿਆ ਕਿਸ ਰੂਪ ਵਿੱਚ ਮੰਨਣਾ ਹੈ, ਇਹ ਵੀ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। (**ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ ॥ ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥**) ਉਸ "ਸਚੁ" ਰੂਪ ਪ੍ਰਮਾਤਮਾ ਨੂੰ ਜਾਨਣ ਲਈ, ਆਪਣੇ ਅੰਦਰੋਂ "ਨਿਧਾਨੁ" ਭਾਵ ਮਨ ਰੂਪ ਖਜ਼ਾਨਾ, ਸੱਚੇ ਗੁਣਾਂ ਦਾ ਖਜ਼ਾਨਾ, ਬ੍ਰਹਮ ਗਿਆਨ ਦਾ ਖਜ਼ਾਨਾ ਪ੍ਰਾਪਤ ਕਰਨ ਲਈ ਇਹੀ "ਮੰਤ੍ਰ" ਹੈ ਕਿ ਅਸੀਂ ਗੁਰੂ ਦਾ ਕਿਹਾ ਮੰਨੀਏ, ਗੁਰੂ ਦੇ ਉਪਦੇਸ਼ ਅਨੁਸਾਰ, ਗੁਰਮਤਿ ਅਨੁਸਾਰ ਵਿਚਰੀਏ। ਉਪਰਲੀਆਂ ਪੰਗਤੀਆਂ ਰਾਹੀਂ ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਸਾਡੇ ਅੰਦਰ ਔਗੁਣਾਂ ਦਾ ਕਾਰਨ ਸਾਡੀ ਹਉਮੈ ਹੈ ਭਾਵ ਨਾ-ਸਮਝ ਮਤਿ ਹੈ, ਅਗਿਆਨਤਾ ਵਾਲੀ ਮਤਿ ਹੈ। ਹਉਮੈ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਨਾਮ ਨਹੀਂ ਵੱਸ ਸਕਦਾ। ਨਾਮ ਦਾ ਮਕਸਦ ਭਾਵ ਗੁਰੂ ਦੇ ਸੱਚੇ ਗਿਆਨ ਦਾ ਮਕਸਦ ਸਾਨੂੰ ਹਉਮੈ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਸ ਕਰਕੇ ਸਾਡੇ ਅੰਦਰ ਔਗੁਣ ਭਰੇ ਰਹਿੰਦੇ ਹਨ। ਹਉਮੈ ਨਿਕਲੇ ਬਿਨ੍ਹਾਂ ਸਾਡਾ ਸਾਧਸੰਗਿ ਨਹੀਂ ਹੋ ਸਕਦਾ ਜਿਵੇਂ ਕਿ ਉਪਰਲੀ ਪੰਗਤੀ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ। ਸਾਧਸੰਗਿ ਸਾਡਾ ਮਨ ਦੇ ਵਿੱਚ ਹੀ ਹੁੰਦਾ ਹੈ ਜੋ ਗੁਰੂ ਦੀ ਸੱਚੀ ਮਤਿ ਦੇ ਨਾਲ ਸੰਗ ਹੈ, ਗੁਰੂ ਦੇ ਨਾਮ ਦੇ ਨਾਲ ਸੰਗ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਸਾਧਸੰਗਿ ਨੂੰ ਅੱਗੇ ਚੱਲਕੇ ਹੋਰ ਬਰੀਕੀ ਨਾਲ ਸਮਝਾਂਗੇ। (**ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥**)

ਬਾਣੀ ਵਿੱਚ ਮੰਤ੍ਰ ਗੁਰੂ ਦੇ ਉਪਦੇਸ਼ ਨੂੰ ਕਿਹਾ ਗਿਆ ਹੈ ਤੇ ਇਸ ਨੂੰ ਮੰਨ ਕੇ ਹੀ ਨਾਮ ਜਪਿਆ ਜਾ ਸਕਦਾ ਹੈ। ਇਸੇ ਲਈ ਬਾਣੀ ਵਿੱਚ ਵਾਰ-ਵਾਰ ਗੁਰੂ ਦੇ ਉਪਦੇਸ਼, ਬਚਨ, ਗਿਆਨ ਨੂੰ ਜਪਣ ਦੀ ਗੱਲ ਕੀਤੀ ਗਈ ਹੈ। ਇਹ ਹੀ ਗੁਰੂ ਦੇ ਮੰਤ੍ਰ ਨੂੰ ਜਪਣਾ ਹੈ।

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥

ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥1॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥1॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥2॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥3॥28॥}

(ਅੰਗ ੩੭੭)

ਗੁਰੂ ਦੇ ਸ਼ਬਦ ਨੂੰ ਜਪਣਾ ਹੀ ਭਾਵ ਗੁਰੂ ਦੇ ਸ਼ਬਦ ਦੁਆਰਾ ਸਮਝਾਈ ਹੋਈ ਗੱਲ ਤੇ ਚੱਲਣਾ ਹੀ ਗੁਰੂ ਦੇ ਮੰਤ੍ਰ ਨੂੰ ਜਪਣਾ ਹੈ, ਸ਼ਬਦ ਨੂੰ ਕਮਾਉਣਾ ਹੈ। ਇਹਨਾਂ ਗੱਲਾਂ ਨੂੰ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਹੋਰ ਅਨੇਕਾਂ ਸ਼ਬਦਾਂ ਦੁਆਰਾ ਗੁਰ ਮੰਤ੍ਰ ਸਮਝਾਇਆ ਹੋਇਆ ਹੈ।

ਨਾਮ ਕੀ ਹੈ ਇਸ ਨੂੰ ਸਮਝਣ ਵਿੱਚ ਪਏ ਭੁਲੇਖਿਆਂ ਦੇ ਕੁੱਝ ਕਾਰਨ ਜਰੂਰ ਹਨ ਜਿਸ ਕਰਕੇ ਹਰ ਕੋਈ ਭੁਲੇਖੇ ਵਿੱਚ ਹੀ ਹੈ। ਨਾਮ ਨੂੰ ਇੱਕ ਮੰਤ੍ਰ ਸਮਝਣ ਪਿੱਛੇ ਇੱਕ ਵੱਡਾ ਕਾਰਨ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਲਿਖੀ ਹੋਈ ਇਸ ਪੰਗਤੀ ਨੂੰ ਪੜ੍ਹ ਕੇ ਪਿਆ ਜਾਪਦਾ ਹੈ।

"ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥" ਇਹ ਲਿਖਤ ਗੁਰਬਾਣੀ ਦੀ ਨਹੀਂ ਹੈ ਭਾਵ ਸੱਚੀ ਬਾਣੀ ਦੀ ਨਹੀਂ ਹੈ। ਗੁਰਬਾਣੀ ਆਪਣੇ ਆਪ ਵਿੱਚ ਪੂਰੀ ਬਾਣੀ ਹੈ, ਪੂਰਾ ਗੁਰੂ ਹੈ ਤੇ ਦੂਸਰੀਆਂ ਬਾਣੀਆਂ ਨਾਲ ਜੁੜ ਕੇ, ਕੱਚੀਆਂ ਬਾਣੀਆਂ ਨਾਲ ਜੁੜ ਕੇ, ਉਹਨਾਂ ਦੇ ਕੋਲੋਂ ਸੇਧ ਲੈ ਕੇ ਅਸੀਂ ਪੂਰੇ ਗੁਰੂ ਨੂੰ ਅਧੂਰਾ ਬਣਾਉਂਦੇ ਹਾਂ ਜੋ ਕਿ ਸਾਡੀ ਵੱਡੀ ਭੁੱਲ ਹੈ। ਗੁਰਬਾਣੀ ਤੋਂ ਬਿਨ੍ਹਾਂ ਭਾਵ ਪ੍ਰਮਾਤਮਾ ਦੀ ਆਪਣੀ ਲਿਖਾਈ ਹੋਈ ਬਾਣੀ ਤੋਂ ਬਿਨ੍ਹਾਂ ਹਰ ਕੋਈ ਬਾਣੀ ਕੱਚੀ ਬਾਣੀ ਹੈ ਭਾਵੇਂ ਉਹ ਕਿਸੇ ਦੀ ਵੀ ਲਿਖੀ ਹੋਈ ਹੈ। ਇਹ ਗੁਰਬਾਣੀ ਦਾ ਆਪਣਾ ਫੁਰਮਾਨ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

{ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥}

(ਅੰਗ ੯੨੦)

ਸੱਚੀ ਬਾਣੀ ਤੇ ਕੱਚੀ ਬਾਣੀ ਵਿੱਚ ਆਕਾਸ਼ ਤੇ ਪਾਤਾਲ ਵਰਗਾ ਫਰਕ ਹੈ। ਇਸ ਗੱਲ ਨੂੰ ਅੱਗੇ ਚੱਲ ਕੇ ਬੜੀ ਹੀ ਬਰੀਕੀ ਨਾਲ ਸਮਝਾਂਗੇ। ਮੁੱਖੋਂ ਹਰਿ ਹਰਿ ਕਰੀ ਜਾਣ ਨੂੰ ਭਾਵ ਕਿਸੇ ਅੱਖਰ ਨੂੰ ਜਪੀ ਜਾਣ ਨੂੰ, ਨਾਮ ਜਪਣਾ ਸਮਝਣਾ ਕੇਵਲ ਕੱਚਿਆਂ ਦੀ ਦੇਣ ਹੈ ਭਾਵੇਂ ਇਹ ਗੱਲ ਅਸੀਂ ਕਿਸੇ ਕੋਲੋਂ ਵੀ ਸਿੱਖੀ ਹੈ। ਕੱਚੀਆਂ ਬਾਣੀਆਂ ਲਿਖਣ ਵਾਲਿਆਂ ਨੂੰ ਵੀ ਕੱਚੇ ਕਹਿਆ ਹੈ, ਉਨ੍ਹਾਂ ਦੀ ਬਾਣੀ ਨੂੰ ਸੁਣਨ ਵਾਲਿਆਂ ਨੂੰ ਵੀ ਕੱਚੇ ਕਹਿਆ ਹੈ ਤੇ ਉਨ੍ਹਾਂ ਦੀ ਬਾਣੀ ਤੇ ਅਮਲ ਕਰਨ ਵਾਲਿਆਂ ਨੂੰ ਵੀ ਕੱਚੇ ਕਹਿਆ ਹੈ। ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਨੂੰ ਬੋਲੀ ਜਾਣ ਨੂੰ ਉੱਪਰ ਸ਼ਬਦ ਰਾਹੀਂ ਖੰਡਨ ਕੀਤਾ ਹੋਇਆ ਹੈ, ਸਾਡੀ ਅਗਿਆਨਤਾ ਦੱਸਿਆ ਹੋਇਆ ਹੈ। ਕਿਸੇ ਅੱਖਰ ਨੂੰ ਨਾਮ ਸਮਝਣਾ ਸਾਡਾ ਸਦੀਆਂ ਤੋਂ ਚੱਲਦਾ ਆ ਰਿਹਾ ਭੁਲੇਖਾ ਹੈ ਤੇ ਸਿੱਖ ਜਗਤਿ ਵੀ ਇਸੇ ਭੁਲੇਖੇ ਦਾ ਸ਼ਿਕਾਰ ਹੈ।

‘‘ਵਾਹਿਗੁਰੂ’’ ਅੱਖਰ ਨੂੰ ਨਾਮ ਸਮਝਣਾ ਸਾਡਾ ਵੱਡਾ ਭੁਲੇਖਾ ਹੈ। ਅਸੀਂ ਪਹਿਲੇ ਕੁੱਝ ਗੁਰਬਾਣੀ ਦੇ ਸ਼ਬਦਾਂ ਦੁਆਰਾ ਇਹ ਸਮਝਿਆ ਹੈ ਕਿ ਮੰਤ੍ਰ ਕੀ ਹੈ। ਬੜਾ ਸਪੱਸ਼ਟ ਹੈ ਕਿ ਮੰਤ੍ਰ ਗਿਆਨ ਹੈ। ਉੱਪਰ ਭਾਈ ਗੁਰਦਾਸ ਦੀ ਪੰਗਤੀ ਨੂੰ ਇਸ ਤਰੀਕੇ

ਸਮਝਿਆ ਜਾ ਸਕਦਾ ਹੈ। ਪੰਗਤੀ ਵਿੱਚ ਵੀ ਮੰਤ੍ਰ ਤੋਂ ਭਾਵ ਗਿਆਨ ਹੀ ਹੋਣਾ ਚਾਹੀਦਾ ਹੈ। ਵਾਹਿਗੁਰੂ ਪ੍ਰਮਾਤਮਾ ਆਪ ਹੈ। ਸਾਰੀ ਗੁਰਬਾਣੀ ਵਿੱਚ ਆਪ ਪ੍ਰਮਾਤਮਾ ਹੈ ਜੋ ਕਿ ਗਿਆਨ ਦੇ ਰੂਪ ਵਿੱਚ ਹੈ, ਸ਼ਬਦ ਰੂਪ ਵਿੱਚ ਹੈ। ਪ੍ਰਮਾਤਮਾ ਆਪ ਗੁਰੂ ਹੈ **(ਪੋਥੀ ਪਰਮੇਸਰ ਕਾ ਥਾਨੁ॥)**ਅੰਗ - 1226 । "ਵਾਹਿਗੁਰੂ" ਪੂਰੀ ਗੁਰਬਾਣੀ ਹੈ।"ਵਾਹਿਗੁਰੂ" ਗਿਆਨ ਹੈ, "ਵਾਹਿਗੁਰੂ" ਗੁਰ ਮੰਤ੍ਰ ਹੈ। "ਗੁਰਮੰਤ੍ਰ" ਤੋਂ ਭਾਵ ਹੈ ਗੁਰੂ ਦਾ ਗਿਆਨ, ਗੁਰਬਾਣੀ ਦਾ ਗਿਆਨ। ਗੁਰਬਾਣੀ ਦੇ ਗਿਆਨ ਨੂੰ ਜਪਣਾ ਹੀ ਵਾਹਿਗੁਰੂ ਨੂੰ ਜਪਣਾ ਹੈ, ਪ੍ਰਮਾਤਮਾ ਨੂੰ ਜਪਣਾ ਹੈ। ਗੁਰੂ ਦੇ ਗਿਆਨ ਦੁਆਰਾ ਹੀ ਸਾਡੀ ਹਉਮੈ ਮਿਟ ਸਕਦੀ ਹੈ ਜਿਸਦੀ ਕਿ ਬਾਣੀ ਵਾਰ-ਵਾਰ ਗੱਲ ਕਰ ਰਹੀ ਹੈ। ਇਹ ਸਾਡਾ ਕੇਵਲ ਇੱਕ ਭੁਲੇਖਾ ਹੈ ਕਿ ਵਾਹਿਗਰੂ ਕੋਈ ਲਫ਼ਜ਼ਾਂ ਦੇ ਬੋਲਣ ਵਾਲਾ ਮੰਤ੍ਰ ਹੈ। ਇਹ ਕੇਵਲ ਸਾਡੀ ਸਦੀਆਂ ਤੋਂ ਚੱਲਦੀ ਆ ਰਹੀ ਵਿਚਾਰਧਾਰਾ ਦਾ ਨਤੀਜਾ ਹੈ। ਬਾਣੀ ਸਾਨੂੰ ਜਿਹੜੀ ਵਿਚਾਰਧਾਰਾ ਤੋਂ ਉਭਰਨ ਦੀ ਗੱਲ ਕਰਦੀ ਹੈ ਅਸੀਂ ਉੱਥੋਂ ਨਿਕਲ ਨਹੀਂ ਪਾ ਰਹੇ।ਵੈਸੇ ਵੀ ਉੱਤੇ ਦਿੱਤੀ ਹੋਈ ਪੰਗਤੀ ਵਿੱਚ ਨਾਮ ਦੀ ਗੱਲ ਕਿੱਥੇ ਕੀਤੀ ਗਈ ਹੈ, ਇਹ ਸਾਡੀ ਆਪਣੀ ਪਾਈ ਹੋਈ ਉਲਝਣ ਹੀ ਹੈ ਕਿ ਕੋਈ ਅੱਖਰ ਨਾਮ ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਕਿਤੇ ਇਹ ਗੱਲ ਨਹੀਂ ਸਮਝਾਈ ਗਈ ਕਿ ਵਾਹਿਗੁਰੂ ਅੱਖਰ ਬੋਲਣਾ ਨਾਮ ਜਪਣਾ ਹੈ, ਬਲਕਿ ਅੱਖਰ ਨੂੰ ਜਪਣ ਦਾ ਖੰਡਨ ਕੀਤਾ ਹੋਇਆ ਹੈ।

ਮੂੰਹੋਂ ਵਾਹਿਗੁਰੂ ਬੋਲਣਾ ਕੋਈ ਮਾੜੀ ਗੱਲ ਨਹੀਂ ਹੈ, ਬਲਕਿ ਚੰਗੀ ਗੱਲ ਹੈ। ਇਹ ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਇੱਕ ਨਾਂ ਹੈ ਜਿਵੇਂ ਕਿ ਪ੍ਰਮਾਤਮਾ ਦੇ ਹੋਰ ਵੀ ਅਨੇਕਾਂ ਨਾਮ ਹਨ। ਅਸੀਂ ਦਿਨ ਵਿੱਚ ਅਨੇਕਾਂ ਵਾਰ ਵਾਹਿਗੁਰੂ ਬੋਲਦੇ ਹਾਂ ਪਰ ਇਸ ਨੂੰ ਨਾਮ ਜਪਣਾ ਨਹੀਂ ਸਮਝਣਾ ਚਾਹੀਦਾ। ਦਾਸ ਵੀ ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਦਿਨ ਵਿੱਚ ਅਨੇਕਾਂ ਵਾਰ ਵਾਹਿਗੁਰੂ ਬੋਲਦਾ ਹੈ।

"ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ॥
ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ॥3॥"

(ਅੰਗ ੧੩੯੯)

ਆਓ ਉੱਪਰ ਲਿਖੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ ਤੇ ਸਮਝ ਲੱਗ ਜਾਵੇਗੀ ਕਿ ਗੁਰੂ ਗੁਰੂ ਕਰਕੇ ਜਪਣਾ ਕੀ ਹੈ। ਜੋ ਗੁਰੂ ਗੁਰੂ ਬੋਲ ਕੇ ਦਿਨ ਰਾਤ ਪ੍ਰਮਾਤਮਾ ਨੂੰ ਜਪਦੇ ਹਨ ਉਹ ਆਪਣੇ ਵੱਲੋਂ ਪ੍ਰਮਾਤਮਾ ਨੂੰ ਪਾਉਣ ਲਈ ਉਸ ਅੱਗੇ ਬੇਨਤੀ ਕਰਦੇ ਹਨ। ਹਰ ਕੋਈ ਇਹੀ ਸਮਝ ਕੇ ਉਸਨੂੰ ਜਪਦਾ ਹੈ ਕਿ ਅਸੀਂ ਪ੍ਰਮਾਤਮਾ ਅੱਗੇ ਬੇਨਤੀ ਕਰ ਰਹੇ ਹਾਂ ਜਿਸ ਦੁਆਰਾ ਅਸੀਂ ਜਨਮ ਮਰਨ ਦੇ ਗੇੜ ਤੋਂ ਬੱਚ ਜਾਵਾਂਗੇ। ਪਰ ਨਾਲ ਹੀ ਅਗਲੀ ਪੰਗਤੀ ਵਿੱਚ ਇਹ ਸਮਝਾਇਆ ਹੈ ਕਿ ਸਾਡਾ ਇਹ ਬੇਨਤੀ ਕਰਨ ਦਾ ਤਰੀਕਾ ਠੀਕ ਨਹੀਂ ਹੈ, ਇਹ ਨਾਮ ਜਪਣ ਦਾ ਤਰੀਕਾ ਨਹੀਂ ਹੈ, ਜਨਮ ਮਰਨ ਦੇ ਗੇੜ ਤੋਂ ਬਚਣ ਦਾ ਤਰੀਕਾ ਨਹੀਂ ਹੈ। ਅਸਲ ਤਰੀਕਾ ਇਹ ਹੈ ਕਿ ਜੋ ਗੁਰੂ ਦੇ ਉਪਦੇਸ਼ ਨੂੰ, ਨਿਯਮ ਨੂੰ ਆਪਣੇ ਹਿਰਦੇ ਅੰਦਰ ਰੱਖਦੇ ਹਨ, ਧਾਰ ਲੈਂਦੇ ਹਨ, ਭਾਵ ਉਸ ਤੇ ਅਮਲ ਕਰਦੇ ਹਨ ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ ਭਾਵ ਉਹ ਪ੍ਰਮਾਤਮਾ ਨੂੰ ਪਾ ਲੈਂਦੇ ਹਨ। ਸਾਰੀ ਗੱਲ ਗੁਰੂ ਦੇ ਉਪਦੇਸ਼ ਨੂੰ ਮਨ ਦੇ ਵਿੱਚ ਧਾਰਨ ਦੀ ਹੈ, ਬੋਲ ਬੋਲ ਕੇ ਜਪਣ ਨਾਲ ਸਾਡੀ ਬੇਨਤੀ ਪ੍ਰਵਾਨ ਨਹੀਂ ਹੁੰਦੀ। (**ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ॥ ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ॥**) ਨਾਮ ਨੂੰ ਆਪਣੇ ਹਿਰਦੇ ਵਿੱਚ ਧਾਰਨ ਕਰਨਾ, ਵਸਾਉਣਾ ਕੀ ਹੈ, ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ, ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ।

{ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥}

(ਅੰਗ ੪੩੭)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ॥
ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ॥}

(ਅੰਗ ੨੬)

{ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥}

(ਅੰਗ ੩੩)

ਨਾਮ ਨੂੰ ਸਮਝਣ ਵਿੱਚ ਦੂਸਰਾ ਵੱਡਾ ਭੁਲੇਖਾ ਜਪੁਜੀ ਬਾਣੀ ਦੇ ਹੇਠ ਦਿੱਤੇ ਸ਼ਬਦ ਦੇ ਸਹੀ ਅਰਥ ਨਾ ਸਮਝ ਆਉਣ ਕਰਕੇ ਪਿਆ ਜਾਪਦਾ ਹੈ।

"ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥24॥"

(ਅੰਗ ੫)

ਆਮ ਧਾਰਨਾ ਅਨੁਸਾਰ ਇਸ ਦੇ ਅਰਥ ਇਸ ਤਰ੍ਹਾਂ ਕੀਤੇ ਜਾਂਦੇ ਹਨ ਕਿ ਨਾਮ ਪ੍ਰਮਾਤਮਾ ਤੋਂ ਵੀ ਉੱਚਾ ਹੈ। ਇਹ ਧਾਰਨਾ ਬਿਲਕੁਲ ਗਲਤ ਹੈ ਤੇ ਇਹ ਇਸਦੇ ਸਹੀ ਅਰਥ ਨਹੀਂ ਹਨ।

ਇਸ ਸ਼ਬਦ ਦੇ ਅਰਥ ਜਪੁਜੀ ਬਾਣੀ ਦੇ ਸ਼ਬਦ ਅਰਥਾਂ ਵਿੱਚ ਵੀ ਕੀਤੇ ਜਾ ਚੁੱਕੇ ਹਨ। ਉਹ ਅਰਥ ਨੀਚੇ ਦੁਹਰਾਏ ਜਾ ਰਹੇ ਹਨ।

"ਵਡਾ ਸਾਹਿਬੁ ਊਚਾ ਥਾਉ॥":- ਪ੍ਰਮਾਤਮਾ ਬਹੁਤ ਹੀ ਵੱਡਾ ਹੈ ਅਤੇ ਉਸਦਾ ਸਥਾਨ ਬਹੁਤ ਹੀ ਉੱਚਾ ਹੈ ਭਾਵ ਉਹ ਬਹੁਤ ਹੀ ਵੱਡੀ ਤਾਕਤ ਦਾ ਮਾਲਕ ਹੈ।

"ਊਚੇ ਉਪਰਿ ਊਚਾ ਨਾਉ॥":- ਪ੍ਰਮਾਤਮਾ ਨੂੰ ਉੱਚਾ ਬਣਾਉਣ ਵਾਲਾ ਉਸਦਾ ਨਾਮ ਹੈ ਭਾਵ ਪ੍ਰਮਾਤਮਾ ਆਪਣੇ ਨਾਮ ਕਰਕੇ ਉੱਚਾ ਹੈ। "ਨਾਉ" ਤੋਂ ਭਾਵ ਹੈ ਪ੍ਰਮਾਤਮਾ ਦਾ ਉੱਚਾ ਗਿਆਨ ਭਾਵ ਬ੍ਰਹਮ ਗਿਆਨ ਜਿਸ ਗਿਆਨ ਕਰਕੇ ਪ੍ਰਮਾਤਮਾ ਉੱਚਾ ਹੈ।

"ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥":- ਤੋਂ ਭਾਵ ਹੈ ਪ੍ਰਮਾਤਮਾ ਵਰਗੇ ਉੱਚੇ ਗਿਆਨ ਵਾਲਾ, ਵੱਡੇ ਗਿਆਨ ਵਾਲਾ ਕੋਈ ਹੋਵੇ ਤੇ ਤਾਂ ਹੀ ਉਹ ਇਤਨੇ ਵੱਡੇ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਇਤਨਾ ਵੱਡਾ ਗਿਆਨ ਨਾ ਕਿਸੇ ਕੋਲ ਹੋਵੇ ਤੇ ਨਾ ਹੀ ਕੋਈ ਉਸਨੂੰ ਜਾਣੇ। **(ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥)**

"ਜੇਵਡੁ ਆਪਿ ਜਾਣੈ ਆਪਿ ਆਪਿ॥" :- ਜਿਤਨਾ ਵੱਡਾ ਕੋਈ ਆਪ ਹੁੰਦਾ ਹੈ ਭਾਵ ਜਿਤਨਾ ਗਿਆਨ ਜਿਸ ਮਨੁੱਖ ਦੇ ਕੋਲ ਹੁੰਦਾ ਹੈ ਉਹ ਆਪਣੇ ਆਪ ਦੇ ਬਰਾਬਰ ਵਾਲੇ ਗਿਆਨ ਦੀ ਗੱਲ ਨੂੰ ਹੀ ਜਾਣ ਸਕਦਾ ਹੈ ਭਾਵ ਜਿਤਨਾ ਗਿਆਨ ਮਨੁੱਖ ਕੋਲ ਹੁੰਦਾ ਹੈ ਉਸ ਤੋਂ ਵੱਧ ਗਿਆਨ ਵਾਲੀ ਗੱਲ ਨੂੰ ਉਹ ਨਹੀਂ ਜਾਣ ਸਕਦਾ। ਇੱਕ ਛੋਟੀ ਕਲਾਸ ਵਿੱਚ ਪੜ੍ਹਨ ਵਾਲਾ ਬੱਚਾ ਵੱਡੀ ਕਲਾਸ ਵਿੱਚ ਪੜ੍ਹਨ ਵਾਲੇ ਬੱਚੇ ਦੀ ਬਰਾਬਰੀ ਨਹੀਂ ਕਰ ਸਕਦਾ।

"ਨਾਨਕ ਨਦਰੀ ਕਰਮੀ ਦਾਤਿ॥" :- ਪ੍ਰਮਾਤਮਾ ਕਿਸੇ ਵੱਡੇ ਕਰਮਾਂ (ਭਾਗਾਂ) ਵਾਲੇ ਮਨੁੱਖ ਤੇ ਹੀ ਆਪਣੀ ਮਿਹਰ ਕਰਕੇ ਉਸਨੂੰ ਆਪਣੇ ਬ੍ਰਹਮ ਗਿਆਨ ਦੀ ਦਾਤਿ ਬਖਸ਼ਦਾ ਹੈ, ਆਪਣੇ ਨਾਮ ਦੀ ਦਾਤਿ ਬਖਸ਼ਦਾ ਹੈ ਜਿਸ ਦੁਆਰਾ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ, "ਨਾਮੁ" ਨੂੰ ਜਾਣ ਸਕਦਾ ਹੈ। ਬ੍ਰਹਮ ਗਿਆਨ ਵਾਲਾ ਬਣ ਕੇ ਹੀ ਬ੍ਰਹਮ ਗਿਆਨ ਰੂਪ ਪ੍ਰਮਾਤਮਾ ਨੂੰ ਸਮਝਿਆ ਜਾ ਸਕਦਾ ਹੈ, ਨਾਮ ਦੀ ਪ੍ਰਾਪਤੀ ਹੋਣ ਦੁਆਰਾ ਹੀ ਨਾਮ ਦੇ ਮਾਲਕ ਨੂੰ ਸਮਝਿਆ ਜਾ ਸਕਦਾ ਹੈ।

ਨਾਮ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਵੱਡਾ ਹੋਰ ਕੋਈ ਨਹੀਂ ਹੈ। ਇਹ ਭੁਲੇਖਾ ਕਦੇ ਵੀ ਨਹੀਂ ਰਹਿਣਾ ਚਾਹੀਦਾ ਕਿ ਪ੍ਰਮਾਤਮਾ ਤੋਂ ਵੱਡਾ ਉਸਦਾ ਨਾਮ ਹੈ। ਪ੍ਰਮਾਤਮਾ ਆਪ ਹੀ ਨਾਮ ਦੇ ਰੂਪ ਵਿੱਚ ਹੈ ਤੇ ਨਾਮ ਦਾ ਮਾਲਕ ਕੇਵਲ ਉਹ ਆਪ ਹੀ ਹੈ।

{ਉਚੇ ਤੇ ਊਚਾ ਭਗਵੰਤ}

(ਅੰਗ ੨੬੮)

{ਸਭ ਮਹਿ ਊਚ ਬਿਸੇਖ ਗਿਆਨੁ॥}

(ਅੰਗ ੨੬੮)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥}

(ਅੰਗ 904)

ਵੱਡਾ ਭੁਲੇਖਾ ਪੈਣ ਦਾ ਕਾਰਨ ਸੱਚੀ ਬਾਣੀ ਤੋਂ ਬਾਹਰ ਨਿਕਲਣਾ ਹੈ। ਅਸੀਂ ਸੱਚੀ ਬਾਣੀ ਦੀ ਗੱਲ ਨੂੰ ਪਿੱਛੇ ਕਰਕੇ ਤੇ ਕੱਚੀਆਂ ਬਾਣੀਆਂ, ਸੁਣੀਆਂ ਸੁਣਾਈਆਂ ਗੱਲਾਂ ਤੇ ਯਕੀਨ ਜ਼ਿਆਦਾ ਕਰਨ ਲੱਗ ਜਾਂਦੇ ਹਾਂ। ਸੱਚੀ ਗੱਲ ਕੇਵਲ ਬਾਣੀ ਹੀ ਦੱਸ ਸਕਦੀ ਹੈ ਕਿਉਂਕਿ ਇਸਦੇ ਉੱਪਰ ਹੀ ਸਤਿਗੁਰੂ ਦੀ ਮੋਹਰ ਲੱਗੀ ਹੋਈ ਹੈ। ਪ੍ਰਮਾਤਮਾ ਦੇ ਆਪਣੇ ਰਚੇ ਹੋਏ ਧਰਮ ਗ੍ਰੰਥਾਂ ਤੋਂ ਇਲਾਵਾ ਹੋਰ ਕੋਈ ਵੀ ਬਾਣੀ, ਪੁਸਤਕ ਕੱਚੀ ਬਾਣੀ ਹੀ ਹੈ **(ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥)**। ਕੱਚੀ ਤੋਂ ਭਾਵ ਇਹ ਨਹੀਂ ਸਮਝਣਾ ਚਾਹੀਦਾ ਕਿ ਉਹ ਗਲਤ ਹੈ। ਉਸਦੀ ਗੱਲ ਠੀਕ ਵੀ ਹੋ ਸਕਦੀ ਹੈ ਤੇ ਨਹੀਂ ਵੀ ਹੋ ਸਕਦੀ ਕਿਉਂਕਿ ਉਹ ਕੱਚੀ ਹੈ ਭਾਵ ਉਹ ਗੁਰੂ ਦੀ ਪ੍ਰਮਾਣਿਤ ਗੱਲ ਨਹੀਂ ਹੈ। ਇੱਧਰੋਂ- ਉੱਧਰੋਂ ਪੜ੍ਹੀਆਂ ਸੁਣੀਆਂ ਗੱਲਾਂ ਦਾ ਅਸਰ ਜਲਦੀ ਹੋ ਜਾਂਦਾ ਹੈ ਤੇ ਮਨੁੱਖ ਬਜਾਇ ਆਪ ਕੋਸ਼ਿਸ਼ ਕਰਨ ਦੇ ਭਾਵ ਬਜਾਇ ਸੱਚੀ ਬਾਣੀ ਨੂੰ ਖੋਜਣ ਦੇ, ਉਨ੍ਹਾਂ ਕੱਚਿਆਂ ਦੀ ਗੱਲ ਤੇ ਹੀ ਯਕੀਨ ਕਰ ਲੈਂਦਾ ਹੈ। ਗੁਰਬਾਣੀ ਧਰਮ ਦੇ ਮਾਰਗ ਨੂੰ ਜਾਨਣ ਲਈ ਸੱਚੀ ਕਸਵੱਟੀ ਹੈ। ਬਾਣੀ ਖਰੇ ਖੋਟੇ ਦੀ ਪਹਿਚਾਣ ਕਰਦੀ ਹੈ। ਭਾਵੇਂ ਗੱਲ ਖਰੇ ਖੋਟੇ ਮਨੁੱਖ ਦੀ ਹੋਵੇ ਜਾਂ ਕੱਚੀ ਸੱਚੀ ਗੱਲ ਦੀ ਹੋਵੇ। ਖੋਟੀ ਚੀਜ਼ ਬਾਣੀ ਤੇ ਖਰੀ ਨਹੀਂ ਉਤਰ ਸਕਦੀ। ਸਿਰਫ ਕਸਵੱਟੀ ਤੇ ਲਾਉਣਾ ਆਉਣਾ ਚਾਹੀਦਾ ਹੈ। ਬਸ ਇੱਥੇ ਹੀ ਅਸੀਂ ਭੁੱਲ ਕਰ ਜਾਂਦੇ ਹਾਂ। ਧਾਰਮਿਕ ਪੁਸਤਕਾਂ ਜੋ ਕੋਈ ਵੀ ਲਿਖਦਾ ਹੈ ਉਹ ਸ਼ਰਧਾ ਨਾਲ ਹੀ ਲਿਖਦਾ ਹੈ। ਜਿੰਨੀ ਜਿੰਨੀ ਸਮਰੱਥਾ ਕਿਸੇ ਦੀ ਹੈ, ਉਹ ਉਸੇ ਅਨੁਸਾਰ ਹੀ ਲਿਖਦਾ ਹੈ। ਪੁਸਤਕਾਂ ਪੜ੍ਹਨੀਆਂ ਚੰਗੀ ਗੱਲ ਹੈ। ਪੁਸਤਕਾਂ ਵਿੱਚੋਂ ਬਹੁਤ ਸਾਰੀਆਂ ਚੰਗੀਆਂ ਗੱਲਾਂ ਵੀ ਮਿਲਦੀਆਂ ਹਨ ਪਰ ਹਰ ਗੱਲ ਤੇ ਅੱਖਾਂ ਮੀਟ ਕੇ ਯਕੀਨ ਨਹੀਂ ਕਰ ਲੈਣਾ ਚਾਹੀਦਾ। ਜੋ ਗੱਲ ਗੁਰੂ ਦੇ ਗਿਆਨ ਤੇ ਖਰੀ ਨਾ ਉਤਰੇ ਉਸਨੂੰ ਕਦੇ ਨਹੀਂ ਮੰਨਣਾ ਚਾਹੀਦਾ। ਇਸੇ ਤਰ੍ਹਾਂ ਹੀ ਭੁਲੇਖੇ ਵੱਧਦੇ ਰਹਿੰਦੇ ਹਨ। **(ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥)** ਇਸ ਪੂਰੇ ਸ਼ਬਦ ਨੂੰ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ।

“ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ॥
ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥240॥”

(ਅੰਗ ੧੩੭੭)

“ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥੧॥”

(ਅੰਗ ੧੧੦੨)

ਇਨ੍ਹਾਂ ਸ਼ਬਦਾਂ ਰਾਹੀਂ ਸੱਚੀ ਤੇ ਕੱਚੀ ਬਾਣੀ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਉੱਪਰ ਪਹਿਲੇ ਸ਼ਬਦ ਰਾਹੀਂ ਅਕਾਲ ਪੁਰਖ ਰੂਪ ਧੰਨ ਧੰਨ ਭਗਤ ਕਬੀਰ ਜੀ ਸਾਨੂੰ ਕੀ ਸਮਝਾ ਰਹੇ ਹਨ ਆਉ ਇਸ ਗੱਲ ਨੂੰ ਸਮਝੀਏ ਕਿ ਪ੍ਰਮਾਤਮਾ ਨੂੰ ਕਿਸ ਤਰੀਕੇ ਪਾਇਆ ਜਾ ਸਕਦਾ ਹੈ, ਉਸਨੂੰ ਪਾਉਣ ਦਾ ਤਰੀਕਾ ਕੀ ਹੈ। ਸ਼ਬਦ ਰਾਹੀਂ ਸਾਨੂੰ ਪੱਕੇ ਤੇ ਕੱਚੇ ਦੀ ਮਤਿ ਦਾ ਫਰਕ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨਾਲ ਮੇਲ ਦਾ ਤਰੀਕਾ ਸਾਨੂੰ ਸੱਚੀ ਮਤਿ ਵਾਲਾ, ਪੱਕੀ ਮਤਿ ਵਾਲਾ ਹੀ ਸਮਝਾ ਸਕਦਾ ਹੈ ਜਿਸ ਦੀ ਮਤਿ ਬਾਰੇ ਕੋਈ ਸ਼ੱਕ ਨਹੀਂ ਕਰ ਸਕਦਾ। ਪੱਕੀ ਮਤਿ ਵਾਲਾ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਹੈ। ਸਾਨੂੰ ਸ਼ਬਦ ਰਾਹੀਂ ਇਹ ਸਮਝਾਇਆ ਜਾ ਰਿਹਾ ਹੈ ਕਿ ਸਾਨੂੰ ਮਤਿ ਕੇਵਲ ਗੁਰੂ ਦੇ ਕੋਲੋਂ ਹੀ ਲੈਣੀ ਚਾਹੀਦੀ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਮਾਰਗ ਸਮਝਾ ਸਕਦਾ ਹੈ। (**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ॥**) ਗੁਰੂ ਦੀ ਮਤਿ ਨੂੰ ਛੱਡਕੇ ਜੋ ਇੱਧਰੋਂ -ਉੱਧਰੋਂ, ਦੂਸਰਿਆਂ ਦੇ ਕੋਲੋਂ ਮਤਿ ਲੈਂਦੇ ਹਨ, ਭਗਤੀ ਦਾ, ਨਾਮ ਜਪਣ ਦਾ ਮਾਰਗ ਸਿੱਖਦੇ ਹਨ ਉਹਨਾਂ ਨੂੰ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥”

ਕੱਚੀ ਮਤਿ ਵਾਲਿਆਂ ਦੀ ਤੁਲਨਾ ਕੱਚੀ ਸਰਸੋਂ ਦੇ ਨਾਲ ਕੀਤੀ ਹੋਈ ਹੈ। ਗੁਰੂ ਤੋਂ ਬਿਨ੍ਹਾਂ ਹਰ ਕੋਈ ਕੱਚੀ ਮਤਿ ਵਾਲਾ ਹੈ। ਕੇਵਲ ਉਹੀ ਮਤਿ ਸੱਚੀ ਹੈ ਜੋ ਮਤਿ ਪ੍ਰਮਾਤਮਾ ਨੂੰ ਜਾਣਦੀ ਹੈ ਤੇ ਸੱਚੀ ਮਤਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ, ਨਾਮ ਦੇ ਰੂਪ ਵਿੱਚ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਵੇਂ ਕਿ ਉਸਨੇ

ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤੀ ਹੈ, ਉਨ੍ਹਾਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਦਿੱਤੀ ਹੈ। ਇਹ ਸੱਚੀ ਮਤਿ, ਪੱਕੀ ਮਤਿ ਹੈ ਜੋ ਕਦੇ ਬਦਲ ਨਹੀਂ ਸਕਦੀ, ਕਦੇ ਡੋਲ ਨਹੀਂ ਸਕਦੀ ਕਿਉਂਕਿ ਇਹ ਮਤਿ ਮਾਇਆ ਮੋਹ ਤੋਂ ਰਹਿਤ ਹੁੰਦੀ ਹੈ, ਹਉਮੈ ਤੋਂ ਰਹਿਤ ਹੁੰਦੀ ਹੈ, ਹਰ ਭਰਮ ਤੋਂ ਰਹਿਤ ਹੁੰਦੀ ਹੈ ਜਿਸ ਕਰਕੇ ਇਹ ਸਦਾ ਰਹਿਣ ਵਾਲੀ ਮਤਿ ਹੈ। ਗੁਰਬਾਣੀ ਦੇ ਅੰਦਰ ਇਹ ਸਦਾ ਰਹਿਣ ਵਾਲੀ ਪੱਕੀ ਮਤਿ ਹੈ ਜੋ ਕਿ ਗੁਰੂ ਸਾਹਿਬ ਦੇ ਬਚਨਾਂ ਦੇ ਰੂਪ ਵਿੱਚ ਹੈ। (**ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥1॥ ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥2॥ ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥ ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥3॥**) ਅੰਗ - 1204

ਪੱਕੀ ਮਤਿ ਵਿੱਚ ਤੇ ਕੱਚੀ ਮਤਿ ਵਿੱਚ ਕਿਤਨਾ ਕੁ ਫਰਕ ਹੁੰਦਾ ਹੈ ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਪੱਕੀ ਮਤਿ ਚੌਥੇ ਪਦ ਦਾ ਗਿਆਨ ਹੈ ਤੇ ਕੱਚੀ ਨਾ ਸਮਝ ਮਤਿ ਤ੍ਰੈਗੁਣਾਂ ਵਾਲੀ ਸਮਝ ਵਾਲਾ ਗਿਆਨ ਹੈ। ਕੱਚੀ ਮਤਿ ਸੱਚੀ ਮਤਿ ਅੱਗੇ ਟਿਕ ਨਹੀਂ ਸਕਦੀ। ਹਰ ਕਿਸੇ ਨੂੰ ਪ੍ਰਮਾਤਮਾ ਨੇ ਕੱਚੀ ਮਤਿ ਵਿੱਚ ਭਾਵ ਤ੍ਰੈਗੁਣਾਂ ਵਿੱਚ, ਹਉਮੈ ਵਾਲੀ ਸਮਝ ਵਿੱਚ, ਮਾਇਆ ਮੋਹ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਭਗਤ ਕਬੀਰ ਜੀ ਸਾਡੀ ਇਹੋ ਜਿਹੀ ਕੱਚੀ ਮਤਿ ਦੀ ਤੁਲਨਾ ਕੱਚੀ ਸਰਸੋਂ ਨਾਲ ਕਰਕੇ ਸਾਨੂੰ ਸਮਝਾ ਰਹੇ ਹਨ ਕਿ ਜਿਵੇਂ ਕੱਚੀ ਸਰਸੋਂ ਪੀੜਨ ਨਾਲ ਉਸ ਵਿੱਚੋਂ ਨਾ ਹੀ ਤੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਨਾ ਹੀ ਖਲ ਦੀ ਪ੍ਰਾਪਤੀ ਹੁੰਦੀ ਹੈ, ਇਸੇ ਤਰ੍ਹਾਂ ਕੱਚੀ ਮਤਿ ਵਾਲਿਆਂ ਦੇ ਪਿੱਛੇ ਲੱਗ ਕੇ, ਉਹਨਾਂ ਕੋਲੋਂ ਭਗਤੀ ਦਾ ਮਾਰਗ ਸਮਝਣ ਨਾਲ, ਨਾਮ ਜਪਣਾ ਸਮਝਣ ਨਾਲ ਸਾਨੂੰ ਕਿਸੇ ਫਲ ਦੀ ਪ੍ਰਾਪਤੀ ਨਹੀਂ ਹੋਣੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋਣੀ। ਸਾਨੂੰ ਭਗਤੀ ਦਾ ਮਾਰਗ ਕੇਵਲ ਗੁਰੂ ਕੋਲੋਂ ਸਿਖਣਾ ਚਾਹੀਦਾ ਹੈ। ਜਿਸਦੀ ਸਮਝ ਸੱਚੀ ਹੈ, ਜੋ ਸੱਚ ਰੂਪ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸਮਝ ਹੈ। (**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥ ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ॥**)

ਜੋ ਗੱਲ ਅਸੀਂ ਉੱਪਰ ਵਾਲੇ ਸ਼ਬਦ ਦੁਆਰਾ ਸਮਝੀ ਹੈ, ਉਹੀ ਗੱਲ ਸਾਨੂੰ ਅਕਾਲ ਪੁਰਖ ਰੂਪ ਧੰਨ ਧੰਨ ਪੰਜਵੀਂ ਪਾਤਿਸ਼ਾਹੀ ਅਗਲੇ ਸ਼ਬਦ ਰਾਹੀਂ ਸਮਝਾ ਰਹੇ ਹਨ।

“ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥1॥”

(ਅੰਗ - ੧੧੦੨)

ਕੱਚੇ ਪੱਕੇ ਵਿੱਚ ਕੀ ਫਰਕ ਹੈ ਇਸ ਗੱਲ ਨੂੰ ਅਸੀਂ ਪਹਿਲੇ ਸਮਝ ਹੀ ਚੁੱਕੇ ਹਾਂ। ਕੱਚੀ ਮਤਿ ਵਾਲੇ ਅਨੇਕਾਂ ਹੀ ਹਨ ਜੋ ਸਾਨੂੰ ਧਰਮ ਦਾ ਮਾਰਗ ਸਮਝਾਉਂਦੇ ਹਨ ਜੋ ਮਾਰਗ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦਾ। ਸਾਨੂੰ ਇਹੋ ਜਿਹੀਆਂ ਦੀ ਮਤਿ ਤੋਂ ਦੂਰ ਰਹਿਣ ਲਈ ਸਮਝਾਇਆ ਹੋਇਆ ਹੈ ਜੋ ਸਾਨੂੰ ਗੁਰੂ ਦੀ ਮਤਿ ਨਾਲੋਂ ਵੱਖਰਾ ਧਰਮ ਦਾ ਮਾਰਗ ਸਮਝਾਉਂਦੇ ਹਨ ਭਾਵ ਆਪਣੀ-ਆਪਣੀ ਮਤਿ ਦੁਆਰਾ, ਆਪਣੀ-ਆਪਣੀ ਧਾਰਮਿਕ ਆਸਥਾ ਦੁਆਰਾ ਭਗਤੀ ਦੇ ਵੱਖਰੇ-ਵੱਖਰੇ ਤਰੀਕੇ ਸਮਝਾਉਂਦੇ ਹਨ, ਵੱਖਰਾ-ਵੱਖਰਾ ਨਾਮ ਸਮਝਾਉਂਦੇ ਹਨ। ਇਨ੍ਹਾਂ ਦੀ ਮਤਿ ਨੂੰ ਛੱਡ ਕੇ ਸਾਨੂੰ ਸੱਜਣ ਦੀ ਮਤਿ ਨਾਲ, ਸੰਤ ਦੀ ਮਤਿ ਨਾਲ ਜੁੜਣ ਲਈ ਪ੍ਰੇਰਿਆ ਹੋਇਆ ਹੈ। ਸਾਡਾ ਸੱਜਣ ਕੌਣ ਹੈ, ਸੰਤ ਕੌਣ ਹੈ, ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਸਭ ਕੁੱਝ ਬਾਣੀ ਦੇ ਵਿੱਚ ਹੀ ਸਾਨੂੰ ਸਮਝਾਇਆ ਹੋਇਆ ਹੈ। ਸਾਡੇ ਸੱਜਣ ਅਖਵਾਉਣ ਵਾਲੇ, ਸੰਤ ਅਖਵਾਉਣ ਵਾਲੇ ਬਹੁਤ ਹਨ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਾਬਤ ਕਰਦੇ ਹਨ ਕਿ ਉਨ੍ਹਾਂ ਨੂੰ ਧਰਮ ਦੇ ਮਾਰਗ ਦੀ ਬੜੀ ਸਮਝ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਲੇਖ ਵਿੱਚ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਸਾਨੂੰ ਬਾਣੀ ਵਿੱਚ ਇਹੋ ਜਿਹਿਆਂ ਬਾਰੇ ਬਹੁਤ ਕੁੱਝ ਸਮਝਾਇਆ ਹੋਇਆ ਹੈ, ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ, ਬੜੇ ਹੀ ਗਹਿਰੇ ਢੰਗ ਨਾਲ ਸਮਝਾਇਆ ਹੋਇਆ ਹੈ। ਅਸੀਂ ਕੇਵਲ ਏਹੋ ਗੱਲ ਆਪਣੇ ਅੰਦਰ ਧਾਰ ਕੇ ਰੱਖੀਏ ਕਿ ਸਾਡਾ ਸੱਜਣ ਗੁਰੂ ਆਪ ਹੀ ਹੈ ਜੋ ਆਪ ਹੀ ਸੱਚਾ ਸੰਤ ਹੈ, ਪ੍ਰਮਾਤਮਾ ਦਾ ਰੂਪ ਹੈ ਜੋ ਸਾਨੂੰ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਮਤਿ ਦੇ ਸਕਦਾ ਹੈ। (**ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥1॥ ਰਹਾਉ ॥** ਅੰਗ-41) (**ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥ ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ**

ਬਿਸੁ ਹਰਿ ਕਾਢਿਬਾ ॥ ਅੰਗ-697) (**ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥ ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ॥** ਅੰਗ-1094) ਸੰਤ ਰੂਪ ਵੀ ਗੁਰੂ ਦਾ ਆਪਣਾ ਰੂਪ ਹੈ ਜੋ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਭਾਵੇਂ ਆਪਣੇ ਆਪ ਨੂੰ ਸੰਤ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ। ਸਾਡਾ ਇਹ ਭਰਮ ਗੁਰਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ ਕਿ ਸੱਚਾ ਸੰਤ ਕੌਣ ਹੈ ਤੇ ਇਸਨੂੰ ਅੱਗੇ ਚੱਲਕੇ ਸਮਝਾਂਗੇ।

“ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥”

(ਅੰਗ - 97)

ਸ਼ਬਦ ਦੀਆਂ ਏਨਾਂ ਪੰਗਤੀਆਂ ਰਾਹੀਂ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਸੰਤ ਦੇ ਨਾਲ ਮੇਲ ਕੀ ਹੈ। ਸੰਤ ਦੇ ਨਾਲ ਮੇਲ ਪ੍ਰਮਾਤਮਾ ਦੇ ਨਾਲ ਮੇਲ ਹੈ, ਪ੍ਰਭੂ ਅਬਿਨਾਸੀ ਦੇ ਨਾਲ ਮੇਲ ਹੈ ਜੋ ਮੇਲ ਆਪਣੇ ਘਰ ਦੇ ਵਿੱਚ ਹੀ ਹੁੰਦਾ ਹੈ ਭਾਵ ਮਨ ਦੇ ਵਿੱਚ ਹੀ ਹੁੰਦਾ ਹੈ। ਜੋ ਆਪਣੇ ਅੰਦਰੋਂ ਸੱਜਣ ਸੰਤ ਨੂੰ ਜਾਣ ਲੈਂਦਾ ਹੈ, ਪ੍ਰਮਾਤਮਾ ਦੇ ਗੁਰੂ ਰੂਪ ਨੂੰ ਜਾਣ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਭਾਵ ਇਸ ਮਨੁੱਖੀ ਸਰੀਰ ਨੂੰ ਸੰਤ ਨਹੀਂ ਕਹਿ ਸਕਦਾ। ਆਪਣੇ ਆਪ ਨੂੰ ਕੋਈ ਸੰਤ ਉਹ ਹੀ ਕਹਿ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਸੱਚੇ ਸੰਤ ਨੂੰ, ਗੁਰੂ ਨੂੰ, ਪ੍ਰਮਾਤਮਾ ਨੂੰ ਨਹੀਂ ਜਾਣਿਆ। ਇਸੇ ਲਈ ਸਾਨੂੰ ਬਾਣੀ ਰਾਹੀਂ ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਬਾਹਰੋਂ ਕਿਤੋਂ ਸੰਤਾਂ ਨੂੰ ਢੂੰਢਣ ਦੀ ਲੋੜ ਨਹੀਂ ਹੈ ਕਿਉਂਕਿ ਗੁਰੂ ਹੀ ਸੱਚਾ ਸੰਤ ਹੈ। ਗੁਰਬਾਣੀ ਗੁਰੂ ਪੂਰੇ ਜਗਤ ਦਾ ਸੱਚਾ ਸੰਤ ਹੈ ਜੋ ਸਭ ਨੂੰ, ਸਾਰੇ ਸੰਸਾਰ ਨੂੰ ਇਕੋ ਜਿਹੇ ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਦਿੰਦਾ ਹੈ। ਦੁਨਿਆਵੀ ਸੰਤ ਅਖਵਾਉਣ ਵਾਲੇ ਬਹੁਤ ਹਨ ਜੋ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਧਰਮ ਦੇ ਮਾਰਗ ਸਮਝਾਉਂਦੇ ਹਨ, ਵੱਖਰਾ ਵੱਖਰਾ ਨਾਮ ਸਮਝਾਉਂਦੇ ਹਨ। (**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥ ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥ ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥2॥**) ਅੰਗ - 1396 । ਗੁਰੂ ਰੂਪ ਸੰਤ ਵਿੱਚ ਤੇ ਦੁਨਿਆਵੀ ਸੰਤ ਅਖਵਾਉਣ ਵਾਲਿਆਂ ਵਿੱਚ ਸਮਝ ਦਾ ਹੀ ਫਰਕ ਹੈ। ਗੁਰੂ ਰੂਪ ਸੰਤ ਸੱਚੀ ਮਤਿ ਵਾਲਾ ਹੈ, ਪੱਕੀ ਮਤਿ ਵਾਲਾ ਹੈ ਤੇ ਦੁਨਿਆਵੀ ਸੰਤ ਅਖਵਾਉਣ ਵਾਲੇ, ਸਾਡੇ ਧਾਰਮਿਕ ਸੱਜਣ ਅਖਵਾਉਣ ਵਾਲੇ ਕੱਚੀ ਮਤਿ ਵਾਲੇ ਹਨ। ਇਸੇ ਲਈ ਗੁਰੂ ਸਾਹਿਬ ਸਾਨੂੰ ਮੁੱਖ ਸ਼ਬਦ ਦੁਆਰਾ ਸਮਝਾ ਰਹੇ ਹਨ ਕਿ ਕੱਚਿਆਂ ਦੇ ਪਿੱਛੇ ਨਾ ਲੱਗੋ ਤੇ ਸਚੇ ਸੰਤ ਦੀ ਮਤਿ ਦੇ ਨਾਲ ਜੁੜੋ, ਗੁਰੂ ਦੀ ਮਤਿ ਦੇ ਨਾਲ ਜੁੜੋ। (**ਨਾਨਕ ਕਚੜਿਆ ਸਿਉ ਤੋੜਿ ਢੁਢਿ ਸਜਣ ਸੰਤ ਪਕਿਆ ॥**) ਕੱਚੇ ਤੇ ਸੱਚੇ ਦੀ ਮਤਿ ਵਿੱਚ ਕੀ ਫਰਕ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

“ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥1॥”

ਜੋ ਸੱਚਾ ਸੰਤ ਹੈ ਉਸਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਕੀ ਹੈ ਤੇ ਮੇਲ ਕੀ ਹੈ। ਸਾਡੇ ਅੰਦਰ ਦੀ ਨਾ-ਸਮਝ ਮਤਿ, ਤ੍ਰੈਗੁਣਾਂ ਵਾਲੀ ਮਤਿ, ਹਉਮੈ ਵਾਲੀ ਸਮਝ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ। ਜੋ ਆਪ ਪ੍ਰਮਾਤਮਾ ਤੋਂ ਵਿਛੜਿਆ ਹੋਇਆ ਹੁੰਦਾ ਹੈ ਭਾਵ ਤ੍ਰੈਗੁਣਾਂ ਵਿੱਚ ਹੁੰਦਾ ਹੈ ਉਸਨੇ ਦੂਸਰੇ ਦਾ ਵਿਛੋੜਾ ਕੀ ਦੂਰ ਕਰਨਾ ਹੈ। ਜਿਸ ਦਾ ਵਿਛੋੜਾ ਦੂਰ ਹੋ ਜਾਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਜੋ ਪ੍ਰਮਾਤਮਾ ਮੇਰੇ ਅੰਦਰ ਹੈ, ਜਿਸ ਰੂਪ ਵਿੱਚ ਮੇਰੇ ਅੰਦਰ ਹੈ, ਉਸੇ ਰੂਪ ਵਿੱਚ ਉਹ ਸਭ ਦੇ ਅੰਦਰ ਹੈ ਭਾਵ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਨਾਲ ਜਿਸਦਾ ਮੇਲ ਹੋ ਜਾਂਦਾ ਹੈ ਉਹ ਸਦਾ ਲਈ ਹੋ ਜਾਂਦਾ ਹੈ ਜੋ ਮਨ ਦੇ ਗਿਆਨ ਰਾਹੀਂ ਸਦਾ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ ਜੋ ਸਰੀਰ ਦੇ ਬਿਨਸਨ ਤੋਂ ਬਾਅਦ ਵੀ ਸਮਾਇਆ ਰਹਿੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਦਾ ਲਈ ਆਪਣੇ ਮਨ ਦੇ ਗਿਆਨ ਦੁਆਰਾ ਉਸ ਪ੍ਰਮਾਤਮਾ ਵਿੱਚ ਸਮਾਏ ਹੋਏ ਹਨ। ਗੁਰੂ ਰੂਪ ਸੰਤ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਇਸ ਤਰੀਕੇ ਕਰਵਾਉਂਦਾ ਹੈ, ਨਿਰੰਕਾਰ ਰੂਪ ਵਿੱਚ ਕਰਵਾਉਂਦਾ ਹੈ ਜੋ ਰੂਪ ਕਦੇ ਨਹੀਂ ਬਿਨਸਦਾ। ਜੋ ਗੁਰੂ ਰੂਪ ਸੰਤ ਦੀ ਮਤਿ ਨਾਲ ਨਹੀਂ ਜੁੜਦੇ ਉਹ ਸਰੀਰਾਂ ਰਾਹੀਂ ਜੀਂਦੇ ਹੋਏ ਵੀ ਪ੍ਰਮਾਤਮਾ ਨਾਲੋਂ ਵਿਛੜੇ ਰਹਿੰਦੇ ਹਨ ਤੇ ਇਸੇ ਤਰ੍ਹਾਂ ਹੀ ਉਨ੍ਹਾਂ ਦੇ ਸਰੀਰ ਬਿਨਸ ਜਾਂਦੇ ਹਨ ਤੇ ਪ੍ਰਮਾਤਮਾ ਨਾਲੋਂ ਵਿਛੋੜੇ ਵਿੱਚ ਹੀ ਰਹਿੰਦੇ ਹਨ। ਦੁਨਿਆਵੀ ਸੰਤ ਅਖਵਾਉਣ ਵਾਲੇ ਕਿਸੇ ਦਾ ਪ੍ਰਮਾਤਮਾ ਨੂੰ ਜਾਨਣ ਵਿੱਚ ਸਾਥ ਨਹੀਂ ਦੇ ਸਕਦੇ ਕਿਉਂਕਿ ਉਹ ਮਨੁੱਖੀ ਸਰੀਰ ਨੂੰ ਹੀ ਸੰਤ ਸਮਝਦੇ ਹਨ ਤੇ ਉਹਨਾਂ ਨੂੰ ਮੰਨਣ ਵਾਲੇ ਵੀ ਮਨੁੱਖੀ ਸਰੀਰ ਨੂੰ ਸੰਤ ਸਮਝਦੇ ਹਨ ਤੇ ਇਹੋ ਜਿਹੇ ਸੰਤਾਂ ਦੇ ਨਾਲ ਵਿਛੋੜਾ ਜੀਵਨ ਕਾਲ ਵਿੱਚ ਹੀ ਹੋ

ਜਾਂਦਾ ਹੈ ਤੇ ਪ੍ਰਮਾਤਮਾ ਨੂੰ ਸਮਝਣ ਵਿੱਚ ਇਹੋ ਜਿਹੇ ਮਨੁੱਖ ਭਰਮਾਂ ਵਿੱਚ ਹੀ ਰਹਿੰਦੇ ਹਨ। ਸੱਚੀ ਸਮਝ ਕੇਵਲ ਗੁਰੂ ਰੂਪ ਸੰਤ ਦੇ ਕੋਲ ਹੈ ਜੋ ਪ੍ਰਮਾਤਮਾ ਦੀ ਸਮਝ ਦੇ ਰੂਪ ਵਿੱਚ ਉਸਦਾ ਆਪਣਾ ਹੀ ਰੂਪ ਹੈ। (**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥**)

ਅਸੀਂ ਕਿਸਦੀ ਮਤਿ ਦੇ ਨਾਲ ਜੁੜਣਾ ਹੈ, ਕੱਚਿਆਂ ਦੀ ਜਾਂ ਸੱਚੇ ਗੁਰੂ ਦੀ, ਇਹ ਫੈਸਲਾ ਅਸੀਂ ਕਰਨਾ ਹੈ। "ਸਜਣ ਸੰਤ" ਕੇਵਲ ਗੁਰੂ ਹੈ, ਆਪ ਪ੍ਰਮਾਤਮਾ ਹੈ ਜਿਸਨੂੰ ਕੇਵਲ ਸੱਚੀ ਬਾਣੀ ਨਾਲ ਜੁੜ ਕੇ ਹੀ ਪਾਇਆ ਜਾ ਸਕਦਾ ਹੈ ਤੇ ਫਿਰ ਸਦਾ ਲਈ ਮਨੁੱਖ ਉਸ ਸੰਤ ਰੂਪ ਪ੍ਰਮਾਤਮਾ ਵਿੱਚ ਸਮਾਅ ਜਾਂਦਾ ਹੈ, ਉਸਦੇ ਸੱਚੇ ਗਿਆਨ ਵਿੱਚ ਸਮਾਅ ਜਾਂਦਾ ਹੈ, ਉਸਦੇ ਨਿਰਗੁਣ ਰੂਪ ਵਿੱਚ, ਨਿਰੰਕਾਰ ਰੂਪ ਵਿੱਚ ਸਮਾਅ ਜਾਂਦਾ ਹੈ।

ਇੱਕ ਆਮ ਜਿਹੀ ਧਾਰਨਾ ਬਣ ਚੁੱਕੀ ਹੈ ਕਿ ਪ੍ਰਮਾਤਮਾ ਨੂੰ ਕੋਈ ਖਾਸ ਕਿਰਿਆਵਾਂ ਦੁਆਰਾ, ਸੁਰਤੀਆਂ ਜੋੜਨ ਦੁਆਰਾ ਪਾਇਆ ਜਾ ਸਕਦਾ ਹੈ। ਜਿਨ੍ਹਾਂ ਗੱਲਾਂ ਦਾ, ਤਰੀਕਿਆਂ ਦਾ ਬਾਣੀ ਵਾਰ-ਵਾਰ ਖੰਡਨ ਕਰ ਰਹੀ ਹੈ ਅਸੀਂ ਉਨ੍ਹਾਂ ਤਰੀਕਿਆਂ ਦੁਆਰਾ ਹੀ ਭਾਵ ਆਪਣੀਆਂ ਸਿਆਣਪਾਂ ਦੁਆਰਾ ਹੀ ਪ੍ਰਮਾਤਮਾ ਨੂੰ ਖੋਜਣ ਤੇ ਲੱਗੇ ਹੋਏ ਹਾਂ। ਕੀ ਬਾਣੀ ਦੇ ਉਪਦੇਸ਼ ਦੇ ਉਲਟ ਚੱਲ ਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ? ਕੀ ਪੂਰੀ ਬਾਣੀ ਵਿੱਚ ਕੋਈ ਐਸੀ ਕਿਰਿਆ, ਅਭਿਆਸ ਦੀ ਗੱਲ ਕੀਤੀ ਗਈ ਹੈ ਜਿਸ ਨਾਲ ਉਸਨੂੰ ਜਪਿਆ ਜਾ ਸਕੇ। ਜਵਾਬ ਹੈ, ਨਹੀਂ। ਸਾਰੀ ਬਾਣੀ, ਇੱਕ- ਇੱਕ ਲਫ਼ਜ਼ ਪੜ੍ਹ ਲਵੋ ਤੇ ਫਿਰ ਇਸ ਗੱਲ ਦਾ ਜਵਾਬ ਆਪ ਹੀ ਦੱਸੋ। ਪੂਰੇ ਸੰਸਾਰ ਵਿੱਚ ਜੇ ਕੋਈ ਇੱਕ ਵੀ ਮਨੁੱਖ ਇਹ ਦੱਸੇ ਕਿ ਬਾਣੀ ਵਿੱਚ ਪ੍ਰਮਾਤਮਾ ਨੂੰ ਜਪਣ ਦੀ ਕੋਈ ਖਾਸ ਕਿਰਿਆ ਸਮਝਾਈ ਹੋਈ ਹੈ ਤਾਂ ਫਿਰ ਉਹ ਨਿਰਾ ਭੁਲੇਖਾ ਹੀ ਹੋ ਸਕਦਾ ਹੈ। ਆਓ ਹੇਠ ਲਿਖੇ ਕੁੱਝ ਸ਼ਬਦਾਂ ਨੂੰ ਵਿਚਾਰੀਏ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ।

"ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ॥ ਨਾਦੀ ਬੇਦੀ ਪੜ੍ਹਹਿ ਪੁਰਾਣ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ॥
ਤਿਨ ਕੈ ਰਮਈਆ ਨੇੜਿ ਨਾਹਿ॥੨॥
ਜੇ ਕੋ ਐਸਾ ਸੰਜਮੀ ਹੋਇ॥ ਕ੍ਰਿਆ ਵਿਸੇਖ ਪੂਜਾ ਕਰੇਇ॥
ਅੰਤਰਿ ਲੋਭੁ ਮਨੁ ਬਿਖਿਆ ਮਾਹਿ॥
ਓਇ ਨਿਰੰਜਨੁ ਕੈਸੇ ਪਾਹਿ॥੩॥"

(ਅੰਗ ੧੧੬੯)

"ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ॥
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥੪॥"

(ਅੰਗ ੩੪੮)

ਮਹਲਾ ੧॥
"ਨ ਭੀਜੈ ਰਾਗੀ ਨਾਦੀ ਬੇਦਿ॥ ਨ ਭੀਜੈ ਸੁਰਤੀ ਗਿਆਨੀ ਜੋਗਿ॥
ਨ ਭੀਜੈ ਸੋਗੀ ਕੀਤੈ ਰੋਜਿ॥ ਨ ਭੀਜੈ ਰੂਪੀ ਮਾਲੀ ਰੰਗਿ॥
ਨ ਭੀਜੈ ਤੀਰਥਿ ਭਵਿਐ ਨੰਗਿ॥ ਨ ਭੀਜੈ ਦਾਤੀ ਕੀਤੈ ਪੁੰਨਿ॥
ਨ ਭੀਜੈ ਬਾਹਰਿ ਬੈਠਿਆ ਸੁੰਨਿ॥ ਨ ਭੀਜੈ ਭੇੜਿ ਮਰਹਿ ਭਿੜਿ ਸੂਰ॥
ਨ ਭੀਜੈ ਕੇਤੇ ਹੋਵਹਿ ਧੂੜ॥ ਲੇਖਾ ਲਿਖੀਐ ਮਨ ਕੈ ਭਾਇ॥
ਨਾਨਕ ਭੀਜੈ ਸਾਚੈ ਨਾਇ॥੨॥"

(ਅੰਗ ੧੨੩੭)

"ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ॥

ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ॥੧॥”

(ਅੰਗ ੩੩੪)

ਹੋਰ ਵੀ ਇਸੇ ਤਰ੍ਹਾਂ ਅਨੇਕਾਂ ਹੀ ਸ਼ਬਦ ਹਨ ਜਿਸ ਰਾਹੀਂ ਸਰੀਰਕ ਕਿਰਿਆਵਾਂ ਦੁਆਰਾ ਕੀਤੇ ਗਏ ਜਪ ਤਪ ਦਾ ਖੰਡਨ ਕੀਤਾ ਹੋਇਆ ਹੈ। ਸਰੀਰਕ ਕਿਰਿਆਵਾਂ ਨੂੰ ਸਾਡਾ ਔਗੁਣ ਦੱਸਿਆ ਹੈ ਜਿਨ੍ਹਾਂ ਨੂੰ ਕਿ ਅਸੀਂ ਆਪਣਾ ਗੁਣ ਸਮਝਦੇ ਹਾਂ, ਪ੍ਰਮਾਤਮਾ ਦੀ ਭਗਤੀ ਕਰਨੀ ਸਮਝਦੇ ਹਾਂ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦੇ ਹਾਂ। ਇਹ ਸਾਡੀ ਘੋਰ ਅਗਿਆਨਤਾ ਹੈ, ਵੱਡਾ ਭਰਮ ਹੈ ਜੋ ਅਸੀਂ ਪ੍ਰਮਾਤਮਾ ਨੂੰ ਖੋਜਣ ਦਾ ਤਰੀਕਾ ਸਮਝਿਆ ਹੋਇਆ ਹੈ। ਹਰ ਕੋਈ ਇਸੇ ਭਰਮ ਵਿੱਚ ਹੈ, ਸਿੱਖ ਜਗਤ ਵੀ ਇਸੇ ਭਰਮ ਵਿੱਚ ਹੈ ਤੇ ਆਪਣੇ ਆਪ ਨੂੰ ਵਿਦਵਾਨ ਅਖਵਾਉਣ ਵਾਲੇ, ਗੁਰਬਾਣੀ ਦੇ ਗਿਆਤਾ ਅਖਵਾਉਣ ਵਾਲੇ ਸਾਨੂੰ ਇਹੋ ਜਿਹੀਆਂ ਸਰੀਰਕ ਕਿਰਿਆਵਾਂ ਨਾਲ ਜੋੜਦੇ ਹਨ ਜੋ ਕਿ ਸਦੀਆਂ ਤੋਂ ਚੱਲਦੀ ਆ ਰਹੀ ਇੱਕ ਝੂਠੀ ਆਸਥਾ ਹੈ ਜਿਸ ਦਾ ਗੁਰਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ, ਵਾਰ-ਵਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ।

ਉੱਪਰ ਲਿਖੇ ਸ਼ਬਦਾਂ ਦੀ ਵਿਚਾਰ ਕਰਨ ਦੁਆਰਾ ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰਮਾਤਮਾ ਨੂੰ ਕਿਸੇ ਵਿਸ਼ੇਸ਼ ਕਿਰਿਆ ਦੁਆਰਾ ਜਾਂ ਸੁਰਤੀ ਜੋੜਨ ਦੇ ਉਪਰਾਲਿਆਂ ਦੁਆਰਾ ਨਹੀਂ ਪਾਇਆ ਜਾ ਸਕਦਾ। ਇਹ ਉਸਦੀ ਕ੍ਰਿਪਾ ਦਾ ਦਾਨ ਹੈ। ਉਹ ਆਪ ਨਿਰਗੁਣ ਸਰੂਪ ਵਿੱਚ ਹੈ ਤੇ ਉਸ ਦੇ ਨਾਲ ਮੇਲ ਵੀ ਨਿਰਗੁਣ ਰੂਪ ਵਿੱਚ ਹੀ ਹੋ ਸਕਦਾ ਹੈ। ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੈ ਜੋ ਕਿ ਗਿਆਨ ਦੇ ਰੂਪ ਵਿੱਚ ਹੈ ਤੇ ਗਿਆਨ ਰੂਪ ਪ੍ਰਮਾਤਮਾ ਦੇ ਨਾਲ ਮੇਲ ਵੀ ਗਿਆਨ ਰਾਹੀਂ ਹੀ ਹੋ ਸਕਦਾ ਹੈ ਭਾਵ ਉਸਨੂੰ ਮਨ ਦੇ ਵਿੱਚੋਂ ਗਿਆਨ ਰਾਹੀਂ ਜਾਣਿਆ ਜਾ ਸਕਦਾ ਹੈ ਜਿਸ ਲਈ ਕਿਸੇ ਸਰੀਰਕ ਕਿਰਿਆ ਦੀ ਲੋੜ ਨਹੀਂ ਹੈ ਬਲਕਿ ਆਪਣੇ ਅੰਦਰ ਗੁਰਮਤਿ ਨੂੰ ਵਸਾਉਣ ਦੀ ਲੋੜ ਹੈ। ਗੁਰਮਤਿ ਸਾਨੂੰ ਸਰੀਰਕ ਕਿਰਿਆਵਾਂ ਦੁਆਰਾ ਪ੍ਰਮਾਤਮਾ ਨੂੰ ਖੋਜਣ ਤੋਂ ਆਪ ਹੀ ਮਨ੍ਹਾ ਕਰ ਰਹੀ ਹੈ। ਅਸੀਂ ਪ੍ਰਮਾਤਮਾ ਨੂੰ ਆਪਣੀਆਂ ਨਾੜੀਆਂ ਦੇ ਦੁਆਰਾ, ਸੁਆਸਾਂ ਦੀਆਂ ਕਿਰਿਆਵਾਂ ਦੁਆਰਾ ਤੇ ਹੋਰ ਅਨੇਕਾਂ ਜੁਗਤੀਆਂ, ਸਿਆਣਪਾਂ ਦੁਆਰਾ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਉਹ ਕਿਸੇ ਵੀ ਸਰਗੁਣ ਕਿਰਿਆਵਾਂ ਨਾਲ ਨਹੀਂ ਲੱਭਿਆ ਜਾ ਸਕਦਾ। ਉਹ ਅਦਿੱਖ ਹੈ, ਉਸਦਾ ਕੋਈ ਰੂਪ ਰੇਖ ਨਹੀਂ ਹੈ। ਉਹ ਕੋਈ ਅੱਖਾਂ ਨਾਲ ਵੇਖਣ ਵਾਲੀ, ਦਿੱਸਣ ਵਾਲੀ ਚੀਜ਼ ਨਹੀਂ ਹੈ। ਉਹ ਦਿਬ ਦ੍ਰਿਸ਼ਟ ਦੁਆਰਾ ਮਹਿਸੂਸ ਕਰਨ ਵਾਲੀ ਚੀਜ਼ ਹੈ। ਉਸਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ। ਮਨ ਨੂੰ ਕੋਈ ਅੱਜ ਤੱਕ ਅੱਖਾਂ ਨਾਲ ਨਹੀਂ ਦੇਖ ਸਕਿਆ ਤੇ ਨਾ ਹੀ ਦੇਖਿਆ ਜਾ ਸਕਦਾ ਹੈ। ਮਨ ਦੇ ਵਿੱਚ ਹੀ ਉਸਦੇ ਨਾਲ ਮੇਲ ਹੁੰਦਾ ਹੈ ਤੇ ਮਨ ਦੇ ਵਿੱਚ ਹੀ ਉਸਨੂੰ ਮਹਿਸੂਸ ਕੀਤਾ ਜਾਂਦਾ ਹੈ ਤੇ ਉਸਦੇ ਨਾਲ ਗੱਲਾਂ ਹੁੰਦੀਆਂ ਹਨ। ਮਨ ਦੇ ਵਿੱਚ ਹੀ ਆਨੰਦ ਉਤਪਨ ਹੁੰਦਾ ਹੈ, ਉੱਥੋਂ ਹੀ ਸਾਰਾ ਗਿਆਨ ਮਿਲਦਾ ਹੈ। ਇਹ ਹੀ ਗਿਆਨ ਦਾ ਰਸ ਹੈ ਜਿਸਨੂੰ ਸਭ ਤੋਂ ਮਿੱਠਾ ਰਸ ਕਿਹਾ ਗਿਆ ਹੈ। ਇਹ ਹੀ ਹਰਿ ਰਸ ਹੈ, ਇਹ ਹੀ ਨਾਮ ਰਸ ਹੈ, ਇਹ ਹੀ ਅੰਮ੍ਰਿਤ ਰਸ ਹੈ, ਇਹ ਹੀ ਅੰਮ੍ਰਿਤ ਧਾਰਾ ਹੈ। ਇਹ ਗਿਆਨ ਦਾ ਚਸ਼ਮਾ ਹੈ ਜੋ ਇੱਕ ਵਾਰੀ ਮਨ ਵਿੱਚ ਫੁੱਟ ਜਾਏ ਤੇ ਫਿਰ ਇਹ ਚੱਲਦਾ ਹੀ ਰਹਿੰਦਾ ਹੈ ਤੇ ਕਦੇ ਬੰਦ ਨਹੀਂ ਹੁੰਦਾ। ਉਸ “ਗਿਆਨ ਰਾਉ” ਨਾਲ ਇੱਕ ਵਾਰੀ ਯਾਰੀ ਪੈ ਜਾਵੇ ਤਾਂ ਫਿਰ ਸਦਾ ਲਈ ਪੈ ਜਾਂਦੀ ਹੈ। ਇਹ ਕਦੇ ਨਹੀਂ ਟੁੱਟਦੀ। ਉਹ ਇੱਕ ਵਾਰੀ ਮਿਲ ਜਾਵੇ ਤੇ ਫਿਰ ਕਦੇ ਨਹੀਂ ਵਿਛੜਦਾ। ਉਹ “ਗਿਆਨ” ਰੂਪ ਹੈ ਤੇ ਗਿਆਨ ਦੇਈ ਹੀ ਜਾਂਦਾ ਹੈ। ਉਸਦਾ ਸਮਝਾਇਆ ਹੋਇਆ ਮਨੁੱਖ ਹੀ ਉਸਨੂੰ ਸਮਝ ਸਕਦਾ ਹੈ। ਉਸਦੇ ਵਿਸ਼ਵਾਸ ਦੁਆਏ ਹੀ ਵਿਸ਼ਵਾਸ ਆਉਂਦਾ ਹੈ। ਇਹ ਸਾਡੇ ਵੱਸ ਨਹੀਂ ਹੈ। ਉਸ ਨੇ ਜਦੋਂ ਵੀ ਮਿਲਣਾ ਹੈ ਮਨ ਦੇ ਵਿੱਚ ਹੀ ਮਿਲਣਾ ਹੈ ਤੇ ਉਹ ਮਿਲੇਗਾ ਉਦੋਂ, ਜਦੋਂ ਮਨ ਸਾਫ ਹੋ ਜਾਵੇਗਾ। ਝੂਠੇ ਮਨ ਦੇ ਵਿੱਚ ਉਹ ਕਦੇ ਨਹੀਂ ਆ ਸਕਦਾ ਭਾਵ ਕਦੇ ਪ੍ਰਗਟ ਨਹੀਂ ਹੋ ਸਕਦਾ।

(ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ॥ ਤਿਨ ਕੈ ਰਮਈਆ ਨੇੜਿ ਨਾਹਿ॥੨॥)

(ਜੇ ਕੋ ਐਸਾ ਸੰਜਮੀ ਹੋਇ॥ ਕ੍ਰਿਆ ਵਿਸੇਖ ਪੂਜਾ ਕਰੇਇ॥ ਅੰਤਰਿ ਲੋਭੁ ਮਨੁ ਬਿਖਿਆ ਮਾਹਿ॥ ਓਇ ਨਿਰੰਜਨੁ ਕੈਸੇ ਪਾਹਿ॥੩॥)

(ਨ ਭੀਜੈ ਰਾਗੀ ਨਾਦੀ ਬੇਦਿ॥ ਨ ਭੀਜੈ ਸੁਰਤੀ ਗਿਆਨੀ ਜੋਗਿ॥)

(ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ॥ ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ॥੧॥)

ਸਾਡੀਆਂ ਸਰੀਰਕ ਕਿਰਿਆਵਾਂ ਨੂੰ ਸਾਡੇ ਪਖੰਡ ਦੱਸਿਆ ਹੈ, ਸਾਡੇ ਔਗੁਣ ਦੱਸਿਆ ਹੈ ਜਿਨ੍ਹਾਂ ਨੂੰ ਕਿ ਸਰੀਰਕ ਕਿਰਿਆਵਾਂ ਕਰਨ ਵਾਲੇ ਆਪਣਾ ਵੱਡਾ ਧਾਰਮਿਕ ਗੁਣ ਸਮਝਦੇ ਹਨ ਭਾਵ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ ਤੇ ਸਿੱਖ ਜਗਤ ਵੀ ਇਸੇ ਭਰਮ ਦਾ ਸ਼ਿਕਾਰ ਹੈ।

ਉਹ ਆਪ ਹੀ ਅੰਦਰ ਬੈਠਾ ਸਾਡੇ ਕੋਲੋਂ ਸਭ ਕੁੱਝ ਕਰਵਾ ਰਿਹਾ ਹੈ ਪਰ ਸਾਨੂੰ ਇਸ ਦੀ ਸਮਝ ਨਹੀਂ ਹੈ। ਆਓ ਉਸ ਨਿਰਗੁਣ ਰੂਪ ਪ੍ਰਮਾਤਮਾ ਨੂੰ ਨਿਰਗੁਣ ਤਰੀਕੇ ਨਾਲ ਹੀ ਲੱਭੀਏ ਤੇ ਸਰਗੁਣ ਕਿਰਿਆਵਾਂ ਤੋਂ ਬਚੀਏ। ਝੂਠਾ ਮਨ ਨਿਰਗੁਣ ਤਰੀਕੇ ਨਾਲ ਹੀ ਸੱਚਾ ਹੋ ਸਕਦਾ ਹੈ ਭਾਵ ਸਾਡੀ ਸੋਚ ਬਦਲਣ ਦੁਆਰਾ ਹੀ ਸੱਚਾ ਹੋ ਸਕਦਾ ਹੈ, ਗਿਆਨ ਦੁਆਰਾ ਹੀ ਸੱਚਾ ਹੋ ਸਕਦਾ ਹੈ, ਗੁਰੂ ਦੀ ਗੱਲ ਨੂੰ ਮੰਨ ਕੇ ਹੀ ਸੱਚਾ ਹੋ ਸਕਦਾ ਹੈ। ਆਓ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ।

ਪਉੜੀ॥

“ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ॥
ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ॥
ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ॥
ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥
ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ
ਜਿਤੁ ਮਿਲਿ ਹਰਿ ਲੇਖਾ ਲਿਖਾ॥੮॥”

(ਅੰਗ ੧੩੧੬)

ਇਸ ਸ਼ਬਦ ਰਾਹੀਂ ਪ੍ਰਮਾਤਮਾ ਦੇ ਦਰਸ਼ਨ ਕਿਵੇਂ ਹੁੰਦੇ ਹਨ ਇਹ ਸਮਝਇਆ ਹੋਇਆ ਹੈ, ਭਾਵ ਉਸਨੂੰ ਵੇਖਣਾ ਕੀ ਹੈ ਇਹ ਦੱਸਿਆ ਹੋਇਆ ਹੈ। ਉਸਨੂੰ ਵੇਖਿਆ ਕਿਵੇਂ ਜਾ ਸਕਦਾ ਹੈ, ਮਿਲਿਆ ਕਿਵੇਂ ਜਾ ਸਕਦਾ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਬੜਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਪ੍ਰਮਾਤਮਾ ਕੋਈ ਵਸਤੂ ਨਹੀਂ ਹੈ ਜਿਸਦਾ ਕੋਈ ਵਰਣਨ ਕੀਤਾ ਜਾ ਸਕੇ। ਉਸਦਾ ਕੋਈ ਰੂਪ ਰੇਖ ਨਹੀਂ ਹੈ ਭਾਵ ਉਹ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ। ਉਸਨੂੰ ਆਪਣੇ ਮਨ ਦੇ ਅੰਦਰੋਂ ਹੀ ਬੁੱਝਿਆ ਜਾ ਸਕਦਾ ਹੈ ਜੇਕਰ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਵੇ। ਉਸਨੂੰ ਆਪਣੇ ਅੰਦਰੋਂ ਬੁੱਝਣਾ ਹੀ ਉਸਨੂੰ ਦੇਖਣਾ ਹੈ। **(ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ॥)** ਗੁਰੂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੈ ਤੇ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਉਸਦੀ “ਸਤਿਸੰਗਤਿ” ਹੁੰਦੀ ਹੈ ਭਾਵ ਉਸ “ਸਚੁ” ਰੂਪ ਪ੍ਰਮਾਤਮਾ ਦੇ ਨਾਲ ਸੰਗਤ ਹੁੰਦੀ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦੀ ਹੈ। “ਸਤਿਸੰਗਤਿ” ਮਨ ਦੇ ਵਿੱਚ ਗੁਰੂ ਪ੍ਰਮਾਤਮਾ ਦੇ ਨਾਲ ਸੱਚੇ ਵਿਚਾਰਾਂ ਦੀ ਸੰਗਤਿ ਹੈ, ਸ਼ਬਦ ਦੇ ਵਿਚਾਰਾਂ ਦੇ ਨਾਲ ਸੰਗਤਿ ਹੈ ਜਿਸ ਸੰਗਤਿ ਦੁਆਰਾ ਮਨੁੱਖ ਦੇ ਵਿਚਾਰ ਗੁਰਮਤਿ ਰੂਪ ਸੱਚੇ ਵਿਚਾਰਾਂ ਵਾਲੇ ਬਣ ਜਾਂਦੇ ਹਨ, ਸੱਚੇ ਗਿਆਨ ਵਾਲੇ ਬਣ ਜਾਂਦੇ ਹਨ। ਪ੍ਰਮਾਤਮਾ ਮਨ ਦੇ ਵਿੱਚ ਇਸ “ਸਤਸੰਗਤਿ” ਦੇ ਰੂਪ ਵਿੱਚ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। “ਸਤਸੰਗਤਿ” ਰੂਪ ਹੀ ਪ੍ਰਮਾਤਮਾ ਦਾ ਗੁਰੂ ਰੂਪ ਹੈ ਜਿਸ ਦੁਆਰਾ ਮਨ ਦੇ ਵਿੱਚ ਉਹ ਆਪਣਾ ਸੱਚਾ ਗਿਆਨ ਦਿੰਦਾ ਹੈ। ਗਿਆਨ ਦਾ ਮਾਲਕ ਉਹ ਆਪ ਹੀ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ। ਸਤਿਗੁਰ ਰੂਪ ਵਿੱਚ ਪ੍ਰਮਾਤਮਾ ਦੀ ਚਟਸਾਲ ਭਾਵ ਉਸਦੀ ਪਾਠਸ਼ਾਲਾ ਸਾਡੇ ਅੰਦਰ ਹੀ ਹੈ। ਉਹ ਮਨ ਦੇ ਵਿਚਾਰਾਂ ਰਾਹੀਂ ਮਨ ਦੇ ਵਿੱਚ ਹੀ ਆਪਣਾ ਗਿਆਨ ਦਿੰਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹਨਾਂ ਸਰੀਰਾਂ ਦੇ ਵਿੱਚ ਹੀ, ਮਨ ਦੇ ਵਿੱਚ ਹੀ ਪ੍ਰਮਾਤਮਾ ਦੀ “ਸਤਿਗੁਰ ਚਟਸਾਲ” ਬਣੀ ਹੈ ਜਿਸ ਰਾਹੀਂ ਉਸਨੇ ਆਪਣੀ ਬਾਣੀ ਸਮਝਾਈ ਹੈ ਤੇ ਉਹਨਾਂ ਨੇ ਹੀ “ਗੁਰਬਾਣੀ ਰੂਪ” ਪ੍ਰਮਾਤਮਾ ਦੀ “ਚਟਸਾਲ” ਤਿਆਰ ਕੀਤੀ ਹੈ। ਪੂਰੀ ਗੁਰਬਾਣੀ ਸਤਿਗੁਰ ਦੀ ਚਟਸਾਲ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਸਤਸੰਗਤਿ ਬਖਸ਼ੀ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ, ਆਪਣੇ ਗੁਣ ਪ੍ਰਮਾਤਮਾ ਨੇ ਆਪ ਹੀ ਸਿਖਾਏ ਹਨ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਗੁਣਾਂ ਦਾ ਬਿਆਨ ਹੀ ਕਰ ਰਹੀ ਹੈ। ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਦੇ ਕੋਲੋਂ ਹੀ ਜਾਣੇ ਜਾ ਸਕਦੇ ਹਨ, ਉਸਦੀ ਸਤਸੰਗਤਿ ਦੁਆਰਾ ਹੀ ਜਾਣੇ ਜਾ ਸਕਦੇ ਹਨ। **(ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥)** ਪ੍ਰਮਾਤਮਾ ਦੇ ਨਾਲ ਮਿਲਣ ਦਾ ਤਰੀਕਾ ਸਾਨੂੰ ਪ੍ਰਮਾਤਮਾ ਨੇ ਗੁਰਬਾਣੀ ਰਾਹੀਂ ਆਪ ਹੀ ਸਮਝਾਇਆ ਹੈ ਜਿੱਥੋਂ ਅਸੀਂ ਗੁਣ ਸਿਖ ਕੇ ਪ੍ਰਮਾਤਮਾ ਦੇ ਨਾਲ ਮੇਲ ਦਾ ਉਪਰਾਲਾ ਕਰ ਸਕਦੇ ਹਾਂ।

ਗੁਰੂ ਦੀ ਰਸਨਾ ਧੰਨ ਹੈ, ਗੁਰੂ ਦੇ ਹੱਥ ਧੰਨ ਹਨ ਜਿਸ ਨੇ ਪ੍ਰਮਾਤਮਾ ਰੂਪ ਪਾਧੇ ਦੇ ਨਾਲ ਮੇਲ ਦੁਆਰਾ ਉਸਦੇ ਕੋਲੋਂ ਲਿਖਣਾ ਸਿੱਖ ਕੇ ਗੁਰਬਾਣੀ ਰੂਪ ਲੇਖ ਲਿਖਿਆ ਹੈ, ਆਪ ਹੀ ਰਸਨਾ ਰਾਹੀਂ ਗੁਰਬਾਣੀ ਉਚਾਰੀ ਹੈ। **(ਧਨੁ ਧੰਨੁ ਸੁ ਰਸਨਾ ਧੰਨੁ**

ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ॥੮॥)

ਗੁਰੂ ਹਰ ਪੱਖੋਂ ਧੰਨ ਧੰਨ ਹੈ, ਉਹ ਬਹੁਤ ਉੱਚਾ ਹੈ ਕਿਉਂਕਿ ਉਹ ਆਪ ਹੀ ਪ੍ਰਮਾਤਮਾ ਦਾ ਰੂਪ ਹੈ। ਪ੍ਰਮਾਤਮਾ ਨੇ ਆਪ ਹੀ ਮਨੁੱਖੀ ਦੇਹ ਵਿੱਚ ਪ੍ਰਗਟ ਹੋ ਕੇ ਬਾਣੀ ਨੂੰ ਉਚਾਰਿਆ ਹੈ। ਬਾਣੀ ਪ੍ਰਮਾਤਮਾ ਦਾ ਰੂਪ ਹੈ ਤੇ ਇਸ ਵਿੱਚ ਦੱਸੇ ਹੋਏ ਮਾਰਗ ਤੇ ਚੱਲ ਕੇ ਹੀ ਪ੍ਰਮਾਤਮਾ ਨੂੰ ਸਮਝਿਆ ਜਾ ਸਕਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ।

ਜੇਕਰ ਸਾਡਾ ਇਹ ਭੁਲੇਖਾ ਦੂਰ ਹੋ ਜਾਵੇ ਕਿ ਪ੍ਰਮਾਤਮਾ ਕੋਈ ਅੱਖਾਂ ਨਾਲ ਦਿੱਸਣ ਵਾਲੀ ਚੀਜ਼ ਨਹੀਂ ਹੈ ਤੇ ਫਿਰ ਸਾਡਾ ਉਸਨੂੰ ਲੱਭਣ ਦਾ ਤਰੀਕਾ ਵੀ ਬਦਲ ਸਕਦਾ ਹੈ। ਲੋੜ ਸਿਰਫ ਸੋਚ ਨੂੰ ਬਦਲਣ ਦੀ ਹੈ ਜੋ ਕਿ ਸਾਡੀ ਨਹੀਂ ਹੈ। ਸੋਚ ਉਸੇ ਮਨੁੱਖ ਦੀ ਹੀ ਬਦਲੇਗੀ ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੋਵੇਗੀ। ਅਸੀਂ ਕੇਵਲ ਭਰਮਾਂ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ।

ਇੱਕ ਹੋਰ ਵੱਡਾ ਭੁਲੇਖਾ ਜਿਸ ਕਰਕੇ ਅਸੀਂ "ਨਾਮ" ਨੂੰ "ਗੁਰਬਾਣੀ" ਤੋਂ ਵੱਖਰਾ ਸਮਝਿਆ ਹੋਇਆ ਹੈ, ਉਹ ਹੈ ਗੁਰੂ ਤੇ ਪ੍ਰਮਾਤਮਾ ਵਿੱਚ ਭੇਦ ਸਮਝਣਾ। ਗੁਰਬਾਣੀ ਵਿੱਚ ਦਿੱਤੇ ਗਏ ਸੈਂਕੜੇ ਸ਼ਬਦਾਂ ਦੁਆਰਾ ਇਹ ਭੁਲੇਖਾ ਦੂਰ ਕੀਤਾ ਹੋਇਆ ਹੈ ਤੇ ਸਮਝਾਇਆ ਹੋਇਆ ਹੈ ਕਿ ਗੁਰੂ ਤੇ ਪ੍ਰਮਾਤਮਾ ਨੂੰ ਇੱਕ ਹੀ ਕਰਕੇ ਜਾਣੋ। ਇਸ ਗੱਲ ਦੀ ਚਰਚਾ ਲੇਖ ਵਿੱਚ ਪਿੱਛੇ ਵੀ ਕਾਫੀ ਸ਼ਬਦਾਂ ਰਾਹੀਂ ਕੀਤੀ ਗਈ ਹੈ। ਇਹ ਭੁਲੇਖਾ ਆਮ ਕਰਕੇ ਬਣਿਆ ਹੀ ਹੋਇਆ ਹੈ ਕਿ ਪ੍ਰਮਾਤਮਾ ਵੱਡਾ ਹੈ ਤੇ ਗੁਰੂ ਉਸ ਤੋਂ ਬਾਅਦ ਵਿੱਚ ਹੈ। ਬਾਣੀ ਨੂੰ ਅਸੀਂ ਗੁਰੂ ਦੀ ਬਾਣੀ ਸਮਝਦੇ ਹਾਂ ਤੇ ਨਾਮ ਜਪਣਾ ਪ੍ਰਮਾਤਮਾ ਨੂੰ ਜਪਣਾ ਸਮਝਦੇ ਹਾਂ। ਪ੍ਰਮਾਤਮਾ ਨੂੰ ਜਪਣ ਦਾ ਫਲ ਵੱਡਾ ਸਮਝਦੇ ਹਾਂ ਤੇ ਗੁਰੂ ਨੂੰ ਜਪਣ ਦਾ ਫਲ ਛੋਟਾ ਸਮਝਦੇ ਹਾਂ। ਇਹ ਭੁਲੇਖਾ ਸਾਨੂੰ ਲੈ ਕੇ ਬੈਠ ਗਿਆ ਹੈ। ਇਹ ਭੁਲੇਖਾ ਨਿਕਲੇ ਬਿਨ੍ਹਾਂ ਸਾਨੂੰ ਗੁਰੂ ਦੀ ਪੂਰੀ ਕਦਰ ਨਹੀਂ ਪੈ ਸਕਦੀ। ਤਦ ਤੱਕ ਅਸੀਂ ਗੁਰੂ ਨਾਲ ਪੂਰੀ ਤਰ੍ਹਾਂ ਨਹੀਂ ਜੁੜ ਸਕਦੇ ਤੇ ਅਸੀਂ ਦੁਚਿੱਤੀ ਵਿੱਚ ਹੀ ਰਹਿੰਦੇ ਹਾਂ। ਕੋਸ਼ਿਸ਼ ਇਹ ਹੀ ਹੁੰਦੀ ਹੈ ਕਿ ਨਾਮ ਜ਼ਿਆਦਾ ਜਪੀਏ। ਅਸੀਂ ਬਾਣੀ ਨੂੰ ਜਲਦੀ ਜਲਦੀ ਪੜ੍ਹਨ ਦੀ ਕੋਸ਼ਿਸ਼ ਕਰਦੇ ਹਾਂ ਕਿ ਅੱਖਰ ਨਾਮ ਜਪਣ ਲਈ ਵੱਧ ਤੋਂ ਵੱਧ ਸਮਾਂ ਬਚਾ ਲਈਏ। ਕੀਰਤਨ ਕਰਦੇ ਕਰਦੇ ਅਸੀਂ ਕੀਰਤਨ ਨੂੰ ਛੱਡ ਕੇ ਅੱਖਰ ਨਾਮ ਜਪਣ ਵੱਲ ਜ਼ਿਆਦਾ ਤਵੱਜੋਂ ਦਿੰਦੇ ਹਾਂ। ਇਹ ਅੱਜ ਕੱਲ ਇੱਕ ਆਮ ਰਿਵਾਜ਼ ਜਿਹਾ ਹੀ ਬਣਦਾ ਜਾ ਰਿਹਾ ਹੈ ਜਿਸ ਕਾਰਨ ਸ੍ਰੋਤਿਆਂ ਵਿੱਚ ਗੁਰੂ ਤੇ ਪ੍ਰਮਾਤਮਾ ਵਿੱਚ ਭੇਦ ਹੋਰ ਵੀ ਵੱਧਦਾ ਜਾ ਰਿਹਾ ਹੈ। ਇਹ ਭੇਦ ਹੀ ਸਾਨੂੰ ਹੌਲੀ ਹੌਲੀ ਗੁਰੂ ਤੋਂ ਦੂਰ ਕਰੀ ਜਾ ਰਿਹਾ ਹੈ। ਜਦੋਂ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਸਾਡੇ ਵਿੱਚ ਕੋਈ ਭੇਦ ਨਾ ਸਮਝੋ, ਅਸੀਂ ਇੱਕੋ ਹੀ ਹਾਂ ਫਿਰ ਅਸੀਂ ਕੌਣ ਹੁੰਦੇ ਹਾਂ ਇਹ ਭੇਦ ਸਮਝਣ ਵਾਲੇ ਤੇ ਇਸਦਾ ਪ੍ਰਚਾਰ ਕਰਨ ਵਾਲੇ। ਕੀ ਇਹ ਗੁਰੂ ਦੇ ਉਪਦੇਸ਼ ਦੀ ਨਾ ਫੁਰਮਾਨੀ ਨਹੀਂ ਹੈ। ਕੀ ਗੁਰੂ ਦੇ, ਪ੍ਰਮਾਤਮਾ ਦੇ ਉਪਦੇਸ਼ ਦੇ ਉਲਟ ਚੱਲ ਕੇ ਅਸੀਂ ਉਸਨੂੰ ਪਾ ਸਕਦੇ ਹਾਂ? ਸੁਪਨੇ ਵਿੱਚ ਵੀ ਨਹੀਂ। ਆਓ ਇਹ ਭੇਦ ਮਿਟਾ ਦੇਈਏ ਤੇ ਮਨ ਵਿੱਚ ਧਾਰ ਲਈਏ ਕਿ ਗੁਰਬਾਣੀ ਹੀ ਸਭ ਕੁੱਝ ਹੈ ਭਾਵ ਗੁਰਬਾਣੀ ਹੀ ਨਾਮ ਹੈ ਤੇ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਆਮ ਕਰਕੇ ਇਹ ਵੀ ਭੁਲੇਖਾ ਸੁਣਨ ਨੂੰ ਮਿਲਦਾ ਹੈ ਕਿ ਬਾਣੀ ਵਿੱਚ ਤਾਂ ਕੇਵਲ ਗਿਆਨ ਹੀ ਮਿਲਦਾ ਹੈ। ਗਿਆਨ ਤੋਂ ਅਸੀਂ ਕੀ ਲੈਣਾ ਹੈ। ਗੱਲ ਤਾਂ ਸਾਰੀ ਨਾਮ ਦੀ ਹੈ, ਇਸ ਲਈ ਨਾਮ ਜਪੀਏ। ਅਸਲ ਵਿੱਚ ਇਹ ਗੁਰੂ ਦਾ ਗਿਆਨ ਹੀ ਤੇ ਨਾਮ ਹੈ **{ਗੁਰ ਗਿਆਨੁ ਪਦਾਰਥੁ ਨਾਮੁ ਹੈ}** ਅੰਗ - 759 । ਜਿਵੇਂ ਕਿ ਪਿੱਛੇ ਵੀ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਗਿਆਨ ਨੂੰ ਹੀ ਤਾਂ ਜਪਣਾ ਹੈ। **{ਤਜਿ ਹਉਮੈ ਗੁਰ ਗਿਆਨ ਭਜੋ॥}** ਅੰਗ - 241 ।

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥

ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥}

(ਅੰਗ ੨੧੮)

ਇਸ ਬਾਰੇ ਇੱਕ ਹੋਰ ਅਹਿਮ ਭੁਲੇਖਾ ਹੇਠ ਲਿਖੇ ਸ਼ਬਦਾਂ ਦੀ ਸਹੀ ਵਿਆਖਿਆ ਨਾ ਸਮਝ ਆਉਣ ਕਾਰਨ ਵੀ ਬਣਿਆ ਹੋਇਆ ਹੈ ਕਿਉਂਕਿ ਇਸ ਸ਼ਬਦ ਰਾਹੀਂ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਗੁਰਬਾਣੀ ਰਾਹੀਂ ਕਿਵੇਂ ਵਿਚਰਨਾ ਹੈ ਇਹ ਸੰਦੇਸ਼ ਦਿੱਤਾ ਹੋਇਆ ਹੈ।

ਮਃ ੪॥

“ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥”

(ਅੰਗ ੩੦੬)

ਨਾਮ ਬਾਰੇ ਇਸ ਸ਼ਬਦ ਵਿੱਚ ਵੀ ਉਹ ਹੀ ਕੁੱਝ ਸਮਝਾਇਆ ਹੋਇਆ ਹੈ ਜੋ ਹੁਣ ਤੱਕ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਪੜ੍ਹਦੇ ਆ ਰਹੇ ਹਾਂ। “ਭਲਕੇ” ਅਗਲੇ ਦਿਨ ਨੂੰ ਕਹਿੰਦੇ ਹਨ ਭਾਵ ਹਰ ਦਿਨ ਮਨੁੱਖ ਦਾ ਕਿਹੋ ਜਿਹਾ ਰੁਟੀਨ ਹੋਵੇ ਇਹ ਸਮਝਾਇਆ ਹੋਇਆ ਹੈ। ਜੋ ਅੰਮ੍ਰਿਤਸਰ ਨਹਾਉਣ ਦੀ ਗੱਲ ਕੀਤੀ ਗਈ ਹੈ ਉਹ ਅੰਮ੍ਰਿਤ ਬਾਣੀ ਦੇ ਇਸ਼ਨਾਨ ਦੀ ਗੱਲ ਹੈ ਭਾਵ ਗੁਰਬਾਣੀ ਦੇ ਗਿਆਨ ਦੇ ਇਸ਼ਨਾਨ ਦੀ ਗੱਲ ਹੈ। ਇਹ ਗੱਲ ਹੇਠ ਲਿਖੇ ਸ਼ਬਦ ਦੁਆਰਾ ਸਪੱਸ਼ਟ ਹੋ ਜਾਵੇਗੀ।

{ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ॥ ਸਤਿਗੁਰਿ ਗਿਆਨੁ ਮਜਨੁ ਹੈ ਨੀਕੋ
ਮਿਲਿ ਕਲਮਲ ਪਾਪ ਉਤਾਰੇ॥੧॥ਰਹਾਉ॥}

(ਅੰਗ 981)

{ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥
ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ ॥}

(ਅੰਗ 510)

{ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥
ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ ਜਨ ਨਾਨਕ ਖਿਨੁ ਹਰਿ ਰਾਤੇ ਰਾਮ ॥4॥3॥}

(ਅੰਗ 539)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥1॥}

(ਅੰਗ 687)

{ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥}

(ਅੰਗ 587)

ਪੂਰੀ ਬਾਣੀ ਅੰਮ੍ਰਿਤ ਦਾ ਸਰੋਵਰ ਹੈ, ਗੁਰੂ ਦੇ ਗਿਆਨ ਦਾ ਸਰੋਵਰ ਹੈ, ਨਾਮ ਦਾ ਸਰੋਵਰ ਹੈ ਤੇ ਗੁਰੂ ਦੇ ਗਿਆਨ ਦੇ ਇਸ਼ਨਾਨ ਨੂੰ ਹੀ ਸਭ ਤੋਂ ਉੱਤਮ ਇਸ਼ਨਾਨ ਦੱਸਿਆ ਹੋਇਆ ਹੈ, ਜਿਸ ਦੁਆਰਾ ਮਨੁੱਖ ਦੇ ਪਾਪਾਂ ਦੀ ਮੈਲ ਉਤਰਦੀ ਹੈ। ਵੈਸੇ ਵੀ ਅਗਰ ਸੋਚੀਏ, ਬਾਣੀ ਪੂਰੇ ਜਗਤ ਲਈ ਹੈ ਤੇ ਕਿਸੇ ਵਿਸ਼ੇਸ਼ ਸ਼ਹਿਰ ਜਾਂ ਜਗ੍ਹਾ ਲਈ ਨਹੀਂ ਹੈ ਜਾਂ ਸਰੋਵਰ ਪ੍ਰਤੀ ਨਹੀਂ ਹੈ। ਇਹ ਭੁਲੇਖਾ ਮਨ ਵਿੱਚ ਕਦੀ ਵੀ ਨਹੀਂ ਰੱਖਣਾ ਚਾਹੀਦਾ। ਗੁਰੂ ਦੇ ਉਪਦੇਸ਼ ਦੁਆਰਾ ਹਰਿ ਹਰਿ ਜਪਣਾ ਕੀ ਹੈ, ਇਹ ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਚਰਚਾ ਕੀਤੀ ਹੈ ਤੇ ਉਹ ਹੀ ਗੱਲ ਇੱਥੇ ਹੈ ਭਾਵ ਬਾਣੀ ਨੂੰ ਪੜ੍ਹਨਾ ਹੈ, ਸੁਣਨਾ ਹੈ ਉਸਨੂੰ ਵਿਚਾਰਨਾ ਹੈ ਤੇ ਉਸ ਤੇ ਅਮਲ ਕਰਨਾ ਹੈ। ਜ਼ਿਆਦਾਤਰ ਇਹ ਭੁਲੇਖਾ ਬਣਿਆ ਹੋਇਆ ਹੈ ਕਿ ਹਰਿ ਹਰਿ ਜਪਣਾ ਨਾਮ ਜਪਣਾ ਹੈ ਤੇ ਗੁਰਬਾਣੀ ਪੜ੍ਹਨਾ ਇਸ ਤੋਂ ਵੱਖਰੀ ਗੱਲ ਹੈ। ਨਾਮ ਜਪਣਾ ਕੀ ਹੈ ਇਹ ਅਸੀਂ ਪਿੱਛੇ ਕਾਫੀ ਬਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਪ੍ਰਭਾਤ ਵੇਲੇ ਨਾਮ ਜਪਣਾ ਕੀ ਹੈ ਇਹ ਭੁਲੇਖਾ ਕੁੱਝ ਸ਼ਬਦਾਂ ਦੁਆਰਾ ਦੂਰ ਹੋ ਜਾਵੇਗਾ।

“ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥”

(ਅੰਗ ੧੩੩੦)

ਸ਼ਬਦ ਗੁਰੂ ਹੈ, ਸ਼ਬਦ ਗੁਰਬਾਣੀ ਹੈ ਤੇ ਇੱਥੇ ਵੀ ਗੁਰਬਾਣੀ ਨੂੰ ਧਿਆਉਣਾ ਹੀ ਨਾਮ ਧਿਆਉਣਾ ਲਿਖਿਆ ਹੋਇਆ ਹੈ। ਨਾਮ, ਗੁਰਬਾਣੀ ਇੱਕ ਹੀ ਗੱਲ ਹੈ, ਸਿਰਫ ਸਮਝਣ ਦੀ ਲੋੜ ਹੈ। ਪ੍ਰਭਾਤ ਤਾਂ ਕੇਵਲ ਇੱਕ ਸਮਾਂ ਹੈ, ਵੇਲਾ ਹੈ ਤੇ ਗੁਰਬਾਣੀ ਆਪ ਹੀ ਸਾਨੂੰ ਇਹ ਗੱਲ ਸਮਝਾਉਂਦੀ ਹੈ ਕਿ ਕਿਸੇ ਖਾਸ ਵੇਲੇ ਨਾਲ ਜੁੜਕੇ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। (**ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥** ਅੰਗ - 35) (**ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥ ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥2॥** ਅੰਗ - 115) ਪ੍ਰਭਾਤ ਵੇਲੇ ਨੂੰ ਖਾਸ ਵੇਲਾ ਸਮਝ ਕੇ ਉੱਚਾ ਵੇਲਾ ਸਮਝਿਆ ਜਾਂਦਾ ਹੈ, ਭਗਤੀ ਦਾ ਵੇਲਾ ਮੰਨਿਆ ਜਾਂਦਾ ਹੈ ਜੋ ਕਿ ਇਕ ਵੱਡਾ ਭਰਮ ਹੈ। ਹਰ ਵੇਲਾ ਚੰਗਾ ਹੈ। ਅਸਲੀ ਗੱਲ ਤਾਂ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਜੋ ਹਰ ਵੇਲੇ ਮੰਨਣੀ ਚਾਹੀਦੀ ਹੈ, ਅਠੇ ਪਹਿਰ ਮੰਨਣੀ ਚਾਹੀਦੀ ਹੈ। ਪ੍ਰਭਾਤ ਵੇਲੇ ਨੂੰ ਹੀ ਅੰਮ੍ਰਿਤ ਵੇਲਾ ਸਮਝਿਆ ਜਾਂਦਾ ਹੈ ਜੋ ਕਿ ਵੱਡਾ ਭਰਮ ਹੈ। ਅੰਮ੍ਰਿਤ ਵੇਲਾ ਕੀ ਹੈ ਇਸ ਗੱਲ ਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਤੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

ਅੰਮ੍ਰਿਤ ਵੇਲਾ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ। ਜਿਸ ਵੇਲੇ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ, ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ “ਅੰਮ੍ਰਿਤ ਵੇਲਾ” ਹੈ ਤੇ ਅੰਮ੍ਰਿਤ ਦੀ ਪ੍ਰਾਪਤੀ ਕਰਨ ਦਾ ਵੇਲਾ ਸਾਡਾ ਸਾਰਾ ਜੀਵਨ ਹੀ ਹੈ। ਪੂਰੇ ਜੀਵਨ ਵਿੱਚ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਦੇ ਵੀ ਹੋ ਸਕਦੀ ਹੈ, ਸਾਡੇ ਜੀਵਨ ਵਿੱਚ ਉਹ ਅੰਮ੍ਰਿਤ ਵੇਲਾ ਕਦੇ ਵੀ ਆ ਸਕਦਾ ਹੈ। ਅੰਮ੍ਰਿਤ ਵੇਲਾ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਤੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

ਪ੍ਰਭਾਤ ਵੇਲਾ ਜੋ ਸਾਨੂੰ ਬਾਣੀ ਰਾਹੀਂ ਸਮਝਾਇਆ ਹੋਇਆ ਹੈ ਉਹ ਮਨ ਦੀ ਪ੍ਰਭਾਤ ਦਾ ਵੇਲਾ ਹੈ, ਮਨ ਦੇ ਵਿੱਚੋਂ ਹਨੇਰਾ ਦੂਰ ਹੋਣ ਦਾ ਵੇਲਾ ਹੈ। ਸਾਡੇ ਸਭ ਦੇ ਅੰਦਰ ਅਗਿਆਨਤਾ ਵਾਲੀ ਸਮਝ ਹੈ, ਤ੍ਰੈਗੁਣਾਂ ਵਾਲੀ, ਹਉਮੈ ਵਾਲੀ, ਮਾਇਆ ਦੀ ਜੁਗਤਿ ਵਾਲੀ ਸਮਝ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਰੂਪ ਹਨੇਰੇ ਵਿੱਚ ਰੱਖਦੀ ਹੈ ਤੇ ਨਾਮ ਦਾ ਮਕਸਦ ਸਾਨੂੰ ਇਸ ਮਨ ਦੇ ਹਨੇਰੇ ਵਿੱਚੋਂ ਕੱਢਣ ਦਾ ਹੈ, ਤਾਂ ਜੋ ਸਾਡੀ ਮਤਿ ਦੇ ਵਿੱਚ ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੋਵੇ ਤੇ ਸਾਡੇ ਅੰਦਰ ਪ੍ਰਭਾਤ ਰੂਪ ਚਾਨਣ ਹੋਵੇ ਤੇ ਸਾਡੇ ਮਨ ਦੇ ਅੰਦਰ, ਮਨ ਦੀ ਸਮਝ ਦੇ ਅੰਦਰ ਫਿਰ ਦਿਨ ਚੜੇ ਭਾਵ ਪੂਰਨ ਪ੍ਰਕਾਸ਼ ਹੋਵੇ ਭਾਵ ਸਾਨੂੰ ਗੁਰਮਤਿ ਦੀ ਪੂਰਨ ਰੂਪ ਵਿੱਚ ਸੋਝੀ ਪਵੇ। ਇਹ ਕਿਰਪਾ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਕਰਦਾ ਹੈ ਪਰ ਮਨ ਦੇ ਹਨੇਰੇ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ, ਗੁਰੂ ਦਾ ਨਾਮ ਜਪਣ ਦੁਆਰਾ ਕਰਨਾ ਹੈ, ਗੁਰੂ ਦੀ ਸਿੱਖਿਆ ਨੂੰ ਜਪਣ ਦੁਆਰਾ ਕਰਨਾ ਹੈ, ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ

ਹੈ। ਸ਼ਬਦ ਦੀ ਮਤਿ ਨੂੰ ਮੰਨਣਾ ਹੀ ਸ਼ਬਦ ਦੀ ਮਤਿ ਨੂੰ ਜਪਣਾ ਹੈ। (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥** ਅੰਗ-27) ਗੁਰੂ ਦੀ ਮਤਿ ਨੂੰ ਸੁਣ ਕੇ ਅਸੀਂ ਕਿਸ ਤਰੀਕੇ ਮੰਨਣਾ ਹੈ, ਧਿਆਉਣਾ ਹੈ, ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ, ਸਪੱਸ਼ਟ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ ਤੇ ਸਾਨੂੰ ਇਹ ਪੰਗਤੀ ਹਮੇਸ਼ਾ ਪਲੇ ਬੰਨ ਕੇ ਰੱਖਣੀ ਚਾਹੀਦੀ ਹੈ।

“ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥2॥”

(ਅੰਗ 23)

ਸਾਡੇ ਅੰਦਰ ਦੀ ਬਿਖ ਸਾਡੇ ਅੰਦਰ ਦੀ ਹਉਮੈ ਹੈ, ਮਨਮਤਿ ਹੈ, ਅਗਿਆਨਤਾ ਵਾਲੀ ਸਮਝ ਹੈ ਜੋ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਣ ਤੋਂ ਦੂਰ ਰੱਖਦੀ ਹੈ ਜਿਸ ਕਰਕੇ ਅਸੀਂ ਵਿਕਾਰਾਂ ਵਿੱਚ ਰਹਿੰਦੇ ਹਾਂ, ਔਗੁਣਾਂ ਵਿੱਚ ਰਹਿੰਦੇ ਹਾਂ ਤੇ ਮਨ ਦੇ ਇਹ ਔਗੁਣ ਹੀ ਦੁਸ਼ਟ ਹਨ ਜੋ ਸਾਡੀ ਸਮਝ ਨੂੰ ਦੁਸ਼ਟਾਂ ਵਾਲੀ ਸਮਝ ਬਣਾਉਂਦੇ ਹਨ ਤੇ ਮਨੁੱਖ ਦੁਸ਼ਟਾਂ ਵਾਲੇ ਕਰਮ ਕਰਦਾ ਹੈ, ਮਾੜੇ ਕਰਮ ਕਰਦਾ ਹੈ ਭਾਵ ਨਾਮ ਜਪਣ ਦੇ ਉਲਟ ਚੱਲਦਾ ਹੈ। ਜੋ ਨਾਮ ਨੂੰ ਆਪਣੇ ਅੰਦਰ ਧਿਆ ਲੈਂਦਾ ਹੈ, ਮਨ ਦੀ ਸਮਝ ਦੇ ਵਿੱਚ ਭਾਵ ਆਤਮਾ ਦੇ ਵਿੱਚ ਧਿਆ ਲੈਂਦਾ ਹੈ ਉਹ ਆਪਣੇ ਅੰਦਰੋਂ ਇਨ੍ਹਾਂ ਦੁਸਟਾਂ ਨੂੰ ਕੱਢ ਦਿੰਦਾ ਹੈ, ਕਿਰਖਾ ਕਰ ਦਿੰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਨਾਮ ਧਿਆਉਣਾ ਕੀ ਹੋਇਆ ਤੇ ਅਸੀਂ ਕੀ ਸਮਝਿਆ ਹੋਇਆ ਹੈ। ਗੁਰੂ ਸਾਨੂੰ ਵਾਰ-ਵਾਰ ਇਹੋ ਜਿਹਾ ਨਾਮ ਜਪਣ ਲਈ, ਧਿਆਉਣ ਲਈ, ਸਿਮਰਨ ਲਈ ਸਮਝਾ ਰਹਿਆ ਹੈ ਜਿਸ ਨਾਮ ਨੂੰ ਜਪਣ ਨਾਲ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਦੂਰ ਹੁੰਦੀ ਹੈ ਤੇ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਸਾਡੇ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਮਨ ਦਾ ਹਨੇਰਾ ਦੂਰ ਹੁੰਦਾ ਹੈ ਤੇ ਮਨ ਦਾ ਹਨੇਰਾ ਦੂਰ ਹੋਣ ਦੁਆਰਾ ਹੀ ਸਾਡੇ ਅੰਦਰ ਪ੍ਰਭਾਤ ਰੂਪ ਚਾਨਣ ਹੁੰਦਾ ਹੈ ਤੇ ਫਿਰ ਦਿਨ ਚੜਦਾ ਹੈ ਭਾਵ ਗਿਆਨ ਦਾ ਪੂਰਨ ਪ੍ਰਕਾਸ਼ ਹੁੰਦਾ ਹੈ। ਗੁਰਬਾਣੀ ਰਾਹੀਂ ਸਾਨੂੰ ਮਨ ਦੀ ਪ੍ਰਭਾਤ ਰਾਹੀਂ ਜਾਗਣਾ ਸਮਝਾਇਆ ਹੋਇਆ ਹੈ ਕਿਉਂਕਿ ਹਰ ਕੋਈ ਮਨ ਦੀ ਅਗਿਆਨਤਾ ਵਿੱਚ ਹੀ ਸੁੱਤਾ ਹੋਇਆ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਸੁਆਇਆ ਹੋਇਆ ਹੈ। (**ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥ ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥7॥ ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥ ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥8॥** ਅੰਗ - 1308) ਸਾਡੇ ਮਨ ਦਾ ਜਾਗਣਾ ਕੀ ਹੈ ਇਸ ਗੱਲ ਨੂੰ ਅੱਗੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਮਨ ਦੇ ਜਾਗਣ ਨਾਲ ਹੀ ਸਾਡੇ ਅੰਦਰ ‘‘ਭੋਰੁ’’ ਹੁੰਦੀ ਹੈ ਭਾਵ ਪ੍ਰਭਾਤ ਰੂਪ ਪ੍ਰਕਾਸ਼ ਹੁੰਦਾ ਹੈ ਜਿਵੇਂ ਕਿ ਇਨ੍ਹਾਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। (**ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥** ਅੰਗ - 1111) ਇਸ ਪੂਰੇ ਸ਼ਬਦ ਦੇ ਅਰਥ ਗਹਿਰੇ ਹਨ, ਅੱਗੇ ਚੱਲਕੇ ਸਮਝਾਂਗੇ ਤੇ ਹੋਰ ਵੀ ਪ੍ਰਭਾਤ ਨਾਲ ਜੁੜੇ ਹੋਏ ਸ਼ਬਦ ਸਮਝਾਂਗੇ। ਉੱਪਰ ਪੰਗਤੀਆਂ ਦੁਆਰਾ ਮਨ ਦੀ ਭੋਰੁ ਦੁਆਰਾ ਅਨਦਿਨ ਜਾਗਣ ਦੀ ਗੱਲ ਕਹੀ ਹੋਈ ਹੈ ਭਾਵ ਇੱਕ ਵਾਰੀ ਜਦੋਂ ਸਾਡੀ ਮਤਿ ਅਗਿਆਨਤਾ ਵਿੱਚੋਂ ਜਾਗ ਜਾਂਦੀ ਹੈ ਤੇ ਫਿਰ ਉਹ ਸੌਂਦੀ ਨਹੀਂ ਭਾਵ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋਇਆ ਹੀ ਰਹਿੰਦਾ ਹੈ ਕਿਉਂਕਿ ਮਨੁੱਖ ਦੀ ਹਉਮੈ, ਮਨ ਦੀ ਅਗਿਆਨਤਾ ਹਮੇਸ਼ਾ ਲਈ ਦੂਰ ਹੋ ਜਾਂਦੀ ਹੈ ਤੇ ਮਨੁੱਖ ਦੀ ਸਮਝ ਪ੍ਰਮਾਤਮਾ ਦੀ ਸੱਚੀ ਸੁੱਚੀ ਸਮਝ ਦੇ ਵਿੱਚ ਹੀ ਸਮਾਈ ਰਹਿੰਦੀ ਹੈ। ਇਹ ਹੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ, ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਜੇਕਰ ਬਾਣੀ ਵਿੱਚ ਇਹ ਗੱਲ ਲਿਖੀ ਹੋਈ ਹੈ ਕਿ ਭਲਕੇ ਉੱਠ ਕੇ ਨਾਮ ਧਿਆਉਣਾ ਚਾਹੀਦਾ ਹੈ ਤੇ ਹੇਠ ਦਿੱਤੀ ਪੰਗਤੀ ਵੀ ਬਾਣੀ ਵਿੱਚ ਹੀ ਲਿਖੀ ਹੋਈ ਹੈ।

“ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥”

(ਅੰਗ 1244)

ਹੁਣ ਧਿਆਨ ਨਾਲ ਸਮਝੋ ਕਿ ਨਾਮ ਚੁਰਾਉਣਾ ਕੀ ਹੈ। ਜੋ ਦੂਸਰਿਆਂ ਦਾ ਧੰਨ ਚੁਰਾਉਂਦਾ ਹੈ ਭਾਵ ਪਰਾਇਆ ਹੱਕ ਖਾਂਦਾ ਹੈ, ਮਾੜੇ ਕਰਮ ਕਰਦਾ ਹੈ ਉਹ ਨਾਮ ਦਾ ਚੋਰ ਹੈ, ਗੁਰਮਤਿ ਦਾ ਚੋਰ ਹੈ ਭਾਵ ਨਾਮ ਜਪਣ ਵਾਲਾ ਨਹੀਂ ਹੈ। ਜੋ ਚੰਗੇ ਕਰਮ ਕਰਦਾ ਹੈ ਉਹ ਨਾਮ ਜਪਦਾ ਹੈ, ਬੜਾ ਹੀ ਸਪੱਸ਼ਟ ਹੈ। ਪੂਰੇ ਗੁਰੂ ਦੀ ਪੂਰੀ ਗੱਲ ਨੂੰ ਪੜ੍ਹ ਕੇ ਹੀ ਸਹੀ ਸਮਝ ਆਉਂਦੀ ਹੈ। ਜਦ ਤੱਕ ਸਾਡੇ ਅੰਦਰ ਗੁਰੂ ਦੀ ਮਤਿ ਵੱਸਦੀ ਨਹੀਂ ਤਦ ਤੱਕ ਸਾਡੇ ਅੰਦਰੋਂ ਨਾਮ ਦੀ ਚੋਰੀ ਬੰਦ ਨਹੀਂ ਹੋ ਸਕਦੀ। ਨਾਮ ਦੇ ਤਸਕਰ, ਪੰਜ ਚੋਰ ਹਨ, ਪੰਜ ਔਗੁਣ ਹਨ ਜਿਨ੍ਹਾਂ ਦੀ ਚਰਚਾ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਸਾਡੇ ਅੰਦਰ ਇਹ ਚੋਰ ਵੱਸੇ ਹੋਏ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਵੱਸੇ ਹੋਏ ਹਨ ਤਦ ਤੱਕ ਅਸੀਂ ਨਾਮ ਦੀ ਸੰਭਾਲ ਨਹੀਂ ਕਰ ਸਕਦੇ, ਆਪਣੇ ਅੰਦਰ ਗੁਰੂ ਦੇ ਗੁਣਾਂ ਦੀ ਸੰਭਾਲ ਨਹੀ ਕਰ ਸਕਦੇ। ਇਹਨਾਂ ਗੱਲਾਂ ਨੂੰ ਅੱਗੇ ਚੱਲ ਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਗੁਰੂ ਦੇ ਸਿੱਖ ਅਸੀਂ ਗੁਰੂ ਦੀ ਸਿੱਖਿਆ ਨੂੰ ਮੰਨ ਕੇ ਹੀ ਅਖਵਾ ਸਕਦੇ ਹਾਂ। ਗੁਰੂ ਦੀ ਸਿੱਖਿਆ ਹੀ ਗੁਰੂ ਹੈ। ਗੁਰੂ ਦਾ ਸਿੱਖ ਕੌਣ ਹੈ ਤੇ ਉਸਦਾ ਸਿੱਖ ਬਣਨਾ ਕੀ ਹੈ ਇਸ ਗੱਲ ਨੂੰ ਕੁੱਝ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਦਾ ਸਿੱਖ ਗੁਰੂ ਦੀ ਸਿੱਖਿਆ ਮੰਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ। ਗੁਰੂ ਆਪ ਹੀ ਆਪਣੀ ਸਿੱਖਿਆ ਨੂੰ ਮੰਨਦਾ ਹੈ ਤੇ ਆਪ ਉਸ ਅਨੁਸਾਰ ਵਿਚਰਦਾ ਹੈ ਤੇ ਸੰਸਾਰ ਨੂੰ ਸਿੱਖ ਬਣਨਾ ਸਿਖਾਉਂਦਾ ਹੈ। ਗੁਰੂ ਰੂਪ ਵਿੱਚ ਗੁਰੂ ਆਪ ਹੀ ਸਿੱਖ ਹੈ, ਸਿੱਖਿਆ ਮੰਨਣ ਵਾਲਾ ਹੈ। (**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੪॥** ਅੰਗ-444) ਸਾਰੇ ਸੰਸਾਰ ਦਾ ਗੁਰੂ ਇੱਕੋ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ। ਉਪਦੇਸ਼ ਇੱਕੋ ਪ੍ਰਮਾਤਮਾ ਦਾ ਆਪਣਾ ਹੀ ਚੱਲਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਗੁਰੂ ਰੂਪ ਧਾਰਨ ਕਰਕੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ ਸਰੀਰਾਂ ਨੇ, ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਆਪ ਹੀ ਆਪਣੇ ਸਮਝਾਏ ਹੋਏ ਸੱਚੇ ਧਰਮ ਦੇ ਮਾਰਗ ਤੇ ਚੱਲਕੇ ਦਿਖਾਇਆ ਹੈ ਭਾਵ ਆਪਣੀ ਸਿੱਖਿਆ ਨੂੰ ਮੰਨ ਕੇ ਦਿਖਾਇਆ ਹੈ, ਆਪਣਾ ਸਿੱਖ ਆਪ ਹੀ ਬਣਕੇ ਦਿਖਾਇਆ ਹੈ।

ਇਸ ਗੱਲ ਨੂੰ ਉਹੀ ਸਮਝ ਸਕਦਾ ਹੈ, ਮੰਨ ਸਕਦਾ ਹੈ ਜਿਸਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ ਤੇ ਪ੍ਰਗਟ ਹੋਣ ਦੁਆਰਾ ਉਹ ਆਪ ਹੀ ਧਰਮ ਦਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਾਂਗੇ। ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ, ਗਿਆਨ ਦਾ ਸ੍ਰੋਤ ਹੈ। ਜਿਸ ਸਰੀਰ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਗਿਆਨ ਦਿੰਦਾ ਹੈ ਉਸੇ ਸਰੀਰ ਨੂੰ ਹੀ ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਸਮਝ ਪੈਂਦੀ ਹੈ ਤੇ ਉਹ ਆਪ ਉਸ ਸਿੱਖਿਆ ਤੇ ਚੱਲਦਾ ਹੈ ਤੇ ਸੰਸਾਰ ਨੂੰ ਸਿੱਖਿਆ ਤੇ ਚੱਲਣਾ ਸਮਝਾਉਂਦਾ ਹੈ। ਜੋ ਪੂਰਨ ਸਿੱਖਿਆ ਅਨੁਸਾਰ ਚੱਲਦਾ ਹੈ, ਪੂਰਨ ਮਨਮਤਿ ਤਿਆਗਦਾ ਹੈ, ਮਾਇਆ ਮੋਹ ਤਿਆਗਦਾ ਹੈ, ਹਉਮੈ ਦੇ ਬੰਧਨ ਵਿੱਚੋਂ ਨਿਕਲਦਾ ਹੈ, ਮਨ ਦੀ ਪੂਰਨ ਅਗਿਆਨਤਾ ਵਿੱਚੋਂ ਨਿਕਲਦਾ ਹੈ, ਹਰ ਭਰਮ ਵਿੱਚੋਂ ਨਿਕਲਦਾ ਹੈ, ਹਰ ਔਗੁਣ ਨੂੰ ਤਿਆਗਦਾ ਹੈ ਭਾਵ ਪੂਰਨ ਰੂਪ ਵਿੱਚ ਸ਼ਬਦਾਂ ਦਾ ਵਿਚਾਰੀ ਬਣਦਾ ਹੈ ਉਹ ਹੀ ਪ੍ਰਮਾਤਮਾ ਦਾ ਸੱਚਾ ਸਿੱਖ ਬਣਦਾ ਹੈ ਕਿਉਂਕਿ ਗੁਰੂ ਦੀ ਸੱਚੀ ਸਿੱਖਿਆ ਵਾਲਾ ਬਣਨਾ ਹੀ ਸਿੱਖ ਬਣਨਾ ਹੈ। (**ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ॥**) ਅੰਗ - 465 । ਪ੍ਰਮਾਤਮਾ ਦਾ ਸੱਚਾ ਸਿੱਖ ਉਹ ਹੀ ਬਣ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪ ਆਪਣੀ ਕਿਰਪਾ ਕਰਨ ਦੁਆਰਾ ਬਣਾਉਂਦਾ ਹੈ ਭਾਵ ਆਪਣਾ ਗੁਰੂ ਰੂਪ ਮਨ ਦੇ ਵਿੱਚ ਧਾਰਨ ਕਰਨ ਦੁਆਰਾ ਬਣਾਉਂਦਾ ਹੈ। ਇਸੇ ਲਈ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਕਿ ਗੁਰੂ ਵਿੱਚ ਤੇ ਸਿੱਖ ਵਿੱਚ ਕੋਈ ਭੇਦ ਨਹੀਂ ਹੈ ਭਾਵ ਗੁਰੂ ਰੂਪ ਵਿੱਚ ਗੁਰੂ ਆਪ ਹੀ ਆਪਣਾ ਸਿੱਖ ਹੈ ਜਿਸ ਦੇ ਅੰਦਰ ਇੱਕੋ ਗੁਰੂ ਦਾ ਭਾਵ ਪ੍ਰਮਾਤਮਾ ਦਾ ਉਪਦੇਸ਼ ਚੱਲਦਾ ਹੈ ਕਿਉਂਕਿ ਮਨ ਦੇ ਵਿੱਚ ਪ੍ਰਗਟ ਹੋ ਕੇ ਧਰਮ ਦਾ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ। ਉਸਦੇ ਸੱਚੇ ਧਰਮ ਦਾ ਗਿਆਨ ਹੀ ਉਸਦਾ ਰਾਮ ਨਾਮ ਮੰਤ੍ਰ ਹੈ ਤੇ ਆਪਣੇ ਇਸ ਗਿਆਨ ਰੂਪ ਵਿੱਚ ਹੀ ਉਹ ਮਨੁੱਖੀ ਮਤਿ ਦੇ ਨਾਲ, ਮਨ ਦੇ ਸੁਭਾਉ ਰਾਹੀਂ, ਮਨ ਦੀ ਸਮਝ ਰਾਹੀਂ ਆਪਣਾ ਮੇਲ ਕਰਦਾ ਹੈ। (**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥**) ਸਿੱਖ ਦਾ ਦਰਜਾ ਬਹੁਤ ਉੱਚਾ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹਾਸਲ ਹੁੰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਬਾਣੀ ਰਾਹੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ।

“ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ ॥

ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥1॥"

(ਅੰਗ 602)

ਸਤਿਗੁਰ ਪ੍ਰਮਾਤਮਾ ਆਪ ਹੈ ਜਿਵੇਂ ਕਿ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। (**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**) ਅੰਗ - 922 । ਇਸ ਪੂਰੇ ਸ਼ਬਦ ਦੇ ਅਰਥ ਕਾਫੀ ਗਹਿਰਾਈ ਵਿੱਚ ਹਨ ਤੇ ਅੱਗੇ ਚੱਲਕੇ ਸਮਝ ਲੱਗ ਜਾਵੇਗੀ। "ਸਤਿਗੁਰ" ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਹਮੇਸ਼ਾ ਧਿਆਨ ਵਿੱਚ ਰੱਖੀਏ ਕਿ ਸਤਿਗੁਰ ਰੂਪ ਪ੍ਰਮਾਤਮਾ ਆਪ ਹੀ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਭਰਪੂਰ ਹੈ। (**ਸਤਿਗੁਰੁ ਰਹਿਆ ਭਰਪੂਰੇ ॥**) ਸਤਿਗੁਰ ਦੇ ਨਾਲ ਮੇਲ ਦੀ ਗੱਲ ਜਿੱਥੇ ਵੀ ਬਾਣੀ ਵਿੱਚ ਆਉਂਦੀ ਹੈ ਉੱਥੇ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਹੀ ਕੀਤੀ ਹੁੰਦੀ ਹੈ। ਉੱਪਰ ਸ਼ਬਦ ਰਾਹੀਂ ਵੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ। ਸਤਿਗੁਰ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ, ਮਨ ਦੀ ਸਮਝ ਦੇ ਰੂਪ ਵਿੱਚ ਹੀ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਮਨੁੱਖ ਦੀ ਸਮਝ ਹੀ ਬਦਲਦੀ ਹੈ। ਤ੍ਰੈਗੁਣਾਂ ਵਾਲੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ, ਹਉਮੈ ਵਾਲੀ ਸਮਝ ਨਾਮ ਵਾਲੀ ਸਮਝ ਵਿੱਚ ਬਦਲ ਜਾਂਦੀ ਹੈ ਭਾਵ ਮਨ ਦੀ ਸਮਝ ਉਲਟ ਜਾਂਦੀ ਹੈ, ਸਾਡੀ ਨਾ ਸਮਝ ਮਤਿ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸਮਝਣ ਵਿੱਚ, ਧਰਮ ਦੇ ਸੱਚੇ ਗਿਆਨ ਨੂੰ ਸਮਝਣ ਵਿੱਚ ਅਸਮਰੱਥ ਹੁੰਦੀ ਹੈ ਉਹ ਫਿਰ ਸਮਰੱਥਾ ਵਾਲੀ ਬਣ ਜਾਂਦੀ ਹੈ, ਬ੍ਰਹਮ ਗਿਆਨ ਵਾਲੀ ਬਣ ਜਾਂਦੀ ਹੈ ਜੋ ਸਮਰੱਥਾ ਮਨ ਦੇ ਸੱਚੇ ਗਿਆਨ ਵਾਲੀ ਸਮਝ ਰਾਹੀਂ, ਸ਼ਬਦਾਂ ਦੇ ਗਿਆਨ ਦੁਆਰਾ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਭਾਵ ਸਾਡੀ ਮਨਮਤਿ ਵਾਲੀ ਸਮਝ ਨੂੰ ਉਲਟ ਕੇ ਉਹ ਗੁਰਮਤਿ ਵਾਲੀ ਸੱਚੀ ਸਮਝ ਵਿੱਚ ਬਦਲ ਦਿੰਦਾ ਹੈ। ਮਨ ਦੇ ਵਿੱਚ ਸਾਡੀ ਅਗਿਆਨਤਾ ਵਾਲੀ ਮਤਿ ਦਾ ਖਤਮ ਹੋ ਜਾਣਾ ਹੀ ਸਾਡੀ ਹਉਮੈ ਦਾ ਮਰਨਾ ਹੈ ਤੇ ਸਾਡੇ ਅੰਦਰ ਦੀ ਇਸ ਨਾ ਸਮਝ ਮਤਿ ਦਾ ਮਰਨਾ ਹੀ ਸਾਡਾ ਜਿਉਂਦੇ ਮਰਨਾ ਹੈ, ਜਿਸ ਮਰਨੇ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ, ਸ਼ਬਦਾਂ ਦੁਆਰਾ ਆਪਣੇ ਆਪ ਨੂੰ ਮਾਰਨ ਦੀ ਗੱਲ ਆਉਂਦੀ ਹੈ। ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਪ੍ਰਮਾਤਮਾ ਨੂੰ ਇਸ ਤਰੀਕੇ ਜਿਉਂਦੇ ਮਰਨ ਦੁਆਰਾ ਹੀ ਆਪਣੇ ਅੰਦਰੋਂ ਬੁੱਝਿਆ ਜਾ ਸਕਦਾ ਹੈ। (**ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬ੍ਰੂਝ ਪਾਇ ॥**) ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਜਦੋਂ ਅਗਿਆਨਤਾ ਵਾਲੀ ਮਨੁੱਖੀ ਮਤਿ ਉਲਟ ਕੇ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਇਹ ਮੇਲ ਹੀ ਜੋਤਿ ਵਿਚ ਜੋਤਿ ਦਾ ਸਮਾਉਣਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਰਤਦੀ ਹੈ ਜਿਸ ਰਾਹੀਂ ਮਨੁੱਖ ਨੂੰ ਮਨ ਦੇ ਵਿੱਚੋਂ ਗਿਆਨ ਮਿਲਦਾ ਹੈ। ਮਨੁੱਖ ਨੂੰ ਮਨ ਦੀ ਨਾ-ਸਮਝਿ ਮਤਿ ਵਿੱਚ ਰੱਖਣ ਵਾਲਾ ਭਾਵ ਤ੍ਰੈਗੁਣਾਂ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੀ ਹੈ ਭਾਵ ਸਾਡੇ ਅੰਦਰ ਦੀ ਜੋਤਿ ਹੀ ਹੈ। ਸਾਨੂੰ ਭਰਮਾਂ ਵਾਲੀ ਸਮਝ ਵਿਚ ਰੱਖਣ ਵਾਲੀ ਵੀ ਸਾਡੇ ਅੰਦਰ ਦੀ ਜੋਤਿ ਹੈ। ਉਸ ਸਮਝ ਨੂੰ ਉਲਟਾ ਕਰਨ ਵਾਲੀ ਵੀ ਸਾਡੇ ਅੰਦਰ ਦੀ ਜੋਤਿ ਹੈ। ਸਾਡੀ ਨਾ ਸਮਝ ਮਤਿ ਦਾ ਉਲਟ ਕੇ, ਬਦਲ ਕੇ ਸੱਚੇ ਗਿਆਨ ਵਾਲੀ ਮਤਿ ਦੇ ਵਿੱਚ ਰਲ ਜਾਣਾ ਹੀ ਜੋਤਿ ਦਾ ਜੋਤਿ ਵਿੱਚ ਸਮਾਉਣਾ ਹੈ। ਮਨ ਦੇ ਵਿੱਚ ਵਿਚਾਰ ਹੀ ਹੁੰਦੇ ਹਨ। ਇਹ ਸਾਡੇ ਅੰਦਰ ਦੇ ਨਾ ਸਮਝ ਵਿਚਾਰਾਂ ਦਾ, ਸਾਡੀ ਸੁਰਤਿ ਵਾਲੇ ਵਿਚਾਰਾਂ ਦਾ ਗੁਰੂ ਦੇ ਸ਼ਬਦਾਂ ਵਾਲੇ ਸੱਚੇ ਵਿਚਾਰਾਂ ਵਿੱਚ ਸਮਾਅ ਜਾਣਾ ਹੈ, ਪ੍ਰਮਾਤਮਾ ਦੇ ਦਿੱਤੇ ਹੋਏ ਸੱਚੇ ਵਿਚਾਰਾਂ ਨਾਲ ਇੱਕ ਹੋ ਜਾਣਾ ਹੈ। ਅੱਗੇ ਚੱਲਕੇ ਇਨ੍ਹਾਂ ਗੱਲਾਂ ਨੂੰ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਇਸ ਤਰੀਕੇ ਹੀ ਹੁੰਦਾ ਹੈ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਪ੍ਰਮਾਤਮਾ ਕਿਸੇ ਸਰੀਰ ਦੇ ਅੰਦਰ ਆਪਣਾ ਗੁਰੂ ਰੂਪ ਧਾਰਦਾ ਹੈ ਤੇ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਆਪ ਹੀ ਦਿੰਦਾ ਹੈ ਤੇ ਆਪ ਹੀ ਉਸ ਗਿਆਨ ਦੁਆਰਾ ਮਨੁੱਖੀ ਸਰੀਰ ਨੂੰ ਚਲਾਉਂਦਾ ਹੈ, ਆਪਣਾ ਉਪਦੇਸ਼ ਆਪ ਹੀ ਮਨਵਾਉਂਦਾ ਹੈ ਭਾਵ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਸਿੱਖ ਰੂਪ ਧਾਰਨ ਕਰਦਾ ਹੈ। ਗੁਰੂ ਵਿੱਚ ਤੇ ਸਿੱਖ ਵਿੱਚ ਕੋਈ ਫਰਕ ਨਹੀਂ ਹੈ। ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। (**ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬ੍ਰੂਝ ਪਾਇ ॥ ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥**)

ਜਦੋਂ ਸਾਨੂੰ ਇਸ ਗੱਲ ਦੀ ਸਮਝ ਲੱਗ ਜਾਵੇ ਕਿ ਗੁਰੂ ਰੂਪ ਵਿੱਚ ਆਪ ਹੀ ਗੁਰੂ ਸਿੱਖ ਹੈ, ਦੋਨਾਂ ਵਿੱਚ ਕੋਈ ਭੇਦ ਨਹੀਂ ਹੈ ਫਿਰ ਤਾਂ ਹੀ ਅਸੀਂ ਮੁੱਖ ਸ਼ਬਦ ਨੂੰ ਸਮਝ ਸਕਦੇ ਹਾਂ ਕਿ ਮੁੱਖ ਸ਼ਬਦ ਦੇ ਵਿੱਚ ਸਿੱਖ ਕਿਸ ਨੂੰ ਆਖਿਆ ਹੈ ਜੋ ਉਸਦਾ ਨਾਮ ਧਿਆਉਂਦਾ ਹੈ।

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ

ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥"

(ਅੰਗ 305)

ਉੱਪਰ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ "ਸਿਖ" ਕਿਸ ਨੂੰ ਆਖਿਆ ਹੈ। ਗੁਰੂ ਨੂੰ ਹੀ ਸਿਖੁ ਆਖਿਆ ਹੈ। ਸਤਿਗੁਰ ਤੋਂ ਭਾਵ ਪ੍ਰਮਾਤਮਾ ਦੇ ਨਾਲ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਗੁਰੂ ਤੇ ਸਤਿਗੁਰੂ ਵਿੱਚ ਕੋਈ ਭੇਦ ਨਹੀਂ ਹੈ। "ਗੁਰੂ" ਸਤਿਗੁਰ ਦਾ ਆਪਣਾ ਹੀ ਰੂਪ ਹੈ, ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਸਦਾ ਆਪਣਾ ਗੁਰੂ ਰੂਪ ਹੀ ਉਸਦਾ ਸਿੱਖ ਰੂਪ ਹੈ ਜੋ ਆਪ ਹੀ ਆਪਣੀ ਸਿੱਖਿਆ ਨੂੰ ਜਾਣਦਾ ਹੈ ਤੇ ਆਪ ਹੀ ਉਸ ਸਿੱਖਿਆ ਤੇ ਚੱਲਦਾ ਹੈ। ਪੂਰੀ ਪੰਗਤੀ ਤੋਂ ਭਾਵ ਬੜਾ ਸਪੱਸ਼ਟ ਹੈ। "ਗੁਰੂ" ਜੋ ਕਿ ਸਤਿਗੁਰ ਦਾ ਭਾਵ ਪ੍ਰਮਾਤਮਾ ਦਾ ਸਿੱਖ ਅਖਵਾਉਂਦਾ ਹੈ ਭਾਵ ਜੋ ਆਪ ਹੀ ਆਪਣਾ ਸਿੱਖ ਅਖਵਾਉਂਦਾ ਹੈ। (**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ॥**) ਨਾਮ ਉਹ ਹੀ ਧਿਆਉਂਦਾ ਹੈ ਜਿਸ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਨਾਮ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਮਿਲਦਾ ਹੈ ਤੇ ਗੁਰੂ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ, ਸੱਚੇ ਗਿਆਨ ਦੀ ਸਮਝ ਦੁਆਰਾ ਮਿਲਿਆ ਹੋਇਆ ਹੈ, ਗੁਰਮਤਿ ਰੂਪ ਸੱਚੇ ਗਿਆਨ ਦੀ ਸਮਝ ਦੁਆਰਾ ਮਿਲਿਆ ਹੋਇਆ ਹੈ ਜਿਸ ਸਮਝ ਦੁਆਰਾ ਗੁਰੂ ਹਰ ਵੇਲੇ ਨਾਮ ਜਪਦਾ ਹੈ, ਰੋਜ ਜਪਦਾ ਹੈ ਭਾਵ ਸੱਚੇ ਗਿਆਨ ਦੁਆਰਾ ਵਿਚਰਦਾ ਹੈ, ਆਪਣੇ ਸਮਝਾਏ ਹੋਇ ਉਪਦੇਸ਼ ਤੇ ਆਪ ਹੀ ਚੱਲਦਾ ਹੈ ਜਿਸ ਤਰੀਕੇ ਗੁਰੂ ਆਪਣੀ ਸਿੱਖਿਆ ਤੇ ਆਪ ਹੀ ਚੱਲਕੇ ਦਿਖਾਉਂਦਾ ਹੈ ਤੇ ਆਪ ਹੀ ਸਿਖੁ ਹੈ, ਆਪਣੀ ਸਿੱਖਿਆ ਨੂੰ ਮੰਨਣ ਵਾਲਾ ਹੈ। (**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**) ਨਾਮ ਧਿਆਉਣ ਦੁਆਰਾ ਹੀ, ਗੁਰੂ ਦਾ ਸੱਚਾ ਗਿਆਨ ਧਿਆਉਣ ਦੁਆਰਾ ਹੀ ਮਨ ਦੀ ਅਗਿਆਨਤਾ ਮਿਟਦੀ ਹੈ ਭਾਵ ਮਨ ਦੇ ਵਿੱਚ ਪ੍ਰਭਾਤ ਹੁੰਦੀ ਹੈ, ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤੇ ਇਹੀ ਅੰਮ੍ਰਿਤ ਸਰੋਵਰ ਵਿੱਚ ਨਹਾਉਣਾ ਹੈ, ਗਿਆਨ ਦੇ ਸਰੋਵਰ ਵਿੱਚ ਨਹਾਉਣਾ ਹੈ, ਨਾਮ ਦੇ ਸਰੋਵਰ ਵਿੱਚ ਨਹਾਉਣਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ "ਅੰਮ੍ਰਿਤਸਰਿ" ਦਾ ਇਸ਼ਨਾਨ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। (**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**) ਨਾਮ ਗੁਰੂ ਕਿਸ ਰੂਪ ਵਿੱਚ ਜਪਦਾ ਹੈ, ਕਿਸ ਤਰੀਕੇ ਜਪਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥"

(ਅੰਗ 305)

ਜੋ ਗੁਰੂ ਦਾ "ਉਪਦੇਸਿ" ਹੈ ਉਸ ਉਪਦੇਸ਼ ਨੂੰ ਜਪਣਾ ਹੀ ਹਰਿ ਹਰਿ ਜਪਣਾ ਹੈ ਭਾਵ ਆਪਣੇ ਉਪਦੇਸ਼ ਨੂੰ ਗੁਰੂ ਆਪ ਹੀ ਜਪਦਾ ਹੈ, ਮੰਨਦਾ ਹੈ ਭਾਵ ਉਸ ਅਨੁਸਾਰ ਵਿਚਰਦਾ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦਾ ਉਪਦੇਸ਼ ਹੈ ਤੇ ਗੁਰੂ ਦਾ ਹਰ ਉਪਦੇਸ਼ ਮੰਨਣ ਲਈ ਹੀ ਹੈ, ਜਪਣ ਲਈ ਹੀ ਹੈ ਭਾਵ ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ ਜੋ ਕਿ ਗੁਰੂ ਦੇ ਉਪਦੇਸ਼ ਦੇ ਰੂਪ ਵਿੱਚ ਹੈ ਤੇ ਉਪਦੇਸ਼ ਨੂੰ ਜਪਣਾ ਹੀ, ਮੰਨਣਾ ਹੀ ਨਾਮ ਜਪਣਾ ਹੈ ਜੋ ਨਾਮ ਗੁਰੂ ਸਾਹਿਬਾਨ ਨੇ, ਭਗਤਾਂ ਨੇ, ਗੁਰਬਾਣੀ ਦੇ ਵਿੱਚ ਉਪਦੇਸ਼ ਪਾਉਣ ਵਾਲਿਆਂ ਨੇ ਆਪ ਹੀ ਗੁਰਬਾਣੀ ਦੇ ਪੂਰੇ ਉਪਦੇਸ਼ ਨੂੰ, ਪੂਰੀ ਗੁਰਮਤਿ ਨੂੰ ਜਪ ਕੇ ਦਿਖਾਇਆ ਹੈ। ਗੁਰੂ ਦੇ ਉਪਦੇਸ਼ ਨੂੰ ਜਪਣ ਦਾ ਮਕਸਦ, ਹਰਿ ਹਰਿ ਨਾਮ ਜਪਣ ਦਾ ਮਕਸਦ ਆਪਣੇ ਅੰਦਰ ਦੇ ਮਾੜੇ ਵਿਚਾਰਾਂ ਨੂੰ ਕੱਢਣ ਨਾਲ ਹੀ ਹੈ, ਪਾਪੀ ਵਿਚਾਰਾਂ ਨੂੰ ਕੱਢਣ ਦਾ ਹੈ ਜਿਨ੍ਹਾਂ ਮਾੜੇ ਵਿਚਾਰਾਂ ਕਰਕੇ, ਮਨ ਦੀ ਮਾੜੀ ਸਮਝ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਮਾੜੇ ਕਰਮ ਕਰਨ ਤੋਂ ਬਚਣਾ ਹੀ ਨਾਮ ਦਾ, ਗੁਰੂ ਦੇ ਉਪਦੇਸ਼ ਦਾ ਮਕਸਦ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉੱਪਰ ਸ਼ਬਦ ਵਿੱਚ ਵੀ ਸਾਨੂੰ ਇਹੋ ਕੁੱਝ ਹੀ ਸਮਝਾਇਆ ਹੋਇਆ ਹੈ ਕਿ ਗੁਰੂ ਨੇ ਉਪਦੇਸ਼ ਨੂੰ, ਨਾਮ ਨੂੰ ਕਿਸ ਮਕਸਦ ਲਈ ਜਪਿਆ ਹੈ। (**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**) ਗੁਰੂ ਸਾਨੂੰ ਇਹੋ ਜਿਹਾ ਹਰਿ ਹਰਿ ਕਰਨਾ ਸਿਖਾ ਰਹਿਆ ਹੈ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ, ਹਰਿ ਦੇ ਉਪਦੇਸ਼ ਨੂੰ ਮੰਨਣ ਦਾ ਮਾਰਗ ਹੈ ਨਾ ਕਿ ਮੁੱਖੋ ਹਰਿ ਹਰਿ ਕਰੀ ਜਾਣ ਦਾ। (**ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥1॥**) ਅੰਗ - 732 । (**ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥**) ਅੰਗ - 565

ਗੁਰੂ ਦੇ ਨਾਮ ਦਾ, ਉਪਦੇਸ਼ ਦਾ ਮਕਸਦ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਾੜੀ ਸਮਝ ਕੱਢਣ ਦੇ ਨਾਲ ਹੀ ਪੂਰਾ ਹੁੰਦਾ ਹੈ। ਜਿਸ ਦੁਆਰਾ ਸਾਡੇ ਮਨ ਦਾ ਅਗਿਆਨਤਾ ਰੂਪ ਹਨੇਰਾ ਦੂਰ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਵਿੱਚ ਅਗਿਆਨਤਾ ਵਾਲੀ ਸਮਝ ਸਾਡੇ ਅੰਦਰ ਦੀ ਰਾਤ ਹੈ। ਰਾਤ ਤੋਂ ਬਾਅਦ ਜਦੋਂ ਚਾਨਣ ਹੋਣਾ ਸ਼ੁਰੂ ਹੁੰਦਾ ਹੈ ਪਹਿਲਾਂ ਪ੍ਰਭਾਤ ਚੜਦੀ ਹੈ ਤੇ ਫਿਰ ਸਵੇਰ ਹੁੰਦੀ ਹੈ, ਦਿਨ ਚੜਦਾ ਹੈ। ਇਸੇ ਤਰ੍ਹਾਂ ਹੀ ਗੁਰੂ ਦਾ ਸੱਚਾ ਗਿਆਨ, ਉਸਦਾ ਨਾਮ ਜਪਣ ਦੁਆਰਾ ਜਦੋਂ ਸਾਨੂੰ ਸੋਝੀ ਪੈਂਦੀ ਹੈ ਪਹਿਲੇ ਮਨ ਦੇ ਵਿੱਚ ਪ੍ਰਭਾਤ ਚੜਦੀ ਹੈ ਜੋ ਦਿਨ ਦੇ ਚਾਨਣੇ ਵਿੱਚ ਬਦਲ ਜਾਂਦੀ ਹੈ। ਜਦੋਂ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਗਿਆਨ ਮਿਲਦਾ ਹੈ ਉਹ ਗਿਆਨ ਫਿਰ ਵੱਧਦਾ ਹੀ ਰਹਿੰਦਾ ਹੈ ਮਨ ਦੀ ਪ੍ਰਭਾਤ ਦਿਨ ਦੇ ਚਾਨਣੇ ਵਿੱਚ ਬਦਲ ਜਾਂਦੀ ਹੈ ਜਿਸਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ, ਇਸੇ ਤਰੀਕੇ ਹੀ ਬਖਸ਼ਦਾ ਹੈ ਤੇ ਆਪਣਾ ਗਿਆਨ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਪਾਉਂਦਾ ਹੈ। ਮਨ ਦੇ ਵਿੱਚ ਇਹ ਸੱਚੀ ਮਤਿ ਪ੍ਰਮਾਤਮਾ ਕੋਲੋਂ ਮਿਲਣ ਦੁਆਰਾ ਹੀ ਮਨੁੱਖੀ ਰੂਪ ਨੂੰ ਸਮਝ ਪੈਂਦੀ ਹੈ ਕਿ ਜੋ ਗੁਰਬਾਣੀ ਹੈ, ਉਹੀ ਨਾਮ ਹੈ। ਹਰ ਵੇਲੇ ਗੁਰਬਾਣੀ ਦੇ ਉਪਦੇਸ਼ ਵਿੱਚ ਰਹਿਣਾ ਹੀ ਹਰ ਵੇਲੇ ਨਾਮ ਧਿਆਉਣਾ ਹੈ। (**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**) ਗੁਰੂ ਆਪ ਹੀ ਸਿੱਖ ਹੈ ਤੇ ਇਸੇ ਲਈ ਗੁਰੂ ਨੂੰ ਹੀ ਬਾਣੀ ਰਾਹੀਂ ਗੁਰਸਿੱਖ ਕਹਿਆ ਹੈ। ਗੁਰਸਿੱਖ ਉਹੀ ਹੈ ਜੋ ਪੂਰੀ ਤਰ੍ਹਾਂ ਗੁਰੂ ਦੀ ਸਿੱਖਿਆ ਅਨੁਸਾਰ ਵਿਚਰਦਾ ਹੈ। ਗੁਰੂ ਆਪ ਹੀ ਆਪਣੀ ਸਿੱਖਿਆ ਦੁਆਰਾ ਵਿਚਰਦਾ ਹੈ ਜਿਸਨੂੰ ਆਪਣੀ ਸਿੱਖਿਆ ਦੀ ਪੂਰਨ ਰੂਪ ਵਿੱਚ ਸਮਝ ਹੈ। ਜੋ ਗੁਰੂ ਰੂਪ ਵਿੱਚ ਭਾਵ ਗੁਰਸਿੱਖ ਰੂਪ ਵਿੱਚ ਪ੍ਰਮਾਤਮਾ ਦੀ ਸਿੱਖਿਆ ਨੂੰ ਹਰਿ ਵੇਲੇ ਧਿਆਉਂਦਾ ਹੈ ਉਹੀ ਪ੍ਰਮਾਤਮਾ ਨੂੰ ਸਾਸਿ ਗਿਰਾਸਿ ਧਿਆਉਂਦਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਨੂੰ ਭਾਉਂਦਾ ਹੈ। ਗੁਰੂ ਆਪ ਹੀ ਆਪਣਾ ਸਿੱਖ ਰੂਪ ਹੈ ਤੇ ਆਪ ਹੀ ਗੁਰਸਿੱਖ ਹੈ ਭਾਵ ਆਪਣੀ ਸਿੱਖਿਆ ਤੇ ਚੱਲਣ ਵਾਲਾ ਹੈ। (**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**) "ਸਾਸਿ ਗਿਰਾਸਿ" ਸਾਡੇ ਮਨ ਦੇ ਗਿਰਾਸਿ ਹਨ ਭਾਵ ਮਨ ਦਾ ਭੋਜਨ ਹੈ, ਗੁਰੂ ਦੇ ਸੱਚੇ ਗਿਆਨ ਦਾ ਭੋਜਨ ਹੈ ਜੋ ਸਾਡੇ ਮਨ ਦੇ ਸੁਆਸ ਹਨ ਜਿਸ ਨਾਲ ਸਾਡਾ ਮਨ ਗੁਰਮਤਿ ਦੀ ਸਮਝ ਦੁਆਰਾ ਜਿਉਂਦਾ ਹੈ। ਸੱਚੇ ਗਿਆਨ ਦਾ ਭੋਜਨ ਖਾਧੇ ਬਿਨ੍ਹਾਂ ਸਾਡਾ ਮਨ ਮਿਰਤਕ ਦੀ ਤਰ੍ਹਾਂ ਹੁੰਦਾ ਹੈ, ਆਤਮਿਕ ਨਾ-ਸਮਝੀ ਵਿੱਚ ਮਰੇ ਹੋਏ ਮਨੁੱਖ ਦੀ ਤਰ੍ਹਾਂ ਹੁੰਦਾ ਹੈ। {**ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥**} ਅੰਗ - 88 । ਸਾਸਿ ਗਿਰਾਸਿ ਵਾਲੀ ਅਵੱਸਥਾ ਨੂੰ ਅੱਗੇ ਚੱਲਕੇ ਹੋਰ ਵੀ ਸਮਝਾਂਗੇ।

ਪ੍ਰਮਾਤਮਾ ਕਿਸੇ ਨੂੰ ਆਪਣਾ "ਗੁਰਸਿਖੁ" ਬਣਾਵੇ ਇਹ ਕੇਵਲ ਉਸਦੀ ਆਪਣੀ ਰਜਾ ਹੈ। ਜਿਸ ਨੂੰ ਉਹ ਗੁਰੂ ਰੂਪ ਪ੍ਰਮਾਤਮਾ ਆਪਣਾ ਗੁਰਸਿੱਖ ਬਣਾਉਂਦਾ ਹੈ, ਆਪਣੀ ਸਿੱਖਿਆ ਮੰਨਣ ਵਾਲਾ, ਨਾਮ ਜਪਣ ਵਾਲਾ ਬਣਾਉਂਦਾ ਹੈ ਉਸਨੂੰ ਉਹ ਆਪਣਾ ਉਪਦੇਸ਼ ਆਪ ਹੀ ਸੁਣਾਉਂਦਾ ਹੈ ਜੋ ਕਿ ਉਹ ਮਨ ਦੇ ਵਿੱਚ ਹੀ ਸੁਣਾਉਂਦਾ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ। (**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**) ਇਹੋ ਜਿਹਾ "ਗੁਰਸਿਖੁ" ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ, ਉਸਦਾ ਗੁਰੂ ਰੂਪ, ਭਗਤ ਰੂਪ ਹੁੰਦਾ ਹੈ ਉਸਦੀ ਧੂੜਿ ਮੰਗਣੀ ਸਾਨੂੰ ਸਿਖਾਈ ਹੋਈ ਹੈ। ਗੁਰੂ ਦੀ, ਗੁਰਸਿੱਖ ਦੀ ਧੂੜਿ ਉਸਦੀ ਸੱਚੀ ਮਤਿ ਹੈ, ਉਸਦਾ ਨਾਮ ਹੈ ਭਾਵ ਨਾਮ ਧੂੜ ਹੈ ਜਿਸ ਧੂੜਿ ਦੀ ਗੱਲ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਕੀਤੀ ਹੋਈ ਹੈ। ਗੁਰੂ ਦੀ ਧੂੜਿ ਬਾਰੇ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਜੋ ਪ੍ਰਮਾਤਮਾ ਦਾ ਨਾਮ ਜਪਦਾ ਹੈ ਉਹ ਮਨ ਦੇ ਵਿੱਚ ਇਹ ਧੂੜਿ ਵੱਸਣ ਦੁਆਰਾ ਹੀ ਜਪਦਾ ਹੈ ਭਾਵ ਗੁਰਮਤਿ ਰੂਪ ਸੱਚਾ ਗਿਆਨ ਵੱਸਣ ਦੁਆਰਾ ਹੀ ਜਪਦਾ ਹੈ। ਇਹ ਨਾਮ ਧੂੜਿ ਵੱਸਣ ਦੁਆਰਾ ਹੀ ਕੋਈ "ਗੁਰਸਿਖੁ" ਬਣ ਸਕਦਾ ਹੈ ਤੇ ਅੱਠੇ ਪਹਿਰ ਭਾਵ ਹਰਿ ਵੇਲੇ ਨਾਮ ਜਪ ਸਕਦਾ ਹੈ, ਗੁਰਮਤਿ ਅਨੁਸਾਰ ਵਿਚਰ ਸਕਦਾ ਹੈ। ਗੁਰੂ ਆਪਣੇ "ਗੁਰਸਿਖੁ" ਰੂਪ ਵਿੱਚ ਇਸ ਤਰੀਕੇ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਣ ਦੀ ਸਿੱਖਿਆ ਦਿੰਦਾ ਹੈ ਭਾਵ ਆਪਣਾ ਨਾਮ ਜਪਾਉਂਦਾ ਹੈ। ਜੋ ਗੁਰੂ ਕੋਲੋਂ ਉਸ ਦੀ ਧੂੜਿ ਲੈ ਲੈਂਦਾ ਹੈ ਭਾਵ ਗੁਰਮਤਿ ਵਾਲੀ ਸੱਚੀ ਮਤਿ ਲੈ ਕੇ ਮੰਨ ਲੈਂਦਾ ਹੈ ਉਹ ਹੀ ਨਾਮ ਜਪ ਸਕਦਾ ਹੈ। ਸਾਰੀ ਬਾਣੀ ਰਾਹੀਂ ਸਾਨੂੰ ਗੁਰੂ ਆਪਣਾ ਨਾਮ ਜਪਣਾ ਹੀ ਸਿਖਾ ਰਹਿਆ ਹੈ। (**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥2॥**)

ਗੁਰੂ ਆਪ ਹੀ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਜਪਣਾ ਸਿਖਾਉਂਦਾ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਮਹਲਾ 4 ॥
"ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥2॥"

(ਅੰਗ 140)

ਉਪਰਲਾ ਪੂਰਾ ਸ਼ਬਦ ਗੁਰੂ ਦੀ ਆਪਣੀ ਅਵੱਸਥਾ ਬਾਰੇ ਹੀ ਹੈ ਜਿਸਦੇ ਅੰਦਰ "ਸਚੁ" ਹੈ ਭਾਵ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਆਪ ਹੀ "ਸੱਚ" ਦੇ ਰੂਪ ਵਿੱਚ "ਨਾਮੁ" ਹੈ ਤੇ ਜਿਸਦੇ ਅੰਦਰ ਨਾਮ ਹੈ ਉਹੀ ਨਾਮ ਜਪਦਾ ਹੈ। (**ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥**) ਜਿਨ੍ਹਾਂ ਦੇ ਅੰਦਰ ਸੱਚੁ ਵੱਸਿਆ ਹੈ ਉਨ੍ਹਾਂ ਨੇ ਹੀ ਆਪਣੇ ਮੁੱਖੋਂ ਸੱਚ ਬੋਲ ਕੇ ਸੰਸਾਰ ਨੂੰ ਸੱਚੁ ਸਮਝਾਇਆ ਹੈ, ਸ਼ਬਦਾਂ ਦੁਆਰਾ ਸੱਚੁ ਸਮਝਾਇਆ ਹੈ ਜੋ ਸੱਚੁ ਪੂਰੀ ਬਾਣੀ ਦੇ ਵਿੱਚ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ।

ਗੁਰੂ ਸਾਹਿਬਾਨ ਨੇ, ਭਗਤਾਂ ਨੇ ਆਪਣੇ ਜੀਵਨ ਕਾਲ ਵਿੱਚ ਨਾਮ ਕਿਸ ਤਰੀਕੇ ਜਪਿਆ ਹੈ ਤੇ ਕਿਸ ਤਰੀਕੇ ਸੰਸਾਰ ਨੂੰ ਨਾਮ ਜਪਣਾ ਸਿਖਾਇਆ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥"

ਜਿਸਦੇ ਅੰਦਰ ਸੱਚੁ ਰੂਪ ਪ੍ਰਮਾਤਮਾ ਵੱਸਦਾ ਹੈ ਪਰਗਟ ਹੋ ਜਾਂਦਾ ਹੈ, ਉਸ ਮਨ ਦੇ ਵਿੱਚ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਰਾਹੀਂ ਉਹ ਆਪਣੀ ਭਗਤੀ ਦਾ ਮਾਰਗ ਸਮਝਾਉਂਦਾ ਹੈ, "ਹਰਿ ਮਾਰਗਿ" ਸਮਝਾਉਂਦਾ ਹੈ ਭਾਵ ਨਾਮ ਦਾ ਮਾਰਗ ਸਮਝਾਉਂਦਾ ਹੈ ਜਿਸ ਮਾਰਗ ਤੇ ਉਹ ਮਨੁੱਖ ਆਪਣੇ ਜੀਵਨ ਵਿੱਚ ਚੱਲਦਾ ਹੈ ਭਾਵ ਆਪਣੇ ਜੀਵਨ ਵਿੱਚ ਪ੍ਰਮਾਤਮਾ ਦੇ ਸਮਝਾਏ ਹੋਇ ਮਾਰਗ ਤੇ ਚੱਲਣ ਦੁਆਰਾ ਹੀ ਨਾਮ ਜਪਦਾ ਹੈ। ਗੁਰੂ ਨੇ ਆਪਣੇ ਜੀਵਨ ਵਿੱਚ ਆਪਣੀ ਸੱਚੀ ਵਿਚਰਨ ਦੁਆਰਾ ਹਰਿ ਦੇ ਸਮਝਾਏ ਹੋਏ ਮਾਰਗ ਤੇ ਚੱਲਕੇ ਦਿਖਾਇਆ ਹੈ ਭਾਵ ਨਾਮ ਜਪ ਕੇ ਦਿਖਾਇਆ ਹੈ ਤੇ ਸੰਸਾਰ ਨੂੰ ਗੁਰਬਾਣੀ ਰਾਹੀਂ "ਹਰਿ ਮਾਰਗਿ" ਤੇ ਪਾਇਆ ਹੈ ਭਾਵ ਨਾਮ ਜਪਣਾ ਸਮਝਾਇਆ ਹੈ, ਸੱਚ ਤੇ ਚੱਲਣਾ ਸਿਖਾਇਆ ਹੈ। ਪੂਰੀ ਗੁਰਬਾਣੀ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾ ਰਹੀ ਹੈ, ਝੂਠੀ ਮਤਿ ਛੱਡ ਕੇ ਸੱਚੀ ਮਤਿ ਦੁਆਰਾ ਵਿਚਰਨਾ ਸਮਝਾ ਰਹੀ ਹੈ ਤੇ ਇਹੀ ਨਾਮ ਜਪਣਾ ਹੈ ਜੋ ਨਾਮ ਜਪਣਾ ਅਸੀਂ ਵਾਰ-ਵਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਸਮਝਦੇ ਹੀ ਜਾਵਾਂਗੇ। ਨਾਮ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਅਸੀਂ ਨਾਮ ਦੀ ਸਿੱਖਿਆ ਜੇਕਰ ਗੁਰੂ ਦੇ ਕੋਲੋ ਲਵਾਂਗੇ ਤੇ ਫਿਰ ਤਾਂ ਹੀ ਨਾਮ ਨੂੰ ਸਮਝ ਪਾਵਾਂਗੇ ਤੇ ਜੇਕਰ ਉਨ੍ਹਾਂ ਦੀ ਮਤਿ ਨਾਲ ਜੁੜਾਂਗੇ ਜਿਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ ਭਾਵ ਭਰਮਾਂ ਵਿੱਚ ਹਨ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹਨ ਤਾਂ ਫਿਰ ਅਸੀਂ ਉਨ੍ਹਾਂ ਕੋਲੋਂ ਨਾਮ ਨੂੰ ਨਹੀਂ ਸਮਝ ਸਕਦੇ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥"

(ਅੰਗ 140)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਦੀ ਸਮਝ ਵਿਚ ਤੇ ਸੰਸਾਰੀ ਸਮਝ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਸਾਨੂੰ ਧਰਮ ਦਾ ਮਾਰਗ ਸਮਝਾਉਣ ਵਾਲੇ, ਨਾਮ ਸਮਝਾਉਣ ਵਾਲੇ ਅਨੇਕਾਂ ਹੀ ਹਨ ਪਰ ਉਨ੍ਹਾਂ ਦੀ ਸਮਝ ਗੁਰੂ ਦੀ ਸਮਝ ਅੱਗੇ ਕਿਤਨੀ ਛੋਟੀ ਹੈ, ਇਹ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਦੇ ਨਾਲ ਨਾ ਜੁੜੀਏ। ਗੁਰੂ ਨੂੰ "ਤੀਰਥੁ" ਕਹਿਆ ਹੈ। ਅਸੀਂ ਤੀਰਥਾਂ ਤੇ ਜਾਂਦੇ ਹਾਂ ਤੇ ਇਸ਼ਨਾਨ ਕਰਦੇ ਹਾਂ ਜੋ ਕਿ ਸਰੀਰਕ ਇਸ਼ਨਾਨ

ਕਰਦੇ ਹਾਂ। ਗੁਰੂ ਤਾਂ ਗਿਆਨ ਦੇ ਰੂਪ ਵਿੱਚ ਤੀਰਥ ਹੈ ਤੇ ਸਾਨੂੰ ਉੱਪਰ ਪੰਗਤੀਆਂ ਰਾਹੀਂ ਗਿਆਨ ਦਾ ਇਸ਼ਨਾਨ ਕਰਨਾ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡਾ ਮਨ ਕਰਦਾ ਹੈ, ਮਨ ਦੀ ਮੈਲ ਉਤਾਰਨ ਲਈ ਕਰਦਾ ਹੈ ਜਿਵੇਂ ਕਿ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਤੇ ਜਿਉਂ -ਜਿਉਂ ਅੱਗੇ ਵੱਧਾਂਗੇ ਸਭ ਕੁੱਝ ਸਮਝਦੇ ਜਾਵਾਂਗੇ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਗੁਰੂ ਕਿਸ ਰੂਪ ਵਿੱਚ ਤੀਰਥ ਹੈ।

“ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥1॥”

(ਅੰਗ 687)

ਇਹ ਪੂਰਾ ਸ਼ਬਦ ਅਸੀਂ ਅੱਗੇ ਚੱਲਕੇ ਸਮਝਾਂਗੇ। ਉੱਪਰ ਸਾਨੂੰ ਕਿਤਨਾ ਹੀ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਤੀਰਥ ਨਾਮ ਹੈ, ਤੀਰਥ ਗੁਰੂ ਦੇ ਸ਼ਬਦਾਂ ਦੀ ਬੀਚਾਰੁ ਹੈ, ਤੀਰਥ ਸਾਡੇ ਅੰਦਰ ਦਾ ਗਿਆਨ ਹੈ, ਗੁਰੂ ਦਾ ਸੱਚਾ ਗਿਆਨ ਹੈ। ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਹੀ ਹੈ, ਸੱਚਾ ਗਿਆਨ ਹੀ ਹੈ ਜੋ ਕਿ ਨਾਮ ਹੈ ਜਿਸ ਦਾ ਮਕਸਦ ਸਾਡੇ ਮਨ ਦੇ ਵਿੱਚ ਸ਼ਬਦਾਂ ਦੀ ਸਮਝ ਦੁਆਰਾ ਚਾਨਣ ਕਰਨਾ ਹੈ, ਗਿਆਨ ਦਾ ਚਾਨਣ ਕਰਨਾ ਹੈ, ਸੱਚ ਰੂਪ ਚਾਨਣ ਕਰਨਾ ਹੈ। ਸਾਡੇ ਮਨ ਦੀ ਮੈਲ ਇਸ ਗਿਆਨ ਦੇ ਚਾਨਣ ਦੁਆਰਾ ਧੁਪਣੀ ਹੈ ਭਾਵ ਸਾਡੇ ਅੰਦਰ ਅਗਿਆਨਤਾ ਦੀ ਮੈਲ ਹੈ, ਹਉਮੈ ਦੀ ਮੈਲ ਹੈ ਜੋ ਕਿ ਨਾਮ ਦੁਆਰਾ ਧੁਲਦੀ ਹੈ, ਗੁਰੂ ਦੇ ਸੱਚੇ ਗਿਆਨ ਦੁਆਰਾ ਧੁਪਦੀ ਹੈ, ਗੁਰੂ ਦੇ ਨਾਮ ਰੂਪ ਤੀਰਥ ਤੇ ਇਸ਼ਨਾਨ ਕਰਨ ਦੁਆਰਾ ਧੁਪਦੀ ਹੈ। ਗੁਰੂ ਤੀਰਥ ਹੈ ਭਾਵ ਸਾਰੀ ਗੁਰਬਾਣੀ ਤੀਰਥ ਹੈ, ਨਾਮ ਦਾ ਤੀਰਥ ਹੈ ਜਿਸ ਤੀਰਥ ਦਾ ਅਸੀਂ ਇਸ਼ਨਾਨ ਕਰਨਾ ਹੈ ਤਾਂ ਜੋ ਸਾਡੇ ਮਨ ਦੀ ਅਗਿਆਨਤਾ ਦੂਰ ਹੋਵੇ ਤੇ ਅਗਿਆਨਤਾ ਤਾਂ ਹੀ ਦੂਰ ਹੋਵੇਗੀ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਸਮਝ ਕੇ ਉਸਨੂੰ ਮੰਨਾਂਗੇ ਭਾਵ ਮਨਮਤਿ ਛੱਡਾਂਗੇ, ਹਉਮੈ ਛੱਡਾਂਗੇ। ਜੇਕਰ ਕੇਵਲ ਸ਼ਬਦਾਂ ਦੀ ਕਥਨੀ ਹੀ ਕਰੀ ਜਾਵਾਂਗੇ ਜਾਂ ਕਿਸੇ ਅੱਖਰ ਨੂੰ ਬੋਲੀ ਜਾਵਾਂਗੇ ਫਿਰ ਕੀ ਸਾਡੇ ਮਨ ਦੀ ਮੈਲ ਉਤਰ ਜਾਵੇਗੀ ਭਾਵ ਕਦੇ ਨਹੀਂ ਉਤਰ ਸਕਦੀ। ਤੀਰਥ ਗੁਰੂ ਹੈ, ਜੋ ਕਿ ਨਾਮ ਦੇ ਰੂਪ ਵਿੱਚ ਤੀਰਥ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਤੀਰਥ ਹੈ ਜਿਸ ਤੀਰਥ ਤੇ ਸਾਡੇ ਮਨ ਦੀ ਸਮਝ ਨੇ ਇਸ਼ਨਾਨ ਕਰਨਾ ਹੈ ਜੋ ਇਸ਼ਨਾਨ ਕਰਨ ਦੁਆਰਾ ਸਾਡੇ ਮਨ ਦੀ ਮੈਲ ਧੁਪ ਸਕਦੀ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਧੁਪ ਸਕਦੀ ਹੈ, ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਧੁਪ ਸਕਦੀ ਹੈ।

ਪਹਿਲੇ ਸ਼ਬਦ ਰਾਹੀਂ, ਭਾਵ ਮੁੱਖ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਜੇਕਰ ਅਸੀਂ ਗੁਰੂ ਦੇ ਤੀਰਥ ਤੇ ਇਸ਼ਨਾਨ ਕਰਾਂਗੇ ਤੇ ਤਾਂ ਹੀ ਸਾਡੀ ਮਨ ਦੀ ਮੈਲ ਉਤਰੇਗੀ। ਗੁਰੂ ਨਾਮ ਦਾ ਤੀਰਥ ਹੈ, ਜਿਸਨੂੰ ਨਾਮ ਦੀ ਸਮਝ ਹੈ। ਜੇਕਰ ਅਸੀਂ ਗੁਰੂ ਨੂੰ ਅੱਗੇ ਸਮਝਾਂਗੇ ਤੇ ਫਿਰ ਤਾਂ ਹੀ ਉਸਦੇ ਪਿੱਛੇ ਲੱਗਾਗੇ ਭਾਵ ਤਾਂ ਹੀ ਗੁਰੂ ਦੀ ਮਤਿ ਦੇ ਨਾਲ ਜੁੜਾਂਗੇ, ਗੁਰੂ ਦੇ ਕੋਲੋਂ ਨਾਮ ਜਪਣਾ ਸਿਖਾਗੇ ਜੋ ਸਾਡੀ ਮਨ ਦੀ ਅਗਿਆਨਤਾ ਦੀ ਮੈਲ ਨੂੰ, ਹਉਮੈ ਦੀ ਮੈਲ ਨੂੰ ਧੋ ਸਕਦਾ ਹੈ ਭਾਵ ਕੱਢ ਸਕਦਾ ਹੈ ਤੇ ਜੇਕਰ ਅਸੀਂ ਗੁਰੂ ਨੂੰ ਛੱਡ ਕੇ ਕਿਸੇ ਹੋਰ ਨੂੰ ਅੱਗੇ ਸਮਝਦੇ ਹਾਂ ਭਾਵ ਕਿਸੇ ਹੋਰ ਦੀ ਮਤਿ ਨੂੰ ਚੰਗਾ ਸਮਝ ਕੇ, ਉੱਚਾ ਸਮਝ ਕੇ ਉਨ੍ਹਾਂ ਦੀ ਮਤਿ ਨੂੰ ਮੰਨਦੇ ਹਾਂ ਜੋ ਸਾਨੂੰ ਨਾਮ ਜਪਣਾ ਸਮਝਾਉਂਦੇ ਹਨ ਫਿਰ ਇਹ ਛੱਪੜ ਵਿੱਚ ਨਹਾਉਣ ਵਾਲੀ ਗੱਲ ਹੈ। ਛੱਪੜਾਂ ਦਾ ਪਾਣੀ ਮੈਲਾ ਹੁੰਦਾ ਹੈ ਭਾਵ ਜਿਨ੍ਹਾਂ ਦੀ ਮਤਿ ਦੇ ਨਾਲ ਅਸੀਂ ਜੁੜਦੇ ਹਾਂ ਉਨ੍ਹਾਂ ਦੀ ਆਪਣੀ ਸਮਝ ਮੈਲੀ ਹੈ, ਅਗਿਆਨਤਾ ਵਾਲੀ ਹੈ, ਹਉਮੈ ਵਾਲੀ ਹੈ, ਜੋ ਸਾਡੀ ਮਤਿ ਦੀ ਮੈਲ ਕੱਢਣ ਦੀ ਬਜਾਇ ਉਲਟਾ ਹੋਰ ਸਾਡੀ ਮੈਲ ਵਧਾਉਂਦੇ ਹਨ, ਸਾਡੇ ਅੰਦਰ ਹੋਰ ਅਗਿਆਨਤਾ ਵਧਾਉਂਦੇ ਹਨ। ਜੇਕਰ ਧਿਆਨ ਨਾਲ ਦੇਖੀਏ ਤਾਂ ਸਭ ਪਾਸੇ ਇਹੀ ਕੁੱਝ ਹੋ ਰਹਿਆ ਹੈ। ਅਸੀਂ ਉਨ੍ਹਾਂ ਕੋਲੋਂ ਨਾਮ ਸਿੱਖਿਆ ਹੈ, ਭਗਤੀ ਦਾ ਮਾਰਗ ਸਿੱਖਿਆ ਹੈ ਜਿਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ। ਨਾਮ ਦਾ ਤੀਰਥ ਪੂਰਾ ਸਤਿਗੁਰੂ ਹੀ ਹੈ ਜਿਸ ਤੀਰਥ ਤੇ ਹੀ ਕੇਵਲ ਸਾਨੂੰ ਇਸ਼ਨਾਨ ਕਰਨਾ ਸਮਝਾਇਆ ਹੈ ਤਾਂ ਜੋ ਅਸੀਂ ਕਿਸੇ ਹੋਰ ਦੀ ਮਤਿ ਨਾਲ ਨਾ ਜੁੜੀਏ, ਛੱਪੜਾਂ ਤੇ ਇਸ਼ਨਾਨ ਨਾ ਕਰੀਏ। ਹਰ ਵੇਲੇ, ਅਨਦਿਨ , ਅੱਠੇ ਪਹਿਰ ਨਾਮ ਜਪਣ ਵਾਲਾ ਗੁਰੂ

ਆਪ ਹੀ ਹੈ ਭਾਵ ਨਾਮ ਦੀ ਸਮਝ ਕੇਵਲ ਗੁਰੂ ਨੂੰ ਹੀ ਹੈ ਜੋ ਆਪ ਹੀ ਆਪਣੀ ਸਿੱਖਿਆ ਅਨੁਸਾਰ ਚੱਲਦਾ ਹੈ, ਅੱਠੇ ਪਹਿਰ ਚੱਲਦਾ ਹੈ। (**ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥ ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥**) ਗੁਰੂ ਹਰ ਵੇਲੇ ਨਾਮ ਕਿਸ ਤਰੀਕੇ ਧਿਆਉਂਦਾ ਤੇ ਦੂਸਰਿਆਂ ਨੂੰ ਭਾਵ ਸਾਰੇ ਸੰਸਾਰ ਨੂੰ ਕਿਸ ਰੂਪ ਵਿੱਚ ਨਾਮ ਜਪਾਉਂਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥”

(ਅੰਗ 140)

ਹੁਣ ਧਿਆਨ ਨਾਲ ਸਮਝੋ ਕਿ ਜੋ ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ ਉਹ ਕਿਹੜੇ “ਕੁਟੰਬ” ਤੋਂ ਛੁਟਿਆ ਹੈ ਤੇ ਸਾਰੇ ਸੰਸਾਰ ਨੂੰ ਆਪਣਾ ਨਾਮ ਦੇਣ ਦੁਆਰਾ, ਹਰਿ ਹਰਿ ਨਾਮ ਦੇਣ ਦੁਆਰਾ ਵੀ ਕੁਟੰਬ ਤੋਂ ਛੁਡਵਾਉਂਦਾ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ ਜੋ ਆਪ ਨਾਮ ਜਪਦਾ ਹੈ ਤੇ ਸਾਰੇ ਸੰਸਾਰ ਨੂੰ ਆਪਣੇ ਸੱਚਾ ਗਿਆਨ ਦੇਣ ਦੁਆਰਾ ਨਾਮ ਜਪਣਾ ਸਿਖਾਉਂਦਾ ਹੈ। ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਨਾਮ ਉਹੀ ਜਪਦਾ ਹੈ ਜਿਸਨੇ ਸਾਰੇ ਔਗੁਣ ਛੱਡੇ ਹੋਏ ਹਨ ਭਾਵ ਉਹ ਮਨ ਦੇ ਹਰ ਔਗੁਣ ਤੋਂ ਛੁੱਟਿਆ ਹੋਇਆ ਹੈ। ਸਾਡੇ ਅੰਦਰ ਔਗੁਣਾਂ ਦੇ ਰੂਪ ਵਿੱਚ ਮਾੜੇ ਵਿਚਾਰਾਂ ਦਾ ਕੁਟੰਬ ਹੈ, ਔਗੁਣਾਂ ਦਾ ਪਰਿਵਾਰ ਹੈ। ਮਾੜੀ ਮਤਿ ਔਗੁਣਾਂ ਦਾ ਕੁਟੰਬ ਹੈ ਤੇ ਚੰਗੀ ਮਤਿ ਭਾਵ ਗੁਰਮਤਿ ਵਾਲੀ ਮਤਿ, ਨਾਮ ਵਾਲੀ ਮਤਿ, ਗੁਣਾਂ ਦਾ ਕੁਟੰਬ ਹੈ, ਗੁਣਾਂ ਦਾ ਪਰਿਵਾਰ ਹੈ। ਇਨ੍ਹਾਂ ਗੱਲਾਂ ਨੂੰ ਅਸੀਂ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਸਮਝਾਂਗੇ। ਗੁਰੂ ਨੇ ਆਪਣੇ ਅੰਦਰੋਂ ਹਰ ਔਗੁਣ ਤਿਆਗਿਆ ਹੋਇਆ ਹੈ ਜਿਸ ਕਰਕੇ ਗੁਰੂ ਗੁਣਾਂ ਦਾ ਖਜਾਨਾ ਹੈ, ਗੁਣਾਂ ਦੇ ਪਰਿਵਾਰ ਵਾਲਾ ਹੈ। ਆਪਣੇ ਔਗੁਣ ਤਿਆਗਣ ਦੁਆਰਾ ਗੁਰੂ ਆਪ ਨਾਮ ਜਪਦਾ ਹੈ ਤੇ ਆਪਣੀ ਮਤਿ ਦੇਣ ਦੁਆਰਾ ਸੰਸਾਰ ਨੂੰ ਔਗੁਣ ਛੱਡਣੇ ਸਮਝਾਉਂਦਾ ਹੈ ਭਾਵ ਨਾਮ ਜਪਣਾ ਸਿਖਾਉਂਦਾ ਹੈ, ਨਾਮ ਜਪਾਉਂਦਾ ਹੈ। ਅਸੀਂ ਗੁਰੂ ਤੋਂ ਹੀ ਬਲਿਹਾਰਣੈ ਜਾਣਾ ਹੈ ਭਾਵ ਗੁਰੂ ਦੀ ਮਤਿ ਤੋਂ ਬਲਿਹਾਰੇ ਜਾਈਏ, ਸੱਚੀ ਮਤਿ ਤੋਂ ਬਲਿਹਾਰੇ ਜਾਈਏ, ਨਾਮ ਵਾਲੀ ਸਮਝ ਤੋਂ ਬਲਿਹਾਰੇ ਜਾਈਏ, ਜਿਸ ਮਤਿ ਨੂੰ ਆਪਣੇ ਨਾਲ ਮੇਲ ਦੁਆਰਾ ਪ੍ਰਮਾਤਮਾ ਨੇ ਹਰ ਔਗੁਣ ਤੋਂ ਦੂਰ ਕੀਤਾ ਹੋਇਆ ਹੈ, ਹਉਮੈ ਤੋਂ, ਮਾਇਆ ਮੋਹ ਤੋਂ, ਤ੍ਰੈਗੁਣਾਂ ਤੋਂ ਰਹਿਤ ਕੀਤਾ ਹੋਇਆ ਹੈ, ਪੂਰਨ ਸੱਚ ਵਾਲੀ, ਨਾਮ ਵਾਲੀ, ਬ੍ਰਹਮ ਗਿਆਨ ਵਾਲੀ ਮਤਿ ਬਣਾਇਆ ਹੋਇਆ ਹੈ ਜੋ ਹਰ ਭਰਮ ਤੋਂ ਰਹਿਤ ਹੁੰਦੀ ਹੈ, ਭਗਤੀ ਦੀ ਪੂਰਨ ਸਮਝ ਵਾਲੀ ਮਤਿ ਹੁੰਦੀ ਹੈ, ਗੁਰਮਤਿ ਦੀ ਸਮਝ ਵਾਲੀ ਮਤਿ ਹੁੰਦੀ ਹੈ। ਪ੍ਰਮਾਤਮਾ ਦਾ ਨਾਮ ਮਨ ਦੀ ਇਹੋ ਸਮਝ ਦੁਆਰਾ ਭਾਵ ਗੁਰੂ ਵਰਗੀ ਸਮਝ ਦੁਆਰਾ ਜਪਿਆ ਜਾ ਸਕਦਾ ਹੈ ਤੇ ਤਾਂ ਹੀ ਦੂਸਰਿਆਂ ਨੂੰ ਨਾਮ ਜਪਾਇਆ ਜਾ ਸਕਦਾ ਹੈ। (**ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥ ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥**)

{**ਪ੍ਰਥਮੇ ਛੋਡੀ ਪਰਾਈ ਨਿੰਦਾ ॥**
ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥1॥
ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥1॥ ਰਹਾਉ ॥
ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥
ਨਾਮ ਧਿਆਏ ਹਰਿ ਹਰਿ ਹਰੇ ॥
ਸਾਧ ਜਨਾ ਕੈ ਸੰਗਿ ਨਿਸਤਰੇ ॥2॥
ਬੈਰੀ ਮੀਤ ਹੋਏ ਸੰਮਾਨ ॥

ਸਰਬ ਮਹਿ ਪੂਰਨ ਭਗਵਾਨ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥3॥
ਕਰਿ ਕਿਰਪਾ ਜਿਸੁ ਰਾਖੈ ਆਪਿ ॥
ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥
ਕਹੁ ਨਾਨਕ ਤਾ ਕੀ ਪੂਰੀ ਪਈ ॥4॥}

(ਅੰਗ - 1147)

ਉਪਰਲੇ ਸ਼ਬਦ ਰਾਹੀਂ ਵੀ ਗੁਰੂ ਦੀ, ਪ੍ਰਮਾਤਮਾ ਦੇ ਭਗਤ ਦੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਸ ਅਵੱਸਥਾ ਦੁਆਰਾ ਉਹ ਪ੍ਰਮਾਤਮਾ ਦਾ ਨਾਮ ਜਪਦਾ ਹੈ। ਪੂਰਾ ਸ਼ਬਦ ਅਸਾਨੀ ਨਾਲ ਸਮਝ ਆ ਜਾਂਦਾ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਸੱਚੀ ਮਤਿ ਦਿੰਦਾ ਹੈ ਉਸਨੂੰ ਹਰ ਵਿਕਾਰ ਤੋਂ, ਔਗੁਣ ਤੋਂ ਰੱਖ ਲੈਂਦਾ ਹੈ ਭਾਵ ਬਚਾ ਲੈਂਦਾ ਹੈ ਉਹੀ ਉਸਦਾ ''ਭਗਤ'' ਰੂਪ ਬਣ ਸਕਦਾ ਹੈ ਤੇ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਆਪਣੀ ਸੱਚੀ ਮਤਿ ਦੇਣ ਦੁਆਰਾ ਨਾਮ ਜਪਣਾ ਸਿਖਾਉਂਦਾ ਹੈ। (**ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥ ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥** ਅੰਗ -1147)

ਹੁਣ ਅਸੀਂ ਪਿੱਛੇ ਜਿਹੜੇ ਮੁੱਖ ਸ਼ਬਦ ਦੀ ਵਿਆਖਿਆ ਕੀਤੀ ਹੈ, ਉਸਦੀਆਂ ਆਖਰੀ ਪੰਗਤੀਆਂ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਨਾਮ ਜਪਣ ਵਾਲਾ ਗੁਰਸਿਖ ਕਿਹੋ ਜਿਹਾ ਹੁੰਦਾ ਹੈ ਜਿਸਦੀ ਧੂੜਿ ਮੰਗਣੀ ਸਿਖਾਈ ਹੋਈ ਹੈ ਤੇ ਉਹ ਕਿਸ ਤਰੀਕੇ ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ, ਸਾਰੇ ਸੰਸਾਰ ਨੂੰ ਨਾਮ ਜਪਾਉਂਦਾ ਹੈ। ਗੁਰੂ ਆਪ ਹੀ ਨਾਮ ਜਪਣ ਵਾਲਾ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਆਪਣੀ ਸੱਚੀ ਸਿੱਖਿਆ ਰਾਹੀਂ ਨਾਮ ਜਪਣਾ ਸਮਝਾ ਰਹਿਆ ਹੈ। (**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥**)

"ਸਭ ਤੋਂ ਜਰੂਰੀ ਗੱਲ"

ਨਾਮ ਜਪਣ ਲਈ ਕਿਸੇ ਸਮੇਂ ਵਿੱਚ ਫਰਕ ਕਰਨਾ ਕਿ ਖਾਸ ਸਮਾਂ ਭਾਵ ਪ੍ਰਭਾਤ ਵੇਲਾ ਜਿਆਦਾ ਚੰਗਾ ਵੇਲਾ ਹੈ, ਇਹ ਸਾਡਾ ਬਹੁਤ ਵੱਡਾ ਭਰਮ ਹੈ ਤੇ ਨਾਮ ਵਿੱਚ ਤੇ ਗੁਰਬਾਣੀ ਵਿੱਚ ਫਰਕ ਸਮਝਣਾ ਹੋਰ ਵੀ ਵੱਡਾ ਭਰਮ ਹੈ।

ਦੁਨਿਆਵੀ ਪ੍ਰਭਾਤ ਵੇਲੇ ਤੋਂ ਗੁਰਬਾਣੀ ਪੜ੍ਹਨ, ਸੁਣਨ ਦੀ ਮਰਿਆਦਾ ਗੁਰੂ ਸਾਹਿਬਾਨ ਦੇ ਵਕਤ ਤੋਂ, ਜੀਵਨ ਕਾਲ ਤੋਂ ਹੀ ਚੱਲਦੀ ਆ ਰਹੀ ਹੈ। ਧਿਆਨ ਨਾਲ ਵਿਚਾਰੋ ਕਿ ਕਦੇ ਅੱਜ ਤੱਕ ਇਹ ਗੱਲ ਸੁਣੀ ਹੈ ਕਿ ਗੁਰੂ ਸਾਹਿਬਾਨ ਨੇ ਨਾਮ ਜਾਂ ਬਾਣੀ ਵਿੱਚ ਕਦੇ ਕੋਈ ਫਰਕ ਕੀਤਾ ਹੈ। ਉਹ ਹੀ ਮਰਿਆਦਾ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅੱਜ ਵੀ ਚੱਲ ਰਹੀ ਹੈ। ਉੱਥੇ ਸਵੇਰੇ ਪਰਭਾਤ ਵੇਲੇ ਤੋਂ ਲੈਕੇ ਸਾਰਾ ਦਿਨ ਗੁਰਬਾਣੀ ਕੀਰਤਨ ਹੀ ਚੱਲਦਾ ਹੈ ਤੇ ਕੋਈ ਵੱਖਰਾ ਨਾਮ ਨਹੀਂ ਜਪਿਆ ਜਾਂਦਾ ਕਿਉਂਕਿ ਫ਼ਰਕ ਹੈ ਹੀ ਨਹੀਂ। ਮਰਿਆਦਾ ਗੁਰੂ ਸਾਹਿਬਾਨ ਦੀ ਆਪਣੀ ਸ਼ੁਰੂ ਕੀਤੀ ਹੋਈ ਹੈ, ਇਸ ਕਰਕੇ ਉੱਥੇ ਇਸ ਗੱਲ ਦਾ ਫਰਕ ਨਹੀਂ ਸਮਝਿਆ ਜਾਂਦਾ ਅਤੇ ਨਾ ਹੀ ਕੀਰਤਨ ਕਰਦੇ ਹੋਏ ਕੋਈ ਵੱਖਰੀ ਧੁਨੀ ਲਗਾਈ ਜਾਂਦੀ ਹੈ ਜਿਸਨੂੰ ਅੱਜ ਕੱਲ ਨਾਮ ਦੀ ਧੁਨੀ ਕਿਹਾ ਜਾਂਦਾ ਹੈ। ਇਹ ਧੁਨੀ ਕਿੱਥੋਂ ਸ਼ੁਰੂ ਹੋਈ ਹੈ, ਕਿਸ ਦੀ ਕਾਢ ਹੈ ਇਹ ਉਹ ਹੀ ਜਾਣੇ ਪਰ ਸਾਨੂੰ ਕਿਸੇ ਭੁਲੇਖੇ ਵਿੱਚ ਨਹੀਂ ਰਹਿਣਾ ਚਾਹੀਦਾ ਕਿ ਨਾਮ ਕੀ ਹੈ। ਗੁਰੂ ਸਾਹਿਬਾਨ ਤੋਂ ਸਿਆਣੇ ਬਣਨ ਦੀ ਕੋਸ਼ਿਸ਼ ਨਾ ਕਰੀਏ। ਗੁਰੂ ਸਾਹਿਬਾਨ ਦੀ, ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਮਰਿਆਦਾ ਨੂੰ ਭੰਗ ਨਾ ਕਰੀਏ ਤੇ ਉਹਨਾਂ ਦੇ ਦੋਸ਼ੀ ਨਾ ਬਣੀਏ। ਦਰਬਾਰ ਸਾਹਿਬ ਅੰਮ੍ਰਿਤਸਰ ਇਸ ਗੁਰੂ ਸਾਹਿਬਾਨ ਦੀ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਥੇ ਕੀਰਤਨ ਕਰਦੇ ਹੋਏ ਰਾਗੀ ਸਿੰਘਾਂ ਨੂੰ ਇਹ ਹਿਦਾਇਤ ਦਿੱਤੀ ਜਾਂਦੀ ਹੈ ਕਿ ਉੱਥੇ ਕੇਵਲ ਕੀਰਤਨ ਹੀ ਕਰਨਾ ਹੈ ਤੇ ਕੋਈ ਵੱਖਰਾ ਨਾਮ ਨਹੀਂ ਜਪਣਾ, ਅੱਖਰ ਰੂਪ ਜਾਪ ਨਹੀਂ ਜਪਣਾ। ਇਸ ਮਰਿਆਦਾ ਦਾ ਉਲੰਘਣ ਕਰਨ ਵਾਲੇ ਰਾਗੀ ਸਿੰਘਾਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਨਹੀਂ ਕਰਨ ਦਿੱਤਾ ਜਾਂਦਾ ਜਿਵੇਂ ਕਿ ਹਰ ਰੋਜ਼ ਹਰ ਕੋਈ ਦੇਖਦਾ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਜਿਨ੍ਹਾਂ ਨੇ ਸਦੀਆਂ ਤੋਂ ਇਸ ਗੁਰੂ

ਸਾਹਿਬ ਦੀ ਬਣਾਈ ਹੋਈ ਮਰਿਆਦਾ ਦੀ ਸੰਭਾਲ ਕੀਤੀ ਹੈ ਤੇ ਹੁਣ ਵੀ ਕਰ ਰਹੇ ਹਨ, ਉਹ ਸ਼ਲਾਘਾ ਦੇ ਹੱਕਦਾਰ ਹਨ। ਇਹ ਅਕਾਲ ਪੁਰਖ ਦੀ ਆਪਣੀ ਕਿਰਪਾ ਹੀ ਹੈ ਜਿਸਨੇ ਇਸ ਸੱਚੀ ਮਰਿਆਦਾ ਦੀ ਸੰਭਾਲ ਕਰਵਾਈ ਹੈ।

ਜਿਹੜੇ ਰਾਗੀ ਸਿੰਘ ਕੀਰਤਨੀਏ ਇਸ ਮਰਿਆਦਾ ਦਾ ਪਾਲਣ ਕਰਨ ਲਈ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੋਈ ਵੱਖਰਾ ਨਾਮ ਨਹੀਂ ਜਪ ਸਕਦੇ ਉਹੀ ਰਾਗੀ ਸਿੰਘ ਬਾਹਰ ਜਦੋਂ ਕਿਸੇ ਹੋਰ ਜਗ੍ਹਾ ਕੀਰਤਨ ਕਰਦੇ ਹਨ ਤਾਂ ਵੱਖਰੇ ਨਾਮ ਦੀ ਧੁਨੀ ਛੇੜ ਦਿੰਦੇ ਹਨ, ਕਿਸੇ ਅੱਖਰ ਨੂੰ ਨਾਮ ਸਮਝਕੇ ਬੋਲੀ ਜਾਂਦੇ ਹਨ ਤੇ ਇਹੋ ਜਿਹੇ ਨਾਮ ਦਾ ਹੀ ਪ੍ਰਚਾਰ ਕਰਦੇ ਹਨ ਜੋ ਗੁਰੂ ਦੀ ਬਣਾਈ ਹੋਈ ਮਰਿਆਦਾ ਦੀ ਘੋਰ ਉਲੰਘਣਾ ਹੈ, ਗੁਰੂ ਦੀ ਸਿੱਖਿਆ ਦੀ ਘੋਰ ਉਲੰਘਣਾ ਹੈ ਜੋ ਕਿ ਕੇਵਲ ਇੱਕ ਅੱਖਰ ਦੀ ਕਥਨੀ ਹੈ ਜਿਸ ਕਥਨੀ ਦਾ ਵਾਰ-ਵਾਰ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਗੁਰੂ ਦੇ ਨਾਮ ਦਾ ਮਕਸਦ ਹੀ ਪੂਰੇ ਸੰਸਾਰ ਨੂੰ ਗੁਰੂ ਦੀ ਸੱਚੀ ਸਿੱਖਿਆ ਸਮਝਾਉਣ ਦੇ ਨਾਲ ਹੈ ਤੇ ਕਿਸੇ ਅੱਖਰ ਦੇ ਜਪ ਨੂੰ ਹੀ ਗੁਰੂ ਦੀ ਸੱਚੀ ਸਿੱਖਿਆ ਸਮਝਣਾ ਤੇ ਸਮਝਾਉਣਾ ਕਿਤਨਾ ਵੱਡਾ ਭਰਮ ਹੈ ਤੇ ਗੁਰੂ ਦੀ ਮਤਿ ਦੀ ਉਲੰਘਣਾ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ ਜਿਸ ਭਰਮ ਵਿੱਚੋਂ ਹਰ ਕਿਸੇ ਨੂੰ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੀ ਸੱਚੀ ਸਿੱਖਿਆ ਨਾਲ ਜੁੜ ਸਕੀਏ, ਗੁਰੂ ਦੇ ਸੱਚੇ ਨਾਮ ਨਾਲ ਜੁੜ ਸਕੀਏ ਜੋ ਨਾਮ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਸਾਡੀ ਸੱਚੀ ਸੁੱਚੀ ਕਿਰਤ ਹੈ, ਸਾਡੀ ਸੱਚੀ ਸੁੱਚੀ ਸੰਸਾਰਕ ਵਿਚਰਨ ਹੈ, ਸਾਡੀ ਸੁਕ੍ਰਿਤ ਕਰਨੀ ਹੈ, ਗੁਣਾਂ ਵਾਲੀ ਕਰਨੀ ਹੈ ਜੋ ਹਰ ਔਗੁਣ ਤਿਆਗ ਕੇ ਹੀ ਹੁੰਦੀ ਹੈ ਜੋ ਚੰਗੀ ਕਰਨੀ ਕਰਨ ਲਈ ਕਿਸੇ ਅੱਖਰ ਦੀ ਕਥਨੀ ਕਰਨ ਦੀ ਲੋੜ ਨਹੀਂ ਬਲਕਿ ਗੁਰੂ ਦੇ ਵਿਚਾਰਾਂ ਨੂੰ, ਸ਼ਬਦ ਦੇ ਵਿਚਾਰਾਂ ਨੂੰ ਸੁਣ ਕੇ, ਪੜ ਕੇ, ਸਮਝ ਕੇ ਮੰਨਣ ਦੀ ਲੋੜ ਹੈ। ਗੁਰੂ ਦਾ ਫੁਰਮਾਨ ਸਾਰੇ ਸੰਸਾਰ ਲਈ ਇਹੀ ਹੈ ਜੋ ਗੁਰਬਾਣੀ ਸਾਨੂੰ ਵਾਰ ਵਾਰ ਸ਼ਬਦਾਂ ਰਾਹੀਂ ਸਮਝਾ ਰਹੀ ਹੈ। ਗੁਰੂ ਦੇ ਇਸ ਸੱਚੇ ਫੁਰਮਾਨ ਨੂੰ ਕੇਵਲ ਮੰਨਣ ਦੀ ਹੀ ਲੋੜ ਹੈ ਜਿਸ ਮੰਨਣ ਦੁਆਰਾ ਹੀ ਗੁਰੂ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ ਤੇ ਨਾਮ ਜਪਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਇਹੋ ਜਿਹਾ ਨਾਮ ਜਪਣ ਲਈ ਕਿਸੇ ਖਾਸ ਵੇਲੇ ਦੀ ਲੋੜ ਨਹੀਂ ਹੈ। ਅਸੀਂ ਅੱਠੇ ਪਹਿਰ ਹੀ ਇਹ ਨਾਮ ਜਪਣਾ ਹੈ ਭਾਵ ਸੱਚ ਤੇ ਚੱਲਣਾ ਹੈ। ਜੇਕਰ ਅਸੀਂ ਨਾਮ ਵਿੱਚ ਤੇ ਗੁਰਬਾਣੀ ਵਿੱਚ ਫਰਕ ਸਮਝਾਂਗੇ ਤਾਂ ਫਿਰ ਇਸੇ ਭਰਮ ਵਿੱਚ ਰਹਾਂਗੇ ਕਿ ਪਹਿਲਾਂ ਨਾਮ ਨਾਲ ਜੁੜੀਏ ਜਾਂ ਗੁਰਬਾਣੀ ਨਾਲ ਜੁੜੀਏ, ਕਿਸ ਵੇਲੇ ਨਾਮ ਨਾਲ ਜੁੜੀਏ ਤੇ ਕਿਸ ਵੇਲੇ ਗੁਰਬਾਣੀ ਨਾਲ ਜੁੜੀਏ, ਦਿਨ ਦੇ ਕਿਹੜੇ ਵੇਲੇ ਗੁਰਬਾਣੀ ਗਾਉਂਣੀ ਹੈ ਤੇ ਕਿਹੜੇ ਵੇਲੇ ਨਾਮ ਧਿਆਉਣਾ ਹੈ, ਇਸ ਦਾ ਫੈਸਲਾ ਕੌਣ ਕਰੇਗਾ। ਇਹੋ ਜਿਹੀਆਂ ਗੱਲਾਂ ਅਸੀਂ ਤਾਂ ਹੀ ਕਰਦੇ ਹਾਂ ਜਦੋਂ ਅਸੀਂ ਬਾਣੀ ਅਤੇ ਨਾਮ ਵਿੱਚ ਭੇਦ ਸਮਝਦੇ ਹਾਂ ਜਦਕਿ ਭੇਦ ਕੋਈ ਹੈ ਹੀ ਨਹੀਂ। ਆਓ ਹੇਠ ਲਿਖੇ ਕੁੱਝ ਸ਼ਬਦਾਂ ਨੂੰ ਵਿਚਾਰੀਏ ਤੇ ਇਨ੍ਹਾਂ ਭਰਮਾਂ ਵਿੱਚੋਂ ਨਿਕਲੀਏ।

“ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥”

(ਅੰਗ 1340)

“ਆਠ ਪਹਰ ਅਪਨਾ ਪ੍ਰਭੁ ਸਿਮਰਹ ਏਕੋ ਨਾਮੁ ਧਿਆਏ ਰਾਮ॥”

(ਅੰਗ ੯੨੬)

“ਆਠ ਪਹਰ ਅਪਨਾ ਖਸਮੁ ਧਿਆਵਉ॥੩॥”

(ਅੰਗ 485)

“ਆਇਓ ਸੁਨਨ ਪੜਨ ਕਉ ਬਾਣੀ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥੧॥ਰਹਾਉ॥”

(ਅੰਗ ੧੨੧੯)

“ਆਠ ਪਹਰ ਨਾਮ ਰੰਗਿ ਰਾਤਾ॥੧॥”

(ਅੰਗ ੮੬੯)

“ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥

ਆਠ ਪਹਰ ਨਾਨਕ ਗੁਰ ਜਾਪਿ॥4॥"

(ਅੰਗ ੩੮੭)

"ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ॥"

(ਅੰਗ ੧੨੧੮)

"ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ॥"

(ਅੰਗ ੫੩)

"ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ ਮੇਰੇ ਸੁਆਮੀ ਅਗਮ ਅਪਾਰਣਾ॥10॥"

(ਅੰਗ ੧੦੭੭)

"ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ॥੩॥੨॥"

(ਅੰਗ ੬੯੨)

"ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥੧॥"

(ਅੰਗ ੧੨)

"ਸਹਜਿ ਸੁਭਾਇ ਬੋਲੈ ਹਰਿ ਬਾਣੀ॥
ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ॥੩॥"

(ਅੰਗ ੧੯੧)

"ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ॥੨੩॥"

(ਅੰਗ 920)

ਇਨ੍ਹਾਂ ਸ਼ਬਦਾਂ ਵਿੱਚ ਕਿਸੇ ਜਗ੍ਹਾਂ ਅੱਠੇ ਪਹਿਰ ਨਾਮ ਜਪਣ ਦੀ ਗੱਲ ਕੀਤੀ ਗਈ ਹੈ ਤੇ ਕਿਸੇ ਸ਼ਬਦ ਵਿੱਚ ਅੱਠੇ ਪਹਿਰ ਗੁਰੂ ਨੂੰ ਜਪਣ ਦੀ ਗੱਲ ਕੀਤੀ ਗਈ ਹੈ, ਅੱਠੇ ਪਹਿਰ ਹੀ ਗੁਰਬਾਣੀ ਨੂੰ ਜਪਣ ਦੀ ਗੱਲ ਕੀਤੀ ਗਈ ਹੈ। ਕਿਸੇ ਸ਼ਬਦ ਵਿੱਚ "ਗੁਰੂ" ਦੇ ਨਾਮ ਨੂੰ ਜਪਣ ਦੀ ਗੱਲ ਕੀਤੀ ਗਈ ਹੈ ਤੇ ਕਿਸੇ ਸ਼ਬਦ ਵਿੱਚ "ਪ੍ਰਮਾਤਮਾ" ਦੇ ਨਾਮ ਨੂੰ ਜਪਣ ਦੀ ਗੱਲ ਕੀਤੀ ਗਈ ਹੈ।

ਕੀ ਇਹ ਵਾਕਈ ਬੜੀ ਦੁਬਿਧਾ ਵਾਲੀ ਗੱਲ ਨਹੀਂ ਕਿ ਕਿਸਨੂੰ ਜਪੀਏ ਤੇ ਕਿਸ-ਕਿਸ ਵੇਲੇ ਜਪੀਏ। ਕਿਹੜੇ ਪਾਸੇ ਜਾਈਏ? ਰੱਬ ਵਾਲੇ ਪਾਸੇ ਜਾਈਏ ਕਿ ਗੁਰੂ ਵਾਲੇ ਪਾਸੇ ਜਾਈਏ। ਕਿਸਨੂੰ ਨਾਰਾਜ਼ ਕਰੀਏ ਤੇ ਕਿਸ ਨੂੰ ਖੁਸ਼ ਕਰੀਏ। ਮਿਲਣਾ ਤੇ ਰੱਬ ਨੂੰ ਹੈ ਤੇ ਗੁਰੂ ਨੂੰ ਨਾਰਾਜ਼ ਕਰਕੇ ਰੱਬ ਨੂੰ ਮਿਲਿਆ ਹੀ ਨਹੀਂ ਜਾ ਸਕਦਾ। ਕਿਉਂ ਨਾ ਕੋਈ ਐਸਾ ਕੰਮ ਕਰੀਏ, ਐਸੀ ਤਰਕੀਬ ਸੋਚੀਏ ਜਿਸ ਨਾਲ ਰੱਬ ਵੀ ਖੁਸ਼ ਹੋ ਜਾਵੇ ਤੇ ਗੁਰੂ ਵੀ ਖੁਸ਼ ਹੋ ਜਾਵੇ। ਸਭ ਤੋਂ ਵਧੀਆ ਤਰੀਕਾ ਇਹੀ ਹੈ ਕਿ ਰੱਬ ਨੂੰ ਤੇ ਗੁਰੂ ਨੂੰ ਇੱਕੋ ਹੀ ਕਰਕੇ ਜਾਣੀਏ ਕਿਉਂਕਿ ਉਹ ਵੀ ਇਹੋ ਕੁੱਝ ਹੀ ਸਾਨੂੰ ਸਮਝਾਉਂਦੇ ਹਨ ਤੇ ਇਸ ਗੱਲ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ ਤੇ ਇਸ ਨਾਲ ਸਾਡੀ ਦੁਚਿੱਤੀ ਵੀ ਦੂਰ ਹੋ ਜਾਵੇਗੀ।

ਜਿਵੇਂ ਕਿ ਵਾਰ-ਵਾਰ ਬਾਣੀ ਸਾਨੂੰ ਸਮਝਾ ਰਹੀ ਹੈ ਕਿ ਗੁਰੂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ, ਜੇਕਰ ਅਸੀਂ ਇਹ ਭੇਦ ਨਾ ਸਮਝੀਏ ਤਾਂ ਸਾਡੀ ਦੁਬਿਧਾ ਮੁੱਕ ਜਾਵੇਗੀ :-

{ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥
ਆਠ ਪਹਰ ਨਾਨਕ ਗੁਰ ਜਾਪਿ॥}

(ਅੰਗ ੩੮੭)

ਇਸ ਗੱਲ ਨੂੰ ਤਾਂ ਹਰ ਕੋਈ ਮੰਨਦਾ ਹੈ, ਸਮਝਦਾ ਹੈ ਕਿ ਗੁਰੂ "ਗੁਰਬਾਣੀ" ਹੈ ਫਿਰ ਅਠੇ ਪਹਰ ਅਸੀਂ ਕਿਸ ਨੂੰ ਜਪਣਾ ਹੈ, ਗੁਰਬਾਣੀ ਨੂੰ ਜਾਂ ਨਾਮ ਨੂੰ। ਗੁਰਬਾਣੀ ਵਿਚ ਤੇ ਨਾਮ ਵਿਚ ਕੋਈ ਭੇਦ ਨਹੀਂ ਹੈ ਤੇ ਆਪ ਗੁਰਬਾਣੀ ਰੂਪ ਗੁਰੂ ਹੀ ਸਾਨੂੰ ਇਹ ਗੱਲ ਸਮਝਾ ਰਹਿਆ ਹੈ।

ਇਹ ਭੇਦ ਮਿਟਣ ਤੋਂ ਬਾਅਦ ਫਿਰ ਸਾਨੂੰ ਬਾਣੀ ਗਾਉਣ ਵਿੱਚ ਤੇ ਨਾਮ ਜਪਣ ਵਿੱਚ ਕੋਈ ਭੇਦ ਨਜ਼ਰ ਨਹੀਂ ਆਵੇਗਾ। ਅਸੀਂ ਸੌਖੇ ਹੋ ਜਾਵਾਂਗੇ। ਹੁਣ ਅਸੀਂ ਪਿੱਛੇ ਸਮਝੇ ਮੁੱਖ ਸ਼ਬਦ ਨੂੰ ਪਿਛਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ। (**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥**) ਇਸ ਪੂਰੇ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਆਪਣੀ ਅਵੱਸਥਾ ਹੀ ਸਮਝਾਈ ਹੋਈ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਦਾ ਆਪਣਾ ਰੂਪ ਬਣੇ ਬਿਨ੍ਹਾਂ ਭਾਵ ਮਨ ਦੇ ਵਿੱਚ ਉਸ ਦੇ ਨਾਲ ਮੇਲ ਹੋਏ ਬਿਨ੍ਹਾਂ ਨਾ ਹੀ ਮਨੁੱਖੀ ਰੂਪ ਦਾ ਪ੍ਰਮਾਤਮਾ ਦੇ ਨਾਲ ਭੇਦ ਮਿਟਦਾ ਹੈ, ਨਾ ਹੀ ਨਾਮ ਦੀ ਸਮਝ ਪੈਂਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈਂਦੀ ਹੈ ਤੇ ਨਾ ਹੀ ਨਾਮ ਜਪਣਾ ਸਮਝ ਆ ਸਕਦਾ ਹੈ ਜੋ ਨਾਮ ਅਸੀਂ ਅੱਠੇ ਪਹਿਰ ਜਪਣਾ ਹੈ। ਅੱਠੇ ਪਹਿਰ ਜਪਣਾ ਕੀ ਹੈ ਇਹ ਪਿੱਛੇ ਪਹਿਲਾਂ ਹੀ ਸਮਝਾਇਆ ਜਾ ਚੁੱਕਾ ਹੈ ਤੇ ਉਹ ਹੀ ਗੱਲ ਪਿੱਛੇ ਸ਼ਬਦਾਂ ਦੇ ਪ੍ਰਮਾਣ ਰਾਹੀਂ ਕੀਤੀ ਹੋਈ ਹੈ ਭਾਵ ਪ੍ਰਮਾਤਮਾ ਦੇ ਭਾਣੇ ਵਿੱਚ ਰਹਿ ਕੇ ਹੀ ਉਸਨੂੰ ਅੱਠੇ ਪਹਿਰ ਜਪਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਦਿਨ ਰਾਤ ਦੋਵੇਂ ਹੱਥ ਜੋੜ ਕੇ ਜਪਣ ਦੀ ਗੱਲ ਵੀ ਕੀਤੀ ਹੈ। ਹੁਣ ਵਿਚਾਰੋ ਕਿ ਕੀ ਕੋਈ ਮਨੁੱਖ ਹਰ ਵੇਲੇ, ਦਿਨ ਰਾਤ ਹੱਥ ਜੋੜ ਕੇ ਜਪ ਸਕਦਾ ਹੈ? ਕੀ ਕੋਈ ਬਾਣੀ ਦਾ ਇਹ ਫੁਰਮਾਨ ਪੂਰਾ ਕਰ ਸਕਦਾ ਹੈ? ਜੇ ਸਾਨੂੰ ਇਹ ਸਮਝ ਲੱਗ ਜਾਵੇ ਕਿ ਅੱਠੇ ਪਹਿਰ ਪ੍ਰਮਾਤਮਾ ਦਾ ਹੁਕਮ ਮੰਨਣਾ, ਉਸਦੇ ਹੁਕਮ ਵਿੱਚ ਰਹਿਣਾ ਭਾਵ ਹਰ ਵੇਲੇ ਪ੍ਰਮਾਤਮਾ ਦੇ ਹੁਕਮ ਨੂੰ ਹੱਥ ਜੋੜਨਾ ਹੀ ਉਸਨੂੰ ਦੋਵੇਂ ਹੱਥ ਜੋੜ ਕੇ ਦਿਨ ਰਾਤ ਸਿਮਰਨਾ ਹੈ ਤੇ ਫਿਰ ਅਸੀਂ ਉਸ ਦੀ ਗੱਲ ਤੇ ਪੂਰੇ ਉਤਰ ਸਕਦੇ ਹਾਂ। (**ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥ ਆਠ ਪਹਰ ਨਾਨਕ ਗੁਰ ਜਾਪਿ॥**)

ਨਾਮ ਜਪਣਾ ਔਖਾ ਹੀ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ। ਸ਼ਬਦ ਦੀਆਂ ਕੁੱਝ ਪੰਗਤੀਆਂ ਦੇ ਭਾਵ ਅਰਥ ਕੁੱਝ ਗਹਿਰਾਈ ਵਿੱਚ ਹਨ, ਧਿਆਨ ਨਾਲ ਸਮਝਣ ਦੀ ਲੋੜ ਹੈ।

ਆਸਾ ਮਹਲਾ ੧॥

"ਆਖਾ ਜੀਵਾ ਵਿਸਰੈ ਮਰਿ ਜਾਉ॥ ਆਖਣਿ ਅਉਖਾ ਸਾਚਾ ਨਾਉ॥
ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥੧॥
ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ॥ ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿ ਕੈ ਆਖਣ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥੨॥
ਨਾ ਓਹੁ ਮਰੈ ਨ ਹੋਵੈ ਸੋਗੁ॥ ਦੇਦਾ ਰਹੈ ਨ ਚੂਕੈ ਭੋਗੁ॥
ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ॥ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥
ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ ॥੪॥"

(ਅੰਗ 9-10)

“ਆਖਾ ਜੀਵਾ ਵਿਸਰੈ ਮਰਿ ਜਾਉ॥” ਇਸ ਤੋਂ ਭਾਵ ਹੈ ਜਦੋਂ ਮਨੁੱਖ ਨਾਮ ਨੂੰ ਆਖਦਾ ਹੈ ਭਾਵ ਨਾਮ ਤੇ ਚੱਲਦਾ ਹੈ ਭਾਵ ਗੁਰੂ ਦੇ ਉਪਦੇਸ਼ ਤੇ ਚੱਲਦਾ ਹੈ ਭਾਵ ਗੁਰਬਾਣੀ ਦੇ ਗਿਆਨ ਤੇ ਚੱਲਦਾ ਹੈ, ਮਾਇਆ ਮੋਹ, ਔਗੁਣ ਤਿਆਗ ਕੇ ਵਿਚਰਦਾ ਹੈ, ਉਹ ਜੀਅ ਰਿਹਾ ਹੁੰਦਾ ਹੈ ਭਾਵ ਇਹ ਮਨੁੱਖ ਦਾ ਅਸਲੀ ਜਿਉਂਣਾ ਹੈ ਭਾਵ ਮਨੁੱਖ ਦੀ ਜੀਵਨ ਜੁਗਤਿ ਇਹੋ ਜਿਹੀ ਹੋਣੀ ਚਾਹੀਦੀ ਹੈ ਜੋ ਨਾਮ ਦੇ ਗਿਆਨ ਦੁਆਰਾ ਹੋਵੇ ਤੇ ਇਸ ਤੋਂ ਉਲਟ ਜਦੋਂ ਮਨੁੱਖ ਗੁਰੂ ਦੇ ਉਪਦੇਸ਼ ਨੂੰ ਵਿਸਾਰ ਦਿੰਦਾ ਹੈ, ਨਾਮ ਨੂੰ ਵਿਸਾਰ ਦਿੰਦਾ ਹੈ ਉਹ ਮਨੁੱਖ ਮਰਿਆਂ ਦੇ ਬਰਾਬਰ ਹੈ ਭਾਵ ਉਸਦਾ ਜੀਵਨ ਵਿਅਰਥ ਜਾ ਰਿਹਾ ਹੈ ਕਿਉਂਕਿ ਇਹੋ ਜਿਹਾ ਮਨੁੱਖ ਮਾਇਆ ਮੋਹ ਵਿੱਚ ਹੀ ਰਹਿੰਦਾ ਹੈ, ਤ੍ਰਿਸ਼ਨਾਵਾਂ ਵਿੱਚ ਹੀ ਰਹਿੰਦਾ ਹੈ ਜਿਸ ਕਰਕੇ ਉਹ ਮਾੜੇ ਕਰਮ ਕਰਦਾ ਹੈ ਭਾਵ ਗੁਰਮਤਿ ਦੇ, ਨਾਮ ਦੇ ਉਲਟ ਚੱਲਦਾ ਹੈ ਭਾਵ ਉਸ ਨੂੰ ਗੁਰੂ ਦੀ ਸੱਚੀ ਮਤਿ ਵਿਸਰੀ ਹੁੰਦੀ ਹੈ।

{ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥}

(ਅੰਗ 88)

{ਆਇਓ ਸੁਨਨ ਪੜਨ ਕਉ ਬਾਣੀ॥ ਨਾਮੁ ਵਿਸਾਰਿ
ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥੧॥ਰਹਾਉ॥}

(ਅੰਗ ੧੨੧੯)

ਸੱਚੇ ਨਾਮ ਨੂੰ ਆਖਣਾ ਭਾਵ ਨਾਮ ਦੇ ਉਪਦੇਸ਼ ਤੇ ਚੱਲਣਾ ਬਹੁਤ ਹੀ ਔਖਾ ਹੈ। ਕੋਈ ਵਿਰਲਾ ਹੀ ਚੱਲ ਸਕਦਾ ਹੈ। ਇਸੇ ਲਈ ਬਾਣੀ ਵਿੱਚ ਕਿਹਾ ਗਿਆ ਹੈ ਕਿ ਨਾਮ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ ਤੇ ਉਸਦੀ ਕ੍ਰਿਪਾ ਨਾਲ ਹੀ ਮਿਲਦਾ ਹੈ। ਕਿਸੇ ਵਿਰਲੇ ਤੇ ਹੀ ਉਹ ਆਪਣੀ ਕ੍ਰਿਪਾ ਕਰਕੇ ਆਪਣੇ ਹੁਕਮ ਵਿੱਚ, ਆਪਣੇ ਭਾਣੇ ਵਿੱਚ ਚਲਾਉਂਦਾ ਹੈ। ਕਿਸੇ ਵਿਰਲੇ ਨੂੰ ਹੀ ਉਸ ਤੇ ਪੂਰਨ ਭਰੋਸਾ ਆਉਂਦਾ ਹੈ। ਗੁਰੂ ਦੀ ਮਤਿ ਅਨੁਸਾਰ ਚੱਲਣ ਤੇ ਭਰੋਸਾ ਆਉਂਦਾ ਹੈ। **(ਆਖਣਿ ਅਉਖਾ ਸਾਚਾ ਨਾਉ॥)** ਮੁੱਖੋਂ ਆਖੀ ਜਾਣਾ ਕੋਈ ਔਖਾ ਨਹੀਂ ਹੈ, ਮੰਨਣਾ ਔਖਾ ਹੈ। “ਨਾਮ” ਦੀ ਪ੍ਰਾਪਤੀ ਤੋਂ ਬਾਅਦ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਤੋਂ ਬਾਅਦ ਹੀ ਉਸ ਦੇ ਨਾਮ ਦੀ ਸਿੱਖਿਆ ਤੇ ਚੱਲਿਆ ਜਾ ਸਕਦਾ ਹੈ ਜੋ ਕਿ ਉਹ ਆਪ ਹੀ ਚਲਾਉਂਦਾ ਹੈ। ਇਹ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ।

“ਨਾਮ ਦੀ ਭੁੱਖ” ਤੋਂ ਭਾਵ ਹੈ ਗੁਰੂ ਦੀ ਮਤਿ ਦੇ ਨਾਲ ਜੁੜਨ ਦੀ ਭੁੱਖ, ਗੁਰੂ ਦੇ ਨਾਲ ਪਿਆਰ ਦੀ ਭੁੱਖ, ਗੁਰੂ ਦੇ ਨਾਲ ਸਾਂਝ ਕਰਨ ਦੀ ਭੁੱਖ, ਗੁਰੂ ਦੇ ਨਾਲ ਮੇਲ ਦਾ ਵੈਰਾਗ ਭਾਵ ਜਦੋਂ ਮਨੁੱਖ ਦੇ ਅੰਦਰ ਗੁਰੂ ਨੂੰ ਮਿਲਣ ਦੀ ਭਾਵਨਾ, ਤਾਂਘ ਇਤਨੀ ਜ਼ਿਆਦਾ ਹੋ ਜਾਵੇ ਕਿ ਉਸ ਨੂੰ ਗੁਰੂ ਪ੍ਰਮਾਤਮਾ ਨੂੰ ਮਿਲਣ ਤੋਂ ਇਲਾਵਾ ਹੋਰ ਕੁੱਝ ਵੀ ਚੰਗਾ ਨਾ ਲੱਗੇ। ਜਦੋਂ ਮਨੁੱਖ ਨੂੰ ਭੋਜਨ ਦੀ ਭੁੱਖ ਲੱਗੀ ਹੁੰਦੀ ਹੈ ਉਦੋਂ ਖਾਣਾ ਖਾਣ ਤੋਂ ਬਿਨ੍ਹਾਂ ਹੋਰ ਕੁੱਝ ਚੰਗਾ ਨਹੀਂ ਲੱਗਦਾ। ਇਸੇ ਤਰ੍ਹਾਂ ਹੀ ਨਾਮ ਦੀ ਭੁੱਖ ਸਾਡੇ ਮਨ ਦੀ ਭੁੱਖ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਚੱਲਣ ਦੀ ਭੁੱਖ ਹੈ ਜੋ ਭੁੱਖ ਲੱਗਣੀ ਬਹੁਤ ਔਖੀ ਹੈ ਕਿਉਂਕਿ ਸਾਡੇ ਅੰਦਰ ਮਾਇਆ ਮੋਹ ਰੂਪ ਭੁੱਖ ਹੈ। ਮਾਇਆ ਦੀ ਭੁੱਖ ਨਿਕਲੇ ਬਿਨ੍ਹਾਂ ਨਾਮ ਦੀ ਭੁੱਖ ਨਹੀਂ ਲੱਗ ਸਕਦੀ। ਜਦੋਂ ਮਨੁੱਖ ਦੀ ਬਿਰਤੀ ਇਹੋ ਜਿਹੀ ਹੋ ਜਾਵੇ, ਮਾਇਆ ਮੋਹ ਵਿੱਚੋਂ ਨਿਕਲ ਜਾਵੇ, ਤਾਂ ਹੀ ਉਹ ਗੁਰੂ ਦੀ ਹਰ ਗੱਲ ਮੰਨ ਸਕਦਾ ਹੈ ਤੇ ਗੁਰੂ ਦਾ ਆਖਾ ਉਸ ਨੂੰ ਭਾਉਂਦਾ ਹੈ। ਇਹੋ ਜਿਹੀ ਅਵੱਸਥਾ ਵਿੱਚ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਦੁੱਖ ਦੂਰ ਹੁੰਦੇ ਹਨ। ਇਹ “ਸੱਚ” ਦੀ ਭੁੱਖ ਹੈ ਭਾਵ ਜਦੋਂ ਸਾਨੂੰ ਗੁਰੂ ਦੇ ਦੱਸੇ ਹੋਏ ਸੱਚ ਦੁਆਰਾ ਵਿਚਰਨਾ ਹੀ ਚੰਗਾ ਲੱਗੇ, ਗੁਣ ਹੀ ਚੰਗੇ ਲੱਗਣ ਤੇ ਔਗੁਣ ਮਾੜੇ ਲੱਗਣ। ਇਹੋ ਜਿਹੇ ਗੁਣਾਂ ਦੁਆਰਾ ਵਿਚਰਨ ਨਾਲ ਸਾਡੇ ਅੰਦਰ ਦੇ “ਦੁੱਖ” ਭਾਵ ਔਗੁਣ ਵਾਲੇ ਵਿਚਾਰ ਦੂਰ ਹੋ ਜਾਂਦੇ ਹਨ। ਸਾਡੇ ਦੁੱਖਾਂ ਦਾ ਕਾਰਨ ਸਾਡੇ ਔਗੁਣ ਹਨ ਤੇ ਇਸ ਗੱਲ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਸਾਡੇ ਅੰਦਰ ਦੁੱਖ ਪ੍ਰਮਾਤਮਾ ਦੇ ਵਿਛੋੜੇ ਦਾ ਹੈ ਜਿਸ ਦਾ ਕਾਰਨ ਸਾਡੇ ਔਗੁਣ ਹਨ, ਸਾਡੀ ਮਨਮਤਿ ਹੈ, ਮਾਇਆ ਮੋਹ ਹੈ। **(ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥੧॥)** । ਸਾਡੇ ਮਨ ਦਾ ਅਸਲ ਭੋਜਨ ਗੁਰਮਤਿ ਦੀ ਸੱਚੀ ਸਮਝ ਦਾ ਭੋਜਨ ਹੈ ਜੋ ਭੋਜਨ ਖਾਏ ਬਿਨ੍ਹਾਂ ਭਾਵ ਗੁਰਮਤਿ ਵਾਲੇ ਵਿਚਾਰਾਂ ਨੂੰ ਮੰਨੇ ਬਿਨ੍ਹਾਂ, ਗੁਰੂ ਦੇ ਸੱਚੇ ਗੁਣਾਂ ਨੂੰ ਅਪਣਾਏ ਬਿਨ੍ਹਾਂ ਸਾਡੇ ਦੁੱਖ ਦੂਰ ਨਹੀਂ ਹੋ ਸਕਦੇ।

ਜਿਸ ਪ੍ਰਮਾਤਮਾ ਨੂੰ ਮਿਲਣ ਦੇ ਨਾਲ ਸਾਰੇ ਦੁੱਖ ਦੂਰ ਹੁੰਦੇ ਹਨ, ਉਸਨੂੰ ਕਿਉਂ ਵਿਸਾਰੀਏ, ਉਸਦੀ ਮਤਿ ਨੂੰ ਕਿਉਂ ਵਿਸਾਰੀਏ ਭਾਵ ਕਦੇ ਨਾ ਵਿਸਾਰੀਏ ਭਾਵ ਹਮੇਸ਼ਾਂ ਉਸ ਦੇ ਭਾਣੇ ਵਿੱਚ ਰਹੀਏ। ਉਹ ਸੱਚਾ ਪ੍ਰਮਾਤਮਾ ਆਪਣੇ ਸੱਚੇ ਨਾਮ ਦੁਆਰਾ ਭਾਵ

ਆਪਣੇ ਸੱਚੇ ਗਿਆਨ ਵਾਲੀ ਸਮਝ ਨੂੰ ਮੰਨਣ ਦੁਆਰਾ ਹੀ ਮਿਲਦਾ ਹੈ। **(ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥੧॥ਰਹਾਉ॥**) ਸਾਨੂੰ ਹਰ ਵੇਲੇ ਗੁਰੂ ਦੀ ਮਤਿ ਅਨੁਸਾਰ, ਨਾਮ ਦੀ ਮਤਿ ਅਨੁਸਾਰ ਚੱਲਣ ਦਾ ਉੱਦਮ ਕਰਨਾ ਚਾਹੀਦਾ ਹੈ।

ਸ਼ਬਦ ਦੇ ਅਗਲੇ ਪਦੇ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਨਾਮ ਦੀ ਵਡਿਆਈ ਕੀ ਹੈ। ਨਾਮ ਦੀ, ਪ੍ਰਮਾਤਮਾ ਦੀ ਸਿਫਤ ਸਾਲਾਹ ਕੀ ਹੈ, ਉਸਦੇ ਗੁਣ ਗਾਉਣੇ ਕੀ ਹਨ। ਇਹ ਸਾਰੀ ਚਰਚਾ ਅਸੀਂ ਪਿੱਛੇ ਲੇਖ ਵਿੱਚ ਵਿਸਥਾਰ ਨਾਲ ਕਰ ਚੁੱਕੇ ਹਾਂ। ਉਸਦੀ ਵਡਿਆਈ ਉਸਦਾ ਹੁਕਮ ਮੰਨ ਕੇ ਹੀ ਹੋ ਸਕਦੀ ਹੈ। ਉਸਦੀ ਕੀਮਤ ਉਸਦੇ ਗੁਣਾਂ ਦਾ ਤੋਲ ਤੁਲ ਕੇ ਗੁਰਮਤਿ ਦਾ ਤੋਲ ਤੁਲਕੇ ਭਾਵ ਗੁਰਮਤਿ ਤੇ ਪੂਰਾ ਉਤਰਨ ਦੁਆਰਾ ਹੀ ਪੈ ਸਕਦੀ ਹੈ। ਕਹਿ ਕਹਿ ਕੇ ਵਡਿਆਈਆਂ ਕਰਨ ਨਾਲ ਪ੍ਰਮਾਤਮਾ ਵੱਡਾ ਨਹੀਂ ਹੋ ਜਾਂਦਾ। ਉਹ ਤਾਂ ਪਹਿਲੇ ਹੀ ਬਹੁਤ ਵੱਡਾ ਹੈ। ਕਹਿ ਕਹਿ ਕੇ ਉਸਦੀ ਤਿਲ ਜਿਤਨੀ ਵਡਿਆਈ ਵੀ ਨਹੀਂ ਹੋ ਸਕਦੀ। ਉਸਦੀ ਅਸਲ ਵਡਿਆਈ ਉਸਦੇ ਭਾਣੇ ਵਿੱਚ ਰਹਿ ਕੇ ਹੀ ਹੋ ਸਕਦੀ ਹੈ, ਉਸਦੀ ਮਤਿ ਨੂੰ ਮੰਨ ਕੇ ਹੀ ਹੋ ਸਕਦੀ ਹੈ। ਇਸ ਗੱਲ ਨੂੰ ਥੋੜ੍ਹਾ ਇਸ ਤਰੀਕੇ ਨਾਲ ਸਮਝ ਲਈਏ। ਅਸੀਂ ਕਹੀ ਜਾਈਏ ਕਿ ਮੇਰੇ ਮਾਂ ਬਾਪ ਬਹੁਤ ਚੰਗੇ ਹਨ ਪਰ ਉਨ੍ਹਾਂ ਦਾ ਕੋਈ ਹੁਕਮ ਨਾ ਮੰਨੀਏ, ਸਾਡੇ ਮਨ ਵਿੱਚ ਉਨ੍ਹਾਂ ਦੀ ਗੱਲ ਮੰਨਣ ਵਿਚ ਫਿਰ ਕੋਈ ਖਾਸ ਚਿੰਤਾ ਨਾ ਹੋਵੇ ਉਹ ਸਾਡੇ ਬਾਰੇ ਕੀ ਸੋਚਣਗੇ, ਇਸ ਗੱਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕੇਵਲ ਚੰਗਾ ਕਹਿਣ ਨਾਲ ਕੋਈ ਖੁਸ ਨਹੀਂ ਹੋ ਜਾਂਦਾ, ਉਸਦੀ ਵਡਿਆਈ ਨਹੀਂ ਹੋ ਜਾਂਦੀ ਜਦ ਤੱਕ ਮਨ ਵਿੱਚ ਉਸ ਦੀ ਇੱਛਾ ਨੂੰ ਪੂਰੀ ਕਰਨ ਦਾ ਜਜ਼ਬਾ ਨਾ ਹੋਵੇ, ਉਸਦੀਆਂ ਚੰਗਿਆਈਆਂ ਦੀ ਕਦਰ ਨਾ ਪਾਈਏ ਜੋ ਕਦਰ ਉਸਦਾ ਹੁਕਮ ਮੰਨਣ ਦੁਆਰਾ ਪੈਂਦੀ ਹੈ। ਕਿਸੇ ਦੀ ਸੱਚੀ ਇੱਛਾ ਨਾਲ ਪਿਆਰ ਕਰਨਾ ਹੀ ਉਸਦੇ ਨਾਲ ਪਿਆਰ ਜਤਾਉਣਾ ਹੈ। ਕਿਸੇ ਦਾ ਹੁਕਮ ਮੰਨਣ ਨਾਲ ਹੀ ਉਸਨੂੰ ਖੁਸ਼ੀ ਮਿਲਦੀ ਹੈ ਤੇ ਉਹ ਆਪਣੀ ਵਡਿਆਈ ਸਮਝਦਾ ਹੈ। ਪ੍ਰਮਾਤਮਾ ਨੂੰ ਕੇਵਲ ਮੁੱਖੋਂ ਵੱਡਾ ਆਖਣ ਨਾਲ ਕੀ ਫਰਕ ਪੈਂਦਾ ਹੈ। ਉਸਨੂੰ ਅਗਰ ਸਭ ਕੋਈ ਮਿਲ ਕੇ ਵੱਡਾ ਆਖਣ ਤਾਂ ਉਸਨੇ ਹੋਰ ਵੱਡਾ ਕੀ ਹੋ ਜਾਣਾ ਹੈ ਤੇ ਨਾ ਹੀ ਉਸਦੀ ਵਡਿਆਈ ਘੱਟ ਸਕਦੀ ਹੈ ਭਾਵ ਕੇਵਲ ਗੱਲਾਂ ਕਰਕੇ ਪ੍ਰਮਾਤਮਾ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਉਸਦਾ ਹੁਕਮ ਮੰਨਣ ਨਾਲ ਹੀ ਉਹ ਪ੍ਰਸੰਨ ਹੋ ਸਕਦਾ ਹੈ। **(ਸਾਚੇ ਨਾਮ ਕੀ ਤਿਲੁ ਵਡਿਆਈ॥ ਆਖਿ ਥਕੇ ਕੀਮਤਿ ਨਹੀ ਪਾਈ॥ ਜੇ ਸਭਿ ਮਿਲਿ ਕੈ ਆਖਣ ਪਾਹਿ॥ ਵਡਾ ਨ ਹੋਵੈ ਘਾਟਿ ਨ ਜਾਇ॥੨॥**)

ਕਥਨੀ ਦੁਆਰਾ ਭਾਵ ਮੁੱਖੋਂ ਪ੍ਰਮਾਤਮਾ ਨੂੰ ਬੋਲ ਬੋਲ ਕੇ ਵਡਿਆਉਣ ਦੁਆਰਾ ਪ੍ਰਮਾਤਮਾ ਨੂੰ ਕਿਸ ਕਰਕੇ ਫਰਕ ਨਹੀਂ ਪੈਂਦਾ ਤੇ ਅਸਲ ਵਿੱਚ ਅਸੀਂ ਵਡਿਆਉਂਦੇ ਕਿਸ ਮਕਸਦ ਲਈ ਹਾਂ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ, ਕੁੱਝ ਗਹਿਰਾਈ ਨਾਲ ਸਮਝਾਈ ਹੋਈ ਹੇ, ਧਿਆਨ ਨਾਲ ਸਮਝਣ ਦੀ ਲੋੜ ਹੈ।

“**ਨਾ ਓਹੁ ਮਰੈ ਨ ਹੋਵੈ ਸੋਗੁ ॥**
ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥”

ਅਸੀਂ ਪ੍ਰਮਾਤਮਾ ਨੂੰ ਬੋਲ ਬੋਲ ਕੇ ਵਡਿਆਉਂਦੇ ਹਾਂ, ਉਸ ਪ੍ਰਮਾਤਮਾ ਨੂੰ ਜੋ ਪਹਿਲਾਂ ਹੀ ਬਹੁਤ ਵੱਡਾ ਹੈ ਉਸਨੂੰ ਹੋਰ ਵੱਡਾ ਕਰਦੇ ਹਾਂ। ਜੇਕਰ ਕਿਸੇ ਘੱਟ ਉਮਰ ਵਾਲੇ ਨੂੰ ਅਸੀਂ ਕਹੀਏ ਕਿ ਤੂੰ ਸੈਂਕੜੇ ਸਾਲ ਜੀਵੇਂ, ਹਜਾਰਾਂ ਸਾਲ ਜੀਵੇਂ ਤਾਂ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਮੇਰੀ ਉਮਰ ਵੱਡੀ ਹੋ ਜਾਵੇ, ਮੈਂ ਬਹੁਤ ਚਿਰ ਜੀਵਾਂ। ਕਿਸੇ ਦੀ ਵਡਿਆਈ ਕਰਨ ਦਾ ਮਕਸਦ ਉਸਨੂੰ ਖੁਸ਼ੀ ਦੇਣ ਲਈ ਹੀ ਹੁੰਦਾ ਹੈ। ਪ੍ਰਮਾਤਮਾ ਜੋ ਕਿ ਹੈ ਹੀ ਮਰਨ ਤੋਂ ਰਹਤ, ਜੋ ਕਦੇ ਮਰ ਹੀ ਨਹੀਂ ਸਕਦਾ ਕੀ ਉਸਨੂੰ ਇਸ ਗੱਲ ਨਾਲ ਖੁਸ਼ੀ ਮਿਲੇਗੀ ਕਿ ਮੈਂ ਹੋਰ ਵੱਡਾ ਹੋ ਜਾਵਾਂ, ਮੇਰੀ ਉਮਰ ਵੱਡੀ ਹੋ ਜਾਵੇ ਭਾਵ ਪ੍ਰਮਾਤਮਾ ਨੂੰ ਇਹੋ ਜਿਹੀ ਗੱਲ ਨਾਲ ਕੋਈ ਖੁਸ਼ੀ ਨਹੀਂ ਮਿਲੇਗੀ ਤੇ ਇਸੇ ਲਈ ਪ੍ਰਮਾਤਮਾ ਨੂੰ ਸਾਡੀ ਇਹੋ ਜਿਹੀ ਕਥਨੀ ਵਾਲੀ ਵਡਿਆਈ ਨਹੀਂ ਭਾਉਂਦੀ ਕਿਉਂਕਿ ਪ੍ਰਮਾਤਮਾ ਨੂੰ ਹੋਰ ਵੱਡਾ ਹੋਣ ਦਾ ਲਾਲਚ ਨਹੀਂ ਹੈ ਜੋ ਪਹਿਲਾਂ ਹੀ ਬਹੁਤ ਵੱਡਾ ਹੈ, ਮਰਨ ਤੋਂ ਹੀ ਰਹਿਤ ਹੈ। ਇਸੇ ਤਰ੍ਹਾਂ ਜੇਕਰ ਕੋਈ ਸੋਗ ਵਿੱਚ ਭਾਵ ਗਮ ਦੇ ਵਿੱਚ ਬੈਠਾ ਹੋਵੇ ਤਾਂ ਉਸ ਦੀ ਕੋਈ ਵਡਿਆਈ ਕਰੇ ਤਾਂ ਉਸਨੂੰ ਖੁਸ਼ੀ ਮਿਲਦੀ ਹੈ, ਉਸਦਾ ਸੋਗ ਦੂਰ ਹੁੰਦਾ ਹੈ ਜਿਵੇਂ ਕਿ ਦੁਨਿਆਵੀ ਤੌਰ ਤੇ ਅਸੀਂ ਦੇਖਦੇ ਹੀ ਹਾਂ। ਵਡਿਆਈ ਹੋਣ ਵਿੱਚ ਸਭ ਨੂੰ ਖੁਸ਼ੀ ਮਿਲਦੀ ਹੈ ਪਰ ਕੀ

ਪ੍ਰਮਾਤਮਾ ਕਦੇ ਸੋਗ ਵਿੱਚ ਹੋ ਸਕਦਾ ਹੈ ਜਿਸਨੂੰ ਵਡਿਆਣ ਨਾਲ ਅਸੀਂ ਉਸਦਾ ਸੋਗ ਦੂਰ ਕਰ ਦੇਈਏ, ਉਸਦਾ ਗਮ ਦੂਰ ਕਰ ਦੇਈਏ। ਪ੍ਰਮਾਤਮਾ ਤਾਂ ਸਦਾ ਹੀ ਖੇੜੇ ਵਿੱਚ ਰਹਿੰਦਾ ਹੈ ਜਿਸਦੇ ਅੰਦਰ ਸੋਗ ਦਾ ਹੋਣਾ ਨਾਮੁਮਕਿਨ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਕੁੱਝ ਸਮਝਾਇਆ ਹੋਇਆ ਹੈ ਕਿ ਨਾਮ ਆਖ ਆਖ ਕੇ, ਕਿਸੇ ਅੱਖਰ ਨੂੰ ਬੋਲ ਬੋਲ ਕੇ ਅਸੀਂ ਆਪਣੇ ਵੱਲੋਂ ਜੋ ਪ੍ਰਮਾਤਮਾ ਦੀ ਵਡਿਆਈ ਕਰਦੇ ਹਾਂ, ਕਿਸੇ ਅੱਖਰ ਨੂੰ ਬੋਲ ਬੋਲ ਕੇ, ਆਪਣੇ ਵੱਲੋਂ ਨਾਮ ਜਪਦੇ ਹਾਂ, ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਦੇ ਹਾਂ ਉਹ ਕੇਵਲ ਸਾਡਾ ਭਰਮ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ ਭਾਵ ਉਸਦਾ ਸੋਗ ਦੂਰ ਨਹੀਂ ਕੀਤਾ ਜਾ ਸਕਦਾ ਜੋ ਹੈ ਹੀ ਸੋਗ ਤੋਂ ਰਹਿਤ, ਮਰਨ ਤੋਂ ਰਹਿਤ। (**ਨਾ ਓਹੁ ਮਰੈ ਨ ਹੋਵੈ ਸੋਗੁ॥**) ਅਸਲ ਵਿੱਚ ਅਸੀਂ ਜੋ ਬੋਲ ਬੋਲ ਕੇ ਪ੍ਰਮਾਤਮਾ ਦੀ ਵਡਿਆਈ ਕਰਦੇ ਹਾਂ, ਪ੍ਰਮਾਤਮਾ ਨੂੰ ਖੁਸ਼ ਕਰਨਾ ਸਮਝਦੇ ਹਾਂ ਉਹ ਇਸ ਲਈ ਕਰਦੇ ਹਾਂ ਕਿ ਪ੍ਰਮਾਤਮਾ ਕਿਤੇ ਸਾਨੂੰ ਦਾਤਾਂ ਦੇਣ ਵਿੱਚ ਚੂਕ ਨਾ ਕਰੇ। ਹਰ ਕੋਈ ਮਨ ਦੀਆਂ ਇੱਛਾਵਾਂ ਨਾਲ ਬੱਝਿਆ ਹੋਇਆ ਹੈ, ਮਾਇਆ ਮੋਹ ਨਾਲ ਬੱਝਿਆ ਹੋਇਆ ਹੈ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਆਪਣੇ ਆਪਣੇ ਵੱਲੋਂ ਬੋਲ ਬੋਲ ਕੇ ਪ੍ਰਮਾਤਮਾ ਦੇ ਗੁਣ ਗਾਉਂਦੇ ਹਾਂ, ਉਸਦੇ ਦਰ ਤੇ ਅਨੇਕਾਂ ਇੱਛਾਵਾਂ ਦੀ ਪੂਰਤੀ ਲਈ ਜਾਂਦੇ ਹਾਂ ਪਰ ਪ੍ਰਮਾਤਮਾ ਜੋ ਕਿਸੇ ਨੂੰ ਦਿੰਦਾ ਹੈ ਉਹ ਵੈਸੇ ਹੀ ਦਿੰਦਾ ਹੈ ਕਿਉਂਕਿ ਇਹ ਉਸਦਾ ਸੁਭਾਉ ਹੈ, ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਕਿ ਉਹ ਸਭ ਨੂੰ ਹੀ ਪਾਲਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। (**ਦੇਦਾ ਰਹੈ ਨ ਚੂਕੈ ਭੋਗੁ ॥**) ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{**ਕਥਨਾ ਕਥੀ ਨ ਆਵੈ ਤੋਟਿ ॥**
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥3॥} (ਅੰਗ - 2)

ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ

“ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥”

ਅਸੀਂ ਆਪਣੇ ਵਲੋਂ ਜੋ ਬੋਲ ਬੋਲ ਕੇ ਪ੍ਰਮਾਤਮਾ ਦੀ ਸਿਫਤ ਸਲਾਹ ਕਰਦੇ ਹਾਂ ਅਸੀਂ ਉਸਨੂੰ ਆਪਣਾ ਗੁਣ ਸਮਝਦੇ ਹਾਂ, ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦੇ ਹਾਂ। ਉੱਪਰ ਪੰਗਤੀ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ। ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ, ਉਸਦਾ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਜੋ ਕਿ ਪੂਰੀ ਤਰ੍ਹਾਂ ਆਪਣੀ ਮਤਿ ਨੂੰ ਛੱਡਣ ਦਾ ਹੈ, ਮਾਇਆ ਮੋਹ ਛੱਡਣ ਦਾ ਹੈ, ਹਰ ਔਗੁਣ ਛੱਡਣ ਦਾ ਹੈ, ਸਾਡੀ ਸੱਚੀ ਸੁੱਚੀ ਵਿਚਰਨ ਦਾ ਹੈ ਭਾਵ ਗੁਰੂ ਦੇ ਉਪਦੇਸ਼ ਤੇ ਅਮਲ ਕਰਨ ਦਾ ਹੈ। ਗੁਰੂ ਦੇ ਉਪਦੇਸ਼ ਅਨੁਸਾਰ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਭਗਤੀ ਦਾ ਮਾਰਗ ਤਾਂ ਹੈ ਹੀ ਮਾਇਆ ਮੋਹ ਛੱਡਣ ਦਾ, ਤ੍ਰਿਸ਼ਨਾਵਾਂ ਛੱਡਣ ਦਾ ਜਦ ਕੇ ਹਰ ਕੋਈ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ, ਮਾਇਆ ਦੀਆਂ ਦਾਤਾਂ ਲਈ ਹੀ ਪ੍ਰਮਾਤਮਾ ਨੂੰ ਵਡਿਆਉਂਦਾ ਹੈ, ਉਸ ਦੇ ਗੁਣ ਗਾਉਣੇ ਸਮਝਦਾ ਹੈ। ਪ੍ਰਮਾਤਮਾ ਦੇ ਗੁਣ ਗਾਉਣੇ ਬਹੁਤ ਔਖੇ ਹਨ, ਪ੍ਰਮਾਤਮਾ ਦਾ ਨਾਮ ਜਪਣਾ ਬਹੁਤ ਔਖਾ ਹੈ ਤੇ ਪ੍ਰਮਾਤਮਾ ਦਾ ਨਾਮ ਤਾਂ ਹੀ ਜਪਿਆ ਜਾ ਸਕਦਾ ਹੈ ਜਦੋਂ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਕਿਸੇ ਨੂੰ ਆਪਣਾ ਨਾਮ ਬਖਸ਼ਦਾ ਹੈ ਤੇ ਉਸਨੂੰ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ, ਮਾਇਆ ਮੋਹ ਵਿੱਚੋਂ ਕੱਢਦਾ ਹੈ, ਹਰ ਔਗੁਣ ਤੋਂ ਕੱਢਦਾ ਹੈ ਜੋ ਕਿ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ ਕਿਉਂਕਿ ਉਹ ਆਪ ਹੀ ਸਾਡੇ ਅੰਦਰ ਮਨ ਦੇ ਵਿਚਾਰਾਂ ਦਾ ਮਾਲਕ ਹੈ ਜਿਸਨੇ ਆਪ ਹੀ ਸਾਡੇ ਅੰਦਰ ਮਾਇਆ ਮੋਹ ਪਾਇਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਉਸਦੀ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਉਸਦੇ ਗੁਣ ਨਹੀਂ ਗਾਏ ਜਾ ਸਕਦੇ ਕਿਉਂਕਿ ਉਸਦੇ ਗੁਣ ਗਾਉਣੇ ਕੀ ਹਨ, ਇਸ ਗੱਲ ਦੀ ਸਮਝ ਉਹ ਆਪ ਹੀ ਪਾਉਂਦਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਗੁਣ ਗਾਉਣੇ ਸਿਖਾਉਂਦਾ ਹੈ, ਉਸਨੂੰ ਹੀ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਜੋ ਪ੍ਰਮਾਤਮਾ ਮੇਰੇ ਅੰਦਰ ਹੈ ਉਸੇ ਰੂਪ ਵਿੱਚ ਉਹ ਸਭ ਵਿੱਚ ਸਮਾਇਆ ਹੋਇਆ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਨਿਰੰਕਾਰ

ਰੂਪ ਹੈ ਤੇ ਸਭ ਕੁੱਝ ਉਹ ਆਪ ਹੀ ਹੈ। ਹਰ ਹੋਂਦ ਉਸਦੀ ਆਪਣੀ ਹੀ ਹੋਂਦ ਹੈ। ਜਦ ਤੱਕ ਮਨੁੱਖ ਦੇ ਅੰਦਰ ਇਹ ਗੁਣ ਨਹੀਂ ਆਉਂਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਨਾ ਹੀ ਕਿਸੇ ਹੋਰ ਦੀ ਹੋਂਦ ਬਣੀ ਹੈ ਤੇ ਨਾ ਹੀ ਕਿਸੇ ਹੋਰ ਦੀ ਹੋਂਦ ਬਣ ਸਕਦੀ ਹੈ ਤਦ ਤੱਕ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ, ਪ੍ਰਮਾਤਮਾ ਦੀ ਸੱਚੀ ਵਡਿਆਈ ਨਹੀਂ ਕੀਤੀ ਜਾ ਸਕਦੀ। ਉਸਦੇ ਵੱਡੇਪਣ ਨੂੰ ਜਾਣੇ ਬਿਨ੍ਹਾਂ ਉਸ ਦੀ ਵਡਿਆਈ ਨਹੀਂ ਸਮਝੀ ਜਾ ਸਕਦੀ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ, ਕਿਸ ਰੂਪ ਵਿੱਚ ਵੱਡਾ ਹੈ ਜਿਸ ਰੂਪ ਵਿੱਚ ਉਹ ਸਭ ਦੇ ਅੰਦਰ ਵਿਚਰ ਰਹਿਆ ਹੈ। ਉਹ ਆਪਣੇ ਨਿਰੰਕਾਰ ਰੂਪ ਵਿੱਚ ਵੱਡਾ ਹੈ ਜਿਸ ਰੂਪ ਦੁਆਰਾ, ਉੱਚੇ ਗਿਆਨ ਦੁਆਰਾ, ਬ੍ਰਹਮ ਗਿਆਨ ਦੁਆਰਾ ਉਸਨੇ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ। ਪ੍ਰਮਾਤਮਾ ਤੋਂ ਬਿਨ੍ਹਾਂ ਅੱਜ ਤੱਕ ਪੂਰੀ ਸ੍ਰਿਸ਼ਟੀ ਵਿੱਚ ਨਾ ਹੀ ਕੋਈ ਹੋਇਆ ਹੈ ਤੇ ਨਾ ਹੀ ਕੋਈ ਹੋਰ ਹੋ ਸਕਦਾ ਹੈ। ਇਸ ਗੱਲ ਤੇ ਵਿਸ਼ਵਾਸ ਮਨ ਦੇ ਵਿੱਚੋਂ ਉਸਦਾ ਨਿਰੰਕਾਰ ਰੂਪ, ਸਾਇੰਸ ਰੂਪ ਜਾਨਣ ਤੋਂ ਬਾਅਦ ਹੀ ਆ ਸਕਦਾ ਹੈ। ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹ ਕੁੱਝ ਸਮਝਦੇ ਹੀ ਰਹਾਂਗੇ, ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਅਸੀਂ ਕੇਵਲ ਪ੍ਰਮਾਤਮਾ ਦੇ ਗੁਣ ਗਾਉਣ ਦਾ ਸੱਚਾ ਉੱਦਮ ਹੀ ਕਰ ਸਕਦੇ ਹਾਂ ਜੋ ਕਿ ਆਪਣੇ ਔਗੁਣਾਂ ਨੂੰ ਛੱਡਣ ਦਾ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਕਿਸੇ ਦਾ ਮਾੜਾ ਨਾ ਕਰੀਏ ਤੇ ਉਸ ਤਰੀਕੇ ਵਿਚਰੀਏ ਜਿਸ ਤਰੀਕੇ ਗੁਰੂ ਸਾਨੂੰ ਸਮਝਾ ਰਹਿਆ ਹੈ। ਪ੍ਰਮਾਤਮਾ ਦੇ ਗੁਣ ਗਾਉਣੇ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਕੇਵਲ ਕਥਨੀ ਕਰੀ ਜਾਣ ਦਾ। ਕਥਨੀ ਦਾ ਮਕਸਦ ਤਾਂ ਆਪਣੀ ਕਰਨੀ ਨੂੰ ਸਮਝਣ ਦਾ ਹੈ ਤਾਂ ਜੋ ਅਸੀਂ ਉਹ ਕੁੱਝ ਆਪਣੇ ਅਮਲ ਵਿੱਚ ਲਿਆਈਏ ਜੋ ਗੁਰੂ ਨੂੰ ਭਾਉਂਦਾ ਹੈ, ਚੰਗਾ ਲੱਗਦਾ ਹੈ। ਗੁਰੂ ਨੂੰ ਸਾਡਾ ਗੁਣੀ ਬਣ ਕੇ ਵਿਚਰਨਾ ਚੰਗਾ ਲੱਗਦਾ ਹੈ। ਸਾਡਾ ਗੁਣ ਸਾਡੀ ਚੰਗੀ ਕਰਨੀ ਹੈ ਨਾ ਕਿ ਕਥਨੀ ਕਰੀ ਜਾਣਾ। ਉਸ ਪ੍ਰਮਾਤਮਾ ਨੂੰ ਚੰਗੀ ਕਰਨੀ ਦੁਆਰਾ ਹੀ ਪਾਇਆ ਜਾ ਸਕਦਾ ਹੈ ਜੋ ਸਭ ਕੁੱਝ ਆਪ ਹੀ ਹੈ। (**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥3॥**)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥
ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥14॥}

(ਅੰਗ - 1032)

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥1॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥1॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥2॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥3॥
ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥4॥}

(ਅੰਗ - 9)

ਭਾਵ ਪ੍ਰਮਾਤਮਾ ਦੇ ਗੁਣ ਗਾਉਣ ਲਈ ਮਨੁੱਖ ਆਪਣੇ ਆਪ ਨੂੰ ਜਾਣੇ ਕਿ ਉਹ ਕੀ ਹੈ, ਪ੍ਰਮਾਤਮਾ ਕੀ ਹੈ। ਇਸ ਗੱਲ ਨੂੰ ਅਸੀਂ ਕਿਵੇਂ ਜਾਣਨਾ ਹੈ ਤੇ ਕਿੱਥੋਂ ਜਾਣਨਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥4॥"

(ਅੰਗ - 9)

ਪ੍ਰਮਾਤਮਾ ਜਿਤਨਾ ਵੱਡਾ ਆਪ ਹੈ, ਉਤਨੀ ਹੀ ਵੱਡੀ ਉਸਦੀ ਦਾਤਿ ਹੈ ਭਾਵ ਨਾਮ ਦੀ ਦਾਤਿ ਹੈ ਤੇ ਜਿਸਨੂੰ ਪ੍ਰਮਾਤਮਾ ਆਪਣੀ ਇਹ ਨਾਮ ਦੀ ਦਾਤਿ ਦਿੰਦਾ ਹੈ, ਉਹ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਇਸ ਦਾਤਿ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਭਾਵ ਜਿਤਨਾ ਵੱਡਾ ਪ੍ਰਮਾਤਮਾ ਆਪ ਹੈ ਉਤਨੀ ਹੀ ਵੱਡੀ ਉਸ ਦੀ ਦਾਤਿ ਹੈ ਜੋ ਕਿ ਨਾਮ ਦੀ ਦਾਤਿ ਹੈ ਜਿਸ ਦਾਤਿ ਦੀ ਪ੍ਰਾਪਤੀ ਹੋਇ ਬਿਨ੍ਹਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ ਤੇ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਇਹ ਦਾਤਿ ਸਾਨੂੰ ਆਪਣੇ ਅੰਦਰੋਂ ਹੀ ਮਿਲਣੀ ਹੈ ਤੇ ਕਿਵੇਂ ਮਿਲਣੀ ਹੈ, ਇਹੀ ਗੱਲ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ।

ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ ਪਰ ਉਸਨੇ ਆਪ ਹੀ ਆਪਣੀ ਮਾਇਆ ਦੀ ਜੁਗਤਿ ਦੁਆਰਾ ਮਨੁੱਖ ਦੀ ਸਮਝ ਨੂੰ ਇਹ ਗੱਲ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਮਨ ਦੇ ਹਨੇਰੇ ਵਿੱਚ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਮਨ ਦੇ ਵਿੱਚ ਉਜਾਲੇ ਦੁਆਰਾ ਭਾਵ ਗਿਆਨ ਦੇ ਉਜਾਲੇ ਦੁਆਰਾ ਮਨ ਦੇ ਵਿੱਚ ਦਿਨ ਵਰਗੀ ਰੌਸ਼ਨੀ ਹੋਣ ਦੁਆਰਾ ਦਿੱਸਦਾ ਹੈ ਪਰ ਉਸਨੇ ਆਪ ਹੀ ਸਾਡੇ ਅੰਦਰ ਰਾਤ ਵਰਗਾ ਹਨੇਰਾ ਕੀਤਾ ਹੋਇਆ ਹੈ, ਅਗਿਆਨਤਾ ਦਾ ਹਨੇਰਾ ਕੀਤਾ ਹੋਇਆ ਹੈ, ਤਾਂ ਜੋ ਅਸੀਂ ਉਸਨੂੰ ਆਪਣੇ ਅੰਦਰੋਂ ਦੇਖ ਨਾ ਸਕੀਏ। (**ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥**)

{ਅੰਧੇਰਾ ਚਾਨਣੁ ਆਪੇ ਕੀਆ ॥
ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥3॥}

(ਅੰਗ - 1056)

ਉੱਪਰ ਵਾਲੇ ਪੂਰੇ ਸ਼ਬਦ ਨੂੰ ਲੇਖ ਵਿੱਚ ਅੱਗੇ ਚੱਲਕੇ ਸਮਝਾਂਗੇ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਮਨ ਦੇ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਿਸ ਤਰੀਕੇ ਹੁੰਦਾ ਹੈ।

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੇਵਲ ਤੇ ਕੇਵਲ ਮਨ ਦਾ ਹਨੇਰਾ ਦੂਰ ਹੋਣ ਦੁਆਰਾ ਜਾਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਡੇ ਅੰਦਰ ਹਨੇਰਾ ਕਰਨ ਲਈ ਹੈ ਹੀ ਭਾਵ ਮਨੁੱਖ ਨੂੰ ਅਗਿਆਨਤਾ ਵਿੱਚ ਰੱਖਣ ਲਈ ਹੀ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਜੋ ਕਿ ਉਸਦੀ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਉਹ ਸਾਰੇ ਸੰਸਾਰ ਨੂੰ ਮਨ ਦੀ ਸਮਝ ਦੇ ਹਨੇਰੇ ਵਿੱਚ ਰੱਖ ਕੇ ਇਸ ਸੰਸਾਰ ਦੀ ਖੇਡ ਨੂੰ ਚਲਾ ਰਹਿਆ ਹੈ। ਇਹੀ ਸਾਡੇ ਅੰਦਰ ਹਉਮੈ ਦਾ ਪੜਦਾ ਹੈ ਜਿਸ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰੋ ਇਹ ਮਨ ਦਾ ਹਨੇਰਾ ਕਿਸ ਲਈ ਦੂਰ ਨਹੀਂ ਹੁੰਦਾ ਭਾਵ ਕਿਸ ਕਰਕੇ ਪ੍ਰਮਾਤਮਾ ਦੀ ਦਾਤਿ ਨੂੰ, ਨਾਮ ਦੀ ਦਾਤਿ ਨੂੰ ਅਸੀਂ ਆਪਣੇ ਅੰਦਰੋਂ ਪ੍ਰਾਪਤ ਨਹੀਂ ਕਰ ਸਕਦੇ, ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“**ਖਸਮੁ ਵਿਸਾਰਹਿ ਤੇ ਕਮਜਾਤਿ ॥**
ਨਾਨਕ ਨਾਵੈ ਬਾਝੁ ਸਨਾਤਿ ॥”

ਬਾਣੀ ਵਿੱਚ ਕਿਤੇ ਖਸਮ ਵਿਸਾਰਨ ਦੀ ਗੱਲ ਆਉਂਦੀ ਹੈ ਤੇ ਕਿਤੇ ਨਾਮ ਵਿਸਾਰਨ ਦੀ ਗੱਲ ਆਉਂਦੀ ਹੇ। ਗੱਲ ਇੱਕੋ ਹੀ ਹੈ ਕਿਉਂਕਿ ਸਭ ਦਾ ਖਸਮ ਪ੍ਰਮਾਤਮਾ ਆਪ ਹੀ ਜੋ ਸੱਚੁ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਪੂਰੀ ਬਾਣੀ ਵਿੱਚ ਪ੍ਰਮਾਤਮਾ ਆਪਣੇ ਇਸੇ ਰੂਪ ਵਿੱਚ ਹੀ ਹੈ। ਹਰ ਸ਼ਬਦ ਦੇ ਵਿਚਾਰ ਦੇ ਅੰਦਰ ਦੀ ਜੋ ਸੋਝੀ ਹੈ, ਗਿਆਨ ਹੈ ਉਹ ਨਾਮ ਹੈ, ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। (**ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥** ਅੰਗ-120) ਜਿਸ ਨੂੰ ਸ਼ਬਦ ਦੀ ਮਤਿ ਵਿਸਰੀ ਹੋਈ ਹੈ ਉਸਨੂੰ ਪ੍ਰਮਾਤਮਾ ਵਿਸਰਿਆ ਹੋਇਆ ਹੈ, ਨਾਮ ਵਿਸਰਿਆ ਹੋਇਆ ਹੈ ਕਿਉਂਕਿ ਸ਼ਬਦ ਦੀ ਵਿਚਾਰ ਹੀ ਨਾਮ ਹੈ। (**ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥**) ਅੰਗ - 355 । ਬੜਾ ਸਪੱਸ਼ਟ ਹੈ ਕਿ ਸ਼ਬਦ ਦੀ ਵਿਚਾਰ ਹੀ ਨਾਮ ਹੈ ਭਾਵ ਸ਼ਬਦ ਦੇ ਅੰਦਰ ਦੀ ਸਮਝ ਨਾਮ ਹੈ ਤੇ ਸ਼ਬਦ ਦੇ ਅੰਦਰ ਦੀ ਸਮਝ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਆਪ ਹੈ। ਸ਼ਬਦਾਂ ਦੇ ਅੰਦਰ ਦੀ ਸਮਝ ਬ੍ਰਹਮ ਗਿਆਨ ਹੈ ਭਾਵ ਬ੍ਰਹਮ

ਗਿਆਨ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਤੇ ਬ੍ਰਹਮ ਗਿਆਨ ਰੂਪ ਵਿੱਚ ਹੀ ਨਾਮ ਹੈ। ਸ਼ਬਦਾਂ ਦੇ ਅੰਦਰ ਦੀ ਵਿਚਾਰ ਹੀ ਗੁਰੂ ਦੀ ਮਤਿ ਹੈ ਤੇ ਜਿਸਨੂੰ ਗੁਰੂ ਦੀ ਮਤਿ ਵਿਸਰੀ ਹੋਈ ਹੈ ਉਸਨੂੰ ਨਾਮ ਵਿਸਰਿਆ ਹੋਇਆ ਹੈ, ਪ੍ਰਮਾਤਮਾ ਭਾਵ ਆਪਣਾ ਖਸਮ ਵਿਸਰਿਆ ਹੋਇਆ ਹੈ ਉਸਨੂੰ "ਕਮਜਾਤਿ" ਕਹਿਆ ਹੈ ਭਾਵ ਮਾੜੀ ਜਾਤਿ ਵਾਲਾ ਆਖਿਆ ਗਿਆ ਹੈ। ਗੁਰਬਾਣੀ ਰਾਹੀਂ ਮਨੁੱਖ ਦੀਆਂ ਦੋ ਹੀ ਜਾਤਾਂ ਸਮਝਾਈਆਂ ਹੋਈਆਂ ਹਨ। ਇੱਕ ਹਉਮੈ ਦੀ ਜਾਤਿ ਹੈ ਤੇ ਦੂਸਰੀ ਨਾਮ ਦੀ ਜਾਤਿ ਹੈ। ਹਉਮੈ ਦੀ ਜਾਤਿ ਨੂੰ ਨੀਵੀਂ ਜਾਤਿ ਕਿਹਾ ਹੈ, ਮਾੜੀ ਜਾਤਿ ਕਿਹਾ ਹੈ ਤੇ ਨਾਮ ਦੀ ਜਾਤਿ ਨੂੰ ਚੰਗੀ ਜਾਤਿ ਕਿਹਾ ਹੈ, ਉੱਚੀ ਜਾਤਿ ਕਿਹਾ ਹੈ। ਇਹ ਦੋਵੇਂ ਜਾਤਾਂ ਸਾਡੇ ਮਨ ਦੀਆਂ ਜਾਤਾਂ ਹਨ ਭਾਵ ਮਨ ਦੀ ਸਮਝ ਦੀਆਂ ਜਾਤਾਂ ਹਨ। ਮਨੁੱਖ ਨੂੰ ਮਾੜਾ ਜਾਂ ਚੰਗਾ ਮਨੁੱਖ ਦੀ ਸਮਝ ਹੀ ਬਣਾਉਂਦੀ ਹੈ। ਮਾੜੀ ਸਮਝ ਵਾਲਾ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਚੰਗੀ ਸਮਝ ਵਾਲਾ ਮਨੁੱਖ ਚੰਗੇ ਕਰਮ ਕਰਦਾ ਹੈ। ਮਨੁੱਖ ਦੀ ਨੀਵੀਂ ਜਾਤਿ ਜਾਂ ਉੱਚੀ ਜਾਤਿ ਉਸਦੇ ਕਰਮ ਹੀ ਸਾਹਮਣੇ ਲਿਆਉਂਦੇ ਹਨ। ਜਿਸ ਨੂੰ ਗੁਰਮਤਿ ਵਿਸਰੀ ਹੋਈ ਹੈ, ਨਾਮ ਵਿਸਰਿਆ ਹੋਇਆ ਹੈ, ਖਸਮ ਵਿਸਰਿਆ ਹੋਇਆ ਹੈ ਉਹ ਮਨੁੱਖ ਮਾੜੇ ਕਰਮ ਕਰਦਾ ਹੈ, ਗੁਰਮਤਿ ਦੇ ਉਲਟ ਕਰਮ ਕਰਦਾ ਹੈ ਜਿਸ ਲਈ ਉਸਨੂੰ "ਕਮਜਾਤਿ" ਆਖਿਆ ਗਿਆ ਹੈ, "ਸਨਾਤਿ" ਆਖਿਆ ਗਿਆ ਹੈ। ਗੁਰਮਤਿ ਤੋਂ ਦੂਸਰਾ ਪਾਸਾ ਮਨਮਤਿ ਹੈ, ਨਾਮ ਤੋਂ ਦੂਸਰਾ ਪਾਸਾ ਹਉਮੈ ਹੈ ਭਾਵ ਮਨ ਦੀ ਮਾੜੀ ਸਮਝ ਹੈ, ਮਾਇਆ ਮੋਹ ਵਾਲੀ ਸਮਝ ਹੈ ਜਿਸਨੂੰ ਨੀਵੀਂ ਜਾਤਿ ਆਖਿਆ ਗਿਆ ਹੈ। ਜਿਸ ਦਾ ਕਾਰਨ ਸਾਡੇ ਮਨ ਦੇ ਅੰਦਰ ਅਗਿਆਨਤਾ ਰੂਪ ਹਨੇਰੇ ਦਾ ਹੋਣਾ ਹੈ, ਨਾਮ ਵਾਲੀ ਸਮਝ ਦਾ ਨਾ ਹੋਣਾ ਹੈ। (**ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥**) ਮਨ ਦੀ ਮਾੜੀ ਜਾਤਿ ਨੂੰ, ਹਉਮੈ ਵਾਲੀ ਜਾਤਿ ਨੂੰ ਹੇਠ ਦਿੱਤੇ ਕੁੱਝ ਸਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

"ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥
ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥19॥"

(ਅੰਗ - 756)

"ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥
ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥2॥"

(ਅੰਗ - 429)

ਸਾਡੇ ਅੰਦਰ ਦੀ ਹਉਮੈ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਹਉਮੈ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ, ਮਾਇਆ ਮੋਹ ਵਾਲੀ ਸਮਝ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਤੋਂ ਦੂਰ ਰੱਖਦੀ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਆਪ ਹੀ ਮਨ ਦੀ ਸਮਝ ਦੁਆਰਾ ਹਉਮੈ ਵਿੱਚ ਰੱਖਿਆ ਹੋਇਆ ਹੈ ਤੇ ਸਾਡੇ ਅੰਦਰ ਦੀ ਹਉਮੈ ਹੀ ਸਾਡਾ ਜਨਮ ਮਰਣ ਹੈ ਕਿਉਂਕਿ ਸਾਡੀ ਹਉਮੈ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ, ਪ੍ਰਮਾਤਮਾ ਤੋਂ ਵੱਖਰਾ ਹਾਂ ਤੇ ਅਸੀਂ ਜੋ ਕੁੱਝ ਵੀ ਕਰਦੇ ਹਾਂ, ਜੋ ਵੀ ਕਰਮ ਕਰਦੇ ਹਾਂ ਉਹ ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੀ ਸਾਡੇ ਕੋਲੋਂ ਕਰਵਾਉਂਦੀ ਹੈ ਜਿਸ ਸਮਝ ਨੂੰ ਅਸੀਂ ਮੇਟ ਨਹੀਂ ਸਕਦੇ ਕਿਉਂਕਿ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ, ਇਹ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਜਿਸ ਹਉਮੈ ਦੁਆਰਾ ਸਾਰਾ ਜਗ ਹੀ ਹਉਮੈ ਰੂਪ ਮੈਲ ਵਿੱਚ ਹੈ, ਮਾੜੀ ਸਮਝ ਵਾਲੀ ਮੈਲ ਵਿੱਚ ਹੈ, ਮਨ ਦੀ ਅਗਿਆਨਤਾ ਰੂਪ ਮੈਲ ਵਿੱਚ ਹੈ। (**ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥**)

ਸਾਡੇ ਅੰਦਰ ਦੀ ਹਉਮੈ ਸਾਨੂੰ "ਮੈਂ" ਦੇ ਨਾਲ ਜੋੜ ਕੇ ਰੱਖਦੀ ਹੈ ਕਿ ਇਹ ਸਰੀਰ ਦੇ ਰੂਪ ਵਿੱਚ "ਮੈਂ" ਹਾਂ, ਮੇਰੇ ਅੰਦਰ ਦੀ ਸਮਝ "ਮੇਰੀ" ਹੈ, ਇਹ ਜਮੀਨ ਮੇਰੀ ਹੈ, ਇਹ ਘਰ ਮੇਰਾ ਹੈ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਉੱਚਾ ਸਮਝਦੇ ਹਾਂ, ਕ੍ਰੋਧ ਦਿਖਾਉਂਦੇ ਹਾਂ, ਅਹੰਕਾਰ ਕਰਦੇ ਹਾਂ। ਜਦ ਤੱਕ ਮਨੁੱਖ ਇਸ ਮੈਂ ਵਾਲੀ ਸਮਝ ਵਿੱਚੋਂ ਨਹੀਂ ਨਿਕਲਦਾ ਤਦ ਤੱਕ ਉਹ ਹਉਮੈ ਦੀ ਜਾਤਿ ਵਾਲਾ ਹੀ ਰਹਿੰਦਾ ਹੈ। (**ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥**) ਸਾਡੇ ਅੰਦਰ ਦੀ ਇਹ ਹਉਮੈ ਵਾਲੀ ਜਾਤਿ ਕਿਵੇਂ ਦੂਰ ਹੁੰਦੀ ਹੈ, ਇਹ ਗੱਲ ਨਾਲ ਹੀ ਸਮਝਾਈ ਹੋਈ ਹੈ।

“ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥”

ਬੜਾ ਸਪੱਸ਼ਟ ਹੈ ਕਿ ਜਦ ਤੱਕ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਤਦ ਤੱਕ ਹਰ ਕੋਈ ਹਉਮੈ ਵਾਲੀ ਜਾਤਿ ਵਾਲਾ ਹੀ ਹੈ ਭਾਵ ਮਨ ਦੀ ਨਾ-ਸਮਝ ਮਤਿ ਵਾਲਾ ਹੀ ਹੈ। ਮਨ ਦੀ ਨਾ-ਸਮਝ ਮਤਿ ਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਸਾਡੇ ਮਨ ਦੀ ਮਾੜੀ ਸਮਝ ਤਾਂ ਹੀ ਨਿਕਲ ਸਕਦੀ ਹੈ ਜੇਕਰ ਅਸੀਂ ਸ਼ਬਦ ਦੀ ਮਤਿ ਦੁਆਰਾ ਆਪਣੇ ਆਪ ਨੂੰ ਮਾਰੀਏ। ਆਪਣੇ ਮਨ ਦੀ ਮਾੜੀ ਸਮਝ ਨੂੰ ਮਾਰਨਾ, ਹਉਮੈ ਨੂੰ ਮਾਰਨਾ ਹੀ ਸ਼ਬਦ ਦੁਆਰਾ ਮਰਨਾ ਹੈ। ਸ਼ਬਦ ਗੁਰੂ ਦਾ ਸੱਚਾ ਗਿਆਨ ਹੈ, ਉਸਦਾ ਨਾਮ ਹੈ ਤੇ ਜੇਕਰ ਅਸੀਂ ਸ਼ਬਦ ਦੇ ਗਿਆਨ ਨੂੰ ਮੰਨਾਂਗੇ, ਆਪਣੇ ਅੰਦਰ ਵਸਾਵਾਂਗੇ ਫਿਰ ਤਾਂ ਹੀ ਸਾਡੇ ਅੰਦਰ ਦੀ ਹਉਮੈ ਮਰੇਗੀ ਤੇ ਸਾਡੀ ਜਾਤਿ ਬਦਲੇਗੀ ਭਾਵ ਨਾਮ ਵਾਲੀ ਜਾਤਿ ਬਣੇਗੀ। ਪ੍ਰਮਾਤਮਾ ਸਾਡੇ ਸਭ ਦੇ ਅੰਦਰ “ਜੋਤਿ” ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰ ਜੋਤਿ ਇੱਕ ਹੀ ਹੈ ਜਿਸ ਜੋਤਿ ਰਾਹੀਂ ਮਨੁੱਖੀ ਸਮਝ ਨੂੰ ਮਨ ਦੇ ਵਿੱਚ ਸਾਰਾ ਗਿਆਨ ਮਿਲਦਾ ਹੈ। ਸਾਨੂੰ ਹਉਮੈ ਵਿੱਚ ਰੱਖਣ ਵਾਲੀ ਵੀ ਸਾਡੇ ਅੰਦਰ ਦੀ ਜੋਤਿ ਹੈ ਤੇ ਉਸ ਵਿੱਚੋਂ ਕੱਢਣ ਵਾਲੀ ਵੀ ਸਾਡੇ ਅੰਦਰ ਦੀ ਜੋਤਿ ਹੈ। ਹਉਮੈ ਵਿੱਚ ਰੱਖਣ ਦੁਆਰਾ ਸਾਡੇ ਅੰਦਰ ਦੀ ਜੋਤਿ ਸਾਨੂੰ ਭਰਮਾਂ ਵਾਲੀ ਸਮਝ ਦੇ ਨਾਲ ਜੋੜ ਕੇ ਰੱਖਦੀ ਹੈ ਤੇ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਵਾਲੀ ਵੀ ਜੋਤਿ ਹੀ ਹੈ ਭਾਵ ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਮਨ ਦਾ ਮਾਲਕ ਹੈ, ਸਾਡੀ ਸਮਝ ਦਾ ਮਾਲਕ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਜੋਤਿ ਦੇ ਵਿੱਚ ਹੀ ਹੁੰਦਾ ਹੈ ਜੋ ਕਿ ਸਾਡੀ ਜੋਤਿ ਦੀ ਤ੍ਰੈਗੁਣਾਂ ਵਾਲੀ ਸਮਝ ਦੇ ਵਿੱਚ, ਹਉਮੈ ਵਾਲੀ ਸਮਝ ਦੇ ਵਿੱਚ “ਜੋਤੀ” ਰੂਪ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੁੰਦਾ ਹੈ, ਸ਼ਬਦ ਦੇ, ਨਾਮ ਰੂਪ ਗਿਆਨ ਦੇ ਪ੍ਰਕਾਸ਼ ਦੁਆਰਾ ਹੁੰਦਾ ਹੈ ਜੋ ਮਨੁੱਖੀ ਮਤਿ ਨੂੰ ਹਉਮੈ ਵਾਲੀ ਮਤਿ ਵਿੱਚੋਂ ਕੱਢ ਕੇ ਨਾਮ ਵਾਲੀ ਸੱਚੀ ਸਮਝ ਵਿੱਚ ਬਦਲ ਦਿੰਦਾ ਹੈ ਭਾਵ ਨਾਮ ਵਾਲੀ ਜਾਤਿ ਵਾਲਾ ਬਣਾ ਦਿੰਦਾ ਹੈ। ਗੁਰੂ, ਪ੍ਰਮਾਤਮਾ ਆਪ ਆਪਣੇ ਉੱਚੇ ਗਿਆਨ ਦੁਆਰਾ ਨਾਮ ਦੀ ਜਾਤਿ ਵਾਲਾ ਹੈ ਤੇ ਜਿਸਨੂੰ ਉਹ ਆਪਣੇ ਨਾਲ ਮਿਲਾ ਲੈਂਦਾ ਹੈ ਉਹ ਪ੍ਰਮਾਤਮਾ ਦੀ ਜਾਤਿ ਵਾਲਾ, ਨਾਮ ਦੀ ਜਾਤਿ ਵਾਲਾ ਬਣ ਜਾਂਦਾ ਹੈ। ਅਸੀਂ ਨਾਮ ਦੀ ਜਾਤਿ ਵਾਲਾ ਬਣਨ ਦਾ ਉੱਦਮ ਹੀ ਕਰਨਾ ਹੈ ਭਾਵ ਸ਼ਬਦਾਂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦਾ ਉੱਦਮ ਹੀ ਕਰਨਾ ਹੈ, ਆਪਣੀ ਭਰਮਾਂ ਵਾਲੀ, ਅਗਿਆਨਤਾ ਵਾਲੀ ਮਤਿ ਭਾਵ ਹਉਮੈ ਵਾਲੀ ਨਾ-ਸਮਝ ਮਤਿ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਆਪਣੀ ਕਿਰਪਾ ਕਰਨ ਦੁਆਰਾ ਕਿਸੇ ਨੂੰ ਆਪਣੀ ਜਾਤਿ ਵਾਲਾ ਬਣਾਉਂਦਾ ਹੈ ਤੇ ਹਉਮੈ ਵਾਲੀ ਜਾਤਿ ਵਿੱਚੋਂ ਕੱਢ ਲੈਂਦਾ ਹੈ। (**ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥ ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥**)

ਹਉਮੈ ਸਾਡੇ ਅੰਦਰੋਂ ਕਿਸ ਰੂਪ ਵਿੱਚ ਆਪਣਾ ਰੂਪ ਦਿਖਾਉਂਦੀ ਹੈ ਭਾਵ ਉਸਦੀ ਨੀਵੀਂ ਜਾਤਿ ਕਿਸ ਰੂਪ ਵਿੱਚ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥2॥”

(ਅੰਗ - 466)

ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ। ਹਉਮੈ ਵਾਲੀ ਸਮਝ, ਉਹ ਸਮਝ ਹੈ ਜਿਸ ਵਿੱਚ ਨਾਮ ਨਹੀਂ ਹੈ ਭਾਵ ਗੁਰੂ ਦੀ ਮਤਿ ਨਹੀਂ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਸਾਡੇ ਇਹ ਮਾੜੇ ਕਰਮ ਹੀ ਸਾਨੂੰ ਮਾੜੀ ਜਾਤਿ ਵਾਲਾ ਬਣਾਉਂਦੇ ਹਨ। ਮਨ ਦੀ ਮਾੜੀ ਸਮਝ ਹੀ ਸਾਡੇ ਅੰਦਰ ਦਾ ਬੰਧਨ ਹੈ ਜੋ ਸਾਨੂੰ ਜੂਨਾਂ ਵਿੱਚ ਪਾਉਂਦਾ ਹੈ। (**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥**) ਸਾਡੇ

ਅੰਦਰ ਹਉਮੈ ਬੰਧਨ ਹੀ ਮਾਇਆ ਦਾ ਬੰਧਨ ਹੈ ਜਿਸ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ ਤੇ ਜੂਨਾਂ ਬਾਰੇ ਵੀ ਸ਼ਬਦਾਂ ਦੁਆਰਾ ਸਮਝਾਂਗੇ।

ਸਾਡੇ ਅੰਦਰ ਹਉਮੈ ਕਿੱਥੋਂ ਆਉਂਦੀ ਹੈ ਤੇ ਕਿਵੇਂ ਨਿਕਲ ਸਕਦੀ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥”

ਹਉਮੈ ਸਾਡੇ ਅੰਦਰੋਂ ਹੀ ਉਪਜਦੀ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਉਪਜਦੀ ਹੈ, ਮਨ ਦੀ ਸਮਝ ਦੇ ਰੂਪ ਵਿੱਚ ਉਪਜਦੀ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਉਪਜਦੀ ਹੈ। ਸਭ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਹਿਆ ਹੈ, ਮਨ ਰੂਪ ਜੋਤਿ ਰਾਹੀਂ ਵਰਤ ਰਹਿਆ ਹੈ ਤੇ ਮਨੁੱਖ ਉਹੀ ਕੁੱਝ ਕਰਦਾ ਹੈ ਜਿਹੋ ਜਿਹਾ ਉਸਦੀ ਸੋਚ, ਸਮਝ ਮਨੁੱਖ ਨੂੰ ਸਮਝਾਉਂਦੀ ਹੈ ਭਾਵ ਸਾਡੇ ਮਨ ਦੀ ਸਮਝ ਸਾਡੀ ਨਹੀਂ ਹੈ ਬਲਕਿ ਸਾਡੇ ਅੰਦਰ ਸਮਝ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜੋ ਸਭ ਨੂੰ, ਸਾਰੇ ਸੰਸਾਰ ਨੂੰ ਇਸੇ ਤਰੀਕੇ ਆਪਣੇ ਹੁਕਮ ਵਿੱਚ ਚਲਾ ਰਹਿਆ ਹੈ ਜਿਸਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ, ਜੋ ਮਨੁਖ ਪ੍ਰਮਾਤਮਾ ਦੀ ਕਿਰਪਾ ਨਾਲ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝ ਲੈਂਦਾ ਹੈ ਉਸਦੀ ਹੀ ਹਉਮੈ ਦੂਰ ਹੁੰਦੀ ਹੈ ਜਿਸ ਤਰੀਕੇ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। (**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥**)

{**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥2॥}

(ਅੰਗ - 1)

ਹਉਮੈ ਸਾਡੇ ਅੰਦਰੋਂ ਕਿਸ ਸੰਜਮਿ ਦੁਆਰਾ ਦੂਰ ਹੋ ਸਕਦੀ ਹੈ ਇਹੀ ਗੱਲ ਪਹਿਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹਈ ਹੈ।

“ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥”

ਉੱਪਰ ਵਾਲੀਆਂ ਪੰਗਤੀਆਂ ਨੂੰ ਇਸੇ ਪਿੱਛੇ ਲੇਖ ਵਿੱਚ ਸਮਝ ਚੁੱਕੇ ਹਾਂ ਤੇ ਹਉਮੈ ਕਿਵੇਂ ਦੂਰ ਹੁੰਦੀ ਹੈ ਇਸ ਗੱਲ ਨੂੰ ਪਿੱਛੇ ਹੋਰ ਸ਼ਬਦਾਂ ਦੁਆਰਾ ਵੀ ਸਮਝ ਚੁੱਕੇ ਹਾਂ। ਸਾਰੀ ਗੱਲ ਗੁਰੂ ਦੇ ਸ਼ਬਦ ਨੂੰ ਆਪਣੇ ਜੀਵਨ ਵਿੱਚ ਕਮਾਉਣ ਦੀ ਹੈ ਜੋ ਕਿ ਨਾਮ ਰੂਪ ਦਾਰੂ ਹੈ ਜਿਸ ਤਰੀਕੇ ਇਹ ਹਉਮੈ ਰੂਪ ਰੋਗ ਦੂਰ ਹੁੰਦਾ ਹੈ ਜੋ ਲੰਮੇ ਸਮੇਂ ਤੋਂ ਭਾਵ ਮਨੁੱਖੀ ਹੋਂਦ ਤੋਂ ਨਾਲ ਹੀ ਚੱਲਦਾ ਆ ਰਹਿਆ ਹੈ ਜੋ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਹ ਮਨ ਦੀ ਅਗਿਆਨਤਾ ਦਾ ਰੋਗ ਹੈ, ਮਨ ਦੀ ਨਾ-ਸਮਝੀ ਦਾ ਰੋਗ ਹੈ ਜੋ ਰੋਗ ਨਾਮ ਰੂਪ ਦਾਰੂ ਦੁਆਰਾ ਹੀ ਦੂਰ ਹੋ ਸਕਦਾ ਹੈ। ਗੁਰੂ ਦਾ ਸ਼ਬਦ, ਗੁਰੂ ਦਾ ਨਾਮ ਸਾਡੇ ਮਨ ਦੀ ਸਮਝ ਦਾ ਦਾਰੂ ਹੈ, ਇਲਾਜ ਹੈ। ਅਗਿਆਨਤਾ ਦਾ ਇਲਾਜ ਸੱਚਾ ਗਿਆਨ ਹੀ ਕਰ ਸਕਦਾ ਹੈ ਤੇ ਗੁਰੂ ਦਾ ਗਿਆਨ, ਸ਼ਬਦ ਦਾ ਗਿਆਨ ਸੱਚਾ ਗਿਆਨ ਹੈ ਜੋ ਸਾਡੇ ਮਨ ਦਾ ਰੋਗ ਠੀਕ ਕਰਨ ਲਈ ਹੀ ਹੈ ਤੇ ਇਹ ਹਉਮੈ ਦਾ ਰੋਗ ਤਾਂ ਹੀ ਠੀਕ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਸ਼ਬਦ ਨੂੰ ਆਪਣੇ ਜੀਵਨ ਵਿਚ ਕਮਾਵਾਂਗੇ ਭਾਵ ਉਸ ਤੇ ਅਮਲ ਕਰਾਂਗੇ, ਗੁਰੂ ਦੀ ਦਿੱਤੀ ਹੋਈ ਮਤਿ ਨੂੰ ਆਪਣੇ ਜੀਵਨ ਵਿੱਚ ਅਪਣਾਵਾਂਗੇ, ਆਪਣੀ ਅਗਿਆਨਤਾ ਨੂੰ ਦੂਰ ਕਰਾਂਗੇ ਜਿਸ ਨੂੰ ਦੂਰ ਕਰਨ ਲਈ ਅਸੀਂ ਉੱਦਮ ਹੀ ਕਰਨਾ ਹੈ ਤੇ ਜਿਸ ਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਵੇਗੀ ਉਸਦੀ ਹੀ ਅਗਿਆਨਤਾ ਵਾਲੀ ਸਮਝ ਦੂਰ ਹੋਵੇਗੀ, ਹਉਮੈ ਦੂਰ

ਹੋਵੇਗੀ, ਮਨ ਦਾ ਦੁੱਖ ਦੂਰ ਹੋਵੇਗਾ। (**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥**)

ਜਦ ਤੱਕ ਮਨੁੱਖ ਦੀ ਹਉਮੈ ਦੂਰ ਨਹੀਂ ਹੁੰਦੀ ਤਦ ਤੱਕ ਹਰ ਕੋਈ ਹਉਮੈ ਦੀ ਜਾਤਿ ਵਾਲਾ ਹੀ ਰਹਿੰਦਾ ਹੈ। ਹਉਮੈ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਦੂਰ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਇਸ ਗੱਲ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ।

“**ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥**
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥3॥”

(ਅੰਗ - 67)

ਉੱਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਸਮਝੋ ਕਿ ਜਿਨ੍ਹਾਂ ਮਨੁੱਖੀ ਜਾਤਾਂ ਨੂੰ ਅਸੀਂ ਨੀਵੀਆਂ ਜਾਤਾਂ ਸਮਝਦੇ ਹਾਂ, ਕਹਿੰਦੇ ਹਾਂ ਉਸਦਾ ਅਸਲ ਕਾਰਨ ਕੀ ਹੈ। ਇਹ ਕਾਰਨ ਸਾਡੇ ਮਨ ਦੀ ਨਾ-ਸਮਝੀ ਹੈ ਭਾਵ ਹਉਮੈ ਹੈ। ਜੋ ਮਨੁੱਖ ਹਉਮੈ ਵਿੱਚ ਹੈ ਉਹ ਹੀ ਕਿਸੇ ਨੂੰ ਉੱਚੀ ਜਾਂ ਨੀਵੀਂ ਜਾਤਿ ਵਾਲਾ ਕਹਿ ਸਕਦਾ ਹੈ, ਸਮਝ ਸਕਦਾ ਹੈ। ਭਗਤ ਨਾਮ ਦੇਵ ਜੀ ਨੂੰ, ਭਗਤ ਕਬੀਰ ਜੀ ਨੂੰ ਨੀਵੀਂ ਜਾਤਿ ਵਾਲੇ ਸਮਝਿਆ ਜਾਂਦਾ ਸੀ ਜਿਸਦੇ ਪਿੱਛੇ ਮਨ ਦੀ ਨਾ-ਸਮਝ ਮਤਿ ਹੈ, ਹਉਮੈ ਹੈ ਭਾਵ ਹਉਮੈ ਜਾਤਿ ਹੈ ਜਿਸ ਜਾਤਿ ਵਿੱਚ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਹੀ ਰੱਖਿਆ ਹੋਇਆ ਹੈ। ਜਿਸਦੀ ਪ੍ਰਮਾਤਮਾ ਹਉਮੈ ਵਾਲੀ ਜਾਤਿ ਖਤਮ ਕਰ ਦਿੰਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨੁੱਖ ਦੀਆਂ ਦੋ ਹੀ ਜਾਤਾਂ ਹਨ ਜੋ ਕਿ ਹਉਮੈ ਦੀ ਜਾਤਿ ਤੇ ਨਾਮ ਦੀ ਜਾਤਿ ਹੀ ਹੈ। ਹਉਮੈ ਵਾਲੀ ਜਾਤਿ ਮਨੁੱਖ ਦੀ ਸਮਝ ਨੂੰ ਨੀਵਾਂ ਬਣਾਉਂਦੀ ਹੈ ਜਿਸ ਕਰਕੇ ਉਹ ਨੀਵੀਂ ਜਾਤਿ ਹੈ ਤੇ ਨਾਮ ਦੀ ਜਾਤਿ ਮਨੁੱਖ ਦੀ ਸਮਝ ਨੂੰ ਉੱਚਾ ਬਣਾਉਂਦੀ ਹੈ, ਉੱਚੇ ਗਿਆਨ ਵਾਲਾ, ਬ੍ਰਹਮ ਗਿਆਨ ਵਾਲਾ ਬਣਾਉਂਦੀ ਹੈ ਜੋ ਉੱਚੀ ਜਾਤਿ ਹੈ। ਮਨੁੱਖ ਦੀ ਉੱਚੀ ਜਾਤਿ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਬਣਦੀ ਹੈ ਜਿਵੇਂ ਕਿ ਭਗਤਾਂ ਦੀ ਬਣੀ ਹੈ, ਗੁਰੂ ਸਾਹਿਬਾਨ ਦੀ ਬਣੀ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਬਣੀ ਹੈ। ਜਿਨ੍ਹਾਂ ਦਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਹੀ ਪ੍ਰਮਾਤਮਾ ਨੂੰ ਜਾਨਣ ਵਾਲੇ ਬਣਦੇ ਹਨ, “ਬ੍ਰਹਮ ਕੇ ਬੇਤੇ” ਬਣਦੇ ਹਨ, ਆਪਣੇ ਅੰਦਰੋਂ ਸ਼ਬਦ ਰੂਪ ਗੁਰੂ ਪ੍ਰਮਾਤਮਾ ਨੂੰ ਪਛਾਨਣ ਦੁਆਰਾ ਬਣਦੇ ਹਨ ਜਿਸ ਦੁਆਰਾ ਮਨੁੱਖ ਦੀ ਹਉਮੈ ਵਾਲੀ ਸਮਝ ਭਾਵ ਜਾਤਿ ਦੂਰ ਹੁੰਦੀ ਹੈ ਤੇ ਮਨੁੱਖੀ ਸਮਝ ਨਾਮ ਰੂਪ ਸਮਝ ਵਾਲੀ ਭਾਵ ਨਾਮ ਦੀ ਜਾਤਿ ਵਾਲੀ ਬਣਦੀ ਹੈ। (**ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥**) ਜਿਨ੍ਹਾਂ ਨੂੰ ਸੰਸਾਰ ਛੋਟੀ ਜਾਤਿ ਵਾਲੇ ਸਮਝਦਾ ਹੈ, ਉਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਣ ਦੁਆਰਾ ਕਿਤਨੀ ਵੱਡੀ ਜਾਤਿ ਵਾਲਾ ਬਣਾ ਦਿੰਦਾ ਹੈ। ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥”

ਜਿਸ ਨੂੰ ਪ੍ਰਮਾਤਮਾ ਹਉਮੈ ਦੀ ਜਾਤਿ ਵਿੱਚੋਂ ਕੱਢ ਕੇ ਆਪਣੀ ਜਾਤਿ ਵਾਲਾ ਬਣਾਉਂਦਾ ਹੈ, ਨਾਮ ਦੀ ਜਾਤਿ ਵਾਲਾ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਹੀ ਬਣਾਉਂਦਾ ਹੈ, ਆਪਣੀ ਸੱਚੀ ਬਾਣੀ ਦੇਣ ਦੁਆਰਾ ਹੀ ਬਣਾਉਂਦਾ ਹੈ, ਮਨ ਦੇ ਵਿੱਚ ਸੱਚੀ ਸਮਝ ਦੇਣ ਦੁਆਰਾ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਣਾਇਆ ਹੈ ਤੇ ਉਨ੍ਹਾਂ ਨੇ ਬਾਣੀ ਦੀ ਰਚਨਾ ਕੀਤੀ ਹੈ। ਜੋ ਆਪਣੇ ਆਪ ਨੂੰ ਬਹੁਤ ਉੱਚਾ ਅਖਵਾਉਂਦੇ ਹਨ, ਉੱਚੀ ਜਾਤਿ ਵਾਲੇ ਅਖਵਾਉਂਦੇ ਹਨ “ਸੁਰਿ ਨਰ” ਅਖਵਾਉਂਦੇ ਹਨ ਉਹ ਵੀ ਭਗਤਾਂ ਦੀ ਬਾਣੀ ਨੂੰ ਹੀ ਉੱਚਾ ਮੰਨ ਕੇ ਗਾਉਂਦੇ ਹਨ ਜਿਸ ਬਾਣੀ ਨੂੰ ਕੋਈ ਮੇਟ ਨਹੀਂ ਸਕਦਾ ਭਾਵ ਬਦਲ ਨਹੀਂ ਸਕਦਾ, ਨਾਕਾਰ ਨਹੀਂ ਸਕਦਾ ਕਿਉਂਕਿ ਉਹ ਸੱਚੀ ਬਾਣੀ ਹੈ, ਸਦਾ ਰਹਿਣ ਵਾਲੀ ਬਾਣੀ ਹੈ ਜਿਸਦੇ ਅੰਦਰ ਪੂਰਨ ਸੱਚ ਹੈ, ਨਾਮ ਹੈ, ਪ੍ਰਮਾਤਮਾ ਆਪ ਹੈ। (**ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥**)

ਜਦ ਤੱਕ ਸਾਡੇ ਅੰਦਰ ਹਉਮੈ ਹੈ ਭਾਵ ਸਾਡੀ ਜਾਤਿ ਹਉਮੈ ਵਾਲੀ ਹੈ ਤਦ ਤੱਕ ਅਸੀਂ ਨਾਮ ਵਾਲੇ ਨਹੀਂ ਬਣ ਸਕਦੇ ਤੇ ਨਾ ਹੀ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"**ਲਾਲੈ ਆਪਣੀ ਜਾਤਿ ਗਵਾਈ ॥**
ਤਨੁ ਮਨੁ ਅਰਪੇ ਸਤਿਗੁਰ ਸਰਣਾਈ ॥
ਹਿਰਦੈ ਨਾਮੁ ਵਡੀ ਵਡਿਆਈ ॥
ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥1॥
ਸੋ ਲਾਲਾ ਜੀਵਤੁ ਮਰੈ ॥
ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰ ਪਰਸਾਦੀ ਸਬਦਿ ਉਧਰੈ ॥1॥ ਰਹਾਉ ॥"

(ਅੰਗ - 362-363)

ਪ੍ਰਮਾਤਮਾ ਦੀ ਵਡਿਆਈ ਤਾਂ ਹੀ ਕੀਤੀ ਜਾ ਸਕਦੀ ਹੈ, ਪ੍ਰਮਾਤਮਾ ਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਕੋਈ ਗੁਰੂ ਦਾ ਲਾਲਾ ਬਣਦਾ ਹੈ ਭਾਵ ਗੁਰੂ ਦਾ ਗੁਲਾਮ, ਗੁਰੂ ਦਾ ਸੇਵਕ ਬਣਦਾ ਹੈ। ਗੁਰੂ ਦਾ ਲਾਲਾ ਬਣਨਾ ਬਹੁਤ ਔਖਾ ਹੈ ਕਿਉਂਕਿ ਪਹਿਲਾਂ ਆਪਣੀ ਜਾਤਿ ਛੱਡਣੀ ਪੈਂਦੀ ਹੈ। ਸਾਡੀ ਸਭ ਦੀ ਜਾਤਿ ਹਉਮੈ ਵਾਲੀ ਜਾਤਿ ਹੈ ਭਾਵ ਨਾ-ਸਮਝ ਮਤਿ ਵਾਲੀ ਭਾਵ ਮਨਮਤਿ ਵਾਲੀ ਜਾਤਿ ਹੈ। ਪ੍ਰਮਾਤਮਾ ਦੀ ਵਡਿਆਈ ਗੁਰਮਤਿ ਵਾਲੀ ਜਾਤਿ ਵਾਲੇ ਬਣਕੇ ਹੁੰਦੀ ਹੈ ਭਾਵ ਨਾਮ ਵਾਲੀ ਜਾਤਿ ਵਾਲੇ ਬਣ ਕੇ ਹੁੰਦੀ ਹੈ। ਨਾਮ ਵਾਲੇ ਅਸੀਂ ਤਾਂ ਹੀ ਬਣਦੇ ਹਾਂ ਜਦੋਂ ਸਾਡੇ ਅੰਦਰੋਂ ਹਉਮੈ ਖਤਮ ਹੋ ਜਾਵੇ। ਸਾਡੀ ਹਉਮੈ ਦਾ ਖਤਮ ਹੋਣਾ ਹੀ, ਮਨਮਤਿ ਦਾ ਖਤਮ ਹੋਣਾ ਹੀ ਗੁਰੂ ਨੂੰ ਆਪਣਾ ਤਨ ਮਨ ਅਰਪਨਾ ਹੈ, ਗੁਰੂ ਦੀ ਸ਼ਰਨ ਵਿੱਚ ਆਉਣਾ ਹੈ। ਗੁਰਮਤਿ ਦੀ ਸ਼ਰਨ ਵਿਚ ਆਉਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਜਿਸ ਸ਼ਰਨ ਵਿੱਚ ਸਾਡਾ ਮਨ ਹੀ ਆਉਂਦਾ ਹੈ, ਆਪਣੀ ਮਤਿ ਛੱਡਣ ਦੁਆਰਾ, ਹਉਮੈ ਛੱਡਣ ਦੁਆਰਾ ਆਉਂਦਾ ਹੈ। (**ਲਾਲੈ ਆਪਣੀ ਜਾਤਿ ਗਵਾਈ ॥ ਤਨੁ ਮਨੁ ਅਰਪੇ ਸਤਿਗੁਰ ਸਰਣਾਈ ॥**) ਹਉਮੈ ਜਾਤਿ ਖਤਮ ਹੋਣ ਦੁਆਰਾ ਹੀ ਮਨੁੱਖ ਨਾਮ ਦੀ ਜਾਤਿ ਵਾਲਾ ਬਣਦਾ ਹੈ, ਮਨ ਦੇ ਵਿੱਚ ਨਾਮ ਵੱਸਣ ਦੁਆਰਾ ਬਣਦਾ ਹੈ, ਗੁਰੂ ਦਾ ਸੱਚਾ ਗਿਆਨ ਵੱਸਣ ਦੁਆਰਾ ਬਣਦਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਵੱਡੀ ਵਡਿਆਈ ਵਾਲਾ ਬਣਦਾ ਹੈ। ਪ੍ਰਮਾਤਮਾ ਦੀ ਵਡਿਆਈ ਗੁਰਮਤਿ ਵਾਲੀ ਸਮਝ ਦੁਆਰਾ ਹੁੰਦੀ ਹੈ ਤੇ ਗੁਰਮਤਿ ਦੀ ਸਮਝ ਤੋਂ ਉੱਚੀ ਤੇ ਸੱਚੀ ਸਮਝ ਹੋਰ ਕੀ ਹੋ ਸਕਦੀ ਹੈ ਜੋ ਸਮਝ ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਿਖਾ ਸਕੇ। ਗੁਰੂ ਪ੍ਰਮਾਤਮਾ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਮਨੁੱਖ ਇਹੋ ਜਿਹੀ ਸਮਝ ਦੁਆਰਾ ਹੀ ਚੱਲ ਸਕਦਾ ਹੈ ਭਾਵ ਪ੍ਰਮਾਤਮਾ ਦੀ ਵੱਡੀ ਵਡਿਆਈ ਕਰ ਸਕਦਾ ਹੈ। ਪ੍ਰਮਾਤਮਾ ਜਿਸ ਦਾ ਸਿਖਾਈ ਬਣਦਾ ਹੈ ਉਹ ਨਾਮ ਵਾਲੀ ਉੱਚੀ ਸਮਝ ਬਖਸ਼ਣ ਦੁਆਰਾ ਹੀ ਬਣਦਾ ਹੈ, ਹਉਮੈ ਜਾਤਿ ਖਤਮ ਕਰਨ ਦੁਆਰਾ ਹੀ ਬਣਦਾ ਹੈ। (**ਹਿਰਦੈ ਨਾਮੁ ਵਡੀ ਵਡਿਆਈ ॥ ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥**) ਆਪਣੇ ਅੰਦਰੋਂ ਹਉਮੈ ਦਾ ਮਰਨਾ ਹੀ ਜੀਵਤ ਮਰਨਾ ਹੈ ਜਿਸ ਦੁਆਰਾ ਗੁਰੂ ਦਾ ਲਾਲਾ ਬਣਿਆ ਜਾ ਸਕਦਾ ਹੈ ਜੋ ਮਰਨ ਮਨ ਦੇ ਵਿੱਚ ਹਉਮੈ ਵਾਲੀ ਸਮਝ ਮਰਨ ਦੁਆਰਾ ਹੀ ਹੁੰਦਾ ਹੈ। ਹਉਮੈ ਵਾਲੀ ਸਮਝ ਗੁਰੂ ਦੇ ਸ਼ਬਦਾਂ ਦੁਆਰਾ ਮਰਦੀ ਹੈ ਭਾਵ ਸ਼ਬਦਾ ਦੇ ਗਿਆਨ ਦੁਆਰਾ ਮਰਦੀ ਹੈ, ਨਾਮ ਦੁਆਰਾ ਮਰਦੀ ਹੈ ਤੇ ਇਹੀ ਸ਼ਬਦ ਦੁਆਰਾ ਉਧਰਨਾ ਹੈ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਉਧਰਨਾ ਹੈ। (**ਸੋ ਲਾਲਾ ਜੀਵਤੁ ਮਰੈ ॥ ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰ ਪਰਸਾਦੀ ਸਬਦਿ ਉਧਰੈ ॥1॥ ਰਹਾਉ ॥**) ਸੋਗ ਹਰਖ ਨੂੰ ਇੱਕੋ ਕਰ ਕੇ ਜਾਨਣਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਸੋਗ ਹਰਖ ਨੂੰ ਇੱਕੋ ਜਿਹਾ ਕਰਕੇ ਜਾਣੇ ਬਿਨ੍ਹਾਂ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ, ਉਸਦੇ ਗੁਣ ਨਹੀਂ ਗਾਏ ਜਾ ਸਕਦੇ, ਉਸਦੀ ਭਗਤੀ ਨਹੀਂ ਕੀਤੀ ਜਾ ਸਕਦੀ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ।

ਪ੍ਰਮਾਤਮਾ ਦੀ ਵਡਿਆਈ ਤਾਂ ਆਪਣੇ ਵਲੋਂ ਹਰ ਕੋਈ ਕਰਦਾ ਹੈ ਪਰ ਮਨ ਦੀ ਹਉਮੈ ਮਰੇ ਬਿਨ੍ਹਾਂ ਭਾਵ ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਪ੍ਰਮਾਤਮਾ ਦੀ ਵਡਿਆਈ ਕਰਨੀ ਕੇਵਲ ਝੂਠੀ ਵਡਿਆਈ ਹੈ, ਸਾਡੀ ਚਤੁਰਾਈ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"**ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥**

ਸਾਇਰ ਕੀ ਪੁੜੀ ਬਿਦਾਰਿ ਗਵਾਈ ॥
ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥8॥"

(ਅੰਗ - 230)

ਗੁਰਮੁਖਿ ਵਾਲੀ ਅਵੱਸਥਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਸਮਝਾਂਗੇ। 'ਗੁਰਮੁਖਿ'' ਗੁਰੂ ਦੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮਨ ਦੇ ਗਿਆਨ ਰਾਹੀਂ ਉਸਦਾ ਆਪਣਾ ਹੀ ਰੂਪ ਹੈ। ਹਉਮੈ ਵਾਲੀ ਜਾਤਿ ਦੁਆਰਾ ਮਨੁੱਖ ਮਨਮੁੱਖ ਹੈ ਤੇ ਨਾਮ ਵਾਲੀ ਜਾਤਿ ਦੁਆਰਾ ਉਹ ਗੁਰਮੁਖਿ ਰੂਪ ਬਣਦਾ ਹੈ। ਗੁਰਮੁਖਿ ਦੀ ਜਾਤਿ ਨਾਮ ਦੀ ਜਾਤਿ ਹੈ ਜਿਸ ਦੁਆਰਾ ਉਸਦੀ ਪਤਿ ਉੱਚੀ ਹੁੰਦੀ ਹੈ ਤੇ ਉਹ ਨਾਮ ਦੀ ਸਮਝ ਦੁਆਰਾ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਦਾ ਹੈ ਭਾਵ ਨਾਮ ਦੇ ਮਾਰਗ ਤੇ, ਸੱਚ ਦੇ ਮਾਰਗ ਤੇ ਚੱਲਦਾ ਹੈ। (**ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥**) ਜਦ ਤੱਕ ਮਨੁੱਖ ਹਉਮੈ ਵਿਚ ਹੈ ਤਦ ਤੱਕ ਨਾਮ ਦੀ ਜਾਤਿ ਵਾਲਾ ਨਹੀਂ ਬਣਿਆ ਜਾ ਸਕਦਾ, ਗੁਰਮੁਖਿ ਨਹੀਂ ਬਣਿਆ ਜਾ ਸਕਦਾ ਤੇ ਏਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸਾਇਰ ਕੀ ਪੁੜੀ ਬਿਦਾਰਿ ਗਵਾਈ ॥"

"ਸਾਇਰ" ਸਮੁੰਦਰ ਨੂੰ ਕਹਿੰਦੇ ਹਨ। ਇਹ "ਸਾਇਰ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਬਹੁਤ ਵੱਡਾ ਹੈ, ਬਹੁਤ ਵੱਡੇ ਗਿਆਨ ਵਾਲਾ ਹੈ, ਚੌਥੇ ਪਦ ਦੇ ਗਿਆਨ ਵਾਲਾ ਹੈ, ਬ੍ਰਹਮ ਗਿਆਨ ਵਾਲਾ ਹੈ, ਨਾਮ ਦੇ ਗਿਆਨ ਵਾਲਾ ਹੈ। ਪ੍ਰਮਾਤਮਾ ਨੇ ਆਪਣੇ ਉੱਚੇ ਗਿਆਨ ਦੁਆਰਾ ਹੀ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਮਨ ਦੀ ਮਾਇਆ ਵਾਲੀ ਜੁਗਤਿ ਵਿੱਚ ਰੱਖਿਆ ਹੋਇਆ ਹੈ। ਇਹ ਮਨ ਦੀ ਮਾਇਆ ਭਾਵ ਛੋਟੀ ਸਮਝ, ਮਾੜੀ ਸਮਝ, ਅਗਿਆਨਤਾ ਵਾਲੀ ਸਮਝ ਉਸ ਸਮੁੰਦਰ ਰੂਪ ਉੱਚੇ ਗਿਆਨ ਦੀ, ਬ੍ਰਹਮ ਗਿਆਨ ਦੀ ਹੀ ਉਪਜ ਹੈ ਜਿਸ ਕਰਕੇ ਇਸਨੂੰ "ਸਾਇਰ ਕੀ ਪੁੜੀ" ਕਹਿਆ ਹੈ। ਇਸ ਮਾਇਆ ਮੋਹ ਵਾਲੀ ਸਮਝ ਨੂੰ, ਹਉਮੈ ਨੂੰ ਮਾਰੇ ਬਿਨ੍ਹਾਂ ਕੋਈ ਨਾਮ ਦੀ ਜਾਤਿ ਵਾਲਾ ਨਹੀਂ ਬਣ ਸਕਦਾ, ਗੁਰਮੁਖਿ ਰੂਪ ਨਹੀਂ ਬਣ ਸਕਦਾ ਤੇ ਪ੍ਰਮਾਤਮਾ ਦੀ ਸੱਚੀ ਵਡਿਆਈ ਵਾਲਾ ਨਹੀਂ ਬਣ ਸਕਦਾ ਕਿਉਂਕਿ ਮਨ ਦੀ ਹਉਮੈ ਕਿਸੇ ਦੀ ਪ੍ਰਮਾਤਮਾ ਆਪ ਹੀ ਮਾਰਦਾ ਹੈ ਤੇ ਉਸਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਤੇ ਆਪਣੀ ਸੱਚੀ ਮਤਿ, ਸੱਚੀ ਸਿੱਖਿਆ ਆਪ ਹੀ ਸਮਝਾਉਂਦਾ ਹੈ ਜਿਸ ਦੁਆਰਾ ਉਸ ਦੀ ਵਡਿਆਈ ਕੀਤੀ ਜਾ ਸਕਦੀ ਹੈ। ਹਉਮੈ ਨਿਕਲੇ ਬਿਨ੍ਹਾਂ, ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਆਪਣੇ ਵੱਲੋਂ ਪ੍ਰਮਾਤਮਾ ਦੀ ਵਡਿਆਈ ਤਾਂ ਅਨੇਕਾਂ ਹੀ ਕਰਦੇ ਹਨ ਪਰ ਉਹ ਕੇਵਲ ਝੂਠੀ ਵਡਿਆਈ ਹੈ, ਮਨੁੱਖ ਦੀ ਚਤੁਰਾਈ ਹੈ ਭਾਵ ਕੇਵਲ ਭਗਤੀ ਦਾ ਦਿਖਾਵਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। (**ਸਾਇਰ ਕੀ ਪੁੜੀ ਬਿਦਾਰਿ ਗਵਾਈ ॥ ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥**)

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥1॥}

(ਅੰਗ - 412)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥1॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥2॥

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥3॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥4॥}

(ਅੰਗ - 560)

ਉੱਪਰ ਵਾਲੇ ਸ਼ਬਦ ਰਾਹੀਂ ਬੜਾ ਹੀ ਸਪੱਸ਼ਟ ਹੈ ਕਿ ਜਿਸ ਮਨੁੱਖ ਦੇ ਅੰਦਰ ਹਉਮੈ ਹੈ ਉਸਦੇ ਅੰਦਰ ਨਾਮ ਹੋ ਹੀ ਨਹੀਂ ਸਕਦਾ ਭਾਵ ਉਸਦੇ ਅੰਦਰ ਨਾਮ ਵਾਲੀ ਸਮਝ ਹੋ ਹੀ ਨਹੀਂ ਸਕਦੀ। ਪੂਰੇ ਸ਼ਬਦ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਹਉਮੈ ਕੀ ਹੈ, ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਹੀ ਸਮਝਦੇ ਆ ਰਹੇ ਹਾਂ ਕਿਉਂਕਿ ਹਉਮੈ ਦੀ ਸਮਝ ਆਏ ਬਿਨ੍ਹਾਂ ਨਾਮ ਦੀ ਸਮਝ ਆ ਹੀ ਨਹੀਂ ਸਕਦੀ ਤੇ ਨਾਮ ਦੀ ਸਮਝ ਆਏ ਬਿਨ੍ਹਾਂ ਨਾਮ ਜਪਿਆ ਹੀ ਨਹੀਂ ਜਾ ਸਕਦਾ ਪਰ ਹਰ ਕੋਈ ਆਪਣੇ ਵੱਲੋਂ ਨਾਮ ਜਪਦਾ ਹੈ, ਕਿਸੇ ਅੱਖਰ ਨੂੰ ਬੋਲੀ ਜਾਣ ਨੂੰ ਹੀ ਨਾਮ ਜਪਣਾ ਸਮਝਦਾ ਹੈ ਜਿਸ ਕਰਕੇ ਬਾਣੀ ਰਾਹੀਂ ਵਾਰ ਵਾਰ ਇਹੋ ਜਿਹਾ ਨਾਮ ਜਪਣ ਦਾ ਖੰਡਨ ਕੀਤਾ ਹੋਇਆ ਹੈ। ਸਾਡੇ ਅੰਦਰੋਂ ਹਉਮੈ ਦਾ ਨਿਕਲਣਾ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ। ਸਾਡੇ ਅੰਦਰ ਦੋਨਾਂ ਵਿੱਚੋਂ ਇਕ ਚੀਜ ਹੀ ਵੱਸ ਸਕਦੀ ਹੈ ਭਾਵ ਸਾਡੇ ਅੰਦਰ ਹਉਮੈ ਹੋ ਸਕਦੀ ਹੈ ਜਾਂ ਨਾਮ ਹੋ ਸਕਦਾ ਹੈ। ਹਉਮੈ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਦ ਤੱਕ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਹਉਮੈ ਤੇ ਨਾਮ ਵਿੱਚ ਕੀ ਫਰਕ ਹੈ ਤਦ ਤੱਕ ਅਸੀਂ ਗੁਰੂ ਦੇ ਸੱਚੇ ਗਿਆਨ ਨਾਲ, ਗੁਰੂ ਦੀ ਸੱਚੀ ਮਤਿ ਨਾਲ, ਗੁਰੂ ਦੇ ਸੱਚੇ ਵਿਚਾਰਾਂ ਨਾਲ ਜੁੜ ਹੀ ਨਹੀਂ ਸਕਦੇ। ਗੁਰੂ ਦੇ ਸੱਚੇ ਵਿਚਾਰਾਂ ਨਾਲ ਜੁੜਨਾ ਹੀ ਗੁਰੂ ਦੇ ਨਾਲ ਜੁੜਨਾ ਹੈ। ਗੁਰੂ ਦੇ ਨਾਲ ਜੁੜਨ ਲਈ ਸਾਡਾ ਸੱਚਾ ਉੱਦਮ ਇਹ ਕਿ ਅਸੀਂ ਨਾਮ ਨੂੰ ਉਹ ਕੁੱਝ ਸਮਝੀਏ ਜੋ ਸਾਨੂੰ ਗੁਰੂ ਵਾਰ-ਵਾਰ ਸਮਝਾ ਰਹਿਆ ਹੈ। ਗੁਰੂ ਦੀ ਸਮਝ ਨੂੰ ਮੰਨਣਾ ਹੀ ਆਪਣੀ ਹਉਮੈ ਛੱਡਣਾ ਹੈ ਤੇ ਹਉਮੈ ਵਿੱਚ ਰਹਿੰਦਿਆਂ ਕੋਈ ਪ੍ਰਮਾਤਮਾ ਦਾ ਨਾਮ ਜਪ ਹੀ ਨਹੀਂ ਸਕਦਾ, ਹਉਮੈ ਵਿੱਚ ਰਹਿੰਦੇ ਪ੍ਰਮਾਤਮਾ ਦੀ ਭਗਤੀ ਹੋ ਹੀ ਨਹੀਂ ਸਕਦੀ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ।

ਹਉਮੈ ਨੂੰ ਸਾਡਾ ਵਡਾ "ਗੁਬਾਰੁ" ਦੱਸਿਆ ਹੈ ਭਾਵ ਸਾਡੇ ਮਨ ਦੀ ਵੱਡੀ ਅਗਿਆਨਤਾ ਵਾਲੀ ਸਮਝ ਦੱਸਿਆ ਹੈ ਜਿਸ ਸਮਝ ਵਿੱਚ ਰਹਿੰਦੇ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ, ਸੱਚਾ ਨਾਮ ਜਪਣ ਦੀ ਸਮਝ ਪੈ ਹੀ ਨਹੀਂ ਸਕਦੀ ਤੇ ਇਸੇ ਮਨ ਦੀ ਅਗਿਆਨਤਾ ਕਰਕੇ ਭਾਵ ਹਉਮੈ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ-ਵੱਖਰੇ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਵੱਖਰੇ-ਵੱਖਰੇ ਨਾਮ ਬਣਾਏ ਹੋਏ ਹਨ ਜਿਨ੍ਹਾਂ ਸਾਰੀਆਂ ਗੱਲਾਂ ਦਾ, ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਤੇ ਇਹੋ ਜਿਹੇ ਤਰੀਕਿਆਂ ਨੂੰ ਭਗਤੀ ਦੀਆਂ ਚਤੁਰਾਈਆਂ ਦੱਸਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਏ ਬਿਨ੍ਹਾਂ ਕਿਸੇ ਦੀ ਹਉਮੈ ਦੂਰ ਨਹੀਂ ਹੋ ਸਕਦੀ, ਅਗਿਆਨਤਾ ਦੂਰ ਨਹੀਂ ਹੋ ਸਕਦੀ ਤੇ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਕਿਉਂਕਿ ਜਿਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਨੇ ਹਉਮੈ ਵਿੱਚੋਂ ਕੱਢਿਆ ਹੈ, ਮਨ ਦੀ ਵੱਡੀ ਅਗਿਆਨਤਾ ਵਿੱਚੋਂ ਕੱਢਿਆ ਹੈ, ਆਪਣਾ ਨਾਮ ਦੇਣ ਦੁਆਰਾ ਭਾਵ ਬ੍ਰਹਮ ਗਿਆਨ ਦੇਣ ਦੁਆਰਾ ਕੱਢਿਆ ਹੈ ਜਿਸ ਸੱਚੇ ਗਿਆਨ ਦੁਆਰਾ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਪ੍ਰਮਾਤਮਾ ਦੀ ਭਗਤੀ ਦਾ ਇੱਕੋ ਜਿਹਾ ਮਾਰਗ ਸਮਝਾਇਆ ਹੈ, ਇੱਕੋ ਜਿਹਾ ਨਾਮ ਜਪਣਾ ਸਮਝਾਇਆ ਹੈ, ਸਾਰੇ ਸੰਸਾਰ ਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਇੱਕੋ ਤਰੀਕਾ ਸਮਝਾਇਆ ਹੈ। ਜੋ ਕੁੱਝ ਸਾਨੂੰ ਗੁਰੂ ਗੁਰਬਾਣੀ ਸਮਝਾ ਰਹੀ ਹੈ, ਆਉ ਉਸ ਤੇ ਵਿਸ਼ਵਾਸ ਟਿਕਾਈਏ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲੀਏ ਜੋ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਣ ਵਿੱਚ, ਨਾਮ ਸਮਝਾਉਣ ਦੁਆਰਾ ਸਦੀਆਂ ਤੋਂ ਭਰਮਾਂ ਵਿੱਚ ਪਾਉਂਦੇ ਆ ਰਹੇ ਹਨ ਤੇ ਹੁਣ ਵੀ ਪਾ ਰਹੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਜੇਕਰ ਅਸੀਂ ਸੱਚੇ ਦਿਲੋਂ ਗੁਰੂ ਵਾਲੇ ਬਣਨਾ ਚਾਹੁੰਦੇ ਹਾਂ, ਗੁਰਮਤਿ ਦੀ ਸਮਝ ਵਾਲੇ ਬਣਨਾ ਚਾਹੁੰਦੇ ਹਾਂ, ਗੁਰਮੁਖਿ ਵਾਲੀ ਸਮਝ ਵਾਲੇ ਬਣਨਾ ਚਾਹੁੰਦੇ ਹਾਂ, ਨਾਮ ਦੀ ਸਮਝ ਵਾਲੇ ਬਣਨਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਇੱਕੋ ਇੱਕ ਤਰੀਕਾ ਇਹੀ ਹੈ ਕਿ ਹਉਮੈ ਵਾਲੀ ਸਮਝ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰੀਏ, ਮਨਮਤਿ ਵਾਲੀ ਸਮਝ ਵਿੱਚੋਂ ਨਿਕਲਣ ਦਾ ਉੱਦਮ ਕਰੀਏ ਭਾਵ ਗੁਰੂ ਸਾਨੂੰ ਸ਼ਬਦ ਰਾਹੀਂ ਜੋ ਮਤਿ ਦੇ ਰਹਿਆ

ਹੈ, ਜੋ ਵਿਚਾਰ ਦੇ ਰਹਿਆ ਹੈ ਉਨ੍ਹਾਂ ਨੂੰ ਸੱਚ ਸਮਝ ਕੇ ਮੰਨੀਏ ਤੇ ਭਰਮ ਪਾਉਣ ਵਾਲਿਆਂ ਦੀ ਸਮਝ ਵਿੱਚੋਂ ਨਿਕਲੀਏ। ਭਰਮਾਂ ਵਿੱਚ ਪਾਉਣ ਵਾਲਿਆਂ ਦੇ ਚਰਨਾਂ ਵਿੱਚ ਵੀ ਦਾਸ ਦੀ ਤਹਿ ਦਿਲੋਂ ਬੇਨਤੀ ਹੈ ਕਿ ਉਹ ਗੁਰੂ ਦੀ ਸਮਝ ਨੂੰ ਮੰਨਣ ਵਿੱਚ ਕੋਈ ਸੰਕੋਚ ਨਾ ਕਰਨ ਕਿ ਇਸ ਤਰੀਕੇ ਅਸੀਂ ਨੀਵੇਂ ਹੋ ਜਾਵਾਂਗੇ। ਪ੍ਰਮਾਤਮਾ ਦੀਆਂ ਨਜਰਾਂ ਵਿੱਚ ਮਨੁੱਖ ਮਨ ਦੀ ਹਉਮੈ ਦੁਆਰਾ ਹੀ ਹੁੰਦਾ ਹੈ ਜਿਸ ਵਿੱਚੋਂ ਨਿਕਲ ਕੇ ਹੀ ਉਸ ਸ੍ਰਿਸ਼ਟੀ ਦੇ ਮਾਲਕ ਦੀਆਂ ਨਜਰਾਂ ਵਿੱਚ ਕੋਈ ਉੱਚਾ ਬਣ ਸਕਦਾ ਹੈ। ਗੁਰੂ ਦੀ ਮਤਿ ਦੇ ਨਾਲ ਵਿਰੋਧਤਾ ਹੀ ਮਨੁੱਖ ਦੀ ਗੁਰੂ ਦੇ ਨਾਲ ਵਿਰੋਧਤਾ ਹੈ, ਝੂਠ ਦੀ ਸੱਚ ਦੇ ਨਾਲ ਵਿਰੋਧਤਾ ਹੈ, ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਹੈ, ਸੱਚੁ ਦੇ ਮਾਲਕ ਨਾਲ ਸਾਡਾ ਝਗੜਾ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਜਿਸ ਹਉਮੈ ਨੂੰ ਛੱਡੇ ਬਿਨ੍ਹਾਂ ਭਾਵ ਆਪਣੀ ਨਾ-ਸਮਝ ਮਤਿ ਛੱਡੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਮੰਨੇ ਬਿਨ੍ਹਾਂ ਸਾਡੀ ਗੁਰੂ ਦੇ ਨਾਲ ਵਿਰੋਧਤਾ ਖਤਮ ਨਹੀਂ ਹੋ ਸਕਦੀ, ਗੁਰੂ ਦੇ ਨਾਲ ਝਗੜਾ ਖਤਮ ਨਹੀਂ ਹੋ ਸਕਦਾ ਜੋ ਝਗੜਾ ਨਿਬੇੜਨ ਦੀ ਗੱਲ ਬਾਣੀ ਰਾਹੀਂ ਅਨੇਕਾਂ ਵਾਰ ਆਈ ਹੈ। ਉੱਪਰ ਵਾਲੇ ਸ਼ਬਦ ਰਾਹੀਂ ਸਾਨੂੰ ਇਹ ਕੁੱਝ ਹੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਜਿਸਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ ਤੇ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਸਕਦਾ ਹੈ। (**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥1॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥ ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥2॥ ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥3॥ ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥ ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥**)

ਗੁਰਮੁਖਿ ਅਖਵਾਉਣਾ ਬਹੁਤ ਸੌਖਾ ਹੈ ਤੇ ਸਭ ਨੂੰ ਅਖਵਾਉਣਾ ਵੀ ਚੰਗਾ ਲੱਗਦਾ ਹੈ ਪਰ ਗੁਰਮੁਖਿ ਅਸਲ ਵਿੱਚ ਕੌਣ ਹੈ ਤੇ ਕਿਵੇਂ ਬਣਿਆ ਜਾ ਸਕਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਨਾਮ ਦੀ ਜਾਤਿ ਵਾਲਾ ਬਣਨਾ ਕੀ ਹੈ ਇਸ ਗੱਲ ਨੂੰ ਵੀ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥
ਗੁਰਮੁਖਿ ਸਾਚੇ ਲਗੈ ਧਿਆਨੁ ॥1॥
ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥
ਸਦਾ ਨਿਬਹੈ ਚਲੈ ਤੇਰੈ ਨਾਲਿ ॥ ਰਹਾਉ ॥
ਗੁਰਮੁਖਿ ਜਾਤਿ ਪਤਿ ਸਚੁ ਸੋਇ ॥
ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥2॥
ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥
ਗੁਰਮੁਖਿ ਆਪਿ ਵਡਾਈ ਦੇਵੈ ਸੋਇ ॥3॥
ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥
ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥4॥}

(ਅੰਗ - 560)

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥
ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥7॥
ਗੁਰਮੁਖਿ ਥਾਪੇ ਥਾਪਿ ਉਥਾਪੇ ॥
ਗੁਰਮੁਖਿ ਜਾਤਿ ਪਤਿ ਸਭੁ ਆਪੇ ॥
ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥8॥}

(ਅੰਗ - 117)

{ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ ॥
ਨਾਮੁ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ ॥1॥}

(ਅੰਗ - 713)

{ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥
ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥
ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥
ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਹਾਲੇ ॥2॥
ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥

ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥3॥}

(ਅੰਗ - 768-769)

{ਉਸਤਤਿ ਨਿੰਦਾ ਸਬਦੁ ਵੀਚਾਰੁ ॥
ਜੋ ਦੇਵੈ ਤਿਸ ਕਉ ਜੈਕਾਰੁ ॥
ਤੂ ਬਖਸਹਿ ਜਾਤਿ ਪਤਿ ਹੋਇ ॥
ਨਾਨਕੁ ਕਹੈ ਕਹਾਵੈ ਸੋਇ ॥5॥12॥}

(ਅੰਗ - 1331)

ਉੱਪਰ ਵਾਲੇ ਸ਼ਬਦਾਂ ਨੂੰ ਥੋੜਾ ਧਿਆਨ ਨਾਲ ਸਮਝਣ ਦੁਆਰਾ ਇਹ ਸਮਝ ਆਸਾਨੀ ਨਾਲ ਲੱਗ ਜਾਂਦੀ ਹੈ ਕਿ ਨਾਮ ਦੀ ਜਾਤਿ ਵਾਲਾ ਬਣਨਾ ਕੀ ਹੈ, ਗੁਰਮੁਖਿ ਬਣਨਾ ਕੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੀ ਬਣਿਆ ਜਾ ਸਕਦਾ ਹੈ, ਨਾਮ ਦੀ ਪ੍ਰਾਪਤੀ ਦੁਆਰਾ ਹੀ ਬਣਿਆ ਜਾ ਸਕਦਾ ਹੈ, ਹਉਮੈ ਦੀ ਜਾਤਿ ਮਿਟਣ ਦੁਆਰਾ ਹੀ ਬਣਿਆ ਜਾ ਸਕਦਾ ਹੈ। ਜਦ ਤੱਕ ਪ੍ਰਮਾਤਮਾ ਕਿਸੇ ਨੂੰ ਬਖਸ਼ਦਾ ਨਹੀਂ ਭਾਵ ਆਪਣੇ ਆਪ ਨਾਲ ਮਿਲਾਉਂਦਾ ਨਹੀਂ ਤਦ ਤੱਕ ਕੋਈ ਉਸਦੀ ਜਾਤਿ ਪਤਿ ਵਾਲਾ ਨਹੀਂ ਬਣ ਸਕਦਾ ਜਿਵੇਂ ਕਿ ਉੱਪਰ ਲਿਖੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਉਸਤਤਿ ਨਿੰਦਾ ਸਬਦੁ ਵੀਚਾਰੁ ॥
ਜੋ ਦੇਵੈ ਤਿਸ ਕਉ ਜੈਕਾਰੁ ॥
ਤੂ ਬਖਸਹਿ ਜਾਤਿ ਪਤਿ ਹੋਇ ॥
ਨਾਨਕੁ ਕਹੈ ਕਹਾਵੈ ਸੋਇ ॥5॥12॥”

(ਅੰਗ - 1331)

ਪ੍ਰਮਾਤਮਾ ਦੀ ਉਸਤਤਿ ਕਿਸ ਤਰੀਕੇ ਹੁੰਦੀ ਹੈ ਜਾਂ ਨਿੰਦਾ ਕਿਸ ਤਰੀਕੇ ਹੁੰਦੀ ਹੈ ਭਾਵ ਪ੍ਰਮਾਤਮਾ ਦੀ ਉਸਤਤਿ ਕਰਨ ਲਈ ਪਹਿਲਾਂ ਉਸਦੀ ਨਿੰਦਾ ਤੋਂ ਕਿਵੇਂ ਬਚਿਆ ਜਾ ਸਕਦਾ ਹੈ, ਇਸ ਦੀ ਸਮਝ “ਸਬਦੁ ਵੀਚਾਰੁ” ਦੁਆਰਾ ਪੈਂਦੀ ਹੈ ਜੋ ਵਿਚਾਰ ਗੁਰੂ ਆਪਣੇ ਸ਼ਬਦਾਂ ਦੁਆਰਾ ਦਿੰਦਾ ਹੈ। ਸਬਦੁ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਗੁਰੂ ਹੈ ਤੇ ਉਹ ਆਪਣੀ “ਸਬਦੁ ਵੀਚਾਰੁ” ਉੱਥੇ ਹੀ ਦਿੰਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਸਬਦੁ ਰੂਪ ਵਿੱਚ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਭਗਤਾਂ ਦੇ ਸਰੀਰ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰ ਰਾਹੀਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰ ਰਾਹੀਂ ਪ੍ਰਗਟ ਕਰਨ ਦੁਆਰਾ ਸ਼ਬਦਾਂ ਦੀ ਵਿਚਾਰ ਦਿੱਤੀ ਹੈ ਤੇ ਉਹਨਾਂ ਨੇ ਉਹ ਸ਼ਬਦਾਂ ਦੀ ਵਿਚਾਰ ਗੁਰਬਾਣੀ ਦੇ ਵਿੱਚ ਪਾਈ ਹੈ। ਸ਼ਬਦਾਂ ਦੀ ਵਿਚਾਰ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਹੈ ਤੇ ਇਸੇ ਲਈ ਗੁਰਬਾਣੀ ਉਚਾਰਨ ਵਾਲਿਆਂ ਨੇ ਉਸ ਪ੍ਰਮਾਤਮਾ ਦੀ ਜੈਕਾਰ ਕੀਤੀ ਹੈ, ਪ੍ਰਮਾਤਮਾ ਦੀ ਵਡਿਆਈ ਕੀਤੀ ਹੈ, ਪ੍ਰਮਾਤਮਾ ਨੂੰ ਗਿਆਨ ਦਾ ਮਾਲਕ ਆਖਿਆ ਹੈ ਨਾ ਕੇ ਆਪਣੇ ਆਪ ਨੂੰ। ਉਨ੍ਹਾਂ ਨੇ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੂੰ ਵਡਿਆਇਆ ਹੈ ਜਿਸਨੇ ਉਹਨਾਂ ਨੂੰ ਸ਼ਬਦਾਂ ਦੀ ਵਿਚਾਰ ਦਿੱਤੀ ਹੈ। (**ਉਸਤਤਿ ਨਿੰਦਾ ਸਬਦੁ ਵੀਚਾਰੁ ॥ ਜੋ ਦੇਵੈ ਤਿਸ ਕਉ ਜੈਕਾਰੁ ॥**) ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਹੀ ਮੇਲਦਾ ਹੈ ਭਾਵ ਆਪਣਾ ਸੱਚਾ ਗਿਆਨ ਦੇਣ ਦੁਆਰਾ ਹੀ ਮੇਲਦਾ ਹੈ ਜਿਸ ਤਰੀਕੇ ਉਹ ਕਿਸੇ ਤੇ ਆਪਣੀ ਬਖਸ਼ਿਸ਼ ਕਰਦਾ ਹੈ ਤੇ ਕਿਸੇ ਨੂੰ ਆਪਣੀ ਜਾਤਿ ਵਾਲਾ, ਉੱਚੀ ਜਾਤਿ ਵਾਲਾ, ਨਾਮ ਦੀ ਜਾਤਿ ਵਾਲਾ, ਬ੍ਰਹਮ ਗਿਆਨ ਦੀ ਜਾਤਿ ਵਾਲਾ, ਚਉਥੇ ਪਦ ਦੇ ਗਿਆਨ ਦੀ ਜਾਤਿ ਵਾਲਾ ਬਣਾਉਂਦਾ ਹੈ, ਪਤਿ ਵਾਲਾ ਬਣਾਉਂਦਾ ਹੈ। ਪ੍ਰਮਾਤਮਾ ਦੇ ਦਰ ਤੇ ਪਤਿ ਵਾਲਾ ਉਹੀ ਬਣਦਾ ਹੈ ਜਿਸਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਸੱਚੀ ਭਗਤੀ ਦੀ ਸਮਝ ਪੈ ਜਾਂਦੀ ਹੈ ਤੇ ਉਹ ਹਉਮੈ ਤੋਂ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦੇ ਹਨ। (**ਤੂ ਬਖਸਹਿ ਜਾਤਿ ਪਤਿ ਹੋਇ ॥**)

ਕਿਉਂਕਿ ਬਾਣੀ ਉਚਾਰਨ ਲਈ ਸੱਚਾ ਗਿਆਨ, ਬ੍ਰਹਮ ਗਿਆਨ ਪ੍ਰਮਾਤਮਾ ਨੇ ਆਪ ਦਿੱਤਾ ਹੈ, ਇਸੇ ਲਈ ਅਗਲੀ ਪੰਗਤੀ ਰਾਹੀਂ ਧੰਨ ਧੰਨ ਅਕਾਲ ਪੁਰਖ ਰੂਪ ਬਾਬਾ ਨਾਨਕ ਜੀ ਸੰਸਾਰ ਨੂੰ ਸਮਝਾ ਰਹੇ ਹਨ ਕਿ ਮੈਂ ਤਾਂ ਕੇਵਲ ਬਾਣੀ ਨੂੰ ਕਹਿਣ ਵਾਲਾ ਹਾਂ, ਉਚਾਰਨ ਵਾਲਾ ਹਾਂ ਪਰ ਮੇਰੇ ਕੋਲੋਂ ਕਹਾਉਣ ਵਾਲਾ ਆਪ ਪ੍ਰਮਾਤਮਾ ਹੈ ਭਾਵ ਸ਼ਬਦਾਂ ਦੇ ਰੂਪ ਵਿੱਚ ਆਪਣੀ ਵਿਚਾਰ ਦੇਣ ਵਾਲਾ, ਗਿਆਨ ਦੇਣ ਵਾਲਾ ਆਪ ਪ੍ਰਮਾਤਮਾ ਹੈ ਭਾਵ ਗੁਰਬਾਣੀ ਦੀ ਰਚਨਾ ਕਰਵਾਉਣ ਦੀ ਵਡਿਆਈ, ਸਾਰਾ ਗਿਆਨ ਦੇਣ ਦੀ ਵਡਿਆਈ ਪ੍ਰਮਾਤਮਾ ਦੀ ਹੈ। (**ਨਾਨਕੁ ਕਹੈ ਕਹਾਵੈ ਸੋਇ ॥**)

ਪ੍ਰਮਾਤਮਾ ਆਪਣੀ ਜਾਤਿ ਵਾਲਾ, ਨਾਮ ਦੀ ਜਾਤਿ ਵਾਲਾ ਕਿਸ ਮਕਸਦ ਲਈ ਬਣਾਉਂਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥
ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥1॥ ਰਹਾਉ ॥”

(ਅੰਗ - 154)

ਉੱਪਰ ਪੰਗਤੀਆਂ ਰਾਹੀਂ ਸੰਸਾਰ ਨੂੰ ਸਮਝਾਉਣ ਲਈ ਹੀ ਗੁਰੂ ਸਾਹਿਬ ਪ੍ਰਮਾਤਮਾ ਨੂੰ ਸੰਬੋਧਨ ਕਰ ਰਹੇ ਹਨ ਕਿ ਪ੍ਰਮਾਤਮਾ ਮੈਂ ਨਹੀਂ ਜਾਣਦਾ ਕਿ ਉਹ ਕਿਹੜੇ ਕਰਮ ਹਨ ਤੇ ਉਹ ਕਿਡੀ ਵੱਡੀ ਤੇਰੀ ਦਾਤਿ ਹੈ ਜੋ ਤੂੰ ਮਨੁੱਖ ਨੂੰ ਉਸਦੇ ਕਰਮਾਂ ਦੁਆਰਾ ਦਿੰਦਾ ਹੈਂ। (**ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥**) ਪ੍ਰਮਾਤਮਾ ਦੀ ਉਹ ਵੱਡੀ ਦਾਤਿ ਕੀ ਹੈ ਤੇ ਉਹ ਕਿਸ ਤਰੀਕੇ ਮਿਲਦੀ ਹੈ, ਕਿਸ ਮਕਸਦ ਲਈ ਮਿਲਦੀ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥1॥ ਰਹਾਉ ॥”

ਪ੍ਰਮਾਤਮਾ ਦੀ ਸਭ ਤੋਂ ਵੱਡੀ ਦਾਤਿ ਉਸ ਦੇ ਨਾਮ ਦੀ ਦਾਤਿ ਹੈ ਤੇ ਜਿਸਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤਿ ਬਖਸ਼ਦਾ ਹੈ, ਉਹ ਹੀ ਨਾਮ ਦੀ ਜਾਤਿ ਵਾਲਾ ਬਣਦਾ ਹੈ, ਪ੍ਰਮਾਤਮਾ ਦੀ ਉੱਚੀ ਜਾਤਿ ਵਾਲਾ ਬਣਦਾ ਹੈ ਭਾਵ ਬ੍ਰਹਮ ਗਿਆਨ ਦੀ ਉੱਚੀ ਸਮਝ ਵਾਲਾ ਬਣਦਾ ਹੈ ਜੋ ਸਮਝ ਮਨੁੱਖ ਨੂੰ ਹਉਮੈ ਵਾਲੀ ਨੀਵੀਂ ਸਮਝ ਵਿੱਚੋਂ ਕੱਢਦੀ ਹੈ, ਹਉਮੈ ਦੀ ਜਾਤਿ ਵਿੱਚੋਂ ਕੱਢਦੀ ਹੈ। ਨਾਮ ਦੀ ਜਾਤਿ ਵਾਲਾ ਬਣਾਉਣ ਦੁਆਰਾ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਸੱਚਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ ਜੋ “ਧਰਮ” ਮਨੁੱਖ ਆਪਣੇ ਕਰਮਾਂ ਦੁਆਰਾ ਨਿਭਾਉਂਦਾ ਹੈ ਭਾਵ ਮਨੁੱਖ ਜੋ ਵੀ ਕਰਮ ਕਰਦਾ ਹੈ ਉਸ ਵਿੱਚ ਧਰਮ ਦੀ ਸੱਚੀ ਸਮਝ ਹੁੰਦੀ ਹੈ, ਗੁਰਮਤਿ ਵਾਲੀ ਸੱਚੀ ਸਮਝ ਹੁੰਦੀ ਹੈ। ਨਾਮ ਦੀ ਜਾਤਿ ਵਾਲਾ ਬਣਨ ਲਈ ਸਭ ਦਾ ਸੱਚਾ ਉੱਦਮ ਇਹੋ ਹੀ ਹੈ ਕਿ ਅਸੀਂ ਚੰਗੇ ਕਰਮ ਕਰੀਏ, ਜੋ ਵੀ ਕਰਮ ਕਰੀਏ ਉਸ ਵਿੱਚ ਧਰਮ ਹੋਵੇ ਭਾਵ ਗੁਰੂ ਦੀ ਸੱਚੀ ਮਤਿ ਹੋਵੇ, ਮਨਮਤਿ ਨਾ ਹੋਵੇ, ਹਉਮੈ ਨਾ ਹੋਵੇ ਭਾਵ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਜੋ ਕਿ ਨਾਮ ਜਪਣ ਦਾ ਮਕਸਦ ਹੈ। (**ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥1॥ ਰਹਾਉ ॥**)

ਮਨ ਦੀ ਨਾ-ਸਮਝੀ ਕਰਕੇ, ਹਉਮੈ ਕਰਕੇ, ਅਸੀਂ ਮਨੁੱਖੀ ਜਾਤਾਂ ਨੂੰ ਹੀ ਉੱਚੀਆਂ ਨੀਵੀਆਂ ਜਾਤਾਂ ਸਮਝਦੇ ਹਾਂ ਜਿਸਨੂੰ ਕਿ ਬਾਣੀ ਰਾਹੀਂ ਸਾਡੀ ਮੂਰਖਤਾ ਦੱਸਿਆ ਹੋਇਆ ਹੈ। ਮਨੁੱਖੀ ਜਾਤਾਂ ਕੇਵਲ ਮਨੁੱਖ ਦੀ ਪਹਿਚਾਣ ਲਈ ਹੁੰਦੀਆਂ ਹਨ ਨਾ ਕਿ ਆਪਣੇ ਆਪ ਨੂੰ ਉੱਚੀ ਜਾਤਿ ਵਾਲਾ ਤੇ ਕਿਸੇ ਨੂੰ ਨੀਵੀਂ ਜਾਤਿ ਵਾਲਾ ਕਹਿਣ ਲਈ। ਹਰ ਸਰੀਰ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਤੇ ਸਭ ਵਿੱਚ ਉਹ ਆਪ ਹੀ ਵਿਚਰ ਰਹਿਆ ਹੈ ਫਿਰ ਕੋਈ ਉੱਚੀ ਜਾਤਿ ਜਾਂ ਨੀਵੀਂ ਜਾਤਿ ਕਿਵੇਂ ਹੋ ਸਕਦੀ ਹੈ। ਇਹ ਕੇਵਲ ਸਾਡੇ ਮਨ ਦੀ ਅਗਿਆਨਤਾ ਹੈ, ਹਉਮੈ ਹੈ ਜਿਸ ਤੋਂ ਮੁਕਤਿ ਹੋਏ ਬਿਨ੍ਹਾਂ ਸੱਚਾਈ ਨੂੰ ਨਹੀਂ ਸਮਝਿਆ ਜਾ ਸਕਦਾ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਅਕਾਲ ਪੁਰਖ ਰੂਪ ਧੰਨ ਧੰਨ ਤੀਜੀ ਪਾਤਿਸ਼ਾਹੀ ਨੇ ਸਪੱਸ਼ਟ ਕੀਤਾ ਹੋਇਆ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧
ੴ ਸਤਿਗੁਰ ਪ੍ਰਸਾਦਿ ॥
{ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥1॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥

ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥1॥ ਰਹਾਉ ॥
ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥2॥
ਮਾਟੀ ਏਕ ਸਗਲ ਸੰਸਾਰਾ ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥3॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥
ਘਟਿ ਵਧਿ ਕੋ ਕਰੈ ਬੀਚਾਰਾ ॥4॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥5॥1॥}

(ਅੰਗ - 1127-28)

ਅਸੀਂ ਇਸ ਗੱਲ ਨੂੰ ਪਿੱਛੇ ਦਿੱਤੇ ਗਏ ਕੁੱਝ ਸ਼ਬਦਾਂ ਦੁਆਰਾ ਸਮਝ ਲਿਆ ਹੈ ਕਿ ਮਨੁੱਖ ਦੀ ਮਾੜੀ ਜਾਂ ਚੰਗੀ ਜਾਤਿ ਉਸਦੀ ਸਮਝ ਦੇ ਨਾਲ ਜੁੜੀ ਹੋਈ ਹੈ। ਸਾਡੀ ਅਗਿਆਨਤਾ ਵਾਲੀ ਮਾੜੀ ਸਮਝ ਭਾਵ ਹਉਮੈ ਸਾਡੀ ਮਾੜੀ ਜਾਤਿ ਹੈ, ਨੀਵੀਂ ਜਾਤਿ ਹੈ ਤੇ ਨਾਮ ਵਾਲੀ ਸਮਝ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਸਮਝ, ਸੱਚੇ ਗਿਆਨ ਵਾਲੀ ਸਮਝ ਸਾਡੀ ਚੰਗੀ ਜਾਤਿ ਹੈ, ਨਾਮ ਵਾਲੀ ਜਾਤਿ ਹੈ, ਉੱਚੀ ਜਾਤਿ ਹੈ। ਹੁਣ ਅਸੀਂ ਉਸ ਮੁੱਖ ਸ਼ਬਦ ਦੇ ਆਖਰੀ ਪਦੇ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਜਿਸਨੂੰ ਸਮਝਣ ਲਈ ਉੱਚੀ ਨੀਵੀਂ ਜਾਤਿ ਨੂੰ ਸਮਝਣਾ ਸਾਡੇ ਲਈ ਜਰੂਰੀ ਸੀ।

{ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥4॥} (ਅੰਗ - 9)

ਉਪਰਲੀਆਂ ਪੰਗਤੀਆਂ ਦੇ ਅਰਥ ਅਸੀਂ ਪਿੱਛੇ ਜਾਣ ਹੀ ਚੁੱਕੇ ਹਾਂ ਤੇ ਕੇਵਲ ਇਸ ਗੱਲ ਨੂੰ ਹੀ ਸਮਝਣਾ ਸੀ ਕਿ ਮਨੁੱਖ ਨੂੰ ਕਮਜਾਤਿ, ਸਨਾਤਿ ਭਾਵ ਨੀਵੀਂ ਜਾਤਿ ਵਾਲਾ ਕਿਸ ਲਈ ਕਿਹਾ ਗਇਆ ਹੈ। ਮਨੁੱਖ ਨਾਮ ਦੇ ਬਿਨ੍ਹਾਂ, ਨਾਮ ਦੀ ਸੱਚੀ ਸਮਝ ਦੇ ਬਿਨ੍ਹਾਂ ਨੀਵੀਂ ਜਾਤਿ ਵਾਲਾ ਹੈ ਭਾਵ ਹਉਮੈ ਦੀ ਜਾਤਿ ਵਾਲਾ ਹੈ। ਨਾਮ ਦਾ ਮਕਸਦ ਸਾਨੂੰ ਇਸ ਹਉਮੈ ਵਾਲੀ ਨੀਵੀਂ ਜਾਤਿ ਵਿੱਚੋਂ ਭਾਵ ਨੀਵੀਂ ਮਤਿ ਵਿੱਚੋਂ, ਅਗਿਆਨਤਾ ਵਾਲੀ ਨਾ-ਸਮਝ ਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਨਾਮ ਦੀ ਜਾਤਿ ਵਾਲੇ ਬਣ ਸਕੀਏ ਤੇ ਉਹ ਤਾਂ ਹੀ ਬਣਾਂਗੇ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ ਤੇ ਆਪਣੀ ਨਾ-ਸਮਝ ਮਤਿ ਛੱਡਾਂਗੇ। ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ, ਕਿਸੇ ਅੱਖਰ ਦੀ ਕਥਨੀ ਕਰੀ ਜਾਣ ਨਾਲ ਸਾਡੀ ਹਉਮੈ ਨਹੀਂ ਨਿਕਲ ਸਕਦੀ, ਸਾਡੀ ਜਾਤਿ ਨਹੀਂ ਬਦਲ ਸਕਦੀ ਭਾਵ ਸਾਡੀ ਮਤਿ ਨਹੀਂ ਬਦਲ ਸਕਦੀ ਬਲਕਿ ਸਾਡੀ ਹਉਮੈ ਹੋਰ ਵੱਧਦੀ ਹੈ ਭਾਵ ਮਨਮਤਿ ਹੋਰ ਉੱਚੀ ਹੁੰਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਜੋ ਕਿ ਸ਼ਬਦ ਦੀ ਪਉੜੀ ਦੇ ਰੂਪ ਵਿੱਚ ਹਨ।

ਪਉੜੀ ॥
"ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥

ਤਿਨ੍ ਮੰਗਾ ਜਿ ਤੁਝੈ ਧਿਆਇਦੇ ॥9॥"

(ਅੰਗ - 468)

ਜਦ ਤੱਕ ਮਨੁੱਖਦੇ ਅੰਦਰ ਦੀ ਹਉਮੈ ਵਾਲੀ ਸਮਝ ਦੂਰ ਨਹੀਂ ਹੁੰਦੀ ਤਦ ਤਕ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਜਾ ਸਕਦੀ ਪਰ ਭਗਤੀ ਦਾ ਉਪਰਾਲਾ ਤੇ ਆਪਣੇ ਵੱਲੋਂ ਹਰ ਕੋਈ ਕਰਦਾ ਹੈ ਪਰ ਉਹੋ ਜਿਹੀ ਨਾ-ਸਮਝੀ ਵਾਲੀ ਭਗਤੀ ਕਿਸੇ ਲੇਖੇ ਨਹੀਂ ਪੈਂਦੀ, ਇਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਸਾਡੇ ਅੰਦਰ ਹਉਮੈ ਕਿਸ ਰੂਪ ਵਿੱਚ ਹੈ ਇਸ ਗੱਲ ਦੀ ਸਮਝ ਵੀ ਪਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

ਪ੍ਰਮਾਤਮਾ ਦੀ ਭਗਤੀ ਦੀ ਸਮਝ ਉਸਦੇ ਭਗਤਾਂ ਨੂੰ ਹੀ ਪੈਂਦੀ ਹੈ। ਪ੍ਰਮਾਤਮਾ ਦਾ ਭਗਤ ਉਹ ਹੁੰਦਾ ਹੈ ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਆਪਣੀ ਸੱਚੀ ਭਗਤੀ ਦੀ ਸਮਝ ਆਪ ਹੀ ਪਾਉਂਦਾ ਹੈ ਤੇ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢ ਕੇ ਪਾਉਂਦਾ ਹੈ, ਹਉਮੈ ਵਿੱਚੋਂ ਕੱਢ ਕੇ ਪਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਸਦੇ ਅੰਦਰ ਹਉਮੈ ਹੈ ਭਾਵ ਅਗਿਆਨਤਾ ਹੈ, ਜਿਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਤੇ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ ਉਹ ਪ੍ਰਮਾਤਮਾ ਦਾ ਭਗਤ ਹੋ ਹੀ ਨਹੀਂ ਸਕਦਾ। ਪ੍ਰਮਾਤਮਾ ਦਾ ਭਗਤ ਉਹ ਹੀ ਹੁੰਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਜੋ ਮਨ ਦੇ ਵਿੱਚ ਗਿਆਨ ਦੇਣ ਵਾਲਾ ਆਪ ਹੀ ਹੈ। ਪ੍ਰਮਾਤਮਾ ਕਦੇ ਕਿਸੇ ਵਿਰਲੇ ਨੂੰ ਹੀ, ਵੱਡੇ ਕਰਮਾਂ ਵਾਲੇ ਨੂੰ ਹੀ ਆਪਣਾ ਭਗਤ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਜਿਨ੍ਹਾਂ ਨੇ ਆਪਣੇ ਜੀਵਨ ਵਿੱਚ ਪ੍ਰਮਾਤਮਾ ਦੀ ਸੋਭਾ ਕੀਤੀ ਹੈ, ਉਸਦਾ ਜੱਸ ਗਾਇਆ ਹੈ, ਭਗਤੀ ਦੇ ਮਾਰਗ ਤੇ ਚੱਲ ਕੇ ਦਿਖਾਇਆ ਹੈ। ਪ੍ਰਮਾਤਮਾ ਦੇ ਦਰ ਤੇ ਇਹੋ ਜਿਹੀ ਭਗਤੀ ਵਾਲੇ ਪ੍ਰਮਾਤਮਾ ਨੂੰ ਸੋਭਦੇ ਹਨ, ਚੰਗੇ ਲੱਗਦੇ ਹਨ ਜੋ ਪੂਰੀ ਤਰ੍ਹਾਂ ਉਸਦੇ ਹੁਕਮ ਵਿੱਚ ਚੱਲਦੇ ਹਨ, ਪੂਰੀ ਤਰ੍ਹਾਂ ਗੁਰਮਤਿ ਤੇ ਪੂਰਾ ਉਤਰਦੇ ਹਨ। ਜੋ ਭਗਤੀ ਦਾ ਮਾਰਗ ਉਨ੍ਹਾਂ ਨੇ ਸੰਸਾਰ ਨੂੰ ਸਮਝਾਇਆ ਹੈ ਉਸ ਮਾਰਗ ਤੇ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਆਪ ਹੀ ਚੱਲ ਕੇ ਦਿਖਾਇਆ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਆਪਣਾ ਭਗਤ ਨਹੀਂ ਬਣਾਉਂਦਾ ਭਾਵ ਜਿਨ੍ਹਾਂ ਦੇ ਅੰਦਰ ਆਪਣੇ ਆਪ ਨੂੰ ਪਰਗਟ ਨਹੀਂ ਕਰਦਾ ਉਨ੍ਹਾਂ ਨੂੰ ਸੱਚੀ ਭਗਤੀ ਦੇ ਮਾਰਗ ਦੀ ਸੋਝੀ ਨਹੀਂ ਪੈਂਦੀ ਭਾਵ ਭਗਤੀ ਦੇ ਸਚੇ ਮਾਰਗ ਨੂੰ ਸਮਝਣ ਵਿਚ ਉਹ ਭਰਮਾਂ ਵਿਚ ਰਹਿੰਦੇ ਹਨ ਤੇ ਆਪਣੇ ਵਲੋਂ ਉਹ ਆਪਣੀ-ਆਪਣੀ ਮਤਿ ਅਨੁਸਾਰ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦੇ ਤਰੀਕੇ ਅਪਣਾਉਂਦੇ ਹਨ ਜੋ ਪ੍ਰਮਾਤਮਾ ਦੀ ਸਮਝਾਈ ਹੋਈ ਸੱਚੀ ਗੁਰਮਤਿ ਦੇ ਨਾਲ ਮੇਲ ਨਹੀਂ ਖਾਂਦੇ ਜਿਸ ਕਰਕੇ ਉਨ੍ਹਾਂ ਦੀ ਭਗਤੀ ਥਾਇ ਨਹੀਂ ਪੈਂਦੀ, ਕਬੂਲ ਨਹੀਂ ਹੁੰਦੀ ਜਿਸ ਕਰਕੇ ਪ੍ਰਮਾਤਮਾ ਦੇ ਦਰ ਤੇ ਉਨ੍ਹਾਂ ਨੂੰ ਸੋਭਾ ਨਹੀਂ ਮਿਲਦੀ, ਢੋਈ ਨਹੀਂ ਮਿਲਦੀ ਤੇ ਉਹ ਭਗਤੀ ਦੇ ਮਾਰਗ ਤੇ ਭਟਕਦੇ ਹੀ ਰਹਿੰਦੇ ਹਨ। (**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥**) ਇਹੋ ਜਿਹੇ ਭਟਕਿਆਂ ਹੋਇਆਂ ਦੀ ਭਟਕਣਾ ਦਾ ਕਾਰਨ ਕੀ ਹੈ, ਭਗਤੀ ਦੀ ਨਾ-ਸਮਝੀ ਦਾ ਕਾਰਨ ਕੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥

ਤਿਨ੍ ਮੰਗਾ ਜਿ ਤੁਝੈ ਧਿਆਇਦੇ ॥"

ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਦਾ ਨਾ ਹੋਣਾ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੀ ਹੈ, ਮਨ ਦੀ ਅਗਿਆਨਤਾ ਹੀ ਹੈ ਭਾਵ ਹਉਮੈ ਹੀ ਹੈ ਤੇ ਉਪਰਲੀਆਂ ਪੰਗਤੀਆਂ ਰਾਹੀਂ ਸਾਡੀ ਹਉਮੈ ਹੀ ਸਮਝਾਈ ਹੋਈ ਹੈ। ਉੱਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ।

"ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥"

ਉੱਪਰ ਪੰਗਤੀ ਰਾਹੀਂ ਸਾਡੇ ਅੰਦਰ ਦੀ ਹਉਮੈ ਹੀ ਸਮਝਾਈ ਹੋਈ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਇਸ ਗੱਲ ਨੂੰ ਸਮਝਿਆ ਹੈ ਕਿ ਆਪਣੀ ਹੋਂਦ ਸਮਝਣਾ ਭਾਵ ਆਪਣੀ ਮਨੁੱਖੀ ਹੋਂਦ ਸਮਝਣਾ ਕਿ ਮੈਂ ਇੱਕ ਮਨੁੱਖ ਹਾਂ, ਇਹ

ਸਰੀਰ ਮੇਰਾ ਹੈ, ਇਹ ਮਨ ਦੀ ਸਮਝ ਮੇਰੀ ਹੈ ਭਾਵ ਮੇਰੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਹੈ, ਇਹ ਸਾਡੀ "ਹਉਮੈ" ਹੈ ਜੋ ਸਾਨੂੰ ਸਾਡੀ ਵੱਖਰੀ ਹੋਂਦ ਸਮਝਾਉਂਦੀ ਹੈ। ਇਹ ਸਾਡੇ ਮਨ ਦੀ ਸਮਝ ਹੀ ਹੈ ਜੋ ਸਾਨੂੰ ਇਹ ਕੁੱਝ ਸਮਝਾਉਂਦੀ ਹੈ। ਸਾਡਾ ਸਭ ਦਾ ਮੂਲ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਜਦ ਤੱਕ ਅਸੀਂ ਆਪਣੇ ਅੰਦਰੋਂ ਆਪਣੇ ਮੂਲ ਨੂੰ ਨਹੀਂ ਪਛਾਣਦੇ, ਨਹੀਂ ਬੁਝਦੇ ਤਦ ਤੱਕ ਅਸੀਂ ਇਸ ਸਰੀਰ ਨੂੰ, ਆਪਣੇ ਮਨੁੱਖੀ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹਾਂ ਭਾਵ ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਅਸੀਂ ਅਸਲ ਵਿੱਚ ਜੋ ਨਹੀਂ ਹਾਂ ਉਹ ਆਪਣੇ ਆਪ ਨੂੰ ਸਮਝਦੇ ਹਾਂ ਆਪਣਾ ਆਪ ਜਤਾਉਂਦੇ ਹਾਂ। ਅਸੀਂ ਨਾ ਹੁੰਦੇ ਹੋਏ ਵੀ ਆਪਣੇ ਆਪ ਜਤਾਉਂਦੇ ਹਾਂ ਕਿ ਅਸੀਂ ਹਾਂ ਭਾਵ ਸਾਡੀ ਹੋਂਦ ਹੈ ਜਿਸ ਦਾ ਕਾਰਨ ਮਨ ਦੀ ਸਮਝ ਹੈ, ਆਪਣੇ ਅੰਦਰੋਂ ਮੂਲ ਰੂਪ ਪ੍ਰਮਾਤਮਾ ਨੂੰ ਨਾ ਬੁੱਝਣਾ ਹੈ। ਇਹੀ ਮੈਂ ਤੇ ਤੂੰ ਦਾ ਭੇਦ ਹੈ। ਜਿੱਥੇ ਮੈਂ ਆ ਜਾਂਦੀ ਹੈ ਉੱਥੇ ਤੂੰ ਨਹੀਂ ਰਹਿੰਦਾ। ਆਪਣੇ ਆਪ ਨੂੰ "ਮੈਂ" ਸਮਝਣਾ ਭਾਵ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਸਾਡੀ ਹਉਮੈ ਹੈ। (**ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥**) ਆਪਣੇ ਅੰਦਰੋਂ ਮੂਲ ਨੂੰ ਬੁੱਝਣਾ ਹੀ ਆਪਣੇ ਆਪ ਨੂੰ ਬੁੱਝਣਾ ਹੈ ਭਾਵ ਆਪਣੀ ਅਸਲੀਅਤ ਨੂੰ ਬੁੱਝਣਾ ਹੈ ਤੇ ਅਸਲੀਅਤ ਇਹ ਹੈ ਕਿ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਜੋ ਇਸ ਸਰੀਰ ਨੂੰ ਬਣਾ ਕੇ ਆਪ ਹੀ ਮਨ ਦੀ ਸਮਝ ਦੁਆਰਾ ਚਲਾ ਰਹਿਆ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝੇ ਬਿਨ੍ਹਾਂ, ਆਪਣੇ ਆਪ ਦੀ ਅਸਲੀਅਤ ਨੂੰ ਜਾਣੇ ਬਿਨ੍ਹਾਂ ਹਰ ਕੋਈ ਨਾ ਹੁੰਦੇ ਹੋਏ ਵੀ ਭਾਵ "ਅਣਹੋਂਦਾ" ਹੀ ਆਪਣਾ ਆਪ ਨੂੰ ਇਹ ਸਮਝਦਾ ਹੈ ਕਿ ਇਹ ਮੈਂ ਹਾਂ, ਮੈਂ ਇੱਕ ਮਨੁੱਖ ਹਾਂ ਜੋ ਕਿ ਇੱਕ ਝੂਠੀ ਗੱਲ ਹੈ ਭਾਵ ਇਸ ਵਿੱਚ ਸੱਚੁ ਨਹੀਂ ਹੈ। ਸੱਚੁ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਸਮਝਣਾ ਸਾਡੇ ਅੰਦਰ ਦੀ ਅਗਿਆਨਤਾ ਹੈ, ਹਉਮੈ ਹੈ। (**ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥**)

ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਾ ਬੁੱਝ ਸਕਣਾ ਭਾਵ ਆਪਣੀ ਅਸਲੀਅਤ ਨੂੰ ਨਾ ਜਾਣ ਸਕਣ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੀ ਹੈ ਭਾਵ ਸਾਡੇ ਅੰਦਰ ਦੀ ਵੱਡੀ ਅਗਿਆਨਤਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

"ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥2॥"

(ਅੰਗ - 560)

ਉੱਪਰ ਵਾਲੀਆਂ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਹਉਮੈ ਦੀ ਅਸਲੀਅਤ ਨੂੰ ਸਮਝ ਸਕੀਏ ਕਿ ਹਉਮੈ ਦਾ ਮਕਸਦ ਕੀ ਹੈ ਜਿਸ ਕਰਕੇ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਹਉਮੈ ਵਿੱਚ ਰੱਖਿਆ ਹੋਇਆ ਹੈ। ਹਰ ਮਨੁੱਖੀ ਸਰੀਰ ਨੂੰ "ਹਉਮੈ" ਕਹਿਆ ਹੈ। "ਹਉਮੈ" ਤੋਂ ਭਾਵ ਹੈ "ਹਉ" + "ਮੈ" ਭਾਵ ਇਹ ਮੈਂ ਹਾਂ, ਇਹ ਸਰੀਰ ਮੇਰਾ ਹੈ, ਇਸ ਸਰੀਰ ਦਾ ਮਾਲਕ ਮੈਂ ਹਾਂ। ਅਸਲ ਵਿੱਚ ਮਨੁੱਖ ਦੀ ਕੋਈ ਵੱਖਰੀ ਹੋਂਦ ਹੈ ਹੀ ਨਹੀਂ ਤੇ ਮਨੁੱਖ ਦੀ ਉਤਪਤੀ ਹਉਮੈ ਤੋਂ ਹੀ ਹੁੰਦੀ ਹੈ ਭਾਵ ਸਾਡੇ ਅੰਦਰ ਦੀ ਹਉਮੈ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਸ ਸਰੀਰੁ ਦੇ ਰੂਪ ਵਿੱਚ ਮੈਂ ਹਾਂ ਭਾਵ ਸਾਨੂੰ ਜਨਮ ਦੇਣ ਵਾਲੀ ਸਾਡੀ ਹਉਮੈ ਹੈ, ਸਾਨੂੰ ਮਨੁੱਖੀ ਹੋਂਦ ਸਮਝਾਉਣ ਵਾਲੀ ਸਾਡੀ ਹਉਮੈ ਹੈ। (**ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥**) ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਸੰਸਾਰ ਵਿੱਚ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ ਕਿਉਂਕਿ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੈ। ਸਾਨੂੰ ਜਨਮ ਮਰਣ ਵਿੱਚ ਰੱਖਣ ਵਾਲੀ, ਜਨਮ ਮਰਨ ਸਮਝਾਉਣ ਵਾਲੀ ਸਾਡੀ ਹਉਮੈ ਹੀ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਹੀ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਹਉਮੈ ਰੂਪ ਪੜਦਾ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਆਪ ਹੀ ਪਾਇਆ ਹੋਇਆ ਹੈ ਤਾਂ ਜੋ ਉਸ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਬੁੱਝ ਨਾ ਸਕੇ, ਜਾਣ ਨਾ ਸਕੇ ਕਿਉਂਕਿ ਉਹ ਸੰਸਾਰ ਦੀ ਖੇਡ ਨੂੰ ਇਸ ਤਰੀਕੇ ਹੀ ਚਲਾ ਰਹਿਆ ਹੈ, ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਕੇ ਚਲਾ ਰਹਿਆ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਭਾਵ ਸਾਡੇ ਅੰਦਰ "ਹਉਮੈ" ਦਾ ਅਸਲ ਰੂਪ ਸਮਝਾਇਆ ਹੋਇਆ ਹੈ ਜਿਸ ਮਕਸਦ ਲਈ ਪ੍ਰਮਾਤਮਾ ਨੇ ਸਭ ਦੇ ਅੰਦਰ "ਹਉਮੈ" ਪਾਈ ਹੋਈ ਹੈ।

"ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥"

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜਿਸ ਨੂੰ ਆਪਣੇ ਆਪ ਆਪਣੇ ਅੰਦਰੋਂ ਕੋਈ ਨਹੀਂ ਬੁਝਿ ਸਕਦਾ ਜਿਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਤੇ ਸਾਡੇ ਸਭ ਦੇ ਅੰਦਰ ''ਹਉਮੈ'' ਕਿਸ ਰੂਪ ਵਿੱਚ ਹੈ ਇਹ ਵੀ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ। ਹਉਮੈ ਨੂੰ ਵੱਡਾ ''ਗੁਬਾਰੁ'' ਕਹਿਆ ਹੈ। ''ਗੁਬਾਰੁ'' ਹਨੇਰੇ ਨੂੰ ਕਹਿੰਦੇ ਹਨ ਭਾਵ ਸਾਡੇ ਮਨ ਦੇ ਅੰਦਰ, ਸਾਡੀ ਸਮਝ ਦੇ ਅੰਦਰ ਪ੍ਰਮਾਤਮਾ ਨੇ ਹਉਮੈ ਪਾ ਕੇ ਸਾਨੂੰ ਘੁਪ ਹਨੇਰੇ ਵਿੱਚ ਰੱਖਿਆ ਹੋਇਆ ਹੈ, ਵੱਡੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਅਗਿਆਨਤਾ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਲਈਏ, ਜਾਣ ਲਈਏ ਇਹ ਨਾਮੁਮਕਿਨ ਹੈ। ਪ੍ਰਮਾਤਮਾ ਦਾ ਸਾਡੇ ਅੰਦਰ ਹਉਮੈ ਪਾਉਣ ਦਾ ਮਕਸਦ ਹੀ ਇਹ ਹੈ ਕਿ ਅਸੀਂ ਆਪਣੇ ਆਪ ਪ੍ਰਮਾਤਮਾ ਨੂੰ ਨਾ ਜਾਣ ਸਕੀਏ। ਜੋ ਸਾਨੂੰ ਮਨ ਦੀ ਇਤਨੀ ਵੱਡੀ ਅਗਿਆਨਤਾ ਵਿੱਚ ਰੱਖ ਸਕਦਾ ਹੈ ਫਿਰ ਸਾਡੇ ਅੰਦਰ ਦੀ ਸਮਝ ਕਿਸ ਦੇ ਹੱਥ ਹੋਈ ਭਾਵ ਸਾਡੀ ਸਮਝ ਸਾਡੇ ਵੱਸ ਨਹੀਂ ਬਲਕਿ ਪ੍ਰਮਾਤਮਾ ਦੇ ਆਪਣੇ ਵੱਸ ਹੈ ਤੇ ਉਹ ਆਪ ਹੀ ਆਪਣੀ ਕਿਰਪਾ ਦੁਆਰਾ ਕਿਸੇ ਨੂੰ ਮਨ ਦੀ ਅਗਿਆਨਤਾ ਵਿੱਚੋਂ ਭਾਵ ਹਉਮੈ ਵਿੱਚੋਂ ਕੱਢ ਸਕਦਾ ਹੈ ਤੇ ਉਸ ਨੂੰ ਤਾਂ ਹੀ ਕੋਈ ਆਪਣੇ ਅੰਦਰੋਂ ਬੁੱਝ ਸਕਦਾ ਹੈ। ਹਉਮੈ ਤੋਂ ਰਹਿਤ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਤੇ ਇਸੇ ਲਈ ਕਿਸੇ ਨੂੰ ਨਾਮ ਦੀ ਸਮਝ ਨਹੀਂ ਪੈਂਦੀ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਕਿਸੇ ਦੇ ਅੰਦਰ ਨਾਮ ਹੋ ਹੀ ਨਹੀਂ ਸਕਦਾ। ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ ਉਸਨੂੰ ਹੀ ਨਾਮ ਦੀ ਸਮਝ ਪੈਂਦੀ ਹੈ, ਨਾਮ ਦੀ ਦਾਤਿ ਮਿਲਦੀ ਹੈ ਜੋ ਆਪਣੀ ਦਾਤਿ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ।

ਹਉਮੈ ਦੀ ਗੱਲ ਤੇ ਨਾਮ ਦੀ ਗੱਲ ਸ਼ਬਦਾਂ ਵਿੱਚ ਵਾਰ-ਵਾਰ ਆਉਂਦੀ ਹੈ ਤੇ ਜਦ ਤੱਕ ਸਾਨੂੰ ਹਉਮੈ ਦੀ ਸਮਝ ਨਹੀਂ ਪੈਂਦੀ, ਨਾਮ ਦੀ ਸਮਝ ਨਹੀਂ ਪੈਂਦੀ ਤਦ ਤੱਕ ਸ਼ਬਦਾਂ ਦੇ ਅਸਲ ਭਾਵ ਨੂੰ ਅਸੀਂ ਕਿਵੇਂ ਸਮਝ ਸਕਦੇ ਹਾਂ ਭਾਵ ਨਹੀਂ ਸਮਝ ਸਕਦੇ ਤੇ ਇਸੇ ਲਈ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ, ਮਨ ਦੀ ਨਾ-ਸਮਝੀ ਕਰਕੇ, ਮਨ ਦੀ ਅਗਿਆਨਤਾ ਕਰਕੇ ਨਹੀਂ ਪੈਂਦੀ। ਇਸੇ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਕਿ ਹਉਮੈ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ, ਨਹੀਂ ਬੁੱਝਿਆ ਜਾ ਸਕਦਾ ਜਿਸ ਲਈ ਸਾਨੂੰ ਵਾਰ-ਵਾਰ ਹਉਮੈ ਵਿੱਚੋਂ ਨਿਕਲਣ ਲਈ ਸਮਝਾਇਆ ਹੈ, ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਤਾਂ ਜੋ ਅਸੀਂ ਗੁਰੂ ਦੀ ਸਮਝਾਈ ਹੋਈ ਸੱਚੀ ਗੱਲ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਵਿਚਰ ਸਕੀਏ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦਾ ਸਾਡਾ ਸੱਚਾ ਉੱਦਮ ਹੈ। (**ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥**) ਇਸੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਸੇ ਗੱਲ ਲਈ ਸੁਚੇਤ ਕੀਤਾ ਹੋਇਆ ਹੈ ਕਿ ਅਸੀਂ ਹਉਮੈ ਵਿੱਚੋਂ ਨਿਕਲਣ ਦਾ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ ਕਿਉਂਕਿ ਹਉਮੈ ਵਿੱਚ ਰਹਿੰਦਿਆਂ ਨਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ, ਨਾ ਭਗਤੀ ਦੇ ਮਾਰਗ ਨੂੰ ਬੁੱਝਿਆ ਜਾ ਸਕਦਾ ਹੈ ਭਾਵ ਗੁਰੂ ਦੇ ਹੁਕਮ ਨੂੰ ਬੁੱਝਿਆ ਜਾ ਸਕਦਾ ਹੈ ਤੇ ਨਾ ਹੀ ਸਾਡੇ ਅੰਦਰ ਨਾਮ ਵੱਸ ਸਕਦਾ ਹੈ ਭਾਵ ਪ੍ਰਮਾਤਮਾ ਵੱਸ ਸਕਦਾ ਹੈ ਭਾਵ ਪਰਗਟ ਹੋ ਸਕਦਾ ਹੈ। ਸਾਡੀ ਹਉਮੈ ਨੂੰ ਹੀ ਸਾਡੇ ਮਨ ਦਾ ਬੰਧਨ ਦੱਸਿਆ ਹੈ ਜੋ ਬੰਧਨ ਮਨ ਦੀ ਅਗਿਆਨਤਾ ਦਾ ਹੀ ਹੈ, ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਹੀ ਹੈ ਜੋ ਬੰਧਨ ਟੁੱਟੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਨਾਮ ਨੂੰ ਨਹੀਂ ਜਾਣ ਸਕਦੇ, ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਭਾਵ ਮਨ ਦੀ ਹਉਮੈ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਨਾਮ ਦੀ ਸਮਝ ਵਾਲਾ ਬਣ ਸਕੇ ਇਹ ਨਾਮੁਮਕਿਨ ਹੈ। ਹਉਮੈ ਵੱਡੀ ਅਗਿਆਨਤਾ ਹੈ ਤੇ ਪ੍ਰਮਾਤਮਾ ਦਾ ਨਾਮ ਬ੍ਰਹਮ ਗਿਆਨ ਹੈ, ਬਹੁਤ ਵੱਡਾ ਗਿਆਨ ਹੈ। ਵੱਡੀ ਅਗਿਆਨਤਾ ਵਿੱਚੋਂ ਸਾਨੂੰ ਵੱਡਾ ਗਿਆਨ ਹੀ ਕੱਢ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਉੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਕਿ ਉਸਦਾ ਨਾਮ ਹੈ। ਜਦ ਤੱਕ ਅਸੀਂ ਨਾਮ ਨੂੰ ਨਹੀਂ ਜਪਾਗੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਨਹੀਂ ਮੰਨਾਂਗੇ, ਗੁਰੂ ਦੇ ਉੱਚੇ ਗਿਆਨ ਨੂੰ ਨਹੀਂ ਮੰਨਾਂਗੇ ਤਦ ਤੱਕ ਅਸੀਂ ਹਉਮੈ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ, ਮਨ ਦੀ ਅਗਿਆਨਤਾ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ, ਭਗਤੀ ਦੇ ਸੱਚੇ ਮਾਰਗ ਨੂੰ ਕਿਵੇਂ ਸਮਝ ਸਕਦੇ ਹਾਂ ਤੇ ਉਸ ਮਾਰਗ ਤੇ ਕਿਵੇਂ ਚੱਲ ਸਕਦੇ ਹਾਂ ਤੇ ਆਪਣੇ ਮਨ ਦੀ ਭਰਮਾਂ ਵਾਲੀ ਸਮਝ ਦੇ ਬੰਧਨ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਬੁੱਝਿਆ ਜਾ ਸਕਦਾ, ਨਾਮ ਵਾਲੇ ਨਹੀਂ ਬਣਿਆ ਜਾ ਸਕਦਾ। (**ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥3॥**)

ਹੁਣ ਅਸੀਂ ਹੇਠ ਦਿੱਤੇ ਮੁੱਖ ਸ਼ਬਦ ਨੂੰ ਆਸਾਨੀ ਨਾਲ ਸਮਝ ਸਕਾਂਗੇ ਜਿਸ ਦੇ ਮੂਲ ਭਾਵ ਨੂੰ ਸਮਝਣ ਲਈ ਉੱਪਰ ਵਾਲੇ ਸ਼ਬਦਾਂ ਨੂੰ ਸਮਝਿਆ ਹੈ ਤਾਂ ਜੋ ਅਸੀਂ ਹਉਮੈ ਨੂੰ ਬਰੀਕੀ ਨਾਲ ਸਮਝ ਸਕੀਏ ਜਿਸ ਹਉਮੈ ਵਾਲੀ ਸਮਝ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਿਆ ਜਾ ਸਕਦਾ ਹੈ, ਆਪਣੇ ਆਪ ਦੀ ਅਸਲੀਅਤ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਭਗਤੀ ਉਸਦੇ ਭਗਤ ਬਣ ਕੇ ਹੀ ਕੀਤੀ ਜਾ ਸਕਦੀ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁਝਨ੍ਹਿ ਦੁਆਰਾ ਹੀ ਕੀਤੀ ਜਾ ਸਕਦੀ ਹੈ, ਹਉਮੈ ਵਿੱਚੋਂ ਨਿਕਲਣ ਦੁਆਰਾ ਹੀ ਹੋ ਸਕਦੀ ਹੈ।

“ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥”

ਉੱਪਰ ਵਾਲੀਆਂ ਪਹਿਲੀਆਂ ਤਿੰਨ ਪੰਗਤੀਆਂ ਨੂੰ ਅਸੀਂ ਪਿੱਛੇ ਸਮਝ ਚੁੱਕੇ ਹਾਂ ਤੇ ਬਾਕੀ ਦੀਆਂ ਹੇਠ ਦਿੱਤੀਆਂ ਪੰਗਤੀਆਂ ਨੂੰ ਹੁਣ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਸਾਡੀ ਨਾ-ਸਮਝੀ ਵਾਲੀ ਭਗਤੀ ਦਾ ਕਾਰਨ ਹੀ ਸਮਝਾਇਆ ਹੋਇਆ ਤੇ ਉਹੋ ਜਿਹੀ ਨਾ-ਸਮਝੀ ਵਾਲੀ ਭਗਤੀ ਦੁਆਰਾ ਸਾਨੂੰ ਪ੍ਰਾਪਤੀ ਕਿਹੋ ਜਿਹੀ ਹੁੰਦੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ ॥”

ਉੱਪਰ ਅਸੀਂ ਪਹਿਲੇ ਇਸ ਗੱਲ ਨੂੰ ਸਮਝਿਆ ਹੈ ਕਿ ਹਉਮੈ ਦੀ ਜਾਤਿ ਕੀ ਹੈ ਤੇ ਨਾਮ ਦੀ ਜਾਤਿ ਕੀ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਨਾਮ ਵਾਲੀ ਜਾਤਿ ਵਾਲੇ ਬਣ ਕੇ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਦਾ ਢਾਢੀ ਉਸਦੀ ਨਾਮ ਵਾਲੀ ਜਾਤਿ ਵਾਲੇ ਬਣਨ ਦੁਆਰਾ ਹੀ ਬਣਿਆ ਜਾ ਸਕਦਾ ਹੈ। ਨਾਮਿ ਵਾਲੀ ਜਾਤਿ ਵਾਲਾ ਬਣ ਕੇ ਹੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲਾ ਬਣ ਕੇ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਹਉਮੈ ਕੀ ਹੈ ਤੇ ਨਾਮ ਕੀ ਹੈ ਭਾਵ ਦੋਨਾਂ ਵਿੱਚ ਫਰਕ ਕੀ ਹੈ, ਹਉਮੈ ਨੀਵੀਂ ਜਾਤਿ ਕਿਸ ਲਈ ਹੈ ਤੇ ਨਾਮ ਉੱਚੀ ਜਾਤਿ ਕਿਸ ਲਈ ਹੈ। ਪ੍ਰਮਾਤਮਾ ਦੇ ਢਾਢੀ ਲਈ ਭਾਵ ਜਿਸਨੂੰ ਸੱਚੀ ਭਗਤੀ ਦੀ ਸਮਝ ਹੈ ਉਸ ਲਈ ਮਨੁੱਖ ਦੀ “ਹਉ” ਭਾਵ ਆਪਾ ਭਾਵ ਹਉਮੈ ਨੀਵੀਂ ਜਾਤਿ ਹੈ ਕਿਉਂਕਿ ਉਹ ਇਸ ਨੀਵੀਂ ਜਾਤਿ ਵਿੱਚੋਂ ਨਿਕਲ ਕੇ ਹੀ ਨਾਮ ਦੀ ਜਾਤਿ ਵਾਲਾ ਬਣਦਾ ਹੈ, ਸੱਚੇ ਗਿਆਨ ਦੀ ਸਮਝ ਵਾਲਾ ਬਣਦਾ ਹੈ ਜਿਸ ਦੁਆਰਾ ਉਸਨੂੰ ਸਮਝ ਪੈਂਦੀ ਹੈ ਕਿ ਹਉਮੈ ਦੀ ਨੀਵੀਂ ਜਾਤਿ ਹੀ ਸਾਨੂੰ ਪ੍ਰਮਾਤਮਾ ਨਾਲੋਂ ਵੱਖਰਾ ਕਰ ਕੇ ਰੱਖਦੀ ਹੈ ਜਿਸ ਕਰਕੇ ਮਨੁੱਖ ਆਪਣੀ ਵੱਖਰੀ ਹੋਂਦ ਸਮਝਦਾ ਹੈ। ਜੋ ਪ੍ਰਮਾਤਮਾ ਦੇ ਢਾਢੀ ਨਹੀਂ ਬਣਦੇ, ਉਸਦੀ ਸੱਚੀ ਭਗਤੀ ਦੀ ਸਮਝ ਵਾਲੇ ਨਹੀਂ ਬਣਦੇ ਉਨ੍ਹਾਂ ਨੂੰ ਹਉਮੈ ਦੀ ਸਮਝ ਨਹੀਂ ਪੈਂਦੀ, ਮਨ ਦੀ ਅਗਿਆਨਤਾ ਦੀ ਸਮਝ ਨਹੀਂ ਪੈਂਦੀ, ਜਿਸ ਕਰਕੇ ਉਨ੍ਹਾਂ ਨੂੰ ਨਾਮ ਦੀ ਸਮਝ ਵੀ ਨਹੀਂ ਪੈਂਦੀ ਭਾਵ ਹਉਮੈ ਵਿਚ ਤੇ ਨਾਮ ਵਿਚ ਫਰਕ ਦੀ ਸਮਝ ਨਹੀਂ ਪੈਂਦੀ ਤੇ ਉਹ ਆਪਣੀ ਹਉਮੈ ਵਿੱਚ ਰਹਿੰਦੇ ਹੋਏ ਹੀ, ਮਨ ਦੀ ਨਾ-ਸਮਝ ਮਤਿ ਵਿੱਚ, ਮਨਮਤਿ ਵਿੱਚ ਰਹਿੰਦੇ ਹੋਏ ਹੀ ਆਪਣੀ ਮਤਿ ਨੂੰ ਉੱਚੀ ਮਤਿ ਸਮਝਦੇ ਹਨ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਅਪਣਾਉਂਦੇ ਹਨ, ਉਸਦਾ ਨਾਮ ਜਪਦੇ ਹਨ ਜੋ ਕਿ ਉਹ ਕਿਸੇ ਅੱਖਰ ਦਾ ਜਪ ਕਰਨ ਨੂੰ ਹੀ ਨਾਮ ਜਪਣਾ ਸਮਝਦੇ ਹਨ। ਇਹੋ ਜਿਹੇ ਸਾਰੇ ਭਾਵ ਹੋਰ ਸਾਰੇ ਜਿਨ੍ਹਾਂ ਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੈ ਭਾਵ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਢਾਢੀ ਨਹੀਂ ਬਣਾਇਆ, ਆਪਣਾ ਸੱਚਾ ਗਿਆਨ ਨਹੀਂ ਦਿੱਤਾ, ਆਪਣੇ ਨਾਮ ਦਾ ਦਾਨ ਨਹੀਂ ਦਿੱਤਾ ਉਹ ਸਭ ਆਪਣੀ ਹਉਮੈ ਦੀ ਜਾਤਿ ਨੂੰ ਹੀ ਉੱਤਮ ਜਾਤਿ ਸਮਝਦੇ ਹਨ, ਉੱਚੀ ਮਤਿ ਸਮਝਦੇ ਹਨ ਭਾਵ ਆਪਣੀ ਮਨਮਤਿ ਨੂੰ ਹੀ ਗੁਰਮਤਿ ਵਾਲੀ ਉੱਚੀ ਸਮਝ ਸਮਝਦੇ ਹਨ, ਨਾਮ ਵਾਲੀ ਸਮਝ ਸਮਝਦੇ ਹਨ ਭਾਵ ਹਉਮੈ ਵਿੱਚ ਹੁੰਦੇ ਹੋਏ ਵੀ ਆਪਣੇ ਆਪ ਨੂੰ ਨਾਮ ਦੀ ਜਾਤਿ ਵਾਲੇ ਸਮਝਦੇ ਹਨ ਭਾਵ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਕੇਵਲ ਉਸਦੇ ਭਗਤ ਨੂੰ, ਢਾਢੀ ਨੂੰ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪਣਾ ਨਾਮ ਬਖਸ਼ ਕੇ ਆਪ ਹੀ ਪਾਉਂਦਾ ਹੈ ਤੇ ਹੋਰ ਸਭ ਪ੍ਰਮਾਤਮਾ ਦੀ ਸੱਚੀ ਸਮਝ ਵਿੱਚ, ਨਾਮ ਨੂੰ ਸਮਝ ਵਿੱਚ ਭਰਮਾਂ ਵਿੱਚ ਹੀ ਰਹਿੰਦੇ ਹਨ

ਤੇ ਆਪਣੀ ਨਾ-ਸਮਝ ਮਤਿ ਨੂੰ ਹੀ ਉੱਚੀ ਮਤਿ ਸਮਝਦੇ ਹਨ, ਭਗਤੀ ਦੀ ਸਮਝ ਵਾਲੀ ਮਤਿ ਸਮਝਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। (**ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥**) ਹਉਮੈ ਵਾਲੀ ਜਾਤਿ ਵਿੱਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ ਤੇ ਨਾਮ ਦੀ ਜਾਤਿ ਵਾਲਾ ਕਿਵੇਂ ਬਣਿਆ ਜਾ ਸਕਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਤਿਨ੍ ਮੰਗਾ ਜਿ ਤੁਝੈ ਧਿਆਇਦੇ ॥”

ਉੱਪਰ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਮੰਗਣਾ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਕੋਲੋਂ ਨਾਮ ਦਾ ਦਾਨ ਲੈਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਦਾਨ ਮਿਲਦਾ ਕਿਵੇਂ ਹੈ ਇਸਦੀ ਸਮਝ ਕਿਸੇ ਨੂੰ ਨਹੀਂ ਹੈ ਕਿਉਂਕਿ ਇਹ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਜਿਵੇਂ ਕਿ ਭਗਤਾਂ ਨੂੰ ਪਈ ਹੈ, ਗੁਰੂ ਸਾਹਿਬਾਨ ਨੂੰ ਪਈ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ ਤੇ ਉਨ੍ਹਾਂ ਨੇ ਹੀ ਸਾਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਦਾ ਦਾਨ ਮੰਗਣਾ ਸਮਝਾਇਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਕੋਲੋਂ ਉਸਦਾ ਦਾਨ ਸਾਨੂੰ ਗੁਰਬਾਣੀ ਰਾਹੀਂ, ਧਰਮ ਗ੍ਰੰਥਾਂ ਰਾਹੀਂ ਹੀ ਮਿਲਣਾ ਹੈ ਤੇ ਇਸੇ ਲਈ ਹੀ ਪ੍ਰਮਾਤਮਾ ਨੇ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ, ਗੁਰਬਾਣੀ ਦੀ ਰਚਨਾ ਕੀਤੀ ਹੈ। ਧਰਮ ਗ੍ਰੰਥ ਸ਼ਬਦਾਂ ਦਾ ਭੰਡਾਰ ਹਨ ਤੇ ਹਰ ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹੀ ਹੁੰਦਾ ਹੈ। ਹਰ ਸ਼ਬਦ ਸਾਨੂੰ ਵਿਚਾਰ ਹੀ ਦਿੰਦਾ ਹੈ ਤੇ ਹਰ ਸ਼ਬਦ ਦੀ ਵਿਚਾਰ ਨਾਮ ਹੈ ਭਾਵ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ। ਅਸੀਂ ਇਸ ਨਾਮ ਨੂੰ ਆਪਣੇ ਅੰਦਰ ਧਿਆਉਣਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ, ਸ਼ਬਦਾਂ ਦੀ ਮਤਿ ਨੂੰ ਮੰਨਣਾ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਨਾਮ ਧਿਆਉਣਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਵਾਰ-ਵਾਰ ਸਮਝਦੇ ਆ ਰਹੇ ਹਾਂ। (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥**) ਅੰਗ - 27 । ਪ੍ਰਮਾਤਮਾ ਤੇ ਸਭ ਨੂੰ ਆਪਣਾ ਨਾਮ ਦੇਣ ਲਈ ਤਿਆਰ ਹੈ ਪਰ ਸਾਨੂੰ ਉਸਦਾ ਨਾਮ ਮੰਗਣਾ ਨਹੀਂ ਆਉਂਦਾ। ਨਾਮ ਮੰਗਣਾ ਉਸ ਨੂੰ ਆਉਂਦਾ ਹੈ ਜਿਸ ਨੂੰ ਨਾਮ ਧਿਆਉਣ ਦੀ ਸਮਝ ਹੈ। ਨਾਮ ਧਿਆਉਣਾ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ ਭਾਵ ਗੁਰੂ ਦੀ ਵਿਚਾਰ ਨੂੰ ਮੰਨਕੇ ਉਸ ਤੇ ਅਮਲ ਕਰਨਾ ਹੈ ਜਿਸ ਲਈ ਆਪਣੀ ਮਤਿ ਛੱਡਣੀ ਪੈਂਦੀ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਹਰ ਔਗੁਣ ਛੱਡਣਾ ਪੈਂਦਾ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਗੁਰੂ ਦੀ ਸਮਝ ਨਾਮ ਹੈ ਤੇ ਗੁਰੂ ਦੀ ਸਮਝ ਨੂੰ ਮੰਨ ਕੇ ਆਪਣੀ ਸਮਝ ਨੂੰ ਛੱਡਣਾ ਆਪਣੀ ਹਉਮੈ ਛੱਡਣਾ ਹੈ ਭਾਵ ਗੁਰੂ ਦੇ ਨਾਮ ਨੂੰ ਧਿਆਉਣ ਦਾ ਮਕਸਦ ਆਪਣੀ ਹਉਮੈ ਛੱਡਣਾ ਹੀ ਹੈ, ਹਉਮੈ ਵਾਲੀ ਨੀਵੀਂ ਜਾਤਿ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਹੈ ਜਿਸ ਦੁਆਰਾ ਅਸੀਂ ਨਾਮ ਦੀ ਜਾਤਿ ਵਾਲੇ ਬਣ ਸਕਦੇ ਹਾਂ, ਗੁਰੂ ਪ੍ਰਮਾਤਮਾ ਦੀ ਜਾਤਿ ਵਾਲੇ, ਭਗਤਾਂ ਦੀ ਜਾਤਿ ਵਾਲੇ ਬਣ ਸਕਦੇ ਹਾਂ, ਪ੍ਰਮਾਤਮਾ ਦੇ ਢਾਢੀ ਬਣ ਸਕਦੇ ਹਾਂ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਸੱਚੇ ਗੁਣ ਗਾ ਸਕਦੇ ਹਾਂ। (**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥ ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ ਮੰਗਾ ਜਿ ਤੁਝੈ ਧਿਆਇਦੇ ॥**)

ਉੱਪਰ ਵਾਲਾ ਸ਼ਬਦ ਜਿਸਨੂੰ ਅਸੀਂ ਸਮਝਿਆ ਹੈ, ਇਹ ਸਲੋਕਾਂ ਦੀ ਪਉੜੀ ਹੈ। ਉੱਪਰ ਪਉੜੀ ਰਾਹੀਂ ਤੇ ਉਸ ਤੋਂ ਪਹਿਲੇ ਹੋਰ ਅਨੇਕਾਂ ਸ਼ਬਦਾਂ ਰਾਹੀਂ ਅਸੀਂ ਹਉਮੈ ਨੂੰ ਹੀ ਸਮਝਿਆ ਹੈ ਜਿਸ ਨੂੰ ਛੱਡੇ ਬਿਨ੍ਹਾਂ ਅਸੀਂ ਨਾਮ ਵਾਲੇ ਨਹੀਂ ਬਣ ਸਕਦੇ। ਨਾਮ ਵਾਲੇ ਬਣੇ ਬਿਨ੍ਹਾਂ ਅਸੀਂ ਆਪਣੇ ਵੱਲੋਂ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਜੋ ਅਸੀਂ ਆਪਣੀ ਮਤਿ ਦੁਆਰਾ ਬਣਾਏ ਹੋਏ ਹਨ ਭਾਵ ਆਪਣੀ ਹਉਮੈ ਵਾਲੀ ਸਮਝ ਦੁਆਰਾ ਹੀ ਬਣਾਏ ਹੋਏ ਹਨ, ਅਸੀਂ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ ਜੋ ਅਸਲ ਵਿੱਚ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਨਹੀਂ ਹੈ ਤੇ ਅਸੀਂ ਆਪਣੀ ਹਉਮੈ ਕਰਕੇ ਹੀ ਉਨ੍ਹਾਂ ਮਾਰਗਾਂ ਨੂੰ ਸੱਚੀ ਭਗਤੀ ਦਾ ਮਾਰਗ ਸਮਝਦੇ ਹਾਂ ਜਿਸ ਕਰਕੇ ਬਾਣੀ ਰਾਹੀਂ ਉਹੋ ਜਿਹੇ ਸਾਰੇ ਭਗਤੀ ਦੇ ਮਾਰਗਾਂ ਦਾ ਖੰਡਨ ਕੀਤਾ ਹੋਇਆ ਹੈ। ਜੋ ਅਸੀਂ ਉੱਪਰ ਵਾਲੀ ਪਉੜੀ ਰਾਹੀਂ ਸਮਝਿਆ ਹੈ ਇਸ ਤੋਂ ਪਹਿਲੇ ਸਲੋਕਾਂ ਰਾਹੀਂ ਸਾਨੂੰ ਉਹੋ ਜਿਹੇ ਭਗਤੀ ਦੇ ਮਾਰਗ ਹੀ ਸਮਝਾਏ ਹੋਏ ਹਨ ਜਿਨ੍ਹਾਂ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਨਾ-ਸਮਝ ਮਤਿ ਹੈ, ਮਨਮਤਿ ਹੈ, ਅਗਿਆਨਤਾ ਹੈ ਜਿਵੇਂ ਕਿ ਇਨ੍ਹਾਂ ਹੇਠ ਦਿੱਤੇ ਸਲੋਕਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕੁ ਮਃ ੧ ॥

“ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥1॥”

(ਅੰਗ - 467)

ਮਃ ੧ ॥
“ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥2॥”

(ਅੰਗ - 467-468)

ਉੱਪਰ ਪਹਿਲੇ ਸ਼ਬਦ ਰਾਹੀਂ ਸਾਨੂੰ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਕਿ ਧਰਮ ਗ੍ਰੰਥਾਂ ਦੀ, ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣਾ ਭਗਤੀ ਦਾ ਮਾਰਗ ਨਹੀਂ ਹੈ ਪਰ ਹਰ ਕੋਈ ਇਸੇ ਨੂੰ ਹੀ ਭਗਤੀ ਸਮਝਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਦੀ ਅਗਿਆਨਤਾ ਹੈ। ਸਾਰੀ ਗੱਲ ਧਰਮ ਗ੍ਰੰਥਾਂ ਨੇ ਸਾਨੂੰ ਜੋ ਗਿਆਨ ਦਿੱਤਾ ਹੈ, ਸ਼ਬਦਾਂ ਰਾਹੀਂ ਜੋ ਉਪਦੇਸ਼ ਦਿੱਤਾ ਹੈ, ਜੋ ਗੁਰੂ ਨੇ ਮਤਿ ਦਿੱਤੀ ਹੈ ਉਸਨੂੰ ਮੰਨਣ ਦੀ ਹੈ। ਕਥਨੀ ਕਰਨ ਵਾਲੇ ਇਹ ਹੀ ਕਹਿੰਦੇ ਹਨ, ਸਮਝਦੇ ਹਨ ਤੇ ਸਮਝਾਉਂਦੇ ਹਨ ਕਿ ਕਥਨੀ ਕਰਨ ਵਿੱਚ ਹੀ ਗੁਰਮਤਿ ਹੈ ਤੇ ਸਾਨੂੰ ਵੱਧ ਤੋਂ ਵੱਧ ਕਥਨੀ ਕਰਨੀ ਚਾਹੀਦੀ ਹੈ, ਵੱਧ ਤੋਂ ਵੱਧ ਪਾਠ ਕਰਨੇ ਚਾਹੀਦੇ ਹਨ ਜਿਸ ਗੱਲ

ਦਾ ਪਰਚਾਰ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਇਹੋ ਜਿਹਾ ਕਰਨ ਵਾਲੇ ਤੇ ਸਮਝਾਉਣ ਵਾਲੇ ਕਦੇ ਇਸ ਗੱਲ ਨੂੰ ਨਹੀਂ ਮੰਨਦੇ ਕਿ ਉਨ੍ਹਾਂ ਨੂੰ ਗੁਰਮਤਿ ਦੀ ਸਮਝ ਨਹੀਂ ਹੈ। ਗੁਰਮਤਿ ਹੀ ਸਾਨੂੰ ਇਹ ਸਮਝਾ ਰਹੀ ਹੈ ਕਿ ਕੇਵਲ ਕਥਨੀ ਕਰੀ ਜਾਣਾ ਕਿਸੇ ਲੇਖੇ ਨਹੀਂ ਹੈ ਭਾਵ ਕੇਵਲ ਸਾਡੀ ਹਉਮੈ ਹੈ ਭਾਵ ਨਾ-ਸਮਝੀ ਹੈ। ਲੇਖੇ ਵਿਚ ਕੇਵਲ ਇੱਕੋ ਗੱਲ ਹੀ ਪੈਂਦੀ ਹੈ ਜੋ ਕਿ ਗੁਰੂ ਦੀ ਗੱਲ ਨੂੰ ਮੰਨਣ ਦੀ ਹੈ ਭਾਵ ਸਾਡੀ ਸੱਚੀ ਕਰਨੀ ਹੈ ਜਿਸ ਲਈ ਸਾਨੂੰ ਗੁਰੂ ਵਾਰ-ਵਾਰ ਸਮਝਾਉਂਦਾ ਹੈ, ਆਪਣੇ ਸ਼ਬਦਾਂ ਰਾਹੀਂ ਸਮਝਾਉਂਦਾ ਹੈ। ਹਉਮੈ ਨੂੰ ਛੱਡਣਾ ਹੀ ਗੁਰੂ ਦੇ ਸ਼ਬਦਾਂ ਦਾ ਮਕਸਦ ਹੈ ਜੋ ਕਿ ਸ਼ਬਦਾਂ ਦੀ ਕਥਨੀ ਦੁਆਰਾ ਨਹੀਂ ਨਿਕਲ ਸਕਦੀ, ਸ਼ਬਦਾਂ ਦੀ ਸਮਝ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ ਤੇ ਭਗਤੀ ਦੇ ਮਾਰਗ ਨੂੰ ਸਮਝ ਕੇ ਉਸ ਤੇ ਚੱਲਿਆ ਜਾ ਸਕਦਾ ਹੈ। (**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥**)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥6॥}

(ਅੰਗ - 56)

{ਸਚੁ ਕਰਣੀ ਸਬਦੁ ਹੈ ਸਾਰੁ ॥
ਪੂਰੈ ਗੁਰਿ ਪਾਈਐ ਮੋਖ ਦੁਆਰੁ ॥}

(ਅੰਗ - 114)

{ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥3॥}

(ਅੰਗ - 1022)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥
ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥2॥}

(ਅੰਗ - 948)

ਜਦ ਤੱਕ ਸਾਨੂੰ ਹਉਮੈ ਵਿੱਚ ਤੇ ਨਾਮ ਵਿੱਚ ਫਰਕ ਸਮਝ ਨਹੀਂ ਆਉਂਦਾ, ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤਦ ਤੱਕ ਕੋਈ ਪ੍ਰਮਾਤਮਾ ਦੀ ਭਗਤੀ ਨੂੰ ਸਮਝ ਸਕੇ ਤੇ ਸੱਚੇ ਭਗਤੀ ਦੇ ਮਾਰਗ ਤੇ ਚੱਲ ਸਕੇ ਇਹ ਨਹੀਂ ਹੋ ਸਕਦਾ। ਹਰ ਕੋਈ ਉਸ ਤਰੀਕੇ ਦੀ ਭਗਤੀ ਦੇ ਨਾਲ ਜੁੜਿਆ ਹੋਇਆ ਹੈ ਜਿਸ ਦਾ ਕਾਰਨ ਹੀ ਸਾਡੇ ਅੰਦਰ ਦੀ ਹਉਮੈ ਹੈ ਤੇ ਹਉਮੈ ਕੇਵਲ ਨਾਮ ਜਪਣ ਦੁਆਰਾ ਹੀ ਜਾ ਸਕਦੀ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਜਾ ਸਕਦੀ ਹੈ ਭਾਵ ਸ਼ਬਦਾਂ ਦੀ ਕਥਨੀ ਦੁਆਰਾ ਨਹੀਂ ਜਾ ਸਕਦੀ ਤੇ ਕੇਵਲ ਸ਼ਬਦਾਂ ਦੇ ਗਿਆਨ ਨੂੰ ਮੰਨਣ ਦੁਆਰਾ ਹੀ ਜਾ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਹਉਮੈ ਵਿੱਚ ਰਹਿੰਦੇ ਹੋਏ ਭਾਵ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਕਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਤੇ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਸਾਡੀ ਉਹੋ ਜਿਹੀ ਭਗਤੀ ਦੀ ਕੀ ਕੀਮਤ ਪੈਂਦੀ ਹੈ, ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ।

ਮਃ ੧ ॥

“ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥2॥”

(ਅੰਗ - 467-468)

ਉੱਪਰ ਸ਼ਬਦ ਰਾਹੀਂ ਸਾਡੇ ਉਹ ਤਰੀਕੇ ਹੀ ਗਿਣਵਾਏ ਹੋਏ ਹਨ ਜਿਨ੍ਹਾਂ ਨੂੰ ਹਰ ਕੋਈ ਆਪਣੀ-ਆਪਣੀ ਆਸਥਾ ਅਨੁਸਾਰ ਪ੍ਰਮਾਤਮਾ ਦੀ ਭਗਤੀ ਦੇ ਤਰੀਕੇ ਸਮਝਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਨ੍ਹਾਂ ਸਾਰਿਆਂ ਤਰੀਕਿਆਂ ਨਾਲ ਮਨੁੱਖ ਦੀ ਮੈਂ ਹੀ ਵੱਧਦੀ ਹੈ, ਹਉਮੈ ਹੀ ਵੱਧਦੀ ਹੈ, ਆਪਣਾ ਝੂਠਾ ਮਾਣ ਹੀ ਵੱਧਦਾ ਹੈ ਜਿਵੇਂ ਕਿ ਨਾਲ ਹੀ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਕਿਉਂਕਿ ਸੱਚੀ ਭਗਤੀ ਦੇ ਮਾਰਗ ਦੀ, ਨਾਮ ਦੇ ਮਾਰਗ ਦੀ ਸਮਝ ਕਿਸੇ ਨੂੰ ਨਹੀਂ ਹੁੰਦੀ ਇਸੇ ਕਰਕੇ ਸੰਸਾਰ ਵਿੱਚੋਂ ਇਹੋ ਜਿਹੀ ਭਗਤੀ ਕਰਨ ਵਾਲਿਆਂ ਨੂੰ ਮਾਣ ਮਿਲਦਾ ਹੈ, ਉਨ੍ਹਾਂ ਦੀ ਸ਼ਲਾਘਾ ਹੁੰਦੀ ਹੈ, ਇੱਜਤ ਮਿਲਦੀ ਹੈ ਜਿਸ ਕਰਕੇ ਉਨ੍ਹਾਂ ਦੀ ਮੈਂ ਹੋਰ ਵੱਧਦੀ ਹੈ ਜੋ ਕਿ ਅਸਲ ਵਿੱਚ ਉਨ੍ਹਾਂ ਦਾ ਝੂਠਾ ਮਾਣ ਹੈ। ਪ੍ਰਮਾਤਮਾ ਦੀਆਂ ਨਜਰਾਂ ਵਿੱਚ ਉਨ੍ਹਾਂ ਦੀ ਇਹੋ ਜਿਹੀ ਭਗਤੀ ਦਾ ਕੋਈ ਮੁੱਲ ਨਹੀਂ ਪੈਂਦਾ ਤੇ ਇਹੋ ਜਿਹੇ ਤਰੀਕਿਆਂ ਨੂੰ ਕੇਵਲ ਮਨੁੱਖ ਦੀ ਖੁਆਰੀ ਦੱਸਿਆ ਹੋਇਆ ਹੈ, ਇਨ੍ਹਾਂ ਤਰੀਕਿਆਂ ਨੂੰ ਛੱਡਣ ਲਈ ਸਮਝਾਇਆ ਹੋਇਆ ਹੈ ਜਿਵੇਂ ਕਿ ਹਰ ਕੋਈ ਸ਼ਬਦ ਰਾਹੀਂ ਆਸਾਨੀ ਨਾਲ ਸਮਝ ਸਕਦਾ ਹੈ। ਇਹੋ ਜਿਹੇ ਭਗਤੀ ਦੇ ਤਰੀਕੇ ਅਪਨਾਉਣ ਵਾਲਿਆਂ ਨੂੰ ਮੂਰਖ ਕਹਿਆ ਹੈ, ਅਗਿਆਨੀ ਕਹਿਆ ਹੈ, ਨਾਮ ਵਿਹੂਣੇ ਕਹਿਆ ਹੈ ਭਾਵ ਗਿਆਨ ਵਿਹੂਣੇ ਕਹਿਆ ਹੈ। ਆਪਣੇ ਵੱਲੋਂ ਤਾਂ ਇਹੋ ਜਿਹੇ ਸਮਾਧੀਆਂ ਲਗਾ ਕੇ, ਮੌਨ ਧਾਰਨ ਕਰਕੇ ਕੋਈ ਨਾਮ ਹੀ ਜਪਦੇ ਹਨ ਪਰ ਉਹ ਨਾਮ ਵਿਹੂਣੇ ਹੀ ਹਨ। ਇਹੋ ਜਿਹੀ ਭਗਤੀ ਕਰਨ ਵਾਲੇ ਹਰ ਕਿਸੇ ਨੂੰ ਹਉਮੈ ਵਿੱਚ ਹੀ ਦੱਸਿਆ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੀ ਦੱਸਿਆ ਹੈ ਤੇ ਹਉਮੈ ਵਿੱਚੋਂ ਹੀ ਸਭ ਨੂੰ ਨਿਕਲਣ ਲਈ ਸਮਝਾਇਆ ਹੈ ਜੋ ਕਿ ਗੁਰੂ ਦੇ ਸ਼ਬਦ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਸਨੂੰ ਸ਼ਬਦ ਦੀ ਸਮਝ ਹੈ, ਜਿਸ ਦੇ ਅੰਦਰ ਸ਼ਬਦਾਂ ਦਾ ਗਿਆਨ ਹੈ ਉਹ ਫਿਰ ਇਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਨਹੀਂ ਜੁੜਦਾ।

ਉਹ ਆਪਣੀਆਂ ਇੱਛਾਵਾਂ ਨੂੰ ਮਾਰਦਾ ਹੈ, ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਦਾ ਹੈ ਭਾਵ ਇਨ੍ਹਾਂ ਤੋਂ ਨਿਰਲੇਪ ਰਹਿੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ। ਸਾਡੀਆਂ ਤ੍ਰਿਸ਼ਨਾਵਾਂ ਦਾ ਕਾਰਨ, ਮਾਇਆ ਮੋਹ ਦਾ ਕਾਰਨ ਸੱਚੀ ਭਗਤੀ ਦੀ ਸਮਝ ਦਾ ਨਾ ਹੋਣਾ ਹੈ, ਸਾਡੇ ਅੰਦਰ ਹਉਮੈ ਵਾਲੀ ਸਮਝ ਦਾ ਹੋਣਾ ਹੈ ਤੇ ਗੁਰੂ ਦਾ ਸ਼ਬਦ, ਗੁਰੂ ਦਾ ਸੱਚਾ ਗਿਆਨ ਸਾਨੂੰ ਇਨ੍ਹਾਂ ਵਿੱਚੋਂ ਨਿਕਲਣ ਲਈ ਹੀ ਸਮਝਾਉਂਦਾ ਹੈ ਤਾਂ ਜੋ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਕੋਈ ਮਾੜਾ ਕੰਮ ਨਾ ਕਰੀਏ ਭਾਵ ਸੱਚੇ ਸੁਚੇ ਕਰਮ ਕਰੀਏ ਜੋ ਭਗਤੀ ਦਾ ਅਸਲ ਮਾਰਗ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਨਾਮ ਜਪਣਾ ਹੈ ਜਿਸ ਦੁਆਰਾ ਸਾਡੇ ਅੰਦਰ ਦੀ ਹਉਮੈ ਖਤਮ ਹੋ ਸਕਦੀ ਹੈ ਤੇ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ। (**ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥**)

{ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥6॥}

(ਅੰਗ - 1343)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥8॥}

(ਅੰਗ - 58)

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥1॥}

(ਅੰਗ - 412)

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥
ਨਾ ਮੋਹੁ ਤੂਟੈ ਨਾ ਥਾਇ ਪਾਹਿ ॥5॥
ਨਦਰਿ ਕਰੇ ਤਾ ਏਹੁ ਮੋਹੁ ਜਾਇ ॥
ਨਾਨਕ ਹਰਿ ਸਿਉ ਰਹੈ ਸਮਾਇ ॥6॥}

(ਅੰਗ - 356)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥2॥}

(ਅੰਗ - 9)

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥2॥}

(ਅੰਗ - 1)

{ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥

ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥1॥}

(ਅੰਗ - 1243)

ਜਦ ਤੱਕ ਅਸੀਂ ਸ਼ਬਦਾਂ ਦੀ ਕਥਨੀ ਤੇ ਕਰਨੀ ਵਿੱਚ ਫਰਕ ਨਹੀਂ ਸਮਝਦੇ ਤਦ ਤੱਕ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਨਾਲ ਜੁੜ ਹੀ ਨਹੀਂ ਸਕਦੇ। ਕਥਨੀ ਸਾਡੀ ਹਉਮੈ ਦੀ ਉਪਜ ਹੈ ਤੇ ਕਰਨੀ ਸਾਡੇ ਅੰਦਰ ਦੀ ਨਾਮ ਵਾਲੀ ਸਮਝ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਸਾਡੀ ਕਰਨੀ ਹੀ ਸਮਝਾਉਂਦਾ ਹੈ ਪਰ ਜਦ ਤੱਕ ਅਸੀਂ ਸ਼ਬਦਾਂ ਦੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝੀ ਜਾਵਾਂਗੇ ਤਦ ਤੱਕ ਨਾ ਅਸੀਂ ਮਨ ਦੇ ਭਰਮਾਂ ਵਿੱਚੋਂ ਨਿਕਲ ਸਕਦੇ ਹਾਂ ਤੇ ਨਾ ਹੀ ਇਸ ਤਰੀਕੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮਨ ਦੇ ਵਿੱਚ ਵਿਛੋੜਾ ਹੀ ਸਾਡੇ ਭਰਮਾਂ ਵਾਲੇ ਵਿਚਾਰ ਹਨ ਭਾਵ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਦੀ ਜੁਗਤਿ ਹੈ, ਤ੍ਰੈਗੁਣਾਂ ਵਾਲੀ ਸਮਝ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਸ਼ਬਦਾਂ ਦੇ ਗਿਆਨ ਦੇ ਨਾਲ ਜੁੜੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨੂੰ ਨਾ ਹੀ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਭਗਤੀ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ।

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥3॥}

(ਅੰਗ - 655)

ਹੁਣ ਤੱਕ ਕੀਤੀ ਗਈ ਸਾਰੀ ਚਰਚਾ, ਸ਼ਬਦਾਂ ਦੀ ਵਿਆਖਿਆ ਸਾਨੂੰ ਇਸ ਨਤੀਜੇ ਤੇ ਪਹੁੰਚਾਉਂਦੀ ਹੈ ਕਿ ਗੁਰਬਾਣੀ ਦੇ ਗਿਆਨ ਤੋਂ ਉੱਪਰ ਹੋਰ ਕੁੱਝ ਨਹੀਂ ਹੈ। ਗੁਰਬਾਣੀ ਵਿੱਚ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਵੱਸਦਾ ਹੈ, ਨਾਮ ਰੂਪ ਵਿੱਚ ਵੱਸਦਾ ਹੈ ਤੇ ਸਾਰੀ ਪ੍ਰਾਪਤੀ ਗੁਰਬਾਣੀ ਦੇ ਵਿੱਚੋਂ ਹੀ ਹੋਣੀ ਹੈ। ਜੇ ਕਿਸੇ ਨੂੰ ਉਸ ਪ੍ਰਮਾਤਮਾ ਦੀ ਲੋੜ ਹੈ ਜਿਸਦੀ ਗੱਲ ਗੁਰਬਾਣੀ ਵਿੱਚ ਕੀਤੀ ਗਈ ਹੈ, ਉਸ ਪ੍ਰਮਾਤਮਾ ਦੀ ਪ੍ਰਾਪਤੀ ਕੇਵਲ ਗੁਰਬਾਣੀ ਰਾਹੀਂ ਹੀ ਹੋ ਸਕਦੀ ਹੈ। ਦਾਸ ਨੂੰ ਤਾਂ ਕ੍ਰਿਪਾ ਇਸੇ ਬਾਣੀ ਤੋਂ ਹੀ ਹੋਈ ਹੈ। ਉਹ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਦਸਤਕ ਦਿੰਦਾ ਹੈ ਤੇ ਉਸ ਤੋਂ ਬਾਅਦ ਗਿਆਨ ਆਪੇ ਹੀ ਮਿਲੀ ਜਾਂਦਾ ਹੈ। ਦਾਸ ਨੇ ਨਾ ਕਦੇ ਕੋਈ ਟੀਕਾ ਪੜ੍ਹਿਆ ਹੈ, ਨਾ ਕੋਈ ਲਗਾਂ ਮਾਤਰਾਂ ਦਾ ਗਿਆਨ ਹੈ, ਨਾ ਕਦੇ ਕੋਈ ਆਸਣ ਕੀਤਾ ਹੈ, ਨਾ ਕਦੇ ਕੋਈ ਸਮਾਧੀ ਲਗਾਈ ਹੈ, ਬੱਸ ਕੇਵਲ ਉਸ ਪ੍ਰਮਾਤਮਾ ਤੇ ਉਹੋ ਜਿਹਾ ਭਰੋਸਾ ਕੀਤਾ ਹੈ ਜੋ ਬਿਆਨ ਤੋਂ ਬਾਹਰ ਹੈ। ਪੂਰਾ ਮਨ ਲਗਾ ਕੇ ਗੁਰਬਾਣੀ ਦਾ ਪਾਠ ਕੀਤਾ ਹੈ ਤੇ ਜਿਤਨੀ ਕੁ ਸਮਝ ਆਈ ਉਸ ਤੇ ਅਮਲ ਕੀਤਾ ਹੈ ਤੇ ਉਸ ਤੇ ਭਰੋਸਾ ਕੀਤਾ ਹੈ। ਜਦੋਂ ਤਨੋ ਮਨੋ ਗੁਰੂ ਦੀ ਮਤਿ ਤੇ ਭਰੋਸਾ ਕਰੋ ਤਾਂ ਹੀ ਉਸਦੀ ਕ੍ਰਿਪਾ ਹੁੰਦੀ ਹੈ। ਪ੍ਰਮਾਤਮਾ ਦੀ ਇਹ ਕ੍ਰਿਪਾ ਦਾਸ ਤੇ 17 ਅਪ੍ਰੈਲ 2010 ਨੂੰ ਹੋਈ ਸੀ ਜਿਵੇਂ ਕਿ ਇਸ ਗੱਲ ਦਾ ਜ਼ਿਕਰ ਲੇਖ ਦੇ ਸ਼ੁਰੂ ਵਿੱਚ ਕੀਤਾ ਹੋਇਆ ਹੈ। ਇਹ ਕ੍ਰਿਪਾ ਕਿਵੇਂ ਹੁੰਦੀ ਹੈ ਇਸ ਦਾ ਜ਼ਿਕਰ ਫਿਰ ਕਰਾਂਗੇ। ਉਹ ਮਨੁੱਖ ਨੂੰ ਪ੍ਰਤੱਖ ਤੌਰ ਤੇ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ ਤੇ ਤਾਂ ਹੀ ਮਨੁੱਖ ਨੂੰ ਪਤਾ ਲੱਗਦਾ ਹੈ ਕਿ ਮਨੁੱਖ ਕੁੱਝ ਵੀ ਨਹੀਂ ਹੈ। ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਚੱਲਦਾ ਹੈ। ਦਾਸ ਤੇ ਪ੍ਰਮਾਤਮਾ ਦੀ ਕਿਰਪਾ ਕਰਨ ਦਾ ਮਕਸਦ ਦਾਸ ਦੇ ਸਰੀਰ ਰਾਹੀਂ ਗੁਰਬਾਣੀ ਦੇ ਅਰਥ ਕਰਵਾਉਣ ਲਈ ਹੀ ਹੈ ਜੋ ਕਿ ਕਾਫੀ ਸਮੇਂ ਤੋਂ ਕੀਤੇ ਜਾ ਰਹੇ ਹਨ। ਇਹ ਲੇਖ ਦਾਸ ਦਾ ਲਿਖਿਆ ਹੋਇਆ ਨਹੀਂ ਹੈ। ਦਾਸ ਨੇ ਕੇਵਲ ਉਸਦੇ ਹੁਕਮ ਦਾ, ਅੱਖਰਾਂ ਦਾ ਉਚਾਰਨ ਹੀ ਕੀਤਾ ਹੈ। ਕੇਵਲ ਅੰਦਰ ਦੇ ਨਿਰਗੁਣ ਅੱਖਰਾਂ ਨੂੰ ਸਰਗੁਣ ਰੂਪ ਦਿੱਤਾ ਹੈ। ਇਹ ਸੱਚਾਈ ਕੇਵਲ ਉਹ ਕੁੱਝ ਜਨੇ ਹੀ ਜਾਣਦੇ ਹਨ ਜਿਨ੍ਹਾਂ ਸੱਜਣਾਂ ਦਾ ਦਾਸ ਦੇ ਨਾਲ ਕਾਫੀ ਨਜ਼ਦੀਕੀ ਰਿਸ਼ਤਾ ਹੈ, ਜਿਨ੍ਹਾਂ ਨੇ ਦਾਸ ਦੇ ਮੁੱਖੋਂ ਬੋਲੇ ਹੋਏ ਬੋਲਾਂ ਨੂੰ ਲਿਖਤੀ ਰੂਪ ਹੀ ਦਿੱਤਾ ਹੈ। ਹੋਰ ਕਿਸੇ ਲਈ ਇਸ ਗੱਲ ਤੇ ਯਕੀਨ ਕਰਨਾ ਬਹੁਤ ਬਹੁਤ ਔਖਾ ਹੈ। ਇਹ ਕਰਤਾਰ ਦੀ ਅਜਬ ਖੇਡ ਹੈ। ਉਸ ਦੀ ਖੇਡ ਨੂੰ ਸਮਝਣਾ ਬਹੁਤ ਔਖਾ ਹੈ। ਉਹ ਆਪ ਸਮਝਾਏ, ਤਾਂ ਹੀ ਸਮਝ ਆ ਸਕਦੀ ਹੈ। ਆਓ ਅਕਾਲ ਪੁਰਖ ਅੱਗੇ ਅਰਦਾਸ ਕਰੀਏ ਕਿ ਉਹ ਸਾਡੀ ਮਨਮਤਿ ਦੂਰ ਕਰਕੇ ਗੁਰਮਤਿ ਦੇਵੇ। ਕੇਵਲ ਇਸ ਵਿੱਚ ਹੀ ਸੁੱਖ ਹੈ, ਨਾਮ ਹੈ, ਪ੍ਰਮਾਤਮਾ ਆਪ ਹੈ।

ਪੂਰੀ ਗੁਰਬਾਣੀ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਉਸੇ ਤਰ੍ਹਾਂ ਹੀ ਪੂਰਨ ਸੱਚ ਹੈ ਜਿਸ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੇ ਹੀ ਲੱਗ ਸਕਦੀ ਹੈ ਤੇ ਵਿਸ਼ਵਾਸ ਆ ਸਕਦਾ ਹੈ। ਗੁਰਬਾਣੀ ਰਾਹੀਂ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਇਆ ਹੋਇਆ ਹੈ ਕਿ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ ਕਿਉਂਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਜੰਮਣ ਮਰਨ ਤੋਂ ਰਹਿਤ ਹੈ ਫਿਰ ਜਨਮ ਮਰਨ ਕਿਸ ਦਾ ਹੋਇਆ। ਗੁਰੂ ਸਾਨੂੰ ਸੱਚ ਸਮਝਾ ਰਹਿਆ ਹੈ ਪਰ ਇਸ ਗੱਲ ਤੇ ਵਿਸ਼ਵਾਸ ਤਾਂ ਹੀ ਆਉਂਦਾ ਹੈ ਜਦੋਂ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ, ਬੁੱਝ ਲੈਂਦਾ ਹੈ ਕਿ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੇ ਭਰਮ ਕਰਕੇ ਹੀ, ਹਉਮੈ ਕਰਕੇ ਹੀ ਆਪਣੇ ਆਪ ਨੂੰ ਮਨੁੱਖ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਜਿਸ ਰਾਹੀਂ ਸਾਨੂੰ ਪੂਰਨ ਸੱਚ ਹੀ ਸਮਝਾਇਆ ਹੋਇਆ ਹੈ ਪਰ ਉਸ ਤੇ ਵਿਸ਼ਵਾਸ ਕਰਨਾ ਸਭ ਦੇ ਵੱਸ ਤੋਂ ਬਾਹਰ ਦੀ ਗੱਲ ਹੈ ਕਿਉਂਕਿ ਸਾਡੇ ਮਨ ਦੀ ਸਮਝ ਸਾਨੂੰ ਵਿਸ਼ਵਾਸ ਨਹੀਂ ਆਉਣ ਦਿੰਦੀ। ਮਨ ਦੀ ਸਮਝ ਸਾਡੇ ਵੱਸ ਨਹੀਂ ਹੈ ਜਿਸਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ।

2/1

ਉੱਪਰ ਇਹ ਪੇਜ ਨੰਬਰ ਕਿਸ ਲਈ ਲਿਖੇ ਹੋਏ ਹਨ, ਕਿਸ ਮਕਸਦ ਲਈ ਲਿਖੇ ਜਾ ਰਹੇ ਹਨ ਇਸ ਗੱਲ ਦਾ ਖੁਲਾਸਾ ਬਾਅਦ ਵਿੱਚ ਕਰਾਂਗੇ।

“ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥੧॥
ਮੁਲਾਂ ਕਹਹੁ ਨਿਆਉ ਖੁਦਾਈ॥ ਤੇਰੇ ਮਨ ਕਾ ਭਰਮੁ ਨ ਜਾਈ॥੧॥ਰਹਾਉ॥
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ॥੨॥”

(ਅੰਗ ੧੩੫੦)

ਇਸ ਸ਼ਬਦ ਰਾਹੀਂ ਸਾਡੇ ਪ੍ਰਮਾਤਮਾ ਨੂੰ ਸਮਝਣ ਬਾਰੇ ਭਰਮ ਹੀ ਕੱਢੇ ਹੋਏ ਹਨ ਤੇ ਬੜੇ ਗਹਿਰੇ ਤਰੀਕੇ ਨਾਲ ਇਹ ਗੱਲ ਸਮਝਾਈ ਹੋਈ ਹੈ ਕਿ ਮਰਦਾ ਕੋਈ ਵੀ ਜੀਵ ਨਹੀਂ ਹੈ ਕਿਉਂਕਿ ਸਭ ਦੇ ਅੰਦਰ ਜੋਤਿ ਪ੍ਰਮਾਤਮਾ ਦੀ ਹੀ ਹੈ ਅਤੇ ਜੋਤਿ ਕਦੇ ਮਰ ਨਹੀਂ ਸਕਦੀ ਕਿਉਂਕਿ ਜੋਤਿ ਰੂਪ ਪ੍ਰਮਾਤਮਾ ਆਪ ਹੀ ਹੈ।

ਇੱਥੇ ਅਕਾਲ ਪੁਰਖ ਰੂਪ ਭਗਤ ਕਬੀਰ ਜੀ ਨੇ ਬੜੇ ਹੀ ਸੋਹਣੇ ਤਰੀਕੇ ਨਾਲ ਸਮਝਾਇਆ ਹੈ ਕਿ ਸਾਰੇ ਹੀ ਧਰਮ ਸ਼ਾਸਤਰ ਸਾਨੂੰ ਇਹ ਸਮਝਾਉਂਦੇ ਹਨ ਕਿ ਸਭ ਵਿੱਚ ਪ੍ਰਮਾਤਮਾ ਹੀ ਵਰਤਦਾ ਹੈ ਪਰ ਅਸੀਂ ਇਸ ਗੱਲ ਨੂੰ ਮੰਨਦੇ ਨਹੀਂ ਹਾਂ ਭਾਵ ਸਾਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਸਾਡੇ ਅੰਦਰ ਤੇ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ, ਅੱਲਾਹ ਆਪ ਹੀ ਹੈ, ਅਕਾਲ ਪੁਰਖ ਆਪ ਹੀ ਹੈ। ਅਸੀਂ ਕੇਵਲ ਉੱਪਰੋਂ-ਉੱਪਰੋਂ ਇਹ ਗੱਲ ਕਹਿ ਦਿੰਦੇ ਹਾਂ ਕਿ ਸਭ ਵਿੱਚ ਪ੍ਰਮਾਤਮਾ ਹੀ ਵੱਸਦਾ ਹੈ ਪਰ ਅਸੀਂ ਦਿਲੋਂ ਇਸ ਗੱਲ ਤੇ ਵਿਸ਼ਵਾਸ ਨਹੀਂ ਰੱਖਦੇ। ਸਾਰੇ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾ ਰਹੇ ਹਨ ਕਿ ਸਭ ਵਿੱਚ ਆਪ ਪ੍ਰਮਾਤਮਾ ਹੀ ਹੈ ਪਰ ਮਨੁੱਖ ਤ੍ਰੈਗੁਣਾਂ ਵਾਲੀ ਮਾਇਆ ਦੀ ਅਵੱਸਥਾ ਵਿੱਚ ਵਿਚਰਦਾ ਹੋਇਆ ਇਸ ਗੱਲ ਨੂੰ ਸਮਝ ਨਹੀਂ ਸਕਦਾ। ਜੇ ਮਨੁੱਖ ਆਪਣੇ ਦਿਲੋਂ ਇਸ ਗੱਲ ਨੂੰ ਮੰਨਦਾ ਹੋਵੇ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ ਤਾਂ ਫਿਰ ਉਹ ਮੁਰਗੀ ਨੂੰ ਨਾ ਮਾਰੇ ਕਿਉਂਕਿ ਮੁਰਗੀ ਵਿੱਚ ਵੀ ਪ੍ਰਮਾਤਮਾ ਹੀ ਹੈ, ਆਪ ਖੁਦਾ ਹੀ ਹੈ। **(ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥੧॥)** ਮਨੁੱਖ ਮੁਰਗੀ ਨੂੰ ਕੇਵਲ ਇਹ ਸੋਚ ਕੇ ਹੀ ਮਾਰਦਾ ਹੈ ਕਿ ਇਸ ਵਿੱਚ ਕਿਹੜਾ ਖੁਦਾ ਹੈ, ਇਹ ਕੇਵਲ ਇੱਕ ਮੁਰਗੀ ਹੀ ਹੈ। ਉਹ ਇਹ ਸੋਚ ਕੇ ਹੀ ਮੁਰਗੀ ਨੂੰ ਮਾਰਦਾ ਹੈ ਭਾਵ ਉਸ ਨੂੰ ਆਪਣੇ ਅੰਦਰ ਯਕੀਨ ਹੀ ਨਹੀਂ ਹੈ ਕਿ ਮੁਰਗੀ ਦੇ ਵਿੱਚ ਰੱਬ (ਖੁਦਾ) ਹੀ ਹੈ। ਹੁਣ ਅੱਗੇ ਮਨੁੱਖ

ਦਾ (ਮੁੱਲਾਂ ਦਾ) ਇਹ ਭਰਮ ਦੂਰ ਕੀਤਾ ਹੋਇਆ ਹੈ ਜਿਸ ਨੂੰ ਕਿ ਖੁਦਾ ਦਾ ਨਿਆਂ ਕਹਿ ਕੇ ਸਮਝਾਇਆ ਹੋਇਆ ਹੈ ਭਾਵ ਮੁਰਗੀ ਮਾਰਨ ਬਾਰੇ ਪ੍ਰਮਾਤਮਾ ਦਾ ਕੀ ਫੈਸਲਾ ਹੈ, ਇਹ ਸੁਣਾਇਆ ਹੋਇਆ ਹੈ। **"ਮੁਲਾਂ ਕਹਹੁ ਨਿਆਉ ਖੁਦਾਈ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ਰਹਾਉ॥"** ਖੁਦਾ ਦਾ ਫੈਸਲਾ ਇਹ ਸਮਝਾਇਆ ਹੈ ਕਿ ਮਨੁੱਖ ਭਰਮ ਵਿੱਚ ਹੈ। ਉਸ ਨੇ ਮੁਰਗੀ ਇਸ ਭਰਮ ਵਿੱਚ, ਅਗਿਆਨਤਾ ਵਿੱਚ ਮਾਰੀ ਹੈ ਕਿ ਮੁਰਗੀ ਵਿੱਚ ਕਿਹੜਾ ਖੁਦਾ ਬੈਠਾ ਹੈ ਭਾਵ ਇਹ ਮਨੁੱਖ ਦਾ ਭਰਮ ਭੁਲੇਖਾ ਹੀ ਹੈ ਕਿ ਮੁਰਗੀ ਵਿੱਚ ਖੁਦਾ ਨਹੀਂ ਹੈ। ਅਸਲ ਵਿੱਚ ਮੁਰਗੀ ਦੇ ਵਿੱਚ ਖੁਦਾ ਹੀ ਹੈ। **(ਤੇਰੇ ਮਨ ਕਾ ਭਰਮੁ ਨ ਜਾਈ॥੧॥ਰਹਾਉ॥)** ਇਹ ਭੁਲੇਖਾ ਅਗਲੀਆਂ ਪੰਗਤੀਆਂ ਵਿੱਚ ਬੜੇ ਹੀ ਸੋਹਣੇ ਤਰੀਕੇ ਨਾਲ ਕੱਢਿਆ ਹੋਇਆ ਹੈ। ਮਨੁੱਖ ਨੇ ਮੁਰਗੀ ਨੂੰ ਪਕੜ ਕੇ ਲਿਆਂਦਾ

2/2

(ਪਕਰਿ ਜੀਉ ਆਨਿਆ) ਫਿਰ ਪਕੜਨ ਤੋਂ ਬਾਅਦ ਮੁਰਗੀ ਨੂੰ ਮਾਰਿਆ **(ਦੇਹ ਬਿਨਾਸੀ)**। ਲੇਕਿਨ ਇਸ ਤਰੀਕੇ ਨਾਲ ਮਨੁੱਖ ਨੇ ਕੇਵਲ ਮਿੱਟੀ ਨੂੰ ਹੀ ਮਾਰਿਆ **(ਮਾਟੀ ਕਉ ਬਿਸਮਿਲਿ ਕੀਆ॥)**। ਸਮਝਾਇਆ ਇਹ ਹੋਇਆ ਹੈ ਕਿ ਮਨੁੱਖ ਨੇ ਕੇਵਲ ਮਿੱਟੀ ਨੂੰ ਹੀ ਮਾਰਿਆ ਹੈ, ਜੀਵ ਨੂੰ ਨਹੀਂ ਮਾਰਿਆ ਕਿਉਂਕਿ ਉਸਦੇ ਅੰਦਰ ਜੋ ਜੀਵ, "ਜੀਉ" ਹੈ, ਉਹ ਤਾਂ ਪ੍ਰਮਾਤਮਾ ਦੀ ਜੋਤਿ ਹੈ ਭਾਵ ਜੋ ਵੀ ਇਸ ਦੁਨੀਆਂ ਦੇ ਵਿੱਚ ਜੀਵ ਹੈ, ਉਹ ਪ੍ਰਮਾਤਮਾ ਦੀ ਜੋਤਿ ਹੀ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੀ ਹੈ। ਪ੍ਰਮਾਤਮਾ ਸਭ ਵਿੱਚ ਆਪਣੀ ਜੋਤਿ ਦੁਆਰਾ ਹੀ ਵਰਤਦਾ ਹੈ ਤੇ "ਜੋਤਿ" ਭਾਵ ਪ੍ਰਮਾਤਮਾ ਕਦੇ ਮਰ ਨਹੀਂ ਸਕਦਾ। ਜੋਤਿ ਤਾਂ ਸਰੀਰ ਵਿੱਚੋਂ ਨਿਕਲ ਕੇ ਜੋਤਿ ਵਿੱਚ ਹੀ ਰਲ ਜਾਂਦੀ ਹੈ **(ਜੋਤਿ ਸਰੂਪ ਅਨਾਹਤ ਲਾਗੀ)** ਇਸ ਕਰਕੇ ਮਰਦਾ ਕੇਵਲ ਸਰੀਰ ਹੀ ਹੈ ਜੋ ਕਿ ਮਿੱਟੀ ਦਾ ਪੁਤਲਾ ਹੀ ਹੈ। ਇਹ ਸਰੀਰ ਦੁਨਿਆਵੀ ਤੱਤਾਂ ਤੋਂ ਬਣਿਆ ਹੈ ਅਤੇ ਉਨ੍ਹਾਂ ਵਿੱਚ ਹੀ ਮਿਲ ਜਾਂਦਾ ਹੈ ਭਾਵ ਮਿੱਟੀ ਤੋਂ ਪੈਦਾ ਹੋ ਕੇ ਮਿੱਟੀ ਵਿੱਚ ਹੀ ਰਲ ਜਾਂਦਾ ਹੈ। ਜੋ ਸਾਡੇ ਅੰਦਰ ਜੋਤਿ ਹੈ ਉਹ ਹੀ ਸਾਡਾ "ਜੀਉ" ਹੈ, ਜਿਸਦੀ ਵਜ੍ਹਾ ਨਾਲ ਸਾਡੇ ਅੰਦਰ ਜੀਵਨ ਹੈ। ਉਹ ਜੋਤਿ ਜਿਸਦੀ ਹੈ ਉਸ ਵਿੱਚ ਹੀ ਰਲ ਜਾਂਦੀ ਹੈ ਭਾਵ ਪ੍ਰਮਾਤਮਾ ਦੀ ਜੋਤਿ ਪ੍ਰਮਾਤਮਾ ਵਿੱਚ ਹੀ ਮਿਲ ਜਾਂਦੀ ਹੈ। ਫਿਰ ਮਰਿਆ ਕੌਣ? ਮਨੁੱਖ ਨੇ ਮਾਰਿਆ ਕਿਸ ਨੂੰ? **(ਕਹੁ ਹਲਾਲੁ ਕਿਆ ਕੀਆ॥)** ਭਾਵ ਸਭ ਵਿੱਚ ਪ੍ਰਮਾਤਮਾ ਆਪ ਹੀ ਵਰਤਦਾ ਹੈ ਜਿਵੇਂ ਕਿ ਗੁਰਬਾਣੀ ਵਿੱਚ ਵਾਰ-ਵਾਰ ਸਮਝਾਇਆ ਗਿਆ ਹੈ ਲੇਕਿਨ ਇਸ ਗੱਲ 'ਤੇ ਵਿਸ਼ਵਾਸ ਆਉਣਾ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। ਇਹ ਵਿਸ਼ਵਾਸ ਮਨੁੱਖ ਨੂੰ ਤਾਂ ਹੀ ਆ ਸਕਦਾ ਹੈ ਜਦੋਂ ਉਸ ਪ੍ਰਮਾਤਮਾ ਦੀ ਕਿਰਪਾ ਹੋ ਜਾਵੇ, ਮਨੁੱਖ ਆਪਣੇ ਆਪ ਨੂੰ ਪਛਾਣ ਲਵੇ ਅਤੇ ਸਮਝ ਲੱਗ ਜਾਵੇ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ ਅਤੇ ਉਸ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਹੈ। **(ਸਭ ਕਿਛੁ ਆਪੇ ਆਪਿ)**। ਹਲਾਲੁ ਕਰਨ ਦੀ ਕਿਰਿਆ ਦੁਆਰਾ ਇਹ ਸਮਝਿਆ ਜਾਂਦਾ ਹੈ ਕਿ ਅੱਲਾਹ, ਪ੍ਰਮਾਤਮਾ ਇਸ ਕਿਰਿਆ ਦੁਆਰਾ ਪ੍ਰਸੰਨ ਹੁੰਦਾ ਹੈ ਪਰ ਹਲਾਲ ਤਾਂ ਅਸਲ ਵਿੱਚ ਕੋਈ ਹੁੰਦਾ ਹੀ ਨਹੀਂ ਭਾਵ ਕੇਵਲ ਸਾਡਾ ਭਰਮ ਹੈ। ਪ੍ਰਮਾਤਮਾ ਕੇਵਲ ਹੱਕ ਹਲਾਲ ਦੀ ਕਮਾਈ ਦੁਆਰਾ ਹੀ ਪ੍ਰਸੰਨ ਹੁੰਦਾ ਹੈ।

{ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥}

(ਅੰਗ ੧੪੧)

ਜਿਸ ਮੁਰਗੀ ਨੂੰ ਮਾਰਨ ਲਈ ਅਸੀਂ ਜੇਕਰ ਹਰਾਮ ਦੇ ਪੈਸੇ ਨਾਲ ਖਰੀਦਿਆ ਹੈ ਫਿਰ ਉਸਨੂੰ ਹਲਾਲ ਦੀ ਕਮਾਈ ਵਿੱਚ ਬਦਲ ਲਈਏ, ਕੋਈ ਧਾਰਮਿਕ ਮੰਤ੍ਰ ਪੜਨ ਦੁਆਰਾ ਬਦਲ ਲਈਏ ਇਹ ਕੇਵਲ ਸਾਡਾ ਭਰਮ ਹੈ। ਸਾਡੀ ਕਮਾਈ ਸੱਚੀ ਹੋਣੀ ਚਾਹੀਦੀ ਹੈ। ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਰਾਹੀਂ ਬੜੀ ਬਰੀਕੀ ਨਾਲ ਸਮਝਾਂਗੇ।

ਅਸੀਂ ਲੇਖ ਵਿੱਚ ਕਾਫੀ ਪਿੱਛੇ ਇਸ ਗੱਲ ਨੂੰ ਕੁੱਝ ਸ਼ਬਦਾਂ ਦੁਆਰਾ ਸਮਝਿਆ ਸੀ ਕਿ ਮਨੁੱਖ ਮਨ ਦੇ ਭਰਮ ਕਾਰਨ ਹੀ, ਹਉਮੈ ਕਾਰਨ ਹੀ ਆਪਣੇ ਆਪ ਨੂੰ ਮਨੁੱਖ ਸਮਝਦਾ ਹੈ ਭਾਵ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਜਨਮ ਮਰਣ ਵਿੱਚ ਸਮਝਦਾ ਹੈ। ਜਨਮ ਮਰਣ ਅਸਲ ਵਿੱਚ ਸਾਡੇ ਵਿਚਾਰ ਹੀ ਹਨ, ਭਰਮ ਵਾਲੇ ਵਿਚਾਰ ਹੀ ਹਨ, ਸਾਡੇ ਅੰਦਰ ਦੀ ਹਉਮੈ ਹੀ ਹੈ ਜੋ ਜੰਮਦੀ ਮਰਦੀ ਹੈ ਭਾਵ ਭਰਮ ਹੀ ਜੰਮਦਾ ਮਰਦਾ ਹੈ। ਜਦੋਂ ਮਨੁੱਖ ਦਾ ਭਰਮ ਦੂਰ ਹੋ ਜਾਂਦਾ ਹੈ ਤਾਂ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਤੇ ਮਨੁੱਖ ਨੂੰ ਵਿਸ਼ਵਾਸ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ

ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਗੁਰੂ ਸਾਨੂੰ ਬਿਲਕੁਲ ਸੱਚ ਹੀ ਸਮਝਾ ਰਹਿਆ ਹੈ ਕਿਉਂਕਿ ਉਹ ਪ੍ਰਮਾਤਮਾ ਨੂੰ ਜਾਣਦਾ ਹੈ, ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਹੈ ਹੀ ਸੱਚ ਰੂਪ ਦੇ ਵਿੱਚ। ਸੱਚ ਰੂਪ ਗੁਰੂ ਸੰਸਾਰ ਨੂੰ ਸੱਚ ਸਮਝਾਉਣ ਲਈ ਹੀ ਹੈ ਭਾਵ ਸੰਸਾਰ ਨੂੰ ਭਰਮਾਂ ਵਿੱਚੋਂ ਕੱਢਣ ਲਈ ਹੀ ਹੈ।

2/3

ਰਾਮਕਲੀ ਮਹਲਾ ੫ ॥

“ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥੧॥
ਕਉਨੁ ਮੂਆ ਰੇ ਕਉਨੁ ਮੂਆ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ
ਇਹੁ ਤਉ ਚਲਤੁ ਭਇਆ॥ ੧॥ਰਹਾਉ॥
ਅਗਲੀ ਕਿਛੁ ਖਬਰਿ ਨ ਪਾਈ॥ ਰੋਵਨਹਾਰੁ ਭਿ ਊਠਿ ਸਿਧਾਈ॥
ਭਰਮ ਮੋਹ ਕੇ ਬਾਂਧੇ ਬੰਧ॥ ਸੁਪਨੁ ਭਇਆ ਭਖਲਾਏ ਅੰਧ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ॥
ਨਹ ਕੋ ਮੂਆ ਨ ਮਰਣੈ ਜੋਗੁ॥ ਨਹ ਬਿਨਸੈ ਅਬਿਨਾਸੀ ਹੋਗੁ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥
ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥”

(ਅੰਗ ੮੮੫)

ਇਸ ਸ਼ਬਦ ਰਾਹੀਂ ਅਕਾਲ ਪੁਰਖ ਰੂਪ ਧੰਨ ਧੰਨ ਪੰਜਵੀਂ ਪਾਤਿਸ਼ਾਹੀ ਨੇ ਸੰਸਾਰ ਨੂੰ ਇਹ ਸਮਝਾਇਆ ਹੋਇਆ ਹੈ ਕਿ ਜਦੋਂ ਮਨੁੱਖ ਸਰੀਰ ਤਿਆਗਦਾ ਹੈ ਉਹ ਅਸਲ ਮੌਤ ਨਹੀਂ ਹੁੰਦੀ ਕਿਉਂਕਿ ਮਨੁੱਖ ਦੀ ਜਾਂ ਕਿਸੇ ਵੀ ਜੀਵ ਦੀ ਅਸਲ ਵਿੱਚ ਆਪਣੀ ਕੋਈ ਹੋਂਦ ਨਹੀਂ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨੁੱਖ ਦਾ ਜਾਂ ਕਿਸੇ ਹੋਰ ਦਾ ਹੋਣਾ ਇੱਕ ਭੁਲੇਖਾ ਹੀ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਕੇਵਲ ਇੱਕ ਖੇਡ ਹੀ ਹੈ, ਜਿਸ ਖੇਡ ਦਾ ਉਸਨੇ ਸਾਰੇ ਸੰਸਾਰ ਕੋਲੋਂ ਆਪ ਹੀ ਪੜਦਾ ਰੱਖਿਆ ਹੋਇਆ ਹੈ।

ਜਦੋਂ ਮਨੁੱਖ ਜਾਂ ਕੋਈ ਜੀਵ ਸਰੀਰ ਤਿਆਗਦਾ ਹੈ, ਸਾਡੇ ਅੰਦਰ ਜੋ ਸਵਾਸ ਰੂਪੀ ਪਵਨ ਹੈ ਉਹ ਪਵਨ ਵਿੱਚ ਸਮਾਅ ਜਾਂਦੀ ਹੈ ਤੇ ਜੋ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੈ, ਉਹ ਆਪਣੀ ਹੀ ਜੋਤਿ ਵਿੱਚ ਮਿਲ ਜਾਂਦੀ ਹੈ। ਮਨੁੱਖ ਜੋ ਕੁੱਝ ਵੀ ਹੈ ਇਸ ਜੋਤਿ ਦੁਆਰਾ ਹੀ ਹੈ, ਬਾਕੀ ਤਾਂ ਸਭ ਕੁੱਝ ਮਿੱਟੀ ਹੀ ਹੈ ਜੋ ਕਿ ਦੁਨਿਆਵੀ ਤੱਤਾਂ ਤੋਂ ਬਣਿਆ ਹੋਇਆ ਹੈ। ਮਿੱਟੀ ਦੇ ਤੱਤ ਮਿੱਟੀ ਵਿੱਚ ਰਲ ਜਾਂਦੇ ਹਨ। ਮਨੁੱਖੀ ਸਰੀਰ ਜਾਣ ਤੋਂ ਬਾਅਦ ਜੋ ਉਸਦੇ ਵਿਯੋਗ ਵਿੱਚ ਰੋਂਦੇ ਹਨ ਉਨ੍ਹਾਂ ਨੂੰ ਵੀ ਇਸ ਗੱਲ ਦੀ ਸਮਝ ਨਹੀਂ ਹੈ, ਉਨ੍ਹਾਂ ਦੀ ਕਿਹੜੀ ਟੇਕ ਹੈ ਭਾਵ ਆਸਰਾ ਹੈ ਜਿਸ ਦੁਆਰਾ ਉਹ ਸਮਝ ਸਕਣ ਕਿ ਕੌਣ ਮਰਿਆ ਹੈ। ਮਨੁੱਖ ਦੀ ਇੱਕੋ ਇੱਕ ਟੇਕ ਗੁਰੂ ਦੀ ਸੱਚੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੀ ਇਸ ਖੇਡ ਨੂੰ ਸਮਝ ਸਕਦਾ ਹੈ ਕਿ ਮਰਦਾ ਅਸਲ ਵਿੱਚ ਕੋਈ ਵੀ ਨਹੀਂ ਹੈ। ਹਰ ਕੋਈ ਪ੍ਰਮਾਤਮਾ ਦੀ ਇਸ ਖੇਡ ਦਾ ਹਿੱਸਾ ਹੈ। **(ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥ ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥੧॥)** ਅਸਲ ਵਿੱਚ ਮਰਦਾ ਕੋਈ ਵੀ ਨਹੀਂ ਹੈ ਕਿਉਂਕਿ ਜੋ ਸਾਡੇ ਅੰਦਰ ਜੋਤਿ ਹੈ, ਜੀਵਨ ਹੈ, ਉਹ ਪ੍ਰਮਾਤਮਾ

ਆਪ ਹੈ **{ਸਭ ਮਹਿ ਜੋਤਿ ਜੋਤਿ ਹੈ ਸੋਇ॥}** ਅੰਗ - ੧੩ । ਅਤੇ ਪ੍ਰਮਾਤਮਾ ਕਦੇ ਮਰ ਨਹੀਂ ਸਕਦਾ। ਇਹ ਕੇਵਲ ਮਨੁੱਖ ਦਾ ਭੁਲੇਖਾ ਹੀ ਹੈ ਜਿਵੇਂ ਕਿ ਪਿੱਛੇ ਵੀ ਸ਼ਬਦ ਵਿੱਚ ਸਮਝਾਇਆ ਹੋਇਆ ਹੈ। ਇਸ ਗੱਲ ਦੀ ਸੋਝੀ ਸਾਨੂੰ ਗੁਰੂ, ਪ੍ਰਮਾਤਮਾ ਜੋ ਕਿ ਆਪ ਬ੍ਰਹਮ ਗਿਆਨੀ ਹੈ ਉਸਦੇ ਨਾਲ ਮੇਲ ਦੁਆਰਾ ਹੀ ਪੈ ਸਕਦੀ ਹੈ, ਆਪਣੇ ਅੰਦਰੋਂ ਉਸ ਦੀ ਜੋਤਿ ਨੂੰ ਜਾਨਣ ਦੁਆਰਾ ਹੀ ਪੈ ਸਕਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦੀ ਆਪਣੀ ਹੋਂਦ ਕੇਵਲ ਭਰਮ ਹੀ ਹੈ। **(ਕਉਨੁ ਮੂਆ ਰੇ ਕਉਨੁ ਮੂਆ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ)** ਬ੍ਰਹਮ ਗਿਆਨੀ ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਆਪਣੇ ਬ੍ਰਹਮ ਗਿਆਨ ਦੁਆਰਾ ਵਿਚਰ ਰਿਹਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਇਹ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੀ ਹੈ ਤੇ ਅਸਲ ਵਿੱਚ ਮਨੁੱਖ ਦਾ ਆਪਣਾ ਕੋਈ ਵੱਖਰਾ ਵਜੂਦ ਨਹੀਂ ਹੈ, ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹ ਖੇਡ ਮਨੁੱਖ ਨੂੰ ਤਾਂ ਹੀ ਸਮਝ ਆ ਸਕਦੀ ਹੈ ਜਦੋਂ ਉਸ ਪ੍ਰਮਾਤਮਾ ਦੀ ਕਿਰਪਾ ਦੁਆਰਾ ਮਨੁੱਖ ਆਪਣੇ ਅੰਦਰੋਂ ਆਪਣੇ ਆਪ ਨੂੰ ਬੁੱਝ ਲੈਂਦਾ ਹੈ, ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਭਾਵ ਜਦੋਂ ਮਨੁੱਖ ਦਾ

2/4

ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਮਨੁੱਖ ਦੀ ਆਪਣੀ ਹੋਂਦ (ਹਉਮੈ) ਮਿਟ ਜਾਂਦੀ ਹੈ, ਮਨ ਦੀ ਅਗਿਆਨਤਾ ਮਿਟ ਜਾਂਦੀ ਹੈ ਤੇ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ ਤੇ ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੀ ਹੈ ਜੋ ਕਿ ਉਹ ਸਭ ਨੂੰ ਭਰਮ ਵਿੱਚ ਰੱਖ ਕੇ ਚਲਾ ਰਿਹਾ ਹੈ ਤੇ ਅਸਲ ਵਿਚ ਉਹ ਮਨੁੱਖੀ ਸਰੀਰ ਦੇ ਰੂਪ ਵਿੱਚ ਆਪ ਹੀ ਹੈ ਜੋ ਇਸ ਸਰੀਰ ਨੂੰ ਆਪਣੇ ਗਿਆਨ ਦੁਆਰਾ ਬਣਾ ਕੇ ਆਪ ਹੀ ਆਪਣੇ ਗਿਆਨ ਦੁਆਰਾ ਚਲਾ ਰਹਿਆ ਹੈ।

{ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ}

(ਅੰਗ ੯੨੧)

ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁੱਝਣ ਤੋਂ ਬਿਨ੍ਹਾਂ ਮਨੁੱਖ ਨੂੰ ਕਦੇ ਵੀ ਇਸ ਗੱਲ ਤੇ ਵਿਸ਼ਵਾਸ ਨਹੀਂ ਆ ਸਕਦਾ ਕਿ ਇਹ ਦੁਨੀਆਂ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ। ਇਸ ਖੇਡ ਦੀ ਸਮਝ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਲੱਗ ਸਕਦੀ ਹੈ, ਮਨੁੱਖ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ। **(ਇਹੁ ਤਉ ਚਲਤੁ ਭਇਆ॥ ੧॥ਰਹਾਉ॥)**

“ਅਗਲੀ ਕਿਛੁ ਖਬਰਿ ਨ ਪਾਈ॥ ਰੋਵਨਹਾਰੁ ਭਿ ਊਠਿ ਸਿਧਾਈ॥

ਭਰਮ ਮੋਹ ਕੇ ਬਾਂਧੇ ਬੰਧ॥ ਸੁਪਨੁ ਭਇਆ ਭਖਲਾਏ ਅੰਧ॥੨॥”

ਪ੍ਰਮਾਤਮਾ ਨੇ ਇਸ ਗੱਲ ਦੀ ਸੋਝੀ ਕਿਸੇ ਨੂੰ ਵੀ ਨਹੀਂ ਪਾਈ ਕਿ ਮਰਨ ਤੋਂ ਬਾਅਦ ਅੱਗੇ ਮਨੁੱਖ ਕਿੱਥੇ ਜਾਂਦਾ ਹੈ, ਕਿਵੇਂ ਜਾਂਦਾ ਹੈ। ਪ੍ਰਮਾਤਮਾ ਦਾ ਘਰ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ ਭਾਵ ਉਸਦਾ ਨਿਰੰਕਾਰ ਰੂਪ ਕੀ ਹੈ ਇਸ ਗੱਲ ਦੀ ਸੋਝੀ ਕੇਵਲ ਜਿਉਂਦੇ ਹੋਏ ਉਸ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੀ ਪੈ ਸਕਦੀ ਹੈ। ਜਿਸਨੂੰ ਪ੍ਰਮਾਤਮਾ ਦਾ ਨਿਰੰਕਾਰ ਰੂਪ ਪਤਾ ਚੱਲ ਜਾਂਦਾ ਹੈ ਉਹ ਫਿਰ ਮਰਨ ਤੋਂ ਰਹਿਤ ਹੋ ਜਾਂਦਾ ਹੈ ਕਿਉਂਕਿ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਮਰਦਾ ਅਸਲ ਵਿੱਚ ਕੋਈ ਵੀ ਨਹੀਂ ਹੈ। ਜਿਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ, ਉਹ ਭਰਮ ਵਿੱਚ ਹੀ ਆਪਣੀ ਹੋਂਦ ਨੂੰ ਸੱਚੀ ਸਮਝ ਕੇ ਇਸ ਦੁਨੀਆ ਵਿੱਚੋਂ ਜਾਣ ਨੂੰ ਮਰਨਾ ਸਮਝਦੇ ਹਨ ਕਿ ਅਸੀਂ ਵੀ ਇਸੇ ਤਰ੍ਹਾਂ ਇਸ ਸੰਸਾਰ ਤੋਂ ਚਲੇ ਜਾਣਾ ਹੈ ਭਾਵ ਸੱਚਾਈ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ ਤੇ ਹਰ ਕੋਈ ਭਰਮ ਵਿੱਚ ਹੀ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਆਪਣੀ ਖੇਡ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਸਾਡੇ ਅੰਦਰ ਬੰਧਨ ਇਸ ਭਰਮ ਮੋਹ ਦਾ ਹੀ ਹੈ ਤੇ ਇਹ ਭਰਮ ਦਾ ਬੰਧਨ, ਭਰਮ ਦੀ ਦੀਵਾਰ ਨਿਕਲੇ ਬਿਨ੍ਹਾਂ ਸਾਨੂੰ ਸੱਚਾਈ ਦੀ ਸਮਝ ਨਹੀਂ ਲੱਗ ਸਕਦੀ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ, ਇਹ ਸੰਸਾਰ ਇੱਕ ਸੁਪਨੇ ਦੀ ਤਰ੍ਹਾਂ ਹੈ। ਸੁਪਨਾ ਦੇਖਦੇ ਹੋਏ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਜੋ ਕੁੱਝ ਅਸੀਂ ਦੇਖ ਰਹੇ ਹਾਂ ਉਹ ਬਿਲਕੁਲ ਸੱਚ ਹੈ ਪਰ ਸੁਪਨਾ ਟੁੱਟਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਸਭ ਝੂਠ ਹੀ ਸੀ। ਇਸੇ ਤਰ੍ਹਾਂ ਜੋ ਕੁੱਝ ਸਾਨੂੰ ਸਰੀਰ ਦੇ ਰਾਹੀਂ ਜਾਗਦੇ ਹੋਏ ਨਜ਼ਰ ਆ ਰਿਹਾ ਹੈ, ਇਹ ਵੀ ਸੁਪਨੇ ਦੀ ਤਰ੍ਹਾਂ ਹੀ ਝੂਠਾ ਹੈ, ਅਸੀਂ ਜਾਗਦੇ

ਹੋਏ ਵੀ ਸੁਪਨਾ ਹੀ ਦੇਖ ਰਹੇ ਹਾਂ। ਸਾਨੂੰ ਹਰ ਹੋਂਦ ਪ੍ਰਮਾਤਮਾ ਤੋਂ ਵੱਖਰੀ ਨਜ਼ਰ ਆਉਂਦੀ ਹੈ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ। ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਭਾਵ ਪ੍ਰਮਾਤਮਾ ਨਾਲੋਂ ਵੱਖਰਾ ਸਮਝਦੇ ਹਾਂ ਪਰ ਇਹ ਹਕੀਕਤ ਨਹੀਂ ਹੈ। ਇਹ ਇੱਕ ਸੁਪਨੇ ਦੀ ਤਰ੍ਹਾਂ ਝੂਠੀ ਗੱਲ ਹੈ। ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਹਰ ਹੋਂਦ ਨੂੰ ਉਹ ਆਪ ਬਣਾ ਕੇ ਆਪ ਹੀ ਚਲਾ ਰਿਹਾ ਹੈ। ਹਰ ਵਸਤੂ ਦਾ ਮਾਲਕ ਉਹ ਆਪ ਹੀ ਹੈ, ਸਾਡੇ ਅੰਦਰ ਵੀ ਉਹ ਆਪ ਹੀ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ। ਇਹ ਹੀ ਸਾਡੇ ਅੰਦਰ ਭਰਮ ਦਾ ਬੰਧਨ ਹੈ, ਹਉਮੈ ਦਾ ਬੰਧਨ ਹੈ, ਤ੍ਰੈਗੁਣਾਂ ਦਾ ਬੰਧਨ ਹੈ, ਮਨ ਦੀ ਮਾਇਆ ਮੋਹ ਦਾ ਬੰਧਨ ਹੈ, ਅਗਿਆਨਤਾ ਦਾ ਬੰਧਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਭਰਮ ਵਿੱਚ ਰਹਿੰਦੇ ਸਾਨੂੰ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਤੇ ਭਰਮ ਵਿੱਚੋਂ ਨਿਕਲਣ ਤੋਂ ਬਾਅਦ ਸਿਵਾਇ ਪ੍ਰਮਾਤਮਾ ਦੇ ਕੋਈ ਨਜ਼ਰ ਨਹੀਂ ਆਉਂਦਾ। (**ਅਗਲੀ ਕਿਛੁ ਖਬਰਿ ਨ ਪਾਈ॥ ਰੋਵਨਹਾਰੁ ਭਿ ਊਠਿ ਸਿਧਾਈ॥**

ਭਰਮ ਮੋਹ ਕੇ ਬਾਂਧੇ ਬੰਧ॥ ਸੁਪਨੁ ਭਇਆ ਭਖਲਾਏ ਅੰਧ॥)

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥}

(ਅੰਗ ੧੪੨੭)

ਇਸ ਸੰਸਾਰ ਦੀ ਅਸਲੀਅਤ ਕੀ ਹੈ, ਇਸ ਗੱਲ ਨੂੰ ਧੰਨ ਧੰਨ ਨੌਵੀਂ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਉਪਰਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਹਰ ਕੋਈ ਸੁਪਨਾ ਹੀ ਦੇਖ ਰਿਹਾ ਹੈ ਤੇ ਜੋ ਕੁੱਝ ਹਰ ਕੋਈ ਸਮਝੀ ਬੈਠਾ ਹੈ ਉਹ ਝੂਠ ਹੈ, ਭਰਮ ਹੈ। ਜੋ ਕੁੱਝ ਵੀ ਅਸੀਂ ਆਪਣੀਆਂ ਅੱਖਾਂ ਦੁਆਰਾ ਦੇਖ ਰਹੇ ਹਾਂ ਜੇਕਰ ਸਾਨੂੰ ਸਭ ਕੁੱਝ ਭਗਵਾਨ ਹੀ ਨਜ਼ਰ ਆ ਰਹਿਆ ਹੈ ਤਾਂ ਇਹ ਸੱਚ ਹੈ ਤੇ ਜੇਕਰ ਭਗਵਾਨ ਤੋਂ ਬਿਨ੍ਹਾਂ ਕੁੱਝ ਹੋਰ ਨਜ਼ਰ ਆ ਰਹਿਆ ਹੈ ਫਿਰ ਇਹ ਸੱਚ ਨਹੀਂ ਹੈ ਭਾਵ ਇੱਕ ਸੁਪਨੇ ਦੀ ਤਰਾਂ ਝੂਠ ਹੈ। ਅਸੀਂ ਜੋ ਕੁੱਝ ਵੀ ਦੇਖਦੇ ਹਾਂ, ਅਸੀਂ ਉਸਨੂੰ ਉਹੀ ਕੁੱਝ ਸਮਝਦੇ ਹਾਂ ਭਾਵ ਪੰਛੀ ਨੂੰ ਪੰਛੀ ਸਮਝਦੇ ਹਾਂ, ਪੇੜ ਨੂੰ ਪੇੜ ਸਮਝਦੇ ਹਾਂ ਪਰ ਇਹ ਸੱਚ ਨਹੀਂ ਹੈ। ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਨੇ ਆਪ ਹੀ ਸਭ ਕੁੱਝ ਬਣਾਇਆ ਹੈ ਤੇ ਆਪ ਹੀ ਸਭ ਦੇ ਅੰਦਰ ਆਪਣੀ ਜੋਤਿ ਰੂਪ ਵਿੱਚ ਹੈ ਜਿਸ ਦੁਆਰਾ ਉਹ ਹਰ ਆਕਾਰ ਰੂਪ ਨੂੰ ਆਪ ਹੀ ਚਲਾ ਰਹਿਆ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨ ਦਾ ਭਰਮ ਨਿਕਲੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਤੇ ਮਨ ਦਾ ਭਰਮ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕੱਢਦਾ ਹੈ। ਇਹ ਭੁਲੇਖਾ ਹੀ ਸਾਡੀ "ਹਉਮੈ" ਹੈ ਭਾਵ ਸਾਡੀ "ਹਉਮੈ" ਦਾ, ਸਾਡੀ "ਮੈਂ" ਦਾ ਕਾਰਨ ਮਨ ਦਾ ਭਰਮ ਹੈ। ਇਹ ਭਰਮ ਕਿਸੇ ਦਾ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਜੋ ਮਨ ਦੇ ਵਿੱਚ ਹੀ ਬੈਠਾ ਹੈ। ਅਸਲ ਵਿੱਚ ਹਉਮੈ ਜੰਮਦੀ ਹੈ ਤੇ ਹਉਮੈ ਹੀ ਮਰਦੀ ਹੈ, ਸਹਸਾ ਹੀ ਜੰਮਦੀ ਹੈ ਤੇ ਸਹਸਾ ਹੀ ਮਰਦੀ ਹੈ, ਮਨੁੱਖ ਨਹੀਂ ਜੰਮਦਾ ਮਰਦਾ ਕਿਉਂਕਿ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਜਦ ਤੱਕ ਸਾਡੀ ਮਨ ਦੇ ਭਰਮ ਤੋਂ ਮੁਕਤੀ ਨਹੀਂ ਹੁੰਦੀ, ਮਨ ਦੇ ਇਸ ਬੰਧਨ ਤੋਂ ਮੁਕਤੀ ਨਹੀਂ ਹੁੰਦੀ ਤਦ ਤੱਕ ਸਾਡੀ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਨਹੀਂ ਹੁੰਦੀ ਜੋ ਆਵਾਗਉਣ ਸਾਡਾ ਮਨ ਦੇ ਵਿੱਚ ਹੀ ਹੈ, ਮਨ ਦੇ ਭਰਮਾਂ ਕਰਕੇ ਹੀ ਹੈ। ਇਸ ਗੱਲ ਨੂੰ ਹੋਰ ਸ਼ਬਦਾਂ ਦੁਆਰਾ ਵੀ ਦ੍ਰਿੜ ਕਰਾਂਗੇ।

ਇਹ ਸਾਰੀ ਖੇਡ, ਸਾਰੀ ਰਚਨਾ ਪ੍ਰਮਾਤਮਾ ਦੀ ਆਪਣੀ ਹੀ ਰਚੀ ਹੋਈ ਹੈ ਅਤੇ ਹਰ ਕੋਈ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਇਸ ਦੁਨੀਆਂ ਵਿੱਚ ਆ ਜਾ ਰਿਹਾ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਹੀ ਚੱਲ ਰਹਿਆ ਹੈ ਤੇ ਮਨ ਦੀ ਸਮਝ ਦੁਆਰਾ ਹੀ ਅਸੀਂ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦੇ ਹਾਂ, ਜਨਮ ਮਰਨ ਵਿੱਚ ਸਮਝਦੇ ਹਾਂ ਭਾਵ ਇਸ ਸਰੀਰ ਨੂੰ ਆਪਣਾ ਸਮਝਦੇ ਹਾਂ। ਨਾ ਹੀ ਅੱਜ ਤੱਕ ਕੋਈ ਜੀਵ ਮਰਿਆ ਹੈ ਅਤੇ ਨਾ ਹੀ ਕੋਈ ਜੀਵ ਮਰ ਸਕਦਾ ਹੈ। ਸਾਡੇ ਅੰਦਰ ਜੀਵ ਰੂਪ, ਜੋਤਿ ਰੂਪ ਪ੍ਰਮਾਤਮਾ ਆਪ ਹੀ ਹੈ ਜੋ ਕਿ ਨਿਰੰਕਾਰ ਰੂਪ ਹੈ ਤੇ ਨਿਰੰਕਾਰ ਰੂਪ ਕਦੇ ਬਿਨਸ ਨਹੀਂ ਸਕਦਾ। ਨਾਸ਼ਵਾਨ ਚੀਜ਼ ਕੇਵਲ ਸਰਗੁਣ ਰੂਪ ਹੈ, ਜੋ ਕਿ ਸਰੀਰ ਰੂਪ ਹੈ, ਜੋ ਕੇਵਲ ਇੱਕ ਮਿਟੀ ਦਾ ਪੁਤਲਾ ਹੈ। **(ਇਹੁ ਤਉ ਰਚਨੁ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ॥ ਨਹ ਕੋ ਮੂਆ ਨ ਮਰਣੈ ਜੋਗੁ॥ ਨਹ ਬਿਨਸੈ ਅਬਿਨਾਸੀ ਹੋਗੁ॥੩॥) "ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥"** ਅਸੀਂ ਜੋ ਕੁੱਝ

ਆਪਣੇ ਆਪ ਨੂੰ ਜਾਣਦੇ ਹਾਂ, ਸਮਝੀ ਬੈਠੇ ਹਾਂ ਭਾਵ ਅਸੀਂ ਆਪਣੇ ਸਰੀਰ ਨੂੰ ਆਪਣਾ ਸਮਝਿਆ ਹੋਇਆ ਹੈ ਪਰ ਅਸਲ ਵਿੱਚ ਇਹ ਠੀਕ ਨਹੀਂ ਹੈ ਭਾਵ ਸਾਨੂੰ ਆਪਣੇ ਆਪ ਦੀ ਪਹਿਚਾਣ ਨਹੀਂ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਸ ਲਈ ਸਾਨੂੰ ਉਸ ਗੁਰੂ ਤੋਂ ਹੀ ਸਦਕੇ ਜਾਣਾ ਚਾਹੀਦਾ ਹੈ ਕਿਉਂਕਿ ਉਹ ਹੀ ਇਹ ਸਭ ਕੁੱਝ ਜਾਣਦਾ ਹੈ, ਪ੍ਰਮਾਤਮਾ ਦੀ ਖੇਡ ਨੂੰ ਜਾਣਦਾ ਹੈ। (**ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥**) ਜਦੋਂ ਕਿਸੇ ਮਨੁੱਖ ਦਾ ਪ੍ਰਮਾਤਮਾ ਇਹ ਭਰਮ ਦੂਰ ਕਰ ਦਿੰਦਾ ਹੈ ਕਿ ਮੇਰੀ ਆਪਣੀ ਵੱਖਰੀ ਹੋਂਦ

2/5 ਅਤੇ 5-ਅ

ਨਹੀਂ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤਾਂ ਹੀ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਅਸਲ ਵਿੱਚ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਕੇਵਲ ਇੱਕ ਖੇਡ ਹੀ ਹੈ ਕਿਉਂਕਿ ਪ੍ਰਮਾਤਮਾ ਜੰਮਣ ਮਰਨ ਤੋਂ ਰਹਿਤ ਹੈ। ਸਰਗੁਣ ਸਰੂਪ ਵੀ ਉਸਦਾ ਆਪਣਾ ਹੀ ਬਣਾਇਆ ਹੋਇਆ ਹੈ, ਸਰੀਰ ਦਾ ਮਾਲਕ ਵੀ ਉਹ ਆਪ ਹੀ ਹੈ। ਮਨੁੱਖ ਆਪਣੇ ਆਪ ਵਿੱਚ ਕੇਵਲ ਇੱਕ ਭੁਲੇਖਾ ਹੀ ਹੈ। ਭੁਲੇਖਾ ਹੀ ਵਾਰ-ਵਾਰ ਆ ਜਾ ਰਿਹਾ ਹੈ। ਇਹ ਬਿਲਕੁਲ ਹਕੀਕਤ ਹੈ। **(ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥)** ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪਏ ਬਿਨ੍ਹਾਂ ਸਭ ਕੁੱਝ ਭਰਮ ਹੀ ਭਰਮ ਹੈ। ਹਰ ਕੋਈ ਭਰਮ ਵਿੱਚ ਹੀ ਹੈ।

{ਕਹੁ ਕਬੀਰ ਮਨਿ ਭਇਆ ਅਨੰਦਾ ॥
ਗਇਆ ਭਰਮੁ ਰਹਿਆ ਪਰਮਾਨੰਦਾ ॥੩॥}

(ਅੰਗ ੩੨੭)

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥}

(ਅੰਗ ੪੮੫)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥}

(ਅੰਗ ੨੮੭)

{ਹਰਿ ਬਿਨੁ ਦੂਜਾ ਨਾਹੀ ਕੋਇ ॥
ਸਰਬ ਨਿਰੰਤਰਿ ਏਕੋ ਸੋਇ ॥}

(ਅੰਗ ੨੮੭)

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥}

(ਅੰਗ ੧੩੮)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥੩॥}

(ਅੰਗ ੯੯੯)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ॥੧॥ਰਹਾਉ॥}

(ਅੰਗ ੭੫੨)

{ਤ੍ਰੈ ਗੁਣ ਕੀਆ ਪਸਾਰਾ॥ ਨਰਕ ਸੁਰਗ ਅਵਤਾਰਾ॥
ਹਉਮੈ ਆਵੈ ਜਾਈ॥}

(ਅੰਗ ੧੦੦੩)

{ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ॥੨॥}

(ਅੰਗ ੪੭)

ਅਸੀਂ ਕੁੱਝ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਨਾਮ ਦੀ ਸੋਝੀ ਨਾ ਹੋਣ ਦਾ ਵੱਡਾ ਕਾਰਨ ਕੱਚੀਆਂ ਬਾਣੀਆਂ, ਕੱਚੇ ਮਨੁੱਖਾਂ ਕੋਲੋਂ ਨਾਮ ਸਿੱਖਣ ਕਰਕੇ ਹੈ ਜਿਨ੍ਹਾਂ ਨੂੰ ਅਸੀਂ ਉੱਚਾ ਕਰਕੇ ਮੰਨਿਆ ਹੋਇਆ ਹੈ। ਸੱਚੀ ਬਾਣੀ ਕੇਵਲ ਗੁਰੂ ਦੀ ਬਾਣੀ ਹੈ ਜੋ ਉਸ ਸੱਚੇ ਪ੍ਰਮਾਤਮਾ ਦੇ ਕੋਲੋਂ ਆਈ ਹੈ, ਉਹਨਾਂ ਸਰੀਰਾਂ ਰਾਹੀਂ ਆਈ ਹੈ ਜਿੱਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਆਪ ਹੀ ਸਿੱਖਿਆ ਦਿੱਤੀ ਹੈ, ਆਪਣਾ ਨਾਮ ਬਖਸ਼ ਕੇ ਆਪ ਹੀ ਆਪਣਾ ਨਾਮ ਜਪਣਾ ਸਮਝਾਇਆ ਹੈ। ਸੱਚੀ ਤੇ ਕੱਚੀ ਬਾਣੀ ਵਿੱਚ ਭੇਦ ਸਮਝਣਾ ਸਾਡੇ ਲਈ ਬਹੁਤ ਜਰੂਰੀ ਹੈ ਤਾਂ ਜੋ ਅਸੀਂ ਸੱਚ ਨਾਲ ਜੁੜ ਸਕੀਏ। ਆਓ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ।

“ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥”

(ਅੰਗ ੯੨੦)

ਇਸ ਸ਼ਬਦ ਰਾਹੀਂ ਇਹ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜਦੋਂ ਅਸੀਂ ਗੁਰੂ ਨਾਲੋਂ ਭਾਵ ਗੁਰੂ ਦੀ ਬਾਣੀ ਨਾਲੋਂ ਟੁੱਟ ਕੇ ਕਿਸੇ ਹੋਰ ਦੀ ਬਾਣੀ ਨਾਲ ਜੁੜਦੇ ਹਾਂ ਤਾਂ ਸਾਨੂੰ ਭਗਤੀ ਦੀ ਸਹੀ ਸੋਝੀ ਨਹੀਂ ਪੈਂਦੀ। ਕੇਵਲ ਗੁਰੂ ਦੀ ਬਾਣੀ ਹੀ ਸੱਚੀ ਹੈ ਅਤੇ ਕੇਵਲ ਗੁਰਬਾਣੀ ਹੀ ਸਾਨੂੰ ਸੱਚੇ ਭਗਤੀ ਦੇ ਮਾਰਗ 'ਤੇ ਤੋਰ ਸਕਦੀ ਹੈ।ਕੇਵਲ ਗੁਰਬਾਣੀ ਹੀ ਸਾਨੂੰ ਸੱਚਾ ਮਾਰਗ ਦਿਖਾ ਸਕਦੀ ਹੈ। ਜਦੋਂ ਅਸੀਂ ਕਿਸੇ ਕੱਚੀ ਬਾਣੀ ਦੇ ਪਿੱਛੇ ਲੱਗ ਜਾਂਦੇ ਹਾਂ, ਕੱਚੇ ਮਨੁੱਖਾਂ ਦੇ ਪਿੱਛੇ ਲੱਗ ਜਾਂਦੇ ਹਾਂ, ਤਾਂ ਫਿਰ ਸਾਡਾ ਸੱਚੇ ਮਾਰਗ ਤੋਂ ਭਟਕਣਾ ਨਿਸ਼ਚਿਤ ਹੀ ਹੈ। ਸੱਚੀ ਬਾਣੀ ਨੇ ਸਾਨੂੰ ਕਿਹੋ ਜਿਹਾ ਹਰਿ ਹਰਿ ਕਹਿਣਾ ਸਿਖਾਇਆ ਹੈ ਇਹ ਅਸੀਂ ਕਾਫੀ ਸ਼ਬਦਾਂ ਦੁਆਰਾ ਜਾਣ ਚੁੱਕੇ ਹਾਂ ਲੇਕਿਨ ਕੱਚੀਆਂ ਬਾਣੀਆਂ ਦੇ ਪਿੱਛੇ ਲੱਗ ਕੇ, ਕੱਚੇ ਮਨੁੱਖਾਂ ਦੇ ਪਿੱਛੇ ਲੱਗ ਕੇ, ਇਧਰੋਂ-ਉਧਰੋਂ ਕੱਚੀਆਂ ਗੱਲਾਂ ਸੁਣ-ਸੁਣ ਕੇ ਅਸੀਂ ਉਹੋ ਜਿਹਾ ਹਰਿ ਹਰਿ ਕਰਦੇ ਹਾਂ ਜਿਹੜਾ ਕਿ ਇਸ ਸ਼ਬਦ ਵਿੱਚ ਸਮਝਾਇਆ ਹੋਇਆ ਹੈ। (**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**) **“ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥”**

ਜਿਹੜੇ ਮਨੁੱਖ ਗੁਰੂ ਦੀ ਗੱਲ ਤੋਂ ਬਿਨ੍ਹਾਂ ਭਾਵ ਜਿਸ ਗੱਲ ਤੇ ਗੁਰੂ ਦੀ ਮੋਹਰ ਨਹੀਂ ਹੈ, ਉਹ ਜਿਹੋ ਜਿਹੀਆਂ ਗੱਲਾਂ ਕਰਦੇ ਹਨ, ਉਹ ਸਭ ਕੱਚੀਆਂ ਹੀ ਹਨ ਭਾਵ ਉਨ੍ਹਾਂ ਵਿੱਚ ਮਨਮਤਿ ਹੈ। ਇਹੋ ਜਿਹੀਆਂ ਗੱਲਾਂ ਸੁਣਨ ਵਾਲੇ ਵੀ ਕੱਚੇ ਹੀ ਹਨ, ਇਨ੍ਹਾਂ ਕੱਚੀਆਂ ਗੱਲਾਂ ਪਿੱਛੇ ਲੱਗਣ ਵਾਲੇ ਵੀ ਕੱਚੇ ਹੀ ਹਨ ਤੇ ਇਹਨਾਂ ਨੂੰ ਮੰਨਣ ਵਾਲੇ ਵੀ ਕੱਚੇ ਹਨ। **(ਕਹਦੇ ਕਚੇ ਸੁਣਦੇ ਕਚੇ**

ਕਚੀ ਆਖਿ ਵਖਾਣੀ॥) ਇਹੋ ਜਿਹੇ ਕੱਚਿਆਂ ਦੇ ਪਿੱਛੇ ਲੱਗ ਕੇ ਅਸੀਂ ਕੇਵਲ ਮੁੱਖੋਂ ਹਰਿ ਹਰਿ ਜਪੀ ਜਾਂਦੇ ਹਾਂ ਮਗਰ ਇਹੋ ਜਿਹਾ ਜਪ ਕਰਨ ਨਾਲ ਸਾਨੂੰ ਗੁਰੂ ਦੀ ਗੱਲ ਕੀ ਸਮਝ ਆਈ, ਗੁਰੂ ਨੇ ਸਾਨੂੰ ਸਮਝਾਇਆ ਕੀ ਹੈ, ਸਿੱਖਿਆ ਕੀ ਦਿੱਤੀ ਹੈ, ਇਸ ਗੱਲ ਦੀ ਸਾਨੂੰ ਸਮਝ ਕੀ ਪਈ? **(ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥)**। "ਹਰਿ" ਦਾ ਮਕਸਦ ਸਾਨੂੰ ਆਪਣੀ ਗੱਲ ਸਮਝਾਉਣ ਲਈ ਹੈ।

2/6 ਅਤੇ 6-ਅ

ਸਾਰੀ ਬਾਣੀ ਦੇ ਵਿੱਚ "ਹਰਿ" ਆਪ ਹੀ ਹੈ। ਹਰ ਸ਼ਬਦ ਦੇ ਅੰਦਰ ਦੀ ਜੋ ਸਮਝ ਹੈ, ਉਸ ਸਮਝ ਦੇ ਵਿੱਚ ਆਪ "ਹਰਿ" ਹੈ। ਸ਼ਬਦਾਂ ਦੇ ਅੰਦਰ ਦੀ ਸਮਝ ਨੂੰ ਜਪਣਾ ਭਾਵ ਮੰਨਣਾ ਹਰਿ ਨੂੰ ਜਪਣਾ ਹੈ, ਮੰਨ ਕੇ ਉਸਤੇ ਅਮਲ ਕਰਨਾ ਹਰਿ ਹਰਿ ਕਰਨਾ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ - ੧੨੦)

ਗੁਰੂ ਨੇ ਜੋ ਗੱਲ ਬਾਣੀ ਵਿੱਚ ਸਮਝਾਈ ਹੈ, ਕੇਵਲ ਮੁੱਖੋਂ ਹਰਿ ਹਰਿ ਕਰਨ ਨਾਲ ਉਸ ਗੱਲ ਦੀ ਸੋਝੀ ਸਾਨੂੰ ਕਿਵੇਂ ਪੈ ਸਕਦੀ ਹੈ, ਗੁਰੂ ਦੀ ਗੱਲ ਦਾ ਮਨੋਰਥ ਸਾਨੂੰ ਕਿਵੇਂ ਸਮਝ ਲੱਗ ਸਕਦਾ ਹੈ। ਇੱਥੇ ਇੱਕ ਗੱਲ ਬਿਲਕੁਲ ਸਪੱਸ਼ਟ ਹੈ ਕਿ "ਹਰਿ ਹਰਿ" ਸਾਨੂੰ ਕੁੱਝ ਸਿਖਾਉਣ ਲਈ ਹੈ, ਸਾਨੂੰ ਸੋਝੀ ਪਾਉਣ ਲਈ ਹੈ ਭਾਵ "ਹਰਿ ਹਰਿ" ਮੁੱਖੋਂ ਰਟੀ ਜਾਣ ਲਈ ਨਹੀਂ ਹੈ।

ਜੇ ਗੁਰੂ ਦੀ ਗੱਲ ਸਮਝ ਨਹੀਂ ਆਈ ਜਾਂ ਅਸੀਂ ਸਮਝਣਾ ਹੀ ਨਹੀਂ ਚਾਹੁੰਦੇ ਤਾਂ ਉਸਨੂੰ ਮੰਨਾਗੇ ਕਿਵੇਂ? ਜੇ ਖਾਲ੍ਹੀ ਦਵਾਈ-ਦਵਾਈ ਕਰੀ ਜਾਈਏ ਪਰ ਦਵਾਈ ਖਾਈਏ ਨਾ ਤਾਂ ਉਸਦਾ ਅਸਰ ਕੀ ਹੋਵੇਗਾ? ਬਸ ਇਹੀ ਕੁੱਝ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਕਿ ਖਾਲੀ ਹਰਿ ਹਰਿ ਬੋਲਣ ਨਾਲ ਸਾਨੂੰ ਕੋਈ ਲਾਭ ਨਹੀਂ ਮਿਲ ਸਕਦਾ। ਲਾਭ ਤਾਂ ਗੁਰੂ ਦੀ ਗੱਲ ਤੇ ਅਮਲ ਕਰਨ ਨਾਲ ਹੀ ਮਿਲਣਾ ਹੈ। (**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥**)

ਇਹ ਵੀ ਸਮਝਾਇਆ ਹੈ ਕਿ ਇਹੋ ਜਿਹਾ ਜਪ ਕੇਵਲ ਮਾਇਆ ਦੀ ਜੁਗਤਿ ਦੁਆਰਾ ਉਲਝੇ ਹੋਏ, ਭਰਮੇ ਹੋਏ ਮਨੁੱਖ ਹੀ ਕਰਦੇ ਹਨ **(ਚਿਤੁ ਜਿਨ ਕਾ ਹਿਰਿ ਲਇਆ ਮਾਇਆ)** ਜੋ ਕਿ ਉਹਨਾਂ ਦੇ ਵੱਸ ਵਿੱਚ ਨਹੀਂ ਹੈ। ਮਨੁੱਖ ਉਹੀ ਕੁੱਝ ਕਰਦਾ ਹੈ ਜਿਹੋ ਜਿਹਾ ਗਿਆਨ ਉਸਨੂੰ ਆਪਣੇ ਅੰਦਰੋਂ ਮਿਲਦਾ ਹੈ ਅਤੇ ਮਨੁੱਖ ਨੂੰ ਉਹੀ ਕੁੱਝ ਠੀਕ ਲੱਗਦਾ ਹੈ। ਹਰ ਕੋਈ ਆਪਣੇ ਆਪ ਨੂੰ ਠੀਕ ਹੀ ਸਮਝਦਾ ਹੈ ਲੇਕਿਨ ਇਹ ਮਾਇਆ ਦੀ ਜੁਗਤਿ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਤੇ ਇਸ ਨੂੰ ਜਾਣਨਾ ਸਾਡੇ ਵੱਸ ਵਿੱਚ ਨਹੀਂ ਹੈ। ਪ੍ਰਮਾਤਮਾ ਆਪਣੀ ਪਾਈ ਹੋਈ ਉਲਝਣ ਵਿੱਚੋਂ ਆਪ ਹੀ ਕੱਢ ਸਕਦਾ ਹੈ, ਜੇ ਉਸਦੀ ਕ੍ਰਿਪਾ ਹੋ ਜਾਵੇ। ਪ੍ਰਮਾਤਮਾ ਦੀ ਕ੍ਰਿਪਾ ਦਾ ਪਾਤਰ ਬਣਨ ਲਈ ਗੁਰੂ ਦੀ ਗੱਲ ਨੂੰ ਮੰਨਣਾ ਹੀ ਪਵੇਗਾ, ਉਸਦੇ ਭਾਣੇ ਵਿੱਚ ਹੀ ਚੱਲਣਾ ਪਵੇਗਾ ਜਿਸ ਲਈ ਉੱਦਮ ਅਸੀਂ ਹੀ ਕਰਨਾ ਹੈ ਤੇ ਹੋਰ ਕੋਈ ਰਸਤਾ ਨਹੀਂ ਹੈ। ਖਾਲੀ ਹਰਿ ਹਰਿ ਕਰਨ ਨਾਲ, ਬੋਲਣ ਨਾਲ ਸਾਡਾ ਸਾਰਾ ਬੋਲਿਆ ਹੋਇਆ ਇਸ ਤਰੀਕੇ ਬੋਲਣਾ ਹੈ ਜਿਵੇਂ ਕਿ ਇਕ ਮਸ਼ੀਨ ਦੀ ਤਰ੍ਹਾਂ ਚੱਲੀ ਜਾਣਾ ਹੈ, ਦੌੜੀ ਜਾਣਾ ਹੈ। ਮਸ਼ੀਨ ਦੀ ਆਪਣੀ ਕੋਈ ਸਮਝ ਨਹੀਂ ਹੁੰਦੀ ਤੇ ਉਸਨੂੰ ਜਿਸ ਤਰੀਕੇ ਕੋਈ ਚਲਾਉਂਦਾ ਹੈ ਉਹ ਚਲੀ ਜਾਂਦੀ ਹੈ, ਦੌੜੀ ਜਾਂਦੀ ਹੈ। ਸਾਡਾ ਹਰਿ ਹਰਿ ਕਰੀ ਜਾਣਾ ਇਸੇ ਤਰੀਕੇ ਦਾ ਹੀ ਹੈ। ਜਿਵੇਂ ਸਾਨੂੰ ਕੱਚੀ ਮਤਿ ਵਾਲੇ ਸਮਝਾਉਂਦੇ ਹਨ ਅਸੀਂ ਉਸੇ ਤਰ੍ਹਾਂ ਚੱਲੀ ਜਾਂਦੇ ਹਾਂ, ਮੁੱਖੋਂ ਬੋਲੀ ਜਾਂਦੇ ਹਾਂ ਜਿਸਦਾ ਕੋਈ ਲਾਭ ਨਹੀਂ ਹੈ, ਅਸੀਂ ਮਨ ਦੀ ਮਾਇਆ ਰਾਹੀਂ ਭਾਵ ਮਨ ਦੀ ਅਗਿਆਨਤਾ ਰਾਹੀਂ ਚੱਲੀ ਜਾ ਰਹੇ ਹਾਂ ਜਦ ਕਿ ਮਕਸਦ ਤਾਂ ਗੁਰੂ ਦੀ ਗੱਲ ਨੂੰ ਸਮਝ ਕੇ ਉਸ ਅਨੁਸਾਰ ਆਪਣੀ ਮਤਿ ਨੂੰ ਬਦਲਣ ਦਾ ਹੈ। **(ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥)** ਅੰਗ - 920 । ਇਸ ਲਈ ਗੁਰੂ ਸਾਹਿਬ ਜੀ ਨੇ ਬੜਾ ਜ਼ੋਰ ਪਾ ਕੇ ਸਮਝਾਇਆ ਹੈ ਕਿ ਸੱਚੀ ਬਾਣੀ ਨੂੰ ਛੱਡ ਕੇ ਕਿਸੇ ਹੋਰ ਬਾਣੀ ਦੇ ਮਗਰ ਨਾ ਲੱਗ ਜਾਈਏ। ਇਸ ਤਰ੍ਹਾਂ ਕਰਨ ਨਾਲ ਸਾਡੇ ਪੱਲੇ ਕੇਵਲ ਉਲਝਣਾ ਹੀ ਪੈਣਗੀਆਂ ਅਤੇ ਅਸੀਂ ਸੱਚੇ ਮਾਰਗ ਤੋਂ ਭਟਕਦੇ ਹੀ ਰਹਾਂਗੇ। ਗੁਰੂ ਤੋਂ ਬਿਨ੍ਹਾਂ, ਗੁਰਬਾਣੀ ਤੋਂ ਬਿਨ੍ਹਾਂ ਹਰ ਕਿਸੇ ਦੀ ਮਤਿ ਕੱਚੀ ਹੈ ਭਾਵੇਂ ਅਸੀਂ ਆਪਣੀਆਂ ਨਜ਼ਰਾਂ ਵਿੱਚ ਕਿਸੇ ਨੂੰ ਕਿਤਨਾ ਵੀ ਉੱਚਾ, ਧਰਮ ਦੇ ਮਾਰਗ ਤੇ ਉੱਚਾ

ਸਮਝਦੇ ਹੋਈਏ। ਕੱਚਿਆਂ ਦੀ ਗੱਲ ਤੇ ਭਰੋਸਾ ਨਹੀਂ ਕਰਨਾ ਚਾਹੀਦਾ ਕਿਉਂਕਿ ਜਰੂਰੀ ਨਹੀਂ ਉਹਨਾਂ ਦੀ ਗੱਲ ਠੀਕ ਹੋਵੇ। ਕਿਸੇ ਦੀ ਵੀ ਗੱਲ ਨੂੰ ਪਰਖਣ ਲਈ ਸਾਡੇ ਕੋਲ ਇੱਕੋ ਇੱਕ ਕਸਵੱਟੀ "ਗੁਰਬਾਣੀ" ਹੈ। ਜੋ ਗੱਲ ਗੁਰਬਾਣੀ ਤੇ ਪੂਰੀ ਨਹੀਂ ਉੱਤਰਦੀ, ਉਹ ਗੱਲ ਕੱਚੀ ਹੈ, ਉਸਨੂੰ ਸੁਣਨ ਤੇ ਮੰਨਣ ਵਾਲੇ ਵੀ ਕੱਚੇ ਹਨ। ਜਿਨ੍ਹਾਂ ਨੇ ਸਾਨੂੰ ਹਰਿ ਹਰਿ ਜਪਣਾ ਸਿਖਾਇਆ ਹੈ, ਮੁੱਖੋਂ ਬੋਲੀ ਜਾਣਾ ਹੀ ਸਿਖਾਇਆ ਹੈ, ਕਿਸੇ ਅੱਖਰ ਨੂੰ ਬੋਲੀ ਜਾਣਾ, ਜਪੀ ਜਾਣਾ ਹੀ ਸਿਖਾਇਆ ਹੈ ਉਹ ਸਭ ਕੱਚੇ ਹੀ ਹਨ ਤੇ ਅਸੀਂ ਕੱਚਿਆਂ ਪਿੱਛੇ ਲੱਗ ਕੇ ਕੱਚੇ ਬਣੇ ਹੋਏ ਹਾਂ। ਆਓ ਗੁਰੂ ਦੇ ਲੜ ਲੱਗੀਏ, ਕੱਚਿਆਂ ਨਾਲੋਂ ਤੋੜੀਏ ਤੇ ਪੱਕੇ ਦੇ ਲੜ, ਸੱਚੇ ਦੇ ਲੜ ਲੱਗੀਏ। ਜਿਨ੍ਹਾਂ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ, ਉਸਦੇ ਨਿਰਗੁਣ ਰੂਪ ਦੇ, ਗਿਆਨ ਰੂਪ ਦੇ ਦਰਸ਼ਨ ਨਹੀਂ ਹੋਏ ਭਾਵ ਗਿਆਨ ਦੇ ਮਾਲਕ ਦੇ ਦਰਸ਼ਨ ਨਹੀਂ ਹੋਏ ਭਾਵ ਜਿਨ੍ਹਾਂ ਨੇ ਆਪਣੇ ਮਨ ਨੂੰ ਨਹੀਂ ਜਾਣਿਆ ਉਹ ਸਭ ਕੱਚੇ ਹੀ ਹਨ, ਉਹਨਾਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਵੀ ਨਾਮ ਨੂੰ ਸਮਝਣ ਵਿੱਚ, ਸ਼ਬਦਾਂ ਦੇ ਅੰਦਰ ਦੇ ਪੂਰਨ ਸੱਚ ਨੂੰ ਸਮਝਣ ਵਿੱਚ ਕੱਚੀਆਂ ਹੀ ਹਨ। (**ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**)

2/7 ਅਤੇ 7-ਅ

ਅਸੀਂ ਨਾਮ ਜਪਣ ਲਈ ਆਪਣਾ ਸਾਰਾ ਭਰੋਸਾ ਗੁਰ ਮੰਤ੍ਰ ਤੇ ਟਿਕਾਇਆ ਹੋਇਆ ਹੈ ਜਿਸਨੂੰ ਅਸੀਂ ਅੱਖਰ ਦਾ ਜਪ ਸਮਝਿਆ ਹੋਇਆ ਹੈ। ਗੁਰੂ ਦੇ ਮੰਤ੍ਰ ਦੀ ਕਮਾਈ ਕਰਨੀ ਕੀ ਹੈ ਇਹ ਭੁਲੇਖਾ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਦੂਰ ਕੀਤਾ ਹੈ ਤੇ ਹੇਠ ਦਿੱਤੇ ਸ਼ਬਦ ਨੂੰ ਪੜ੍ਹਨ ਤੋਂ ਬਾਅਦ ਪੂਰੀ ਤਰ੍ਹਾਂ ਨਿਕਲ ਜਾਵੇਗਾ, ਹਰ ਕਿਸੇ ਦਾ ਭੁਲੇਖਾ ਨਿਕਲ ਜਾਵੇਗਾ, ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ।

ਆਸਾ ਮਹਲਾ ਪ ॥

“ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ॥੧॥ਰਹਾਉ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥੩॥੨੯॥”

(ਅੰਗ ੩੭੭)

ਧੰਨੁ ਧੰਨੁ ਪੰਜਵੀਂ ਪਾਤਿਸ਼ਾਹੀ ਸਾਨੂੰ ਅਕਾਲ ਪੁਰਖ ਦੇ ਬੁਲਵਾਏ ਹੋਏ ਬੋਲ ਬੋਲਣ ਦੁਆਰਾ ਕਿਹੋ ਜਿਹਾ ਮੰਤ੍ਰ ਜਪਣਾ ਸਿਖਾ ਰਹੇ ਹਨ, ਆਉ ਇਸ ਗੱਲ ਨੂੰ ਸਮਝੀਏ ਤੇ ਭਰਮਾਂ ਵਿੱਚੋਂ ਨਿਕਲੀਏ ਜੋ ਭਰਮ ਸਾਡੇ ਅੰਦਰ ਕੱਚਿਆਂ ਨੇ ਪਾਏ ਹੋਏ ਹਨ।

ਇਸ ਸ਼ਬਦ ਦੀ ਵਿਚਾਰ ਕਰਨ ਤੋਂ ਬਾਅਦ ਇਹ ਸਮਝ ਲੱਗ ਜਾਵੇਗੀ ਕਿ ਗੁਰਮੰਤ੍ਰ ਕੀ ਹੈ ਅਤੇ ਮੰਤਰ ਨੂੰ ਕਮਾਉਣਾ ਕੀ ਹੈ, ਸ਼ਬਦ ਦੀ ਕਮਾਈ ਕੀ ਹੈ।

ਸਾਰੀ ਗੱਲ ਔਗੁਣਾਂ ਦੇ ਤਿਆਗ ਦੀ ਕੀਤੀ ਹੋਈ ਹੈ। ਸਾਡੀ ਪ੍ਰਮਾਤਮਾ ਨਾਲੋਂ ਦੂਰੀ ਸਾਡੇ ਔਗੁਣਾਂ ਕਰਕੇ ਹੀ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ। ਇਹ ਔਗੁਣਾਂ ਵਿੱਚ ਵਿਚਰਨਾ ਹੀ ਦੁਰਮਤਿ ਹੈ ਤੇ ਇਸ ਦੁਰਮਤ ਨੂੰ ਛੱਡ ਕੇ ਗੁਰੂ ਦੀ ਮਤਿ ਲੈ ਕੇ ਜੀਵਨ ਵਿੱਚ ਵਿਚਰਨ ਲਈ ਪ੍ਰੇਰਿਆ ਹੋਇਆ ਹੈ। ਗੁਰੂ ਦੀ ਆਗਿਆ ਗੁਰੂ ਦੇ ਬਚਨਾਂ ਨੂੰ ਮੰਨਣ ਦੀ ਹੈ, ਆਪਣੇ ਮਨ ਨੂੰ ਸ਼ੁੱਧ ਕਰਨ ਦੀ ਹੈ ਅਤੇ ਵਿਸ਼ਿਆਂ ਦੀ ਪਿਆਸ ਨੂੰ ਨਿਵਾਰਨ ਲਈ ਹੈ। ਇਸ ਤਰ੍ਹਾਂ ਕਰਨ ਨਾਲ ਹੀ ਮਨੁੱਖ ਗੁਰੂ ਦਾ ਦਾਸ ਬਣ ਸਕਦਾ ਹੈ। ਗੁਰੂ ਦੀ ਆਗਿਆ ਨੂੰ ਮੰਨ ਕੇ, ਗੁਰੂ ਦੇ ਭਾਣੇ ਵਿੱਚ ਚੱਲ ਕੇ ਆਪਣੇ ਚੰਗੇ ਆਚਰਣ ਤੇ ਵਿਵਹਾਰ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ, ਉਸਦੀ ਸੇਵਾ ਹੋ ਸਕਦੀ ਹੈ, ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ, ਪ੍ਰਮਾਤਮਾ ਦੇ ਦਰ ਤੇ ਸ਼ੋਭਾ ਮਿਲ ਸਕਦੀ ਹੈ। ਸਾਰੀ ਗੱਲ ਔਗੁਣ ਛੱਡਣ ਦੀ ਹੈ, ਆਪਣੀ ਮਾੜੀ ਮਤਿ ਭਾਵ ਦੁਰਮਤਿ, ਮਨਮਤਿ ਛੱਡਣ ਦੀ ਹੈ, ਆਪਣੀ ਭਰਮਾਂ ਵਾਲੀ ਨਾ-ਸਮਝ ਮਤਿ ਛੱਡਣ ਦੀ ਹੈ ਤਾਂ ਜੋ ਅਸੀਂ ਚੰਗੇ ਇਨਸਾਨ ਬਣਕੇ, ਚੰਗੇ ਕਰਮ ਕਰਨ ਦੁਆਰਾ ਸੰਸਾਰ ਵਿੱਚ ਕਾਰ ਵਿਹਾਰ ਕਰੀਏ। **(ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥ ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ॥ ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ॥੧॥ਰਹਾਉ॥ ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥ ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥੨॥ ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥)** ਬੜਾ ਸਪੱਸ਼ਟ ਸਮਝਾਇਆ ਹੈ ਕਿ ਜੋ ਇਸ ਉੱਪਰ ਲਿਖੇ ਅਸੂਲਾਂ ਤੇ ਚੱਲਦਾ ਹੈ, **(ਜੋ ਇਹੁ ਮੰਤ੍ਰੁ ਕਮਾਵੈ ਨਾਨਕ)** ਪ੍ਰਮਾਤਮਾ ਉਸਨੂੰ ਭਵਸਾਗਰ ਤੋਂ ਪਾਰ ਕਰ ਦਿੰਦਾ

ਹੈ ਭਾਵ ਆਵਾਗਉਣ ਤੋਂ ਮੁਕਤੀ ਮਿਲ ਜਾਂਦੀ ਹੈ। **(ਸੋ ਭਉਜਲੁ ਪਾਰਿ ਉਤਾਰੀ॥੩॥੨੮॥)**

ਹੁਣ ਧਿਆਨ ਨਾਲ ਵਿਚਾਰੀਏ ਕਿ ਗੁਰੂ ਦੀ ਭਗਤੀ ਕੀ ਹੈ? ਉੱਪਰ ਦਿੱਤੇ ਸਾਰੇ ਸ਼ਬਦ ਵਿੱਚ ਕੋਈ ਨਾਮ ਜਪਣ ਦੀ ਗੱਲ ਨਹੀਂ ਕੀਤੀ ਗਈ ਹੈ ਮਗਰ ਫਿਰ ਵੀ ਗੁਰੂ ਦੀ ਆਗਿਆ ਮੰਨਕੇ, ਵਿਕਾਰ ਛੱਡਣ ਦੁਆਰਾ ਮੁਕਤੀ ਦੀ ਪ੍ਰਾਪਤੀ ਦੱਸੀ ਗਈ ਹੈ। ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਨਾਮ ਜਪਣ ਬਿਨ੍ਹਾਂ ਮੁਕਤੀ ਨਹੀਂ ਹੈ ਫਿਰ ਇਸ ਸ਼ਬਦ ਦੁਆਰਾ ਦੱਸੇ ਗਏ ਮੰਤ੍ਰ ਵਿੱਚ ਅਤੇ ਨਾਮ ਜਪਣ ਵਿੱਚ ਕੀ ਫਰਕ ਹੈ? ਫਰਕ ਕੋਈ ਵੀ ਨਹੀਂ ਹੈ, ਇੱਕੋ ਗੱਲ ਹੈ। ਫਰਕ ਸਿਰਫ ਗੁਰੂ ਦੀ ਗੱਲ ਨੂੰ ਸਮਝਣ ਵਿੱਚ ਹੈ। ਸਾਡਾ ਨਿਸਤਾਰਾ ਗੁਰੂ ਦੀ ਆਗਿਆ ਮੰਨਣ ਵਿੱਚ ਹੈ ਤੇ ਗੁਰੂ ਸਾਨੂੰ ਔਗੁਣਾਂ ਦਾ ਤਿਆਗ ਕਰਕੇ ਚੰਗੇ ਕਰਮ ਕਰਨ ਲਈ ਪ੍ਰੇਰਣਾ ਕਰ ਰਿਹਾ ਹੈ। ਇਹੀ ਨਾਮ ਜਪਣਾ ਹੈ,

2/8

ਇਹ ਹੀ ਮੰਤ੍ਰ ਦੀ ਕਮਾਈ ਹੈ, ਇਹ ਹੀ ਸ਼ਬਦ ਦੀ ਕਮਾਈ ਹੈ, ਇਹ ਹੀ ਭਗਤੀ ਹੈ। ਪੂਰੀ ਬਾਣੀ ਸਾਨੂੰ ਇਹੋ ਜਿਹਾ ਗੁਰਮੰਤ੍ਰ ਹੀ ਸਮਝਾ ਰਹੀ ਹੈ। ਪੂਰੀ ਬਾਣੀ ਗੁਰਮੰਤ੍ਰ ਹੈ, ਨਾਮ ਹੈ। (**ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥**) ਅੰਗ - 1208 । ਆਪਣੇ ਆਪ ਨੂੰ ਵੱਡੇ ਤੋਂ ਵੱਡੇ ਸਿਆਣੇ ਅਖਵਾਉਣ ਵਾਲੇ ਵੀ ਇਸ ਸ਼ਬਦ ਨੂੰ ਪੜ੍ਹ, ਸਮਝ ਕੇ ਦੱਸਣ ਕਿ ਮੰਤ੍ਰ ਦੀ ਕਮਾਈ ਕਰਨੀ ਕੀ ਹੈ। ਅਸੀਂ ਕਿਹੋ ਜਿਹੇ ਮੰਤ੍ਰ ਦੀ, ਸ਼ਬਦ ਦੀ ਕਮਾਈ ਕਰਨ ਤੇ ਲੱਗੇ ਹੋਏ ਹਾਂ, ਇਸ ਗੱਲ ਨੂੰ ਬੜੇ ਧਿਆਨ ਨਾਲ ਸਮਝੋ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ ਮੁੱਖੋਂ ਇੱਕ ਅੱਖਰ ਨੂੰ ਬੋਲੀ ਜਾਣਾ ਕੇਵਲ ਕੱਖ ਕੁੱਟਣ ਵਾਲੀ ਗੱਲ ਹੈ, ਕੋਈ ਸ਼ਬਦ ਦੀ, ਨਾਮ ਦੀ ਕਮਾਈ ਨਹੀਂ ਹੈ। ਸ਼ਬਦ ਦੀ ਕਮਾਈ ਕਰਨੀ ਹੈ ਤੇ ਪਹਿਲੇ ਵਿਕਾਰਾਂ ਨੂੰ ਛੱਡੋ, ਦੁਰਮਤਿ ਨੂੰ ਛੱਡੋ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਗਿਆ ਹੈ। ਗੁਰੂ ਦੀ ਆਗਿਆ ਹੀ, ਗੁਰੂ ਦਾ ਉਪਦੇਸ਼ ਹੀ, ਗੁਰੂ ਦੇ ਬਚਨ ਹੀ ਗੁਰੂ ਦਾ ਮੰਤ੍ਰ ਹੈ ਜੋ ਕਿ ਬੜਾ ਸਪੱਸ਼ਟ ਹੈ। ਗੁਰੂ ਦੇ ਬਚਨ ਸਾਨੂੰ ਕੀ ਸਮਝਾ ਰਹੇ ਹਨ, ਇਹ ਵੀ ਬੜਾ ਸਪੱਸ਼ਟ ਹੈ ਜੋ ਕਿ ਆਪਣੇ ਔਗੁਣ ਤਿਆਗਣ ਦੇ ਲਈ ਹਨ ਜਿਨ੍ਹਾਂ ਬਚਨਾਂ ਨੂੰ ਮੰਨਣ ਦੁਆਰਾ ਹੀ ਅਸੀਂ ਆਪਣੇ ਦੁੱਖਾਂ ਵਿੱਚੋਂ ਨਿਕਲ ਸਕਦੇ ਹਾਂ, ਭਰਮਾਂ ਵਾਲੇ ਮਾੜੇ ਵਿਚਾਰਾਂ ਵਿੱਚੋਂ ਨਿਕਲ ਸਕਦੇ ਹਾਂ ਜਿਨ੍ਹਾਂ ਦੇ ਰਹਿੰਦਿਆਂ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ। ਗੁਰੂ ਦੇ ਬਚਨਾਂ ਨੂੰ ਸੁਣਨ ਦਾ ਮਕਸਦ ਬਚਨਾਂ ਨੂੰ ਮੰਨਣ ਨਾਲ ਹੀ ਹੈ। (**ਸੁਣਿ ਸੁੰਦਰਿ ਸਾਧੂ ਬਚਨ ਉਧਾਰੀ॥ ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ॥੧॥ਰਹਾਉ॥**) **(ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥ ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥)** ਬੜਾ ਸਪੱਸ਼ਟ ਹੈ ਕਿ ਅਸੀਂ ਪ੍ਰਮਾਤਮਾ ਨੂੰ ਤਾਂ ਹੀ ਪਿਆਰੇ ਲੱਗ ਸਕਦੇ ਹਾਂ ਜੇਕਰ ਅਸੀਂ ਆਪਣੇ ਅੰਦਰੋਂ ਵਿਕਾਰਾਂ ਨੂੰ ਤਿਆਗਕੇ ਭਾਵ ਅਸੀਂ ਕੋਈ ਮਾੜਾ ਕਰਮ ਨਹੀਂ ਕਰਦੇ। ਪ੍ਰਮਾਤਮਾ ਸਾਡੀ ਚੰਗੀ ਕਰਨੀ ਤੇ ਹੀ ਖੁਸ਼ ਹੁੰਦਾ ਹੈ ਨਾ ਕਿ ਕਿਸੇ ਅੱਖਰ ਨੂੰ ਬੋਲੀ ਜਾਣ ਨਾਲ।

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥}

(ਅੰਗ ੧੧੯੯)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥}

(ਅੰਗ ੫੭੮)

ਅਸੀਂ ਲੇਖ ਵਿੱਚ ਪਿੱਛੇ ਥੋੜਾ ਜਿਹਾ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ "ਭੈ" ਕੀ ਹੈ, "ਭਉ" ਕੀ ਹੈ ਭਾਵ ਗੁਰੂ ਦੇ ਭੈ ਨੂੰ, ਭਉ ਨੂੰ ਮੰਨਣਾ ਕੀ ਹੈ। ਹੇਠ ਦਿੱਤੇ ਸ਼ਬਦ ਵਿੱਚ ਸਾਨੂੰ "ਭੈ" ਹੀ ਸਮਝਾਇਆ ਹੋਇਆ ਜਿਸਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ "ਭੈ" ਦੀ, "ਭਉ" ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਗੁਰੂ ਦੇ ਭੈ ਨੂੰ ਮੰਨਣਾ ਹੀ

ਅਸਲ ਵਿੱਚ ਨਾਮ ਜਪਣਾ ਹੈ।

“ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ॥੧॥
ਬਾਬਾ ਮੈ ਕੁਚੀਲੁ ਕਾਚਉ ਮਤਿਹੀਨ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ॥੧॥ਰਹਾਉ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ॥੨॥”

(ਅੰਗ ੧੦੧੦)

ਇਸ ਸ਼ਬਦ ਦੀ ਵਿਚਾਰ ਬਹੁਤ ਹੀ ਗਹਿਰੀ ਹੈ। ਇਸ ਸ਼ਬਦ ਦੀ ਅਗਰ ਸਮਝ ਲੱਗ ਜਾਵੇਗੀ ਤਾਂ ਨਾਮ ਦੀ ਸਮਝ ਵੀ ਜਰੂਰ ਲੱਗ ਜਾਵੇਗੀ। ਇੱਥੇ ਪ੍ਰਮਾਤਮਾ ਨੂੰ ਪਾਉਣ ਦਾ, ਨਾਮ ਦੀ ਪ੍ਰਾਪਤੀ ਦਾ ਰਸਤਾ ਸਮਝਾਇਆ ਹੋਇਆ ਹੈ ਜਿਸ ਤੋਂ ਇਲਾਵਾ ਹੋਰ ਕੋਈ ਰਸਤਾ ਵੀ ਨਹੀਂ ਹੈ। **"ਸਬਦਿ ਮਰੈ ਤਾ ਮਾਰਿ ਮਰੁ"** ਬਾਣੀ ਵਿੱਚ ਵਾਰ-ਵਾਰ ਸ਼ਬਦਿ ਮਰਨ ਦੀ ਗੱਲ ਆਉਂਦੀ ਹੈ ਭਾਵ ਅਸੀਂ ਆਪਣੇ ਆਪ ਨੂੰ ਸ਼ਬਦ ਦੁਆਰਾ ਮਾਰਨਾ ਹੈ। ਇਹ ਸਾਡਾ ਸਰੀਰਕ ਤੌਰ ਤੇ ਜਿਉਂਦੇ ਹੋਏ ਮਰਨਾ ਹੈ ਭਾਵ ਸਾਡੇ ਮਨ ਦਾ ਮਰਨਾ ਹੈ, ਸਾਡੀ ਹਉਮੈ ਵਾਲੀ ਸਮਝ ਦਾ ਮਰਨਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਦਾ ਮਰਨਾ ਹੈ ਜਿਸਦੇ ਮਰੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦੇ। ਸ਼ਬਦ ਗੁਰੂ ਹੈ ਜੋ ਕਿ ਉਹ ਸ਼ਬਦ ਦੇ ਗਿਆਨ ਦੇ ਰੂਪ ਵਿੱਚ ਗੁਰੂ ਹੈ ਤੇ ਅਸੀਂ ਸ਼ਬਦ ਦੁਆਰਾ ਆਪਣੇ ਆਪ ਨੂੰ ਮਾਰਨਾ ਹੈ ਭਾਵ ਆਪਣੀ ਨਾ-ਸਮਝ ਮਾੜੀ ਮਤਿ ਨੂੰ ਮਾਰਨਾ ਹੈ ਜੋ ਸਮਝ ਗੁਰੂ ਦੇ ਭਾਵ ਸ਼ਬਦ ਦੇ ਗਿਆਨ ਦੁਆਰਾ ਹੀ ਮਰ ਸਕਦੀ ਹੈ ਤੇ ਮਾੜੀ ਸਮਝ ਸਾਡੇ ਅੰਦਰੋਂ ਤਾਂ ਹੀ ਨਿਕਲੇਗੀ ਜਦੋਂ ਸ਼ਬਦ ਦੀ ਮਤਿ, ਸ਼ਬਦ ਦੀ ਵਿਚਾਰ ਸਾਡੇ ਅੰਦਰ ਵੱਸੇਗੀ। ਸ਼ਬਦ ਦੀ ਹਰ ਵਿਚਾਰ ਸਾਡੇ ਲਈ ਗੁਰੂ ਦੀ ਆਗਿਆ ਹੈ ਤੇ ਸ਼ਬਦ ਦੁਆਰਾ ਮਰਨ ਲਈ ਸਾਨੂੰ ਗੁਰੂ ਦੀ ਆਗਿਆ ਮੰਨ ਕੇ, ਆਪਣੀ ਮੱਤ ਤਿਆਗ ਕੇ ਗੁਰੂ ਦੇ ਦੱਸੇ ਹੋਏ ਰਾਹ ਅਨੁਸਾਰ ਚੱਲਣਾ ਪਵੇਗਾ। ਕੇਵਲ ਇਹੀ ਇੱਕੋ ਇੱਕ ਰਸਤਾ ਹੈ, ਤਰੀਕਾ ਹੈ। ਇਸ ਤੋਂ ਇਲਾਵਾ ਹੋਰ ਕਿਤੇ ਭੱਜ ਕੇ ਕਿਸੇ ਕੋਲ ਜਾਣ ਦਾ ਰਸਤਾ ਨਹੀਂ ਹੈ ਭਾਵ ਗੁਰੂ ਤੋਂ ਬਿਨ੍ਹਾਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ, ਭਗਤੀ ਦਾ ਮਾਰਗ ਹੋਰ ਕੋਈ ਨਹੀਂ ਸਮਝਾ ਸਕਦਾ। ਗੁਰੂ ਦੀ ਗੱਲ ਮੰਨਣ ਤੋਂ ਬਿਨ੍ਹਾਂ ਹੋਰ ਕੋਈ ਤਰੀਕਾ ਨਹੀਂ ਹੈ। **(ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥)** ਹਰ ਕੋਈ ਪ੍ਰਮਾਤਮਾ ਨੂੰ ਪਾਉਣ ਦਾ ਇੱਛੁਕ ਨਵੇਂ-ਨਵੇਂ ਰਸਤੇ ਤਲਾਸ਼ਣ ਦੀ ਕੋਸ਼ਿਸ਼ ਕਰਦਾ ਹੈ ਜੋ ਕਿ ਸਭ ਨੇ ਆਪਣੀ-ਆਪਣੀ ਮਤਿ ਦੁਆਰਾ ਲੱਭੇ ਹੋਏ ਹਨ। ਗੁਰੂ ਦੀ ਆਗਿਆ ਨੂੰ ਮੰਨ ਕੇ, ਔਗੁਣ ਛੱਡ ਕੇ, ਮਾਇਆ ਮੋਹ ਛੱਡ ਕੇ, ਮਨ ਦੀਆਂ ਤ੍ਰਿਸ਼ਨਾਵਾਂ ਛੱਡ ਕੇ ਗੁਰਮਤਿ ਅਨੁਸਾਰ ਉਸਦੇ ਭਾਣੇ ਵਿੱਚ ਚੱਲਣ ਤੋਂ ਹਰ ਕੋਈ ਭੱਜਦਾ ਹੀ ਹੈ, ਦੌੜਦਾ ਹੈ ਭਾਵ ਗੁਰੂ ਦੀ ਗੱਲ ਤੇ ਅਮਲ ਨਹੀਂ ਕਰਨਾ ਚਾਹੁੰਦਾ ਤੇ ਇਹੀ ਚਾਹੁੰਦਾ ਹੈ ਕਿ ਗੁਰੂ ਦਾ ਭਾਣਾ ਮੰਨੇ ਬਿਨ੍ਹਾਂ, ਸ਼ਬਦ ਰਾਹੀਂ ਮਰੇ ਬਿਨ੍ਹਾਂ ਹੀ ਰੱਬ ਨੂੰ ਪਾ ਲਈਏ, ਨਾਮ ਦੀ ਪ੍ਰਾਪਤੀ ਕਰ ਲਈਏ। ਗੁਰੂ ਦੀ ਗੱਲ ਤੇ ਪੂਰਾ ਉਤਰਨ ਦਾ ਡਰ ਸਭ ਨੂੰ ਲੱਗਦਾ ਹੈ ਕਿਉਂਕਿ ਇਸ 'ਤੇ ਪੂਰਾ ਉਤਰਨਾ ਬਹੁਤ ਔਖਾ ਹੈ ਤੇ ਹਰ ਕੋਈ ਔਖਾ ਹੋਣ ਤੋਂ ਭੱਜਦਾ ਹੈ, ਔਖਾ ਹੋਣ ਤੋਂ ਬਚਦਾ ਹੈ, ਮਾਇਆ ਮੋਹ ਛੱਡਣ ਤੋਂ ਬਚਦਾ ਹੈ ਭਾਵ ਗੁਰੂ ਦੀ ਮਤਿ ਤੇ ਪੂਰਾ ਉਤਰਨ ਤੋਂ ਬਚਦਾ ਹੈ ਤੇ ਅਸਲ ਵਿੱਚ ਇਹ ਔਖਾ-ਪਨ ਹੀ ਨਾਮ ਹੈ ਭਾਵ ਇਸ ਔਖੇ-ਪਨ ਤੋਂ ਭੱਜਣਾ ਹੀ ਨਾਮ ਤੋਂ ਭੱਜਣਾ ਹੈ। ਜੋ ਇਸ ਔਖੇ-ਪਨ ਨੂੰ, “ਭਉ” ਨੂੰ ਕਬੂਲ ਕਰ ਲੈਂਦਾ ਹੈ ਉਹ ਨਾਮ ਜਪਣਾ ਕਬੂਲ ਕਰ ਲੈਂਦਾ ਹੈ। **(ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥)**। ਔਖੇਪਨ ਨੂੰ ਕਬੂਲ ਕਰਨ ਦਾ ਜੋ ਸਾਡੇ ਅੰਦਰ “ਭਉ” ਹੈ ਜਿਸ “ਭਉ” ਨੂੰ ਕਬੂਲ ਕੀਤੇ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ ਭਾਵ ਗੁਰੂ ਦੇ ਭਉ ਨੂੰ ਕਬੂਲ ਕਰਨਾ ਹੀ ਨਾਮ ਜਪਣਾ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

ਸ਼ਬਦ ਦੀ ਵਿਚਾਰ ਤੇ ਪੂਰਾ ਉਤਰਨਾ ਬਹੁਤ ਔਖਾ ਹੈ, ਹਰ ਕੋਈ ਡਰਦਾ ਹੈ, ਮੰਨਣ ਤੋਂ ਭੱਜਦਾ ਹੈ। (**ਆਖਣਿ ਅਉਖਾ ਸਾਚਾ ਨਾਉ ॥**) ਅੰਗ - ੯

2/9

ਮੁੱਖ ਸ਼ਬਦ ਰਾਹੀਂ ਇਹ ਵੀ ਸਮਝਾਇਆ ਹੈ ਕਿ ਮਾਰਨ ਰੱਖਣ ਵਾਲਾ ਪ੍ਰਮਾਤਮਾ ਕੇਵਲ ਆਪ ਹੀ ਹੈ ਅਤੇ ਹੋਰ ਕੋਈ ਵੀ ਸਾਨੂੰ ਬਚਾਉਣ ਵਾਲਾ ਨਹੀਂ ਹੈ ਜੋ ਸਾਨੂੰ ਮਨ ਦੀ ਮਾੜੀ ਮਤਿ ਵਿੱਚੋਂ ਕੱਢ ਸਕੇ, ਮਾਇਆ ਮੋਹ ਵਿੱਚੋਂ ਕੱਢ ਸਕੇ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਗੁਰੂ ਦੀ ਮਤਿ ਨਾਲ ਜੁੜਨਾ ਪ੍ਰਮਾਤਮਾ ਦੇ ਨਾਲ ਜੁੜਨਾ ਹੈ, ਪ੍ਰਮਾਤਮਾ ਦੀ ਓਟ ਲੈਣਾ ਹੈ। ਲੇਕਿਨ ਅਸੀਂ ਫਿਰ ਵੀ ਕਿਸੇ ਨਾ ਕਿਸੇ ਮਨੁੱਖੀ ਦੇਹ ਦੀ ਓਟ ਲੈ ਕੇ ਇਹ ਸਮਝਦੇ ਹਾਂ ਕਿ ਸ਼ਾਇਦ ਅਸੀਂ ਇਸ ਮਾਇਆ ਮੋਹ ਤੋਂ ਛੁੱਟ ਜਾਵਾਂਗੇ ਲੇਕਿਨ ਐਸਾ ਨਹੀਂ ਹੋ ਸਕਦਾ। ਕੇਵਲ ਗੁਰੂ ਦੀ ਓਟ ਲੈ ਕੇ ਹੀ ਮਨੁੱਖ ਮਨ ਦੇ ਮਾੜੇ ਵਿਚਾਰਾਂ ਤੋਂ ਮੁਕਤੀ ਪਾ ਸਕਦਾ ਹੈ **(ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ॥੧॥)**। ਆਪਣੀ ਮਤਿ ਦੁਆਰਾ ਮਨੁੱਖ ਹਮੇਸ਼ਾਂ ਕੱਚਾ ਅਤੇ ਮੈਲਾ ਹੀ ਹੁੰਦਾ ਹੈ ਭਾਵ ਉਸ ਵਿੱਚ ਔਗੁਣ ਭਰੇ ਹੁੰਦੇ ਹਨ ਅਤੇ "ਨਾਮ ਬਿਨ੍ਹਾ" ਭਾਵ ਗੁਰੂ ਬਿਨ੍ਹਾਂ, ਗੁਰੂ ਦੀ ਮਤਿ ਬਿਨ੍ਹਾਂ, ਗੁਰੂ ਦੇ ਗੁਣਾਂ ਬਿਨ੍ਹਾਂ ਮਨੁੱਖ ਕੁੱਝ ਵੀ ਨਹੀਂ ਹੈ। **(ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ॥੧॥ਰਹਾਉ॥)** ਬੜਾ ਸਪੱਸ਼ਟ ਹੈ ਕਿ "ਨਾਮ" ਪੂਰੇ ਗੁਰੂ ਦੀ ਪੂਰੀ ਮਤਿ ਹੈ, ਗੁਰਬਾਣੀ ਦੀ ਮਤਿ ਹੈ। ਗੁਰੂ ਦੀ ਮਤਿ ਸਾਨੂੰ ਗੁਣਾਂ ਤੇ ਚੱਲਣ ਲਈ ਹੀ ਸਮਝਾ ਰਹੀ ਹੈ।

ਗੁਰੂ ਦੀ ਮਤਿ ਲਏ ਬਿਨ੍ਹਾਂ ਅਸੀਂ ਗੁਣਾਂ ਦੇ ਧਾਰਨੀ ਨਹੀਂ ਹੋ ਸਕਦੇ ਅਤੇ ਆਪਣੇ ਅਸਲੀ ਘਰ ਵਿੱਚ, ਪ੍ਰਮਾਤਮਾ ਦੇ ਘਰ ਵਿੱਚ ਕਦੇ ਵੀ ਨਹੀਂ ਪਹੁੰਚ ਸਕਦੇ। **(ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥)** ਗੁਰੂ ਪ੍ਰਮਾਤਮਾ ਦਾ ਘਰ ਗੁਣਾਂ ਦਾ ਘਰ ਹੈ ਜੋ ਘਰ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੀ ਹੈ ਜਿਸ ਘਰ ਵਿੱਚੋਂ ਸਾਡੀ ਸਮਝ ਉਪਜਦੀ ਹੈ, ਗੁਣ ਔਗੁਣ ਉਪਜਦੇ ਹਨ ਤੇ ਸਾਡੇ ਅੰਦਰ ਜਦ ਤੱਕ ਔਗੁਣ ਭਰੇ ਹੋਏ ਹਨ ਅਸੀਂ ਆਪਣੀ ਮੰਜ਼ਿਲ ਤੇ ਕਿਵੇਂ ਪਹੁੰਚ ਸਕਦੇ ਹਾਂ। ਔਗੁਣ ਛੱਡਣ ਤੋਂ, ਗੁਣੀ ਬਣਨ ਤੋਂ ਹਰ ਕੋਈ ਭੱਜਦਾ ਹੈ ਭਾਵ ਗੁਰਮਤਿ ਨੂੰ ਅਪਣਾਉਣ ਤੋਂ ਹਰ ਕੋਈ ਭੱਜਦਾ ਹੈ, ਡਰਦਾ ਹੈ, ਮਾਇਆ ਮੋਹ ਛੱਡਣ ਤੋਂ, ਤ੍ਰਿਸ਼ਨਾਵਾਂ ਛੱਡਣ ਤੋਂ ਹਰ ਕੋਈ ਡਰਦਾ ਹੈ, ਫਿਰ ਨਾਮ ਦੇ ਘਰ ਵਿੱਚ ਅਸੀਂ ਕਿਵੇਂ ਪਹੁੰਚ ਸਕਦੇ ਹਾਂ। ਗੁਰੂ ਦੇ ਗਿਆਨ ਦੁਆਰਾ ਹੀ ਸਾਡੇ ਅੰਦਰ ਸੁੱਖ ਆ ਸਕਦਾ ਹੈ ਤੇ ਬਿਨ੍ਹਾਂ ਭਾਗਾਂ ਤੋਂ, ਗੁਰੂ ਦੀ ਕ੍ਰਿਪਾ ਤੋਂ ਇਸ ਨਾਮ ਧੰਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਦਾ ਸੱਚਾ ਧੰਨ ਉਸਦਾ ਨਾਮ ਧੰਨ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਧੰਨ, ਗੁਰਮਤਿ ਦੀ ਸੱਚੀ ਸਮਝ ਦਾ ਧੰਨ ਹੈ ਤੇ, ਸਹਜ ਗਿਆਨ ਦਾ ਧੰਨ ਹੈ, ਚੌਥੇ ਪਦ ਵਾਲੀ ਸਮਝ ਦਾ ਧੰਨ ਹੈ। ਜਦ ਤੱਕ ਮਨੁੱਖ ਦੇ ਅੰਦਰ ਗੁਰੂ ਦਾ ਗਿਆਨ ਨਹੀਂ ਵੱਸਦਾ ਭਾਵ ਨਾਮ ਧੰਨ ਨਹੀਂ ਵੱਸਦਾ ਤਦ ਤੱਕ ਮਨੁੱਖ ਇਸ ਮਾਇਆ ਮੋਹ ਦੇ ਬੰਧਨ ਵਿੱਚ ਹੀ ਪਿਆ ਰਹਿੰਦਾ ਹੈ ਅਤੇ ਦੁੱਖ ਸਹਿੰਦਾ ਹੈ। **(ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ॥੨॥)** "ਸੁੱਖ" ਪ੍ਰਮਾਤਮਾ ਦੇ ਸੱਚੇ ਗਿਆਨ ਦਾ ਸੁੱਖ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਸੁੱਖ ਹੈ ਜੋ ਸਾਡੇ ਅੰਦਰ ਸਹਜ ਦੀ ਅਵੱਸਥਾ ਦੁਆਰਾ, ਚੌਥੇ ਪਦ ਦੀ ਅਵੱਸਥਾ ਦੁਆਰਾ ਉਪਜਦਾ ਹੈ, ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਉਪਜਦਾ ਹੈ, ਜਿਸ ਦੁਆਰਾ ਸਾਡੇ ਅੰਦਰ ਨਾਮ ਵੱਸਦਾ ਹੈ ਤੇ ਅਸੀਂ ਬੰਧਨ ਤੋਂ ਮੁਕਤ ਹੁੰਦੇ ਹਾਂ, ਦੁੱਖਾਂ ਤੋਂ, ਔਗੁਣਾਂ ਤੋਂ, ਮਾਇਆ ਮੋਹ ਤੋਂ ਮੁਕਤ ਹੁੰਦੇ ਹਾਂ, ਮਨ ਦੀ ਨਾ-ਸਮਝ ਮਤਿ ਤੋਂ ਮੁਕਤ ਹੁੰਦੇ ਹਾਂ, ਭਰਮਾਂ ਵਾਲੀ ਸਮਝ ਤੋਂ ਮੁਕਤ ਹੁੰਦੇ ਹਾਂ ਤੇ ਗੁਰੂ ਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ। ਨਾਮ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ। ਗੁਰੂ ਦੇ ਦੱਸੇ ਹੋਏ ਗੁਣਾਂ ਦੁਆਰਾ ਵਿਚਰਨਾ ਹੀ ਨਾਮ ਜਪਣਾ ਹੈ। ਸਾਡਾ ਸਾਰਾ ਉੱਦਮ ਨਾਮ ਦੀ ਮਤਿ ਤੇ ਚੱਲਣ ਦਾ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਨਾਮ ਦੇ ਮਾਲਕ ਦੇ ਨਾਲ, ਬ੍ਰਹਮ ਗਿਆਨ ਦੇ ਮਾਲਕ ਨਾਲ, ਪ੍ਰਮਾਤਮਾ ਨਾਲ ਮੇਲ ਕਰ ਸਕੀਏ ਤੇ ਔਗੁਣਾਂ ਦੇ ਦੁੱਖ ਤੋਂ ਬਚ ਸਕੀਏ ਜਿਸ ਦਾ ਕਾਰਨ ਸਾਡੇ ਅੰਦਰ ਦੀ ਮਾੜੀ ਸਮਝ ਹੈ, ਮਾਇਆ ਮੋਹ ਹੈ, ਹਉਮੈ ਹੈ। ਸ਼ਬਦ ਮਰਨਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਦ੍ਰਿੜ ਕਰਾਂਗੇ।

"ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥

ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥
ਅਹੰਬੁਧਿ ਕਾ ਛੋਡਿਆ ਸੰਗੁ॥ ਕਾਮ ਕ੍ਰੋਧ ਕਾ ਉਤਰਿਆ ਰੰਗੁ॥
ਨਾਮ ਧਿਆਏ ਹਰਿ ਹਰਿ ਹਰੇ॥ ਸਾਧ ਜਨਾ ਕੈ ਸੰਗਿ ਨਿਸਤਰੇ॥੨॥
ਬੈਰੀ ਮੀਤ ਹੋਏ ਸੰਮਾਨ॥ ਸਰਬ ਮਹਿ ਪੂਰਨ ਭਗਵਾਨ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ॥ ਸੋਈ ਭਗਤੁ ਜਪੈ ਨਾਮ ਜਾਪ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ॥
ਕਹੁ ਨਾਨਕ ਤਾ ਕੀ ਪੂਰੀ ਪਈ॥੪॥੨੭॥੪੦॥"

(ਅੰਗ ੧੧੪੭)

ਇਸ ਸ਼ਬਦ ਦੀ ਵਿਆਖਿਆ ਪਿੱਛੇ ਵੀ ਕੀਤੀ ਗਈ ਹੈ ਅਤੇ ਫਿਰ ਤੋਂ ਸਮਝਣ ਦੀ ਕੋਸ਼ਿਸ ਕਰੀਏ ਭਾਵ ਗੁਰੂ ਦੇ ਸ਼ਬਦ ਨੂੰ ਧਿਆਨ ਵਿੱਚ ਰੱਖੀਏ ਤਾਂਕਿ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਦੀ ਭਗਤੀ ਕੀ ਹੈ ਅਤੇ ਨਾਮ ਜਪਣਾ ਕੀ ਹੈ। ਸਾਰੀ ਗੱਲ ਔਗੁਣਾਂ ਨੂੰ ਤਿਆਗਣ ਦੀ ਕੀਤੀ ਗਈ ਹੈ ਅਤੇ ਬੜਾ ਹੀ ਸਪੱਸ਼ਟ ਤੌਰ ਤੇ ਸਮਝਾਇਆ ਗਿਆ ਹੈ ਕਿ "ਹਰਿ ਹਰਿ" ਨਾਮ ਉਹ ਮਨੁੱਖ ਹੀ ਜਪਦਾ ਹੈ ਜੋ ਔਗੁਣਾਂ ਦਾ ਤਿਆਗ ਕਰਦਾ ਹੈ। ਜੋ ਕਿ ਕੋਈ ਵਿਰਲਾ ਹੀ ਹੁੰਦਾ ਹੈ। ਸਾਰੇ ਔਗੁਣ ਵੀ ਇਸ ਸ਼ਬਦ ਵਿੱਚ ਗਿਣਾਏ ਹੋਏ ਹਨ ਜਿਨ੍ਹਾਂ ਨੂੰ ਤਿਆਗਣ ਦੀ ਗੱਲ ਕੀਤੀ ਹੋਈ ਹੈ। **(ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥)**। ਹਰ ਕੋਈ ਆਪਣੀ ਪੂਰੀ ਸਿਆਣਪ ਵਰਤ ਕੇ ਦੇਖ ਲਵੇ ਤੇ ਦੱਸੇ ਕਿ ਇੱਥੇ "ਹਰਿ ਹਰਿ ਨਾਮੁ" ਜਪਣਾ ਕਿਸਨੂੰ ਕਿਹਾ ਹੈ। ਜੇਕਰ ਅਸੀਂ ਬਾਣੀ ਦੇ ਅਰਥ ਸਮਝਣਾ ਹੀ ਨਹੀਂ ਚਾਹੁੰਦੇ ਤੇ ਆਪਣੀ ਝੂਠੀ ਸਿਆਣਪ ਤੇ ਅੜਨਾ ਚਾਹੁੰਦੇ ਹਾਂ ਫਿਰ ਇਹੋ ਜਿਹਿਆਂ ਨੂੰ ਕੋਈ ਨਹੀਂ ਸਮਝਾ ਸਕਦਾ, ਗੁਰੂ ਆਪ ਹੀ ਕਿਰਪਾ ਕਰੇ। ਅਸਲ ਵਿੱਚ ਔਗੁਣਾਂ ਦਾ ਤਿਆਗ ਹੀ ਨਾਮ ਜਪਣਾ ਹੈ। ਔਗੁਣ ਅਸੀਂ

ਆਪਣੇ ਮਨ ਨੂੰ ਮਾਰਕੇ ਛੱਡਣੇ ਹਨ। ਸਾਰੀ ਗੱਲ ਮਨ ਦੀ ਹੀ ਹੈ। ਸਿਰਫ ਮਨ ਦੀ ਬਿਰਤੀ, ਸੋਚ ਬਦਲਣ ਦੀ ਹੀ ਲੋੜ ਹੈ। ਬੜਾ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ ਸੁੱਖ ਦੀ, ਪ੍ਰਮਾਤਮਾ ਦੀ ਪ੍ਰਾਪਤੀ, ਕੇਵਲ ਗੁਰੂ ਦੀ, ਪ੍ਰਮਾਤਮਾ ਦੀ ਆਗਿਆ ਮੰਨ ਕੇ ਹੀ ਹੋ ਸਕਦੀ ਹੈ **(ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ॥)**।ਹੁਣ ਧਿਆਨ ਨਾਲ ਵਿਚਾਰੋ ਕਿ ਗੁਰੂ ਦੀ ਆਗਿਆ ਸਾਨੂੰ ਕੀ ਕਰਨ ਲਈ ਪ੍ਰੇਰ ਰਹੀ ਹੈ। ਗੁਰੂ ਦੀ ਆਗਿਆ ਤਾਂ ਕੇਵਲ ਔਗੁਣਾਂ ਦਾ ਤਿਆਗ ਕਰਨ ਲਈ ਹੈ, ਮਨਮਤਿ ਛੱਡਣ ਲਈ ਹੈ, ਵੈਰੀ ਤੇ ਮਿੱਤਰ ਨੂੰ ਇੱਕੋ ਸਮਾਨ ਦੇਖਣ ਲਈ ਹੈ, ਸਾਰਿਆਂ ਵਿੱਚ ਇੱਕੋ ਪ੍ਰਮਾਤਮਾ ਨੂੰ ਦੇਖਣ ਲਈ ਹੈ। ਇਹੋ ਜਿਹੀ ਅਵੱਸਥਾ ਜਿਸ ਮਨੁੱਖ ਦੀ ਹੋ ਜਾਵੇ ਉਸ ਨੂੰ ਹੀ ਭਗਤ ਕਿਹਾ ਹੈ। ਇਹ ਭਗਤੀ ਦੀ ਅਵੱਸਥਾ ਉਸੇ ਮਨੁੱਖ ਦੀ ਹੋ ਸਕਦੀ ਹੈ ਜਿਸ ਵਿੱਚ ਗੁਰੂ ਆਪਣਾ ਨਾਮ ਦ੍ਰਿੜ ਕਰ ਦੇਵੇ ਭਾਵ ਜਿਸ ਮਨੁੱਖ ਦੀ ਅਵੱਸਥਾ ਗੁਰੂ ਦਾ ਹੁਕਮ, ਗੁਰੂ ਦਾ ਉਪਦੇਸ਼ ਮੰਨਣ ਵਾਲੀ ਬਣਾ ਦੇਵੇ। ਇਹ ਸਾਡੇ ਮਨ ਦੀ ਅਵੱਸਥਾ ਹੈ, ਸਾਡੇ ਮਨ ਦੀ ਬਿਰਤੀ ਹੈ, ਸਾਡੇ ਅੰਦਰ ਦੀ ਸੋਚ ਹੈ, ਸਾਡੀ ਸੁਰਤਿ ਹੈ, ਸਾਡੀ ਮਤਿ ਹੈ ਜਿਸ ਨੂੰ ਬਦਲਣਾ ਸਾਡੇ ਵੱਸ ਵਿੱਚ ਨਹੀਂ ਹੈ। ਇਹ ਸਾਡੇ ਮਨ ਦੀ ਬਿਰਥਾ ਗੁਰੂ ਦੀ ਕ੍ਰਿਪਾ ਦੁਆਰਾ ਹੀ ਬਦਲ ਸਕਦੀ ਹੈ, ਸਾਨੂੰ ਔਗੁਣ ਕਰਨ ਤੋਂ ਉਹ ਆਪ ਬਚਾ ਸਕਦਾ ਹੈ **(ਕਰਿ ਕਿਰਪਾ ਜਿਸੁ ਰਾਖੈ ਆਪਿ॥)** ਤੇ ਤਾਂ ਹੀ ਕੋਈ ਉਸਦਾ ਭਗਤ ਬਣ ਸਕਦਾ ਹੈ ਕਿਉਂਕਿ ਭਗਤੀ ਹੈ ਹੀ ਔਗੁਣਾਂ ਦਾ ਤਿਆਗ ਅਤੇ ਇਹ ਔਗੁਣਾਂ ਦਾ ਤਿਆਗ ਹੀ ਨਾਮ ਜਪਣਾ ਹੈ **(ਸੋਈ ਭਗਤੁ ਜਪੈ ਨਾਮ ਜਾਪ॥)**। ਸਾਰੀ ਗੱਲ ਸਾਡੇ ਮਨ ਦੇ ਅੰਦਰ ਗੁਰੂ ਦੀ ਮਤਿ ਵੱਸਣ ਦੀ ਹੈ, ਗੁਰੂ ਦੀ ਮਤਿ ਦਾ

ਪ੍ਰਗਾਸ ਹੋਣ ਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਪ੍ਰਗਾਸ ਹੋਣ ਦੀ ਹੈ ਜਿਸ ਦੇ ਪ੍ਰਗਾਸ ਹੋਣ ਦੁਆਰਾ ਭਾਵ ਸਮਝ ਪੈਣ ਦੁਆਰਾ ਸਾਡੀ ਮਾੜੀ ਮਤਿ ਬਦਲ ਕੇ ਗੁਰੂ ਦੀ ਸੱਚੀ ਮਤਿ ਵਾਲੀ ਬਣ ਜਾਂਦੀ ਹੈ। **(ਮਨਿ ਪ੍ਰਗਾਸੁ ਗੁਰ ਤੇ ਮਤਿ ਲਈ॥)** ਮਨ ਦੇ ਵਿੱਚ ਪ੍ਰਗਾਸ ਗਿਆਨ ਦਾ ਹੀ ਹੁੰਦਾ ਹੈ। ਗੁਰੂ ਦੀ ਮਤਿ ਦਾ ਪ੍ਰਗਾਸ ਸੱਚੇ ਗਿਆਨ ਦਾ ਪ੍ਰਗਾਸ ਹੈ। ਗੁਰੂ ਨੇ ਸਾਨੂੰ ਇਸ ਸ਼ਬਦ ਵਿੱਚ ਕੀ ਮਤਿ ਦਿੱਤੀ ਹੈ ਉਹ ਬੜੇ ਸਪੱਸ਼ਟ ਤੌਰ ਤੇ ਲਿਖੀ ਹੋਈ ਹੈ ਤੇ ਪੂਰੀ ਉਸਦੀ ਹੀ ਪੈ ਸਕਦੀ ਹੈ ਭਾਵ ਭਗਤੀ ਉਸਦੀ ਹੀ ਪੂਰੀ ਹੋ ਸਕਦੀ ਹੈ ਜਿਸਨੇ ਗੁਰੂ ਦੀ ਮਤਿ ਤੇ ਅਮਲ ਕੀਤਾ ਹੈ ਭਾਵ ਦੱਸੇ ਹੋਏ ਔਗੁਣਾਂ ਦਾ ਤਿਆਗ ਕੀਤਾ ਹੈ ਅਤੇ ਜੀਵਨ ਨੂੰ ਗੁਰੂ ਦੀ ਮਤਿ ਅਨੁਸਾਰ ਢਾਲਿਆ ਹੈ **(ਕਹੁ ਨਾਨਕ ਤਾ ਕੀ ਪੂਰੀ ਪਈ॥)**। ਇਸ ਪੂਰੇ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਸਮਝਾਈ ਹੋਈ ਹੈ ਜੋ ਪ੍ਰਮਾਤਮਾ ਦਾ "ਜਨੁ" ਹੈ, "ਭਗਤ" ਹੈ। ਪ੍ਰਮਾਤਮਾ ਦਾ ਨਾਮ ਗੁਰਮਤਿ ਵਾਲੀ ਅਵੱਸਥਾ ਦੁਆਰਾ ਭਾਵ ਮਨ ਦੇ ਵਿੱਚ ਸੱਚੇ ਗਿਆਨ ਵਾਲੀ ਅਵੱਸਥਾ ਦੁਆਰਾ ਹੀ ਜਪਿਆ ਜਾ ਸਕਦਾ ਹੈ ਜੋ ਅਵੱਸਥਾ ਆਪਣੇ ਨਾਲ ਮੇਲ ਦੁਆਰਾ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਜਪਵਾ ਸਕਦਾ ਹੈ, ਆਪਣੇ ਮੇਲ ਦੁਆਰਾ ਆਪਣੀ ਗੁਰਮਤਿ ਦ੍ਰਿੜ ਕਰਕੇ ਆਪ ਹੀ ਜਪਾਉਂਦਾ ਹੈ।

ਹੁਣ ਧਿਆਨ ਨਾਲ ਵਿਚਾਰੀਏ ਕਿ ਉਹ ਮਨੁੱਖ ਜੋ ਇਹ ਸਮਝਦੇ ਹਨ ਕਿ ਨਾਮ ਜਪਣਾ ਕੁਛ ਹੋਰ ਹੈ ਤੇ ਔਗੁਣਾਂ ਦਾ ਤਿਆਗ

2/11

ਕੁੱਝ ਹੋਰ ਹੈ, ਕੀ ਉਹ ਇਸ ਸ਼ਬਦ ਦੀ ਕਸਵੱਟੀ ਤੇ ਪੂਰੇ ਉਤਰ ਸਕਦੇ ਹਨ। ਇਸ ਸ਼ਬਦ ਰਾਹੀਂ ਵੀ ਬੜਾ ਸਪੱਸ਼ਟ ਸਮਝਾਇਆ ਹੈ ਕਿ ਨਾਮ ਉਹੀ ਮਨੁੱਖ ਜਪਦਾ ਹੈ ਜੋ ਔਗੁਣਾਂ ਨੂੰ ਤਿਆਗਦਾ ਹੈ। ਫਿਰ ਉਹ ਕਿਹੜਾ ਨਾਮ ਹੋਇਆ ਜੋ ਔਗੁਣਾਂ ਦੇ ਤਿਆਗਣ ਤੋਂ ਬਿਨ੍ਹਾਂ ਹੀ ਜਪਿਆ ਜਾ ਸਕਦਾ ਹੈ। ਕੀ ਇਹ ਸਾਡੀ ਮਨਮਤਿ ਜਾਂ ਗੁਰੂ ਦੀ ਗੱਲ ਸਮਝ ਨਾ ਆਉਣ ਦਾ ਨਤੀਜਾ ਤਾਂ ਨਹੀਂ? ਹੁਣ ਧਿਆਨ ਨਾਲ ਵਿਚਾਰੋ ਕਿ ਕਦੇ ਗੁਰੂ ਵੀ ਗਲਤ ਹੋ ਸਕਦਾ ਹੈ? ਸਭ ਦਾ ਜਵਾਬ ਇਹੀ ਹੋਵੇਗਾ ਕਿ ਨਹੀਂ। ਜੇ ਗੁਰੂ ਦੀ ਗੱਲ ਠੀਕ ਹੈ ਤਾਂ ਨਤੀਜਾ ਸਾਫ ਹੈ ਕਿ ਗਲਤੀ ਸਾਨੂੰ ਹੀ ਸਮਝਣ ਵਿੱਚ ਲੱਗੀ ਹੈ। ਇਹ ਕੇਵਲ ਸਾਡੀ ਮਨਹਠਿ ਹੈ ਤੇ ਆਓ ਇਸ ਮਨਹਠਿ ਨੂੰ ਤਿਆਗ ਕੇ ਗੁਰੂ ਦੀ ਮਤਿ ਤੇ ਚੱਲੀਏ ਤਾਂ ਜੋ ਸਾਡੀ ਕੀਤੀ ਕਰਨੀ ਕਬੂਲ ਹੋ ਸਕੇ।

"ਮੰਤ੍ਰੰ ਰਾਮ ਰਾਮ ਨਾਮੰ ਧ੍ਰਾਨੰ ਸਰਬਤ੍ਰ ਪੂਰਨਹ॥
ਗ੍ਰਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਗਿ ਸਗਲ ਰੇਨੁਕਹ॥
ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਰਜਨਹ॥੪੦॥"

(ਅੰਗ ੧੩੫੭)

ਅਸੀਂ ਪਿਛਲੇ ਸ਼ਬਦ ਰਾਹੀਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਰਾਮ ਨਾਮ ਜਪਣਾ ਕੀ ਹੈ, ਜਿਸ ਵਿੱਚ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਰਾਮ ਨਾਮ ਜਪਣਾ ਔਗੁਣਾਂ ਦਾ ਤਿਆਗ ਹੈ ਭਾਵ ਗੁਣਾਂ ਨੂੰ ਗ੍ਰਹਿਣ ਕਰਨਾ ਹੈ, ਗੁਣਾਂ ਦੁਆਰਾ ਵਿਚਰਨਾ ਹੈ। ਇਸ ਸ਼ਬਦ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੈ ਕਿ ਰਾਮ ਰਾਮ ਨਾਮ ਦਾ ਮੰਤ੍ਰ ਕੀ ਹੈ ਭਾਵ ਰਾਮ ਨਾਮ ਮੰਤ੍ਰ ਜਪਣਾ ਕੀ ਹੈ। ਗੱਲ ਉਹੀ ਹੈ ਜੋ ਅਨੇਕਾਂ ਸ਼ਬਦਾਂ ਰਾਹੀਂ ਸਮਝਾਈ ਹੋਈ ਹੈ। ਪਿਛਲੇ ਸ਼ਬਦ ਵਿੱਚ ਗੱਲ ਔਗੁਣਾਂ ਦੇ ਤਿਆਗ ਰਾਹੀਂ ਸਮਝਾਈ ਹੈ ਤੇ ਇੱਥੇ ਗੁਣਾਂ ਦੇ ਗ੍ਰਹਿਣ ਕਰਨ ਦੁਆਰਾ ਸਮਝਾਈ ਹੋਈ ਹੈ। ਇੱਥੇ ਗੱਲ ਮਨੁੱਖ ਦੇ ਵਿੱਚ ਕਿਹੋ ਜਿਹੇ ਗੁਣ ਹੋਣ, ਉਨ੍ਹਾਂ ਨੂੰ 6 (ਛੇ) "ਖਟ" ਲਖਣ ਕਹਿ ਕੇ ਸਮਝਾਇਆ ਹੋਇਆ ਹੈ। ਇਹ ਲੱਛਣ ਜਿਸ ਵਿੱਚ ਹੋਣ ਉਸ ਨੂੰ ਹੀ ਪੂਰਨ ਪੁਰਖ, ਭਗਤ ਕਿਹਾ ਗਿਆ ਹੈ, ਨਾਮ ਜਪਣ ਵਾਲਾ ਕਿਹਾ ਗਿਆ ਹੈ। ਪਹਿਲਾ ਲੱਛਣ "ਰਾਮ ਨਾਮ ਮੰਤ੍ਰੰ"

ਜਪਣ ਵਾਲੇ ਦਾ ਇਹ ਦੱਸਿਆ ਹੈ ਕਿ ਮਨੁੱਖ ਦਾ ਧਿਆਨ ਇਹੋ ਜਿਹਾ ਹੋਣਾ ਚਾਹੀਦਾ ਹੈ ਕਿ ਉਹ ਸਭ ਦੇ ਵਿੱਚ ਪ੍ਰਮਾਤਮਾ ਨੂੰ ਦੇਖੇ ਜੋ ਕਿ ਸਭ ਜਗ੍ਹਾ ਰਮਿਆ ਹੋਇਆ ਹੈ। (**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥**) ਕੋਈ ਵੱਖਰਾ ਧਿਆਨ ਜੋੜਨ ਦੀ ਵਿਧੀ ਨਹੀਂ ਸਮਝਾਈ ਹੋਈ। ਜੋ ਮਨੁੱਖ ਸਭ ਵਿੱਚ ਪ੍ਰਮਾਤਮਾ ਨੂੰ ਹੀ ਵੇਖੇਗਾ ਉਹ ਕਿਸੇ ਨੂੰ ਮਾੜਾ ਨਹੀਂ ਆਖੇਗਾ, ਕਿਸੇ ਨੂੰ ਪਰਾਇਆ ਨਹੀਂ ਸਮਝੇਗਾ, ਕਿਸੇ ਨਾਲ ਧੋਖਾ

2/12 ਅਤੇ 12-ਅ

ਨਹੀਂ ਕਰੇਗਾ ਭਾਵ ਉਸਦਾ ਆਚਰਣ ਬਹੁਤ ਹੀ ਉੱਚਾ ਹੋਵੇਗਾ। ਸਾਡੇ ਅੰਦਰ ਦੀ ਇਹੋ ਜਿਹੀ ਅਵੱਸਥਾ ਪ੍ਰਮਾਤਮਾ ਦੇ ਆਪਣੇ ਸੋਝੀ ਪਾਉਣ ਦੁਆਰਾ ਹੀ ਬਣ ਸਕਦੀ ਹੈ ਕਿ ਸਭ ਵਿੱਚ ਪ੍ਰਮਾਤਮਾ ਹੀ ਨਜ਼ਰ ਆਵੇ। ਪਹਿਲਾਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋਣਗੇ ਫਿਰ ਤਾਂ ਹੀ ਸਭ ਵਿੱਚ ਪ੍ਰਮਾਤਮਾ ਵੱਸਿਆ ਹੋਇਆ ਨਜ਼ਰ ਆ ਸਕਦਾ ਹੈ। ਸਭ ਵਿੱਚ ਪ੍ਰਮਾਤਮਾ ਨੂੰ ਜਾਨਣਾ ਮਨੁੱਖ ਦਾ ਸਭ ਤੋਂ ਵੱਡਾ ਗੁਣ ਹੈ ਜਿਸ ਗੁਣ ਤੋਂ ਬਿਨ੍ਹਾਂ ਪ੍ਰਮਾਤਮਾ ਦਾ ਭਗਤ ਬਣਿਆ ਹੀ ਨਹੀਂ ਜਾ ਸਕਦਾ। {**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ॥** ਅੰਗ - 9} ਦੂਸਰਾ ਲੱਛਣ ਗਿਆਨ ਬਾਰੇ ਸਮਝਾਇਆ ਹੈ। ਉਸ ਮਨੁੱਖ ਦਾ ਗਿਆਨ ਇਹੋ ਜਿਹਾ ਹੁੰਦਾ ਹੈ ਭਾਵ ਮਨ ਦੀ ਸਮਝ ਇਹੋ ਜਿਹੀ ਹੁੰਦੀ ਹੈ ਕਿ ਉਹ ਸੁੱਖ ਦੁੱਖ ਨੂੰ ਇੱਕੋ ਜਿਹਾ ਕਰਕੇ ਜਾਣਦਾ ਹੈ, ਉਸਦਾ ਮਨ ਨਿਰਮਲ ਹੈ, ਪਵਿੱਤਰ ਹੈ ਉਹ ਕਿਸੇ ਨਾਲ ਵੈਰ ਵਿਰੋਧ ਦੀ ਭਾਵਨਾ ਨਹੀਂ ਰੱਖਦਾ। (**ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥**) ਤੀਜਾ ਲੱਛਣ ਇਹ ਸਮਝਾਇਆ ਹੈ ਕਿ ਉਹ ਪੰਜਾਂ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਤਿਆਗ ਦਿੰਦਾ ਹੈ ਅਤੇ ਸਾਰੇ ਜੀਵਾਂ ਲਈ ਚੰਗੀ ਭਾਵਨਾ ਰੱਖਦਾ ਹੈ। (**ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥**) ਚੌਥਾ ਲੱਛਣ ਇਹ ਸਮਝਾਇਆ ਹੈ ਕਿ ਉਸਦੇ ਭੋਜਨ ਦਾ ਮਕਸਦ ਪ੍ਰਮਾਤਮਾ ਦੀ ਕੀਰਤੀ ਕਰਨਾ ਹੈ, ਜਸ ਗਾਉਣਾ ਹੈ ਭਾਵ ਪ੍ਰਮਾਤਮਾ ਦੇ ਹੁਕਮ ਵਿੱਚ ਚੱਲਣਾ ਹੈ, ਭਾਣੇ ਵਿੱਚ ਚੱਲਣਾ ਹੈ ਜਿਵੇਂ ਕਿ ਪਿੱਛੇ ਕਾਫੀ ਸ਼ਬਦਾਂ ਦੁਆਰਾ ਅਸੀਂ ਇਹ ਸਮਝਿਆ ਹੈ ਕਿ ਪ੍ਰਮਾਤਮਾ ਦਾ ਜਸ ਗਾਉਣਾ ਕੀ ਹੈ। ਇਹ ਭੋਜਨ ਮਨ ਦੇ ਸੱਚੇ ਗਿਆਨ ਦਾ ਭੋਜਨ ਹੈ ਜੋ ਸਾਨੂੰ ਸਾਡੇ ਜੀਵਨ ਦੀ ਸੱਚੀ ਰਾਹ ਦਿਖਾਉਂਦਾ ਹੈ, ਸਾਡੇ ਜੀਵਨ ਦਾ ਮਾਰਗ ਦਰਸ਼ਨ ਕਰਦਾ ਹੈ। ਉਹ ਮਨੁੱਖ ਮਾਇਆ ਵਿੱਚ ਵਿਚਰਦਾ ਹੋਇਆ ਵੀ ਇਸ ਤਰ੍ਹਾਂ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਜਿਵੇਂ ਕਮਲ ਜਲ ਵਿੱਚ ਰਹਿੰਦਾ ਹੈ। ਮਾਇਆ ਸਾਡੇ ਜੀਵਨ ਲਈ ਜਰੂਰੀ ਹੈ ਪਰ ਉਸ ਵਿੱਚ ਗਲਤਾਨ ਹੋਣਾ, ਡੁੱਬਣਾ ਠੀਕ ਨਹੀਂ ਹੈ ਭਾਵ ਮਾੜੇ ਕਰਮ ਕਰਨ ਦੁਆਰਾ ਮਾਇਆ ਕਮਾਉਣੀ ਠੀਕ ਨਹੀਂ ਹੈ। ਮਾਇਆ ਸਾਡੇ ਅੰਦਰ ਹੀ ਹੈ ਜੋ ਸਾਡੇ ਮਨ ਦੀ ਮਾੜੀ ਸਮਝ ਹੈ, ਸਾਡੇ ਅੰਦਰ ਦਾ ਮਾਇਆ ਮੋਹ ਹੈ। ਅਸੀਂ ਇਸ ਮਨ ਦੀ ਮਾਇਆ ਤੋਂ ਭਾਵ ਮਾੜੀ ਸਮਝ ਤੋਂ ਨਿਰਲੇਪ ਹੋਣਾ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ। ਜੋ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਉਹ ਮਾਇਆ ਦੇ ਰੰਗ ਵਿੱਚ ਨਾ ਰਚਕੇ ਗੁਰੂ ਦੇ ਰੰਗ ਵਿੱਚ ਰਚ ਕੇ ਭਾਵ ਗੁਰੂ ਦੇ ਉਪਦੇਸ਼ ਅਨੁਸਾਰ ਆਪਣਾ ਜੀਵਨ ਬਣਾ ਕੇ, ਆਪਣੀ ਸੱਚੀ ਸੁੱਚੀ ਕਿਰਤ ਦੁਆਰਾ ਪ੍ਰਮਾਤਮਾ ਦਾ ਜੱਸ ਗਾਉਂਦਾ ਹੈ। (**ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥**) ਪੰਜਵਾਂ ਲੱਛਣ ਇਹ ਦੱਸਿਆ ਹੈ ਕਿ ਉਸ ਮਨੁੱਖ ਦਾ "ਉਪਦੇਸ਼" ਮਿੱਤਰ ਅਤੇ ਸ਼ਤਰੂ ਲਈ ਇੱਕੋ ਜਿਹਾ ਹੁੰਦਾ ਹੈ ਭਾਵ ਉਹ ਮਿੱਤਰ ਅਤੇ ਸ਼ਤਰੂ ਵਿੱਚ ਕੋਈ ਫਰਕ ਨਹੀਂ ਸਮਝਦਾ ਭਾਵ ਉਸ ਦੀਆਂ ਨਜ਼ਰਾਂ ਵਿੱਚ ਹਰ ਕੋਈ ਇੱਕੋ ਜਿਹਾ ਹੈ ਭਾਵ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ। ਇਹੋ ਜਿਹੀ ਸਮਝ ਗੁਰੂ ਵਾਲੀ ਸਮਝ ਹੈ ਜੋ ਸਭ ਨੂੰ ਇੱਕੋ ਜਿਹਾ ਸਮਝਦਾ ਹੈ ਤੇ ਸਭ ਨੂੰ ਇੱਕੋ ਜਿਹਾ ਉਪਦੇਸ਼ ਦਿੰਦਾ ਹੈ, ਸਭ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ, ਸੱਚ ਸਮਝਾਉਂਦਾ ਹੈ ਜਿਸ ਸੱਚ ਨਾਲ ਸਾਰੇ ਸੰਸਾਰ ਦਾ ਇੱਕੋ ਜਿਹਾ ਭਲਾ ਹੁੰਦਾ ਹੈ ਤੇ ਇਸ ਤਰੀਕੇ ਉਸਦੀ ਭਾਵਨੀ ਹਮੇਸ਼ਾਂ ਪ੍ਰਮਾਤਮਾ ਦੀ ਭਗਤੀ ਵਾਲੀ ਹੈ ਭਾਵ ਪ੍ਰਮਾਤਮਾ ਦੀ ਰਜ਼ਾ ਵਿੱਚ ਚੱਲਣ ਵਾਲੀ ਹੈ। (**ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥**) ਛੇਵਾਂ ਲੱਛਣ ਇਹ ਸਮਝਾਇਆ ਹੈ ਕਿ ਉਹ ਕਿਸੇ ਦੀ ਨਿੰਦਾ ਨਹੀਂ ਕਰਦਾ ਅਤੇ ਨਾ ਹੀ ਕਿਸੇ ਦੀ ਨਿੰਦਾ ਸੁਣਦਾ ਹੈ ਭਾਵ ਨਾ ਉਹ ਕਿਸੇ ਦਾ ਮਾੜਾ ਕਰਦਾ ਹੈ ਤੇ ਨਾ ਹੀ ਕਿਸੇ ਦਾ ਮਾੜਾ ਕਰਨ ਵਾਲੀ ਗੱਲ ਸੁਣਦਾ ਹੈ। ਉਹ ਸਭ ਦਾ ਭਲਾ ਹੀ ਚਾਹੁੰਦਾ ਹੈ। ਉਹ ਆਪਣਾ ਆਪ ਤਿਆਗ ਦਿੰਦਾ ਹੈ ਭਾਵ ਆਪਣੀ ਮਤਿ ਤਿਆਗ ਕੇ ਗੁਰੂ ਦੀ ਮਤਿ 'ਤੇ ਚੱਲਦਾ ਹੈ, ਆਪਣੀ ਹਉਮੈ ਤਿਆਗ ਕੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਦਾ ਹੈ। "ਨਿੰਦਾ" ਬਾਰੇ, ਪਰਾਈ ਨਿੰਦਾ ਬਾਰੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। (**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਗਿ ਸਗਲ**

ਰੇਣੁਕਹ॥)

ਜਿਸ ਮਨੁੱਖ ਵਿੱਚ ਇਹ ਸਾਰੇ ਦੇ ਸਾਰੇ ਛੇ ਲੱਛਣ ਹੁੰਦੇ ਹਨ ਭਾਵ ਜੋ ਮਨੁੱਖ ਗੁਣਾਂ ਦੇ ਨਾਲ ਭਰਪੂਰ ਹੈ, ਸਾਰੇ ਔਗੁਣਾਂ ਤੋਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਰਹਿਤ ਹੈ ਤੇ ਉਸਨੂੰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਇਹੋ ਜਿਹਾ ਮਨੁੱਖ ਰਾਮ ਨਾਮ ਮੰਤ੍ਰ ਜਪਣ ਵਾਲਾ ਹੁੰਦਾ ਹੈ, ਨਾਮ ਵਾਲਾ ਹੁੰਦਾ ਹੈ ਜੋ ਆਪਣੇ ਆਪ ਨੂੰ ਪੂਰਨ ਪੁਰਖ ਅਖਵਾਉਣ ਵਾਲਾ ਹੁੰਦਾ ਹੈ ਜੋ "ਰੂਪ" ਗੁਰੂ ਦਾ, ਸਾਧ ਦਾ ਆਪਣਾ ਰੂਪ ਹੈ ਜੋ ਸਭ ਦਾ ਸੱਚਾ ਮਿੱਤਰ ਹੈ। **(ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਰਜਨਹ॥੪੦॥)** ਇਹੋ ਜਿਹਾ ਰਾਮ ਨਾਮ ਜਪਣ ਦੀ ਵਿਧੀ ਫਿਰ ਕੀ ਹੋਈ? ਕੀ ਇਹੋ ਜਿਹੇ ਗੁਣਾਂ ਨੂੰ ਧਾਰਨ ਕਰਨ ਲਈ ਕਿਸੇ ਸਮਾਧੀ ਲਾਉਣ ਦੀ ਲੋੜ ਹੈ ਕਿਸੇ ਸਰੀਰਕ ਜਪ ਤਪ ਦੀ ਲੋੜ ਹੈ ਜਾਂ ਮਨ ਨੂੰ ਮਾਰਨ ਦੀ ਲੋੜ ਹੈ? **ਮਨ ਨੂੰ ਮਾਰ ਕੇ ਇਹੋ ਜਿਹੇ ਗੁਣਾਂ ਦਾ ਧਾਰਨੀ ਹੋਣਾ ਹੀ ਨਾਮ ਜਪਣਾ ਹੈ ਅਤੇ ਇਹ ਹੀ ਰਾਮ ਰਾਮ ਨਾਮ ਦਾ ਮੰਤ੍ਰ ਹੈ। ਇਹੋ ਜਿਹਾ ਪੂਰਨ ਪੁਰਖ ਬਣਨਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਪੂਰਨ ਪੁਰਖ ਕੇਵਲ ਗੁਰੂ ਹੀ ਹੈ, ਪ੍ਰਮਾਤਮਾ ਆਪ ਹੀ ਹੈ। ਇਹ ਸਾਰੇ ਲੱਛਣ**

2/13

ਅਕਾਲ ਪੁਰਖ ਨੇ ਆਪ ਹੀ ਮਨੁੱਖੀ ਜਾਮਾ ਪਾ ਕੇ, ਗੁਰੂ ਸਾਹਿਬਾਨ ਦੇ ਰੂਪ ਵਿੱਚ ਭਗਤਾਂ ਦੇ ਰੂਪ ਵਿੱਚ ਆ ਕੇ, ਪੂਰੇ ਕਰਕੇ ਭਾਵ ਇਨ੍ਹਾਂ ਤੇ ਪੂਰਾ ਉਤਰ ਕੇ ਦਿਖਾਇਆ ਹੈ। ਪਹਿਲਾਂ ਭਗਤਾਂ ਨੇ, ਗੁਰੂ ਸਾਹਿਬਾਂ ਨੇ ਇਨ੍ਹਾਂ ਉਪਦੇਸ਼ਾਂ ਤੇ ਆਪ ਪੂਰਾ ਉਤਰ ਕੇ ਦਿਖਾਇਆ ਹੈ ਅਤੇ ਫਿਰ ਦੁਨੀਆਂ ਨੂੰ ਇਹ ਉਪਦੇਸ਼ ਮੰਨਣ ਲਈ ਕਿਹਾ ਹੈ। ਪਹਿਲਾਂ ਗੁਰੂ ਨੇ ਆਪ ਇਹ ਨਾਮ ਜਪਿਆ ਹੈ ਤੇ ਫਿਰ ਦੂਸਰਿਆਂ ਨੂੰ ਇਹ ਜਪਣ ਲਈ ਕਿਹਾ ਹੈ, **{ਆਪਿ ਜਪੈ ਅਵਰਹ ਨਾਮੁ ਜਪਾਵੈ॥}**।

"ਮਹਾਂਪੁਰਖ" ਕੇਵਲ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਗੁਰੂ ਰੂਪ ਹੈ, ਭਗਤ ਰੂਪ ਹੈ ਕਿਉਂਕਿ ਇਹ ਸਾਰੇ ਗੁਣ ਕਿਸੇ ਮਨੁੱਖ ਵਿੱਚ ਆਪਣੇ ਆਪ ਹੋਣੇ ਸੰਭਵ ਨਹੀਂ ਹਨ। **(ਬਾਣੀ ਮੰਤ੍ਰ ਮਹਾ ਪੁਰਖਨ ਕੀ)** ਬਾਣੀ ਪ੍ਰਮਾਤਮਾ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਆਪਣਾ ਮਹਾਂਪੁਰਖ ਰੂਪ ਧਾਰਨ ਕਰਨ ਦੁਆਰਾ ਰਚੀ ਹੈ। ਆਮ ਤੌਰ ਤੇ ਧਾਰਨਾ ਬਣੀ ਹੋਈ ਹੈ ਕਿ ਅਸੀਂ ਕਿਸੇ ਮਨੁੱਖ ਵਿੱਚ ਆਪਣੀ ਸਮਝ ਅਨੁਸਾਰ ਉਸਦੇ ਸਰੀਰਕ ਜਪ ਤਪ ਆਦਿ ਦੇਖ ਕੇ, ਕੋਈ ਰਿਧੀ ਸਿਧੀ ਦੇਖ ਕੇ ਉਸਨੂੰ ਮਹਾਂਪੁਰਖ ਦੀ ਉਪਾਧੀ ਦੇ ਦਿੰਦੇ ਹਾਂ ਪਰ ਕੀ ਕੋਈ ਗੁਰੂ ਦੀ ਕਸਵੱਟੀ ਤੇ ਪੂਰਾ ਉਤਰ ਸਕਦਾ ਹੈ? ਬਹੁਤ ਔਖਾ ਹੈ ਗੁਰੂ ਦੀ ਕਸਵੱਟੀ ਤੇ ਪੂਰਾ ਉਤਰਨਾ, ਬਹੁਤ ਔਖਾ ਹੈ ਨਾਮ ਜਪਣਾ। ਅਸੀਂ ਇਹੋ ਜਿਹੀ ਉਪਾਧੀ ਅਸਲ ਵਿੱਚ ਕਿਸੇ ਮਨੁੱਖ ਨੂੰ ਉਸਦੇ ਸਰੀਰਕ ਜਪ ਤਪ ਦੇਖ ਕੇ ਉਸਨੂੰ ਧਰਮ ਦੀ ਕਮਾਈ, ਨਾਮ ਦੀ ਕਮਾਈ ਵਾਲਾ ਸਮਝ ਕੇ ਦਿੰਦੇ ਹਾਂ ਜਿਨ੍ਹਾਂ ਸਰੀਰਕ ਜਪਾਂ ਤਪਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਧਰਮ ਦੀ ਕਮਾਈ, ਨਾਮ ਦੀ ਕਮਾਈ ਕੇਵਲ ਸਾਡਾ ਸੱਚਾ ਸੁੱਚਾ ਜੀਵਨ ਜਿਉਣ ਦੁਆਰਾ ਹੀ ਹੁੰਦੀ ਹੈ, ਛੇ ਲਛਣਾਂ ਵਾਲਾ ਭਾਵ ਪੂਰਨ ਗੁਰਮਤਿ ਦੇ ਗੁਣਾਂ ਦਾ ਧਾਰਨੀ ਬਨਣ ਦੁਆਰਾ ਹੁੰਦੀ ਹੈ ਜਿਸ ਵਿੱਚ ਕਿਸੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ, ਸਰੀਰਕ ਜਪ ਤਪ ਦੀ ਲੋੜ ਨਹੀਂ ਹੈ, ਕੋਈ ਸਮਾਧੀ ਲਗਾ ਕੇ ਬੈਠਣ ਦੀ ਲੋੜ ਨਹੀਂ ਹੈ। ਕਿਸੇ ਨੂੰ ਮਹਾਂਪੁਰਖ ਦੀ ਉਪਾਧੀ ਦੇਣਾ ਉਸਨੂੰ ਗਰੂ ਦੀ ਉਪਾਧੀ ਦੇਣ ਦੇ ਬਰਾਬਰ ਹੈ ਜੋ ਕਿ ਗੁਰੂ ਦੀ ਨਿਰਾਦਰੀ ਕਰਨ ਵਾਲੀ ਗੱਲ ਹੈ। ਗੁਰੂ ਬਹੁਤ ਉੱਚੇ ਗਿਆਨ ਦਾ ਮਾਲਕ ਹੋਣ ਕਰਕੇ, ਬ੍ਰਹਮ ਗਿਆਨੀ ਹੋਣ ਕਰਕੇ ਮਹਾਂਪੁਰਖ ਹੈ ਜਿਸ ਦੀ ਬਰਾਬਰੀ ਕਰਨਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਗੁਰੂ ਕੋਲ ਚੌਥੇ ਪਦ ਦਾ ਗਿਆਨ ਹੈ ਤੇ ਅਸੀਂ ਗੁਰੂ ਦੀ ਬਰਾਬਰੀ ਉਨ੍ਹਾਂ ਦੇ ਨਾਲ ਕਰ ਦਿੰਦੇ ਹਾਂ ਜਿਨ੍ਹਾਂ ਨੂੰ ਇਸ ਗੱਲ ਦੀ ਵੀ ਸਮਝ ਨਹੀਂ ਹੁੰਦੀ ਕਿ ਤ੍ਰੈਗੁਣ ਕੀ ਹੈ ਤੇ ਚਉਥਾ ਪਦ ਕੀ ਹੈ, ਪ੍ਰਮਾਤਮਾ ਦੇ ਨਾਲ ਵਿਛੋੜਾ ਕੀ ਹੈ ਤੇ ਮੇਲ ਕੀ ਹੈ, ਹਉਮੈ ਕੀ ਹੈ ਤੇ ਨਾਮ ਕੀ ਹੈ। ਸਾਡਾ ਭਗਤੀ ਦਾ ਦਿਖਾਵਾ ਕੀ ਹੈ ਤੇ ਉਸ ਨਾਲ ਸਾਨੂੰ ਕੀ ਹਾਸਿਲ ਹੁੰਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਬਾਬਾ ਨਾਨਕ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਸਾਨੂੰ ਸਾਡੀ ਭਗਤੀ ਬਾਰੇ ਕੀ ਸਮਝਾ ਰਹੇ ਹਨ ਜਿਹੋ ਜਿਹੀ ਭਗਤੀ ਵਿਚ ਹਰ ਕੋਈ ਲੱਗਿਆ ਹੋਇਆ ਹੈ ਤੇ ਇਸੇ ਵਿੱਚ ਆਪਣੀ ਸੱਚੀ ਭਗਤੀ ਸਮਝਦਾ ਹੈ।

ਆਸਾ ਮਹਲਾ ੧

“ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ ॥ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥
ਆਖਣ ਵਾਲਾ ਕਿਆ ਵੇਚਾਰਾ॥ਸਿਫਤੀ ਭਰੇ ਤੇਰੇ ਭੰਡਾਰਾ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥ਨਾਨਕ ਸਚੁ ਸਵਾਰਣਹਾਰਾ॥੪॥੨॥”

(ਅੰਗ - ੯)

ਇਸ ਸ਼ਬਦ ਰਾਹੀਂ ਬਹੁਤ ਹੀ ਗਹਿਰੀ ਗੱਲ ਸਮਝਾਈ ਹੋਈ ਹੈ। ਜੇ ਇਸ ਸ਼ਬਦ ਦਾ ਭਾਵ ਸਾਨੂੰ ਸਮਝ ਆ ਜਾਵੇ ਤਾਂ ਫਿਰ ਸਾਡਾ ਭਗਤੀ ਕਰਨ ਦਾ ਨਜ਼ਰੀਆ ਵੀ ਬਦਲ ਜਾਵੇਗਾ। ਸਾਨੂੰ ਭਗਤੀ ਦਾ ਸਹੀ ਮਾਰਗ ਸਮਝ ਆ ਜਾਵੇਗਾ ਅਤੇ ਸਾਡੀ ਉਲਝਣ ਦੂਰ ਹੋ ਜਾਵੇਗੀ। ਪ੍ਰਮਾਤਮਾ ਦੀ ਵਡਿਆਈ, ਸਿਫਤ ਸਾਲਾਹ, ਅਸੀਂ ਕਿਵੇਂ ਕਰਦੇ ਹਾਂ ਅਤੇ ਕਿਵੇਂ ਕਰਨੀ ਚਾਹੀਦੀ ਹੈ, ਇਹ ਸਮਝਾਇਆ ਹੋਇਆ ਹੈ। ਸਾਡੀ ਸਾਰੀ ਕੀਤੀ ਹੋਈ ਭਗਤੀ ਥਾਇ ਕਿਉਂ ਨਹੀਂ ਪੈਂਦੀ ਇਸ ਗੱਲ ਦੀ ਸੋਝੀ ਪੈ ਜਾਵੇਗੀ ਕਿਉਂਕਿ ਪ੍ਰਮਾਤਮਾ ਦਾ ਭਗਤ ਅਸਲ ਵਿੱਚ ਕੌਣ ਹੈ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ। ਆਓ ਉੱਪਰ ਦਿੱਤੇ ਸ਼ਬਦ ਨੂੰ ਬੜੇ ਹੀ ਧਿਆਨ ਨਾਲ ਤੇ ਠੰਡੇ ਜਿਗਰੇ ਨਾਲ ਵਿਚਾਰੀਏ ਤਾਂ ਕਿ ਸਾਡੀ ਉਲਝਣ ਦੂਰ ਹੋ ਸਕੇ

ਅਤੇ ਭਗਤੀ ਦਾ ਸਹੀ ਮਾਰਗ ਸਮਝ ਆ ਸਕੇ।

"ਸੁਣਿ ਵਡਾ ਆਖੈ ਸਭੁ ਕੋਇ॥" :- ਹਰ ਕੋਈ ਇੱਧਰੋਂ ਉਧਰੋਂ ਸੁਣ-ਸੁਣ ਕੇ ਹੀ ਪ੍ਰਮਾਤਮਾ ਨੂੰ ਵੱਡਾ ਕਹਿ ਰਿਹਾ ਹੈ, ਉਸਦੀ ਵਡਿਆਈ ਕਹਿ ਰਿਹਾ ਹੈ। ਪ੍ਰਮਾਤਮਾ ਕਿੰਨਾ ਕੁ ਵੱਡਾ ਹੈ ਇਹ ਕੋਈ ਨਹੀਂ ਜਾਣਦਾ। ਪ੍ਰਮਾਤਮਾ ਨੂੰ ਵੱਡਾ ਕਹਿਣ ਦਾ ਤਰੀਕਾ ਵੀ ਅਸੀਂ ਆਪ ਹੀ ਬਣਾਇਆ ਹੈ ਜੋ ਕਿ ਇੱਧਰੋਂ ਉਧਰੋਂ ਸੁਣ ਕੇ ਹੀ ਸਭ ਨੇ ਸਮਝਿਆ ਹੋਇਆ ਹੈ। ਹਰ ਕੋਈ ਆਪਣੇ ਹਿਸਾਬ ਨਾਲ ਪ੍ਰਮਾਤਮਾ ਦੀ ਵਡਿਆਈ ਕਰ ਰਿਹਾ ਹੈ, ਆਪਣੀ ਧਾਰਮਿਕ ਆਸਥਾ ਅਨੁਸਾਰ, ਆਪਣੀ-ਆਪਣੀ ਮਤਿ ਅਨੁਸਾਰ ਵਡਿਆਈ ਕਰ ਰਹਿਆ ਹੈ।

"ਕੇਵਡੁ ਵਡਾ ਡੀਠਾ ਹੋਇ॥” :- ਉਸ ਪ੍ਰਮਾਤਮਾ ਨੂੰ ਫਿਰ ਕਿਵੇਂ ਵੱਡਾ ਜਾਣੀਏ, ਵੱਡਾ ਆਖੀਏ, ਉਸਦੀ ਵਡਿਆਈ ਕਰੀਏ (ਕੇਵਡੁ)। ਉਹ ਪ੍ਰਮਾਤਮਾ ਕਿੰਨਾ ਕੁ ਵੱਡਾ ਹੈ, ਇਹ ਤਾਂ ਹੀ ਸਮਝ ਲੱਗ ਸਕਦੀ ਹੈ ਜਦੋਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਡਿੱਠ ਲਈਏ, ਪਛਾਣ ਲਈਏ, ਜਦੋਂ ਇਸ ਗੱਲ ਦੀ ਸੋਝੀ ਪੈ ਜਾਵੇ ਕਿ ਸਾਡੇ ਅੰਦਰ, ਬਾਹਰ ਕੇਵਲ ਪ੍ਰਮਾਤਮਾ ਹੀ ਵਰਤ ਰਿਹਾ ਹੈ। **(ਵਡਾ ਡੀਠਾ ਹੋਇ॥)**। ਪ੍ਰਮਾਤਮਾ ਦੀ ਵਡਿਆਈ ਉਸਨੂੰ ਜਾਨਣ ਵਿੱਚ ਹੈ। **{ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥}** ਜਦੋਂ ਮਨੁੱਖ ਇਹ ਕਹਿਣ ਜੋਗਾ ਹੋ ਜਾਵੇ ਭਾਵ ਜਦੋਂ ਮਨੁੱਖ ਵਿੱਚ ਇਹ ਗੁਣ ਆ ਜਾਵੇ ਕਿ ਸਭ ਕੁੱਛ ਪ੍ਰਮਾਤਮਾ ਹੀ ਹੈ, ਇਹ ਉਸਦੀ ਵਡਿਆਈ ਕਰਨੀ ਹੈ, ਉਸ ਦੇ ਗੁਣ ਗਾਉਣਾ ਹੈ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ, ਜਿਨ੍ਹਾਂ ਨੇ ਉਸਦਾ ਵੱਡਾਪਨ ਦੇਖਿਆ ਹੈ, ਕੇਵਲ ਉਹ ਹੀ ਪ੍ਰਮਾਤਮਾ ਦੀ ਵਡਿਆਈ ਨੂੰ ਜਾਣਦੇ ਹਨ ਤੇ ਉਹੀ ਸਾਨੂੰ

ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਾ ਸਕਦੇ ਹਨ। ਜਿਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਉਹਨਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਤਾਂ ਹੀ ਸਾਨੂੰ ਉਸਦੀ ਵਡਿਆਈ ਕਰਨੀ ਸਿਖਾਈ ਹੈ। ਜਿਸਨੂੰ ਪਹਿਲਾਂ ਪ੍ਰਮਾਤਮਾ ਮਨ ਦੇ ਵਿੱਚ ਪਰਗਟ ਹੋ ਕੇ ਆਪ ਆਪਣੀ ਵਡਿਆਈ ਕਰਨੀ ਸਿਖਾਉਂਦਾ ਹੈ, ਉਹੀ ਦੂਸਰਿਆਂ ਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਿਖਾ ਸਕਦਾ ਹੈ। ਇਸ ਲਈ ਸਾਨੂੰ ਕੇਵਲ ਗੁਰੂ ਦੀ ਗੱਲ ਹੀ ਸੁਣਨੀ ਚਾਹੀਦੀ ਹੈ ਨਾ ਕਿ ਇਧਰੋਂ ਉਧਰੋਂ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਣੀ ਚਾਹੀਦੀ ਹੈ ਕਿਉਂਕਿ ਹਰ ਕੋਈ ਆਪਣੀ-ਆਪਣੀ ਆਸਥਾ ਅਨੁਸਾਰ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਦਾ ਹੈ ਤੇ ਦੂਸਰਿਆਂ ਨੂੰ ਸਿਖਾਉਂਦਾ ਹੈ। ਪ੍ਰਮਾਤਮਾ ਦੀ ਵਡਿਆਈ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਹੈ। ਉਸਦੀ ਵਡਿਆਈ ਕਰਨ ਲਈ, ਸਾਨੂੰ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲਣਾ ਪਵੇਗਾ ਭਾਵ ਪ੍ਰਮਾਤਮਾ ਦੇ ਮੇਲ ਲਈ ਸਾਨੂੰ ਆਪਣੇ ਅੰਦਰ ਉਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਪਵੇਗਾ ਜੋ ਕਿ ਸਾਨੂੰ ਗੁਰਬਾਣੀ ਸਮਝਾ ਰਹੀ ਹੈ। ਪ੍ਰਮਾਤਮਾ ਦੀ ਵਡਿਆਈ ਅਸੀਂ ਉਦੋਂ ਹੀ ਕਰ ਸਕਾਂਗੇ ਜਦੋਂ ਅਸੀਂ ਉਸਨੂੰ ਆਪਣੇ ਅੰਦਰੋਂ ਦੇਖ ਲਵਾਂਗੇ, ਉਸਦਾ ਵੱਡਾਪਨ ਦੇਖ ਲਵਾਂਗੇ। (**ਕੇਵਡੁ ਵਡਾ ਡੀਠਾ ਹੋਇ॥**) ਉਸਨੂੰ ਆਪਣੇ ਅੰਦਰੋਂ ਦੇਖਣ ਲਈ ਸਾਡੇ ਲਈ ਉੱਦਮ ਇਹੀ ਹੈ ਕਿ ਅਸੀਂ ਗੁਰੂ ਦਾ ਸਮਝਾਏ ਹੋਏ ਮਾਰਗ ਅਨੁਸਾਰ ਚੱਲੀਏ ਤੇ ਇਧਰੋਂ ਉਧਰੋਂ ਸੁਣੀਆਂ ਗੱਲਾਂ ਤੇ ਵਿਸ਼ਵਾਸ ਨਾ ਕਰੀਏ, ਕਿਸੇ ਹੋਰ ਦੇ ਪਿੱਛੇ ਨਾ ਲੱਗੀਏ ਜੋ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਤੇ ਉਸਨੂੰ ਪਾਉਣ ਦੇ ਤਰੀਕੇ ਸਮਝਾਉਂਦੇ ਹਨ ਪਰ ਪ੍ਰਮਾਤਮਾ ਕੀ ਹੈ, ਇਸ ਗੱਲ ਦੀ ਸਮਝ ਉਨ੍ਹਾਂ ਨੂੰ ਨਹੀਂ ਹੁੰਦੀ। ਸਾਡਾ ਹਰ ਉਪਰਾਲਾ ਤਨੋ, ਮਨੋ, ਧਨੋ ਪ੍ਰਮਾਤਮਾ ਨੂੰ ਪਾਉਣ ਦਾ ਹੋਣਾ ਚਾਹੀਦਾ ਹੈ ਤੇ ਐਸਾ ਕਰਨ ਨਾਲ ਇਹ ਜਰੂਰੀ ਹੈ ਕਿ ਅਸੀਂ ਗੁਰੂ ਦੇ ਦੱਸੇ ਹੋਏ ਮਾਰਗ ਤੇ ਹੀ ਚੱਲੀਏ।

2/15 ਅਤੇ 15-ਅ

ਕੇਵਲ ਕਹਿ ਕਹਿ ਕੇ, ਬੋਲ ਬੋਲ ਕੇ ਉਸ ਨੂੰ ਵੱਡਾ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਧਰਮ ਗ੍ਰੰਥਾਂ ਨੂੰ ਪੜ੍ਹ-ਪੜ੍ਹ ਕੇ ਉਸਦੀ ਵਡਿਆਈ ਕੀਤੀ ਜਾ ਸਕਦੀ ਹੈ। ਇਹੋ ਜਿਹੀ ਵਡਿਆਈ ਅਸੀਂ ਉਹਨਾਂ ਦੀਆਂ ਸੁਣਾਈਆਂ ਗੱਲਾਂ ਨੂੰ ਠੀਕ ਸਮਝ ਕੇ ਕਰਦੇ ਹਾਂ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ। ਉਸਦੀ ਵਡਿਆਈ ਗੁਰੂ ਦੀ ਗੱਲ ਨੂੰ ਮੰਨ ਕੇ ਅਤੇ ਉਸ 'ਤੇ ਅਮਲ ਕਰਕੇ ਹੀ ਹੋ ਸਕਦੀ ਹੈ। ਖਾਲੀ ਧਰਮ ਗ੍ਰੰਥਾਂ ਦਾ ਗਿਆਨ ਹਾਸਲ ਕਰਕੇ ਉਸਦੀ ਵਡਿਆਈ ਨਹੀਂ ਹੋ ਸਕਦੀ ਬਲਕਿ ਉਸਦੀ ਵਡਿਆਈ ਤਾਂ ਉਸਦੇ ਗਿਆਨ ਨੂੰ ਆਪਣੇ ਅੰਦਰ ਵਸਾ ਕੇ ਅਤੇ ਉਸ ਉੱਤੇ ਅਮਲ ਕਰਕੇ ਹੀ ਹੋ ਸਕਦੀ ਹੈ।

"ਕੀਮਤਿ ਪਾਇ ਨ ਕਹਿਆ ਜਾਇ॥" :- ਇੱਥੇ ਬਹੁਤ ਹੀ ਗਹਿਰੀ ਗੱਲ ਸਮਝਾਈ ਹੋਈ ਹੈ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤੀ ਹੋਈ ਹੈ ਕਿ ਇਹ ਕੀਮਤ ਪਾਉਣੀ ਕੀ ਹੈ। ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਬੋਲ-ਬੋਲ ਕੇ, ਸੁਰਤੀਆਂ ਲਗਾਉਣ ਵਿੱਚ, ਜਪ ਤਪ ਆਦਿ ਕਰਨ ਵਿੱਚ ਸਮਝਦੇ ਹਾਂ ਜਿਸਨੂੰ ਅਸੀਂ ਭਗਤੀ ਦਾ ਤਰੀਕਾ ਸਮਝਦੇ ਹਾਂ। ਅਸੀਂ ਸੋਚਦੇ ਹਾਂ ਕਿ ਪ੍ਰਮਾਤਮਾ ਨੂੰ ਪਾਉਣ ਦੀ ਇਹੀ ਕੀਮਤ ਹੈ ਕਿ ਉਸਨੂੰ ਸੁਰਤੀਆਂ ਸਮਾਧੀਆਂ ਲਗਾ ਕੇ ਜਪਿਆ ਜਾਵੇ ਤੇ ਅਸੀਂ ਇਸ ਨੂੰ ਹੀ ਪ੍ਰਮਾਤਮਾ ਦੀ ਭਗਤੀ ਦੀ ਕੀਮਤ ਸਮਝਿਆ ਹੋਇਆ ਹੈ। ਅਸੀਂ ਉਸ ਨੂੰ ਹੀ ਭਗਤੀ ਵਾਲਾ ਸਮਝਦੇ ਹਾਂ ਜੋ ਉਸ ਨੂੰ ਸੁਰਤੀਆਂ ਜੋੜਨ ਅਤੇ ਸਮਾਧੀਆਂ ਲਗਾਉਣ ਦੁਆਰਾ ਜਪਦੇ ਹਨ।

ਜੋ ਜਿਤਨਾ ਜ਼ਿਆਦਾ ਸੁਰਤੀ, ਧਿਆਨ, ਸਮਾਧੀ ਵਿੱਚ ਬੈਠ ਕੇ ਆਪਣੀ ਮਤਿ ਦੁਆਰਾ ਜਪਦਾ ਹੈ ਉਸ ਨੂੰ ਅਸੀਂ ਉਤਨਾ ਹੀ ਵੱਡਾ ਭਗਤੀ ਵਾਲਾ ਸਮਝਦੇ ਹਾਂ, ਉੱਚਾ ਥਾਪਦੇ ਹਾਂ, ਉਸਦੀ ਕਦਰ ਪਾਉਂਦੇ ਹਾਂ, ਉਸਨੂੰ ਪਦਵੀਆਂ ਦਿੰਦੇ ਹਾਂ, ਕਿਉਂਕਿ ਅਸੀਂ ਇਹ ਸਮਝਦੇ ਹਾਂ ਕਿ ਇਹ ਭਗਤੀ ਦੀ ਜ਼ਿਆਦਾ ਕੀਮਤ ਚੁਕਾ ਰਿਹਾ ਹੈ। ਧਿਆਨ ਨਾਲ ਵਿਚਾਰੋ ਤਾਂ ਸਭ ਪਾਸੇ ਇਹੀ ਕੁੱਝ ਹੋ ਰਿਹਾ ਹੈ। ਇੱਕ ਮਨੁੱਖ ਭਾਵੇਂ ਕਿਤਨਾ ਵੀ ਸੱਚਾ ਸੁੱਚਾ ਹੋਵੇ, ਉਸਦੇ ਕਰਮ ਵੀ ਚੰਗੇ ਹੋਣ, ਉਹ ਹਰ ਕਿਸੇ ਦੀ ਮਦਦ ਵੀ ਕਰਦਾ ਹੋਵੇ, ਭਾਵੇਂ ਉਸ ਵਿੱਚ ਕਿਤਨੇ ਵੀ ਗੁਣ ਹੋਣ ਪਰ ਉਹ ਸੁਰਤੀਆਂ, ਸਮਾਧੀਆਂ ਨਾ ਲਗਾਉਂਦਾ ਹੋਵੇ ਤਾਂ ਅਸੀਂ ਉਸ ਨੂੰ ਕਦੇ ਵੀ ਭਗਤ ਨਹੀਂ ਕਹਾਂਗੇ। ਇਸਦੇ ਉਲਟ ਜਿਸ ਮਨੁੱਖ ਵਿੱਚ ਭਾਵੇਂ ਇੱਕ ਗੁਣ ਨਾ ਹੋਵੇ ਉਹ ਔਗੁਣਾਂ ਨਾਲ ਭਰਪੂਰ ਹੋਵੇ ਮਗਰ ਉਹ ਸੁਰਤੀਆਂ ਸਮਾਧੀਆਂ ਲਗਾਉਂਦਾ ਹੋਵੇ ਉਸ ਨੂੰ ਉੱਚਾ ਦਰਜਾ ਦਿੰਦੇ ਹਾਂ। ਸਮਝਾਇਆ ਇਹ ਹੋਇਆ ਹੈ ਕਿ ਇਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਦੀ ਕੀਮਤ ਨਹੀਂ ਪਾਈ ਜਾ ਸਕਦੀ, ਉਸਨੂੰ ਜਪਿਆ ਨਹੀਂ ਜਾ ਸਕਦਾ ਜਿਵੇਂ ਕਿ ਪਿੱਛੇ

ਅਨੇਕਾਂ ਸ਼ਬਦਾਂ ਦੁਆਰਾ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਨੂੰ ਕੇਵਲ ਉੱਚੇ ਗੁਣਾਂ ਨੂੰ ਧਾਰਨ ਕਰਕੇ ਹੀ ਜਪਿਆ ਜਾ ਸਕਦਾ ਹੈ। **ਇਹੋ ਜਿਹੇ ਜਪ ਤਪ ਦੁਆਰਾ ਕੀਮਤ ਅਸਲ ਵਿੱਚ ਕਿਸਦੀ ਪੈਂਦੀ ਹੈ, ਇਹ ਸ਼ਬਦ ਵਿੱਚ ਥੋੜਾ ਅੱਗੇ ਸਮਝਾਇਆ ਹੋਇਆ ਹੈ।** (**ਕੀਮਤਿ ਪਾਇ ਨ ਕਹਿਆ ਜਾਇ॥**)

"ਕਹਣੈ ਵਾਲੇ ਤੇਰੈ ਰਹੇ ਸਮਾਇ॥"

ਇਸ ਤੋਂ ਭਾਵ ਹੈ ਕਿ ਜੋ ਪ੍ਰਮਾਤਮਾ ਨੂੰ ਜਪਦੇ ਹਨ, ਉਸ ਦੀ ਵਡਿਆਈ ਕਰਦੇ ਹਨ, ਉਹ ਤਾਂ ਪ੍ਰਮਾਤਮਾ ਦੇ ਹੁਕਮ ਵਿੱਚ ਸਮਾਏ ਹੁੰਦੇ ਹਨ ਭਾਵ ਜਿਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋ ਗਿਆ ਹੁੰਦਾ ਹੈ ਤੇ ਉਹ ਉਹੋ ਕੁੱਝ ਹੀ ਕਰਦੇ ਹਨ

2/16

ਜਿਹੋ ਜਿਹਾ ਗੁਰੂ ਦਾ ਹੁਕਮ ਹੁੰਦਾ ਹੈ, ਉਪਦੇਸ਼ ਹੁੰਦਾ ਹੈ। ਇਹ ਗੁਰੂ ਦੀ ਅਵੱਸਥਾ ਹੈ, ਭਗਤਾਂ ਦੀ ਅਵੱਸਥਾ ਹੈ ਜੋ ਉਸ ਪ੍ਰਮਾਤਮਾ ਦੇ ਵਿੱਚ ਸਮਾਏ ਹੋਏ ਹਨ ਭਾਵ ਜਿਨ੍ਹਾਂ ਨੇ ਉਸ ਵੱਡੇ ਨੂੰ ਆਪਣੇ ਅੰਦਰੋਂ ਦੇਖਿਆ ਹੋਇਆ ਹੈ। (**ਕਹਣੈ ਵਾਲੇ ਤੇਰੇ ਰਹੇ ਸਮਾਇ॥**) ਆਪਣੇ ਮੇਲ ਦੁਆਰਾ ਪ੍ਰਮਾਤਮਾ ਆਪਣੀ ਭਗਤੀ ਦਾ ਮਾਰਗ ਆਪ ਹੀ ਸਮਝਾਉਂਦਾ ਹੈ।

"ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥

ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੈ, ਉਹੀ ਜਾਣਦੇ ਹਨ ਕਿ ਪ੍ਰਮਾਤਮਾ ਬਹੁਤ ਹੀ ਵੱਡਾ ਹੈ, ਉਸਦੀਆਂ ਗੱਲਾਂ ਵੀ ਬਹੁਤ ਹੀ ਗਹਿਰੀਆਂ ਤੇ ਗੰਭੀਰਤਾ ਵਾਲੀਆਂ ਹਨ ਜੋ ਸਾਡੀ ਸਮਝ ਵਿੱਚ ਨਹੀਂ ਆ ਸਕਦੀਆਂ, ਅਤੇ ਪ੍ਰਮਾਤਮਾ ਗੁਣਾਂ ਨਾਲ ਭਰਪੂਰ ਹੈ, ਉਸਦਾ ਪਸਾਰਾ ਬਹੁਤ ਹੀ ਵੱਡਾ ਹੈ, ਉਸਨੂੰ ਆਪਣੇ ਆਪ ਜਾਣਿਆ ਨਹੀਂ ਜਾ ਸਕਦਾ। ਇਤਨੇ ਵੱਡੇ ਪ੍ਰਮਾਤਮਾ ਨੂੰ ਪਾਉਣ ਲਈ ਕੀ ਸਾਡੀਆਂ ਛੋਟੀਆਂ-ਛੋਟੀਆਂ, ਬੋਲ-ਬੋਲ ਕੇ ਕੀਤੀਆਂ ਵਡਿਆਈਆਂ ਉਸਦੇ ਗੁਣਾਂ ਤੇ ਪੂਰਾ ਉਤਰ ਸਕਦੀਆਂ ਹਨ? ਭਾਵ ਐਡੇ ਵੱਡੇ ਪ੍ਰਮਾਤਮਾ ਨੂੰ ਪਾਉਣ ਲਈ ਉੱਦਮ ਵੀ ਵੱਡਾ ਹੀ ਚਾਹੀਦਾ ਹੈ। ਉਹ ਪ੍ਰਮਾਤਮਾ ਗੁਣਾਂ ਦਾ ਖ਼ਜ਼ਾਨਾ ਹੈ। ਉਸ ਉੱਚੇ ਗੁਣਾਂ ਵਾਲੇ ਨਾਲ ਮੇਲ ਕਰਨ ਲਈ ਗੁਣ ਵੀ ਉੱਚੇ ਹੀ ਚਾਹੀਦੇ ਹਨ ਭਾਵ ਮਨ ਨੂੰ ਮਾਰਨ ਦੀ ਲੋੜ ਹੈ, ਆਪਾ ਆਪ ਮਿਟਾਉਣ ਦੀ ਲੋੜ ਹੈ।ਜੋ ਪ੍ਰਮਾਤਮਾ ਆਪ ਇਤਨਾ ਗੰਭੀਰ ਹੈ, ਜਿਸ ਦੀ ਹਰ ਗੱਲ ਇਤਨੀ ਗੰਭੀਰ ਹੈ, ਜਿਸ ਦੀ ਬਾਣੀ ਇਤਨੀ ਗੰਭੀਰਤਾ ਵਿੱਚ ਹੈ, ਉਸ ਪ੍ਰਮਾਤਮਾ ਨੂੰ ਪਾਉਣ ਲਈ ਸਾਡੇ ਅੰਦਰ ਪੂਰੀ ਗੰਭੀਰਤਾ ਹੋਣੀ ਚਾਹੀਦੀ ਹੈ ਭਾਵ ਸਾਡੀ ਪੂਰੀ ਇੱਛਾ ਪ੍ਰਮਾਤਮਾ ਨੂੰ ਪਾਉਣ ਦੀ ਹੀ ਹੋਣੀ ਚਾਹੀਦੀ ਹੈ। ਸਾਡਾ ਪੂਰਾ ਪ੍ਰੇਮ ਗੁਰੂ ਨਾਲ ਹੀ ਹੋਣਾ ਚਾਹੀਦਾ ਹੈ, ਕਿਸੇ ਹੋਰ ਨਾਲ ਨਹੀਂ। ਤਾਂ ਹੀ ਅਸੀਂ ਮਾਇਆ ਦੇ ਦੁਨਿਆਵੀ ਜਾਲ ਵਿੱਚੋਂ, ਔਗੁਣਾਂ ਵਿੱਚੋਂ ਨਿਕਲ ਕੇ ਗੁਰੂ ਨਾਲ ਜੁੜ ਸਕਦੇ ਹਾਂ। ਪ੍ਰਮਾਤਮਾ ਦਾ ਪਸਾਰਾ ਕਿਤਨਾ ਕੁ ਵੱਡਾ ਹੈ ਇਸ ਗੱਲ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਆਦ ਹੀ ਆ ਸਕਦੀ ਹੈ। ਉਹ ਆਪਣੇ ਨਿਰੰਕਾਰ ਰੂਪ ਵਿੱਚ ਭਾਵ ਬ੍ਰਹਮ ਗਿਆਨ ਰੂਪ ਵਿੱਚ ਵਿਚਰਦਾ ਹੈ, ਸਾਇੰਟਿਫਿਕ ਰੂਪ ਵਿੱਚ ਵਿਚਰਦਾ ਹੈ ਜਿਸ ਨਿਰੰਕਾਰ ਰੂਪ ਦੁਆਰਾ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਆਪ ਹੀ ਆਪਣੇ ਇਤਨੇ ਵੱਡੇ ਪਸਾਰੇ ਨੂੰ ਚਲਾ ਰਹਿਆ ਹੈ। ਪ੍ਰਮਾਤਮਾ ਸਭ ਕੁੱਝ ਆਪ ਹੀ ਹੈ ਤੇ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਤੇ ਇਸ ਗੱਲ ਨੂੰ ਜਾਣੇ ਬਿਨ੍ਹਾਂ ਉਸ ਦੀ ਵਡਿਆਈ ਸਮਝ ਨਹੀਂ ਆ ਸਕਦੀ, ਨਹੀਂ ਕੀਤੀ ਜਾ ਸਕਦੀ। (**ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ਰਹਾਉ॥**)

"ਸਭਿ ਸੁਰਤੀ ਮਿਲਿ ਸੁਰਤਿ ਕਮਾਈ॥

ਸਭ ਕੀਮਤਿ ਮਿਲਿ ਕੀਮਤਿ ਪਾਈ॥"

ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ, ਸੁਰਤੀਆ ਸਮਾਧੀਆਂ ਲਗਾਉਣ ਦੁਆਰਾ ਤੇ ਹੋਰ ਵੀ ਤਰੀਕਿਆਂ ਦੁਆਰਾ ਆਪਣੇ ਵੱਲੋਂ ਤਾਂ ਅਸੀਂ ਪ੍ਰਮਾਤਮਾ ਦੀ ਕੀਮਤ ਪਾਉਣੀ ਸਮਝਦੇ ਹਾਂ ਪਰ **ਅਸਲ ਵਿੱਚ ਕੀਮਤ ਕਿਸ ਦੀ ਪੈਂਦੀ ਹੈ ਇਹੀ ਗੱਲ ਸਾਨੂੰ ਇੱਥੇ ਸਮਝਾਈ ਹੋਈ ਹੈ** ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਅਸੀਂ ਜਿਹੋ ਜਿਹੀ ਭਗਤੀ ਕਰਦੇ ਹਾਂ ਉਸਦਾ ਅਸਰ ਕੀ ਪੈਂਦਾ ਹੈ। ਇਹ ਸਮਝਾਇਆ ਹੋਇਆ ਹੈ ਕਿ ਸਾਡਾ ਭਗਤੀ ਕਰਨ ਦਾ ਤਰੀਕਾ, ਨਾਮ ਜਪਣ ਦਾ ਤਰੀਕਾ ਇਹੀ

ਹੈ ਕਿ ਅਸੀਂ ਸੁਰਤੀਆਂ ਜੋੜ ਕੇ ਬੈਠਦੇ ਹਾਂ, ਸਮਾਧੀਆਂ ਲਾ ਕੇ ਬੈਠਦੇ ਹਾਂ, ਬੋਲ-ਬੋਲ ਕੇ ਜਾਂ ਮੌਨ ਧਾਰ ਕੇ ਆਪਣੇ-ਆਪਣੇ ਤਰੀਕੇ ਨਾਲ, ਸੁਣੀਆਂ-ਸੁਣਾਈਆਂ ਗੱਲਾਂ ਨਾਲ ਆਪਣੀ ਮਤਿ ਨਾਲ ਜਪ ਕਰਦੇ ਹਾਂ, ਸਿਮਰਨ ਕਰਦੇ ਹਾਂ ਜਿਵੇਂ ਕਿ ਪਿੱਛੇ ਸਮਝਾਇਆ ਹੈ। ਇਨ੍ਹਾਂ ਸੁਰਤੀਆਂ ਸਮਾਧੀਆਂ ਦੁਆਰਾ ਪ੍ਰਮਾਤਮਾ ਦੀ ਤਾਂ ਵਡਿਆਈ ਨਹੀਂ ਹੁੰਦੀ ਕਿਉਂਕਿ ਪ੍ਰਮਾਤਮਾ ਦੀ ਵਡਿਆਈ ਉਸ ਦੀ ਦਿੱਤੀ ਹੋਈ ਮਤਿ ਨੂੰ ਉੱਚਾ ਕਰਨ ਦੁਆਰਾ ਹੁੰਦੀ ਹੈ, ਗੁਰਮਤਿ ਨੂੰ ਉੱਚਾ ਕਰਨ ਦੁਆਰਾ ਹੁੰਦੀ ਹੈ ਭਾਵ ਗੁਰਮਤਿ ਦੁਆਰਾ ਵਿਚਰਨ ਨਾਲ ਹੁੰਦੀ ਹੈ ਪਰ ਸੁਰਤੀਆਂ ਸਮਾਧੀਆਂ ਲਗਾਉਣ ਦੁਆਰਾ ਸਾਡਾ ਸਮਾਜ ਵਿੱਚ, ਸਾਡੇ ਜਾਨਣ ਵਾਲਿਆਂ ਵਿੱਚ ਸਾਡਾ ਨਾਂ ਉੱਚਾ ਹੁੰਦਾ ਹੈ, ਸਾਡਾ ਰੁਤਬਾ ਉੱਚਾ ਹੁੰਦਾ ਹੈ ਜਿਸ ਨਾਲ ਸਾਡੀ ਸੁਰਤਿ ਦੀ ਕਮਾਈ ਹੁੰਦੀ ਹੈ ਭਾਵ ਸਾਡੀ ਸੁਰਤਿ ਪਹਿਲਾਂ ਨਾਲੋਂ ਉੱਚੀ ਹੋ ਜਾਂਦੀ ਹੈ, ਸਾਡੀ ਆਪਣੀ ਮਤਿ ਹੋਰ ਉੱਚੀ ਹੋ ਜਾਂਦੀ ਹੈ, ਸਾਡੀ ਹਉਮੈ ਹੋਰ ਉੱਚੀ ਹੋ ਜਾਂਦੀ ਹੈ, ਸਾਡੀ ਆਪਣੀ ਮਤਿ ਹੋਰ ਉੱਚੀ ਹੋ ਜਾਂਦੀ ਹੈ, ਸਾਡੀ ਹਉਮੈ ਹੋਰ ਉੱਚੀ ਹੋ ਜਾਂਦੀ ਹੈ ਭਾਵ ਸਾਡਾ ਮਾਨ ਉੱਚਾ ਹੋ ਜਾਂਦਾ ਹੈ, ਸਾਡੀ "ਮੈਂ" ਉੱਚੀ ਹੋ ਜਾਂਦੀ ਹੈ ਕਿਉਂਕਿ ਸਾਡੀ ਕਦਰ ਪੈ ਜਾਂਦੀ ਹੈ,

2/17

ਸਾਡੀ ਕੀਮਤ ਪੈਣ ਲੱਗ ਪੈਂਦੀ ਹੈ। ਜਿਤਨਾ ਕੋਈ ਇਸ ਕੰਮ ਵਿੱਚ ਅੱਗੇ ਲੰਘ ਜਾਂਦਾ ਹੈ ਉਤਨੀ ਉਸਦੀ ਆਪਣੇ ਜਾਨਣ ਵਾਲਿਆਂ ਵਿੱਚ ਕੀਮਤ ਵੱਧਦੀ ਜਾਂਦੀ ਹੈ। ਕਮਾਈ ਤਾਂ ਅਸੀਂ ਸ਼ਬਦ ਦੀ ਕਰਨੀ ਸੀ ਪਰ ਕਮਾਈ ਆਪਣੀ ਸੁਰਤਿ ਦੀ ਕੀਤੀ। ਸ਼ਬਦ ਦੀ ਕਮਾਈ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੁੰਦੀ ਹੈ ਤੇ ਸ਼ਬਦ ਦੀ ਵਿਚਾਰ ਸਾਨੂੰ ਸਰੀਰਕ ਜਪ ਤਪ ਕਰਨ ਤੋਂ ਮਨਾ ਕਰਦੀ ਹੈ। ਸਾਡੀ ਇਹ ਕੀਮਤ ਕਿਸ ਰੂਪ ਵਿੱਚ ਪੈਂਦੀ ਹੈ, ਇਹ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਗਿਆਨੀ ਧਿਆਨੀ ਗੁਰ ਗੁਰ ਹਾਈ॥ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥"

ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ, ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਸਮਝਦੇ ਹਾਂ, ਆਪਣੇ ਵੱਲੋਂ ਗੁਰਮਤਿ ਦੀ ਕੀਮਤ ਪਾਉਂਦੇ ਹਾਂ। ਉਸ ਨਾਲ ਅਸੀਂ ਗੁਰਮਤਿ ਦੀ ਕੀਮਤ ਤਾਂ ਨਹੀਂ ਪਾਉਂਦੇ ਭਾਵ ਗੁਰਮਤਿ ਨੂੰ ਉੱਚਾ ਨਹੀਂ ਕਰਦੇ ਬਲਕਿ ਆਪਣੇ ਆਪ ਨੂੰ ਉੱਚਾ ਕਰਦੇ ਹਾਂ, ਆਪਣੀ ਮਤਿ ਨੂੰ ਉੱਚਾ ਕਰਦੇ ਹਾਂ, ਹਉਮੈ ਉੱਚੀ ਕਰਦੇ ਹਾਂ ਭਾਵ ਆਪਣੀ ਕੀਮਤ ਪਾਉਂਦੇ ਹਾਂ ਤੇ ਉਸ ਨਾਲ ਸਾਡੀ ਕੀਮਤ ਕਿਵੇਂ ਪੈਂਦੀ ਹੈ, ਇਹ ਸਮਝਾਇਆ ਹੋਇਆ ਹੈ। ਜਦੋਂ ਸਾਡੀ ਕੀਮਤ ਪੈ ਜਾਂਦੀ ਹੈ ਤੇ ਉਸ ਕੀਮਤ ਅਨੁਸਾਰ ਕੋਈ ਆਪਣੇ ਆਪ ਨੂੰ ਗਿਆਨੀ ਅਖਵਾਉਣ ਲੱਗ ਪੈਂਦਾ ਹੈ ਜਾਂ ਲੋਕੀ ਆਪ ਹੀ ਇਹ ਪਦਵੀ ਦੇ ਦਿੰਦੇ ਹਨ। ਜੋ ਬਹੁਤ ਧਿਆਨ ਜੋੜ ਕੇ ਬੈਠਦਾ ਹੈ, ਲੰਮੀਆਂ ਸੁਰਤੀਆਂ, ਸਮਾਧੀਆਂ ਲਗਾਉਂਦਾ ਹੈ, ਉਸਨੂੰ ਧਿਆਨੀ ਦਾ ਖਿਤਾਬ ਮਿਲ ਜਾਂਦਾ ਹੈ। ਜੋ ਆਪਣੇ ਆਪ ਨੂੰ ਹੋਰ ਜ਼ਿਆਦਾ ਉੱਚਾ ਕਰ ਲੈਂਦੇ ਹਨ ਉਹ ਲੋਕਾਂ ਦੀਆਂ ਨਜ਼ਰਾਂ ਵਿੱਚ ਗੁਰੂ ਰੂਪ ਬਣ ਜਾਂਦੇ ਹਨ ਤੇ ਉਨ੍ਹਾਂ ਦੀ ਪੂਜਾ ਗੁਰੂਆਂ ਦੀ ਤਰ੍ਹਾਂ ਹੋਣ ਲੱਗ ਪੈਂਦੀ ਹੈ ਅਤੇ ਉਹ ਗੁਰੂਆਂ ਦੀ ਤਰ੍ਹਾਂ ਲੋਕਾਂ ਨੂੰ ਧਰਮ

2/18

ਦਾ ਮਾਰਗ ਸਮਝਾਉਣ ਲੱਗ ਪੈਂਦੇ ਹਨ, ਸੰਤ ਆਦਿ ਬਣ ਕੇ ਬੈਠ ਜਾਂਦੇ ਹਨ। ਕੁੱਝ ਉਹਨਾਂ ਤੋਂ ਵੀ ਅੱਗੇ ਨਿਕਲ ਕੇ ਲੋਕਾਂ ਨੂੰ ਪ੍ਰਮਾਤਮਾ ਦੇ ਨਾਲ ਮਿਲਾਉਣ ਦਾ ਦਾਵਾ ਕਰਦੇ ਹਨ ਭਾਵ **"ਗੁਰਹਾਈ"** ਰੂਪ ਬਣ ਜਾਂਦੇ ਹਨ। ਲੋਕ ਉਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੀ ਸਮਝਦੇ ਹਨ ਤੇ ਉਨ੍ਹਾਂ ਦੀ ਕੀਮਤ ਬਹੁਤ ਜ਼ਿਆਦਾ ਪੈ ਜਾਂਦੀ ਹੈ। ਲੋਕ ਗੁਰੂ ਨੂੰ ਛੱਡ ਕੇ ਉਨ੍ਹਾਂ ਦੀਆਂ ਗੱਲਾਂ ਵਿੱਚ ਆ ਜਾਂਦੇ ਹਨ। ਇਹੋ ਜਿਹੀ ਆਪਣੀ ਕੀਮਤ ਪਾ ਕੇ ਭਾਵ ਆਪਣੇ ਆਪ ਨੂੰ ਉੱਚਾ ਕਰ ਕੇ ਪ੍ਰਮਾਤਮਾ ਨੂੰ ਕੋਈ ਨਹੀਂ ਕਹਿ ਸਕਦਾ, ਜਪ ਸਕਦਾ, ਪਾ ਸਕਦਾ **(ਕੀਮਤਿ ਪਾਇ ਨ ਕਹਿਆ ਜਾਇ॥)**। ਹੁਣ ਧਿਆਨ ਨਾਲ ਵਿਚਾਰੋ ਕਿ ਇੱਥੇ ਕਿੰਨਾ ਸਪੱਸ਼ਟ ਤੌਰ ਤੇ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਉੱਚੇ ਰੁਤਬੇ ਬਣਾ ਕੇ ਭਾਵ ਗਿਆਨੀ, ਧਿਆਨੀ ਗੁਰੂ ਆਦਿ ਵਰਗੇ ਉੱਚੇ ਅਖਵਾ ਕੇ, ਸੰਤ ਆਦਿ ਅਖਵਾ ਕੇ ਉਸ ਪ੍ਰਮਾਤਮਾ ਦੀ ਇੱਕ ਤਿਲ ਜਿੰਨੀ ਵਡਿਆਈ ਵੀ ਨਹੀਂ ਕੀਤੀ

ਜਾ ਸਕਦੀ। **(ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥)**

ਧਿਆਨ ਨਾਲ ਸੋਚੀਏ ਕਿ ਇਹੋ ਜਿਹੀ ਭਗਤੀ ਕਰਨ ਨਾਲ ਵਡਿਆਈ ਕਿਸ ਦੀ ਹੋਈ, ਕੀਮਤ ਕਿਸ ਦੀ ਪਈ, ਮਨੁੱਖ ਦੀ ਆਪਣੀ ਜਾਂ ਰੱਬ ਦੀ? ਸਾਡੀ ਮਨਸਾ ਤਾਂ ਰੱਬ ਦੀ ਵਡਿਆਈ ਕਰਨ ਦੀ ਹੀ ਸੀ ਮਗਰ ਹੋ ਆਪਣੀ ਗਈ ਕਿਉਂਕਿ ਸਾਡਾ ਮਾਰਗ ਹੀ ਗਲਤ ਸੀ। ਪ੍ਰਮਾਤਮਾ ਦੀ ਸੱਚੀ ਵਡਿਆਈ ਦਾ ਉੱਦਮ ਇਹ ਹੈ ਕਿ ਮਨੁੱਖ ਗੁਰੂ ਦੇ ਗੁਣਾਂ ਨੂੰ ਧਾਰਨ ਕਰੇ, ਸੱਚ ਦੇ ਮਾਰਗ ਤੇ ਚੱਲਣ ਦੁਆਰਾ ਭਗਤੀ ਦਾ ਉੱਦਮ ਕਰੇ ਨਾ ਕਿ ਕਿਸੇ ਸਰੀਰਕ ਜਪ ਤਪ ਦੁਆਰਾ, ਦਿਖਾਵੇ ਦੁਆਰਾ।

ਹੁਣ ਧਿਆਨ ਨਾਲ ਵਿਚਾਰੀਏ ਕਿ ਸਾਰਾ ਉਪਰਾਲਾ ਤਾਂ ਪ੍ਰਮਾਤਮਾ ਦੀ ਕੀਮਤ ਪਾਉਣ ਲਈ ਕੀਤਾ ਤੇ ਅਸਲ ਵਿੱਚ ਕੀਮਤ ਆਪਣੀ ਪਾ ਲਈ, ਮਾਣ ਸਾਡਾ ਵੱਧ ਗਿਆ, ਹਉਮੈ ਸਾਡੀ ਵੱਧ ਗਈ। ਇਹ ਮਾਰਗ ਤਾਂ ਹਉਮੈ ਨੂੰ ਖਤਮ ਕਰਨ ਦਾ ਅਤੇ ਮਾਨ ਨੂੰ ਤਿਆਗਣ ਦਾ ਹੈ, ਸਭਨਾਂ ਦੀ ਧੂੜ ਹੋਣ ਦਾ ਹੈ ਭਾਵ ਨੀਵੇਂ ਹੋਣ ਦਾ ਹੈ ਪਰ ਅਸਲ ਵਿੱਚ ਹੋਇਆ ਕੀ ? ਭਾਵ ਨਤੀਜਾ ਕੀ ਨਿਕਲਿਆ। ਨਤੀਜਾ ਗੁਰਮਤਿ ਦੇ ਬਿਲਕੁਲ ਉਲਟ ਨਿਕਲਿਆ। ਹੁਣ ਆਪ ਹੀ ਵਿਚਾਰੋ ਜੋ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ, ਕੀ ਇਹੋ ਜਿਹੀ ਕੀਤੀ ਹੋਈ ਭਗਤੀ ਕਦੇ ਥਾਇ ਪੈ ਸਕਦੀ ਹੈ? ਭਗਤੀ ਕੇਵਲ ਉਹੀ ਥਾਇ ਪੈਂਦੀ ਹੈ ਜੋ ਗੁਰੂ ਦੀ ਮਤਿ ਅਨੁਸਾਰ ਹੋਵੇ। ਗੁਰੂ ਦੀ ਮਤਿ ਹਉਮੈ ਤਿਆਗਣ ਲਈ ਹੈ, ਮਾਨ ਤਿਆਗਣ ਲਈ ਹੈ, ਸਭ ਤੋਂ ਨੀਵੇਂ ਹੋਣ ਲਈ ਹੈ। ਇਹੋ ਜਿਹੇ ਗੁਣ ਸਾਡੇ ਅੰਦਰ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਆ ਸਕਦੇ ਹਨ, ਮਨ ਨੂੰ ਮਾਰਨ ਦੁਆਰਾ ਆ ਸਕਦੇ ਹਨ, ਔਗੁਣਾਂ ਨੂੰ ਤਿਆਗਣ ਦੁਆਰਾ ਆ ਸਕਦੇ ਹਨ, ਮਾਇਆ ਦੇ ਮੋਹ ਵਿੱਚੋਂ ਨਿਕਲ ਕੇ ਆ ਸਕਦੇ ਹਨ, ਗੁਰੂ ਦੀ ਕ੍ਰਿਪਾ ਦੁਆਰਾ ਆ ਸਕਦੇ ਹਨ। ਗੁਰੂ ਦੀ ਜਿਸ ਤੇ ਕ੍ਰਿਪਾ ਹੋ ਜਾਂਦੀ ਹੈ ਭਾਵ ਜਿਸ ਮਨੁੱਖ ਤੇ ਗੁਰੂ ਖੁਸ਼ ਹੋ ਜਾਂਦਾ ਹੈ ਉਸ ਮਨੁੱਖ ਦਾ ਮਾਣ, ਮੋਹ, ਹਉਮੈ ਮਿਟਾ ਦਿੰਦਾ ਹੈ। ਇਸ ਗੱਲ ਨੂੰ ਹੇਠ ਲਿਖੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ:-

{ਗੁਰੁ ਜਿਨ੍ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ॥
ਜਿਨ੍ ਕਉ ਗੁਰੁ ਸੁਪ੍ਰਸੰਨੁ ਦੁਰਤੁ ਦੁਰੰਤਰਿ ਨਾਸੈ॥
ਗੁਰੁ ਜਿਨ੍ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ॥
ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ॥}

(ਅੰਗ ੧੩੯੮)

{ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥ ਸਾਧਸੰਗਿ ਜਾ ਕਾ ਮਿਟੈ ਅਭਿਮਾਨੁ॥
ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥
ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥
ਸੂਖ ਦੂਖ ਜਨ ਸਮ ਦ੍ਰਿਸਟੇਤਾ॥ ਨਾਨਕ ਪਾਪ ਪੁੰਨ ਨਹੀ ਲੇਪਾ॥੬॥ }

(ਅੰਗ ੨੬੬)

{ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥
ਸੋ ਜਨੁ ਨਾਨਕ ਦਰਗਹ ਪਰਵਾਨੁ॥੨॥
ਕੋਟਿ ਕਰਮ ਕਰੈ ਹਉ ਧਾਰੇ॥
ਸ੍ਰਮੁ ਪਾਵੈ ਸਗਲੇ ਬਿਰਥਾਰੇ॥
ਅਨਿਕ ਤਪਸਿਆ ਕਰੇ ਅਹੰਕਾਰ॥
ਨਰਕ ਸੁਰਗ ਫਿਰਿ ਫਿਰਿ ਅਵਤਾਰ॥

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥
ਹਰਿ ਦਰਗਹ ਕਹੁ ਕੈਸੇ ਗਵੈ॥
ਆਪਸ ਕਉ ਜੋ ਭਲਾ ਕਹਾਵੈ॥
ਤਿਸਹਿ ਭਲਾਈ ਨਿਕਟਿ ਨ ਆਵੈ॥
ਸਰਬ ਕੀ ਰੇਨ ਜਾ ਕਾ ਮਨੁ ਹੋਇ॥
ਕਹੁ ਨਾਨਕ ਤਾ ਕੀ ਨਿਰਮਲ ਸੋਇ॥੩॥}

(ਅੰਗ ੨੭੮)

{ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥}

(ਅੰਗ ੪੭੦)

ਉੱਪਰ ਦਿੱਤੇ ਗਏ ਸ਼ਬਦਾਂ ਨੂੰ ਬਰੀਕੀ ਨਾਲ ਵਿਚਾਰਨ ਤੇ ਸੋਝੀ ਪਵੇਗੀ ਕਿ ਭਗਤੀ ਅਸਲ ਵਿੱਚ ਹੈ ਕੀ। ਆਪਣੇ ਆਪ ਨੂੰ ਉੱਚਿਆਂ

2/19

ਕਰਨ ਨਾਲ ਭਗਤੀ ਨਹੀਂ ਹੋ ਸਕਦੀ। ਭਗਤੀ ਦਾ ਮਾਰਗ ਤਾਂ ਇਸ ਤੋਂ ਉਲਟਾ ਹੈ। ਗੁਰੂ ਦੇ ਉਪਦੇਸ਼ ਦਾ ਸਾਡੇ ਮਨ ਵਿੱਚ ਵੱਸ ਜਾਣਾ ਹੀ ਨਾਮ ਦਾ ਹਿਰਦੇ ਵਿੱਚ ਵੱਸ ਜਾਣਾ ਹੈ। ਜਦ ਤੱਕ ਇਹ ਗੱਲ ਸਾਡੀ ਸਮਝ ਵਿੱਚ ਨਹੀਂ ਆਉਂਦੀ, ਅਸੀਂ ਉਲਝਣ ਵਿੱਚ ਹੀ ਪਏ ਰਹਾਂਗੇ ਤੇ ਭਗਤੀ ਦੇ ਸਹੀ ਮਾਰਗ ਤੋਂ ਭਟਕਦੇ ਹੀ ਰਹਾਂਗੇ। ਪ੍ਰਮਾਤਮਾ ਦੀ ਸਭ ਤੋਂ ਵੱਡੀ ਕ੍ਰਿਪਾ ਸਾਡੇ 'ਤੇ ਇਹੀ ਹੈ ਕਿ ਉਹ ਆਪਣਾ ਨਾਮ ਸਾਡੇ ਮਨ ਵਿੱਚ ਵੱਸਾ ਦੇਵੇ ਭਾਵ ਉਸਦਾ ਦਿੱਤਾ ਹੋਇਆ ਉਪਦੇਸ਼ ਸਾਡੇ ਅੰਦਰ ਵੱਸ ਜਾਵੇ। ਐਸਾ ਹੋਣ ਨਾਲ ਹੀ ਸਾਡੇ ਮਨ ਦੀ ਬਿਰਤੀ ਵਿਕਾਰਾਂ ਵੱਲੋਂ ਹੱਟ ਕੇ ਗੁਣਾਂ ਵਾਲੀ ਹੋ ਸਕਦੀ ਹੈ, ਸਾਡੇ ਵਿੱਚ ਨਿਮਰਤਾ ਆ ਸਕਦੀ ਹੈ। ਸਾਡਾ ਮਾਣ ਅਭਿਮਾਨ ਮਿਟ ਸਕਦਾ ਹੈ। ਜੇ ਅਸੀਂ ਪ੍ਰਮਾਤਮਾ ਦੀ ਮਿਠਾਸ ਲੈਣੀ ਹੈ ਤਾਂ ਉਹ ਨੀਵੇਂ ਹੋ ਕੇ ਮਿਲ ਸਕਦੀ ਹੈ। ਆਪਣੇ ਆਪ ਨੂੰ ਉੱਚਿਆਂ ਕਰਕੇ ਕਦੇ ਵੀ ਨਹੀਂ ਮਿਲ ਸਕਦੀ। ਮਨੁੱਖ ਦਾ ਨੀਵਾਂ ਹੋਣ ਦਾ ਗੁਣ ਸਾਰੀਆਂ ਚੰਗਿਆਈਆਂ ਦਾ ਤੱਤ ਹੈ **(ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥)**।

ਹੁਣ ਆਪ ਹੀ ਵਿਚਾਰੋ ਕਿ ਜਿਹੜੀ ਭਗਤੀ ਨਾਲ ਸਾਡਾ ਮਾਣ ਵਧੇ, ਸਾਡਾ ਰੁਤਬਾ ਉੱਚਾ ਹੋਵੇ ਪਰ ਸਾਡੇ ਅੰਦਰ ਗੁਰੂ ਦੇ ਦੱਸੇ ਹੋਏ ਗੁਣ ਨਾ ਹੋਣ, ਕੀ ਇਹੋ ਜਿਹੀ ਸਾਡੀ ਕੀਤੀ ਹੋਈ ਭਗਤੀ ਕਦੇ ਗੁਰੂ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਹੋ ਸਕਦੀ ਹੈ?

{ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥}

(ਅੰਗ ੧੩੬)

ਇਸ ਸ਼ਬਦ ਰਾਹੀਂ ਸੱਚਾ ਮਾਰਗ ਕੀ ਹੈ, ਇਹ ਵੀ ਸਮਝਾਇਆ ਹੋਇਆ ਹੈ ਜਿਸ ਦੀ ਵਿਚਾਰ ਅੱਗੇ ਚੱਲ ਕੇ ਕਰਾਂਗੇ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਝੂਠਾ ਮਾਨ ਕੀ ਹੈ ਤੇ ਸੱਚਾ ਮਾਨ ਕੀ ਹੈ ਇਹ ਵੀ ਸਮਝਾਂਗੇ। ਗੁਰੂ ਨੂੰ ਜੋ ਮਾਨ ਮਿਲਦਾ ਹੈ ਉਹ ਸੱਚਾ ਮਾਨ ਹੈ ਜੋ ਸੱਚ ਤੇ ਚੱਲਦਾ ਹੈ। ਆਉ ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ।

“ਸਭਿ ਸਤ ਸਭਿ ਤਪ ਸਭਿ ਚੰਗਿਆਈਆ॥
ਸਿਧਾ ਪੁਰਖਾ ਕੀਆ ਵਡਿਆਈਆਂ॥”

ਇੱਥੇ ਗੱਲ ਹੋਰ ਵੀ ਗਹਿਰੀ ਸਮਝਾਈ ਹੋਈ ਹੈ ਜੋ ਕਿ ਇਸ ਤੋਂ ਅਗਲੀ ਪੰਗਤੀ ਵਿੱਚ ਜਾ ਕੇ ਸਪੱਸ਼ਟ ਕੀਤੀ ਹੋਈ ਹੈ। ਇਨ੍ਹਾਂ ਪੰਗਤੀਆਂ ਵਿੱਚ ਸਾਡੀ ਸਭ ਤੋਂ ਵੱਡੀ ਉਲਝਣ ਦਾ ਕਾਰਨ ਸਮਝਾਇਆ ਹੋਇਆ ਹੈ। ਅਸਲ ਵਿੱਚ ਰੱਬ ਨੂੰ ਕਿਸੇ ਨੇ ਵੇਖਿਆ ਤਾਂ ਹੁੰਦਾ ਨਹੀਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੀ ਪਹਿਚਾਣ ਤਾਂ ਹੋਈ ਨਹੀਂ ਹੁੰਦੀ, ਇਸ ਕਰਕੇ ਅਸੀਂ ਉਸ ਮਨੁੱਖ ਨੂੰ ਹੀ

ਪ੍ਰਮਾਤਮਾ ਦਾ ਰੂਪ ਸਮਝ ਬੈਠਦੇ ਹਾਂ ਜਿਸਦੇ ਕੋਲ ਕੁੱਝ ਰਿਧੀਆਂ ਸਿਧੀਆਂ ਆ ਜਾਣ।ਇਹ ਰਿਧੀਆਂ ਸਿੱਧੀਆਂ ਅਸਲ ਵਿੱਚ ਸਾਡੇ ਅੰਦਰ ਮਾਇਆ ਦੀ ਜੁਗਤਿ ਹੈ ਜਿਸ ਦੀ ਚਰਚਾ ਅੱਗੇ ਚੱਲ ਕੇ ਕਰਾਂਗੇ। ਇਨ੍ਹਾਂ ਰਿਧੀਆਂ ਸਿਧੀਆਂ ਦੀ ਸਮਝ ਤਾਂ ਹੀ ਆ ਸਕਦੀ ਹੈ ਜਦੋਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦਾ ਹੈ। ਜਦ ਤੱਕ ਪ੍ਰਮਾਤਮਾ ਦੀ ਸਮਝ ਨਹੀਂ ਲੱਗਦੀ ਇਹ ਰਿਧੀਆਂ ਸਿਧੀਆਂ ਬਹੁਤ ਉੱਚੀਆਂ ਲੱਗਦੀਆਂ ਹਨ ਪਰ ਜਦੋਂ ਪ੍ਰਮਾਤਮਾ ਦੀ ਸਮਝ ਲੱਗ ਜਾਵੇ ਤਾਂ ਇਹ ਤੁਛ ਨਜ਼ਰ ਆਉਂਦੀਆਂ ਹਨ।

2/20

ਜਿਵੇਂ ਕਿ ਕੋਈ ਕਿਸੇ ਦੇ ਮਨ ਦੀ ਗੱਲ ਬੁੱਝ ਲਵੇ ਤਾਂ ਅਸੀਂ ਇਹ ਸਮਝਦੇ ਹਾਂ ਕਿ ਇਹ ਮਨੁੱਖ ਪ੍ਰਮਾਤਮਾ ਨੂੰ ਮਿਲਿਆ ਹੋਇਆ ਹੈ ਤੇ ਅਸੀਂ ਉਸ ਨੂੰ ਬਹੁਤ ਉੱਚਾ ਸਮਝਣ ਲੱਗ ਪੈਂਦੇ ਹਾਂ। ਹਕੀਕਤ ਵਿੱਚ ਇਹ ਬੜੀ ਹੀ ਮਮੂਲੀ ਖੇਡ ਹੈ ਲੇਕਿਨ ਇਸ ਖੇਡ ਦੀ ਸਮਝ ਤਾਂ ਹੀ ਆਉਂਦੀ ਹੈ ਜਦੋਂ ਤੁਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲਵੋ। ਜਿਸ ਨੂੰ ਰਿਧੀ ਸਿਧੀ ਮਿਲੀ ਹੁੰਦੀ ਹੈ, ਹਕੀਕਤ ਵਿੱਚ ਉਹ ਪ੍ਰਮਾਤਮਾ ਤੋਂ ਉਤਨਾ ਹੀ ਦੂਰ ਹੁੰਦਾ ਹੈ ਜਿਤਨਾ ਹਰ ਕੋਈ ਮਨੁੱਖ ਹੁੰਦਾ ਹੈ। ਇਹ ਰਿਧੀਆਂ ਸਿਧੀਆਂ ਸਭ ਤ੍ਰੈਗੁਣਾਂ ਦੀ ਅਵੱਸਥਾ ਹੀ ਹਨ ਜਿਵੇਂ ਕਿ ਬਾਣੀ ਵਿੱਚ ਕਈ ਜਗ੍ਹਾ ਸਮਝਾਇਆ ਹੋਇਆ ਹੈ।

{ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥}

(ਅੰਗ ੬)

{ਰਿਧਿ ਸਿਧਿ ਸਭੁ ਮੋਹੁ ਹੈ॥ ਨਾਮੁ ਨ ਵਸੈ ਮਨਿ ਆਇ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨}

(ਅੰਗ ੬੫੦)

ਹਰ ਕੋਈ ਇਨ੍ਹਾਂ ਰਿਧੀਆਂ ਸਿਧੀਆਂ ਦੇ ਮੋਹ ਵਿੱਚ ਫਸ ਜਾਂਦਾ ਹੈ। ਅਸਲ ਵਿੱਚ ਇਹ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਪ੍ਰਮਾਤਮਾ ਨਾਲੋਂ ਦੂਰ ਰੱਖਦੀ ਹੈ। ਜੇ ਪ੍ਰਮਾਤਮਾ ਸਾਨੂੰ ਆਪਣੇ ਤੋਂ ਦੂਰ ਰੱਖਣਾ ਚਾਹੇ ਤਾਂ ਉਸ ਲਈ ਕਿਸੇ ਕਾਰਨ ਜਾਂ ਜੁਗਤਿ ਦਾ ਹੋਣਾ ਵੀ ਜਰੂਰੀ ਹੈ। ਸਾਡੀ ਉਲਝਣ ਦਾ ਕੋਈ ਨਾ ਕੋਈ ਕਾਰਨ ਵੀ ਜਰੂਰ ਬਣਦਾ ਹੈ, ਵਰਨਾ ਅਸੀਂ ਉਲਝ ਨਹੀਂ ਸਕਦੇ। ਮਨੁੱਖ ਜੋ ਕੁੱਝ ਵੀ ਕਰਦਾ ਹੈ ਉਸਦੇ ਪਿੱਛੇ ਕਿਸੇ ਨਾ ਕਿਸੇ ਤੱਥ ਦਾ ਤਰਕ ਦਾ ਹੋਣਾ ਜਰੂਰੀ ਹੈ। ਇਹ ਰਿਧੀਆਂ ਸਿਧੀਆਂ ਸਾਡੇ ਲਈ ਇਹੋ ਕੁੱਝ ਕਰਦੀਆਂ ਹਨ ਭਾਵ ਸਾਡੀਆਂ ਉਲਝਣਾ ਦਾ ਕਾਰਨ ਬਣਦੀਆਂ ਹਨ ਅਤੇ ਸਾਨੂੰ ਗੁਰੂ ਤੋਂ ਦੂਰ ਕਰਦੀਆਂ ਹਨ। ਗੁਰੂ ਦੀ ਸੱਚਾਈ ਨਾਲ ਜੋੜਨ ਤੋਂ ਦੂਰ ਕਰਦੀਆਂ ਹਨ ਭਾਵ ਸਾਨੂੰ ਭਰਮਾਂ ਵਿੱਚ ਪਾਉਂਦੀਆਂ ਹਨ। ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਹੈ ਤੇ ਰਿਧੀਆਂ ਸਿਧੀਆਂ ਉਲਟਾ ਸਾਨੂੰ ਮਾਇਆ ਮੋਹ ਵਿੱਚ ਫਸਾਉਂਦੀਆਂ ਹਨ ਜੋ ਕਿ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ, ਆਪਣੇ ਆਪ ਤੋਂ ਦੂਰ ਰੱਖਣ ਦੀ ਜੁਗਤਿ ਹੈ। ਅਸੀਂ ਇਨ੍ਹਾਂ ਦੇ ਮੋਹ ਵਿੱਚ ਫਸ ਕੇ ਇਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ ਭਾਵ ਉਨ੍ਹਾਂ ਮਨੁੱਖਾਂ ਦੇ ਪਿੱਛੇ

ਲੱਗ ਜਾਂਦੇ ਹਾਂ ਜਿਨ੍ਹਾਂ ਵਿੱਚ ਪ੍ਰਮਾਤਮਾ ਨੇ ਇਨ੍ਹਾਂ ਰਿਧੀਆਂ ਸਿਧੀਆਂ ਨੂੰ ਪਾਇਆ ਹੁੰਦਾ ਹੈ। ਜਿਸ ਮਨੁੱਖ ਕੋਲ ਇਹ ਰਿਧੀਆਂ ਸਿਧੀਆਂ ਹੁੰਦੀਆਂ ਹਨ ਉਹ ਵੀ ਇਹ ਹੀ ਸਮਝਦਾ ਹੈ ਕਿ ਇਹ ਰੱਬ ਦੀ ਬਹੁਤ ਵੱਡੀ ਕ੍ਰਿਪਾ ਹੈ ਤੇ ਉਸ ਨੂੰ ਇਹ ਲੱਗਦਾ ਹੈ ਕਿ ਉਹ ਰੱਬ ਨਾਲ ਮਿਲਿਆ ਹੋਇਆ ਹੈ। ਇਹ ਉਸਦਾ ਕੇਵਲ ਭੁਲੇਖਾ ਹੀ ਹੁੰਦਾ ਹੈ ਅਤੇ ਇਸ ਭੁਲੇਖੇ ਕਾਰਨ ਲੋਕੀ ਉਨ੍ਹਾਂ ਦੇ ਮਗਰ ਲੱਗ ਜਾਂਦੇ ਹਨ ਤੇ ਉਨ੍ਹਾਂ ਨੂੰ ਰੱਬ ਦਾ ਰੂਪ ਸਮਝਦੇ ਹਨ, ਜਦ ਕਿ ਜਿੱਥੇ ਰਿਧੀਆਂ ਸਿਧੀਆਂ ਹੁੰਦੀਆਂ ਹਨ ਉੱਥੇ ਨਾਮ ਨਹੀਂ ਵੱਸਿਆ ਹੁੰਦਾ, ਪ੍ਰਮਾਤਮਾ ਆਪ ਨਹੀਂ ਹੁੰਦਾ ਤੇ ਨਾ ਹੀ ਉਹਨਾਂ ਦੇ ਅੰਦਰ ਪ੍ਰਮਾਤਮਾ ਵੱਸਦਾ ਹੈ ਕਿਉਂਕਿ ਉਹਨਾਂ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੇ ਆਪ ਤੋਂ ਦੂਰ ਕੀਤਾ ਹੁੰਦਾ ਹੈ, ਮਾਇਆ ਮੋਹ ਫੈਲਾਣ ਲਈ ਦੂਰ ਕੀਤਾ ਹੁੰਦਾ ਹੈ। **(ਰਿਧਿ ਸਿਧਿ ਸਭੁ ਮੋਹੁ ਹੈ॥ ਨਾਮੁ ਨ ਵਸੈ ਮਨਿ ਆਇ॥)**

ਉੱਪਰ ਮੁੱਖ ਸ਼ਬਦ ਦੀਆਂ ਪੰਗਤੀਆਂ ਵਿੱਚ ਇਹੀ ਸਮਝਾਇਆ ਹੋਇਆ ਹੈ ਕਿ ਅਸੀਂ ਸਾਰਾ ਸਤ (ਤੱਤ), ਸਾਰਾ ਤਪ ਅਤੇ ਸਾਰੀਆਂ

2/21

ਚੰਗਿਆਈਆਂ ਉੱਥੇ ਹੀ ਸਮਝਦੇ ਹਾਂ ਜਿਨ੍ਹਾਂ ਮਨੁੱਖਾਂ ਨੂੰ ਇਹ ਰਿਧੀਆਂ ਸਿਧੀਆਂ ਮਿਲੀਆਂ ਹੁੰਦੀਆਂ ਹਨ। ਸਾਨੂੰ ਉੱਥੇ ਹੀ ਸਾਰੀਆਂ ਚੰਗਿਆਈਆਂ ਨਜ਼ਰ ਆਉਂਦੀਆਂ ਹਨ ਭਾਵ ਜਿਹੜੇ ਮਨੁੱਖ ਸਮਾਧੀਆਂ ਲਗਾ ਕੇ ਪ੍ਰਮਾਤਮਾ ਨੂੰ ਜਪਦੇ ਹਨ ਅਗਰ ਉਨ੍ਹਾਂ ਨੂੰ ਕੋਈ ਸਿਧੀ ਮਿਲ ਜਾਵੇ ਭਾਵ ਉਨ੍ਹਾਂ ਦੀ ਕੋਈ ਮਾਇਆ ਮੋਹ ਵਾਲੀ ਗੱਲ ਸੱਚ ਹੋ ਜਾਵੇ ਤਾਂ ਅਸੀਂ ਇਹ ਸਮਝਦੇ ਹਾਂ ਕਿ ਉਸ ਮਨੁੱਖ ਦਾ ਸਾਰਾ ਜਪ ਤਪ ਲੇਖੇ ਲੱਗ ਗਿਆ ਹੈ ਅਤੇ ਉਸ ਨੂੰ ਪ੍ਰਮਾਤਮਾ ਮਿਲ ਗਿਆ ਹੈ। ਸਾਨੂੰ ਫਿਰ ਉਸ ਵਿੱਚ ਸਾਰੀਆਂ ਚੰਗਿਆਈਆਂ ਹੀ ਨਜ਼ਰ ਆਉਂਦੀਆਂ ਹਨ ਅਤੇ ਅਸੀਂ ਫਿਰ ਉਨ੍ਹਾਂ ਨੂੰ ਸਿਧ ਪੁਰਖ ਸਮਝ ਕੇ ਹੀ ਉਨਾਂ ਦੀ ਵਡਿਆਈ ਕਰਦੇ ਹਾਂ। ਅਸੀਂ ਉਨ੍ਹਾਂ ਦੀਆਂ ਗੱਲਾਂ ਨੂੰ ਉੱਚਾ ਜਾਣ ਕੇ ਮੰਨਦੇ ਹਾਂ ਅਤੇ ਗੁਰੂ ਦੀ ਗੱਲ ਤੋਂ ਦੂਰ ਹੋ ਜਾਂਦੇ ਹਾਂ। (**ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥**) ਕੋਈ ਵੀ ਮਨੁੱਖ ਗੁਰੂ ਦੀ ਬਰਾਬਰੀ ਨਹੀਂ ਕਰ ਸਕਦਾ, ਗੁਰੂ ਤੋਂ ਉੱਚੀ ਗੱਲ ਨਹੀਂ ਕਰ ਸਕਦਾ, ਗੁਰੂ ਤੋਂ ਜ਼ਿਆਦਾ ਸੋਝੀ ਨਹੀਂ ਪਾ ਸਕਦਾ। ਭਾਵੇਂ ਕਿਸੇ ਮਨੁੱਖ ਕੋਲ ਕਿਤਨਾ ਵੀ ਗਿਆਨ ਆ ਜਾਵੇ ਲੇਕਿਨ ਉਸਦਾ ਗਿਆਨ ਗੁਰੂ ਤੋਂ ਉੱਚਾ ਕਦੇ ਵੀ ਨਹੀਂ ਹੋ ਸਕਦਾ। ਪ੍ਰਮਾਤਮਾ ਆਪ ਗੁਰੂ ਹੈ ਤੇ ਉਹ ਆਪ ਹੀ ਸਾਰਾ ਗਿਆਨ ਤੇ ਰਿਧੀਆਂ ਸਿਧੀਆਂ ਦੇਣ ਵਾਲਾ ਹੈ। ਇਸ ਗੱਲ ਨੂੰ ਸਮਝਣ ਦੀ ਲੋੜ ਹੈ ਤੇ ਉਲਝਣਾਂ ਤੋਂ ਬਚਣ ਦੀ ਲੋੜ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

“ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ॥”

ਇਸ ਪੰਗਤੀ ਵਿੱਚ ਇਹ ਰਿਧੀਆਂ ਸਿਧੀਆਂ ਕੀ ਹਨ ਇਹ ਸਪੱਸ਼ਟ ਕੀਤਾ ਹੋਇਆ ਹੈ। **ਅਸੀਂ ਸਿਧ ਪੁਰਖਾਂ ਦੇ ਪਿੱਛੇ ਤਾਂ ਲੱਗ ਜਾਂਦੇ ਹਾਂ ਪਰ ਅਸਲ ਸਿਧੀ ਕੀ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਹੈ। ਅਸਲ ਸਿਧੀ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ ਜੋ ਕਿ ਬਹੁਤ ਹੀ ਉੱਚੇ ਭਾਗਾਂ ਨਾਲ ਮਿਲਦੀ ਹੈ। ਜਿਨ੍ਹਾਂ ਨੂੰ ਅਸੀਂ ਰਿਧੀਆਂ ਸਿਧੀਆਂ ਸਮਝਦੇ ਹਾਂ ਉਹ ਕੇਵਲ ਪ੍ਰਮਾਤਮਾ ਦੀਆਂ ਪਾਈਆਂ ਹੋਈਆਂ ਰੁਕਾਵਟਾਂ ਹਨ “ਠਾਕਿ” ਹਨ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਰੁਕਾਵਟਾਂ ਹਨ ਕਿਉਂਕਿ ਮਨੁੱਖ ਇਹਨਾਂ ਵਿੱਚ ਫਸਕੇ ਮਾਇਆ ਮੋਹ ਵਿੱਚ ਹੀ ਫਸਿਆ ਰਹਿੰਦਾ ਹੈ।**

2/22

ਜੇ ਭਗਤੀ ਦਾ ਮਾਰਗ ਸਹੀ ਨਹੀਂ ਹੋਵੇਗਾ ਤਾਂ ਉਸ ਵਿੱਚ ਰੁਕਾਵਟਾਂ ਪੈਣਗੀਆਂ ਤੇ ਇਹੋ ਜਿਹੀ ਭਗਤੀ ਕਦੀ ਥਾਇ ਨਹੀਂ ਪੈਂਦੀ। ਇਹ ਸਿਧੀਆਂ ਜਿਸ ਨੂੰ ਮਿਲਦੀਆਂ ਹਨ ਉਸ ਲਈ ਤਾਂ ਰੁਕਾਵਟਾਂ ਦਾ ਕੰਮ ਕਰਦੀਆਂ ਹੀ ਹਨ ਅਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲਿਆਂ ਵਾਸਤੇ ਵੀ ਰੁਕਾਵਟਾਂ ਦਾ ਕਾਰਨ ਬਣਦੀਆਂ ਹਨ। ਇਹ ਰਿਧੀਆਂ ਸਾਨੂੰ ਕੇਵਲ ਗੁਰੂ ਤੋਂ ਦੂਰ ਹੀ ਖਿੱਚਦੀਆਂ ਹਨ

ਕਿਉਂਕਿ ਇਹ ਸਾਨੂੰ ਮਾਇਆ ਵਿੱਚ ਹੀ ਉਲਝਾਉਂਦੀਆਂ ਹਨ। ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੋਵੇ, ਉੱਚੇ ਕਰਮ ਹੋਣ, ਉਸ ਨੂੰ ਪ੍ਰਮਾਤਮਾ ਇਹ ਰੁਕਾਵਟਾਂ ਨਹੀਂ ਪਾਉਂਦਾ ਭਾਵ ਜਿੱਥੇ ਪ੍ਰਮਾਤਮਾ ਮੇਲ ਕਰਨਾ ਚਾਹੁੰਦਾ ਹੈ ਉੱਥੇ ਇਹੋ ਜਿਹੀਆਂ ਰਿਧੀਆਂ ਸਿਧੀਆਂ ਦੀਆਂ ਰੁਕਾਵਟਾਂ ਨਹੀਂ ਪਾਉਂਦਾ **(ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ॥)**। ਅਸਲ ਸਿਧੀ ਪ੍ਰਮਾਤਮਾ ਦੇ ਨਾਲ ਮੇਲ ਵਿਚ ਹੈ ਜੋ ਸਿਧੀ ਗੁਰੂ ਦੇ ਕੋਲ ਹੈ। ਇਹ ਸਿਧੀ ਮਨ ਦੀ ਸੱਚੀ ਸਮਝ ਹੈ, ਬ੍ਰਹਮ ਗਿਆਨ ਦੀ ਸਮਝ ਹੈ। ਪੂਰੀ ਗੁਰਬਾਣੀ ਦੀ ਰਚਨਾ ਮਨ ਦੀ ਸਿਧੀ ਰਾਹੀਂ ਹੀ ਹੋਈ ਹੈ। ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ, ਹੇਠ ਦਿੱਤੇ ਸ਼ਬਦ ਦੁਆਰਾ ਸਮਝਾਂਗੇ।

“ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥”

ਅਸੀਂ ਪ੍ਰਮਾਤਮਾ ਦਾ “ਆਖਣ” ਭਾਵ ਉਸ ਦੀ ਭਗਤੀ, ਉਸ ਦੀ ਵਡਿਆਈ ਆਪਣੀ-ਆਪਣੀ ਸਮਰੱਥਾ ਅਨੁਸਾਰ, ਆਪੋ-ਆਪਣੀ ਮਤਿ ਅਨੁਸਾਰ, ਸਰੀਰਕ ਕ੍ਰਿਆਵਾਂ ਦੁਆਰਾ, ਸੁਰਤੀਆਂ, ਸਮਾਧੀਆਂ ਦੁਆਰਾ ਕਰਦੇ ਹਾਂ, ਬਾਣੀ ਨੂੰ ਜ਼ਿਆਦਾ ਤੋਂ ਜ਼ਿਆਦਾ ਪੜ੍ਹਦੇ ਹਾਂ ਭਾਵ ਹਰ ਕੋਈ ਆਪੋ ਆਪਣਾ ਸਰੀਰਕ ਜੋਰ ਲਗਾ ਕੇ ਉਸ ਨੂੰ ਜਪਦਾ ਹੈ, ਆਖਦਾ ਹੈ। ਹਰ ਕੋਈ ਇਹੀ ਸਮਝਦਾ ਹੈ ਕਿ ਜਿਹੜਾ ਜ਼ਿਆਦਾ ਜੋਰ ਲਗਾਵੇਗਾ, ਜਿਹੜਾ ਜਿਆਦਾ ਸਮਾਂ ਆਪਣੀ ਸਮਝੀ ਹੋਈ ਭਗਤੀ ਵਿੱਚ ਲਗਾਵੇਗਾ, ਉਹ ਉਤਨਾ ਹੀ ਪ੍ਰਮਾਤਮਾ ਦੇ ਨੇੜੇ ਲੱਗ ਜਾਵੇਗਾ ਅਤੇ ਉਸ ਨੂੰ ਪਾ ਲਵੇਗਾ, ਉਸਨੂੰ ਵਡਿਆਈਆਂ ਮਿਲਣਗੀਆਂ ਅਤੇ ਉਸਦਾ ਨਾਂ ਉੱਚਾ ਹੋਵੇਗਾ ਕਿਉਂਕਿ ਉਹ ਇਹੀ ਸਮਝਦੇ ਹਨ ਕਿ ਅਸੀਂ ਪ੍ਰਮਾਤਮਾ ਦੀ ਇਹੋ ਜਿਹੀ ਭਗਤੀ ਦੁਆਰਾ ਉਸ ਦੀ ਬੜੀ ਸਿਫਤ ਸਾਲਾਹ ਕਰ ਰਹੇ ਹਾਂ, ਗੁਣ ਗਾ ਰਹੇ ਹਾਂ। ਇੱਥੇ ਮਨੁੱਖ ਦੇ ਇਸੇ ਭੁਲੇਖੇ ਨੂੰ ਦੂਰ ਕੀਤਾ ਹੋਇਆ ਹੈ ਅਤੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਇਹੋ ਜਿਹੀਆਂ ਸਿਫਤਾਂ ਦੀ ਕੀ ਲੋੜ ਹੈ ਉਹ ਤਾਂ ਆਪ ਹੀ ਸਿਫਤ ਦਾ ਖ਼ਜ਼ਾਨਾ ਹੈ **(ਸਿਫਤੀ ਭਰੇ ਤੇਰੇ ਭੰਡਾਰਾ॥)**। ਆਖਣ ਵਾਲਾ ਭਾਵ ਉਸ ਨੂੰ ਜਪਣ ਵਾਲਾ ਉਸਦੇ ਸਾਹਮਣੇ “ਵੇਚਾਰਾ” ਹੀ ਹੈ ਭਾਵ ਉਸਦਾ ਪ੍ਰਮਾਤਮਾ ਅੱਗੇ ਕੋਈ ਜੋਰ, ਕੋਈ ਚਾਰਾ ਨਹੀਂ ਚੱਲ ਸਕਦਾ ਭਾਵ ਉਸ ਨੂੰ ਕਿਸੇ ਵੀ ਸਿਆਣਪ

2/23 ਅਤੇ 23-ਅ

ਜਾਂ ਜੋਰ ਦੇ ਸਿਰ 'ਤੇ ਨਹੀਂ ਪਾਇਆ ਜਾ ਸਕਦਾ। ਇਹੋ ਜਿਹਾ ਜੋਰ, ਚਾਰਾ ਉਸਦੇ ਅੱਗੇ ਵਿਅਰਥ ਹੈ। **(ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥)**

“ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣਹਾਰਾ॥”

ਇੱਥੇ ਪ੍ਰਮਾਤਮਾ ਦੀ ਸਿਫਤ, ਵਡਿਆਈ ਕਿਵੇਂ ਹੋ ਸਕਦੀ ਹੈ ਇਹ ਗੱਲ ਸਮਝਾਈ ਹੋਈ ਹੈ। ਆਪਣੀ ਵਡਿਆਈ ਦੀ ਸਮਰੱਥਾ ਉਹ ਆਪ ਹੀ ਦਿੰਦਾ ਹੈ। ਪ੍ਰਮਾਤਮਾ ਆਪਣੀ ਵਡਿਆਈ ਆਪ ਕਰਾਉਂਦਾ ਹੈ, ਆਪਣੀ ਸਿਫਤ ਕਰਾਉਣੀ ਆਪ ਸਮਝਾਉਂਦਾ ਹੈ ਜਿਵੇਂ ਉਸਨੇ ਆਪਣੀ ਸਿਫਤ ਗੁਰੂ ਰੂਪ ਧਾਰ ਕੇ ਆਪ ਹੀ ਕਰਨੀ ਸਮਝਾਈ ਹੈ। ਪ੍ਰਮਾਤਮਾ ਦੀ ਵਡਿਆਈ ਉਸ ਨੂੰ ਜਾਨਣ ਦੁਆਰਾ ਹੀ ਹੋ ਸਕਦੀ ਹੈ **{ਕੇਵਡੁ ਵਡਾ ਡੀਠਾ ਹੋਇ॥}**। ਜਿਸ ਨੂੰ ਪ੍ਰਮਾਤਮਾ ਆਪਣੀ ਵਡਿਆਈ ਦੇ ਦਿੰਦਾ ਹੈ ਭਾਵ ਜਿਸ ਸਰੀਰ ਵਿੱਚ ਉਹ ਪ੍ਰਗਟ ਹੋ ਜਾਂਦਾ ਹੈ, ਜਿਸ ਨੂੰ ਆਪਣੀ ਸੋਝੀ ਪਾ ਦਿੰਦਾ ਹੈ, ਉਹੀ ਇਹ ਜਾਣ ਸਕਦਾ ਹੈ ਕਿ ਪ੍ਰਮਾਤਮਾ ਅੱਗੇ ਕਿਸੇ ਤਰੀਕੇ ਦਾ ਜੋਰ ਨਹੀਂ ਚੱਲ ਸਕਦਾ **(ਤਿਸੈ ਕਿਆ ਚਾਰਾ॥)** ਭਾਵ ਇਹ ਭਗਤੀ ਸਾਡੇ ਕਿਸੇ ਜੋਰ ਦੁਆਰਾ ਨਹੀਂ ਹੋ ਸਕਦੀ। ਇਹ ਮਾਰਗ ਮਨ ਨੂੰ ਮਾਰਨ ਦਾ ਹੈ, ਗੁਰੂ ਦੇ ਸ਼ਬਦ ਰਾਹੀਂ ਮਨ ਨੂੰ ਮਾਰਨ ਦਾ ਹੈ, ਆਪਣਾ ਆਪ ਮਿਟਾਉਣ ਦਾ ਹੈ, ਔਗੁਣ ਤਿਆਗ ਕੇ ਗੁਣਾਂ ਨੂੰ ਅਪਣਾਉਣ ਦਾ ਹੈ ਅਤੇ ਇਹ ਸਭ ਕੁੱਝ ਕਰਨ ਲਈ ਕਿਸੇ ਸਰੀਰਕ ਕਿਰਿਆਵਾਂ ਦੁਆਰਾ ਜੋਰ ਲਗਾਉਣ ਵਾਲੀ ਗੱਲ ਨਹੀਂ ਹੈ। ਭਗਤੀ ਸਰੀਰ ਨੇ ਨਹੀਂ ਕਰਨੀ, ਭਗਤੀ ਮਨ ਨੇ ਕਰਨੀ ਹੈ, ਭਗਤੀ ਸਾਡੇ ਸੁਭਾਅ ਨੇ ਕਰਨੀ ਹੈ, ਗੁਰੂ ਦੀ ਗੱਲ ਸਾਡੇ ਮਨ ਨੇ ਮੰਨਣੀ ਹੈ। ਕੇਵਲ ਤੇ ਕੇਵਲ ਸਾਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ ਅਤੇ ਇਹ “ਸੋਚ” ਕੀ ਹੈ ਇਸ ਨੂੰ ਸਮਝਣ ਦੀ ਲੋੜ ਹੈ। ਇਹ ਸਾਡੀ ਸੋਚ ਹੀ ਸਭ ਕੁੱਝ ਹੈ ਜੋ ਸਾਡੇ ਕੋਲੋਂ ਸਭ ਕੁੱਝ ਕਰਵਾਉਂਦੀ ਹੈ। ਇਹ “ਸੋਚ” ਸਾਡੇ ਵੱਸ ਵਿੱਚ ਨਹੀਂ ਹੈ। ਇਹ ਸੋਚ ਦੀ ਸਮਝ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਆ ਸਕਦੀ ਹੈ।ਇਹ ਮਾਰਗ ਪ੍ਰਮਾਤਮਾ ਦੀ ਕ੍ਰਿਪਾ ਦਾ ਹੈ ਜਿਸ ਨੂੰ ਉਹ ਆਪਣੀ ਕਿਰਪਾ ਦੁਆਰਾ ਸੱਚ ਦੇ ਨਾਲ ਜੋੜ ਲਵੇ। ਗੁਰੂ ਦੀ ਮਤਿ ਦੇ ਨਾਲ ਜੋੜ

ਕੇ ਹੀ ਭਾਵ ਹੋਰ ਸਾਰੇ ਆਸਰਿਆਂ ਤੋਂ ਮਨ ਤੋੜ ਕੇ, ਕਿਸੇ ਦੇਹ ਦੀ ਓਟ ਲੈਣ ਤੋਂ ਬਚਾ ਕੇ, ਮਾਇਆ ਦੇ ਬੰਧਨਾਂ ਤੋਂ ਬਚਾ ਕੇ ਗੁਰੂ ਦੇ ਉਪਦੇਸ਼ ਤੇ ਚਲਾ ਕੇ ਹੀ ਕਿਸੇ ਦਾ ਕਾਰਜ ਸਵਾਰਦਾ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ, ਆਪਣੀ ਸੱਚੀ ਸੋਝੀ ਬਖਸ਼ ਕੇ ਆਪ ਹੀ ਕਾਜ ਸਵਾਰਦਾ ਹੈ। ਉਸਦੇ ਅੱਗੇ ਕੋਈ ਸਰੀਰਕ ਜਪ ਤਪ, ਕੋਈ ਜੋਰ ਕੰਮ ਨਹੀਂ ਆਉਂਦਾ। **(ਨਾਨਕ ਸਚੁ ਸਵਾਰਣਹਾਰਾ॥)**। ਸਾਰੀ ਦੁਨੀਆਂ ਇਸ "ਸੋਚ" ਨਾਲ ਹੀ ਚੱਲ ਰਹੀ ਹੈ। ਹੁਣ ਸੋਚੋ ਕਿ ਇਸ ਸੋਚ ਨੂੰ ਕੌਣ ਚਲਾ ਰਿਹਾ ਹੈ, ਇਸ ਦੁਨੀਆਂ ਨੂੰ ਕੌਣ ਚਲਾ ਰਿਹਾ ਹੈ? ਇਸ ਸੋਚ ਵਿੱਚ ਆਪ ਰੱਬ ਹੀ ਹੈ, ਜਿਸਦੇ ਹੁਕਮ ਵਿੱਚ ਅਸੀਂ ਚੱਲ ਰਹੇ ਹਾਂ। ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾ ਤਾਂ ਆਓ ਫਿਰ ਗੁਰੂ ਦੀ ਗੱਲ ਨੂੰ, ਗੁਰੂ ਦੀ ਸੋਚ ਨੂੰ ਮੰਨੀਏ ਤੇ ਉਸਦੀ ਗੱਲ ਨੂੰ ਉਸ ਭਾਵ ਨਾਲ ਵਿਚਾਰੀਏ ਜਿਸ ਭਾਵ ਵਿੱਚ ਉਹ ਲਿਖੀ ਗਈ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੀ ਆਪਣੀ ਉੱਚੀ ਤੇ ਸੱਚੀ ਸੋਚ ਹੈ, ਸਮਝ ਹੈ ਜਿਸ ਨਾਲ ਅਸੀਂ ਤਾਂ ਹੀ ਜੁੜ ਸਕਾਂਗੇ ਜੇਕਰ ਪਹਿਲਾਂ ਆਪਣੀ ਸੋਚ ਛੱਡਾਂਗੇ ਭਾਵ ਮਨਮਤਿ ਛੱਡਾਂਗੇ। ਗੁਰੂ ਦੀ ਸੋਚ ਗੁਰਮਤਿ ਹੈ ਤੇ ਮਨੁੱਖ ਦੀ ਸੋਚ ਮਨਮਤਿ ਹੈ। ਪ੍ਰਮਾਤਮਾ ਦੀ ਭਗਤੀ ਕੇਵਲ ਤੇ ਕੇਵਲ ਗੁਰਮਤਿ ਵਾਲੀ ਸਮਝ ਦੁਆਰਾ ਹੋ ਸਕਦੀ ਹੈ।

ਧੰਨ ਧੰਨ ਤੀਜੀ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ, ਵਾਹਿਗੁਰੂ ਦੇ ਹੇਠ ਦਿੱਤੇ ਸ਼ਬਦ ਰਾਹੀਂ ਸਾਨੂੰ ਬੜੇ ਹੀ ਸੋਹਣੇ ਤਰੀਕੇ ਨਾਲ ਪ੍ਰਮਾਤਮਾ ਦੀ ਭਗਤੀ ਕਰਨੀ ਸਿਖਾਈ ਹੋਈ ਹੈ, **"ਹਰਿ ਹਰਿ**" ਕਰਨਾ ਸਿਖਾਇਆ ਹੋਇਆ ਹੈ ਤੇ ਸਾਡੀਆ ਅਨੇਕਾਂ ਉਲਝਣਾ ਕੱਢੀਆ ਹੋਈਆ ਹਨ। ਗੁਰੂ ਦੇ ਭਾਣੇ ਵਿੱਚ ਚੱਲਣਾ ਕੀ ਹੈ, ਗੁਰੂ ਨਾਲ ਪਿਆਰ ਪਾਉਣਾ ਕੀ ਹੈ, ਇਹ ਸਾਰੀ ਸੋਝੀ ਪੈ ਜਾਵੇਗੀ।

ਸਿਰੀਰਾਗ ਮਹਲਾ ੩

"ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ॥
ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ॥੧॥
ਮਨ ਰੇ ਗੁਰਮੁਖਿ ਨਾਮੁ ਧਿਆਇ॥
ਧੁਰਿ ਪੂਰਬਿ ਕਰਤੈ ਲਿਖਿਆ
ਤਿਨਾ ਗੁਰਮਤਿ ਨਾਮਿ ਸਮਾਇ॥੧॥ਰਹਾਉ॥
ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ॥੨॥
ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ॥੩॥
ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ॥੪॥
ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ॥੬॥
ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ॥
ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ॥੭॥
ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ॥
ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ॥੮॥੨॥੧੯॥"

(ਅੰਗ ੬੫)

2/24

ਪਿਛਲੇ ਸ਼ਬਦ ਦੀ ਵਿਚਾਰ ਨੂੰ ਸਮਝਣ ਵਿੱਚ ਅਗਰ ਕੋਈ ਸੰਸਾ (ਸ਼ੰਕਾ) ਰਹਿ ਗਿਆ ਹੋਵੇ ਤਾਂ ਉਹ ਇਸ ਸ਼ਬਦ ਦੀ ਵਿਚਾਰ ਕਰਨ ਤੋਂ ਬਾਅਦ ਦੂਰ ਹੋ ਜਾਵੇਗਾ। ਇਸ ਸ਼ਬਦ ਰਾਹੀਂ ਆਪਣੀ ਹਉਮੈ ਵਿੱਚ ਰਹਿ ਕੇ ਆਪਣੀ ਮਨਮਤਿ ਦੁਆਰਾ, ਆਪਣੇ ਮਨਹਠਿ ਦੁਆਰਾ ਭਗਤੀ ਕਰਨਾ ਤੇ ਗੁਰਮਤਿ ਦੁਆਰਾ ਭਗਤੀ ਕਰਨ ਦੇ ਤਰੀਕੇ ਵਿੱਚ ਸਪੱਸ਼ਟ ਤੌਰ ਤੇ ਫਰਕ ਸਮਝਾਇਆ ਹੋਇਆ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਭਗਤੀ ਕਰਨੀ ਕਿਹੋ ਜਿਹੀ ਹੈ ਤੇ ਅਸੀਂ ਕਰਦੇ ਕਿਹੋ ਜਿਹੀ ਹਾਂ। ਆਪਣੀ ਮਨਮਤਿ, ਮਨਹਠਿ ਦੁਆਰਾ ਕੀਤੀ ਭਗਤੀ ਕਦੇ ਵੀ ਥਾਇ ਨਹੀਂ ਪੈ ਸਕਦੀ।

ਜਿਹੜੇ ਮਨੁੱਖ ਹਉਮੈ ਵਿੱਚ ਰਹਿ ਕੇ ਭਾਵ ਮਨਮਤਿ ਦੁਆਰਾ ਕਰਮ ਕਰਦੇ ਹਨ, ਭਾਵ ਮਾੜੇ ਕਰਮ ਕਰਦੇ ਹਨ ਇਹੋ ਜਿਹੇ ਕਰਮ ਸਾਨੂੰ ਜਮਾ ਦੇ ਵੱਸ ਪਾਉਂਦੇ ਹਨ। **(ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ॥)** ਜਮ ਕੀ ਹਨ, ਇਸ ਗੱਲ ਨੂੰ ਅੱਗੇ ਚੱਲਕੇ ਸਮਝਾਂਗੇ। ਗੁਰੂ ਦੀ ਸੇਵਾ, ਭਗਤੀ ਸਾਡੇ ਕਰਮਾਂ ਦੁਆਰਾ ਹੀ ਹੁੰਦੀ ਹੈ। ਚੰਗੇ ਕਰਮ ਅਸੀਂ ਮਨਮਤਿ ਛੱਡ ਕੇ ਤੇ ਗੁਰੂ ਦੀ ਮਤਿ ਲੈ ਕੇ ਕਰ ਸਕਦੇ ਹਾਂ। ਜੋ ਮਨੁੱਖ ਗੁਰੂ ਦੀ ਮਤਿ ਦੁਆਰਾ ਪ੍ਰਮਾਤਮਾ ਦੀ ਸੇਵਾ ਕਰਦਾ ਹੈ, ਭਗਤੀ ਕਰਦਾ ਹੈ, ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਚਾ ਉਠ ਜਾਂਦਾ ਹੈ ਕਿਉਂਕਿ ਉਸਦੀ ਲਿਵ, ਲਗਨ ਕੇਵਲ ਗੁਰੂ ਦੇ ਨਾਲ ਹੀ ਹੁੰਦੀ ਹੈ ਭਾਵ ਗੁਰੂ ਦੇ ਬਚਨਾਂ ਦੇ ਨਾਲ ਹੁੰਦੀ ਹੈ। ਸਪੱਸ਼ਟ ਉਪਦੇਸ਼ ਦਿੱਤਾ ਹੈ ਕਿ ਗੁਰੂ ਅਨੁਸਾਰ ਭਾਵ ਜਿਹੋ ਜਿਹਾ ਗੁਰੂ ਸਾਨੂੰ ਉਪਦੇਸ਼ ਦਿੰਦਾ ਹੈ ਉਸ ਤਰੀਕੇ ਨਾਲ ਨਾਮ ਧਿਆਈਏ ਭਾਵ ਆਪਣੀ ਮਤਿ ਤਿਆਗ ਕੇ ਗੁਰੂ ਦੀ ਮਤਿ ਲੈ ਕੇ ਨਾਮ ਜਪੀਏ **(ਮਨ ਰੇ ਗੁਰਮੁਖਿ ਨਾਮੁ ਧਿਆਇ॥)** ਜਿਨ੍ਹਾਂ ਦੇ ਕਰਮਾਂ ਵਿੱਚ, ਭਾਗਾਂ ਵਿੱਚ ਪ੍ਰਮਾਤਮਾ ਨੇ ਪਹਿਲਾਂ ਤੋਂ ਹੀ ਆਪਣੇ ਨਾਲ ਮਿਲਾਉਣਾ ਲਿਖਿਆ ਹੁੰਦਾ ਹੈ ਉਨ੍ਹਾਂ ਨੂੰ ਹੀ ਗੁਰੂ ਦੀ ਮਤਿ ਦੇ ਕੇ ਆਪਣੇ ਹੁਕਮ ਵਿੱਚ ਸਮਾਅ ਲੈਂਦਾ ਹੈ। ਉਨ੍ਹਾਂ ਨੂੰ ਹੀ ਆਪਣੇ ਹੁਕਮ ਵਿੱਚ, ਭਾਣੇ ਵਿੱਚ ਚਲਾਉਂਦਾ ਹੈ। ਜਿਸਦੇ ਕਰਮਾਂ ਵਿੱਚ ਗੁਰੂ ਦੀ ਮਤਿ ਲਿਖੀ ਹੀ ਨਹੀਂ ਹੋਈ ਉਹ ਗੁਰਮਤਿ 'ਤੇ ਕਿਵੇਂ ਤੁਰ ਸਕਦਾ ਹੈ, ਉਸ ਨੂੰ ਨਾਮ ਕਿਵੇਂ ਮਿਲ ਸਕਦਾ ਹੈ **(ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ॥)**। ਧੁਰਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ ਤੇ ਅੱਗੇ ਹੋਰ ਸ਼ਬਦਾਂ ਦੁਆਰਾ ਸਮਝਾਂਗੇ। ‘‘ਪੂਰਬਿ’’ ਕੀ ਹੈ, ਇਸ ਗੱਲ ਨੂੰ ਕਾਫੀ ਅੱਗੇ ਚੱਲਕੇ ਸਮਝਾਂਗੇ। ਗੁਰੂ ਤੋਂ ਬਿਨ੍ਹਾਂ ਭਾਵ ਆਪਣੀ ਮਤਿ ਦੁਆਰਾ ਸਾਨੂੰ ਭਗਤੀ ਦੇ ਮਾਰਗ ਦੀ ਸਹੀ ਸੋਝੀ ਨਹੀਂ ਪੈ ਸਕਦੀ, ਸਾਡੇ ਅੰਦਰ ਵਿਸ਼ਵਾਸ ਨਹੀਂ ਪੈਦਾ ਹੋ ਸਕਦਾ ਤੇ ਸਾਡਾ ਗੁਰੂ ਨਾਲ ਭਾਵ ਗੁਰੂ ਦੇ ਬਚਨਾਂ ਨਾਲ ਪਿਆਰ ਨਹੀਂ ਪੈ ਸਕਦਾ। ਗੁਰੂ ਦੀ ਸ਼ਰਨ ਵਿੱਚ ਅਸੀਂ ਹਮੇਸ਼ਾਂ ਸੁੱਖ ਵਿੱਚ ਹੀ ਸਮਾਏ ਰਹਾਂਗੇ। **ਹੁਣ ਆਓ ਅਗਲੀ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰੀਏ ਤੇ ਸਾਨੂੰ ਆਪਣੀਆਂ ਅਨੇਕਾਂ ਹੀ ਉਲਝਣਾ ਦਾ ਜਵਾਬ**

2/25

ਮਿਲ ਜਾਵੇਗਾ। ਹਰਿ ਹਰਿ ਕਰਨਾ ਕੀ ਹੈ, ਭਗਤੀ ਕੀ ਹੈ, ਭਾਣਾ ਮੰਨਣਾ ਕੀ ਹੈ, ਸ਼ਬਦ ਦੀ ਕਮਾਈ ਕੀ ਹੈ, ਅੰਮ੍ਰਿਤ ਸਿੰਚਨਾ ਕੀ ਹੈ, ਨਾਮ ਬੀਜਣਾ ਕੀ ਹੈ ਅਤੇ ਮਨਹਠਿ ਕੀ ਹੈ ਇਹ ਸਾਰੀਆਂ ਗੱਲਾਂ ਦਾ ਜਵਾਬ ਇੱਥੇ ਦਿੱਤਾ ਹੋਇਆ ਹੈ।

“ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥

ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ॥੩॥”

ਹੁਣ ਇਨ੍ਹਾਂ ਪੰਗਤੀਆਂ ਦਾ ਅਰਥ ਸਮਝਣਾ ਕੀ ਮੁਸ਼ਕਿਲ ਹੈ? ਬੜੇ ਸਾਫ਼-ਸਾਫ਼ ਅਰਥ ਸਮਝ ਆ ਰਹੇ ਹਨ। ਅਗਰ ਫਿਰ ਵੀ ਅਸੀਂ ਇਨ੍ਹਾਂ ਅਰਥਾਂ ਨੂੰ ਮੰਨਣਾ ਨਾ ਚਾਹੀਏ, ਐਵੇਂ ਅੜੇ ਹੀ ਰਹੀਏ ਤਾਂ ਫਿਰ ਇਹ ਮਨਹਠਿ ਨਾ ਹੋਈ ਤਾਂ ਕੀ ਹੋਈ। ਇਸੇ ਮਨਹਠਿ ਨੂੰ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਅਸੀਂ ਆਪਣੀ ਸਾਰੀ ਭਗਤੀ ਦਾ ਧੁਰਾ **“ਹਰਿ ਹਰਿ”** ਕਰਨਾ ਬਣਾਇਆ ਹੋਇਆ ਹੈ ਜਿਸ ਨੂੰ ਕਿ ਅਸੀਂ ਨਾਮ ਜਪਣਾ ਕਹਿੰਦੇ ਹਾਂ। ਭਾਵੇਂ ਬਾਣੀ ਵਿੱਚ ਬੜੀ ਜਗ੍ਹਾ ਇਹ ਗੱਲ ਸਮਝਾਈ ਗਈ ਹੈ ਕਿ **“ਹਰਿ ਹਰਿ”** ਕਰਨਾ ਕੀ ਹੈ, ਪਰ ਫਿਰ ਵੀ ਅਸੀਂ ਇਹੋ ਜਿਹਾ ਹਰਿ ਹਰਿ ਹੀ ਕਰਦੇ ਹਾਂ ਜਿਹੋ ਜਿਹਾ ਅਸੀਂ ਮੁੱਦਤਾਂ ਤੋਂ ਸੁਣਿਆ ਹੋਇਆ ਹੈ, ਕੱਚੀਆਂ ਬਾਣੀਆਂ ਵਿੱਚੋਂ ਪੜ੍ਹਿਆ ਹੋਇਆ ਹੈ, ਭਾਵੇਂ ਸਾਨੂੰ ਕਿੰਨਾ ਸਪੱਸ਼ਟ ਦੱਸਿਆ ਹੋਇਆ ਹੈ ਕਿ **{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥}** ਅੰਗ - 555 । ਪਰ ਫਿਰ ਵੀ ਅਸੀਂ ਗੁਰੂ ਦੀ ਗੱਲ ਨਾ ਮੰਨ ਕੇ ਰਾਮ ਰਾਮ ਕਰਨਾ ਹੀ ਪਸੰਦ ਕਰਦੇ ਹਾਂ, ਹਰਿ ਹਰਿ ਕਰਨਾ ਹੀ ਪਸੰਦ ਕਰਦੇ ਹਾਂ ਜਾਂ **ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਹੋਰ ਅੱਖਰ ਨੂੰ ਨਾਮ ਸਮਝਦੇ ਹਾਂ ਭਾਵ ਆਸਥਾ ਕਿਸੇ ਅੱਖਰ ਦੇ ਜਪ ਤੇ ਹੀ ਟਿਕਾਈ ਹੋਈ ਹੈ। ਅਸਲ ਵਿੱਚ ਸਾਡੀ ਆਸਥਾ ਹੀ ਇਸ ਗੱਲ ਤੇ ਟਿਕ ਗਈ ਹੈ ਕਿ ਕਿਸੇ ਅੱਖਰ ਨੂੰ ਮੁੱਖੋਂ ਬੋਲੀ ਜਾਣਾ ਹੀ ਭਗਤੀ ਕਰਨ ਦਾ ਤਰੀਕਾ ਹੈ।**

ਇਹ ਇੱਕ ਪ੍ਰੰਪਰਾ ਹੀ ਬਣ ਚੁੱਕੀ ਹੈ। ਹਰਿ ਹਰਿ ਕਰਨ ਤੋਂ ਬਿਨ੍ਹਾਂ ਅਸੀਂ ਆਪਣੀ ਭਗਤੀ ਨੂੰ ਭਗਤੀ ਨਹੀਂ ਸਮਝਦੇ ਤੇ ਨਾ ਹੀ ਉਸ ਮਨੁੱਖ ਨੂੰ ਕਦੇ ਭਗਤ ਸਮਝ ਸਕਦੇ ਹਾਂ ਜੋ ਹਰਿ ਹਰਿ ਨਹੀਂ ਕਰਦਾ ਭਾਵ ਸਰੀਰਕ ਜਪ ਤਪ ਨਹੀਂ ਕਰਦਾ,

ਕਿਸੇ ਅੱਖਰ ਦਾ ਜਾਪ ਨਹੀਂ ਕਰਦਾ ਇਹ ਭਗਤੀ ਦਾ ਇੱਕ ਟ੍ਰੇਡ ਮਾਰਕ ਬਣ ਚੁੱਕਾ ਹੈ। ਜਿਸ ਦੇ ਉੱਪਰ ਇਹ ਟ੍ਰੇਡ ਮਾਰਕ ਨਹੀਂ ਲੱਗਦਾ ਉਸ ਨੂੰ ਕੋਈ ਭਗਤ ਹੀ ਨਹੀਂ ਕਹਿੰਦਾ, ਨਾ ਉਸ ਨੂੰ ਕੋਈ ਮਾਨ ਮਿਲਦਾ ਹੈ, ਨਾ ਉਸ ਨੂੰ ਕੋਈ ਰਾਮ ਦਾ ਪਿਆਰਾ ਕਹਿੰਦਾ ਹੈ, ਨਾ ਕੋਈ ਉਸ ਨੂੰ ਗੁਰੂ ਦਾ ਪਿਆਰਾ ਆਖਦਾ ਹੈ ਕਿਉਂਕਿ ਸਾਡੇ ਅੰਦਰ ਭਗਤੀ ਦਾ ਇੱਕ ਮਾਰਗ ਤਹਿ ਹੋਇਆ ਹੋਇਆ ਹੈ, ਨਿਸ਼ਚਿਤ ਹੋਇਆ ਹੋਇਆ ਹੈ ਜਿਸ ਨੂੰ ਸਾਡੇ ਸਮਾਜ ਨੇ ਪ੍ਰਵਾਨ ਕੀਤਾ ਹੋਇਆ ਹੈ। ਇਸ ਲਈ ਅਸੀਂ ਭਗਤੀ ਕਰਨ

2/26

ਵਾਲੇ ਦੇ ਆਚਾਰ ਵਿਉਹਾਰ ਵੱਲ ਕੋਈ ਖਾਸ ਤਵੱਜੋਂ ਨਹੀਂ ਦਿੰਦੇ। ਉਸਦੇ ਗੁਣਾਂ, ਔਗੁਣਾਂ ਨੂੰ ਅਸੀਂ ਬਹੁਤਾ ਨਹੀਂ ਵਿਚਾਰਦੇ। ਕੇਵਲ ਤੇ ਕੇਵਲ ਅਸੀਂ ਇਹੀ ਦੇਖਦੇ ਹਾਂ ਕਿ ਉਹ ਗੁਰਦੁਆਰੇ, ਮੰਦਰ ਆਦਿ ਧਾਰਮਿਕ ਅਸਥਾਨਾਂ ਤੇ ਕਿੰਨਾ ਕੁ ਜਾਂਦਾ ਹੈ, ਕਿਤਨੇ ਕੁ ਪਾਠ ਕਰਦਾ ਹੈ ਅਤੇ ਕਿੰਨਾ ਕੁ ਜਪ ਕਰਦਾ ਹੈ। ਅਸੀਂ ਇਹੋ ਜਿਹੇ ਮਨੁੱਖਾਂ ਨੂੰ ਹੀ ਧਰਮ ਨਾਲ ਜੋੜ ਕੇ ਦੇਖਦੇ ਹਾਂ ਭਾਵ ਧਰਮੀ ਕਹਿੰਦੇ ਹਾਂ ਪਰ ਇਸ ਦੇ ਉਲਟ ਜਿਸ ਮਨੁੱਖ ਵਿੱਚ ਭਾਵੇਂ ਜਿੰਨੇ ਮਰਜ਼ੀ ਗੁਣ ਹੋਣ ਲੇਕਿਨ ਉਹ ਧਾਰਮਿਕ ਅਸਥਾਨਾਂ ਤੇ ਬਹੁਤਾ ਨਾ ਜਾਂਦਾ ਹੋਵੇ, ਸਮਾਧੀਆਂ ਨਾ ਲਗਾਉਂਦਾ ਹੋਵੇ, ਸਰੀਰਕ ਜਪ ਤਪ ਨਾ ਕਰਦਾ ਹੋਵੇ, ਉਸਨੂੰ ਅਸੀਂ ਧਰਮੀ ਨਹੀਂ ਸਮਝਦੇ। ਪ੍ਰਮਾਤਮਾ ਦੀ ਭਗਤੀ ਤਾਂ ਅਸਲ ਵਿੱਚ ਸੱਚ ਦਾ ਮਾਰਗ ਹੈ ਅਤੇ ਜੋ ਇਸ ਮਾਰਗ ਤੇ ਚੱਲਦਾ ਹੈ ਉਹੀ ਪ੍ਰਮਾਤਮਾ ਨੂੰ ਪਾ ਸਕਦਾ ਹੈ। ਝੂਠ ਅਤੇ ਵਿਕਾਰਾਂ ਦਾ ਆਸਰਾ ਲੈ ਕੇ, ਮਾਇਆ ਵਿੱਚ ਗਲਤਾਨ ਰਹਿ ਕੇ ਅਸੀਂ ਲੱਖ ਪ੍ਰਮਾਤਮਾ ਨੂੰ ਜਪੀ ਜਾਈਏ, ਹਰਿ ਹਰਿ ਕਰੀ ਜਾਈਏ ਜਾਂ ਜਿਹੜਾ ਮਰਜੀ ਅੱਖਰ ਬੋਲੀ ਜਾਈਏ, ਉਸ ਪ੍ਰਮਾਤਮਾ ਦੀ, ਨਾਮ ਦੀ ਪ੍ਰਾਪਤੀ ਕਦੇ ਵੀ ਨਹੀਂ ਹੋ ਸਕਦੀ।

ਉਪਰਲੀਆਂ ਪੰਗਤੀਆਂ ਵਿੱਚ ਬੜਾ ਸਪੱਸ਼ਟ ਸਮਝਾਇਆ ਹੈ ਕਿ ਅਸੀਂ ਇਹ **"ਹਰਿ ਹਰਿ"** ਕਰਕੇ ਪ੍ਰਮਾਤਮਾ ਨੂੰ ਲੋਚਦੇ ਹਾਂ, ਪਾਉਣਾ ਚਾਹੁੰਦੇ ਹਾਂ ਤਾਂ ਇਸ ਤਰੀਕੇ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਆਪਣਾ ਕਿਰਤ ਨਹੀਂ ਮੇਟਿਆ ਜਾ ਸਕਦਾ। ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਹਰਿ ਹਰਿ ਕਰਨ ਦੁਆਰਾ ਅਸੀਂ ਪ੍ਰਾਪਤੀ ਕਿਸ ਗੱਲ ਦੀ ਕਰਨੀ ਹੈ। ਹਰਿ ਹਰਿ ਕਰਨ ਦਾ ਮਕਸਦ ਆਪਣੀ ਕਿਰਤ ਨੂੰ ਮੇਟਣਾ ਹੈ ਭਾਵ ਜਿਹੋ ਜਿਹੀ ਅਸੀਂ ਕਿਰਤ ਕਰਦੇ ਹਾਂ, ਕਾਰ ਵਿਹਾਰ ਕਰਦੇ ਹਾਂ ਉਹੀ ਸਾਡੀ ਭਗਤੀ ਦਾ ਮਾਰਗ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਦੀ ਭਗਤੀ ਇਸ ਗੱਲ ਵਿੱਚ ਹੈ ਕਿ ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ। ਅਸੀਂ ਜਿਹੋ ਜਿਹੇ ਵੀ ਕਰਮ ਕਰਦੇ ਹਾਂ ਉਹ ਸਾਡੀ ਸੰਸਾਰਕ ਵਿਚਰਨ ਹੈ ਤੇ ਇਹੀ ਸਾਡੀ ਕਿਰਤ ਹੈ। ਭਗਤੀ ਦਾ ਮਾਰਗ ਸਾਡੀ ਚੰਗੀ ਕਿਰਤ ਹੈ ਭਾਵ ਸਾਡੀ ਸੱਚੀ ਸੁੱਚੀ ਵਿਚਰਨ ਹੈ। ਹਰਿ ਹਰਿ ਕਰਨ ਦਾ ਮਕਸਦ ਆਪਣੀ ਕਿਰਤ ਨੂੰ ਚੰਗਾ ਕਰਨ ਦਾ ਹੀ ਹੈ ਤਾਂ ਜੋ ਅਸੀਂ ਮਾੜੀ ਕਿਰਤ ਨਾ ਕਰੀਏ। ਜਦ ਤੱਕ ਸਾਡੇ ਅੰਦਰ ਮਾਇਆ ਮੋਹ ਵਾਲੀ ਸਮਝ ਹੈ, ਤ੍ਰਿਸ਼ਨਾਵਾਂ ਨਾਲ ਭਰੀ ਹੋਈ ਸਮਝ ਹੈ ਤਦ ਤੱਕ ਅਸੀਂ ਉਨ੍ਹਾਂ ਦੀ ਪੂਰਤੀ ਲਈ ਮਾੜੇ ਕਰਮ ਕਰਦੇ ਹਾਂ ਭਾਵ ਸਾਡੀ ਕਿਰਤ ਚੰਗੀ ਨਹੀਂ ਹੁੰਦੀ। ਹਰਿ ਹਰਿ ਕਰਨ ਦਾ ਮਕਸਦ ਸਾਨੂੰ ਚੰਗੀ ਕਿਰਤ ਸਮਝਾਉਣ ਲਈ ਹੀ ਹੈ। ਹਰਿ ਹਰਿ ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਨੂੰ ਜਪਣਾ ਨਾਮ ਜਪਣਾ ਹੈ ਭਾਵ ਹਰਿ ਹਰਿ ਕਰਨਾ ਹੈ ਜੋ ਨਾਮ ਅਸੀਂ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਜਪ ਸਕਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ - ੨੭)

ਹਰਿ ਹਰਿ ਕਰਨ ਦਾ ਮਕਸਦ ਆਪਣੀ ਨਾ-ਸਮਝ ਮਤਿ ਨੂੰ ਛੱਡਣ ਦਾ ਹੈ ਜੋ ਕਿ ਹਰਿ ਦੀ ਮਤਿ ਨੂੰ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਛੱਡੀ ਜਾ ਸਕਦੀ ਹੈ ਤਾਂ ਜੋ ਅਸੀਂ ਉਹ ਕੁੱਝ ਕਰੀਏ ਜੋ ਗੁਰੂ ਦੀ, ਹਰਿ ਦੀ ਮਤਿ ਸਾਨੂੰ ਸਮਝਾਉਂਦੀ

ਹੈ ਭਾਵ ਉਹੋ ਜਿਹੇ ਚੰਗੇ ਕਰਮ ਕਰੀਏ ਜੋ ਗੁਰੂ ਸਾਨੂੰ ਕਰਨ ਲਈ ਸਮਝਾਉਂਦਾ ਹੈ। ਚੰਗੇ ਕਰਮ ਭਾਵ ਸਾਡੀ ਚੰਗੀ ਕਿਰਤ ਔਗੁਣਾਂ ਤੋਂ ਰਹਿਤ ਹੋ ਕੇ ਹੀ ਹੁੰਦੀ ਹੈ ਤੇ ਇਹੀ ਨਾਮ ਜਪਣ ਦਾ ਮਕਸਦ ਹੈ। ਜੇਕਰ ਖਾਲੀ ਇੱਕ ਅੱਖਰ ਨੂੰ ਮੁੱਖੋਂ ਬੋਲੀ ਜਾਵਾਂਗੇ ਉਸ ਨਾਲ ਸਾਡੀ ਮਾੜੀ ਕਿਰਤ ਚੰਗੀ ਕਿਰਤ ਵਿਚ ਕਿਵੇਂ ਬਦਲ ਸਕਦੀ ਹੈ ਤੇ ਨਾ ਹੀ ਇਸ ਤਰੀਕੇ ਜੋ ਅਸੀਂ ਪ੍ਰਮਾਤਮਾ ਨੂੰ ਪਾਉਣਾ ਲੋਚਦੇ ਹਾਂ ਉਸਨੂੰ ਪਾ ਸਕਦੇ ਹਾਂ ਭਾਵ ਇਹੋ ਜਿਹੀ ਕਥਨੀ ਵਾਲੀ ਭਗਤੀ ਕਿਸੇ ਲੇਖੇ ਨਹੀਂ ਹੈ, ਕਿਸੇ ਅੱਖਰ ਨੂੰ ਨਾਮ ਸਮਝ ਕੇ ਜਪੀ ਜਾਣਾ ਕਿਸੇ ਲੇਖੇ ਨਹੀਂ ਹੈ ਜਿਵੇਂ ਕਿ ਸਾਨੂੰ ਉੱਪਰ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। (**ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥**)

ਪ੍ਰਮਾਤਮਾ ਦੀ ਭਗਤੀ ਕਿਵੇਂ ਹੋ ਸਕਦੀ ਹੈ ਅਤੇ ਆਪਣੀ ਕਿਰਤ ਨੂੰ ਕਿਵੇਂ ਮੇਟਿਆ ਜਾ ਸਕਦਾ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੀ ਭਗਤੀ ਕੀਤੀ ਹੈ ਉਨ੍ਹਾਂ ਨੇ ਪ੍ਰਮਾਤਮਾ ਦਾ ਭਾਣਾ ਮੰਨਿਆ ਹੈ ਭਾਵ ਪ੍ਰਮਾਤਮਾ ਦੀ ਭਗਤੀ ਗੁਰੂ ਦਾ ਭਾਣਾ ਮੰਨ ਕੇ ਹੀ ਹੋ ਸਕਦੀ ਹੈ ਮੁੱਖੋਂ **"ਹਰਿ ਹਰਿ"** ਕਰਨ ਨਾਲ ਨਹੀਂ ਹੋ ਸਕਦੀ। ਪ੍ਰਮਾਤਮਾ ਦੇ ਦਰ 'ਤੇ ਭਗਤੀ ਉਨ੍ਹਾਂ ਦੀ ਹੀ ਥਾਇ ਪੈਂਦੀ ਹੈ ਜੋ ਉਸ ਦੇ ਭਾਣੇ ਵਿੱਚ ਚੱਲਦੇ ਹਨ ਭਾਵ ਜੋ ਗੁਰੂ ਦੇ ਹੁਕਮ ਅਨੁਸਾਰ ਉਸਦੇ ਦੱਸੇ ਹੋਏ ਮਾਰਗ 'ਤੇ ਚੱਲਦੇ ਹਨ। ਆਮ ਤੌਰ ਤੇ **"ਹਰਿ ਹਰਿ"** ਕਰਨ ਦੁਆਰਾ ਜਪਣ ਵਾਲੇ ਭਾਵ ਕਿਸੇ ਅੱਖਰ ਦਾ ਜਪ ਕਰਨ ਵਾਲੇ ਇਹ ਕਹਿ ਦਿੰਦੇ ਹਨ ਕਿ **"ਹਰਿ ਹਰਿ"** ਕਰਨਾ ਹੀ ਉਸਦਾ ਭਾਣਾ ਮੰਨਣਾ ਹੈ, ਉਸਦਾ ਹੁਕਮ ਮੰਨਣਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ, ਗੁਰੂ ਦਾ ਹੁਕਮ ਹੀ ਹੈ ਜੋ ਉਸਨੂੰ ਭਾਉਂਦਾ ਹੈ। ਜੋ ਗੱਲ ਗੁਰੂ ਨੂੰ ਭਾਉਂਦੀ ਹੈ ਭਾਵ ਚੰਗੀ ਲੱਗਦੀ ਹੈ ਉਸ ਗੱਲ ਨੂੰ ਮੰਨਣਾ ਗੁਰੂ ਦੇ ਭਾਣੇ ਨੂੰ ਮੰਨਣਾ ਹੈ। ਗੁਰੂ ਦਾ ਭਾਣਾ ਮੰਨਣਾ ਕੀ ਹੈ ਇਹ ਭੁਲੇਖਾ ਵੀ ਇਸ ਸ਼ਬਦ ਵਿੱਚ ਕੱਢਿਆ ਹੋਇਆ ਹੈ, ਹੇਠ ਦਿੱਤੀਆਂ ਪੰਗਤੀਆਂ ਤੋਂ ਬਾਅਦ ਕੱਢਿਆ ਹੋਇਆ ਹੈ ਅਤੇ ਸਮਝਾਇਆ ਹੋਇਆ ਹੈ ਕਿ ਭਾਣਾ ਮੰਨਣਾ, ਭਾਣਾ ਕਮਾਉਣਾ ਕੀ ਹੈ ਤੇ ਸ਼ਬਦ ਦੀ ਕਮਾਈ ਕੀ ਹੈ। ਪਹਿਲੇ ਹੇਠ ਦਿੱਤੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ।

2/27

"ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ॥੪॥"

ਇਨ੍ਹਾਂ ਪੰਗਤੀਆਂ ਦਾ ਅਰਥ ਸਮਝਣ ਤੋਂ ਪਹਿਲਾਂ ਇਹ ਸਮਝਣਾ ਜਰੂਰੀ ਹੈ ਕਿ ਗੁਰ ਸ਼ਬਦ ਕੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਜਦ ਤੱਕ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਨਹੀਂ ਸਮਝਦੇ, ਬਾਣੀ ਦਾ ਮੂਲ ਭਾਵ (ਮੁੱਖ ਮੰਤਵ) ਸਮਝ ਆਉਣਾ ਬਹੁਤ ਔਖਾ ਹੈ। ਬਾਣੀ ਦੇ ਸਾਰੇ ਸ਼ਬਦ ਗੁਰੂ ਦੇ ਮੁੱਖੋਂ ਹੀ ਉਚਾਰੇ ਹੋਏ ਹਨ। ਗੁਰੂ ਨੇ ਜੋ ਗੱਲ ਸਾਨੂੰ ਸਮਝਾਈ ਹੈ ਉਸਨੂੰ ਬੋਲ ਕੇ ਸਮਝਾਇਆ ਜਾ ਸਕਦਾ ਹੈ ਜਾਂ ਲਿਖ ਕੇ ਸਮਝਾਇਆ ਜਾ ਸਕਦਾ ਹੈ। ਅਸੀਂ ਜਦੋਂ ਕਿਸੇ ਨੂੰ ਗੁਰੂ ਮੰਨਦੇ ਹਾਂ ਤਾਂ ਉਸਦੇ ਸ਼ਬਦਾਂ ਨੂੰ ਸਮਝਦੇ ਹਾਂ, ਉਸਦੇ ਅੰਦਰ ਗਿਆਨ ਕੀ ਹੈ ਇਸ ਚੀਜ਼ ਨੂੰ ਦੇਖਦੇ ਹਾਂ। ਗੁਰੂ ਉੱਚਾ ਆਪਣੇ ਗਿਆਨ ਦੁਆਰਾ ਹੁੰਦਾ ਹੈ ਨਾ ਕਿ ਆਪਣੀ ਦੇਹ ਦੁਆਰਾ। ਅਸੀਂ ਗੁਰੂ ਦੀ ਪੂਜਾ ਉਸਦੇ ਮੁੱਖ ਤੋਂ ਉਚਾਰੇ ਹੋਏ ਸ਼ਬਦਾਂ ਦੇ ਕਾਰਨ ਕਰਦੇ ਹਾਂ। ਅਸਲ ਵਿੱਚ "ਗੁਰੂ" ਸ਼ਬਦ ਹੀ ਹੈ, ਉੱਚਾ ਗਿਆਨ ਹੀ ਹੈ। ਗੁਰੂ ਦਾ ਗਿਆਨ ਉਸਦੇ ਗੁਣਾਂ ਕਰਕੇ ਉੱਚਾ ਹੈ, ਉਸ ਵਿੱਚ ਗੁਣਾਂ ਦਾ ਭੰਡਾਰ ਹੈ, ਗੁਣਾਂ ਦਾ ਖਜ਼ਾਨਾ ਹੈ। ਗੁਰੂ ਦੇ ਸ਼ਬਦ ਨੂੰ ਮੰਨਣਾ ਹੀ ਗੁਰੂ ਨੂੰ ਮੰਨਣਾ ਹੈ, ਗੁਰੂ ਦੇ ਸ਼ਬਦ ਦੀ ਪੂਜਾ ਹੀ ਗੁਰੂ ਦੀ ਪੂਜਾ ਹੈ, ਗੁਰੂ ਦੇ ਗੁਣਾਂ ਨੂੰ ਆਪਣੇ ਅੰਦਰ ਦ੍ਰਿੜ ਕਰਨਾ ਹੀ ਗੁਰੂ ਨੂੰ ਆਪਣੇ ਅੰਦਰ ਵਸਾਉਣਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੀ ਗੁਰੂ ਦੀ ਪੂਜਾ ਹੈ, ਉਸਦੀ ਭਗਤੀ ਹੈ।

"ਗੁਰੁ ਸਬਦੁ ਦਿੜਾਵੈ ਰੰਗ ਸਿਉ" ਤੋਂ ਭਾਵ ਹੈ ਕਿ ਅਸੀਂ ਗੁਰੂ ਦੁਆਰਾ ਦਿੱਤੀ ਹੋਈ ਮਤਿ ਨੂੰ ਜੋ ਕਿ ਗੁਰੂ ਦਾ ਸ਼ਬਦ ਸਾਨੂੰ ਸਮਝਾ ਰਿਹਾ ਹੈ, ਉਸ ਨੂੰ ਪੂਰੀ ਸ਼ਰਧਾ ਨਾਲ, ਭਾਵਨੀ ਨਾਲ, ਆਪਣੇ ਅੰਦਰ ਦ੍ਰਿੜ ਕਰੀਏ ਭਾਵ ਉਸ ਤੇ ਅਮਲ ਕਰੀਏ ਭਾਵ ਔਗੁਣ ਤਿਆਗ ਕੇ ਗੁਣਾਂ ਵਿੱਚ ਆਈਏ। ਸਾਡੇ ਔਗੁਣਾਂ ਦਾ ਤਿਆਗ ਹੋ ਜਾਵੇ, ਇਹ ਪ੍ਰਮਾਤਮਾ ਦੀ ਸਾਡੇ ਤੇ ਵੱਡੀ ਕ੍ਰਿਪਾ ਹੈ ਅਤੇ ਉਸਦੀ ਇਸ ਕ੍ਰਿਪਾ ਤੋਂ ਬਿਨ੍ਹਾਂ ਉਸ ਨੂੰ ਪਾਇਆ ਨਹੀਂ ਜਾ ਸਕਦਾ। **(ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ)**

2/28 ਅਤੇ 28-ਅ

"ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ॥"

ਇੱਥੇ ਬਹੁਤ ਗਹਿਰੀ ਗੱਲ ਸਮਝਾਈ ਹੋਈ ਹੈ ਅਤੇ ਬਹੁਤ ਵੱਡਾ ਭੁਲੇਖਾ ਕੱਢਿਆ ਹੋਇਆ ਹੈ। ਅਸੀਂ ਜੋ ਹਰਿ ਹਰਿ ਕਰਕੇ ਨਾਮ ਜਪਦੇ ਹਾਂ ਉਹ ਇਹ ਸਮਝ ਕੇ ਕਰਦੇ ਹਾਂ ਕਿ ਅਸੀਂ ਆਪਣੇ ਅੰਦਰ ਅੰਮ੍ਰਿਤ ਪਾ ਰਹੇ ਹਾਂ, ਅੰਮ੍ਰਿਤ ਨਾਮ ਬੀਜ ਰਹੇ ਹਾਂ। ਸਮਝਾਇਆ ਇਹ ਹੋਇਆ ਹੈ ਕਿ ਜੇਕਰ ਸਾਡੇ ਅੰਦਰ ਮੈਲ ਹੈ, ਮਨ ਮੈਲਾ ਹੈ, ਸਾਡੇ ਅੰਦਰ ਵਿਕਾਰ ਹਨ, ਔਗੁਣ ਹਨ ਤਾਂ ਫਿਰ ਸਾਨੂੰ ਫਲ ਵੀ ਔਗੁਣਾਂ ਵਾਲਾ ਹੀ ਮਿਲਦਾ ਹੈ ਭਾਵ ਜਦ ਤੱਕ ਸਾਡਾ ਹਿਰਦਾ ਸ਼ੁੱਧ ਨਹੀਂ ਹੈ, ਸਾਡੀ ਇਹੋ ਜਿਹੀ ਕੀਤੀ ਭਗਤੀ ਕਿਸੇ ਲੇਖੇ ਨਹੀਂ ਹੈ। ਉਸਦੀ ਭਗਤੀ ਕਰਨ ਲਈ ਔਗੁਣਾਂ ਨੂੰ ਤਿਆਗਣਾ ਹੀ ਪਵੇਗਾ, ਮਨ ਨੂੰ ਮਾਰਨਾ ਹੀ ਪਵੇਗਾ। ਹੋਰ ਵੀ ਕਾਫੀ ਸ਼ਬਦਾਂ ਦੁਆਰਾ ਇਹੋ ਗੱਲ ਸਮਝਾਈ ਗਈ ਹੈ ਜਿਵੇਂ ਕਿ ਨਿੰਮ ਦੇ ਬ੍ਰਿਖ ਨੂੰ ਭਾਵੇਂ ਅੰਮ੍ਰਿਤ ਨਾਲ ਸਿੰਚੀਏ, ਉਸਦੀ ਕੁੜੱਤਣ ਨਹੀਂ ਜਾ ਸਕਦੀ ਭਾਵ ਉਸਦਾ ਸੁਭਾਅ ਨਹੀਂ ਬਦਲ ਸਕਦਾ। ਜੇਕਰ ਸੱਪ ਨੂੰ ਦੁੱਧ ਪਿਆ ਲਈਏ ਉਸਦੇ ਅੰਦਰੋਂ ਜ਼ਹਿਰ ਖਤਮ ਨਹੀਂ ਹੁੰਦਾ ਭਾਵ ਉਸਦਾ ਸੁਭਾਅ ਨਹੀਂ ਬਦਲਦਾ।

“ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥੨॥”

(ਅੰਗ - ੪੭੪)

ਇਸ ਸ਼ਬਦ ਰਾਹੀਂ ਵੀ ਇਹੀ ਗੱਲ ਸਪੱਸ਼ਟ ਕੀਤੀ ਹੋਈ ਹੈ ਕਿ ਜੋ ਕੁੱਝ ਸਾਡੇ ਮਨ ਦੇ ਵਿੱਚ ਹੈ, ਉਪਜਦਾ ਵੀ ਉਹੋ ਕੁੱਝ ਹੀ ਹੈ ਭਾਵ ਅਗਰ ਸਾਡਾ ਮਨ ਮੈਲਾ ਹੈ, ਸਾਡੇ ਅੰਦਰ ਵਿਕਾਰ ਹਨ ਤਾਂ ਫਲ ਵੀ ਉਸਦੇ ਮੁਤਾਬਿਕ ਹੀ ਮਿਲਦਾ ਹੈ। ਅਸੀਂ ਆਪਣੇ ਮੂੰਹ ਦੁਆਰਾ ਜਿਤਨੇ ਮਰਜ਼ੀ ਚੰਗੇ ਬਣੀ ਜਾਈਏ, ਚੰਗੇ ਬਣਨ ਦੀ ਕੋਸ਼ਿਸ ਕਰੀ ਜਾਈਏ ਪਰ ਜਦ ਤੱਕ ਚੰਗਿਆਈ ਮਨ ਵਿੱਚ ਨਹੀਂ ਹੈ ਤਦ ਤੱਕ ਮੂੰਹ ਤੋਂ ਬੋਲਿਆ ਹੋਇਆ ਕੇਵਲ ਹਵਾ ਛੱਡਣ ਦੇ ਬਰਾਬਰ ਹੀ ਹੈ ਭਾਵ ਵਿਅਰਥ ਹੀ ਜਾ ਰਿਹਾ ਹੈ। ਅਸੀਂ ਹਰਿ ਹਰਿ ਬੋਲਣ ਦੁਆਰਾ ਅੰਮ੍ਰਿਤ ਮੰਗ ਰਹੇ ਹਾਂ ਭਾਵ ਉਸ ਪ੍ਰਮਾਤਮਾ ਦਾ ਮੇਲ ਮੰਗਦੇ ਹਾਂ ਪਰ ਗੁਰੂ ਜੀ ਸਮਝਾ ਰਹੇ ਹਨ ਕਿ ਦੱਸੋ ਕੀ ਇਹ ਨਿਆਂ, ਇਨਸਾਫ਼ ਹੋਇਆ? ਸਾਡੇ ਅੰਦਰ ਤਾਂ ਵਿਕਾਰਾਂ ਦਾ ਜ਼ਹਿਰ ਹੋਵੇ ਤੇ ਅਸੀਂ ਮੰਗੀਏ ਅੰਮ੍ਰਿਤ? ਭਾਵ ਅਸੀਂ ਫਲ ਅੰਮ੍ਰਿਤ ਦਾ ਮੰਗਦੇ ਹਾਂ ਜਦਕਿ ਅੰਦਰ ਸਾਡੇ ਜ਼ਹਿਰ ਹੈ। ਫਲ ਤਾਂ ਉਹੋ ਜਿਹਾ ਹੀ ਮਿਲਣਾ ਹੈ ਜਿਹੋ ਜਿਹਾ ਅਸੀਂ ਆਪਣੇ ਅੰਦਰ ਬੀਜ ਬੀਜਿਆ ਹੋਇਆ ਹੈ। ਉੱਗਣਾ ਤਾਂ ਉਹੀ ਕੁੱਝ ਹੈ ਜਿਸਦਾ ਬੀਜ ਬੀਜਿਆ ਹੋਵੇ। ਜ਼ਹਿਰ ਦੇ ਬੀਜ ਤੇ ਅੰਮ੍ਰਿਤ ਦਾ ਫਲ ਨਹੀਂ ਲੱਗ ਸਕਦਾ। ਅਗਰ ਸਾਡੇ ਮਨ ਵਿੱਚ, ਸਾਡੀ ਕਰਨੀ ਵਿੱਚ, ਕਿਰਤ ਵਿੱਚ ਖੋਟ ਹੈ ਤਾਂ ਫਲ ਵੀ ਉਹੋ ਜਿਹਾ ਹੀ ਮਿਲਣਾ ਹੈ। ਅਸਲੀ ਬੀਜ ਮਨ ਦੇ ਵਿੱਚ ਹੈ ਭਾਵ ਮਨ ਦੇ ਵਿਚਾਰਾਂ ਦੇ ਵਿੱਚ ਹੈ। ਸਾਡੇ ਮਾੜੇ ਵਿਚਾਰ ਮਾੜੇ ਬੀਜ ਹਨ ਤੇ ਚੰਗੇ ਵਿਚਾਰ ਚੰਗੇ ਬੀਜ ਹਨ। **{ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥ ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥}**

{ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥}

(ਅੰਗ - ੧੩੭੯)

ਗੱਲ ਇੱਥੇ ਵੀ ਉਹੀ ਸਮਝਾਈ ਹੋਈ ਹੈ। ਜਿਹੋ ਜਿਹੇ ਅਸੀਂ ਕਰਮ ਕਰਦੇ ਹਾਂ, ਫਲ ਉਸੇ ਅਨੁਸਾਰ ਹੀ ਮਿਲਦਾ ਹੈ। ਮੰਦੇ ਕਰਮ ਕਰਕੇ ਚੰਗੇ ਫਲ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਹ ਕੋਈ ਇਨਸਾਫ ਦੀ ਗੱਲ ਨਹੀਂ ਹੈ। ਇਸੇ ਤਰ੍ਹਾਂ ਹਰਿ ਹਰਿ ਕਰਨ ਨਾਲ ਸਾਡੇ ਅੰਦਰੋਂ ਔਗੁਣ ਨਹੀਂ ਜਾ ਸਕਦੇ, ਸਾਡਾ ਸੁਭਾਅ ਨਹੀਂ ਬਦਲ ਸਕਦਾ, ਉਲਟਾ ਸਾਡੀ ਮਨਹਠਿ ਵੱਧ ਜਾਂਦੀ ਹੈ। ਸਾਰੀ ਗੱਲ ਆਪਣੇ ਸੁਭਾਅ ਨੂੰ ਗੁਰੂ ਦੀ ਮਤਿ ਅਨੁਸਾਰ ਬਦਲਣ ਦੀ ਹੈ ਅਤੇ ਆਪਣੇ ਮਨਹਠਿ ਨੂੰ ਛੱਡਣ ਦੀ ਹੈ। (**ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥**) ਅਸਲ ਹਰਿ ਹਰਿ ਕਰਨਾ ਕੀ ਹੈ ਇਹ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਗੁਰੂ ਨਾਲ ਆਪਣਾ ਪਿਆਰ ਕਿਵੇਂ ਦਿਖਾਉਣਾ ਹੈ, ਉਸਦਾ ਭਾਣਾ ਕਿਵੇਂ ਮੰਨਣਾ ਹੈ।

“ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥”

ਇਨ੍ਹਾਂ ਪੰਗਤੀਆਂ ਦਾ ਅਰਥ ਸਮਝਣ ਨਾਲ ਸਾਨੂੰ ਇਹ ਪੂਰੀ ਤਰ੍ਹਾਂ ਸਮਝ ਲੱਗ ਜਾਂਦੀ ਹੈ ਕਿ ਗੁਰੂ ਨਾਲ ਪਿਆਰ ਪਾਉਣਾ ਕੀ ਹੈ ਤੇ ਉਸਦੇ ਭਾਣੇ ਵਿੱਚ ਚੱਲਣਾ ਕੀ ਹੈ ਭਾਵ ਅਸਲ ਹਰਿ ਹਰਿ ਕਰਨਾ ਕੀ ਹੈ, ਅਸਲ ਨਾਮ ਜਪਣਾ ਕੀ ਹੈ ਜੋ ਕਿ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ। ਜੋ ਮਨੁੱਖ ਸੱਚੇ ਹਨ ਭਾਵ ਜਿਨ੍ਹਾਂ ਨੇ ਗੁਰੂ ਦੇ ਸਮਝਾਏ ਹੋਏ ਸੱਚ ਨੂੰ, ਨਾਮ ਨੂੰ ਮੰਨਿਆ ਹੋਇਆ ਹੈ ਉਹਨਾਂ ਨੇ ਝੂਠ ਨੂੰ, ਵਿਕਾਰਾਂ ਨੂੰ ਤਿਆਗਿਆ ਹੋਇਆ ਹੈ, ਉਹਨਾਂ ਦਾ ਮਨ ਨਿਰਮਲ ਹੈ, ਪਵਿੱਤਰ ਹੈ ਤੇ ਉਹਨਾਂ ਨੂੰ ਹੀ ਗੁਰੂ ਦੇ ਨਾਲ ਪਿਆਰ ਹੈ। ਜਿਵੇਂ ਕਿ ਪਿੱਛੇ ਅਸੀਂ ਜਾਣਿਆ ਹੈ ਕਿ ਗੁਰੂ, ਸ਼ਬਦ ਹੈ, ਸ਼ਬਦ ਗੁਰੂ ਦਾ ਉਪਦੇਸ਼ ਹੈ, ਗੁਰੂ ਦਾ ਬਚਨ ਹੈ। **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਅੰਗ - 1309 । ਸਤਿਗੁਰੂ ਦੇ ਨਾਲ ਪਿਆਰ ਉਸ ਨੂੰ ਹੀ ਹੈ ਜਿਸ ਨੂੰ ਉਸ ਦੇ ਬਚਨਾਂ ਨਾਲ ਪਿਆਰ ਹੈ। ਸਤਿਗੁਰੂ ਦੇ ਬਚਨ ਸਾਨੂੰ ਵਾਰ-ਵਾਰ ਔਗੁਣਾਂ ਦਾ ਤਿਆਗ ਕਰਨ ਲਈ ਸਮਝਾਉਂਦੇ ਹਨ, ਗੁਣਾਂ ਨੂੰ ਧਾਰਨ ਕਰਨ ਲਈ ਸਮਝਾਉਂਦੇ ਹਨ। ਸਤਿਗੁਰੂ ਨਾਲ ਪਿਆਰ ਉਸਨੂੰ

ਹੀ ਹੈ ਜਿਸ ਨੂੰ ਗੁਰੂ ਦੇ ਬਚਨਾਂ ਨਾਲ ਪਿਆਰ ਹੈ ਤੇ ਉਹੀ ਮਨੁੱਖ ਸੱਚੇ ਤੇ ਨਿਰਮਲੇ, ਪਵਿੱਤਰ ਹਿਰਦੇ ਵਾਲੇ ਹੋ ਸਕਦੇ ਹਨ। ਉੱਪਰ ਪੰਗਤੀਆਂ ਵਿੱਚ ਬੜਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਗੁਰੂ ਦੇ ਨਾਲ ਪਿਆਰ ਅਸਲ ਵਿੱਚ ਕਿਹਨਾਂ ਨੂੰ ਹੈ। ਉਹ ਮਨੁੱਖ ਸੱਚੇ ਤੇ ਨਿਰਮਲੇ ਹੁੰਦੇ ਹਨ ਭਾਵ ਪਵਿੱਤਰ ਮਨ ਵਾਲੇ ਹੁੰਦੇ ਹਨ, ਸ਼ੁੱਧ ਹਿਰਦੇ ਵਾਲੇ ਹੁੰਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਨਾਲ ਪਿਆਰ ਹੈ ਭਾਵ ਜਿਨ੍ਹਾਂ ਦੇ ਹਿਰਦੇ ਸ਼ੁੱਧ ਨਹੀਂ ਹਨ, ਵਿਕਾਰਾਂ ਵਾਲੇ ਹਨ ਮਾੜੀ ਬਿਰਤੀ ਵਾਲੇ ਹਨ, ਮਾੜੇ ਕਰਮ ਕਰਨ ਵਾਲੇ ਹਨ, ਉਹਨਾਂ ਨੂੰ ਗੁਰੂ ਨਾਲ ਪਿਆਰ ਨਹੀਂ ਹੈ। ਮੁੱਖੋਂ ਹਰਿ ਹਰਿ ਬੋਲੀ ਜਾਣ ਨਾਲ ਪ੍ਰਮਾਤਮਾ ਨਾਲ ਪਿਆਰ ਨਹੀਂ ਦਿਖਾਇਆ ਜਾ ਸਕਦਾ ਭਾਵੇਂ ਅਸੀਂ ਸਮਝਦੇ ਇਹੋ ਕੁੱਝ ਹੀ ਹਾਂ। **(ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥)** ਸੱਚੇ ਤੇ ਨਿਰਮਲੇ ਬਣਨ ਦਾ ਤਰੀਕਾ ਵੀ ਨਾਲ ਹੀ ਸਮਝਾਇਆ ਹੋਇਆ ਹੈ। ਗੁਰੂ ਨਾਲ ਪਿਆਰ ਦਿਖਾਉਣ ਵਾਲੇ ਮਨੁੱਖ ਉਸ ਦੇ ਭਾਣੇ ਵਿੱਚ ਚੱਲਦੇ ਹਨ, ਉਸ ਦਾ ਭਾਣਾ ਕਮਾਉਂਦੇ ਹਨ। ਉਸਦਾ ਭਾਣਾ ਕਮਾਉਣ ਦਾ ਤਰੀਕਾ ਇਹ ਹੈ ਕਿ ਉਹ ਆਪਣੇ ਅੰਦਰੋਂ ਬਿਖਿਆ, ਹਉਮੈ ਤੇ ਸਾਰੇ ਵਿਕਾਰਾਂ ਨੂੰ ਤਿਆਗ ਦਿੰਦੇ ਹਨ ਭਾਵ ਉਹ ਬਿਲਕੁਲ ਸੱਚੇ ਸੁੱਚੇ ਬਣ ਕੇ ਵਿਚਰਦੇ ਹਨ। **(ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥)** ਜੋ ਗੁਰੂ ਨੂੰ, ਪ੍ਰਮਾਤਮਾ ਨੂੰ ਭਾਉਂਦਾ ਹੈ ਇਹ ਉਸਦਾ ਭਾਣਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਭਾਣਾ ਹੀ ਸਮਝਾਇਆ ਹੋਇਆ ਹੈ। ਗੁਰੂ ਨੂੰ ਇਹ ਭਾਉਂਦਾ ਹੈ ਕਿ ਅਸੀਂ ਆਪਣੀ ਹਉਮੈ ਛੱਡੀਏ, ਬਿਖ ਛੱਡੀਏ ਭਾਵ ਆਪਣੀ ਮਤਿ ਛੱਡੀਏ, ਸਾਰੇ ਵਿਕਾਰ ਛੱਡੀਏ ਤੇ ਜੋ ਮਨੁੱਖ ਇਨ੍ਹਾਂ ਦਾ ਤਿਆਗ ਕਰਦਾ ਹੈ ਉਹ ਗੁਰੂ ਪ੍ਰਮਾਤਮਾ ਦਾ ਭਾਣਾ ਮੰਨਦਾ ਹੈ ਭਾਵ ਹਰਿ ਹਰਿ ਕਰਦਾ ਹੈ, ਨਾਮ ਜਪਦਾ ਹੈ, ਪ੍ਰਮਾਤਮਾ ਦੀ ਭਗਤੀ ਕਰਦਾ ਹੈ ਜੋ ਕਿ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਨਾਲ ਹੁੰਦੀ ਹੈ।

ਬਹੁਤ ਹੀ ਸਪੱਸ਼ਟ ਹੈ ਕਿ ਜਦ ਤੱਕ ਸਾਡੇ ਅੰਦਰ ਵਿਕਾਰ ਹਨ ਤਦ ਤੱਕ ਨਾ ਸਾਡਾ ਗੁਰੂ ਨਾਲ ਪਿਆਰ ਹੈ ਤੇ ਨਾ ਹੀ ਉਸਦੇ ਭਾਣੇ ਵਿੱਚ ਕੋਈ ਚੱਲ ਸਕਦਾ ਹੈ। ਅਸੀਂ ਆਪਣੇ ਬਾਹਰੀ ਜਪ ਤਪ ਨਾਲ ਹੀ ਆਪਣੇ ਆਪ ਨੂੰ ਗੁਰੂ ਦੇ ਪਿਆਰੇ ਸਮਝੀ ਬੈਠੇ ਹਾਂ ਜਦ ਕਿ ਗੁਰੂ ਇਸ ਗੱਲ ਨੂੰ ਬਿਲਕੁਲ ਵੀ ਪਰਵਾਨ ਨਹੀਂ ਕਰਦਾ। ਸੱਚੇ ਸੁੱਚੇ ਬਣ ਕੇ ਵਿਚਰਨਾ ਹੀ ਸ਼ਬਦ ਦੀ, ਨਾਮ ਦੀ ਕਮਾਈ ਹੈ। ਹੁਣ ਆਪ ਹੀ ਸੋਚੋ ਕਿ ਐਵੇਂ ਹੀ ਸਮਾਧੀਆਂ ਲਗਾ ਕੇ ਹਰਿ ਹਰਿ ਕਹੀ ਜਾਈਏ ਜਾਂ ਆਪਣੀ ਆਪਣੀ ਮਤਿ ਅਨੁਸਾਰ ਕੋਈ ਹੋਰ ਅੱਖਰ ਬੋਲੀ ਜਾਈਏ, ਗੁਰੂ ਦੇ ਦੱਸੇ ਹੋਏ ਅੱਖਰਾਂ ਨੂੰ ਬਦਲ ਕੇ ਕੋਈ ਹੋਰ ਅੱਖਰ ਬੋਲੀ ਜਾਈਏ ਭਾਵ ਅੱਖਰ ਜਪਣ ਦੇ ਭਾਵ ਨੂੰ ਸਮਝਣ ਦੀ ਬਜਾਇ ਅੱਖਰ ਹੀ ਬਦਲ ਲਈਏ ਕੀ ਉਸ ਨਾਲ ਸਾਡੇ ਔਗੁਣ ਆਪੇ ਹੀ ਨਿਕਲ ਜਾਣਗੇ। ਕੀ ਸਾਨੂੰ ਇਹੋ ਜਿਹੇ ਜਪ ਦਾ ਕੋਈ ਲਾਭ ਮਿਲ ਸਕਦਾ ਹੈ? “ਗੁਰੂ ਸਾਹਿਬ”, ਜਿਨ੍ਹਾਂ ਨੇ ਸਾਡੀ ਭਗਤੀ ਪ੍ਰਵਾਨ ਕਰਨੀ ਹੈ, ਜਿਨ੍ਹਾਂ ਦੇ ਲਈ ਅਸੀਂ ਭਗਤੀ ਦਿਖਾ ਰਹੇ ਹਾਂ, ਉਹ ਤਾਂ ਇਹੀ ਸਮਝਾ ਰਹੇ ਹਨ ਕਿ ਇਸ ਤਰ੍ਹਾਂ ਦੀ ਕੀਤੀ ਹੋਈ ਭਗਤੀ ਦਾ ਕੋਈ ਲਾਭ ਨਹੀਂ ਮਿਲਦਾ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਸਪੱਸ਼ਟ ਕੀਤੀ ਹੋਈ ਹੈ।

“ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ॥”

ਹੁਣ ਧਿਆਨ ਨਾਲ ਵਿਚਾਰੋ ਕਿ ਇੱਥੇ ਕਿੰਨੀ ਵੱਡੀ ਗੱਲ ਸਮਝਾਈ ਹੋਈ ਹੈ ਅਤੇ ਮਨਹਠਿ ਕਿਸ ਨੂੰ ਕਿਹਾ ਗਿਆ ਹੈ। ਅਸੀਂ ਜਿਹੋ ਜਿਹੀ ਭਗਤੀ ਕਰ ਰਹੇ ਹਾਂ ਭਾਵ ਜਿਸ ਤਰੀਕੇ ਨਾਲ ਨਾਮ ਜਪ ਰਹੇ ਹਾਂ ਭਾਵ ਹਰਿ ਹਰਿ ਕਰ ਰਹੇ ਹਾਂ ਭਾਵ ਜਿਸ ਵਿੱਚ ਗੁਰੂ ਦੀ ਮਤਿ ਨਹੀਂ ਹੈ, ਜਿਸ ਵਿੱਚ ਗੁਰੂ ਦਾ ਭਾਣਾ ਨਹੀਂ ਹੈ, ਇਹੋ ਜਿਹੀ ਭਗਤੀ ਕੇਵਲ ਸਾਡਾ ਮਨਹਠਿ ਹੈ, ਮਨਮਤਿ ਹੈ, ਸਾਡੀ ਹਉਮੈ ਹੈ। ਇਹੋ ਜਿਹੀ ਮਨਹਠਿ ਨਾਲ, ਔਗੁਣਾਂ ਦਾ ਤਿਆਗ ਕੀਤੇ ਬਿਨਾਂ ਕੀਤੀ ਹੋਈ ਭਗਤੀ ਦੁਆਰਾ ਅਸੀਂ ਕਦੇ ਵੀ ਔਗੁਣਾਂ ਤੋਂ ਛੁੱਟ ਨਹੀਂ ਸਕਦੇ ਅਤੇ ਇਹੀ ਗੱਲ ਸਾਨੂੰ ਸਾਰੇ ਧਰਮ ਸ਼ਾਸਤਰ ਸਮਝਾਉਂਦੇ ਹਨ ਭਾਵ ਗੁਰੂ ਦੀ ਮਤਿ 'ਤੇ ਚੱਲੇ ਬਿਨ੍ਹਾਂ ਹੋਰ ਕਿਸੇ ਵੀ ਤਰੀਕੇ ਨਾਲ ਛੁਟਕਾਰਾ ਨਹੀਂ ਹੋ ਸਕਦਾ। (**ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ॥**) ਇੱਕੋ ਇੱਕ ਤਰੀਕਾ “ਸਾਧੂ” ਦੀ ਭਾਵ ਗੁਰੂ ਦੀ ਸੰਗਤ ਕਰਕੇ ਭਾਵ ਗੁਰੂ ਦੇ ਬਚਨਾਂ ਦੀ ਸੰਗਤਿ ਕਰਕੇ, ਗੁਣਾਂ ਦੀ ਸੰਗਤ ਕਰਕੇ, ਗੁਰੂ ਦੇ ਸ਼ਬਦਾਂ ਦੀ ਕਮਾਈ ਕਰਕੇ ਭਾਵ ਗੁਰੂ ਦੇ ਉਪਦੇਸ਼ਾਂ ਤੇ ਅਮਲ ਕਰਕੇ ਹੀ ਤਰਿਆ ਜਾ ਸਕਦਾ ਹੈ, ਮਾਇਆ ਮੋਹ ਤੋਂ ਤਰਿਆ ਜਾ ਸਕਦਾ ਹੈ। (**ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ॥**) ਗੁਰੂ ਦੀ ਭਗਤੀ ਨੂੰ ਕੁੱਝ ਹੋਰ ਬਰੀਕੀ ਨਾਲ ਜਾਨਣ ਲਈ ਹੇਠ ਦਿੱਤੇ ਸ਼ਬਦਾਂ ਦੇ ਭਾਵ ਨੂੰ ਸਮਝਦੇ ਹਾਂ, ਅੱਠੇ ਪਹਿਰ ਨਾਮ ਵਿੱਚ ਰਚਣਾ ਕੀ ਹੈ, ਇਹ ਬੜਾ ਸਪੱਸ਼ਟ ਸਮਝ ਲੱਗ ਜਾਵੇਗਾ।

2/30

{ਮਨ ਰੇ ਗੁਰ ਕੀ ਕਾਰ ਕਮਾਇ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ॥ਰਹਾਉ॥}

(ਅੰਗ ੬੬)

“ਰਹਾਉ” ਦੀਆਂ ਇਨ੍ਹਾਂ ਪੰਗਤੀਆਂ ਰਾਹੀਂ ਆਓ ਇਸ ਗੱਲ ਨੂੰ ਸਮਝੀਏ ਕਿ ਗੁਰੂ ਜੀ ਦੀ ਕਾਰ ਕਮਾਉਣਾ ਕੀ ਹੈ ਅਤੇ ਹਰ ਵੇਲੇ ਪ੍ਰਮਾਤਮਾ ਦੇ ਨਾਮ ਵਿੱਚ ਰਚੇ ਰਹਿਣਾ ਕੀ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਗੁਰੂ ਦੇ ਭਾਣੇ ਵਿੱਚ ਚੱਲਣਾ ਹੀ ਹਰ ਵੇਲੇ, ਅੱਠੇ ਪਹਿਰ, ਸਵਾਸ-ਸਵਾਸ ਉਸ ਪ੍ਰਮਾਤਮਾ ਦੇ ਨਾਮ ਵਿੱਚ ਰਚੇ ਰਹਿਣਾ ਹੈ ਭਾਵ ਗੁਰੂ ਦੇ ਹੁਕਮ ਵਿੱਚ ਚੱਲਣਾ ਹੀ ਉਸ ਨੂੰ ਅੱਠੇ ਪਹਿਰ ਧਿਆਉਣਾ ਹੈ ਅਤੇ ਇਹੀ ਗੁਰੂ ਦੀ ਕਾਰ ਕਮਾਉਣਾ ਹੈ, ਸ਼ਬਦ ਨੂੰ ਕਮਾਉਣਾ ਹੈ। ਹਰ ਵੇਲੇ ਨਾਮ ਵਿੱਚ ਰਚੇ ਰਹਿਣ ਦੀ “ਸ਼ਰਤ” ਇਹ ਹੈ ਕਿ ਅਸੀਂ ਪ੍ਰਮਾਤਮਾ ਦੇ ਭਾਣੇ ਵਿੱਚ ਚੱਲੀਏ। ਜੋ ਇਸ ਸ਼ਰਤ ਤੇ ਪੂਰਾ ਨਹੀਂ ਉਤਰਦਾ ਉਹ ਨਾਮ ਨਹੀਂ ਜਪਦਾ। (**ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ॥ਰਹਾਉ॥**) ਗੁਰੂ ਦੇ ਭਾਣੇ ਵਿੱਚ ਉਹ ਹੀ ਚੱਲਦਾ ਹੈ ਜਿਸਨੇ ਆਪਣੇ ਅੰਦਰੋਂ ਬਿਖ ਨੂੰ, ਹਉਮੈ ਨੂੰ, ਵਿਕਾਰਾਂ ਨੂੰ ਤਜਿਆ ਹੋਇਆ ਹੈ। (**ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥**) ਵਿਕਾਰਾਂ ਦੇ ਰਹਿੰਦੇ ਕੋਈ ਮਨੁੱਖ ਨਾਮ ਨਹੀਂ ਜਪਦਾ ਭਾਵ ਮਾੜੇ ਕਰਮ ਕਰਦਾ ਹੋਇਆ ਕੋਈ ਨਾਮ ਨਹੀਂ ਜਪ ਸਕਦਾ। ਵਿਕਾਰਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਨਾਮ ਜਪਣਾ ਹੈ। ਮਨ ਵਿੱਚ ਸੱਚ ਵੱਸੇ ਬਿਨ੍ਹਾਂ ਕੋਈ ਭਗਤੀ ਨਹੀਂ ਹੈ, ਕੋਈ ਨਾਮ ਨਹੀਂ ਹੈ, ਕੋਈ ਸੱਚਾ ਜਪ ਤਪ ਨਹੀਂ ਹੈ।

(ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥)

(ਅੰਗ ੧੩੪੩)

ਭਾਣੇ ਵਿੱਚ ਰਹਿਣ ਤੋਂ ਇਲਾਵਾ ਹੋਰ ਨਾਮ ਜਪਣਾ, ਨਾਮ ਵਿੱਚ ਰਚਣਾ ਕੀ ਹੈ? ਕੇਵਲ ਸਾਡਾ ਭੁਲੇਖਾ ਹੈ। ਇਹ ਭੁਲੇਖਾ ਕਈਆਂ ਮਨੁੱਖਾਂ ਵਿੱਚ ਹੋਰ ਵੀ ਪ੍ਰਬਲ ਹੋ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਸਾਡੇ ਅੰਦਰ ਆਪ ਹੀ ਜਪ ਚੱਲਣਾ ਸ਼ੁਰੂ ਹੋ ਗਿਆ ਹੈ ਕਿਉਂਕਿ ਅਸੀਂ ਇਸ ਨੂੰ ਨਾਮ ਦਾ ਜਪ ਸਮਝਦੇ ਹਾਂ, ਆਪਣੇ ਅੰਦਰ ਦੀ ਸਰੀਰਕ ਕਿਰਿਆ ਨੂੰ ਜਪ ਸਮਝਦੇ ਹਾਂ। ਅਸੀਂ ਜਿਹੋ ਜਿਹਾ ਅਭਿਆਸ ਕਰਦੇ ਹਾਂ ਜਾਂ ਜਿਹੋ ਜਿਹੀ ਸਾਡੀ ਬਿਰਤੀ ਹੁੰਦੀ ਹੈ, ਮਨਸਾ ਹੁੰਦੀ ਹੈ, ਉਹੋ

ਜਿਹਾ ਅਭਿਆਸ ਕਣੀਆਂ ਦੇ ਵਿੱਚ ਆਪਣੇ ਆਪ ਵੀ ਸ਼ੁਰੂ ਹੋ ਜਾਂਦਾ ਹੈ। ਇਹ ਕੋਈ ਬੜੀ ਵੱਡੀ ਗੱਲ ਨਹੀਂ ਹੈ। ਜੋ ਜਿਹੜੀ ਧਾਰਮਿਕ ਮਤਿ ਨੂੰ ਮੰਨਦਾ ਹੈ, ਉਹ ਉਹੋ ਜਿਹਾ ਜਾਪ ਕਰਦਾ ਹੈ। ਇਹੋ ਜਿਹਾ ਜਾਪ ਉਨ੍ਹਾਂ ਦੇ ਅੰਦਰ ਵੀ ਚੱਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਮਨੁੱਖ ਇਹ ਸਮਝਣ ਲੱਗ ਪੈਂਦਾ ਹੈ ਕਿ ਉਸਦਾ ਜਾਪ ਸਫਲ ਹੋ ਗਿਆ ਹੈ ਅਤੇ ਉਹ ਆਪਣੀ ਮਤਿ ਦਾ ਹੋਰ ਵੀ ਪੱਕਾ ਹੋ ਜਾਂਦਾ ਹੈ। ਇਹ ਇੱਕ ਮਾਮੂਲੀ ਜਿਹੀ ਸਰੀਰਕ ਖੇਡ ਹੀ ਹੈ। ਮਨੁੱਖ ਦੇ ਮਨ ਦੀ ਬਿਰਤੀ ਤੇ ਉਸਦਾ ਕੋਈ ਫਰਕ ਨਹੀਂ ਪੈਂਦਾ। ਇਸਦੇ ਨਾਲ ਉਸਦੀ ਕੋਈ ਹਉਮੈ ਨਹੀਂ ਛੁੱਟ ਜਾਂਦੀ, ਮਾਇਆ ਵਿੱਚੋਂ ਮੋਹ ਨਹੀਂ ਹੱਟ ਜਾਂਦਾ ਭਾਵ ਕੋਈ ਹਿਰਦਾ ਸ਼ੁੱਧ ਨਹੀਂ ਹੋ ਜਾਂਦਾ। ਇਹ ਪ੍ਰਮਾਤਮਾ ਦੀ ਕੋਈ ਕ੍ਰਿਪਾ ਨਹੀਂ ਸਮਝਣੀ ਚਾਹੀਦੀ। ਇਹ ਕੇਵਲ ਮਾਇਆ ਦੀ ਜੁਗਤਿ ਹੀ ਸਮਝੋ ਜਿਸ ਨਾਲ ਸਾਡੀ ਮਨਹਠਿ ਹੋਰ ਉੱਚੀ ਹੋ ਜਾਂਦੀ ਹੈ। ਦਾਸ ਨਾਲ ਇਹ ਸਭ ਕੁੱਝ ਬੀਤ ਚੁੱਕਾ ਹੈ ਤਾਂ ਕਿ ਅਸਲੀਅਤ ਦੀ ਸਮਝ ਆ ਸਕੇ। ਦਾਸ ਨੂੰ ਪ੍ਰਮਾਤਮਾ ਨੇ ਇਹ ਸਭ ਕੁੱਝ ਪਰੈਕਟੀਕਲੀ ਕਰ ਕੇ ਦਿਖਾਇਆ ਹੈ ਤੇ ਬਾਣੀ ਦੇ ਅਨੇਕਾਂ ਅਰਥ ਪਰੈਕਟੀਕਲੀ ਹੀ ਸਮਝਾਏ ਹਨ ਜੋ ਕਿ ਪ੍ਰਮਾਤਮਾ ਦੀ ਇੱਕ ਬਹੁਤ ਹੀ ਬਚਿੱਤਰ ਕਲਾ ਹੈ ਜਿਸ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਉਹ ਬਹੁਤ ਹੀ ਜਿਆਦਾ ਉੱਚੇ ਗਿਆਨ ਦਾ ਮਾਲਕ ਹੈ। ਉਹ ਕੁੱਝ ਵੀ ਕਰ ਸਕਦਾ ਹੈ। ਉਹ ਮਨੁੱਖ ਨੂੰ ਜਿਤਨਾ ਚਾਹੇ ਉਲਝਾ ਸਕਦਾ ਹੈ ਜਿਸ ਦੁਆਰਾ ਉਹ ਆਪਣੀ ਖੇਡ ਕਿਸੇ ਨੂੰ ਸਮਝ ਨਹੀਂ ਆਉਣ ਦਿੰਦਾ।

{ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥}

(ਅੰਗ - ੩੯)

2/31

“ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ॥
ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ॥
ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ॥੪॥”

(ਅੰਗ ੬੯)

ਇਸ ਸ਼ਬਦ ਰਾਹੀਂ ਪ੍ਰਮਾਤਮਾ ਦੀ ਸੱਚੀ ਸਿਫਤ ਕਿਵੇਂ ਕੀਤੀ ਜਾ ਸਕਦੀ ਹੈ ਇਹ ਸਮਝਾਇਆ ਹੋਇਆ ਹੈ। ਜਿਸ ਮਨੁੱਖ ਦਾ ਸਾਰਾ ਵੇਖਣਾ ‘‘ਸਚੁ’’ ਹੋਵੇ ਭਾਵ ਉਹ ਸਾਰਿਆਂ ਵਿੱਚ ਪ੍ਰਮਾਤਮਾ ਨੂੰ ਹੀ ਵੇਖੇ ਭਾਵ ਸਭ ਨੂੰ ਇੱਕੋ ਜਿਹਾ ਹੀ ਵੇਖੇ, ਉਸਦਾ ਬੋਲਣਾ ਸਾਰਾ ਸੱਚ ਹੋਵੇ ਭਾਵ ਗੁਰੂ ਦੇ ਉਪਦੇਸ਼ ਵਾਲਾ ਹੋਵੇ, ਉਹ ਤਨੋ, ਮਨੋ ਸੱਚਾ ਹੋਵੇ ਭਾਵ ਜੋ ਸਿਰਫ ਸੱਚ ਤੇ ਹੀ ਚੱਲੇ, ਉਸਦੇ ਹਿਰਦੇ ਵਿੱਚ ਸਿਰਫ ਸੱਚ ਵੱਸਿਆ ਹੋਵੇ। ਉਹ ਗੁਰੂ ਦੀ ਸੱਚੀ ਮਤਿ ਨੂੰ, ਉਪਦੇਸ਼ ਨੂੰ ਜੋ ਧਾਰਨ ਕਰਦਾ ਹੈ, ਇਹੀ ਉਸ ਸੱਚੇ ਪ੍ਰਮਾਤਮਾ ਦੀ ਸੱਚੀ ਸਿਫਤ ਹੈ **(ਸਚੇ ਸਚੀ ਸੋਇ॥)** ਜਿਨ੍ਹਾਂ ਨੇ ਗੁਰੂ ਦੇ ਇਸ ਸੱਚੇ ਉਪਦੇਸ਼ ਨੂੰ ਵਿਸਾਰਿਆ ਹੋਇਆ ਹੈ ਉਹ ਦੁਨੀਆਂ ਤੋਂ ਦੁੱਖ ਹੀ ਲੈ ਕੇ ਜਾਂਦੇ ਹਨ ਭਾਵ ਆਪਣਾ ਜੀਵਨ ਵਿਅਰਥ ਗਵਾ ਦਿੰਦੇ ਹਨ। ਹੁਣ ਆਪੇ ਸੋਚੋ, ਅਗਰ ਸਾਡਾ ਜੀਵਨ ਸੱਚਾ ਨਹੀਂ ਹੈ ਤੇ ਕੇਵਲ ਹਰਿ ਹਰਿ ਕਰਨ ਨਾਲ ਕੀ ਪ੍ਰਮਾਤਮਾ ਦੀ ਸਿਫਤ ਹੋ ਸਕਦੀ ਹੈ? ਸਾਡੇ ਹੱਥ ਸਿਵਾਏ ਦੁੱਖ ਦੇ ਹੋਰ ਕੁੱਝ ਨਹੀਂ ਲੱਗ ਸਕਦਾ। ਇਸ ਤਰੀਕੇ ਨਾਲ ਸਾਡਾ ਜਨਮ ਮਰਣ ਦਾ ਦੁੱਖ ਨਹੀਂ ਦੂਰ ਹੋ ਸਕਦਾ ਭਾਵ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਉਸਦੇ ਮੇਲ ਦੀ, ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦੇ।

“ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ॥
ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ॥੨॥”

(ਅੰਗ ੮੬)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦਾ ਜਪ ਤਪ ਕਿਵੇਂ ਕਰਨਾ ਹੈ। ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਜਾਣਿਆ ਹੈ, ਪ੍ਰਮਾਤਮਾ ਦੀ ਭਗਤੀ ਮਨ ਨੇ ਕਰਨੀ ਹੈ। ਪ੍ਰਮਾਤਮਾ ਨਿਰਗੁਣ ਰੂਪ ਹੈ। ਨਿਰਗੁਣ ਸਰੂਪ ਦੀ ਪ੍ਰਾਪਤੀ ਨਿਰਗੁਣ ਸਰੂਪ ਦੁਆਰਾ ਹੀ ਹੋ ਸਕਦੀ ਹੈ, ਕਿਸੇ ਸਰਗੁਣ ਕਿਰਿਆ ਦੁਆਰਾ ਨਹੀਂ ਹੋ ਸਕਦੀ ਭਾਵ ਕਿਸੇ ਸਰੀਰਕ ਜਪ ਤਪ ਦੁਆਰਾ ਨਹੀਂ ਹੋ ਸਕਦੀ, ਕਿਸੇ ਦਿਖਾਵੇ ਦੁਆਰਾ ਨਹੀਂ ਹੋ ਸਕਦੀ। ਬੱਸ ਇੱਥੇ ਹੀ ਸਾਰਾ ਭੇਦ ਹੈ। ਅਸੀਂ ਪ੍ਰਮਾਤਮਾ ਨੂੰ ਆਪਣੇ ਸਰੀਰ ਦੀਆਂ ਸਰਗੁਣ ਕਿਰਿਆਵਾਂ ਦੁਆਰਾ ਲੱਭਣ ਦੀ ਕੋਸ਼ਿਸ ਕਰਦੇ ਹਾਂ। ਇੱਥੇ ਹੀ ਅਸੀਂ ਭੁੱਲੇ ਹੋਏ ਹਾਂ। ਪ੍ਰਮਾਤਮਾ ਹਰ ਥਾਂ ਤੇ, ਸਭ ਵਿੱਚ ਆਪਣੇ ਨਿਰਗੁਣ ਸਰੂਪ ਰਾਹੀਂ ਵਰਤ ਰਿਹਾ ਹੈ। ਉਸਦਾ ਨਿਰਗੁਣ ਸਰੂਪ ਗਿਆਨ ਹੈ। ਉਹ ਆਪਣੇ ਇਸ ਗਿਆਨ ਦੁਆਰਾ ਹੀ ਸਭ ਜਗ੍ਹਾ ਵਰਤ ਰਿਹਾ ਹੈ। ਉਸਦੇ ਗਿਆਨ ਦੁਆਰਾ, ਸਾਇੰਟਿਫਿਕ ਗਿਆਨ ਦੁਆਰਾ ਹੀ ਸਭ ਰਚਨਾ ਹੋਈ ਹੈ ਤੇ ਉਸਦੇ ਗਿਆਨ ਦੁਆਰਾ ਹੀ ਸਭ

2/32

ਕੁੱਝ ਚੱਲ ਰਿਹਾ ਹੈ। ਉਸਨੇ ਆਪਣੇ ਗਿਆਨ ਦੁਆਰਾ ਸਾਰੀ ਸ੍ਰਿਸ਼ਟੀ ਨੂੰ, ਖੰਡਾਂ ਬ੍ਰਹਿਮੰਡਾਂ ਨੂੰ ਧਾਰਿਆ ਹੋਇਆ ਹੈ ਤੇ ਗੋਇਆ ਹੋਇਆ ਹੈ। ਉਸਦੇ ਗਿਆਨ ਦੀ ਕੋਈ ਸੀਮਾ ਨਹੀਂ ਹੈ, ਕੋਈ ਅੰਤ ਨਹੀਂ ਹੈ। ਸਾਡੇ ਅੰਦਰ ਵੀ ਉਹ ਆਪਣੇ ਗਿਆਨ ਦੁਆਰਾ ਹੀ ਵਰਤ ਰਿਹਾ ਹੈ, ਸਾਡੇ ਮਨ ਦੇ ਦੁਆਰਾ ਵਰਤ ਰਿਹਾ ਹੈ **(ਮਨ ਤੂੰ ਜੋਤਿ ਸਰੂਪੁ ਹੈ)** ਅੰਗ - 431 । ਸਾਨੂੰ ਸਾਰਾ ਗਿਆਨ ਸਾਡੇ ਮਨ ਤੋਂ ਸਾਡੀਆਂ ਸੋਚਾਂ ਰਾਹੀਂ ਮਿਲਦਾ ਹੈ। ਪ੍ਰਮਾਤਮਾ ਨੂੰ ਉਸਦੇ ਬਣਾਏ ਹੋਏ ਮਨ ਦੁਆਰਾ ਹੀ ਜਪਿਆ ਜਾ ਸਕਦਾ ਹੈ। ਉਸਦਾ ਜਪ ਤਪ ਮਨ ਦੀਆਂ ਇੱਛਾਵਾਂ ਨੂੰ ਮਾਰ ਕੇ ਹੋ ਸਕਦਾ ਹੈ ਭਾਵ ਤ੍ਰਿਸ਼ਨਾ ਮੁਕਤਿ ਹੋ ਕੇ, ਵਿਕਾਰਾਂ ਰਹਿਤ ਹੋ ਕੇ, ਮਾਇਆ ਮੋਹ ਤੋਂ ਰਹਿਤ ਹੋ ਕੇ ਗੁਰਮਤਿ ਵਾਲੀ ਸਮਝ ਵਾਲਾ, ਨਾਮ ਦੀ ਸਮਝ ਵਾਲਾ ਬਣਕੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੋ ਸਕਦਾ ਹੈ, ਮਨ ਦੇ ਸੰਜਮ ਦੁਆਰਾ ਹੋ ਸਕਦਾ ਹੈ ਜੋ ਕਿ ਕਿਸੇ ਸਰੀਰਕ ਕਿਰਿਆ ਦਾ ਬੱਝਿਆ ਹੋਇਆ ਨਹੀਂ ਹੈ। ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਸਾਡਾ ਵਿਨਾਸ਼ ਕਰਦੀ ਹੈ ਕਿਉਂਕਿ ਉਸ ਸਮਝ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਮਾਇਆ ਮੋਹ ਵਿੱਚੋਂ ਨਿਕਲ ਕੇ ਨਾਮ ਵਾਲੀ ਸਮਝ ਦੁਆਰਾ, ਗੁਰਮਤਿ ਵਾਲੀ ਸਮਝ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ ਜੋ ਕੇ ਸਾਡਾ ਅਸਲ ਜਪ ਤਪ ਸੰਜਮ ਹੈ ਜੋ ਸਾਡੇ ਮਨ ਦੇ ਵਿੱਚ ਹੀ ਹੁੰਦਾ ਹੈ, ਮਨ ਦੀ ਸੱਚੀ ਸਮਝ ਦੁਆਰਾ ਹੁੰਦਾ ਹੈ, ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੁੰਦਾ ਹੈ। (**ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ॥ ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ॥**) ਇਹ ਮਨ ਕੇਵਲ ਉਸ ਪ੍ਰਮਾਤਮਾ ਦੇ ਵੱਸ ਵਿੱਚ ਹੀ ਹੈ ਜੋ ਇਸ ਨੂੰ ਚਲਾ ਰਿਹਾ ਹੈ। ਸਾਡੀਆਂ ਇੱਛਾਵਾਂ ਨੂੰ ਸੰਜਮ ਵਿੱਚ ਉਹ ਆਪ ਹੀ ਲਿਆ ਸਕਦਾ ਹੈ। ਸਾਰੀ ਗੱਲ ਉਸਦੀ ਕ੍ਰਿਪਾ ਦੀ ਹੈ। ਜਦੋਂ ਉਸਦੀ ਸਾਡੇ 'ਤੇ ਕ੍ਰਿਪਾ ਹੋਵੇਗੀ ਉਹ ਸਾਨੂੰ ਔਗੁਣਾਂ ਤੋਂ ਕੱਢ ਲਵੇਗਾ। (**ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ॥**) ਇਸ ਲਈ ਸਾਡਾ ਸਾਰਾ ਉੱਦਮ ਵਿਕਾਰਾਂ ਨੂੰ ਛੱਡ ਕੇ ਉਸਦੇ ਭਾਣੇ ਵਿੱਚ ਚੱਲਣ ਦਾ ਹੋਣਾ ਚਾਹੀਦਾ ਹੈ ਕਿਉਂਕਿ ਵਿਕਾਰਾਂ ਵਿੱਚੋਂ ਨਿਕਲਣ ਦਾ ਉੱਦਮ ਪ੍ਰਮਾਤਮਾ ਨੇ ਸਾਡੇ ਸਿਰ ਰੱਖਿਆ ਹੋਇਆ ਹੈ। ਅਸੀਂ ਉਸਦਾ ਹੁਕਮ ਮੰਨ ਕੇ ਔਗੁਣਾਂ ਵਿੱਚੋਂ ਨਿਕਲਣ ਦਾ ਉਪਰਾਲਾ ਕਰਨਾ ਹੈ, ਇਸ ਮਨ ਦੀਆਂ ਇੱਛਾਵਾਂ ਨੂੰ ਮਾਰਨ ਦਾ ਉਪਰਾਲਾ ਕਰਨਾ ਹੈ ਜੋ ਸਾਨੂੰ ਔਗੁਣਾਂ ਦੇ ਰਾਹ ਤੇ ਤੋਰਦੀਆਂ ਹਨ, ਮਾਇਆ ਮੋਹ ਵਿੱਚ ਫਸਾਉਂਦੀਆਂ ਹਨ। ਨਾਮ ਦੀ ਪ੍ਰਾਪਤੀ ਗੁਰੂ ਦੀ ਮਤਿ 'ਤੇ ਚੱਲ ਕੇ, ਉਸਦੇ ਭਾਣੇ ਵਿੱਚ ਚੱਲ ਕੇ ਹੀ ਹੋ ਸਕਦੀ ਹੈ। ਹਰਿ ਹਰਿ ਕਰਨ ਲਈ ਸਮਾਧੀਆਂ ਲਗਾਉਣਾ ਕੇਵਲ ਇੱਕ ਸਰੀਰਕ ਉਪਰਾਲਾ ਹੈ ਜਿਸ ਨਾਲ ਮਨ ਨੂੰ ਕੋਈ ਗਿਆਨ ਨਹੀਂ ਮਿਲਦਾ। ਮਨ ਦੀ ਸੋਚ ਤਾਂ ਹੀ ਬਦਲੇਗੀ ਜੇ ਗੁਰੂ ਦਾ ਗਿਆਨ, ਗੁਰੂ ਦੀ ਮਤਿ, ਸ਼ਬਦ ਦੀ ਮਤਿ ਸਾਡੇ ਅੰਦਰ ਵੱਸੇਗੀ।

“ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥”

(ਅੰਗ ੮੬)

ਇਸ ਸ਼ਬਦ ਰਾਹੀਂ ਕਿੰਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਨਾਮ ਦੀ ਸਿਫਤ ਸਲਾਹ ਕਰਨੀ ਕੀ ਹੈ ਭਾਵ ਰੱਬ ਦੀ ਸਿਫਤ

ਕਰਨੀ ਕੀ ਹੈ। ਗੁਰੂ ਦਾ ਹੁਕਮ ਮੰਨ ਕੇ ਜਿਸ ਨੇ ਆਪਣੇ ਅੰਦਰੋਂ ਵਿਕਾਰਾਂ ਨੂੰ ਕੱਢਿਆ ਹੈ, ਤਿਆਗਿਆ ਹੈ ਅਤੇ ਆਪਣੇ ਮਨ ਨੂੰ, ਹਉਮੈ ਨੂੰ ਮਾਰਿਆ ਹੈ, ਉਸਨੇ ਹੀ ਪ੍ਰਮਾਤਮਾ ਦੀ ਸਿਫਤ ਕਰਕੇ ਆਪਣਾ ਜਨਮ ਸਵਾਰਿਆ ਹੈ। ਇਹੋ ਜਿਹਾ ਮਨੁੱਖ ਹੀ ਅਸਲ ਵਿੱਚ ਸੂਰਮਾ ਹੈ, ਉੱਚਾ ਹੈ ਜੋ ਆਪਣੇ ਅੰਦਰੋਂ

2/33

ਵਿਕਾਰਾਂ ਨੂੰ ਤਿਆਗਦਾ ਹੈ ਭਾਵ ਵਿਕਾਰ ਰਹਿਤ ਹੋ ਕੇ ਚੰਗੇ ਕਰਮ ਕਰਦਾ ਹੈ। ਇਹੀ ਅਸਲੀ ਭਗਤੀ ਹੈ, ਹਰਿ ਹਰਿ ਕਰਨਾ ਹੈ (**ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥**) **{ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥}** ਅੰਗ - ੧੧੦੫ । ਧਰਮ ਦਾ ਮਾਰਗ, ਸੱਚ ਦਾ ਮਾਰਗ ਹੈ ਤੇ ਸੱਚ ਤੇ ਚੱਲੇ ਬਿਨ੍ਹਾਂ ਕੋਈ ਧਰਮ ਦੇ ਮਾਰਗ ਦਾ ਸੂਰਾ ਨਹੀਂ ਬਣ ਸਕਦਾ।

{ਜੋ ਇਸੁ ਮਾਰੇ ਸੋਈ ਸੂਰਾ ॥
ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥}

(ਅੰਗ - ੨੩੭)

{ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥
ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥}

(ਅੰਗ - ੪੫੪)

{ਸਤ ਸੰਤੋਖੀ ਸਤਿਗੁਰੁ ਪੂਰਾ ॥
ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥}

(ਅੰਗ - ੧੦੨੩)

{ਜਿਸ ਕਉ ਨਦਰਿ ਕਰੇ ਗੁਰੁ ਪੂਰਾ ॥
ਸਬਦਿ ਮਿਲਾਏ ਗੁਰਮਤਿ ਸੂਰਾ ॥
ਨਾਨਕ ਗੁਰ ਕੇ ਚਰਨ ਸਰੇਵਹੁ ਜਿਨਿ ਭੂਲਾ ਮਾਰਗਿ ਪਾਇਆ ॥੫॥}

(ਅੰਗ - ੧੦੪੩)

{ਜੋ ਸੂਰਾ ਤਿਸ ਹੀ ਹੋਇ ਮਰਣਾ ॥
ਜੋ ਭਾਗੈ ਤਿਸੁ ਜੋਨੀ ਫਿਰਣਾ ॥
ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥}

(ਅੰਗ - ੧੦੧੯)

ਆਪਣੇ ਆਪ ਨੂੰ ਸੂਰੇ ਕਹਿਣ ਵਾਲੇ ਭਾਵ ਧਰਮ ਦੇ ਮਾਰਗ ਦੇ ਸੂਰੇ ਸਮਝਣ ਵਾਲੇ ਬਹੁਤ ਹਨ ਜੋ ਕਿ ਕਥਨੀ ਦੁਆਰਾ ਹੀ ਆਪਣੇ ਆਪ ਨੂੰ ਸੂਰੇ ਸਮਝਦੇ ਹਨ ਪਰ ਸੂਰਾ ਉਹੀ ਹੈ ਜੋ ਗੁਰੂ ਦੀ ਮਤਿ ਤੇ ਪੂਰਾ ਉਤਰਦਾ ਹੈ ਭਾਵ ਮਨਮਤਿ ਤਿਆਗਦਾ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਅਸਲ ਵਿੱਚ ਸੂਰਾ ਗੁਰੂ ਆਪ ਹੀ ਹੈ ਜੋ ਆਪਣੀ ਮਤਿ ਤੇ ਆਪ ਹੀ ਪੂਰਾ ਉਤਰ ਕੇ ਦਿਖਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਦੇ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪੂਰਾ ਉਤਰ ਕੇ ਦਿਖਾਇਆ ਹੈ।

“ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ॥
ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ॥
ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ॥
ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ॥
ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ॥
ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ॥
ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ॥੧॥” (ਅੰਗ ੮੯)

ਇਸ ਸਾਰੇ ਸ਼ਬਦ ਵਿੱਚ ਇਹੀ ਸਮਝਾਇਆ ਹੋਇਆ ਹੈ ਕਿ ਗੁਰੂ ਦੇ ਭਾਣੇ ਵਿੱਚ ਚੱਲੇ ਬਿਨ੍ਹਾਂ ਸਾਨੂੰ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਜਦ ਤੱਕ ਅਸੀਂ ਮਨ ਦੇ ਖੋਟੇ ਹਾਂ, ਸਾਡਾ ਹਿਰਦਾ ਸ਼ੁੱਧ ਨਹੀਂ ਹੈ, ਤਦ ਤੱਕ ਸਾਡੀ ਕੀਤੀ ਹੋਈ ਭਗਤੀ ਦੇ ਉਪਰਾਲੇ ਕੇਵਲ ਦਿਖਾਵਾ ਹੀ ਹਨ। ਜਦ ਤੱਕ ਸਾਡੇ ਲੱਛਣ ਚੰਗੇ ਨਹੀਂ ਹੁੰਦੇ ਭਾਵ ਸਾਡੀ ਕਰਨੀ ਚੰਗੀ ਨਹੀਂ ਹੁੰਦੀ ਅਸੀਂ ਗੁਰੂ ਦੀਆਂ ਨਜ਼ਰਾਂ ਵਿੱਚ ਕਰੂਪ ਹੀ ਹਾਂ ਅਤੇ ਸਾਡੀ ਭਗਤੀ ਕੇਵਲ ਦਿਖਾਵਾ ਹੀ ਹੈ। ਮਨ ਦੇ ਵਿੱਚ ਝੂਠ ਦੇ ਰਹਿੰਦਿਆਂ ਸਾਡੀ ਤੁਲਨਾ ਇੱਕ ਕਰੂਪ, ਕੁਲੱਖਣੀ ਨਾਰ ਦੇ ਨਾਲ ਕੀਤੀ ਹੈ, ਮਾੜੇ ਆਚਰਣ ਵਾਲੀ ਔਰਤ ਦੇ ਨਾਲ ਕੀਤੀ ਹੈ ਭਾਵ ਵਿਕਾਰੀ ਮਨੁੱਖ ਨੂੰ ਬਹੁਤ ਹੀ ਮਾੜਾ ਕਿਹਾ ਹੈ ਤੇ ਇਹੋ ਜਿਹਾ ਮਨੁੱਖ ਜਿਤਨੇ ਮਰਜ਼ੀ ਭਗਤੀ ਦੇ ਦਿਖਾਵੇ ਕਰ ਲਵੇ ਉਹ ਸਭ ਵਿਅਰਥ ਹੈ। ਅਸੀਂ ਗੁਰੂ ਦੇ ਭਾਣੇ ਵਿੱਚ ਚੱਲਣ ਦੀ ਬਜਾਇ ਆਪਣੇ ਮਨ ਦੇ ਹੁਕਮ ਦੁਆਰਾ, ਆਪਣੀ ਮਨਮਤਿ ਦੁਆਰਾ ਵਿਚਰਦੇ ਹਾਂ, ਇਸ ਲਈ ਸਾਨੂੰ ਗਵਾਰ ਕਿਹਾ ਗਿਆ ਹੈ। (**ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ॥ ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ॥ ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ॥**) ਜੋ ਮਨੁੱਖ ਕੇਵਲ ਭਗਤੀ ਦੇ ਦਿਖਾਵੇ ਕਰਦਾ ਹੈ, ਜਿਸ ਦੇ ਅੰਦਰ ਮਨ ਦੀ ਖੋਟ ਹੈ ਤੇ ਗੁਰੂ ਦੇ ਭਾਣੇ ਵਿੱਚ ਨਹੀਂ ਚੱਲਦਾ ਭਾਵ ਮਨ ਦੀ ਖੋਟ ਨਹੀਂ ਕੱਢਦਾ, ਮਨ ਦੇ ਵਿਕਾਰ ਨਹੀਂ ਛੱਡਦਾ, ਏਹੋ ਜਿਹੇ ਮਨੁੱਖ ਨੂੰ ਹੀ ਸ਼ਬਦ ਵਿੱਚ ਗਵਾਰ ਕਿਹਾ ਹੈ, ਬਿਨ੍ਹਾਂ ਨਾਮ ਵਾਲਾ ਕਿਹਾ ਹੈ। (**ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ॥**)

{ਜੇ ਕੋ ਆਖੈ ਬੋਲੁ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥}

(ਅੰਗ - ੬)

ਗੁਰੂ ਦੇ ਬੋਲ ਵਿਗਾੜਨਾ ਗੁਰੂ ਦੀ ਮਤਿ ਨੂੰ ਵਿਗਾੜਨਾ ਹੀ ਹੈ, ਗੁਰਮਤਿ ਦੇ ਉਲਟ ਚੱਲਣਾ ਹੀ ਹੈ ਜਿਸ ਕਰਕੇ ਸਾਨੂੰ ਗਵਾਰ ਕਿਹਾ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

ਜੋ ਗੁਰੂ ਦੀ ਮਤਿ ਦੇ ਉਲਟ ਚੱਲਦਾ ਹੈ ਭਾਵ ਵਿਕਾਰਾਂ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਭਗਤੀ ਕਰਨ ਵਾਲਾ ਸਮਝਦਾ ਹੈ ਭਾਵ ਮਨਮਤਿ ਨੂੰ ਹੀ ਗੁਰਮਤਿ ਸਮਝਦਾ ਹੈ, ਉਹ ਗੁਰੂ ਦੇ ਬੋਲਾਂ ਨੂੰ, ਗੁਰੂ ਦੀ ਸਿੱਖਿਆ ਵਿਗਾੜਦਾ ਹੈ ਜਿਸ ਕਰਕੇ ਉਸਨੂੰ ਕੇਵਲ ਗਵਾਰ ਹੀ ਕਿਹਾ ਹੈ। ਜੋ ਗੁਰੂ ਦੇ ਭਾਣੇ ਵਿੱਚ ਚੱਲਦਾ ਹੈ ਉਸਦੇ ਪ੍ਰਮਾਤਮਾ ਸਾਰੇ ਦੁੱਖ ਕੱਟ ਦਿੰਦਾ ਹੈ ਭਾਵ ਪਹਿਲਾਂ ਸਾਨੂੰ ਉੱਦਮ ਕਰਨਾ ਹੀ ਪਵੇਗਾ ਭਾਵ ਅਸੀਂ ਔਗੁਣਾਂ ਨੂੰ ਤਿਆਗਣ ਦਾ ਉੱਦਮ ਕਰਾਂਗੇ ਤਾਂ ਗੁਰੂ ਆਪ ਹੀ ਸਾਡੀ ਮਦਦ ਕਰੇਗਾ। ਸੁਲੱਖਣੀ ਉਸਨੂੰ ਹੀ ਕਿਹਾ ਹੈ ਜਿਸਨੇ ਗੁਰੂ ਦੇ ਸ਼ਬਦਾਂ ਨਾਲ ਪਿਆਰ ਕੀਤਾ ਹੈ, ਗੁਰੂ ਦੇ ਨਾਮ ਨਾਲ ਪਿਆਰ ਕੀਤਾ ਹੈ, ਮਨ, ਤਨ ਗੁਰੂ ਨੂੰ ਅਰਪਣ ਕਰ ਦਿੱਤਾ ਹੈ ਭਾਵ ਜਿਸ ਨੇ ਮਨਮਤਿ ਛੱਡ ਕੇ ਗੁਰੂ ਦੀ ਮਤਿ ਲੈ ਲਈ ਹੈ।

"ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ॥
ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ॥"

(ਅੰਗ ੯੦)

ਅਸੀਂ ਜੋ ਵੀ ਜਪ ਤਪ ਕਰਦੇ ਹਾਂ ਭਾਵ ਜੋ ਵੀ ਅਸੀਂ ਹਰਿ ਹਰਿ ਕਰਕੇ ਜਪਦੇ ਹਾਂ ਉਹ ਪ੍ਰਮਾਤਮਾ ਦੀ ਵਡਿਆਈ ਕਰਨ ਲਈ ਹੀ ਜਪਦੇ ਹਾਂ। ਪਰ ਉਸਦੀ ਅਸਲੀ ਵਡਿਆਈ ਉਸਦੇ ਭਾਣੇ

ਵਿੱਚ ਚੱਲ ਕੇ ਹੀ ਹੋ ਸਕਦੀ ਹੈ। ਆਪਣੇ ਮੂੰਹੋਂ ਅੱਖਰ ਅਸੀਂ ਭਾਵੇਂ ਕੋਈ ਵੀ ਬੋਲੀ ਜਾਈਏ ਉਸ ਨਾਲ ਕੀ ਫਰਕ ਪੈਂਦਾ ਹੈ। ਮਾੜਾ ਜਾਂ ਚੰਗਾ ਕੋਈ ਅੱਖਰ ਨਹੀਂ ਹੈ। ਨਾ ਕੋਈ ਅੱਖਰ ਬੋਲਣਾ ਘੱਟ ਚੰਗਾ ਹੈ ਤੇ ਨਾ ਕੋਈ ਅੱਖਰ ਬੋਲਣਾ ਜਿਆਦਾ ਚੰਗਾ ਹੈ। ਹਰ ਅੱਖਰ ਵਿੱਚ ਪ੍ਰਮਾਤਮਾ ਆਪ ਹੀ ਹੈ। ਮਾੜਾ ਜਾਂ ਚੰਗਾ ਸਾਡਾ ਮਨ ਹੈ ਭਾਵ ਮਨ ਦੀ ਸਮਝ ਹੈ। ਗੁਰੂ ਸਾਨੂੰ ਹਰ ਸ਼ਬਦ ਰਾਹੀਂ ਚੰਗੀ ਸਮਝ ਹੀ ਦਿੰਦਾ ਹੈ ਤੇ ਗੁਰੂ ਦੀ ਸਮਝ ਨੂੰ ਮੰਨੇ ਬਿਨ੍ਹਾਂ ਸਾਡੀ ਸਮਝ ਚੰਗੀ ਨਹੀਂ ਬਣ ਸਕਦੀ, ਗੁਰੂ ਦੇ ਸੱਚੇ ਗਿਆਨ ਵਾਲੀ ਨਹੀਂ ਬਣ ਸਕਦੀ। ਮਨ ਦੀ ਚੰਗੀ ਸਮਝ ਦੁਆਰਾ ਹੀ ਅਸੀਂ ਵਿਕਾਰਾਂ ਵਿੱਚੋਂ ਨਿਕਲ ਸਕਦੇ ਹਾਂ, ਮਾਇਆ ਮੋਹ ਵਿੱਚੋਂ ਨਿਕਲ ਸਕਦੇ ਹਾਂ ਤੇ ਗੁਰੂ ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰ ਸਕਦੇ ਹਾਂ ਜਿਸ ਦੁਆਰਾ ਅਸੀਂ ਉਸਦੀ ਵਡਿਆਈ ਕਰ ਸਕਦੇ ਹਾਂ। ਬਾਣੀ ਵਿੱਚ ਤਾਂ ਵਾਰ-ਵਾਰ ਪ੍ਰਮਾਤਮਾ ਦੀ ਵਡਿਆਈ ਦਾ ਇਹੀ ਤਰੀਕਾ ਸਮਝਾਇਆ ਹੈ। ਗੁਰੂ ਦੀ ਮਤਿ ਤਾਂ ਇਹੀ ਹੈ। ਆਪਣੀ ਮਤਿ ਨਾਲ ਅਸੀਂ ਜੋ ਮਰਜੀ ਕਰੀ ਜਾਈਏ। ਉਸਦੇ ਭਾਣੇ ਵਿੱਚ ਤਾਂ ਹੀ ਚੱਲਿਆ ਜਾ ਸਕਦਾ ਹੈ ਜੇਕਰ ਸਾਡੇ ਅੰਦਰ ਨਾਮ ਵੱਸਿਆ ਹੋਵੇ ਭਾਵ ਗੁਰੂ ਦੀ ਮਤਿ ਵੱਸੀ ਹੋਵੇ, ਸਾਡੇ ਅੰਦਰ ਸੱਚ ਵੱਸਿਆ ਹੋਵੇ। ਗੁਰੂ ਦੀ ਮਤਿ ਦਾ ਵੱਸਣਾ ਸਾਡੇ ਅੰਦਰ ਪ੍ਰਮਾਤਮਾ ਦੇ ਹੁਕਮ ਦਾ ਵੱਸਣਾ ਹੈ, ਉਸਦੇ ਸੱਚੇ ਗਿਆਨ ਦਾ ਵੱਸਣਾ ਹੈ। ਇਹ ਮਨ ਦੀ ਸੱਚੀ ਅਵੱਸਥਾ ਹੈ, ਪੂਰਨ ਸੋਝੀ ਵਾਲੀ ਅਵੱਸਥਾ ਹੈ ਤੇ ਇਸੇ ਅਵੱਸਥਾ ਦੁਆਰਾ ਬੋਲੇ ਹੋਏ ਬੋਲ ਕਦੇ ਮਿਟ ਨਹੀਂ ਸਕਦੇ ਭਾਵ ਕਦੇ ਗਲਤ ਨਹੀਂ ਹੋ ਸਕਦੇ। ਗੁਰਬਾਣੀ ਦੇ ਬੋਲ ਇਸ ਅਵੱਸਥਾ ਦੁਆਰਾ ਹੀ ਆਏ ਹਨ ਜਿਨ੍ਹਾਂ ਨੂੰ ਕੋਈ ਮਿਟਾ ਨਹੀਂ ਸਕਦਾ ਭਾਵ ਕਦੇ ਬਦਲ ਨਹੀਂ ਸਕਦਾ, ਕਦੇ ਝੂਠੇ ਸਾਬਿਤ ਨਹੀਂ ਕਰ ਸਕਦਾ ਕਿਉਂਕਿ ਇਨਾਂ ਦੇ ਅੰਦਰ "ਸਚੁ" ਹੈ, ਸਚੇ ਵਿਚਾਰ ਹਨ ਜੋ ਸਦਾ ਸੱਚੇ ਹੀ ਰਹਿਣਗੇ। ਇਹ ਬੋਲ ਸਦਾ ਥਿਰ ਰਹਿਣ ਵਾਲੇ ਹਨ, ਇਹ ਬੋਲ ਮਨ ਦੇ ਵਿੱਚ "ਨਾਮ" ਵੱਸਣ ਦੁਆਰਾ ਆਏ ਹਨ, ਪ੍ਰਮਾਤਮਾ ਦੇ ਵੱਸਣ ਦੁਆਰਾ ਆਏ ਹਨ **(ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ॥ ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ॥)** ਪ੍ਰਮਾਤਮਾ ਦੀ ਵਡਿਆਈ ਨੂੰ ਮਨ ਦੀ ਇਸ ਅਵੱਸਥਾ ਦੁਆਰਾ ਵੱਡਾ ਕੀਤਾ ਜਾ ਸਕਦਾ ਹੈ, ਉਸਦੇ ਗੁਣ ਗਾਏ ਜਾ ਸਕਦੇ ਹਨ ਕਿਉਂਕਿ ਇਸ ਅਵੱਸਥਾ ਦੁਆਰਾ ਮਨੁੱਖ ਦੀ ਮਨਮਤਿ ਮਿਟ ਜਾਂਦੀ ਹੈ, ਹਉਮੈ

ਮਿਟ ਜਾਂਦੀ ਹੈ ਤੇ ਤਾਂ ਹੀ ਉਸਦੇ ਭਾਣੇ ਵਿੱਚ ਚੱਲਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਜਪਣ ਦਾ ਅਸੀਂ ਤਰੀਕਾ ਆਪਣਾ ਹੀ ਵਰਤਦੇ ਹਾਂ। ਸਾਰੀ ਗੱਲ ਨਾਮ ਨੂੰ ਸਮਝਣ ਦੀ ਹੈ। ਜਿਹੋ ਜਿਹੀ ਨਾਮ ਦੀ ਸਮਝ ਆਈ ਹੈ ਉਹੋ ਜਿਹਾ ਹੀ ਅਸੀਂ ਜਪੀ ਜਾ ਰਹੇ ਹਾਂ ਭਾਵ ਮਨਮਤਿ ਹੀ ਵਰਤੀ ਜਾ ਰਹੇ ਹਾਂ ਤੇ ਗੁਰੂ ਦੀ ਮਤਿ ਨੂੰ ਅਸੀਂ ਨਹੀਂ ਸਮਝਿਆ।

“ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ
ਇਨ ਬਿਧਿ ਭਵ ਸਾਗਰੁ ਤਰਣਾ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥
ਉਪਜੈ ਸਹਜੁ ਗਿਆਨ ਮਤਿ ਜਾਗੈ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥
ਇਤੁ ਸੰਗਤਿ ਨਾਹੀ ਮਰਣਾ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ਰਹਾਉ ਦੂਜਾ॥”

(ਅੰਗ ੯੨)

ਇਸ ਸ਼ਬਦ ਰਾਹੀਂ ਅਕਾਲ ਪੁਰਖ ਸਾਨੂੰ ਭਗਤ ਕਬੀਰ ਜੀ ਦੇ ਸਰੀਰ ਰਾਹੀਂ ਇਸ ਗੱਲ ਦੀ ਸੋਝੀ ਪਾ ਰਹੇ ਹਨ ਕਿ ਅਸੀਂ ਕਿਹੋ ਜਿਹੀ “ਸੰਗਤ” ਕਰਨ ਦੁਆਰਾ ਪ੍ਰਮਾਤਮਾ ਨੂੰ ਮਿਲ ਸਕਦੇ ਹਾਂ ਤੇ ਪ੍ਰਮਾਤਮਾ ਦਾ ਅਸਲ ਜਪ ਕੀ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਅਸੀਂ ਆਪਣੇ ਅੰਦਰ ਵੱਸ ਰਹੇ ਔਗੁਣਾਂ ਦੀ ਸੰਗਤ ਨੂੰ ਛੱਡੀਏ, ਕਿਉਂਕਿ ਇਨ੍ਹਾਂ ਦੀ ਸੰਗਤ ਵਿੱਚ ਰਹਿੰਦੇ ਹੋਏ ਸਾਡੇ ਜੀਵਨ ਦਾ, ਭਗਤੀ ਦਾ, ਵਿਅਰਥ ਜਾਣਾ ਨਿਸ਼ਚਿਤ ਹੀ ਹੈ ਭਾਵ ਔਗੁਣਾਂ ਦੇ ਰਹਿੰਦੇ ਹੋਏ ਪ੍ਰਮਾਤਮਾ ਨੂੰ ਪਾਉਣਾ ਨਾਮੁਮਕਿਨ ਹੈ। ਬਾਣੀ ਵਿੱਚ ਵਾਰ-ਵਾਰ ਸੰਗਤਿ ਦੀ ਗੱਲ ਆਉਂਦੀ ਹੈ ਜਿਸ ਰਾਹੀਂ ਸਾਨੂੰ ਮਨ ਦੀ ਸੰਗਤਿ ਸਮਝਾਈ ਹੁੰਦੀ ਹੈ। ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਜੇ ਅਸੀਂ ਇਸ ਭਵਸਾਗਰ ਤੋਂ ਤਰਨਾ ਹੈ, ਆਵਾਗਉਣ ਤੋਂ ਬਚਣਾ ਹੈ ਤਾਂ ਫਿਰ ਸਾਨੂੰ ਪੂਰਾ ਜੀਵਨ ਗੁਰੂ ਦੀ ਬਾਣੀ ਅਨੁਸਾਰ ਜਿਉਂਣਾ ਪਵੇਗਾ ਭਾਵ ਔਗੁਣਾਂ ਦੀ ਸੰਗਤ ਛੱਡ ਕੇ ਗੁਣਾਂ ਦੀ ਸੰਗਤਿ ਕਰਨ ਦੁਆਰਾ ਜੀਉਣਾ ਪਵੇਗਾ। ਇਹੋ ਜਿਹਾ ਜੀਵਨ ਹੀ ਪ੍ਰਮਾਤਮਾ ਦਾ ਜਪ ਹੈ, ਜੋ ਕਿ ਪੂਰਾ ਜੀਵਨ ਆਪਣੇ ਅੰਦਰ ਗੁਰੂ ਦੀ ਬਾਣੀ ਨੂੰ ਜਪਣਾ ਹੈ ਤੇ ਇਹੀ ਨਾਮ ਜਪਣਾ ਹੈ ਕਿਉਂਕਿ ਪੂਰੀ ਬਾਣੀ ਨਾਮ ਹੈ। ਕੇਵਲ ਇਹੀ ਵਿਧੀ ਹੈ ਪ੍ਰਮਾਤਮਾ ਨੂੰ ਪਾਉਣ ਲਈ। (**ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ॥ ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ॥**) ਇਹੋ ਜਿਹਾ ਔਗੁਣ ਰਹਿਤ ਜੀਵਨ ਜੀਉਣ ਲਈ ਕੇਵਲ ਮਨ ਨੂੰ ਮਾਰਨ ਦੀ ਲੋੜ ਹੈ ਨਾ ਕਿ ਮੁੱਖੋਂ ਹਰਿ ਹਰਿ ਕਰਨ ਦੀ। ਕੇਵਲ ਪਾਣੀ ਵਿੱਚ ਮਧਾਣੀ ਚਲਾਉਣ ਨਾਲ ਕੀ ਲੱਭਣਾ ਹੈ। ਜੇ ਅਸੀਂ ਸੋਚੀ ਜਾਈਏ ਕਿ ਸ਼ਾਇਦ ਕਦੀ ਨਾ ਕਦੀ ਮੱਖਣ ਦੀ ਪ੍ਰਾਪਤੀ ਹੋ ਜਾਵੇਗੀ ਤਾਂ ਇਹ ਕੇਵਲ ਸਾਡਾ ਇੱਕ ਭੁਲੇਖਾ ਹੀ ਹੈ। ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

“ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥”

2/35 ਅਤੇ 35-ਅ

ਜਦੋਂ ਉਸ ਪ੍ਰਮਾਤਮਾ ਨੂੰ ਚੰਗਾ ਲੱਗੇਗਾ ਤਾਂ ਉਹ ਆਪ ਹੀ ਸਾਨੂੰ ਆਪਣੀ ਬਾਣੀ ਨਾਲ ਜੋੜ ਲਵੇਗਾ, ਗੁਰੂ ਨਾਲ ਪ੍ਰੇਮ ਪਾ ਦੇਵੇਗਾ, ਸਾਨੂੰ ਗੁਰਾਂ ਦਾ ਹੁਕਮ ਮੰਨਣਾ ਚੰਗਾ ਲੱਗੇਗਾ, ਸਾਡੇ ਅੰਦਰੋਂ ਭਰਮ ਦੂਰ ਕਰ ਦੇਵੇਗਾ। ਪ੍ਰਮਾਤਮਾ ਮਨੁੱਖ ਨੂੰ ਭਰਮ ਵਿੱਚੋਂ ਕਿਵੇਂ ਕੱਢਦਾ ਹੈ, ਆਪਣੇ ਨਾਲ ਪਿਆਰ ਕਿਵੇਂ ਜੋੜਦਾ ਹੈ, ਸਾਨੂੰ ਬਿਖ ਦੀ, ਔਗੁਣਾਂ ਦੀ ਸੰਗਤਿ ਵਿੱਚੋਂ ਕੱਢ ਕੇ ਆਪਣੀ ਸੰਗਤਿ ਨਾਲ ਕਿਵੇਂ ਜੋੜਦਾ ਹੈ, ਸਾਡੇ ਤੇ ਇਹ ਕਿਰਪਾ ਕਿਸ ਤਰੀਕੇ ਨਾਲ ਕਰਦਾ ਹੈ, ਇਹ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ ਹਰ ਕਿਸੇ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ, ਖਾਸ ਕਰਕੇ ਅੱਖਰ ਦਾ ਜਪ

ਕਰਨ ਵਾਲਿਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਉਹ ਆਪ ਭੁਲੇਖੇ ਵਿੱਚੋਂ ਨਿਕਲਣ ਤੇ ਦੂਸਰਿਆਂ ਨੂੰ ਭੁਲੇਖੇ ਪਾ ਕੇ ਆਪਣੇ ਪਿੱਛੇ ਨਾ ਲਗਾਉਣ।

“ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥
ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥”

ਸਭ ਤੋਂ ਪਹਿਲੇ ਇਸ ਗੱਲ ਨੂੰ ਦ੍ਰਿੜ ਕਰਨ ਦੀ ਲੋੜ ਹੈ ਕਿ ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਸਦਾ ਮਨ ਦੇ ਵਿੱਚੋਂ ਭਰਮ ਭੁਲੇਖਾ ਹੀ ਕੱਢਦਾ ਹੈ, ਮਨ ਦੀ ਅਗਿਆਨਤਾ ਹੀ ਕੱਢਦਾ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਤਦ ਤੱਕ ਸਾਨੂੰ ਆਪਣੇ ਜੀਵਨ ਦੇ ਸੱਚੇ ਮਾਰਗ ਦੀ ਸੋਝੀ ਹੀ ਨਹੀਂ ਪੈਂਦੀ। ਭਰਮ ਵਿੱਚ ਰਹਿੰਦੇ ਹੋਏ ਅਸੀਂ ਉਹੋ ਜਿਹੇ ਕਰਮ ਕਰਦੇ ਹਾਂ, ਧਰਮ ਕਰਮ ਆਦਿ ਕਰਦੇ ਹਾਂ, ਜਪ ਤਪ ਆਦਿ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਭਗਤੀ ਦਾ ਮਾਰਗ ਸਮਝਦੇ ਹਾਂ ਤੇ ਪੂਰੇ ਵਿਸ਼ਵਾਸ ਨਾਲ ਇਹ ਕੁੱਝ ਕਰਦੇ ਹਾਂ। ਜਦੋਂ ਗੁਰੂ ਪ੍ਰਮਾਤਮਾ ਸਾਡੇ ਤੇ ਆਪਣੀ ਕਿਰਪਾ ਕਰਦਾ ਹੈ ਉਹ ਸਾਨੂੰ ਭਰਮ ਵਿੱਚੋਂ ਕੱਢ ਕੇ ਮਨ ਦੇ ਵਿੱਚ ਹੀ ਆਪਣੀ ਕਿਰਪਾ ਕਰਦਾ ਹੈ। ਭਰਮ ਵੀ ਮਨ ਦੇ ਵਿੱਚ ਹੀ ਹੈ ਤੇ ਨਿਕਲਣਾ ਵੀ ਮਨ ਦੇ ਵਿੱਚੋਂ ਹੀ ਹੈ। ਜਿਸ ਨੇ ਸਾਨੂੰ ਭਰਮ ਵਿੱਚ ਰੱਖਿਆ ਹੋਇਆ ਉਹ ਆਪ ਹੀ ਸਾਨੂੰ ਇਸ ਭਰਮ ਵਿੱਚੋਂ ਕੱਢ ਸਕਦਾ ਹੈ। ਇਹ “ਭਰਮ” ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਹਉਮੈ ਵਾਲੀ ਅਵੱਸਥਾ ਹੈ, ਮਾਇਆ ਮੋਹ ਵਾਲੀ ਜੁਗਤਿ ਹੈ ਜੋ ਸਭ ਦੇ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਉਹ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਹੀ ਹੈ ਪਰ ਇਸ ਭਰਮ ਦੇ ਪੜਦੇ ਵਿੱਚ ਰਹਿੰਦੇ ਹੋਏ ਕੋਈ ਉਸਨੂੰ ਜਾਣ ਨਹੀਂ ਸਕਦਾ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਉਸਦਾ ਇਹ ਭਰਮ ਦਾ ਪੜਦਾ ਹੀ ਕੱਢਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਆਪ ਦੀ ਸੋਝੀ ਪਾਉਂਦਾ ਹੈ ਤੇ ਆਪਣੀ ਗੁਰਮਤਿ ਮਨ ਦੇ ਵਿੱਚ ਹੀ ਸਮਝਾਉਂਦਾ ਹੈ, ਆਪਣੇ ਸੱਚੇ ਮਾਰਗ ਦੀ ਸੋਝੀ ਆਪ ਹੀ ਪਾਉਂਦਾ ਹੈ। ਉਹ ਆਪਣੀ ਸੱਚੀ ਸੋਝੀ ਕਿਵੇਂ ਪਾਉਂਦਾ ਹੈ, ਮਨ ਦਾ ਭਰਮ ਕਿਵੇਂ ਕੱਢਦਾ ਹੈ, ਇਹ ਹੀ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥”

ਸਭ ਤੋਂ ਵੱਡੀ ਗੱਲ “ਸਹਜੁ ਗਿਆਨ” ਨੂੰ ਸਮਝਣ ਦੀ ਹੈ ਜਿਸ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਇਸ ਦੀ ਸੋਝੀ ਤਾਂ ਹੀ ਪੈ ਸਕਦੀ ਹੈ ਜਦੋਂ “ਸਹਜੁ ਗਿਆਨ” ਦੀ ਪ੍ਰਾਪਤੀ ਹੋ ਜਾਵੇ। ਇਹ “ਸਹਜੁ ਗਿਆਨ” ਹੀ ਅਸਲ ਵਿੱਚ “ਨਾਮ” ਹੈ, ਆਪ ਪ੍ਰਮਾਤਮਾ ਹੈ, ਪ੍ਰਮਾਤਮਾ ਦਾ ਆਪਣਾ “ਗਿਆਨੁ” ਰੂਪ ਹੈ। ਇਹ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਇਹ “ਸਹਜੁ ਗਿਆਨ” ਹੀ ਆਪ “ਸ਼ਬਦੁ” ਹੈ ਜੋ ਸਾਡਾ ਗੁਰੂ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਗੁਰੂ ਹੈ। ਸਾਰੀ ਗੁਰਬਾਣੀ “ਸਹਜੁ ਗਿਆਨ” ਹੈ, ਬ੍ਰਹਮ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਰੂਪ ਹੈ, ਜਿਸ ਰੂਪ ਦੁਆਰਾ ਪ੍ਰਮਾਤਮਾ ਆਪ ਹੀ ਗੁਰੂ ਹੈ।

{ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥}

(ਅੰਗ ੯੪੭)

{ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ ਰਹਾਉ॥}

(ਅੰਗ ੧੨੨੬)

{ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥}

(ਅੰਗ ੩੯)

{ਦੂਜੀ ਦੁਰਮਤਿ ਅੰਨੀ ਬੋਲੀ ॥
ਕਾਮ ਕ੍ਰੋਧ ਕੀ ਕਚੀ ਚੋਲੀ ॥

ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥1॥}

(ਅੰਗ 1022)

ਗੁਰਬਾਣੀ ਦੀ ਰਚਨਾ ਇਸ "ਸਹਜੁ ਗਿਆਨ" ਦੀ ਅਵੱਸਥਾ ਦੁਆਰਾ ਹੀ ਹੋਈ ਹੈ ਤੇ ਜਿਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉੱਥੇ ਪ੍ਰਮਾਤਮਾ ਨੇ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਇਸ ਸੱਚੇ ਗਿਆਨ ਦੀ, ਸਹਜ ਗਿਆਨ ਦੀ, ਬ੍ਰਹਮ ਗਿਆਨ ਦੀ ਸੋਝੀ ਦੁਆਰਾ ਰਚਨਾ ਕਰਵਾਈ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਾ ਉਹ ਆਪ ਹੀ ਹੈ ਜੋ ਸਾਡੇ ਮਨ ਦੇ ਵਿੱਚ ਹੀ ਹੈ ਪਰ ਭਰਮ ਦੀ ਅਵੱਸਥਾ ਵਿੱਚ ਰਹਿੰਦੇ ਹੋਏ ਉਸਨੂੰ ਕੋਈ ਵੀ ਨਹੀਂ ਜਾਣ ਸਕਦਾ ਕਿਉਂਕਿ ਉਸਨੇ ਆਪ ਹੀ ਸਭ ਨੂੰ ਇਸ ਭਰਮ ਵਿੱਚ ਰੱਖਿਆ ਹੋਇਆ ਹੈ। ਮਨ ਦਾ ਭਰਮ ਚੌਥੇ ਪਦ ਦੇ ਗਿਆਨ ਦੁਆਰਾ ਹੀ ਨਿਕਲਦਾ ਹੈ ਜਿਸ ਪਦ ਵਿੱਚ ਗੁਰੂ ਪ੍ਰਮਾਤਮਾ ਆਪ ਹੈ। ਮਨ ਦਾ ਚੌਥਾ ਪਦ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦਾ ਪਦ ਪ੍ਰਮਾਤਮਾ ਦਾ ਆਪਣਾ ਪਦ ਹੈ ਜੋ ਕਿ ਉਸਦਾ "ਗੁਰੂ ਰੂਪ" ਹੈ, ਸ਼ਬਦ ਰੂਪ ਹੈ, ਸਾਧ ਰੂਪ ਹੈ, ਸੰਤ ਰੂਪ ਹੈ, ਬ੍ਰਹਮ ਗਿਆਨੀ ਰੂਪ ਹੈ ਜਿਸ ਦੁਆਰਾ ਉਹ ਆਪਣਾ ਬ੍ਰਹਮ ਗਿਆਨ ਪ੍ਰਗਟ ਕਰਦਾ ਹੈ ਜਿਵੇਂ ਕਿ ਗੁਰਬਾਣੀ ਰਾਹੀਂ ਉਸਨੇ ਪ੍ਰਗਟ ਕੀਤਾ ਹੋਇਆ ਹੈ। ਪੂਰੀ ਗੁਰਬਾਣੀ ਮਨ ਦੇ ਚੌਥੇ ਪਦ ਰਾਹੀਂ ਭਾਵ ਸਹਜੁ ਗਿਆਨੁ ਦੇ ਪਦ ਰਾਹੀਂ ਹੀ ਆਈ ਹੈ। ਉਹ ਆਪ ਨਿਰਗੁਣ ਰੂਪ ਹੈ ਤੇ ਮਨ ਦੇ ਵਿੱਚ ਹੀ ਹੈ। ਗਿਆਨ ਰੂਪ ਉਸਦਾ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਤੇ ਉਸਦਾ ਇਹ ਰੂਪ ਮਨ ਦੇ ਵਿੱਚੋਂ ਹੀ ਦੇਖਿਆ ਜਾ ਸਕਦਾ ਹੈ, ਉਸਦੇ ਆਪ ਦਿਖਾਉਣ ਤੇ ਹੀ ਦੇਖਿਆ ਜਾ ਸਕਦਾ ਹੈ। ਉਸਦਾ ਇਹ ਰੂਪ ਕੇਵਲ ਮਨ ਦੀਆਂ ਅੱਖਾਂ ਦੁਆਰਾ ਹੀ ਦਿੱਸਦਾ ਹੈ, ਦਿਬਦ੍ਰਿਸ਼ਟੀ ਦੁਆਰਾ ਹੀ ਦਿੱਸਦਾ ਹੈ, "ਸਹਜੁ ਗਿਆਨ" ਦੀ ਪ੍ਰਾਪਤੀ ਦੁਆਰਾ ਹੀ ਦਿੱਸਦਾ ਹੈ। ਸਹਜਿ ਗਿਆਨ ਦੀ ਪ੍ਰਾਪਤੀ ਤੋਂ ਬਿਨ੍ਹਾਂ ਹਰ ਕੋਈ ਸੁੱਤਾ ਹੋਇਆ ਹੈ ਭਾਵ ਪ੍ਰਮਾਤਮਾ ਨੇ ਸਭ ਨੂੰ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਜਿਸ ਵਿੱਚ ਰਹਿੰਦਿਆਂ ਅਸੀਂ ਮਨਮਤਿ ਵਿੱਚ ਰਹਿੰਦੇ ਹਾਂ, ਮਾਇਆ ਮੋਹ ਵਿੱਚ ਰਹਿੰਦੇ ਹਾਂ ਤੇ ਸਾਨੂੰ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਦੀ, ਗੁਰਬਾਣੀ ਰਾਹੀਂ ਦਿੱਤੀ ਹੋਈ ਮਤਿ ਦੀ ਸਹੀ ਸੋਝੀ ਨਹੀਂ ਪੈਂਦੀ। ਗੁਰਬਾਣੀ ਦੀ ਰਚਨਾ ਚੌਥੇ ਪਦ ਦੀ ਸੋਝੀ ਦੁਆਰਾ ਹੋਈ ਹੈ ਤੇ ਚੌਥੇ ਪਦ ਦੇ ਗਿਆਨ ਨੂੰ ਪੂਰਨ ਰੂਪ ਵਿੱਚ ਚੌਥੇ ਪਦ ਵਿੱਚ ਪਹੁੰਚ ਕੇ ਹੀ ਸਮਝਿਆ ਜਾ ਸਕਦਾ ਹੈ। ਜਿਸਨੇ ਗੁਰਮਤਿ ਦੀ ਰਚਨਾ ਕੀਤੀ ਹੈ, ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋਣ ਦੁਆਰਾ ਕੀਤੀ ਹੈ, ਉਸ ਦੁਆਰਾ ਪਾਈ ਹੋਈ ਸੋਝੀ ਦਾ ਅਸਲ ਭਾਵ ਉਹ ਆਪ ਹੀ ਜਾਣਦਾ ਹੈ ਤੇ ਆਪਣੇ ਆਪ ਕੋਈ ਨਹੀਂ ਜਾਣ ਸਕਦਾ। ਸਾਡੀ ਸੁੱਤੀ ਹੋਈ ਮਤਿ ਨੂੰ ਉਹ ਆਪ ਹੀ ਮਨ ਦੇ ਵਿੱਚ "ਸਹਜੁ ਗਿਆਨ" ਪਾ ਕੇ ਜਗਾਉਂਦਾ ਹੈ ਤੇ ਸਾਨੂੰ ਸਾਡੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ। ਗੁਰਮਤਿ ਦੇ ਕੇ ਮਨਮਤਿ ਵਿੱਚੋਂ ਕੱਢਦਾ ਹੈ। **(ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥)**

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥}

(ਅੰਗ ੧੩੦੮)

{ਮਾਇਆ ਮੋਹਿ ਸੋਇ ਰਹੇ ਅਭਾਗੇ ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ ੩੭੫)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

ਪ੍ਰਮਾਤਮਾ ਦੇ ਨਾਲ ਸਾਡੀ ਲਿਵ ਸਹਜ ਗਿਆਨ ਦੀ ਪ੍ਰਾਪਤੀ ਦੁਆਰਾ ਜੁੜਦੀ ਹੈ, ਚੌਥੇ ਪਦ ਵਿੱਚ ਪਹੁੰਚ ਕੇ ਹੀ ਜੁੜਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਸੱਚੇ ਗਿਆਨ ਦੇ ਨਾਲ ਲਿਵ ਜੁੜਨੀ, ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਹੈ। ਆਪਣੇ ਨਾਲ ਲਿਵ ਉਹ ਆਪ ਹੀ ਜੋੜਦਾ ਹੈ। ਕਿਸੇ ਸਰੀਰਕ ਕਿਰਿਆਵਾਂ ਦੁਆਰਾ, ਸਮਾਧੀਆਂ ਲਗਾਉਣ ਦੁਆਰਾ ਲਿਵ ਜੋੜਨਾ ਇੱਕ ਬਹੁਤ ਵੱਡਾ ਭੁਲੇਖਾ ਹੈ ਤੇ ਇਸ ਲਈ ਇਨ੍ਹਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਮਨ ਦੀ ਸਹਸਾ ਨਿਕਲੇ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਪ੍ਰਮਾਤਮਾ ਦਾ ਜਪ ਤਪ ਕਰੀ ਜਾ ਰਿਹਾ ਹੈ ਜਿਸਦੀ ਕੋਈ ਕੀਮਤ ਨਹੀਂ ਪੈਂਦੀ ਪਰ ਕੇਵਲ ਸਾਡੀ ਕੀਮਤ ਪੈਂਦੀ ਹੈ ਤੇ ਸਭ ਪਾਸੇ ਇਹੋ ਕੁੱਝ ਹੋ ਰਿਹਾ ਹੈ। ਸਹਜ ਦੀ ਪ੍ਰਾਪਤੀ ਬਿਨ੍ਹਾਂ ਸਾਨੂੰ ਪ੍ਰਮਾਤਮਾ ਦੀ ਭਗਤੀ ਸਮਝ ਹੀ ਨਹੀਂ ਆਉਂਦੀ।

{ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥}

(ਅੰਗ - ੯੧੯)

ਜਦੋਂ ਸਾਡੀ ਮਤਿ ਜਾਗਦੀ ਹੈ ਉਸਦੇ ਜਾਗਣ ਦਾ ਮਕਸਦ ਮਨ ਦੀ ਮਾੜੀ ਸੰਗਤਿ ਨੂੰ ਚੰਗੀ ਸੰਗਤਿ ਵਿਚ ਬਦਲਣ ਦਾ ਹੀ ਹੁੰਦਾ ਹੈ। ਮਨ ਦੇ ਵਿੱਚ ਮਾੜੀ ਸੰਗਤਿ ਦੁਆਰਾ ਸਾਡਾ ਮਰਨਾ ਨਿਸ਼ਚਿਤ ਹੈ ਭਾਵ ਸਾਡੇ ਜੀਵਨ ਦਾ ਵਿਅਰਥ ਜਾਣਾ ਨਿਸ਼ਚਿਤ ਹੈ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਿੱਚ ਸਮਝਿਆ ਹੈ ਤੇ ਸਾਡਾ ਸ਼ਬਦ ਮਰਨਾ ਚੰਗੀ ਸੰਗਤਿ ਦੁਆਰਾ ਹੀ ਦੂਰ ਹੁੰਦਾ ਹੈ ਭਾਵ ਸ਼ਬਦਾਂ ਦੇ ਗਿਆਨ ਦੀ, ਗੁਰਮਤਿ ਦੀ ਸੰਗਤਿ ਦੁਆਰਾ ਹੀ ਦੂਰ ਹੁੰਦਾ ਹੈ ਭਾਵ ਸਾਡਾ ਜੀਵਨ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਦੁਆਰਾ, ਬ੍ਰਹਮ ਗਿਆਨ ਦੀ ਸਮਝ ਪੈਣ ਦੁਆਰਾ ਹੀ ਸਫਲ ਹੁੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਇਤੁ ਸੰਗਤਿ ਨਾਹੀ ਮਰਣਾ ॥

ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥”

ਸਾਡੇ ਅੰਦਰ ਗੁਰੂ ਦਾ ਗਿਆਨ ਉਪਜਣ ਦੁਆਰਾ ਹੀ ਸਾਡੀ ਸੁਰਤਿ ਜਾਗੇਗੀ। ਇਹੀ ਸੋਝੀ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਪਾਉਂਦਾ ਹੈ ਅਤੇ ਉਸਦੀ ਕ੍ਰਿਪਾ ਦੁਆਰਾ ਹੀ ਸਾਡੀ ਗੁਰੂ ਨਾਲ, ਪ੍ਰਮਾਤਮਾ ਨਾਲ ਲਿਵ ਜੁੜ ਜਾਂਦੀ ਹੈ ਭਾਵ ਸਾਡਾ ਧਿਆਨ, ਸਾਡੇ ਅੰਦਰ ਦੀ ਸੋਚ, ਸਾਡੀ ਸੁਰਤਿ ਗੁਰੂ ਦੀਆਂ ਗੱਲਾਂ ਦੇ ਨਾਲ, ਗੁਰੂ ਦੀ ਮਤਿ ਦੇ ਨਾਲ ਸਹਿਮਤ ਹੋ ਜਾਂਦੀ ਹੈ। ਸ਼ਬਦ ਦੀ ਗੱਲ, ਸ਼ਬਦ ਦਾ ਉਪਦੇਸ਼ ਸਾਡੀ ਸੁਰਤਿ ਦੇ ਨਾਲ ਮੇਲ ਖਾ ਜਾਂਦਾ ਹੈ। ਸਾਡੀ ਸੁਰਤਿ, ਸਾਡਾ ਮਨ, ਸਾਡੀ ਮਤਿ ਹੁਣ ਔਗੁਣਾਂ ਨੂੰ ਤਿਆਗ ਕੇ ਗੁਰੂ ਦੀ ਮਤਿ ਦੇ ਨਾਲ ਰਲ ਜਾਂਦੀ ਹੈ। ਗੁਰੂ ਦੇ ਸ਼ਬਦਾਂ ਦੀ ਸਮਝ ਨੂੰ ਸ਼ਬਦਾਂ ਦੀ ਵਿਚਾਰ ਨੂੰ ਸਾਡੀ ਸੁਰਤਿ ਮੰਨ ਲੈਂਦੀ ਹੈ ਭਾਵ ਸ਼ਬਦ ਸੁਰਤਿ ਦਾ ਆਪਸ ਵਿੱਚ ਮੇਲ ਹੋ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਇਹੀ ਤਰੀਕਾ ਹੈ। ਸਾਰੀ ਗੱਲ ਸਾਡੇ ਅੰਦਰ ਦੇ ਗਿਆਨ ਦੀ ਹੈ ਜੋ ਕਿ ਨਿਰਗੁਣ ਸਰੂਪ ਹੈ। ਇਹ ਗਿਆਨ ਕਿਸੇ ਸਰੀਰਕ ਕਿਰਿਆਵਾਂ ਦੁਆਰਾ ਨਹੀਂ ਆ ਸਕਦਾ। ਜਦ ਤੱਕ ਸਾਨੂੰ ਸਹੀ ਮਾਇਨਿਆਂ ਵਿੱਚ ਸ਼ਬਦ ਸੁਰਤਿ ਦੀ ਗੱਲ ਸਮਝ ਨਹੀਂ ਆਉਂਦੀ, ਸਾਡੀ ਸੁਰਤੀਆਂ ਜੋੜਨ ਦੀ ਭਟਕਣਾ ਕਦੇ ਵੀ ਨਹੀਂ ਜਾ ਸਕਦੀ। ਸ਼ਬਦ ਵੀ ਨਿਰਗੁਣ ਸਰੂਪ ਹੈ ਅਤੇ ਸਾਡੀ ਸੁਰਤਿ ਵੀ ਨਿਰਗੁਣ ਸਰੂਪ ਹੈ। ਸ਼ਬਦ ਗੁਰੂ ਹੈ, ਪ੍ਰਮਾਤਮਾ ਆਪ ਹੈ। ਸੁਰਤਿ ਸਾਡਾ ਮਨ ਹੈ, ਆਤਮਾ ਹੈ। ਸ਼ਬਦ ਸੁਰਤਿ ਦਾ ਮੇਲ ਆਤਮਾ ਅਤੇ ਪ੍ਰਮਾਤਮਾ ਦਾ ਮੇਲ ਹੈ। ਆਪਸ ਵਿੱਚ ਮੇਲ ਉਨ੍ਹਾਂ ਦਾ ਹੀ ਹੁੰਦਾ ਹੈ ਜਦੋਂ ਇੱਕ ਦੀ ਸੋਚ ਦੂਜੇ ਦੀ ਸੋਚ ਨਾਲ ਰਲਦੀ ਹੋਵੇ। ਇੱਕ ਦੇ ਵਿਚਾਰ ਦੂਜੇ ਦੇ ਵਿਚਾਰਾਂ ਨਾਲ ਮੇਲ ਖਾਂਦੇ ਹੋਣ। ਜਦ ਤੱਕ ਵਿਚਾਰ ਨਹੀਂ ਮਿਲਦੇ, ਮੇਲ ਨਹੀਂ ਹੁੰਦਾ। ਸ਼ਬਦ ਗੁਰੂ ਦਾ ਮਨ ਹੈ ਭਾਵ ਗੁਰੂ ਦੇ, ਪ੍ਰਮਾਤਮਾ ਦੇ ਮਨ ਦੀ ਗੱਲ ਸ਼ਬਦਾਂ ਰਾਹੀਂ ਸਾਰੀ ਗੁਰਬਾਣੀ ਵਿੱਚ ਲਿਖੀ ਹੋਈ ਹੈ **(ਪੋਥੀ ਪਰਮੇਸੁਰ ਕਾ ਥਾਨੁ॥)** ਅੰਗ - 1226 । ਸਾਰੀ ਗੁਰਬਾਣੀ ਪ੍ਰਮਾਤਮਾ ਦੀ ਗੱਲ ਸਮਝਾ ਰਹੀ ਹੈ, ਪ੍ਰਮਾਤਮਾ ਦੇ ਵਿਚਾਰ ਦੱਸੇ ਹੋਏ ਹਨ ਕਿ ਉਸਨੂੰ ਕਿਹੋ ਜਿਹੇ ਮਨੁੱਖ ਚੰਗੇ ਲੱਗਦੇ ਹਨ, ਮਨੁੱਖ ਦੀ ਕਰਨੀ ਕਿਹੋ ਜਿਹੀ ਹੋਵੇ, ਮਨੁੱਖ ਦੇ ਕਰਮ ਕਿਹੋ ਜਿਹੇ ਹੋਣ, ਕਿਨ੍ਹਾਂ-ਕਿਨ੍ਹਾਂ ਔਗੁਣਾਂ ਦਾ ਮਨੁੱਖ ਤਿਆਗ ਕਰੇ। ਇਹ ਸਭ ਕੁੱਝ ਪ੍ਰਮਾਤਮਾ ਨੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਦੂਸਰੇ ਪਾਸੇ ਸਾਡੀ ਸੁਰਤਿ ਹੈ, ਸਾਡਾ ਮਨ ਹੈ, ਸਾਡੀ ਆਤਮਾ ਹੈ। ਹੁਣ ਅਸੀਂ ਦੇਖੀਏ ਕਿ ਸਾਡੇ ਵਿਚਾਰ, ਸਾਡੇ ਮਨ ਦੀ ਅਵੱਸਥਾ ਕਿਹੋ ਜਿਹੀ ਹੈ। ਜਦ ਤੱਕ ਸਾਡੇ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ, ਕੀ ਸਾਡਾ ਆਪਸ ਵਿੱਚ ਮੇਲ ਹੋ ਸਕਦਾ ਹੈ? ਸ਼ਬਦ ਗੁਣਾਂ ਨਾਲ ਭਰਪੂਰ ਹੈ, ਸੁਰਤਿ ਔਗੁਣਾਂ ਨਾਲ ਭਰਪੂਰ ਹੈ। ਸ਼ਬਦ ਵਿੱਚ, ਗੁਰੂ ਵਿੱਚ ਕੇਵਲ ਸੱਚ ਹੈ, ਸੁਰਤਿ ਵਿੱਚ, ਸਾਡੇ ਮਨ ਵਿੱਚ ਝੂਠ

ਹੈ ਫਿਰ ਆਪੇ ਹੀ ਸੋਚੋ ਕਿ ਕੀ ਇਹ ਮੇਲ ਸੰਭਵ ਹੈ? ਗੁਰੂ ਆਪਣੇ ਗੁਣਾਂ ਦੁਆਰਾ ਬਹੁਤ ਭਾਰਾ ਹੈ ਤੇ ਕੀ ਅਸੀਂ ਆਪਣੇ ਤੁਛ ਗੁਣਾਂ ਦੁਆਰਾ ਉਸ ਦੇ ਤੋਲ ਤੁਲ ਸਕਦੇ ਹਾਂ? ਜੇਕਰ ਉਸਦਾ ਤੋਲ ਤੁਲਣਾ ਹੈ ਤਾਂ ਔਗੁਣ ਤਿਆਗ ਕੇ ਉੱਚੇ ਗੁਣਾਂ ਦਾ ਭੰਡਾਰ ਇਕੱਠਾ ਕਰਨਾ ਹੀ ਪਵੇਗਾ। ਸੁਰਤਿ ਦਾ, ਆਤਮਾ ਦਾ ਮੇਲ ਸ਼ਬਦ ਦੇ ਨਾਲ, ਪ੍ਰਮਾਤਮਾ ਦੇ ਨਾਲ, ਗੁਰੂ ਦੇ ਨਾਲ ਤਾਂ ਹੀ ਸੰਭਵ ਹੈ ਜੇ ਇਸ ਸੁਰਤਿ ਨੂੰ, ਮਨ ਨੂੰ, ਗੁਰੂ ਦੇ ਉਪਦੇਸ਼ ਅਨੁਸਾਰ, ਸੱਚਾ ਸੁੱਚਾ ਬਣ ਕੇ, ਗੁਰੂ ਦੀ ਕਸਵੱਟੀ 'ਤੇ ਪੂਰੇ ਉਤਰਾਗੇ, ਸ਼ਬਦ ਦੇ ਨਾਲ ਮੇਲ ਦੇ ਲਾਇਕ ਬਣਾਵਾਂਗੇ। ਜਦੋਂ ਸਾਡੇ ਮਨ ਦੀ ਮਤਿ, ਗੁਰੂ ਦੀ ਮਤਿ ਵਾਲੀ ਬਣ ਜਾਵੇਗੀ, ਤਾਂ ਹੀ ਮੇਲ ਹੋ ਸਕਦਾ ਹੈ, ਜੋ ਕਿ ਸ਼ਬਦ ਸੁਰਤਿ ਦਾ ਮੇਲ ਹੈ। ਸਾਡੀ ਸੁਰਤਿ ਦੇ ਵਿਚਾਰਾਂ ਦਾ ਤੇ ਸ਼ਬਦ ਦੇ ਵਿਚਾਰਾਂ ਦਾ ਇੱਕ ਹੋਣਾ ਹੀ ਸਾਡੇ ਅੰਦਰ ਦੀ ਇੱਕ ਮਨ ਇੱਕ ਚਿਤ ਵਾਲੀ ਅਵੱਸਥਾ ਹੈ ਜਿਸ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ।

ਅਸੀਂ ਕੇਵਲ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦਾ ਉੱਦਮ ਹੀ ਕਰਨਾ ਹੈ ਕਿ ਸਾਡੇ ਔਗੁਣ ਸਾਡੀ ਸੁਰਤਿ ਦੇ ਵਿੱਚੋਂ ਨਿਕਲ ਜਾਣ। ਬਾਕੀ ਗੱਲ ਤਾਂ ਸਾਰੀ ਪ੍ਰਮਾਤਮਾ ਦੀ ਕ੍ਰਿਪਾ ਦੀ ਹੀ ਹੈ ਜੋ ਹਰ ਵੇਲੇ ਸਾਡੇ ਅੰਦਰ ਵਰਤ ਰਿਹਾ ਹੈ। ਉਸਨੇ ਕਿਤੋਂ ਬਾਹਰੋਂ ਨਹੀਂ ਮਿਲਣਾ, ਸਭ ਕੁੱਝ ਸਾਡੇ ਮਨ ਦੇ ਵਿੱਚ ਹੀ ਹੈ। ਜਦੋਂ ਸਾਡੀ ਸੁਰਤਿ ਦੀ, ਮਨ ਦੀ ਸੰਗਤਿ ਗੁਰੂ ਦੇ ਸ਼ਬਦ ਨਾਲ ਹੋ ਜਾਵੇਗੀ ਤਾਂ ਸਾਨੂੰ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੇ ਹੁਕਮ ਦੀ ਪਛਾਣ ਹੋ ਜਾਵੇਗੀ, ਜੋ ਕਿ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ, ਮਨ ਦੇ ਵਿੱਚ ਹੀ ਕਰਵਾਉਂਦਾ ਹੈ ਅਤੇ ਇਹੀ ਉਸਦੇ ਨਾਲ ਮੇਲ ਹੈ ਜਿਵੇਂ ਕਿ ਪਿੱਛੇ ਵੀ ਸਮਝਿਆ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਉਸਦੇ ਗਿਆਨ ਰਾਹੀਂ, ਸੋਚ ਰਾਹੀਂ ਸਦਾ ਹੀ ਚੱਲਦਾ ਰਹਿੰਦਾ ਹੈ ਤੇ ਇਸ ਦੀ ਪਛਾਣ ਹੀ ਭਾਵ ਸਾਡੇ ਅੰਦਰ ਚੱਲ ਰਹੀਆਂ ਸੋਚਾਂ ਦੀ ਪਹਿਚਾਣ ਹੀ ਪ੍ਰਮਾਤਮਾ ਦੇ ਹੁਕਮ ਦੀ ਪਛਾਣ ਹੈ। ਇਹੀ ਆਪਣੇ ਆਪ ਨੂੰ ਪਹਿਚਾਨਣਾ ਹੈ ਕਿ ਅਸੀਂ ਕੀ ਹਾਂ। ਹਕੀਕਤ ਵਿੱਚ ਸਾਡੀ ਹੋਂਦ ਰੱਬ ਤੋਂ ਵੱਖਰੀ ਨਹੀਂ ਹੈ। ਉਹ ਸਭ ਕੁੱਝ ਆਪ ਹੀ ਹੈ। ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨ੍ਹਾਂ ਉਸ ਨੂੰ ਨਹੀਂ ਪਛਾਣਿਆ ਜਾ ਸਕਦਾ, ਉਸ ਨੂੰ ਕਿਸੇ ਜੋਰ ਨਾਲ, ਸਿਆਣਪ ਨਾਲ ਮਨਹਠਿ ਨਾਲ

2/36

ਨਹੀਂ ਪਾਇਆ ਜਾ ਸਕਦਾ, ਨਹੀਂ ਪਾਇਆ ਜਾ ਸਕਦਾ, ਨਹੀਂ ਪਾਇਆ ਜਾ ਸਕਦਾ। **(ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ਰਹਾਉ ਦੂਜਾ॥)** ਸਾਰੀ ਗੱਲ ਮਨ ਦੀ ਸੰਗਤਿ ਦੀ ਹੈ ਕਿ ਸਾਡੀ ਸੰਗਤਿ ਔਗੁਣਾਂ ਨਾਲ ਹੈ ਜਾਂ ਗੁਣਾਂ ਨਾਲ ਹੈ। ਇੱਕ ਪਾਸੇ ਮਨਮਤਿ ਹੈ ਤੇ ਦੂਜੇ ਪਾਸੇ ਗੁਰਮਤਿ ਹੈ। ਇੱਕ ਪਾਸੇ ਮਰਨਾ ਤੈਅ ਹੈ ਤੇ ਦੂਜੇ ਪਾਸੇ ਤਰਨਾ ਤੈਅ ਹੈ। ਫੈਸਲਾ ਅਸੀਂ ਹੀ ਕਰਨਾ ਹੈ ਕਿ ਅਸੀਂ ਕਿਹੜੇ ਪਾਸੇ ਜਾਣਾ ਚਾਹੁੰਦੇ ਹਾਂ। ਉੱਪਰ ਸ਼ਬਦ ਵਿੱਚ ਸੰਗਤਿ ਦੀ ਗੱਲ ਵੀ ਕੀਤੀ ਹੋਈ ਹੈ ਕਿ ਸਾਨੂੰ ਕਿਹੋ ਜਿਹੀ ਸੰਗਤਿ ਕਰਨੀ ਚਾਹੀਦੀ ਹੈ ਤੇ ਕਿਹੋ ਜਿਹੀ ਨਹੀਂ ਕਰਨੀ ਚਾਹੀਦੀ। ਉਪਰਲੇ ਸ਼ਬਦ ਵਿੱਚ ਸਾਨੂੰ ਬਿਖਿਆ ਰਸ ਦੀ ਸੰਗਤਿ ਤਿਆਗਣ ਲਈ ਸਮਝਾਇਆ ਹੋਇਆ ਜੋ ਸਾਡੇ ਲਈ ਮਾੜੀ ਸੰਗਤਿ ਹੈ। ਇਸ ਮਾੜੀ ਸੰਗਤਿ ਨੂੰ ਧੰਨ ਧੰਨ ਨੌਵੀਂ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਦੇ ਹਾਂ।

ੴ ਸਤਿਗੁਰ ਪ੍ਰਸਾਦਿ ॥
ਰਾਗੁ ਗਉੜੀ ਮਹਲਾ ੯ ॥
“ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥”

(ਅੰਗ ੨੧੯)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ ਤੇ ਹੁਣ ਕੇਵਲ ਸ਼ਬਦ ਦੀਆਂ ਉੱਪਰ ਵਾਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਤਾਂ ਜੋ ਅਸੀਂ ਮਾੜੀ ਜਾਂ ਚੰਗੀ ਸੰਗਤਿ ਕੀ ਹੈ, ਇਸ ਵਿੱਚ ਫਰਕ ਸਮਝ ਸਕੀਏ। ਉੱਪਰ ਸ਼ਬਦ ਰਾਹੀਂ ਜੋ ਆਪਣੇ ਆਪ ਨੂੰ ਸਾਧ ਅਖਵਾਉਂਦੇ ਹਨ, ਸੰਤ ਆਦਿ ਅਖਵਾਉਂਦੇ ਹਨ ਭਾਵ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝਦੇ ਹਨ, ਆਪਣੀ ਭਗਤੀ ਦਾ ਮਾਨ ਕਰਦੇ ਹਨ ਉਨ੍ਹਾਂ ਨੂੰ ਭਗਤੀ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ ਜੋ ਕਿ ਮਾਨ ਤਿਆਗਣ

ਦਾ ਹੈ, ਨਾ-ਸਮਝੀ ਵਾਲੀ ਭਗਤੀ ਦਾ ਝੂਠਾ ਮਾਨ ਤਿਆਗਣ ਲਈ ਹੈ। ਪ੍ਰਮਾਤਮਾ ਦੀ ਅਸਲ ਭਗਤੀ ਆਪਣੀ ਸਮਝ ਦਾ ਮਾਣ ਤਿਆਗਣ ਦੁਆਰਾ ਹੀ ਹੁੰਦੀ ਹੈ। ਜਦ ਤੱਕ ਮਨੁੱਖ ਆਪਣੇ ਮਨ ਦੀ ਸਮਝ ਤੇ ਮਾਣ ਕਰਦਾ ਹੈ, ਆਪਣੀ ਮਨਮਤਿ ਤੇ ਮਾਣ ਕਰਦਾ ਹੈ ਤਦ ਤੱਕ ਉਹ ਗੁਰੂ ਦੀ ਸੱਚੀ ਸਮਝ ਦੇ ਨਾਲ ਨਹੀਂ ਜੁੜ ਸਕਦਾ। ਗੁਰੂ ਦੀ ਸੱਚੀ ਸਮਝ ਦੇ ਨਾਲ ਜੁੜੇ ਬਿਨ੍ਹਾਂ ਭਗਤੀ ਦੇ ਅਸਲ ਮਾਰਗ ਦੀ ਸਮਝ ਨਹੀਂ ਪੈਂਦੀ। ਭਗਤੀ ਦਾ ਅਸਲ ਮਾਰਗ ਆਪਣੇ ਵਿਚਾਰਾਂ ਨੂੰ ਛੱਡਣ ਦਾ ਹੈ ਜਿਵੇਂ ਕਿ ਉੱਪਰ ਵਾਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਦੁਰਜਨ ਸਾਡੇ ਔਗੁਣ ਹਨ ਕਾਮ, ਕ੍ਰੋਧ ਆਦਿ ਵਾਲੇ ਸਾਡੇ ਵਿਚਾਰ ਹਨ ਜੋ ਕੇ ਸਾਡੇ ਅੰਦਰ ਹੀ ਹਨ। ਸਾਡੇ ਮਾੜੇ ਵਿਚਾਰ ਸਾਡਾ ਮਾੜਾ ਕਰਦੇ ਹਨ ਭਾਵ ਸਾਨੂੰ ਭਗਤੀ ਦੇ ਪੁੱਠੇ ਮਾਰਗ ਤੇ ਚਲਾਉਂਦੇ ਹਨ ਤੇ ਇਨ੍ਹਾਂ ਵਿਚਾਰਾਂ ਰਾਹੀਂ ਅਸੀਂ ਦੂਸਰਿਆਂ ਦਾ ਵੀ ਮਾੜਾ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ ਜਿਸ ਕਰਕੇ ਸਾਡੇ ਔਗੁਣਾਂ ਵਾਲੇ ਵਿਚਾਰ ਸਾਡੇ ਦੁਰਜਨ ਹਨ। ਅਸੀਂ ਮਨ ਦੇ ਵਿਚਾਰਾਂ ਵਿੱਚ ਇਨ੍ਹਾਂ ਦੁਰਜਨਾਂ ਭਾਵ ਔਗੁਣਾਂ ਦੀ ਸੰਗਤਿ ਕੀਤੀ ਹੋਈ ਹੈ ਜਿਨ੍ਹਾਂ ਦੀ ਸੰਗਤਿ ਤੋਂ ਸਾਨੂੰ ਦਿਨ ਰਾਤ ਭਜਣ ਲਈ ਸਮਝਾਇਆ ਹੋਇਆ ਹੈ ਭਾਵ ਹਰ ਵੇਲੇ, ਅੱਠੇ ਪਹਿਰ ਸਾਨੂੰ ਇਨ੍ਹਾਂ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਲਈ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਗੁਰੂ ਦੇ ਗੁਣਾਂ ਦੀ ਸੰਗਤਿ ਕਰ ਸਕੀਏ ਜੋ ਸੰਗਤਿ ਸਾਡੇ ਮਨ ਦੇ ਵਿਚਾਰਾਂ ਨੇ ਹੀ ਕਰਨੀ ਹੈ। ਗੁਣ ਸਾਡੇ ਸੱਜਣ ਹਨ ਜੋ ਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹਨ, ਗੁਰਮਤਿ ਵਾਲੇ ਵਿਚਾਰਾਂ ਦੇ ਰੂਪ ਵਿੱਚ ਹਨ ਜਿਨ੍ਹਾਂ ਦੀ ਸੰਗਤਿ ਕਰਨ ਦੁਆਰਾ ਹੀ ਅਸੀਂ ਔਗੁਣਾਂ ਵਾਲੇ ਵਿਚਾਰਾਂ ਦੀ ਸੰਗਤਿ ਵਿੱਚੋਂ ਨਿਕਲ ਸਕਦੇ ਹਾਂ। ਸਾਡਾ ਸੱਜਣ ਗੁਰੂ ਹੀ ਹੈ। ਗੁਰੂ ਆਪਣੇ ਬਚਨਾਂ ਦੇ ਰੂਪ ਵਿੱਚ ਗੁਰੂ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਗੁਰੂ ਦੇ ਬਚਨਾਂ ਦੀ ਸੰਗਤਿ ਗੁਰੂ ਦੀ ਸੰਗਤਿ ਹੈ ਭਾਵ ਗੁਰੂ ਦੇ ਸੱਚੇ ਬਚਨ ਹੀ ਸਾਡੇ ਸੱਜਣ ਹਨ ਜਿਨ੍ਹਾਂ ਬਚਨਾਂ ਦੀ ਸੰਗਤਿ ਸਾਡੇ ਮਨ ਨੇ ਹੀ ਕਰਨੀ ਹੈ, ਮਨ ਦੇ ਵਿਚਾਰਾਂ ਨੇ, ਸਾਡੀ ਸੁਰਤਿ ਦੇ ਵਿਚਾਰਾਂ ਨੇ ਹੀ ਕਰਨੀ ਹੈ ਤੇ ਤਾਂ ਹੀ ਅਸੀਂ ਮਨ ਦੀ ਮਾੜੀ ਸੰਗਤਿ ਵਿੱਚੋਂ ਭਾਵ ਔਗੁਣਾਂ ਵਾਲੇ ਮਾੜੇ ਵਿਚਾਰਾਂ ਵਿੱਚੋਂ ਨਿਕਲ ਸਕਦੇ ਹਾਂ ਤੇ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ ਜੋ ਕਿ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਦਾ ਹੈ ਜੋ ਵਿਚਰਨ ਔਗੁਣਾਂ ਨੂੰ ਤਿਆਗ ਕੇ ਹੀ ਹੁੰਦੀ ਹੈ। ਉੱਪਰ ਪੰਗਤੀ ਰਾਹੀਂ ਆਪਣੇ ਆਪ ਨੂੰ ਜੋ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ, ਆਪਣੀ ਨਾ-ਸਮਝ ਵਾਲੀ ਭਗਤੀ ਦਾ ਮਾਣ ਕਰਦੇ ਹਨ ਉਨ੍ਹਾਂ ਨੂੰ ਭਗਤੀ ਦਾ ਸਹੀ ਮਾਰਗ ਹੀ ਸਮਝਾਇਆ ਹੋਇਆ ਹੈ। (**ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥**) ਗੁਰੂ ਪ੍ਰਮਾਤਮਾ ਸਾਡਾ ਸੱਜਣ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ। ਬਾਣੀ ਵਿੱਚ ਸੰਗਤਿ ਦੀ ਗੱਲ ਵਾਰ-ਵਾਰ ਆਉਂਦੀ ਹੈ ਜਿਵੇਂ ਕਿ ਸਾਧ ਸੰਗਤਿ, ਸਤਸੰਗਤਿ ਦੀ ਗੱਲ ਆਉਂਦੀ ਹੈ। ਇਨ੍ਹਾਂ ਰਾਹੀਂ ਸਾਨੂੰ ਮਨ ਦੀ ਸੰਗਤਿ ਹੀ ਸਮਝਾਈ ਹੋਈ ਹੈ ਤੇ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ।

ਜਪ ਤਪ ਦੀ ਗੱਲ ਵੀ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਮਨ ਦੀ ਨਾ-ਸਮਝੀ ਕਰਕੇ ਅਸੀਂ ਸਰੀਰਕ ਜਪ ਤਪ ਕਰਦੇ ਹਾਂ ਜਿਸ ਜਪ ਤਪ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਅਸਲ ਜਪ ਤਪ ਸਾਡਾ ਮਨ ਹੀ ਕਰਦਾ ਹੈ, ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਕਰਦਾ ਹੈ ਜੋ ਜਪ ਤਪ ਸਾਡੀ ਸੱਚੀ ਸੁੱਚੀ ਕਰਨੀ ਦਾ ਮਾਰਗ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

“ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ॥
ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ
ਜਨੁ ਬਿਚਰੈ ਅਨਰਾਧਾ॥੧॥ਰਹਾਉ॥
ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥
ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥
ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥
ਉਛਲਿਆ ਕਾਮੁ ਕਾਲ ਮਤਿ ਲਾਗੀ

ਤਉ ਆਨਿ ਸਕਤਿ ਗਲਿ ਬਾਂਧਿਆ॥੨॥"

(ਅੰਗ ੯੩)

ਆਓ ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਤੇ ਜਾਣੀਏ ਕਿ ਜਪ ਤਪ ਸੰਜਮ ਕੀ ਹੈ। ਇੱਥੇ ਧੰਨ ਧੰਨ ਸ੍ਰੀ ਬੇਣੀ ਭਗਤ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬਚਨਾਂ ਨੂੰ ਸਮਝੀਏ ਜਿਨ੍ਹਾਂ ਨੇ ਕਿ ਜਪ ਤਪ ਸੰਜਮ ਛੱਡਣ ਦੁਆਰਾ ਰਾਮ ਨਾਮ ਅਰਾਧਣ ਦੀ ਗੱਲ ਕੀਤੀ ਹੋਈ ਹੈ। ਜਿਵੇਂ ਕਿ ਅਸੀਂ ਪਿਛਲੇ ਕੁੱਝ ਸ਼ਬਦਾਂ ਵਿੱਚ ਸਮਝਿਆ ਹੈ, ਜਪ ਤਪ ਸਾਡਾ ਮਨ ਹੀ ਕਰਦਾ ਹੈ ਅਤੇ ਇਹ ਕੋਈ ਸਰੀਰਕ ਕਿਰਿਆ ਨਾਲ ਸੰਬੰਧਿਤ ਨਹੀਂ ਹੈ। ਪਹਿਲਾਂ ਮਨੁੱਖ ਦੀ ਔਗੁਣਾਂ ਵਾਲੀ ਬਿਰਤੀ, ਮਾਇਆ ਦੇ ਰਸਾਂ ਵਾਲੀ ਬਿਰਤੀ ਭਾਵ ਮਨੁੱਖ ਦੇ ਮਾੜੇ ਕਰਮਾਂ ਨੂੰ, ਮਾੜੀ ਕਰਨੀ ਦੱਸਿਆ ਹੋਇਆ ਹੈ। ਜਦ ਤੱਕ ਮਨੁੱਖ ਦੇ ਅੰਦਰ ਪੰਜੇ ਵਿਕਾਰ ਰਹਿੰਦੇ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ,ਅਹੰਕਾਰ ਰਹਿੰਦੇ ਹਨ ਇਹੋ ਜਿਹੇ ਵਿਚਾਰਾਂ ਦੁਆਰਾ ਕੋਈ ਚੰਗੇ ਕਰਮ ਨਹੀਂ ਕਰ ਸਕਦਾ ਭਾਵ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦਾ ਭਾਵੇਂ ਹਰ ਕੋਈ ਇਨ੍ਹਾਂ ਵਿਕਾਰਾਂ ਨੂੰ ਛੱਡੇ ਬਿਨ੍ਹਾਂ ਹੀ ਆਪਣੀਆਂ ਸਰੀਰਕ ਕਿਰਿਆਵਾਂ ਦੁਆਰਾ ਤੇ ਹੋਰ ਤਰੀਕਿਆਂ ਦੁਆਰਾ ਭਗਤੀ ਵਾਲਾ ਅਖਵਾਉਣਾ ਚਾਹੁੰਦਾ ਹੈ ਭਾਵ ਮਾਇਆ ਦੇ ਰਸਾਂ ਨੂੰ ਛੱਡੇ ਬਿਨ੍ਹਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। (**ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥**) ਇਹੋ ਜਿਹੀ ਮਾਇਆ ਮੋਹ ਵਾਲੀ ਮਾੜੀ ਕਰਨੀ ਵਿੱਚ ਰਹਿੰਦਿਆਂ ਮਨੁੱਖ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਜਪ ਤਪ ਸੰਜਮ ਆਦਿ ਕਰਦਾ ਹੈ, ਸਰੀਰਕ ਕਿਰਿਆਵਾਂ ਦੁਆਰਾ ਭਗਤੀ ਕਰਦਾ ਹੈ। ਇਹੋ ਜਿਹੀ ਭਗਤੀ ਇੱਕ ਨਾ-ਸਮਝੀ ਵਾਲੀ ਭਗਤੀ ਹੈ ਜਿਸਨੂੰ ਛੱਡਣ ਲਈ ਸਮਝਾਇਆ ਹੋਇਆ ਹੈ ਤੇ ਇਸ ਨੂੰ ਛੱਡ ਕੇ ਸੁਕ੍ਰਿਤ ਕਰਨੀ ਸਮਝਾਈ ਹੋਈ ਹੈ, ਮਨੁੱਖ ਨੂੰ ਚੰਗੀ ਕਰਨੀ ਕਰਨ ਲਈ ਸਮਝਾਇਆ ਹੋਇਆ ਹੈ ਜੋ ਕਿ ਮਾਇਆ ਦੇ ਰਸਾਂ ਵਿੱਚੋਂ ਨਿਕਲ ਕੇ ਹੁੰਦੀ ਹੈ। ਸਾਡੀ ਸੁਕ੍ਰਿਤ ਕਰਨੀ ਚੰਗੀ ਮਤਿ ਦੁਆਰਾ ਹੁੰਦੀ ਹੈ ਜਿਸ ਨੂੰ ਰਾਮ ਨਾਮ ਅਰਾਧਨਾ ਦੱਸਿਆ ਹੋਇਆ ਹੈ ਭਾਵ ਔਗੁਣਾਂ ਨੂੰ ਤਿਆਗ ਕੇ ਚੰਗੀ ਮਤਿ ਦੁਆਰਾ ਚੰਗੇ ਕੰਮ ਕਰਨ ਨੂੰ ਹੀ ਰਾਮ ਨਾਮ ਅਰਾਧਨਾ ਕਿਹਾ ਹੋਇਆ ਹੈ। ਚੰਗੇ ਕਰਮ ਕਰਨੇ ਹੀ ਸੱਚਾ ਜਪ ਤਪ ਸੰਜਮ ਹੈ ਅਤੇ ਇਨ੍ਹਾਂ ਦੁਆਰਾ ਹੀ ਸਾਡੇ ਚੰਗੇ ਲੇਖ ਲਿਖੇ ਜਾਂਦੇ ਹਨ ਤੇ ਅਸੀਂ ਬੰਧਨਾਂ ਤੋਂ ਬਚ ਸਕਦੇ ਹਾਂ। ਸਭ ਜਪ ਤਪ ਸੰਜਮ ਮਨ ਦੇ ਵਿੱਚ ਹੀ ਹੈ, ਮਨ ਦੇ ਦੁਆਰਾ ਹੀ ਹੈ। ਇਸ ਲਈ ਜਪ ਤਪ ਕਰਨ ਲਈ ਕੋਈ ਸਮਾਧੀਆਂ, ਸੁਰਤੀਆਂ ਜੋੜਨ ਦੀ ਲੋੜ ਬਾਣੀ ਵਿੱਚ ਨਹੀਂ ਸਮਝਾਈ ਗਈ ਬਲਕਿ ਖੰਡਨ ਹੀ ਕੀਤਾ ਗਿਆ ਹੈ। ਮਨ ਦੇ ਵਿਚਾਰਾਂ ਨੂੰ ਵੱਸ ਵਿੱਚ ਰੱਖਣਾ ਹੀ ਸਾਡਾ ਸੱਚਾ ਸੰਜਮ ਹੈ ਤੇ ਇਸ ਤੋਂ ਇਲਾਵਾ ਹੋਰ ਜੋ ਕੁੱਝ ਅਸੀਂ ਸੰਜਮ ਬਣਾਏ ਹੋਏ ਹਨ ਉਹ ਸਭ ਸਾਡੇ ਭਰਮ ਹੀ ਹਨ। ਆਪਣੇ ਮਨ ਨੂੰ ਸੰਜਮ ਵਿੱਚ ਰੱਖਣਾ ਹੀ ਸਾਡਾ ਜਪ ਤਪ ਹੈ ਜੋ ਕਿ ਸਾਡੀ ਸੁਕ੍ਰਿਤ ਕਰਨੀ ਦੇ ਰੂਪ ਵਿੱਚ ਹੈ।
(**ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥**)

{ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥}

(ਅੰਗ - ੮੬)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ - ੫੬)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥
ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥
ਹਰਿ ਹਰਿ ਨਾਮੁ ਜਪਹੁ ਬਨਵਾਲੀ ॥

ਕਰਿ ਕਿਰਪਾ ਮੇਲਹੁ ਸਤਸੰਗਤਿ ਝੂਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥}

(ਅੰਗ - ੧੧੩੪)

2/37 ਅਤੇ 37-ਅ

ਹੇਠ ਦਿੱਤੇ ਸ਼ਬਦ ਦੁਆਰਾ ਵੀ ਸਾਡੇ ਭਗਤੀ ਬਾਰੇ ਭਰਮ ਹੀ ਕਢੇ ਹੋਇ ਹਨ, ਜਪ ਤਪ ਬਾਰੇ ਭਰਮ ਕੱਢਿਆ ਹੋਇਆ ਹੈ।

"ਖੋਜਤ ਖੋਜਤ ਦਰਸਨ ਚਾਹੇ॥
ਭਾਤਿ ਭਾਤਿ ਬਨ ਬਨ ਅਵਗਾਹੇ॥
ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ
ਕੋਈ ਹੈ ਜੀਉ ਆਣਿ ਮਿਲਾਵੈ ਜੀਉ॥੧॥
ਖਟੁ ਸਾਸਤ ਬਿਚਰਤ ਮੁਖਿ ਗਿਆਨਾ॥
ਪੂਜਾ ਤਿਲਕੁ ਤੀਰਥ ਇਸਨਾਨਾ॥
ਨਿਵਲੀ ਕਰਮ ਆਸਨ ਚਉਰਾਸੀਹ
ਇਨ ਮਹਿ ਸਾਂਤਿ ਨ ਆਵੈ ਜੀਉ॥੨॥
ਅਨਿਕ ਬਰਖ ਕੀਏ ਜਪ ਤਾਪਾ॥
ਗਵਨੁ ਕੀਆ ਧਰਤੀ ਭਰਮਾਤਾ॥
ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ
ਬਹੁੜਿ ਬਹੁੜਿ ਉਠਿ ਧਾਵੈ ਜੀਉ॥੩॥
ਕਰਿ ਕਿਰਪਾ ਮੋਹਿ ਸਾਧੁ ਮਿਲਾਇਆ॥
ਮਨੁ ਤਨੁ ਸੀਤਲੁ ਧੀਰਜੁ ਪਾਇਆ॥
ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ
ਹਰਿ ਮੰਗਲੁ ਨਾਨਕੁ ਗਾਵੈ ਜੀਉ॥੪॥"

(ਅੰਗ ੯੮)

ਧੰਨ ਧੰਨ ਪੰਜਵੀਂ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਰਾਹੀਂ ਵੀ ਇਹ ਸਮਝਾਇਆ ਹੋਇਆ ਹੈ ਕਿ ਜਿਤਨੇ ਮਰਜ਼ੀ ਆਸਣ ਲਗਾ ਲਈਏ, ਸਮਾਧੀਆਂ ਲਗਾ ਲਗਾ ਕੇ ਭਾਵੇਂ ਕਿਤਨੇ ਅਰਸੇ ਤੱਕ, ਸਮੇਂ ਤੱਕ, ਜਪ ਤਪ ਕਰ ਲਈਏ ਭਗਤੀ ਦੇ ਭਾਵੇਂ ਸਾਰੇ ਤਰੀਕੇ ਅਪਣਾ ਲਈਏ ਜੋ ਕਿ ਉੱਪਰ ਸ਼ਬਦ ਰਾਹੀਂ ਸਮਝਾਏ ਹੋਏ ਹਨ ਤੇ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ ਪਰ ਇਨ੍ਹਾਂ ਨਾਲ ਮਨ ਨੂੰ ਸ਼ਾਂਤੀ ਨਹੀਂ ਆ ਸਕਦੀ ਭਾਵ ਇਹੋ ਜਿਹੀ ਕੀਤੀ ਹੋਈ ਭਗਤੀ ਦੁਆਰਾ ਸਾਨੂੰ ਕੋਈ ਲਾਭ ਨਹੀਂ ਮਿਲਦਾ, ਸਾਡੇ ਮਨ ਨੂੰ ਸੰਤੋਖ ਨਹੀਂ ਆਉਂਦਾ ਭਾਵ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਤੋਂ, ਭਰਮਾਂ ਵਾਲੀ ਸਮਝ ਤੋਂ ਮੁਕਤ ਨਹੀਂ ਹੁੰਦਾ ਜਿਨ੍ਹਾਂ ਤੋਂ ਮੁਕਤ ਹੋਇ ਬਿਨ੍ਹਾਂ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਇਹ ਗੱਲ ਕੇਵਲ ਜੋਗੀਆਂ ਨੂੰ ਹੀ ਨਹੀਂ ਸਮਝਾਈ ਹੋਈ, ਸਭ ਨੂੰ ਸਮਝਾਈ ਹੋਈ ਹੈ, ਪੂਰੇ ਜਗਤ ਨੂੰ ਸਮਝਾਈ ਹੋਈ ਹੈ ਕਿ ਸਮਾਧੀਆਂ ਲਗਾਉਣ ਦੁਆਰਾ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ। ਇੱਕੋ ਇੱਕ ਸਾਧਨ ਗੁਰੂ ਦੀ ਸ਼ਰਣ ਹੈ। ਗੁਰੂ ਦੀ ਸ਼ਰਣ ਗੁਰੂ ਦੇ ਬਚਨਾਂ ਦੀ ਸ਼ਰਣ ਹੈ, ਗੁਰੂ ਦੀ ਮਤਿ ਦੀ ਸ਼ਰਣ ਹੈ। ਗੁਰੂ ਦੀ ਸ਼ਰਣ ਤਾਂ ਹੀ ਮਿਲਦੀ ਹੈ ਜਦੋਂ ਗੁਰੂ

ਦੇ ਹੁਕਮ ਵਿੱਚ ਆ ਜਾਈਏ ਜੋ ਕਿ ਮਨ ਦੁਆਰਾ ਹੀ ਹੋ ਸਕਦਾ ਹੈ ਨਾ ਕਿ ਕਿਸੇ ਸਰੀਰਕ ਕਿਰਿਆਵਾਂ ਦੁਆਰਾ **{ਤਿਨ ਕੀ ਸਰਣਿ ਪਰਿਆ ਮਨੁ ਮੇਰਾ॥ ਮਾਣੁ ਤਾਣੁ ਤਜਿ ਮੋਹੁ ਅੰਧੇਰਾ॥ ਨਾਮੁ ਦਾਨੁ ਦੀਜੈ ਨਾਨਕ ਕਉ ਤਿਸੁ ਪ੍ਰਭ ਅਗਮ ਅਗਾਧੇ ਜੀਉ॥੪॥ ਅੰਗ – ੧੦੨}**। ਸਰੀਰ ਤਾਂ ਗੁਰੂ ਕੋਲ ਜਾਣ ਲਈ, ਗੁਰੂ ਦੀ ਬਾਣੀ ਸੁਣਨ ਲਈ ਇੱਕ ਸਾਧਨ ਹੈ। ਸਰੀਰ ਮਨ ਦਾ ਗੁਲਾਮ ਹੈ। ਗੱਲ ਸਾਰੀ ਮਨ ਦੀ ਹੀ ਹੈ। ਸਮਝਣਾ, ਸਮਝਾਉਣਾ ਇਸ ਮਨ ਨੇ ਹੀ ਹੈ। ਮਨ ਨੇ ਹੀ ਮੰਨਣਾ ਹੈ, ਮਨ ਨੇ ਹੀ ਮਨਾਉਣਾ ਹੈ। ਸਾਰੀ ਖੇਡ ਮਨ ਦੀ ਹੀ ਹੈ। ਗੁਰੂ ਦੀ ਸ਼ਰਣ ਵਿੱਚ ਇਹ ਮਨ ਹੀ ਆਉਂਦਾ ਹੈ ਤੇ ਆਪਣਾ ਮਾਣ ਤਾਣ ਤਜਿ ਕੇ, ਮਾਇਆ ਮੋਹ ਤਜਿ ਕੇ, ਮਨ ਦਾ ਅੰਧੇਰਾ ਭਾਵ ਮਨ ਦੀ ਅਗਿਆਨਤਾ ਤਜਿ ਕੇ ਹੀ ਆਉਂਦਾ ਹੈ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਸਾਧ ਦੀ ਸ਼ਰਣ ਵਿੱਚ ਆਉਣਾ ਜਾਂ ਗੁਰੂ ਦੀ ਸ਼ਰਣ ਵਿੱਚ ਆਉਣਾ ਇੱਕੋ ਹੀ ਗੱਲ ਹੈ। ਸ਼ਰਣ ਅਸੀਂ ਗੁਰੂ ਦੀ ਮਤਿ ਦੀ ਲੈਣੀ ਹੈ ਜੋ ਸ਼ਰਣ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਮਿਲਦੀ ਹੈ ਜਿਸ ਦੁਆਰਾ ਮਨ ਦੇ ਵਿੱਚ ਸੰਤੋਖ ਆਉਂਦਾ ਹੈ।ਸਾਧ ਦੇ ਨਾਲ ਮੇਲ ਸਾਧ ਦੀ ਮਤਿ ਦੇ ਨਾਲ ਮੇਲ ਹੀ ਹੈ ਜਿਸ ਦੁਆਰਾ ਮਨ ਦੇ ਵਿੱਚ ਸੰਤੋਖ ਆਉਂਦਾ ਹੈ ਤੇ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਪੈਂਦੀ ਹੈ ਜੋ ਆਪਣੇ ਮੇਲ ਦੁਆਰਾ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਸਾਧ ਦੇ ਨਾਲ ਮੇਲ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ। (**ਕਰਿ ਕਿਰਪਾ ਮੋਹਿ ਸਾਧੁ ਮਿਲਾਇਆ॥ ਮਨੁ ਤਨੁ ਸੀਤਲੁ ਧੀਰਜੁ ਪਾਇਆ॥ ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ॥**)

“ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ॥
ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥
ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ॥੧॥
ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ॥ ਜੋ ਸਾਹਿਬ ਤੇਰੈ ਮਨਿ ਭਾਵੈ॥
ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ॥੨॥”

(ਅੰਗ ੧੦੦)

ਇਸ ਸ਼ਬਦ ਰਾਹੀਂ ਪ੍ਰਮਾਤਮਾ ਦੀ ਸਿਫਤ ਕਰਨੀ, ਨਾਮ ਜਪਣਾ ਸਿਖਾਇਆ ਹੋਇਆ ਹੈ। ਬੜਾ ਸਪੱਸ਼ਟ ਹੈ, ਪ੍ਰਮਾਤਮਾ ਦੀ ਸਿਫਤ ਸਾਲਾਹ ਉਸਦੇ ਹੁਕਮ ਵਿੱਚ, ਉਸਦੇ ਭਾਣੇ ਵਿੱਚ, ਉਸਦੀ ਰਜ਼ਾ ਵਿੱਚ ਰਹਿ ਕੇ ਹੋ ਸਕਦੀ ਹੈ। **{ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥1॥}** (ਅੰਗ - 1) । ਸਾਰੀ ਬਾਣੀ ਸਾਨੂੰ ਪ੍ਰਮਾਤਮਾ ਦੇ ਹੁਕਮ ਵਿੱਚ, ਗੁਰਬਾਣੀ ਦੇ ਹੁਕਮ ਅਨੁਸਾਰ ਜੀਵਨ ਬਤੀਤ ਕਰਨ ਲਈ ਪ੍ਰੇਰ ਰਹੀ ਹੈ ਅਤੇ ਐਸਾ ਕਰਨਾ ਹੀ ਉਸ ਪ੍ਰਮਾਤਮਾ ਦੀ ਸੱਚੀ ਸਿਫਤ ਹੈ। ਮਨੁੱਖ ਦਾ ਗਿਆਨ ਧਿਆਨ ਸਭ ਇਹੋ ਜਿਹਾ ਹੋਣਾ ਚਾਹੀਦਾ ਹੈ ਜੋ ਗੁਰੂ ਨੂੰ ਚੰਗਾ ਲੱਗਦਾ ਹੈ ਭਾਵ ਜਿਹੋ ਜਿਹਾ ਗੁਰਬਾਣੀ ਵਿੱਚ ਸਮਝਾਇਆ ਹੋਇਆ ਹੈ। ਮਨੁੱਖ ਦਾ

2/38

ਜਪ ਉਹੀ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਤੇ ਪ੍ਰਮਾਤਮਾ ਨੂੰ ਜੋ ਕੁੱਝ ਭਾਉਂਦਾ ਹੈ ਉਹ ਸਭ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ ਭਾਵ ਗੁਰੂ ਦੀ ਗੱਲ, ਉਪਦੇਸ਼ ਤੇ ਚੱਲਣਾ ਹੀ ਉਸਦਾ ਜਪ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ, ਉਹੀ ਗੱਲ ਇੱਥੇ ਸਮਝਾਈ ਹੋਈ ਹੈ ਕਿ ਜੋ ਕੁੱਝ ਪ੍ਰਮਾਤਮਾ ਨੂੰ ਭਾਉਂਦਾ ਹੈ, ਉਹੀ ਪ੍ਰਮਾਤਮਾ ਦਾ ਭਾਣਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਭਾਣਾ ਹੀ ਸਮਝਾਇਆ ਹੋਇਆ ਹੈ। ਸਾਨੂੰ ਜੋ ਕੁੱਝ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਉਹ ਗੁਰੂ ਨੇ ਗਿਆਨ ਰਾਹੀਂ ਸਮਝਾਇਆ ਹੋਇਆ ਹੈ। ਗੁਰਬਾਣੀ ਵਿੱਚ ਪੂਰਾ ਗਿਆਨ ਸਾਨੂੰ ਇਹੀ ਕੁੱਝ ਸਮਝਾ ਰਹਿਆ ਹੈ ਕਿ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ ਭਾਵ ਪ੍ਰਮਾਤਮਾ ਦਾ ਭਾਣਾ ਕੀ ਹੈ। ਜੋ ਗੁਰਬਾਣੀ ਦੇ ਪੂਰਨ ਗਿਆਨ ਨੂੰ ਮੰਨਦਾ ਹੈ ਭਾਵ ਉਸ ਅਨੁਸਾਰ ਵਿਚਰਦਾ ਹੈ ਉਹੀ ਪ੍ਰਮਾਤਮਾ ਦਾ ਜਪ ਕਰਦਾ ਹੈ ਤੇ ਇਹੀ ਪ੍ਰਮਾਤਮਾ ਦੀ ਸਿਫਤ ਕਰਨਾ ਹੈ, ਪ੍ਰਮਾਤਮਾ ਨੂੰ ਸਲਾਹੁਣਾ ਹੈ, ਉਸਦੇ ਹੁਕਮ ਰਜ਼ਾ ਵਿੱਚ ਚੱਲਣਾ ਹੈ (**ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥ ਸੋਈ**

ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥) ਬੜਾ ਸਪੱਸ਼ਟ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਨਾਮ ਉਹੀ ਮਨੁੱਖ ਗਾਉਂਦਾ ਹੈ, ਜਪਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਭਾਵ ਜੋ ਉਸਦੇ ਭਾਣੇ ਵਿੱਚ ਚੱਲਦਾ ਹੈ ਭਾਵ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਹੀ ਉਸਦਾ ਨਾਮ ਜਪਣਾ ਹੈ। ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣ ਲਈ ਸਾਨੂੰ ਕੋਈ ਸਮਾਧੀਆਂ, ਸੁਰਤੀਆਂ ਲਗਾਉਣ ਦੀ ਲੋੜ ਨਹੀਂ ਪੈਂਦੀ, ਕੇਵਲ ਮਨ ਨੂੰ ਮਾਰਨ ਦੀ ਲੋੜ ਹੈ, ਆਪਣੇ ਮਨ ਨੂੰ ਗੁਰੂ ਦੇ ਮਨ ਨਾਲ ਮਨਾਉਣ ਦੀ ਲੋੜ ਹੈ। ਮਾਇਆ ਮੋਹ ਵਿੱਚੋਂ ਵਿਕਾਰਾਂ ਵਿੱਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਚੰਗੇ ਕਰਮ ਕਰ ਸਕੀਏ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥}

(ਅੰਗ ੬੫)

{ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥
ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥
ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥}

(ਅੰਗ ੧੦੬੩-੧੦੬੪)

{ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥}

(ਅੰਗ ੩੯੪)

ਉਸ ਦਾ ਸੰਤ ਉਹੀ ਹੈ ਅਤੇ ਪ੍ਰਮਾਤਮਾ ਵੀ ਉਸੇ ਦਾ ਹੈ ਜਿੱਥੇ ਮਨਾਂ ਦਾ ਮੇਲ ਹੋ ਜਾਵੇ। **(ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ॥)** ਇਹੀ ਸ਼ਬਦ ਸੁਰਤਿ ਦਾ ਮੇਲ ਹੈ ਜਿਸ ਦੇ ਲਈ ਕਿਸੇ ਸਰੀਰਕ ਕਿਰਿਆਵਾਂ ਦੀ ਲੋੜ ਨਹੀਂ ਹੈ। ਗੁਰੂ ਹੀ ਉਸਦਾ ਸੰਤ ਹੈ ਜਿਸ ਦੇ ਨਾਲ ਉਸਦਾ ਮਨ ਮਿਲਿਆ ਹੋਇਆ ਹੈ, ਸੱਚੇ ਗਿਆਨ ਦੀ ਸਾਂਝ ਬਣੀ ਹੋਈ ਹੈ।

"ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥"

(ਅੰਗ ੫੮)

ਇਸ ਸ਼ਬਦ ਰਾਹੀਂ ਆਓ ਇਹ ਜਾਣੀਏ ਕਿ ਸ਼ਬਦ ਰਤੇ, ਨਾਮ ਰਤੇ ਕੌਣ ਹਨ ਅਤੇ ਨਾਮ ਸਲਾਹਨਿ ਕੀ ਹੈ। ਆਪਣੇ ਆਪ ਨੂੰ ਸ਼ਬਦ ਰਤੇ, ਨਾਮ ਰੱਤੇ ਕਹਿਣ ਵਾਲੇ ਤਾਂ ਅਣਗਿਣਤ ਹਨ ਪਰ ਕੀ ਉਹ ਸ਼ਬਦ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ। ਧਿਆਨ ਨਾਲ ਸਮਝੋ। ਗੁਰੂ ਦੇ ਸ਼ਬਦ ਵਿੱਚ ਰੱਤੇ ਹੋਏ, ਨਿਰਮਲੇ ਉਨ੍ਹਾਂ ਨੂੰ ਹੀ ਕਿਹਾ ਹੈ ਜੋ ਪਹਿਲਾਂ ਆਪਣੇ ਅੰਦਰੋਂ ਕਾਮ, ਕ੍ਰੋਧ, ਅਹੰਕਾਰ ਆਦਿ ਔਗੁਣਾਂ ਨੂੰ ਤਿਆਗਦੇ ਹਨ ਭਾਵ ਗੁਰੂ ਦੀ ਗੱਲ ਤੇ ਅਮਲ ਕਰਦੇ ਹਨ। ਇਹੀ ਨਾਮ ਨੂੰ ਸਾਲਾਹੁਣਾ ਹੈ, ਪ੍ਰਮਾਤਮਾ ਦੀ ਸਿਫਤ ਹੈ ਜੋ ਕਿ ਹਮੇਸ਼ਾਂ ਆਪਣੇ ਅੰਦਰ ਹਰਿ ਨੂੰ ਭਾਵ ਗੁਰੂ ਦੇ ਗਿਆਨ ਨੂੰ, ਉਪਦੇਸ਼ ਨੂੰ ਧਾਰ ਕੇ ਰੱਖਦੇ ਹਨ। **(ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ॥)**। ਆਪਣੇ ਅੰਦਰ ਹਰਿ ਨੂੰ ਵਸਾਉਣਾ, ਹਰਿ ਨੂੰ ਜਪਣਾ, ਹਰਿ ਦੀ ਦਿੱਤੀ ਹੋਈ ਮਤਿ ਨੂੰ ਵਸਾਉਣਾ ਹੈ ਜੋ ਕਿ ਸਾਰੇ ਔਗੁਣਾਂ ਨੂੰ ਤਿਆਗਣ ਦੁਆਰਾ ਹੀ ਵੱਸਦੀ ਹੈ। "ਹਰਿ" ਪ੍ਰਮਾਤਮਾ ਹੈ, "ਹਰਿ" ਗੁਰੂ ਹੈ, "ਹਰਿ" ਗੁਰੂ ਦਾ ਬਚਨ ਹੈ, ਉਪਦੇਸ਼ ਹੈ, ਸ਼ਬਦਾਂ ਦੇ ਅੰਦਰ ਦੀ ਸਮਝ ਹੈ, ਸ਼ਬਦਾਂ ਦੇ ਅੰਦਰ ਦਾ ਗਿਆਨ ਹੈ ਜਿਸਨੂੰ ਕਿ ਆਪਣੇ ਮਨ ਵਿੱਚ ਵਸਾਉਣਾ ਹੈ। ਗੁਰੂ ਦੀ ਸੱਚੀ ਮਤਿ ਸਾਡੇ ਅੰਦਰ ਵੱਸਣ ਦੁਆਰਾ ਹੀ ਸਾਡਾ ਮਨ ਨਿਰਮਲ ਹੋਣਾ ਹੈ, ਪਵਿੱਤਰ ਹੋਣਾ ਹੈ। ਅਪਵਿੱਤਰ ਮਨ ਉਹ ਹੈ ਜਿਸ ਦੀ ਸਮਝ ਔਗੁਣਾਂ ਵਾਲੀ ਹੈ, ਜਿਸਨੂੰ ਨਾਮ ਦੀ ਸਮਝ ਨਹੀਂ ਹੈ, ਸ਼ਬਦਾਂ ਦੇ ਉਪਦੇਸ਼ ਦੀ ਸਮਝ ਨਹੀਂ ਹੈ। (**ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ॥**) ਹਰਿ ਹਰਿ ਬੋਲਣ ਨਾਲ ਉਹ ਸਾਡੇ ਮਨ ਵਿੱਚ ਥੋੜ੍ਹੀ ਵੱਸ ਜਾਣਾ ਹੈ। ਮਨ ਵਿੱਚ ਵਸਾਉਣ ਲਈ ਤਾਂ ਉਸਦੀ ਗੱਲ ਨੂੰ ਮੰਨਣਾ ਪੈਣਾ ਹੈ ਤੇ ਤਾਂ ਹੀ ਅਸੀਂ ਔਗੁਣਾਂ ਨੂੰ ਤਿਆਗ ਸਕਦੇ ਹਾਂ। ਆਮ ਤੌਰ ਤੇ ਇਹ ਸੁਣਨ ਨੂੰ ਮਿਲਦਾ ਹੈ ਕਿ ਹਰਿ ਹਰਿ ਕਹੀ ਜਾਓ ਤੇ ਆਪੇ ਹੀ ਔਗੁਣ ਨਿਕਲ ਜਾਣਗੇ,

2/39 ਅਤੇ 39-ਅ

ਸਾਨੂੰ ਕੋਈ ਛੱਡਣ ਦੀ ਲੋੜ ਨਹੀਂ ਹੈ। ਜਿਸਨੇ ਸਾਡੇ ਅੰਦਰ ਇਹ ਔਗੁਣ ਪਾਏ ਹਨ ਉਹ ਆਪ ਹੀ ਕੱਢ ਲਵੇਗਾ ਭਾਵੇਂ ਸਾਨੂੰ ਗੁਰੂ ਨੇ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਮੁੱਖੋਂ ਹਰਿ ਹਰਿ ਬੋਲੀ ਜਾਣ ਨਾਲ ਕੋਈ ਅੱਖਰ ਬੋਲੀ ਜਾਣ ਨਾਲ ਸਾਡੇ ਔਗੁਣ ਨਹੀਂ ਨਿਕਲ ਸਕਦੇ, ਸਾਨੂੰ ਔਗੁਣ ਛੱਡਣੇ ਹੀ ਪੈਣਗੇ ਜੇਕਰ ਅਸੀਂ ਗੁਰੂ ਦੀ ਮਤਿ ਵਾਲਾ ਬਣਨਾ ਹੈ, ਨਾਮ ਵਾਲਾ ਬਣਨਾ ਹੈ।

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥}

(ਅੰਗ ੭੩੨)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ ੧੧੭)

{ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥
ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥}

(ਅੰਗ ੨੬)

{ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ਰਹਾਉ॥}

(ਅੰਗ ੩੯)

{ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥}

(ਅੰਗ ੪੦੮)

ਕਿਆ ਕਮਾਲ ਦਾ ਝੂਠਾ ਭਰੋਸਾ ਅਸੀਂ ਪ੍ਰਮਾਤਮਾ 'ਤੇ ਕੀਤਾ ਹੋਇਆ ਹੈ ਕਿ ਉਹ ਸਾਡੇ ਔਗੁਣ ਆਪੇ ਹੀ ਕੱਢ ਲਵੇਗਾ ਤੇ ਸਾਨੂੰ ਛੱਡਣ ਦੀ ਲੋੜ ਨਹੀਂ ਹੈ ਭਾਵ ਸਾਨੂੰ ਮਾੜੇ ਕਰਮ ਛੱਡਣ ਦੀ ਲੋੜ ਨਹੀਂ ਹੈ, ਮਾਇਆ ਮੋਹ ਛੱਡਣ ਦੀ ਲੋੜ ਨਹੀਂ ਹੈ। ਕੇਵਲ ਇੱਕ ਇਹੀ ਭਰੋਸਾ ਧਰਮੀ ਅਖਵਾਉਣ ਲਈ ਅਸੀਂ ਪ੍ਰਮਾਤਮਾ 'ਤੇ ਛੱਡਿਆ ਹੋਇਆ ਹੈ ਤੇ ਬਾਕੀ ਹੋਰ ਕਿਸੇ ਗੱਲ ਦਾ ਭਰੋਸਾ ਅਸੀਂ ਪ੍ਰਮਾਤਮਾ 'ਤੇ ਨਹੀਂ ਕਰਦੇ। ਹੁਣ ਬਾਣੀ ਸਾਨੂੰ ਸਮਝਾ ਰਹੀ ਹੈ ਕਿ ਮਾਇਆ ਸਾਨੂੰ ਉਤਨੀ ਹੀ ਮਿਲਦੀ ਹੈ ਜਿੰਨੀ ਕਿ ਸਾਡੇ ਕਰਮਾਂ ਵਿੱਚ ਲਿਖੀ ਹੋਈ ਹੈ **(ਸੰਪੈ ਪੁਰਬਿ ਲਿਖੇ ਕੀ ਪਾਈਐ॥)** ਅੰਗ - 937 । ਕੀ ਅਸੀਂ ਇਹ ਭਰੋਸਾ ਰੱਬ 'ਤੇ ਕਰਦੇ ਹਾਂ ਕਿ ਬਿਨ੍ਹਾਂ ਉੱਦਮ ਕੀਤੇ ਮਾਇਆ ਸਾਨੂੰ ਆਪਣੇ ਆਪ ਮਿਲ ਜਾਵੇਗੀ। ਇਸ ਗੱਲ ਦਾ ਭਰੋਸਾ ਸਾਨੂੰ ਬਿਲਕੁਲ ਵੀ ਨਹੀਂ ਹੈ, ਬਲਕਿ ਦਿਨ ਰਾਤ ਅਸੀਂ ਆਪਣੇ ਮਨੋਰਥ ਦੀ ਪੂਰਤੀ ਲਈ ਭੱਜੇ ਫਿਰਦੇ ਹਾਂ। ਮਾਇਆ ਕਮਾਉਣ ਲਈ ਅਸੀਂ ਹਰ ਔਕੜ ਦਾ ਸਾਹਮਣਾ ਕਰਦੇ ਹਾਂ, ਮਾਇਆ ਕਮਾਉਣ ਲਈ ਜੋ ਜੋ ਗੁਣ ਚਾਹੀਦੇ ਹਨ ਉਹ ਗੁਣ ਆਪਣੇ ਅੰਦਰ ਲਿਆਉਂਦੇ ਹਾਂ। ਹਕੀਕਤ ਵਿੱਚ ਉਸ ਕੰਮ ਲਈ ਅਸੀਂ ਤਨੋ ਮਨੋ ਜੋਰ ਲਾਉਂਦੇ ਹਾਂ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਚਾਹੁੰਦੇ ਹਾਂ, ਅਸੀਂ ਆਪਣੇ ਜੀਵਨ ਨੂੰ ਉਸਦੀ ਪ੍ਰਾਪਤੀ ਕਰਨ ਦੇ ਅਨੁਸਾਰ ਢਾਲ ਲੈਂਦੇ ਹਾਂ। ਬਸ ਇੱਥੇ ਹੀ ਪ੍ਰਮਾਤਮਾ ਨੂੰ ਪਾਉਣ ਦਾ ਰਾਜ ਛੁਪਿਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਣ ਦੀ ਦਿਲੀ ਇੱਛਾ ਦਾ ਹੋਣਾ ਬਹੁਤ ਜਰੂਰੀ ਹੈ ਅਤੇ ਉਸ ਨੂੰ ਪਾਉਣ ਲਈ ਸਹੀ ਮਾਰਗ ਦਾ ਪਤਾ ਹੋਣਾ ਬਹੁਤ ਜਰੂਰੀ ਹੈ। ਅਸੀਂ ਪ੍ਰਮਾਤਮਾ ਨੂੰ ਕੇਵਲ ਉੱਪਰੋਂ-ਉੱਪਰੋਂ ਹੀ ਜਪੀ ਜਾਂਦੇ ਹਾਂ ਤਾਂ ਜੋ ਸਾਡੀਆਂ ਦੁਨਿਆਵੀ ਇੱਛਾਵਾਂ ਪੂਰੀਆਂ ਹੁੰਦੀਆਂ ਰਹਿਣ, ਸਾਡਾ ਪਰਿਵਾਰ ਸੁੱਖ ਵਿੱਚ ਵੱਸਦਾ ਰਹੇ, ਅਸੀਂ ਔਕੜਾਂ ਤੋਂ ਬਚੇ ਰਹੀਏ, ਸਮਾਜ ਵਿੱਚ ਅਸੀਂ ਚੰਗੇ ਤੇ ਸੱਚੇ-ਸੁੱਚੇ ਅਖਵਾਈਏ, ਸਾਨੂੰ ਆਪਣੇ ਆਸੇ-ਪਾਸਿਓਂ ਇੱਜਤ ਮਿਲਦੀ ਰਹੇ, ਸਾਡੇ ਅੰਦਰ ਤਸੱਲੀ ਰਹੇ ਕਿ ਅਸੀਂ

ਚੰਗੇ ਪਾਸੇ ਲੱਗੇ ਹੋਏ ਹਾਂ। ਜਿਸਦੀ ਇਨ੍ਹਾਂ ਇੱਛਾਵਾਂ ਦੀ ਪੂਰਤੀ ਹੁੰਦੀ ਰਹਿੰਦੀ ਹੈ ਉਸਦਾ ਆਪਣੇ ਜਪ ਤਪ ਤੇ ਭਰੋਸਾ ਵੱਧਦਾ ਰਹਿੰਦਾ ਹੈ ਤੇ ਉਹ ਇਹ ਸਮਝਦਾ ਹੈ ਕਿ ਉਸਦਾ ਜਪ ਤਪ ਪ੍ਰਵਾਨ ਹੋ ਰਿਹਾ ਹੈ, ਪ੍ਰਮਾਤਮਾ ਉਸ 'ਤੇ ਪ੍ਰਸੰਨ ਹੋ ਰਿਹਾ ਹੈ ਅਤੇ ਜਿਸ ਤੇ ਕੋਈ ਮੁਸ਼ਕਿਲ ਬਣ ਜਾਂਦੀ ਹੈ ਉਹ ਇਹ ਸਮਝਦਾ ਹੈ ਕਿ ਪ੍ਰਮਾਤਮਾ ਉਸ ਨਾਲ ਕਿਸੇ ਗੱਲੋਂ ਨਾਰਾਜ਼ ਹੈ ਭਾਵ ਸਾਰੀ ਗੱਲ ਸਾਡੀਆਂ ਇੱਛਾਵਾਂ ਦੀ ਪ੍ਰਾਪਤੀ ਤੇ ਮੁਕਦੀ ਹੈ। ਭਗਤੀ ਦਾ ਅਸਲੀ ਮਾਰਗ ਆਪਣੀਆਂ ਇੱਛਾਵਾਂ ਨੂੰ ਮਾਰਨਾ ਹੈ। ਇਹ ਮਾਰਗ ਸੱਚਮੁੱਚ ਨਿਰਾਲਾ ਹੈ, ਬਹੁਤ ਔਖਾ ਹੈ। ਇਸ ਮਾਰਗ ਤੇ ਉਹੀ

2/40 ਅਤੇ 40-ਅ

ਚੱਲ ਸਕਦਾ ਹੈ ਜਿਸ ਮਨੁੱਖ ਵਿੱਚ ਤਨੋ ਮਨੋ ਸਿਰਫ ਇੱਕ ਇਹੀ ਇੱਛਾ ਰਹਿ ਜਾਵੇ ਕਿ ਸਿਰਫ ਪ੍ਰਮਾਤਮਾ ਨੂੰ ਹੀ ਪ੍ਰਾਪਤ ਕਰਨਾ ਹੈ ਤੇ ਹੋਰ ਹਰ ਇੱਛਾ ਉਸਦੇ ਲਈ ਬਹੁਤ ਛੋਟੀ ਹੋ ਜਾਵੇ। **{ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ॥੭॥}** (ਅੰਗ - ੬੦) । ਉਸ ਮਨੁੱਖ ਨੂੰ ਨਾਮ ਨਹੀਂ ਵਿਸਰਦਾ ਭਾਵ ਗੁਰੂ ਦੇ ਉਪਦੇਸ਼ 'ਤੇ ਚੱਲਣਾ ਨਹੀਂ ਵਿਸਰਦਾ ਜੇ ਉਹ ਅਸਲ ਵਿੱਚ ਗੁਣਾਂ ਦਾ ਗਾਹਕ ਹੋਵੇ ਭਾਵ ਉਸਨੂੰ ਔਗੁਣ ਛੱਡਣੇ ਚੰਗੇ ਲੱਗਣ। ਜੋ ਪ੍ਰਮਾਤਮਾ ਨੂੰ ਪਾਉਣ ਦਾ ਗਾਹਕ ਹੋਵੇ ਉਸਦੀ ਇਹੋ ਜਿਹੀ ਇੱਛਾ ਭਾਵ ਗੁਣਾਂ ਨੂੰ ਗ੍ਰਹਿਣ ਕਰਨ ਵਾਲੀ ਇੱਛਾ ਕੇਵਲ ਪ੍ਰਮਾਤਮਾ ਨੂੰ ਪਾਉਣ ਵਾਲੀ ਹੁੰਦੀ ਹੈ। ਆਮ ਤੌਰ ਤੇ ਅਸੀਂ ਰੱਬ ਨੂੰ ਵਾਧੇ ਘਾਟੇ ਵਿੱਚ ਹੀ ਰੱਖਿਆ ਹੋਇਆ ਹੈ ਕਿ ਜੇਕਰ ਮਿਲ ਗਿਆ ਤਾਂ ਚੰਗੀ ਗੱਲ ਹੈ ਵਰਨਾ ਇੱਜਤ ਤੇ ਮਿਲ ਹੀ ਰਹੀ ਹੈ। ਮਨ ਦੀ ਤਸੱਲੀ ਤਾਂ ਬਣੀ ਹੀ ਰਹਿੰਦੀ ਹੈ ਕਿ ਅਸੀਂ ਪ੍ਰਮਾਤਮਾ ਨੂੰ ਜਪਣ ਵਾਲੇ ਹਾਂ ਤੇ ਉਹ ਸਾਡੀਆਂ ਇੱਛਾਵਾਂ ਦੀ ਪੂਰਤੀ ਕਰੇਗਾ।

ਅੱਧੇ-ਅਧੂਰੇ ਮਨ ਨਾਲ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਇਸ ਮਾਰਗ 'ਤੇ ਚੱਲਣ ਦੀ ਪਹਿਲੀ ਸ਼ਰਤ ਹੀ ਆਪਣਾ ਤਨ, ਮਨ, ਧੰਨ ਸਭ ਕੁੱਝ ਗੁਰੂ ਨੂੰ ਅਰਪਣ ਕਰਨ ਦੀ ਹੈ।

{ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥੨੦॥}

(ਅੰਗ - ੧੪੧੨)

ਇਹ ਮਾਰਗ ਆਪਣਾ ਆਪ ਤਿਆਗਣ ਦਾ ਹੈ, ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਤਿਆਗਣ ਦਾ ਹੈ ਜਿਸਨੂੰ ਤਿਆਗਣ ਦੁਆਰਾ ਔਗੁਣਾਂ ਦਾ ਤਿਆਗ ਤਾਂ ਸਭ ਤੋਂ ਪਹਿਲੇ ਹੈ। ਆਓ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਜਿਸ ਦੀ ਵਿਆਖਿਆ ਪਿੱਛੇ ਵੀ ਕੀਤੀ ਜਾ ਚੁੱਕੀ ਹੈ ਤਾਂ ਜੋ ਸਾਨੂੰ ਗੁਰੂ ਦੀ ਗੱਲ ਚੇਤੇ ਰਹੇ, ਨਾਮ ਜਪਣ ਦਾ ਤਰੀਕਾ ਹਰ ਵੇਲੇ ਚੇਤੇ ਰਹੇ।

"ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥
ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥"

(ਅੰਗ ੧੧੪੭)

ਨਾਮ ਜਪਣਾ ਅਸਲ ਵਿੱਚ ਗੁਰੂ ਦੇ ਸਮਝਾਏ ਹੋਏ ਮਾਰਗ 'ਤੇ ਚੱਲਣਾ ਹੈ ਅਤੇ ਇੱਥੇ ਇਹੀ ਗੱਲ ਸਮਝਾਈ ਹੋਈ ਹੈ ਕਿ ਧਰਮ ਦੇ ਮਾਰਗ 'ਤੇ, ਪ੍ਰਮਾਤਮਾ ਨੂੰ ਪਾਉਣ ਦੇ ਮਾਰਗ 'ਤੇ ਉਹੀ ਚੱਲਦਾ ਹੈ ਜੋ ਆਪਣੇ ਅੰਦਰੋਂ ਔਗੁਣਾਂ ਨੂੰ ਤਿਆਗਦਾ ਹੈ। ਬਿਨ੍ਹਾਂ ਔਗੁਣ ਤਿਆਗੇ ਕੀ ਜਪ ਹੋ ਸਕਦਾ ਹੈ? ਕੇਵਲ ਹਰਿ ਹਰਿ ਕਰੀ ਜਾਣਾ ਫਿਰ ਕੀ ਜਪ ਹੋਇਆ? ਬਾਣੀ ਤਾਂ ਸਾਨੂੰ ਇਹੀ ਸਮਝਾ ਰਹੀ ਹੈ ਮਗਰ ਫਿਰ ਵੀ ਅਸੀਂ ਆਪਣੀ ਮਨਹਠਿ ਨਾ ਛੱਡੀਏ ਤਾਂ ਫਿਰ ਇਹ ਸਾਡੇ ਭਾਗ ਹੀ ਹਨ। ਕੋਈ ਕੀ ਕਰ ਸਕਦਾ ਹੈ? ਭਗਤੀ ਦਾ ਮਾਰਗ ਸਾਨੂੰ ਸਮਝ ਹੀ ਨਹੀਂ ਆਇਆ। ਜੋ ਮੁੱਖੋਂ ਬੋਲ ਬੋਲ ਕੇ "ਹਰਿ ਹਰਿ" ਨਹੀਂ ਜਪਦੇ ਅਸੀਂ ਉਹਨਾਂ ਨੂੰ ਅਭਾਗੇ ਸਮਝਦੇ ਹਾਂ ਪਰ ਅਸਲ ਵਿੱਚ ਅਭਾਗੇ ਇਹ ਜਪ ਤਪ ਕਰਨ ਵਾਲੇ ਹਨ ਜੋ ਅਤਿ ਦੇ ਭਰਮੇ ਹੋਏ ਹਨ

ਤੇ ਦੂਸਰਿਆਂ ਨੂੰ ਭਰਮਾਉਣ ਦਾ ਦੋਸ਼ ਵੀ ਆਪਣੇ ਸਿਰ ਚੜਾਉਂਦੇ ਹਨ। ਉੱਪਰ ਸ਼ਬਦ ਵਿੱਚ ਪਰਾਈ ਨਿੰਦਾ ਤਿਆਗਣ ਦੀ ਗੱਲ ਵੀ ਕੀਤੀ ਹੋਈ ਹੈ। ਪਰਾਈ ਨਿੰਦਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਸਮਝਾਂਗੇ। ਨਿੰਦਾ ਕੀ ਹੈ ਪਹਿਲਾਂ ਇਸ ਗੱਲ ਨੂੰ ਸਮਝਾਂਗੇ ਤੇ ਫਿਰ ਤਾਂ ਹੀ ਪਰਾਈ ਨਿੰਦਾ ਨੂੰ ਸਮਝ ਸਕਾਂਗੇ।

ਆਓ ਭਗਤੀ ਦੇ ਮਾਰਗ ਨੂੰ ਥੋੜ੍ਹਾ ਹੋਰ ਬਰੀਕੀ ਨਾਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥”

(ਅੰਗ ੯੧੮-੯੧੯)

ਇੱਥੇ ਗੁਰੂ ਦੀ ਭਗਤੀ ਕੀ ਹੈ ਇਸ ਨੂੰ ਵਿਸਥਾਰ ਨਾਲ ਸਮਝਾਇਆ ਹੋਇਆ ਹੈ। ਸਾਨੂੰ ਘੱਟ ਤੋਂ ਘੱਟ ਇਹ ਭੁਲੇਖਾ ਤਾਂ ਨਹੀਂ ਹੋਣਾ ਚਾਹੀਦਾ ਕਿ ਭਗਤੀ ਕਰਨ ਅਤੇ ਨਾਮ ਜਪਣ ਵਿੱਚ ਕੋਈ ਫਰਕ ਹੈ। ਜੇ ਕੋਈ ਇਸ ਗੱਲ ਵਿੱਚ ਕੋਈ ਫਰਕ ਸਮਝਦਾ ਹੈ ਕਿ ਨਾਮ ਜਪਣਾ ਵੱਖਰੀ ਗੱਲ ਹੈ ਅਤੇ ਭਗਤੀ ਕਰਨਾ ਵੱਖਰੀ ਗੱਲ ਹੈ ਤਾਂ ਫਿਰ ਉਸ ਨੂੰ ਕੋਈ ਵੀ ਨਹੀਂ ਸਮਝਾ ਸਕਦਾ। ਗੁਰੂ ਆਪ ਹੀ ਮਿਹਰ ਕਰਕੇ ਸੋਝੀ ਪਾਏ ਤਾਂ ਪਾਏ। ਜੇ ਕੋਈ ਨਾਮ ਜਪਣ

2/41

ਵਿੱਚ ਅਤੇ ਭਗਤੀ ਕਰਨ ਵਿੱਚ ਕੋਈ ਫਰਕ ਸਮਝਦਾ ਹੈ ਤਾਂ ਫਿਰ ਉਹ ਨਾਮ ਕਿਸ ਲਈ ਜਪਦਾ ਹੈ। ਅਸਲ ਵਿੱਚ ਨਾ ਸਮਝੀ ਕਰਕੇ ਗੁਰਬਾਣੀ ਪੜਨ ਵਿਚ ਭਗਤੀ ਸਮਝੀ ਜਾਂਦੀ ਹੈ ਤੇ ਕੋਈ ਅੱਖਰ ਬੋਲੀ ਜਾਣ ਨੂੰ ਨਾਮ ਜਪਣਾ ਸਮਝਿਆ ਜਾਂਦਾ ਹੈ। ਇਹ ਭੁਲੇਖਾ ਅਨੇਕਾਂ ਦੇ ਵਿੱਚ ਹੈ। ਪ੍ਰਮਾਤਮਾ ਦੀ ਭਗਤੀ ਕਰਨਾ, ਨਾਮ ਜਪਣਾ, ਸੇਵਾ ਕਰਨਾ, ਸਿਫਤ ਸਲਾਹ ਕਰਨਾ, ਗੁਣ ਗਾਉਣੇ ਇੱਕੋ ਹੀ ਗੱਲ ਹੈ ਜੋ ਕਿ ਸ਼ਬਦ ਦੀ ਵਿਚਾਰ ਹੈ ਭਾਵ ਸ਼ਬਦ ਦੇ ਵਿਚਾਰੀ ਬਣਨਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦ ਦੁਆਰਾ ਸਮਝਿਆ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨਾ ਸਮਝਾਉਂਦੀ ਹੈ। ਜੋ ਵੀ ਕਰਮ ਅਸੀਂ ਸ਼ਬਦ ਦੀ ਵਿਚਾਰ ਅਨੁਸਾਰ ਕਰਦੇ ਹਾਂ, ਉਹ ਸਾਡਾ ਗੁਣ ਹੈ ਤੇ ਜੋ ਵੀ ਕਰਮ ਅਸੀਂ ਸ਼ਬਦ ਦੀ ਵਿਚਾਰ ਤੋਂ ਉਲਟ ਕਰਦੇ ਹਾਂ, ਉਹ ਸਾਡਾ ਔਗੁਣ ਹੈ। ਇਹ ਸਭ ਕੁੱਝ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਇੱਕੋ ਹੀ ਹੈ, ਨਾ ਕਿ ਕੋਈ ਵੱਖਰੇ-ਵੱਖਰੇ ਮਾਰਗ ਹਨ। ਆਓ ਹੁਣ ਸਮਝੀਏ ਕਿ ਉਪਰਲੇ ਸ਼ਬਦ ਰਾਹੀਂ ਸਾਨੂੰ ਭਗਤੀ ਦਾ ਅਸਲੀ ਮਾਰਗ ਕੀ ਸਮਝਾਇਆ ਹੋਇਆ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ।

ਇਹ ਮਾਰਗ ਨਿਰਾਲਾ ਹੀ ਹੈ। ਇਸ ਮਾਰਗ 'ਤੇ ਚੱਲਣਾ ਵਾਕਈ ਬਹੁਤ ਔਖਾ ਹੈ, ਬਿਖਮ ਮਾਰਗ ਹੈ। ਨਾਮ ਜਪਣਾ ਵਾਕਈ ਬਹੁਤ ਔਖਾ ਹੈ। ਸਾਰੀ ਗੱਲ ਔਗੁਣਾਂ ਨੂੰ ਤਿਆਗਣ ਦੀ ਹੈ। ਇਤਨਾ ਔਖਾ ਦੱਸਿਆ ਹੈ ਕਿ ਅਗਰ ਕੋਈ ਮਨੁੱਖ ਇਹ ਕਹੇ ਕਿ ਉਸਨੇ ਲਬ, ਲੋਭ, ਅਹੰਕਾਰ ਅਤੇ ਤ੍ਰਿਸ਼ਨਾਂ ਦਾ ਤਿਆਗ ਕਰ ਦਿੱਤਾ ਹੈ ਤਾਂ ਉਸਦਾ ਇਹ ਬੋਲਣਾ ਭਾਵ ਇਹ ਕਹਿਣਾ ਕਾਫੀ ਨਹੀਂ ਹੈ, ਸਫੀਸ਼ੀਐਂਟ ਨਹੀਂ ਹੈ। **(ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥)** ਕਿਉਂਕਿ ਇਹ ਮਾਰਗ ਇਸ ਤੋਂ ਵੀ ਜ਼ਿਆਦਾ ਤਿਆਗ ਦੀ ਮੰਗ ਕਰਦਾ ਹੈ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਆਮ ਤੌਰ 'ਤੇ ਇਸ ਪੰਗਤੀ ਦੇ ਅਰਥ ਨਾ ਸਮਝ ਆਉਣ ਕਰਕੇ ਜਪ ਤਪ ਕਰਨ ਵਾਲੇ ਮੂੰਹੋਂ ਬਹੁਤਾ ਨਹੀਂ ਬੋਲਦੇ ਕਿ ਉਨ੍ਹਾਂ ਦੀ ਭਗਤੀ ਭੰਗ ਨਾ ਹੋ ਜਾਵੇ, ਕਿਤੇ ਲੋਕੀ ਇਹ ਨਾ ਸਮਝਣ ਕਿ ਇਹ ਜਿਆਦਾ ਬੋਲਦਾ ਹੈ ਤੇ ਇਸ ਲਈ ਇਹ ਭਗਤੀ ਕਰਨ

ਵਾਲਾ ਨਹੀਂ ਹੈ। ਗੁਰੂ ਸਾਹਿਬ ਨੇ ਕਿਸੇ ਨੂੰ ਬੋਲਣ ਤੋਂ ਪ੍ਰਹੇਜ਼ ਰੱਖਣ ਲਈ ਨਹੀਂ ਕਿਹਾ ਹੋਇਆ ਬਲਕਿ ਆਮ ਤਰੀਕੇ ਨਾਲ ਦੁਨੀਆਂਦਾਰੀ ਵਿੱਚ ਵਿਚਰਦੇ ਹੋਏ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੋਇਆ ਹੈ।

(ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥)

(ਅੰਗ ੫੨੨)

ਗੱਲ ਸਿਰਫ ਭਗਤੀ ਦਾ ਮਾਰਗ ਸਮਝ ਆਉਣ ਦੀ ਹੈ। ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਇਸ ਮਾਰਗ ਨੂੰ ਔਗੁਣਾਂ ਦੇ ਤਿਆਗ ਤੋਂ ਵੀ ਔਖਾ ਮਾਰਗ ਦੱਸਿਆ ਹੋਇਆ ਹੈ ਭਾਵ ਖੰਡੇ ਦੀ ਧਾਰ 'ਤੇ ਚੱਲਣ ਦੇ ਬਰਾਬਰ ਕਿਹਾ ਗਿਆ ਹੈ, ਆਪਣਾ ਆਪ ਤਿਆਗਣ ਲਈ ਕਿਹਾ ਗਿਆ ਹੈ ਤੇ ਜੋ ਮਨੁੱਖ ਇਹੋ ਜਿਹਾ ਤਿਆਗ ਕਰਦਾ ਹੈ, ਧਰਮ ਦੇ ਮਾਰਗ ਲਈ ਆਪਣਾ ਸਰੀਰ ਤੱਕ ਕੁਰਬਾਨ ਕਰਨ ਦਾ ਜਜ਼ਬਾ ਰੱਖਦਾ ਹੈ ਉਸਦੇ ਅੰਦਰ ਹੀ ਗੁਰੂ ਦਾ ਵਾਸਾ ਹੁੰਦਾ ਹੈ। **(ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥ ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥)** ਭਗਤੀ ਦੇ ਮਾਰਗ ਤੇ ਚੱਲਣ ਲਈ ਔਗੁਣਾਂ ਦੇ ਤਿਆਗ ਦੇ ਨਾਲ ਆਪਣਾ ਆਪ ਵੀ ਛੱਡਣਾ ਪੈਂਦਾ ਹੈ, ਆਪਣੀ ਸਮਝ ਪੂਰਨ ਰੂਪ ਵਿਚ ਛਡਣੀ ਪੈਂਦੀ ਹੈ, ਗੁਰਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਪੈਂਦਾ ਹੈ, ਗੁਰੂ ਦੀ ਹਰ ਗੱਲ ਤੇ ਪੂਰਾ ਉਤਰਨਾ ਪੈਂਦਾ ਹੈ, ਆਪਣੀ ਹੋਂਦ ਛੱਡਣੀ ਪੈਂਦੀ ਹੈ, ਜੋ ਕਿ ਉਸਦੀ ਕਿਰਪਾ ਦੁਆਰਾ ਹੀ ਛੁੱਟ ਸਕਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਛੁੱਟ ਸਕਦੀ ਹੈ ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ। ਮਨ ਦੀ ਸਮਝ ਰਾਹੀਂ ਆਪਣੀ ਭਗਤੀ ਦਾ ਮਾਰਗ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਉਸ ਦੀ ਭਗਤੀ ਦਾ ਮਾਰਗ ਜੁਗਾਂ-ਜੁਗਾਂ ਤੋਂ ਇਹੀ ਹੈ, ਜੋ ਨਿਰਾਲਾ ਹੀ ਹੈ। ਇਹ ਮਾਰਗ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਦੇ ਚਰਨਾਂ ਵਿੱਚ ਸੌਂਪਣ ਦਾ ਹੈ। ਔਗੁਣਾਂ ਦਾ ਤਿਆਗ ਕਰਕੇ ਜੇਕਰ ਮਨੁੱਖ ਫਿਰ ਵੀ ਸਰੀਰਕ ਜਪ ਤਪ ਕਰਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਉਸਨੇ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ। ਉਸਨੂੰ ਗੁਰੂ ਦੀ ਗੱਲ ਤੇ ਪੂਰੀ ਤਰ੍ਹਾਂ ਵਿਸ਼ਵਾਸ ਨਹੀਂ ਆਇਆ। ਇਹ ਗੁਰੂ ਤੇ ਪੂਰਨ ਵਿਸ਼ਵਾਸ ਦਾ ਮਾਰਗ ਹੈ। ਆਪਣੀ ਮਤਿ ਨੂੰ ਪੂਰੀ ਤਰ੍ਹਾਂ ਛੱਡਣ ਦਾ ਮਾਰਗ ਹੈ ਜੋ ਕਿ ਉਹ ਆਪ ਹੀ ਛੁਡਾ ਸਕਦਾ ਹੈ। ਪਰ ਉਸ ਲਈ ਉੱਦਮ ਮਨੁੱਖ ਦੇ ਸਿਰ ਹੀ ਹੈ।

2/42

“ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥”

(ਅੰਗ ੫੬)

ਇਸ ਸ਼ਬਦ ਵਿੱਚ ਸਾਨੂੰ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਗੁਰਮਤਿ ਕੀ ਹੈ ਅਤੇ ਅਸੀਂ ਗੁਰਮਤਿ ਅਨੁਸਾਰ ਕਿਹੋ ਜਿਹਾ ਜਪ ਤਪ ਕਰਨਾ ਹੈ। ਹਰ ਕੋਈ ਨਾਮ ਜਪਣ ਵਾਲਾ ਆਪਣੀ ਮਤਿ ਅਨੁਸਾਰ ਇਹੀ ਸਮਝਦਾ ਹੈ ਕਿ ਗੁਰੂ ਦੀ ਮਤਿ ਨਾਮ ਜਪਣ ਲਈ ਹੈ, ਇਸ ਕਰਕੇ ਉਹ ਨਾਮ ਜਪ ਰਹੇ ਹਨ। ਗੁਰੂ ਦੀ ਮਤਿ ਅਨੁਸਾਰ ਅਸਲ ਨਾਮ ਜਪਣਾ ਕੀ ਹੈ, ਆਓ ਜਾਣੀਏ।

ਸਮਝਾਇਆ ਇਹ ਹੈ ਕਿ ਅਸੀਂ ਆਪਣੀ ਮਤਿ ਅਨੁਸਾਰ ਜਪ ਤਪ ਸੰਜਮ ਤਾਂ ਬਹੁਤ ਕਰਦੇ ਹਾਂ, ਤੀਰਥਾਂ ਤੇ ਵੀ ਜਾਂਦੇ ਹਾਂ, ਪੁੰਨ ਦਾਨ ਕਰਨ ਦੁਆਰਾ ਚੰਗੇ ਕੰਮ ਕਰਦੇ ਹਾਂ ਲੇਕਿਨ ਐਸਾ ਜਪ ਤਪ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ। ਗੁਰੂ ਦੀ ਮਤਿ ਸਾਨੂੰ ਔਗੁਣ ਤਿਆਗ ਕੇ ਗੁਣਾਂ ਨੂੰ ਗ੍ਰਹਿਣ ਕਰਨਾ ਸਮਝਾਉਂਦੀ ਹੈ ਭਾਵ ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰਨ ਲਈ

ਸਮਝਾਉਂਦੀ ਹੈ ਜਿਸ ਦੁਆਰਾ ਅਸੀਂ ਸੱਚੇ ਬਣ ਕੇ ਵਿਚਰ ਸਕਦੇ ਹਾਂ। ਬਿਨ੍ਹਾਂ ਗੁਣ ਗ੍ਰਹਿਣ ਕੀਤੇ ਸਾਡਾ ਜਨਮ ਵਿਅਰਥ ਚਲਾ ਜਾਂਦਾ ਹੈ, ਨਾਸ਼ ਹੋ ਜਾਂਦਾ ਹੈ। "ਸੁਖੁ" ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ, ਉਹ ਕੇਵਲ ਗੁਣਾਂ ਦੀ ਦਾਸੀ ਬਣਕੇ ਭਾਵ ਗੁਰੂ ਦੀ ਮਤਿ ਦਾ ਦਾਸ ਬਣਕੇ ਭਾਵ ਔਗੁਣਾਂ ਦਾ ਤਿਆਗ ਕਰਕੇ ਹੀ ਮਿਲ ਸਕਦਾ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਜੋ ਮਨੁੱਖ ਆਪਣੇ ਔਗੁਣਾਂ ਨੂੰ ਤਿਆਗ ਕੇ ਗੁਰੂ ਦੇ ਹੁਕਮ ਵਿੱਚ ਸਮਾਅ ਜਾਂਦਾ ਹੈ, ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ, ਗੁਰੂ ਦੇ ਹੁਕਮ ਵਿੱਚ ਸਮਾਉਣਾ ਹੀ ਭਾਵ ਗੁਰੂ ਦੀ ਸੱਚੀ ਸਮਝ ਵਿੱਚ ਸਮਾਉਣਾ ਹੀ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ ਤੇ ਇਹੀ ਮਨੁੱਖ ਦਾ ਗੁਰਮਤਿ ਤੇ ਪੂਰਾ ਉਤਰਨਾ ਹੈ। **(ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ਰਹਾਉ॥)** ਹੁਣ ਅਸੀਂ ਜਿੰਨਾ ਮਰਜੀ ਕਹੀ ਜਾਈਏ ਕਿ ਅਸੀਂ ਗੁਰੂ ਦੀ ਮਤਿ ਅਨੁਸਾਰ ਜਪ ਰਹੇ ਹਾਂ ਲੇਕਿਨ ਸਾਡੇ ਅੰਦਰ ਔਗੁਣ ਭਰੇ ਹੋਣ ਤਾਂ ਇਹੋ ਜਿਹਾ ਕੀਤਾ ਹੋਇਆ ਜਪ ਗੁਰੂ ਦੀ ਮਤਿ ਅਨੁਸਾਰ ਕਿਵੇਂ ਹੋ ਸਕਦਾ ਹੈ। ਜਿਹੜੀ ਭਗਤੀ ਗੁਰੂ ਦੀ ਮਤਿ 'ਤੇ ਪੂਰੀ ਨਹੀਂ ਉਤਰਦੀ, ਉਹ ਕਬੂਲ ਕਿਵੇਂ ਹੋ ਸਕਦੀ ਹੈ। ਜਿਸਨੇ ਕਬੂਲ ਕਰਨੀ ਹੈ ਉਸਦੀ ਕਹੀ ਹੋਈ ਗੱਲ ਨੂੰ ਅਸੀਂ ਮੰਨਣਾ ਨਹੀਂ ਚਾਹੁੰਦੇ। ਗੁਰਮਤਿ 'ਤੇ ਚੱਲਣ ਦੀ ਗੱਲ ਕਰਨਾ ਬਹੁਤ ਸੌਖਾ ਹੈ, ਗੁਰਮੁੱਖ ਅਖਵਾਉਣਾ ਬਹੁਤ ਸੌਖਾ ਹੈ ਪਰ ਗੁਰੂ ਦਾ ਫੁਰਮਾਨ ਇਹ ਹੈ ਕਿ ਕੋਈ ਵਿਰਲਾ ਹੀ ਗੁਰਮਤਿ ਤੇ ਚੱਲ ਸਕਦਾ ਹੈ, ਗੁਰੂ ਦੀ ਗੱਲ ਤੇ ਪੂਰਾ ਉਤਰ ਸਕਦਾ ਹੈ **{ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥੧॥}** (ਅੰਗ - ੯੪) । ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਔਗੁਣ ਛੱਡਣ ਦੇ ਨਾਲ ਪੂਰੀ ਤਰ੍ਹਾਂ ਗੁਰੂ ਦੀ ਮਤਿ ਵਿੱਚ ਸਮਾਅ ਜਾਣਾ ਹੈ ਭਾਵ ਕੋਈ ਹੋਰ ਸਰੀਰਕ ਜਪ ਤਪ ਕਰਨ ਦੀ ਲੋੜ ਨਹੀਂ। ਔਗੁਣ ਛੱਡ ਕੇ, ਗੁਣਾਂ ਦੁਆਰਾ ਵਿਚਰਨਾ ਹੀ ਸਾਡਾ ਸੱਚਾ ਜਪ ਤਪ ਹੈ। ਸਾਡੀ ਸੱਚੀ ਕਰਣੀ ਹੀ ਸਭ ਜਪ, ਤਪ, ਸੰਜਮ ਹੈ। ਆਪਣੇ ਅੰਦਰ ਔਗੁਣਾਂ ਦੇ ਰਹਿੰਦਿਆਂ ਅਸੀਂ ਗੁਰਮਤਿ ਵਾਲੇ ਨਹੀਂ ਬਣ ਸਕਦੇ। ਸਰੀਰਕ ਜਪ ਤਪ ਸੰਜਮ ਆਦਿ ਨੂੰ ਹੀ ਅਸੀਂ ਆਪਣੀ ਭਗਤੀ ਸਮਝੀ ਬੈਠੇ ਹਾਂ ਜਿਨ੍ਹਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਗੁਰਬਾਣੀ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕੀਏ ਤੇ ਸਾਡਾ ਇਹ ਜਪ ਤਪ ਦਾ ਭਰਮ ਵਾਰ-ਵਾਰ ਇਸੇ ਲਈ ਕੱਢਿਆ ਹੈ ਕਿਉਂਕਿ ਇਹ ਭਰਮ ਬਹੁਤ ਪ੍ਰਬਲ ਹੈ, ਸਦੀਆਂ ਤੋਂ ਚੱਲਦਾ ਆ ਰਿਹਾ ਹੈ।

2/43

"ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥
ਪੂਰੇ ਗੁਰ ਕੈ ਸਬਦਿ ਸਮਾਹਿ॥੧॥ਰਹਾਉ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥
ਅੰਮ੍ਰਿਤ ਸਬਦਿ ਨਾਮੁ ਵਖਾਣੈ॥
ਸਾਚੀ ਬਾਣੀ ਸੂਚਾ ਹੋਇ॥
ਗੁਣ ਤੇ ਨਾਮੁ ਪਰਾਪਤਿ ਹੋਇ॥੨॥"

(ਅੰਗ ੩੬੧)

ਉਪਰਲੇ ਸ਼ਬਦ ਰਾਹੀਂ ਸਾਡਾ ਨਾਮ ਬਾਰੇ ਭੁਲੇਖਾ ਬੜਾ ਸਵਾਰ ਕੇ ਕੱਢਿਆ ਹੋਇਆ ਹੈ। ਇਸ ਸ਼ਬਦ ਨੂੰ ਪਿਛਲੇ ਸ਼ਬਦ ਨਾਲ ਜੋੜ ਕੇ ਸਮਝੋ ਕਿ ਗੁਰਮਤਿ ਤੇ ਪੂਰਾ ਉਤਰਨਾ ਕੀ ਹੈ ਤੇ "ਸਬਦਿ" ਸਮਾਉਣਾ ਕੀ ਹੈ, ਗੁਰਮਤਿ ਵਿੱਚ ਸਮਾਉਣਾ ਕੀ ਹੈ, ਇੱਕੋ ਹੀ ਗੱਲ ਹੈ। ਔਗੁਣ ਛੱਡ ਕੇ ਗੁਣਾਂ ਨੂੰ ਧਾਰਨ ਕਰਨਾ ਹੈ। ਜਿਸ ਪ੍ਰਮਾਤਮਾ ਨੂੰ ਅਸੀਂ ਪਾਉਣਾ ਚਾਹੁੰਦੇ ਹਾਂ, ਉਸ ਦੀ ਪ੍ਰਾਪਤੀ ਕਿਵੇਂ ਹੋਣੀ ਹੈ, ਇਹ ਵੀ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਪ੍ਰਾਪਤੀ ਹੀ ਨਾਮ ਦੀ ਪ੍ਰਾਪਤੀ ਹੈ ਭਾਵ ਨਾਮ ਪ੍ਰਮਾਤਮਾ ਹੈ, ਗੁਰੂ ਹੈ ਤੇ ਗੁਰੂ ਦੇ ਸ਼ਬਦ ਅਨੁਸਾਰ ਚੱਲਣਾ, ਬਚਨਾਂ ਅਨੁਸਾਰ ਚੱਲਣਾ ਹੀ ਨਾਮ ਜਪਣਾ ਹੈ ਜਿਸ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਨਾਲ ਮੇਲ ਹੁੰਦਾ ਹੈ।

ਸਾਰੀ ਗੱਲ ਆਪਣੇ ਅੰਦਰ ਗੁਰੂ ਦੇ ਗੁਣਾਂ ਨੂੰ ਗ੍ਰਹਿਣ ਕਰਨ ਦੀ ਹੈ ਜਿਸ ਦੁਆਰਾ ਸਾਡੇ ਅੰਦਰੋਂ ਸਾਰੇ ਔਗੁਣ ਨਿਕਲ ਜਾਣ। ਇਹੀ ਗੁਰੂ ਦੇ ਸ਼ਬਦ ਵਿੱਚ ਸਮਾਉਣਾ ਹੈ, ਹੁਕਮ ਵਿੱਚ ਸਮਾਉਣਾ ਹੈ, ਗੁਰੂ ਦੀ ਮਤਿ ਵਿੱਚ ਸਮਾਉਣਾ ਹੈ। **(ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥ ਪੂਰੇ ਗੁਰ ਕੈ ਸਬਦਿ ਸਮਾਹਿ॥੧॥ਰਹਾਉ॥)** ਕਿਸੇ ਅੱਖਰ ਦਾ ਰੱਟਾ ਲਗਾਈ ਜਾਣ ਨਾਲ ਤਾਂ ਗੁਣ ਨਹੀਂ ਆ ਜਾਣੇ। ਗੁਣ ਤਾਂ ਸਾਨੂੰ ਆਪ ਹੀ ਇਕੱਠੇ ਕਰਨੇ ਪੈਣੇ ਹਨ ਤੇ ਤਾਂ ਹੀ ਔਗੁਣ ਨਿਕਲਣਗੇ। ਔਗੁਣ ਨਿਕਲਣ ਨਾਲ ਅਸੀਂ ਗੁਰੂ ਦੇ ਸ਼ਬਦ ਦੁਆਰਾ, ਗੁਰੂ ਦੀ ਮਤਿ ਦੁਆਰਾ ਉਸ ਵਿੱਚ ਸਮਾਅ ਸਕਦੇ ਹਾਂ। ਹੁਣ ਕਿੰਨਾ ਸਪੱਸ਼ਟ ਸਮਝਾਇਆ ਹੈ ਕਿ ਜੇ ਕੋਈ ਗੁਣਾਂ ਦਾ ਗਾਹਕ ਹੋਵੇ, ਤਾਂ ਹੀ ਉਹ ਗੁਣਾਂ ਨੂੰ ਜਾਨਣ ਦੀ, ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗਾ ਭਾਵ ਜੇ ਇੱਛਾ ਪ੍ਰਮਾਤਮਾ ਨੂੰ ਪਾਉਣ ਦੀ ਹੋਵੇਗੀ, ਤਾਂ ਹੀ ਮਨੁੱਖ ਗੁਣਾਂ ਦਾ ਗਾਹਕ ਬਣੇਗਾ। ਉਹੀ ਮਨੁੱਖ ਫਿਰ ਗੁਰੂ ਦੇ ਸ਼ਬਦ ਦੁਆਰਾ ਭਾਵ ਗੁਰੂ ਦੇ ਗੁਣਾਂ ਨੂੰ ਗ੍ਰਹਿਣ ਕਰਨ ਦੁਆਰਾ ਨਾਮ ਤੇ ਚੱਲੇਗਾ **(ਨਾਮੁ ਵਖਾਣੈ॥)** ਭਾਵ ਨਾਮ ਜਪੇਗਾ। ਇਹੀ ਤਰੀਕਾ ਹੈ ਨਾਮ ਜਪਣ ਦਾ। **(ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ ਅੰਮ੍ਰਿਤ ਸਬਦਿ ਨਾਮੁ ਵਖਾਣੈ॥)** ਬਿਨ੍ਹਾਂ ਗੁਣਾਂ ਤੋਂ ਅਸੀਂ ਕੀ ਨਾਮ ਜਪ ਸਕਦੇ ਹਾਂ। ਗੁਣਾਂ ਦੁਆਰਾ ਵਿਚਰਨਾ ਹੀ ਨਾਮ ਜਪਣਾ ਹੈ ਤੇ ਬਿਨ੍ਹਾਂ ਗੁਣਾਂ ਤੋਂ ਸਾਡੀ ਕਰਨੀ ਚੰਗੀ ਨਹੀਂ ਹੋ ਸਕਦੀ। ਅਸਲ ਵਿੱਚ ਜੋ ਕਿਸੇ ਅੱਖਰ ਨੂੰ ਜਪਣਾ ਨਾਮ ਸਮਝਦੇ ਹਨ ਉਹ ਇਸੇ ਗੱਲ ਨੂੰ ਹੀ ਗੁਣ ਸਮਝਦੇ ਹਨ ਨਾ ਕੇ ਔਗੁਣ ਛੱਡਣ ਨੂੰ। ਉਲਟਾ ਅੱਖਰ ਨੂੰ ਨਾ ਜਪਣਾ ਔਗੁਣ ਸਮਝਦੇ ਹਨ। ਕਮਾਲ ਦਾ ਭਰਮ ਹੈ। ਅਗਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਗੁਣ ਕਿਸ ਤਰੀਕੇ ਲੈਣੇ ਹਨ, ਕਿੱਥੋਂ ਲੈਣੇ ਹਨ ਤਾਂ ਜੋ ਅਸੀਂ ਨਾਮ ਜਪ ਸਕੀਏ।

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ "ਨਾਮੁ" ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਤੇ ਸਾਨੂੰ ਗੁਣ ਕਿਵੇਂ ਮਿਲਦੇ ਹਨ ਤੇ ਕਿੱਥੋਂ ਮਿਲਣੇ ਹਨ।

"ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥"

ਧਿਆਨ ਨਾਲ ਸਮਝੋ ਕਿ ਗੁਰਬਾਣੀ ਨੂੰ ਰਚਣ ਦਾ ਪ੍ਰਮਾਤਮਾ ਦਾ ਮਕਸਦ ਕੀ ਹੈ। ਗੁਰਬਾਣੀ ਸਾਨੂੰ ਪ੍ਰਮਾਤਮਾ ਬਾਰੇ ਸੱਚੀ ਸੋਝੀ ਪਾ ਰਹੀ ਹੈ ਤੇ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕਿਵੇਂ ਹੋ ਸਕਦਾ ਹੈ, ਇਹ ਸਮਝਾ ਰਹੀ ਹੈ। ਅਸੀਂ "ਨਾਮੁ" ਦੀ ਪ੍ਰਾਪਤੀ ਕਿਵੇਂ ਕਰਨੀ ਹੈ, ਇਹ ਸਮਝਾ ਰਹੀ ਹੈ। "ਨਾਮੁ" ਦੀ ਪ੍ਰਾਪਤੀ ਸਾਨੂੰ ਕੇਵਲ ਸੱਚਾ ਸੁੱਚਾ ਇਨਸਾਨ ਬਣ ਕੇ ਹੀ ਹੋ ਸਕਦੀ ਹੈ ਤੇ ਗੁਰਬਾਣੀ ਦਾ ਮਕਸਦ ਸਾਨੂੰ ਸੱਚੇ ਸੁੱਚੇ ਇਨਸਾਨ ਬਣਾਉਣਾ ਹੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨੇੜੇ ਲੱਗ ਸਕਦੇ ਹਾਂ। ਇਹ ਉੱਦਮ ਸਾਡੇ ਸਿਰ ਰੱਖਿਆ ਹੈ ਕਿ ਅਸੀਂ ਬਾਣੀ ਦੀ ਗੱਲ ਨੂੰ, ਗੁਰੂ ਦੀ ਗੱਲ ਨੂੰ ਪੜ੍ਹੀਏ, ਸੁਣੀਏ ਤੇ ਉਸਨੂੰ ਸਮਝ ਕੇ ਆਪਣੇ ਆਪ ਨੂੰ ਸੁੱਚਾ ਬਣਾਈਏ, ਸੱਚਾ ਸੁੱਚਾ ਇਨਸਾਨ ਬਣਾਈਏ। **(ਸਾਚੀ ਬਾਣੀ ਸੂਚਾ ਹੋਇ॥)** ਸੱਚੇ ਇਨਸਾਨ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਔਗੁਣਾਂ ਨੂੰ ਛੱਡੀਏ ਜਿਵੇਂ ਕਿ ਗੁਰਬਾਣੀ ਸਾਨੂੰ ਵਾਰ-ਵਾਰ ਇਹ ਗੱਲ ਸਮਝਾ ਰਹੀ ਹੈ। ਅਸੀਂ ਜੂਠੇ ਵੀ ਮਨ ਦੀ ਸਮਝ ਦੁਆਰਾ ਹਾਂ ਤੇ ਸੁੱਚੇ ਵੀ ਮਨ ਦੀ ਸਮਝ ਦੁਆਰਾ ਹੀ ਬਣ ਸਕਦੇ। ਜਦ ਤੱਕ ਸਾਡੇ ਮਨ ਦੇ ਵਿਚਾਰਾਂ ਵਿੱਚ ਔਗੁਣ ਹਨ ਤਾਂ ਤੱਕ ਸਾਡਾ ਮਨ ਜੂਠਾ ਹੈ ਤੇ ਔਗੁਣ ਛੱਡਣ ਦੁਆਰਾ ਹੀ ਭਾਵ ਗੁਣਾਂ ਨੂੰ ਗ੍ਰਹਿਣ ਕਰਨ ਦੁਆਰਾ ਹੀ ਸਾਡੀ ਸਮਝ ਸੁੱਚੀ ਬਣ ਸਕਦੀ ਹੈ, ਗੁਰਮਤਿ ਵਾਲੀ ਸਮਝ ਦੁਆਰਾ ਸੁੱਚੀ ਬਣ ਸਕਦੀ ਹੈ। ਸਾਡੇ ਅੰਦਰ ਗੁਣ ਆਉਣਗੇ ਤੇ ਤਾਂ ਹੀ ਸਾਡੇ ਔਗੁਣ ਨਿਕਲਣਗੇ ਤੇ ਗੁਣੀ ਬਣ ਕੇ ਹੀ ਸਾਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। **(ਗੁਣ ਤੇ ਨਾਮੁ ਪਰਾਪਤਿ ਹੋਇ॥੨॥)** ਬਜਾਇ ਔਗੁਣ ਛੱਡਣ ਦੇ, ਸੱਚਾ ਸੁੱਚਾ ਇਨਸਾਨ ਬਣਨ ਦੇ, ਅਸੀਂ ਇੱਕ ਅੱਖਰ ਦੇ ਜਪ ਦੁਆਰਾ ਹੀ ਆਪਣੇ ਆਪ ਨੂੰ ਸੱਚੇ ਸੁੱਚੇ ਸਮਝੀ ਜਾਂਦੇ ਹਾਂ। ਇੱਕ ਅੱਖਰ ਦੇ ਜਪ ਨੂੰ ਹੀ ਗੁਣੀ ਬਣਨਾ ਸਮਝੀ ਜਾਂਦੇ ਹਾਂ ਭਾਵ ਬਿਲਕੁਲ ਪੁੱਠੇ ਪਾਸੇ ਤੁਰੇ ਹੋਏ ਹਾਂ ਤੇ ਇਹ ਸਮਝੀ ਬੈਠੇ ਹਾਂ ਕਿ ਝੂਠ, ਲੋਭ ਲਾਲਚ ਆਦਿ ਛੱਡਣ ਦੀ ਕੀ ਲੋੜ ਹੈ, ਉਹ ਆਪੇ ਹੀ ਛੁੱਟਦੇ ਰਹਿਣਗੇ ਭਾਵ ਅਸੀਂ ਗੁਣਾਂ ਦੇ ਗਾਹਕ ਹੀ ਨਹੀਂ ਹਾਂ। ਅਸੀਂ ਮਾਇਆ ਮੋਹ ਛੱਡੇ ਬਿਨ੍ਹਾਂ ਹੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤੇ ਭੁਲੇਖੇ ਵਿੱਚ ਹੀ ਝੂਠੀ ਸ਼ੋਹਰਤ ਇਕੱਠੀ ਕਰੀ ਜਾਂਦੇ ਹਾਂ। ਲੇਖਾ ਕਰਮਾਂ ਦਾ ਹੀ ਹੋਣਾ ਹੈ ਤੇ ਚੰਗੇ ਕਰਮ ਕਰਨਾ ਹੀ ਨਾਮ ਜਪਣਾ ਹੈ ਨਾ ਕਿ ਕਿਸੇ ਅੱਖਰ ਦਾ ਜਪ ਕਰੀ ਜਾਣਾ ਚੰਗਾ ਕਰਮ ਹੈ। ਸਭ ਪਾਸੇ ਭਰਮ ਹੀ ਭਰਮ ਹੈ। (**ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥ ਪੂਰੇ ਗੁਰ ਕੈ ਸਬਦਿ ਸਮਾਹਿ॥੧॥ਰਹਾਉ॥ ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ ਅੰਮ੍ਰਿਤ ਸਬਦਿ ਨਾਮੁ ਵਖਾਣੈ॥ ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥**)

ਹੁਣ ਆਪ ਹੀ ਵਿਚਾਰੋ ਕਿ ਨਾਮ ਦੀ ਪ੍ਰਾਪਤੀ ਤਾਂ ਸਾਡੀ ਮੰਜ਼ਿਲ ਹੈ ਜਿੱਥੇ ਅਸੀਂ ਪਹੁੰਚਣਾ ਹੈ। ਜੋ ਮਨੁੱਖ ਪਹਿਲਾਂ ਹੀ ਨਾਮ ਲਈ ਬੈਠੇ ਹਨ ਉਹ ਪ੍ਰਾਪਤੀ ਕਿਸ ਚੀਜ ਦੀ ਕਰ ਰਹੇ ਹਨ। ਮੰਜ਼ਿਲ ਤੇ ਤਾਂ ਉਹ ਪਹਿਲੇ ਹੀ ਪਹੁੰਚੇ ਹੋਏ ਹਨ ਤਾਂ ਇਸ ਤੋਂ ਬਾਅਦ ਹੋਰ ਕਿਹੜੇ ਮਕਸਦ ਦੀ ਪੂਰਤੀ ਲਈ ਅਸੀਂ ਸਭ ਜਪ ਤਪ ਕਰ ਰਹੇ ਹਾਂ। ਪ੍ਰਾਪਤੀ ਤਾਂ ਹਰ ਕੋਈ ਅਸਲ ਵਿੱਚ ਮਾਇਆ ਦੀ ਹੀ ਕਰਨੀ ਚਾਹੁੰਦਾ ਹੈ, ਆਪਣੀਆਂ ਇੱਛਾਵਾਂ ਦੀ ਕਰਨੀ ਚਾਹੁੰਦਾ ਹੈ, ਆਪਣਾ ਮਾਨ ਵਧਾਉਣਾ ਚਾਹੁੰਦਾ ਹੈ। ਜੇ ਧਿਆਨ ਨਾਲ ਬਾਣੀ ਨੂੰ ਵਿਚਾਰੋਗੇ ਤਾਂ ਜਵਾਬ ਮਿਲ ਜਾਵੇਗਾ। ਗੁਰੂ ਕੋਲ ਹਰ ਗੱਲ ਦਾ ਜਵਾਬ ਹੈ। ਗੁਰੂ ਪੂਰਾ ਹੈ ਅਤੇ ਅਸੀਂ ਅਧੂਰੇ ਹਾਂ। ਆਓ ਪਹਿਲਾਂ ਇਸ ਗੱਲ 'ਤੇ ਯਕੀਨ ਕਰੀਏ ਕਿ ਗੁਰੂ ਦੀ ਮਤਿ ਬਹੁਤ-ਬਹੁਤ ਉੱਚੀ ਹੈ ਤੇ ਸਾਨੂੰ ਪ੍ਰਮਾਤਮਾ ਨੇ ਬਹੁਤ ਹੀ ਛੋਟੀ ਮਤਿ ਬਖ਼ਸ਼ੀ ਹੈ। ਹੁਣ ਧਿਆਨ ਨਾਲ ਵਿਚਾਰੀਏ ਕਿ ਗੁਰੂ ਸਾਹਿਬ ਹੀ ਸਾਨੂੰ ਵਾਰ-ਵਾਰ ਬਾਣੀ

2/44

ਦੁਆਰਾ ਇਹ ਸਮਝਾ ਰਹੇ ਹਨ ਕਿ ਸਾਨੂੰ ਹਰ ਵੇਲੇ ਹਰਿ ਹਰਿ ਕਰਨਾ ਚਾਹੀਦਾ ਹੈ ਤੇ ਆਪ ਹੀ ਇਹ ਗੱਲ ਸਮਝਾ ਰਹੇ ਹਨ ਕਿ ਹਰਿ ਹਰਿ ਕਰਨ ਦਾ ਸਾਨੂੰ ਕੋਈ ਲਾਭ ਨਹੀਂ ਹੈ। ਇਸ ਦਾ ਮਤਲਬ ਇਹ ਤਾਂ ਕਦੇ ਵੀ ਨਹੀਂ ਕੱਢਿਆ ਜਾ ਸਕਦਾ ਕਿ ਗੁਰੂ ਦੁਚਿੱਤੀ ਵਿੱਚ ਹੈ। ਲੇਕਿਨ ਇਸ ਦਾ ਮਤਲਬ ਇਹ ਤਾਂ ਹੋ ਹੀ ਸਕਦਾ ਹੈ ਕਿ ਸਾਨੂੰ ਗੁਰੂ ਦੀ ਗੱਲ ਦਾ ਅਸਲ ਭਾਵ ਸਮਝ ਨਾ ਆਇਆ ਹੋਵੇ, ਕਿਉਂਕਿ ਸਾਡੀ ਮਤਿ ਗੁਰੂ ਦੇ ਸਾਹਮਣੇ ਅਤਿ ਦੀ ਛੋਟੀ ਹੈ। ਇਸ ਦਾ ਮਤਲਬ ਇਹ ਵੀ ਤਾਂ ਕੱਢਿਆ ਜਾ ਸਕਦਾ ਹੈ ਕਿ ਅਸੀਂ ਬਾਣੀ ਨੂੰ ਬੜੇ ਹੀ ਧਿਆਨ ਨਾਲ, ਗੰਭੀਰਤਾ ਨਾਲ ਵਿਚਾਰੀਏ ਕਿ ਗੁਰੂ ਸਾਹਿਬ ਨੇ ਇਸ ਤਰ੍ਹਾਂ ਕਿਉਂ ਲਿਖਿਆ ਹੈ ਭਾਵ ਅਸੀਂ ਬਾਣੀ ਨੂੰ ਤਹਿ ਤੱਕ ਵਿਚਾਰੀਏ ਤੇ ਜਵਾਬ ਆਪਣੇ ਆਪ ਹੀ ਮਿਲ ਜਾਵੇਗਾ ਤੇ ਸਾਡੀ ਦੁਚਿੱਤੀ ਦੂਰ ਹੋ ਜਾਵੇਗੀ। ਬਜਾਇ ਗੁਰੂ ਦੀ ਗੱਲ ਨੂੰ ਵਿਚਾਰਨ ਦੇ ਅਸੀਂ ਅੱਖਰ ਹੀ ਬਦਲ ਲਿਆ ਹੈ ਭਾਵ ਜੇਕਰ ਗੁਰੂ ਕਹਿ ਰਹਿਆ ਹੈ ਕਿ ਹਰਿ ਹਰਿ ਕਰਨ ਦਾ ਕੋਈ ਲਾਭ ਨਹੀਂ, ਰਾਮ ਰਾਮ ਜਪਣ ਦਾ ਕੋਈ ਲਾਭ ਨਹੀਂ ਫਿਰ ਅਸੀਂ ਵਾਹਿਗੁਰੂ ਵਾਹਿਗੁਰੂ ਜਪ ਲੈਂਦੇ ਹਾਂ ਭਾਵ ਬਜਾਇ ਗੁਰੂ ਦੀ ਗੱਲ ਦੀ ਗਹਿਰਾਈ ਨੂੰ ਸਮਝਣ ਦੇ ਅਸੀਂ ਆਪਣੀ ਮਤਿ ਨਾਲ ਕਿਸੇ ਅੱਖਰ ਦੀ ਕਥਨੀ ਨੂੰ ਹੀ ਨਾਮ ਜਪਣਾ ਸਮਝਿਆ ਹੋਇਆ ਹੈ ਤੇ ਆਪਣਾ ਗੁਣ ਸਮਝਿਆ ਹੋਇਆ ਹੈ। ਆਓ ਗੁਰੂ ਦੀ ਗੱਲ 'ਤੇ ਹੀ ਭਰੋਸਾ ਕਰਕੇ ਜਾਣੀਏ ਤੇ ਹੋਰ ਕਿਸੇ ਤੇ ਭਰੋਸਾ ਕਰਨ ਤੋਂ ਬਚੀਏ। ਮੁੱਖੋਂ ਕਿਸੇ ਅੱਖਰ ਦੇ ਜਪ ਕਰੀ ਜਾਣ ਨੂੰ ਕੋਈ ਗੁਣ ਨਹੀਂ ਦੱਸਿਆ ਪਰ ਅਸੀਂ ਇਸੇ ਨੂੰ ਹੀ ਗੁਣ ਸਮਝਦੇ ਹਾਂ ਜੋ ਕਿ ਕੇਵਲ ਸਾਡੇ ਅੰਦਰ ਦਾ ਭਰਮ ਹੈ, ਗੁਰੂ ਦੀ ਮਤਿ ਦਾ ਨਾਸਮਝ ਆਉਣਾ ਹੈ।

ਪ੍ਰਮਾਤਮਾ ਦੀ ਭਗਤੀ ਕੇਵਲ ਗੁਰੂ ਦੇ ਗੁਣਾਂ ਨੂੰ ਗ੍ਰਹਿਣ ਕਰਕੇ ਹੀ ਕੀਤੀ ਜਾ ਸਕਦੀ ਹੈ। ਇਹ ਗੱਲ ਬਾਣੀ ਦੇ ਹੇਠ ਲਿਖੇ ਸ਼ਬਦ ਦੁਆਰਾ ਬਹੁਤ ਹੀ ਸਪੱਸ਼ਟ ਹੈ ਤੇ ਹੋਰ ਕਿਸੇ ਵੀ ਉਪਰਾਲੇ ਦੁਆਰਾ ਕੀਤੀ ਗਈ ਭਗਤੀ ਦਾ ਸਖ਼ਤ ਲਫ਼ਜ਼ਾਂ ਵਿੱਚ ਖੰਡਨ ਕੀਤਾ ਹੋਇਆ ਹੈ।

“ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥
ਅਮੁਲ ਆਵਹਿ ਅਮੁਲ ਲੈ ਜਾਹਿ॥ ਅਮੁਲ ਭਾਇ ਅਮੁਲਾ ਸਮਾਹਿ॥
ਅਮੁਲੁ ਧਰਮੁ ਅਮੁਲੁ ਦੀਬਾਣੁ॥ ਅਮੁਲੁ ਤੁਲੁ ਅਮੁਲੁ ਪਰਵਾਣੁ॥
ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥
ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥
ਆਖਹਿ ਵੇਦ ਪਾਠ ਪੁਰਾਣ॥ ਆਖਹਿ ਪੜੇ ਕਰਹਿ ਵਖਿਆਣ॥
ਆਖਹਿ ਬਰਮੇ ਆਖਹਿ ਇੰਦ॥ ਆਖਹਿ ਗੋਪੀ ਤੈ ਗੋਵਿੰਦ॥
ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ॥
ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥

ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥
ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥
ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥
ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥"

(ਅੰਗ - ੫)

ਸਾਡੀ ਸਾਰੀ ਭਗਤੀ ਦਾ ਅਸਲੀ ਮਕਸਦ ਉਸ ਪ੍ਰਮਾਤਮਾ ਨੂੰ ਜਾਨਣ ਦਾ ਹੈ। ਉਹ ਪ੍ਰਮਾਤਮਾ ਅਮੁੱਲ ਹੈ। ਪ੍ਰਮਾਤਮਾ ਆਪਣੇ ਉੱਚੇ ਗਿਆਨ ਦੁਆਰਾ ਅਮੁਲ ਹੈ। ਜਿਸ ਉੱਚੇ ਗਿਆਨ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਹਰ ਆਕਾਰ ਰੂਪ ਨੂੰ ਉਸਨੇ ਗੁਣਾਂ ਦੁਆਰਾ ਭਰਿਆ ਹੋਇਆ ਹੈ। ਉਹ ਆਪਣੇ ਉੱਚੇ ਗੁਣਾਂ ਕਰਕੇ ਅਮੁੱਲ ਹੈ। ਉਹ ਗੁਣਾਂ ਦਾ ਖਜ਼ਾਨਾ ਹੈ, ਭੰਡਾਰ ਹੈ। ਉਸ ਅਮੁੱਲੇ ਗੁਣਾਂ ਵਾਲੇ ਪ੍ਰਮਾਤਮਾ ਨੂੰ ਜਾਨਣ ਲਈ ਵੀ ਉੱਚੇ ਗੁਣਾਂ ਦੀ ਲੋੜ ਹੈ, ਧਾਰਮਿਕ ਗੁਣਾਂ ਦੀ ਲੋੜ ਹੈ ਭਾਵ ਉਹੋ ਜਿਹੇ ਗੁਣਾਂ ਦੀ ਲੋੜ ਹੈ ਜਿਹੋ ਜਿਹੇ ਗੁਣ ਸਾਨੂੰ ਪ੍ਰਮਾਤਮਾ ਦੀ ਬਾਣੀ ਸਮਝਾ ਰਹੀ ਹੈ। ਅਸੀਂ ਵਾਪਾਰ ਉਸ "ਅਮੁਲ" ਦਾ ਕਰਨਾ ਹੈ ਤੇ ਉਸ ਦਾ ਵਾਪਾਰ ਵੀ ਉਸ ਕੋਲੋਂ ਉੱਚੇ ਧਾਰਮਿਕ ਗੁਣ ਲੈ ਕੇ ਹੀ ਹੋ ਸਕਦਾ ਹੈ ਭਾਵ ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਅਪਣਾ ਕੇ, ਆਪਣੇ ਜੀਵਨ ਨੂੰ ਗੁਣਾਂ ਵਾਲਾ ਬਣਾ ਕੇ ਭਾਵ ਔਗੁਣ ਤਿਆਗ ਕੇ,

2/45 ਅਤੇ 45-ਅ

ਸੱਚੀ ਸੁੱਚੀ ਕਿਰਤ ਵਿਹਾਰ ਕਰਕੇ ਕੀਤਾ ਜਾ ਸਕਦਾ ਹੈ। ਜਿਹੜਾ ਮਨੁੱਖ ਭਾਵੇਂ ਜਿਹੜੀ ਵੀ ਕਾਰੇ ਲੱਗਾ ਹੋਇਆ ਹੈ ਉਹ ਪ੍ਰਮਾਤਮਾ ਦਾ ਲਾਇਆ ਹੋਇਆ ਹੀ ਲੱਗਾ ਹੋਇਆ ਹੈ। ਉੱਪਰ ਵਾਲੇ ਸ਼ਬਦ ਨੂੰ ਸਮਝਣ ਤੋਂ ਪਹਿਲੇ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਗੁਣਾਂ ਦੀ ਮਹੱਤਤਾ ਨੂੰ ਸਮਝੀਏ। ਜੋ ਜਿਹੜੀ ਵੀ ਕਾਰੇ ਕੋਈ ਲੱਗਾ ਹੋਇਆ ਹੈ ਉਹ ਆਪਣਾ ਕਾਰ ਵਿਹਾਰ ਸੱਚੀ- ਸੁੱਚੀ ਭਾਵਨਾ, ਸੱਚੀ ਨੀਅਤ ਦੁਆਰਾ ਕਰੇ, ਆਪਣਾ ਕੰਮ ਇਮਾਨਦਾਰੀ ਨਾਲ ਕਰੇ, ਕਿਸੇ ਦਾ ਹੱਕ ਨਾ ਖਾਵੇ ਭਾਵ ਗੁਰੂ ਦੇ ਦੱਸੇ ਹੋਏ ਮਾਰਗ ਅਨੁਸਾਰ ਆਪਣਾ ਜੀਵਨ ਬਤੀਤ ਕਰੇ ਭਾਵ ਆਪਣੇ-ਆਪਣੇ ਧਾਰਮਿਕ ਗ੍ਰੰਥ ਅਨੁਸਾਰ ਜਿੱਥੇ ਵੀ ਕਿਸੇ ਦੀ ਆਸਥਾ ਹੈ, ਉਸ ਨੂੰ ਪੜ੍ਹ ਸੁਣ ਕੇ ਉਸ 'ਤੇ ਅਮਲ ਕਰੇ ਭਾਵ ਔਗੁਣਾਂ ਤੋਂ ਰਹਿਤ ਹੋਕੇ ਗੁਣਾਂ ਦੁਆਰਾ ਵਿਚਰੇ ਭਾਵ ਸੱਚ ਦੇ ਮਾਰਗ ਤੇ ਚਲੇ। ਹਰ ਧਰਮ ਗ੍ਰੰਥ ਨੇ ਸੱਚ ਦਾ ਮਾਰਗ ਹੀ ਸਮਝਾਇਆ ਹੋਇਆ ਹੈ, ਇਹੀ ਨਾਮ ਦਾ ਮਾਰਗ ਹੈ। ਸਾਰੇ ਧਰਮ ਗ੍ਰੰਥਾਂ ਵਿੱਚ ਨਾਮ ਹੀ ਹੈ। ਹਰ ਧਰਮ ਗ੍ਰੰਥ ਮਨੁੱਖ ਨੂੰ ਉੱਤਮ ਕਰਮ ਕਰਨ ਲਈ ਹੀ ਪ੍ਰੇਰਦਾ ਹੈ ਜੋ ਉੱਤਮ ਕਰਮ ਔਗੁਣ ਛੱਡ ਕੇ ਭਾਵ ਗੁਣਾਂ ਦੁਆਰਾ ਹੀ ਕੀਤੇ ਜਾ ਸਕਦੇ ਹਨ। ਮਗਰ ਅਸੀਂ ਉਸਦੇ ਭਾਵ ਨੂੰ ਪੂਰੀ ਤਰ੍ਹਾਂ ਨਾ ਸਮਝਦੇ ਹੋਏ ਉਲਝਣਾਂ ਵਿੱਚ ਪੈ ਜਾਂਦੇ ਹਾਂ, ਵਾਦ-ਵਿਵਾਦ ਵਿੱਚ ਪੈ ਜਾਂਦੇ ਹਾਂ।

ਹੁਣ ਧਿਆਨ ਨਾਲ ਵਿਚਾਰੀਏ ਅਗਰ ਹਰ ਕੋਈ ਨਾਮ ਜਪੇ ਭਾਵ ਇਮਾਨਦਾਰੀ ਤੇ ਚੱਲੇ ਤਾਂ ਇਹ ਦੁਨੀਆਂ ਕਿਤਨੀ ਸੋਂਖੀ ਹੋ ਜਾਵੇ, ਸਾਡਾ ਇਸ ਦੁਨੀਆਂ ਵਿੱਚ ਵਿਚਰਨਾ ਕਿਤਨਾ ਸੋਖਾ ਹੋ ਜਾਵੇ। ਨਾ ਕੋਈ ਰਿਸ਼ਵਤਖੋਰ ਰਹੇ, ਨਾ ਕੋਈ ਬੇਈਮਾਨੀ ਕਰੇ, ਨਾ ਕੋਈ ਮਿਲਾਵਟਾਂ ਕਰੇ, ਨਾ ਕੋਈ ਕਿਸੇ ਦਾ ਹੱਕ ਖਾਏ, ਨਾ ਕੋਈ ਚੋਰੀ ਚਕਾਰੀ ਦਾ ਡਰ ਰਹੇ, ਨਾ ਕੋਈ ਕਿਸੇ ਨੂੰ ਧੀ, ਭੈਣ ਦੀ ਇੱਜ਼ਤ ਦਾ ਡਰ ਰਹੇ, ਨਾ ਕਿਤੇ ਕੋਈ ਲੜਾਈ ਝਗੜਾ ਰਹੇ, ਨਾ ਕਿਸੇ ਨੂੰ ਕੋਈ ਵੱਡਾ ਛੋਟਾ ਆਖੇ ਆਦਿ। ਇਹੀ ਧਰਮ ਦਾ ਮਾਰਗ ਹੈ ਜੋ ਕਿ ਗੁਣੀ ਬਣ ਕੇ ਵਿਚਰਨ ਦਾ ਮਾਰਗ ਹੈ। ਇਹੋ ਜਿਹੀ ਸਮਝ ਦੁਆਰਾ ਵਿਚਰਨਾ ਹੀ ਨਾਮ ਜਪਣਾ ਹੈ, ਗੁਣੀ ਬਣ ਕੇ ਵਿਚਰਨਾ ਹੈ। ਧਿਆਨ ਨਾਲ ਸੋਚੋ ਜਿਨ੍ਹਾਂ ਮੁਲਕਾਂ ਵਿੱਚ ਸੱਚ ਦੀ ਕਦਰ ਹੈ ਉਨ੍ਹਾਂ ਦਾ ਜੀਵਨ ਕਿਤਨਾ ਸੌਖਾ ਹੈ। ਜੋ ਮਨੁੱਖ ਪ੍ਰਮਾਤਮਾ ਦੀ ਬਣਾਈ ਹੋਈ ਇਸ ਦੁਨੀਆਂ ਨੂੰ ਸੌਖਿਆਂ ਕਰਦਾ ਹੈ ਭਾਵ ਜੋ ਉਸਦੇ ਅਸੂਲਾਂ ਤੇ ਚੱਲਦਾ ਹੈ, ਉਸਦੇ ਬਣਾਏ ਹੋਏ ਧਰਮ ਦੇ ਮਾਰਗ ਤੇ ਚੱਲਦਾ ਹੈ ਭਾਵ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਦਾ ਹੈ, ਪ੍ਰਮਾਤਮਾ ਉਸ ਮਨੁੱਖ ਨੂੰ ਦਰਸ਼ਨ ਦੇ ਕੇ, ਉਸ ਵਿੱਚ ਪ੍ਰਗਟ ਹੋ ਕੇ ਉਸਨੂੰ ਸਦਾ ਲਈ ਸੌਖਾ ਕਰ ਦਿੰਦਾ ਹੈ, ਮਨ ਦੇ ਆਵਾਗਉਣ ਤੋਂ ਮੁਕਤ ਕਰ ਦਿੰਦਾ ਹੈ। ਹੁਣ ਇਸ ਗੱਲ ਨੂੰ ਵਿਚਾਰੀਏ ਕਿ ਸੱਚ ਦੇ ਰਾਜ ਤੋਂ ਵਧੀਆ ਵੀ ਕੋਈ ਰਾਜ ਹੋ ਸਕਦਾ ਹੈ। "ਧਰਮ" ਸੱਚ ਦਾ ਮਾਰਗ ਹੈ ਤੇ ਇਹੋ ਜਿਹਾ ਰਾਜ ਹੀ ਧਰਮ ਦਾ ਰਾਜ ਹੈ, ਇਹੋ ਰਾਮ ਰਾਜ ਹੈ। ਅਸੀਂ ਅਕਸਰ "ਖਾਲਸਾ ਰਾਜ" ਦੀਆਂ ਗੱਲਾਂ ਕਰਦੇ

ਹਾਂ ਤੇ ਕੀ ਖਾਲਸਾ ਰਾਜ ਇਸ ਤੋਂ ਵੀ ਵਧੀਆ ਹੋਵੇਗਾ। ਖਾਲਸਾ ਰਾਜ ਦੀ ਗੱਲ ਕਰਨ ਤੋਂ ਪਹਿਲਾਂ ਇਹ ਸਮਝੀਏ ਕਿ ਖਾਲਸਾ ਕਿਸ ਨੂੰ ਕਿਹਾ ਹੈ। ਖਾਲਸਾ ਉਸ ਨੂੰ ਕਿਹਾ ਹੈ ਜੋ ਗੁਰੂ ਦੇ ਹੁਕਮ ਵਿੱਚ ਚੱਲਦਾ ਹੈ, ਪ੍ਰਮਾਤਮਾ ਦੇ ਭਾਣੇ ਵਿੱਚ ਰਹਿੰਦਾ ਹੈ, ਜਿਸਦਾ ਹਿਰਦਾ ਸ਼ੁੱਧ ਹੈ, ਜੋ ਖਾਲਸ ਹੈ, ਜਿਸ ਦਾ ਮਨ ਪਵਿੱਤਰ ਹੈ ਜੋ ਹਰ ਔਗੁਣ ਤੋਂ ਰਹਿਤ ਹੈ ਭਾਵ ਗੁਣਾਂ ਨਾਲ ਭਰਪੂਰ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਪਹਿਲਾਂ ਤੋਂ ਹੀ ਸਮਝਾਇਆ ਹੋਇਆ ਹੈ ਕਿ ਖਾਲਸਾ ਕੀ ਹੈ।

{ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥੪॥੩॥}

(ਅੰਗ ੬੫੫)

ਗੁਰੂ ਪ੍ਰਮਾਤਮਾ ਦੇ ਨਾਲ ਪ੍ਰੇਮ ਪਾਉਣਾ ਕੀ ਹੈ, ਉਸਦੀ ਭਗਤੀ ਦਾ ਸੱਚਾ ਮਾਰਗ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਕਿ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਦਾ ਹੈ, ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋਣ ਦਾ ਹੈ। ਖਾਲਸਾ ਕੇਵਲ ਸਰੂਪ ਦੁਆਰਾ ਨਹੀਂ ਬਣਿਆ ਜਾ ਸਕਦਾ। ਅਸਲ ਵਿੱਚ ਖਾਲਸਾ ਮਨ ਦੁਆਰਾ ਬਣਨਾ ਹੈ। ਕੇਵਲ ਬਾਣੇ ਦੁਆਰਾ ਖਾਲਸਾ ਨਹੀਂ ਬਣਿਆ ਜਾ ਸਕਦਾ। ਪਹਿਲਾਂ ਬਾਣੀ ਦਾ ਭਾਵ ਬਾਣੀ ਦੀ ਮਤਿ ਦਾ, ਗੁਰੂ ਦੀ ਮਤਿ ਦਾ ਮਨ ਵਿੱਚ ਵੱਸਣਾ ਬਹੁਤ ਜਰੂਰੀ ਹੈ। ਦਸਵੇਂ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸਰੀਰਕ ਸਿੱਖੀ ਸਰੂਪ ਬਖ਼ਸ਼ਿਆ ਹੈ ਤੇ ਨਾਲ ਹੀ ਸਾਨੂੰ ਬਾਣੀ ਨਾਲ ਤਨੋ ਮਨੋ ਜੁੜਨ ਦਾ ਤਰੀਕਾ ਸਮਝਾਇਆ ਹੈ। ਜਿਸ ਦੁਆਰਾ ਅਸੀਂ ਤਨੋ ਮਨੋ ਸਿੱਖ ਬਣ ਸਕਦੇ ਹਾਂ। ਸਿੱਖ ਅਸੀਂ ਗੁਰੂ ਦੀ ਸਿੱਖਿਆ ਮੰਨਣ ਦੁਆਰਾ ਹੀ ਬਣਨਾ ਹੈ।

{ਸਿਖੀ ਸਿਖਿਆ ਗੁਰ ਵੀਚਾਰਿ ॥}

(ਅੰਗ - ੪੬੫)

ਗੁਰੂ ਦੇ ਹਰ ਸ਼ਬਦ ਦੀ ਵਿਚਾਰ ਸਾਡੇ ਲਈ ਸਿੱਖਿਆ ਹੈ ਜਿਸ ਸਿੱਖਿਆ ਨੂੰ ਮੰਨਣ ਦੁਆਰਾ ਹੀ ਗੁਰੂ ਦਾ ਸਿੱਖ ਬਣਿਆ ਜਾ ਸਕਦਾ ਹੈ। ਗੁਰੂ ਦੀ ਸੱਚੀ ਸਿੱਖਿਆ ਹੀ ਅੰਮ੍ਰਿਤ ਹੈ ਜਿਸ ਕਰਕੇ ਸਾਰੀ ਬਾਣੀ "ਅੰਮ੍ਰਿਤ" ਹੈ ਤੇ ਜਦ ਤੱਕ ਅਸੀਂ ਇਹ ਬਾਣੀ ਦਾ ਅੰਮ੍ਰਿਤ ਨਹੀਂ ਛਕਦੇ ਭਾਵ ਗੁਰੂ ਦੀ ਮਤਿ ਨੂੰ ਸਮਝ ਕੇ ਉਸ ਤੇ ਅਮਲ ਨਹੀਂ ਕਰਦੇ ਭਾਵ ਆਪਣੇ ਵਿਕਾਰਾਂ ਨੂੰ ਨਹੀਂ ਛੱਡਦੇ ਤਦ ਤੱਕ ਅਸੀਂ ਖਾਲਸੇ ਨਹੀਂ ਬਣ ਸਕਦੇ। ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਦੇ ਵਕਤ ਸਾਨੂੰ ਪੰਜ ਕਕਾਰਾਂ ਦੀ ਦਾਤ ਵੀ ਨਾਲ ਹੀ ਬਖ਼ਸ਼ੀ ਜਾਂਦੀ ਹੈ ਤਾਂ ਜੋ ਸਾਨੂੰ ਹਰ ਵੇਲੇ ਪੰਜਾਂ ਵਿਕਾਰਾਂ ਤੋਂ ਬਚਣ ਲਈ ਮਨ ਵਿੱਚ ਦ੍ਰਿੜਤਾ ਰਹੇ ਅਤੇ ਅਸੀਂ ਆਪਣੇ ਅਸੂਲਾਂ ਤੋਂ ਨਾ ਡੋਲੀਏ। ਇਹ ਸਿੱਖੀ ਸਰੂਪ ਦੀ ਜੋ ਸਾਡੇ ਤੇ ਬਖਸ਼ਿਸ ਹੋਈ ਹੈ, ਇਸ ਦੇ ਮਨੋਰਥ ਨੂੰ ਵੀ ਸਮਝਣ ਦੀ ਲੋੜ ਹੈ। ਗੁਰਬਾਣੀ ਵਿੱਚ ਦਿੱਤਾ ਹੋਇਆ ਗਿਆਨ ਬਹੁਤ ਹੀ ਉੱਚਾ ਹੈ ਜੋ ਸਾਨੂੰ ਧਰਮ ਦਾ ਮਾਰਗ ਸਮਝਾਉਂਦਾ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਵਸੀਲਾ ਬਣਾਉਂਦਾ ਹੈ। ਗੁਰਬਾਣੀ ਦਾ ਉੱਚਾ ਗਿਆਨ ਭਾਵ ਬ੍ਰਹਮ ਗਿਆਨ ਹੀ ਅੰਮ੍ਰਿਤ ਹੈ, ਅੰਮ੍ਰਿਤ ਨਾਮ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਗੁਰਬਾਣੀ ਦੇ ਵਿੱਚੋਂ ਇਹ ਅੰਮ੍ਰਿਤ ਸਾਡੇ ਮਨ ਨੇ ਛਕਣਾ ਹੈ ਜਿਸ ਨੇ ਸਾਡੇ ਮਨ ਦੀ ਸਮਝ ਨੂੰ ਪਵਿੱਤਰ ਕਰਨਾ ਹੈ, ਗੁਣਾਂ ਵਾਲਾ ਬਨਾਉਣਾ ਹੈ, ਖਾਲਸਾ ਰੂਪ ਬਨਾਉਣਾ ਹੈ। ਗੁਰਬਾਣੀ ਸਾਰੀ ਮਨੁੱਖਤਾ ਦੀ ਗੱਲ ਕਰਦੀ ਹੈ, ਸਾਰੇ ਜਗਤ ਦੀ ਸਾਂਝੀ ਹੈ। ਹਰ ਦੁਨਿਆਵੀ ਧਰਮ ਦੇ ਮੰਨਣ ਵਾਲਿਆਂ ਨੂੰ ਇੱਕੋ ਗੱਲ ਸਮਝਾਉਂਦੀ ਹੈ, ਧਰਮ ਦੇ ਝਗੜਿਆਂ ਤੋਂ ਬਚਣ ਲਈ ਪ੍ਰੇਰਦੀ ਹੈ। ਗੁਰਬਾਣੀ ਵਿੱਚ ਹਰ ਗੱਲ ਦਾ ਗਿਆਨ ਹੈ, ਜਵਾਬ ਹੈ। ਇਸ ਲਈ ਗੁਰਬਾਣੀ ਦੀ ਗੱਲ ਸਾਰੀ ਦੁਨੀਆਂ ਵਿੱਚ ਪਹੁੰਚਾਉਣ ਲਈ ਸਾਡਾ ਸਰੀਰਕ ਸਿੱਖੀ ਸਰੂਪ ਵੀ ਇੱਕ ਬਹੁਤ ਵੱਡਾ ਉਪਰਾਲਾ ਹੈ। ਆਪਣੇ ਸਰੀਰਕ ਸਿੱਖੀ ਸਰੂਪ ਦੁਆਰਾ ਅਸੀਂ ਹਜ਼ਾਰਾਂ ਵਿੱਚ ਖੜ੍ਹੇ ਹੋਏ ਵੀ ਵੱਖਰੇ ਪਹਿਚਾਣੇ ਜਾਂਦੇ ਹਾਂ। ਅਸੀਂ ਗੁਰਬਾਣੀ ਗੁਰੂ ਦੇ ਮੈਸੰਜਰ ਭਾਵ ਦੂਤ ਹਾਂ ਤਾਂ ਕਿ ਗੁਰਬਾਣੀ ਦੀ ਗੱਲ ਦੁਨੀਆਂ ਤੱਕ ਪਹੁੰਚ ਸਕੇ। ਮਨੁੱਖ ਆਪਣੇ ਆਚਾਰ-ਵਿਹਾਰ ਦੁਆਰਾ ਜਾਣਿਆ ਜਾਂਦਾ ਹੈ। ਜੇ ਸਮਾਜ ਵਿੱਚ ਸਾਡੀ ਵਰਤਣ ਚੰਗੀ ਹੋਵੇਗੀ, ਸਾਡੇ ਅਸੂਲ ਚੰਗੇ ਹੋਣਗੇ ਭਾਵ ਜਦੋਂ ਮਨ ਦੇ ਵਿਚ ਸਿਖੀ ਹੋਵੇਗੀ ਤਾਂ ਆਪਣੇ ਆਪ ਹੀ ਗੁਰੂ ਦੀ ਸ਼ੋਭਾ ਹੋਵੇਗੀ, ਲੋਕ ਗੁਰਬਾਣੀ ਦੇ ਪਿੱਛੇ ਲੱਗਣਗੇ ਅਤੇ ਆਪਣਾ ਜੀਵਨ ਸੁਧਾਰਨਗੇ। ਇਹੀ ਗੁਰਬਾਣੀ ਦਾ ਮਨੋਰਥ ਹੈ। ਇਹੀ ਗੁਰੂ ਸਾਹਿਬਾਨ ਦਾ ਸਾਨੂੰ ਸਰੀਰਕ ਸਿੱਖੀ ਸਰੂਪ ਤੇ ਮਨ ਦੀ ਸਿਖੀ ਬਖਸ਼ਣ ਦਾ ਮਨੋਰਥ ਹੈ।

ਅਸੀਂ ਮਨ ਦੇ ਵਿੱਚ ਖਾਲਸੇ ਬਣ ਕੇ ਗੁਰੂ ਦੇ ਮਨੋਰਥ ਦੀ ਪੂਰਤੀ ਕਰਨੀ ਹੈ। ਪਹਿਲਾਂ ਆਪ ਨਾਮ ਜਪਾਗੇ ਫਿਰ ਦੂਜਿਆਂ ਨੂੰ ਜਪਾਵਾਂਗੇ। ਪਹਿਲਾਂ ਆਪ ਗੁਰੂ ਦੇ ਉਪਦੇਸ਼ ਤੇ ਚੱਲਾਗੇ, ਤਾਂ ਹੀ ਦੂਜਿਆਂ ਨੂੰ ਕਹਿ ਸਕਾਗੇ। ਹੁਣ ਵਿਚਾਰੀਏ ਕਿ ਖਾਲਸਾ ਰਾਜ ਕੀ ਹੋਇਆ? ਇਹ ਵੀ ਸੱਚ ਦਾ ਹੀ ਰਾਜ ਹੈ, ਧਰਮ ਦਾ ਰਾਜ ਹੈ, ਰਾਮ ਰਾਜ ਹੈ, ਇਨਸਾਨੀਅਤ ਦਾ ਰਾਜ ਹੈ, ਸੁੱਖ

ਦਾ ਰਾਜ ਹੈ, ਬਾਣੀ ਦਾ ਰਾਜ ਹੈ। ਇਹੋ ਜਿਹਾ ਰਾਜ ਤਾਂ ਹੀ ਸੰਭਵ ਹੈ ਜੇ ਅਸੀਂ ਆਪਣੇ ਜੀਵਨ ਵਿੱਚ ਔਗੁਣਾਂ ਤੇ ਵਿਕਾਰਾਂ ਨੂੰ ਤਿਆਗੀਏ ਜਿਸਦੀ ਕਿ ਸਾਨੂੰ ਬਾਣੀ ਵਾਰ-ਵਾਰ ਪ੍ਰੇਰਨਾ ਕਰ ਰਹੀ ਹੈ। ਜਿਹੜਾ ਮਨੁੱਖ ਔਗੁਣਾਂ ਦਾ ਤਿਆਗ ਕਰਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਣਾਉਂਦਾ ਹੈ, ਉਸ ਨੂੰ ਖੁਦ ਤਾਂ ਔਖਾ ਹੋਣਾ ਹੀ ਪੈਂਦਾ ਹੈ ਪਰ ਉਹ ਹੋਰ ਦੂਜਿਆਂ ਲਈ ਸੁੱਖ ਦਾ ਕਾਰਨ ਬਣਦਾ ਹੈ, ਮਨੁੱਖਤਾ ਦੀ ਭਲਾਈ ਕਰਦਾ ਹੈ, ਲੋਕਾਂ ਦੀਆਂ ਅਸੀਸਾਂ ਲੈਂਦਾ ਹੈ। ਪਰ ਇਸ ਦੇ ਉਲਟ ਜੋ ਮਨੁੱਖ ਔਗੁਣਾਂ ਵਿੱਚ ਵਿਚਰਦਾ ਹੈ ਉਹ ਆਪਣੇ ਸੁੱਖ ਲਈ ਹੋਰ ਅਨੇਕਾਂ ਲੋਕਾਂ ਲਈ ਦੁੱਖਾਂ ਦਾ ਕਾਰਨ ਬਣਦਾ ਹੈ, ਬਦ ਦੁਆਵਾਂ ਲੈਂਦਾ ਹੈ **(ਲੈਦਾ ਬਦ ਦੁਆਇ)** ਅੰਗ - ੪੨ । ਹੁਣ ਆਪੇ ਸੋਚੋ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਿਹੜਾ ਚੰਗਾ ਹੋਇਆ, ਕਿਹੜਾ ਨੇੜੇ ਹੋਇਆ ਤੇ ਕਿਹੜਾ ਦੂਰ ਹੋਇਆ **(ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥)** ਅੰਗ - ੮ । ਔਗੁਣਾਂ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਤਾਂ ਗੁਣਾਂ ਦੁਆਰਾ ਭਾਵ ਔਗੁਣ ਛੱਡ ਕੇ ਅਸੀਂ ਚੰਗੇ ਕਰਮ ਕਰਦੇ ਹਾਂ।

ਗੁਰਬਾਣੀ ਸਾਨੂੰ ਇਹੋ ਜਿਹਾ ਤਿਆਗ ਕਰਨ ਲਈ ਪ੍ਰੇਰਦੀ ਹੈ ਜਿਸ ਨਾਲ ਦੂਸਰਿਆਂ ਨੂੰ ਦੁੱਖ ਨਾ ਪਹੁੰਚੇ ਭਾਵ ਅਸੀਂ ਦੂਸਰਿਆਂ ਦੇ ਸੁੱਖ ਦਾ ਕਾਰਨ ਬਣੀਏ। ਜਿਹੜੇ ਤਿਆਗ ਕਰਨ ਨਾਲ ਕਿਸੇ ਹੋਰ ਨੂੰ ਸੁੱਖ ਨਹੀਂ ਮਿਲਦਾ ਉਹੋ ਜਿਹਾ ਤਿਆਗ ਸਾਡੇ ਕਿਸ ਲੇਖੇ। ਇਹੋ ਜਿਹੇ ਤਿਆਗੀ ਕੇਵਲ ਆਪਣੇ ਆਪ ਨੂੰ ਦੁੱਖ ਦਿੰਦੇ ਹਨ ਲੇਕਿਨ ਕਿਸੇ ਦਾ ਕੁਝ ਨਹੀਂ ਸੰਵਾਰਦੇ ਬਲਕਿ ਲੋਕਾਂ ਨੂੰ ਉਲਝਣਾ ਵਿੱਚ ਪਾਉਂਦੇ ਹਨ।ਤਿਆਗ ਤਾਂ ਜੋਗੀ ਵੀ ਬਹੁਤ ਕਰਦੇ ਹਨ ਪਰ ਉਹ ਘਰ ਬਾਰ ਛੱਡ ਕੇ ਇਧਰ -ਉਧਰ ਭ੍ਰਮਣ ਕਰਦੇ ਹਨ। ਉਹ ਆਪਣੀ ਕਿਰਤ ਨਹੀਂ ਕਰਦੇ, ਸਗੋਂ ਆਪਣਾ ਪੇਟ ਭਰਨ ਲਈ ਲੋਕਾਂ ਤੇ ਹੀ ਬੋਝ ਪਾਉਂਦੇ ਹਨ। ਜੋ ਫਰਜ਼ ਉਨ੍ਹਾਂ ਦਾ ਆਪਣੇ ਪਰਿਵਾਰ ਲਈ ਬਣਦਾ ਸੀ ਉਸ ਨੂੰ ਵੀ ਪੂਰਾ ਨਹੀਂ ਕਰਦੇ ਭਾਵ ਇਹ ਸੱਚਾ ਤਿਆਗ ਨਹੀਂ ਹੈ। ਇਸੇ ਤਰ੍ਹਾਂ ਜੋ ਅੰਨ੍ਹ ਛੱਡ ਕੇ ਵਰਤ ਰੱਖਦੇ ਹਨ, ਰੋਜ਼ੇ ਰੱਖਦੇ ਹਨ, ਆਪਣੇ ਵੱਲੋਂ ਉਹ ਤਿਆਗ ਹੀ ਕਰਦੇ ਹਨ ਪਰ ਉਸ ਨਾਲ ਕਿਸੇ ਦਾ ਕੀ ਸੰਵਾਰਦੇ ਹਨ ਸਿਰਫ਼ ਆਪਣੇ ਸਰੀਰ ਨੂੰ ਹੀ ਦੁੱਖ ਦਿੰਦੇ ਹਨ। ਇਸੇ ਲਈ ਗੁਰਬਾਣੀ ਵਿੱਚ ਅਜਿਹੇ ਤਿਆਗ ਦਾ ਖੰਡਨ ਕੀਤਾ ਹੈ ਤੇ ਨਾ ਹੀ ਇਸ ਨੂੰ ਭਗਤੀ ਦਾ ਮਾਰਗ ਦੱਸਿਆ ਹੈ। ਇਸੇ ਤਰ੍ਹਾਂ ਜਦੋਂ ਅਸੀਂ ਸਮਾਧੀਆਂ ਲਗਾ ਕੇ ਹਰਿ ਹਰਿ ਕਰਦੇ ਹਾਂ, ਆਪਣਾ ਕਾਫੀ ਵਕਤ ਵੀ ਇਸ ਕੰਮ ਲਈ ਲਾਉਂਦੇ ਹਾਂ, ਆਪਣੇ ਘਰੇਲੂ ਫ਼ਰਜ਼ਾਂ ਨੂੰ ਵੀ ਇਸ ਤੋਂ ਛੋਟਾ ਸਮਝਦੇ ਹਾਂ ਤੇ ਐਸਾ ਕਰਨ ਨਾਲ ਅਸੀਂ ਆਪਣੇ ਵੱਲੋਂ ਆਪਣੀਆਂ ਇੱਛਾਵਾਂ ਦਾ ਤਿਆਗ ਹੀ ਸਮਝਦੇ ਹਾਂ, ਮਨ ਦਾ ਮਾਰਨ ਹੀ ਸਮਝਦੇ ਹਾਂ ਪਰ ਇਸ ਨਾਲ ਕੇਵਲ ਸਾਡੀ ਹਉਮੈ ਹੋਰ ਵੱਧ ਜਾਂਦੀ ਹੈ, ਸਮਾਜ ਵਿੱਚ ਸਾਡਾ ਰੁਤਬਾ ਵੱਧ ਜਾਂਦਾ ਹੈ, ਲੋਕ ਸਾਨੂੰ ਭਗਤ ਸਮਝਦੇ ਹਨ ਤੇ ਸਾਡੇ ਮਨ ਨੂੰ ਬੜੀ ਤਸੱਲੀ ਮਿਲਦੀ ਹੈ। ਸਾਡੀ ਤਸੱਲੀ ਸਾਨੂੰ ਮਾਣ ਮਿਲਣ ਨਾਲ ਹੁੰਦੀ ਹੈ ਤੇ ਇਸੇ ਲਈ ਅਸੀਂ ਇਸ ਮਾਰਗ 'ਤੇ ਵੱਧਦੇ ਜਾਂਦੇ ਹਾਂ ਤੇ ਭਗਤੀ ਦੇ ਅਸਲੀ ਮਾਰਗ ਤੋਂ ਵਾਂਝੇ ਰਹਿ ਜਾਂਦੇ ਹਾਂ। ਭਗਤੀ ਦਾ ਮਾਰਗ ਕਿਉਂਕਿ ਸਾਰੀ ਦੁਨੀਆਂ ਲਈ ਇੱਕੋ ਹੀ ਹੈ, ਇਸ ਲਈ ਗੁਰਬਾਣੀ ਵਿੱਚ ਹਰ ਕਿਸੇ ਨੂੰ ਇੱਕੋ ਤਰੀਕਾ ਹੀ ਸਮਝਾਇਆ ਹੈ। ਹਿੰਦੂ ਵੀਰਾਂ ਨੂੰ ਸੱਚਾ ਹਿੰਦੂ ਬਣਨ ਲਈ ਪ੍ਰੇਰਿਆ ਹੈ ਅਤੇ ਮੁਸਲਮਾਨ ਵੀਰਾਂ ਨੂੰ ਸੱਚਾ ਮੁਸਲਮਾਨ ਬਣਨ ਲਈ ਪ੍ਰੇਰਿਆ ਹੈ। ਅਗਰ ਧਿਆਨ ਨਾਲ ਬਾਣੀ ਨੂੰ ਵਿਚਾਰੀਏ, ਜੋ ਗੱਲ ਹਿੰਦੂ ਧਰਮ ਦੇ ਮੰਨਣ ਵਾਲਿਆਂ ਨੂੰ ਸਮਝਾਈ ਗਈ ਹੈ ਉਹੀ ਗੱਲ ਮੁਸਲਿਮ ਧਰਮ ਮੰਨਣ ਵਾਲਿਆਂ ਨੂੰ ਸਮਝਾਈ ਗਈ ਹੈ। ਸਿਰਫ਼ ਇਹੀ ਸਮਝਾਇਆ ਹੈ ਕਿ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰੋ ਭਾਵ ਸੱਚੇ ਸੁੱਚੇ ਕਰਮ ਕਰੋ ਜਿਸ ਨਾਲ ਸਾਰੀ ਮਨੁੱਖਤਾ ਦਾ ਭਲਾ ਹੁੰਦਾ ਹੈ ਤੇ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੋਵੇ। ਮਾੜੇ ਕਰਮ ਸਭ ਨੂੰ ਇੱਕੋ ਜਿਹਾ ਦੁੱਖ ਦਿੰਦੇ ਹਨ ਤੇ ਚੰਗੇ ਕਰਮ ਸਭ ਨੂੰ ਇੱਕੋ ਜਿਹਾ ਸੁੱਖ ਦਿੰਦੇ ਹਨ। ਅਸਲ ਵਿੱਚ ਸਾਰੇ ਧਰਮ ਇੱਕੋ ਸੱਚ ਦੇ ਮਾਰਗ ਨੂੰ ਹੀ ਤਰਜੀਹ ਦਿੰਦੇ ਹਨ। ਕੋਈ ਵੀ ਧਰਮ ਮਾੜੇ ਕਰਮ ਕਰਨ ਲਈ ਨਹੀਂ ਪ੍ਰੇਰਦਾ। ਗੁਰਬਾਣੀ ਵਿੱਚ ਕਿਸੇ ਨੂੰ ਵੀ ਆਪਣਾ ਧਰਮ ਤਿਆਗਣ ਲਈ ਨਹੀਂ ਕਿਹਾ ਗਿਆ ਬਲਕਿ ਆਪੋ-ਆਪਣੇ ਧਰਮ ਗ੍ਰੰਥਾਂ ਅਨੁਸਾਰ ਸੱਚ ਦਾ ਅਸਲੀ ਮਾਰਗ ਖੋਜ ਕੇ ਉਸ 'ਤੇ ਚੱਲਣ ਲਈ ਪ੍ਰੇਰਿਆ ਹੈ, ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਲਈ ਪ੍ਰੇਰਿਆ ਹੈ। ਸਾਨੂੰ ਸਭ ਨੂੰ ਇਹ ਗੱਲ ਸਮਝਾਈ ਹੈ ਕਿ ਔਗੁਣ ਤਿਆਗ ਕੇ ਸੱਚੇ ਸੁੱਚੇ ਕਰਮ ਕਰੋ, ਜਿਸ ਨਾਲ ਮਨੁੱਖਤਾ ਦਾ ਭਲਾ ਹੋਵੇ। ਇਸ ਗੱਲ ਦਾ ਪ੍ਰਮਾਣ ਗੁਰਬਾਣੀ ਵਿੱਚ ਦਿੱਤੇ ਹੋਏ ਅਨੇਕਾਂ ਸ਼ਬਦਾਂ ਦੁਆਰਾ ਮਿਲਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਵਾਰ ਵਾਰ ਸਮਝਦੇ ਆ ਰਹੇ ਹਾਂ। ਇਹੀ ਸੱਚਾ ਨਾਮ ਜਪਣਾ ਹੈ। ਬਾਣੀ ਵਿੱਚ ਇਹ ਵੀ ਵਾਰ-ਵਾਰ ਸਪੱਸ਼ਟ ਕੀਤਾ ਹੋਇਆ ਹੈ ਕਿ ਸਾਰੇ ਧਰਮ ਗ੍ਰੰਥ ਇੱਕੋ ਹੀ ਪ੍ਰਮਾਤਮਾ ਦੇ ਗਿਆਨ ਤੋਂ ਆਏ ਹਨ ਅਤੇ ਸਾਰੇ ਧਰਮ ਗ੍ਰੰਥਾਂ ਵਿੱਚ ਵੀ ਰਾਮ ਨਾਮ ਸਮਝਾਇਆ ਹੋਇਆ ਹੈ। ਇਹ ਗੱਲ ਅਸੀਂ ਪਿੱਛੇ ਵੀ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤੇ ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਣ ਦੀ ਕੋਸ਼ਿਸ ਕਰੀਏ:-

“ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਮੰ॥ ਗੁਰਮੁਖਿ ਸਾਂਤਿ ਊਤਮ ਕਰਮੰ॥”

(ਅੰਗ ੮੩੧)

“ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ॥ ਕੀਨੇ ਰਾਮ ਨਾਮ ਇਕ ਆਖ੍ਰਰ॥”

(ਅੰਗ ੨੬੨)

ਸਾਰੇ ਧਰਮ ਗ੍ਰੰਥ ਸਾਨੂੰ ਰਾਮ ਨਾਮ ਦੀ ਮਤਿ ਹੀ ਦਿੰਦੇ ਹਨ ਭਾਵ ਪ੍ਰਮਾਤਮਾ ਦੇ ਗਿਆਨ ਦੀ ਮਤਿ ਹੀ ਦਿੰਦੇ ਹਨ ਅਤੇ ਪ੍ਰਮਾਤਮਾ ਦਾ ਉਪਦੇਸ਼ ਸਾਨੂੰ ਚੰਗੇ ਕਰਮ ਕਰਨ ਲਈ ਕਹਿੰਦਾ ਹੈ (ਊਤਮ ਕਰਮੰ)। ਇਹੋ ਉਪਦੇਸ਼ ਹੀ ਸਾਨੂੰ ਗੁਰਬਾਣੀ ਕੋਲੋਂ ਮਿਲਦਾ ਹੈ **(ਰਾਮ ਨਾਮ ਹਰਿ ਅੰਮ੍ਰਿਤ ਬਾਣੀ॥1॥ਰਹਾਉ॥, ਅੰਗ ੧੮੫)**। ਸਾਰੇ ਧਰਮ ਗ੍ਰੰਥਾਂ ਦਾ ਮੂਲ ਇੱਕੋ ਹੀ ਹੈ। “ਅੱਖਰ” ਗਿਆਨ ਦਾ ਮੂਲ ਹੈ। “ਅੱਖਰ” ਆਪ ਪ੍ਰਮਾਤਮਾ ਹੈ, ਪ੍ਰਮਾਤਮਾ ਦਾ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਜੋ ਕਿ

ਗਿਆਨ ਰੂਪ ਹੈ। ਪਹਿਲਾਂ ਇਹ ਅੱਖਰ ਮਨ ਦੇ ਅੰਦਰ ਨਿਰਗੁਣ ਰੂਪ ਵਿੱਚ ਉਪਜਦਾ ਹੈ। ਗਿਆਨ ਦਾ ਮੂਲ ਮਨ ਹੈ ਜੋ ਕਿ ਨਿਰਗੁਣ ਰੂਪ ਹੈ। ਜਦੋਂ ਇਸ ਗਿਆਨ ਨੂੰ ਅਸੀਂ ਲਿਖਤੀ ਰੂਪ ਦੇ ਦਿੰਦੇ ਹਾਂ, ਤਾਂ ਇਹ ਗਿਆਨ ਅੱਖਰਾਂ ਦੇ ਰੂਪ ਵਿੱਚ, ਸਰਗੁਣ ਸਰੂਪ ਵਿੱਚ ਆ ਜਾਂਦਾ ਹੈ। ਗੱਲ ਸਿਰਫ ਗਿਆਨ ਦੇ ਮੂਲ ਸ੍ਰੋਤ ਨੂੰ ਪਹਿਚਾਨਣ ਦੀ ਹੈ। ਗਿਆਨ ਦਾ ਸ੍ਰੋਤ, ਹਰ ਅਖਰੁ ਦਾ ਸ੍ਰੋਤ ਕੇਵਲ ਇੱਕੋ ਇੱਕ ਪ੍ਰਮਾਤਮਾ ਹੀ ਹੈ **(ਕੀਨੇ ਰਾਮ ਨਾਮ ਇਕ ਆਖ੍ਰਰ॥)**। ਇਸੇ ਲਈ ਗੁਰੂ ਆਪ ਪ੍ਰਮਾਤਮਾ ਹੀ ਹੈ ਜੋ ਸਾਨੂੰ ਆਪਣਾ ਗਿਆਨ ਮਨੁੱਖੀ ਚੋਲੇ ਰਾਹੀਂ ਦਿੰਦਾ ਹੈ, ਸਰਗੁਣ ਸਰੂਪ ਰਾਹੀਂ ਦਿੰਦਾ ਹੈ ਕਿਉਂਕਿ ਉਹ ਆਪ ਹੀ ਸਭ ਵਿੱਚ ਵਰਤ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਲਗਦੀ। ਉਹ ਕਦੇ-ਕਦੇ ਹੀ ਕਿਸੇ ਮਨੁੱਖਾ ਸਰੀਰ ਵਿੱਚ ਪ੍ਰਗਟ ਹੋ ਕੇ ਧਰਮ ਗ੍ਰੰਥਾਂ ਦੀ ਸਮਝ ਰਾਹੀਂ ਧਰਮ ਦਾ ਮਾਰਗ ਸਮਝਾਉਂਦਾ ਹੈ। ਉਹ ਵਰਤਦਾ ਹਰ ਸਰੀਰ ਵਿੱਚ ਵੀ ਹੈ ਪਰ ਉੱਥੇ ਇਹ ਗਿਆਨ ਮਾਇਆ ਰੂਪੀ ਹੁੰਦਾ ਹੈ ਜੋ ਕਿ ਉਸਦੀ ਆਪਣੀ ਬਣਾਈ ਹੋਈ ਜੁਗਤਿ ਹੈ, ਖੇਡ ਹੈ। ਇਸੇ ਲਈ ਗੁਰਬਾਣੀ ਵਿੱਚ ਕਿਹਾ ਗਿਆ ਹੈ ਕਿ ਹਰ ਯੁਗ ਵਿੱਚ ਬਾਣੀ ਪ੍ਰਮਾਤਮਾ ਦੀ ਹੀ ਵਰਤੀ ਹੈ ਹਰ ਯੁਗ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਦਿੱਤੇ ਹੋਏ ਧਰਮ ਗ੍ਰੰਥਾਂ ਰਾਹੀਂ ਗੁਰੂ ਰਿਹਾ ਹੈ।

(ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥)

(ਅੰਗ ੩੫)

(ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥)

(ਅੰਗ ੨੨੯)

(ਗੁਰੁ ਦਾਤਾ ਜੁਗ ਚਾਰੇ ਹੋਈ॥੭॥)

(ਅੰਗ ੨੩੦)

(ਜੁਗ ਚਾਰੇ ਨਾਮਿ ਵਡਿਆਈ ਹੋਈ ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥੧॥ ਰਹਾਉ ॥)

(ਅੰਗ ੯੯੦)

(ਪੋਥੀ ਪਰਮੇਸਰ ਕਾ ਥਾਨੁ॥)

(ਅੰਗ ੧੨੨੬)

ਜੇ ਸਾਨੂੰ ਇਸ ਗੱਲ ਦਾ ਯਕੀਨ ਆ ਜਾਵੇ ਕਿ ਦੁਨੀਆਂ ਦੇ ਹਰ ਧਰਮ ਗ੍ਰੰਥ ਦਾ ਸ੍ਰੋਤ ਇੱਕੋ ਹੀ ਹੈ **"ਇਕ ਆਖ੍ਰਰ"** ਹੀ ਹੈ, ਫਿਰ ਦੁਨੀਆਂ ਵਿੱਚ ਧਰਮ ਵੱਖਰੇ-ਵੱਖਰੇ ਕਿਵੇਂ ਹੋ ਸਕਦੇ ਹਨ। ਧਰਮ ਸਾਰੀ ਦੁਨੀਆਂ ਦਾ ਇੱਕ ਹੀ ਹੈ। ਧਰਮ ਸੱਚ ਹੈ, ਧਰਮ ਸੱਚਾ ਅਸੂਲ ਹੈ, ਗੁਰੂ ਦਾ ਬਣਾਇਆ ਹੋਇਆ ਸੱਚਾ "ਸਿਧਾਂਤ" ਹੈ। ਗੁਰੂ ਦੀ ਮਤਿ ਹੀ ਗੁਰੂ ਦਾ ਸ਼ਬਦ ਹੈ ਜੋ ਸਾਨੂੰ ਜੀਵਨ ਜਿਉਣ ਲਈ ਸੱਚਾ ਅਸੂਲ ਸਮਝਾਉਂਦਾ ਹੈ।

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ ੧੧੯੮)

ਗੁਰੂ ਦੀ ਸੱਚੀ ਸਿੱਖਿਆ ਹੀ ਸਭ ਦਾ ਗੁਰੂ ਹੈ ਅਤੇ ਇਹ ਹੀ ਨਾਮ ਹੈ ਜੋ ਕਿ ਸਾਰੀ ਦੁਨੀਆਂ ਦਾ ਸਾਂਝਾ ਹੈ। ਇਹੀ ਗੱਲ ਹੇਠ ਦਿੱਤੇ ਸ਼ਬਦ ਵਿੱਚ ਦੱਸੀ ਹੋਈ ਹੈ ਜਿਸਦੇ ਅਰਥ ਪਿੱਛੇ ਕੀਤੇ ਜਾ ਚੁੱਕੇ ਹਨ:-

(ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦ॥)

(ਅੰਗ - ੧੪੨੯)

ਇਹ ਗੁਰੂ ਦਾ ਮੰਤ, ਅਸੂਲ, ਧਰਮ ਸਾਰੇ ਜਗਤਿ ਲਈ ਹੈ ਤੇ ਇਸ ਦੁਨੀਆਂ ਵਿੱਚ ਕੋਈ ਵਿਰਲਾ ਹੀ ਇਸ ਅਸੂਲ ਉੱਪਰ ਚੱਲ ਸਕਦਾ ਹੈ ਅਤੇ ਕੋਈ ਵਿਰਲਾ ਹੀ ਨਾਮ ਜਪ ਸਕਦਾ ਹੈ। ਬਹੁਤ ਔਖਾ ਹੈ ਗੁਰੂ ਦੀ ਗੱਲ 'ਤੇ ਪੂਰਾ ਉਤਰਨਾ, ਬਹੁਤ ਔਖਾ

ਹੈ ਨਾਮ ਜਪਣਾ। ਅਸੀਂ ਕਿਹੋ ਜਿਹੇ ਕਰਮ ਧਰਮ ਕਰਦੇ ਹਾਂ, ਇਸਦੇ ਨਾਲ ਹੀ ਪਤਾ ਲੱਗਦਾ ਹੈ ਕਿ ਮਨੁੱਖ ਕਿਹੋ ਜਿਹਾ ਨਾਮ ਜਪਦਾ ਹੈ ਭਾਵ ਆਪਣੇ ਅਸੂਲਾਂ ਦੁਆਰਾ ਹੀ ਪਹਿਚਾਣਿਆ ਜਾਂਦਾ ਹੈ ਕਿ ਉਸਦਾ ਵਿਚਰਨਾ ਸੰਸਾਰ ਵਿੱਚ ਕਿਸ ਤਰ੍ਹਾਂ ਦਾ ਹੈ :-

“ਨਾ ਜਾਣਾ ਕਰਮ ਕੇਵਡ ਤੇਰੀ ਦਾਤਿ॥
ਕਰਮੁ ਧਰਮੁ ਤੇਰੇ ਨਾਮ ਕੀ ਜਾਤਿ॥ਰਹਾਉ॥”

(ਅੰਗ ੧੫੪)

ਮਨੁੱਖ ਇਹ ਨਹੀਂ ਜਾਣਦਾ ਕਿ ਉਹ ਕਿਹੋ ਜਿਹੇ ਕਰਮ ਕਰੇ ਜਿਸ ਨਾਲ ਪ੍ਰਮਾਤਮਾ ਦੀ ਵੱਡੀ ਦਾਤ ਉਸਨੂੰ ਮਿਲ ਜਾਵੇ ਭਾਵ ਨਾਮ ਦੀ ਦਾਤ ਮਿਲ ਜਾਵੇ। ਮਨੁੱਖ ਜੋ ਧਰਮ ਵਾਲੇ ਕਰਮ ਕਰਦਾ ਹੈ ਭਾਵ ਜੋ ਸੱਚੇ ਸੁੱਚੇ ਕਰਮ ਕਰਦਾ ਹੈ ਭਾਵ ਜੋ ਕਰਮ ਗੁਰੂ ਦੀ ਮਤਿ ਅਨੁਸਾਰ ਕਰਦਾ ਹੈ ਉਸ ਦੁਆਰਾ ਹੀ ਉਸਦੇ ਅੰਦਰ ਨਾਮ ਦੀ ਪਹਿਚਾਣ ਹੁੰਦੀ ਹੈ ਭਾਵ ਇਹ ਸਮਝ ਲੱਗਦੀ ਹੈ ਕਿ ਕਿੰਨਾ ਕੁ ਗੁਰੂ ਦੀ ਮਤਿ ਅਨੁਸਾਰ ਚੱਲਦਾ ਹੈ ਭਾਵ ਸਾਰੀ ਗੱਲ ਮਨੁੱਖ ਦੀ ਚੰਗੀ ਕਰਨੀ, ਸੁਕ੍ਰਿਤ ਕਰਨੀ ਉੱਪਰ ਹੀ ਨਿਬੜਦੀ ਹੈ ਜਿਸ ਦੁਆਰਾ ਮਨੁੱਖ ਨਾਮ ਦੀ ਜਾਤਿ ਵਾਲਾ ਬਣਦਾ ਹੈ ਇਹ ਹੀ ਸੱਚਾ ਜਪ ਹੈ। ਨਾਮ ਦੀ ਜਾਤਿ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ। ਨਾਮ ਦੀ ਜਾਤਿ ਵਾਲਾ ਹਉਮੈ ਦੀ ਜਾਤਿ ਵਿੱਚੋਂ ਨਿਕਲ ਕੇ ਹੀ ਬਣਿਆ ਜਾ ਸਕਦਾ ਹੈ ਭਾਵ ਮਨਮਤਿ ਛੱਡਕੇ ਹੀ ਬਣਿਆ ਜਾ ਸਕਦਾ ਹੈ।

“ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥
ਹਿਰਦੈ ਫੇਰਿ ਚਲੈ ਤੁਧੁ ਨਾਲੀ॥੧॥”

(ਅੰਗ ੧੧੩੪)

ਇਹ ਸੁਕ੍ਰਿਤ ਕਰਨੀ ਭਾਵ ਸਾਡੇ ਕੀਤੇ ਹੋਏ ਚੰਗੇ ਕਰਮ ਹੀ ਸਾਡੇ ਨਾਲ ਚੱਲਦੇ ਹਨ ਭਾਵ ਸਾਡਾ ਸਾਥ ਦਿੰਦੇ ਹਨ ਜੋ ਸਾਨੂੰ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਾਉਂਦੇ ਹਨ। ਹੋਰ ਕੋਈ ਆਪਣੀ ਮਤਿ ਦੁਆਰਾ ਕੀਤਾ ਹੋਇਆ ਜਪ ਤਪ ਸਾਡੇ ਨਾਲ ਨਹੀਂ ਚੱਲਦਾ। ਹੱਥ ਨਾਲ ਜਪਮਾਲੀ ਫੇਰਨ ਦਾ ਕੋਈ ਲਾਭ ਨਹੀਂ ਹੈ। ਇਹ ਜਪਮਾਲੀ ਮਨ ਦੇ ਵਿੱਚ ਫੇਰਨ ਵਾਲੀ ਮਾਲਾ ਹੈ ਜਿਸ ਨੇ ਸਾਡੇ ਮਨ ਦੇ ਵਿਚਾਰਾਂ ਨੂੰ ਫੇਰਨਾ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਫੇਰ ਕੇ ਚੰਗੇ ਵਿਚਾਰ ਬਣਾਉਣਾ ਹੈ, ਜਿਨ੍ਹਾਂ ਚੰਗੇ ਵਿਚਾਰਾਂ ਦੁਆਰਾ ਅਸੀਂ ਸੁਕ੍ਰਿਤ ਕਰਨੀ ਵਾਲੇ ਬਣੀਏ ਭਾਵ ਧਰਮ ਦੇ ਮਾਰਗ ਤੇ ਚੱਲੀਏ। ਦੁਨੀਆਂ ਦੇ ਹਰ ਮਨੁੱਖ ਲਈ ਇਹੋ ਹੀ ਇੱਕੋ ਇੱਕ ਮਾਰਗ ਭਾਵ ਸੱਚੀ ਸੁੱਚੀ ਕਰਨੀ ਦਾ ਮਾਰਗ ਹੀ ਧਰਮ ਦਾ ਮਾਰਗ ਹੈ ਜੋ ਕਿ ਮਨ ਨੂੰ ਮਾਰ ਕੇ ਹੀ ਹੋ ਸਕਦਾ ਹੈ। ਮਨ ਨੂੰ ਮਾਰਨਾ ਹੀ ਨਾਮ ਜਪਣਾ ਹੈ। ਸੁਕ੍ਰਿਤ ਕਰਨੀ ਕੇਵਲ ਔਗੁਣ ਛੱਡਕੇ ਗੁਣਾਂ ਨੂੰ ਧਾਰਨ ਕਰਨ ਦੁਆਰਾ ਹੀ ਹੋ ਸਕਦੀ ਹੈ।

ਜਦੋਂ ਦੀ ਦੁਨੀਆਂ ਬਣੀ ਹੈ, ਪ੍ਰਮਾਤਮਾ ਦਾ ਇਹੀ ਨਿਯਮ ਹੈ, ਇਹੀ ਧਰਮ ਦਾ ਮਾਰਗ ਹੈ, ਨਾਮ ਹੈ, ਜੋ ਜੁਗਾਂ-ਜੁਗਾਂ ਤੋਂ ਅਟੱਲ ਹੈ। ਹਰ ਯੁੱਗ ਵਿੱਚ ਇਹੀ ਧਰਮ ਵਰਤਿਆ ਹੈ, ਨਾਮ ਵਰਤਿਆ ਹੈ । ਪ੍ਰਮਾਤਮਾ ਦਾ ਇਹ ਅਸੂਲ, ਨਿਯਮ, ਨਾਮ, ਧਰਮ, ਹੁਕਮ, ਉਪਦੇਸ਼ ਨਾ ਕਦੇ ਬਦਲਿਆ ਹੈ ਅਤੇ ਨਾ ਕਦੇ ਬਦਲ ਸਕਦਾ ਹੈ,

2/46

ਕਿਉਂਕਿ ਇਹ ਥਿਰ ਹੈ, ਅਡੋਲ ਹੈ, ਨਿਹਚਲ ਹੈ, ਅਟੱਲ ਹੈ। ਪ੍ਰਮਾਤਮਾ ਸਾਰੇ ਸੰਸਾਰ ਲਈ ਇੱਕ ਜਿਹਾ ਹੈ, ਇਸੇ ਲਈ ਉਸਨੂੰ ਪਾਉਣ ਦਾ ਮਾਰਗ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥”

(ਅੰਗ ੬)

“ਆਈ” ਤੋਂ ਭਾਵ ਹੈ “ਆ ਹੀ” ਭਾਵ ਇਹੋ ਇੱਕ ਤਰੀਕਾ। “ਆਈ” ਠੇਠ ਪੰਜਾਬੀ ਦਾ ਲਫਜ਼ ਹੈ। “ਸਗਲ ਜਮਾਤੀ” ਤੋਂ ਭਾਵ ਹੈ, ਹਰ ਜਮਾਤ ਲਈ ਭਾਵ ਸੰਸਾਰ ਦੇ ਹਰ ਫਿਰਕੇ ਲਈ ਜੋ ਆਪਣੀ ਆਪਣੀ ਸਮਝ ਦੁਆਰਾ, ਵੱਖਰੇ-ਵੱਖਰੇ ਤਰੀਕਿਆਂ ਨਾਲ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਪ੍ਰਮਾਤਮਾ ਨੂੰ ਪਾਉਣ ਦੇ ਉਪਰਾਲੇ ਕਰਦੇ ਹਨ। ਪੂਰੀ ਪੰਗਤੀ ਤੋਂ ਭਾਵ ਹੈ ਕਿ ਸੰਸਾਰ ਦੀ ਹਰ ਜਮਾਤ ਲਈ, ਹਰ ਫਿਰਕੇ ਲਈ ਜੋ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ ਉਹ ਤਰੀਕਾ, ਉਹ ਪੰਥ, ਉਹ ਮਾਰਗ ਇਹੀ ਹੈ ਕਿ ਉਹ ਆਪਣੇ ਮਨ ਨੂੰ ਜਿਤਣ। ਆਪਣੇ ਮਨ ਨੂੰ ਜਿਤਣਾ ਆਪਣੇ ਅੰਦਰ ਦੇ ਵਿਚਾਰਾਂ ਨੂੰ ਜਿਤਣਾ ਹੈ। ਸਭ ਦੇ ਅੰਦਰ ਵਿਚਾਰਾਂ ਦੇ ਵਿਚ ਮਾਇਆ ਮੋਹ ਹੈ, ਹਉਮੈ ਹੈ, ਭਰਮ ਹਨ ਜੋ ਸਾਡੇ ਅੰਦਰ ਦੀ ਤ੍ਰੈਗਣਾਂ ਵਾਲੀ ਅਵੱਸਥਾ ਹੈ ਤੇ ਸਭ ਦੇ ਅੰਦਰ ਇਹ ਅਵੱਸਥਾ ਪ੍ਰਮਾਤਮਾ ਦੀ ਪਾਈ ਹੋਈ ਹੀ ਹੈ। ਮਨ ਦੇ ਇਹਨਾਂ ਵਿਚਾਰਾਂ ਨੂੰ ਜਿਤਣਾ ਬਹੁਤ ਔਖਾ ਹੈ, ਮਾਇਆ ਮੋਹ ਛੱਡਣਾ ਬਹੁਤ ਔਖਾ ਹੈ, ਆਪਣੀਆਂ ਇੱਛਾਵਾਂ ਛੱਡਣੀਆਂ ਬਹੁਤ ਔਖੀਆਂ ਹਨ ਤੇ ਇਸੇ ਲਈ ਆਪਣੇ ਮਨ ਨੂੰ ਜਿਤਣਾ ਜਗ ਨੂੰ ਜਿਤਣ ਵਰਗਾ ਹੈ ਜੋ ਮਨੁੱਖ ਦੇ ਵੱਸ ਨਹੀਂ ਹੈ। ਮਨ ਨੂੰ ਜਿਤਣ ਦਾ ਮਾਰਗ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਅਸੀਂ ਮਨ ਦੇ ਨਾ-ਸਮਝ ਮਾੜੇ ਵਿਚਾਰਾਂ ਵਿੱਚੋਂ ਨਿਕਲ ਸਕਦੇ ਹਾਂ, ਔਗੁਣਾਂ ਵਿੱਚੋਂ ਨਿਕਲ ਸਕਦੇ ਹਾਂ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਮਨ ਨੂੰ ਮਾਰਨ ਲਈ ਕਿਸੇ ਸਰੀਰਕ ਕਿਰਿਆਵਾਂ ਦੀ ਲੋੜ ਨਹੀਂ ਹੈ ਬਲਕਿ ਆਪਣੇ ਮਨ ਨੂੰ ਗੁਰਮਤਿ ਅਨੁਸਾਰ ਢਾਲਣ ਦੀ ਲੋੜ ਹੈ, ਆਪਣੇ ਆਪ ਨੂੰ ਸਮਝਾਉਣ ਦੀ ਲੋੜ ਹੈ ਜੋ ਕਿ ਸਾਡਾ ਸੱਚਾ ਉੱਦਮ ਹੈ ਤੇ ਅਸੀਂ ਹੀ ਕਰਨਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਕਿਰਪਾ ਨਾਲ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ। ਮਨ ਦੇ ਮਾੜੇ ਵਿਚਾਰਾਂ ਨੂੰ ਛੱਡਣ ਨਾਲ ਸਾਡੀ ਸੰਸਾਰਿਕ ਵਿਚਰਨ ਹੀ ਚੰਗੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ, ਧਰਮ ਦਾ ਮਾਰਗ ਹੈ, ਸੱਚ ਦਾ ਮਾਰਗ ਹੈ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੈ ਜੋ ਪੂਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। (**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥**) ਸਾਰੀ ਗੱਲ ਔਗੁਣ ਛੱਡ ਕੇ ਗੁਣੀ ਬਣਨ ਦੀ ਹੈ ਤਾਂ ਜੋ ਅਸੀਂ ਧਰਮ ਦੇ ਮਾਰਗ ਤੇ ਚੱਲ ਸਕੀਏ।

ਪ੍ਰਮਾਤਮਾ ਦਾ ਇਹ ਨਿਯਮ ਤਾਂ ਬਦਲ ਨਹੀਂ ਸਕਦਾ ਇਸ ਲਈ ਅਗਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣਾ ਨਿਯਮ, ਮਨਮਤਿ, ਮਨਹਠਿ ਛੱਡਣੀ ਪੈਣੀ ਹੈ। ਜਿਤਨੀ ਜਲਦੀ ਛੱਡਾਂਗੇ ਉਤਨਾ ਲਾਭ ਵਿੱਚ ਜਾਵਾਂਗੇ ਕਿਉਂਕਿ ਜਿੰਨੇ ਚੰਗੇ ਕਰਮ ਕਰਾਂਗੇ ਉਤਨੇ ਸੌਖੇ ਰਹਾਂਗੇ।

ਅਸੀਂ ਪਿਛਲੇ ਕੁੱਝ ਸ਼ਬਦਾਂ ਦੁਆਰਾ ਆਪਣੇ ਜੀਵਨ ਵਿੱਚ ਗੁਣਾਂ ਦੀ ਮਹੱਤਤਾ ਨੂੰ ਸਮਝਿਆ ਹੈ, ਧਾਰਮਿਕ ਗੁਣਾਂ ਨੂੰ ਸਮਝਿਆ ਹੈ ਤੇ ਅਸੀਂ ਇਹ ਗੁਣ ਕਿੱਥੋਂ ਲੈਣੇ ਹਨ, ਕਿਸ ਮਕਸਦ ਲਈ ਲੈਣੇ ਹਨ, ਇਸ ਗੱਲ ਨੂੰ ਵੀ ਸਮਝਿਆ ਹੈ। ਗੁਰੂ ਦੇ ਸਮਝਾਏ ਹੋਏ ਗੁਣਾਂ ਤੇ ਪੂਰਾ ਉਤਰ ਕੇ ਹੀ ਉਸ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਹੋ ਸਕਦਾ ਹੈ ਜੋ ਪ੍ਰਮਾਤਮਾ ਅਮੁਲ ਰੂਪ ਹੈ ਜੋ ਅਮੁਲ ਰੂਪ ਉਸਦਾ ਅਸੀਂ ਗੁਰਬਾਣੀ ਰਾਹੀਂ ਸਮਝ ਸਕਦੇ ਹਾਂ। ਪ੍ਰਮਾਤਮਾ ਆਪਣੇ ਉੱਚੇ ਗਿਆਨ ਦੁਆਰਾ, ਉੱਚੇ ਗੁਣਾਂ ਦੁਆਰਾ “ਅਮੁਲੁ” ਹੈ ਤੇ ਉਸ ਪ੍ਰਮਾਤਮਾ ਦੇ ਨਾਲ ਮੇਲ ਵੀ ਉਸਦੇ ਅਮੁਲ ਰੂਪ ਨਾਲ ਜੁੜਕੇ ਹੀ ਹੋ ਸਕਦਾ ਹੈ ਭਾਵ ਉਸਦੀ ਸੱਚੀ ਮਤਿ ਨਾਲ, ਅਮੁਲੀ ਮਤਿ ਨਾਲ ਜੁੜਕੇ ਉਸਦੇ ਅਮੁੱਲੇ ਗੁਣਾਂ ਨੂੰ ਆਪਣੇ ਅੰਦਰ ਵੱਸਾ ਕੇ ਹੀ ਹੋ ਸਕਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਕੇ ਹੀ ਹੋ ਸਕਦਾ ਹੈ।

ਹੁਣ ਅਸੀਂ ਉਸ ਮੁੱਖ ਸ਼ਬਦ ਦੇ ਅਰਥਾਂ ਨੂੰ ਸਮਝਦੇ ਹਾਂ ਜਿਨ੍ਹਾਂ ਨੂੰ ਸਮਝਣ ਲਈ ਅਸੀਂ ਕੁੱਝ ਸ਼ਬਦਾਂ ਦੁਆਰਾ ਪ੍ਰਮਾਤਮਾ ਦੇ ਅਮੁਲ ਰੂਪ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ।

“ਅਮੁਲ ਗੁਣ ਅਮੁਲ ਵਾਪਾਰ ॥

ਅਮੁਲ ਵਾਪਾਰੀਏ ਅਮੁਲ ਭੰਡਾਰ ॥

ਅਮੁਲ ਆਵਹਿ ਅਮੁਲ ਲੈ ਜਾਹਿ ॥

ਅਮੁਲ ਭਾਇ ਅਮੁਲਾ ਸਮਾਹਿ ॥

ਅਮੁਲੁ ਧਰਮੁ ਅਮੁਲੁ ਦੀਬਾਣੁ ॥

ਅਮੁਲੁ ਤੁਲੁ ਅਮੁਲੁ ਪਰਵਾਣੁ ॥

ਅਮੁਲੁ ਬਖਸੀਸ ਅਮੁਲੁ ਨੀਸਾਣੁ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥"

(ਅੰਗ - ੫-੬)

ਉੱਪਰ ਸ਼ਬਦ ਰਾਹੀਂ ਸਾਡੇ ਮਨੁੱਖੀ ਜੀਵਨ ਦਾ ਮਨੋਰਥ ਹੀ ਸਮਝਾਇਆ ਹੋਇਆ ਹੈ ਜੋ ਮਨੋਰਥ ਪ੍ਰਮਾਤਮਾ ਨੂੰ ਪਾਉਣ ਦਾ ਹੈ ਤੇ ਉਹ ਮਨੋਰਥ ਅਸੀਂ ਕਿਸ ਤਰੀਕੇ ਪੂਰਾ ਕਰਨਾ ਹੈ, ਇਹੀ ਗੱਲ ਸਮਝਾਈ ਹੋਈ ਹੈ। ਅਸੀਂ ਆਪਣੇ ਜੀਵਨ ਵਿੱਚ ਉਸ ਵਸਤੂ ਦਾ ਵਾਪਾਰ ਕਰਨਾ ਹੈ ਜਿਸਦਾ ਵਾਪਾਰ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਅਸੀਂ ਆਪਣੇ ਜੀਵਨ ਵਿੱਚ"ਨਾਮੁ" ਦਾ ਵਾਪਾਰ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਵਾਪਾਰ ਨਾਲ ਜੁੜੇ ਹੋਏ ਅਨੇਕਾਂ ਹੀ ਸ਼ਬਦ ਹਨ ਜੋ ਸਾਨੂੰ ਸੱਚਾ ਵਾਪਾਰ ਕਰਨਾ ਸਮਝਾਉਂਦੇ ਹਨ। ਜਿਸ ਚੀਜ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਸ ਚੀਜ ਦਾ ਹੀ ਅਸੀਂ ਵਾਪਾਰ ਕਰਨਾ ਹੈ। ਪ੍ਰਾਪਤੀ ਤਾਂ ਹਰ ਕੋਈ ਪ੍ਰਮਾਤਮਾ ਦੇ ਨਾਲ ਮੇਲ ਦੀ ਹੀ ਕਰਨੀ ਚਾਹੁੰਦਾ ਹੈ ਜੋ ਪ੍ਰਮਾਤਮਾ "ਨਾਮੁ" ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਦਾ ਵਾਪਾਰ ਅਸੀਂ ਗੁਰੂ ਦੇ ਨਾਲ ਕਰਨਾ ਹੈ ਜੋ ਨਾਮੁ ਦਾ ਮਾਲਕ ਹੈ। ਨਾਮੁ ਕੇਵਲ ਗੁਰੂ ਦੇ ਕੋਲ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਵਿਚ ਨਾਮੁ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਹ ਨਾਮ "ਬ੍ਰਹਮ ਗਿਆਨ" ਦੇ ਰੂਪ ਵਿੱਚ ਹੈ ਜੋ ਬ੍ਰਹਮ ਗਿਆਨ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਸਾਡਾ ਵਾਪਾਰ ਪੂਰਾ ਹੋ ਸਕਦਾ ਹੈ ਜਿਸ ਪ੍ਰਾਪਤੀ ਦੇ ਨਾਲ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ। ਇਹ ਵਾਪਾਰ ਬਹੁਤ ਔਖਾ ਹੈ ਕਿਉਂਕਿ ਇਹ ਵਾਪਾਰ ਸਾਡੇ ਮਨ ਨੇ ਕਰਨਾ ਹੈ। ਇਹ ਵਾਪਾਰ ਕਰਨ

ਲਈ ਸਾਨੂੰ ਗੁਣੀ ਬਣਨਾ ਪੈਂਦਾ ਹੈ ਭਾਵ ਹਰ ਔਗੁਣ ਛੱਡਣਾ ਪੈਂਦਾ ਹੈ। ਨਾਮ ਗੁਣਾਂ ਨਾਲ ਭਰਪੂਰ ਹੈ, ਪ੍ਰਮਾਤਮਾ ਗੁਣਾਂ ਨਾਲ ਭਰਪੂਰ ਹੈ ਜਿਸ ਦੇ ਗੁਣ ਬਿਆਨ ਹੀ ਨਹੀਂ ਕੀਤੇ ਜਾ ਸਕਦੇ। ਹਰ ਵਸਤੂ ਵਿੱਚ ਨਾਮ ਹੈ, ਪ੍ਰਮਾਤਮਾ ਆਪ ਹੈ ਤੇ ਹਰ ਵਸਤੂ, ਹਰ ਆਕਾਰ ਰੂਪ ਗੁਣਾਂ ਨਾਲ ਭਰਪੂਰ ਹੈ। ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦੇ ਨਾਮ ਦੀ ਘਾੜਤ ਹੈ ਤੇ ਮਨੁੱਖੀ ਸਰੀਰ ਕਿਤਨੇ ਕੁ ਗੁਣਾਂ ਨਾਲ ਭਰਪੂਰ ਹੈ ਇਹ ਵੀ ਬਿਆਨ ਨਹੀਂ ਕੀਤੇ ਜਾ ਸਕਦੇ। ਉਸ ਸਰਬ ਗੁਣਾਂ ਦੇ ਮਾਲਕ ਨੂੰ ਭਾਵ ਪ੍ਰਮਾਤਮਾ ਨੂੰ ਜਾਨਣ ਲਈ ਸਾਨੂੰ ਧਾਰਮਿਕ ਗੁਣਾਂ ਦੀ ਲੋੜ ਹੈ ਜੋ ਗੁਣ ਉਸਨੇ ਸੰਸਾਰ ਨੂੰ ਧਾਰਮਿਕ ਗ੍ਰੰਥਾਂ ਰਾਹੀਂ ਸਮਝਾਏ ਹੋਏ ਹਨ। ਜੋ ਵੀ ਗੱਲ ਸਾਨੂੰ ਸੱਚਾ ਗੁਰੂ ਧਰਮ ਗ੍ਰੰਥਾਂ ਰਾਹੀਂ ਕਰਨ ਲਈ ਸਮਝਾਉਂਦਾ ਹੈ, ਛੱਡਣ ਲਈ ਸਮਝਾਉਂਦਾ ਹੈ ਉਸ ਦੀ ਗੱਲ ਨੂੰ ਮੰਨਣਾ ਸਾਡਾ ਗੁਣ ਹੈ ਤੇ ਗੁਰੂ ਦੀ ਗੱਲ ਨੂੰ ਨਾ ਮੰਨਣਾ ਸਾਡਾ ਅਉਗਣ ਹੈ। ਗੁਰੂ ਆਪਣੇ ਗੁਣਾਂ ਦੁਆਰਾ ਅਮੁਲ ਹੈ ਜਿਸ ਦੇ ਮੁਲ ਨੂੰ ਸਮਝਿਆ ਨਹੀਂ ਜਾ ਸਕਦਾ ਤੇ ਨਾ ਹੀ ਉਸਦਾ ਕੋਈ ਇਹ ਮੁਲ ਚੁਕਾ ਸਕਦਾ ਹੈ। ਅਸੀਂ ਜੋ ਵਾਪਾਰ ਕਰਨ ਲਈ ਆਏ ਹਾਂ, ਜਿਸ ਮਕਸਦ ਲਈ ਸਾਨੂੰ ਇਹ ਸਰੀਰ ਮਿਲਿਆ ਹੈ ਉਹ ਵਾਪਾਰ ਗੁਰੂ ਦੇ ਅਮੁਲੇ ਗੁਣਾਂ ਤੇ ਪੂਰਾ ਉਤਰ ਕੇ ਹੀ ਹੋ ਸਕਦਾ ਹੈ। ਗੁਰੂ ਦੇ ਸਮਝਾਏ ਹੋਏ ਧਾਰਮਿਕ ਗੁਣਾਂ ਤੇ ਕੋਈ ਆਪ ਪੂਰਾ ਉਤਰ ਜਾਵੇ ਇਹ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਅਸੀਂ ਕੇਵਲ ਉਦਮ ਹੀ ਕਰ ਸਕਦੇ ਹਾਂ ਜੋ ਕਿ ਸਾਡਾ ਵੱਡਾ ਫਰਜ ਹੈ। (**ਅਮੁਲ ਗੁਣ ਅਮੁਲ ਵਾਪਾਰ ॥**)

{ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ ॥
ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ ॥੬॥
ਗੁਰਮੁਖਿ ਤੋਲਿ ਤੁਲਾਇਸੀ ਸਚੁ ਤਰਾਜੀ ਤੋਲੁ ॥
ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥
ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥੭॥
ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥
ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥
ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥੮॥}

(ਅੰਗ - ੫੯)

{ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥}

(ਅੰਗ - ੬੮)

{ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥
ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥
ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥
ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥
ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ ॥੬॥}

(ਅੰਗ - ੮੨)

{ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥

ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥
ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥}

(ਅੰਗ - ੮੩)

{ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥
ਦੂਜਾ ਭਰਮੁ ਗੁਰ ਸਬਦਿ ਜਲਾਏ ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥}

(ਅੰਗ - ੧੧੫)

{ਆਪੁ ਵੰਞਾਏ ਤਾ ਸਭ ਕਿਛੁ ਪਾਏ ॥
ਗੁਰ ਸਬਦੀ ਸਚੀ ਲਿਵ ਲਾਏ ॥
ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥੧॥}

(ਅੰਗ - ੧੧੫)

{ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥
ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥}

(ਅੰਗ - ੧੨੬)

{ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥
ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥
ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥
ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥
ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥
ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥
ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥}

(ਅੰਗ - ੧੪੧)

{ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥
ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥੧॥
ਹਮ ਵਣਜਾਰੇ ਰਾਮ ਕੇ ॥
ਹਰਿ ਵਣਜੁ ਕਰਾਵੈ ਦੇ ਰਾਸਿ ਰੇ ॥੧॥ ਰਹਾਉ ॥
ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ ॥

ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ ॥੨॥
ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥
ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ ॥੩॥
ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥
ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥੪॥}

(ਅੰਗ - ੧੬੫)

{ਹਰਿ ਚਰਣੀ ਜਾ ਕਾ ਮਨੁ ਲਾਗਾ ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥
ਹਰਿ ਧਨ ਕੋ ਵਾਪਾਰੀ ਪੂਰਾ ॥
ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ ਰਹਾਉ ॥}

(ਅੰਗ - ੧੯੪)

{ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥
ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥
ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥
ਜਨ ਨਾਨਕ ਸਦ ਬਲਿਹਾਰਾ ਜੀਉ ॥੪॥}

(ਅੰਗ - ੨੧੭)

{ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥
ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥
ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ ॥
ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ ॥
ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥}

(ਅੰਗ - ੨੪੩)

{ਰਾਮ ਨਾਮ ਬਿਨੁ ਕੋ ਥਿਰੁ ਨਾਹੀ ਜੀਉ ਬਾਜੀ ਹੈ ਸੰਸਾਰਾ ॥
ਦ੍ਰਿੜੁ ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ ॥
ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ ॥
ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥
ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ ॥
ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ ॥੩॥
ਆਪਿ ਕਰਾਏ ਕਰੇ ਆਪਿ ਜੀਉ ਆਪੇ ਸਬਦਿ ਸਵਾਰੇ ॥
ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ ਭਗਤ ਪਿਆਰੇ ॥

ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ ਆਪੇ ਭਗਤੀ ਲਾਏ ॥
ਆਪੇ ਦਾਨਾ ਆਪੇ ਬੀਨਾ ਆਪੇ ਸੇਵ ਕਰਾਏ ॥
ਆਪੇ ਗੁਣਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ ॥
ਨਾਨਕ ਸਦ ਬਲਿਹਾਰੀ ਸਚੇ ਵਿਟਹੁ ਆਪੇ ਕਰੇ ਕਰਾਏ ॥੪॥}

(ਅੰਗ - ੨੪੬)

{ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥੫॥
ਚਰਨ ਸਾਧ ਕੇ ਧੋਇ ਧੋਇ ਪੀਉ ॥
ਅਰਪਿ ਸਾਧ ਕਉ ਅਪਨਾ ਜੀਉ ॥
ਸਾਧ ਕੀ ਧੂਰਿ ਕਰਹੁ ਇਸਨਾਨੁ ॥
ਸਾਧ ਊਪਰਿ ਜਾਈਐ ਕੁਰਬਾਨੁ ॥
ਸਾਧ ਸੇਵਾ ਵਡਭਾਗੀ ਪਾਈਐ ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥
ਅਨਿਕ ਬਿਘਨ ਤੇ ਸਾਧੂ ਰਾਖੈ ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥
ਓਟ ਗਹੀ ਸੰਤਹ ਦਰਿ ਆਇਆ ॥
ਸਰਬ ਸੂਖ ਨਾਨਕ ਤਿਹ ਪਾਇਆ ॥੬॥}

(ਅੰਗ - ੨੮੩)

{ਸਾਧਸੰਗਿ ਮਿਲਿ ਕਰਹੁ ਅਨੰਦ ॥
ਗੁਨ ਗਾਵਹੁ ਪ੍ਰਭ ਪਰਮਾਨੰਦ ॥
ਰਾਮ ਨਾਮ ਤਤੁ ਕਰਹੁ ਬੀਚਾਰੁ ॥
ਦੁਲਭ ਦੇਹ ਕਾ ਕਰਹੁ ਉਧਾਰੁ ॥
ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥

ਪ੍ਰਾਨ ਤਰਨ ਕਾ ਇਹੈ ਸੁਆਉ ॥
ਆਠ ਪਹਰ ਪ੍ਰਭ ਪੇਖਹੁ ਨੇਰਾ ॥
ਮਿਟੈ ਅਗਿਆਨੁ ਬਿਨਸੈ ਅੰਧੇਰਾ ॥
ਸੁਨਿ ਉਪਦੇਸੁ ਹਿਰਦੈ ਬਸਾਵਹੁ ॥
ਮਨ ਇਛੇ ਨਾਨਕ ਫਲ ਪਾਵਹੁ ॥੫॥}

(ਅੰਗ - ੨੯੩)

{ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥}

(ਅੰਗ - ੩੬੦)

{ਮਨਮੁਖਿ ਭਰਮਿ ਭੁਲੈ ਸੰਸਾਰੁ ॥
ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥
ਵਿਣੁ ਰਾਸੀ ਵਖਰੁ ਪਲੈ ਨ ਪਾਇ ॥
ਮਨਮੁਖਿ ਭੁਲਾ ਜਨਮੁ ਗਵਾਇ ॥੩॥}

(ਅੰਗ - ੩੬੩)

{ਪਰਦੇਸੁ ਝਾਗਿ ਸਉਦੇ ਕਉ ਆਇਆ ॥
ਵਸਤੁ ਅਨੂਪ ਸੁਣੀ ਲਾਭਾਇਆ ॥
ਗੁਣ ਰਾਸਿ ਬੰਨ੍ਹਿ ਪਲੈ ਆਨੀ ॥
ਦੇਖਿ ਰਤਨੁ ਇਹੁ ਮਨੁ ਲਪਟਾਨੀ ॥੧॥
ਸਾਹ ਵਾਪਾਰੀ ਦੁਆਰੈ ਆਏ ॥
ਵਖਰੁ ਕਾਢਹੁ ਸਉਦਾ ਕਰਾਏ ॥੧॥ ਰਹਾਉ ॥
ਸਾਹਿ ਪਠਾਇਆ ਸਾਹੈ ਪਾਸਿ ॥
ਅਮੋਲ ਰਤਨ ਅਮੋਲਾ ਰਾਸਿ ॥
ਵਿਸਟੁ ਸੁਭਾਈ ਪਾਇਆ ਮੀਤ ॥
ਸਉਦਾ ਮਿਲਿਆ ਨਿਹਚਲ ਚੀਤ ॥੨॥
ਭਉ ਨਹੀ ਤਸਕਰ ਪਉਣ ਨ ਪਾਨੀ ॥
ਸਹਜਿ ਵਿਹਾਝੀ ਸਹਜਿ ਲੈ ਜਾਨੀ ॥
ਸਤ ਕੈ ਖਟਿਐ ਦੁਖੁ ਨਹੀ ਪਾਇਆ ॥

ਸਹੀ ਸਲਾਮਤਿ ਘਰਿ ਲੈ ਆਇਆ ॥੩॥
ਮਿਲਿਆ ਲਾਹਾ ਭਏ ਅਨੰਦ ॥
ਧੰਨੁ ਸਾਹ ਪੂਰੇ ਬਖਸਿੰਦ ॥
ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ॥
ਸਹਲੀ ਖੇਪ ਨਾਨਕੁ ਲੈ ਆਇਆ ॥੪॥}

(ਅੰਗ - ੩੭੨)

{ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥
ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥}

(ਅੰਗ - ੩੯੯)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ - ੪੧੮)

{ਪੰਚ ਮਨਾਏ ਪੰਚ ਰੁਸਾਏ ॥
ਪੰਚ ਵਸਾਏ ਪੰਚ ਗਵਾਏ ॥੧॥
ਇਨ੍ ਬਿਧਿ ਨਗਰੁ ਢੁਠਾ ਮੇਰੇ ਭਾਈ ॥
ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥
ਸਾਚ ਧਰਮ ਕੀ ਕਰਿ ਦੀਨੀ ਵਾਰਿ ॥
ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥
ਨਾਮੁ ਖੇਤੀ ਬੀਜਹੁ ਭਾਈ ਮੀਤ ॥
ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥
ਸਾਂਤਿ ਸਹਜ ਸੁਖ ਕੇ ਸਭਿ ਹਾਟ ॥
ਸਾਹ ਵਾਪਾਰੀ ਏਕੈ ਥਾਟ ॥੪॥
ਜੇਜੀਆ ਡੰਨੁ ਕੋ ਲਏ ਨ ਜਗਾਤਿ ॥
ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥
ਵਖਰੁ ਨਾਮੁ ਲਦਿ ਖੇਪ ਚਲਾਵਹੁ ॥
ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥
ਸਤਿਗੁਰੁ ਸਾਹੁ ਸਿਖ ਵਣਜਾਰੇ ॥
ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ ॥੭॥
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥

ਅਬਿਚਲ ਨਗਰੀ ਨਾਨਕ ਦੇਵ ॥੮॥}

(ਅੰਗ - ੪੩੦)

{ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥}

(ਅੰਗ - ੪੭੧)

{ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ ॥
ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ ॥
ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥
ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ ॥
ਧਨੁ ਵਾਪਾਰੀ ਨਾਨਕਾ ਜਿਨ੍ਹਾ ਨਾਮ ਧਨੁ ਖਟਿਆ ਆਇ ॥੨॥}

(ਅੰਗ - ੫੧੧)

{ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ ॥
ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ ॥
ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ ॥
ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ ॥
ਗੁਰਮਤਿ ਪਾਈ ਵਡੀ ਵਡਿਆਈ ਸਚੈ ਸਬਦਿ ਰਸੁ ਪੀਜੈ ॥
ਨਾਨਕ ਹਰਿ ਕੀ ਭਗਤਿ ਨਿਰਾਲੀ ਗੁਰਮੁਖਿ ਵਿਰਲੈ ਕੀਜੈ ॥੧॥
ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ ॥
ਆਪਣੇ ਘਰ ਅੰਦਰਿ ਰਸੁ ਭੁੰਚੁ ਤੂ ਲਾਹਾ ਲੈ ਪਰਥਾਏ ਰਾਮ ॥
ਲਾਹਾ ਪਰਥਾਏ ਹਰਿ ਮੰਨਿ ਵਸਾਏ ਧਨੁ ਖੇਤੀ ਵਾਪਾਰਾ ॥
ਹਰਿ ਨਾਮੁ ਧਿਆਏ ਮੰਨਿ ਵਸਾਏ ਬੂਝੈ ਗੁਰ ਬੀਚਾਰਾ ॥
ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ ॥
ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ ॥੨॥
ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ ॥
ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ ॥
ਮੁਖਿ ਮਸਤਕਿ ਭਾਗੋ ਸਚਿ ਬੈਰਾਗੋ ਸਾਚਿ ਰਤੇ ਵੀਚਾਰੀ ॥
ਨਾਮ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ ॥
ਸਾਚੈ ਸਬਦਿ ਲਾਗਿ ਮਤਿ ਉਪਜੈ ਗੁਰਮੁਖਿ ਨਾਮੁ ਸੋਹਾਗੋ ॥
ਨਾਨਕ ਸਬਦਿ ਮਿਲੈ ਭਉ ਭੰਜਨੁ ਹਰਿ ਰਾਵੈ ਮਸਤਕਿ ਭਾਗੋ ॥੩॥
ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ ॥
ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥

ਹੁਕਮਿ ਮਿਲਾਈ ਸਹਜਿ ਸਮਾਈ ਗੁਰ ਕਾ ਸਬਦੁ ਅਪਾਰਾ ॥
ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥
ਭਉ ਭੰਜਨੁ ਪਾਇਆ ਆਪੁ ਗਵਾਇਆ ਗੁਰਮੁਖਿ ਮੇਲਿ ਮਿਲਾਈ ॥
ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ਹੁਕਮੇ ਰਹਿਆ ਸਮਾਈ ॥੪॥}

(ਅੰਗ - ੫੬੮-੫੬੯)

{ਮਨ ਮੇਰਿਆ ਜਨਮੁ ਪਦਾਰਥੁ ਪਾਇ ਕੈ ਇਕਿ ਸਚਿ ਲਗੇ ਵਾਪਾਰਾ ॥
ਸਤਿਗੁਰੁ ਸੇਵਨਿ ਆਪਣਾ ਅੰਤਰਿ ਸਬਦੁ ਅਪਾਰਾ ॥
ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ ਨਾਮੇ ਨਉ ਨਿਧਿ ਪਾਈ ॥
ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ ॥
ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ ॥
ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ ॥੩॥}

(ਅੰਗ - ੫੬੯)

{ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥
ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥
ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥
ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥
ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥
ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥੧॥
ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥
ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥
ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥
ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥
ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥}

(ਅੰਗ - ੫੭੦)

{ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ ॥
ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ ॥
ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ ॥
ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ ॥
ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ ॥
ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥੧॥
ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥
ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ ॥
ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥

ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥੨॥
ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥
ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਰਾ ਮਾਹਿ ਸਮਾਈ ॥
ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥
ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥
ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥
ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ ॥
ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥
ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ ॥
ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥}

(ਅੰਗ - ੫੭੦-੫੭੧)

{ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥
ਆਪਿ ਮਿਲਾਏ ਆਪਿ ਮਿਲੈ ਆਪੇ ਦੇਇ ਪਿਆਰੋ ॥
ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥
ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥
ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥
ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥}

(ਅੰਗ - ੫੮੪)

{ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ ॥
ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ ॥
ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ ॥੧॥
ਜਪਿ ਮਨ ਹਰਿ ਹਰਿ ਨਾਮੁ ਸਲਾਹ ॥
ਗੁਰ ਕਿਰਪਾ ਤੇ ਪਾਈਐ ਪਿਆਰਾ ਅੰਮ੍ਰਿਤੁ ਅਗਮ ਅਥਾਹ ॥ ਰਹਾਉ ॥}

(ਅੰਗ - ੬੦੪)

{ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥}

(ਅੰਗ - ੬੩੬)

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥
ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥
ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥
ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥
ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}

(ਅੰਗ - ੬੪੭)

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥
ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ - ੬੫੦)

{ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥
ਗੁਰ ਕੈ ਸਬਦਿ ਆਪੁ ਪਛਾਣੁ ॥
ਸਾਚੀ ਰਾਸਿ ਸਾਚਾ ਵਾਪਾਰੁ ॥
ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥
ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ ॥
ਊਤਮ ਬਾਣੀ ਸਬਦੁ ਸੁਣਾਏ ॥
ਪ੍ਰਭ ਸਾਚੇ ਕੀ ਸਾਚੀ ਕਾਰ ॥
ਨਾਨਕ ਨਾਮਿ ਸਵਾਰਣਹਾਰ ॥੪॥}

(ਅੰਗ - ੬੬੪-੬੬੫)

{ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ ॥
ਬੋਲਹਿ ਅੰਮ੍ਰਿਤ ਬਾਣਿ ਰਸਨ ਰਸਾਇਆ ਜੀਉ ॥
ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ॥
ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥
ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ॥
ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ ॥੪॥}

(ਅੰਗ - ੬੮੮)

{ਦੁਇ ਦੀਵੇ ਚਉਦਹ ਹਟਨਾਲੇ ॥
ਜੇਤੇ ਜੀਅ ਤੇਤੇ ਵਣਜਾਰੇ ॥
ਖੁਲ੍ਹੇ ਹਟ ਹੋਆ ਵਾਪਾਰੁ ॥
ਜੋ ਪਹੁਚੈ ਸੋ ਚਲਣਹਾਰੁ ॥
ਧਰਮੁ ਦਲਾਲੁ ਪਾਏ ਨੀਸਾਣੁ ॥
ਨਾਨਕ ਨਾਮੁ ਲਾਹਾ ਪਰਵਾਣੁ ॥
ਘਰਿ ਆਏ ਵਜੀ ਵਾਧਾਈ ॥
ਸਚ ਨਾਮ ਕੀ ਮਿਲੀ ਵਡਿਆਈ ॥੧॥}

(ਅੰਗ - ੭੮੯)

{ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥}

(ਅੰਗ - ੯੩੯)

{ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥
ਅਵਗਣ ਮੇਟੈ ਗੁਣਿ ਨਿਸਤਾਰੈ ॥
ਮੁਕਤਿ ਮਹਾ ਸੁਖ ਗੁਰਸਬਦੁ ਬੀਚਾਰਿ ॥
ਗੁਰਮੁਖਿ ਕਦੇ ਨ ਆਵੈ ਹਾਰਿ ॥
ਤਨੁ ਹਟੜੀ ਇਹੁ ਮਨੁ ਵਣਜਾਰਾ ॥
ਨਾਨਕ ਸਹਜੇ ਸਚੁ ਵਾਪਾਰਾ ॥੩੯॥}

(ਅੰਗ - ੯੪੨)

{ਅਹਿਨਿਸਿ ਜਾਗੈ ਨੀਦ ਨ ਸੋਵੈ ॥
ਸੋ ਜਾਣੈ ਜਿਸੁ ਵੇਦਨ ਹੋਵੈ ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥੧॥
ਜਿਸ ਨੋ ਸਾਚਾ ਸਿਫਤੀ ਲਾਏ ॥
ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥
ਪਿਰ ਸੇਤੀ ਧਨ ਪ੍ਰੇਮੁ ਰਚਾਏ ॥
ਗੁਰ ਕੈ ਸਬਦਿ ਤਥਾ ਚਿਤੁ ਲਾਏ ॥
ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥
ਸਹਸਾ ਤੋੜੇ ਭਰਮੁ ਚੁਕਾਏ ॥

ਸਹਜੇ ਸਿਫਤੀ ਧਣਖੁ ਚੜਾਏ ॥
ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥
ਹਉਮੈ ਜਲਿਆ ਮਨਹੁ ਵਿਸਾਰੇ ॥
ਜਮ ਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥
ਮਾਇਆ ਮਮਤਾ ਪਵਹਿ ਖਿਆਲੀ ॥
ਜਮ ਪੁਰਿ ਫਾਸਹਿਗਾ ਜਮ ਜਾਲੀ ॥
ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥
ਨਾ ਹਉ ਕਰਤਾ ਨਾ ਮੈ ਕੀਆ ॥
ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥੬॥}

(ਅੰਗ - ੯੯੩)

{ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥
ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥
ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥
ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥
ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥
ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥
ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥
ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥
ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥੭॥
ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥
ਗੁਰਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥
ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ ॥੮॥}

(ਅੰਗ - ੧੦੦੯)

{ਕੂੜੁ ਛੋਡਿ ਸਾਚੇ ਕਉ ਧਾਵਹੁ ॥
ਜੋ ਇਛਹੁ ਸੋਈ ਫਲੁ ਪਾਵਹੁ ॥
ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥}

(ਅੰਗ - ੧੦੨੮)

{ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥
ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥

ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥
ਨੀਕੇ ਸਾਚੇ ਕੇ ਵਾਪਾਰੀ ॥
ਸਚੁ ਸਉਦਾ ਲੈ ਗੁਰ ਵੀਚਾਰੀ ॥
ਸਚਾ ਵਖਰੁ ਜਿਸੁ ਧਨੁ ਪਲੈ ਸਬਦਿ ਸਚੈ ਓਮਾਹਾ ਹੇ ॥੯॥
ਕਾਚੀ ਸਉਦੀ ਤੋਟਾ ਆਵੈ ॥
ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ ॥
ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ ॥੧੦॥
ਸਭੁ ਕੋ ਬੋਲੈ ਆਪਣ ਭਾਣੈ ॥
ਮਨਮੁਖੁ ਦੂਜੈ ਬੋਲਿ ਨ ਜਾਣੈ ॥
ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ ॥੧੧॥
ਦੁਖ ਮਹਿ ਜਨਮੈ ਦੁਖ ਮਹਿ ਮਰਣਾ ॥
ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ ॥
ਦੂਖੀ ਉਪਜੈ ਦੂਖੀ ਬਿਨਸੈ ਕਿਆ ਲੈ ਆਇਆ ਕਿਆ ਲੈ ਜਾਹਾ ਹੇ ॥੧੨॥
ਸਚੀ ਕਰਣੀ ਗੁਰ ਕੀ ਸਿਰਕਾਰਾ ॥
ਆਵਣੁ ਜਾਣੁ ਨਹੀ ਜਮ ਧਾਰਾ ॥
ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ ॥੧੩॥
ਹਰਿ ਕੇ ਲੋਗ ਨਹੀ ਜਮੁ ਮਾਰੈ ॥
ਨਾ ਦੁਖੁ ਦੇਖਹਿ ਪੰਥਿ ਕਰਾਰੈ ॥
ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ ॥੧੪॥
ਓੜੁ ਨ ਕਥਨੈ ਸਿਫਤਿ ਸਜਾਈ ॥
ਜਿਉ ਤੁਧੁ ਭਾਵਹਿ ਰਹਹਿ ਰਜਾਈ ॥
ਦਰਗਹ ਪੈਧੇ ਜਾਨਿ ਸੁਹੇਲੇ ਹੁਕਮਿ ਸਚੇ ਪਾਤਿਸਾਹਾ ਹੇ ॥੧੫॥
ਕਿਆ ਕਹੀਐ ਗੁਣ ਕਥਹਿ ਘਨੇਰੇ ॥
ਅੰਤੁ ਨ ਪਾਵਹਿ ਵਡੇ ਵਡੇਰੇ ॥
ਨਾਨਕ ਸਾਚੁ ਮਿਲੈ ਪਤਿ ਰਾਖਹੁ ਤੂ ਸਿਰਿ ਸਾਹਾ ਪਾਤਿਸਾਹਾ ਹੇ ॥੧੬॥}

(ਅੰਗ - ੧੦੩੨)

{ਆਪੇ ਆਪੁ ਉਪਾਇ ਨਿਰਾਲਾ ॥
ਸਾਚਾ ਥਾਨੁ ਕੀਓ ਦਇਆਲਾ ॥
ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥
ਨਉ ਘਰ ਥਾਪੇ ਥਾਪਣਹਾਰੈ ॥
ਦਸਵੈ ਵਾਸਾ ਅਲਖ ਅਪਾਰੈ ॥

ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥
ਰਵਿ ਸਸਿ ਦੀਪਕ ਜੋਤਿ ਸਬਾਈ ॥
ਆਪੇ ਕਰਿ ਵੇਖੈ ਵਡਿਆਈ ॥
ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥
ਗੜ ਮਹਿ ਹਾਟ ਪਟਣ ਵਾਪਾਰਾ ॥
ਪੂਰੈ ਤੋਲਿ ਤੋਲੈ ਵਣਜਾਰਾ ॥
ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥
ਕੀਮਤਿ ਪਾਈ ਪਾਵਣਹਾਰੈ ॥
ਵੇਪਰਵਾਹ ਪੂਰੇ ਭੰਡਾਰੈ ॥
ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥੫॥
ਨਦਰਿ ਕਰੇ ਪੂਰਾ ਗੁਰੁ ਭੇਟੈ ॥
ਜਮ ਜੰਦਾਰੁ ਨ ਮਾਰੈ ਫੇਟੈ ॥
ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ ॥੬॥
ਆਪੇ ਵਰਖੈ ਅੰਮ੍ਰਿਤ ਧਾਰਾ ॥
ਰਤਨ ਜਵੇਹਰ ਲਾਲ ਅਪਾਰਾ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ ॥੭॥
ਪ੍ਰੇਮ ਪਦਾਰਥੁ ਲਹੈ ਅਮੋਲੋ ॥
ਕਬ ਹੀ ਨ ਘਾਟਸਿ ਪੂਰਾ ਤੋਲੋ ॥
ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥
ਸਚਾ ਸਉਦਾ ਵਿਰਲਾ ਕੋ ਪਾਏ ॥
ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥
ਹੁਕਮੇ ਆਇਆ ਹੁਕਮਿ ਸਮਾਇਆ ॥
ਹੁਕਮੇ ਦੀਸੈ ਜਗਤੁ ਉਪਾਇਆ ॥
ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥
ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥
ਹੁਕਮੇ ਆਡਾਣੇ ਆਗਾਸੀ ॥
ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥
ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥

ਹੁਕਮਿ ਉਪਾਏ ਦਸ ਅਉਤਾਰਾ ॥
ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥
ਹੁਕਮੇ ਜੁਗ ਛਤੀਹ ਗੁਦਾਰੇ ॥
ਹੁਕਮੇ ਸਿਧ ਸਾਧਿਕ ਵੀਚਾਰੇ ॥
ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥
ਕਾਇਆ ਕੋਟੁ ਗੜੈ ਮਹਿ ਰਾਜਾ ॥
ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥
ਸਤੁ ਸੰਤੋਖੁ ਨਗਰ ਮਹਿ ਕਾਰੀ ॥
ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥
ਨਾਨਕ ਸਹਜਿ ਮਿਲੈ ਜਗਜੀਵਨੁ ਗੁਰਸਬਦੀ ਪਤਿ ਪਾਇਦਾ ॥੧੬॥}

(ਅੰਗ - ੧੦੩੬-੧੦੩੭)

{ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥
ਹਰਿ ਸਾਚੇ ਸੇਤੀ ਵਣਜੁ ਵਾਪਾਰਾ ॥
ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ ॥੧੧॥
ਹਰਿ ਜੀਉ ਅਵਗਣਿਆਰੇ ਨੋ ਗੁਣੁ ਕੀਜੈ ॥
ਆਪੇ ਬਖਸਿ ਲੈਹਿ ਨਾਮੁ ਦੀਜੈ ॥
ਗੁਰਮੁਖਿ ਹੋਵੈ ਸੋ ਪਤਿ ਪਾਏ ਇਕਤੁ ਨਾਮਿ ਨਿਵਾਸੀ ਹੇ ॥੧੨॥
ਅੰਤਰਿ ਹਰਿ ਧਨੁ ਸਮਝ ਨ ਹੋਈ ॥
ਗੁਰ ਪਰਸਾਦੀ ਬੂਝੈ ਕੋਈ ॥
ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ ॥੧੩॥
ਅਨਲ ਵਾਉ ਭਰਮਿ ਭੁਲਾਈ ॥
ਮਾਇਆ ਮੋਹਿ ਸੁਧਿ ਨ ਕਾਈ ॥
ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ ॥੧੪॥
ਮਨਮੁਖ ਹਉਮੈ ਮਾਇਆ ਸੂਤੇ ॥
ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥੧੫॥
ਆਪੇ ਕਰਤੈ ਕਾਰ ਕਰਾਈ ॥
ਆਪੇ ਗੁਰਮੁਖਿ ਦੇਇ ਬੁਝਾਈ ॥
ਨਾਨਕ ਨਾਮਿ ਰਤੇ ਮਨੁ ਨਿਰਮਲੁ ਨਾਮੇ ਨਾਮਿ ਨਿਵਾਸੀ ਹੇ ॥੧੬}

(ਅੰਗ - ੧੦੪੮-੧੦੪੯)

{ਸਚੈ ਸਚਾ ਤਖਤੁ ਰਚਾਇਆ ॥
ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥
ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ ॥੧॥
ਸਚਾ ਸਉਦਾ ਸਚੁ ਵਾਪਾਰਾ ॥
ਨ ਤਿਥੈ ਭਰਮੁ ਨ ਦੂਜਾ ਪਸਾਰਾ ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ ॥੨॥
ਸਚੈ ਲਾਏ ਸੇ ਜਨ ਲਾਗੇ ॥
ਅੰਤਰਿ ਸਬਦੁ ਮਸਤਕਿ ਵਡਭਾਗੇ ॥
ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ ॥੩॥
ਸਚੋ ਸਚਾ ਸਚੁ ਸਾਲਾਹੀ ॥
ਏਕੋ ਵੇਖਾ ਦੂਜਾ ਨਾਹੀ ॥
ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥
ਮਾਇਆ ਮੋਹੁ ਸਬਦਿ ਜਲਾਇਆ ॥
ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥
ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥੫॥
ਮਾਇਆ ਮੋਹੁ ਸਭੁ ਆਪੇ ਕੀਨਾ ॥
ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥
ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥੬॥
ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥
ਹਉਮੈ ਤ੍ਰਿਸਨਾ ਸਬਦਿ ਬੁਝਾਈ ॥
ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ ॥੭॥
ਸਚਿ ਲਗੇ ਤਿਨ ਸਭੁ ਕਿਛੁ ਭਾਵੈ ॥
ਸਚੈ ਸਬਦੇ ਸਚਿ ਸੁਹਾਵੈ ॥
ਐਥੈ ਸਾਚੇ ਸੇ ਦਰਿ ਸਾਚੇ ਨਦਰੀ ਨਦਰਿ ਸਵਾਰੀ ਹੇ ॥੮॥
ਬਿਨੁ ਸਾਚੇ ਜੋ ਦੂਜੈ ਲਾਇਆ ॥
ਮਾਇਆ ਮੋਹ ਦੁਖ ਸਬਾਇਆ ॥
ਬਿਨੁ ਗੁਰ ਦੁਖੁ ਸੁਖੁ ਜਾਪੈ ਨਾਹੀ ਮਾਇਆ ਮੋਹ ਦੁਖੁ ਭਾਰੀ ਹੇ ॥੯॥}

(ਅੰਗ - ੧੦੫੦)

{ਆਪੇ ਸ੍ਰਿਸਟਿ ਹੁਕਮਿ ਸਭ ਸਾਜੀ ॥
ਆਪੇ ਥਾਪਿ ਉਥਾਪਿ ਨਿਵਾਜੀ ॥

ਆਪੇ ਨਿਆਉ ਕਰੇ ਸਭੁ ਸਾਚਾ ਸਾਚੇ ਸਾਚਿ ਮਿਲਾਇਦਾ ॥੧॥
ਕਾਇਆ ਕੋਟੁ ਹੈ ਆਕਾਰਾ ॥
ਮਾਇਆ ਮੋਹੁ ਪਸਰਿਆ ਪਾਸਾਰਾ ॥
ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ ॥੨॥
ਕਾਇਆ ਕੰਚਨ ਕੋਟੁ ਅਪਾਰਾ ॥
ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥
ਗੁਰਮੁਖਿ ਗਾਵੈ ਸਦਾ ਗੁਣ ਸਾਚੇ ਮਿਲਿ ਪ੍ਰੀਤਮ ਸੁਖੁ ਪਾਇਦਾ ॥੩॥
ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥੪॥
ਸੋ ਸੂਚਾ ਜਿ ਕਰੋਧੁ ਨਿਵਾਰੇ ॥
ਸਬਦੇ ਬੂਝੈ ਆਪੁ ਸਵਾਰੇ ॥
ਆਪੇ ਕਰੇ ਕਰਾਏ ਕਰਤਾ ਆਪੇ ਮੰਨਿ ਵਸਾਇਦਾ ॥੫॥}

(ਅੰਗ - ੧੦੫੯)

{ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥
ਮੈਲੇ ਕਰਮ ਕਰੇ ਦੁਖੁ ਪਾਏ ॥
ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥੧੨॥
ਨਿਰਮਲ ਬਾਣੀ ਕੋ ਮੰਨਿ ਵਸਾਏ ॥
ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥}

(ਅੰਗ - ੧੦੬੨)

{ਹਰਿ ਜੀਉ ਦਾਤਾ ਅਗਮ ਅਥਾਹਾ ॥
ਓਸੁ ਤਿਲੁ ਨ ਤਮਾਇ ਵੇਪਰਵਾਹਾ ॥
ਤਿਸ ਨੋ ਅਪੜਿ ਨ ਸਕੈ ਕੋਈ ਆਪੇ ਮੇਲਿ ਮਿਲਾਇਦਾ ॥੧॥
ਜੋ ਕਿਛੁ ਕਰੈ ਸੁ ਨਿਹਚਉ ਹੋਈ ॥
ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥
ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰਸਬਦੀ ਮੇਲਾਇਦਾ ॥੨॥
ਚਉਦਹ ਭਵਣ ਤੇਰੇ ਹਟਨਾਲੇ ॥
ਸਤਿਗੁਰਿ ਦਿਖਾਏ ਅੰਤਰਿ ਨਾਲੇ ॥
ਨਾਵੈ ਕਾ ਵਾਪਾਰੀ ਹੋਵੈ ਗੁਰਸਬਦੀ ਕੋ ਪਾਇਦਾ ॥੩॥
ਸਤਿਗੁਰਿ ਸੇਵਿਐ ਸਹਜ ਅਨੰਦਾ ॥

ਹਿਰਦੈ ਆਇ ਵੁਠਾ ਗੋਵਿੰਦਾ ॥
ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥੪॥}

(ਅੰਗ - ੧੦੬੨-੧੦੬੩)

{ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥
ਮਮਤਾ ਕਾਟਿ ਸਚਿ ਲਿਵ ਲਾਏ ॥
ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ ॥੧੫॥
ਆਪੇ ਕਰੇ ਕਰਾਏ ਕਰਤਾ ॥
ਸਬਦਿ ਮਰੈ ਸੋਈ ਜਨੁ ਮੁਕਤਾ ॥
ਨਾਨਕ ਨਾਮੁ ਵਸੈ ਮਨ ਅੰਤਰਿ ਨਾਮੋ ਨਾਮੁ ਧਿਆਇਦਾ ॥੧੬}

(ਅੰਗ - ੧੦੬੩)

{ਸਭੁ ਕੋ ਵਣਜੁ ਕਰੇ ਵਾਪਾਰਾ ॥
ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥
ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ ॥੧੧॥
ਜਿਸ ਨੋ ਨਾਮੁ ਦੇਇ ਸੋ ਪਾਏ ॥
ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥
ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ ॥੧੨॥
ਨਾਵੈ ਨੋ ਲੋਚੈ ਜੇਤੀ ਸਭ ਆਈ ॥
ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ ॥
ਜਿਨੀ ਨਾਉ ਪਾਇਆ ਸੇ ਵਡਭਾਗੀ ਗੁਰ ਕੈ ਸਬਦਿ ਮਿਲਾਇਦਾ ॥੧੩॥
ਕਾਇਆ ਕੋਟੁ ਅਤਿ ਅਪਾਰਾ ॥
ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ ॥
ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ ॥੧੪॥
ਅੰਤਰ ਘਰ ਬੰਕੇ ਥਾਨੁ ਸੁਹਾਇਆ ॥
ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ ॥
ਇਤੁ ਸਾਥਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ ॥੧੫॥
ਮੇਰੈ ਕਰਤੈ ਇਕ ਬਣਤ ਬਣਾਈ ॥
ਇਸੁ ਦੇਹੀ ਵਿਚਿ ਸਭ ਵਥੁ ਪਾਈ ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥੧੬॥}

(ਅੰਗ - ੧੦੬੪)

{ਨਿਰੰਕਾਰਿ ਆਕਾਰੁ ਉਪਾਇਆ ॥
ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥
ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥
ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥

ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥
ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥
ਗੁਰ ਪਰਸਾਦੀ ਸਹਜੇ ਮਾਤੇ ॥
ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥
ਮਾਇਆ ਮੋਹਿ ਭਰਮਿ ਨ ਪਾਏ ॥
ਦੂਜੈ ਭਾਇ ਲਗਾ ਦੁਖੁ ਪਾਏ ॥
ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥
ਏਹੁ ਮਨੁ ਭੈ ਭਾਇ ਰੰਗਾਏ ॥
ਇਤੁ ਰੰਗਿ ਸਾਚੇ ਮਾਹਿ ਸਮਾਏ ॥
ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥
ਮਨਮੁਖੁ ਬਹੁਤੁ ਕਰੇ ਅਭਿਮਾਨੁ ॥
ਦਰਗਹ ਕਬ ਹੀ ਨ ਪਾਵੈ ਮਾਨੁ ॥
ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥
ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥
ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥
ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥
ਮੇਰੈ ਠਾਕੁਰਿ ਇਹ ਬਣਤ ਬਣਾਈ ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥
ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥
ਸਚਾ ਮਹਲੁ ਸਚੇ ਭੰਡਾਰਾ ॥
ਆਪੇ ਦੇਵੈ ਦੇਵਣਹਾਰਾ ॥
ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥
ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ ॥

ਗੁਰ ਪਰਸਾਦੀ ਪਾਇਆ ਜਾਈ ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥
ਆਪੇ ਸਚਾ ਸਬਦਿ ਮਿਲਾਏ ॥
ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥}

(ਅੰਗ - ੧੦੬੬-੧੦੬੭)

{ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ ॥
ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ ॥੨॥}

(ਅੰਗ - ੧੦੯੦)

{ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ ॥
ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ ॥
ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ ॥
ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ ॥
ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰੁ ਮੈਲਾ ਸਭੁ ਆਕਾਰੁ ॥
ਨਾਨਕ ਨਾਮੁ ਨ ਚੇਤਨੀ ਹੋਇ ਮੈਲੇ ਮਰਹਿ ਗਵਾਰ ॥੧॥}

(ਅੰਗ - ੧੦੯੧)

{ਰਸਨਾ ਨਾਮੁ ਸਭੁ ਕੋਈ ਕਹੈ ॥
ਸਤਿਗੁਰੁ ਸੇਵੇ ਤਾ ਨਾਮੁ ਲਹੈ ॥
ਬੰਧਨ ਤੋੜੇ ਮੁਕਤਿ ਘਰਿ ਰਹੈ ॥
ਗੁਰਸਬਦੀ ਅਸਥਿਰੁ ਘਰਿ ਬਹੈ ॥੧॥
ਮੇਰੇ ਮਨ ਕਾਹੇ ਰੋਸੁ ਕਰੀਜੈ ॥
ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ ॥੧॥ ਰਹਾਉ ॥
ਬਾਬੀਹਾ ਖਿਨੁ ਖਿਨੁ ਬਿਲਲਾਇ ॥
ਬਿਨੁ ਪਿਰ ਦੇਖੇ ਨੰਦ ਨ ਪਾਇ ॥
ਇਹੁ ਵੇਛੋੜਾ ਸਹਿਆ ਨ ਜਾਇ ॥
ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ ॥੨॥
ਨਾਮਹੀਣੁ ਬਿਨਸੈ ਦੁਖੁ ਪਾਇ ॥
ਤ੍ਰਿਸਨਾ ਜਲਿਆ ਭੂਖ ਨ ਜਾਇ ॥
ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥
ਬਹੁ ਬਿਧਿ ਥਾਕਾ ਕਰਮ ਕਮਾਇ ॥੩॥
ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥

ਬਿਖਿਆ ਮੈਲੁ ਬਿਖਿਆ ਵਾਪਾਰੁ ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥
ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥
ਗੁਰੁ ਮਾਨੈ ਮਾਨੈ ਸਭੁ ਕੋਇ ॥
ਗੁਰ ਬਚਨੀ ਮਨੁ ਸੀਤਲੁ ਹੋਇ ॥
ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ ॥
ਨਾਨਕ ਗੁਰਮੁਖਿ ਵਿਰਲਾ ਕੋਇ ॥੫॥}

(ਅੰਗ - ੧੨੬੨)

{ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥
ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥
ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥
ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥
ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥
ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥
ਆਇਆ ਉਠੀ ਖੇਲੁ ਫਿਰੈ ਉਵਤਿਆ ॥
ਨਾਨਕ ਸਚੈ ਮੇਲੁ ਸਚੈ ਰਤਿਆ ॥੨੪॥}

(ਅੰਗ - ੧੨੮੯)

{ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਵਾਣਿ ਕੈ ਤਾਂ ਕੀਚੈ ਵਾਪਾਰੁ ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥
ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥
ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥
ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥
ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ ॥੨॥}

(ਅੰਗ - ੧੪੧੦)

{ਸਤਿਗੁਰੁ ਸੇਵਨਿ ਆਪਣਾ ਗੁਰਸਬਦੀ ਵੀਚਾਰਿ ॥
ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ ॥
ਐਥੈ ਓਥੈ ਮੰਨੀਅਨਿ ਹਰਿ ਨਾਮਿ ਲਗੇ ਵਾਪਾਰਿ ॥
ਗੁਰਮੁਖਿ ਸਬਦਿ ਸਿਵਾਪਦੇ ਤਿਤੁ ਸਾਚੈ ਦਰਬਾਰਿ ॥
ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ ॥
ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥

ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥੨੬॥}

(ਅੰਗ - ੧੪੧੫-੧੪੧੬)

ਉੱਪਰ ਦਿੱਤੇ ਕਾਫੀ ਸ਼ਬਦਾਂ ਦੁਆਰਾ ਅਸੀਂ ਇਸੇ ਗੱਲ ਨੂੰ ਹੀ ਸਮਝਣਾ ਹੈ ਕਿ ਉਹ "ਵਾਪਾਰ" ਕੀ ਹੈ ਜੋ ਅਸੀਂ ਆਪਣੇ ਜੀਵਨ ਵਿੱਚ ਕਰਨਾ ਹੈ। ਸਭ ਤੋਂ ਜਰੂਰੀ ਇਸ ਗੱਲ ਨੂੰ ਸਮਝਣਾ ਹੈ ਕਿ ਅਸੀਂ ਇਹ ਵਾਪਾਰ ਕਿਸ ਤਰੀਕੇ ਕਰਨਾ ਹੈ ਤੇ ਇਹ ਵਾਪਾਰ ਕਰਨ ਦਾ ਮਕਸਦ ਕੀ ਹੈ, ਇਹ ਵਾਪਾਰ ਕਰਨ ਨਾਲ ਲਾਭ ਕੀ ਮਿਲਣਾ ਹੈ। ਜੋ ਵੀ ਕੋਈ ਵਾਪਾਰ ਕਰਦਾ ਹੈ ਉਹ ਕਿਸੇ ਲਾਭ ਦੀ ਪ੍ਰਾਪਤੀ ਲਈ ਹੀ ਕਰਦਾ ਹੈ। ਕੋਈ ਵੀ ਵਾਪਾਰ ਕਰਨ ਲਈ ਧੰਨ ਦੀ ਵੀ ਲੋੜ ਹੁੰਦੀ ਹੈ ਭਾਵ "ਰਾਸਿ" ਦੀ ਵੀ ਲੋੜ ਹੁੰਦੀ ਹੈ ਜਿਸ ਰਾਸਿ ਨੂੰ ਖਰਚਣ ਦੁਆਰਾ, ਵਰਤਣ ਦੁਆਰਾ ਵਾਪਾਰ ਹੁੰਦਾ ਹੈ। ਉੱਪਰ ਦਿੱਤੇ ਹਰ ਸ਼ਬਦ ਨੂੰ ਜਦੋਂ ਅਸੀਂ ਧਿਆਨ ਨਾਲ ਸਮਝਾਂਗੇ, ਵਿਚਾਰਾਂਗੇ ਤੇ ਹਰ ਗੱਲ ਦਾ ਜਵਾਬ ਅਸਾਨੀ ਨਾਲ ਮਿਲ ਜਾਂਦਾ ਹੈ। ਵਾਪਾਰ ਨੂੰ ਸਮਝਣ ਲਈ "ਨਾਮੁ" ਦੀ ਸਮਝ ਹੋਣੀ ਜਰੂਰੀ ਹੈ, "ਨਾਮ-ਧੰਨ" ਦੀ ਸਮਝ ਹੋਣੀ ਜਰੂਰੀ ਹੈ ਜਿਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਸ ਵਾਪਾਰ ਲਈ ਜੋ "ਧੰਨ" ਹੈ ਉਹ ਨਾਮ ਧੰਨ ਹੈ, ਗੁਰੂ ਦੇ ਸੱਚੇ ਗਿਆਨ ਦਾ ਧੰਨ ਹੈ ਜਿਸ ਧੰਨ ਨੂੰ ਖਰਚਣ ਨਾਲ, ਵਰਤਣ ਨਾਲ ਹੀ ਅਸੀਂ ਆਪਣੇ ਜੀਵਨ ਵਿੱਚ ਸੱਚਾ ਵਾਪਾਰ ਕਰ ਸਕਦੇ ਹਾਂ। ਇਹ ਵਾਪਾਰ ਸਾਡੇ ਮਨ ਦੀ ਸੱਚੀ ਸਮਝ ਦੁਆਰਾ ਹੋਣਾ ਹੈ ਭਾਵ ਗੁਰਮਤਿ ਵਾਲੀ ਸਮਝ ਦੁਆਰਾ ਹੋਣਾ ਹੈ। ਗੁਰਮਤਿ ਦੀ ਸੱਚੀ ਸਮਝ ਸਾਡੇ ਲਈ ਸੱਚੇ ਗਿਆਨ ਦਾ ਧੰਨ ਹੈ ਭਾਵ ਨਾਮ ਧੰਨ ਹੈ। ਜਿਸ ਸੌਦੇ ਦਾ, ਵਖਰ ਦਾ ਅਸੀਂ ਵਾਪਾਰ ਕਰਨਾ ਹੈ ਉਸ ਸੌਦੇ ਦੀ ਪ੍ਰਾਪਤੀ ਨਾਮ ਧੰਨ ਵਰਤਣ ਨਾਲ ਹੀ ਹੁੰਦੀ ਹੈ। ਇਹ ਧੰਨ ਕੇਵਲ ਗੁਰੂ ਦੇ ਕੋਲ ਹੀ ਹੈ ਜੋ ਨਾਮ ਧੰਨ ਉਸਦੇ ਸੱਚੇ ਗਿਆਨ ਦਾ ਧੰਨ ਹੈ, ਸੱਚੇ ਗਿਆਨ ਦੀ ਰਾਸਿ ਹੈ, ਪੂੰਜੀ ਹੈ ਜਿਸ ਧੰਨ ਦੁਆਰਾ ਅਸੀਂ ਉਹ ਸੌਦਾ ਖਰੀਦ ਸਕਦੇ ਹਾਂ, ਪ੍ਰਾਪਤ ਕਰ ਸਕਦੇ ਹਾਂ ਜਿਸ ਦਾ ਵਾਪਾਰ ਅਸੀਂ ਕਰਨਾ ਹੈ। ਇਹ ਸੌਦਾ ਸਾਨੂੰ ਜਦੋਂ ਵੀ ਮਿਲਣਾ ਹੈ, ਗੁਰੂ ਦੇ ਕੋਲੋਂ ਭਾਵ ਪ੍ਰਮਾਤਮਾ ਦੇ ਕੋਲੋਂ ਹੀ ਮਿਲਣਾ ਹੈ ਜੋ ਆਪ ਹੀ ਗੁਰੂ ਹੈ ਤੇ ਸਭ ਦੇ ਅੰਦਰ ਹੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣੇ ਸੱਚੇ ਗਿਆਨ ਦੀ ਰਾਸਿ ਪਾਈ ਹੋਈ ਹੈ ਜਿੱਥੋਂ ਅਸੀਂ ਇਹ ਰਾਸਿ ਲੈਣੀ ਹੈ ਤੇ ਖਰਚਣੀ ਹੈ, ਵਰਤਣੀ ਹੈ ਤੇ ਜੇਕਰ ਸਾਡੀ ਵਰਤਣ ਚੰਗੀ ਹੋਵੇਗੀ ਫਿਰ ਤਾਂ ਹੀ ਪ੍ਰਮਾਤਮਾ ਸਾਨੂੰ ਆਪਣੀ ਸੱਚੀ ਵਸਤੂ ਮਨ ਦੇ ਵਿੱਚ ਪ੍ਰਗਟ ਹੋ ਕੇ ਦੇਵੇਗਾ। (**ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥ ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥ ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥** ਅੰਗ - ੧੧੦੨) ਸਾਡਾ ਸੱਚਾ ਵਾਪਾਰ ਉਦੋਂ ਹੀ ਹੁੰਦਾ ਹੈ ਜਦੋਂ ਸਾਨੂੰ ਵਾਪਾਰ ਕਰਨ ਦੀ ਪੂਰਨ ਰੂਪ ਵਿੱਚ ਸੋਝੀ ਪੈ ਜਾਂਦੀ ਹੈ ਜੋ ਸੋਝੀ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਉੱਪਰ ਕਿਤਨੇ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਸੱਚਾ ਵਾਪਾਰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦਾ ਹੈ ਪਰ ਉਸ ਤੋਂ ਪਹਿਲੇ ਵਾਪਾਰ ਸਿੱਖਣ ਦਾ ਉਪਰਾਲਾ ਅਸੀਂ ਹੀ ਕਰਨਾ ਹੈ ਭਾਵ ਗੁਰੂ ਕੋਲੋਂ ਨਾਮ ਧੰਨ ਲੈਕੇ ਭਾਵ ਗੁਰੂ ਦੀ ਸੱਚੀ ਮਤਿ ਲੈ ਕੇ ਉਸ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ। ਗੁਰੂ ਦੇ ਕੋਲੋਂ ਉਸਦੇ ਸੱਚੇ ਗਿਆਨ ਦਾ ਧੰਨ ਲੈ ਕੇ, ਨਾਮ ਦਾ ਧੰਨ ਲੈਕੇ ਭਾਵ ਗੁਰੂ ਦੀ ਸੱਚੀ ਸਿੱਖਿਆ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ ਭਾਵ ਮਾਇਆ ਮੋਹ ਤਿਆਗ ਕੇ, ਔਗੁਣ ਤਿਆਗ ਕੇ ਭਾਵ ਮਾੜੇ ਕਰਮ ਛੱਡ ਕੇ, ਚੰਗੇ ਕਰਮ ਕਰਨ ਦਾ ਉੱਦਮ ਅਸੀਂ ਹੀ ਕਰਨਾ ਹੈ ਤੇ ਇਹੀ ਨਾਮ ਧੰਨ ਨੂੰ ਆਪਣੇ ਜੀਵਨ ਵਿੱਚ ਖਰਚਣਾ ਹੈ, ਨਾਮ ਧੰਨ ਨੂੰ ਵਰਤਣਾ ਹੈ ਜਿਸ ਦੁਆਰਾ ਅਸੀਂ ਉਹ ਵਾਪਾਰ ਕਰਨਾ ਹੈ ਜੋ ਵਾਪਾਰ ਕਰਨ ਦਾ ਲਾਭ ਵੀ "ਨਾਮ ਧਨੁ" ਦੇ ਰੂਪ ਵਿੱਚ ਹੀ ਮਿਲਦਾ ਹੈ ਭਾਵ ਗੁਰੂ ਦੀ ਮਤਿ ਨੂੰ ਸਮਝ ਕੇ, ਮੰਨ ਕੇ ਉਸ ਤੇ ਅਮਲ ਕਰਨ ਦੁਆਰਾ ਪ੍ਰਾਪਤੀ ਵੀ ਗੁਰਮਤਿ ਰੂਪ ਸੱਚੇ ਗਿਆਨ ਦੀ ਹੀ ਹੁੰਦੀ ਹੈ ਜਿਸ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿੱਚ "ਨਾਮ" ਹੈ ਤੇ "ਨਾਮ" ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿੱਚ 'ਨਾਮ ਧਨੁ" ਹੈ ਤੇ ਨਾਮ ਧਨੁ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਜੋ ਪ੍ਰਮਾਤਮਾ ਦਾ ਨਾਮ ਹੈ ਤੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਜੋ ਵਾਪਾਰ ਅਸੀਂ ਕਰਨਾ ਹੈ, ਉਸ ਵਾਪਾਰ ਦੁਆਰਾ ਸਾਨੂੰ ਪ੍ਰਾਪਤੀ ਬ੍ਰਹਮ ਗਿਆਨ ਦੀ ਹੀ ਹੋਣੀ ਹੈ ਜੋ ਕਿ ਬ੍ਰਹਮ ਗਿਆਨ ਰੂਪ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਭਾਵ ਸੱਚੇ ਗਿਆਨ ਦੀ ਰਾਸਿ ਨੂੰ ਖਰਚਣ ਦੁਆਰਾ ਹੀ ਹੋਣੀ ਹੈ। ਇਹ ਵਾਪਾਰ ਧਰਮ ਦੇ ਮਾਰਗ ਤੇ ਚੱਲਣ ਦਾ ਵਾਪਾਰ ਹੈ ਜੋ ਵਾਪਾਰ ਪਹਿਲੇ ਸਿੱਖਣਾ ਜਰੂਰੀ ਹੈ। ਜਿਨ੍ਹਾਂ ਸਰੀਰਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਨਾਂ ਨੇ ਹੀ ਆਪਣੇ ਜੀਵਨ ਵਿਚ ਸੱਚਾ ਵਾਪਾਰ ਕੀਤਾ ਹੈ ਤੇ ਸਾਰੇ ਸੰਸਾਰ ਨੂੰ ਸੱਚਾ ਵਾਪਾਰ ਕਰਨਾ ਸਿਖਾਇਆ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ

ਰਚਨਾ ਕਰਨ ਵਾਲਿਆਂ ਨੇ ਸਿਖਾਇਆ ਹੈ। ਜਿਸ ਸਚੇ ਮਾਰਗ ਤੇ ਉਹ ਪਹਿਲੇ ਆਪ ਚਲੇ ਹਨ ਉਹੀ ਮਾਰਗ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸਮਝਾਇਆ ਹੈ। ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ, ਗੁਰੂ ਦੀ ਸੇਵਾ ਦਾ ਮਾਰਗ, ਸੱਚੇ ਵਾਪਾਰ ਦਾ ਮਾਰਗ ਇੱਕੋ ਹੀ ਗੱਲ ਹੈ ਜਿਸ ਮਾਰਗ ਤੇ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਪੈਣ ਤੇ, ਨਾਮ ਦੀ ਸੱਚੀ ਸਮਝ ਪੈਣ ਤੇ ਹੀ ਚੱਲਿਆ ਜਾ ਸਕਦਾ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪਾਉਂਦਾ ਹੈ। ਆਪਣੇ ਜੀਵਨ ਵਿੱਚ ਨਾਮ ਦਾ ਵਾਪਾਰੀ ਬਣਨਾ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਇਹ ਵਾਪਾਰ ਉਸ ਦਾ ਹੀ ਪੂਰਾ ਹੁੰਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਨਾਮ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ ਤੇ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਆਪ ਹੀ ਸੱਚਾ ਵਾਪਾਰ ਕਰਨਾ ਸਿਖਾਉਂਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਣਾ ਸਮਝਾਉਂਦਾ ਹੈ। ਆਪਣੇ ਜੀਵਨ ਵਿੱਚ ਇਹ ਵਾਪਾਰ ਕੋਈ ਵਿਰਲਾ ਹੀ ਕਰ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਕਰ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ।

{ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥}

(ਅੰਗ - ੬੩੬)

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥
ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ - ੬੫੦)

{ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ ॥
ਬੋਲਹਿ ਅੰਮ੍ਰਿਤ ਬਾਣਿ ਰਸਨ ਰਸਾਇਆ ਜੀਉ ॥
ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ॥
ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥
ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ॥
ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ ॥੪॥}

(ਅੰਗ - ੬੮੮)

{ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥
ਅਵਗਣ ਮੇਟੈ ਗੁਣਿ ਨਿਸਤਾਰੈ ॥
ਮੁਕਤਿ ਮਹਾ ਸੁਖ ਗੁਰਸਬਦੁ ਬੀਚਾਰਿ ॥
ਗੁਰਮੁਖਿ ਕਦੇ ਨ ਆਵੈ ਹਾਰਿ ॥
ਤਨੁ ਹਟੜੀ ਇਹੁ ਮਨੁ ਵਣਜਾਰਾ ॥

ਨਾਨਕ ਸਹਜੇ ਸਚੁ ਵਾਪਾਰਾ ॥੩੯॥}

(ਅੰਗ - ੯੪੨)

{ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥
ਮੈਲੇ ਕਰਮ ਕਰੇ ਦੁਖੁ ਪਾਏ ॥
ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥੧੨॥
ਨਿਰਮਲ ਬਾਣੀ ਕੋ ਮੰਨਿ ਵਸਾਏ ॥
ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥
ਆਪਿ ਸਿਰੰਦਾ ਸਚਾ ਸੋਈ ॥
ਆਪਿ ਉਪਾਇ ਖਪਾਏ ਸੋਈ ॥
ਗੁਰਮੁਖਿ ਹੋਵੈ ਸੁ ਸਦਾ ਸਲਾਹੇ ਮਿਲਿ ਸਾਚੇ ਸੁਖੁ ਪਾਇਦਾ ॥੧੪॥}

(ਅੰਗ - ੧੦੬੨)

{ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥੫॥}

(ਅੰਗ - ੨੮੩)

ਇਹ ਸੱਚੁ ਦਾ ਵਾਪਾਰ ਹੈ ਤੇ ਸੱਚੁ ਰੂਪ ਹੀ ਆਪ ਪ੍ਰਮਾਤਮਾ ਹੈ। ਸੱਚੁ ਦਾ ਵਾਪਾਰ ਕਰਨ ਲਈ ਸਾਨੂੰ ਉਹੋ ਕੁੱਝ ਕਰਨਾ ਪਵੇਗਾ ਜੋ ''ਸਚੁ'' ਸਾਨੂੰ ਸਮਝਾਉਂਦਾ ਹੈ। ਪੂਰੀ ਗੁਰਬਾਣੀ ਰਾਹੀਂ ''ਸਚੁ'' ਰੂਪ ਪ੍ਰਮਾਤਮਾ ਨੂੰ ਸਾਰੇ ਸੰਸਾਰ ਨੂੰ ਸੱਚੁ ਹੀ ਸਮਝਾਇਆ ਹੈ ਤੇ ਉਸ ਸਚੁ ਨਾਲ ਜੁੜੇ ਬਿਨ੍ਹਾਂ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਜੁੜੇ ਬਿਨ੍ਹਾਂ ਭਾਵ ਸੱਚੁ ਤੇ ਚੱਲਣ ਦਾ ਉੱਦਮ ਕੀਤੇ ਬਿਨ੍ਹਾਂ ਅਸੀਂ ''ਸਚੁ'' ਦਾ ਵਾਪਾਰ ਨਹੀਂ ਕਰ ਸਕਦੇ ਭਾਵ ਉਸ ਸੱਚੁ ਰੂਪ ਪ੍ਰਮਾਤਮਾ ਨੂੰ, ਨਾਮ ਰੂਪ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। ਸਾਡਾ ਮਨ ਹੀ ਉਹ ਹੱਟੀ ਹੈ ਜਿਸ ਹੱਟੀ ਤੋਂ ਸਾਨੂੰ ਇਸ ਵਖਰ ਦੀ ਪ੍ਰਾਪਤੀ ਹੋਣੀ ਹੈ ਪਰ ਇਹ ਪ੍ਰਾਪਤੀ ਕਰਨ ਲਈ ਸਾਨੂੰ ਗੁਰੂ ਪ੍ਰਮਾਤਮਾ ਦੀ ਉਹ ਹੱਟੀ ਨਾਲ ਜੁੜਨਾ ਪਵੇਗਾ ਜੋ ਹੱਟੀ ਗੁਰਬਾਣੀ ਦੇ ਰੂਪ ਵਿੱਚ ਹੈ ਤੇ ਗੁਰਬਾਣੀ ਹੀ ਸਾਨੂੰ ਇਹ ਵਾਪਾਰ ਕਰਨਾ ਸਮਝਾ ਰਹੀ ਹੈ ਜੋ ਵਾਪਾਰ ਆਪਣੀ ਮਤਿ ਛੱਡਣ ਦੁਆਰਾ ਤੇ ਗੁਰੂ ਦੀ ਮਤਿ ਲੈਣ ਦੁਆਰਾ ਹੀ ਹੋ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਨੂੰ ਮੱਤਾਂ ਦੇਣ ਵਾਲੇ ਬਹੁਤ ਹਨ, ਵਾਪਾਰ ਸਿਖਾਉਣ ਵਾਲੇ ਬਹੁਤ ਹਨ ਪਰ ਜਿਨ੍ਹਾਂ ਨੂੰ ਖੁਦ ਇਸ ਵਾਪਾਰ ਦੀ ਸਮਝ ਨਹੀਂ ਹੈ ਉਹ ਸਾਨੂੰ ਕੀ ਵਾਪਾਰ ਸਿਖਾਉਣਗੇ ਭਾਵ ਨਾਮ ਦਾ ਵਾਪਾਰ ਕੀ ਸਿਖਾਉਣਗੇ। ਇੱਕ ਪਾਸੇ ਨਾਮ ਦਾ ਵਾਪਾਰ ਹੈ ਤੇ ਦੂਸਰੇ ਪਾਸੇ ਮਾਇਆ ਦਾ ਵਾਪਾਰ ਹੈ। ਮਾਇਆ ਦਾ ਵਾਪਾਰ ਉਹ ਹੀ

ਕਰਦੇ ਹਨ ਜਿਨ੍ਹਾਂ ਨੂੰ ਨਾਮ ਦੇ ਵਾਪਾਰ ਦੀ ਸਮਝ ਨਹੀਂ ਹੈ। ਇਹ ਮਾਇਆ ਦਾ ਵਾਪਾਰ ਕੀ ਹੈ, ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਨਾਮ ਦਾ ਵਾਪਾਰ ਸਾਡਾ ਮਨ ਕਰਦਾ ਹੈ ਭਾਵ ਮਨ ਦੀ ਸਮਝ ਕਰਦੀ ਹੈ ਜੋ ਵਾਪਾਰ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੁੰਦਾ ਹੈ ਕਿਉਂਕਿ ਸਾਡਾ ਸਰੀਰ ਉਹੋ ਕੁੱਝ ਕਰਦਾ ਹੈ ਜੋ ਸਾਡੇ ਮਨ ਦੀ ਸਮਝ ਸਾਡੇ ਕੋਲੋਂ ਕਰਵਾਉਂਦੀ ਹੈ। ਗੁਰਮਤਿ ਵਾਲੀ ਸਮਝ ਸਾਨੂੰ ਸੱਚ ਦੇ ਨਾਲ ਜੋੜਦੀ ਹੈ ਤੇ ਅਸੀਂ ਸੱਚ ਦੁਆਰਾ ਹੀ ਵਿਚਰਦੇ ਹਾਂ ਜੋ ਕਿ ਨਾਮ ਦਾ ਵਾਪਾਰ ਕਰਨਾ ਹੈ। ਇਸਦੇ ਉਲਟ ਜਦੋਂ ਅਸੀਂ ਮਨ ਦੀ ਨਾ-ਸਮਝ ਮਤਿ ਦੁਆਰਾ ਵਿਚਰਦੇ ਹਾਂ ਜਿਸ ਸਮਝ ਦੇ ਵਿੱਚ ਸੱਚੀ ਗੁਰਮਤਿ ਵਾਲਾ ਗਿਆਨ ਨਹੀਂ ਹੁੰਦਾ ਉਹ ਸਮਝ ਮਨਮਤਿ ਵਾਲੀ ਸਮਝ ਹੈ, ਭਰਮਾਂ ਵਾਲੀ ਸਮਝ ਹੈ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਦੇ ਉਲਟ ਚਲਾਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਾਇਆ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਹਉਮੈ ਵਿੱਚ, ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। "ਮਾਇਆ" ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਸਾਡੇ ਅੰਦਰ ਦੀ ਮਾਇਆ ਕੀ ਹੈ, ਇਹ ਗੱਲ ਸਾਨੂੰ ਬਾਣੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਬੜੇ ਗਹਿਰੇ ਢੰਗ ਨਾਲ ਸਮਝਾਈ ਹੋਈ ਹੈ ਤੇ ਅਸੀਂ ਉਸ ਹਰ ਗਹਿਰਾਈ ਨੂੰ ਸਮਝਾਂਗੇ। ਮਾਇਆ ਦਾ ਵਾਪਾਰ ਕੀ ਹੈ, ਇਸ ਗੱਲ ਨੂੰ ਸਮਝਣ ਲਈ ਸਾਡੇ ਅੰਦਰ ਇਸ ਗੱਲ ਦਾ ਵਿਸ਼ਵਾਸ ਹੋਣਾ ਜਰੂਰੀ ਹੈ ਕਿ ਹਰ ਕਿਸੇ ਦੇ ਅੰਦਰ ਮਾਇਆ ਰੂਪ ਮਤਿ ਹੀ ਵਿਚਰਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ - ੬੭)

{ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ - ੧੧੨੩)

ਹਰ ਕੋਈ ਤ੍ਰੈਗੁਣਾਂ ਵਾਲੀ ਸਮਝ ਵਿੱਚ ਹੈ ਜੋ ਕਿ ਸਾਡੇ ਅੰਦਰ ਦੀ ਮਾਇਆ ਹੈ। ਗੁਰੂ ਚਉਥੇ ਪਦ ਵਿੱਚ ਜਿਸ ਦੀ ਸਮਝ ਪ੍ਰਮਾਤਮਾ ਦੇ ਨਾਲ ਇੱਕ ਹੈ ਭਾਵ ਚੌਥੇ ਪਦ ਵਾਲੀ ਹੈ, ਨਾਮ ਵਾਲੀ ਹੈ, ਬ੍ਰਹਮ ਗਿਆਨ ਵਾਲੀ ਹੈ। ਸੱਚਾ ਵਾਪਾਰ ਕਰਨਾ ਸਾਨੂੰ ਗੁਰੂ ਹੀ ਸਿਖਾ ਸਕਦਾ ਹੈ ਜੋ ਮਾਇਆ ਵਾਲੀ ਸਮਝ ਤੋਂ ਰਹਿਤ ਹੈ ਪਰ ਅਸੀਂ ਉਨ੍ਹਾਂ ਕੋਲੋਂ ਨਾਮ ਦਾ ਵਾਪਾਰ ਕਰਨਾ ਸਮਝਦੇ ਹਾਂ ਜਿਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ, ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਇਸੇ ਲਈ ਨਾਮ ਦਾ ਵਾਪਾਰ ਕਰਨਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਵਾਪਾਰ ਕਰਨਾ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਨਾਮ ਦਾ ਵਾਪਾਰੀ ਹੈ ਜਿਸ ਨੂੰ ਨਾਮ ਦੀ ਸਮਝ ਹੈ, ਪ੍ਰਮਾਤਮਾ ਦੀ ਸਮਝ ਹੈ ਜਿਸ ਕਰਕੇ ਸਾਨੂੰ ਗੁਰੂ ਹੀ ਨਾਮ ਦਾ ਵਾਪਾਰ ਸਿਖਾ ਸਕਦਾ ਹੈ ਤੇ ਜਿਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ ਭਾਵ ਜਿਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਨਹੀਂ ਹੋਇਆ ਉਹ ਸਭ ਮਨ ਦੀ ਮਾਇਆ ਵਿੱਚ ਹੀ ਹਨ ਤੇ ਉਹ ਨਾਮ ਦਾ ਵਾਪਾਰ ਵੀ ਮਨ ਦੀ ਮਾਇਆ ਵਾਲੀ ਸਮਝ ਦੁਆਰਾ ਹੀ ਕਰਦੇ ਹਨ ਜੋ ਵਾਪਾਰ ਉਹ ਸ਼ਬਦਾਂ ਦੀ, ਅੱਖਰਾਂ ਦੀ ਕਥਨੀ ਕਰਨ ਦੁਆਰਾ ਕਰਦੇ ਹਨ ਤੇ ਇਸ ਗੱਲ ਨਾਲ ਹੀ ਉਹ ਆਪਣੇ ਆਪ ਨੂੰ ਸੱਚੀ ਭਗਤੀ ਦੇ ਗਿਆਨ ਵਾਲਾ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਕੁੱਝ ਹੀ ਸਮਝਾਉਂਦੇ ਹਨ ਭਾਵ ਆਪ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦੇ ਹਨ। ਦੂਸਰਿਆਂ ਨੂੰ ਭਰਮਾਂ ਵਾਲੀ ਸਮਝ ਵਿੱਚ ਪਾਉਣਾ ਮਾਇਆ ਦਾ ਵਾਪਾਰ ਹੈ ਜੋ ਕਿ ਸੱਚੁ ਤੋਂ ਉਲਟ ਹੈ। ਗੁਰੂ ਸੱਚ ਦਾ ਵਾਪਾਰ ਕਰਦਾ ਹੈ ਜਿਸ ਰਾਹੀਂ ਉਹ ਸੰਸਾਰ ਨੂੰ ਭਰਮਾਂ ਵਿੱਚੋਂ ਕੱਢਕੇ ਸੱਚੀ ਭਗਤੀ ਦੇ ਮਾਰਗ ਨਾਲ ਜੋੜਦਾ ਹੈ ਭਾਵ ਨਾਮ ਦਾ ਵਪਾਰ ਕਰਨਾ ਸਮਝਾਉਂਦਾ ਹੈ। ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝਣ ਵਾਲੇ ਸਾਨੂੰ ਕਿਹੋ ਜਿਹਾ ਵਾਪਾਰ ਕਰਨਾ ਸਿਖਾਉਂਦੇ ਹਨ ਭਾਵ ਸਾਨੂੰ ਕਿਸ ਤਰੀਕੇ ਭਗਤੀ ਦਾ ਗਲਤ ਮਾਰਗ ਸਮਝਾਉਂਦੇ ਹਨ ਭਾਵ ਮਾਇਆ

ਦਾ ਵਾਪਾਰ ਕਿਸ ਤਰੀਕੇ ਕਰਦੇ ਹਨ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥”

(ਅੰਗ – ੫੬)

ਨਾਮ ਦਾ ਸੱਚਾ ਵਾਪਾਰ ਕੀ ਹੈ ਭਾਵ ਗੁਰਮਤਿ ਅਨੁਸਾਰ ਵਾਪਾਰ ਕਰਨਾ ਕੀ ਹੈ ਤੇ ਮਨਮਤਿ ਦੁਆਰਾ ਵਾਪਾਰ ਕਰਨਾ ਕੀ ਹੈ, ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਇਸ ਗੱਲ ਦਾ ਫਰਕ ਹੀ ਸਮਝਾਇਆ ਹੋਇਆ ਹੈ। ਹਰ ਧਰਮ ਗ੍ਰੰਥ ਦੇ ਵਿੱਚ, ਸੱਚੀਆਂ ਧਾਰਮਿਕ ਪੋਥੀਆਂ ਦੇ ਵਿੱਚ ਸ਼ਬਦਾਂ ਦੇ ਭੰਡਾਰ ਹੀ ਹਨ ਜੋ ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹਨ। ਹਰ ਸ਼ਬਦ ਦੀ ਵਿਚਾਰ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ ਜੋ ਕਿ ਸ਼ਬਦਾਂ ਦਾ ਮਕਸਦ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਭਾਵ ਨਾਮ ਦਾ ਵਾਪਾਰ ਸਿੱਖਣ ਦਾ ਮਾਰਗ ਸ਼ਬਦਾਂ ਦੀ ਵਿਚਾਰ ਦੇ ਵਿੱਚ ਹੈ। ਜੋ ਸ਼ਬਦਾਂ ਦੀ ਵਿਚਾਰ ਸਾਨੂੰ ਸਮਝਾਉਂਦੀ ਹੈ ਉਸ ਵਿਚਾਰ ਨੂੰ ਸਮਝ ਕੇ ਉਸ ਨੂੰ ਮੰਨਣਾ ਸ਼ਬਦ ਦਾ ਵਿਚਾਰੀ ਬਣਨਾ, ਗੁਰੂ ਦੀ ਮਤਿ ਦਾ ਵਿਚਾਰੀ ਬਣਨਾ ਹੈ ਜੋ ਵਿਚਾਰ ਸਾਨੂੰ ਸੱਚੇ ਸੁੱਚੇ ਇਨਸਾਨ ਬਣਨ ਲਈ ਸਮਝਾਉਂਦੀ ਹੈ ਭਾਵੇਂ ਕੋਈ ਜਿਹੜਾ ਮਰਜੀ ਧਰਮ ਗ੍ਰੰਥ ਪੜਦਾ ਹੋਵੇ, ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ। ਸੱਚੇ ਸੁੱਚੇ ਇਨਸਾਨ ਬਣਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪਣੇ ਅੰਦਰੋਂ ਔਗੁਣਾਂ ਦਾ ਤਿਆਗ ਹੈ, ਮਾੜੇ ਵਿਚਾਰਾਂ ਦਾ ਤਿਆਗ ਹੈ ਜੋ ਸਾਨੂੰ ਮਾੜਾ ਇਨਸਾਨ ਬਣਾਉਂਦੇ ਹਨ। ਚੰਗਾ ਇਨਸਾਨ ਅਉਗਣ ਤਿਆਗ ਕੇ ਗੁਣਾਂ ਨੂੰ ਅਪਨਾਉਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਗੁਣਾਂ ਦੁਆਰਾ ਵਿਚਰਨਾ ਹੀ ਨਾਮ ਜਪਣਾ ਹੈ, ਗੁਰੂ ਦੀ ਮਤਿ ਨੂੰ ਜਪਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਆਪਣੇ ਸ਼ਬਦਾਂ ਰਾਹੀਂ ਗੁਰੂ ਤਾਂ ਸਾਨੂੰ ਇਹੋ ਜਿਹਾ ਨਾਮ ਜਪਣਾ ਸਿਖਾਉਂਦਾ ਹੈ ਭਾਵ ਇਸ ਤਰੀਕੇ ਨਾਮ ਦਾ ਵਾਪਾਰ ਕਰਨਾ ਸਿਖਾਉਂਦਾ ਹੈ ਜਿਸ ਤਰੀਕੇ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ, ਨਾਮ ਦੇ ਮਾਲਕ ਨੂੰ ਬ੍ਰਹਮ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਪਾ ਸਕਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਜੀਵਨ ਵਿੱਚ ਨਾਮ ਦੇ ਵਾਪਾਰੀ ਬਣ ਸਕਦੇ ਹਾਂ, ਸੱਚ ਦੇ ਵਾਪਾਰੀ ਬਣ ਸਕਦੇ ਹਾਂ। ਧਰਮ ਗ੍ਰੰਥਾਂ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ ਜਿਸ ਕਰਕੇ ਧਰਮ ਗ੍ਰੰਥਾਂ ਦੀ ਮਤਿ ਸਾਨੂੰ ਸੱਚ ਹੀ ਸਮਝਾਉਂਦੀ ਹੈ, ਨਾਮ ਜਪਣ ਦਾ ਮਾਰਗ ਹੀ ਸਮਝਾਉਂਦੀ ਹੈ ਪਰ ਜਿਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ ਭਾਵ ਸ਼ਬਦਾਂ ਦੇ ਵਿਚਾਰ ਦੀ ਸਮਝ ਨਹੀਂ ਹੈ ਉਹ ਆਪਣੇ ਆਪ ਨੂੰ ਇਸੇ ਗੱਲ ਨਾਲ ਹੀ ਧਰਮ ਦਾ ਵਿਦਵਾਨ ਸਮਝਦੇ ਹਨ ਕਿ ਅਸੀਂ ਸ਼ਬਦਾਂ ਦੀ ਕਥਨੀ ਕਰਨ ਵਾਲੇ ਹਾਂ, ਅਸੀਂ ਬਹੁਤ ਸ਼ਬਦ ਪੜਦੇ ਹਾਂ ਤੇ ਸ਼ਬਦਾਂ ਦੀ ਕਥਨੀ ਕਰਨਾ ਹੀ ਭਗਤੀ ਦਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ, ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ ਤੇ ਇਸੇ ਤਰ੍ਹਾਂ ਭਰਮ ਵਿੱਚ ਰਹਿੰਦੇ ਹੋਏ ਉਹ ਸਾਨੂੰ ਹੋਰ ਵੀ ਅਨੇਕਾਂ ਉਹੋ ਜਿਹੇ ਭਗਤੀ ਦੇ ਤਰੀਕਿਆਂ ਦੇ ਨਾਲ ਜੋੜਦੇ ਹਨ ਜਿਨ੍ਹਾਂ ਸਾਰੇ ਤਰੀਕਿਆਂ ਦਾ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ ਜਿਨ੍ਹਾਂ ਸ਼ਬਦਾਂ ਰਾਹੀਂ ਬੜੇ ਗਹਿਰੇ ਢੰਗ ਨਾਲ ਸਾਡੇ ਇਹ ਭਰਮ ਕੱਢੇ ਹੋਏ ਹਨ। ਜੋ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਦੇ ਨਾਲ ਹੀ ਜੋੜਦੇ ਹਨ ਉਹੋ ਜਿਹਿਆਂ ਨੇ ਹੀ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਦੇ ਨਾਲ ਜੋੜਿਆ ਹੈ, ਸਮਾਧੀਆਂ ਲਗਾ ਕੇ ਬੈਠੇ ਰਹਿਣ ਨਾਲ ਜੋੜਿਆ ਹੋਇਆ ਹੈ, ਸੁੱਚੇ ਜੂਠੇ ਚੌਂਕਿਆਂ ਦੇ ਭੇਦ ਨਾਲ ਜੋੜਿਆ ਹੋਇਆ ਹੈ ਤੇ ਹੋਰ ਵੀ ਅਨੇਕਾਂ ਇਹੋ ਜਿਹੇ ਸੰਜਮਾਂ ਦੇ ਨਾਲ, ਵੱਖਰੀਆਂ-ਵੱਖਰੀਆਂ ਧਾਰਮਿਕ ਮਰਿਆਦਾ ਆਦਿ ਦੇ ਨਾਲ ਜੋੜਿਆ ਹੋਇਆ ਹੈ ਜਿਨ੍ਹਾਂ ਦਾ ਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਪਰ ਇਹੋ ਜਿਹੀ ਮਤਿ ਤੇ ਚੱਲਣ ਵਾਲੇ ਆਪਣੇ ਆਪ ਨੂੰ ਇਨ੍ਹਾਂ ਗੱਲਾਂ ਨਾਲ ਹੀ ਉੱਚੀ ਭਗਤੀ ਵਾਲੇ ਸਮਝਦੇ ਹਨ ਤੇ ਕਿਸੇ ਖਾਸ ਵੇਲੇ ਦੀ ਭਗਤੀ ਨੂੰ ਉੱਚੀ ਭਗਤੀ ਦਾ ਵੇਲਾ ਸਮਝਦੇ ਹਨ ਜੋ ਕਿ ਕੇਵਲ ਉਨ੍ਹਾਂ ਦੇ ਭਰਮ ਹਨ ਜੋ ਸਾਰੇ ਭਰਮ ਬਾਣੀ ਰਾਹੀਂ ਕੱਢੇ ਹੋਏ ਹਨ ਤੇ ਇਨ੍ਹਾਂ ਗੱਲਾਂ ਨੂੰ ਅਸੀਂ ਅੱਗੇ ਚੱਲਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਂਗੇ, ਸ਼ਬਦਾਂ ਦੀ ਗਹਿਰਾਈ ਨੂੰ ਜਾਨਣ ਦੁਆਰਾ ਸਮਝਾਂਗੇ। ਇਹ ਸਾਰੇ ਭਰਮ ਸਾਡੇ ਅੰਦਰ ਉਨ੍ਹਾਂ ਦੇ ਹੀ ਪਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਦੇ ਪੰਡਿਤ ਸਮਝਿਆ ਹੋਇਆ ਹੈ, ਧਰਮ ਦੇ ਵਿਦਵਾਨ ਸਮਝਿਆ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਿੱਖ ਜਗਤ ਵਿੱਚ ਵੀ ਇਹੋ ਜਿਹੇ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ ਜੋ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਨਾਲ ਹੀ ਜੋੜਦੇ ਹਨ ਤੇ ਉਸੇ ਗੱਲ ਵਿੱਚ ਹੀ ਭਗਤੀ ਦਾ ਅਸਲ

ਮਾਰਗ ਸਮਝਦੇ ਹਨ ਤੇ ਹੋਰ ਵੀ ਅਨੇਕਾਂ ਇਹੋ ਜਿਹੇ ਭਗਤੀ ਦੇ ਤਰੀਕੇ ਅਪਨਾਉਂਦੇ ਹਨ ਤੇ ਉਨ੍ਹਾਂ ਤਰੀਕਿਆਂ ਦੇ ਪ੍ਰਚਾਰ ਕਰਦੇ ਹਨ ਜਿਨ੍ਹਾਂ ਸਾਰੇ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਜਿਹੜੇ ਧਰਮ ਦੇ ਵਿਦਵਾਨ ਸਾਨੂੰ ਇਹੋ ਜਿਹੇ ਭਗਤੀ ਦੇ ਮਾਰਗ ਨਾਲ ਜੋੜਦੇ ਹਨ ਭਾਵ ਆਪਣੀ ਭਰਮਾਂ ਵਾਲੀ ਸਮਝ ਦੇ ਨਾਲ ਜੋੜਦੇ ਹਨ, ਉਹ ਸਾਡੇ ਨਾਲ ਮਾਇਆ ਦਾ ਵਾਪਾਰ ਕਰਦੇ ਹਨ ਭਾਵ ਮਨਮਤਿ ਦਾ ਵਾਪਾਰ ਕਰਦੇ ਹਨ, ਆਪਣੀ ਨਾ-ਸਮਝ ਮਤਿ ਨੂੰ ਦੂਸਰਿਆਂ ਤੱਕ ਪਹੁੰਚਾਉਂਦੇ ਹਨ ਭਾਵ ਦੂਸਰਿਆਂ ਨੂੰ ਭਗਤੀ ਦਾ ਮਾਰਗ ਸਮਝਾਉਣ ਲਈ ਭਰਮਾਂ ਵਿੱਚ ਪਾਉਂਦੇ ਹਨ। ਗੁਰੂ ਜੋ ਕਿ ਨਾਮ ਦਾ ਵਾਪਾਰ ਕਰਦਾ ਹੈ ਉਹ ਸੰਸਾਰ ਨੂੰ ਸੱਚ ਸਮਝਾਉਂਦਾ ਹੈ ਭਾਵ ਸੱਚ ਦਾ ਵਾਪਾਰ ਕਰਦਾ ਹੈ ਤੇ ਸੰਸਾਰ ਨੂੰ ਭਰਮਾਂ ਵਿੱਚੋਂ ਕੱਢਦਾ ਹੈ। ਨਾਮ ਦੇ ਉਲਟ ਮਨ ਦੀ ਮਾਇਆ ਦਾ ਵਾਪਾਰ ਹੈ, ਹਉਮੈ ਦਾ ਵਾਪਾਰ ਹੈ। ਨਾਮ ਸੱਚੇ ਗਿਆਨ ਦਾ ਵਾਪਾਰ ਹੈ ਤੇ ਹਉਮੈ ਦਾ ਵਾਪਾਰ ਅਗਿਆਨਤਾ ਦਾ ਵਾਪਾਰ ਹੈ, ਮਾਇਆ ਦਾ ਵਾਪਾਰ ਹੈ ਤੇ ਜੋ ਇਹੋ ਜਿਹੇ ਮਾਇਆ ਦੇ ਵਾਪਾਰ ਨਾਲ ਜੁੜ ਜਾਂਦਾ ਹੈ ਭਾਵ ਇਹੋ ਜਿਹੀਆਂ ਗੱਲਾਂ ਸਮਝਾਉਣ ਵਾਲਿਆਂ ਦੀ ਗੱਲ ਨੂੰ ਮੰਨ ਲੈਂਦਾ ਹੈ ਉਸਦੇ ਅੰਦਰ ਮਾਇਆ ਹੀ ਵੱਧਦੀ ਹੈ ਭਾਵ ਮਨ ਦੀ ਅਗਿਆਨਤਾ ਹੀ ਵੱਧਦੀ ਹੈ ਜਿਸ ਅਗਿਆਨਤਾ ਦੁਆਰਾ ਮਨੁੱਖ ਦੀ ਸਮਝ ਗੁਰੂ ਦੀ ਸੱਚੀ ਗੱਲ ਨੂੰ ਸਮਝਣ ਵਿੱਚ ਤੇ ਉਸਨੂੰ ਮੰਨਣ ਵਿੱਚ ਹੋਰ ਭਰਮਾਂ ਵਿੱਚ ਪੈ ਜਾਂਦੀ ਹੈ ਭਾਵ ਮਨੁੱਖੀ ਸਮਝ ਨੂੰ ਗੁਰਮਤਿ ਤੋਂ ਹੋਰ ਦੂਰ ਕਰ ਦਿੰਦੀ ਹੈ। (**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥**)

ਮਾਇਆ ਦਾ ਵਾਪਾਰ ਮਨੁੱਖੀ ਸਮਝ ਨੂੰ ਕਿਸ ਤਰੀਕੇ ਸੱਚੀ ਭਗਤੀ ਦੇ ਮਾਰਗ ਤੋਂ ਦੂਰ ਕਰਦਾ ਹੈ ਭਾਵ ਧਰਮ ਦੇ ਝੂਠੇ ਵਿਦਵਾਨ ਅਖਵਾਉਣ ਵਾਲੇ ਸਾਨੂੰ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ, ਨਾਮ ਨੂੰ ਸਮਝਣ ਵਿੱਚ, ਨਾਮ ਨੂੰ ਜਪਣ ਵਿੱਚ ਭਾਵ ਨਾਮ ਦਾ ਵਾਪਾਰ ਕਰਨ ਤੋਂ ਕਿਸ ਤਰੀਕੇ ਦੂਰ ਕਰਦੇ ਹਨ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਤੇ ਗੁਰੂ ਦੇ ਸ਼ਬਦਾਂ ਦਾ ਅਸਲ ਮਕਸਦ ਕੀ ਹੈ, ਨਾਮ ਦਾ ਮਕਸਦ ਕੀ ਹੈ, ਇਹ ਵੀ ਸਪੱਸ਼ਟ ਤੌਰ ਤੇ ਸਮਝਾਇਆ ਹੋਇਆ ਹੈ।

“ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥”

ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਧਰਮ ਗ੍ਰੰਥਾਂ ਦੀ ਕਥਨੀ ਨੂੰ, ਸ਼ਬਦਾਂ ਦੀ ਕਥਨੀ ਨੂੰ ਝੂਠੀ ਕਥਨੀ ਕਿਸ ਲਈ ਕਹਿਆ ਹੈ। ਸ਼ਬਦਾਂ ਦੀ ਕਥਨੀ ਤੇ ਸਾਨੂੰ ਸੱਚ ਹੀ ਸਮਝਾਉਂਦੀ ਹੈ ਭਾਵ ਧਰਮ ਦਾ ਸੱਚਾ ਗਿਆਨ ਹੀ ਸਮਝਾਉਂਦੀ ਹੈ ਜੋ ਕਥਨੀ ਸਾਡੇ ਲਈ ਜਰੂਰੀ ਹੈ। ਕਥਨੀ ਤੋਂ ਬਿਨ੍ਹਾਂ ਅਸੀਂ ਸ਼ਬਦਾਂ ਨੂੰ ਸਮਝ ਹੀ ਨਹੀਂ ਸਕਦੇ ਤੇ ਇੱਥੇ ਹੀ ਕਥਨੀ ਨੂੰ ਸਮਝਣ ਵਿੱਚ ਸਾਰਾ ਭੇਦ ਹੈ ਜਿਸਨੂੰ ਸਮਝਣ ਦੀ ਲੋੜ ਹੈ। ਜੇਕਰ ਸ਼ਬਦਾਂ ਦੀ ਕਥਨੀ ਨੂੰ ਹੀ ਭਾਵ ਕੇਵਲ ਕਥਨੀ ਨੂੰ ਹੀ ਆਪਣੀ ਭਗਤੀ ਦਾ ਮਾਰਗ ਸਮਝਾਂਗੇ ਤੇ ਫਿਰ ਕਥਨੀ ਨੂੰ ਹੀ ਭਗਤੀ ਸਮਝਣਾ ਝੂਠ ਹੈ। ਸੱਚ ਇਹ ਹੈ ਕਿ ਸ਼ਬਦਾਂ ਦੀ ਕਥਨੀ ਦੁਆਰਾ ਜੋ ਸ਼ਬਦਾਂ ਦੇ ਅੰਦਰ ਦੀ ਸੋਝੀ ਪੈਂਦੀ ਹੈ, ਜੋ ਸ਼ਬਦਾਂ ਨੂੰ ਕਥਨ ਦੁਆਰਾ ਗਿਆਨ ਮਿਲਦਾ ਹੈ, ਸਿੱਖਿਆ ਮਿਲਦੀ ਹੈ, ਸੱਚੀ ਭਗਤੀ ਸ਼ਬਦਾਂ ਦੀ ਸਮਝ ਨੂੰ ਮੰਨਣ ਵਿੱਚ ਹੈ ਨਾ ਕਿ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਵਿੱਚ। ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਸਾਨੂੰ ਕੀ ਹਾਸਲ ਹੋਣਾ ਹੈ। ਸਾਰੀ ਗੱਲ ਤਾਂ ਗੁਰੂ ਕੋਲੋਂ ਮਤਿ ਲੈ ਕੇ ਆਪਣੀ ਮਤਿ ਨੂੰ ਛੱਡਣ ਦੀ ਹੈ, ਆਪਣੀ ਨਾ-ਸਮਝੀ ਛੱਡਣ ਦੀ ਹੈ, ਆਪਣੀ ਭਰਮਾਂ ਵਾਲੀ ਮਤਿ ਛੱਡਣ ਦੀ ਹੈ ਤਾਂ ਜੋ ਅਸੀਂ ਉਹੋ ਜਿਹਾ ਜੀਵਨ ਅਪਣਾਈਏ ਜਿਹੋ ਜਿਹਾ ਜੀਵਨ ਸਾਨੂੰ ਗੁਰੂ ਸਮਝਾਉਂਦਾ ਹੈ। ਸਾਨੂੰ ਜੇਕਰ ਧਾਰਮਿਕ ਸਿੱਖਿਆ ਦੇਣ ਵਾਲੇ ਕੇਵਲ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਾਉਂਦੇ ਹਨ ਤਾਂ ਫਿਰ ਇਹ ਝੂਠੀ ਗੱਲ ਹੈ ਭਾਵ ਉਹ ਸਾਨੂੰ ਝੂਠ ਨਾਲ ਜੋੜਦੇ ਹਨ। ਸ਼ਬਦਾਂ ਦਾ ਮਕਸਦ ਤੇ ਸਾਨੂੰ ਸਾਡੀ ਕਰਨੀ ਸਮਝਾਉਣ ਲਈ ਹੈ, ਸਾਡੇ ਜੀਵਨ ਦੀ ਰਹਿਣੀ ਕਿਹੋ ਜਿਹੀ ਹੋਵੇ, ਇਹ ਸਮਝਾਉਣ ਲਈ ਹੈ ਤਾਂ ਜੋ ਸਾਡੀ ਸੰਸਾਰ ਵਿੱਚ ਰਹਿਣੀ ਚੰਗੀ ਹੋਵੇ ਭਾਵ ਅਸੀਂ ਸੱਚੀ ਸੁੱਚੀ ਰਹਿਤ ਰੱਖੀਏ ਭਾਵ ਔਗੁਣ ਛੱਡ ਕੇ ਗੁਣਾਂ ਵਾਲਾ ਜੀਵਨ ਜੀਏ ਭਾਵ ਸੱਚੇ ਸੁੱਚੇ ਕਰਮ ਕਰੀਏ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੀ ਰਹਿਣੀ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਭਗਤੀ ਦਾ ਮਾਰਗ ਹੈ। ਕਥਨੀ ਭਾਵੇਂ ਜਿਹੋ ਜਿਹੀ ਮਰਜੀ ਕਰ ਲਈਏ, ਜਿਹੜੇ ਮਰਜੀ ਧਰਮ ਗ੍ਰੰਥ ਵਿੱਚੋਂ ਕਰ ਲਈਏ ਪਰ ਜੇਕਰ ਸ਼ਬਦਾਂ ਦੀ ਗੱਲ ਨੂੰ ਵਿਚਾਰਨਾ ਹੀ ਨਹੀਂ, ਮੰਨਣਾ ਹੀ ਨਹੀਂ, ਆਪਣੇ ਮਾੜੇ ਵਿਚਾਰ ਛੱਡਣੇ ਹੀ ਨਹੀਂ, ਮਾਇਆ ਮੋਹ ਛੱਡਣਾ ਹੀ ਨਹੀਂ, ਆਪਣੀਆਂ ਇੱਛਾਵਾਂ ਨੂੰ ਮਾਰਨਾ ਹੀ ਨਹੀਂ ਤਾਂ ਫਿਰ ਕੀ ਫਰਕ ਪੈਂਦਾ ਹੈ ਕਿ ਅਸੀਂ ਕਿਹੋ ਜਿਹੀ ਕਥਨੀ ਕੀਤੀ ਹੈ। ਸ਼ਬਦਾਂ ਦੀ ਕਥਨੀ ਵੱਡੀ ਨਹੀਂ ਬਲਕਿ ਸ਼ਬਦਾਂ ਦੇ ਅੰਦਰ ਦੀ ਮਤਿ ਵੱਡੀ ਹੈ ਜਿਸ ਨਾਲ ਸ਼ਬਦ ਦੀ ਕੀਮਤ ਪੈਂਦੀ ਹੈ। ਜਿਸ ਪਾਸੇ ਵੀ ਦੇਖੋ ਹਰ ਕੋਈ ਕਥਨੀ ਨਾਲ ਹੀ ਜੁੜਿਆ ਹੋਇਆ ਹੈ, ਵੱਧ ਤੋਂ ਵੱਧ ਧਰਮ ਗ੍ਰੰਥਾਂ ਦੇ ਪਾਠ ਕਰੀ ਜਾਣ

ਨਾਲ ਜੁੜਿਆ ਹੋਇਆ ਹੈ ਤੇ ਇਸੇ ਵਿੱਚ ਹੀ ਆਪਣੀ ਭਗਤੀ ਸਮਝਦਾ ਹੈ ਜੋ ਕਿ ਧਰਮ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਸਾਡਾ ਭਰਮ ਹੈ ਜੋ ਭਰਮ ਸਾਡੇ ਅੰਦਰ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਦਾ ਪਾਇਆ ਹੋਇਆ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣ ਨਾਲ ਅਸੀਂ ਆਪਣੇ ਮਨ ਦੀ ਤਸੱਲੀ ਭਾਵੇਂ ਕਰ ਲੈਂਦੇ ਹਾਂ ਕਿ ਅਸੀਂ ਚੰਗਾ ਕੰਮ ਕੀਤਾ ਹੈ ਪਰ ਕੇਵਲ ਕਥਨੀ ਕਰੀ ਜਾਣ ਨਾਲ ਅਸੀਂ ਭਗਤੀ ਦੇ ਮਾਰਗ ਦੇ ਫਲ ਦੀ ਉਮੀਦ ਰੱਖੀਏ ਇਹ ਕੇਵਲ ਸਾਡਾ ਭਰਮ ਹੀ ਹੈ। ਫਲ ਦੀ ਪ੍ਰਾਪਤੀ ਕਰਨ ਲਈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰਨ ਦੇ ਲਈ ਸਾਡੀ ਸੱਚੀ ਭਗਤੀ ਦਾ ਮਾਰਗ ਸਾਡੀ ਸੱਚੀ ਕਰਨੀ ਹੈ ਨਾ ਕਿ ਸਾਡੀ ਕਥਨੀ। ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਸਾਡੀ ਚੰਗੀ ਕਰਨੀ ਦਾ ਮਾਰਗ ਹੀ ਸਮਝਾਉਂਦਾ ਹੈ, ਸੱਚਾ ਵਾਪਾਰ ਕਰਨ ਦਾ ਤਰੀਕਾ ਹੀ ਸਮਝਾਉਂਦਾ ਹੈ ਪਰ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਵਿਦਵਾਨ ਅਖਵਾਉਣ ਵਾਲੇ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ, ਸਾਡੇ ਨਾਲ ਮਾਇਆ ਦਾ ਵਾਪਾਰ ਹੀ ਕਰਦੇ ਹਨ ਕਿਉਂਕਿ ਉਹ ਖੁਦ ਮਨ ਦੀ ਮਾਇਆ ਨਾਲ ਜੁੜੇ ਹੋਏ ਹਨ। (**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥**)

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ - ੬੫੫)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ - ੧੨੦)

ਮਾਇਆ ਦਾ ਵਾਪਾਰ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ - ੮੫੨)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥}

(ਅੰਗ - ੭੩੫-੭੩੬)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ - ੫੦੬)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥
ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥

ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥}

(ਅੰਗ - ੧੦੯੪)

{ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ ॥੯॥
ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ ॥੧੧॥
ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥੧੨॥
ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥੧੩॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥੧੪॥
ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥੧੯॥
ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥
ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥}

(ਅੰਗ - ੯੦੯-੯੧੦)

ਜਿਵੇਂ ਕਿ ਬਾਣੀ ਰਾਹੀਂ ਵਾਰ-ਵਾਰ ਸਪੱਸ਼ਟ ਕੀਤਾ ਹੋਇਆ ਹੈ ਤੇ ਉੱਪਰ ਵਾਲੇ ਸ਼ਬਦਾਂ ਰਾਹੀਂ ਵੀ ਸਪੱਸ਼ਟ ਹੈ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਤੋਂ ਬਾਹਰ, ਹਉਮੈ ਤੋਂ ਬਾਹਰ ਭਾਵ ਮਨ ਦੀ ਮਾਇਆ ਵਾਲੀ ਸਮਝ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਤੇ ਮਨ ਦੀ ਇਹ ਮਾਇਆ ਕੇਵਲ ਤੇ ਕੇਵਲ ਮਨ ਦੇ ਵਿੱਚ ਚਉਥੇ ਪਦ ਵਾਲੀ ਸਮਝ ਮਿਲਣ ਦੁਆਰਾ ਹੀ ਦੂਰ ਹੋ ਸਕਦੀ ਹੈ ਤੇ ਮਨ ਦੀ ਮਾਇਆ ਵਿੱਚੋਂ ਨਿਕਲਣ ਦਾ ਕੋਈ ਹੋਰ ਤਰੀਕਾ ਨਹੀਂ ਹੈ। ਚੌਥੇ ਪਦ ਦੀ ਪ੍ਰਾਪਤੀ ਕੇਵਲ ਤੇ ਕੇਵਲ ਮਨ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਹੀ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੀ ਇਸ ਮਾਇਆ ਦੇ ਵਿੱਚੋਂ ਬ੍ਰਹਮਾ, ਬਿਸਨ, ਮਹੇਸ ਅਦਿ ਵੀ ਨਹੀਂ ਨਿਕਲ ਪਾਏ ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਹੋਰ ਵੀ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੋਈ ਹੈ। ਅੱਗੇ ਚੱਲਕੇ ਸਭ ਕੁੱਝ ਬਰੀਕੀ ਨਾਲ ਸਮਝਾਂਗੇ। ਜਿਸ ਸਮੇਂ ਪ੍ਰਮਾਤਮਾ ਨੂੰ ਇਸ ਸੰਸਾਰ ਨੂੰ ਚਲਾਉਣ ਲਈ ਜਿਹੋ ਜਿਹੀ ਜਰੂਰਤ ਹੁੰਦੀ ਹੈ, ਉਹ ਸੰਸਾਰ ਦੀ ਖੇਡ ਨੂੰ ਉਸੇ ਤਰੀਕੇ ਹੀ ਚਲਾਉਂਦਾ ਹੈ। ਬ੍ਰਹਮਾ, ਬਿਸਨ, ਮਹੇਸ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਉਸਨੇ ਮਨ ਦੀ ਸਮਝ ਦੁਆਰਾ ਸਭ ਨੂੰ ਸੋਝੀ ਆਪ ਹੀ ਪਾਈ ਹੈ। ਭਰਮਾਂ ਵਿੱਚ ਪਾਉਣ ਵਾਲਾ ਵੀ ਉਹ ਆਪ ਹੀ

ਹੈ ਤੇ ਸੰਸਾਰ ਵਿੱਚ ਭਰਮ ਫੈਲਾਣ ਵਾਲਾ, ਮਾਇਆ ਮੋਹ ਫੈਲਾਣ ਵਾਲਾ ਵੀ ਉਹ ਆਪ ਹੀ ਹੈ। ਵੇਦਾਂ ਦੀ ਰਚਨਾ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਉਸਨੇ ਬ੍ਰਹਮਾ ਦੇ ਮਨ ਰਾਹੀਂ ਉੱਚੀ ਸਮਝ ਪਾ ਕੇ ਆਪ ਹੀ ਲਿਖਵਾਏ ਹਨ ਪਰ ਆਪਣੇ ਆਪ ਨੂੰ ਉਨ੍ਹਾਂ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਪ੍ਰਗਟ ਨਹੀਂ ਕੀਤਾ ਜੋ ਕਿ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਸੰਸਾਰ ਨੂੰ ਕੀ ਸਮਝਾਉਣਾ ਚਾਹੁੰਦਾ ਹੈ ਤੇ ਕਿਸ ਤਰੀਕੇ ਸਮਝਾਉਣਾ ਚਾਹੁੰਦਾ ਹੈ। ਉਹ ਸੰਸਾਰ ਦੀ ਖੇਡ ਨੂੰ ਆਪਣੀ ਰਜ਼ਾ ਅਨੁਸਾਰ ਹੀ ਚਲਾਉਂਦਾ ਹੈ। ਉਹ ਜਿਸ ਸਰੀਰ ਰਾਹੀਂ ਜੋ ਚਾਹੇ ਕਰ ਸਕਦਾ ਹੈ। ਹਰ ਸਰੀਰ ਉਸਦਾ ਆਪਣਾ ਹੀ ਸਰੀਰ ਹੈ। ਗੁਰਬਾਣੀ ਦੀ ਰਚਨਾ ਕਰਵਾਉਣਾ ਵੀ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਜਿਸ ਰਾਹੀਂ ਉਸਨੇ ਇਹ ਰਚਨਾ ਆਪਣੇ ਆਪ ਨੂੰ ਉਨ੍ਹਾਂ ਸਰੀਰਾਂ ਦੇ ਵਿੱਚ ਭਾਵ ਉਨ੍ਹਾਂ ਦੀ ਸਮਝ ਦੇ ਵਿੱਚ ਪ੍ਰਗਟ ਹੋਣ ਦੁਆਰਾ ਕਰਵਾਈ ਹੈ ਜਿਸ ਕਰਕੇ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਗਿਆਨ ਦਾ ਮਾਲਕ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਹਰ ਧਰਮ ਗ੍ਰੰਥ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ, ਕਿਸੇ ਨਾ ਕਿਸੇ ਸਰੀਰ ਰਾਹੀਂ ਕਰਵਾਈ ਹੈ ਪਰ ਜਦ ਤੱਕ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਤਦ ਤੱਕ ਮਨੁੱਖ ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਹੀ ਸਮਝਦਾ ਹੈ ਤੇ ਇੱਥੇ ਹੀ ਮਨੁੱਖ ਦੇ ਵਿੱਚ ਤੇ ਪ੍ਰਮਾਤਮਾ ਦੇ ਵਿੱਚ ਸਾਰਾ ਭੇਦ ਛੁਪਿਆ ਹੋਇਆ ਹੈ। ਪ੍ਰਮਾਤਮਾ ਨੇ ਵੇਦਾਂ ਦਾ ਉੱਚਾ ਗਿਆਨ ਦੇਣ ਦੁਆਰਾ ਆਪ ਹੀ ਵੇਦ ਲਿਖਵਾਏ ਹਨ ਪਰ ਬ੍ਰਹਮਾ ਦੇ ਅੰਦਰੋਂ ਇਹ ਗੱਲ ਸਮਝ ਨਹੀਂ ਆਉਣ ਦਿੱਤੀ ਕਿ ਮੇਰੇ ਅੰਦਰ ਗਿਆਨ ਕਿੱਥੋਂ ਆ ਰਹਿਆ ਹੈ ਭਾਵ ਉਨ੍ਹਾਂ ਦੇ ਅੰਦਰੋਂ ਤ੍ਰੈਗੁਣਾਂ ਵਾਲੀ ਅਵੱਸਥਾ ਦੂਰ ਨਹੀਂ ਹੋਈ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਹੀ ਧਰਮ ਦੇ ਮਾਰਗ ਦਾ ਗਿਆਤਾ, ਰਚਣਹਾਰ ਸਮਝਿਆ ਜੋ ਕਿ ਕੇਵਲ ਮਨੁੱਖ ਦਾ ਭਰਮ ਹੈ, ਮਨ ਦੀ ਮਾਇਆ ਹੈ। ਮਨ ਦੀ ਮਾਇਆ ਵਿੱਚ ਰਹਿੰਦੇ ਹੋਏ ਚੌਥੇ ਪਦ ਵਾਲੇ ਗਿਆਨ ਦੀ ਸੱਚੀ ਸਮਝ ਹੀ ਨਹੀਂ ਪੈਂਦੀ ਜਿਸ ਕਰਕੇ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ ਤੇ ਮਨੁੱਖ ਭਰਮਾਂ ਵਿੱਚ ਪੈ ਕੇ ਸਰੀਰਕ ਜਪਾਂ ਤਪਾਂ ਆਦਿ ਵਿੱਚ ਹੀ ਸੱਚੀ ਭਗਤੀ ਸਮਝਦਾ ਹੈ। ਇਨ੍ਹਾਂ ਭਰਮਾਂ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਕਿਉਂਕਿ ਮਨ ਦੀ ਮਾਇਆ ਵਿੱਚ ਰੱਖਣ ਵਾਲਾ, ਸਮਝ ਪਾਉਣ ਵਾਲਾ ਉਹ ਆਪ ਹੀ ਹੈ। ਮਨ ਦੇ ਵਿੱਚ ਇਹੋ ਜਿਹੀ ਸਮਝ ਪਾਉਣ ਦੁਆਰਾ ਕਿਸੇ ਨੂੰ ਇਹੋ ਜਿਹੀ ਭਗਤੀ ਸਿਖਾਉਣ ਵਾਲਾ, ਉੱਚਾ ਕਰਨ ਵਾਲਾ ਉਹ ਆਪ ਹੀ ਹੈ ਤੇ ਜਿਸ ਸਰੀਰ ਰਾਹੀਂ ਉਹ ਚਾਹੇ ਉਹ ਉਸਨੂੰ ਉੱਚਾ ਕਰਕੇ ਜਿਤਨਾ ਮਰਜੀ ਸੰਸਾਰ ਵਿੱਚ ਭਰਮ ਫੈਲਾ ਸਕਦਾ ਹੈ ਜਿਵੇਂ ਕਿ ਸਦੀਆਂ ਤੋਂ ਭਰਮ ਫੈਲਦੇ ਆ ਰਹੇ ਹਨ। ਉਹ ਆਪਣੀ ਸੰਸਾਰ ਦੀ ਖੇਡ ਸਭ ਨੂੰ ਭਰਮਾਂ ਵਿੱਚ ਰੱਖਕੇ ਹੀ ਚਲਾਉਂਦਾ ਹੈ। ਭਰਮਾਂ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਇਹ ਉਪਰਾਲਾ ਹੀ ਕੀਤਾ ਹੈ, ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋਣ ਦੁਆਰਾ ਕੀਤਾ ਹੈ ਤੇ ਸੰਸਾਰ ਨੂੰ ਹਰ ਭਰਮ ਵਿੱਚੋਂ ਕੱਢਣ ਦਾ ਉਪਰਾਲਾ ਕੀਤਾ ਹੈ ਜੋ ਕਿ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਸਦੀਆਂ ਤੋਂ ਚੱਲਦੇ ਆ ਰਹੇ ਹਨ। ਹਰ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦਾ ਹੈ ਪਰ ਭਰਮ ਉਨ੍ਹਾਂ ਨੂੰ ਸਮਝਣ ਵਿੱਚ, ਵਿਚਾਰਨ ਵਿੱਚ ਹੈ ਤੇ ਉਨ੍ਹਾਂ ਦਾ ਪ੍ਰਚਾਰ ਕਰਨ ਵਿੱਚ ਹੈ ਜੋ ਪ੍ਰਚਾਰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਕਰਦੇ ਹਨ, ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਕਰਦੇ ਹਨ ਜੋ ਕਿ ਮਾਇਆ ਦਾ ਵਾਪਾਰ ਕਰਦੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਇਹ ਸੰਸਾਰ ਵਿੱਚ ਮਾਇਆ ਮੋਹ ਨੂੰ ਵਧਾਉਣਾ ਹੀ ਹੈ, ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। (**ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥ ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥**)

(**ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥ ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥ ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥ ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥ ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥**)

(ਅੰਗ - ੯੦੯)

(**ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥**)

(ਅੰਗ - ੮੫੨)

(ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥)

(ਅੰਗ - ੫੦੯)

(**ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥ ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥ ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥ ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥ ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥ ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥**)

(ਅੰਗ - ੭੩੬)

ਜਿਵੇਂ ਕਿ ਉੱਪਰ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ ਮਨ ਦੇ ਮਾਇਆ ਰੋਗ ਵਿੱਚੋਂ, ਹਉਮੈ ਰੋਗ ਵਿੱਚੋਂ, ਤ੍ਰੈਗੁਣ ਰੋਗ ਵਿੱਚੋਂ ਨਿਕਲਣ ਦਾ ਸਾਧਨ ਬ੍ਰਹਮ ਬੀਚਾਰੁ ਹੈ। ਸਾਰੇ ਧਰਮ ਗ੍ਰੰਥਾਂ ਦੇ ਵਿੱਚ, ਗੁਰਬਾਣੀ ਦੇ ਵਿੱਚ ਬ੍ਰਹਮ ਬੀਚਾਰੁ ਹੀ ਹੈ ਭਾਵ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹੀ ਹਨ ਜੋ ਉਸਨੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੱਤੇ ਹੋਏ ਹਨ। ਇਹ ਬ੍ਰਹਮ ਬੀਚਾਰੁ ਰੂਪ ਹੀ ਪ੍ਰਮਾਤਮਾ ਦਾ ਨਾਮ ਹੈ ਜੋ ਹਰ ਧਰਮ ਗ੍ਰੰਥ ਦੇ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ। ਅਸੀਂ ਨਾਮ ਦਾ ਹੀ ਵਾਪਾਰ ਕਰਨਾ ਹੈ ਭਾਵ ਬ੍ਰਹਮ ਗਿਆਨ ਦਾ ਹੀ ਵਾਪਾਰ ਕਰਨਾ ਹੈ। ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਜਦ ਤੱਕ ਸਾਡੇ ਅੰਦਰ ਮਾਇਆ ਹੈ ਭਾਵ ਭਰਮਾਂ ਵਾਲੀ ਸਮਝ ਹੈ ਤਦ ਤੱਕ ਸਾਡੇ ਅੰਦਰ ਬ੍ਰਹਮ ਗਿਆਨ ਵਾਲੀ ਸਮਝ ਕਿਵੇਂ ਵੱਸ ਸਕਦੀ ਹੈ ਭਾਵ ਅਸੀਂ ਨਾਮ ਦਾ ਵਾਪਾਰ ਕਿਵੇਂ ਕਰ ਸਕਦੇ ਹਾਂ, ਨਾਮ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਾਂ। ਧਰਮ ਗ੍ਰੰਥਾਂ ਵਿੱਚੋਂ ਬ੍ਰਹਮ ਵਿਚਾਰ ਵਾਲੀ ਮਤਿ ਲੈ ਕੇ ਭਾਵ ਗੁਰੂ ਦੀ ਸੱਚੀ ਮਤਿ ਲੈ ਕੇ ਆਪਣੀ ਮਾਇਆ ਵਾਲੀ, ਭਰਮਾਂ ਵਾਲੀ ਮਤਿ ਨੂੰ ਛੱਡਣਾ ਹੀ ਨਾਮ ਦਾ ਵਾਪਾਰ ਕਰਨ ਦਾ ਸੱਚਾ ਉਪਰਾਲਾ ਹੈ। ਬ੍ਰਹਮ ਵਿਚਾਰ ਸਾਨੂੰ ਔਗੁਣ ਤਿਆਗ ਕੇ ਗੁਣੀ ਬਣਨਾ ਸਿਖਾਉਂਦੇ ਹਨ ਭਾਵ ਗੁਣਾਂ ਦੁਆਰਾ ਵਿਚਰਨਾ ਸਮਝਾਉਂਦੇ ਹਨ ਜੋ ਕਿ ਨਾਮ ਦਾ ਵਾਪਾਰ ਕਰਨ ਦਾ ਅਸਲ ਤਰੀਕਾ ਹੈ ਜਿਵੇਂ ਕਿ ਅਸੀਂ ਪਿੱਛੇ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। (**ਅਮੁਲ ਗੁਣ ਅਮੁਲ ਵਾਪਾਰ ॥**) ਹੁਣ ਅਸੀਂ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ।

"**ਅਮੁਲ ਵਾਪਾਰੀਏ ਅਮੁਲ ਭੰਡਾਰ ॥**"

ਪ੍ਰਮਾਤਮਾ ਆਪ ਅਮੁਲ ਹੈ ਜੋ ਆਪਣੇ ਗੁਣਾਂ ਦੁਆਰਾ ਅਮੁਲੁ ਹੈ, ਆਪਣੇ ਉੱਚੇ ਗਿਆਨ ਦੁਆਰਾ ਅਮੁਲ ਹੈ ਜਿਸ ਉੱਚੇ ਗਿਆਨ ਦੁਆਰਾ, ਬ੍ਰਹਮ ਗਿਆਨ ਦੁਆਰਾ ਉਸਨੇ ਹਰ ਵਸਤੂ ਵਿੱਚ ਗੁਣ ਪਾਏ ਹਨ ਤੇ ਭਗਤੀ ਦੇ ਮਾਰਗ ਦੇ ਗੁਣ ਕੀ ਹਨ, ਇਸ ਦਾ ਗਿਆਨ ਵੀ ਉਸਨੇ ਆਪ ਹੀ ਪਾਇਆ ਹੈ, ਆਪਣੀ ਗੁਰਮਤਿ ਰੂਪ ਸਮਝ ਦੇਣ ਦੁਆਰਾ ਪਾਇਆ ਹੈ ਜਿਨ੍ਹਾਂ ਗੁਣਾਂ ਨਾਲ ਜੁੜ ਕੇ ਅਸੀਂ ਉਸ ਗੁਣਾਂ ਦੇ ਭੰਡਾਰ ਨੂੰ ਆਪਣੇ ਅੰਦਰੋਂ ਜਾਨਣਾ ਹੈ। ਪ੍ਰਮਾਤਮਾ ਅਮੁਲੇ ਗੁਣਾਂ ਦਾ ਭੰਡਾਰ ਹੈ, ਖਜਾਨਾ ਹੈ ਜਿਸ ਖਜਾਨੇ ਦੀ ਪ੍ਰਾਪਤੀ ਦੀ ਗੱਲ ਅਨੇਕਾਂ ਸ਼ਬਦਾਂ ਦੁਆਰਾ ਆਉਂਦੀ ਹੈ। ਪ੍ਰਮਾਤਮਾ ਆਪਣੇ ਇਸ ਅਮੁਲੇ ਖਜਾਨੇ ਵਿੱਚ ਕਦੇ ਕਿਸੇ ਵਿਰਲੇ ਨੂੰ ਹੀ ਰਲਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਰਲਾਇਆ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਇਸ ਭੰਡਾਰ ਨਾਲ ਜੋੜਦਾ ਹੈ, ਮਨ ਦੇ ਵਿੱਚ ਹੀ ਜੋੜਦਾ ਹੈ, ਮਨ ਦੇ ਵਿੱਚ ਧਾਰਮਿਕ ਗੁਣਾਂ ਵਾਲੀ ਸਮਝ ਬਖਸ਼ਣ ਦੁਆਰਾ ਹੀ ਜੋੜਦਾ ਹੈ ਜਿਸ ਰਾਹੀਂ ਉਹ ਆਪਣੀ ਸੱਚੀ ਭਗਤੀ ਦਾ ਮਾਰਗ ਮਨ ਦੀ ਸਮਝ ਦੇਣ ਦੁਆਰਾ ਆਪ ਹੀ ਸਮਝਾਉਂਦਾ ਹੈ। ਪ੍ਰਮਾਤਮਾ ਦੇ ਇਸ ਭੰਡਾਰ ਵਿਚ ਰਲਣ ਲਈ ਜੋ ਮਨੁੱਖ ਦਾ ਸੱਚਾ ਉੱਦਮ ਹੋਣਾ ਚਾਹੀਦਾ ਹੈ, ਉਹੀ ਗੱਲ ਉੱਪਰ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। ਅਸੀਂ ਅਮੁਲੇ ਗੁਣਾਂ ਦਾ ਵਾਪਾਰ ਕਰਨਾ ਹੈ ਤੇ ਉਹ ਵਾਪਾਰ ਤਾਂ ਹੀ ਹੋ ਸਕਦਾ ਹੈ ਜੇਕਰ ਪਹਿਲਾਂ ਗੁਰੂ ਕੋਲੋਂ ਅਮੁਲੇ ਗੁਣ ਲਵਾਂਗੇ ਭਾਵ ਉਸਦੇ ਅਮੁਲੇ ਵਿਚਾਰ ਲਵਾਂਗੇ ਜੋ ਸਾਨੂੰ ਗੁਣ ਸਮਝਾਉਂਦੇ ਹਨ, ਗੁਣੀ ਬਣਨਾ ਸਮਝਾਉਂਦੇ ਹਨ ਜੋ ਕਿ ਆਪਣੇ ਔਗੁਣ ਤਿਆਗਣ ਦੁਆਰਾ, ਮਾੜੇ ਨਾ-ਸਮਝ ਵਿਚਾਰ ਤਿਆਗਣ ਦੁਆਰਾ, ਹੀ ਬਣਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਦੇ ਅਮੁਲੇ ਭੰਡਾਰ ਵਿੱਚ ਰਲਣ ਦਾ ਇਹੀ ਤਰੀਕਾ ਹੈ ਜਿਸ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ। (**ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥**) ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਉਸਦੇ ਅਮੁਲੇ ਗੁਣਾਂ ਦੇ ਭੰਡਾਰ ਵਿੱਚ ਰਲ ਕੇ ਹੀ ਹੁੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥"

ਪ੍ਰਮਾਤਮਾ ਜਿਸ ਦੇ ਅੰਦਰ ਵੀ ਆਉਂਦਾ ਹੈ, ਵੱਸਦਾ ਹੈ ਉਹ ਉਸੇ ਤਰੀਕੇ ਹੀ ਆਉਂਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੀ ਆਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਇਹੀ ਗੱਲ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਜਦ ਤੱਕ ਪ੍ਰਮਾਤਮਾ ਸਾਡੀ ਸਮਝ ਦੇ ਵਿੱਚ ਨਹੀਂ ਆਉਂਦਾ ਭਾਵ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਮਨ ਦੀ ਸਮਝ ਰਾਹੀਂ, ਹਉਮੈ ਰਾਹੀਂ, ਮਾਇਆ ਵਾਲੀ ਸਮਝ ਰਾਹੀਂ ਆਪਣੇ ਆਪ ਨੂੰ ਇੱਕ ਮਨੁੱਖ ਹੀ ਸਮਝਦਾ ਹੈ ਭਾਵ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦਾ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਮਨੁੱਖ ਦੀ ਆਪਣੀ ਮੈਂ ਮਿਟ ਜਾਂਦੀ ਹੈ ਭਾਵ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਰੂਪ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਭ ਦੇ ਅੰਦਰ ਗਿਆਨ ਪਾਉਣ ਵਾਲਾ ਆਪ ਹੀ ਹੈ ਤੇ ਉਸਨੇ ਆਪ ਹੀ ਸਭ ਨੂੰ ਮੈਂ ਵਿੱਚ ਰੱਖਿਆ ਹੋਇਆ ਹੈ। ਮਨੁੱਖ ਦੀ ਇਹ ਮੈਂ ਮਿਟਣੀ ਹੀ ਮਨੁੱਖ ਦਾ ਆਪਾ ਮਿਟਣਾ ਹੈ ਭਾਵ ਉਸਦਾ ਇਸ ਸੰਸਾਰ ਤੋਂ ਚਲਾ ਜਾਣਾ ਹੈ ਭਾਵ ਸੰਸਾਰ ਤੋਂ ਉਸ ਦੀ ਹੋਂਦ ਦਾ ਮਿਟਣਾ ਹੈ ਜੋ ਕਿ ਮਨੁੱਖ ਦਾ ਅਸਲ ਮਰਨ ਹੈ, ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਮਰਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਣਾ ਹੈ। ਸਰੀਰ ਦੇ ਰਹਿੰਦੇ ਹੋਏ ਹੀ ਮਨੁੱਖ ਦਾ ਸੱਚਾ ਮਰਨ ਹੋ ਸਕਦਾ ਹੈ ਜੋ ਮਨੁੱਖ ਦਾ ਅਸਲ ਮਰਨ ਮਨ ਦੀ ਅਗਿਆਨਤਾ ਮਰਨ ਦੁਆਰਾ ਹੀ ਹੁੰਦਾ ਹੈ ਭਾਵ ਗੁਰੂ ਦੇ ਸ਼ਬਦ ਦੀ ਸੱਚੀ ਸਮਝ ਦੁਆਰਾ ਆਪਣੀ ਨਾ-ਸਮਝ ਮਤਿ ਨੂੰ ਮਾਰਨ ਦੁਆਰਾ ਭਾਵ ਛੱਡਣ ਦੁਆਰਾ ਹੀ ਹੁੰਦਾ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਹੁੰਦਾ ਹੈ ਜੋ ਕਿ ਸਭ ਕੁੱਝ ਆਪ ਹੀ ਹੈ ਤੇ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਜੋ ਮਨੁੱਖ ਨੂੰ ਮਨ ਦੀ ਸਮਝ ਰਾਹੀਂ ਅਸਲ ਜੀਵਨ ਦਿੰਦਾ ਹੈ, ਸੱਚੇ ਗਿਆਨ ਰਾਹੀਂ ਜਿਉਂਣਾ ਸਿਖਾਉਂਦਾ ਹੈ, ਉਸਦੇ ਵੱਸ ਹੀ ਸਾਡਾ ਮਰਨ ਹੈ ਭਾਵ ਮਨ ਦੀ ਹਉਮੈ ਦਾ ਮਰਨ ਹੈ। (**ਅਮੁਲ ਆਵਹਿ ਅਮੁਲ ਲੈ ਜਾਹਿ ॥**) ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ, ਕਿਰਪਾ ਹੈ ਕਿ ਉਹ ਆਪਣੀ ਕਿਰਪਾ ਕਿਸ ਤੇ ਕਰਦਾ ਹੈ। ਪ੍ਰਮਾਤਮਾ ਜਿਸ ਦੇ ਅੰਦਰ ਸਮਾਉਂਦਾ ਹੈ ਉਹ ਮਨ ਦੀ ਸਮਝ ਦੇ ਵਿੱਚ ਹੀ ਸਮਾਉਂਦਾ ਹੈ, ਆਪਣੀ ਭਗਤੀ ਦਾ ਸੱਚੇ ਗਿਆਨ ਦੇ ਰੂਪ ਵਿੱਚ, ਗੁਣਾਂ ਨਾਲ ਭਰੇ ਹੋਏ ਗਿਆਨ ਦੇ ਰੂਪ ਵਿੱਚ ਹੀ ਸਮਾਉਂਦਾ ਹੈ। (**ਅਮੁਲ ਭਾਇ ਅਮੁਲਾ ਸਮਾਹਿ ॥**)

ਉੱਪਰ ਪੂਰੇ ਮੁੱਖ ਸ਼ਬਦ ਰਾਹੀਂ ਇੱਕੋ ਇੱਕ ਤਰੀਕਾ ਪ੍ਰਮਾਤਮਾ ਨੂੰ ਪਾਉਣ ਦਾ ਜੋ ਦੱਸਿਆ ਗਿਆ ਹੈ ਉਹ ਹੈ ਮਨੁੱਖ ਦਾ ਗੁਣਾਂ ਦਾ ਧਾਰਨੀ ਹੋਣਾ। ਅਮੁਲ ਧਰਮ ਤੋਂ ਭਾਵ ਹੈ ਸਾਡਾ ਸਾਰਾ ਧਰਮ ਅਮੁਲੇ ਗੁਣਾਂ ਵਾਲਾ ਹੋਣਾ ਚਾਹੀਦਾ ਹੈ, ਸਾਡੇ ਸਾਰੇ ਕਰਮ ਗੁਣਾਂ ਵਾਲੇ ਹੋਣੇ ਚਾਹੀਦੇ ਹਨ, ਉਸ ਅਮੁਲ ਗੁਣਾਂ ਵਾਲੇ ਪ੍ਰਮਾਤਮਾ ਦਾ ਤੋਲ ਅਮੁਲ ਗੁਣਾਂ ਦੁਆਰਾ ਹੀ ਤੁਲਿਆ ਜਾ ਸਕਦਾ ਹੈ ਅਤੇ ਉਸ ਪ੍ਰਮਾਤਮਾ ਦੀ ਬਖ਼ਸ਼ਿਸ਼ ਵੀ ਤਾਂ ਹੀ ਹੁੰਦੀ ਹੈ ਜੇ ਸਾਡੇ ਅੰਦਰ ਅਮੁਲ ਗੁਣ ਹੋਣ ਭਾਵ ਉਸ ਦੀ ਬਖ਼ਸ਼ਿਸ਼ ਇਹੀ ਹੈ ਕਿ ਸਾਡੇ ਔਗੁਣ ਮਿਟ ਜਾਣ। ਪ੍ਰਮਾਤਮਾ ਦੀ ਅਮੁਲੀ ਬਖਸ਼ਸ਼ ਅਮੁਲੇ ਗੁਣਾਂ ਦੇ ਰੂਪ ਵਿੱਚ, ਅਮੁਲੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਹੁੰਦੀ ਹੈ ਜੋ ਬਖਸ਼ਿਸ਼ ਉਹ ਆਪ ਹੀ ਕਰਦਾ ਹੈ ਪਰ ਉਸ ਲਈ ਪਹਿਲਾਂ ਸਾਨੂੰ ਗੁਰੂ ਦੇ ਸਮਝਾਏ ਹੋਏ ਅਮੁਲੇ ਗੁਣਾਂ ਤੇ ਚੱਲਣਾ ਪਵੇਗਾ, ਧਰਮ ਦੇ ਮਾਰਗ ਤੇ ਚੱਲਣ ਦਾ ਉੱਦਮ ਕਰਨਾ ਪਵੇਗਾ। ਪ੍ਰਮਾਤਮਾ ਜਿਸ ਤੇ ਆਪਣੇ ਮੇਲ ਦੀ ਬਖਸ਼ਿਸ਼ ਕਰਦਾ ਹੈ ਉਸ ਦੀ ਮਤਿ ਉੱਤੇ ਹੀ ਉਹ ਆਪਣਾ ਨਿਸ਼ਾਨ ਲਗਾਉਂਦਾ ਹੈ। ਜਿਸ ਤੇ ਪ੍ਰਮਾਤਮਾ ਆਪਣਾ ਇਹ ਅਮੁਲ ਕਰਮ ਕਰਦਾ ਹੈ, ਮੇਲ ਦਾ ਕਰਮ ਕਰਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਅਮੁਲ ਫੁਰਮਾਨ ਹੀ ਸੁਣਾਉਂਦਾ ਹੈ ਜਿਸ ਰਾਹੀਂ ਉਹ ਆਪਣਾ ਅਮੁਲੁ ਗਿਆਨ ਹੀ ਦਿੰਦਾ ਹੈ, ਅਮੁਲੇ ਗੁਣਾਂ ਦਾ ਗਿਆਨ ਹੀ ਦਿੰਦਾ ਹੈ ਜਿਸ ਤਰੀਕੇ ਉਹ ਆਪਣੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ, ਧਰਮ ਦਾ ਮਾਰਗ ਹੀ ਸਮਝਾਉਂਦਾ ਹੈ ਜੋ ਮਾਰਗ ਅਮੁਲ ਹੈ। ਉੱਚੇ ਗਿਆਨ ਦੁਆਰਾ, ਉੱਚੇ ਗੁਣਾਂ ਦੁਆਰਾ ਅਮੁਲ ਹੈ ਜਿਸ ਅਮੁਲੇ ਮਾਰਗ ਤੇ ਚੱਲ ਕੇ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਦਾ ਆਪਣਾ ਦੀਬਾਣ ਅਮੁਲੁ ਹੈ ਤੇ ਉਸ ਅਮੁਲੇ ਦੀਬਾਣ ਦੇ ਵਿੱਚ ਜਾਣ ਦੇ ਲਈ ਉਸ ਦੇ ਸਮਝਾਏ ਹੋਏ ਅਮੁਲੇ ਮਾਰਗ ਤੇ ਹੀ ਚੱਲਣਾ ਪੈਂਦਾ ਹੈ। ਪ੍ਰਮਾਤਮਾ ਦਾ ਅਮੁਲੁ ਦੀਬਾਨੁ ਸਾਡੇ ਅੰਦਰ ਹੀ ਹੈ, ਸਾਡਾ ਮਨ ਹੀ ਹੈ ਜਿਸ ਦੀਬਾਨੁ ਦੇ ਵਿੱਚ ਸਾਡੀ ਸਮਝ ਨੇ ਹੀ ਜਾਣਾ ਹੈ। ਪੂਰੀ ਗੁਰਬਾਣੀ ਮਨ ਦੀ ਸਮਝ ਰਾਹੀਂ ਹੀ ਆਈ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਅਮੁਲ ਦੀਬਾਣ ਹੈ, ਉਸਦੇ ਸੱਚੇ ਗੁਣਾਂ ਵਾਲੀ ਸਮਝ ਦਾ ਦੀਬਾਣ ਹੈ, ਜਿਸ ਦੀਬਾਣ ਵਿੱਚੋਂ ਅਸੀਂ ਉੱਚੇ ਗੁਣਾਂ ਵਾਲੀ ਸਮਝ ਲੈਣੀ ਹੈ ਜੋ ਕਿ ਪ੍ਰਮਾਤਮਾ ਦੇ ਫੁਰਮਾਣ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਇਹ ਅਮੁਲ ਫੁਰਮਾਨ ਸਾਨੂੰ ਅਮੁਲ ਧਰਮ ਦਾ ਮਾਰਗ ਸਿਖਾਉਂਦਾ ਹੈ। ਅਸੀਂ ਇਸ ਧਰਮ ਦੇ ਮਾਰਗ ਤੇ ਹੀ ਪੂਰਾ ਉਤਰਨਾ ਹੈ ਭਾਵ ਇਸਦਾ ਤੋਲ ਤੁਲਣਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਦਰ ਤੇ ਪਰਵਾਨ ਹੋ ਸਕਦੇ ਹਾਂ। ਪ੍ਰਮਾਤਮਾ ਦੇ ਦਰ ਤੇ ਸਾਡੀ ਸੱਚੇ ਗੁਣਾਂ ਵਾਲੀ ਸਮਝ ਨੇ ਹੀ ਪਰਵਾਣ ਹੋਣਾ ਹੈ। ਜੇਕਰ ਸਾਡੀ ਸਮਝ ਮਾੜੀ ਹੈ ਫਿਰ ਅਸੀਂ ਉਸਦੇ ਦੀਬਾਣ ਵਿੱਚ ਨਹੀਂ ਜਾ ਸਕਦੇ। ਚੰਗੀ ਸਮਝ ਗੁਣਾਂ ਵਾਲੀ ਸਮਝ ਹੈ, ਗੁਰਮਤਿ ਵਾਲੀ ਸਮਝ

ਹੈ ਜਿਸ ਦੁਆਰਾ ਧਰਮ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਉਸ ਪ੍ਰਮਾਤਮਾ ਦੇ ਅਮੁਲੇ ਦਰਬਾਰ ਵਿੱਚ ਪਹੁੰਚਿਆ ਜਾ ਸਕਦਾ ਹੈ। (**ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥ ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥**)

“ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥”

ਪਿਛਲੀਆਂ ਪੰਗਤੀਆਂ ਵਿੱਚ ਇਹ ਸਮਝਾਇਆ ਹੋਇਆ ਸੀ ਕਿ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ ਭਾਵ ਉਸਦੀ ਭਗਤੀ ਕਿਵੇਂ ਹੋ ਸਕਦੀ ਹੈ ਜੋ ਕਿ ਕੇਵਲ ਗੁਣਾਂ ਨੂੰ ਅਪਣਾ ਕੇ ਹੀ ਹੋ ਸਕਦੀ ਹੈ। ਹੁਣ ਉੱਪਰ ਪੰਗਤੀ ਰਾਹੀਂ ਇਹ ਸਮਝਾਇਆ ਹੈ ਕਿ ਆਮ ਤੌਰ 'ਤੇ ਦੁਨੀਆਂ ਉਸ ਦੀ ਭਗਤੀ ਕਿਵੇਂ ਕਰਦੀ ਹੈ ਤੇ ਨਾਲ ਹੀ ਇਹ ਵੀ ਸਮਝਾਇਆ ਹੈ ਕਿ ਇਨ੍ਹਾਂ ਤਰੀਕਿਆਂ ਨਾਲ ਭਾਵ ਗੁਣਾਂ ਨੂੰ ਗ੍ਰਹਿਣ ਕਰਨ ਤੋਂ ਇਲਾਵਾ ਭਗਤੀ ਦਾ ਹੋਰ ਕੋਈ ਤਰੀਕਾ ਨਹੀਂ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਦੁਨੀਆਂ ਲਿਵ ਲਗਾ-ਲਗਾ ਕੇ, ਸਮਾਧੀਆਂ ਲਗਾ-ਲਗਾ ਕੇ ਰਹਿ ਗਈ ਹੈ ਭਾਵ ਹਾਰ ਗਈ ਹੈ ਪਰ ਉਸ ਪ੍ਰਮਾਤਮਾ ਨੂੰ ਆਖਿਆ ਨਹੀ ਜਾ ਸਕਿਆ ਭਾਵ ਜਪਿਆ ਨਹੀ ਜਾ ਸਕਿਆ ਭਾਵ ਖਾਲੀ ਸਮਾਧੀਆਂ ਲਗਾ ਕੇ ਉਸ ਨੂੰ ਜਪਣਾ ਕਿਸੇ ਲੇਖੇ ਵਿੱਚ ਨਹੀ ਹੈ।ਗੱਲ ਗੁਣਾਂ ਨੂੰ ਅਪਣਾ ਕੇ ਹੀ ਬਣਨੀ ਹੈ। (**ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥**) ਇਸੇ ਤਰ੍ਹਾਂ ਸ਼ਬਦ ਦੀਆਂ ਅਗਲੀਆਂ

2/47

ਪੰਗਤੀਆਂ ਵਿੱਚ ਹਰ ਕਿਸੇ ਦੇ ਆਪਣੇ-ਆਪਣੇ ਤਰੀਕੇ ਅਨੁਸਾਰ ਪ੍ਰਮਾਤਮਾ ਦੀ ਭਗਤੀ ਨੂੰ ਦਰਸਾਇਆ ਹੋਇਆ ਹੈ ਪਰ ਨਤੀਜਾ ਇਹੀ ਹੈ ਕਿ ਬਿਨ੍ਹਾਂ ਗੁਣਾਂ ਤੋ ਕੀਤੀ ਭਗਤੀ ਕਿਸੇ ਲੇਖੇ ਵਿੱਚ ਨਹੀਂ ਹੈ। ਇਹੋ ਜਿਹੀ ਭਗਤੀ ਕਰਦੇ ਹੋਏ ਕਈ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾ ਲਿਆ ਹੈ **(ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ਕੇਤੇ ਆਖਹਿ ਆਖਣਿ ਪਾਹਿ॥)** ਪਰ ਨਾਲ ਹੀ ਇਹ ਸਮਝਾਇਆ ਹੈ ਕਿ ਇਹ ਉਨ੍ਹਾਂ ਦਾ ਵਹਿਮ ਹੀ ਹੁੰਦਾ ਹੈ ਕਿ ਅਸੀਂ ਪ੍ਰਮਾਤਮਾ ਨੂੰ ਪਾ ਲਿਆ ਹੈ। ਇਹੋ ਜਿਹੀਆਂ ਗੱਲਾਂ ਕਰਨ ਵਾਲੇ ਅਨੇਕਾਂ ਹੀ ਇਹ ਕਹਿ-ਕਹਿ ਕੇ ਇਸ ਦੁਨੀਆਂ ਤੋਂ ਚੱਲੇ ਜਾਂਦੇ ਹਨ **(ਕੇਤੇ ਕਹਿ ਕਹਿ ਉਠਿ ਉਠਿ ਜਾਹਿ॥ ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥)**। ਜੋ ਲੋਕ ਕਹਿੰਦੇ ਹਨ ਕਿ ਅਸੀਂ ਪ੍ਰਮਾਤਮਾ ਨੂੰ ਪਾ ਲਿਆ ਹੈ, ਉਹ ਆਪਣੇ ਵੱਲੋਂ ਇਸ ਗੱਲ ਨੂੰ ਸੱਚ ਹੀ ਸਮਝਦੇ ਹਨ ਪਰ ਅਸਲ ਵਿੱਚ ਇਹ ਮਾਇਆ ਦੀ ਹੀ ਖੇਡ ਹੈ। ਸਾਨੂੰ ਆਪਣੇ ਅੰਦਰੋਂ ਸੋਝੀ ਹੀ ਇਹੋ ਜਿਹੀ ਪੈਂਦੀ ਹੈ ਜਿਸ ਨਾਲ ਇਹ ਮਹਿਸੂਸ ਹੁੰਦਾ ਹੈ ਕਿ ਮੈਂ ਰੱਬ ਨਾਲ ਮਿਲਿਆ ਹੋਇਆ ਹਾਂ। ਅਸਲ ਵਿੱਚ ਇਹ ਸੋਚ ਸਾਡੀ ਨਹੀਂ ਹੈ। ਅਸੀਂ ਇਸ ਸੋਚ ਦੇ ਵੱਸ ਵਿੱਚ ਹਾਂ। ਜਿਹੋ ਜਿਹਾ ਸਾਡੀ ਸੋਚ ਸਾਨੂੰ ਸਮਝਾਉਂਦੀ ਹੈ ਅਸੀਂ ਉਹੋ ਕੁੱਝ ਹੀ ਆਪਣੇ ਆਪ ਨੂੰ ਸਮਝਦੇ ਹਾਂ। ਸਾਡੀ ਸੋਚ ਜੋ ਸਾਨੂੰ ਸਮਝਾਉਂਦੀ ਹੈ ਅਸੀਂ ਉਸ ਨੂੰ ਹੀ ਸੱਚ ਸਮਝਦੇ ਹਾਂ ਲੇਕਿਨ ਸਾਨੂੰ ਜਦ ਤੱਕ ਇਸ ਸੋਚ ਦੀ ਸਮਝ ਨਹੀਂ ਆਉਂਦੀ ਕਿ ਇਹ ਸੋਚ ਕੀ ਹੈ, ਕਿੱਥੋਂ ਆਉਂਦੀ ਹੈ ਤੇ ਇਸਦਾ ਸ੍ਰੋਤ ਕੀ ਹੈ, ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਅਸੀਂ ਇਸ ਸੋਚ ਦੇ ਗੁਲਾਮ ਹਾਂ। ਜਦ ਤੱਕ ਇਸ ਸੋਚ ਦੇ ਮਾਲਕ ਨੂੰ ਨਹੀਂ ਪਹਿਚਾਣਦੇ, ਸਾਡੀਆਂ ਉਲਝਣਾਂ ਖ਼ਤਮ ਨਹੀਂ ਹੋ ਸਕਦੀਆਂ।ਇਹ ਸੋਚ ਸਾਨੂੰ ਉਲਝਣਾਂ ਵਿੱਚ ਪਾਈ ਹੀ ਰੱਖੇਗੀ। ਕਦੀ ਅਸੀਂ ਰੱਬ ਨੂੰ ਕੁੱਝ ਸਮਝਾਂਗੇ, ਕਦੇ ਕੁੱਝ ਸਮਝਾਂਗੇ। ਖਾਸ ਕਰਕੇ ਜਦੋ ਅਸੀਂ ਉਸਨੂੰ ਖੰਡਾਂ ਬ੍ਰਹਿਮੰਡਾਂ ਵਿੱਚੋ ਲੱਭਾਂਗੇ ਤਾਂ ਸਮਝੋ ਕਿ ਅਸੀਂ ਬਿਲਕੁਲ ਹੀ ਉਲਝ ਗਏ। ਅਸੀ ਗੱਲਾਂ ਵੀ ਉਲਝੀਆਂ ਹੋਈਆਂ ਕਰਾਂਗੇ। ਕੋਈ ਆਤਮਾ ਦੇ ਨਕਸ਼ੇ ਬਣਾਉਂਦਾ ਹੈ ਤੇ ਕੋਈ ਪ੍ਰਮਾਤਮਾ ਦੇ ਨਕਸ਼ੇ ਬਣਾਉਂਦਾ ਹੈ। ਕੋਈ ਕਿਹੋ ਜਿਹੀਆਂ ਗੱਲਾਂ ਕਰਦਾ ਹੈ ਤੇ ਕੋਈ ਕਿਹੋ ਜਿਹੀਆਂ ਗੱਲਾਂ ਕਰਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਸਭ ਨੇ ਵੱਖਰੇ-ਵੱਖਰੇ ਰੱਬ ਨੂੰ ਪਾਇਆ ਹੈ। ਰੱਬ ਤਾਂ ਇੱਕ ਹੀ ਹੈ ਜੋ ਕਿ ਸਭ ਦੇ ਵਿੱਚ ਹੈ। ਰੱਬ ਉਹ ਕੁੱਝ ਹੈ ਜੋ ਸਾਨੂੰ ਗੁਰਬਾਣੀ ਸਮਝਾ ਰਹੀ ਹੈ। ਗੁਰੂ ਤੋਂ ਸਪੱਸ਼ਟ ਰੱਬ ਨੂੰ ਹੋਰ ਕੋਈ ਨਹੀਂ ਜਾਣਦਾ

2/48

ਕਿਉਂਕਿ ਗੁਰੂ ਆਪ ਹੀ ਪ੍ਰਮਾਤਮਾ ਹੈ। ਫਿਰ ਵੀ ਅਸੀਂ ਗੁਰੂ ਦੀ ਗੱਲ ਨੂੰ ਛੱਡ ਕੇ, ਗੁਰੂ ਦੀ ਗੱਲ 'ਤੇ ਵਿਸ਼ਵਾਸ ਨਾ ਕਰਕੇ ਇੱਧਰੋਂ ਉਧਰੋਂ ਰੱਬ ਦੀ ਭਾਲ ਕਰਨ ਲੱਗ ਪੈਂਦੇ ਹਾਂ, ਮੁਕਤੀਆਂ ਭਾਲਦੇ ਹਾਂ। ਕਿਸੇ ਦੀ ਵੀ ਕੀਤੀ ਹੋਈ ਗੱਲ ਭਾਵੇਂ ਅਸੀਂ ਉਸ ਮਨੁੱਖ ਨੂੰ ਕਿਤਨੀ ਹੀ ਵੱਡੀ ਅਵੱਸਥਾ ਵਾਲਾ ਕਿਉਂ ਨਾ ਸਮਝਦੇ ਹੋਈਏ, ਅਗਰ ਉਹ ਗੱਲ ਗੁਰਬਾਣੀ ਦੀ ਕਸਵੱਟੀ ਉੱਤੇ ਪੂਰੀ ਨਾ ਉਤਰੇ ਤਾਂ ਉਹ ਕਦੇ ਵੀ ਸੱਚ ਨਹੀਂ ਹੋ ਸਕਦੀ ਭਾਵ ਉਸ ਵਿੱਚ ਪ੍ਰਮਾਤਮਾ ਦਾ ਪ੍ਰਗਟ ਹੋਣਾ ਨਹੀਂ ਮੰਨਿਆ ਜਾ ਸਕਦਾ। ਅਗਰ ਕੋਈ ਮਨੁੱਖ ਇਹੋ ਜਿਹੀਆਂ ਗੱਲਾਂ ਕਰੇ, ਜੋ ਗੁਰਬਾਣੀ ਵਿੱਚ ਨਹੀਂ ਲਿਖੀਆਂ ਹੋਈਆਂ ਤਾਂ ਇਹ ਸਮਝੋ ਕਿ ਉਹ ਪ੍ਰਮਾਤਮਾ ਦੇ ਦਰਸ਼ਨ ਵਾਲਾ ਨਹੀਂ ਹੈ ਬਲਕਿ ਅਤਿ ਦਾ ਭਰਮਿਆ ਹੋਇਆ ਹੈ। ਜਿਵੇਂ ਕਿ, ਅਗਰ ਕੋਈ ਸਾਨੂੰ ਆਉਣ ਵਾਲੇ ਸਮੇਂ ਬਾਰੇ ਕੁਝ ਭਵਿੱਖਬਾਣੀ ਕਰੇ, ਪਿਛਲੇ ਜਨਮ ਦੀਆਂ ਗੱਲਾਂ ਦੱਸੇ, ਕਿਸੇ ਦੀ ਉਮਰ ਬਾਰੇ ਦੱਸੇ ਜਾਂ ਇਸ ਦੁਨੀਆਂ ਨੂੰ ਛੱਡਣ ਤੋਂ ਬਾਅਦ ਅੱਗੇ ਦੀਆਂ ਗੱਲਾਂ ਦੱਸੇ ਤਾਂ ਫਿਰ ਇਸ ਦਾ ਮਤਲਬ ਇਹ ਹੋਇਆ ਕਿ ਉਸ ਮਨੁੱਖ ਨੂੰ ਗੁਰੂ ਨਾਲੋਂ ਵੀ ਜ਼ਿਆਦਾ ਗਿਆਨ ਹੈ। ਉਹ ਗੁਰੂ ਨਾਲੋਂ ਵੀ ਜ਼ਿਆਦਾ ਜਾਣਦਾ ਹੈ। ਇਸ ਦੁਨੀਆਂ ਤੋਂ ਜਾਣ ਤੋਂ ਬਾਅਦ ਭਾਵ ਸਰੀਰ ਛੱਡਣ ਤੋਂ ਬਾਅਦ ਮਨੁੱਖ ਕਿੱਥੇ ਜਾਂਦਾ ਹੈ ਅਤੇ ਕਿਵੇਂ ਜਾਂਦਾ ਹੈ, ਇਸ ਬਾਰੇ ਗੁਰਬਾਣੀ ਵਿੱਚ ਕਿਸੇ ਜਗ੍ਹਾ ਦਾ ਖੁਲਾਸਾ ਨਹੀਂ ਕੀਤਾ ਹੋਇਆ। ਮਨੁੱਖ ਦਾ ਆਵਾ ਗਉਣ ਮਨ ਦੇ ਵਿਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਪੂਰੀ ਬਾਣੀ ਵਿੱਚ ਪ੍ਰਮਾਤਮਾ ਦਾ ਨਿਯਮ ਹੀ ਸਮਝਾਇਆ ਹੋਇਆ ਹੈ, ਜਿਸ ਦੁਆਰਾ ਉਹ ਦੁਨੀਆਂ ਨੂੰ ਚਲਾ ਰਿਹਾ ਹੈ ਜੋ ਨਿਯਮ ਉਸਨੂੰ ਚੰਗਾ ਲੱਗਦਾ ਹੈ। ਜਿਹੜੇ ਮਨੁੱਖ ਇਹੋ ਜਿਹੀਆਂ ਗੱਲਾਂ ਕਰਦੇ ਹਨ ਕਿ ਸਾਨੂੰ ਇਹ ਜਾਣਕਾਰੀ ਰੱਬ ਕੋਲੋਂ ਮਿਲੀ ਤੇ ਫਿਰ ਇਸਦਾ ਮਤਲਬ ਇਹ ਹੋਇਆ ਕਿ ਪ੍ਰਮਾਤਮਾ ਨੇ ਹੁਣ ਆਪਣਾ ਨਿਯਮ ਬਦਲ ਦਿੱਤਾ ਹੈ। ਆਉਣ ਵਾਲੇ ਸਮੇਂ ਵਿੱਚ ਕੀ ਹੋਣਾ ਹੈ, ਕਿਸਦੀ ਉਮਰ ਕਿਤਨੀ ਹੈ ਇਹ ਕੇਵਲ ਪ੍ਰਮਾਤਮਾ ਹੀ ਜਾਣਦਾ ਹੈ। ਇਸ ਬਾਰੇ ਬਾਣੀ ਵਿੱਚ ਬੜਾ ਸਪੱਸ਼ਟ ਹੈ ਕਿ ਇਸ ਗੱਲ ਨੂੰ ਹੋਰ ਕੋਈ ਨਹੀਂ ਜਾਣ ਸਕਦਾ। ਜੇਕਰ ਇਤਿਹਾਸ ਵੱਲ ਵੀ ਜਾਈਏ ਤਾਂ ਇਹ ਪੜ੍ਹਨ ਵਿੱਚ ਆਉਂਦਾ ਹੈ ਕਿ ਜਦੋਂ ਭਾਈ ਮਰਦਾਨਾ ਜੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ

2/49

ਜੋ ਕਿ ਆਪ ਪ੍ਰਤੱਖ ਨਿਰੰਕਾਰ ਦਾ ਰੂਪ ਹਨ, ਇਹ ਪੁੱਛਦੇ ਸਨ ਕਿ ਹੁਣ ਅੱਗੇ ਕਿਹੜੇ ਪਾਸੇ ਵੱਲ ਜਾਣਾ ਹੈ ਤਾਂ ਜਵਾਬ ਇਹੀ ਮਿਲਦਾ ਸੀ ਕਿ ਜਿੱਥੇ ਕਰਤਾਰ ਲੈ ਜਾਵੇ ਭਾਵ ਆਉਣ ਵਾਲੇ ਸਮੇਂ ਬਾਰੇ ਆਪ ਸਭ ਕੁੱਝ ਜਾਣਦੇ ਹੋਏ ਵੀ ਇਸ ਗੱਲ ਨੂੰ ਗੁਪਤ ਰੱਖਦੇ ਸਨ ਕਿਉਂਕਿ ਇਸ ਨੂੰ ਜਾਣਨਾ ਮਨੁੱਖ ਦੇ ਭਲੇ ਵਿੱਚ ਨਹੀਂ ਹੈ। ਜੋ ਉਸਨੂੰ ਭਾਉਂਦਾ ਹੈ ਉਹੀ ਸਾਡੇ ਲਈ ਚੰਗਾ ਹੈ। ਗੁਰੂ ਤੋਂ ਅੱਗੇ ਲੰਘ ਕੇ ਕੀਤੀ ਹੋਈ ਗੱਲ ਤੇ ਕੀ ਕਦੇ ਗੁਰੂ ਦੀ ਮੋਹਰ ਹੋ ਸਕਦੀ ਹੈ? ਇਹ ਗੱਲਾਂ ਕਰਨ ਵਾਲੇ ਵੀ ਇਹੀ ਸਮਝਦੇ ਹਨ ਕਿ ਉਨ੍ਹਾਂ ਨੇ ਰੱਬ ਨੂੰ ਪਾਇਆ ਹੋਇਆ ਹੈ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਵੀ ਉਨ੍ਹਾਂ ਨੂੰ ਰੱਬ ਦਾ ਰੂਪ ਹੀ ਸਮਝਦੇ ਹਨ। ਇਸ ਲਈ ਜਦੋਂ ਵੀ ਕੋਈ ਇਹੋ ਜਿਹੀਆਂ ਗੱਲਾਂ ਕਰਦਾ ਹੈ ਜਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੀ ਬਜਾਇ ਕਿਤੇ ਹੋਰ ਜਗ੍ਹਾ ਤੋਂ ਪਾਉਣ ਦੀ ਗੱਲ ਕਰਦਾ ਹੈ, ਕਿਸੇ ਖੰਡ ਵਿੱਚੋਂ ਪਾਉਣ ਦੀ ਗੱਲ ਕਰਦਾ ਹੈ, ਸਰਗੁਣ ਰੂਪ ਵਿੱਚ ਭਾਵ ਆਕਾਰ ਰੂਪ ਵਿੱਚ ਪਾਉਣ ਦੀ ਗੱਲ ਕਰਦਾ ਹੈ ਤੇ ਉਸਦੀਆਂ ਗੱਲਾਂ ਨੂੰ ਅਗਰ ਗੁਰੂ ਦੀ ਕਸਵੱਟੀ ਤੇ ਲਗਾਵਾਂਗੇ ਤਾਂ ਸੱਚ ਆਪਣੇ ਆਪ ਹੀ ਨਿਕਲ ਆਵੇਗਾ। ਆਓ ਗੁਰੂ ਤੇ ਭਰੋਸਾ ਕਰੀਏ ਤੇ ਗੁਰੂ ਵਾਲੇ ਬਣੀਏ ਤੇ ਪ੍ਰਮਾਤਮਾ ਨੂੰ ਪਾਉਣ ਦਾ ਉਹੋ ਜਿਹਾ ਉਪਰਾਲਾ ਕਰੀਏ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਆਪਣੇ ਗਿਆਨ ਦੁਆਰਾ ਉੱਚਾ ਹੈ, ਆਪਣੇ ਨਾਮ ਦੁਆਰਾ ਵੱਡਾ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ ਕੇ, ਸੱਚਾ ਗਿਆਨ ਬਖਸ਼ ਕੇ ਉਸਦੀ ਸਮਝ ਨੂੰ ਵੱਡਾ ਕਰਦਾ ਹੈ ਉਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। (**ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥**)

ਆਓ ਹੁਣ ਉੱਪਰ ਦਿੱਤੇ ਹੋਏ ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਵਿਚਾਰੀਏ। ਪ੍ਰਮਾਤਮਾ ਨੂੰ ਜਪਣ ਦਾ ਕੀ ਤਰੀਕਾ ਹੈ, ਇਹ ਪਹਿਲਾਂ ਹੀ ਗੁਰੂ ਸਾਹਿਬ ਨੇ ਸ਼ੁਰੂ ਦੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ ਕਿ ਉਸ ਪ੍ਰਮਾਤਮਾ ਨੂੰ ਬਿਨ੍ਹਾਂ ਗੁਣਾਂ

ਦੇ ਜਪਿਆ ਨਹੀਂ ਜਾ ਸਕਦਾ ਭਾਵ ਗੁਰੂ ਨੇ ਆਪਣਾ ਬੋਲ ਸੁਣਾ ਦਿੱਤਾ ਹੈ, ਆਪਣਾ ਹੁਕਮ ਸੁਣਾ ਦਿੱਤਾ ਹੈ ਕਿ ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਇਹੀ ਹੈ। ਅਗਰ ਕੋਈ ਗੁਰੂ ਦੇ ਬੋਲਾਂ ਤੋਂ ਉਲਟ ਜਾ ਕੇ ਭਾਵ ਗੁਰੂ ਦੇ ਬੋਲਾਂ ਨੂੰ ਵਿਗਾੜ ਕੇ ਕਿਸੇ ਹੋਰ ਤਰੀਕੇ ਦੁਆਰਾ ਭਾਵ ਸਮਾਧੀਆਂ ਆਦਿ ਲਗਾਉਣ ਦੁਆਰਾ ਗੁਣਾਂ ਨੂੰ ਗ੍ਰਹਿਣ ਕੀਤੇ ਬਿਨ੍ਹਾਂ ਉਸ ਨੂੰ ਜਪਦਾ ਹੈ ਤਾਂ ਫਿਰ ਉਹ ਵੱਡਾ ਗਵਾਰ ਹੈ।

“ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥”

ਗੁਰੂ ਨੇ ਤਾਂ ਆਪਣਾ ਫੈਸਲਾ ਬੜਾ ਸਪੱਸ਼ਟ ਸੁਣਾਇਆ ਹੋਇਆ ਹੈ। ਹੁਣ ਫੈਸਲਾ ਅਸੀਂ ਕਰਨਾ ਹੈ ਕਿ ਅਸੀਂ ਕਿਹੋ ਜਿਹਾ ਜਪ ਕਰਨਾ ਹੈ, ਪ੍ਰਮਾਤਮਾ ਦਾ ਕਿਹੋ ਜਿਹਾ ਆਖਣਿ ਆਖਣਾ ਹੈ। ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਕੀ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਬੋਲ ਹੀ ਹਨ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹਨ, ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹਨ ਜੋ ਬੋਲ ਗੁਰੂ ਨੇ ਸਾਨੂੰ ਸਾਡਾ ਧਰਮ ਦਾ ਮਾਰਗ ਸਮਝਾਉਣ ਲਈ ਬੋਲੇ ਹਨ। ਗੁਰੂ ਨੇ ਹਰ ਬੋਲ ਕਿਸੇ ਮਕਸਦ ਲਈ ਬੋਲਿਆ ਹੈ ਜਿਸ ਮਕਸਦ ਨੂੰ ਸਮਝ ਕੇ ਉਸ ਮਕਸਦ ਤੇ ਪੂਰਾ ਉਤਰਨਾ ਗੁਰੂ ਦੇ ਬੋਲ ਤੇ ਪੂਰਾ ਉਤਰਨਾ ਹੈ, ਗੁਰੂ ਦੇ ਬਚਨ ਤੇ ਪੂਰਾ ਤੇ ਉਤਰਨਾ ਹੈ। ਜੇਕਰ ਅਸੀਂ ਗੁਰੂ ਦੇ ਬੋਲ ਨੂੰ ਨਹੀਂ ਸਮਝਦੇ ਜਾਂ ਬੋਲ ਨੂੰ ਸਮਝ ਕੇ ਵੀ ਉਸ ਵਿੱਚ ਆਪਣੀ ਮਤਿ ਵਰਤਦੇ ਹਾਂ, ਇਹ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ। ਗੁਰੂ ਦੀ ਸਮਝਾਈ ਹੋਈ ਮਤਿ ਦੇ ਉਲਟ ਚੱਲਣਾ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਹੈ। ਗੁਰੂ ਦੇ ਬੋਲ ਸਾਨੂੰ ਸਰੀਰਕ ਜਪ ਤਪ ਕਰਨ ਤੋਂ ਮਨਾ ਕਰਦੇ ਹਨ ਪਰ ਫਿਰ ਵੀ ਸਰੀਰਕ ਜਪ ਤਪ ਕਰਨਾ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ। ਜਿੱਥੇ ਵੀ ਅਸੀਂ ਆਪਣੀ ਮਤਿ ਵਰਤਦੇ ਹਾਂ ਉਹ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ। ਅਸੀਂ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿਨ੍ਹਾਂ ਦਾ ਬਾਣੀ ਰਾਹੀਂ, ਗੁਰੂ ਦੇ ਬੋਲਾਂ ਰਾਹੀਂ ਖੰਡਨ ਕੀਤਾ ਹੋਇਆ ਹੈ ਪਰ ਅਸੀਂ ਫਿਰ ਵੀ ਉਨ੍ਹਾਂ ਤਰੀਕਿਆਂ ਨੂੰ ਭਗਤੀ ਦੇ ਤਰੀਕੇ ਸਮਝਦੇ ਹਾਂ ਤੇ ਉਨ੍ਹਾਂ ਤੇ ਚੱਲਣ ਦੁਆਰਾ ਆਪਣੇ ਆਪ ਨੂੰ ਗੁਰੂ ਦੇ ਬੋਲ ਮੰਨਣ ਵਾਲੇ ਸਮਝਦੇ ਹਾਂ ਜੋ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਹੈ। ਗੁਰੂ ਨੇ ਬਾਣੀ ਰਾਹੀਂ ਆਪਣੇ ਬੋਲਾਂ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਥਿਤਾਂ ਵਾਰਾਂ ਨੂੰ ਮੰਨਣਾ, ਪੂਜਣਾ, ਉੱਚਾ ਮੰਨਣਾ, ਭਗਤੀ ਦਾ ਮਾਰਗ ਸਮਝਣਾ ਸਾਡੀ ਨਾ-ਸਮਝੀ ਹੈ ਪਰ ਅਸੀਂ ਫਿਰ ਵੀ ਥਿਤਾਂ ਵਾਰਾਂ ਨੂੰ ਉੱਚਾ ਮੰਨਕੇ ਉਨ੍ਹਾਂ ਨੂੰ ਪੂਜਦੇ ਹਾਂ ਜੋ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਥਿਤੀ ਵਾਰ ਸਭਿ ਸਬਦਿ ਸੁਹਾਏ ॥
ਸਤਿਗੁਰੁ ਸੇਵੇ ਤਾ ਫਲੁ ਪਾਏ ॥
ਥਿਤੀ ਵਾਰ ਸਭਿ ਆਵਹਿ ਜਾਹਿ ॥
ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥
ਥਿਤੀ ਵਾਰ ਤਾ ਜਾ ਸਚਿ ਰਾਤੇ ॥
ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥
ਮਨਮੁਖ ਮਰਹਿ ਮਰਿ ਬਿਗਤੀ ਜਾਹਿ ॥
ਏਕੁ ਨ ਚੇਤਹਿ ਦੂਜੈ ਲੋਭਾਹਿ ॥
ਅਚੇਤ ਪਿੰਡੀ ਅਗਿਆਨ ਅੰਧਾਰੁ ॥
ਬਿਨੁ ਸਬਦੈ ਕਿਉ ਪਾਏ ਪਾਰੁ ॥
ਆਪਿ ਉਪਾਏ ਉਪਾਵਣਹਾਰੁ ॥
ਆਪੇ ਕੀਤੋਨੁ ਗੁਰ ਵੀਚਾਰੁ ॥੮॥
ਬਹੁਤੇ ਭੇਖ ਕਰਹਿ ਭੇਖਧਾਰੀ ॥

ਭਵਿ ਭਵਿ ਭਰਮਹਿ ਕਾਚੀ ਸਾਰੀ ॥
ਐਥੈ ਸੁਖੁ ਨ ਆਗੈ ਹੋਇ ॥
ਮਨਮੁਖ ਮੁਏ ਅਪਣਾ ਜਨਮੁ ਖੋਇ ॥
ਸਤਿਗੁਰੁ ਸੇਵੇ ਭਰਮੁ ਚੁਕਾਏ ॥
ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥
ਆਪੇ ਪੂਰਾ ਕਰੇ ਸੁ ਹੋਇ ॥
ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥
ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥
ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥}

(ਅੰਗ - ੮੪੨-੮੪੩)

ਗੁਰੂ ਦੇ ਬੋਲਾਂ ਨੂੰ ਅਸੀਂ ਜੇਕਰ ਸਮਝ ਨਾ ਸਕੀਏ, ਇਹ ਹੋਰ ਗੱਲ ਹੈ ਪਰ ਸਮਝ ਕੇ ਵੀ ਉਸ ਵਿੱਚ ਆਪਣੀ ਮਤਿ ਵਰਤਣਾ ਤੇ ਉਸ ਰਾਹੀਂ ਆਪਣੇ ਆਪ ਨੂੰ ਗੁਰੂ ਦੀ ਮਤਿ ਤੇ ਪੂਰਾ ਉਤਰਨ ਵਾਲਾ ਸਮਝਣਾ ਤੇ ਇਹੋ ਜਿਹਾ ਪ੍ਰਚਾਰ ਕਰਨਾ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ। ਇਸੇ ਤਰੀਕੇ ਅਸੀਂ ਆਪਣੇ ਆਪ ਨੂੰ ਉਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੋੜਿਆ ਹੋਇਆ ਹੈ ਜਿਨ੍ਹਾਂ ਨੂੰ ਬਾਣੀ ਰਾਹੀਂ ਮਨਾ ਕੀਤਾ ਹੋਇਆ ਹੈ ਤੇ ਗੁਰੂ ਦੀ ਗੱਲ ਸਪੱਸ਼ਟ ਤੌਰ ਤੇ ਸਮਝ ਵੀ ਆ ਜਾਂਦੀ ਹੈ ਪਰ ਅਸੀਂ ਫਿਰ ਵੀ ਆਪਣੀ ਮਤਿ ਨੂੰ ਵਰਤਦੇ ਹਾਂ। ਅਸੀਂ ਚੌਕੇ ਆਦਿ ਦੀ ਸੁੱਚ ਨਾਲ ਜੁੜਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਉੱਚੀ ਭਗਤੀ ਵਾਲੇ ਅਖਵਾਉਂਦੇ ਹਾਂ ਪਰ ਇਨ੍ਹਾਂ ਗੱਲਾਂ ਦਾ ਬਾਣੀ ਰਾਹੀਂ ਸਪੱਸ਼ਟ ਤਰੀਕੇ ਨਾਲ ਖੰਡਨ ਕੀਤਾ ਹੋਇਆ ਹੈ ਤੇ ਇਨ੍ਹਾਂ ਗੱਲਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਕਿ ਅਸੀਂ ਇਨ੍ਹਾਂ ਗੱਲਾਂ ਨਾਲ ਗੁਰੂ ਦੇ ਬੋਲਾਂ ਦੇ ਉਲਟ ਚੱਲਦੇ ਹਾਂ ਭਾਵ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ। ਬਾਣੀ ਦੇ ਬੋਲਾਂ ਰਾਹੀਂ ਸਾਨੂੰ ਸਪੱਸ਼ਟ ਤੌਰ ਤੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਹਰ ਵੇਲਾ ਇੱਕੋ ਜਿਹਾ ਹੈ ਤੇ ਸਾਨੂੰ ਕਿਸੇ ਖਾਸ ਵੇਲੇ ਨੂੰ ਭਗਤੀ ਦਾ ਉੱਚਾ ਵੇਲਾ ਨਹੀਂ ਮੰਨਣਾ ਚਾਹੀਦਾ ਪਰ ਅਸੀਂ ਫਿਰ ਵੀ ਆਪਣੀ ਮਤਿ ਅਨੁਸਾਰ ਕਿਸੇ ਖਾਸ ਵੇਲੇ ਨੂੰ ਉੱਚਾ ਵੇਲਾ ਸਮਝਦੇ ਹਾਂ ਜਿਸਨੂੰ ਅਸੀਂ ਅੰਮ੍ਰਿਤ ਵੇਲਾ ਸਮਝਦੇ ਹਾਂ ਜੋ ਕਿ ਸਾਡੀ ਮਨਮਤਿ ਹੈ ਭਾਵ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ। ਪ੍ਰਮਾਤਮਾ ਦੀ ਭਗਤੀ ਸਾਰੇ ਸੰਸਾਰ ਲਈ ਇੱਕੋ ਜਿਹੀ ਹੈ ਤੇ ਉਸ ਲਈ ਹਰ ਵੇਲਾ ਵੀ ਇੱਕੋ ਜਿਹਾ ਹੀ ਹੈ ਜਿਵੇਂ ਕਿ ਸਾਨੂੰ ਬਾਣੀ ਰਾਹੀਂ ਗੁਰੂ ਨੇ ਆਪਣੇ ਬੋਲ ਬੋਲਣ ਦੁਆਰਾ ਸਮਝਾਇਆ ਹੋਇਆ ਹੈ। ਇਨ੍ਹਾਂ ਗੱਲਾਂ ਨਾਲ ਜੁੜੇ ਹੋਏ ਸਾਰੇ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਤੇ ਅੰਮ੍ਰਿਤ ਵੇਲਾ ਕੀ ਹੈ ਇਸ ਗੱਲ ਨੂੰ ਵੀ ਸ਼ਬਦਾਂ ਰਾਹੀਂ ਸਮਝਾਂਗੇ। ਅੰਮ੍ਰਿਤ ਵੇਲਾ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ ਜੋ ਕਿ ਕਿਸੇ ਖਾਸ ਵੇਲੇ ਨਾਲ ਨਹੀਂ ਜੁੜਿਆ ਹੋਇਆ। ਅੰਮ੍ਰਿਤ ਵੇਲਾ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਸਾਡਾ ਪੂਰਾ ਜੀਵਨ ਹੈ ਤੇ "ਅੰਮ੍ਰਿਤ ਵੇਲਾ" ਬਾਣੀ ਰਾਹੀਂ ਉਸ ਵੇਲੇ ਨੂੰ ਕਹਿਆ ਹੈ ਜਿਸ ਵੇਲੇ ਅੰਮਿਤ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਜਿਸ ਵੇਲੇ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਅੱਗੇ ਚੱਲਕੇ ਇਹ ਸਭ ਕੁੱਝ ਬਰੀਕੀ ਨਾਲ ਸਮਝਾਂਗੇ। ਗੁਰੂ ਦੇ ਬੋਲਾਂ ਦੇ ਉਲਟ ਚੱਲਕੇ ਅਸੀਂ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ ਸਮਝਿਆ ਹੈ। ਗੁਰੂ ਨੇ ਆਪਣੇ ਬੋਲਾਂ ਰਾਹੀਂ ਸਾਨੂੰ ਗੁਣਾਂ ਦੁਆਰਾ ਵਿਚਰਨਾ ਹੀ ਭਗਤੀ ਦਾ ਮਾਰਗ ਸਮਝਾਇਆ ਹੈ ਭਾਵ ਔਗੁਣਾਂ ਨੂੰ ਤਿਆਗ ਕੇ ਵਿਚਰਨਾ ਹੀ ਭਗਤੀ ਦਾ ਮਾਰਗ ਸਮਝਾਇਆ ਹੈ ਪਰ ਅਸੀਂ ਉਨ੍ਹਾਂ ਤਰੀਕਿਆਂ ਨਾਲ ਆਪਣੇ ਆਪ ਨੂੰ ਭਗਤੀ ਵਾਲੇ ਸਮਝਦੇ ਹਾਂ ਜੋ ਤਰੀਕੇ ਸ਼ਬਦ ਰਾਹੀਂ ਗਿਣਵਾਏ ਹੋਏ ਹਨ ਭਾਵ ਉਨ੍ਹਾਂ ਸਾਰਿਆਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਜਿਨ੍ਹਾਂ ਤਰੀਕਿਆਂ ਨੂੰ ਅਪਣਾ ਕੇ ਅਸੀਂ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ ਜਿਸ ਕਰਕੇ ਸਾਨੂੰ ਵੱਡਾ ਗਵਾਰ ਕਹਿਆ ਹੈ ਕਿਉਂਕਿ ਭਗਤੀ ਦਾ ਅਸਲ ਮਾਰਗ ਗੁਣਾਂ ਦੁਆਰਾ ਵਿਚਰਨ ਦਾ ਹੀ ਹੈ ਤੇ ਗੁਣਹੀਣ ਹੋ ਕੇ ਵਿਚਰਨਾ ਹੀ ਅਸਲ ਵਿੱਚ ਗਵਾਰਪਣਾ ਹੈ। (**ਅਮੁਲ ਗੁਣ ਅਮੁਲ ਵਾਪਾਰ**

॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥ ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥ ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥)

ਗੁਰੂ ਦੇ ਬੋਲਾਂ ਨੂੰ ਵਿਗਾੜਨਾ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

“ਅਸੀ ਬੋਲਵਿਗਾੜ ਵਿਗਾੜਹ ਬੋਲ ॥
ਤੂ ਨਦਰੀ ਅੰਦਰਿ ਤੋਲਹਿ ਤੋਲ ॥
ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥੩॥”

(ਅੰਗ - ੨੫)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ ਤੇ ਹੁਣ ਕੇਵਲ ਉਪਰਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਇਹ ਹੋਰ ਵੀ ਸਮਝ ਲੱਗ ਜਾਵੇਗੀ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਕੀ ਹੈ। ਜੋ ਸਾਡੇ ਬੋਲ ਹਨ ਭਾਵ ਜਿਨ੍ਹਾਂ ਬੋਲਾਂ ਨਾਲ ਅਸੀਂ ਪ੍ਰਮਾਤਮਾ ਨੂੰ ਜਪਣਾ ਹੈ, ਉਸਦੀ ਭਗਤੀ ਕਰਨੀ ਹੈ ਭਾਵ ਧਰਮ ਦੇ ਮਾਰਗ ਤੇ ਚੱਲਣਾ ਹੈ ਉਹ ਸਾਡੇ ਬੋਲ ਹਨ, ਪ੍ਰਮਾਤਮਾ ਦਾ ਆਖਣ ਹੈ ਜਿਸ ਆਖਣ ਦੀ ਗੱਲ ਬਾਣੀ ਰਾਹੀਂ ਵਾਰ-ਵਾਰ ਆਉਂਦੀ ਹੈ ਤੇ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਅੱਗੇ, ਪ੍ਰਮਾਤਮਾ ਅੱਗੇ ਸਾਡੇ “ਬੋਲ” ਸਾਡੇ ਕਰਮ ਹਨ ਭਾਵ ਸਾਡੀ ਚੰਗੀ ਕਰਨੀ ਹੈ ਜਿਸ ਕਰਨੀ ਦੁਆਰਾ ਅਸੀਂ ਪ੍ਰਮਾਤਮਾ ਦੀ ਭਗਤੀ ਕਰਨੀ ਹੈ, ਉਸਦਾ ਨਾਮ ਜਪਣਾ ਹੈ। ਸਾਡੇ ਬੋਲ ਭਾਵ ਸਾਡੀ ਕਰਨੀ ਤਾਂ ਹੀ ਚੰਗੀ ਹੋਵੇਗੀ ਜੇਕਰ ਅਸੀਂ ਪਹਿਲਾਂ ਗੁਰੂ ਦੇ ਬੋਲਾਂ ਨੂੰ ਭਾਵ ਗੁਰੂ ਦੀ ਸਮਝਾਈ ਹੋਈ ਮਤਿ ਨੂੰ, ਸਮਝ ਨੂੰ ਨਹੀਂ ਵਿਗਾੜਾਂਗੇ ਭਾਵ ਗੁਰੂ ਦੀ ਮਤਿ ਨੂੰ ਉਸੇ ਰੂਪ ਵਿੱਚ ਮੰਨਾਂਗੇ ਜਿਸ ਰੂਪ ਵਿੱਚ ਗੁਰੂ ਨੇ ਆਪਣੀ ਗੱਲ ਸਮਝਾਈ ਹੈ। ਜੇਕਰ ਅਸੀਂ ਗੁਰੂ ਦੇ ਬੋਲਾਂ ਨੂੰ ਵਿਗਾੜਾਂਗੇ ਤਾਂ ਉਸ ਦੇ ਨਾਲ ਸਾਡੇ ਬੋਲ ਆਪਣੇ ਆਪ ਹੀ ਵਿਗੜ ਜਾਣਗੇ ਭਾਵ ਅਸੀਂ ਗੁਰੂ ਦੀ ਸਮਝ ਦੇ ਉਲਟ ਚੱਲਾਗੇ ਭਾਵ ਮਨਮਤਿ ਵਰਤਾਗੇ, ਮਨ ਦੀ ਮਾੜੀ ਸਮਝ ਦੁਆਰਾ ਮਾੜੇ ਕਰਮ ਕਰਾਂਗੇ, ਮਾੜੀ ਕਰਨੀ ਕਰਾਂਗੇ। ਅਸੀਂ ਗੁਰੂ ਦੇ ਬੋਲਾਂ ਦਾ ਭਾਵ ਗੁਰੂ ਦੇ ਬਚਨਾਂ ਦਾ ਤੋਲ ਹੀ ਤੁਲਣਾ ਹੈ ਭਾਵ ਗੁਰੂ ਦੇ ਬੋਲਾਂ ਤੇ ਪੂਰਾ ਉਤਰਨਾ ਹੈ ਤੇ ਪੂਰਾ ਤਾਂ ਹੀ ਉਤਰ ਸਕਾਂਗੇ ਜੇਕਰ ਗੁਰੂ ਦੇ ਬੋਲਾਂ ਨੂੰ, ਬਚਨਾਂ ਨੂੰ ਉਸੇ ਰੂਪ ਵਿੱਚ ਮੰਨਾਂਗੇ ਜੋ ਕੁੱਝ ਗੁਰੂ ਦੇ ਬਚਨਾਂ ਨੇ ਸਾਨੂੰ ਮੰਨਣ ਲਈ ਸਮਝਾਇਆ ਹੈ। ਗੁਰੂ ਦੇ ਬੋਲਾਂ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਕਿਉਂਕਿ ਉਸ ਲਈ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋਣਾ ਪੈਂਦਾ ਹੈ ਜਿਸ ਦੇ ਬਿਨ੍ਹਾਂ ਮਨੁੱਖ ਦੀ ਕਰਨੀ ਚੰਗੀ ਨਹੀਂ ਹੋ ਸਕਦੀ। ਅਸੀਂ ਇਸਦਾ ਉੱਦਮ ਹੀ ਕਰਨਾ ਹੈ ਤੇ ਆਪਣੇ ਬੋਲਾਂ ਤੇ, ਬਚਨਾਂ ਤੇ ਪ੍ਰਮਾਤਮਾ ਕਿਸੇ ਨੂੰ ਆਪਣੀ ਕਿਰਪਾ ਦੁਆਰਾ ਆਪ ਹੀ ਪੂਰਾ ਉਤਾਰਦਾ ਹੈ ਤੇ ਗੁਰਮਤਿ ਨੂੰ ਪੂਰੀ ਤਰਾਂ ਸਮਝ ਕੇ ਆਪ ਹੀ ਉਸ ਤੇ ਪੂਰਾ ਉਤਾਰਦਾ ਹੈ, ਆਪਣਾ ਤੋਲ ਆਪ ਹੀ ਤੁਲਵਾਂਦਾ ਹੈ। (**ਅਸੀ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥**) ਜਿਸ ਮਨੁੱਖ ਦੇ ਬੋਲ ਪ੍ਰਮਾਤਮਾ ਨਹੀਂ ਵਿਗੜਨ ਦਿੰਦਾ ਭਾਵ ਜਿਸਨੂੰ ਆਪਣੇ ਬੋਲਾਂ ਤੇ ਪੂਰਾ ਉਤਾਰਦਾ ਹੈ, ਉਹ ਕਿਸ ਤਰੀਕੇ ਪੂਰਾ ਉਤਾਰਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਜੋ ਅਸੀਂ ਚੰਗੀ ਤਰ੍ਹਾਂ ਸਮਝ ਸਕੀਏ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਜਾਂ ਨਾ ਵਿਗਾੜਨਾ ਕੀ ਹੈ।

“ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥”

ਗੁਰੂ ਦੇ ਬੋਲ ਬੋਲਣਾ ਭਾਵ ਸਾਡੀ ਭਗਤੀ ਦੇ ਬੋਲ ਸਾਡੀ ਕਥਨੀ ਨਹੀਂ ਸਾਡੀ ਕਰਨੀ ਹੈ। ਵਾਰ-ਵਾਰ ਬਾਣੀ ਰਾਹੀਂ ਸਾਨੂੰ ਭਗਤੀ ਦਾ ਮਾਰਗ ਸਾਡੀ ਕਰਨੀ ਹੀ ਸਮਝਾਈ ਹੋਈ ਹੈ ਭਾਵ ਪ੍ਰਮਾਤਮਾ ਦਾ ਆਖਣ ਸਾਡੀ ਚੰਗੀ ਕਰਨੀ ਹੈ ਨਾ ਕਿ ਸਾਡੀ ਕਥਨੀ। ਕਥਨੀ ਤਾਂ ਕੇਵਲ ਸਾਨੂੰ ਸਾਡੀ ਕਰਨੀ ਦਾ ਮਾਰਗ ਸਮਝਾਉਣ ਲਈ ਹੈ ਕਿ ਸਾਡੀ ਕਰਨੀ ਕਿਹੋ ਜਿਹੀ ਹੋਵੇ। ਸੰਸਾਰ ਦੇ ਵਿੱਚ ਮਾੜਾ ਜਾਂ ਚੰਗਾ ਸਾਨੂੰ ਸਾਡੀ ਕਰਨੀ ਹੀ ਬਣਾਉਂਦੀ ਹੈ। ਸਾਡੀ ਮਾੜੀ ਕਰਨੀ ਸਾਨੂੰ ਮਾੜਾ ਇਨਸਾਨ ਬਣਾਉਂਦੀ ਹੈ ਤੇ ਸਾਡੀ ਚੰਗੀ ਕਰਨੀ ਸਾਨੂੰ ਚੰਗਾ ਇਨਸਾਨ ਬਣਾਉਂਦੀ ਹੈ। ਚੰਗੇ ਇਨਸਾਨ ਬਣਕੇ ਵਿਚਰਨਾ ਹੀ ਭਗਤੀ ਦਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ ਤੇ ਸਾਡੀ ਚੰਗੀ ਕਰਨੀ ਹੀ ਸਾਡੇ ਪ੍ਰਮਾਤਮਾ ਅੱਗੇ ਸਾਡੇ ਸੱਚੇ ਬੋਲ ਹਨ। ਜਿਥੇ ਚੰਗੀ ਕਰਨੀ ਹੋਵੇਗੀ ਉੱਥੇ ਪੂਰੀ ਮਤਿ ਹੋਵੇਗੀ ਭਾਵ ਉਸ ਮਨੁੱਖ ਦੇ ਅੰਦਰ ਪੂਰੀ ਗੁਰੂ ਦੀ ਮਤਿ ਹੋਵੇਗੀ, ਪੂਰਨ ਗੁਰਮਤਿ ਦੀ ਸਮਝ ਵਾਲੀ ਮਤਿ ਹੋਵੇਗੀ। ਜਦ ਤੱਕ ਸਾਡੇ ਅੰਦਰ ਮਨਮਤਿ ਹੈ ਤਦ ਤੱਕ ਅਸੀਂ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲ ਕੇ ਮਾੜੇ ਕਰਮ ਕਰਦੇ ਹਾਂ ਤੇ ਜੋ ਗੁਰੂ ਦੇ ਬੋਲਾਂ ਨੂੰ ਨਹੀਂ ਵਿਗਾੜਦਾ ਉਹ ਗੁਰੂ ਦੇ ਬੋਲਾਂ ਨੂੰ, ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ ਭਾਵ ਉਹ ਗੁਰੂ ਦੇ ਬੋਲਾਂ ਨੂੰ ਨਹੀਂ ਵਿਗਾੜਦਾ। ਪ੍ਰਮਾਤਮਾ ਦੇ ਦਰ ਤੋਂ ਜੋ ਸਾਨੂੰ ਲਾਹਾ ਮਿਲਦਾ ਹੈ, ਲਾਭ ਮਿਲਦਾ ਹੈ ਉਹ ਸਾਡੀ ਚੰਗੀ ਕਰਨੀ ਦੁਆਰਾ ਹੀ ਮਿਲਦਾ ਹੈ ਭਾਵ ਨਾਮ ਜਪਣ ਦੁਆਰਾ ਹੀ ਮਿਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਿਥੇ ਲਾਭ ਨਹੀਂ ਉੱਥੇ ਘਾਟਾ ਹੈ, ਤੋਟਾ ਹੈ ਭਾਵ ਲਾਭ ਜਾਂ ਘਾਟਾ ਮਨੁੱਖ ਦੀ ਕਰਨੀ ਦੇ ਨਾਲ ਜੁੜਿਆ ਹੋਇਆ ਹੈ। ਸਾਡੀ ਚੰਗੀ ਕਰਨੀ ਸਾਨੂੰ ਲਾਭ ਦਿਵਾਉਂਦੀ ਹੈ ਤੇ ਮਾੜੀ ਕਰਨੀ ਸਾਨੂੰ ਘਾਟੇ ਵਿੱਚ ਲਿਜਾਉਂਦੀ ਹੈ। ਆਪਣੀ ਚੰਗੀ ਕਰਨੀ ਦੁਆਰਾ ਅਸੀਂ ਗੁਰੂ ਦੇ ਬੋਲਾਂ ਤੇ ਪੂਰਾ ਉਤਰਦੇ ਹਾਂ ਤੇ ਮਾੜੀ ਕਰਨੀ ਦੁਆਰਾ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ। ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਮਾੜੀ ਸਮਝ ਦੁਆਰਾ ਅਸੀਂ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ ਤੇ ਚੰਗੀ ਸਮਝ ਦੁਆਰਾ ਭਾਵ ਗੁਰਮਤਿ ਵਾਲੀ ਸਮਝ ਦੁਆਰਾ ਅਸੀਂ ਗੁਰਮਤਿ ਤੇ ਪੂਰਾ ਉਤਰਦੇ ਹਾਂ ਜੋ ਕਿ ਅਸੀਂ ਆਪਣੀ ਚੰਗੀ ਕਰਨੀ ਦੁਆਰਾ ਪੂਰਾ ਉਤਰਦੇ ਹਾਂ, ਗੁਰਮਤਿ ਦਾ ਪੂਰਾ ਤੋਲ ਤੁਲਦੇ ਹਾਂ। (**ਅਸੀ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥ ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥**)

{ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥}

(ਅੰਗ - ੧੫)

ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਵੀ ਸਾਡੇ ਪ੍ਰਮਾਤਮਾ ਅੱਗੇ ਬੋਲ ਕੀ ਹਨ ਭਾਵ ਸਾਡਾ ਆਖਣ ਕੀ ਹੈ, ਇਹੀ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਦਰ ਤੇ ਸਾਡੀ ਪਤਿ ਸਾਡੇ ਬੋਲਾਂ ਦੁਆਰਾ ਹੀ ਪੈਂਦੀ ਹੈ ਤੇ ਸਾਡੇ ਬੋਲ ਸਾਡੇ ਕਰਮ ਹੀ ਸਮਝਾਏ ਹੋਏ ਹਨ ਭਾਵ ਸਾਡੀ ਕਰਨੀ ਹੀ ਸਮਝਾਈ ਹੋਈ ਹੈ। ਜਿਸ ਦੇ ਬੋਲ ਉੱਤਮ ਹਨ ਭਾਵ ਜਿਸ ਦੀ ਕਰਨੀ ਉੱਤਮ ਹੈ ਉਸ ਨੂੰ ਪ੍ਰਮਾਤਮਾ ਦੇ ਦਰ ਤੋਂ ਪਤਿ ਮਿਲਦੀ ਹੈ, ਇੱਜਤ ਮਿਲਦੀ ਹੈ ਤੇ ਜਿਸ ਦੀ ਕਰਨੀ ਮਾੜੀ ਹੈ, ਜਿਸ ਦੇ ਕਰਮ ਮਾੜੇ ਹਨ ਉਹ ਰੋਂਦੇ ਹਨ ਭਾਵ ਖੁਆਰ ਹੁੰਦੇ ਹਨ, ਸਜਾਵਾਂ ਭੁਗਤਦੇ ਹਨ। ਪ੍ਰਮਾਤਮਾ ਦੇ ਦਰਿ ਤੋਂ ਸਾਨੂੰ ਪਤਿ ਕਿਵੇਂ ਮਿਲਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਉੱਪਰ ਵਾਲੇ ਪੂਰੇ ਸ਼ਬਦ ਦੀ ਵਿਆਖਿਆ ਵੀ ਅੱਗੇ ਚੱਲਕੇ ਸਮਝਾਂਗੇ। (**ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥**)

{ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥}

(ਅੰਗ - ੧੫)

{ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥
ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥
ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥੪॥}

(ਅੰਗ - ੨੦)

{ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥
ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥
ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥}

(ਅੰਗ - ੫੭)

{ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥
ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰੁ ॥੧॥}

(ਅੰਗ - ੨੫੯)

ਉੱਪਰ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਇਹ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਦੇ ਦਰਿ ਤੇ ਸਾਨੂੰ ਪਤਿ ਕਿਸ ਤਰੀਕੇ ਮਿਲਦੀ ਹੈ। ਪਤਿ ਗੁਣਾਂ ਦੁਆਰਾ ਵਿਚਰਨ ਦੁਆਰਾ ਹੀ ਮਿਲਦੀ ਹੈ, ਔਗੁਣ ਤਿਆਗਣ ਦੁਆਰਾ ਹੀ ਮਿਲਦੀ ਹੈ ਭਾਵ ਚੰਗੀ ਕਰਨੀ ਕਰਨ ਦੁਆਰਾ, ਚੰਗੀ ਸੰਸਾਰਿਕ ਵਿਚਰਨ ਦੁਆਰਾ ਹੀ ਮਿਲਦੀ ਹੈ ਭਾਵ ਗੁਰੂ ਦੇ ਬੋਲਾਂ ਤੇ ਪੂਰਾ ਉਤਰਨ ਦੁਆਰਾ ਹੀ ਮਿਲਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ।

ਗੁਰੂ ਦੇ ਬੋਲਾਂ ਨੂੰ ਵਿਗਾੜਨਾ ਕੀ ਹੈ, ਇਸ ਗੱਲ ਨੂੰ ਸਮਝਣ ਵਿੱਚ ਵੱਡਾ ਭੁਲੇਖਾ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਬੋਲ ਹਨ ਜੋ ਸਾਨੂੰ ਕੁੱਝ ਸਮਝਾਉਣ ਲਈ ਹਨ ਜਿਵੇਂ ਕਿ ਅਸੀਂ ਉੱਪਰ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੇ ਭਰਮ ਕਰਕੇ ਅਸੀਂ ਗੁਰੂ ਦੇ ਬੋਲ ਵਿਗਾੜਨਾ ਕੀ ਹੈ ਇਸ ਗੱਲ ਨੂੰ ਆਪਣੀ ਕਥਨੀ ਨਾਲ ਜੋੜਿਆ ਹੋਇਆ ਹੈ। ਅਸੀਂ ਇਹ ਸਮਝਦੇ ਹਾਂ ਕਿ ਜੋ ਗੁਰੂ ਦੇ ਬੋਲਾਂ ਨੂੰ ਬਿਲਕੁਲ ਉਸੇ ਤਰੀਕੇ ਉਚਾਰਦਾ ਹੈ ਜਿਸ ਤਰੀਕੇ ਗੁਰਬਾਣੀ ਵਿੱਚ ਅੱਖਰ ਲਿਖੇ ਹੋਏ ਹਨ ਭਾਵ ਬਿੰਦੀ

ਟਿੱਪੀ ਆਦਿ ਦਾ ਬੋਲਣ ਲੱਗਿਆਂ ਧਿਆਨ ਰੱਖਦੇ ਹਨ, ਅੱਖਰਾਂ ਦੀ ਬਣਾਵਟ ਨੂੰ ਬੋਲਣ ਵਿੱਚ ਧਿਆਨ ਰੱਖਦੇ ਹਨ ਭਾਵ ਉਸੇ ਲਹਿਜੇ ਵਿੱਚ ਬੋਲਦੇ ਹਨ ਜਿਸ ਲਹਿਜੇ ਵਿੱਚ ਅੱਖਰ ਲਿਖੇ ਹੋਏ ਹਨ, ਫਿਰ ਇਹ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਨਹੀਂ ਹੈ ਤੇ ਜੋ ਸੱਜਣ ਬੋਲਣ ਵਿੱਚ ਭਾਵ ਅੱਖਰਾਂ ਦੀ ਬਣਾਵਟ ਨੂੰ ਸਮਝਣ ਵਿੱਚ ਫਰਕ ਸਮਝ ਕੇ ਬੋਲਦੇ ਹਨ, ਉਹ ਗੁਰੂ ਦੇ ਬੋਲਾਂ ਨੂੰ ਵਿਗਾੜ ਵਾਲੇ ਸਮਝੇ ਜਾਂਦੇ ਹਨ। ਗੁਰੂ ਸਾਹਿਬਾਨ ਨੇ ਅੱਖਰਾਂ ਦੀ ਬਣਾਵਟ ਨੂੰ ਕਿਹੋ ਜਿਹਾ ਰੂਪ ਦਿੱਤਾ ਹੈ ਉਹ ਵੀ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ ਭਾਵ ਅੱਖਰਾਂ ਦਾ ਅਸਲ ਮਕਸਦ ਉਨ੍ਹਾਂ ਦੇ ਅੰਦਰ ਦੇ ਭਾਵ ਨੂੰ ਸਮਝਣ ਦੇ ਨਾਲ ਹੈ ਤਾਂ ਜੋ ਅਸੀਂ ਹਰ ਅੱਖਰ ਦੀ ਬਣਾਵਟ ਦੁਆਰਾ ਉਸਦੇ ਅੰਦਰ ਜੋ ਗੁਰੂ ਸਾਹਿਬ ਨੇ ਗੱਲ ਸਮਝਾਈ ਹੈ ਉਸਨੂੰ ਸਮਝ ਸਕੀਏ। ਸ਼ਬਦਾਂ ਦੇ ਅੱਖਰਾਂ ਨੂੰ ਬੋਲਣ ਵਿੱਚ ਅਸੀਂ ਕੁੱਝ ਗਲਤੀ ਵੀ ਕਰ ਸਕਦੇ ਹਾਂ, ਸਾਡੀ ਜੁਬਾਨ ਵਿੱਚ ਕੁੱਝ ਫਰਕ ਆ ਸਕਦਾ ਹੈ ਪਰ ਸਾਰੀ ਗੱਲ ਗੁਰੂ ਦੇ ਸ਼ਬਦ ਨੂੰ ਸਮਝਣ ਵਿੱਚ ਹੈ ਕਿ ਗੁਰੂ ਨੇ ਸ਼ਬਦ ਕਿਸ ਮਕਸਦ ਲਈ ਉਚਾਰਿਆ ਹੈ ਭਾਵ ਅਸੀਂ ਮੰਨਣਾ ਕਿਸ ਗੱਲ ਨੂੰ ਹੈ। ਸਾਰੀ ਗੱਲ ਸਾਡੀ ਨੀਅਤ ਨਾਲ ਜੁੜੀ ਹੋਈ ਹੈ ਕਿ ਅਸੀਂ ਗੁਰੂ ਦੇ ਸ਼ਬਦਾਂ ਨੂੰ ਕਿਸ ਨਿਯਤ ਨਾਲ ਪੜ੍ਹ ਰਹੇ ਹਾਂ, ਬੋਲ ਰਹੇ ਹਾਂ। ਅਸੀਂ ਸ਼ਬਦਾਂ ਨੂੰ ਬੋਲਣ ਵਿੱਚ ਕੁੱਝ ਗਲਤੀ ਕਰ ਸਕਦੇ ਹਾਂ ਪਰ ਜੇਕਰ ਸਾਡੀ ਨੀਅਤ ਠੀਕ ਹੈ ਭਾਵ ਅਸੀਂ ਸ਼ਬਦਾਂ ਨੂੰ ਠੀਕ ਹੀ ਪੜਨਾ ਚਾਹੁੰਦੇ ਹਾਂ, ਬੋਲਣਾ ਚਾਹੁੰਦੇ ਹਾਂ ਪਰ ਨਾ-ਸਮਝੀ ਕਰਕੇ ਜੇਕਰ ਅਸੀਂ ਸ਼ਬਦਾਂ ਨੂੰ ਕੁੱਝ ਠੀਕ ਤਰੀਕੇ ਨਾਲ ਬੋਲ ਨਹੀਂ ਸਕੇ ਪਰ ਸਮਝਣਾ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਹੀ ਚਾਹੁੰਦੇ ਹਾਂ ਭਾਵ ਜੁੜਨਾ ਸ਼ਬਦਾਂ ਦੇ ਸੱਚ ਨਾਲ ਹੀ ਚਾਹੁੰਦੇ ਹਾਂ ਤਾਂ ਫਿਰ ਪ੍ਰਮਾਤਮਾ ਸਾਡੀ ਨੀਅਤ ਨੂੰ ਹੀ ਉੱਚਾ ਸਮਝਦਾ ਹੈ, ਉਹ ਸੱਚ ਨੂੰ ਹੀ ਤਵੱਜੋ ਦਿੰਦਾ ਹੈ ਨਾ ਕਿ ਸਾਡੇ ਦਿਖਾਵੇ ਨੂੰ ਜੋ ਅਸੀਂ ਆਪਣੀ ਕਥਨੀ ਦੁਆਰਾ ਦਿਖਾਉਂਦੇ ਹਾਂ। ਪ੍ਰਮਾਤਮਾ ਦੇ ਦਰ ਤੇ ਸਾਡੀ ਕਥਨੀ ਕੰਮ ਨਹੀਂ ਆਉਂਦੀ ਬਲਕਿ ਸਾਡੀ ਕਰਨੀ ਕੰਮ ਆਉਂਦੀ ਹੈ ਜੋ ਕਰਨੀ ਸਾਡੀ ਨੀਅਤ ਨਾਲ ਜੁੜੀ ਹੋਈ ਹੈ। ਮਨੁੱਖ ਨੂੰ ਮਾੜਾ ਜਾਂ ਚੰਗਾ ਮਨੁੱਖ ਦੀ ਨੀਅਤ ਹੀ ਬਣਾਉਂਦੀ ਹੈ ਜਿਵੇਂ ਕਿ ਬਾਣੀ ਰਾਹੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਸ਼ਬਦਾਂ ਦੀ ਕਥਨੀ ਕਰਨ ਵਿੱਚ ਭੇਦ ਹੋ ਸਕਦਾ ਹੈ ਪਰ ਕਰਨੀ ਕਰਨ ਲਈ ਸ਼ਬਦਾਂ ਦੇ ਅੰਦਰ ਦੀ ਸਮਝ ਦੀ ਹੀ ਲੋੜ ਹੁੰਦੀ ਹੈ। ਭਗਤੀ ਦਾ ਸੱਚਾ ਮਾਰਗ ਸਾਡੀ ਕਥਨੀ ਦੇ ਨਾਲ ਨਹੀਂ ਬਲਕਿ ਸਾਡੀ ਸੱਚੀ ਕਰਨੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਸ਼ਬਦਾਂ ਦੀ ਕਥਨੀ ਦੇ ਨਾਲ ਨਹੀਂ ਬਲਕਿ ਸ਼ਬਦਾਂ ਦੁਆਰਾ ਜੋ ਸਾਨੂੰ ਕਰਨੀ ਦਾ ਮਾਰਗ ਸਮਝਾਇਆ ਗਿਆ ਹੈ, ਉਸਦੇ ਨਾਲ ਜੁੜਿਆ ਹੋਇਆ ਹੈ। ਗੁਰੂ ਦੇ ਬੋਲ ਸਾਨੂੰ ਸਾਡੀ ਸੱਚੀ ਕਰਨੀ ਸਮਝਾਉਣ ਦੇ ਲਈ ਹਨ। ਗੁਰਬਾਣੀ ਪੂਰਾ ਗੁਰੂ ਹੈ ਤੇ ਪੂਰੇ ਗੁਰੂ ਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਡਾ ਇਹ ਭੁਲੇਖਾ ਗੁਰਬਾਣੀ ਦੇ ਸ਼ਬਦਾਂ ਰਾਹੀਂ ਹੀ ਕੱਢਿਆ ਹੋਇਆ ਹੈ ਕਿ ਅਸੀਂ ਸ਼ਬਦਾਂ ਦੀ ਕਥਨੀ ਦੇ ਵਿੱਚ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ ਜਾਂ ਆਪਣੀ ਕਰਨੀ ਰਾਹੀਂ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ। ਇਹ ਗੱਲ ਸਾਨੂੰ ਗੁਰਬਾਣੀ ਰਾਹੀਂ ਗੁਰੂ ਪ੍ਰਮਾਤਮਾ ਨੇ ਹੇਠ ਦਿੱਤੇ ਸ਼ਬਦਾਂ ਰਾਹੀਂ ਸਪੱਸ਼ਟ ਤਰੀਕੇ ਨਾਲ ਸਮਝਾਈ ਹੋਈ ਹੈ ਕਿ ਗੁਰੂ ਦੇ ਬੋਲਾਂ ਨੂੰ ਅਸੀਂ ਬੋਲਣ ਵਿੱਚ ਵਿਗਾੜਦੇ ਹਾਂ ਜਾਂ ਬੋਲਾਂ ਦੇ ਅੰਦਰ ਦੇ ਮਕਸਦ ਨੂੰ ਸਮਝਣ ਵਿੱਚ, ਮੰਨਣ ਵਿੱਚ ਵਿਗਾੜਦੇ ਹਾਂ। ਇੱਕੋ ਸ਼ਬਦ ਨੂੰ ਗੁਰੂ ਸਾਹਿਬ ਨੇ ਅੱਖਰਾਂ ਦੀ ਬਣਤਰ ਨੂੰ ਕੁੱਝ ਬਦਲਣ ਦੁਆਰਾ ਵੱਖਰੇ-ਵੱਖਰੇ ਤਰੀਕੇ ਨਾਲ ਉਚਾਰਿਆ ਹੋਇਆ ਹੈ। ਅੱਖਰਾਂ ਦਾ ਰੂਪ, ਸਰੂਪ ਸ਼ਬਦਾਂ ਵਿੱਚ ਵੱਖਰਾ ਵੱਖਰਾ ਹੈ ਪਰ ਅੱਖਰਾਂ ਦਾ ਭਾਵ ਦੋਵੇਂ ਸ਼ਬਦਾਂ ਵਿੱਚ ਇੱਕੋ ਜਿਹਾ ਹੀ ਹੈ। ਸ਼ਬਦਾਂ ਦੇ ਇਨ੍ਹਾਂ ਅੱਖਰਾਂ ਨੂੰ ਵੱਖਰੇ ਵੱਖਰੇ ਤਰੀਕੇ ਨਾਲ ਪੜ੍ਹਨ ਦੁਆਰਾ ਕੋਈ ਫਰਕ ਨਹੀਂ ਪੈਂਦਾ ਪਰ ਅਸਲ ਗੱਲ ਸ਼ਬਦਾਂ ਦੇ ਅੰਦਰ ਦੀ ਸਮਝਾਈ ਹੋਈ ਮਤਿ ਦੇ ਨਾਲ ਹੈ ਜੋ ਮਤਿ ਦੋਨਾਂ ਸ਼ਬਦਾਂ ਦੇ ਵਿੱਚ ਇੱਕੋ ਜਿਹੀ ਹੀ ਹੈ ਭਾਵ ਸਾਰੀ ਗੱਲ ਸ਼ਬਦਾਂ ਦੇ ਅੰਦਰ ਦੇ ਭਾਵ ਨੂੰ ਸਮਝਣ ਦੀ ਹੈ ਨਾ ਕਿ ਸ਼ਬਦਾਂ ਦੇ ਅੱਖਰਾਂ ਦੀ ਹੈ, ਅੱਖਰਾਂ ਦੀ ਬਣਾਵਟ ਦੀ ਹੈ ਜੋ ਕਿ ਭਾਵੇਂ ਵੱਖਰੀ ਵੱਖਰੀ ਹੈ ਪਰ ਅੱਖਰਾਂ ਦਾ ਮਤਲਬ ਇੱਕੋ ਜਿਹਾ ਹੀ ਹੈ, ਉਨ੍ਹਾਂ ਦੇ ਅੰਦਰ ਦੀ ਸੋਝੀ ਇੱਕੋ ਜਿਹੀ ਹੀ ਹੈ ਭਾਵ ਸਾਰੀ ਗੱਲ ਸ਼ਬਦਾਂ ਦੇ ਅੰਦਰ ਦੀ ਸਮਝ ਦੇ ਨਾਲ ਜੁੜੀ ਹੋਈ ਹੈ ਜਿਸ ਸਮਝ ਨੂੰ ਅਸੀਂ ਮੰਨਣਾ ਹੈ ਜਿਸ ਦੇ ਮੰਨਣ ਦੁਆਰਾ ਹੀ ਅਸੀਂ ਸੱਚੀ ਕਰਨੀ ਦੇ ਮਾਰਗ ਤੇ ਚੱਲ ਸਕਦੇ ਹਾਂ। ਭਗਤੀ ਦਾ ਸੱਚਾ ਮਾਰਗ ਸਾਡੀ ਚੰਗੀ ਕਰਨੀ ਦਾ ਹੀ ਮਾਰਗ ਹੈ ਤੇ ਸ਼ਬਦਾਂ ਦੀ ਕਥਨੀ ਸਾਨੂੰ ਸਾਡੀ ਕਰਨੀ ਸਮਝਾਉਣ ਲਈ ਹੀ ਹੈ। ਜੇਕਰ ਸਾਡਾ ਮਨ ਸਾਫ ਹੈ ਤਾਂ ਫਿਰ ਅਸੀਂ ਕਥਨੀ ਨੂੰ ਉਸ ਭਾਵਨਾ ਨਾਲ ਸਮਝਣ ਦਾ ਉੱਦਮ ਕਰਨਾ ਹੈ ਜਿਸ ਮਕਸਦ ਲਈ ਸ਼ਬਦਾਂ ਦੀ ਕਥਨੀ ਕੀਤੀ ਗਈ ਹੈ ਤੇ ਭਗਤੀ ਦੇ ਸੱਚੇ ਮਾਰਗ ਨਾਲ ਸਾਨੂੰ ਸ਼ਬਦਾਂ ਦੇ ਅੰਦਰ ਦੇ ਮਕਸਦ ਨੇ ਹੀ ਜੋੜਨਾ ਹੈ। ਇੱਕੋ ਗੱਲ ਸਮਝਾਉਣ ਲਈ ਸ਼ਬਦਾਂ ਦੀ ਬਣਾਵਟ ਵੱਖਰੀ-ਵੱਖਰੀ ਵੀ ਹੋ ਸਕਦੀ ਹੈ ਪਰ ਅਸਲ ਗੱਲ ਸ਼ਬਦਾਂ ਦੇ ਅੰਦਰ ਦੀ ਸਮਝ ਦੇ ਨਾਲ ਹੈ ਜਿਸ ਸਮਝ ਦੇ ਨਾਲ ਅਸੀਂ ਜੁੜਨਾ ਹੈ। ਗੁਰੂ ਸਾਹਿਬ ਨੇ ਸਾਡਾ ਇਹ ਭਰਮ ਹੇਠ ਦਿੱਤੇ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ ਕਿ ਸ਼ਬਦਾਂ ਦੀ ਵੱਖਰੀ-ਵੱਖਰੀ ਬਨਾਵਟ ਦੇ ਨਾਲ ਇੱਕੋ ਗੱਲ ਸਮਝਾਈ ਤੇ ਸਮਝੀ ਜਾ ਸਕਦੀ ਹੈ। ਗੁਰੂ ਦੇ ਬੋਲ ਸ਼ਬਦਾਂ ਦੇ ਅੰਦਰ ਦੀ ਸਮਝ ਹੈ ਜੋ ਸਮਝ ਹੇਠ ਦਿੱਤੇ ਦੋਨਾਂ ਸ਼ਬਦਾਂ ਰਾਹੀਂ ਇੱਕੋ ਜਿਹੀ ਹੀ ਹੈ ਭਾਵੇਂ ਅੱਖਰਾਂ

ਦੀ ਬਨਾਵਟ ਵੱਖਰੀ-ਵੱਖਰੀ ਹੈ ਭਾਵ ਸ਼ਬਦਾਂ ਦੀ ਲਿਖਤ ਦਾ ਤਰੀਕਾ ਵੱਖਰਾ-ਵੱਖਰਾ ਹੈ।

ਸੋ ਦਰੁ ਰਾਗੁ ਆਸਾ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

"ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥"

(ਅੰਗ - ੮-੯)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ ॥
"ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥

ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥
ਗਾਵਨਿ੍ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਨਿ੍ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ੍ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨਿ੍ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ੍ ਤੁਧਨੋ ਸਾਧ ਬੀਚਾਰੇ ॥
ਗਾਵਨਿ੍ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨਿ੍ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ ॥
ਗਾਵਨਿ੍ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ੍ ਤੁਧਨੋ ਖਾਣੀ ਚਾਰੇ ॥
ਗਾਵਨਿ੍ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ੍ ਜੋ ਤੁਧੁ ਭਾਵਨਿ੍ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥੧॥"

(ਅੰਗ - ੩੪੭-੩੪੮)

ਪਹਿਲੇ ਦੋਨਾਂ ਸ਼ਬਦਾਂ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਆਪਸ ਵਿੱਚ ਮਿਲਾ ਕੇ ਦੇਖਦੇ ਹਾਂ ਕਿ ਉਨ੍ਹਾਂ ਨੂੰ ਬੋਲਣ ਵਿੱਚ ਕੀ ਫਰਕ ਹੈ ਤੇ ਉਨ੍ਹਾਂ ਦੀ ਸਮਝ ਵਿੱਚ ਕੀ ਸਿੱਖਿਆ ਦਿੱਤੀ ਹੋਈ ਹੈ।

"ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥"

(ਅੰਗ - ੮)

"ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਾਲੇ ॥"

(ਅੰਗ - ੩੪੭)

ਦੋਨਾਂ ਪੰਗਤੀਆਂ ਦੇ ਅੰਦਰ ਥੋੜਾ ਜਿਹਾ ਬੋਲਣ ਦਾ ਫਰਕ ਹੈ, ਇੱਕ ਅੱਖਰ ਨੂੰ ਬੋਲਣ ਦਾ ਫਰਕ ਹੈ। ਪਹਿਲੀ ਪੰਗਤੀ ਰਾਹੀਂ ਅੱਖਰ "ਸਮਾਲੇ" ਵਰਤਿਆ ਹੈ ਤੇ ਦੂਸਰੀ ਪੰਗਤੀ ਰਾਹੀਂ ਅੱਖਰ ਨੂੰ ਥੋੜਾ ਬਦਲ ਕੇ "ਸਮ੍ਾਲੇ" ਵਰਤਿਆ ਹੋਇਆ ਹੈ। ਦੋਨਾਂ ਅੱਖਰਾਂ ਨੂੰ ਬੋਲਣ ਵਿੱਚ ਭਾਵੇਂ ਫਰਕ ਹੈ ਪਰ ਦੋਨਾਂ ਤੋਂ ਭਾਵ ਇੱਕੋ ਹੀ ਹੈ, ਅਰਥ ਇੱਕੋ ਹੀ ਹੈ। ਅੱਖਰਾਂ ਦੀ ਲਿਖਤ ਵਿੱਚ ਭਾਵੇਂ ਫਰਕ ਹੈ, ਸਾਡੇ ਬੋਲਣ ਵਿੱਚ ਵੀ ਫਰਕ ਜਰੂਰ ਆਵੇਗਾ ਪਰ ਅੱਖਰ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਜੋ ਕੁੱਝ ਬੋਲ ਕੇ ਸਮਝਾਇਆ ਹੈ, ਉਹ ਅੱਖਰ ਦੇ ਅੰਦਰ ਦਾ ਬੋਲ ਇੱਕੋ ਜਿਹਾ ਹੀ ਹੈ ਕਿ ਪ੍ਰਮਾਤਮਾ ਸਭ ਦੀ ਸੰਭਾਲ ਕਿਸ ਤਰੀਕੇ ਕਰਦਾ ਹੈ। ਇਸੇ ਤਰੀਕੇ ਦੋਨਾਂ ਸ਼ਬਦਾਂ ਦੀਆਂ ਕੁੱਝ ਹੋਰ ਪੰਗਤੀਆਂ ਨੂੰ ਵਿਚਾਰਦੇ ਹਾਂ ਤੇ ਨਾਲ ਹੀ ਇੱਕ ਹੋਰ ਸ਼ਬਦ ਦੀਆਂ ਪੰਗਤੀਆਂ ਨੂੰ ਵੀ ਵਿਚਾਰਦੇ ਹਾਂ।

“ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥”

(ਅੰਗ - ੮)

“ਗਾਵਨ੍ਹਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥
ਗਾਵਨ੍ਹਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ ॥”

(ਅੰਗ - ੩੪੭)

“ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥”

(ਅੰਗ - ੬)

ਉੱਪਰ ਸ਼ਬਦਾਂ ਵਿੱਚ “ਗਾਵਨ੍ਹਿ ਤੁਧਨੋ” ਵੀ ਹੈ, “ਗਾਵਨਿ ਤੁਧਨੋ” ਵੀ ਹੈ, “ਗਾਵਹਿ ਤੁਹਨੋ” ਵੀ ਹੈ। ਸਾਡੇ ਮੁੱਖੋਂ ਬੋਲਣਾ ਭਾਵੇਂ ਵੱਖਰਾ-ਵੱਖਰਾ ਹੈ ਪਰ ਸਮਝਾਈ ਸਾਨੂੰ ਸਭ ਅੱਖਰਾਂ ਰਾਹੀਂ ਇੱਕੋ ਜਿਹੀ ਗੱਲ ਹੀ ਹੋਈ ਹੈ ਕਿ ਪ੍ਰਮਾਤਮਾ ਨੂੰ ਹਰ ਕੋਈ ਗਾਉਂਦਾ ਹੈ ਭਾਵ ਸ਼ਬਦਾਂ ਨੂੰ ਮੁੱਖੋਂ ਬੋਲਣ ਵਾਲੇ ਬੋਲ ਵੱਖਰੇ-ਵੱਖਰੇ ਹਨ ਪਰ ਗੁਰੂ ਨੇ ਸਾਨੂੰ ਇਨ੍ਹਾਂ ਅੱਖਰਾਂ ਰਾਹੀਂ ਜੋ ਆਪਣਾ ਬੋਲ ਸਮਝਾਇਆ ਹੈ ਉਹ ਬੋਲ ਇੱਕੋ ਹੀ ਹੈ ਭਾਵ ਅੱਖਰਾਂ ਦੇ ਅੰਦਰ ਦੀ ਸਮਝ ਇੱਕੋ ਹੀ ਹੈ। ਗੁਰੂ ਆਪਣਾ ਜੋ ਵੀ ਬੋਲ ਸਮਝਾਉਂਦਾ ਹੈ ਉਹ ਸ਼ਬਦਾਂ ਦੇ ਅੰਦਰ ਦੀ ਸਮਝ ਦੁਆਰਾ ਹੀ ਸਮਝਾਉਂਦਾ ਹੈ। ਇਸੇ ਤਰ੍ਹਾਂ ਉੱਪਰ ਸ਼ਬਦਾਂ ਰਾਹੀਂ ਇੱਕ ਸ਼ਬਦ ਰਾਹੀਂ “ਪਵਣੁ” ਲਿਖਿਆ ਹੈ ਤੇ ਦੂਸਰੇ ਸ਼ਬਦਾਂ ਵਿੱਚ “ਪਉਣੁ” ਲਿਖਿਆ ਹੋਇਆ ਹੈ। ਬੋਲਣ ਵਿੱਚ ਭਾਵੇਂ ਕੁੱਝ ਫਰਕ ਹੈ ਪਰ ਦੋਨਾਂ ਅੱਖਰਾਂ ਦਾ ਮਤਲਬ ਇੱਕੋ ਹੀ ਹੈ ਭਾਵ ਗੁਰੂ ਨੇ ਸਮਝਾਈ ਇੱਕੋ ਜਿਹੀ ਗੱਲ ਹੀ ਹੈ। ਇਸੇ ਤਰ੍ਹਾਂ ਉੱਪਰ ਸ਼ਬਦਾਂ ਵਿੱਚ “ਸੋ ਦਰੁ ਤੇਰਾ ਕੇਹਾ” ਵੀ ਹੈ ਤੇ “ਸੋ ਦਰੁ ਕੇਹਾ” ਵੀ ਹੈ। ਦੋਵੇਂ ਸ਼ਬਦਾਂ ਰਾਹੀਂ ਦਰੁ ਪ੍ਰਮਾਤਮਾ ਦਾ ਹੀ ਬਿਆਨ ਕੀਤਾ ਹੋਇਆ ਹੈ ਭਾਵ ਅਸਲ ਗੱਲ ਸ਼ਬਦਾਂ ਦੇ ਅੰਦਰ ਦੀ ਸਮਝ ਨੂੰ ਜਾਨਣ ਵਿੱਚ ਹੈ ਜਿਸ ਸਮਝ ਦੁਆਰਾ ਸਾਨੂੰ ਇਹ ਪਤਾ ਲੱਗਦਾ ਹੈ ਕਿ ਗੁਰੂ ਨੇ ਸਾਨੂੰ ਸਮਝਾਉਣ ਲਈ ਕੀ ਬੋਲ ਬੋਲੇ ਹਨ। ਉੱਪਰ ਵਾਲੇ ਪੂਰੇ ਸ਼ਬਦਾਂ ਵਿੱਚ ਇਸੇ ਤਰ੍ਹਾਂ ਹੋਰ ਵੀ ਅੱਖਰਾਂ ਦੇ ਬੋਲਣ ਵਿੱਚ ਹੋਰ ਵੀ ਫਰਕ ਹਨ ਪਰ ਹਰ ਅੱਖਰ ਰਾਹੀਂ ਸਾਨੂੰ ਇੱਕੋ ਜਿਹੀ ਗੱਲ ਹੀ ਸਮਝਾਈ ਹੋਈ ਹੈ ਜਿਸ ਗੱਲ ਨੂੰ ਸਮਝਣਾ ਹੀ ਸ਼ਬਦਾਂ ਨੂੰ ਪੜ੍ਹਨ ਦਾ ਮਕਸਦ ਹੈ ਤਾਂ ਜੋ ਅਸੀਂ ਉਹ ਕੁੱਝ ਕਰੀਏ ਜੋ ਗੱਲ ਗੁਰੂ ਨੇ ਸਾਨੂੰ ਸਮਝਾਈ ਹੈ। ਵਾਰ-ਵਾਰ ਸਾਨੂੰ ਬਾਣੀ ਰਾਹੀਂ ਹੀ ਇਹ ਗੱਲ ਸਮਝਾਈ ਗਈ ਹੈ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ, ਧਰਮ ਦਾ ਮਾਰਗ, ਸਚੁ ਦਾ ਮਾਰਗ ਸਾਡੀ ਕਥਨੀ ਨਹੀਂ ਸਾਡੀ ਕਰਨੀ ਦਾ ਮਾਰਗ ਹੈ। ਅਸੀਂ ਕਥਨੀ ਭਾਵੇਂ ਜਿਤਨੀ ਮਰਜੀ ਸਪੱਸ਼ਟ ਕਰ ਲਈਏ ਪਰ ਲੇਖੇ ਸਾਡੀ ਕਰਨੀ ਹੀ ਲੱਗਣੀ ਹੈ ਜੇਕਰ ਸਾਡੀ ਕਰਨੀ ਉਹੋ ਜਿਹੀ ਹੋਵੇ ਜਿਹੋ ਜਿਹੀ ਕਰਨੀ ਸਾਨੂੰ ਗੁਰੂ ਦੇ ਸ਼ਬਦ ਸਮਝਾਉਂਦੇ ਹਨ। ਉੱਪਰ ਵਾਲੇ ਸ਼ਬਦਾਂ ਰਾਹੀਂ ਸਾਨੂੰ ਗੁਰੂ ਨੇ, ਪ੍ਰਮਾਤਮਾ ਨੇ ਸਾਨੂੰ ਵੱਖਰੇ-ਵੱਖਰੇ ਅੱਖਰ ਲਿਖਣ ਦੁਆਰਾ ਉਨ੍ਹਾਂ ਰਾਹੀਂ ਇੱਕੋ ਜਿਹੀ ਗੱਲ ਇਸੇ ਲਈ ਸਮਝਾਈ ਹੈ ਤਾਂ ਜੋ ਅਸੀਂ ਅੱਖਰਾਂ ਦੇ ਅੰਦਰ ਦੀ ਸਮਝ ਦੀ ਅਹਿਮੀਅਤ ਨੂੰ ਜਾਣੀਏ। ਗੁਰੂ ਬਹੁਤ ਸਿਆਣਾ ਹੈ, ਉਹ ਜੋ ਵੀ ਗੱਲ ਲਿਖਦਾ ਹੈ ਉਹ ਬਹੁਤ ਗਹਿਰਾਈ ਨਾਲ, ਗੰਭੀਰਤਾ ਨਾਲ ਲਿਖਦਾ ਹੈ। ਸਾਡਾ ਪਾਰ ਉਤਾਰਾ ਅੱਖਰਾਂ ਦੀ ਸਮਝ ਦੇ ਨਾਲ ਜੁੜ ਕੇ ਹੀ ਹੋਣਾ ਹੈ। ਅਸੀਂ ਪਾਰ ਉਤਾਰਾ ਤਾਂ ਮਾਇਆ ਮੋਹ ਤੋਂ ਕਰਨਾ ਹੈ, ਮਨ ਦੇ ਨਾ-ਸਮਝ ਮਾੜੇ ਵਿਚਾਰਾਂ ਤੋਂ ਕਰਨਾ ਹੈ, ਮਨ ਦੀ ਹਉਮੈ ਤੋਂ ਕਰਨਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ, ਭਰਮਾਂ ਵਾਲੀ ਸਮਝ ਤੋਂ ਮੁਕਤ ਹੋਣਾ ਹੈ ਜਿਸ ਲਈ ਸ਼ਬਦਾਂ ਦੀ ਕਥਨੀ ਸਾਡੇ ਕੰਮ ਨਹੀਂ ਆਉਣੀ ਬਲਕਿ ਸ਼ਬਦਾਂ ਦੇ ਅੰਦਰ ਦੀ ਸਮਝ ਨੇ ਸਾਡੇ ਕੰਮ ਆਉਣਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ।

{ਕਥਨੀ ਕਹਿ ਭਰਮੁ ਨ ਜਾਈ ॥

ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ - ੬੫੫)

ਗੁਰੂ ਦੇ ਬੋਲ ਕੀ ਹਨ ਤੇ ਉਨਾਂ ਬੋਲਾਂ ਨੂੰ ਬੋਲਣਾ ਕੀ ਹੈ, ਇਸ ਗੱਲ ਨੂੰ ਅਸੀਂ ਉਪਰ ਸ਼ਬਦ ਦੁਆਰਾ ਸਮਝਿਆ ਹੈ ਤੇ ਪਿਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਬਾਣੀ ਸਾਨੂੰ ਬਾਰ ਬਾਰ ਸਮਝਾਉਂਦੀ ਹੈ ਕਿ ਹਰਿ ਹਰਿ ਬੋਲੋ, ਰਾਮ ਰਾਮ ਬੋਲੋ ਭਾਵ ਨਾਮ ਨੂੰ ਬੋਲੋ। ਹਰਿ ਹਰਿ ਬੋਲਣਾ ਕੀ ਹੈ ਭਾਵ ਨਾਮ ਜਪਣਾ ਕੀ ਹੈ, ਇਸ ਗੱਲ ਨੂੰ ਅਸੀਂ ਸਾਰੇ ਲੇਖ ਰਾਹੀਂ ਸਮਝਦੇ ਆ ਰਹੇ ਹਾਂ। ਹਰਿ ਹਰਿ ਗੁਰੂ ਦੇ ਬੋਲ ਹੀ ਹਨ ਜੋ ਬੋਲ ਪੂਰੀ ਗੁਰਬਾਣੀ ਦੇ ਵਿਚ ਹਨ। ਪੂਰੀ ਗੁਰਬਾਣੀ ਦੇ ਵਿਚ ਪ੍ਰਮਾਤਮਾ ਦੇ ਬੋਲ, ਗੁਰੂ ਦੇ ਬੋਲ ਗੁਰੂ ਦੀ ਮਤਿ ਦੇ ਰੂਪ ਵਿਚ ਹਨ ਤੇ ਗੁਰੂ ਦੀ ਮਤਿ ਨੂੰ ਬੋਲਣਾ ਹੀ ਗੁਰੂ ਦੇ ਬੋਲਾਂ ਨੂੰ ਬੋਲਣਾ ਹੈ। ਗੁਰੂ ਦੀ ਮਤਿ ਗੁਰੂ ਦੇ ਸ਼ਬਦਾਂ ਦੇ ਅੰਦਰ ਦੀ ਸਮਝ ਹੈ ਜਿਸ ਸਮਝ ਰੂਪ ਬੋਲਾਂ ਨੂੰ ਅਸੀਂ ਬੋਲਣਾ ਹੈ। ਗੁਰਮਤਿ ਰੂਪ ਬੋਲਾਂ ਨੂੰ ਬੋਲਣਾ ਕੀ ਹੈ, ਹਰਿ ਹਰਿ ਬੋਲਣਾ ਕੀ ਹੈ, ਇਸ ਗੱਲ ਨੂੰ ਹੇਠ ਦਿਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ॥
"ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੈ ਹਰਿ ਬੋਲਿ ॥
ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥"

(ਅੰਗ - ੨੨)

ਉੱਪਰ ਪਹਿਲੀ ਪੰਗਤੀ ਰਾਹੀਂ ਹੀ ਸਮਝਾਇਆ ਹੋਇਆ ਹੈ ਗੁਰੂ ਦੇ ਬੋਲ ਕੀ ਹਨ ਜਿਨ੍ਹਾਂ ਨੂੰ ਅਸੀਂ ਬੋਲਣਾ ਹੈ। ਗੁਰੂ ਦੇ ਬੋਲਾਂ ਨੂੰ ਬੋਲਣਾ ਹੀ ਹਰਿ ਹਰਿ ਬੋਲਣਾ ਹੈ ਤੇ ਸਮਝਣ ਦੀ ਗੱਲ ਇਹ ਹੈ ਕਿ ਹਰਿ ਦੇ ਬੋਲ ਕੀ ਹਨ ਭਾਵ ਅਸੀਂ ਗੁਰੂ ਦੇ ਕੋਲੋਂ ਉਹ ਕਿਹੜੇ ਬੋਲ ਲੈਣੇ ਹਨ ਜਿਨ੍ਹਾਂ ਦੁਆਰਾ ਅਸੀਂ ਹਰਿ ਹਰਿ ਬੋਲਣਾ ਹੈ। ਗੁਰੂ ਦੇ ਬੋਲ ਗੁਰਮਤਿ ਦੇ ਰੂਪ ਵਿੱਚ ਹਨ। ਪੂਰੀ ਗੁਰਬਾਣੀ ਦੇ ਵਿੱਚ ਗੁਰਮਤਿ ਹੈ, ਗੁਰੂ ਦੀ ਮਤਿ ਹੈ ਜੋ ਅਸੀਂ ਗੁਰੂ ਦੇ ਕੋਲੋਂ ਲੈਣੀ ਹੈ। ਗੁਰੂ ਦੀ ਮਤਿ ਗੁਰੂ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਹਰਿ ਸ਼ਬਦ ਦੀ ਵਿਚਾਰ ਗੁਰੂ ਦੀ ਮਤਿ ਹੈ ਜੋ ਵਿਚਾਰ ਸਾਨੂੰ ਕੁੱਝ ਸਮਝਾਉਣ ਲਈ ਹੈ। ਗੁਰੂ ਦੇ ਸ਼ਬਦਾਂ ਦੀ ਵਿਚਾਰ ਹੀ ਗੁਰੂ ਦਾ ਨਾਮ ਹੈ ਜਿਸਨੂੰ ਅਸੀਂ ਬੋਲਣਾ ਹੈ, ਹਰਿ ਹਰਿ ਦੇ ਰੂਪ ਵਿੱਚ ਬੋਲਣਾ ਹੈ। ਅਸੀਂ ਨਾਮ ਨੂੰ ਕੇਵਲ ਇੱਕ ਸ਼ਬਦ ਸਮਝਿਆ ਹੋਇਆ ਹੈ, ਕੋਈ ਅੱਖਰ ਸਮਝਿਆ ਹੋਇਆ ਹੈ ਜਿਸਨੂੰ ਬੋਲਣਾ ਅਸੀਂ ਨਾਮ ਬੋਲਣਾ ਸਮਝਦੇ ਹਾਂ। ਅਸੀਂ ਤਾਂ ਗੁਰਮਤਿ ਨੂੰ ਬੋਲਣਾ ਹੈ ਤੇ ਗੁਰਮਤਿ ਨੂੰ ਕੇਵਲ ਸਮਝ ਕੇ ਬੋਲਿਆ ਜਾ ਸਕਦਾ ਹੈ ਜਿਸ ਨੂੰ ਪਹਿਲਾਂ ਸਾਡੇ ਮਨ ਨੇ ਸਮਝਣਾ ਹੈ। ਗੁਰੂ ਸਾਨੂੰ ਆਪਣੀ ਮਤਿ ਸਾਡੇ ਮੰਨਣ ਲਈ ਸਮਝਾਉਂਦਾ ਹੈ ਤੇ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਕੇਵਲ ਆਪਣੇ ਮੁੱਖੋਂ ਬੋਲੀ ਜਾਵਾਂਗੇ ਤਾਂ ਉਸ ਨਾਲ ਕੀ ਲਾਭ ਮਿਲਣਾ ਹੈ ਭਾਵ ਕਥਨੀ ਨਾਲ ਕੀ ਮਿਲਣਾ ਹੈ। ਗੁਰੂ ਸਾਨੂੰ ਆਪਣੀ ਮਤਿ ਰਾਹੀਂ ਜੇਕਰ ਇਹ ਸਮਝਾਉਂਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਫਿਰ ਅਸੀਂ ਗੁਰੂ ਦੀ ਮਤਿ ਨੂੰ ਕਿਸ ਤਰੀਕੇ ਜਪਾਂਗੇ, ਕਿਸ ਤਰੀਕੇ ਗੁਰੂ ਦੇ ਬੋਲਾਂ ਨੂੰ ਬੋਲਾਂਗੇ।

"ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥"

(ਅੰਗ - ੪੧੯)

ਉੱਪਰ ਪੰਗਤੀ ਰਾਹੀਂ ਗੁਰੂ ਦੇ ਬੋਲ ਹੀ ਹਨ ਜੋ ਗੁਰੂ ਨੇ ਸਾਡੇ ਲਈ ਬੋਲੇ ਹਨ, ਸਾਰੇ ਸੰਸਾਰ ਲਈ ਬੋਲੇ ਹਨ। ਅਸੀਂ ਗੁਰੂ ਦੇ ਬੋਲਾਂ ਨੂੰ ਕਿਸ ਤਰੀਕੇ ਬੋਲਣਾ ਹੈ, ਇਸੇ ਗੱਲ ਨੂੰ ਸਮਝਣਾ ਵੱਡੀ ਗੱਲ ਹੈ, ਜਰੂਰੀ ਗੱਲ ਹੈ। ਗੁਰੂ ਦੇ ਬੋਲਾਂ ਨੂੰ ਕਥਨੀ ਦੁਆਰਾ ਬੋਲਣਾ ਹੈ ਜਾਂ ਆਪਣੀ ਕਰਨੀ ਦੁਆਰਾ ਬੋਲਣਾ ਹੈ, ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਉੱਪਰ ਸ਼ਬਦ ਰਾਹੀਂ ਗੁਰੂ ਨੇ ਆਪਣੇ ਬੋਲਾਂ ਰਾਹੀਂ ਸਾਨੂੰ ਕੁੱਝ ਸਮਝਾਇਆ ਹੈ, ਲਾਲਚ ਛੱਡਣ ਲਈ ਸਮਝਾਇਆ ਹੈ ਜਿਸ ਲਾਲਚ ਦਾ ਕਾਰਨ ਸਾਡੀ ਅੰਦਰ ਦੀ

ਨਾ-ਸਮਝ ਮਤਿ ਹੈ ਜਿਸਨੂੰ ਸਾਡਾ ਅੰਧਾਪਨ ਕਹਿਆ ਹੈ ਭਾਵ ਮਨ ਦੀ ਅਗਿਆਨਤਾ ਦੱਸਿਆ ਹੈ ਭਾਵ ਸਾਡੇ ਅੰਦਰ ਗੁਰੂ ਦੀ ਮਤਿ ਨਹੀਂ ਹੈ, ਗੁਰੂ ਦਾ ਸੱਚਾ ਗਿਆਨ ਨਹੀਂ ਹੈ। ਉੱਪਰ ਪੰਗਤੀਆਂ ਰਾਹੀਂ ਗੁਰੂ ਸਾਨੂੰ ਆਪਣਾ ਸੱਚਾ ਗਿਆਨ ਹੀ ਦੇ ਰਹਿਆ ਹੈ। ਗੁਰੂ ਦਾ ਸੱਚਾ ਗਿਆਨ ਹੀ ਉਸਦੇ ਸੱਚੇ ਬੋਲ ਹਨ ਜਿਨ੍ਹਾਂ ਬੋਲਾਂ ਨੂੰ ਅਸੀਂ ਬੋਲਣਾ ਹੈ। ਜੇਕਰ ਅਸੀਂ ਸਾਰਾ ਦਿਨ ਜਾਂ ਹਰ ਰੋਜ਼ ਮੁੱਖੋਂ ਇਹ ਬੋਲੀ ਜਾਈਏ ਕਿ "**ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ**" ਤਾਂ ਫਿਰ ਅਸੀਂ ਇਹ ਬੋਲ ਕਿਸ ਦੇ ਲਈ ਬੋਲਦੇ ਹਾਂ। ਕੀ ਅਸੀਂ ਇਹ ਬੋਲ ਗੁਰੂ ਨੂੰ ਸੁਣਾਉਣ ਲਈ ਬੋਲਦੇ ਹਾਂ, ਗੁਰੂ ਨੂੰ ਕੁੱਝ ਸਮਝਾਉਣ ਲਈ ਬੋਲਦੇ ਹਾਂ ਜਿਸਨੇ ਇਹ ਬੋਲ ਸਾਨੂੰ ਸਮਝਾਉਣ ਲਈ ਬੋਲੇ ਹਨ। ਗੁਰੂ ਨੇ ਇਹ ਬੋਲ ਸਾਡੇ ਮੰਨਣ ਲਈ ਬੋਲੇ ਹਨ ਤੇ ਗੁਰੂ ਦੇ ਬੋਲਾਂ ਨੂੰ ਮੰਨਣਾ ਹੀ ਗੁਰੂ ਦੇ ਬੋਲਾਂ ਨੂੰ ਜਪਣਾ ਹੈ, ਨਾਮ ਜਪਣਾ ਹੈ। ਗੁਰੂ ਦੇ ਬੋਲਾਂ ਨੂੰ ਮੰਨਣ ਨਾਲ ਸਾਡੀ ਕਰਨੀ ਹੀ ਬਦਲੇਗੀ ਤੇ ਅਸੀਂ ਲਾਲਚ ਵਿੱਚੋਂ ਨਿਕਲਾਂਗੇ ਜਿਸ ਦੁਆਰਾ ਅਸੀਂ ਮਾੜੇ ਕਰਮ ਨਹੀਂ ਕਰਾਂਗੇ। ਨਾ ਆਪ ਦੁੱਖਾਂ ਵਿੱਚ ਪਵਾਂਗੇ ਤੇ ਨਾ ਹੀ ਦੂਸਰਿਆਂ ਨੂੰ ਦੁੱਖਾਂ ਵਿੱਚ ਪਾਵਾਂਗੇ। ਪ੍ਰਮਾਤਮਾ ਜਿਸ ਦੇ ਅੰਦਰ ਵੱਸਦਾ ਹੈ ਉਹ ਮਨ ਦੀ ਚੰਗੀ ਸਮਝ ਦੁਆਰਾ ਹੀ ਵੱਸਦਾ ਹੈ ਜੋ ਸਮਝ ਗੁਰੂ ਦੇ ਕੋਲੋਂ ਮਿਲਦੀ ਹੈ। ਸਾਡੇ ਅੰਦਰ ਦੀ ਮਾੜੀ ਸਮਝ, ਲੋਭ ਲਾਲਚ ਵਾਲੀ ਸਮਝ, ਔਗੁਣਾਂ ਵਾਲੀ ਸਮਝ ਸਾਡੇ ਅੰਦਰ ਦੀ ਹਉਮੈ ਹੈ, ਬਿਖੁ ਹੈ ਜਿਸ ਦੇ ਮਰਨ ਨਾਲ ਹੀ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ ਭਾਵ ਉਸਦੇ ਨਾਲ ਮਨ ਦੇ ਵਿੱਚ ਮੇਲ ਹੁੰਦਾ ਹੈ। ਗੁਰੂ ਦੇ ਸ਼ਬਦ, ਗੁਰੂ ਦੇ ਬੋਲ ਸਾਨੂੰ ਮਨ ਦੀ ਮਾੜੀ ਸਮਝ ਵਿੱਚੋਂ, ਅਗਿਆਨਤਾ ਵਾਲੀ, ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਲਈ ਹੀ ਹਨ ਤਾਂ ਜੋ ਅਸੀਂ ਧਰਮ ਦੇ ਸੱਚ ਮਾਰਗ ਤੇ ਚੱਲ ਸਕੀਏ ਜਿਸ ਮਾਰਗ ਤੇ ਚੱਲਣ ਦਾ ਉੱਦਮ ਕਰਨ ਦੁਆਰਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਮਨ ਦੀ ਮਾੜੀ ਸਮਝ ਵਿੱਚੋਂ ਨਿਕਲ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਗੁਰੂ ਦੇ ਬੋਲਾਂ ਨੂੰ ਬੋਲਣਾ ਹੈ ਜੋ ਬੋਲ ਅਸੀਂ ਆਪਣੀ ਕਰਨੀ ਦੁਆਰਾ ਬੋਲਣੇ ਹਨ, ਜੋ ਬੋਲ ਗੁਰੂ ਦੀ ਗੱਲ ਨੂੰ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਬੋਲੇ ਜਾ ਸਕਦੇ ਹਨ ਨਾ ਕਿ ਕਥਨੀ ਦੁਆਰਾ ਜੋ ਕਿ ਕੇਵਲ ਸਾਡਾ ਇੱਕ ਵੱਡਾ ਭਰਮ ਹੀ ਹੈ। ਕਥਨੀ ਦਾ ਇੱਕੋ ਇੱਕ ਮਕਸਦ ਸਾਨੂੰ ਸਾਡੀ ਚੰਗੀ ਕਰਨੀ ਸਮਝਾਉਣ ਲਈ ਹੀ ਹੈ। (**ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥**)

ਹੁਣ ਅਸੀਂ ਇਸ ਤੋਂ ਪਿਛਲੇ ਸ਼ਬਦ ਰਾਹੀਂ ਜੋ ਹਰਿ ਹਰਿ ਜਪਣਾ ਸਮਝਿਆ ਹੈ, ਹਰਿ ਹਰਿ ਬੋਲਣਾ ਸਮਝਿਆ ਹੈ, ਗੁਰਮਤਿ ਵਾਲੇ ਬੋਲ ਬੋਲਣਾ ਸਮਝਿਆ ਹੈ ਉਸ ਗੱਲ ਨੂੰ ਹੋਰ ਵੀ ਦ੍ਰਿੜਤਾ ਨਾਲ ਸਮਝ ਸਕਦੇ ਹਾਂ ਕਿ ਗੁਰੂ ਦੇ ਬੋਲ ਕੀ ਹਨ ਤੇ ਉਨ੍ਹਾਂ ਨੂੰ ਬੋਲਣਾ ਕੀ ਹੈ। (**ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੈ ਹਰਿ ਬੋਲਿ ॥**) ਅਸੀਂ ਗੁਰੂ ਕੋਲੋਂ ਗੁਰੂ ਦੀ ਮਤਿ ਲੈ ਕੇ ਕਿਸ ਤਰੀਕੇ ਹਰਿ ਹਰਿ ਜਪਣਾ ਹੈ, ਕਿਸ ਤਰੀਕੇ ਹਰਿ ਹਰਿ ਬੋਲਣਾ ਹੈ, ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਪੂਰੇ ਵਿਸ਼ਵਾਸ ਨਾਲ ਸਮਝ ਸਕੀਏ ਕਿ ਹਰਿ ਹਰਿ ਬੋਲਣਾ ਕੀ ਹੈ।

"ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥"

ਬੜਾ ਸਪੱਸ਼ਟ ਹੈ ਕਿ ਹਰਿ ਹਰਿ ਬੋਲਣਾ ਸਾਡੇ ਮਨ ਦੇ ਨਾਲ ਜੁੜਿਆ ਹੋਇਆ ਹੈ। ਮਨ ਦੇ ਵਿੱਚ ਕੇਵਲ ਗਿਆਨ ਹੀ ਹੁੰਦਾ ਹੈ ਭਾਵੇਂ ਉਹ ਗਿਆਨ ਚੰਗਾ ਹੋਵੇ ਜਾਂ ਮਾੜਾ ਹੋਵੇ। ਸਾਡੇ ਮਨ ਦੀ ਸਮਝ ਸਾਡੇ ਅੰਦਰ ਗਿਆਨ ਕਿਹੋ ਜਿਹਾ ਹੈ, ਇਸ ਦੇ ਨਾਲ ਹੀ ਜੁੜੀ ਹੋਈ ਹੈ। ਗੁਰੂ ਦੇ ਬੋਲ ਸਾਨੂੰ ਸੱਚ ਹੀ ਸਮਝਾਉਂਦੇ ਹਨ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ, ਨਾਮ ਹੀ ਸਮਝਾਉਂਦੀ ਹੈ ਜਿਸ ਸੱਚ ਦਾ ਮਕਸਦ ਆਪਣੇ ਮਨ ਦੀ ਸਮਝ ਨੂੰ ਸਹੀ ਬਨਾਉਣ ਦੇ ਨਾਲ ਹੀ ਹੈ। ਸਾਡੇ ਮਨ ਦੀ ਸਮਝ ਭਰਮਾਂ ਕਰਕੇ ਮੈਲੀ ਹੈ ਜਿਸਨੂੰ ਗੁਰੂ ਦੇ ਸੱਚ ਦੁਆਰਾ ਹੀ ਸਾਫ ਕੀਤਾ ਜਾ ਸਕਦਾ ਹੈ। ਅਸੀਂ ਆਪਣੇ ਮਨ ਦੀ ਭਰਮਾਂ ਵਾਲੀ ਸਮਝ ਨੂੰ, ਹਉਮੈ ਵਾਲੀ, ਅਗਿਆਨਤਾ ਵਾਲੀ, ਮਾਇਆ ਮੋਹ ਵਾਲੀ, ਤ੍ਰੈਗੁਣਾਂ ਵਾਲੀ ਸਮਝ ਨੂੰ ਸੱਚ ਦੀ ਕਸਵੱਟੀ ਤੇ ਲਗਾਉਣਾ ਹੈ ਜਿਸ ਦੁਆਰਾ ਸਾਨੂੰ ਇਹ ਸਮਝ ਪਵੇਗੀ ਕਿ ਸਾਡੀ ਮਤਿ ਦੇ ਅੰਦਰ ਕਿਤਨੀ ਕੁ ਖੋਟ ਹੈ ਭਾਵ ਕਿਤਨੀ ਕੁ ਸਾਡੇ ਅੰਦਰ ਭਰਮਾਂ ਵਾਲੀ ਸਮਝ ਹੈ ਜੋ ਸੱਚੁ ਤੇ ਖਰੀ ਨਹੀਂ ਉਤਰਦੀ। ਜਿਸ ਤਰੀਕੇ ਇੱਕ ਸੁਨਿਆਰ ਸੋਨੇ ਨੂੰ ਪਰਖਣ ਲਈ ਕਸਵੱਟੀ ਤੇ ਰਗੜਦਾ ਹੈ ਉਹ ਸੋਨੇ ਦੇ ਅੰਦਰ ਦੀ ਖੋਟ ਨੂੰ ਹੀ ਪਹਿਚਾਣਦਾ ਹੈ ਕਿ ਇਸ ਅੰਦਰ ਕਿਤਨੀ ਕੁ ਖੋਟ ਹੈ। ਕਸਵੱਟੀ ਇਹ ਸਪੱਸ਼ਟ ਕਰ ਦਿੰਦੀ ਹੈ ਕਿ ਸੋਨਾ ਖਰਾ ਹੈ ਜਾਂ ਨਹੀਂ। ਇਸੇ ਤਰ੍ਹਾਂ ਗੁਰੂ ਦਾ ਸਮਝਾਇਆ ਹੋਇਆ "ਸਚ" ਭਾਵ ਨਾਮ ਭਾਵ ਸ਼ਬਦਾਂ ਦੀ ਵਿਚਾਰ ਸਾਡੇ ਲਈ ਕਸਵੱਟੀ ਦੀ ਤਰ੍ਹਾਂ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰ ਦੀ ਖੋਟ ਨੂੰ ਪਹਿਚਾਣ ਸਕਦੇ ਹਾਂ। ਸਾਡੇ ਅੰਦਰ ਦੀ ਜੋ ਵੀ ਸਮਝ ਗੁਰੂ ਦੀ ਸਮਝ ਤੇ ਪੂਰੀ ਨਹੀਂ ਉਤਰਦੀ ਉਹ ਸਾਡੀ ਖੋਟੀ ਸਮਝ ਹੈ, ਭਰਮਾਂ ਵਾਲੀ ਸਮਝ

ਹੈ ਜਿਸਨੂੰ ਗੁਰੂ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਹੈ। ਜਿਸ ਗੱਲ ਲਈ ਸਾਨੂੰ ਗੁਰੂ ਮਨਾਂ ਕਰਦਾ ਹੈ ਪਰ ਅਸੀਂ ਉਹ ਕਰਮ ਕਰਦੇ ਹਾਂ ਤਾਂ ਫਿਰ ਇਹ ਸਾਡੇ ਅੰਦਰ ਦੀ ਖੋਟ ਹੈ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਔਗੁਣ ਛੱਡੋ, ਕਾਮ ,ਕ੍ਰੋਧ ਲੋਭ ,ਮੋਹ, ਅਹੰਕਾਰ ਛੱਡੋ, ਮਾਇਆ ਮੋਹ ਛੱਡੋ ਤੇ ਜੇਕਰ ਅਸੀਂ ਇਹ ਸਭ ਕੁੱਝ ਕਰੀ ਜਾਂਦੇ ਹਾਂ ਤਾਂ ਫਿਰ ਇਹ ਸਾਡੇ ਅੰਦਰ ਦੀ ਖੋਟ ਹੈ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਔਗੁਣ ਛੱਡੋ, ਕਾਮ ,ਕ੍ਰੋਧ, ਲੋਭ ,ਮੋਹ, ਅਹੰਕਾਰ ਛੱਡੋ, ਮਾਇਆ ਮੋਹ ਛੱਡੋ ਤੇ ਜੇਕਰ ਅਸੀਂ ਇਹ ਸਭ ਕੁੱਝ ਕਰੀ ਜਾਂਦੇ ਹਾਂ ਤਾਂ ਫਿਰ ਇਹ ਸਾਡੇ ਅੰਦਰ ਦੀ ਖੋਟ ਹੈ, ਖੋਟੀ ਮਤਿ ਹੈ, ਮਨਮਤਿ ਹੈ ਜੋ ਸੱਚ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ। ਸੱਚ ਦੀ ਕਸਵੱਟੀ ਤੇ ਸਾਡੀ ਉਹ ਸਮਝ ਹੀ ਪੂਰੀ ਉਤਰੇਗੀ ਜੋ ਗੁਰੂ ਦੇ ਵਿਚਾਰਾਂ ਨੂੰ ਉਸੇ ਰੂਪ ਵਿੱਚ ਮੰਨਦੀ ਹੈ ਜਿਸ ਰੂਪ ਵਿੱਚ, ਗੁਰੂ ਨੇ ਗੱਲ ਸਮਝਾਈ ਹੈ, ਜਿਸ ਮਕਸਦ ਲਈ ਗੁਰੂ ਨੇ ਆਪਣੀ ਵਿਚਾਰ ਦਿੱਤੀ ਹੈ। ਗੁਰੂ ਨੇ ਵਾਰ-ਵਾਰ ਆਪਣੇ ਸ਼ਬਦਾਂ ਰਾਹੀਂ ਸਾਨੂੰ ਨਾਮ ਸਮਝਾਇਆ ਹੈ, ਨਾਮ ਜਪਣਾ ਸਮਝਾਇਆ ਹੈ ਪਰ ਅਸੀਂ ਜੇਕਰ ਨਾਮ ਨੂੰ ਸਮਝਣ ਲਈ, ਜਪਣ ਲਈ ਆਪਣੀ ਮਤਿ ਵਰਤਦੇ ਹਾਂ, ਆਪਣੀ ਮਤਿ ਨੂੰ ਹੀ ਠੀਕ ਮੰਨਦੇ ਹਾਂ ਤਾਂ ਫਿਰ ਅਸੀਂ ਸੱਚ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ ਭਾਵ ਮਨ ਦੀ ਖੋਟ ਰਾਹੀਂ ਵਿਚਰਦੇ ਹਾਂ। ਗੁਰੂ ਨੇ ਆਪਣੇ ਸ਼ਬਦਾਂ ਰਾਹੀਂ ਵਾਰ-ਵਾਰ ਅਨੇਕਾਂ ਉਹੋ ਜਿਹੇ ਤਰੀਕਿਆਂ ਤੋਂ ਮਨਾ ਕੀਤਾ ਹੈ ਜੋ ਭਗਤੀ ਦੇ ਤਰੀਕੇ ਨਹੀਂ ਹਨ ਤੇ ਉਨ੍ਹਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ, ਸਰੀਰਕ ਜਪ ਤਪ ਆਦਿ ਦਾ ਖੰਡਨ ਕੀਤਾ ਹੋਇਆ ਹੈ ਪਰ ਅਸੀਂ ਜੇਕਰ ਫਿਰ ਵੀ ਉਹੋ ਕੁੱਝ ਹੀ ਕਰਦੇ ਹਾਂ ਜਾਂ ਕਰਨਾ ਠੀਕ ਸਮਝਦੇ ਹਾਂ ਫਿਰ ਅਸੀਂ ਸੱਚ ਦੀ ਕਸਵੱਟੀ ਵਿੱਚੋਂ ਕਿਵੇਂ ਖਰੇ ਉਤਰ ਸਕਦੇ ਹਾਂ। ਅਸੀਂ ਆਪਣੇ ਖਾਣ ਪਾਣ ਦੇ ਤਰੀਕਿਆਂ ਨੂੰ ਹੀ, ਸਰੀਰਕ ਸੁੱਚ ਨੂੰ, ਚੌਂਕੇ ਦੀ ਸੁੱਚ ਨੂੰ ਭਗਤੀ ਦਾ ਮਾਰਗ ਮੰਨਦੇ ਹਾਂ ਜਿਸ ਦਾ ਕਿ ਗੁਰੂ ਦੀ ਸੱਚੀ ਮਤਿ ਖੰਡਨ ਕਰਦੀ ਹੈ ਭਾਵ ਉਸ ਵਿੱਚ ਗੁਰੂ ਦਾ ਸੱਚ ਨਹੀਂ ਹੈ ਪਰ ਜੇਕਰ ਅਸੀਂ ਫਿਰ ਵੀ ਉਹੋ ਕੁੱਝ ਹੀ ਕਰੀ ਜਾਂਦੇ ਹਾਂ ਤਾਂ ਫਿਰ ਅਸੀਂ ਸੱਚ ਦੀ ਕਸਵੱਟੀ ਤੇ ਕਿਵੇਂ ਪੂਰੇ ਉਤਰ ਸਕਦੇ ਹਾਂ। ਗੁਰੂ ਨੇ ਆਪਣੇ ਸ਼ਬਦਾਂ ਰਾਹੀਂ ਬੜਾ ਸਪੱਸ਼ਟ ਸੱਚ ਸਮਝਾਇਆ ਹੈ ਕਿ ਭਗਤੀ ਦੇ ਮਾਰਗ ਕਿਸੇ ਖਾਸ ਵੇਲੇ ਨਾਲ ਨਹੀਂ ਜੁੜਿਆ ਹੋਇਆ ਤੇ ਭਗਤੀ ਲਈ ਹਰ ਵੇਲਾ ਇੱਕੋ ਜਿਹਾ ਹੈ, ਅੱਠੇ ਪਹਿਰ ਇੱਕੋ ਜਿਹੇ ਹਨ ਜਿਸ ਲਈ ਕੇਵਲ ਮਨ ਨੂੰ ਹਰ ਵੇਲੇ ਭਾਵ ਅੱਠੇ ਪਹਿਰ ਸੱਚਾ ਬਣਾ ਕੇ ਰੱਖਣ ਦੀ ਹੈ ਪਰ ਅਸੀਂ ਫਿਰ ਵੀ ਆਪਣੀ ਮਤਿ ਅਨੁਸਾਰ ਕਿਸੇ ਖਾਸ ਵੇਲੇ ਨੂੰ ਹੀ ਭਗਤੀ ਦਾ ਉੱਚਾ ਵੇਲਾ ਮੰਨਦੇ ਹਾਂ ਜਿਸ ਨਾਲ ਅਸੀਂ ਸੱਚ ਤੇ ਖਰੇ ਕਿਵੇਂ ਉਤਰ ਸਕਦੇ ਹਾਂ, ਗੁਰੂ ਦੀ ਕਸਵੱਟੀ ਤੇ ਖਰਾ ਕਿਵੇਂ ਉਤਰ ਸਕਦੇ ਹਾਂ। ਇਹੀ ਗੱਲ "**ਸਾਧ ਸੰਗਤਿ**" ਨੂੰ, "**ਸਤਿਸੰਗਤਿ**" ਨੂੰ ਸਮਝਣ ਵਿੱਚ ਹੈ ਜਿਸ ਕਰਕੇ ਅਸੀਂ ਸੱਚ ਤੇ ਖਰੇ ਕਿਵੇਂ ਉਤਰ ਸਕਦੇ ਹਾਂ। ਗੁਰੂ ਦਾ ਹਰ ਸ਼ਬਦ ਸਾਡੇ ਲਈ ਕਸਵੱਟੀ ਹੈ ਜਿਸ ਕਸਵੱਟੀ ਤੇ ਅਸੀਂ ਖਰਾ ਉਤਰਨਾ ਹੈ। ਅਸੀਂ ਥਿਤਾ ਵਾਰਾਂ ਨੂੰ ਉੱਚਾ ਮੰਨਦੇ ਹਾਂ, ਪੂਜਦੇ ਹਾਂ, ਭਗਤੀ ਦੇ ਨਾਲ ਜੋੜਦੇ ਹਾਂ ਜਿਸ ਗੱਲ ਦਾ ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਨ੍ਹਾਂ ਗੱਲਾਂ ਨੂੰ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਹਰ ਥਿਤ ਵਾਰ ਸਾਡੇ ਲਈ ਇੱਕੋ ਜਿਹੀ ਹੈ ਜਿਵੇਂ ਕਿ ਬਾਣੀ ਦੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਬਾਣੀ ਰਾਹੀਂ ਹਰ ਥਿਤ ਵਾਰ ਦਾ ਬਿਆਨ ਕਰਨ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਸੱਚਾ ਸੁੱਚਾ ਇਨਸਾਨ ਬਣਨਾ ਹੀ ਸਿਖਾਇਆ ਹੈ ਜੋ ਕਿ ਅਸਲ ਭਗਤੀ ਦਾ ਮਾਰਗ ਹੈ। ਉੱਚਾ ਕੇਵਲ ਸੱਚ ਹੀ ਹੈ ਭਾਵ ਸ਼ਬਦਾਂ ਦੀ ਵਿਚਾਰ ਹੀ ਹੈ ਜੋ ਸਾਡੇ ਲਈ ਕਸਵੱਟੀ ਹੈ ਤੇ ਉਸ ਕਸਵੱਟੀ ਤੇ ਤਾਂ ਹੀ ਪੂਰਾ ਉਤਰਿਆ ਜਾ ਸਕਦਾ ਹੈ ਜੇਕਰ ਅਸੀਂ ਹਰ ਸ਼ਬਦ ਦੀ ਵਿਚਾਰ ਤੇ ਪੂਰਾ ਉਤਰਾਂਗੇ। ਬਾਣੀ ਰਾਹੀਂ ਸਾਨੂੰ ਇਹ ਗੱਲ ਵਾਰ-ਵਾਰ ਸਮਝਾਈ ਗਈ ਹੈ ਕਿ ਸੰਤ ਰੂਪ, ਸਾਧ ਰੂਪ ਕੇਵਲ ਗੁਰੂ ਹੈ ਤੇ ਸਾਨੂੰ ਗੁਰੂ ਨੂੰ ਛੱਡਕੇ ਕਿਸੇ ਹੋਰ ਸਾਧ ਸੰਤ ਅਖਵਾਉਣ ਵਾਲਿਆਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। ਇਨ੍ਹਾਂ ਗੱਲਾਂ ਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਬੜੇ ਗਹਿਰੇ ਢੰਗ ਨਾਲ ਸਮਝਾਇਆ ਹੋਇਆ ਹੈ ਤੇ ਅੱਗੇ ਚੱਲਕੇ ਸਭ ਕੁੱਝ ਬਰੀਕੀ ਨਾਲ ਸਮਝਾਂਗੇ। ਗੁਰੂ ਦੀ ਹਰ ਗੱਲ ਤੇ ਪੂਰਾ ਉਤਰੇ ਬਿਨ੍ਹਾਂ ਗੁਰੂ ਦੀ ਕਸਵੱਟੀ ਤੇ, ਸੱਚ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਿਆ ਜਾ ਸਕਦਾ। ਹੋਰ ਵੀ ਇਸੇ ਤਰਾਂ ਅਨੇਕਾਂ ਹੀ ਅਨੇਕਾਂ ਗੱਲਾਂ ਗੁਰੂ ਨੇ ਸਾਨੂੰ ਸਮਝਾਈਆਂ ਹੋਈਆਂ ਹਨ ਜਿਨ੍ਹਾਂ ਤੇ ਅਸੀਂ ਮਨ ਦੀ ਨਾ-ਸਮਝੀ ਕਰਕੇ ਨਾ ਸਮਝ ਸਕਦੇ ਹਾਂ ਤੇ ਨਾ ਪੂਰਾ ਉਤਰ ਸਕਦੇ ਹਾਂ। ਗੁਰੂ ਦੀ ਕਸਵੱਟੀ ਤੇ ਪੂਰਾ ਉਤਰਨਾ ਬਹੁਤ ਔਖਾ ਹੈ, ਸੱਚ ਤੇ ਪੂਰਾ ਉਤਰਨਾ, ਨਾਮ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਜਿਸ ਲਈ ਅਸੀਂ ਕੇਵਲ ਸੱਚਾ ਉੱਦਮ ਹੀ ਕਰਨਾ ਹੈ। ਜਿਸ ਨੂੰ ਪ੍ਰਮਾਤਮਾ ਸੱਚ ਦੀ ਕਸਵੱਟੀ ਤੇ ਪੂਰਾ ਉਤਾਰਦਾ ਹੈ ਉਹ ਮਨ ਦੇ ਵਿੱਚ ਸੱਚੀ ਸਮਝ ਬਖਸ਼ਣ ਦੁਆਰਾ ਆਪ ਹੀ ਉਤਾਰਦਾ ਹੈ ਪਰ ਉਸ ਲਈ ਉੱਦਮ ਪਹਿਲਾਂ ਅਸੀਂ ਹੀ ਕਰਨਾ ਹੈ ਕਿ ਅਸੀਂ ਸ਼ਬਦਾਂ ਦੀ ਵਿਚਾਰ ਦੇ ਅੰਦਰ ਦੇ ਸੱਚ ਨੂੰ ਸਮਝੀਏ, ਨਾਮ ਨੂੰ ਸਮਝੀਏ ਤੇ ਉਸ ਨਾਮ ਨੂੰ ਜਪੀਏ ਭਾਵ ਗੁਰੂ ਦੀ ਮਤਿ ਨੂੰ ਮੰਨੀਏ ਤੇ ਆਪਣੀ ਮਤਿ ਨੂੰ ਛੱਡੀਏ। ਸੱਚ ਦੀ ਕਸਵੱਟੀ ਤੇ ਪੂਰਾ ਉਤਰਨਾ ਭਾਵ ਖਰਾ ਉਤਰਨਾ ਹੀ ਗੁਰੂ ਦੇ ਤੋਲ ਨੂੰ ਤੁਲਨਾ ਹੈ, ਗੁਰੂ ਦੇ ਬਚਨਾਂ ਦੇ ਤੋਲ ਨੂੰ ਤੁਲਨਾ ਹੈ। ਕਿਸੇ

ਤੋਲ ਤੇ ਤਾਂ ਹੀ ਤੁਲਿਆ ਜਾ ਸਕਦਾ ਹੈ ਜੇਕਰ ਦੋਨਾਂ ਪਾਸੇ ਦਾ ਪਲੜਾ ਬਰਾਬਰੀ ਤੇ ਆ ਜਾਵੇ। ਪਲੜੇ ਦੇ ਇੱਕ ਪਾਸੇ ਸ਼ਬਦਾਂ ਦੇ ਵਿਚਾਰ ਹਨ ਤੇ ਦੂਸਰੇ ਪਲੜੇ ਤੇ ਮਨੁੱਖੀ ਸਮਝ ਦੇ ਵਿਚਾਰ ਹਨ ਭਾਵ ਸਾਡੀ ਸੁਰਤਿ ਦੇ ਵਿਚਾਰ ਹਨ। ਸਾਡੀ ਸੁਰਤਿ ਦੇ ਵਿਚਾਰਾਂ ਨੇ ਸ਼ਬਦਾਂ ਦੀ ਵਿਚਾਰ ਦੀ ਬਰਾਬਰੀ ਕਰਨੀ ਹੈ ਭਾਵ ਅਸੀਂ ਆਪਣੇ ਮਨ ਦੀ ਸਮਝ ਨੂੰ ਪੂਰੀ ਤਰ੍ਹਾਂ ਗੁਰੂ ਦੀ ਸਮਝ ਵਾਲੇ ਬਨਾਉਣਾ ਹੈ, ਅਸੀਂ ਆਪਣੀ ਮਨਮਤਿ ਨੂੰ ਗੁਰਮਤਿ ਦੇ ਵਿੱਚ ਬਦਲਣਾ ਹੈ ਤੇ ਇਹ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਆਪਣੀ ਮਤਿ ਪੂਰੀ ਤਰ੍ਹਾਂ ਛੱਡ ਦੇਵਾਂਗੇ ਤੇ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਮੰਨ ਲਵਾਂਗੇ। ਜੇਕਰ ਅਸੀਂ ਗੁਰੂ ਦੀ ਮਤਿ ਤੇ ਪੂਰਾ ਨਹੀਂ ਉਤਰਦੇ ਤੇ ਗੁਰਮਤਿ ਵਾਲੀ ਸਮਝ ਦੇ ਉਲਟ ਚੱਲਦੇ ਹਾਂ, ਗੁਰੂ ਦੇ ਬੋਲਾਂ ਦੇ ਉਲਟ ਚੱਲਦੇ ਹਾਂ, ਇਹੀ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਹੈ। (**ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥**)

ਸੱਚ ਦੀ ਕਸਵੱਟੀ ਤੇ ਖਰਾ ਉਤਰਨਾ, ਗੁਰੂ ਦੇ ਬਚਨਾਂ ਦਾ ਤੋਲ ਤੁਲਣਾ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਕੀਮਤ ਹੈ ਜੋ ਕੀਮਤ ਚੁਕਾਉਣੀ ਬਹੁਤ ਔਖੀ ਹੈ ਤੇ ਇਹ ਕੀਮਤ ਚੁਕਾਏ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜੋ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

“ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥”

ਹਰ ਕੋਈ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ, ਜਾਨਣਾ ਚਾਹੁੰਦਾ ਹੈ ਤੇ ਪ੍ਰਮਾਤਮਾ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ ਇਹੀ ਗੱਲ ਸ਼ਬਦ ਰਾਹੀਂ ਸਪੱਸ਼ਟ ਕੀਤੀ ਹੋਈ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜੋ, ਆਪਣੇ ਮਨ ਨੂੰ ਖੋਜੋ ਕਿਉਂਕਿ ਇਹ ਪੂਰਨ ਸੱਚ ਹੈ ਕਿ ਸਾਡੇ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਉੱਪਰ ਪੰਗਤੀ ਰਾਹੀਂ ਸਾਨੂੰ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਬਹੁਤ ਕੀਮਤੀ ਹੈ ਤੇ ਕੀਮਤੀ ਚੀਜ ਨੂੰ ਪਾਉਣ ਦੀ ਕੀਮਤ ਵੀ ਉੱਚੀ ਹੀ ਦੇਣੀ ਪੈਂਦੀ ਹੈ ਜਿਵੇਂ ਕਿ ਮਾਣਕ ਦੀ ਕੀਮਤ ਬਹੁਤ ਉੱਚੀ ਹੁੰਦੀ ਹੈ ਤੇ ਉਹ ਕੀਮਤ ਦੇਣ ਦੁਆਰਾ ਹੀ ਉਸਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਕੀ ਚੁਕਾਉਣੀ ਪੈਂਦੀ ਹੈ, ਇਹ ਅਸੀਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਜੋ ਕਿ ਗੁਰੂ ਦੇ ਬੋਲਾਂ ਦੀ ਕਸਵੱਟੀ ਤੇ ਪੂਰਾ ਉਤਰਨਾ ਪੈਂਦਾ ਹੈ ਭਾਵ ਗੁਰਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਪੈਂਦਾ ਹੈ ਭਾਵ ਗੁਰਮਤਿ ਅਨੁਸਾਰ ਚੱਲਣਾ ਪੈਂਦਾ ਹੈ, ਗੁਰੂ ਦੇ ਹਰ ਬੋਲ ਤੇ ਪੂਰਾ ਉਤਰਨਾ ਪੈਂਦਾ ਹੈ ਜਿਸ ਲਈ ਮਾਇਆ ਮੋਹ ਨੂੰ, ਆਪਣੀ ਨਾ-ਸਮਝ ਮਤਿ ਨੂੰ ਪੂਰਨ ਰੂਪ ਵਿੱਚ ਛੱਡਣਾ ਪੈਂਦਾ ਹੈ, ਆਪਣੀ ਹਉਮੈ ਛੱਡਣੀ ਪੈਂਦੀ ਹੈ, ਆਪਣੀ ਨਾ-ਸਮਝ ਭਗਤੀ ਦੁਆਰਾ ਸਾਨੂੰ ਜੋ ਝੂਠਾ ਮਾਣ ਮਿਲਦਾ ਹੈ, ਉਹ ਛੱਡਣਾ ਪੈਂਦਾ ਹੈ, ਭਗਤੀ ਦਾ ਹਰ ਨਾ-ਸਮਝ ਤਰੀਕਾ ਛੱਡਣਾ ਪੈਂਦਾ ਹੈ ਜਿਨ੍ਹਾਂ ਨੂੰ ਛੱਡਣ ਲਈ ਗੁਰੂ ਨੇ ਆਪਣੀ ਮਤਿ ਦੇਣ ਦੁਆਰਾ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੈ। ਗੁਰੂ ਦੀ ਮਤਿ ਤੇ ਪੂਰਾ ਉਤਰਨਾ ਕਿਤਨਾ ਔਖਾ ਹੈ, ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਇਸੇ ਲਈ ਨਾਮ ਜਪਣਾ ਔਖਾ ਹੈ, ਹਰਿ ਹਰਿ ਜਪਣਾ ਔਖਾ ਹੈ ਕਿਉਂਕਿ ਗੁਰਮਤਿ ਤੇ ਪੂਰਾ ਉਤਰਨਾ, ਸ਼ਬਦਾਂ ਦੀ ਵਿਚਾਰ ਤੇ ਪੂਰਾ ਉਤਰਨਾ ਬਹੁਤ ਔਖਾ ਹੈ, ਗੁਰੂ ਦੇ ਬੋਲਾਂ ਨੂੰ ਪੁਗਾਉਣਾ ਬਹੁਤ ਔਖਾ ਹੈ ਜਿਸ ਕਰਕੇ ਅਸੀਂ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ ਭਾਵ ਗੁਰੂ ਦੇ ਬੋਲਾਂ ਦਾ ਗਲਤ ਮਤਲਬ ਕੱਢਦੇ ਹਾਂ ਤੇ ਉਨ੍ਹਾਂ ਦੇ ਉਲਟ ਚੱਲਦੇ ਹਾਂ। ਇਹ ਸਭ ਛੱਡੇ ਬਿਨ੍ਹਾਂ ਅਸੀਂ ਗੁਰਮਤਿ ਦੀ ਕੀਮਤ ਨਹੀਂ ਦੇ ਸਕਦੇ, ਗੁਰਮਤਿ ਨੂੰ ਮੰਨਣ ਦੀ ਕੀਮਤ ਨਹੀਂ ਚੁਕਾ ਸਕਦੇ ਤੇ ਇਹ ਕੀਮਤ ਚੁਕਾਏ ਬਿਨ੍ਹਾਂ ਉਸ ਸੰਸਾਰ ਦੀ ਸਭ ਤੋਂ ਕੀਮਤੀ ਵਸਤੂ ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਪਾਇਆ ਜਾ ਸਕਦਾ ਜੋ ਸਾਡੇ ਅੰਦਰ ਹੀ ਹੈ, ਮਨ ਦੇ ਰੂਪ ਵਿੱਚ ਹੀ ਹੈ ਜਿਸਨੂੰ ਅਸੀਂ ਆਪਣੇ ਅੰਦਰੋਂ ਖੋਜਣ ਦੀ ਕੀਮਤ ਹੀ ਚੁਕਾਉਣੀ ਹੈ ਜੋ ਕੀਮਤ ਬਹੁਤ ਉੱਚੀ ਹੈ। (**ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥**)

ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਆਪਣੀ ਕਥਨੀ ਦੁਆਰਾ ਸਮਝਦੇ ਹਾਂ, ਸਰੀਰਕ ਜਪਾਂ ਤਪਾਂ ਦੁਆਰਾ ਸਮਝਦੇ ਹਾਂ ਜੋ ਕਿ ਸਾਡਾ ਵੱਡਾ ਭਰਮ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ, ਦ੍ਰਿੜ ਕੀਤਾ ਜਾ ਸਕਦਾ ਹੈ।

{ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥}

(ਅੰਗ - ੧੫)

{ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥}

(ਅੰਗ - ੫੩)

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥੪॥}

(ਅੰਗ - ੯)

ਗੁਰਮਤਿ ਦਾ ਤੋਲ ਤੁਲੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਭਉ ਮੁਚੁ ਭਾਰਾ ਵਡਾ ਤੋਲੁ ॥

ਮਨ ਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥
ਭੈ ਬਿਨੁ ਘਾੜਤ ਕਚੁ ਨਿਕਚ ॥
ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥
ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥
ਅੰਧਾ ਅਖਰੁ ਵਾਉ ਦੁਆਉ ॥੩॥}

(ਅੰਗ - ੧੫੧)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥
ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥
ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥
ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥
ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ - ੧੨੩੯)

ਉੱਪਰ ਵਾਲੇ ਸ਼ਬਦਾਂ ਨੂੰ ਲੇਖ ਵਿੱਚ ਅੱਗੇ ਚੱਲਕੇ ਬੜੀ ਬਰੀਕੀ ਨਾਲ ਸਮਝਾਂਗੇ ਕਿ ਗੁਰੂ ਦੇ ਤੋਲ ਤੇ ਪੂਰਾ ਉਤਰਨਾ ਕੀ ਹੈ ਤੇ ਅਸੀਂ ਇਹ ਤੋਲ ਕਿਸ ਤਰੀਕੇ ਤੁਲਨਾ ਸਮਝਦੇ ਹਾਂ ਜਿਸਨੂੰ ਸਾਡਾ ਵੱਡਾ ਭਰਮ ਕਹਿ ਕੇ ਸਮਝਾਇਆ ਹੋਇਆ ਹੈ। ਜਿਸ ਤਰੀਕੇ ਤੋਲ ਤੁਲਣ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੀਮਤਿ ਸਮਝਦੇ ਹਾਂ, ਉਸ ਤਰੀਕੇ ਪ੍ਰਮਾਤਮਾ ਦੀ ਤਾਂ ਕੋਈ ਕੀਮਤ ਨਹੀਂ ਪੈਂਦੀ ਪਰ ਕੀਮਤ ਪਾਉਣ ਵਾਲਿਆਂ ਦੀ ਆਪਣੀ ਕੀਮਤ ਜਰੂਰ ਪੈ ਜਾਂਦੀ ਹੈ ਜੋ ਕੀਮਤ ਸਮਾਜ ਵਿੱਚੋਂ ਵਡਿਆਈਆਂ ਮਿਲਣ ਦੁਆਰਾ, ਮਾਣ ਮਿਲਣ ਦੁਆਰਾ ਪੈਂਦੀ ਹੈ ਜਿਸਨੂੰ ਕਿ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਾਡਾ ਝੂਠਾ ਮਾਣ ਦੱਸਿਆ ਹੈ, ਉਹ ਮਾਣ ਤਿਆਗਣ ਲਈ ਸਮਝਾਇਆ ਹੈ। ਜਿਸ ਨਾ-ਸਮਝ ਭਗਤੀ ਦੇ ਤਰੀਕੇ ਦੁਆਰਾ ਆਪਣੀ ਕੀਮਤ ਪਵੈ ਉਸ ਨਾਲ ਗੁਰੂ ਦੀ ਭਾਵ ਗੁਰੂ ਦੀ ਮਤਿ ਦੀ ਕੀਮਤ ਕਿਵੇਂ ਪੈ ਸਕਦੀ ਹੈ। ਗੁਰਮਤਿ ਦੇ ਉਲਟ ਚੱਲਕੇ ਗੁਰਮਤਿ ਦੀ ਵਡਿਆਈ ਕਿਵੇਂ ਕੀਤੀ ਜਾ ਸਕਦੀ ਹੈ। ਗੁਰਮਤਿ ਨੂੰ ਵੱਡਾ ਕਰਨਾ ਹੀ ਗੁਰੂ ਦੀ ਵਡਿਆਈ ਕਰਨਾ ਹੈ, ਪ੍ਰਮਾਤਮਾ ਨੂੰ ਵੱਡਾ

ਕਰਨਾ ਹੈ। ਝੂਠੀ ਵਡਿਆਈ ਵਿੱਚ ਤੇ ਸੱਚੀ ਵਡਿਆਈ ਵਿੱਚ ਕੀ ਫਰਕ ਹੈ ਇਹ ਸਭ ਕੁੱਝ ਬਾਣੀ ਰਾਹੀਂ ਸਮਝਾਇਆ ਹੋਇਆ ਹੈ ਜਿਸਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਵਿਸਥਾਰ ਨਾਲ ਸਮਝਾਂਗੇ। ਜਿਨ੍ਹਾਂ ਨੇ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਹੈ ਤੇ ਸੰਸਾਰ ਨੂੰ ਸੱਚੀ ਵਡਿਆਈ ਕਰਨੀ ਸਿਖਾਈ ਹੈ ਉਨ੍ਹਾਂ ਸਰੀਰਾਂ ਦੀ ਵਡਿਆਈ ਹੀ ਸੱਚੀ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਆਪਣੀ ਸੱਚੀ ਵਡਿਆਈ ਕਰਵਾਈ ਹੈ, ਭਗਤਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਰਾਹੀਂ ਕਰਵਾਈ ਹੈ ਉਨਾਂ ਮਹਾਂਪੁਰਖਾਂ ਦੀ ਵਡਿਆਈ ਹੀ ਸੱਚੀ ਵਡਿਆਈ ਹੈ। ਬਿਨ੍ਹਾਂ ਪ੍ਰਮਾਤਮਾ ਨੂੰ ਜਾਣੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਬਹੁਤ ਹਨ, ਮਹਾਂ ਪੁਰਸ਼ ਅਖਵਾਉਣ ਵਾਲੇ ਬਹੁਤ ਹਨ ਪਰ ਉਨ੍ਹਾਂ ਦੀ ਵਡਿਆਈ ਕੇਵਲ ਇਸ ਗੱਲ ਲਈ ਕਰਨੀ ਕਿ ਇਹ ਪ੍ਰਮਾਤਮਾ ਦੇ ਨੇੜੇ ਹਨ, ਪ੍ਰਮਾਤਮਾ ਨੂੰ ਜਾਨਣ ਵਾਲੇ ਹਨ, ਇਹ ਸਾਡਾ ਵੱਡਾ ਭਰਮ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ। ਸੱਚੀ ਵਡਿਆਈ ਕੇਵਲ ਗੁਰੂ ਦੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਆਪਣੀ ਝੂਠੀ ਵਡਿਆਈ ਲੈਣ ਨਾਲ, ਭਗਤੀ ਦੇ ਨਾ-ਸਮਝ ਤਰੀਕਿਆਂ ਨਾਲ ਵਡਿਆਈ ਲੈਣ ਨਾਲ ਸਾਡੀ ਆਪਣੀ ਹੀ ਕੀਮਤ ਪੈਂਦੀ ਹੈ ਨਾ ਕਿ ਗੁਰੂ ਦੀ। ਗੁਰੂ ਦੀ ਕੀਮਤ ਗੁਰੂ ਦੀ ਮਤਿ ਨੂੰ, ਗੁਰੂ ਦੀ ਸਮਝ ਨੂੰ ਉੱਚਾ ਕਰਕੇ ਪੈਂਦੀ ਹੈ, ਗੁਰਮਤਿ ਨੂੰ ਮੰਨਣ ਦੁਆਰਾ ਪੈਂਦੀ ਹੈ ਜਿਸ ਲਈ ਆਪਣੀ ਸਮਝ ਭਾਵ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ। (**ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥2॥**) ਅੰਗ - 9

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥}

(ਅੰਗ - ੫੮)

{ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥
ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੨॥}

(ਅੰਗ - ੧੫)

{ਮੂਰਖ ਅੰਧਿਆ ਅੰਧੀ ਧਾਤੁ ॥
ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ - ੧੨੩੯)

ਗੁਰੂ ਕੀ ਕੀਮਤ ਗੁਰੂ ਦੇ ਬੋਲਾਂ ਨੂੰ ਮੰਨਣ ਦੁਆਰਾ ਹੀ ਪੈਂਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਗੁਰੂ ਦੇ ਬੋਲਾਂ ਨੂੰ ਵਿਗਾੜਨ ਦੁਆਰਾ ਭਾਵ ਗੁਰੂ ਦੇ ਬੋਲਾਂ ਦੇ ਉਲਟ ਚੱਲਣ ਦੁਆਰਾ ਸਾਡੀ ਆਪਣੀ ਕੀਮਤ ਪੈਂਦੀ ਹੈ। ਫੈਸਲਾ ਅਸੀਂ ਹੀ ਕਰਨਾ ਹੈ ਕਿ ਅਸੀਂ ਕਿਸ ਦੀ ਕੀਮਤ ਪਾਉਣੀ ਚਾਹੁੰਦੇ ਹਾਂ, ਕਿਸ ਦੀ ਵਡਿਆਈ ਕਰਨੀ ਚਾਹੁੰਦੇ ਹਾਂ ਭਾਵ ਆਪਣੀ ਜਾਂ ਗੁਰੂ ਦੀ। ਗੁਰੂ ਦੀ ਵਡਿਆਈ ਕਰਨ ਲਈ ਆਪਣੀ ਵਡਿਆਈ ਛੱਡਣੀ ਹੀ ਪਵੇਗੀ ਭਾਵ ਗੁਰੂ ਦੀ ਮਤਿ ਨੂੰ ਉਸੇ ਤਰੀਕੇ ਵਿੱਚ ਮੰਨਣਾ ਪਵੇਗਾ ਜਿਸ ਮਕਸਦ ਲਈ ਗੁਰੂ ਨੇ ਸਾਨੂੰ ਆਪਣੀ ਗੱਲ ਸਮਝਾਈ ਹੈ। ਗੁਰੂ ਚੌਥੇ ਪਦ ਵਿੱਚ ਹੈ ਤੇ ਸਾਰਾ ਸੰਸਾਰ ਤ੍ਰੈਗੁਣਾਂ ਵਾਲੀ ਸਮਝ ਦੇ ਵਿੱਚ ਹੈ। ਗੁਰੂ ਦੀਆਂ ਗੂੜ ਭਾਵ ਵਾਲੀਆਂ ਗੱਲਾਂ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ ਜਿਨ੍ਹਾਂ ਨੂੰ ਨਾ ਸਮਝ ਸਕਣ ਕਰਕੇ ਗੁਰੂ ਸਾਡੇ ਨਾਲ ਨਾਰਾਜ ਨਹੀਂ ਹੁੰਦਾ ਕਿਉਂਕਿ ਉਸਨੂੰ ਇਹ ਪਤਾ ਹੈ ਕਿ ਮਨੁੱਖੀ ਸਮਝ ਨੂੰ ਤ੍ਰੈਗੁਣਾਂ ਵਿੱਚ, ਹਉਮੈ ਵਿੱਚ ਮੈ ਆਪ ਹੀ ਰੱਖਿਆ ਹੋਇਆ ਹੈ। ਗੁਰੂ ਨੇ ਬਾਣੀ ਰਾਹੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਆਪਣੀ ਗੱਲ ਉਸ ਤਰੀਕੇ ਨਾਲ ਵੀ ਸਮਝਾਈ ਹੋਈ ਹੈ ਜਿਸਨੂੰ ਹਰ ਕੋਈ ਤ੍ਰੈਗੁਣਾਂ ਵਾਲੀ ਸਮਝ ਦੁਆਰਾ ਵੀ ਸਮਝ ਸਕੇ ਤੇ ਸਾਡੇ ਮਨ ਦੇ ਅੰਦਰ ਮਾੜੇ ਚੰਗੇ ਦਾ ਭੇਦ ਸਮਝਣ ਵਾਲੇ ਵਿਚਾਰ ਵੀ ਪ੍ਰਮਾਤਮਾ ਨੇ ਆਪ ਹੀ ਪਾਏ ਹੋਏ ਹਨ। ਜੋ ਗੱਲਾਂ ਸਾਨੂੰ ਗੁਰੂ ਦੀਆਂ ਅਸਾਨੀ ਨਾਲ ਸਮਝ ਆ ਜਾਂਦੀਆਂ ਹਨ ਅਸੀਂ ਉਨ੍ਹਾਂ ਨੂੰ ਵੀ ਨਹੀਂ ਮੰਨਦੇ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਦੇ ਆ

ਰਹੇ ਹਾਂ। ਅਸਲ ਵਿੱਚ ਅਸੀਂ ਆਪਣੀ ਭਰਮਾਂ ਵਾਲੀ ਮਤਿ ਦੇ ਨਾਲ ਹੀ ਜੁੜੇ ਰਹਿਣਾ ਚੰਗਾ ਸਮਝਦੇ ਹਾਂ, ਮਾਇਆ ਮੋਹ ਨਾਲ ਜੁੜੇ ਰਹਿਣਾ ਹੀ ਚੰਗਾ ਸਮਝਦੇ ਹਾਂ ਤਾਂ ਉਸ ਮਤਿ ਨੂੰ ਛੱਡੇ ਬਿਨ੍ਹਾਂ ਹੀ ਭਗਤੀ ਵਾਲੇ ਅਖਵਾਉਣਾ ਚਾਹੁੰਦੇ ਹਾਂ ਤੇ ਸਾਨੂੰ ਸਮਝਾਉਣ ਵਾਲੇ ਵੀ ਇਹੋ ਕੁੱਝ ਹੀ ਸਮਝਾਈ ਜਾਂਦੇ ਹਨ, ਸਦੀਆਂ ਤੋਂ ਸਮਝਾਈ ਜਾਂਦੇ ਹਨ ਤੇ ਅਸੀਂ ਉਨ੍ਹਾਂ ਦੇ ਪਿੱਛੇ ਹੀ ਲੱਗੇ ਹੋਏ ਹਾਂ। ਗੁਰਬਾਣੀ ਦਾ ਮਕਸਦ ਹੀ ਸਾਨੂੰ ਸਦੀਆਂ ਤੋਂ ਚੱਲਦੀ ਆ ਰਹੀ ਭਰਮਾਂ ਵਾਲੀ ਭਗਤੀ ਵਿੱਚੋਂ ਕੱਢਣ ਦਾ ਹੈ ਤੇ ਉਹ ਤਾਂ ਹੀ ਨਿਕਲ ਸਕਾਂਗੇ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ, ਪੂਰੇ ਵਿਸ਼ਵਾਸ ਨਾਲ ਮੰਨਾਂਗੇ ਤੇ ਗੁਰੂ ਦੇ ਨਾਲ ਵਿਸ਼ਵਾਸ ਜੋੜਨ ਲਈ ਸਾਨੂੰ ਉਨਾਂ ਉੱਤੋਂ ਆਪਣਾ ਵਿਸ਼ਵਾਸ ਤੋੜਨਾ ਪਵੇਗਾ ਜਿਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਭਗਤੀ ਦੇ ਮਾਰਗ ਤੇ ਉੱਚਾ ਸਮਝਿਆ ਹੋਇਆ ਹੈ ਤੇ ਅਸੀਂ ਉਨ੍ਹਾਂ ਦੀਆਂ ਗੱਲਾਂ ਨੂੰ ਸਦੀਆਂ ਤੋਂ ਸੱਚ ਸਮਝ ਕੇ ਮੰਨੀ ਜਾਂਦੇ ਹਾਂ। ਸਭ ਤੋਂ ਵੱਡਾ ਭਰਮ ਨਾਮ ਨੂੰ ਸਮਝਣ ਵਿੱਚ ਹੈ ਜਿਸ ਦੀ ਸਮਝ ਆਏ ਬਿਨ੍ਹਾਂ ਸੱਚੀ ਭਗਤੀ ਦੇ ਮਾਰਗ ਤੇ ਕੋਈ ਚੱਲ ਹੀ ਨਹੀਂ ਸਕਦਾ। ਬਾਣੀ ਸਾਨੂੰ ਵਾਰ-ਵਾਰ ਔਗੁਣ ਤਿਆਗਣ ਲਈ ਸਮਝਾਉਂਦੀ ਹੈ ਤੇ ਔਗੁਣਾਂ ਨੂੰ ਤਿਆਗਣਾ ਹੀ ਨਾਮ ਜਪਣਾ ਹੈ ਪਰ ਨਾਮ ਨੂੰ ਔਗੁਣਾਂ ਦੇ ਤਿਆਗ ਨਾਲੋਂ ਵੱਖਰਾ ਕਰਕੇ ਇਹ ਹੀ ਭਰਮ ਫੈਲਾਇਆ ਹੋਇਆ ਹੈ ਕਿ ਕਿਸੇ ਅੱਖਰ ਦਾ ਜਪ ਕਰਨ ਨਾਲ ਆਪੇ ਹੀ ਔਗੁਣ ਦੂਰ ਹੋ ਜਾਂਦੇ ਹਨ ਭਾਵ ਔਗੁਣ ਛੱਡਣ ਦੀ ਲੋੜ ਨਹੀਂ ਹੈ। ਇਸਨੂੰ ਬਾਣੀ ਰਾਹੀਂ ਕੇਵਲ ਸਾਡੀ ਚਤੁਰਾਈ ਦੱਸਿਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਸ਼ਬਦਾਂ ਦੁਆਰਾ ਸਮਝਾਂਗੇ। ਕਿਸੇ ਨੂੰ ਇਹ ਸਮਝਾਉਣਾ ਕਿ ਔਗੁਣ ਛੱਡਣ ਦੀ ਲੋੜ ਨਹੀਂ ਤੇ ਕੇਵਲ ਕਿਸੇ ਅੱਖਰ ਦਾ ਜਪ ਕਰੀ ਜਾਣਾ ਹੀ ਸਭ ਕੁੱਝ ਹੈ ਤਾਂ ਫਿਰ ਕੀ ਇਹ ਕਿਸੇ ਨੂੰ ਔਗੁਣ ਕਰੀ ਜਾਣ ਦਾ, ਮਾੜੇ ਕਰਮ ਕਰੀ ਜਾਣ ਦਾ, ਝੂਠ ਬੋਲੀ ਜਾਣ ਦਾ, ਪਰਾਇਆ ਹੱਕ ਖਾਈ ਜਾਣ ਆਦਿ ਦਾ ਲਾਇਸੰਸ ਦੇਣ ਵਾਲੀ ਗੱਲ ਨਹੀਂ ਹੈ, ਧਾਰਮਿਕ ਲਾਇਸੰਸ ਦੇਣ ਵਾਲੀ ਗੱਲ ਨਹੀਂ ਹੈ ਭਾਵ ਝੂਠ ਬੋਲਣ ਦਾ, ਮਾੜੇ ਕਰਮ ਕਰਨ ਦਾ ਲਾਇਸੰਸ ਦੇਣ ਵਾਲੀ ਗੱਲ ਹੈ। ਗੁਰੂ ਸਾਹਿਬ ਸਾਨੂੰ ਵਾਰ-ਵਾਰ ਇਨ੍ਹਾਂ ਭਰਮਾਂ ਵਿੱਚੋਂ ਕੱਢ ਰਹੇ ਹਨ ਤਾਂ ਜੋ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਸਮਝੀਏ ਤੇ ਭਰਮ ਫੈਲਾਉਂਣ ਵਾਲਿਆਂ ਤੋਂ ਬਚੀਏ ਜੋ ਆਪਣੀ ਝੂਠੀ ਸ਼ੋਭਾ ਲਈ ਦੂਸਰਿਆਂ ਨੂੰ ਭਰਮਾਂ ਵਿੱਚ ਪਾਉਂਦੇ ਹਨ। ਗੁਰਮਤਿ ਦੇ ਉਲਟ ਚੱਲਣਾ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਹੈ ਤੇ ਇਹੋ ਜਿਹਾ ਪ੍ਰਚਾਰ ਕਰਨ ਦੁਆਰਾ ਉਹ ਦੂਸਰਿਆਂ ਨੂੰ ਵੀ ਗੁਰੂ ਦੇ ਬੋਲ ਵਿਗਾੜਨੇ ਸਿਖਾਉਂਦੇ ਹਨ। ਗੁਰੂ ਦੇ ਬੋਲਾਂ ਨੂੰ ਵਿਗਾੜ ਕੇ ਕੀ ਕਦੇ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ ਭਾਵ ਨਹੀਂ ਪਾ ਸਕਦਾ ਤੇ ਨਾ ਹੀ ਇਸ ਤਰੀਕੇ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਨਾ ਹੀ ਜਾਣਿਆ ਜਾ ਸਕਦਾ ਹੈ। ਗੁਰੂ ਨੇ ਸਾਨੂੰ ਜੋ ਗੱਲ ਜਿਸ ਮਕਸਦ ਲਈ ਸਮਝਾਈ ਹੈ ਉਸ ਮਕਸਦ ਤੋਂ ਅੱਗੇ ਪਿੱਛੇ ਕਦੇ ਨਹੀਂ ਹੋਣਾ ਚਾਹੀਦਾ।

ਆਪਣੀ ਮਤਿ ਨੂੰ ਉੱਚਾ ਕਰਨ ਲਈ ਅਸੀਂ ਗੁਰੂ ਦੀ ਮਤਿ ਨੂੰ ਹੀ ਨੀਵਾਂ ਕਰਦੇ ਹਾਂ। ਗੁਰੂ ਦੇ ਅਨੇਕਾਂ ਸ਼ਬਦਾਂ ਦਾ ਅਰਥ ਗਹਿਰਾ ਹੁੰਦਾ ਹੈ ਜਿਨ੍ਹਾਂ ਦੀ ਸਮਝ ਨਾ ਆਉਣ ਕਰਕੇ ਉਨ੍ਹਾਂ ਦੇ ਅਰਥ ਆਪਣੀ ਮਤਿ ਅਨੁਸਾਰ ਬਦਲ ਲੈਂਦੇ ਹਾਂ। ਇਹ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

“ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥”

(ਅੰਗ - ੯੧੭)

ਉੱਪਰ ਵਾਲੇ ਸ਼ਬਦ ਰਾਹੀਂ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ। “ਅਨੰਦੁ” ਵਾਲੀ ਅਵੱਸਥਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਉੱਪਰ ਸ਼ਬਦ ਦੀ ਇੱਕ ਪੰਗਤੀ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਇਸ ਤਰੀਕੇ ਸਮਝਾਈ ਹੋਈ ਹੈ।

“ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥”

ਰਾਗ ਕਿਸਨੂੰ ਕਹਿਆ ਹੈ, ਰਤਨ ਕੀ ਹੈ, ਪਰਵਾਰ ਕੀ ਹੈ ਇਸ ਗੱਲ ਨੂੰ ਪੂਰੇ ਸ਼ਬਦ ਦੀ ਵਿਆਖਿਆ ਦੁਆਰਾ ਸਮਝਾਂਗੇ।

ਮਨ ਦੇ ਵਿੱਚ ਮੇਲ ਦੁਆਰਾ ਪ੍ਰਮਾਤਮਾ ਕੋਲੋਂ ਵਧਾਈਆਂ ਕਿਸ ਤਰੀਕੇ ਮਿਲਦੀਆਂ ਹਨ ਜੋ ਕਿ ਉਸਦੇ ਪੱਰਵਾਰ ਵਾਲਾ ਬਣਨ ਤੋਂ ਬਾਅਦ ਮਨ ਦੇ ਵਿੱਚ ਮਿਲਦੀਆਂ ਹਨ, ਇਹ ਗੱਲ ਸਮਝਾਈ ਹੋਈ ਹੈ। "ਪਰਵਾਰ ਪਰੀਆ" ਜਿਸ ਤਰੀਕੇ ਲਿਖਿਆ ਹੋਇਆ ਹੈ, ਇਸਨੂੰ ਇਸੇ ਤਰੀਕੇ ਪੜ੍ਹਨਾ ਹੀ ਸਹੀ ਹੈ। "ਪਰਵਾਰ ਪਰੀਆ" ਤੋਂ ਭਾਵ ਹੈ ਕਿ ਪਰਿਵਾਰ ਪੈ ਗਿਆ ਭਾਵ ਪਰਿਵਾਰ ਬਣ ਗਿਆ। ਰਾਗ ਤੇ ਰਤਨ ਦਾ ਪਰਿਵਾਰ ਇੱਕ ਹੋ ਗਿਆ। ਅਸੀਂ ਪਰੀਆ ਨੂੰ ਨਾ-ਸਮਝੀ ਕਰਕੇ "ਪਰੀਆਂ" ਬੋਲ ਕੇ ਪੜ੍ਹਦੇ ਹਾਂ ਤੇ ਆਪਣੇ ਆਪ ਹੀ "ਆ" ਦੇ ਉੱਪਰ "ਬਿੰਦੀ" ਲਗਾ ਕੇ ਪਰੀਆ ਅੱਖਰ ਨੂੰ ਪਰੀਆਂ ਦੇ ਰੂਪ ਵਿੱਚ ਬਦਲ ਦਿੰਦੇ ਹਾਂ। ਗੁਰੂ ਨੇ ਸਾਨੂੰ ਆਪਣੀ ਗੱਲ ਕਿਸੇ ਹੋਰ ਮਕਸਦ ਲਈ ਸਮਝਾਈ ਹੈ ਪਰ ਆਪਣੀ ਨਾ-ਸਮਝੀ ਕਰਕੇ ਅਸੀਂ ਗੁਰੂ ਦੀ ਗੱਲ ਦਾ ਮਕਸਦ ਹੀ ਬਦਲ ਦਿੱਤਾ ਹੈ ਭਾਵ ਅਸੀਂ ਗੁਰੂ ਦੇ ਬੋਲਾਂ ਨੂੰ ਵਿਗਾੜ ਦਿੱਤਾ ਹੈ, ਆਪਣੀ ਮਤਿ ਵਰਤਣ ਦੁਆਰਾ ਵਿਗਾੜ ਦਿੱਤਾ ਹੈ। ਗੁਰੂ ਸਾਹਿਬ ਨੇ ਇਹੋ ਗੱਲ ਹੋਰ ਸ਼ਬਦ ਰਾਹੀਂ ਵੀ ਸਮਝਾਈ ਹੋਈ ਹੈ ਤਾਂ ਜੋ ਅਸੀਂ ਕਿਸੇ ਭਰਮ ਵਿੱਚ ਨਾ ਪਈਏ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਰਾਗ ਰਤਨ ਪਰੀਆ ਪਰਵਾਰ ॥
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥
ਜੇ ਕੋ ਬੂਝੈ ਏਹੁ ਬੀਚਾਰੁ ॥੪॥"

(ਅੰਗ - ੩੫੧)

ਉਪਰਲੀਆਂ ਪੰਗਤੀਆਂ ਰਾਹੀਂ ਵੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜੋ ਸਾਡੇ ਮਨ ਦੀ ਸਮਝ ਦਾ ਪ੍ਰਮਾਤਮਾ ਵਾਲੀ ਸੱਚੀ ਸਮਝ ਦੇ ਨਾਲ ਇੱਕ ਹੋਣ ਦੁਆਰਾ ਭਾਵ ਉਸਦੇ ਪਰਿਵਾਰ ਵਾਲਾ ਬਣਨ ਦੁਆਰਾ ਹੀ ਹੁੰਦਾ ਹੈ ਜੋ ਮੇਲ ਹੋਣ ਤੋਂ ਬਾਅਦ ਮਨ ਦੇ ਵਿੱਚ ਅੰਮ੍ਰਿਤੁ ਸਾਰ ਹੀ ਉਪਜਦਾ ਹੈ, ਗੁਰਮਤਿ ਦੀ ਸਮਝ ਵਾਲਾ ਸੱਚਾ ਗਿਆਨ ਹੀ ਉਪਜਦਾ ਹੈ, ਅੰਮ੍ਰਿਤ ਨਾਮ ਹੀ ਉਪਜਦਾ ਹੈ ਜੋ ਸੱਚਾ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪ ਹੀ ਉਪਜਾਉਂਦਾ ਹੈ। ਇਸ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ। ਉੱਪਰ ਵਾਲੇ ਸ਼ਬਦ ਵਿੱਚ ਵੀ ਸਾਨੂੰ "ਪਰੀਆ' ਸ਼ਬਦ ਇਸੇ ਤਰ੍ਹਾਂ ਹੀ ਪੜ੍ਹਨਾ ਚਾਹੀਦਾ ਹੈ ਭਾਵ ਆਪਣੇ ਕੋਲੋਂ ਕੋਈ ਬਿੰਦੀ ਨਹੀਂ ਲਗਾਉਣੀ ਚਾਹੀਦੀ ਜਿਸ ਨਾਲ ਗੁਰੂ ਦੀ ਅਸਲ ਗੱਲ ਨੂੰ ਸਮਝਣ ਵਿੱਚ ਕੇਵਲ ਭਰਮ ਹੀ ਪੈਂਦਾ ਹੈ ਭਾਵ ਅਸਲੀਅਤ ਸਮਝ ਨਹੀਂ ਆਉਂਦੀ। ਸਾਨੂੰ ਆਪਣੀ ਮਤਿ ਵਰਤਕੇ, ਭਰਮਾਂ ਵਾਲੀ ਮਤਿ ਵਰਤਕੇ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਨਹੀਂ ਚਾਹੀਦਾ।

ਇਸੇ ਤਰਾਂ ਅਸੀਂ ਹੇਠ ਦਿੱਤੇ ਹੋਏ ਸ਼ਬਦ ਦੀ ਪੰਗਤੀ ਨੂੰ ਸਮਝਦੇ ਹਾਂ ਜਿਸ ਰਾਹੀਂ ਅਸੀਂ ਆਪਣੀ ਮਤਿ ਵਰਤਣ ਦੁਆਰਾ ਗੁਰੂ ਦੇ ਬੋਲਾਂ ਨੂੰ, ਗੁਰੂ ਦੇ ਵਿਚਾਰਾਂ ਦੇ ਮਕਸਦ ਨੂੰ ਵਿਗਾੜਿਆ ਹੋਇਆ ਹੈ।

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥"

(ਅੰਗ - 8)

ਉੱਪਰ ਵਾਲੀ ਪੰਗਤੀ ਵਿੱਚ ਅੱਖਰ **"ਮਸਕਤਿ"** ਹੈ ਜੋ ਕਿ ਇਸੇ ਤਰਾਂ ਬੋਲਣਾ ਹੀ ਸਹੀ ਹੈ। "ਮਸਕਤਿ" ਤੋਂ ਭਾਵ ਸੇਵਾ ਹੁੰਦਾ ਹੈ ਤੇ ਉੱਪਰ ਸ਼ਬਦ ਰਾਹੀਂ ਮਨੁੱਖ ਦੀ ਸੇਵਾ ਘਾਲਣਾ ਕੀ ਹੈ, ਇਹ ਸਮਝਾਈ ਹੋਈ ਹੈ। ਪ੍ਰਮਾਤਮਾ ਦਾ ਨਾਮ ਧਿਆਉਣਾ ਜਾਂ ਸੇਵਾ ਘਾਲਣਾ ਇੱਕੋ ਹੀ ਗੱਲ ਹੈ ਜੋ ਘਾਲਣਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਘਾਲੀ ਜਾ ਸਕਦੀ ਹੈ। ਅਸੀਂ ਮਸਕਤਿ ਅੱਖਰ ਨੂੰ ਬੋਲਣ ਵਿੱਚ ਆਪ ਹੀ ਬਿੰਦੀ ਲਗਾ ਲੈਂਦੇ ਹਾਂ ਤੇ **"ਮੁਸ਼ਕੱਤ"** ਕਹਿ ਕੇ ਬੋਲਦੇ ਹਾਂ ਜਿਸ ਨਾਲ ਗੁਰੂ ਦੇ ਬੋਲਾਂ ਨੂੰ ਅਸੀਂ ਬਦਲ ਦਿੰਦੇ ਹਾਂ, ਸੇਵਾ ਭਾਵਨਾ ਨੂੰ ਹੋਰ ਰੂਪ ਦੇ ਦਿੰਦੇ ਹਾਂ ਭਾਵ ਸ਼ਬਦ ਦੇ ਅਰਥਾਂ ਨੂੰ ਬਦਲ ਦਿੰਦੇ ਹਾਂ ਜੋ ਕਿ ਸਹੀ ਨਹੀਂ ਹੈ। **"ਮਸਕਤਿ"** ਅੱਖਰ ਸਾਨੂੰ ਹੋਰ ਸ਼ਬਦਾਂ ਰਾਹੀਂ ਵੀ ਸਮਝਾਇਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥

ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥"

(ਅੰਗ - ੪੪)

ਉੱਪਰ ਪੰਗਤੀਆਂ ਰਾਹੀਂ ਬੜੇ ਸਪੱਸ਼ਟ ਤਰੀਕੇ ਨਾਲ ਗੁਰੂ ਦੀ ਸੇਵਾ ਦੀ ਗੱਲ ਕੀਤੀ ਹੋਈ ਹੈ। ਸਾਧੂ ਤੋਂ ਭਾਵ ਗੁਰੂ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਉੱਪਰ "ਮਸਕਤੇ" ਤੋਂ ਭਾਵ ਹੈ ਗੁਰੂ ਦੀ ਸੇਵਾ ਵਿੱਚ ਲੱਗੇ ਹੋਏ। ਗੁਰੂ ਦਾ ਸੇਵਕ ਗੁਰੂ ਦੀ ਸੇਵਾ ਹੀ ਕਰਦਾ ਹੈ ਤੇ ਜਿਸਨੂੰ ਆਪਣੀ ਸੇਵਾ ਵਿੱਚ ਗੁਰੂ ਲਗਾਉਂਦਾ ਹੈ ਉਹ ਆਪ ਹੀ ਲਗਾਉਂਦਾ ਹੈ, ਮਨ ਦੇ ਵਿੱਚ ਸੱਚੀ ਸਮਝ ਦੇਣ ਦੁਆਰਾ ਲਗਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਜਿਸਦੀ ਸੇਵਾ ਘਾਲਣਾ ਤੇ ਗੁਰੂ ਪ੍ਰਸੰਨ ਹੁੰਦਾ ਹੈ, ਉਹ ਹੀ ਪ੍ਰਮਾਤਮਾ ਨੂੰ ਪਾਉਂਦਾ ਹੈ। ਗੁਰੂ ਦਾ ਨਾਮ ਜਪਣਾ ਜਾਂ ਸੇਵਾ ਕਮਾਉਣੀ ਇੱਕੋ ਹੀ ਗੱਲ ਹੈ ਜਿਸ ਲਈ ਸੱਚਾ ਉੱਦਮ ਅਸੀਂ ਹੀ ਕਰਨਾ ਹੈ ਤੇ ਗੁਰੂ ਆਪਣੀ ਕਿਰਪਾ ਦੁਆਰਾ ਆਪ ਹੀ ਆਪਣੀ ਸੇਵਾ ਦੀ ਸੱਚੀ ਸਮਝ ਪਾਉਂਦਾ ਹੈ ਜਿਸ ਦੁਆਰਾ ਉਸ ਦੀ ਸੇਵਾ ਹੁੰਦੀ ਹੈ, ਉਸ ਨੂੰ ਪਾਇਆ ਜਾ ਸਕਦਾ ਹੈ। "ਮਸਕਤਿ" ਅੱਖਰ ਤੋਂ ਭਾਵ ਸੇਵਾ ਹੀ ਹੁੰਦਾ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ। "ਮਸਕਤੇ" ਅੱਖਰ ਵਿੱਚ ਅਗਰ ਬਿੰਦੀ ਲਗਾਉਗੇ ਤਾਂ ਬੋਲਣ ਵਿੱਚ ਠੀਕ ਨਹੀਂ ਲੱਗੇਗਾ ਭਾਵ ਜਿਸ ਤਰੀਕੇ ਗੁਰੂ ਨੇ ਅੱਖਰ ਨੂੰ ਉਚਾਰਿਆ ਹੈ ਸਾਨੂੰ ਉਸ ਤਰੀਕੇ ਹੀ ਗੁਰਬਾਣੀ ਰਾਹੀਂ ਸਹੀ ਅਰਥ ਨੂੰ ਸਮਝਣਾ ਚਾਹੀਦਾ ਹੈ। ਗੁਰੂ ਨੇ ਆਪਣੇ ਸ਼ਬਦਾਂ ਰਾਹੀਂ ਸਾਡੇ ਭਰਮ ਆਪ ਹੀ ਕੱਢੇ ਹੋਏ ਹਨ। ਸਹੀ ਅਰਥ ਸਮਝਣ ਲਈ ਸਾਨੂੰ ਮਿਹਨਤ ਕਰਨੀ ਚਾਹੀਦੀ ਹੈ ਤੇ ਐਵੇਂ ਹੀ ਉਨ੍ਹਾਂ ਦੀਆਂ ਗੱਲਾਂ ਵਿੱਚ ਨਹੀਂ ਆ ਜਾਣਾ ਚਾਹੀਦਾ ਜਿਨ੍ਹਾਂ ਨੇ ਭਰਮਾਂ ਵਿੱਚ ਹੀ ਗੁਰੂ ਦੇ ਬੋਲਾਂ ਨੂੰ ਬਦਲਿਆ ਹੋਇਆ ਹੈ, ਬੋਲਾਂ ਨੂੰ ਵਿਗਾੜਿਆ ਹੋਇਆ ਹੈ ਭਾਵ ਸੱਚਾਈ ਤੋਂ ਦੂਰ ਕੀਤਾ ਹੋਇਆ ਹੈ। (**ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥ ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥**)

ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ "ਮਸਕਤਿ" ਅੱਖਰ ਦੇ ਭਾਵ ਨੂੰ ਸਮਝਿਆ ਜਾ ਸਕਦਾ ਹੈ ਜਿਸ ਤੋਂ ਭਾਵ ਸੇਵਾ ਨਾਲ ਹੀ ਹੈ।

"ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥
ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ ॥
ਨਾਨਕ ਪੁਰ ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ ॥੧॥"

(ਅੰਗ - ੭੮੮)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ। ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਹੈ ਗੁਰੂ ਦੀ ਸੇਵਾ ਨੂੰ ਹੀ ਮਸਕਤਿ ਕਹਿਆ ਹੈ। ਪਹਿਲੀ ਪੰਗਤੀ ਰਾਹੀਂ ਸੇਵਾ ਦੀ ਗੱਲ ਕੀਤੀ ਹੋਈ ਹੈ ਤੇ ਉਸੇ ਗੱਲ ਨੂੰ ਅਗਲੀ ਪੰਗਤੀ ਰਾਹੀਂ ਮਸਕਤਿ ਕਹਿ ਕੇ ਸਮਝਾਇਆ ਹੋਇਆ ਹੈ। ਗੁਰੂ ਦੇ ਦਰ ਤੋਂ ਮੰਗਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਤਰੀਕਾ ਗੁਰੂ ਦੀ ਸੇਵਾ ਹੀ ਹੈ ਜਿਵੇਂ ਕਿ ਸਾਨੂੰ ਵਾਰ-ਵਾਰ ਇਹ ਗੱਲ ਬਾਣੀ ਰਾਹੀਂ ਸਮਝਾਈ ਹੋਈ ਹੈ। ਗੁਰੂ ਦੀ ਸੇਵਾ ਕੀ ਹੈ ਇਸ ਗੱਲ ਨੂੰ ਅਸੀਂ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ ਗੁਰੂ ਦੀ ਸੇਵਾ ਹੈ। ਸਾਡੇ ਸੱਚੇ ਸੁੱਚੇ ਕਰਮ ਹੀ ਗੁਰੂ ਦੀ ਸੇਵਾ ਹਨ ਜਿਸ ਦੁਆਰਾ ਅਸੀਂ ਸੰਸਾਰ ਦੇ ਭਲੇ ਲਈ ਹੀ ਚੰਗੇ ਕਰਮ ਕਰਦੇ ਹਾਂ ਤੇ ਕਿਸੇ ਦਾ ਮਾੜਾ ਨਹੀਂ ਕਰਦੇ। ਮਸਕਤਿ ਅੱਖਰ ਦੇ ਥੱਲੇ ਬਿੰਦੀ ਲਗਾ ਕੇ ਸਾਨੂੰ ਅੱਖਰ ਦੇ ਅਰਥ ਨਹੀਂ ਬਦਲਣੇ ਚਾਹੀਦੇ ਕਿਉਂਕਿ ਇਹ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ, ਕੇਵਲ ਸਾਡੀ ਨਾ-ਸਮਝੀ ਹੈ। ਇਹ ਨਾ-ਸਮਝੀ ਕਿਸ ਨੇ ਸ਼ੁਰੂ ਕੀਤੀ ਹੈ ਇਸ ਗੱਲ ਦੀ ਤਾਂ ਕਿਸੇ ਨੂੰ ਸਮਝ ਨਹੀਂ ਹੋਣੀ ਪਰ ਕੀ ਸਾਨੂੰ ਕਿਸੇ ਦੀ ਨਾ-ਸਮਝੀ ਪਿੱਛੇ ਲੱਗਕੇ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਚਾਹੀਦਾ ਹੈ ਭਾਵ ਸਾਨੂੰ ਗੁਰੂ ਦੇ ਪਿੱਛੇ ਹੀ ਲੱਗਣਾ ਚਾਹੀਦਾ ਹੈ ਤੇ ਕਿਸੇ ਹੋਰ ਦੀ ਨਾ-ਸਮਝ ਮਤਿ ਪਿੱਛੇ ਨਹੀਂ ਲੱਗਣਾ ਚਾਹੀਦਾ। ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਹਰ ਸ਼ਬਦ ਦਾ ਮਕਸਦ ਸਾਨੂੰ ਸੱਚ ਸਮਝਾਉਣ ਲਈ ਹੈ ਤੇ ਸੱਚ ਉਹ ਹੈ ਜਿਸ ਮਕਸਦ ਲਈ ਗੁਰੂ ਸਾਹਿਬ ਨੇ ਉਸ ਸ਼ਬਦ ਨੂੰ ਉਚਾਰਿਆ ਹੈ। ਸੱਚ ਸ਼ਬਦ ਦੇ ਅੰਦਰ ਦੀ ਸਮਝ ਹੈ ਜਿਸ ਸਮਝ ਨੂੰ ਵਿਗਾੜਨਾ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਣ ਦਾ

ਉਪਰਾਲਾ ਕੀਤਾ ਹੈ ਤੇ ਸਾਨੂੰ ਹੁਣ ਇਹ ਗੱਲ ਪੂਰੀ ਤਰਾਂ ਸਪੱਸ਼ਟ ਹੋ ਗਈ ਹੋਵੇਗੀ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਕੀ ਹੈ। ਗੁਰੂ ਦੇ ਬੋਲਾਂ ਨੂੰ ਵਿਗਾੜਨਾ ਗੁਰੂ ਦੇ ਨਾਲ ਵਿਗਾੜਨ ਵਾਲੀ ਗੱਲ ਹੈ ਕਿਉਂਕਿ ਗੁਰੂ ਆਪ ਆਪਣੇ ਬੋਲਾਂ ਦੇ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਗੁਰੂ ਪ੍ਰਮਾਤਮਾ ਆਪ ਹੀ ਪੂਰੀ ਗੁਰਬਾਣੀ ਵਿੱਚ ਆਪਣੇ ਸ਼ਬਦ ਰੂਪ ਵਿੱਚ ਹੈ ਨਾਮ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸਮਝ ਦੇ ਰੂਪ ਵਿੱਚ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ - ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

ਪੂਰੀ ਬਾਣੀ ਵਿੱਚ ਪ੍ਰਮਾਤਮਾ ਦੇ ਬੋਲ ਨਾਮ ਦੇ ਰੂਪ ਵਿੱਚ ਹਨ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹਨ ਜਿਵੇਂ ਕਿ ਅਸੀਂ ਪਿਛਲੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅਸੀਂ ਗੁਰੂ ਦੇ ਬੋਲਾਂ ਨੂੰ ਆਪਣੇ ਜੀਵਨ ਵਿੱਚ ਕਿਸ ਤਰੀਕੇ ਬੋਲਣਾ ਹੈ, ਇਸ ਗੱਲ ਨੂੰ ਵੀ ਸਮਝਿਆ ਹੈ। ਗੁਰੂ ਦੇ ਬੋਲਾਂ ਨੂੰ ਅਸੀਂ ਆਪਣੀ ਕਰਨੀ ਦੁਆਰਾ ਬੋਲਣਾ ਹੈ ਭਾਵ ਸਾਡੀ ਕਰਨੀ ਇਹੋ ਜਿਹੀ ਹੋਣੀ ਚਾਹੀਦੀ ਹੈ ਜਿਹੋ ਜਿਹੀ ਸੱਚੀ ਸੁੱਚੀ ਕਰਨੀ ਸਾਨੂੰ ਆਪਣੇ ਸ਼ਬਦ ਬੋਲਣ ਦੁਆਰਾ ਸਿਖਾਉਂਦਾ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਕੇ ਸੱਚੀ ਸੁੱਚੀ ਕਰਨੀ ਕਰਨ ਲਈ ਸਮਝਾਉਂਦਾ ਹੈ। ਗੁਰੂ ਦੇ ਬੋਲ ਅਸੀਂ ਆਪਣੀ ਕਰਨੀ ਵਿੱਚ ਕਿਸ ਤਰੀਕੇ ਬੋਲਣੇ ਹਨ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਬੋਲ ਬੋਲਣ ਬਾਰੇ ਕੋਈ ਭਰਮ ਨਾ ਰਹੇ।

"ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥"

(ਅੰਗ - ੧੫)

ਗੁਰੂ ਨੇ ਤਾਂ ਪੂਰੀ ਬਾਣੀ ਰਾਹੀਂ ਸਾਨੂੰ ਆਪਣੇ ਬੋਲ ਸਮਝਾਏ ਹਨ ਤੇ ਅਸੀਂ ਗੁਰੂ ਦੇ ਬੋਲਾਂ ਨੂੰ ਆਪਣੇ ਜੀਵਨ ਵਿਚ ਕਿਸ ਤਰੀਕੇ ਬੋਲਣਾ ਹੈ, ਕਿਸ ਮਕਸਦ ਲਈ ਬੋਲਣਾ ਹੈ, ਇਹੀ ਗੱਲ ਸਾਨੂੰ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਉੱਪਰ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਕਥਨੀ ਨਹੀਂ ਸਾਡੀ ਕਰਨੀ ਸਮਝਾਈ ਹੋਈ ਹੈ ਭਾਵ ਅਸੀਂ ਗੁਰੂ ਦੇ ਬੋਲਾਂ ਨੂੰ ਆਪਣੀ ਕਰਨੀ ਦੁਆਰਾ ਬੋਲਣਾ ਹੈ। ਮਨੁੱਖ ਦੀ ਕਰਨੀ ਮਨੁੱਖ ਦੇ ਕਰਮ ਹਨ ਭਾਵ ਮਨੁੱਖ ਦੀ ਸੰਸਾਰਿਕ ਵਿਚਰਨ ਹੈ। ਮਨੁੱਖ ਆਪਣੀ ਕਰਨੀ ਵਿੱਚ ਉੱਤਮ ਕਰਮ ਵੀ ਕਰਦਾ ਹੈ ਭਾਵ ਚੰਗੇ ਕਰਮ ਵੀ ਕਰਦਾ ਹੈ ਤੇ ਮਾੜੇ ਕਰਮ ਵੀ ਕਰਦਾ ਹੈ। ਪ੍ਰਮਾਤਮਾ ਦੇ ਦਰ ਤੇ ਸਾਨੂੰ ਚੰਗਾ ਜਾਂ ਮਾੜਾ ਸਾਡੀ ਕਰਨੀ ਦੁਆਰਾ ਹੀ ਸਮਝਿਆ ਜਾਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉਹੀ ਗੱਲ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੀ ਭਗਤੀ

ਦਾ ਮਾਰਗ, ਨਾਮ ਜਪਣ ਦਾ ਮਾਰਗ, ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ ਤੇ ਉਹੀ ਮਾਰਗ ਸਾਨੂੰ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਗੁਰੂ ਦੇ ਬੋਲਾਂ ਨੂੰ ਅਸੀਂ ਆਪਣੀ ਕਰਨੀ ਰਾਹੀਂ ਪ੍ਰਮਾਤਮਾ ਦੀ ਭਗਤੀ ਲਈ ਹੀ ਬੋਲਣਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੁਆਰਾ ਬੋਲਣਾ ਹੈ। ਜੋ ਆਪਣੇ ਜੀਵਨ ਵਿੱਚ ਉੱਤਮ ਕਰਮ ਕਰਦੇ ਹਨ ਭਾਵ ਚੰਗੇ ਕਰਮ ਕਰਦੇ ਹਨ ਉਨ੍ਹਾਂ ਨੂੰ ਚੰਗੇ ਮਨੁੱਖ ਕਿਹਾ ਜਾਂਦਾ ਹੈ ਤੇ ਜੋ ਮਾੜੇ ਕਰਮ ਕਰਦੇ ਹਨ ਉਨ੍ਹਾਂ ਨੂੰ ਮਾੜੇ ਕਹਿਆ ਜਾਂਦਾ ਹੈ ਜਿਸ ਲਈ ਉਹ ਬਾਅਦ ਵਿੱਚ ਪ੍ਰਮਾਤਮਾ ਦੀਆਂ ਲਾਈਆਂ ਹੋਈਆਂ ਸਜਾਵਾਂ ਭੁਗਤਦੇ ਹਨ ਭਾਵ ਰੋਂਦੇ ਹਨ, ਔਖੇ ਹੁੰਦੇ ਹਨ। ਚੰਗੇ ਕਰਮ ਕਰਨ ਵਿੱਚ ਤੇ ਮਾੜੇ ਕਰਮ ਕਰਨ ਵਿੱਚ ਕੀ ਫਰਕ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਜਿਵੇਂ ਕਿ ਬਾਣੀ ਰਾਹੀਂ ਵਾਰ -ਵਾਰ ਸਮਝਾਇਆ ਹੋਇਆ ਹੈ। ਜਿਸ ਦੇ ਅੰਦਰ ਔਗੁਣ ਹਨ, ਮਾਇਆ ਮੋਹ ਹੈ, ਮਨਮਤਿ ਹੈ ਉਹ ਮਾੜੇ ਕਰਮ ਕਰਦਾ ਹੈ ਤੇ ਜੋ ਗੁਰੂ ਦੇ ਬੋਲਾਂ ਨੂੰ, ਗੁਰੂ ਦੇ ਬਚਨਾਂ ਨੂੰ, ਗੁਰੂ ਦੀ ਮਤਿ ਨੂੰ ਮੰਨਕੇ ਔਗੁਣ ਛੱਡ ਦਿੰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡ ਦਾ ਹੈ ਭਾਵ ਮਾਇਆ ਮੋਹ ਛੱਡ ਦਿੰਦਾ ਹੈ, ਆਪਣੀ ਨਾ-ਸਮਝ ਮਤਿ, ਹਉਮੈ ਵਾਲੀ, ਵਿਕਾਰਾਂ ਵਾਲੀ ਸਮਝ ਛੱਡ ਦਿੰਦਾ ਹੈ, ਤ੍ਰਿਸ਼ਨਾਵਾਂ ਤਿਆਗ ਦਿੰਦਾ ਹੈ ਉਹ ਕੇਵਲ ਚੰਗੇ ਕਰਮ ਹੀ ਕਰਦਾ ਹੈ ਜਿਸ ਤਰੀਕੇ ਗੁਰੂ ਪ੍ਰਮਾਤਮਾ ਸਾਡੇ ਤੇ ਪ੍ਰਸੰਨ ਹੁੰਦਾ ਹੈ, ਉਸ ਦੇ ਦਰ ਤੇ ਮਾਣ ਮਿਲਦਾ ਹੈ ਤੇ ਮਨੁੱਖ ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬਚਦਾ ਹੈ ਜਿਨ੍ਹਾਂ ਦਾ ਕਾਰਨ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਹਨ। ਗੁਰੂ ਦੇ ਬੋਲਾਂ ਨੂੰ ਆਪਣੇ ਜੀਵਨ ਵਿੱਚ ਬੋਲਣਾ ਬਹੁਤ ਔਖਾ ਹੈ ਭਾਵ ਗੁਰੂ ਦਾ ਨਾਮ ਜਪਣਾ, ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ ਜਿਸ ਨੂੰ ਮੰਨਣ ਦਾ ਉੱਦਮ ਅਸੀਂ ਹੀ ਕਰਨਾ ਹੈ ਜੋ ਉੱਦਮ ਕੀਤੇ ਬਿਨ੍ਹਾਂ ਉਸ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੇ, ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਹ ਸੱਚ ਦਾ ਮਾਰਗ ਹੈ ਤੇ ਸੱਚ ਦੇ ਮਾਰਗ ਤੇ ਚੱਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜੋ ਸਭ ਦੇ ਅੰਦਰ ਹੀ ਹੈ ਤੇ ਸਭ ਲਈ ਭਾਵ ਸਾਰੇ ਸੰਸਾਰ ਲਈ ਉਸਨੂੰ ਪਾਉਣ ਦਾ ਤਰੀਕਾ ਵੀ ਇੱਕੋ ਜਿਹਾ ਹੀ ਹੈ ਜੋ ਗੁਰੂ ਦੇ ਸੱਚੇ ਬੋਲਾਂ ਨੂੰ ਆਪਣੇ ਜੀਵਨ ਵਿੱਚ ਬੋਲਣ ਦਾ ਹੈ। (**ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥**)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ - ੮੩੧)

ਹਰ ਧਰਮ ਗ੍ਰੰਥ ਸਾਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ, ਇੱਕੋ ਜਿਹੇ ਤਰੀਕੇ ਨਾਲ ਹੀ ਭਗਤੀ ਦੇ ਬੋਲ ਬੋਲਣੇ ਸਮਝਾਉਂਦਾ ਹੈ, ਧਰਮ ਦੇ ਬੋਲ ਬੋਲਣੇ ਸਮਝਾਉਂਦਾ ਹੈ ਤੇ ਫਰਕ ਸਾਡੇ ਸਮਝਣ ਵਿੱਚ ਹੀ ਹੈ ਜਿਸ ਨਾ-ਸਮਝੀ ਕਰਕੇ ਅਸੀਂ ਆਪਣੇ ਬੋਲਾਂ ਨੂੰ ਵਿਗਾੜ ਲੈਂਦੇ ਹਾਂ ਤੇ ਗੁਰੂ ਦੀ ਮਤਿ ਨੂੰ ਛੱਡਕੇ ਮਨਮਤਿ ਪਿੱਛੇ ਲੱਗ ਜਾਂਦੇ ਹਾਂ। ਹੁਣ ਅਸੀਂ ਉਸ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਮਨ ਦੀ ਦ੍ਰਿੜਤਾ ਨਾਲ ਸਮਝ ਸਕਦੇ ਹਾਂ ਜਿਨ੍ਹਾਂ ਪੰਗਤੀਆਂ ਨੂੰ ਸਮਝਣ ਲਈ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਕੀ ਹੈ ਜੋ ਬੋਲ ਵਿਗਾੜਨ ਲਈ ਸਾਨੂੰ ਗੁਰੂ ਸਾਹਿਬ ਦੁਆਰਾ ਵੱਡੇ ਗਾਵਾਰ ਕਿਹਾ ਗਿਆ ਹੈ ਭਾਵ ਵੱਡੇ ਨਾ-ਸਮਝ ਕਹਿਆ ਗਿਆ ਹੈ।

{ਅਮੁਲ ਗੁਣ ਅਮੁਲ ਵਾਪਾਰ ॥
ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥
ਅਮੁਲੁ ਤੁਲੁ ਅਮੁਲੁ ਪਰਵਾਣੁ ॥

ਅਮੁਲੁ ਬਖਸੀਸ ਅਮੁਲੁ ਨੀਸਾਣੁ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ - ੬)

ਉੱਪਰ ਵਾਲੇ ਸਾਰੇ ਸ਼ਬਦ ਨੂੰ ਅਸੀਂ ਪਿੱਛੇ ਸਮਝ ਹੀ ਚੁੱਕੇ ਹਾਂ ਜਿਸ ਰਾਹੀਂ ਸਾਨੂੰ ਸਾਡਾ ਆਖਣ ਕਿਹੋ ਜਿਹਾ ਹੋਣਾ ਚਾਹੀਦਾ ਹੈ ਭਾਵ ਸਾਡੇ ਬੋਲ ਕਿਹੋ ਜਿਹੇ ਹੋਣੇ ਚਾਹੀਦੇ ਹਨ ਇਹ ਸਮਝਾਇਆ ਹੋਇਆ ਹੈ ਤੇ ਸਾਡਾ ਮਾੜਾ ਆਖਣ ਕੀ ਹੈ, ਮਾੜੇ ਬੋਲ ਕੀ ਹਨ, ਇਹ ਵੀ ਸਮਝਾਇਆ ਹੋਇਆ ਹੈ। ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਗੁਰੂ ਦੇ ਬੋਲ ਵਿਗਾੜਨ ਵਾਲਿਆਂ ਨੂੰ ਭਾਵ ਗੁਰੂ ਦੀ ਮਤਿ ਤੇ ਨਾ ਚੱਲਕੇ ਉਸ ਦੇ ਉਲਟ ਚੱਲਣ ਵਾਲਿਆਂ ਨੂੰ, ਨਾ-ਸਮਝੀ ਵਾਲੀ ਭਗਤੀ ਕਰਨ ਵਾਲਿਆਂ ਨੂੰ ਵੱਡੇ ਗਾਵਾਰ ਕਹਿਆ ਹੈ ਭਾਵ ਉਨ੍ਹਾਂ ਨੂੰ ਮਤਿ ਹੀ ਦਿੱਤੀ ਹੈ ਕਿ ਤੁਹਾਨੂੰ ਪ੍ਰਮਾਤਮਾ ਦੀ ਭਗਤੀ ਦੀ, ਨਾਮ ਜਪਣ ਦੀ ਸਮਝ ਨਹੀਂ ਹੈ ਜਿਸ ਨਾ-ਸਮਝੀ ਵਾਲੀ ਮਤਿ ਨੂੰ ਛੱਡਣ ਦੀ ਲੋੜ ਹੈ ਤੇ ਪ੍ਰਮਾਤਮਾ ਦੀ ਉਹੋ ਜਿਹੀ ਭਗਤੀ ਦੇ ਨਾਲ ਜੁੜਨ ਦੀ ਲੋੜ ਹੈ ਜੋ ਭਗਤੀ ਦਾ ਮਾਰਗ ਗੁਰੂ ਵਾਰ-ਵਾਰ ਆਪਣੇ ਸ਼ਬਦਾਂ ਰਾਹੀਂ ਸਮਝਾ ਰਹਿਆ ਹੈ ਤੇ ਉੱਪਰ ਵਾਲੇ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਦੁਆਰਾ ਵੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਭਾਵ ਗੁਰੂ ਦੇ ਸੱਚੇ ਬੋਲ ਬੋਲਣੇ ਸਮਝਾਇਆ ਹੋਇਆ ਹੈ ਜੋ ਕਿ ਗੁਣਾਂ ਦੁਆਰਾ ਵਿਚਰਨ ਦਾ ਹੈ ਤੇ ਗੁਣਾਂ ਦੁਆਰਾ ਤਾਂ ਹੀ ਵਿਚਰਿਆ ਜਾ ਸਕਦਾ ਹੈ ਜੇਕਰ ਅਸੀਂ ਔਗੁਣਾਂ ਨੂੰ ਤਿਆਗਦੇ ਹਾਂ, ਮਾਇਆ ਮੋਹ ਛਡਦੇ ਹਾਂ ਤੇ ਚੰਗੇ ਕਰਮ ਕਰਦੇ ਹਾਂ ਭਾਵ ਗੁਰਮਤਿ ਅਨੁਸਾਰ ਵਿਚਰਦੇ ਹਾਂ ਜੋ ਸੱਚੀ ਸੁਚੀ ਵਿਚਰਨ ਦਾ ਮਾਰਗ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰਖਦਾ ਹੋਵੇ।

ਜਿਵੇਂ ਕਿ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਭਗਤੀ ਦੇ ਸੱਚੇ ਮਾਰਗ ਨੂੰ, ਨਾਮ ਜਪਣ ਦੇ ਮਾਰਗ ਨੂੰ ਸਮਝਣ ਵਿੱਚ ਅਨੇਕਾਂ ਹੀ ਭੁਲੇਖੇ ਬਣੇ ਹੋਏ ਹਨ ਜਿਸ ਦਾ ਕਾਰਨ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੀ ਹੈ, ਮਾਇਆ ਦੀ ਜੁਗਤਿ ਹੀ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਉਲਝਾ ਕੇ ਰੱਖਦੀ ਹੈ, ਭੁਲੇਖਿਆਂ ਵਿੱਚ ਰੱਖਦੀ ਹੈ।

2/50

ਇੱਕ ਆਮ ਤੌਰ ਤੇ ਵੱਡਾ ਭੁਲੇਖਾ ਮਨ ਦੇ ਮਾਰਨ ਨੂੰ ਲੈ ਕੇ ਹੈ। ਜਿਆਦਾਤਰ ਜਪਣ ਵਾਲੇ ਇਹ ਸਮਝਦੇ ਹਨ ਕਿ ਹਰਿ ਹਰਿ ਕਰਨਾ ਹੀ ਮਨ ਨੂੰ ਮਾਰਨਾ ਹੈ। ਅਸਲ ਵਿੱਚ ਮਨ ਨੂੰ ਮਾਰਨਾ ਹੀ ਨਾਮ ਜਪਣਾ ਹੈ। ਮਨ ਦਾ ਮਾਰਨਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਰਾਹੀਂ ਵੀ ਸਮਝਿਆ ਜਾ ਸਕਦਾ ਹੈ।

“ਨਾ ਮਨੁ ਮਰੈ ਨ ਕਾਰਜੁ ਹੋਇ॥ ਮਨੁ ਵਸਿ ਦੂਤਾ ਦੁਰਮਤਿ ਦੋਇ॥
ਮਨੁ ਮਾਨੈ ਗੁਰ ਤੇ ਇਕੁ ਹੋਇ॥੧॥ਨਿਰਗੁਣ ਰਾਮੁ ਗੁਣਹ ਵਸਿ ਹੋਇ॥
ਆਪੁ ਨਿਵਾਰਿ ਬੀਚਾਰੇ ਸੋਇ॥੧॥ਰਹਾਉ॥
ਮਨੁ ਭੂਲੋ ਬਹੁ ਚਿਤੈ ਵਿਕਾਰੁ॥ ਮਨੁ ਭੂਲੋ ਸਿਰਿ ਆਵੈ ਭਾਰੁ॥
ਮਨੁ ਮਾਨੈ ਹਰਿ ਏਕੰਕਾਰੁ॥੨॥ ਮਨੁ ਭੂਲੋ ਮਾਇਆ ਘਰਿ ਜਾਇ॥
ਕਾਮਿ ਬਿਰੂਧਉ ਰਹੈ ਨ ਠਾਇ॥ ਹਰਿ ਭਜੁ ਪ੍ਰਾਣੀ ਰਸਨ ਰਸਾਇ॥੩॥
ਗੈਵਰ ਹੈਵਰ ਕੰਚਨ ਸੁਤ ਨਾਰੀ॥ ਬਹੁ ਚਿੰਤਾ ਪਿੜ ਚਾਲੈ ਹਾਰੀ॥
ਜੂਐ ਖੇਲਣੁ ਕਾਚੀ ਸਾਰੀ॥੪॥ ਸੰਪਉ ਸੰਚੀ ਭਏ ਵਿਕਾਰ॥
ਹਰਖ ਸੋਕ ਉਭੇ ਦਰਵਾਰਿ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ॥੫॥
ਨਦਰਿ ਕਰੇ ਤਾ ਮੇਲਿ ਮਿਲਾਏ॥ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ॥
ਗੁਰਮੁਖਿ ਨਾਮੁ ਪਦਾਰਥੁ ਪਾਏ॥੬॥ ਬਿਨੁ ਨਾਵੈ ਸਭ ਦੂਖ ਨਿਵਾਸੁ॥
ਮਨਮੁਖ ਮੂੜ ਮਾਇਆ ਚਿਤ ਵਾਸੁ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ॥੭॥
ਮਨੁ ਚੰਚਲੁ ਧਾਵਤੁ ਫੁਨਿ ਧਾਵੈ॥ ਸਾਚੇ ਸੂਚੇ ਮੈਲੁ ਨ ਭਾਵੈ॥
ਨਾਨਕ ਗੁਰਮੁਖਿ ਹਰਿ ਗੁਣ ਗਾਵੈ॥੮॥੩॥”

(ਅੰਗ ੨੨੨)

ਬੜਾ ਸਪੱਸ਼ਟ ਹੈ ਕਿ ਜਿਹੜੇ ਕਾਰਜ ਲਈ ਮਨੁੱਖੀ ਸਰੀਰ ਮਿਲਿਆ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਨਣ ਦਾ ਕਾਰਜ, ਮਨੋਰਥ, ਤੱਦ ਤੱਕ ਪੂਰਾ ਨਹੀਂ ਹੋ ਸਕਦਾ ਜਦ ਤੱਕ ਮਨੁੱਖ ਆਪਣੇ ਮਨ ਨੂੰ ਨਹੀਂ ਮਾਰਦਾ। ਇਹ ਮਨ ਸਾਡਾ ਦੂਤਾਂ ਦੇ ਵੱਸ ਹੈ ਭਾਵ ਔਗੁਣਾਂ ਦੇ ਵੱਸ ਹੈ, ਜਮਾਂ ਦੇ ਵੱਸ ਹੈ ਭਾਵ ਸਾਡੀ ਮਤਿ ਵਿਕਾਰਾਂ ਵਿੱਚ ਫਸੀ ਹੋਈ ਹੈ, ਸਾਡੇ ਅੰਦਰ ਦੁਰਮਤਿ ਹੈ ਭਾਵ ਗੁਰਮਤਿ ਨਹੀਂ ਹੈ ਜਿਸ ਕਰਕੇ ਅਸੀਂ ਮੰਦੇ ਕਰਮ ਕਰਦੇ ਹਾਂ ਤੇ ਹਮੇਸ਼ਾਂ ਦੁਚਿੱਤੀ ਵਿੱਚ ਰਹਿਦੇ ਹਾਂ। ਸਾਡੇ ਅੰਦਰ ਦੂਤ ਕਿਸ ਰੂਪ ਵਿੱਚ ਹਨ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਇਹ ਮਨ ਜਦੋਂ ਗੁਰੂ ਦੀ ਗੱਲ ਨਾਲ ਮੰਨ ਜਾਂਦਾ ਹੈ ਭਾਵ ਜਦੋਂ ਗੁਰੂ ਦੇ ਉਪਦੇਸ਼ ਨੂੰ ਆਪਣੇ ਅੰਦਰ ਵੱਸਾ ਲੈਂਦਾ ਹੈ ਭਾਵ ਔਗੁਣਾਂ ਵਾਲਾ ਜੀਵਨ ਤਿਆਗ ਕੇ, ਦੁਰਮਤਿ ਤਿਆਗ ਕੇ ਗੁਰੂ ਦੀ ਮਤਿ ਵਾਲਾ, ਚੰਗੇ ਗੁਣਾਂ ਵਾਲਾ ਜੀਵਨ ਅਪਣਾ ਲੈਂਦਾ ਹੈ ਤਾਂ ਫਿਰ ਇਹ ਮਨ ਗੁਰੂ ਦੇ ਨਾਲ ਇੱਕ ਹੋ ਜਾਂਦਾ ਹੈ। ਇਹੀ ਇੱਕ ਮਨ ਇੱਕ ਚਿੱਤ ਵਾਲੀ ਅਵੱਸਥਾ ਹੈ ਭਾਵ ਜੋ ਸਾਡੇ ਮਨ ਦੀ ਗੱਲ ਹੈ, ਉਹ ਗੁਰੂ ਦੇ ਨਾਲ ਮੇਲ ਖਾਂਦੀ ਹੈ ਭਾਵ ਮਨੁੱਖ ਗੁਰੂ ਦੇ, ਪ੍ਰਮਾਤਮਾ ਦੇ, ਭਾਣੇ ਵਿੱਚ ਵਿਚਰਦਾ ਹੈ ਅਤੇ ਸਾਰੇ ਚੰਗੇ ਕਰਮ ਕਰਦਾ ਹੈ। ਆਪਣੀ

ਮਾੜੀ ਮਤਿ ਨੂੰ ਚੰਗੀ ਮਤਿ ਬਨਾਉਣਾ ਭਾਵ ਔਗੁਣਾਂ ਵਾਲੀ ਮਤਿ ਨੂੰ ਗੁਣਾਂ ਵਾਲੀ ਮਤਿ ਬਣਾਉਣਾ ਭਾਵ ਦੁਰਮਤਿ ਨੂੰ ਗੁਰਮਤਿ ਵਾਲੀ ਮਤਿ ਵਿੱਚ ਬਦਲਣਾ ਹੀ ਆਪਣੇ ਮਨ ਨੂੰ ਮਾਰਨਾ ਹੈ ਜਿਸ ਦੁਆਰਾ ਸਾਡਾ ਅਸਲ ਕਾਰਜ ਪੂਰਾ ਹੋ ਸਕਦਾ ਹੈ ਜੋ ਕਿ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦਾ ਹੈ। ਮਨੁੱਖ ਨੇ ਕੇਵਲ ਉੱਦਮ ਹੀ ਕਰਨਾ ਹੈ ਅਤੇ ਕ੍ਰਿਪਾ ਅਕਾਲ ਪੁਰਖ ਆਪ ਹੀ ਕਰਦਾ ਹੈ। ਇਹ ਚੰਗੇ ਗੁਣ ਧਾਰਨ ਦੁਆਰਾ ਹੀ ਪ੍ਰਮਾਤਮਾ ਵੱਸ ਵਿੱਚ ਆਉਂਦਾ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਰਾਹੀਂ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਭਾਵ ਔਗੁਣ ਛੱਡੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਸਾਡੇ ਅੰਦਰ ਆਪਣੇ ਨਿਰਗੁਣ ਸਰੂਪ ਵਿੱਚ, ਨਿਰੰਕਾਰ ਰੂਪ ਵਿੱਚ, ਨਿਰਗੁਣ ਰੂਪ ਗਿਆਨ ਰਾਹੀਂ ਵਰਤਦਾ ਹੈ ਤੇ ਉਹ ਨਿਰਗੁਣ ਪ੍ਰਮਾਤਮਾ ਨਿਰਗੁਣ ਤਰੀਕੇ ਨਾਲ ਹੀ ਵੱਸ ਵਿੱਚ ਆ ਸਕਦਾ ਹੈ, ਕਿਸੇ ਹੋਰ ਤਰੀਕੇ ਨਾਲ ਭਾਵ ਸਰੀਰਕ ਕਿਰਿਆਵਾਂ ਦੁਆਰਾ ਸੁਰਤੀਆਂ ਸਮਾਧੀਆਂ ਲਗਾ ਕੇ ਵੱਸ ਵਿੱਚ ਨਹੀਂ ਆ ਸਕਦਾ। ਪ੍ਰਮਾਤਮਾ ਦਾ ਨਿਰਗੁਣ ਰੂਪ ਆਕਾਰ ਰਹਿਤ ਰੂਪ ਹੈ ਜਿਸ ਰੂਪ ਦੁਆਰਾ ਉਸਨੇ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪਣੇ ਨਿਰਗੁਣ ਰੂਪ ਰਾਹੀਂ ਹੀ ਹਰ ਆਕਾਰ ਰੂਪ ਨੂੰ ਚਲਾ ਰਹਿਆ ਹੈ। ਪ੍ਰਮਾਤਮਾ ਦੇ ਨਿਰਗੁਣ ਰੂਪ, ਨਿਰੰਕਾਰ ਰੂਪ ਉਸਦਾ ਗਿਆਨ ਰੂਪ ਹੀ ਹੈ ਤੇ ਉਹ ਮਨ ਦੇ ਗਿਆਨ ਦੁਆਰਾ ਭਾਵ ਚੌਥੇ ਪਦ ਦੇ ਗਿਆਨ ਦੁਆਰਾ ਹੀ ਵੱਸ ਆ ਸਕਦਾ ਹੈ। **(ਨਾ ਮਨੁ ਮਰੈ ਨ ਕਾਰਜੁ ਹੋਇ॥ ਮਨੁ ਵਸਿ ਦੂਤਾ ਦੁਰਮਤਿ ਦੋਇ॥ ਮਨੁ ਮਾਨੈ ਗੁਰ ਤੇ ਇਕੁ ਹੋਇ॥੧॥ਨਿਰਗੁਣ ਰਾਮੁ ਗੁਣਹ ਵਸਿ ਹੋਇ॥)**। ਇਸ ਗੱਲ ਨੂੰ ਥੋੜ੍ਹਾ ਹੋਰ ਵੀ

2/51

ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇੱਥੇ ਹੀ ਪ੍ਰਮਾਤਮਾ ਦੀ ਭਗਤੀ ਦਾ ਭੇਦ ਹੈ। ਜਦੋਂ ਸਾਨੂੰ ਪ੍ਰਮਾਤਮਾ ਦੀ ਭਗਤੀ ਕੀ ਹੈ, ਇਹ ਅਸਲੀਅਤ ਸਮਝ ਆ ਜਾਵੇ ਤਾਂ ਫਿਰ ਇਹ ਗੱਲ ਸਮਝਣੀ ਸੌਖੀ ਹੋ ਜਾਵੇਗੀ। ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਤੇ ਅੱਗੇ ਹੋਰ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਜਾਣਾਗੇ ਕਿ ਭਗਤੀ ਔਗੁਣਾਂ ਦਾ ਤਿਆਗ ਹੈ, ਸੱਚੀ ਸੁੱਚੀ ਕਿਰਤ ਹੈ, ਸੱਚਾ ਸੁੱਚਾ ਜੀਵਨ ਹੈ, ਮਨੁੱਖਤਾ ਦੀ ਸੇਵਾ ਹੈ, ਹਉਮੈ ਦਾ ਤਿਆਗ ਹੈ, ਮਾਨ ਅਭਿਮਾਨ ਦਾ ਤਿਆਗ ਹੈ ਭਾਵ ਗੁਰੂ ਦੁਆਰਾ ਦੱਸੇ ਹੋਏ ਉੱਚੇ ਗੁਣਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣਾ ਹੈ। ਜਦੋਂ ਅਸੀਂ ਔਗੁਣ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ, ਉਹ ਆਪਣੀ ਮਾੜੀ ਸੋਚ ਦੁਆਰਾ, ਦੁਰਮਤਿ ਦੁਆਰਾ ਕਰਦੇ ਹਾਂ। ਸਾਡੀ ਮਤਿ ਨਿਰਗੁਣ ਸਰੂਪ ਹੈ ਜੋ ਕਿ ਸਾਡੇ ਅੰਦਰ ਦਾ ਗਿਆਨ ਹੈ, ਜੋ ਸਾਡੇ ਕੋਲੋਂ ਸਭ ਕੁੱਝ ਕਰਵਾਉਂਦਾ ਹੈ। ਜੇਕਰ ਗੁਣਾਂ ਨੂੰ ਗ੍ਰਹਿਣ ਕਰਨਾ ਹੈ ਤਾਂ ਉਹ ਵੀ ਇਸੇ ਮਤਿ ਦੁਆਰਾ ਭਾਵ ਮਨ ਦੇ ਗਿਆਨ ਦੁਆਰਾ ਹੀ ਕਰਨਾ ਹੈ। ਸਾਡੇ ਅੰਦਰ ਜੋ ਗਿਆਨ ਵਰਤਦਾ ਹੈ ਉਹ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦਾ ਹੈ, ਮਾਇਆ ਮੋਹ ਵਿੱਚ ਰੱਖਦਾ ਹੈ। ਜੋ ਸਾਨੂੰ ਧਰਮ ਦੇ ਮਾਰਗ ਦੇ ਸੱਚੇ ਗੁਣਾਂ ਨਾਲ ਜੋੜਦਾ ਹੈ, ਉਹ ਗੁਰੂ ਦਾ ਗਿਆਨ ਹੈ, ਚੌਥੇ ਪਦ ਵਾਲਾ ਗਿਆਨ ਹੈ ਜੋ ਸਾਨੂੰ ਮਨ ਦੀ ਮਾੜੀ ਸਮਝ ਵਿੱਚੋਂ, ਦੁਰਮਤਿ ਵਿੱਚੋਂ ਕੱਢ ਸਕਦਾ ਹੈ। ਬਦਲਣੀ ਕੇਵਲ ਸਾਡੀ ਮਤਿ ਹੈ, ਸਾਡੀ ਸੋਚ ਹੈ, ਸਾਡਾ ਮਨ ਹੈ। ਮਨ ਦੀ ਔਗੁਣਾਂ ਵਾਲੀ ਬਿਰਤੀ ਨੂੰ ਮਾਰ ਕੇ ਗੁਣਾਂ ਵਾਲੀ ਬਿਰਤੀ ਬਣਾਉਣਾ ਹੀ ਮਨ ਦਾ ਮਾਰਨ ਹੈ ਤੇ ਇਹੀ ਆਪਣੀ ਹਉਮੈ ਨੂੰ ਮਾਰਨਾ ਹੈ, ਮਾਇਆ ਮੋਹ ਨੂੰ ਮਾਰਨਾ ਹੈ, ਮਨ ਦੀ ਅਗਿਆਨਤਾ ਵਾਲੀ ਮਾੜੀ ਸਮਝ ਨੂੰ ਮਾਰਨਾ ਹੈ ਜੋ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ। ਮਨ ਮਰੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਹੁਣ ਆਪੇ ਸੋਚੋ ਕਿ ਮਨ ਨੂੰ ਮਾਰਨ ਲਈ, ਜੋ ਕਿ ਨਿਰਗੁਣ ਸਰੂਪ ਹੈ, ਕੀ ਕਿਸੇ ਸਰਗੁਣ ਤਰੀਕੇ ਦੀ ਲੋੜ ਹੈ, ਕੋਈ ਸਮਾਧੀਆਂ ਲਗਾਉਣ ਦੀ ਲੋੜ ਹੈ। ਇਹ ਕੇਵਲ ਸਾਡੀਆਂ ਉਲਝਣਾਂ ਤੇ ਮਨਮਤਿ ਦਾ ਨਤੀਜਾ ਹੈ ਤੇ ਗੁਰੂ ਦੀ ਅਸਲੀ ਗੱਲ ਤੋਂ ਮੂੰਹ ਫੇਰਨ ਵਾਲੀ ਗੱਲ ਹੈ, ਸਾਡੀ ਝੂਠੀ ਸਿਆਣਪ ਹੈ। ਇਸ ਗੱਲ ਨੂੰ ਅੱਗੇ ਹੋਰ ਸ਼ਬਦਾਂ ਰਾਹੀਂ ਹੋਰ ਵੀ ਸਪੱਸ਼ਟ ਕੀਤਾ ਜਾਵੇਗਾ।

ਹੁਣ ਉੱਪਰ ਦਿੱਤੇ ਸ਼ਬਦ ਨੂੰ ਧਿਆਨ ਨਾਲ ਵਿਚਾਰੋ ਕਿ ਭੁੱਲਿਆ ਹੋਇਆ ਮਨ ਕਿਸ ਨੂੰ ਕਿਹਾ ਗਿਆ ਹੈ। **(ਮਨੁ ਭੂਲੋ ਬਹੁ ਚਿਤੈ ਵਿਕਾਰੁ॥)** ਜਿਹੜਾ ਮਨ ਔਗੁਣਾਂ, ਵਿਕਾਰਾਂ ਵਿੱਚ ਪਿਆ ਰਹਿੰਦਾ ਹੈ ਉਸ ਨੂੰ ਭੁੱਲਿਆ ਹੋਇਆ ਕਿਹਾ ਗਿਆ ਹੈ, ਜੁਆਰੀ ਕਿਹਾ ਗਿਆ ਹੈ ਤੇ ਚੰਗਾ ਮਨ ਉਸ ਨੂੰ ਹੀ ਕਿਹਾ ਗਿਆ ਹੈ ਜੋ ਆਪਣੇ ਮਨ ਨੂੰ ਗੁਰੂ ਦੇ ਮਨ ਨਾਲ ਮਿਲਾ ਲੈਂਦਾ ਹੈ ਭਾਵ ਗੁਣਾਂ ਨੂੰ ਅਪਣਾ ਲੈਂਦਾ ਹੈ। ਇੱਕ ਬਹੁਤ ਹੀ ਵੱਡਾ

2/52

ਭੁਲੇਖਾ ਆਮ ਕਰਕੇ ਇਹ ਫੈਲਿਆ ਹੋਇਆ ਹੈ ਕਿ ਮਨੁੱਖ ਦਾ ਕੰਮ ਹੈ ਕਿ ਬਾਣੀ ਪੜ੍ਹੀ ਜਾਵੇ, ਸ਼ਬਦ ਪੜ੍ਹੀ ਜਾਵੇ, ਸ਼ਬਦ ਸਿਮਰੀ ਜਾਵੇ, ਸ਼ਬਦਾਂ ਦਾ ਮੰਤ੍ਰ ਪੜ੍ਹੀ ਜਾਵੇ, ਨਾਮ ਦਾ ਮੰਤ੍ਰ ਪੜ੍ਹੀ ਜਾਵੇ ਭਾਵ ਇੱਕ ਆਪਣੀ ਮਤਿ ਦੁਆਰਾ ਬਣਾਇਆ ਹੋਇਆ, ਸਮਝਿਆ ਹੋਇਆ ਅੱਖਰਾਂ ਦਾ ਮੰਤਰ ਚਿਤਾਰੀ ਜਾਵੇ ਤੇ ਆਪਣੇ ਆਪ ਹੀ ਕੋਈ ਕਰਾਮਾਤ ਹੋਵੇਗੀ, ਸਾਡੇ ਅੰਦਰ ਕੋਈ ਅਗਨੀ ਪੈਦਾ ਹੋਵੇਗੀ ਜੋ ਆਪਣੇ ਆਪ ਹੀ ਸਾਡੇ ਅੰਦਰੋਂ ਔਗੁਣ ਸਾੜ ਦੇਵੇਗੀ ਭਾਵ ਸਾਨੂੰ ਕੋਈ ਔਗੁਣਾਂ ਨੂੰ ਮਾਰਨ ਦੀ ਲੋੜ ਨਹੀਂ ਹੈ। ਗੁਰੂ ਦੀ ਗੱਲ ਨੂੰ ਮੰਨਣ ਦੀ ਲੋੜ ਨਹੀਂ ਹੈ। ਕੁਰਬਾਨ ਜਾਈਏ ਇਹੋ ਜਿਹੀਆਂ ਸਿਆਣਪਾਂ ਦੱਸਣ ਵਾਲਿਆਂ ਤੇ ਅਤੇ ਮੰਨਣ ਵਾਲਿਆਂ ਤੇ। ਉਹ ਆਪਣੀ ਗੱਲ ਦਾ ਭਰੋਸਾ ਗੁਰਬਾਣੀ ਦੀ ਇਸ ਗੱਲ ਤੋਂ ਲੈਂਦੇ ਹਨ ਕਿ "ਹਉਮੈ ਸ਼ਬਦ ਜਲਾਇ"। ਸ਼ਬਦ ਦਾ ਉਚਾਰਨ ਕਰਦੇ-ਕਰਦੇ ਸ਼ਬਦ ਆਪਣੀ ਸ਼ਕਤੀ ਦੁਆਰਾ ਸਾਡੀ ਹਉਮੈ ਸਾੜ ਦੇਵੇਗਾ, ਔਗੁਣ ਸਾੜ ਦੇਵੇਗਾ ਤੇ ਨਾਲ ਹੀ ਗੁਰਬਾਣੀ ਤੋਂ ਬਾਹਰੋਂ ਲਈ ਹੋਈ ਇਸ ਪੰਗਤੀ ਤੋਂ **(ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥)**। ਇਨ੍ਹਾਂ ਭਰਮ ਭੁਲੇਖਿਆਂ ਵਿੱਚ ਪੈ ਕੇ ਅਸੀਂ ਗੁਰਬਾਣੀ ਨੂੰ ਕੇਵਲ ਪੜ੍ਹੀ ਜਾਂਦੇ ਹਾਂ, ਆਪਣੀ ਮਤਿ ਦੁਆਰਾ ਸਮਝਿਆ ਹੋਇਆ ਜਾਪ ਜਪੀ ਜਾਂਦੇ ਹਾਂ ਤੇ ਇਹ ਸਮਝ ਬੈਠੇ ਹਾਂ ਕਿ ਔਗੁਣ ਛੱਡਣ ਦੀ ਕੀ ਲੋੜ ਹੈ, ਉਹ ਆਪੇ ਸੜ੍ਹ ਸੁੜ੍ਹ ਜਾਣਗੇ। ਜਿਸ ਨੇ ਸਾਡੇ ਅੰਦਰ ਔਗੁਣ ਪਾਏ ਹਨ, ਉਹ ਆਪੇ ਹੀ ਕੱਢ ਲਵੇਗਾ ਭਾਵ ਸਾਨੂੰ ਕੋਈ ਉੱਦਮ ਕਰਨ ਦੀ ਲੋੜ ਨਹੀਂ ਹੈ ਤੇ ਸਾਡਾ ਇਤਨਾ ਹੀ ਕੰਮ ਹੈ ਕਿ ਅਸੀਂ ਆਪਣਾ ਜਾਪ ਕਰੀ ਜਾਈਏ, ਉੱਪਰੋਂ-ਉੱਪਰੋਂ ਤਾਂ ਘੱਟੋ-ਘੱਟ ਚੰਗੇ ਬਣੇ ਰਹੀਏ। ਜਦੋਂ ਸਾਰਿਆਂ ਦੀ ਸੋਚਣੀ ਇੱਕੋ ਜਿਹੀ ਰਲ ਜਾਵੇ, ਇੱਕੋ ਜਿਹੀ ਸੰਗਤ ਬਣ ਜਾਵੇ ਤਾਂ ਫਿਰ ਕੌਣ ਕਿਸੇ ਨੂੰ ਮਾੜਾ ਆਖੇ ਤੇ ਕੌਣ ਕਿਸੇ ਨੂੰ ਚੰਗਾ ਆਖੇ। ਸਾਰੇ ਹੀ ਇੱਕ ਦੂਜੇ ਦੀ ਤਾਰੀਫ਼ ਕਰੀ ਜਾਂਦੇ ਹਨ, ਖੁਸ਼ ਹੋਈ ਜਾਂਦੇ ਹਨ ਅਤੇ ਮਨ ਨੂੰ ਤਸੱਲੀ ਦੇਈ ਜਾਂਦੇ ਹਨ। ਜਿਸ ਗੁਰੂ ਨੂੰ ਖੁਸ਼ ਕਰਨ ਦਾ ਸਾਡਾ ਅਸਲ ਮਕਸਦ ਹੈ, ਉਸ ਨੂੰ ਖੁਸ਼ ਕਰਨ ਦੀ ਚਿੰਤਾ ਕਿਸ ਨੂੰ ਹੈ। ਉਹ ਪ੍ਰਮਾਤਮਾ ਕੇਵਲ ਤਾਂ ਹੀ ਖੁਸ਼ ਹੁੰਦਾ ਹੈ ਜਦੋਂ ਮਨੁੱਖ ਉਸਦੇ ਦੱਸੇ ਹੋਏ ਮਾਰਗ ਨੂੰ ਅਪਣਾਉਂਦਾ ਹੈ ਭਾਵ

2/53 ਅਤੇ 53-ਅ

ਸੱਚ ਦੇ ਮਾਰਗ ਤੇ ਚੱਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿਸ ਨੂੰ ਪ੍ਰਮਾਤਮਾ ਨਾਲ, ਮਨੋ ਵੈਰਾਗ ਹੋਵੇਗਾ ਉਹ ਫਿਰ ਇਸ ਗੱਲ ਨੂੰ ਨਹੀਂ ਉਡੀਕੇਗਾ ਕਿ ਮੇਰੇ ਔਗੁਣ ਆਪੇ ਜਾਂਦੇ ਰਹਿਣਗੇ। ਉਹ ਸਭ ਤੋਂ ਪਹਿਲਾ ਉਪਰਾਲਾ, ਉੱਦਮ, ਔਗੁਣਾਂ ਨੂੰ ਤਿਆਗਣ ਦਾ ਕਰੇਗਾ ਕਿਉਂਕਿ ਇਹੀ ਭਗਤੀ ਦਾ ਮੂਲ ਹੈ।

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥}

(ਅੰਗ - ੧੧੮੯)

{ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥}

(ਅੰਗ - ੨੨੩)

ਹਉਮੈ ਨੂੰ, ਔਗੁਣਾਂ ਨੂੰ ਸਾੜਨ ਦਾ ਤਰੀਕਾ ਸ਼ਬਦ ਦੁਆਰਾ ਸਾੜਨ ਦਾ ਹੀ ਹੈ। ਗੱਲ ਸਿਰਫ਼ ਤਰੀਕੇ ਨੂੰ ਸਮਝਣ ਦੀ ਹੈ। ਸ਼ਬਦ ਦੀ ਕਮਾਈ ਕਰਨੀ ਕੀ ਹੈ, ਇਸ ਗੱਲ ਨੂੰ ਪਿੱਛੇ ਕਾਫੀ ਸ਼ਬਦਾਂ ਦੁਆਰਾ ਸਮਝਾਇਆ ਗਿਆ ਹੈ। ਕੇਵਲ ਸ਼ਬਦ ਨੂੰ ਪੜ੍ਹੀ ਜਾਈਏ, ਗੱਡੀ ਲੱਦੀ ਜਾਈਏ ਤਾਂ ਉਸ ਨਾਲ ਸਾਨੂੰ ਕੀ ਮਿਲਣਾ ਹੈ। ਸ਼ਬਦ ਦੀ ਕਮਾਈ ਕਰਨਾ, ਸ਼ਬਦ ਦੀ ਗੱਲ ਨੂੰ ਸੁਣ ਕੇ ਉਸ ਤੇ ਅਮਲ ਕਰਨਾ ਹੈ। ਸ਼ਬਦ ਗੁਰੂ ਹੈ, ਗੁਰੂ ਗੁਰਬਾਣੀ ਹੈ, ਗੁਰਬਾਣੀ ਗੁਰੂ ਦੇ ਬਚਨ ਹਨ ਤੇ ਕੇਵਲ ਬਚਨ ਬਚਨ ਕਰੀ ਜਾਈਏ ਤੇ ਬਚਨ ਨੂੰ ਸਮਝਣ ਦੀ ਕੋਸ਼ਿਸ਼ ਹੀ ਨਾ ਕਰੀਏ ਤਾਂ ਫਿਰ ਗੁਰੂ ਦੇ ਕਹੇ ਹੋਏ ਬਚਨ ਕਿਸ ਲੇਖੇ। ਸਾਰੀ ਗੱਲ ਗੁਰੂ ਦੀ ਗੱਲ ਸੁਣਕੇ ਉਸ ਤੇ ਅਮਲ ਕਰਨ ਦੀ ਹੈ। ਸ਼ਬਦ ਦੁਆਰਾ ਸਾਡੇ ਔਗੁਣ ਕਿਵੇਂ ਜਲਣਗੇ, ਕਿਵੇਂ ਸਾਡੇ ਅੰਦਰੋਂ ਨਿਕਲਣਗੇ ਇਸ ਗੱਲ ਨੂੰ ਉੱਪਰ ਦਿੱਤੇ ਹੋਏ ਸ਼ਬਦ ਵਿੱਚ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ **(ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ॥)** ਅੰਗ - ੨੨੨ । ਪਹਿਲਾਂ ਅਸੀਂ ਗੁਣਾਂ ਨੂੰ ਅਪਣਾਵਾਂਗੇ ਫਿਰ ਤਾਂ ਹੀ ਔਗੁਣ ਨਿਕਲਣਗੇ ਭਾਵ ਪਹਿਲਾਂ ਸ਼ਬਦ ਦੀ ਗੱਲ ਮੰਨਾਂਗੇ, ਉਸ ਤੇ ਅਮਲ ਕਰਾਂਗੇ ਭਾਵ ਗੁਣਾਂ ਦੇ ਗਾਹਕ ਬਣਾਗੇ, ਧਾਰਨ ਕਰਾਂਗੇ ਤੇ ਤਾਂ ਹੀ ਔਗੁਣ ਨਿਕਲਣਗੇ। ਗੁਣ ਅਤੇ ਔਗੁਣ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਜਦੋਂ ਔਗੁਣਾਂ ਵਾਲਾ ਪਾਸਾ ਉੱਪਰ ਹੈ ਤਾਂ ਸਾਡੇ ਗੁਣ ਉਨ੍ਹਾਂ ਥੱਲੇ ਦੱਬੇ ਹੁੰਦੇ

ਹਨ। ਜਦੋਂ ਗੁਣਾਂ ਵਾਲਾ ਪਾਸਾ ਉੱਪਰ ਆ ਜਾਂਦਾ ਹੈ ਤਾਂ ਔਗੁਣ ਆਪੇ ਦੱਬ ਜਾਣਗੇ। ਇਹ ਔਗੁਣਾਂ ਦਾ ਸਾਗਰ, ਸਾਡੇ ਅੰਦਰ ਨਾ-ਸਮਝ ਮਾੜੇ ਵਿਚਾਰਾਂ ਦਾ ਸਾਗਰ ਹੀ ਤਾਂ ਭਵਜਲ ਸਾਗਰ ਹੈ ਜਿਸ ਵਿੱਚ ਹਰ ਕੋਈ ਡੁੱਬਿਆ ਪਿਆ ਹੈ। ਬਸ ਇਨ੍ਹਾਂ ਔਗੁਣਾਂ ਤੋਂ ਹੀ ਤਰਨਾ ਹੈ, ਮਾਇਆ ਮੋਹ ਦੇ ਸਾਗਰ ਤੋਂ ਹੀ ਤਰਨਾ ਹੈ ਅਤੇ ਇਹ ਹੀ ਸਾਰੀ ਗੁਰਬਾਣੀ ਦਾ ਸਾਰ ਹੈ, ਜਿਸ ਦੁਆਰਾ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ **(ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ॥ ਗੁਰਮੁਖਿ ਨਾਮੁ ਪਦਾਰਥੁ ਪਾਏ॥੬॥)** ਅੰਗ - ੨੨੨ । ਕਿੰਨਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਉਸ ਪ੍ਰਮਾਤਮਾ ਨੂੰ ਕੇਵਲ

2/54

ਸੱਚ ਹੀ ਚੰਗਾ ਲੱਗਦਾ ਹੈ ਤੇ ਉਸ ਨੂੰ ਮੈਲ ਬਿਲਕੁਲ ਨਹੀਂ ਭਾਉਂਦੀ ਕਿਉਂਕਿ ਉਹ ਆਪ ਸੱਚਾ ਹੈ **(ਸਾਚੇ ਸੂਚੇ ਮੈਲੁ ਨ ਭਾਵੈ॥)** ਅੰਗ - ੨੨੨ । ਸਾਰੀ ਭਗਤੀ ਦਾ ਮੂਲ ਸੱਚ ਨੂੰ ਅਪਣਾਉਣ ਦਾ ਹੈ ਤੇ ਸੱਚਾ ਸੁੱਚਾ ਮਨੁੱਖ ਤਾਂ ਹੀ ਹੋ ਸਕਦਾ ਹੈ ਜੇ ਔਗੁਣਾਂ ਦਾ ਤਿਆਗ ਕਰੇ। ਇਹੀ ਮਨ ਦਾ ਮਾਰਨਾ ਹੈ। ਮਨ ਦੇ ਮਾਰਨ ਤੋਂ ਭਾਵ ਹੈ ਆਪਣੇ ਅੰਦਰੋਂ ਬਿਖ ਨੂੰ ਮਾਰਨਾ, ਹਉਮੈ ਨੂੰ ਮਾਰਨਾ, ਔਗੁਣਾਂ ਨੂੰ ਮਾਰਨਾ। ਆਪਣੇ ਅੰਦਰੋਂ ਬਿਖ ਦਾ ਮਾਰਨ ਹੀ ਨਾਮ ਦਾ ਮਕਸਦ ਹੈ, ਸ਼ਬਦ ਦਾ ਮਕਸਦ ਹੈ ਜੋ ਮਕਸਦ ਸ਼ਬਦ ਦੀ ਗੱਲ ਨੂੰ ਮੰਨ ਕੇ ਹੀ ਪੂਰਾ ਹੋ ਸਕਦਾ ਹੈ। **(ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ॥ ਅੰਗ ੧੪੧੫)**।

ਨਾਮ ਜਪਣ ਅਤੇ ਮਨ ਦੇ ਮਾਰਨ ਵਿੱਚ ਕੀ ਫਰਕ ਰਹਿ ਗਿਆ। ਜਿਸ ਤਰ੍ਹਾਂ ਮਨ ਨੂੰ ਮਾਰਨ ਲਈ ਕੇਵਲ ਮਨ ਦੀ ਸੋਚ ਬਦਲਣ ਦੀ ਲੋੜ ਹੈ। ਇਸੇ ਤਰ੍ਹਾਂ ਨਾਮ ਜਪਣਾ ਕੇਵਲ ਆਪਣੇ ਮਨ ਦੀ ਸੋਚ ਨੂੰ, ਬਿਰਤੀ ਨੂੰ, ਭਾਵਨੀ ਨੂੰ ਗੁਰੂ ਦੇ ਉਪਦੇਸ਼ ਅਨੁਸਾਰ, ਗੁਰੂ ਦੇ ਸ਼ਬਦਾਂ ਦੇ ਅਨੁਸਾਰ ਬਦਲਣ ਦੀ ਲੋੜ ਹੈ।

ਆਓ ਹੁਣ ਇਸੇ ਗੱਲ ਨੂੰ ਇੱਕ ਦੁਨਿਆਵੀ ਪ੍ਰਮਾਣ ਦੁਆਰਾ ਸਮਝਣ ਦੀ ਕੋਸ਼ਿਸ ਕਰੀਏ ਕਿਉਂਕਿ ਗੁਰਬਾਣੀ ਵਿੱਚ ਵੀ ਸਾਨੂੰ ਜ਼ਿਆਦਾਤਰ ਗੱਲਾਂ ਦੁਨਿਆਵੀ ਪ੍ਰਮਾਣਾਂ ਦੁਆਰਾ ਸਮਝਾਈਆਂ ਗਈਆਂ ਹਨ ਤੇ ਕਿਸੇ ਗੱਲ ਨੂੰ ਸਮਝਣ ਦਾ ਇਹ ਸਰਲ ਤਰੀਕਾ ਹੈ। ਕਬੂਤਰ ਇੱਕ ਭੋਲਾ ਭਾਲਾ ਪੰਛੀ ਗਿਣਿਆ ਜਾਂਦਾ ਹੈ। ਇਹ ਗੱਲ ਆਮ ਮਸ਼ਹੂਰ ਹੈ ਕਿ ਕਬੂਤਰ ਬਿੱਲੀ ਨੂੰ ਵੇਖ ਕੇ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ ਕਿ ਬਿੱਲੀ ਆਪਣੇ ਆਪ ਚਲੀ ਜਾਵੇਗੀ ਅਤੇ ਮੈਨੂੰ ਕੁੱਝ ਨਹੀਂ ਕਹੇਗੀ ਕਿਉਂਕਿ ਉਹ ਹੁਣ ਮੇਰੀਆਂ ਨਜ਼ਰਾਂ ਤੋਂ ਓਹਲੇ ਹੈ। ਉਹ ਇਸ ਗੱਲ ਨੂੰ ਨਹੀਂ ਸਮਝਦਾ ਕਿ ਬਿੱਲੀ ਬਹੁਤ ਚਲਾਕ ਹੈ ਤੇ ਉਸਦਾ ਸੁਭਾਅ ਹੀ ਸ਼ਿਕਾਰ ਪਕੜਨਾ ਹੈ। ਬਿੱਲੀ ਦਾ ਕੰਮ ਹੋਰ ਵੀ ਸੌਖਾ ਹੋ ਜਾਂਦਾ ਹੈ ਜਦੋਂ ਸ਼ਿਕਾਰ ਨੇ ਅੱਖਾਂ ਮੀਟੀਆਂ ਹੋਣ ਅਤੇ ਉਹ ਇਸ ਭਰੋਸੇ ਤੇ ਬੈਠਾ ਹੋਵੇ ਕਿ ਮੈਨੂੰ ਆਪਣਾ ਬਚਾਅ ਕਰਨ ਦੀ ਲੋੜ ਨਹੀਂ ਭਾਵ ਉੱਡਣ ਦੀ ਲੋੜ ਨਹੀਂ। ਇਹ ਔਗੁਣ ਰੂਪੀ ਬਿੱਲੀ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਦਾ ਕੰਮ ਹੀ ਮਨੁੱਖ ਨੂੰ ਖਾਣਾ ਹੈ ਭਾਵ ਮਨੁੱਖ ਦੀ ਚੰਗੀ ਸਮਝ ਨੂੰ ਖਾਣਾ ਹੈ, ਗੁਣਾਂ ਵਾਲੀ ਸਮਝ ਨੂੰ ਖਾਣਾ ਹੈ ਭਾਵ ਔਗੁਣਾਂ ਵਾਲੀ ਸਮਝ ਵਿੱਚ ਰੱਖਣਾ ਹੈ। ਇਹ ਮਾਇਆ ਦਾ ਸੁਭਾਅ ਹੈ। ਮਾਇਆ ਆਪਣਾ ਸੁਭਾਅ ਨਹੀਂ ਬਦਲ ਸਕਦੀ। ਮਾਇਆ

2/55

ਤੋਂ ਬਚਣ ਲਈ ਅੱਖਾਂ ਸਾਨੂੰ ਹੀ ਖੋਲ੍ਹਣੀਆਂ ਪੈਣੀਆਂ ਹਨ ਵਰਨਾ ਕਾਲ ਰੂਪੀ ਬਿੱਲੀ, ਔਗੁਣਾਂ ਰੂਪੀ ਮਾਇਆ ਸਿਰ ਤੇ ਹਮੇਸ਼ਾਂ ਹੀ ਬੈਠੀ ਹੈ। ਆਪਣਾ ਬਚਾਅ ਸਾਨੂੰ ਆਪ ਹੀ ਕਰਨਾ ਪੈਣਾ ਹੈ, ਆਪਣੀਆਂ ਅੱਖਾਂ ਖੋਲ੍ਹ ਕੇ ਔਗੁਣ ਰੂਪੀ ਬਿੱਲੀ ਤੋਂ ਦੂਰ ਭੱਜਣਾ ਹੀ ਪੈਣਾ ਹੈ ਭਾਵ ਇਹ ਵਿਕਾਰ ਛੱਡਣੇ ਸਾਡੀ ਹੀ ਜ਼ਿੰਮੇਵਾਰੀ ਹੈ, ਸਾਡਾ ਹੀ ਉੱਦਮ ਹੈ ਅਤੇ ਐਵੇਂ ਭੁਲੇਖੇ ਵਿੱਚ ਬੈਠੇ, ਝੂਠੀ ਆਸ ਲੈ ਕੇ ਹਰ ਪਲ ਆਪਣਾ ਵਿਅਰਥ ਕਰ ਰਹੇ ਹਾਂ ਕਿਉਂਕਿ ਜਿਸ ਨੂੰ ਅਸੀਂ ਜਪਣਾ ਸਮਝਦੇ ਹਾਂ ਅਸਲ ਵਿੱਚ ਉਹ ਜਪਣਾ ਹੈ ਹੀ ਨਹੀਂ। ਅਸੀਂ ਮੁੱਢੋਂ ਹੀ ਭੁੱਲੇ ਹੋਏ ਹਾਂ ਜਿਵੇਂ ਕਿ ਉੱਪਰਲੇ ਸ਼ਬਦ ਵਿੱਚ ਸਮਝਾਇਆ ਹੋਇਆ ਹੈ ਕਿ ਜੋ ਮਨੁੱਖ ਵਿਕਾਰਾਂ ਵਾਲੀ ਬਿਰਤੀ ਵਿੱਚ ਹੈ ਉਹ ਭੁੱਲਿਆ ਹੋਇਆ ਹੈ ਭਾਵ ਭਗਤੀ ਦੇ ਮਾਰਗ ਤੋਂ ਭੁੱਲਿਆ ਹੋਇਆ ਹੈ।

ਆਓ ਹੁਣ ਅਗਲੇ ਸ਼ਬਦ ਦੁਆਰਾ ਇਹ ਜਾਨਣ ਦੀ ਕੋਸ਼ਿਸ਼ ਕਰੀਏ ਕਿ ਮਨੁੱਖ ਦਾ ਸੌਣਾ ਅਤੇ ਜਾਗਣਾ ਕਿਸ ਨੂੰ ਕਿਹਾ ਗਿਆ ਹੈ।

ਗਉੜੀ ਗੁਆਰੇਰੀ ਮਹਲਾ ੫ ॥

“ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥
ਰਸਨਾ ਸੋਈ ਲੋਭਿ ਮੀਠੈ ਸਾਦਿ॥ਮਨੁ ਸੋਇਆ ਮਾਇਆ ਬਿਸਮਾਦਿ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥
ਸਾਬਤੁ ਵਸਤੁ ਓਹੁ ਅਪਨੀ ਲਹੈ॥੧॥ਰਹਾਉ॥
ਸਗਲ ਸਹੇਲੀ ਅਪਨੈ ਰਸ ਮਾਤੀ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥
ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥੨॥
ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥
ਦਰਬਿ ਸਿਆਣਪ ਨਾ ਓਇ ਰਹਤੇ॥ ਸਾਧਸੰਗਿ ਓਇ ਦੁਸਟ ਵਸਿ ਹੋਤੇ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ॥ ਸੰਤਨ ਧੂਰਿ ਸਰਬ ਨਿਧਾਨ॥
ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥
ਇਹ ਪੂੰਜੀ ਸਾਬਤੁ ਧਨੁ ਮਾਲੁ॥੧॥ਰਹਾਉ ਦੂਜਾ॥੨੦॥”

(ਅੰਗ ੧੮੨)

ਇਸ ਸ਼ਬਦ ਰਾਹੀਂ ਮਨੁੱਖ ਦੀਆਂ ਅੱਖਾਂ ਦੇ, ਕੰਨਾਂ ਦੇ, ਰਸਨਾ ਦੇ, ਮਨ ਦੇ ਵਿਕਾਰਾਂ ਨੂੰ ਦਰਸਾਇਆ ਹੋਇਆ ਹੈ। ਵਿਕਾਰ ਭਾਵੇਂ ਇੰਦਰੀਆਂ ਦੁਆਰਾ ਹੁੰਦੇ ਹਨ ਪਰ ਅਸਲ ਵਿੱਚ ਇਸ ਸਰੀਰ ਦਾ ਸਾਰਾ ਕੰਟਰੋਲ ਤਾਂ ਮਨ ਦੇ ਕੋਲ ਹੀ ਹੁੰਦਾ ਹੈ ਕਿਉਂਕਿ ਕਰਨੀ ਵਿੱਚ ਮਰਜ਼ੀ ਤਾਂ ਮਨ ਦੀ ਹੀ ਹੁੰਦੀ ਹੈ ਭਾਵ ਜਿਸ ਮਨੁੱਖ ਦੀ ਬਿਰਤੀ ਵਿਕਾਰਾਂ ਵਾਲੀ ਹੈ ਤਾਂ ਫਿਰ ਉਹ ਸੁੱਤਾ ਹੀ ਹੋਇਆ ਹੈ ਅਤੇ ਪੰਚ ਬਟਵਾਰੇ ਭਾਵ ਪੰਜੇ ਔਗੁਣ ਕਾਮ,ਕ੍ਰੋਧ,ਲੋਭ,ਮੋਹ,ਅਹੰਕਾਰ ਰੂਪ ਔਗੁਣ ਉਸ ਨੂੰ ਲੁੱਟੀ ਜਾ ਰਹੇ ਹਨ। ਜਿਸ ਘਰ ਵਿੱਚ ਕੋਈ ਜਾਗਦਾ ਨਾ ਹੋਵੇ ਤਾਂ ਉੱਥੇ ਠੱਗਣ ਵਾਲਿਆਂ ਦਾ ਆਉਣਾ ਸੁਭਾਵਿਕ ਹੀ ਹੈ। (**ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥**) ਇਨ੍ਹਾਂ ਠੱਗਾਂ, ਵਿਕਾਰਾਂ ਤੋਂ ਬਚਣ ਲਈ ਸਾਨੂੰ ਜਾਗਣਾ ਹੀ ਪੈਣਾ ਹੈ, ਉੱਦਮ ਕਰਨਾ ਹੀ ਪੈਣਾ ਹੈ। ਅਸੀਂ ਜਾਗਣਾ ਉਸ ਪੂੰਜੀ ਦੁਆਰਾ ਹੈ ਜੋ ਗੁਰੂ ਦੇ ਕੋਲ ਹੈ ਤੇ ਇਹ ਪੂੰਜੀ ਗੁਰੂ ਦਾ ਸੰਗ ਕਰਨ ਦੁਆਰਾ ਹੀ ਮਿਲ ਸਕਦੀ ਹੈ। ਇਹ ਪੂੰਜੀ ਗੁਣਾਂ ਦੀ ਹੈ, ਗੁਰੂ ਦੀ ਸੱਚੀ ਮਤਿ ਦੀ ਹੈ, ਗੁਰੂ ਦੇ ਸੱਚੇ ਗਿਆਨ ਦੀ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਸੱਚੀ ਸਮਝ ਹੀ ਪੈਂਦੀ ਹੈ ਕਿ ਔਗੁਣ ਸਾਡੇ ਲਈ ਮਾੜੇ ਹਨ ਜਿਨ੍ਹਾਂ ਨੂੰ ਛੱਡਣਾ ਚਾਹੀਦਾ ਹੈ। ਸਾਨੂੰ ਗੁਰੂ ਦੀ ਮਤਿ ਜਗਾਉਣ ਦਾ ਕੰਮ ਹੀ ਕਰਦੀ ਹੈ। ਮਨੁੱਖ ਦਾ ਜਾਗਣਾ ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਗੁਣ ਹੀ ਸਾਡਾ ਧੰਨ ਮਾਲ ਹਨ ਜੋ ਕਿ ਬਟਵਾਰੇ ਲੁੱਟੀ ਜਾ ਰਹੇ ਹਨ

ਭਾਵ ਆਪਣੇ ਗੁਣਾਂ ਨੂੰ ਬਚਾਉਣ ਲਈ, ਆਪਣੇ ਘਰ ਨੂੰ ਬਚਾਉਣ ਲਈ ਸਾਨੂੰ ਔਗੁਣਾਂ ਵਿੱਚੋਂ ਨਿਕਲਣਾ ਹੀ ਪਵੇਗਾ। ਜਦ ਤੱਕ ਸੁੱਤੇ ਪਏ ਹਾਂ ਘਰ ਲੁੱਟਿਆ ਹੀ ਜਾ ਰਿਹਾ ਹੈ ਤੇ ਆਪਣੇ ਘਰ ਨੂੰ, ਇਸ ਧੰਨ ਮਾਲ ਨੂੰ ਬਚਾਉਣਾ ਹੀ ਭਗਤੀ ਦਾ ਮਨੋਰਥ ਹੈ ਭਾਵ ਮਨ ਨੂੰ ਮਾਰਨਾ ਹੀ ਪੈਣਾ ਹੈ। ਜਿਸ ਮਨੁੱਖ ਦੇ ਅੰਦਰ ਗੁਰਮਤਿ ਨਹੀਂ ਹੈ ਉਹ ਸੁੱਤਾ ਹੋਇਆ ਹੈ ਭਾਵ ਮਨਮਤਿ ਵਿੱਚ ਸੁੱਤਾ ਹੋਇਆ ਹੈ, ਮਾਇਆ ਮੋਹ ਵਿੱਚ ਸੁੱਤਾ ਹੋਇਆ ਹੈ, ਮਨ ਦੀ ਅਗਿਆਨਤਾ ਵਿੱਚ ਸੁੱਤਾ ਹੋਇਆ ਹੈ ਜਿਸ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਜਗਾ ਸਕਦਾ ਹੈ ਤੇ ਗੁਰੂ ਦੇ ਸੱਚੇ ਗਿਆਨ ਦਾ ਮਕਸਦ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਹੀ ਹੈ, ਮਨ ਦੇ ਵਿਕਾਰਾਂ ਵਿੱਚੋਂ, ਔਗੁਣਾਂ ਵਿੱਚੋਂ, ਮਨਮਤਿ ਵਿੱਚੋਂ ਕੱਢਣ ਦਾ ਹੀ ਹੈ। ਸਾਡੇ ਮਨ ਦਾ ਸੌਣਾ ਜਾਗਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਮਨ ਦੀ ਨੀਂਦ ਵਿੱਚ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਸਵਾਇਆ ਹੋਇਆ ਹੈ ਜਿਸ ਨੀਂਦ ਵਿੱਚੋਂ ਨਿਕਲੇ ਬਿਨ੍ਹਾਂ ਨਾ ਹੀ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ ਤੇ ਨਾ ਹੀ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥}

(ਅੰਗ ੧੩੦੮)

ਜਿਸਨੂੰ ਪ੍ਰਮਾਤਮਾ ਆਪਣੇ ਭਾਣੇ ਵਿੱਚ ਚਲਾਉਂਦਾ ਹੈ, ਆਪਣੀ ਰਜ਼ਾ ਅਨੁਸਾਰ ਚਲਾਉਂਦਾ ਹੈ ਉਸਨੂੰ ਪ੍ਰਮਾਤਮਾ ਅਗਿਆਨਤਾ ਦੀ ਨੀਂਦ ਵਿੱਚੋਂ ਜਗਾ ਕੇ ਹੀ ਚਲਾਉਂਦਾ ਹੈ, ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦਾ ਗਿਆਨ ਬਖਸ਼ਣ ਦੁਆਰਾ ਹੀ ਚਲਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਚਲਾਇਆ ਹੈ ਜਿਵੇਂ ਕਿ ਉਪਰਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਪੱਸ਼ਟ ਤੌਰ ਤੇ ਸਮਝਾਇਆ ਹੋਇਆ ਹੈ। ਪ੍ਰਮਾਤਮਾ ਆਪਣੀ ਭਗਤੀ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸਮਝਾਉਂਦਾ ਹੈ, ਆਪਣੇ ਗਿਆਨ ਰੂਪ ਦੁਆਰਾ ਪ੍ਰਗਟ ਹੋ ਕੇ ਸਮਝਾਉਂਦਾ ਹੈ ਤੇ ਆਪ ਹੀ ਆਪਣੀ ਸੱਚੀ ਭਗਤੀ ਦੇ ਮਾਰਗ ਤੇ ਚਲਾਉਂਦਾ ਹੈ।

ਜਿਸਨੂੰ ਪ੍ਰਮਾਤਮਾ ਜਗਾਉਂਦਾ ਹੈ ਉਸਨੂੰ ਗੁਰਮਤਿ ਰੂਪ ਸੱਚਾ ਗਿਆਨ ਹੀ ਬਖਸ਼ਦਾ ਹੈ ਜਿਸ ਸੱਚੀ ਸਮਝ ਦੁਆਰਾ ਮਨੁੱਖ ਭਗਤੀ ਦੇ ਮਾਰਗ ਤੇ ਚੱਲਣ ਲਈ ਆਪਣੇ ਅੰਦਰੋਂ ਹਰ ਔਗੁਣ ਨੂੰ ਤਿਆਗ ਦਿੰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

ਬੜਾ ਸਪੱਸ਼ਟ ਸਮਝਾਇਆ ਹੋਇਆ ਕਿ ਜਦ ਤੱਕ ਮਨੁੱਖ ਦੇ ਅੰਦਰ ਵਿਕਾਰ ਹਨ ਤਦ ਤੱਕ ਉਹ ਅਗਿਆਨੀ ਹੈ ਭਾਵ ਗੁਰਮਤਿ ਵੱਲੋਂ ਅਗਿਆਨੀ ਹੈ, ਉਸਦੇ ਅੰਦਰ ਗੁਰਮਤਿ ਦੀ ਸੋਝੀ ਨਹੀਂ ਹੈ, ਉਸਨੂੰ ਨਾਮ ਦੀ ਸਮਝ ਨਹੀਂ ਹੈ ਭਾਵ ਨਾਮਹੀਣ ਹੈ। ਵਾਰ-ਵਾਰ ਸ਼ਬਦਾਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਨਾਮ ਵਾਲਾ ਕੌਣ ਹੈ ਤੇ ਨਾਮਹੀਣ ਕੌਣ ਹੈ ਪਰ ਫਿਰ ਵੀ ਕਿਸੇ ਅੱਖਰ ਨੂੰ ਹੀ ਸਭ ਨੇ ਨਾਮ ਸਮਝਿਆ ਹੋਇਆ ਹੈ ਭਾਵ ਉਹ ਅਗਿਆਨਤਾ ਵਿੱਚ ਸੁੱਤਾ ਹੋਇਆ ਹੈ।

ਜਦ ਤੱਕ ਮਨੁੱਖ ਦੇ ਅੰਦਰ ਪੰਜ ਚੋਰ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਮਾੜੇ ਵਿਚਾਰ ਹਨ ਇਹ ਸਾਡੇ ਅੰਦਰ ਨਾਮ ਦੇ ਚੋਰ ਹਨ ਤੇ ਜਦ ਤੱਕ ਸਾਡੇ ਅੰਦਰ ਨਾਮ ਦੀ ਚੋਰੀ ਖਤਮ ਨਹੀਂ ਹੁੰਦੀ ਗੁਰਮਤਿ ਦੀ ਚੋਰੀ ਖਤਮ ਨਹੀਂ ਹੁੰਦੀ, ਸੱਚ ਦੀ ਚੋਰੀ, ਸੱਚੀ ਸਮਝ ਦੀ ਚੋਰੀ ਖਤਮ ਨਹੀਂ ਹੁੰਦੀ ਤਦ ਤੱਕ ਕੋਈ ਨਾਮ ਜਪਣ ਵਾਲਾ ਨਹੀਂ ਹੈ, ਨਾਮ ਧੰਨ ਵਾਲਾ ਨਹੀਂ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੇ ਧੰਨ ਵਾਲਾ ਨਹੀਂ ਹੈ, ਸੱਚੀ ਰਾਸ ਵਾਲਾ ਨਹੀਂ ਹੈ, ਨਾਮ ਦੀ ਪੂੰਜੀ ਵਾਲਾ ਨਹੀਂ ਹੈ ਜਿਸ ਪੂੰਜੀ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ, ਮਨ ਦੀ ਮਾੜੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਨਾਮ ਵਾਲੇ ਬਣ ਸਕੀਏ, ਗੁਰਮਤਿ ਦੀ ਸੱਚੀ ਸਮਝ ਵਾਲੇ ਬਣ ਸਕੀਏ, ਪ੍ਰਮਾਤਮਾ ਦੀ ਭਗਤੀ ਦੀ ਸਮਝ ਵਾਲੇ ਬਣ ਸਕੀਏ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਵਾਲੇ ਬਣ ਸਕੀਏ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥

ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥}

(ਅੰਗ ੧੧੭੮)

ਉੱਪਰ ਵਾਲੀਆਂ ਪਹਿਲੀਆਂ ਪੰਗਤੀਆਂ ਰਾਹੀਂ ਕਿਤਨਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜਿਸ ਦੇ ਅੰਦਰ ਔਗੁਣਾਂ ਵਾਲੇ ਵਿਚਾਰ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਉਹ ਮਨੁੱਖ ਨਾਮ ਵਾਲਾ, ਨਾਮ ਧੰਨ ਵਾਲਾ ਨਹੀਂ ਹੋ ਸਕਦਾ ਹੈ, ਗੁਰਮਤਿ ਵਾਲਾ ਨਹੀਂ ਹੋ ਸਕਦਾ। ਜੋ ਗੁਰਮਤਿ ਨੂੰ ਮੰਨ ਲੈਂਦਾ ਹੈ ਫਿਰ ਉਸਦੇ ਅੰਦਰ ਵਿਕਾਰ ਰਹਿ ਹੀ ਨਹੀਂ ਸਕਦੇ ਭਾਵ ਗੁਰਮਤਿ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ, ਔਗੁਣਾਂ ਵਿੱਚੋਂ ਕੱਢਣ ਦਾ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੱਚੀ ਭਗਤੀ ਹੋ ਸਕਦੀ ਹੈ। (**ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥**) ਨਾਮ ਨੂੰ ਸਮਝਾਉਣ ਬਾਰੇ, ਗੁਰਮਤਿ ਸਮਝਾਉਣ ਬਾਰੇ ਗੁਰੂ ਦਾ ਫੁਰਮਾਨ ਤਾਂ ਬਹੁਤ ਸਪੱਸ਼ਟ ਹੈ ਜਿਸ ਨੂੰ ਹਰ ਕੋਈ ਸਮਝ ਸਕਦਾ ਹੈ ਪਰ ਗੁਰੂ ਦੀ ਗੱਲ ਨੂੰ ਕੋਈ ਨਹੀਂ ਮੰਨਦਾ। ਇਹ ਉਸਦੀ ਮਰਜੀ ਹੈ ਜੋ ਮਰਜੀ ਗੁਰੂ ਦੀ ਮਰਜੀ ਦੇ ਉਲਟ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਲੱਗਣ ਤੋਂ ਬਿਨ੍ਹਾਂ, ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨਣ ਤੋਂ ਬਿਨ੍ਹਾਂ ਸੰਸਾਰ ਵਿੱਚ ਸਭ ਨੇ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿਸ ਕਰਕੇ ਬਾਣੀ ਰਾਹੀਂ ਉਨ੍ਹਾਂ ਤਰੀਕਿਆਂ ਦਾ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਤੇ ਉਨ੍ਹਾਂ ਤਰੀਕਿਆਂ ਨੂੰ ਕੇਵਲ ਭਗਤੀ ਦਾ ਪਖੰਡ ਕਹਿਆ ਹੈ, ਮਨ ਦਾ ਭਰਮ ਕਹਿਆ ਹੈ, ਮਨ ਦੇ ਅੰਦਰ ਦੀ ਮਾਇਆ ਕਹਿਆ ਹੈ ਭਾਵ ਮਨ ਦੀ ਅਗਿਆਨਤਾ ਕਹਿਆ ਹੈ। ਮਨ ਦੇ ਵਿੱਚ ਮਾਇਆ ਸਾਡੀ ਸਮਝ ਦੇ ਰੂਪ ਵਿੱਚ ਹੀ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਝੂਠੀ ਭਗਤੀ ਨਾਲ ਜੋੜ ਕੇ ਰੱਖਦੀ ਹੈ ਜਿਵੇਂ ਕਿ ਉੱਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮਨ ਦੀ ਮਾਇਆ ਭਾਵ ਅਗਿਆਨਤਾ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਪੜਦਾ ਹੈ ਜੋ ਅਗਿਆਨਤਾ ਰੂਪ ਪੜਦਾ ਨਿਕਲਣ ਦੁਆਰਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਮਨ ਦੀ ਮਾਇਆ ਹੀ ਸਾਨੂੰ ਬਾਹਰੀ ਮਾਇਆ ਨਾਲ ਜੋੜ ਕੇ ਰੱਖਦੀ ਹੈ। (**ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥**)

{ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥
ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥
ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥

ਮਨੁ ਮਾਰੇ ਜੀਵਤ ਮਰਿ ਜਾਨੁ ॥
ਨਾਨਕ ਨਦਰੀ ਨਦਰਿ ਪਛਾਨੁ ॥੯॥}

(ਅੰਗ 1343)

ਬਾਣੀ ਸਾਨੂੰ ਵਾਰ-ਵਾਰ ਮਾਇਆ ਵਿੱਚੋਂ ਨਿਕਲਣਾ ਸਮਝਾ ਰਹੀ ਹੈ ਤੇ ਜੇਕਰ ਅਸੀਂ ਮਨ ਦੀ ਮਾਇਆ ਵਿੱਚੋਂ ਨਿਕਲਾਂਗੇ ਫਿਰ ਤਾਂ ਹੀ ਸਾਡਾ ਬਾਹਰ ਦੀ ਮਾਇਆ ਵਿੱਚੋਂ ਮੋਹ ਨਿਕਲੇਗਾ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਮੋਹ ਨਿਕਲੇਗਾ ਜੋ ਮੋਹ ਨਿਕਲੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੀ ਭਗਤੀ ਨਾਲ ਨਹੀਂ ਜੁੜ ਸਕਦੇ। ਬਾਹਰੀ ਮਾਇਆ ਮੋਹ ਹੀ ਸਾਨੂੰ ਔਗੁਣਾਂ ਵਿੱਚ ਪਾਉਂਦਾ ਹੈ ਜੋ ਕਿ ਭਗਤੀ ਤੋਂ ਉਲਟ ਹੈ। ਪ੍ਰਮਾਤਮਾ ਦੇ ਗੁਣ ਮਾਇਆ ਮੋਹ ਦੀ ਨੀਂਦ ਵਿੱਚੋਂ ਨਿਕਲ ਕੇ ਹੀ ਗਾਏ ਜਾ ਸਕਦੇ ਹਨ ਜੋ ਕਿ ਸਾਡੇ ਸੱਚੇ ਸੁੱਚੇ ਕਰਮ ਹਨ ਤੇ ਮਨ ਦੀ ਮਾਇਆ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੋਈ ਵਿਰਲਾ ਹੀ ਜਾਗ ਸਕਦਾ ਹੈ, ਪ੍ਰਮਾਤਮਾ ਦੀ ਕਿਰਪਾ ਨਾਲ ਹੀ ਜਾਗ ਸਕਦਾ ਹੈ। ਮਾਇਆ ਮੋਹ ਵਿੱਚ ਸੁੱਤਾ ਹੋਇਆ ਹਰ ਕੋਈ ਅਭਾਗਾ ਹੈ ਤੇ ਭਾਗਾਂ ਵਾਲਾ ਪ੍ਰਮਾਤਮਾ ਕਿਸੇ ਨੂੰ ਮਨ ਦੀ ਨੀਂਦ ਵਿੱਚੋਂ ਜਗਾ ਕੇ ਹੀ ਬਣਾਉਂਦਾ ਹੈ, ਜਿਸ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਤੇ ਪ੍ਰਮਾਤਮਾ ਦੇ ਦਰਬਾਰ ਵਿੱਚ ਕਿਸੇ ਦਾ ਮੁੱਖ ਉਜਲ ਹੁੰਦਾ ਹੈ ਜੋ ਕਿ ਮਨ ਦੇ ਨਿਰਮਲ ਹੋਣ ਦੁਆਰਾ ਹੁੰਦਾ ਹੈ। ਸਾਡਾ ਮਨ ਅਗਿਆਨਤਾ ਕਰਕੇ ਅਪਵਿੱਤਰ ਹੈ ਤੇ ਗੁਰੂ ਦੇ ਗਿਆਨ ਦੁਆਰਾ ਜਾਗ ਕੇ ਪਵਿੱਤਰ ਹੁੰਦਾ ਹੈ, ਨਿਰਮਲ ਹੁੰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਮਾਇਆ ਮੋਹਿ ਸੋਇ ਰਹੇ ਅਭਾਗੇ ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ ॥
ਮੁਖ ਊਜਲ ਹੋਇ ਨਿਰਮਲ ਚੀਤ ॥੪॥}

(ਅੰਗ ੩੭੫-੩੭੬)

"ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥"

(ਅੰਗ ੪੧੮)

ਜਦ ਤੱਕ ਅਸੀਂ ਸੁੱਤੇ ਹੋਏ ਹਾਂ ਤਦ ਤੱਕ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਨਹੀਂ ਹਾਂ। ਸਾਡਾ ਅਸਲ ਘਰ ਸਾਡਾ ਮਨ ਹੀ ਹੈ ਜੋ ਕਿ ਪ੍ਰਮਾਤਮਾ ਦਾ ਘਰ ਹੈ ਜਿਸ ਘਰ ਨੂੰ ਅਸੀਂ ਆਪਣੇ ਅੰਦਰੋਂ ਬੁੱਝਣਾ ਹੈ। ਜਦ ਤੱਕ ਅਸੀਂ ਮਨ ਦੀ ਅਗਿਆਨਤਾ ਵਿੱਚ ਹਾਂ, ਮਾਇਆ ਵਾਲੀ ਜੁਗਤਿ ਵਿੱਚ ਹਾਂ ਤਦ ਤੱਕ ਅਸੀਂ ਮਨ ਦੀ ਮਾੜੀ ਸਮਝ ਦੁਆਰਾ, ਝੂਠੀ ਸਮਝ ਦੁਆਰਾ ਪ੍ਰਮਾਤਮਾ ਦੇ ਘਰ ਤੋਂ ਦੂਰ ਰਹਿੰਦੇ ਹਾਂ ਜੋ ਘਰ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਸੱਚੇ ਗਿਆਨ ਦਾ ਘਰ ਹੈ, ਨਾਮ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, ਸਹਜ ਦਾ ਘਰ ਹੈ, ਚੌਥੇ ਪਦ ਦੇ ਗਿਆਨ ਦਾ ਘਰ ਹੈ ਜਿਸ ਘਰ ਨੂੰ ਮਾਇਆ ਮੋਹ ਵਿੱਚ ਸੁੱਤੇ ਹੋਏ, ਅਗਿਆਨਤਾ ਵਿੱਚ ਸੁੱਤੇ ਹੋਏ, ਹਉਮੈ ਵਿੱਚ ਰਹਿੰਦੇ ਹੋਏ, ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਨਹੀਂ ਬੁੱਝਿਆ ਜਾ ਸਕਦਾ। ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਮਨ ਦੀ ਨੀਂਦ ਰਾਹੀਂ ਸੁਆਇਆ ਹੋਇਆ ਹੈ ਤੇ ਉਹ ਆਪ ਹੀ ਕਿਸੇ ਨੂੰ ਇਸ ਨੀਂਦ ਵਿੱਚੋਂ ਜਗਾ ਸਕਦਾ ਹੈ ਤੇ ਮਨ ਦੇ ਵਿੱਚੋਂ ਆਪਣੇ ਘਰ ਦੀ ਸਮਝ ਪਾ ਸਕਦਾ ਹੈ, ਆਪਣੇ ਆਪ ਨਾਲ ਮਿਲਾ ਸਕਦਾ ਹੈ। ਇਸੇ ਲਈ ਸਾਡਾ ਸਾਰਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਮਨ ਦੀ ਨੀਂਦ ਵਿੱਚੋਂ ਭਾਵ ਅਗਿਆਨਤਾ ਵਿੱਚੋਂ ਨਿਕਲਣ ਦਾ ਉੱਦਮ ਕਰੀਏ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਸਾਨੂੰ ਮਨ ਦੀ ਨੀਂਦ ਵਿੱਚੋਂ ਜਗਾਉਣ ਲਈ ਹੀ ਹੈ ਤੇ ਅਸੀਂ ਤਾਂ ਹੀ ਜਾਗਾਂਗੇ ਜੇਕਰ ਗੁਰੂ ਦੀ ਮਤਿ ਨੂੰ ਮੰਨਾਂਗੇ ਤੇ ਆਪਣੀ ਨਾ-ਸਮਝ ਮਤਿ ਨੂੰ ਛੱਡਾਂਗੇ। ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ, ਕਿਸੇ ਅੱਖਰ ਨੂੰ ਬੋਲੀ ਜਾਣ ਨਾਲ ਸਾਡੀ ਅਗਿਆਨਤਾ ਕਿਵੇਂ ਨਿਕਲ ਸਕਦੀ ਹੈ ਤੇ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਘਰ ਨੂੰ ਕਿਵੇਂ ਬੁੱਝ ਸਕਦੇ ਹਾਂ। ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਸਮਝਾ ਰਹਿਆ ਹੈ ਕਿ ਔਗੁਣਾਂ ਨੂੰ ਛੱਡੋ ਤੇ ਜੇਕਰ ਔਗੁਣਾਂ ਨੂੰ ਛੱਡਾਂਗੇ, ਤਾਂ ਹੀ ਸਾਡੀ ਸਮਝ ਚੰਗੀ ਬਣੇਗੀ, ਗੁਰੂ ਦੇ ਗਿਆਨ ਵਾਲੀ ਬਣੇਗੀ ਤੇ ਅਸੀਂ ਭਗਤੀ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਾਂਗੇ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰਾਂਗੇ,

ਉਸ ਦੇ ਘਰ ਨੂੰ ਆਪਣੇ ਅੰਦਰੋਂ ਬੁੱਝਣ ਦਾ ਸੱਚਾ ਉਪਰਾਲਾ ਕਰਾਂਗੇ। ਜੋ ਪ੍ਰਮਾਤਮਾ ਦੇ ਘਰ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ ਉਹ ਫਿਰ ਸਦਾ ਲਈ ਜਾਗ ਜਾਂਦਾ ਹੈ ਭਾਵ ਸਦਾ ਲਈ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਜਾਂਦਾ ਹੈ ਜੋ ਅਗਿਆਨਤਾ ਪ੍ਰਮਾਤਮਾ ਆਪਣਾ ਸੱਚਾ ਗਿਆਨ ਦੇਣ ਦੁਆਰਾ, ਨਾਮ ਦੇਣ ਦੁਆਰਾ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ, ਬ੍ਰਹਮ ਗਿਆਨ ਦੇਣ ਦੁਆਰਾ ਆਪ ਹੀ ਕੱਢਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਦਾ ਲਈ ਨੀਂਦ ਵਿੱਚੋਂ ਕੱਢ ਲਇਆ ਹੈ ਤੇ ਉਹ ਅੱਜ ਵੀ ਆਪਣੇ ਸੱਚੇ ਗਿਆਨ ਦੁਆਰਾ ਜਾਗਦੇ ਹਨ, ਗੁਰਬਾਣੀ ਦੇ ਸੱਚੇ ਗਿਆਨ ਦੁਆਰਾ ਜਾਗਦੇ ਹਨ ਤੇ ਉਨ੍ਹਾਂ ਨੇ ਸਦਾ ਲਈ ਜਾਗਦੇ ਹੀ ਰਹਿਣਾ ਹੈ ਤੇ ਆਪਣੇ ਸੱਚੇ ਗਿਆਨ ਰਾਹੀਂ ਸੰਸਾਰ ਨੂੰ ਨੀਂਦ ਵਿੱਚੋਂ ਜਗਾਉਣ ਦਾ ਸਾਧਨ ਬਣੇ ਰਹਿਣਾ ਹੈ। (**ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥**)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥}

(ਅੰਗ ੧੩੦੮)

ਹੁਣ ਅਸੀਂ ਉਸ ਸ਼ਬਦ ਦੀ ਵਿਆਖਿਆ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਜਿਸ ਨੂੰ ਸਮਝਣ ਲਈ ਅਸੀਂ ਮਨ ਦਾ ਸੌਣਾ ਜਾਗਣਾ ਸਮਝਿਆ ਹੈ।

ਗਉੜੀ ਗੁਆਰੇਰੀ ਮਹਲਾ ਪ ॥
“ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥
ਸੂਨੇ ਨਗਰਿ ਪਰੇ ਠਗਹਾਰੇ ॥੨॥
ਉਨ ਤੇ ਰਾਖੈ ਬਾਪੁ ਨ ਮਾਈ ॥
ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥
ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥
ਸੰਤਨ ਧੂਰਿ ਸਰਬ ਨਿਧਾਨ ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥
ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥

ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥”

(ਅੰਗ ੧੮੨)

ਸਾਰੀ ਗੱਲ ਮਨ ਦੇ ਸਾਉਣ ਤੇ ਜਾਗਣੇ ਦੇ ਮਕਸਦ ਨੂੰ ਸਮਝਣ ਦੀ ਹੈ ਜਿਸ ਨੂੰ ਸਮਝੇ ਬਿਨ੍ਹਾਂ ਨਾ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਣ ਦੀ ਸਮਝ ਲੱਗ ਸਕਦੀ ਹੈ। ਜਦ ਤੱਕ ਅਸੀਂ ਸੁੱਤੇ ਹੋਏ ਹਾਂ ਤਦ ਤੱਕ ਸਾਡੇ ਅੰਦਰੋਂ ਚੋਰਾਂ ਦੀ ਠੱਗੀ ਬੰਦ ਨਹੀਂ ਹੋ ਸਕਦੀ ਜੋ ਚੋਰ ਨਾਮ ਦੇ ਚੋਰ ਹਨ, ਗੁਣਾਂ ਦੇ ਚੋਰ ਹਨ। ਜਦ ਤਕ ਸਾਡੇ ਅੰਦਰ ਗੁਣ ਨਹੀਂ ਟਿਕਦੇ ਤਦ ਤੱਕ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਆਪਣੇ ਅੰਦਰੋਂ ਔਗੁਣਾਂ ਨੂੰ ਕੱਢਣਾ ਤੇ ਗੁਣਾਂ ਨੂੰ ਟਿਕਾਉਣਾ ਹੀ ਨਾਮ ਜਪਣਾ ਹੈ, ਗੁਰੂ ਦੀ ਮਤਿ ਨੂੰ ਜਪਣਾ ਹੈ। ਜਦ ਤੱਕ ਅਸੀਂ ਮਾਇਆ ਵਿੱਚ ਸੁੱਤੇ ਹੋਏ ਹਾਂ ਤਦ ਤੱਕ ਕੋਈ ਵੀ ਨਾਮ ਜਪਣ ਵਾਲਾ ਨਹੀਂ ਹੈ। ਅਸੀਂ ਆਪਣੇ ਵੱਲੋਂ ਆਪਣੀ ਰਸਨਾ ਨਾਲ ਬੋਲ ਬੋਲ ਕੇ ਨਾਮ ਜਪਣਾ ਸਮਝਦੇ ਹਾਂ ਤੇ ਜਦ ਤੱਕ ਸਾਡੀ ਰਸਨਾ ਮਾਇਆ ਦੇ ਸਵਾਦਾਂ ਨਾਲ ਜੁੜੀ ਹੋਈ ਹੈ ਉਹ ਸੁੱਤੀ ਹੋਈ ਹੈ ਭਾਵ ਮਨ ਦੀ ਮਾਇਆ ਕਰਕੇ ਸੁੱਤੀ ਹੋਈ ਹੈ ਜਿਸ ਕਰਕੇ ਉਹ ਨਾਮ ਜਪਣ ਵਾਲੀ ਕਿਵੇਂ ਹੋ ਸਕਦੀ ਹੈ। ਜੇਕਰ ਮਨ ਜਾਗਦਾ ਹੈ ਫਿਰ ਰਸਨਾ ਵੀ ਜਾਗਦੀ ਹੈ। ਰਸਨਾ ਨੇ ਉਹੀ ਕੁੱਝ ਕਰਨਾ ਹੈ ਜੋ ਉਸਨੂੰ ਮਨ ਨੇ ਸਮਝਾਉਣਾ ਹੈ। ਮਨ ਝੂਠ ਬੁਲਵਾਏਗਾ ਤਾਂ ਰਸਨਾ ਝੂਠ ਬੋਲੇਗੀ ਤੇ ਜੇਕਰ ਮਨ ਸੱਚ ਬੁਲਵਾਏਗਾ ਤਾਂ ਰਸਨਾ ਸੱਚ ਬੋਲੇਗੀ। ਝੂਠ ਬੋਲਣਾ ਮਾਇਆ ਦਾ ਰਸ ਹੈ, ਮਾਇਆ ਦਾ ਸਵਾਦ ਹੈ ਤੇ ਸੱਚ ਬੋਲਣਾ ਨਾਮ ਰਸ ਹੈ, ਨਾਮ ਦਾ ਸਵਾਦ ਹੈ ਭਾਵ ਸਾਰੀ ਗੱਲ ਮਨ ਦੇ ਸੌਣ ਜਾਂ ਜਾਗਣ ਨਾਲ ਜੁੜੀ ਹੋਈ ਹੈ, ਮਨ ਦੀ ਨਾ-ਸਮਝ ਮਤਿ ਜਾਂ ਸਮਝ ਵਾਲੀ ਮਤਿ ਦੇ ਨਾਲ ਜੁੜੀ ਹੋਈ ਹੈ। (**ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥**) ਮਾਇਆ ਨੂੰ **“ਬਿਸਮਾਦਿ”** ਕਹਿ ਕੇ ਸਮਝਾਇਆ ਹੈ ਭਾਵ ਮਾਇਆ ਕੀ ਹੈ ਇਹ ਸੰਸਾਰ ਲਈ ਇਕ ਅਸਚਰਜ ਹੈ ਜੋ ਸਮਝ ਤੋਂ ਬਾਹਰ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਮਾਇਆ ਕੀ ਹੈ। ਮਾਇਆ ਸਾਡੇ ਸਭ ਦੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਜੁਗਤਿ ਹੈ ਜਿਸ ਦੁਆਰਾ ਉਹ ਸਭ ਨੂੰ ਚਲਾ ਰਹਿਆ ਹੈ, ਆਪਣੀ ਖੇਡ ਚਲਾ ਰਹਿਆ ਹੈ। ਮਾਇਆ ਨੂੰ ਅੱਗੇ ਚੱਲਕੇ ਬਰੀਕੀ ਨਾਲ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ, ਹਉਮੈ ਵਾਲੀ ਅਵੱਸਥਾ ਸਾਨੂੰ ਮਨ ਦੀ ਅਗਿਆਨਤਾ ਵਿੱਚ ਹੀ ਰੱਖਦੀ ਹੈ ਜੋ ਕਿ **“ਮਾਇਆ”** ਹੀ ਹੈ।

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ ੬੭)

{ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ ੧੧੨੩)

“ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥”

(ਅੰਗ ੩੫੪)

ਉਪਰਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਵੀ ਸਮਝੋ ਕਿ ਸਾਡੇ ਅੰਦਰ ਮਾਇਆ ਦਾ ਬੰਧਨ ਕਿਸ ਰੂਪ ਵਿੱਚ ਹੈ। ਸਾਡੇ ਮਨ ਦਾ ਅੰਧਾਪਨ ਭਾਵ ਅਗਿਆਨਤਾ ਵਾਲੀ ਸਮਝ ਸਾਡੇ ਸਭ ਦੇ ਅੰਦਰ ਸਾਰੇ ਸੰਸਾਰ ਦੇ ਅੰਦਰ ਮਾਇਆ ਰੂਪ ਬੰਧਨ ਹੈ। ਇਸ ਮਾਇਆ ਦੇ ਬੰਧਨ ਵਿੱਚੋਂ ਅਸੀਂ ਆਪਣੇ ਸਰੀਰ ਦੇ ਰਹਿੰਦੇ ਹੋਏ ਹੀ ਨਿਕਲ ਸਕਦੇ ਹਾਂ ਜੋ ਕਿ ਸਾਡੀ ਮੁਕਤੀ ਹੈ, ਬੰਧਨ ਤੋਂ ਮੁਕਤੀ ਹੈ। ਇਸ ਬੰਧਨ ਤੋਂ ਮੁਕਤ ਹੋ ਕੇ ਹੀ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਬਾਣੀ ਵਿੱਚ ਵਾਰ-ਵਾਰ ਇਸ ਬੰਧਨ ਤੋਂ ਮੁਕਤ ਹੋਣ ਦੀ ਗੱਲ ਹੀ ਕੀਤੀ ਹੋਈ ਹੈ। ਇਹ ਮਨ ਦੀ ਅਗਿਆਨਤਾ ਦਾ ਬੰਧਨ ਹੀ ਸਾਡਾ ਹਉਮੈ ਦਾ ਬੰਧਨ ਹੈ, ਭਰਮ ਮੋਹ ਦਾ ਬੰਧਨ ਹੈ, ਤ੍ਰੈਗੁਣਾਂ ਦਾ ਬੰਧਨ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦਿਆਂ ਸਾਨੂੰ ਧਰਮ ਦੇ ਸੱਚੇ

ਮਾਰਗ ਦੀ, ਨਾਮ ਜਪਣ ਦੀ ਸੋਝੀ ਨਹੀਂ ਪੈਂਦੀ ਜਿਸ ਕਰਕੇ ਸਾਡੇ ਅੰਦਰ ਦੀ "ਕੰਧ" ਜਿਸਨੇ ਸਾਨੂੰ ਆਸਰਾ ਦੇਣਾ ਹੈ ਉਹ ਨਿਤ ਖੀਨ ਹੁੰਦੀ ਹੈ ਭਾਵ ਕਮਜੋਰ ਹੁੰਦੀ ਹੈ, ਖਰਾਬ ਹੁੰਦੀ ਹੈ। ਸਾਨੂੰ ਆਸਰਾ ਦੇਣ ਵਾਲੀ "ਕੰਧ" ਗੁਰਮਤਿ ਰੂਪ ਸਮਝ ਹੈ, ਗੁਰਮਤਿ ਦਾ ਸੱਚਾ ਗਿਆਨ ਹੈ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ ਤੇ ਉਸ ਅਨੁਸਾਰ ਚਲਾਉਂਦਾ ਹੈ। ਸਾਡੇ ਮਨ ਦੀ ਮਾੜੀ ਸਮਝ ਸਾਡੇ ਅੰਦਰ ਦੀ ਗੁਰਮਤਿ ਰੂਪ ਸਮਝ ਦੀ ਕੰਧ ਨੂੰ ਕਮਜ਼ੋਰ ਕਰਦੀ ਹੈ, ਖਰਾਬ ਕਰਦੀ ਹੈ ਭਾਵ ਗੁਰਮਤਿ ਦੇ ਉਲਟ ਚੱਲਕੇ ਉਸਦਾ ਨੁਕਸਾਨ ਕਰਦੀ ਹੈ। (**ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥**)

ਧਰਮ ਦੇ ਸੱਚੇ ਮਾਰਗ ਦੀ ਸਮਝ, ਨਾਮ ਦੀ ਸਮਝ, ਨਾਮ ਜਪਣ ਦੀ ਸਮਝ ਤਾਂ ਮਾਇਆ ਦੇ ਬੰਧਨ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ, ਮਨ ਦਾ ਅੰਧਾਪਨ ਦੂਰ ਹੋਣ ਨਾਲ ਹੀ ਪੈਂਦੀ ਹੈ ਜੋ ਅੰਧਾਪਨ ਗੁਰੂ ਦਾ ਸੱਚਾ ਗਿਆਨ ਹੀ ਦੂਰ ਕਰ ਸਕਦਾ ਹੈ ਪਰ ਸਾਡਾ ਅੰਧਾਪਨ ਉਹ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿੰਨ੍ਹਾਂ ਦਾ ਆਪਣਾ ਅੰਧਾਪਨ ਦੂਰ ਨਹੀਂ ਹੋਇਆ, ਜੋ ਆਪ ਮਾਇਆ ਦੇ ਬੰਧਨ ਤੋਂ ਮੁਕਤ ਨਹੀਂ ਹੋਏ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥੩॥”

(ਅੰਗ ੧੧੦੩)

“ਆਪਿ ਨ ਬੂਝੈ ਲੋਕ ਬੁਝਾਵੈ ॥
ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥”

(ਅੰਗ ੮੩੨)

ਉੱਪਰ ਸ਼ਬਦ ਰਾਹੀਂ ਕਿਹਨਾ ਬਾਰੇ ਸਮਝਾਇਆ ਹੋਇਆ ਹੈ ਤੇ ਕਿਸ ਮਕਸਦ ਲਈ ਸਮਝਾਇਆ ਹੋਇਆ ਹੈ ਇਸ ਗੱਲ ਨੂੰ ਆਸਾਨੀ ਨਾਲ ਹਰ ਕੋਈ ਸਮਝ ਸਕਦਾ ਹੈ। ਜਿਨ੍ਹਾਂ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ, ਨਾਮ ਦੀ ਸਮਝ ਨਹੀਂ ਹੈ, ਉਹ ਦੂਸਰਿਆਂ ਨੂੰ ਆਪਣੀ ਸਿਆਣਪ ਦਿਖਾਉਂਦੇ ਹਨ ਕਿ ਉਨ੍ਹਾਂ ਨੂੰ ਭਗਤੀ ਦੀ ਸੱਚੀ ਸਮਝ ਹੈ, ਨਾਮ ਦੀ ਸਮਝ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਹੋ ਜਿਹੇ ਸਾਰੇ ਆਪਣੇ ਆਪ ਨੂੰ ਠੀਕ ਹੀ ਸਮਝਦੇ ਹਨ ਤੇ ਉਨ੍ਹਾਂ ਨੂੰ ਸੁਣਨ ਵਾਲੇ, ਮੰਨਣ ਵਾਲੇ ਵੀ ਉਨ੍ਹਾਂ ਨੂੰ ਠੀਕ ਹੀ ਸਮਝਦੇ ਹਨ। ਇਹੀ ਸਾਡੇ ਅੰਦਰ ਦੀ ਮਾਇਆ ਦਾ ਮਕਸਦ ਹੈ ਜਿਸ ਰਾਹੀਂ ਸਾਨੂੰ ਝੂਠ ਵੀ ਸੱਚ ਨਜ਼ਰ ਆਉਂਦਾ ਹੈ ਭਾਵ ਮਾਇਆ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਅਸਲੀਅਤ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ। ਇਸ ਗੱਲ ਨੂੰ ਅੱਗੇ ਚੱਲਕੇ ਹੋਰ ਵੀ ਬੜੀ ਬਰੀਕੀ ਨਾਲ ਸਮਝਾਂਗੇ ਕਿਉਂਕਿ ਇਹ ਗੱਲ ਸਾਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਬੜੇ ਗਹਿਰੇ ਢੰਗ ਨਾਲ ਸਮਝਾਈ ਹੋਈ ਹੈ। ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਸਮਝ ਕੇ ਦੂਸਰਿਆਂ ਨੂੰ ਭਰਮਾਂ ਵਿੱਚ ਪਾਉਂਦੇ ਹਨ ਉਨ੍ਹਾਂ ਬਾਰੇ ਗੁਰਬਾਣੀ ਵਿੱਚ ਅਨੇਕਾਂ ਹੀ ਸ਼ਬਦ ਹਨ ਜਿਨ੍ਹਾਂ ਦੀ ਵਿਆਖਿਆ ਅੱਗੇ ਚੱਲਕੇ ਵਿਸਥਾਰ ਨਾਲ ਕਰਾਂਗੇ ਤੇ ਉਨ੍ਹਾਂ ਦੇ ਪਾਏ ਹੋਏ ਭਰਮਾਂ ਵਿੱਚੋਂ ਨਿਕਲਾਂਗੇ ਤੇ ਅਸਲੀਅਤ ਸਮਝਾਂਗੇ। ਸਾਡਾ ਗੁਰੂ ਗੁਰਬਾਣੀ ਹੈ ਜੋ ਮਾਇਆ ਦੇ ਬੰਧਨ ਤੋਂ ਰਹਿਤ ਹੈ, ਅਗਿਆਨਤਾ ਤੋਂ ਰਹਿਤ ਹੈ ਤੇ ਉਸਦਾ ਮਕਸਦ ਹੀ ਸਾਡੀ ਅਗਿਆਨਤਾ ਕੱਢਣ ਦੇ ਨਾਲ ਹੈ, ਮਾਇਆ ਦੇ ਬੰਧਨ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਧਰਮ ਦੇ ਮਾਰਗ ਦੀ ਅਸਲੀਅਤ ਨੂੰ ਸਮਝ ਸਕੀਏ, ਨਾਮ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਚੱਲ ਸਕੀਏ ਭਾਵ ਭਰਮ ਵਾਲਿਆਂ ਦੀ ਮਤਿ ਦੇ ਪਿੱਛੇ ਨ ਲੱਗੀਏ। ਜੋ ਆਪ ਭਰਮਾਂ ਦੇ ਭਰੇ ਹੋਏ ਹਨ ਉਨ੍ਹਾਂ ਨੇ ਦੂਸਰਿਆਂ ਦੇ ਭਰਮ ਕੀ ਕੱਢਣੇ ਹਨ। ਉਨ੍ਹਾਂ ਦਾ ਮਕਸਦ ਆਪਣੀ ਸ਼ੋਹਰਤ ਵਧਾਉਣ ਨਾਲ ਹੈ, ਮਾਇਆ ਕਮਾਉਣ ਨਾਲ ਹੈ। ਜੇਕਰ ਕਿਸੇ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਸੱਚੀ ਇੱਛਾ ਹੈ ਤੇ ਉਸ ਲਈ ਇੱਕੋ ਇੱਕ ਮਾਰਗ ਮਨ ਦੀ ਮਾਇਆ ਵਿੱਚੋਂ ਨਿਕਲਣ ਦਾ ਹੈ, ਗੁਰੂ ਦੀ ਮਤਿ ਦੇ ਨਾਲ ਜੁੜਣ ਦਾ ਹੈ ਜੋ ਸਾਨੂੰ ਸੱਚ ਦਾ ਮਾਰਗ ਸਮਝਾਉਂਦੀ ਹੈ ਜਿਸ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। (**ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥ ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥**) (**ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥ ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥**)

ਜਦ ਤੱਕ ਸਾਡੇ ਅੰਦਰ ਮਾਇਆ ਹੈ ਤਦ ਤੱਕ ਅਸੀਂ ਸੁੱਤੇ ਹੋਏ ਹਾਂ ਤੇ ਜਿਸ ਵਸਤੂ ਦੀ ਅਸੀਂ ਪ੍ਰਾਪਤੀ ਕਰਨੀ ਹੈ, ਜੋ ਵਸਤੂ ਅਸੀਂ ਇਸ ਸੰਸਾਰ ਵਿੱਚ ਲੈਣ ਲਈ ਆਏ ਹਾਂ ਉਸ ਵਸਤੂ ਦੀ ਪ੍ਰਾਪਤੀ ਤਾਂ ਮਨ ਦੇ ਜਾਗਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਹੁੰਦੀ ਹੈ ਤੇ ਇਸ ਕਰਕੇ ਸਾਨੂੰ ਉਸ ਦੀ ਮਤਿ ਨਾਲ ਹੀ ਜੁੜਣਾ ਚਾਹੀਦਾ ਹੈ ਜੋ ਸਾਨੂੰ ਜਗਾ ਸਕੇ ਭਾਵ ਕੇਵਲ ਗੁਰੂ ਦੀ ਮਤਿ ਨਾਲ ਜੁੜੀਏ। ਮੁੱਖ ਸ਼ਬਦ ਰਾਹੀਂ ਸਾਨੂੰ ਇਹ ਕੁੱਝ ਹੀ ਸਮਝਾਇਆ ਹੋਇਆ ਹੈ।

“ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥

ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥"

(ਅੰਗ ੧੮੨)

ਸਭ ਤੋਂ ਪਹਿਲੇ ਸਾਡੇ ਲਈ ਇਹ ਸਮਝਣਾ ਜਰੂਰੀ ਹੈ ਕਿ ਉਹ ਕਿਹੜੀ ਵਸਤੁ ਹੈ ਜਿਸ ਵਸਤੁ ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਸਾਡੇ ਸਭ ਦੇ ਜੀਵਨ ਦਾ ਮਕਸਦ ਪ੍ਰਮਾਤਮਾ ਨੂੰ ਪਾਉਣ ਦਾ ਹੈ, ਜਾਨਣ ਦਾ ਹੈ ਭਾਵ ਉਹ ਵਸਤੂ ਜਿਸ ਨੂੰ ਅਸੀਂ ਪ੍ਰਾਪਤ ਕਰਨਾ ਹੈ ਉਹ ਪ੍ਰਮਾਤਮਾ ਦੇ ਨਾਲ ਮੇਲ ਹੈ। ਉਹ ਵਸਤੂ ਸਾਡੇ ਅੰਦਰ ਹੀ ਹੈ ਜਿਸ ਵਸਤੂ ਨੂੰ ਅਸੀਂ ਆਪਣੇ ਅੰਦਰੋਂ ਬੁੱਝਣਾ ਹੈ, ਜਾਨਣਾ ਹੈ ਕਿਉਂਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥
ਬਿਨੁ ਬੂਝੇ ਤੂੰ ਸਦਾ ਨਾਪਾਕ ॥੪॥
ਕਹੁ ਨਾਨਕ ਗੁਰ ਕਉ ਕੁਰਬਾਨੁ ॥
ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ ॥੫॥"

(ਅੰਗ ੩੭੪)

ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਉਸ ਏਕ ਵਸਤੁ ਨੂੰ ਅਸੀਂ ਆਪਣੇ ਅੰਦਰੋਂ ਬੁੱਝਣਾ ਹੈ ਜਿਸ ਨੂੰ ਬੁੱਝੇ ਬਿਨ੍ਹਾਂ ਕੋਈ ਪਾਕ ਭਾਵ ਪਵਿੱਤਰ ਨਹੀਂ ਹੋ ਸਕਦਾ ਤੇ ਅਪਵਿੱਤਰ ਹੀ ਰਹਿੰਦਾ ਹੈ। ਉਸ ਵਸਤੂ ਨੂੰ ਕੇਵਲ ਗੁਰੂ ਦੀ ਕਿਰਪਾ ਦੁਆਰਾ ਬੁੱਝਿਆ ਜਾ ਸਕਦਾ ਹੈ ਤੇ ਜਿਸ ਵਸਤੂ ਨੂੰ ਅਸੀਂ ਬੁੱਝਣਾ ਹੈ, ਪਾਉਣਾ ਹੈ ਉਹ ਪ੍ਰਮਾਤਮਾ ਆਪ ਹੈ, "**ਹਰਿ ਪੁਰਖੁ ਸੁਜਾਨੁ**" ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਅਪਵਿੱਤਰ ਇਸ ਲਈ ਹੈ ਕਿ ਉਹ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦਾ ਹੈ, ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਜੋ ਕਿ ਝੂਠ ਹੈ। ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਸਮਝਦੇ ਰਹਾਂਗੇ ਕਿਉਂਕਿ ਇਹ ਗੱਲ ਬਾਣੀ ਵਿੱਚ ਵਾਰ-ਵਾਰ ਸਮਝਾਈ ਹੋਈ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਗੁਰੂ ਤਾਂ ਕਦੇ ਗਲਤ ਨਹੀਂ ਹੋ ਸਕਦਾ ਪਰ ਸਾਨੂੰ ਹੀ ਇਸ ਗੱਲ ਦੀ ਸਮਝ ਨਹੀਂ ਲੱਗਦੀ ਕਿਉਂਕਿ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਮਨ ਦੀ ਮਾਇਆ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ, ਏਕ ਵਸਤੁ ਨੂੰ ਬੁੱਝ ਲੈਂਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹੀ ਇਸ ਗੱਲ ਤੇ ਵਿਸ਼ਵਾਸ ਕਰ ਸਕਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨੁੱਖ ਪਾਕ ਜਾਂ ਨਾਪਾਕ ਭਾਵ ਪਵਿੱਤਰ ਜਾਂ ਅਪਵਿੱਤਰ ਮਨ ਦੀ ਸਮਝ ਕਰਕੇ ਹੀ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਨਾ-ਸਮਝ ਮਤਿ ਜੋ ਸਾਨੂੰ ਝੂਠ ਸਮਝਾਉਂਦੀ ਹੈ ਉਸ ਦੇ ਕਾਰਨ ਅਸੀਂ ਨਾਪਾਕ ਹਾਂ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਸਾਨੂੰ ਸੱਚ ਦੀ ਸਮਝ ਪੈ ਜਾਂਦੀ ਹੈ ਜੋ ਸਮਝ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ, ਆਪਣਾ ਉੱਚਾ ਗਿਆਨ ਬਖਸ਼ਣ ਦੁਆਰਾ ਪਾਉਂਦਾ ਹੈ ਜਿਸ ਦੁਆਰਾ ਉਹ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਤੇ ਮਨੁੱਖ ਦੀ ਸਮਝ ਨੂੰ ਪਾਕ ਬਣਾਉਂਦਾ ਹੈ। ਜਿਸ ਵਸਤੂ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਸ ਵਸਤੂ ਦਾ ਮਕਸਦ ਸਾਨੂੰ ਪਾਕ ਬਣਾਉਣ ਲਈ ਹੀ ਹੈ। ਪ੍ਰਮਾਤਮਾ ਆਪ ਬ੍ਰਹਮਗਿਆਨ ਦੇ ਰੂਪ ਵਿੱਚ ਹੈ, ਉਹ ਆਪ ਹੀ ਬ੍ਰਹਮਗਿਆਨੀ ਹੈ ਜੋ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ ਤੇ ਸਾਡੇ ਅੰਦਰ ਸਾਨੂੰ ਜਿਸ ਵਸਤੂ ਦੀ ਪ੍ਰਾਪਤੀ ਹੁੰਦੀ ਹੈ ਉਹ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੁੰਦੀ ਹੈ, ਮਨ ਦੇ ਰੂਪ ਵਿੱਚ ਹੁੰਦੀ ਹੈ। ਜੋ ਸਾਡੇ ਮਨ ਦੀ ਸਮਝ ਨੂੰ ਪਵਿੱਤਰ ਬਣਾਉਂਦੀ ਹੈ। ਜਿਸ ਵਸਤੂ ਦੀ ਸਾਨੂੰ ਪ੍ਰਾਪਤੀ ਹੁੰਦੀ ਹੈ ਇਹੀ ਨਾਮ ਦੀ ਵਸਤੂ ਹੈ ਜੋ ਕਿ ਬ੍ਰਹਮ ਗਿਆਨ ਰੂਪ ਵਸਤੂ ਹੈ ਜਿਸ ਨੂੰ ਅੱਗੇ ਚੱਲਕੇ ਹੋਰ ਵੀ ਸਮਝਾਂਗੇ। (**ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥ ਬਿਨੁ ਬੂਝੇ ਤੂੰ ਸਦਾ ਨਾਪਾਕ ॥4॥ ਕਹੁ ਨਾਨਕ ਗੁਰ ਕਉ ਕੁਰਬਾਨੁ ॥ ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ ॥**) ਜਿਸ ਵਸਤੂ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਵਸਤ ਕਿਸ ਰੂਪ ਵਿੱਚ ਹੈ ਤੇ ਕਿੱਥੋਂ ਪ੍ਰਾਪਤ ਹੋਣੀ ਹੈ, ਕਿਵੇਂ ਪ੍ਰਾਪਤ ਹੋਣੀ ਹੈ, ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥

ਮਨਮੁਖ ਅੰਧੇ ਫਿਰਹਿ ਬੇਤਾਲੇ ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥}

(ਅੰਗ ੧੧੭)

{ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥}

(ਅੰਗ ੧੫੨)

{ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥}

(ਅੰਗ ੧੭੨)

{ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥
ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥}

(ਅੰਗ ੩੫੫)

{ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥
ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥੪॥}

(ਅੰਗ ੪੧੯)

{ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥}

(ਅੰਗ ੧੦੫੬)

{ਘਰ ਮਹਿ ਵਸਤੁ ਅਗਮ ਅਪਾਰਾ ॥
ਗੁਰਮਤਿ ਖੋਜਹਿ ਸਬਦਿ ਬੀਚਾਰਾ ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥
ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥}

(ਅੰਗ ੧੧੭੫)

ਜਿਸ ਵਸਤੂ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਵਸਤੂ ਸਾਡੇ ਅੰਦਰ ਹੀ ਹੈ, ਜਿਸ ਵਸਤੂ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਉੱਪਰ ਦਿੱਤੇ ਕੁੱਝ ਸ਼ਬਦਾਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਇਹ ਵਸਤੂ ਹੀ ਨਾਮ ਹੈ, ਨਾਮ ਵੱਖਰ ਹੈ ਜਿਸ ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਨੂੰ ਮਨ ਦੇ ਵਿੱਚ ਜਗਾਉਣਾ ਇਸ ਵਸਤੂ ਨੇ ਹੀ ਹੈ, ਵੱਖਰ ਨੇ ਹੀ ਹੈ ਤੇ ਇਹ ਵੱਖਰ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਗੁਰੂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਵੇਂ

ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। (**ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥ ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥**) (**ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥ ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥**)

{ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥੫॥}

(ਅੰਗ ੨੮੩)

ਜਿਸ ਵਸਤੂ ਨੂੰ, ਵੱਖਰ ਨੂੰ ਲੈਣ ਲਈ, ਵਾਪਾਰ ਕਰਨ ਲਈ ਅਸੀਂ ਇਸ ਸੰਸਾਰ ਵਿੱਚ ਆਏ ਹਾਂ, ਉਹ ਵੱਖਰ ਕੀ ਹੈ ਤੇ ਕਿੱਥੋਂ ਮਿਲਣਾ ਹੈ, ਕਿਵੇਂ ਮਿਲਣਾ ਹੈ, ਇਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਇਹ ਵੱਖਰ "ਰਾਮ ਨਾਮ" ਦੇ ਰੂਪ ਵਿੱਚ ਹੈ ਤੇ ਵੱਖਰ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਭਾਵ ਆਪਣੇ ਜੀਵਨ ਵਿੱਚ ਪ੍ਰਮਾਤਮਾ ਨੂੰ ਪਾ ਲੈਣਾ ਜਾਂ "ਰਾਮ ਨਾਮ" ਪਾ ਲੈਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਵੀ ਸਮਝਿਆ ਹੈ। ਇਹ ਵੱਖਰ ਸਾਨੂੰ ਸੰਤ ਦੇ ਘਰ ਵਿੱਚੋਂ ਮਿਲਦਾ ਹੈ। ਸੰਤ ਕੇਵਲ ਗੁਰੂ ਆਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿੱਥੇ ਪ੍ਰਮਾਤਮਾ ਨੇ ਆਪਣਾ ਇਹ ਵੱਖਰ ਪਾਇਆ ਹੋਇਆ ਹੈ, ਰਾਮ ਨਾਮ ਪਾਇਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਰਾਮ ਨਾਮ ਵੱਖਰ ਹੀ ਹੈ। (**ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥੧॥ ਰਹਾਉ ॥**) ਅੰਗ - ੧੮੫ । ਸੰਤ ਕੇਵਲ ਗੁਰੂ ਹੈ। ਇਹ ਗੱਲ ਸਾਨੂੰ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਤੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ ਬਹੁਤ ਹਨ ਤੇ ਉਨ੍ਹਾਂ ਨੂੰ ਸੰਤ, ਸਾਧ ਕਹਿਣ ਵਾਲੇ ਵੀ ਬਹੁਤ ਹਨ। ਨਾ ਅਖਵਾਉਣ ਵਾਲਿਆਂ ਨੂੰ ਕੋਈ ਰੋਕ ਸਕਦਾ ਹੈ ਤੇ ਨਾ ਹੀ ਕਹਿਣ ਵਾਲਿਆਂ ਨੂੰ ਕੋਈ ਰੋਕ ਸਕਦਾ ਹੈ ਕਿਉਂਕਿ ਇਹ ਧਾਰਮਿਕ ਆਸਥਾ ਦਾ ਮਸਲਾ ਹੈ। ਆਪਣੇ ਆਪ ਨੂੰ ਸੰਤ ਉਹੀ ਅਖਵਾ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ, ਪ੍ਰਮਾਤਮਾ ਦੇ ਗੁਰੂ ਰੂਪ ਨੂੰ ਨਹੀਂ ਜਾਣਿਆ ਜੋ ਕਿ ਉਸਦਾ ਆਪਣਾ ਹੀ ਸੰਤ ਰੂਪ ਹੈ। ਆਪਣੇ ਆਪ ਨੂੰ ਸੰਤ ਅਖਵਾਉਣਾ ਜਾਂ ਗੁਰੂ ਅਖਵਾਉਣਾ ਇੱਕੋ ਹੀ ਗੱਲ ਹੈ ਤੇ ਇਸੇ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਕਿ ਆਪਣੇ ਆਪ ਨੂੰ ਸੰਤ, ਸਾਧ ਅਖਵਾਉਣ ਵਾਲੇ ਤਾਂ ਬਹੁਤ ਹੁੰਦੇ ਹਨ ਪਰ ਸੰਤ ਦੀ, ਸਾਧ ਦੀ ਕਸਵੱਟੀ ਤੇ ਪੂਰਾ ਕੋਈ ਨਹੀਂ ਉਤਰਦਾ ਭਾਵ ਇਹੋ ਜਿਹੇ ਸਭ ਭਰਮ ਵਿੱਚ ਹੀ ਹਨ ਤੇ ਇਹੋ ਜਿਹਿਆਂ ਨੂੰ ਸੰਤ ਸਮਝਣ ਵਾਲੇ ਵੀ ਭਰਮ ਵਿੱਚ ਹੀ ਹੁੰਦੇ ਹਨ।

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥

ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥}

(ਅੰਗ ੧੩੯੫-੧੩੯੬)

ਸੰਤ ਕੇਵਲ ਗੁਰੂ ਹੀ ਹੈ ਤੇ ਜੋ ਵੱਖਰ ਅਸੀਂ ਲੈਣ ਲਈ ਆਏ ਹਾਂ ਉਹ "ਰਾਮ ਨਾਮ" ਵਖਰ ਸਾਨੂੰ ਕੇਵਲ ਗੁਰੂ ਦੇ ਕੋਲੋਂ ਹੀ ਮਿਲ ਸਕਦਾ ਹੈ, ਗੁਰੂ ਦੇ ਘਰ ਵਿੱਚੋਂ ਹੀ ਮਿਲ ਸਕਦਾ ਹੇ। ਗੁਰੂ ਗੁਰਬਾਣੀ ਹੈ, ਸੰਤ ਗੁਰਬਾਣੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ। ਪੂਰੀ ਗੁਰਬਾਣੀ ਦੇ ਵਿੱਚ ਰਾਮ ਨਾਮ ਵੱਖਰ ਹੀ ਹੈ ਜਿੱਥੋਂ ਸਾਨੂੰ ਇਸ ਵੱਖਰ ਦੀ, ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਜਿਨ੍ਹਾਂ ਨੂੰ ਰਾਮ ਨਾਮ ਵੱਖਰ ਦੀ ਪ੍ਰਾਪਤੀ ਹੋਈ ਹੈ ਉਹ ਪ੍ਰਮਾਤਮਾ ਦੇ ਕੋਲੋਂ ਹੀ ਹੋਈ ਹੈ ਤੇ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਰਾਮ ਨਾਮ ਵੱਖਰ ਪਾਇਆ ਹੈ ਜਿੱਥੋਂ ਅਸੀਂ ਇਸ ਵੱਖਰ ਦੀ ਪ੍ਰਾਪਤੀ ਕਰ ਸਕਦੇ ਹਾਂ। (**ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥**) ਅੰਗ - 283 । ਜਿਸ ਸੰਤ ਦੇ ਘਰ ਵਿੱਚੋਂ ਭਾਵ ਗੁਰੂ ਕੋਲੋਂ ਅਸੀਂ ਇਸ ਵੱਖਰ ਦੀ ਪ੍ਰਾਪਤੀ ਕਰਨੀ ਹੈ, ਉਹ ਕਿਸ ਤਰੀਕੇ ਕਰਨੀ ਹੈ, ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥"

(ਅੰਗ ੨੮੩)

ਰਾਮ ਨਾਮ ਵੱਖਰ ਦੀ ਪ੍ਰਾਪਤੀ ਬਹੁਤ ਔਖੀ ਹੈ। ਪ੍ਰਮਾਤਮਾ ਨੂੰ ਪਾਉਣਾ ਜਾਂ ਰਾਮ ਨਾਮ ਪਾਉਣਾ ਇੱਕੋ ਹੀ ਗੱਲ ਹੈ। ਇਹ "ਰਾਮ ਨਾਮ" ਸਾਨੂੰ ਆਪਣਾ ਮਨ ਦੇਣ ਦੇ ਬਦਲੇ ਵਿੱਚ ਮਿਲਦਾ ਹੈ ਜੋ ਕਿ ਇਸਦਾ ਮੁੱਲ ਹੈ। ਇਹ ਮੁੱਲ ਚੁਕਾਉਣਾ ਬਹੁਤ ਔਖਾ ਹੈ। ਆਪਣੀ ਮੈਂ ਛੱਡਣੀ ਪੈਂਦੀ ਹੈ, ਹਉਮੈ ਛੱਡਣੀ ਪੈਂਦੀ ਹੈ, ਮਾਨ ਮੋਹ ਛੱਡਣਾ ਪੈਂਦਾ ਹੈ ਭਾਵ ਆਪਣੀ ਮਤਿ ਪੂਰਨ ਰੂਪ ਵਿੱਚ ਛੱਡਣੀ ਪੈਂਦੀ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਆਪਣੀ ਹਰ ਤ੍ਰਿਸ਼ਨਾ ਛੱਡਣੀ ਪੈਂਦੀ ਹੈ ਜਿਵੇਂ ਕਿ ਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਹੋਇਆ ਹੈ। ਇਹ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਦੀ ਗੱਲ ਹੈ ਜੋ ਕਿ ਬਹੁਤ ਔਖਾ ਹੈ। ਇਹੀ ਆਪਣਾ ਤਨ ਮਨ ਧੰਨ ਗੁਰੂ ਨੂੰ ਸੌਂਪਣਾ ਹੈ ਭਾਵ ਪੂਰਨ ਰੂਪ ਵਿੱਚ ਗੁਰੂ ਦੇ ਭਾਣੇ ਨੂੰ ਮੰਨਣਾ ਹੈ। ਇਹ ਰਾਮ ਨਾਮ ਦਾ ਤੋਲ ਤੁਲਣਾ ਹੈ ਜੋ ਤੋਲ ਸਾਡੇ ਮਨ ਨੇ ਤੁਲਣਾ ਹੈ ਭਾਵ ਗੁਰੂ ਦੀ ਹਰ ਗੱਲ ਨੂੰ ਮੰਨ ਕੇ ਤੁਲਣਾ ਹੈ। "ਰਾਮ ਨਾਮ" ਵੱਖਰ ਦੀ ਪ੍ਰਾਪਤੀ ਇਹੋ ਜਿਹਾ ਤੋਲਿ ਤੁਲਣ ਦੁਆਰਾ ਹੁੰਦੀ ਹੈ ਜੋ ਮਨੁੱਖ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ ਤੇ ਇਸ ਲਈ ਉੱਦਮ ਮਨੁੱਖ ਨੇ ਹੀ ਕਰਨਾ ਹੈ ਤੇ ਤੋਲਿ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੀ ਤੁਲਿਆ ਜਾ ਸਕਦਾ ਹੈ ਜੋ ਕਿ ਉਹ ਆਪ ਹੀ ਤੁਲਾਉਂਦਾ ਹੈ। ਰਾਮ ਨਾਮ ਦਾ ਤੋਲ ਤੁਲਣਾ ਜਾਂ ਗੁਰਮਤਿ ਦਾ ਤੋਲ ਤੁਲਣਾ ਇੱਕੋ ਹੀ ਗੱਲ ਹੈ ਕਿਉਂਕਿ ਗੁਰਮਤਿ ਹੀ ਰਾਮ ਨਾਮ ਹੈ। ਗੁਰੂ ਦੀ ਮਤਿ ਤੇ ਪੂਰਾ ਉਤਰਨਾ ਹੀ ਰਾਮ ਨਾਮ ਦਾ ਤੋਲ ਤੁਲਣਾ ਹੈ। ਗੁਰੂ ਦੀ ਮਤਿ ਸਾਨੂੰ ਸੱਚ ਸਮਝਾਉਂਦੀ ਹੈ ਤੇ ਸੱਚ ਦੀ ਕਸਵੱਟੀ ਤੇ ਪੂਰਾ ਉਤਰਨਾ ਹੀ ਰਾਮ ਨਾਮ ਦਾ ਤੋਲ ਤੁਲਣਾ ਹੈ। ਸੱਚ ਦੀ ਕਸਵੱਟੀ ਤੇ ਪੂਰਾ ਉਤਰਨਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। (**ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥**) ਆਪਣਾ ਮਨ ਦੇਣ ਦੇ ਬਦਲੇ "ਰਾਮ ਨਾਮ" ਦੀ ਪ੍ਰਾਪਤੀ ਹੋਣਾ ਜਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

"ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥
ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥
ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥
ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥
ਰਾਮ ਭਗਤਿ ਬੈਠੇ ਘਰਿ ਆਇਆ ॥੨॥
ਕਹੁ ਕਬੀਰ ਚੰਚਲ ਮਤਿ ਤਿਆਗੀ ॥

ਕੇਵਲ ਰਾਮ ਭਗਤਿ ਨਿਜ ਭਾਗੀ ॥੩॥"

(ਅੰਗ ੩੨੭)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਹੀ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਨੂੰ ਪਾਉਣ ਲਈ ਮਨੁੱਖ ਨੂੰ ਕੀ ਕੀਮਤ ਚੁਕਾਉਣੀ ਪੈਂਦੀ ਹੈ। ਪ੍ਰਮਾਤਮਾ ਕੇਵਲ ਤੇ ਕੇਵਲ ਆਪਣਾ ਮਨ ਦੇਣ ਦੇ ਬਦਲੇ ਮਿਲਦਾ ਹੈ ਤੇ ਉਸਦੀ ਕੀਮਤ ਚੁਕਾਉਣ ਦਾ ਹੋਰ ਕੋਈ ਤਰੀਕਾ ਨਹੀਂ ਹੈ। (**ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥**) ਸਾਡਾ ਮਨ ਸਾਡੇ ਮਨ ਦੀ ਸਮਝ ਹੈ, ਸਾਡੇ ਮਨ ਦੀ ਮਤਿ ਹੈ ਜਿਸ ਮਤਿ ਦੁਆਰਾ ਅਸੀਂ ਸੰਸਾਰ ਵਿੱਚ ਵਿਚਰਦੇ ਹਾਂ। ਆਪਣੀ ਮਤਿ ਪੂਰੀ ਤਰ੍ਹਾਂ ਛੱਡੇ ਬਿਨ੍ਹਾਂ ਗੁਰੂ ਨੂੰ ਆਪਣਾ ਮਨ ਨਹੀਂ ਸੌਂਪਿਆ ਜਾ ਸਕਦਾ। ਸਮਝਣ ਦੀ ਗੱਲ ਕੇਵਲ ਇਹ ਹੈ ਕਿ ਗੁਰੂ ਨੂੰ ਅਸੀਂ ਆਪਣਾ ਮਨ ਕਿਸ ਤਰੀਕੇ ਦੇਣਾ ਹੈ। ਆਪਣਾ ਮਨ ਅਸੀਂ ਗੁਰੂ ਨੂੰ ਤਾਂ ਹੀ ਦੇ ਸਕਦੇ ਹਾਂ ਜੇਕਰ ਉਸ ਦੇ ਬਦਲੇ ਗੁਰੂ ਦੇ ਮਨ ਨੂੰ ਆਪਣੇ ਅੰਦਰ ਵਸਾਈਏ। ਗੁਰੂ ਦਾ ਮਨ ਗੁਰੂ ਦੇ ਬੋਲ ਹਨ, ਗੁਰੂ ਦੇ ਬਚਨ ਹਨ, ਗੁਰੂ ਦੀ ਮਤਿ ਹੈ। ਕੀਮਤ ਤਾਂ ਅਸੀਂ ਅਸਲ ਵਿੱਚ ਗੁਰੂ ਦੀ ਮਤਿ ਦੀ ਹੀ ਪਾਉਣੀ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਹੈ ਜਿਸ ਦੇ ਬਦਲੇ ਅਸੀਂ ਆਪਣਾ ਮਨ ਗੁਰੂ ਨੂੰ ਦੇਣਾ ਹੈ। ਆਪਣੀ ਮਤਿ ਛੱਡਣਾ ਹੀ ਗੁਰਮਤਿ ਦੀ ਕੀਮਤ ਪਾਉਣਾ ਹੈ, ਜੋ ਕਿ ਗੁਰਮਤਿ ਦਾ ਤੋਲ ਤੁਲਣਾ ਹੈ ਜੋ ਕਿ ਬਹੁਤ ਔਖਾ ਹੈ ਤੇ ਗੁਰਮਤਿ ਦਾ ਤੋਲ ਤੁਲੇ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ ਜੋ ਸੱਚ ਦੁਆਰਾ ਮਿਲਦਾ ਹੈ ਤੇ "ਸੁਖ" ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਗੁਰਮਤਿ ਦੇ ਸਮਝਾਏ ਹੋਏ ਸੱਚ ਨੂੰ ਆਪਣੇ ਅੰਦਰ ਵਸਾਉਣਾ ਗੁਰਮਤਿ ਦਾ ਤੋਲ ਤੁਲਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

"ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥
ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥
ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥੬॥"

(ਅੰਗ ੬੦)

ਅਸੀਂ ਕੇਵਲ ਸ਼ਬਦਾਂ ਦੀ ਜਾਂ ਕਿਸੇ ਅੱਖਰ ਦੀ ਕਥਨੀ ਕਰੀ ਜਾਣ ਨੂੰ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਕੀਮਤ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ। ਕੀਮਤ ਅਸੀਂ ਗੁਰੂ ਦੀ ਮਤਿ ਦੀ ਪਾਉਣੀ ਹੈ ਜੋ ਕੀਮਤਿ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਪੈ ਸਕਦੀ ਹੈ ਭਾਵ ਆਪਣੀ ਮਤਿ, ਆਪਣੀ ਮੈਂ, ਆਪਣੀ ਹਉਮੈ, ਆਪਣੀ ਨਾ-ਸਮਝ ਮਤਿ ਛੱਡਕੇ ਹੀ ਪੈ ਸਕਦੀ ਹੈ।

"ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥
ਰਾਮ ਭਗਤਿ ਬੈਠੇ ਘਰਿ ਆਇਆ ॥੨॥
ਕਹੁ ਕਬੀਰ ਚੰਚਲ ਮਤਿ ਤਿਆਗੀ ॥
ਕੇਵਲ ਰਾਮ ਭਗਤਿ ਨਿਜ ਭਾਗੀ ॥੩॥"

(ਅੰਗ ੩੨੭)

ਉੱਪਰ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਕੀ ਕਥਨੀ ਕਰੀ ਜਾਣ ਨਾਲ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ ਭਾਵ ਨਹੀਂ ਹੋ ਸਕਦੀ। ਹਰ ਕੋਈ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਦਾ ਹੈ ਤੇ ਜਿਤਨੀ ਕੋਈ ਜਿਆਦਾ ਕਥਨੀ ਕਰਦਾ ਹੈ, ਸ਼ਬਦਾਂ ਨੂੰ ਜਿਨ੍ਹਾਂ ਕੋਈ ਜਿਆਦਾ ਕਥਦਾ ਹੈ ਉਤਨਾ ਹੀ ਉਸ ਨੂੰ ਪ੍ਰਮਾਤਮਾ ਦੇ ਗੁਣ ਗਾਉਣ ਵਾਲਾ ਸਮਝਿਆ ਜਾਂਦਾ ਹੈ। ਕਥਨੀ ਕਰੀ ਜਾਣ ਨਾਲ ਬ੍ਰਹਮਾ ਵੀ ਪ੍ਰਮਾਤਮਾ ਨੂੰ ਨਹੀਂ ਜਾਣ ਸਕਿਆ ਕਿਉਂਕਿ ਕਥਨੀ ਦੁਆਰਾ ਭਗਤੀ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ। ਭਗਤੀ ਦੀ ਕੀਮਤ ਭਾਵ ਪ੍ਰਮਾਤਮਾ ਨੂੰ ਜਾਨਣ ਦੀ ਕੀਮਤ ਆਪਣੇ ਮਨ ਦੀ ਸਮਝ ਨੂੰ ਤਿਆਗਣਾ ਹੈ ਜਿਸ ਦੁਆਰਾ ਗੁਰਮਤਿ ਨੂੰ ਅਪਣਾਇਆ ਜਾ ਸਕਦਾ ਹੈ, ਗੁਰਮਤਿ ਦੀ ਕੀਮਤ ਪਾਈ ਜਾ ਸਕਦੀ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਭਗਤੀ ਦਾ ਅਸਲ ਮਾਰਗ ਇਹੀ ਸਮਝਾਇਆ ਹੋਇਆ ਹੈ ਜੋ ਕਿ ਆਪਣੀ ਚੰਚਲ ਮਤਿ ਨੂੰ ਤਿਆਗਣ ਦਾ ਹੈ, ਮਾੜੀ ਮਤਿ ਨੂੰ ਤਿਆਗਣ ਦਾ ਹੈ ਜੋ ਮਤਿ ਹਰ ਵੇਲੇ ਮਾਇਆ ਮੋਹ ਵਿੱਚ ਰਹਿੰਦੀ ਹੈ, ਤ੍ਰਿਸ਼ਨਾਵਾਂ ਵਿੱਚ ਰਹਿੰਦੀ ਹੈ ਜਿਸ ਕਰਕੇ ਮਨੁੱਖ

ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਾੜੇ ਕਰਮ ਕਰਦਾ ਹੈ, ਔਗੁਣ ਕਰਦਾ ਹੈ ਜੋ ਕਿ ਭਗਤੀ ਦੇ ਉਲਟ ਮਾਰਗ ਹੈ। ਭਗਤੀ ਦਾ ਅਸਲ ਮਾਰਗ ਗੁਣਾਂ ਨੂੰ ਅਪਨਾਉਣ ਦਾ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ, ਸੰਸਾਰ ਵਿੱਚ ਸਾਡੀ ਵਿਚਰਨ ਚੰਗੀ ਹੋਵੇ। ਇਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਆਪ ਹੀ ਘਰ ਬੈਠੇ ਮਿਲ ਪੈਂਦਾ ਹੈ, ਜਿਸ ਲਈ ਕਿਤੇ ਜਾਣ ਦੀ ਲੋੜ ਨਹੀਂ ਪੈਂਦੀ। ਪ੍ਰਮਾਤਮਾ ਦੀ ਸੱਚੀ ਭਗਤੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਜੋ ਭਗਤੀ ਦਾ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਜਦ ਤੱਕ ਸਭ ਵਿੱਚ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਤਦ ਤੱਕ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ। ਜਦ ਤੱਕ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਇਹ ਮੈਂ ਹੈ ਜਿਸ ਮੈਂ ਦੇ ਨਿਕਲੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ। ਪ੍ਰਮਾਤਮਾ ਦੀ ਭਗਤੀ ਮਨੁੱਖ ਦੇ ਨਸੀਬ ਵਿੱਚ ਆਪਣੀ ਮਤਿ, ਆਪਣੀ ਹਉਮੈ ਛੱਡਣ ਦੁਆਰਾ ਹੀ ਆਉਂਦੀ ਹੈ ਜਿਸ ਭਗਤੀ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਚੁਕਾਈ ਜਾ ਸਕਦੀ ਹੈ। ਆਪਣੀ ਮਤਿ ਤਿਆਗਣਾ ਹੀ ਉਹ ਮੁੱਲ ਹੈ ਜਿਸਦੇ ਬਦਲੇ ਪ੍ਰਮਾਤਮਾ ਮਿਲਦਾ ਹੈ। (**ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥ ਅਬ ਮੋਹਿ ਰਾਮੁ ਅਪੁਨਾ ਕਰ�ि ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥ ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ॥ ਰਾਮ ਭਗਤਿ ਬੈਠੇ ਘਰਿ ਆਇਆ ॥੨॥ ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥**)

ਜਿਵੇਂ ਕਿ ਅਸੀਂ ਇਸ ਤੋਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ, ਜਿਸ ਵੱਖਰ ਦੀ ਪ੍ਰਾਪਤੀ ਕਰਨ ਲਈ ਅਸੀਂ ਇਸ ਸੰਸਾਰ ਵਿੱਚ ਆਏ ਹਾਂ ਉਸ ਵੱਖਰ ਦੀ ਪ੍ਰਾਪਤੀ, ਨਾਮ ਵੱਖਰ ਦੀ ਪ੍ਰਾਪਤੀ ਆਪਣਾ ਮਨ ਦੇਣ ਦੇ ਬਦਲੇ ਭਾਵ ਆਪਣੀ ਮਤਿ ਛੱਡਣ ਦੇ ਬਦਲੇ, ਮਾਇਆ ਮੋਹ ਛੱਡਣ ਦੇ ਬਦਲੇ ਹੀ ਹੁੰਦੀ ਹੈ, ਸੰਸਾਰ ਵਿੱਚ ਚੰਗੇ ਕਰਮ ਕਰਨ ਦੁਆਰਾ, ਗੁਰੂ ਦੀ ਮਤਿ ਨੂੰ ਮੰਨ ਕੇ ਉਸ ਤੇ ਚੱਲਣ ਦੁਆਰਾ ਹੀ ਹੁੰਦੀ ਹੈ ਜੋ ਕਿ ਭਗਤੀ ਦਾ ਅਸਲ ਮਾਰਗ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। (**ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥ ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥**) ਆਪਣੀ ਮਤਿ ਤਿਆਗਣੀ ਹੀ ਸੰਤ ਦਾ ਸੰਗ ਕਰਨਾ ਹੈ ਭਾਵ ਗੁਰੂ ਦਾ, ਗੁਰੂ ਦੇ ਬਚਨਾਂ ਦਾ ਸੰਗ ਕਰਨਾ ਹੈ, ਗੁਰੂ ਦੀ ਮਤਿ ਦਾ ਸੰਗ ਕਰਨਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥”

(ਅੰਗ ੨੮੩)

ਸੰਤ ਗੁਰੂ ਹੈ ਤੇ ਗੁਰੂ, ਗੁਰੂ ਦੇ ਬਚਨ ਹਨ, ਗੁਰੂ ਦੀ ਸਿੱਖਿਆ ਹੈ ਜਿਵੇਂ ਕਿ ਅਸੀਂ ਪਿੱਛੇ ਜਾਣ ਕੇ ਆਏ ਹਾਂ। (**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥**) ਅੰਗ ੧੩੦੯। ਗੁਰੂ ਦੇ ਬਚਨਾਂ ਦਾ ਸੰਗ ਕਰਨਾ, ਗੁਰੂ ਦੀ ਸਿੱਖਿਆ ਦਾ ਸੰਗ ਕਰਨਾ ਗੁਰੂ ਦਾ ਸੰਗ ਕਰਨਾ ਹੈ ਜੋ ਸੰਗ ਸਾਡੇ ਮਨ ਦੀ ਸਮਝ ਨੇ ਕਰਨਾ ਹੈ। ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। ਜੋ ਖੇਪ ਅਸੀਂ ਆਪਣੇ ਅੰਦਰ ਲੱਦਣੀ ਹੈ ਉਹ ਗੁਰੂ ਦੀ ਦਿੱਤੀ ਹੋਈ ਸਮਝ ਹੈ, ਗੁਰੂ ਦੀ ਸੱਚੀ ਸਿੱਖਿਆ ਹੈ ਜਿਸ ਨੂੰ ਅਸੀਂ ਆਪਣੇ ਮਨ ਦੇ ਵਿੱਚ ਲਦਣਾ ਹੈ ਭਾਵ ਗਰੂ ਦੇ ਹਰ ਸ਼ਬਦ ਦੇ ਵਿਚਾਰਾਂ ਨੂੰ ਅਸੀਂ ਆਪਣੇ ਮਨ ਦੇ ਵਿੱਚ ਲਦਣਾ ਹੈ ਭਾਵ ਮੰਨਣਾ ਹੈ ਜਿਸ ਨੂੰ ਲਦਣ ਦਾ ਬੋਝ ਸਾਡੇ ਮਨ ਨੇ ਸਹਿਣਾ ਹੈ। ਇਹ ਭਾਰ ਸਹਿਣਾ ਔਖਾ ਹੈ ਕਿਉਂਕਿ ਇਸ ਭਾਰ ਨੂੰ ਲੱਦਣ ਲਈ ਸਾਨੂੰ ਮਾਇਆ ਦੇ ਸੁੱਖ ਤਿਆਗਣੇ ਪੈਂਦੇ ਹਨ, ਮਨ ਦੀ ਮਾਇਆ ਛੱਡਣੀ ਪੈਂਦੀ ਹੈ, ਬਿਖਿਆ ਵਿੱਚੋਂ ਨਿਕਲਣਾ ਪੈਂਦਾ ਹੈ। ਇਹ ਬਿਖਿਆ ਸਾਡੇ ਅੰਦਰ ਦੀ ਮਾੜੀ ਸਮਝ ਹੈ ਜੋ ਸਾਨੂੰ ਹਰ ਵੇਲੇ ਮਾਇਆ ਮੋਹ ਵਿੱਚ ਰੱਖਦੀ ਹੈ ਜਿਸ ਕਰਕੇ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ। ਸਾਡੇ ਅੰਦਰੋਂ ਬਿਖਿਆ ਨਿਕਲੇਗੀ ਤੇ ਤਾਂ ਹੀ ਸਾਡੇ ਅੰਦਰ ਗੁਰੂ ਦੀ ਸਿੱਖਿਆ ਵੱਸੇਗੀ ਭਾਵ ਅਸੀਂ ਉਸ ਖੇਪ ਨੂੰ ਆਪਣੇ ਅੰਦਰ ਲੱਦ ਸਕਦੇ ਹਾਂ ਜਿਸ ਨੂੰ ਲੱਦਣ ਦੁਆਰਾ ਅਸੀਂ ਸੰਤ ਦਾ, ਗੁਰੂ ਦਾ ਸੰਗ ਕਰ ਸਕਦੇ ਹਾਂ ਤੇ ਉਸ ਦੇ ਨਾਲ ਭਾਵ ਉਸਦੇ ਸਮਝਾਏ ਹੋਏ ਮਾਰਗ ਤੇ ਚੱਲ ਸਕਦੇ ਹਾਂ। (**ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅਵਰ ਤਿਆਗਿ ਬਿਖਿਆ ਜੰਜਾਲ ॥**)

{**ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥**}

(ਅੰਗ - ੪੭੪)

ਮਨ ਦੇ ਵਿੱਚ ਇਹ ਖੇਪ ਹੀ "ਨਾਮ" ਦੀ ਖੇਪ ਹੈ ਜੋ ਕਿ ਗੁਰਮਤਿ ਦੀ ਸੱਚੀ ਸੋਝੀ ਦੀ ਖੇਪ ਹੈ, ਗੁਰੂ ਦੇ ਸੱਚੇ ਗਿਆਨ ਦੀ ਖੇਪ ਹੈ, ਬ੍ਰਹਮ ਗਿਆਨ ਦੀ ਖੇਪ ਹੈ। ਇਸ ਨਾਮ ਦੀ ਖੇਪ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਆਪਣੇ ਨਾਮ ਦੇ ਰੂਪ ਵਿੱਚ ਹੀ ਸਭ ਦੇ ਅੰਦਰ ਵਿਚਰਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ। (**ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥**) ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਇਹ ਨਾਮ ਦੀ ਖੇਪ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਅਸੀਂ ਇਸ ਨਾਮ ਦੀ ਖੇਪ ਦੀ ਪ੍ਰਾਪਤੀ ਗੁਰੂ ਦੇ ਕੋਲੋਂ ਕਰਨੀ ਹੈ, ਗੁਰੂ ਰੂਪ ਸੰਤ ਦੇ ਕੋਲੋਂ ਕਰਨੀ ਹੈ ਕਿਉਂਕਿ ਇਹ ਖੇਪ ਗੁਰੂ ਦੇ ਕੋਲ ਹੀ ਹੈ। ਮਨ ਦੀ ਇਸ ਖੇਪ ਦੁਆਰਾ ਹੀ ਮਨੁੱਖ ਨੂੰ ਭਗਤੀ ਦਾ ਸਹੀ ਮਾਰਗ ਸਮਝ ਆਉਂਦਾ ਹੈ ਤੇ ਉਹ ਉਸ ਅਨੁਸਾਰ ਵਿਚਰਦਾ ਹੈ। ਅਸੀਂ ਗੁਰੂ ਕੋਲੋਂ ਇਹ ਨਾਮ ਦੇ ਖੇਪ ਪ੍ਰਾਪਤ ਕਰਨ ਦਾ ਉੱਦਮ ਹੀ ਕਰਨਾ ਹੈ ਭਾਵ ਗੁਰੂ ਕੋਲੋਂ ਮਤਿ ਲੈ ਕੇ ਆਪਣੀ ਮਤਿ ਛੱਡਣ ਦਾ ਉੱਦਮ ਹੀ ਕਰਨਾ ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਮਨੁੱਖ ਦੇ ਅੰਦਰ ਪ੍ਰਗਟ ਹੋਣ ਦੁਆਰਾ ਆਪਣੀ ਇਹ ਖੇਪ ਲਦ ਦਿੰਦਾ ਹੈ ਭਾਵ ਮਨੁੱਖ ਦੀ ਸਮਝ ਨੂੰ ਗੁਰਮਤਿ ਦੇ ਸੱਚੇ ਗਿਆਨ ਦੁਆਰਾ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਭਰ ਦਿੰਦਾ ਹੈ ਜਿਵੇਂ ਕਿ ਉਸਨੇ ਭਗਤਾਂ ਦੀ ਸਮਝ ਨੂੰ, ਗੁਰੂ ਸਾਹਿਬਾਨ ਦੀ ਸਮਝ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਸਮਝ ਨੂੰ ਨਾਮ ਦੇ ਖੇਪ ਦੇ ਨਾਲ ਭਰਿਆ ਹੈ ਤੇ ਉਨ੍ਹਾਂ ਨੇ ਗੁਰਬਾਣੀ ਦੇ ਵਿੱਚ ਇਸ ਨਾਮ ਦੀ ਖੇਪ ਨੂੰ ਭਰਿਆ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਇਹੋ ਜਿਹੀ ਸਮਝ ਵਾਲਾ ਬਣਾ ਦਿੰਦਾ ਹੈ ਉਹੀ ਪ੍ਰਮਾਤਮਾ ਦੀ ਦਰਗਾਹ ਵਿੱਚ, ਉਸਦੇ ਦਰ ਤੇ ਮਾਣ ਪਾਉਂਦੇ ਹਨ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥੫॥"

(ਅੰਗ ੨੮੩)

ਧੰਨ ਹੈ ਗੁਰੂ, ਧੰਨ ਹੈ ਗੁਰੂ, ਧੰਨ ਹੈ ਗੁਰੂ ਜਿਸਨੇ ਸਦਾ ਲਈ ਆਪਣੇ ਅੰਦਰ ਨਾਮ ਦੀ ਖੇਪ ਲਦੀ ਹੋਈ ਹੈ ਤੇ ਸਾਰੇ ਸੰਸਾਰ ਨੂੰ ਆਪਣੇ ਨਾਮ ਦੀ ਖੇਪ ਵੰਡ ਰਹਿਆ ਹੈ, ਜੋ ਚਾਹੇ ਉਸ ਦੇ ਕੋਲੋਂ ਨਾਮ ਲੈ ਸਕਦਾ ਹੈ, ਗੁਰਮਤਿ ਦਾ ਸੱਚਾ ਗਿਆਨ ਲੈ ਸਕਦਾ ਹੈ ਤੇ ਆਪਣੇ ਜੀਵਨ ਦਾ ਸੱਚਾ ਮਾਰਗ ਸਮਝ ਸਕਦਾ ਹੈ ਤੇ ਉਸ ਤੇ ਚੱਲ ਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰ ਸਕਦਾ ਹੈ, ਉਸ ਵੱਖਰ ਦੀ ਪ੍ਰਾਪਤੀ ਕਰ ਸਕਦਾ ਹੈ, ਉਸ ਵਸਤੂ ਦੀ ਪ੍ਰਾਪਤੀ ਕਰ ਸਕਦਾ ਹੈ ਜਿਸ ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਕਸਦ ਹੈ ਜਿਸ ਮਕਸਦ ਦੀ ਪ੍ਰਾਪਤੀ ਹੋਣ ਨਾਲ ਪ੍ਰਮਾਤਮਾ ਦੀ ਦਰਗਾਹ ਵਿੱਚ, ਉਸ ਦੇ ਘਰ ਵਿੱਚ ਸਾਡਾ ਮੁੱਖ ਉੱਜਲ ਹੁੰਦਾ ਹੈ, ਸਾਨੂੰ ਸੱਚਾ ਮਾਣ ਮਿਲਦਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਲ ਇਕ ਹੋ ਜਾਂਦਾ ਹੈ। (**ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥**) ਪ੍ਰਮਾਤਮਾ ਦਾ ਘਰ ਨਿਰੰਕਾਰ ਰੂਪ ਹੈ ਜੋ ਕਿ ਸਾਡਾ ਮਨ ਹੈ। ਪ੍ਰਮਾਤਮਾ ਦੇ ਘਰ ਵਿੱਚ ਸਾਡਾ ਮੁੱਖ ਸਾਡੇ ਮਨ ਦੀ ਸਮਝ ਹੈ ਤੇ ਮਨੁੱਖੀ ਮਨ ਦੀ ਸਮਝ ਹੀ ਉੱਜਲ ਹੁੰਦੀ ਹੈ, ਉਸਦੇ ਉੱਚੇ ਗਿਆਨ ਦੁਆਰਾ, ਨਾਮ ਦੁਆਰਾ, ਬ੍ਰਹਮ ਗਿਆਨ ਦੁਆਰਾ ਰੌਸ਼ਨ ਹੁੰਦੀ ਹੈ ਜੋ ਸਾਰੇ ਜਗ ਦੇ ਅੰਦਰ ਆਪਣਾ ਉਜਾਲਾ ਫੈਲਾਉਂਦੀ ਹੈ, ਸੱਚੇ ਗਿਆਨ ਦਾ ਉਜਾਲਾ ਫੈਲਾਉਂਦੀ ਹੈ ਜਿਵੇਂ ਕਿ ਗੁਰਬਾਣੀ ਆਪਣੇ ਉੱਚੇ ਗਿਆਨ ਦੁਆਰਾ ਸਾਰੇ ਜਗ ਨੂੰ ਉੱਜਲ ਕਰ ਰਹੀ ਹੈ, ਰੌਸ਼ਨ ਕਰ ਰਹੀ ਹੈ।

ਸਾਡੇ ਜੀਵਨ ਦਾ ਮਕਸਦ ਇਹੋ ਜਿਹਾ ਨਾਮ ਦਾ ਵਾਪਾਰ ਕਰਨ ਦਾ ਹੈ ਜੋ ਵਾਪਾਰ ਪ੍ਰਮਾਤਮਾ ਦੇ ਨਾਲ ਇੱਕ ਹੋ ਕੇ ਹੀ ਕੀਤਾ ਜਾ ਸਕਦਾ ਹੈ। ਗੁਰੂ ਇਹ ਵਾਪਾਰ ਕਰ ਰਹਿਆ ਹੈ ਕਿਉਂਕਿ ਉਹ ਆਪਣੇ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦੇ ਨਾਲ ਇੱਕ ਹੀ ਹੈ, ਉਸਦਾ ਆਪਣਾ ਰੂਪ ਹੀ ਹੈ। ਇਹ ਵਾਪਾਰ ਕੋਈ ਵਿਰਲਾ ਹੀ ਕਰ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਇੱਕ ਹੋ ਕੇ ਹੀ ਕਰ ਸਕਦਾ ਹੈ। ਗੁਰੂ ਨਾਮ ਦਾ ਵਾਪਾਰੀ ਹੈ ਭਾਵ ਉਹ ਨਾਮ ਦੇ ਸਕਦਾ ਹੈ, ਵੰਡ ਸਕਦਾ ਹੈ। ਨਾਮ ਦਾ ਵਾਪਾਰ

ਉਹੀ ਕਰ ਸਕਦਾ ਹੈ ਜਿਸ ਦੇ ਆਪਣੇ ਕੋਲ ਨਾਮ ਹੋਵੇ ਤੇ ਬਿਨ੍ਹਾਂ ਨਾਮ ਵੱਖਰ ਵਾਲਾ ਇਸ ਦਾ ਵਾਪਾਰ ਨਹੀਂ ਕਰ ਸਕਦਾ। ਇਸ ਕਰਕੇ ਸਾਨੂੰ ਨਾਮ ਦੀ ਪ੍ਰਾਪਤੀ ਕੇਵਲ ਗੁਰੂ ਦੇ ਕੋਲੋਂ ਹੀ ਕਰਨੀ ਚਾਹੀਦੀ ਹੈ ਭਾਵ ਕੇਵਲ ਗੁਰੂ ਕੋਲੋਂ ਹੀ ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਲੈਣੀ ਚਾਹੀਦੀ ਹੈ ਜੋ ਨਾਮ ਦਾ ਵਾਪਾਰੀ ਹੈ, ਨਾਮ ਦਾ ਸੌਦਾਗਰ ਹੈ। ਇਹ ਸੌਦਾ ਸਾਨੂੰ ਉਸਦੇ ਕੋਲੋਂ ਹੀ ਮਿਲ ਸਕਦਾ ਹੈ ਜਿਸ ਦੇ ਕੋਲ ਇਹ ਸੌਦਾ ਹੈ ਤੇ ਜਿਸਦੇ ਕੋਲ ਇਹ ਸੌਦਾ ਹੈ ਸਾਨੂੰ ਉਸਦੇ ਬਲਿਹਾਰੇ ਜਾਣਾ ਚਾਹੀਦਾ ਹੈ, ਸਦਕੇ ਜਾਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਦੇ ਜਿਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ ਪਰ ਦੂਸਰਿਆਂ ਨੂੰ ਨਾਮ ਵੰਡਦੇ ਹਨ ਭਾਵ ਝੂਠੇ ਵਾਪਾਰੀ ਬਣਦੇ ਹਨ। (**ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾ ਕੈ ਸਦ ਬਲਿਹਾਰੈ ॥**)

ਨਾਮ ਦਾ ਵਾਪਾਰ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਜਿਨ੍ਹਾਂ ਸ਼ਬਦਾਂ ਰਾਹੀਂ ਹਰ ਕੋਈ ਨਾਮ ਦੇ ਵਾਪਾਰ ਨੂੰ ਅਸਾਨੀ ਨਾਲ ਸਮਝ ਸਕਦਾ ਹੈ ਤੇ ਕੇਵਲ ਗੁਰੂ ਦੇ ਵਿਚਾਰਾਂ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਗੁਰੂ ਆਪਣੇ ਵਿਚਾਰਾਂ ਰਾਹੀਂ ਕਦੇ ਕੋਈ ਗਲਤ ਗੱਲ ਨਹੀਂ ਸਮਝਾ ਸਕਦਾ ਤੇ ਜੋ ਸਾਨੂੰ ਗੁਰੂ ਦੀ ਸਮਝ ਦੇ ਉਲਟ ਸਮਝਾਉਂਦੇ ਹਨ ਉਹ ਠੀਕ ਨਹੀਂ ਹਨ। ਜੋ ਭਰਮ ਵਿੱਚ ਹਨ ਉਹ ਸਾਨੂੰ ਕਿਸੇ ਅੱਖਰ ਦੀ ਕਥਨੀ ਨਾਲ ਹੀ ਜੋੜਦੇ ਹਨ ਤੇ ਕਥਨੀ ਨੂੰ ਹੀ ਨਾਮ ਦਾ ਵਾਪਾਰ ਕਰਨਾ ਸਮਝਦੇ ਹਨ ਤੇ ਦੂਸਰਿਆਂ ਨੂੰ ਸਮਝਾਉਂਦੇ ਹਨ।

{ਅਮੁਲ ਗੁਣ ਅਮੁਲ ਵਾਪਾਰ ॥}

(ਅੰਗ ੫)

{ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥
ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥}

(ਅੰਗ ੨੯)

{ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥
ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥
ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥}

(ਅੰਗ ੫੭)

{ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥
ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥
ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥
ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥
ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ ॥੬॥}

(ਅੰਗ ੮੨)

{ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥
ਦੂਜਾ ਭਰਮੁ ਗੁਰ ਸਬਦਿ ਜਲਾਏ ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥}

(ਅੰਗ ੧੧੫)

{ਆਪੁ ਵੰਞਾਏ ਤਾ ਸਭ ਕਿਛੁ ਪਾਏ ॥
ਗੁਰ ਸਬਦੀ ਸਚੀ ਲਿਵ ਲਾਏ ॥
ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥੧॥}

(ਅੰਗ ੧੧੫)

{ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥
ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ ॥੩॥
ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥
ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥੪॥}

(ਅੰਗ 165)

{ਹਰਿ ਚਰਣੀ ਜਾ ਕਾ ਮਨੁ ਲਾਗਾ ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥
ਹਰਿ ਧਨ ਕੋ ਵਾਪਾਰੀ ਪੂਰਾ ॥
ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ ਰਹਾਉ ॥}

(ਅੰਗ ੧੯੪)

{ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ ॥
ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥
ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ ॥
ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ ॥੩॥}

(ਅੰਗ ੨੪੬)

{ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥
ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥
ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ ॥
ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ ॥
ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥}

(ਅੰਗ ੨੪੩)

{ਮਨਮੁਖਿ ਭਰਮਿ ਭੁਲੈ ਸੰਸਾਰੁ ॥
ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥}

(ਅੰਗ ੩੬੩)

{ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ ॥
ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ ॥
ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ ॥
ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ ॥
ਗੁਰਮਤਿ ਪਾਈ ਵਡੀ ਵਡਿਆਈ ਸਚੈ ਸਬਦਿ ਰਸੁ ਪੀਜੈ ॥
ਨਾਨਕ ਹਰਿ ਕੀ ਭਗਤਿ ਨਿਰਾਲੀ ਗੁਰਮੁਖਿ ਵਿਰਲੈ ਕੀਜੈ ॥੧॥}

(ਅੰਗ ੫੬੮)

{ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥
ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥
ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥
ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥

ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥}

(ਅੰਗ ੫੭੦)

{ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥
ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਰਾ ਮਾਂਹਿ ਸਮਾਈ ॥
ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥
ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥}

(ਅੰਗ ੫੭੧)

{ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥
ਆਪਿ ਮਿਲਾਏ ਆਪਿ ਮਿਲੈ ਆਪੇ ਦੇਇ ਪਿਆਰੋ ॥
ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥
ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥
ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥
ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥}

(ਅੰਗ ੫੮੪)

{ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥}

(ਅੰਗ ੬੩੬)

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖਦੁਆਰੁ ॥
ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ ੬੫੦)

{ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ ਗੁਰ ਕੈ ਸਬਦਿ ਆਪੁ ਪਛਾਣੁ ॥
ਸਾਚੀ ਰਾਸਿ ਸਾਚਾ ਵਾਪਾਰੁ ॥ ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥}

(ਅੰਗ ੬੬੪)

{ਦੁਇ ਦੀਵੇ ਚਉਦਹ ਹਟਨਾਲੇ ॥
ਜੇਤੇ ਜੀਅ ਤੇਤੇ ਵਣਜਾਰੇ ॥

ਖੁਲ੍ਹੇ ਹਟ ਹੋਆ ਵਾਪਾਰੁ ॥
ਜੋ ਪਹੁਚੈ ਸੋ ਚਲਣਹਾਰੁ ॥
ਧਰਮੁ ਦਲਾਲੁ ਪਾਏ ਨੀਸਾਣੁ ॥
ਨਾਨਕ ਨਾਮੁ ਲਾਹਾ ਪਰਵਾਣੁ ॥
ਘਰਿ ਆਏ ਵਜੀ ਵਾਧਾਈ ॥
ਸਚ ਨਾਮ ਕੀ ਮਿਲੀ ਵਡਿਆਈ ॥੧॥}

(ਅੰਗ ੭੯੯)

{ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥}

(ਅੰਗ ੯੩੯)

{ਤਨੁ ਹਟੜੀ ਇਹੁ ਮਨੁ ਵਣਜਾਰਾ ॥
ਨਾਨਕ ਸਹਜੇ ਸਚੁ ਵਾਪਾਰਾ ॥੩੯॥}

(ਅੰਗ ੯੪੨)

{ਜਿਸ ਨੋ ਸਾਚਾ ਸਿਫਤੀ ਲਾਏ ॥
ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥}

(ਅੰਗ ੯੯੩)

{ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥
ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥
ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥}

(ਅੰਗ ੧੦੦੯)

{ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥
ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥
ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ ॥੮॥}

(ਅੰਗ ੧੦੦੯)

{ਖਾਣੀ ਬਾਣੀ ਤੁਝਹਿ ਸਮਾਣੀ ॥ ਜੋ ਦੀਸੈ ਸਭ ਆਵਣ ਜਾਣੀ ॥
ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ ॥੧੩॥}

(ਅੰਗ ੧੦੨੧)

{ਕੂੜੁ ਛੋਡਿ ਸਾਚੇ ਕਉ ਧਾਵਹੁ ॥
ਜੋ ਇਛਹੁ ਸੋਈ ਫਲੁ ਪਾਵਹੁ ॥

ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥}

(ਅੰਗ ੧੦੨੮)

{ਗੜ ਮਹਿ ਹਾਟ ਪਟਣ ਵਾਪਾਰਾ ॥
ਪੂਰੈ ਤੋਲਿ ਤੋਲੈ ਵਣਜਾਰਾ ॥
ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥
ਕੀਮਤਿ ਪਾਈ ਪਾਵਣਹਾਰੈ ॥
ਵੇਪਰਵਾਹ ਪੂਰੇ ਭੰਡਾਰੈ ॥
ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥੫॥}

(ਅੰਗ ੧੦੩੬-੧੦੩੭)

{ਸਚਾ ਸਉਦਾ ਵਿਰਲਾ ਕੋ ਪਾਏ ॥
ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥}

(ਅੰਗ ੧੦੩੬)

{ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥
ਹਰਿ ਸਾਚੇ ਸੇਤੀ ਵਣਜੁ ਵਾਪਾਰਾ ॥
ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ ॥੧੧॥
ਹਰਿ ਜੀਉ ਅਵਗਣਿਆਰੇ ਨੋ ਗੁਣੁ ਕੀਜੈ ॥
ਆਪੇ ਬਖਸਿ ਲੈਹਿ ਨਾਮੁ ਦੀਜੈ ॥
ਗੁਰਮੁਖਿ ਹੋਵੈ ਸੋ ਪਤਿ ਪਾਏ ਇਕਤੁ ਨਾਮਿ ਨਿਵਾਸੀ ਹੇ ॥੧੨॥
ਅੰਤਰਿ ਹਰਿ ਧਨੁ ਸਮਝ ਨ ਹੋਈ ॥
ਗੁਰ ਪਰਸਾਦੀ ਬੂਝੈ ਕੋਈ ॥
ਗੁਰਮੁਖਿ ਹੋਵੈ ਸੋ ਧਨੁ ਪਾਏ ਸਦਹੀ ਨਾਮਿ ਨਿਵਾਸੀ ਹੇ ॥੧੩॥
ਅਨਲ ਵਾਉ ਭਰਮਿ ਭੁਲਾਈ ॥
ਮਾਇਆ ਮੋਹਿ ਸੁਧਿ ਨ ਕਾਈ ॥
ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ ॥੧੪॥
ਮਨਮੁਖ ਹਉਮੈ ਮਾਇਆ ਸੂਤੇ ॥
ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥੧੫॥}

(ਅੰਗ ੧੦੪੮-੧੦੪੯)

{ਸਚੈ ਸਚਾ ਤਖਤੁ ਰਚਾਇਆ ॥
ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥
ਸਦਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ ॥੧॥

ਸਚਾ ਸਉਦਾ ਸਚੁ ਵਾਪਾਰਾ ॥
ਨ ਤਿਥੈ ਭਰਮੁ ਨ ਦੂਜਾ ਪਸਾਰਾ ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ ॥੨॥
ਸਚੈ ਲਾਏ ਸੇ ਜਨ ਲਾਗੇ ॥
ਅੰਤਰਿ ਸਬਦੁ ਮਸਤਕਿ ਵਡਭਾਗੇ ॥
ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ ॥੩॥
ਸਚੋ ਸਚਾ ਸਚੁ ਸਾਲਾਹੀ ॥
ਏਕੋ ਵੇਖਾ ਦੂਜਾ ਨਾਹੀ ॥
ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥}

(ਅੰਗ ੧੦੫੦)

{ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥੪॥}

(ਅੰਗ ੧੦੫੯)

{ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥
ਮੈਲੇ ਕਰਮ ਕਰੇ ਦੁਖੁ ਪਾਏ ॥
ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥੧੨॥
ਨਿਰਮਲ ਬਾਣੀ ਕੋ ਮੰਨਿ ਵਸਾਏ ॥
ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥}

(ਅੰਗ ੧੦੬੨)

{ਚਉਦਹ ਭਵਣ ਤੇਰੇ ਹਟਨਾਲੇ ॥
ਸਤਿਗੁਰਿ ਦਿਖਾਏ ਅੰਤਰਿ ਨਾਲੇ ॥
ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥੩॥}

(ਅੰਗ ੧੦੬੨)

{ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥
ਮਮਤਾ ਕਾਟਿ ਸਚਿ ਲਿਵ ਲਾਏ ॥
ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ ॥੧੫॥}

(ਅੰਗ ੧੦੬੩)

{ਜਿਸਨੋ ਨਾਮੁ ਦੇਇ ਸੋ ਪਾਏ ॥
ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥
ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ ॥੧੨॥

ਨਾਵੈ ਨੋ ਲੋਚੈ ਜੇਤੀ ਸਭ ਆਈ ॥
ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ ॥
ਜਿਨੀ ਨਾਉ ਪਾਇਆ ਸੇ ਵਡਭਾਗੀ ਗੁਰ ਕੈ ਸਬਦਿ ਮਿਲਾਇਦਾ ॥੧੩॥
ਕਾਇਆ ਕੋਟੁ ਅਤਿ ਅਪਾਰਾ ॥
ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ ॥
ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ ॥੧੪॥
ਅੰਤਰ ਘਰ ਬੰਕੇ ਥਾਨੁ ਸੁਹਾਇਆ ॥
ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ ॥
ਇਤੁ ਸਾਥਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ ॥੧੫॥
ਮੇਰੈ ਕਰਤੈ ਇਕ ਬਣਤ ਬਣਾਈ ॥
ਇਸੁ ਦੇਹੀ ਵਿਚਿ ਸਭ ਵਥੁ ਪਾਈ ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥੧੬॥}

(ਅੰਗ ੧੦੬੪)

{ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥
ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥
ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥
ਮੇਰੈ ਠਾਕੁਰਿ ਇਹ ਬਣਤ ਬਣਾਈ ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥
ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥
ਸਚਾ ਮਹਲੁ ਸਚੇ ਭੰਡਾਰਾ ॥
ਆਪੇ ਦੇਵੈ ਦੇਵਣਹਾਰਾ ॥
ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥
ਗੁਰਮੁਖਿ ਆਪੇ ਦੇ ਵਡਿਆਈ ॥
ਜਿਸਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ ॥
ਗੁਰ ਪਰਸਾਦੀ ਪਾਇਆ ਜਾਈ ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥
ਆਪੇ ਸਚਾ ਸਬਦਿ ਮਿਲਾਏ ॥

ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬}

(ਅੰਗ ੧੦੬੬-੧੦੬੭)

{ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ ॥
ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ ॥੨॥}

(ਅੰਗ ੧੦੯੦)

{ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ ॥
ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ ॥}

(ਅੰਗ ੧੦੯੧)

{ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥
ਬਿਖਿਆ ਮੈਲੁ ਬਿਖਿਆ ਵਾਪਾਰੁ ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥
ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥}

(ਅੰਗ ੧੨੬੨)

{ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥
ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ ॥
ਐਥੈ ਓਥੈ ਮੰਨੀਅਨਿ ਹਰਿ ਨਾਮਿ ਲਗੇ ਵਾਪਾਰਿ ॥
ਗੁਰਮੁਖਿ ਸਬਦਿ ਸਿਵਾਪਦੇ ਤਿਤੁ ਸਾਚੈ ਦਰਬਾਰਿ ॥
ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ ॥
ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥
ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥੨੬॥}

(ਅੰਗ ੧੪੧੫-੧੪੧੬)

ਅਸੀਂ ਆਪਣੇ ਜੀਵਨ ਵਿੱਚ ਵਾਪਾਰ ਕਿਸ ਚੀਜ ਦਾ ਕਰਨਾ ਹੈ ਤੇ ਕਿਸ ਤਰੀਕੇ ਕਰਨਾ ਹੈ, ਇਹੀ ਗੱਲ ਅਸੀਂ ਉੱਪਰ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝੀ ਹੈ। ਵਾਪਾਰ ਅਸੀਂ ਉਸ ਵੱਖਰ ਦਾ ਹੀ ਕਰਨਾ ਹੈ ਜਿਸ ਨੂੰ ਪਾਉਣਾ ਸਾਡੇ ਜੀਵਨ ਦਾ ਮਕਸਦ ਹੈ। ਅਸੀਂ ਨਾਮ ਵੱਖਰ ਦੀ ਪ੍ਰਾਪਤੀ ਹੀ ਕਰਨੀ ਹੈ। ਅਸੀਂ ਜਦੋਂ ਕਿਸੇ ਵੀ ਵੱਖਰ ਦੀ ਪ੍ਰਾਪਤੀ ਕਰਨੀ ਹੋਵੇ, ਕੋਈ ਵੀ ਸੌਦਾ ਅਸੀਂ ਖਰੀਦਣਾ ਹੋਵੇ ਉਸ ਲਈ ਪੂੰਜੀ ਦੀ ਲੋੜ ਹੁੰਦੀ ਹੈ, ਧੰਨ ਦੀ ਲੋੜ ਹੁੰਦੀ ਹੈ ਜੋ ਧੰਨ ਖਰਚਣ ਦੁਆਰਾ ਸੌਦਾ ਮਿਲਦਾ ਹੈ। ਨਾਮ ਵੱਖਰ ਕੋਈ ਦੁਨਿਆਵੀ ਸੌਦਾ ਨਹੀਂ ਹੈ ਜਿਸ ਨੂੰ ਦੁਨਿਆਵੀ ਧਨ ਖਰਚਣ ਦੁਆਰਾ ਪਾਇਆ ਜਾ ਸਕੇ। ਜੋ ਸੌਦਾ ਅਸੀਂ ਖਰੀਦਣਾ ਹੈ ਉਹ ਨਿਰਗੁਣ ਰੂਪ ਵਿੱਚ ਹੈ, ਨਿਰੰਕਾਰ ਰੂਪ ਵਿੱਚ ਹੈ ਜਿਸਦਾ ਕੋਈ ਆਕਾਰ ਨਹੀਂ ਹੈ ਭਾਵ ਨਾਮ ਰੂਪ ਵਿੱਚ ਹੈ, ਬ੍ਰਹਮ ਗਿਆਨ ਰੂਪ ਵਿੱਚ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨ ਲਈ, ਸੱਚੇ ਗਿਆਨ ਦੀ ਪ੍ਰਾਪਤੀ ਕਰਨ ਲਈ ਸਾਨੂੰ ਖਰਚਣ ਦੇ ਲਈ ਧੰਨ ਵੀ ਸੱਚਾ ਹੀ ਚਾਹੀਦਾ ਹੈ। ਸੱਚਾ ਧੰਨ ਗੁਰੂ ਦੇ ਕੋਲ ਹੈ ਜੋ ਕਿ ਉਸ ਦੀ ਸੱਚੀ ਮਤਿ ਹੈ, ਉਸਦਾ ਸੱਚਾ ਗਿਆਨ ਹੈ। ਪ੍ਰਮਾਤਮਾ ਸੱਚੇ ਗਿਆਨ ਦਾ ਮਾਲਕ ਹੈ, ਨਾਮ ਧੰਨ ਦਾ ਮਾਲਕ ਹੈ ਤੇ ਉਸ ਸੱਚੇ ਧੰਨ ਦੇ ਮਾਲਕ ਤੱਕ ਪਹੁੰਚਣ ਲਈ ਸਾਨੂੰ ਉਸਦੇ ਦਿੱਤੇ ਹੋਏ ਸੱਚੇ ਧੰਨ ਨਾਲ ਹੀ ਜੁੜਨਾ ਪਵੇਗਾ ਜੋ ਧੰਨ ਉਸਨੇ ਨਾਮ ਦੇ ਰੂਪ ਵਿੱਚ ਧਰਮ ਗ੍ਰੰਥਾਂ ਦੇ ਵਿੱਚ ਪਾਇਆ ਹੋਇਆ ਹੈ। ਧਰਮ ਗ੍ਰੰਥਾਂ ਦੀ ਮਤਿ ਨਾਮ ਧੰਨ ਹੈ ਤੇ ਇਸ ਨਾਮ ਧੰਨ ਨਾਲ ਜੁੜੇ ਬਿਨ੍ਹਾਂ ਅਸੀਂ ਨਾਮ ਧੰਨ ਦੇ ਮਾਲਕ ਨੂੰ ਨਹੀਂ ਪਾ ਸਕਦੇ। ਉਸਦੇ ਨਾਲ ਮੇਲ ਹੋਣ ਦੁਆਰਾ ਉਹ ਮਨੁੱਖ ਦੀ ਮਤਿ ਨੂੰ, ਸਮਝ ਨੂੰ ਆਪਣੇ ਸੱਚੇ ਗਿਆਨ

ਦੀ ਸਮਝ ਦੇ ਨਾਲ ਭਰ ਦਿੰਦਾ ਹੈ, ਲੱਦ ਦਿੰਦਾ ਹੈ, ਆਪਣੇ ਨਾਮ ਵੱਖਰ ਨਾਲ ਲੱਦ ਦਿੰਦਾ ਹੈ। ਉਸ ਸੱਚੁ ਰੂਪ ਪ੍ਰਮਾਤਮਾ ਨੂੰ ਪਾਉਣ ਲਈ ਉਸਦੀ ਦਿੱਤੀ ਹੋਈ ਸੱਚੀ ਮਤਿ ਨਾਲ ਜੁੜਣਾ ਹੀ ਸਾਡਾ ਨਾਮ ਦੇ ਵਾਪਾਰ ਨਾਲ ਜੁੜਣਾ ਹੈ। ਗੁਰੂ ਦੀ ਸੱਚੀ ਮਤਿ ਉਸ ਦਾ ਨਾਮ ਧੰਨ ਹੈ ਜਿਸ ਨਾਮ ਧੰਨ ਨੂੰ ਅਸੀਂ ਆਪਣੇ ਜੀਵਨ ਵਿੱਚ ਖਰਚਣਾ ਹੈ ਜਿਸਦੇ ਬਦਲੇ ਸਾਨੂੰ ਨਾਮ ਧੰਨ ਦੇ ਮਾਲਕ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ, ਵੱਖਰ ਦੇ ਮਾਲਕ ਦੇ ਨਾਲ ਮੇਲ ਦੀ ਪ੍ਰਾਪਤੀ ਹੋਣੀ ਹੈ ਭਾਵ ਸਾਨੂੰ ਉਸ ਸੌਦੇ ਦੀ ਪ੍ਰਾਪਤੀ ਹੋਣੀ ਹੈ ਜੋ ਸੌਦਾ ਲੈਣਾ ਸਾਡੇ ਜੀਵਨ ਦਾ ਮਕਸਦ ਹੈ। ਪ੍ਰਮਾਤਮਾ ਆਪ ਨਾਮ ਧੰਨ ਦੇ ਰੂਪ ਵਿੱਚ ਹੀ ਹੈ ਤੇ ਨਾਮ ਧੰਨ ਦੀ ਪੂਰਨ ਰੂਪ ਵਿੱਚ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਤੇ ਉਸ ਦੇ ਮੇਲ ਲਈ ਜੋ ਉਸਨੇ ਨਾਮ ਧੰਨ ਸਾਨੂੰ ਗੁਰਬਾਣੀ ਰਾਹੀਂ ਦਿੱਤਾ ਹੋਇਆ ਹੈ, ਧਰਮ ਗ੍ਰੰਥਾਂ ਰਾਹੀਂ ਦਿੱਤਾ ਹੋਇਆ ਹੈ ਉਹ ਧੰਨ ਗੁਰੂ ਦੇ ਕੋਲੋਂ ਲੈਕੇ ਭਾਵ ਗੁਰੂ ਦੀ ਮਤਿ ਲੈਕੇ ਉਸ ਮਤਿ ਅਨੁਸਾਰ ਵਿਚਰਨਾ ਹੀ ਨਾਮ ਧੰਨ ਨੂੰ ਖਰਚਣਾ ਹੈ, ਆਪਣੀ ਕਰਨੀ ਦੁਆਰਾ ਖਰਚਣਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨॥}

(ਅੰਗ ੧੧੦੨)

ਜੋ ਪੂੰਜੀ ਅਸੀਂ ਆਪਣੇ ਜੀਵਨ ਵਿੱਚ ਖਰਚਣੀ ਹੈ ਜਿਸ ਨੂੰ ਖਰਚਣ ਦੁਆਰਾ ਸੌਦੇ ਦੀ ਪ੍ਰਾਪਤੀ ਹੁੰਦੀ ਹੈ, ਵਾਪਾਰ ਪੂਰਾ ਹੁੰਦਾ ਹੈ ਉਹ ਪੂੰਜੀ, ਉਹ ਧੰਨ ਗਿਆਨ ਦੇ ਰੂਪ ਵਿੱਚ ਹੈ, "ਗਿਆਨ ਰਾਸਿ" ਦੇ ਰੂਪ ਵਿੱਚ ਹੈ। ਇਹ ਸੱਚੇ ਗਿਆਨ ਦੀ ਪੂੰਜੀ, ਨਾਮ ਦਾ ਧੰਨ ਪ੍ਰਮਾਤਮਾ ਨੇ ਗੁਰੂ ਨੂੰ ਸੌਂਪਿਆ ਹੋਇਆ ਹੈ ਤੇ ਇਸ ਸੌਂਦੇ ਦੇ ਲਾਇਕ ਬਣਾਇਆ ਹੈ ਭਾਵ ਗੁਰੂ ਨੂੰ ਨਾਮ ਦਾ ਵਾਪਾਰ ਕਰਨ ਦੇ ਲਾਇਕ ਬਣਾਇਆ ਹੈ। ਗੁਰੂ ਗੁਰਬਾਣੀ ਰਾਹੀਂ ਇਸ ਨਾਮ ਧੰਨ ਦਾ ਵਾਪਾਰ ਕਰਨਾ ਸਮਝਾ ਰਹਿਆ ਹੈ ਜੋ ਵਾਪਾਰ ਇਹ ਸੱਚਾ ਧੰਨ ਖਰਚਣ ਦੁਆਰਾ ਹੁੰਦਾ ਹੈ ਭਾਵ ਪ੍ਰਮਾਤਮਾ ਦੀ ਆਪਣੇ ਗੁਰੂ ਰੂਪ ਰਾਹੀਂ ਸਮਝਾਈ ਹੋਈ ਮਤਿ ਤੇ ਚੱਲਣ ਦੁਆਰਾ ਹੁੰਦਾ ਹੈ ਜਿਸ ਤੇ ਚੱਲਣ ਦੁਆਰਾ ਉਸ ਨਾਮ ਧੰਨ ਦੇ ਮਾਲਕ, ਬ੍ਰਹਮ ਗਿਆਨ ਦੇ ਮਾਲਕ ਬ੍ਰਹਮਗਿਆਨੀ ਪ੍ਰਮਾਤਮਾ ਤੱਕ ਪਹੁੰਚਿਆ ਜਾ ਸਕਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ। ਇਹ ਵਾਪਾਰ ਉਸਦਾ ਹੀ ਪੂਰਾ ਹੁੰਦਾ ਹੈ ਜੋ ਉਸ ਪ੍ਰਮਾਤਮਾ ਨੂੰ ਪਾ ਲੈਂਦਾ ਹੈ, ਆਪਣੇ ਅੰਦਰੋਂ ਬੁੱਝ ਲੈਂਦਾ ਹੈ। ਇਹ ਵਾਪਾਰ ਕਰਨਾ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਦੇਣ ਰਾਹੀਂ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਤੇ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਇਹ ਵਾਪਾਰ ਕਰਨਾ ਸਿਖਾਇਆ ਹੈ, ਨਾਮ ਜਪਣਾ ਸਿਖਾਇਆ ਹੈ। ਨਾਮ ਜਪਣਾ ਹੀ ਇਹ ਵਾਪਾਰ ਕਰਨਾ ਹੈ ਜਿਸ ਦਾ ਅਸੀਂ ਉੱਦਮ ਹੀ ਕਰਨਾ ਹੈ। ਗੁਰੂ ਦੀ ਮਤਿ ਨੂੰ ਮੰਨਣਾ ਭਾਵ ਉਸ ਤੇ ਅਮਲ ਕਰਨਾ ਨਾਮ ਜਪਣਾ ਹੈ ਤੇ ਇਹੀ ਨਾਮ ਦਾ ਵਾਪਾਰ ਕਰਨਾ ਹੈ ਜਿਸ ਦਾ ਅਸੀਂ ਸੱਚਾ ਉੱਦਮ ਕਰਨਾ ਹੈ ਜਿਸ ਦੁਆਰਾ ਨਾਮ ਰੂਪ ਪ੍ਰਮਾਤਮਾ ਨੂੰ, ਨਾਮ ਵੱਖਰ ਰੂਪ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਰੂ ਸਾਨੂੰ ਜੋ ਸੱਚੀ ਮਤਿ ਦਿੰਦਾ ਹੈ, ਇਹ ਨਾਮ ਧੰਨ ਹੈ ਜਿਸ ਧੰਨ ਨੂੰ ਅਸੀਂ ਆਪਣੇ ਜੀਵਨ ਵਿੱਚ ਖਰਚਣਾ ਹੈ। ਇਹ ਧੰਨ ਗਿਆਨ ਰੂਪ ਵਿੱਚ ਹੈ ਤੇ ਅਸੀਂ ਇਸ ਸੱਚੇ ਗਿਆਨ ਨੂੰ ਆਪਣੇ ਜੀਵਨ ਵਿੱਚ ਕਿਸ ਤਰੀਕੇ ਖਰਚਣਾ ਹੈ, ਇਹੀ ਗੱਲ ਸਮਝਣ ਦੀ ਲੋੜ ਹੈ। ਗਿਆਨ ਦਾ ਧੰਨ ਸਾਡੀ ਸਮਝ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦੀ ਮਾੜੀ ਸਮਝ, ਮਾਇਆ ਮੋਹ ਵਾਲੀ ਸਮਝ, ਅਗਿਆਨਤਾ ਵਾਲੀ ਸਮਝ ਸਾਡਾ ਮਾੜਾ ਧੰਨ ਹੈ ਤੇ ਗੁਰਮਤਿ ਵਾਲੇ ਸੱਚੇ ਗਿਆਨ ਵਾਲੀ ਸਮਝ ਸਾਡਾ ਚੰਗਾ ਧੰਨ ਹੈ, ਨਾਮ ਧੰਨ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ। ਜੋ ਵੀ ਅਸੀਂ ਸਮਝ ਵਰਤਦੇ ਹਾਂ ਉਹ ਹੀ ਆਪਣੇ ਅੰਦਰ ਦੇ ਧੰਨ ਨੂੰ ਖਰਚਣਾ ਹੈ। ਮਨ ਦੇ ਮਾੜੇ ਧੰਨ ਨਾਲ ਭਾਵ ਮਾਇਆ ਮੋਹ ਵਾਲੀ ਮਾੜੀ ਸਮਝ ਨਾਲ ਅਸੀਂ ਮਾੜੇ ਕਰਮ ਕਰਦੇ ਹਾਂ, ਗੁਰਮਤਿ ਦੇ ਉਲਟ ਚੱਲਦੇ ਹਾਂ ਤੇ ਗੁਰਮਤਿ ਵਾਲੀ ਸਮਝ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ, ਔਗੁਣਾਂ ਤੋਂ ਰਹਿਤ ਹੋ ਕੇ ਵਿਚਰਦੇ ਹਾਂ ਜੋ ਕਿ ਨਾਮ ਧੰਨ ਨੂੰ ਖਰਚਣਾ ਹੈ। ਗੁਰੂ ਦਾ ਸੱਚਾ ਗਿਆਨ ਤਾਂ ਅਨੇਕਾਂ ਲੈ ਲੈਂਦੇ ਹਨ ਪਰ ਜੇਕਰ ਉਸ ਤੇ ਅਮਲ ਨਹੀਂ ਕੀਤਾ ਤਾਂ ਫਿਰ ਅਸੀਂ ਉਸ ਧੰਨ ਨੂੰ ਖਰਚ ਨਹੀਂ ਕੀਤਾ। ਅਸੀਂ ਜਿਸ ਗੱਲ ਤੇ ਅਮਲ ਕਰਦੇ ਹਾਂ ਇਹ ਆਪਣੇ ਅੰਦਰ ਦੇ ਧੰਨ ਨੂੰ ਖਰਚਣਾ ਹੈ। ਸਾਡੇ ਅੰਦਰ ਦਾ ਸਾਡਾ ਧੰਨ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਹੋਏ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥
ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥”

(ਅੰਗ ੨੬੧)

ਉੱਪਰ ਪੰਗਤੀਆਂ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਦੀ ‘‘ਸੰਪੈ’’ ਭਾਵ ਮਾਇਆ ਰੂਪ ਧੰਨ ਕਿਸ ਰੂਪ ਵਿੱਚ ਹੈ ਜੋ ਕਿ ਮਨ ਦੇ ਮਾੜੇ ਵਿਚਾਰਾਂ ਦੇ ਰੂਪ ਵਿੱਚ ਹੈ। ਇਹੋ ਜਿਹੇ ਮਨ ਦੇ ਵਿਚਾਰਾਂ ਦੁਆਰਾ ਅਸੀਂ ਮਾੜੇ ਕਰਮ ਹੀ ਕਰਦੇ ਹਾਂ ਭਾਵ ਮਨ ਦੀ ਸਮਝ ਨੂੰ, ਮਨ ਦੀ ਮਾਇਆ ਨੂੰ ਮਾੜੇ ਕਰਮ ਕਰਨ ਲਈ ਖਰਚਦੇ ਹਾਂ, ਵਰਤਦੇ ਹਾਂ। ਇਹੋ ਜਿਹਾ ਧੰਨ ਖਰਚਣ ਦੁਆਰਾ ਨਾਮ ਦਾ ਵਾਪਾਰ ਨਹੀਂ ਕੀਤਾ ਜਾ ਸਕਦਾ ਭਾਵ ਜੋ ਸੌਦਾ ਅਸੀਂ ਲੈਣ ਲਈ ਆਏ ਹਾਂ ਉਸ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਸਾਡੇ ਅੰਦਰ ਦੀ ਮਾੜੀ ਮਤਿ ਭਾਵ ਮਾਇਆ ਰੂਪ ਧੰਨ ਹੀ ਸਾਡੇ ਅੰਦਰ ਦੀ ਖੋਟੀ ਰਾਸਿ ਹੈ, ਖੋਟੀ ਪੂੰਜੀ ਹੈ ਜਿਸਨੂੰ ਅਸੀਂ ਆਪਣੇ ਜੀਵਨ ਵਿੱਚ ਰੋਜ਼ ਖਰਚਦੇ ਹਾਂ। ਖੋਟੀ ਰਾਸਿ ਸਾਡੇ ਮਨ ਨੂੰ ਖੋਟਾ ਬਣਾਉਂਦੀ ਹੈ। ਨਾਮ ਦਾ ਵਾਪਾਰ ਖੋਟੀ ਰਾਸਿ ਦੁਆਰਾ ਨਹੀਂ ਹੁੰਦਾ, ਖਰੀ ਰਾਸਿ ਦੁਆਰਾ ਹੁੰਦਾ ਹੈ। ਖਰੀ ਰਾਸਿ ਗੁਰੂ ਦੇ ਸੱਚੇ ਗਿਆਨ ਦੀ ਰਾਸਿ ਹੈ, ਗੁਰਮਤਿ ਰੂਪ ਸੱਚੀ ਸਮਝ ਦੀ ਰਾਸਿ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਗੁਰੂ ਦੇ ਸੱਚੇ ਗਿਆਨ ਦੀ ਰਾਸਿ ਸਾਡੇ ਮਨ ਦੀ ਖੋਟ ਕੱਢਣ ਲਈ ਹੈ, ਜੋ ਕਿ ਮਾੜੇ ਵਿਚਾਰਾਂ ਦੁਆਰਾ ਸਾਡੀ ਖੋਟੀ ਮਤਿ ਹੈ, ਖੋਟੀ ਸਮਝ ਹੈ ਜੋ ਕਿ ਮਨ ਦੇ ਵਿੱਚ ਸੱਚੀ ਸਮਝ ਨਾ ਹੋਣ ਦੁਆਰਾ ਖੋਟੀ ਹੈ। ਅਸੀਂ ਮਨ ਦੀ ਖੋਟੀ ਰਾਸਿ ਨੂੰ ਬਦਲਣ ਦਾ ਉੱਦਮ ਹੀ ਕਰਨਾ ਹੈ ਜੋ ਕਿ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਬਦਲ ਸਕਦੀ ਹੈ। ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਸਦੇ ਖੋਟੇ ਮਨ ਨੂੰ ਖਰਾ ਹੀ ਬਣਾਉਂਦਾ ਹੈ, ਖੋਟੀ ਮਤਿ ਨੂੰ ਖਰੀ ਮਤਿ ਹੀ ਬਣਾਉਂਦਾ ਹੈ, ਆਪਣਾ ‘‘ਸੰਗ’’ ਬਖਸ਼ਣ ਦੁਆਰਾ ਹੀ ਬਣਾਉਂਦਾ ਹੈ। ਪ੍ਰਮਾਤਮਾ ਦੇ ਨਾਲ ਸੰਗ ਉਸਦੇ ਸੱਚੇ ਗਿਆਨ ਦੇ ਨਾਲ ਸੰਗ ਹੈ ਜੋ ਸੰਗ ਮਨ ਦੇ ਵਿੱਚ ਹੀ ਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਮਾਇਆ ਮੋਹ ਵਿੱਚੋਂ ਤਾਰਦਾ ਹੈ, ਇਸੇ ਤਰੀਕੇ ਹੀ ਤਾਰਦਾ ਹੈ, ਗੁਰਮਤਿ ਰੂਪ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਤਾਰਦਾ ਹੈ । ਸਾਡੇ ਮਨ ਦੇ ਮਾੜੇ ਵਿਚਾਰ ਸਾਡੇ ਅੰਦਰ ਦੇ ‘‘ਪਾਹਨ’’ ਹਨ ਪੱਥਰ ਹਨ ਜੋ ਸਾਨੂੰ ਮਾਇਆ ਮੋਹ ਵਿੱਚ ਡੁਬੋਈ ਰੱਖਦੇ ਹਨ ਜਿਸ ਦਾ ਕਾਰਨ ਸਾਡੀ ਨਾ-ਸਮਝ ਮਤਿ ਹੈ। ਮਨ ਦੀ ਨਾ-ਸਮਝ ਮਤਿ ਕਰਕੇ ਭਾਵ ਪਾਹਨ ਰੂਪ ਵਿਚਾਰਾਂ ਕਰਕੇ ਹੀ ਮਨੁੱਖ ਨੂੰ ਲੱਪਟ, ਚੋਰ, ਮਹਾ ਨਿੰਦਕ ਕਹਿਆ ਹੈ ਭਾਵ ਮਾੜੇ ਕਰਮ ਕਰਨ ਕਰਕੇ ਕਹਿਆ ਹੈ। ਮਨ ਦੇ ਮਾੜੇ ਵਿਚਾਰਾਂ ਕਰਕੇ ਚੋਰ ਅਸੀਂ ਨਾਮ ਦੇ ਹੀ ਹਾਂ, ਗੁਰੂ ਦੇ ਸੱਚੇ ਗੁਣਾਂ ਦੇ ਹੀ ਹਾਂ ਜਿਸ ਕਰਕੇ ਅਸੀਂ ਗੁਰਮਤਿ ਦੇ ਉਲਟ ਚੱਲਕੇ ਗੁਰੂ ਦੇ ਨਿੰਦਕ ਬਣਦੇ ਹਾਂ। ਗੁਰੂ ਦੇ ਨਿੰਦਕ ਬਣਨਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਜਿਸਨੂੰ ਪ੍ਰਮਾਤਮਾ ਇਸ ਮਾਇਆ ਮੋਹ ਵਿੱਚੋਂ ਤਾਰਦਾ ਹੈ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਤਾਰਦਾ ਹੈ, ਉਸਨੂੰ ਆਪਣਾ ਨਾਮ ਬਖਸ਼ਣ ਦੁਆਰਾ ਹੀ ਤਾਰਦਾ ਹੈ, ਬ੍ਰਹਮ ਗਿਆਨ ਦੁਆਰਾ ਹੀ ਤਾਰਦਾ ਹੈ ਜਿਸ ਦੁਆਰਾ ਉਸ ਬ੍ਰਹਮਗਿਆਨੀ ਦੇ ਨਾਲ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਸੰਗ ਹੁੰਦਾ ਹੈ ਤੇ ਸਾਨੂੰ ਉਸ ਵੱਖਰ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਸਾਰੀ ਗੱਲ ਆਪਣੀ ਮਾੜੀ ਮਤਿ ਵਿੱਚੋਂ ਨਿਕਲ ਕੇ ਗੁਰੂ ਦੀ ਮਤਿ ਨਾਲ ਜੁੜਣ ਦੀ ਹੈ ਜਿਸ ਤੇ ਅਮਲ ਕਰਨਾ ਹੀ ਨਾਮ ਦਾ ਵਾਪਾਰ ਕਰਨ ਦਾ ਸੱਚਾ ਉੱਦਮ ਹੈ। (**ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥ ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥**) ਜਦ ਤੱਕ ਗੁਰੂ ਦਾ ਸੱਚਾ ਗਿਆਨ ਸਾਡੇ ਅਮਲ ਵਿੱਚ ਨਹੀਂ ਆਉਂਦਾ ਤਦ ਤੱਕ ਗੁਰੂ ਦਾ ਗਿਆਨ ਸਾਡੇ ਕੰਮ ਨਹੀਂ ਆ ਸਕਦਾ, ਨਾਮ ਨਹੀਂ ਜਪਿਆ ਜਾ ਸਕਦਾ। (**ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥**) ਅੰਗ ੪੧੩

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਜਾਂ ਵਿਛੋੜਾ ਮਨ ਦੀ ਰਾਸਿ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਮਨ ਦੀ ਮਾੜੀ ਰਾਸਿ ਭਾਵ ਖੋਟੀ ਰਾਸਿ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਚੰਗੀ ਰਾਸਿ ਭਾਵ ਖਰੀ ਰਾਸਿ ਪ੍ਰਮਾਤਮਾ ਦੇ ਨਾਲ ਮੇਲ ਹੈ। ਸਾਡੇ ਅੰਦਰ ਦੀ ‘‘ਹਉਮੈ’’ ਸਾਡੀ ਖੋਟੀ ਰਾਸਿ ਹੈ ਤੇ ਗੁਰੂ ਦੀ ਸੱਚੀ ਮਤਿ, ਖਰੀ ਮਤਿ ਭਾਵ ਨਾਮ ਖਰੀ ਰਾਸਿ ਹੈ ਜਿਵੇਂ ਕੇ ਹੇਠ ਦਿੱਤੇ ਹੋਏ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਮਨਮੁਖੁ ਵਿਛੁੜੈ ਖੋਟੀ ਰਾਸਿ ॥
ਗੁਰਮੁਖਿ ਨਾਮਿ ਮਿਲੈ ਸਾਬਾਸਿ ॥
ਹਰਿ ਕਿਰਪਾ ਧਾਰੀ ਦਾਸਨਿ ਦਾਸ ॥
ਜਨ ਨਾਨਕ ਹਰਿ ਨਾਮ ਧਨੁ ਰਾਸਿ ॥੪॥”

(ਅੰਗ ੭੯੬)

ਮਨ ਦੀ ਖੋਟੀ ਰਾਸਿ ਸਾਨੂੰ ਮਨਮੁੱਖ ਬਣਾਉਂਦੀ ਹੈ, ਆਪਣੀ ਮਤਿ ਤੇ ਚੱਲਣ ਵਾਲਾ ਬਣਾਉਂਦੀ ਹੈ ਜਿਸ ਕਰਕੇ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਵਿਛੋੜਾ ਬਣਿਆ ਰਹਿੰਦਾ ਹੈ ਤੇ ਨਾਮ ਵਾਲੀ ਗੁਰੂ ਦੀ ਸਮਝ ਸਾਨੂੰ ਖੋਟੀ ਰਾਸਿ ਵਿੱਚੋਂ ਕੱਢਦੀ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੀ ਕਿਰਪਾ ਦੁਆਰਾ ਉਸਦਾ ਦਾਸ ਬਣ ਜਾਂਦਾ ਹੈ, ਉਸਦਾ ਜਨ ਬਣ ਜਾਂਦਾ ਹੈ, ਨਾਮ ਧੰਨ ਦੀ ਰਾਸਿ ਵਾਲਾ ਬਣ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਸੱਚੇ ਗਿਆਨ ਰਾਹੀਂ ਉਸਦੇ ਨਾਲ ਮੇਲ ਵਾਲਾ ਬਣ ਜਾਂਦਾ ਹੈ।

ਅਸੀਂ ਖੋਟੇ ਤੋਂ ਖਰੇ ਕਿਵੇਂ ਬਣਨਾ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ ॥੪॥”

(ਅੰਗ ੧੩੩੧)

ਸਾਡੇ ਮਨ ਦੀ ਖੋਟ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਖੋਟ ਮਨ ਦੀ ਅਗਿਆਨਤਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਸਾਨੂੰ ਧਰਮ ਦੇ ਮਾਰਗ ਦੇ ਸੱਚ ਝੂਠ ਦੀ ਪਰਖ ਨਹੀਂ ਹੁੰਦੀ ਕਿ ਠੀਕ ਕੀ ਹੈ ਤੇ ਗਲਤ ਕੀ ਹੈ। ਮਨ ਦੀ ਸਮਝ ਰਾਹੀਂ ਅਸੀਂ ਸਮਝਣਾ ਭਗਤੀ ਦੇ ਮਾਰਗ ਨੂੰ ਹੀ ਹੈ, ਪ੍ਰਮਾਤਮਾ ਨੂੰ ਪਾਉਣ ਦੇ ਮਾਰਗ ਨੂੰ ਹੀ ਹੈ, ਜੋ ਕਿ ਨਾਮ ਜਪਣ ਦਾ ਮਾਰਗ ਹੈ। ਭਗਤੀ ਦੇ ਮਾਰਗ ਨੂੰ ‘‘ਸਚੁ’’ ਦੁਆਰਾ ਭਾਵ ਮਨ ਦੀ ਸੱਚੀ ਸਮਝ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਤੇ ਇਹ ਸੱਚੁ ਭਾਵ ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਜੇਕਰ ਸਾਡੇ ਅੰਦਰ ਵੱਸ ਜਾਂਦੀ ਹੈ ਫਿਰ ਸਾਡੀ ਸਮਝ ਸੱਚ ਵਾਲੀ ਬਣ ਜਾਂਦੀ ਹੈ, ਨਾਮ ਵਾਲੀ ਬਣ ਜਾਂਦੀ ਹੈ ਜੋ ਕਿ ਸਾਡੇ ਅੰਦਰ ਦੀ ਅਗਿਆਨਤਾ ਨੂੰ ਕੱਢ ਦਿੰਦੀ ਹੈ ਭਾਵ ਮਨ ਦੀ ਖੋਟ ਨੂੰ ਕੱਢ ਦਿੰਦੀ ਹੈ ਤੇ ਸਾਡਾ ਮਨ ਪਵਿੱਤਰ ਹੋ ਜਾਂਦਾ ਹੈ, ਸੱਚ ਦੁਆਰਾ ਪਵਿੱਤਰ ਹੋ ਜਾਂਦਾ ਹੈ, ਅਗਿਆਨਤਾ ਦੀ ਮੈਲ ਨਿਕਲਣ ਦੁਆਰਾ ਪਵਿੱਤਰ ਹੋ ਜਾਂਦਾ ਹੈ, ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਮਨ ਦੀ ਖੋਟ ਸਾਰੇ ਜਗ ਦੇ ਅੰਦਰ ਹੀ ਹੈ ਜਿਵੇਂ ਕਿ ਉੱਪਰ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਇਹ ਖੋਟ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜੋ ਕਿ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਹੈ, ਹਉਮੈ ਹੈ, ਤ੍ਰੈਗੁਣਾਂ ਵਾਲੀ ਸਮਝ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਆਪ ਹੀ ਇਹ ਪੜਦਾ ਸੰਸਾਰ ਦੀ ਮਤਿ ਤੇ ਪਾਇਆ ਹੋਇਆ ਹੈ ਤੇ ‘‘ਸਚੁ’’ ਨੂੰ ਭਾਵ ਪ੍ਰਮਾਤਮਾ ਨੂੰ ਤੇ ਉਸਦੀ ਸੱਚੀ ਭਗਤੀ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਇਸ ਮਨ ਦੀ ਖੋਟ ਵਿੱਚੋਂ ਕੱਢਣ ਦਾ ਹੀ ਹੈ ਤੇ ਉਹ ਤਾਂ ਹੀ ਨਿਕਲੇਗੀ ਜੇਕਰ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਜੋ ਸਾਨੂੰ ਸੱਚ ਸਮਝਾਉਣ ਲਈ ਹੀ ਹਨ, ਨਾਮ ਸਮਝਾਉਣ ਲਈ, ਨਾਮ ਜਪਾਉਣ ਲਈ ਹੀ ਹਨ। ਜੋ ਨਾਮ ਜਪ ਲੈਂਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨ ਲੈਂਦਾ ਹੈ, ਸੱਚੁ ਨੂੰ ਮੰਨ ਲੈਂਦਾ ਹੈ, ਉਸਦੇ ਮਨ ਦੀ ਖੋਟ ਨਿਕਲ ਜਾਂਦੀ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਜਿਵੇਂ ਕਿ ਅਸੀਂ ਸਮਝਦੇ ਆ ਰਹੇ ਹਾਂ। ਅਸੀਂ ਇਹ ਨਾਮ ਜਪਣ ਦਾ ਉੱਦਮ ਹੀ ਕਰਨਾ ਹੈ ਜੋ ਕਿ ਨਾਮ ਵੱਖਰ ਦੀ ਪ੍ਰਾਪਤੀ ਕਰਨ ਦਾ ਸਾਡਾ ਸੱਚਾ ਉੱਦਮ ਹੈ, ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸੱਚਾ ਉੱਦਮ ਹੈ ਜੋ ਕਿ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਸਾਡੇ ਅੰਦਰ ‘‘ਗਿਆਨ’’ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੇ। ਉਹ ਵਿਰਲੇ ਹੀ ਹੁੰਦੇ ਹਨ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਦੇ ਹਨ ਤੇ ਉਹੀ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਸਾਡੇ ਅੰਦਰ ‘‘ਗਿਆਨ’’ ਪਾਉਣ ਵਾਲਾ ਆਪ ਪ੍ਰਮਾਤਮਾ ਹੈ ਤੇ ਸਭ ਦੇ ਅੰਦਰ ਉਹ ਗਿਆਨ ਦੇ ਰੂਪ ਵਿੱਚ ਹੀ ਵਿਚਰ ਰਹਿਆ ਹੈ, ਮਨ ਦੀ ਸਮਝ ਦੇ ਰੂਪ ਵਿੱਚ ਹੀ ਵਿਚਰ ਰਹਿਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਖੋਟ ਕਿੱਥੋਂ ਆਉਂਦੀ ਹੈ, ਕੌਣ ਪਾਉਂਦਾ ਹੈ। ਉਹ ਆਪ ਹੀ ਸਾਡੇ ਅੰਦਰ ਖੋਟ ਪਾਉਣ ਵਾਲਾ ਹੈ ਤੇ ਆਪ ਹੀ ਇਹ ਖੋਟ ਕੱਢਣ ਵਾਲਾ ਹੈ ਜੋ ਖੋਟ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਕੱਢਦਾ ਹੈ, ਸ਼ਬਦਾਂ ਦਾ ਸੱਚਾ ਗਿਆਨ ਦੇਣ ਦੁਆਰਾ ਕੱਢਦਾ ਹੈ, ਬ੍ਰਹਮ ਗਿਆਨ ਦੇਣ ਦੁਆਰਾ ਕੱਢਦਾ ਹੈ, ਨਾਮ ਦੀ ਸੱਚੀ ਸੋਝੀ ਪਾਉਣ ਦੁਆਰਾ ਕੱਢਦਾ ਹੈ। ਮਨ ਦੇ ਵਿੱਚ ਉਸਦਾ ਸੱਚਾ ਗਿਆਨ ਹੀ ਉਸਦਾ ਨਾਮ ਧੰਨ ਹੈ, ਨਾਮ ਵੱਖਰ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਤੇ ਸਾਡੇ ਅੰਦਰੋਂ ਹਉਮੈ ਦੀ ਮੈਲ ਨੂੰ, ਮਨ ਦੇ ਖੋਟੇਪਣ ਨੂੰ ਦੂਰ ਕਰਦਾ ਹੈ ਜੋ ਮਨ ਦੀ ਖੋਟ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ। ਜਿਸ ਦੇ ਅੰਦਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਇਸੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਭਗਤਾਂ ਦੇ ਸਰੀਰਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਰਾਹੀਂ ਪ੍ਰਗਟ ਕੀਤਾ ਹੈ ਤੇ ਸੰਸਾਰ ਨੂੰ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸੱਚ ਸਮਝਾਇਆ ਹੈ, ਨਾਮ ਸਮਝਾਇਆ ਹੈ ਜਿਸਦਾ ਮਕਸਦ ਮਨੁੱਖ ਦੀ ਤ੍ਰੈਗੁਣਾਂ ਵਾਲੀ, ਹਉਮੈ ਵਾਲੀ, ਮਾਇਆ ਮੋਹ ਵਾਲੀ ਭਾਵ ਨਾ-ਸਮਝ ਅਗਿਆਨਤਾ ਵਾਲੀ ਖੋਟੀ ਮਤਿ ਨੂੰ ਕੱਢਣ ਦਾ ਹੈ,

ਸਾਡੀ ਖੋਟੀ ਰਾਸਿ ਨੂੰ ਖਰੀ ਰਾਸਿ ਬਣਾਉਣ ਦਾ ਹੈ। ਨਾਮ ਦਾ ਵਾਪਾਰ ਖਰੀ ਰਾਸਿ ਦੇ ਨਾਲ ਹੁੰਦਾ ਹੈ ਕਿਉਂਕਿ ਅਸੀਂ ਉਸ ਵਸਤੂ ਦੀ ਪ੍ਰਾਪਤੀ ਕਰਨੀ ਹੈ ਜੋ ਸੰਸਾਰ ਦੀ ਸਭ ਤੋਂ ਖਰੀ ਵਸਤੂ ਹੈ ਜੋ ਪੂਰੀ ਤਰ੍ਹਾਂ ਖੋਟ ਤੋਂ ਰਹਿਤ ਹੈ, ਅਗਿਆਨਤਾ ਤੋਂ, ਹਰ ਭਰਮ ਤੋਂ ਰਹਿਤ ਹੈ ਭਾਵ ਜੋ ਪੂਰਨ ਸੱਚੁ ਹੈ, ਨਾਮ ਹੈ, ਆਪ ਪ੍ਰਮਾਤਮਾ ਹੈ। (**ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥ ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ ॥**)

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਨੂੰ ਜਾਨਣਾ ਜਾਂ ਨਾ ਜਾਨਣਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਤੇ ਸਾਡੇ ਮਨ ਦੀ ਸਮਝ ਹੀ ਸਾਡੀ ਰਾਸਿ ਹੈ, ਪੂੰਜੀ ਹੈ। ਖੋਟੀ ਰਾਸਿ ਨਾਲ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ, ਪਾਇਆ ਜਾ ਸਕਦਾ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਦੋਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਫਿਰ ਤਾਂ ਹੀ ਹਰ ਰੂਪ ਵਿੱਚ ਪ੍ਰਮਾਤਮਾ ਨਜ਼ਰ ਆਉਂਦਾ ਹੈ। ਖੋਟੀ ਰਾਸਿ ਦੇ ਹੁੰਦਿਆਂ ਨਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਕਿਸੇ ਹੋਰ ਨੂੰ ਸੱਚੁ ਸਮਝਾਇਆ ਜਾ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ।

“ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥
ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥”

(ਅੰਗ ੧੧੬)

ਜਿਵੇਂ ਕਿ ਅਸੀਂ ਵਾਰ-ਵਾਰ ਸਮਝਿਆ ਹੈ ਖੋਟੀ ਰਾਸਿ ਦੇ ਹੁੰਦਿਆਂ ਨਾ ਸਾਨੂੰ ਆਪ ਪ੍ਰਮਾਤਮਾ ਬਾਰੇ ਪਤਾ ਲੱਗ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ ਜੋ ਕਿ ਸਭ ਕੁੱਝ ਆਪ ਹੀ ਹੈ ਤੇ ਨਾ ਹੀ ਉਸਦੀ ਭਗਤੀ ਦਾ ਤਰੀਕਾ ਸਮਝ ਆਉਂਦਾ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ। ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ, ਭਗਤੀ ਦਾ ਮਾਰਗ ਸਮਝਾਉਣ ਵਾਲੇ ਬਹੁਤ ਹਨ, ਨਾਮ ਦਾ ਵਾਪਾਰ ਕਰਨਾ ਸਮਝਾਉਣ ਵਾਲੇ ਬਹੁਤ ਹਨ ਜੋ ਕਿ ਸਾਨੂੰ ਆਪਣੀ-ਆਪਣੀ ਮਤਿ ਅਨੁਸਾਰ ਭਗਤੀ ਕਰਨੀ ਸਮਝਾਉਂਦੇ ਹਨ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਵਖੱਰੇ-ਵੱਖਰੇ ਭਗਤੀ ਦੇ ਤਰੀਕੇ ਸਮਝਾਉਂਦੇ ਹਨ, ਵੱਖਰਾ-ਵੱਖਰਾ ਨਾਮ ਸਮਝਾਉਂਦੇ ਹਨ। ਪ੍ਰਮਾਤਮਾ ਤਾਂ ਇੱਕੋ ਰੂਪ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਵੀ ਇੱਕੋ ਜਿਹਾ ਹੀ ਹੋ ਸਕਦਾ ਹੈ। ਪ੍ਰਮਾਤਮਾ ਨੂੰ ਵੱਖਰੇ-ਵੱਖਰੇ ਰੂਪ ਵਿੱਚ ਸਮਝਣਾ ਤੇ ਭਗਤੀ ਦੇ ਵੱਖਰੇ-ਵੱਖਰੇ ਮਾਰਗ ਸਮਝਣਾ ਤੇ ਸਮਝਾਉਣਾ ਸਾਡੀ ਨਾ-ਸਮਝ ਮਤਿ ਦਾ ਨਤੀਜਾ ਹੈ, ਸਾਡੀ ਅਗਿਆਨਤਾ ਦਾ ਨਤੀਜਾ ਹੈ ਭਾਵ ਸਾਡੀ “ਖੋਟੀ ਰਾਸਿ” ਦਾ ਨਤੀਜਾ ਹੈ। ਜੋ ਖੋਟੀ ਰਾਸਿ ਮਨੁੱਖ ਦੇ ਕੋਲ ਹੈ ਉਸੇ ਖੋਟੀ ਰਾਸਿ ਦਾ ਹੀ ਉਹ ਪਾਸਾਰ ਕਰਦਾ ਹੈ ਭਾਵ ਜਿਹੋ ਜਿਹੀ ਖੋਟੀ ਸਮਝ ਆਪਣੇ ਕੋਲ ਹੁੰਦੀ ਹੈ ਉਹ ਜਿਹੀ ਖੋਟੀ ਮਤਿ ਦਾ ਹੀ ਉਹ ਪ੍ਰਚਾਰ ਕਰਦਾ ਹੈ, ਦੂਸਰਿਆਂ ਨੂੰ ਸਮਝਾਉਂਦਾ ਹੈ। ਇਸੇ ਲਈ ਸਾਨੂੰ ਵਾਰ-ਵਾਰ ਗੁਰਬਾਣੀ ਸਮਝਾਉਂਦੀ ਹੈ ਕਿ ਗੁਰੂ ਦੀ ਖਰੀ ਮਤਿ ਦੇ ਨਾਲ ਜੁੜੋ, ਨਾਮ ਦੀ ਰਾਸਿ ਦੇ ਨਾਲ ਜੁੜੋ। ਮਨ ਦੀ ਖੋਟੀ ਰਾਸਿ ਦੇ ਕਾਰਨ ਹੀ ਹਰ ਕੋਈ ਮਨਮੁੱਖ ਹੈ ਤੇ ਜਿਸ ਨੂੰ ਵੀ ਪ੍ਰਮਾਤਮਾ “ਗੁਰਮੁਖ” ਰੂਪ ਬਣਾਉਂਦਾ ਹੈ ਉਸਨੂੰ ਆਪਣੀ ਸੱਚੀ ਰਾਸਿ, ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਬਣਾਉਂਦਾ ਹੈ ਤੇ ਉਹ ਸਾਰੇ ਸੰਸਾਰ ਨੂੰ ਆਪਣੀ ਸੱਚੀ ਰਾਸਿ ਹੀ ਵੰਡਦਾ ਹੈ। ਗੁਰੂ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ ਜੋ ਕਿ ਉਸਦਾ ਆਪਣਾ ਹੀ ਰੂਪ ਹੈ। ਖੋਟੀ ਰਾਸਿ, ਕੂੜੀ ਰਾਸਿ ਹੈ, ਝੂਠੀ ਰਾਸਿ ਹੈ ਜਿਸ ਨੂੰ ਸੱਚ ਦੀ ਸਮਝ ਨਹੀਂ ਹੁੰਦੀ ਤੇ ਮਨ ਦੀ ਕੂੜੀ ਰਾਸਿ ਨਾਲ ਮਨੁੱਖ ਜੋ ਕੁੱਝ ਵੀ ਕਰਦਾ ਹੈ, ਉਸ ਦੁਆਰਾ ਕੂੜ ਹੀ ਕਮਾਉਂਦਾ ਹੈ ਭਾਵ ਅਗਿਆਨਤਾ ਵਾਲੀ ਮਤਿ ਨਾਲ ਅਗਿਆਨਤਾ ਵਾਲੇ ਕੰਮ ਹੀ ਕਰਦਾ ਹੈ, ਆਪਣੀ ਅਗਿਆਨਤਾ ਨੂੰ, ਆਪਣੀ ਹਉਮੈ ਨੂੰ ਹੀ ਉੱਚੀ ਕਰਦਾ ਹੈ। ਕਿਸੇ ਨੂੰ ਝੂਠੀ ਭਗਤੀ ਦਾ ਮਾਰਗ ਸਮਝਾਉਣਾ ਕੂੜ ਕਮਾਉਣਾ ਹੀ ਹੈ ਜਿਸ ਦੇ ਕਾਰਨ ਉਸਨੂੰ ਦੁੱਖ ਹੀ ਸਹਿਣਾ ਪੈਂਦਾ ਹੈ। ਗੁਰੂ ਦੀ ਮਤਿ ਦੇ ਉਲਟ ਪ੍ਰਚਾਰ ਕਰਨਾ ਆਪਣੇ ਸਿਰ ਉੱਤੇ ਭਾਰਾ ਦੁੱਖ ਇਕੱਠਾ ਕਰਨ ਵਾਲੀ ਗੱਲ ਹੈ ਜਿਸ ਦਾ ਲੇਖਾ ਭੁਗਤਣਾ ਹੀ ਪੈਂਦਾ ਹੈ। ਇਹੋ ਜਿਹੇ ਖੋਟੀ ਰਾਸਿ ਵਾਲੇ, ਝੂਠੀ ਰਾਸਿ ਵਾਲੇ ਭਰਮ ਵਿੱਚ ਹਨ, ਭੁੱਲੇ ਹੋਏ ਹਨ ਕਿ ਉਹ ਭਗਤੀ ਦੇ ਮਾਰਗ ਤੇ ਚੱਲ ਰਹੇ ਹਨ ਜੋ ਕਿ ਭਗਤੀ ਲਈ ਦਿਨ ਰਾਤ ਇਧਰ-ਉਧਰ ਫਿਰਦੇ ਹਨ,ਆਪਣੇ ਆਪ ਨੂੰ ਸੱਚੇ ਭਗਤੀ ਵਾਲੇ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਉਹੀ ਕੁੱਝ ਸਮਝਾਉਂਦੇ ਹਨ। ਇਹੋ ਜਿਹੇ ਭਰਮੇ ਹੋਏ ਮਨੁੱਖ ਹਉਮੈ ਵਿੱਚ ਹੀ, ਮਨ ਦੀ ਨਾ-ਸਮਝੀ ਵਿੱਚ ਹੀ ਜਨਮ ਮਰਨ ਵਿੱਚ ਰਹਿੰਦੇ ਹਨ ਤੇ ਆਪਣਾ ਅਸਲ ਜਨਮ ਗਵਾ ਦਿੰਦੇ ਹਨ ਜੋ ਜਨਮ ਹਉਮੈ ਮਰਨ ਤੋਂ ਬਾਦ, ਮਨ ਦੀ ਅਗਿਆਨਤਾ ਮਰਨ ਤੋਂ ਬਾਦ ਸਚੁ ਦੇ

ਘਰ ਵਿੱਚ ਹੁੰਦਾ ਹੈ, ਪ੍ਰਮਾਤਮਾ ਦੇ ਘਰ ਵਿੱਚ ਹੁੰਦਾ ਹੈ, ਜੋ ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੀ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਸਾਡਾ ਅਸਲ ਜਨਮ ਕੀ ਹੈ ਇਸ ਗੱਲ ਨੂੰ ਲੇਖ ਵਿੱਚ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਜਦ ਤੱਕ ਮਨੁੱਖ ਮਨ ਦੀ ਖੋਟੀ ਰਾਸਿ ਨਾਲ ਜੁੜਿਆ ਹੋਇਆ ਹੈ ਉਹ ਭਰਮਾਂ ਵਿੱਚ ਹੀ ਰਹਿੰਦਾ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਗੁਰੂ ਦੀ ਸੱਚੀ ਰਾਸਿ ਨਾਲ ਜੁੜੇ ਬਿਨ੍ਹਾਂ, ਗੁਰੂ ਦੀ ਸੱਚੀ ਮਤਿ ਨਾਲ ਜੁੜੇ ਬਿਨ੍ਹਾਂ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਤੇ ਨਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜੋ ਨਾਮ ਵੱਖਰ ਦੇ ਰੂਪ ਵਿੱਚ ਆਪ ਹੀ ਹੈ। (**ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥ ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥**)

{ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥
ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ ॥੧੪॥}

(ਅੰਗ ੧੪੪)

{ਖੋਟੇ ਖਰੇ ਤੁਧੁ ਆਪਿ ਉਪਾਏ ॥
ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥}

(ਅੰਗ ੧੧੯)

{ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥}

(ਅੰਗ ੧੪੩)

{ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥}

(ਅੰਗ ੨੨੯)

{ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥
ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥
ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥
ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥
ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥}

(ਅੰਗ ੫੭੦)

{ਕਾਇਆ ਕਾਗਦੁ ਮਨੁ ਪਰਵਾਣਾ ॥
ਸਿਰ ਕੇ ਲੇਖ ਨ ਪੜੈ ਇਆਣਾ ॥
ਦਰਗਹ ਘੜੀਅਹਿ ਤੀਨੇ ਲੇਖ ॥
ਖੋਟਾ ਕਾਮਿ ਨ ਆਵੈ ਵੇਖੁ ॥੧॥}

(ਅੰਗ ੬੬੨)

{ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥
ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥
ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥}

(ਅੰਗ ੭੬੫)

ਨਾਮ ਦਾ ਵਾਪਾਰ ਕਰਨਾ ਕੀ ਹੈ, ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਿਆ ਹੈ ਤੇ ਉੱਪਰ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ। ਇਹ ਵਾਪਾਰ ਮਨ ਦੀ ਰਾਸਿ ਦੁਆਰਾ ਹੀ ਹੁੰਦਾ ਹੈ ਜੋ ਕਿ ਕੇਵਲ ਤੇ ਕੇਵਲ ਖਰੀ ਰਾਸਿ ਦੁਆਰਾ, ਸੱਚੀ ਰਾਸਿ ਦੁਆਰਾ ਹੁੰਦਾ ਹੈ। ਸਾਡੀ ਰਾਸਿ ਕੀ ਹੈ, ਵਾਪਾਰ ਕੀ ਹੈ ਇਹ ਬਾਣੀ ਰਾਹੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਜਿਸਨੂੰ ਕਿ ਹੋਰ ਵੀ ਸਮਝਾਂਗੇ। ਇਹ ਵਾਪਾਰ ਆਪਣੇ ਜੀਵਨ ਵਿੱਚ ਅਸੀਂ ਆਪਣੇ ਕਰਮਾਂ ਦੁਆਰਾ ਹੀ ਕਰਨਾ ਹੈ ਤੇ ਕਰਮ ਅਸੀਂ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ। ਸਾਡੇ ਮਾੜੇ ਕਰਮ ਸਾਡਾ ਮਾੜਾ ਵਾਪਾਰ ਹੈ ਤੇ ਚੰਗੇ ਕਰਮ ਚੰਗਾ ਵਾਪਾਰ ਹੈ। ਜੋ ਭਗਤੀ ਦਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ, ਉਹੀ ਵਾਪਾਰ ਕਰਨ ਦਾ ਮਾਰਗ ਹੈ ਭਾਵ ਸਾਰੀ ਗੱਲ ਸਾਡੇ ਚੰਗੇ ਮਾੜੇ ਕਰਮ ਕਰਨ ਨਾਲ ਜੁੜੀ ਹੋਈ ਹੈ। ਆਪਣੀ ਮਾੜੀ ਮਤਿ ਭਾਵ ਖੋਟੀ ਰਾਸਿ ਖਰਚਣ ਨਾਲ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਖਰੀ ਰਾਸਿ ਖਰਚਣ ਨਾਲ ਅਸੀਂ ਖਰੇ ਕਰਮ ਕਰਦੇ ਹਾਂ, ਚੰਗੇ ਕਰਮ ਕਰਦੇ ਹਾਂ। ਗੱਲ ਮਨੁੱਖ ਦੇ ਗੁਣਾਂ ਔਗੁਣਾਂ ਤੇ ਆ ਕੇ ਹੀ ਨਿਬੜਦੀ ਹੈ। ਔਗੁਣਾਂ ਦੇ ਰਹਿੰਦੇ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਜਰੂਰ ਕਰਦੇ ਹਾਂ ਪਰ ਉਹ ਕਿਸੇ ਲੇਖੇ ਨਹੀਂ ਪੈਂਦੀ ਕਿਉਂਕਿ ਸਾਡੀ ਰਾਸਿ ਖੋਟੀ ਹੁੰਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਦੁਰਮਤਿ ਖੋਟੀ ਖੋਟੁ ਕਮਾਵੈ ॥
ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥
ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥”

(ਅੰਗ ੧੦੪੭)

ਉੱਪਰ ਸ਼ਬਦ ਰਾਹੀਂ ਬੜਾ ਸਪੱਸ਼ਟ ਹੈ ਕਿ ਮਨੁੱਖ ਦੇ ਅੰਦਰ ਖੋਟ ਕਿਸ ਚੀਜ ਦੀ ਹੈ। ਸਾਡੀ ਦੁਰਮਤਿ ਭਾਵ ਨਾ-ਸਮਝ ਮਾੜੀ ਮਤਿ, ਔਗੁਣਾਂ ਵਾਲੀ ਮਤਿ ਸਾਡੇ ਮਨ ਦੀ ਖੋਟ ਹੈ ਤੇ ਇਹੀ ਸਾਡੀ ਖੋਟੀ ਰਾਸਿ ਹੈ, ਖੋਟੀ ਪੂੰਜੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਅਸੀਂ ਜਿਹੋ ਜਿਹੀ ਰਾਸ ਖਰਚਾਂਗੇ, ਪੂੰਜੀ ਖਰਚਾਂਗੇ ਉਸਦੀ ਕਮਾਈ ਵੀ ਉਹੋ ਜਿਹੀ ਹੀ ਹੋਵੇਗੀ। ਮਨ ਦੀ ਮਾੜੀ ਮਤਿ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ, ਔਗੁਣਾਂ ਦੁਆਰਾ ਵਿਚਰਦੇ ਹਾਂ ਤੇ ਉਸਦਾ ਨਤੀਜਾ ਵੀ ਮਾੜਾ ਹੀ ਨਿਕਲੇਗਾ, ਸਾਡਾ ਹਰ ਕਰਮ ਖੋਟਾ ਹੋਵੇਗਾ ਜੋ ਪ੍ਰਮਾਤਮਾ ਨੂੰ ਨਹੀਂ ਭਾਉਂਦਾ। ਇਹੋ ਜਿਹੀ ਮਤਿ ਵਿੱਚ ਰਹਿੰਦਿਆਂ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਵੀ ਕਰਦੇ ਹਾਂ,ਆਪਣੀ ਮਤਿ ਅਨੁਸਾਰ, ਆਪਣੀ-ਆਪਣੀ ਬਣਾਈ ਹੋਈ ਮਰਿਆਦਾ ਅਨੁਸਾਰ ਕਰਦੇ ਹਾਂ ਜਿਸ ਨੂੰ ਅਸੀਂ ਭਗਤੀ ਦਾ ਸ਼ਿੰਗਾਰ ਸਮਝਦੇ ਹਾਂ, ਆਪਣੇ ਬਾਹਰੀ ਦਿਖਾਵਿਆਂ ਦੁਆਰਾ ਸਮਝਦੇ ਹਾਂ ਪਰ ਇਹੋ ਜਿਹੇ ਸਾਡੇ ਸ਼ਿੰਗਾਰ ਪ੍ਰਮਾਤਮਾ ਨੂੰ ਨਹੀਂ ਭਾਉਂਦੇ ਕਿਉਂਕਿ ਸਾਡੇ ਅੰਦਰ ਖੋਟ ਹੈ, ਸਾਡੀ ਮਤਿ ਮਾੜੀ ਹੈ, ਔਗੁਣਾਂ ਵਾਲੀ ਹੈ ਤੇ ਔਗੁਣਾਂ ਵਾਲੀ ਮਤਿ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਜੋ ਭਗਤੀ ਮਾੜੀ ਮਤਿ ਛੱਡਣ ਦੁਆਰਾ ਹੀ ਹੋ ਸਕਦੀ ਹੈ। (**ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥**) ਅਸੀਂ ਵਾਪਾਰ ਤਾਂ ਉਸ ਪ੍ਰਮਾਤਮਾ ਨੂੰ ਪਾਉਣ ਦਾ ਕਰਨਾ ਹੈ ਤੇ ਜੇਕਰ ਸਾਡੀ ਭਗਤੀ ਦਾ ਮਾਰਗ ਹੀ ਗਲਤ ਹੈ ਜੋ ਪ੍ਰਮਾਤਮਾ ਨੂੰ ਨਹੀਂ ਭਾਉਂਦਾ, ਇਹੋ ਜਿਹਾ ਵਾਪਾਰ ਕਰਨ ਦੁਆਰਾ ਉਸ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੇ। ਪ੍ਰਮਾਤਮਾ ਨੂੰ ਉਹੋ ਜਿਹੀ ਭਗਤੀ ਦੁਆਰਾ ਪਾਇਆ ਜਾ ਸਕਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦੀ ਹੈ। ਪ੍ਰਮਾਤਮਾ ਨੂੰ ਕਿਹੋ ਜਿਹੀ ਭਗਤੀ ਭਾਉਂਦੀ ਹੈ, ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥”

ਪ੍ਰਮਾਤਮਾ ਨੂੰ ਮਨੁੱਖ ਦੇ ਗੁਣ ਭਾਉਂਦੇ ਹਨ ਜਿੰਨ੍ਹਾਂ ਦੁਆਰਾ ਮਨੁੱਖ ਚੰਗੇ ਕਰਮ ਕਰਦਾ ਹੈ, ਸੱਚਾ ਸੁੱਚਾ ਜੀਵਨ ਜਿਉਂਦਾ ਹੈ ਤੇ ਕਿਸੇ ਦਾ ਮਾੜਾ ਨਹੀਂ ਕਰਦਾ ਬਲਕਿ ਸੰਸਾਰ ਦੇ ਭਲੇ ਲਈ ਵਿਚਰਦਾ ਹੈ ਜੋ ਕਿ ਭਗਤੀ ਦਾ ਅਸਲ ਮਾਰਗ ਹੈ, ਪ੍ਰਮਾਤਮਾ ਦੀ ਸੇਵਾ ਦਾ, ਨਾਮ ਜਪਣ ਦਾ ਮਾਰਗ ਹੈ, ਧਰਮ ਦਾ ਮਾਰਗ ਹੈ ਜਿਵੇਂ ਕਿ ਸਾਨੂੰ ਵਾਰ-ਵਾਰ ਗੁਰਬਾਣੀ ਇਹ ਸੱਚਾ ਮਾਰਗ ਸਮਝਾ ਰਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਰਮਤਿ ਵਿੱਚੋਂ ਨਿਕਲ ਕੇ, ਔਗੁਣਾਂ ਵਿੱਚੋਂ ਨਿਕਲ ਕੇ ਹੀ ਹੁੰਦਾ ਹੈ ਭਾਵ ਗੁਰੂ ਦੀ ਗੁਣਾਂ ਵਾਲੀ ਮਤਿ ਨੂੰ ਆਪਣੇ ਅੰਦਰ ਵੱਸਾ ਕੇ ਹੀ ਹੁੰਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਹੈ। ਜਿਸ ਵਸਤੂ ਨੂੰ ਅਸੀਂ ਪ੍ਰਾਪਤ ਕਰਨਾ ਹੈ, ਜਿਸ ਵੱਖਰ ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਕਸਦ ਹੈ ਉਸ ਨੂੰ ਪ੍ਰਾਪਤ ਕਰਨ ਦਾ ਕੇਵਲ ਇਹੀ ਤਰੀਕਾ ਹੈ। (**ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥**)

{ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ ॥੫॥}

(ਅੰਗ ੧੨੭੩)

{ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥
ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥}

(ਅੰਗ ੧੨੨)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ ੪੧੮)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅੱਗੇ ਚੱਲਕੇ ਸਮਝਾਂਗੇ। ਅਸੀਂ ਵਣਜ ਕਿਵੇਂ ਕਰਨੀ ਹੈ, ਵਾਪਾਰ ਕਿਵੇਂ ਕਰਨਾ ਹੈ, ਲਾਹਾ ਕਿਵੇਂ ਲੈਣਾ ਹੈ ਇਸ ਗੱਲ ਨੂੰ ਉਪਰਲੀਆਂ ਪੰਗਤੀਆਂ ਰਾਹੀਂ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਹਰ ਕੋਈ ਸਮਝ ਸਕਦਾ ਹੈ। ਸਾਰੀ ਗੱਲ ਔਗੁਣ ਛੱਡਣ ਦੀ ਹੀ ਸਮਝਾਈ ਹੋਈ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਚੰਗੇ ਕਰਮ ਕਰੀਏ ਜਿਸ ਦੁਆਰਾ ਅਸੀਂ “ਤਤੁ” ਦੀ ਪ੍ਰਾਪਤੀ ਕਰ ਸਕਦੇ ਹਾਂ। “ਤਤੁ” ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦੁਆਰਾ ਸਾਨੂੰ ਸੱਚਾਈ ਦੀ ਸਮਝ ਪੈਂਦੀ ਹੈ, ਅਸਲੀਅਤ ਦੀ ਸਮਝ ਪੈਂਦੀ ਹੈ ਕਿਉਂਕਿ ਤੱਤੁ ਗਿਆਨ ਹਰ ਭਰਮ ਤੋਂ ਰਹਿਤ ਹੁੰਦਾ ਹੈ। “ਤਤੁ” ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। “ਤਤੁ” ਹੀ ਪ੍ਰਮਾਤਮਾ ਦਾ ਨਾਮ ਹੈ। “ਤਤੁ” ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। “ਤਤੁ” ਦੀ ਪ੍ਰਾਪਤੀ ਕਰਨ ਲਈ ਸਾਨੂੰ ਪਹਿਲਾਂ ਉਸ ਤਤੁ ਨਾਲ ਜੁੜਨ ਦੀ ਲੋੜ ਹੈ ਜੋ ਤਤੁ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ। ਪੂਰੀ ਗੁਰਬਾਣੀ ਤਤੁ ਦੀ ਗੱਲ ਹੀ ਕਰਦੀ ਹੈ, ਅਸਲੀਅਤ ਹੀ ਸਮਝਾਉਂਦੀ ਹੈ, ਪ੍ਰਮਾਤਮਾ ਦੀ, ਭਗਤੀ ਦੀ, ਧਰਮ ਦੇ ਮਾਰਗ ਦੀ, ਮਨੁੱਖ ਦੀ, ਮਾਇਆ ਰੂਪ ਦੀ ਅਸਲੀਅਤ ਹੀ ਸਮਝਾਉਂਦੀ ਹੈ। ਪ੍ਰਮਾਤਮਾ ਨੂੰ ਪਾਉਣ ਦੀ ਅਸਲੀਅਤ ਜੋ ਗੁਰਬਾਣੀ ਸਾਰੇ ਸੰਸਾਰ ਨੂੰ ਸਮਝਾ ਰਹੀ ਹੈ ਉਹ ਔਗੁਣ ਛੱਡ ਕੇ ਗੁਣਾਂ ਨੂੰ ਅਪਨਾਉਣ ਦੀ ਹੈ, ਸੱਚੀ ਸੁੱਚੀ ਕਿਰਤ ਕਰਨ ਦੀ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜੋ ਮਨੁੱਖ ਆਪਣੇ ਜੀਵਨ ਵਿੱਚ ਇਹੋ ਜਿਹੇ ਧਰਮ ਦੇ ਮਾਰਗ ਤੇ ਚੱਲਦਾ ਹੈ, ਉਹੀ ਸੱਚਾ ਵਪਾਰ ਕਰਦਾ ਹੈ, ਆਪਣੀ ਸੱਚੀ ਕਰਨੀ ਦੁਆਰਾ ਕਰਦਾ ਹੈ ਤੇ ਤਾਂ ਹੀ ਲਾਹਾ ਖੱਟਦਾ ਹੈ, ਇਸ ਜੀਵਨ ਵਿੱਚ ਲਾਹਾ ਖੱਟਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਹੈ, ਤਤੁ ਦੀ ਪ੍ਰਾਪਤੀ ਦਾ ਹੈ। (**ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥**)

ਮੂਲ ਦੀ ਪ੍ਰਾਪਤੀ ਹੋਏ ਬਿਨ੍ਹਾਂ ਲਾਹਾ ਨਹੀਂ ਮਿਲਦਾ। ਮੂਲ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਉਹ ਮਨੁੱਖ ਨੂੰ ਆਪਣੇ ਮੇਲ ਦਾ ਲਾਹਾ ਆਪ ਹੀ ਦਿੰਦਾ ਹੈ। ਉਸਦਾ ਲਾਹਾ ਨਾਮ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ,ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਬ੍ਰਹਮ ਗਿਆਨ ਉਹ ਮੂਲ ਰੂਪ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਦਿੰਦਾ ਹੈ। ਉਹ

ਬ੍ਰਹਮਗਿਆਨੀ ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਵਿਚਰਦਾ ਹੈ ਤੇ ਆਪ ਹੀ ਕਿਸੇ ਨੂੰ ਆਪਣਾ ਬ੍ਰਹਮ ਗਿਆਨ ਦੇ ਸਕਦਾ ਹੈ ਜਿਸ ਦੁਆਰਾ ਕੋਈ ਇਸ ਜੀਵਨ ਵਿੱਚ ਲਾਹਾ ਖੱਟ ਸਕਦਾ ਹੈ। ਜੋ ਲਾਹਾ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ ਉਹ ਨਾਮ ਧੰਨ ਦੇ ਰੂਪ ਵਿੱਚ ਹੀ ਮਿਲਦਾ ਹੈ, ਪ੍ਰਮਾਤਮਾ ਦੀ ਸੱਚੀ ਦੌਲਤ ਦੇ ਰੂਪ ਵਿੱਚ ਹੀ ਮਿਲਦਾ ਹੈ, ਸੱਚੀ ਰਾਸਿ, ਸੱਚੀ ਪੂੰਜੀ ਦੇ ਰੂਪ ਵਿੱਚ ਹੀ ਮਿਲਦਾ ਹੈ ਜੋ ਪੂੰਜੀ ਸਾਡੇ ਮਨ ਦੀ ਸਮਝ ਦੀ ਪੂੰਜੀ ਹੈ, ਗਿਆਨ ਦੀ ਰਾਸਿ ਹੈ, ਪੂੰਜੀ ਹੈ, ਨਾਮ ਦਾ ਧੰਨ ਹੈ, ਜਿਸ ਧੰਨ ਨੂੰ ਖਰਚਣ ਦੁਆਰਾ ਫਿਰ ਮਨੁੱਖ ਸੱਚੇ ਧਰਮ ਦੇ ਮਾਰਗ ਤੇ ਹੀ ਚੱਲਦਾ ਹੈ, ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ। ਪ੍ਰਮਾਤਮਾ ਕੋਲੋਂ ਜੋ ਲਾਹਾ ਮਿਲਦਾ ਹੈ, ਲਾਭ ਮਿਲਦਾ ਹੈ ਉਹ ਮਨੁੱਖ ਨੂੰ ਕਿਤਨੇ ਵੱਡੇ ਸੁੱਖ ਨਾਲ ਜੋੜ ਕੇ ਰੱਖਦਾ ਹੈ ਇਸ ਗੱਲ ਨੂੰ ਕੋਈ ਲਾਹਾ ਮਿਲਣ ਦੁਆਰਾ ਹੀ ਜਾਣ ਸਕਦਾ ਹੈ, ਸਮਝ ਸਕਦਾ ਹੈ। ਇਹ ਲਾਭ ਮਿਲਣ ਨਾਲ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਗੱਲਾਂ ਹੁੰਦੀਆਂ ਹਨ ਤੇ ਮਨੁੱਖ ਹਰ ਭਉ ਵਿੱਚੋਂ ਨਿਕਲ ਜਾਂਦਾ ਹੈ, ਜਨਮ ਮਰਨ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ, ਮਾਇਆ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ ਭਾਵ ਨਿਰਭਉ ਹੋ ਕੇ ਵਿਚਰਦਾ ਹੈ ਕਿਉਂਕਿ ਉਹ ਪ੍ਰਮਾਤਮਾ ਦੇ ਨਿਰਭਉ ਰੂਪ ਨਾਲ ਮਿਲਕੇ ਉਸਦੇ ਨਾਲ ਇੱਕ ਹੋ ਜਾਂਦਾ ਹੈ। ਕਿਸੇ ਵੀ ਮਨੁੱਖੀ ਜੀਵਨ ਦਾ ਇਹ ਸਭ ਤੋਂ ਵੱਡਾ ਲਾਭ ਹੈ ਜੋ ਲਾਭ ਪ੍ਰਮਾਤਮਾ ਆਪ ਹੀ ਕਿਸੇ ਨੂੰ ਦੇ ਸਕਦਾ ਹੈ।

ਜਿਸ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਸਮਝਣ ਲਈ ਅਸੀਂ ਇਸ ਗੱਲ ਨੂੰ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਉਹ ਕਿਹੜੀ ਵਸਤੂ ਹੈ ਜਿਸਨੂੰ ਅਸੀਂ ਪ੍ਰਾਪਤ ਕਰਨਾ ਹੈ ਤੇ ਕਿਸ ਤਰੀਕੇ ਕਰਨਾ ਹੈ, ਕਿਹੋ ਜਿਹੀ ਪੂੰਜੀ ਨਾਲ ਪ੍ਰਾਪਤ ਕਰਨਾ ਹੈ, ਹੁਣ ਅਸੀਂ ਉਸ ਮੁੱਖ ਸ਼ਬਦ ਨੂੰ ਪੂਰੇ ਭਰੋਸੇ ਨਾਲ ਸਮਝ ਸਕਦੇ ਹਾਂ ਕਿਉਂਕਿ ਗੁਰਬਾਣੀ ਸਾਨੂੰ ਹਰ ਸ਼ਬਦ ਰਾਹੀਂ ਸੱਚ ਹੀ ਸਮਝਾਉਂਦੀ ਹੈ, ਆਪਣੀ ਗੱਲ ਦੀ ਸੱਚਾਈ ਦੀ ਪ੍ਰੌੜਤਾ ਵੱਖਰੇ-ਵਖਰੇ ਸ਼ਬਦਾਂ ਦੁਆਰਾ ਆਪ ਹੀ ਕਰਦੀ ਹੈ ਤਾਂ ਜੋ ਸਾਨੂੰ ਕੋਈ ਗੱਲ ਸਮਝਣ ਵਿੱਚ ਭਰਮ ਨਾ ਰਹੇ। ਬਾਣੀ ਆਪਣੀ ਕਸਵੱਟੀ ਆਪ ਹੀ ਹੈ। ਜੇਕਰ ਅਸੀਂ ਕਿਸੇ ਸ਼ਬਦ ਦੇ ਗਲਤ ਅਰਥ ਕਰਾਂਗੇ ਤੇ ਦੂਸਰੇ ਸ਼ਬਦਾਂ ਰਾਹੀਂ ਜਿੱਥੇ ਉਹੀ ਗੱਲ ਸਮਝਾਈ ਹੁੰਦੀ ਹੈ ਸਾਨੂੰ ਆਪਣੀ ਗਲਤੀ ਆਪੇ ਸਮਝ ਆ ਜਾਂਦੀ ਹੈ। ਗੁਰੂ ਸਾਡੀ ਗਲਤੀ ਸਮਝਾ ਦਿੰਦਾ ਹੈ।

“ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥”

(ਅੰਗ ੧੮੨)

ਉਪਰਲੇ ਪੂਰੇ ਸ਼ਬਦ ਰਾਹੀਂ ਸਾਨੂੰ ਮਨ ਦਾ ਸੌਣਾ ਜਾਗਣਾ ਸਮਝਾਇਆ ਹੋਇਆ ਹੈ। ਸੌਣਾ ਜਾਗਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸਮਝ ਹੀ ਚੁੱਕੇ ਹਾਂ। ਜਦ ਤੱਕ ਸਾਡਾ ਮਨ ਸੁੱਤਾ ਹੁੰਦਾ ਹੈ ਉਹ ਸਾਡੇ ਮਨ ਦੀ ਸਮਝ ਹੀ ਸੁੱਤੀ ਹੁੰਦੀ ਹੈ। ਜਦ ਤੱਕ ਸਾਡੀ ਸਮਝ ਮਾੜੀ ਹੈ, ਖੋਟੀ ਹੈ ਭਾਵ ਜਦ ਤੱਕ ਸਾਡੀ ਰਾਸਿ ਖੋਟੀ ਹੈ ਤਦ ਤੱਕ ਸਾਡਾ ਮਨ ਸੁੱਤਾ ਹੀ ਰਹਿੰਦਾ ਹੈ। ਸਾਡੇ ਮਨ ਦੇ ਸੌਣ ਦਾ ਕਾਰਨ, ਖੋਟੇਪਣ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਸੱਚੇ ਮਾਰਗ ਦੀ ਨਾ-ਸਮਝੀ ਹੈ ਜਿਸ ਅਗਿਆਨਤਾ ਦੇ ਰਹਿੰਦਿਆ, ਸਾਡੀ ਮਾੜੀ ਸਮਝ ਦੇ ਰਹਿੰਦਿਆਂ ਸਾਡੇ ਔਗੁਣ ਰੂਪ ਚੋਰ, ਨਾਮ ਦੇ ਚੋਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਮਾੜੇ ਵਿਚਾਰ ਸਾਡੇ ਘਰ ਨੂੰ ਲੁਟਦੇ ਰਹਿੰਦੇ ਹਨ, ਸਾਡੇ ਅੰਦਰੋਂ ਨਾਮ ਦੀ ਚੋਰੀ ਕਰਦੇ ਹਨ, ਗੁਣਾਂ ਦੀ ਚੋਰੀ ਕਰਦੇ ਹਨ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ, ਨਾਮ ਵਾਲੇ ਵਿਚਾਰਾਂ ਨੂੰ, ਗੁਣਾਂ ਵਾਲੇ ਵਿਚਾਰਾਂ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ। ਉਹ ਨਾਮ ਧੰਨ ਦੇ ਚੋਰ ਹਨ। ਨਾਮ ਧੰਨ ਸਾਡੇ ਅੰਦਰ ਤਾਂ ਹੀ ਵੱਸਦਾ ਹੈ ਜਦੋਂ ਇਹਨਾਂ ਚੋਰਾਂ ਦੀ ਚੋਰੀ ਬੰਦ ਹੋ ਜਾਂਦੀ ਹੈ ਜੋ ਕਿ ਮਨ ਦੇ ਜਾਗਣ ਦੁਆਰਾ ਹੀ ਬੰਦ ਹੁੰਦੀ ਹੈ। ਨਾਮ ਧੰਨ ਦਾ ਮਕਸਦ ਸਾਡੇ ਮਨ ਨੂੰ ਜਗਾਉਣ ਨਾਲ ਹੀ ਹੈ, ਸੁੱਤੇ ਹੋਏ ਮਨ ਨੂੰ ਜਗਾਉਣ ਨਾਲ ਹੀ ਹੈ, ਤਾਂ ਜੋ ਉਹ ਔਗੁਣਾਂ ਵਿੱਚੋਂ ਨਿਕਲ ਕੇ ਕੋਈ ਮਾੜਾ ਕਰਮ ਨਾ ਕਰੇ ਭਾਵ ਸੱਚਾ ਸੁੱਚਾ ਜੀਵਨ ਜੀਵੇ ਜੋ ਕਿ ਭਗਤੀ ਦਾ ਸੱਚਾ ਮਾਰਗ ਹੈ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ, ਸਮਾਧੀਆਂ ਲਗਾਉਣ ਦੀ ਲੋੜ ਨਹੀਂ ਹੈ, ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ ਜੋ ਕਿ ਸਭ ਕੁੱਝ ਮਨ ਦੀ ਅਗਿਆਨਤਾ ਹੀ ਹੈ। ਸਾਡਾ ਮਨ ਗੁਰੂ ਦੇ ਸੱਚੇ ਗਿਆਨ ਦੁਆਰਾ ਭਾਵ ਸੱਚੇ ਗਿਆਨ ਦੇ ਧੰਨ ਦੁਆਰਾ ਹੀ ਜਾਗਦਾ ਹੈ, ਨਾਮ ਧੰਨ ਦੁਆਰਾ ਹੀ ਜਾਗਦਾ ਹੈ। ਕੋਈ ਵਿਰਲਾ ਹੀ ਮਨ ਰੂਪ ਘਰ ਦੇ ਵਿੱਚ ਜਾਗਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਹੀ ਜਗਾਉਂਦਾ ਹੈ। ਜਿਸਨੇ ਸਾਨੂੰ ਸੁਆਇਆ ਹੋਇਆ ਹੈ ਉਹ ਆਪ ਹੀ ਸਾਨੂੰ ਜਗਾ ਸਕਦਾ ਹੈ, ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਜਗਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਵਸਤੂ ਨੂੰ ਅਸੀਂ ਲੈਣ ਲਈ ਆਏ ਹਾਂ ਉਹ ਵਸਤੂ ਮਨ ਦੇ ਜਾਗਣ ਦੁਆਰਾ ਮਿਲਦੀ ਹੈ ਜੋ ਵਸਤੂ ਫਿਰ ਮਨੁੱਖ ਨੂੰ ਪੂਰਨ ਰੂਪ ਵਿੱਚ ਜਗਾ ਕੇ ਰੱਖਦੀ ਹੈ। “ਵਸਤ” ਸਾਡੇ ਅੰਦਰ ਦੀ ਸਮਝ ਹੈ

ਜੋ ਸਭ ਦੇ ਅੰਦਰ ਹੈ ਪਰ ਪ੍ਰਮਾਤਮਾ ਦੇ ਆਪ ਜਗਾਏ ਬਿਨ੍ਹਾਂ ਇਹ ਵਸਤੂ ਕਿਸੇ ਦੇ ਵੀ ਅੰਦਰ "ਸਾਬਤੁ ਵਸਤੁ" ਨਹੀਂ ਹੈ। ਹਰ ਕੋਈ ਮਾਇਆ ਵਾਲੀ ਜੁਗਤਿ ਵਿੱਚ ਹੈ, ਤ੍ਰੈਗੁਣਾਂ ਵਿੱਚ ਹੈ, ਹਉਮੈ ਵਿੱਚ ਹੈ ਜਿਸ ਦੇ ਰਹਿੰਦਿਆਂ ਭਰਮ ਵੀ ਸਾਡੇ ਨਾਲ ਹੀ ਰਹਿੰਦੇ ਹਨ ਜਿਨ੍ਹਾਂ ਕਰਕੇ ਸਾਡੀ ਮਤਿ ਅਧੂਰੀ ਹੈ ਭਾਵ ਸਾਡੀ ਵਸਤੂ ਅਧੂਰੀ ਹੈ ਜਿਸ ਕਰਕੇ ਅਸੀਂ ਦੁਬਿਧਾ ਵਿੱਚ ਰਹਿੰਦੇ ਹਾਂ, ਦੁਚਿੱਤੀ ਵਿੱਚ ਰਹਿੰਦੇ ਹਾਂ ਭਾਵ ਸੱਚੁ ਨੂੰ ਪੂਰੀ ਤਰਾਂ ਸਮਝਣ ਤੋਂ ਦੂਰ ਰਹਿੰਦੇ ਹਾਂ। ਪ੍ਰਮਾਤਮਾ ਨੂੰ, ਆਪਣੇ ਆਪ ਦੀ ਅਸਲੀਅਤ ਨੂੰ, ਸੰਸਾਰ ਦੀ ਅਸਲੀਅਤ ਨੂੰ, ਭਗਤੀ ਦੇ ਸਹੀ ਮਾਰਗ ਨੂੰ, ਨਾਮ ਦੀ ਅਸਲੀਅਤ ਸਮਝਣ ਨੂੰ ਭਰਮਾਂ ਵਿੱਚ ਰਹਿੰਦੇ ਹਾਂ। ਸਾਡੀ ਇਹੋ ਜਿਹੀ ਮਤਿ ਦੇ ਹੁੰਦਿਆਂ ਔਗੁਣ ਵੀ ਸਾਡੇ ਨਾਲ ਹੀ ਰਹਿੰਦੇ ਹਨ, ਮਨ ਦੀਆਂ ਤ੍ਰਿਸ਼ਨਾਵਾਂ ਵੀ ਸਾਡੇ ਨਾਲ ਹੀ ਰਹਿੰਦੀਆਂ ਹਨ ਜੋ ਸਾਡੀ ਰਾਸਿ ਨੂੰ ਭਾਵ ਸੱਚੀ ਰਾਸਿ ਨੂੰ ਖਾਂਦੀਆਂ ਰਹਿੰਦੀਆਂ ਹਨ, ਗੁਣਾਂ ਨੂੰ ਖਾਂਦੀਆਂ ਰਹਿੰਦੀਆਂ ਹਨ। ਸਾਡੀ ਇਹੋ ਜਿਹੀ ਰਾਸਿ ਭਾਵ ਮਨ ਦੀ ਪੂੰਜੀ, ਮਨ ਦੀ ਸਮਝ ਅਧੂਰੀ ਰਾਸਿ ਹੈ, ਕੱਚੀ ਰਾਸਿ ਹੈ ਜਿਸ ਦਾ ਕਾਰਨ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ ਤੇ ਸਾਡਾ ਮਨ ਇਹੋ ਜਿਹੀ ਸਮਝ ਦੁਆਰਾ ਆਪਣੇ ਜੀਵਨ ਦੇ ਸਹੀ ਮਾਰਗ ਵੱਲੋਂ ਸੁੱਤਾ ਰਹਿੰਦਾ ਹੈ ਭਾਵ ਅਗਿਆਨਤਾ ਵਿੱਚ ਹੀ ਰਹਿੰਦਾ ਹੈ। ਸਾਡੇ ਅੰਦਰ ਦੀ "ਸਾਬਤੁ ਵਸਤੁ" ਸਾਡੀ ਪੂਰਨ ਸੋਝੀ ਵਾਲੀ ਮਤਿ ਹੈ ਜਿਸ ਮਤਿ ਦੁਆਰਾ, ਸਮਝ ਦੁਆਰਾ ਸਾਨੂੰ ਪੂਰਨ ਸੱਚ ਦੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਮਨੁੱਖ ਦਾ ਜਨਮ ਮਰਨ ਕੀ ਹੈ, ਆਵਾ ਗਉਣ ਕੀ ਹੈ ਭਾਵ ਸਭ ਕੁੱਝ ਸਮਝ ਪੈ ਜਾਂਦੀ ਹੈ ਜੋ ਸਮਝ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਪਾਉਂਦਾ ਹੈ ਤੇ ਧਰਮ ਦਾ ਸੱਚਾ ਮਾਰਗ ਵੀ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ। ਸਾਡੇ ਅੰਦਰ ਦੀ "ਸਾਬਤੁ ਵਸਤੁ" ਹੀ "ਸਾਬਤ ਰਾਸਿ" ਹੈ, ਨਾਮ ਧੰਨ ਹੈ ਭਾਵ ਬ੍ਰਹਮ ਗਿਆਨ ਰੂਪ ਸੱਚੀ ਸਮਝ ਦਾ ਧੰਨ ਹੈ ਜਿਸ ਨੂੰ ਪ੍ਰਾਪਤ ਕਰਨਾ ਹੀ ਸਾਡੇ ਜੀਵਨ ਦਾ ਮਕਸਦ ਹੈ। (**ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥**)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥}

(ਅੰਗ ੧੩੦੮)

{ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥}

(ਅੰਗ ੪੧੮)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥}

(ਅੰਗ ੧੧੭੮)

ਹੁਣ ਅਸੀਂ ਮੁੱਖ ਸ਼ਬਦ ਨੂੰ ਪੂਰਨ ਰੂਪ ਵਿੱਚ ਸਮਝ ਸਕਦੇ ਹਾਂ।

(ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥
ਸੂਨੇ ਨਗਰਿ ਪਰੇ ਠਗਹਾਰੇ ॥੨॥
ਉਨ ਤੇ ਰਾਖੈ ਬਾਪੁ ਨ ਮਾਈ ॥
ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥
ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥
ਸੰਤਨ ਧੂਰਿ ਸਰਬ ਨਿਧਾਨ ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥
ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥
ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥)

(ਅੰਗ - ੧੮੨)

ਸਾਬਤ ਪੂੰਜੀ ਕੇਵਲ ਸਤਿਗੁਰ ਦੇ ਕੋਲ ਹੈ ਜੋ ਕਿ ਉਸਦਾ ਗੁਰਮਤਿ ਰੂਪ ਸੱਚਾ ਗਿਆਨ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਦਾ ਸੰਗ ਹੀ ਸਤਿਗੁਰ ਨਾਲ ਸੰਗ ਕਰਨਾ ਹੈ ਜੋ ਸੰਗਿ ਸਾਡੇ ਮਨ ਨੇ ਕਰਨਾ ਹੈ, ਸਾਡੀ ਸਮਝ ਨੇ ਕਰਨਾ ਹੈ ਜਿਸਦਾ ਮਕਸਦ ਆਪਣੀ ਸਮਝ ਨੂੰ ਚੰਗਾ ਬਨਾਉਣਾ ਹੀ ਹੈ, ਗੁਰਮਤਿ ਵਾਲੀ ਸਮਝ ਬਨਾਉਣਾ ਹੀ ਹੈ ਜਿਸ ਦੁਆਰਾ ਸਾਡਾ ਮਨ ਸੱਚੀ ਪੂੰਜੀ ਵਾਲਾ ਬਣਦਾ ਹੈ। ਸਤਿਗੁਰ ਦਾ ਸੰਗ ਕਰਨਾ ਹੀ "ਸਾਧਸੰਗਿ" ਹੈ ਕਿਉਂਕਿ ਗੁਰੂ ਆਪ ਹੀ ਸਾਧ ਹੈ। ਇਸ ਗੱਲ ਨੂੰ ਅੱਗੇ ਚੱਲਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਂਗੇ, ਬੜੀ ਬਰੀਕੀ ਨਾਲ ਸਮਝਾਂਗੇ। ਸਾਧਸੰਗਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ, ਮਨ ਦੀ ਸਾਬਤੁ ਪੂੰਜੀ ਵਾਲੀ, ਸਾਬਤੁ ਧਨੁ ਮਾਲ ਵਾਲੀ ਅਵੱਸਥਾ ਹੈ ਜੋ ਅਵੱਸਥਾ ਮਨ ਦੇ ਜਾਗਣ ਦੁਆਰਾ ਹੀ ਪ੍ਰਾਪਤ ਹੁੰਦੀ ਹੈ ਤੇ ਜਿਸ ਤੇ ਪ੍ਰਮਾਤਮਾ ਕਿਰਪਾ ਕਰਦਾ ਹੈ ਉਸਨੂੰ ਆਪ ਹੀ ਜਗਾਉਂਦਾ ਹੈ ਜਿਸ ਜਾਗਣ ਦੁਆਰਾ ਮਨੁੱਖੀ ਮਤਿ, ਮਨੁੱਖੀ ਸਮਝ ਪ੍ਰਮਾਤਮਾ ਦੇ ਰੰਗ ਵਿੱਚ ਹੀ ਰੰਗੀ ਰਹਿੰਦੀ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਰੰਗੀ ਰਹਿੰਦੀ ਹੈ। ਇਹੋ ਜਿਹੇ ਰੰਗ ਵਿੱਚ, ਨਾਮ ਰੰਗ ਵਿੱਚ ਰੰਗੇ ਜਾਣ ਨਾਲ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਜੋ ਮਨ ਦੇ ਜਾਗਣ ਦੁਆਰਾ ਹੁੰਦੀ ਹੈ ਜਦੋਂ ਮਨੁੱਖ ਦੇ ਅੰਦਰੋਂ ਨਾਮ ਧੰਨ ਦੇ ਚੋਰਾਂ ਦੀ ਠੱਗੀ ਬੰਦ ਹੋ ਜਾਂਦੀ ਹੈ। ਇਨ੍ਹਾਂ ਚੋਰਾਂ ਦੀ ਠੱਗੀ ਤੋਂ ਭਾਵ ਔਗੁਣਾਂ ਤੋਂ ਸਾਨੂੰ ਗੁਰੂ ਦੀ ਮਤਿ ਹੀ ਬਚਾ ਸਕਦੀ ਹੈ ਤੇ ਕਿਸੇ ਹੋਰ ਦੀ ਮਤਿ ਪਿੱਛੇ ਲੱਗ ਕੇ ਅਸੀਂ

ਚੋਰਾਂ ਤੋਂ ਨਹੀਂ ਬਚ ਸਕਦੇ ਕਿਉਂਕਿ ਭਗਤੀ ਦੇ ਅਸਲ ਮਾਰਗ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੀ ਹੈ ਜਿਸ ਮਤਿ ਨੂੰ ਮੰਨਣ ਦੁਆਰਾ ਹੀ ਅਸੀਂ ਆਪਣੇ ਅੰਦਰ ਗੁਣਾਂ ਦੀ ਸੰਭਾਲ ਕਰ ਸਕਦੇ ਹਾਂ ਤੇ ਭਗਤੀ ਦੇ ਸਹੀ ਮਾਰਗ ਤੇ ਚੱਲ ਸਕਦੇ ਹਾਂ, ਉਸ ਪ੍ਰਮਾਤਮਾ ਦੇ ਗੁਣ ਗਾ ਸਕਦੇ ਹਾਂ ਜੋ ਗੁਣ ਸਾਡਾ ਮਨ ਹੀ ਗਾਉਂਦਾ ਹੈ, ਮਨ ਦੀ ਸਮਝ ਦੁਆਰਾ ਭਗਤੀ ਦੇ ਸਹੀ ਮਾਰਗ ਤੇ ਚੱਲਣ ਦੁਆਰਾ ਗਾਉਂਦਾ ਹੈ। (**ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥ ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥੨॥ ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥ ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥ ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥ ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥ ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥**)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥

ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥

ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥

ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥}

(ਅੰਗ ੧੧੭੯)

ਪ੍ਰਮਾਤਮਾ ਦੇ ਗੁਣ ਮਨ ਦੇ ਜਾਗਣ ਦੁਆਰਾ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਉੱਪਰ ਸਬਦ ਰਾਹੀਂ ਸਮਝਾਇਆ ਹੋਇਆ ਹੈ। ਔਗੁਣਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨਾ ਹੀ, ਗੁਰਮਤਿ ਦੀ ਸੱਚੀ ਸਮਝ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ ਨਾ ਕੇ ਕਥਨੀ ਦਾ। ਸ਼ਬਦਾਂ ਦੀ ਕਥਨੀ ਕੇਵਲ ਭਗਤੀ ਦਾ ਮਾਰਗ ਸਿੱਖਣ ਲਈ ਹੈ ਨਾ ਕਿ ਆਪਣੇ ਆਪ ਵਿੱਚ ਭਗਤੀ ਹੈ ਜਿਵੇਂ ਕਿ ਸਭ ਪਾਸੇ ਭਰਮ ਹੀ ਫੈਲਿਆ ਹੋਇਆ ਹੈ। ਗੁਰੂ ਦੀ ਮਤਿ ਦਾ ਮਕਸਦ, ਨਾਮ ਧੰਨ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸਹੀ ਧਰਮ ਦੇ ਮਾਰਗ ਤੇ ਚੱਲ ਸਕੀਏ।

{ਕਥਨੀ ਕਹਿ ਭਰਮੁ ਨ ਜਾਈ ॥

ਸਭ ਕਥਿ ਕਥਿ ਰਹੀ ਲੁਕਾਈ ॥

ਜਾ ਕਉ ਗੁਰਮੁਖਿ ਆਪਿ ਬੁਝਾਈ ॥

ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

ਸਾਡਾ ਮਨ ਸਾਡੇ ਅੰਦਰ ਦੇ ਭਰਮਾਂ ਕਰਕੇ ਹੀ ਸੁੱਤਾ ਹੋਇਆ ਹੈ ਤੇ ਭਰਮਾਂ ਵਿੱਚੋਂ, ਅਗਿਆਨਤਾ ਵਿੱਚੋਂ ਅਸੀਂ ਕਥਨੀ ਕਰੀ ਜਾਣ ਦੁਆਰਾ ਕਿਵੇਂ ਜਾਗ ਸਕਦੇ ਹਾਂ। ਮਨ ਨੂੰ ਜਗਾਏ ਬਿਨ੍ਹਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਤੇ ਗੁਰੂ ਦੀ ਗੱਲ ਨੂੰ ਮੰਨੇ ਬਿਨ੍ਹਾਂ, ਗੁਰੂ ਦੇ ਗਿਆਨ ਨੂੰ ਮੰਨੇ ਬਿਨ੍ਹਾਂ ਮਨ ਜਾਗ ਨਹੀਂ ਸਕਦਾ, ਮਨ ਦੀ ਅਗਿਆਨਤਾ, ਮਨ ਦੇ ਭਰਮ ਨਿਕਲ ਨਹੀਂ ਸਕਦੇ, ਭਗਤੀ ਦੀ ਸਮਝ ਆ ਹੀ ਨਹੀਂ ਸਕਦੀ ਤੇ ਨਾ ਹੀ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ ਭਾਵ ਨਾ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਗੁਰੂ ਦੇ ਨਾਮ ਦਾ ਮਕਸਦ ਸਾਡੇ ਮਨ ਨੂੰ ਜਗਾਉਣ ਦਾ ਹੀ ਹੈ। ਆਪਣੇ ਮਨ ਨੂੰ ਅਗਿਆਨਤਾ ਵਿੱਚੋਂ ਜਗਾਉਣਾ ਹੀ ਨਾਮ ਜਪਣਾ ਹੈ।

ਆਓ ਹੁਣ ਅਗਲੇ ਸ਼ਬਦ ਦੀਆਂ ਹੇਠ ਲਿਖੀਆਂ ਪੰਗਤੀਆਂ ਨੂੰ ਵਿਚਾਰੀਏ ਜਿਸ ਰਾਹੀਂ ਸਾਨੂੰ ਨਾਮ ਦੁਆਰਾ ਜਾਗਣਾ ਹੀ ਸਮਝਾਇਆ ਹੋਇਆ ਹੈ।

“ਗੁਰ ਪਰਸਾਦਿ ਨਾਮਿ ਮਨੁ ਲਾਗਾ॥ ਜਨਮ ਜਨਮ ਕਾ ਸੋਇਆ ਜਾਗਾ॥

ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ॥ ਪੂਰੇ ਗੁਰ ਕੀ ਸੁਮਤਿ ਪਰਾਣੀ॥੧॥”

(ਅੰਗ ੧੮੪)

ਪਹਿਲੇ ਸ਼ਬਦ ਵਿੱਚ ਇਹ ਸਮਝਾਇਆ ਗਿਆ ਸੀ ਕਿ ਗੁਣਾਂ ਦੀ ਪੂੰਜੀ ਗੁਰੂ ਦਾ ਸੰਗ ਕਰਕੇ ਮਿਲਦੀ ਹੈ, ਗੁਰੂ ਦੀ ਮਤਿ ਦਾ ਸੰਗ ਕਰਕੇ ਮਿਲਦੀ ਹੈ ਜੋ ਕਿ ਗੁਰੂ ਦੇ ਸੱਚੇ ਗਿਆਨ ਦੇ ਰੂਪ ਵਿੱਚ ਮਿਲਦੀ ਹੈ ਅਤੇ ਉਸ ਦੇ ਦੁਆਰਾ ਹੀ ਮਨੁੱਖ ਜਾਗਦਾ ਹੈ। ਉੱਪਰਲੀਆਂ ਪੰਗਤੀਆਂ ਵਿੱਚ ਉਸਨੂੰ ਜਾਗਦਾ ਹੋਇਆ ਕਿਹਾ ਗਿਆ ਹੈ ਜੋ ਨਾਮ ਨਾਲ ਜੁੜਦਾ ਹੈ। ਫਿਰ ਸਤਿਗੁਰ ਦੇ ਗਿਆਨ ਵਿੱਚ ਅਤੇ ਨਾਮ ਮਿਲਣ ਵਿੱਚ ਫ਼ਰਕ ਕੀ ਹੋਇਆ। ਫ਼ਰਕ ਕੇਵਲ ਸਾਡੀ ਸਮਝ ਦਾ ਹੈ। ਨਾਲ ਹੀ ਇਹ ਸਮਝਾਇਆ ਹੈ ਕਿ ਨਾਮ ਨਾਲ ਜੁੜਨ ਤੋਂ ਬਾਅਦ ਮਨੁੱਖ ਬਾਣੀ ਦੇ ਪਵਿੱਤਰ ਗੁਣਾਂ ਨੂੰ ਉਚਰਦਾ ਹੈ ਭਾਵ ਉਨ੍ਹਾਂ ਤੇ ਅਮਲ ਕਰਦਾ ਹੈ ਤੇ ਉਸਦੀ ਮਤਿ ਗੁਰੂ ਵਾਲੀ ਹੋ ਜਾਂਦੀ ਹੈ, ਉਸਨੂੰ ਸੁਮਤਿ ਆ ਜਾਂਦੀ ਹੈ ਭਾਵ ਗੁਰੂ ਦੀ ਚੰਗੀ ਮਤਿ ਆ ਜਾਂਦੀ ਹੈ, ਗੁਰਮਤਿ ਦੀ ਸੱਚੀ ਸਮਝ ਉਸਦੇ ਅੰਦਰ ਵੱਸ ਜਾਂਦੀ ਹੈ। ਇਹੀ ਨੀਂਦ ਤੋਂ ਜਾਗਣਾ ਹੈ, ਨਾਮ ਜਪਣਾ ਹੈ। ਨਾਮ ਜਪਣਾ ਗੁਰੂ ਦੀ ਮਤਿ ਨੂੰ ਲੈਣਾ ਹੈ ਭਾਵ ਉਸ ਤੇ ਅਮਲ ਕਰਨਾ ਹੈ। ਹੁਣ ਸੌ ਗੱਲਾਂ ਦੀ ਇੱਕ ਗੱਲ, ਨਾਮ ਗੁਰਮਤਿ ਹੈ ਅਤੇ ਨਾਮ ਜਪਣਾ ਗੁਰੂ ਦੀ ਮਤਿ ਅਨੁਸਾਰ ਜੀਵਨ ਜੀਉਣਾ ਹੈ। ਇਹੀ ਭਗਤੀ ਹੈ। ਉੱਪਰ ਪੰਗਤੀ ਰਾਹੀਂ ਇਹ ਵੀ ਸਮਝਾਇਆ ਹੋਇਆ ਹੈ ਕਿ ਨਾਮ ਦੁਆਰਾ ਮਨੁੱਖ ਜਨਮ ਜਨਮ ਦਾ ਸੁੱਤਾ ਹੋਇਆ ਜਾਗਦਾ ਹੈ। ਜਨਮ ਜਨਮ ਦਾ ਸੁੱਤਾ ਹੋਣਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਸਮਝਾਂਗੇ।

ਆਓ ਹੁਣ ਇਸ ਸ਼ਬਦ ਰਾਹੀਂ ਇਸ ਗੱਲ ਨੂੰ ਹੋਰ ਬਰੀਕੀ ਨਾਲ ਜਾਣੀਏ ਕਿ ਨਾਮ ਵਾਲਾ ਬਣਨ ਲਈ ਪਹਿਲਾਂ ਔਗੁਣ ਤਿਆਗਣੇ ਹਨ ਜਾਂ ਔਗੁਣ ਤਿਆਗਣ ਲਈ ਪਹਿਲਾਂ ਕਿਸੇ ਜਪ ਤਪ ਦੀ ਲੋੜ ਹੈ, ਕਿਸੇ ਅੱਖਰ ਨੂੰ ਜਪਣ ਦੀ ਲੋੜ ਹੈ।

“ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ
ਤਜਿ ਪਿਆਸ ਆਸ ਰਾਮ ਲਿਵ ਲਾਵੈ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ॥੨॥”

(ਅੰਗ ੧੪੧)

2/57

ਇਸ ਸ਼ਬਦ ਰਾਹੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਦੱਸਿਆ ਹੋਇਆ ਹੈ ਭਾਵ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਦੱਸਿਆ ਹੋਇਆ ਹੈ ਜਿਸਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ, ਭਰਮੇ ਹੋਏ ਜੋ ਦੂਸਰਿਆਂ ਨੂੰ ਭਰਮਾਂ ਵਿੱਚ ਪਾਉਂਦੇ ਹਨ, ਉਹ ਵੀ ਸਮਝ ਸਕਦੇ ਹਨ। ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਇਆ ਹੋਇਆ ਹੈ। ਪਹਿਲਾਂ ਮਨੁੱਖ ਨੂੰ ਔਗੁਣ ਤਿਆਗਣ ਲਈ ਕਿਹਾ ਗਿਆ ਹੈ ਤੇ ਸਾਰੇ ਔਗੁਣਾਂ ਦੀ ਗਿਣਤੀ ਵੀ ਕਰਕੇ ਦੱਸਿਆ ਹੋਇਆ ਹੈ ਭਾਵ ਵਾਰ-ਵਾਰ ਹਰ ਔਗੁਣ ਗਿਣਾ ਕੇ ਸਮਝਾਇਆ ਹੋਇਆ ਹੈ ਕਿ ਪਹਿਲਾਂ ਇਹ ਔਗੁਣ ਤਿਆਗੋ, ਹਰ ਔਗੁਣ ਤਿਆਗੋ ਭਾਵ ਬਿਨ੍ਹਾਂ ਔਗੁਣਾਂ ਦੇ ਤਿਆਗ ਦੇ ਭਗਤੀ ਹੈ ਹੀ ਨਹੀਂ। ਸ਼ਬਦ ਨੂੰ ਧਿਆਨ ਨਾਲ ਵਿਚਾਰੋ ਤਾਂ ਸਮਝ ਆਵੇਗੀ ਕਿ ਔਗੁਣਾਂ ਦਾ ਤਿਆਗ ਹੀ ਰਾਮ ਨਾਲ ਲਿਵ ਲਾਉਣਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਹੀ ਰਾਮ ਲਿਵ ਲਾਉਣਾ ਹੈ, ਰਾਮ ਰਾਮ ਕਰਨਾ ਹੈ, ਨਾਮ ਜਪਣਾ ਹੈ। ਅਗਰ ਅਸੀਂ ਪ੍ਰਮਾਤਮਾ ਨਾਲ ਜੁੜਨਾ ਹੈ, ਉਸ ਨਾਲ ਪਿਆਰ ਪਾਉਣਾ ਹੈ ਤਾਂ ਉਸਦੇ ਲੱਛਣ ਵੀ ਸਾਡੇ ਅੰਦਰ ਹੋਣੇ ਚਾਹੀਦੇ ਹਨ । ਇਹ ਲੱਛਣ ਸਾਡੇ ਗੁਣ ਹਨ ਜੋ ਕਿ ਗੁਰਮਤਿ ਦੁਆਰਾ ਔਗੁਣਾਂ ਦਾ ਤਿਆਗ ਕਰਕੇ ਹੀ ਆਉਂਦੇ ਹਨ।ਜਦੋਂ ਮਨੁੱਖ ਇਨ੍ਹਾਂ ਔਗੁਣਾਂ ਦਾ ਤਿਆਗ ਕਰਕੇ ਆਪਣਾ ਰੋਜ਼ ਦਾ ਜੀਵਨ ਬਤੀਤ ਕਰਦਾ ਹੈ ਭਾਵ ਇਸ ਮਾਇਆ ਵਿੱਚ ਮਨ ਦੀ ਮਾਇਆ ਤੋਂ ਨਿਰਲੇਪ ਰਹਿ ਕੇ ਭਾਵ ਮਨ ਦੀ ਮਾੜੀ ਮਤਿ ਤੋਂ ਨਿਰਲੇਪ ਰਹਿ ਕੇ ਵਿਚਰਦਾ ਹੈ ਭਾਵ ਔਗੁਣ ਰਹਿਤ ਵਿਚਰਦਾ ਹੈ, ਫਿਰ ਇਸੇ ਤਰ੍ਹਾਂ ਵਿਚਰਦਾ ਹੋਇਆ ਉਹ ਪ੍ਰਮਾਤਮਾ ਨੂੰ ਪਾ ਲੈਂਦਾ ਹੈ **(ਅੰਜਨ ਮਾਹਿ ਨਿਰੰਜਨੁ ਪਾਵੈ॥)**। ਸੰਸਾਰਿਕ ਮਾਇਆ, ਧੰਨ, ਸਾਡੇ ਜੀਵਨ ਲਈ ਅਤਿ ਜਰੂਰੀ ਹੈ । ਮਾਇਆ ਬਿਨ੍ਹਾਂ ਸੰਸਾਰ ਨਹੀਂ ਚੱਲ ਸਕਦਾ ਇਹ ਮਾਇਆ ਪ੍ਰਮਾਤਮਾ ਦੀ ਬਖ਼ਸਿਸ਼ ਹੈ। ਗੱਲ ਸਿਰਫ ਮਾਇਆ ਦੀ ਕਮਾਈ ਕਰਨ ਦੀ ਹੈ ਕਿ ਅਸੀਂ ਮਾਇਆ ਕਮਾਉਂਦੇ ਕਿਸ ਢੰਗ ਨਾਲ ਹਾਂ। ਸਾਡੀ ਸੰਸਾਰਿਕ ਮਾਇਆ ਦੀ ਸੱਚੀ ਕਮਾਈ ਉਹ ਹੈ ਜੋ ਅਸੀਂ ਸੱਚੀ ਰਹਿਤ ਦੁਆਰਾ ਕਮਾਉਂਦੇ ਹਾਂ ਭਾਵ ਆਪਣੇ ਹੱਕ ਹਲਾਲ ਦੀ ਕਮਾਈ ਕਰਦੇ ਹਾਂ, ਝੂਠ ਬੋਲ ਕੇ ਕਿਸੇ ਦਾ ਹੱਕ ਨਹੀਂ ਖਾਂਦੇ **{ਕੂੜੁ ਬੋਲਿ ਮੁਰਦਾਰੁ ਖਾਇ॥} ਅੰਗ - ੧੩੯ {ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥} ਅੰਗ - ੧੪੧** । ਸੰਸਾਰਿਕ ਮਾਇਆ ਦੀ ਸੱਚੀ ਕਮਾਈ ਮਨ ਦੀ ਮਾਇਆ ਤੋਂ ਨਿਰਲੇਪ ਹੋ ਕੇ ਹੀ ਕੀਤੀ ਜਾ ਸਕਦੀ ਹੈ ਭਾਵ ਆਪਣੀ ਨਾ-ਸਮਝ ਮਤਿ ਤੋਂ ਨਿਰਲੇਪ ਹੋ ਕੇ ਹੀ ਕੀਤੀ ਜਾ ਸਕਦੀ ਹੈ। ਮਨ ਦੀ ਮਾਇਆ ਤੋਂ ਨਿਰਲੇਪ ਹੋਣ ਲਈ ਮਨ ਦੀ ਮਾੜੀ ਸਮਝ ਤਿਆਗਣੀ ਹੀ ਪੈਂਦੀ ਹੈ ਭਾਵ ਗੁਰੂ ਦੀ ਮਤਿ ਨੂੰ ਅਪਨਾਉਣਾ ਹੀ ਪੈਂਦਾ ਹੈ। ਜਦੋਂ ਮਨੁੱਖ ਦਾ ਜੀਵਨ ਇਹੋ ਜਿਹਾ ਸੱਚਾ ਸੁੱਚਾ ਹੋ ਜਾਂਦਾ ਹੈ, ਤਾਂਹੀ ਉਹ ਪ੍ਰਮਾਤਮਾ, ਮਨੁਖ ਦੇ ਮਨ ਵਿੱਚ ਵੱਸਦਾ ਹੈ **(ਨਾਨਕ ਸਾਚਾ ਮਨਿ ਵਸੈ)** ਤੇ ਇਹੀ ਗੁਰੂ ਦਾ ਸੱਚਾ ਉਪਦੇਸ਼ ਹੈ ਜਿਸ ਨੂੰ ਮੰਨ ਕੇ ਮਨੁੱਖ ਪ੍ਰਮਾਤਮਾ ਦੇ ਹੁਕਮ ਵਿੱਚ ਸਮਾਅ ਜਾਂਦਾ ਹੈ **(ਸਾਚ ਸਬਦਿ ਹਰਿ ਨਾਮਿ ਸਮਾਵੈ॥)**। ਗੁਰੂ ਦਾ ਹਰ ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹੀ ਹੁੰਦਾ ਹੈ ਜੋ ਕਿ ਸਾਡੇ ਮੰਨਣ ਲਈ ਹੀ ਹੁੰਦਾ ਹੈ ਇਸ ਸ਼ਬਦ ਰਾਹੀਂ ਗੁਰੂ ਨੇ ਸਾਨੂੰ ਔਗੁਣ ਤਿਆਗਣ ਲਈ ਸਮਝਾਇਆ ਹੈ ਤੇ ਜੋ ਔਗੁਣ ਤਿਆਗ ਦਿੰਦਾ ਹੈ ਉਹ ਸ਼ਬਦਿ ਦੀ ਸਮਝ ਨੂੰ ਮੰਨਣ ਦੁਆਰਾ, ਨਾਮ ਦੀ ਸਮਝ ਨੂੰ ਮੰਨਣ ਦੁਆਰਾ ਗੁਰੂ ਦੀ, ਪ੍ਰਮਾਤਮਾ ਦੀ ਸੱਚੀ ਸਮਝ ਦੇ ਵਿੱਚ ਸਮਾਅ ਜਾਂਦਾ ਹੈ। ਇਹੀ ਮਨ ਦੇ ਵਿੱਚ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੈ। (**ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ॥**)

ਇਹ ਸੱਚੀ ਸੁੱਚੀ ਕਮਾਈ ਭਾਵ ਇਹ ਸੱਚ ਦਾ ਮਾਰਗ, ਇਹ ਧਰਮ ਦਾ ਮਾਰਗ, ਇਹ ਨਾਮ ਦਾ ਮਾਰਗ ਭਾਵ ਇਹ ਗੁਰੂ

ਦਾ ਦੱਸਿਆ ਹੋਇਆ ਮਾਰਗ, ਇਹ ਭਗਤੀ ਦਾ ਮਾਰਗ ਸਾਡੇ

2/58

ਜੀਵਨ ਲਈ ਕਿੰਨਾ ਜਰੂਰੀ ਹੈ ਇਹ ਹੇਠ ਲਿਖੇ ਸਲੋਕ ਦੁਆਰਾ ਸਮਝਿਆ ਜਾ ਸਕਦਾ ਹੈ:-

“ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥
ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥
ਨਾਨਕ ਠਗਿਆ ਮੁਠਾ ਜਾਇ॥
ਵਿਣੁ ਨਾਵੈ ਪਤਿ ਗਇਆ ਗਵਾਇ॥੧॥”

(ਅੰਗ ੧੪੨)

ਇਸ ਤੋਂ ਪਹਿਲੇ ਸ਼ਬਦ ਦੁਆਰਾ ਅਸੀਂ ਇਹ ਜਾਣਿਆ ਹੈ ਕਿ ਪ੍ਰਮਾਤਮਾ ਦਾ ਸਾਡੇ ਅੰਦਰ ਵੱਸਣਾ ਕੀ ਹੈ, ਉਹ ਸਾਡੇ ਅੰਦਰ ਕਿਵੇਂ ਵੱਸਦਾ ਹੈ ਭਾਵ ਔਗੁਣਾਂ ਦੇ ਤਿਆਗ ਦੁਆਰਾ ਵੱਸਦਾ ਹੈ। ਪ੍ਰਮਾਤਮਾ ਆਪ ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਗੁਰਮਤਿ ਦਾ ਸੱਚਾ ਗਿਆਨ ਸਾਡੇ ਅੰਦਰ ਵੱਸਣਾ ਹੀ ਪ੍ਰਮਾਤਮਾ ਦਾ ਸਾਡੇ ਅੰਦਰ ਵੱਸਣਾ ਹੈ।

{ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ - ੧੨੦)

ਉਪਰਲੇ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਜਿਉਣਾ ਉਸੇ ਮਨੁੱਖ ਦਾ ਹੀ ਅਸਲ ਜਿਉਣਾ ਹੈ ਜਿਸ ਨੇ ਆਪਣੇ ਅੰਦਰੋਂ ਔਗੁਣਾਂ ਦਾ ਤਿਆਗ ਕੀਤਾ ਹੋਇਆ ਹੈ ਤੇ ਜੋ ਮਨੁੱਖ ਔਗੁਣਾਂ ਦੇ ਨਾਲ ਜਿਉਂਦਾ ਹੈ, ਜ਼ਿੰਦਗੀ ਵਿੱਚ ਮਾੜੀ ਸਮਝ ਦੁਆਰਾ ਵਿਚਰਦਾ ਹੈ ਭਾਵ ਮਾੜੇ ਕਰਮ ਕਰਦਾ ਹੈ, ਉਸ ਦਾ ਜਿਉਣਾ ਕੋਈ ਜਿਉਣ ਵਾਲੀ ਗੱਲ ਨਹੀਂ। ਜੋ ਇਸ ਤਰ੍ਹਾਂ ਦਾ ਮਾੜਾ ਜੀਵਨ ਜਿਉਂਦਾ ਹੈ, ਉਸਦੀ ਹਰ ਵੇਲੇ ਪਤਿ ਲੱਥਦੀ ਰਹਿੰਦੀ ਹੈ ਭਾਵ ਉਹ ਹਰ ਵੇਲੇ, ਅੱਠੇ ਪਹਿਰ, ਸਵਾਸ-ਸਵਾਸ, ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਨੀਵਾਂ ਹੁੰਦਾ ਜਾਂਦਾ ਹੈ। ਇਹੋ ਜਿਹਾ ਮਾੜੇ ਕਰਮ ਕਰਨ ਵਾਲਾ ਮਨੁੱਖ ਜੋ ਕੁੱਝ ਵੀ ਖਾਂਦਾ ਹੈ ਉਹ ਸਭ ਹਰਾਮ ਹੈ ਭਾਵ ਹਰਾਮ ਦੀ ਕਮਾਈ, ਝੂਠ ਬੋਲਣ ਦੁਆਰਾ ਕੀਤੀ ਹੋਈ ਕਮਾਈ ਦੁਆਰਾ ਮਨੁੱਖ ਜੋ ਕੁੱਝ ਵੀ ਕਰਦਾ ਹੈ, ਖਰੀਦਦਾ ਹੈ, ਉਸਦੇ ਨਾਲ ਜੋ ਕੁੱਝ ਵੀ ਐਸ਼ੋ ਆਰਾਮ ਕਰਦਾ ਹੈ ਸਭ ਹਰਾਮ ਹੈ। ਉਹ ਆਪਣੇ ਆਪ ਨੂੰ ਮਾਇਆ ਦੇ ਰੰਗਾਂ ਵਿੱਚ ਰੰਗਦਾ ਹੈ, ਮਾਇਆ ਕਮਾਉਣ ਲਈ ਹਰਾਮ ਦੀ ਕਮਾਈ ਕਰਦਾ ਹੈ, ਮਾੜੀ ਕਮਾਈ ਕਰਦਾ ਹੈ ਜਿਸ ਨਾਲ ਉਹ ਸਮਾਜ ਵਿੱਚ ਆਪਣਾ ਰੁਤਬਾ ਉੱਚਾ ਕਰਦਾ ਹੈ ਤੇ ਜਿਸ ਨਾਲ ਉਹ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਆਪਣੇ ਆਪ ਨੂੰ ਨੰਗਾ ਕਰਦਾ ਹੈ ਭਾਵ ਆਪਣੀ ਪਤਿ ਗਵਾਉਂਦਾ ਹੈ। ਇਹੋ ਜਿਹਾ ਮਨੁੱਖ ਅਸਲ ਵਿੱਚ ਆਪਣੇ ਆਪ ਨੂੰ ਠਗਵਾ ਕੇ ਜਾਂਦਾ ਹੈ। ਉਹ ਆਪਣੇ ਵੱਲੋਂ ਦੁਨੀਆਂ ਨੂੰ ਠੱਗਦਾ ਹੈ ਪਰ ਅਸਲ ਵਿੱਚ ਉਸਨੂੰ ਇਸ ਗੱਲ ਦੀ ਸਮਝ ਨਹੀਂ ਕਿ ਉਸਦਾ ਆਪਣਾ ਜੀਵਨ ਹੀ ਠੱਗਿਆ ਜਾ ਰਿਹਾ ਹੈ। ਇਸ ਤਰ੍ਹਾਂ ਦੀ ਜ਼ਿੰਦਗੀ ਜਿਉਂਣ ਵਾਲਾ ਮਨੁੱਖ ਭਾਵ ਗੁਰੂ ਦੇ ਉਪਦੇਸ਼ ਤੇ ਨਾ ਚੱਲਣ ਵਾਲਾ ਮਨੁੱਖ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਆਪਣੀ ਪਤਿ ਗਵਾ ਕੇ ਹੀ ਜਾਂਦਾ ਹੈ **(ਵਿਣੁ ਨਾਵੈ ਪਤਿ ਗਇਆ ਗਵਾਇ॥)**। ਨਾਮ ਵਾਲਾ ਮਨੁੱਖ ਉਹੀ ਹੈ ਜਿਸਨੇ ਸਾਰੇ ਔਗੁਣ ਤਿਆਗੇ ਹੋਏ ਹਨ। ਬਿਨ੍ਹਾਂ ਨਾਮ ਵਾਲਾ ਬਣਨ ਤੋਂ, ਬਿਨ੍ਹਾਂ ਗੁਰੂ ਦੀ ਗੱਲ ਮੰਨਣ ਤੋਂ ਕਿਸੇ ਦੀ ਪਤਿ ਨਹੀਂ ਰਹਿ ਸਕਦੀ।

{ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥੪॥੧੫॥}

(ਅੰਗ ੨੦)

ਧਿਆਨ ਨਾਲ ਸਮਝੋ ਉੱਪਰ ਵਾਲੀਆਂ ਦੋਨਾਂ ਪੰਗਤੀਆਂ ਨੂੰ। ਬਿਨ੍ਹਾਂ ਨਾਮ ਤੋਂ ਪਤਿ ਨਹੀਂ ਹੈ ਤੇ ਔਗੁਣਾਂ ਦੇ ਰਹਿੰਦਿਆਂ ਵੀ ਪਤਿ ਨਹੀਂ ਹੈ। ਫਿਰ ਨਾਮ ਕੀ ਹੋਇਆ? ਜਿੱਥੇ ਕੋਈ ਔਗੁਣ ਨਹੀਂ ਉੱਥੇ ਨਾਮ ਹੈ, ਉੱਥੇ ਸੱਚ ਹੈ, ਉੱਥੇ ਪਤਿ ਹੈ। ਅਸੀਂ ਗੱਲਾਂ

ਨਾਲ ਹੀ, ਬੋਲ ਬੋਲ ਕੇ ਹੀ ਆਪਣੀ ਪਤਿ ਬਣਾਈ ਬੈਠੇ ਹਾਂ, ਭੁਲੇਖੇ ਵਿੱਚ ਹੀ ਬੈਠੇ ਹਾਂ। ਉੱਪਰ ਵਾਲੇ ਪਹਿਲੇ ਸ਼ਬਦ ਰਾਹੀਂ ਇਸ ਗੱਲ ਨੂੰ ਵੀ ਸਮਝਿਆ ਜਾ ਸਕਦਾ ਹੈ ਕਿ ਜੇਕਰ ਮਾਇਆ ਦੇ ਰੰਗ ਵਿੱਚ ਰੰਗਣਾ ਹਰਾਮ ਦੀ ਕਮਾਈ ਕਰਨਾ ਹੈ ਫਿਰ ਨਾਮ ਦੇ ਰੰਗ ਵਿੱਚ ਰੰਗਣਾ ਕੀ ਹੋਇਆ ਭਾਵ ਸੱਚੀ ਸੁੱਚੀ ਕਿਰਤ ਕਰਨਾ ਨਾਮ ਦੇ ਰੰਗ ਵਿੱਚ ਰੰਗਣਾ ਹੈ, ਗੁਰਮਤਿ ਵਿੱਚ ਰੰਗਣਾ ਹੈ।

ਆਓ ਇਸੇ ਗੱਲ ਨੂੰ ਅਗਲੇ ਸ਼ਬਦ ਰਾਹੀਂ ਹੋਰ ਵੀ ਸਪੱਸ਼ਟ ਤਰੀਕੇ ਨਾਲ ਜਾਣੀਏ ਕਿ ਨਾਮ ਧਿਆਉਣਾ ਕੀ ਹੈ ਤੇ ਆਪਣੇ ਆਪ ਹੀ ਸਮਝ ਲੱਗ ਜਾਵੇਗੀ ਕਿ ਗੁਣਾਂ ਨੂੰ ਗ੍ਰਹਿਣ

2/59

ਕਰਨਾ ਹੀ ਪ੍ਰਮਾਤਮਾ ਨੂੰ ਧਿਆਉਣਾ ਹੈ।

“ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥”

(ਅੰਗ ੨੭)

“ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥”

(ਅੰਗ ੨੯)

ਅਸੀਂ ਇਸ ਤੋਂ ਪਹਿਲੇ ਸ਼ਬਦਾਂ ਦੁਆਰਾ ਇਹ ਜਾਣਿਆ ਹੈ ਕਿ ਗੁਰੂ ਦਾ ਸਾਡੇ ਮਨ ਵਿੱਚ ਵੱਸਣਾ ਕੀ ਹੈ ਤੇ ਉਹੀ ਗੱਲ ਇੱਥੇ ਸਮਝਾਈ ਹੋਈ ਹੈ। ਪ੍ਰਮਾਤਮਾ ਗੁਣਾਂ ਦੇ ਦੁਆਰਾ ਹੀ ਸਾਡੇ ਅੰਦਰ ਵੱਸਦਾ ਹੈ। ਜਿਨ੍ਹਾਂ ਮਨੁੱਖਾਂ ਦੇ ਅੰਦਰ ਔਗੁਣ ਹੁੰਦੇ ਹਨ ਪ੍ਰਮਾਤਮਾ ਉਨ੍ਹਾਂ ਤੋਂ ਦੂਰ ਹੁੰਦਾ ਹੈ ਜਾਂ ਇਹ ਸਮਝ ਲਈਏ ਕਿ ਉਹ ਔਗੁਣਾਂ ਵਾਲੇ ਮਨੁੱਖ ਪ੍ਰਮਾਤਮਾ ਤੋਂ ਦੂਰ ਹੁੰਦੇ ਹਨ। ਪ੍ਰਮਾਤਮਾ ਆਪ ਗੁਣ ਹੈ, ਗੁਣਾਂ ਦਾ ਭੰਡਾਰ ਹੈ, ਗੁਣਾਂ ਦਾ ਖਜਾਨਾ ਹੈ ਤੇ ਉਹ ਕੇਵਲ ਗੁਣਾਂ ਦੁਆਰਾ ਹੀ ਵੱਸਦਾ ਹੈ। ਔਗੁਣਾਂ ਦੇ ਰਹਿੰਦਿਆਂ ਕਦੇ ਵੀ ਪ੍ਰਮਾਤਮਾ ਦੇ ਨੇੜੇ ਨਹੀਂ ਲੱਗਿਆ ਜਾ ਸਕਦਾ। **(ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ॥)** ਹੁਣ ਇਸ ਸ਼ਬਦ ਨੂੰ ਬੜੇ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ “ਮਨਮੁਖ” ਕਿਸ ਨੂੰ ਕਿਹਾ ਗਿਆ ਹੈ ਅਤੇ “ਨਾਮ” ਕਿਸ ਨੂੰ ਕਿਹਾ ਗਿਆ ਹੈ। ਮਨਮੁੱਖ ਉਹ ਹੈ ਜਿਸ ਵਿੱਚ ਔਗੁਣ ਹਨ ਭਾਵ ਜੋ ਮਾੜਾ ਜੀਵਨ ਜਿਉਂਦਾ ਹੈ, ਮਾੜੀ ਕਿਰਤ ਕਰਦਾ ਹੈ ਭਾਵ ਝੂਠ ਬੋਲ ਕੇ ਪਰਾਇਆ ਹੱਕ ਖਾਂਦਾ ਹੈ ਆਦਿ, ਜਿਵੇਂ ਕਿ ਵਾਰ-ਵਾਰ ਔਗੁਣਾਂ ਦੀ ਗਿਣਤੀ ਬਾਣੀ ਵਿੱਚ ਗਿਣਾਈ ਗਈ ਹੈ **(ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ॥)**। ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਮਨਮੁੱਖ ਮਨੁਖ ਦੇ ਅੰਦਰ ਨਾਮ ਨਹੀਂ ਹੁੰਦਾ ਭਾਵ ਉਸ ਵਿੱਚ ਗੁਣ ਨਹੀਂ ਹੁੰਦੇ। ਇਸ ਲਈ ਉਹ ਬਿਨ੍ਹਾਂ ਗੁਣਾਂ ਤੋਂ ਝੂਰ-ਝੂਰ ਕੇ ਮਰਦੇ ਹਨ, ਦੁੱਖੀ ਹੁੰਦੇ ਹਨ ਭਾਵ ਝੂਠੀ ਜ਼ਿੰਦਗੀ ਜੀਉਂਦੇ ਹਨ, ਬਿਨ੍ਹਾਂ ਸੱਚ ਦੀ ਜ਼ਿੰਦਗੀ ਜੀਉਂਦੇ ਹਨ ਕਿਉਂਕਿ ਇਹੋ ਜਿਹੇ ਮਨੁੱਖ ਗੁਰੂ ਦੀ ਗੱਲ ਨੂੰ ਨਹੀਂ ਮੰਨਦੇ। ਗੁਰੂ ਦੇ ਸ਼ਬਦ ਨੂੰ ਨਹੀਂ ਮੰਨਦੇ, ਗੁਰੂ ਦੇ ਉਪਦੇਸ਼ ਨੂੰ ਨਹੀਂ ਮੰਨਦੇ। ਗੁਰੂ ਦਾ ਉਪਦੇਸ਼, ਸ਼ਬਦ ਦਾ ਉਪਦੇਸ਼ ਔਗੁਣਾਂ ਦੇ ਤਿਆਗ ਲਈ ਹੈ। ਇਸ ਸ਼ਬਦ ਨੂੰ ਹੋਰ ਵੀ ਧਿਆਨ

2/60

ਨਾਲ ਵਿਚਾਰੋ ਕਿ ਪ੍ਰਮਾਤਮਾ ਨੂੰ ਧਿਆਉਣਾ ਕੀ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜਿਨ੍ਹਾਂ ਨੇ ਗੁਰੂ ਦੇ ਸ਼ਬਦ ਨੂੰ, ਉਪਦੇਸ਼ ਨੂੰ ਸੁਣ ਕੇ ਮੰਨਿਆ ਹੈ ਭਾਵ ਅਮਲ ਕੀਤਾ ਹੈ ਭਾਵ ਔਗੁਣਾਂ ਨੂੰ ਤਿਆਗ ਕੇ ਗੁਣਾਂ ਦਾ ਸੰਗ ਕੀਤਾ ਹੈ ਭਾਵ ਜਿਨ੍ਹਾਂ ਨੇ ਚੰਗੀ ਤੇ ਸੱਚੀ ਸੁੱਚੀ ਕਿਰਤ ਕੀਤੀ ਹੈ, ਸੱਚਾ ਸੁੱਚਾ ਵਿਹਾਰ ਕੀਤਾ ਹੈ ਭਾਵ ਜਿਨ੍ਹਾਂ ਦੀ ਕਰਨੀ ਗੁਰੂ ਵਾਲੀ ਹੈ, ਉਨ੍ਹਾਂ ਨੇ ਹੀ ਆਪਣੇ ਮਨ ਦੇ ਵਿੱਚ ਪ੍ਰਮਾਤਮਾ ਨੂੰ ਧਿਆਇਆ ਹੈ। ਇਹ ਭਗਤੀ ਹੈ ਹੀ ਸਾਰੀ ਮਨ ਦੀ ਬਿਰਤੀ। ਇਸਦੇ ਲਈ ਹੋਰ ਕਿਰਿਆਵਾਂ ਦੀ ਲੋੜ ਨਹੀਂ ਹੈ। ਇਸੇ ਲਈ ਕਿਰਿਆਵਾਂ ਦੁਆਰਾ ਭਗਤੀ ਕਰਨ ਦਾ ਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ **(ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥)**।

ਹੁਣ ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੋ ਕਿ ਅਨਦਿਨ ਭਗਤੀ ਕਰਨੀ, ਅੱਠੇ ਪਹਿਰ ਭਗਤੀ ਵਿੱਚ ਰੱਤਣਾ, ਅੱਠੇ ਪਹਿਰ ਨਾਮ ਧਿਆਉਣਾ ਕੀ ਹੈ ਜਿਸ ਨਾਲ ਸਾਡਾ ਮਨ ਤਨ ਪਵਿੱਤਰ ਹੋ ਜਾਵੇ। ਜੋ ਉਪਰਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ, ਇਹ ਉਸ ਤੋਂ ਕੁੱਝ ਵੱਖਰਾ ਨਹੀਂ ਹੈ ਭਾਵ ਅੱਠੇ ਪਹਿਰ ਗੁਣਾਂ ਵਿੱਚ ਰਹਿਣਾ ਹੀ, ਸੱਚੀ ਸੁੱਚੀ ਕਿਰਤ ਕਰਨਾ ਹੀ ਅੱਠੇ ਪਹਿਰ ਨਾਮ ਵਿੱਚ ਰੱਤਣਾ ਹੈ, ਭਗਤੀ ਵਿੱਚ ਰੱਤਣਾ ਹੈ ਅਤੇ ਗੁਣਾਂ ਦੁਆਰਾ ਹੀ ਸਾਡਾ ਮਨ ਤਨ ਨਿਰਮਲ ਹੁੰਦਾ ਹੈ। ਖਾਲੀ ਬੋਲ-ਬੋਲ ਕੇ, ਕੇਵਲ ਗੱਲਾਂ ਕਰਨ ਦੁਆਰਾ, ਕੇਵਲ ਬਾਣੀ ਨੂੰ ਪੜ੍ਹਨ ਦੁਆਰਾ, ਕੇਵਲ ਸਮਾਧੀਆਂ, ਸੁਰਤੀਆਂ ਲਗਾਉਣ ਦੁਆਰਾ ਕੁੱਝ ਹਾਸਿਲ ਨਹੀਂ ਹੋਣਾ, ਕੇਵਲ ਸਾਡੀ ਹਉਮੈ ਹੋਰ ਵੱਧੇਗੀ, ਸਾਡੇ ਅੰਦਰ ਮਨਮਤਿ ਹੋਰ ਦ੍ਰਿੜ ਹੋਵੇਗੀ, ਸਾਡਾ ਮਾਨ ਅਭਿਮਾਨ ਵੱਧੇਗਾ।

ਅਸੀਂ ਜਿਹੋ ਜਿਹੀ ਭਗਤੀ ਕਰ ਰਹੇ ਹਾਂ ਭਾਵ ਆਪਣੀ ਮਤਿ ਦੁਆਰਾ ਜਿਹੋ ਜਿਹਾ ਜਪ ਤਪ ਕਰ ਰਹੇ ਹਾਂ, ਇਹ ਕੇਵਲ ਅਸੀਂ ਦੇਖਾ ਦੇਖੀ ਹੀ ਕਰੀ ਜਾ ਰਹੇ ਹਾਂ ਕਿਉਂਕਿ ਸਾਨੂੰ ਭਗਤੀ ਦੀ ਸੋਝੀ ਨਹੀਂ ਹੈ ਅਤੇ ਅਸੀਂ ਔਗੁਣਾਂ ਵਿੱਚ ਵਿਚਰੀ ਜਾਂਦੇ ਹਾਂ **(ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥)**। ਸਦੀਆਂ ਤੋਂ ਲੋਕ ਬਸ ਇੱਕ ਦੂਜੇ ਨੂੰ ਦੇਖਾ ਦੇਖੀ ਹੀ ਜਪ ਤਪ ਕਰੀ ਜਾਂਦੇ ਹਨ ਜਿਸ ਵਿੱਚ ਹਰ ਕੋਈ ਸ਼ਾਮਿਲ ਹੈ, ਸਭ ਸਾਮਿਲ ਹਨ ਭਾਵ ਸਹੀ ਭਗਤੀ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਇਸੇ ਲਈ ਸਭ ਨੂੰ ਮਨਮੁੱਖ ਕਿਹਾ ਹੈ। ਸਦੀਆਂ ਤੋਂ ਦੇਖਾ ਦੇਖੀ ਮਨ ਦੇ ਭਰਮਾਂ ਕਰਕੇ ਹੀ ਤੁਰੀ ਆਉਂਦੀ ਹੈ ਤੇ ਹਰ ਕੋਈ ਸਰੀਰਕ ਜਪਾਂ ਤਪਾਂ ਨੂੰ ਹੀ ਭਗਤੀ ਸਮਝਦਾ ਹੈ ਜਦ ਕਿ ਭਗਤੀ ਸਾਡੀ ਸੱਚੀ ਸੁੱਚੀ ਕਿਰਤ ਹੈ ਜੋ ਕਿ ਔਗੁਣ ਛੱਡ ਕੇ ਹਿਰਦੇ ਦੀ ਸ਼ੁੱਧੀ ਦੁਆਰਾ ਹੁੰਦੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **“ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥”** ਇਸ ਪੰਗਤੀ ਵਿੱਚ ਸਮਝਾਇਆ ਹੋਇਆ ਹੈ ਕਿ ਗੁਰਮੁਖ ਕੌਣ ਹੈ ਅਤੇ ਸੇਵਾ ਕਿਸ ਦੀ ਥਾਇ ਪੈਂਦੀ ਹੈ। ਬੜੀ ਸਿੱਧੀ ਜਿਹੀ ਗੱਲ ਹੈ ਕਿ ਗੁਰਮੁਖ ਉਹ ਹੈ ਜੋ ਮਨਮੁੱਖ ਨਹੀਂ ਹੈ, ਮਨਮੁੱਖ ਉਹ ਹੈ ਜੋ ਗੁਣਾਂ ਤੋਂ ਬਾਹਰਾ ਹੈ। **(ਮਨਮੁਖ ਗੁਣ ਤੈ ਬਾਹਰੇ)** ਭਾਵ ਗੁਰਮੁਖ ਉਹ ਹੈ ਜੋ ਗੁਣਾਂ ਤੋਂ

ਬਾਹਰਾ ਨਹੀਂ ਹੈ, ਜੋ ਔਗੁਣਾਂ ਤੋਂ ਰਹਿਤ ਹੈ ਭਾਵ ਜਿਸਦਾ ਹਿਰਦਾ ਸ਼ੁੱਧ ਹੈ ਭਾਵ ਜਿਸਦੀ ਕਰਨੀ ਸੱਚੀ ਹੈ, ਗੁਰੂ ਵਾਲੀ ਹੈ, ਜਿਸਦੀ ਕਿਰਤ ਪੂਰੀ ਇਮਾਨਦਾਰੀ ਵਾਲੀ ਹੈ, ਨਾਮ ਵਾਲੀ ਹੈ। ਇਹ ਸੱਚੀ ਕਿਰਤ ਹੀ ਗੁਰੂ ਦੀ ਸੇਵਾ ਹੈ ਅਤੇ ਇਹ ਹੀ ਥਾਇਂ ਪੈਂਦੀ ਹੈ। ਗੁਰਮੁਖ ਅਖਵਾਉਣਾ ਬਹੁਤ ਸੌਖਾ ਹੈ ਪਰ ਗੁਰਮੁਖ ਬਣਨਾ ਬਹੁਤ ਔਖਾ ਹੈ। ਨਾਮ ਜਪਣਾ ਬਹੁਤ ਔਖਾ ਹੈ ਕਿਉਂਕਿ ਗੁਰਮੁਖ ਬਣਨਾ ਹੀ ਨਾਮ ਜਪਣਾ ਹੈ। ਜਦ ਤੱਕ ਸਾਡੇ ਅੰਦਰ ਮਨਮਤਿ ਹੈ ਅਸੀਂ ਮਨਮੁੱਖ ਹਾਂ ਤੇ ਜਦੋਂ ਸਾਡੇ ਅੰਦਰ ਗੁਰਮਤਿ ਵੱਸ ਜਾਂਦੀ ਹੈ ਅਸੀਂ ਗੁਰਮੁਖ ਬਣ ਜਾਂਦੇ ਹਾਂ, ਨਾਮ ਵਾਲੇ ਬਣ ਜਾਂਦੇ ਹਾਂ। ਗੁਰਮੁਖਿ ਰੂਪ ਪ੍ਰਮਾਤਮਾ ਦੇ ਨਾਲ ਮੇਲ ਦਾ ਰੂਪ ਹੈ ਜਿਵੇਂ ਕਿ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ।

ਮਨ ਦਾ ਮਾਰਨ ਕੀ ਹੈ, ਇਹ ਅਸੀਂ ਪਿੱਛੇ ਚੰਗੀ ਤਰ੍ਹਾਂ ਸਮਝ ਹੀ ਚੁੱਕੇ ਹਾਂ ਭਾਵ ਔਗੁਣਾਂ ਦਾ ਤਿਆਗ ਕਰਕੇ, ਗੁਣਾਂ ਨੂੰ ਗ੍ਰਹਿਣ ਕਰਨਾ ਹੀ, ਆਪਣੀ ਮਤਿ ਨੂੰ ਪੂਰੀ ਤਰ੍ਹਾਂ ਛੱਡਣਾ ਹੀ, ਮਾਇਆ ਮੋਹ ਨੂੰ ਪੂਰੀ ਤਰ੍ਹਾਂ ਛੱਡਣਾ ਹੀ, ਮਨ ਦਾ ਮਾਰਨ ਹੈ। ਗੁਰ ਸ਼ਬਦ ਮਰਨਾ ਕੀ ਹੈ ਇਹ ਵੀ ਅਸੀਂ ਪਿੱਛਲੇ ਕੁੱਝ ਸ਼ਬਦਾਂ ਰਾਹੀਂ ਜਾਣ ਚੁੱਕੇ ਹਾਂ। ਸ਼ਬਦ ਮਰਨਾ ਅਤੇ ਮਨ ਦਾ ਮਰਨਾ ਇੱਕੋ ਹੀ ਗੱਲ ਹੈ, ਕੋਈ ਫ਼ਰਕ ਨਹੀਂ ਹੈ। ਇਹੀ ਗੱਲ ਹੇਠ ਦਿੱਤੇ ਹੋਏ ਸ਼ਬਦ ਵਿੱਚ ਸਮਝਾਈ ਹੋਈ ਹੈ। ਗੁਰੂ ਦਾ ਸ਼ਬਦ ਹੀ ਨਾਮ ਹੈ ਤੇ ਸਾਡੇ ਅੰਦਰ ਸ਼ਬਦ ਦਾ ਵੱਸਣਾ ਜਾਂ ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ।

“ਸਤਿਗੁਰੁ ਮਿਲੈ ਤਾ ਤਤੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ॥ ਗੁਰ ਕਾ ਸਬਦੁ ਰਖੈ ਉਰ ਧਾਰੇ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ॥੪॥”

(ਅੰਗ ੧੧੬-੧੧੭)

ਉੱਪਰ ਵਾਲੇ ਸ਼ਬਦ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ ਹੀ ਸਮਝਾਈ ਹੋਈ ਹੈ। ਪਿਛਲੇ ਕੁੱਝ ਸ਼ਬਦਾਂ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਪ੍ਰਮਾਤਮਾ ਦਾ ਮਨ ਵਿੱਚ ਵੱਸਣਾ ਕੀ ਹੈ। ਪ੍ਰਮਾਤਮਾ ਆਪਣੇ ਗੁਣਾਂ ਦੁਆਰਾ ਵੱਸਦਾ ਹੈ।

ਉਸਦੇ ਗੁਣ ਹੀ ਉਸਦੀ ਮਤਿ ਹੈ, ਗੁਰੂ ਦੇ ਸੱਚੇ ਗਿਆਨ ਦਾ ਤੱਤ ਹੈ ਜੋ ਸਾਨੂੰ ਗੁਰੂ ਕੋਲੋਂ ਮਿਲਦਾ ਹੈ। ਇਹ ਤੱਤ ਹੀ ਪ੍ਰਮਾਤਮਾ ਦਾ ਨਾਮ ਹੈ। ਸਾਡੇ ਮਨ ਵਿੱਚ ਗੁਰੂ ਦਾ ਵੱਸਣਾ, ਨਾਮ ਦਾ ਵੱਸਣਾ, ਪ੍ਰਮਾਤਮਾ ਦਾ ਵੱਸਣਾ, ਗੁਣਾਂ ਦਾ ਵੱਸਣਾ, ਸੱਚ ਦਾ ਵੱਸਣਾ, ਗੁਰੂ ਦੇ ਗਿਆਨ ਦਾ ਵੱਸਣਾ, ਗੁਰੂ ਦੇ ਉਪਦੇਸ਼ ਦਾ ਵੱਸਣਾ, ਇੱਕੋ ਹੀ ਗੱਲ ਹੈ। ਇਹੀ ਹਰਿ ਰਸ ਹੈ, ਨਾਮ ਰਸ ਹੈ, ਨਾਮ ਧੰਨ ਹੈ, ਅੰਮ੍ਰਿਤ ਹੈ। ਇਹੀ ਹਰਿ ਰਾਸਿ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੀ ਭਗਤੀ ਕਰਨੀ ਹੈ। ਇਹੀ ਅਸਲ ਵਿੱਚ ਹਰਿ ਹਰਿ ਕਰਨਾ ਹੈ, ਨਾਮ ਜਪਣਾ ਹੈ, ਹਉਮੈ ਦਾ ਮਾਰਨਾ ਹੈ ਅਤੇ ਮੁਕਤੀ ਦਾ ਦਰ ਪਾਉਣ ਦਾ ਸਾਧਨ ਹੈ। ਜੋ ਮੁਕਤੀ ਅਸੀਂ ਮਨ ਦੀ ਭਰਮਾਂ ਵਾਲੀ ਨਾ-ਸਮਝ ਮਤਿ ਤੋਂ ਲੈਣੀ ਹੈ। ਗੁਰੂ ਦੇ ਸ਼ਬਦ ਨੂੰ ਹਿਰਦੇ ਵਿੱਚ ਧਾਰ ਕੇ ਰੱਖਣਾ ਕੀ ਹੈ ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਭਾਵ ਮਨੁੱਖ ਆਪਣੇ ਪਾਪਾਂ ਵਾਲੀ ਬਿਰਤੀ ਨੂੰ ਖ਼ਤਮ ਕਰੇ, ਆਪਣਾ ਕ੍ਰੋਧ ਦੂਰ

2/62

ਕਰੇ ਭਾਵ ਆਪਣੇ ਔਗੁਣ ਤਿਆਗੇ। ਗੁਰੂ ਦੀ ਮਤਿ ਨੂੰ ਨਾ ਮੰਨਣਾ ਗੁਰੂ ਦੀ ਮਤਿ ਦਾ ਵਿਰੋਧ ਹੈ, ਉਸ ਨਾਲ ਅਸੀਂ ਪਿਆਰ ਦੀ ਬਜਾਇ ਕ੍ਰੋਧ ਦਿਖਾਉਂਦੇ ਹਾਂ। ਗੁਰੂ ਮਤਿ ਨੂੰ ਮੰਨਣਾ ਉਸ ਦੇ ਨਾਲ ਪਿਆਰ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਗੁਰੂ ਦੀ ਗੱਲ ਨੂੰ ਨਾ ਮੰਨਣਾ ਗੁਰੂ ਦੇ ਨਾਲ ਸਾਡਾ ਗੁੱਸਾ ਦਿਖਾਉਣ ਵਾਲੀ ਗੱਲ ਹੈ, ਆਪਣਾ ਕ੍ਰੋਧ ਦਿਖਾਉਣ ਵਾਲੀ ਗੱਲ ਹੈ। ਜੋ ਗੱਲ ਸਾਨੂੰ ਮੰਨਣੀ ਚੰਗੀ ਨਾ ਲੱਗੇ ਅਸੀਂ ਉਸ ਗੱਲ ਦਾ ਵਿਰੋਧ ਕਰਦੇ ਹਾਂ। ਗੁਰੂ ਸਾਨੂੰ ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਆਪਣੀਆਂ ਇੱਛਾਵਾਂ ਤਿਆਗਣ ਲਈ ਸਮਝਾਉਂਦਾ ਹੈ ਜੋ ਸਾਨੂੰ ਚੰਗਾ ਨਹੀਂ ਲੱਗਦਾ। (**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥**) ਅੰਗ - ੫੬੦ । (**ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥ ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥**) ਅੰਗ - ੬੫ । (**ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥**) ਅੰਗ - ੮੮੭ । ਗੁਰੂ ਨਾਲ, ਗੁਰੂ ਦੀ ਮਤਿ ਨਾਲ, ਨਾਮ ਨਾਲ ਕ੍ਰੋਧ ਉਸਦਾ ਹੀ ਦੂਰ ਹੁੰਦਾ ਹੈ ਜੋ ਗੁਰੂ ਦੀ ਦਿੱਤੀ ਹੋਈ ਵਿਚਾਰ ਨੂੰ ਮੰਨ ਲੈਂਦਾ ਹੈ ਭਾਵ ਆਪਣੇ ਸਾਰੇ ਔਗੁਣ ਤਿਆਗ ਦਿੰਦਾ ਹੈ। ਇਹ ਹੀ ਗੁਰੂ ਦੇ ਸ਼ਬਦ ਨੂੰ ਹਿਰਦੇ ਵਿੱਚ ਧਾਰਨਾ ਹੈ। ਇਹ ਔਗੁਣ ਤਿਆਗਣ ਦਾ ਉੱਦਮ ਮਨੁੱਖ ਦੇ ਸਿਰ ਹੀ ਹੈ ਅਤੇ ਇਹ ਹੀ ਸ਼ਬਦ ਮਰਨਾ ਹੈ ਅਤੇ ਮਨ ਦਾ ਮਾਰਨ ਹੈ। ਵੈਰਾਗੀ ਵੀ ਉਸ ਨੂੰ ਕਿਹਾ ਹੈ ਜੋ ਸੱਚ ਨਾਲ ਰੱਤਿਆ ਹੋਇਆ ਹੈ ਭਾਵ ਜਿਸ ਦੇ ਹਿਰਦੇ ਵਿੱਚ ਸੱਚ ਹੈ ਭਾਵ ਔਗੁਣ ਰਹਿਤ ਹੈ ਤੇ ਇਸੇ ਤਰੀਕੇ ਨਾਲ ਹੀ ਮਨੁੱਖ ਦੀ ਹਉਮੈ ਮਰ ਸਕਦੀ ਹੈ ਅਤੇ ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ। ਪ੍ਰਮਾਤਮਾ ਦੀ ਭਗਤੀ ਕੇਵਲ ਗੁਣਾਂ ਦੁਆਰਾ ਹੋ ਸਕਦੀ ਹੈ ਅਤੇ ਪੂਰੀ ਬਾਣੀ ਵਿੱਚ ਹੋਰ ਕੋਈ ਰਸਤਾ ਨਹੀਂ ਸਮਝਾਇਆ ਹੋਇਆ। ਇਸ ਤੋਂ ਇਲਾਵਾ ਜੋ ਕੋਈ ਤਰੀਕਾ ਅਸੀਂ ਭਗਤੀ ਲਈ ਵਰਤਦੇ ਹਾਂ ਉਹ ਕੇਵਲ ਸਾਡੀ ਮਨਮਤਿ ਹੈ। ਉਸ ਵਿੱਚ ਗੁਰਮਤਿ ਨਹੀਂ ਹੈ। (**ਸਤਿਗੁਰੁ ਮਿਲੈ ਤਾ ਤਤੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ॥੩॥ ਕਿਲਵਿਖ ਕਾਟੈ ਕ੍ਰੋਧੁ ਨਿਵਾਰੇ॥ ਗੁਰ ਕਾ ਸਬਦੁ ਰਖੈ ਉਰ ਧਾਰੇ॥ ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ॥**)

“ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥

ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥"

(ਅੰਗ ੩੯)

ਇਸ ਸ਼ਬਦ ਨੂੰ ਬੜੇ ਹੀ ਧਿਆਨ ਨਾਲ ਪੜ੍ਹਨ ਤੇ ਸਮਝਣ ਦੀ ਲੋੜ ਹੈ। ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਬਾਣੀ ਨੂੰ ਕੇਵਲ ਪੜ੍ਹੀ ਜਾਣਾ ਤੇ ਅੱਖਰ ਦਾ ਜਪ ਕਰੀ ਜਾਣਾ, **"ਹਰਿ ਹਰਿ"** ਕਰੀ ਜਾਣਾ ਸਾਡੇ ਅੰਦਰ ਦੀ ਮੈਲ ਨੂੰ ਹੋਰ ਵੀ ਵਧਾਉਂਦਾ ਹੈ ਭਾਵ ਸਾਡੀ ਹਉਮੈ ਦੀ ਮੈਲ ਹੋਰ ਵੱਧਦੀ ਹੈ ਭਾਵ ਸਾਡੇ ਅੰਦਰ ਮਨਮਤਿ ਹੋਰ ਦ੍ਰਿੜ ਹੁੰਦੀ ਹੈ।

ਇਸ ਤੋਂ ਪਹਿਲੇ ਕੁੱਝ ਸ਼ਬਦਾਂ ਰਾਹੀਂ ਅਸੀਂ ਇਹ ਸਮਝਦੇ ਆ ਰਹੇ ਹਾਂ ਕਿ ਔਗੁਣਾਂ ਦੇ ਤਿਆਗਣ ਦੁਆਰਾ ਹੀ ਭਗਤੀ ਹੈ ਅਤੇ ਜੋ ਲੋਕ ਇਹ ਸਮਝਦੇ ਹਨ ਕਿ "ਹਰਿ ਹਰਿ" ਕਰਨ ਨਾਲ ਔਗੁਣ ਆਪਣੇ ਆਪ ਚਲੇ ਜਾਂਦੇ ਹਨ ਤਾਂ ਇਹ ਕੇਵਲ ਉਨ੍ਹਾਂ ਦਾ ਇੱਕ ਭੁਲੇਖਾ ਹੀ ਹੈ। ਉਪਰਲੇ ਸ਼ਬਦ ਰਾਹੀਂ ਇਹ ਭੁਲੇਖਾ ਸਪੱਸ਼ਟ ਕਰਕੇ ਕੱਢਿਆ ਹੋਇਆ ਹੈ। ਅਸੀਂ ਜਿੰਨੇ ਵੀ ਭਗਤੀ ਲਈ ਉਪਰਾਲੇ ਕਰਦੇ ਹਾਂ ਉਨ੍ਹਾਂ ਨਾਲ ਸਾਡੀ ਹਉਮੈ ਘੱਟਣ ਦੀ ਬਜਾਇ ਵੱਧਦੀ ਜਾਂਦੀ ਹੈ ਜਦਕਿ ਭਗਤੀ ਦਾ ਮੂਲ ਭਾਵ ਹਉਮੈ ਨੂੰ ਖਤਮ ਕਰਨਾ ਹੈ। (**ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥**) ਹਉਮੈ ਤੋਂ ਹੀ ਸਾਰੇ ਔਗੁਣਾਂ ਦਾ ਜਨਮ ਹੁੰਦਾ ਹੈ ਤੇ ਹਉਮੈ ਤਾਂ ਹੀ ਮਰ ਸਕਦੀ ਹੈ ਜੇਕਰ ਅਸੀਂ ਆਪਣੇ ਅੰਦਰੋਂ ਉਨ੍ਹਾਂ ਵਿਚਾਰਾਂ ਨੂੰ ਮਾਰੀਏ ਜਿਨ੍ਹਾਂ ਵਿਚਾਰਾਂ ਕਰਕੇ ਅਸੀਂ ਹਉਮੈ ਵਿੱਚ ਰਹਿੰਦੇ ਹਾਂ। ਆਪਣੇ ਅੰਦਰ ਦੇ ਮਾੜੇ ਵਿਚਾਰਾਂ ਨੂੰ ਸਮਝ ਕੇ ਉਨ੍ਹਾਂ ਵਿੱਚੋਂ ਨਿਕਲਣਾ ਹੀ ਆਪਣੀ ਹਉਮੈ ਨੂੰ ਮਾਰਨਾ ਹੈ। ਸਾਡੇ ਅੰਦਰ ਦੇ ਮਾੜੇ ਵਿਚਾਰ ਉਹ ਹਨ ਜੋ ਵਿਚਾਰ ਗੁਰੂ ਦੇ ਵਿਚਾਰਾਂ ਦੇ ਨਾਲ ਮੇਲ ਨਹੀਂ ਖਾਂਦੇ। ਸਾਡਾ ਜੋ ਵੀ ਵਿਚਾਰ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦਾ ਉਹ ਸਾਡਾ ਮਾੜਾ ਵਿਚਾਰ ਹੈ ਭਾਵ ਸਾਡਾ ਔਗੁਣ ਹੈ, ਸਾਡੀ ਮਨਮਤਿ ਹੈ, ਸਾਡੇ ਅੰਦਰ ਦੀ ਮਾਇਆ ਵਾਲੀ ਸਮਝ ਹੈ, ਤ੍ਰੈਗੁਣਾਂ ਵਾਲੀ ਸਮਝ ਹੈ, ਸਾਡੀ ਹਉਮੈ ਹੈ ਜਿਸ ਵਿੱਚੋਂ ਅਸੀਂ ਨਿਕਲਣਾ ਹੈ। ਹਉਮੈ ਕੀ ਹੈ ਤੇ ਹਉਮੈ ਨੂੰ ਮਾਰਨਾ ਕੀ ਹੈ, ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਵਿੱਚ ਵੀ ਬਰੀਕੀ ਨਾਲ ਸਮਝਿਆ ਹੈ ਤੇ ਉਹ ਗੱਲ ਹਉਮੈ ਨੂੰ ਆਪਣੇ ਅੰਦਰੋਂ ਮਾਰਨਾ ਕੀ ਹੈ, ਉੱਪਰ ਵਾਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਹਉਮੈ ਨੂੰ ਔਗੁਣਾਂ ਦੇ ਮਾਰਨ ਦੁਆਰਾ ਹੀ ਮਾਰਿਆ ਜਾ ਸਕਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਔਗੁਣ ਕੇਵਲ ਗੁਣਾਂ ਨਾਲ ਮਰਦੇ ਹਨ ਤੇ ਗੁਣ ਸਾਡੇ ਅੰਦਰ ਤਾਂ ਹੀ ਆਉਣਗੇ ਜੇ ਗੁਰੂ ਦੀ ਮਤਿ ਨੂੰ ਮੰਨਾਂਗੇ ਤੇ ਆਪਣੀ ਮਤਿ ਨੂੰ ਛੱਡਾਂਗੇ। ਹੁਣ ਅਸੀਂ ਕੇਵਲ ਬਾਣੀ ਨੂੰ ਪੜ੍ਹੀ ਜਾਈਏ ਉਸ ਨਾਲ ਸਾਨੂੰ ਗਿਆਨ ਤਾਂ ਮਿਲ ਜਾਵੇਗਾ, ਅਸੀਂ ਗਿਆਨੀ ਵੀ ਅਖਵਾ ਲਵਾਂਗੇ ਲੇਕਿਨ ਇਸ ਨਾਲ ਸਾਡੀ ਹਉਮੈ ਦੀ ਮੈਲ ਨਹੀਂ ਧੁਪ ਸਕਦੀ **(ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥)** ਗਿਆਨੀ ਅਖਵਾਉਣ ਨਾਲ ਭਾਵ ਧਰਮ ਦਾ ਵਿਦਵਾਨ ਅਖਵਾਉਣ ਨਾਲ ਸਾਡੀ ਹਉਮੈ ਦੀ ਮੈਲ ਵੱਧਦੀ ਹੀ ਹੈ। ਮੈਲ ਤਾਂ ਹੀ ਉਤਰਨੀ ਹੈ ਜਦੋਂ ਉਸ ਗੁਰੂ ਦੇ ਗਿਆਨ ਨੂੰ ਆਪਣੇ ਮਨ ਵਿੱਚ ਵਸਾਵਾਂਗੇ ਭਾਵ ਉਸ ਤੇ ਅਮਲ

ਕਰਾਂਗੇ। ਵੱਡਾ ਅਖਵਾ ਕੇ ਸਾਡੀ ਹਉਮੈ ਉਲਟੀ ਵੱਧ ਜਾਂਦੀ ਹੈ। ਗੁਰੂ ਦਾ ਗਿਆਨ ਗੁਣਾਂ ਦੇ ਲਈ ਹੈ, ਔਗੁਣਾਂ ਦੇ ਤਿਆਗ ਲਈ ਹੈ ਅਤੇ ਇਹ ਹੀ ਭਗਤੀ ਹੈ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ। **"ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥"** ਅਸੀਂ ਆਪਣੀ ਜਿਆਦਾਤਰ ਭਗਤੀ, "ਆਪਣੀ ਜਪਣੀ", "ਹਰਿ ਹਰਿ" ਕਰਨ ਦੁਆਰਾ ਕਰਦੇ ਹਾਂ ਜਾਂ ਆਪਣੀ-ਆਪਣੀ ਆਸਥਾ ਅਨੁਸਾਰ ਕਿਸੇ ਹੋਰ ਅੱਖਰ ਦੀ ਜਪਣੀ ਦੁਆਰਾ ਕਰਦੇ ਹਾਂ ਭਾਵ ਨਾਮ ਕਿਸੇ ਅਖਰ ਨੂੰ ਸਮਝ ਕੇ ਹੀ ਉਸਨੂੰ ਬੋਲ ਬੋਲ ਕੇ ਜਪਣਾ ਸਮਝਦੇ ਹਾਂ। ਇਹੋ ਜਿਹੀ ਭਗਤੀ ਨੂੰ ਕੇਵਲ ਮਨਮੁੱਖਤਾ ਦੱਸਿਆ ਹੈ ਕਿਉਂਕਿ ਇਸ ਤਰ੍ਹਾਂ ਹਰਿ ਹਰਿ ਕਰਨ ਨਾਲ ਸਾਡੇ ਅੰਦਰ ਦੀ ਮੈਲ ਕਦੇ ਨਹੀਂ ਧੁਪ ਸਕਦੀ। ਅਸੀਂ ਹਰਿ ਹਰਿ ਕਰਕੇ ਥੱਕ ਜਾਵਾਂਗੇ ਪਰ ਮੈਲ ਉੱਥੇ ਦੀ ਉੱਥੇ ਹੀ ਰਹੇਗੀ ਭਾਵ ਮਨ ਦੀ ਅਗਿਆਨਤਾ ਉੱਥੇ ਦੀ ਉੱਥੇ ਹੀ ਰਹੇਗੀ। ਮਨ ਦੀ ਅਗਿਆਨਤਾ ਕਥਨੀ ਦੁਆਰਾ ਨਹੀਂ ਨਿਕਲ ਸਕਦੀ। ਧਾਰਮਿਕ ਅਗਿਆਨਤਾ ਕੇਵਲ ਗੁਰੂ ਦੇ ਗਿਆਨ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਜੋ ਕੋਈ ਵੀ ਕਿਸੇ ਅੱਖਰ ਨੂੰ ਬੋਲ ਬੋਲ ਕੇ ਨਾਮ ਜਪਣਾ ਸਮਝਦਾ ਹੈ ਉਹ ਮਨਮੁੱਖ ਹੈ ਭਾਵ ਆਪਣੇ ਮਨ ਦੀ ਮਤਿ ਨੂੰ ਮੰਨਣ ਵਾਲਾ ਹੈ। ਇਹ ਗੁਰੂ ਜੀ ਦਾ ਫੁਰਮਾਨ ਹੈ **(ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥)** ਸਾਨੂੰ ਅਸਲ ਵਿੱਚ ਹਰਿ ਹਰਿ ਕਰਨਾ ਹੀ ਨਹੀਂ ਆਇਆ। ਹਰਿ ਹਰਿ ਕਰਨਾ ਕੀ ਹੈ ਇਸ ਗੱਲ ਨੂੰ ਗੁਰਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਪਰ ਅਸੀਂ ਸਮਝ ਨਹੀਂ ਸਕੇ। ਇੱਥੇ ਨਾਲ ਹੀ ਇਸ ਤੋਂ ਪਹਿਲੀ ਇੱਕ ਪੰਗਤੀ ਵਿੱਚ ਹਰਿ ਹਰਿ ਕਰਨਾ

ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰੋਂ ਮਨ ਦੀ ਮੈਲ ਕਿਵੇਂ ਉਤਰ ਸਕਦੀ ਹੈ, ਸਾਡਾ ਮਨ ਨਿਰਮਲ, ਪਵਿੱਤਰ ਕਿਵੇਂ ਹੋ ਸਕਦਾ ਹੈ **(ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥)**। ਸਾਰੀ ਗੱਲ ਗੁਰੂ ਦੀ ਸ਼ਰਨ ਵਿੱਚ ਆਉਣ ਦੀ ਹੈ। ਕੇਵਲ ਗੁਰੂ ਦੇ ਕੋਲ ਸਮਾਧੀ ਲਾ ਕੇ ਬੈਠੇ ਰਹੀਏ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਗੁਰੂ ਦੀ ਸ਼ਰਨ ਵਿੱਚ ਆ ਗਏ ਹਾਂ। ਗੁਰੂ ਦੀ ਸ਼ਰਣ ਵਿੱਚ ਆਉਣਾ "ਗੁਰੂ ਦੀ ਸਿੱਖਿਆ" ਦੀ ਸ਼ਰਣ ਵਿੱਚ ਆਉਣਾ ਹੀ ਹੈ। "ਗੁਰੂ ਦੀ ਸਿੱਖਿਆ" ਹੀ ਅਸਲ ਵਿੱਚ ਗੁਰੂ ਹੈ। ਗੁਰੂ ਦੀ ਸਿੱਖਿਆ ਸਾਨੂੰ ਇਹ ਨਹੀਂ ਸਮਝਾਉਂਦੀ ਕਿ ਅਸੀਂ ਕਥਨੀ ਦੁਆਰਾ ਪ੍ਰਮਾਤਮਾ ਨੂੰ ਜਪੀਏ। ਹਰਿ ਹਰਿ ਕਰੀ ਜਾਣਾ ਕੇਵਲ ਸਾਡੀ ਅਗਿਆਨਤਾ ਹੈ, ਭਗਤੀ ਦੀ ਸੋਝੀ ਦਾ ਨਾ ਹੋਣਾ ਹੈ। ਜਦ ਤਕ ਸਾਡੇ ਅੰਦਰ ਹਉਮੈ ਦੀ ਮੈਲ ਹੈ, ਮਨਮਤਿ ਦੀ ਮੈਲ ਹੈ, ਅਗਿਆਨਤਾ ਦੀ ਮੈਲ ਹੈ, ਮਨ ਦੀ ਨਾਸਮਝੀ ਦੀ ਮੈਲ ਹੈ, ਮਾਇਆ ਮੋਹ ਦੀ ਮੈਲ ਹੈ ਤਦ ਤਕ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ ਜੋ ਪ੍ਰਾਪਤੀ ਸਾਡੇ ਜੀਵਨ ਦਾ ਮਨੋਰਥ ਹੈ। ਨਾਮ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਪ੍ਰਾਪਤੀ ਹਉਮੈ ਦੀ ਮੈਲ ਵਿਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ ਤੇ ਤਾਂ ਹੀ ਮਨੁਖ ਦੀ ਪਤਿ ਰਹਿੰਦੀ ਹੈ। (**ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥**) ਭਗਤੀ ਸਾਡੇ ਮਨ ਵਿੱਚ ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੋਣੀ ਹੈ, ਗੁਰਮਤਿ ਦੇ ਵੱਸਣ ਨਾਲ ਹੋਣੀ ਹੈ, ਹਉਮੈ ਨਿਕਲਣ ਨਾਲ ਹੋਣੀ ਹੈ ਜੋ ਹਉਮੈ ਗੁਰੂ ਦੇ ਗਿਆਨ ਦੁਆਰਾ ਹੀ ਨਿਕਲ ਸਕਦੀ ਹੈ। ਪ੍ਰਮਾਤਮਾ ਜਿਸ ਦੇ ਅੰਦਰ ਆਪ ਵਸਦਾ ਹੈ, ਉਸਦੀ ਹੀ ਹਉਮੈ ਦੂਰ ਹੁੰਦੀ ਹੈ ਜੋ ਹਉਮੈ ਉਹ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਦੂਰ ਕਰਦਾ ਹੈ। ਸਾਡੀ ਹਉਮੈ ਗੁਰੂ ਦੇ ਗਿਆਨ ਨੂੰ ਮੰਨਣ ਦੁਆਰਾ ਦੂਰ ਹੋ ਸਕਦੀ ਹੈ ਨਾ ਕਿ ਕਿਸੇ ਸਰੀਰਕ ਜਪ ਤਪ ਦੁਆਰਾ **(ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥)** ਉਪਰਲੀਆਂ ਪੰਗਤੀਆਂ ਦੁਆਰਾ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ "ਹਉਮੈ" ਸਾਡੇ ਅੰਦਰ ਦੀ ਧਾਰਮਿਕ ਅਗਿਆਨਤਾ ਵਾਲੀ ਸਮਝ ਹੈ ਜੋ ਅਗਿਆਨਤਾ ਦੀ ਮੈਲ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਨਿਕਲ ਸਕਦੀ ਹੈ। ਪ੍ਰਮਾਤਮਾ ਜਿਸ ਦੇ ਅੰਦਰ ਵੱਸਦਾ ਹੈ, ਉਸਦੇ ਅੰਦਰ ਦੀ ਹਉਮੈ ਰੂਪ ਮੈਲ ਮਨ ਦੇ ਵਿੱਚ ਆਪਣਾ ਸਚਾ ਗਿਆਨ ਬਖਸ਼ਣ ਦੁਆਰਾ ਹੀ ਕਢਦਾ ਹੈ। ਗੁਰੂ ਦੀ ਸ਼ਰਨ ਵਿੱਚ ਆਉਣਾ ਗੁਰੂ ਦੇ ਬਚਨਾਂ ਤੇ ਅਮਲ ਕਰਨਾ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਹੋਏ ਸ਼ਬਦ ਦੁਆਰਾ ਸਮਝੀਏ।

"ਬੋਲਹਿ ਸਾਚੁ ਮਿਥਿਆ ਨਹੀ ਰਾਈ॥
ਚਾਲਹਿ ਗੁਰਮੁਖਿ ਹੁਕਮਿ ਰਜਾਈ॥
ਰਹਹਿ ਅਤੀਤ ਸਚੇ ਸਰਣਾਈ॥੧॥
ਸਚ ਘਰਿ ਬੈਸੈ ਕਾਲੁ ਨ ਜੋਹੈ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ॥੧॥ਰਹਾਉ॥"

(ਅੰਗ ੨੨੭)

ਗੁਰੂ ਦੀ ਸ਼ਰਨ ਵਿੱਚ ਆਉਣ ਤੋਂ ਭਾਵ ਹੈ ਮਨੁਖ ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਲਵੇ ਭਾਵ ਔਗੁਣ ਤਿਆਗ ਕੇ ਗੁਣ ਗ੍ਰਹਿਣ ਕਰੇ ਭਾਵ ਗੁਰੂ ਦੀ ਸਿੱਖਿਆ ਦੀ ਸ਼ਰਣ ਵਿੱਚ ਆਏ। ਜਿਹੜਾ ਮਨੁਖ ਗੁਰੂ ਦੀ ਸ਼ਰਨ ਵਿੱਚ ਆ ਜਾਂਦਾ ਹੈ ਉਹ ਫਿਰ ਕੇਵਲ ਸੱਚ ਹੀ ਬੋਲਦਾ ਹੈ ਭਾਵ ਗੁਰੂ ਦੇ ਦੱਸੇ ਹੋਏ ਸੱਚ ਦੇ ਮਾਰਗ ਤੇ ਹੀ ਚੱਲਦਾ ਹੈ ਤੇ ਉਸਦੇ ਅੰਦਰ ਝੂਠ ਵਾਲੀ ਬਿਰਤੀ ਰਾਈ ਭਰ ਵੀ ਨਹੀਂ ਰਹਿ ਜਾਂਦੀ **(ਬੋਲਹਿ ਸਾਚੁ ਮਿਥਿਆ ਨਹੀ ਰਾਈ॥)**।

{ਤਿਨ ਕੀ ਸਰਣਿ ਪਰਿਆ ਮਨੁ ਮੇਰਾ॥ ਮਾਣੁ ਤਾਣੁ ਤਜਿ ਮੋਹੁ ਅੰਧੇਰਾ॥}

(ਅੰਗ ੧੦੨)

ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ, ਇਸ ਗੱਲ ਨੂੰ ਉਪਰਲੀ ਪੰਗਤੀ ਰਾਹੀਂ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਗੁਰੂ ਦੀ ਸ਼ਰਨ ਵਿੱਚ ਸਾਡੇ ਮਨ ਦੀ ਸਮਝ ਨੇ ਹੀ ਆਉਣਾ ਹੈ ਜੋ ਅਉਗਣਾਂ ਦੀ, ਮਾਇਆ ਮੋਹ ਦੀ, ਅਗਿਆਨਤਾ ਦੀ ਭਰੀ ਹੋਈ ਹੈ ਤੇ ਮਨ ਦੀ ਇਹੋ ਜਿਹੀ ਸਮਝ ਵਿਚੋਂ ਨਿਕਲਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ।

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

2/64

ਗੁਰੂ ਦੀ ਸ਼ਰਨ ਵਿੱਚ ਆਉਣ ਵਾਲਾ ਮਨੁੱਖ ਗੁਰੂ ਦੇ ਹੁਕਮ ਅਨੁਸਾਰ, ਉਪਦੇਸ਼ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ ਤੇ ਆਪਣੀ ਹਰ ਕਰਨੀ ਵਿੱਚ ਪ੍ਰਮਾਤਮਾ ਦੀ ਰਜ਼ਾ ਨੂੰ ਮੰਨਦਾ ਹੈ **(ਚਾਲਹਿ ਗੁਰਮੁਖਿ ਹੁਕਮਿ ਰਜਾਈ॥)**। ਇਹੋ ਜਿਹਾ ਮਨੁੱਖ ਸਦਾ ਲਈ ਸੱਚੇ ਪ੍ਰਮਾਤਮਾ ਦੀ ਸ਼ਰਨ ਵਿੱਚ ਆ ਜਾਂਦਾ ਹੈ **(ਰਹਹਿ ਅਤੀਤ ਸਚੇ ਸਰਣਾਈ॥)**। ਭਾਵ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਸੱਚ ਦੀ ਸ਼ਰਣ ਵਿੱਚ ਆਉਣਾ, ਗੁਰੂ ਪ੍ਰਮਾਤਮਾ ਦੀ ਸ਼ਰਣ ਵਿੱਚ ਆਉਣਾ ਹੈ। ਜਿਸਦੇ ਹਿਰਦੇ ਵਿੱਚ ਸੱਚ ਵੱਸ ਜਾਂਦਾ ਹੈ ਉਸ ਨੂੰ ਫਿਰ ਔਗੁਣ ਨਹੀਂ ਸਤਾ ਸਕਦੇ ਭਾਵ ਉਹ ਕਾਲ ਰੂਪੀ ਮਨ ਦੀ ਮਾੜੀ ਸਮਝ ਤੋਂ, ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ **(ਸਚ ਘਰਿ ਬੈਸੈ ਕਾਲੁ ਨ ਜੋਹੈ॥)**। ਜੋ ਮਨੁੱਖ ਗੁਰੂ ਦੀ ਸ਼ਰਨ ਵਿੱਚ ਨਹੀਂ ਆਉਂਦੇ ਭਾਵ ਜੋ ਔਗੁਣਾਂ ਦਾ ਤਿਆਗ ਨਹੀਂ ਕਰਦੇ ਉਹ ਮਨਮੁੱਖ ਹੀ ਰਹਿੰਦੇ ਹਨ ਅਤੇ ਆਵਾਗਉਣ ਦੇ ਗੇੜ ਵਿੱਚ ਪਏ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਔਗੁਣ ਹੀ ਮੋਹ ਲੈਂਦੇ ਹਨ ਜੋ ਕਿ ਸਾਡੇ ਦੁੱਖਾਂ ਦਾ ਕਾਰਨ ਹਨ **(ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ॥੧॥ਰਹਾਉ॥)**। ਸਾਡਾ ਆਵਾ ਗਉਣ ਸਾਡੇ ਮਨ ਦੇ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ ਤਾਂ ਫਿਰ ਸਮਝੋ ਕਿ ਸਾਨੂੰ ਹਰਿ ਹਰਿ ਕਰਨ ਦੀ ਸਮਝ ਵੀ ਲੱਗ ਗਈ।

ਪਿੱਛਲੇ ਸ਼ਬਦ ਰਾਹੀਂ ਬੜਾ ਸਪਸ਼ੱਟ ਸਮਝਾਇਆ ਹੈ ਕਿ ਜਦ ਤੱਕ ਸਾਡੇ ਅੰਦਰ ਹਉਮੈ ਰੂਪ ਮੈਲ ਹੈ, ਸਾਡੇ ਮਨ ਵਿੱਚ ਵਿਕਾਰ ਹਨ ਤਦ ਤੱਕ ਭਗਤੀ ਹੋ ਹੀ ਨਹੀਂ ਸਕਦੀ ਭਾਵ ਮੈਲ ਦੇ ਰਹਿੰਦਿਆਂ ਅਸੀਂ ਜੋ ਕੁੱਝ ਵੀ ਆਪਣੇ ਵੱਲੋਂ ਕਰਮ ਧਰਮ ਕਰਦੇ ਹਾਂ, ਉਹ ਭਗਤੀ ਨਹੀਂ ਹੈ ਅਤੇ ਨਾ ਹੀ ਇਹੋ ਜਿਹੀ ਭਗਤੀ ਦੁਆਰਾ ਨਾਮ ਨੂੰ ਪਾਇਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। **(ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥)**। ਸਾਡੇ ਜੀਵਨ ਦਾ ਮਨੋਰਥ, ਭਗਤੀ ਦਾ ਮਨੋਰਥ ਨਾਮ ਦੀ ਪ੍ਰਾਪਤੀ ਕਰਨਾ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੀ ਹੈ ਤੇ ਉਸ ਦੇ ਨਾਲ ਮੇਲ ਮਨ ਦੀ ਮੈਲ ਧੁਪਣ ਨਾਲ ਹੀ ਹੋ ਸਕਦਾ ਹੈ ਤੇ ਅੱਖਰ ਦੇ ਜਪ ਨਾਲ ਇਹ ਮੈਲ ਕਦੇ ਨਹੀਂ ਧੁਪ ਸਕਦੀ। ਕੇਵਲ ਹਰਿ ਹਰਿ ਕਰਨ ਦੁਆਰਾ ਸਾਡੀ ਮੈਲ ਉਤਰ ਵੀ ਕਿਵੇਂ ਸਕਦੀ ਹੈ ਕਿਉਂਕਿ ਐਸਾ ਕਰਨ ਨਾਲ ਸਾਨੂੰ ਗਿਆਨ ਤਾਂ ਕੋਈ ਮਿਲਦਾ ਨਹੀਂ, ਸਾਨੂੰ ਗੁਰੂ ਦੀ ਗੱਲ ਤਾਂ ਕੋਈ ਸਮਝ ਨਹੀਂ ਆਉਂਦੀ। ਅਸੀਂ ਗਿਆਨ ਦੀ ਬਜਾਇ ਕੇਵਲ ਗਿਆਨ ਦੇ ਅੱਖਰਾਂ ਨੂੰ ਪੂਜਦੇ ਹਾਂ, ਅੱਖਰ ਰੂਪੀ ਮੰਤ੍ਰ ਨੂੰ ਪੂਜਦੇ ਹਾਂ। ਸਾਡੇ ਅੰਦਰੋਂ ਅਗਿਆਨਤਾ ਗੁਰੂ ਦੇ ਗਿਆਨ ਦੁਆਰਾ ਨਿਕਲਣੀ ਹੈ ਨਾ ਕਿ ਅੱਖਰਾਂ ਨੂੰ ਬੋਲਣ ਦੁਆਰਾ। ਬਸ ਇਸੇ ਗੱਲ ਨੂੰ ਵਿਚਾਰਨ ਦੀ ਲੋੜ ਹੈ **(ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥)**।

2/65

ਇਹ ਅੱਖਰ ਦਾ ਪੂਜਣਾ ਕੀ ਹੈ, ਅੱਖਰਾਂ ਦੇ ਮੰਤ੍ਰ ਦਾ ਪੂਜਣ ਕੀ ਹੈ ਅਤੇ ਇਸ ਨਾਲ ਸਾਨੂੰ ਕੀ ਮਿਲਦਾ ਹੈ ਇਹ ਗੱਲ ਗੁਰਬਾਣੀ ਵਿੱਚ ਬੜੀ ਸਪੱਸ਼ਟ ਸਮਝਾਈ ਹੋਈ ਹੈ, ਜਿਸਦਾ ਜ਼ਿਕਰ ਅੱਗੇ ਜਾ ਕੇ ਕੀਤਾ ਜਾਵੇਗਾ। ਹੁਣ ਅਗਲੇ ਸ਼ਬਦ ਰਾਹੀਂ ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ ਉਸ ਬਾਰੇ ਰੌਸ਼ਨੀ ਪਾਈ ਹੋਈ ਹੈ। ਆਓ ਹੇਠ ਲਿਖੇ ਸ਼ਬਦ ਨੂੰ ਚੰਗੀ ਤਰ੍ਹਾਂ ਵਿਚਾਰੀਏ ਅਤੇ ਜਾਣੀਏ ਕਿ ਨਾਮ ਜਪਣਾ ਕੀ ਹੈ, ਭਗਤੀ ਕੀ ਹੈ।

“ਇਕਨਾ ਮਰਣੁ ਨ ਚਿਤਿ ਆਸ ਘਣੇਰਿਆ॥
ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ॥
ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ॥
ਜਮਰਾਜੈ ਨਿਤ ਨਿਤ ਮਨਮੁਖ ਹੇਰਿਆ॥
ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ॥
ਬਧੇ ਕਰਨਿ ਸਲਾਮ ਖਸਮ ਨ ਭਾਣਿਆ॥
ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ॥
ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ॥੧੧॥”

(ਅੰਗ ੧੪੩)

ਇਸ ਸ਼ਬਦ ਦੇ ਅਰਥ ਸਮਝਣ ਤੋਂ ਪਹਿਲਾਂ ਸਾਡੇ ਲਈ ਇਹ ਸਮਝਣਾ ਜਰੂਰੀ ਹੈ ਕਿ “ਮਰਣ” ਕਿਸ ਨੂੰ ਆਖਿਆ ਹੈ। ਇਸ ਮਰਣ ਵਿੱਚ ਹੀ ਸਾਰੀ ਭਗਤੀ ਦਾ ਭੇਦ ਹੈ। ਇਹ ਮਰਨ ਕੋਈ ਸਰੀਰ ਦਾ ਮਰਨ ਨਹੀਂ ਹੈ। ਸਰੀਰ ਦਾ ਮਰਨ ਤਾਂ ਸਭ ਨੂੰ ਚੇਤੇ ਹੈ, ਸਭ ਨੂੰ ਪਤਾ ਹੈ ਕਿ ਇੱਕ ਦਿਨ ਇਸ ਦੁਨੀਆਂ ਤੋਂ ਜਾਣਾ ਹੀ ਹੈ। ਇਸ ਮਰਨ ਤੋਂ ਭਾਵ ਜੀਉਂਦੇ ਜੀਅ ਮਰਨ ਤੋਂ ਹੈ, ਜਿਹੋ ਜਿਹਾ ਮਰਨ ਸਾਨੂੰ ਗੁਰਬਾਣੀ ਵਿੱਚ ਸਮਝਾਇਆ ਹੋਇਆ ਹੈ। ਸਾਡਾ ਅਸਲ ਮਰਨ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜੋ ਗੁਰੂ ਦੇ ਸ਼ਬਦਾਂ ਦੀ ਸਮਝ ਨੂੰ ਮੰਨ ਕੇ ਆਪਣੀ ਮਾੜੀ ਸਮਝ ਨੂੰ ਮਾਰਨਾ ਹੈ, ਆਪਣੀ ਹਉਮੈ ਨੂੰ ਮਾਰਨਾ ਹੈ ਤੇ ਹੇਠਾਂ ਲਿਖੀਆਂ ਪੰਗਤੀਆਂ ਨੂੰ ਵਿਚਾਰ ਕੇ ਵੀ ਇਹ ਮਰਨ ਕੀ ਹੈ, ਇਸ ਦੀ ਸੋਝੀ ਪੈ ਜਾਵੇਗੀ।

{ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥੧॥}

(ਅੰਗ ੧੧੦੨)

{ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥}

(ਅੰਗ ੧੪੧੨)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥}

(ਅੰਗ ੧੦੧੦)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥
ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥}

(ਅੰਗ ੨੯੬)

{ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥੧॥}

(ਅੰਗ ੫੫੫)

ਇਸ ਮਰਨ ਨੂੰ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਹ ਗੁਰੂ ਦੇ ਸ਼ਬਦ ਦੁਆਰਾ ਮਰਨਾ ਹੈ, ਇਹ ਆਪਣੇ ਮਨ ਦਾ ਮਾਰਨ ਹੈ, ਇਹ ਸਾਡੇ ਮਨ ਦੀਆਂ ਇੱਛਾਵਾਂ ਦਾ ਮਾਰਨ ਹੈ, ਇਹ ਸਾਡੇ ਅੰਦਰੋਂ ਔਗੁਣਾਂ ਦਾ ਮਰਨ ਹੈ ਜਿਵੇਂ ਕਿ ਅਸੀਂ ਪਿੱਛੇ ਕਈ ਸ਼ਬਦਾਂ ਦੁਆਰਾ ਸਮਝਿਆ ਹੈ। ਬਾਣੀ ਵਿੱਚ ਵਾਰ-ਵਾਰ ਆਪਣੀ ਹਉਮੈ ਨੂੰ ਮਾਰਨ ਦੀ ਗੱਲ ਆਉਂਦੀ ਹੈ। ਹਉਮੈ ਦਾ ਮਰਨਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ। ਹਉਮੈ ਦਾ ਮਰਨਾ ਹੀ ਸਾਡਾ ਜਿਉਂਦੇ ਜੀਅ ਮਰਨਾ ਹੈ। ਆਪਣੇ ਅੰਦਰ ਹਉਮੈ ਦੇ ਹੁੰਦਿਆਂ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋ ਵੱਖਰਾ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ, ਅਗਿਆਨਤਾ ਹੈ। ਹਉਮੈ ਮਰਨ ਨਾਲ ਸਾਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਾਡੇ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਸਾਡੀ ਮੈਂ ਦਾ ਮਰਨਾ ਹੀ ਸਾਡਾ ਮਰਨ ਹੈ। ਇਹ ਮੈਂ ਸਾਡੀ ਅਗਿਆਨਤਾ ਵਾਲੀ ਸਮਝ ਹੈ। ਸਾਡੇ ਮਨ ਦੀ ਅਗਿਆਨਤਾ ਦਾ ਮਰਨਾ ਹੀ ਸਾਡਾ ਮਰਨ ਹੈ। ਇਸ ਮਰਨ ਤੋਂ ਬਾਅਦ ਹੀ ਸਾਡਾ ਜਿਉਂਦੇ ਜੀਅ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੁੰਦਾ ਹੈ ਜੋ ਜਨਮ ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਹੁੰਦਾ ਹੈ, ਆਪਣੇ ਆਪ ਦੀ ਅਸਲੀਅਤ ਜਾਨਣ ਦੁਆਰਾ ਹੁੰਦਾ ਹੈ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦਾ ਹੈ ਤੇ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਪ੍ਰਮਾਤਮਾ ਆਪ ਹੀ ਮਨੁੱਖੀ ਮਨ ਨੂੰ ਉਸਦੀ ਅਸਲੀਅਤ ਸਮਝਾਉਂਦਾ ਹੈ। ਮਨੁੱਖ ਦਾ ਅਸਲ ਜੀਵਨ ਹਉਮੈ ਖਤਮ ਹੋਣ ਤੋਂ ਬਾਅਦ ਹੀ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਹੀ ਮਨ ਦੀ ਸੱਚੀ ਸਮਝ ਦੁਆਰਾ ਹੁੰਦਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਦਾ ਅਸਲ ਜਿਉਣਾ ਸ਼ੁਰੂ ਹੁੰਦਾ ਹੈ ਜੋ ਕਿ ਗੁਰਮਤਿ ਦੀ ਸੱਚੀ ਸਮਝ ਦੁਆਰਾ ਜਿਉਣਾ ਹੈ, ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦੁਆਰਾ ਜਿਉਣਾ ਹੈ। ਇਹ "ਜਿਉਣਾ" ਮਨ ਦੇ ਵਿੱਚ ਆਪਣੀ ਸੱਚੀ ਭਗਤੀ ਸਮਝਾਉਣ ਦੁਆਰਾ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਮਨ ਦੇ ਵਿੱਚ ਗਿਆਨ ਪ੍ਰਮਾਤਮਾ ਆਪਣੇ ਸ਼ਬਦਾਂ ਦੇ ਰੂਪ ਵਿੱਚ ਹੀ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ ਤੇ ਸ਼ਬਦਾਂ ਦੀ ਵਿਚਾਰ ਦੇ ਅਨੁਸਾਰ ਆਪਣੀ ਅਗਿਆਨਤਾ ਵਾਲੀ, ਹਉਮੈ ਵਾਲੀ ਸਮਝ ਨੂੰ ਮਾਰਨਾ, ਖਤਮ ਕਰਨਾ ਹੀ ਸਾਡਾ "ਮਰਨ" ਹੈ ਜਿਸ ਮਰਨ ਦੀ ਮੁੱਖ ਸ਼ਬਦ ਵਿੱਚ ਗੱਲ ਕੀਤੀ ਹੋਈ ਹੈ। ਇਹ ਸ਼ਬਦ ਦੁਆਰਾ ਮਰਨਾ ਹੈ ਭਾਵ ਸ਼ਬਦਾਂ ਦੇ ਗਿਆਨ ਦੁਆਰਾ ਆਪਣੀ ਅਗਿਆਨਤਾ ਵਾਲੀ ਸਮਝ ਨੂੰ ਮਾਰਨਾ ਹੈ। ਸਬਦਾਂ ਦੇ ਗਿਆਨ ਦੁਆਰਾ ਸਾਨੂੰ ਗੁਰਮਤਿ ਦੀ ਸੱਚੀ ਸਮਝ ਹੀ ਪੈਂਦੀ ਹੈ ਜਿਸ ਦੁਆਰਾ ਸਾਡੇ ਅੰਦਰ ਦੀ ਮਨਮਤਿ ਖਤਮ ਹੁੰਦੀ ਹੈ, ਦੁਰਮਤਿ ਖਤਮ ਹੁੰਦੀ ਹੈ, ਮਾਇਆ ਮੋਹ ਖਤਮ ਹੁੰਦਾ ਹੈ, ਤ੍ਰਿਸ਼ਨਾਵਾਂ ਖਤਮ ਹੁੰਦੀਆਂ ਹਨ, ਮਨ ਵਿੱਚੋਂ ਸਾਰੇ ਔਗੁਣਾਂ ਵਾਲੇ ਵਿਚਾਰ ਨਿਕਲਦੇ ਹਨ ਭਾਵ ਮਨੁੱਖ ਨੂੰ ਭਗਤੀ ਦੀ ਸੱਚੀ ਸਮਝ ਪੈਂਦੀ ਹੈ ਜਿਸ ਦੁਆਰਾ ਉਹ "ਮਨੁੱਖੀ ਰੂਪ" ਪ੍ਰਮਾਤਮਾ ਦਾ ਰੂਪ ਬਣਨ ਦੁਆਰਾ ਆਪਣੇ ਜੀਵਨ ਵਿੱਚ ਵਿਚਰਦਾ ਹੈ। ਇਹ ਮਨੁੱਖ ਦਾ ਅਸਲ ਜਿਉਣਾ ਹੈ ਜੋ ਸੱਚਾ ਜੀਵਨ ਸਾਨੂੰ ਗੁਰਬਾਣੀ ਵਾਰ-ਵਾਰ ਸਮਝਾ ਰਹੀ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਆਪ ਨੂੰ ਇਸ ਤਰੀਕੇ ਮਾਰ ਕੇ ਸੱਚਾ ਸੁੱਚਾ ਜੀਵਨ ਬਤੀਤ ਕੀਤਾ ਹੈ, ਭਗਤੀ ਵਾਲਾ ਜੀਵਨ ਬਤੀਤ ਕੀਤਾ ਹੈ ਤੇ ਉਹੋ ਜਿਹਾ ਮਰਨ ਹੀ ਸਾਰੇ ਸੰਸਾਰ ਨੂੰ ਸਮਝਾਇਆ ਹੈ। ਉਹ ਪ੍ਰਮਾਤਮਾ ਦਾ ਰੂਪ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਸ਼ਬਦਾਂ ਦੇ ਗਿਆਨ ਦੁਆਰਾ ਆਪਣੇ ਜੀਵਨ ਵਿੱਚ ਮਾਰਿਆ ਹੈ ਤੇ ਸੰਸਾਰ ਨੂੰ ਅਸਲ ਮਰਨ ਸਮਝਾਇਆ ਹੈ। ਮਨੁੱਖ ਦਾ ਇਹੋ ਜਿਹਾ ਜੀਵਨ ਪ੍ਰਮਾਤਮਾ ਦੀ ਭਗਤੀ ਹੈ, ਸੇਵਾ ਹੈ, ਉਸਦਾ ਨਾਮ ਜਪਣਾ ਹੈ। ਭਗਤੀ ਦਾ ਮਾਰਗ ਇੱਕ ਹੀ ਹੈ ਪਰ ਬਾਣੀ ਦੀ ਕਮਾਲ ਇਸ ਗੱਲ ਦੀ ਹੈ ਕਿ ਇੱਕੋ ਗੱਲ ਨੂੰ ਸੈਂਕੜੇ, ਹਜ਼ਾਰਾਂ, ਸ਼ਬਦਾਂ ਦੁਆਰਾ ਵੱਖਰੇ-ਵੱਖਰੇ ਢੰਗ ਨਾਲ ਸਮਝਾਇਆ ਗਿਆ ਹੈ। ਭਗਤੀ ਇੱਕੋ ਹੀ ਹੈ, ਸਿਰਫ ਗੁਰੂ ਦੇ ਹਰ ਸ਼ਬਦ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ।

2/66

ਉੱਪਰ ਮੁੱਖ ਸ਼ਬਦ ਰਾਹੀਂ ਸਮਝਾਇਆ ਇਹ ਹੈ ਕਿ ਭਗਤੀ ਦੇ ਅਸਲ ਮਨੋਰਥ ਨੂੰ ਤਾਂ ਅਸੀਂ ਸਮਝਿਆ ਨਹੀਂ ਭਾਵ ਭਗਤੀ ਕਿਵੇਂ ਕਰਨੀ ਹੈ, ਉਸਦੀ ਸਾਨੂੰ ਸਮਝ ਨਹੀਂ ਲੱਗੀ ਭਾਵ ਜਿਹੋ ਜਿਹੀ ਅਸੀਂ ਭਗਤੀ ਕਰ ਰਹੇ ਹਾਂ ਭਾਵ ਜਿਹੋ ਜਿਹੇ ਆਪਣੀ ਮਤਿ ਅਨੁਸਾਰ ਕਰਮ ਧਰਮ ਵਾਲੇ ਕੰਮ ਕਰ ਰਹੇ ਹਾਂ, ਬਾਣੀ ਪੜ੍ਹਦੇ ਸੁਣਦੇ ਹਾਂ, ਹਰਿ ਹਰਿ ਕਰਦੇ ਹਾਂ ਲੇਕਿਨ ਆਪਣੇ

ਔਗੁਣਾਂ ਦਾ ਤਿਆਗ ਨਹੀਂ ਕਰਦੇ ਤੇ ਪਰ ਇਹੋ ਜਿਹੀ ਭਗਤੀ ਕਰਨ ਦੇ ਨਾਲ ਅਸੀਂ ਆਪਣੀਆਂ ਆਸਾਂ ਬਹੁਤ ਉੱਚੀਆਂ ਲਾਈਆਂ ਹੋਈਆਂ ਹਨ ਕਿ ਅਸੀਂ ਪ੍ਰਮਾਤਮਾ ਨਾਲ ਮਿਲ ਜਾਵਾਂਗੇ। **(ਇਕਨਾ ਮਰਣੁ ਨ ਚਿਤਿ ਆਸ ਘਣੇਰਿਆ॥)** ਸਮਝਾਇਆ ਇਹ ਹੈ ਕਿ ਇਹੋ ਜਿਹੀ ਭਗਤੀ ਸਾਡੀ ਕਿਸੇ ਲੇਖੇ ਨਹੀਂ ਪੈਂਦੀ। ਆਪਣੇ ਵੱਲੋਂ ਤਾਂ ਅਸੀਂ ਜਪ ਕਰ-ਕਰ ਕੇ "ਮਰਨ" ਮਰ ਰਹੇ ਹਾਂ, ਸ਼ਬਦਾਂ ਨੂੰ ਕਥੀ ਜਾਣ ਨਾਲ ਸ਼ਬਦ ਮਰਣਾ ਸਮਝਦੇ ਹਾਂ ਲੇਕਿਨ ਇਹ ਅਸਲੀ ਮਰਨ ਨਹੀਂ ਹੈ ਭਾਵ ਅਸੀਂ ਨਾਲ ਦੇ ਨਾਲ ਜੰਮੀ ਜਾਂਦੇ ਹਾਂ, ਜਨਮ ਲਈ ਜਾਂਦੇ ਹਾਂ ਭਾਵ ਸਾਡੀ ਮਾੜੀ ਸਮਝ, ਹਉਮੈ ਫਿਰ ਜੰਮ ਪੈਂਦੀ ਹੈ ਜਿਸ ਨੂੰ ਮਾਰਣ ਲਈ ਅਸੀਂ ਗੁਰੂ ਦੀ ਮਤਿ ਨੂੰ ਪੜਿਆ, ਸੁਣਿਆ, ਆਪਣੇ ਵੱਲੋਂ ਭਗਤੀ ਕੀਤੀ ਪਰ ਸਾਡੇ ਔਗੁਣ ਨਾਲ ਹੀ ਰਹਿੰਦੇ ਹਨ। ਭਗਤੀ ਦਾ ਅਸਲ ਮਕਸਦ ਔਗੁਣਾਂ ਨੂੰ ਮਾਰਨ ਦਾ ਹੈ, ਗੁਣਾਂ ਦੁਆਰਾ ਵਿਚਰਨ ਦਾ ਹੈ। ਇਸ ਲਈ ਇਹੋ ਜਿਹਾ ਮਰਨ ਸਾਡੇ ਕਿਸੇ ਕੰਮ ਨਹੀਂ ਆਉਂਦਾ **(ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ॥)**। ਇਹ ਭਗਤੀ ਦਾ ਮਾਰਗ ਸਾਡਾ ਆਪਣਾ ਹੀ ਬਣਾਇਆ ਹੋਇਆ ਹੈ ਭਾਵ ਸਾਡੇ ਆਪਣੇ ਮਨ ਦੀ ਖੋਜ ਹੈ ਭਾਵ ਬਿਨ੍ਹਾਂ ਔਗੁਣ ਤਿਆਗਣ ਵਾਲੀ ਭਗਤੀ ਦੁਆਰਾ ਅਸੀਂ ਆਪਣੇ ਆਪ ਨੂੰ ਚੰਗਾ ਕਹੀ ਜਾਂਦੇ ਹਾਂ। **(ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ॥)** ਅਸੀਂ ਇੱਕ ਝੂਠੀ ਤਸੱਲੀ ਕਰ ਕੇ ਬੈਠੇ ਹੋਏ ਹਾਂ ਕਿ ਅਸੀਂ ਸਹੀ ਭਗਤੀ ਦੇ ਮਾਰਗ ਤੇ ਚੱਲ ਰਹੇ ਹਾਂ। ਹਰ ਕੋਈ ਇਸੇ ਝੂਠੀ ਆਸ ਵਿੱਚ ਹੀ ਬੈਠਾ ਹੈ ਤੇ ਇਸੇ ਕਰਕੇ ਅਸੀਂ ਇੱਕ ਦੂਸਰੇ ਨੂੰ ਸਲਾਹੀ ਜਾਂਦੇ ਹਾਂ, ਕਦਰ ਪਾਈ ਜਾਂਦੇ ਹਾਂ। ਇਹੋ ਜਿਹੀ ਭਗਤੀ ਕਰਨ ਦੁਆਰਾ ਮਨੁੱਖ ਮਨਮੁੱਖ ਹੀ ਰਹਿੰਦਾ ਹੈ ਕਿਉਂਕਿ ਉਸ ਨੂੰ ਹਰ ਵੇਲੇ ਜਮਾ ਨੇ ਭਾਵ ਮਨ ਦੇ ਮਾੜੇ ਵਿਚਾਰਾਂ ਨੇ, ਔਗੁਣਾਂ ਨੇ ਘੇਰਿਆ ਹੁੰਦਾ ਹੈ **(ਜਮਰਾਜੈ ਨਿਤ ਨਿਤ ਮਨਮੁਖ ਹੇਰਿਆ॥)**। ਨਾਲ ਹੀ ਮਨਮੁੱਖ ਨੂੰ ਭਾਵ ਔਗੁਣਾਂ ਵਾਲੇ ਮਨੁੱਖ ਨੂੰ ਗੁਰੂ ਸਾਹਿਬ ਨੇ ਲੂਣ ਹਰਾਮੀ ਆਖਿਆ ਹੈ। ਨਾਲ ਇਹ ਵੀ ਸਮਝਾਇਆ ਹੈ ਕਿ ਮਨਮੁੱਖ ਲੂਣ ਹਰਾਮੀ ਕਿਸ ਕਰਕੇ ਹੈ, ਜੋ ਕਿ ਇਸ ਤਰੀਕੇ ਸਮਝਾਇਆ ਹੋਇਆ ਹੈ। **"ਕਿਆ ਨ ਜਾਣਿਆ॥"**। ਇਸ ਤੋਂ ਭਾਵ ਹੈ ਕਿ ਜੋ ਸਾਨੂੰ ਗੁਰੂ ਨੇ "ਕਿਆ" ਭਾਵ ਕਹਿਆ, ਅਸੀਂ ਉਸ ਗੱਲ ਨੂੰ ਨਹੀਂ ਜਾਣਿਆ ਭਾਵ ਨਹੀਂ ਸਮਝਿਆ, ਨਹੀਂ ਮੰਨਿਆ ਪਰ ਫਿਰ ਵੀ ਆਪਣੇ ਆਪ ਨੂੰ ਗੁਰੂ ਦੀ ਭਗਤੀ ਵਾਲੇ ਅਖਵਾਇਆ, ਗੁਰੂ ਦੀ ਮਤਿ ਦੀ ਸਮਝ ਰੱਖਣ ਵਾਲੇ ਅਖਵਾਇਆ। ਲੂਣ ਹਰਾਮ ਇਸ ਲਈ ਕਿਹਾ ਹੈ ਕਿ ਇਹੋ ਜਿਹੇ ਮਨੁੱਖ ਆਪਣੀ ਬਣਾਈ ਹੋਈ ਮਰਿਯਾਦਾ ਦੇ ਬੰਨ੍ਹੇ ਹੋਏ ਭਗਤੀ ਕਰਦੇ ਹਨ, ਆਪਣੀ ਮਤਿ ਦੇ ਬੱਝੇ ਹੋਏ ਭਗਤੀ ਕਰਦੇ ਹਨ ਜੋ ਕਿ ਭਗਤੀ ਦਾ ਮਾਰਗ ਨਹੀਂ ਹੈ। **(ਬਧੇ ਕਰਨਿ ਸਲਾਮ)**। ਪਰ ਇਹੋ ਜਿਹੀ ਭਗਤੀ ਪ੍ਰਮਾਤਮਾ ਨੂੰ ਬਿਲਕੁਲ ਨਹੀਂ ਭਾਉਂਦੀ। **(ਖਸਮ ਨ ਭਾਣਿਆ)**

ਭਗਤੀ ਦੀ ਮਰਿਆਦਾ ਕੇਵਲ ਇੱਕੋ ਹੀ ਹੈ ਜੋ ਕਿ ਔਗੁਣਾਂ ਦਾ ਤਿਆਗ ਹੈ। ਇਹ ਭਗਤੀ ਗੁਰੂ ਦੀ ਦੱਸੀ ਹੋਈ ਮਰਿਆਦਾ ਹੈ। ਪ੍ਰਮਾਤਮਾ ਨੂੰ ਭਗਤੀ ਉਹ ਹੀ ਕਬੂਲ ਹੋ ਸਕਦੀ ਹੈ ਜੋ ਉਸਦੀ ਆਪਣੀ ਦੱਸੀ ਹੋਈ ਮਰਿਆਦਾ ਅਨੁਸਾਰ ਹੋਵੇ।

2/67

ਹੋਰ ਕਿਸੇ ਵੀ ਤਰੀਕੇ ਦੁਆਰਾ ਕੀਤੀ ਹੋਈ ਭਗਤੀ ਭਾਵ ਬਿਨ੍ਹਾਂ ਮਨ ਦੇ ਮਾਰਨ ਦੁਆਰਾ ਕੀਤੀ ਹੋਈ ਭਗਤੀ ਪ੍ਰਮਾਤਮਾ ਨੂੰ ਨਹੀਂ ਭਾਉਂਦੀ। ਲੂਣ ਹਰਾਮੀ ਉਸ ਨੂੰ ਕਹਿੰਦੇ ਹਨ ਜੋ ਕਿਸੇ ਦੇ ਕੀਤੇ ਹੋਏ ਨੂੰ ਨਾ ਮੰਨੇ। ਅਸੀਂ ਪ੍ਰਮਾਤਮਾ ਦੀ ਬਣਾਈ ਹੋਈ ਦੁਨੀਆਂ ਵਿੱਚ ਅਨੇਕਾਂ ਹੀ ਭੋਗ, ਭੋਗ ਰਹੇ ਹਾਂ, ਪਦਾਰਥਾਂ ਦੀ ਵਰਤੋਂ ਕਰ ਰਹੇ ਹਾਂ ਪਰ ਪ੍ਰਮਾਤਮਾ ਦੇ ਇਸ ਉਪਕਾਰ ਨੂੰ ਭੁੱਲੇ ਹੋਏ ਹਾਂ। ਉਸ ਦੇ ਕੀਤੇ ਹੋਏ ਨੂੰ ਜਾਣ ਨਹੀਂ ਰਹੇ। ਪ੍ਰਮਾਤਮਾ ਸਾਡੇ ਕੋਲੋਂ ਕੇਵਲ ਗੁਣਾਂ ਦੀ ਮੰਗ ਕਰਦਾ ਹੈ ਤੇ ਉਸਦਾ ਉਪਕਾਰ, ਉਸਦੀ ਦੁਨੀਆਂ ਵਿੱਚ ਕੇਵਲ ਗੁਣਾਂ ਦੁਆਰਾ ਵਿਚਰ ਕੇ ਹੀ ਚੁਕਾਇਆ ਜਾ ਸਕਦਾ ਹੈ, ਚੰਗੇ ਤੇ ਸੱਚੇ ਸੁੱਚੇ ਕਰਮ ਕਰਕੇ ਹੀ ਚੁਕਾਇਆ ਜਾ ਸਕਦਾ ਹੈ, ਨਹੀਂ ਤਾਂ ਅਸੀਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਲੂਣ ਹਰਾਮ ਹੀ ਰਹਾਂਗੇ। {**ਗੁਨਹਗਾਰ ਲੂਣ ਹਰਾਮੀ ॥**} ਅੰਗ - 739 । ਗੁਰੂ ਦੀ ਮਤਿ ਸਾਨੂੰ ਚੰਗੇ ਕੰਮ ਕਰਨੇ ਸਿਖਾਉਂਦੀ ਹੈ ਤੇ ਜੋ ਗੁਰੂ ਦੀ ਮਤਿ ਤੇ ਅਮਲ ਨਹੀਂ ਕਰਦਾ ਉਹ ਲੂਣ ਹਰਾਮੀ ਹੈ।ਪ੍ਰਮਾਤਮਾ ਨੂੰ ਕੇਵਲ ਸੱਚ ਹੀ ਚੰਗਾ ਲੱਗਦਾ ਹੈ ਤੇ ਜਦੋਂ ਮਨੁੱਖ ਦੇ ਅੰਦਰ ਸੱਚ ਵੱਸ ਜਾਂਦਾ ਹੈ ਤਾਂ ਉਸ ਦਾ ਮੁੱਖ ਨਾਮ ਵਾਲਾ ਹੋ ਸਕਦਾ ਹੈ ਭਾਵ ਉਸ ਮਨੁੱਖ ਦੇ ਮੂੰਹੋਂ ਸੱਚ ਹੀ ਨਿਕਲਦਾ ਹੈ, ਉਹ ਵਿਕਾਰਾਂ ਵਾਲੀ ਬਿਰਤੀ ਤਿਆਗ ਦਿੰਦਾ ਹੈ ਪਰ ਇਹ ਤਾਂ ਹੀ ਹੋ ਸਕਦਾ ਹੈ ਜਦੋਂ ਕਿਸੇ ਨੂੰ ਪ੍ਰਮਾਤਮਾ ਦੇ ਕੋਲੋਂ ਉਸ ਦਾ ਨਾਮ ਮਿਲ ਜਾਵੇ ਤੇ ਪ੍ਰਮਾਤਮਾ ਆਪਣਾ ਨਾਮ ਉਸ ਨੂੰ ਹੀ ਬਖਸ਼ਦਾ ਹੈ ਜੋ ਮਨੁੱਖ ਪ੍ਰਮਾਤਮਾ ਨੂੰ ਭਾਉਂਦਾ ਹੈ ਤੇ ਪ੍ਰਮਾਤਮਾ ਨੂੰ ਉਹੀ ਮਨੁੱਖ ਭਾਉਂਦਾ ਹੈ ਜੋ ਪਹਿਲੇ ਸੱਚ ਤੇ ਚੱਲਣ ਦਾ ਉੱਦਮ ਕਰਦਾ ਹੈ ਭਾਵ ਔਗੁਣ ਛੱਡਣ ਦਾ ਉੱਦਮ ਕਰਦਾ ਹੈ। **(ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ॥)** ਅੱਗੇ ਹੋਰ ਵੀ ਇਹ ਸਮਝਾਇਆ ਹੈ ਕਿ ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ ਭਾਵ ਜਿਹੋ ਜਿਹੀ ਭਗਤੀ ਅਸੀਂ ਔਗੁਣਾਂ ਵਿੱਚ ਰਹਿੰਦੇ ਹੋਏ ਕਰਦੇ ਹਾਂ, ਆਪਣੇ ਵੱਲੋਂ ਅਸੀਂ ਇਹੋ ਜਿਹੀ ਭਗਤੀ ਦੁਆਰਾ, ਸਰੀਰਕ ਮੱਥੇ ਟੇਕਣ ਦੁਆਰਾ ਗੁਰੂ

ਪ੍ਰਮਾਤਮਾ ਨੂੰ ਆਪਣੀ ਸਲਾਮ ਹੀ ਕਰਦੇ ਹਾਂ ਪਰ ਜਿਹੋ ਜਿਹੇ ਮਾੜੇ ਕਰਮ ਕਰਦੇ ਹਾਂ, ਇਨ੍ਹਾਂ ਮਾੜੇ ਕਰਮਾਂ ਦਾ ਲੇਖਾ ਸਾਨੂੰ ਭੁਗਤਣਾ ਹੀ ਪੈਂਦਾ ਹੈ। ਆਪਣੇ ਵੱਲੋਂ ਤਾਂ ਅਸੀਂ ਪ੍ਰਮਾਤਮਾ ਨੂੰ ਸਲਾਮ ਹੀ ਕਰਦੇ ਹਾਂ, ਭਗਤੀ ਰਾਹੀਂ ਕਰਦੇ ਹਾਂ, ਪਰ ਇਹ ਸਾਡੇ ਕੰਮ ਨਹੀਂ ਆਉਂਦੀ। **(ਕਰਸਨਿ ਤਖਤਿ ਸਲਾਮੁ)** ਪਰ ਇਹੋ ਜਿਹੀ ਸਲਾਮ ਪ੍ਰਮਾਤਮਾ ਨੂੰ ਨਹੀਂ ਭਾਉਂਦੀ ਕਿਉਂਕਿ ਅਸੀਂ ਔਗੁਣਾਂ ਵਿੱਚ ਰਹਿੰਦੇ ਹੋਏ ਮਾੜੇ ਕਰਮ ਕਰਦੇ ਹਾਂ ਅਤੇ ਕਰਮਾਂ ਦਾ ਲੇਖਾ ਭੁਗਤਣਾ ਹੀ ਪੈਣਾ ਹੈ **(ਲਿਖਿਆ ਪਾਵਸੀ॥)**। ਅਸਲ ਵਿੱਚ ਪ੍ਰਮਾਤਮਾ ਦੀ ਭਗਤੀ ਹੈ ਹੀ ਔਗੁਣਾਂ ਦਾ ਤਿਆਗ। ਮਾੜੇ ਕਰਮਾਂ ਦਾ ਲੇਖਾ ਤਾਂ ਭੁਗਤਣਾ ਹੀ ਪੈਂਦਾ ਹੈ, ਦੁੱਖ ਸਹਿਣੇ ਹੀ ਪੈਂਦੇ ਹਨ। (**ਇਕਨਾ ਮਰਣੁ ਨ ਚਿਤਿ ਆਸ ਘਣੇਰਿਆ॥ ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ॥ ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ॥ ਜਮਰਾਜੈ ਨਿਤ ਨਿਤ ਮਨਮੁਖ ਹੇਰਿਆ॥ ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ॥ ਬਧੇ ਕਰਨਿ ਸਲਾਮ ਖਸਮ ਨ ਭਾਣਿਆ॥ ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ॥ ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ॥**)

{ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥੨॥}

(ਅੰਗ ੪੭੪)

ਸਲਾਮ ਤਾਂ ਅਸੀਂ ਗੁਰੂ ਨੂੰ ਰੋਜ਼ ਕਰਦੇ ਹਾਂ ਪਰ ਉਸਦੀ ਗੱਲ ਮੰਨਣ ਤੋਂ ਸਾਡੇ ਵੱਲੋਂ ਜਵਾਬ ਹੈ ਭਾਵ ਅਸੀਂ ਗੱਲ ਨਹੀਂ ਮੰਨਦੇ। ਭਗਤੀ ਨੂੰ ਸਮਝਣ ਵਿੱਚ ਅਸੀਂ ਮੂਲੋਂ ਹੀ ਭੁੱਲੇ ਹੋਏ ਹਾਂ, ਘੁਥੇ ਹੋਏ ਹਾਂ। ਗੁਰੂ ਦੀ ਗੱਲ ਨੂੰ ਮੰਨੇ ਬਿਨ੍ਹਾਂ ਭਾਵ ਉਸਤੇ ਅਮਲ ਕੀਤੇ ਬਿਨ੍ਹਾਂ ਸਾਡਾ ਸਲਾਮ ਵਿਅਰਥ ਹੀ ਜਾਂਦਾ ਹੈ।

“ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ॥੧੬॥”

(ਅੰਗ ੧੪੫)

ਉੱਪਰ ਦਿੱਤੇ ਸ਼ਬਦ ਵਿੱਚ ਪ੍ਰਮਾਤਮਾ ਦੀ ਭਗਤੀ ਕੀ ਹੈ ਭਾਵ ਭਗਤ ਕੌਣ ਹੈ ਅਤੇ ਸੰਸਾਰੀ ਕੌਣ ਹੈ ਇਸ ਦਾ ਫਰਕ ਸਮਝਾਇਆ ਹੋਇਆ ਹੈ। ਭਗਤਾਂ ਤੇ ਸੰਸਾਰੀ ਮਨੁੱਖਾਂ ਵਿੱਚ ਜੋੜ ਕਦੇ ਵੀ ਨਹੀਂ ਆਇਆ ਅਤੇ ਇਹ ਜੋੜ ਕਿਉਂ ਨਹੀਂ ਆਉਂਦਾ ਭਾਵ ਉਹ ਕਿਸ ਗੱਲੋਂ ਇੱਕ ਦੂਜੇ ਤੋਂ ਵੱਖਰੇ ਹਨ ਭਾਵ ਭਗਤਾਂ ਦੀ ਕੀ ਪਹਿਚਾਣ ਹੈ ਅਤੇ ਸੰਸਾਰੀ ਲੋਕਾਂ ਦੀ ਕੀ ਪਹਿਚਾਣ ਹੈ, ਇਹ ਭੇਦ

ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਭਗਤ ਉਹ ਹੀ ਹਨ ਜੋ ਕੇਵਲ ਸੱਚ ਦੇ ਮਾਰਗ ਤੇ ਚੱਲਦੇ ਹਨ ਭਾਵ ਜਿਨ੍ਹਾਂ ਦੀ ਹਰ ਕਰਨੀ ਸੱਚੀ ਹੁੰਦੀ ਹੈ, ਜੋ ਸੱਚੀ ਕਿਰਤ ਕਰਦੇ ਹਨ ਭਾਵ ਜੋ ਸੱਚ ਦੇ ਮਾਰਗ ਨੂੰ ਅਪਣਾ ਲੈਂਦੇ ਹਨ ਭਾਵ ਜਦੋਂ ਉਨ੍ਹਾਂ ਤੇ ਪ੍ਰਮਾਤਮਾ ਦੀ ਬਖਸ਼ਿਸ ਹੋ ਜਾਂਦੀ ਹੈ। **(ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ॥)** ਇਸ ਗੱਲ ਨੂੰ ਹਰ ਵੇਲੇ ਚੇਤੇ ਰੱਖੋ ਕਿ ਭਗਤ ਉਹ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਆਪਣੀ ਭਗਤੀ ਦਾ ਸੱਚਾ ਮਾਰਗ ਪ੍ਰਮਾਤਮਾ ਆਪਣੇ ਭਗਤਾਂ ਨੂੰ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਵੀ ਸਮਝਦੇ

ਰਹਾਂਗੇ। ਜੋ ਮਨੁੱਖ ਸੱਚ ਦੇ ਉਲਟ ਚੱਲਦੇ ਹਨ, ਜੋ ਝੂਠ ਦੁਆਰਾ ਵਿਚਰਦੇ ਹਨ, ਔਗੁਣਾਂ ਦੁਆਰਾ ਵਿਚਰਦੇ ਹਨ, ਮਾੜੇ ਕਰਮ ਕਰਦੇ ਹਨ, ਉਹਨਾਂ ਨੂੰ ਸੰਸਾਰੀ ਮਨੁੱਖ ਕਿਹਾ ਹੈ। **(ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥)** ਝੂਠ ਬੋਲਣ ਨੂੰ ਜ਼ਹਿਰ ਖਾਣ ਦੇ ਬਰਾਬਰ ਦੱਸਿਆ ਹੈ। ਸੰਸਾਰੀ ਮਨੁੱਖਾਂ ਨੂੰ ਪ੍ਰਮਾਤਮਾ ਆਪ ਹੀ ਮਾੜੇ ਪਾਸੇ ਲਾ ਕੇ ਖੁਆਰ ਕਰਦਾ ਹੈ। ਪ੍ਰਮਾਤਮਾ ਦੀ ਮਨੁੱਖ 'ਤੇ ਵੱਡੀ ਕ੍ਰਿਪਾ ਇਹੀ ਹੁੰਦੀ ਹੈ ਕਿ ਉਹ ਮਨੁੱਖ ਦੇ ਔਗੁਣ ਦੂਰ ਕਰ ਦਿੰਦਾ ਹੈ ਤੇ ਇਹੀ ਮਨੁਖ ਦਾ ਉੱਦਮ ਹੋਣਾ ਚਾਹੀਦਾ ਹੈ ਜਿਸ ਨਾਲ ਮਨੁੱਖ ਦੀ ਔਗੁਣਾਂ ਵਾਲੀ ਬਿਰਤੀ ਦੂਰ ਹੋ ਜਾਵੇ। ਜਿਸ ਨੂੰ ਪ੍ਰਮਾਤਮਾ ਔਗੁਣਾਂ ਵਿੱਚ ਰੱਖਦਾ ਹੈ, ਚੰਗਿਆਈਆਂ ਤੋਂ ਦੂਰ ਰੱਖਦਾ ਹੈ, ਇਹ ਮਨੁੱਖ ਦੀ ਸਭ ਤੋਂ ਵੱਡੀ ਖੁਆਰੀ ਹੈ।

{ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥੩॥}

(ਅੰਗ ੪੧੭)

ਸੰਸਾਰੀ ਮਨੁੱਖ ਤੇ ਭਗਤ ਵਿੱਚ ਕੀ ਫਰਕ ਹੈ ਇਸ ਗੱਲ ਨੂੰ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਸੰਸਾਰੀ ਮਨੁੱਖ ਉਸ ਨੂੰ ਕਹਿਆ ਹੈ, ਭਗਤੀ ਦੀ ਨਾ-ਸਮਝ ਵਾਲਾ ਮਨੁੱਖ ਉਸ ਨੂੰ ਕਹਿਆ ਹੈ ਜੋ ਮਨੁੱਖ ਔਗੁਣ ਕਰਦਾ ਹੈ ਜਿਸ ਨੂੰ ਆਪਣੇ "ਚਲਣ" ਭਾਵ ਚਾਲ ਚੱਲਣ ਦੀ ਸਮਝ ਨਹੀਂ ਆਈ ਭਾਵ ਸੰਸਾਰੀ ਮਨੁੱਖ ਉਹ ਹੈ ਜਿਸ ਦੇ ਚਾਲ ਚੱਲਣ ਮਾੜੇ ਹਨ, ਜੀਵਨ ਦੀ ਵਿਚਰਨ ਮਾੜੀ ਹੈ, ਜੋ ਵਿਕਾਰਾਂ ਵਿੱਚ ਫਸਿਆ ਹੋਇਆ ਹੈ **(ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ॥)** ਇਸ ਦੇ ਉਲਟ ਭਗਤ ਉਹ ਹੈ ਜਿਸ ਦੇ ਚਾਲ ਚੱਲਣ ਚੰਗੇ ਹਨ। ਹੁਣ ਧਿਆਨ ਨਾਲ ਵਿਚਾਰੋ ਕਿ ਭਗਤੀ ਕਰਨੀ ਕੀ ਹੋਈ? ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਜਾਂ ਕੋਈ ਸਰੀਰਕ ਜਪ ਤਪ ਜਾਂ ਹੋਰ ਉਹੋ ਜਿਹੇ ਭਗਤੀ ਦੇ ਤਰੀਕੇ ਜੋ ਅਸੀਂ ਆਪਣੀ ਮਤਿ ਦੁਆਰਾ ਬਣਾਏ ਹੋਏ ਹਨ ਤੇ ਗੁਰਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਹੁਣ ਇਸੇ ਹੀ ਸ਼ਬਦ ਵਿੱਚੋਂ ਇਹ ਜਾਣੀਏ ਕਿ ਅਨਦਿਨ ਨਾਮ ਧਿਆਉਣਾ ਕੀ ਹੈ। ਨਾਮ ਕੇਵਲ ਭਗਤ ਧਿਆਉਂਦੇ ਹਨ। ਪਹਿਲਾਂ ਭਗਤ ਉਨ੍ਹਾਂ ਨੂੰ ਕਿਹਾ ਹੈ **"ਜਿਨੀ ਸਚੋ ਸਚੁ ਕਮਾਇਆ॥"** ਜਿਨ੍ਹਾਂ ਨੇ ਆਪਣੇ ਅੰਦਰ ਦੇ ਸਾਰੇ ਔਗੁਣਾਂ ਨੂੰ ਤਿਆਗਿਆ, ਮਨ ਦੇ ਮਾੜੇ ਵਿਚਾਰਾਂ ਨੂੰ ਤਿਆਗਿਆ ਤੇ ਸੱਚ ਦੇ ਮਾਰਗ ਤੇ ਚੱਲੇ। ਤੇ ਨਾਲ ਹੀ ਭਗਤ ਉਨ੍ਹਾਂ ਨੂੰ ਕਿਹਾ ਹੈ **"ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ॥"**। ਨਾਮ ਧਿਆਉਣ ਵਿੱਚ, ਸੱਚ ਕਮਾਉਣ ਵਿੱਚ ਜਾਂ ਚੰਗੇ ਚਾਲ ਚਲਣ ਵਾਲਾ ਬਣਨ ਵਿੱਚ ਫਰਕ ਕੀ ਹੋਇਆ। ਜੋ ਮਨੁੱਖ ਹਰ ਵੇਲੇ ਸੱਚਾ ਰਹਿੰਦਾ ਹੈ, ਜਿਸ ਦੇ ਚਾਲ ਚਲਣ ਚੰਗੇ ਹਨ ਉਹ ਹਰ ਵੇਲੇ ਗੁਰੂ ਦੀ ਮਤਿ ਨੂੰ ਮੰਨ ਰਹਿਆ ਹੈ ਭਾਵ ਹਰ ਵੇਲੇ ਨਾਮ ਜਪ ਰਿਹਾ ਹੈ ਅਤੇ ਇਸ ਦੇ ਉਲਟ ਜੋ ਮਨੁੱਖ ਔਗੁਣਾਂ ਵਿੱਚ ਹੈ ਉਹ ਹਰ ਵੇਲੇ ਅੱਠੇ ਪਹਿਰ ਨਾਮ ਤੋਂ ਦੂਰ ਹੈ। ਹੁਣ ਆਪਣੀ ਮਤਿ ਅਨੁਸਾਰ ਜੋ ਪ੍ਰਮਾਤਮਾ ਨੂੰ ਜਪ ਰਹੇ ਹਨ ਭਾਵ ਜੋ ਔਗੁਣਾਂ ਵਿੱਚ ਰਹਿੰਦਿਆਂ ਆਪਣੇ ਆਪ ਨੂੰ ਭਗਤ ਸਮਝਦੇ ਹਨ ਜਾਂ ਉਨ੍ਹਾਂ ਨੂੰ ਕੋਈ ਭਗਤੀ ਵਾਲਾ ਸਮਝਦਾ ਹੈ ਤਾਂ ਫਿਰ ਉਹ ਭੁਲੇਖੇ ਵਿੱਚ ਹਨ। ਮਨੁੱਖ ਇਹ ਭੁੱਲ ਕਰ ਸਕਦਾ ਹੈ ਭਾਵ ਉਹ ਕਿਸੇ ਸੰਸਾਰੀ ਮਨੁੱਖ ਨੂੰ ਭਗਤ ਸਮਝ ਸਕਦਾ ਹੈ ਪਰ ਪ੍ਰਮਾਤਮਾ ਆਪ ਅਭੁੱਲ ਹੈ। ਉਸ ਨੂੰ ਭੁਲਾਇਆ ਨਹੀਂ ਜਾ ਸਕਦਾ। ਜੇ ਕੋਈ ਇਹ ਸੋਚੇ

ਕਿ ਉਹ ਆਪਣੀ ਮਤਿ ਅਨੁਸਾਰ ਭਗਤੀ ਕਰੀ ਜਾਵੇ ਭਾਵ ਔਗੁਣਾਂ ਵਿੱਚ ਰਹਿੰਦੇ ਹੋਏ ਇਹ ਸਮਝੇ ਕਿ ਉਸ ਦੀ ਭਗਤੀ ਕਬੂਲ ਹੋ ਜਾਵੇਗੀ, ਸ਼ਾਇਦ ਪ੍ਰਮਾਤਮਾ ਨੂੰ ਭੁਲੇਖਾ ਲੱਗ ਜਾਵੇ ਭਾਵ ਪ੍ਰਮਾਤਮਾ ਆਪਣਾ ਅਸੂਲ ਭੁੱਲ ਜਾਵੇ, ਬਦਲ ਦੇਵੇ, ਇਹ ਨਹੀਂ ਹੋ ਸਕਦਾ। ਪ੍ਰਮਾਤਮਾ ਆਪਣਾ ਬਣਾਇਆ ਹੋਇਆ ਅਸੂਲ ਕਦੇ ਨਹੀਂ ਭੁੱਲਦਾ ਅਤੇ ਨਾ ਹੀ ਮਨੁੱਖ ਨੂੰ ਕਦੇ ਇਹ ਭੁਲੇਖਾ ਆਪਣੇ ਮਨ ਵਿੱਚ ਰੱਖਣਾ ਚਾਹੀਦਾ ਹੈ ਕਿ ਗੁਰਮਤਿ ਦੇ ਉਲਟ ਚੱਲਕੇ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕੋਈ ਭਗਤੀ ਵਾਲਾ ਬਣ ਸਕਦਾ ਹੈ। ਜੋ ਭਗਤੀ ਦਾ ਮਾਰਗ ਪ੍ਰਮਾਤਮਾ ਨੇ ਧਰਮ ਗ੍ਰੰਥਾਂ ਰਾਹੀਂ ਆਪ ਸਮਝਾਇਆ ਹੈ ਕੀ ਉਸਨੂੰ ਕੋਈ ਭੁੱਲਾ ਸਕਦਾ ਹੈ। **(ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥)**

ਪ੍ਰਮਾਤਮਾ ਦਾ ਬਣਾਇਆ ਹੋਇਆ ਅਸੂਲ ਅਡੋਲ ਹੈ, ਅਟੱਲ ਹੈ, ਉਹ ਸਾਰੇ ਜਗਤ ਲਈ ਹੈ। ਪੂਰੀ ਦੁਨੀਆਂ ਲਈ ਪ੍ਰਮਾਤਮਾ ਦਾ ਭਗਤਾਂ ਲਈ ਇੱਕੋ ਹੀ ਅਸੂਲ ਹੈ ਭਾਵੇਂ ਉਹ ਕਿਸੇ ਵੀ ਧਰਮ ਗ੍ਰੰਥ ਵਿੱਚ ਵਿਸ਼ਵਾਸ ਰੱਖਦਾ ਹੋਵੇ। ਕੇਵਲ ਸੱਚ ਦਾ ਮਾਰਗ ਹੀ ਹਰ ਕਿਸੇ ਲਈ ਭਗਤੀ ਦਾ ਮਾਰਗ ਹੈ।

{ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥}

(ਅੰਗ ੪੯੯)

ਹੁਣ ਧਿਆਨ ਨਾਲ ਸਮਝੋ ਕਿ ਸਾਡਾ ਸਭ ਦਾ ਧਰਮ ਕੀ ਹੈ। "ਸੱਚ ਬੋਲਣਾ" ਭਾਵ ਕੇਵਲ ਸੱਚ ਤੇ ਚੱਲਣਾ ਤੇ "ਝੂਠ" ਬਿਲਕੁਲ ਵੀ ਨਾ ਬੋਲਣਾ। "ਸੱਚ" ਸਿਰਫ ਗੁਰੂ ਦੀ ਮਤਿ ਹੈ ਜੋ ਸਾਨੂੰ ਸਿਰਫ ਸੱਚ ਹੀ ਸਿਖਾਉਂਦੀ ਹੈ। ਗੁਰੂ ਦੀ ਮਤਿ ਤੋਂ ਬਿਨ੍ਹਾਂ ਧਰਮ ਦੇ ਮਾਰਗ ਤੇ ਚੱਲਣ ਲਈ ਸਭ ਕੁਝ ਝੂਠ ਹੈ। ਸਾਡਾ ਧਰਮ ਸੱਚ ਹੈ, ਨਾਮ ਹੈ, ਗੁਰੂ ਦਾ ਦੱਸਿਆ ਹੋਇਆ ਸੱਚਾ ਮਾਰਗ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਆਪਣੇ ਹਰ ਸ਼ਬਦ ਦੀ ਵਿਚਾਰ ਰਾਹੀਂ ਗੁਰੂ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵ ਧਰਮ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ ਜਿਸ ਮਾਰਗ ਤੇ ਆਪਣੀ ਮਤਿ ਛੱਡਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸੇ ਲਈ ਬਾਣੀ ਰਾਹੀਂ ਸਾਡੇ ਉਹੋ ਜਿਹੇ ਹਰ ਭਗਤੀ ਦੇ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਕਿਉਂਕਿ ਉਨ੍ਹਾਂ ਵਿੱਚ ਸੱਚ ਨਹੀਂ ਹੈ, ਗੁਰਮਤਿ ਨਹੀਂ ਹੈ।

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ - ੧੧੯੯)

"ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥
ਸਚੇ ਹੀ ਪਤੀਆਇ ਸਚਿ ਵਿਗਸਿਆ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥
ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ॥
ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥"

(ਅੰਗ ੧੪੭)

ਇਸ ਸ਼ਬਦ ਰਾਹੀਂ ਗੁਰੂ ਸਾਹਿਬ ਜੀ ਨੇ ਦੱਸਿਆ ਹੋਇਆ ਹੈ ਕਿ ਉਸ ਨੂੰ ਆਪਣੇ ਭਗਤਾ ਕੋਲੋਂ ਕਿਹੋ ਜਿਹਾ ਭੋਜਨ ਤੇ ਪ੍ਰੇਮ ਚੰਗਾ ਲੱਗਦਾ ਹੈ।

"ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥"

ਜਿਹੋ ਜਿਹਾ ਭੋਜਨ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਉਹ ਭੋਜਨ ਪ੍ਰਮਾਤਮਾ ਨੇ ਸਾਨੂੰ ਦੱਸਿਆ ਹੋਇਆ ਹੈ। ਪੂਰੀ ਗੁਰਬਾਣੀ ਉਸ ਦਾ ਦੱਸਿਆ ਹੋਇਆ ਭੋਜਨ ਹੈ, ਅੰਮ੍ਰਿਤ ਭੋਜਨ ਹੈ ਜੋ ਭੋਜਨ ਸਾਡੇ ਮਨ ਨੇ ਛਕਣਾ ਹੈ।

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥}

(ਅੰਗ ੬੪੫)

ਪੂਰੀ ਗੁਰਬਾਣੀ ਸਾਨੂੰ ਸੱਚ ਹੀ ਸਮਝਾ ਰਹੀ ਹੈ, ਪ੍ਰਮਾਤਮਾ ਦੀ ਦੱਸੀ ਹੋਈ ਸੱਚੀ ਗੱਲ ਹੀ ਸਮਝਾ ਰਹੀ ਹੈ ਤੇ ਗੁਰਬਾਣੀ ਰਾਹੀਂ ਦੱਸਿਆ ਹੋਇਆ "ਸਚ" ਪ੍ਰਮਾਤਮਾ ਦਾ ਤੱਤ ਸਾਰੁ ਹੈ। ਇਹ ਅੰਮ੍ਰਿਤ ਭੋਜਨ ਸਾਡੇ ਛਕਣ ਲਈ ਹੈ, ਇਹ ਗੁਰਬਾਣੀ ਦਾ ਬਖਸ਼ਿਆ ਹੋਇਆ ਅੰਮ੍ਰਿਤ ਹੈ ਜੋ ਸਾਰੀ ਦੁਨੀਆਂ ਲਈ ਹੈ, ਹਰ ਕਿਸੇ ਲਈ ਹੈ। ਇਹ ਸੱਚ ਦਾ ਅੰਮ੍ਰਿਤ ਹੈ, ਗੁਰੂ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਅੰਮ੍ਰਿਤ ਹੈ, ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਦਾ ਅੰਮ੍ਰਿਤ ਹੈ। ਇਹ ਅੰਮ੍ਰਿਤ ਭੋਜਨ ਨਿਰਗੁਣ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ। ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਇਹ ਅੰਮ੍ਰਿਤ ਭੋਜਨ ਛੱਕ ਕੇ ਹੀ ਜੁੜਦਾ ਹੈ, ਜੋ ਭੋਜਨ ਸਾਡਾ ਮਨ ਹੀ ਛਕ ਸਕਦਾ ਹੈ ਭਾਵ ਸਾਡੇ ਮਨ ਦੀ ਸਮਝ ਹੀ ਛਕ ਸਕਦੀ ਹੈ। ਇਹ ਭੋਜਨ ਸੱਚ ਦਾ ਭੋਜਨ ਹੈ ਤੇ ਅਸੀਂ ਸੱਚ ਰੂਪ ਭੋਜਨ ਨੂੰ ਹੀ ਛਕਣਾ ਹੈ। ਸੱਚ ਨੂੰ ਤਾਂ ਹੀ ਛਕਿਆ ਜਾ ਸਕਦਾ ਹੈ, ਇਸ ਅੰਮ੍ਰਿਤ ਨੂੰ ਤਾਂ ਹੀ ਛਕਿਆ ਜਾ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਾਂਗੇ ਜੋ ਸੱਚੁ ਗੁਰੂ ਨੇ ਸਾਰੀ ਗੁਰਬਾਣੀ ਰਾਹੀਂ ਸਮਝਾਇਆ ਹੋਇਆ

ਹੈ। ਸੱਚ ਸਾਡੇ ਅੰਦਰ ਤਾਂ ਹੀ ਟਿਕੇਗਾ ਜੇਕਰ ਸਾਡੇ ਅੰਦਰੋਂ ਝੂਠ ਨਿਕਲੇ, ਸਾਡੇ ਵਿਕਾਰ ਨਿਕਲਣ ਭਾਵ ਉਹ ਸਭ ਕੁੱਝ ਨਿਕਲੇ ਜੋ ਗੁਰੂ ਗੁਰਬਾਣੀ ਨੂੰ ਚੰਗਾ ਨਹੀਂ ਲੱਗਦਾ। ਉਸਨੂੰ ਕੇਵਲ ਸੱਚ ਹੀ ਚੰਗਾ ਲੱਗਦਾ ਹੈ ਤੇ ਸਾਰੀ ਗੁਰਬਾਣੀ ਸਾਨੂੰ ਕੇਵਲ ਸੱਚ ਹੀ ਸਮਝਾ ਰਹੀ ਹੈ ਭਾਵ ਉਸਦਾ ਭੋਜਨ ਤਾਂ ਹੀ ਛਕਿਆ ਜਾ ਸਕਦਾ ਹੈ ਜੇਕਰ ਅਸੀਂ ਗੁਰਬਾਣੀ ਦੀ ਦੱਸੀ ਹੋਈ ਹਰ ਗੱਲ ਨੂੰ ਉਸੇ ਤਰ੍ਹਾਂ ਮੂਲ ਰੂਪ ਵਿੱਚ ਮੰਨੀਏ ਤੇ ਉਸ ਵਿੱਚ ਹੋਰ ਕੋਈ ਵੀ ਮਨਮਤਿ ਨਾ ਵਾੜੀਏ। ਜੇਕਰ ਅਸੀਂ ਪ੍ਰਮਾਤਮਾ ਨੂੰ ਖੁਸ਼ ਕਰਨਾ ਚਾਹੁੰਦੇ ਹਾਂ, ਉਹ ਕੇਵਲ ਇਹੋ ਜਿਹੇ ਸੱਚ ਨੂੰ ਕਬੂਲ ਕਰਕੇ ਹੁੰਦਾ ਹੈ ਜਿਹੋ ਜਿਹਾ ਸੱਚ ਉਸਨੇ ਸਾਨੂੰ ਮੰਨਣ ਲਈ ਦੱਸਿਆ ਹੋਇਆ ਹੈ, ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ। **(ਸਚੇ ਹੀ ਪਤੀਆਇ ਸਚਿ ਵਿਗਸਿਆ॥)**

ਪ੍ਰਮਾਤਮਾ ਨੂੰ ਸੱਚ ਕਿੰਨਾ ਕੁ ਚੰਗਾ ਲੱਗਦਾ ਹੈ ਇਸ ਗੱਲ ਦਾ ਅੰਦਾਜ਼ਾ ਇੱਥੋਂ ਲਗਾਇਆ ਜਾ ਸਕਦਾ ਹੈ ਕਿ ਉਹ ਆਪਣੇ ਭਗਤਾਂ ਕੋਲੋਂ ਸੱਚ ਦੀਆਂ ਕਰੋੜਾਂ ਗ੍ਰਾਹੀਆਂ ਦੀ ਮੰਗ ਕਰਦਾ ਹੈ ਭਾਵ ਜੋ ਹਰ ਵੇਲੇ ਸੱਚ ਦੇ ਮਾਰਗ ਤੇ ਚੱਲਦਾ ਹੈ ਉਹ ਪ੍ਰਮਾਤਮਾ ਨੂੰ ਹਰ ਵੇਲੇ ਸੱਚਾ ਭੋਜਨ ਛਕਾਉਂਦਾ ਹੈ। ਪ੍ਰਮਾਤਮਾ ਦਾ ਬਣਾਇਆ ਹੋਇਆ ਸੰਸਾਰ ਬਹੁਤ ਵੱਡਾ ਹੈ ਤੇ ਹਰ ਮਨੁੱਖ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਸਭ ਦੇ ਅੰਦਰ ਉਹ ਆਪ ਹੀ ਹੈ ਜਿਨ੍ਹਾਂ ਦੀ ਗਿਣਤੀ ਕਰੋੜਾਂ ਦੇ ਵਿੱਚ ਹੈ। ਅਸੀਂ ਜਿਸ ਮਨੁੱਖ ਨਾਲ ਵੀ ਵਿਚਰਦੇ ਹਾਂ ਜੇਕਰ ਅਸੀਂ ਸੱਚ ਦੁਆਰਾ ਵਿਚਰਾਂਗੇ ਅਸੀਂ ਉਸਦਾ ਬੁਰਾ ਨਹੀਂ ਕਰਾਂਗੇ ਬਲਕਿ ਭਲਾ ਹੀ ਕਰਾਂਗੇ। ਸੱਚ ਤੇ ਚੱਲ ਕੇ ਕਿਸੇ ਦਾ ਭਲਾ ਕਰਨਾ ਉਸ ਪ੍ਰਮਾਤਮਾ ਨੂੰ ਸੱਚ ਰੂਪ ਭੋਜਨ ਛਕਾਉਣਾ ਹੀ ਹੈ ਜੋ ਸਭ ਦੇ ਅੰਦਰ ਆਪ ਹੀ ਹੈ। **(ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥)** ਉਹ ਸੱਚ ਦੇ ਮਾਰਗ ਤੇ ਚੱਲਦਾ-ਚੱਲਦਾ ਇੱਕ ਦਿਨ ਆਪਣੇ ਅਸਲੀ ਘਰ (ਨਿਜ ਘਰ) ਵਿੱਚ ਵੱਸ ਜਾਂਦਾ ਹੈ। ਸਾਡਾ ਅਸਲੀ ਘਰ ਪ੍ਰਮਾਤਮਾ ਦਾ ਘਰ ਹੈ ਜੋ ਕਿ ਸਾਡੇ ਅੰਦਰ ਹੀ ਹੈ। ਉਸਦਾ ਘਰ "ਸੱਚ" ਦਾ ਘਰ ਹੈ, ਸੱਚੇ ਗਿਆਨ ਦਾ, ਸੱਚੀ ਸੋਝੀ ਦਾ ਘਰ ਹੈ। ਸਾਨੂੰ ਆਪਣੇ ਘਰ ਦੀ ਪਹਿਚਾਣ ਨਹੀਂ ਹੈ ਜੋ ਕਿ ਸਾਡਾ ਮਨ ਹੀ ਹੈ। ਇਹ ਮਨ ਅਸਲ ਵਿੱਚ ਆਪ ਪ੍ਰਮਾਤਮਾ ਹੈ ਪਰ ਸਾਨੂੰ ਇਸ ਦੀ ਸਮਝ ਨਹੀਂ ਹੈ। ਜਦ ਤੱਕ ਸਾਡੇ ਵਿੱਚ ਹਉਮੈ ਦਾ ਪਰਦਾ ਹੈ ਤਦ ਤੱਕ ਅਸੀਂ ਪ੍ਰਮਾਤਮਾ ਤੋਂ ਵਿਛੜੇ ਰਹਿੰਦੇ ਹਾਂ ਕਿਉਂਕਿ ਇਸ ਹਉਮੈ ਦੁਆਰਾ ਅਸੀਂ

ਔਗੁਣਾਂ ਵਿੱਚ ਵਿਚਰਦੇ ਹਾਂ, ਮਨ ਦੀ ਨਾ-ਸਮਝੀ ਵਿੱਚ ਵਿਚਰਦੇ ਹਾਂ ਅਤੇ ਸੱਚ ਤੋਂ ਦੂਰ ਰਹਿੰਦੇ ਹਾਂ, ਪ੍ਰਮਾਤਮਾ ਤੋਂ ਦੂਰ ਰਹਿੰਦੇ ਹਾਂ। ਜਦੋਂ ਅਸੀਂ ਸੱਚ ਨੂੰ ਅਪਣਾ ਲੈਂਦੇ ਹਾਂ ਭਾਵ ਗੁਰੂ ਦੇ ਦੱਸੇ ਮਾਰਗ ਤੇ ਚੱਲ ਪੈਂਦੇ ਹਾਂ, ਔਗੁਣਾਂ ਦਾ ਤਿਆਗ ਕਰ ਦਿੰਦੇ ਹਾਂ ਤਾਂ ਫਿਰ ਪ੍ਰਮਾਤਮਾ ਸਾਡੇ ਵਿੱਚ ਪਿਆ ਹੋਇਆ ਹਉਮੈ ਦਾ ਪਰਦਾ, ਮਾਇਆ ਦਾ ਪਰਦਾ ਹਟਾ ਦਿੰਦਾ ਹੈ ਕਿਉਂਕਿ ਉਹ ਸਾਡੇ ਤੇ ਖੁਸ਼ ਹੋ ਜਾਂਦਾ ਹੈ। ਸਾਨੂੰ ਸਾਡੇ ਅੰਦਰੋਂ ਹੀ ਇਹ ਗਿਆਨ ਕਰਵਾ ਦਿੰਦਾ ਹੈ ਕਿ ਸਾਡੇ ਮਨ ਵਿੱਚ ਕੇਵਲ ਪ੍ਰਮਾਤਮਾ ਆਪ ਹੀ ਹੈ ਅਤੇ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ। ਮਨੁੱਖ ਦਾ ਇਹ ਭੁਲੇਖਾ ਮਿਟ ਜਾਂਦਾ ਹੈ, ਸਹਸਾ ਦੂਰ ਹੋ ਜਾਂਦਾ ਹੈ ਤੇ ਉਸ ਤੋਂ ਬਾਅਦ ਫਿਰ ਮਨੁੱਖ ਨੂੰ ਸਭ ਦੇ ਵਿੱਚ ਕੇਵਲ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। ਇਹੀ ਪ੍ਰਮਾਤਮਾ ਦੇ ਨਾਲ ਮੇਲ ਹੈ, ਨਾਮ ਦੀ ਪ੍ਰਾਪਤੀ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਦੁਆਰਾ ਹੁੰਦੀ ਹੈ, ਮਨ ਵਿੱਚੋਂ ਹਉਮੈ ਦਾ ਪੜਦਾ ਦੂਰ ਹੋਣ ਦੁਆਰਾ ਹੁੰਦੀ ਹੈ। **(ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥)**

ਅਗਲੀਆਂ ਪੰਗਤੀਆਂ ਰਾਹੀਂ ਕਿਤਨਾ ਸਪੱਸ਼ਟ ਸਮਝਾਇਆ ਹੈ ਕਿ ਸੱਚੇ ਦੇ ਦਰਬਾਰ ਵਿੱਚ ਕੇਵਲ ਸੱਚ ਨੂੰ ਅਪਨਾਉਣ ਦੁਆਰਾ, ਮੰਨਣ ਦੁਆਰਾ ਜਾਣਿਆ ਜਾ ਸਕਦਾ ਹੈ ਭਾਵ ਉਸ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਸੱਚ ਦੁਆਰਾ ਹੀ ਹੋ ਸਕਦਾ ਹੈ ਅਤੇ ਝੂਠੀ ਬਿਰਤੀ ਰੱਖਣ ਵਾਲੇ ਮਨੁੱਖ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਪਾ ਸਕਦੇ ਬਲਕਿ ਉਹ ਪ੍ਰਮਾਤਮਾ ਤੋਂ ਦੂਰ ਹੋਈ ਜਾਂਦੇ ਹਨ। **(ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥)** ਇਸੇ ਲਈ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਔਗੁਣਾਂ ਦਾ ਤਿਆਗ ਕੀਤੇ ਬਿਨ੍ਹਾਂ ਸਾਡੇ ਭਗਤੀ ਦੇ ਉਪਰਾਲੇ ਵਿਅਰਥ ਹੀ ਜਾਂਦੇ ਹਨ। ਇਹ ਸਾਡੇ ਔਗੁਣ ਹੀ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਰੁਕਾਵਟ ਹਨ। ਪ੍ਰਮਾਤਮਾ ਦਾ ਨਿਸ਼ਾਨ, ਉਸ ਦੀ ਬਖਸ਼ਿਸ਼ ਦਾ ਚਿੰਨ੍ਹ ਸਾਡੇ ਤੇ ਤਾਂ ਹੀ ਲੱਗਦਾ ਹੈ ਜੇ ਅਸੀਂ ਗੁਰੂ ਦੇ ਸ਼ਬਦ ਉੱਤੇ ਅਮਲ ਕਰਦੇ ਹਾਂ ਭਾਵ ਸੱਚ ਨੂੰ ਅਪਣਾਉਂਦੇ ਹਾਂ ਅਤੇ ਇਸ ਤਰ੍ਹਾਂ ਕਰਨ ਨਾਲ ਫਿਰ ਕੋਈ ਰੁਕਾਵਟ ਨਹੀਂ ਪੈਂਦੀ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚ ਹੀ ਸਮਝਾਉਂਦਾ ਹੈ। **(ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥)**। ਹੁਣ ਆਓ ਇਸ ਸ਼ਬਦ ਦੀ ਆਖਰੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ। ਇਸੇ ਇੱਕ ਪੰਗਤੀ ਦੁਆਰਾ ਹੀ ਸਾਰੀ ਗੁਰਮਤਿ ਸਮਝ ਆ ਜਾਵੇਗੀ। **"ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥"** ਸੱਚ ਪ੍ਰਮਾਤਮਾ ਆਪ ਹੈ,

ਸੱਚ ਪ੍ਰਮਾਤਮਾ ਦੀ ਗੁਰਬਾਣੀ ਹੈ।

2/71

ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਹ ਸੱਚ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ। **(ਪੋਥੀ ਪਰਮੇਸਰ ਕਾ ਥਾਨੁ॥)** ਅੰਗ ੧੨੨੬ । ਸਾਡਾ ਸਭ ਤੋਂ ਪਹਿਲਾ ਉੱਦਮ ਗੁਰਬਾਣੀ ਨੂੰ ਸੁਣਨ ਦਾ ਹੈ, ਪੜ੍ਹਨ ਦਾ ਹੈ। ਗੁਰਬਾਣੀ ਨੂੰ ਅਸੀਂ ਗੁਰੂ ਦੇ ਦੁਆਰੇ ਤੇ ਜਾ ਕੇ ਪੜ੍ਹੀਏ, ਸੁਣੀਏ, ਘਰ ਵਿੱਚ ਬੈਠ ਕੇ ਪੜ੍ਹੀਏ, ਸੁਣੀਏ , ਕੀਰਤਨ ਰਾਹੀਂ ਸੁਣੀਏ, ਸਭ ਕੁੱਝ ਚੰਗਾ ਹੈ। ਦੂਸਰਾ ਉੱਦਮ ਜੋ ਕੁੱਝ ਅਸੀਂ ਪੜ੍ਹਿਆ ਹੈ, ਸੁਣਿਆ ਹੈ, ਉਸ ਨੂੰ ਵਿਚਾਰਨ ਦਾ ਹੈ, ਬੁੱਝਣ ਦਾ ਹੈ ਭਾਵ ਗੁਰੂ ਦੀ ਗੱਲ ਨੂੰ ਸਮਝਣ ਦਾ ਹੈ ਕਿ ਸਾਨੂੰ ਸ਼ਬਦਾਂ ਰਾਹੀਂ ਸਮਝਾਇਆ ਕੀ ਗਿਆ ਹੈ, ਸਾਡੇ ਲਈ ਉਪਦੇਸ਼ ਕੀ ਕੀਤਾ ਹੋਇਆ ਹੈ। ਤੀਸਰਾ ਉੱਦਮ ਉਸ ਗੁਰੂ ਦੇ ਉਪਦੇਸ਼ ਤੇ ਅਮਲ ਕਰਨ ਦਾ ਹੈ ਭਾਵ ਗੁਰੂ ਦੀ ਦੱਸੀ ਹੋਈ ਗੱਲ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਹੈ। ਪਹਿਲਾ ਉੱਦਮ ਕਰਨ ਵਾਲੇ ਬਹੁਤ ਹਨ ਭਾਵ ਗੁਰਬਾਣੀ ਨੂੰ, ਧਰਮ ਗ੍ਰੰਥਾਂ ਨੂੰ ਪੜਨ ਸੁਣਨ ਵਾਲੇ ਬਹੁਤ ਹਨ ਅਤੇ ਦੂਸਰਾ ਉੱਦਮ ਕਰਨ ਵਾਲਿਆਂ ਦੀ ਗਿਣਤੀ ਘੱਟ ਹੈ ਭਾਵ ਪੂਰੇ ਗੁਰੂ ਦੀ ਗੱਲ ਨੂੰ ਗੁਰਬਾਣੀ ਵਿੱਚੋਂ ਸਮਝਣ ਦਾ ਉੱਦਮ ਕਰਨ ਵਾਲਿਆਂ ਦੀ ਗਿਣਤੀ, ਗੁਰੂ ਦਾ ਸੱਚਾ ਉਪਦੇਸ਼ ਜਾਨਣ ਦਾ ਉੱਦਮ ਕਰਨ ਵਾਲਿਆਂ ਦੀ ਗਿਣਤੀ ਬਹੁਤ ਹੀ ਘੱਟ ਹੈ। ਔਗੁਣ ਤਿਆਗਣ ਵਾਲੀ ਗੱਲ ਗੁਰਬਾਣੀ ਵਿੱਚ ਵਾਰ-ਵਾਰ ਤੇ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਈ ਹੋਈ ਹੈ, ਜੋ ਹਰ ਕਿਸੇ ਨੂੰ ਸਮਝ ਆ ਜਾਂਦੀ ਹੈ। ਵੈਸੇ ਵੀ ਪ੍ਰਮਾਤਮਾ ਨੇ ਸੱਚ ਝੂਠ ਦੀ ਸਮਝ, ਈਮਾਨਦਾਰੀ, ਬੇਈਮਾਨੀ ਦੀ ਸਮਝ ਸਭ ਵਿੱਚ ਪਾਈ ਹੋਈ ਹੈ। ਬੇਈਮਾਨੀ ਕਰਨ ਤੋਂ ਪਹਿਲਾਂ, ਝੂਠ ਬੋਲਣ ਤੋਂ ਪਹਿਲਾਂ, ਕਿਸੇ ਦਾ ਹੱਕ ਮਾਰਨ ਤੋਂ ਪਹਿਲਾਂ, ਝੂਠੀ ਨਿੰਦਿਆ ਕਰਨ ਤੋਂ ਪਹਿਲਾਂ ਸਾਨੂੰ ਸਭ ਸੋਝੀ ਹੁੰਦੀ ਹੈ। ਤੀਸਰਾ ਉੱਦਮ ਕਰਨ ਵਾਲਿਆਂ ਦੀ ਗਿਣਤੀ ਕਿੰਨੀ ਕੁ ਹੈ ਇਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਤੀਸਰਾ ਉੱਦਮ ਗੁਰੂ ਦੀ ਗੱਲ ਨੂੰ ਸਮਝ ਕੇ, ਉਸ ਤੇ ਅਮਲ ਕਰਨ ਦਾ ਹੈ, ਆਪਣੇ ਅੰਦਰੋਂ "ਵਖਾਣਿ" ਦਾ ਹੈ।ਸਾਡੇ ਸਮਾਜ ਵਿੱਚ ਦੁੱਖ ਦਾ ਕਾਰਨ ਇਸ ਤੀਸਰੇ ਉੱਦਮ ਨੂੰ ਨਾ ਮੰਨਣ ਕਰਕੇ ਹੈ। ਹੁਣ ਜਦ ਤੱਕ ਅਸੀਂ ਇਸ ਤੀਸਰੇ ਉੱਦਮ ਨੂੰ ਪ੍ਰਵਾਨ ਨਹੀਂ ਕਰਦੇ ਸਾਡੇ ਪਹਿਲੇ ਦੋਵੇਂ ਉੱਦਮ ਕਿਹੜੇ ਕੰਮ ਆਏ। ਕਹਿਣ ਨੂੰ ਤਾਂ ਅਸੀਂ ਭਗਤੀ ਕੀਤੀ ਪਰ ਉਸ ਦਾ ਲਾਭ ਕੀ ਹੋਇਆ। ਪ੍ਰਮਾਤਮਾ ਤਾਂ ਹੀ ਖੁਸ਼ ਹੁੰਦਾ ਹੈ ਜਦੋਂ ਉਸ ਨੂੰ ਸੱਚ ਦਾ ਭੋਜਨ ਪਰੋਸਿਆ ਜਾਵੇ। ਗੁਰੂ ਨੂੰ, ਪ੍ਰਮਾਤਮਾ ਨੂੰ ਅਗਰ ਭੋਗ ਲਗਾਉਣਾ ਹੈ ਤਾਂ ਉਹ ਤੀਸਰੇ ਉੱਦਮ ਦੁਆਰਾ ਹੀ ਲਗਾਇਆ ਜਾ ਸਕਦਾ ਹੈ। ਇਹੋ ਜਿਹਾ ਭੋਗ ਲਗਵਾਉਣ ਦੁਆਰਾ ਹੀ ਪ੍ਰਮਾਤਮਾ ਸਾਨੂੰ ਆਪਣੇ ਮਹਿਲ ਵਿੱਚ ਬੁਲਾਵੇਗਾ ਭਾਵ ਸਾਨੂੰ ਸਾਡੇ ਮਨ ਦੇ ਵਿੱਚ ਦਰਸ਼ਨ ਦੇਵੇਗਾ। (**ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥**)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥}

(ਅੰਗ ੮੭੮)

ਪ੍ਰਮਾਤਮਾ ਨੂੰ ਸੱਚ ਦੀ ਭੇਟ ਹੀ ਚੰਗੀ ਲੱਗਦੀ ਹੈ ਭਾਵ ਸਾਡਾ ਸੱਚ ਦੁਆਰਾ ਵਿਚਰਨਾ ਹੀ ਚੰਗਾ ਲੱਗਦਾ ਹੈ। ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੀ ਗੁਰੂ ਪ੍ਰਮਾਤਮਾ ਨੂੰ ਸੱਚ ਦੀ ਭੇਟਾ ਕਰਨਾ ਹੈ ਜਿਹੋ ਜਿਹੀ ਭੇਟ ਕਰਨ ਦੁਆਰਾ ਪ੍ਰਮਾਤਮਾ ਦੇ ਦਰ ਤੇ ਸਾਨੂੰ ਥਾਉ ਮਿਲਦੀ ਹੈ ਭਾਵ ਉਸਦੇ ਨਾਲ ਮੇਲ ਹੁੰਦਾ ਹੈ।

2/72

ਪ੍ਰਮਾਤਮਾ ਨੂੰ ਮਿਲਣ ਲਈ, ਚੌਥੇ ਪਦ ਦੀ ਪ੍ਰਾਪਤੀ ਲਈ, ਪਹਿਲਾਂ ਤੀਸਰੇ ਉੱਦਮ ਵਿੱਚੋਂ ਲੰਘਣਾ ਜਰੂਰੀ ਹੈ। ਪਹਿਲੇ ਦੋ ਉੱਦਮ ਸਾਨੂੰ ਭਗਤੀ ਦਾ ਮਾਰਗ ਸਮਝਾਉਣ ਲਈ ਹਨ ਤਾਂ ਕਿ ਸਾਨੂੰ ਗੁਰਬਾਣੀ ਦੀ ਸਮਝ ਲੱਗ ਜਾਏ ਕਿ ਭਗਤੀ ਕੀ ਹੈ, ਜੋ ਕਿ ਕੇਵਲ ਭਗਤੀ ਦੀ ਸਾਡੀ ਜਾਣਕਾਰੀ ਲਈ ਹਨ। ਭਗਤੀ ਕਰਨਾ ਤੀਸਰਾ ਉੱਦਮ ਹੈ। ਪਹਿਲੇ ਦੋ ਉੱਦਮ ਕੋਈ ਔਖੇ ਨਹੀਂ ਹਨ, ਹਰ ਕੋਈ ਕਰ ਲੈਂਦਾ ਹੈ। ਪਰ ਅਸਲੀ ਗੱਲ ਤੀਸਰੇ ਉੱਦਮ ਦੀ ਹੈ ਜਿਸ ਨੂੰ ਕਰਨਾ ਬਹੁਤ ਹੀ ਔਖਾ ਹੈ। ਤੀਸਰੇ ਉੱਦਮ ਤੋਂ ਹਰ ਕੋਈ ਬਚਣਾ ਹੀ ਚਾਹੁੰਦਾ ਹੈ ਤੇ ਇਹੋ ਜਿਹੇ ਉਪਰਾਲੇ ਸੋਚੇ ਜਾਂਦੇ ਹਨ, ਸਿਆਣਪਾ ਕੀਤੀਆਂ ਜਾਂਦੀਆਂ ਹਨ ਕਿ ਬਿਨ੍ਹਾਂ ਔਖੇ ਹੋਏ ਹੀ ਭਗਤੀ ਹੋ ਜਾਵੇ। ਇਹੋ ਜਿਹੀਆਂ ਸਿਆਣਪਾਂ ਦੁਆਰਾ ਕੀਤੀ ਹੋਈ ਭਗਤੀ ਕੇਵਲ ਆਪਣੇ ਮਨ ਨੂੰ ਝੂਠੀਆਂ ਤਸੱਲੀਆਂ ਦੇਣ ਵਾਲੀ ਗੱਲ ਹੈ। ਭਗਤੀ ਦਾ ਮਾਰਗ ਸੱਚਮੁੱਚ ਬਹੁਤ ਹੀ ਕਠਿਨ ਹੈ ਜਿਵੇਂ ਕਿ ਗੁਰਬਾਣੀ ਵਿੱਚ ਵਾਰ-ਵਾਰ ਸਮਝਾਇਆ ਗਿਆ ਹੈ। ਇਹ ਤੀਸਰਾ ਉੱਦਮ ਹੀ ਭਗਤੀ ਹੈ, ਨਾਮ ਜਪਣਾ ਹੈ ਅਤੇ ਚੌਥੇ ਪਦ ਦੀ ਪ੍ਰਾਪਤੀ ਲਈ ਸੱਚਾ ਉਪਰਾਲਾ ਹੈ। ਤ੍ਰੈਗੁਣੀ ਮਾਇਆ ਵਿੱਚੋਂ ਲੰਘਣ ਲਈ ਇਹ ਤੀਜਾ ਉੱਦਮ ਹੀ ਇੱਕੋ ਇੱਕ ਸਾਧਨ ਹੈ **{ਸੁਨਤ ਕਹਤ ਰਹਤ**

ਗਤਿ ਪਾਵਹੁ॥} ਅੰਗ 289 । ‘‘ਰਹਤ’’ ਸਾਡੀ ਕਰਨੀ ਹੈ, ਸੰਸਾਰਕ ਵਿਚਰਨ ਹੈ ਨਾ ਕਿ ਸਾਡੀ ਕੋਈ ਸਰੀਰਕ ਸੁੱਚ ਜਾਂ ਸੰਜਮ ਆਦਿ। ‘‘ਰਹਤ’’ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ ੧੩੯੫)

ਅਗਲੇ ਸ਼ਬਦ ਰਾਹੀਂ ਭਗਤੀ ਦਾ ਮਾਰਗ ਸਾਡੀ ਚੰਗੀ ਕਰਨੀ ਹੀ ਸਮਝਾਈ ਹੋਈ ਹੈ ਜੋ ਕਿ ਔਗੁਣਾਂ ਦਾ ਤਿਆਗ ਕਰ ਕੇ ਹੀ ਹੁੰਦੀ ਹੈ।

ਗਉੜੀ ਮਹਲਾ ੫॥
"ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥੧॥ਰਹਾਉ॥
ਏਕੋ ਸਿਮਰਿ ਨ ਦੂਜਾ ਭਾਉ॥ ਸੰਤਸੰਗਿ ਜਪਿ ਕੇਵਲ ਨਾਉ॥੧॥
ਕਰਮ ਧਰਮ ਨੇਮ ਬ੍ਰਤ ਪੂਜਾ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥੨॥
ਤਾ ਕੀ ਪੂਰਨ ਹੋਈ ਘਾਲ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ॥੩॥
ਸੋ ਬੈਸਨੋ ਹੈ ਅਪਰ ਅਪਾਰੁ॥ ਕਹੁ ਨਾਨਕ ਜਿਨਿ ਤਜੇ ਬਿਕਾਰ॥੪॥"

(ਅੰਗ ੧੯੯)

ਜੇਕਰ ਹੁਣ ਤੱਕ ਕੀਤੀਆਂ ਗਈਆਂ ਪਿਛਲੀਆਂ ਵਿਚਾਰਾਂ ਰਾਹੀ ਅਸੀਂ ਇਹ ਜਾਣਿਆ ਹੈ ਕਿ ਪ੍ਰਮਾਤਮਾ ਨੂੰ ਸਿਮਰਨਾ ਕੀ ਹੈ, ਜਪਣਾ ਕੀ ਹੈ, ਕੀਰਤਨ ਕਰਨਾ ਕੀ ਹੈ, ਇਹ ਮਨ ਦਾ ਜਾਗਣਾ ਕੀ ਹੈ ਤਾਂ ਫਿਰ ਉਪਰਲੇ ਸ਼ਬਦ ਦੀ ਸੋਝੀ ਪੈਣੀ ਸੌਖੀ ਹੋ ਜਾਵੇਗੀ। ਕੀਰਤਨ ਦੀ, ਸਿਮਰਨ ਦੀ ਅਤੇ ਨਾਮ ਜਪਣ ਦੀ, ਮਨ ਦੇ ਜਾਗਣ ਦੀ ਗੱਲ ਕਰਨ ਤੋਂ ਪਹਿਲਾਂ ਸਾਨੂੰ ਸ਼ਬਦ ਦੀ ਪੰਗਤੀ ਰਾਹੀਂ ਇਹ ਆਖਿਆ ਹੈ, ਸਮਝਾਇਆ ਹੈ ਕਿ ਮਨੁੱਖ ਉਹ ਕੁੱਝ ਕਰੇ ਜਿਹੋ ਜਿਹਾ ਕਰਨ ਨਾਲ ਉਸ ਨੂੰ ਮੈਲ ਨਾ ਲੱਗੇ ਭਾਵ ਮਨੁੱਖ ਦੀ ਕਰਨੀ ਇਹੋ ਜਿਹੀ ਸੱਚੀ ਸੁੱਚੀ ਹੋਵੇ ਜਿਸ ਵਿੱਚ ਕੋਈ ਵਿਕਾਰ ਨਾ ਹੋਵੇ, ਮਨੁੱਖ ਨੂੰ ਕੋਈ ਦਾਗ ਨਾ ਲੱਗੇ ਭਾਵ ਮਨੁੱਖ ਦਾ ਆਚਰਨ ਸਾਫ-ਸੁਥਰਾ ਹੋਵੇ ਅਤੇ ਇਹੀ ਗੱਲ ਆਖਰੀ ਪੰਗਤੀ ਵਿੱਚ ਵੀ ਸਮਝਾਈ ਹੋਈ ਹੈ ਭਾਵ ਇਸ ਪੂਰੇ ਸ਼ਬਦ ਦਾ ਮਨੋਰਥ

2/73 ਅਤੇ 73-ਅ

ਮਨੁੱਖ ਨੂੰ ਉਸ ਦੀ ਜੀਵਨ ਜਾਂਚ ਸਮਝਾਉਣ ਨਾਲ ਹੈ ਭਾਵ ਸਾਡਾ ਸੱਚਾ ਸੁੱਚਾ ਜੀਵਨ ਬਤੀਤ ਕਰਨਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ, ਸਿਮਰਨਾ ਹੈ, ਉਸਦਾ ਕੀਰਤਨ ਕਰਨਾ ਹੈ। ਇਸ ਸਾਰੇ ਸ਼ਬਦ ਵਿੱਚ ਭਗਤੀ ਕਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ। ਕੀਰਤਨ ਦੇ ਰਾਹੀਂ ਇਹ ਸਮਾਝਾਇਆ ਹੋਇਆ ਹੈ ਕਿ ਕੀਰਤਨ ਕਰਨ ਦਾ ਮਕਸਦ ਕੀ ਹੈ? ਕੀਰਤਨ ਦਾ ਮਕਸਦ ਆਪਣੇ ਮਨ ਨੂੰ ਜਗਾਉਣ ਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਸਾਡਾ ਮਨ ਅਗਿਆਨਤਾ ਵਿੱਚ ਸੁੱਤਾ ਹੋਇਆ ਹੈ। ਕੀਰਤਨ ਦਾ ਮਕਸਦ ਆਪਣੇ ਮਨ ਨੂੰ ਜਗਾਉਣ ਨਾਲ ਹੈ, ਗੁਰੂ ਦੇ ਸੱਚੇ ਗਿਆਨ ਰਾਹੀਂ ਮਨ ਦੀ ਅਗਿਆਨਤਾ ਕੱਢਣ ਨਾਲ ਹੈ। ਅਗਿਆਨਤਾ ਹੀ ਸਾਡੇ ਮਨ ਦੀ ਮੈਲ ਹੈ ਜਿਸ ਮੈਲ ਕਰਕੇ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਨਹੀਂ ਸਮਝਦੇ ਤੇ ਅਨੇਕਾਂ ਮਾੜੇ ਕਰਮ ਕਰਦੇ ਹਾਂ। ਕੀਰਤਨ ਦਾ ਮਕਸਦ ਸਾਨੂੰ ਸਾਡਾ ਸੱਚਾ ਸੁੱਚਾ ਜੀਵਨ ਸਮਝਾਉਣ ਲਈ ਹੀ ਹੈ, ਪ੍ਰਮਾਤਮਾ ਦੀ ਕੀਰਤੀ ਕਰਨੀ ਸਮਝਾਉਣ ਲਈ ਹੀ ਹੈ ਜੋ ਪ੍ਰਮਾਤਮਾ ਦੀ ਕੀਰਤੀ ਮਨ ਦੀ ਮੈਲ ਨਿਕਲਣ ਦੁਆਰਾ ਹੀ ਹੋ ਸਕਦੀ ਹੈ, ਧਰਮ ਦੇ ਮਾਰਗ ਦੀ ਸੱਚੀ ਸੋਝੀ ਪੈਣ ਦੁਆਰਾ ਅਤੇ ਉਸ ਅਨੁਸਾਰ ਚੱਲਣ ਦੁਆਰਾ ਹੀ ਹੋ ਸਕਦੀ ਹੈ, ਮਨ ਦੀ ਮੈਲ ਤੋਂ ਰਹਿਤ ਹੋ ਕੇ ਹੀ ਹੋ ਸਕਦੀ ਹੈ। (**ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥ ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥੧॥ਰਹਾਉ॥**)

{ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥}

(ਅੰਗ ੧੪੧੪)

ਮਨ ਦਾ ਜਾਗਣਾ ਮਨ ਦੀ ਅਗਿਆਨਤਾ ਵਿੱਚੋਂ ਜਾਗਣਾ ਹੈ ਜੋ ਜਾਗਣ ਦਾ ਤਰੀਕਾ ਗੁਰੂ ਦੀ ਸੱਚੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ ਜਿਸ ਦਾ ਮਕਸਦ ਔਗੁਣਾਂ ਦਾ ਤਿਆਗ ਹੈ। ਹੁਣ ਇੱਕੋ ਪ੍ਰਮਾਤਮਾ ਨੂੰ ਸਿਮਰਨ ਦੀ ਗੱਲ ਕੀਤੀ ਹੋਈ ਹੈ। ਇੱਕ ਪਾਸੇ ਪ੍ਰਮਾਤਮਾ ਹੈ ਤੇ ਦੂਜੇ ਪਾਸੇ ਉਸ ਦੀ ਮਾਇਆ ਹੈ। ਮਾਇਆ ਝੂਠ ਹੈ, ਪ੍ਰਮਾਤਮਾ ਨੂੰ ਸਿਮਰਨਾ ਸੱਚ ਹੈ ਭਾਵ ਅਗਰ ਅਸੀਂ ਪ੍ਰਮਾਤਮਾ ਨੂੰ ਸਿਮਰਨਾ ਚਾਹੁੰਦੇ ਹਾਂ ਤਾਂ ਸੱਚ ਨੂੰ ਸਿਮਰਨਾ ਪਵੇਗਾ ਭਾਵ ਗੁਰੂ ਦੀ ਸੱਚੀ ਮਤਿ ਨੂੰ ਸਿਮਰਨਾ ਪਵੇਗਾ, ਮੰਨਣਾ

ਪਵੇਗਾ ਅਤੇ ਐਸਾ ਕਰਨ ਲਈ ਵਿਕਾਰਾਂ ਨੂੰ ਛੱਡਣਾ ਪਵੇਗਾ। ਹੁਣ ਇੱਥੇ ਕੇਵਲ "ਨਾਮ ਜਪਣ" ਦੀ ਗੱਲ ਕੀਤੀ ਗਈ ਹੈ। ਜੇਕਰ ਨਾਮ ਅਸੀਂ ਕਿਸੇ ਅੱਖਰਾਂ ਦੇ ਮੰਤਰ ਨੂੰ ਮੰਨਦੇ ਹਾਂ ਤਾਂ ਫਿਰ ਅਸੀਂ ਕੇਵਲ ਉਸ ਅੱਖਰਾਂ ਦੇ ਮੰਤਰ ਨੂੰ ਜਪਣ ਜੋਗੇ ਹੀ ਰਹਿ ਗਏ ਤੇ ਬਾਕੀ ਗੁਰਬਾਣੀ ਦੀ ਮਤਿ ਕਿਸ ਲੇਖੇ, ਸਾਰੀ ਬਾਣੀ ਨੂੰ ਲਿਖਣ ਦਾ ਮਨੋਰਥ ਹੀ ਕੀ ਰਹਿ ਗਿਆ। ਮਨਘੜਤ ਵਿਚਾਰ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਹੀਂ ਉਤਰ ਸਕਦੀ। ਜੋ ਅਰਥ ਕੀਰਤਨ ਕਰਨ ਦਾ ਹੈ, ਸਿਮਰਨ ਦਾ ਹੈ, ਉਹੀ ਅਰਥ ਨਾਮ ਜਪਣ ਦਾ ਹੈ। ਸੰਤ ਸੰਗ ਤੋਂ ਭਾਵ ਹੈ ਗੁਰੂ ਦਾ ਸੰਗ। "ਗੁਰੂ" ਗੁਰੂ ਦਾ ਬਚਨ ਹੈ, **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਅੰਗ - ੧੩੦੯ । ਗੁਰੂ ਸ਼ਬਦ ਹੈ, ਫਿਰ ਸੰਗ ਵੀ ਗੁਰੂ ਦੇ ਸ਼ਬਦ ਨਾਲ ਕਰਨਾ ਹੈ, ਬਚਨ ਦੇ ਨਾਲ ਕਰਨਾ ਹੈ, ਗੁਰੂ ਦੇ ਉਪਦੇਸ਼ ਦੇ ਨਾਲ ਕਰਨਾ ਹੈ ਜੋ ਸੰਗ ਸਾਡੇ ਮਨ ਦੀ ਸਮਝ ਨੇ ਕਰਨਾ ਹੈ ਭਾਵ ਗੁਰੂ ਦਾ ਉਪਦੇਸ਼ ਮੰਨਣ ਦੁਆਰਾ ਨਾਮ ਜਪਣਾ ਹੈ ਭਾਵ ਕੇਵਲ ਗੁਰੂ ਦੇ ਉਪਦੇਸ਼ ਤੇ ਅਮਲ ਕਰਨ ਦੁਆਰਾ ਨਾਮ ਜਪਣਾ ਹੈ ਭਾਵ ਕੇਵਲ ਗੁਰੂ ਦੇ ਦੱਸੇ ਹੋਏ ਮਾਰਗ ਤੇ ਹੀ ਚੱਲਣਾ ਹੈ, ਗੁਰਮਤਿ ਅਨੁਸਾਰ ਚੱਲਣਾ ਹੈ। ਗੁਰੂ ਦੀ ਮਤਿ ਔਗੁਣਾਂ ਦੇ ਤਿਆਗ ਲਈ ਹੈ। ਸਾਨੂੰ ਕੇਵਲ ਨਾਮ ਜਪਣ ਲਈ ਸਮਝਾਇਆ ਹੈ ਤੇ ਜੇਕਰ ਅਸੀਂ ਕਿਸੇ ਅੱਖਰ ਨੂੰ ਹੀ ਨਾਮ ਸਮਝਦੇ ਹਾਂ ਫਿਰ ਬਾਕੀ ਗੁਰਬਾਣੀ ਦਾ ਮਕਸਦ ਕੀ ਰਹਿ ਗਇਆ। ਕੇਵਲ ਨਾਮ ਜਪਣ ਤੋਂ ਭਾਵ ਹੈ ਕੇਵਲ ਗੁਰੂ ਦੀ ਮਤਿ ਨੂੰ ਜਪੋ, ਕੇਵਲ ਗੁਰੂ ਦੀ ਮਤਿ ਨੂੰ ਮੰਨੋ ਭਾਵ ਕਿਸੇ ਹੋਰ ਦੀ ਮਤਿ ਦੇ ਪਿੱਛੇ ਨਾ ਲੱਗੋ। (**ਏਕੋ ਸਿਮਰਿ ਨ ਦੂਜਾ ਭਾਉ॥ ਸੰਤਸੰਗਿ ਜਪਿ ਕੇਵਲ ਨਾਉ॥੧॥**)

{ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਮਨੁੱਖ ਦੇ ਸਾਰੇ ਕਰਮ, ਧਰਮ, ਨੇਮ, ਬ੍ਰਤ, ਪੂਜਾ ਇਹ ਹੀ ਦੱਸੇ ਹਨ ਕਿ ਉਹ ਪ੍ਰਮਾਤਮਾ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਨਾ ਜਾਣੇ ਭਾਵ ਮਨੁੱਖ ਨੂੰ ਇਸ ਗੱਲ ਦੀ ਸਮਝ ਹੋਵੇ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਇਹ ਸਮਝ ਉਸ ਨੂੰ ਹੀ ਲੱਗ ਸਕਦੀ ਹੈ, ਉਸ ਨੂੰ ਹੀ ਵਿਸ਼ਵਾਸ ਆ ਸਕਦਾ ਹੈ ਜਦੋਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਭਾਵ ਉਸ ਦੇ ਨਾਲ ਮੇਲ ਹੋ ਜਾਂਦਾ ਹੈ। ਪ੍ਰਮਾਤਮਾ ਨਾਲ ਮੇਲ ਹੋਏ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਪੈਂਦੀ, ਉਸਦਾ ਨਾਮ ਜਪਣ ਦੀ ਸਮਝ ਨਹੀਂ ਪੈਂਦੀ ਜੋ ਸਮਝ ਮਨ ਦੇ ਵਿੱਚ ਮੇਲ ਤੋਂ ਬਾਅਦ ਉਹ ਆਪ ਹੀ ਪਾਉਂਦਾ ਹੈ ਤੇ ਆਪਣਾ ਨਾਮ ਆਪ ਹੀ ਜਪਵਾਉਂਦਾ ਹੈ ਭਾਵ ਭਗਤੀ ਦੇ ਮਾਰਗ ਤੇ ਆਪ ਹੀ ਚਲਾਉਂਦਾ ਹੈ। ਗੁਰੂ ਦੇ ਸਮਝਾਏ ਹੋਏ ਮਾਰਗ ਅਨੁਸਾਰ ਚੱਲਣਾ ਹੀ ਮਨੁੱਖ ਦਾ ਕਰਮ, ਧਰਮ, ਨੇਮ, ਬ੍ਰਤ, ਪੂਜਾ ਹੈ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ, ਕਿਸੇ ਵੱਖਰੀ ਕ੍ਰਿਆ ਦੀ ਲੋੜ ਨਹੀਂ ਹੈ। (**ਕਰਮ ਧਰਮ ਨੇਮ ਬ੍ਰਤ ਪੂਜਾ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥**) ਜੇਕਰ ਮਨੁੱਖ ਦਾ ਸਾਰਾ ਭਰੋਸਾ ਗੁਰੂ ਤੇ ਹੀ ਹੋਵੇ ਭਾਵ ਉਸਦੀ ਸਾਰੀ ਕਰਨੀ ਗੁਰੂ ਵਾਲੀ ਹੋਵੇ ਤੇ ਗੁਰੂ ਵਾਲੀ ਕਰਨੀ ਤਾਂ ਹੀ ਹੋ ਸਕਦੀ ਹੈ ਜੇ ਅਸੀਂ ਆਪਣੇ ਔਗੁਣਾਂ ਦਾ ਤਿਆਗ ਕਰਾਂਗੇ। ਸਭ ਤੋਂ ਪਹਿਲਾਂ ਔਗੁਣਾਂ ਦਾ ਤਿਆਗ ਜਰੂਰੀ ਹੈ ਅਤੇ ਇਹੋ ਜਿਹੇ ਮਨੁੱਖ ਦੀ ਹੀ ਪ੍ਰੀਤ ਆਪਣੇ ਗੁਰੂ ਦੇ ਨਾਲ ਹੋ ਸਕਦੀ ਹੈ ਅਤੇ ਉਸੇ ਦੀ ਹੀ ਘਾਲ ਪੂਰੀ ਹੋ ਸਕਦੀ ਹੈ। (**ਤਾ ਕੀ ਪੂਰਨ ਹੋਈ ਘਾਲ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ॥**) ਸ਼ਬਦ ਦੀ ਅਖੀਰਲੀ ਪੰਗਤੀ ਵਿੱਚ ਸਾਰੇ ਸ਼ਬਦ ਦਾ ਸਾਰ ਦੱਸ ਕੇ ਇਹ

ਸਮਝਾਇਆ ਹੈ ਕਿ ਪ੍ਰਮਾਤਮਾ ਦਾ ਭਗਤ ਉਹ ਹੀ ਹੈ ਜਿਸ ਨੇ ਵਿਕਾਰਾਂ ਨੂੰ ਤਜਿਆ ਹੈ ਭਾਵ ਪ੍ਰਮਾਤਮਾ ਦੀ ਭਗਤੀ ਹੈ ਹੀ ਔਗੁਣਾਂ ਦਾ ਤਿਆਗ। ਸਾਡਾ ਸਭ ਜਪ, ਤਪ, ਕੀਰਤਨ, ਸਿਮਰਨ, ਨਾਮ ਜਪਣਾ, ਔਗੁਣਾਂ ਦਾ ਤਿਆਗ ਹੀ ਹੈ, ਆਪਣੀ ਮਤਿ ਦਾ ਤਿਆਗ ਹੀ ਹੈ। **(ਸੋ ਬੈਸਨੋ ਹੈ ਅਪਰ ਅਪਾਰੁ॥ਕਹੁ ਨਾਨਕ ਜਿਨਿ ਤਜੇ ਬਿਕਾਰ॥)**

ਪ੍ਰਮਾਤਮਾ ਦਾ ਸਿਮਰਨ, ਜਪਣਾ, ਧਿਆਉਣਾ, ਅਰਾਧਨਾ, ਭਜਨ ਕਰਨਾ, ਸੁਰਤੀ ਜੋੜਨਾ, ਧਿਆਨ ਲਗਾਉਣਾ ਕੀ ਹੈ, ਇਸ ਨੂੰ ਹੁਣ ਇਸ ਬਰੀਕੀ ਨਾਲ ਮੰਨੀਏ, ਗੁਰੂ ਦੀ ਗੱਲ ਤੇ, ਗੁਰੂ ਦੀ ਸਮਝ ਤੇ ਵਿਸ਼ਵਾਸ ਰੱਖੀਏ ਤਾਂ ਕਿ ਉਸ ਤੋਂ ਬਾਅਦ ਸਾਨੂੰ ਸੁਰਤੀਆਂ ਤੇ ਸਮਾਧੀਆਂ ਲਗਾਉਣ ਦੀ ਲੋੜ ਨਾ ਪਏ। ਸ਼ਬਦ ਸਾਡਾ ਗੁਰੂ ਹੈ ਤੇ ਗੁਰੂ ਦਾ ਚੇਲਾ ਕਿਵੇਂ ਬਣਿਆ ਜਾ ਸਕਦਾ ਹੈ ਇਸ ਗੱਲ ਨੂੰ ਹੇਠ ਦਿੱਤੀ ਸ਼ਬਦ ਦੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

"ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥"

(ਅੰਗ ੯੪੩)

ਉੱਪਰ ਵਾਲੀ ਪੰਗਤੀ "ਸਿਧ ਗੋਸਟ" ਬਾਣੀ ਦੇ ਸ਼ਬਦਾਂ ਵਿੱਚੋਂ ਹੈ ਜਿਨ੍ਹਾਂ ਸ਼ਬਦਾਂ ਨੂੰ ਲੇਖ ਵਿੱਚ ਅੱਗੇ ਚੱਲਕੇ ਸਮਝਾਂਗੇ।ਇਸ ਪੰਗਤੀ ਰਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ, ਅਕਾਲ ਪੁਰਖ ਰੂਪ ਨੇ ਇਹ ਸਮਝਾਇਆ ਹੈ ਕਿ ਦੇਹ ਗੁਰੂ ਨਹੀਂ ਹੈ ਬਲਕਿ "ਸ਼ਬਦ" ਗੁਰੂ ਹੈ। "ਸ਼ਬਦ" ਉਹ ਬਚਨ ਹਨ ਜੋ ਗੁਰੂ ਆਪਣੇ ਮੁੱਖੋਂ ਉਚਾਰਦਾ ਹੈ। ਇਸ ਲਈ ਗੁਰੂ ਦੇ ਬਚਨ ਹੀ ਸਾਡਾ ਗੁਰੂ ਹਨ। (**ਸਤਿਗੁਰ ਬਚਨ ਬਚਨ ਹੈ ਸਤਿਗੁਰ**) ਅੰਗ ੧੩੦੯ । ਆਪਣੇ ਸ਼ਬਦਾਂ ਰਾਹੀਂ, ਬਚਨਾਂ ਰਾਹੀਂ ਸਾਨੂੰ ਗੁਰੂ ਕੁੱਝ ਸਮਝਾਉਂਦਾ ਹੀ ਹੈ, ਆਪਣਾ ਸੱਚਾ ਗਿਆਨ ਹੀ ਦਿੰਦਾ ਹੈ। ਇਸ ਲਈ ਗੁਰੂ ਦਾ ਸੱਚਾ ਗਿਆਨ, ਗੁਰੂ ਦੀ ਸੱਚੀ ਸਿੱਖਿਆ ਹੀ ਸਾਡਾ ਗੁਰੂ ਹੈ। ਸ਼ਬਦਾਂ ਦੇ ਅੰਦਰ ਦਾ ਗਿਆਨ ਹੀ ਸ਼ਬਦ ਨੂੰ ਉੱਚਾ ਬਣਾਉਂਦਾ ਹੈ, ਵੱਡਾ ਬਣਾਉਂਦਾ ਹੈ। ਅਸਲ ਵਿੱਚ ਸ਼ਬਦਾਂ ਦੇ ਗਿਆਨ ਦੀ ਮਹਿਮਾ ਨੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਬਣਾਇਆ ਤੇ ਇਹ ਗਿਆਨ ਦੀ ਜੋਤ ਹੀ ਅੱਗੇ ਤੋਂ ਅੱਗੇ ਸਾਰੀਆਂ ਪਾਤਸ਼ਾਹੀਆਂ ਵਿੱਚ ਪ੍ਰਗਟ ਹੁੰਦੀ ਰਹੀ ਹੈ। ਅਸਲ ਵਿੱਚ ਗੁਰੂ ਨਾਨਕ ਦੇਵ ਜੀ, ਸਾਰੀਆਂ ਪਾਤਸ਼ਾਹੀਆਂ ਅਤੇ ਹੋਰ ਭਗਤ ਜਨ ਜਿਨ੍ਹਾਂ ਦੇ ਮੁੱਖੋਂ ਉਚਾਰੀ ਹੋਈ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਹ ਸਭ ਪ੍ਰਮਾਤਮਾ ਦਾ ਆਪਣਾ ਰੂਪ ਹੀ ਹਨ। ਪ੍ਰਮਾਤਮਾ ਆਪ ਸ਼ਬਦ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ।

{ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥}

(ਅੰਗ ੧੩੯੫)

{ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥}

(ਅੰਗ ੧੪੦੮)

ਇਹੀ ਵਜ੍ਹਾ ਸੀ ਕਿ ਗੁਰੂ ਨਾਨਕ ਦੇਵ ਜੀ ਨੂੰ ਅਤੇ ਅੱਗੇ ਹੋਰ ਪਾਤਸ਼ਾਹੀਆਂ ਨੂੰ ਕਿਸੇ ਕੋਲੋਂ ਗਿਆਨ ਲੈਣ ਦੀ ਜਰੂਰਤ ਨਹੀਂ ਪਈ ਕਿਉਂਕਿ ਇਹ ਗਿਆਨ ਤਾਂ ਸਿੱਧਾ ਪ੍ਰਮਾਤਮਾ ਦੇ ਕੋਲੋਂ ਹੀ ਆ ਰਿਹਾ ਸੀ ਜੋ ਕਿ ਖੁਦ ਗਿਆਨ ਦਾ ਭੰਡਾਰ ਹੈ ਅਤੇ ਸਾਰੇ ਗਿਆਨ ਦਾ ਮਾਲਕ ਹੈ। ਇਹ ਗਿਆਨ ਸਿੱਧਾ ਪ੍ਰਮਾਤਮਾ ਆਪ ਹੀ ਮਨੁੱਖ ਦੀ ਸੋਚ (ਮਨ) ਵਿੱਚ ਪਾਉਂਦਾ ਹੈ ਜਿਸਦਾ ਅਹਿਸਾਸ ਕੇਵਲ ਉਸਦੇ ਮੇਲ ਤੋਂ ਬਾਅਦ ਹੀ ਹੋ ਸਕਦਾ ਹੈ। ਮਨੁੱਖ ਨੂੰ ਤਾਂ ਹੀ ਸਮਝ ਲੱਗਦੀ ਹੈ ਕਿ ਇਹ ਸੋਚਾਂ ਮੇਰੀਆਂ ਨਹੀਂ ਹਨ ਬਲਕਿ ਪ੍ਰਮਾਤਮਾ ਦੀਆਂ ਦਿੱਤੀਆਂ ਹੋਈਆਂ ਹਨ ਜਿਨ੍ਹਾਂ ਸੋਚਾਂ ਰਾਹੀਂ ਪ੍ਰਮਾਤਮਾ ਆਪ ਹੀ ਸਭ ਦੇ ਅੰਦਰ ਵਰਤ ਰਹਿਆ ਹੈ ਜਿਸ ਦੀ ਮਨੁੱਖ ਨੂੰ ਆਪਣੇ ਆਪ ਸਮਝ ਲੱਗ ਹੀ ਨਹੀਂ ਸਕਦੀ। ਮਨੁੱਖ ਇਸ ਗੱਲ ਨੂੰ

ਮੰਨ ਹੀ ਨਹੀਂ ਸਕਦਾ ਜਦ ਤੱਕ ਅੰਦਰੋਂ ਇਸ ਗੱਲ ਦੀ ਸੋਝੀ ਨਾ ਪਵੇ। ਸਾਡੇ ਅੰਦਰ ਸੋਝੀ ਉਹ ਹੀ ਪਾ ਸਕਦਾ ਹੈ ਜਿਸ ਨੇ ਇਹ ਸੋਚਾਂ ਪਾਈਆਂ ਹੋਈਆਂ ਹਨ। ਅਸਲ ਵਿੱਚ ਇਹ ਸੋਚਾਂ ਹੀ ਸਾਨੂੰ ਇਹ ਸਮਝਾਉਂਦੀਆਂ ਹਨ ਕਿ ਅਸੀਂ ਰੱਬ ਤੋਂ ਵੱਖਰੇ ਹਾਂ। ਸਾਡੇ ਅੰਦਰ ਹਉਮੈ ਦਾ ਪੜਦਾ ਪ੍ਰਮਾਤਮਾ ਨੇ ਇਨ੍ਹਾਂ ਸੋਚਾਂ ਦੁਆਰਾ ਹੀ ਪਾਇਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਾਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਹਰ ਮਨੁੱਖ ਇੱਕ ਦੂਸਰੇ ਤੋਂ ਵੱਖਰਾ ਇਨ੍ਹਾਂ ਸੋਚਾਂ ਦੁਆਰਾ ਹੀ ਹੈ। ਮਨੁੱਖ ਆਪਣੇ ਆਪ ਨੂੰ ਉਹੋ ਕੁੱਝ ਹੀ ਸਮਝਦਾ ਹੈ ਜੋ ਉਸ ਦੀ ਸੋਚ ਉਸ ਨੂੰ ਸਮਝਾਉਂਦੀ ਹੈ ਅਤੇ ਉਹੋ ਕੁੱਝ ਹੀ ਕਰਦਾ ਹੈ ਜੋ ਉਸ ਦੀ ਸੋਚ ਕਹਿੰਦੀ ਹੈ। ਗੁਰੂ ਦਾ ਚੇਲਾ ਅਸੀਂ ਕਿਵੇਂ ਬਣਣਾ ਹੈ ਇਹ ਸਾਨੂੰ ਸਾਡੇ ਮਨ ਦੀ ਸੋਚ ਭਾਵ ਮਨ ਦੀ ਸਮਝ ਹੀ ਸਮਝਾਉਂਦੀ ਹੈ ਜੋ ਸਮਝ ਸਾਡੇ ਵੱਸ ਵਿੱਚ ਨਹੀਂ ਹੈ। ਗੁਰੂ ਦਾ ਸਚਾ ਚੇਲਾ ਸਾਨੂੰ ਸਾਡੀ ਸੁਰਤਿ ਦੀ ਸੱਚੀ ਧੁਨਿ ਹੀ ਬਣਾਉਂਦੀ ਹੈ। ਮਨੁੱਖ ਨੂੰ ਜੋ ਕੁੱਝ ਕਰਨਾ ਚੰਗਾ ਲੱਗਦਾ ਹੈ ਉਹ ਉਸਦੇ ਅੰਦਰ ਦੀ ਧੁਨਿ ਹੈ, ਸੁਰਤਿ ਦੀ ਧੁਨ ਹੈ। ਸਾਡੇ ਅੰਦਰ ਦੀ ਧੁਨਿ ਕੀ ਹੈ, ਇਸ ਗੱਲ ਨੂੰ ਕੁੱਝ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਸਾਡੇ ਅੰਦਰ ਦੀ ਸੋਚ ਭਾਵ ਮਨ ਦੀ ਸਮਝ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਗਿਆਨ ਦੀ ਨੱਥ ਹੈ ਜਿਸ ਦੁਆਰਾ ਉਹ ਮਨੁੱਖ ਕੋਲੋਂ ਜੋ ਚਾਹੇ ਕਰਵਾ ਲੈਂਦਾ ਹੈ। ਪ੍ਰਮਾਤਮਾ ਆਪਣੀ ਇਸ ਕਲਾ ਨੂੰ ਕਿਵੇਂ ਵਰਤਦਾ ਹੈ, ਆਓ ਇਸ ਨੂੰ ਹੇਠ ਲਿਖੇ ਸ਼ਬਦ ਦੁਆਰਾ ਜਾਣੀਏ। ਪ੍ਰਮਾਤਮਾ ਸਾਡੇ ਅੰਦਰ ਗੁਪਤ ਤੌਰ ਤੇ ਇਸ ਸੋਚ ਰਾਹੀਂ ਵਰਤ ਰਿਹਾ ਹੈ ਜਿਵੇਂ ਕਿ ਅਸੀਂ ਇਸ ਸ਼ਬਦ ਨੂੰ ਸ਼ੁਰੂ ਵਿੱਚ ਵੀ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇੱਥੇ ਸਾਡੇ ਅੰਦਰ ਦੀ ਜੁਗਤਿ ਹੀ ਸਮਝਾਈ ਹੋਈ ਹੈ ਜੋ ਪ੍ਰਮਾਤਮਾ ਦੀ ਮਾਇਆ ਰੂਪ ਜੁਗਤਿ ਹੈ।

“ਅਕੁਲ ਪੁਰਖ ਇਕੁ ਚਲਿਤੁ ਉਪਾਇਆ॥
ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥੧॥
ਜੀਅ ਕੀ ਜੋਤਿ ਨ ਜਾਨੈ ਕੋਈ॥
ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥”

(ਅੰਗ ੧੩੫੧)

ਇਸ ਸ਼ਬਦ ਰਾਹੀਂ ਅਕਾਲ ਪੁਰਖ ਨੇ ਆਪਣੇ ਆਪ ਨੂੰ ਮਨੁੱਖ ਦੇ ਅੰਦਰ ਕਿਸ ਤਰ੍ਹਾਂ ਲੁਕਾਇਆ ਹੋਇਆ ਹੈ, ਕਿਸ ਤਰ੍ਹਾਂ ਗੁਪਤ ਵਰਤ ਰਿਹਾ ਹੈ, ਕਿਸ ਤਰ੍ਹਾਂ ਮਨੁੱਖ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ, ਇਹ ਗੱਲ ਬੜੀ ਬਰੀਕੀ ਨਾਲ ਸਮਝਾਈ ਹੋਈ ਹੈ। ਸਮਝ ਥੋੜ੍ਹੀ ਔਖੀ ਆਉਂਦੀ ਹੈ ਪਰ ਇੱਥੇ ਪ੍ਰਮਾਤਮਾ ਨੇ ਆਪਣਾ ਭੇਦ ਸਮਝਾਇਆ ਹੋਇਆ ਹੈ। ਇਹ ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਅਤੇ ਮਨੁੱਖ ਵੀ ਇਸੇ ਖੇਡ ਦਾ ਹਿੱਸਾ ਹੈ **(ਚਲਿਤੁ ਉਪਾਇਆ॥)** ਅਤੇ ਹਰ ਜੀਵ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਗੁਪਤ ਰੱਖਿਆ ਹੋਇਆ ਹੈ। **(ਬ੍ਰਹਮੁ ਲੁਕਾਇਆ॥)**। ਸਾਡੇ ਅੰਦਰ ਜੋ ਪ੍ਰਮਾਤਮਾ ਦੀ ਪਾਈ ਹੋਈ ਜੋਤਿ ਹੈ ਭਾਵ ਜੋ ਸਾਡਾ ਮਨ ਹੈ **(ਮਨ ਤੂੰ ਜੋਤਿ ਸਰੂਪੁ ਹੈ)** ਅੰਗ - ੪੪੧ । ਉਸ ਨੂੰ ਕੋਈ ਨਹੀਂ ਸਮਝਦਾ ਭਾਵ ਇਸ ਮਨ ਨੂੰ ਸਮਝਣ ਦੀ ਲੋੜ ਹੈ ਭਾਵ

2/76 ਅਤੇ 76-ਅ

ਪ੍ਰਮਾਤਮਾ ਦਾ ਸਾਰਾ ਭੇਦ ਸਾਡੇ ਮਨ ਦੇ ਵਿੱਚ ਹੀ ਹੈ। ਇਸ ਮਨ ਤੋਂ ਹੀ ਸਾਨੂੰ ਸਾਰਾ ਗਿਆਨ ਮਿਲਦਾ ਹੈ ਜੋ ਕਿ ਸਾਡੀਆਂ ਸੋਚਾਂ ਰਾਹੀ ਮਿਲਦਾ ਹੈ **(ਜੀਅ ਕੀ ਜੋਤਿ ਨ ਜਾਨੈ ਕੋਈ॥)**। ਅਸੀਂ ਆਪਣੇ ਆਪ ਨੂੰ ਉਹੀ ਕੁੱਝ ਸਮਝਦੇ ਹਾਂ ਜੋ ਸਾਡੀ ਸੋਚ ਸਾਨੂੰ ਸਮਝਾਉਂਦੀ ਹੈ। ਸਾਡੀ ਸੋਚ ਸਾਨੂੰ ਇਹ ਸਮਝਾਉਂਦੀ ਹੈ ਕਿ ਜੋ ਮੈਂ ਕਰ ਸਕਦਾ ਹਾਂ ਉਹ ਮੈਂ ਆਪ ਹੀ ਕਰਦਾ ਹਾਂ। ਮੇਰੀ ਆਪਣੀ ਵੱਖਰੀ ਹੋਂਦ ਹੈ, ਮੈਂ ਇੱਕ ਮਨੁੱਖ ਹਾਂ, ਇਹ ਸੋਚ ਮੇਰੀ ਹੈ ਅਤੇ ਸਭ ਕੁੱਝ ਮੈਂ ਆਪ ਹੀ ਕਰਦਾ ਹਾਂ **(ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥)** ਭਾਵ ਸਾਡੇ ਅੰਦਰੋਂ ਹੀ ਸਾਨੂੰ “ਮੈਂ” ਸਿਖਾਂਈ ਜਾਂਦੀ ਹੈ, ਸਾਡੇ ਅੰਦਰ ਹਉਮੈ ਵਾਲੀ ਜੁਗਤਿ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਭਾਵ ਮਨੁੱਖੀ ਸਰੀਰ ਦੀ ਰਚਨਾ ਹੋਣ ਤੋਂ ਹੀ ਪੈ ਕੇ ਆਉਂਦੀ ਹੈ। ਪ੍ਰਮਾਤਮਾ ਦਾ ਸਾਰਾ ਭੇਦ ਸਾਡੇ ਅੰਦਰ ਦੇ ਗਿਆਨ ਵਿੱਚ ਹੀ ਛੁਪਿਆ ਹੋਇਆ ਹੈ। ਇਹ ਗਿਆਨ ਸਾਡਾ ਨਹੀਂ ਹੈ, ਪ੍ਰਮਾਤਮਾ ਦਾ ਪਾਇਆ ਹੋਇਆ ਹੈ ਤੇ ਮਨ ਦੇ ਵਿੱਚ ਇਸ ਗਿਆਨ ਨੇ ਹੀ ਸਾਨੂੰ ਪ੍ਰਮਾਤਮਾ ਤੋਂ ਦੂਰ ਰੱਖਿਆ ਹੋਇਆ ਹੈ। ਸਾਨੂੰ ਜਦੋਂ ਪ੍ਰਮਾਤਮਾ ਦੀ ਸੋਝੀ ਪੈਣੀ ਹੈ ਤਾਂ ਇਸੇ ਗਿਆਨ ਦੁਆਰਾ ਹੀ ਪੈਣੀ ਹੈ। ਜਦੋਂ ਸੋਝੀ ਪਵੇਗੀ ਤਾਂ ਇਹੀ ਪਵੇਗੀ ਕਿ ਇਹ ਸੋਚ ਸਾਡੀ ਨਹੀਂ ਹੈ, ਇਹ ਆਪ ਪ੍ਰਮਾਤਮਾ ਹੈ। ਸਾਡਾ “ਮਨੁਖ” ਹੋਣਾ ਕੇਵਲ ਇੱਕ ਭੁਲੇਖਾ ਹੈ। ਸਾਰੀ ਹੋਂਦ ਪ੍ਰਮਾਤਮਾ ਦੀ ਆਪਣੀ ਹੈ ਤੇ ਮਨੁੱਖ ਦੀ ਕੋਈ ਵੱਖਰੀ ਹੋਂਦ ਨਹੀਂ ਹੈ। ਇਹ ਕੇਵਲ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ। ਇਸ ਖੇਡ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ ਤੇ ਸਾਡੇ ਵੱਸ ਕੁੱਝ ਵੀ ਨਹੀਂ ਹੈ, ਨਹੀਂ ਹੈ, ਨਹੀਂ ਹੈ। (**ਅਕੁਲ ਪੁਰਖ ਇਕੁ ਚਲਿਤੁ ਉਪਾਇਆ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥੧॥ ਜੀਅ ਕੀ ਜੋਤਿ ਨ ਜਾਨੈ ਕੋਈ॥ ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥**)

ਅਸੀਂ ਆਪਣੀ ਕਿਸੇ ਵੀ ਸਿਆਣਪ ਦੁਆਰਾ ਉਸ ਨੂੰ ਨਹੀਂ ਪਾ ਸਕਦੇ, ਨਹੀਂ ਪਾ ਸਕਦੇ, ਨਹੀਂ ਪਾ ਸਕਦੇ। ਕੇਵਲ ਇੱਕੋ ਇੱਕ ਤਰੀਕਾ ਉਸਦੀ ਆਪਣੀ ਕ੍ਰਿਪਾ ਹੈ ਤੇ ਉਸਦੀ ਕ੍ਰਿਪਾ ਦਾ ਪਾਤਰ ਬਣਨ ਲਈ ਉਸਦੇ ਹੁਕਮ ਨੂੰ ਮੰਨਣ ਦੀ ਲੋੜ ਹੈ ਨਾ ਕਿ ਕਿਸੇ ਸੁਰਤੀਆਂ, ਸਮਾਧੀਆਂ ਲਗਾਉਣ ਦੀ।

ਜੇ ਸਾਨੂੰ ਇਨ੍ਹਾਂ ਸੋਚਾਂ ਦੀ ਸਮਝ ਪੈ ਜਾਵੇ, ਇਸ ਮਨ ਦੀ ਸੋਝੀ ਪੈ ਜਾਵੇ ਤੇ ਤਾਂ ਹੀ ਸਾਨੂੰ ਇਹ ਯਕੀਨ ਹੋਵੇਗਾ ਕਿ ਇਹ ਸਾਰੀ ਬਾਣੀ ਪ੍ਰਮਾਤਮਾ ਦੀ ਆਪਣੀ ਭੇਜੀ ਹੋਈ, ਰਚੀ ਹੋਈ ਹੈ ਜੋ ਬਾਣੀ ਉਸਨੇ ਮਨੁੱਖੀ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਰਚੀ ਹੈ। ਇਸੇ ਲਈ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ ਭਾਵ ਇਹ ਧੁਰੋਂ ਸਿਧੀ ਪ੍ਰਮਾਤਮਾ ਕੋਲੋਂ ਆਈ ਹੈ। ਇਸੇ ਲਈ ਗੁਰਬਾਣੀ ਨੂੰ ਅਕਥ ਕਥਾ, ਅਕਥ ਕਹਾਣੀ ਵੀ ਕਿਹਾ ਗਿਆ ਹੈ ਭਾਵ ਗੁਰਬਾਣੀ ਉਸ ਨਾ ਕਥੇ ਜਾਣ ਵਾਲੇ ਪ੍ਰਮਾਤਮਾ (ਅਕਥ) ਦੀ ਕਥਾ, ਕਹਾਣੀ ਬਿਆਨ ਕਰਦੀ ਹੈ ਜੋ ਉਸ ਪ੍ਰਮਾਤਮਾ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਕਥੀ ਹੈ, ਜੋਤਿ ਰੂਪ ਮਨ ਰਾਹੀਂ ਪ੍ਰਗਟ ਹੋ ਕੇ ਆਪ ਹੀ ਕਥੀ ਹੈ। ਉਸ ਦੀ ਸਾਰੀ ਬਾਣੀ ਅੰਮ੍ਰਿਤ ਹੈ ਭਾਵ ਨਾਮ ਹੈ, ਬ੍ਰਹਮ ਗਿਆਨ ਹੈ।

{ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ॥}

(ਅੰਗ ੮੦੬)

2/77

ਇਹ ਕਥਾ ਅੰਦਰੋਂ ਮਨ ਦੇ ਰਾਹੀਂ (ਸੋਚਾਂ ਰਾਹੀਂ) ਆਉਂਦੀ ਹੈ। ਜੋ ਗੱਲ ਪ੍ਰਮਾਤਮਾ ਨੇ ਕਹਿਣੀ ਹੁੰਦੀ ਹੈ, ਸਮਝਾਉਣੀ ਹੁੰਦੀ ਹੈ ਉਹ ਮਨ ਵਿੱਚ ਆਪੇ ਹੀ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਜੁਗਤੀ ਦੀ ਸਮਝ ਕੇਵਲ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਰਾਹੀਂ ਹੀ ਆ ਸਕਦੀ ਹੈ। ਤ੍ਰੈਗੁਣਾਂ ਵਾਲੀ ਮਾਇਆ ਦੀ ਅਵੱਸਥਾ ਵਿੱਚ ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ। ਜੇ ਇਸ ਗੱਲ ਦੀ ਸਮਝ ਆ ਜਾਵੇ ਕਿ ਗੁਰਬਾਣੀ ਜੱਗ ਵਿੱਚ ਕਿਵੇਂ ਆਈ ਹੈ ਤਾਂ ਫਿਰ ਇਹ ਵੀ ਸਮਝਣਾ ਸੌਖਾ ਹੋ ਜਾਵੇਗਾ ਕਿ ਸਾਰੇ ਧਰਮ ਗ੍ਰੰਥ ਕਿੱਥੋਂ ਆਏ ਹਨ ਅਤੇ ਕਿਵੇਂ ਆਏ ਹਨ। ਗਿਆਨ ਦਾ ਸ੍ਰੋਤ ਕੇਵਲ ਇੱਕ ਪ੍ਰਮਾਤਮਾ ਆਪ ਹੀ ਹੈ

{ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ॥ ਕੀਨੇ ਰਾਮ ਨਾਮ ਇਕ ਆਖ੍ਰਰ॥}

(ਅੰਗ - ੨੬੨)

ਉਸ ਪ੍ਰਮਾਤਮਾ ਦੀ ਸਮਝ ਪੈਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ **(ਸਭੁ ਕਿਛੁ ਆਪੇ ਆਪਿ)** ਅਤੇ ਤਾਂ ਹੀ ਹਰ ਚੀਜ ਵਿੱਚ ਪ੍ਰਮਾਤਮਾ ਦੀ ਹੋਂਦ ਨਜ਼ਰ ਆਉਂਦੀ ਹੈ।

ਗੁਰਬਾਣੀ ਨੂੰ ਅਨਹਦ ਬਾਣੀ ਵੀ ਕਿਹਾ ਗਿਆ ਹੈ। ਅਨਹਦ ਬਾਣੀ ਤੋਂ ਭਾਵ ਹੈ ਬਿਨ੍ਹਾਂ ਨਾਦ ਤੋਂ ਭਾਵ ਬਿਨ੍ਹਾਂ ਕਿਸੇ ਆਵਾਜ ਤੋਂ ਸੁਣਨ ਵਾਲੀ ਬਾਣੀ। ਜਦੋਂ ਇਹ ਬਾਣੀ ਗੁਰੂ ਸਾਹਿਬਾਨ ਨੇ, ਭਗਤਾਂ ਨੇ ਉਚਾਰੀ ਹੈ ਤਾਂ ਉਨ੍ਹਾਂ ਨੇ ਇਸ ਬਾਣੀ ਨੂੰ ਪਹਿਲਾਂ ਪ੍ਰਮਾਤਮਾ ਕੋਲੋਂ ਸਿੱਧਾ ਆਪਣੇ ਮਨ ਦੇ ਵਿੱਚ ਭਾਵ ਸੋਚਾਂ ਰਾਹੀਂ ਸੁਣ ਕੇ ਉਚਾਰਿਆ ਹੈ ਭਾਵ ਇਹ ਸਾਰੀ ਬਾਣੀ ਬਿਨ੍ਹਾਂ ਆਵਾਜ਼ ਤੋਂ ਪ੍ਰਮਾਤਮਾ ਨਾਲ ਗੱਲਾਂ ਕਰਨ ਨਾਲ ਅੰਦਰੋਂ ਖੁਦ ਹੀ ਮਨ ਵਿੱਚ ਪ੍ਰਗਟ ਹੋਈ ਹੈ

{ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥}

(ਅੰਗ - ੭੬੩)

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥}

(ਅੰਗ - ੭੨੨)

ਗੁਰਬਾਣੀ ਨੂੰ ਅਨਹਤ ਬਾਣੀ ਵੀ ਕਿਹਾ ਗਿਆ ਹੈ ਭਾਵ ਬਿਨ੍ਹਾਂ ਕਿਸੇ ਆਹਟ ਜਾਂ ਸ਼ੋਰ ਦੇ, ਆਪਣੀਆਂ ਸੋਚਾਂ ਦੇ ਰਾਹੀਂ, ਮਨ ਦੇ ਰਾਹੀਂ ਸੁਣਦੀ ਹੈ। ਗੁਰੂ ਦਾ ਸ਼ਬਦ (ਪ੍ਰਮਾਤਮਾ ਦਾ ਸ਼ਬਦ) ਆਪਣੇ ਅੰਦਰ ਮਨ ਦੇ ਵਿੱਚ ਬਿਨ੍ਹਾਂ ਕਿਸੇ ਆਵਾਜ਼ ਦੇ ਹੀ ਸੁਣਦਾ ਹੈ **(ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥** ਅੰਗ ੯੨੧)।

ਇਹ ਜੋ ਸ਼ਬਦ ਮਨ ਦੇ ਅੰਦਰ ਸੁਣੇ ਜਾਂਦੇ ਹਨ, ਸਿੱਧੇ ਪ੍ਰਮਾਤਮਾ ਦੇ ਕੋਲੋਂ ਸੁਣੇ ਜਾਂਦੇ ਹਨ। ਇਨ੍ਹਾਂ ਨੂੰ ਅਨਦ, ਅਕਥਿ ਕਹਾਣੀ, ਸਹਜ ਧੁਨਿ, ਅਨਹਦ ਤੂਰੇ ਵੀ ਕਿਹਾ ਗਿਆ ਹੈ। ਅਨਹਦ ਤੂਰੇ ਸਾਡੇ ਅੰਦਰ ਕੋਈ ਵੱਜਣ ਵਾਲੀ ਜਾਂ ਆਵਾਜ਼ ਕਰਨ ਵਾਲੀ ਚੀਜ਼ ਨਹੀਂ ਹੈ। ਜੋ ਹੈ ਹੀ ਅਨਾਹਦ ਭਾਵ ਆਵਾਜ

2/78

ਰਹਿਤ ਨਾਦ, ਉਹ ਵੱਜ ਕਿਵੇਂ ਸਕਦਾ ਹੈ। ਇਹ ਤਾਂ ਕੇਵਲ ਇੱਕ ਅਵੱਸਥਾ ਸਮਝਾਉਣ ਲਈ ਦੱਸੀ ਹੋਈ ਹੈ ਜੋ ਕਿ ਪ੍ਰਮਾਤਮਾ ਨਾਲ ਮੇਲ ਦੀ ਅਵੱਸਥਾ ਹੈ। ਅਨਹਦ ਤੂਰੇ ਤੋਂ ਭਾਵ ਹੈ ਗੁਰਬਾਣੀ ਦੇ ਤੂਰੇ, ਗੁਰਮਤਿ ਨੂੰ ਸਭ ਤੋਂ ਉੱਚਾ ਕਰਕੇ ਮੰਨਣਾ, ਸ਼ਬਦ ਦੇ ਤੂਰੇ ਭਾਵ ਸੱਚ ਦੇ ਤੂਰੇ ਭਾਵ ਉੱਚੇ ਗਿਆਨ ਵਾਲੇ ਤੂਰੇ ਜੋ ਬਿਨ੍ਹਾਂ ਆਵਾਜ਼ ਤੋਂ ਮਨ ਦੇ ਅੰਦਰੋਂ ਸੁਣਦੇ ਹਨ ਭਾਵ ਜਿਸ ਵਕਤ ਮਨੁੱਖ ਦੀ ਅਵੱਸਥਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਗੁਰਮਤਿ ਦੇ ਸੱਚੇ ਗਿਆਨ ਵਾਲੀ ਹੋ ਜਾਂਦੀ ਹੈ, ਗੁਰੂ ਦੀ ਕਰਨੀ ਵਾਲੀ ਹੋ ਜਾਂਦੀ ਹੈ ਤੇ ਉਹ ਮਾਇਆ ਦੀ ਜੁਗਤਿ ਤੋਂ ਨਿਰਲੇਪ ਹੋ ਕੇ ਸਹਜ ਦੀ ਅਵੱਸਥਾ ਵਿੱਚ ਆ ਜਾਂਦਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਵਿੱਚ ਆ ਜਾਂਦਾ ਹੈ। ਇਹ ਹੀ "ਸਹਜ ਧੁਨਿ" ਹੈ, ਸੱਚੇ ਗਿਆਨ ਦੀ ਧੁਨ ਹੈ ਜੋ ਸਾਡੇ ਮਨ ਦੇ ਅੰਦਰ ਹੀ ਉਪਜਦੀ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਆਪ ਦੀ ਪਹਿਚਾਣ ਹੁੰਦੀ ਹੈ ਅਤੇ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਅਨਹਦ ਤੂਰੇ ਸੱਚ ਦੇ ਤੂਰੇ ਹਨ, ਬ੍ਰਹਮ ਗਿਆਨ ਦੇ ਤੂਰੇ ਹਨ, ਗੁਰਮਤਿ ਨੂੰ ਉੱਚਾ ਕਰਨ ਦੇ ਤੂਰੇ ਹਨ ਜੋ ਕਿ ਚੌਥੇ ਪਦ

ਦੇ ਗਿਆਨ ਦੀ ਪ੍ਰਾਪਤੀ ਹੈ ਜਿਸ ਦੁਆਰਾ ਮਨੁੱਖ ਗੁਰਮਤਿ ਨੂੰ ਉੱਚਾ ਮਾਣ ਦਿੰਦਾ ਹੈ। ਇਹ ਸਮਝਣ ਲਈ ਹੇਠ ਲਿਖੀ ਹੋਈ ਪੰਗਤੀ ਨੂੰ ਵਿਚਾਰੀਏ :-

ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ॥

(ਅੰਗ ੧੯)

ਇਹ ਅਨਹਦ ਸਾਡੇ ਅੰਦਰ ਦਾ ਗਿਆਨ ਹੈ, ਨਾਦ ਹੈ **(ਘਟਿ ਘਟਿ ਵਾਜਹਿ ਨਾਦ॥)** ਜੋ ਸਾਡੇ ਅੰਦਰ ਚੱਲ ਰਿਹਾ ਪ੍ਰਮਾਤਮਾ ਦਾ ਹੁਕਮ ਹੈ, ਪ੍ਰਮਾਤਮਾ ਦਾ ਸ਼ਬਦ ਹੈ ਜਿਸ ਗਿਆਨ ਰਾਹੀਂ ਅਸੀਂ ਵਿਚਰਦੇ ਹਾਂ। ਸਾਨੂੰ ਜੋ ਗਿਆਨ ਆਪਣੇ ਅੰਦਰੋਂ ਮਿਲਦਾ ਹੈ ਉਹ ਮਾਇਆ ਦੀ ਜੁਗਤ ਦੁਆਰਾ ਮਿਲਦਾ ਹੈ ਜਿਸ ਕਾਰਨ ਅਸੀਂ ਤ੍ਰੈਗੁਣੀ ਅਵੱਸਥਾ ਵਿੱਚ ਰਹਿੰਦੇ ਹਾਂ। ਇਸ ਮਾਇਆ ਦੀ ਜੁਗਤ ਦੇ ਪੜਦੇ ਕਾਰਨ ਸਾਡੀ ਪ੍ਰਮਾਤਮਾ ਤੋਂ ਦੂਰੀ ਬਣੀ ਰਹਿੰਦੀ ਹੈ ਜਿਸ ਕਾਰਨ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਣ ਨਹੀਂ ਸਕਦੇ, ਉਸ ਦੇ ਹੁਕਮ ਨੂੰ ਨਹੀਂ ਬੁੱਝ ਸਕਦੇ ਜੋ ਕਿ ਸਦਾ ਹੀ ਸਾਡੇ ਅੰਦਰ ਚੱਲਦਾ ਰਹਿੰਦਾ ਹੈ। ਜਦੋਂ ਤੱਕ ਅਸੀਂ ਮਾਇਆ ਵਾਲੀ ਅਵੱਸਥਾ ਵਿੱਚ ਵਿਚਰਦੇ ਹਾਂ, ਅਸੀਂ ਔਗੁਣਾਂ ਨਾਲ ਘਿਰੇ ਰਹਿੰਦੇ ਹਾਂ ਤੇ ਝੂਠ ਦਾ ਸਹਾਰਾ ਲੈਂਦੇ ਹਾਂ। ਸਾਡੇ ਅੰਦਰ ਝੂਠ ਦਾ ਬੋਲਬਾਲਾ ਹੁੰਦਾ ਹੈ ਭਾਵ ਸਾਡੇ ਅੰਦਰ ਝੂਠ ਦੇ ਤੂਰੇ ਵੱਜਦੇ ਹਨ। ਜਦੋਂ ਮਨੁੱਖ ਤੇ ਕ੍ਰਿਪਾ ਹੋ ਜਾਵੇ ਤਾਂ ਇਹੀ ਝੂਠ ਦੇ ਤੂਰੇ ਸੱਚ ਦੇ ਤੂਰਿਆਂ ਵਿੱਚ ਬਦਲ ਜਾਂਦੇ ਹਨ। ਇਹ ਤੂਰੇ ਸਾਡੇ ਮਨ ਦੇ ਵਿੱਚ ਵੱਜਦੇ ਹਨ ਅਤੇ ਇਹ ਕੋਈ ਕੰਨਾਂ ਨਾਲ ਸੁਣਨ ਵਾਲੀ ਆਵਾਜ ਨਹੀਂ ਹੈ, ਇਹ ਕੋਈ ਸੰਗੀਤਮਈ ਸਾਜ਼ਾਂ ਦੀ ਆਵਾਜ ਨਹੀਂ ਹੈ। ਇਹ ਪ੍ਰਮਾਤਮਾ

2/79

ਦੇ ਨਾਲ ਮੇਲ ਤੋਂ ਬਾਅਦ ਅਨੰਦਮਈ ਅਵੱਸਥਾ ਹੈ ਜਿਸ ਦਾ ਬਿਆਨ ਕਰਨਾ ਬਹੁਤ ਔਖਾ ਹੈ, ਵਿਸਮਾਦ ਭਰਿਆ ਹੈ। ਮਨੁੱਖ ਦੇ ਅੰਦਰ ਜੋ ਵੀ ਖੁਸ਼ੀ ਦੀ, ਅਨੰਦ ਦੀ ਅਵੱਸਥਾ ਬਣਦੀ ਹੈ ਉਹ ਮਨ ਦੀ ਸਮਝ ਦੁਆਰਾ ਹੀ ਬਣਦੀ ਹੈ। ਅਸੀਂ ਜਿੰਨਾ ਮਰਜ਼ੀ ਸੰਗੀਤਮਈ ਸਾਜ ਸੁਣ ਲਈਏ ਪਰ ਜੇਕਰ ਮਨ ਪ੍ਰੇਸ਼ਾਨ ਹੋਵੇ ਤਾਂ ਕੁੱਝ ਵੀ ਚੰਗਾ ਨਹੀਂ ਲੱਗਦਾ । ਇਹ ਅਨਹਦ ਨਾਦ ਸਾਡੇ ਮਨ ਨੂੰ ਖੁਸ਼ੀ ਦਿੰਦਾ ਹੈ, ਇਹ ਆਤਮਿਕ ਗਿਆਨ ਦਾ ਆਨੰਦ ਹੈ। ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਹੋਰ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।:-

“ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥੨॥”

(ਅੰਗ ੨੧)

ਅਨਹਦ ਸ਼ਬਦ ਗੁਰੂ ਦਾ ਗਿਆਨ ਹੈ ਜੋ ਉਸਦੇ ਨਾਲ ਮੇਲ ਤੋਂ ਬਾਅਦ ਸਾਨੂੰ ਆਪਣੇ ਅੰਦਰੋਂ ਹੀ ਮਿਲਦਾ ਹੈ, ਜੋ ਕਿ “ਗੁਰ ਵਿਚਾਰਿ” ਦੁਆਰਾ ਮਿਲਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦਾ ਹੈ ਭਾਵ ਗੁਰੂ ਦਾ ਸੱਚਾ ਉਪਦੇਸ਼ ਮਿਲਣ ਦੁਆਰਾ ਮਿਲਦਾ ਹੈ ਅਤੇ ਗਿਆਨ ਦੀ ਕੋਈ ਆਵਾਜ਼ ਨਹੀਂ ਹੁੰਦੀ ਜੋ ਕਿ ਸੁਣੀ ਜਾ ਸਕੇ। ਇਹ ਉਹ ਚੌਥੇ ਪਦ ਦਾ ਗਿਆਨ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰ ਦੀ ਗਤਿ ਨੂੰ ਜਾਣਦੇ ਹਾਂ, ਮਨ ਦੀ ਸੱਚੀ ਸਮਝ ਨੂੰ ਜਾਣਦੇ ਹਾਂ ਜਿਸ ਦੁਆਰਾ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਸਾਡੀ ਸ਼ੰਕਾ, ਭਰਮ ਦੂਰ ਹੁੰਦਾ ਹੈ ਕਿ ਸਾਡੀ ਅਸਲੀਅਤ ਕੀ ਹੈ। ਇਹ ਪ੍ਰਮਾਤਮਾ ਦੇ ਘਰ ਵਿੱਚ, ਆਪਣੇ ਨਿੱਜ ਘਰ ਵਿੱਚ ਪਹੁੰਚਣ ਦੀ ਅਵੱਸਥਾ ਹੈ। ਮਨ ਦਾ ਭਰਮ ਦੂਰ ਹੋਣਾ ਹੀ ਜਿਉਂਦਿਆਂ ਮਰਨਾ ਹੈ, ਸਾਡੀ ਹਉਮੈ ਦਾ ਮਰਨਾ ਹੈ, ਸ਼ਬਦੇ ਮਰਨਾ ਹੈ, ਜਿਸ ਮਰਨ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਣ ਲੈਂਦੇ ਹਾਂ ਭਾਵ ਆਪਣੇ ਅਸਲ ਘਰ ਵਿੱਚ, ਨਿਜ ਘਰ ਵਿੱਚ ਪਹੁੰਚ ਜਾਂਦੇ ਹਾਂ। ਸਾਡੇ ਅੰਦਰ ਦੀ ਸੰਕਾ ਭਾਵ ਭਰਮ ਵਾਲੀ ਸਮਝ ਹੀ ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਹੈ ਜੋ ਭਰਮ ਦਾ ਪੜਦਾ ਉਤਰਨ ਨਾਲ ਹੀ ਸਾਡੀ ਅੰਤਰਿ ਦੀ ਗਤਿ ਹੁੰਦੀ ਹੈ ਭਾਵ ਭਰਮਾਂ ਵਾਲੀ ਸਮਝ ਤੋਂ ਮੁਕਤੀ ਹੁੰਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਆਪਣੇ ਅੰਦਰੋਂ ਅਨਹਦ ਸ਼ਬਦ ਸੁਣਦੇ ਹਨ, ਗੁਰੂ ਦਾ ਸੱਚਾ ਗਿਆਨ ਮਿਲਦਾ ਹੈ, ਸ਼ਬਦਾਂ ਦੀ ਵਿਚਾਰ ਦੁਆਰਾ ਮਿਲਦਾ ਹੈ ਜੋ ਅਨਹਦ ਸ਼ਬਦ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਸੁਣਾਉਂਦਾ ਹੈ ਤੇ ਉਹ ਪ੍ਰਮਾਤਮਾ ਦੇ ਮਨੁੱਖੀ ਰੂਪ ਨੂੰ ਸੁਹਾਵਣੇ ਲੱਗਦੇ ਹਨ, ਚੰਗੇ ਲੱਗਦੇ ਹਨ ਤੇ ਤਾਂ ਹੀ ਉਹ ਮਨੁੱਖੀ ਰੂਪ ਉਨ੍ਹਾਂ ਸ਼ਬਦਾਂ ਦੀ ਵਿਚਾਰ ਦੁਆਰਾ ਵਿਚਰਦਾ ਹੈ, ਉਨ੍ਹਾਂ ਤੇ ਅਮਲ ਕਰਦਾ ਹੈ। (**ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ॥**

ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥ ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥) ਅਨਹਦ ਸ਼ਬਦ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

“ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ
ਸਬਦੁ ਅਨਾਹਦ ਗਹਿਆ॥੧॥ਰਹਾਉ॥”

(ਅੰਗ ੩੬੦)

ਇਸ ਸ਼ਬਦ ਵਿੱਚ **"ਸਬਦੁ ਅਨਾਹਦ ਗਹਿਆ"** ਦੀ ਗੱਲ ਕੀਤੀ ਹੋਈ ਹੈ। ਅਨਾਹਦ ਸ਼ਬਦ ਗੁਰੂ ਦਾ ਗਿਆਨ ਹੈ ਜਿਸ ਨੂੰ ਆਪਣੇ ਮਨ ਵਿੱਚ ਗਹਿਆ ਭਾਵ ਪਕੜਿਆ ਭਾਵ ਵਸਾਇਆ ਭਾਵ ਸਮਝਿਆ ਤੇ ਉਸ ਸਮਝ ਨੂੰ ਛੱਡਿਆ ਨਹੀਂ, ਆਪਣੇ ਨਾਲ ਹੀ ਰੱਖਿਆ। ਇਹ ਅਨਾਹਦ ਸ਼ਬਦ ਭਾਵ ਗੁਰੂ ਦਾ ਸੱਚਾ ਗਿਆਨ ਕੋਈ ਆਵਾਜ਼ ਕਰਨ ਵਾਲੀ ਚੀਜ਼ ਨਹੀਂ ਹੈ, ਮਨ ਦੀ ਸਹਜ ਵਾਲੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੈ। ਸਹਜ ਦੀ ਅਵੱਸਥਾ ਨੂੰ ਅਸੀਂ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ।

“ਦਰਿ ਵਾਜਹਿ ਅਨਹਤ ਵਾਜੇ ਰਾਮ ॥
ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥
ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥
ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ ॥”

(ਅੰਗ ੫੭੮)

ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਹੀ ਸਭ ਦੇ ਮਨ ਵਿੱਚ ਹੈ ਅਤੇ ਉਹ ਹੀ ਸਭ ਦੇ ਮਨ ਵਿੱਚ ਆਪਣਾ ਗਿਆਨ ਪਾ ਰਿਹਾ ਹੈ, ਸਭ ਦੇ ਅੰਦਰ ਸਮਝ ਪਾ ਰਹਿਆ ਹੈ ਭਾਵ ਉਹ ਆਪ ਹੀ ਸਭ ਦੇ ਅੰਦਰ ਬੋਲ ਰਿਹਾ ਹੈ। ਸਾਡੇ ਅੰਦਰ ਅਨਹਤ ਵਾਜੇ ਵਜਾਉਣ ਵਾਲਾ ਉਹ ਆਪ ਹੀ ਹੈ ਪਰ ਸਭ ਲਈ ਉਹ ਪਹੁੰਚ ਤੋਂ ਬਾਹਰ ਹੈ ਭਾਵ ਉਸਨੂੰ ਆਪਣੇ ਆਪ ਆਪਣੇ ਅੰਦਰੋਂ ਕੋਈ ਜਾਣ ਨਹੀਂ ਸਕਦਾ। ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਜੇਕਰ ਪ੍ਰਮਾਤਮਾ ਸਭ ਦੇ ਅੰਦਰ ਗੱਜ ਰਹਿਆ ਹੈ, ਬੋਲ ਰਹਿਆ ਹੈ ਫਿਰ ਕਿਸੇ ਨੇ ਉਸਨੂੰ ਆਪਣੇ ਅੰਦਰੋਂ ਗੱਜਦੇ ਹੋਏ ਸੁਣਿਆ ਹੈ, ਸ਼ੋਰ ਮਚਾਉਂਦੇ ਹੋਏ ਸੁਣਿਆ ਹੈ। ਇਹ ਸਾਡੇ ਅੰਦਰ ਮਾਇਆ ਵਾਲੀ ਸਮਝ ਦਾ ਸ਼ੋਰ ਹੈ ਜੋ ਹਰ ਵੇਲੇ ਸਾਡੀਆਂ ਤ੍ਰਿਸ਼ਨਾਵਾਂ ਦੇ ਰੂਪ ਵਿੱਚ ਸ਼ੋਰ ਹੈ, ਮਾਇਆ ਮੋਹ ਦਾ ਸ਼ੋਰ ਹੈ।

2/80

“ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ॥੬॥”

(ਅੰਗ ੧੦੬੯)

ਇਹ ਅੰਮ੍ਰਿਤ ਰਸ, ਨਾਮ ਰਸ, ਹਰਿ ਰਸ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ, ਗਿਆਨ ਦਾ ਰਸ ਹੈ, ਗੁਣਾਂ ਦਾ ਰਸ ਹੈ, ਸੱਚ ਦਾ ਰਸ ਹੈ ਭਾਵ ਗੁਰਮਤਿ ਰੂਪ ਸਚੇ ਗਿਆਨ ਵਾਲੀ ਸਮਝ ਹੈ ਜੋ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ। ਜਿਸ ਗੁਰੂ ਦੇ ਗਿਆਨ ਦੁਆਰਾ ਸਾਡੀ ਬਿਰਤੀ ਸੱਚੀ ਬਣਦੀ ਹੈ, ਸਾਡੀ ਨੀਅਤ ਸਾਫ ਹੁੰਦੀ ਹੈ, ਮਨ ਨਿਰਮਲ ਹੁੰਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਇਹ ਅੰਮ੍ਰਿਤ ਰਸ, ਹਰਿ ਰਸ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜੋ ਕੇ ਸਾਡੇ ਮਨ

ਦੇ ਪੀਣ ਦਾ ਰਸ ਹੈ। (**ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥**) ਅੰਗ - ੧੦੨

(**ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥ ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥ ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥ ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥ ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥**) ਅੰਗ - ੪੧

ਮਨ ਦੇ ਵਿੱਚ ਇਹ ਸੱਚੇ ਗਿਆਨ ਦਾ ਰਸ ਪ੍ਰਮਾਤਮਾ ਆਪ ਹੀ ਪਿਆਉਂਦਾ ਹੈ ਜਦੋਂ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ। (**ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥**) ਉਹ ਆਪਣੇ ਗੁਣਾਂ ਦੁਆਰਾ ਪ੍ਰਗਟ ਹੁੰਦਾ ਹੈ ਤੇ ਮਨੁੱਖ ਨੂੰ ਆਪਣੇ ਅੰਦਰੋਂ ਹੀ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਜੋ ਸੱਚਾ ਗਿਆਨ ਮਨੁੱਖ ਨੂੰ ਮਿਲਦਾ ਹੈ ਇਹੀ ਅਨਹਦ ਸ਼ਬਦ ਹੈ ਜਿਸ ਨਾਲ ਮਨੁੱਖ ਦੀ ਲਗਨ, ਲਿਵ, ਮਨ ਦੀ ਧੁਨ ਗੁਰੂ ਦੀ ਬਾਣੀ ਨਾਲ ਜੁੜ ਜਾਂਦੀ ਹੈ, ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜ ਜਾਂਦੀ ਹੈ ਤੇ ਮਨੁੱਖ ਦਾ ਮਨ ਸਹਿਜ ਵਿੱਚ ਆ ਜਾਂਦਾ ਹੈ ਭਾਵ ਉਹ ਮਨੁੱਖ ਗੁਰੂ ਦੇ ਗੁਣਾਂ ਵਿੱਚ, ਗੁਰੂ ਦੇ ਹੁਕਮ ਵਿੱਚ ਸਮਾਅ ਜਾਂਦਾ ਹੈ। ਇਹ ਸਹਜ ਦੀ ਅਵੱਸਥਾ, ਚੌਥਾ ਪਦ ਹੈ ਜੋ ਪ੍ਰਮਾਤਮਾ ਦਾ, ਮਨ ਦੇ ਅੰਦਰ ਪ੍ਰਗਟ ਹੋਣ ਦੁਆਰਾ ਨਸੀਬ ਹੁੰਦਾ ਹੈ। ਇਸ ਅੰਦਰ ਦੇ ਗਿਆਨ ਦੁਆਰਾ ਹੀ ਮਨੁੱਖ ਦਾ ਪ੍ਰਮਾਤਮਾ ਦੀ ਹੋਂਦ ਤੇ ਪੂਰਨ ਵਿਸ਼ਵਾਸ ਬਣਦਾ ਹੈ। ਉਸ ਤੇ ਭਰੋਸਾ ਆਉਣ ਤੋਂ ਪਹਿਲਾਂ ਮਨੁੱਖ ਦੁਚਿੱਤੀ ਵਿੱਚ ਹੀ ਰਹਿੰਦਾ ਹੈ, ਦੁਬਿਧਾ ਵਿੱਚ ਰਹਿੰਦਾ ਹੈ, ਮਨਮਤਿ ਦੁਆਰਾ ਹੀ ਵਿਚਰਦਾ ਹੈ। ਗੁਰੂ ਦੀ ਮਤਿ ਤੇ ਪੂਰਨ ਭਰੋਸਾ ਆ ਜਾਣਾ ਹੀ ਇੱਕ ਮਨ ਇੱਕ ਚਿਤ ਦੀ ਅਵੱਸਥਾ ਹੈ ਭਾਵ ਜਦੋਂ ਸਾਡਾ ਮਨ ਗੁਰੂ ਦੇ ਮਨ ਦੇ ਨਾਲ ਇੱਕ ਹੋ ਜਾਂਦਾ ਹੈ ਭਾਵ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਗੁਰੂ ਨੂੰ ਭਾਉਂਦਾ ਹੈ ਭਾਵ ਮਨੁੱਖ ਦੀ ਸੋਚ ਗੁਰੂ ਦੀ ਸੋਚ ਨਾਲ ਰਲ ਕੇ "ਇੱਕ ਸੋਚ" ਬਣ ਜਾਂਦੀ ਹੈ। "ਇੱਕ ਸੋਚ" ਤੋਂ ਭਾਵ ਇਹ ਨਹੀਂ ਹੈ ਕਿ ਉਸ ਤੋਂ ਬਾਅਦ ਮਨੁੱਖ ਨੂੰ ਹੋਰ ਸੋਚਾਂ ਆਉਣੀਆਂ ਬੰਦ ਹੋ ਜਾਂਦੀਆਂ ਹਨ। ਇਹ ਸੋਚਾਂ ਮਨੁੱਖ ਦੇ ਅੰਦਰ ਇਸੇ ਤਰ੍ਹਾਂ ਹੀ ਚੱਲਦੀਆਂ ਰਹਿੰਦੀਆਂ ਹਨ ਪਰ ਮਨੁੱਖ ਉਸ ਸੋਚ ਤੇ ਨਹੀਂ ਚੱਲਦਾ, ਉਸ ਗੱਲ ਨੂੰ ਨਹੀਂ ਮੰਨਦਾ ਜੋ ਗੁਰਮਤਿ ਦੇ ਅਨੁਸਾਰ ਨਾ ਹੋਵੇ ਭਾਵ ਉਸ ਦੇ ਅੰਦਰ ਅਡੋਲਤਾ ਆ ਜਾਂਦੀ ਹੈ। ਉਹ ਕਿਸੇ ਲੋਭ ਲਾਲਚ ਵਿੱਚ ਨਹੀਂ ਆਉਂਦਾ। ਇਹ ਸਾਡੇ ਅੰਦਰ

2/81

ਦੀਆਂ ਸੋਚਾਂ ਸਾਨੂੰ ਹਰ ਵੇਲੇ ਚੰਗੇ ਮਾੜੇ ਵਿੱਚ ਫੈਸਲਾ ਕਰਵਾਉਂਦੀਆਂ ਹਨ ਜੋ ਕਿ ਬਹੁਤ ਜਰੂਰੀ ਹਨ, ਸਾਡੇ ਅੰਦਰ ਬਚਪਨ ਤੋਂ ਲੈ ਕੇ ਹੁਣ ਤੱਕ ਕੀ ਕੁੱਝ ਹੋਇਆ ਹੈ ਇਨ੍ਹਾਂ ਦੀ ਸੰਭਾਲ ਇਹ ਸੋਚਾਂ ਹੀ ਕਰਦੀਆਂ ਹਨ, ਮਨੁੱਖ ਦੇ ਸਾਰੇ ਫੈਸਲੇ ਇਹ ਸੋਚਾਂ ਹੀ ਕਰਦੀਆਂ ਹਨ। ਇਸ ਲਈ ਇਨ੍ਹਾਂ ਸੋਚਾਂ ਬਿਨ੍ਹਾਂ ਸਾਡਾ ਜੀਵਨ ਹੀ ਨਹੀਂ ਹੈ। ਇਹ ਮਨ ਦੀ ਫਿਤਰਤ ਹੈ ਕਿ ਉਹ ਸਭ ਪਾਸੇ ਦੌੜਦਾ ਹੈ ਤੇ ਸਾਨੂੰ ਸਭ ਪਾਸੇ ਦਾ ਗਿਆਨ ਕਰਵਾਉਂਦਾ ਹੈ। ਅਸਲੀ ਮਨ ਦਾ ਰੋਕਣਾ ਇਹ ਹੈ ਕਿ ਉਹ ਗੁਰੂ ਦੀ ਮਤਿ ਤੇ ਰੁਕੇ, ਅਡੋਲ ਹੋਵੇ, ਇਹ ਹੀ ਮਨ ਦਾ ਮਾਰਨ ਹੈ, ਫੁਰਨਿਆਂ ਦਾ ਮਾਰਨ ਹੈ ਭਾਵ ਦੁਚਿੱਤੀ ਦਾ ਮਾਰਨ ਹੈ। ਮਾਇਆ ਮੋਹ ਦਾ ਮਾਰਨ ਹੈ, ਹਉਮੈ ਦਾ ਮਾਰਨ ਹੈ, ਮਨਮਤਿ ਦਾ ਮਾਰਨ ਹੈ। (**ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਣੀ ਹੇ ॥**)

ਅਸੀਂ ਹੁਣ ਚੰਗੀ ਤਰ੍ਹਾਂ ਇਹ ਸਮਝ ਸਕਦੇ ਹਾਂ ਕਿ ਗੁਰਬਾਣੀ ਸਾਡੇ ਕੋਲ ਕਿਵੇਂ ਆਈ ਹੈ ਭਾਵ ਇਹ ਸਾਰੇ ਸ਼ਬਦਾਂ ਦਾ ਭੰਡਾਰ, ਗਿਆਨ ਦਾ ਭੰਡਾਰ ਸਾਡੇ ਕੋਲ ਕਿਵੇਂ ਆਇਆ ਹੈ। ਗੁਰਬਾਣੀ ਵਿੱਚ ਹਰ ਸ਼ਬਦ ਪ੍ਰਮਾਤਮਾ ਦਾ ਆਪਣਾ ਸ਼ਬਦ ਹੈ। ਇਸੇ ਲਈ ਗੁਰਬਾਣੀ ਦਾ ਦਿੱਸਣ ਵਾਲਾ ਸਰੂਪ, **"ਪੋਥੀ ਸਰੂਪ"**, ਉਸਦਾ **"ਸਰਗੁਣ ਸਰੂਪ"** ਹੈ ਤੇ ਉਸ ਵਿੱਚ ਸ਼ਬਦਾਂ ਦੁਆਰਾ ਪਾਈ ਹੋਈ ਸੋਝੀ, ਸ਼ਬਦਾਂ ਦੁਆਰਾ ਦਿੱਤਾ ਹੋਇਆ ਸੱਚਾ ਗਿਆਨ ਉਸਦਾ **"ਨਿਰਗੁਣ ਰੂਪ"** ਹੈ, ਨਿਰੰਕਾਰ ਰੂਪ ਹੈ। ਪ੍ਰਮਾਤਮਾ ਨੇ ਆਪਣੇ ਨਿਰਗੁਣ ਸਰੂਪ ਨੂੰ ਸਰਗੁਣ ਸਰੂਪ ਵਿੱਚ ਟਿਕਾਇਆ ਹੋਇਆ ਹੈ **(ਪੋਥੀ ਪਰਮੇਸਰ ਕਾ ਥਾਨੁ॥)** ਅੰਗ - ੧੨੨੬ । ਗੁਰੂ ਗੁਰਬਾਣੀ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ਭਾਵ ਪ੍ਰਮਾਤਮਾ ਆਪ ਹੀ ਗੁਰੂ ਹੈ ਭਾਵ ਪ੍ਰਮਾਤਮਾ ਆਪਣੇ ਸ਼ਬਦ ਰਾਹੀਂ ਗੁਰੂ ਹੈ, ਆਪਣੇ ਸ਼ਬਦਾਂ ਦੇ ਗਿਆਨ ਰਾਹੀਂ ਗੁਰੂ ਹੈ।

{ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥ ਆਠ ਪਹਰ ਨਾਨਕ ਗੁਰ ਜਾਪਿ॥੪॥}

(ਅੰਗ ੩੮੭)

{ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥੪॥}

(ਅੰਗ ੧੧੪੨)

{ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥}

(ਅੰਗ ੪੪੨)

{ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੩)

ਜਦ ਤੱਕ ਅਸੀਂ ਗੁਰਬਾਣੀ (ਗੁਰੂ) ਤੇ ਪ੍ਰਮਾਤਮਾ ਨੂੰ ਅਲੱਗ-ਅਲੱਗ ਸਮਝਦੇ ਰਹਾਂਗੇ ਤਦ ਤੱਕ ਸਾਡੇ ਅੰਦਰ ਭੁਲੇਖਾ ਬਣਿਆ ਹੀ ਰਹੇਗਾ। ਇਹ ਭੁਲੇਖਾ ਸਾਨੂੰ ਆਪਣੇ ਮਨ ਵਿੱਚੋਂ ਪੂਰੀ ਤਰ੍ਹਾਂ ਕੱਢ ਦੇਣਾ ਚਾਹੀਦਾ ਹੈ।

2/82

ਗੁਰੂ ਕੋਲੋਂ ਗਿਆਨ ਹੀ ਮਿਲਦਾ ਹੈ । "ਗੁਰ ਸ਼ਬਦ" ਭਾਵ ਗੁਰੂ ਦਾ ਸ਼ਬਦ ਸੱਚਾ ਗਿਆਨ ਹੈ। ਅਸਲ ਵਿੱਚ ਗੁਰਬਾਣੀ ਰਾਹੀ ਮਿਲਿਆ ਸੱਚਾ ਗਿਆਨ ਹੀ ਸਾਡਾ ਗੁਰੂ ਹੈ ਭਾਵ ਜੋ ਕੁੱਝ ਗੁਰਬਾਣੀ ਸਾਨੂੰ ਆਪਣੇ ਗਿਆਨ ਦੁਆਰਾ ਸਿੱਖਿਆ ਦਿੰਦੀ ਹੈ, ਉਪਦੇਸ਼ ਦਿੰਦੀ ਹੈ ਉਹ ਹੀ ਸਾਡਾ ਗੁਰੂ ਹੈ। ਗੁਰੂ ਦੇ ਉਪਦੇਸ਼ ਨੂੰ ਮੰਨਣਾ ਹੀ ਗੁਰੂ ਨੂੰ ਮੰਨਣਾ ਹੈ। ਜੇਕਰ ਅਸੀਂ ਸਿਰਫ਼ ਗੁਰੂ ਗੁਰੂ ਕਰੀ ਜਾਈਏ ਤੇ ਸਿੱਖਿਆ ਉੱਪਰ ਨਾ ਚੱਲੀਏ ਫਿਰ ਅਸੀਂ ਗੁਰੂ ਨੂੰ ਕੀ ਪੂਜਿਆ। ਪੂਜਣਾ ਤਾਂ ਅਸਲ ਵਿੱਚ ਗੁਰੂ ਦੇ ਉਪਦੇਸ਼ ਨੂੰ ਹੈ ਤੇ ਹਰ ਵੇਲੇ ਉਸਦੇ ਉਪਦੇਸ਼ ਨੂੰ ਹੀ ਆਪਣੇ ਨਾਲ ਰੱਖਣਾ ਹੈ ਭਾਵ ਉਸਦੇ ਦੁਆਰਾ ਵਿਚਰਨਾ ਹੈ **(ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥)** ਸਤਿਗੁਰੂ ਦੇ ਉਪਦੇਸ਼ ਨੂੰ ਆਪਣੇ ਮਨ ਵਿੱਚ ਵਸਾਉਣਾ ਹੀ ਗੁਰੂ ਨੂੰ ਆਪਣੇ ਮਨ ਵਿੱਚ ਵਸਾਉਣਾ ਹੈ ਤੇ ਇਹ ਹੀ ਤਰੀਕਾ ਹੈ ਜਿਸ ਨਾਲ ਗੁਰੂ ਹਮੇਸ਼ਾਂ ਮਨੁੱਖ ਨਾਲ ਰਹਿੰਦਾ ਹੈ।

ਜੇਕਰ ਇੱਕ ਕਾਗਜ ਦੇ ਉੱਪਰ ਖਾਲੀ ਇਹ ਅੱਖਰ ਲਿਖ ਲਈਏ "ਉਪਦੇਸ਼" ਤੇ ਇਸ ਨੂੰ ਲਿਖ ਕੇ ਜੇਬ ਵਿੱਚ ਪਾ ਲਈਏ ਤੇ ਇਹ ਸਮਝੀਏ ਕਿ ਗੁਰੂ ਦਾ ਉਪਦੇਸ਼ ਹਰ ਵੇਲੇ ਮੇਰੇ ਨਾਲ ਹੀ ਹੈ ਤੇ ਸਾਨੂੰ ਅਮਲ ਕਰਨ ਦੀ ਕੋਈ ਲੋੜ ਨਹੀਂ ਹੈ ਤੇ ਫਿਰ ਆਪ ਹੀ ਸਮਝੋ ਕਿ ਇਹ ਸਾਡਾ ਕਿਤਨਾ ਵੱਡਾ ਭੁਲੇਖਾ ਹੈ। ਗੁਰੂ ਨੇ ਜੋ ਸਾਰੀ ਗੱਲ ਸਾਨੂੰ ਸਮਝਾਈ ਹੈ ਉਸਦਾ ਮਨੋਰਥ ਹੀ ਕੀ ਰਹਿ ਗਿਆ। ਮੁੱਖੋਂ ਗੁਰੂ ਗੁਰੂ ਬੋਲੀ ਜਾਣਾ ਇਹ ਗੁਰੂ ਦੇ ਮਨੋਰਥ ਨੂੰ ਕੇਵਲ ਹਵਾ ਵਿੱਚ ਉਡਾਉਣ ਵਾਲੀ ਗੱਲ ਹੀ ਹੈ। **(ਮੁਹ ਕਾ ਕਹਿਆ ਵਾਉ॥)**। "ਗੁਰੂ" ਗੁਰਬਾਣੀ ਹੈ ਜਿਸ ਨੂੰ ਮੰਨਣ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਹੇਠ ਦਿੱਤੀਆਂ ਸ਼ਬਦ ਦੀਆਂ ਪੰਗਤੀਆਂ ਸਾਨੂੰ ਗੁਰੂ ਨੂੰ ਜਪਣ ਲਈ ਸਮਝਾਉਂਦੀਆਂ ਹਨ, ਗੁਰੂ ਨੂੰ ਅੱਠੇ ਪਹਿਰ ਜਪਣ ਲਈ ਸਮਝਾਉਂਦੀਆਂ ਹਨ।

"ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥
ਆਠ ਪਹਰ ਨਾਨਕ ਗੁਰ ਜਾਪਿ॥੪॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਅੱਠੇ ਪਹਿਰ ਗੁਰੂ ਨੂੰ ਜਪਣ ਦਾ ਹੁਕਮ ਹੈ ਤੇ ਬਾਣੀ ਰਾਹੀਂ ਹੀ ਸਾਨੂੰ ਵਾਰ-ਵਾਰ ਸਮਝਾਇਆ ਹੋਇਆ ਹੈ ਭਾਵ ਹੁਕਮ ਕੀਤਾ ਹੋਇਆ ਹੈ ਕਿ ਸਾਨੂੰ ਅੱਠੇ ਪਹਿਰ ਨਾਮ ਜਪਣ ਦਾ ਹੁਕਮ ਕੀਤਾ ਹੋਇਆ ਹੈ। ਫਿਰ ਨਾਮ ਕੀ ਹੋਇਆ ਭਾਵ "ਨਾਮ" ਗੁਰੂ ਹੈ ਤੇ "ਗੁਰੂ" ਗੁਰਬਾਣੀ ਹੈ। ਪ੍ਰਮਾਤਮਾ ਦਾ ਨਾਮ ਜਪਣਾ ਜਾਂ ਗੁਰਬਾਣੀ ਨੂੰ ਜਪਣਾ ਇੱਕੋ ਹੀ ਗੱਲ ਹੈ, ਕੋਈ ਫਰਕ ਨਹੀਂ ਹੈ ਸਿਰਫ ਨਾਮ ਜਪਣਾ ਕੀ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਪੂਰੀ ਗੁਰਬਾਣੀ "ਨਾਮ" ਦੇ ਰੂਪ ਵਿੱਚ ਹੀ ਹੈ। (**ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ ॥**) ਅੰਗ - 1239 । ਜੇਕਰ ਅਸੀਂ ਗੁਰਬਾਣੀ ਗੁਰੂ ਨੂੰ ਧਿਆਉਣਾ ਹੈ, ਸਤਿਗੁਰੂ ਨੂੰ ਧਿਆਉਣਾ ਹੈ ਫਿਰ ਕੀ ਅਸੀਂ ਗੁਰਬਾਣੀ ਨੂੰ ਕਿਸੇ ਅੱਖਰ ਰੂਪ ਵਿੱਚ ਬੋਲ ਬੋਲ ਕੇ ਧਿਆਉਣਾ ਹੈ ਭਾਵ ਗੁਰਬਾਣੀ, ਗੁਰਬਾਣੀ ਬੋਲੀ ਜਾਣ ਦੁਆਰਾ ਧਿਆਉਣਾ ਹੈ। ਗੁਰੂ ਨੂੰ ਧਿਆਉਣ ਦਾ ਮਕਸਦ ਤੇ ਆਪਣੇ ਅੰਦਰ ਦੀ ਪੰਖੇਰੂ ਮਤਿ ਨੂੰ ਭਾਵ ਮਾਇਆ ਮੋਹ ਵਿੱਚ ਉੱਡਦੇ ਹੋਏ

ਵਿਚਾਰਾਂ ਨੂੰ ਵੱਸ ਵਿੱਚ ਕਰਨ ਦਾ ਹੈ, ਮਾਇਆ ਮੋਹ ਵਾਲੇ ਵਿਚਾਰ ਛੱਡਣ ਦਾ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ। ਮਾਇਆ ਵਾਲੇ ਵਿਚਾਰਾਂ ਵਿੱਚੋਂ ਨਿਕਲੇ ਬਿਨ੍ਹਾਂ ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਹੀ ਨਹੀਂ ਜਾ ਸਕਦਾ ਜਿਵੇਂ ਕਿ ਅਸੀਂ ਗੁਰੂ ਦੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਅੱਠੇ ਪਹਿਰ ਗੁਰੂ ਦੀ ਮਤਿ ਨੂੰ ਮੰਨਣਾ ਹੀ ਅੱਠੇ ਪਹਿਰ ਗੁਰੂ ਨੂੰ ਧਿਆਉਣਾ ਹੈ, ਅੱਠੇ ਪਹਿਰ ਗੁਰਬਾਣੀ ਨੂੰ ਧਿਆਉਣਾ ਹੈ, ਅੱਠੇ ਪਹਿਰ ਪ੍ਰਮਾਤਮਾ ਨੂੰ ਧਿਆਉਣਾ ਹੈ, ਅੱਠੇ ਪਹਿਰ ਨਾਮ ਨੂੰ ਧਿਆਉਂਣਾ ਹੈ ਭਾਵ ਹਰ ਵੇਲੇ, ਪੂਰਾ ਜੀਵਨ ਗੁਰੂ ਦੀ ਸਮਝਾਈ ਹੋਈ ਮਤਿ ਅਨੁਸਾਰ ਵਿਚਰਨਾ ਹੈ, ਸੱਚੇ ਸੁੱਚੇ ਇਨਸਾਨ ਬਣਕੇ ਵਿਚਰਨਾ ਹੈ ਤੇ ਇਹੀ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਹੈ ਜਿਵੇਂ ਕਿ ਗੁਰਬਾਣੀ ਗੁਰੂ ਸਾਨੂੰ ਵਾਰ-ਵਾਰ ਆਪਣੇ ਸ਼ਬਦਾਂ ਰਾਹੀਂ ਸਮਝਾ ਰਹੀ ਹੈ।

ਪੂਰੀ ਗੁਰਬਾਣੀ ਆਪਣੇ ਸ਼ਬਦਾਂ ਦੇ ਰੂਪ ਵਿੱਚ ਸਭ ਦਾ ਗੁਰੂ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਵਿਚਾਰ ਹੀ ਦਿੰਦਾ ਹੈ, ਉਪਦੇਸ਼ ਹੀ ਦਿੰਦਾ ਹੈ, ਸਿੱਖਿਆ ਹੀ ਦਿੰਦਾ ਹੈ ਭਾਵ ਸ਼ਬਦਾਂ ਦੇ ਅੰਦਰ ਜੋ ਗੁਰੂ ਦਾ ਸੱਚਾ ਗਿਆਨ ਹੈ ਉਸ ਰੂਪ ਵਿੱਚ ਸ਼ਬਦ ਗੁਰੂ ਹੈ ਜਿਸ ਗੁਰੂ ਦਾ ਅਸੀਂ ਚੇਲਾ ਬਣਨਾ ਹੈ ਜੋ ਚੇਲਾ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਤੇ ਇਸੇ ਗੱਲ ਨੂੰ ਹੀ ਹੇਠ ਦਿੱਤੀ ਪੰਗਤੀ ਦੁਆਰਾ ਸਮਝਦੇ ਹਾਂ।

“ਸੁਰਤਿ ਧੁਨਿ ਚੇਲਾ॥”

ਇਸ ਗੱਲ ਨੂੰ ਕਾਫੀ ਬਰੀਕੀ ਨਾਲ ਸਮਝਣ ਦੀ ਲੋੜ ਹੈ। ਇਸ ਗੱਲ ਦੀ ਸਮਝ ਆ ਗਈ ਤਾਂ ਅਸੀਂ ਸੁਰਤੀਆਂ ਲਾਉਣੀਆਂ ਬੰਦ ਕਰ

2/83

ਦਿਆਂਗੇ ਭਾਵ ਸਾਨੂੰ ਸੁਰਤੀਆਂ ਜੋੜਨ ਦੀ ਲੋੜ ਹੀ ਮਹਿਸੂਸ ਨਹੀਂ ਹੋਵੇਗੀ। ਸਭ ਤੋਂ ਪਹਿਲਾਂ ਇਹ ਜਾਨਣਾ ਜਰੂਰੀ ਹੈ ਕਿ ਇਹ ਸੁਰਤ ਕੀ ਹੈ। ਇਸ ਬਾਰੇ ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇਗਾ ਕਿ “ਸੁਰਤਿ” ਮਨੁੱਖ ਦਾ ਮਨ ਹੈ ਕਿਉਂਕਿ ਮਨੁੱਖ ਕੋਲ ਸਿਵਾਏ ਮਨ ਦੇ ਨਿਰਗੁਣ ਸਰੂਪ ਵਿੱਚ ਹੋਰ ਕੁੱਝ ਵੀ ਨਹੀਂ ਹੈ। ਇਹ ਮਨ ਹੀ ਸਾਨੂੰ ਸਾਰੀਆਂ ਸੋਚਾਂ ਦਿੰਦਾ ਹੈ, ਗਿਆਨ ਦਿੰਦਾ ਹੈ, ਧਿਆਨ ਲਾਉਂਦਾ ਹੈ, ਸੁਰਤਿ ਲਾਉਂਦਾ ਹੈ, ਲਿਵ ਲਾਉਂਦਾ ਹੈ। ਇਸ ਮਨ ਤੋਂ ਬਾਹਰ ਕੁੱਝ ਵੀ ਨਹੀਂ ਹੈ। ਇਹ ਮਨ ਹੀ ਸਾਡੀ ਮਤਿ ਹੈ, ਸਾਡੀ ਬੁੱਧ ਹੈ। ਇਸੇ ਨੂੰ ਬਾਣੀ ਵਿੱਚ ਵਾਰ-ਵਾਰ ਹਿਰਦਾ ਕਹਿ ਕੇ ਵੀ ਸੰਬੋਧਨ ਕੀਤਾ ਹੋਇਆ ਹੈ ਭਾਵ ਸਾਡੇ ਸਰੀਰ ਦੇ ਅੰਦਰ ਜੋ ਵੀ ਨਿਰਗੁਣ ਸਰੂਪ ਵਿੱਚ ਵਰਤਦਾ ਹੈ ਉਹ ਕੇਵਲ ਮਨ ਹੀ ਹੈ। ਇਹ ਮਨ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਦਸਵਾਂ ਦੁਆਰਾ ਹੈ। ਮਨ ਦੇ ਸੰਬੋਧਨ ਲਈ ਕਿਤਨੇ ਹੀ ਨਾਮ ਵਰਤੇ ਹੋਏ ਹਨ। ਸਾਡਾ ਮਨ ਹੀ ਜੋਤਿ ਹੈ।

ਵੱਡੀ ਗੱਲ ਧੁਨ ਨੂੰ ਸਮਝਣ ਦੀ ਹੈ। ਇਹ ਧੁਨ ਕੋਈ ਸੁਣਨ ਵਾਲੀ, ਆਵਾਜ਼ ਕਰਨ ਵਾਲੀ ਧੁਨ ਨਹੀਂ ਹੈ। ਇਹ ਧੁਨ ਸਾਡੇ ਮਨ ਦੀ ਧੁਨ ਹੈ ਭਾਵ ਸਾਨੂੰ ਕਿਸ ਚੀਜ਼ ਦੀ ਧੁਨ ਲੱਗੀ ਹੋਈ ਹੈ, ਕਿਸ ਗੱਲ ਦੀ ਧੁਨ ਲੱਗੀ ਹੋਈ ਹੈ, ਕਿਸ ਗੱਲ ਦੀ ਲਗਨ ਲੱਗੀ ਹੋਈ ਹੈ ਭਾਵ ਸਾਡੇ ਮਨ ਦਾ ਝੁਕਾਅ, ਇੱਛਾ, ਮਰਜ਼ੀ, ਭਾਵਨੀ ਕਿਹੋ ਜਿਹੀ ਹੈ। ਜਿਵੇਂ ਕਿ ਅਸੀਂ ਅਕਸਰ ਕਹਿੰਦੇ ਹਾਂ ਕਿ ਫਲਾਣਾ ਮਨੁੱਖ ਆਪਣੀ ਹੀ ਧੁਨ ਵਿੱਚ ਫਿਰਦਾ ਹੈ ਭਾਵ ਉਹ ਆਪਣੇ ਮਨ ਦੀ ਮਰਜ਼ੀ ਹੀ ਕਰਦਾ ਹੈ। ਇਹ ਧੁਨ ਸਾਡੇ ਅੰਦਰੋਂ ਹੀ ਉਪਜਦੀ ਹੈ ਭਾਵ ਮਨ ਦੇ ਅੰਦਰੋਂ ਉਪਜਦੀ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੈ ਭਾਵ ਨਿਰੰਕਾਰ ਰੂਪ ਵਿੱਚ ਹੈ ਜਿਸਦਾ ਕੋਈ ਆਕਾਰ ਨਹੀਂ ਹੈ। ਇਹ ਕੋਈ ਕੰਨਾਂ ਨਾਲ ਸੁਣਨ ਵਾਲੀ ਧੁਨ ਨਹੀਂ ਹੈ ਭਾਵ ਕਿਸੇ ਸਰਗੁਣ ਤਰੀਕੇ ਨਾਲ ਨਹੀਂ ਉਪਜਦੀ। ਇਸ ਗੱਲ ਨੂੰ ਹੇਠ ਦਿੱਤੀਆਂ ਕੁੱਝ ਪੰਗਤੀਆਂ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ:-

“ਸਾਚਾ ਦਰੁ ਸਾਚਾ ਦਰਵਾਰਾ॥ ਸਚੇ ਸੇਵਹਿ ਸਬਦਿ ਪਿਆਰਾ॥

ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ॥੯॥”

(ਅੰਗ ੧੦੬੮)

ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਇਹ ਧੁਨ ਕੀ ਹੈ। ਜਦੋਂ ਮਨੁੱਖ ਨੂੰ ਸੱਚੀ ਧੁਨ ਲੱਗ ਜਾਂਦੀ ਹੈ ਭਾਵ ਮਨੁੱਖ ਦੇ ਅੰਦਰ ਸੱਚ ਤੇ ਚੱਲਣ ਦੀ ਇੱਛਾ ਪ੍ਰਬਲ ਹੋ ਜਾਂਦੀ ਹੈ, ਦ੍ਰਿੜ ਹੋ ਜਾਂਦੀ ਹੈ ਤਾਂ ਫਿਰ ਉਹ ਪ੍ਰਮਾਤਮਾ ਦੇ ਸੱਚੇ ਗੁਣ ਗਾਉਂਦਾ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਤੇ ਅਮਲ ਕਰਦਾ ਹੈ

2/84

ਤੇ ਇਸ ਤਰ੍ਹਾਂ ਉਹ ਪ੍ਰਮਾਤਮਾ ਦੇ ਦਰ ਤੇ ਪਹੁੰਚ ਕੇ ਕਰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਕਰਦਾ ਹੈ। ਆਪਣੀ ਸੱਚੀ ਧੁਨ ਦੇ ਨਾਲ, ਸੱਚੇ ਵਿਚਾਰਾਂ ਦੀ ਧੁਨ ਦੇ ਨਾਲ ਮਨ ਦੇ ਵਿੱਚ ਪ੍ਰਮਾਤਮਾ ਗੁਰਮਤਿ ਰੂਪ ਸੱਚੀ ਮਤਿ ਦੇਣ ਦੁਆਰਾ ਆਪ ਹੀ ਜੋੜਦਾ ਹੈ ਜਿਸ ਧੁਨਿ ਦੁਆਰਾ ਭਾਵ ਮਨ ਦੀ ਸੱਚੀ ਸਮਝ ਦੁਆਰਾ ਉਹ ਪ੍ਰਮਾਤਮਾ ਦੇ ਵਿੱਚ ਸਮਾਇਆ ਹੁੰਦਾ ਹੈ, ਉਸਦੇ ਸੱਚੇ ਗਿਆਨ ਦੀ ਸਮਝ ਵਿੱਚ, ਧੁਨਿ ਵਿੱਚ ਸਮਾਇਆ ਰਹਿੰਦਾ ਹੈ, ਉਸਦੇ ਅੰਦਰ ਸੱਚ ਤੇ ਚੱਲਣ ਦੀ ਧੁਨਿ ਲੱਗੀ ਰਹਿੰਦੀ ਹੈ। ਇਹ ਸਾਡੇ ਅੰਦਰ ਦੀ ਜੋ ਧੁਨ ਹੈ ਇਹ ਹੀ ਸਾਡੇ ਕੋਲੋਂ ਸਭ ਕੁੱਝ ਕਰਵਾਉਂਦੀ ਹੈ, ਸਾਡੇ ਮਨ ਦਾ ਸੁਭਾਅ ਬਣਾਉਂਦੀ ਹੈ, ਸਾਡੀ ਇੱਛਾ ਸ਼ਕਤੀ ਬਣਾਉਂਦੀ ਹੈ। (**ਸਾਚਾ ਦਰੁ ਸਾਚਾ ਦਰਵਾਰਾ॥ ਸਚੇ ਸੇਵਹਿ ਸਬਦਿ ਪਿਆਰਾ॥ ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ॥**)

ਸੁਰਤ ਸਾਡੇ ਮਨ ਦੀ ਸਮਝ ਹੈ ਤੇ ਜਿਸ ਗੱਲ ਤੇ ਸਾਡੀ ਸਮਝ ਟਿਕਦੀ ਹੈ, ਉਹ ਸਾਡੇ ਅੰਦਰ ਦੀ ਧੁਨਿ ਹੈ। ਪਹਿਲਾਂ ਮਨ ਦੇ ਵਿੱਚ ਸੋਚਾਂ ਰਾਹੀਂ ਵਿਚਾਰ ਹੁੰਦੀ ਹੈ ਤੇ ਉਸ ਤੋਂ ਬਾਅਦ ਜਿੱਥੇ ਆ ਕੇ ਸੋਚ ਟਿਕਦੀ ਹੈ, ਫੈਸਲਾ ਕਰਦੀ ਹੈ, ਸੁਰਤ ਉਸੇ ਪਾਸੇ ਵੱਲ ਤੁਰਦੀ ਹੈ ਜੋ ਕਿ ਸਾਡੇ ਅੰਦਰ ਦੀ ਸੁਰਤਿ ਧੁਨ ਹੈ।

{ਕਿਲਬਿਖ ਬਿਨਸੇ ਗਾਇ ਗੁਨਾ॥ਅਨਦਿਨ ਉਪਜੀ ਸਹਜ ਧੁਨਾ॥੧॥}

(ਅੰਗ ੧੧੮੪)

“ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥”

(ਅੰਗ ੯੨)

ਹੁਣ ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੋ ਕਿ ਇਹ “ਧੁਨਿ” ਸਹਿਜ ਗਿਆਨ ਦੀ ਧੁਨ ਹੈ ਜੋ ਹਰ ਵੇਲੇ ਮਨੁੱਖ ਦੇ ਅੰਦਰੋਂ, ਮਨ ਦੇ ਵਿੱਚੋਂ ਉਪਜਦੀ ਹੈ ਭਾਵ ਇਹ ਉਹ ਗਿਆਨ ਹੈ ਜਿਸ ਦੇ ਉਪਜਣ ਨਾਲ ਸਾਡੇ ਸਾਰੇ ਪਾਪ ਖਤਮ ਹੋ ਜਾਂਦੇ ਹਨ ਭਾਵ ਸਾਡੀ ਪਾਪਾਂ ਵਾਲੀ ਬਿਰਤੀ ਬਿਨਸ ਜਾਂਦੀ ਹੈ ਤੇ ਗੁਣਾਂ ਵਾਲੀ ਬਿਰਤੀ ਬਣ ਜਾਂਦੀ ਹੈ। ਇਹ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਵਾਲੀ ਸਮਝ ਦਾ ਉਪਜਣਾ ਹੈ ਜੋ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਉਪਜਦੀ ਹੈ। ਇਸ “ਧੁਨਿ” ਨੂੰ ਨਾ ਸਮਝਣ ਕਰਕੇ ਹੀ ਅਸੀਂ ਬਹੁਤ ਵੱਡੇ ਭੁਲੇਖੇ ਦਾ ਸ਼ਿਕਾਰ ਬਣੇ ਹੋਏ ਹਾਂ। ਇਸ ਧੁਨਿ ਨੂੰ ਜੋਗੀਆਂ ਦੇ ਮੱਤ ਅਨੁਸਾਰ ਜਾਣ ਕੇ ਅਸੀਂ ਵਿਅਰਥ ਵਿੱਚ ਹੀ ਉਲਝੇ ਹੋਏ ਹਾਂ। ਜਿਨ੍ਹਾਂ ਗੱਲਾਂ ਦਾ ਬਾਣੀ ਵਿੱਚ ਖੰਡਨ ਕੀਤਾ ਗਿਆ ਹੈ ਅਸੀਂ ਉਨ੍ਹਾਂ ਗੱਲਾਂ ਵਿੱਚ ਹੀ ਉਲਝੇ ਹੋਏ ਹਾਂ। ਜੇ ਧੁਨ ਦੀ ਸਮਝ ਲੱਗ ਜਾਵੇਗੀ ਤਾਂ ਫਿਰ ਅਨਹਦ ਧੁਨ ਵੀ ਸਮਝ ਆ ਜਾਵੇਗੀ ਕਿ ਇਹ ਕਿਸ ਨੂੰ ਕਿਹਾ ਹੈ। ਸਾਡੇ ਅੰਦਰ ਦੀ ਧੁਨ ਜਾਂ ਲਿਵ ਇੱਕੋ ਹੀ ਗੱਲ ਹੈ। ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਹੈ। ਜਿਸ ਪਾਸੇ ਸਾਡੇ ਮਨ ਦੀ ਧੁਨਿ ਹੈ ਉਸੇ ਗੱਲ ਦੀ ਸਾਨੂੰ ਲਿਵ ਲੱਗੀ ਰਹਿੰਦੀ ਹੈ। ਸਾਡੇ ਅੰਦਰੋਂ ਸਹਜ ਧੁਨ ਦਾ ਉਪਜਣਾ ਜਾਂ ਸਹਜ ਗਿਆਨ ਦਾ ਉਪਜਣਾ ਇੱਕੋ ਹੀ ਗੱਲ ਹੈ ਜਿਸ ਦੁਆਰਾ ਸਾਡੀ ਮਨ ਦੇ ਅੰਦਰ ਪ੍ਰਮਾਤਮਾ ਨਾਲ ਲਿਵ ਜੁੜਦੀ ਹੈ ਜੋ ਲਿਵ ਗੁਰੂ ਦੀ ਸੱਚੀ ਮਤਿ ਦੇ ਨਾਲ ਹੀ ਜੁੜਦੀ ਹੈ ਜਿਵੇਂ ਕਿ ਉਪਰਲੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ॥
ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ॥੧॥”

(ਅੰਗ ੫੬੪)

ਉੱਪਰ ਵਾਲੀਆਂ ਪੰਗਤੀਆਂ ਨੂੰ ਅਗਰ ਧਿਆਨ ਨਾਲ ਵਿਚਾਰੀਏ ਤਾਂ ਇੱਥੇ ਪ੍ਰਮਾਤਮਾ ਦੀ ਸੱਚੀ ਬਾਣੀ ਨੂੰ ਅਸੀਂ ਕਿਵੇਂ ਸਲਾਹੁਣਾ ਹੈ, ਸੱਚੀ ਬਾਣੀ ਦਾ ਜੱਸ ਕਿਵੇਂ ਗਾਉਣਾ ਹੈ, ਇਹ ਸਮਝਾਇਆ ਹੋਇਆ ਹੈ।

2/85

ਸੱਚੀ ਬਾਣੀ ਸਾਨੂੰ ਸੱਚ ਤੇ ਚੱਲਣ ਦਾ ਉਪਦੇਸ਼ ਦਿੰਦੀ ਹੈ ਤੇ ਉਹ ਉਪਦੇਸ਼ ਅਸੀਂ ਤਾਂ ਹੀ ਮੰਨ ਸਕਦੇ ਹਾਂ ਜਦੋਂ ਸਾਡੇ ਅੰਦਰ ਉਸ ਸੱਚ ਨੂੰ, ਉਪਦੇਸ਼ ਨੂੰ ਮੰਨਣ ਦੀ ਧੁਨ ਜਾਗ ਪਵੇ ਭਾਵ ਸਾਡੇ ਮਨ ਦੇ ਵਿੱਚ ਇਹ ਦ੍ਰਿੜ ਹੋ ਜਾਵੇ ਕਿ ਅਸੀਂ ਸੱਚ ਤੇ ਹੀ ਚੱਲਣਾ ਹੈ **(ਸਚੀ ਬਾਣੀ ਸਚੁ ਧੁਨਿ)**। ਜਦੋਂ ਸਾਡੇ ਅੰਦਰ ਇਹ ਧੁਨ ਬਣ ਜਾਵੇਗੀ, ਗੁਰੂ ਨਾਲ ਲਗਨ ਲੱਗ ਜਾਵੇਗੀ, ਲਿਵ ਲੱਗ ਜਾਵੇਗੀ ਤਾਂ ਹੀ ਫਿਰ ਅਸੀਂ ਪ੍ਰਮਾਤਮਾ ਦੇ ਇਸ ਸੱਚੇ ਸ਼ਬਦ ਦੀ ਵਿਚਾਰ ਕਰਾਂਗੇ ਭਾਵ ਉਸ ਤੇ ਅਮਲ ਕਰਾਂਗੇ **(ਸਚੁ ਸਬਦੁ ਵੀਚਾਰਾ॥)**। ਸਾਰੀ ਗੱਲ ਸਾਡੇ ਅੰਦਰ ਪਹਿਲਾਂ ਇੱਛਾ ਜਾਗਣ ਦੀ ਹੈ, ਤਾਂ ਜੋ ਅਸੀਂ ਮਨ ਨੂੰ ਮਾਰ ਸਕੀਏ ਭਾਵ ਮਨ ਦੇ ਮਾੜੇ ਨਾ-ਸਮਝ ਵਿਚਾਰਾਂ ਨੂੰ ਮਾਰ ਸਕੀਏ। ਇਹ ਸਭ ਕੁੱਝ ਸਾਡੀ ਅੰਦਰ ਦੀ ਧੁਨ ਤੇ ਨਿਰਭਰ ਕਰਦਾ ਹੈ। ਮਨੁੱਖ ਦੀ ਧੁਨ ਦਾ ਭਾਵ ਮਨੁੱਖ ਦੀ ਸਮਝ ਦਾ, ਮਨੁੱਖ ਦੇ ਵਿਚਾਰਾਂ ਦਾ ਗੁਰੂ ਦੇ ਵਿਚਾਰਾਂ ਨਾਲ ਜੁੜ ਜਾਣਾ ਉਸ ਪ੍ਰਮਾਤਮਾ ਨੂੰ ਹਰ ਵੇਲੇ ਸਲਾਹੁਣਾ ਹੈ ਕਿਉਂਕਿ ਮਨੁੱਖ ਦਾ ਸੁਭਾਵ ਹੀ ਸੱਚ ਵਾਲਾ ਬਣ ਜਾਂਦਾ ਹੈ ਤੇ ਉਹ ਸੱਚੇ ਅਮਲ ਕਰਦਾ ਹੈ ਤੇ ਇਹੀ ਬਾਣੀ ਨੂੰ ਸਲਾਹੁਣਾ ਹੈ, ਪ੍ਰਮਾਤਮਾ ਨੂੰ ਸਲਾਹੁਣਾ ਹੈ।

ਹੁਣ ਇਹ ਜਾਣੀਏ ਕਿ ਗੁਰੂ ਦਾ ਚੇਲਾ ਬਣਨਾ ਕੀ ਹੈ। ਗੁਰੂ ਦਾ ਚੇਲਾ ਸਾਨੂੰ ਸਾਡੀ ਸੁਰਤਿ ਦੀ ਧੁਨ ਨੇ ਹੀ ਬਣਾਉਣਾ ਹੈ ਭਾਵ ਸਾਡੇ ਮਨ ਦੀ ਇੱਛਾ ਨੇ ਬਣਾਉਣਾ ਹੈ। ਗੁਰੂ ਕੀ ਹੈ, ਇਹ ਅਸੀਂ ਪਿੱਛੇ ਸਮਝ ਹੀ ਚੁੱਕੇ ਹਾਂ ਭਾਵ ਸ਼ਬਦ ਗੁਰੂ ਹੈ, ਗਿਆਨ ਗੁਰੂ ਹੈ, ਉਪਦੇਸ਼ ਗੁਰੂ ਹੈ। ਜੇਕਰ ਸਾਡੇ ਮਨ ਦੀ ਇੱਛਾ ਗੁਰੂ ਦੇ ਉਪਦੇਸ਼ ਨੂੰ ਮੰਨਣ ਲਈ ਤਿਆਰ ਹੈ, ਤਾਂ ਹੀ ਅਸੀਂ ਚੇਲੇ ਬਣ ਸਕਦੇ ਹਾਂ। ਅਗਰ ਸਾਡੀ ਸੁਰਤ ਧੁਨ ਗੁਰੂ ਦੀ ਗੱਲ ਮੰਨਣ ਲਈ ਤਿਆਰ ਨਹੀਂ ਹੈ ਤਾਂ ਫਿਰ ਅਸੀਂ ਚੇਲੇ ਨਹੀਂ ਬਣ ਸਕਦੇ। ਚੇਲੇ ਤਾਂ ਅਸੀਂ ਹਰ ਵਕਤ ਕਿਸੇ ਨਾ ਕਿਸੇ ਦੇ ਹੁੰਦੇ ਹੀ ਹਾਂ। ਚੇਲੇ ਅਸੀਂ ਉਸੇ ਦੇ ਹੀ ਹਾਂ ਜਿੱਥੇ ਸਾਡੀ ਸੁਰਤ ਧੁਨ ਹੈ। ਜੇ ਸਾਡੀ ਧੁਨ ਮਾਇਆ ਵਿੱਚ ਹੈ ਤਾਂ ਫਿਰ ਅਸੀਂ ਮਾਇਆ ਦੇ ਚੇਲੇ ਹਾਂ। ਅਸੀਂ ਸਾਰੇ ਉੱਦਮ ਇਹੋ ਜਿਹੇ ਕਰਾਂਗੇ ਜਿਸ ਨਾਲ ਮਾਇਆ ਦੀ ਪ੍ਰਾਪਤੀ ਹੋ ਸਕੇ। ਸਾਡੇ ਅੰਦਰ ਧੁਨ ਮਾਇਆ ਦੀ ਲੱਗੀ ਰਹੇਗੀ। ਅਸੀਂ ਉਸੇ ਚੀਜ਼ ਨੂੰ ਜਪਦੇ ਹਾਂ, ਸਿਮਰਦੇ ਹਾਂ, ਧਿਆਉਂਦੇ ਹਾਂ ਜਿਹੋ ਜਿਹੀ ਸਾਡੀ "ਸੁਰਤਿ ਧੁਨਿ" ਹੋਵੇ ਭਾਵ ਸਾਡੇ ਧਿਆਨ ਵਿੱਚ ਹਰ ਵੇਲੇ ਉਸੇ ਚੀਜ ਦੀ ਪ੍ਰਾਪਤੀ ਲਈ ਧੁਨ ਲੱਗੀ ਰਹਿੰਦੀ ਹੈ ਤੇ ਅਸੀਂ ਕਿਸੇ ਦੂਸਰੀ ਗੱਲ ਵੱਲ ਬਹੁਤਾ ਧਿਆਨ ਨਹੀਂ ਦੇ ਸਕਦੇ। ਸਾਡੀ ਪਹਿਲ ਉਹੀ ਹੁੰਦੀ ਹੈ ਜਿੱਥੇ ਸਾਡੀ ਧੁਨ ਲੱਗੀ

2/86

ਹੁੰਦੀ ਹੈ, ਲਗਨ ਲੱਗੀ ਹੁੰਦੀ ਹੈ, ਲਿਵ ਜੁੜੀ ਹੁੰਦੀ ਹੈ। ਇੱਕੋ ਵੇਲੇ ਅਗਰ ਮਨੁੱਖ ਇਹ ਚਾਹਵੇ ਕਿ ਉਸ ਦੀ ਲਗਨ ਦੋਨੋਂ ਪਾਸੇ ਲੱਗ ਜਾਵੇ ਭਾਵ ਪ੍ਰਮਾਤਮਾ ਦੀ ਪ੍ਰਾਪਤੀ ਵਿੱਚ ਵੀ ਲੱਗ ਜਾਵੇ ਅਤੇ ਮਾਇਆ ਵਿੱਚ ਵੀ ਲੱਗੀ ਰਹੇ ਭਾਵ ਉਹ ਇੱਕੋ ਵਕਤ ਇਹ ਚਾਹੇ ਕਿ ਉਹ ਭਗਤ ਵੀ ਬਣਿਆ ਰਹੇ ਤੇ ਸੰਸਾਰੀ ਵੀ ਬਣਿਆ ਰਹੇ, ਇਹ ਕਦੇ ਨਹੀਂ ਹੋ ਸਕਦਾ **(ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥)** ਅੰਗ -੧੪੫ । ਇੱਕ ਵੇਲੇ ਪੂਰੀ ਤਰ੍ਹਾਂ ਤਾਂ ਇੱਕ ਹੀ ਕੰਮ ਹੋ ਸਕਦਾ ਹੈ ਭਾਵ ਦਿਲ ਨਾਲ ਤਾਂ ਇੱਕ ਹੀ ਕੰਮ ਹੋ ਸਕਦਾ ਹੈ ਭਾਵ ਅਗਰ ਭਗਤੀ ਤੇ ਪੂਰਾ ਉਤਰਨਾ ਹੈ ਤਾਂ ਸੰਸਾਰਿਕ ਮਾਇਆ ਮੋਹ ਵਿੱਚੋਂ ਮਨ ਨੂੰ ਹਟਾਉਣਾ ਹੀ ਪਵੇਗਾ, ਮਾਇਆ ਤੋਂ ਅਲਿਪਤ ਹੋਣਾ ਹੀ ਪਵੇਗਾ, ਔਗੁਣ ਤਿਆਗਣੇ ਹੀ ਪੈਣੇ ਹਨ ਅਤੇ ਤਾਂ ਹੀ ਅਸੀਂ ਗੁਰੂ ਦੇ ਚੇਲੇ ਬਣ ਸਕਾਂਗੇ ਵਰਨਾ ਮਾਇਆ ਦਾ ਚੇਲਾ, ਮਨਮਤਿ ਦਾ ਚੇਲਾ ਤਾਂ ਹਰ ਕੋਈ ਬਣਿਆ ਹੀ ਹੋਇਆ ਹੈ। ਗੁਰੂ ਦਾ ਚੇਲਾ ਸਾਨੂੰ ਮਨ ਨੇ ਬਣਾਉਣਾ ਹੈ, ਨਾ ਕਿ ਸਰੀਰ ਨੇ ਭਾਵ ਸਾਡੀਆਂ ਸਰੀਰਕ ਕਿਰਿਆਵਾਂ ਨੇ। ਪ੍ਰਮਾਤਮਾ ਸਾਡੇ ਅੰਦਰ ਨਿਰਗੁਣ ਸਰੂਪ ਵਿੱਚ ਵਰਤਦਾ ਹੈ ਤੇ ਉਸ ਨੂੰ ਪਾਇਆ ਵੀ ਨਿਰਗੁਣ ਤਰੀਕੇ ਨਾਲ ਹੀ ਜਾ ਸਕਦਾ ਹੈ। ਇਹ ਖੇਡ ਤਾਂ ਸਾਰੀ ਮਨ ਦੀ ਹੈ ਤੇ ਅਸੀਂ ਸਰੀਰ ਨੂੰ ਬੇਵਜ੍ਹਾ ਹੀ ਔਖੇ ਕਰੀ ਜਾਂਦੇ ਹਾਂ। ਅਗਰ ਪ੍ਰਮਾਤਮਾ ਨੂੰ ਕਿਸੇ ਸਰੀਰਕ ਕਿਰਿਆਵਾਂ ਦੁਆਰਾ ਪਾਇਆ ਜਾ ਸਕਦਾ ਹੈ ਤਾਂ ਫਿਰ ਜੋਗੀ ਲੋਕ, ਵੱਡੇ-ਵੱਡੇ ਤਪ ਕਰਨ ਵਾਲੇ ਸਾਰੇ ਹੀ ਪ੍ਰਮਾਤਮਾ ਨੂੰ ਪਾ ਲੈਂਦੇ। ਉਹ ਗਲਤੀ ਕੇਵਲ ਇਹ ਹੀ ਕਰਦੇ ਹਨ ਕਿ ਉਨ੍ਹਾਂ ਨੇ ਭਰੋਸਾ ਕੇਵਲ ਤਨ ਤੇ ਰੱਖਿਆ ਹੈ ਨਾ ਕਿ ਮਨ ਤੇ **(ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ॥੭॥ ਅੰਗ ੧੨੪)**। ਪ੍ਰਮਾਤਮਾ ਨੂੰ ਮਿਲਣ ਦੀ ਪ੍ਰਾਪਤੀ ਇਸ ਮਨ ਨੂੰ ਜਾਨਣ ਨਾਲ ਹੀ ਹੋਣੀ ਹੈ ਜਿਸ ਦੀ ਸੋਝੀ ਉਹ ਪ੍ਰਮਾਤਮਾ ਆਪ ਹੀ ਪਾਉਂਦਾ ਹੈ।

ਗੁਰਬਾਣੀ ਸਾਨੂੰ ਵਾਰ-ਵਾਰ ਇਹ ਸਮਝਾ ਰਹੀ ਹੈ ਕਿ ਇਨ੍ਹਾਂ ਸੁਰਤੀਆਂ, ਸਮਾਧੀਆਂ ਵਿੱਚ ਕੁੱਝ ਨਹੀਂ ਰੱਖਿਆ, ਕੋਈ ਲਾਭ ਨਹੀਂ ਮਿਲਦਾ ਪਰ ਫਿਰ ਵੀ ਅਸੀਂ ਦੇਖਾ-ਦੇਖੀ, ਸੁਣੀ ਸੁਣਾਈ ਪੁਰਾਣੀ ਮਤਿ ਦੁਆਰਾ ਇਹ ਕਿਰਿਆ ਕਰੀ ਜਾਂਦੇ ਹਾਂ। ਅਸਲੀ ਗੱਲ ਜੋ ਮਨ ਦੇ ਮਾਰਨ ਦੀ ਹੈ, ਜਿਸ ਦੁਆਰਾ ਕੁੱਝ ਪ੍ਰਾਪਤੀ ਹੋਣੀ ਹੈ, ਨਾਮ ਲਾਹਾ ਮਿਲਣਾ ਹੈ, ਉਸ ਵੱਲ ਧਿਆਨ ਕਿਸੇ ਵਿਰਲੇ ਦਾ ਹੀ ਜਾਪਦਾ ਹੈ। ਅਸਲ ਵਿੱਚ ਇਹ ਸਭ ਇਸ ਲਈ ਹੈ ਕਿ ਪ੍ਰਮਾਤਮਾ ਨੂੰ ਇਹੋ ਕੁੱਝ ਭਾਉਂਦਾ ਹੈ। ਮਾਇਆ ਦੀ ਜੁਗਤ ਹੀ ਇਹ ਹੈ ਕਿ ਮਨੁੱਖ ਨੂੰ ਅਸਲੀਅਤ ਤੋਂ

2/87

ਦੂਰ ਰੱਖਿਆ ਜਾਵੇ, ਭੁਲੇਖੇ ਵਿੱਚ ਰੱਖਿਆ ਜਾਵੇ, ਦੁਚਿੱਤੀ ਵਿੱਚ ਰੱਖਿਆ ਜਾਵੇ, ਦੁਬਿਧਾ ਵਿੱਚ ਰੱਖਿਆ ਜਾਵੇ। ਇਸ ਮਾਇਆ ਦੀ ਜੁਗਤ ਵਿੱਚੋਂ ਨਿਕਲਣ ਦਾ ਸਾਧਨ ਇੱਕੋ-ਇੱਕ ਗੁਰੂ ਜੀ ਨੇ ਇਹ ਸਮਝਾਇਆ ਹੈ ਕਿ ਮਨੁਖ ਆਪਣੇ ਮਨ ਨੂੰ ਮਾਰੇ, ਗੁਰ ਸ਼ਬਦੀ ਮਰੇ ਤੇ ਇਹ ਉੱਦਮ ਕਰਨਾ ਹੀ ਇੱਕੋ ਇੱਕ ਹੱਲ ਹੈ ਜਿਸ ਦੁਆਰਾ ਅਸੀਂ ਗੁਰੂ ਦੇ ਚੇਲੇ ਬਣ ਸਕਦੇ ਹਾਂ, ਗੁਰੂ ਵਾਲੇ ਬਣ ਸਕਦੇ ਹਾਂ। ਗੁਰੂ ਵਾਲਾ ਬਣਨਾ ਬਹੁਤ ਔਖਾ ਹੈ ਜੋ ਕਿ ਔਗੁਣਾਂ ਦੇ ਤਿਆਗ ਦੁਆਰਾ, ਆਪਣੀ ਮਤਿ ਦੇ ਤਿਆਗ ਦੁਆਰਾ ਹੀ ਬਣਿਆ ਜਾ ਸਕਦਾ ਹੈ। ਇਸ ਗੱਲ ਨੂੰ ਸਪੱਸ਼ਟ ਕਰਨ ਲਈ ਆਓ ਹੇਠ ਲਿਖੀ ਪੰਗਤੀ ਨੂੰ ਵਿਚਾਰੀਏ:-

"ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥"

(ਅੰਗ ੧੦੧੩)

ਝੂਠ ਬੋਲਣ ਵਾਲਾ ਹਰ ਕੋਈ ਨਿਗੁਰਾ ਹੀ ਹੈ ਭਾਵ ਜਿਸ ਮਨੁੱਖ ਦੇ ਅੰਦਰ ਔਗੁਣ ਹਨ ਉਹ ਨਿਗੁਰਾ ਹੈ ਤੇ ਗੁਰੂ ਵਾਲਾ, ਗੁਰੂ ਦਾ ਚੇਲਾ ਕੋਈ ਤਾਂ ਹੀ ਬਣ ਸਕਦਾ ਹੈ ਜੇਕਰ ਉਹ ਸਾਰੇ ਔਗੁਣ ਤਿਆਗੇ। ਇਸ ਪੂਰੇ ਸ਼ਬਦ ਦੇ ਅਰਥ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਜੇਕਰ ਸਾਨੂੰ ਧੁਨ ਦੀ ਸਮਝ ਲੱਗ ਜਾਵੇ ਤਾਂ ਫਿਰ ਸਾਨੂੰ ਹੇਠ ਦਿੱਤੀ ਹੋਈ ਪੰਗਤੀ ਦੀ ਵੀ ਸਮਝ ਆ ਜਾਵੇਗੀ। ਇਸ ਪੰਗਤੀ ਦਾ ਅਰਥ ਨਾ ਸਮਝ ਆਉਣ ਕਰਕੇ ਹੀ ਬਹੁਤ ਸਾਰੇ ਲੋਕ ਆਪਣੇ ਧਿਆਨ ਦੇ ਅੰਦਰ ਕਿਸੇ ਸੁਣਨ ਵਾਲੀ ਧੁਨ ਦੇ ਭੁਲੇਖੇ ਵਿੱਚ ਸਮਾਧੀਆਂ ਲਗਾਉਂਦੇ ਹਨ, ਧਿਆਨ ਜੋੜਦੇ ਹਨ:-

“ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥”

(ਅੰਗ ੮੭੯)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਗਹਿਰਾਈ ਵਿੱਚ ਹਨ ਜਿਸ ਨੂੰ ਅਸੀਂ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਜਿਸ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਕੀ ਹੈ, ਇਹ ਸਮਝਾਇਆ ਹੋਇਆ ਹੈ।ਹੁਣ ਕੇਵਲ ਉੱਪਰ ਵਾਲੀ ਪੰਗਤੀ ਨੂੰ ਸਮਝਦੇ ਹਾਂ। ਇਹ ਅਸੀਂ ਜਾਣ ਹੀ ਚੁੱਕੇ ਹਾਂ ਕਿ ਧੁਨ ਸਾਡੇ ਮਨ ਦੀ ਇੱਛਾ ਹੈ। ਜਦੋਂ ਸਾਡੇ ਮਨ ਦੀ ਇੱਛਾ ਪ੍ਰਮਾਤਮਾ ਨੂੰ ਜਾਨਣ ਵਾਲੀ ਬਣ ਜਾਵੇਗੀ, ਪ੍ਰਮਾਤਮਾ ਦੀ ਪ੍ਰਾਪਤੀ ਕਰਨ ਵਾਲੀ ਬਣ ਜਾਵੇਗੀ ਭਾਵ ਜਦੋਂ ਸਾਡਾ ਸਾਰਾ ਧਿਆਨ ਇਸ ਇੱਛਾ ਦੀ ਪੂਰਤੀ ਵੱਲ ਲੱਗ ਜਾਵੇਗਾ ਕਿ ਅਸੀਂ ਪ੍ਰਮਾਤਮਾ ਨੂੰ ਹੀ ਪਾਉਣਾ ਹੈ ਤਾਂ ਫਿਰ ਅਸੀਂ ਉਹੀ ਕੁੱਝ ਕਰਾਂਗੇ ਜੋ ਕੁਝ ਸਾਨੂੰ ਪ੍ਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਸਮਝਾਉਂਦਾ ਹੈ ਭਾਵ ਅਸੀਂ ਬਿਲਕੁਲ ਸੱਚ ਦੇ ਮਾਰਗ ਤੇ ਚੱਲਾਂਗੇ। ਜਦੋਂ ਇਹ ਭਗਤੀ ਕਬੂਲ ਹੋ ਜਾਵੇਗੀ ਤਾਂ ਅਸੀਂ ਪ੍ਰਮਾਤਮਾ ਨੂੰ ਆਪਣੇ ਧਿਆਨ ਦੇ ਅੰਦਰ ਭਾਵ ਆਪਣੇ ਮਨ ਦੇ ਅੰਦਰ ਹੀ ਜਾਣਾਂਗੇ ਭਾਵ ਉਸਦੇ ਦਰਸ਼ਨ ਕਰਾਂਗੇ। ਉਹ ਸਾਡੇ ਮਨ ਦੇ ਅੰਦਰ ਹੀ ਪ੍ਰਗਟ ਹੋਵੇਗਾ। ਪ੍ਰਮਾਤਮਾ ਨੂੰ ਆਪਣੇ ਮਨ ਦੇ ਵਿੱਚ ਜਾਨਣ ਤੋਂ ਬਾਅਦ ਹੀ ਸਾਨੂੰ ਇਹ ਸਮਝ ਲੱਗੇਗੀ ਕਿ ਇਹ

2/88

ਪ੍ਰਮਾਤਮਾ ਦੀ ਨਾ ਕਥੀ ਜਾਣ ਵਾਲੀ ਅਕਥ ਕਹਾਣੀ ਹੈ ਭਾਵ ਨਾ ਸਮਝ ਆਉਣ ਵਾਲੀ ਕਹਾਣੀ ਕੀ ਹੈ ਕਿ ਉਹ ਸਾਡੇ ਅੰਦਰ ਕਿਸ ਤਰ੍ਹਾਂ ਗੁਪਤ ਤੌਰ ਤੇ ਵਰਤ ਰਿਹਾ ਹੈ। ਜਿਸ ਨੇ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ, ਮਨ ਦੇ ਧਿਆਨ ਰਾਹੀਂ ਹੀ ਜਾਣਿਆ ਹੈ ਭਾਵ ਮਨ ਦੀ ਸਮਝ ਰਾਹੀਂ ਹੀ ਜਾਣਿਆ ਹੈ ਤੇ ਜਿਸ ਨੇ ਪ੍ਰਮਾਤਮਾ ਨੂੰ ਆਪਣੇ ਧਿਆਨ ਦੇ ਵਿੱਚ ਜਾਣਿਆ ਹੈ, ਉਸਨੇ ਹੀ ਪ੍ਰਮਾਤਮਾ ਦੀ ਅਕਥ ਕਥਾ ਨੂੰ ਜਾਣਿਆ ਹੈ ਜੋ ਅਕਥ ਕਥਾ ਪ੍ਰਮਾਤਮਾ ਮਨ ਦੇ ਧਿਆਨ ਰਾਹੀਂ, ਮਨ ਦੀ ਸਮਝ ਰਾਹੀਂ ਆਪ ਹੀ ਸਮਝਾਉਂਦਾ ਹੈ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਧਿਆਨ ਦੇ ਅੰਦਰ ਜਾਣਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਅਕਥ ਕਥਾ ਦੀ ਰਚਨਾ ਕੀਤੀ ਹੈ ਜੋ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ। ਜੇ ਪ੍ਰਮਾਤਮਾ ਨੂੰ ਜਾਨਣਾ ਧਿਆਨ ਦੇ ਵਿੱਚ ਹੈ, ਮਨ ਦੇ ਵਿੱਚ ਹੈ ਤਾਂ ਫਿਰ ਉਸਦੇ ਦਰਸ਼ਨ ਵੀ ਮਨ ਦੇ ਵਿੱਚ ਹੀ ਹੁੰਦੇ ਹਨ ਭਾਵ ਉਸ ਨੂੰ ਧਿਆਨ ਦੇ ਵਿੱਚ ਜਾਨਣਾ ਹੀ ਉਸਦੇ ਦਰਸ਼ਨ ਹਨ। ਨਿਰਗੁਣ ਸਰੂਪ ਦੇ ਦਰਸ਼ਨ ਨਿਰਗੁਣ ਸਰੂਪ ਹੀ ਕਰ ਸਕਦਾ ਹੈ। ਨਿਰਗੁਣ ਰੂਪ ਭਾਵ ਨਿਰੰਕਾਰ ਰੂਪ ਜਿਸਦਾ ਕੋਈ ਅਕਾਰ ਨਹੀਂ ਹੁੰਦਾ ਉਹ ਕੇਵਲ ਤੇ ਕੇਵਲ “ਗਿਆਨ” ਹੈ ਤੇ ਗਿਆਨ ਤੋਂ ਬਿਨ੍ਹਾਂ ਕੋਈ ਹੋਰ ਕੁੱਝ ਵੀ ਨਿਰੰਕਾਰ ਰੂਪ ਨਹੀਂ ਹੋ ਸਕਦਾ। ਗਿਆਨ ਕੀ ਹੈ ਇਸਨੂੰ ਕੇਵਲ ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਗਿਆਨ ਰੂਪ ਹੈ ਤੇ ਉਸਨੂੰ ਕੇਵਲ ਮਨ ਦੇ ਗਿਆਨ ਦੁਆਰਾ, ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਇਸ ਪੂਰੇ ਸ਼ਬਦ ਨੂੰ ਅੱਗੇ ਚੱਲ ਕੇ ਵਿਸਥਾਰ ਨਾਲ ਸਮਝਾਂਗੇ। ਮਨ ਦੇ ਬਾਹਰੋਂ ਭਾਵ ਖੰਡਾਂ ਬ੍ਰਹਿਮੰਡਾਂ ਵਿੱਚੋਂ ਜੋ ਪ੍ਰਮਾਤਮਾ ਦੇ ਦਰਸ਼ਨਾਂ ਦੀਆਂ ਗੱਲਾਂ ਕਰਦੇ ਹਨ, ਇਹੋ ਜਿਹੀਆਂ ਗੱਲਾਂ ਦਾ ਕੀ ਵਜੂਦ ਹੋ ਸਕਦਾ ਹੈ। ਇਹ ਕੇਵਲ ਸਾਡੀਆਂ ਉਲਝਣਾਂ ਹਨ, ਗੁਰੂ ਦੇ ਅਸੂਲ ਦੇ ਉਲਟ ਕਹਿਣ ਵਾਲੀ ਗੱਲ ਹੈ। ਪੂਰੀ ਬਾਣੀ ਵਿੱਚ ਕਿਤੇ ਵੀ ਇਹ ਨਹੀਂ ਕਿਹਾ ਗਿਆ ਕਿ ਪ੍ਰਮਾਤਮਾ ਦੀ ਪ੍ਰਾਪਤੀ ਬਾਹਰੋਂ ਕਿਤੋਂ ਹੋਣੀ ਹੈ ਬਲਕਿ ਪ੍ਰਮਾਤਮਾ ਨੂੰ ਕਿਤੋਂ ਬਾਹਰ ਲੱਭਣ ਵਾਲਿਆਂ ਨੇ ਭਰਮੇ ਹੋਏ ਦੱਸਿਆ ਹੈ।

{ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ॥}

(ਅੰਗ ੩੧੩)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥

ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥}

(ਅੰਗ ੧੦੨)

{ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ ॥
ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ ॥}

(ਅੰਗ ੯੫੫)

ਪ੍ਰਮਾਤਮਾ ਦੇ ਦਰਸ਼ਨ ਜਦੋਂ ਵੀ ਹੋਣੇ ਹਨ ਆਪਣੇ ਅੰਦਰੋਂ ਹੀ ਹੋਣੇ ਹਨ ਅਤੇ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਹੋਣੇ ਹਨ। ਪਿਛਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਹ ਜਾਣਿਆ ਹੈ ਕਿ ਸ਼ਬਦ ਕੀ ਹੈ ਤੇ ਸੁਰਤਿ ਕੀ ਹੈ। ਹਰ ਕੋਈ ਸ਼ਬਦ ਸੁਰਤਿ ਦਾ ਮੇਲ ਚਾਹੁੰਦਾ ਹੈ, ਤੇ ਮੇਲ ਤਾਂ ਹੀ ਹੋ ਸਕਦਾ ਹੈ ਜੇ ਸਾਨੂੰ ਇਸਦੀ ਸਮਝ ਹੋਵੇ ਕਿ ਇਹ ਮੇਲ ਹੈ ਕੀ। ਸ਼ਬਦ ਵੀ ਨਿਰਗੁਣ ਸਰੂਪ ਹੈ ਤੇ ਸੁਰਤਿ ਵੀ ਨਿਰਗੁਣ ਸਰੂਪ ਹੈ। ਸ਼ਬਦ ਵੀ ਗਿਆਨ ਹੈ ਅਤੇ ਸੁਰਤਿ ਵੀ ਗਿਆਨ ਹੈ। ਸ਼ਬਦ ਗੁਰੂ ਦਾ ਗਿਆਨ ਹੈ ਤੇ ਸੁਰਤਿ ਸਾਡੇ ਮਨ ਦਾ ਗਿਆਨ ਹੈ। "ਸੁਰਤਿ" ਤ੍ਰੈਗੁਣਾਂ ਵਾਲੀ ਅਵੱਸਥਾ ਦਾ ਗਿਆਨ ਹੈ ਤੇ "ਸ਼ਬਦ" ਚੌਥੇ ਪਦ ਦਾ ਗਿਆਨ ਹੈ। ਇੱਕ ਗਿਆਨ ਨੇ ਦੂਸਰੇ ਗਿਆਨ ਵਿੱਚ ਸਮਾਉਣਾ ਹੈ ਅਤੇ ਇਹ ਹੀ ਮੇਲ ਹੈ ਜੋ ਕਿ ਸ਼ਬਦ ਸੁਰਤਿ ਦਾ ਮੇਲ ਹੈ। ਮੇਲ ਉਦੋਂ ਹੁੰਦਾ ਹੈ ਜਦੋਂ ਇੱਕ ਦੇ ਵਿਚਾਰ ਦੂਜੇ ਦੇ ਵਿਚਾਰਾਂ ਨਾਲ ਮਿਲਦੇ ਹੋਣ। ਇੱਕ ਦੀ ਗੱਲ ਦੂਜੇ ਨੂੰ ਚੰਗੀ ਲੱਗੇ। ਮੇਲ ਵਿਚਾਰਾਂ ਦਾ ਹੋਣਾ ਹੈ। ਇਹੀ ਦੁਨਿਆਵੀ ਅਸੂਲ ਹੈ। ਝਗੜਾ ਵੀ ਉੱਥੇ ਹੀ ਹੁੰਦਾ ਹੈ ਜਿੱਥੇ ਵਿਚਾਰਾਂ ਦਾ ਮੇਲ ਨਾ ਹੋਵੇ। ਹੁਣ ਸੋਚਣ ਦੀ ਗੱਲ ਇਹ ਹੈ ਕਿ ਆਪਸ ਵਿੱਚ ਵਿਚਾਰ ਕਿਵੇਂ ਮਿਲਣ। ਜਦੋਂ ਦੋ ਮਨੁੱਖਾਂ ਨੇ ਆਪਸ ਵਿੱਚ ਵਿਚਾਰਾਂ ਦੀ ਸਾਂਝ ਕਰਨੀ ਹੋਵੇ ਤਾਂ ਦੋਨੋ ਆਪਸ ਵਿੱਚ ਵਿਚਾਰਾਂ ਦੀ ਸਹਿਮਤੀ ਬਣਾ ਸਕਦੇ ਹਨ ਭਾਵ

2/89

ਕੁੱਝ ਇੱਕ ਮਨੁੱਖ ਦੀ ਮੰਨੀ ਗਈ ਕੁੱਝ ਦੂਜੇ ਦੀ ਮੰਨੀ ਗਈ। ਲੇਕਿਨ ਜਦੋਂ ਸਾਂਝ ਗੁਰੂ ਨਾਲ ਕਰਨੀ ਹੋਵੇ ਉੱਥੇ ਇਹ ਦੁਨਿਆਵੀ ਗੱਲ ਲਾਗੂ ਨਹੀਂ ਹੁੰਦੀ। ਗੁਰੂ ਦਾ ਸ਼ਬਦ ਅਟੱਲ ਹੈ, ਨਿਹਚਲ ਹੈ, ਅਚੱਲ ਹੈ, ਅਡੋਲ ਹੈ ਭਾਵ ਗੁਰੂ ਦਾ ਨਿਯਮ ਕਦੇ ਬਦਲ ਨਹੀਂ ਸਕਦਾ। ਗੁਰੂ ਦੇ ਨਿਯਮ ਵਿੱਚ ਕਦੇ ਤਬਦੀਲੀ ਨਹੀਂ ਹੋ ਸਕਦੀ। ਇਹ ਨਿਯਮ ਸਾਰੇ ਜਗਤ ਲਈ ਇੱਕੋ ਹੀ ਹੈ ਜੋ ਕਦੇ ਬਦਲ ਨਹੀਂ ਸਕਦਾ **(ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥ ਅੰਗ ੫੪੯)**।

"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥"

(ਅੰਗ ੫੬੦)

ਵਿਰੋਧ ਹਉਮੈ ਦਾ ਨਾਮ ਦੇ ਨਾਲ ਹੈ। ਹਉਮੈ ਸਾਡੀ ਮਤਿ ਹੈ, ਸਾਡੇ ਵਿਚਾਰ ਹਨ, ਸਾਡੀ ਸੁਰਤਿ ਦੇ ਵਿਚਾਰ ਹਨ ਤੇ ਨਾਮ ਗੁਰੂ ਦੀ ਮਤਿ ਹੈ, ਗੁਰੂ ਦੇ ਵਿਚਾਰ ਹਨ, ਸ਼ਬਦ ਦੇ ਵਿਚਾਰ ਹਨ। ਵਿਰੋਧ ਗੁਰੂ ਦੇ ਵਿਚਾਰਾਂ ਦਾ, ਸ਼ਬਦ ਦੇ ਵਿਚਾਰਾਂ ਦਾ ਅਸੀਂ ਕਰਦੇ ਹਾਂ ਕਿਉਂਕਿ ਸਾਡੇ ਵਿਚਾਰ ਝੂਠੇ ਹਨ ਜੋ ਸੱਚੇ ਵਿਚਾਰਾਂ ਦਾ ਵਿਰੋਧ ਕਰਦੇ ਹਨ। ਸੱਚੇ ਵਿਚਾਰ ਤਾਂ ਅਟੱਲ ਹਨ ਜੋ ਕਦੇ ਬਦਲ ਨਹੀਂ ਸਕਦੇ। ਸੱਚ ਖਰਾ ਹੈ ਜਿਸਨੂੰ ਖੋਟਾ ਨਹੀਂ ਕੀਤਾ ਜਾ ਸਕਦਾ। ਖੋਟੇ ਵਿਚਾਰਾਂ ਨੂੰ ਹੀ ਆਪਣੀ ਖੋਟ ਛੱਡਣੀ ਪੈਂਦੀ ਹੈ ਤਾਂ ਜੋ ਸੱਚ ਦੇ ਵਿੱਚ ਰਲ ਸਕਣ, ਉਨ੍ਹਾਂ ਨਾਲ ਇੱਕ ਹੋ ਸਕਣ।

ਗੁਰੂ ਦੀ ਵਿਚਾਰ ਤਾਂ ਬਦਲ ਨਹੀਂ ਸਕਦੀ। ਅਗਰ ਉਸ ਨਾਲ ਮੇਲ ਕਰਨਾ ਹੈ ਤਾਂ ਵਿਚਾਰ ਸਾਨੂੰ ਹੀ ਆਪਣੀ ਬਦਲਣੀ ਪੈਣੀ ਹੈ। ਮਨਮਤਿ ਛੱਡ ਕੇ ਗੁਰੂ ਦੀ ਮਤਿ ਲੈਣੀ ਹੀ ਪੈਣੀ ਹੈ। ਸ਼ਬਦ "ਗੁਰਮਤਿ" ਹੈ ਤੇ ਸਾਡੀ ਸੁਰਤਿ "ਮਨਮਤਿ" ਹੈ। ਸ਼ਬਦ ਸੱਚ ਹੈ, ਸੁਰਤਿ ਝੂਠ ਹੈ, ਸ਼ਬਦ ਗੁਣਾਂ ਨਾਲ ਭਰਪੂਰ ਹੈ ਤੇ ਸੁਰਤਿ ਔਗੁਣਾਂ ਨਾਲ ਭਰਪੂਰ ਹੈ। ਸਾਰੀ ਬਾਣੀ ਸਾਨੂੰ ਸ਼ਬਦ ਸੁਰਤਿ ਦਾ ਮੇਲ ਹੀ ਸਮਝਾ ਰਹੀ ਹੈ। ਜੇਕਰ ਅਸੀਂ ਸ਼ਬਦ ਨਾਲ, ਗੁਰੂ ਨਾਲ, ਪ੍ਰਮਾਤਮਾ ਨਾਲ ਮੇਲ ਕਰਨਾ ਹੈ ਤਾਂ ਫਿਰ ਸਾਨੂੰ ਉਹੀ ਕੁੱਝ ਕਰਨਾ ਪਵੇਗਾ ਜੋ ਕੁੱਝ ਸਾਨੂੰ ਸ਼ਬਦ ਸਮਝਾਉਂਦਾ ਹੈ, ਉਪਦੇਸ਼ ਦਿੰਦਾ ਹੈ, ਗਿਆਨ ਦਿੰਦਾ ਹੈ। ਸਾਡੀ ਸ਼ਬਦ ਤੋਂ ਦੂਰੀ ਇਸ ਗੱਲ ਦੀ ਹੈ ਕਿ ਅਸੀਂ ਸ਼ਬਦ ਦਾ ਹੁਕਮ ਮੰਨਣ ਤੋਂ ਦੂਰ ਹਾਂ, ਉਸਦੀ ਰਜ਼ਾ ਤੋਂ ਦੂਰ ਹਾਂ, ਉਸਦੇ ਭਾਣੇ ਤੋਂ ਦੂਰ ਹਾਂ ਭਾਵ

ਜੋ ਕੁੱਝ ਪ੍ਰਮਾਤਮਾ ਨੂੰ ਭਾਉਂਦਾ ਹੈ ਉਹ ਕੁੱਝ ਨਾ ਕਰਨ ਦੇ ਕਾਰਨ ਅਸੀਂ ਉਸ ਤੋਂ ਦੂਰ ਹਾਂ। ਉਸਦੇ ਨੇੜੇ ਉਸਦੀ ਗੱਲ ਮੰਨ ਕੇ ਹੀ ਲੱਗਿਆ ਜਾ ਸਕਦਾ ਹੈ। ਮਨੁੱਖ ਆਪਣੀਆਂ ਸਿਆਣਪਾਂ ਦੁਆਰਾ ਇਹੀ ਕੋਸ਼ਿਸ਼ ਕਰਦਾ ਹੈ ਕਿ ਝੂਠ ਛੱਡੇ ਬਿਨ੍ਹਾਂ ਹੀ ''ਝੂਠ'' ਦਾ ''ਸੱਚ'' ਨਾਲ ਮੇਲ ਹੋ ਜਾਵੇ, ਔਗੁਣ ਛੱਡੇ ਬਿਨ੍ਹਾਂ ਔਗੁਣਾਂ ਦਾ ਗੁਣਾਂ ਨਾਲ ਮੇਲ ਹੋ ਜਾਵੇ, ਮਾਇਆ ਮੋਹ ਛੱਡੇ ਬਿਨ੍ਹਾਂ ਮਾਇਆ ਵਾਲੀ ਸਮਝ ਵਿੱਚ ਹੀ ਰੱਬ ਦੇ ਨਾਲ ਮੇਲ ਹੋ ਜਾਵੇ, ਹਉਮੈ ਵਿੱਚ ਹੀ ਨਾਮ ਦੇ ਨਾਲ ਮੇਲ ਹੋ ਜਾਵੇ, ਕਿਸੇ ਸਰਗੁਣ ਤਰੀਕੇ ਨਾਲ ਭਾਵ ਸਰੀਰਕ ਕਿਰਿਆਵਾਂ ਦੁਆਰਾ, ਸਮਾਧੀਆਂ ਦੁਆਰਾ, ਕਿਸੇ ਮੰਤਰ ਦਾ ਉਚਾਰਣ ਕਰਨ ਦੁਆਰਾ ਭਾਵ ਕਿਸੇ ਕ੍ਰਿਸ਼ਮੇ ਦੁਆਰਾ, ਕਿਸੇ ਚਮਤਕਾਰ ਦੁਆਰਾ ਸ਼ਬਦ ਸੁਰਤਿ ਦਾ ਮੇਲ ਹੋ ਜਾਵੇ ਭਾਵ ਔਗੁਣਾਂ ਦਾ ਤਿਆਗ ਕੀਤੇ ਬਿਨ੍ਹਾਂ ਹੀ ਕਿਸੇ ਜੁਗਤੀ ਦੁਆਰਾ ਪ੍ਰਮਾਤਮਾ ਨਾਲ ਮੇਲ ਹੋ ਜਾਵੇ। ਇਹ ਮਨੁੱਖ ਦੀਆਂ ਨਿਰੀਆਂ ਸਿਆਣਪਾਂ ਤੇ ਭੁਲੇਖਾ ਹੈ। ਪ੍ਰਮਾਤਮਾ ਨੂੰ ਗੱਲਾਂ ਕਰਨ ਨਾਲ ਤੇ ਜੁਗਤੀਆਂ ਲਾਉਣ ਨਾਲ ਕਦੇ ਵੀ ਨਹੀਂ ਪਾਇਆ ਜਾ ਸਕਦਾ। ਹਰ ਕੋਈ ਇਹੀ ਚਾਹੁੰਦਾ ਹੈ

2/90

ਕਿ ਸੌਖੇ ਤੋਂ ਸੌਖੇ ਤਰੀਕੇ ਨਾਲ ਰੱਬ ਨੂੰ ਪਾ ਲਈਏ। ਸੌਖਾ ਰਸਤਾ ਦੱਸਣ ਵਾਲਿਆਂ ਦੀ ਕਮੀ ਨਹੀਂ ਹੈ। ਭਰਮਾਂ ਦੀਆਂ ਪੁੜੀਆਂ ਵੰਡਣ ਵਾਲੇ ਵੀ ਬਹੁਤ ਹਨ ਅਤੇ ''ਪੁੜੀਆਂ'' ਲੈਣ ਵਾਲਿਆਂ ਦੀ ਵੀ ਕਮੀ ਨਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜੋ ਆਪ ਮੁਕਤ ਨਹੀਂ ਹੈ ਉਹ ਦੂਸਰਿਆਂ ਨੂੰ ਮੁਕਤੀਆਂ ਵੰਡਦੇ ਹਨ, ਮੁਕਤੀਆਂ ਦੀਆਂ ਗਰੰਟੀਆਂ ਦਿੰਦੇ ਹਨ ਭਾਵ ਉਹ ਆਪਣੇ ਆਪ ਨੂੰ ਗੁਰੂ ਵਰਗੀ ਸਮਝ ਰਖਣ ਵਾਲਿਆਂ ਤੋਂ ਘੱਟ ਨਹੀਂ ਸਮਝਦੇ। ਉਨ੍ਹਾਂ ਦੇ ਉੱਥੇ ਛੋਟੀ ਮੋਟੀ ਸੇਵਾ ਕਰਨ ਦੁਆਰਾ, ਸਿਫਾਰਸ਼ ਦੁਆਰਾ ਮੁਕਤੀ ਲੱਭੀ ਜਾਂਦੀ ਹੈ ਭਾਵੇਂ ਮੁਕਤੀ ਲੈਣ ਵਾਲੇ ਦੇ ਅਤੇ ਦੇਣ ਵਾਲੇ ਦੇ ਆਚਾਰ ਜਿਹੋ ਜਿਹੇ ਮਰਜੀ ਹੋਣ। ਇਸ ਤੋਂ ਵੱਡਾ ਮਜਾਕ ਗੁਰੂ ਨਾਲ ਹੋਰ ਨਹੀਂ ਹੋ ਸਕਦਾ, ਇਸ ਤੋਂ ਵੱਡੀ ਬੇਅਦਬੀ ਗੁਰੂ ਦੀ, ਪ੍ਰਮਾਤਮਾ ਦੀ ਨਹੀਂ ਹੋ ਸਕਦੀ। ਆਓ ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਸਮਝੀਏ।

“ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥੨੨॥”

(ਅੰਗ ੯੨੦)

ਆਨੰਦ ਸਾਹਿਬ ਦੀ ਬਾਣੀ ਵਿੱਚੋਂ ਲਏ ਗਏ ਇਸ ਸ਼ਬਦ ਤੋਂ ਪਹਿਲੇ ਸ਼ਬਦ ਵਿੱਚ ਇਹ ਸਮਝਾਇਆ ਹੋਇਆ ਹੈ ਕਿ ਸਨਮੁੱਖ ਕੌਣ ਹੈ। ਸਨਮੁੱਖ ਉਹ ਹੈ ਜੋ ਹਰ ਵੇਲੇ ਗੁਰੂ ਦੇ ਉਪਦੇਸ਼ ਨੂੰ ਆਪਣੇ ਅੰਦਰ ਧਿਆਉਂਦਾ ਹੈ ਭਾਵ ਜੋ ਅੱਠੇ ਪਹਿਰ ਗੁਰੂ ਦੇ ਹੁਕਮ ਵਿੱਚ ਰਹਿੰਦਾ ਹੈ ਭਾਵ ਜੋ ਪੂਰੀ ਤਰ੍ਹਾਂ ਔਗੁਣ ਰਹਿਤ ਹੈ, ਜਿਸ ਦਾ ਆਪਣਾ ਆਪਾ ਮਿਟ ਗਿਆ ਹੋਵੇ ਤੇ ਉਹ ਸਿਵਾਇ ਗੁਰੂ ਦੇ, ਸਿਵਾਇ ਗੁਰਬਾਣੀ ਦੇ ਅਸੂਲ ਤੋਂ ਹੋਰ ਕਿਸੇ ਗੱਲ ਨੂੰ ਨਾ ਮੰਨੇ। ਕੀ ਸਾਨੂੰ ਗੁਰਬਾਣੀ ਇਹ ਸਮਝਾਉਂਦੀ ਹੈ ਕਿ ਅਸੀਂ ਰੱਬ ਬਣ ਕੇ ਬੈਠ ਜਾਈਏ ਅਤੇ ਜਿਸ ਕਿਸੇ ਨੂੰ ਮੁਕਤੀਆਂ ਵੰਡੀ ਜਾਈਏ। ਪ੍ਰਮਾਤਮਾ ਦਾ ਅਸੂਲ ਹੈ ਕਿ ਉਹ ਕਈ ਲੱਖਾਂ, ਕਰੋੜਾਂ, ਅਰਬਾਂ ਮਨੁੱਖਾਂ ਪਿੱਛੇ ਕਦੇ ਕਿਸੇ ਵਿਰਲੇ ਤੇ ਆਪਣੀ ਕ੍ਰਿਪਾ ਕਰਕੇ ਉਸ ਵਿੱਚ ਪ੍ਰਗਟ ਹੁੰਦਾ ਹੈ ਅਤੇ ਉਸ ਨੂੰ ਮੁਕਤ ਕਰਦਾ ਹੈ। ਜਦ ਤੱਕ ਉਹ ਆਪ ਮਨੁੱਖ ਵਿੱਚ ਪ੍ਰਗਟ ਨਹੀਂ ਹੁੰਦਾ ਤਦ ਤੱਕ ਮੁਕਤੀ ਸੁਪਨੇ ਵਿੱਚ ਵੀ ਨਹੀਂ ਸੋਚੀ ਜਾ ਸਕਦੀ। ਇਹ ਉਸਦੀ ਆਪਣੀ ਸਭ ਤੋਂ ਵੱਡੀ ਮਨੁੱਖ ਤੇ ਬਖਸ਼ਿਸ਼ ਹੈ,

2/91

ਦਾਤ ਹੈ ਜਿਸ ਤੋਂ ਕਿ ਵੱਡੇ-ਵੱਡੇ ਦੇਵੀ-ਦੇਵਤੇ ਅਤੇ ਰਿਸ਼ੀ ਮੁਨੀ ਵੀ ਵਾਂਝੇ ਹੀ ਰਹੇ ਹਨ। ਮੁਕਤੀ ਮਨ ਦੇ ਬਿਬੇਕ ਦੁਆਰਾ ਮਿਲਦੀ ਹੈ ਭਾਵ ਬਿਬੇਕ ਗਿਆਨ ਦੁਆਰਾ ਮਿਲਦੀ ਹੈ, ਚੌਥੇ ਪਦ ਦੇ ਗਿਆਨ ਦੁਆਰਾ ਮਿਲਦੀ ਹੈ ਜੋ ਸੱਚਾ ਗਿਆਨ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਮਨੁੱਖੀ ਮਤਿ ਨੂੰ, ਸਮਝ ਨੂੰ ਹਰ ਭਰਮ ਤੋਂ, ਅਗਿਆਨਤਾ ਤੋਂ, ਹਉਮੈ ਤੋਂ, ਮਾਇਆ ਮੋਹ ਤੋਂ, ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਮੁਕਤ ਕਰਦਾ ਹੈ। ਅੱਗੇ ਚੱਲਕੇ ਮੁਕਤੀ ਬਾਰੇ ਹੋਰ ਵੀ ਅਨੇਕਾਂ ਸ਼ਬਦਾਂ

ਦੁਆਰਾ ਸਮਝਾਂਗੇ। ਇਹ ਗੱਲ ਸਾਨੂੰ ਗੁਰਬਾਣੀ ਹੀ ਸਮਝਾਉਂਦੀ ਹੈ ਕਿ ਇਹ ਮੁਕਤੀ ਜੋ ਪ੍ਰਮਾਤਮਾ ਦੀ ਸਭ ਤੋਂ ਵੱਡੀ ਦਾਤਿ ਹੈ ਇਹ ਦਾਤਿ ਕੇਵਲ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਹੀ ਮਿਲ ਸਕਦੀ ਹੈ ਜੋ ਆਪ ਹੀ ਗੁਰੂ ਹੈ। ਪੂਰੀ ਗੁਰਬਾਣੀ ਸਾਨੂੰ ਸੱਚਾ ਗਿਆਨ ਹੀ ਵੰਡ ਰਹੀ ਹੈ ਜਿਸ ਗਿਆਨ ਨੂੰ ਮੰਨਣ ਦੁਆਰਾ ਹੀ ਅਸੀਂ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਹੋਣ ਦਾ ਸੱਚਾ ਉੱਦਮ ਕਰ ਸਕਦੇ ਹਾਂ। ਮੁਕਤੀ ਵੰਡਣ ਵਾਲਿਆਂ ਨੇ ਪ੍ਰਮਾਤਮਾ ਦੀ ਸਭ ਤੋਂ ਵੱਡੀ ਦਾਤਿ ਨੂੰ ਕਿਤਨੀ ਸਸਤੀ ਕਰ ਦਿੱਤਾ ਹੈ, ਮਜ਼ਾਕ ਬਣਾ ਕੇ ਰੱਖ ਦਿੱਤਾ ਹੈ, ਗੁਰੂ ਦੀ ਮਤਿ ਨੂੰ ਰੋਲ ਕੇ ਰੱਖ ਦਿੱਤਾ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਉੱਚਾ ਸਾਬਤ ਕਰਦੇ ਹਨ, ਝੂਠਾ ਮਾਣ ਲੈਂਦੇ ਹਨ, ਧਰਮ ਦੇ ਵਿਦਵਾਨ, ਸੰਤ ਆਦਿ ਅਖਵਾਉਂਦੇ ਹਨ ਕਿਉਂਕਿ ਮੁਕਤੀ ਕੀ ਹੈ, ਇਸ ਗੱਲ ਦੀ ਉਨ੍ਹਾਂ ਨੂੰ ਸਮਝ ਹੀ ਨਹੀਂ ਹੈ। ਮੁਕਤੀ ਕੇਵਲ ਗੁਰੂ ਦੇ ਸਕਦਾ ਹੈ। (**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥ ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥ ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥ ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥ ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥**) ਆਓ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਕਿ ਮੁਕਤੀ ਕਿੰਨੀ ਵੱਡੀ ਦਾਤ ਹੈ।

“ਨਾਰਾਇਨ ਨਰਪਤਿ ਨਮਸਕਾਰੈ॥
ਐਸੇ ਗੁਰ ਕਉ ਬਲਿ ਬਲਿ ਜਾਈਐ
ਆਪਿ ਮੁਕਤੁ ਮੋਹਿ ਤਾਰੈ॥੧॥ਰਹਾਉ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥੨॥”

(ਅੰਗ ੧੩੦੨)

ਇਸ ਸ਼ਬਦ ਨੂੰ ਵੀ ਧਿਆਨ ਨਾਲ ਵਿਚਾਰੋ ਕਿ ਮੁਕਤੀ ਕੌਣ ਦੇ ਸਕਦਾ ਹੈ। ਕੇਵਲ ਇੱਕ ਗੁਰੂ ਹੈ, ਪ੍ਰਮਾਤਮਾ ਆਪ ਹੈ ਜੋ ਮੁਕਤ ਹੈ ਤੇ ਉਹ ਆਪ ਹੀ ਕਿਸੇ ਮਨੁੱਖ ਨੂੰ ਮੁਕਤ ਕਰ ਸਕਦਾ ਹੈ। ਇਹ ਮੁਕਤੀ ਅਰਬਾਂ ਖਰਬਾਂ ਮਨੁੱਖਾਂ ਵਿੱਚੋਂ ਕਿਸੇ ਵਿਰਲੇ ਦੇ ਨਸੀਬ ਵਿੱਚ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਆਉਂਦੀ ਹੈ। (**ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥**) ਮੁਕਤੀਆਂ ਉਹ ਹੀ ਵੰਡ ਸਕਦਾ ਹੈ ਜਿਸ ਨੂੰ ਮੁਕਤੀ ਦੀ ਸਮਝ ਹੀ ਨਹੀਂ ਹੈ, ਗੁਰਬਾਣੀ ਦੀ ਸਮਝ ਹੀ ਨਹੀਂ ਹੈ। ਮੁਕਤ ਹੋਣਾ ਤਾਂ ਬਹੁਤ ਬਹੁਤ ਦੂਰ ਦੀ ਗੱਲ ਹੈ।

ਆਓ ਹੁਣ ਪਹਿਲੇ ਸ਼ਬਦ ਨੂੰ ਵਿਚਾਰੀਏ ਤੇ ਇਹ ਸਮਝੀਏ ਕਿ ਗੁਰੂ ਤੋਂ ਵੇਮੁੱਖ ਹੋਣਾ ਕੀ ਹੈ। ਸਨਮੁੱਖ ਨਾ ਹੋਣਾ ਹੀ ਵੇਮੁੱਖ ਹੋਣਾ ਹੈ ਤੇ ਵੇ-ਮੁੱਖ ਹੋ ਕੇ ਕਦੇ ਕੋਈ ਮੁਕਤੀ ਨਹੀਂ ਪਾ ਸਕਦਾ। ਉੱਪਰ ਸ਼ਬਦ ਵਿੱਚ ਬਿਬੇਕੀ ਗੁਰੂ ਨੂੰ ਕਿਹਾ ਗਿਆ ਹੈ ਜਿਸਦੀ ਸਮਝ ਬਿਬੇਕ ਵਾਲੀ ਹੈ ਜਿਸ ਦੀ ਆਪਣੀ ਮੁਕਤੀ ਹੋਈ ਹੈ। ਸਾਨੂੰ ਇਹ ਸਮਝਾਇਆ ਹੈ ਕਿ ਮੁਕਤੀ ਦੀ ਸਮਝ ਕੇਵਲ ਗੁਰੂ ਨੂੰ ਹੈ ਜੋ ਆਪ ਮੁਕਤ ਹੈ। {**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥**} ਅੰਗ - 295 । ਮਨੁੱਖ ਨੂੰ ਸ਼ਬਦ ਰਾਹੀਂ ਇਹ ਸੁਚੇਤ ਕੀਤਾ ਹੈ ਕਿ ਮੁਕਤੀ ਕੇਵਲ ਗੁਰੂ ਦੇ ਦਰ ਤੋਂ ਮਿਲ ਸਕਦੀ ਹੈ ਅਤੇ ਗੁਰੂ ਨਾਲ ਸਨਮੁੱਖ ਹੋ ਕੇ ਹੀ ਮਿਲ ਸਕਦੀ ਹੈ। ਸਨਮੁੱਖ ਹੋਣਾ ਗੁਰੂ ਦੀ ਸਮਝ ਦੇ ਨਾਲ ਇੱਕ ਹੋਣਾ ਹੈ, ਗੁਰੂ ਦੀ ਸਮਝ ਵਾਲਾ ਬਣਨਾ ਹੈ, ਗੁਰੂ ਦੇ ਗਿਆਨ ਵਾਲਾ ਬਣਨਾ ਹੈ। ਇਸ ਲਈ ਸਾਨੂੰ ਕੇਵਲ ਗੁਰੂ ਤੇ ਭਰੋਸਾ ਕਰਨਾ ਚਾਹੀਦਾ ਹੈ ਅਤੇ

ਇਧਰ-ਉਧਰ ਉਨ੍ਹਾਂ ਮਨੁੱਖਾਂ ਕੋਲ ਨਹੀਂ ਭਟਕਣਾ ਚਾਹੀਦਾ ਜੋ ਮੁਕਤੀਆਂ ਵੰਡਣ ਦੀਆਂ ਗੱਲਾਂ ਕਰਦੇ ਹਨ। ਪ੍ਰਮਾਤਮਾ ਦਾ ਇਹ ਅਸੂਲ ਸਾਰੇ ਜਗਤਿ ਲਈ ਹੈ ਕੋਈ ਕਿਸੇ ਖਾਸ ਫਿਰਕੇ ਲਈ ਨਹੀਂ ਹੈ।

ਜਦੋਂ ਅਸੀਂ ਇਸ ਗੱਲ ਨੂੰ ਵਿਚਾਰਨ ਬੈਠਾਂਗੇ ਕਿ ਅਸੀਂ ਇਨ੍ਹਾਂ ਉਲਝਣਾਂ ਵਿੱਚ ਕਿਉਂ ਫਸੇ ਹੋਏ ਹਾਂ ਤਾਂ ਅਸੀਂ ਇਸ ਨਤੀਜੇ ਤੇ ਪਹੁੰਚਾਂਗੇ ਕਿ ਸਾਨੂੰ ਪ੍ਰਮਾਤਮਾ ਦੀ ਭਗਤੀ ਅਸਲ ਵਿੱਚ ਕੀ ਹੈ, ਇਸ ਦੀ ਸਮਝ ਹੀ ਨਹੀਂ ਆ ਸਕੀ। ਸ਼ਬਦ ਸੁਰਤਿ ਦਾ

ਮੇਲ ਹੀ ਤਾਂ ਅਸਲ ਵਿੱਚ ਭਗਤੀ ਹੈ। ਸ਼ਬਦ ਸੁਰਤਿ ਦਾ ਮੇਲ, ਆਤਮਾ ਅਤੇ ਪ੍ਰਮਾਤਮਾ ਦਾ ਮੇਲ ਹੈ ਜੋ ਕਿ ਭਗਤੀ ਦਾ ਮੂਲ ਹੈ। ਸੁਰਤਿ ਆਤਮਾ ਹੈ ਤੇ ਸ਼ਬਦ ਪ੍ਰਮਾਤਮਾ ਹੈ। "ਸੁਰਤਿ" ਸਾਡੇ ਮਨ ਦੇ ਵਿਚਾਰ ਹਨ ਭਾਵ ਸਾਡੇ ਅੰਦਰ ਦੀ ਸਮਝ ਹੈ ਤੇ "ਸ਼ਬਦ" ਗੁਰੂ ਦੇ ਪ੍ਰਮਾਤਮਾ ਦੇ ਵਿਚਾਰ ਹਨ, ਗੁਰੂ ਦੀ ਪ੍ਰਮਾਤਮਾ ਦੀ ਸਮਝ ਹੈ ਜੋ ਅਗਿਆਨਤਾ ਤੋਂ ਮੁਕਤ ਹੈ। ਇਸ ਗੱਲ ਦੀ ਸਮਝ ਨਾ ਪੈਣ ਕਰਕੇ ਹੀ ਅਸੀਂ ਸੁਰਤੀਆਂ, ਸਮਾਧੀਆਂ ਲਗਾਉਂਦੇ ਹਾਂ ਅਤੇ ਉਸ ਨੂੰ ਹੀ ਭਗਤ ਸਮਝਦੇ ਹਾਂ ਜੋ ਇਹੋ ਜਿਹੀਆਂ ਸਰੀਰਕ ਕਿਰਿਆਵਾਂ ਦੁਆਰਾ, ਸੁਰਤੀਆਂ, ਸਮਾਧੀਆਂ ਲਗਾਉਂਦੇ ਹਨ। ਉਨ੍ਹਾਂ ਦੇ ਆਚਾਰ ਕਿਹੋ ਜਿਹੇ ਹਨ ਇਸ ਗੱਲ ਨੂੰ ਕੋਈ ਖਾਸ ਤਰਜੀਹ ਨਹੀਂ ਦਿੱਤੀ ਜਾਂਦੀ ਭਾਵ ਇਸ ਨੂੰ ਇੱਕ ਵਾਧੂ ਜਿਹੀ ਗੱਲ ਹੀ ਸਮਝਿਆ ਜਾਂਦਾ ਹੈ। ਸਾਡਾ ਸਾਰਾ ਉੱਦਮ ਸੁਰਤੀਆਂ, ਸਮਾਧੀਆਂ ਵਾਲਾ ਹੀ ਹੁੰਦਾ ਹੈ ਪਰ ਅਸਲੀ ਗੱਲ ਭਾਵ ਤੀਜਾ ਉੱਦਮ ਭੁੱਲਿਆ ਹੀ ਰਹਿੰਦਾ ਹੈ ਜੋ ਕਿ ਗੁਰੂ ਦੇ ਵਿਚਾਰਾਂ ਨੂੰ ਮੰਨਣ ਦਾ ਹੈ। ਸਾਡੀ ਭਗਤੀ ਦੀ ਕਦਰ ਸੁਰਤੀਆਂ, ਸਮਾਧੀਆਂ ਦੁਆਰਾ ਹੀ ਪੈਂਦੀ ਹੈ ਤੇ ਇਸ ਲਈ ਹਰ ਕੋਈ ਇਸ ਨੂੰ ਹੀ ਭਗਤੀ ਸਮਝਦਾ ਹੈ ਜਿਸ ਕਰਕੇ ਉਹ ਦੁਨੀਆਂ ਦੀਆਂ ਨਜ਼ਰਾਂ ਵਿੱਚ ਉੱਚਾ ਬਣਦਾ ਹੈ। ਉਲਝਣ ਦਾ ਫਲ ਵੀ ਉਲਝਣ ਹੀ ਹੈ। ਜਦੋਂ ਉਲਝਣ ਵਾਲੀ ਸਮਝ ਬਹੁਤ ਜਿਆਦਾ ਵੱਧ ਜਾਂਦੀ ਹੈ ਤਾਂ ਫਿਰ ਉਹ ਮਨੁੱਖ ਦੂਜਿਆਂ ਨੂੰ ਉਲਝਾਉਣ ਜੋਗਾ ਹੋ ਜਾਂਦਾ ਹੈ। ਜਿਹੋ ਜਿਹਾ ਫਲ ਉਸਦੇ ਕੋਲ ਹੁੰਦਾ ਹੈ, ਉਹੋ ਜਿਹੇ ਫਲ ਉਹ ਵੰਡੀ ਜਾਂਦਾ ਹੈ ਅਤੇ ਇਸ ਤਰ੍ਹਾਂ ਦੇ ਫਲ ਲੈਣ ਵਾਲੇ ਬੜੇ ਹੀ ਸਤਿਕਾਰ ਅਤੇ ਪਿਆਰ ਨਾਲ ਫਲ ਕਬੂਲ ਕਰਦੇ ਹਨ ਅਤੇ ਆਪਣਾ ਜੀਵਨ ਆਪ ਖਰਾਬ ਕਰਦੇ ਹਨ ਭਾਵ ਗੁਰੂ ਕੋਲੋਂ ਵਿਛੜ ਕੇ ਦੂਰ ਹੁੰਦੇ ਹਨ, ਗੁਰਮਤਿ ਤੋਂ ਵਿਛੜ ਕੇ ਦੂਰ ਹੁੰਦੇ ਹਨ ਭਾਵ ਗੁਰੂ ਦਾ ਭਰੋਸਾ ਛੱਡ ਕੇ ਮਨੁੱਖੀ ਦੇਹ ਤੇ ਭਰੋਸਾ ਰੱਖਦੇ ਹਨ ਅਤੇ ਨਾਲ ਇਹ ਉਮੀਦ ਵੀ ਰੱਖਦੇ ਹਨ ਕਿ ਗੁਰੂ ਉਨ੍ਹਾਂ ਦੀ ਮਦਦ ਕਰੇਗਾ। ਗੁਰੂ ਮਦਦ ਉਨ੍ਹਾਂ ਦੀ ਕਰਦਾ ਹੈ ਜੋ ਗੁਰੂ ਤੇ ਭਰੋਸਾ ਰੱਖਦੇ ਹਨ ਅਤੇ ਨਿੱਤ-ਨਿੱਤ ਡੋਲਦੇ ਨਹੀਂ ਫਿਰਦੇ। ਆਓ ਇਸ ਗੱਲ ਨੂੰ ਕੁਝ ਹੋਰ ਬਰੀਕੀ ਨਾਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

2/93

"ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥੪॥"

(ਅੰਗ ੪੭੪)

ਅਸੀਂ ਭਗਤੀ ਪ੍ਰਮਾਤਮਾ ਦੀ ਪ੍ਰਾਪਤੀ ਲਈ ਕਰਦੇ ਹਾਂ, ਮੰਨਦੇ ਵੀ ਗੁਰੂ ਨੂੰ ਹੀ ਹਾਂ, ਪੜ੍ਹਦੇ ਸੁਣਦੇ ਵੀ ਬਾਣੀ ਹੀ ਹਾਂ ਭਾਵ ਸਾਡੇ ਪਿਆਰ ਦਾ ਪ੍ਰਗਟਾਵਾ ਉਸ ਪ੍ਰਮਾਤਮਾ ਲਈ ਹੀ ਹੈ **(ਵਡਾਰੂ ਸਿਉ ਨੇਹੁ॥)**। ਜੇ ਸਾਡਾ ਪਿਆਰ ਗੁਰੂ ਨਾਲ ਹੈ ਤਾਂ ਫਿਰ ਸਾਡੀ ਦੋਸਤੀ ਵੀ ਗੁਰੂ ਨਾਲ ਹੀ ਹੋਣੀ ਚਾਹੀਦੀ ਹੈ, ਕਿਸੇ ਹੋਰ ਨਾਲ ਨਹੀਂ। ਸਾਨੂੰ ਤਨੋ ਮਨੋ ਗੁਰੂ ਨਾਲ ਜੁੜਨਾ ਚਾਹੀਦਾ ਹੈ। ਅਗਰ ਸਾਡੀ ਦੋਸਤੀ ਭਾਵ ਸਾਡੇ ਮਨ ਦਾ ਝੁਕਾਅ ਕਿਸੇ ਹੋਰ ਵੱਲ ਹੋਵੇ ਭਾਵ ਅਸੀਂ ਗੱਲ ਤਾਂ ਕਿਸੇ ਹੋਰ ਦੀ ਮੰਨੀਏ ਭਗਤੀ ਦਾ ਮਾਰਗ ਕਿਸੋਂ ਹੋਰ ਕੋਲੋਂ ਸਮਝੀਏ ਤੇ ਉਸਦੇ ਅਨੁਸਾਰ ਹੀ ਚੱਲੀਏ ਭਾਵ ਪਿਆਰ ਕਿਸੇ ਹੋਰ ਦੀ ਮਤਿ ਨਾਲ ਕਰੀਏ, ਕਿਸੇ ਨਾ-ਸਮਝ ਦੀ ਮਤਿ ਨਾਲ ਕਰੀਏ ਜਿਸਨੂੰ ਭਗਤੀ ਦੇ ਮਾਰਗ ਦੀ ਸਮਝ ਨਹੀਂ, ਨਾਮ ਦੀ ਸਮਝ ਨਹੀਂ ਤੇ ਵਿਖਾਵਾ ਇਹ ਕਰੀਏ ਕਿ ਸਾਨੂੰ ਪਿਆਰ ਗੁਰੂ ਦੇ ਨਾਲ ਹੈ, ਇਹ ਨਹੀਂ ਹੋ ਸਕਦਾ। ਗੁਰੂ ਨਾਲ ਇਹੋ ਜਿਹੇ ਨੇਹ ਦਿਖਾਉਣ ਦਾ ਕੋਈ ਲਾਭ ਨਹੀਂ ਹੈ ਕੇਵਲ ਪਾਣੀ ਦੇ ਅੰਦਰ ਲੀਕ ਮਾਰਨ ਵਾਲੀ ਗੱਲ ਹੈ ਜੋ ਕਿ ਨਹੀਂ ਵੱਜ ਸਕਦੀ ਭਾਵ ਇਸ ਤਰੀਕੇ ਕਿਸੇ ਹੋਰ ਦੀ ਮਤਿ ਨਾਲ ਜੁੜਕੇ ਗੁਰੂ ਦੇ ਨਾਲ ਪਿਆਰ ਨਹੀਂ ਦਿਖਾਇਆ ਜਾ ਸਕਦਾ। **(ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥)**।

ਹੁਣ ਧਿਆਨ ਨਾਲ ਸੋਚੀਏ ਤੇ ਇਹ ਕੁੱਝ ਹੀ ਆਮ ਕਰਕੇ ਹੋ ਰਿਹਾ ਹੈ। ਅਸੀਂ ਮਨੋ ਤਾਂ ਕਿਸੇ ਹੋਰ ਪਾਸੇ ਜੁੜੇ ਰਹਿੰਦੇ ਹਾਂ ਤੇ ਗੁਰੂ ਨੂੰ ਤਾਂ ਕੇਵਲ ਮੱਥਾ ਹੀ ਟੇਕਦੇ ਹਾਂ, ਬਾਣੀ ਪੜ੍ਹਦੇ ਹਾਂ, ਸੁਣਦੇ ਹਾਂ। ਗੁਰੂ ਤੋਂ ਇਲਾਵਾ ਹਰ ਕੋਈ ਇਆਣਾ ਹੈ ਭਾਵ ਗੁਰੂ ਵਰਗੀ ਮਤਿ ਹੋਰ ਕਿਸੇ ਕੋਲ ਨਹੀਂ ਹੈ ਪਰ ਫਿਰ ਵੀ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਇਧਰੋਂ-ਉਧਰੋਂ ਮੱਤਾਂ ਲੈਣ ਜਾਂਦੇ ਹਾਂ। ਮੱਤਾਂ ਦੇਣ ਵਾਲਿਆਂ ਦੀ ਵੀ ਕਮੀ ਨਹੀਂ ਹੈ। ਬਹੁਤ ਅਦਾਰੇ ਹਨ, ਸੰਸਥਾਵਾਂ ਹਨ ਜੋ ਆਪਣੀ-ਆਪਣੀ ਮਤਿ ਅਨੁਸਾਰ, ਮਰਿਆਦਾ ਅਨੁਸਾਰ ਸਿੱਖਿਆ ਦਿੰਦੇ ਹਨ। ਅਸੀਂ ਗੁਰੂ ਪਿੱਛੇ ਨਾ ਲੱਗ ਕੇ ਭਾਵ ਗੁਰੂ ਦੀ ਉੱਚੀ ਮਤਿ ਨਾ ਲੈ ਕੇ ਇਆਣਿਆਂ ਕੋਲੋਂ ਮਤਿ ਲੈ ਕੇ ਉਨ੍ਹਾਂ ਤੇ ਭਰੋਸਾ ਕਰਦੇ ਹਾਂ, ਉਨ੍ਹਾਂ ਦੀਆਂ ਲਿਖੀਆਂ, ਸਮਝਾਈਆਂ ਗੱਲਾਂ ਉੱਤੇ ਹੀ ਵਿਸ਼ਵਾਸ ਕਰਦੇ ਹਾਂ।

ਜੇ ਇਹੋ ਜਿਹੀਆਂ ਗੱਲਾਂ, ਸਿੱਖਿਆਵਾਂ, ਗੁਰੂ ਦੀ ਮਤਿ ਤੇ ਪੂਰੀਆਂ ਉਤਰਨ ਤਾਂ ਬਹੁਤ ਚੰਗੀ ਗੱਲ ਹੈ ਲੇਕਿਨ ਅਸੀਂ ਬਿਨ੍ਹਾਂ ਵਿਚਾਰੇ ਹੀ ਅੰਧ ਵਿਸ਼ਵਾਸ ਕਰਕੇ ਜਿਵੇਂ ਉਹ ਸਮਝਾਉਂਦੇ ਹਨ ਉਸੇ ਤਰ੍ਹਾਂ ਹੀ ਮੰਨੀ ਜਾਂਦੇ ਹਾਂ। ਹੁਣ ਆਪੇ ਸੋਚੋ ਕਿ ਅਗਰ ਸਾਰਿਆਂ ਕੋਲ ਗੁਰੂ ਦੀ

2/94

ਮਤਿ ਹੋਵੇ ਤਾਂ ਫਿਰ ਇੱਕ ਸੰਸਥਾ ਦੀ ਮਰਿਆਦਾ ਦੂਸਰੀ ਸੰਸਥਾ ਦੀ ਮਰਿਆਦਾ ਨਾਲ ਕਿਉਂ ਨਹੀਂ ਰਲਦੀ। ਇਸ ਦਾ ਮਤਲਬ ਇਹ ਹੋਇਆ ਕਿ ਬਹੁਤੇ ਸਾਨੂੰ ਆਪਣੀ-ਆਪਣੀ ਮਤਿ ਨਾਲ, ਮਰਿਆਦਾ ਨਾਲ ਹੀ ਜੋੜਦੇ ਹਨ ਜੋ ਕੇਵਲ ਮਨਮਤਿ ਹੈ। ਬਜਾਇ ਇਸ ਦੇ ਕਿ ਅਸੀਂ ਲੱਭਦੇ ਫਿਰੀਏ ਕਿ ਕੌਣ ਗਲਤ ਹੈ ਅਤੇ ਕੌਣ ਠੀਕ ਹੈ, ਅਸੀਂ ਸਿੱਧਾ ਗੁਰੂ ਕੋਲ ਕਿਉਂ ਨਾ ਟਿਕੀਏ। ਸਾਨੂੰ ਲੋੜ ਹੀ ਕੀ ਪਈ ਹੈ ਕਿ ਇਧਰ-ਉਧਰ ਜਾ ਕੇ ਨਾਲੇ ਖੱਜਲ ਖੁਆਰ ਹੋਈਏ ਅਤੇ ਨਾਲ ਹੀ ਗੁਰੂ ਤੋਂ ਦੂਰ ਹੋਈਏ। ਕੌਣ ਜੰਮਿਆ ਹੈ ਇਸ ਦੁਨੀਆਂ ਵਿੱਚ ਜੋ ਗੁਰੂ ਵਰਗੀ ਮਤਿ ਦੇ ਸਕੇ। ਆਓ ਦੇਹ ਦਾ ਭਰੋਸਾ ਛੱਡੀਏ, ਇਆਣਿਆਂ ਦੀ ਦੋਸਤੀ ਛੱਡੀਏ ਅਤੇ ਗੁਰੂ ਦੇ ਲੜ ਲੱਗੀਏ ਤੇ ਭਗਤੀ ਦਾ ਅਸਲੀ ਮਾਰਗ ਜਾਣੀਏ।

ਜਦੋਂ ਅਸੀਂ ਬਾਣੀ ਨੂੰ ਆਪ ਪੜ੍ਹਾਂਗੇ, ਸੁਣਾਂਗੇ, ਵਿਚਾਰਾਂਗੇ ਤਾਂ ਸਾਨੂੰ ਆਪ ਹੀ ਕਾਫੀ ਕੁੱਝ ਸਮਝ ਆ ਜਾਵੇਗਾ। ਬਾਣੀ ਵਿੱਚ ਵਾਰ-ਵਾਰ ਔਗੁਣਾਂ ਦੇ ਤਿਆਗ ਦੀ ਗੱਲ ਕੀਤੀ ਹੈ ਅਤੇ ਇੱਕ-ਇੱਕ ਔਗੁਣ ਲਿਖ ਕੇ ਸਮਝਾਇਆ ਹੈ ਜਿਸ ਦੀ ਕਿ ਹਰੇਕ ਨੂੰ ਸਮਝ ਲੱਗ ਜਾਂਦੀ ਹੈ। ਇਹੀ ਬਾਣੀ ਦਾ ਮੂਲ ਭਾਵ ਹੈ ਅਤੇ ਇਹ ਸੋਝੀ ਪ੍ਰਮਾਤਮਾ ਨੇ ਹਰ ਕਿਸੇ ਦੇ ਅੰਦਰ ਵੀ ਪਾਈ ਹੋਈ ਹੈ ਭਾਵ ਜਦੋਂ ਮਨੁੱਖ ਔਗੁਣ ਕਰਦਾ ਹੈ, ਜਦੋਂ ਕਿਸੇ ਨਾਲ ਮਾੜਾ ਕਰਦਾ ਹੈ ਉਸ ਨੂੰ ਸਭ ਸਮਝ ਹੁੰਦੀ ਹੈ ਪਰ ਉਹ ਔਗੁਣ ਜਾਣ ਬੁੱਝ ਕੇ ਕਰਦਾ ਹੈ, ਜੋ ਕਿ ਹੇਠ ਲਿਖੇ ਸ਼ਬਦ ਦੁਆਰਾ ਸਪੱਸ਼ਟ ਹੈ:-

“ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥”

(ਅੰਗ ੧੩੭੬)

ਇਹ ਸਮਝ ਪ੍ਰਮਾਤਮਾ ਨੇ ਸਭ ਦੇ ਅੰਦਰ ਮੂਲ ਰੂਪ ਵਿੱਚ ਹੀ ਪਾਈ ਹੋਈ ਹੈ ਕਿ ਮੈਂ ਕਿਸੇ ਦਾ ਚੰਗਾ ਕਰ ਰਹਿਆ ਹਾਂ ਜਾਂ ਮਾੜਾ ਕਰ ਰਹਿਆ ਹਾਂ ਤੇ ਜਾਣਦੇ ਹੋਏ ਵੀ ਅਸੀਂ ਜੇਕਰ ਕਿਸੇ ਦਾ ਮਾੜਾ ਕਰਦੇ ਹਾਂ ਤਾਂ ਫਿਰ ਇਹ ਆਪ ਹੀ ਖੂਹ ਵਿੱਚ ਡਿੱਗਣ ਵਾਲੀ ਗੱਲ ਹੈ ਭਾਵ ਆਪ ਹੀ ਆਪਣੇ ਆਪ ਨੂੰ ਦੁਖੀ ਕਰਨ ਵਾਲੀ ਗੱਲ ਹੈ, ਪ੍ਰਮਾਤਮਾ ਦੀਆਂ ਸਜਾਵਾਂ ਦਾ ਭਾਗੀ ਬਣਨ ਵਾਲੀ ਗੱਲ ਹੈ।

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ ੪੧੯)

ਗੱਲ ਅਸਲ ਵਿੱਚ ਇਹ ਹੈ ਕਿ ਅਸੀਂ ਆਪ ਸਿਧੇ ਤੌਰ ਤੇ ਗੁਰੂ ਕੋਲੋਂ ਸਿੱਖਿਆ ਨਹੀਂ ਲੈਂਦੇ ਜੋ ਸਿੱਖਿਆ ਆਸਾਨੀ ਨਾਲ ਭਾਵੇਂ ਸਮਝ ਵੀ ਆ ਜਾਂਦੀ ਹੈ। ਅਸੀਂ ਉੱਦਮ ਹੀ ਨਹੀਂ ਕਰਨਾ ਚਾਹੁੰਦੇ ਤੇ ਸਾਨੂੰ ਸੁਆਦ ਹੀ ਇਧਰ-ਉਧਰ ਜਾ ਕੇ ਮਿਲਦਾ ਹੈ। ਅਸੀਂ ਕੇਵਲ ਗੱਲਾਂ ਦੁਆਰਾ ਤੇ ਸੌਖੇ ਤੋਂ ਸੌਖੇ ਤਰੀਕੇ ਦੁਆਰਾ ਪ੍ਰਮਾਤਮਾ ਨੂੰ ਲੱਭਣਾ ਚਾਹੁੰਦੇ ਹਾਂ ਭਾਵ ਉਸ ਦੇ ਨਾਲ ਜੁੜਨਾ ਚਾਹੁੰਦੇ ਹਾਂ।

2/95

ਭਗਤੀ ਦਾ ਮਾਰਗ ਇਸ ਤੋਂ ਬਿਲਕੁਲ ਉਲਟ ਹੈ। ਪ੍ਰਮਾਤਮਾ ਘਰ ਬੈਠੇ ਹੀ ਮਿਲਦਾ ਹੈ, ਕਿਤੇ ਭੱਜਣ ਦੀ ਲੋੜ ਨਹੀਂ, ਕਿਤੇ ਬਾਹਰੋਂ ਖੋਜਣ ਦੀ ਲੋੜ ਨਹੀਂ, ਉਸ ਨੂੰ ਆਪਣੇ ਅੰਦਰੋਂ ਹੀ ਖੋਜੋ, ਗੱਲ ਕੇਵਲ ਖੋਜਣ ਦੇ ਤਰੀਕੇ ਦੀ ਹੈ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

{ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥੬੪॥}

(ਅੰਗ ੧੪੨੧)

{ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥੧੦੪॥}

(ਅੰਗ ੧੩੮੩)

ਅਸੀਂ ਦੇਹ ਤੇ ਭਰੋਸਾ ਅਸਲ ਵਿੱਚ ਇਸ ਲਈ ਕਰਦੇ ਹਾਂ ਕਿ ਅੱਗੇ ਜਾ ਕੇ ਭਾਵ ਸਰੀਰ ਦੇ ਬਿਨਸਣ ਤੋਂ ਬਾਅਦ ਉਹ ਦੇਹ ਸਾਡੇ ਕੰਮ ਆਵੇਗੀ ਭਾਵ ਅਸੀਂ ਉਸ ਦੇਹ ਦੇ ਪਿੱਛੇ ਲੱਗ ਜਾਂਦੇ ਹਾਂ ਜਿੱਥੇ ਸਾਨੂੰ ਲੱਗਦਾ ਹੈ ਕਿ ਉਹ ਦੇਹ ਰੱਬ ਦੇ ਨੇੜੇ ਹੈ, ਉਸਨੇ ਬੜਾ ਜਪ ਤਪ ਕੀਤਾ ਹੋਇਆ ਹੈ ਤੇ ਇਹ ਦੇਹ ਪ੍ਰਮਾਤਮਾ ਦੀ ਦਰਗਾਹ ਵਿੱਚ ਸਾਨੂੰ ਛੁਡਾ ਲਵੇਗੀ, ਸਾਨੂੰ ਜਮਾਂ ਦੀ ਮਾਰ ਤੋਂ ਬਚਾ ਲਵੇਗੀ, ਰੱਬ ਨੂੰ ਸਾਡੀ ਸਿਫਾਰਸ਼ ਕਰਕੇ ਸਾਡਾ ਪਾਰ ਉਤਾਰਾ ਕਰਾ ਦੇਵੇਗੀ। ਇਹ ਇਹੋ ਜਿਹਿਆਂ ਦਾ ਵੱਡਾ ਭਰਮ ਹੀ ਹੈ। ਨਾ ਕਿਸੇ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਸਮਝ ਹੈ, ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਹੈ, ਪ੍ਰਮਾਤਮਾ ਦਾ ਦਰ ਕੀ ਹੈ ਤੇ ਉੱਥੇ ਜਾਣਾ ਕੀ ਹੈ ਇਸ ਗੱਲ ਦੀ ਸਮਝ ਹੈ। ਨਾ ਆਵਾ ਗਉਣ ਦੀ ਸਮਝ ਹੈ, ਨਾ ਕੋਈ ਜਮਾਂ ਦੀ ਮਾਰ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਨਰਕ ਸਵਰਗ ਨੂੰ ਸਮਝ ਸਕਦਾ ਹੈ ਜਾਂ ਸੱਚਖੰਡ ਨੂੰ ਸਮਝ ਸਕਦਾ ਹੈ। ਗੁਰਬਾਣੀ ਵਿੱਚ ਸਭ ਕੁੱਝ

ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ, ਜਨਮ ਮਰਨ ਨੂੰ ਸਮਝਿਆ ਹੈ ਤੇ ਲੇਖ ਵਿੱਚ ਅੱਗੇ ਚੱਲਕੇ ਸਭ ਕੁੱਝ ਬਰੀਕੀ ਨਾਲ ਸਮਝਾਂਗੇ। ਪੂਰੇ ਸੰਸਾਰ ਵਿੱਚ ਕਿਸੇ ਕੋਲ ਧਰਮ ਦੇ ਮਾਰਗ ਨਾਲ ਜੁੜਿਆ ਕੋਈ ਐਸਾ ਸਵਾਲ ਨਹੀਂ ਹੈ ਜਿਸ ਸਵਾਲ ਦਾ ਗੁਰਬਾਣੀ ਵਿੱਚ ਜਵਾਬ ਨਾ ਹੋਵੇ। ਗੁਰਬਾਣੀ ਪੂਰਾ ਗੁਰੂ ਹੈ ਜੋ ਪੂਰੀ ਗੱਲ ਸਮਝਾਉਂਦਾ ਹੈ। ਵੈਸੇ ਆਮ ਤੌਰ ਤੇ ਜ਼ਿਆਦਾਤਰ ਦੇਹੀ ਦੇ ਸੇਵਕ, ਸੰਤ ਆਦਿ ਅਖਵਾਉਣ ਵਾਲਿਆਂ ਦੇ ਸੇਵਕ ਮਾਇਆ ਦੀ ਪ੍ਰਾਪਤੀ, ਇੱਛਾਵਾਂ ਦੀ ਪ੍ਰਾਪਤੀ ਕਰਕੇ ਹੀ ਉਨ੍ਹਾਂ ਦੇ ਕੋਲ ਜਾਂਦੇ ਹਨ, ਪਰ ਉਹੋ ਜਿਹੇ ਵੀ ਹੁੰਦੇ ਹਨ ਜੋ ਇਹ ਆਸ ਰੱਖਦੇ ਹਨ ਕਿ ਇਸ ਦੇਹ ਦੇ ਨੇੜੇ ਲੱਗਣ ਨਾਲ ਸਾਡਾ ਪ੍ਰਮਾਤਮਾ ਦੀ ਦਰਗਾਹ ਵਿੱਚ ਆਪੇ ਹੀ ਦਾਖਲਾ ਹੋ ਜਾਵੇਗਾ ਅਤੇ ਧਰਮਰਾਜ ਦੀ ਪੇਸ਼ੀ ਤੋਂ ਮੁਆਫੀ ਮਿਲ ਜਾਵੇਗੀ। ਇਹੋ ਜਿਹੇ ਮਨੁੱਖ ਗੁਰੂ ਤੇ ਭਰੋਸਾ ਨਾ ਕਰਕੇ, ਦੇਹੀ ਤੇ ਆਸ ਰੱਖਦੇ ਹਨ। ਦੇਹੀ ਦਾ ਰੁਤਬਾ ਦੇਖ ਕੇ ਉਸ ਦੇ ਆਸੇ ਪਾਸੇ ਰਹਿਣਾ ਚੰਗਾ ਸਮਝਦੇ ਹਨ, ਸੇਵਾ ਕਰਦੇ ਹਨ, ਮਾਇਆ ਦੇ ਗੱਫੇ ਦਿੰਦੇ ਹਨ ਅਤੇ ਦੇਹ ਦੀ ਖੁਸ਼ੀ ਦਾ ਪੂਰਾ ਧਿਆਨ ਰੱਖਦੇ ਹਨ। ਇਹ ਸਭ ਮਨ ਦੇ ਭਰਮ ਹੀ ਹਨ, ਆਪਣੇ ਆਪ ਦੀ ਖੁਆਰੀ ਹੀ ਹੈ, ਜਿਸਦਾ ਭਗਤੀ ਦੇ ਨਾਲ ਕੋਈ ਸੰਬੰਧ ਨਹੀਂ ਹੈ। ਪੂਰੇ ਭਾਰਤਵਰਸ਼ ਵਿੱਚ ਇਹ ਪ੍ਰਥਾ ਆਮ ਕਰਕੇ ਪ੍ਰਚੱਲਿਤ ਹੈ ਤੇ ਸਿੱਖ ਜਗਤ ਵੀ ਇਸ ਪ੍ਰਥਾ ਵਿੱਚ ਕਿਸੇ ਤੋਂ ਪਿੱਛੇ ਨਹੀਂ ਹੈ। ਇਹ ਪ੍ਰਥਾ ਸਦੀਆਂ ਤੋਂ ਹੀ ਚੱਲਦੀ ਆ ਰਹੀ ਹੈ। ਗੁਰੂ ਤੇ ਟੇਕ ਕਿਸੇ ਵਿਰਲੇ ਦੀ ਹੀ ਹੈ। ਇਹ ਗੁਰਬਾਣੀ ਦਾ ਆਪਣਾ ਫੁਰਮਾਨ ਹੈ। ਗੁਰੂ ਦੀ ਟੇਕ ਉਸਦੇ ਭਾਣੇ ਵਿੱਚ ਚੱਲਣਾ ਹੈ।

ਆਓ ਹੇਠ ਲਿਖੇ ਸ਼ਬਦਾਂ ਨੂੰ ਵਿਚਾਰੀਏ ਅਤੇ ਸਮਝੀਏ ਕਿ ਜਿੱਥੇ ਅਸੀਂ ਲੇਖਾ ਦੇਣਾ ਹੈ ਉੱਥੇ ਸਾਨੂੰ ਕਿਸ ਨੇ ਛੁਡਾਉਣਾ ਹੈ।

2/96

“ਸਤਿਗੁਰੁ ਸੇਵਿ ਸਚਿ ਚਿਤੁ ਲਾਇਆ
ਗੁਰਮਤੀ ਸਹਜਿ ਸਮਾਵਣਿਆ॥੧॥ਰਹਾਉ॥
ਕਾਇਆ ਕਚੀ ਕਚਾ ਚੀਰੁ ਹੰਢਾਏ॥ ਦੂਜੈ ਲਾਗੀ ਮਹਲੁ ਨ ਪਾਏ॥
ਅਨਦਿਨੁ ਜਲਦੀ ਫਿਰੈ ਦਿਨੁ ਰਾਤੀ ਬਿਨੁ ਪਿਰ ਬਹੁ ਦੁਖੁ ਪਾਵਣਿਆ॥੨॥
ਦੇਹੀ ਜਾਤਿ ਨ ਆਗੈ ਜਾਏ॥
ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ॥
ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ॥੩॥”

(ਅੰਗ ੧੧੨)

ਇਸ ਸ਼ਬਦ ਰਾਹੀਂ ਗੁਰੂ ਦੀ ਸੇਵਾ ਤੇ ਦੇਹ ਦੀ ਸੇਵਾ ਵਿੱਚ ਫਰਕ ਦੱਸਿਆ ਹੋਇਆ ਹੈ। ਗੁਰੂ ਦੀ ਸੇਵਾ ਗੁਰੂ ਦੀ ਮਤਿ ਤੇ ਚੱਲਣ ਦੁਆਰਾ ਹੁੰਦੀ ਹੈ। ਗੁਰੂ ਦੀ ਸੇਵਾ ਕੇਵਲ ਸੱਚ ਨਾਲ ਜੁੜ ਕੇ ਹੀ ਹੋ ਸਕਦੀ ਹੈ, ਨਾਮ ਨਾਲ ਜੁੜ ਕੇ ਹੀ ਹੋ ਸਕਦੀ ਭਾਵ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਹੀ ਹੋ ਸਕਦੀ ਹੈ ਤੇ ਤਾਂ ਹੀ ਅਸੀਂ ਲੇਖੇ ਤੋਂ ਛੁੱਟ ਸਕਦੇ ਹਾਂ, ਸਹਜ ਦੀ ਅਵੱਸਥਾ ਦੁਆਰਾ ਪ੍ਰਮਾਤਮਾ ਵਿੱਚ ਸਮਾਅ ਸਕਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਸਮਝਾਂਗੇ। (**ਸਤਿਗੁਰੁ ਸੇਵਿ ਸਚਿ ਚਿਤੁ ਲਾਇਆ ਗੁਰਮਤੀ ਸਹਜਿ ਸਮਾਵਣਿਆ ॥੧॥ ਰਹਾਉ ॥**)। ਗੁਰੂ ਪੱਕਾ ਹੈ, ਮਨੁੱਖ ਕੱਚਾ ਹੈ ਭਾਵ ਗੁਰੂ ਦੀ ਕੀਤੀ ਹੋਈ, ਦੱਸੀ ਹੋਈ, ਸਮਝਾਈ ਹੋਈ ਹਰ ਗੱਲ ਪੱਕੀ ਹੈ, ਅਡੋਲ ਹੈ। ਮਨੁੱਖ ਆਪ ਕੱਚਾ ਹੈ ਭਾਵ ਉਸਦੀ ਮਤਿ ਕੱਚੀ ਹੈ, ਨਾ-ਸਮਝ ਹੈ ਜਿਸ ਕਰਕੇ ਕੱਚਿਆਂ ਪਿੱਛੇ ਲੱਗਦਾ ਹੈ ਭਾਵ ਪੱਕੇ ਗੁਰੂ ਨੂੰ ਛੱਡ ਕੇ ਕੱਚੀ ਦੇਹ ਦੇ ਮਗਰ ਲੱਗਦਾ ਹੈ **(ਕਾਇਆ ਕਚੀ ਕਚਾ ਚੀਰੁ ਹੰਢਾਏ॥)**। ਜਦੋਂ ਮਨੁੱਖ ਗੁਰੂ ਨੂੰ ਛੱਡ ਕੇ ਕਿਸੇ ਕੱਚੇ ਮਗਰ ਲੱਗ ਜਾਂਦਾ ਹੈ ਭਾਵ ਕਿਸੇ ਦੇਹਧਾਰੀ ਮਗਰ ਲੱਗ ਜਾਂਦਾ ਹੈ ਤਾਂ ਫਿਰ ਉਹ ਕਦੀ ਵੀ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ **(ਦੂਜੈ ਲਾਗੀ ਮਹਲੁ ਨ ਪਾਏ॥)**। ਇਹੋ ਜਿਹੇ ਮਨੁੱਖ ਫਿਰ ਗੁਰੂ ਤੋਂ ਦੂਰ ਰਹਿ ਕੇ ਦੁੱਖ ਹੀ ਪਾਉਂਦੇ ਹਨ ਜੋ ਗੁਰੂ ਤੋਂ ਭਰੋਸਾ ਛੱਡ ਕੇ ਕਿਸੇ ਮਨੁੱਖੀ ਦੇਹ ਤੇ ਭਰੋਸਾ ਰੱਖਦੇ ਹਨ। ਗੁਰੂ ਸਾਹਿਬ ਨੇ ਸਾਨੂੰ ਸਮਝਾਇਆ ਇਹ ਹੈ, ਜਿਹੜੀ ਦੇਹੀ ਦੇ ਪਿੱਛੇ ਲੱਗਦੇ ਹਾਂ, ਉੱਚੀਆਂ ਜਾਤਾਂ ਨੂੰ ਪੂਜਦੇ ਹਾਂ ਜਿਵੇਂ ਕਿ ਭਾਰਤ ਵਿੱਚ ਪ੍ਰਾਚੀਨ ਸਮੇਂ ਤੋਂ ਚੱਲਦਾ ਆ ਰਿਹਾ ਹੈ, ਉਨ੍ਹਾਂ ਨੇ ਪ੍ਰਮਾਤਮਾ ਦੇ ਦਰ ਤੇ ਸਾਡੀ ਕੋਈ ਰੱਖਿਆ ਨਹੀਂ ਕਰਨੀ ਕਿਉਂਕਿ ਦੇਹੀ, ਜਾਤਿ ਅੱਗੇ ਜਾਂਦੀ ਹੀ ਨਹੀਂ ਜੋ ਕਿ ਸਾਡੇ ਅੰਦਰ ਦਾ ਕੇਵਲ ਭਰਮ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ

ਦੁਆਰਾ ਸਮਝਿਆ ਹੈ ਤੇ ਅੱਗੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਮਨੁੱਖੀ ਦੇਹਾਂ ਨੇ ਸਾਡੀ ਰੱਖਿਆ ਨਹੀਂ ਕਰਨੀ ਭਾਵ ਉੱਥੇ ਇਹ ਮਨੁੱਖੀ ਦੇਹਾਂ ਸਾਡੇ ਕਿਸੇ ਕੰਮ ਨਹੀਂ ਆਉਣਗੀਆਂ। **(ਦੇਹੀ ਜਾਤਿ ਨ ਆਗੈ ਜਾਏ।)** ਜਿੱਥੇ ਲੇਖਾ ਦੇਣਾ ਪੈਂਦਾ ਹੈ ਉੱਥੇ ਕੇਵਲ ਉਹੀ ਛੁਟਦਾ ਹੈ ਜੋ ਸੱਚ ਨਾਲ ਜੁੜਿਆ ਹੈ, ਗੁਰੂ ਨਾਲ ਜੁੜਿਆ ਹੈ, ਜੋ ਸੱਚ ਤੇ ਚੱਲਿਆ ਹੈ, ਜਿਸ ਨੇ ਸੱਚ ਦੀ ਕਮਾਈ ਕੀਤੀ ਹੈ, ਸੱਚੇ ਸੁੱਚੇ ਕਰਮ ਕੀਤੇ ਹਨ ਭਾਵ ਜਿਸ ਨੇ ਨਾਮ ਜਪਿਆ ਹੈ, ਗੁਰੂ ਨੂੰ ਜਪਿਆ ਹੈ। ਲੇਖਾ ਸਾਡਾ ਇੱਥੇ ਜਿਉਂਦੇ ਜੀਅ ਹੀ ਨਿਬੜਨਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਨਿਬੜਦਾ ਹੈ ਤੇ ਪ੍ਰਮਾਤਮਾ ਨੂੰ ਕੇਵਲ ਇਸ ਦੇਹ ਦੇ ਵਿੱਚ ਹੀ ਪਾਇਆ ਜਾ ਸਕਦਾ ਹੈ। ਲੇਖਾ ਸੱਚ ਤੇ ਚੱਲਣ ਦੁਆਰਾ ਹੀ ਨਿਬੜਣਾ ਹੈ ਜੋ ਸੱਚ ਅਸੀਂ ਇਸ ਦੇਹ ਵਿੱਚ ਰਹਿੰਦੇ ਹੋਏ ਹੀ ਕਮਾਉਣਾ ਹੈ। **(ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ॥)** ਸਾਰੇ ਸ਼ਬਦ ਤੋਂ ਭਾਵ ਇਹ ਹੈ ਕਿ ਮਨੁੱਖੀ ਦੇਹ ਤੋਂ ਭਰੋਸਾ ਛੱਡ ਕੇ ਗੁਰੂ ਤੇ ਭਰੋਸਾ ਕਰੀਏ

2/97 ਅਤੇ 97-ਅ

ਤਾਂ ਜੋ ਇਹ ਜੀਵਨ ਸਫਲ ਹੋ ਸਕੇ ਅਤੇ ਲੇਖਾ ਨਿਬੇੜ ਸਕੀਏ।

ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

“ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥੧੯੯॥
ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥੨੦੦॥
ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥
ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥੨੦੧॥”

(ਅੰਗ ੧੩੭੫)

ਇਸ ਸ਼ਬਦ ਰਾਹੀਂ ਬੜੀ ਬਰੀਕੀ ਨਾਲ ਇਹ ਸਮਝਾਇਆ ਹੋਇਆ ਹੈ ਕਿ ਲੇਖਾ ਕਿਵੇਂ ਦੇਣਾ ਹੈ, ਕਿਸ ਗੁਨਾਹ ਦਾ ਦੇਣਾ ਹੈ। ਪਹਿਲੇ ਸਲੋਕ ਵਿੱਚ ਜੀਅ ਨੂੰ ਹਲਾਲ ਕਰਨ ਦੀ ਗੱਲ ਕੀਤੀ ਹੋਈ ਹੈ ਤੇ ਨਾਲ ਹੀ ਇਹ ਜਵਾਬ ਪੁੱਛਿਆ ਹੋਇਆ ਹੈ ਕਿ ਇਸ ਗੱਲ ਦਾ ਭਾਵ ਜੀਅ ਨੂੰ ਹਲਾਲ ਕਰਨ ਦਾ ਲੇਖਾ ਕਿਸ ਨੂੰ ਦੇਣਾ ਪਵੇਗਾ ਭਾਵ ਕੀ ਇਸ ਗੱਲ ਦਾ ਲੇਖਾ ਦੇਣਾ ਪਵੇਗਾ ਕਿ ਜੀਅ ਦੇ ਉੱਪਰ ਜੋਰ ਕਰਕੇ ਉਸਨੂੰ ਮਾਰਿਆ ਹੈ, ਹਲਾਲ ਕੀਤਾ ਹੈ। ਇਸ ਗੱਲ ਦਾ ਜਵਾਬ, ਕਿ ਲੇਖਾ ਕਿਸ ਗੱਲ ਦਾ ਹੋਣਾ ਹੈ, ਸਿੱਧਾ ਖੁਦਾ ਦੇ ਕੋਲੋਂ, ਪ੍ਰਮਾਤਮਾ ਦੇ ਕੋਲੋਂ ਪੁੱਛਿਆ ਹੋਇਆ ਹੈ ਤੇ ਅਗਲੀ ਪੰਗਤੀ ਵਿੱਚ ਖੁਦਾ ਦਾ ਜਵਾਬ ਵੀ ਲਿਖਿਆ ਹੋਇਆ ਹੈ। ਖੁਦਾ ਦਾ ਜਵਾਬ ਇਹ ਹੈ ਕਿ ਲੇਖਾ ਤਾਂ ਦੇਣਾ ਹੀ ਹੈ ਤੇ ਉਹ ਲੇਖਾ ਕਿਸ ਗੱਲ ਦਾ ਦੇਣਾ ਹੈ, ਇਹ ਵੀ ਸਮਝਾਇਆ ਹੋਇਆ ਹੈ। ਲੇਖਾ ਉਸ ਗੱਲ ਦਾ ਦੇਣਾ ਹੈ ਜੋ ਮਨੁੱਖ ਨੇ ਜੁਲਮ ਕੀਤਾ ਹੈ, ਆਪਣੇ ਮੂੰਹ ਦੁਆਰਾ ਮਾਰ ਮਾਰੀ ਹੈ ਭਾਵ ਆਪਣੇ ਮੂੰਹ ਦੁਆਰਾ ਝੂਠ ਬੋਲ ਕੇ ਆਪਣੇ ਮੂੰਹ ਦੁਆਰਾ ਜੋ ਪਰਾਇਆ ਹੱਕ ਖਾਧਾ ਹੈ ਭਾਵ ਜੋ ਮਨੁੱਖ ਨੇ ਠੱਗੀ ਮਾਰ ਕੇ ਜੁਲਮ ਕੀਤਾ ਹੈ, ਮੂੰਹ ਦੀ ਮਾਰ ਮਾਰਕੇ ਕੀਤਾ ਹੈ। **(ਮਾਰ ਮੁਹੈ ਮੁਹਿ ਖਾਇ॥)**। ਅਸੀਂ ਮਨੁੱਖਤਾ ਦੇ ਉੱਤੇ ਮੂੰਹ ਦੀ ਮਾਰ ਭਾਵ ਝੂਠ ਤੇ ਠੱਗੀ ਦੀ ਮਾਰ ਮਾਰ ਕੇ ਕਿਤਨਾ ਜੁਲਮ ਕਰਦੇ ਹਾਂ, ਇਸ ਨੂੰ ਉਹ ਹੀ ਸਮਝ ਸਕਦਾ ਹੈ ਜਿਸ ਦੇ ਉੱਪਰ ਇਹ ਜੁਲਮ ਹੁੰਦਾ ਹੈ। ਅਸੀਂ ਆਪਣੇ ਕਾਰ ਵਿਹਾਰ ਵਿੱਚ ਅਨੇਕਾਂ ਝੂਠ ਬੋਲਦੇ ਹਾਂ, ਆਪਣਾ ਲਾਲਚ ਪੂਰਾ ਕਰਨ ਲਈ ਬੋਲਦੇ ਹਾਂ ਜੋ ਕਿ ਅਸੀਂ ਮੂੰਹ ਦੀ ਮਾਰ ਮਾਰਦੇ ਹਾਂ। ਦਫਤਰਾਂ ਵਿੱਚ ਬੈਠੇ, ਵਡੇ ਅਹੁਦਿਆਂ ਤੇ ਬੈਠੇ ਰਿਸ਼ਵਤ ਮੰਗਦੇ ਹਾਂ ਜੋ ਕਿ ਮੂੰਹ ਦੀ ਮਾਰ ਹੀ ਹੈ ਤੇ ਹੋਰ ਅਨੇਕਾਂ ਤਰੀਕਿਆਂ ਨਾਲ ਅਸੀਂ ਮੂੰਹ ਦੀ ਮਾਰਿ ਮਾਰਦੇ ਹਾਂ ਜਿਸ ਦੁਆਰਾ ਅਸੀਂ ਮਨੁੱਖਤਾ ਤੇ ਜੁਲਮ ਕਰਦੇ ਹਾਂ।

“**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥**”

(ਅੰਗ - ੧੪੧)

ਇਸ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਕਿ ਅਸੀਂ ਜਿਸ ਜੀਵ ਨੂੰ ਮਾਰਿਆ ਹੈ ਅਗਰ ਅਸੀਂ ਉਸਨੂੰ ਹਰਾਮ ਦੀ ਕਮਾਈ ਨਾਲ ਖਰੀਦਿਆ ਹੈ ਫਿਰ ਜੁਲਮ ਤਾਂ ਅਸੀਂ ਪਹਿਲਾਂ ਹੀ ਕਿਸੇ ਤੇ ਕਰ ਚੁੱਕੇ ਹਾਂ, ਕਿਸੇ ਦਾ ਹੱਕ ਖਾ ਕੇ ਕਰ ਚੁੱਕੇ ਹਾਂ ਤੇ ਉਸ ਤੋਂ ਬਾਅਦ ਸਾਡੀ ਕਮਾਈ ਹਲਾਲ ਦੀ ਨਹੀਂ ਬਣ ਸਕਦੀ ਜਿਵੇਂ ਕਿ ਕੀਤਾ ਜਾਂਦਾ ਹੈ ਭਾਵ ਮਨ ਦਾ ਭਰਮ ਹੈ। ਮਾਸ ਖਾਣ ਬਾਰੇ ਗੁਰਬਾਣੀ ਦਾ ਕੀ ਫੁਰਮਾਨ ਹੈ ਇਹ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਕਿਸੇ ਮਨੁੱਖ ਦਾ ਹੱਕ ਖਾਣਾ ਉਸ ਦੀ ਰੱਤ, ਖੂਨ ਪੀਣ ਦੇ ਬਰਾਬਰ ਹੈ।

{ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤ॥}

(ਅੰਗ ੧੪੦)

ਸਭ ਤੋਂ ਜ਼ਿਆਦਾ ਦੁੱਖ ਅਸੀਂ ਕਿਸੇ ਮਨੁੱਖ ਨੂੰ ਉਸ ਦਾ ਦਿਲ ਦੁਖਾ ਕੇ ਦਿੰਦੇ ਹਾਂ ਜਿਸ ਦਾ ਦਰਦ ਉਹ ਸਾਰੀ ਜ਼ਿੰਦਗੀ ਸਹਿੰਦਾ ਹੈ, ਬਿਲਪਦਾ ਹੈ ਅਤੇ ਬਦ-ਦੁਆਵਾਂ ਦਿੰਦਾ ਹੈ। ਆਪਣੇ ਲਾਲਚ ਪਿੱਛੇ, ਚੋਪੜੀ ਖਾਣ ਪਿੱਛੇ ਮਨੁੱਖ ਕਿਤਨੇ ਗਰੀਬਾਂ ਦੀ ਸੁੱਕੀ ਰੋਟੀ ਵੀ ਖੋਹ ਲੈਂਦਾ ਹੈ। ਇਸ ਤੋਂ ਵੱਡਾ ਜੁਲਮ ਹੋਰ ਕੀ ਹੋ ਸਕਦਾ ਹੈ। ਇਸ ਗੱਲ ਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਹੋਰ ਵੀ ਸਾਫ਼ ਕੀਤਾ ਹੋਇਆ ਹੈ ਅਤੇ ਇਹ ਸਮਝਾਇਆ ਹੋਇਆ ਹੈ ਕਿ ਲੇਖਾ ਦੇਣਾ ਉਸੇ ਮਨੁੱਖ ਲਈ ਹੀ ਸੌਖਾ ਹੈ ਜੋ ਦਿਲ ਦਾ ਸੁੱਚਾ ਹੈ, ਸਾਫ ਹੈ ਭਾਵ ਜਿਸਨੇ ਕਿਸੇ ਦਾ ਕੋਈ ਹੱਕ ਨਹੀਂ ਮਾਰਿਆ ਭਾਵ ਜੋ ਔਗੁਣਾਂ ਤੋਂ ਰਹਿਤ ਹੈ। ਆਖਰੀ ਪੰਗਤੀ ਵਿੱਚ ਇਹ ਗੱਲ ਵੀ ਸਾਫ਼ ਸਮਝਾਈ ਹੋਈ ਹੈ ਕਿ ਜਿੱਥੇ ਪ੍ਰਮਾਤਮਾ ਦੇ ਦਰਬਾਰ ਵਿੱਚ ਲੇਖਾ ਦੇਣਾ ਹੈ ਉੱਥੇ ਮਨੁੱਖ ਨੇ ਕੇਵਲ ਆਪਣੇ ਗੁਣਾਂ ਦੁਆਰਾ, ਚੰਗੇ ਕਰਮਾਂ ਦੁਆਰਾ ਹੀ ਛੁਟਣਾ ਹੈ ਤੇ ਹੋਰ ਕੋਈ ਆਸਰਾ ਉੱਥੇ ਕੰਮ ਨਹੀਂ ਆਉਂਦਾ, ਉੱਥੇ ਸਾਡੀ ਬਾਂਹ ਫੜਨ ਵਾਲਾ,

2/98

ਸਾਡਾ ਪੱਲਾ ਫੜਨ ਵਾਲਾ, ਸਾਡਾ ਸਾਥ ਦੇਣ ਵਾਲਾ, ਸਾਡੀ ਸਿਫਾਰਸ਼ ਕਰਨ ਵਾਲਾ ਹੋਰ ਕੋਈ ਨਹੀਂ ਹੁੰਦਾ ਭਾਵ ਕਿਸੇ ਦੇਹ ਉੱਪਰ ਕੀਤਾ ਭਰੋਸਾ ਬਿਲਕੁਲ ਵਿਅਰਥ ਹੈ। ਇਹ ਗੁਰੂ ਦਾ ਫੁਰਮਾਨ ਹੈ। ਕਿਉਂ ਨਾ ਫਿਰ ਇਹੋ ਜਿਹੇ ਕਰਮ ਕਰੀਏ, ਆਪ ਦਿਲੋਂ ਸੱਚੇ ਹੋਈਏ ਅਤੇ ਗੁਰੂ ਵਾਲੇ ਬਣੀਏ ਤਾਂ ਜੋ ਲੇਖਾ ਦੇਣਾ ਸੌਖਾ ਹੋ ਜਾਵੇ। (**ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥ ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥**) ਆਓ ਹੁਣ ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਹੋਰ ਵੀ ਬਰੀਕੀ ਨਾਲ ਸਮਝੀਏ ਕਿ ਲੇਖਾ ਦੇਣ ਤੋਂ ਕਿਵੇਂ ਛੁਟਣਾ ਹੈ ਅਤੇ ਕਿਸ ਨੇ ਛੁਡਾਉਣਾ ਹੈ।

“ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥

ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥੬॥"

(ਅੰਗ ੭੨੯)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਕਿਸੇ ਮਨੁੱਖ ਦੀ ਬਾਹਰਲੀ ਚਮਕ, ਦਮਕ ਨੂੰ ਵੇਖ ਕੇ, ਬਾਹਰਲੇ ਭੇਖ, ਦਿਖਾਵੇ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਪਿੱਛੇ ਲੱਗ ਜਾਂਦੇ ਹਾਂ ਤੇ ਇਹ ਆਸ ਕਰ ਬੈਠਦੇ ਹਾਂ ਕਿ ਇਹ ਪ੍ਰਮਾਤਮਾ ਦੇ ਨੇੜੇ ਹਨ ਅਤੇ ਸਾਡਾ ਵੀ ਨਿਬੇੜਾ ਕਰਵਾ ਦੇਣਗੇ। ਨਿਬੇੜਾ ਅਸਲ ਵਿੱਚ ਕਿਸ ਤਰੀਕੇ ਨਾਲ ਹੋਣਾ ਹੈ ਇਹ ਵੀ ਸਮਝਾਇਆ ਹੋਇਆ ਹੈ। ਕਾਂਸੀ ਦੀ ਧਾਤ (ਕੈਂਹ) ਉੱਤੋਂ ਕਾਫੀ ਚਮਕੀਲਾ ਦਿਸਦਾ ਹੈ ਪਰ ਜੇਕਰ ਉਸਨੂੰ ਰਗੜੀਏ ਤਾਂ ਉਸ ਵਿੱਚੋਂ ਕਾਲਖ ਨਿਕਲਦੀ ਹੈ। ਸਮਝਾਇਆ ਇਹ ਹੈ, ਜਿਨ੍ਹਾਂ ਦਾ ਅਸੀਂ ਬਾਹਰਲਾ ਰੂਪ ਵੇਖ ਕੇ ਉਨ੍ਹਾਂ ਨੂੰ ਚੰਗਾ ਸਮਝਦੇ ਹਾਂ ਪਰ ਉਨ੍ਹਾਂ ਦਾ ਅੰਦਰ ਭਾਵ ਮਨ ਕਿਹੋ ਜਿਹਾ ਹੈ, ਇਹ ਨਹੀਂ ਸਮਝਦੇ ਭਾਵ ਉਸਦੇ ਗੁਣਾਂ ਨੂੰ ਵੇਖਣ ਦੀ ਬਜਾਇ ਕੇਵਲ ਵਿਖਾਵੇ ਤੇ ਵਿਸ਼ਵਾਸ ਕਰਦੇ ਹਾਂ। ਇਹੋ ਜਿਹੇ ਮਨੁੱਖ ਬਾਹਰੋਂ-ਬਾਹਰੋਂ ਹੀ ਚੰਗੇ ਲੱਗਦੇ ਹਨ ਮਗਰ ਅੰਦਰ ਉਨ੍ਹਾਂ ਦੇ ਔਗੁਣ ਵੱਸੇ ਹੁੰਦੇ ਹਨ। ਪ੍ਰਮਾਤਮਾ ਦੇ ਦਰ ਤੇ ਜਾਣ ਲਈ ਮਨੁੱਖ ਦੇ ਕੰਮ ਉਹੀ ਕੁੱਝ ਆਉਂਦਾ ਹੈ ਜੋ ਉਸਦੇ ਮਨ ਵਿੱਚ ਹੁੰਦਾ ਹੈ ਭਾਵ ਮਨ ਦੀ ਸਮਝ ਦੁਆਰਾ ਅਸੀਂ ਜਿਹੋ ਜਿਹੇ ਕਰਮ ਕੀਤੇ ਹੁੰਦੇ ਹਨ। ਸਾਡੇ ਸੱਜਣ ਸਾਡੇ ਗੁਣ ਹਨ ਅਤੇ ਦੁਰਜਨ ਸਾਡੇ ਔਗੁਣ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। (**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥**) ਅੰਗ - 219 । ਸੱਜਣ ਆਪ ਗੁਰੂ ਹੈ, ਪ੍ਰਮਾਤਮਾ ਹੈ (**ਸਜਣੁ ਸਚਾ ਪਾਤਿਸਾਹੁ**) ਅੰਗ - ੧੦੯੪ ਅਤੇ ਉਹ ਸਾਡਾ ਸੱਜਣ ਤਾਂ ਹੀ ਬਣਦਾ ਹੈ ਜੇ ਉਸ ਦੇ ਗੁਣ ਸਾਡੇ ਵਿੱਚ ਹੋਣ। ਗੁਰੂ ਆਪ ਗੁਣਾਂ ਦਾ ਖਜ਼ਾਨਾ ਹੈ ਤੇ ਉਹ ਗੁਣ ਹੀ ਵੰਡਦਾ ਹੈ ਅਤੇ ਉਸ ਨੂੰ ਮਨੁੱਖ ਦੇ ਵਿੱਚ ਗੁਣ ਹੀ ਭਾਉਂਦੇ ਹਨ।

2/99

ਗੁਣ ਸਾਨੂੰ ਪਾਰ ਲਗਾਉਂਦੇ ਹਨ ਅਤੇ ਔਗੁਣ ਸਾਨੂੰ ਡੋਬਦੇ ਹਨ। ਇਸ ਲਈ ਆਪਣੇ ਨਾਲ ਹਮੇਸ਼ਾਂ ਉਸ ਨੂੰ ਹੀ ਰੱਖਣਾ ਚਾਹੀਦਾ ਹੈ ਜੋ ਸਾਨੂੰ ਪਾਰ ਲਗਾਵੇ ਭਾਵ ਹਰ ਵੇਲੇ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ, ਔਗੁਣਾਂ ਵਾਲੇ ਮਾੜੇ ਵਿਚਾਰਾਂ ਤੋਂ ਬਚਾ ਕੇ ਰੱਖੇ। ਇਹ ਸਾਡੇ ਅੰਦਰ ਗੁਰਮਤਿ ਵਾਲੇ ਵਿਚਾਰ ਹੀ ਹਨ ਜੋ ਸਾਡੇ ਸੱਜਣ ਬਣ ਕੇ ਸਾਡਾ ਹਰ ਵੇਲੇ ਸਾਥ ਦਿੰਦੇ ਹਨ। **(ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥)**। ਜਿੱਥੇ ਲੇਖਾ ਦੇਣਾ ਹੈ ਉੱਥੇ ਸਾਡਾ ਸਾਥ ਸਾਡੇ ਗੁਣਾਂ ਨੇ ਦੇਣਾ ਹੈ, ਇਹ ਹਮੇਸ਼ਾਂ ਸਾਡੇ ਨਾਲ ਹੀ ਖੜ੍ਹੇ ਦਿੱਸਦੇ ਹਨ। ਜੇ ਗੁਣ ਨਾਲ ਹਨ ਤਾਂ ਗੁਰੂ ਵੀ ਨਾਲ ਹੈ। ਗੁਰੂ, ਗੁਰੂ ਦੇ ਬਚਨ ਹਨ, ਗੁਰੂ ਦੀ ਸਿੱਖਿਆ ਹੈ, ਜਿਸ ਨੂੰ ਮੰਨਣ ਨਾਲ ਸਾਡੇ ਅੰਦਰ ਗੁਣ ਹੀ ਵੱਸਦੇ ਹਨ। **(ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥)**। ਅਗਲੀਆਂ ਪੰਗਤੀਆਂ ਦੇ ਭਾਵ ਨੂੰ ਸਮਝਣਾ ਕੋਈ ਔਖਾ ਨਹੀਂ ਹੈ। ਉਨ੍ਹਾਂ ਮਨੁੱਖਾਂ ਦੀ ਅਵੱਸਥਾ ਸਮਝਾਈ ਹੈ ਜੋ ਬਾਹਰੋਂ ਤਾਂ ਦਿੱਸਣ ਨੂੰ ਬਹੁਤ ਉੱਚੇ ਸੁੱਚੇ ਲੱਗਦੇ ਹਨ ਅਤੇ ਭਰਮ ਵਿੱਚ ਆ ਕੇ ਬਹੁਤ ਸਾਰੇ ਲੋਕ ਉਨ੍ਹਾਂ ਤੇ ਭਰੋਸਾ ਕਰ ਬੈਠਦੇ ਹਨ ਕਿ ਉਹ ਸਾਨੂੰ ਵੀ ਆਪਣੇ ਨਾਲ ਤਾਰ ਲੈਣਗੇ, ਜਿਵੇਂ ਕਿ ਸਿੰਮਲ ਦੇ ਰੁੱਖ ਨੂੰ ਬੜਾ ਉੱਚਾ ਸੋਹਣਾ ਸਮਝ ਕੇ ਤੋਤੇ ਉਸ ਤੇ ਜਾ ਬੈਠਦੇ ਹਨ ਭਾਵ ਉਹ ਇਸ ਭੁਲੇਖੇ ਦਾ ਸ਼ਿਕਾਰ ਹੁੰਦੇ ਹਨ। ਅਸਲ ਵਿੱਚ ਸਿੰਮਲ ਰੁੱਖ ਦੇ ਫਲ ਫੁਲ ਕਿਸੇ ਦੇ ਕੰਮ ਨਹੀਂ ਆਉਂਦੇ ਭਾਵ ਤੋਤੇ ਜੋ ਆਸ ਕਰਕੇ ਆਉਂਦੇ ਹਨ ਉਨ੍ਹਾਂ ਦੀ ਆਸ ਪੂਰੀ ਨਹੀਂ ਹੁੰਦੀ ਤੇ ਉਹ ਨਿਰਾਸ਼ ਹੋ ਕੇ ਚਲੇ ਜਾਂਦੇ ਹਨ। ਦੇਖਣ ਵਿੱਚ ਇਹੋ ਜਿਹੇ ਮਨੁੱਖਾਂ ਦੀ ਕਮੀ ਨਹੀਂ ਹੈ ਜੋ ਬਾਹਰੋਂ ਸਿੰਮਲ ਰੁੱਖ ਦੀ ਤਰ੍ਹਾਂ ਉੱਚੇ ਦਿੱਸਦੇ ਹਨ ਪਰ ਉਹ ਕਿਸੇ ਦਾ ਕੁੱਝ ਸਵਾਰ ਨਹੀਂ ਸਕਦੇ ਭਾਵ ਉਨ੍ਹਾਂ ਤੇ ਆਸ ਨਹੀਂ ਰੱਖਣੀ ਚਾਹੀਦੀ। ਦੇਹ ਤੇ ਆਸ ਰੱਖਣੀ ਵਿਅਰਥ ਹੈ। ਗੁਣਾਂ ਨੂੰ ਗ੍ਰਹਿਣ ਕੀਤੇ ਬਿਨ੍ਹਾਂ ਹੋਰ ਸਾਰੇ ਉਪਰਾਲੇ, ਸਿਆਣਪਾਂ ਕਿਸੇ ਕੰਮ ਨਹੀਂ ਆਉਂਦੀਆਂ। **(ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥ ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥)** ਇੱਕੋ ਇੱਕ ਤਰੀਕਾ ਬੰਧਨਾਂ ਤੋਂ ਛੁੱਟਣ ਦਾ ਨਾਮ ਦੀ ਸੰਭਾਲ ਕਰਨੀ ਹੈ ਭਾਵ ਗੁਣਾਂ ਦੀ ਸੰਭਾਲ ਕਰਨੀ ਹੈ, ਆਪਣੇ ਅੰਦਰ ਗੁਰੂ ਦੀ ਮਤਿ ਦੀ ਸੰਭਾਲ ਕਰਨੀ ਹੈ, ਅਉਗਣ ਰੂਪ ਚੋਰਾਂ ਤੋਂ ਸੰਭਾਲ ਕਰਨੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਮਨ ਦੇ ਮਾੜੇ ਵਿਚਾਰਾਂ ਤੇ ਸੰਭਾਲ ਕਰਨੀ ਹੈ ਜੋ ਸਾਡੇ ਅੰਦਰੋਂ ਨਾਮ ਨੂੰ, ਗੁਣਾਂ ਨੂੰ ਚੁਰਾਉਂਦੇ ਹਨ ਭਾਵ ਗੁਣਾਂ ਦੀ ਸੰਭਾਲ ਕਰਨੀ ਹੈ ਕਿਉਂਕਿ ਕੇਵਲ ਇਹ ਗੁਣ ਹੀ ਸਾਡੇ ਸੱਜਣ ਹਨ ਜੋ ਸਾਡੇ ਨਾਲ ਰਹਿਣਗੇ ਤੇ ਤਾਂ ਹੀ ਅਸੀਂ ਲੇਖੇ ਤੋਂ ਛੁਟਣਾ ਹੈ। ਭਗਤੀ ਦਾ ਮਾਰਗ ਔਖਾ ਮਾਰਗ ਹੈ ਜਿਵੇਂ ਕਿ ਪਹਾੜੀ ਰਸਤੇ ਉੱਤੇ ਭਾਰ ਚੁੱਕ ਕੇ ਚੜ੍ਹਨਾ ਔਖਾ ਹੁੰਦਾ ਹੈ। ਇਸ ਤਰ੍ਹਾਂ ਅਸੀਂ ਮਾਇਆ ਮੋਹ ਵਾਲੇ ਵਿਚਾਰਾਂ ਦਾ ਭਾਰ ਚੁੱਕਿਆ ਹੋਇਆ ਹੈ ਜਿਸ ਲਈ

ਸਾਨੂੰ ਅੰਧਾ ਕਹਿਆ ਹੈ ਜਿਸ ਭਾਰ ਨੂੰ ਚੁੱਕ ਕੇ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਭਗਤੀ ਦੇ ਮਾਰਗ ਤੇ ਚੱਲਣ ਲਈ ਜਿਨ੍ਹਾਂ ਅੱਖਾਂ ਦੀ ਲੋੜ ਹੈ, ਉਹ ਮਨ ਦੀ ਸਮਝ ਦੀਆਂ ਅੱਖਾਂ ਹਨ, ਗੁਰੂ ਦੀ ਮਤਿ ਵਾਲੀ ਸਮਝ ਦੀਆਂ ਅੱਖਾਂ ਹਨ ਤੇ ਗੁਰੂ ਦਾ ਸੱਚਾ ਗਿਆਨ ਲਏ ਬਿਨ੍ਹਾਂ ਹੀ ਅਸੀਂ ਭਗਤੀ ਦੇ ਮਾਰਗ ਤੇ ਚੱਲਣਾ ਚਾਹੁੰਦੇ ਹਾਂ ਜਿਸ ਤੇ ਪੂਰਾ ਨਹੀਂ ਉਤਰਿਆ ਜਾ ਸਕਦਾ, ਭਾਰ ਚੁੱਕ ਕੇ ਪਹਾੜੀ ਦੇ ਉੱਪਰ ਚੜ੍ਹਨ ਵਰਗਾ ਔਖਾ ਹੈ। ਭਗਤੀ ਦਾ ਮਾਰਗ ਸਾਡੀਆਂ ਸਿਆਣਪਾਂ ਦਾ ਮਾਰਗ ਨਹੀਂ ਹੈ, ਬਾਹਰੀ ਦਿਖਾਵੇ ਦਾ ਮਾਰਗ ਨਹੀਂ ਹੈ, ਕੇਵਲ ਨਾਮ ਦੀ ਸੰਭਾਲ ਕਰਨ ਦਾ ਮਾਰਗ ਹੈ ਜੋ ਸੰਭਾਲ ਮਾਇਆ ਮੋਹ ਤਿਆਗ ਕੇ ਹੀ ਹੁੰਦੀ ਹੈ। (**ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥**)

ਇਹ ਮਨੁੱਖ ਦੇ ਸੁਭਾਅ ਵਿੱਚ ਹੈ ਕਿ ਉਹ ਪ੍ਰਮਾਤਮਾ ਨੂੰ ਪਾਉਣਾ ਵੀ ਚਾਹੁੰਦਾ ਹੈ ਤੇ ਮਾਇਆ ਨਾਲ ਵੀ ਜੁੜਿਆ ਰਹਿਣਾ ਚਾਹੁੰਦਾ ਹੈ ਭਾਵ ਔਗੁਣਾਂ ਦਾ ਤਿਆਗ ਵੀ ਨਹੀਂ ਕਰਨਾ ਚਾਹੁੰਦਾ ਭਾਵ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲਣ ਤੋਂ ਵੀ ਕਤਰਾਉਂਦਾ ਹੈ ਅਤੇ ਮੁਕਤੀ ਦੀ ਵੀ ਆਸ ਰੱਖਦਾ ਹੈ। ਇਸੇ ਕਰਕੇ ਹਰ ਕੋਈ ਇਹੀ ਚਾਹੁੰਦਾ ਹੈ ਕਿ ਪ੍ਰਮਾਤਮਾ ਦੀ ਸਿਫਤ ਵੀ ਹੋ ਜਾਵੇ ਅਤੇ ਮਾਇਆ ਵੀ ਨਾ ਛੁੱਟੇ। ਜਾਂ ਇਸ

ਤਰ੍ਹਾਂ ਕਹਿ ਲਈਏ ਕਿ ਸੱਪ ਵੀ ਮਰ ਜਾਵੇ ਅਤੇ ਲਾਠੀ ਵੀ ਬੱਚ ਜਾਵੇ ਭਾਵ ਰੱਬ ਵੀ ਮਿਲ ਜਾਵੇ ਤੇ ਇਹੋ ਜਿਹਾ ਤਿਆਗ ਵੀ ਨਾ ਕਰਨਾ ਪਵੇ, ਜਿਹੋ ਜਿਹੇ ਤਿਆਗ ਦੀ ਗੁਰੂ ਮੰਗ ਕਰਦਾ ਹੈ। ਸਾਡਾ ਮਕਸਦ ਇਹ ਹੈ ਕਿ ਖਰੇ ਵੀ ਬਣ ਜਾਈਏ ਤੇ ਖੋਟ ਵੀ ਨਾ ਛੱਡੀਏ ਭਾਵ ਖੋਟੇ ਹੁੰਦੇ ਹੀ ਖਰਾ ਅਖਵਾ ਲਈਏ। ਇਹ ਆਮ ਕਰਕੇ ਭਗਤੀ ਦੀ ਵਿਚਾਰਧਾਰਾ ਹੀ ਬਣ ਚੁੱਕੀ ਹੈ ਕਿਉਂਕਿ ਭਗਤੀ ਅਸਲ ਵਿੱਚ ਕੀ ਹੈ ਇਸ ਦੀ ਸਮਝ ਹੀ ਨਹੀਂ ਲੱਗ ਸਕੀ। ਜੋ ਮਨੋ ਭਗਤੀ ਕਰਨਾ ਵੀ ਚਾਹੁੰਦੇ ਹਨ ਉਹ ਵੀ ਇਸ ਭੁਲੇਖੇ ਦਾ ਸ਼ਿਕਾਰ ਬਣ ਗਏ ਹਨ। ਅਸੀਂ ਭਗਤੀ ਕੇਵਲ ਬਾਣੀ ਨੂੰ ਸੁਣਨ, ਪੜ੍ਹਨ ਅਤੇ ਆਪਣੀ ਮਤਿ ਦੁਆਰਾ ਵਿਚਰਨਾ ਹੀ ਸਮਝਿਆ ਹੋਇਆ ਹੈ। ਨਾਮ, ਸਿਮਰਨ ਦੀ ਕਥਨੀ ਕਰੀ ਜਾਂਦੇ ਹਾਂ ਅਤੇ ਸੁਰਤੀਆਂ, ਸਮਾਧੀਆਂ ਜੋੜਨ ਨੂੰ ਬੜੀ ਉੱਚੀ ਗੱਲ ਸਮਝਦੇ ਹਾਂ, ਜਦਕਿ ਭਗਤੀ ਕੇਵਲ ਮਨ ਦੀ ਸਫਾਈ ਦੁਆਰਾ ਹੋ ਸਕਦੀ ਹੈ, ਸੱਚ ਨੂੰ ਅਪਣਾ ਕੇ ਹੋ ਸਕਦੀ ਹੈ। ਆਓ ਹੇਠ ਲਿਖੇ ਸ਼ਬਦ ਦੀ ਵਿਚਾਰ ਕਰੀਏ ਅਤੇ ਸਮਝੀਏ ਕਿ ਭਗਤੀ ਕਿਵੇਂ ਕਰਨੀ ਹੈ।

“ਚੋਰੁ ਸਲਾਹੇ ਚੀਤੁ ਨ ਭੀਜੈ॥ ਜੇ ਬਦੀ ਕਰੇ ਤਾ ਤਸੂ ਨ ਛੀਜੈ॥
ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥੧॥
ਸੁਣਿ ਮਨ ਅੰਧੇ ਕੁਤੇ ਕੂੜਿਆਰ॥
ਬਿਨੁ ਬੋਲੇ ਬੂਝੀਐ ਸਚਿਆਰ॥੧॥ਰਹਾਉ॥
ਚੋਰੁ ਸੁਆਲਿਉ ਚੋਰੁ ਸਿਆਣਾ॥ ਖੋਟੇ ਕਾ ਮੁਲੁ ਏਕੁ ਦੁਗਾਣਾ॥
ਜੇ ਸਾਥਿ ਰਖੀਐ ਦੀਜੈ ਰਲਾਇ॥ ਜਾ ਪਰਖੀਐ ਖੋਟਾ ਹੋਇ ਜਾਇ॥੨॥
ਜੈਸਾ ਕਰੇ ਸੁ ਤੈਸਾ ਪਾਵੈ॥ ਆਪਿ ਬੀਜਿ ਆਪੇ ਹੀ ਖਾਵੈ॥
ਜੇ ਵਡਿਆਈਆ ਆਪੇ ਖਾਇ॥ ਜੇਹੀ ਸੁਰਤਿ ਤੇਹੈ ਰਾਹਿ ਜਾਇ॥੩॥
ਜੇ ਸਉ ਕੂੜੀਆ ਕੂੜੁ ਕਬਾੜੁ॥ ਭਾਵੈ ਸਭੁ ਆਖਉ ਸੰਸਾਰੁ॥
ਤੁਧੁ ਭਾਵੈ ਅਧੀ ਪਰਵਾਣੁ॥ ਨਾਨਕ ਜਾਣੈ ਜਾਣੁ ਸੁਜਾਣੁ॥੪॥”

(ਅੰਗ ੬੬੨)

ਇਸ ਸ਼ਬਦ ਵਿੱਚ ਸਾਨੂੰ ਚੋਰ ਦੇ ਜੀਵਨ ਦਾ ਹਵਾਲਾ ਦੇ ਕੇ ਭਗਤੀ ਦੀ ਗੱਲ ਸਮਝਾਈ ਹੋਈ ਹੈ, ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਸਮਝਾਈ ਹੋਈ ਹੈ। ਜਿਵੇਂ ਕੋਈ ਚੋਰ ਪਹਿਲਾਂ ਸਾਡੇ ਘਰ ਵਿੱਚ ਚੋਰੀ ਕਰ ਲਵੇ ਤੇ ਫੜੇ ਜਾਣ ਤੋਂ ਬਾਅਦ ਉਹ ਸਾਡੀ ਸਿਫਤ ਕਰੀ ਜਾਵੇ, ਸਾਨੂੰ ਖੁਸ਼ ਕਰਨ ਦੀ ਕੋਸ਼ਿਸ ਕਰੇ, ਫਿਰ ਵੀ ਸਾਡਾ ਮਨ ਚੋਰ ਨਾਲ ਨਹੀਂ ਭਿੱਜ ਸਕਦਾ ਭਾਵ ਸਾਡੇ ਮਨ ਨੂੰ ਚੋਰ ਚੰਗਾ ਨਹੀ ਲੱਗ ਸਕਦਾ ਕਿਉਂਕਿ ਉਸਦੀ ਅਸਲੀਅਤ ਨੂੰ ਅਸੀਂ ਜਾਣ ਚੁੱਕੇ ਹਾਂ। ਜੇਕਰ ਉਹ ਚੋਰ ਸਾਡੀ ਨਿੰਦਾ ਵੀ

ਕਰੇ ਤਾਂ ਸਾਨੂੰ ਫਰਕ ਨਹੀਂ ਪੈਂਦਾ ਕਿਉਂਕਿ ਅਸੀਂ ਜਾਣ ਚੁੱਕੇ ਹਾਂ ਕਿ ਇਹ ਹੈ ਹੀ ਝੂਠਾ ਤੇ ਝੂਠੇ ਦੀ ਗੱਲ ਵਿੱਚ ਕੋਈ ਵਜਨ ਨਹੀਂ ਹੁੰਦਾ, ਉਸਦੀ ਗੱਲ ਤੇ ਕੋਈ ਭਰੋਸਾ ਨਹੀਂ ਕਰਦਾ। ਇਹੋ ਜਿਹੇ ਚੋਰ ਦੀ ਕੋਈ ਜਾਮਨੀ ਦੇਣ ਨੂੰ ਤਿਆਰ ਨਹੀਂ ਹੁੰਦਾ ਭਾਵ ਉਸ ਤੇ ਕੋਈ ਇਤਬਾਰ ਨਹੀਂ ਕਰਦਾ, ਭਰੋਸਾ ਨਹੀਂ ਕਰਦਾ ਕਿਉਂਕਿ ਜੋ ਕੁੱਝ ਚੋਰ ਕਰ ਰਿਹਾ ਹੈ ਇਹ ਹਰ ਕੋਈ ਜਾਣਦਾ ਹੈ ਕਿ ਇਹ ਕੰਮ ਚੰਗਾ ਨਹੀਂ ਹੈ ਭਾਵ ਹਰ ਕੋਈ ਚੋਰੀ ਦੇ ਕੰਮ ਨੂੰ ਚੰਗਾ ਨਹੀਂ ਸਮਝਦਾ ਭਾਵ ਮਾੜਾ ਹੀ ਸਮਝਦਾ ਹੈ। ਹੁਣ ਇਹ ਵਿਚਾਰੀਏ ਕਿ ਇਸ ਰਾਹੀਂ

2/101 ਅਤੇ 101-ਅ

ਸਾਨੂੰ ਸਮਝਾਇਆ ਕੀ ਗਿਆ ਹੈ। ਜਿਵੇਂ ਕਿ ਪਿੱਛੇ ਵੀ ਅਸੀਂ ਇੱਕ ਸ਼ਬਦ ਰਾਹੀਂ ਸਮਝਿਆ ਸੀ ਕਿ ਨਾਮ ਦਾ ਚੋਰ ਕੌਣ ਹੈ। ਨਾਮ ਸਾਨੂੰ ਸੱਚ ਸਿਖਾਉਂਦਾ ਹੈ ਤੇ ਜੋ ਉਸ ਦੇ ਉਲਟ ਚੱਲ ਕੇ ਝੂਠ ਦਾ ਸਹਾਰਾ ਲੈਂਦਾ ਹੈ ਉਸ ਨੂੰ ਨਾਮ ਦਾ ਚੋਰ ਕਿਹਾ ਗਿਆ ਹੈ ਭਾਵ ਜੋ ਔਗੁਣਾਂ ਰਾਹੀਂ ਵਿਚਰਦਾ ਹੈ ਉਹ ਨਾਮ ਦਾ ਚੋਰ ਹੈ, ਗੁਰੂ ਦੀ ਸਿੱਖਿਆ ਦਾ ਚੋਰ ਹੈ, ਗੁਰੂ ਦਾ, ਰੱਬ ਦਾ ਚੋਰ ਹੈ। ਜੇ ਅਸੀਂ ਖੁਦ ਇੱਕ ਚੋਰ ਨੂੰ ਚੰਗਾ ਨਹੀਂ ਸਮਝਦੇ, ਉਸ ਤੇ ਭਰੋਸਾ ਨਹੀਂ ਕਰਦੇ, ਉਸ ਦੀ ਹਾਮੀ ਨਹੀਂ ਭਰਦੇ ਤਾਂ ਫਿਰ ਉਸ ਮਨੁੱਖ ਦੀ ਪ੍ਰਮਾਤਮਾ ਕਿਵੇਂ ਹਾਮੀ ਭਰ ਸਕਦਾ ਹੈ ਜੋ ਉਸ ਦਾ ਚੋਰ ਹੈ, ਠੱਗੀ ਵਾਲੀ ਜ਼ਿੰਦਗੀ ਜੀਉਂਦਾ ਹੈ, ਝੂਠ ਬੋਲਣ ਦੁਆਰਾ ਦੂਸਰੇ ਦੇ ਧੰਨ ਦੀ ਚੋਰੀ ਕਰਦਾ ਹੈ, ਪਰਾਇਆ ਹੱਕ ਖਾਂਦਾ ਹੈ, ਹਿਸਾਬ ਕਿਤਾਬ ਦੀ ਚੋਰੀ ਕਰਦਾ ਹੈ ਆਦਿ। ਪ੍ਰਮਾਤਮਾ ਆਪ ਸੱਚ ਹੈ, ਗੁਣ ਹੈ, ਨਾਮ ਹੈ। ਸੱਚ ਦੀ ਚੋਰੀ, ਗੁਣਾਂ ਦੀ ਚੋਰੀ, ਪ੍ਰਮਾਤਮਾ ਦੇ ਘਰ ਵਿੱਚ ਚੋਰੀ ਕਰਨੀ ਹੈ, ਨਾਮ ਦੀ ਚੋਰੀ ਕਰਨੀ ਹੈ। ਸੱਚ ਦਾ ਚੋਰ, ਗੁਣਾਂ ਦਾ ਚੋਰ ਪ੍ਰਮਾਤਮਾ ਦਾ ਚੋਰ ਹੈ ਭਾਵ ਜੋ ਮਨੁੱਖ ਸੱਚ ਤੇ ਨਹੀਂ ਚੱਲਦਾ, ਗੁਣਾਂ ਦੁਆਰਾ ਨਹੀਂ ਵਿਚਰਦਾ ਭਾਵ ਜੋ ਮਨੁੱਖ ਝੂਠ ਅਤੇ ਔਗੁਣਾਂ ਦੇ ਸਹਾਰੇ ਵਿਚਰਦਾ ਹੈ ਉਹ ਪ੍ਰਮਾਤਮਾ ਦਾ ਚੋਰ ਹੈ, ਨਾਮ ਦਾ ਚੋਰ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਬਰੀਕੀ ਨਾਲ ਸ਼ਬਦਾਂ ਦੁਆਰਾ ਸਮਝਿਆ ਹੈ। ਹੁਣ ਇਸ ਗੱਲ ਨੂੰ ਇਸ ਤਰੀਕੇ ਨਾਲ ਸਮਝੀਏ। ਜਦੋਂ ਕੋਈ ਮਨੁੱਖ ਕੰਮ ਤੋਂ ਜੀਅ ਚੁਰਾਉਂਦਾ ਹੈ ਉਸ ਨੂੰ ਕੰਮਚੋਰ ਕਿਹਾ ਜਾਂਦਾ ਹੈ, ਅਗਰ ਕੋਈ ਸਵੇਰੇ ਨਾ ਉੱਠੇ ਤਾਂ ਉਸਨੂੰ ਸਵੇਰੇ ਉੱਠਣ ਦਾ ਚੋਰ ਕਿਹਾ ਜਾਂਦਾ ਹੈ, ਕਿਸੇ ਨੂੰ ਨਹਾਉਣ ਦਾ ਚੋਰ ਕਿਹਾ ਜਾਂਦਾ ਹੈ ਭਾਵ ਜਿਸ ਗੱਲ ਤੋਂ ਮਨੁੱਖ ਜੀਅ ਚਰਾਉਂਦਾ ਹੈ ਉਸਨੂੰ ਉਸ ਚੀਜ਼ ਦਾ ਚੋਰ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਜੋ ਸੱਚ ਤੋਂ ਜੀਅ ਚੁਰਾਉਂਦਾ ਹੈ, ਗੁਰੂ ਦੀ ਮਤਿ ਨੂੰ ਮੰਨਣ ਤੋਂ ਜੀਅ ਚੁਰਾਉਂਦਾ ਹੈ, ਦੌੜਦਾ ਹੈ ਉਹ ਸੱਚ ਦਾ ਚੋਰ ਹੈ, ਉਹ ਰੱਬ ਦਾ ਚੋਰ ਹੈ, ਨਾਮ ਦਾ ਚੋਰ ਹੈ। (**ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥ ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥**) ਸਾਡੇ ਘਰ ਵਿੱਚ ਚੋਰੀ ਕਰਨ ਤੋਂ ਬਾਅਦ ਅਗਰ ਚੋਰ ਸਾਡੀ ਸਿਫਤ ਕਰੇ ਤਾਂ ਸਾਡਾ ਮਨ ਉਸ ਨਾਲ ਨਹੀਂ ਭਿੱਜਦਾ ਭਾਵ ਉਸਦੀ ਝੂਠੀ ਸਿਫਤ ਸਾਨੂੰ ਚੰਗੀ ਨਹੀਂ ਲੱਗਦੀ। ਇਸੇ ਤਰ੍ਹਾਂ ਅਗਰ ਅਸੀਂ ਔਗੁਣ ਵੀ ਕਰੀਏ ਅਤੇ ਗੁਰੂ ਦੀ ਸਿਫਤ ਸਾਲਾਹ ਵੀ ਕਰੀਏ ਭਾਵ ਜਿਹੋ ਜਿਹੀ ਸਿਫਤ ਸਾਲਾਹ ਅਸੀਂ ਮੂੰਹੋਂ ਬੋਲ-ਬੋਲ ਕੇ ਕਰਦੇ ਹਾਂ ਭਾਵ ਹਰਿ ਹਰਿ ਕਰਨ ਦੁਆਰਾ ਕਰਦੇ ਹਾਂ ਤਾਂ ਫਿਰ ਕੀ ਇਹੋ ਜਿਹੀ ਸਿਫਤ ਨਾਲ ਪ੍ਰਮਾਤਮਾ ਦਾ ਮਨ ਸਾਡੇ ਨਾਲ ਭਿੱਜ ਸਕਦਾ ਹੈ ਭਾਵ ਕਦੀ ਨਹੀਂ ਭਿੱਜ ਸਕਦਾ। ਪ੍ਰਮਾਤਮਾ ਦੀ ਸਿਫਤ ਸਾਲਾਹ ਕੇਵਲ ਉਸਦੇ ਹੁਕਮ ਨੂੰ ਮੰਨ ਕੇ, ਉਸਦੀ ਰਜ਼ਾ ਵਿੱਚ ਰਹਿ ਕੇ ਹੀ ਹੋ ਸਕਦੀ ਹੈ, ਗੁਰੂ ਦੀ ਗੱਲ ਤੇ ਅਮਲ ਕਰਕੇ ਹੀ ਹੋ ਸਕਦੀ ਹੈ ਭਾਵ ਬਾਣੀ ਨੂੰ ਪੜ੍ਹ ਕੇ, ਸੁਣਕੇ, ਉਸ ਨੂੰ ਸਮਝ ਕੇ ਉਸ ਤੇ ਅਮਲ ਕਰਕੇ ਹੀ ਹੋ ਸਕਦੀ ਹੈ ਭਾਵ ਭਗਤੀ ਦਾ ਇਹੋ ਇੱਕੋ ਇੱਕ ਤਰੀਕਾ ਹੈ, ਨਾਮ ਜਪਣ ਦਾ ਤਰੀਕਾ ਹੈ। ਨਾਮ ਸਾਡੇ ਮਨ ਨੇ ਜਪਣਾ ਹੈ ਜੋ ਗੱਲ ਅਗਲੀ ਪੰਗਤੀ ਵਿੱਚ ਬੜੀ ਤਾੜਨਾ ਕਰਕੇ ਸਮਝਾਈ ਹੋਈ ਹੈ:-

“ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ॥੧॥ਰਹਾਉ॥”

ਉੱਪਰ ਵਾਲੀ ਪੰਗਤੀ “ਰਹਾਉ” ਵਾਲੀ ਪੰਗਤੀ ਹੈ ਤੇ ਇੱਥੇ ਭਗਤੀ ਦਾ ਅਸਲੀ ਭਾਵ ਸਮਝਾਇਆ ਹੋਇਆ ਹੈ ਅਤੇ ਮਨੋਰਥ ਵੀ ਸਮਝਾਇਆ ਹੋਇਆ ਹੈ। ਭਗਤੀ ਦਾ ਮਨੋਰਥ ਪ੍ਰਮਾਤਮਾ ਨੂੰ ਖੋਜਣਾ ਹੈ, ਬੁਝਣਾ ਹੈ ਜੋ ਕਿ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਅਸੀਂ ਪ੍ਰਮਾਤਮਾ ਦੀ ਜੋ

2/102

ਆਪਣੇ ਵੱਲੋਂ ਸਿਫਤ ਸਾਲਾਹ ਕਰਦੇ ਹਾਂ, ਜਪ ਤਪ ਕਰਦੇ ਹਾਂ, ਆਪਣੀ ਮਤਿ ਅਨੁਸਾਰ ਸਿਮਰਨ ਕਰਦੇ ਹਾਂ, ਆਪਣੇ ਵੱਲੋਂ ਪ੍ਰਮਾਤਮਾ ਨੂੰ ਪਾਉਣ ਲਈ ਹੀ ਕਰਦੇ ਹਾਂ ਪਰ ਔਗੁਣ ਛੱਡਣ ਦਾ ਕੋਈ ਉਪਰਾਲਾ ਨਹੀਂ ਕਰਦੇ। ਕੇਵਲ ਸਰੀਰਕ ਜਪ ਤਪ ਤੇ ਹੀ ਭਰੋਸਾ ਕਰਦੇ ਹਾਂ ਜੋ ਕਿ ਬੋਲ-ਬੋਲ ਕੇ ਕਰਦੇ ਹਾਂ। ਬੜੇ ਤਾੜਨਾ ਭਰੇ ਸ਼ਬਦਾਂ ਦੀ ਵਰਤੋਂ ਕਰਕੇ ਇਹ ਸਮਝਾਇਆ

ਹੋਇਆ ਹੈ ਕਿ "ਹੇ ਝੂਠ ਦਾ ਸਹਾਰਾ ਲੈਣ ਵਾਲੇ ਮਨੁੱਖ", ਨਾਮ ਦੀ ਚੋਰੀ ਕਰਨ ਵਾਲੇ ਭਾਵ ਸੱਚ ਨੂੰ ਨਾ ਮੰਨਣ ਵਾਲੇ "ਮਨੁੱਖ" ਉਸ ਪ੍ਰਮਾਤਮਾ ਦਾ ਕੋਈ ਬੋਲ-ਬੋਲ ਕੇ, ਜਪ ਕਰਨ ਦੀ ਲੋੜ ਨਹੀਂ ਹੈ। ਉਹ ਪ੍ਰਮਾਤਮਾ ਮਨੁੱਖ ਦੀ ਬਿਰਤੀ ਨੂੰ ਜਾਣਦਾ ਹੈ, ਉਹ ਅੰਤਰਜਾਮੀ ਹੈ, ਉਸ ਨੂੰ ਬੋਲ-ਬੋਲ ਕੇ ਕੁੱਝ ਸੁਣਾਉਣ ਦੀ ਲੋੜ ਨਹੀਂ ਭਾਵ ਝੂਠੀ ਬਿਰਤੀ ਛੱਡ ਕੇ ਸੱਚੇ ਬਣਨ ਦੀ ਲੋੜ ਹੈ। ਸੱਚਾ ਬਣਨ ਲਈ ਕੁੱਝ ਬੋਲਣ ਦੀ ਲੋੜ ਨਹੀਂ ਹੈ, ਕੇਵਲ ਮਨ ਨੂੰ ਮਾਰਨ ਦੀ ਲੋੜ ਹੈ, ਵਿਕਾਰਾਂ ਨੂੰ ਛੱਡਣ ਦੀ ਲੋੜ ਹੈ। ਗੁਰੂ ਪ੍ਰਮਾਤਮਾ ਨੇ ਜੋ ਗੱਲ ਸਾਨੂੰ ਬਾਣੀ ਰਾਹੀਂ ਸਮਝਾਈ ਹੈ, ਉਸਨੂੰ ਆਪਣੇ ਮਨ ਵਿੱਚ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਸ ਤੇ ਅਮਲ ਕਰ ਸਕੀਏ ਤੇ ਆਪਣਾ ਜੀਵਨ ਚੰਗਾ ਬਣਾਈਏ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ। ਕੇਵਲ ਮੂੰਹੋਂ ਬੋਲੀ ਜਾਣ ਨਾਲ ਸਾਡੇ ਅੰਦਰ ਕੀ ਵੱਸਣਾ ਹੈ। (**ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥**) ਹੁਣ ਆਪ ਹੀ ਸੋਚੋ ਕਿ ਭਗਤੀ ਕਿਸ ਨੂੰ ਕਿਹਾ ਹੈ ਤੇ ਜੋ ਕੁੱਝ ਅਸੀਂ ਆਪਣੀ ਮਤਿ ਦੁਆਰਾ ਭਗਤੀ ਦਾ ਇੱਕ ਮਾਰਗ ਬਣਾਇਆ ਹੋਇਆ ਹੈ, ਕੀ ਉਹ ਠੀਕ ਹੈ? ਕੀ ਉਹ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਉਤਰਦਾ ਹੈ? ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸਨੂੰ ਬਾਣੀ ਵਿੱਚ ਕੇਵਲ ਇੱਕ ਦਿਖਾਵਾ ਹੀ ਕਿਹਾ ਗਿਆ ਹੈ ਜਿਸਦਾ ਕੋਈ ਲਾਭ ਨਹੀਂ ਮਿਲਦਾ ਕੇਵਲ ਅਸੀਂ ਆਪਣੀ ਖੱਜਲ ਖੁਆਰੀ ਹੀ ਕਰਦੇ ਹਾਂ **{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}** ਅੰਗ - ੧੩੪੩ । ਇਹ ਗੁਰੂ ਦਾ ਆਪਣਾ ਹੀ ਫੁਰਮਾਨ ਹੈ।

ਉੱਪਰ ਦਿੱਤੇ ਹੋਏ ਮੁੱਖ ਸ਼ਬਦ ਨੂੰ ਅੱਗੇ ਵਿਚਾਰੀਏ ਤਾਂ ਰੱਬ ਦੇ ਚੋਰ ਲਈ ਹੋਰ ਕਿੰਨੇ ਹੀ ਮਾੜੇ ਬੋਲ ਵਰਤੇ ਹਨ ਭਾਵ ਹੋਰ ਕਿੰਨੀ ਫਟਕਾਰ ਪਾਈ ਹੋਈ ਹੈ, ਇਹ ਸੌਖੀ ਹੀ ਸਮਝ ਆ ਜਾਂਦੀ ਹੈ। ਚੋਰ ਭਾਵੇਂ ਕਿੰਨੀ ਵੀ ਸਿਆਣਪ ਜਾਂ ਚਤੁਰਾਈ ਦੁਆਰਾ ਭਗਤੀ ਕਰੇ ਭਾਵ ਜਿਤਨਾ ਮਰਜ਼ੀ ਵਿਖਾਵਾ ਕਰੇ ਪ੍ਰਮਾਤਮਾ ਤੋਂ ਕੁੱਝ ਵੀ ਛੁਪਿਆ ਨਹੀਂ ਹੋਇਆ। ਸੰਸਾਰ ਦੀਆਂ ਨਜ਼ਰਾਂ ਵਿੱਚ ਉਹ ਸਿਆਣਾ ਹੋ ਸਕਦਾ ਹੈ ਪਰ ਪ੍ਰਮਾਤਮਾ ਦੀ ਨਜ਼ਰ ਵਿੱਚ ਉਹ ਕੇਵਲ ਇੱਕ ਚੋਰ ਹੈ। **"ਚੋਰੁ ਸੁਆਲਿਉ ਚੋਰੁ ਸਿਆਣਾ॥ ਖੋਟੇ ਕਾ ਮੁਲੁ ਏਕੁ ਦੁਗਾਣਾ॥ ਜੇ ਸਾਥਿ ਰਖੀਐ ਦੀਜੈ ਰਲਾਇ॥ ਜਾ ਪਰਖੀਐ ਖੋਟਾ ਹੋਇ ਜਾਇ॥੨॥"** ਮਨੁੱਖ ਦੀ ਖੋਟੀ ਮਤਿ ਮਨ ਦੀ ਮਾੜੀ ਸਮਝ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਸਾਡੇ ਅੰਦਰ ਖੋਟ ਮਨ ਦੀ ਅਗਿਆਨਤਾ ਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ, ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ ਜਿਸ ਸਮਝ ਦੁਆਰਾ ਮਨੁੱਖ ਭਗਤੀ ਦੇ ਮਾਰਗ ਤੋਂ ਉਲਟ ਚੱਲਦਾ ਹੈ ਭਾਵ ਮਾੜੇ ਕਰਮ ਕਰਦਾ ਹੈ, ਪ੍ਰਮਾਤਮਾ ਦਾ, ਨਾਮ ਦਾ ਚੋਰ ਬਣਦਾ ਹੈ। ਖੋਟੀ ਮਤਿ ਦੁਆਰਾ ਕੀਤੀ ਹੋਈ ਭਗਤੀ ਦਾ ਕੋਈ ਮੁਲ ਨਹੀਂ ਪੈਂਦਾ ਕਿਉਂਕਿ ਖੋਟੀ ਮਤਿ ਗੁਰੂ ਦੀ ਮਤਿ ਦੇ ਨਾਲ ਕਦੇ ਨਹੀਂ ਰਲ ਸਕਦੀ ਜੋ ਕਿ ਖਰੀ ਮਤਿ ਹੈ। ਅਸੀਂ ਆਪਣੀ ਖੋਟੀ ਮਤਿ ਨੂੰ ਗੁਰਮਤਿ ਵਾਲੀ ਮਤਿ ਹੀ ਕਹਿੰਦੇ ਹਾਂ ਤੇ ਇਹ ਸਮਝਦੇ ਹਾਂ ਕਿ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਚੱਲ ਰਹੇ ਹਾਂ ਜੋ ਕਿ ਸਾਡਾ ਭਰਮ ਹੈ। ਗੁਰੂ ਪ੍ਰਮਾਤਮਾ ਨੂੰ ਖੋਟੇ ਖਰੇ ਦੀ ਪਰਖ ਹੈ ਜਿਸ ਕਰਕੇ ਸਾਡੀ ਖੋਟੀ ਮਤਿ ਦੁਆਰਾ ਕੀਤੀ ਹੋਈ ਭਗਤੀ ਨੂੰ ਪ੍ਰਮਾਤਮਾ ਕਬੂਲ ਨਹੀਂ ਕਰਦਾ। (**ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥ ਜੇ ਸਾਥਿ ਰਖੀਐ ਦੀਜੈ ਰਲਾਇ ॥ ਜਾ ਪਰਖੀਐ ਖੋਟਾ ਹੋਇ ਜਾਇ ॥**) ਇਹੋ ਜਿਹੇ ਸਿਆਣੇ ਅਖਵਾਉਣ ਵਾਲੇ, ਝੂਠਾ ਭਗਤੀ ਦਾ ਦਿਖਾਵਾ ਕਰਨ ਵਾਲੇ ਮਨੁੱਖਾਂ ਦੀ ਬਜਾਏ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੇਵਲ ਉਹ ਮਨੁੱਖ ਚੰਗਾ ਹੈ ਜੋ ਉਸ ਨੂੰ ਭਾਉਂਦਾ ਹੈ ਭਾਵ ਜੋ ਉਸ ਦੇ ਭਾਣੇ ਵਿੱਚ

ਚੱਲਦਾ ਹੈ, ਸੱਚ ਤੇ ਚੱਲਦਾ ਹੈ, ਜੋ ਕਿ ਭਗਤੀ ਦਾ ਅਸਲ ਮਾਰਗ ਹੈ। ਸੰਸਾਰ ਵਿੱਚ ਸਾਨੂੰ ਭਗਤੀ ਦੇ ਦਿਖਾਵੇ ਕਰਨ ਦੁਆਰਾ ਵਡਿਆਈ ਮਿਲਦੀ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਜਿਤਨੀ ਕਿਸੇ ਨੂੰ ਜਿਆਦਾ ਵਡਿਆਈ ਮਿਲਦੀ ਹੈ, ਉਤਨਾ ਹੀ ਉਹ ਸਮਝਦਾ ਹੈ ਕਿ ਮੇਰੀ ਭਗਤੀ ਨੂੰ ਸੰਸਾਰ ਕਬੂਲ ਕਰ ਰਹਿਆ ਹੈ ਕਿਉਂਕਿ ਹਰ ਕੋਈ ਸਰੀਰਕ ਜਪ ਤਪ ਆਦਿ ਨੂੰ ਹੀ ਭਗਤੀ ਸਮਝਦਾ ਹੈ, ਕਥਨੀ ਕਰੀ ਜਾਣ ਨੂੰ, ਸਮਾਧੀਆਂ ਲਗਾ ਕੇ ਜਪ ਕਰੀ ਜਾਣ ਨੂੰ ਤੇ ਇਸੇ ਤਰ੍ਹਾਂ ਹੋਰ ਅਨੇਕਾਂ ਤਰੀਕਿਆਂ ਨਾਲ ਭਗਤੀ ਦੇ ਦਿਖਾਵਿਆਂ ਨੂੰ ਹੀ ਭਗਤੀ ਸਮਝਿਆ ਜਾਂਦਾ ਹੈ ਜਿਨ੍ਹਾਂ ਸਾਰੇ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਮਨੁੱਖ ਦੀ ਅਸਲ ਵਡਿਆਈ ਉਹ ਹੈ ਜਦੋਂ ਉਹ ਪਹਿਲਾਂ ਗੁਰੂ ਦੀ ਸੱਚੀ ਵਡਿਆਈ ਕਰਦਾ ਹੈ ਭਾਵ ਗੁਰਮਤਿ ਅਨੁਸਾਰ ਭਗਤੀ ਦੇ ਮਾਰਗ ਤੇ ਚੱਲਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਆਉ ਧਿਆਨ ਨਾਲ ਸਮਝੀਏ। ਗੁਰੂ ਨੇ ਆਪਣੀ ਗੱਲ ਕਾਫੀ ਗਹਿਰਾਈ ਵਿੱਚ ਸਮਝਾਈ ਹੋਈ ਹੈ।

“ਜੈਸਾ ਕਰੇ ਸੁ ਤੈਸਾ ਪਾਵੈ
ਆਪਿ ਬੀਜਿ ਆਪੇ ਹੀ ਖਾਵੈ ॥
ਜੇ ਵਡਿਆਈਆ ਆਪੇ ਖਾਇ ॥
ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥
ਜੇ ਸਉ ਕੂੜੀਆ ਕੂੜੁ ਕਬਾੜੁ ॥
ਭਾਵੈ ਸਭੁ ਆਖਉ ਸੰਸਾਰੁ ॥
ਤੁਧੁ ਭਾਵੈ ਅਧੀ ਪਰਵਾਣੁ ॥
ਨਾਨਕ ਜਾਣੈ ਜਾਣੁ ਸੁਜਾਣੁ ॥੪॥”

ਆਓ ਪਹਿਲੇ ਉੱਪਰ ਵਾਲੀਆਂ ਦੋ ਪੰਗਤੀਆਂ ਨੂੰ ਸਮਝੀਏ ਜਿਸ ਰਾਹੀਂ ਸਾਨੂੰ ਝੂਠੀ ਤੇ ਸੱਚੀ ਵਡਿਆਈ ਦੇ ਵਿੱਚ ਫਰਕ ਸਮਝਿਆ ਹੋਇਆ ਹੈ। ਗੁਰੂ ਦੀ, ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਭਗਤੀ ਦੇ ਸੱਚੇ ਮਾਰਗ ਤੇ ਚੱਲਣਾ, ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨਾ ਹੀ ਗੁਰੂ ਦੀ, ਗੁਰਮਤਿ ਦੀ ਵਡਿਆਈ ਕਰਨਾ ਹੈ। ਗੁਰੂ ਤਾਂ ਅਸਲ ਵਿੱਚ ਗੁਰੂ ਦੀ ਸਿੱਖਿਆ ਹੈ ਤੇ ਅਸੀਂ ਆਪਣੇ ਜੀਵਨ ਵਿੱਚ ਗੁਰੂ ਦੀ ਸਿੱਖਿਆ ਨੂੰ ਹੀ ਵਡਿਆਣਾ ਹੈ, ਗੁਰੂ ਦੀ ਸਿੱਖਿਆ ਨੂੰ ਹੀ ਵੱਡਾ ਕਰਨਾ ਹੈ, ਉੱਚਾ ਕਰਨਾ ਹੈ। ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਹੀ, ਉਸ ਅਨੁਸਾਰ ਵਿਚਰਨ ਦੁਆਰਾ ਹੀ ਉਸਨੂੰ ਵਡਿਆਇਆ ਜਾ ਸਕਦਾ ਹੈ। ਇਹੋ ਜਿਹੀ ਵਡਿਆਈ ਉਹ ਹੀ ਕਰ ਸਕਦਾ ਹੈ ਜਿਸਨੂੰ ਪ੍ਰਮਾਤਮਾ ਦੀ ਅਸਲ ਭਗਤੀ ਸਮਝ ਆ ਜਾਵੇ ਜੋ ਭਗਤੀ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਪੈਂਦੀ ਹੈ ਤੇ ਪ੍ਰਮਾਤਮਾ ਆਪ ਹੀ ਆਪਣੀ ਭਗਤੀ ਦੀ ਕਿਸੇ ਨੂੰ ਸਮਝ ਪਾਉਂਦਾ ਹੈ ਤੇ ਉਸ ਅਨੁਸਾਰ ਕਿਸੇ ਨੂੰ ਚਲਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ, ਭਗਤਾਂ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ ਤੇ ਉਸ ਤੇ ਅਮਲ ਕਰਵਾਇਆ ਹੈ ਜੋ ਕਿ ਸਾਡੇ ਅੰਦਰ ਆਪ ਹੀ ਸਾਡੀ ਸਮਝ ਦਾ ਮਾਲਕ ਹੈ। ਜਿਨ੍ਹਾਂ ਨੇ ਇਸ ਤਰੀਕੇ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਹੈ ਉਹ ਹੀ ਆਪ ਸੱਚੀ ਵਡਿਆਈ ਦੇ ਪਾਤਰ ਹਨ।

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥}

(ਅੰਗ ੯)

ਭਗਤੀ ਦੀ ਸੱਚੀ ਸਮਝ ਬਿਨ੍ਹਾਂ ਜਿਵੇਂ ਕੇ ਸਭ ਪਾਸੇ ਦੇਖਿਆ ਜਾ ਸਕਦਾ ਹੈ ਵਡਿਆਈਆਂ ਲੈਣ ਵਾਲੇ ਬਹੁਤ ਹਨ ਜਿਨ੍ਹਾਂ ਨੂੰ ਪਹਿਲਾਂ ਉੱਪਰ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਨਾਮ ਦੇ ਚੋਰ, ਸੱਚ ਦੇ ਚੋਰ, ਗੁਰਮਤਿ ਦੇ ਚੋਰ ਕਹਿ ਕੇ ਸੰਬੋਧਨ ਕੀਤਾ ਹੈ ਭਾਵ ਜੋ ਔਗੁਣਾਂ ਨੂੰ ਤਿਆਗੇ ਬਿਨ੍ਹਾਂ ਮਾੜੇ ਕਰਮ ਕਰਦੇ ਹੋਏ ਹੀ ਆਪਣੇ ਆਪ ਨੂੰ ਭਗਤੀ ਵਾਲੇ ਅਖਵਾਉਂਦੇ ਹਨ, ਨਾਮ ਜਪਣ ਵਾਲੇ ਅਖਵਾਉਂਦੇ ਹਨ, ਬਾਹਰੀ ਦਿਖਾਵਿਆਂ ਦੁਆਰਾ ਅਖਵਾਉਂਦੇ ਹਨ, ਭਗਤੀ ਦੀ ਝੂਠੀ ਸਮਝ ਨੂੰ ਹੀ ਸੱਚੀ ਸਮਝ ਕਹਿਣ ਦੁਆਰਾ ਅਖਵਾਉਂਦੇ ਹਨ ਭਾਵ ਇਨ੍ਹਾਂ ਗੱਲਾਂ ਦੀ ਹੀ ਵਡਿਆਈ ਲੈਂਦੇ ਹਨ। ਇਹ ਝੂਠੀ ਵਡਿਆਈ ਹੈ ਕਿਉਂਕਿ ਇਸ ਵਿੱਚ ਮਨੁੱਖ ਆਪ ਵਡਿਆਈ ਲੈਂਦਾ ਹੈ ਜਿਸ ਵਿੱਚ ਗੁਰੂ ਦੀ, ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਤੇ ਉਲਟਾ ਉਹ ਗੁਰਮਤਿ ਤੋਂ ਪੁੱਠੇ ਪਾਸੇ ਚੱਲਦੇ ਹਨ ਤੇ ਦੂਸਰਿਆਂ ਨੂੰ ਵੀ ਪੁੱਠੇ ਪਾਸੇ ਤੋਰਦੇ ਹਨ। ਜੋ ਆਪ ਨਾਮ ਦੇ ਚੋਰ ਹਨ ਉਹ ਦੂਸਰਿਆਂ ਨੂੰ ਵੀ ਨਾਮ ਦੀ ਚੋਰੀ ਸਿਖਾਉਂਦੇ ਹਨ ਭਾਵ ਉਹ ਆਪ ਗੁਰੂ ਦੀ ਮਤਿ ਤੋਂ ਉਲਟ ਚੱਲਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਕੁੱਝ ਸੱਚ ਕਹਿ ਕੇ ਸਮਝਾਉਂਦੇ ਹਨ। ਉਨ੍ਹਾਂ ਨੂੰ ਇਸੇ ਗੱਲ ਦੀ ਵਡਿਆਈ ਮਿਲਦੀ ਹੈ, ਸਮਾਜ ਵਿੱਚੋਂ ਵਡਿਆਈ ਮਿਲਦੀ ਹੈ ਜੋ ਕਿ ਝੂਠੀ ਵਡਿਆਈ ਹੈ। ਇਹ ਗੱਲ ਸਾਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਗਹਿਰੇ ਢੰਗ ਨਾਲ ਸਮਝਾਈ ਹੋਈ ਹੈ ਜਿਸ

ਨੂੰ ਕਿ ਬਰੀਕੀ ਨਾਲ ਸਮਝਾਂਗੇ। ਆਓ ਹੁਣ ਵਡਿਆਈ ਨੂੰ ਸਮਝਣ ਲਈ ਮੁੱਖ ਸ਼ਬਦ ਦੀਆਂ ਉਪਰ ਵਾਲੀਆਂ ਪੰਗਤੀਆਂ ਨੂੰ ਸਮਝੀਏ।

"ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥
ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥"

ਕਿਸੇ ਵੀ ਸ਼ਬਦ ਦਾ ਅਰਥ ਸਮਝਣ ਲੱਗਿਆਂ ਇੱਕ ਗੱਲ ਦਾ ਧਿਆਨ ਹਮੇਸ਼ਾ ਹੀ ਰੱਖੋ ਕਿ ਸ਼ਬਦ ਦੀ ਹਰ ਪੰਗਤੀ ਦਾ ਭਾਵ ਨਾਲ ਦੀ ਪੰਗਤੀ ਦੇ ਭਾਵ ਨਾਲ ਜੁੜਿਆ ਹੁੰਦਾ ਹੈ ਜੋ ਕਿ ਆਪਸ ਵਿੱਚ ਮੇਲ ਜਰੂਰ ਖਾਣਾ ਚਾਹੀਦਾ ਹੈ। ਜੇਕਰ ਮੇਲ ਨਹੀਂ ਖਾਂਦਾ ਤਾਂ ਫਿਰ ਸਮਝੋ ਕਿ ਅਸੀਂ ਸ਼ਬਦ ਦੇ ਅਸਲ ਭਾਵ ਤੋਂ ਭਟਕ ਗਏ ਹਾਂ। ਉੱਪਰ ਪੰਗਤੀਆਂ ਰਾਹੀਂ ਸਾਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਕਿ ਜਿਹੋ ਜਿਹਾ ਕੋਈ ਮਨੁੱਖ ਕਰਦਾ ਹੈ ਉਹੋ ਜਿਹੀ ਹੀ ਉਸਨੂੰ ਪ੍ਰਾਪਤੀ ਹੁੰਦੀ ਹੈ। ਕਰਦੇ ਤਾਂ ਅਸੀਂ ਕਰਮ ਹੀ ਹਾਂ ਤੇ ਜਿਹੋ ਜਿਹੇ ਕਰਮ ਕਰਾਂਗੇ, ਫਲ ਵੀ ਉਹੋ ਜਿਹਾ ਹੀ ਮਿਲੇਗਾ। ਅਸੀਂ ਭਗਤੀ ਦੇ ਮਾਰਗ ਤੇ ਆਪਣੇ ਕਰਮ ਕਰਨ ਦੁਆਰਾ ਹੀ ਚੱਲਦੇ ਹਾਂ ਤੇ ਜਿਹੋ ਜਿਹੇ ਕਰਮ ਕਰਾਂਗੇ ਭਗਤੀ ਦਾ ਫਲ ਵੀ ਉਸੇ ਅਨੁਸਾਰ ਮਿਲੇਗਾ ਭਾਵ ਸਾਡੇ ਮਾੜੇ ਕਰਮ ਦਾ ਫਲ ਮਾੜਾ ਮਿਲੇਗਾ ਤੇ ਚੰਗੇ ਕਰਮ ਕਰਨ ਦਾ ਫਲ ਚੰਗਾ ਮਿਲੇਗਾ। ਚੰਗਾ ਫਲ ਪ੍ਰਮਾਤਮਾ ਦੇ ਨਾਲ ਮੇਲ ਦਾ ਹੈ ਜੋ ਚੰਗੇ ਕਰਮ ਕਰਨ ਦੁਆਰਾ ਹੀ ਮਿਲਦਾ ਹੈ। ਸਾਰੀ ਗੱਲ ਭਗਤੀ ਦੇ ਚੰਗੇ ਕਰਮ ਕਿਵੇਂ ਕਰਨੇ ਹਨ ਇਸ ਗੱਲ ਨੂੰ ਸਮਝਣ ਦੀ ਹੈ ਜੋ ਕਿ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਜੋ ਵੀ ਅਸੀਂ ਕਰਮ ਕਰਦੇ ਹਾਂ ਉਹ ਮਨ ਦੀ ਸਮਝ ਰਾਹੀਂ ਹੀ ਕਰਦੇ ਹਾਂ। ਆਪਣੀ ਸਮਝ ਦੇ ਅੰਦਰ ਅਸੀਂ ਜਿਹੋ ਜਿਹਾ ਬੀਜ ਬੀਜਦੇ ਹਾਂ ਉਹੋ ਕੁੱਝ ਉੱਗਦਾ ਹੈ ਤੇ ਉਹੋ ਜਿਹਾ ਹੀ ਫਲ ਲੱਗਦਾ ਹੈ। ਬਾਣੀ ਵਿੱਚ ਨਾਮ ਬੀਜਣ ਦੀ ਗੱਲ ਆਉਂਦੀ ਹੈ ਜਿਸ ਬੀਜ ਨੂੰ ਅਸੀਂ ਆਪਣੇ ਮਨ ਦੇ ਅੰਦਰ ਬੀਜਣਾ ਹੈ। ਸਾਡੇ ਅੰਦਰ ਬੀਜ ਬੀਜਣਾ ਕੀ ਹੈ, ਇਸ ਗੱਲ ਨੂੰ ਸਮਝਣਾ ਬੜਾ ਜਰੂਰੀ ਹੈ। ਮਨ ਦੇ ਵਿੱਚ ਵਿਚਾਰ ਹੀ ਹੁੰਦੇ ਹਨ ਤੇ ਮਨ ਦੇ ਵਿੱਚ ਵਿਚਾਰ ਹੀ ਬੀਜੇ ਜਾ ਸਕਦੇ ਹਨ। "ਨਾਮ" ਸ਼ਬਦ ਦੇ ਵੀਚਾਰ ਹਨ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ। (**ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥**) ਅੰਗ - ੩੫੫ । ਸੱਚੀ ਭਗਤੀ ਦੀ ਸਮਝ ਸਾਨੂੰ ਸ਼ਬਦਾਂ ਦੀ ਵਿਚਾਰ ਦੁਆਰਾ ਹੀ ਸਮਝ ਆ ਸਕਦੀ ਹੈ ਭਾਵ ਗੁਰੂ ਦੇ ਨਾਮ ਦੁਆਰਾ ਹੀ ਸਮਝ ਆ ਸਕਦੀ ਹੈ ਭਾਵ ਨਾਮ ਦਾ ਬੀਜ ਆਪਣੇ ਅੰਦਰ ਬੀਜਣ ਦੁਆਰਾ ਹੀ ਆ ਸਕਦੀ ਹੈ। ਜੇਕਰ ਅਸੀਂ ਸ਼ਬਦਾਂ ਦੀ ਵਿਚਾਰ ਰੂਪ ਬੀਜ ਆਪਣੇ ਅੰਦਰ ਬੀਜਣੇ ਹਨ ਤੇ ਉਹ ਤਾਂ ਹੀ ਬੀਜੇ ਜਾ ਸਕਦੇ ਹਨ ਜੇਕਰ ਉਹ ਵਿਚਾਰ ਸਾਡੇ ਅੰਦਰ ਟਿਕ ਜਾਣ, ਵੱਸ ਜਾਣ। ਸਾਡੇ ਅੰਦਰ ਸ਼ਬਦ ਦੇ ਵਿਚਾਰ ਤਾਂ ਹੀ ਟਿਕਣਗੇ ਜੇਕਰ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਭਾਵ ਉਨ੍ਹਾਂ ਨੂੰ ਆਪਣੇ ਵਿਚਾਰ ਬਣਾਵਾਂਗੇ। ਸ਼ਬਦ ਦੇ ਵਿਚਾਰ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਾਉਂਦੇ ਹਨ, ਮਾਇਆ ਮੋਹ ਤਿਆਗਣ ਲਈ ਸਮਝਾਉਂਦੇ ਹਨ, ਔਗੁਣ ਤਿਆਗਣ ਲਈ ਸਮਝਾਉਂਦੇ ਹਨ ਤਾਂ ਜੋ ਅਸੀਂ ਸੱਚੇ ਸੁੱਚੇ ਬਣਕੇ ਸੰਸਾਰ ਵਿੱਚ ਵਿਚਰੀਏ ਜੋ ਕਿ ਭਗਤੀ ਦਾ ਸੱਚਾ ਮਾਰਗ ਹੈ। ਮਨ ਦੇ ਵਿੱਚ ਇਹੋ ਜਿਹੇ ਵਿਚਾਰ ਬੀਜਣ ਦੁਆਰਾ ਉਨ੍ਹਾਂ ਦਾ ਫਲ ਵੀ ਚੰਗਾ ਮਿਲੇਗਾ ਕਿਉਂਕਿ ਫਿਰ ਅਸੀਂ ਚੰਗੇ ਕਰਮ ਹੀ ਕਰਾਂਗੇ ਤੇ ਫਲ ਵੀ ਸਭ ਤੋਂ ਚੰਗਾ ਮਿਲੇਗਾ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਫਲ ਹੈ। ਨਾਮ ਦੇ ਬੀਜ ਆਪਣੇ ਅੰਦਰ ਬੀਜਣ ਤੋਂ ਬਿਨਾ ਸਾਡੇ ਅੰਦਰ ਜੋ ਬੀਜ ਬੀਜੇ ਹੋਏ ਹਨ ਉਹ ਮਾਇਆ ਮੋਹ ਵਾਲੇ ਵਿਚਾਰਾਂ ਦੇ ਬੀਜ ਹਨ, ਵਿਚਾਰ ਹਨ, ਹਉਮੈ ਵਾਲੇ ਬੀਜ ਹਨ, ਵਿਚਾਰ ਹਨ, ਮਨਮਤਿ ਵਾਲੇ ਬੀਜ ਹਨ ਭਾਵ ਧਰਮ ਦੇ ਮਾਰਗ ਦੀ ਸੱਚੀ ਸੋਝੀ ਨਾ ਰੱਖਣ ਵਾਲੇ ਵਿਚਾਰ ਹਨ ਜਿਨ੍ਹਾਂ ਦੇ ਰਹਿੰਦਿਆਂ ਮਨੁੱਖ ਧਰਮ ਦੇ, ਭਗਤੀ ਦੇ, ਨਾਮ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ ਕਿਉਂਕਿ ਵਿਕਾਰਾਂ ਵਿੱਚ ਰਹਿੰਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜਿਆ ਰਹਿੰਦਾ ਹੈ ਜੋ ਮਨੁੱਖ ਨੂੰ ਭਾਉਦੀਆਂ ਹਨ ਜਿਨ੍ਹਾਂ ਦੇ ਰਹਿੰਦਿਆਂ ਉਹ ਔਗੁਣ ਕਰਦਾ ਹੈ, ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਾੜੇ ਕਰਮ ਕਰਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੋਂ ਉਲਟ ਚੱਲਦਾ ਹੈ ਜਿਸ ਕਰਕੇ ਉਹ ਨਾਮ ਦਾ ਚੋਰ ਬਣਦਾ ਹੈ, ਸੱਚ ਦਾ, ਗੁਰਮਤਿ ਦਾ ਚੋਰ ਬਣਦਾ ਹੈ। ਮਨ ਦੇ ਵਿੱਚ ਇਹੋ ਜਿਹੇ ਬੀਜਾਂ ਦੇ ਹੁੰਦਿਆਂ, ਮਾੜੇ ਨਾ-ਸਮਝ ਵਿਚਾਰਾਂ ਦੇ ਹੁੰਦਿਆਂ ਸਾਨੂੰ ਸੱਚਾ ਫਲ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਫਲ ਕਦੇ ਨਹੀਂ ਮਿਲ ਸਕਦਾ। (**ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥**) ਜਿਹੋ ਜਿਹੇ ਅਸੀਂ ਆਪਣੇ ਅੰਦਰ ਬੀਜ ਬੀਜਦੇ ਹਾਂ, ਉਸੇ ਅਨੁਸਾਰ ਹੀ ਅਸੀਂ ਵਿਚਰਦੇ ਹਾਂ ਭਾਵ ਸਾਡੇ ਜੀਵਨ ਦੀ ਚੰਗੀ ਜਾਂ ਮਾੜੀ ਵਿਚਰਨ ਸਾਡੇ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ।

ਗੁਰੂ ਦੇ ਅੰਦਰ ਨਾਮ ਦੇ ਬੀਜ ਹਨ ਤੇ ਸਾਡੇ ਅੰਦਰ ਹਉਮੈ ਦੇ ਬੀਜ ਹਨ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥
ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥"

(ਅੰਗ - ੯੪੭)

ਇਹ ਪੂਰੇ ਸਲੋਕ ਦੀਆਂ ਕੇਵਲ ਪਹਿਲੀਆਂ ਚਾਰ ਪੰਗਤੀਆਂ ਹੀ ਹਨ। ਪੂਰੇ ਸਲੋਕ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਕੇਵਲ ਇਸ ਗੱਲ ਨੂੰ ਸਮਝ ਰਹੇ ਹਾਂ ਕਿ ਨਾਮ ਦੇ ਬੀਜ ਵਿੱਚ ਤੇ ਹਉਮੈ ਦੇ ਬੀਜ ਵਿੱਚ ਕੀ ਫਰਕ ਹੈ। ਸਾਡੇ ਅੰਦਰ ਹਰ ਬੀਜ ਬੀਜਣ ਵਾਲਾ ਭਾਵ ਵਿਚਾਰ ਪਾਉਣ ਵਾਲਾ, ਸਮਝ ਪਾਉਣ ਵਾਲਾ, ਆਪ ਪ੍ਰਮਾਤਮਾ ਹੀ ਹੈ ਜਿਸ ਗੱਲ ਦੀ ਸਮਝ ਕੇਵਲ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ। ਜਦ ਤੱਕ ਪ੍ਰਮਾਤਮਾ ਕਿਸੇ ਦੇ ਅੰਦਰ ਨਾਮ ਦਾ ਬੀਜ ਨਹੀਂ ਬੀਜਦਾ ਤਦ ਤੱਕ ਸਭ ਦੇ ਅੰਦਰ ਹਉਮੈ ਦੇ ਬੀਜ ਹੀ ਬੀਜੇ ਜਾ ਰਹੇ ਹਨ ਜੋ ਬੀਜ ਪ੍ਰਮਾਤਮਾ ਆਪ ਹੀ ਬੀਜ ਰਹਿਆ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣਾ ਗੁਰੂ ਰੂਪ ਧਾਰਦਾ ਹੈ ਉੱਥੇ ਉਹ ਨਾਮ ਰੂਪ ਬੀਜ ਹੀ ਬੀਜਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ, ਸ਼ਬਦਾਂ ਦੀ ਸਮਝ ਦੇ ਰੂਪ ਵਿੱਚ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਬੀਜਦਾ ਹੈ ਜਿਸ ਦੁਆਰਾ ਗੁਰੂ ਦੀ ਅਵੱਸਥਾ ਸਹਜ ਵਾਲੀ ਬਣਦੀ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਬਣਦੀ ਹੈ। ਗੁਰੂ ਦੀ ਸੱਚੀ ਤੇ ਉੱਚੀ ਸਮਝ ਸਹਜ ਦਾ ਖੇਤ ਹੈ ਜਿਸ ਤਰੀਕੇ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਗੁਰੂ ਦੇ ਨਾਲ ਪਿਆਰ ਜੋੜਦਾ ਹੈ। ਉਸ ਦੇ ਮਨ ਰੂਪ ਖੇਤ ਵਿੱਚ ਉਹ ਨਾਮ ਦੇ ਬੀਜ ਆਪ ਹੀ ਬੀਜਦਾ ਹੈ ਤੇ ਗੁਰੂ ਦੇ ਮਨ ਰੂਪ ਖੇਤ ਵਿੱਚ ਨਾਮ ਦੇ ਬੀਜ ਹੀ ਉੱਗਦੇ ਹਨ ਭਾਵ ਸੱਚੇ ਗਿਆਨ ਵਾਲੇ ਵਿਚਾਰ ਹੀ ਉਪਜਦੇ ਹਨ ਜਿਸ ਦੁਆਰਾ ਗੁਰੂ ਹਰ ਵੇਲੇ ਮਨ ਦੀ ਸੱਚੀ ਸਮਝ ਦੁਆਰਾ ਨਾਮ ਵਿੱਚ ਹੀ ਸਮਾਇਆ ਰਹਿੰਦਾ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਇਆ ਰਹਿੰਦਾ ਹੈ। ਜੋ ਸਾਡੇ ਅੰਦਰ ਨਾਮ ਦਾ ਬੀਜ ਬੀਜਦਾ ਹੈ ਉਹ ਪ੍ਰਮਾਤਮਾ ਆਪ ਹੀ ਸਭ ਦੇ ਅੰਦਰ ਹਉਮੈ ਦਾ ਬੀਜ ਬੀਜਣ ਵਾਲਾ ਹੈ ਜੋ ਬੀਜ ਮਨੁੱਖੀ ਮਤਿ ਨੂੰ ਸਹਸਾ ਵਿੱਚ ਭਰਮਾਂ ਵਿੱਚ ਪਾ ਕੇ ਰਖਦਾ ਹੈ, ਅਗਿਆਨਤਾ ਵਿੱਚ ਪਾ ਕੇ ਰਖਦਾ ਹੈ, ਪ੍ਰਮਾਤਮਾ ਨੂੰ ਜਾਨਣ ਤੋਂ, ਧਰਮ ਦਾ ਸੱਚਾ ਮਾਰਗ ਸਮਝਣ ਤੋਂ ਦੂਰ ਰੱਖਦਾ ਹੈ। ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਨਾਮ ਦੇ ਬੀਜ ਬੀਜਦਾ ਹੈ ਫਿਰ ਉਸਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ, ਸਹਸਾ ਦੂਰ ਹੋ ਜਾਂਦਾ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣਾ ਨਾਮ ਦਾ ਬੀਜ ਬੀਜਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਲੱਗਦੀ ਹੈ ਕਿ ਮਨੁੱਖ ਆਪਣੇ ਆਪ ਨਾ ਕੁੱਝ ਬੀਜ ਬੀਜਦਾ ਹੈ ਨਾ ਹੀ ਉਸਦੀ ਮਰਜੀ ਨਾਲ ਕੁੱਝ ਉੱਗਦਾ ਹੇ ਤੇ ਇਹ ਕੇਵਲ ਪ੍ਰਮਾਤਮਾ ਦੀ ਬਖਸ਼ਿਸ਼ ਹੈ ਕੇ ਉਹ ਮਨੁੱਖ ਨੂੰ ਕਿਹੋ ਜਿਹਾ ਮਨ ਦਾ ਭੋਜਨ ਖੁਆਉਂਦਾ ਹੈ ਭਾਵ ਕਿਹੋ ਜਿਹੀ ਸਮਝ ਕਿਸੇ ਨੂੰ ਦਿੰਦਾ ਹੈ ਕਿਉਂਕਿ ਅਸਲ ਵਿੱਚ ਮਨੁੱਖ ਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ ਤੇ ਸਭ ਕੁੱਝ ਆਪ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਮਝ ਮਨ ਦੀ ਹਉਮੈ, ਸਹਸਾ ਨਿਕਲਣ ਦੁਆਰਾ ਹੀ ਪੈਂਦੀ ਹੈ, ਨਾਮ ਮਿਲਣ ਦੁਆਰਾ ਹੀ ਪੈਂਦੀ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਵਿੱਚ ਸਹਜ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ ਜੋ ਕਿ ਮਨ ਦੀ ਚੌਥੇ ਪਦ ਵਾਲੀ ਗਿਆਨ ਦੀ ਸਮਝ ਦੁਆਰਾ ਆਇਆ ਹੈ, ਮਨ ਦੇ ਵਿੱਚ ਪ੍ਰਮਾਤਮਾ ਦੁਆਰਾ ਨਾਮ ਦੇ ਬੀਜ ਬੀਜਣ ਦੁਆਰਾ ਆਇਆ ਹੈ ਤੇ ਪੂਰੀ ਗੁਰਬਾਣੀ ਵਿੱਚ ਨਾਮ ਹੈ। ਜੋ ਰੂਪ ਪ੍ਰਮਾਤਮਾ ਦਾ ਆਪਣਾ ਹੈ, ਉਹੀ ਰੂਪ ਉਸ ਦਾ ਗੁਰੂ ਰੂਪ ਹੈ ਜਿਸ ਕਰਕੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਸਹਜ ਗਿਆਨ ਰੂਪ ਖੇਤ ਹੈ ਜਿਸ ਵਿੱਚੋਂ ਨਾਮ ਦੇ ਬੀਜ ਲੈਕੇ ਆਪਣੇ ਅੰਦਰ ਬੀਜ ਸਕਦੇ ਹਾਂ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਆਪਣੇ ਵਿਚਾਰਾਂ ਵਿੱਚ ਬੀਜ ਸਕਦੇ ਹਾਂ ਭਾਵ ਵਸਾ ਸਕਦੇ ਹਾਂ। (**ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥**)

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ। (**ਜੈਸਾ ਕਰੇ ਸੁ ਤੈਸਾ ਪਾਵੈ**

॥ ਆਪਿ ਬੀਜਿ ਆਪੇ ਹੀ ਖਾਵੈ ॥)

ਜਿਹੋ ਜਿਹੇ ਅਸੀਂ ਆਪਣੇ ਮਨ ਦੇ ਅੰਦਰ ਬੀਜ ਬੀਜਦੇ ਹਾਂ ਭਾਵ ਜਿਹੋ ਜਿਹੀ ਸਮਝ ਨੂੰ ਮੰਨ ਕੇ ਉਸ ਦੁਆਰਾ ਅਸੀਂ ਵਿਚਰਦੇ ਹਾਂ, ਕਰਮ ਕਰਦੇ ਹਾਂ, ਉਸ ਦੁਆਰਾ ਹੀ ਅਸੀਂ ਭਗਤੀ ਦੇ ਮਾਰਗ ਤੇ ਚੱਲਦੇ ਹਾਂ। ਜੇਕਰ ਅਸੀਂ ਆਪਣੇ ਅੰਦਰ ਸੱਚ ਦੇ ਬੀਜ ਬੀਜਾਂਗੇ, ਨਾਮ ਦੇ ਬੀਜ ਬੀਜਾਂਗੇ ਭਾਵ ਗੁਰਮਤਿ ਦੇ ਵਿਚਾਰ ਆਪਣੇ ਅੰਦਰ ਵਸਾਵਾਂਗੇ ਤਾਂ ਫਿਰ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੇ ਚੱਲਾਂਗੇ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਦੀ ਵਡਿਆਈ ਮਨ ਦੀ ਸੱਚੀ ਸਮਝ ਦੁਆਰਾ ਹੀ ਹੋ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਪਰ ਅਸੀਂ ਭਗਤੀ ਦੇ ਅਨੇਕਾਂ ਹੀ ਤਰੀਕੇ ਬਣਾਏ ਹੋਏ ਹਨ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਨਹੀਂ ਹੁੰਦੀ ਬਲਕਿ ਸਾਡੀ ਆਪਣੀ ਵਡਿਆਈ ਹੀ ਹੁੰਦੀ ਹੈ ਜੋ ਸਾਨੂੰ ਸਮਾਜ ਦੇ ਵਿੱਚ ਭਗਤੀ ਦੇ ਦਿਖਾਵਿਆਂ ਦੁਆਰਾ ਮਿਲਦੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਜੇ ਵਡਿਆਈਆ ਆਪੇ ਖਾਇ ॥
ਜੇਹੀ ਸੁਰਤਿ ਤੇਹੈ ਰਾਹਿ ਜਾਇ ॥”

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਭਗਤੀ ਦਾ ਮਾਰਗ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ, ਸਾਡੀ ਸੁਰਤਿ ਦੇ ਨਾਲ ਜੁੜਿਆ ਹੋਇਆ ਕਿ ਸਾਡੀ ਸੁਰਤਿ ਕਿਹੋ ਜਿਹੀ ਸਮਝ ਵਾਲੀ ਹੈ। ਜੇਕਰ ਸਾਡੀ ਸੁਰਤਿ ਦੇ ਅੰਦਰ ਹਉਮੈ ਵਾਲੇ ਬੀਜ ਹਨ ਤਾਂ ਫਿਰ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲਦੇ। ਅਸੀਂ ਉਸੇ ਮਾਰਗ ਤੇ ਚੱਲਦੇ ਹਾਂ ਜੋ ਸਾਡੀ ਸੁਰਤਿ ਦੇ ਅੰਦਰ ਸਾਨੂੰ ਸਮਝ ਆਉਂਦੀ ਹੈ। ਜੇਕਰ ਸਾਡੀ ਸੁਰਤਿ ਸਾਨੂੰ ਸੱਚੀ ਭਗਤੀ ਨੂੰ ਸਮਝਣ ਤੋਂ ਦੂਰ ਰੱਖਦੀ ਹੈ ਤਾਂ ਫਿਰ ਅਸੀਂ ਉਹ ਜਿਹੀ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਜਿਸ ਮਾਰਗ ਤੇ ਚੱਲਣ ਦੁਆਰਾ ਪ੍ਰਮਾਤਮਾ ਦੀ ਵਡਿਆਈ ਨਹੀਂ ਹੁੰਦੀ ਭਾਵ ਨਾ-ਸਮਝ ਮਤਿ ਦੁਆਰਾ ਅਸੀਂ ਭਗਤੀ ਦੀਆਂ ਵਡਿਆਈਆਂ ਆਪ ਖਾਂਦੇ ਹਾਂ, ਆਪਣੇ ਆਪ ਨੂੰ ਉੱਚਾ ਕਰਦੇ ਹਾਂ, ਆਪਣਾ ਮਾਣ ਵਧਾਉਂਦੇ ਹਾਂ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਜਿਹੋ ਜਿਹਾ ਅਸੀਂ ਬੀਜਦੇ ਹਾਂ ਉਹੋ ਜਿਹਾ ਫਲ ਹੀ ਅਸੀਂ ਖਾਂਦੇ ਹਾਂ। ਹਉਮੇ ਵਾਲਾ ਬੀਜ ਬੀਜਣ ਦੁਆਰਾ ਸਾਨੂੰ ਫਲ ਵੀ ਹਉਮੈ ਦੇ ਰੂਪ ਵਿੱਚ ਮਿਲਦਾ ਹੈ ਜਿਸ ਨਾਲ ਸਾਡੀ ਹਉਮੈ ਵੱਧਦੀ ਹੈ। (**ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥**) ਜਦ ਤੱਕ ਸਾਡੀ ਸੁਰਤਿ ਦੇ ਵਿਚਾਰ ਸ਼ਬਦਾਂ ਦੀ ਵਿਚਾਰ ਵਾਲੇ ਨਹੀਂ ਬਣਦੇ ਤਦ ਤੱਕ ਸਾਡੇ ਅੰਦਰ ਦੀ ਹਉਮੈ ਨਹੀਂ ਨਿਕਲ ਸਕਦੀ ਤੇ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਨਾ ਸਮਝ ਆ ਸਕਦੀ ਹੈ ਤੇ ਨਾ ਹੀ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ। ਮਨ ਦੀ ਮਾੜੀ ਸਮਝ ਦੁਆਰਾ, ਹਉਮੈ ਵਾਲੇ ਬੀਜ ਬੀਜਣ ਦੁਆਰਾ ਸਾਡੀ ਹਉਮੈ ਹੀ ਵੱਧਦੀ ਹੈ।

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥

ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥੪॥}

(ਅੰਗ ੯)

{ਜਾਨਉ ਨਹੀ ਭਾਵੈ ਕਵਨ ਬਾਤਾ ॥
ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥
ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥
ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥
ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥

ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥}

(ਅੰਗ ੭੧)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥}

(ਅੰਗ ੫੮)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥}

(ਅੰਗ ੭੯੫)

{ਮੂਰਖ ਅੰਧਿਆ ਅੰਧੀ ਧਾਤੁ ॥
ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥
ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥
ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥
ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥}

(ਅੰਗ ੪੫)

{ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥੨॥}

(ਅੰਗ ੩੧੯)

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

ਭਗਤੀ ਦੀ ਸੱਚੀ ਵਡਿਆਈ ਵਿੱਚ ਤੇ ਝੂਠੀ ਵਡਿਆਈ ਵਿੱਚ ਫਰਕ ਅੱਗੇ ਚੱਲਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਂਗੇ। ਬਾਣੀ ਵਿੱਚ ਬਹੁਤ ਕੁੱਝ ਬਹੁਤ ਹੀ ਗਹਿਰਾਈ ਨਾਲ ਸਮਝਾਇਆ ਹੋਇਆ ਹੈ। ਸਭ ਕੁੱਝ ਸਮਝਾਂਗੇ।

ਜਿਵੇਂ ਕਿ ਉਸ ਉੱਪਰ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਜਾਣਿਆ ਹੈ, ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਇਹ ਗੱਲ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਨੂੰ ਦੁਨਿਆਵੀ ਵਡਿਆਈਆਂ ਕਿਸ ਤਰੀਕੇ ਮਿਲਦੀਆਂ ਹਨ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥
ਤੁਧੁ ਭਾਵੈ ਅਧੀ ਪਰਵਾਨੁ ॥ ਨਾਨਕ ਜਾਣੈ ਜਾਣੁ ਸੁਜਾਣੁ ॥”

ਭਗਤੀ ਦੀਆਂ ਝੂਠੀਆਂ ਵਡਿਆਈਆਂ ਲੈਣ ਵਾਲੇ ਬਹੁਤ ਹਨ। ਭਗਤੀ ਦੀ ਸੱਚੀ ਸਮਝ ਨਾ ਹੋਣ ਕਰਕੇ ਉਹ ਅਨੇਕਾਂ ਹੀ ਭਗਤੀ ਦੇ ਤਰੀਕਿਆਂ ਨੂੰ ਅਪਣਾਉਂਦੇ ਹਨ ਤੇ ਉਹੋ ਕੁੱਝ ਸੰਸਾਰ ਨੂੰ ਸਮਝਾਉਂਦੇ ਹਨ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸੰਸਾਰ ਵਿੱਚ ਸਭ ਨੇ ਆਪਣੇ ਆਪਣੇ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਮਰਿਆਦਾਵਾਂ ਬਣਾਈਆਂ ਹੋਈਆਂ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਕੋਈ ਆਪਣਾ ਘਰ ਬਾਰ ਛੱਡਕੇ ਤੁਰੇ ਫਿਰਦੇ ਹਨ, ਜਗ੍ਹਾ-ਜਗ੍ਹਾ ਆਪਣੇ ਡੇਰੇ ਬਣਾ ਕੇ ਬੈਠੇ ਹਨ। ਕੋਈ ਆਪਣੇ ਸਰੀਰ ਨੂੰ ਦੁੱਖਾਂ ਵਿੱਚ ਪਾਉਂਦੇ ਹਨ, ਬਸਤਰ ਹੀਣ ਹੋ ਕੇ ਵਿਚਰਦੇ ਹਨ, ਕੋਈ ਭੋਰਿਆਂ ਵਿੱਚ ਬੈਠ ਕੇ ਸਮਾਧੀਆਂ ਲਗਾਉਂਦੇ ਹਨ, ਕੋਈ ਪਰਬਤਾਂ ਤੇ ਜਾ ਕੇ ਸਮਾਧੀਆਂ ਲਗਾਉਂਦਾ ਹੈ, ਕੋਈ ਤੀਰਥਾਂ ਤੇ ਭਉਂਦਾ ਹੈ, ਕੋਈ ਨਦੀਆਂ ਦੇ ਇਸ਼ਨਾਨ ਨਾਲ ਜੁੜਿਆ ਹੋਇਆ ਹੈ, ਕੋਈ ਕਿਸੇ ਵੇਲੇ ਨੂੰ ਭਗਤੀ ਦਾ ਚੰਗਾ ਵੇਲਾ ਮੰਨਦੇ ਹਨ, ਅੰਮ੍ਰਿਤ ਵੇਲਾ ਮੰਨਦੇ ਹਨ ਭਾਵੇਂ ਬਾਣੀ ਰਾਹੀਂ ਇਨਾਂ ਤਰੀਕਿਆਂ ਦਾ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਕੋਈ ਖਾਸ ਬਸਤਰਾਂ ਦੇ ਪਹਿਰਾਵੇ ਵਿੱਚ ਭਗਤੀ ਸਮਝਦਾ ਹੈ, ਕੋਈ ਬਸਤਰਾਂ ਦੇ ਖਾਸ ਰੰਗ ਨੂੰ ਭਗਤੀ ਦਾ ਰੰਗ ਸਮਝਦਾ ਹੈ, ਕੋਈ ਕਿਸੇ ਖਾਣੇ ਵਿੱਚ ਫਰਕ ਕਰਨ ਦੁਆਰਾ ਭਗਤੀ ਸਮਝਦਾ ਹੈ, ਖਾਣੇ ਦੀ ਸੁੱਚ ਵਿੱਚ, ਚੌਂਕੇ ਦੀ ਸੁੱਚ ਵਿੱਚ ਭਗਤੀ ਸਮਝਦਾ ਹੈ, ਕੋਈ ਸਰੀਰਕ ਸੁੱਚ ਵਿੱਚ ਭਗਤੀ ਸਮਝਦਾ ਹੈ ਤੇ ਇਸੇ ਤਰ੍ਹਾਂ ਸੰਸਾਰ ਵਿੱਚ ਅਨੇਕਾਂ ਹੀ ਤਰੀਕੇ ਬਣਾਏ ਹੋਏ ਹਨ ਜਿਨ੍ਹਾਂ ਨੂੰ ਸਦੀਆਂ ਤੋਂ ਅਪਣਾਇਆ ਜਾ ਰਹਿਆ ਹੈ। ਥਿਤਾਂ ਵਾਰਾਂ ਨੂੰ ਉੱਚਾ ਮੰਨਣ ਨਾਲ ਵੀ ਅਨੇਕਾਂ ਜੁੜੇ ਹੋਏ ਹਨ ਜਿਸ ਗੱਲ ਦੀ ਬਾਣੀ ਰਾਹੀਂ ਨਿੰਦਿਆ ਕੀਤੀ ਹੋਈ ਹੈ। ਇਹੋ ਜੋ ਸਾਰੇ ਤਰੀਕੇ ਜਿਨ੍ਹਾਂ ਨੂੰ ਭਗਤੀ ਦੇ ਤਰੀਕੇ ਸਮਝਿਆ ਜਾਂਦਾ ਹੈ ਉਹ ਕਿਸੇ ਨਾ ਕਿਸੇ ਨੇ ਤਾਂ ਸਮਝਾਏ ਹੀ ਹਨ ਕਿਉਂਕਿ ਗੁਰੂ ਤਾਂ ਇਹ ਤਰੀਕੇ ਨਹੀਂ ਸਮਝਾਉਂਦਾ ਤੇ ਉਲਟਾ ਇਨ੍ਹਾਂ ਤੋਂ ਮਨਾ ਕਰਦਾ ਹੈ, ਇਨ੍ਹਾਂ ਤਰੀਕਿਆਂ ਨੂੰ ਛੱਡਣ ਲਈ ਸਮਝਾਉਂਦਾ ਹੈ ਜਿਨ੍ਹਾਂ ਰਾਹੀਂ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ। ਗੁਰੂ ਨੇ ਅਨੇਕਾਂ ਸ਼ਬਦਾਂ ਰਾਹੀਂ ਸਾਨੂੰ ਇਹੋ ਜਿਹੀ ਖੁਆਰੀ ਤੋਂ ਬਚਨ ਲਈ ਸਮਝਾਇਆ ਹੈ ਕਿਉਂਕਿ ਗੁਰੂ ਸਾਡਾ ਭਲਾ ਹੀ ਚਾਹੁੰਦਾ ਹੈ ਤੇ ਸਾਨੂੰ ਭਗਤੀ ਦਾ ਸਹੀ ਤੇ ਸਿੱਧਾ ਮਾਰਗ ਸਮਝਾਉਂਦਾ ਹੈ ਜੋ ਸੱਚੀ ਸੁੱਚੀ ਕਿਰਤ ਕਰਨ ਦਾ ਹੈ ਜੋ ਭਗਤੀ ਅਸੀਂ ਆਪਣੀ ਗਰਿਸਤੀ ਵਿੱਚ ਰਹਿੰਦੇ ਹੋਏ ਹੀ ਕਰਨੀ ਹੈ ਤੇ ਸਾਨੂੰ ਕਿਤੇ ਭਟਕਣ ਦੀ ਲੋੜ ਨਹੀਂ ਹੈ। ਸੱਚੀ ਸੁੱਚੀ ਕਿਰਤ ਲਈ ਕੇਵਲ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੀ ਲੋੜ ਹੈ, ਔਗੁਣਾਂ ਤੋਂ ਰਹਿਤ ਹੋਣ ਦੀ ਲੋੜ ਹੈ ਭਾਵ ਆਪਣੇ ਅੰਦਰ ਦੀ ਨਿਯਤ ਨੂੰ ਸਾਫ ਸੁਥਰਾ ਬਣਾਉਣ ਦੀ ਲੋੜ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਨਾਮ ਦੇ ਚੋਰਾਂ ਨੂੰ ਆਪਣੇ ਅੰਦਰ ਨਾ ਵੜਣ ਦੇਈਏ ਜੋ ਸਾਡੀ ਨਿਯਤ ਨੂੰ ਮਾੜਾ ਬਣਾਉਂਦੇ ਹਨ ਜਿਸ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ। ਮਾੜੇ ਕਰਮਾਂ ਤੋਂ ਬਚ ਕੇ ਗੁਰਮਤਿ ਅਨੁਸਾਰ ਚੰਗੇ ਕਰਮ ਕਰਨਾ ਹੀ ਭਗਤੀ ਦਾ ਸੱਚਾ ਮਾਰਗ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਘਰ ਬੈਠੇ ਹੀ ਪਾਇਆ ਜਾ ਸਕਦਾ ਹੈ ਭਾਵ ਕਿਤੇ ਭਟਕਣ ਦੀ ਲੋੜ ਨਹੀਂ ਹੈ, ਕਿਸੇ ਸਰੀਰਕ ਕਿਰਿਆ ਨੂੰ ਕਰਨ ਦੀ ਲੋੜ ਨਹੀਂ ਹੈ, ਕਿਸੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ।

(ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥)

(ਅੰਗ ੧੩੮੩)

(ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥)

(ਅੰਗ ੧੩੪੩)

ਗੁਰੂ ਸਾਹਿਬ ਸਾਨੂੰ ਬੜਾ ਸਪੱਸ਼ਟ ਤੌਰ ਤੇ ਸਮਝਾ ਰਹੇ ਹਨ ਕਿ ਭਗਤੀ ਦਾ ਮੂਲ ਸਾਡੇ ਅੰਦਰ ਦੀ ਨੀਅਤ ਹੈ ਜੋ ਕਿ ਤਾਂ ਹੀ ਚੰਗੀ ਬਣ ਸਕਦੀ ਹੈ ਜੇਕਰ ਸਾਡੇ ਅੰਦਰ ਸੱਚ ਹੋਵੇ ਭਾਵ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਹੋਵੇ। ਸੱਚ ਹੀ ਨਾਮ ਹੈ ਭਾਵ ਨਾਮ ਦਾ ਮਕਸਦ, ਸੱਚ ਦਾ ਮਕਸਦ ਸਾਡੀ ਕਰਨੀ ਦੇ ਨਾਲ ਹੈ। ਸਾਡੀ ਚੰਗੀ ਕਰਨੀ ਹੀ ਪ੍ਰਮਾਤਮਾ ਦੀ ਅਸਲ ਭਗਤੀ ਹੈ, ਉਸ ਦੀ ਪੂਜਾ ਹੈ ਤੇ ਇਸ ਤੋਂ ਬਿਨ੍ਹਾਂ ਅਸੀਂ ਜਿਨ੍ਹਾਂ ਤਰੀਕਿਆਂ ਨੂੰ ਆਪਣੀ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ ਉਹ ਕੇਵਲ ਭਗਤੀ ਦਾ ਪਾਖੰਡ ਹੈ, ਪਾਖੰਡ ਦੀ ਪੂਜਾ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ ਤੇ ਉਹ ਕੁੱਝ ਹਾਸਲ ਨਹੀਂ ਹੁੰਦਾ ਜਿਸ ਤਰੀਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਮਨ ਦੀ ਨਾ-ਸਮਝ ਭਗਤੀ ਦੁਆਰਾ ਕਦੇ ਕੋਈ ਪ੍ਰਮਾਤਮਾ ਨੂੰ ਪਾ ਲਵੇ ਇਹ ਨਾ-ਮੁਮਕਿਨ ਹੈ ਭਾਵੇਂ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਬਹੁਤ ਹਨ ਜੋ ਨਾ-ਸਮਝੀ ਵਾਲੀ ਭਗਤੀ ਨਾਲ ਜੁੜੇ ਹੋਏ ਹਨ। ਸਾਡੇ ਅੰਦਰ ਦੀ ਨਾ-ਸਮਝੀ ਵਾਲੀ ਭਗਤੀ ਦਾ ਕਾਰਨ ਸਾਡੇ ਅੰਦਰ ਮਾਇਆ ਦਾ ਕਪਟ ਹੈ, ਮਾਇਆ ਦਾ ਛਲ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ।

(ਅੰਤਰਿ ਕਪਟੁ ਭਗਉਤੀ ਕਹਾਏ ॥
ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥)

(ਅੰਗ ੮੮)

(ਕਵਨ ਤਪੁ ਜਿਤੁ ਤਪੀਆ ਹੋਇ ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥)

(ਅੰਗ ੧੮੭)

ਗੁਣਾਂ ਦੀ ਪੂਜਾ ਕਰਨ ਵਾਲਾ ਮਨੁੱਖ ਹੀ ਸੱਚੇ ਗਿਆਨ ਵਾਲਾ ਮਨੁੱਖ ਹੈ, ਸੱਚੇ ਧਿਆਨ ਵਾਲਾ ਮਨੁੱਖ ਹੈ ਜੋ ਕਿ ਮਨੁੱਖ ਦੀ ਸੱਚੀ ਜੀਵਨ ਘਾਲਣਾ ਹੈ। ਗੁਣਾਂ ਦੀ ਪੂਜਾ ਹੀ ਮਨੁੱਖ ਦਾ ਸੱਚਾ ਤਪ ਹੈ, ਨਾਮ ਜਪਣਾ ਹੈ ਜਿਸ ਦੁਆਰਾ ਮਨੁੱਖ ਦੀ ਹਉਮੈ ਦੀ ਮੈਲ ਉਤਰਦੀ ਹੈ। ਗੁਰੂ ਦੇ ਸੱਚੇ ਗਿਆਨ ਦਾ ਸਾਡੇ ਧਿਆਨ ਵਿੱਚ ਵੱਸਣਾ ਇਹ ਹੀ ਹੈ ਕਿ ਅਸੀਂ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਪੂਜੀਏ ਜੋ ਪੂਜਾ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਪਹਿਲੇ ਔਗੁਣਾਂ ਨੂੰ ਛੱਡਾਂਗੇ। ਗੁਣਾਂ ਦੀ ਪੂਜਾ ਹੀ ਗੁਰੂ ਦੀ, ਪ੍ਰਮਾਤਮਾ ਦੀ ਪੂਜਾ ਹੈ ਭਾਵ ਮਨੁੱਖ ਦੀ ਸੱਚੀ ਭਗਤੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਣਾਂ ਦੀ ਪੂਜਾ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਹੀ ਹੁੰਦੀ ਹੈ ਤੇ ਸੱਚ ਉਹ ਹੈ ਜੋ ਗੁਰੂ ਸਾਨੂੰ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਰਾਹੀਂ ਸਮਝਾਉਂਦਾ ਹੈ। ਗੁਰੂ ਹੀ ਸਾਨੂੰ ਆਪਣੇ ਸ਼ਬਦਾਂ ਰਾਹੀਂ ਇਹ ਸਮਝਾ ਰਹਿਆ ਹੈ ਕਿ ਮਨੁੱਖ ਦੀ ਸੱਚੀ ਕਰਨੀ ਤੋਂ ਇਲਾਵਾ ਸਭ ਭਗਤੀ ਦਾ ਪਾਖੰਡ ਹੈ ਜੋ ਕੇ ਸੱਚੀ ਗੱਲ ਹੈ ਭਾਵ ਸੱਚ ਹੈ। ਜੇਕਰ ਅਸੀਂ ਆਪਣੇ ਅੰਦਰ ਸੱਚ ਵਸਾਉਣਾ ਹੈ, ਗੁਰੂ ਦਾ ਨਾਮ ਵਸਾਉਣਾ ਹੈ, ਗੁਰੂ ਦੀ ਮਤਿ ਨੂੰ, ਗੁਰੂ ਦੇ ਸੱਚੇ ਗਿਆਨ ਨੂੰ ਵਸਾਉਣਾ ਹੈ ਤਾਂ ਫਿਰ ਭਗਤੀ ਦੇ ਸਾਨੂੰ ਉਹ ਸਾਰੇ ਤਰੀਕੇ ਛੱਡਣੇ ਚਾਹੀਦੇ ਹਨ ਜੋ ਪਖੰਡ ਹਨ, ਪਖੰਡ ਦੀ ਪੂਜਾ ਹੈ। ਗੁਰੂ ਦੀ ਸੱਚੀ ਪੂਜਾ ਪਖੰਡ ਦੀ ਪੂਜਾ ਛੱਡਣ ਦੁਆਰਾ ਹੀ ਹੋ ਸਕਦੀ ਹੈ। ਇਹ ਨਹੀਂ ਹੋ ਸਕਦਾ ਕਿ ਅਸੀਂ ਸੱਚੇ ਵੀ ਅਖਵਾ ਲਈਏ ਤੇ ਪਖੰਡ ਕਰਨੇ ਵੀ ਨਾ ਛੱਡੀਏ। (**ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥**)

ਗੁਰੂ ਜਿਹੋ ਜਿਹੇ ਭਗਤੀ ਦੇ ਸਾਡੇ ਆਪਣੇ ਬਣਾਏ ਹੋਏ ਤਰੀਕਿਆਂ ਤੋਂ ਮਨਾ ਕਰਦਾ ਹੈ ਉਹ ਤਰੀਕੇ ਸਾਨੂੰ ਕਿਸੇ ਨੇ ਤਾਂ ਸਮਝਾਏ ਹੀ ਹਨ ਤੇ ਹੁਣ ਵੀ ਸਭ ਪਾਸੇ ਸਮਝਾਏ ਜਾ ਰਹੇ ਹਨ ਭਾਵ ਝੂਠੀ ਭਗਤੀ ਦਾ ਮਾਰਗ ਸਭ ਪਾਸੇ ਸਮਝਾਇਆ ਜਾ ਰਹਿਆ ਹੈ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਮਝਾਇਆ ਜਾ ਰਹਿਆ ਹੈ ਜਿਸ ਵਿੱਚ ਸੱਚ ਨਹੀਂ ਝੂਠ ਹੈ, ਨਾਮ ਨਹੀਂ ਹਉਮੈ ਹੈ, ਗੁਰਮਤਿ ਨਹੀਂ ਮਨਮਤਿ ਹੈ ਪਰ ਸਮਝਾਉਣ ਵਾਲੇ ਆਪਣੀ ਗੱਲ ਸੱਚ ਕਹ ਕੇ ਹੀ ਸਮਝਾਉਂਦੇ ਹਨ ਤੇ ਉਨ੍ਹਾਂ ਦੀ ਗੱਲਾਂ ਸੁਣਨ ਵਾਲੇ ਉਨ੍ਹਾਂ ਦੀ ਸਮਝਾਈ ਹੋਈ ਝੂਠੀ ਭਗਤੀ ਨੂੰ ਸੱਚੀ ਭਗਤੀ ਦਾ ਮਾਰਗ ਸਮਝ ਕੇ ਹੀ ਮੰਨਦੇ ਹਨ ਜਿਸ ਦੁਆਰਾ ਉਨ੍ਹਾਂ ਨੂੰ ਸਮਾਜ ਵਿੱਚੋਂ ਵਡਿਆਈਆਂ ਮਿਲਦੀਆਂ ਹਨ ਭਾਵ ਝੂਠੀ ਭਗਤੀ ਕਰਨ ਦੀਆਂ ਤੇ ਝੂਠੀ ਭਗਤੀ ਸਮਝਾਉਣ ਦੀਆਂ ਵਡਿਆਈਆਂ ਮਿਲਦੀਆਂ ਹਨ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪਿਛਲੀਆਂ ਪੰਗਤੀਆਂ ਰਾਹੀਂ

ਸਮਝਿਆ ਹੈ ਤੇ ਉਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ ਕਿ ਵਡਿਆਈਆਂ ਕਿਸ ਤਰੀਕੇ ਮਿਲਦੀਆਂ ਹਨ।

"ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥"

ਭਗਤੀ ਦੇ ਸੱਚੇ ਮਾਰਗ ਦੀ ਸੰਸਾਰੀਆਂ ਨੂੰ ਸਮਝ ਨਹੀਂ ਹੁੰਦੀ ਜਿਸ ਕਰਕੇ ਉਹ ਇਧਰੋਂ ਉਧਰੋਂ ਭਗਤੀ ਦਾ ਮਾਰਗ ਸਿੱਖਦੇ ਹਨ ਭਾਵ ਉਨ੍ਹਾਂ ਕੋਲੋਂ ਸਿੱਖਦੇ ਹਨ ਜੋ ਆਪਣੇ ਆਪ ਨੂੰ ਉੱਚੀ ਭਗਤੀ ਦੀ ਸਮਝ ਵਾਲਾ ਦੱਸਦੇ ਹਨ, ਭਗਤੀ ਦੇ ਅਨੇਕਾਂ ਦਿਖਾਵੇ ਕਰਦੇ ਹਨ। ਉਨ੍ਹਾਂ ਦੀ ਸਮਝਾਈ ਹੋਈ ਗੱਲ ਸੰਸਾਰੀਆਂ ਨੂੰ ਭਾਉਂਦੀ ਹੈ, ਚੰਗੀ ਲੱਗਦੀ ਹੈ ਭਾਵ ਜੋ ਕੁੱਝ ਉਨ੍ਹਾਂ ਨੂੰ ਆਖ ਕੇ ਸਮਝਾਇਆ ਜਾਂਦਾ ਹੈ ਸਾਰੇ ਉਨ੍ਹਾਂ ਦੀ ਗੱਲ ਨੂੰ ਮੰਨਦੇ ਹਨ ਕਿਉਂਕਿ ਉਨ੍ਹਾਂ ਨੂੰ ਆਪ ਕੁੱਝ ਸਮਝ ਨਹੀਂ ਹੁੰਦੀ। ਸਮਝਾਉਣ ਵਾਲੇ ਉਨ੍ਹਾਂ ਨੂੰ ਜਿਤਨੀ ਮਰਜੀ ਝੂਠੀ ਗੱਲ ਸਮਝਾਉਣ, ਝੂਠੀ ਭਗਤੀ ਦਾ ਮਾਰਗ ਸਮਝਾਉਣ, ਜਿਤਨੀਆਂ ਮਰਜੀ ਸੈਂਕੜੇ ਕੂੜੀਆਂ ਗੱਲਾਂ, ਝੂਠੀਆਂ ਗੱਲਾਂ ਸਮਝਾਉਣ, ਪਾਖੰਡ ਵਾਲੀ ਭਗਤੀ ਦਾ ਮਾਰਗ ਸਮਝਾਉਣ ਭਾਵ ਜੋ ਕੁੱਝ ਉਹ ਸਮਝਾਉਂਦੇ ਹਨ ਭਾਵੇਂ ਉਹ "ਕੂੜ ਕਬਾੜ" ਹੀ ਹੁੰਦਾ ਹੈ, ਨਿਰਾ ਝੂਠ ਇਕਠਾ ਕੀਤਾ ਹੁੰਦਾ ਹੈ ਪਰ ਸੰਸਾਰੀ ਉਨ੍ਹਾਂ ਨੂੰ ਸੱਚੀ ਭਗਤੀ ਦੀ ਸਮਝ ਵਾਲੇ ਸਮਝ ਕੇ ਹੀ ਉਨ੍ਹਾਂ ਦੀ ਗੱਲ ਨੂੰ ਮੰਨਦੇ ਹਨ, ਉਨ੍ਹਾਂ ਨੂੰ ਸਤਿਕਾਰ ਦਿੰਦੇ ਹਨ, ਉਨ੍ਹਾਂ ਦੀ ਵਡਿਆਈ ਕਰਦੇ ਹਨ ਕਿ ਇਹ ਸੱਚੀ ਭਗਤੀ ਦੇ ਮਾਰਗ ਤੇ ਆਪ ਚੱਲਦੇ ਹਨ ਤੇ ਸਾਨੂੰ ਵੀ ਉਹੋ ਕੁੱਝ ਸਮਝਾਉਂਦੇ ਹਨ ਪਰ ਅਸਲ ਵਿੱਚ ਗੁਰੂ ਤੋਂ ਬਿਨ੍ਹਾਂ ਨਾ ਸਮਝਾਉਣ ਵਾਲਿਆਂ ਨੂੰ ਸੱਚੀ ਭਗਤੀ ਦੀ ਸਮਝ ਹੈ ਤੇ ਨਾ ਹੀ ਉਨ੍ਹਾਂ ਦੀਆਂ ਗੱਲਾਂ ਮੰਨਣ ਵਾਲਿਆਂ ਨੂੰ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। (**ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥**) ਝੂਠੀਆਂ ਮੱਤਾਂ ਦੇਣ ਵਾਲੇ ਬਹੁਤ ਹਨ, ਝੂਠੀਆਂ ਵਡਿਆਈਆਂ ਲੈਣ ਵਾਲੇ ਬਹੁਤ ਹਨ। ਇਹੋ ਜਿਹੀ ਮਤਿ ਤੇ ਚੱਲਣ ਦੁਆਰਾ, ਝੂਠੇ ਭਗਤੀ ਦੇ ਮਾਰਗ ਤੇ ਚਲਣ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਭਗਤੀ ਦੇ ਦਿਖਾਵੇ ਕਰਨ ਦੁਆਰਾ, ਭਗਤੀ ਦੇ ਪਖੰਡ ਕਰਨ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਕਿਸ ਤਰੀਕੇ ਪਾਇਆ ਜਾ ਸਕਦਾ ਹੈ ਭਾਵ ਭਗਤੀ ਦਾ ਸਚਾ ਮਾਰਗ ਕੀ ਹੈ, ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ, ਗਹਿਰੇ ਤਰੀਕੇ ਨਾਲ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥"

ਇਸ ਤੋਂ ਪਹਿਲੀ ਪੰਗਤੀ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਸੰਸਾਰ ਨੂੰ ਕਿਹੋ ਜਿਹੀ ਭਗਤੀ ਭਾਉਂਦੀ ਹੈ ਭਾਵ ਝੂਠੀ ਭਗਤੀ ਭਾਉਂਦੀ ਹੈ ਜਿਹੋ ਜਿਹੀ ਭਗਤੀ ਦਾ ਪ੍ਰਚਾਰ ਕੀਤਾ ਜਾਂਦਾ ਹੈ। ਉੱਪਰ ਵਾਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਕਿਹੋ ਜਿਹੀ ਭਗਤੀ ਭਾਉਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਤਾਂ ਸਾਰੇ ਸੰਸਾਰ ਲਈ ਇੱਕੋ ਹੀ ਹੈ ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ ਤੇ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਹੈ ਤੇ ਉਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਬੜੀ ਬਰੀਕੀ ਨਾਲ ਸਮਝਾਈ ਹੋਈ ਹੈ। ਗੁਰੂ ਦੀ ਪੂਰੀ ਮਤਿ ਮਨ ਦੀ ਅਗਿਆਨਤਾ ਵਾਲੀ ਅਵੱਸਥਾ ਵਿੱਚ ਰਹਿੰਦਿਆਂ, ਹਉਮੈ ਵਿੱਚ ਰਹਿੰਦਿਆਂ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦਿਆਂ ਕਿਸੇ ਨੂੰ ਪੂਰੀ ਤਰ੍ਹਾਂ ਨਾ ਹੀ ਸਮਝ ਆ ਸਕਦੀ ਹੈ ਤੇ ਨਾ ਹੀ ਉਸ ਅਨੁਸਾਰ ਕੋਈ ਆਪਣੇ ਆਪ ਆਪਣੀ ਸਮਝ ਦੁਆਰਾ ਉਸ ਤੇ ਚੱਲ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਵਾਲੀ ਸਮਝ ਚੌਥੇ ਪਦ ਦਾ ਗਿਆਨ ਹੈ, ਸਹਜ ਦੀ ਅਵੱਸਥਾ ਵਾਲਾ ਗਿਆਨ ਹੈ ਜੋ ਆਪਣੀ ਸੱਚੀ ਭਗਤੀ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਕਿਸੇ ਵਿਰਲੇ ਨੂੰ ਸਮਝਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਅਸੀਂ ਸੱਚਾ ਉੱਦਮ ਹੀ ਕਰਨਾ ਹੈ, ਭਗਤੀ ਦਾ ਸੱਚਾ ਉੱਦਮ ਹੀ ਕਰਨਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਉਪਰਲੀ ਪੰਗਤੀ ਰਾਹੀਂ ਸੰਸਾਰ ਨੂੰ ਸੱਚਾ ਉੱਦਮ ਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਮਨੁੱਖ ਦੀ ਕਿਹੋ ਜਿਹੀ ਭਗਤੀ ਭਾਉਂਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਜੋ ਕਿ ਗੁਰਮਤਿ ਅਨੁਸਾਰ ਵਿਚਰਨ ਦਾ ਹੈ, ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੈ। ਉਪਰਲੀ ਪੰਗਤੀ ਰਾਹੀਂ ਗੁਰੂ ਸਾਹਿਬ ਭਾਵ ਆਪ ਅਕਾਲ ਪੁਰਖ ਸਾਨੂੰ ਇਹ ਸਮਝਾ ਰਹੇ ਹਨ, ਇਹ ਤਸੱਲੀ ਦੇ ਰਹੇ ਹਨ, ਭਰੋਸਾ ਦੇ ਰਹੇ ਹਨ ਕਿ ਮੈਨੂੰ ਮੇਰੀ ਦਿੱਤੀ ਹੋਈ ਮਤਿ ਤੇ ਚੱਲਣ ਵਾਲੇ ਭਾਉਂਦੇ ਹਨ ਤੇ ਹੇ ਮਨੁੱਖ ਤੂੰ ਗੁਰੂ ਦੀ ਦਿੱਤੀ ਹੋਈ ਅਧੀ ਮਤਿ ਹੀ ਮੰਨ ਲੈ

ਮੈਂ ਤੈਨੂੰ ਆਪਣੇ ਦਰ ਤੇ ਪਰਵਾਨ ਕਰ ਲਵਾਂਗਾ। ਪ੍ਰਮਾਤਮਾ ਨੂੰ ਇਸ ਗੱਲ ਦਾ ਪਤਾ ਹੈ ਕਿ ਮਨੁੱਖ ਦੇ ਅੰਦਰ ਨਾ ਸਮਝੀ ਵਾਲੀ ਮਤਿ, ਮਾਇਆ ਮੋਹ ਮੇਰਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਵਿੱਚੋਂ ਨਿਕਲਣਾ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ ਪਰ ਇਸ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਮਨੁੱਖ ਦੇ ਸਿਰ ਹੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਅਧੀ ਮਤਿ ਨੂੰ ਵੀ ਮੰਨਣਾ ਬਹੁਤ ਔਖਾ ਹੈ ਜਿਸ ਲਈ ਅਨੇਕਾਂ ਭਰਮਾਂ ਵਿੱਚੋਂ ਨਿਕਲਣ ਦੀ ਲੋੜ ਹੈ। ਜਿਨ੍ਹਾਂ ਗੁਰੂ ਦੇ ਸ਼ਬਦਾਂ ਨੂੰ ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ ਉਨ੍ਹਾਂ ਨੂੰ ਮੰਨਣ ਤੇ ਵੀ ਮਨੁੱਖ ਦਾ ਮਨ ਨਹੀਂ ਬਣਦਾ। ਸਾਨੂੰ ਸਮਝਾਉਣ ਵਾਲੇ, ਪ੍ਰਚਾਰ ਕਰਨ ਵਾਲੇ ਸਾਨੂੰ ਗੁਰੂ ਦੀ ਮਤਿ ਨੂੰ ਸਮਝਣ ਵਿੱਚ ਤੇ ਮੰਨਣ ਵਿੱਚ ਹੋਰ ਦੂਰ ਕਰ ਦਿੰਦੇ ਹਨ ਜਿਸ ਕਰਕੇ ਸਾਡਾ ਗੁਰੂ ਦੀ ਗੱਲ ਤੇ ਵਿਸ਼ਵਾਸ ਹੀ ਨਹੀਂ ਟਿਕਦਾ ਤੇ ਅਸੀਂ ਉਨ੍ਹਾਂ ਦੀ ਗੱਲ ਨੂੰ ਹੀ ਠੀਕ ਸਮਝਦੇ ਹਾਂ ਜਿਹੋ ਜਿਹਾ ਭਗਤੀ ਦਾ ਮਾਰਗ ਉਹ ਸਮਝਾਉਂਦੇ ਹਨ ਤੇ ਵਡਿਆਈਆਂ ਲੈਂਦੇ ਹਨ। ਵਡਿਆਈਆਂ ਛੱਡਣੀਆਂ ਕਿਸੇ ਨੂੰ ਚੰਗੀਆਂ ਨਹੀਂ ਲੱਗਦੀਆਂ ਤੇ ਨਾ ਹੀ ਇਨ੍ਹਾਂ ਨੂੰ ਵਡਿਆਈਆਂ ਦੇਣ ਵਾਲਿਆਂ ਨੂੰ ਇਹ ਭਾਉਂਦਾ ਹੈ ਕਿ ਅਸੀਂ ਇਨ੍ਹਾਂ ਨੂੰ ਵਡਿਆਈਆਂ ਨ ਦੇਈਏ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਇਹੋ ਜਿਹੀਆਂ ਨਾਲ ਹੀ ਜੁੜਿਆ ਹੁੰਦਾ ਹੈ। ਮਨ ਦੇ ਭਰਮਾਂ ਕਰਕੇ ਜੁੜਿਆ ਹੁੰਦਾ ਹੈ। ਗੁਰੂ ਦੀ ਮਤਿ ਨਾਲ ਜੁੜਨਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ ਤੇ ਇਸੇ ਲਈ ਗੁਰੂ ਸਾਹਿਬ ਸਾਨੂੰ ਪੂਰੀ ਤਸੱਲੀ ਦੇ ਰਹੇ ਹਨ ਕਿ ਮੇਰੀ ਅਧੀ ਮਤਿ ਹੀ ਮੰਨ ਲਓ, ਜਿਨਾਂ ਕੁ ਸਾਫ ਸਾਫ ਸਮਝ ਆਉਂਦਾ ਹੈ ਉਤਨਾ ਹੀ ਮੰਨ ਲਉ ਤੇ ਮੈਂ ਤੁਹਾਨੂੰ ਆਪਣੇ ਦਰ ਤੇ ਪਰਵਾਨ ਕਰ ਲਵਾਂਗਾ ਭਾਵ ਗੁਰੂ ਸਾਹਿਬ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸੱਚਾ ਉੱਦਮ ਸਮਝਾ ਰਹੇ ਹਨ, ਭਗਤੀ ਦਾ ਸੱਚਾ ਮਾਰਗ ਸਮਝਾ ਰਹੇ ਹਨ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ। ਪ੍ਰਮਾਤਮਾ ਨੂੰ ਸਾਡਾ ਗੁਣਾਂ ਦੁਆਰਾ ਵਿਚਰਨਾ ਹੀ ਭਾਉਂਦਾ ਹੈ, ਉਸ ਦੇ ਭਾਣੇ ਵਿੱਚ ਚੱਲਣਾ ਹੀ ਭਾਉਂਦਾ ਹੈ ਜਿਸ ਦਾ ਅਸੀਂ ਉੱਦਮ ਕਰਨਾ ਹੈ, ਪ੍ਰਮਾਤਮਾ ਦੇ ਨਾਲ ਮੇਲ ਲਈ ਸੱਚਾ ਉੱਦਮ ਕਰਨਾ ਹੈ। (**ਤੁਧੁ ਭਾਵੈ ਅਧੀ ਪਰਵਾਨੁ॥**) ਜਿਸਦੀ ਸੱਚੀ ਭਗਤੀ ਦੇ ਉੱਦਮ ਨੂੰ ਪ੍ਰਮਾਤਮਾ ਪਰਵਾਨ ਕਰਦਾ ਹੈ ਉਸ ਦਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਨਾਨਕ ਜਾਣੈ ਜਾਣੁ ਸੁਜਾਣੁ ॥”

ਜਿਸਨੇ ਵੀ ਅੱਜ ਤੱਕ ਪ੍ਰਮਾਤਮਾ ਨੂੰ ਜਾਣਿਆ ਹੈ ਆਪਣੇ ਅੰਦਰੋਂ ਹੀ ਜਾਣਿਆ ਹੈ, ਮਨ ਦੇ ਵਿੱਚ ਹੀ ਜਾਣਿਆ ਹੈ ਤੇ ਹਰ ਕਿਸੇ ਨੇ ਪ੍ਰਮਾਤਮਾ ਨੂੰ ‘‘ਸੁਜਾਣੁ’’ ਰੂਪ ਵਿੱਚ ਹੀ ਜਾਣਿਆ ਹੈ ਜੋ ਕਿ ਬਹੁਤ ਸਿਆਣਾ ਹੈ, ਗਿਆਨਵਾਨ ਹੈ ਭਾਵ ਬ੍ਰਹਮਗਿਆਨੀ ਹੈ ਜੋ ਹਰ ਗਿਆਨ ਦਾ ਦਾਤਾ ਹੈ। ਸਾਨੂੰ ਹਉਮੈ ਵਿੱਚ ਰੱਖਣ ਵਾਲਾ, ਤ੍ਰੈਗੁਣਾਂ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਮਾਇਆ ਰੂਪ ਹੈ ਜਿਸ ਦੁਆਰਾ ਉਹ ਸਭ ਨੂੰ ਮਨ ਦੀ ਸਮਝ ਰਾਹੀਂ ਚਲਾ ਰਹਿਆ ਹੈ ਪਰ ਇਸ ਗੱਲ ਤੇ ਵਿਸ਼ਵਾਸ ਮਨੁੱਖ ਨੂੰ ਤਾਂ ਹੀ ਆਉਂਦਾ ਹੈ ਜਦੋਂ ਉਹ ਆਪਣੇ ਅੰਦਰੋਂ ਪ੍ਰਮਾਤਮਾ ਦੇ ‘‘ਸੁਜਾਣੁ’’ ਰੂਪ ਨੂੰ ਜਾਣ ਲੈਂਦਾ ਹੈ ਜੋ ਆਪਣਾ ਰੂਪ ਪ੍ਰਮਾਤਮਾ ਮਨ ਦੇ ਗਿਆਨ ਰਾਹੀਂ ਪ੍ਰਗਟ ਹੋ ਕੇ ਆਪ ਹੀ ਦਿਖਾਉਂਦਾ ਹੈ ਤੇ ਸਮਝ ਲੱਗਦੀ ਹੈ ਕਿ ਗਿਆਨ ਦਾ ਦਾਤਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦਾ ਗਿਆਨ ਰੂਪ ਹੀ ਉਸਦਾ ਨਿਰੰਕਾਰ ਰੂਪ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੁੰਦਾ। ਸਾਡੀ ਸਮਝ ਦਾ ਕੋਈ ਰੂਪ ਰੇਖ ਨਹੀਂ ਹੈ ਤੇ ਸਾਡੀ ਸਮਝ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਹੈ ਜਿਸ ਦੁਆਰਾ ਉਹ ਸਾਨੂੰ ਸਭ ਨੂੰ ਆਪਣੇ ਹੁਕਮ ਅਨੁਸਾਰ ਚਲਾ ਰਹਿਆ ਹੈ, ਮਨ ਦੀ ਸਮਝ ਪਾਉਣ ਦੁਆਰਾ ਚਲਾ ਰਹਿਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦਾ, ਜਾਨਣ ਦਾ ਇੱਕੋ ਇੱਕ ਤਰੀਕਾ ਗੁਰਬਾਣੀ ਦਾ ਸੱਚਾ ਗਿਆਨ ਹੈ ਜਿਸ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਆਪ ਹੀ ਪੂਰੀ ਗੁਰਬਾਣੀ ਵਿੱਚ ਹੈ, ਉਹ ਆਪ ਹੀ ਗੁਰੂ ਹੈ। ਗੁਰਬਾਣੀ ਦੇ ਸੱਚੇ ਗਿੱਆਨ ਨਾਲ ਜੁੜੇ ਬਿਨ੍ਹਾਂ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ ਜੋ ਹੈ ਹੀ ਗਿਆਨ ਰੂਪ ਵਿੱਚ। ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਾਲ ਜੁੜਨਾ ਹੈ ਤੇ ਜੇਕਰ ਗੁਰਬਾਣੀ ਦੀ ਸੱਚੀ ਮਤਿ ਨੂੰ ਛੱਡ ਕੇ ਅਸੀਂ ਹੋਰਾਂ ਦੀ ਮਤਿ ਨਾਲ ਜੁੜਾਂਗੇ ਜੋ ਸਾਨੂੰ ਭਗਤੀ ਦੇ ਝੂਠੇ ਤਰੀਕੇ ਸਮਝਾਉਂਦੇ ਹਨ, ਗੁਰਬਾਣੀ ਦੀ ਸਿੱਖਿਆ ਤੋਂ ਉਲਟ ਸਮਝਾਉਂਦੇ ਹਨ, ਆਪਣੀਆਂ ਝੂਠੀਆਂ ਵਡਿਆਈਆਂ ਲੈਂਦੇ ਹਨ ਫਿਰ ਅਸੀਂ ਪ੍ਰਮਾਤਮਾ ਨੂੰ ਕਿਵੇਂ ਜਾਣ ਸਕਦੇ ਹਾਂ। ਉਸ ਸੱਚ ਰੂਪ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸੱਚੀ ਮਤਿ ਨਾਲ ਜੁੜਕੇ ਹੀ ਉਸ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ। ਸਾਨੂੰ ਸ਼ਬਦ ਰਾਹੀਂ ਆਪ ਪ੍ਰਮਾਤਮਾ ਹੀ ਸਮਝਾ ਰਹਿਆ ਹੈ ਕਿ ਮੇਰੀ ਦਿੱਤੀ ਹੋਈ ਅਧੀ ਸਿੱਖਿਆ ਨੂੰ ਹੀ ਜੇਕਰ ਤੁਸੀਂ ਮੰਨਣ ਦਾ ਸੱਚਾ ਉੱਦਮ ਕਰੋ ਤੇ ਮੈਂ ਤੁਹਾਨੂੰ ਆਪਣੇ ਦਰ ਤੇ ਪਰਵਾਨ ਕਰ ਲਵਾਂਗਾ। ਪ੍ਰਮਾਤਮਾ ਦੇ ਦਰ ਤੇ ਸੱਚ ਹੀ ਪਰਵਾਨ ਹੁੰਦਾ ਹੈ, ਝੂਠ ਨਹੀਂ ਹੋ ਸਕਦਾ। ਗੁਣ ਹੀ ਪਰਵਾਨ ਹੁੰਦੇ ਹਨ, ਔਗੁਣ ਪਰਵਾਨ ਨਹੀਂ ਹੁੰਦੇ। ਜੋ ਗੁਣਾਂ ਨੂੰ ਅਪਣਾਉਣ ਦਾ ਸੱਚਾ ਉੱਦਮ ਕਰਦਾ ਹੈ ਫਿਰ ਪ੍ਰਮਾਤਮਾ ਉਸਦੇ ਔਗੁਣ

ਬਖਸ਼ ਦਿੰਦਾ ਹੈ ਪਰ ਔਗੁਣਾਂ ਨੂੰ ਛੱਡਣ ਦਾ ਉੱਦਮ ਅਸੀਂ ਹੀ ਕਰਨਾ ਹੈ। ਗੁਰੂ ਦੀ ਮਤਿ ਨੂੰ ਛੱਡਕੇ ਕਿਸੇ ਹੋਰ ਦੀ ਝੂਠੀ ਮਤਿ ਤੇ ਵਿਸ਼ਵਾਸ ਕਰਨਾ, ਉਸਨੂੰ ਮੰਨਣਾ, ਉਸਨੂੰ ਵਡਿਆਣਾ ਵੀ ਸਾਡਾ ਔਗੁਣ ਹੀ ਹੈ। ਜੋ ਵੀ ਗੱਲ ਸਾਨੂੰ ਗੁਰੂ ਸਮਝਾਉਂਦਾ ਹੈ ਉਹ ਸੱਚ ਹੈ, ਗੁਣ ਹੈ ਤੇ ਜੋ ਵੀ ਗੱਲ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਹ ਝੂਠ ਹੈ, ਔਗੁਣ ਹੈ। ਬਹੁਤ ਔਖਾ ਹੈ ਗੁਣੀ ਅਖਵਾਉਣਾ ਪਰ ਇਸ ਲਈ ਉੱਦਮ ਅਸੀਂ ਹੀ ਕਰਨਾ ਹੈ। ਧੰਨ ਹੈ ਗੁਰੂ ਦੀ ਸੱਚੀ ਸਿੱਖਿਆ, ਧੰਨ ਹੈ ਗੁਰੂ ਦੀ ਸੱਚੀ ਸਿੱਖਿਆ, ਧੰਨ ਹੈ ਗੁਰੂ ਦੀ ਸੱਚੀ ਸਿੱਖਿਆ ਜਿਸ ਦੇ ਨਾਲ ਜੁੜਨ ਨਾਲ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ ਤੇ ਹੋਰ ਕੋਈ ਸਾਧਨ ਨਹੀਂ ਹੈ। ਧਰਮ ਗ੍ਰੰਥਾਂ ਵਿੱਚ ਗੁਰੂ ਪ੍ਰਮਾਤਮਾ ਦੀ ਸੱਚੀ ਸਿੱਖਿਆ ਹੀ ਹੈ ਜਿਸ ਨੂੰ ਗਹਿਰਾਈ ਨਾਲ ਸਮਝਣ ਦੀ ਲੋੜ ਹੈ ਨਾ ਕਿ ਇਧਰੋਂ ਉਧਰੋਂ ਸਿੱਖਿਆ ਲੈਣੀ ਚਾਹੀਦੀ ਹੈ ਜੋ ਆਪ ਭਰਮੇ ਹੋਏ ਹਨ, ਸੱਚ ਸਮਝਣ ਤੋਂ ਦੂਰ ਹਨ। **“ਨਾਨਕ ਜਾਣੈ ਜਾਣੁ ਸੁਜਾਣੁ ॥”** ਇਸ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਪੰਗਤੀ ਰਾਹੀਂ ਧੰਨ ਧੰਨ ਬਾਬਾ ਨਾਨਕ ਜੀ ਸਾਰੇ ਸੰਸਾਰ ਨੂੰ ਕਹਿ ਰਹੇ ਹਨ ਕਿ ਮੈਂ ਜੋ ਕੁੱਝ ਵੀ ਜਾਣਿਆ ਹੈ ਭਾਵ ਮੈਨੂੰ ਜੋ ਉੱਚਾ ਗਿਆਨ ਪ੍ਰਾਪਤ ਹੋਇਆ ਹੈ ਜਿਸ ਗਿਆਨ ਰਾਹੀਂ ਮੈਂ ਬਾਣੀ ਉਚਾਰੀ ਹੈ ਉਸ ਗਿਆਨ ਦੇ ਰੂਪ ਵਿੱਚ ਮੇਰੀ ਜੋ ‘‘ਜਾਣੁ’’ ਹੈ ਭਾਵ ਜਾਣਕਾਰੀ ਹੈ ਭਾਵ ਜੋ ਸਮਝ ਹੈ, ਮੇਰਾ ਗਿਆਨ ਹੈ, ਉਸ ਰੂਪ ਵਿੱਚ ਆਪ ‘‘ਸੁਜਾਣ’’ ਹੈ ਭਾਵ ਪ੍ਰਮਾਤਮਾ ਆਪ ਹੈ ਭਾਵ ਮੇਰੇ ਅੰਦਰ ਜੋ ਸੱਚਾ ਗਿਆਨ ਹੈ ਉਸ ਰੂਪ ਵਿੱਚ ਮੇਰੇ ਅੰਦਰ ‘‘ਸੁਜਾਣੁ’’ ਹੈ ਜੋ ਕਿ ਸਭ ਕੁੱਝ ਜਾਨਣ ਵਾਲਾ ਹੈ, ਗਿਆਨ ਦਾ ਮਾਲਕ ਹੈ। (**ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥ ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥**) (**ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥ ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥੧॥ ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥ ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥ ਜੇ ਸਾਥਿ ਰਖੀਐ ਦੀਜੈ ਰਲਾਇ ॥ ਜਾ ਪਰਖੀਐ ਖੋਟਾ ਹੋਇ ਜਾਇ ॥੨॥ ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥ ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥ ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥੪॥**)

{ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥
ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬)

ਪ੍ਰਮਾਤਮਾ ਆਪ ਸੱਚੁ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਤੇ ਆਪਣੇ ਬ੍ਰਹਮ ਗਿਆਨ ਰਾਹੀਂ ਸੱਚੇ ਗੁਰੂ ਦੀ ਬਾਣੀ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦੀ ਹੈ। ਪੂਰੇ ਸੰਸਾਰ ਦਾ ਪ੍ਰਮਾਤਮਾ ਵੀ ਇੱਕ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਵੀ ਸਭ ਲਈ ਇੱਕ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ।

ਪੂਰੀ ਬਾਣੀ ਸਾਨੂੰ ਚੰਗੇ ਅਮਲ ਕਰਨ ਲਈ ਪ੍ਰੇਰਦੀ ਹੈ। ਮੁਸਲਮਾਨ ਨੂੰ ਇੱਕ ਚੰਗਾ ਸੱਚਾ ਮੁਸਲਮਾਨ ਬਣਨ ਲਈ, ਚੰਗੇ ਕਰਮ ਕਰਨ ਲਈ ਕਿਹਾ ਹੈ ਅਤੇ ਹਿੰਦੂ ਨੂੰ ਸੱਚਾ ਹਿੰਦੂ ਬਣਨ ਲਈ ਵੀ ਚੰਗੇ ਕਰਮ ਕਰਨ ਲਈ ਹੀ ਕਿਹਾ ਹੈ ਭਾਵ ਹਰ ਕਿਸੇ ਲਈ ਰਸਤਾ ਇੱਕੋ ਹੀ ਹੈ ਜੋ ਕਿ ਸੱਚ ਦਾ ਮਾਰਗ ਹੈ, ਨਾਮ ਦਾ ਮਾਰਗ ਹੈ। ਜੋ ਵੀ ਮਨੁੱਖ, ਜਿੱਥੇ ਵੀ ਹੈ, ਜਿਹੜੇ ਮਰਜੀ ਦੁਨਿਆਵੀ ਧਰਮ ਵਿੱਚ ਆਸਥਾ ਰੱਖਦਾ ਹੈ, ਅਗਰ ਉਹ ਸੱਚ ਦੇ ਮਾਰਗ ਤੇ ਚੱਲ ਰਿਹਾ ਹੈ ਤਾਂ ਫਿਰ ਉਹ ਨਾਮ ਜਪ ਰਿਹਾ ਹੈ। ਹਰ ਕਿਸੇ ਲਈ ਨਾਮ ਜਪਣਾ ਕੀ ਹੈ, ਇਹ ਹੇਠ ਲਿਖੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਕਿਉਂਕਿ ਬਾਣੀ ਸਾਨੂੰ ਨਾਮ ਹੀ ਸਮਝਾਉਂਦੀ ਹੈ ਤੇ ਹਰ ਸੱਚਾ ਧਰਮ ਗ੍ਰੰਥ ਵੀ ਸਾਨੂੰ ਨਾਮ ਹੀ ਸਮਝਾਉਂਦਾ ਹੈ।

“ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥੧॥” (ਅੰਗ ੧੪੦)

ਇਸ ਸ਼ਬਦ ਰਾਹੀਂ ਸਾਰੀ ਮੁਸਲਮਾਨ ਬਰਾਦਰੀ ਨੂੰ ਸੰਬੋਧਨ ਕਰਨ ਦੁਆਰਾ ਨਾਮ ਜਪਣਾ ਸਮਝਾਇਆ ਹੋਇਆ ਹੈ। ਨਾਮ ਜਪਣ ਦਾ ਤਰੀਕਾ ਸਾਰੀ ਮਨੁੱਖਤਾ ਲਈ ਇੱਕੋ ਹੀ ਹੈ। ਜੇਕਰ ਸਾਡੇ ਕੱਪੜੇ ਦੇ ਉੱਪਰ ਖੂਨ ਦਾ ਦਾਗ ਲੱਗ ਜਾਵੇ ਤਾਂ ਅਸੀਂ ਇਹੋ ਕਹਿੰਦੇ ਹਾਂ ਕਿ ਇਹ ਕੱਪੜਾ ਭ੍ਰਿਸ਼ਟ ਗਿਆ ਹੈ ਭਾਵ ਸਾਡੇ ਪਹਿਨਣ ਲਾਇਕ ਨਹੀਂ ਰਿਹਾ ਭਾਵ ਅਸੀਂ ਇਸ ਤਰ੍ਹਾਂ ਦਾ ਕੱਪੜਾ ਤਨ ਤੇ ਧਾਰਨ ਕਰਨ ਤੋਂ ਗੁਰੇਜ਼ ਕਰਦੇ ਹਾਂ, ਚੰਗਾ ਨਹੀਂ ਸਮਝਦੇ ਕਿਉਂਕਿ ਇਸ ਦੇ ਉੱਪਰ ਕਿਸੇ ਦਾ ਖੂਨ ਲੱਗਾ ਹੁੰਦਾ ਹੈ। ਜਿਹੜੇ ਮਨੁੱਖ ਦੂਸਰੇ ਮਨੁੱਖਾਂ ਦਾ ਖੂਨ ਪੀਂਦੇ ਹਨ, ਖੂਨ ਚੂਸਦੇ ਹਨ ਭਾਵ ਦੂਸਰੇ ਮਨੁੱਖਾਂ ਨਾਲ ਠੱਗੀ ਕਰਕੇ, ਝੂਠ ਬੋਲ-ਬੋਲ ਕੇ ਉਨ੍ਹਾਂ ਦਾ ਹੱਕ ਖਾਂਦੇ ਹਨ ਫਿਰ ਇਹੋ ਜਿਹੇ ਮਨੁੱਖਾਂ ਦਾ ਹਿਰਦਾ ਪਵਿੱਤਰ ਕਿਵੇਂ ਕਿਹਾ ਜਾ ਸਕਦਾ ਹੈ। ਅਸੀਂ ਜਿਹੋ ਜਿਹਾ ਆਪਣੇ ਵੱਲੋਂ ਨਾਮ ਜਪਦੇ ਹਾਂ ਭਾਵ ਗੁਰੂ-ਗੁਰੂ

ਕਰਦੇ ਹਾਂ ਜਾਂ ਕੋਈ ਵੀ ਅੱਖਰ ਜਪਦੇ ਹਾਂ ਜਿਸਨੂੰ ਅਸੀਂ ਆਪਣੀ ਆਪਣੀ ਆਸਥਾ ਅਨੁਸਾਰ ਨਾਮ ਜਪਣਾ ਸਮਝਦੇ ਹਾਂ ਅਤੇ ਇਹ ਸਮਝਦੇ ਹਾਂ ਕਿ ਇਹੋ ਜਿਹਾ ਨਾਮ ਜਪਣ ਨਾਲ ਸਾਡਾ ਹਿਰਦਾ ਪਵਿੱਤਰ ਹੈ ਤਾਂ ਫਿਰ ਕੀ ਅਸੀਂ ਗੁਰੂ ਦੀ ਕਸਵੱਟੀ ਤੇ ਪੂਰੇ ਉਤਰਦੇ ਹਾਂ? ਸਾਨੂੰ ਸਮਝਾਉਣ ਵਾਲੇ ਇਹ ਕੁੱਝ ਹੀ ਸਮਝਾਉਂਦੇ ਹਨ ਕਿ ਮੁੱਖੋਂ ਕੋਈ ਅੱਖਰ ਬੋਲਣ ਨਾਲ ਜਿਸਨੂੰ ਨਾਮ ਰੂਪ ਅੱਖਰ ਸਮਝਿਆ ਜਾਂਦਾ ਹੈ ਉਹ ਬੋਲਣ ਨਾਲ ਮਨੁੱਖ ਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ, ਮਨੁੱਖ ਦੀ ਰਸਨਾ ਪਵਿੱਤਰ ਹੋ ਜਾਂਦੀ ਹੈ। ਇਸੇ ਤਰੀਕੇ ਹੀ ਹਰ ਕੋਈ ਆਪਣੇ ਆਪ ਨੂੰ ਪਵਿੱਤਰ ਬਣਾਈ ਬੈਠਾ ਹੈ। ਨਿਰਮਲ ਹਿਰਦਾ ਉਹੀ ਹੈ ਜਿਸ ਹਿਰਦੇ ਵਿੱਚ ਸੱਚ ਹੈ, ਸੱਚਾ ਅਮਲ ਹੈ, ਵਿਕਾਰਾਂ, ਠੱਗੀਆਂ, ਮਾੜੇ ਅਮਲਾਂ ਤੋਂ ਰਹਿਤ ਹੈ। (**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥**) ਨਾਮ ਜਪਣਾ ਕੀ ਹੈ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ ਕਿ ਹੇ ਨਾ-ਸਮਝ ਮਨੁੱਖ ਆਪਣੇ ਦਿਲ ਨੂੰ ਚੰਗਾ ਕਰ, ਸੱਚਾ ਕਰ ਭਾਵ ਦੂਸਰਿਆਂ ਦਾ ਮਾੜਾ ਨਾ ਕਰਨ ਦੁਆਰਾ, ਗੁਰੂ ਦੀ ਗੱਲ ਮੰਨਣ ਦੁਆਰਾ ਮਨ ਨੂੰ ਸੱਚਾ ਕਰ ਭਾਵ ਪਵਿੱਤਰ ਕਰ। ਜਦੋਂ ਦਿਲ ਸੱਚਾ ਹੋ ਜਾਵੇਗਾ ਤੇ ਮਨੁਖ ਮੂੰਹ ਤੋਂ ਜੋ ਕੁੱਝ ਵੀ ਬੋਲੇਗਾ ਉਹ ਸੱਚ ਹੀ ਬੋਲੇਗਾ, ਚੰਗਾ ਹੀ ਬੋਲੇਗਾ, ਚੰਗੇ ਕਰਮ ਹੀ ਕਰੇਗਾ **(ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥)**। ਸਾਰੀ ਗੱਲ ਦਿਲ ਨੂੰ ਸਾਫ ਕਰਨ ਤੇ ਮੁਕਦੀ ਹੈ, ਨੀਅਤ ਸਾਫ ਕਰਨ ਤੇ ਮੁਕਦੀ ਹੈ, ਚੰਗੇ ਅਮਲ ਕਰਨ ਤੇ ਮੁਕਦੀ ਹੈ। ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ। ਜੇਕਰ ਸਾਡੇ ਅਮਲ ਮਾੜੇ ਹਨ, ਝੂਠੇ ਹਨ ਤਾਂ ਫਿਰ ਬਾਕੀ ਜੋ ਅਸੀਂ ਭਗਤੀ ਦਾ ਪ੍ਰਗਟਾਵਾ ਕਰਦੇ ਹਾਂ, ਉਹ ਕੇਵਲ ਦੁਨੀਆਂ ਨੂੰ ਦਿਖਾਉਣ ਲਈ ਹੀ ਕਰਦੇ ਹਾਂ ਭਾਵ ਉਹ ਸਾਡੀ ਕੋਈ ਸੱਚੀ ਭਗਤੀ ਨਹੀਂ ਹੈ। ਸੱਚੀ ਭਗਤੀ ਸੱਚੇ ਅਮਲ ਕਰਨਾ ਹੈ ਤੇ ਇਹੀ ਨਾਮ ਜਪਣਾ ਹੈ, ਨਾਮ ਵਾਲੇ ਬਣਨਾ ਹੈ, ਗੁਰੂ ਦੀ ਮਤਿ ਵਾਲੇ ਬਣਨਾ ਹੈ, ਨਿਰਮਲ ਹਿਰਦੇ ਵਾਲੇ ਬਣਨਾ ਹੈ ਜੋ ਕਿ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ। ਬਾਕੀ ਕੇਵਲ ਇੱਕ ਦਿਖਾਵਾ ਹੈ। **(ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥੧॥)** ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਆਪਣੇ ਅਮਲ ਚੰਗੇ ਕਰੋ ਅਤੇ ਝੂਠ, ਵਿਕਾਰਾਂ ਤੋਂ ਬਚੋ। ਸੱਚੇ ਅਮਲ ਹੀ ਨਾਮ ਜਪਣਾ ਹੈ ਅਤੇ ਇਹ ਚੰਗੇ ਅਮਲ ਹੀ ਦਰਗਾਹ ਵਿੱਚ ਕੰਮ ਆਉਣੇ ਹਨ।

{ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥੧੦੦}

(ਅੰਗ - ੧੩੮੩)

ਜੋ ਉੱਪਰ ਸ਼ਬਦ ਰਾਹੀਂ ਖੁਦਾ ਦਾ ਨਾਮ ਜਪਣਾ ਸਿਖਾਇਆ ਹੈ ਕਿ "ਰਾਮ" ਜਾਂ "ਵਾਹਿਗੁਰੂ" ਖੁਦਾ ਤੋਂ ਵੱਖਰਾ ਹੈ ਜਿਸ ਨੂੰ ਜਪਣ ਲਈ ਕਿਸੇ ਵੱਖਰੇ ਤਰੀਕੇ ਦੀ ਲੋੜ ਹੈ। ਪ੍ਰਮਾਤਮਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਉਸਨੂੰ ਜਪਣ ਦਾ ਤਰੀਕਾ, ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਕੇਵਲ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੀ ਲੋੜ ਹੈ।

"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੧॥"

(ਅੰਗ ੧੪੦)

ਇਸ ਤੋਂ ਪਹਿਲੇ ਸ਼ਬਦ ਵਿੱਚ ਇਹ ਸਮਝਾਇਆ ਹੋਇਆ ਸੀ ਕਿ ਖੁਦਾ ਦਾ ਨਾਮ ਚੰਗੇ ਕਰਮ ਕਰਨ ਦੁਆਰਾ ਜਪਿਆ ਜਾ ਸਕਦਾ ਹੈ। ਉਹੀ ਗੱਲ ਇਸ ਸ਼ਬਦ ਵਿੱਚ ਸਮਝਾਈ ਹੋਈ ਹੈ ਕਿ ਇੱਕ ਚੰਗਾ, ਸੱਚਾ ਮੁਸਲਮਾਨ, ਸੱਚਾ ਇਨਸਾਨ ਕਿਸ ਤਰੀਕੇ ਨਾਲ ਬਣੀਏ ਜਿਸ ਨਾਲ ਖੁਦਾ, ਪ੍ਰਮਾਤਮਾ, ਵਾਹਿਗੁਰੂ ਸਾਡੀ ਲਾਜ ਰੱਖ ਲਵੇ ਭਾਵ ਅਸੀਂ ਉਸ ਨੂੰ ਕਬੂਲ ਹੋ ਜਾਈਏ।

2/105

ਸਾਰੇ ਸ਼ਬਦ ਵਿੱਚ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ, ਖੁਦਾ ਦੀ ਇਬਾਦਤ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ। ਆਪਣੀ ਆਪਣੀ ਆਸਥਾ ਅਨੁਸਾਰ ਧਰਮ ਅਸਥਾਨ ਤੇ ਜਾ ਕੇ ਮਨੁੱਖ ਆਪਣੇ ਮਨ ਵਿੱਚ ਮਿਹਰ, ਦਇਆ ਧਾਰਨ ਕਰੇ, ਸਿਦਕ, ਸੰਤੋਖ ਵਾਲੀ ਬਿਰਤੀ ਬਣਾਏ, ਹੱਕ ਹਲਾਲ ਦੀ, ਸੱਚੀ ਸੁੱਚੀ ਕਿਰਤ ਕਰੇ ਭਾਵ ਕਿਸੇ ਨਾਲ ਠੱਗੀ ਨਾ ਕਰੇ, ਵਰਤ ਅਤੇ ਰੋਜ਼ੇ ਰੱਖਣਾ ਇਹੀ ਹੈ ਕਿ ਉਹ ਆਪਣੇ ਅੰਦਰ ਸਹਿਣਸ਼ੀਲਤਾ ਲਿਆਵੇ। ਮਨੁੱਖ ਦੀ ਸਾਰੀ ਕਰਨੀ ਸੱਚ ਵਾਲੀ ਹੋਵੇ ਭਾਵ ਜਿਹੋ ਜਿਹਾ ਸਾਨੂੰ ਧਰਮ ਗ੍ਰੰਥਾਂ ਤੋਂ ਸੱਚਾ ਸੁੱਚਾ ਉਪਦੇਸ਼ ਮਿਲਦਾ ਹੈ ਉਹੋ ਜਿਹੇ ਸੱਚੇ ਸੁੱਚੇ ਕਰਮ ਕਰੀਏ। ਇਹ ਸੱਚੇ ਸੁੱਚੇ ਕਰਮ ਹੀ ਮਨੁੱਖ ਦੀ ਜਪਣੀ ਹੋਵੇ, ਮਾਲਾ ਹੋਵੇ। ਜੇ ਮਨੁੱਖ ਦੀ ਇਹੋ ਜਿਹੀ ਜਪਣੀ ਹੋਵੇ ਤੇ ਤਾਂ ਹੀ ਖੁਦਾ ਨੂੰ, ਪ੍ਰਮਾਤਮਾ ਨੂੰ, ਵਾਹਿਗੁਰੂ ਨੂੰ ਚੰਗੀ ਲੱਗਦੀ ਹੈ ਅਤੇ ਇਹੋ ਜਿਹੇ ਮਨੁੱਖ ਦੀ ਹੀ ਪ੍ਰਮਾਤਮਾ ਲਾਜ ਰੱਖਦਾ ਹੈ। ਹੁਣ ਜੇਕਰ ਅਸੀਂ ਖਾਲੀ ਮਾਲਾ ਫੇਰੀ ਜਾਈਏ, ਮੂੰਹੋਂ ਅੱਲ੍ਹਾ-ਅੱਲ੍ਹਾ, ਰਾਮ-ਰਾਮ ਵਾਹਿਗੁਰੂ-ਵਾਹਿਗੁਰੂ ਕਰੀ ਜਾਈਏ ਪਰ ਅਮਲ ਚੰਗੇ ਨਾ ਕਰੀਏ ਤਾਂ ਫਿਰ ਸਾਡੀ ਲਾਜ ਕੌਣ ਰੱਖੇਗਾ। ਲਾਜ, ਪੱਤ ਚੰਗੇ ਕਰਮਾਂ ਨਾਲ ਹੀ ਬਚਣੀ ਹੈ ਤੇ ਫਿਰ ਕਿਉਂ ਨਾ ਚੰਗੇ ਕਰਮ ਹੀ ਕਰੀਏ, ਕਿਉਂ ਨਾ ਸਾਰਾ ਉੱਦਮ ਚੰਗੇ ਕਰਮ ਕਰਨ ਦਾ ਹੀ ਕਰੀਏ। ਜਿਹੋ ਜਿਹੀ ਭਗਤੀ ਨਾਲ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੋਈ ਕੀਮਤ ਹੀ ਨਹੀਂ ਹੈ ਤਾਂ ਫਿਰ ਕਿਉਂ ਨਾ ਉਸ ਨੂੰ ਛੱਡ ਕੇ ਉਹੋ ਜਿਹੀ ਭਗਤੀ ਕਰੀਏ ਜਿਸ ਨਾਲ ਸਾਡੀ ਲਾਜ ਬਚ ਜਾਵੇ, ਪੱਤ ਰਹਿ ਜਾਵੇ। ਭਗਤੀ ਦੇ ਮਾਰਗ ਦੀਆਂ ਪੌੜੀਆਂ ਪਤਿ ਦੁਆਰਾ ਹੀ ਚੜ੍ਹੀਆਂ ਜਾ ਸਕਦੀਆਂ ਹਨ। ਇਹ ਪਤਿ ਹੀ ਸਾਡੀਆਂ ਪੌੜੀਆਂ ਹਨ ਜਿਨ੍ਹਾਂ ਤੇ ਚੜ੍ਹ ਕੇ ਅਸੀਂ ਪ੍ਰਮਾਤਮਾ ਨੂੰ ਮਿਲ ਸਕਦੇ ਹਾਂ **{ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥}** ਅੰਗ - ੭ । (**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥**) ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

"ਹਿੰਦੂ ਕੈ ਘਰਿ ਹਿੰਦੂ ਆਵੈ॥ ਸੂਤੁ ਜਨੇਊ ਪੜਿ ਗਲਿ ਪਾਵੈ॥
ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨ ਪਾਈ॥
ਮੁਸਲਮਾਨੁ ਕਰੇ ਵਡਿਆਈ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ॥
ਰਾਹੁ ਦਸਾਇ ਓਥੈ ਕੋ ਜਾਇ॥ ਕਰਣੀ ਬਾਝਹੁ ਭਿਸਤਿ ਨ ਪਾਇ॥

ਜੋਗੀ ਕੈ ਘਰਿ ਜੁਗਤਿ ਦਸਾਈ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ॥
ਮੁੰਦ੍ਰਾ ਪਾਇ ਫਿਰੈ ਸੰਸਾਰਿ॥ ਜਿਥੈ ਕਿਥੈ ਸਿਰਜਣਹਾਰੁ॥
ਜੇਤੇ ਜੀਅ ਤੇਤੇ ਵਾਟਾਊ॥ ਚੀਰੀ ਆਈ ਢਿਲ ਨ ਕਾਊ॥
ਏਥੈ ਜਾਣੈ ਸੁ ਜਾਇ ਸਿਵਾਣੈ॥ ਹੋਰੁ ਫਕੜੁ ਹਿੰਦੂ ਮੁਸਲਮਾਣੈ॥
ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥
ਸਚੋ ਸਚੁ ਵਖਾਣੈ ਕੋਇ॥ ਨਾਨਕ ਅਗੈ ਪੁਛ ਨ ਹੋਇ॥੨॥"

(ਅੰਗ ੯੫੧-੯੫੨)

ਇਸ ਸ਼ਬਦ ਨੂੰ ਅਗਰ ਧਿਆਨ ਨਾਲ ਵਿਚਾਰੀਏ ਤਾਂ ਸਮਝ ਲੱਗਦੀ ਹੈ ਕਿ ਹਰ ਫਿਰਕੇ ਲਈ, ਹਿੰਦੂਆਂ ਲਈ, ਮੁਸਲਮਾਨਾਂ ਲਈ ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਹੀ ਮਾਰਗ ਹੈ। ਭਾਵੇਂ ਹਰ ਕੋਈ ਆਪਣੀ ਆਸਥਾ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਆਪਣੇ ਆਪਣੇ ਤਰੀਕੇ ਨਾਲ

2/106 ਅਤੇ 106-ਅ

ਕਰਦਾ ਹੈ ਤੇ ਆਪਣੇ ਤਰੀਕੇ ਨੂੰ ਹੀ ਠੀਕ ਸਮਝਦਾ ਹੈ ਪਰ ਪ੍ਰਮਾਤਮਾ ਤਾਂ ਇੱਕੋ ਹੀ ਹੈ ਤੇ ਫਿਰ ਉਸ ਨੂੰ ਪਾਉਣ ਦਾ ਤਰੀਕਾ ਵੀ ਇੱਕੋ ਹੀ ਹੋ ਸਕਦਾ ਹੈ। ਸਭ ਲਈ ਇੱਕੋ ਇੱਕ ਤਰੀਕਾ ਮਨੁੱਖ ਦੀ ਚੰਗੀ ਕਰਨੀ ਨੂੰ ਦੱਸਿਆ ਹੈ, ਸੱਚੀ ਕਰਨੀ ਨੂੰ ਦੱਸਿਆ ਹੈ। ਪ੍ਰਮਾਤਮਾ ਦੇ ਦਰ ਤੇ ਨਿਸ਼ਚਿਤ ਹੋ ਕੇ ਉਹ ਹੀ ਜਾ ਸਕਦਾ ਹੈ ਭਾਵ ਲੇਖੇ ਦੀ ਪੁੱਛ ਤੋਂ ਬੱਚ ਉਹ ਹੀ ਸਕਦਾ ਹੈ ਜਿਸ ਨੇ ਆਪਣੀ ਜ਼ਿੰਦਗੀ ਵਿੱਚ ਸੱਚ ਨੂੰ ਅਪਣਾਇਆ ਹੈ, ਸੱਚੀ ਸੁੱਚੀ ਕਰਨੀ ਕੀਤੀ ਹੈ। **(ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥ ਸਚੋ ਸਚੁ ਵਖਾਣੈ ਕੋਇ॥ ਨਾਨਕ ਅਗੈ ਪੁਛ ਨ ਹੋਇ॥੨॥)** ਪ੍ਰਮਾਤਮਾ ਦੇ ਦਰ ਤੇ ਜਾਣ ਦਾ ਮਾਰਗ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਪ੍ਰਮਾਤਮਾ ਨੇ ਸਭ ਨੂੰ ਇੱਕੋ ਜਿਹਾ ਹੀ ਸਮਝਾਇਆ ਹੈ ਪਰ ਜੋ ਮਾਰਗ ਪ੍ਰਮਾਤਮਾ ਨੇ ਦੱਸਿਆ ਹੈ ਉਸ ਮਾਰਗ ਤੇ ਕੋਈ ਵਿਰਲਾ ਹੀ ਚਲਦਾ ਹੈ ਜੋ ਕਿ ਸੱਚੀ ਕਰਨੀ ਦਾ ਮਾਰਗ ਹੈ ਤੇ ਸੱਚੀ ਕਰਨੀ ਕੀਤੇ ਬਿਨ੍ਹਾਂ ਕੋਈ "ਭਿਸਤਿ" ਦੀ, ਪ੍ਰਮਾਤਮਾ ਦੇ ਦਰ ਤੇ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦਾ। (**ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥**) ਹਰ ਕਿਸੇ ਲਈ ਭਗਤੀ ਦਾ ਇਹੋ ਇੱਕੋ ਇੱਕ ਮਾਰਗ ਹੈ, ਨਾਮ ਦਾ ਮਾਰਗ ਹੈ ਜੋ ਕਿ ਮਨੁੱਖ ਦੀ ਸੱਚੀ ਸੁੱਚੀ ਕਰਨੀ ਦਾ ਮਾਰਗ ਹੈ ਅਤੇ ਇਸ ਤੋਂ ਵੱਖਰਾ ਬਾਣੀ ਵਿੱਚ ਹੋਰ ਕੋਈ ਮਾਰਗ ਨਹੀਂ ਸਮਝਾਇਆ ਗਿਆ। ਇਸ ਤੋਂ ਇਲਾਵਾ ਜੇ ਕੋਈ ਹੋਰ ਭਗਤੀ ਦਾ ਮਾਰਗ ਅਪਣਾਉਂਦਾ ਹੈ ਜਾਂ ਲੇਖੇ ਤੋਂ ਛੁੱਟਣ ਦੀ ਗੱਲ ਕਰਦਾ ਹੈ ਤਾਂ ਉਹ ਕੇਵਲ ਮਨਮਤਿ ਹੈ, ਉਲਝਣ ਹੈ, ਭੁਲੇਖਾ ਹੈ। ਇਸ ਭੁਲੇਖੇ ਤੋਂ ਜਿਤਨੀ ਜਲਦੀ ਨਿਕਲ ਜਾਈਏ ਉਤਨਾ ਹੀ ਅੱਛਾ ਹੈ ਤਾਂ ਕਿ ਆਪਣਾ ਅੱਗਾ ਸਵਾਰ ਸਕੀਏ ਭਾਵ ਆਪਣੇ ਅੱਗੇ ਦੇ ਮਨੁੱਖੀ ਜੀਵਨ ਨੂੰ ਸਵਾਰ ਸਕੀਏ। ਬਾਣੀ ਸਭ ਲਈ ਸਾਂਝੀ ਤਾਂ ਹੀ ਬਣ ਸਕਦੀ ਹੈ ਜੇਕਰ ਸਭ ਲਈ ਇਸਨੂੰ ਜਪਣ ਦਾ ਤਰੀਕਾ ਵੀ ਸਾਂਝਾ ਹੋਵੇ, ਇੱਕੋ ਜਿਹਾ ਹੋਵੇ।

ਇਹ ਆਮ ਕਰਕੇ ਕਿਹਾ ਜਾਂਦਾ ਹੈ ਕਿ ਆਪ ਵੀ ਨਾਮ ਜਪਣਾ ਚਾਹੀਦਾ ਹੈ ਤੇ ਦੂਜਿਆਂ ਨੂੰ ਵੀ ਨਾਮ ਜਪਾਉਣਾ ਚਾਹੀਦਾ ਹੈ। ਜਿਸ ਨੂੰ ਆਪ ਨਾਮ ਜਪਣ ਦੀ ਸਮਝ ਹੈ, ਜੋ ਆਪ ਨਾਮ ਜਪਦਾ ਹੈ ਉਹੀ ਦੂਸਰਿਆਂ ਨੂੰ ਨਾਮ ਜਪਣ ਲਈ ਕਹਿ ਸਕਦਾ ਹੈ, ਸਮਝਾ ਸਕਦਾ ਹੈ। ਆਓ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਕਿ ਨਾਮ ਜਪਣਾ ਕੀ ਹੈ, ਇਸ ਨੂੰ ਕੌਣ ਜਪ ਰਿਹਾ ਹੈ ਤੇ ਦੂਸਰਿਆਂ ਨੂੰ ਜਪਣ ਲਈ ਕਹਿ ਰਿਹਾ ਹੈ।

"ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥"

(ਅੰਗ ੧੪੦)

ਇਸ ਸ਼ਬਦ ਨੂੰ ਅਸੀਂ ਪਿੱਛੇ ਵੀ ਕੁੱਝ ਜਾਣਿਆ ਹੈ ਤੇ ਬੜੇ ਹੀ ਧਿਆਨ ਨਾਲ ਪੜ੍ਹਨ ਦੀ ਲੋੜ ਹੈ ਤੇ ਇਸਨੂੰ ਸਮਝਣਾ ਬੜਾ ਹੀ ਸੌਖਾ ਹੈ। ਇਸ ਸ਼ਬਦ ਰਾਹੀਂ ਪਹਿਲਾਂ ਇਹ ਸਮਝਾਇਆ ਹੈ ਕਿ ਨਾਮ ਜਪਣਾ ਕੀ ਹੈ ਤੇ ਬਾਅਦ ਵਿੱਚ ਗੁਰੂ ਦੀ ਮਹਿਮਾਂ ਸਮਝਾਈ ਹੋਈ ਹੈ ਕਿ ਉਹ ਆਪ ਹੀ ਨਾਮ ਜਪਣ ਦੇ ਸਮਰੱਥ ਹੈ ਤੇ ਤਾਂ ਹੀ ਦੂਸਰਿਆਂ ਨੂੰ ਨਾਮ ਜਪਣ ਲਈ ਪ੍ਰੇਰਿਆ ਹੈ। ਪੂਰੇ ਸ਼ਬਦ ਰਾਹੀਂ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿੱਥੇ ‘‘ਸਚੁ’’ ਵੱਸਿਆ ਹੋਇਆ ਹੈ ਭਾਵ ਪ੍ਰਮਾਤਮਾ ਆਪ ਵੱਸਿਆ ਹੋਇਆ ਹੈ ਜੋ ਕਿ ਉਹ ਆਪਣੇ ਨਾਮ ਦੇ ਰੂਪ ਵਿੱਚ ਵੱਸਿਆ ਹੋਇਆ ਹੈ। ਬੜਾ ਸਾਫ ਸਮਝਾਇਆ ਹੈ ਕਿ ਸੱਚਾ ਨਾਮ ਉਹੀ ਜਪਦਾ ਹੈ ਜਿਸਦੇ ਅੰਦਰ ਸੱਚ ਹੈ, ਮਨ ਵਿੱਚ ਸੱਚ ਹੈ ਅਤੇ ਉਸ ਮਨੁੱਖ ਦੇ ਮੂੰਹੋਂ ਸੱਚ ਬੋਲਣਾ ਹੀ ਭਾਵ ਸੱਚੀ ਬਿਰਤੀ ਰੱਖਣਾ ਹੀ ਧਰਮ ਦੇ ਮਾਰਗ ਦੀ ਸੱਚੀ ਸਮਝ ਰੱਖਣਾ ਹੀ ਤੇ ਸੱਚ ਦੇ ਮਾਰਗ ਤੇ ਚੱਲਣਾ ਹੀ ਨਾਮ ਜਪਣਾ ਹੈ। ਜਿਸਦੇ ਹਿਰਦੇ ਵਿੱਚ ਸੱਚ ਹੈ, ਉਸਦੇ ਮੁੱਖ ਤੇ ਹੀ ਸੱਚ ਵੱਸਦਾ ਹੈ। ਗੁਰੂ ਨੇ ਆਪਣੇ ਮੁੱਖੋਂ ਜੋ ਵੀ ਆਪਣੇ ਜੀਵਨ ਵਿੱਚ ਬੋਲਿਆ ਹੈ ਉਹ ਸੱਚ ਹੀ ਬੋਲਿਆ ਹੈ ਜੋ ਕਿ ਸ਼ਬਦਾਂ ਦੇ ਰੂਪ ਵਿੱਚ ਬੋਲਿਆ ਹੈ, ਨਾਮ ਦੇ ਰੂਪ ਵਿੱਚ ਬੋਲਿਆ ਹੈ ਤੇ ਗੁਰੂ ਦਾ ਬੋਲਿਆ ਹੋਇਆ ਸੱਚ ਹੀ ਪੂਰੀ ਗੁਰਬਾਣੀ ਦੇ ਵਿੱਚ ਦਰਜ ਹੈ। ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਰਜ ਹੈ, ਨਾਮ ਦੇ ਰੂਪ ਵਿੱਚ ਦਰਜ ਹੈ। ਅਗਰ ਕੋਈ ਮਨੁੱਖ ਇਹ ਕਹੇ ਕਿ ਉਹ ਮੁੱਖੋਂ ਸੱਚ ਬੋਲਦਾ ਹੈ ਪਰ ਉਸਦੇ ਮਨ ਦੀ ਬਿਰਤੀ ਝੂਠੀ ਹੈ ਤਾਂ ਫਿਰ ਉਸ ਨੂੰ ਸੱਚਾ ਨਹੀਂ ਕਹਿਆ ਜਾ ਸਕਦਾ। ਸੱਚ ਤਾਂ ਗੁਰੂ ਦਾ ਸੱਚਾ ਗਿਆਨ ਹੈ ਤੇ ਜਿਸ ਦੇ ਅੰਦਰ ਗੁਰੂ ਦਾ ਸੱਚਾ ਗਿਆਨ ਵੱਸਦਾ ਹੈ, ਉਸ ਦੇ ਅੰਦਰ ਹੀ ਸੱਚ ਵਸਦਾ ਹੈ। ਸੱਚ ਤਾਂ ਸਾਡੇ ਅੰਦਰ ਦੀ ਸੱਚੀ ਸਮਝ ਹੈ ਤੇ ਸੱਚੀ ਸਮਝ ਸੱਚ ਹੀ ਬੋਲੇਗੀ, ਆਪਣੇ ਮੁੱਖੋਂ ਜੋ ਵੀ ਉਹ ਮਨੁੱਖ ਬੋਲੇਗਾ ਉਹ ਸੱਚ ਹੀ ਬੋਲੇਗਾ। ਗੁਰੂ ਦੀ ਸਮਝ ਸੱਚੀ ਹੈ ਜਿਸ ਕਰਕੇ ਉਸ ਦੀ ਹਰ ਗੱਲ ਸੱਚੀ ਹੈ, ਉਹ ਸੱਚ ਹੀ ਬੋਲਦਾ ਹੈ। (**ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥**) ਗੁਰੂ ਨੇ ਆਪਣੇ ਅੰਦਰ ਨਾਮ ਜਪਿਆ ਹੋਇਆ ਹੈ ਭਾਵ ਸੱਚ ਨੂੰ ਸਮਝ ਕੇ ਉਸ ਨੂੰ ਮੰਨਿਆ ਹੋਇਆ ਹੈ ਜਿਸ ਕਰਕੇ ਉਹ ਆਪ ਸੱਚ ਦੇ ਮਾਰਗ ਤੇ ਚੱਲਦਾ ਹੈ ਤੇ ਹੋਰਨਾ ਨੂੰ ਸੱਚ ਤੇ ਚੱਲਣਾ ਸਿਖਾਉਂਦਾ ਹੈ, ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਨਾਮ ਜਪਾਉਂਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਗੁਰੂ ਰੂਪ ਧਾਰਿਆ ਹੈ ਉਹ ਸਾਰਾ ਜੀਵਨ ਸੱਚ ਦੇ ਮਾਰਗ ਤੇ ਚੱਲੇ ਹਨ ਤੇ ਸੰਸਾਰ ਨੂੰ ਬਾਣੀ ਰਾਹੀਂ ਸੱਚ ਦੇ ਮਾਰਗ ਤੇ ਚੱਲਣਾ ਸਮਝਾਇਆ ਹੈ, ਆਪ ਨਾਮ ਜਪਿਆ ਹੈ ਤੇ ਸੰਸਾਰ ਨੂੰ ਨਾਮ ਜਪਣਾ ਸਿਖਾਇਆ ਹੈ। ਨਾਮ ਸੱਚ ਹੈ ਤੇ ਨਾਮ ਦਾ ਮੁੱਖੋਂ ਬੋਲਣਾ ਤਾਂ ਹੀ ਸੱਚ ਹੈ ਜੇ ਹਿਰਦੇ ਵਿੱਚ ਸੱਚ ਹੈ ਭਾਵ ਉਹ ਜੋ ਮਨੁੱਖ ਤਨੋ ਮਨੋ

2/107

ਸੱਚਾ ਹੈ, ਜਿਸਦੀ ਨੀਅਤ ਸੱਚੀ ਹੈ, ਉਹੀ ਨਾਮ ਜਪਦਾ ਹੈ, ਸੱਚੇ ਮਾਰਗ ਤੇ ਚੱਲਦਾ ਹੈ, ਜਿਵੇਂ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **"ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥"** ਨਾਮ ਜਪਣਾ ਹੈ ਹੀ ਗੁਰੂ ਦੇ ਮਾਰਗ ਤੇ ਚੱਲਣਾ ਭਾਵ ਗੁਰੂ ਦੇ ਸਮਝਾਏ ਹੋਏ ਮਾਰਗ ਤੇ ਚਲਣਾ, ਗੁਰੂ ਦੀ ਸਿੱਖਿਆ ਤੇ ਚੱਲਣਾ ਜੋ ਕਿ ਸਿੱਖਿਆ ਨੂੰ ਮੰਨਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਤੇ ਜੋ ਆਪ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲਦਾ ਹੈ ਉਹ ਹੀ ਦੂਸਰਿਆਂ ਨੂੰ ਗੁਰੂ ਦੇ ਮਾਰਗ ਤੇ ਚੱਲਣ ਲਈ ਪ੍ਰੇਰਦਾ ਹੈ ਭਾਵ ਜੋ ਆਪ ਸੱਚ ਨੂੰ ਅਪਣਾਉਂਦਾ ਹੈ ਉਹ ਦੂਸਰਿਆਂ ਨੂੰ ਸੱਚ ਤੇ ਚੱਲਣ ਲਈ ਪ੍ਰੇਰਦਾ ਹੈ। ਇਹ ਵਡਿਆਈ ਕੇਵਲ ਗੁਰੂ ਦੇ ਕੋਲ ਹੈ ਜੋ ਆਪ ਸੱਚਾ ਹੈ ਤੇ ਦੂਸਰਿਆਂ ਨੂੰ ਸੱਚ ਦਾ ਮਾਰਗ ਦਿਖਾ ਸਕਦਾ ਹੈ। ਗੁਰੂ ਸਾਹਿਬਾਨ ਨੇ, ਭਗਤਾਂ ਨੇ ਆਪ ਇਸ ਮਾਰਗ ਤੇ ਚੱਲ ਕੇ ਦਿਖਾਇਆ ਹੈ ਤੇ ਸਾਰੇ ਜਗਤ ਨੂੰ ਇਸ ਮਾਰਗ ਤੇ ਚੱਲਣ ਲਈ ਪ੍ਰੇਰਿਆ ਹੈ। ਪਹਿਲਾਂ ਆਪਣੇ ਬਣਾਏ ਨਿਯਮ ਤੇ, ਮਾਰਗ ਤੇ, ਉਪਦੇਸ਼ ਤੇ ਆਪ ਪੂਰੇ ਉਤਰੇ ਹਨ ਤੇ ਫਿਰ ਦੂਸਰਿਆਂ ਨੂੰ ਇਹ ਉਪਦੇਸ਼ ਮੰਨਣ ਲਈ ਕਿਹਾ ਹੈ। ਇਸੇ ਲਈ ਸਾਨੂੰ ਇਸ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਜੇਕਰ ਅਸੀਂ ਆਪਣੇ ਅੱਗੇ ਗੁਰੂ ਨੂੰ ਰੱਖਾਂਗੇ ਭਾਵ ਗੁਰੂ ਦੇ ਪਿੱਛੇ ਚੱਲਾਂਗੇ, ਗੁਰੂ ਦਾ ਉਪਦੇਸ਼ ਮੰਨਾਂਗੇ ਤੇ ਸਾਡੇ ਮਨ ਦੀ ਮੈਲ ਉਤਰ ਸਕਦੀ ਹੈ ਭਾਵ ਸਾਡੀ ਝੂਠ ਵਾਲੀ ਬਿਰਤੀ ਸੱਚ ਵਾਲੀ ਬਣ ਸਕਦੀ ਹੈ। **(ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ)**। ਜੇਕਰ ਅਸੀਂ ‘‘ਗੁਰੂ ਤੀਰਥ’’ ਨੂੰ ਛੱਡ ਕੇ ਦੇਹਧਾਰੀਆਂ ਪਿੱਛੇ ਲੱਗ ਜਾਵਾਂਗੇ ਭਾਵ ਜੇਕਰ ਅਸੀਂ ਗੁਰੂ ਨੂੰ ਛੱਡ ਕੇ ਇਧਰ ਉਧਰ ਭਰਮਾਂਗੇ, ਨਾ ਸਮਝਾਂ ਦੀ ਮਤਿ ਨਾਲ ਜੁੜਾਂਗੇ ਤਾਂ ਆਪਣੀ ਮੈਲ ਧੋਣ ਦੀ ਬਜਾਇ ਉਲਟੇ ਹੋਰ ਮੈਲੇ ਹੋ ਜਾਵਾਂਗੇ, ਹੋਰ ਹਉਮੈ ਵੱਧ ਜਾਵੇਗੀ ਕਿਉਂਕਿ ਗੁਰੂ ਤੋਂ ਉੱਪਰ ਹੋਰ ਕੋਈ ਗਿਆਨ ਨਹੀਂ ਦੇ ਸਕਦਾ **(ਛਪੜਿ ਨਾਤੈ ਸਗਵੀ ਮਲੁ ਲਾਏ॥)** ਸੱਚਾ ਤੀਰਥ ਕੇਵਲ ਗੁਰੂ ਹੈ, ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਤੀਰਥ ਹੈ। (**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ**

ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥) ਅੰਗ - ੬੮੭ । ਗੁਰੂ ਦੀ ਸੱਚੀ ਮਤਿ, ਸੱਚਾ ਗਿਆਨ ਸਾਡਾ ਸੱਚਾ ਤੀਰਥ ਹੈ ਜਿਸ ਦਾ ਇਸ਼ਨਾਨ ਸਾਡੇ ਮਨ ਨੇ ਕਰਨਾ ਹੈ, ਸਾਡੀ ਸਮਝ ਨੇ ਕਰਨਾ ਹੈ ਤੇ ਸੱਚੀ ਸਮਝ ਵਾਲਾ ਬਣਨਾ ਹੈ ਭਾਵ ਮਾੜੀ ਸਮਝ ਨੂੰ ਚੰਗੀ ਸਮਝ ਬਣਾਉਣਾ ਹੈ। ਗੁਰੂ ਨੂੰ ਛੱਡ ਕੇ ਜੇਕਰ ਅਸੀਂ ਦੂਸਰਿਆਂ ਦੀ ਮਤਿ ਮੰਨਦੇ ਹਾਂ ਜਿਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ, ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ, ਉਨ੍ਹਾਂ ਦੀ ਸਮਝ ਨੂੰ ਮੰਨਣਾ ਛੱਪੜੀਆਂ ਤੇ ਇਸ਼ਨਾਨ ਕਰਨ ਦੇ ਬਰਾਬਰ ਦੱਸਿਆ ਹੈ। ਛੱਪੜੀਆਂ ਦਾ ਪਾਣੀ ਮੈਲਾ ਹੁੰਦਾ ਹੈ ਜੋ ਸਾਨੂੰ ਮੈਲਾ ਬਣਾਉਂਦਾ ਹੈ ਸਾਡੀ ਮਤਿ ਨੂੰ ਹੋਰ ਮੈਲਾ ਕਰਦਾ ਹੈ। ਸਾਨੂੰ ਇਹ ਸਮਝਾਇਆ ਹੈ ਕਿ ਸਾਨੂੰ ਗੁਰੂ ਦੀ ਮਤਿ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਨਾ ਚਾਹੀਦਾ ਜੋ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ, ਭਗਤੀ ਦਾ, ਨਾਮ ਜਪਣ ਦਾ ਪੁੱਠਾ ਮਾਰਗ ਸਮਝਾਉਂਦੇ ਹਨ। ਗੁਰੂ ਹਰ ਵੇਲੇ ਆਪ ਨਾਮ ਧਿਆ ਰਿਹਾ ਹੈ, ਉਹ ਹਰ ਵੇਲੇ ਸੱਚਾ ਹੈ ਤੇ ਸਭ ਨੂੰ ਸੱਚਾ ਉਪਦੇਸ਼, ਇੱਕੋ ਜਿਹਾ ਉਪਦੇਸ਼ ਦਿੰਦਾ ਹੈ ਤੇ ਇਸੇ ਲਈ ਉਹ ਸੱਚਾ ਤੀਰਥ ਹੈ **(ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥)** ਗੁਰੂ ਆਪ ਔਗੁਣਾਂ ਤੋਂ ਰਹਿਤ ਹੈ, ਔਗੁਣਾਂ ਦੇ ਪਰਿਵਾਰ ਤੋਂ ਰਹਿਤ ਹੈ ਤੇ ਉਹ ਸਭ ਨੂੰ ਹੀ ਇਹ ਸੱਚਾ ਉਪਦੇਸ਼ ਦੇ ਕੇ ਔਗੁਣਾਂ ਤੋਂ ਰਹਿਤ ਹੋਣ ਲਈ ਪ੍ਰੇਰਦਾ ਹੈ **(ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥)**। ਸਾਰੀ ਸ੍ਰਿਸ਼ਟੀ ਲਈ ਉਸਦਾ ਉਪਦੇਸ਼ ਇੱਕੋ ਜਿਹਾ ਹੀ ਹੈ, ਜਿਸ ਨਾਲ ਹਰ ਕਿਸੇ ਦਾ ਭਲਾ ਹੋ ਸਕਦਾ ਹੈ। ਸਾਡਾ ਭਲਾ ਔਗੁਣਾਂ ਵਿੱਚੋਂ ਨਿਕਲ ਕੇ ਹੀ ਹੋਣਾ ਹੈ ਤਾਂ ਜੋ ਕੋਈ ਵੀ ਸਾਰੇ ਸੰਸਾਰ ਵਿੱਚ ਕਿਸੇ ਦਾ ਮਾੜਾ ਨਾ ਕਰੇ।

2/108

ਇਸ ਲਈ ਸਾਨੂੰ ਗੁਰੂ ਤੋਂ ਹਮੇਸ਼ਾਂ ਬਲਿਹਾਰ ਜਾਣਾ ਚਾਹੀਦਾ ਹੈ ਕਿਉਂਕਿ ਉਹ ਆਪ ਨਾਮ ਜਪ ਰਿਹਾ ਹੈ ਤੇ ਸਭ ਨੂੰ ਨਾਮ ਜਪਾ ਰਿਹਾ ਹੈ ਭਾਵ ਉਹ ਆਪ ਸੱਚਾ ਹੈ ਤੇ ਸਭ ਨੂੰ ਸੱਚ ਦਾ ਮਾਰਗ, ਧਰਮ ਦਾ ਮਾਰਗ ਦਿਖਾ ਰਿਹਾ ਹੈ। (**ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥**) ਜਿਹੋ ਜਿਹਾ ਨਾਮ ਗੁਰੂ ਜਪ ਰਿਹਾ ਹੈ ਤੇ ਸਾਨੂੰ ਜਪਣ ਲਈ ਸਮਝਾ ਰਹਿਆ ਹੈ, ਕੀ ਇਸ ਤੋਂ ਬਿਨ੍ਹਾਂ ਕੋਈ ਹੋਰ ਵੀ ਨਾਮ ਹੋ ਸਕਦਾ ਹੈ। ਕੀ ਕੋਈ ਗੁਰੂ ਤੋਂ ਵੀ ਸਿਆਣਾ ਹੋ ਸਕਦਾ ਹੈ ਜੋ ਨਾਮ ਨੂੰ ਹੋਰ ਕੁੱਝ ਸਮਝਦਾ ਹੈ। ਨਾਮ ਨੂੰ ਕੁੱਝ ਹੋਰ ਸਮਝਣ ਵਾਲੇ, ਕਹਿਣ ਵਾਲੇ, ਪ੍ਰਚਾਰ ਕਰਨ ਵਾਲੇ ਫਿਰ ਅਸਲ ਵਿੱਚ ਗੁਰੂ ਤੋਂ ਸਿਆਣੇ ਹੀ ਬਣਦੇ ਹਨ। ਇਸੇ ਲਈ ਬਾਣੀ ਵਿੱਚ ਸਾਡੇ ਇਹੋ ਜਿਹੇ ਜਪ ਤਪ ਨੂੰ ਸਾਡੀਆਂ ਸਿਆਣਪਾਂ, ਚਤੁਰਾਈਆਂ ਕਹਿ ਕੇ ਦੱਸਿਆ ਹੈ। ਗੁਰੂ ਦੇ ਸੱਚੇ ਗਿਆਨ ਨਾਲ ਜੁੜਕੇ ਹੀ, ਗੁਰੂ ਦੇ ਨਾਮ ਦੇ ਨਾਲ ਜੁੜਕੇ ਹੀ, ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਹੀ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਗੁਰੂ ਦੀ ਸੱਚੀ ਮਤਿ ਨਾਲ ਜੁੜੀਏ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ।

“ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ॥
ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ॥੧॥
ਰਾਮ ਗੁਰਮਤਿ ਹਰਿ ਲਿਵ ਲਾਗੇ॥੧॥ਰਹਾਉ॥
ਘਟਿ ਘਟਿ ਰਮਈਆ ਰਮਤ ਰਾਮ ਰਾਇ
ਗੁਰ ਸਬਦਿ ਗੁਰੂ ਲਿਵ ਲਾਗੇ॥
ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ
ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ॥੨॥
ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ
ਘਰਿ ਵਸਤੁ ਲਹੀ ਮਨ ਜਾਗੇ॥੩॥

ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ॥
ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ॥੪॥
ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ॥
ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ॥੫॥"

(ਅੰਗ ੧੭੧-੭੨)

ਇਸ ਸ਼ਬਦ ਰਾਹੀਂ ਹਰਿ ਹਰਿ ਕਰਨ ਦਾ ਅਰਥ ਸਮਝਾਇਆ ਹੋਇਆ ਹੈ ਕਿ ਅਸੀਂ ਹਰਿ ਹਰਿ ਕਿਸ ਮਨੋਰਥ ਲਈ ਕਰਨਾ ਹੈ ਭਾਵ ਅਸਲ ਵਿੱਚ ਹਰਿ ਹਰਿ ਕਰਨਾ ਕੀ ਹੈ, ਨਾਮ ਜਪਣਾ ਕੀ ਹੈ।

ਹਰਿ ਹਰਿ ਤਾਂ ਹੀ ਹੋ ਸਕਦਾ ਹੈ ਭਾਵ ਹਰਿ ਹਰਿ ਕਰਨਾ ਇਹ ਹੀ ਹੈ ਕਿ ਮਨੁੱਖ ਆਪਣੇ ਆਪ ਨੂੰ ਗੁਰੂ ਨੂੰ ਸਮਰਪਿਤ ਕਰ ਦੇਵੇ ਤੇ ਉਸਦੀ ਲਿਵ ਗੁਰਮਤਿ ਵਿੱਚ ਜੁੜ ਜਾਵੇ ਭਾਵ ਉਹ ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਲੈ ਲਵੇ ਭਾਵ ਉਹ ਮਾਇਆ ਦੇ ਝੂਠੇ ਬੰਧਨਾਂ ਵਿੱਚੋਂ ਨਿਕਲ ਕੇ ਗੁਰੂ ਦੇ ਦੱਸੇ ਹੋਏ ਸੱਚ ਦੇ ਮਾਰਗ ਤੇ ਚੱਲੇ। ਗੁਰੂ ਦੇ ਅੱਗੇ ਸੀਸ ਵੇਚਣਾ ਇਹ ਹੀ ਹੈ ਕਿ ਪੂਰੀ ਤਰ੍ਹਾਂ ਗੁਰੂ ਦੇ ਹੋ ਜਾਣਾ ਤੇ ਔਗੁਣਾਂ ਤੋਂ ਰਹਿਤ ਹੋ ਜਾਣਾ, ਮਾਇਆ ਮੋਹ ਵਿੱਚੋਂ ਨਿਕਲ ਜਾਣਾ ਭਾਵ ਆਪਣੀ ਮਤਿ ਨੂੰ ਪੂਰੀ ਤਰ੍ਹਾਂ ਛੱਡ ਦੇਣਾ। ਆਪਣੇ ਮਨ ਦੀ ਸਮਝ ਨੂੰ ਗੁਰੂ ਦੇ ਹਵਾਲੇ ਕਰ ਦੇਣਾ ਹੀ ਆਪਣਾ ਸੀਸ ਗੁਰੂ ਨੂੰ ਵੇਚਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਡੇ ਅੰਦਰ ਦੀ ਨਾ-ਸਮਝ ਮਤਿ ਹੀ ਸਾਡੇ ਅੰਦਰ ਦਾ ਮਾਇਆ ਬੰਧਨ ਹੈ। ਜੋ ਮਨੁੱਖ ਇਨ੍ਹਾਂ ਮਾਇਆ ਦੇ ਬੰਧਨਾਂ ਤੋਂ ਨਹੀਂ ਨਿਕਲ ਸਕਦੇ ਉਨ੍ਹਾਂ ਨੂੰ ਔਗੁਣ ਹੀ ਸਤਾਉਂਦੇ ਰਹਿੰਦੇ ਹਨ ਤੇ ਉਹ ਇਨ੍ਹਾਂ ਬੰਧਨਾਂ ਵਿੱਚ ਪਏ ਆਵਾਗਉਣ ਵਿੱਚ ਪਏ ਰਹਿੰਦੇ ਹਨ **(ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ॥ ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ॥)**।

ਜੇਕਰ ਅਸੀਂ ਹਰਿ ਹਰਿ ਕਰਨਾ ਚਾਹੁੰਦੇ ਹਾਂ ਤਾਂ ਫਿਰ ਸੰਸਾਰ ਦੇ ਬੰਧਨਾਂ ਵਿੱਚੋਂ ਨਿਕਲਣਾ ਹੀ ਪਵੇਗਾ, ਮਾਇਆ ਮੋਹ ਵਿੱਚੋਂ ਨਿਕਲਣਾ ਪਵੇਗਾ, ਜਮ ਰੂਪ ਔਗੁਣਾਂ ਵਿੱਚੋਂ ਨਿਕਲਣਾ ਪਵੇਗਾ

2/109

ਤੇ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲਣਾ ਹੀ ਪਵੇਗਾ। ਜ਼ੁਬਾਨੀ ਗੱਲ ਨਹੀਂ ਬਣਨੀ, ਮਨ ਨੂੰ ਮਾਰਨਾ ਹੀ ਪਵੇਗਾ। ਸਾਡੇ ਅੰਦਰ ਹਰਿ ਹਰਿ ਤਾਂ ਹੀ ਹੋ ਸਕਦਾ ਹੈ ਭਾਵ ਸਾਡੇ ਅੰਦਰ ਨਾਮ ਤਾਂ ਹੀ ਦ੍ਰਿੜ ਹੋ ਸਕਦਾ ਹੈ ਜੇਕਰ ਅਸੀਂ ਆਪਣਾ ਤਨ ਮਨ ਗੁਰੂ ਨੂੰ ਵੇਚ ਦਿੰਦੇ ਹਾਂ ਤੇ ਆਪਣਾ ਆਪ ਗੁਰੂ ਨੂੰ ਵੇਚਣਾ ਕੀ ਹੈ, ਇਹ ਸਾਨੂੰ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਮੁੱਖੋਂ ਸਾਰਾ ਦਿਨ "ਹਰਿ ਹਰਿ" ਕਰੀ ਜਾਣਾ ਕਿਸ ਲੇਖੇ। ਹਰਿ ਹਰਿ ਕਰਨਾ ਆਪਣੇ ਜੀਵਨ ਨੂੰ ਸੁਧਾਰਨਾ ਹੈ, ਆਪਣੀ ਦੁਨਿਆਵੀ ਵਿਚਰਨ ਨੂੰ ਚੰਗਾ ਬਣਾਉਣਾ ਹੈ, ਆਪਣੀ ਕਰਨੀ ਨੂੰ ਚੰਗਾ ਬਣਾਉਣਾ ਹੈ ਭਾਵ ਆਪਣੀ ਮਤਿ ਨੂੰ, ਮਨਮਤਿ ਨੂੰ ਪੂਰੀ ਤਰਾਂ ਤਿਆਗਣਾ ਹੈ ਤੇ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨ ਕੇ ਉਸ ਤੇ ਅਮਲ ਕਰਨਾ ਹੈ। (**ਹਰਿ ਹਰਿ ਅਰਬਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ॥ ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ॥**)

ਇਸੇ ਸ਼ਬਦ ਰਾਹੀਂ ਸਾਨੂੰ ਇਹ ਵੀ ਸੋਝੀ ਪੈ ਰਹੀ ਹੈ ਕਿ ਪ੍ਰਮਾਤਮਾ ਨਾਲ ਲਿਵ ਲਗਾਉਣਾ ਕੀ ਹੈ, ਜੋ ਕਿ ਵੱਖਰੀਆਂ-ਵੱਖਰੀਆਂ ਪੰਗਤੀਆਂ ਰਾਹੀਂ ਇਸ ਤਰ੍ਹਾਂ ਸਮਝਾਇਆ ਹੋਇਆ ਹੈ।

"ਰਾਮ ਗੁਰਮਤਿ ਹਰਿ ਲਿਵ ਲਾਗੇ ॥੧॥ ਰਹਾਉ॥"
"ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ॥੨॥"

ਰਾਮ ਅਸਲ ਵਿੱਚ ਰਾਮ ਦੀ ਮਤਿ ਹੈ, ਹਰਿ ਦੀ ਮਤਿ ਹੈ ਭਾਵ ਗੁਰੂ ਦੀ ਮਤਿ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਹਰਿ ਦੇ ਨਾਲ ਜਾਂ ਰਾਮ ਦੇ ਨਾਲ ਲਿਵ ਲਾਉਣੀ ਉਸਦੀ ਮਤਿ ਦੇ ਨਾਲ ਲਿਵ ਲਾਉਣੀ ਹੈ, ਉਸ ਦੇ ਗਿਆਨ ਦੇ ਨਾਲ ਲਿਵ ਲਾਉਣੀ ਹੈ। ਜਦ ਤੱਕ ਸਾਡੀ ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ ਉਸ ਪ੍ਰਮਾਤਮਾ ਨਾਲ, ਵਾਹਿਗੁਰੂ ਦੇ ਨਾਲ ਸਾਡੀ ਲਿਵ ਨਹੀਂ ਲੱਗ ਸਕਦੀ। ਪ੍ਰਮਾਤਮਾ ਦੇ ਨਾਲ ਲਿਵ ਮਨ ਦੇ ਪ੍ਰਕਾਸ਼ ਰਾਹੀਂ ਲੱਗਦੀ ਹੈ ਤੇ ਸਾਡੇ ਮਨ

ਦੇ ਵਿੱਚ ਆਪਣੇ ਗਿਆਨ ਦਾ ਪ੍ਰਕਾਸ਼ ਉਹ ਆਪ ਹੀ ਕਰ ਸਕਦਾ ਹੈ। ਆਪਣੇ ਨਾਲ ਲਿਵ ਉਹ ਆਪ ਹੀ ਲਗਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਲਿਵ ਚੌਥੇ ਪਦ ਦੇ ਗਿਆਨ ਦੁਆਰਾ ਲੱਗਦੀ ਹੈ। ਇਸ ਗੱਲ ਨੂੰ ਅਸੀਂ ਕਾਫੀ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ। ਹੁਣ ਧਿਆਨ ਨਾਲ ਸਮਝੋ ਜੇਕਰ ਰਾਮ ਦੇ ਨਾਲ ਲਿਵ, ਹਰਿ ਦੇ ਨਾਲ ਲਿਵ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਲੱਗਦੀ ਹੈ, ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਲੱਗਦੀ ਹੈ ਫਿਰ "ਵਾਹਿਗੁਰੂ" ਨਾਲ ਲਿਵ ਕਿਸ ਤਰੀਕੇ ਲਗਾਵਾਂਗੇ। ਕੀ ਰਾਮ ਹੋਰ ਹੈ, ਹਰਿ ਹੋਰ ਹੈ ਤੇ ਵਾਹਿਗੁਰੂ ਹੋਰ ਹੈ। ਜੇਕਰ ਅਸੀਂ ਕਿਸੇ ਅੱਖਰ ਨੂੰ ਨਾਮ ਸਮਝਾਂਗੇ ਤਾਂ ਫਿਰ "ਰਾਮ" ਨਾਮ ਹੋਰ ਹੈ, "ਹਰਿ ਹਰਿ" ਨਾਮ ਹੋਰ ਹੈ, "ਵਾਹਿਗੁਰੂ" ਨਾਮ ਹੋਰ ਹੈ। ਨਾਮ ਤਾਂ ਪ੍ਰਮਾਤਮਾ ਦਾ ਇੱਕੋ ਹੀ ਹੈ ਜਿਸ ਦੇ ਨਾਲ ਲਿਵ ਜੋੜਨ ਦਾ ਤਰੀਕਾ ਵੀ ਇੱਕੋ ਹੀ ਹੈ ਜੋ ਕਿ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ, ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦਾ ਹੈ ਜਿਸ ਦੇ ਨਾਲ ਸਾਡੀ ਸਮਝ ਨੇ ਹੀ ਜੁੜਨਾ ਹੈ, ਮਨ ਦੇ ਵਿਚਾਰਾਂ ਨੇ ਹੀ ਜੁੜਨਾ ਹੈ। ਜੇਕਰ ਅਸੀਂ ਇਸ ਗੱਲ ਨੂੰ ਸਮਝ ਲਈਏ ਕਿ ਨਾਮ ਗੁਰੂ ਦਾ ਸੱਚਾ ਗਿਆਨ ਹੈ ਫਿਰ ਨਾਮ ਨਾਲ ਲਿਵ ਜੋੜਨੀ ਵੀ ਸਮਝ ਲੱਗ ਜਾਵੇਗੀ। ਗੁਰੂ ਦੇ ਸੱਚੇ ਗਿਆਨ ਨਾਲ ਲਿਵ ਤਾਂ ਹੀ ਜੁੜੇਗੀ ਜਦੋਂ ਆਪਣੀ ਅਗਿਆਨਤਾ ਵਾਲੀ ਸਮਝ ਨੂੰ ਛੱਡਾਂਗੇ, ਮਨਮਤਿ ਨੂੰ ਛਡਾਂਗੇ। ਨਾਮ ਗੁਰੂ ਦੀ ਸਚੀ ਮਤਿ ਹੈ। ਗੁਰੂ ਦੀ ਮਤਿ ਨਾਲ ਲਿਵ ਤਾਂ ਹੀ ਜੁੜੇਗੀ ਜੇਕਰ ਆਪਣੀ ਮਨਮਤਿ ਛਡਾਂਗੇ ਜਿਸ ਮਤਿ ਨੇ ਸਾਡੇ ਮਨ ਦੀ ਸਮਝ ਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਜੇਕਰ ਕਿਸੇ ਅੱਖਰ ਨੂੰ ਰਟੀ ਜਾਣਾ ਹੀ ਨਾਮ ਸਮਝਾਂਗੇ ਤੇ ਫਿਰ ਅਗਿਆਨਤਾ ਕਿਵੇਂ ਨਿਕਲ ਸਕਦੀ ਹੈ ਭਾਵੇਂ ਜਿਹੜਾ ਮਰਜ਼ੀ ਅੱਖਰ ਬੋਲ-ਬੋਲ ਕੇ ਜਪੀ ਜਾਈਏ, ਭਾਵੇਂ ਰਾਮ ਰਾਮ ਕਰੀ ਜਾਈਏ, ਹਰਿ ਹਰਿ ਕਰੀ ਜਾਈਏ, ਵਾਹਿਗੁਰੂ ਵਾਹਿਗੁਰੂ ਕਰੀ ਜਾਈਏ, ਅੱਲਾਹ-ਅੱਲਾਹ ਕਰੀ ਜਾਈਏ ਜਾਂ ਆਪਣੀ ਆਪਣੀ ਮਤਿ ਅਨੁਸਾਰ ਜਿਹੜਾ ਮਰਜੀ ਅੱਖਰ ਜਪੀ ਜਾਈਏ, ਸ਼ਬਦ ਜਪੀ ਜਾਈਏ। ਹਰ ਕੋਈ ਸਮਾਧੀਆਂ ਲਗਾ ਕੇ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਪ੍ਰਮਾਤਮਾ ਨਾਲ ਲਿਵ ਲਾਉਣੀ ਸਮਝਦਾ ਹੈ ਤੇ ਇਸੇ ਲਈ ਇਹੋ ਜਿਹੀ ਲਿਵ ਲਗਾਉਣ ਦੇ ਤਰੀਕੇ ਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਖੰਡਿਆ ਹੋਇਆ ਹੈ, ਇਹੋ ਜਿਹਾ ਤਰੀਕਾ ਤਿਆਗਣ ਲਈ ਸਮਝਾਇਆ ਹੋਇਆ ਹੈ ਕਿਉਂਕਿ ਇਸ ਤਰੀਕੇ ਕਿਸੇ ਮਨੁੱਖ ਦੀ ਸਮਝ ਕਿਵੇਂ ਬਦਲ ਸਕਦੀ ਹੈ। ਪ੍ਰਮਾਤਮਾ ਨਾਲ ਸਾਡੀ ਲਿਵ ਕਿਵੇਂ ਜੁੜਦੀ ਹੈ ਤੇ ਕਿਸ ਦੇ ਜੋੜਨ ਦੁਆਰਾ ਜੁੜਦੀ ਹੈ ਇਸ ਗੱਲ ਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਜਿਸਨੂੰ ਅੱਗੇ ਚੱਲਕੇ ਨਾਲ ਨਾਲ ਸਮਝਦੇ ਜਾਵਾਂਗੇ। ਆਪਣੇ ਨਾਲ ਲਿਵ ਪ੍ਰਮਾਤਮਾ ਆਪ ਹੀ ਜੋੜਦਾ ਹੈ, ਆਪਣੇ ਨਾਲ ਮੇਲ ਕਰਨ ਦੁਆਰਾ ਜੋੜਦਾ ਹੈ ਤੇ ਉਸ ਦੇ ਲਈ ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦਾ ਹੈ ਤਾਂ ਜੋ ਸਾਡੇ ਅੰਦਰ ਦੇ ਭਰਮ ਨਿਕਲਣ, ਮਨ ਦੀ ਅਗਿਆਨਤਾ ਨਿਕਲੇ, ਸਾਡੀ ਮਨਮਤਿ ਨਿਕਲੇ ਜਿਸਦੇ ਨਿਕਲੇ ਬਿਨ੍ਹਾਂ ਸਾਡੀ ਪ੍ਰਮਾਤਮਾ ਦੇ ਨਾਲ ਲਿਵ ਨਹੀਂ ਜੁੜ ਸਕਦੀ, ਗੁਰੂ ਦੀ ਸੱਚੀ ਮਤਿ ਦੇ ਨਾਲ ਲਿਵ ਨਹੀਂ ਜੁੜ ਸਕਦੀ। ਗੁਰੂ ਦੀ ਮਤਿ ਗੁਰੂ ਦਾ ਸੱਚਾ ਗਿਆਨ ਹੈ ਤੇ ਗੁਰੂ ਦੀ ਸੱਚੇ ਗਿਆਨ ਨਾਲ ਜੁੜੇ ਬਿਨ੍ਹਾਂ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਹੀ ਨਹੀਂ ਪੈਂਦੀ। ਗੁਰੂ ਨਾਲ ਲਿਵ ਲਾਉਣ ਦਾ ਮਕਸਦ ਭਗਤੀ ਦੇ ਸੱਚੇ ਮਾਰਗ ਨੂੰ ਸਮਝਣਾ ਹੀ ਹੈ ਤਾਂ ਜੋ ਅਸੀਂ ਉਸ ਅਨੁਸਾਰ ਚੱਲ ਸਕੀਏ, ਧਰਮ ਦੇ ਮਾਰਗ ਤੇ ਚੱਲ ਸਕੀਏ, ਨਾਮ ਜਪਣ ਦੇ ਮਾਰਗ ਤੇ ਚੱਲ ਸਕੀਏ। **(ਰਾਮ ਗੁਰਮਤਿ ਹਰਿ ਲਿਵ ਲਾਗੇ ॥੧॥ ਰਹਾਉ॥) (ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ॥ ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ॥)** ਪਿੱਛੇ ਅਸੀਂ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਜਿਹੜੀ ਵਸਤੂ ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਕਸਦ ਹੈ ਉਹ "ਵਸਤੁ" ਭਾਵ ਨਾਮ ਰੂਪ ਵਸਤੁ ਸਾਨੂੰ ਮਨ ਦੇ ਸੱਚੇ ਗਿਆਨ ਦੇ ਰੂਪ ਵਿੱਚ ਮਿਲਦੀ ਹੈ ਜੋ ਕਿ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਮਿਲਦੀ ਹੈ, ਪ੍ਰਮਾਤਮਾ ਦੇ ਨਾਲ ਲਿਵ ਲਗਣ ਦੁਆਰਾ ਮਿਲਦੀ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਨਾਮ ਦੇ ਨਾਲ ਲਿਵ ਜੋੜਨ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਜੋ ਕਿ ਕਿਸੇ ਅੱਖਰ ਦੀ ਕਥਨੀ ਕਰਨ ਦੁਆਰਾ, ਸਮਾਧੀਆਂ ਲਗਾ ਕੇ ਅੱਖਰ ਜਪਣ ਦੁਆਰਾ ਪ੍ਰਮਾਤਮਾ ਦੇ ਨਾਲ ਲਿਵ ਲਾਉਣੀ ਸਮਝਦੇ ਹਨ, ਨਾਮ ਦੇ ਨਾਲ ਲਿਵ ਲਾਉਣੀ ਸਮਝਦੇ ਹਨ। ਨਾਮ ਦੇ ਨਾਲ ਸਾਡੀ ਲਿਵ ਮਨ ਦੇ ਵਿੱਚ ਹੀ ਲੱਗਦੀ ਹੈ, ਨਾਮ ਰੂਪ "ਵਸਤੁ" ਦੀ, ਨਾਮ ਰੂਪ "ਵੱਖਰ" ਦੀ ਪ੍ਰਾਪਤੀ ਹੋਣ ਦੁਆਰਾ ਲੱਗਦੀ ਹੈ। ਨਾਮ ਦਾ ਵੱਖਰ ਗੁਰੂ ਦਾ ਸੱਚਾ ਗਿਆਨ ਹੈ ਜਿਸ ਵੱਖਰ ਨੂੰ ਸਮਾਧੀਆਂ ਲਗਾ ਕੇ ਨਹੀਂ ਜਪਿਆ ਜਾ ਸਕਦਾ। ਇਸ ਨਾਮ ਦੇ ਵੱਖਰ ਨੂੰ ਸਾਡੇ ਮਨ ਨੇ ਜਪਣਾ ਹੈ ਜਿਸਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਸਾਡੇ ਸੁੱਤੇ ਹੋਏ ਮਨ ਨੂੰ, ਮਨ ਦੀ ਸੁੱਤੀ ਹੋਈ ਸਮਝ ਨੂੰ ਜਗਾਉਣ ਦਾ ਹੈ। ਮਨ ਦੀ ਸੁੱਤੀ ਹੋਈ ਸਮਝ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਨਾਮ ਨਹੀਂ ਜਪਿਆ ਜਾ ਸਕਦਾ। ਨਾਮ ਜਪਣ ਦੀ ਸਮਝ ਹੀ ਮਨ ਦੇ ਜਾਗਣ ਦੁਆਰਾ ਲੱਗਦੀ ਹੈ। ਬਾਣੀ ਸਾਨੂੰ ਵਾਰ-ਵਾਰ ਇਹੋ

ਜਿਹਾ ਜਾਗਣਾ ਸਿਖਾ ਰਹੀ ਹੈ, ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਜਾਗਣਾ ਸਿਖਾ ਰਹੀ ਹੈ ਨਾ ਕੇ ਸਰੀਰਕ ਰੂਪ ਵਿੱਚ ਜਾਗਣਾ। ਮਨ ਦਾ ਜਾਗਣਾ ਹੀ ਸਾਡੇ ਅੰਦਰ ਦਾ ਪ੍ਰਭਾਤ ਵੇਲਾ ਹੈ ਜੋ ਪ੍ਰਭਾਤ ਸਾਡੇ ਅੰਦਰ ਮਨ ਦੀ ਅਗਿਆਨਤਾ ਦਾ ਹਨੇਰਾ ਦੂਰ ਹੋਣ ਦੁਆਰਾ ਚੜਦੀ ਹੈ ਤੇ ਸਾਡੇ ਅੰਦਰ ਦਿਨ ਚੜਦਾ ਹੈ ਜੋ ਫਿਰ ਸਦਾ ਲਈ ਚੜਿਆ ਹੀ ਰਹਿੰਦਾ ਹੈ ਤੇ ਮੁੜ ਕੇ ਅਗਿਆਨਤਾ ਰੂਪ ਰਾਤ ਦਾ ਹਨੇਰਾ ਫਿਰ ਨਹੀਂ ਹੁੰਦਾ ਤੇ ਮਨੁੱਖੀ ਸਮਝ ਹਰ ਵੇਲੇ ਜਾਗਦੀ ਰਹਿੰਦੀ ਹੇ, ਅੱਠੇ ਪਹਿਰ ਜਾਗਦੀ ਰਹਿੰਦੀ ਹੈ, ਗੁਰਮਤਿ ਵਿੱਚ ਜਾਗਦੀ ਰਹਿੰਦੀ ਹੈ, ਭਗਤੀ ਵਿੱਚ ਜਾਗਦੀ ਰਹਿੰਦੀ ਹੈ ਜਿਸ ਰਾਹੀਂ ਨਾਮ ਦੇ ਚੋਰ ਭਾਵ ਅਉਗਣ ਸਾਡੀ ਸਮਝ ਦੇ ਵਿੱਚ ਨਹੀਂ ਵੜ ਸਕਦੇ ਤੇ ਮਨੁੱਖ ਸੱਚੀ ਭਗਤੀ ਦੇ ਮਾਰਗ ਤੇ ਚਲਦਾ ਹੈ, ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਜਪਦਾ ਹੈ ਕਿਉਂਕਿ ਉਸਦੀ ਸਮਝ ਅਠੇ ਪਹਰ ਸੱਚੀ ਰਹਿੰਦੀ ਹੈ, ਗੁਰੂ ਦੇ ਸਚੇ ਗਿਆਨ ਨਾਲ ਜੁੜੀ ਰਹਿੰਦੀ ਹੈ। ਇਹ ਸਾਡੀ ਨਾਮ ਦੇ ਨਾਲ ਲਿਵ ਜੁੜਨੀ ਹੈ। (**ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ॥ ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ॥**)

ਹੇਠ ਦਿੱਤੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਕੀ ਹੈ, ਨਾਮ ਦੇ ਨਾਲ ਲਿਵ ਜੁੜਨੀ ਕੀ ਹੈ ਤਾਂ ਜੋ ਸਾਨੂੰ ਇਹ ਕੁੱਝ ਸਮਝਣ ਵਿੱਚ ਕੋਈ ਭਰਮ ਨਾ ਰਹਿ ਜਾਏ ਜੋ ਭਰਮ ਗੁਰੂ ਸਾਹਿਬ ਨੇ ਅਨੇਕਾਂ ਸ਼ਬਦਾਂ ਦੁਆਰਾ ਕੱਢੇ ਹੋਏ ਹਨ ਤੇ ਕੇਵਲ ਜਰੂਰਤ ਇਸ ਗੱਲ ਦੀ ਹੈ ਕਿ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖੀਏ ਨਾ ਕਿ ਉਨ੍ਹਾਂ ਦੀਆਂ ਗੱਲਾਂ ਤੇ ਜਿਨ੍ਹਾਂ ਨੇ ਸਾਨੂੰ ਭਰਮਾਂ ਵਿੱਚ ਪਾਇਆ ਹੋਇਆ ਹੈ।

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥}

(ਅੰਗ ੧੩੦੯)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ ੧੪੧੪)

{ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥
ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥}

(ਅੰਗ ੪੧੮)

{ਅਸੰਖ ਮੋਨਿ ਲਿਵ ਲਾਇ ਤਾਰ ॥
ਕੁਦਰਤਿ ਕਵਣ ਕਹਾ ਵੀਚਾਰੁ ॥}

(ਅੰਗ ੪)

{ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥}

(ਅੰਗ ੧)

{ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥}

(ਅੰਗ ੫)

{ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥
ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥

ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥}

(ਅੰਗ ੨੨)

{ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥}

(ਅੰਗ ੨੮)

{ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥}

(ਅੰਗ ੩੫)

{ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ ॥
ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ ॥
ਆਪੇ ਪ੍ਰਭੂ ਦਇਆਲੁ ਹੈ ਆਪੇ ਦੇਇ ਬੁਝਾਇ ॥
ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥੧॥}

(ਅੰਗ ੩੭)

{ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥}

(ਅੰਗ ੪੦)

{ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥
ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥}

(ਅੰਗ ੫੫)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬-੮੭)

{ਵਿਚਹੁ ਆਪੁ ਗਵਾਇ ਕੈ ਰਹਨਿ ਸਚਿ ਲਿਵ ਲਾਇ ॥}

(ਅੰਗ ੮੮)

{ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥}

(ਅੰਗ ੮੮)

{ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥
ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥}

(ਅੰਗ ੯੩)

{ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥
ਦੂਜਾ ਭਰਮੁ ਗੁਰ ਸਬਦਿ ਜਲਾਏ ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥}

(ਅੰਗ ੧੧੫)

{ਆਪੁ ਵੰਞਾਏ ਤਾ ਸਭ ਕਿਛੁ ਪਾਏ ॥
ਗੁਰ ਸਬਦੀ ਸਚੀ ਲਿਵ ਲਾਏ ॥}

(ਅੰਗ ੧੧੫)

{ਗੁਰ ਪਰਸਾਦੀ ਸਹਜੁ ਕੋ ਪਾਏ ॥
ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥}

(ਅੰਗ ੧੧੯)

{ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥
ਗੁਰ ਪਰਸਾਦੀ ਸਹਜਿ ਲਿਵ ਲਾਏ ॥
ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ ॥੭॥}

(ਅੰਗ ੧੧੯)

{ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥੧॥}

(ਅੰਗ ੪੬)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥}

(ਅੰਗ ੫੩)

{ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ ॥
ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥
ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥}

(ਅੰਗ ੬੬)

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥
ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥}

(ਅੰਗ ੧੨੪)

{ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ॥
ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧੰਨੁ ਗੁਰੂ ਲਿਵ ਲਾਵੈ ॥੧॥
ਗੁਰਮੁਖਿ ਹਰਿ ਲਿਵ ਲਾਵੈ ॥੧॥ ਰਹਾਉ ॥}

(ਅੰਗ ੧੭੨)

{ਸਰਬ ਸੁਖਾ ਸੁਖੁ ਸਾਚਾ ਏਹੁ ॥
ਗੁਰ ਉਪਦੇਸੁ ਮਨੈ ਮਹਿ ਲੇਹੁ ॥
ਜਾ ਕਉ ਰਾਮ ਨਾਮ ਲਿਵ ਲਾਗੀ ॥
ਕਹੁ ਨਾਨਕ ਸੋ ਧੰਨੁ ਵਡਭਾਗੀ ॥੪॥}

(ਅੰਗ ੧੭੮)

{ਕਉਨ ਵਡਾ ਮਾਇਆ ਵਡਿਆਈ ॥
ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ ਰਹਾਉ ॥}

(ਅੰਗ ੧੯੮)

{ਬਨੁ ਬਨੁ ਖੋਜਤ ਫਿਰਤ ਬੈਰਾਗੀ ॥
ਬਿਰਲੇ ਕਾਹੂ ਏਕ ਲਿਵ ਲਾਗੀ ॥
ਜਿਨਿ ਹਰਿ ਪਾਇਆ ਸੇ ਵਡਭਾਗੀ ॥੧॥
ਬ੍ਰਹਮਾਦਿਕ ਸਨਕਾਦਿਕ ਚਾਹੈ ॥
ਜੋਗੀ ਜਤੀ ਸਿਧ ਹਰਿ ਆਹੈ ॥
ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ ॥੨॥}

(ਅੰਗ ੨੦੩)

{ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥}

(ਅੰਗ ੨੦੫)

{ਏਹੁ ਨਿਧਾਨੁ ਜਪੈ ਵਡਭਾਗੀ ਜੀਉ ॥
ਨਾਮ ਨਿਰੰਜਨ ਏਕ ਲਿਵ ਲਾਗੀ ਜੀਉ ॥
ਗੁਰੁ ਪੂਰਾ ਪਾਇਆ ਸਭੁ ਦੁਖੁ ਮਿਟਾਇਆ ਜੀਉ ॥
ਆਠ ਪਹਰ ਗੁਣ ਗਾਇਆ ਜੀਉ ॥੩॥}

(ਅੰਗ ੨੧੭)

{ਅਦਿਸਟੁ ਦਿਸੈ ਤਾ ਕਹਿਆ ਜਾਇ ॥

ਬਿਨੁ ਦੇਖੇ ਕਹਣਾ ਬਿਰਥਾ ਜਾਇ ॥
ਗੁਰਮੁਖਿ ਦੀਸੈ ਸਹਜਿ ਸੁਭਾਇ ॥
ਸੇਵਾ ਸੁਰਤਿ ਏਕ ਲਿਵ ਲਾਇ ॥੨॥}

(ਅੰਗ ੨੨੨)

{ਦੁਖੁ ਸੁਖੁ ਭਾਣੈ ਤਿਸੈ ਰਜਾਇ ॥
ਨਾਨਕੁ ਨੀਚੁ ਕਹੈ ਲਿਵ ਲਾਇ ॥੮॥}

(ਅੰਗ ੨੨੩)

{ਨਿਰਭਉ ਜੋਗੀ ਨਿਰੰਜਨੁ ਧਿਆਵੈ ॥
ਅਨਦਿਨੁ ਜਾਗੈ ਸਚਿ ਲਿਵ ਲਾਵੈ ॥
ਸੋ ਜੋਗੀ ਮੇਰੈ ਮਨਿ ਭਾਵੈ ॥੨॥}

(ਅੰਗ ੨੨੩)

{ਮਾਇਆ ਮੋਹਿ ਨਟਿ ਬਾਜੀ ਪਾਈ ॥
ਮਨਮੁਖ ਅੰਧ ਰਹੇ ਲਪਟਾਈ ॥
ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥}

(ਅੰਗ ੨੩੦)

{ਨਾਮਿ ਰਤੇ ਸਦਾ ਬੈਰਾਗੀ ॥
ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥
ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥}

(ਅੰਗ ੨੩੦)

{ਜਮੂਆ ਨ ਜੋਹੈ ਹਰਿ ਕੀ ਸਰਣਾਈ ॥
ਹਉਮੈ ਮਾਰਿ ਸਚਿ ਲਿਵ ਲਾਈ ॥
ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥}

(ਅੰਗ ੨੩੧)

{ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ ੨੩੧)

{ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥
ਹਉਮੈ ਮਾਇਆ ਸਬਦਿ ਜਲਾਏ ॥
ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥}

(ਅੰਗ ੨੩੨)

{ਗੁਰਮੁਖਿ ਬਾਣੀ ਮੀਠੀ ਲਾਗੀ ॥
ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥

ਸਹਜੇ ਸਚੁ ਮਿਲਿਆ ਪਰਸਾਦੀ ॥
ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥
ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥
ਜਬ ਹਿਰਦੈ ਰਾਮ ਨਾਮ ਗੁਣਤਾਸੁ ॥
ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥
ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥
ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥
ਗੁਰਮੁਖਿ ਮੇਲੇ ਆਪੁ ਗਵਾਏ ॥
ਹਿਰਦੈ ਸਾਚਾ ਨਾਮੁ ਵਸਾਏ ॥
ਨਾਨਕ ਸਹਜੇ ਸਾਚਿ ਸਮਾਏ ॥੮॥}

(ਅੰਗ ੨੩੨)

{ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥
ਸਬਦਿ ਮਨੁ ਰੰਗਿਆ ਲਿਵ ਲਾਇ ॥
ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥}

(ਅੰਗ ੨੩੩)

{ਰਾਰਾ ਰੇਨ ਹੋਤ ਸਭ ਜਾ ਕੀ ॥
ਤਜਿ ਅਭਿਮਾਨੁ ਛੂਟੈ ਤੇਰੀ ਬਾਕੀ ॥
ਰਣਿ ਦਰਗਹਿ ਤਉ ਸੀਝਹਿ ਭਾਈ ॥
ਜਉ ਗੁਰਮੁਖਿ ਰਾਮ ਨਾਮ ਲਿਵ ਲਾਈ ॥
ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥}

(ਅੰਗ ੨੫੯)

{ਪਰੇ ਸਰਨਿ ਆਨ ਸਭ ਤਿਆਗਿ ॥
ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥}

(ਅੰਗ ੨੯੯)

{ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ ॥
ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ ॥੭॥}

(ਅੰਗ ੨੯੮)

{ਗੁਰਮੁਖਿ ਜਾਪੈ ਸਬਦਿ ਲਿਵ ਲਾਇ ॥
ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ ॥}

(ਅੰਗ ੩੧੩)

{ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ ॥
ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ ॥

ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ ॥੨॥}

(ਅੰਗ ੩੧੬)

{ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥}

(ਅੰਗ ੩੩੩)

{ਲਲਾ ਐਸੇ ਲਿਵ ਮਨੁ ਲਾਵੈ ॥
ਅਨਤ ਨ ਜਾਇ ਪਰਮ ਸਚੁ ਪਾਵੈ ॥}

(ਅੰਗ ੩੪੨)

{ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥
ਉਲਟ ਭਈ ਘਰੁ ਘਰ ਮਹਿ ਆਣਿਆ ॥
ਅਹਿਨਿਸਿ ਭਗਤਿ ਕਰੇ ਲਿਵ ਲਾਇ ॥ ਨਾਨਕੁ ਤਿਨ ਕੈ ਲਾਗੈ ਪਾਇ ॥੪॥}

(ਅੰਗ ੩੪੨)

{ਹਰਿ ਹਰਿ ਹਰਿ ਜਸੁ ਜਪੈ ਵਡਭਾਗੀ ॥
ਨਾਨਕ ਗੁਰਮਤਿ ਨਾਮਿ ਲਿਵ ਲਾਗੀ ॥੪॥}

(ਅੰਗ ੩੬੭)

{ਤ੍ਰਿਭਵਣ ਸੂਝੈ ਆਪੁ ਗਵਾਵੈ ॥
ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥
ਨਾਨਕ ਧੰਨੁ ਸਵਾਰਣਹਾਰਾ ॥੮॥}

(ਅੰਗ ੪੧੨)

{ਸਬਦਿ ਮਰੈ ਤਾਂ ਏਕ ਲਿਵ ਲਾਏ ॥
ਅਚਰੁ ਚਰੈ ਤਾਂ ਭਰਮੁ ਚੁਕਾਏ ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥
ਗੁਰਮੁਖਿ ਹੋਇ ਤ ਸਚਿ ਸਮਾਏ ॥੩॥}

(ਅੰਗ ੪੧੨)

{ਨਾ ਜਮਦੂਤ ਦੂਖੁ ਤਿਸੁ ਲਾਗੈ ॥
ਜੋ ਜਨੁ ਰਾਮ ਨਾਮਿ ਲਿਵ ਜਾਗੈ ॥}

(ਅੰਗ ੪੧੬)

{ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ ॥
ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ ॥੭॥}

(ਅੰਗ ੪੨੧)

{ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ ਲਾਈ ॥

ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ ॥੧॥ ਰਹਾਉ ॥}

(ਅੰਗ ੪੨੮)

{ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ ॥
ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ ॥੪॥}

(ਅੰਗ ੪੨੯)

{ਮਾਇਆ ਮੋਹੁ ਜਗਤੁ ਸਬਾਇਆ ॥
ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥}

(ਅੰਗ ੧੨੯)

{ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥}

(ਅੰਗ ੧੪੧)

{ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥
ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥
ਤੇ ਹਰਿ ਦਰਗਹ ਮੁਖ ਊਜਲ ਭਾਈ ॥੩॥}

(ਅੰਗ ੧੬੫)

{ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥}

(ਅੰਗ ੧੭੧)

{ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥}

(ਅੰਗ ੪੭੫)

{ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ ਨਾਮੁ ਲੀਓ ॥
ਗੁਰ ਪਰਸਾਦੀ ਹਰਿ ਧਨੁ ਪਾਇਓ ਅੰਤੇ ਚਲਦਿਆ ਨਾਲਿ ਚਲਿਓ ॥੪॥}

(ਅੰਗ ੪੭੯)

{ਜਿਨ ਕੀ ਭਗਤਿ ਮੇਰੇ ਪ੍ਰਭ ਭਾਈ ॥
ਤੇ ਜਨ ਨਾਨਕ ਰਾਮ ਨਾਮ ਲਿਵ ਲਾਈ ॥੫॥}

(ਅੰਗ ੪੯੪)

{ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥}

(ਅੰਗ ੫੦੩)

{ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥

ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥}

(ਅੰਗ ੫੦੩)

{ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥੨॥}

(ਅੰਗ ੫੦੩)

{ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥
ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥
ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥
ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥}

(ਅੰਗ ੫੦੬)

{ਤ੍ਰਿਸਨਾ ਭੁਖ ਵਿਚਹੁ ਉਤਰੈ ਸੁਖੁ ਵਸੈ ਮਨਿ ਆਈ ॥
ਸਦਾ ਸਦਾ ਸਾਲਾਹੀਐ ਹਿਰਦੈ ਲਿਵ ਲਾਈ ॥੮॥}

(ਅੰਗ ੫੧੧)

{ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥
ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥
ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥
ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ ॥੧॥}

(ਅੰਗ ੫੧੨)

{ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵ ਲਾਗੇ ॥}

(ਅੰਗ ੫੨੭)

{ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥
ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ ॥
ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ ॥੨॥}

(ਅੰਗ ੫੩੯)

{ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥}

(ਅੰਗ ੫੫੩)

{ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ॥

ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ ॥੨॥}

(ਅੰਗ ੫੬੯)

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥
ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥
ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥
ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥
ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥}

(ਅੰਗ ੫੮੭)

{ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥
ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ ॥}

(ਅੰਗ ੫੮੭)

{ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥
ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ ॥}

(ਅੰਗ ੫੯੦)

{ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥
ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥
ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥}

(ਅੰਗ ੫੯੪)

{ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥
ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥
ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥
ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥
ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥}

(ਅੰਗ ੬੩੪)

{ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥

ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥
ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ ॥
ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥
ਨਾਨਕ ਗਣਤੈ ਸੇਵਕੁ ਨਾ ਮਿਲੈ ਜਿਸੁ ਬਖਸੇ ਸੋ ਪਵੈ ਥਾਇ ॥੧॥}

(ਅੰਗ ੬੪੯)

{ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥
ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥}

(ਅੰਗ ੬੪੯)

{ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥
ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥
ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥
ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥੨॥}

(ਅੰਗ ੬੫੦)

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ ੬੫੦)

{ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ ॥
ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ ॥
ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥੨॥}

(ਅੰਗ ੬੫੦)

{ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥
ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ ॥
ਨਾਮੁ ਪਦਾਰਥੁ ਪਾਇਆ ਚਿੰਤਾ ਗਈ ਬਿਲਾਇ ॥
ਸਤਿਗੁਰਿ ਮਿਲਿਐ ਨਾਮੁ ਊਪਜੈ ਤਿਸਨਾ ਭੁਖ ਸਭ ਜਾਇ ॥
ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੧॥}

(ਅੰਗ ੬੫੩)

{ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥੩॥}

(ਅੰਗ ੬੫੮)

{ਨਦਰਿ ਕਰੇ ਤਾ ਸਿਮਰਿਆ ਜਾਇ ॥
ਆਤਮਾ ਦ੍ਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥
ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥}

(ਅੰਗ ੬੬੧)

{ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥
ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥ ਰਹਾਉ ॥
ਅਵਗੁਣ ਕਾਟਿ ਗੁਣ ਰਿਦੈ ਸਮਾਇ ॥
ਪੂਰੇ ਗੁਰ ਕੈ ਸਹਜਿ ਸੁਭਾਇ ॥
ਪੂਰੇ ਗੁਰ ਕੀ ਸਾਚੀ ਬਾਣੀ ॥
ਸੁਖ ਮਨ ਅੰਤਰਿ ਸਹਜਿ ਸਮਾਣੀ ॥੨॥
ਏਕੁ ਅਚਰਜੁ ਜਨ ਦੇਖਹੁ ਭਾਈ ॥
ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥
ਨਾਮੁ ਅਮੋਲਕੁ ਨ ਪਾਇਆ ਜਾਇ ॥
ਗੁਰ ਪਰਸਾਦਿ ਵਸੈ ਮਨਿ ਆਇ ॥੩॥
ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥
ਗੁਰਮਤੀ ਘਟਿ ਪਰਗਟੁ ਹੋਇ ॥
ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥
ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥}

(ਅੰਗ ੬੬੩-੬੬੪)

{ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥
ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥
ਗੁਰਮਤਿ ਸਾਚੀ ਸਾਚਾ ਵੀਚਾਰੁ ॥
ਆਪੇ ਬਖਸੇ ਦੇ ਵੀਚਾਰੁ ॥੧॥}

(ਅੰਗ ੬੬੬)

{ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥੩॥}

(ਅੰਗ ੬੬੬)

{ਹਰਿ ਕੈ ਨਾਮਿ ਰਤਾ ਬੈਰਾਗੀ ॥
ਹਰਿ ਹਰਿ ਕਥਾ ਸੁਣੀ ਮਨਿ ਭਾਈ ਗੁਰਮਤਿ ਹਰਿ ਲਿਵ ਲਾਗੀ ॥ਰਹਾਉ॥}

(ਅੰਗ ੬੬੭)

{ਸੁੰਨ ਮੰਡਲ ਇਕੁ ਜੋਗੀ ਬੈਸੇ ॥
ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥
ਸੁਰਿ ਨਰ ਨਾਥ ਸਚੇ ਸਰਣਾਈ ॥੪॥}

(ਅੰਗ ੬੮੫)

ਉੱਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ ਕਿ ਨਾਮ ਨਾਲ ਲਿਵ ਜੁੜਨੀ ਕੀ ਹੈ, ਪ੍ਰਮਾਤਮਾ ਦੇ ਨਾਲ, ਗੁਰੂ ਦੇ ਨਾਲ ਲਿਵ ਜੁੜਨੀ ਕੀ ਹੈ। ਇਹ ਲਿਵ ਮਨੁੱਖ ਦੀ ਸਮਝ ਦੇ ਵਿੱਚ ਜੁੜਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਜੁੜਦੀ ਹੈ ਜੋ ਲਿਵ ਪ੍ਰਮਾਤਮਾ ਆਪ ਹੀ ਜੋੜਦਾ ਹੈ, ਆਪਣਾ ਗੁਰਮਤਿ ਰੂਪ ਸੱਚਾ ਗਿਆਨ ਬਖਸ਼ਣ ਦੁਆਰਾ ਜੋੜਦਾ ਹੈ ਜਿਸ ਲਿਵ ਦੁਆਰਾ ਮਨੁੱਖੀ ਮਤਿ ਪੂਰੀ ਤਰ੍ਹਾਂ ਮਨ ਦੇ ਭਰਮਾਂ ਵਿੱਚੋਂ ਨਿਕਲ ਜਾਂਦੀ ਹੈ ਤੇ ਉਸਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਪੈ ਜਾਂਦੀ ਹੈ। ਇਹੋ ਜਿਹੀ ਸਮਝ ਦੁਆਰਾ ਫਿਰ ਉਹ ਮਨੁੱਖ ਹਰ ਵੇਲੇ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ ਭਾਵ ਉਸ ਦੀ ਲਿਵ ਹਰ ਵੇਲੇ ਗੁਰੂ ਦੀ ਮਤਿ ਨਾਲ ਜੁੜੀ ਰਹਿੰਦੀ ਹੈ ਤੇ ਉਸ ਦਾ ਮਨ ਗੁਰੂ ਦੀ ਮਤਿ ਨੂੰ ਨਹੀਂ ਛੱਡਦਾ ਭਾਵੇਂ ਇਸ ਲਈ ਉਸਨੂੰ ਆਪਣੀਆਂ ਅਨੇਕਾਂ ਇੱਛਾਵਾਂ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਮਾਇਆ ਮੋਹ ਤਿਆਗਣਾ ਪੈਂਦਾ ਹੈ ਜੋ ਕਿ ਧਰਮ ਦੇ ਮਾਰਗ ਤੇ ਚੱਲਣ ਦਾ ਸੱਚਾ ਮਾਰਗ ਹੈ। ਜਿਵੇਂ ਕਿ ਅਸੀਂ ਮੁੱਖ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੇ ਨਾਲ ਲਿਵ ਤਾਂ ਹੀ ਲੱਗਦੀ ਹੈ ਜਦੋਂ ਅਸੀਂ ਆਪਣਾ ਸੀਸ, ਆਪਣਾ ਮਨ ਨੂੰ ਗੁਰੂ ਨੂੰ ਵੇਚ ਦਿੰਦੇ ਹਾਂ। ਆਪਣੀਆਂ ਤ੍ਰਿਸ਼ਨਾਵਾਂ ਛੱਡਣਾ, ਮਾਇਆ ਮੋਹ ਛੱਡਣਾ, ਹਰ ਔਗੁਣ ਛੱਡਣਾ ਭਾਵ ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਛੱਡਣਾ ਹੀ ਆਪਣਾ ਮਨ ਗੁਰੂ ਨੂੰ ਵੇਚਣਾ ਹੈ, ਸੌਂਪਣਾ ਹੈ ਜੋ ਮਨ ਵੇਚਣ ਦੁਆਰਾ ਹੀ ਪ੍ਰਮਾਤਮਾ ਦੇ ਨਾਲ, ਨਾਮ ਦੇ ਨਾਲ ਲਿਵ ਜੁੜਦੀ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਛੱਡਣ ਦੁਆਰਾ ਜੁੜਦੀ ਹੈ, ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਜੁੜਦੀ ਹੈ। ਮਨ ਦੀ ਇਹੋ ਜਿਹੀ ਸੱਚੀ ਸਮਝ ਹੀ ਉਸ ਸੱਚ ਰੂਪ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਮੁੱਖ ਸ਼ਬਦ ਦੁਆਰਾ ਸਮਝਿਆ ਹੈ।

ਆਪਣੀ ਮਤਿ ਨੂੰ, ਮਾਇਆ ਮੋਹ ਵਾਲੀ ਨਾ-ਸਮਝ ਮਤਿ ਨੂੰ ਪੂਰਨ ਰੂਪ ਵਿੱਚ ਛੱਡਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਕੀਮਤ ਹੈ ਜੋ ਕੀਮਤ ਚੁਕਾਏ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ।

{ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥
ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥
ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥
ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥
ਰਾਮ ਭਗਤਿ ਬੈਠੇ ਘਰਿ ਆਇਆ ॥੨॥
ਕਹੁ ਕਬੀਰ ਚੰਚਲ ਮਤਿ ਤਿਆਗੀ ॥
ਕੇਵਲ ਰਾਮ ਭਗਤਿ ਨਿਜ ਭਾਗੀ ॥੩॥}

(ਅੰਗ ੩੨੭)

ਜੋ ਮਨੁੱਖ ਆਪਣੀ ਮਤਿ ਨੂੰ ਨਹੀਂ ਛੱਡਦੇ, ਉਹ ਮਾਇਆ ਮੋਹ ਵਿੱਚ ਰਹਿੰਦੇ ਹਨ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥
ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥੪॥”

(ਅੰਗ ੧੭੨)

ਸਤਿਗੁਰ ਨੂੰ ਸੀਸ ਵੇਚਣਾ ਕੀ ਹੈ ਇਸ ਗੱਲ ਨੂੰ ਉਪਰਲੀਆਂ ਪੰਗਤੀਆਂ ਰਾਹੀਂ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਹਰ ਕੋਈ ਮਨ ਦੀ ਮਾਇਆ ਨਾਲ ਬੱਝਿਆ ਹੋਇਆ ਹੈ, ਮਾਇਆ ਮੋਹ ਨਾਲ ਬੱਝਿਆ ਹੋਇਆ ਹੈ, ਮਨ ਦੀ ਨਾ-ਸਮਝ ਅਗਿਆਨਤਾ ਵਾਲੀ ਸਮਝ ਦੇ ਨਾਲ ਬੱਝਿਆ ਹੋਇਆ ਹੈ ਜੋ ਕਿ ਸਾਡੇ ਮਨ ਦਾ ਬੰਧਨ ਹੈ ਤੇ ਸਾਨੂੰ ਬਾਹਰੀ ਮਾਇਆ ਦੇ ਨਾਲ ਜੋੜ ਕੇ ਰੱਖਦਾ ਹੈ। ਮਾਇਆ ਕੀ ਹੈ, ਮਾਇਆ ਮੋਹ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਸ ਮਾਇਆ ਮੋਹ ਦਾ ਕਾਰਨ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ, ਗੁਰੂ ਦੀ ਮਤਿ ਦਾ ਨਾ ਹੋਣਾ ਹੈ। ਇਹ ਮਾਇਆ ਦਾ ਬੰਧਨ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਦੂਰ ਹੁੰਦਾ ਹੈ ਤੇ ਗੁਰੂ ਦੀ ਮਤਿ ਨੂੰ, ਗੁਰੂ ਦੇ ਸੱਚੇ ਗਿਆਨ ਨੂੰ ਮੰਨਣਾ ਹੀ, ਆਪਣੀ ਮਤਿ ਦੇ ਅੰਦਰ ਵਸਾਉਣਾ ਹੀ ਗੁਰੂ ਨੂੰ ਆਪਣਾ ਸੀਸ ਵੇਚਣਾ ਹੈ। ਗੁਰੂ ਨੂੰ ਸੀਸ ਨਾ ਵੇਚਣ ਵਾਲੇ, ਗੁਰੂ ਦੀ ਮਤਿ ਨੂੰ ਨਾ ਮੰਨਣ ਵਾਲੇ, ਆਪਣੀ ਮਤਿ, ਮਾਇਆ ਮੋਹ ਨਾ ਛੱਡਣ ਵਾਲੇ ਹੀ ਸਾਤਕ ਹਨ, ਜਮਾਂ ਨਾਲ ਘਿਰੇ ਰਹਿੰਦੇ ਹਨ, ਮਨ ਦੇ ਆਵਾਗਉਣ ਵਿੱਚ ਰਹਿੰਦੇ ਹਨ। ਜਮਾਂ ਬਾਰੇ, ਆਵਾ ਗਉਣ ਬਾਰੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। (**ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥ ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥**) ਗੁਰੂ ਨੂੰ ਆਪਣਾ ਮਨ ਵੇਚੇ ਬਿਨ੍ਹਾਂ, ਮਾਇਆ ਮੋਹ ਛੱਡੇ ਬਿਨ੍ਹਾਂ ਕੋਈ ਉਸ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਨਹੀਂ ਆ ਸਕਦਾ ਕਿਉਂਕਿ ਗੁਰੂ ਦੀ ਮਤਿ ਦੀ ਸ਼ਰਨ ਵਿੱਚ ਆਉਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਜਿਸ ਦੁਆਰਾ ਮਨੁੱਖ ਦੀ ਲਾਜ ਪਤਿ ਰਹਿੰਦੀ ਹੈ ਕਿਉਂਕਿ ਮਾਇਆ ਮੋਹ ਛੱਡਣ ਦੁਆਰਾ ਹੀ ਮਨੁੱਖ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਜੋ ਕਿ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨ ਦਾ ਹੈ, ਗੁਰਮਤਿ ਅਨੁਸਾਰ ਵਿਚਰਨ ਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। ਮਨੁੱਖ ਦੀ ਸੱਚੀ ਬੇਨਤੀ ਪ੍ਰਮਾਤਮਾ ਅੱਗੇ ਇਹੀ ਸਮਝਾਈ ਹੈ ਕਿ ਮਨੁੱਖ ਇਸ ਤਰੀਕੇ ਗੁਰੂ ਦੀ ਸ਼ਰਨ ਵਿੱਚ ਆ ਸਕੇ ਭਾਵ ਉਹ ਮਾਇਆ ਮੋਹ ਵਿੱਚੋਂ ਨਿਕਲ ਸਕੇ ਤੇ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕੇ। (**ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥ ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ ॥**) ਜੇਕਰ ਅਸੀਂ ਗੁਰੂ ਨੂੰ ਸੀਸ ਵੇਚਣ ਦਾ ਸੱਚਾ ਉੱਦਮ ਕਰਾਂਗੇ,ਇਹੀ ਸਾਡੀ ਗੁਰੂ

ਅੱਗੇ ਸੱਚੀ ਬੇਨਤੀ ਹੈ, ਸੱਚੀ ਅਰਦਾਸ ਹੈ। ਕੇਵਲ ਕਥਨੀ ਕਰੀ ਜਾਣ ਨਾਲ ਔਗੁਣ ਛੱਡਣ ਦੀ ਅਰਦਾਸ ਨਹੀਂ ਹੋ ਸਕਦੀ, ਸੱਚੀ ਅਰਦਾਸ ਮਨ ਨੂੰ ਮਾਰਨ ਨਾਲ ਹੀ ਹੁੰਦੀ ਹੈ ਤੇ ਅੱਗੇ ਚੱਲਕੇ ਸ਼ਬਦਾਂ ਰਾਹੀਂ ਸਮਝਾਂਗੇ।

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ ੪੬੮)

{ਸਚਾ ਅਰਜੁ ਸਚੀ ਅਰਦਾਸਿ ॥
ਮਹਲੀ ਖਸਮੁ ਸੁਣੇ ਸਾਬਾਸਿ ॥}

(ਅੰਗ ੩੫੫)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥
ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ ੮੭੮)

ਨਾਮ ਜਪਣ ਦਾ ਸੱਚਾ ਉੱਦਮ ਕਰਨਾ ਹੀ ਭਾਵ ਗੁਰੂ ਦੀ ਮਤਿ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੀ ਸਾਡੀ ਪ੍ਰਮਾਤਮਾ ਅੱਗੇ ਸੱਚੀ ਅਰਦਾਸਿ ਹੈ ਜੋ ਕਿ ਮਨ ਦੀ ਸ਼ੁੱਧੀ ਦੁਆਰਾ ਹੀ ਹੁੰਦੀ ਹੈ, ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਕਿਸੇ ਦੀ ਅਰਦਾਸਿ ਸੁਣਦਾ ਹੈ, ਆਪਣੇ ਨਾਲ ਮੇਲ ਦੀ ਅਰਦਾਸਿ ਸੁਣਦਾ ਹੈ ਤੇ ਕਿਸੇ ਨੂੰ ਆਪਣੇ ਮਹਲ ਦੇ ਦਰਸ਼ਨ ਕਰਵਾਉਂਦਾ ਹੈ ਜੋ ਉਸਦਾ ਮਹਲ ਸਾਡੇ ਅੰਦਰ ਹੀ ਹੈ, ਸਾਡਾ ਮਨ ਹੀ ਹੈ। ਆਪਣੇ ਮਨ ਨੂੰ ਜਾਨਣਾ ਪ੍ਰਮਾਤਮਾ ਦੇ ਮਹਲ ਨੂੰ ਜਾਨਣਾ ਹੈ। ਉਸਦਾ ਮਹਲ ਨਿਰੰਕਾਰ ਰੂਪ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੈ। ਪ੍ਰਮਾਤਮਾ ਦਾ ਮਹਲ "ਬ੍ਰਹਮ ਗਿਆਨ" ਦੇ ਰੂਪ ਵਿੱਚ ਹੈ ਜਿਸਦੇ ਦਰਸ਼ਨ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ, ਚੌਥਾ ਪਦ ਬਖਸ਼ਣ ਦੁਆਰਾ ਕਰਵਾਉਂਦਾ ਹੈ ਜੋ ਪਦ ਉਸਦੇ ਸੱਚੇ ਗਿਆਨ ਦਾ ਪਦ ਹੈ ਜੋ ਪਦ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ। ਪਰ ਉਸ ਲਈ ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਸੱਚ ਤੇ ਚੱਲਣ ਦਾ ਉੱਦਮ ਹੈ ਜੋ ਉੱਦਮ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਰਾਹੀਂ ਪ੍ਰਮਾਤਮਾ ਨੇ ਆਪ ਹੀ ਉਨ੍ਹਾਂ ਦੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪਰਗਟ ਕਰਣ ਦੁਆਰਾ ਸਮਝਾਇਆ ਹੈ। ਪ੍ਰਮਾਤਮਾ ਦੇ ਮਹਲ ਕੀ ਹਨ, ਕਿੱਥੇ ਹਨ, ਇਸ ਬਾਰੇ ਅੱਗੇ ਚੱਲਕੇ ਹੋਰ ਵੀ ਬਹੁਤ ਕੁੱਝ ਸਮਝਾਂਗੇ, ਸ਼ਬਦਾਂ ਦੁਆਰਾ ਸਮਝਾਂਗੇ। ਨਾਮ ਜਪਣਾ ਆਪਣੇ ਮਹਲ ਵਿੱਚ ਪ੍ਰਮਾਤਮਾ ਆਪ ਹੀ ਸਿਖਾਉਂਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਸਿਖਾਉਂਦਾ ਹੈ।

ਹੁਣ ਅਕਾਲ ਪੁਰਖ ਰੂਪ ਧੰਨੁ ਧੰਨੁ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਦੁਆਰਾ ਰਾਮ ਜਪਣ ਦਾ ਤਰੀਕਾ ਸਮਝਦੇ ਹਾਂ ਜੋ ਤਰੀਕਾ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਸਮਝਾਉਂਦਾ ਹੈ।

"ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥੧॥
ਦੀਨ ਦਇਆਲ ਭਰੋਸੇ ਤੇਰੇ॥
ਸਭੁ ਪਰਵਾਰੁ ਚੜਾਇਆ ਬੇੜੇ॥੧॥ਰਹਾਉ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ॥ ਇਸ ਬੇੜੇ ਕਉ ਪਾਰਿ ਲਘਾਵੈ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ॥
ਚੂਕਿ ਗਈ ਫਿਰਿ ਆਵਨ ਜਾਨੀ॥੩॥
ਕਹੁ ਕਬੀਰ ਭਜੁ ਸਾਰਿਗਪਾਨੀ॥ ਉਰਵਾਰਿ ਪਾਰਿ ਸਭ ਏਕੋ ਦਾਨੀ॥੪॥"

(ਅੰਗ ੩੩੭)

ਆਓ ਇਸ ਸ਼ਬਦ ਰਾਹੀਂ ਇਹ ਜਾਣੀਏ ਕਿ ਭਗਤ ਧ੍ਰੂ ਪ੍ਰਹਿਲਾਦ ਜੀ ਨੇ ਰਾਮ ਨੂੰ ਕਿਵੇਂ ਜਪਿਆ ਹੈ ਤੇ ਸਾਡੇ ਲਈ ਗੁਰੂ ਦਾ ਉਪਦੇਸ਼ ਇਹੋ ਹੈ ਕਿ ਅਸੀਂ ਪ੍ਰਮਾਤਮਾ ਨੂੰ ਉਸ ਤਰ੍ਹਾਂ ਜਪੀਏ ਜਿਵੇਂ ਭਗਤ ਪ੍ਰਹਿਲਾਦ ਜੀ ਨੇ ਜਪਿਆ ਹੈ। ਉਨ੍ਹਾਂ ਦੀ ਜਪਣੀ ਦਾ ਸਭ ਤੋਂ ਪਹਿਲਾ ਤਰੀਕਾ ਪ੍ਰਮਾਤਮਾ ਤੇ ਭਰੋਸਾ ਦੱਸਿਆ ਹੈ। ਇਹ ਹੀ ਤਾਂ ਸਭ ਤੋਂ ਵੱਡੀ ਗੱਲ ਹੈ, ਅਸਲ ਭਗਤੀ ਹੈ ਜੋ ਸਾਨੂੰ ਬਾਣੀ ਵਾਰ-ਵਾਰ ਸਮਝਾ ਰਹੀ ਹੈ। ਜੇ ਸਾਨੂੰ ਪ੍ਰਮਾਤਮਾ ਤੇ, ਗੁਰੂ ਤੇ ਭਰੋਸਾ ਹੈ, ਤਾਂ ਹੀ ਅਸੀਂ ਉਸਦੇ ਭਾਣੇ ਵਿੱਚ, ਰਜਾ ਵਿੱਚ ਚੱਲ ਸਕਦੇ ਹਾਂ। ਜਦ ਤੱਕ ਸਾਨੂੰ ਗੁਰੂ ਦੀ ਗੱਲ ਤੇ ਯਕੀਨ ਹੀ ਨਹੀਂ, ਭਰੋਸਾ ਹੀ ਨਹੀਂ ਤੇ ਅਸੀਂ ਉਸਦੀ ਗੱਲ ਨੂੰ ਮੰਨ ਕਿਵੇਂ ਸਕਦੇ ਹਾਂ। ਜਦ ਤੱਕ ਭਰੋਸਾ ਆਪਣੀ ਮਤਿ ਤੇ ਹੈ ਜਾਂ ਉਨ੍ਹਾਂ ਦੀ ਮਤਿ ਤੇ ਹੈ ਜਿਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ ਹੈ ਤਦ ਤੱਕ ਗੁਰੂ ਦੀ ਮਤਿ ਤੇ ਭਰੋਸਾ ਨਹੀਂ ਆਉਂਦਾ। ਗੁਰੂ ਤਾਂ ਗੁਰੂ ਦੇ ਬਚਨ ਹਨ ਤੇ ਗੁਰੂ ਦੇ ਬਚਨਾਂ ਤੇ, ਗੁਰੂ ਦੀ ਮਤਿ ਤੇ ਭਰੋਸਾ ਕਰਨਾ ਗੁਰੂ ਤੇ ਭਰੋਸਾ ਕਰਨਾ ਹੈ। ਗੁਰੂ ਦੀ ਮਤਿ ਤੇ ਭਰੋਸਾ ਹੀ ਮਨਮਤਿ ਦਾ ਤਿਆਗ ਹੈ ਕਿਉਂਕਿ ਅਸੀਂ ਉਸੇ ਗੱਲ ਨੂੰ ਮੰਨਦੇ ਹਾਂ ਜਿਸ ਤੇ ਸਾਨੂੰ ਵਿਸ਼ਵਾਸ ਆਉਂਦਾ ਹੈ। ਜੋ ਗੱਲ ਸਾਨੂੰ ਚੰਗੀ ਲੱਗਦੀ ਹੈ ਉਸੇ ਗੱਲ ਤੇ ਹੀ ਸਾਡਾ ਭਰੋਸਾ ਟਿਕਦਾ ਹੈ ਤੇ ਅਸੀਂ ਉਸ ਗੱਲ ਨੂੰ ਮੰਨਦੇ ਹਾਂ। ਹੁਣ ਧਿਆਨ ਨਾਲ ਸਮਝੋ ਕਿ ਧਰਮ ਦਾ ਮਾਰਗ ਸਿੱਖਣ ਲਈ, ਨਾਮ ਸਮਝਣ ਲਈ, ਨਾਮ ਜਪਣ ਲਈ ਅਸੀਂ ਕਿਸਦੀ ਗੱਲ ਤੇ ਭਰੋਸਾ ਟਿਕਾਇਆ ਹੋਇਆ ਹੈ। ਅਸੀਂ ਉਨ੍ਹਾਂ ਦੀ ਗੱਲ ਤੇ ਭਰੋਸਾ ਟਿਕਾਇਆ ਹੋਇਆ ਹੈ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਸਮਝਦੇ ਹਾਂ ਤੇ ਇਸੇ ਲਈ ਅਸੀਂ ਉਨ੍ਹਾਂ ਦੀ ਗੱਲ ਨੂੰ ਮੰਨਦੇ ਹਾਂ, ਉਨ੍ਹਾਂ ਦੀ ਮਤਿ ਪਿੱਛੇ ਲੱਗਦੇ ਹਾਂ ਤੇ ਉਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਣਾ ਹੀ ਠੀਕ ਸਮਝਦੇ ਹਾਂ ਜੋ ਗੁਰੂ ਦੀ ਮਤਿ ਅਨੁਸਾਰ ਭਗਤੀ ਦਾ ਮਾਰਗ ਹੈ ਹੀ ਨਹੀਂ। ਉਹ ਸਾਨੂੰ ਕਿਸੇ ਅੱਖਰ ਨੂੰ ਜਪੀ ਜਾਣਾ ਹੀ ਨਾਮ ਜਪਣਾ ਸਮਝਾਉਂਦੇ ਹਨ ਜੋ ਅਸੀਂ ਉਨ੍ਹਾਂ ਦੀ ਮਤਿ ਤੇ ਭਰੋਸਾ ਕਰਕੇ ਜਪੀ ਜਾਂਦੇ ਹਾਂ ਤੇ ਹੋਰ ਵੀ ਆਪਣੀ ਆਪਣੀ ਸਮਝ ਅਨੁਸਾਰ ਉਹ ਅਨੇਕਾਂ ਭਗਤੀ ਦੇ ਤਰੀਕੇ ਸਮਝਾਉਂਦੇ ਹਨ, ਸਰੀਰਕ ਜਪ ਤਪ ਆਦਿ ਸਮਝਾਉਂਦੇ ਹਨ ਜਿਨ੍ਹਾਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਪਰ ਫਿਰ ਵੀ ਅਸੀਂ ਗੁਰੂ ਦੀ ਗੱਲ ਤੇ ਭਰੋਸਾ ਨਾ ਕਰਕੇ ਉਨ੍ਹਾਂ ਦੀ ਗੱਲ ਤੇ ਹੀ ਭਰੋਸਾ ਕਰਦੇ ਹਾਂ। ਸਭ ਤੋਂ ਵੱਡੀ ਗੱਲ ਗੁਰੂ ਤੇ ਭਰੋਸਾ ਕਰਨ ਦੀ ਹੈ ਕਿ ਗੁਰੂ ਸਾਨੂੰ ਜੋ ਭਗਤੀ ਦਾ ਮਾਰਗ ਸਮਝਾਉਂਦਾ ਹੈ, ਉਹੀ ਭਗਤੀ ਦਾ ਸੱਚਾ ਮਾਰਗ ਹੈ ਭਾਵ ਸਾਨੂੰ ਦੂਸਰਿਆਂ ਦੀ ਗੱਲ ਤੇ ਭਰੋਸਾ ਨਹੀਂ ਕਰਨਾ ਚਾਹੀਦਾ ਜੋ ਸਾਨੂੰ ਗੁਰੂ ਦੀ ਮਤਿ ਤੋਂ ਉਲਟ ਮਾਰਗ ਸਮਝਾਉਂਦੇ ਹਨ। ਉੱਪਰ ਸ਼ਬਦ ਰਾਹੀਂ ਸਾਨੂੰ ਭਗਤ ਕਬੀਰ ਜੀ ਇਹ ਸਮਝਾ ਰਹੇ ਹਨ ਕਿ ਭਗਤ ਪ੍ਰਹਿਲਾਦ ਜੀ ਨੇ ਗੁਰੂ ਪ੍ਰਮਾਤਮਾ ਦੀ ਦਿੱਤੀ ਮਤਿ ਤੇ ਆਪਣਾ ਭਰੋਸਾ ਟਿਕਾਇਆ ਹੈ ਭਾਵ ਉਸ ਦੀ ਸੱਚੀ ਮਤਿ ਦੁਆਰਾ ਹੀ ਵਿਚਰੇ ਹਨ ਤੇ ਪ੍ਰਮਾਤਮਾ ਤੂੰ ਮੈਨੂੰ ਜਿਹੋ ਜਿਹਿਆ ਨਾਮ ਜਪਣਾ ਸਿਖਾਇਆ ਹੈ ਮੈਂ ਉਸ ਤੇ ਪੂਰਨ ਭਰੋਸਾ ਟਿਕਾਇਆ ਹੈ ਭਾਵ ਮੈਂ ਉਸ ਮਾਰਗ ਤੇ, ਭਗਤੀ ਦੇ ਮਾਰਗ ਤੇ ਤੇਰੇ ਭਰੋਸੇ ਹੀ ਚੱਲਾਂਗਾ ਭਾਵ ਕਿਸੇ ਹੋਰ ਦੀ ਮਤਿ ਤੇ ਭਰੋਸਾ ਨਹੀਂ ਟਿਕਾਵਾਂਗਾ। ਆਪਣੇ ਭਗਤਾਂ ਨੂੰ ਪ੍ਰਮਾਤਮਾ ਆਪਣਾ ਨਾਮ ਆਪ ਹੀ ਦਿੰਦਾ ਹੈ, ਆਪਣੀ ਭਗਤੀ ਦਾ ਮਾਰਗ ਆਪ ਹੀ ਸਮਝਾਉਂਦਾ ਹੈ ਤੇ ਉਸ ਅਨੁਸਾਰ ਚੱਲਣ ਦੀ ਸਮਰੱਥਾ ਵੀ ਆਪ ਹੀ ਬਖਸ਼ਦਾ ਹੇ ਜਿਸ ਕਰਕੇ ਉਹ ਕੇਵਲ ਪ੍ਰਮਾਤਮਾ ਦੀ ਮਤਿ ਤੇ ਹੀ ਭਰੋਸਾ ਟਿਕਾਉਂਦੇ ਹਨ ਜੋ ਕਿ ਆਪ ਹੀ ਗੁਰੂ ਹੈ। ਪ੍ਰਮਾਤਮਾ ਦੇ ਸਮਝਾਏ ਹੋਏ ਮਾਰਗ ਅਨੁਸਾਰ ਚੱਲਣਾ ਹੀ ਉਸਦਾ ਨਾਮ ਜਪਣਾ ਹੈ ਤੇ ਜਿਸ ਤਰੀਕੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਆਪ ਨਾਮ ਜਪਿਆ ਹੈ ਉਹੋ ਜਿਹਾ ਨਾਮ ਹੀ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਜਪਣਾ ਸਿਖਾਇਆ ਹੈ। ਜੋ ਕੁੱਝ ਪ੍ਰਮਾਤਮਾ ਨੂੰ ਭਾਉਂਦਾ ਹੈ, ਉਸ ਅਨੁਸਾਰ ਹੀ ਉਹ ਆਪ ਵਿਚਰੇ ਹਨ ਤੇ ਉਹੀ ਕੁੱਝ ਸੰਸਾਰ ਨੂੰ ਸਮਝਾਇਆ ਹੈ ਭਾਵ ਜੋ ਕੁੱਝ ਵੀ ਪ੍ਰਮਾਤਮਾ ਕਰਦਾ ਹੈ ਕੇਵਲ ਉਹ ਹੀ ਠੀਕ ਹੈ, ਚੰਗਾ ਹੈ, ਉਸ ਉੱਪਰ ਮਨੁੱਖ ਦਾ ਕੋਈ ਰੋਸ ਨਹੀਂ, ਉਸਦਾ ਭਾਣਾ ਮਿੱਠਾ ਲੱਗੇ। ਇਹ ਹੀ ਸਭ ਤੋਂ ਔਖੀ ਗੱਲ ਹੈ ਕਿਉਂਕਿ ਪ੍ਰਮਾਤਮਾ ਦਾ ਭਾਣਾ ਮੰਨਣ ਲਈ ਮਨੁੱਖ ਨੂੰ ਆਪਣੀਆਂ ਇੱਛਾਵਾਂ ਦਾ ਤਿਆਗ ਕਰਨਾ ਪੈਂਦਾ ਹੈ, ਮਨ ਦੀ ਮਾਇਆ ਤੋਂ ਅਲਿਪਤ ਰਹਿਣਾ ਪੈਂਦਾ ਹੈ ਅਤੇ ਪ੍ਰਮਾਤਮਾ ਜਿਹੜੇ ਵੀ ਹਾਲ ਵਿੱਚ ਰੱਖਦਾ ਹੈ ਉਸਨੂੰ ਸਹਿਣਾ ਪੈਂਦਾ ਹੈ। ਇਹ ਵਾਕਈ ਬਹੁਤ ਔਖਾ ਹੈ। ਬਹੁਤ ਔਖਾ ਹੈ ਨਾਮ ਜਪਣਾ। (**ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥**)

"ਦੀਨ ਦਇਆਲ ਭਰੋਸੇ ਤੇਰੇ॥ ਸਭੁ ਪਰਵਾਰੁ ਚੜਾਇਆ ਬੇੜੇ॥"

ਇਸ ਤੋਂ ਭਾਵ ਇਹ ਹੈ ਕਿ ਉਸਦਾ ਭਗਤ ਪ੍ਰਮਾਤਮਾ ਤੇ ਆਪਣਾ ਭਰੋਸਾ ਕਿਸ ਤਰੀਕੇ ਦਿਖਾਉਂਦਾ ਹੈ। ਉਸਦਾ ਪ੍ਰਮਾਤਮਾ ਤੇ ਭਰੋਸਾ ਬਣ ਜਾਂਦਾ ਹੈ ਕਿ ਪ੍ਰਮਾਤਮਾ ਆਪ ਹੀ ਸਭ ਕੁੱਝ ਦੇਣ ਵਾਲਾ ਹੈ, ਪਾਲਣ ਵਾਲਾ ਹੈ ਤੇ ਫਿਰ ਉਹ ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ, ਇਸ ਮਾਇਆ ਦੇ

2/110

ਪਰਿਵਾਰ ਵਿੱਚੋਂ ਨਿਕਲ ਜਾਂਦਾ ਹੈ ਭਾਵ ਔਗੁਣਾਂ ਨੂੰ ਤਿਆਗ ਦਿੰਦਾ ਹੈ। ਉਹ ਔਗੁਣਾਂ ਵਾਲੇ ਮਾਇਆ ਦੇ ਪਰਿਵਾਰ ਨੂੰ ਤਿਆਗ ਕੇ ਗੁਰੂ ਦੇ ਪਰਿਵਾਰ ਵਾਲਾ ਬਣ ਜਾਂਦਾ ਹੈ। ਗੁਰੂ ਦੇ ਪਰਿਵਾਰ ਵਿੱਚ ਕੇਵਲ ਸੱਚ ਹੈ, ਗੁਣ ਹਨ ਭਾਵ ਗੁਰੂ ਦੀ ਸੱਚੀ ਮਤਿ ਹੈ। ਭਗਤ ਦੀ ਸਾਰੀ ਕਰਨੀ ਗੁਰੂ ਵਾਲੀ ਬਣ ਜਾਂਦੀ ਹੈ ਤੇ ਹਰ ਵੇਲੇ ਉਸਨੂੰ ਗੁਰੂ ਪ੍ਰਮਾਤਮਾ ਦੀ ਸਮਝਾਈ ਹੋਈ ਗੱਲ ਹੀ ਚੇਤੇ ਰਹਿੰਦੀ ਹੈ ਤੇ ਉਹ ਉਨ੍ਹਾਂ ਤੇ ਅਮਲ ਕਰਦਾ ਹੈ ਤੇ ਉਹ ਗੁਰੂ ਦੀ ਗੱਲ ਤੋਂ ਕਦੇ ਨਹੀਂ ਡੋਲਦਾ ਭਾਵ ਉਸਦੀ ਸੁਰਤਿ ਟਿਕ ਜਾਂਦੀ ਹੈ ਤੇ ਉਸਦੀ ਸੁਰਤਿ ਦੇ ਅੰਦਰ ਕੇਵਲ ਗੁਰੂ ਦਾ ਸ਼ਬਦ ਹੀ ਵਰਤਦਾ ਹੈ, ਗੁਰੂ ਦਾ ਗਿਆਨ ਹੀ ਵਰਤਦਾ ਹੈ ਭਾਵ ਗੁਰੂ ਤੇ ਪੂਰਨ ਭਰੋਸਾ ਬਣਿਆ ਰਹਿੰਦਾ ਹੈ। (**ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥੧॥ ਦੀਨ ਦਇਆਲ ਭਰੋਸੇ ਤੇਰੇ॥ ਸਭੁ ਪਰਵਾਰੁ ਚੜਾਇਆ ਬੇੜੇ॥੧॥ਰਹਾਉ॥**) ਗੁਰੂ ਦੀ ਬੇੜੀ ਜੋ ਸਾਨੂੰ ਪਾਰ ਲਾਉਂਦੀ ਹੈ, ਤਾਰਦੀ ਹੈ, ਉਹ ਕਿਸ ਰੂਪ ਵਿੱਚ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥”

(ਅੰਗ ੨੦)

ਜਿਸ ਬੇੜੀ ਨੇ ਸਾਨੂੰ ਪਾਰ ਲਗਾਉਣਾ ਹੈ ਉਹ ਬੇੜੀ “ਸਚੁ” ਦੇ ਰੂਪ ਵਿੱਚ ਹੈ। ਸਚੁ ਦੀ ਬੇੜੀ ਗੁਰੂ ਦੀ ਬੇੜੀ ਹੈ, ਪ੍ਰਮਾਤਮਾ ਦੀ ਆਪਣੀ ਬੇੜੀ ਹੈ ਜੋ ਕਿ ਉਸਦੀ ਨਾਮ ਰੂਪ ਬੇੜੀ ਹੈ ਕਿਉਂਕਿ ਸੱਚ ਹੀ ਨਾਮ ਹੈ, ਸੱਚ ਹੀ ਆਪ ਪ੍ਰਮਾਤਮਾ ਹੈ। ਗੁਰੂ ਦੀ ਇਹ ਬੇੜੀ ਗੁਰੂ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਵਿਚਾਰ ਹੀ ਹਨ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹਨ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਜਿਵੇਂ ਕਿ ਅਸੀਂ ਜਾਣਦੇ ਆ ਰਹੇ ਹਾਂ। ਪੂਰੀ ਗੁਰਬਾਣੀ ਨਾਮ ਰੂਪ ਬੇੜੀ ਹੈ ਜਿਸਦੇ ਹਰ ਸ਼ਬਦ ਦੀ ਵੀਚਾਰ ਸਾਨੂੰ ਸਚ ਹੀ ਸਮਝਾਂਉਂਦੀ ਹੈ। ਇਹ ਗੁਰੂ ਦੇ ਸਚੇ ਵਿਚਾਰਾਂ ਦੀ ਬੇੜੀ ਹੈ ਜਿਸ ਬੇੜੀ ਤੇ ਸਾਡੇ ਵਿਚਾਰ ਹੀ ਚੜ੍ਹ ਸਕਦੇ ਹਨ। ਸਾਨੂੰ ਡੁਬੋਣ ਵਾਲੇ ਵੀ ਸਾਡੇ ਮਨ ਦੇ ਵਿਚਾਰ ਹਨ ਜਿਵੇਂ ਕਿ ਉੱਪਰ ਸਮਝਾਇਆ ਹੋਇਆ ਹੈ (**ਮਨਹਠਿ ਮਤੀ ਬੂਡੀਐ**) ਤੇ ਸਾਨੂੰ ਤਾਰਨਾ ਵੀ ਸਾਡੇ ਵਿਚਾਰਾਂ ਨੇ ਹੀ ਹੈ। ਸਾਡੇ ਮਨ ਦੇ ਵਿਚਾਰ ਹੀ ਸਾਡੇ ਅੰਦਰ ਦਾ ਮਾਇਆ ਰੂਪ ਸਾਗਰ ਹੈ ਜਿਸ ਦੇ ਵਿੱਚ ਅਸੀਂ ਡੁੱਬੇ ਰਹਿੰਦੇ ਹਾਂ, ਹਰ ਵੇਲੇ ਡੁੱਬੇ ਰਹਿੰਦੇ ਹਾਂ। ਸਾਨੂੰ ਡੁਬੋਣ ਵਾਲੀ ਸਾਡੀ “ਮਨਹਠਿ” ਹੈ, ਸਾਡੇ ਅੰਦਰ ਦੀ ਉਹ ਹੱਠ ਹੈ, ਜਿਦ ਹੈ ਜਿਸਨੂੰ ਅਸੀਂ ਛੱਡਣਾ ਨਹੀਂ ਚਾਹੁੰਦੇ। ਸਾਨੂੰ ਹੱਠੀ ਬਣਾਉਣ ਵਾਲਾ ਸਾਡਾ ਮਾਇਆ ਮੋਹ ਦੇ ਨਾਲ ਪਿਆਰ ਹੈ ਜਿਸ ਮਾਇਆ ਮੋਹ ਨੂੰ ਕੋਈ ਵੀ ਛੱਡਣਾ ਨਹੀਂ ਚਾਹੁੰਦਾ। ਮਾਇਆ ਸਭ ਨੂੰ ਚੰਗੀ ਲੱਗਦੀ ਹੈ ਜਿਸ ਦੀ ਪ੍ਰਾਪਤੀ ਨਾਲ ਹੀ ਸਾਡੀਆਂ ਇੱਛਾਵਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਆਪਣੀਆਂ ਅਨੇਕਾਂ ਹੀ ਅਨੇਕਾਂ ਇੱਛਾਵਾਂ ਦੀ ਪੂਰਤੀ ਲਈ ਅਸੀਂ ਮਾੜੇ ਕਰਮ ਕਰਦੇ ਹਾਂ ਜਿਸ ਕਰਕੇ ਅਸੀਂ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਨਹੀਂ ਵਸਾਉਂਦੇ, ਗੁਰੂ ਦੇ ਵਿਚਾਰਾਂ ਨੂੰ ਨਹੀਂ ਮੰਨਦੇ ਭਾਵ ਉਨ੍ਹਾਂ ਤੇ ਅਮਲ ਨਹੀਂ ਕਰਦੇ। ਇਹ ਸਭ ਨੂੰ ਬਹੁਤ ਔਖਾ ਲੱਗਦਾ ਹੈ ਕਿਉਂਕਿ ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਮਾਇਆ ਮੋਹ ਛੱਡੋ, ਤ੍ਰਿਸ਼ਨਾਵਾਂ ਛੱਡੋ, ਔਗੁਣ ਛੱਡੋ ਕਿਉਂਕਿ ਇਹਨਾਂ ਦੇ ਰਹਿੰਦੇ ਹੋਏ ਅਸੀਂ ਸੱਚ ਤੇ ਨਹੀਂ ਚੱਲ ਸਕਦੇ, ਗੁਰੂ ਦੀ ਮਤਿ ਅਨੁਸਾਰ ਨਹੀਂ ਚੱਲ ਸਕਦੇ ਪਰ ਅਸੀਂ ਇਹ ਸਭ ਛੱਡਣ ਦੀ ਬਜਾਇ ਆਪਣੀ ਹੱਠ ਤੇ ਹੀ ਅੜੇ ਰਹਿੰਦੇ ਹਾਂ ਕਿ ਅਸੀਂ ਬਿਨ੍ਹਾਂ ਮਾਇਆ ਮੋਹ ਛੱਡਣ ਦੁਆਰਾ ਹੀ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਜੋ ਭਗਤੀ ਦੇ ਮਾਰਗ ਅਸੀਂ ਆਪਣੀ ਮਤਿ ਦੁਆਰਾ ਬਣਾਏ ਹੋਏ ਹਨ। ਗੁਰੂ ਸਾਨੂੰ ਵਾਰ-ਵਾਰ ਇਹ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੁਆਰਾ ਸਮਝਾਉਂਦਾ ਹੈ ਕਿ ਜਿਹੋ ਜਿਹੇ ਸੰਸਾਰ ਨੇ ਅਨੇਕਾਂ ਹੀ ਅਨੇਕਾਂ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਨਾਮ ਜਪਣ ਦੇ ਤਰੀਕੇ ਬਣਾਏ ਹੋਏ ਹਨ ਉਹ ਠੀਕ ਨਹੀਂ ਹਨ, ਉਨ੍ਹਾਂ ਵਿੱਚ ਭਗਤੀ ਦੀ ਸੱਚਾਈ ਨਹੀਂ ਹੈ ਪਰ ਅਸੀਂ ਫਿਰ ਵੀ ਆਪਣੀ ਹੱਠ ਤੇ ਭਾਵ ਮਨਹਠਿ ਤੇ ਅੜੇ ਰਹਿੰਦੇ ਹਾਂ ਕਿ ਅਸੀਂ ਠੀਕ ਹਾਂ, ਸਾਨੂੰ ਗੁਰਮਤਿ ਦੀ ਸਮਝ ਹੈ ਤੇ ਅਸੀਂ ਗੁਰਮਤਿ ਅਨੁਸਾਰ ਹੀ ਸਭ ਜਪ ਤਪ ਆਦਿ ਕਰ ਰਹੇ ਹਾਂ ਤੇ ਹੋਰ ਵੀ ਅਨੇਕਾਂ ਭਗਤੀ ਦੇ ਤਰੀਕੇ ਜੋ ਅਸੀਂ ਬਣਾਏ ਹੋਏ ਹਨ ਉਹ ਸਾਰੇ ਠੀਕ ਹਨ। ਗੁਰੂ ਭਾਵੇਂ ਸਾਨੂੰ ਇਹ ਸਮਝਾਉਂਦਾ ਹੈ ਕਿ ਜੇਕਰ ਵੇਲੇ ਵਖਤ ਦੀ ਵਿਚਾਰ ਕਰੀਏ ਭਾਵ ਕਿਸੇ ਖਾਸ ਵੇਲੇ ਨੂੰ ਭਗਤੀ ਦਾ ਵੇਲਾ ਮੰਨੀਏ ਇਹ ਠੀਕ ਨਹੀਂ ਹੈ ਕਿਉਂਕਿ ਹਰ ਵੇਲਾ ਭਗਤੀ ਦੇ ਲਈ ਇੱਕੋ ਜਿਹਾ ਹੈ, ਅੱਠੇ ਪਹਿਰ

ਇੱਕੋ ਜਿਹਾ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਪਰ ਫਿਰ ਵੀ ਅਸੀਂ ਖਾਸ ਵੇਲਾ ਬਣਾਇਆ ਹੋਇਆ ਹੈ ਜਿਸਨੂੰ ਪ੍ਰਭਾਤ ਵੇਲਾ, ਅੰਮ੍ਰਿਤ ਵੇਲਾ ਸਮਝ ਕੇ ਬਣਾਇਆ ਹੋਇਆ ਹੈ ਪਰ ਕੋਈ ਵੀ ਸ਼ਬਦ ਦੀ ਵਿਚਾਰ ਨੂੰ ਮੰਨਣ ਲਈ ਤਿਆਰ ਨਹੀਂ ਹੁੰਦਾ ਤੇ ਆਪਣੇ ਆਪ ਨੂੰ ਹੀ ਠੀਕ ਸਮਝਦਾ ਹੈ, ਆਪਣੀ ਮਤਿ ਨੂੰ ਹੀ ਠੀਕ ਸਮਝਦਾ ਹੈ। ਇਹ ਸਭ ਮਨਹਠਿ ਹੈ ਭਾਵ ਗੁਰੂ ਦੀ ਸੱਚੀ ਗੱਲ ਨੂੰ, ਸੱਚੀ ਵਿਚਾਰ ਨੂੰ ਨਾ ਮੰਨ ਕੇ ਆਪਣੀ ਮਤਿ ਨੂੰ ਉੱਚਾ ਕਰਨ ਦੀ ਜਿੱਦ ਹੈ ਕਿ ਅਸੀਂ ਠੀਕ ਹਾਂ, ਇਸੇ ਤਰੀਕੇ ਅਸੀਂ ਅਨੇਕਾਂ ਹੀ ਅਨੇਕਾਂ ਜਿੱਦਾਂ ਦਿਖਾਉਂਦੇ ਹਾਂ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਥਿਤਾਂ, ਵਾਰ ਪੂਜਣੇ, ਮੰਨਣੇ ਸਾਡਾ ਗਾਵਾਰਪੁਣਾ ਹੈ ਭਾਵ ਉਨ੍ਹਾਂ ਦਾ ਭਗਤੀ ਦੇ ਮਾਰਗ ਨਾਲ ਕੋਈ ਸੰਬੰਧ ਨਹੀਂ ਹੈ ਪਰ ਫਿਰ ਵੀ ਥਿਤਾਂ, ਵਾਰਾਂ ਨੂੰ ਉੱਚਾ ਕਰਕੇ ਮੰਨਿਆ ਜਾਂਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਹ ਜੋ ਕੁੱਝ ਵੀ ਕੀਤਾ ਜਾਂਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕੀਤਾ ਜਾਂਦਾ ਹੈ ਪਰ ਸਾਡੇ ਇਹੋ ਜਿਹੇ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ। ਜਦ ਤੱਕ ਅਸੀਂ ਆਪਣੀ ਹੱਠ ਨਹੀਂ ਛੱਡਦੇ, ਮਨਹਠਿ ਨਹੀਂ ਛੱਡਦੇ ਤਦ ਤੱਕ ਅਸੀਂ ਮਾਇਆ ਮੋਹ ਦੇ ਸਾਗਰ ਵਿੱਚ ਡੁੱਬੇ ਹੋਏ ਹਾਂ। ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਸਾਡੀ ਨਾ-ਸਮਝ ਮਤਿ ਹੈ, ਹਉਮੈ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਦੇ ਅੰਦਰ ਰਹਿੰਦਿਆਂ ਸਾਨੂੰ ਧਰਮ ਦੇ ਮਾਰਗ ਤੇ ਚੱਲਣ ਦਾ ਸੱਚ ਕੀ ਹੈ, ਝੂਠ ਕੀ ਹੈ ਇਸ ਗੱਲ ਦੀ ਸਮਝ ਨਹੀਂ ਪੈਂਦੀ। ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਇਹ ਸ਼ਬਦਾਂ ਦੀ ਸੱਚੀ ਵਿਚਾਰ ਹੀ ਉਹ ਨਾਮ ਦੀ ਬੇੜੀ ਹੈ ਜਿਸ ਤੇ ਚੜਨ ਦੁਆਰਾ ਅਸੀਂ ਮਾਇਆ ਮੋਹ ਦੇ ਸਾਗਰ ਵਿੱਚੋਂ ਤਰਨਾ ਹੈ, ਪਾਰ ਉਤਰਨਾ ਹੈ। ਇਸ ਬੇੜੀ ਤੇ ਸਾਡੇ ਵਿਚਾਰਾਂ ਨੇ ਹੀ ਬੈਠਣਾ ਹੈ ਤੇ ਸਾਡੇ ਵਿਚਾਰ ਇਸ ਬੇੜੀ ਤੇ ਤਾਂ ਹੀ ਬੈਠਣਗੇ ਭਾਵ ਗੁਰੂ ਸਾਨੂੰ ਆਪਣੀ ਸੱਚ ਰੂਪ ਬੇੜੀ ਤੇ ਤਾਂ ਹੀ ਬਿਠਾਏਗਾ ਜੇਕਰ ਅਸੀਂ ਆਪਣੇ ਵਿਚਾਰ ਛੱਡਾਂਗੇ, ਮਨਮਤਿ ਛੱਡਾਂਗੇ, ਮਨਹਠਿ ਛੱਡਾਂਗੇ, ਝੂਠੀ ਸਮਝ ਛੱਡਾਂਗੇ। ਝੂਠੀ ਸਮਝ ਦੁਆਰਾ ਸੱਚੇ ਵਿਚਾਰਾਂ ਦੀ ਬੇੜੀ ਤੇ ਨਹੀਂ ਬੈਠਿਆ ਜਾ ਸਕਦਾ। (**ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥**) ਅਸੀਂ ਸੱਚ ਦੀ ਬੇੜੀ ਤੇ ਕਿਉਂ ਨਹੀਂ ਚੜ੍ਹ ਸਕਦੇ, ਮਾਇਆ ਮੋਹ ਦੇ ਸਾਗਰ ਤੋਂ ਪਾਰ ਕਿਉਂ ਨਹੀਂ ਉਤਰ ਸਕਦੇ ਤੇ ਕਿਵੇਂ ਪਾਰ ਉਤਰਿਆ ਜਾ ਸਕਦਾ ਹੈ, ਕਿਸਦੀ ਮਰਜੀ ਨਾਲ ਪਾਰ ਉਤਰਿਆ ਜਾ ਸਕਦਾ ਹੈ, ਤਰਿਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥

ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥”

ਗੁਰੂ ਦੀ ਬੇੜੀ ਸੱਚੇ ਵਿਚਾਰਾਂ ਦੀ ਬੇੜੀ ਹੈ ਤੇ ਜਦ ਤੱਕ ਸਾਡੇ ਵਿਚਾਰ ਸੱਚੇ ਨਹੀਂ ਬਣਦੇ ਉਸ ਸੱਚ ਰੂਪ ਬੇੜੀ ਤੇ ਨਹੀਂ ਚੜ੍ਹਿਆ ਜਾ ਸਕਦਾ। ਅਸੀਂ ਆਪਣੇ ਆਪ ਆਪਣੇ ਵਿਚਾਰਾਂ ਨੂੰ ਸੱਚੇ ਨਹੀਂ ਬਣਾ ਸਕਦੇ, ਇਹੀ ਗੱਲ ਸਾਨੂੰ ਉੱਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **“ਇਕਿ ਆਵਹਿ ਇਕਿ ਜਾਵਹੀ”** ਤੋਂ ਭਾਵ ਹੈ ਕਿ ਉਸ ‘‘ਇਕਿ’ ਪ੍ਰਮਾਤਮਾ ਦੇ ਦੁਆਰਾ ਹੀ ਸਾਡੇ ਅੰਦਰ ਵਿਚਾਰ ਆਉਂਦੇ ਹਨ ਤੇ ਉਸ ‘ਇਕਿ’’ ਪ੍ਰਮਾਤਮਾ ਦੀ ਮਰਜੀ ਦੁਆਰਾ ਹੀ ਸਾਡੇ ਵਿਚਾਰ ਜਾ ਸਕਦੇ ਹਨ ਭਾਵ ਮਨੁੱਖ ਦੇ ਵਿਚਾਰ ਮਨੁੱਖ ਦੇ ਵੱਸ ਵਿੱਚ ਨਹੀਂ ਹਨ। ਇਹ ਗੱਲ ਸਾਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ। ਸਾਰੇ ਸੰਸਾਰ ਨੂੰ ਤ੍ਰੈਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਮੋਹ ਵਿੱਚ ਪ੍ਰਮਾਤਮਾ ਨੇ ਮਨ ਦੇ ਵਿਚਾਰਾਂ ਰਾਹੀਂ ਹੀ ਰੱਖਿਆ ਹੋਇਆ ਹੈ। ਜੋ ਸਾਡੇ ਅੰਦਰ ਇਹ ਵਿਚਾਰ ਪਾਉਂਦਾ ਹੈ, ਉਹੀ ਸਾਨੂੰ ਇਨ੍ਹਾਂ ਵਿਚਾਰਾਂ ਵਿੱਚੋਂ ਕੱਢ ਸਕਦਾ ਹੈ। ਮਨੁੱਖ ਜੋ ਕੁੱਝ ਆਪਣੇ ਆਪ ਨੂੰ ਸਮਝਦਾ ਹੈ ਤੇ ਕਰਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ। ਮਨੁੱਖ ਆਪਣੇ ਅੰਦਰ ਦੇ ਵਿਚਾਰਾਂ ਦਾ ਬੱਝਿਆ ਹੋਇਆ ਹੈ ਤੇ ਇਹੀ ਸਾਡੇ ਅੰਦਰ ਮਾਇਆ ਦਾ ਬੰਧਨ ਹੈ, ਹਉਮੈ ਦਾ ਬੰਧਨ ਹੈ ਜਿਸ ਬੰਧਨ ਵਿੱਚੋਂ ਅਸੀਂ ਆਪਣੇ ਆਪ ਨਹੀਂ ਨਿਕਲ ਸਕਦੇ। ਇਹ ਮਾਇਆ ਦਾ ਬੰਧਨ ਹੀ ਮਾਇਆ ਮੋਹ ਦਾ ਸਾਗਰ ਹੈ, ਮਨ ਦੇ ਭਰਮਾਂ ਦਾ ਸਾਗਰ ਹੈ ਭਾਵ ਭਰਮਾਂ ਵਾਲੇ ਵਿਚਾਰਾਂ ਦਾ ਸਾਗਰ ਹੈ, ਮਨ ਦੀ ਅਗਿਆਨਤਾ ਦਾ ਸਾਗਰ ਹੈ ਜਿਸ ਸਾਗਰ ਨੂੰ ਅਸੀਂ ਪਾਰ ਕਰਨਾ ਹੈ। ਅਗਿਆਨਤਾ ਦੇ ਸਾਗਰ ਵਿੱਚੋਂ ਸਾਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। ਗੁਰਬਾਣੀ ਸਾਨੂੰ ਜੋ ਕੁੱਝ ਵੀ ਸਮਝਾ ਰਹੀ ਹੈ ਉਹ ਸੱਚੁ ਹੈ, ਸੱਚਾ ਗਿਆਨ ਹੈ ਜਿਸਨੇ ਸਾਨੂੰ ਅਗਿਆਨਤਾ ਦੇ ਸਾਗਰ ਵਿੱਚੋਂ ਕੱਢਣਾ ਹੈ। ਮਨ ਦੇ ਨਾ ਸਮਝ ਵਿਚਾਰਾਂ ਕਰਕੇ ਹੀ ਅਸੀਂ ਇਸ ਸਾਗਰ ਵਿੱਚ ਡੁੱਬੇ ਹੋਏ ਹਾਂ ਤੇ ਮਨ ਦੀ ਸੱਚੀ ਸਮਝ ਵਾਲੇ ਵਿਚਾਰਾਂ ਨੇ ਹੀ ਸਾਨੂੰ ਇਸ ਮਾਇਆ ਦੇ ਸਾਗਰ ਵਿੱਚੋਂ ਕੱਢਣਾ ਹੈ ਭਾਵ ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ, ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜੋ ਸਮਝ ਸਾਡੇ ਵੱਸ ਵਿੱਚ ਨਹੀਂ ਹੈ, ਪ੍ਰਮਾਤਮਾ ਦੇ ਆਪਣੇ ਵੱਸ ਹੈ। ਪ੍ਰਮਾਤਮਾ ਨੇ ਆਪ ਹੀ ਪੂਰੇ ਸੰਸਾਰ ਨੂੰ ਮਨ ਦੀ ਨਾ-ਸਮਝੀ

ਵਿੱਚ ਰੱਖਿਆ ਹੋਇਆ ਹੈ, ਹਉਮੈ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਮਨੁੱਖ ਆਪਣੀ ਹੋਂਦ ਦਾ ਅਹੰਕਾਰ ਕਰਦਾ ਹੈ, ਆਪਣੀ ਮਾੜੀ ਸਮਝ ਦਾ ਅਹੰਕਾਰ ਕਰਦਾ ਹੈ, ਆਪਣੀ ਝੂਠੀ ਭਗਤੀ ਦਾ ਅਹੰਕਾਰ ਕਰਦਾ ਹੈ, ਆਪਣੇ ਆਪ ਨੂੰ ਉੱਚਾ ਅਖਵਾਉਣ ਦਾ ਅਹੰਕਾਰ ਕਰਦਾ ਹੈ ਜੋ ਕਿ ਸਭ ਝੂਠ ਹੈ ਕਿਉਂਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਤੋਂ ਉਸਨੇ ਆਪ ਹੀ ਆਪਣਾ ਪਰਦਾ ਬਣਾਇਆ ਹੋਇਆ ਹੈ ਜਿਸ ਦੁਆਰਾ ਉਹ ਸੰਸਾਰ ਦੀ ਖੇਡ ਨੂੰ ਚਲਾ ਰਹਿਆ ਹੈ ਤੇ ਕਿਸੇ ਨੂੰ ਆਪਣੀ ਖੇਡ ਦੀ ਸਮਝ ਨਹੀਂ ਪੈਣ ਦਿੰਦਾ। ਉਸ ਦੀ ਖੇਡ ਦੀ ਸਮਝ ਅਗਿਆਨਤਾ ਦੇ ਸਾਗਰ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਾਡੇ ਵਿਚਾਰ ਪ੍ਰਮਾਤਮਾ ਦੇ ਆਪਣੇ ਹੱਥ ਹਨ ਜਿਸ ਕਰਕੇ ਨਾ ਕੋਈ ਆਪਣੇ ਆਪ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕਦਾ ਹੈ ਤੇ ਨਾ ਹੀ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਕਿ ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਹੀ ਹੈ। (**ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥**) ਇਸ ਮਾਇਆ ਮੋਹ ਦੇ ਸਾਗਰ ਵਿੱਚ ਡੁੱਬਣ ਦਾ ਕਾਰਨ ਕੀ ਹੈ ਤੇ ਉਸ ਵਿੱਚੋਂ ਨਿਕਲਿਆ ਕਿਵੇਂ ਜਾ ਸਕਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥”

ਮਨਹਠਿ ਕੀ ਹੈ ਇਸ ਗੱਲ ਨੂੰ ਅਸੀਂ ਪਹਿਲੇ ਸਮਝਿਆ ਹੈ। “ਸਚੁ” ਨੂੰ ਨਾ ਮੰਨਣਾ ਹੀ ਸਾਡੀ ਹੱਠ ਹੈ ਜਿਵੇਂ ਕਿ ਉਪਰਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। “ਸੱਚ” ਗੁਰੂ ਦੀ ਸੱਚੀ ਵਿਚਾਰ ਹੈ ਤੇ ਜੋ ਗੁਰੂ ਦੀ ਸੱਚੀ ਮਤਿ ਨੂੰ ਨਹੀਂ ਮੰਨਦਾ ਉਹ ਹੱਠੀ ਹੈ ਤੇ ਸਾਨੂੰ ਹਠੀ ਬਣਾਉਣ ਵਾਲੀ ਸਾਡੀ ਨਾ-ਸਮਝ ਮਤਿ ਹੈ ਜੋ ਸਾਡੀ ਨਾਸਮਝੀ ਨੂੰ ਵੀ ਸਚ ਕਹਿੰਦੀ ਹੈ, ਸਾਡੀ ਝੂਠੀ ਭਗਤੀ ਨੂੰ ਸੱਚੀ ਭਗਤੀ ਕਹਿੰਦੀ ਹੈ। ਗੁਰੂ ਦੀ ਦੱਸੀ ਹੋਈ ਕਿਸੇ ਗੱਲ ਤੇ ਯਕੀਨ ਨਾ ਕਰਨਾ, ਉਸਨੂੰ ਸੱਚ ਨਾ ਸਮਝਣਾ ਸਾਡੀ ਮਨਹਠਿ ਹੈ, ਮਨਮਤਿ ਹੈ।ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਪਰ ਕੀ ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਾਡੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਆਪਣੇ ਆਪ ਨੂੰ ਮਨੁੱਖ ਸਮਝਣਾ ਝੂਠ ਹੈ। ਗੁਰਮਤਿ ਅਨੁਸਾਰ ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਨਾ ਸਮਝਣਾ “ਝੂਠ” ਹੈ, ਆਪਣੇ ਆਪ ਦੀ ਮਨੁੱਖੀ ਹੋਂਦ ਸਮਝਣੀ ਝੂਠ ਹੈ ਪਰ ਅਸੀਂ ਇਸ ਗੱਲ ਨੂੰ ਝੂਠ ਨਹੀਂ ਮੰਨਦੇ, ਆਪਣੀ ਮਨੁੱਖੀ ਹੋਂਦ ਨੂੰ ਸੱਚ ਮੰਨਦੇ ਹਾਂ ਜਿਸ ਨਾਲ ਅਸੀਂ ਗੁਰੂ ਨੂੰ ਝੂਠਾ ਸਾਬਤ ਕਰਦੇ ਹਾਂ। ਕੀ ਕੋਈ ਮਨੁੱਖ ਆਪਣੀ ਇਹ ਜਿੱਦ ਛੱਡ ਸਕਦਾ ਹੈ ਕਿ ਮੈਂ ਮਨੁੱਖ ਨਹੀਂ ਹਾਂ ਭਾਵ ਨਹੀਂ ਛੱਡ ਸਕਦਾ ਕਿਉਂਕਿ ਉਸਦੀ ਸਮਝ ਉਸ ਨੂੰ ਜੋ ਕੁੱਝ ਸਮਝਾਉਂਦੀ ਹੈ ਉਹ ਉਹੋ ਕੁੱਝ ਆਪਣੇ ਆਪ ਨੂੰ ਸਮਝਦਾ ਹੈ। ਇਸੇ ਤਰ੍ਹਾਂ ਆਪਣੀ ਮਤਿ ਅਨੁਸਾਰ ਅਸੀਂ ਜਿਹੋ ਜਿਹਾ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਸਾਨੂੰ ਉਸ ਵਿੱਚ ਹੀ ਸੱਚ ਦਿੱਸਦਾ ਹੈ, ਠੀਕ ਮਾਰਗ ਦਿੱਸਦਾ ਹੈ ਭਾਵੇਂ ਗੁਰੂ ਦੀ ਮਤਿ ਉਸਨੂੰ ਝੂਠਾ ਮਾਰਗ ਸਮਝਾਉਂਦੀ ਹੈ ਪਰ ਅਸੀਂ ਫਿਰ ਵੀ ਆਪਣੀ ਮਤਿ ਤੇ ਹੀ ਅੜੇ ਰਹਿੰਦੇ ਹਾਂ ਕਿ ਅਸੀਂ ਸੱਚੇ ਹਾਂ। ਇਹ “ਮਨਹਠਿ” ਹੈ ਜੋ ਕਿ ਝੂਠੀ ਹਠਿ ਹੈ ਜਿਸਦਾ ਕਾਰਨ ਸਾਡੀ ਨਾ-ਸਮਝ ਮਤਿ ਹੈ, ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਮਾਇਆ ਰੂਪ ਜੁਗਤਿ ਹੈ, ਸਾਡੀ ਤ੍ਰੈਗੁਣ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਸਾਨੂੰ ਗੁਰੂ ਦੀ ਸੱਚੀ ਮਤਿ ਨਾਲ ਜੁੜਨ ਨਹੀਂ ਦਿੰਦੀ। ਇਸ ਕਰਕੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਲੋਕਾਂ ਨੇ, ਭਗਤੀ ਦੀ ਸੱਚੀ ਸਮਝ ਨਾ ਹੋਣ ਕਰਕੇ ਉਨ੍ਹਾਂ ਨੂੰ ਮਾੜਾ ਵੀ ਕਹਿਆ ਹੈ, ਦਿਵਾਨੇ ਕਹਿਆ ਹੇ, ਉਨ੍ਹਾਂ ਨਾਲ ਝਗੜੇ ਵੀ ਕੀਤੇ ਹਨ, ਉਨ੍ਹਾਂ ਨੂੰ ਮਰਵਾਣਾ ਵੀ ਚਾਹਿਆ ਹੈ ਪਰ ਉਨ੍ਹਾਂ ਨੇ ਸੱਚ ਨੂੰ ਨਹੀਂ ਛੱਡਿਆ। ਇਹ “ਸੱਚੀ ਹਠਿ” ਹੈ ਜੋ ਮਨ ਦੀ ਸੱਚੀ ਸਮਝ ਹੈ, ਸੱਚੀ ਭਗਤੀ ਦੀ ਸਮਝ ਹੈ। ਗੁਰੂ ਸਾਹਿਬਾਨ ਨੇ ਸੱਚ ਨੂੰ ਉੱਚਾ ਕਰਨ ਲਈ ਆਪਣੇ ਸਰੀਰ ਵਾਰੇ ਹਨ, ਪਰਿਵਾਰ ਵਾਰੇ ਹਨ, ਉਨ੍ਹਾਂ ਦੀ ਸੱਚੀ ਸਿੱਖਿਆ ਮੰਨਣ ਵਾਲਿਆਂ ਨੇ ਸਰੀਰ ਵਾਰੇ ਹਨ ਪਰ ਉਨ੍ਹਾਂ ਨੇ ਸੱਚ ਤੇ ਚੱਲਣ ਦੀ ਹਠਿ ਨਹੀਂ ਛੱਡੀ। ਝੂਠੀ ਹਠਿ ਵਿੱਚ ਤੇ ਸੱਚੀ ਹਠਿ ਵਿੱਚ ਮਨ ਦੀ ਸਮਝ ਦਾ ਹੀ ਫਰਕ ਹੈ। ਗੁਰੂ ਦੀ ਸਮਝ ਬਹੁਤ ਉੱਚੀ ਹੈ, ਬਹੁਤ ਉੱਚੀ ਹੈ, ਬਹੁਤ ਉੱਚੀ ਹੈ ਜੋ ਸੱਚ ਤੇ ਅਡੋਲ ਰਹਿੰਦੀ ਹੈ ਤੇ ਕਦੇ ਡੋਲ ਨਹੀਂ ਸਕਦੀ ਭਾਵੇਂ ਉਸ ਲਈ ਸਰੀਰ ਹੀ ਤਿਆਗਣਾ ਪਵੇ। ਗੁਰੂ ਦੀ ਬੇੜੀ ਇਹੋ ਜਿਹੀ ਉੱਚੀ ਤੇ ਸੱਚੀ ਮਤਿ ਵਾਲੀ ਹੈ ਜਿਸ ਤੇ ਚੜ੍ਹਨ ਲਈ ਆਪਣੀ ਝੂਠੀ ਹੱਠ ਛੱਡਣੀ ਪੈਂਦੀ ਹੈ, ਝੂਠੀ ਸਮਝ ਛੱਡਣੀ ਪੈਂਦੀ ਹੈ, ਅਗਿਆਨਤਾ ਵਾਲੀ ਮਾੜੀ ਮਤਿ ਛੱਡਣੀ ਪੈਂਦੀ ਹੈ। ਭਾਵੇਂ ਇਹ ਮਾੜੀ ਸਮਝ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਪਰ ਇਸ ਵਿੱਚੋਂ ਨਿਕਲਣ ਦਾ ਫਰਜ ਪ੍ਰਮਾਤਮਾ ਨੇ ਸਾਡੇ ਸਿਰ ਰੱਖਿਆ ਹੋਇਆ ਹੈ ਜਿਸ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਅਸੀਂ ਹੀ ਕਰਨਾ ਹੈ।ਇਹ ਉੱਦਮ ਗੁਰਮੁਖਿ ਵਾਲੀ ਸਮਝ ਦੇ ਨਾਲ ਭਾਵ ਗੁਰੂ ਦੀ ਸਮਝ ਦੇ ਨਾਲ ਜੁੜਨ ਦਾ ਹੈ ਜੋ ਸਾਨੂੰ ਸੱਚੁ ਦੇ ਨਾਲ ਜੋੜਦੀ ਹੈ, ਸੱਚ ਰੂਪ ਬੇੜੀ ਤੇ ਬਿਠਾਉਂਦੀ

ਹੈ ਜਿਸ ਤੇ ਚੜ੍ਹ ਕੇ ਮਨੁੱਖੀ ਮਤਿ ਮਾਇਆ ਮੋਹ ਦੇ ਸਾਗਰ ਵਿੱਚੋਂ ਤਰ ਜਾਂਦੀ ਹੈ, ਪਾਰ ਹੋ ਜਾਂਦੀ ਹੈ। (**ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥ ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥**)

{ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ ੧੪੨੯)

ਗੁਰੂ ਦੇ ਬੇੜੇ ਤੇ ਚੜਨਾ ਕੀ ਹੈ, ਇਸ ਗੱਲ ਨੂੰ ਸਮਝ ਕੇ ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਸਮਝ ਸਕਦੇ ਹਾਂ ਕਿ ਭਗਤ ਪ੍ਰਹਿਲਾਦ ਜੀ ਨੇ, ਭਗਤ ਕਬੀਰ ਜੀ ਨੇ ਕਿਸ ਤਰੀਕੇ ਆਪਣੇ ਆਪ ਨੂੰ ਇਸ ਬੇੜੇ ਤੇ ਚੜਾਇਆ ਤੇ ਪ੍ਰਮਾਤਮਾ ਦਾ ਨਾਮ ਜਪਿਆ ਹੈ। (**ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥ ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥**) ਮਨੁੱਖ ਦਾ ਪਹਿਲਾ ਉੱਦਮ ਗੁਰੂ ਦੇ ਪਰਿਵਾਰ ਵਿੱਚ ਸ਼ਾਮਿਲ ਹੋਣ ਦਾ ਹੈ, ਗੁਰੂ ਦੇ ਬੇੜੇ ਤੇ ਬੈਠਣ ਦਾ ਹੈ, ਅੱਗੋਂ ਫਿਰ ਕਿਰਪਾ ਉਹ ਆਪ ਹੀ ਕਰਦਾ ਹੈ ਤੇ ਆਪਣਾ ਹੁਕਮ ਮਨਾਉਣ ਦੀ ਸਮਰੱਥਾ ਵੀ ਉਹ ਆਪ ਹੀ ਬਖਸ਼ਦਾ ਹੈ ਤੇ ਬੇੜੇ ਨੂੰ ਆਪ ਹੀ ਪਾਰ ਲਾਉਂਦਾ ਹੈ ਭਾਵ ਉਸਦੇ ਦਰਸ਼ਨ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਹੁੰਦੇ ਹਨ। ਉਹ ਆਪ ਹੀ ਪ੍ਰਗਟ ਹੋ ਕੇ ਮਨ ਵਿੱਚ ਦਰਸ਼ਨ ਦਿੰਦਾ ਹੈ। ਇਹ ਸਭ ਕੁੱਝ ਗੁਰੂ ਦੇ ਗਿਆਨ ਦੁਆਰਾ ਹੁੰਦਾ ਹੈ ਭਾਵ ਸਭ ਕੁੱਝ ਸਾਡੇ ਮਨ ਦੇ ਵਿੱਚ ਹੀ ਵਰਤਦਾ ਹੈ। ਗੁਰੂ ਦਾ ਭਾਣਾ ਅਸੀਂ ਤਾਂ ਹੀ ਮੰਨ ਸਕਦੇ ਹਾਂ ਜਦੋਂ ਸਾਡੇ ਮਨ ਦੇ ਵਿੱਚ ਗੁਰੂ ਦੀ ਗੱਲ ਦ੍ਰਿੜ੍ਹ ਹੋ ਜਾਵੇ, ਪੱਕੀ ਹੋ ਜਾਵੇ ਭਾਵ ਨਾਮ ਦ੍ਰਿੜ੍ਹ ਹੋ ਜਾਵੇ ਭਾਵ ਸਾਡੀ ਮਨਮਤਿ ਗੁਰਮਤਿ ਬਣ ਜਾਵੇ, ਸਾਡੀ ਬੁੱਧ ਗੁਰੂ ਦੇ ਗਿਆਨ ਵਾਲੀ ਬਣ ਜਾਵੇ **(ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥ ਗੁਰਪਰਸਾਦਿ ਐਸੀ ਬੁਧਿ ਸਮਾਨੀ॥ ਚੂਕਿ ਗਈ ਫਿਰਿ ਆਵਨ ਜਾਨੀ॥)** ਤੇ ਇਸੇ ਦੁਆਰਾ ਹੀ ਸਾਡਾ ਆਵਾਗਉਣ ਮਿਟਦਾ ਹੈ। ਪ੍ਰਮਾਤਮਾ ਨੂੰ ਭਜਣ ਦਾ ਇਹੀ ਤਰੀਕਾ ਹੈ ਜੋ ਕਿ ਉੱਪਰ ਸਮਝਾਇਆ ਗਿਆ ਹੈ ਤੇ ਸਾਰਿਆਂ ਨੂੰ ਇਸੇ ਤਰੀਕੇ ਦੁਆਰਾ ਭਗਤੀ ਕਰਨ ਲਈ ਕਿਹਾ ਗਿਆ ਹੈ **(ਕਹੁ ਕਬੀਰ ਭਜੁ ਸਾਰਿਗਪਾਨੀ॥)**। ਇਸ ਤਰੀਕੇ ਦਾ ਭਜਨ ਕਰਨ ਨਾਲ ਹੀ ਸਾਨੂੰ ਉਸ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ

2/111 ਅਤੇ 111-ਅ

ਤੇ ਸਮਝ ਲੱਗ ਸਕਦੀ ਹੈ ਕਿ ਦੋਨੋਂ ਪਾਸੇ ਕੇਵਲ ਇੱਕ ਪ੍ਰਮਾਤਮਾ ਹੀ ਹੈ **(ਉਰਵਾਰਿ ਪਾਰਿ ਸਭ ਏਕੋ ਦਾਨੀ॥)**। "**ਉਰਵਾਰਿ ਪਾਰਿ**" ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਕਿ ਮਨੁੱਖ ਨੂੰ ਨਾ ਉਰਵਾਰਿ ਦੀ ਸਮਝ ਹੈ ਤੇ ਨਾ ਹੀ ਪਾਰਿ ਦੀ ਸਮਝ ਹੈ। ਇਹ ਦੋਨੋਂ ਗੱਲਾਂ ਸਾਡੇ ਮਨ ਦੀ ਸਮਝ ਨਾਲ ਹੀ ਜੁੜੀਆਂ ਹੋਈਆਂ ਹਨ ਭਾਵ ਸਾਡੇ ਮਨ ਦੀ ਸਮਝ ਹੀ "ਉਰਵਾਰਿ" ਹੈ ਤੇ ਸਾਡੀ ਸਮਝ ਹੀ "ਪਾਰਿ" ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਜਦ ਤੱਕ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਤਦ ਤੱਕ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ "ਉਰਵਾਰਿ" ਕੀ ਹੈ ਤੇ "ਪਾਰਿ" ਕੀ ਹੈ, ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਕੀ ਹੈ, ਹਉਮੈ ਕੀ ਹੈ, ਮਾਇਆ ਕੀ ਹੈ, ਸਾਡੇ ਭਰਮ ਕੀ ਹਨ, ਅਗਿਆਨਤਾ ਕੀ ਹੈ, ਸਾਡੀ ਪ੍ਰਮਾਤਮਾ ਨਾਲੋਂ ਦੂਰੀ ਕੀ ਹੈ, ਵਿਛੋੜਾ ਕੀ ਹੈ, ਧਰਮ ਦਾ ਸੱਚਾ ਮਾਰਗ ਕੀ ਹੈ, ਮਨ ਕੀ ਹੈ, ਮਨੁੱਖ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ, ਪ੍ਰਮਾਤਮਾ ਦੀ ਖੇਡ ਕੀ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਚਲਾ ਰਹਿਆ ਹੈ। ਮਨ ਦੀ ਇਹ ਨਾ-ਸਮਝ ਮਤਿ, ਅਗਿਆਨਤਾ ਵਾਲੀ ਸਮਝ ਸਾਡਾ ਮਨ ਦੇ ਵਿੱਚ "ਉਰਵਾਰਿ' ਹੈ ਜਿਸ ਦੀ ਸਮਝ ਕੇਵਲ ਤੇ ਕੇਵਲ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਰ ਕੇ ਹੀ ਪੈ ਸਕਦੀ ਹੈ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਪੈ ਸਕਦੀ ਹੈ। "ਪਾਰਿ' ਸਾਨੂੰ ਗੁਰੂ ਦਾ ਸੱਚਾ ਗਿਆਨ ਲਗਾਉਂਦਾ ਹੈ ਤੇ ਸੱਚੇ ਗਿਆਨ ਵਾਲੀ ਸਮਝ, ਬ੍ਰਹਮ ਗਿਆਨ ਵਾਲੀ ਸਮਝ, ਚੌਥੇ ਪਦ ਦੇ ਗਿਆਨ ਵਾਲੀ ਸਮਝ ਸਾਡੇ ਅੰਦਰ ਦਾ ਪਾਰਿ ਹੈ ਜਿਸ ਦੁਆਰਾ ਅਸੀਂ ਅਗਿਆਨਤਾ ਦੇ ਸਾਗਰ ਤੋਂ ਪਾਰ ਪਾਉਂਦੇ ਹਾਂ। ਹਰ ਕੋਈ ਮਨ ਦੀ ਸਮਝ ਰਾਹੀਂ "ਉਰਵਾਰਿ" ਹੀ ਖੜਾ ਹੈ ਪਰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿਉਂਕਿ ਸਾਡੇ ਅੰਦਰ

ਦੀ ਮਾਇਆ ਦਾ ਮਕਸਦ ਹੀ ਇਹ ਹੈ ਕਿ ਸਾਨੂੰ ਇਸ ਗੱਲ ਦੀ ਸਮਝ ਹੀ ਨਾ ਲੱਗਣ ਦੇਵੇ ਕਿ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਕੀ ਹੈ ਤੇ ਉਸ ਨਾਲ ਮੇਲ ਕੀ ਹੈ। ਸਭ ਕੁੱਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਜੋ ਸਮਝ ਮਨੁੱਖ ਦੇ ਵੱਸ ਨਹੀਂ ਹੈ। "ਉਰਵਾਰਿ" ਵਾਲੀ ਸਮਝ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ ਤੇ "ਪਾਰਿ" ਵਾਲੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ। ਮਨ ਦੇ ਵਿੱਚ ਮੇਲ ਮਾਇਆ ਮੋਹ ਦੇ ਸਾਗਰ ਤੋਂ, ਅਗਿਆਨਤਾ ਵਾਲੀ ਸਮਝ ਤੋਂ ਪਾਰ ਹੋ ਕੇ ਹੀ ਹੁੰਦਾ ਹੈ। ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਰ ਕੇ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਸਮਝ ਕਿੱਥੋਂ ਆਉਂਦੀ ਹੈ, ਗਿਆਨ ਕਿੱਥੋਂ ਆਉਂਦਾ ਹੈ, ਮਨ ਦੇ ਵਿਚਾਰ ਕਿੱਥੋਂ ਆਉਂਦੇ ਹਨ ਭਾਵ ਇਹ ਮਨ ਕੀ ਹੈ। ਇਹ 'ਮਨ' ਆਪ ਪ੍ਰਮਾਤਮਾ ਹੀ ਹੈ, ਆਪ ਪ੍ਰਮਾਤਮਾ ਹੀ ਹੈ, ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਅੰਦਰ ਆਪਣੇ ਗਿਆਨ ਦੁਆਰਾ ਵਿਚਰ ਰਹਿਆ ਹੈ। ਤ੍ਰੈਗੁਣਾਂ ਵਾਲਾ ਗਿਆਨ ਦੇਣ ਵਾਲਾ ਵੀ ਉਹ ਆਪ ਹੈ ਭਾਵ ਸਾਡੇ "ਉਰਵਾਰਿ" ਵਿੱਚ ਵੀ ਉਹ ਆਪ ਹੈ ਤੇ "ਪਾਰਿ" ਵਿੱਚ ਵੀ ਆਪ ਹੈ। ਸਾਡੇ ਅੰਦਰ ਆਪਣੇ ਗਿਆਨ ਦਾ ਦਾਨ ਦੇਣ ਵਾਲਾ ਉਹ ਆਪ ਹੀ ਹੈ ਜਿਸ ਗਿਆਨ ਦੁਆਰਾ ਮਨੁੱਖ ਇਸ ਸੰਸਾਰ ਵਿੱਚ ਵਿਚਰਦਾ ਹੈ, ਮਾਇਆ ਕਮਾਉਂਦਾ ਹੈ ਤੇ ਉਸਦੇ ਸੁੱਖ ਭੋਗਦਾ ਹੈ। ਗਿਆਨ ਬਿਨ੍ਹਾਂ ਇਸ ਸੰਸਾਰ ਵਿੱਚ ਕੁੱਝ ਵੀ ਨਹੀਂ ਹੋ ਸਕਦਾ। ਸਭ ਕੁੱਝ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸਨੇ ਮਨੁੱਖੀ ਸਮਝ ਨੂੰ ਆਪ ਹੀ ਉਰਵਾਰਿ ਵਿੱਚ ਰੱਖਿਆ ਹੋਇਆ ਹੈ, ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ, ਮਨਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਤੋਂ ਪਾਰ ਪਾਉਣ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਬੇੜੀ ਹੈ, ਗੁਰੂ ਦੀ ਨਾਮ ਰੂਪ ਬੇੜੀ ਹੈ। ਗੁਰੂ ਦੀ ਬੇੜੀ ਤੇ ਬੈਠਣ ਦਾ ਸਚਾ ਉਪਰਾਲਾ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਪਹਿਲੇ ਉਨ੍ਹਾਂ ਦੀ ਮਤਿ ਨੂੰ ਛੱਡਾਂਗੇ ਜਿਨ੍ਹਾਂ ਨੂੰ ਖੁਦ ਨਾ ਉਰਵਾਰਿ ਦੀ ਸਮਝ ਹੈ, ਨਾ ਪਾਰਿ ਦੀ ਸਮਝ ਹੈ। ਉਹ ਆਪ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਸਮਝਣ ਵਿੱਚ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ। ਪ੍ਰਮਾਤਮਾ ਦਾ ਜਪ, ਤਪ, ਸਿਮਰਨ ਕਰਨਾ ਗੁਰੂ ਪ੍ਰਮਾਤਮਾ ਦੀ ਮਤਿ ਤੇ ਭਰੋਸਾ ਕਰਨਾ ਹੀ ਹੈ ਜਿਹੋ ਜਿਹਾ ਭਰੋਸਾ ਕਰਨਾ ਸਾਨੂੰ ਸ਼ਬਦ ਰਾਹੀਂ ਸਮਝਾਇਆ ਗਿਆ ਹੈ ਜੋ ਕਿ ਉਸਦੇ ਹੁਕਮ, ਰਜ਼ਾ ਵਿੱਚ ਚੱਲਣਾ ਹੀ ਹੈ, ਗੁਰੂ ਦੀ ਮਤਿ ਅਨੁਸਾਰ ਵਿਚਰਨਾ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਕੁੱਝ ਹੋਰ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ:-

"ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥੩॥"

(ਅੰਗ ੧੦)

ਇਸ ਸ਼ਬਦ ਰਾਹੀਂ ਮਨੁੱਖ ਦਾ ਇਹ ਭੁਲੇਖਾ ਕੱਢਿਆ ਹੋਇਆ ਹੈ ਕਿ ਮਨੁੱਖ ਐਵੇਂ ਹੀ ਇਸ ਗੱਲ ਤੋਂ ਡਰਦਾ ਰਹਿੰਦਾ ਹੈ ਕਿ ਅਗਰ ਮੈਂ ਮਾਇਆ ਵਾਲੀ ਬਿਰਤੀ ਛੱਡ ਦਿਆਂਗਾ ਤਾਂ ਫਿਰ ਮੈਨੂੰ ਰਿਜ਼ਕ ਕਿਵੇਂ ਮਿਲੇਗਾ, ਸਾਡੀ ਪਾਲਣਾ ਕੌਣ ਕਰੇਗਾ। ਜਦੋਂ ਉਸ ਪ੍ਰਮਾਤਮਾ ਤੇ ਭਰੋਸਾ ਆ ਜਾਵੇ ਕਿ ਉਹ ਮਨੁੱਖ ਨੂੰ ਤੇ ਸਭ ਨੂੰ ਰਿਜ਼ਕ ਦੇਣ ਵਾਲਾ ਉਹ ਆਪ ਹੀ ਹੈ ਤੇ ਉਹ ਸਭ ਨੂੰ ਪਾਲਣ ਵਾਲਾ ਆਪ ਹੀ ਹੈ ਤੇ ਸਭ ਨੂੰ ਰਿਜ਼ਕ ਦਿੰਦਾ ਹੀ ਰਹਿੰਦਾ ਹੈ, ਉਸ ਕੋਲ ਰਿਜ਼ਕ ਦੀ ਕੋਈ ਕਮੀ ਨਹੀਂ ਹੈ ਭਾਵ ਸਾਨੂੰ ਇਸ ਗੱਲ ਦਾ ਪ੍ਰਮਾਤਮਾ ਤੇ ਭਰੋਸਾ ਰੱਖਣਾ ਚਾਹੀਦਾ ਹੈ ਕਿ ਜੇਕਰ ਅਸੀਂ ਸੱਚੀ ਸੁੱਚੀ ਨੀਅਤ ਨਾਲ ਵਿਚਰਾਂਗੇ, ਤਾਂ ਵੀ ਸਾਨੂੰ ਪ੍ਰਮਾਤਮਾ ਆਪ ਹੀ ਕ੍ਰਿਪਾ ਕਰਕੇ ਰਿਜ਼ਕ ਦੇ ਸਾਧਨ ਬਣਾਵੇਗਾ। ਕੂੰਜਾਂ ਆਪਣੇ ਬੱਚਿਆਂ ਨੂੰ ਪਿੱਛੇ ਛੱਡ ਕੇ ਸੈਂਕੜੇ ਕੋਸਾਂ ਦੂਰ ਚਲੀਆਂ ਜਾਂਦੀਆਂ ਹਨ ਤੇ ਕੇਵਲ ਪ੍ਰਮਾਤਮਾ ਤੇ ਭਰੋਸਾ ਰੱਖਦੀਆਂ ਹਨ **(ਮਨ ਮਹਿ ਸਿਮਰਨੁ ਕਰਿਆ॥)** ਕਿ ਪ੍ਰਮਾਤਮਾ ਆਪ ਹੀ ਬੱਚਿਆਂ ਦੀ ਪਾਲਣਾ ਕਰੇਗਾ। ਉਹ ਇਹ ਭਰੋਸਾ ਰੱਖ ਕੇ ਹੀ ਪ੍ਰਮਾਤਮਾ ਦੇ ਹੁਕਮ ਵਿੱਚ ਰਹਿੰਦੀਆਂ ਹਨ, ਆਪਣਾ ਜੀਵਨ ਗੁਜਾਰਦੀਆਂ ਹਨ।

ਉੱਪਰ ਵਾਲੇ ਸ਼ਬਦਾਂ ਵਿੱਚ ਗੁਰੂ ਸਾਹਿਬ ਨੇ ਜੋ ਭਗਤੀ ਦਾ ਤਰੀਕਾ ਸਮਝਾਇਆ ਹੈ ਕੀ ਉਸ ਵਿੱਚ ਮਨ ਦੇ ਮਾਰਨ ਤੋਂ ਇਲਾਵਾ ਕੋਈ ਹੋਰ ਤਰੀਕਾ ਸਮਝਾਇਆ ਹੈ? ਨਹੀਂ ਸਮਝਾਇਆ, ਕਿਉਂਕਿ ਹੋਰ ਤਰੀਕਾ ਹੈ ਹੀ ਨਹੀਂ। ਸਾਰੀ ਬਾਣੀ ਸਾਨੂੰ ਕੇਵਲ ਇਹ ਹੀ ਤਰੀਕਾ ਸਮਝਾ ਰਹੀ ਹੈ ਤੇ ਫਿਰ ਇਸ ਤੋਂ ਇਲਾਵਾ ਅਸੀਂ ਜੋ ਵੀ ਤਰੀਕੇ ਅਪਣਾਉਂਦੇ ਹਾਂ, ਕੀ ਉਨ੍ਹਾਂ ਉੱਤੇ ਗੁਰੂ ਦੀ ਮੋਹਰ ਲੱਗ ਸਕਦੀ ਹੈ? ਕਦੇ ਵੀ ਨਹੀਂ। ਗੁਰੂ ਦਾ ਅਸੂਲ ਅਡੋਲ ਹੈ, ਪੱਕਾ ਹੈ ਤੇ ਉਹ ਕਦੇ ਵੀ ਨਹੀਂ ਬਦਲ ਸਕਦਾ। ਸ਼ਬਦ ਕਦੇ ਵੀ ਨਹੀਂ ਬਦਲ ਸਕਦਾ। ਸਾਨੂੰ ਆਪਣੀ ਇਸ ਡੋਲਦੀ ਹੋਈ ਸੁਰਤਿ ਨੂੰ, ਮਨ ਨੂੰ ਹੀ ਸ਼ਬਦ ਵਿੱਚ ਟਿਕਾਉਣਾ ਪਵੇਗਾ ਭਾਵ ਮਨ ਨੂੰ ਮਾਰ ਕੇ ਸ਼ਬਦ ਦੀ ਗੱਲ ਨਾਲ, ਗੁਰੂ ਦੀ ਗੱਲ ਨਾਲ ਸਹਿਮਤ ਹੋਣਾ ਪਵੇਗਾ। ਸ਼ਬਦ ਤਾਂ ਆਪਣੀ ਜਗ੍ਹਾ

ਤੋਂ ਹਿੱਲ ਨਹੀਂ ਸਕਦਾ, ਉਹ ਪੱਕਾ ਟਿਕਿਆ ਹੋਇਆ ਹੈ ਹਿੱਲਣਾ ਸੁਰਤਿ ਨੂੰ ਹੀ ਪੈਣਾ ਹੈ, ਬਦਲਣਾ ਸਾਡੀ ਸੋਚ ਨੂੰ ਹੀ ਪੈਣਾ ਹੈ ਤਾਂ ਕਿ ਉਹ ਸ਼ਬਦ ਦੇ ਨਾਲ ਜੁੜ ਕੇ ਉੱਥੇ ਟਿਕ ਜਾਵੇ ਭਾਵ ਦੋਹਾਂ ਦਾ ਮੇਲ ਹੋ ਜਾਵੇ। ਇਹੋ ਜਿਹੇ ਮੇਲ ਲਈ ਕਿਸੇ ਸੁਰਤੀਆਂ, ਸਮਾਧੀਆਂ ਦੀ ਲੋੜ ਨਹੀਂ, ਕੁੱਝ ਬੋਲ-ਬੋਲ ਕੇ ਜਪਣ ਦੀ ਲੋੜ ਨਹੀਂ, ਕੇਵਲ ਮਨ ਨੂੰ ਮਾਰਨ ਦੀ ਲੋੜ ਹੈ, ਮਨ ਨੂੰ ਗੁਰੂ ਦੇ ਸ਼ਬਦਾਂ ਅਨੁਸਾਰ ਸਮਝਾਉਣ ਦੀ ਲੋੜ ਹੈ ਤੇ ਆਪਣੀ ਸੁਰਤਿ ਦੀ ਸਮਝ ਨੂੰ ਸ਼ਬਦ ਦੀ ਸਮਝ ਵਿੱਚ ਟਿਕਾਉਣ ਦੀ ਲੋੜ ਹੈ, ਸ਼ਬਦ ਦੀ ਸਮਝ ਦੇ ਨਾਲ ਇਕ ਕਰਨ ਦੀ ਲੋੜ ਹੈ ਜੋ ਕੇਵਲ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਨਾਲ ਹੀ ਹੋ ਸਕਦੀ ਹੈ।

“ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ॥੧॥”

(ਅੰਗ ੫੩)

ਉੱਪਰ ਇਸ ਸ਼ਬਦ ਨੂੰ ਥੋੜਾ ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰੀਏ। ਜੋ ਵੀ ਅਸੀਂ ਆਪਣੇ ਵੱਲੋਂ ਜਪ ਤਪ ਕਰਦੇ ਹਾਂ ਉਹ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਕਰਦੇ ਹਾਂ ਪਰ ਇਹੋ ਜਿਹੇ ਜਪ ਤਪ ਨਾਲ ਖੁਸ਼ੀ ਅਸਲ ਵਿੱਚ ਕਿਸ ਨੂੰ ਮਿਲਦੀ ਹੈ, ਤਸੱਲੀ ਕਿਸ ਦੀ ਹੁੰਦੀ ਹੈ, ਇਹ ਸਮਝਾਇਆ ਹੋਇਆ ਹੈ। “ਵਾਇ” ਤੋ ਭਾਵ ਹੈ ਬੋਲ ਬੋਲ ਕੇ ਜਪਣਾ, ਬੋਲ ਬੋਲ ਕੇ ਸੁਨਾਉਣਾ। ਅਸੀਂ ਪ੍ਰਮਾਤਮਾ ਨੂੰ “ਉਹੀ ਉਹੀ, ਤੂਹੀ ਤੂਹੀ” ਕਹਿ ਕੇ ਜਪਦੇ ਹਾਂ ਕਿਸੇ ਅੱਖਰ ਨੂੰ ਨਾਮ ਸਮਝਕੇ ਜਪਦੇ ਹਾਂ ਭਾਵ ਉਸਦੇ ਅਨੇਕਾਂ ਨਾਮ ਲੈ ਕੇ ਜਪਦੇ ਹਾਂ ਤੇ ਸਾਡੇ ਅੰਦਰ ਭਾਵਨਾ ਇੱਕ ਉਸੇ ਨੂੰ ਹੀ ਜਪਣ ਦੀ ਹੁੰਦੀ ਹੈ, ਉਸਨੂੰ ਆਪਣੀ ਭਗਤੀ ਸੁਣਾਉਣ ਦੀ ਹੁੰਦੀ ਹੈ। ਭਾਵੇਂ ਅਸੀਂ ਰਾਮ-ਰਾਮ ਜਪੀਏ, ਹਰਿ ਹਰਿ ਜਪੀਏ, ਵਾਹਿਗੁਰੂ ਵਾਹਿਗੁਰੂ ਜਪੀਏ, ਖੁਦਾ ਖੁਦਾ ਜਪੀਏ, ਤੂੰ ਹੀ ਤੂੰ ਜਪੀਏ ਪਰ ਸਭ ਦੀ ਭਾਵਨਾ “ਉਹੀ” ਹੈ ਭਾਵ ਇੱਕ ਪ੍ਰਮਾਤਮਾ ਨੂੰ ਜਪਣ ਦੀ ਹੀ ਹੈ। ਜਿਉ-ਜਿਉ ਅਸੀਂ ਪ੍ਰਮਾਤਮਾ ਨੂੰ ਇਸ ਤਰੀਕੇ ਨਾਲ ਜਪਦੇ ਹਾਂ ਭਾਵ ਮੁੱਖੋਂ ਆਖ ਆਖ ਕੇ, ਬੋਲ ਬੋਲ ਕੇ ਜਪਦੇ ਹਾਂ, ਇਹ ਕੇਵਲ ਸਾਡਾ ਇੱਕ ਮਨ ਦਾ “ਵਾਵਣਾ” ਹੈ ਭਾਵ ਆਪਣੇ ਮਨ ਨੂੰ ਖੁਆਰ ਕਰਨਾ ਹੈ, ਇਹ ਕੇਵਲ ਸਾਡੀ ਖੁਆਰੀ ਹੈ ਤੇ ਆਪਣੇ ਮਨ ਨੂੰ ਤਸੱਲੀ ਦੇਣ ਦਾ ਤਰੀਕਾ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਕਰ ਰਹੇ ਹਾਂ। ਜਿਸ ਨੂੰ ਅਸੀਂ ਇਸ ਤਰੀਕੇ ਨਾਲ ਬੋਲ ਬੋਲ ਕੇ ਸੁਣਾਉਂਦੇ ਹਾਂ, ਉਹੀ ਉਹੀ ਕਰਦੇ ਹਾਂ ਭਾਵ ਪ੍ਰਮਾਤਮਾ ਨੂੰ ਸੁਣਾਉਂਦੇ ਹਾਂ, ਉਸ ਨੂੰ ਖੁਸ਼ ਕਰਨ ਲਈ, ਰਿਝਾਣ ਲਈ ਸੁਣਾਉਂਦੇ ਹਾਂ **(ਜਿਸ ਨੋ ਵਾਇ ਸੁਣਾਈਐ)** ਉਹ ਪ੍ਰਮਾਤਮਾ ਅਸਲ ਵਿੱਚ ਕਿਤਨਾ ਕੁ ਵੱਡਾ ਹੈ ਤੇ ਉਸਦਾ ਟਿਕਾਣਾ ਕਿੱਥੇ ਹੈ, ਇਸ ਦੀ ਸੋਝੀ ਸਾਨੂੰ ਨਹੀਂ ਹੈ ਭਾਵ ਜਿਸ ਪ੍ਰਮਾਤਮਾ ਨੂੰ ਅਸੀਂ ਜਾਣਦੇ ਹੀ ਨਹੀਂ ਕਿ ਉਹ ਕੀ ਹੈ ਅਸੀਂ ਬੋਲ ਬੋਲ ਕੇ ਉਸ ਬਾਰੇ ਕੀ ਕਹਿ ਸਕਦੇ ਹਾਂ ਤੇ ਕੀ ਉਸਨੂੰ ਸੁਣਾ ਸਕਦੇ ਹਾਂ। ਗੱਲ ਉਸੇ ਨੂੰ ਸੁਣਾਈ ਜਾ ਸਕਦੀ ਹੈ ਜਿਸ ਨੂੰ ਅਸੀਂ ਜਾਣਦੇ ਹੋਈਏ ਭਾਵ ਉਹ ਸਾਡੇ ਸਾਹਮਣੇ ਹੋਵੇ। ਜਿਸਨੂੰ ਨਾ ਅਸੀਂ ਜਾਣਦੇ ਹਾਂ ਤੇ ਨਾਂ ਹੀ ਉਹ ਸਾਡੇ ਸਾਹਮਣੇ ਹੈ, ਫਿਰ ਅਸੀਂ ਬੋਲ ਬੋਲ ਕੇ ਕਿਸਨੂੰ ਸੁਣਾਉਂਦੇ ਹਾਂ ਭਾਵ ਸਾਡਾ ਇਹੋ ਜਿਹਾ ਬੋਲਣਾ ਵਿਅਰਥ ਹੈ। (**ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ॥**) ਜਦ ਤੱਕ ਪ੍ਰਮਾਤਮਾ ਨੂੰ ਕੋਈ ਜਾਣ ਨਹੀਂ ਲੈਂਦਾ ਤਦ ਤੱਕ ਉਸ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ। {**ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥**} ਅੰਗ - 9 । ਪ੍ਰਮਾਤਮਾ ਨਿਰੰਕਾਰ ਰੂਪ ਵਿੱਚ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੈ ਤੇ ਉਸਨੂੰ ਆਪਣੀ ਗੱਲ ਕੇਵਲ ਉਸ ਦੀ ਗੱਲ ਨੂੰ ਮੰਨ ਕੇ ਹੀ ਸੁਣਾਈ ਜਾ ਸਕਦੀ ਹੈ ਜੋ ਉਸ ਨੇ ਆਪਣੀ ਗੱਲ ਧਰਮ ਗ੍ਰੰਥਾਂ ਰਾਹੀਂ ਸਮਝਾਈ ਹੈ। ਪ੍ਰਮਾਤਮਾ ਦਾ ਆਖਣ ਸਾਡੀ ਕਥਨੀ ਨਹੀਂ ਹੈ, ਪ੍ਰਮਾਤਮਾ ਦੀ ਭਗਤੀ ਸਾਡੀ ਕਥਨੀ ਨਹੀਂ ਹੈ ਬਲਕਿ ਸਾਡੀ ਕਰਨੀ ਹੈ। ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਦਾ ਆਖਣ ਸਾਡੀ ਕਥਨੀ ਨਹੀਂ ਹੈ ਬਲਕਿ ਕਰਨੀ ਹੈ ਜੋ ਕਿ ਗੁਰੂ ਦੀ ਗੱਲ ਨੂੰ, ਗੁਰੂ ਦੇ ਸ਼ਬਦਾਂ ਨੂੰ ਮੰਨਣ ਦੁਆਰਾ, ਨਾਮ ਨੂੰ ਮੰਨਣ ਦੁਆਰਾ ਹੁੰਦੀ ਹੈ ਨਾ ਕਿ ਸ਼ਬਦਾਂ ਨੂੰ, ਅੱਖਰਾਂ ਨੂੰ ਕਥੀ ਜਾਣ ਦੁਆਰਾ, ਬੋਲੀ ਜਾਣ ਦੁਆਰਾ {**ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥**} ਅੰਗ - ੧੩੪੩ । ਇਹੋ ਜਿਹੇ ਜਪ ਤਪ ਕਰਨ ਨਾਲ ਸਾਨੂੰ ਪ੍ਰਮਾਤਮਾ ਬਾਰੇ ਕੁੱਝ ਵੀ ਪਤਾ ਨਹੀਂ ਲੱਗ ਸਕਦਾ ਹੈ, ਇਹੋ ਜਿਹੇ ਜਪ ਤਪ ਦੁਆਰਾ ਉਸਨੂੰ ਨਹੀਂ ਜਾਣਿਆ ਜਾ ਸਕਦਾ। ਇਹੋ ਜਿਹੇ ਜਪ ਤਪ ਦੁਆਰਾ ਅਸੀਂ ਕੇਵਲ ਆਪਣੀ ਤਸੱਲੀ ਹੀ ਕਰੀ ਜਾਂਦੇ ਹਾਂ, ਆਪੇ ਹੀ ਖੁਸ਼ ਹੋਈ ਜਾਂਦੇ ਹਾਂ। ਇਹੋ ਜਿਹਾ ਬੋਲ ਬੋਲ ਕੇ ਜਪ ਤਪ ਕਰਨ ਵਾਲੇ ਸਭ ਇਹੀ ਸਮਝਦੇ ਹਨ ਕਿ ਉਹ ਇਸ ਤਰੀਕੇ ਨਾਲ ਹੀ ਪ੍ਰਮਾਤਮਾ ਨਾਲ ਆਪਣੀ ਲਿਵ ਜੋੜਦੇ ਹਨ, ਇਸ ਤਰੀਕੇ ਨਾਲ ਪ੍ਰਮਾਤਮਾ ਨਾਲ ਲਿਵ ਜੁੜਦੀ ਹੈ, ਪਰ ਇਸ ਤਰੀਕੇ ਨਾਲ ਪ੍ਰਮਾਤਮਾ

ਨਾਲ ਲਿਵ ਨਹੀਂ ਜੁੜਦੀ ਭਾਵ ਪ੍ਰਮਾਤਮਾ ਦੇ ਨਾਲ ਲਿਵ ਜੋੜਨ ਦਾ ਇਹ ਤਰੀਕਾ ਹੀ ਨਹੀਂ ਹੈ। **(ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ॥੧॥)** ਪ੍ਰਮਾਤਮਾ ਦੇ ਨਾਲ ਲਿਵ ਜੋੜਨੀ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ।

{ਅਮੁਲੋ ਅਮੁਲੁ ਆਖਿਆ ਨ ਜਾਇ॥ਆਖਿ ਆਖਿ ਰਹੇ ਲਿਵ ਲਾਇ॥}

(ਅੰਗ - ੫)

ਅਸੀਂ ਆਪਣੇ ਵੱਲੋਂ ਸਮਾਧੀਆਂ ਲਗਾ ਕੇ ਬੈਠ ਜਾਂਦੇ ਹਾਂ, ਬੋਲ ਬੋਲ ਕੇ ਜਪੀ ਜਾਂਦੇ ਹਾਂ ਤੇ ਸਮਝਦੇ ਹਾਂ ਕਿ ਅਸੀਂ ਪ੍ਰਮਾਤਮਾ ਨਾਲ ਲਿਵ ਲਗਾ ਰਹੇ ਹਾਂ। ਕੇਵਲ ਭੁਲੇਖੇ ਵਿੱਚ ਬੈਠੇ ਹਾਂ ਤੇ ਝੂਠੀ ਤਸੱਲੀ ਕਰੀ ਬੈਠੇ ਹਾਂ। ਇਸ ਨਾਲ ਸਾਡੇ ਅਸਲ ਮਕਸਦ ਦੀ ਪੂਰਤੀ ਨਹੀਂ ਹੋ ਸਕਦੀ। ਜੇਕਰ ਅਸੀਂ ਆਪਣੇ ਮਕਸਦ ਨੂੰ ਪੂਰਾ ਕਰਨਾ ਚਾਹੁੰਦੇ ਹਾਂ ਤਾਂ ਫਿਰ ਸਰੀਰਕ ਜਪ ਤਪ ਵਿੱਚੋਂ ਨਿਕਲੀਏ ਤੇ ਬਾਣੀ ਨੂੰ ਕੇਵਲ ਪੜ੍ਹਨ ਸੁਣਨ ਤੱਕ ਹੀ ਸੀਮਤ ਨਾ ਰੱਖੀਏ। ਬਾਣੀ ਨੂੰ ਪੜ੍ਹ ਕੇ, ਸੁਣ ਕੇ, ਵਿਚਾਰ ਕੇ, ਜਦ ਤੱਕ ਉਸ ਤੇ ਅਮਲ ਨਹੀਂ ਕਰਾਂਗੇ ਤਦ ਤੱਕ ਅਸੀਂ ਨਾਮ ਦੇ ਲਾਹੇ ਦੇ ਹੱਕਦਾਰ ਨਹੀਂ ਬਣ ਸਕਦੇ। ਇਹ ਲਾਹੇ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਤੇ ਤੋਟਾ ਕਿਵੇਂ ਹੁੰਦਾ ਹੈ ਆਓ ਅਗਲੇ ਸ਼ਬਦ ਰਾਹੀਂ ਜਾਣੀਏ। ਲਾਹਾ ਕੀ ਹੈ, ਤੋਟਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਜਾਣਿਆ ਹੈ।

3/112

“ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ॥
ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ॥੧॥
ਸਤਿਗੁਰ ਤੇਰੀ ਆਸਾਇਆ॥
ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ॥੧॥ਰਹਾਉ॥
ਗੰਧਣ ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ॥
ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ॥੨॥
ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ॥
ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ॥੩॥
ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ॥
ਨਾਨਕ ਆਹਿ ਸਰਣ ਪ੍ਰਭ ਆਇਓ ਰਾਖੁ ਲਾਜ ਅਪਨਾਇਆ॥੪॥” (ਅੰਗ ੪੦੨)

ਆਓ ਇਸ ਸ਼ਬਦ ਰਾਹੀਂ ਸਮਝੀਏ ਕਿ ਲਾਹਾ ਕਿਸ ਗੱਲ ਵਿੱਚ ਹੈ ਅਤੇ ਤੋਟਾ ਕਿਸ ਗੱਲ ਵਿੱਚ ਹੈ। ਇੱਥੇ ਇਹ ਵੀ ਸਮਝਾਇਆ ਹੈ ਕਿ ਲਾਹਾ ਪ੍ਰਾਪਤ ਕਰਨ ਵਿੱਚ ਮਨੁੱਖ ਢਿੱਲਾ ਚੱਲਦਾ ਹੈ ਭਾਵ ਉਸ ਦੇ ਮਨ ਵਿੱਚ ਉਤਸ਼ਾਹ ਨਹੀਂ ਉਪਜਦਾ ਅਤੇ ਘਾਟਾ ਖਾਣ ਵਿੱਚ, ਤੋਟੇ ਵਿੱਚ ਜਾਣ ਲਈ ਉਹ ਭੱਜਕੇ ਜਾਂਦਾ ਹੈ ਭਾਵ ਹਮੇਸ਼ਾਂ ਹੀ ਉਤਸ਼ਾਹ ਦਿਖਾਉਂਦਾ ਹੈ। ਲਾਹਾ ਲੈਣਾ ਸਸਤਾ ਕਿਹਾ ਗਿਆ ਹੈ ਭਾਵ ਇਹ ਸਾਡੇ ਲਈ ਸਸਤੇ ਦਾ ਸੌਦਾ ਹੈ ਭਾਵ ਜਿਸ ਵਿੱਚ ਲਾਭ ਹੀ ਲਾਭ ਹੈ ਕਿਉਂਕਿ ਇਸ ਵਿੱਚ ਮੋੜਨਾ ਕੁੱਝ ਨਹੀਂ ਪੈਂਦਾ ਭਾਵ ਇਹ ਸਾਡੇ ਲਈ ਚੰਗਾ ਹੈ। ਇਸ ਦੇ ਉਲਟ ਨੁਕਸਾਨ ਵਾਲਾ, ਤੋਟੇ ਵਾਲਾ ਸੌਦਾ ਉਹ ਹੈ ਜੋ ਸਾਡੇ ਉੱਪਰ ਕਰਜ਼ਾ ਚੜ੍ਹਾਉਂਦਾ ਹੈ ਭਾਵ ਪਾਪਾਂ ਦਾ ਕਰਜਾ ਜੋ ਅਸੀਂ ਆਪਣੇ ਮਾੜੇ ਕਰਮਾਂ ਦੁਆਰਾ ਕਮਾਉਂਦੇ ਹਾਂ, ਆਪਣੇ ਉੱਪਰ ਚੜ੍ਹਾਉਂਦੇ ਹਾਂ, ਪਾਪਾਂ ਵਾਲੇ ਕੰਮ ਕਰਦੇ ਹਾਂ। ਮਾੜੀਆਂ ਗੱਲਾਂ ਸੁਣਨਾ ਸਾਨੂੰ ਚੰਗਾ ਲੱਗਦਾ ਹੈ ਭਾਵ ਮਾਇਆ ਮੋਹ ਵਧਾਉਣ ਵਾਲੀਆਂ ਗੱਲਾਂ ਸਾਨੂੰ ਚੰਗੀਆਂ ਲੱਗਦੀਆਂ ਹਨ ਜਦਕਿ ਇਹ ਗੱਲਾਂ ਸਾਨੂੰ ਉਲਝਣ ਵਿੱਚ ਪਾਉਂਦੀਆਂ ਹਨ, ਮਾੜੇ ਕਰਮਾਂ ਲਈ ਪ੍ਰੇਰਦੀਆਂ ਹਨ। **(ਗੰਧਣ ਵੈਣ ਸੁਣਹਿ ਉਰਝਾਵਹਿ)** ਮਾੜੇ ਕਰਮ ਸਾਡੇ ਲਈ ਘਾਟੇ ਦਾ ਸੌਦਾ ਬਣਦੇ ਹਨ। ਇਸ ਦੇ ਉਲਟ ਚੰਗੀ ਗੱਲ ਸੁਣਨ ਤੋਂ, ਜੋ ਸਾਨੂੰ ਚੰਗੇ ਕਰਮਾਂ ਲਈ ਪ੍ਰੇਰਦੀ ਹੈ, ਸੱਚੇ ਸੁੱਚੇ ਕਰਮਾਂ ਲਈ ਪ੍ਰੇਰਦੀ ਹੈ, ਮਾਇਆ ਮੋਹ ਵਿੱਚੋਂ ਨਿਕਲਣ ਲਈ ਪ੍ਰੇਰਦੀ ਹੈ ਇਹੋ ਜਿਹੀ ਗੱਲ ਮਨੁੱਖ ਸੁਣਨ ਤੋਂ ਭਾਵ ਮੰਨਣ ਤੋਂ ਆਲਸ ਕਰਦਾ ਹੈ ਭਾਵ ਕੋਈ ਉਤਸ਼ਾਹ ਨਹੀਂ ਦਿਖਾਉਂਦਾ ਹੈ ਭਾਵ ਜਿਸ ਗੱਲ ਨਾਲ ਲਾਭ ਮਿਲਣਾ ਹੈ, ਲਾਹਾ ਮਿਲਣਾ ਹੈ, ਉਸ ਵਿੱਚ ਆਪਣੀ ਰੁਚੀ ਨਹੀਂ ਦਿਖਾਉਂਦਾ ਹੈ ਕਿਉਂਕਿ ਇਸ ਨੂੰ ਮੰਨਣਾ ਔਖਾ ਲੱਗਦਾ ਹੈ ਗੁਰੂ ਦੀ ਮਤਿ ਸਾਨੂੰ ਮਾਇਆ ਮੋਹ ਛੱਡਣ ਲਈ ਪ੍ਰੇਰਦੀ ਹੈ ਇਸ ਲਈ ਅਸੀਂ ਉਸ ਨੂੰ ਮੰਨਣ ਤੋਂ ਆਲਸ ਕਰਦੇ ਹਾਂ, ਨਾਮ ਲੈਣ ਤੋਂ ਭਾਵ ਗੁਰੂ ਦੀ ਮਤਿ ਲੈਣ ਤੋਂ ਆਲਸ ਕਰਦੇ ਹਾਂ। **(ਨਾਮੁ ਲੈਤ ਅਲਕਾਇਆ॥)** ਜੋ ਮਨੁੱਖ ਕਿਸੇ ਦੀ ਨਿੰਦਿਆ ਚੁਗਲੀ ਕਰਦੇ ਹਨ ਉਹ ਘਾਟੇ ਦਾ ਸੌਦਾ ਕਰਦੇ ਹਨ ਕਿਉਂਕਿ ਇਹੋ ਜਿਹਾ ਕਰਨਾ ਝੂਠੇ ਸਵਾਦ ਲੈਣ ਵਾਲੀ ਗੱਲ ਹੈ ਤੇ ਜਦੋਂ ਇਹੋ ਜਿਹੀਆਂ ਨਿੰਦਾ ਚੁਗਲੀਆਂ ਸਾਹਮਣੇ ਆਉਂਦੀਆਂ ਹਨ ਤਾਂ ਫਿਰ ਮਨੁੱਖ ਆਪਣੀਆਂ ਗੱਲਾਂ ਤੋਂ ਮੁਕਰ ਕੇ ਭਾਵ

3/113

ਝੂਠ ਦਾ ਆਸਰਾ ਲੈ ਕੇ ਆਪਣਾ ਬਚਾਅ ਕਰਦਾ ਹੈ। ਗੁਰਮਤਿ ਦੇ ਉਲਟ ਚੱਲਣਾ ਤੇ ਦੂਸਰਿਆਂ ਨੂੰ ਸਿਖਾਉਣਾ ਗੁਰੂ ਦੀ ਨਿੰਦਿਆ ਚੁਗਲੀ ਹੈ। ਇਸ ਗੱਲ ਨੂੰ ਅੱਗੇ ਚੱਲਕੇ ਸਮਝਾਂਗੇ। ਝੂਠੀ ਬਿਰਤੀ ਰੱਖਣ ਵਾਲੇ ਮਨੁੱਖ ਦੂਸਰੇ ਦਾ ਧੰਨ ਖਾਂਦੇ ਹਨ, “ਪਰ ਤਨ” ਭਾਵ ਕਾਮ ਵਿੱਚ ਵਿਆਪਦੇ ਹਨ ਅਤੇ ਹੋਰ ਔਗੁਣਾਂ ਦੁਆਰਾ ਵਿਚਰਦੇ ਰਹਿੰਦੇ ਹਨ ਭਾਵ ਨਾ ਕਰਨ ਵਾਲੇ ਕੰਮ ਕਰਦੇ ਹਨ। ਇਹੋ ਜਿਹੇ ਮਨੁੱਖ ਹਮੇਸ਼ਾਂ ਤੋਟੇ ਵਿੱਚ ਰਹਿੰਦੇ ਹਨ ਭਾਵ ਲਾਹਾ ਲੈਣ ਤੋਂ ਦੂਰ ਜਾਂਦੇ ਹਨ, ਉਲਟ ਚੱਲਦੇ ਹਨ। ਲਾਹਾ ਸੱਚ ਅਤੇ ਧਰਮ ਦੇ ਮਾਰਗ ਤੇ ਚੱਲਣ ਵਿੱਚ ਹੈ ਪਰ ਜੋ ਮਨੁੱਖ ਔਗੁਣਾਂ ਵਿੱਚ ਫਸੇ ਰਹਿੰਦੇ ਹਨ ਉਨ੍ਹਾਂ ਦੀ ਸੱਚ ਅਤੇ ਧਰਮ ਨਾਲ ਰੁਚੀ ਨਹੀਂ ਹੁੰਦੀ ਅਤੇ ਸੱਚੀ ਗੱਲ ਸੁਣਨ ਤੋਂ ਭਾਵ ਮੰਨਣ ਤੋਂ ਭੱਜਦੇ ਹਨ **{ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥ ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ॥}**। ਸੱਚ ਤੇ ਧਰਮ

ਦਾ ਮਾਰਗ ਔਗੁਣਾਂ ਤੋਂ ਉਲਟਾ ਮਾਰਗ ਹੈ, ਗੁਰੂ ਦੇ ਸੱਚੇ ਗੁਣਾਂ ਵਾਲਾ ਮਾਰਗ ਧਰਮ ਦਾ ਮਾਰਗ ਹੈ, ਲਾਹੇ ਦਾ ਮਾਰਗ ਹੈ ਜਿਸ ਮਾਰਗ ਤੇ ਚੱਲਦਿਆਂ ਭਾਵ ਸੱਚੇ ਸੁੱਚੇ ਕਰਮ ਕਰਨ ਵਿੱਚ ਸਾਨੂੰ ਪ੍ਰਮਾਤਮਾ ਕੋਲੋਂ ਲਾਹਾ ਮਿਲਦਾ ਹੈ, ਇਹ ਲਾਹੇ ਦਾ ਮਾਰਗ ਹੈ ਅਤੇ ਔਗੁਣ ਤੋਟੇ ਦਾ ਮਾਰਗ ਹੈ। ਲਾਹਾ ਨਾਮ ਦੇ ਵਿੱਚ ਹੈ, ਨਾਮ ਦੀ ਟੇਕ ਦੇ ਵਿੱਚ ਹੈ ਭਾਵ ਲਾਹਾ ਗੁਣਾਂ ਦੇ ਵਿੱਚ ਹੈ ਗੁਣਾਂ ਤੇ ਟੇਕ ਰੱਖਣ ਵਿੱਚ ਹੈ, ਗੁਰੂ ਤੇ ਟੇਕ ਰੱਖਣ ਵਿੱਚ ਹੈ। ਭਗਤ ਕੇਵਲ ਗੁਰੂ ਦੀ ਟੇਕ ਲੈਂਦੇ ਹਨ, ਗੁਣਾਂ ਦੀ ਟੇਕ ਲੈਂਦੇ ਹਨ, **ਨਾਮ ਦੀ ਟੇਕ ਲੈਂਦੇ ਹਨ (ਭਗਤ ਟੇਕ ਹਰਿ ਨਾਇਆ॥)**। ਇਹ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਜਿਵੇਂ ਕਿ ਪਿੱਛੇ ਵੀ ਸਮਝਾਇਆ ਗਿਆ ਹੈ ਕਿ ਐਸਾ ਕਰਨ ਦੁਆਰਾ ਹੀ ਪ੍ਰਮਾਤਮਾ ਲਾਜ ਰੱਖਦਾ ਹੈ ਅਤੇ ਆਪਣਾ ਬਣਾਉਂਦਾ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ ਤੇ ਜੋ ਗੁਰੂ ਦੇ ਸਚੇ ਗਿਆਨ ਦੀ ਟੇਕ ਲੈਂਦਾ ਹੈ, ਸੱਚੀ ਮਤਿ ਦੀ ਟੇਕ ਲੈਂਦਾ ਹੈ ਉਹੀ ਸੱਚੇ ਕਰਮ ਕਰਦਾ ਹੈ ਜੋ ਕਿ ਪ੍ਰਮਾਤਮਾ ਦੇ ਦਰ ਤੋਂ ਲਾਹਾ ਲੈਣ ਦਾ ਮਨੁੱਖ ਦਾ ਸੱਚਾ ਉੱਦਮ ਹੈ। ਲਾਹਾ ਸਾਨੂੰ ਪ੍ਰਮਾਤਮਾ ਦੇ ਕੋਲੋਂ ਉਸ ਦੇ ਨਾਲ ਮੇਲ ਦੇ ਰੂਪ ਵਿੱਚ ਮਿਲਦਾ ਹੈ ਤੇ ਲਾਹਾ ਲੈਣ ਦਾ ਤਰੀਕਾ ਸਾਡੇ ਸੱਚੇ ਸੁੱਚੇ ਕਰਮ ਹਨ ਜੋ ਗੁਰੂ ਦੇ ਸੱਚੇ ਗਿਆਨ ਨਾਲ ਜੁੜਕੇ, ਔਗੁਣਾਂ ਤੋਂ ਰਹਿਤ ਹੋ ਕੇ ਹੀ ਹੋ ਸਕਦੇ ਹਨ।

ਉਪਰਲੇ ਸ਼ਬਦ ਰਾਹੀਂ ਇਹ ਸਾਫ ਸਮਝਾਇਆ ਹੈ ਕਿ ਮਨੁੱਖ ਨੂੰ ਲਾਹਾ ਕਿਸ ਗੱਲ ਨਾਲ ਮਿਲਦਾ ਹੈ ਅਤੇ ਘਾਟਾ ਕਿਸ ਗੱਲ ਨਾਲ ਪੈਂਦਾ ਹੈ। ਅਸੀਂ ਜੋ ਵੀ ਚੰਗੇ ਕਰਮ ਕਰ ਰਹੇ ਹਾਂ ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸਾਡੀ ਪਤਿ ਉੱਚੀ ਕਰ ਰਹੇ ਹਨ ਤੇ ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਉਹ ਸਾਡੀ ਪਤਿ ਨੀਵੀਂ ਕਰ ਰਹੇ ਹਨ। ਸਾਰੀ ਗੱਲ ਸਾਡੇ ਕਰਮਾਂ ਦੀ ਹੈ ਭਾਵ ਚੰਗੇ ਮਾੜੇ ਕਰਮਾਂ ਦੀ ਹੈ। ਆਪਣੇ ਚੰਗੇ ਕਰਮਾਂ ਦੁਆਰਾ ਅਸੀਂ ਪ੍ਰਮਾਤਮਾ ਦੇ ਨੇੜੇ ਲੱਗਦੇ ਹਾਂ ਅਤੇ ਮਾੜੇ ਕਰਮਾਂ ਦੁਆਰਾ ਪ੍ਰਮਾਤਮਾ ਤੋਂ ਦੂਰ ਹੁੰਦੇ ਹਾਂ। **(ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥)** ਅੰਗ - ੮

3/114

ਕਦੇ ਧਿਆਨ ਨਾਲ ਵਿਚਾਰ ਕੇ ਦੇਖਣਾ ਕਿ ਅਸੀਂ ਸਾਰੇ ਦਿਨ ਵਿੱਚ ਕੀ ਕੁੱਝ ਖੱਟਿਆ ਹੈ ਤੇ ਕੀ ਕੁੱਝ ਗਵਾਇਆ ਹੈ। ਭਾਵ ਅਸੀਂ ਵਾਧੇ ਵਿੱਚ ਗਏ ਹਾਂ ਕਿ ਘਾਟੇ ਵਿੱਚ ਗਏ ਹਾਂ। ਜਿਤਨੀ ਅਸੀਂ ਕਮਾਈ ਕੀਤੀ ਹੈ ਅਗਰ ਖਰਚ ਉਸ ਤੋਂ ਜ਼ਿਆਦਾ ਕੀਤਾ ਹੈ ਫਿਰ ਸਾਨੂੰ ਸਿਆਣਾ ਕੌਣ ਆਖੇਗਾ। ਜਿਹੜੀ ਅਜ ਬੱਚਤ ਹੋਣੀ ਹੈ, ਉਹੀ ਅੱਗੇ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਜਾਂਦੀ ਹੈ ਜੋ ਸਾਡੇ ਕੰਮ ਆਉਣੀ ਹੈ ਤੇ ਜੇਕਰ ਅਸੀਂ ਘਾਟੇ ਵਿੱਚ ਰਹਿਣਾ ਹੈ, ਕਰਜੇ ਵਿੱਚ ਰਹਿਣਾ ਹੈ ਤਾਂ ਫਿਰ ਇਹ ਕਰਜ਼ਾ ਚੁਕਾਉਣਾ ਵੀ ਪੈਣਾ ਹੈ। ਪਲ-ਪਲ ਦਾ ਹਿਸਾਬ ਹਰ ਵੇਲੇ ਸਾਡੇ ਮਨ ਦੇ ਅੰਦਰ ਚੱਲ ਰਿਹਾ ਹੈ। ਜਿਹੋ ਜਿਹੀ ਸਾਡੀ ਬਿਰਤੀ ਹੈ, ਉਹੋ ਜਿਹੇ ਸਾਡੇ ਲੇਖ ਲਿਖੇ ਜਾ ਰਹੇ ਹਨ। ਜੋ ਵੀ ਮਨੁੱਖ ਇਸ ਦੁਨੀਆਂ ਵਿੱਚੋਂ ਲਾਹਾ ਖੱਟਦਾ ਹੈ, ਚੰਗੇ ਕਰਮਾਂ ਦਾ ਲਾਹਾ ਖੱਟਦਾ ਹੈ ਉਸ ਨੂੰ ਲੇਖਾ ਦੇਣਾ ਸੁਹੇਲਾ ਹੋਵੇਗਾ। ਪ੍ਰਮਾਤਮਾ ਦੇ ਦਰ ਤੇ ਗੱਲ ਕਰਨੀ ਉੱਤੇ ਨਿਬੜਨੀ ਹੈ **(ਅਗੈ ਕਰਣੀ ਕੀਰਤਿ ਵਾਚੀਐ)** ਅੰਗ - ੪੬੪ । ਪ੍ਰਮਾਤਮਾ ਦੀ ਕੀਰਤਿ ਅਸੀਂ ਆਪਣੀ ਕਰਨੀ ਦੁਆਰਾ ਕਰਨੀ ਹੈ ਭਾਵ ਪ੍ਰਮਾਤਮਾ ਦਾ ਜੱਸ ਅਸੀਂ ਆਪਣੀ ਕਰਨੀ ਦੁਆਰਾ ਕਰਨਾ ਹੈ ਨਾ ਕਿ ਕਥਨੀ ਦੁਆਰਾ ਜਿਵੇਂ ਕਿ ਉਪਰਲੀ ਪੰਗਤੀ ਦੁਆਰਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਦਰ ਤੇ ਸਾਡੀ ਚੰਗੀ ਕਰਨੀ ਕੰਮ ਆਉਣੀ ਹੈ ਤੇ ਹੋਰ ਕੁੱਝ ਕੰਮ ਨਹੀਂ ਆਉਂਣਾ। ਭਰੋਸਾ ਰੱਖਣਾ ਹੈ ਤਾਂ ਕੇਵਲ ਗੁਰੂ ਤੇ ਰੱਖੋ, ਪ੍ਰਮਾਤਮਾ ਤੇ ਰੱਖੋ ਜਿਸਨੇ ਲੇਖਾ ਮੰਗਣਾ ਹੈ। ਹੋਰ ਕੋਈ ਭਰੋਸਾ ਕੰਮ ਨਹੀਂ ਆਉਣਾ ਤੇ ਨਾ ਹੀ ਹੋਰ ਕੋਈ ਉਪਰਾਲਾ ਕੰਮ ਆਉਂਣਾ ਹੈ। ਅਸੀਂ ਆਪਣੇ ਸਰੀਰਕ ਜਪ ਤਪ ਆਦਿ ਨੂੰ, ਤੀਰਥਾਂ ਤੇ ਫਿਰੀ ਜਾਣ ਨੂੰ ਹੀ ਚੰਗੇ ਕਰਮ ਸਮਝਿਆ ਹੋਇਆ ਹੈ ਜੋ ਕਿ ਕੇਵਲ ਕਰਮ ਕਾਂਡ ਹਨ ਤੇ ਕਿਸੇ ਕੰਮ ਨਹੀਂ ਆਉਣੇ। ਕੰਮ ਕੇਵਲ ਸਾਡੀ ਚੰਗੀ ਕਰਨੀ, ਸਾਡੀ ਚੰਗੀ ਦੁਨਿਆਵੀ ਵਿਚਰਨ ਨੇ ਆਉਣਾ ਹੈ। ਸੱਚ ਝੂਠ ਦੀ ਗੱਲ, ਗੁਣਾਂ ਔਗੁਣਾਂ ਦੀ ਗੱਲ ਸਾਰੀ ਸ੍ਰਿਸ਼ਟੀ ਲਈ ਇੱਕੋ ਜਿਹੀ ਹੀ ਹੈ। ਧਰਮ ''ਸੱਚ'' ਨੂੰ ਕਹਿ ਕੇ ਸਮਝਾਇਆ ਹੈ ਤੇ ਇਹ ਹੀ ਸਾਰੀ ਸ੍ਰਿਸ਼ਟੀ ਦਾ ਧਰਮ ਹੈ। ਸੱਚ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ ਤੇ ਇਹੀ ਸਭ ਦਾ ਧਰਮ ਹੈ।

{ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥}

(ਅੰਗ ੧੨੩੮)

ਪ੍ਰਮਾਤਮਾ ਦੇ ਦਰ ਤੇ ਜੋ ਵੀ ਫੈਸਲਾ ਹੁੰਦਾ ਹੈ, ਨਿਆਂ ਹੁੰਦਾ ਹੈ ਉਹ ਮਨੁੱਖ ਦੀ ਕਰਨੀ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਉਪਰਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅੱਗੇ ਚੱਲਕੇ ਸਮਝਾਂਗੇ। ਹੇਠ ਦਿੱਤੇ ਸ਼ਬਦ ਦੁਆਰਾ ਗੁਰੂ ਦੀ ਸੇਵਾ ਕਰਨੀ ਕੀ ਹੈ, ਇਸ ਗੱਲ ਨੂੰ ਸਮਝਦੇ ਹਾਂ।

“ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਆਗੈ ਧਰੀਐ॥
ਪਾਨੀ ਪਖਾ ਕਰਉ ਤਜਿ ਅਭਿਮਾਨੁ॥
ਅਨਿਕ ਬਾਰ ਜਾਈਐ ਕੁਰਬਾਨੁ॥੧॥
ਸਾਈ ਸੁਹਾਗਣਿ ਜੋ ਪ੍ਰਭ ਭਾਈ॥
ਤਿਸ ਕੈ ਸੰਗਿ ਮਿਲਉ ਮੇਰੀ ਮਾਈ॥੧॥ਰਹਾਉ॥
ਦਾਸਨਿ ਦਾਸੀ ਕੀ ਪਨਿਹਾਰਿ॥ ਉਨ੍ ਕੀ ਰੇਨੁ ਬਸੈ ਜੀਅ ਨਾਲਿ॥
ਮਾਥੈ ਭਾਗੁ ਤ ਪਾਵਉ ਸੰਗੁ॥ ਮਿਲੈ ਸੁਆਮੀ ਅਪੁਨੈ ਰੰਗਿ॥੨॥
ਜਾਪ ਤਾਪ ਦੇਵਉ ਸਭ ਨੇਮਾ॥ ਕਰਮ ਧਰਮ ਅਰਪਉ ਸਭ ਹੋਮਾ॥
ਗਰਬੁ ਮੋਹੁ ਤਜਿ ਹੋਵਉ ਰੇਨ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ॥੩॥
ਨਿਮਖ ਨਿਮਖ ਏਹੀ ਆਰਾਧਉ॥ ਦਿਨਸੁ ਰੈਣਿ ਏਹ ਸੇਵਾ ਸਾਧਉ॥
ਭਏ ਕ੍ਰਿਪਾਲ ਗੁਪਾਲ ਗੋਬਿੰਦ॥ ਸਾਧਸੰਗਿ ਨਾਨਕ ਬਖਸਿੰਦ॥੪॥”

(ਅੰਗ ੩੯੧)

ਗੁਰੂ ਦੀ ਸੇਵਾ ਕੀ ਹੈ, ਇਸ ਗੱਲ ਨੂੰ ਅਸੀਂ ਕਾਫੀ ਪਹਿਲਾਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਜਾਣਿਆ ਹੈ ਜੋ ਕਿ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੁੰਦੀ ਹੈ। (**ਗੁਰ ਕੀ ਸੇਵਾ ਸਬਦੁ ਵੀਚਾਰੁ ॥**) ਅੰਗ - ੨੨੩ । ਗੁਰੂ ਸ਼ਬਦ ਰੂਪ ਹੈ ਤੇ ਸ਼ਬਦ ਰੂਪ ਗੁਰੂ ਦੀ ਸੇਵਾ ਉਸਦੇ ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਹੀ ਹੋ ਸਕਦੀ ਹੈ। ਜੋ ਗੁਰੂ ਦੀ ਸੇਵਾ ਹੈ ਉਹੀ ਗੁਰੂ ਦੀ ਭਗਤੀ ਹੈ, ਉਹੀ ਗੁਰੂ ਦਾ ਨਾਮ ਜਪਣਾ ਹੈ। (**ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥**) ਅੰਗ - ੬੬ । (**ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥**) ਅੰਗ - ੩੫੫ । ਆਓ ਹੁਣ ਇਸੇ ਗੱਲ ਨੂੰ ਕੁੱਝ ਹੋਰ ਬਰੀਕੀ ਨਾਲ ਜਾਣੀਏ ਤਾਂ ਕਿ ਮਨ ਵਿੱਚ ਕੋਈ ਸ਼ੰਕਾ ਨਾ ਰਹੇ। ਸੇਵਾ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ, ਇਸ ਲਈ ਸਾਨੂੰ ਸਹੀ ਮਾਇਨਿਆਂ ਵਿੱਚ ਗੁਰੂ ਦੀ ਸੇਵਾ ਨੂੰ ਸਮਝਣਾ ਬਹੁਤ ਜਰੂਰੀ ਹੈ। ਗੁਰੂ ਦੀ ਹਰ ਤਰੀਕੇ ਦੀ ਸੇਵਾ ਇਹ ਸਮਝਾਈ ਹੈ ਕਿ ਆਪਣਾ ਜੀਓ ਪ੍ਰਾਣ ਧੰਨ ਗੁਰੂ ਦੇ ਅੱਗੇ ਰੱਖੀਏ ਭਾਵ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਦੇ ਅੱਗੇ ਸਮਰਪਿਤ ਕਰੀਏ ਭਾਵ ਆਪਣੀ ਮਤਿ ਨੂੰ ਪੂਰੀ ਤਰਾਂ ਛੱਡ ਕੇ ਗੁਰੂ ਦੀ ਮਤਿ ਦੁਆਰਾ ਵਿਚਰੀਏ। ਗੁਰੂ ਲਈ ਪਾਣੀ,

3/115 ਅਤੇ 115-ਅ

ਪੱਖਾ ਫੇਰੀ ਕੀ ਹੈ ਭਾਵ ਇਹੋ ਜਿਹੀ ਸੇਵਾ ਤਾਂ ਹੀ ਹੋ ਸਕਦੀ ਹੈ ਜੇ ਮਨੁੱਖ ਆਪਣਾ ਅਭਿਮਾਨ ਤਜੇ ਭਾਵ ਅਭਿਮਾਨ ਤਜਣਾ ਹੀ, ਆਪਣੀ ਹਉਮੈ ਵਾਲੀ ਸਮਝ ਨੂੰ ਤਜਣਾ ਹੀ ਗੁਰੂ ਦੀ ਸੇਵਾ ਹੈ। ਗੁਰੂ ਦੀ ਮਤਿ ਸਾਨੂੰ ਅਭਿਮਾਨ ਤਜਣਾ ਸਿਖਾਉਂਦੀ ਹੈ ਅਤੇ ਹੱਥੀ ਸੇਵਾ ਕਰਨ ਦਾ ਵੀ ਉਪਦੇਸ਼ ਦਿੰਦੀ ਹੈ। ਸੇਵਾ ਕਰਨ ਦੁਆਰਾ ਵੀ ਮਨੁੱਖ ਦਾ ਅਭਿਮਾਨ ਨੀਵਾਂ ਹੁੰਦਾ ਹੈ ਪਰ ਜੇਕਰ ਸੇਵਾ ਕਰਨ ਨਾਲ ਮਨੁੱਖ ਉਲਟਾ ਅਭਿਮਾਨ ਕਰਨ ਲੱਗ ਜਾਵੇ ਤਾਂ ਫਿਰ ਇਹੋ ਜਿਹੀ ਸੇਵਾ ਲੇਖੇ ਵਿੱਚ ਨਹੀਂ ਹੈ ਭਾਵ ਮਨੁੱਖ ਦਾ ਮਨੋਰਥ ਆਪਣਾ ਅਭਿਮਾਨ ਗੁਆਉਣ ਦਾ ਹੋਣਾ ਚਾਹੀਦਾ ਹੈ। ਗੁਰੂ ਸਭ ਜਗ੍ਹਾ ਹੈ, ਉਹ ਹਰ ਕਿਸੇ ਵਿੱਚ ਵੱਸਦਾ ਹੈ। ਕਿਸੇ ਵੀ ਗਰੀਬ ਦੀ, ਦੁੱਖੀ ਦੀ, ਲੋੜਵੰਦ ਦੀ ਸੇਵਾ ਗੁਰੂ ਦੀ ਸੇਵਾ ਹੈ। (**ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥ ਪਾਨੀ ਪਖਾ ਕਰਉ ਤਜਿ ਅਭਿਮਾਨੁ ॥**) ਆਪਣਾ ਮਾਨ ਤਿਆਗਣ ਦੁਆਰਾ, ਹਉਮੈ ਤਿਆਗਣ ਦੁਆਰਾ ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਚੰਗੇ ਕਰਮ ਹੀ ਕਰਦੇ ਹਾਂ, ਮਨੁੱਖਤਾ ਦੇ ਭਲੇ ਲਈ ਹੀ ਕਰਦੇ ਹਾਂ। ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਚੰਗਾ ਕਰਮ ਹੀ ਕਰਦੇ ਹਾਂ, ਅਨੇਕਾਂ ਤਰੀਕੇ ਨਾਲ ਕਰਦੇ ਹਾਂ (**ਅਨਿਕ ਭਾਂਤ**)। ਇਹੋ ਜਿਹੇ ਸਾਡੇ ਚੰਗੇ ਕਰਮ ਗੁਰੂ ਦੀ ਸੱਚੀ ਸੇਵਾ ਹੈ, ਗੁਰੂ ਨੂੰ ਜਲ ਛਕਾਉਣ ਦੇ ਬਰਾਬਰ ਸੇਵਾ ਹੈ, ਪੱਖਾ ਝੱਲਣ ਦੇ ਬਰਾਬਰ ਸੇਵਾ ਹੈ। ਗੁਰੂ ਤਾਂ ਗੁਰੂ ਦੇ ਬਚਨ ਹਨ ਤੇ ਗੁਰੂ ਦੇ ਬਚਨਾਂ ਨੂੰ ਮੰਨਣਾ ਗੁਰੂ ਦੀ ਸੇਵਾ ਹੈ। ਇਸੇ ਤਰ੍ਹਾਂ ਗੁਰੂ ਦੀ ਪਨਿਹਾਰ ਬਣਨਾ ਇਹ ਹੈ ਕਿ ਗੁਰੂ ਦੀ ਰੇਨ ਭਾਵ ਗੁਰੂ ਦਾ ਉਪਦੇਸ਼ ਮਨੁੱਖ ਦੇ ਨਾਲ ਵੱਸੇ, ਉਸ ਦੇ ਮਨ ਵਿੱਚ ਵੱਸੇ ਭਾਵ ਉਹ ਜੋ ਕੁੱਝ ਕਰੇ ਗੁਰੂ ਦੇ ਉਪੇਦਸ਼ ਅਨੁਸਾਰ ਕਰੇ। ਜੇ ਕਿਸੇ ਦੇ ਵੱਡੇ ਭਾਗ ਹੋਣ, ਤਾਂ ਹੀ ਉਹ ਗੁਰੂ ਦਾ ਭਾਵ ਗੁਰੂ ਦੇ ਉਪਦੇਸ਼ ਦਾ, ਗੁਰੂ ਦੇ ਗੁਣਾਂ ਦਾ ਸੰਗ ਕਰ ਸਕਦਾ ਹੈ ਅਤੇ ਇਹੋ ਜਿਹਾ ਸੰਗ ਕਰਨ ਦੁਆਰਾ ਹੀ ਪ੍ਰਮਾਤਮਾ ਨਾਲ ਮੇਲ ਹੁੰਦਾ

ਹੈ। ਇੱਥੇ ਇਸ ਗੱਲ ਨੂੰ ਸਮਝਣਾ ਵੀ ਜਰੂਰੀ ਹੈ ਕਿ ਦਾਸਨਿ ਦਾਸੀ **(ਦਾਸਨਿ ਦਾਸ)** ਕਿਸ ਨੂੰ ਕਿਹਾ ਹੈ। ਸਭ ਤੋਂ ਪਹਿਲੇ "ਦਾਸ" ਗੁਰੂ ਸਾਹਿਬ ਲਈ ਹੈ ਜੋ ਕਿ ਪ੍ਰਮਾਤਮਾ ਦੇ ਦਾਸ ਹਨ। ਪ੍ਰਮਾਤਮਾ ਸ਼ਬਦ ਹੈ, ਗਿਆਨ ਹੈ, ਗੁਣ ਹੈ, ਸੱਚ ਹੈ। ਜੋ ਪ੍ਰਮਾਤਮਾ ਦੇ ਗਿਆਨ ਦਾ, ਗੁਣਾਂ ਦਾ, ਸੱਚ ਦਾ, ਹੁਕਮ ਦਾ ਦਾਸ ਹੈ, ਉਹ ਪ੍ਰਮਾਤਮਾ ਦਾ ਦਾਸ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੁੰਦਾ ਹੈ ਭਾਵ ਉਹ ਆਪਣੇ ਹੁਕਮ ਦਾ ਦਾਸ ਆਪ ਹੀ ਹੈ, ਆਪਣਾ ਹੁਕਮ ਉਹ ਆਪ ਹੀ ਮੰਨ ਕੇ ਦਿਖਾਉਂਦਾ ਹੈ ਅਤੇ ਆਪ ਹੀ ਆਪਣੇ ਹੁਕਮ ਦੀ ਸੰਭਾਲ ਕਰਦਾ ਹੈ, ਹੁਕਮ ਦੀ ਪੈਰਵੀਂ ਕਰਦਾ ਹੈ। ਹੁਕਮ ਨਾ ਮੰਨਣ ਵਾਲੇ ਨੂੰ ਸਜਾਵਾਂ ਵੀ ਆਪ ਹੀ ਦਿੰਦਾ ਹੈ, ਹੁਕਮ ਮੰਨਣ ਵਾਲਿਆਂ ਦੀ ਰੱਖਿਆ ਵੀ ਆਪ ਹੀ ਕਰਦਾ ਹੈ। ਦਾਸਨਿ ਦਾਸ ਹੋਣਾ ਗੁਰੂ ਦੇ ਬਚਨਾਂ ਦਾ ਦਾਸ ਹੋਣਾ ਹੈ, ਗੁਰਮਤਿ ਦਾ ਦਾਸ ਹੋਣਾ ਹੈ ਭਾਵ ਗੁਰੂ ਦੇ ਹੁਕਮ ਦਾ ਦਾਸ ਹੋਣਾ ਹੈ ਭਾਵ ਉਸ ਹੁਕਮ ਦਾ ਦਾਸ ਹੋਣਾ ਹੈ ਜੋ ਪ੍ਰਮਾਤਮਾ ਦਾ ਹੁਕਮ ਸਾਨੂੰ ਉਸਦੇ ਦਾਸ "ਗੁਰੂ" ਗੁਰਬਾਣੀ ਦੇ ਰਾਹੀਂ ਮਿਲਦਾ ਹੈ। ਜਿਸਨੂੰ ਪਹਿਲੇ ਪ੍ਰਮਾਤਮਾ ਨੇ ਆਪ ਆਪਣਾ ਦਾਸ ਬਣਾਇਆ ਹੈ ਉਸਦੇ ਸਰੀਰ ਰਾਹੀਂ ਪ੍ਰਮਾਤਮਾ ਨੇ ਆਪ ਹੀ ਆਪਣਾ ਗੁਰੂ ਰੂਪ ਧਾਰ ਕੇ ਉਪਦੇਸ਼ ਦਿੱਤਾ ਹੈ। ਗੁਰੂ ਦੇ ਉਪਦੇਸ਼ ਨੂੰ ਮੰਨਣਾ ਦਾਸਨਿ ਦਾਸੀ ਬਣਨਾ ਹੈ। (**ਦਾਸਨਿ ਦਾਸੀ ਕੀ ਪਨਿਹਾਰਿ ॥ ਉਨ੍ ਕੀ ਰੇਨੁ ਬਸੈ ਜੀਅ ਨਾਲਿ ॥**) ਗੁਰੂ ਦਾ ਉਪਦੇਸ਼ ਹੀ ਗੁਰੂ ਦੀ ਰੇਣ ਹੈ, ਗੁਰੂ ਦੀ ਚਰਨ ਧੂੜਿ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਸ ਨੂੰ ਅਸੀਂ ਆਪਣੇ ਨਾਲ ਰੱਖਣਾ ਹੈ ਭਾਵ ਮੰਨਣਾ ਹੈ। ਗੁਰੂ ਦੇ ਰੇਣ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਸਮਝਾਂਗੇ।

3/116

ਅਸੀਂ ਗੁਰੂ ਦੀ ਸੇਵਾ ਆਪਣੀ-ਆਪਣੀ ਮਤਿ ਅਨੁਸਾਰ ਜਪ, ਤਪ ਕਰਨ ਦੁਆਰਾ, ਕਿਸੇ ਨੇਮ ਦੁਆਰਾ, ਕਰਮ ਧਰਮ ਕਰਨ ਦੁਆਰਾ ਕਰਦੇ ਹਾਂ ਭਾਵ ਅਸੀਂ ਉਹੋ ਜਿਹੀ ਸੇਵਾ ਨਹੀਂ ਕਰਦੇ ਜਿਹੋ ਜਿਹੀ ਸੇਵਾ ਕਰਨ ਦਾ ਤਰੀਕਾ ਸਮਝਾਇਆ ਗਿਆ ਹੈ ਭਾਵ ਜਦ ਤੱਕ ਅਸੀਂ ਗੁਰੂ ਦੇ ਉਪਦੇਸ਼ ਅਨੁਸਾਰ ਨਹੀਂ ਚੱਲਦੇ, ਔਗੁਣਾਂ ਦਾ ਤਿਆਗ ਨਹੀਂ ਕਰਦੇ ਅਤੇ ਹੋਰ ਜਿਹੋ ਜਿਹੇ ਜਪ ਤਪ ਕਰਦੇ ਹਾਂ, ਕਰਮ ਧਰਮ ਕਰਦੇ ਹਾਂ ਉਹ ਸੇਵਾ ਨਹੀਂ ਹੈ ਸਗੋਂ ਇਹੋ ਜਿਹੇ ਜਪ, ਤਪ, ਕਰਮ, ਧਰਮ ਤਿਆਗਣ ਲਈ ਕਿਹਾ ਹੈ ਕਿਉਂਕਿ ਇਸ ਵਿੱਚ ਕੋਈ ਭਗਤੀ ਨਹੀਂ ਹੈ। ਭਗਤੀ ਕੇਵਲ ਗੁਰੂ ਦੀ ਮਤਿ ਤੇ ਅਮਲ ਕਰਨਾ ਹੈ **(ਜਾਪ ਤਾਪ ਦੇਵਉ ਸਭ ਨੇਮਾ॥ ਕਰਮ ਧਰਮ ਅਰਪਉ ਸਭ ਹੋਮਾ॥)**।ਦੇਖੋ ਕਿਤਨੀ ਤਾੜਨਾ ਦੇ ਕੇ ਸਮਝਾਇਆ ਹੈ ਕਿ ਇਹੋ ਜਿਹੇ ਜਪ, ਤਪ, ਨੇਮ ਸਭ ਤਿਆਗ ਦਿਉ ਅਤੇ ਇਹੋ ਜਿਹੇ ਕਰਮ ਧਰਮ ਜੋ ਗੁਰਮਤਿ ਤੇ ਪੂਰੇ ਨਹੀਂ ਉਤਰਦੇ ਉਨ੍ਹਾਂ ਨੂੰ ਅਗਨੀ ਭੇਟ ਕਰ ਦਿਉ। ਅਗਲੀ ਪੰਗਤੀ ਵਿੱਚ ਗਰਬ ਅਤੇ ਮੋਹ ਤਿਆਗਣ ਦੀ ਗੱਲ ਕੀਤੀ ਹੈ ਤਾਂ ਜੋ ਮਨੁੱਖ ਗੁਰੂ ਦੀ ਧੂੜ ਵਰਗਾ ਹੋ ਜਾਵੇ ਭਾਵ ਗੁਰੂ ਦੀ ਮਤਿ ਅਨੁਸਾਰ ਹੋ ਜਾਵੇ, ਨਿਮਰਤਾ ਵਿੱਚ ਆ ਜਾਵੇ। ਸਾਰੀ ਗੱਲ ਔਗੁਣਾਂ ਦੇ ਤਿਆਗ ਦੀ ਹੀ ਕੀਤੀ ਹੋਈ ਹੈ। ਔਗੁਣ ਤਿਆਗਣ ਦੁਆਰਾ ਹੀ ਗੁਰੂ ਪ੍ਰਮਾਤਮਾ ਦੇ ਨਾਲ ਸੰਗ ਹੁੰਦਾ ਹੈ, ਜੋੜ ਹੁੰਦਾ ਹੈ, ਮੇਲ ਹੁੰਦਾ ਹੈ। (**ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰਪਉ ਸਭ ਹੋਮਾ ॥ ਗਰਬੁ ਮੋਹੁ ਤਜਿ ਹੋਵਉ ਰੇਨ ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ ॥**)

ਉੱਪਰ ਸਾਰੀਆਂ ਪੰਗਤੀਆਂ ਵਿੱਚ ਗੁਰੂ ਦੀ ਸੇਵਾ ਕਰਨੀ ਸਮਝਾਈ ਹੈ ਅਤੇ ਸਾਰੀ ਗੱਲ ਔਗੁਣਾਂ ਦੇ ਤਿਆਗ ਦੀ ਹੀ ਸਮਝਾਈ ਗਈ ਹੈ ਅਤੇ ਨਾਲ ਹੀ ਅਸੀਂ ਜਿਹੋ ਜਿਹੇ ਸਾਰੇ ਜਪ, ਤਪ, ਨੇਮ, ਕਰਮ, ਧਰਮ ਕਰਦੇ ਹਾਂ ਉਨ੍ਹਾਂ ਨੂੰ ਤਿਆਗਣ ਲਈ ਵੀ ਕਿਹਾ ਗਿਆ ਹੈ। ਫਿਰ ਪਿੱਛੇ ਜਪ, ਤਪ ਕਿਹੜਾ ਬਚਿਆ, ਇਹ ਸੋਚਣ ਦੀ ਗੱਲ ਹੈ, ਸਮਝਣ ਦੀ ਗੱਲ ਹੈ। ਔਗੁਣ ਤਿਆਗਣਾ ਹੀ ਤਾਂ ਸਾਰਾ ਜਪ, ਤਪ ਹੈ, ਸੇਵਾ ਹੈ, ਭਗਤੀ ਹੈ, ਨਾਮ ਜਪਣਾ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

3/117 ਅਤੇ 117-ਅ

ਅਗਲੀ ਪੰਗਤੀ ਸਾਨੂੰ ਇਹ ਸਮਝਾ ਰਹੀ ਹੈ **"ਨਿਮਖ ਨਿਮਖ ਏਹੀ ਆਰਾਧਉ॥ਦਿਨਸੁ ਰੈਣਿ ਏਹ ਸੇਵਾ ਸਾਧਉ॥" ਜਿਹੋ ਜਿਹੀ ਸੇਵਾ ਸਾਨੂੰ ਇਸ ਸ਼ਬਦ ਰਾਹੀਂ ਸਮਝਾਈ ਗਈ ਹੈ ਇਹੋ ਜਿਹੀ ਸੇਵਾ ਕਰਨਾ ਹੀ ਪ੍ਰਮਾਤਮਾ ਨੂੰ ਨਿਮਖ ਨਿਮਖ ਆਰਾਧਣਾ ਹੈ ਅਤੇ ਇਹੀ ਦਿਨ ਰਾਤ ਪ੍ਰਮਾਤਮਾ ਦੀ ਸੇਵਾ ਵਿੱਚ ਰਹਿਣਾ ਹੈ। ਹਰ ਵੇਲੇ, ਦਿਨ ਰਾਤ, ਗੁਰੂ ਦੇ ਉਪਦੇਸ਼ ਵਿੱਚ ਚੱਲਣਾ ਹੀ ਉਸਦਾ ਸਵਾਸ-ਸਵਾਸ ਸਿਮਰਨ ਹੈ, ਅੱਠੇ ਪਹਿਰ ਨਾਮ ਜਪਣਾ ਹੈ ਅਤੇ ਕਿਸੇ ਵੱਖਰੇ ਜਪ ਤਪ ਦੀ ਲੋੜ ਨਹੀਂ ਹੈ।** ਇਹੋ ਜਿਹੀ ਸੇਵਾ ਦਾ ਉੱਦਮ ਕਰਨ ਨਾਲ ਪ੍ਰਮਾਤਮਾ ਦੀ

ਦਿਆਲਤਾ ਮਿਲਦੀ ਹੈ ਤੇ ਪ੍ਰਮਾਤਮਾ ਦਾ ਮੇਲ ਮਿਲਦਾ ਹੈ ਭਾਵ ਸਾਧਸੰਗਿ ਹੁੰਦਾ ਹੈ ਜੋ ਮਨੁੱਖ ਤੇ ਪ੍ਰਮਾਤਮਾ ਦੀ ਸਭ ਤੋਂ ਵੱਡੀ ਬਖਸ਼ਿਸ਼ ਹੈ। ਹੇਠ ਦਿੱਤੇ ਸ਼ਬਦ ਦੁਆਰਾ ਗੁਰੂ ਦੀ ਸੇਵਾ ਕੀ ਹੈ, ਉਸਦਾ ਨਾਮ ਜਪਣਾ ਕੀ ਹੈ, ਇਸ ਗੱਲ ਨੂੰ ਹੋਰ ਵੀ ਸਪੱਸ਼ਟ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਉੱਪਰ ਵਾਲੇ ਸ਼ਬਦ ਦੇ ਅਰਥ ਬਰੀਕੀ ਨਾਲ ਅੱਗੇ ਚੱਲਕੇ ਸਮਝਾਂਗੇ।

ਆਓ ਹੁਣ ਹੇਠ ਲਿਖੀ ਪੰਗਤੀ ਨੂੰ ਵਿਚਾਰੀਏ ਤੇ ਸਮਝੀਏ ਕਿ ਰਸਨਾ ਨਾਲ ਨਾਮ ਜਪਣਾ ਕੀ ਹੈ। ਨਾਮ ਮਨ ਨੇ ਹੀ ਜਪਣਾ ਹੈ ਭਾਵੇਂ ਸੰਬੋਧਨ ਰਸਨਾ ਨੂੰ ਕੀਤਾ ਹੋਵੇ। ਰਸਨਾ ਕੇਵਲ ਮਨ ਦੀ ਗੁਲਾਮ ਹੈ।

"ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥"

(ਅੰਗ ੧੨੬੨)

ਉੱਪਰ ਵਾਲੀ ਇਸ ਇੱਕ ਪੰਗਤੀ ਨੂੰ ਹੀ ਅਗਰ ਸਮਝ ਲਵੋ ਤਾਂ ਨਾਮ ਜਪਣਾ ਸਮਝ ਲੱਗ ਜਾਂਦਾ ਹੈ। ਅਸੀਂ ਰਸਨਾ ਨਾਲ ਭਾਵ ਮੁੱਖੋਂ ਬੋਲ ਬੋਲ ਕੇ ਜੋ ਨਾਮ ਜਪਦੇ ਹਾਂ ਇਹੋ ਜਿਹੇ ਜਪ ਨਾਲ ਸਾਨੂੰ ਕੁੱਝ ਹਾਸਲ ਨਹੀਂ ਹੁੰਦਾ, ਇਹੀ ਗੱਲ ਇੱਥੇ ਸਮਝਾਈ ਹੋਈ ਹੈ। ਗੁਰੂ ਦੀ ਸੇਵਾ ਕੀ ਹੈ ਇਹ ਹੁਣ ਅਸੀਂ ਚੰਗੀ ਤਰ੍ਹਾਂ ਸਮਝ ਹੀ ਚੁੱਕੇ ਹਾਂ। ਇਹੋ ਜਿਹੀ ਸੇਵਾ ਮਨ ਨੇ ਕਰਨੀ ਹੈ ਭਾਵ ਮਨ ਦੀ ਸੱਚੀ ਸਮਝ ਨੇ ਕਰਨੀ ਹੈ ਨਾ ਕਿ ਰਸਨਾ ਨੇ। ਸੰਬੋਧਨ ਭਾਵੇਂ ਰਸਨਾ ਨੂੰ ਹੋਵੇ, ਅੱਖਾਂ ਨੂੰ ਹੋਵੇ, ਕੰਨਾਂ ਨੂੰ ਹੋਵੇ ਪਰ ਸਮਝਾਇਆ ਮਨ ਨੂੰ ਹੀ ਹੁੰਦਾ ਹੈ। ਹੋਣਾ ਸਭ ਕੁੱਝ ਮਨ ਦੀ ਮਰਜ਼ੀ ਨਾਲ ਹੀ ਹੈ। ਇਸੇ ਲਈ ਇੱਥੇ ਸਮਝਾਇਆ ਹੈ ਕਿ ਗੁਰੂ ਦੀ ਸੇਵਾ ਕਰਨਾ ਹੀ ਰਸਨਾ ਦੁਆਰਾ ਨਾਮ ਜਪਣਾ ਹੈ, ਪ੍ਰਮਾਤਮਾ ਦਾ ਨਾਮ ਲੈਣਾ ਹੈ। ਸੱਚੇ ਸੁੱਚੇ ਕਰਮ ਕਰਨਾ ਹੀ ਗੁਰੂ ਦੀ ਸੇਵਾ ਹੈ, ਉਸਦਾ ਨਾਮ ਲੈਣਾ ਹੈ। ਜਿਸ ਲਈ ਮੁੱਖੋਂ ਕੁੱਝ ਬੋਲਣ ਦੀ ਲੋੜ ਨਹੀਂ ਹੈ। ਜੋ ਕੁੱਝ ਬੋਲਦਾ ਹੈ ਉਹ ਸਾਡਾ ਮਨ ਹੀ ਬੋਲਦਾ ਹੈ। ਜੋ ਕੁੱਝ ਸਾਡਾ ਮਨ ਸਾਨੂੰ ਸਮਝਾਉਂਦਾ ਹੈ ਉਹ ਮਨ ਦੇ ਵਿੱਚੋਂ ਬੋਲ ਕੇ ਹੀ ਸਮਝਾਉਂਦਾ ਹੈ, ਆਪਣੀ ਰਸਨਾ ਦੁਆਰਾ ਬੋਲ ਕੇ ਸਮਝਾਉਂਦਾ ਹੈ। ਮਨ ਦੀ ਰਸਨਾ ਮਨ ਦੇ ਵਿਚਾਰ ਹਨ ਤੇ ਜੋ ਵੀ ਵਿਚਾਰ ਸਾਨੂੰ ਮਨ ਦੇ ਵਿੱਚੋਂ ਮਿਲਦੇ ਹਨ ਉਹ ਮਨ ਦੀ ਰਸਨਾ ਦੇ ਬੋਲ ਹਨ ਜਿਸ ਦੇ ਬੋਲ ਸਾਡੇ ਅੰਦਰ ਹਰ ਵੇਲੇ ਚੱਲਦੇ ਰਹਿੰਦੇ ਹਨ। ਬਾਣੀ ਸਾਨੂੰ ਇਸ ਮਨ ਦੀ ਰਸਨਾ ਦੁਆਰਾ ਨਾਮ ਜਪਣਾ ਸਿਖਾਉਂਦੀ ਹੈ, ਮਨ ਦੇ ਸੱਚੇ ਵਿਚਾਰਾਂ ਦੁਆਰਾ ਨਾਮ ਜਪਣਾ ਸਿਖਾਉਂਦੀ ਹੈ। ਗੁਰੂ ਦੀ ਬਾਣੀ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਸਾਨੂੰ ਰਸਨਾ ਨਾਲ ਨਾਮ ਜਪਣਾ ਚਾਹੀਦਾ ਹੈ ਤੇ ਬਾਣੀ ਹੀ ਸਾਨੂੰ ਸਮਝਾ ਰਹੀ ਹੈ ਕਿ ਰਸਨਾ ਨਾਲ ਨਾਮ ਜਪਣ ਦਾ ਕੋਈ ਲਾਭ ਨਹੀਂ ਹੈ। ਭੇਦ ਕੇਵਲ ਕਥਨੀ ਕਰਨ ਦਾ ਹੀ ਹੈ। ਸਾਡੀ ਸੱਚੀ ਸੁੱਚੀ ਕਰਨੀ ਹੀ ਰਸਨਾ ਨਾਲ ਨਾਮ ਜਪਣਾ ਹੈ, ਗੁਰੂ ਦੀ ਸੱਚੀ ਸੇਵਾ ਹੀ ਰਸਨਾ ਨਾਲ ਨਾਮ ਜਪਣਾ ਹੈ ਜੋ ਨਾਮ ਜਪਣਾ ਸਾਡੀ ਸੱਚੀ ਸੁੱਚੀ ਵਿਚਰਨ ਹੈ ਭਾਵ ਸਾਡੀ ਚੰਗੀ ਕਰਨੀ ਹੈ। (**ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥**)

{ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥}

(ਅੰਗ ੯੧੦)

ਪ੍ਰਮਾਤਮਾ ਨੂੰ ਮਨੁੱਖ ਕੋਲੋਂ ਜਿਹੋ ਜਿਹੇ ਜਪ ਤਪ ਦੀ ਲੋੜ ਹੈ ਇਸ ਗੱਲ ਨੂੰ ਗੁਰੂ ਦੇ ਸਮਝਾਉਣ ਵੱਲੋਂ ਤਾਂ ਕੋਈ ਕਸਰ ਨਹੀਂ ਹੈ। ਜਾਂ ਤਾਂ ਸਾਨੂੰ ਸਮਝ ਨਹੀਂ ਆਈ ਤੇ ਜਾਂ ਫਿਰ ਅਸੀਂ ਸਮਝਣਾ ਹੀ ਨਹੀਂ ਚਾਹੁੰਦੇ। ਆਪਣੀ ਮਨਮਤਿ, ਮਨਹਠਿ, ਮਾਨ ਅਭਿਮਾਨ ਤਿਆਗਣਾ ਬਹੁਤ ਔਖਾ ਹੈ, ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ, ਵਡਿਆਈ ਛੱਡਣੀ ਬਹੁਤ ਔਖੀ ਹੈ। ਜੋ

ਵਡਿਆਈਆਂ ਸਾਨੂੰ ਆਪਣੇ ਜਪ ਤਪ ਨੇਮ ਅਤੇ ਕਰਮ ਧਰਮ ਦੁਆਰਾ ਮਿਲਦੀਆਂ ਹਨ ਤੇ ਉਹ ਛੱਡਣ ਨੂੰ ਦਿਲ ਕਿਸ ਦਾ ਕਰਦਾ ਹੈ? ਗੁਰੂ ਨੂੰ ਭਾਵੇਂ ਇਹ ਗੱਲ ਪਸੰਦ ਨਾ ਆਵੇ, ਕੀ ਫਰਕ ਪੈਂਦਾ ਹੈ। ਜੇਕਰ ਸਾਡਾ ਮਕਸਦ ਗੁਰੂ ਨੂੰ ਪਾਉਣ ਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦਾ ਹੈ ਤਾਂ ਫਿਰ ਸਾਨੂੰ ਇਹੋ ਜਿਹੀਆਂ ਵਡਿਆਈਆਂ ਤੁਛ ਨਜ਼ਰ ਆਉਣਗੀਆਂ ਤੇ ਜੇਕਰ ਸਾਡਾ ਮਕਸਦ ਹੀ ਵਡਿਆਈਆਂ ਪਾਉਣ ਨਾਲ ਹੈ, ਸਮਾਜ ਵਿੱਚ ਚੰਗੇ ਅਖਵਾਉਣ ਦਾ ਹੈ, ਤਾਂ ਇਹ ਕੁੱਝ ਤਾਂ ਫਿਰ ਹੋ ਹੀ ਰਿਹਾ ਹੈ। ਮਨੁੱਖ ਲਈ ਦੁਨਿਆਵੀ ਮਾਇਆ ਛੱਡਣੀ ਤਾਂ ਫਿਰ ਵੀ ਸੌਖੀ ਹੈ ਪਰ ਮਨ ਦੀ ਮਾਇਆ ਵਾਲੇ ਨਾ-ਸਮਝ ਵਿਚਾਰਾਂ ਨੂੰ ਛੱਡਣਾ, ਮਾਨ ਨੂੰ ਛੱਡਣਾ, ਵਡਿਆਈਆਂ ਛੱਡਣੀਆਂ ਸਭ ਤੋਂ ਔਖੀਆਂ ਹਨ। ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

3/118

“ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥”

(ਅੰਗ ੧੩੭੨)

ਜਿਵੇਂ ਕਿ ਉਪਰਲੇ ਸ਼ਬਦ ਰਾਹੀਂ ਸਮਝਾਇਆ ਹੈ, ਸਾਡਾ ਸਭ ਤੋਂ ਵੱਡਾ ਦੁਸ਼ਮਣ ਸਾਡਾ ਮਾਨ ਹੈ ਭਾਵ ਝੂਠਾ ਮਾਨ ਹੈ ਜੋ ਹਰ ਪਲ ਸਾਨੂੰ ਖਾ ਰਿਹਾ ਹੈ। ਅਸੀਂ ਆਤਮਿਕ ਤੌਰ ਤੇ ਤਾਂ ਹੀ ਬੱਚ ਸਕਦੇ ਹਾਂ ਜੇਕਰ ਅਸੀਂ ਆਪਣੇ ਮਾਨ ਨੂੰ ਖਾਈਏ ਭਾਵ ਤਜੀਏ। ਇਹ “ਮਾਨ” ਕੀ ਹੈ, ਇਸਨੂੰ ਕੁੱਝ ਹੋਰ ਵੀ ਬਰੀਕੀ ਨਾਲ ਸਮਝਣ ਦੀ ਲੋੜ ਹੈ। ਝੂਠਾ ਮਾਣ ਕੀ ਹੈ ਤੇ ਸੱਚਾ ਮਾਣ ਕੀ ਹੈ, ਇਸ ਗੱਲ ਨੂੰ ਵੀ ਸਮਝਣ ਦੀ ਲੋੜ ਹੈ। ਜਿਹੋ ਜਿਹਾ ਅਸੀਂ ਜਪ ਤਪ ਕਰਦੇ ਹਾਂ, ਕਰਮ ਧਰਮ ਕਰਦੇ ਹਾਂ, ਸੁੱਚ ਸੰਜਮ ਆਦਿ ਵਰਤਦੇ ਹਾਂ ਇਹ ਸਭ ਕੁੱਝ ਅਸੀਂ ਕਿਤੋਂ ਨਾ ਕਿਤੋਂ ਸਿੱਖਿਆ ਹੋਇਆ ਹੈ। ਜਿੱਥੋਂ ਅਸੀਂ ਇਹ ਗੱਲਾਂ ਸਿੱਖੀਆਂ ਹਨ, ਜਿਨ੍ਹਾਂ ਦੇ ਕੋਲੋਂ ਸਿੱਖੀਆਂ ਹਨ, ਉਹਨਾਂ ਨੂੰ ਅਸੀਂ ਧਰਮ ਦੇ ਮਾਰਗ ਉੱਤੇ ਬਹੁਤ ਉੱਚਾ ਮੰਨ ਕੇ ਚੱਲਦੇ ਹਾਂ, ਧਰਮ ਦੇ ਸਿਰਮੌਰ ਸਮਝਦੇ ਹਾਂ। ਅਸਲ ਵਿੱਚ ਸਾਡੇ ਅੰਦਰ “ਮਾਨ” ਉਹਨਾ ਲਈ ਟਿਕਿਆ ਹੋਇਆ ਹੈ ਤੇ ਇਸੇ ਲਈ ਅਸੀਂ ਉਹਨਾਂ ਦੀ ਸਿੱਖਿਆ ਤੇ ਚੱਲ ਰਹੇ ਹਾਂ। ਅਸੀਂ ਚੇਲੇ ਉਸਦੇ ਹੀ ਬਣਦੇ ਹਾਂ ਜਿੱਥੇ ਸਾਡੇ ਮਨ ਦੀ ਧੁਨਿ ਜੁੜੀ ਹੋਵੇ। ਸਾਡੀ ਧੁਨਿ ਅਸਲ ਵਿੱਚ ਉਹਨਾਂ ਦੇ ਨਾਲ ਹੈ ਜਿਨ੍ਹਾਂ ਨੂੰ ਅਸੀਂ ਆਪਣਾ ਸਿਰਮੌਰ ਮੰਨਿਆ ਹੋਇਆ ਹੈ। ਸਾਡੇ ਮਨ ਦੀ ਧੁਨਿ ਸਾਡੇ ਮਨ ਦਾ ਪਿਆਰ ਹੈ। ਸਾਡਾ ਦਿਲੀ ਪਿਆਰ ਕਿਤੇ ਹੋਰ ਹੈ ਤੇ ਦਿਖਾਉਂਦੇ ਅਸੀਂ ਕਿਤੇ ਹੋਰ ਹਾਂ ਭਾਵ ਦਿਖਾਉਂਦੇ ਅਸੀਂ ਗੁਰੂ ਦੇ ਨਾਲ ਹੀ ਹਾਂ। ਪਹਿਲੀ ਗੱਲ ਤਾਂ ਗੁਰੂ ਦੀ ਗੱਲ ਸਮਝਣ ਦੀ ਹੈ। ਜਿਸ ਨੂੰ ਗੁਰੂ ਦੀ ਗੱਲ ਸਮਝ ਵੀ ਆ ਜਾਂਦੀ ਹੈ ਪਰ ਫਿਰ ਵੀ ਉਹ ਗੁਰੂ ਦੀ ਗੱਲ ਮੰਨਣ ਲਈ ਤਿਆਰ ਨਾ ਹੋਵੇ, ਇਸ ਤੋਂ ਭਾਵ ਸਪੱਸ਼ਟ ਹੈ ਕਿ ਅਸਲ ਵਿੱਚ ਉਹ ਪੂਜਾ ਆਪਣੇ “ਧਰਮ ਸਿਰਮੌਰ” ਦੀ ਹੀ ਕਰਦਾ ਹੈ। ਜੇਕਰ ਉਹ ਗੁਰੂ ਦੀ ਗੱਲ ਨੂੰ ਸਹੀ ਮੰਨਦਾ ਹੈ ਤੇ ਫਿਰ ਉਸਦੇ “ਸਿਰਮੌਰ” ਦਾ ਮਾਨ ਨੀਵਾਂ ਹੁੰਦਾ ਹੈ। ਉਸ ਨੂੰ ਇਹ ਗੱਲ ਹਜ਼ਮ ਨਹੀਂ ਹੁੰਦੀ ਕਿ ਮੇਰੇ “ਸਿਰਮੌਰ” ਨੂੰ ਭਗਤੀ ਦੀ ਸਮਝ ਹੀ ਨਾ ਆਈ ਹੋਵੇ। ਇਹ “ਦੂਜਾ ਭਾਉ” ਹੈ ਜੋ ਸਾਨੂੰ ਗੁਰੂ ਨਾਲ ਜੁੜਨ ਨਹੀਂ ਦਿੰਦਾ। ਗੁਰੂ ਦੀ ਮਤਿ ਨੂੰ ਮੰਨਣਾ ਗੁਰੂ ਨਾਲ ਪਿਆਰ ਹੈ ਤੇ ਗੁਰੂ ਦੀ ਮਤਿ ਤੋਂ ਉਲਟ ਸਾਨੂੰ ਜੋ ਕੁੱਝ ਵੀ ਕਰਨਾ ਚੰਗਾ ਲੱਗਦਾ ਹੈ, ਉਹ “ਦੂਜਾ ਭਾਉ” ਹੈ, ਮਾਇਆ ਮੋਹ ਹੈ। ਧਰਮ ਦਾ ਮਾਰਗ ਸਿੱਖਣ ਲਈ ਅਸੀਂ ਗੁਰੂ ਦੀ ਸਮਝ ਨੂੰ ਛੱਡਕੇ ਜੋ ਦੂਜਿਆਂ ਦੀ ਸਮਝ ਨਾਲ ਜੁੜਦੇ ਹਾਂ, ਉਨ੍ਹਾਂ ਦੀ ਗੱਲ ਨੂੰ ਮੰਨਦੇ ਹਾਂ, ਇਹ ਦੂਜਾ ਭਾਉ ਹੀ ਹੈ। **(ਦੂਜਾ ਭਾਉ ਨ ਦੇਈ ਲਿਵ ਲਾਗਣਿ)** ਅਸੀਂ ਜਿਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ, ਉਹਨਾਂ ਦਾ ਕਹਿਆ ਅਸੀਂ ਪੂਰੇ ਵਿਸ਼ਵਾਸ ਨਾਲ ਮੰਨੀ ਜਾਂਦੇ ਹਾਂ ਭਾਵੇਂ ਉਹ ਗੱਲ ਗੁਰਬਾਣੀ ਤੇ ਪੂਰੀ ਉਤਰੇ ਜਾਂ ਨਾ ਉਤਰੇ। ਇਹ ਅੰਧ ਵਿਸ਼ਵਾਸ ਹੈ। ਸਾਨੂੰ ਆਪਣੇ ਮਾਨ ਦੀ ਇਤਨੀ ਚਿੰਤਾ ਨਹੀਂ ਹੈ ਜਿਤਨੀ ਸਾਨੂੰ ਆਪਣੇ ਪਿਆਰੇ “ਸਿਰਮੌਰ” ਦੇ ਮਾਨ ਦੀ ਚਿੰਤਾ ਹੈ। ਗੁਰੂ ਦਾ ਮਾਨ ਤਾਂ ਹੀ ਹੋ ਸਕਦਾ ਹੈ ਜੇਕਰ ਉਸ ਦੀ ਗੱਲ ਨੂੰ ਮੰਨੀਏ। ਸਾਨੂੰ ਕਿਸਦਾ ਮਾਨ ਜ਼ਿਆਦਾ ਪਿਆਰਾ ਹੈ, ਇਸਦਾ ਫੈਸਲਾ ਅਸੀਂ ਹੀ ਕਰਨਾ ਹੈ। ਭਗਤੀ ਦਾ ਦਿਖਾਵਾ ਅਸੀਂ ਗੁਰੂ ਨੂੰ ਕਰਦੇ ਹਾਂ ਪਰ ਮਾਨ ਕਿਸੇ ਹੋਰ ਦਾ ਕਰਦੇ ਹਾਂ। ਆਪਣੀ ਭਗਤੀ ਦਾ ਮਾਨ ਵੀ ਹਰ ਕੋਈ ਕਰਦਾ ਹੈ ਭਾਵੇਂ ਅਸੀਂ ਦਿਖਾਵੇ ਵਾਲੀ ਭਗਤੀ ਹੀ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਜੋ ਕਿ ਸੱਚਾ ਮਾਨ ਨਹੀਂ ਹੈ। (**ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥ ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥**) ਆਪਣੇ ਆਪ ਨੂੰ ਝੂਠੀ ਭਗਤੀ ਦੁਆਰਾ ਵੱਡਾ ਅਖਵਾ ਕੇ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਨਹੀਂ

ਪਾਇਆ। ਸੱਚਾ ਮਾਣ ਕੇਵਲ ਗੁਰੂ ਦਾ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦਾ ਮਾਣ ਪ੍ਰਮਾਤਮਾ ਦਾ ਮਾਣ ਹੈ ਜੋ ਮਾਣ ਗੁਰੂ ਨੂੰ ਉਸਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਦਿੱਤਾ ਜਾ ਸਕਦਾ ਹੈ ਭਾਵ ਕਰਨੀ ਨਾਲ ਦਿੱਤਾ ਜਾ ਸਕਦਾ ਹੈ ਨਾ ਕਿ ਕਥਨੀ ਨਾਲ, ਕਿਸੇ ਝੂਠੀ ਭਗਤੀ ਦੇ ਦਿਖਾਵੇ ਨਾਲ। ਦਿਖਾਵਿਆਂ ਦੇ ਨਾਲ ਮਾਣ ਆਪਣੇ ਆਪ ਨੂੰ ਹੀ ਮਿਲਦਾ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਜਿਵੇਂ ਕਿ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਇਆ ਗਿਆ ਹੈ। ਆਪਣਾ ਆਪ ਗੁਆਉਣ ਨਾਲ ਹੀ ਸਾਨੂੰ ਇਸ ਗੱਲ ਦੀ ਸਮਝ ਪੈ ਸਕਦੀ ਹੈ ਕਿ ਸੱਚੀ ਵਡਿਆਈ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਸਬਦਿ ਮੁਆ ਵਿਚਹੁ ਆਪੁ ਗਵਾਇ॥ ਸਤਿਗੁਰੁ ਸੇਵੇ ਤਿਲੁ ਨ ਤਮਾਇ॥
ਨਿਰਭਉ ਦਾਤਾ ਸਦਾ ਮਨਿ ਹੋਇ॥ ਸਚੀ ਬਾਣੀ ਪਾਏ ਭਾਗਿ ਕੋਇ॥੧॥
ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥
ਪੂਰੇ ਗੁਰ ਕੈ ਸਬਦਿ ਸਮਾਹਿ॥੧॥ਰਹਾਉ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ ਅੰਮ੍ਰਿਤ ਸਬਦਿ ਨਾਮੁ ਵਖਾਣੈ॥
ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥
ਗੁਣ ਅਮੋਲਕ ਪਾਏ ਨ ਜਾਹਿ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ॥
ਸੇ ਵਡਭਾਗੀ ਜਿਨ੍ ਨਾਮੁ ਧਿਆਇਆ॥
ਸਦਾ ਗੁਣਦਾਤਾ ਮੰਨਿ ਵਸਾਇਆ॥੩॥
ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ॥ ਦਰਿ ਸਾਚੈ ਸਾਚੇ ਗੁਣ ਗਾਉ॥
ਆਪੇ ਦੇਵੈ ਸਹਜਿ ਸੁਭਾਇ॥ ਨਾਨਕ ਕੀਮਤਿ ਕਹਣੁ ਨ ਜਾਇ॥੪॥”

(ਅੰਗ ੩੬੧)

ਅਸੀਂ ਪਿੱਛੇ ਵੀ ਇਹ ਕਾਫੀ ਸ਼ਬਦਾਂ ਰਾਹੀਂ ਜਾਣਿਆ ਹੈ ਕਿ ਸ਼ਬਦ ਮਰਨਾ ਕੀ ਹੈ। ਇਸ ਸ਼ਬਦ ਰਾਹੀਂ ਸਾਨੂੰ ਇਹ ਗੱਲ ਹੋਰ ਵੀ ਦ੍ਰਿੜ ਹੋ ਜਾਵੇਗੀ ਕਿ ਸਬਦਿ ਮਰਨਾ ਔਗੁਣਾਂ ਦਾ ਤਿਆਗ ਹੈ ਅਤੇ ਗੁਣਾਂ ਨੂੰ ਆਪਣੇ ਅੰਦਰ ਵਸਾਉਣਾ ਹੈ। ਸ਼ਬਦ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਸਭ ਤੋਂ ਪਹਿਲੀ ਗੱਲ ਸ਼ਬਦ ਦੁਆਰਾ ਮਰਨ ਦੀ, ਵਿੱਚੋਂ ਆਪਣੇ ਆਪ ਨੂੰ ਗਵਾਉਣਾ ਹੈ ਭਾਵ ਆਪਣਾ ਆਪ ਤਿਆਗਣਾ ਹੈ ਭਾਵ ਆਪਣੀ ਮਤਿ ਤਿਆਗ ਕੇ ਸ਼ਬਦ ਦੀ ਮਤਿ, ਗੁਰੂ ਦੀ ਮਤਿ ਲੈਣਾ ਹੈ। ਗੁਰੂ ਦੀ ਸੇਵਾ ਤਾਂ ਹੀ ਹੋ ਸਕਦੀ ਹੈ ਜੇ ਅਸੀਂ ਗੁਰੂ ਦੀ ਮਤਿ ਲਈਏ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਜਾਣਿਆ ਹੈ। ਇਹੋ ਜਿਹੀ ਸੇਵਾ ਵਿੱਚ ਮਨੁੱਖ ਨੂੰ ਆਪਣਾ ਰੱਤੀ ਭਰ ਵੀ ਲਾਲਚ ਨਹੀਂ ਹੁੰਦਾ, ਕੇਵਲ ਗੁਰੂ ਦੀ ਵਡਿਆਈ ਦੀ ਹੀ ਇੱਛਾ ਹੁੰਦੀ ਹੈ। ਗੁਰੂ ਦੀ ਵਡਿਆਈ ਉਸਦਾ ਹੁਕਮ ਮੰਨਣ ਵਿੱਚ ਹੈ **(ਸਤਿਗੁਰੁ ਸੇਵੇ ਤਿਲੁ ਨ ਤਮਾਇ॥)**। ਜੋ ਗੁਰੂ ਦੀ ਮਤਿ ਲੈ ਲੈਂਦਾ ਹੈ ਭਾਵ ਜੋ ਸ਼ਬਦ ਰਾਹੀਂ ਆਪਣੇ ਆਪ ਨੂੰ ਮਾਰ ਲੈਂਦਾ ਹੈ, ਆਪਣੀ ਹਉਮੈ ਨੂੰ ਮਾਰ ਲੈਂਦਾ ਹੈ, ਆਪਣੀ ਨਾ-ਸਮਝ ਮਤਿ ਨੂੰ ਛੱਡ ਦਿੰਦਾ ਹੈ, ਉਸਦੇ ਅੰਦਰ ਸਦਾ ਪ੍ਰਮਾਤਮਾ ਵਾਸ ਕਰਦਾ ਹੈ ਭਾਵ ਪ੍ਰਮਾਤਮਾ ਉੱਥੇ ਹੀ ਪ੍ਰਗਟ ਹੁੰਦਾ ਹੈ ਪ੍ਰਮਾਤਮਾ ਜਿੱਥੇ ਵੀ ਆਪਣੇ ਆਪ ਨੂੰ ਵਸਾਉਂਦਾ ਹੈ, ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਉਹ ਆਪਣੇ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ। ਜੋ ਮਨੁੱਖ ਆਪਣੇ ਆਪ ਨੂੰ ਮਾਰਦਾ ਹੈ ਉਹ ਆਪਣੀ ਮਾੜੀ ਮਤਿ ਨੂੰ, ਅਗਿਆਨਤਾ ਵਾਲੀ ਮਤਿ ਨੂੰ ਹੀ ਸ਼ਬਦਾਂ ਦੇ ਗਿਆਨ ਦੁਆਰਾ ਮਾਰਦਾ ਹੈ ਜਿਸਦਾ ਅਸੀਂ ਉੱਦਮ ਹੀ ਕਰਨਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪਣੇ ਗਿਆਨ ਦੁਆਰਾ ਮਨੁੱਖ ਦੀ ਸਮਝ ਨੂੰ ਪੂਰੀ ਤਰ੍ਹਾਂ ਅਗਿਆਨਤਾ ਵਿੱਚੋਂ ਕੱਢ ਦਿੰਦਾ ਹੈ ਤੇ ਆਪਣੇ ਸ਼ਬਦਾਂ ਦੇ ਗਿਆਨ ਨਾਲ ਜੋੜ ਲੈਂਦਾ ਹੈ। ਪੂਰੀ ਬਾਣੀ ਵਿੱਚ ਸ਼ਬਦਾਂ ਦਾ ਗਿਆਨ ਹੀ ਹੈ ਜੋ ਗਿਆਨ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਆਪ ਹੀ ਦਿੰਦਾ ਹੈ ਭਾਵ ਜਿੱਥੇ ਵੀ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਵਸਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਭਗਤਾਂ ਦੇ ਅੰਦਰ, ਗੁਰੂ ਸਾਹਿਬਾਨ ਦੇ ਅੰਦਰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਵਸਾਇਆ ਹੈ ਉਹ ਇਸੇ ਰੂਪ ਵਿੱਚ ਹੀ ਵਸਾਇਆ ਹੈ ਭਾਵ ਸੱਚੀ ਬਾਣੀ ਦੇ ਰੂਪ ਵਿੱਚ, ਸੱਚੀ ਬਾਣੀ ਦੇ ਗਿਆਨ ਦੇ ਦਾਤਾ ਦੇ ਰੂਪ ਵਿੱਚ ਹੀ ਵਸਾਇਆ ਹੈ ਜਿਸ ਦੁਆਰਾ ਗੁਰਬਾਣੀ ਸੰਸਾਰ ਵਿੱਚ ਆਈ ਹੈ ਜੋ ਗੁਰਬਾਣੀ ਦਾ ਗਿਆਨ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਸਬਦਾਂ ਦੁਆਰਾ

ਕਿਸੇ ਭਾਗਾਂ ਵਾਲੇ ਨੂੰ ਹੀ ਦਿੰਦਾ ਹੈ। ਪ੍ਰਮਾਤਮਾ ਆਪ ਹੈ ਹੀ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਤੇ ਆਪਣੇ ਇਸੇ ਰੂਪ ਵਿੱਚ ਹੀ ਉਹ ਆਪਣੇ ਆਪ ਨੂੰ ਕਿਸੇ ਦੇ ਵਿੱਚ ਵਸਾਉਂਦਾ ਹੈ ਜਿਸ ਦੁਆਰਾ ਮਨੁੱਖ ਦਾ ਆਪਾ ਦੂਰ ਹੁੰਦਾ ਹੈ, ਆਪਣੀ ਹੋਂਦ ਮਿਟਦੀ ਹੈ, ਹਉਮੈ ਮਿਟਦੀ ਹੈ। ਇਹ ਮਨੁੱਖ ਦਾ ਸ਼ਬਦ ਦੁਆਰਾ ਮਰਨਾ ਹੈ, ਜਿਸ ਦੁਆਰਾ ਮਨੁੱਖ ਦੀ ਅਗਿਆਨਤਾ ਮਿਟਦੀ ਹੈ। ਸਾਡੇ ਅੰਦਰ ਦੀ ਅਗਿਆਨਤਾ ਦਾ ਮਰਨਾ ਹੀ ਸ਼ਬਦ ਦੁਆਰਾ ਮਰਨਾ ਹੈ, ਸ਼ਬਦਾਂ ਦੇ ਸੱਚੇ ਗਿਆਨ ਦੁਆਰਾ ਸਾਡੀ ਅਗਿਆਨਤਾ ਦਾ ਮਰਨਾ ਹੈ, ਜਿਸ ਦੇ ਮਰਨ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਸਾਰਾ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਆਪ ਹੀ ਇਸ ਸਰੀਰ ਨੂੰ ਬਣਾ ਕੇ ਆਪ ਹੀ ਮਨ ਦੀ ਸਮਝ ਦੁਆਰਾ ਚਲਾ ਰਹਿਆ ਹੈ ਪਰ ਮਨ ਦੀ ਅਗਿਆਨਤਾ ਨਿਕਲੇ ਬਿਨ੍ਹਾਂ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ। (**ਸਬਦਿ ਮੁਆ ਵਿਚਹੁ ਆਪੁ ਗਵਾਇ ॥ ਸਤਿਗੁਰੁ ਸੇਵੇ ਤਿਲੁ ਨ ਤਮਾਇ ॥ ਨਿਰਭਉ ਦਾਤਾ ਸਦਾ ਮਨਿ ਹੋਇ ॥ ਸਚੀ ਬਾਣੀ ਪਾਏ ਭਾਗਿ ਕੋਇ ॥**) "ਸੱਚੀ ਬਾਣੀ" ਸੰਸਾਰ ਵਿੱਚ ਕਿਵੇਂ ਆਈ ਹੈ ਇਸ ਗੱਲ ਨੂੰ ਹੁਣ ਤੁਸੀਂ ਸਮਝ ਸਕਦੇ ਹੋ। ਸੱਚੀ ਬਾਣੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਆਈ ਹੈ ਜਿਸ ਕਰਕੇ ਬਾਣੀ ਦੀ ਹਰ ਗੱਲ ਸੱਚੀ ਹੈ। ਪ੍ਰਮਾਤਮਾ ਆਪ ਸੱਚ ਰੂਪ ਹੈ ਤੇ ਉਸ ਦੀ ਆਪਣੀ ਸਮਝਾਈ ਹੋਈ ਹਰ ਗੱਲ ਸੱਚੀ ਹੈ ਭਾਵ ਕੋਈ ਗੱਲ ਕੱਚੀ ਨਹੀਂ ਹੋ ਸਕਦੀ ਜਿਸ ਤੇ ਭਰੋਸਾ ਨਾ ਕੀਤਾ ਜਾ ਸਕੇ। ਇਸ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਕਿ ਸਤਿਗੁਰ ਦੀ ਬਾਣੀ ਤੋਂ ਬਿਨ੍ਹਾਂ ਹਰ ਕੋਈ ਬਾਣੀ ਕੱਚੀ ਹੈ ਭਾਵੇਂ ਉਸ ਬਾਣੀ ਦੇ ਲਿਖਣ ਵਾਲੇ ਨੂੰ ਅਸੀਂ ਜਿਤਨਾ ਮਰਜੀ ਉੱਚਾ ਕਰਕੇ ਮੰਨਦੇ ਹੋਈਏ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਜਿਹੋ ਜਿਹਾ ਨਾਮ ਅਸੀਂ ਜਪਦੇ ਹਾਂ, ਕਿਸੇ ਅੱਖਰ ਨੂੰ ਬੋਲ ਬੋਲ ਕੇ ਜਪਦੇ ਹਾਂ ਉਹ ਕੱਚਿਆਂ ਦੀ ਦੇਣ ਹੈ, ਕੱਚਿਆਂ ਦੀ ਬਾਣੀ ਹੈ ਜਿਸਨੂੰ ਅਸੀਂ ਸੱਚੀ ਬਾਣੀ ਸਮਝ ਕੇ ਮੰਨਦੇ ਹਾਂ। ਜੋ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਹ ਕੱਚੀ ਗੱਲ ਹੈ, ਕੱਚੀ ਬਾਣੀ ਹੈ ਜਿਸ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਭਰੋਸਾ ਕੇਵਲ ਸੱਚੀ ਬਾਣੀ ਤੇ ਹੀ ਕਰਨਾ ਚਾਹੀਦਾ ਹੈ ਤੇ ਅਸੀਂ ਤਾਂ ਹੀ ਸੱਚ ਨਾਲ ਜੁੜ ਸਕਦੇ ਹਾਂ, ਗੁਰੂ ਦੇ ਨਾਮ ਨਾਲ ਜੁੜ ਸਕਦੇ ਹਾਂ, ਸੱਚ ਨੂੰ ਸਮਝ ਸਕਦੇ ਹਾਂ ਤੇ ਸੱਚ ਨੂੰ ਜਪ ਸਕਦੇ ਹਾਂ।

{ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥}

(ਅੰਗ ੯੨੦)

ਸੱਚੀ ਬਾਣੀ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ, ਸ਼ਬਦ ਰੂਪ ਹੈ, ਗੁਰੂ ਰੂਪ ਹੈ। **(ਪੋਥੀ ਪਰਮੇਸਰ ਕਾ ਥਾਨੁ॥)**। ਅੰਗ - ੧੨੨੬

3/119

ਮਨ ਵਿੱਚ ਪ੍ਰਮਾਤਮਾ ਦਾ ਵੱਸਣਾ ਜਾਂ ਸੱਚੀ ਬਾਣੀ ਦਾ ਵੱਸਣਾ, ਨਾਮ ਦਾ ਵੱਸਣਾ ਇੱਕ ਹੀ ਗੱਲ ਹੈ, ਕੋਈ ਫਰਕ ਨਹੀਂ ਹੈ। ਸੱਚੀ ਬਾਣੀ ਦਾ ਸਾਡੇ ਅੰਦਰ ਵੱਸਣਾ ਸੱਚੇ ਗਿਆਨ ਦਾ ਵੱਸਣਾ ਹੈ, ਬ੍ਰਹਮ ਗਿਆਨ ਦਾ ਵੱਸਣਾ ਹੈ, ਗੁਰਮਤਿ ਦਾ ਵੱਸਣਾ ਹੈ, ਉਸਦੇ ਉਪਦੇਸ਼ ਦਾ ਵੱਸਣਾ ਹੈ, ਗੁਣਾਂ ਦਾ ਵੱਸਣਾ ਹੈ, ਸੱਚ ਦਾ ਵੱਸਣਾ ਹੈ, ਪ੍ਰਮਾਤਮਾ ਦਾ ਵੱਸਣਾ ਹੈ। ਇਹੋ ਜਿਹਾ ਸ਼ਬਦ ਮਰਨਾ ਕਿਸੇ ਵਿਰਲੇ ਦੇ ਭਾਗਾਂ ਵਿੱਚ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਇਹੋ ਜਿਹੀ ਕ੍ਰਿਪਾ ਕਿਸੇ ਵਿਰਲੇ ਤੇ ਹੀ ਕਰਦਾ ਹੈ **(ਸਚੀ ਬਾਣੀ ਪਾਏ ਭਾਗਿ ਕੋਇ॥)**। ਭਗਤੀ ਦਾ ਸੱਚਾ ਮਾਰਗ, ਨਾਮ ਜਪਣ ਦਾ, ਧਰਮ ਦਾ ਸੱਚਾ ਮਾਰਗ ਆਪਣੀ ਬਾਣੀ ਰਾਹੀਂ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਕਿਸੇ ਵਿਰਲੇ ਨੂੰ ਸਮਝਾਉਂਦਾ ਹੈ। ਅਸੀਂ ਭਗਤੀ ਦਾ ਮਾਰਗ ਕੱਚਿਆਂ ਕੋਲੋਂ ਭਾਵ ਕੱਚੀ ਮਤਿ ਵਾਲਿਆਂ ਕੋਲੋਂ ਸਮਝਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਿਨ੍ਹਾਂ ਹਰ ਕਿਸੇ ਦੀ ਮਤਿ ਕੱਚੀ ਹੀ ਹੈ।

ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਸਮਝਣਾ ਕੱਚੀ ਮਤਿ ਹੀ ਹੈ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ। ਕੱਚੀ ਮਤਿ ਵਾਲੇ ਸਾਨੂੰ ਸ਼ਬਦਾਂ ਦੀ ਕਥਨੀ ਦੇ ਨਾਲ ਜੋੜਦੇ ਹਨ ਤੇ ਗੁਰੂ ਦੀ ਸੱਚੀ ਮਤਿ ਸਾਨੂੰ ਸ਼ਬਦ ਦਾ ਜਪਣਾ, ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਸਮਝਾਉਂਦੀ ਹੈ, ਸ਼ਬਦਾਂ ਦਾ ਮਕਸਦ ਸਮਝਾਉਂਦੀ ਹੈ। ਇਸ ਗੱਲ ਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਇਹ ਸ਼ਬਦ ਦੀ ਰਹਾਉ ਵਾਲੀ ਪੰਗਤੀ ਹੈ ਜਿੱਥੇ ਸਾਰੇ ਸ਼ਬਦ ਦਾ ਸਾਰ ਸਮਝਾਇਆ ਹੁੰਦਾ ਹੈ।

“ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥
ਪੂਰੇ ਗੁਰ ਕੈ ਸਬਦਿ ਸਮਾਹਿ॥ਰਹਾਉ॥”

(ਅੰਗ ੩੬੧)

ਇਸ ਤੋਂ ਸਪੱਸ਼ਟ ਹੋਰ ਸ਼ਬਦ ਮਰਨਾ ਕੀ ਸਮਝਾਇਆ ਜਾ ਸਕਦਾ ਹੈ , ਸ਼ਬਦ ਦਾ ਮਕਸਦ ਸਾਡੀ ਮਤਿ ਨੂੰ ਸਮਝਾਉਣਾ ਹੈ ਭਾਵ ਸ਼ਬਦ ਦੀ ਗੱਲ ਨੂੰ ਮੰਨਣ ਦਾ ਹੈ। ਮਨੁੱਖ ਨੂੰ ਸਪੱਸ਼ਟ ਤੌਰ ਤੇ ਹੁਕਮ ਕੀਤਾ ਹੈ ਕਿ ਸ਼ਬਦ ਦੀ ਸਮਝ ਦੁਆਰਾ ਆਪਣੇ ਅੰਦਰ ਗੁਣ ਇੱਕਠੇ ਕਰੋ ਜਿਸ ਦੁਆਰਾ ਔਗੁਣ ਨਿਕਲ ਜਾਣ। ਇਹੀ ਸਾਰੀ ਬਾਣੀ ਦਾ ਸਾਰ ਹੈ ਜੋ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਗਿਆ ਹੈ। ਗੁਣਾਂ ਨੂੰ ਆਪਣੇ ਅੰਦਰ ਵਸਾਉਂਣ ਦਾ ਭਾਵ ਔਗੁਣਾਂ ਨੂੰ ਤਿਆਗਣ ਦਾ ਸਾਫ ਤੌਰ ਤੇ ਉੱਦਮ ਕਰਨਾ ਮਨੁੱਖ ਦੇ ਜਿੰਮੇ ਲਗਾਇਆ ਹੈ। ਇਹੀ ਭਗਤੀ ਹੈ, ਨਾਮ ਜਪਣਾ ਹੈ, ਸਿਮਰਨਾ ਹੈ, ਧਿਆਉਣਾ ਹੈ, ਅਰਾਧਨਾ ਹੈ, ਸੇਵਾ ਹੈ, ਅਉਖਧੁ ਹੈ, ਰੋਗ ਦਾ ਛੁਟਕਾਰਾ ਹੈ, ਮੁਕਤੀ ਦਾ ਸਾਧਨ ਹੈ। ਸਾਰੀ ਬਾਣੀ ਨੂੰ ਵਿਚਾਰ ਲਵੋ, ਇਸ ਤੋਂ ਇਲਾਵਾ ਹੋਰ ਕੋਈ ਸਾਧਨ ਨਹੀਂ ਦੱਸਿਆ ਹੋਇਆ। ਇਹੀ ਇੱਕੋ ਇੱਕ ਤਰੀਕਾ ਹੈ ਜਿਸ ਦੁਆਰਾ ਮਨੁੱਖ ਗੁਰੂ ਦੇ ਵਿੱਚ, ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ, ਸ਼ਬਦ ਦੀ ਗੱਲ ਨੂੰ ਮੰਨ ਕੇ ਪ੍ਰਮਾਤਮਾ ਵਿੱਚ ਸਮਾਅ ਜਾਂਦਾ ਹੈ ਭਾਵ ਪੂਰੀ ਤਰ੍ਹਾਂ ਗੁਰੂ ਦੇ, ਪ੍ਰਮਾਤਮਾ ਦੇ ਹੁਕਮ ਵਿੱਚ ਸਮਾਅ ਜਾਂਦਾ ਹੈ, ਮਨ ਦੀ ਸਮਝ ਦੁਆਰਾ, ਮਨ ਦੇ ਗਿਆਨ ਦੁਆਰਾ ਸਮਾਅ ਜਾਂਦਾ ਹੈ। **(ਪੂਰੇ ਗੁਰ ਕੈ ਸਬਦਿ ਸਮਾਹਿ॥)**। ਸਾਡੇ ਮਨ ਦੇ ਵਿਚਾਰਾਂ ਦਾ ਗੁਰੂ ਦੇ ਸ਼ਬਦਾਂ ਦੇ ਵਿਚਾਰਾਂ ਵਿੱਚ ਸਮਾਉਣਾ ਹੀ ਗੁਰੂ ਵਿੱਚ, ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ ਜੋ ਸਾਡੇ ਮਨ ਦੀ ਸਮਝ ਨੇ ਗੁਰੂ ਦੀ ਸਮਝ ਨੂੰ ਮੰਨਣ ਦੁਆਰਾ ਮਨ ਦੇ ਵਿੱਚ ਉਸਦੇ ਨਾਲ ਇੱਕ ਹੋਣਾ ਹੈ, ਉਸਦੇ ਵਿੱਚ ਸਮਾਅ ਜਾਣਾ ਹੈ ਤੇ ਇਹੀ ਪ੍ਰਮਾਤਮਾ ਦੇ ਨਾਲ ਮੇਲ ਹੈ, ਸ਼ਬਦ ਸੁਰਤਿ ਦਾ ਮੇਲ ਹੈ।

ਹੁਣ ਵਿਚਾਰੋ ਅਤੇ ਦੱਸੋ ਕਿ ਇਸ ਤੋਂ ਵੱਖਰਾ ਬਾਣੀ ਰਾਹੀਂ ਕਿਹੜਾ

3/120

ਨਾਮ ਜਪਣਾ ਦੱਸਿਆ ਹੈ ਜਿਸ ਨਾਲ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਰੱਬ ਕਿਸੇ ਤੰਤਰ ਮੰਤਰ ਨਾਲ ਨਹੀਂ ਲੱਭਦਾ। ਉਹ ਕੇਵਲ ਗੁਣਾਂ ਨਾਲ ਲੱਭਦਾ ਹੈ ਜਿਵੇਂ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਆਪ ਗੁਣ ਹੈ, ਗੁਣਾਂ ਦਾ ਖਜ਼ਾਨਾ ਹੈ, ਗੁਣਾਂ ਦਾ ਭੰਡਾਰ ਹੈ ਤੇ ਉਸ ਗੁਣ ਰੂਪੀ ਪ੍ਰਮਾਤਮਾ ਨੂੰ ਜਾਨਣ ਲਈ ਪਹਿਲਾਂ ਸਾਨੂੰ ਉਸਦੇ ਗੁਣਾਂ ਦਾ ਗਾਹਕ ਬਣਨਾ ਪਵੇਗਾ ਭਾਵ ਪਹਿਲਾਂ ਆਪਣੇ ਅੰਦਰ ਉਸ ਪ੍ਰਮਾਤਮਾ ਦੇ, ਸੱਚੀ ਬਾਣੀ ਦੇ ਗੁਣਾਂ ਨੂੰ ਧਾਰਨ ਕਰਨਾ ਪਵੇਗਾ। ਜਦੋਂ ਸਾਡੇ ਅੰਦਰ ਬਾਣੀ ਦੇ ਗੁਣ ਵੱਸ ਜਾਣਗੇ ਭਾਵ ਸਾਡੇ ਅੰਦਰ ਬਾਣੀ ਦਾ ਸ਼ਬਦ ਵਸ ਜਾਵੇਗਾ, ਅੰਮ੍ਰਿਤ ਸ਼ਬਦ ਵੱਸ ਜਾਵੇਗਾ ਭਾਵ ਬਾਣੀ ਦਾ ਉਪਦੇਸ਼ ਵੱਸ ਜਾਵੇਗਾ ਤੇ ਤਾਂ ਹੀ ਅਸੀਂ ਆਪਣੇ ਅੰਦਰੋਂ ਨਾਮ ਦਾ ਵਖਾਣਿ ਕਰਾਂਗੇ ਭਾਵ ਉਸ ਤੇ ਅਮਲ ਕਰਾਂਗੇ। ਜਦੋਂ ਸਾਡੇ ਅੰਦਰ ਗੁਰੂ ਦੇ ਗੁਣ ਵੱਸ ਜਾਣਗੇ ਫਿਰ ਸਾਡੀ ਸਾਰੀ ਵਿਚਰਣ, ਕਰਨੀ, ਗੁਣਾਂ ਵਾਲੀ ਹੋ ਜਾਵੇਗੀ, ਸੱਚ ਵਾਲੀ ਹੋ ਜਾਵੇਗੀ, ਗੁਰੂ ਦੇ ਉਪਦੇਸ਼ ਅਨੁਸਾਰ ਹੋਵੇਗੀ ਭਾਵ ਅਸੀਂ ਹਰ ਵੇਲੇ ਨਾਮ ਦਾ ਵਖਾਣਿ ਕਰਾਂਗੇ, ਨਾਮ ਜਪਾਂਗੇ ਭਾਵ ਹਰ ਵੇਲੇ, ਦਿਨ ਰਾਤ, ਅੱਠੇ ਪਹਿਰ ਸਾਡੇ ਅੰਦਰ ਸੱਚ ਵੱਸਿਆ ਰਹੇਗਾ **(ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ ਅੰਮ੍ਰਿਤ ਸਬਦਿ ਨਾਮੁ ਵਖਾਣੈ॥)**। ਇਸ ਗੱਲ ਨੂੰ ਅਗਲੀ ਪੰਗਤੀ ਵਿੱਚ ਹੋਰ ਵੀ ਸਾਫ ਕੀਤਾ ਹੋਇਆ ਹੈ ਤਾਂ ਕਿ ਕੋਈ ਭੁਲੇਖਾ ਬਾਕੀ ਨਾ ਰਹਿ ਜਾਵੇ ਭਾਵ ਇਸ ਗੱਲ ਦੀ ਸਮਝ ਲੱਗ ਹੀ ਜਾਵੇ ਕਿ ਨਾਮ ਕੀ ਹੈ ਤੇ ਨਾਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। **(“ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥”)**

ਸਭ ਤੋਂ ਪਹਿਲੀ ਗੱਲ ਆਪਣੇ ਆਪ ਨੂੰ ਸੁੱਚਾ ਕਰਨ ਦੀ ਹੈ ਭਾਵ ਸੱਚਾ ਕਰਨ ਦੀ ਹੈ ਤੇ ਸੱਚੇ ਅਸੀਂ ਉਸ ਪ੍ਰਮਾਤਮਾ ਦੀ ਸੱਚੀ ਬਾਣੀ ਦੁਆਰਾ ਹੀ ਹੋ ਸਕਦੇ ਹਾਂ, ਉਸਦਾ ਉਪਦੇਸ਼ ਮੰਨ ਕੇ ਹੀ ਹੋ ਸਕਦੇ ਹਾਂ, ਸੱਚ ਨੂੰ ਆਪਣੇ ਅੰਦਰ ਵੱਸਾ ਕੇ ਹੀ ਹੋ

ਸਕਦੇ ਹਾਂ ਭਾਵ ਔਗੁਣਾਂ ਨੂੰ ਤਿਆਗ ਕੇ, ਗੁਣਾਂ ਨੂੰ ਗ੍ਰਹਿਣ ਕਰਨ ਦੁਆਰਾ ਹੀ ਹੋ ਸਕਦੇ ਹਾਂ ਜੋ ਕਿ ਗੁਰਬਾਣੀ ਦਾ ਮਕਸਦ ਹੈ ਤੇ ਵਾਰ-ਵਾਰ ਸਾਨੂੰ ਬਾਣੀ ਰਾਹੀਂ ਇਹ ਗੱਲ ਸਮਝਾਈ ਹੋਈ ਹੈ ਤੇ ਸ਼ਬਦ ਦੀਆਂ ਪਿਛਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। **(ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥)**। ਅੰਗ - ੪੭੨

3/121

ਜਦੋਂ ਮਨੁੱਖ ਦੇ ਅੰਦਰ ਗੁਰੂ ਦਾ ਸੱਚਾ ਉਪਦੇਸ਼ ਵੱਸ ਜਾਂਦਾ ਹੈ, ਗੁਰੂ ਦੇ ਦੱਸੇ ਹੋਏ ਗੁਣ ਵੱਸ ਜਾਂਦੇ ਹਨ ਭਾਵ ਮਨੁੱਖ ਔਗੁਣ ਤਿਆਗ ਕੇ ਗੁਣਾਂ ਵਾਲਾ ਹੋ ਜਾਂਦਾ ਹੈ ਫਿਰ ਤਾਂ ਹੀ ਉਸ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦਾ ਮੇਲ ਪ੍ਰਾਪਤ ਹੁੰਦਾ ਹੈ। ਬਿਨ੍ਹਾਂ ਗੁਣ ਧਾਰਨ ਕਰਨ ਤੋਂ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਨਾਮ ਪ੍ਰਮਾਤਮਾ ਦੀ ਸਭ ਤੋਂ ਵੱਡੀ ਦਾਤ ਹੈ ਅਤੇ ਇਹ ਦਾਤ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਵੇਂ ਕਿ ਪਿੱਛੇ ਕਈ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਨਾਮ ਦੀ ਪ੍ਰਾਪਤੀ ਸਾਡੇ ਜੀਵਨ ਦਾ ਮਨੋਰਥ ਹੈ, ਸਾਡੀ ਭਗਤੀ ਦੇ ਉੱਦਮ ਦਾ ਫਲ ਹੈ ਅਤੇ ਭਗਤੀ ਕੇਵਲ ਗੁਣਾਂ ਦੁਆਰਾ ਹੀ ਹੋ ਸਕਦੀ ਹੈ **(ਵਿਣੁ ਗੁਣ ਕੀਤੇ ਭਗਤਿ ਨ ਹੋਇ॥)**। ਅੰਗ - ੪

ਗੁਣ ਸਾਡੇ ਲਈ ਅਨਮੋਲ ਹਨ ਅਤੇ ਇਨ੍ਹਾਂ ਦੀ ਪ੍ਰਾਪਤੀ ਵੀ ਬਹੁਤ ਕਠਿਨ ਹੈ। ਗੁਣਾਂ ਵਿੱਚ ਹੀ ਆਪ ਪ੍ਰਮਾਤਮਾ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਪਾਉਣਾ ਵੀ ਕਠਿਨ ਹੈ **(ਗੁਣ ਅਮੋਲਕ ਪਾਏ ਨ ਜਾਹਿ॥)**। ਸਾਡਾ ਮਨ ਗੁਣਾਂ ਦੁਆਰਾ ਨਿਰਮਲ ਹੁੰਦਾ ਹੈ ਤੇ ਗੁਣਾਂ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਵਿੱਚ ਸਮਾਉਣ ਦੁਆਰਾ ਹੀ ਹੋ ਸਕਦੀ ਜਿਵੇਂ ਕਿ ਉੱਪਰ ਰਹਾਉ ਵਾਲੀ ਪੰਗਤੀ ਵਿੱਚ ਪਹਿਲੇ ਹੀ ਸਮਝਾਇਆ ਜਾ ਚੁੱਕਾ ਹੈ। ਜਿਸਨੇ ਆਪਣੇ ਅੰਦਰ ਬਾਣੀ ਨੂੰ ਵਸਾਇਆ ਹੈ, ਸ਼ਬਦਾਂ ਦੀ ਮਤਿ ਨੂੰ ਵਸਾਇਆ ਹੈ, ਔਗੁਣ ਤਿਆਗ ਕੇ ਗੁਣਾਂ ਨੂੰ ਵਸਾਇਆ ਹੈ ਉਨਾਂ ਨੇ ਹੀ ਨਾਮ ਧਿਆਇਆ ਹੈ ਤੇ ਇਹੋ ਜਿਹੇ ਹੀ ਵਡਭਾਗੀ ਹਨ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਇਆ ਹੈ, ਉਸ ਦੇ ਨਾਲ ਉਨ੍ਹਾਂ ਦਾ ਮੇਲ ਹੋਇਆ ਹੈ। **(ਸੇ ਵਡਭਾਗੀ ਜਿਨ੍ ਨਾਮੁ ਧਿਆਇਆ॥ ਸਦਾ ਗੁਣਦਾਤਾ ਮੰਨਿ ਵਸਾਇਆ॥)** ਹੁਣ ਇਸ ਗੱਲ ਨੂੰ ਵਿਚਾਰੋ ਕਿ ਨਾਮ ਧਿਆਉਣਾ ਕੀ ਹੈ। ਨਾਮ ਧਿਆਉਣਾ ਆਪਣੇ ਅੰਦਰ ਬਾਣੀ ਨੂੰ ਵਸਾਉਣਾ ਹੀ ਹੈ ਭਾਵ ਗੁਣਾਂ ਦਾ ਸੰਗ੍ਰਹਿ ਕਰਨਾ ਹੀ ਹੈ, ਔਗੁਣਾਂ ਦਾ ਤਿਆਗ ਹੀ ਹੈ। ਇਸੇ ਗੱਲ ਨੂੰ ਅਗਲੀ ਪੰਗਤੀ ਵਿੱਚ ਫਿਰ ਸਪੱਸ਼ਟ ਕੀਤਾ ਹੋਇਆ ਹੈ ਭਾਵ ਜੇਕਰ ਅਜੇ ਵੀ ਕੋਈ ਸ਼ੰਕਾ ਹੈ ਤਾਂ ਉਹ ਵੀ ਨਿਕਲ ਜਾਏ। **(ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ॥ ਦਰਿ ਸਾਚੈ ਸਾਚੇ ਗੁਣ ਗਾਉ॥)** ਹੁਣ ਦੇਖੋ ਕਿ ਗੁਰੂ ਜੀ ਕਿਸ ਮਨੁੱਖ ਤੋਂ ਬਲਿਹਾਰੇ ਜਾਣ ਦੀ ਗੱਲ ਕਰਦੇ ਹਨ ਭਾਵ ਕਿਸ ਦੀ ਵਡਿਆਈ ਸੱਚੀ ਹੈ। ਵਡਿਆਈ ਉਸ ਦੀ ਸੱਚੀ ਹੈ ਜੋ ਗੁਣਾਂ ਨੂੰ ਸੰਗ੍ਰਹਿ

3/122

ਕਰਦਾ ਹੈ ਭਾਵ ਜੋ ਔਗੁਣਾਂ, ਦਾ ਤਿਆਗ ਕਰਦਾ ਹੈ ਜਿਵੇਂ ਕਿ ਪਹਿਲਾਂ ਹੀ ਰਹਾਉ ਦੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ ਤਾਂ ਕਿ ਅਸੀਂ ਕਿਸੇ ਭੁਲੇਖੇ ਵਿੱਚ ਨਾ ਰਹੀਏ ਕਿ ਗੁਣ ਇਕੱਠੇ ਕਰਨੇ ਕੀ ਹਨ। ਇਹ ਗੁਣਾਂ ਦਾ ਇਕੱਠਾ ਕਰਨਾ ਹੀ ਭਾਵ ਗੁਣਾਂ ਦੁਆਰਾ ਵਿਚਰਨਾ ਹੀ ਉਸ ਪ੍ਰਮਾਤਮਾ ਦੇ ਦਰ ਤੇ ਸੱਚੇ ਗੁਣ ਗਾਉਣਾ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਮੰਨ ਕੇ, ਉਸ ਤੇ ਅਮਲ ਕਰਨਾ ਹੀ ਪ੍ਰਮਾਤਮਾ ਦੇ ਸੱਚੇ ਗੁਣ ਗਾਉਣਾ ਹੈ। ਇਹ ਗੁਣ ਸਾਨੂੰ ਕਿਵੇਂ ਮਿਲਦੇ ਹਨ ਇਹ ਅਗਲੀ ਪੰਗਤੀ ਵਿੱਚ ਦੱਸਿਆ ਹੋਇਆ ਹੈ। ਮਨੁੱਖ ਨੇ ਕੇਵਲ ਉੱਦਮ ਕਰਨਾ ਹੈ ਤੇ ਪ੍ਰਮਾਤਮਾ ਆਪ ਹੀ ਸਹਾਇਤਾ ਕਰ ਕੇ ਮਨੁੱਖ ਦੇ ਸੁਭਾਅ ਨੂੰ ਬਦਲ ਦਿੰਦਾ ਹੈ। ਮਨਮਤਿ ਵਾਲੇ ਸੁਭਾਅ ਨੂੰ ਗੁਰਮਤਿ ਵਾਲਾ ਸੁਭਾਅ ਬਣਾ ਦਿੰਦਾ ਹੈ, ਸਹਿਜ ਵਾਲਾ ਸੁਭਾਅ ਬਣਾ ਦਿੰਦਾ ਹੈ। ਗੁਣ ਸਾਡੇ ਅੰਦਰੋਂ ਹੀ ਉਪਜਣੇ ਹਨ, ਸਾਡੇ ਸੁਭਾਅ ਦੇ ਵਿੱਚ ਹੀ ਤਬਦੀਲੀ ਆਉਣੀ ਹੈ, ਮਨ ਦੀ ਸੋਚ ਹੀ ਬਦਲਣੀ ਹੈ ਜੋ ਕਿ ਪ੍ਰਮਾਤਮਾ ਦੇ ਵੱਸ ਹੈ। ਉਹ ਆਪਣੀ ਕ੍ਰਿਪਾ ਸਾਡੀ ਸੋਚ ਰਾਹੀਂ ਕਰਦਾ ਹੈ ਅਤੇ ਉਸਦੇ ਦਰਸ਼ਨ ਵੀ ਮਨ ਦੇ ਵਿੱਚ ਹੀ ਹੁੰਦੇ ਹਨ ਅਤੇ ਤਾਂ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਉਹ ਪ੍ਰਮਾਤਮਾ ਕਿੰਨੀ ਵੱਡੀ ਕੀਮਤ ਵਾਲਾ ਹੈ, ਕਿਤਨੇ ਉੱਚੇ ਗਿਆਨ ਵਾਲਾ ਹੈ ਜਿਸ ਉੱਚੇ ਗਿਆਨ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਉਸਨੂੰ ਚਲਾ ਰਹਿਆ ਹੈ। ਉਸ ਦੀ ਕੀਮਤ ਬਿਆਨ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਕੀਮਤ ਕੋਈ ਚੁਕਾ ਸਕਦਾ ਹੈ। **(ਆਪੇ ਦੇਵੈ ਸਹਜਿ ਸੁਭਾਇ॥ ਨਾਨਕ ਕੀਮਤਿ ਕਹਣੁ ਨ ਜਾਇ॥੪॥)** ਜਿਸ ਤਰੀਕੇ ਅਸੀਂ ਪ੍ਰਮਾਤਮਾ ਦੀ ਕੀਮਤ ਪਾਉਣੀ ਸਮਝਦੇ ਹਾਂ, ਆਪਣੀ-ਆਪਣੀ ਆਸਥਾ ਅਨੁਸਾਰ ਭਗਤੀ ਦੇ ਉਪਰਾਲੇ ਕਰਨ ਦੁਆਰਾ ਉਸਦੀ ਕੀਮਤ ਪਾਉਣੀ ਸਮਝਦੇ ਹਾਂ, ਉਹ ਸਭ ਵਿਅਰਥ ਹੈ। ਆਪਣੀ ਕੀਮਤ ਪਾਉਣ ਦਾ ਤਰੀਕਾ ਪ੍ਰਮਾਤਮਾ ਸਹਜ ਦੀ ਅਵੱਸਥਾ ਬਖਸ਼ ਕੇ ਆਪ ਹੀ ਸਮਝਾਉਂਦਾ ਹੈ ਜੋ ਕਿ ਗੁਰੂ ਦੇ ਸਮਝਾਏ ਹੋਏ ਸ਼ਬਦਾਂ ਤੇ ਪੂਰਾ ਉਤਰਨ ਦੀ ਹੈ, ਹਰ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦੀ ਹੈ।

ਸਾਰੀ ਗੱਲ ਗੁਣਾਂ ਤੇ ਮੁਕਦੀ ਹੈ ਜੋ ਕਿ ਸਾਡੇ ਮਨ ਦੇ ਨਾਲ ਸੰਬੰਧਿਤ ਹੈ, ਤੇ ਮਨ ਨੂੰ ਮਾਰਨ ਲਈ ਕੀ ਸਾਨੂੰ ਸਰੀਰ ਨੂੰ ਮਾਰਨ ਦੀ ਲੋੜ ਹੈ, ਦੁੱਖ ਦੇਣ ਦੀ ਲੋੜ ਹੈ, ਆਸਣ ਲਗਾਉਣ ਦੀ ਲੋੜ ਹੈ, ਪੁੱਠੇ ਸਿੱਧੇ ਹੋਣ ਦੀ ਲੋੜ ਹੈ, ਕੀ ਬੇਵਜ੍ਹਾ ਤੰਗ ਹੋਣ ਦੀ ਲੋੜ ਹੈ। ਗੁਰੂ ਸਾਹਿਬ ਨੇ ਤਾਂ ਇਹੋ ਜਿਹੀ ਕੋਈ ਲੋੜ ਨਹੀਂ ਦੱਸੀ ਬਲਕਿ ਵਾਰ-ਵਾਰ ਜੋਗੀਆਂ ਆਦਿ ਨੂੰ ਇਹੋ ਜਿਹੇ

ਜਪ, ਤਪ ਕਰਨ ਤੋਂ ਮਨਾਹੀ ਕੀਤੀ ਹੈ। ਸਰੀਰ ਨੂੰ ਦੁੱਖ ਦੇ ਕੇ ਕੁੱਝ ਵੀ ਹਾਸਿਲ ਨਹੀਂ ਹੋਣ ਵਾਲਾ। ਸਰੀਰ ਨੂੰ ਕਸ਼ਟ ਦੇਣਾ ਹੀ ਹੈ ਤਾਂ ਫਿਰ ਕਿਸੇ ਲੋੜਵੰਦ ਦੀ, ੱਦੀ, ਬੀਮਾਰ ਦੀ, ਅਪਾਹਜ ਦੀ ਸੇਵਾ ਕਰਕੇ ਦੇ ਲਵੋ ਤਾਂ ਜੋ ਕਿਸੇ ਲੇਖੇ ਵਿੱਚ ਲੱਗ ਸਕੇ, ਲਾਹਾ ਮਿਲ ਸਕੇ। ਗੁਰੂ ਦੇ ਅਸਥਾਨ ਤੇ, ਦੁਆਰੇ ਤੇ ਅਨੇਕਾਂ ਤਰੀਕਿਆਂ ਨਾਲ ਜਿਵੇਂ ਕਿ ਇਮਾਰਤ ਬਣਵਾਉਣ ਦੀ ਸੇਵਾ, ਲੰਗਰ ਦੀ ਸੇਵਾ, ਬਰਤਨਾਂ ਦੀ ਸੇਵਾ, ਸਫਾਈ ਦੀ ਸੇਵਾ, ਜੋੜਿਆਂ ਦੀ ਸੇਵਾ, ਜਲ ਦੀ ਸੇਵਾ ਕੀਤੀ ਜਾ ਸਕਦੀ ਹੈ ਜੋ ਕਿ ਲੇਖੇ ਵਿੱਚ ਪੈਂਦੀ ਹੈ। ਸਭ ਤੋਂ ਪਹਿਲੇ ਤਾਂ ਸੇਵਾ ਮਨੁੱਖ ਆਪਣੇ ਘਰ ਵਿੱਚ ਹੀ ਕਰ ਸਕਦਾ ਹੈ ਜੋ ਕਿ ਬਹੁਤ ਵੱਡੀ ਸੇਵਾ ਹੈ। ਆਪਣੇ ਮਾਂ-ਬਾਪ ਤੇ ਬਜ਼ੁਰਗਾਂ ਦੀ ਸੇਵਾ ਤੋਂ ਵੱਡੀ ਹੋਰ ਕੀ ਸੇਵਾ ਹੋ ਸਕਦੀ ਹੈ। ਸੇਵਾ ਕਿਸੇ ਵੀ ਤਰੀਕੇ ਦੀ ਹੋਵੇ ਮਨ ਨੂੰ ਮਾਰਨਾ ਹੀ ਪੈਂਦਾ ਹੈ। ਮਨੁੱਖਤਾ ਦੀ ਸੇਵਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਜੋ ਕਿ ਔਗੁਣ ਤਿਆਗ ਕੇ ਹੀ ਹੁੰਦੀ ਹੈ, ਸੱਚੇ ਮਨ ਦੁਆਰਾ ਹੁੰਦੀ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ। ਸੱਚੇ ਸੁੱਚੇ ਢੰਗ ਨਾਲ ਆਪਣੇ ਜੀਵਨ ਦੇ ਫਰਜ ਨਿਭਾਈਏ।

3/123 ਅਤੇ 123-ਅ

ਇਹੋ ਜਿਹੇ ਗੁਣਾਂ ਨੇ ਹੀ ਸਾਡੇ ਕੰਮ ਆਉਣਾ ਹੈ ਜਿਸ ਨਾਲ ਮਨੁੱਖਤਾ ਦਾ ਭਲਾ ਹੋਵੇ। ਜਰੂਰਤ ਕੇਵਲ ਮਨ ਦੇ ਵਿਕਾਰਾਂ ਤੋਂ ਬਚ ਕੇ ਰਹਿਣ ਦੀ ਹੈ। ਇਸ ਉੱਪਰ ਵਾਲੇ ਸ਼ਬਦ ਨੂੰ ਹਮੇਸ਼ਾ ਹੀ ਯਾਦ ਰੱਖੋ ਤੇ ਜਦੋਂ ਵੀ ਮਨ ਵਿੱਚ ਭੁਲੇਖਾ ਉੱਠੇ ਇਸ ਸ਼ਬਦ ਨੂੰ ਪੜ੍ਹ ਲਵੋ ਤੇ ਭੁਲਿਆਂ ਹੋਇਆਂ ਨੂੰ ਵੀ ਪੜਾ ਦਿਉ। ਜੇਕਰ ਸਾਰਾ ਦਿਨ ਸੁਰਤੀਆਂ ਸਮਾਧੀਆ ਲਗਾ ਕੇ ਬੈਠੇ ਰਹੀਏ, ਕਿਸੇ ਅੱਖਰ ਦਾ ਜਪ ਤਪ ਕਰੀ ਜਾਈਏ, ਕਿਸੇ ਭੋਰੇ ਵਿੱਚ ਵੜੇ ਰਹੀਏ, ਗੁਰੂ ਦੀ ਗੱਲ ਨੂੰ ਸੁਣੀ ਜਾਈਏ ਪਰ ਅਮਲ ਨਾ ਕਰੀਏ ਫਿਰ ਇਹ ਕਿਸ ਲੇਖੇ। ਇਹ ਕਿਹੜੀ ਸੇਵਾ ਹੋਈ। ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਸਾਹਿਬ ਨੇ ਇਹ ਕਹਿਕੇ ਸਮਝਾਇਆ ਹੈ। (**ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥**) ਭਾਵ ਪਹਿਲੇ ਗੁਰਬਾਣੀ ਦੀ ਗੱਲ ਨੂੰ ਮੰਨਣ ਦੁਆਰਾ ਆਪਣੇ ਮਨ ਨੂੰ ਸੁੱਚਾ ਕਰਨਾ ਹੈ ਜੋ ਕਿ ਔਗੁਣਾਂ ਦੁਆਰਾ ਜੂਠਾ ਹੈ, ਮਨ ਦੀ ਮਾੜੀ ਸਮਝ ਦੁਆਰਾ ਜੂਠਾ ਹੈ। ਔਗੁਣਾਂ ਨੂੰ ਤਿਆਗ ਕੇ ਫਿਰ ਗੁਣਾਂ ਦੁਆਰਾ ਵਿਚਰ ਕੇ ਹੀ ਨਾਮ ਪ੍ਰਾਪਤ ਹੁੰਦਾ ਹੈ ਭਾਵ ਜਦ ਤੱਕ ਕਿਸੇ ਦੇ ਅੰਦਰ ਗੁਣ ਨਹੀਂ ਹਨ, ਔਗੁਣ ਹਨ ਉਸਦੇ ਅੰਦਰ ਨਾਮ ਨਹੀਂ ਹੈ। ਫਿਰ ਜਿਸਨੂੰ ਅਸੀਂ ਨਾਮ ਸਮਝਿਆ ਹੋਇਆ ਹੈ, ਕੀ ਉਹ ਨਾਮ ਹੋ ਸਕਦਾ ਹੈ। ਜਿੰਨ੍ਹਾਂ ਕੋਲੋਂ ਅਸੀਂ ਨਾਮ ਸਿੱਖਿਆ ਹੈ, ਉਹ ਇਹ ਵੀ ਸਮਝਾਉਂਦੇ ਹਨ ਕਿ ਤੁਸੀਂ ਅੱਖਰ ਨੂੰ ਜਪੀ ਜਾਉ ਤੇ ਗੁਣ ਆਪੇ ਹੀ ਆ ਜਾਣਗੇ ਭਾਵ ਔਗੁਣ ਤਿਆਗਣ ਦੀ ਲੋੜ ਨਹੀਂ ਹੈ ਗੁਣ ਆਪੇ ਹੀ ਆਉਂਦੇ ਰਹਿਣਗੇ। ਗੁਰੂ ਸਾਨੂੰ ਬੜੇ ਸਪੱਸ਼ਟ ਤੌਰ ਤੇ ਸਮਝਾ ਰਹਿਆ ਹੈ ਕਿ ਪਹਿਲਾਂ ਗੁਣ ਫਿਰ ਨਾਮ ਤੇ ਸਾਨੂੰ ਸਮਝਾਉਣ ਵਾਲੇ ਕਹਿੰਦੇ ਹਨ ਕਿ ਪਹਿਲੇ ਨਾਮ ਫਿਰ ਗੁਣ। ਕਮਾਲ ਹੈ ਇਹੋ ਜਿਹੇ ਭਰਮਿਆਂ ਹੋਇਆਂ ਦੀ ਸਮਝ ਦੀ ਜੋ ਸਮਝ ਗੁਰੂ ਦੀ ਮਤਿ ਦੇ ਬਿਲਕੁਲ ਉਲਟ ਹੈ ਤੇ ਉਹ ਫਿਰ ਵੀ ਆਪਣੇ ਆਪ ਨੂੰ ਠੀਕ ਸਮਝਦੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਮੰਨਣ ਵਾਲੇ ਵੀ ਉਨ੍ਹਾਂ ਨੂੰ ਠੀਕ ਸਮਝਦੇ ਹਨ।ਜੇਕਰ ਉਹ ਠੀਕ ਹਨ ਤੇ ਫਿਰ ਕੀ ਗੁਰੂ ਦੀ ਮਤਿ ਨੂੰ ਕੋਈ ਗਲਤ ਸਾਬਿਤ ਕਰ ਸਕਦਾ ਹੈ, ਕੀ ਕਦੇ ਗੁਰੂ ਵੀ ਗਲਤ ਹੋ ਸਕਦਾ ਹੈ ਭਾਵ ਸਾਨੂੰ ਆਪਣੀ ਮਤਿ ਬਦਲਣੀ ਪਵੇਗੀ ਤੇ ਨਾਮ ਨੂੰ ਉਸ ਤਰੀਕੇ ਨਾਲ ਜਾਣੋ, ਜਪੋ ਜੋ ਤਰੀਕਾ ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਸਮਝਾ ਰਹਿਆ ਹੈ। ਨਾਮ ਸਮਝਾਉਣ ਵਾਲੇ ਕਿਤਨੇ ਕੁ ਵੱਡੇ ਭਰਮ ਵਿੱਚ ਹਨ ਇਸ ਗੱਲ ਦਾ ਅੰਦਾਜਾ ਹਰ ਕੋਈ ਲਗਾ ਸਕਦਾ ਹੈ। ਉਹ ਸਾਨੂੰ ਸ਼ਬਦਾਂ ਦੀ ਕਥਨੀ ਨਾਲ ਹੀ ਜੋੜਦੇ ਹਨ, ਵੱਧ ਤੋਂ ਵੱਧ ਕਥਨੀ ਕਰਨ ਨਾਲ ਜੋੜਦੇ ਹਨ ਤੇ ਕੀ ਕੇਵਲ ਕਥਨੀ ਕਰੀ ਜਾਣ ਨਾਲ ਸਾਡੇ ਔਗੁਣ ਆਪੇ ਹੀ ਨਿਕਲ ਜਾਣਗੇ, ਬਿਨ੍ਹਾਂ ਗੁਰੂ ਦੀ ਗੱਲ ਨੂੰ ਸਮਝਣ ਤੋਂ, ਮੰਨਣ ਤੋਂ ਹੀ ਨਿਕਲ ਜਾਣਗੇ ਤੇ ਅਸੀਂ ਆਪਣੇ ਆਪ ਹੀ ਸੁੱਚੇ ਹੋ ਜਾਵਾਂਗੇ, ਬਿਨ੍ਹਾਂ ਮਾਇਆ ਮੋਹ ਛੱਡਣ ਤੋਂ ਹੀ ਸੁੱਚੇ ਹੋ ਜਾਵਾਂਗੇ। ਬਿਨ੍ਹਾਂ ਸੁੱਚੇ ਹੋਣ ਤੋਂ ਤੇ ਨਾਮ ਜਪਿਆ ਹੀ ਨਹੀਂ ਜਾ ਸਕਦਾ, ਨਾਮ ਦੀ ਪ੍ਰਾਪਤੀ ਹੀ ਮਨ ਦੀ ਸੁੱਚ ਦੁਆਰਾ ਹੁੰਦੀ ਹੈ, ਔਗੁਣ ਤਿਆਗਣ ਦੁਆਰਾ ਹੁੰਦੀ ਹੈ। ਨਾਮ ਦੀ ਇਹੋ ਜਿਹਿਆਂ ਨੂੰ ਸਮਝ ਹੀ ਨਹੀਂ ਹੈ। ਜੋ ਆਪ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਪਾਉਂਦੇ ਹਨ ਤੇ ਝੂਠੀਆਂ ਵਡਿਆਈਆਂ ਲੈਂਦੇ ਹਨ। ਸਾਡਾ ਕੇਵਲ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰੂ ਦੇ ਸ਼ਬਦਾਂ ਨੂੰ ਧਿਆਨ ਨਾਲ ਪੜ੍ਹੀਏ ਤੇ ਉਨ੍ਹਾਂ ਨੂੰ ਬਰੀਕੀ ਨਾਲ ਸਮਝੀਏ ਕਿ ਗੁਰੂ ਸਾਹਿਬਾਨ ਨੇ ਸਾਨੂੰ ਸ਼ਬਦ ਕਿਸ ਮਕਸਦ ਲਈ ਸਮਝਾਇਆ ਹੈ, ਗੁਰੂ ਸਾਹਿਬਾਨ ਦੀ ਇੱਛਾ ਕੀ ਹੈ। ਸ਼ਬਦ ਨੂੰ ਸਮਝ ਕੇ ਗੁਰੂ ਦੀ ਇੱਛਾ ਨੂੰ ਪੂਰਾ ਕਰਨਾ ਹੀ ਨਾਮ ਜਪਣਾ ਹੈ। ਇਹੀ ਸਾਡਾ ਸਭ ਦਾ ਸੱਚਾ ਉੱਦਮ ਹੈ ਜਿਸ ਦੁਆਰਾ ਉਸ ਨਾਮ ਦੇ ਮਾਲਕ ਪ੍ਰਮਾਤਮਾ ਦੇ ਨਾਲ ਮੇਲ ਕੀਤਾ ਜਾ ਸਕਦਾ ਹੈ ਜਿਸ ਦੇ ਨਾਲ ਮੇਲ ਵੀ ਨਾਮ ਦੇ ਰੂਪ ਵਿੱਚ ਹੀ ਹੁੰਦਾ ਹੈ,ਉਸਦੇ ਪੂਰਨ ਗਿਆਨ ਦੀ ਸਮਝ ਦੇ ਰੂਪ ਵਿੱਚ ਹੁੰਦਾ ਹੈ ਜੋ ਆਪਣਾ ਉੱਚਾ ਗਿਆਨ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਉਹ ਬ੍ਰਹਮਗਿਆਨੀ ਪ੍ਰਮਾਤਮਾ ਆਪ ਹੀ ਦਿੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕੋਈ

ਨਹੀਂ ਸਮਝ ਸਕਦਾ ਕਿ ਨਾਮ ਕੀ ਹੈ, ਨਾਮ ਜਪਣਾ ਕੀ ਹੈ। ਆਉ ਗੁਰੂ ਦੀ ਸਮਝ ਤੇ ਭਰੋਸਾ ਰੱਖੀਏ ਜਿਸਨੂੰ ਨਾਮ ਦੀ ਸਮਝ ਹੈ ਤੇ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਆਓ ਹੁਣ ਅਗਲੇ ਸ਼ਬਦ ਰਾਹੀਂ ਇਹ ਜਾਣੀਏ ਕਿ ਨਾਮ ਗੁਰੂ ਹੈ, ਗੁਰਬਾਣੀ ਹੈ ਤੇ ਨਾਮ ਵਿਸਾਰਨਾ ਕੀ ਹੈ।

"ਸੁਣਿ ਸੁਣਿ ਬੂਝੈ ਮਾਨੈ ਨਾਉ॥ ਤਾ ਕੈ ਸਦ ਬਲਿਹਾਰੈ ਜਾਉ॥
ਆਪਿ ਭੁਲਾਏ ਠਉਰ ਨ ਠਾਉ॥ ਤੂੰ ਸਮਝਾਵਹਿ ਮੇਲਿ ਮਿਲਾਉ॥੧॥
ਨਾਮੁ ਮਿਲੈ ਚਲੈ ਮੈ ਨਾਲਿ॥ਬਿਨੁ ਨਾਵੈ ਬਾਧੀ ਸਭ ਕਾਲਿ॥੧॥ਰਹਾਉ॥
ਖੇਤੀ ਵਣਜੁ ਨਾਵੈ ਕੀ ਓਟ॥ ਪਾਪੁ ਪੁੰਨੁ ਬੀਜ ਕੀ ਪੋਟ॥
ਕਾਮੁ ਕ੍ਰੋਧੁ ਜੀਅ ਮਹਿ ਚੋਟ॥ ਨਾਮੁ ਵਿਸਾਰਿ ਚਲੇ ਮਨਿ ਖੋਟ॥੨॥
ਸਾਚੇ ਗੁਰ ਕੀ ਸਾਚੀ ਸੀਖ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥
ਜਲ ਪੁਰਾਇਨਿ ਰਸ ਕਮਲ ਪਰੀਖ॥ ਸਬਦਿ ਰਤੇ ਮੀਠੇ ਰਸ ਈਖ॥੩॥
ਹੁਕਮਿ ਸੰਜੋਗੀ ਗੜਿ ਦਸ ਦੁਆਰ॥ ਪੰਚ ਵਸਹਿ ਮਿਲਿ ਜੋਤਿ ਅਪਾਰ॥
ਆਪਿ ਤੁਲੈ ਆਪੇ ਵਣਜਾਰ॥ ਨਾਨਕ ਨਾਮਿ ਸਵਾਰਣਹਾਰ॥੪॥"

(ਅੰਗ ੧੫੨)

ਹੁਣ ਵਿਚਾਰੋ ਕਿ ਉਹ ਕਿਹੜਾ ਨਾਮ ਹੈ ਜਿਸ ਨੂੰ ਸੁਣਨਾ ਵੀ ਹੈ, ਸਮਝਣਾ ਵੀ ਹੈ, ਮੰਨਣਾ ਵੀ ਹੈ। ਜਿਸਨੂੰ ਅਸੀਂ ਨਾਮ ਕਹਿੰਦੇ ਹਾਂ ਭਾਵ ਜੋ ਕਿ ਇੱਕ ਅੱਖਰ ਰੂਪ ਮੰਤ੍ਰ ਸਮਝਦੇ ਹਾਂ, ਕੀ ਉਸ ਮੰਤ੍ਰ ਨੂੰ ਸੁਣ ਕੇ ਉਸਨੂੰ ਸਮਝ ਸਕਦੇ ਹਾਂ, ਕੋਈ ਗਿਆਨ ਲੈ ਸਕਦੇ ਹਾਂ। ਜੇ ਗਿਆਨ ਨਹੀਂ ਲੈ ਸਕਦੇ ਫਿਰ ਸਮਝਾਂਗੇ ਕਿਸ ਨੂੰ ਤੇ ਮੰਨਾਂਗੇ ਕਿਸਨੂੰ। ਗੁਰਬਾਣੀ ਨੂੰ ਹੀ ਪੜ੍ਹਨ, ਸੁਣਨ ਬੁੱਝਣ ਤੇ ਮੰਨਣ ਲਈ ਕਿਹਾ ਹੈ ਤੇ ਉਹੋ ਕੁੱਝ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਅਗਰ ਅਸੀਂ "ਨਾਮ" ਨੂੰ ਗੁਰਬਾਣੀ, ਗੁਰੂ, ਪ੍ਰਮਾਤਮਾ, ਗਿਆਨ, ਸ਼ਬਦ, ਅੰਮ੍ਰਿਤ, ਉਪਦੇਸ਼, ਹੁਕਮ, ਗੁਣ, ਸੱਚ ਨਾ ਸਮਝਦੇ ਹੋਏ ਕਿਸੇ ਅੱਖਰ ਨੂੰ ਸਮਝੀ ਜਾਵਾਂਗੇ ਤਾਂ ਫਿਰ ਅਸੀਂ ਗੁਰੂ ਦੀ ਕਸਵੱਟੀ ਤੇ ਵਾਰ-ਵਾਰ ਅਟਕ ਜਾਵਾਂਗੇ, ਖਰ੍ਹੇ ਨਹੀਂ ਉਤਰ ਸਕਾਂਗੇ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਉਨ੍ਹਾਂ ਤੋਂ ਬਲਿਹਾਰੇ ਜਾਂਦਾ ਹਾਂ ਜੋ ਮੇਰੀ ਦੱਸੀ ਹੋਈ, ਸਮਝਾਈ ਹੋਈ ਗੱਲ ਨੂੰ, ਮਤਿ ਨੂੰ ਮੰਨਦੇ ਹਨ ਭਾਵ ਉਸ ਤੇ ਅਮਲ ਕਰਦੇ ਹਨ। ਜੋ ਨਾਮ ਨੂੰ ਕੇਵਲ ਇੱਕ ਅੱਖਰ ਹੀ ਸਮਝਦੇ ਹਨ, ਜੋ ਗੁਰਮਤਿ ਅਨੁਸਾਰ ਨਹੀਂ ਚੱਲਦੇ ਉਨ੍ਹਾਂ ਨੂੰ ਭੁੱਲੇ ਹੋਏ ਕਿਹਾ ਹੈ ਜੋ ਕਿ ਪ੍ਰਮਾਤਮਾ ਦੇ ਆਪਣੇ ਹੀ ਭੁਲਾਏ ਹੋਏ ਹਨ, ਮਨ ਦੀ ਮਾਇਆ ਰਾਹੀਂ, ਹਉਮੈ ਰਾਹੀਂ ਭੁਲਾਏ ਹੋਏ ਹਨ। ਜਿਸਨੂੰ ਭਰਮਾਂ ਵਿੱਚੋਂ ਕੱਢਕੇ ਪ੍ਰਮਾਤਮਾ ਆਪ ਸਮਝਾਉਂਦਾ ਹੈ ਉਸਨੂੰ ਹੀ ਨਾਮ ਦੀ ਸਮਝ ਲੱਗਦੀ ਹੈ, ਉਸ ਦੇ ਨਾਲ ਮੇਲ ਹੋਣ ਦੁਆਰਾ ਲੱਗਦੀ ਹੈ। ਨਾਮ ਤੋਂ ਭੁੱਲਿਆਂ ਹੋਇਆਂ ਦੀ ਪ੍ਰਮਾਤਮਾ ਦੇ ਦਰ ਤੇ ਕੋਈ ਠਉਰ ਨਹੀਂ ਹੈ ਭਾਵ ਜਿਸ ਤਰੀਕੇ ਉਹ ਨਾਮ ਜਪਣਾ ਸਮਝਦੇ ਹਨ ਉਸ ਤਰੀਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਤੇ ਪ੍ਰਮਾਤਮਾ ਦੇ ਦਰ ਤੇ ਕਿਸੇ ਨੂੰ ਵਡਿਆਈ ਨਹੀਂ ਮਿਲ ਸਕਦੀ ਭਾਵੇਂ ਦੁਨਿਆਵੀ ਵਡਿਆਈਆਂ ਬਹੁਤ ਮਿਲਦੀਆਂ ਹਨ। (**ਸੁਣਿ ਸੁਣਿ ਬੂਝੈ ਮਾਨੈ ਨਾਉ॥ ਤਾ ਕੈ ਸਦ ਬਲਿਹਾਰੈ ਜਾਉ॥ ਆਪਿ ਭੁਲਾਏ ਠਉਰ ਨ ਠਾਉ॥ ਤੂੰ ਸਮਝਾਵਹਿ ਮੇਲਿ ਮਿਲਾਉ॥**) ਨਾਮ ਦਾ ਮਿਲਣਾ ਤਾਂ ਪ੍ਰਮਾਤਮਾ ਦਾ ਮਿਲਣਾ ਹੈ, ਉਸਦੇ ਗੁਣਾਂ ਵਾਲੀ ਸਮਝ ਦਾ ਮਿਲਣਾ ਹੈ ਤੇ ਇਨ੍ਹਾਂ ਗੁਣਾਂ ਵਾਲੀ ਵਿਚਰਨ ਨੇ ਹੀ ਸਾਡੇ ਨਾਲ ਚੱਲਣਾ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਸਾਡਾ ਸਾਥ ਦੇਣਾ ਹੈ। ਨਾਮ ਤੋਂ ਬਿਨ੍ਹਾਂ ਹਰ ਕੋਈ ਕਾਲ ਦੇ ਵੱਸ ਹੈ ਭਾਵ ਨਾਮ ਮਿਲਣ ਦੁਆਰਾ ਮਨੁੱਖ ਨੂੰ ਕਾਲ ਤੋਂ

ਮੁਕਤੀ ਮਿਲਦੀ ਹੈ (**ਬਿਨੁ ਨਾਵੈ ਬਾਧੀ ਸਭ ਕਾਲਿ॥**)।"ਕਾਲਿ" ਕੀ ਹੈ ਇਸ ਗੱਲ ਨੂੰ ਸ਼ਬਦਾਂ ਦੁਆਰਾ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਇਹ "ਕਾਲਿ" ਸਾਡੀ ਆਤਮਿਕ ਮੌਤ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਹੈ, ਧਰਮ ਦੇ ਸੱਚੇ ਮਾਰਗ ਨੂੰ, "ਨਾਮ" ਨੂੰ ਨਾ ਸਮਝਣ ਵਾਲੀ ਸਮਝ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਾ ਸਮਝਣ ਦੇਣ ਵਾਲੀ ਸਮਝ ਹੈ। ਕਿਸੇ ਨੂੰ ਨਾਮ ਦੇਣਾ ਕਾਲਿ ਤੋਂ ਮੁਕਤੀ ਦੇਣ ਦੇ ਬਰਾਬਰ ਹੈ ਤੇ ਕੀ ਕੋਈ ਮਨੁੱਖ ਕਿਸੇ ਨੂੰ ਕਾਲਿ ਤੋਂ ਮੁਕਤੀ ਦੇ ਸਕਦਾ ਹੈ?

ਜਿਸਨੂੰ ਅਸੀਂ ਨਾਮ ਸਮਝਦੇ ਹਾਂ ਜੋ ਕਿ ਅਸੀਂ ਕਿਸੇ ਅੱਖਰ ਨੂੰ ਸਮਝਦੇ ਹਾਂ, ਉਸੇ ਨਾਮ ਦੁਆਰਾ ਹੀ, ਕਥਨੀ ਦੁਆਰਾ ਹੀ ਅਸੀਂ ਨਾਮ ਦੀ ਵਣਜ ਕਰਦੇ ਹਾਂ ਭਾਵ ਨਾਮ ਦਾ ਵਪਾਰ ਕਰਦੇ ਹਾਂ, ਆਪਣੇ ਅੰਦਰ ਨਾਮ ਦਾ ਬੀਜ ਬੀਜਦੇ ਹਾਂ **(ਖੇਤੀ ਵਣਜੁ ਨਾਵੈ ਕੀ ਓਟ॥ ਪਾਪੁ ਪੁੰਨੁ ਬੀਜ ਕੀ ਪੋਟ॥)** ਭਾਵ ਬੋਲ ਬੋਲ ਕੇ ਆਪਣੇ ਵੱਲੋਂ ਨਾਮ ਜਪਦੇ ਹਾਂ ਜਿਸਨੂੰ ਅਸੀਂ ਆਪਣੇ ਅੰਦਰ ਨਾਮ ਦਾ ਬੀਜ ਬੀਜਣਾ ਸਮਝਦੇ ਹਾਂ। ਕਰਮ ਅਸੀਂ ਪਾਪ ਪੁੰਨ ਵਾਲੇ ਕਰਦੇ ਹਾਂ ਭਾਵ ਆਪਣੀ ਮਤਿ ਅਨੁਸਾਰ ਕਿਸੇ ਗੱਲ ਨੂੰ ਪਾਪ ਸਮਝਦੇ ਹਾਂ ਕਿਸੇ ਗੱਲ ਨੂੰ ਪੁੰਨ ਸਮਝਦੇ ਹਾਂ, ਕਰਮ ਧਰਮ ਵਿੱਚ ਉਲਝੇ ਰਹਿੰਦੇ ਹਾਂ ਭਾਵ ਸਾਡੇ ਹੱਥ ਵਿੱਚ ਪੋਟ ਪਾਪ ਪੁੰਨ ਦੇ ਬੀਜਾਂ ਵਾਲੀ ਹੈ ਮਗਰ ਆਪਣੇ ਵੱਲੋਂ ਅਸੀਂ ਖੇਤੀ ਨਾਮ ਦੀ ਕਰਦੇ ਹਾਂ ਭਾਵ ਸਾਡੇ ਅੰਦਰ ਤਾਂ ਔਗੁਣ ਹੁੰਦੇ ਹਨ ਭਾਵ ਔਗੁਣਾਂ ਵਾਲੀ ਮਾੜੀ ਸਮਝ ਹੁੰਦੀ ਹੈ, ਮਨਮਤਿ ਹੁੰਦੀ ਹੈ ਤੇ ਅਸੀਂ ਉਸਦੇ ਬਦਲੇ ਗੁਣਾਂ ਦੇ ਖਜ਼ਾਨੇ ਨੂੰ ਲੱਭਦੇ ਹਾਂ ਭਾਵ ਜਿਸਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ ਉਹ ਨਾਮ ਜਪਣਾ ਨਹੀਂ ਹੈ ਜਿਵੇਂ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਸਾਡੇ ਮਨ ਦੇ ਵਿੱਚ ਤਾਂ ਹਰ ਵੇਲੇ ਔਗੁਣਾਂ ਦੀ ਚੋਟ ਵੱਜਦੀ ਰਹਿੰਦੀ ਹੈ **(ਕਾਮੁ ਕ੍ਰੋਧੁ ਜੀਅ ਮਹਿ ਚੋਟ॥)** ਤੇ ਇਹੋ ਜਿਹੀ ਅਵੱਸਥਾ ਵਿੱਚ ਨਾਮ ਜਪਣਾ ਨਹੀਂ ਕਿਹਾ ਜਾ ਸਕਦਾ ਬਲਕਿ ਇਹੋ ਜਿਹੇ ਮਨੁੱਖ ਨੇ ਨਾਮ ਨੂੰ ਵਿਸਾਰਿਆ ਹੁੰਦਾ ਹੈ। ਨਾਮ ਦੀ ਵਣਜ ਗੁਣਾਂ ਨਾਲ ਹੁੰਦੀ ਹੈ ਨਾ ਕਿ ਔਗੁਣਾਂ ਨਾਲ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸਦੇ ਮਨ ਵਿੱਚ ਖੋਟ ਹੈ ਭਾਵ ਜਿਸਦੇ ਅੰਦਰ ਸੱਚ ਨਹੀਂ ਹੈ ਉਹ ਇਸ ਸੰਸਾਰ ਤੋਂ ਨਾਮ ਨੂੰ ਵਿਸਾਰ ਕੇ ਜਾਂਦੇ ਹਨ, ਗੁਰੂ ਨੂੰ ਵਿਸਾਰ ਕੇ ਜਾਂਦੇ ਹਨ ਭਾਵ ਗੁਰੂ ਦੇ ਉਪਦੇਸ਼ ਤੋਂ ਸੱਖਣੇ ਜਾਂਦੇ ਹਨ **(ਨਾਮੁ ਵਿਸਾਰਿ ਚਲੇ ਮਨਿ ਖੋਟ॥)**। ਹੁਣ ਇਸ ਗੱਲ ਨੂੰ ਵਿਚਾਰੋ ਕਿ ਅੱਗੇ ਸਾਡੇ ਨਾਲ ਕੀ ਜਾਣਾ ਹੈ, ਸਾਡਾ ਸਾਥ ਕਿਸਨੇ ਦੇਣਾ ਹੈ। ਅੱਗੇ ਜਾਣ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਅੱਗੇ ਜਾਣ ਤੋਂ ਭਾਵ ਪ੍ਰਮਾਤਮਾ ਦੇ ਦਰ ਤੇ ਜਾਣ ਨਾਲ ਹੀ ਹੈ ਜਿਸ ਦਰ ਤੇ ਅਸੀਂ ਆਪਣੇ ਸਰੀਰ ਦੇ ਰਹਿੰਦਿਆਂ ਹੀ ਜਾ ਸਕਦੇ ਹਾਂ। ਪ੍ਰਮਾਤਮਾ ਦਾ ਦਰ ਸਾਡੇ ਅੰਦਰ ਹੀ ਹੈ ਜੋ ਕਿ ਸੱਚੇ ਗਿਆਨ ਦਾ ਦਰ ਹੈ ਜਿੱਥੇ ਗੁਰੂ ਦੇ ਸੱਚੇ ਗਿਆਨ ਨਾਲ ਜੁੜਕੇ, ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਜਾਇਆ ਜਾ ਸਕਦਾ ਹੈ, ਗੁਣਾਂ ਦੁਆਰਾ ਹੀ ਜਾਇਆ ਜਾ ਸਕਦਾ ਹੈ। ਪ੍ਰਮਾਤਮਾ ਦੇ ਦਰ ਤੇ ਜਾਣ ਲਈ ਸਾਡਾ ਸਾਥ ਗੁਰੂ ਦੀ ਮਤਿ ਨੇ ਹੀ ਦੇਣਾ ਹੈ। ਅਗਰ ਸਾਡਾ ਹਿਰਦਾ ਸ਼ੁੱਧ ਨਹੀਂ ਤਾਂ ਫਿਰ ਇਹੋ ਜਿਹੀ ਅਵੱਸਥਾ ਵਿੱਚ ਅਸੀਂ ਜੋ ਕੁੱਝ ਵੀ ਜਪ ਤਪ ਕੀਤਾ ਹੈ, ਮਨਮਤਿ ਦੁਆਰਾ ਕਰਮ ਧਰਮ ਕੀਤੇ ਹਨ ਉਨ੍ਹਾਂ ਵਿੱਚ ਨਾਮ ਨਹੀਂ ਹੈ ਭਾਵ ਗੁਰੂ ਦੀ ਸੱਚੀ ਮਤਿ ਨਹੀਂ ਹੈ। ਅਸੀਂ ਜਿਸ ਨੂੰ ਨਾਮ ਸਮਝਦੇ ਹਾਂ ਉਹ ਕੇਵਲ ਇੱਕ ਸਾਡਾ ਭੁਲੇਖਾ ਹੈ। ਇਹ ਭੁਲੇਖਾ ਸਾਡਾ ਜਿਤਨੀ ਜਲਦੀ ਨਿਕਲ ਜਾਵੇਗਾ ਸਾਡੇ ਲਈ ਉਤਨਾ ਹੀ ਚੰਗਾ ਹੈ, ਤਾਂ ਕਿ ਅਸੀਂ ਉਹੋ ਜਿਹਾ ਜਪ ਤਪ ਕਰੀਏ

3/125

ਜੋ ਅੱਗੇ ਜਾਣ ਵਿੱਚ ਕੰਮ ਆਉਣਾ ਹੈ। ਅਸੀਂ ਭੁਲੇਖੇ ਵਿੱਚ ਹੀ ਆਪਣਾ ਕਿਤਨਾ ਵੱਡਾ ਨੁਕਸਾਨ ਕਰੀ ਜਾ ਰਹੇ ਹਾਂ ਸਾਨੂੰ ਇਸਦਾ ਅੰਦਾਜਾ ਵੀ ਨਹੀਂ ਹੈ। ਹੁਣ ਉੱਪਰ ਸ਼ਬਦ ਰਾਹੀਂ ਫਿਰ ਤੋਂ ਸਮਝੋ ਕਿ ਗੁਰੂ ਬਲਿਹਾਰੇ ਕਿਸ ਤੋਂ ਜਾਂਦਾ ਹੈ।

"ਸੁਣਿ ਸੁਣਿ ਬੂਝੈ ਮਾਨੈ ਨਾਉ॥ ਤਾ ਕੈ ਸਦ ਬਲਿਹਾਰੈ ਜਾਉ॥"

ਇਸ ਤੋਂ ਪਿਛਲੇ ਸ਼ਬਦ ਰਾਹੀਂ ਵੀ ਅਸੀਂ ਇਹ ਜਾਣਿਆ ਹੈ ਕਿ ਗੁਰੂ ਬਲਿਹਾਰੇ ਕਿਸ ਤੋਂ ਜਾਂਦਾ ਹੈ, ਜੋ ਕਿ ਇਸ ਤਰੀਕੇ ਸਮਝਾਇਆ ਹੋਇਆ ਹੈ।

"ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ॥"

(ਅੰਗ - ੩੬੧)

ਗੁਰੂ ਦਾ ਸਾਡੇ ਤੋਂ ਬਲਿਹਾਰੇ ਜਾਣ ਦਾ ਤਰੀਕਾ ਤੇ ਇੱਕੋ ਹੀ ਹੈ, ਜੋ ਕਿ ਉਸਦੇ ਗੁਣਾਂ ਨੂੰ, ਉਸਦੀ ਮਤਿ ਨੂੰ ਆਪਣੇ ਅੰਦਰ ਧਾਰਨ ਕਰਨਾ ਹੈ। ਪੂਰੀ ਬਾਣੀ ਨਾਮ ਹੈ ਤੇ ਸਾਨੂੰ ਨਾਮ ਸਮਝਾ ਰਹੀ ਹੈ। ਨਾਮ ਨੂੰ ਭਾਵ ਗੁਰੂ ਦੀ ਗੱਲ ਨੂੰ ਸੁਣੀਏ, ਉਸਨੂੰ ਸਮਝੀਏ ਤੇ ਉਸਨੂੰ ਮੰਨੀਏ। ਗੁਰੂ ਸਾਨੂੰ ਵਾਰ-ਵਾਰ ਇਹ ਗੱਲ ਸਮਝਾ ਰਿਹਾ ਹੈ ਕਿ ਔਗੁਣਾਂ ਨੂੰ ਛੱਡੋ ਅਤੇ ਗੁਣਾਂ ਨੂੰ ਅਪਣਾਉ ਤੇ ਜੋ ਗੁਰੂ ਦੀ ਗੱਲ ਨੂੰ ਮੰਨ ਕੇ ਉਸ ਤੇ ਅਮਲ ਕਰਦਾ ਹੈ, ਗੁਰੂ ਉਸ ਤੋਂ ਬਲਿਹਾਰੇ ਜਾਂਦਾ ਹੈ ਭਾਵ ਮਨੁੱਖ ਦੇ ਗੁਣਾਂ ਦੁਆਰਾ ਕੀਤੇ ਹੋਏ ਕਰਮ ਹੀ ਲੇਖੇ ਵਿੱਚ ਪੈਂਦੇ ਹਨ, ਉਸਦੀ ਦਰਗਾਹ ਵਿੱਚ ਕੰਮ ਆਉਂਦੇ ਹਨ।

ਨਾਮ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਹੀ ਹੈ। ਸਾਡੇ ਅੰਦਰ ਕੋਈ ਲਫ਼ਜਾਂ ਦਾ ਮੰਤ੍ਰ ਤੇ ਨਹੀਂ ਹੋ ਸਕਦਾ ਜਿਸ ਨਾਲ ਅਸੀਂ ਮਿਲਣਾ ਚਾਹੁੰਦੇ ਹਾਂ। ਹੇਠ ਦਿੱਤੇ ਸ਼ਬਦ ਰਾਹੀਂ ਇਹ ਹੀ ਸਮਝਾਇਆ ਹੋਇਆ ਹੈ।

"ਅੰਤਰਿ ਅਲਖੁ ਨ ਜਾਈ ਲਖਿਆ॥ ਨਾਮੁ ਰਤਨੁ ਲੈ ਗੁਝਾ ਰਖਿਆ॥

ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ॥੧॥"

(ਅੰਗ ੧੩੦)

ਪ੍ਰਮਾਤਮਾ ਆਪ ਨਾਮ ਰਤਨ ਹੈ ਜੋ ਸਾਡੇ ਅੰਦਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕਾਫ਼ੀ ਸ਼ਬਦਾਂ ਦੁਆਰਾ ਜਾਣਿਆ ਹੈ। ਉਹ ਸਾਡੇ ਅੰਦਰ ਗੁੱਝਾ ਵਰਤ ਰਿਹਾ ਹੈ ਭਾਵ ਗੁਪਤ ਵਰਤ ਰਿਹਾ ਹੈ। ਉਸ ਨੂੰ ਆਪਣੇ ਅੰਦਰੋਂ ਵੇਖਣ ਲਈ, ਬੁੱਝਣ ਲਈ ਕੇਵਲ ਇੱਕੋ ਤਰੀਕਾ ਸ਼ਬਦ ਹੈ, ਸ਼ਬਦ ਰਾਹੀਂ ਹੈ, ਸ਼ਬਦ ਰੂਪ ਗੁਰੂ ਦੇ ਉਪਦੇਸ਼ ਰਾਹੀਂ ਹੈ ਜਿਵੇਂ ਕਿ ਵਾਰ-ਵਾਰ ਪਿੱਛੇ ਸਮਝਾਇਆ ਗਿਆ ਹੈ। ਅਸੀਂ ਆਪਣੇ ਅੰਦਰੋਂ ਜਿਹੜੇ "ਨਾਮ ਮੰਤ੍ਰ" ਨੂੰ ਲੱਭਣਾ ਚਾਹੁੰਦੇ ਹਾਂ ਤੇ ਉਸ ਮੰਤ੍ਰ ਦਾ ਕੀ ਕਰਨਾ ਚਾਹੁੰਦੇ ਹਾਂ, ਇਹ ਸਮਝ ਤੋਂ ਬਾਹਰ ਹੈ। ਬੜੀ ਸਿੱਧੀ ਜਿਹੀ ਗੱਲ ਹੈ ਕਿ ਨਾਮ ਸਾਡੇ ਅੰਦਰ ਹੈ, ਪ੍ਰਮਾਤਮਾ ਸਾਡੇ ਅੰਦਰ ਹੈ, ਉਹ ਅਗਮੁ ਅਗੋਚਰ ਹੈ, ਸਾਡੀ ਸਮਝ ਤੋਂ ਬਾਹਰ ਹੈ ਤੇ ਉਸ ਨੂੰ ਕੇਵਲ ਗੁਰੂ ਦੇ ਸ਼ਬਦ ਦੁਆਰਾ, ਗੁਰੂ ਦੇ ਗਿਆਨ ਦੁਆਰਾ ਬੁੱਝਿਆ ਜਾ ਸਕਦਾ ਹੈ। ਪ੍ਰਮਾਤਮਾ ਦਾ ਨਾਮ ਰਤਨ ਸਾਡੇ ਅੰਦਰ "ਗਿਆਨ ਰਤਨੁ" ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ।

{ਗਿਆਨ ਰਤਨੁ ਮਨਿ ਪਰਗਟੁ ਭਇਆ ॥

ਨਾਮੁ ਪਦਾਰਥੁ ਸਹਜੇ ਲਇਆ ॥

ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ ੧੦੬੯)

ਪ੍ਰਮਾਤਮਾ ਸਾਡੇ ਅੰਦਰ ਨਾਮ ਰਤਨੁ ਦੇ ਰੂਪ ਵਿੱਚ, ਗਿਆਨ ਰਤਨੁ ਦੇ ਰੂਪ ਵਿੱਚ ਹੈ ਤੇ ਉਸ ਨੂੰ ਆਪਣੇ ਅੰਦਰੋਂ ਬੁੱਝਣ ਦੇ ਲਈ ਕਿਸੇ ਤੰਤ੍ਰ ਮੰਤ੍ਰ ਦੀ ਲੋੜ ਨਹੀਂ ਹੈ। ਗੁਰੂ ਦਾ ਮੰਤ੍ਰ ਤਾਂ ਸਾਰੀ ਬਾਣੀ ਹੈ, ਹਰ ਸ਼ਬਦ ਹੈ, ਹਰ ਸ਼ਬਦ ਦਾ ਗਿਆਨ ਹੈ। (**ਅੰਤਰਿ ਅਲਖੁ ਨ ਜਾਈ ਲਖਿਆ॥ ਨਾਮੁ ਰਤਨੁ ਲੈ ਗੁਝਾ ਰਖਿਆ॥ ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ॥**) ਅਗਿਆਨਤਾ ਰਾਹੀਂ ਗਿਆਨ ਨੂੰ ਕਦੇ ਨਹੀਂ ਬੁੱਝਿਆ ਜਾ ਸਕਦਾ। ਆਓ ਹੇਠ ਦਿੱਤੇ ਸ਼ਬਦ ਦੀ ਪੰਗਤੀ ਰਾਹੀਂ ਇਸ ਗੱਲ ਨੂੰ ਥੋੜ੍ਹਾ ਹੋਰ ਵਿਚਾਰੀਏ ਕਿ ਨਾਮ ਕੀ ਹੈ।

"ਹਰਿ ਗੁਣ ਪੜੀਐ ਹਰਿ ਗੁਣ ਗੁਣੀਐ॥

ਹਰਿ ਹਰਿ ਨਾਮ ਕਥਾ ਨਿਤ ਸੁਣੀਐ॥"

(ਅੰਗ ੯੫)

3/126

"ਹਰਿ" ਗੁਰੂ ਹੈ, ਗੁਰਬਾਣੀ ਹੈ ਅਤੇ ਹਰਿ ਹਰਿ ਨਾਮ ਗੁਰੂ ਦਾ ਉਪਦੇਸ਼ ਹੈ, ਗੁਰੂ ਦੀ ਕਥਾ ਹੈ। ਬਾਣੀ ਨੂੰ ਪੜ੍ਹੀਏ, ਉਸਦੇ ਗੁਣਾਂ ਨੂੰ ਜਾਣੀਏ ਤੇ ਉਨ੍ਹਾਂ ਗੁਣਾਂ ਵਿੱਚ ਆਪਣੇ ਆਪ ਨੂੰ ਗੁਣੀਏ ਭਾਵ ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਧਾਰੀਏ, ਗੁਣਾਂ ਵਾਲੇ ਬਣੀਏ। (**ਹਰਿ ਗੁਣ ਪੜੀਐ ਹਰਿ ਗੁਣ ਗੁਣੀਐ॥**) ਇੱਥੇ ਨਾਮ ਦੀ ਕਥਾ ਸੁਣਨ ਦਾ ਵੀ ਹੁਕਮ ਕੀਤਾ ਹੋਇਆ ਹੈ। ਕਥਾ ਕਿਸਦੀ ਸੁਣਨੀ ਹੈ? ਬਾਣੀ ਦੀ ਜਾਂ ਕਿਸੇ ਹੋਰ ਮੰਤ੍ਰ ਦੀ। ਜਿਸ ਮੰਤ੍ਰ ਵਿੱਚ, ਅੱਖਰ ਵਿੱਚ ਕੋਈ ਗਿਆਨ ਹੀ ਨਹੀਂ ਉਸਦੀ ਕਥਾ ਕੌਣ ਸੁਣਾਏਗਾ ਤੇ ਕੌਣ ਸੁਣੇਗਾ ਤੇ ਜੇਕਰ ਇਹ ਮੰਨ ਲਈਏ ਕਿ "ਨਾਮ" ਗੁਰਬਾਣੀ ਹੈ ਤਾਂ ਫਿਰ ਅਰਥ ਵੀ ਸਮਝ ਆ ਜਾਣਗੇ, ਜੋ ਕਿ ਸਪੱਸ਼ਟ ਤੌਰ ਤੇ ਆ ਹੀ ਰਹੇ ਹਨ। ਅਸੀਂ ਮੰਨਣ ਨੂੰ ਤਿਆਰ ਹੀ ਨਹੀਂ ਹੁੰਦੇ ਕਿਉਂਕਿ ਜਿਹੜੀ ਗੱਲ ਅਸੀਂ ਮੁੱਦਤਾਂ ਤੋਂ ਸੁਣਦੇ ਆ ਰਹੇ ਹਾਂ ਬੱਸ ਅੱਖਾਂ ਮੀਟ ਕੇ ਉਸਦੇ ਪਿੱਛੇ ਹੀ ਲੱਗੇ ਹੋਏ ਹਾਂ। ਗੁਰੂ ਦੇ ਸਮਝਾਉਣ ਵੱਲੋਂ ਤਾਂ ਕੋਈ ਕਸਰ ਨਹੀਂ ਹੈ। ਹਕੀਕਤ ਇਹ ਹੈ ਕਿ ਗੁਰਬਾਣੀ ਨੂੰ ਗੰਭੀਰਤਾ ਨਾਲ ਵਿਚਾਰਿਆ ਹੀ ਨਹੀਂ ਗਿਆ ਤੇ ਜਾਂ ਫਿਰ ਮਨ ਦੀ ਮਾਇਆ ਨੇ ਸਾਨੂੰ ਸਮਝ ਆਉਣ ਹੀ ਨਹੀਂ ਦਿੱਤੀ। ਭਰਮਾਂ ਵਿੱਚ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ, ਉਸਦੀ ਮਾਇਆ ਹੈ ਜੋ ਸਭ ਦੇ ਅੰਦਰ ਵਰਤ ਰਹੀ ਹੈ। ਨਾਮ ਦਾ ਮਕਸਦ ਸਾਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੀ ਹੈ। (**ਹਰਿ ਗੁਣ ਪੜੀਐ ਹਰਿ ਗੁਣ ਗੁਣੀਐ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ॥**)

"ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥

ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥
ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥੧॥
ਉਦਮੁ ਕਰਤ ਮਨੁ ਨਿਰਮਲੁ ਹੋਆ ॥
ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥੨॥
ਅੰਤਰਿ ਬਾਹਰਿ ਤੇਰੀ ਬਾਣੀ ॥
ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥
ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥੩॥
ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥
ਹਰਿ ਪੈਨਣੁ ਨਾਮੁ ਭੋਜਨੁ ਥੀਆ ॥
ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥"

(ਅੰਗ ੯੯)

ਇਸ ਸ਼ਬਦ ਰਾਹੀਂ ਗੁਰੂ ਦੀ ਮਹਿਮਾ ਸਮਝਾਈ ਹੋਈ ਹੈ ਤੇ ਇਹ ਦੱਸਿਆ ਹੋਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਭ ਕੁੱਝ ਉਹ ਆਪ ਹੀ ਕਰਦਾ ਹੈ। ਹਰ ਮਨੁੱਖ ਵਿੱਚ ਉਹ ਆਪ ਹੀ ਹੈ ਭਾਵੇਂ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਹੈ। ਜਿਤਨੇ ਵੀ ਸੰਸਾਰ ਵਿੱਚ ਰੰਗ, ਚੋਜ, ਤਮਾਸੇ ਹੁੰਦੇ ਹਨ ਉਹ ਪ੍ਰਮਾਤਮਾ ਆਪ ਹੀ ਕਰਦਾ ਹੈ, ਆਪਣੇ ਨਾਮ ਦੁਆਰਾ ਕਰਦਾ ਹੈ ਤੇ ਸਾਰੇ ਭੋਗ ਆਪ ਹੀ ਭੋਗਦਾ ਹੈ। ਅਗਰ ਨਾਮ ਇੱਕ ਲਫਜ ਦਾ ਮੰਤ੍ਰ ਹੈ ਤਾਂ ਕੀ ਫਿਰ ਇਹ ਸਭ ਕੁੱਝ ਉਹ ਮੰਤ੍ਰ ਕਰ ਰਿਹਾ ਹੈ। ਸਾਰੇ ਤਮਾਸ਼ੇ ਕੀ ਇੱਕ ਅੱਖਰਾਂ ਦਾ ਜੋੜ ਕਰ ਰਿਹਾ ਹੈ? ਕੀ ਦੁਨੀਆਂ ਦੇ ਸਾਰੇ ਭੋਗ ਅੱਖਰਾਂ ਦੇ ਜੋੜ ਦੁਆਰਾ ਹੁੰਦੇ ਹਨ। ਕੀ ਇਸ ਗੱਲ ਦਾ ਕੋਈ ਜਵਾਬ ਬਣ ਸਕਦਾ ਹੈ? ਸਭ ਕੁੱਝ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਆਪਣੇ ਨਾਮ ਦੁਆਰਾ ਕਰ ਰਹਿਆ ਹੈ। ਸਭ ਸੰਸਾਰ ਉਸਨੇ ਆਪਣੇ ਨਾਮ ਦੁਆਰਾ ਬਣਾਇਆ ਹੈ ਭਾਵ ਬ੍ਰਹਮ ਗਿਆਨ ਦੁਆਰਾ ਬਣਾਇਆ ਹੈ ਤੇ ਸਭ ਕੁੱਝ ਉਸਦੇ ਬ੍ਰਹਮ ਗਿਆਨ ਦੁਆਰਾ ਹੀ ਹੋ ਰਹਿਆ ਹੈ। ਸਭ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਉਸਦੇ ਹਰ ਰੂਪ ਦੁਆਰਾ ਜੋ ਕੁੱਝ ਵੀ ਹੁੰਦਾ ਹੈ ਉਹ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ। (**ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ॥**) ਅੱਖਰ ਨੂੰ ਨਾਮ ਦੱਸਣ ਵਾਲੇ ਇਸ ਗੱਲ ਦਾ ਜਵਾਬ ਤਾਂ ਨਹੀਂ ਦੇ ਸਕਦੇ ਕਿਉਂਕਿ

3/127

ਜਵਾਬ ਤਾਂ ਕੋਈ ਨਹੀਂ ਬਣ ਸਕਦਾ ਪਰ ਫਿਰ ਵੀ ਅਸੀਂ ਆਪਣੀਆਂ ਸਿਆਣਪਾਂ ਦੁਆਰਾ ਕੋਈ ਨਾ ਕੋਈ ਗੱਲ ਕੱਢ ਹੀ ਲੈਂਦੇ ਹਾਂ ਤੇ ਜੇਕਰ ਇਹ ਮੰਨ ਲਈਏ ਕਿ ਨਾਮ ਆਪ ਪ੍ਰਮਾਤਮਾ ਹੈ ਤੇ ਕੀ ਫਿਰ ਸਾਨੂੰ ਬਾਣੀ ਨੂੰ ਸਮਝਣਾ ਸੌਖਾ ਨਹੀਂ ਹੋ ਜਾਵੇਗਾ ਅਤੇ ਅਸੀਂ ਅੰਦਾਜੇ ਲਗਾ ਲਗਾ ਕੇ ਅਰਥ ਕੱਢਣ ਤੋਂ ਬੱਚ ਜਾਵਾਂਗੇ।

{ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥

ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

ਉੱਪਰ ਵਾਲੇ ਸ਼ਬਦ ਨੂੰ ਪੜ ਕੇ ਹਰ ਕੋਈ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਵਿੱਚ ਜੋ ਵੀ ਰਚਨਾ ਹੋਈ ਹੈ, ਜੋ ਵੀ ਆਕਾਰ ਰੂਪ ਬਣਿਆ ਹੈ ਉਹ ਨਾਮ ਦੁਆਰਾ ਬਣਿਆ ਹੈ। ਬਾਣੀ ਰਾਹੀਂ ਹੀ ਸਾਨੂੰ ਇਹ ਗੱਲ ਸਮਝਾਈ ਹੋਈ ਹੈ ਕਿ ਹਰ ਆਕਾਰ ਰੂਪ ਨਿਰੰਕਾਰ ਰੂਪ ਦੁਆਰਾ ਬਣਿਆ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥
ਮਾਇਆ ਮੋਹੁ ਹੁਕਮਿ ਬਣਾਇਆ ॥}

(ਅੰਗ ੧੦੬੬)

ਸਭ ਕੁੱਝ ਬਣਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਸਭ ਕੁੱਝ ਉਸਨੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ, ਆਪਣੇ ਨਾਮ ਦੁਆਰਾ ਬਣਾਇਆ ਹੈ ਭਾਵ ਪ੍ਰਮਾਤਮਾ ਦਾ ਨਾਮ ਉਸਦਾ ਨਿਰੰਕਾਰ ਰੂਪ ਹੈ। ਨਿਰੰਕਾਰ ਰੂਪ ਕੇਵਲ "ਗਿਆਨ" ਦਾ ਹੋ ਸਕਦਾ ਹੈ ਤੇ ਕਿਸੇ ਹੋਰ ਚੀਜ ਦਾ ਨਹੀਂ ਹੋ ਸਕਦਾ। ਅਸੀਂ ਕਿਸੇ ਅੱਖਰ ਨੂੰ ਨਾਮ ਸਮਝਦੇ ਹਾਂ ਜੋ ਕਿ ਆਕਾਰ ਰੂਪ ਵਿੱਚ ਹੁੰਦਾ ਹੈ। ਨਾਮ ਕੋਈ ਆਕਾਰ ਰੂਪ ਅੱਖਰ ਨਹੀਂ ਹੋ ਸਕਦਾ ਬਲਕਿ ਅੱਖਰਾਂ ਦੇ ਅੰਦਰ ਦਾ ਜੋ ਗਿਆਨ ਹੈ ਭਾਵ ਅੱਖਰਾਂ ਦੇ ਅੰਦਰ ਦਾ ਜੋ ਨਿਰੰਕਾਰ ਰੂਪ ਹੈ, ਉਹ ਨਾਮ ਹੈ। ਪੂਰੀ ਗੁਰਬਾਣੀ ਵਿੱਚ, ਧਰਮ ਗ੍ਰੰਥਾਂ ਵਿੱਚ ਨਾਮ ਅੱਖਰਾਂ ਦੇ ਅੰਦਰ ਦੇ ਗਿਆਨ ਦੇ ਰੂਪ ਵਿੱਚ ਹੀ ਹੈ।

{ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥}

(ਅੰਗ ੪੬੫)

ਪ੍ਰਮਾਤਮਾ ਦਾ ਨਾਮ ਉਸਦਾ ਆਪਣਾ ਬ੍ਰਹਮ ਗਿਆਨ ਰੂਪ ਹੈ ਜਿਸ ਬ੍ਰਹਮ ਗਿਆਨ ਦੁਆਰਾ, ਉੱਚੀ ਸਾਇੰਸ ਵਾਲੇ ਗਿਆਨ ਦੁਆਰਾ ਉਸਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਆਪ ਹੀ ਆਪਣੀ ਸ੍ਰਿਸ਼ਟੀ ਨੂੰ ਚਲਾ ਰਹਿਆ ਹੈ। ਸਾਡੇ ਸਰੀਰ ਨੂੰ ਵੀ ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਚਲਾ ਰਹਿਆ ਹੈ ਤੇ ਸਭ ਦੇ ਅੰਦਰ ਉਹ ਆਪਣੇ ਨਾਮ ਰੂਪ ਵਿੱਚ ਹੀ ਹੈ।

ਨਾਮ ਦੇ ਦਰਸ਼ਨ, ਨਾਮ ਦੀ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਲਿਖੀ ਪੰਗਤੀ ਨੂੰ ਪੜ੍ਹ ਕੇ ਸੌਖੇ ਹੀ ਸਮਝਿਆ ਜਾ ਸਕਦਾ ਹੈ।

"ਜਾ ਕੈ ਹੀਐ ਦੀਓ ਪ੍ਰਭ ਨਾਮ॥ ਨਾਨਕ ਸਾਧ ਪੂਰਨ ਭਗਵਾਨ॥੪॥" (ਅੰਗ ੨੫੧)

ਨਾਮ ਗੁਰੂ ਦੇ ਪਾਸ ਹੈ, ਗੁਰੂ ਦੇ ਹਿਰਦੇ ਵਿੱਚ ਹੈ। ਗੁਰੂ ਸਾਧ ਹੈ, ਪੂਰਨ ਭਗਵਾਨ ਹੈ। ਨਾਮ ਪ੍ਰਮਾਤਮਾ ਆਪ ਹੈ ਤੇ ਜਿਸਨੂੰ ਉਹ ਆਪਣਾ ਨਾਮ ਦੇ ਦਿੰਦਾ ਹੈ ਉਹ ਪੂਰਨ ਰੂਪ ਵਿੱਚ ਪ੍ਰਮਾਤਮਾ ਦਾ ਰੂਪ ਹੋ ਜਾਂਦਾ ਹੈ। ਨਾਮ ਗੁਰੂ ਦੇ ਪਾਸ ਹੈ, ਇਸੇ ਲਈ ਗੁਰੂ ਪੂਰਨ ਹੈ, ਮਨ ਦੀ ਸੱਚੀ ਸਮਝ ਦੁਆਰਾ ਪੂਰਨ ਹੈ, ਸੱਚੇ ਗਿਆਨ ਦੁਆਰਾ ਪੂਰਨ ਹੈ। ਗੁਰੂ ਆਪ ਪ੍ਰਮਾਤਮਾ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਸੱਚਾ ਸਰੂਪ ਹੈ।

"ਪੂਰਾ ਮਾਰਗੁ ਪੂਰਾ ਇਸਨਾਨੁ॥ ਸਭੁ ਕਿਛੁ ਪੂਰਾ ਹਿਰਦੈ ਨਾਮੁ॥੧॥
ਪੂਰੀ ਰਹੀ ਜਾ ਪੂਰੈ ਰਾਖੀ॥
ਪਾਰਬ੍ਰਹਮ ਕੀ ਸਰਣਿ ਜਨ ਤਾਕੀ॥੧॥ਰਹਾਉ॥
ਪੂਰਾ ਸੁਖੁ ਪੂਰਾ ਸੰਤੋਖੁ॥ ਪੂਰਾ ਤਪੁ ਪੂਰਨ ਰਾਜੁ ਜੋਗੁ॥੨॥
ਹਰਿ ਕੈ ਮਾਰਗਿ ਪਤਿਤ ਪੁਨੀਤ॥ ਪੂਰੀ ਸੋਭਾ ਪੂਰਾ ਲੋਕੀਕ॥੩॥

ਕਰਣਹਾਰੁ ਸਦ ਵਸੈ ਹਦੂਰਾ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ॥੪॥”

(ਅੰਗ ੧੮੮)

ਉੱਪਰ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਇਸ ਸੰਸਾਰ ਦੇ ਵਿੱਚ ਪੂਰਾ ਕੌਣ ਹੈ ਤੇ ਪੂਰਾ ਬਣਨਾ ਕੀ ਹੈ। ਆਪਣੇ ਆਪ ਨੂੰ ਪੂਰਾ ਅਖਵਾਉਣ ਵਾਲੇ ਬਹੁਤ ਹਨ ਜੋ ਆਪਣੇ ਆਪ ਨੂੰ ਆਪੇ ਹੀ ਪੂਰਾ ਥਾਪ ਲੈਂਦੇ ਹਨ, ਸਰੀਰਕ ਜਪਾਂ ਤਪਾਂ ਦੁਆਰਾ ਭਗਤੀ ਦੇ ਮਾਰਗ ਤੇ ਪੂਰਾ ਸਮਝ ਲੈਂਦੇ ਹਨ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਵੀ ਅਨੇਕਾਂ ਹੁੰਦੇ ਹਨ ਕਿਉਂਕਿ ਪੂਰਾ ਹੋਣਾ ਕੀ ਹੈ ਇਸ ਗੱਲ ਦੀ ਉਨ੍ਹਾਂ ਨੂੰ ਸਮਝ ਨਹੀਂ ਹੁੰਦੀ। ਗੁਰਬਾਣੀ ਰਾਹੀਂ ਸਾਨੂੰ ਸਭ ਕੁੱਝ ਸਮਝਾਇਆ ਹੋਇਆ ਹੈ ਪਰ ਗੁਰੂ ਕੋਲੋਂ ਸੱਚੀ ਸਮਝ ਲਏ ਬਿਨ੍ਹਾਂ, ਗੁਰੂ ਦੀ ਸਮਝ ਤੇ ਵਿਸ਼ਵਾਸ ਕੀਤੇ ਬਿਨ੍ਹਾਂ ਸਾਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਸਕਦੀ ਕਿ ਪੂਰਾ ਹੋਣਾ ਕੀ ਹੈ। ਜਿਸਨੇ ਵੀ ਸੰਸਾਰ ਵਿੱਚ ਪੂਰਾ ਹੋਣਾ ਹੈ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਉਸਦਾ ਮੇਲ ਉਸਦੇ ਨਾਲ ਹੋ ਜਾਵੇ ਜੋ ਪਹਿਲੇ ਖੁਦ ਪੂਰਾ ਹੈ। ਪੂਰਾ ਕੇਵਲ ਗੁਰੂ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। (**ਕਹੁ ਨਾਨਕ ਮੇਰਾ ਸਤਿਗੁਰੁ ਪੂਰਾ॥**) “ਸਤਿਗੁਰੂ” ਪ੍ਰਮਾਤਮਾ ਆਪ ਹੈ ਤੇ ਉਹ ਆਪ ਹੀ ਗੁਰੂ ਹੈ। ਉੱਪਰ ਵਾਲਾ ਪੂਰਾ ਸ਼ਬਦ ਗੁਰੂ ਦੇ ਬਾਰੇ ਹੀ ਹੈ ਕਿ ਗੁਰੂ ਕਿਸ ਤਰੀਕੇ ਪੂਰਾ ਹੈ।

“ਪੂਰਾ ਮਾਰਗੁ ਪੂਰਾ ਇਸਨਾਨੁ॥ ਸਭੁ ਕਿਛੁ ਪੂਰਾ ਹਿਰਦੈ ਨਾਮੁ॥”

ਗੁਰੂ ਨੇ ਸਾਰੇ ਸੰਸਾਰ ਨੂੰ ਭਗਤੀ ਦਾ ਮਾਰਗ ਸਮਝਾਇਆ ਹੈ। ਪੂਰੀ ਗੁਰਬਾਣੀ ਸਾਨੂੰ ਭਗਤੀ ਦਾ ਮਾਰਗ ਹੀ ਸਮਝਾ ਰਹੀ ਹੈ ਜੋ ਕਿ ਪੂਰਾ ਮਾਰਗ ਹੈ ਭਾਵ ਉਸ ਮਾਰਗ ਵਿੱਚ ਕੋਈ ਕਮੀ ਬਾਕੀ ਨਹੀਂ ਹੈ ਕਿ ਇਸ ਤੋਂ ਬਿਨ੍ਹਾਂ ਕੋਈ ਹੋਰ ਵੀ ਭਗਤੀ ਦਾ ਮਾਰਗ ਹੋ ਸਕਦਾ ਹੈ। ਜਿਸ ਗੁਰੂ ਨੇ ਸਾਰੇ ਸੰਸਾਰ ਨੂੰ ਪੂਰਨ ਭਗਤੀ ਦਾ ਮਾਰਗ ਸਮਝਾਇਆ ਹੈ ਉਹ ਤਾਂ ਹੀ ਸਮਝਾਇਆ ਹੈ ਜੇਕਰ ਉਸਨੂੰ ਪੂਰਨ ਭਗਤੀ ਦੀ ਸਮਝ ਹੈ, ਉਸਦੀ ਮਤਿ ਪੂਰੀ ਹੈ, ਉਸਦੀ ਸਮਝ ਪੂਰੀ ਹੈ ਭਾਵ ਜਿਸਨੇ ਭਗਤੀ ਦੇ ਪੂਰੇ ਮਾਰਗ ਦਾ ਇਸ਼ਨਾਨ ਕੀਤਾ ਹੋਇਆ ਹੈ। ਇਹ ਇਸ਼ਨਾਨ ਸਾਡੀ ਸਮਝ ਹੀ ਕਰਦੀ ਹੈ। ਇਹ ਸਾਡੀ ਮਤਿ ਦੇ ਅੰਦਰ ਗਿਆਨ ਦਾ ਇਸ਼ਨਾਨ ਹੈ ਜੋ ਇਸ਼ਨਾਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਤੇ ਭਗਤੀ ਦੇ ਪੂਰੇ ਮਾਰਗ ਦੀ ਸਮਝ ਆਪ ਹੀ ਪਾਉਂਦਾ ਹੈ, ਆਪਣੇ ਨਾਮ ਦੀ ਸਮਝ ਆਪ ਹੀ ਪਾਉਂਦਾ ਹੈ, ਪੂਰਨ ਸਮਝ ਪਾਉਂਦਾ ਹੈ, ਸ਼ਬਦਾਂ ਦਾ ਗਿਆਨ ਦੇਣ ਦੁਆਰਾ ਪਾਉਂਦਾ ਹੈ। ਜੋ ਹਰ ਸ਼ਬਦ ਦੇ ਗਿਆਨ ਦੀ ਪੂਰਨ ਸੋਝੀ ਰੱਖਦਾ ਹੈ, ਹਰ ਸ਼ਬਦ ਦੀ ਵਿਚਾਰ ਤੇ ਪੂਰਨ ਹੈ, ਉਸਨੂੰ ਨਾਮ ਬਾਰੇ ਸਭ ਕੁੱਝ ਸਮਝ ਹੈ ਕਿ ਨਾਮ ਕੀ ਹੈ, ਨਾਮ ਜਪਣਾ ਕੀ ਹੈ, ਨਾਮ ਦੀ ਪ੍ਰਾਪਤੀ ਕੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕੀ ਹੈ। ਉਸਨੂੰ ਇਸ ਗੱਲ ਦੀ ਸਮਝ ਹੈ ਕਿ ਆਪ ਪ੍ਰਮਾਤਮਾ ਨਾਮ ਦੇ ਰੂਪ ਵਿੱਚ ਹੈ ਤੇ ਆਪਣੀ ਭਗਤੀ ਦਾ ਪੂਰਾ ਮਾਰਗ ਆਪਣੇ ਨਾਮ ਦੁਆਰਾ, ਮਨ ਦੇ ਵਿੱਚ ਆਪਣੇ ਨਾਮ ਦਾ ਪੂਰਨ ਇਸ਼ਨਾਨ ਕਰਵਾਉਣ ਦੁਆਰਾ ਆਪ ਹੀ ਸਮਝਾਉਂਦਾ ਹੈ। ਇਸੇ ਲਈ ਗੁਰੂ ਆਪ ਹੀ ਨਾਮ ਦਾ ਤੀਰਥ ਹੈ ਜਿਸਨੇ ਆਪ ਇਹ ਸੱਚੇ ਗਿਆਨ ਦਾ ਇਸ਼ਨਾਨ ਕੀਤਾ ਹੋਇਆ ਹੈ, ਪੂਰਨ ਰੂਪ ਵਿੱਚ ਕੀਤਾ ਹੋਇਆ ਹੈ ਤੇ ਸਾਰੇ ਸੰਸਾਰ ਨੂੰ ਆਪਣੇ ਤੀਰਥ ਤੇ ਇਸ਼ਨਾਨ ਕਰਵਾਉਂਦਾ ਹੈ, ਉਸਨੂੰ ਆਪ ਭਗਤੀ ਦੀ ਪੂਰਨ ਸਮਝ ਹੈ ਤੇ ਸੰਸਾਰ ਨੂੰ ਗੁਰਬਾਣੀ ਰਾਹੀਂ ਭਗਤੀ ਦੀ ਪੂਰਨ ਸੋਝੀ ਪਾ ਰਿਹਾ ਹੈ, ਉਸਨੇ ਆਪ ਨਾਮ ਜਪਿਆ ਹੋਇਆ ਹੈ ਤੇ ਸੰਸਾਰ ਨੂੰ ਨਾਮ ਜਪਾ ਰਿਹਾ ਹੈ। (**ਪੂਰਾ ਮਾਰਗੁ ਪੂਰਾ ਇਸਨਾਨੁ॥ ਸਭੁ ਕਿਛੁ ਪੂਰਾ ਹਿਰਦੈ ਨਾਮੁ॥**)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}

(ਅੰਗ ੬੮੭)

ਜਿਸਨੂੰ ਪ੍ਰਮਾਤਮਾ ਪੂਰਾ ਕਰਦਾ ਹੈ ਉਸਨੂੰ ਆਪਣੀ ਪੂਰੀ ਮਤਿ ਬਖਸ਼ਣ ਦੁਆਰਾ ਹੀ ਕਰਦਾ ਹੈ। ਗੁਰੂ ਦੀ ਮਤਿ ਹਰ ਪੱਖੋਂ ਪੂਰੀ ਹੈ ਜਿਸ ਕਰਕੇ ਗੁਰੂ ਨੂੰ ਹਰ ਗੱਲ ਦੀ ਸਮਝ ਹੈ ਕਿ ਪ੍ਰਮਾਤਮਾ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਮਾਇਆ ਕੀ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਕੀ ਹੈ, ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਕੀ ਹੈ, ਮੇਲ ਕੀ ਹੈ, ਪ੍ਰਮਾਤਮਾ ਦਾ ਸਾਡੇ ਅੰਦਰ ਵਾਸਾ ਕਿੱਥੇ ਹੈ ਤੇ ਕਿਸ ਰੂਪ ਵਿੱਚ ਹੈ ਭਾਵ ਗੁਰੂ ਪੂਰਨ ਸਮਝ ਵਾਲਾ ਹੈ ਤੇ ਪੂਰੀ ਗੁਰਬਾਣੀ ਦੀ ਰਚਨਾ ਮਨ ਦੀ ਪੂਰੀ ਸਮਝ ਦੁਆਰਾ ਹੀ ਹੋਈ ਹੈ। ਜੇਕਰ ਪ੍ਰਮਾਤਮਾ ਆਪਣੀ ਕਿਸੇ ਤੇ ਕਿਰਪਾ ਕਰਕੇ ਕਿਸੇ ਨੂੰ ਪੂਰਨ ਕਰਦਾ ਹੈ ਤਾਂ ਫਿਰ ਉਸਨੂੰ ਪੂਰੀ ਗੁਰਬਾਣੀ ਦੀ ਸਮਝ ਦਾ ਹੋਣਾ ਜਰੂਰੀ ਹੈ ਕਿਉਂਕਿ ਪ੍ਰਮਾਤਮਾ ਜਿਸ ਨੂੰ ਵੀ ਪੂਰਾ ਕਰਦਾ ਹੈ ਉਸਨੂੰ ਆਪਣੀ ਪੂਰਨ ਮਤਿ, ਆਪਣਾ ਪੂਰਨ ਗਿਆਨ ਬਖਸ਼ਣ ਦੁਆਰਾ ਹੀ ਕਰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥
ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥
ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥”

(ਅੰਗ ੧੦੧੨)

ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਪੂਰਾ ਉਹ ਹੈ ਜਿਸ ਦੀ ਮਤਿ ਪੂਰੀ ਹੈ। ਪੂਰੀ ਮਤਿ ਕੇਵਲ ਗੁਰੂ ਦੀ ਹੈ ਜਿਸਨੂੰ ਹਰ ਗੱਲ ਦੀ ਸਮਝ ਹੈ। ਜੇਕਰ ਅਸੀਂ ਆਪਣੇ ਆਪ ਨੂੰ ਪੂਰਾ ਕਰਨਾ ਚਾਹੁੰਦੇ ਹਾਂ ਫਿਰ ਸਾਨੂੰ ਮਤਿ ਉਸਦੇ ਕੋਲੋਂ ਲੈਣੀ ਚਾਹੀਦੀ ਹੈ ਜਿਸਦੇ ਕੋਲ ਪੂਰੀ ਮਤਿ ਹੈ, ਜਿਸਨੂੰ ਭਗਤੀ ਦੀ ਪੂਰਨ ਸਮਝ ਹੈ ਜਿਸ ਦੀ ਮਤਿ ਤੇ ਚੱਲਕੇ ਹੀ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਸਮਝ ਸਕਦੇ ਹਾਂ ਤੇ ਉਸ ਅਨੁਸਾਰ ਚੱਲ ਸਕਦੇ ਹਾਂ। ਪ੍ਰਮਾਤਮਾ ਦੀ ਸੱਚੀ ਵਡਿਆਈ ਮਨ ਦੀ ਪੂਰੀ ਮਤਿ ਨਾਲ ਹੀ ਹੁੰਦੀ ਹੈ, ਮਨ ਦੇ ਵਿੱਚ ਭਗਤੀ ਦੀ ਪੂਰੀ ਸਮਝ ਦੁਆਰਾ ਹੀ ਹੁੰਦੀ ਹੈ। ਗੁਰੂ ਕੋਲ ਮਤਿ ਦੀ ਕੋਈ ਕਮੀ ਨਹੀਂ ਹੈ ਜਿਤਨੀ ਮਰਜੀ ਲੈ ਲਈਏ। ਗੁਰੂ ਕੋਲੋਂ ਮਤਿ ਲੈਣ ਵਾਲੇ ਥਕਿ ਜਾਂਦੇ ਹਨ, ਹੌਸਲਾ ਛੱਡ ਜਾਂਦੇ ਹਨ ਕਿਉਂਕਿ ਗੁਰੂ ਦੀ ਮਤਿ ਨੂੰ ਮੰਨਣਾ ਔਖਾ ਹੁੰਦਾ ਹੈ ਪਰ ਗੁਰੂ ਵੱਲੋਂ ਮਤਿ ਦੇਣ ਵਿੱਚ ਕੋਈ ਕਮੀ ਨਹੀਂ ਹੈ ਜਿਤਨੀ ਮਰਜੀ ਲੈ ਲਈਏ, ਜਿਸ ਵੇਲੇ ਮਰਜੀ ਲੈ ਲਈਏ ਜੋ ਕਿ ਗੁਰੂ ਬਿਲਕੁਲ ਮੁਫਤ ਦਿੰਦਾ ਹੈ, ਆਪਣਾ ਨਾਮ ਮੁਫਤ ਦਿੰਦਾ ਹੈ ਪਰ ਲੈਣ ਵਾਲੇ ਹੀ ਇਸ ਤੋਂ ਪਿੱਛੇ ਹੱਟਦੇ ਹਨ ਕਿਉਂਕਿ ਗੁਰੂ ਦੀ ਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਤੇ ਉਹ ਦੂਸਰਿਆਂ ਦੀ ਮਤਿ ਪਿੱਛੇ ਲੱਗਦੇ ਹਨ ਜੋ ਮਤਿ ਵੀ ਗਲਤ ਦਿੰਦੇ ਹਨ ਤੇ ਮਤਿ ਦੇਣ ਲਈ ਮਾਇਆ ਵੀ ਲੈਂਦੇ ਹਨ ਤੇ ਝੂਠੀਆਂ ਵਡਿਆਈਆਂ ਵੀ ਲੈਂਦੇ ਹਨ। ਗੁਰੂ ਕੋਲੋਂ ਮਤਿ ਲੈਣ ਵਾਲੇ ਤਾਂ ਬਹੁਤ ਹਨ ਪਰ ਮੰਨਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਗੁਰੂ ਕੋਲੋਂ ਮਤਿ ਲੈਣ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਉਸਨੂੰ ਮੰਨੀਏ ਵਰਨਾ ਕਿਸ ਲੇਖੇ। ਪਤਿ ਉਸਦੀ ਹੀ ਲੇਖੇ ਪੈਂਦੀ ਹੈ ਜੋ ਗੁਰੂ ਦੀ ਮਤਿ ਲੈਂਦਾ ਹੈ, ਉਸਦੀ ਪੂਰੀ ਮਤਿ ਲੈਂਦਾ ਹੈ ਕਿਉਂਕਿ ਪ੍ਰਮਾਤਮਾ ਦੀ ਸੱਚੀ ਵਡਿਆਈ ਉਸਦੀ ਦਿੱਤੀ ਹੋਈ ਪੂਰੀ ਮਤਿ ਤੇ ਚੱਲਣ ਦੁਆਰਾ ਹੀ ਹੁੰਦੀ ਹੈ। ਜੋ ਗੁਰੂ ਦੀ ਮਤਿ ਤੇ ਪੂਰਾ ਹੈ, ਉਹੀ ਪੂਰਾ ਹੈ ਤੇ ਗੁਰੂ ਦੀ ਮਤਿ ਤੇ ਪੂਰਾ ਉਹੀ ਹੋ ਸਕਦਾ ਹੈ ਜਿਸਨੂੰ ਭਗਤੀ ਦੀ ਪੂਰਨ ਸਮਝ ਹੈ, ਜਿਸ ਦੀ ਮਤਿ ਪੂਰੀ ਹੈ। (**ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥ ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥**) ਉਪਰਲੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਵੀ ਧਿਆਨ ਨਾਲ ਸਮਝੋ ਕਿ ਸੱਚੀ ਵਡਿਆਈ ਕਿਸਦੀ ਹੈ ਤੇ ਕਿਸ ਕਰਕੇ ਹੈ। ਗੁਰੂ ਦੀ ਵਡਿਆਈ ਇਸ ਲਈ ਸੱਚੀ ਹੈ ਕਿ ਉਸਦੀ ਮਤਿ ਸੱਚੀ ਹੈ, ਉਸਦੀ ਮਤਿ ਪੂਰੀ ਹੈ ਭਾਵ ਪੂਰੇ ਸੱਚੇ ਗਿਆਨ ਵਾਲੀ ਹੈ ਜੋ ਪੂਰੇ ਸੰਸਾਰ ਨੂੰ ਸੱਚੀ ਮਤਿ ਦਿੰਦਾ ਹੈ ਤੇ ਝੂਠੀ ਮਤਿ ਵਿੱਚੋਂ ਕੱਢਦਾ ਹੈ।

ਜੋ ਮਤਿ ਵੀ ਝੂਠੀ ਦਿੰਦੇ ਹਨ ਤੇ ਵਡਿਆਈ ਵੀ ਲੈਂਦੇ ਹਨ ਫਿਰ ਕੀ ਉਨ੍ਹਾਂ ਦੀ ਵਡਿਆਈ ਸੱਚੀ ਹੈ। ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। (**ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥ ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥**)

ਆਉ ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝੀਏ ਕਿ ਪ੍ਰਮਾਤਮਾ ਦੀ ਸ਼ਰਨ ਵਿੱਚ ਮਨੁੱਖ ਕਿਵੇਂ ਆਉਂਦਾ ਹੈ।

(**ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥**)

“ਪੂਰੀ ਰਹੀ ਜਾ ਪੂਰੈ ਰਾਖੀ ॥

ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥”

ਮਨੁੱਖ ਦੀ ਮਤਿ ਨੂੰ ਪੂਰੀ ਮਤਿ ਕਰਨ ਵਾਲਾ ਪ੍ਰਮਾਤਮਾ ਆਪ ਹੈ ਜਿਸ ਮਤਿ ਦੇ ਵਿੱਚ ਉਹ ਆਪਣਾ ਨਾਮ ਦੇਣ ਦੁਆਰਾ, ਨਾਮ ਦਾ ਇਸ਼ਨਾਨ ਕਰਵਾਉਣ ਦੁਆਰਾ ਕਰਦਾ ਹੈ ਤੇ ਆਪਣੀ ਭਗਤੀ ਦਾ ਪੂਰਾ ਮਾਰਗ ਸਮਝਾਉਂਦਾ ਹੈ। ਪੂਰੀ ਮਤਿ ਦੁਆਰਾ ਮਨੁੱਖ ਨੂੰ ਪੂਰੀ ਭਗਤੀ ਦੀ ਸਮਝ ਤਾਂ ਲੱਗ ਜਾਂਦੀ ਹੈ ਪਰ ਉਸ ਭਗਤੀ ਦੇ ਮਾਰਗ ਤੇ ਚੱਲਣਾ ਬਹੁਤ ਔਖਾ ਹੈ ਜਿਸ ਲਈ ਮਨੁੱਖ ਨੂੰ ਆਪਣੀਆਂ ਇੱਛਾਵਾਂ ਤਿਆਗਣੀਆਂ ਪੈਂਦੀਆਂ ਹਨ, ਮਾਇਆ ਮੋਹ ਛੱਡਣਾ ਪੈਂਦਾ ਹੈ, ਹਰ ਵਿਕਾਰ ਛੱਡਣਾ ਪੈਂਦਾ ਹੈ ਭਾਵ ਪੂਰੀ ਤਰ੍ਹਾਂ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਪੈਂਦਾ ਹੈ। ਮਨੁੱਖ ਦੀ ਪੂਰੀ ਭਗਤੀ ਤਾਂ ਹੀ ਹੋ ਸਕਦੀ ਹੈ ਜੇਕਰ ਪ੍ਰਮਾਤਮਾ ਆਪਣੀ ਪੂਰੀ ਭਗਤੀ ਤੇ ਚੱਲਣ ਦੀ ਸਮਰੱਥਾ ਆਪ ਹੀ ਬਖਸ਼ੇ ਜੋ ਸਮਰੱਥਾ ਉਹ ਮਨ ਦੇ ਵਿੱਚ ਆਪ ਹੀ ਬਖਸ਼ਦਾ ਹੈ, ਆਪਣਾ ਭਾਣਾ ਆਪ ਹੀ ਮਨਵਾਉਂਦਾ ਹੈ, ਆਪਣੇ ਨਾਮ ਤੇ ਚੱਲਣ ਦੀ ਸਮਰੱਥਾ ਆਪ ਹੀ ਬਖਸ਼ਦਾ ਹੈ ਭਾਵ ਆਪਣਾ ਨਾਮ ਆਪ ਹੀ ਜਪਾਉਂਦਾ ਹੈ, ਮਨ ਦੇ ਵਿੱਚ ਆਪਣਾ ਨਾਮ ਆਪ ਹੀ ਜਪਾਉਂਦਾ ਹੈ, ਮਨ ਦੇ ਵਿੱਚ ਆਪਣਾ ਨਾਮ ਆਪ ਹੀ ਦ੍ਰਿੜ ਕਰਵਾਉਂਦਾ ਹੈ, ਆਪਣੇ ਨਾਮ ਦੇ ਮਾਰਗ ਤੇ ਚੱਲਣ ਦੀ ਅਡੋਲਤਾ ਆਪ ਹੀ ਬਖਸ਼ਦਾ ਹੈ ਕਿਉਂਕਿ ਉਹ ਆਪ ਹੀ ਸਾਡੇ ਵਿਚਾਰਾਂ ਦਾ ਮਾਲਕ ਹੈ। ਸਾਡੇ ਅੰਦਰ ਡੋਲਣ ਵਾਲੀ ਮਤਿ ਵੀ ਉਸਦੀ ਆਪਣੀ ਪਾਈ ਹੋਈ ਹੈ ਤੇ ਉਸ ਡੋਲਣ ਵਾਲੀ ਮਤਿ ਵਿੱਚੋਂ ਕੱਢਕੇ, ਅਡੋਲ ਮਤਿ ਬਖਸ਼ਣ ਵਾਲਾ ਵੀ ਉਹ ਆਪ ਹੈ। ਪ੍ਰਮਾਤਮਾ ਦੀ ਭਗਤੀ ਅਡੋਲ ਮਤਿ ਦੁਆਰਾ ਹੀ ਹੋ ਸਕਦੀ ਹੈ, ਪ੍ਰਮਾਤਮਾ ਦਾ ਨਾਮ ਅਡੋਲ ਮਤਿ ਦੁਆਰਾ ਹੀ ਜਪਿਆ ਜਾ ਸਕਦਾ ਹੈ। ਜਿਸਨੂੰ ਪ੍ਰਮਾਤਮਾ ਆਪਣੀ ਸ਼ਰਨ ਵਿੱਚ ਲਿਆਉਂਦਾ ਹੈ ਉਸਨੂੰ ਭਗਤੀ ਦੀ ਪੂਰਨ ਸੋਝੀ ਪਾਉਣ ਦੁਆਰਾ ਹੀ ਲਿਆਉਂਦਾ ਹੈ ਤੇ ਭਗਤੀ ਦੇ ਪੂਰੇ ਮਾਰਗ ਤੇ ਆਪ ਹੀ ਚਲਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਨਾਮ ਬਖਸ਼ ਕੇ, ਸੱਚਾ ਗਿਆਨ ਬਖਸ਼ ਕੇ ਪੂਰਨ ਰੂਪ ਵਿੱਚ ਸੱਚੀ ਭਗਤੀ ਵਾਲੀ ਮਤਿ ਬਖਸ਼ ਕੇ ਆਪਣੀ ਸੱਚੀ ਮਤਿ ਦੀ ਸ਼ਰਨ ਵਿੱਚ ਲਿਆਂਦਾ ਹੈ ਤੇ ਉਨ੍ਹਾਂ ਨੂੰ ਸੱਚੀ ਭਗਤੀ ਦੇ ਮਾਰਗ ਤੇ ਚਲਾਇਆ ਹੈ ਤੇ ਉਨ੍ਹਾਂ ਦੀ ਸੱਚੀ ਮਤਿ ਰਾਹੀਂ ਸਾਰੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ। (**ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥**) ਆਪਣਾ ਪੂਰਾ ਇਸਨਾਨ ਕਰਵਾਉਣ ਦੁਆਰਾ, ਭਗਤੀ ਦਾ ਪੂਰਾ ਮਾਰਗ ਸਮਝਾਉਣ ਦੁਆਰਾ ਪ੍ਰਮਾਤਮਾ ਆਪਣੀ ਪੂਰੀ ਭਗਤੀ ਕਿਸ ਰੂਪ ਵਿੱਚ ਕਰਵਾਉਂਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥

ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥”

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਦੀ ਭਗਤੀ ਮਨ ਦੀਆਂ ਇੱਛਾਵਾਂ ਤੋਂ ਰਹਿਤ ਹੋ ਕੇ, ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਹੁੰਦੀ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ ਹੀ ਹੁੰਦੀ ਹੈ ਭਾਵ ਮਨ ਦੇ ਸੰਤੋਖ ਦੁਆਰਾ ਹੁੰਦੀ ਹੈ। ਜਦ ਤੱਕ ਮਨੁੱਖ ਦੇ ਅੰਦਰ ਤ੍ਰਿਸ਼ਨਾਵਾਂ ਹਨ, ਉਨ੍ਹਾਂ ਦੀ ਪੂਰਤੀ ਲਈ ਹੀ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ, ਔਗੁਣ ਕਰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਫਸਿਆ ਰਹਿੰਦਾ ਹੈ ਜਿਨ੍ਹਾਂ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਪ੍ਰਮਾਤਮਾ ਦੀ ਭਗਤੀ ਕੇਵਲ ਤੇ ਕੇਵਲ ਚੰਗੇ ਕਰਮ ਕਰਨ ਦੁਆਰਾ ਹੁੰਦੀ ਹੈ, ਗੁਰੂ ਦਾ ਹੁਕਮ ਮੰਨਣ ਦੁਆਰਾ ਹੁੰਦੀ ਹੈ, ਉਸਦੇ ਭਾਣੇ ਅਨੁਸਾਰ ਵਿਚਰਨ ਦੁਆਰਾ ਹੁੰਦੀ ਹੈ ਜੋ ਕਿ ਮਨੁੱਖ ਮਨ ਦੇ ਸੰਤੋਖ ਦੁਆਰਾ, ਪੂਰਨ ਸੰਤੋਖ ਦੁਆਰਾ ਹੀ ਵਿਚਰ ਸਕਦਾ ਹੈ। ਪੂਰਾ ਸੰਤੋਖ ਮਨ ਦੇ ਵਿੱਚ ਤਾਂ ਹੀ ਆਉਂਦਾ ਹੈ ਜਦੋਂ ਮਨੁੱਖ ਪੂਰੀ ਤਰਾਂ ਤ੍ਰਿਸ਼ਨਾਵਾਂ ਤੋਂ ਰਹਿਤ ਹੋ ਜਾਂਦਾ ਹੈ, ਮਾਇਆ ਮੋਹ ਤੋਂ ਰਹਿਤ ਹੋ ਜਾਂਦਾ ਹੈ ਭਾਵ ਜਦੋਂ ਉਹ ਗੁਰੂ ਦੀ ਗੱਲ ਨੂੰ ਪੂਰੀ ਤਰ੍ਹਾਂ ਮੰਨ ਲੈਂਦਾ ਹੈ ਤੇ ਗੁਰੂ ਦੀ ਮਤਿ ਤੋਂ ਬਾਹਰ ਨਹੀਂ ਜਾਂਦਾ। ਮਨ ਦੇ ਪੂਰਨ ਸੰਤੋਖ ਵਿੱਚ ਹੀ “ਪੂਰਾ ਸੁਖੁ” ਹੈ ਜਦੋਂ ਮਨੁੱਖ ਮਾਇਆ ਦੀ ਚਿੰਤਾ ਤੋਂ ਪੂਰੀ ਤਰ੍ਹਾਂ ਨਿਕਲ ਜਾਂਦਾ ਹੈ ਤੇ ਉਸ ਪ੍ਰਮਾਤਮਾ ਤੇ ਪੂਰਨ ਭਰੋਸਾ ਰੱਖਦਾ ਹੈ ਕਿ ਉਹ ਮੇਰੀਆਂ ਸੱਚੀਆਂ ਜਰੂਰਤਾਂ ਆਪੇ ਹੀ ਪੂਰੀਆਂ ਕਰੇਗਾ, ਸੱਚ ਤੇ ਚੱਲਣ ਦੁਆਰਾ ਵੀ ਪੂਰੀਆਂ ਕਰੇਗਾ। ਸਾਡੇ ਦੁੱਖਾਂ ਦਾ ਕਾਰਨ, ਪਰੇਸ਼ਾਨੀਆਂ ਦਾ ਕਾਰਨ ਸਾਡੀਆਂ ਤ੍ਰਿਸ਼ਨਾਵਾਂ ਹਨ ਜੋ ਕਦੇ ਨਾ ਪੂਰੀਆਂ ਹੁੰਦੀਆਂ

ਹਨ ਤੇ ਨਾ ਹੋ ਸਕਦੀਆਂ ਹਨ ਸਗੋਂ ਵੱਧਦੀਆਂ ਹੀ ਜਾਂਦੀਆਂ ਹਨ। ਜਦ ਤੱਕ ਮਨੁੱਖ ਤ੍ਰਿਸ਼ਨਾਵਾਂ ਵੱਲੋਂ, ਮਾਇਆ ਮੋਹ ਵੱਲੋਂ ਨਹੀਂ ਰਜਦਾ ਤਦ ਤੱਕ ਸੁੱਖ ਨਹੀਂ ਮਾਣ ਸਕਦਾ। ਭਗਤੀ ਦੇ ਮਾਰਗ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਜਦੋਂ ਮਨੁੱਖ ਪੂਰੀ ਤਰ੍ਹਾਂ ਤ੍ਰਿਸ਼ਨਾਵਾਂ ਦੇ ਦੁੱਖ ਵਿੱਚੋਂ ਨਿਕਲ ਜਾਂਦਾ ਹੈ ਤੇ ਮਨ ਦੇ ਪੂਰਨ ਸੰਤੋਖ ਵਿੱਚ ਆ ਜਾਂਦਾ ਹੈ। (**ਪੂਰਾ ਸੁਖੁ ਪੂਰਾ ਸੰਤੋਖੁ॥**) ਇਹ ਅਵੱਸਥਾ ਗੁਰੂ ਦੀ ਆਪਣੀ ਅਵੱਸਥਾ ਹੈ ਜਿੱਥੇ ਪ੍ਰਮਾਤਮਾ ਆਪ ਹੀ ਪ੍ਰਗਟ ਹੁੰਦਾ ਹੈ ਤੇ ਆਪ ਹੀ ਆਪਣੀ ਸੱਚੀ ਮਤਿ ਦੇਣ ਦੁਆਰਾ, ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਆਪਣੇ ਜੀਵਨ ਕਾਲ ਵਿੱਚ ਚਲਾਇਆ ਹੈ।

{ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥
ਨਾਮ ਰੰਗਿ ਸਰਬ ਸੁਖੁ ਹੋਇ ॥
ਬਡਭਾਗੀ ਕਿਸੈ ਪਰਾਪਤਿ ਹੋਇ ॥
ਕਰਨ ਕਰਾਵਨ ਆਪੇ ਆਪਿ ॥
ਸਦਾ ਸਦਾ ਨਾਨਕ ਹਰਿ ਜਾਪਿ ॥੫॥}

(ਅੰਗ ੨੭੮-੨੭੯)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥
ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥}

(ਅੰਗ ੧੦੪੦)

{ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥
ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥}

(ਅੰਗ ੫੧)

{ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥
ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ ॥
ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥
ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥}

(ਅੰਗ ੨੯੯-੩੦੦)

{ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥
ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਹਾਰੁ ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥}

(ਅੰਗ ੩੧੬)

{ਮਾਇਆ ਤਪਤਿ ਬੁਝਿਆ ਅੰਗਿਆਰੁ ॥
ਮਨਿ ਸੰਤੋਖੁ ਨਾਮੁ ਆਧਾਰੁ ॥}

(ਅੰਗ ੩੩੧)

{ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥}

(ਅੰਗ ੩੫੧)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥}

(ਅੰਗ ੩੭੯)

{ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥
ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥}

(ਅੰਗ ੪੨੨)

{ਸੇਵ ਕੀਤੀ ਸੰਤੋਖੀਏਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥}

(ਅੰਗ ੪੬੬-੪੬੭)

{ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥}

(ਅੰਗ ੪੭੧)

{ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥}

(ਅੰਗ ੪੯੨)

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥
ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥
ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}

(ਅੰਗ ੫੧੨)

{ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥
ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ ॥
ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ ॥੭॥}

(ਅੰਗ ੬੪੧)

{ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥
ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥}

(ਅੰਗ ੬੪੭)

{ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥
ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥}

(ਅੰਗ ੭੧੦)

{ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਾਏ ਸੰਤੋਖ ਗੁਰ ਸਰਾ ॥
ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥}

(ਅੰਗ ੭੯੯)

{ਸੀਤਲ ਸਾਂਤਿ ਸੰਤੋਖੁ ਹੋਇ ਸਭ ਬ੍ੂਝੀ ਤ੍ਰਿਸਨਾ ॥
ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥}

(ਅੰਗ ੮੧੧)

{ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥}

(ਅੰਗ ੮੧੨)

{ਸੰਚਿ ਬਿਖਿਆ ਲੇ ਗ੍ਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥}

(ਅੰਗ ੮੨੦)

{ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥}

(ਅੰਗ ੮੨੨)

{ਰਤਨ ਜਵੇਹਰ ਨਾਮ ॥
ਸਤੁ ਸੰਤੋਖੁ ਗਿਆਨ ॥}

(ਅੰਗ ੮੯੩)

{ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ ॥
ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ ॥੨॥}

(ਅੰਗ ੯੦੮)

{ਸਤੁ ਸੰਤੋਖੁ ਸੰਜਮੁ ਹੈ ਨਾਲਿ ॥
ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥}

(ਅੰਗ ੯੩੯)

{ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥}

(ਅੰਗ ੯੫੮)

{ਸਤ ਸੰਤੋਖੀ ਸਤਿਗੁਰੁ ਪੂਰਾ ॥
ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪}

(ਅੰਗ ੧੦੨੩)

{ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥
ਸਤੁ ਸੰਤੋਖੁ ਨਗਰ ਮਹਿ ਕਾਰੀ ॥
ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥
ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥}

(ਅੰਗ ੧੦੩੭)

{ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥
ਪਾਵਹੁ ਨਾਮੁ ਰਤਨੁ ਧਨੁ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥}

(ਅੰਗ ੧੦੪੩)

{ਸਚੁ ਸੰਜਮੁ ਸਤਿਗੁਰੂ ਦੁਆਰੈ ॥
ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥}

(ਅੰਗ ੧੦੫੭)

{ਗੁਰ ਉਪਦੇਸਿ ਦਇਆ ਸੰਤੋਖੁ ॥
ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥}

(ਅੰਗ ੧੧੫੨)

{ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥}

(ਅੰਗ ੧੧੬੧)

{ਨੇਤ੍ਰ ਸੰਤੋਖੇ ਦਰਸੁ ਪੇਖਿ ॥

ਰਸਨਾ ਗਾਏ ਗੁਣ ਅਨੇਕ ॥
ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥
ਮਨੁ ਆਘਾਨਾ ਹਰਿ ਰਸਹਿ ਸੁਆਦਿ ॥੩॥}

(ਅੰਗ ੧੧੮੧)

{ਸੰਤੋਖੁ ਨ ਆਵਤ ਕਹੂੰ ਕਾਜ ॥
ਧ੍ਰੂੰਮ ਬਾਦਰ ਸਭਿ ਮਾਇਆ ਸਾਜ ॥
ਪਾਪ ਕਰੰਤੋ ਨਹ ਸੰਗਾਇ ॥
ਬਿਖੁ ਕਾ ਮਾਤਾ ਆਵੈ ਜਾਇ ॥੨॥}

(ਅੰਗ ੧੧੯੨)

{ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥}

(ਅੰਗ ੧੨੪੫)

{ਸਾਚਾ ਸਾਹਿਬੁ ਮਾਹਰੋ ਸਤਿਗੁਰਿ ਦੀਆ ਦਿਖਾਇ ॥
ਅੰਮ੍ਰਿਤੁ ਵਰਸੈ ਮਨੁ ਸੰਤੋਖੀਐ ਸਚਿ ਰਹੈ ਲਿਵ ਲਾਇ ॥
ਹਰਿ ਕੈ ਨਾਇ ਸਦਾ ਹਰੀਆਵਲੀ ਫਿਰਿ ਸੁਕੈ ਨਾ ਕੁਮਲਾਇ ॥੪॥}

(ਅੰਗ ੧੨੭੬)

{ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥
ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥
ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥
ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥}

(ਅੰਗ ੧੨੭੯)

{ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥
ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥੩॥}

(ਅੰਗ ੧੩੧੦)

{ਗੁਰ ਸਮਾਨਿ ਤੀਰਥੁ ਨਹੀ ਕੋਇ ॥
ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥}

(ਅੰਗ ੧੩੨੮)

{ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥

ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥}

(ਅੰਗ ੧੩੨੯)

{ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥}

(ਅੰਗ ੧੩੩੪)

{ਕਿਲਬਿਖ ਮੇਟੇ ਸਬਦਿ ਸੰਤੋਖੁ ॥
ਨਾਮੁ ਅਰਾਧਨ ਹੋਆ ਜੋਗੁ ॥}

(ਅੰਗ ੧੩੪੦)

{ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ ॥
ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ ॥੬॥}

(ਅੰਗ ੧੩੯੨)

{ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥
ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥
ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ ॥
ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੪॥}

(ਅੰਗ ੧੩੯੭)

{ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥
ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥
ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥
ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥
ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥
ਗੁਰ ਰਾਮਦਾਸ ਕਲ੍ਚਰੈ ਤੈ ਅਭੈ ਅਮਰ ਪਦੁ ਪਾਇਅਉ ॥੬॥}

(ਅੰਗ ੧੩੯੭)

{ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥
ਆਦਿ ਪੁਰਖਿ ਪਰਤਖਿ ਲਿਖ੍ਉ ਅਛਰੁ ਮਸਤਕਿ ਧੁਰਿ ॥}

(ਅੰਗ 1408)

ਮਨ ਦਾ ਸੰਤੋਖ ਕੀ ਹੈ, ਕਿਸ ਤਰੀਕੇ ਆਉਂਦਾ ਹੈ ਇਸ ਗੱਲ ਨੂੰ ਉੱਪਰ ਦਿਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਸੰਤੋਖ ਦਾ ਸਾਗਰ ਹੈ ਭਾਵ ਗੁਰੂ ਆਪਣੀ ਸਮਝ ਦੁਆਰਾ ਮਨ ਦੇ ਪੂਰੇ ਸੰਤੋਖ ਵਿੱਚ ਹੈ। ਗੁਰੂ ਪੂਰੀ ਤਰ੍ਹਾਂ ਤ੍ਰਿਸ਼ਨਾਵਾਂ ਤੋਂ ਰਹਿਤ ਹੈ ਜਿਸ ਕਰਕੇ ਉਸ ਦੇ ਅੰਦਰ ਪੂਰਨ ਸੰਤੋਖ ਹੈ। ਜਿਸ ਦੇ ਅੰਦਰ ਪੂਰਾ ਸੰਤੋਖ ਹੈ ਉਸਦੇ ਅੰਦਰ ਹੀ ਪੂਰਾ ਸੁੱਖ ਹੋ ਸਕਦਾ ਹੈ ਕਿਉਂਕਿ ਉਸਨੂੰ ਮਾਇਆ ਦਾ ਦੁੱਖ, ਮਨ ਦੀਆਂ ਇੱਛਾਵਾਂ ਦਾ ਦੁੱਖ ਨਹੀਂ ਸਤਾਉਂਦਾ। ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੁੰਦੀ ਹੈ ਜਦੋਂ ਮਨੁੱਖ ਪੂਰੀ ਤਰਾਂ ਮਨ ਦੇ ਸੰਤੋਖ ਦੁਆਰਾ ਵਿਚਰਦਾ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦਾ ਹੈ, ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਵਿਚਰਦਾ ਹੈ। ਗੁਰੂ ਸਾਨੂੰ ਵਾਰ-ਵਾਰ ਮਾਇਆ ਮੋਹ ਛੱਡਣ ਲਈ, ਔਗੁਣ ਛੱਡਣ ਲਈ ਹੀ ਸਮਝਾਉਂਦਾ ਹੈ ਪਰ ਸਾਡੀਆਂ ਤ੍ਰਿਸ਼ਨਾਵਾਂ ਸਾਨੂੰ ਇਹ ਕੁੱਝ ਛੱਡਣ ਨਹੀਂ ਦਿੰਦੀਆਂ।

ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਸਾਬਤ ਕਰਨਾ ਵੀ ਸਾਡੀ ਤ੍ਰਿਸ਼ਨਾ ਹੈ, ਸਮਾਜ ਵਿੱਚੋਂ ਭਗਤੀ ਦਾ ਮਾਣ ਲੈਣਾ ਸਾਡੀ ਬਹੁਤ ਵੱਡੀ ਤ੍ਰਿਸ਼ਨਾ ਹੈ ਜਿਨ੍ਹਾਂ ਵਿੱਚੋਂ ਨਿਕਲੇ ਬਿਨ੍ਹਾਂ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। {**ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥**} ਅੰਗ - ੪੯੧

ਮਨ ਦੇ ਵਿੱਚ ਪੂਰਨ ਸੰਤੋਖ ਹੀ ਪ੍ਰਮਾਤਮਾ ਦਾ ਤਪੁ ਹੈ ਜਿਵੇਂ ਕਿ ਮੁੱਖ ਸਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ।

"ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥"

"ਪੂਰਾ ਤਪੁ" ਕੀ ਹੈ, ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਬਾਣੀ ਸਾਨੂੰ ਵਾਰ-ਵਾਰ "ਜਪ ਤਪ" ਕਰਨ ਲਈ ਵੀ ਸਮਝਾਇਆ ਹੈ ਤੇ "ਜਪ ਤਪ" ਨਾ ਕਰਨ ਲਈ ਵੀ ਸਮਝਾਇਆ ਹੈ। ਪ੍ਰਮਾਤਮਾ ਦਾ ਜਪ ਤਪ ਕਰਨ ਦਾ ਤਰੀਕਾ ਇੱਕੋ ਹੀ ਹੈ ਪਰ ਕੇਵਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਸਮਝਿਆ ਹੈ ਕਿ ਜਪ ਕੀ ਹੈ ਭਾਵ ਜਪਣਾ ਕੀ ਹੈ ਉਹੀ ਗੱਲ ਤਪ ਨੂੰ ਸਮਝਣ ਦੀ ਹੈ ਜਿਸ ਬਾਰੇ ਅਸੀਂ ਕੁੱਝ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਪਹਿਲੇ "ਤਪ" ਦਾ ਅੱਖਰੀ ਭਾਵ ਸਮਝਣ ਦੀ ਲੋੜ ਹੈ। "ਤਪ" ਤੋਂ ਭਾਵ ਹੁੰਦਾ ਹੈ ਸਾਡਾ ਤਪਣਾ ਭਾਵ ਔਖਾ ਹੋਣਾ ਜਿਵੇਂ ਕਿ ਮਨੁੱਖ ਅੱਗ ਦੇ ਸੇਕ ਨਾਲ ਤਪਦਾ ਹੈ, ਔਖਾ ਹੁੰਦਾ ਹੈ। ਇਹ ਤਪ ਸਾਡੇ ਮਨ ਦਾ ਤਪ ਹੈ, ਸਾਡੇ ਮਨ ਦਾ ਤਪਣਾ ਹੈ ਭਾਵ ਔਖਾ ਹੋਣਾ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਜਪਣਾ, ਅਰਾਧਨਾ ਗੁਰੂ ਦੀ ਗੱਲ ਨੂੰ ਮੰਨਣਾ ਹੈ (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥**) ਅੰਗ - ੨੭ । ਗੁਰੂ ਦੀ ਗੱਲ ਨੂੰ ਸਮਝਣਾ, ਮੰਨਣਾ ਕੋਈ ਬਹੁਤਾ ਔਖਾ ਨਹੀਂ ਹੈ। ਅਸਲ ਔਖਾ ਤਾਂ ਗੁਰੂ ਦੀ ਗੱਲ ਤੇ ਅਮਲ ਕਰਨਾ ਹੈ ਜੋ ਕਿ ਤਾਂ ਹੀ ਕੀਤਾ ਜਾ ਸਕਦਾ ਹੈ ਜਦੋਂ ਅਸੀਂ ਗੁਰੂ ਦੀ ਗੱਲ ਨੂੰ ਮੰਨਣ ਦੇ ਮਨੋਰਥ ਨੂੰ ਸਮਝੀਏ ਜੋ ਮਨੋਰਥ ਗੁਰੂ ਦੀ ਗੱਲ ਤੇ ਅਮਲ ਕਰਨ ਦਾ ਹੈ। ਜੇਕਰ ਮੰਨ ਕੇ ਅਮਲ ਨਾ ਕਰੀਏ ਤਾਂ ਫਿਰ ਉਸ ਮੰਨਣ ਦਾ ਕੀ ਫਾਇਦਾ। ਔਖਾ ਤਾਂ ਗੁਰੂ ਦੀ ਗੱਲ ਤੇ ਅਮਲ ਕਰਨਾ ਹੈ ਜਿਸ ਲਈ ਸਾਨੂੰ ਔਖਾ ਹੋਣਾ ਪੈਂਦਾ ਹੈ। ਮਨ ਦਾ ਇਹ ਔਖਾਪਣ ਹੀ ਸਾਡਾ ਤਪ ਹੈ ਜੋ ਤਪ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਪਹਿਲੇ ਗੁਰੂ ਦੀ ਗੱਲ ਨੂੰ ਜਪਾਂਗੇ ਭਾਵ ਮੰਨਾਂਗੇ ਕਿ ਸਾਨੂੰ ਜੋ ਕੁੱਝ ਗੁਰੂ ਸਮਝਾਉਂਦਾ ਹੈ ਉਸ ਤੇ ਸਾਨੂੰ ਅਮਲ ਕਰਨਾ ਚਾਹੀਦਾ ਹੈ। ਇਸੇ ਲਈ ਸਾਨੂੰ ਬਾਣੀ ਰਾਹੀਂ ਜਪ ਤਪ ਇਕੱਠਾ ਕਰ ਕੇ ਅਨੇਕਾਂ ਵਾਰ ਸਮਝਾਇਆ ਹੋਇਆ ਹੈ। ਅਸੀਂ ਇਸ ਗੱਲ ਨੂੰ ਤਾਂ ਸਮਝਿਆ, ਮੰਨ ਲਇਆ ਕਿ ਪ੍ਰਮਾਤਮਾ ਦੀ ਭਗਤੀ ਕਰਨ ਲਈ ਤ੍ਰਿਸ਼ਨਾਵਾਂ ਛੱਡਣ ਦੀ ਲੋੜ ਹੈ ਪਰ ਔਖਾ ਤਾਂ ਉਦੋਂ ਹੋਣਾ ਪੈਂਦਾ ਹੈ ਜਦੋਂ ਤ੍ਰਿਸ਼ਨਾਵਾਂ ਛੱਡ ਕੇ ਵਿਚਰਨਾ ਪੈਂਦਾ ਹੈ, ਮਾਇਆ ਮੋਹ ਛੱਡਣ ਦਾ ਔਖਾਪਣ ਸਹਿਣਾ ਪੈਂਦਾ ਹੈ। ਇਹ ਸਾਡਾ "ਤਪ" ਹੈ। ਜਿਹੋ ਜਿਹਾ ਤਪ ਕਰਨ ਲਈ ਸਾਨੂੰ ਬਾਣੀ ਸਮਝਾ ਰਹੀ ਹੈ, ਧਰਮ ਗ੍ਰੰਥ ਸਮਝਾ ਰਹੇ ਹਨ ਪਰ ਅਸੀਂ ਮਨ ਦੀ ਨਾ-ਸਮਝੀ ਕਰਕੇ ਆਪਣੇ ਜਪ ਤਪ ਨੂੰ ਸਰੀਰਕ ਕਿਰਿਆਵਾਂ ਦੇ ਨਾਲ ਜੋੜਿਆ ਹੋਇਆ ਹੈ ਤੇ ਸਦੀਆਂ ਤੋਂ ਇਹੋ ਕੁੱਝ ਚੱਲਦਾ ਆ ਰਹਿਆ ਹੈ। ਗਰਬਾਣੀ ਸਾਨੂੰ ਇਨ੍ਹਾਂ ਭਰਮਾਂ ਵਿੱਚੋਂ ਹੀ ਕੱਢ ਰਹੀ ਹੈ ਤੇ ਭਗਤੀ ਦਾ ਅਸਲ ਮਾਰਗ ਸਮਝਾ ਰਹੀ ਹੈ ਜਿਸ ਭਗਤੀ ਦੁਆਰਾ ਸੰਸਾਰ ਦਾ ਭਲਾ ਹੁੰਦਾ ਹੈ, ਚੰਗੇ ਕਰਮ ਕਰਨ ਦੁਆਰਾ ਸਭ ਦਾ ਭਲਾ ਹੁੰਦਾ ਹੈ। ਸਰੀਰਕ ਜਪ ਤਪ ਨਾਲ ਅਸੀਂ ਕੀ ਕਿਸੇ ਦਾ ਭਲਾ ਕਰ ਸਕਦੇ ਹਾਂ। ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ, ਆਪਣੇ ਸਰੀਰ ਨੂੰ ਦੁਖ ਹੀ ਦਿੰਦੇ ਹਾਂ, ਆਪਣੇ ਪਰਿਵਾਰ ਨੂੰ ਵੀ ਉਨ੍ਹਾਂ ਦੇ ਕੰਮ ਨਾ ਆ ਕੇ ਉਨ੍ਹਾਂ ਨੂੰ ਪਰੇਸ਼ਾਨ ਕਰਦੇ ਹਾਂ, ਆਪਣੇ ਅਸਲ ਦੁਨਿਆਵੀ ਫਰਜਾਂ ਤੋਂ ਦੂਰ ਰਹਿੰਦੇ ਹਾਂ। ਪੂਰੀ ਤਰ੍ਹਾਂ ਗੁਰੂ ਦੀ ਮਤਿ ਅਨੁਸਾਰ ਵਿਚਰਨਾ ਸਾਡਾ ਪੂਰਾ ਤਪ ਹੈ। "ਤਪ" ਜਪ ਦਾ ਹਿੱਸਾ ਹੀ ਹੈ। ਤਪ ਅਸਲ ਵਿੱਚ ਜਪ ਦਾ ਮਕਸਦ ਹੈ। ਬਿਨ੍ਹਾਂ ਤਪ ਤੋਂ ਜਪ ਦਾ ਮਕਸਦ ਪੂਰਾ ਨਹੀਂ ਹੋ ਸਕਦਾ, ਜਪ ਲੇਖੇ ਨਹੀਂ ਲੱਗ ਸਕਦਾ। ਸਾਡਾ ਜਪ ਤਪ ਕੀ ਹੈ ਇਹ ਗੱਲ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

"ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥
ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥"

(ਅੰਗ ੧੪੬-੧੪੭)

ਸੱਚੁ ਤੋਂ ਬਿਨ੍ਹਾਂ ਸਭ ਕੂੜ ਹੈ। ਗੁਰੂ ਦੀ ਮਤਿ ਸੱਚੀ ਹੈ ਜੋ ਸਾਨੂੰ ਸੱਚੁ ਹੀ ਸਮਝਾਉਂਦੀ ਹੈ। ਸਾਡੀ ਮਤਿ ਕੂੜ ਹੈ ਜਿਸ ਮਤਿ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ, ਗੁਰੂ ਦੀ ਸੱਚੀ ਮਤਿ ਦੇ ਉਲਟ ਚੱਲਦੇ ਹਾਂ। ਸਾਡੇ ਸਰੀਰਕ ਜਪ ਤਪ ਵੀ ਸੱਚੁ ਨਹੀਂ ਹਨ ਜਿਸ ਕਰਕੇ ਗੁਰੂ ਸਾਨੂੰ ਉਨ੍ਹਾਂ ਲਈ ਮਨਾ ਕਰਦਾ ਹੈ।

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥
ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥}

(ਅੰਗ ੫੦੯)

ਉੱਪਰ ਵਾਲੇ ਪਹਿਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਸੱਚੁ ਨੂੰ ਸੁਣਨ ਲਈ, ਬੁੱਝਣ ਲਈ ਤੇ ਸੱਚੁ ਦਾ ਵਖਾਣ ਕਰਨ ਲਈ ਸਮਝਾਇਆ ਹੋਇਆ ਹੈ ਜਿਹੋ ਜਿਹਾ ਕਰਨ ਦੁਆਰਾ ਸਾਨੂੰ ਪ੍ਰਮਾਤਮਾ ਆਪਣੇ ਮਹਲ ਵਿੱਚ ਬੁਲਾਉਂਦਾ ਹੈ ਭਾਵ ਆਪਣੇ ਨਾਲ ਮੇਲ ਕਰਦਾ ਹੈ,ਆਪਣੇ ਦਰਸ਼ਨ ਦਿੰਦਾ ਹੈ। ਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਦਰਸ਼ਨ ਉਸਦਾ ਨਾਮ ਜਪਣ ਦੁਆਰਾ ਹੁੰਦੇ ਹਨ, ਜਪ ਤਪ ਕਰਨ ਦੁਆਰਾ ਹੁੰਦੇ ਹਨ। ਜੇਕਰ ਧਿਆਨ ਨਾਲ ਸਮਝੋਗੇ ਤਾਂ ਉਪਰਲੀ ਪੰਗਤੀ ਰਾਹੀਂ ਸਾਨੂੰ ਜਪ ਤਪ ਹੀ ਸਮਝਾਇਆ ਹੋਇਆ ਹੈ। ਅਸੀਂ ਸੱਚੁ ਨੂੰ ਮੰਨਣਾ ਹੈ, ਬੁੱਝਣਾ ਹੈ ਤੇ ਉਸਦਾ ਵਖਾਣਿ ਕਰਨਾ ਹੈ। ਸੱਚੁ ਗੁਰੂ ਦੀ ਮਤਿ ਹੈ, ਸ਼ਬਦਾਂ ਦੀ ਵਿਚਾਰ ਹੈ ਭਾਵ ਨਾਮ ਹੈ। ਅਸੀਂ ਗੁਰੂ ਦੀ ਮਤਿ ਨੂੰ ਸੁਣਨਾ ਹੈ ਤੇ ਉਸਨੂੰ ਬੁੱਝਣਾ ਹੈ, ਸਮਝਣਾ ਹੈ, ਮੰਨਣਾ ਹੈ ਭਾਵ ਨਾਮ ਨੂੰ ਜਪਣਾ ਹੈ ਤੇ ਸਾਡੀ ਇਹ ਜਪਣੀ ਤਾਂ ਹੀ ਪੂਰੀ ਹੋ ਸਕਦੀ ਹੈ ਜੇਕਰ ਅਸੀਂ ਸੱਚ ਦਾ ਵਖਾਣਿ ਵੀ ਕਰੀਏ ਭਾਵ ਉਸ ਤੇ ਅਮਲ ਵੀ ਕਰੀਏ। ਜੇਕਰ ਅਸੀਂ ਗੁਰੂ ਦੀ ਮਤਿ ਨੂੰ, ਸੱਚ ਨੂੰ, ਨਾਮ ਨੂੰ, ਸੁਣਦੇ ਵੀ ਹਾਂ, ਸਮਝਦੇ ਵੀ ਹਾਂ, ਮੰਨਦੇ ਵੀ ਹਾਂ ਪਰ ਉਸ ਤੇ ਅਮਲ ਨਹੀਂ ਕਰਦੇ ਫਿਰ ਸਾਡਾ ਜਪ ਕਿਸ ਲੇਖੇ। ਸਾਰੀ ਗੱਲ ਤੇ ਅਮਲ ਤੇ ਮੁੱਕਦੀ ਹੈ ਭਾਵ ਤਪ ਤੇ ਮੁੱਕਦੀ ਹੈ ਜੋ ਔਖਾ ਹੈ ਕਿਉਂਕਿ ਉਸ ਲਈ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ, ਮਾਇਆ ਮੋਹ ਪੂਰੀ ਤਰ੍ਹਾਂ ਛੱਡਣਾ ਪੈਂਦਾ ਹੈ ਜੋ ਬਹੁਤ ਔਖਾ ਹੈ, ਤਪ ਕਰਨਾ ਬਹੁਤ ਔਖਾ ਹੈ। ਤਪ ਵੀ ਪੂਰਾ ਕਰਨਾ ਹੈ ਭਾਵ ਗੁਰੂ ਦੀ ਮਤਿ ਤੇ ਪੂਰਨ ਰੂਪ ਵਿੱਚ ਅਮਲ ਕਰਨਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਮੁੱਖ ਸ਼ਬਦ ਦੁਆਰਾ ਸਮਝ ਰਹੇ ਹਾਂ। (**ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥**) ਜਦੋਂ ਮਨੁੱਖੀ ਮਤਿ, ਮਨੁੱਖੀ ਸਮਝ ਭਗਤੀ ਦੇ ਮਾਰਗ ਤੇ ਪੂਰੀ ਉਤਰਦੀ ਹੈ ਜਿਵੇਂ ਕਿ ਪੂਰੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ, ਇਹੀ ਸਾਡੇ ਅੰਦਰ ਪੂਰਨ ਰਾਜੁ ਦੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਜੋਗੁ ਦੀ, ਮੇਲ ਦੀ ਅਵੱਸਥਾ ਹੈ। ਰਾਜੁ ਉਸਦਾ ਹੀ ਚੱਲਦਾ ਹੈ ਜੋ ਰਾਜਾ ਹੁੰਦਾ ਹੈ। ਰਾਜਾ ਸਾਰੇ ਸੰਸਾਰ ਦਾ ਇੱਕੋ ਹੀ ਹੈ ਜੋ ਪ੍ਰਮਾਤਮਾ ਆਪ ਹੀ ਹੈ। ਧਰਮ ਰਾਜਾ ਉਹ ਆਪ ਹੀ ਹੈ ਜਿਸਨੂੰ ਧਰਮ ਦਾ ਸੱਚਾ ਗਿਆਨ ਹੈ। ਸਾਡੇ ਅੰਦਰ ਧਰਮ ਦੇ ਪੂਰਨ ਸੱਚੇ ਗਿਆਨ ਦਾ ਰਾਜ ਪੂਰਨ "ਰਾਜੁ ਜੋਗੁ" ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੋ ਸਕਦਾ ਹੈ। ਆਪਣੇ ਧਰਮ ਦੇ ਮਾਰਗ ਦੀ ਪੂਰਨ ਸਮਝ ਉਹ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ ਇਹੋ ਜਿਹਾ ਪੂਰਨ "ਰਾਜੁ ਜੋਗੁ" ਕਮਾਇਆ ਹੈ ਜੋ ਕਿ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਇਹ ਸਾਡੇ ਅੰਦਰ ਗੁਰਮਤਿ ਦੀ ਪੂਰਨ ਸਮਝ ਦਾ ਰਾਜ ਹੈ ਜੋ ਕਿ ਨਿਹਚਲ ਰਾਜ ਹੈ ਜੋ ਰਾਜ ਕਦੇ ਡੋਲ ਨਹੀਂ ਸਕਦਾ, ਮਾਇਆ ਮੋਹ ਵਿੱਚ ਡੋਲ ਨਹੀਂ ਸਕਦਾ। ਇਹੀ ਸਾਡੇ ਅੰਦਰ ਸੱਚ ਦਾ ਰਾਜ ਹੈ, ਨਾਮ ਦਾ ਰਾਜ ਹੈ, ਸਾਡੇ ਅੰਦਰ ਗੁਰੂ ਦੇ ਨਾਮ ਦਾ ਦ੍ਰਿੜ ਹੋਣਾ ਹੈ, ਗੁਰਮਤਿ ਦਾ ਦ੍ਰਿੜ ਹੋਣਾ ਹੈ ਜਿਸ ਦੁਆਰਾ ਮਨੁੱਖ ਪੂਰਨ ਭਗਤੀ ਦੇ ਮਾਰਗ ਤੇ ਚੱਲਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ

ਜਾ ਸਕਦਾ ਹੈ। ਪਹਿਲੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਹ ਸਮਝਦੇ ਹਾਂ ਕਿ ਜਿੱਥੇ ਭਾਵ ਜਿਸ ਮਨ ਦੇ ਅੰਦਰ ਰਾਜ ਜੋਗ ਨਹੀਂ ਉਥੇ ਕਿਹੋ ਜਿਹਾ ਰਾਜ ਹੁੰਦਾ ਹੈ।

“ਬਿਖੈ ਰਾਜ ਤੇ ਅੰਧੁਲਾ ਭਾਰੀ ॥
ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥
ਤੇਰੇ ਦਾਸ ਕਉ ਤੁਹੀ ਵਡਿਆਈ ॥
ਮਾਇਆ ਮਗਨੁ ਨਰਕਿ ਲੈ ਜਾਈ ॥੧॥ ਰਹਾਉ ॥
ਰੋਗ ਗਿਰਸਤ ਚਿਤਾਰੇ ਨਾਉ ॥
ਬਿਖੁ ਮਾਤੇ ਕਾ ਠਉਰ ਨ ਠਾਉ ॥੨॥”

(ਅੰਗ ੧੯੬)

ਬਿਖ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ, ਅਗਿਆਨਤਾ ਵਾਲੀ ਸਮਝ ਹੈ ਜਿਸਨੂੰ ਧਰਮ ਦੇ ਮਾਰਗ ਦੀ, ਨਾਮ ਦੇ ਮਾਰਗ ਦੀ, ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ। ਰਾਜ ਤਾਂ ਸਾਡੇ ਸਭ ਦੇ ਅੰਦਰ “ਬਿਖ” ਦਾ ਹੀ ਚੱਲਦਾ ਹੈ,ਨਾ-ਸਮਝਿ ਮਤਿ ਦਾ ਹੀ ਚੱਲਦਾ ਹੈ ਜਿਸ ਕਰਕੇ ਹਰ ਕੋਈ ਮਨ ਦੀ ਅਗਿਆਨਤਾ ਕਰਕੇ ਅੰਧਾ ਹੈ, ਭਗਤੀ ਦੇ ਸਹੀ ਮਾਰਗ ਤੋਂ ਅਨਜਾਣਿ ਹੈ। ਸਾਡੇ ਅੰਦਰ ਦੀ ਇਹ ਬਿਖ ਹੀ ਸਾਨੂੰ ਦੁੱਖਾਂ ਵਿੱਚ ਪਾਉਂਦੀ ਹੈ, ਮਾਇਆ ਮੋਹ ਵਿੱਚ, ਤ੍ਰਿਸ਼ਨਾਵਾਂ ਵਿੱਚ ਪਾਉਂਦੀ ਹੈ ਤੇ ਅਸੀਂ ਇਸ ਬਿਖ ਨਾਲ ਲੱਗੇ ਹੋਏ ਹੀ ਭਾਵ ਇਸ ਬਿਖ ਨੂੰ ਛੱਡੇ ਬਿਨ੍ਹਾਂ ਹੀ ਨਾਮ ਚਿਤਾਰਦੇ ਹਾਂ ਜਿਸ ਕਰਕੇ ਸਾਨੂੰ ਅੰਧੁਲਾ ਕਿਹਾ ਹੈ, ਨਾਮ ਬਾਰੇ ਨਾ-ਸਮਝ ਕਿਹਾ ਹੈ ਕਿਉਂਕਿ ਨਾਮ ਚਿਤਾਰਨਾ ਹੈ ਹੀ ਬਿਖ ਵਿੱਚੋਂ ਨਿਕਲਣਾ। “ਬਿਖ” ਵਿੱਚ ਰਹਿੰਦੇ ਨਾਮ ਨਹੀਂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਬਿਖ ਵਿੱਚ ਰਹਿੰਦੇ ਹੋਏ ਹੀ, ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਨਾਮ ਜਪਣ ਵਾਲਾ ਸਮਝ ਕੇ ਭਾਰਾ ਕਰਦੇ ਹਾਂ,ਉੱਚਾ ਕਰਦੇ ਹਾਂ ਭਾਵ ਆਪਣੀ ਨਾ-ਸਮਝ ਭਗਤੀ ਦਾ ਮਾਣ ਕਰਦੇ ਹਾਂ। (**ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥**) ਅਗਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਜੋ ਕਿ “ਰਹਾਉ” ਵਾਲੀ ਪੰਗਤੀ ਹੈ।

“ਤੇਰੇ ਦਾਸ ਕਉ ਤੁਹੀ ਵਡਿਆਈ ॥
ਮਾਇਆ ਮਗਨੁ ਨਰਕਿ ਲੈ ਜਾਈ ॥੧॥ ਰਹਾਉ ॥”

ਪ੍ਰਮਾਤਮਾ ਦਾ ਦਾਸ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ। ਗੁਰੂ ਆਪ ਹੀ ਪ੍ਰਮਾਤਮਾ ਦਾ ਦਾਸ ਹੈ ਜੋ ਕਿ ਸੱਚੀ ਗੁਰਮਤਿ ਦੀ ਸਮਝ ਦਾ ਦਾਸ ਹੈ ਜਿਸ ਸਮਝ ਅਨੁਸਾਰ ਉਹ ਭਗਤੀ ਦੇ ਮਾਰਗ ਤੇ ਚੱਲਦਾ ਹੈ ਤੇ ਦੂਸਰਿਆਂ ਨੂੰ ਸਮਝਾਉਂਦਾ ਹੈ, ਪ੍ਰਮਾਤਮਾ ਦਾ ਦਾਸ ਬਣਨਾ ਸਮਝਾਉਂਦਾ ਹੈ। ਪ੍ਰਮਾਤਮਾ ਦੀ ਵਡਿਆਈ ਪ੍ਰਮਾਤਮਾ ਦਾ ਦਾਸ ਬਣਨ ਦੁਆਰਾ ਹੀ ਕੀਤੀ ਜਾ ਸਕਦੀ ਹੈ ਤੇ ਪ੍ਰਮਾਤਮਾ ਦੀ ਵਡਿਆਈ ਨੂੰ ਸਮਝਣ ਵਾਲਾ ਆਪਣੀ ਵਡਿਆਈ ਨੂੰ, ਮਨੁੱਖੀ ਵਡਿਆਈ ਨੂੰ ਉੱਚਾ ਨਹੀਂ ਸਮਝਦਾ, ਪ੍ਰਮਾਤਮਾ ਨੂੰ ਹੀ ਵਡਿਆਉਂਦਾ ਹੈ। ਪ੍ਰਮਾਤਮਾ ਦੇ ਸੱਚੇ ਗਿਆਨ ਨੂੰ ਵੱਡਾ ਕਰਨਾ, ਉੱਚਾ ਕਰਨਾ, ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਨੂੰ ਮੰਨ ਕੇ ਉਸਨੂੰ ਵੱਡਾ ਕਰਨਾ ਹੀ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ। ਪ੍ਰਮਾਤਮਾ ਦਾ ਦਾਸ ਪ੍ਰਮਾਤਮਾ ਦਾ ਆਪਣਾ ਰੂਪ ਹੀ ਹੁੰਦਾ ਹੈ ਜਿੱਥੇ ਪ੍ਰਮਾਤਮਾ ਆਪ ਮਨ ਵਿੱਚ ਪ੍ਰਗਟ ਹੁੰਦਾ ਹੈ ਤੇ ਪ੍ਰਮਾਤਮਾ ਦੇ ਦਾਸ ਦੀ ਵਡਿਆਈ ਵੀ ਪ੍ਰਮਾਤਮਾ ਦੀ ਵਡਿਆਈ ਹੀ ਹੈ। ਪ੍ਰਮਾਤਮਾ ਦੇ ਜਾਣੇ ਬਿਨ੍ਹਾਂ ਜੋ ਮਾਇਆ ਮੋਹ ਵਿੱਚ ਰਹਿੰਦੇ ਹਨ, ਜਿਨ੍ਹਾਂ ਦੇ ਅੰਦਰ ਬਿਖ ਦਾ ਰਾਜ ਹੁੰਦਾ ਹੈ ਉਹ ਆਪਣੇ ਝੂਠੇ ਜਪ ਤਪ ਦੁਆਰਾ ਆਪਣੀ ਵਡਿਆਈ ਕਰਵਾਉਂਦੇ ਹਨ। ਇਹੋ ਜਿਹੀ ਝੂਠੀ ਵਡਿਆਈ ਲੈਣ ਦੁਆਰਾ ਉਹ ਆਪਣੇ ਆਪ ਨੂੰ ਨਰਕਾਂ ਵਿੱਚ ਪਾਉਂਦੇ ਹਨ। ਨਰਕ ਕੀ ਹੈ, ਸਵਰਗ ਕੀ ਹੈ, ਇਸ ਗੱਲ ਨੂੰ ਲੇਖ ਵਿੱਚ ਕਾਫੀ ਅੱਗੇ ਚੱਲਕੇ ਸਮਝਾਂਗੇ। (**ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥ ਤੇਰੇ ਦਾਸ ਕਉ ਤੁਹੀ ਵਡਿਆਈ ॥ ਮਾਇਆ ਮਗਨੁ ਨਰਕਿ ਲੈ ਜਾਈ ॥੧॥ ਰਹਾਉ ॥**)

ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਕਿ ਬਿਖ ਦੇ ਨਾਲ ਜੁੜੇ ਹੋਏ ਅਸੀਂ ਜੋ ਆਪਣੇ ਵੱਲੋਂ ਨਾਮ ਜਪਦੇ ਹਾਂ, ਉਹ ਝੂਠੀ ਭਗਤੀ ਹੈ ਜਿਸ ਦੁਆਰਾ ਅਸੀਂ ਝੂਠੀ ਵਡਿਆਈ ਲੈਂਦੇ ਹਾਂ, ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਹੋਰ ਸਪੱਸ਼ਟ ਕੀਤੀ ਹੋਈ ਹੈ।

“ਰੋਗ ਗਿਰਸਤ ਚਿਤਾਰੇ ਨਾਉ ॥

ਬਿਖੁ ਮਾਤੇ ਕਾ ਠਉਰ ਨ ਠਾਉ ॥”

ਸਾਡਾ ਰੋਗ ਕੀ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਸਾਡੇ ਅੰਦਰ ਦੀ “ਬਿਖੁ” ਹੀ ਸਾਡਾ ਰੋਗ ਹੈ ਜੋ ਕਿ ਸਾਡੇ ਮਨ ਦਾ ਰੋਗ ਹੈ, ਸਾਡੇ ਮਨ ਦੀ ਸਮਝ ਦਾ ਰੋਗ ਹੈ, ਹਉਮੈ ਰੋਗ ਹੈ, ਮਾਇਆ ਰੋਗ ਹੈ ਜਿਸ ਕਰਕੇ ਸਾਡੇ ਅੰਦਰ ਤ੍ਰਿਸ਼ਨਾਵਾਂ ਦਾ ਰੋਗ ਲੱਗਿਆ ਰਹਿੰਦਾ ਹੈ। ਬਾਣੀ ਵਿੱਚ ਵਾਰ-ਵਾਰ ਇਸ ਮਨ ਦੇ ਰੋਗ ਦੀ ਗੱਲ ਕੀਤੀ ਹੋਈ ਹੈ। ਇਹ ਰੋਗ “ਬਿਖੁ” ਹੈ ਤੇ ਇਸਦਾ ਦਾਰੂ “ਅੰਮ੍ਰਿਤ” ਹੈ, “ਨਾਮ” ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ। ਰੋਗ ਸਾਡੇ ਮਨ ਦੇ ਵਿੱਚ ਭਰਮਾਂ ਵਾਲੀ ਸਮਝ ਦਾ ਹੈ, ਮਾਇਆ ਮੋਹ ਦਾ ਹੈ, ਭਗਤੀ ਦੇ ਮਾਰਗ ਦੀ ਸੱਚੀ ਸਮਝ ਨਾ ਹੋਣ ਦਾ ਹੈ ਭਾਵ ਮਨ ਦੀ ਅਗਿਆਨਤਾ ਦਾ ਹੈ ਤੇ ਇਸ ਦਾ ਦਾਰੂ ਸੱਚ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ, ਭਰਮਾਂ ਵਾਲੀ ਸਮਝ ਦੇ ਵਿੱਚੋਂ ਕੱਢਦਾ ਹੈ। ਹਰ ਭਰਮ ਸੱਚ ਦੀ ਸਮਝ ਆਉਣ ਦੁਆਰਾ ਹੀ ਦੂਰ ਹੁੰਦਾ ਹੈ। ਰੋਗ ਮਨ ਦੀ ਅਗਿਆਨਤਾ ਦਾ ਹੈ ਤੇ ਅਗਿਆਨਤਾ ਦਾ ਦਾਰੂ, ਇਲਾਜ ਗਿਆਨ ਹੈ। ਰੋਗ ਹਉਮੈ ਹੈ, ਦਾਰੂ ਨਾਮ ਹੈ। ਰੋਗ ਮਨਮਤਿ ਹੈ ਦਾਰੂ ਗੁਰਮਤਿ ਹੈ। ਰੋਗ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਮਨ ਦੇ ਇਸ ਰੋਗ ਵਿੱਚ ਰਹਿੰਦਿਆਂ ਸਾਨੂੰ ਨਾਮ ਦੀ ਸਮਝ ਨਹੀਂ ਪੈਂਦੀ ਤੇ ਮਨ ਦੀ ਅਗਿਆਨਤਾ ਕਰਕੇ ਹੀ, ਮਨ ਦੀ ਬਿਖ ਕਰਕੇ ਹੀ ਆਪਣੇ ਵੱਲੋਂ ਕਿਸੇ ਅੱਖਰ ਨੂੰ ਨਾਮ ਸਮਝਕੇ ਚਿਤਾਰਦੇ ਹਾਂ, ਜਪਦੇ ਹਾਂ, ਜਿਸ ਦੀ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਸਾਡੀ ਕੋਈ ਕਦਰ ਨਹੀਂ ਪੈਂਦੀ, ਉਸਦੇ ਘਰ ਵਿੱਚ ਸਾਨੂੰ ਕੋਈ ਜਗ੍ਹਾ ਨਹੀਂ ਮਿਲਦੀ। (**ਰੋਗ ਗਿਰਸਤ ਚਿਤਾਰੇ ਨਾਉ ॥ ਬਿਖੁ ਮਾਤੇ ਕਾ ਠਉਰ ਨ ਠਾਉ ॥**) ਸਾਡੇ ਅੰਦਰ ਰੋਗ ਕੀ ਹੈ ਤੇ ਇਸਦਾ ਦਾਰੂ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ।

ਸਾਡੇ ਅੰਦਰ ਬਿਖ ਦਾ ਰਾਜ ਕੀ ਹੈ, ਇਸ ਗੱਲ ਨੂੰ ਅਸੀਂ ਉੱਪਰ ਵਾਲੇ ਸ਼ਬਦ ਦੁਆਰਾ ਸਮਝਿਆ ਹੈ। ਬਿਖ ਤੋਂ ਉਲਟ ਅੰਮ੍ਰਿਤ ਹੈ, ਨਾਮ ਹੈ, ਗੁਰੂ ਦਾ ਸੱਚਾ ਗਿਆਨ ਹੈ ਜਿਸ ਰਾਜ ਦੇ ਵਿੱਚ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਰਾਜ ਕਰਦੀ ਹੈ ਜਿਸ ਰਾਜ ਵਿੱਚ ਹਉਮੈ ਦਾ ਰਾਜ, ਬਿਖ ਦਾ ਰਾਜ ਮਿਟ ਜਾਂਦਾ ਹੈ, ਝੂਠੀ ਮਤਿ ਦਾ ਰਾਜ ਮਿਟ ਜਾਂਦਾ ਹੈ ਤੇ ਸੱਚੁ ਦਾ ਰਾਜ ਚੱਲਦਾ ਹੈ। ਧਰਮ ਦੇ ਸੱਚੇ ਮਾਰਗ ਦੀ ਸਮਝ ਸੱਚ ਦੇ ਰਾਜ ਵਿੱਚ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਮੇਲ ਦੁਆਰਾ ਪਾਉਂਦਾ ਹੈ। ਸੱਚੁ ਹੀ ਨਾਮ ਹੈ, ਪ੍ਰਮਾਤਮਾ ਆਪ ਹੈ ਤੇ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਰਾਜ ਪ੍ਰਮਾਤਮਾ ਦਾ ਆਪਣਾ ਹੀ ਰਾਜ ਹੈ, ਨਾਮ ਦਾ ਰਾਜ ਹੈ ਜਿਵੇਂ ਕਿ ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ ਕਿ ਪੂਰਨ ਰਾਜ ਜੋਗ ਕੀ ਹੈ।

{ਕਟੀਐ ਤੇਰਾ ਅਹੰ ਰੋਗੁ ॥
ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧॥}

(ਅੰਗ ੨੧੧)

{ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥}

(ਅੰਗ ੨੩੭)

{ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥
ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥
ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥੫॥}

(ਅੰਗ ੨੩੯)

{ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥੩॥}

(ਅੰਗ ੨੪੯)

{ਹਉ ਬਲਿਹਾਰੀ ਸਾਚੇ ਨਾਵੈ ॥
ਰਾਜੁ ਤੇਰਾ ਕਬਹੁ ਨ ਜਾਵੈ ॥
ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ ॥
ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ ॥
ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ ॥
ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ ॥੪॥}

(ਅੰਗ ੫੬੬-੫੬੭)

{ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥}

(ਅੰਗ ੧੩੯੬)

{ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥
ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ ॥
ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥
ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ ॥
ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ ॥
ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥੬॥}

(ਅੰਗ ੧੩੯੦)

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਾਂ ਕਿ ਗੁਰੂ ਕਿਸ ਤਰੀਕੇ ਪੂਰਾ ਗੁਰੂ ਹੈ, ਉਹ ਕਿਸ ਤਰੀਕੇ ਪੂਰਨ ਹੈ। (**ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥**)

ਪੂਰਨ ਕੇਵਲ ਪ੍ਰਮਾਤਮਾ ਆਪ ਹੈ ਤੇ ਜਿਸਨੂੰ ਪ੍ਰਮਾਤਮਾ ਪੂਰਾ ਕਰਦਾ ਹੈ, ਉਹ ਆਪਣੇ ਮੇਲ ਦੁਆਰਾ ਹੀ ਕਰਦਾ ਹੈ, ਆਪਣਾ ਰੂਪ ਬਣਾਉਣ ਦੁਆਰਾ ਹੀ ਕਰਦਾ ਹੈ ਜਦੋਂ ਮਨੁੱਖ ਦਾ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਦੇ ਨਾਲ ਭੇਦ ਮਿਟ ਜਾਂਦਾ ਹੈ ਕਿ ਅਸਲ ਵਿੱਚ ਉਹ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ ਤੇ ਉਸਦੇ ਗੁਰੂ ਰੂਪ ਦੀ ਸੋਭਾ ਸੱਚੀ ਸੋਭਾ ਹੈ ਜੋ ਕਿ ਉਸਦੀ ਆਪਣੀ ਹੀ ਸੋਭਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“**ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥**”

(ਅੰਗ ੧੮੮)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਭਗਤੀ ਦੇ ਮਾਰਗ ਤੇ ਸੱਚੀ ਸੋਭਾ ਕਿਸ ਵਿੱਚ ਹੈ, ਮਨੁੱਖ ਪੂਰੀ ਸੋਭਾ ਵਾਲਾ ਕਿਸ ਤਰੀਕੇ ਬਣਦਾ ਹੈ। ਭਗਤੀ ਦੇ ਮਾਰਗ ਤੇ ਪੂਰੀ ਸੋਭਾ ਵਾਲਾ ਆਪ ਗੁਰੂ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸਨੂੰ ਭਗਤੀ ਦੇ ਮਾਰਗ ਦੀ ਪੂਰੀ ਸਮਝ ਹੈ ਤੇ ਆਪ ਹੀ ਉਸ ਤੇ ਪੂਰਾ ਉਤਰ ਕੇ ਦਿਖਾਉਂਦਾ ਹੈ। ਭਗਤੀ ਦਾ ਮਾਰਗ ਸਾਡੇ ਕਰਮ ਕਰਨ ਦਾ ਮਾਰਗ ਹੈ। ਜੋ ਮਨੁੱਖ ਪਤਿਤ ਹੈ ਉਹ ਮਾੜੇ ਕਰਮਾਂ ਕਰਕੇ ਹੀ ਪਤਿਤ ਅਖਵਾਉਂਦਾ ਹੈ ਤੇ ਮਾੜੇ ਕਰਮ ਉਹੀ ਕਰਦਾ ਹੈ ਜਿਸਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਨਹੀਂ ਹੈ।

ਭਗਤੀ ਦੇ ਮਾਰਗ ਤੇ ਮਨੁੱਖ ਤਾਂ ਹੀ ਚੱਲ ਸਕਦਾ ਹੈ ਜਦੋਂ ਉਸਦੀ ਸਮਝ ਮਨੁੱਖ ਕੋਲੋਂ ਚੰਗੇ ਕੰਮ ਕਰਵਾਉਂਦੀ ਹੈ ਜਿਸ ਦੁਆਰਾ ਮਨੁੱਖ ਪੁਨੀਤ ਅਖਵਾਉਂਦਾ ਹੈ। ਜੋ ਪਤਿਤ ਤੋਂ ਪੁਨੀਤ ਹੋ ਜਾਂਦਾ ਹੈ ਉਸਦੀ ਸੋਭਾ ਹੀ ਸੱਚੀ ਹੈ, ਜੋ ਪੂਰੀ ਤਰ੍ਹਾਂ ਪੁਨੀਤ

ਹੈ ਉਹ ਹੀ ਪੂਰੀ ਸੋਭਾ ਵਾਲਾ ਬਣਦਾ ਹੈ। ਸਾਡਾ ਪਤਿਤ ਹੋਣਾ ਕੀ ਹੈ ਤੇ ਪੁਨੀਤ ਹੋਣਾ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥
ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥
ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥
ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥੨॥}

(ਅੰਗ ੭੦੩)

{ਲੋਭਿ ਮੋਹਿ ਮਗਨ ਅਪਰਾਧੀ ॥
ਕਰਣਹਾਰ ਕੀ ਸੇਵ ਨ ਸਾਧੀ ॥੧॥
ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥
ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥੧॥ ਰਹਾਉ ॥}

(ਅੰਗ ੭੪੦-੭੪੧)

{ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥
ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ ॥੧॥ ਰਹਾਉ ॥
ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥
ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ ॥
ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ ॥੨॥}

(ਅੰਗ ੮੨੦)

{ਅਬ ਹਰਿ ਰਾਖਨਹਾਰੁ ਚਿਤਾਰਿਆ ॥
ਪਤਿਤ ਪੁਨੀਤ ਕੀਏ ਖਿਨ ਭੀਤਰਿ ਸਗਲਾ ਰੋਗੁ ਬਿਦਾਰਿਆ ॥੧॥ ਰਹਾਉ ॥
ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥
ਸਿਮਰਿ ਸਿਮਰਿ ਪੂਰਨ ਨਾਰਾਇਨ ਸੰਗੀ ਸਗਲੇ ਤਾਰਿਆ ॥੧॥}

(ਅੰਗ ੬੭੪)

{ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੋ ਹਮਰੇ ਦੋਖ ਰਿਦੈ ਮਤ ਧਾਰਹੁ ॥
ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ ॥੧॥}

(ਅੰਗ ੮੨੯)

{ਪਤਿਤ ਪਾਵਨ ਦੁਖ ਭੈ ਭੰਜਨੁ ॥
ਅਹੰਕਾਰ ਨਿਵਾਰਣੁ ਹੈ ਭਵ ਖੰਡਨੁ ॥}

(ਅੰਗ ੧੦੮੩)

{ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥
ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥੧॥}

(ਅੰਗ ੫੯੬)

{ਮਿਲਿ ਸਾਧੂ ਦੁਰਮਤਿ ਖੋਏ ॥
ਪਤਿਤ ਪੁਨੀਤ ਸਭ ਹੋਏ ॥}

(ਅੰਗ ੬੨੪)

{ਪਤਿਤ ਪਵਿਤ੍ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ ॥
ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥}

(ਅੰਗ ੫੩੯)

ਉਪਰਲੇ ਇਨ੍ਹਾਂ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਮਨੁੱਖ ਦਾ ਪਤਿਤ ਹੋਣਾ ਕੀ ਹੈ। ਮਨੁੱਖ ਨੂੰ ਪਤਿਤ ਕਰਨ ਵਾਲੇ ਉਸਦੇ ਕਰਮ ਹਨ ਭਾਵ ਮਾੜੇ ਕਰਮ ਹਨ, ਮਨ ਦੇ ਵਿਕਾਰ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਭਾਵ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਦੀ ਹਉਮੈ ਹੈ, ਦੁਰਮਤਿ ਹੈ ਜੋ ਸਾਨੂੰ ਭਗਤੀ ਦੇ ਸੱਚੇ ਮਾਰਗ ਤੋਂ ਦੂਰ ਰੱਖਦੀ ਹੈ। ਜੇਕਰ ਮਨੁੱਖ ਔਗੁਣਾਂ ਕਰਕੇ ਪਤਿਤ ਹੈ, ਮਾਇਆ ਮੋਹ ਕਰਕੇ ਪਤਿਤ ਹੈ, ਹਉਮੈ ਕਰਕੇ ਪਤਿਤ ਹੈ, ਦੁਰਮਤਿ ਕਰਕੇ ਪਤਿਤ ਹੈ, ਫਿਰ ਪਤਿਤ ਤੋਂ ਪਾਵਨ ਬਣਨਾ, ਪੁਨੀਤ ਬਣਨਾ, ਪਵਿਤਰ ਬਣਨਾ ਕੀ ਹੋਇਆ ਭਾਵ ਔਗੁਣਾਂ ਵਿੱਚੋਂ ਨਿਕਲਣਾ, ਮਾਇਆ ਮੋਹ ਵਿੱਚੋਂ ਨਿਕਲਣਾ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ, ਹਉਮੈ ਵਿੱਚੋਂ ਨਿਕਲਣਾ, ਦੁਰਮਤਿ ਵਿੱਚੋਂ ਭਾਵ ਮਨ ਦੀ ਮਾੜੀ ਮਤਿ ਵਿੱਚੋਂ ਨਿਕਲਣਾ ਹੀ ਪੁਨੀਤ ਬਣਨਾ ਹੈ, ਪਵਿੱਤਰ ਬਣਨਾ ਹੈ। ਦੁਰਮਤਿ ਵਿੱਚੋਂ ਸਾਨੂੰ ਗੁਰਮਤਿ ਹੀ ਕੱਢ ਸਕਦੀ ਹੈ, ਹਉਮੈ ਵਿੱਚੋਂ ਸਾਨੂੰ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ, ਇੱਕੋ ਹੀ ਗੱਲ ਹੈ। ਪਤਿਤ ਅਸੀਂ ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਹਾਂ ਜਿਸ ਦੇ ਰਹਿੰਦਿਆਂ ਸਾਨੂੰ ਭਗਤੀ ਦੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ। ਗੁਰੂ ਦੇ ਨਾਮ ਦਾ ਮਕਸਦ, ਸੱਚੇ ਗਿਆਨ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ, ਦੁਰਮਤਿ ਵਿੱਚੋਂ ਕੱਢ ਕੇ, ਹਉਮੈ ਵਿੱਚੋਂ ਕੱਢ ਕੇ ਸਾਨੂੰ ਪੁਨੀਤ ਬਣਾਉਣ ਦਾ ਹੀ ਹੈ, ਸਾਡੇ ਮਨ ਨੂੰ ਪਵਿੱਤਰ ਬਣਾਉਣ ਦਾ ਹੀ ਹੈ ਤਾਂ ਜੋ ਅਸੀਂ ਮਨ ਦੀ ਸੱਚੀ ਸਮਝ ਦੁਆਰਾ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕੀਏ, ਭਗਤੀ ਦੇ ਮਾਰਗ ਤੇ ਪੂਰੇ ਉਤਰ ਸਕੀਏ ਜੋ ਕਿ ਚੰਗੇ ਕਰਮ ਕਰਨ ਦਾ ਹੈ, ਮਾੜੇ ਕਰਮਾਂ ਵਿੱਚੋਂ ਨਿਕਲਣ ਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਅਸੀਂ ਪੁਨੀਤ ਕਿਵੇਂ ਬਣਨਾ ਹੈ, ਮਨ ਦੇ ਪਤਿਤ ਪੁਣੇ ਵਿੱਚੋਂ ਕਿਵੇ ਨਿਕਲਣਾ ਹੈ।

{ਗੁਰਮਤਿ ਸੁਨਿ ਕਛੂ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥੨॥}

(ਅੰਗ ੬੮੫)

{ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ ॥੩॥}

(ਅੰਗ ੯੧੫)

ਉੱਪਰ ਵਾਲੀਆਂ ਪੰਗਤੀਆਂ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਅਸੀਂ ਪਤਿਤ ਕਿਸ ਕਰਕੇ ਹਾਂ ਤੇ ਅਸੀਂ ਪੁਨੀਤ ਕਿਵੇਂ ਹੋਣਾ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ, ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਦੁਆਰਾ ਅਸੀਂ ਪਤਿਤ ਹਾਂ ਤੇ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਦੁਆਰਾ ਅਸੀਂ ਪੁਨੀਤ ਬਣ ਸਕਦੇ ਹਾਂ। ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਸਾਡੀ ਤਾਂ ਹੀ ਬਣੇਗੀ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਸਮਝ ਕੇ ਉਸਨੂੰ ਮੰਨਾਂਗੇ ਭਾਵ ਆਪਣੇ ਔਗੁਣ ਛੱਡਾਂਗੇ, ਮਾਇਆ ਮੋਹ ਛੱਡਾਂਗੇ, ਭਾਵ ਮਾੜੇ ਕਰਮ ਛੱਡਾਂਗੇ, ਗੁਰਮਤਿ ਦੇ ਉਲਟ ਚੱਲਣਾ ਛੱਡਾਂਗੇ ਜਿਸ ਕਰਕੇ ਅਸੀਂ ਗੁਰੂ ਦੀਆਂ ਨਜਰਾਂ ਵਿੱਚ ਪਤਿਤ ਹਾਂ। ਅਸੀਂ ਆਪਣੀ ਕਥਨੀ ਦੁਆਰਾ ਹੀ ਪੁਨੀਤ ਬਣਨਾ ਸਮਝਦੇ ਹਾਂ, ਗੁਰੂ ਦੀ ਗੱਲ ਨੂੰ ਕੇਵਲ ਸੁਣੀ ਜਾਣ ਦੁਆਰਾ ਹੀ ਪੁਨੀਤ ਬਣਨਾ ਸਮਝਦੇ ਹਾਂ ਜੋ ਕਿ ਸਭ ਦਾ ਵੱਡਾ ਭਰਮ ਹੈ। ਪੁਨੀਤ ਸਾਨੂੰ ਸਾਡੀ ਕਰਨੀ ਨੇ ਹੀ ਬਣਾਉਣਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨ ਨੇ ਹੀ ਬਣਾਉਣਾ ਹੈ।ਪ੍ਰਮਾਤਮਾ ਦੀ ਭਗਤੀ ਸਾਡੀ ਪੁਨੀਤ ਮਤਿ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਹੀ ਹੋ

ਸਕਦੀ ਹੈ। ਨਾਮ ਦਾ ਮਕਸਦ ਸਾਡੀ ਮਤਿ ਨੂੰ ਪੁਨੀਤ ਕਰਨ ਦਾ ਹੀ ਹੈ, ਪਤਿਤ ਮਤਿ ਨੂੰ, ਅਗਿਆਨਤਾ ਵਾਲੀ ਮਤਿ ਨੂੰ ਗੁਰੂ ਦੇ ਸੱਚੇ ਗਿਆਨ ਵਾਲੀ ਮਤਿ ਬਣਾਉਣ ਨਾਲ ਹੀ ਹੈ ਜਿਵੇਂ ਕਿ ਹੇਠ ਦਿੱਤੇ ਸਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

ਇਸ ਤੋਂ ਸਪੱਸ਼ਟ ਸਾਨੂੰ ਗੁਰੂ ਸਾਹਿਬ ਹੋਰ ਕੀ ਸਮਝਾਉਣ ਕਿ ਅਸੀਂ ਕਿਸ ਲਈ ਪਤਿਤ ਹਾਂ ਤੇ ਅਸੀਂ ਕਿਵੇਂ ਪਤਿਤ ਤੋਂ ਪੁਨੀਤ ਹੋਣਾ ਹੈ। ਅਸੀਂ ਆਪਣੀ ਮਾੜੀ ਸਮਝ ਦੁਆਰਾ ਪਤਿਤ ਹਾਂ, ਮਨ ਦੇ ਭਰਮਾਂ ਦੁਆਰਾ, ਮਨ ਦੇ ਹਨੇਰੇ ਦੁਆਰਾ ਭਾਵ ਮਨ ਦੀ ਅਗਿਆਨਤਾ ਦੁਆਰਾ ਪਤਿਤ ਹਾਂ ਕਿਉਂਕਿ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਧਰਮ ਦੇ ਸਹੀ ਮਾਰਗ ਦੀ ਸਮਝ ਨਹੀਂ ਪੈਂਦੀ। ਸਹੀ ਸਮਝ ਸਾਨੂੰ ਗੁਰੂ ਹੀ ਪਾ ਸਕਦਾ ਹੈ ਤੇ ਇਹੀ ਗੁਰੂ ਦਾ ਮਕਸਦ ਹੈ। ਗੁਰੂ ਸਭ ਨੂੰ ਸਮਝ ਆਪਣੇ ਸੱਚੇ ਗਿਆਨ ਦੁਆਰਾ ਹੀ ਪਾਉਂਦਾ ਹੈ, ਆਪਣੇ ਨਾਮ ਦੁਆਰਾ ਹੀ ਪਾਉਂਦਾ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੁਆਰਾ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਜੋ ਕਿ ਹਰ ਕੋਈ ਸਮਝ ਸਕਦਾ ਹੈ ਕਿ ਨਾਮ ਦਾ ਮਕਸਦ ਕੀ ਹੈ। ਜੋ ਗੁਰੂ ਦੇ ਗਿਆਨ ਨੂੰ ਮੰਨ ਲੈਂਦਾ ਹੈ, ਨਾਮ ਨੂੰ ਮੰਨ ਲੈਂਦਾ ਹੈ ਉਸ ਮਨੁਖ ਦੇ ਮਨ ਦਾ ਹਨੇਰਾ ਨਾਸ ਹੋ ਜਾਂਦਾ ਹੇ, ਪੂਰੀ ਤਰਾਂ ਮਿਟ ਜਾਂਦਾ ਹੈ, ਉਸਦੇ ਭਰਮ ਦੂਰ ਹੋ ਜਾਂਦੇ ਹਨ ਤੇ ਉਸਨੂੰ ਭਗਤੀ ਦੀ ਸੱਚੀ ਸਮਝ ਪੈ ਜਾਂਦੀ ਹੈ ਭਾਵ ਉਸਦੀ ਪਤਿਤ ਮਤਿ ਪੁਨੀਤ ਹੋ ਜਾਂਦੀ ਹੈ, ਭਰਮਾਂ ਵਾਲੀ ਮਤਿ, ਅਗਿਆਨਤਾ ਵਾਲੀ ਮਾੜੀ ਮਤਿ ਗੁਰੂ ਦੇ ਸੱਚੇ ਗਿਆਨ ਵਾਲੀ ਮਤਿ ਬਣ ਜਾਂਦੀ ਹੈ, ਭਗਤੀ ਦੀ ਸੱਚੀ ਸਮਝ ਵਾਲੀ ਮਤਿ ਬਣ ਜਾਂਦੀ ਹੈ। ਜਿਸ ਦੁਆਰਾ ਫਿਰ ਉਹ ਭਗਤੀ ਦੇ ਸੱਚੇ ਮਾਰਗ ਤੇ ਹੀ ਚੱਲਦਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਵੀ ਸੱਚੇ ਗਿਆਨ ਵਾਲੀ ਮਤਿ ਦੁਆਰਾ ਹੀ ਹੁੰਦੇ ਹਨ, ਪ੍ਰਮਾਤਮਾ ਦੇ "ਗਿਆਨ ਰੂਪ" ਦੇ ਦਰਸ਼ਨ ਹੁੰਦੇ ਹਨ ਤੇ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਭ ਜਗ੍ਹਾ ਆਪਣੇ ਗਿਆਨ ਰੂਪ ਵਿੱਚ ਹੀ ਸਮਾਇਆ ਹੋਇਆ ਹੈ। ਗੁਰਬਾਣੀ ਦੇ ਵਿੱਚ ਵੀ ਉਹ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਰੂਪ ਦੁਆਰਾ ਉਹ ਆਪ ਹੀ ਗੁਰੂ ਹੈ। ਪ੍ਰਮਾਤਮਾ ਅਥਾਹ ਗਿਆਨ ਦਾ ਮਾਲਕ ਹੈ ਜਿਸ ਦੀ ਸਮਝ ਉਸਨੂੰ ਮਨ ਦੇ ਵਿੱਚੋਂ ਜਾਨਣ ਦੁਆਰਾ ਹੀ ਲੱਗਦੀ ਹੈ। ਆਪਣਾ ਆਪ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਜਨਾਉਂਦਾ ਹੈ ਪਰ ਮਨੁੱਖ ਦਾ ਸੱਚਾ ਉੱਦਮ ਇਹੀ ਹੈ ਕਿ ਉਹ ਆਪਣੀ ਪਤਿਤ ਮਤਿ ਨੂੰ ਛੱਡੇ, ਮਨ ਦੀ ਅਗਿਆਨਤਾ ਨੂੰ ਛੱਡੇ, ਭਰਮਾਂ ਵਿੱਚੋਂ ਨਿਕਲਣ ਦਾ ਉੱਦਮ ਕਰੇ ਭਾਵ ਗੁਰਮਤਿ ਨੂੰ, ਨਾਮ ਨੂੰ ਮੰਨੇ ਜਿਸਨੂੰ ਮੰਨੇ ਬਿਨ੍ਹਾਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਸ਼ਬਦਾਂ ਦੀ ਕਥਨੀ ਕਰੀ ਜਾਣਾ ਕੇਵਲ ਭਗਤੀ ਦਾ ਦਿਖਾਵਾ ਹੈ ਨਾ ਕਿ ਭਗਤੀ। ਕੇਵਲ ਕਥਨੀ ਕਰੀ ਜਾਣ ਨਾਲ ਸਾਡੀ ਪਤਿਤ ਮਤਿ ਕਦੇ ਪੁਨੀਤ ਨਹੀਂ ਹੋ ਸਕਦੀ ਕਿਉਂਕਿ ਕਥਨੀ ਕਰੀ ਜਾਣ ਨਾਲ ਸਾਡੇ ਭਰਮ ਦੂਰ ਨਹੀਂ ਹੋ ਸਕਦੇ, ਅਗਿਆਨਤਾ ਦੂਰ ਨਹੀਂ ਹੋ ਸਕਦੀ। ਸਾਡੇ ਅੰਦਰ ਅਨੇਕਾਂ ਹੀ ਚਿੰਤਾਵਾਂ ਹਨ, ਭਉ ਹਨ ਜੋ ਕਿ ਗੁਰੂ ਦਾ ਸੱਚਾ ਗਿਆਨ ਅੰਦਰ ਵੱਸਣ ਦੁਆਰਾ ਹੀ ਦੂਰ ਹੁੰਦੇ ਹਨ, ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਸੱਚੀ ਸਮਝ ਦੇਣ ਦੁਆਰਾ ਦੂਰ ਕਰਦਾ ਹੈ ਪਰ ਪਹਿਲਾਂ ਭਰਮਾਂ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ ਭਾਵ ਨਾਮ ਜਪਣ ਦਾ ਉੱਦਮ ਅਸੀਂ ਹੀ ਕਰਨਾ ਹੈ, ਗੁਰੂ ਦੀ ਸਿੱਖਿਆ ਨੂੰ ਮੰਨਣ ਦਾ ਉੱਦਮ ਅਸੀਂ ਹੀ ਕਰਨਾ ਹੈ, ਪਤਿਤ ਤੋਂ ਪੁਨੀਤ ਹੋਣ ਦਾ ਉੱਦਮ ਅਸੀਂ ਹੀ ਕਰਨਾ ਹੈ। (**ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥**)

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

{ਲੋਭਿ ਮੋਹਿ ਮਗਨ ਅਪਰਾਧੀ ॥
ਕਰਣਹਾਰ ਕੀ ਸੇਵ ਨ ਸਾਧੀ ॥੧॥
ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥
ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥੧॥ ਰਹਾਉ ॥}

(ਅੰਗ ੭੪੦-੭੪੧)

{ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥
ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ ॥੪॥}

(ਅੰਗ ੧੨੯੬)

{ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥
ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥}

(ਅੰਗ ੧੩੦੪)

{ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ ॥
ਬਿਕਲ ਮਾਇਆ ਸੰਗਿ ਧੰਧ ॥
ਕਰੁ ਗਹੇ ਪ੍ਰਭ ਆਪਿ ਕਾਢਹੁ ਰਾਖਿ ਲੇਹੁ ਗੋਬਿੰਦ ਰਾਇ ॥੧॥}

(ਅੰਗ ੧੩੦੬)

{ਪਤਿਤ ਉਧਾਰਣ ਪਾਰਬ੍ਰਹਮੁ ਸੰਮ੍ਰਥ ਪੁਰਖੁ ਅਪਾਰੁ ॥
ਜਿਸਹਿ ਉਧਾਰੇ ਨਾਨਕਾ ਸੋ ਸਿਮਰੇ ਸਿਰਜਣਹਾਰੁ ॥੧੫॥}

(ਅੰਗ ੧੪੨੫-੧੪੨੬)

{ਦੇਤ ਦਰਸਨੁ ਸ੍ਰਵਨ ਹਰਿ ਜਸੁ ਰਸਨ ਨਾਮ ਉਚਾਰ ॥
ਅੰਗ ਸੰਗ ਭਗਵਾਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ ॥੮॥}

(ਅੰਗ ੫੦੮)

{ਧਨੁ ਧਨੁ ਸਾਧ ਜਿਨ ਹਰਿ ਪ੍ਰਭੁ ਜਾਨਿਆ ਮਿਲਿ ਸਾਧੂ ਪਤਿਤ ਉਧਰਿਆ ॥੧॥}

(ਅੰਗ ੧੨੯੪)

ਅਸੀਂ ਪਤਿਤ ਕਿਸ ਤਰੀਕੇ ਬਣੇ ਹੋਏ ਹਾਂ, ਕਿਸ ਰੂਪ ਵਿੱਚ ਪਤਿਤ ਹਾਂ ਇਹ ਗੱਲ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਈ ਹੋਈ ਹੈ। ਪਤਿਤ ਦਾ ਉਧਾਰ ਉਹੀ ਕਰ ਸਕਦਾ ਹੈ ਜੋ ਆਪ ਪੁਨੀਤ ਹੈ, ਪਾਵਨ ਹੈ, ਪਵਿੱਤਰ ਹੈ ਜੋ ਕਿ ਆਪ ਗੁਰੂ ਹੈ, ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਜੋ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੈ, ਨਾਮ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੈ। ਜਦ ਤੱਕ ਸਾਨੂੰ ਨਾਮ ਦੀ ਸਹੀ ਸਮਝ ਨਹੀਂ ਪੈਂਦੀ ਤਦ ਤੱਕ ਅਸੀਂ ਆਪਣੀ ਪਤਿਤ ਮਤਿ ਵਿੱਚੋਂ ਉਧਰਨ ਦਾ ਸੱਚਾ

ਉਪਰਾਲਾ ਨਹੀਂ ਕਰ ਸਕਦੇ। ਉਧਰਨਾ ਤਾਂ ਅਸੀਂ ਮਨ ਦੀ ਅਗਿਆਨਤਾ ਤੋਂ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਬਾਣੀ ਵਿੱਚ ਵਾਰ -ਵਾਰ "ਅੰਧ ਕੂਪ" ਵਿੱਚੋਂ ਉਧਰਨ ਦੀ ਗੱਲ ਆਉਂਦੀ ਹੈ, ਨਿਕਲਣ ਦੀ ਗੱਲ ਆਉਂਦੀ ਹੈ। ਜਦ ਤੱਕ ਅਸੀਂ "ਅੰਧ ਕੂਪ" ਵਿੱਚ ਹਾਂ ਤਦ ਤੱਕ ਅਸੀਂ ਪਤਿਤ ਹੀ ਹਾਂ ਭਾਵ ਮਨ ਦੀ ਨਾ-ਸਮਝ ਮਤਿ ਵਿੱਚ ਹੀ ਹਾਂ ਜਿਸ ਵਿੱਚੋਂ ਉਧਰਨ ਦੁਆਰਾ ਹੀ ਮਨੁੱਖ ਪਵਿੱਤਰ ਹੋ ਸਕਦਾ ਹੈ, ਪੁਨੀਤ ਹੋ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

{ਅੰਧ ਕੂਪ ਮਹਿ ਪਤਿਤ ਬਿਕਰਾਲ ॥
ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥
ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥
ਬਾਹਰਿ ਭੇਖ ਅੰਤਰਿ ਮਲੁ ਮਾਇਆ ॥
ਛਪਸਿ ਨਾਹਿ ਕਛੁ ਕਰੈ ਛਪਾਇਆ ॥
ਬਾਹਰਿ ਗਿਆਨ ਧਿਆਨ ਇਸਨਾਨ ॥
ਅੰਤਰਿ ਬਿਆਪੈ ਲੋਭੁ ਸੁਆਨੁ ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥
ਗਲਿ ਪਾਥਰ ਕੈਸੇ ਤਰੈ ਅਥਾਹ ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥
ਨਾਨਕ ਤੇ ਜਨ ਸਹਜਿ ਸਮਾਤਿ ॥੫॥}

(ਅੰਗ ੨੬੭)

{ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ॥
ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥੨॥}

(ਅੰਗ ੮੨੩)

{ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥
ਸਾਧਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥੨॥}

(ਅੰਗ ੧੨੧੬)

{ਤੁਝ ਬਿਨੁ ਕੋ ਨਾਹੀ ਪ੍ਰਭ ਰਾਖਨਹਾਰਾ ਰਾਮ ॥
ਪਤਿਤ ਉਧਾਰਣ ਹਰਿ ਬਿਰਦੁ ਤੁਮਾਰਾ ਰਾਮ ॥
ਪਤਿਤ ਉਧਾਰਨ ਸਰਨਿ ਸੁਆਮੀ ਕ੍ਰਿਪਾ ਨਿਧਿ ਦਇਆਲਾ ॥
ਅੰਧ ਕੂਪ ਤੇ ਉਧਰੁ ਕਰਤੇ ਸਗਲ ਘਟ ਪ੍ਰਤਿਪਾਲਾ ॥
ਸਰਨਿ ਤੇਰੀ ਕਟਿ ਮਹਾ ਬੇੜੀ ਇਕੁ ਨਾਮੁ ਦੇਹਿ ਅਧਾਰਾ ॥
ਬਿਨਵੰਤ ਨਾਨਕ ਕਰ ਦੇਇ ਰਾਖਹੁ ਗੋਬਿੰਦ ਦੀਨ ਦਇਆਰਾ ॥੪॥}

(ਅੰਗ ੫੪੬)

{ਅਬ ਹਰਿ ਰਾਖਨਹਾਰੁ ਚਿਤਾਰਿਆ ॥

ਪਤਿਤ ਪੁਨੀਤ ਕੀਏ ਖਿਨ ਭੀਤਰਿ ਸਗਲਾ ਰੋਗੁ ਬਿਦਾਰਿਆ ॥੧॥ ਰਹਾਉ ॥
ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥
ਸਿਮਰਿ ਸਿਮਰਿ ਪੂਰਨ ਨਾਰਾਇਨ ਸੰਗੀ ਸਗਲੇ ਤਾਰਿਆ ॥੧॥}

(ਅੰਗ ੬੭੪)

{ਸਗਲ ਦੂਖ ਕਾ ਡੇਰਾ ਭੰਨਾ ਸੰਤ ਧੂਰਿ ਮੁਖਿ ਲਾਈ ॥੨॥
ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ ॥੩॥}

(ਅੰਗ ੯੧੫)

{ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥
ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰ ਬਾਰ ॥੧॥
ਪਤਿਤ ਪਾਵਨ ਭਗਤਿ ਬਛਲ ਦੀਨ ਕਿਰਪਾ ਧਾਰ ॥
ਕਰ ਜੋੜਿ ਨਾਨਕੁ ਦਾਨੁ ਮਾਂਗੈ ਸਾਧਸੰਗਿ ਉਧਾਰ ॥੨॥}

(ਅੰਗ ੧੨੨੩)

ਉੱਪਰ ਸ਼ਬਦ ਰਾਹੀਂ ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਮਨੁੱਖ ਦੇ ਪਤਿਤ ਹੋਣ ਦਾ ਕਾਰਨ ਸਾਡੇ ਅੰਦਰ ਦਾ "ਅੰਧ ਕੂਪ" ਹੈ ਭਾਵ ਹਨੇਰਾ ਖੂਹ ਹੈ ਜਿਸਨੂੰ ਘੋਰ ਗੁਬਾਰ ਕਿਹਾ ਹੈ ਭਾਵ ਅਤਿ ਦੀ ਅਗਿਆਨਤਾ ਕਿਹਾ ਹੈ ਜੋ ਸਾਡੇ ਮਨ ਦੀ ਸਮਝ ਹੀ ਹੈ, ਸਾਡੇ ਮਨ ਦੇ ਵਿਚਾਰ ਹੀ ਹਨ ਜੋ ਸਾਨੂੰ ਅਨੇਕਾਂ ਹੀ ਅਨੇਕਾਂ ਭਰਮਾਂ ਵਿੱਚ ਪਾ ਕੇ ਰੱਖਦੇ ਹਨ ਤੇ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਤੋਂ ਦੂਰ ਰੱਖਦੇ ਹਨ, ਭਗਤੀ ਦੀ ਸੱਚੀ ਸਮਝ ਤੋਂ ਤੇ ਉਸ ਤੇ ਚੱਲਣ ਤੋਂ ਦੂਰ ਰੱਖਦੇ ਹਨ। ਇਹ ਮਨ ਦੇ ਭਰਮ ਵਾਲੇ ਵਿਚਾਰ ਹੀ ਸਾਡੇ ਅੰਦਰ ਦੀ ਮਾਇਆ ਦੀ ਜੁਗਤਿ ਹੈ, ਤ੍ਰੈਗੁਣਾਂ ਵਾਲੀ ਜੁਗਤਿ ਹੈ, ਹਉਮੈ ਹੈ ਜਿਸ ਤੋਂ ਬਾਹਰ ਕੋਈ ਵੀ ਨਹੀਂ ਹੈ ਕਿਉਂਕਿ ਸਾਡੇ ਅੰਦਰ ਇਹ ਸਮਝ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਤਰੀਕੇ ਪ੍ਰਮਾਤਮਾ ਆਪਣੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ, ਆਪਣੇ ਆਪ ਨੂੰ ਪੜਦੇ ਵਿੱਚ ਰੱਖਕੇ ਚਲਾ ਰਿਹਾ ਹੈ। ਮਨ ਦੇ ਇਸ ਹਨੇਰੇ ਖੂਹ ਵਿੱਚੋਂ ਨਿਕਲੇ ਬਿਨ੍ਹਾਂ ਨਾ ਕੋਈ ਪੁਨੀਤ ਹੋ ਸਕਦਾ ਹੈ ਭਾਵ ਸੱਚੇ ਗਿਆਨ ਵਾਲਾ ਹੋ ਸਕਦਾ ਹੈ ਤੇ ਨਾ ਹੀ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਭਗਤੀ ਦੇ ਸੱਚੇ ਮਾਰਗ ਨੂੰ ਜਾਣ ਸਕਦਾ ਹੈ ਭਾਵ ਭਗਤੀ ਦੇ ਮਾਰਗ ਤੇ ਪੂਰਨ ਹੋ ਸਕਦਾ ਹੈ। ਜਦੋਂ ਕੋਈ ਇਸ ਤਰੀਕੇ ਭਗਤੀ ਦੇ ਮਾਰਗ ਤੇ ਚੱਲਦਾ ਹੈ ਜਿਵੇਂ ਕਿ ਭਗਤ ਜਨ, ਗੁਰੂ ਸਾਹਿਬਾਨ, ਗੁਰਬਾਣੀ ਦੀ ਰਚਨਾ ਕਰਨ ਵਾਲੇ ਚੇਲੇ ਹਨ ਫਿਰ ਤਾਂ ਹੀ ਉਨਾਂ ਦੀ ਪੂਰੀ ਸੋਭਾ ਹੁੰਦੀ ਹੈ ਕਿਉਂਕਿ ਉਹਨਾਂ ਦਾ ਪੂਰਾ "ਲੋਕੀਕ" ਭਾਵ ਲੋਕਾਂ ਨਾਲ ਵਰਤਣ ਵਿਹਾਰ, ਸੰਸਾਰ ਦੇ ਵਿੱਚ ਵਰਤਣ ਵਿਹਾਰ ਚੰਗਾ ਹੁੰਦਾ ਹੈ ਜੋ ਕਿ ਭਗਤੀ ਦਾ ਅਸਲ ਮਾਰਗ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਪੂਰਨ ਰੂਪ ਵਿੱਚ ਸਮਝ ਸਕਦੇ ਹਾਂ ਕਿ ਉਨ੍ਹਾਂ ਤੋਂ ਕਿ ਭਾਵ ਹੈ। (**ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥**) ਇਸ ਮੁੱਖ ਸ਼ਬਦ ਰਾਹੀਂ, ਪੂਰੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਸੰਸਾਰ ਵਿੱਚ ਪੂਰਾ ਹੋਣਾ ਕੀ ਹੈ, ਪੂਰਨ ਹੋਣਾ ਕੀ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ ਜੋ ਪੂਰਨ ਪ੍ਰਮਾਤਮਾ ਦੇ ਨਾਲ ਮਨ ਦੇ ਸੱਚੇ ਗਿਆਨ ਰਾਹੀਂ ਇੱਕ ਹੈ, ਮਨ ਦੇ ਸੱਚੇ ਗਿਆਨ ਰਾਹੀਂ, ਮਨ ਦੀ ਸੱਚੀ ਸਮਝ ਰਾਹੀਂ ਪੂਰਾ ਹੈ। ਇਹੀ ਗੱਲ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਕਰਣਹਾਰੁ ਸਦ ਵਸੈ ਹਦੂਰਾ ॥
ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਤਾਂ ਜੋ ਅਸੀਂ ਸਮਝ ਸਕੀਏ ਕਿ ਸਤਿਗੁਰ ਕੌਣ ਹੈ ਤੇ ਤਾਂ ਹੀ ਅਸੀਂ ਇਹ ਜਾਣ ਸਕਦੇ ਹਾਂ ਕਿ ਪੂਰਾ ਕੌਣ ਹੈ। "ਕਰਣਹਾਰ" ਪ੍ਰਮਾਤਮਾ ਆਪ ਹੈ ਜੋ ਗੁਰੂ ਦੇ ਅੰਦਰ ਵੱਸਿਆ ਹੋਇਆ ਹੈ ਤੇ ਗੁਰੂ ਉਸਨੂੰ ਆਪਣੇ ਅੰਦਰੋਂ ਹਰ ਵੇਲੇ ਪ੍ਰਤਖ ਰੂਪ ਵਿੱਚ ਦੇਖਦਾ ਹੈ, ਮਨ ਦੇ ਸੱਚੇ ਗਿਆਨ ਰਾਹੀਂ ਦੇਖਦਾ ਹੈ,ਸਮਝਦਾ ਹੈ, ਜਾਣਦਾ ਹੈ।ਇਹ ਪੂਰਾ ਸ਼ਬਦ ਧੰਨ ਧੰਨ ਪੰਜਵੀਂ ਪਾਤਿਸ਼ਾਹੀ ਦਾ ਉਚਾਰਿਆ ਹੋਇਆ ਹੈ ਜੋ ਸਾਨੂੰ ਸਮਝਾ ਰਹੇ ਹਨ ਕਿ ਪ੍ਰਮਾਤਮਾ ਮੇਰੇ

ਅੰਦਰ ਵੱਸਿਆ ਹੋਇਆ ਹੈ ਜੋ ਹਰ ਵੇਲੇ ਮੇਰੇ ਹਦੂਰ ਹੈ। ਗੁਰੂ ਸਾਹਿਬ ਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੇਰਾ ਸਤਿਗੁਰ ਪੂਰਾ ਹੈ। ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਮੇਰੇ ਅੰਦਰ ਪ੍ਰਮਾਤਮਾ ''ਸਤਿਗੁਰੁ'' ਦੇ ਰੂਪ ਵਿੱਚ ਹੀ ਹੈ ਭਾਵ ਉਹ ਆਪ ਹੀ ਗੁਰੂ ਹੈ ਜੋ ਮੇਰੇ ਅੰਦਰ ਸਾਰਾ ਗਿਆਨ ਪਾ ਰਿਹਾ ਹੈ, ਬਾਣੀ ਲਿਖਵਾ ਰਿਹਾ ਹੈ। ਪ੍ਰਮਾਤਮਾ ਨੇ ਆਪਣਾ ''ਸਤਿਗੁਰੁ'' ਰੂਪ ਪ੍ਰਗਟ ਕਰਨ ਦੁਆਰਾ ਇਸੇ ਤਰਾਂ ਵੱਖਰੇ-ਵੱਖਰੇ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਕਰਵਾਈ ਹੈ। ਪੂਰਾ ਕੇਵਲ ਉਹ ''ਸਤਿਗੁਰੁ'' ਭਾਵ ਪ੍ਰਮਾਤਮਾ ਆਪ ਹੈ ਤੇ ਜਿਨ੍ਹਾਂ ਸਰੀਰਾਂ ਰਾਹੀਂ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਨਾਂ ਨੂੰ ਹੀ ਉਸਨੇ ਆਪਣੇ ਗਿਆਨ ਦੁਆਰਾ ਪੂਰਾ ਕੀਤਾ ਹੈ। ਉਹ ਸਭ ਉਸਦੇ ਆਪਣੇ ਹੀ ਰੂਪ ਹਨ ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਪ੍ਰਮਾਤਮਾ ਆਪਣੇ ਗਿਆਨ ਦੁਆਰਾ ਪੂਰਾ ਹੈ ਤੇ ਆਪਣੀ ਪੂਰੀ ਮਤਿ ਬਖਸ਼ਣ ਦੁਆਰਾ ਹੀ ਉਹ ਕਿਸੇ ਨੂੰ ਪੂਰਾ ਕਰਦਾ ਹੈ। ਜਿਨ੍ਹਾਂ ਨੂੰ ਉਹ ਪੂਰਾ ਕਰਦਾ ਹੈ ਕੇਵਲ ਉਹ ਹੀ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਪੂਰਾ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪ ਹੀ ਸਤਿਗੁਰ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ''ਸਤਿਗੁਰ'' ਰੂਪ ਹੀ ਹੈ। (**ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥**) ਹੁਣ ਅਸੀਂ ਪੂਰੇ ਸ਼ਬਦ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਭਗਤੀ ਦੇ ਮਾਰਗ ਤੇ ਪੂਰਾ ਹੋਣਾ ਕੀ ਹੈ। (**ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥੧॥ ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥ ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥ ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥੩॥ ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥**)

ਪੂਰਾ ਹੋਣਾ ਕੀ ਹੈ, ਪੂਰਨ ਹੋਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿਛਲੇ ਪੂਰੇ ਸ਼ਬਦ ਰਾਹੀਂ ਸਮਝਿਆ ਹੈ ਜਿਸ ਸ਼ਬਦ ਦਾ ਮਕਸਦ ਹੀ ਇਹ ਹੈ ਕਿ ਅਸੀਂ ਜਾਣ ਸਕੀਏ ਕਿ ਪੂਰਾ ਕੌਣ ਹੈ, ਪੂਰਾ ਹੋਣਾ, ਪੂਰਨ ਹੋਣਾ ਕੀ ਹੈ। ਜਿਹੜੇ ਆਪਣੇ ਆਪ ਨੂੰ ਪੂਰਾ ਕਹਿੰਦੇ ਹਨ ਜਾਂ ਕਹਿ ਕੇ ਸੰਸਾਰ ਵਿੱਚੋਂ ਚੱਲ ਗਏ ਹਨ ਉਹ ਕਿਤਨੇ ਵੱਡੇ ਭਰਮ ਵਿੱਚ ਗਏ ਹਨ ਤੇ ਉਨ੍ਹਾਂ ਨੂੰ ਪੂਰਨ ਸਮਝਣ ਵਾਲੇ ਕਿਤਨੇ ਵੱਡੇ ਭਰਮ ਵਿੱਚ ਹਨ ਇਸ ਗੱਲ ਦਾ ਅੰਦਾਜਾ ਕੋਈ ਵੀ ਲਗਾ ਸਕਦਾ ਹੈ। ਆਪਣੇ ਆਪ ਨੂੰ ਪੂਰਨ ਉਹੀ ਸਮਝ ਸਕਦਾ ਹੈ ਜਿਸਨੂੰ ਰੱਤੀ ਭਰ ਵੀ ਇਸ ਗੱਲ ਦੀ ਸਮਝ ਨਹੀਂ ਕਿ ਪ੍ਰਮਾਤਮਾ ਕੀ ਹੈ ਜੋ ਕਿ ਕੇਵਲ ਆਪ ਹੀ ਪੂਰਾ ਹੈ, ਆਪਣੇ ਸਤਿਗੁਰ ਰੂਪ ਵਿੱਚ ਪੂਰਾ ਹੈ, ਗੁਰਬਾਣੀ ਦੇ ਪੂਰੇ ਗਿਆਨ ਰਾਹੀਂ ਪੂਰਾ ਹੈ, ਭਗਤੀ ਦੇ ਸੱਚੇ ਮਾਰਗ ਦੇ ਗਿਆਨ ਰਾਹੀਂ ਪੂਰਾ ਹੈ, ਸੱਚ ਰਾਹੀਂ ਪੂਰਾ ਹੈ, ਨਾਮ ਰਾਹੀਂ ਪੂਰਾ ਹੈ, ਸ੍ਰਿਸ਼ਟੀ ਨੂੰ ਰਚਨ ਰਾਹੀਂ ਪੂਰਾ ਹੈ, ਸ੍ਰਿਸ਼ਟੀ ਨੂੰ ਚਲਾਉਣ ਰਾਹੀਂ ਪੂਰਾ ਹੈ ਭਾਵ ਹਰ ਗੱਲ ਵਿੱਚ ਪੂਰਾ ਹੈ। (**ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥ ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥੩੩॥** - ਅੰਗ - ੧੪੧੨)

ਇਹੋ ਜਿਹੇ ਜੋ ਆਪਣੇ ਆਪ ਨੂੰ ਪੂਰਾ ਅਖਵਾਉਂਦੇ ਹਨ, ਉਹ ਸਰੀਰਕ ਜਪਾਂ ਤਪਾਂ ਆਦਿ ਦੁਆਰਾ, ਸ਼ਬਦਾਂ ਦੀ ਕੇਵਲ ਕਥਨੀ ਕਰਨ ਦੁਆਰਾ ਤੇ ਹੋਰ ਅਨੇਕਾਂ ਮਨਮਤਿ ਵਾਲੇ ਭਗਤੀ ਦੇ ਤਰੀਕਿਆਂ ਦੁਆਰਾ ਹੀ ਅਖਵਾਉਂਦੇ ਹਨ ਤੇ ਜੋ ਉਨ੍ਹਾਂ ਦੀ ਮਤਿ ਪਿੱਛੇ ਲੱਗ ਜਾਂਦੇ ਹਨ, ਉਹ ਵੀ ਭਗਤੀ ਦੇ ਮਾਰਗ ਨੂੰ ਉਹੀ ਕੁੱਝ ਸਮਝਦੇ ਹਨ ਜੋ ਕੁੱਝ ਉੱਚਾ ਅਖਵਾਉਣ ਵਾਲੇ ਸਮਝਾਉਂਦੇ ਹਨ। ਗੁਰੂ ਦੇ ਦੱਸੇ ਹੋਏ ਮਾਰਗ ਨੂੰ ਛੱਡ ਕੇ ਤੇ ਇੱਧਰੋਂ ਉਧਰੋਂ ਸੁਣੇ ਹੋਏ ਮਾਰਗ, ਤਰੀਕੇ ਅਪਣਾ ਕੇ ਕੀ ਅਸੀਂ ਕਦੀ ਪ੍ਰਮਾਤਮਾ ਨੂੰ ਮਿਲ ਸਕਦੇ ਹਾਂ? ਸੁਪਨੇ ਵਿੱਚ ਵੀ ਨਹੀਂ। ਉਸਦੇ ਹਕੀਕਤ ਵਿੱਚ ਦਰਸ਼ਨ ਮਨ ਦੇ ਵਿੱਚ ਹੀ ਹੁੰਦੇ ਹਨ ਜੋ ਕਿ

3/129

ਉਸਦੀ ਕ੍ਰਿਪਾ ਦੁਆਰਾ ਹੀ ਹੋ ਸਕਦੇ ਹਨ, ਉਸਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਹੀ ਹੋ ਸਕਦੇ ਹਨ। ਪਿਛਲੇ ਸ਼ਬਦ ਰਾਹੀਂ ਅਸੀਂ ਇਹ ਵੀ ਸਮਝਿਆ ਹੈ ਕਿ ਪੂਰਾ ਇਸ਼ਨਾਨ ਕੀ ਹੈ ਤੇ ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

“ਸੰਤ ਕੀ ਧੂਰਿ ਮਿਟੇ ਅਘ ਕੋਟ॥
ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥੧॥
ਸੰਤ ਕਾ ਦਰਸੁ ਪੂਰਨ ਇਸਨਾਨੁ॥
ਸੰਤ ਕ੍ਰਿਪਾ ਤੇ ਜਪੀਐ ਨਾਮੁ॥੧॥ਰਹਾਉ॥
ਸੰਤ ਕੈ ਸੰਗਿ ਮਿਟਿਆ ਅਹੰਕਾਰੁ॥ ਦ੍ਰਿਸਟਿ ਆਵੈ ਸਭੁ ਏਕੰਕਾਰੁ॥੨॥
ਸੰਤ ਸੁਪ੍ਰਸੰਨ ਆਏ ਵਸਿ ਪੰਚਾ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ॥੩॥
ਕਹੁ ਨਾਨਕ ਜਾ ਕਾ ਪੂਰਾ ਕਰਮ॥ ਤਿਸੁ ਭੇਟੇ ਸਾਧੂ ਕੇ ਚਰਨ॥੪॥”

(ਅੰਗ ੧੮੮-੧੮੯)

ਸਾਡਾ ਬਹੁਤ ਵੱਡਾ ਭੁਲੇਖਾ ਇਸ ਗੱਲ ਨੂੰ ਲੈ ਕੇ ਵੀ ਹੈ ਕਿ ਸੰਤ ਕੌਣ ਹੈ, ਸਾਧ ਕੌਣ ਹੈ, ਸਾਧਸੰਗਤ ਕੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਕੁੱਝ ਅੱਗੇ ਚੱਲ ਕੇ ਬਰੀਕੀ ਨਾਲ ਵਿਚਾਰਾਂਗੇ। ਇੱਕ ਗੱਲ ਮਨ ਵਿੱਚ ਪੱਕੀ ਕਰ ਲਈਏ ਕਿ ਸੰਤ ਗੁਰੂ ਹੈ, ਸਾਧ ਗੁਰੂ ਹੈ, ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਸੰਤ ਤੇ ਸਾਧ ਮਨੁੱਖ ਨੂੰ ਵੀ ਕਹਿ ਕੇ ਸੰਬੋਧਨ ਕੀਤਾ ਹੈ ਮਗਰ ਕਿਸ ਲਈ ਕਿਹਾ ਹੈ, ਇਸ ਗੱਲ ਦੀ ਚਰਚਾ ਵੀ ਅੱਗੇ ਚੱਲਕੇ ਨਾਲ ਹੀ ਕਰਾਂਗੇ। “ਸਾਧ” ਦੀ ਸਮਝ ਆਏ ਬਿਨ੍ਹਾਂ ਸਾਧਸੰਗਤਿ ਕੀ ਹੈ, ਇਸ ਗੱਲ ਨੂੰ ਵੀ ਨਹੀਂ ਸਮਝਿਆ ਜਾ ਸਕਦਾ।

“ਸੰਤ ਕੀ ਧੂਰ” ਤੋਂ ਭਾਵ ਹੈ ਸੰਤ ਦਾ ਗਿਆਨ ਭਾਵ ਗੁਰੂ ਦਾ ਗਿਆਨ। ਧੂਰ ਕੀ ਹੈ, ਇਸ ਨੂੰ ਅਸੀਂ ਪਿੱਛੇ ਵੀ ਜਾਨਣ ਦਾ ਉਪਰਾਲਾ ਕੀਤਾ ਹੈ ਤੇ ਅੱਗੇ ਜਾ ਕੇ ਹੋਰ ਵੀ ਜਾਣਾਗੇ। ਸਾਡੇ ਪਾਪ ਗੁਰੂ ਦੀ ਕ੍ਰਿਪਾ ਦੁਆਰਾ ਹੀ, ਉਸਦੇ ਗਿਆਨ ਦੁਆਰਾ ਹੀ ਕੱਟੇ ਜਾ ਸਕਦੇ ਹਨ ਭਾਵ ਗੁਰੂ ਦੀ ਸੱਚੀ ਮਤਿ ਸਾਡੇ ਅੰਦਰ ਵੱਸਣ ਦੁਆਰਾ ਹੀ ਕੱਟੇ ਜਾ ਸਕਦੇ ਹਨ ਜਦੋਂ ਅਸੀਂ ਔਗੁਣ ਛਡ ਦੇਈਏ ਭਾਵ ਮਾੜੇ ਕਰਮ ਛਡ ਦੇਈਏ। ਗੁਰੂ ਤੋਂ ਇਲਾਵਾ ਹੋਰ ਕੌਣ ਹੈ ਜੋ ਕਿਸੇ ਦੇ ਪਾਪ ਕੱਟ ਸਕੇ। ਮਨੁੱਖ ਆਪਣੇ ਪਾਪ ਆਪ ਨਹੀਂ ਕੱਟ ਸਕਦਾ ਤੇ ਕਿਸੇ ਦੇ ਕੀ ਕੱਟੇਗਾ। ਜਨਮ ਮਰਨ ਤੋਂ ਛੋਟ ਸਿਵਾਏ ਗੁਰੂ ਦੇ ਹੋਰ ਕੌਣ ਕਰ ਸਕਦਾ ਹੈ, ਸਿਵਾਏ ਪ੍ਰਮਾਤਮਾ ਦੇ ਕੌਣ ਕਰ ਸਕਦਾ ਹੈ **(ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥)** ਜਿਵੇਂ ਕਿ ਅਸੀਂ ਪਿਛਲੇ ਸ਼ਬਦ ਵਿੱਚ ਜਾਣਿਆ ਹੈ, ਪੂਰਾ ਇਸ਼ਨਾਨ ਪ੍ਰਮਾਤਮਾ ਦੇ ਦਰਸ਼ਨ ਹਨ ਗੁਰੂ ਦੇ, ਗੁਰਬਾਣੀ ਦੇ, ਗੁਰਮਤਿ ਦੇ ਦਰਸ਼ਨ ਹਨ ਜੋ ਦਰਸ਼ਨ ਸੱਚੇ ਗਿਆਨ ਦੇ ਰੂਪ ਵਿੱਚ ਹੁੰਦੇ ਹਨ, ਮਨ ਦੇ ਵਿੱਚ ਹੁੰਦੇ ਹਨ ਕਿਉਂਕਿ ਪ੍ਰਮਾਤਮਾ ਆਪ ਹੀ ਸੰਤ ਹੈ, ਗੁਰੂ ਰੂਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਆਪਣੇ ਇਸ ਸੰਤ ਰੂਪ ਵਿੱਚ ਹੀ ਹੈ ਤੇ ਉਹੀ ਗੱਲ ਇਸ ਸ਼ਬਦ ਵਿੱਚ ਸਮਝਾਈ ਹੋਈ ਹੈ **(ਸੰਤ ਕਾ ਦਰਸੁ ਪੂਰਨ ਇਸਨਾਨੁ॥)** ਭਾਵ ਪ੍ਰਮਾਤਮਾ ਦੇ ਦਰਸ਼ਨ ਕਰਕੇ ਹੀ ਮਨੁੱਖ ਸੰਪੂਰਨ ਹੋ ਸਕਦਾ ਹੈ ਤੇ ਉਸਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ, ਆਪਣਾ ਨਾਮ ਪ੍ਰਮਾਤਮਾ ਆਪਣੀ ਕ੍ਰਿਪਾ ਦੁਆਰਾ ਆਪ ਹੀ ਦਿੰਦਾ ਹੈ **(ਸੰਤ ਕ੍ਰਿਪਾ ਤੇ ਜਪੀਐ ਨਾਮੁ॥)**।

3/130

ਮਨੁਖ ਦਾ ਅਹੰਕਾਰ, ਹਉਮੈ, ਗੁਰੂ ਦੀ ਸੰਗਤ ਭਾਵ ਗੁਰੂ ਦੀ ਮਤਿ ਦੀ ਸੰਗਤ ਕਰ ਕੇ ਹੀ ਜਾਂਦਾ ਹੈ, ਗੁਰੂ ਦੇ ਗਿਆਨ ਨੂੰ ਧਾਰਨ ਕਰਕੇ ਜਾਂਦਾ ਹੈ, ਗੁਰੂ ਦੇ ਗੁਣਾਂ ਨੂੰ ਧਾਰਨ ਕਰਕੇ ਜਾਂਦਾ ਹੈ, ਮਨੁਖ ਦਾ ਆਪਾ ਗੁਰੂ ਦੀ ਸੰਗਤ ਦੁਆਰਾ ਹੀ ਮਿਟ ਸਕਦਾ ਹੈ, ਮਨੁੱਖ ਦੀ ਹਉਮੈ, ਮਨਮਤਿ ਗੁਰੂ ਦੀ ਮਤਿ ਲੈ ਕੇ ਹੀ ਜਾ ਸਕਦੀ ਹੈ ਤੇ ਤਾਂ ਹੀ ਮਨੁੱਖ ਜਾਣ ਸਕਦਾ ਹੈ ਕਿ ਸਭ ਵਿੱਚ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਦੇ ਦਰਸ਼ਨ ਉਹੀ ਕਰਵਾ ਸਕਦਾ ਹੈ ਜੋ ਪ੍ਰਮਾਤਮਾ ਵਿੱਚ ਸਮਾਇਆ ਹੋਇਆ ਹੁੰਦਾ ਹੈ ਭਾਵ ਕੇਵਲ ਗੁਰੂ ਹੀ ਕਰਵਾ ਸਕਦਾ ਹੈ। (**ਸੰਤ ਕੈ ਸੰਗਿ ਮਿਟਿਆ ਅਹੰਕਾਰੁ॥ ਦ੍ਰਿਸਟਿ ਆਵੈ ਸਭੁ ਏਕੰਕਾਰੁ॥**) ਸਾਡੇ ਅੰਦਰ ਦਾ ਅਹੰਕਾਰ, ਹਉਮੈ ਹੀ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਹੈ ਜੋ ਕਿ ਮਨ ਦੇ ਵਿੱਚ ਹੀ ਹੈ ਜਿਸਦੇ ਦੂਰ ਹੋਣ ਨਾਲ ਹੀ, ਮਨ ਦੀ ਸਮਝ ਦੁਆਰਾ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਨਜ਼ਰ ਆਉਂਦਾ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਆਪਣਾ ਨਾਮ ਹੀ ਦਿੰਦਾ ਹੈ, ਸੱਚਾ ਗਿਆਨ ਹੀ ਦਿੰਦਾ ਹੈ, ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਸਾਰੇ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ, ਪੰਜੇ ਵਿਕਾਰਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚੋਂ ਕੱਢ ਲੈਂਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ, ਆਪਣਾ ਨਾਮ ਜਪਾਉਂਦਾ ਹੈ ਭਾਵ ਮਨੁੱਖ ਨੂੰ ਸੱਚ ਦੇ ਮਾਰਗ ਤੇ ਚਲਾਉਂਦਾ ਹੈ। (**ਸੰਤ ਸੁਪ੍ਰਸੰਨ ਆਏ ਵਸਿ ਪੰਚਾ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ॥**) ਜਿਸ ਤੇ ਪ੍ਰਮਾਤਮਾ ਖੁਸ਼ ਹੁੰਦਾ ਹੈ ਉਸਦੇ ਔਗੁਣ ਹੀ ਕੱਟਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਕੱਟਦਾ ਹੈ। ਜਿਸ ਮਨੁੱਖ ਦੇ ਪੂਰੇ ਭਾਗ ਹੁੰਦੇ ਹਨ ਉਹੀ ਗੁਰੂ ਦੇ, ਪ੍ਰਮਾਤਮਾ ਦੇ ਚਰਨਾਂ ਨੂੰ ਭੇਟਦਾ ਹੈ ਭਾਵ ਉਸ ਨਾਲ ਮੇਲ ਕਰਦਾ ਹੈ ਭਾਵ ਉਸ ਨੂੰ ਪ੍ਰਮਾਤਮਾ ਦੇ ਚਰਨਾਂ ਦੀ ਛੋਹ ਮਿਲ ਜਾਂਦੀ ਹੈ, ਨਾਮ ਮਿਲ ਜਾਂਦਾ ਹੈ, ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ। ਉਸਦਾ ਸੱਚਾ ਗਿਆਨ ਮਿਲ ਜਾਂਦਾ ਹੈ, ਚੌਥੇ ਪਦ ਦਾ ਗਿਆਨ ਮਿਲ ਜਾਂਦਾ ਹੈ। (**ਕਹੁ ਨਾਨਕ ਜਾ ਕਾ ਪੂਰਾ ਕਰਮ॥ ਤਿਸੁ ਭੇਟੇ ਸਾਧੂ ਕੇ ਚਰਨ॥**) ਪ੍ਰਮਾਤਮਾ ਨਾਲੋਂ ਸਾਡਾ ਮਨ ਦੇ ਵਿੱਚ ਪੜਦਾ ਮਨ ਦੀ ਅਗਿਆਨਤਾ ਕਰਕੇ ਹੀ ਹੈ, ਹਉਮੈ ਕਰ ਕੇ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

{ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥
ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥
ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥
ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੯॥}

(ਅੰਗ ੧੨੯੧)

{ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ ੪੦)

ਹੁਣ ਤੱਕ ਅਸੀਂ ਜਿਤਨਾ ਕੁੱਝ ਵੀ ਨਾਮ ਬਾਰੇ ਜਾਣਿਆ ਹੈ ਉਹ ਅਸੀਂ ਸ਼ਬਦਾਂ ਦਾ ਭਾਵ ਸਮਝਣ ਦੁਆਰਾ ਜਾਣਿਆ ਹੈ। ਭਾਵੇਂ ਭਾਵ ਸਪੱਸ਼ਟ ਸਮਝ ਆ ਰਿਹਾ ਹੋਵੇ ਪਰ ਫਿਰ ਵੀ ਤਰਕ ਕੱਢਣ ਵਾਲੇ ਕਿਸੇ ਨਾ ਕਿਸੇ ਸਿਆਣਪ ਦੁਆਰਾ ਇਹ ਹੀ ਕੋਸ਼ਿਸ਼ ਕਰਦੇ ਹਨ ਕਿ ਇਸ ਗੱਲ ਨੂੰ ਨਾ ਹੀ ਮੰਨਿਆ ਜਾਵੇ। ਪੂਰੀ ਗੁਰਬਾਣੀ ਵਿੱਚ ਕਿਤੇ ਇੱਕ ਵਾਰੀ ਵੀ ਇਹ ਨਹੀਂ ਲਿਖਿਆ ਹੋਇਆ ਕਿ ਵਾਹਿਗੁਰੂ-ਵਾਹਿਗੁਰੂ ਕਰਨਾ ਨਾਮ ਜਪਣਾ ਹੈ ਪਰ ਫਿਰ ਵੀ ਇਸੇ ਨੂੰ ਹੀ ਨਾਮ ਜਪਣਾ ਸਮਝਿਆ ਜਾਂਦਾ

ਹੈ, ਸਿਮਰਨ ਸਮਝਿਆ ਜਾਂਦਾ ਹੈ ਕਿਉਂਕਿ ਇਹ ਇੱਕ ਪਰੈਕਟਿਸ ਭਾਵ ਅਭਿਆਸ ਬਣ ਚੁੱਕਿਆ ਹੈ ਜਿਸ ਨੂੰ ਛੱਡਣ ਲਈ ਦਿਲ ਹੀ ਨਹੀਂ ਕਰਦਾ ਜਿਸ ਕਰਕੇ ਕਿਸੇ ਤਰਕ ਨੂੰ ਵੀ ਸੁਣਨਾ ਪਸੰਦ ਨਹੀਂ ਕੀਤਾ ਜਾਂਦਾ। ਨਾਮ ਕੋਈ ਅੱਖਰ ਹੈ ਇਹ

3/132

ਗੱਲ ਇਤਨੀ ਜ਼ਿਆਦਾ ਘਰ ਕਰ ਚੁੱਕੀ ਹੈ ਕਿ ਇਸ ਨੂੰ ਛੱਡਣ ਤੋਂ ਬਾਅਦ ਲੋਕ ਇਹ ਸਮਝਦੇ ਹਨ ਕਿ ਫਿਰ ਭਗਤੀ ਕੀ ਰਹਿ ਗਈ। ਬਾਣੀ ਵਿੱਚ ਜਿਹੋ ਜਿਹੀ ਭਗਤੀ ਸਮਝਾਈ ਗਈ ਹੈ ਉਸਨੂੰ ਇਹੋ ਜਿਹੇ ਮਨੁੱਖ ਸਮਝਣ ਲਈ ਤਿਆਰ ਹੀ ਨਹੀਂ ਹੁੰਦੇ। ਅਸਲ ਵਿੱਚ ਆਪਣੀ-ਆਪਣੀ ਆਸਥਾ ਅਨੁਸਾਰ ਕੋਈ ਅੱਖਰ ਜਪਣ ਦੁਆਰਾ ਭਾਵ ਨਾ-ਸਮਝੀ ਵਾਲਾ ਨਾਮ ਜਪਣ ਦੁਆਰਾ ਹੀ ਤੇ ਉਹਨਾਂ ਦੀ ਇੱਜਤ ਬਣੀ ਹੋਈ ਹੈ, ਮਨ ਵਿੱਚ ਇੱਕ ਝੂਠੀ ਤਸੱਲੀ ਬਣੀ ਹੋਈ ਹੈ।

ਵੈਸੇ ਤਾਂ ਸਾਰੀ ਬਾਣੀ, ਬਾਣੀ ਦਾ ਹਰ ਸ਼ਬਦ ਬ੍ਰਹਮ ਗਿਆਨ ਹੈ, ਬ੍ਰਹਮ ਅਸਤਰ ਹੈ, ਸੱਚੇ ਗਿਆਨ ਦਾ ਹਥਿਆਰ ਹੈ ਜੋ ਸਾਨੂੰ ਅਲੱਗ-ਅਲੱਗ ਤਰੀਕਿਆਂ ਨਾਲ ਗਿਆਨ ਦਿੰਦੇ ਹਨ ਜਿਨ੍ਹਾਂ ਗਿਆਨ ਰੂਪ ਹਥਿਆਰਾਂ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਨੂੰ ਮਾਰਨ ਦੇ ਨਾਲ ਹੈ। ਅਸੀਂ ਅਨੇਕਾਂ ਸ਼ਬਦਾਂ ਦੁਆਰਾ ਨਾਮ ਦੀ ਗੱਲ ਬੜੇ ਤਰੀਕਿਆਂ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਭਗਤੀ ਦਾ ਸੱਚਾ ਮਾਰਗ ਸਮਝਣ ਦੀ ਕੋਸ਼ਿਸ਼ ਕੀਤੀ ਹੈ ਪਰ ਹੁਣ ਉਸ ਸ਼ਬਦ ਦੀ ਵਿਆਖਿਆ ਕੀਤੀ ਜਾ ਰਹੀ ਹੈ ਜੋ ਸਾਨੂੰ ਸਿੱਧੇ ਤੌਰ ਤੇ ਇਹ ਸਮਝਾ ਰਿਹਾ ਹੈ ਕਿ ਨਾਮ ਕੀ ਹੈ, ਪ੍ਰਮਾਤਮਾ ਦੀ ਸੱਚੀ ਭਗਤੀ ਕੀ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ। ਇਹ ਸ਼ਬਦ ਨਾਮ ਨੂੰ ਜਾਣਨ ਲਈ ਬ੍ਰਹਮ ਅਸਤਰ ਹੀ ਹੈ ਜਿਸਦਾ ਕੋਈ ਤੋੜ ਨਹੀਂ ਹੈ। ਕੋਈ ਵੀ ਮਨੁੱਖ, ਵਿਦਵਾਨ, ਇਸ ਸ਼ਬਦ ਨੂੰ ਪੜ੍ਹਨ ਤੋਂ ਬਾਅਦ ਇਹ ਤਰਕ ਨਹੀਂ ਦੇ ਸਕੇਗਾ ਕਿ ਜੋ ਨਾਮ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ, ਉਸ ਤੋਂ ਇਲਾਵਾ ਵੀ ਕੋਈ ਨਾਮ ਹੋ ਸਕਦਾ ਹੈ। ਆਓ ਹੁਣ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਤੇ ਪੱਕੇ ਤੌਰ ਤੇ ਸਦਾ ਲਈ ਜਾਣੀਏ ਕਿ ਨਾਮ ਜਪਣਾ ਕੀ ਹੈ, ਭਗਤੀ ਕੀ ਹੈ, ਅਰਾਧਨਾ ਕੀ ਹੈ, ਜਪ ਤਪ ਕੀ ਹੈ, ਪੂਜਾ ਕੀ ਹੈ ਭਾਵ ਉਹ ਸਭ ਕੁੱਝ ਕੀ ਹੈ ਜਿਸ ਦੁਆਰਾ ਭਵਜਲ ਤਰਿਆ ਜਾ ਸਕਦਾ ਹੈ, ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ।

ਰਾਗ ਗਉੜੀ ਮ: ੫

“ਕਵਨ ਰੂਪੁ ਤੇਰਾ ਆਰਾਧਉ॥ ਕਵਨ ਜੋਗ ਕਾਇਆ ਲੇ ਸਾਧਉ॥੧॥
ਕਵਨ ਗੁਨੁ ਜੋ ਤੁਝੁ ਲੈ ਗਾਵਉ॥
ਕਵਨ ਬੋਲ ਪਾਰਬ੍ਰਹਮ ਰੀਝਾਵਉ॥੧॥ਰਹਾਉ॥
ਕਵਨ ਸੁ ਪੂਜਾ ਤੇਰੀ ਕਰਉ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ॥੨॥
ਕਵਨ ਤਪੁ ਜਿਤੁ ਤਪੀਆ ਹੋਇ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥
ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ॥ ਜਿਸ ਕੀ ਮਾਨਿ ਲੇਇ ਸੁਖਦਾਤਾ॥੧॥ਰਹਾਉ ਦੂਜਾ॥੩੬॥੧੦੫॥”

(ਅੰਗ ੧੮੬-੧੮੭)

ਇਸ ਸ਼ਬਦ ਦੀ ਹਰ ਇੱਕ ਪੰਗਤੀ ਦੇ ਹਰ ਇੱਕ ਅੱਖਰ ਨੂੰ ਧਿਆਨ ਨਾਲ ਪੜ੍ਹੋ ਤੇ ਵਿਚਾਰੋ ਤੇ ਜਵਾਬ ਆਪਣੇ ਆਪ ਹੀ ਮਿਲ ਜਾਵੇਗਾ। ਅਰਥ ਬਹੁਤ ਸਿੱਧੇ ਤੇ ਸਰਲ ਹਨ ਜੋ ਹਰ ਕਿਸੇ ਦੀ ਸਮਝ ਵਿੱਚ ਆ ਸਕਦੇ ਹਨ। ਪਹਿਲੀਆਂ ਸਾਰੀਆਂ ਪੰਗਤੀਆਂ ਵਿੱਚ ਇਹ ਸਵਾਲ ਹਨ ਕਿ ਪ੍ਰਮਾਤਮਾ ਨੂੰ

3/133

ਕਿਹੜੇ ਤਰੀਕੇ ਨਾਲ ਪਾਇਆ ਜਾਵੇ। ਜਿਹੋ ਜਿਹੇ ਅਸੀਂ ਆਮ ਕਰਕੇ ਭਗਤੀ ਦੇ ਤਰੀਕੇ ਸਮਝੇ ਹੋਏ ਹਨ, ਉਹਨਾਂ ਸਾਰਿਆਂ ਤਰੀਕਿਆਂ ਦਾ ਵਾਰੀ-ਵਾਰੀ ਕਰਕੇ ਜ਼ਿਕਰ ਕੀਤਾ ਹੋਇਆ ਹੈ ਤਾਂ ਜੋ ਅਸੀਂ ਇਹ ਨ ਕਹਿ ਸਕੀਏ ਕਿ ਅਜੇ ਕੋਈ ਹੋਰ ਵੀ ਤਰੀਕਾ ਰਹਿ ਗਿਆ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਕੀਤੀ ਜਾ ਸਕਦੀ ਹੈ। ਇਹ ਸਾਰੇ ਤਰੀਕੇ ਸਾਡੇ ਵੱਲੋਂ ਗੁਰੂ ਨੂੰ

ਸਵਾਲ ਦੇ ਰੂਪ ਵਿੱਚ ਕਰ ਕੇ ਦੱਸੇ ਹੋਏ ਹਨ ਤੇ ਬਾਅਦ ਵਿੱਚ ਗੁਰੂ ਵੱਲੋਂ ਇਹਨਾਂ ਸਾਰੀਆਂ ਗੱਲਾਂ ਦਾ ਭਾਵ ਸਾਡੇ ਸਾਰੇ ਸਵਾਲਾਂ ਦਾ ਜਵਾਬ ਸੁਣਾਇਆ ਹੈ, ਭਗਤੀ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ। ਸਾਡੇ ਵੱਲੋਂ ਸਵਾਲ ਇਸ ਤਰ੍ਹਾਂ ਹਨ।

1. "ਕਵਨ ਰੂਪੁ ਤੇਰਾ ਆਰਾਧਉ ॥"

ਗੁਰੂ ਸਾਹਿਬ ਮੈਨੂੰ ਸੋਝੀ ਪਾਉ ਕਿ ਤੇਰਾ ਉਹ ਕਿਹੜਾ ਰੂਪ ਹੈ ਜਿਸ ਦੀ ਮੈਂ ਅਰਾਧਨਾ ਕਰਾਂ ਭਾਵ ਤੈਨੂੰ ਕਿਸ ਰੂਪ ਵਿੱਚ ਅਰਾਧਿਆ ਜਾਵੇ ਭਾਵ ਮੈਨੂੰ ਆਪਣੀ ਅਰਾਧਨਾ ਦਾ ਤਰੀਕਾ ਸਮਝਾਉ, ਜਪਣ ਦਾ ਤਰੀਕਾ ਸਮਝਾਉ।

2. "ਕਵਨ ਜੋਗ ਕਾਇਆ ਲੇ ਸਾਧਉ॥1॥"

ਗੁਰੂ ਸਾਹਿਬ ਮੈਨੂੰ ਸੋਝੀ ਪਾਉ ਕਿ ਮੈਂ ਆਪਣੀ ਕਾਇਆ ਦੁਆਰਾ, ਸਰੀਰ ਦੁਆਰਾ ਕਿਹੋ ਜਿਹੀ ਸਾਧਨਾ ਕਰਾਂ, ਆਪਣੀ ਕਾਇਆ ਨਾਲ ਕਿਹੋ ਜਿਹੇ ਆਸਨ ਆਦਿ ਲਗਾਵਾਂ, ਸਮਾਧੀ ਆਦਿ ਲਗਾਵਾਂ ਜਿਸ ਦੁਆਰਾ ਮੇਰਾ ਤੇਰੇ ਨਾਲ ਜੋਗ ਹੋ ਜਾਵੇ, ਤੇਰੇ ਨਾਲ ਮੇਲ ਹੋ ਜਾਵੇ।

3. "ਕਵਨ ਗੁਨੁ ਜੋ ਤੁਝੁ ਲੈ ਗਾਵਉ॥"

ਗੁਰੂ ਸਾਹਿਬ ਮੈਨੂੰ ਸੋਝੀ ਪਾਉ ਕਿ ਮੈਂ ਆਪਣੇ ਅੰਦਰ ਕਿਹੋ ਜਿਹੇ ਗੁਣ ਲਿਆਵਾਂ ਜਿਸ ਨਾਲ ਮੈਂ ਤੈਨੂੰ ਗਾਵਾਂ ਭਾਵ ਤੇਰੀ ਉਸਤਤਿ ਕਰਾਂ, ਤੇਰੀ ਸਿਫਤ ਸਲਾਹ ਕਰਾਂ, ਤੇਰੇ ਗੁਣ ਗਾਵਾਂ।

4. "ਕਵਨ ਬੋਲ ਪਾਰਬ੍ਰਹਮ ਰੀਝਾਵਹੁ॥1॥ਰਹਾਉ॥"

ਗੁਰੂ ਸਾਹਿਬ ਮੈਨੂੰ ਬੇਸਮਝ ਨੂੰ ਇਹ ਸਮਝਾਉ ਕਿ ਉਹ ਕਿਹੜੇ ਬੋਲ ਹਨ ਜਿਨ੍ਹਾਂ ਨੂੰ ਬੋਲ ਬੋਲ ਕੇ ਮੈਂ ਤੈਨੂੰ ਰਿਝਾ ਸਕਦਾ ਹਾਂ, ਖੁਸ਼ ਕਰ ਸਕਦਾ ਹਾਂ।

5. "ਕਵਨ ਸੁ ਪੂਜਾ ਤੇਰੀ ਕਰਉ॥"

ਗੁਰੂ ਸਾਹਿਬ ਮੈਨੂੰ ਸਮਝਾਉ ਕਿ ਉਹ ਕਿਹੜਾ ਤਰੀਕਾ ਹੈ ਜਿਸ ਦੁਆਰਾ ਮੈਂ ਤੇਰੀ ਪੂਜਾ ਕਰ ਸਕਦਾ ਹਾਂ।

6. "ਕਵਨ ਸੁ ਬਿਧਿ ਜਿਤੁ ਭਵਜਲ ਤਰਉ॥2॥"

ਗੁਰੂ ਸਾਹਿਬ ਮੈਨੂੰ ਸਮਝਾਉ ਕਿ ਉਹ ਕਿਹੜਾ ਤਰੀਕਾ ਹੈ ਜਿਸ ਦੁਆਰਾ ਭਵਜਲ ਸਾਗਰ ਤੋਂ ਪਾਰ ਹੋ ਜਾਵਾਂ, ਮਾਇਆ ਮੋਹ ਦੇ ਸਾਗਰ ਤੋਂ ਪਾਰ ਲੰਘ ਜਾਵਾਂ।

7. "ਕਵਨ ਤਪੁ ਜਿਤੁ ਤਪੀਆ ਹੋਇ॥"

ਗੁਰੂ ਸਾਹਿਬ ਮੈਨੂੰ ਸੋਝੀ ਪਾਉ ਕਿ ਉਹ ਕਿਹੜਾ "ਤਪੁ" ਹੈ ਜਿਸ ਦੁਆਰਾ ਮਨੁੱਖ ਤੇਰਾ ਤਪੀਆ ਬਣ ਸਕਦਾ ਹੈ, ਤੇਰਾ ਜਪੀ ਤਪੀ ਅਖਵਾ ਸਕਦਾ ਹੈ।

ਹੇਠ ਦਿੱਤੀ ਪੰਗਤੀ ਵਿੱਚ ਸਾਡਾ ਪ੍ਰਮਾਤਮਾ ਦੀ ਭਗਤੀ ਜਾਨਣ ਲਈ ਆਖਰੀ ਸਵਾਲ ਪੁੱਛਿਆ ਹੋਇਆ ਹੈ। ਇਹ ਹੀ ਉਹ ਸਭ ਤੋਂ ਵੱਡਾ ਸਵਾਲ ਹੈ ਜਿਸ ਦਾ ਜਵਾਬ ਸਾਨੂੰ ਸਦੀਆਂ ਤੋਂ ਸਮਝ ਨਹੀਂ ਆ ਰਿਹਾ ਤੇ ਇਸ ਸਵਾਲ ਨੂੰ ਸਮਝਾਉਣਾ ਹੀ ਇਸ ਲੇਖ ਦਾ ਵੱਡਾ ਮਨੋਰਥ ਹੈ ਕਿਉਂਕਿ ਇਸ ਨੂੰ ਜਾਣੇ ਬਿਨ੍ਹਾਂ ਸਾਨੂੰ ਬਾਣੀ ਦੀ ਸਹੀ ਸੋਝੀ ਨਹੀਂ ਪੈ ਸਕਦੀ ਤੇ ਨਾ ਹੀ ਭਗਤੀ ਦੀ ਸੋਝੀ ਪੈ ਸਕਦੀ ਹੈ। ਆਓ ਹੁਣ ਜਾਣੀਏ ਕਿ ਸਾਡਾ ਗੁਰੂ ਦੇ ਚਰਨਾਂ ਵਿੱਚ ਇਹ ਸਵਾਲ ਕੀ ਹੈ।

8. "ਕਵਨੁ ਸੁ ਨਾਮੁ ਹਉਮੈ ਮਲੁ ਖੋਇ॥3॥"

ਗੁਰੂ ਸਾਹਿਬ ਮੈਨੂੰ ਸੋਝੀ ਪਾਉ ਕਿ ਉਹ ਕਿਹੜਾ "ਨਾਮ" ਹੈ ਜਿਸ "ਨਾਮ" ਦੇ ਨਾਲ ਮੇਰੀ ਹਉਮੈ ਦੀ ਮੈਲ ਉੱਤਰ ਜਾਏ, ਮੇਰੇ ਔਗੁਣ ਮਿਟ ਜਾਣ, ਮੇਰਾ ਆਪਾ ਮਿਟ ਜਾਏ ਭਾਵ ਮੈਂ ਕਿਹੋ ਜਿਹਾ ਨਾਮ ਜਪਾਂ ਜਿਸ ਨਾਲ ਮੇਰੀ ਹਉਮੈ ਦੂਰ ਹੋ ਜਾਵੇ।

ਸਾਡੇ ਸਾਰੇ ਸਵਾਲਾਂ ਦਾ ਮਨੋਰਥ ਇੱਕੋ ਹੀ ਹੈ ਕਿ ਪ੍ਰਮਾਤਮਾ ਦੀ ਭਗਤੀ ਕੀ ਹੈ, ਪ੍ਰਮਾਤਮਾ ਨੂੰ ਪਾਇਆ ਕਿਵੇਂ ਜਾ ਸਕਦਾ ਹੈ।

ਹੁਣ ਅਗਲੀ ਪੰਗਤੀ ਵਿੱਚ ਸਾਡੇ ਇਹਨਾਂ ਸਾਰੇ ਸਵਾਲਾਂ ਦਾ ਜਵਾਬ ਦਿੱਤਾ ਹੋਇਆ ਹੈ, ਜੋ ਕਿ ਇਸ ਪ੍ਰਕਾਰ ਹੈ।

"ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ"

ਸਾਡੇ ਹਰ ਸਵਾਲ ਦਾ ਜਵਾਬ ਇੱਕੋ ਪੰਗਤੀ ਵਿੱਚ ਦਿੱਤਾ ਹੋਇਆ ਹੈ। ਜਵਾਬ ਬੜਾ ਹੀ ਸਪੱਸ਼ਟ ਹੈ। ਗੁਰੂ ਦੇ ਦੱਸੇ ਹੋਏ ਗੁਣਾਂ ਦੀ ਪੂਜਾ ਹੀ ਗੁਰੂ ਦੀ ਪੂਜਾ ਹੈ, ਪ੍ਰਮਾਤਮਾ ਦੀ ਪੂਜਾ ਹੈ, ਉਸਦੀ ਭਗਤੀ ਹੈ। ਉਸਦਾ ਜਪ ਹੈ, ਤਪ ਹੈ, ਅਰਾਧਨਾ ਹੈ, ਉਸਦੀ ਸਾਧਨਾ ਹੈ, ਉਸਦੇ ਗੁਣ ਗਾਉਣੇ ਹਨ, ਸਾਡੇ ਉਹ ਬੋਲ ਹਨ ਜਿਨ੍ਹਾਂ ਦੁਆਰਾ ਪ੍ਰਮਾਤਮਾ ਨੂੰ ਰਿਝਾਇਆ ਜਾ ਸਕਦਾ ਹੈ ਭਾਵ ਸਾਰੀ ਗੱਲ ਆਪਣੇ ਔਗੁਣਾਂ ਨੂੰ ਤਿਆਗ ਕੇ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਨਾਉਣ ਦੀ ਹੈ, ਮਨਮਤਿ ਤਿਆਗ ਕੇ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਸਾਡੀ ਕਥਨੀ ਜਾਂ ਸਰੀਰਕ ਕਿਰਿਆਵਾਂ ਦਾ ਮਾਰਗ ਨਹੀਂ ਬਲਕਿ ਸਾਡੀ ਚੰਗੀ ਕਰਨੀ ਦਾ ਮਾਰਗ ਹੈ ਜੋ ਕਿ ਗੁਣਾਂ ਦੁਆਰਾ ਹੀ ਹੋ ਸਕਦੀ ਹੈ, ਔਗੁਣਾਂ ਨੂੰ ਤਿਆਗਣ ਦੁਆਰਾ ਹੀ ਹੋ ਸਕਦੀ ਹੈ, ਚੰਗੇ ਕਰਮ ਕਰਨ ਦੁਆਰਾ ਹੀ ਹੋ ਸਕਦੀ ਹੈ। ਇਸ ਤੋਂ ਇਲਾਵਾ ਹੋਰ ਕੋਈ ਵੀ ਤਰੀਕਾ ਪ੍ਰਮਾਤਮਾ ਨੂੰ ਜਪਣ ਦਾ ਨਹੀਂ ਸਮਝਾਇਆ ਬਲਕਿ ਸਾਡਾ ਭੁਲੇਖਾ ਹੀ ਕੱਢਿਆ ਹੈ। ਸਾਡੇ ਸਵਾਲਾਂ ਰਾਹੀਂ ਸਾਡਾ ਭੁਲੇਖਾ ਕੱਢਿਆ ਹੈ। ਜੇਕਰ ਅਜੇ ਵੀ ਅਸੀਂ ਇਹ ਸਮਝੀ ਜਾਈਏ ਕਿ ਪ੍ਰਮਾਤਮਾ ਦਾ ਜਪ ਤਪ ਕਿਸੇ ਸਰੀਰਕ ਕਿਰਿਆ ਦੁਆਰਾ ਕਰਨਾ ਹੈ, ਮੁੱਖੋਂ ਬੋਲ ਬੋਲ ਕੇ ਕਿਸੇ ਅੱਖਰ ਨੂੰ ਜਪਣਾ ਹੈ ਤੇ ਫਿਰ ਇਸ ਵਿੱਚ ਗੁਰੂ ਦਾ ਕੀ ਦੋਸ਼ ਹੈ। ਉਸਨੇ ਤੇ ਆਪਣਾ ਫੈਸਲਾ ਬੜਾ ਸਪੱਸ਼ਟ ਕਰਕੇ ਸੁਣਾਇਆ ਹੋਇਆ ਹੈ।

ਸਮਝਣਾ ਤੇ ਹੁਣ ਕੇਵਲ ਇਸ ਗੱਲ ਨੂੰ ਹੈ ਕਿ ਅਸੀਂ ਗੁਣਾਂ ਦੀ ਪੂਜਾ ਕਿਵੇਂ ਕਰਨੀ ਹੈ। ਜੇਕਰ ਮੂੰਹੋਂ ਗੁਣ-ਗੁਣ ਬੋਲੀ ਜਾਈਏ ਤਾਂ ਫਿਰ ਗੁਣਾਂ ਦੀ ਪੂਜਾ ਨਹੀਂ ਹੋ ਸਕਦੀ। ਗੁਣਾਂ ਦੀ ਪੂਜਾ ਤਾਂ ਆਪਣੇ ਆਪ ਨੂੰ ਗੁਣੀ ਬਣਾ ਕੇ ਹੀ ਹੋ ਸਕਦੀ ਹੈ, ਔਗੁਣਾਂ ਨੂੰ ਤਿਆਗ ਕੇ ਹੀ ਹੋ ਸਕਦੀ ਹੈ ਤਾਂ ਜੋ ਅਸੀਂ ਸੰਸਾਰ ਵਿੱਚ, ਸਮਾਜ ਵਿੱਚ ਸੱਚੇ ਸੁੱਚੇ ਹੋ ਕੇ ਵਿਚਰੀਏ।

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥}

(ਅੰਗ ੪੧੮)

{ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥ ਪੂਰੇ ਗੁਰ ਕੈ ਸਬਦਿ ਸਮਾਹਿ॥੧॥ ਰਹਾਉ॥}

(ਅੰਗ ੩੬੧)

ਗੁਣ ਸੱਚ ਹੈ, ਔਗੁਣ ਝੂਠ ਹੈ। ਗੁਰਬਾਣੀ ਸਾਨੂੰ ਗੁਣ ਹੀ ਸਿਖਾ ਰਹੀ ਹੈ, ਗੁਣਾਂ ਦੀ ਸਿੱਖਿਆ ਦੇ ਰਹੀ ਹੈ। ਗੁਣਾਂ ਦੀ ਪੂਜਾ ਸੱਚ ਦੀ ਪੂਜਾ ਹੈ, ਪ੍ਰਮਾਤਮਾ ਦੀ ਪੂਜਾ ਹੈ। ਔਗੁਣਾਂ ਦਾ ਤਿਆਗ ਹੀ ਗੁਣ ਹੈ, ਸੱਚ ਹੈ। ਔਗੁਣ ਵੀ ਸਾਡੇ ਮਨ ਦੀ ਅਵੱਸਥਾ ਹੈ ਭਾਵ ਸਮਝ ਹੈ ਤੇ ਗੁਣ ਵੀ ਸਾਡੇ ਮਨ ਦੀ ਅਵੱਸਥਾ ਹੈ। ਔਗੁਣ ਵੀ ਸਾਡੇ ਮਨ ਦਾ ਧਿਆਨ ਹੈ ਤੇ ਗੁਣ ਵੀ ਸਾਡੇ ਮਨ ਦਾ ਧਿਆਨ ਹੈ। ਸਾਰੀ ਗੱਲ ਸਾਡੇ ਮਨ ਦੇ ਧਿਆਨ ਉੱਤੇ ਨਿਬੜਦੀ ਹੈ। ਜੇਕਰ ਸਾਡਾ ਧਿਆਨ ਗੁਣਾਂ ਵਾਲਾ ਹੈ ਤੇ ਤਾਂ ਹੀ ਅਸੀਂ ਗੁਣਾਂ ਦੀ ਪੂਜਾ ਕਰ ਸਕਦੇ ਹਾਂ। ਪੂਜਾ ਤੇ ਸਾਡੇ ਧਿਆਨ ਨੇ ਹੀ ਕਰਨੀ ਹੈ ਭਾਵੇਂ ਔਗੁਣਾਂ ਨੂੰ ਪੂਜ ਲਈਏ ਤੇ ਭਾਵੇਂ ਗੁਣਾਂ ਨੂੰ ਪੂਜ ਲਈਏ। ਜੇਕਰ ਸਾਡਾ ਧਿਆਨ ਗੁਰੂ ਦੇ ਗੁਣਾਂ ਵਾਲਾ ਹੈ ਤਾਂ ਫਿਰ ਅਸੀਂ ਗੁਰੂ ਦੇ ਗਿਆਨ ਵਾਲੇ ਹਾਂ ਤੇ ਜੇਕਰ ਅਸੀਂ ਗੁਣਾਂ ਵਾਲੇ ਧਿਆਨੀ ਨਹੀਂ ਹਾਂ ਤਾਂ ਫਿਰ ਅਸੀਂ ਗਿਆਨੀ ਵੀ ਨਹੀਂ ਹਾਂ ਭਾਵ ਗੁਰੂ ਦੇ ਗਿਆਨ ਵਾਲੇ ਨਹੀਂ ਹਾਂ। ਗਿਆਨੀ ਉਹੀ ਹੈ ਜੋ ਗੁਰੂ ਦੇ ਗਿਆਨ ਤੇ ਅਮਲ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਗਿਆਨੀ ਭਾਵ ਧਰਮ ਦੇ ਮਾਰਗ ਦਾ ਗਿਆਨੀ ਗੁਰੂ ਆਪ ਹੀ ਹੈ।

{ਜਗਿ ਗਿਆਨੀ ਵਿਰਲਾ ਆਚਾਰੀ॥ਜਗਿ ਪੰਡਿਤੁ ਵਿਰਲਾ ਵੀਚਾਰੀ॥}

(ਅੰਗ ੪੧੩)

{ਜਾਨਉ ਨਹੀ ਭਾਵੈ ਕਵਨ ਬਾਤਾ ॥
ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥

ਜੋਗੀ ਕਹਤ ਮੁਕਤਾ ॥
ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥
ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥
ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥}

(ਅੰਗ ੭੧)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

{ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥}

(ਅੰਗ ੭੫)

{ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥}

(ਅੰਗ ੧੧੦੯)

{ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥}

(ਅੰਗ ੫੯੪)

3/134

ਗੁਣਾਂ ਦੀ ਪੂਜਾ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਕਰ ਸਾਡਾ ਗਿਆਨ ਗੁਣਾਂ ਦੀ ਸਮਝ ਵਾਲਾ ਹੋਵੇ। ਗੁਣਾਂ ਦਾ ਗਿਆਨ ਸਾਨੂੰ ਗੁਰੂ ਕੋਲੋਂ ਮਿਲਦਾ ਹੈ, ਗੁਰੂ ਦਾ ਹੁਕਮ ਮੰਨਣ ਦੁਆਰਾ ਮਿਲਦਾ ਹੈ। ਗੁਰੂ ਦਾ ਉਪਦੇਸ਼ ਹੈ ਹੀ ਗੁਣਵਾਨ ਬਣਨਾ ਤੇ ਗੁਣਾਂ ਦੁਆਰਾ ਵਿਚਰਨਾ ਭਾਵ ਔਗੁਣ ਰਹਿਤ ਵਿਚਰਨਾ। ਗੁਰੂ ਦਾ ਗਿਆਨ ਅਸੀਂ ਤਾਂ ਹੀ ਮੰਨ ਸਕਦੇ ਹਾਂ ਭਾਵ ਤਾਂ ਹੀ ਸਾਡੇ ਅੰਦਰ ਵੱਸ ਸਕਦਾ ਹੈ ਜੇਕਰ ਸਾਡਾ ਧਿਆਨ ਗੁਣਾਂ ਵਾਲਾ ਹੋ ਜਾਵੇ। ਗੁਰੂ ਕੋਲੋਂ ਕੇਵਲ ਗਿਆਨ ਲੈ ਕੇ ਜਦ ਤੱਕ ਉਸ ਨੂੰ ਆਪਣੇ ਧਿਆਨ ਵਿੱਚ ਨਹੀਂ ਲਿਆਵਾਂਗੇ ਤੱਦ ਤੱਕ ਉਹ ਗਿਆਨ ਸਾਡੀ ਵਿਚਰਨ ਵਿੱਚ ਭਾਵ ਸਾਡੀ ਕਰਨੀ ਵਿੱਚ ਕੰਮ ਨਹੀਂ ਆਵੇਗਾ। ਗੁਰੂ ਕੋਲੋਂ ਗਿਆਨ ਲੈ ਕੇ ਉਸ ਗਿਆਨ ਦੀਆਂ ਗੱਲਾਂ ਕਰਨ ਨਾਲ ਕੇਵਲ ਸਾਡੀ ਹਉਮੈ ਵਧੇਗੀ। ਗਿਆਨ ਦਾ ਤਾਂ ਹੀ ਫਾਇਦਾ ਹੈ ਜੇ ਆਪਣਾ ਧਿਆਨ ਹੀ ਗਿਆਨ ਵਾਲਾ ਬਣਾਈਏ, ਆਪਣਾ ਸੁਭਾਅ ਹੀ ਗਿਆਨ ਵਾਲਾ ਬਣਾਈਏ, ਹਰ ਵੇਲੇ ਗੁਰੂ ਦੇ ਉਪਦੇਸ਼ ਨੂੰ ਯਾਦ ਰੱਖੀਏ ਤਾਂ ਕਿ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਗੁਰੂ ਦਾ ਉਪਦੇਸ਼ ਸਾਡਾ ਮਾਰਗ ਦਰਸ਼ਨ ਕਰੇ। ਇਹੀ ਗੁਰੂ ਦੇ ਨਾਲ ਧਿਆਨ ਜੋੜਨਾ ਹੈ, ਗੁਰੂ ਦੇ ਸ਼ਬਦ ਦੇ ਨਾਲ ਆਪਣੀ ਸੁਰਤਿ ਨੂੰ ਜੋੜਨਾ ਹੈ, ਧਿਆਨ ਨੂੰ ਜੋੜਨਾ ਹੈ। ਜਦੋਂ ਗੁਰੂ ਦਾ ਸ਼ਬਦ, ਗੁਰੂ ਦਾ ਗਿਆਨ, ਗੁਰੂ ਦੇ ਗੁਣ, ਗੁਰੂ ਦਾ ਹੁਕਮ, ਗੁਰੂ ਦੀ ਮਤਿ, ਗੁਰੂ ਦਾ ਉਪਦੇਸ਼ ਸਾਡੇ ਧਿਆਨ ਵਿੱਚ ਵੱਸ ਜਾਵੇਗਾ ਭਾਵ ਜਦੋਂ ਗੁਰੂ ਦਾ ਨਾਮ ਸਾਡੇ ਅੰਦਰ ਵੱਸ ਜਾਵੇਗਾ, ਦ੍ਰਿੜ ਹੋ ਜਾਵੇਗਾ ਤਾਂ ਫਿਰ ਉਸ ਤੋਂ ਬਾਅਦ ਅਸੀਂ ਉਹ ਕੁੱਝ ਹੀ ਕਰਾਂਗੇ ਜੋ ਗੱਲ ਸਾਡੇ ਅੰਦਰ ਦ੍ਰਿੜ ਹੋ ਚੁੱਕੀ ਹੈ, ਜੋ ਸਾਡਾ ਸੁਭਾਅ ਬਣ ਚੁੱਕਾ ਹੈ, "**ਸਹਜ**" ਸੁਭਾਅ ਬਣ ਚੁੱਕਾ ਹੈ ਭਾਵ ਸਾਡੇ ਅੰਦਰ ਅਡੋਲਤਾ ਆ ਚੁੱਕੀ ਹੈ, ਸਾਨੂੰ ਗੁਰੂ ਦੀ ਦੱਸੀ ਹੋਈ ਗੱਲ ਤੇ ਪੂਰਾ ਭਰੋਸਾ ਆ ਚੁੱਕਾ ਹੈ। ਜਦੋਂ ਸਾਨੂੰ ਕਿਸੇ ਗੱਲ ਤੇ ਚੱਲਣ ਲਈ, ਉਸਨੂੰ ਮੰਨਣ ਲਈ ਪੂਰਾ ਭਰੋਸਾ ਆ ਜਾਂਦਾ ਹੈ ਤਾਂ ਫਿਰ ਸਾਡੇ ਅੰਦਰ ਉਸੇ ਗੱਲ ਦੀ ਪੂਰਤੀ ਲਈ

3/135

ਇੱਛਾ ਬਣੀ ਰਹਿੰਦੀ ਹੈ, ਸਾਡੇ ਅੰਦਰ ਹਰ ਵੇਲੇ ਉਸੇ ਇੱਛਾ ਦੀ ਪੂਰਤੀ ਲਈ ਧੁਨ ਲੱਗੀ ਰਹਿੰਦੀ ਹੈ, ਲਗਨ ਲੱਗੀ ਰਹਿੰਦੀ ਹੈ, ਲਿਵ ਲੱਗੀ ਰਹਿੰਦੀ ਹੈ ਤੇ ਫਿਰ ਅਸੀਂ ਉਹੋ ਕੁੱਝ ਹੀ ਕਰਦੇ ਹਾਂ ਜਿਸ ਦੁਆਰਾ ਉਸ ਇੱਛਾ ਦੀ ਪੂਰਤੀ ਹੋ ਸਕੇ।

ਜੇਕਰ ਇੱਛਾ ਪ੍ਰਮਾਤਮਾ ਨੂੰ ਪਾਉਣ ਦੀ ਹੈ ਤਾਂ ਫਿਰ ਸਾਡਾ ਸਾਰਾ ਧਿਆਨ ਗੁਰੂ ਦੇ ਗਿਆਨ ਵਾਲਾ ਹੋ ਜਾਵੇਗਾ ਤੇ ਅਸੀਂ ਉਸ ਤੇ ਅਡੋਲ ਹੋ ਜਾਵਾਂਗੇ, ਗੁਰੂ ਨਾਲ ਇੱਕ ਮਨ ਇੱਕ ਚਿੱਤ ਹੋ ਜਾਵਾਂਗੇ, ਮਨਮਤਿ ਤਿਆਗ ਕੇ ਗੁਰੂ ਦੀ ਮਤਿ ਵਾਲੇ ਹੋ ਜਾਵਾਂਗੇ ਭਾਵ ਪ੍ਰਮਾਤਮਾ ਨੂੰ ਪਾਉਣ ਲਈ ਉਹੀ ਕੁੱਝ ਕਰਾਂਗੇ ਜੋ ਗੁਰੂ ਨੂੰ ਚੰਗਾ ਲੱਗਦਾ ਹੈ। ਅਸੀਂ ਆਪਣਾ ਦੁਨਿਆਵੀ ਨਫ਼ਾ ਨੁਕਸਾਨ ਨਹੀਂ ਵਿਚਾਰਾਂਗੇ, ਮਾਇਆ ਦੀ ਪੂਜਾ ਛੱਡ ਕੇ ਗੁਰੂ ਦੀ ਪੂਜਾ ਕਰਾਂਗੇ, ਗੁਣਾਂ ਦੀ ਪੂਜਾ ਕਰਾਂਗੇ। ਮਨੁੱਖ ਉਸ ਨੂੰ ਹੀ ਪੂਜਦਾ ਹੈ, ਸਿਮਰਦਾ ਹੈ, ਜਪਦਾ ਹੈ, ਧਿਆਉਂਦਾ ਹੈ, ਅਰਾਧਦਾ ਹੈ ਜੋ ਉਸਦੇ ਮਨ ਦੀ ਇੱਛਾ ਹੁੰਦੀ ਹੈ, ਜਿਸ ਵਿੱਚ ਉਸ ਦੀ ਬਿਰਤੀ ਲੱਗੀ ਹੁੰਦੀ ਹੈ, ਭਾਵਨੀ ਹੁੰਦੀ ਹੈ, ਸੁਭਾਅ ਹੁੰਦਾ ਹੈ, ਸੋਚ ਹੁੰਦੀ ਹੈ, ਮਨ ਹੁੰਦਾ ਹੈ। ਸਾਡੇ ਮਨ ਦੀ ਇੱਛਾ ਕਿਤਨੀ ਕੁ ਸੱਚੀ ਹੈ ਇਸ ਦਾ ਨਿਪਟਾਰਾ, ਫੈਸਲਾ ਸਾਡੇ ਕਰਮ ਕਰਦੇ ਹਨ। ਜੇਕਰ ਸਾਡੇ ਕਰਮ ਮਾੜੇ ਹੋਣ, ਸਾਡੀ ਕਰਨੀ ਮਾੜੀ ਹੋਵੇ, ਅਮਲੀ ਜੀਵਨ ਮਾੜਾ ਹੋਵੇ ਤੇ ਨਾਲ ਅਸੀਂ ਇਹ ਕਹੀਏ ਕਿ ਸਾਡੀ ਇੱਛਾ ਰੱਬ ਨੂੰ ਪਾਉਣ ਦੀ ਹੈ ਤਾਂ ਫਿਰ ਇਹ ਸਾਡੀ ਝੂਠੀ ਇੱਛਾ ਹੈ।

ਕੇਵਲ ਦਿਖਾਵੇ ਵਾਲੇ ਕਰਮ ਧਰਮ ਸਾਡੀ ਸੱਚੀ ਇੱਛਾ ਦਾ ਪ੍ਰਤੀਕ ਨਹੀਂ ਹੋ ਸਕਦੇ। ਅਸਲੀ ਪ੍ਰਤੀਕ ਸਾਡੇ ਸੱਚੇ ਸੁੱਚੇ ਕਰਮ, ਸੁਕ੍ਰਿਤ ਕਰਨੀ ਹੈ, ਸਾਡਾ ਅੰਦਰੋਂ ਸੱਚਾ ਹੋਣਾ ਹੈ, ਗੁਣਾਂ ਵਾਲਾ ਹੋਣਾ ਹੈ, ਗੁਰੂ ਵਾਲਾ ਹੋਣਾ ਹੈ। **(ਨਾਮ ਬਿਨਾ ਕੈਸੇ ਆਚਾਰ॥੧॥ ਅੰਗ ੧੩੩੦)** ਮਨੁੱਖ ਦੀ ਇਹੋ ਜਿਹੀ ਗੁਣਾਂ ਦੀ ਪੂਜਾ ਨੂੰ ਹੀ ਸਾਰੀ ਘਾਲਣਾ ਘਾਲਣੀ ਕਿਹਾ ਗਿਆ ਹੈ **(ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥)** ਭਾਵ ਇਹੋ ਜਿਹੀ ਪ੍ਰਮਾਤਮਾ ਦੀ ਪੂਜਾ ਹੀ ਉਸਦੀ ਸੰਪੂਰਨ ਪੂਜਾ ਹੈ, ਸੇਵਾ ਹੈ, ਜਪ ਤਪ ਹੈ, ਨਾਮ ਜਪਣਾ ਹੈ। ਇਸ ਤੋਂ ਇਲਾਵਾ ਹੋਰ ਕਿਸੇ ਵੀ ਤਰੀਕੇ ਦੁਆਰਾ ਸਰੀਰਕ ਕਿਰਿਆਵਾਂ ਦੁਆਰਾ

ਕਿਸੇ ਜਪ ਤਪ ਦੀ ਲੋੜ ਨਹੀਂ ਹੈ, ਕੋਈ ਗੁੰਜਾਇਸ਼ ਨਹੀਂ ਹੈ। ਪ੍ਰਮਾਤਮਾ ਦੇ ਗੁਣ ਉਹ ਹੀ ਗਾ ਸਕਦਾ ਹੈ ਭਾਵ ਭਗਤੀ ਦੇ ਪੂਰੇ ਮਾਰਗ ਤੇ ਉਹੀ ਚੱਲ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਜਿਸ ਦਾ ਮੇਲ ਪ੍ਰਮਾਤਮਾ ਦੇ ਨਾਲ ਹੋ ਜਾਂਦਾ ਹੈ, ਜਿਸਨੂੰ ਆਪਣੀ ਸੱਚੀ ਭਗਤੀ ਦੀ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣਾ ਨਾਮ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। (**ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥**) ਪ੍ਰਮਾਤਮਾ ਨੂੰ ਜਾਨਣ ਲਈ, ਉਸਦੀ ਭਗਤੀ ਕਰਨ ਲਈ ਸਾਡਾ ਸੱਚਾ ਉੱਦਮ ਕੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥

ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥”

ਪ੍ਰਮਾਤਮਾ ਦੀ ਭਗਤੀ ਤਾਂ ਆਪਣੇ ਵੱਲੋਂ ਅਨੇਕਾਂ ਹੀ ਕਰਦੇ ਹਨ, ਜਪ ਤਪ ਆਦਿ ਕਰਦੇ ਹਨ ਪਰ ਭਗਤੀ ਉਸੇ ਦੀ ਕਬੂਲ ਹੁੰਦੀ ਹੈ ਜਿਸ ਦੀ ਭਗਤੀ ਨੂੰ ਪ੍ਰਮਾਤਮਾ ਮੰਨ ਲਵੇ। ਪ੍ਰਮਾਤਮਾ ਉਸੇ ਭਗਤੀ ਨੂੰ ਕਬੂਲ ਕਰਦਾ ਹੈ ਜਿਹੋ ਜਿਹੀ ਭਗਤੀ ਉਸਨੇ ਧਰਮ ਗ੍ਰੰਥਾਂ ਰਾਹੀਂ ਸਮਝਾਈ ਹੈ, ਨਾਮ ਜਪਣਾ ਸਮਝਾਇਆ ਹੈ ਜੋ ਕਿ ਔਗੁਣਾਂ ਦੇ ਤਿਆਗ ਦੁਆਰਾ, ਮਾਇਆ ਮੋਹ ਦੇ ਤਿਆਗ ਦੁਆਰਾ ਗੁਣੀ ਬਣ ਕੇ ਵਿਚਰਨ ਦੀ ਹੈ ਤੇ ਸਾਡਾ ਇਹੀ ਉੱਦਮ ਹੋਣਾ ਚਾਹੀਦਾ ਹੈ ਕਿ ਅਸੀਂ ਗੁਰਮਤਿ ਅਨੁਸਾਰ ਵਿਚਰੀਏ। ਜਿਸਦੀ ਭਗਤੀ ਦਾ ਉੱਦਮ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਉਸੇ ਦੀ ਭਗਤੀ ਹੀ ਕਬੂਲ ਹੁੰਦੀ ਹੈ ਤੇ ਉਹੀ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਗੁਣਾਂ ਵਾਲਾ ਬਣ ਸਕਦਾ ਹੈ ਜੋ ਕਿ ਪ੍ਰਮਾਤਮਾ ਮਨ ਦੇ ਵਿੱਚ ਭਗਤੀ ਦੀ ਸੱਚੀ ਸਮਝ ਦੇਣ ਦੁਆਰਾ ਆਪ ਹੀ ਬਣਾਉਂਦਾ ਹੈ। (**ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥**)

3/136

ਹੁਣ ਇਸ ਪੂਰੇ ਸ਼ਬਦ ਨੂੰ ਵਿਚਾਰਨ ਤੋਂ ਬਾਅਦ ਕੀ ਕੋਈ ਇਹ ਕਹਿ ਸਕਦਾ ਹੈ ਕਿ ਨਾਮ ਕੋਈ ਅੱਖਰਾਂ ਦਾ ਮੰਤਰ ਹੈ। ਜਦ ਤੱਕ ਕਿਸੇ ਚੀਜ ਨੂੰ ਸਾਹਮਣੇ ਪਈ ਦੇਖ ਨਾ ਲਈਏ ਤਦ ਤੱਕ ਉਸਦੇ ਬਾਰੇ ਭੁਲੇਖਾ ਬਣਿਆ ਰਹਿੰਦਾ ਹੈ । ਜਦੋਂ ਅਸੀਂ ਉਸ ਚੀਜ ਨੂੰ ਦੇਖ ਲਈਏ ਤਾਂ ਫਿਰ ਭੁਲੇਖੇ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਫਿਰ ਉਸ ਗੱਲ ਨੂੰ ਮੰਨਣ ਵਿੱਚ ਹੀ ਸਿਆਣਪ ਹੁੰਦੀ ਹੈ ਤੇ ਬੇ-ਵਜ੍ਹਾ ਅੜੇ ਰਹਿਣਾ ਕੋਈ ਸਿਆਣਪ ਨਹੀਂ ਹੈ। ਅਸੀਂ ਲੇਖ ਵਿੱਚ ਕਾਫੀ ਪਿੱਛੇ ਹੇਠ ਦਿੱਤੇ ਸ਼ਬਦ ਨੂੰ ਸਮਝਿਆ ਹੈ ਜਿਸ ਰਾਹੀਂ ਵੀ ਸਾਨੂੰ ਬੜੇ ਹੀ ਸਪੱਸ਼ਟ ਤਰੀਕੇ ਨਾਲ ਨਾਮ ਸਮਝਾਇਆ ਹੋਇਆ ਹੈ ਜੋ ਕਿ ਔਗੁਣਾਂ ਦਾ ਤਿਆਗ ਕਰਨਾ ਹੀ ਨਾਮ ਜਪਣਾ ਹੈ ਭਾਵ ਨਾਮ ਜਪਣਾ ਗੁਣਾਂ ਦੁਆਰਾ ਵਿਚਰਨਾ ਹੈ ਤੇ ਸ਼ਬਦ ਨੂੰ ਫਿਰ ਤੋਂ ਪੜ੍ਹਿਆ ਜਾ ਸਕਦਾ ਹੈ, ਤਸੱਲੀ ਕੀਤੀ ਜਾ ਸਕਦੀ ਹੈ ਕਿ ਬਾਣੀ ਰਾਹੀਂ ਜੋ ਸਾਨੂੰ ਨਾਮ ਸਮਝਾਇਆ ਹੋਇਆ ਹੈ ਉਹ ਸਾਨੂੰ ਸੱਚੇ ਸੁੱਚੇ ਇਨਸਾਨ ਬਣਾਉਣ ਲਈ ਹੀ ਹੈ ਜੋ ਕਿ ਔਗੁਣਾਂ ਵਾਲੀ ਮਾੜੀ ਸਮਝ ਛੱਡ ਕੇ ਹੀ ਬਣਿਆ ਜਾ ਸਕਦਾ ਹੈ।

{ਪ੍ਰਥਮੇ ਛੋਡੀ ਪਰਾਈ ਨਿੰਦਾ ॥

ਉਤਰਿ ਗਈ ਸਭ ਮਨ ਕੀ ਚਿੰਦਾ ॥

ਲੋਭੁ ਮੋਹੁ ਸਭੁ ਕੀਨੋ ਦੂਰਿ ॥

ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥

ਐਸੋ ਤਿਆਗੀ ਵਿਰਲਾ ਕੋਇ ॥

ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥

ਅਹੰਬੁਧਿ ਕਾ ਛੋਡਿਆ ਸੰਗੁ ॥

ਕਾਮ ਕ੍ਰੋਧ ਕਾ ਉਤਰਿਆ ਰੰਗੁ ॥

ਨਾਮ ਧਿਆਏ ਹਰਿ ਹਰਿ ਹਰੇ ॥

ਸਾਧ ਜਨਾ ਕੈ ਸੰਗਿ ਨਿਸਤਰੇ ॥੨॥

ਬੈਰੀ ਮੀਤ ਹੋਏ ਸੰਮਾਨ ॥
ਸਰਬ ਮਹਿ ਪੂਰਨ ਭਗਵਾਨ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥
ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥
ਕਹੁ ਨਾਨਕ ਤਾ ਕੀ ਪੂਰੀ ਪਈ ॥੪॥}

(ਅੰਗ ੧੧੪੭)

ਹੁਣ ਗੁਰੂ ਵੱਲੋਂ ਤਾਂ ਨਾਮ ਸਮਝਾਉਣ ਵਿੱਚ ਕੋਈ ਕਸਰ ਨਹੀਂ ਰਹੀ ਮਗਰ ਫਿਰ ਵੀ ਅਸੀਂ ਇਸ ਗੱਲ ਨੂੰ ਨਾ ਮੰਨੀਏ ਤਾਂ ਫਿਰ ਸਮਝਾਉਣ ਵਾਲੇ ਦਾ ਤਾਂ ਕਸੂਰ ਨਹੀਂ ਕੱਢਿਆ ਜਾ ਸਕਦਾ। ਮਨੁੱਖ ਗੱਲ ਨੂੰ ਸਮਝ ਕੇ ਵੀ ਉਸ ਤੋਂ ਅਣਜਾਣ ਬਣਿਆ ਰਹਿਣਾ ਚਾਹੁੰਦਾ ਹੈ ਤੇ ਇਸੇ ਲਈ ਇਸ ਗੱਲ ਦਾ ਖੁਲਾਸਾ ਬਾਣੀ ਦੇ ਵਿੱਚ ਹੀ ਕੀਤਾ ਹੋਇਆ ਹੈ ਜੋ ਕਿ ਹੇਠ ਲਿਖੇ ਸ਼ਬਦ ਦੁਆਰਾ ਸਪੱਸ਼ਟ ਹੈ:-

“ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥੧੫੯॥”

(ਅੰਗ ੧੩੭੨)

ਜੇਕਰ ਹੁਣ ਵੀ ਅਸੀਂ ਨਹੀਂ ਮੰਨਦੇ ਕਿ “ਨਾਮ” ਕੀ ਹੈ ਤਾਂ ਫਿਰ ਇਹ ਗੁਰੂ ਦੀ ਗੱਲ ਸੁਣ ਕੇ ਉਸ ਨੂੰ ਅਣਸੁਣੀ ਕਰਨਾ ਹੈ ਭਾਵ ਅਸੀਂ ਮੰਨਣਾ ਹੀ ਨਹੀਂ ਚਾਹੁੰਦੇ। ਜਿਵੇਂ ਬਾਂਸ ਦੇ ਇੱਕ ਪਾਸਿਓਂ ਫੂਕ ਮਾਰੀਏ ਉਹ ਦੂਸਰੇ ਪਾਸਿਓਂ ਨਿਕਲ ਜਾਂਦੀ ਹੈ, ਵਿੱਚ ਨਹੀਂ ਟਿਕਦੀ, ਇਸੇ ਤਰ੍ਹਾਂ ਅਸੀਂ ਗੁਰੂ ਦੀ ਗੱਲ ਨੂੰ ਇੱਕ ਕੰਨੋ ਸੁਣ ਕੇ ਦੂਜੇ ਕੰਨੋਂ ਕੱਢਣ ਵਾਲੀ ਗੱਲ ਕਰਦੇ ਹਾਂ ਭਾਵ ਉਸ ਗੱਲ ਤੇ ਅਮਲ ਨਹੀਂ ਕਰਦੇ। ਫਿਰ ਗੁਰੂ ਦੀ ਗੱਲ ਪੜ੍ਹੀ ਜਾਂ ਨਾ ਪੜ੍ਹੀ, ਸੁਣੀ ਜਾਂ ਨਾ ਸੁਣੀ ਇੱਕੋ ਹੀ ਗੱਲ ਹੈ

3/137

ਕਿਉਂਕਿ ਕਰਨਾ ਤਾਂ ਅਸੀਂ ਉਹੋ ਕੁੱਝ ਹੀ ਹੈ ਜੋ ਸਾਡੇ ਮਨ ਵਿੱਚ ਪਹਿਲਾਂ ਤੋਂ ਵੱਸਿਆ ਹੋਇਆ ਹੈ। ਜਿਨ੍ਹਾਂ ਨੇ ਸਾਨੂੰ ਪਹਿਲਾਂ ਨਾਮ ਦੀ ਗੱਲ ਸਮਝਾਈ ਹੈ ਅਸੀਂ ਉਨ੍ਹਾਂ ਨੂੰ ਬਹੁਤ ਜ਼ਿਆਦਾ ਸਿਆਣੇ ਸਮਝਦੇ ਹਾਂ। ਬੱਸ ਸੋਚਣ ਦੀ ਗੱਲ ਇਹ ਹੈ ਕਿ ਕੀ ਕੋਈ ਗੁਰੂ ਤੋਂ ਸਿਆਣਾ ਵੀ ਹੋ ਸਕਦਾ ਹੈ। ਬੱਸ ਅਸੀਂ ਇਸੇ ਗੱਲ ਦਾ ਫੈਸਲਾ ਹੀ ਕਰਨਾ ਹੈ ਕਿ ਜੋ ਸਾਰੀ ਦੁਨੀਆਂ ਨੂੰ ਗਿਆਨ ਦੇਣ ਵਾਲਾ ਹੈ, ਗਿਆਨ ਦਾ ਸ੍ਰੋਤ ਹੈ, ਸਾਗਰ ਹੈ, ਕੀ ਉਸ ਤੋਂ ਸਿਆਣਾ ਵੀ ਕੋਈ ਹੋ ਸਕਦਾ ਹੈ। ਹਰ ਮਨੁੱਖ ਕੇਵਲ ਉਤਨਾ ਹੀ ਸਿਆਣਾ ਹੋ ਸਕਦਾ ਹੈ, ਜਿਤਨਾ ਪ੍ਰਮਾਤਮਾ ਉਸ ਨੂੰ ਆਪ ਕਰਨਾ ਚਾਹੇ । ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਤੇ ਆਪਣੇ ਗਿਆਨ ਰਾਹੀਂ ਹੀ ਵਰਤ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਿਆ ਹੈ। ਪ੍ਰਮਾਤਮਾ ਸਭ ਨੂੰ ਭਰਮਾਂ ਵਿੱਚ ਰੱਖਣ ਵਾਲਾ ਵੀ ਆਪ ਹੀ ਹੈ ਤਾਂ ਜੋ ਉਸਦੀ ਖੇਡ ਨੂੰ ਕੋਈ ਜਾਣ ਨ ਸਕੇ। ਉਸਨੇ ਆਪ ਹੀ ਮਨ ਦੇ ਭਰਮਾਂ ਰਾਹੀਂ ਸਭ ਤੋਂ ਆਪਣਾ ਪੜਦਾ ਰੱਖਿਆ ਹੋਇਆ ਹੈ। ਸਾਡੇ ਅੰਦਰ ਆਪਣੀ ਜੋਤਿ ਰਾਹੀਂ ਸਮਝ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

"ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ
ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ॥੨॥"

(ਅੰਗ ੧੩੮)

ਸਭ ਤੋਂ ਪਹਿਲਾਂ, ਇੱਕ ਤਾਂ ਇਹ ਭਰੋਸਾ ਕਰੋ ਕਿ ਬਾਣੀ ਵਿੱਚ ਜੋ ਜੋ ਲਿਖਿਆ ਹੋਇਆ ਹੈ, ਉਹ ਉਸੇ ਤਰ੍ਹਾਂ, ਹੂ-ਬ-ਹੂ ਸੱਚ ਹੈ। ਜਿਵੇਂ ਜਿਵੇਂ ਮਨੁੱਖ ਬਾਰੇ ਲਿਖਿਆ ਹੈ, ਉਹ ਸਭ ਕੁੱਝ ਮਨੁੱਖ ਨਾਲ ਉਸੇ ਤਰ੍ਹਾਂ ਹੀ ਹੁੰਦਾ ਹੈ। ਜਿਵੇਂ ਕਿ ਉਪਰਲੇ ਸ਼ਬਦ ਵਿੱਚ ਸਮਝਾਇਆ ਹੋਇਆ ਹੈ, ਇਹ ਹਕੀਕਤ ਵਿੱਚ ਮਨੁੱਖ ਨਾਲ ਇਸੇ ਤਰ੍ਹਾਂ ਹੀ ਵਰਤਦਾ ਹੈ, ਜਰਾ ਜਿੰਨ੍ਹਾਂ ਵੀ ਫਰਕ ਨਹੀਂ ਹੈ। ਇਸ ਗੱਲ ਤੇ ਭਰੋਸਾ ਤਾਂ ਹੀ ਆ ਸਕਦਾ ਹੈ, ਜਦੋਂ ਮਨੁੱਖ ਆਪਣੇ ਅੰਦਰੋਂ ਉਸਦੀ ਕ੍ਰਿਪਾ ਦੁਆਰਾ ਉਸ ਦੇ ਦਰਸ਼ਨ ਕਰ ਲੈਂਦਾ ਹੈ। "ਜੋਤਿ" ਤੋਂ ਭਾਵ ਹੈ ਜੋ ਪ੍ਰਮਾਤਮਾ ਦੀ ਜੋਤ ਸਾਡੇ ਅੰਦਰ ਵਰਤਦੀ ਹੈ ਭਾਵ ਸਾਡਾ ਮਨ, ਜਿੱਥੋਂ ਸਾਨੂੰ ਸਾਰਾ ਗਿਆਨ ਮਿਲਦਾ ਹੈ। ਜਦ ਤੱਕ ਮਨੁੱਖ ਦੇ ਅੰਦਰ ਇਹ ਮਨ ਹੈ ਤਦ ਤੱਕ ਉਸ ਵਿੱਚ ਪ੍ਰਮਾਤਮਾ ਆਪ ਹੀ ਬੋਲ ਰਿਹਾ ਹੈ ਭਾਵ ਇਹ ਸਾਰਾ ਗਿਆਨ ਸਾਡੀਆਂ ਸੋਚਾਂ ਰਾਹੀਂ ਪ੍ਰਮਾਤਮਾ ਕੋਲੋਂ ਹੀ ਆ ਰਿਹਾ ਹੈ। ਮਨੁੱਖ ਉਹੀ ਕੁੱਝ ਕਰਦਾ ਹੈ ਜੋ ਉਸਦੀ ਸੋਚ ਉਸਨੂੰ ਸਮਝਾਉਂਦੀ ਹੈ ਤੇ ਇਸ ਤੋਂ ਇਲਾਵਾ ਮਨੁੱਖ ਕੁੱਝ ਨਹੀਂ ਕਰ ਸਕਦਾ ਭਾਵ ਜੋ ਪ੍ਰਮਾਤਮਾ ਦੀ ਮਰਜੀ ਹੈ, ਜੋ ਉਸ ਨੂੰ ਚੰਗਾ ਲੱਗਦਾ ਹੈ ਉਹ ਮਨੁੱਖ ਨੂੰ ਉਹੋ ਜਿਹਾ ਗਿਆਨ ਦੇ ਕੇ ਆਪਣੇ ਹੁਕਮ ਵਿੱਚ ਰੱਖਦਾ ਹੈ। ਹਰ ਵੇਲੇ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਹਿਆ ਹੈ ਪਰ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਜੋ ਵੀ ਗਿਆਨ ਉਪਜਦਾ ਹੈ, ਸਮਝ ਉਪਜਦੀ ਹੈ, ਵਿਚਾਰ ਉਪਜਦੇ ਹਨ ਉਹ ਵਿਚਾਰ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ, ਸਾਡੇ ਅੰਦਰ ਦੀ ਜੋਤਿ ਹੀ ਹੈ।

3/138

ਸਾਡੇ ਅੰਦਰ ਜੋ ਵੀ ਸੋਚਾਂ ਉਪਜਦੀਆਂ ਹਨ ਇਹ ਸਾਡੇ ਵੱਸ ਨਹੀਂ ਹਨ। ਉੱਪਰ ਸ਼ਬਦ ਰਾਹੀਂ ਮਨੁੱਖ ਨੂੰ ਇਸ ਗੱਲ ਲਈ ਵੰਗਾਰਿਆ ਗਿਆ ਹੈ ਕਿ ਬਿਨ੍ਹਾਂ ਆਪਣੀ ਸੋਚ ਤੋਂ ਜੇ ਅੱਜ ਤੱਕ ਕੁੱਝ ਕੀਤਾ ਹੈ ਤਾਂ ਤੈਨੂੰ ਮੈਂ ਸਿਆਣਾ ਆਖਾਂ ਭਾਵ ਮਨੁੱਖ ਦੀ ਸਾਰੀ ਸਿਆਣਪ ਉਸਦੀ ਸੋਚ ਹੈ, ਉਸਦੇ ਮਨ ਦਾ ਗਿਆਨ ਹੈ ਜੋ ਪ੍ਰਮਾਤਮਾ ਆਪ ਦੇ ਰਿਹਾ ਹੈ ਜਿਸ ਵਿੱਚ ਮਨੁੱਖ ਦੀ ਆਪਣੀ ਕੋਈ ਸਿਆਣਪ ਨਹੀਂ ਹੈ। ਮਨੁੱਖ ਉਹੀ ਕੁੱਝ ਕਰਦਾ ਹੈ ਜੋ ਕੁੱਝ ਉਸਦੀ ਸੋਚ ਉਸਨੂੰ ਸਮਝਾਉਂਦੀ ਹੈ ਤੇ ਮਨ ਦੀ ਸੋਚ, ਮਨ ਦੀ ਜੋਤਿ ਮਨੁੱਖ ਦੇ ਵੱਸ ਨਹੀਂ ਹੈ। (**ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ॥**) ਸੁਘੜ ਸੁਜਾਨ ਉਹ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਤੇ ਆਪਣੀ ਰਜ਼ਾ ਮੁਤਾਬਿਕ ਜਿਸ ਮਨੁੱਖ ਨੂੰ ਜਿਤਨਾ ਸਿਆਣਾ ਕਰਨਾ ਹੈ ਉਹ ਆਪ ਹੀ ਕਰਦਾ ਹੈ, ਜਿਤਨਾ ਭਰਮ ਵਿੱਚ ਰੱਖਦਾ ਹੈ ਉਹ ਆਪ ਹੀ ਰੱਖਦਾ ਹੈ ਤੇ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜੋ ਪ੍ਰਮਾਤਮਾ ਦਾ ‘‘ਗੁਰਮੁਖਿ’’ ਰੂਪ ਬਣਨ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ, ਆਪਣੇ ਅੰਦਰ ਦੀ ਜੋਤਿ ਨੂੰ ਜਾਣ ਲੈਂਦਾ ਹੈ ਕਿ ਜੋਤਿ ਦੇ ਰੂਪ ਵਿੱਚ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਮਨ ਦੀ ਸਮਝ ਦੇ ਰਾਹੀਂ ਆਪ ਹੀ ਗਿਆਨ ਦਿੰਦਾ ਹੈ ਜੋ ਕਿ ਆਪ ਹੀ ਸੁਘੜ ਸੁਜਾਣ ਹੈ ਭਾਵ ਮਨੁੱਖ ਦਾ ਇਹ ਭਰਮ ਮਿਟ ਜਾਂਦਾ ਹੈ ਕਿ ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ ਉਹ ਮਨੁੱਖ ਦੇ ਆਪਣੇ ਨਹੀਂ ਹਨ ਬਲਕਿ ਸਾਰੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾ ਰਿਹਾ ਹੈ ਜਿਸਦੀ ਸਿਆਣਪ ਦਾ, ਗਿਆਨ ਦਾ ਕੋਈ ਅੰਤ ਨਹੀਂ ਹੈ। ਉਹ ਜਿਵੇਂ ਚਾਹੇ ਉਸੇ ਤਰ੍ਹਾਂ ਮਨੁੱਖ ਨੂੰ ਮਨ ਦੀ ਸੋਚ ਦੁਆਰਾ ਆਪਣੀ ਜੋਤਿ ਦੁਆਰਾ ਚਲਾ ਸਕਦਾ ਹੈ। (**ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ॥**) ਮਨ ਦੀ ਸਮਝ ਪੈਣ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਇੱਕੋ ਇੱਕ ਪ੍ਰਮਾਤਮਾ ਸਭ ਵਿੱਚ ਆਪ ਹੀ ਹੈ ਤੇ ਉਸਨੇ ਆਪ ਹੀ ਮਨ ਦੀ ਸਮਝ ਦੁਆਰਾ ਸਭ ਨੂੰ ਇਹ ਸਮਝਣ ਵਿੱਚ ਭਰਮ ਵਿੱਚ ਰੱਖਿਆ ਹੋਇਆ ਹੈ।

ਆਓ ਹੁਣ ਉਸ ਪ੍ਰਮਾਤਮਾ ਦੀ, ਗੁਰੂ ਦੀ ਸਿਆਣਪ ਤੇ ਸ਼ੱਕ ਨਾ ਕਰੀਏ। ਕਿਸੇ ਮਨੁੱਖ ਨੂੰ, ਭਾਵੇਂ ਉਹ ਸਾਡੀਆਂ ਨਜ਼ਰਾਂ ਵਿੱਚ ਕਿਤਨਾ ਵੀ ਉੱਚਾ ਹੋਵੇ, ਉਸ ਨੂੰ ਗੁਰੂ ਤੋਂ ਸਿਆਣਾ ਨਾ ਸਮਝੀਏ, ਉੱਚਾ ਨਾ ਸਮਝੀਏ। ਜਦੋਂ ਇਹ ਗੱਲ ਸਾਡੇ ਅੰਦਰ ਪੱਕੀ ਹੋ ਜਾਵੇਗੀ ਕਿ ਗੁਰੂ ਤੋਂ ਸਿਆਣਾ ਕੋਈ ਨਹੀਂ ਹੈ, ਤਾਂ ਹੀ ਅਸੀਂ ਇਸ ਗੱਲ ਨੂੰ ਮੰਨ ਪਾਵਾਂਗੇ। ਜੇਕਰ ਅਜੇ ਵੀ ਅਸੀਂ ਇਹ ਮੰਨਾਂਗੇ ਕਿ ਨਾਮ ਕੋਈ ਅੱਖਰਾਂ ਦਾ ਮੰਤਰ ਹੈ ਤਾਂ ਫਿਰ ਇਹ ਗੁਰੂ ਤੋਂ ਮੁਨਕਰ ਹੋਣ ਵਾਲੀ ਗੱਲ ਹੀ ਹੋਵੇਗੀ। ਇਸ ਗੱਲ ਨੂੰ ਕੁੱਝ ਇਸ ਤਰੀਕੇ ਨਾਲ ਸਮਝ ਲਈਏ। ਸਾਡੇ ਸਾਹਮਣੇ ਅੰਬ ਦਾ ਪੇੜ ਹੈ, ਪਰ ਅਸੀਂ ਇਹ ਕਹੀਏ ਕਿ ਇਹ ਅਮਰੂਦ ਦਾ ਪੇੜ ਹੈ ਕਿਉਂਕਿ ਜਿਸ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨਦੇ ਹਾਂ ਉਨ੍ਹਾਂ ਨੇ ਇਸ ਨੂੰ ਅਮਰੂਦ ਦਾ ਪੇੜ ਆਖਿਆ ਸੀ। ਸਾਡੇ ਨਾ ਮੰਨਣ ਨਾਲ ਅੰਬ ਦਾ ਪੇੜ, ਅਮਰੂਦ ਦਾ ਪੇੜ ਨਹੀਂ ਬਣ ਜਾਂਦਾ। ਸੱਚਾਈ ਕਦੇ ਬਦਲ ਨਹੀਂ ਸਕਦੀ, ਉਹ ਆਖਿਰ ਉਘੜ ਕੇ ਉੱਪਰ ਆ ਹੀ ਜਾਂਦੀ ਹੈ। ਸੱਚਾਈ ਨੂੰ ਮੰਨਣ ਵਿੱਚ ਹੀ ਸਿਆਣਪ ਹੈ। ਹੁਣ ਸਾਡੇ ਸਾਹਮਣੇ ਮੀਂਹ ਵਰਸ ਰਿਹਾ

ਹੋਵੇ ਤੇ ਅਸੀਂ ਕਹੀਏ ਕਿ ਨਹੀਂ ਇਹ ਤਾਂ ਅੱਗ ਵਰਸ ਰਹੀ ਹੈ ਤੇ ਫਿਰ ਇਹੋ ਜਿਹਾ ਸੋਚਣ ਵਾਲਿਆਂ ਦਾ ਹੋਰ ਕੋਈ ਇਲਾਜ ਨਹੀਂ ਹੈ। ਕੇਵਲ ਇੱਕੋ ਇੱਕ ਇਲਾਜ ਪ੍ਰਮਾਤਮਾ ਦੇ ਆਪਣੇ ਕੋਲ ਹੈ, ਜੋ ਇਹ ਸੋਚ ਦਿੰਦਾ ਹੈ। ਜਿਸਨੂੰ ਉਹ ਉਲਝਾ ਕੇ ਰੱਖਣਾ ਚਾਹੇ ਭਾਵ

3/139

ਜਿਸਦੇ ਕਰਮਾਂ ਵਿੱਚ ਹੀ ਉਲਝਣ ਲਿਖੀ ਹੋਈ ਹੈ, ਉਹ ਕਿਸੇ ਮਨੁੱਖੀ ਉਪਰਾਲੇ ਦੁਆਰਾ ਨਹੀਂ ਨਿਕਲ ਸਕਦੀ। ਵਹਿਮ ਦਾ ਇਲਾਜ, ‘‘ਲੁਕਮਾਨ’’ ਹਕੀਮ ਕੋਲ ਵੀ ਨਹੀਂ ਸੀ, ਜੋ ਕਿ ਆਮ ਕਹਾਵਤ ਹੈ। ਵਹਿਮ ਦਾ ਇਲਾਜ ਕੇਵਲ ਪ੍ਰਮਾਤਮਾ ਹੀ ਕਰ ਸਕਦਾ ਹੈ ਤੇ ਜਿਸਦਾ ਉਹ ਵਹਿਮ ਕੱਢਣਾ ਚਾਹੇਗਾ ਭਾਵ ਜਿਸ ਤੇ ਉਹ ਆਪਣੀ ਕ੍ਰਿਪਾ ਕਰਨੀ ਚਾਹੇਗਾ, ਉਸ ਨੂੰ ਆਪ ਹੀ ਸੱਚੀ ਸੋਚ ਦੇ ਦੇਵੇਗਾ। ਪਹਿਲਾਂ ਵੀ ਅਸੀਂ ਜਿੱਥੇ ਲੱਗੇ ਹੋਏ ਹਾਂ, ਪ੍ਰਮਾਤਮਾ ਦੇ ਹੀ ਲਾਏ ਹੋਏ ਲੱਗੇ ਹਾਂ। ਉਹ ਆਪ ਹੀ ਉਲਝਣਾਂ ਵਿੱਚ ਪਾਉਂਦਾ ਹੈ ਤੇ ਆਪ ਹੀ ਉਲਝਣਾਂ ਵਿੱਚੋਂ ਕੱਢਣ ਦੇ ਸਮਰੱਥ ਹੈ। ਉਹ ਉਲਝਣਾਂ ਵਿੱਚ ਪਾਉਣ ਲਈ ਵੀ ਕੋਈ ਨਾ ਕੋਈ ਬਿਧ ਬਣਾਉਂਦਾ ਹੈ ਤੇ ਉਲਝਣਾਂ ਵਿੱਚੋਂ ਕੱਢਣ ਦੇ ਸਾਧਨ ਵੀ ਆਪ ਹੀ ਬਣਾਉਂਦਾ ਹੈ। ਉਹ ਸਭ ਦੇ ਵਿੱਚ ਵਰਤ ਰਿਹਾ ਹੈ ਜਿਸ ਦੀ ਸਾਨੂੰ ਸਮਝ ਨਹੀਂ ਹੈ। ਉਲਝਣਾਂ ਵਿੱਚ ਪਾਉਣਾ ਤੇ ਉਲਝਣਾਂ ਵਿੱਚੋਂ ਕੱਢਣਾ ਉਸ ਪ੍ਰਮਾਤਮਾ ਦਾ ਬਿਰਦ ਹੈ, ਸੁਭਾਅ ਹੈ, ਨਿਯਮ ਹੈ, ਉਸਦੀ ਜੁਗਤਿ ਹੈ। ਬਹੁਤੀ ਲੁਕਾਈ ਦੁਚਿੱਤੀ ਵਿੱਚ ਹੀ ਰਹਿੰਦੀ ਹੈ ਤੇ ਇਸ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ। ਜਿਸ ਤੇ ਅਕਾਲ ਪੁਰਖ ਦੀ ਕਿਰਪਾ ਹੋਵੇਗੀ ਉਸ ਨੂੰ ਹੀ ਗੁਰੂ ਦੇ ਮਾਰਗ ਤੇ, ਸਹੀ ਮਾਰਗ ਤੇ ਪਾਵੇਗਾ, ਗੁਰੂ ਦੇ ਨਾਲ ਪਿਆਰ ਪਾਵੇਗਾ ਨਹੀਂ ਤਾਂ ਜਿੱਥੇ ਸਾਡਾ ਪਿਆਰ ਬਣਿਆ ਹੋਇਆ ਹੈ ਭਾਵ ਜੋ ਅਸੀਂ ‘‘ਦੇਹਾਂ’’ ਉੱਪਰ ਆਪਣੀ ਆਸ ਟਿਕਾਈ ਹੋਈ ਹੈ ਉੱਥੇ ਹੀ ਫਸੇ ਰਹਾਂਗੇ ਤੇ ਗੁਰੂ ਤੋਂ ਦੂਰ ਹੀ ਰਹਾਂਗੇ। ਜੇ ਗੁਰੂ ਨਾਲ ਨੇਹੁ ਦਿਖਾਉਣਾ ਹੈ ਤਾਂ ਦੋਸਤੀ ਵੀ ਗੁਰੂ ਨਾਲ ਹੀ ਪਾਉਣੀ ਪਵੇਗੀ, ਵਡਾਰੂ ਨਾਲ ਪਾਉਣੀ ਪਵੇਗੀ ਜਿਵੇਂ ਕਿ ਪਿੱਛੇ ਵੀ ਜ਼ਿਕਰ ਕੀਤਾ ਹੋਇਆ ਹੈ।

ਗੁਰੂ ਨਾਲ ਨੇਹੁ ਕਿਵੇਂ ਪਾਉਣਾ ਹੈ, ਇਸ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥੨੪॥” (ਅੰਗ ੧੩੭੯)

3/140

ਇੱਥੇ ਇਹ ਹੀ ਸਮਝਾਇਆ ਹੋਇਆ ਹੈ ਕਿ ਗੁਰੂ ਨਾਲ ਨੇਹੁ ਦਿਖਾਉਣਾ ਕਿਤਨਾ ਔਖਾ ਹੈ। ਗੁਰੂ ਦੇ ਨਾਲ ਨੇਹੁ ਤਾਂ ਹੀ ਹੋ ਸਕਦਾ ਹੈ ਜਦੋਂ ਸਾਨੂੰ ਗੁਰੂ ਦੀ ਦੱਸੀ ਹੋਈ ਹਰ ਗੱਲ ਚੰਗੀ ਲੱਗੇ, ਗੁਰੂ ਦੀ ਗੱਲ ਤੇ ਪੂਰਨ ਵਿਸ਼ਵਾਸ ਆਵੇ, ਅਸੀਂ ਤਨੋ, ਮਨੋ ਗੁਰੂ ਦੇ ਹੋ ਜਾਈਏ ਤੇ ਗੁਰੂ ਤੋਂ ਇਲਾਵਾ ਸਾਨੂੰ ਹੋਰ ਕਿਸੇ ਦੀ ਵੀ ਗੱਲ ਤੇ ਵਿਸ਼ਵਾਸ ਨਾ ਹੋਵੇ ਅਗਰ ਉਹ ਗੱਲ ਗੁਰੂ ਦੀ ਦੱਸੀ ਹੋਈ ਗੱਲ ਦੇ ਮੁਤਾਬਿਕ ਨਾ ਹੋਵੇ। ਗੁਰੂ ਸਾਨੂੰ ਸੱਚ ਦਾ ਉਪਦੇਸ਼ ਦਿੰਦਾ ਹੈ ਜਿਸ ਨੂੰ ਮੰਨਣ ਦੁਆਰਾ ਹੀ ਅਸੀਂ ਆਪਣਾ ਨੇਹੁ ਗੁਰੂ ਨਾਲ ਪ੍ਰਗਟ ਕਰ ਸਕਦੇ ਹਾਂ ਭਾਵ ਉਸ ਦੇ ਹੁਕਮ ਵਿੱਚ ਰਹਿ ਕੇ ਹੀ ਅਸੀਂ ਗੁਰੂ ਨਾਲ ਆਪਣਾ ਨੇਹੁ ਦਿਖਾ ਸਕਦੇ ਹਾਂ। ਗੁਰੂ ਨਾਲ ਇਹੋ ਜਿਹਾ ਨੇਹੁ ਦਿਖਾਉਣਾ ਬਹੁਤ ਔਖਾ ਹੈ, ਇਹ ਮਾਰਗ ਬਹੁਤ ਔਖਾ ਹੈ। **"ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥"** ਤੋਂ ਭਾਵ ਹੈ ਕਿ ਇਹ ਰਸਤਾ ਬਹੁਤ ਔਖਾ ਹੈ ਅਤੇ ਦੂਰ ਤੱਕ ਇਹੋ ਜਿਹੇ ਮਾਰਗ ਤੇ ਚੱਲਣਾ ਪੈਂਦਾ ਹੈ ਭਾਵ ਜ਼ਿੰਦਗੀ ਭਰ ਇਸ ਰਸਤੇ ਤੇ ਚੱਲਣਾ ਪੈਣਾ ਹੈ । ਪ੍ਰਮਾਤਮਾ ਦੇ ਘਰ ਵਿੱਚ ਪਹੁੰਚਣ ਦੀ ਦੂਰੀ ਨੂੰ ਪਾਰ ਕਰਨਾ ਬਹੁਤ ਔਖਾ ਹੈ ਜਿਸ ਲਈ ਦੂਰ ਤੱਕ ਚਿਕੜ ਵਿੱਚੋਂ ਲੰਘਣਾ ਪੈਂਦਾ ਹੈ ਭਾਵ ਮਾਇਆ ਮੋਹ ਦੇ ਚਿੱਕੜ ਵਿੱਚੋਂ ਲੰਘਣਾ ਪੈਂਦਾ ਹੈ, ਔਗੁਣਾਂ ਵਾਲੀ ਸਮਝ ਦੇ ਚਿੱਕੜ ਵਿੱਚੋਂ ਲੰਘਣਾ ਪੈਂਦਾ ਹੈ ਭਾਵ ਮਨ ਦੇ ਸਾਰੇ ਮਾੜੇ ਵਿਚਾਰਾਂ ਨੂੰ ਛੱਡਣਾ ਪੈਂਦਾ ਹੈ ਤਾਂ ਜੋ ਅਸੀਂ ਗੁਰੂ ਦੀ ਹਰ ਗੱਲ ਨੂੰ ਮੰਨ ਸਕੀਏ ਤੇ ਧਰਮ ਦੇ ਸੱਚੇ ਮਾਰਗ ਤੇ ਚੱਲ ਸਕੀਏ ਜਿਸ ਦੁਆਰਾ ਗੁਰੂ ਨਾਲ ਨੇਹੁ ਦਿਖਾਇਆ ਜਾ ਸਕਦਾ ਹੈ, ਉਸ ਦੇ ਘਰ ਵਿੱਚ ਜਾਇਆ ਜਾ ਸਕਦਾ ਹੈ। **"ਚਲਾ ਤ ਭਿਜੈ ਕੰਬਲੀ",** ਇਸ ਤੋਂ ਭਾਵ ਹੈ ਅਗਰ ਅਸੀਂ ਮਾਰਗ ਤੇ ਚੱਲਦੇ ਹਾਂ ਤਾਂ ਸਾਨੂੰ ਔਕੜਾਂ ਵੀ ਆਉਣਗੀਆਂ। ਸਾਨੂੰ ਆਪਣੀਆਂ ਤ੍ਰਿਸ਼ਨਾਵਾਂ ਤਿਆਗਣੀਆਂ ਪੈਣਗੀਆਂ, ਮਾਇਆ ਦੇ ਸੁਖ ਤਿਆਗਣੇ ਪੈਣਗੇ, ਔਗੁਣ ਤਿਆਗਣੇ ਪੈਣਗੇ ਤੇ ਆਪਣੇ ਅੰਦਰ ਗੁਣਾਂ ਦੁਆਰਾ ਵਿਚਰਨਾ ਪਵੇਗਾ, ਆਪਣਾ ਮਾਨ-ਅਭਿਮਾਨ ਤਿਆਗਣਾ ਪਵੇਗਾ। ਇੱਧਰ-ਉਧਰ ਦੇਹਾਂ ਵਿੱਚ ਲਾਈ ਦੋਸਤੀ ਤਿਆਗਣੀ ਪਵੇਗੀ ਭਾਵ ਕੇਵਲ ਗੁਰੂ ਦੀ ਮਤਿ ਨੂੰ ਹੀ ਹਰ ਵੇਲੇ ਉੱਚਾ ਕਰਕੇ ਚੱਲਣਾ ਪਵੇਗਾ। ਜੇ ਅਸੀਂ ਇਹ ਕੁੱਝ ਨਹੀਂ ਕਰਦੇ ਤਾਂ ਫਿਰ ਸਾਡਾ ਉਸ ਪ੍ਰਮਾਤਮਾ ਨਾਲ ਨੇਹੁ ਨਹੀਂ ਹੈ ਭਾਵ ਸਾਡਾ ਉਹਦੇ ਨਾਲੋਂ ਨੇਹੁ ਤੁੱਟਾ ਹੋਇਆ ਹੈ। **"ਰਹਾਂ ਤ ਤੁਟੈ ਨੇਹੁ॥"** ਭਾਵ ਜੇ ਅਸੀਂ ਗੁਰੂ ਨਾਲ ਆਪਣਾ ਨੇਹੁ ਦਿਖਾਉਣਾ ਹੈ ਤਾਂ ਫਿਰ ਸਾਨੂੰ ਇਹ ਕੁੱਝ ਕਰਨਾ ਹੀ ਪਵੇਗਾ, ਨਹੀਂ ਤਾਂ ਸਾਡਾ ਨੇਹੁ ਕੇਵਲ ਇੱਕ ਓਪਰੀ-ਓਪਰੀ ਦਿਖਾਵਾ ਹੀ ਰਹਿ ਜਾਵੇਗਾ। ਗੁਰੂ ਨਾਲ ਨੇਹੁ ਆਪਣੇ ਸੱਚੇ ਅਮਲਾਂ ਦੁਆਰਾ ਹੀ ਦਿਖਾਇਆ ਜਾ ਸਕਦਾ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

{ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥੧॥}

(ਅੰਗ ੧੪੦)

“ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥"

ਇੱਥੇ ਉੱਪਰ ਵਾਲੀ ਪੰਗਤੀ ਦੁਆਰਾ ਮਨੁੱਖ ਦੇ ਮਨ ਦੀ ਅਸਲੀ ਅਵੱਸਥਾ ਸਮਝਾਈ ਹੋਈ ਹੈ ਜਿਸ ਦੁਆਰਾ ਉਹ ਗੁਰੂ ਨਾਲ, ਪ੍ਰਮਾਤਮਾ ਨਾਲ ਆਪਣਾ ਨੇਹੁ ਦਿਖਾਉਂਦਾ ਹੈ। ਗੁਰੂ ਦੀ ਗੱਲ ਨੂੰ ਮੰਨਣ ਦਾ ਭਉ ਸਭ ਨੂੰ ਰਹਿੰਦਾ ਹੈ ਕਿਉਂਕਿ ਇਹ ਮਾਰਗ ਤਿਆਗ ਦਾ ਹੈ। ਆਪਣਾ ਮਾਨ, ਅਭਿਮਾਨ ਤਿਆਗਣਾ,

3/141

ਮਾਇਆ ਮੋਹ ਤਿਆਗਣਾ, ਸਭ ਤੋਂ ਨੀਵਾਂ ਅਖਵਾਉਣਾ ਬਹੁਤ ਔਖਾ ਹੈ। ਇਹ ਸ਼ਬਦੇ-ਮਰਨ ਦਾ ਮਾਰਗ ਹੈ, ਮਨ ਨੂੰ ਮਾਰਨ ਦਾ ਮਾਰਗ ਹੈ, ਮਨ ਦੀਆਂ ਇੱਛਾਵਾਂ ਨੂੰ ਮਾਰਨ ਦਾ ਮਾਰਗ ਹੈ ਤੇ ਇਹ ਕੁੱਝ ਕਰਨ ਦਾ ਡਰ ਸਭ ਨੂੰ ਖਾਂਦਾ ਹੈ ਤੇ ਹਰ ਕੋਈ

ਇਸੇ ਡਰ ਤੋਂ ਹੀ ਭੱਜਦਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਤੋਂ ਭੱਜਦਾ ਹੈ, ਜਿਵੇਂ ਕਿ ਪਿੱਛੇ ਵੀ ਸਮਝਾਇਆ ਗਿਆ ਹੈ। **(ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥) ਅੰਗ - ੧੦੧੦ ।** ਇਸੇ ਡਰ ਨੂੰ ਕਬੂਲ ਕਰਨਾ ਹੀ ਤਾਂ ਨਾਮ ਜਪਣਾ ਹੈ ਤੇ ਇਸ ਡਰ ਤੋਂ ਭੱਜਣਾ ਨਾਮ ਤੋਂ ਭੱਜਣਾ ਹੈ, ਗੁਰੂ ਤੋਂ ਭੱਜਣਾ ਹੈ, ਗੁਰੂ ਦੀ ਮਤਿ ਨੂੰ ਮੰਨਣ ਤੋਂ ਭੱਜਣਾ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਤੋਂ ਭੱਜਣਾ ਹੈ। ਇਸ ਡਰ ਨੂੰ ਕਬੂਲ ਕਰਨਾ ਹੀ ਗੁਰੂ ਨਾਲ ਆਪਣੇ ਨੇਹੁ ਦਾ ਪ੍ਰਗਟਾਵਾ ਕਰਨਾ ਹੈ। ਇਹ ਕੰਬਲੀ ਭਿੱਜਣ ਦਾ ਡਰ ਹੀ ਤੇ ਆਪਣੇ ਮਨ ਵਿੱਚੋਂ ਕੱਢਣਾ ਹੈ ਤੇ ਜਦੋਂ ਕੋਈ ਮਨੁੱਖ ਇਸ ਡਰ ਨੂੰ ਕਬੂਲ ਕਰ ਲੈਂਦਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦੇ ਡਰ ਨੂੰ ਆਪਣੇ ਅੰਦਰੋਂ ਕੱਢ ਦਿੰਦਾ ਹੈ ਤੇ ਤਾਂ ਹੀ ਉਹ ਗੁਰੂ ਦੇ ਮਾਰਗ ਤੇ ਚੱਲਦਾ ਹੈ ਤੇ ਉਹ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ ਕਿ ਮੈਨੂੰ ਕਿਹੋ ਜਿਹੀ ਔਕੜ ਸਹਿਣੀ ਪਵੇਗੀ। ਉਹ ਕੇਵਲ ਗੁਰੂ ਤੇ ਭਰੋਸਾ ਕਰਕੇ ਹੀ ਆਪਣਾ ਜੀਵਨ ਬਤੀਤ ਕਰਦਾ ਹੈ ਭਾਵ ਫਿਰ ਉਹ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਦਾ ਹੈ। **"ਭਿਜਉ ਸਿਜਉ ਕੰਬਲੀ ਅਲਹੁ ਵਰਸਉ ਮੇਹੁ"**। ਜਦੋਂ ਮਨੁੱਖ ਗੁਰੂ ਨਾਲ ਇਹੋ ਜਿਹਾ ਨੇਹੁ ਦਿਖਾਉਂਦਾ ਹੈ ਤੇ ਤਾਂ ਹੀ ਉਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਤੇ ਉਸ ਨਾਲ ਮੇਲ ਹੁੰਦਾ ਹੈ। **(ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥)**।

ਹੁਣ ਅਸੀਂ ਪੂਰੀ ਤਰ੍ਹਾਂ ਗੁਰੂ ਦੀ ਗੱਲ ਤੋਂ ਵਾਕਿਫ਼ ਹੋ ਚੁੱਕੇ ਹਾਂ ਕਿ ਨਾਮ ਕਿਸ ਨੂੰ ਕਿਹਾ ਹੈ। ਇਹ ਭੁਲੇਖੇ ਦਾ ਨਿਕਲਣਾ ਬਹੁਤ ਹੀ ਜਰੂਰੀ ਹੈ ਕਿਉਂਕਿ ਇਸ ਦਾ ਸੰਬੰਧ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਦੇ ਨਾਲ ਹੈ। ਇਸ ਗੱਲ ਨੂੰ ਥੋੜ੍ਹਾ ਅੱਗੇ ਜਾ ਕੇ ਵਿਸਥਾਰ ਨਾਲ ਸਮਝਾਂਗੇ ਕਿ ਨਾਮ ਨੂੰ ਨਾ ਸਮਝਣ ਨਾਲ ਅਸੀਂ ਕਿਤਨਾ ਵੱਡਾ ਨੁਕਸਾਨ ਕੀਤਾ ਹੈ। ਆਪਣਾ ਵੀ ਕੀਤਾ ਹੈ ਤੇ ਸਮਾਜ ਦਾ ਵੀ ਕੀਤਾ ਹੈ। ਜੋ ਸੱਜਣ ਇਸ ਗੱਲ ਨੂੰ ਸਮਝ ਗਏ ਹਨ, ਉਨ੍ਹਾਂ ਦਾ ਫਰਜ਼ ਵੀ ਬਣਦਾ ਹੈ ਕਿ ਉਹ ਜਿਤਨਿਆਂ ਦਾ ਵੀ ਭੁਲੇਖਾ ਕੱਢ ਸਕਣ, ਇਸ ਦਾ ਉਪਰਾਲਾ ਕਰਨ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕਿਸੇ ਨਾਲ ਝਗੜਾ ਕਰਨ ਦਾ ਮਾਰਗ ਨਹੀਂ ਹੈ। ਕਿਸੇ ਨੂੰ ਗੁਰਮਤਿ ਸਮਝਾਉਣ ਲਈ ਕੇਵਲ ਕਿਸੇ ਨੂੰ ਬੇਨਤੀ ਕਰਕੇ ਸਮਝਾਉਣਾ ਹੀ ਸਾਡਾ ਫਰਜ਼ ਹੈ। ਜੇਕਰ ਕੋਈ ਸਮਝਦਾ ਹੈ, ਇਸ ਵਿੱਚ ਉਸਦਾ ਹੀ ਭਲਾ ਹੈ। ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਜੇਕਰ ਉਹ ਕਿਸੇ ਨੂੰ ਸਮਝਣ ਨਹੀਂ ਦੇਣਾ ਚਾਹੁੰਦਾ ਤੇ ਇਸ ਵਿੱਚ ਪ੍ਰਮਾਤਮਾ ਦੀ ਰਜ਼ਾ ਹੀ ਸਮਝੋ। ਦਾਸ ਦੀ ਸਭ ਅੱਗੇ ਤਹਿ ਦਿਲੋਂ ਬੇਨਤੀ ਹੈ ਕਿ ਗੁਰੂ ਦੀ ਮਤਿ ਨੂੰ ਹੀ ਅਪਨਾਓ ਤੇ ਆਪਣੀ ਮਨਮਤਿ ਪਿੱਛੇ ਨਾ ਲੱਗੋ, ਕਿਸੇ ਦੀ ਨਾ-ਸਮਝ ਮਤਿ ਪਿੱਛੇ ਨਾ ਲੱਗੋ। ਕੀਰਤਨੀਏ ਸੱਜਣਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਗੁਰੂ ਦੀ ਸੱਚੀ ਗੱਲ ਨੂੰ, ਸੱਚੀ ਸਿੱਖਿਆ ਨੂੰ, ਸੱਚੇ ਉਪਦੇਸ਼ ਨੂੰ, ਸੱਚੇ ਨਾਮ ਨੂੰ ਆਮ ਜਨਤਾ ਤੱਕ,

3/142

ਕੀਰਤਨ ਸੁਣਨ ਵਾਲੀਆਂ ਸੰਗਤਾਂ ਤੱਕ ਪਹੁੰਚਾਉਣ। ਕੀਰਤਨੀਏ ਗੁਰੂ ਦੇ ਸਭ ਤੋਂ ਵੱਡੇ ਉਪਦੇਸ਼ਕ ਹਨ, ਜਿਨ੍ਹਾਂ ਵਿੱਚ ਕਥਾਵਾਚਕ ਵੀ ਸ਼ਾਮਿਲ ਹਨ। ਇਨ੍ਹਾਂ ਦੁਆਰਾ ਕੀਤਾ ਹੋਇਆ ਪ੍ਰਚਾਰ ਹੀ ਆਮ ਤੌਰ ਤੇ ਸੱਚ ਕਰਕੇ ਮੰਨਿਆ ਜਾਂਦਾ ਹੈ ਕਿਉਂਕਿ ਹਰ ਕੋਈ ਇਨ੍ਹਾਂ ਨੂੰ ਗੁਰਬਾਣੀ ਦੇ ਵਿਦਵਾਨਾਂ ਦੀ ਨਜ਼ਰ ਨਾਲ ਵੇਖਦਾ ਹੈ। ਬਾਣੀ ਦੇ ਵਿੱਚ ਵੀ ਕੀਰਤਨੀਆਂ ਲਈ ਇਹ ਉਪਦੇਸ਼ ਹੈ ਕਿ ਉਨ੍ਹਾਂ ਨੇ ਆਪਣਾ ਭਲਾ ਕਿਵੇਂ ਕਰਨਾ ਹੈ ਤੇ ਸੁਣਨ ਵਾਲਿਆਂ ਦਾ ਭਲਾ ਕਿਵੇਂ ਕਰਨਾ ਹੈ। ਉਨ੍ਹਾਂ ਦਾ ਇਹ ਫਰਜ਼ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ।

"ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥
ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥੧॥ਰਹਾਉ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ॥
ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ॥੨॥

ਨਾਰਦੀ ਨਰਹਰ ਜਾਣਿ ਹਦੂਰੇ॥ ਘੂੰਘਰ ਖੜਕੁ ਤਿਆਗਿ ਵਿਸੂਰੇ॥
ਸਹਜ ਅਨੰਦ ਦਿਖਾਵੈ ਭਾਵੈ॥ ਏਹੁ ਨਿਰਤਿਕਾਰੀ ਜਨਮਿ ਨ ਆਵੈ॥੩॥
ਜੇ ਕੋ ਅਪਨੇ ਠਾਕੁਰ ਭਾਵੈ॥ ਕੋਟਿ ਮਧਿ ਏਹੁ ਕੀਰਤਨੁ ਗਾਵੈ॥
ਸਾਧਸੰਗਤਿ ਕੀ ਜਾਵਉ ਟੇਕ॥ ਕਹੁ ਨਾਨਕ ਤਿਸੁ ਕੀਰਤਨੁ ਏਕ॥੪॥"

(ਅੰਗ ੮੮੫)

ਇਸ ਪੂਰੇ ਸ਼ਬਦ ਦੀ ਵਿਆਖਿਆ ਅੱਗੇ ਜਾ ਕੇ ਕੀਤੀ ਜਾਵੇਗੀ ਜਿਸ ਰਾਹੀਂ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦਾ ਸੱਚਾ ਜੱਸ ਗਾਉਣਾ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦਾ ਕੀਰਤਨ ਕਰਨ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਸ ਸ਼ਬਦ ਦੇ ਨਾਲ ਅੱਗੇ ਚੱਲਕੇ ਇਹ ਵੀ ਸਮਝਾਂਗੇ ਕਿ ਕਲਜੁਗ ਵਿੱਚ ਕੀਰਤਨ ਪਰਧਾਨ ਹੋਣਾ ਕੀ ਹੈ।

{ਕਲਜੁਗ ਮਹਿ ਕੀਰਤਨੁ ਪਰਧਾਨਾ ॥}

(ਅੰਗ ੧੦੭੫)

ਨਾਲ ਸ਼ਬਦਾਂ ਰਾਹੀਂ ਇਸ ਗੱਲ ਨੂੰ ਵੀ ਸਮਝਾਂਗੇ ਕਿ ਪ੍ਰਮਾਤਮਾ ਦਾ ਅਖੰਡ ਕੀਰਤਨੁ ਕੀ ਹੈ।

{ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥}

(ਅੰਗ ੨੩੬)

ਇਨ੍ਹਾਂ ਸ਼ਬਦਾਂ ਦੇ ਅਰਥ ਕਾਫੀ ਗਹਿਰਾਈ ਵਿੱਚ ਹਨ ਤੇ ਸਭ ਕੁੱਝ ਹੋਰ ਵੀ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਸਮੂਹ ਕੀਰਤਨੀਏ ਅਤੇ ਕਥਾਵਾਚਕ, ਗ੍ਰੰਥੀ ਸਿੰਘ ਆਦਿ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਨਾਮ ਦੀ ਗੱਲ ਨੂੰ ਪਹਿਲਾਂ ਆਪ ਪੂਰੀ ਤਰ੍ਹਾਂ ਸਮਝਣ ਤੇ ਨਾਲ ਹੀ ਗੁਰੂ ਸਾਹਿਬ ਦੇ ਇਸ ਉਪਦੇਸ਼ ਨੂੰ ਦੁਨੀਆਂ ਤੱਕ ਪਹੁੰਚਾਉਣ। ਜੋ ਇਸ ਗੱਲ ਨੂੰ ਪਹਿਲਾਂ ਤੋਂ ਸਮਝਦੇ ਹਨ ਉਹ ਆਪਣੀ ਗੱਲ ਨੂੰ ਖੁੱਲ੍ਹ ਕੇ, ਬੇਝਿਜਕ ਹੋ ਕੇ ਪ੍ਰਚਾਰ ਕਰਨ। ਇਹ ਪ੍ਰਮਾਤਮਾ ਦਾ ਅਸੂਲ ਹੈ ਕਿ ਹਰ ਕੋਈ ਕਿਸੇ ਦੀ ਗੱਲ ਨਾਲ ਸਹਿਮਤ ਨਹੀਂ ਹੁੰਦਾ। ਵਿਰੋਧਤਾ ਵੀ ਹੁੰਦੀ ਹੈ। ਜੁਗਾਂ-ਜੁਗਾਂ ਤੋਂ ਹੁੰਦੀ ਆਈ ਹੈ, ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿੱਚ ਵੀ ਹੋਈ ਹੈ, ਹੁਣ ਵੀ ਹੋ ਰਹੀ ਹੈ ਤੇ ਹੁੰਦੀ ਰਹੇਗੀ। ਸੱਚੀ ਗੱਲ ਕਰਨ ਵਿੱਚ ਕਦੇ ਕੋਈ ਸੰਕੋਚ ਨਹੀਂ ਕਰਨਾ ਚਾਹੀਦਾ। ਸੱਚਾਈ ਨੂੰ ਕੁੱਝ ਦੇਰ ਲਈ ਓਹਲੇ ਰੱਖਿਆ ਜਾ ਸਕਦਾ ਹੈ ਪਰ ਅੰਤ ਵਿੱਚ ਸੱਚਾਈ ਉਘੜ ਕੇ ਉੱਤੇ ਆਉਂਦੀ ਹੀ ਹੈ। ਜਿਸ ਗੱਲ ਵਿੱਚ ਮਨੁੱਖਤਾ ਦੀ ਭਲਾਈ ਹੋਵੇ, ਸੱਚਾ ਸੁੱਚਾ ਜੀਵਨ ਬਤੀਤ ਕਰਨ ਦੀ ਗੱਲ ਹੋਵੇ, ਮਨੁੱਖਤਾ ਦੀ ਸੇਵਾ ਦੀ ਗੱਲ ਹੋਵੇ ਤੇ ਸਭ ਤੋਂ ਵੱਡੀ ਗੱਲ ਜੋ ਗੁਰੂ ਦਾ ਆਪਣਾ ਕੀਤਾ ਫੁਰਮਾਨ ਹੋਵੇ ਉਸਨੂੰ ਦੁਨੀਆਂ ਤੱਕ ਪਹੁੰਚਾਉਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਕਰਨੀ ਚਾਹੀਦੀ। ਬਾਣੀ ਦਾ ਉਪਦੇਸ਼ ਸਾਰੀ ਮਨੁੱਖਤਾ ਲਈ ਹੈ ਤੇ ਸਰਬੱਤ ਦੇ ਭਲੇ ਲਈ ਹੈ।

ਗੁਰੂ ਦੇ ਉਪਦੇਸ਼ ਦੇ ਉਲਟ ਗੱਲ ਕਰਨੀ ਗੁਰੂ ਦੇ ਉਪਦੇਸ਼ ਨੂੰ, ਗੁਰੂ ਦੀ ਮਤਿ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਤੇ ਆਪਣੀ ਮਤਿ ਨੂੰ ਉੱਚਾ ਕਰਨ ਵਾਲੀ ਗੱਲ ਹੈ ਤੇ ਨਾਲ ਹੀ ਮਨੁੱਖਤਾ ਦੀ ਭਲਾਈ ਦੇ ਉਲਟ ਚੱਲਣ ਵਾਲੀ ਗੱਲ ਹੈ। ਇਸ ਲਈ ਦਾਸ ਦੀ

ਹਰ ਇੱਕ ਗੁਰੂ ਪਿਆਰੇ ਦੇ ਚਰਨਾਂ ਵਿੱਚ ਸੀਸ ਧਰ ਕੇ ਬੇਨਤੀ ਹੈ ਕਿ ਗੁਰੂ ਦੀ ਗੱਲ ਨੂੰ ਬਰੀਕੀ ਨਾਲ ਸਮਝੋ। ਆਪ ਸਮਝ ਸਕੋ ਤਾਂ ਬਹੁਤ ਅੱਛੀ ਗੱਲ ਹੈ ਪਰ ਕਿਸੇ ਨੂੰ ਸਮਝਣ ਤੋਂ ਰੋਕਣ ਵਿੱਚ ਆਪਣਾ ਮਾਨ ਨਾ ਸਮਝੋ। ਜੇਕਰ ਅਸੀਂ ਆਪ ਗੁਰੂ ਦੀ ਖੁਸ਼ੀ ਦਾ ਪਾਤਰ ਨਹੀਂ ਬਣਨਾ ਚਾਹੁੰਦੇ ਤੇ ਘੱਟੋ-ਘੱਟ ਕਿਸੇ ਦੂਜੇ ਦੀ ਖੁਸ਼ੀ ਵਿੱਚ ਰੋੜਾ ਬਣ ਕੇ ਉਸ ਗੁਰੂ ਦੀ ਨਾਰਾਜ਼ਗੀ ਨਾ ਲਈਏ। ਜਿਸ ਗੱਲ ਨੂੰ ਅਸੀਂ ਹੁਣ ਤੱਕ "ਨਾਮ" ਸਮਝਦੇ ਆਏ ਹਾਂ, ਉਸ ਬਾਰੇ ਗੁਰੂ ਸਾਹਿਬ ਦਾ ਕੀ ਫੁਰਮਾਨ ਹੈ, ਇਸ ਗੱਲ ਦੀ ਸਮਝ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਬਰੀਕੀ ਨਾਲ ਲੱਗ ਜਾਵੇਗੀ ਤੇ ਇਹ ਵੀ ਸਮਝ ਲੱਗ ਜਾਵੇਗੀ ਕਿ ਹੁਣ ਤੱਕ ਅਸੀਂ ਕਿੱਡੇ ਵੱਡੇ ਭੁਲੇਖੇ ਵਿੱਚ ਸੀ।

"ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥

ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ॥
ਭੈ ਭਉ ਰਾਖਿਆ ਭਾਇ ਸਵਾਰਿ॥੧॥ਰਹਾਉ॥
ਭੈ ਤਨਿ ਅਗਨਿ ਭਖੈ ਭੈ ਨਾਲਿ॥ ਭੈ ਭਉ ਘੜੀਐ ਸਬਦਿ ਸਵਾਰਿ॥
ਭੈ ਬਿਨੁ ਘਾੜਤ ਕਚੁ ਨਿਕਚ॥ ਅੰਧਾ ਸਚਾ ਅੰਧੀ ਸਟ॥੨॥
ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥" (ਅੰਗ ੧੫੧)

ਇਸ ਸ਼ਬਦ ਦੇ ਅਰਥ ਸਮਝ ਆਉਣੇ ਬਹੁਤ ਔਖੇ ਹਨ। ਸਮਝ ਆਉਣ ਤੋਂ ਬਾਅਦ ਹੀ ਪਤਾ ਚੱਲੇਗਾ ਕਿ ਜਿਹੋ ਜਿਹਾ ਜਪ ਤਪ ਅਸੀਂ ਹੁਣ ਤੱਕ ਕੀਤਾ ਹੈ, ਗੁਰੂ ਦੀਆਂ ਨਜ਼ਰਾਂ ਵਿੱਚ ਉਸਦੀ ਕੀ ਕੀਮਤ ਹੈ। ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੌਰਾਨ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ "ਭਉ" ਕਿਸ ਨੂੰ ਆਖਿਆ ਹੈ, ਉਹ ਕਿਹੜਾ ਭਉ ਹੈ ਜਿਸ ਕਰਕੇ ਅਸੀਂ ਗੁਰੂ ਨਾਲ ਜੁੜਨ ਤੋਂ ਦੂਰ ਰਹਿੰਦੇ ਹਾਂ, ਉਸੇ ਭਉ ਦਾ ਖੁਲਾਸਾ ਇਸ ਸ਼ਬਦ ਵਿੱਚ ਕੀਤਾ ਹੋਇਆ ਹੈ। ਭਉ ਗੁਰੂ ਦੀ ਗੱਲ ਨੂੰ ਮੰਨਣ ਦਾ ਹੈ ਅਤੇ ਇਹ ਭਉ ਬਹੁਤ ਵੱਡਾ ਹੈ। ਗੁਰੂ ਦੀ ਗੱਲ ਮੰਨਣ ਲਈ, ਪ੍ਰਮਾਤਮਾ ਨੂੰ ਪਾਉਣ ਲਈ, ਉਸਦੀ ਭਗਤੀ ਕਰਨ ਲਈ ਬਹੁਤ ਵੱਡਾ ਤੋਲ ਤੁਲਣਾ ਪੈਂਦਾ ਹੈ। ਇਹ ਤੋਲ ਗੁਰੂ ਦੇ ਗੁਣਾਂ ਦਾ ਹੈ, ਸੱਚੇ ਗੁਣਾਂ ਦਾ ਹੈ, ਗੁਰੂ ਦੇ ਬਚਨਾਂ ਤੇ ਪੂਰਾ ਉਤਰਨ ਦਾ ਹੈ, ਸੱਚੇ ਸੁੱਚੇ ਜੀਵਨ ਨੂੰ ਅਪਨਾਉਣ ਦਾ ਹੈ, ਮਾਇਆ ਮੋਹ ਦੇ ਤਿਆਗ ਦਾ ਹੈ, ਹਉਮੈ ਦਾ ਭਾਵ ਆਪੇ ਦਾ ਤਿਆਗ ਹੈ, ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਤਿਆਗਣ ਦਾ ਹੈ ਜੋ ਕਿ ਬਹੁਤ ਹੀ ਔਖਾ ਹੈ, ਜਿਸਦੀ ਚਰਚਾ ਪਿੱਛੇ ਵੀ ਕਾਫੀ ਵਾਰੀ, ਅਨੇਕਾਂ ਸ਼ਬਦਾਂ ਦੁਆਰਾ ਕੀਤੀ ਗਈ ਹੈ। ਹਰ ਕੋਈ ਇਸ "ਭੈ" ਨੂੰ ਮੰਨਣ ਤੋਂ ਦੂਰ ਹੀ ਰਹਿਣਾ ਚਾਹੁੰਦਾ ਹੈ, ਇਸ ਤੋਲ ਤੇ ਕੋਈ ਵੀ ਤੁਲਨਾ ਨਹੀਂ ਚਾਹੁੰਦਾ ਕਿਉਂਕਿ ਇਹ ਤੋਲ ਤੁਲਣਾ ਬਹੁਤ ਔਖਾ ਹੈ, ਬਹੁਤ ਵੱਡਾ ਤੋਲ ਹੈ, ਭਾਰਾ ਤੋਲ ਹੈ। **(ਭਉ ਮੁਚੁ ਭਾਰਾ ਵਡਾ ਤੋਲੁ॥)** ਮਗਰ ਹਰ ਕੋਈ ਇਹ ਵੀ ਚਾਹੁੰਦਾ ਹੈ ਕਿ ਕਿਸੇ ਤਰ੍ਹਾਂ ਪ੍ਰਮਾਤਮਾ ਵੀ ਮਿਲ ਜਾਏ, ਉਸਦੀ ਭਗਤੀ ਵੀ ਹੋ ਜਾਏ,

3/144 ਅਤੇ 144-ਅ

ਭਾਵ ਕੋਈ ਐਸਾ ਤਰੀਕਾ ਮਿਲ ਜਾਏ, ਕੋਈ ਐਸਾ ਤਰੀਕਾ ਵਰਤ ਲਈਏ ਜਿਸ ਦੁਆਰਾ ਇਹ ਵੱਡਾ ਤੋਲ ਵੀ ਨਾ ਤੁਲਣਾ ਪਵੇ ਤੇ ਗੁਰੂ ਨਾਲ ਆਪਣਾ ਨੇਹੁ ਵੀ ਪ੍ਰਗਟ ਕਰ ਲਈਏ ਭਾਵ ਬਿਨ੍ਹਾਂ ਗੁਰੂ ਦੀ ਗੱਲ ਮੰਨੇ ਹੀ ਉਸਦੇ ਪਿਆਰੇ ਬਣ ਜਾਈਏ। ਇਸ ਦਾ ਹੱਲ ਅਸੀਂ ਆਪਣੀ ਮਨਮਤਿ ਦੁਆਰਾ ਕੱਢਿਆ ਹੋਇਆ ਹੈ ਜੋ ਕਿ ਹਉਲੇ ਬੋਲ ਹਨ ਭਾਵ ਜੋ ਅਸੀਂ ਮੂੰਹੋਂ ਬੋਲ ਬੋਲ ਕੇ ਜਪ, ਸਿਮਰਨ ਆਦਿ ਕਰਦੇ ਹਾਂ, ਕਿਸੇ ਅੱਖਰ ਦਾ ਜਪ ਕਰਦੇ ਹਾਂ। **"ਮਨ ਮਤਿ ਹਉਲੀ ਬੋਲੇ ਬੋਲੁ॥"** ਭਾਵ ਇਹੋ ਜਿਹੇ ਬੋਲ ਬੋਲਣ ਵਿੱਚ, ਜਪ ਤਪ ਕਰਣ ਵਿੱਚ ਕੇਵਲ ਸਾਡੀ ਮਨ ਦੀ ਮਤਿ ਹੈ, ਇਸ ਵਿੱਚ ਗੁਰੂ ਦੀ ਮਤਿ ਨਹੀਂ ਹੈ ਭਾਵ ਗੁਰੂ ਸਾਨੂੰ ਇਹੋ ਜਿਹੇ ਬੋਲ ਬੋਲ ਕੇ ਜਪਣ ਦੀ ਮਤਿ ਨਹੀਂ ਦਿੰਦਾ। ਗੁਰੂ ਦੀ ਮਤਿ ਤਾਂ ਭਾਰਾ ਤੋਲ ਤੁਲਣ ਦੇ ਲਈ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤੀ ਹੋਈ ਹੈ। ਇਹ ਤੋਲ ਤੁਲਣਾ ਕਿਤਨਾ ਔਖਾ ਹੈ, ਇਹ "ਭੈ" ਕਿਤਨਾ ਵੱਡਾ ਹੈ, ਇਸ ਨੂੰ ਇਹ ਕਹਿ ਕੇ ਸਮਝਾਇਆ ਹੋਇਆ ਹੈ ਕਿ ਜੇ ਕੋਈ ਮਨੁੱਖ ਸਿਰ ਦੇ ਭਾਰ ਖੜ੍ਹਾ ਹੋ ਕੇ ਚੱਲੇ ਭਾਵ ਪੁੱਠਾ ਹੋ ਕੇ ਚੱਲੇ, ਗੁਰੂ ਦੀ ਗੱਲ ਨੂੰ ਮੰਨਣਾ ਇਤਨਾ ਹੀ ਔਖਾਂ ਹੈ, ਇਹ ਤੋਲ ਤੁਲਣਾ ਇਤਨਾ ਹੀ ਔਖਾ ਹੈ, ਨਾਮ ਜਪਣਾ ਇਤਨਾ ਹੀ ਔਖਾ ਹੈ **(ਸਿਰਿ ਧਰਿ ਚਲੀਐ ਸਹੀਐ ਭਾਰੁ॥)**

ਇਹ "ਭੈ" ਗੁਰੂ ਦੇ ਸ਼ਬਦ ਨੂੰ, ਉਸਦੇ ਉਪਦੇਸ਼ ਨੂੰ ਆਪਣੇ ਅੰਦਰ ਵਿਚਾਰਨ ਦਾ ਹੈ, ਉਸ ਨੂੰ ਮੰਨਣ ਦਾ ਹੈ ਜਿਵੇਂ ਕਿ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਔਖਾ ਭਾਰ ਮਨੁੱਖ ਗੁਰੂ ਦੀ ਕ੍ਰਿਪਾ ਦੁਆਰਾ, ਆਪਣੇ ਚੰਗੇ ਕਰਮ ਕਰਨ ਦੁਆਰਾ, ਗੁਰੂ ਦੇ ਉਪਦੇਸ਼ ਨੂੰ ਆਪਣੇ ਅੰਦਰ ਵਿਚਾਰ ਕੇ, ਉਸਦੇ ਸ਼ਬਦਾਂ ਦਾ ਵਿਚਾਰੀ ਬਣ ਕੇ ਭਾਵ ਉਸ ਤੇ ਅਮਲ ਕਰਕੇ ਹੀ ਚੁੱਕ ਸਕਦਾ ਹੈ। ਇਹ ਮਨੁੱਖ ਦੀ ਆਪਣੀ ਸਮਰੱਥਾ ਤੋਂ ਬਾਹਰ ਹੈ ਤੇ ਉਹ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਹੀ ਕਿਸੇ ਨੂੰ ਇਹ ਭਾਰ ਚੁੱਕਣ ਦੇ ਸਮਰੱਥ ਬਣਾ ਸਕਦਾ ਹੈ, ਆਪਣੇ ਸ਼ਬਦਾਂ ਦੀ ਵਿਚਾਰ ਤੇ ਪੂਰਾ ਉਤਾਰਨ ਦੇ ਸਮਰੱਥ ਬਣਾ ਸਕਦਾ ਹੈ। ਇਹੀ ਆਪਣੇ ਆਪ ਨੂੰ ਗੁਰੂ ਦੇ ਸ਼ਬਦ ਦੁਆਰਾ ਮਾਰਨਾ ਹੈ, ਸ਼ਬਦੇ ਮਰਨਾ ਹੈ ਜੋ ਅਸੀਂ ਪਿਛੇ ਵੀ ਸਮਝਿਆ ਹੈ। **(ਨਦਰੀ**

ਕਰਮੀ ਗੁਰ ਬੀਚਾਰੁ॥)। ਜਦ ਤੱਕ ਅਸੀਂ ਉਸ ਭੈ ਨੂੰ, ਗੁਰੂ ਦੇ ਉਪਦੇਸ਼ ਤੇ ਚੱਲਣ ਦੇ ਡਰ ਨੂੰ ਕਬੂਲ ਨਹੀਂ ਕਰਦੇ, ਸ਼ਬਦ ਮਰਨਾ ਕਬੂਲ ਨਹੀਂ ਕਰਦੇ, ਤਦ ਤੱਕ ਕੋਈ ਵੀ ਭਵਜਲ ਸਾਗਰ ਤੋਂ ਪਾਰ ਨਹੀਂ ਉਤਰ ਸਕਦਾ, ਮਾਇਆ ਮੋਹ ਦੇ ਸਾਗਰ ਤੋਂ ਪਾਰ ਨਹੀਂ ਹੋ ਸਕਦਾ, ਜੋ ਮਾਇਆ ਰੂਪ ਸਾਗਰ ਸਾਡੇ ਸਭ ਦੇ ਅੰਦਰ ਸਾਡੇ ਵਿਚਾਰਾਂ ਦੇ ਰੂਪ ਵਿੱਚ ਹੈ, ਜਿਹੜੇ ਵਿਚਾਰਾਂ ਨੂੰ ਛੱਡਣਾ ਬਹੁਤ ਔਖਾ ਹੈ, ਮਾਇਆ ਦੇ ਝੂਠੇ ਸੁਖਾਂ ਨੂੰ ਤਿਆਗਣਾ ਬਹੁਤ ਔਖਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਤਿਆਗਣਾ ਬਹੁਤ ਔਖਾ ਹੈ। ਮਾਇਆ ਮੋਹ ਛੱਡਣ ਦਾ ਭੈ, ਤ੍ਰਿਸ਼ਨਾਵਾਂ ਛੱਡਣ ਦਾ ਭੈ ਸਭ ਦੇ ਅੰਦਰ ਹੈ ਤੇ ਇਹ "ਭੈ" ਕਬੂਲ ਕੀਤੇ ਬਿਨ੍ਹਾਂ ਕੋਈ ਮਾਇਆ ਮੋਹ ਦੇ ਸਾਗਰ ਤੋਂ ਪਾਰ ਨਹੀਂ ਉਤਰ ਸਕਦਾ। ਇਹੀ ਗੁਰੂ ਦੇ ਸ਼ਬਦ ਤੇ ਪੂਰਾ ਉਤਰਨ ਦਾ ਭੈ ਹੈ, ਗੁਰੂ ਦੇ ਬਚਨਾਂ ਤੇ ਪੂਰੇ ਉਤਰਨ ਦਾ ਭੈ ਹੈ ਜਿਸ ਨੂੰ ਮੰਨਣ ਦੁਆਰਾ ਹੀ ਭਾਵ ਸ਼ਬਦਾਂ ਦੀ ਵੀਚਾਰ ਨੂੰ, ਗੁਰ ਵਿਚਾਰ ਨੂੰ ਮੰਨਣ ਦੁਆਰਾ ਹੀ ਮਾਇਆ ਮੋਹ ਦੇ ਸਾਗਰ ਤੋਂ ਪਾਰ ਲੰਘਿਆ ਜਾ ਸਕਦਾ ਹੈ। **(ਭੈ ਬਿਨੁ ਕੋਇ ਨ ਲੰਘਸਿ ਪਾਰਿ॥)** ਇਸ ਭੈ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ:-

{ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥
ਭੈ ਬਿਨੁ ਕਿਉ ਨਿਰਭਉ ਸਚੁ ਪਾਈਐ
ਜਮੁ ਕਾਢਿ ਲਏਗਾ ਸਾਹਾ ਹੇ॥੬॥}

(ਅੰਗ ੧੦੫੪)

{ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥
ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ॥੪॥}

(ਅੰਗ ੫੯)

{ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥
ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥
ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ ੧੦੮੯)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥}

(ਅੰਗ ੧੦੧੦)

ਜਦੋਂ ਮਨੁੱਖ ਇਸ ਭੈ ਨੂੰ ਕਬੂਲ ਕਰ ਲੈਂਦਾ ਹੈ, ਆਪਣੇ ਅੰਦਰ ਇਹ ਨਿਸ਼ਚਾ ਕਰ ਲੈਂਦਾ ਹੈ ਕਿ ਉਹ ਗੁਰੂ ਦੀ ਗੱਲ ਤੇ ਅਡੋਲ ਰਹੇਗਾ ਭਾਵ ਜਦੋਂ ਉਸ ਦੇ ਅੰਦਰ ਨਾਮ ਦ੍ਰਿੜ ਹੋ ਜਾਂਦਾ ਹੈ ਤੇ ਫਿਰ ਉਹ ਆਪਣੇ ਕਿਸੇ ਨਫੇ ਨੁਕਸਾਨ ਦੀ ਪ੍ਰਵਾਹ ਨਹੀਂ ਕਰਦਾ, ਮਾਇਆ ਮੋਹ ਵਿੱਚ ਨਹੀਂ

ਫਸਦਾ ਅਤੇ ਆਪਣੇ ਜੀਵਨ ਨੂੰ ਉਸ ਤਰ੍ਹਾਂ ਸਵਾਰ ਲੈਂਦਾ ਹੈ ਜਿਵੇਂ ਗੁਰੂ ਨੂੰ ਭਾਉਂਦਾ ਹੈ ਤੇ ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **(ਭੈ ਭਉ ਰਾਖਿਆ ਭਾਇ ਸਵਾਰਿ॥੧॥ਰਹਾਉ॥)** ਸਤਿਗੁਰੁ ਭੈ ਦਾ ਬੋਹਿਥ ਹੈ। **(ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ॥)** ਅੰਗ - ੫੯ । ਸਤਿਗੁਰ ਹੀ ਨਾਮ ਦਾ ਬੋਹਿਥ ਹੈ।

{ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ॥}

(ਅੰਗ ੮੩੩)

ਜੋ "ਭੈ" ਹੈ, ਉਹੀ "ਨਾਮ" ਹੈ। ਦੋਨਾਂ ਤੋਂ ਭਾਵ ਗੁਰੂ ਦੀ ਸੱਚੀ ਮਤਿ ਨਾਲ ਹੈ, ਗੁਰੂ ਦੇ ਸੱਚੇ ਗਿਆਨ ਨਾਲ ਹੈ। ਇਹ "ਬੋਹਿਥ" ਚੌਥੇ ਪਦ ਦੇ ਗਿਆਨ ਦੀ ਸੋਝੀ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਪੂਰੀ ਗੁਰਬਾਣੀ ਭੈ ਦਾ ਬੋਹਿਥ, ਨਾਮ ਦਾ ਬੋਹਿਥ ਹੀ ਹੈ ਜੋ ਮਨ ਦੇ ਵਿੱਚੋਂ ਹੀ ਆਈ ਹੈ। ਗੁਰੂ ਦੇ "ਭੈ" ਰੂਪ ਬੋਹਿਥ ਤੇ ਤਾਂ ਹੀ ਚੜ੍ਹਿਆ ਜਾ ਸਕਦਾ ਹੈ ਜੇਕਰ ਅਸੀਂ ਪਹਿਲੇ ਮਾਇਆ ਦੇ ਭੈ ਵਿੱਚੋਂ ਨਿਕਲਾਂਗੇ। ਗੁਰੂ ਦੇ ਭੈ ਰੂਪ ਬੋਹਿਥ ਤੇ ਸਾਡੇ ਮਨ ਦੇ ਵਿਚਾਰਾਂ ਨੇ ਹੀ ਬੈਠਣਾ ਹੈ ਜੋ ਕਿ ਗੁਰੂ ਦੇ ਭੈ ਨੂੰ ਮੰਨਣ ਦੁਆਰਾ ਹੀ ਬੈਠਿਆ ਜਾ ਸਕਦਾ ਹੈ। ਜੋ ਗਰੂ ਦੇ "ਭੈ" ਰੂਪ ਬੋਹਿਥ ਤੇ, "ਨਾਮ" ਦੇ ਬੋਹਿਥ ਤੇ ਬੈਠ ਜਾਂਦਾ ਹੈ ਉਸ ਨੂੰ ਗੁਰੂ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਹਰ ਭੈ ਵਿੱਚੋਂ ਕੱਢ ਲੈਂਦਾ ਹੈ ਜੋ ਭੈ ਸਭ ਦੇ ਅੰਦਰ ਮਨ ਦੀ ਨਾ-ਸਮਝੀ ਕਰਕੇ ਵੱਸਿਆ ਰਹਿੰਦਾ ਹੈ। ਆਪਣੇ ਇਸ ਬੋਹਿਥ ਤੇ ਉਹ ਕਿਸੇ ਵਿਰਲੇ ਨੂੰ ਹੀ ਬਿਠਾਉਂਦਾ ਹੈ। ਆਪਣੀ ਸੱਚੀ ਸੋਝੀ, ਆਪਣੇ ਆਪ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ ਤੇ ਇਸ ਮਾਇਆ ਮੋਹ ਦੇ ਭਵ ਸਾਗਰ ਤੋਂ ਪਾਰ ਕਰਵਾਉਂਦਾ ਹੈ। ਪੂਰੀ ਗੁਰਬਾਣੀ ਉਸਦਾ ਬੋਹਿਥ ਹੈ, ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਮਨ ਦੇ ਵਿੱਚੋਂ ਹੀ ਪ੍ਰਗਟ ਹੋਇਆ ਹੈ, ਉਸਦੀ ਕਿਰਪਾ ਦੁਆਰਾ ਪ੍ਰਗਟ ਹੋਇਆ ਹੈ। ਜਿਸਦਾ ਉਹ ਜੀਵਨ ਸਵਾਰਦਾ ਹੈ ਉਸਨੂੰ ਆਪਣੇ ਭੈ ਦੀ ਸੋਝੀ ਪਾ ਕੇ ਫਿਰ ਆਪ ਹੀ ਉਸ ਤੇ ਚਲਾਉਂਦਾ ਹੈ ਭਾਵ ਆਪਣਾ ਭੈ ਕਬੂਲ ਕਰਵਾਉਂਦਾ ਹੈ ਭਾਵ ਗੁਰਮਤਿ ਤੇ ਚੱਲਣ ਲਈ ਮਾਇਆ ਛੱਡਣ ਦਾ ਭਉ ਦੂਰ ਹੋ ਜਾਂਦਾ ਹੈ। ਇਹੀ ਪ੍ਰਮਾਤਮਾ ਦੀ ਚਾਕਰੀ ਹੈ, ਸੇਵਾ ਹੈ, ਭਗਤੀ ਹੈ ਜਿਵੇਂ ਕਿ ਪਿੱਛੇ ਵੀ ਵਾਰ-ਵਾਰ ਸ਼ਬਦਾਂ ਰਾਹੀਂ ਸਮਝਿਆ ਹੈ। **{ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥}** ਅੰਗ - ੪੭੫ ਭਾਵ ਜਦ ਤੱਕ ਅਸੀਂ ਗੁਰੂ ਦਾ ਹੁਕਮ ਮੰਨਣ ਤੋਂ ਡਰੀ ਹੀ ਜਾਵਾਂਗੇ, ਇਸ ਡਰ ਨੂੰ ਜਦ ਤੱਕ ਆਪਣੇ ਅੰਦਰੋਂ ਨਹੀਂ ਕੱਢਾਂਗੇ ਤਦ ਤੱਕ ਪ੍ਰਮਾਤਮਾ ਦੀ ਚਾਕਰੀ ਨਹੀਂ ਹੋ ਸਕਦੀ।

{ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥}

(ਅੰਗ ੯੧੮)

ਜਦੋਂ ਮਨੁੱਖ ਇੱਕ ਵਾਰੀ ਇਸ ਭੈ ਨੂੰ ਕਬੂਲ ਕਰ ਲੈਂਦਾ ਹੈ, ਜਦੋਂ ਮਨੁੱਖ ਦੀ ਸੁਰਤਿ ਸ਼ਬਦ ਵਿੱਚ ਟਿਕ ਜਾਂਦੀ ਹੈ ਭਾਵ ਜਦੋਂ ਸਾਡੇ ਮਨ ਦੇ ਵਿਚਾਰ ਗੁਰੂ ਦੇ ਵਿਚਾਰਾਂ ਵਿੱਚ ਟਿਕ ਜਾਂਦੇ ਹਨ ਭਾਵ ਆਪਣੇ ਵਿਚਾਰ ਤਿਆਗ ਕੇ ਗੁਰੂ ਦੇ ਵਿਚਾਰਾਂ ਨੂੰ ਪੂਰਨ ਰੂਪ ਵਿੱਚ ਮੰਨ ਲੈਂਦੇ ਹਨ ਤੇ ਜਦੋਂ ਮਨ ਅਡੋਲ ਹੋ ਜਾਂਦਾ ਹੈ, ਗੁਰੂ ਦੀ ਗੱਲ ਤੇ ਪੱਕਾ ਹੋ ਜਾਂਦਾ ਹੈ ਤੇ ਫਿਰ ਭਾਵੇਂ ਉਸਨੂੰ ਕਿਤਨੀ ਹੀ ਔਕੜ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ ਉਹ ਕਰਦਾ ਹੈ, ਜਿਸ ਨੂੰ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਇਸ ਤਰੀਕੇ ਨਾਲ ਸਮਝਾਇਆ ਹੈ। ਅਗਰ ਗੁਰੂ ਦੀ ਗੱਲ ਮੰਨਣ ਵਿੱਚ ਮਨੁੱਖ ਦਾ ਤਨ ਇਸ ਤਰ੍ਹਾਂ ਭਖੇ ਜਿਵੇਂ ਕਿ ਅੱਗ ਭਖਦੀ ਹੈ ਤਾਂ ਵੀ ਉਹ ਗੁਰੂ ਦੇ ਇਸ "ਭੈਅ" ਨੂੰ ਆਪਣੇ ਨਾਲ ਹੀ ਰੱਖੇ, ਗੁਰੂ ਦੇ ਉਪਦੇਸ਼ ਤੇ ਦ੍ਰਿੜ ਹੋ ਕੇ ਚੱਲੇ। **(ਭੈ ਤਨਿ ਅਗਨਿ ਭਖੈ ਭੈ ਨਾਲਿ॥)** ਗੁਰੂ ਦੇ ਇਸ ਭੈ ਨੂੰ ਅਸੀਂ ਤਾਂ ਹੀ ਮੰਨ ਸਕਦੇ ਹਾਂ ਜਦੋਂ ਅਸੀਂ ਆਪਣੇ ਮਨ ਨੂੰ ਬਿਲਕੁਲ ਉਹੋ ਜਿਹਾ ਬਣਾ ਲਵਾਂਗੇ, ਘੜ ਲਵਾਂਗੇ, ਸਵਾਰ ਲਵਾਂਗੇ ਜਿਵੇਂ ਕਿ ਸ਼ਬਦ ਸਾਨੂੰ ਸਮਝਾਉਂਦਾ ਹੈ ਭਾਵ ਇਹ ਸਾਰੀ ਗੱਲ ਆਪਣੇ ਮਨ ਨੂੰ ਸਮਝਾਉਣ ਦੀ ਹੈ, ਮਨ ਦੇ ਮਾਰਨ ਦੀ ਗੱਲ ਹੈ ਭਾਵ ਸ਼ਬਦੇ ਮਰਨ ਦੀ ਗੱਲ ਹੈ, ਆਪਣੀ ਹਉਮੈ ਛੱਡਣ ਦੀ, ਮਨਮਤਿ ਛੱਡਣ ਦੀ, ਮਾਇਆ ਮੋਹ ਛੱਡਣ ਦੀ ਗੱਲ ਹੈ। **(ਭੈ ਭਉ ਘੜੀਐ ਸਬਦਿ ਸਵਾਰਿ॥)** ਭਾਵ ਪ੍ਰਮਾਤਮਾ ਦੀ ਭਗਤੀ ਮਨ ਦੁਆਰਾ ਹੋਣੀ ਹੈ ਨਾ ਕਿ ਕਿਸੇ ਸਰੀਰਕ ਉਪਰਾਲੇ ਦੁਆਰਾ ਭਾਵ ਕਿਸੇ ਸੁਰਤੀਆਂ ਸਮਾਧੀਆਂ ਲਗਾਉਣ ਦੀ ਲੋੜ ਨਹੀਂ। ਗੁਰੂ ਦੇ ਇਸ ਭੈ ਨੂੰ, ਉਪਦੇਸ਼ ਨੂੰ ਮੰਨਣ ਤੋਂ ਇਲਾਵਾ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਭ ਕੁੱਝ ਕੱਚਾ ਹੈ ਜੋ ਕਿ ਸਾਡੀ ਕੱਚੀ ਮਤਿ ਦਾ ਨਤੀਜਾ ਹੈ ਤੇ ਕਿਸੇ ਕੰਮ ਨਹੀਂ ਹੈ ਭਾਵ ਕਿਸੇ ਲੇਖੇ ਵਿੱਚ

3/146 ਅਤੇ 146-ਅ

ਨਹੀਂ ਹੈ ਭਾਵ ਜਿਹੋ ਜਿਹਾ ਸਾਡਾ ਨਾਮ ਜਪਣ ਦਾ ਤਰੀਕਾ ਹੈ, ਬੋਲ-ਬੋਲ ਕੇ ਜਪਣ ਦਾ ਤਰੀਕਾ ਹੈ, ਸੁਰਤੀਆਂ ਸਮਾਧੀਆਂ ਜੋੜਨ ਦਾ ਤਰੀਕਾ ਹੈ, ਸੰਜਮ ਨੇਮ ਆਦਿ ਕਰਦੇ ਹਾਂ, ਉਹ ਬਿਲਕੁਲ ਫਜ਼ੂਲ ਹੈ ਜਿਵੇਂ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ **(ਭੈ ਬਿਨੁ ਘਾੜਤ ਕਚੁ ਨਿਕਚ॥)**। ਅਸੀਂ ਆਪਣੀ ਮਤਿ ਦੁਆਰਾ ਜਿਹੋ ਜਿਹੀ ਘਾੜਤ ਘੜੀ ਹੋਈ ਹੈ ਉਸ ਨੂੰ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਇਸ ਤਰੀਕੇ ਨਾਲ ਸਮਝਾਇਆ ਹੋਇਆ ਹੈ।

"ਅੰਧਾ ਸਚਾ ਅੰਧੀ ਸਟ॥" ਸਭ ਤੋਂ ਪਹਿਲਾਂ ਤੇ ਇਹ ਸਮਝੀਏ ਕਿ ਅੰਧਾ ਕਿਸ ਨੂੰ ਕਿਹਾ ਹੈ ਜਿਵੇਂ ਕਿ ਨਾਲ ਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। **(ਅੰਧਾ ਅਖਰੁ ਵਾਉ ਦੁਆਉ॥੩॥)** ਅੰਧਾ ਸੱਚੇ ਨੂੰ ਕਿਹਾ ਹੈ, ਅੰਧਾ ਅੱਖਰ ਨੂੰ ਕਿਹਾ ਹੈ। ਸੱਚਾ ਪ੍ਰਮਾਤਮਾ ਆਪ ਹੈ ਜਿਸ ਪ੍ਰਮਾਤਮਾ ਨੂੰ ਅਸੀਂ ਕੇਵਲ ਇੱਕ ਅੱਖਰ ਰੂਪ ਸਮਝ ਕੇ ਜਪਦੇ ਹਾਂ, ਕਿਸੇ ਅੱਖਰ ਨੂੰ ਨਾਮ ਸਮਝਕੇ ਪ੍ਰਮਾਤਮਾ ਨੂੰ ਜਪਦੇ ਹਾਂ ਭਾਵ ਅਸੀਂ ਪ੍ਰਮਾਤਮਾ ਨੂੰ ਕੇਵਲ ਇੱਕ ਅੱਖਰ ਸਮਝਿਆ ਹੋਇਆ ਹੈ ਜੋ ਅੱਖਰ ਸਾਨੂੰ ਇਹ ਸਮਝ ਨਹੀਂ ਪਾ ਸਕਦਾ ਕਿ ਪ੍ਰਮਾਤਮਾ ਕੀ ਹੈ। ਇੱਕ ਅੱਖਰ ਭਾਵੇਂ ਉਹ ਅੱਖਰ "ਹਰਿ" ਹੈ, "ਰਾਮ" ਹੈ, "ਵਾਹਿਗੁਰੂ" ਹੈ, ਇਹ ਸਾਰੇ ਅੱਖਰ ਚੰਗੇ ਹਨ ਜੋ ਕਿ ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਵਰਤੇ ਜਾਦੇਂ ਹਨ ਪਰ ਇਹ ਅੱਖਰ ਸਾਨੂੰ ਇਹ ਨਹੀਂ ਸਮਝਾ ਸਕਦੇ ਕਿ ਪ੍ਰਮਾਤਮਾ ਕੀ ਹੈ, ਉਹ ਕਿਸ ਰੂਪ ਵਿੱਚ ਹੈ, ਉਹ ਕਿਤਨਾ ਵੱਡਾ ਹੈ ਤੇ ਕਿਸ ਤਰੀਕੇ ਉਸਨੇ ਸੰਸਾਰ ਨੂੰ ਬਣਾਇਆ ਹੈ ਤੇ ਉਸਨੂੰ ਚਲਾ ਰਹਿਆ ਹੈ। ਉਸਦਾ ਨਿਰੰਕਾਰ ਰੂਪ ਕੀ ਹੈ, ਆਕਾਰ ਰੂਪ ਕੀ ਹੈ ਭਾਵ ਇੱਕ ਅੱਖਰ ਬੋਲੀ ਜਾਣ ਨਾਲ ਸਾਨੂੰ ਪ੍ਰਮਾਤਮਾ ਦੀ ਸਮਝ ਨਹੀਂ ਪੈ ਸਕਦੀ ਤੇ ਨਾ ਹੀ ਇਹ ਸਮਝ ਪੈ ਸਕਦੀ ਹੈ ਕਿ ਭਗਤੀ ਦਾ ਮਾਰਗ ਕੀ ਹੈ ਜੋ ਮਾਰਗ ਪ੍ਰਮਾਤਮਾ ਨੇ ਸ਼ਬਦ ਰੂਪ ਅੱਖਰਾਂ ਦੁਆਰਾ ਹੀ ਸਮਝਾਇਆ ਹੈ, ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਸਮਝਾਇਆ ਹੈ। ਇੱਕ ਅੱਖਰ ਨੂੰ ਹੀ ਪ੍ਰਮਾਤਮਾ ਸਮਝਣਾ ਭਾਵ ਕਿਸੇ ਆਕਾਰ ਰੂਪ ਅੱਖਰ ਨੂੰ ਹੀ ਪ੍ਰਮਾਤਮਾ ਸਮਝਣਾ, ਪ੍ਰਮਾਤਮਾ ਨੂੰ ਅੰਧਾ ਕਰਨ ਵਾਲੀ ਗੱਲ ਹੈ, ਅਗਿਆਨੀ ਸਮਝਣ ਵਾਲੀ ਗੱਲ ਹੈ। ਪ੍ਰਮਾਤਮਾ ਅੱਖਰ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਪ੍ਰਮਾਤਮਾ ਅੱਖਰਾਂ ਦੇ ਆਕਾਰ ਰੂਪ ਵਿੱਚ ਨਹੀਂ ਹੈ ਬਲਕਿ ਹਰ ਅੱਖਰ ਦੇ ਅੰਦਰ ਜੋ ਗਿਆਨ ਹੈ, ਸਮਝ ਹੈ ਪ੍ਰਮਾਤਮਾ ਉਸ ਰੂਪ ਵਿੱਚ ਹੈ। ਹਰ ਅੱਖਰ ਨੂੰ ਰਚਨ ਵਾਲਾ ਪ੍ਰਮਾਤਮਾ ਆਪ ਹੈ ਜਿਨ੍ਹਾਂ ਅੱਖਰਾਂ ਨੂੰ ਉਹ ਆਪਣੇ ਗਿਆਨ ਦੁਆਰਾ ਰਚਦਾ ਹੈ ਤੇ ਗਿਆਨ ਦੇਣ ਲਈ ਹੀ ਰਚਦਾ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ 120)

ਸਾਡੀ ਭਗਤੀ ਦਾ ਮਨੋਰਥ ਰੱਬ ਨੂੰ ਜਪਣ ਦਾ ਹੈ। ਪ੍ਰਮਾਤਮਾ ਸੱਚਾ ਹੈ ਤੇ ਉਸ ਨੂੰ ਜਿਸ ਨਾਂ ਦੁਆਰਾ ਵੀ ਸੰਬੋਧਨ ਕਰੀਏ ਉਹ ਸੱਚਾ ਹੀ ਹੈ। ਉਹ ਪ੍ਰਮਾਤਮਾ ਆਪਣੇ ਉੱਚੇ ਗੁਣਾਂ ਦੁਆਰਾ ਸੱਚਾ ਹੈ, ਉੱਚੇ ਗਿਆਨ ਦੁਆਰਾ ਸੱਚਾ ਹੈ। ਪ੍ਰਮਾਤਮਾ ਦੇ ਗੁਣਾਂ ਦਾ ਗਿਆਨ ਸਾਨੂੰ ਅੱਖਰਾਂ ਦੁਆਰਾ ਮਿਲਦਾ ਹੈ। ਅੱਖਰ ਦਾ ਮੂਲ ਭਾਵ ਸਾਨੂੰ ਗਿਆਨ ਦੇਣਾ ਹੈ ਭਾਵ ਹਰ ਅੱਖਰ ਸਾਨੂੰ ਕੁੱਝ ਨਾ ਕੁੱਝ ਸਮਝਾਉਣ ਲਈ ਹੈ ਤੇ ਗਿਆਨ ਅੱਖਰ ਨੂੰ ਸਮਝਣ ਵਿੱਚ ਹੈ। ਜਪਣਾ ਤੇ ਅਸੀਂ ਉਸ ਗਿਆਨ ਨੂੰ ਹੈ, ਕਮਾਉਣਾ ਉਸ ਗਿਆਨ ਨੂੰ ਹੈ, ਆਪਣੇ ਅੰਦਰ ਵਸਾਉਣਾ ਉਸ ਗਿਆਨ ਨੂੰ ਹੈ ਜੋ ਸਾਨੂੰ ਅੱਖਰ ਕੋਲੋਂ ਮਿਲਦਾ ਹੈ।

"ਅੰਧਾ" ਅਸੀਂ ਉਸ ਅੱਖਰ ਨੂੰ ਬਣਾਇਆ ਹੋਇਆ ਹੈ ਜਿਸ ਅੱਖਰ ਨੂੰ ਅਸੀਂ ਪ੍ਰਮਾਤਮਾ ਸਮਝਿਆ ਹੋਇਆ ਜਿਸ ਨੂੰ ਅਸੀਂ ਜਪਦੇ ਹਾਂ ਭਾਵ ਅੱਖਰ ਦੇ ਮਨੋਰਥ ਨੂੰ ਅਸੀਂ ਅੰਧਾ ਕੀਤਾ ਹੋਇਆ ਹੈ, ਅੱਖਰ ਦੇ ਮੂਲ ਭਾਵ ਨੂੰ ਅਸੀਂ ਅੰਧਾ ਕੀਤਾ ਹੋਇਆ ਹੈ ਭਾਵ ਅਸਲ ਵਿੱਚ ਅਸੀਂ ਆਪ ਅੰਧੇ ਹਾਂ, ਅਗਿਆਨੀ ਹਾਂ ਜੋ ਅੱਖਰ ਦੇ ਮਨੋਰਥ ਦੇ ਉਲਟ ਚੱਲਦੇ ਹਾਂ ਭਾਵ ਅੱਖਰ ਕੋਲੋਂ ਗਿਆਨ ਲੈਣ ਦੀ ਬਜਾਇ ਕੇਵਲ ਅੱਖਰ-ਅੱਖਰ ਬੋਲ ਕੇ ਕਿਸੇ ਅੱਖਰ ਦਾ ਜਪ ਕਰੀ ਜਾਂਦੇ ਹਾਂ। ਜੋ ਅੱਖਰ ਸਾਨੂੰ ਕੋਈ ਗਿਆਨ ਨਹੀਂ ਦੇ ਸਕਦਾ ਭਾਵ ਜਿਸ ਦੇ ਬੋਲਣ ਦੁਆਰਾ ਸਾਨੂੰ ਕਿਸੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਅਸੀਂ ਉਸਨੂੰ ਜਪ ਕੇ ਗਿਆਨ ਦੇ ਮਾਲਕ ਨੂੰ ਜਾਨਣਾ ਚਾਹੁੰਦੇ ਹਾਂ। ਪ੍ਰਮਾਤਮਾ ਸਾਰੇ ਜਗਤਿ ਦੇ ਗਿਆਨ ਦਾ ਸ੍ਰੋਤ ਹੈ, ਗਿਆਨ ਦਾ ਬਹੁਤ ਵੱਡਾ ਭੰਡਾਰ ਹੈ, ਗੁਣਾਂ ਦਾ ਖਜ਼ਾਨਾ ਹੈ ਤੇ ਅਸੀਂ ਉਸ ਗਿਆਨ ਦੀ ਮੂਰਤ ਨੂੰ ਇੱਕ ਅਗਿਆਨਤਾ ਦੀ ਮੂਰਤ ਬਣਾ ਕੇ ਜਪ ਰਹੇ ਹਾਂ, ਆਪਣੀ ਅਗਿਆਨਤਾ ਵਾਲੀ ਸਮਝ ਨੂੰ ਸੱਚ ਸਮਝ ਕੇ ਜਪ ਰਹੇ ਹਾਂ। ਜਪਣ ਦਾ ਮਕਸਦ ਗੁਰੂ ਕੋਲੋਂ ਗਿਆਨ ਲੈਣ ਦਾ ਹੈ, ਧਰਮ ਦਾ ਸੱਚਾ ਮਾਰਗ ਸਿੱਖਣ ਦਾ ਹੈ, ਗੁਣ ਲੈਣ ਦਾ ਹੈ ਤੇ ਜਿਹੋ ਜਿਹਾ ਅਸੀਂ ਜਪ ਕਰਦੇ ਹਾਂ ਭਾਵ ਆਪਣੀ ਅਗਿਆਨਤਾ ਨੂੰ ਸੱਚ ਮੰਨ ਰਹੇ ਹਾਂ। ਉਸ ਨਾਲ ਇਸ ਮਕਸਦ ਦੀ ਪੂਰਤੀ ਕਦੇ ਨਹੀਂ ਹੋ ਸਕਦੀ। ਇਹੋ ਜਿਹਾ ਜਪ ਕਰਨਾ ਭਾਵ ਕੇਵਲ ਕਿਸੇ ਅੱਖਰ ਨੂੰ ਬੋਲੀ ਜਾਣਾ, ਰਟੀ ਜਾਣਾ ਅੰਧੀ ਸੱਟ ਮਾਰਨ ਵਾਲੀ ਗੱਲ ਹੈ, ਸੱਚਾਈ ਨੂੰ ਸਟ ਮਾਰਨ ਵਾਲੀ ਗੱਲ ਹੈ, ਅਗਿਆਨਤਾ ਨਾਲ ਸੱਚੇ ਗਿਆਨ ਨੂੰ ਸੱਟ ਮਾਰਨ ਵਾਲੀ ਗੱਲ ਹੈ। ਅੱਖਰ ਦੇ ਮਾਲਕ ਦਾ ਜੋ ਮਨੋਰਥ ਹੈ ਉਸ ਮਨੋਰਥ ਨੂੰ ਖਤਮ ਕਰਨ ਵਾਲੀ ਗੱਲ ਹੈ, ਉਸ ਗਿਆਨ ਦੇ ਮਾਲਕ ਨੂੰ ਅਗਿਆਨੀ ਬਣਾਉਣ ਵਾਲੀ ਗੱਲ ਹੈ ਤੇ ਇਹੋ ਜਿਹਾ ਜਪ ਸਾਡੇ ਕਿਸੇ ਕੰਮ ਨਹੀਂ ਹੈ ਭਾਵ ਇਹੋ ਜਿਹਾ ਮਨਮਤਿ ਦਾ ਜਪ ਕੇਵਲ ਹੌਲੇ ਬੋਲ ਬੋਲਣ ਵਾਲੀ ਗੱਲ ਹੈ,

3/147

ਜਿਸ ਨਾਲ ਕੁੱਝ ਵੀ ਪ੍ਰਾਪਤੀ ਨਹੀਂ ਹੋ ਸਕਦੀ। ਪ੍ਰਾਪਤੀ ਕੇਵਲ ਗੁਰੂ ਦੀ ਮਤਿ ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ ਹੀ ਹੋ ਸਕਦੀ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਕਿ ਅੱਖਰਾਂ ਦੇ ਜਾਪ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜੋ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਪੱਸ਼ਟ ਹੈ।

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥}

(ਅੰਗ ੫੫੫)

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ॥੩॥}

(ਅੰਗ ੬੫)

{ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥}

(ਅੰਗ ੧੨੬੨)

{ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥ਰਹਾਉ॥}

(ਅੰਗ ੩੯)

{ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥} (ਅੰਗ ੯੨੦)
{ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ
ਇਵ ਹਰਿ ਹਰਿ ਨਾਮੁ ਧਿਆਈ॥}

(ਅੰਗ ੬੬੯)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥}

(ਅੰਗ ੪੯੧)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ ੫੩)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ ੧੧੯੯)

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥

ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ ੨੭)

ਇਨ੍ਹਾਂ ਸਾਰੇ ਸ਼ਬਦਾਂ ਦੀ ਅਤੇ ਹੋਰ ਵੀ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਇਹ ਪਹਿਲੇ ਹੀ ਸਮਝਿਆ ਜਾ ਚੁੱਕਾ ਹੈ ਕਿ ਰਾਮ ਰਾਮ ਕਰਨਾ ਕੀ ਹੈ। ਗੁਰੂ

3/148

ਸਾਹਿਬ ਨੇ ਬਾਣੀ ਵਿੱਚ ਅਨੇਕਾਂ ਹੀ ਵਾਰ ਸਾਨੂੰ ਕਿਹੋ ਜਿਹਾ ਰਾਮ ਰਾਮ ਕਰਨਾ ਚਾਹੀਦਾ ਹੈ, ਇਸ ਦੀ ਸੋਝੀ ਪਾਈ ਹੈ ਜਿਸ ਨੂੰ ਕਿ ਪਿੱਛੇ ਵਿਸਥਾਰ ਨਾਲ ਸਮਝਾਇਆ ਗਿਆ ਹੈ। ਗੁਰੂ ਗੁਰੂ ਕਰਨਾ ਕੀ ਹੈ ਇਸ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਜਿਸ ਦੀ ਵਿਆਖਿਆ ਪਿੱਛੇ ਕੀਤੀ ਜਾ ਚੁੱਕੀ ਹੈ ਤੇ ਉਸ ਤੇ ਝਾਤ ਮਾਰੀ ਜਾ ਸਕਦੀ ਹੈ ਤਾਂ ਕਿ ਸੱਚਾਈ ਦ੍ਰਿੜ ਹੋ ਜਾਵੇ।

{ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ॥
ਅਗਮ ਗੁਨ ਜਾਨੁ ਨਿਧਾਨੁ ਹਰਿ ਮਨਿ ਧਰਹੁ ਧ੍ਯਾਨੁ
ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ॥
ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ
ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ॥
ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ
ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜੁ ਭਗਤਿ ਹਰਿ॥
ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ॥2॥}

(ਅੰਗ ੧੪੦੦)

{ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ}

(ਅੰਗ ੧੪੦੩)

ਜਿਸ ਦਿਨ ਸਾਨੂੰ ਸਹੀ ਹਰਿ ਹਰਿ ਕਰਨ ਦੀ ਸਮਝ ਪੈ ਜਾਵੇਗੀ, ਨਾਮ ਜਪਣ ਦੀ ਸੋਝੀ ਪੈ ਜਾਵੇਗੀ, ਤਾਂ ਹੀ ਸਾਡਾ ਅਸਲੀ ਜੀਵਨ ਚੰਗਾ ਬਣ ਸਕਦਾ ਹੈ ਜੋ ਕਿ ਬਾਣੀ ਦਾ ਮਨੋਰਥ ਹੈ, ਗੁਰੂ ਦਾ ਮਨੋਰਥ ਹੈ।

{ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥}

(ਅੰਗ - ੧੧੪੭)

ਜਿਹੋ ਜਿਹਾ ਜਪ ਅਸੀਂ ਕਰਦੇ ਹਾਂ, ਇਸਦਾ ਚਾਉ ਸਾਡੇ ਅੰਦਰ ਕਿਵੇਂ ਉਪਜਦਾ ਹੈ, ਇਸ ਦੀ ਸੋਝੀ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ। ਇਹੋ ਜਿਹਾ ਜਪ ਕਰਨ ਦਾ ਚਾਉ ਹੈ, ਇਹ ਸਾਰੀ ਸਾਡੀ ਆਪਣੀ ਮਤਿ ਦੀ ਖੇਡ ਹੈ, ਸਾਡੀਆਂ ਸਿਆਣਪਾਂ ਹਨ ਜੋ ਸਾਡੇ ਕੋਲੋਂ ਇਹ ਕੁੱਝ ਕਰਵਾਉਂਦੀਆਂ ਹਨ। ਅਸੀਂ ਇਹ ਚਾਹੁੰਦੇ ਹਾਂ ਕਿ ਸਾਡਾ ਰੱਬ ਨੂੰ ਜਪਣ ਦਾ ਚਾਅ ਵੀ ਪੂਰਾ ਹੋ ਜਾਵੇ, ਸਾਡੀ ਜਪ ਤਪ ਦੀ ਤਸੱਲੀ ਵੀ ਹੋ ਜਾਵੇ ਅਤੇ ਸਾਨੂੰ ਗੁਰੂ ਦਾ ਵੱਡਾ ਤੋਲ ਵੀ ਨਾ ਤੁਲਣਾ ਪਵੇ ਭਾਵ ਸਾਨੂੰ ਔਖਿਆਂ ਵੀ ਨਾ ਹੋਣਾ ਪਵੇ ਭਾਵ ਸਾਨੂੰ "ਭਉ" ਵੀ ਨਾ ਕਬੂਲ ਕਰਨਾ ਪਵੇ ਅਤੇ ਸਾਡੀ ਭਗਤੀ ਵੀ ਹੋ ਜਾਵੇ। ਅਸੀਂ ਹਰ ਸਿਆਣਪ, ਹਜ਼ਾਰਾਂ ਸਿਆਣਪਾਂ ਇਸੇ ਗੱਲ ਤੇ ਲਗਾ ਦਿੰਦੇ ਹਾਂ ਕਿ ਜਿਹੋ ਜਿਹਾ ਅਸੀਂ ਜਪ ਤਪ ਕਰ ਰਹੇ ਹਾਂ ਉਹ ਹੀ ਠੀਕ ਹੈ। ਅਸੀਂ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਵੀ ਆਪਣੀਆਂ ਸਿਆਣਪਾਂ ਦੁਆਰਾ ਉਹੋ ਜਿਹੇ ਕਰਦੇ ਹਾਂ ਜਿਸ ਨਾਲ ਅਸੀਂ ਆਪਣੇ ਆਪ ਨੂੰ

3/149

ਠੀਕ ਸਾਬਤ ਕਰ ਸਕੀਏ ਭਾਵ ਸਾਡਾ ਪੂਰਾ ਜ਼ੋਰ ਇਸੇ ਗੱਲ ਤੇ ਲੱਗਾ ਹੋਇਆ ਹੈ ਕਿ ਸਾਨੂੰ ਕਿਤੇ ਗੁਰੂ ਦੇ ਉਪਦੇਸ਼ ਤੇ ਚੱਲਣ ਨਾਲ ਭਾਵ ਉਸ ਦੀ ਗੱਲ ਨੂੰ ਮੰਨ ਕੇ ਉਸ ਤੇ ਚੱਲਣ ਨਾਲ, ਉਸ ਦਾ ਤੋਲ ਤੁਲਣਾ ਜੋ ਕਿ ਬਹੁਤ ਔਖਾ ਹੈ ਉਸ ਦਾ ਸਾਨੂੰ "ਤਾਉ" ਨਾ ਸਹਿਣਾ ਪਵੇ, ਉਸਦਾ ਸੇਕ ਨਾ ਲੱਗੇ, "ਤਪਣਾ" ਨਾ ਪੈ ਜਾਵੇ ਭਾਵ ਗੱਲਾਂ ਨਾਲ ਹੀ ਸਾਰ ਲਈਏ, ਬੋਲ ਬੋਲ ਕੇ ਹੀ ਸਾਰ ਲਈਏ।

(ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥)

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥
ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥}

(ਅੰਗ ੫੦੯)

{ਰੇ ਜਨ ਮਨੁ ਮਾਧਉ ਸਿਉ ਲਾਈਐ ॥
ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥
ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥}

(ਅੰਗ ੩੨੪)

{ਮਨੁ ਕੁੰਚਰੁ ਕਾਇਆ ਉਦਿਆਨੈ ॥
ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥
ਰਾਜ ਦੁਆਰੈ ਸੋਭ ਸੁ ਮਾਨੈ ॥੧॥
ਚਤੁਰਾਈ ਨਹ ਚੀਨਿਆ ਜਾਇ ॥
ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥
ਨੰਨਾਕਾਰੁ ਨ ਕੋਇ ਕਰੇਈ ॥
ਰਾਖੈ ਆਪਿ ਵਡਿਆਈ ਦੇਈ ॥੨॥}

(ਅੰਗ ੨੨੧)

ਇਹੋ ਜਿਹੇ ਜਪ ਤਪ ਦਾ ਸਾਨੂੰ ਕਿਹੋ ਜਿਹਾ ਲਾਭ ਮਿਲਦਾ ਹੈ, ਇਹ ਮੁੱਖ ਸ਼ਬਦ ਦੀ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਪਹਿਲਾਂ ਤਾਂ ਇਹ ਸਮਝਾਇਆ ਹੈ ਕਿ ਇਹੋ ਜਿਹਾ ਜਪ, ਤਪ ਕਰਨ ਵਾਲੇ "ਮਨਮੁਖਿ" ਹਨ ਭਾਵ ਆਪਣੀ

ਮਤਿ ਨਾਲ ਚੱਲਦੇ ਹਨ, ਗੁਰੂ ਦੀ ਮਤਿ ਤੇ ਨਹੀਂ ਚੱਲਦੇ। ਇਨ੍ਹਾਂ ਦੇ ਇਹੋ ਜਿਹੇ ਜਪ ਤਪ ਦੇ ਬੋਲ ਬੋਲਣੇ ਕੇਵਲ ਮੂੰਹ ਤੋਂ ਹਵਾ ਛੱਡਣ ਵਾਲੀ ਗੱਲ ਹੈ ਭਾਵ ਕਿਸੇ ਲੇਖੇ ਨਹੀਂ ਹੈ। ਇਹੋ ਜਿਹੇ ਅੱਖਰ ਨੂੰ ਜਪਣਾ ਜਿਸ ਨੂੰ ਜਪਣ ਨਾਲ ਸਾਡੀ ਅਗਿਆਨਤਾ ਦੂਰ ਨਹੀਂ ਹੋਣੀ, ਭਗਤੀ ਦੇ ਅਸਲ ਮਾਰਗ ਦੀ ਸਮਝ ਨਹੀਂ ਪੈਣੀ ਭਾਵ ਬੇ ਮਨੋਰਥ ਜਪਣਾ ਜਿਸਦਾ ਸਾਡੇ ਅਸਲੀ ਜੀਵਨ ਨਾਲ ਕੋਈ ਵਾਸਤਾ ਨਹੀਂ ਹੈ, ਜਿਸ ਵਿੱਚ ਮਨੁੱਖਤਾ ਦੀ ਕੋਈ ਭਲਾਈ ਨਹੀਂ ਹੈ, ਕਿਸੇ ਤੇ ਕੋਈ ਉਪਕਾਰ ਨਹੀਂ ਹੈ ਉਹ ਇੱਕ ਫਜ਼ੂਲ ਰੌਲਾ ਪਾਉਣ ਵਾਲੀ ਗੱਲ ਹੈ ਭਾਵ ਇਹੋ ਜਿਹੇ ਜਪ ਤਪ ਵਿੱਚ ਭਗਤੀ ਵਾਲੀ ਕੋਈ ਗੱਲ ਨਹੀਂ ਹੈ, ਪ੍ਰਮਾਤਮਾ ਨੂੰ ਇਹੋ ਜਿਹਾ ਜਪ ਤਪ ਕਬੂਲ ਨਹੀਂ ਹੈ। ਸਾਨੂੰ ਉਸਦਾ "ਭਉ" ਕਬੂਲ ਨਹੀਂ ਤੇ ਇਸ ਤਰੀਕੇ ਅਸੀਂ ਕੇਵਲ ਆਪਣੀ ਹਉਮੈ ਹੀ ਵਧਾਉਂਦੇ ਹਾਂ, ਖੁਆਰ ਹੀ ਹੁੰਦੇ ਹਾਂ। ਪ੍ਰਮਾਤਮਾ ਨੂੰ ਸਾਡਾ ਇਹੋ ਜਿਹਾ ਜਪ ਤਪ ਕਬੂਲ ਨਹੀਂ, ਉਸਦਾ ਭਉ ਕਬੂਲ ਕਰਨਾ ਹੀ ਉਸਦਾ ਜਪ ਤਪ ਹੈ।

(ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥}

(ਅੰਗ ੫੩)

ਸਾਡੇ ਇਹੋ ਜਿਹੇ ਅੱਖਰ ਦੇ ਜਪ ਨੂੰ ਗੁਰੂ ਸਾਹਿਬ ਨੇ ਕਿਤਨਾ ਕੁ ਭੰਡਿਆ ਹੈ, ਇਸ ਗੱਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਜਿਵੇਂ ਕਿ ਅਸੀਂ ਉੱਪਰ ਅਰਥਾਂ ਵਿੱਚ ਜਾਣਿਆ ਹੈ ਕਿ ਅਸੀਂ ਜਿਹੋ ਜਿਹਾ ਜਪ ਤਪ ਕਰਦੇ ਹਾਂ ਉਹ "ਸਾਡੀ ਮਤਿ" ਦੀ ਉਪਜ ਹੈ। ਅਗਰ ਧਿਆਨ ਨਾਲ ਵਿਚਾਰੀਏ ਤਾਂ "ਇਹ ਮਤਿ" ਸਾਡੀ ਆਪਣੀ ਨਹੀਂ ਹੈ ਜਿਵੇਂ ਕਿ ਬਾਣੀ ਵਿੱਚ ਸਾਨੂੰ ਵਾਰ-ਵਾਰ ਸਮਝਾਇਆ ਗਿਆ ਹੈ, ਜਿਸ ਨੂੰ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਅਸੀਂ ਪ੍ਰਮਾਤਮਾ ਦੇ ਹੀ ਭੁਲਾਏ ਹੋਏ ਹਾਂ ਤੇ ਉਹ ਸਾਨੂੰ ਆਪ ਹੀ ਇਸ ਭੁਲੇਖੇ ਵਿੱਚੋਂ ਕੱਢ ਸਕਦਾ ਹੈ। ਜਿਸਨੂੰ ਪ੍ਰਮਾਤਮਾ ਇਸ ਭੁਲੇਖੇ ਵਿੱਚੋਂ ਕੱਢਦਾ ਹੈ ਇਹ ਉਸਦਾ ਮਨੁੱਖ ਤੇ ਬਹੁਤ ਵੱਡਾ ਕਰਮ ਹੈ ਤੇ ਤਾਂ ਹੀ ਮਨੁੱਖ ਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਜੋ ਕਿ ਉਹ ਮਨੁੱਖ ਨੂੰ ਭਰਮਾਂ ਵਿੱਚੋਂ ਕੱਢ ਕੇ ਆਪ ਹੀ ਪਾਉਂਦਾ ਹੈ। ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ ਤੇ ਮਨ ਦੀ ਸਮਝ ਮਨੁੱਖ ਦੇ ਆਪਣੇ ਵੱਸ ਵਿੱਚ ਨਹੀਂ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ, ਗੁਰੂ ਦੀ ਸਮਝ ਤੇ ਵਿਸ਼ਵਾਸ ਕਰਕੇ ਸਮਝਿਆ ਜਾ ਸਕਦਾ ਹੈ, ਮੰਨਿਆ ਜਾ ਸਕਦਾ ਹੈ।

ਰਾਗ ਮਾਝ ਮ:੨

"ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ
ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥"

(ਅੰਗ ੧੩੯)

{ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥੧॥
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ
ਜਿਉ ਭਾਵੈ ਤਿਵੈ ਬਖਸਿ॥੧॥ਰਹਾਉ॥
ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ॥
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ
ਜੇਹਾ ਤੁਧੁ ਧੁਰਿ ਲਿਖਿ ਪਾਇਆ॥੨॥
ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ
ਇਕਿ ਮਨਮੁਖਿ ਕਰਹਿ ਸਿ ਰੋਵੈ॥੩॥
ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥
ਜਨ ਨਾਨਕ ਕਉ ਹਰਿ ਬਖਸਿ ਲੈ
ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ॥੪॥}

(ਅੰਗ ੭੩੬)

3/150

ਉੱਪਰ ਪਹਿਲੇ ਸ਼ਬਦ ਰਾਹੀਂ ਮਨਮੁੱਖ ਉਸ ਨੂੰ ਕਿਹਾ ਹੈ ਜੋ ਪ੍ਰਮਾਤਮਾ ਦੀਆਂ ਦਿੱਤੀਆਂ ਹੋਈਆਂ ਦਾਤਾਂ ਨੂੰ ਉਸ ਦੇਣ ਵਾਲੇ ਨਾਲੋਂ ਜ਼ਿਆਦਾ ਚੰਗਾ ਸਮਝਦਾ ਹੈ ਭਾਵ ਹਰ ਕੋਈ ਮਨੁੱਖ ਜੋ ਵੀ ਮਾਇਆ ਮੋਹ ਵਿੱਚ ਫਸਿਆ ਹੋਇਆ ਹੈ, ਜਿਸ ਦਾ ਸੰਸਾਰਿਕ ਜੀਵਨ ਗੁਰੂ ਦੇ ਉਪਦੇਸ਼ ਅਨੁਸਾਰ ਨਹੀਂ ਹੈ, ਉਹ ਮਨਮੁੱਖ ਹੀ ਹੈ। ਗੁਰਮੁੱਖ ਹੋਣਾ ਗੁਰੂ ਦੀ ਰਜ਼ਾ ਵਿੱਚ ਆਉਣਾ ਹੈ, ਭਾਣੇ ਵਿੱਚ ਆਉਣਾ ਹੈ ਜੋ ਕਿ ਕੋਈ ਵਿਰਲਾ ਹੀ ਆ ਸਕਦਾ ਹੈ। ਜਦੋਂ ਵੀ ਅਸੀਂ ਆਪਣੇ ਆਪ ਨੂੰ ਗੁਰਬਾਣੀ ਦੀ ਕਸਵੱਟੀ ਤੇ ਲਗਾਵਾਂਗੇ ਤਾਂ ਆਪੇ ਹੀ ਸਮਝ ਆਵੇਗੀ ਕਿ ਅਸੀਂ ਮਨਮੁੱਖ ਹੀ ਹਾਂ ਅਤੇ ਗੁਰਮੁੱਖ ਬਣਨਾ ਬਹੁਤ-ਬਹੁਤ ਔਖਾ ਹੈ, ਬਹੁਤ ਵੱਡੀ ਗੱਲ ਹੈ। ਜੋ ਰੂਪ ਗੁਰੂ ਦਾ ਰੂਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਰਾਹੀਂ ਵੀ ਸਮਝਾਂਗੇ। ਪ੍ਰਮਾਤਮਾ ਨੇ ਕਿਸ ਨੂੰ ਮਨਮੁੱਖ ਰੱਖਣਾ ਹੈ, ਕਿਸ ਨੂੰ ਗੁਰਮੁੱਖ ਬਣਾਉਣਾ ਹੈ ਇਹ ਉਸਦੇ ਹੱਥ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ ਆਪਣੀ ਮਤਿ ਅਨੁਸਾਰ ਕਰਦੇ ਹਾਂ ਭਾਵ ਸਾਡੀ ਮਤਿ ਹੀ ਸਾਡੇ ਕੋਲੋਂ ਸਭ ਕੁੱਝ ਕਰਵਾਉਂਦੀ ਹੈ। ਜੇ ਸਾਨੂੰ ਇਸ ਗੱਲ ਦਾ ਯਕੀਨ ਆ ਜਾਵੇ ਕਿ ਇਹ ਸੁਰਤਿ, ਮਤਿ, ਸੋਚ ਸਾਡੀ ਨਹੀਂ ਹੈ, ਪ੍ਰਮਾਤਮਾ ਦੀ ਦਿੱਤੀ ਹੋਈ ਹੈ ਅਤੇ ਉਹ ਆਪ ਹੀ ਸਾਡੇ ਕੋਲੋਂ ਸਭ ਕੁੱਝ ਕਰਵਾ ਰਿਹਾ ਹੈ ਤਾਂ ਫਿਰ ਜੋ ਚਤੁਰਾਈਆਂ, ਸਿਆਣਪਾਂ ਅਸੀਂ ਕਰਦੇ ਹਾਂ ਉਹ ਅਸਲ ਵਿੱਚ ਸਾਡੇ ਵੱਸ ਵਿੱਚ ਨਹੀਂ ਹਨ। ਇਹੀ ਸਭ ਕੁੱਝ ਇਨ੍ਹਾਂ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। (**ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥ ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ॥**) ਅਸੀਂ ਜਿਹੋ ਜਿਹੇ ਵੀ ਕਰਮ ਕਰਦੇ ਹਾਂ ਉਹ ਆਪ ਪ੍ਰਮਾਤਮਾ ਸਾਡੇ ਅੰਦਰ ਗੁਪਤ ਰੂਪ ਵਿੱਚ ਭਾਵ ਗਿਆਨ ਰੂਪ ਵਿੱਚ, ਨਿਰਗੁਣ ਰੂਪ ਵਿੱਚ, ਨਿਰੰਕਾਰ ਰੂਪ ਵਿੱਚ ਵਰਤ ਕੇ ਕਰਵਾ ਰਿਹਾ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ। ਉਹ ਜਿਸ ਨੂੰ ਚਾਹੇ ਚੰਗੇ ਕਰਮ ਕਰਵਾ ਕੇ ਭਾਵ ਚੰਗੀ ਸੋਚ ਦੇ ਕੇ ਧਰਮੀ ਬਣਾ ਸਕਦਾ ਹੈ ਅਤੇ ਜਿਸ ਨੂੰ ਚਾਹੇ ਮਾੜੀ ਸੋਚ ਦੇ ਕੇ ਮਾੜੇ ਕਰਮ ਕਰਵਾ ਕੇ ਪਾਪੀ ਬਣਾ ਸਕਦਾ ਹੈ **(ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥)**

{ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥} ਅੰਗ - ੨ । ਇਹ ਸ੍ਰਿਸ਼ਟੀ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਇੱਕ ਖੇਡ ਹੈ ਜਿਸ ਨੂੰ ਅਸੀਂ ਸਮਝ ਨਹੀਂ ਸਕਦੇ। ਉਹ ਕੇਵਲ ਇੱਕੋ ਇੱਕ ਆਪ ਹੀ ਹੈ, ਦੂਜਾ ਹੋਰ ਕੋਈ ਨਹੀਂ ਹੈ।

ਉਹ ਆਪ ਨਿਰਗੁਣ ਰੂਪ ਵਿੱਚ ਵਰਤਦਾ ਹੈ ਅਤੇ ਸਾਰਾ ਸਰਗੁਣ ਸਰੂਪ,

3/151

ਜੋ ਕੁੱਝ ਵੀ ਅਸੀਂ ਦੇਖਦੇ ਹਾਂ, ਉਸੇ ਦਾ ਹੀ ਹੈ। ਮਨੁੱਖ ਵੀ ਪ੍ਰਮਾਤਮਾ ਦਾ ਸਰਗੁਣ ਸਰੂਪ ਹੈ, ਆਕਾਰ ਰੂਪ ਹੈ ਤੇ ਮਨੁੱਖੀ ਰੂਪ ਵਿੱਚ ਉਹ ਆਪ ਹੀ ਆਪਣੇ ਨਿਰੰਕਾਰ ਰੂਪ ਵਿੱਚ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੈ ਜਿਸਦੀ ਕਿ ਸਾਨੂੰ ਸਮਝ ਨਹੀਂ ਹੈ। ਮਨੁੱਖ ਨੂੰ ਪ੍ਰਮਾਤਮਾ ਨੇ ਉਸਦੇ ਅੰਦਰ ਹਉਮੈ ਦਾ ਪੜਦਾ ਪਾ ਕੇ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਇਹ ਪੜਦਾ ਸਾਡੇ ਅੰਦਰ ਉਸਦੇ ਗਿਆਨ ਰਾਹੀਂ ਬਣਿਆ ਹੋਇਆ ਹੈ, ਸਾਡੀ ਮਤਿ ਰਾਹੀਂ ਬਣਿਆ ਹੋਇਆ ਹੈ ਜੋ ਕਿ ਸਾਡੀ ਆਪਣੀ ਨਹੀਂ ਹੈ। ਅਸੀਂ ਆਪਣੇ ਆਪ ਨੂੰ ਉਹੀ ਸਮਝਦੇ ਹਾਂ ਜੋ ਸਾਡੀ ਮਤਿ, ਸੋਚ ਸਾਨੂੰ ਸਮਝਾਉਂਦੀ ਹੈ ਜਿਸਦਾ ਜ਼ਿਕਰ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਕੀਤਾ ਗਿਆ ਹੈ। ਪ੍ਰਮਾਤਮਾ ਦੀ ਜੋਤ ਸਾਡੇ ਅੰਦਰ ਪ੍ਰਮਾਤਮਾ ਦਾ ਦਿੱਤਾ ਹੋਇਆ, ਰਚਿਆ ਹੋਇਆ, ਘੜਿਆ ਹੋਇਆ ਮਨ ਹੈ ਜਿਸ ਨੂੰ ਅਸੀਂ ਆਪਣਾ ਸਮਝਦੇ ਹਾਂ ਅਤੇ ਇਹ ਮਨ ਹੀ ਸਾਡੇ ਕੋਲੋਂ ਸਭ ਕੁੱਝ ਕਰਵਾਉਂਦਾ ਹੈ ਜੋ ਕਿ ਉਸਦੀ ਬਣਾਈ ਹੋਈ ਇਹ ਖੇਡ ਹੈ। ਇਹ ਮਨ ਹੀ ਸਾਡੀ ਮਤਿ ਹੈ, ਸੁਰਤਿ ਹੈ, ਅਕਲ ਹੈ, ਬੁੱਧ ਹੈ, ਹਿਰਦਾ ਹੈ, ਦਿਮਾਗ ਹੈ, ਸੋਚ ਹੈ। ਜਦ ਤੱਕ ਮਨੁੱਖ ਦੇ ਅੰਦਰ ਮਨ ਦੇ ਰੂਪ ਵਿੱਚ ਪ੍ਰਮਾਤਮਾ ਦੀ ਜੋਤਿ ਹੈ ਉਸ ਵਿੱਚ ਪ੍ਰਮਾਤਮਾ ਆਪ ਹੀ ਬੋਲਦਾ ਹੈ, ਮਨ ਦੇ ਵਿਚਾਰਾਂ ਰਾਹੀਂ ਬੋਲਦਾ ਹੈ ਤੇ ਮਨੁੱਖ ਦਾ ਹੋਣਾ ਕੇਵਲ ਇੱਕ ਭੁਲੇਖਾ ਹੈ ਜੋ ਭੁਲੇਖਾ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਦੂਰ ਕਰ ਸਕਦਾ ਹੈ। (**ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ**

ਆਖਿ ਵਖਾਣੀਐ ॥ ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥) ਜਿਸ ਤਰੀਕੇ ਨਾਲ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਭੁਲੇਖਾ ਪਾਇਆ ਹੈ, ਪੜਦਾ ਪਾਇਆ ਹੋਇਆ ਹੈ, ਉਸੇ ਤਰੀਕੇ ਨਾਲ ਹੀ ਇਹ ਪੜਦਾ ਦੂਰ ਹੁੰਦਾ ਹੈ ਅਤੇ ਆਪਣੇ ਆਪ ਦੀ ਪਹਿਚਾਣ ਹੁੰਦੀ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਾਡੇ ਅੰਦਰ ਪੜਦਾ ਪ੍ਰਮਾਤਮਾ ਨੇ ਮਨ ਦੀ ਸੋਚ ਦੁਆਰਾ ਪਾਇਆ ਹੋਇਆ ਹੈ ਜੋ ਸਾਨੂੰ "ਮੈਂ" ਸਿਖਾਉਂਦੀ ਹੈ

{ਜੀਅ ਕੀ ਜੋਤਿ ਨ ਜਾਨੈ ਕੋਈ ॥

ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥}

(ਅੰਗ - ੧੩੫੧)

ਜਦੋਂ ਇਹ ਪੜਦਾ ਪ੍ਰਮਾਤਮਾ ਨੇ ਹਟਾਉਣਾ ਹੈ, ਭੁਲੇਖਾ ਦੂਰ ਕਰਨਾ ਹੈ ਤਾਂ ਉਹ ਵੀ ਇਸ ਮਨ ਦੀ ਸੋਚ ਦੁਆਰਾ ਹੀ ਕਰਨਾ ਹੈ। ਜਦੋਂ ਵੀ ਪ੍ਰਮਾਤਮਾ ਦੇ ਦਰਸ਼ਨ ਹੋਣੇ ਹਨ ਉਹ ਮਨ ਦੇ ਵਿੱਚ ਹੀ ਹੋਣੇ ਹਨ, ਉਸਦਾ ਜੋ ਹੁਕਮ ਸਾਡੇ ਅੰਦਰ ਚੱਲ ਰਿਹਾ ਹੈ, ਮਨ ਦੇ ਵਿਚਾਰ ਪਾਉਣ ਦੁਆਰਾ, ਸਮਝ ਪਾਉਣ ਦੁਆਰਾ ਚੱਲ ਰਹਿਆ ਹੈ ਭਾਵ ਮਨ ਦੇ ਵਿਚ ਉਸ ਦਾ ਜੋ ਗਿਆਨ ਸਾਨੂੰ ਮਿਲ ਰਿਹਾ ਹੈ, ਉਸ ਦੇ ਇਸ ਹੁਕਮ ਦੀ ਪਹਿਚਾਣ ਮਨ ਨੂੰ ਜਾਨਣ ਦੁਆਰਾ ਹੀ ਹੋਣੀ ਹੈ, ਆਪਣੇ ਅੰਦਰ ਦੀ ਜੋਤਿ ਨੂੰ ਜਾਨਣ ਦੁਆਰਾ ਹੀ ਹੋਣੀ ਹੈ ਜਿਸਨੂੰ ਜਾਨਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ, ਆਪਣੇ ਆਪ ਦੀ ਅਸਲੀਅਤ ਨੂੰ ਜਾਨਣਾ ਹੈ, ਸਾਰੇ ਸੰਸਾਰ ਦੀ, ਸ੍ਰਿਸ਼ਟੀ ਦੀ ਅਸਲੀਅਤ ਨੂੰ ਜਾਨਣਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

{ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥}

(ਅੰਗ ੧੦੬)

ਅਸੀਂ ਜੋ ਵੀ ਕਰਮ ਕਰਦੇ ਹਾਂ ਭਾਵ ਜਿਹੋ ਜਿਹਾ ਵੀ ਅਸੀਂ ਵਿਚਰਦੇ ਹਾਂ ਉਹ ਮਨ ਦੇ ਗਿਆਨ ਦੁਆਰਾ, ਮਨ ਦੀ ਸੋਚ ਦੁਆਰਾ ਵਿਚਰਦੇ ਹਾਂ ਤੇ ਇਹ ਹੀ ਸਾਡੇ ਅੰਦਰ ਉਸ ਪ੍ਰਮਾਤਮਾ ਦਾ ਹੁਕਮ ਚੱਲ ਰਿਹਾ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ। ਜਦੋਂ ਅਸੀਂ ਉਸਦੇ ਇਸ ਹੁਕਮ ਨੂੰ ਆਪਣੇ ਮਨ ਦੇ ਵਿੱਚੋਂ ਬੁੱਝ ਲਵਾਂਗੇ ਕਿ ਸਾਡੇ ਮਨ ਦੇ ਵਿੱਚ ਸੋਚਾਂ ਕਿੱਥੋਂ ਆਉਂਦੀਆਂ ਹਨ, ਇਹ ਉਸਦੇ ਹੁਕਮ ਨੂੰ ਆਪਣੇ ਮਨ ਦੇ ਵਿੱਚੋਂ ਪਛਾਣਨਾ ਹੈ ਜੋ ਕਿ ਸਭ ਦੇ ਅੰਦਰ ਚੱਲ ਰਿਹਾ ਹੈ ਪਰ ਕਿਸੇ ਨੂੰ ਇਸਦੀ ਸੋਝੀ ਨਹੀਂ ਪੈਂਦੀ। ਆਪਣਾ ਹੁਕਮ ਉਹ ਆਪ ਹੀ ਬੁਝਾਉਂਦਾ ਹੈ, ਆਪਣੇ ਆਪ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ। ਜਦ ਤੱਕ ਇਸ ਮਨ ਦੀ ਸਮਝ ਨਹੀਂ ਲੱਗਦੀ, ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਇਹ ਮਨ ਆਪ ਪ੍ਰਮਾਤਮਾ ਹੀ ਹੈ, ਪਰ ਇਸ ਨੂੰ ਅਸੀਂ ਆਪਣਾ ਸਮਝਿਆ ਹੋਇਆ ਹੈ।

3/152

ਇਸ ਮਨ ਦੇ ਵਿਚਾਰ ਹੀ ਸਾਡੇ ਅੰਦਰ ਪ੍ਰਮਾਤਮਾ ਦੇ ਲਿਖੇ ਹੋਏ ਉਹ ਲੇਖ ਹਨ ਜਿਹਨਾਂ ਦੁਆਰਾ ਅਸੀਂ ਵਿਚਰਦੇ ਹਾਂ। ਮਨ ਦੇ ਵਿੱਚ ਲੇਖ ਲਿਖਣ ਵਾਲਾ ਉਹ ਆਪ ਹੀ ਹੈ।

{ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥

ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥}

(ਅੰਗ - ੭੩੬)

ਉੱਪਰ ਦਿੱਤੇ ਮੁੱਖ ਸ਼ਬਦਾਂ ਵਿੱਚ ਸਾਨੂੰ ਇਹ ਸਮਝਾਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਅਤੇ ਉਹ ਬਹੁਤ ਹੀ ਸਿਆਣਾ ਹੈ, ਗਿਆਨਵਾਨ ਹੈ, ਸਭ ਕੁੱਝ ਉਹ ਆਪ ਹੀ ਕਰਦਾ ਹੈ। ਇਸ ਗੱਲ ਦਾ ਯਕੀਨ ਮਨੁੱਖ ਨੂੰ ਤਾਂ ਹੀ ਹੁੰਦਾ ਹੈ ਜਦੋਂ ਉਹ ਉਸ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ। ਜੇਕਰ ਸਾਨੂੰ ਇਸ ਗੱਲ ਦਾ ਯਕੀਨ ਆ ਜਾਵੇ ਕਿ ਹੁਣ ਤੱਕ ਅਸੀਂ ਜਿਹੋ ਜਿਹੀ ਭਗਤੀ ਕਰਦੇ ਆਏ ਹਾਂ ਜਾਂ ਕਰ ਰਹੇ ਹਾਂ, ਇਹ ਸਭ ਕੁੱਝ ਸਾਡੇ ਕੋਲੋਂ ਪ੍ਰਮਾਤਮਾ ਨੇ ਆਪ ਹੀ ਕਰਵਾਇਆ ਹੈ ਤਾਂ ਫਿਰ ਸਾਨੂੰ ਆਪਣੇ ਆਪ ਤੇ ਮਾਣ ਨਹੀਂ ਹੋਵੇਗਾ। ਜੋ ਕੋਈ ਵੀ ਭਗਤੀ ਕਰਦਾ ਹੈ, ਉਹ ਆਪਣੇ ਵੱਲੋਂ ਉਸ ਨੂੰ ਠੀਕ ਸਮਝ ਕੇ ਹੀ ਕਰਦਾ ਹੈ, ਪੂਰੀ ਸ਼ਰਧਾ ਨਾਲ ਕਰਦਾ ਹੈ, ਪ੍ਰਮਾਤਮਾ ਦੀ ਖੁਸ਼ੀ ਪਾਉਣ ਲਈ ਹੀ ਕਰਦਾ ਹੈ। ਅਗਰ ਪ੍ਰਮਾਤਮਾ ਨੂੰ ਸਾਡੇ ਕੋਲੋਂ ਹੁਣ

ਤੱਕ ਇਹੋ ਜਿਹੀ ਭਗਤੀ ਕਰਵਾਉਣੀ ਹੀ ਚੰਗੀ ਲੱਗੀ ਹੈ ਭਾਵ ਸਾਨੂੰ ਉਲਝਣ ਵਿੱਚ ਰੱਖਣਾ ਹੀ ਚੰਗਾ ਲੱਗਾ ਹੈ ਤਾਂ ਫਿਰ ਇਹ ਉਸਦੀ ਰਜ਼ਾ ਹੈ ਜਿਸ ਉੱਪਰ ਸਾਡਾ ਕੋਈ ਵੱਸ ਨਹੀਂ ਹੈ। ਸਾਡੇ ਕਰਮ ਪ੍ਰਮਾਤਮਾ ਨੇ ਇਹੋ ਜਿਹੇ ਲਿਖੇ ਹੋਏ ਸਨ ਤੇ ਉਸ ਤਰ੍ਹਾਂ ਹੀ ਕਰਵਾਇਆ ਹੈ। ਜਦ ਤੱਕ ਕਿਸੇ ਗੱਲ ਦੀ ਸਮਝ ਹੀ ਨਾ ਹੋਵੇ ਤਾਂ ਫਿਰ ਇਹੋ ਜਿਹੀ ਗਲਤੀ ਪ੍ਰਮਾਤਮਾ ਬਖਸ਼ ਦਿੰਦਾ ਹੈ ਭਾਵ ਅਸੀਂ ਜਾਣ ਬੁੱਝ ਕੇ ਕੋਈ ਗਲਤੀ ਨਹੀਂ ਕੀਤੀ, ਉਸਨੇ ਆਪ ਹੀ ਸਾਡੇ ਕੋਲੋਂ ਕਰਵਾਈ ਹੈ। ਜਦੋਂ ਗਲਤੀ ਦੀ ਸਮਝ ਲੱਗ ਜਾਵੇ ਭਾਵ ਜਦੋਂ ਪ੍ਰਮਾਤਮਾ ਕੋਈ ਇਹੋ ਜਿਹੀ ਬਿਧ ਬਣਾ ਦੇਵੇ ਜਿਸ ਦੁਆਰਾ ਸਾਨੂੰ ਆਪਣੀ ਗਲਤੀ ਦੀ ਸਮਝ ਆ ਜਾਵੇ, ਉਸ ਤੋਂ ਬਾਅਦ ਵੀ ਉਸ ਗਲਤੀ ਨੂੰ ਦੁਹਰਾਉਣਾ ਠੀਕ ਨਹੀਂ ਹੋਵੇਗਾ। ਭਗਤੀ ਕੀ ਹੈ, ਨਾਮ ਜਪਣਾ ਕੀ ਹੈ, ਇਸ ਗੱਲ ਦੀ ਸੋਝੀ ਹੁਣ ਗੁਰੂ ਦੇ ਸ਼ਬਦਾਂ ਦੀ ਵਿਆਖਿਆ ਦੁਆਰਾ ਬੜੇ ਸਪੱਸ਼ਟ ਤਰੀਕੇ ਨਾਲ ਪੈ ਚੁੱਕੀ ਹੈ ਤੇ ਇਸ ਤੋਂ ਬਾਅਦ ਵੀ ਅਗਰ ਅਸੀਂ ਉਹੋ ਜਿਹਾ ਜਪ ਹੀ ਕਰਨਾ ਚਾਹੁੰਦੇ ਹਾਂ ਭਾਵ ਅਸੀਂ ਗੁਰੂ ਦੀ ਦੱਸੀ ਗੱਲ ਤੇ ਯਕੀਨ ਨਹੀਂ ਕਰਦੇ, ਤਾਂ ਫਿਰ ਗੁਰੂ ਦੇ ਹੁਕਮ ਦੀ ਨਾਫ਼ੁਰਮਾਨੀ ਹੀ ਹੈ।

3/153

ਇਸ ਤੋਂ ਭਾਵ ਇਹ ਹੋਵੇਗਾ ਕਿ ਅਸੀਂ ਮਨਮਤਿ ਛੱਡਣਾ ਹੀ ਨਹੀਂ ਚਾਹੁੰਦੇ, ਅਸੀਂ ਗੁਰੂ ਦੀ ਕ੍ਰਿਪਾ ਦਾ ਪਾਤਰ ਬਣਨਾ ਹੀ ਨਹੀਂ ਚਾਹੁੰਦੇ। ਮਨਮਤਿ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਸਿਰ ਹੀ ਹੈ, ਸਾਡਾ ਹੀ ਸੱਚਾ ਫਰਜ ਹੈ ਜਿਵੇਂ ਕਿ ਸ਼ਬਦਾਂ ਰਾਹੀਂ ਸਾਨੂੰ ਵਾਰ-ਵਾਰ ਇਹ ਗੱਲ ਸਮਝਾਈ ਹੋਈ ਹੈ।

ਬੜਾ ਪੁਰਾਣਾ ਅਖਾਣ ਹੈ, ਅਗਰ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁਲਿਆ ਹੋਇਆ ਨਹੀਂ ਕਹਿੰਦੇ। ਗੁਰੂ ਦੀ ਗੱਲ ਨੂੰ ਮੰਨਣ ਵਿੱਚ ਹੀ ਭਲਾਈ ਹੈ। ਗੁਰੂ ਸਾਨੂੰ ਚੰਗੇ ਕਰਮ ਕਰਨ ਲਈ ਹੀ ਪ੍ਰੇਰ ਰਿਹਾ ਹੈ, ਮਨੁੱਖਤਾ ਦੀ ਭਲਾਈ ਲਈ ਹੀ ਪ੍ਰੇਰ ਰਿਹਾ ਹੈ ਅਤੇ ਇਸੇ ਵਿੱਚ ਹੀ ਸਾਡੀ ਭਲਾਈ ਹੈ। ਇੱਥੇ ਇਸ ਗੱਲ ਨੂੰ ਫਿਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਮੁੱਖੋਂ ਵਾਹਿਗੁਰੂ ਬੋਲਣਾ ਕੋਈ ਮਾੜੀ ਗੱਲ ਨਹੀਂ ਹੈ, ਇਹ ਵੀ ਪ੍ਰਮਾਤਮਾ ਨੂੰ ਸੰਬੋਧਨ ਕਰਨ ਦਾ ਇੱਕ ਨਾਮ, ਇੱਕ ਅੱਖਰ ਹੈ, ਪਰ ਵਾਹਿਗੁਰੂ ਦਾ ਮਕਸਦ ਸਾਨੂੰ ਚੰਗੇ ਇਨਸਾਨ ਬਣਾਉਣ ਦਾ ਹੈ ਜੋ ਉਸ ਦੀ ਦੱਸੀ ਹੋਈ ਗੱਲ ਤੇ ਪੂਰਾ ਉਤਰ ਕੇ ਹੀ ਬਣਿਆ ਜਾ ਸਕਦਾ ਹੈ। ਵਾਹਿਗੁਰੂ ਨੇ ਸਾਨੂੰ ਇਤਨੀ ਵੱਡੀ ਗੁਰਬਾਣੀ ਦੀ ਦਾਤ ਇਸੇ ਲਈ ਬਖਸ਼ੀ ਹੈ ਕਿ ਅਸੀਂ ਭਰਮਾਂ ਵਿੱਚੋਂ ਨਿਕਲੀਏ ਤੇ ਅਸਲ ਗੱਲ ਨੂੰ ਸਮਝੀਏ। ਗੱਲ ਸਿਰਫ਼ ਇਹ ਸਮਝਣ ਦੀ ਹੈ ਕਿ ਅਸੀਂ ਅੱਖਰ ਜਪਣ ਨੂੰ, ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਮਤਿ ਤੇ ਪੂਰਾ ਉਤਰਨਾ ਨਾ ਸਮਝ ਲਈਏ ਭਾਵ ਇਹ ਨਾ ਸੋਚੀਏ ਕਿ ਵਾਹਿਗੁਰੂ-ਵਾਹਿਗੁਰੂ ਕਰਨ ਨਾਲ ਸਾਡਾ ਮਕਸਦ ਪੂਰਾ ਹੋ ਗਿਆ ਹੈ ਤੇ ਇਹੀ ਸਾਡੀ ਭਗਤੀ ਹੈ ਭਾਵ ਇਹੋ ਜਿਹੀ ਜਪਣੀ ਦੁਆਰਾ ਅਸੀਂ ਅਸਲ ਭਗਤੀ ਤੋਂ ਦੂਰ ਨਾ ਹੋ ਜਾਈਏ, ਇਸ ਗੱਲ ਨੂੰ ਵਿਚਾਰਨ ਦੀ ਲੋੜ ਹੈ।

ਇੱਥੇ ਇੱਕ ਗੱਲ ਹੋਰ ਸਪੱਸ਼ਟ ਕੀਤੀ ਜਾਂਦੀ ਹੈ ਕਿ ਦਾਸ ਦਾ ਮਕਸਦ ਕੇਵਲ ਗੁਰੂ ਦੀ ਗੱਲ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਦਾ ਹੈ। ਜਿਵੇਂ ਕਿ ਅਸੀਂ ਪਿੱਛੇ ਇਹ ਜਾਣਿਆ ਹੈ ਕਿ ਮਨੁੱਖ ਦੇ ਆਪਣੇ ਵੱਸ ਕੁੱਝ ਨਹੀਂ ਹੈ ਤੇ ਮਨੁੱਖ ਉਹੀ ਕੁੱਝ ਕਰਦਾ ਹੈ ਜਿਹੋ ਜਿਹਾ ਪ੍ਰਮਾਤਮਾ ਨੂੰ ਭਾਉਂਦਾ ਹੈ। ਦਾਸ ਕੋਲੋਂ ਵੀ ਪ੍ਰਮਾਤਮਾ ਉਹੀ ਕੁੱਝ ਕਰਵਾ ਰਿਹਾ ਹੈ ਜੋ ਉਸ ਨੂੰ ਭਾਉਂਦਾ ਹੈ। ਇਸ ਪੁਸਤਕ ਰਾਹੀਂ ਸਮਝਾਈਆਂ ਹੋਈਆਂ ਗੱਲਾਂ ਨੂੰ ਕੋਈ ਮੰਨਦਾ ਹੈ ਜਾਂ ਨਹੀਂ ਮੰਨਦਾ ਇਸ ਗੱਲ ਦਾ ਦਾਸ ਨੂੰ ਕੋਈ ਫ਼ਰਕ ਨਹੀਂ ਹੈ, ਕਿਸੇ ਦੁਨਿਆਵੀ ਸ਼ੋਭਾ ਦੀ ਲੋੜ ਨਹੀਂ ਹੈ। ਦਾਸ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਦਾ ਹੈ ਕਿ ਜਿਸ ਨੂੰ ਪ੍ਰਮਾਤਮਾ ਦੀ ਮਰਜ਼ੀ ਹੋਵੇਗੀ ਆਪੇ ਸਮਝਾ ਲਵੇਗਾ, ਇਹ ਉਸਦਾ ਆਪਣਾ ਕੰਮ ਹੈ। ਦਾਸ ਕੋਲੋਂ, ਜੋ ਵੀ ਅਕਾਲ ਪੁਰਖ ਕਰਵਾ ਰਿਹਾ ਹੈ, ਇਸ ਦਾ ਮਕਸਦ ਉਹ ਆਪ ਹੀ ਜਾਣਦਾ ਹੈ। ਦਾਸ ਤੇ ਉਸ ਨੇ ਕ੍ਰਿਪਾ ਕਿਸ ਲਈ ਕੀਤੀ ਹੈ ਇਹ ਉਹ ਆਪ ਹੀ ਜਾਣੇ। ਦਾਸ ਜੋ ਕਿ ਗੁਰਬਾਣੀ ਬਾਰੇ

3/154

ਕੁੱਝ ਸਮਾਂ ਪਹਿਲੇ ਤੱਕ ਬਿਲਕੁਲ ਹੀ ਅਣਜਾਣ ਸੀ, ਉਸ ਕੋਲੋਂ ਉਹ ਇਹੋ ਜਿਹੇ ਅਰਥ ਕਰਵਾ ਰਿਹਾ ਹੈ ਜੋ ਕਦੇ ਦਾਸ ਖਵਾਬ ਵਿੱਚ ਵੀ ਨਹੀਂ ਸੀ ਸੋਚ ਸਕਦਾ।

ਜਿਹੜੇ ਅਰਥ ਬਿਲਕੁਲ ਹੀ ਸਮਝ ਤੋਂ ਬਾਹਰ ਹੁੰਦੇ ਹਨ, ਕੁੱਝ ਹੀ ਸੈਕਿੰਡ ਵਿੱਚ ਉਹ ਆਪਣੇ ਆਪ ਹੀ ਸਮਝਾ ਦਿੰਦਾ ਹੈ। ਉਹ ਆਪ ਹੀ ਅੰਦਰ ਬੈਠਾ ਸਭ ਕੁੱਝ ਕਰਵਾ ਰਿਹਾ ਹੈ, ਸਮਝਾ ਰਿਹਾ ਹੈ। ਉਹ ਪੂਰਨ ਗੁਰੂ ਹੈ। ਉਹ ਆਪਣੀ ਗੱਲ

ਦੀ ਸੋਝੀ ਆਪ ਹੀ ਪਾਉਂਦਾ ਹੈ। ਇਹ ਉਸ ਦਾ ਬਿਰਦ ਹੈ, ਨਿਯਮ ਹੈ। ਉਹ ਆਪਣਾ ਅਸੂਲ ਪੂਰਾ ਕਰ ਕੇ ਦਿਖਾਉਂਦਾ ਹੈ, ਨਿਭਾਅ ਕੇ ਦਿਖਾਉਂਦਾ ਹੈ। ਉਹ ਸਭ ਕੁੱਝ ਕਰ ਸਕਦਾ ਹੈ। ਦਾਸ ਕੇਵਲ ਉਸਦਾ ਹੁਕਮ ਵਜਾ ਰਿਹਾ ਹੈ, ਉਸਦੀ ਲਾਈ ਹੋਈ ਕਾਰੇ ਲੱਗਿਆ ਹੋਇਆ ਹੈ। ਇਸ ਵਿੱਚ ਦਾਸ ਦਾ ਆਪਣਾ ਕੁੱਝ ਵੀ ਨਹੀਂ ਹੈ। ਜੋ ਅਰਥ ਆਪਣੇ ਹੈ ਹੀ ਨਹੀਂ, ਉਸਦਾ ਮਾਣ ਕਿਵੇਂ ਕੀਤਾ ਜਾ ਸਕਦਾ ਹੈ। ਇਹ ਮਾਨ ਅਭਿਮਾਨ ਦੀਆਂ ਗੱਲਾਂ ਮਨੁੱਖ ਤਦ ਤੱਕ ਹੀ ਕਰ ਸਕਦਾ ਹੈ ਜਦ ਤੱਕ ਆਪਣੇ ਆਪ ਦੀ ਪਛਾਣ ਨਾ ਹੋ ਜਾਵੇ। ਦਾਸ ਦੇ ਭੁਲੇਖੇ ਦੀ, ਤ੍ਰੈਗੁਣਾਂ ਦੀ ਮੌਤ, ਹਉਮੈ ਦੀ ਮੌਤ 17-04-2010 ਦੀ ਹੋ ਚੁੱਕੀ ਹੈ ਤੇ ਪਿੱਛੇ ਜੋ ਕੁੱਝ ਵੀ ਬਚਦਾ ਹੈ ਉਹ "ਇੱਕ ਸੋਚ" ਹੈ ਭਾਵ ਜਿਸ ਵਿੱਚ ਦੁਚਿੱਤੀ ਨਹੀਂ ਹੈ ਕਿ ਪ੍ਰਮਾਤਮਾ ਕੀ ਹੈ, ਮਨੁੱਖ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ। ਉਹ ਮਨੁੱਖੀ ਸਰੀਰ ਰਾਹੀਂ ਆਪਣਾ ਮਕਸਦ ਕਿਵੇਂ ਪੂਰਾ ਕਰਦਾ ਹੈ ਇਸ ਗੱਲ ਦੀ ਸੋਝੀ ਉਸ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਕਿਸੇ ਨੂੰ ਉਲਝਾ ਕੇ ਆਪਣਾ ਮਕਸਦ ਪੂਰਾ ਕਰਦਾ ਹੈ ਤੇ ਕਿਤੇ ਆਪਣੀ ਸੱਚੀ ਸੋਝੀ ਪਾ ਕੇ ਆਪਣਾ ਮਕਸਦ ਪੂਰਾ ਕਰਦਾ ਹੈ। ਦਾਸ ਦੇ ਰਾਹੀਂ ਪ੍ਰਮਾਤਮਾ ਆਪਣਾ ਮਕਸਦ ਹੀ ਪੂਰਾ ਕਰਵਾ ਰਿਹਾ ਹੈ ਜੋ ਕਿ ਪੂਰੇ ਸੰਸਾਰ ਨੂੰ ਗੁਰਬਾਣੀ ਦੇ ਅਰਥ ਸਮਝਾਉਣ ਦਾ ਹੈ। ਦਾਸ ਨਾਲ ਕੀ ਕੁੱਝ ਬੀਤਿਆ ਹੈ ਇਸ ਬਾਰੇ ਥੋੜ੍ਹੀ ਜਿਹੀ ਚਰਚਾ ਪੁਸਤਕ ਰਾਹੀਂ ਵੀ ਕੀਤੀ ਹੈ। ਉਹ ਪ੍ਰਮਾਤਮਾ ਬਹੁਤ-ਬਹੁਤ-ਬਹੁਤ ਜ਼ਿਆਦਾ ਸਿਆਣਾ ਹੈ, ਜੋ ਕਿ ਅੰਦਾਜ਼ਿਆਂ ਦੇ ਅੰਦਾਜ਼ੇ ਤੋਂ ਵੀ ਪਰ੍ਹੇ ਹੈ। ਇਸ ਦਾ ਕੁਝ ਅੰਦਾਜ਼ਾ ਮਨੁੱਖ ਨੂੰ ਤਾਂ ਹੀ ਲੱਗ ਸਕਦਾ ਹੈ ਜਦੋਂ ਉਸਦੀ ਕ੍ਰਿਪਾ ਹੋ ਜਾਵੇ। ਮਨੁੱਖ ਹਕੀਕਤ ਵਿੱਚ ਇੱਕ ਕਠਪੁਤਲੀ ਹੈ ਅਤੇ ਉਹ ਮਨੁੱਖ ਨੂੰ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ।

{ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥
ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥}

(ਅੰਗ - ੩੧)

{ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥}

(ਅੰਗ - ੧੩੪੬)

{ਹਰਿ ਕਾ ਸਭੁ ਸਰੀਰੁ ਹੈ ਹਰਿ ਰਵਿ ਰਹਿਆ ਸਭੁ ਆਪੇ ॥
ਹਰਿ ਕੀ ਕੀਮਤਿ ਨਾ ਪਵੈ ਕਿਛੁ ਕਹਣੁ ਨ ਜਾਪੈ ॥
ਗੁਰ ਪਰਸਾਦੀ ਸਾਲਾਹੀਐ ਹਰਿ ਭਗਤੀ ਰਾਪੈ ॥
ਸਭੁ ਮਨੁ ਤਨੁ ਹਰਿਆ ਹੋਇਆ ਅਹੰਕਾਰੁ ਗਵਾਪੈ ॥
ਸਭੁ ਕਿਛੁ ਹਰਿ ਕਾ ਖੇਲੁ ਹੈ ਗੁਰਮੁਖਿ ਕਿਸੈ ਬੁਝਾਈ ॥੧੩॥}

(ਅੰਗ - ੯੫੩)

{ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥
ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥੧॥ ਰਹਾਉ ॥}

(ਅੰਗ - ੪੯੪)

ਗੁਰਬਾਣੀ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ, ਮਨੁੱਖ ਨਾਲ ਉਸੇ ਤਰ੍ਹਾਂ ਹੀ ਬੀਤਦਾ ਹੈ।

ਦਾਸ ਨਾਲ ਜੋ ਕੁੱਝ ਬੀਤਦਾ ਹੈ ਉਹ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ, ਖਵਾਬ ਤੋਂ ਵੀ ਬਾਹਰ ਹੈ। ਇੱਕ ਗੱਲ ਸੌ ਫੀਸਦੀ (100%) ਸੱਚੀ ਕਰਕੇ ਜਾਣ ਲਵੋ ਕਿ ਜੋ ਜੋ ਗੁਰਬਾਣੀ ਵਿੱਚ ਲਿਖਿਆ ਹੈ,

ਉਹ ਉਸੇ ਤਰ੍ਹਾਂ ਸੱਚ ਹੈ, ਉਸੇ ਤਰ੍ਹਾਂ ਵਰਤਦਾ ਹੈ, ਸਭ ਕੁੱਝ ਉਸੇ ਤਰ੍ਹਾਂ ਹੀ ਹੁੰਦਾ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਆਪ ਹੀ ਹੈ, ਆਪ ਹੀ ਹੈ। ਇੱਕ ਬਹੁਤ ਛੋਟੀ ਜਿਹੀ ਗੱਲ ਦਾਸ ਤੁਹਾਡੇ ਨਾਲ ਸਾਂਝੀ ਕਰ ਰਿਹਾ ਹੈ। ਇੱਕ ਦਿਨ ਦਾਸ ਇੱਕ ਮੰਦਰ ਦੇ ਅੱਗੋਂ ਨਿਕਲ ਰਿਹਾ ਸੀ ਤੇ ਅਚਾਨਕ ਹੀ ਦਾਸ ਦੇ ਮੁੱਖੋਂ ਉੱਚੀ ਉੱਚੀ ਜੈ ਸੀਆ ਰਾਮ-ਜੈ ਸੀਆ ਰਾਮ ਨਿਕਲਣਾ ਸ਼ੁਰੂ ਹੋ ਗਿਆ। ਦਾਸ ਇੱਕ ਦਮ ਹੈਰਾਨ ਹੋ ਗਿਆ ਮਗਰ ਉਸ ਦੇ ਕੁੱਝ ਹੀ ਦੇਰ ਬਾਅਦ ਅੰਦਰੋਂ ਹੀ ਉਸਨੇ ਇਹ ਸੋਝੀ ਪਾਈ, ਕਿ ਜਿੱਥੇ ਵੀ ਕੋਈ ਲੱਗਾ ਹੈ, ਉਸਦਾ ਲਾਇਆ ਹੋਇਆ ਹੀ ਲੱਗਾ ਹੈ। ਇਸ ਲਈ ਸਾਨੂੰ ਕਿਸੇ ਨਾਲ ਕੋਈ ਇਸ ਗੱਲੋਂ ਦਵੈਸ਼ ਭਾਵਨਾ ਨਹੀਂ ਰੱਖਣੀ ਚਾਹੀਦੀ ਕਿ ਕੌਣ ਕਿਸ ਤਰੀਕੇ ਧਰਮ ਨੂੰ ਸਮਝਦਾ ਹੈ ਤੇ ਕਿਸ ਤਰੀਕੇ ਨਾਲ ਮੰਨਦਾ ਹੈ। ਜਿਹੜਾ ਵੀ ਜਿਹੜੇ ਰਾਹ ਤੇ ਤੁਰ ਰਿਹਾ ਹੈ, ਉਸ ਪ੍ਰਮਾਤਮਾ ਦਾ ਤੋਰਿਆ ਹੀ ਤੁਰ ਰਿਹਾ ਹੈ। ਸਭ ਦੇ ਅੰਦਰ ਗਿਆਨ ਉਸਦਾ ਹੀ ਵਰਤ ਰਿਹਾ ਹੈ। ਉਹ ਆਪ ਹੀ ਉਲਝਣਾ ਪਾਉਂਦਾ ਹੈ ਤੇ ਆਪ ਹੀ ਉਲਝਣਾਂ ਵਿੱਚੋਂ ਕੱਢਦਾ ਹੈ। ਉਸਨੂੰ ਸਮਝਣਾ ਸਾਡੇ ਵੱਸ ਤੋਂ ਬਾਹਰ ਹੈ। ਉਹ ਆਪ ਸਮਝਾਏ, ਤਾਂ ਹੀ ਅਸੀਂ ਸਮਝ ਸਕਦੇ ਹਾਂ। ਸਾਡੀ ਮਤਿ ਤੇ ਪ੍ਰਮਾਤਮਾ ਨੇ ਆਪ ਹੀ ਬੰਧਨ ਲਾਇਆ ਹੋਇਆ ਹੈ ਤੇ ਇਸ ਬੰਧਨ ਤੋਂ ਉਹ ਆਪ ਹੀ ਮੁਕਤ ਕਰ ਸਕਦਾ ਹੈ। ਦਾਸ ਨੇ ਤੁਹਾਡੇ ਨਾਲ ਕੇਵਲ ਇੱਕ ਛੋਟੇ ਜਿਹੇ ਨਿੱਜੀ ਤਜ਼ਰਬੇ ਦੀ ਸਾਂਝ ਕੀਤੀ ਹੈ। ਇਹੋ ਜਿਹਾ ਦਾਸ ਨਾਲ ਕਿਸੇ ਨਾ ਕਿਸੇ ਤਰੀਕੇ ਹਰ ਰੋਜ਼ ਵਰਤਦਾ ਹੈ ਜੋ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਬਸ ਇਤਨਾ ਜਾਣ ਲਵੋ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਤੁਹਾਡੇ ਲਈ ਇਹ ਮੰਨਣਾ ਵੀ ਹੈਰਾਨੀ ਦੀ ਗੱਲ ਹੋਵੇਗੀ ਕਿ ਜਦੋਂ ਦਾਸ ਗੁਰਬਾਣੀ ਪੜ੍ਹ ਰਿਹਾ ਹੁੰਦਾ ਹੈ, ਉਸ ਵਕਤ ਜਿਹੜੇ ਸ਼ਬਦ ਦੇ ਅਰਥ ਉਸ ਨੇ ਸਮਝਾਉਣੇ ਹੁੰਦੇ ਹਨ ਉੱਥੇ ਆ ਕੇ ਆਪਣੇ ਆਪ ਹੀ ਜ਼ੁਬਾਨ ਬੰਦ ਹੋ ਜਾਂਦੀ ਹੈ, ਜਾਂ ਅੱਖਾਂ ਬੰਦ ਹੋ ਜਾਂਦੀਆਂ ਹਨ। ਦਾਸ ਉਹ ਸ਼ਬਦ ਨੋਟ ਕਰ ਲੈਂਦਾ ਹੈ ਤੇ ਨਾਲ ਦੀ ਨਾਲ ਹੀ ਪ੍ਰਮਾਤਮਾ ਉਸਦੇ ਅਰਥ ਸਮਝਾ ਦਿੰਦਾ ਹੈ। ਉਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਕਈ ਵਾਰੀ ਕਿਸੇ ਸ਼ਬਦ ਦੇ ਅਰਥ ਬਿਨ੍ਹਾਂ ਸਮਝਾਉਣ ਤੋਂ ਸਿੱਧੇ ਹੀ ਅੰਦਰੋਂ ਬੋਲ ਕੇ ਲਿਖਵਾ ਦਿੰਦਾ ਹੈ ਤੇ ਦਾਸ ਨੂੰ ਅਰਥਾਂ ਦੀ ਸੋਝੀ ਲਿਖਣ ਤੋਂ ਬਾਅਦ ਪੈਂਦੀ ਹੈ। ਅੰਦਰ ਉਹ ਆਪ ਹੀ ਬੋਲਦਾ ਹੈ ਤੇ ਮਨੁੱਖ ਕੇਵਲ ਇੱਕ ਦਿਖਾਵਾ ਮਾਤਰ ਹੈ। ਉਹ ਸਭ ਕੁੱਝ ਕਰਨ ਦੇ ਸਮਰੱਥ ਹੈ ਤੇ ਸਭ ਕੁੱਝ ਆਪ ਹੀ ਕਰਵਾਉਂਦਾ ਹੈ। ਅਗਰ ਉਹ ਜ਼ੁਬਾਨ ਬੰਦ ਕਰ ਦੇਵੇ ਤਾਂ ਮਨੁੱਖ

3/156 ਅਤੇ 156-ਅ

ਉਸ ਨੂੰ ਹਿਲਾ ਵੀ ਨਹੀਂ ਸਕਦਾ, ਅੱਖਾਂ ਬੰਦ ਕਰ ਦੇਵੇ ਤਾਂ ਅੱਖਾਂ ਖੋਲ੍ਹ ਹੀ ਨਹੀਂ ਸਕਦਾ। ਤੁਸੀਂ ਅਗਰ ਉੱਠ ਕੇ ਸੱਜੇ ਪਾਸੇ ਜਾਣਾ ਚਾਹੋ ਤੇ ਉਹ ਖੱਬੇ ਪਾਸੇ ਮੋੜ ਦਿੰਦਾ ਹੈ। ਮਨੁੱਖ ਦੇ ਅੰਦਰ ਹੁਕਮ ਸਿਰਫ ਪ੍ਰਮਾਤਮਾ ਦਾ ਚੱਲਦਾ ਹੈ। ਇਹ ਅਜੇ ਤੁਹਾਡੇ ਨਾਲ ਬਹੁਤ ਛੋਟੀਆਂ ਗੱਲਾਂ ਦੀ ਸਾਂਝ ਕੀਤੀ ਹੈ। ਉਹ ਮਨੁੱਖ ਕੋਲੋਂ ਜੋ ਚਾਹੇ ਕਰਵਾ ਸਕਦਾ ਹੈ। ਇੱਕ ਗੱਲ ਇਹ ਵੀ ਚੰਗੀ ਤਰ੍ਹਾਂ ਸਮਝ ਲਈਏ ਕਿ ਪ੍ਰਮਾਤਮਾ ਜੋ ਕੁੱਝ ਵੀ ਕਰਦਾ ਹੈ ਉਹ ਸਾਇੰਟਿਫਿਕ ਹੈ, ਕਿਸੇ ਸਿਸਟਮ ਵਿੱਚ ਹੈ, ਨਿਯਮ ਵਿੱਚ ਹੈ। ਜਿਹੜੀ ਗੱਲ ਸਾਨੂੰ ਸਾਇੰਸ ਪ੍ਰਤੱਖ ਕਰ ਕੇ ਦਿਖਾ ਦਿੰਦੀ ਹੈ ਉਹ ਚੀਜ ਦਾ ਰਾਜ ਸਾਨੂੰ ਸਮਝ ਆ ਜਾਂਦਾ ਹੈ। ਜਦ ਤੱਕ ਸਾਨੂੰ ਕਿਸੇ ਗੱਲ ਦਾ ਰਾਜ ਸਮਝ ਨਾ ਆਵੇ, ਉਸ ਨੂੰ ਅਸੀਂ ਕੋਈ ਕੌਤਕ ਸਮਝੀਂ ਜਾਂਦੇ ਹਾਂ। ਗੁਰਬਾਣੀ ਵਿਚ ਇਹ ਗੱਲ ਲਿਖੀ ਹੋਈ ਹੈ ਕਿ ਸਪੇਸ ਭਾਵ ਪੁਲਾੜ ਵਿੱਚ ਸਭ ਕੁੱਝ ਘੁੰਮਦਾ ਹੈ, ਕੁੱਝ ਵੀ ਟਿਕਿਆ ਹੋਇਆ ਨਹੀਂ ਹੈ ਤੇ ਅਨੇਕਾਂ ਹੀ ਸੂਰਜ ਹਨ, ਖੰਡ, ਬ੍ਰਹਿਮੰਡ ਹਨ ਜੋ ਗੱਲਾਂ ਸਦੀਆਂ ਪਹਿਲੇ ਦੀਆਂ ਲਿਖੀਆਂ ਹੋਈਆਂ ਹਨ। ਜਦੋਂ ਗੁਰਬਾਣੀ ਲਿਖੀ ਗਈ ਸੀ, ਅਗਰ ਉਦੋਂ ਇਸਦੇ ਅਰਥ ਕਰਕੇ ਦੱਸੇ ਜਾਂਦੇ ਤਾਂ ਇਸ ਗੱਲ ਨੂੰ ਕਿਸੇ ਨੇ ਮੰਨਣਾ ਨਹੀਂ ਸੀ, ਕੇਵਲ ਇੱਕ ਕੌਤਕ ਸਮਝਣਾ ਸੀ। ਹੁਣ ਸਾਇੰਸ ਨੇ ਇਹ ਪ੍ਰਤੱਖ ਦਿਖਾ ਦਿੱਤਾ ਹੈ ਕਿ ਸਭ ਕੁੱਝ ਘੁੰਮਦਾ ਹੈ ਤੇ ਧਰਤੀ ਵੀ ਘੁੰਮਦੀ ਹੈ ਤੇ ਦੋ ਤਰੀਕਿਆਂ ਨਾਲ ਘੁੰਮਦੀ ਹੈ ਅਤੇ ਕਿਸੇ ਸਾਇੰਟਿਫਿਕ ਤਰੀਕੇ ਨਾਲ ਘੁੰਮਦੀ ਹੈ। ਹੁਣ ਇਹ ਸਾਨੂੰ ਸਾਇੰਟਿਫਿਕ ਲੱਗਦਾ ਹੈ। ਬਾਣੀ ਵਿੱਚ ਇਹ ਵੀ ਸਮਝਾਇਆ ਹੈ ਕਿ ਸੂਰਜ ਤੋਂ ਵੱਡੇ ਹੋਰ ਸੂਰਜ ਹਨ ਤੇ ਉਹ ਵੀ ਘੁੰਮ ਰਹੇ ਹਨ। ਪਹਿਲਾਂ ਇਹ ਗੱਲ ਕਿਸੇ ਦੇ ਯਕੀਨ ਵਿੱਚ ਨਹੀਂ ਸੀ ਆਉਂਦੀ ਪਰ ਹੁਣ ਵਿਗਿਆਨ ਦੀ ਖੋਜ ਤੋਂ ਬਾਅਦ ਇਹ ਗੱਲਾਂ ਸਾਫ਼ ਹੋ ਗਈਆਂ ਹਨ। ਵਿਗਿਆਨੀ ਕੋਈ ਰੱਬ ਤੋਂ ਵੱਖਰੇ ਨਹੀਂ ਹਨ। ਉਨ੍ਹਾਂ ਵਿੱਚ ਵੀ ਉਹ ਆਪ ਹੀ ਵਰਤ ਰਿਹਾ ਹੈ। ਵਿਗਿਆਨੀ ਕੋਈ ਧਰਮ ਦੇ ਉਲਟ ਚੱਲਣ ਵਾਲੇ ਨਹੀਂ ਹਨ ਬਲਕਿ ਉਹ ਵੀ ਧਰਮ ਦਾ ਹਿੱਸਾ ਹਨ। ਉਹ ਖੋਜ ਕਰਨ ਦੁਆਰਾ ਆਪਣਾ ਧਰਮ ਕਮਾ ਰਹੇ ਹਨ, ਮਨੁੱਖਤਾ ਦੇ ਭਲੇ ਲਈ ਲੱਗੇ ਹੋਏ ਹਨ, ਮਨੁੱਖਤਾ ਦੇ ਸੇਵਕ ਹਨ। ਇਨ੍ਹਾਂ ਖੋਜਾਂ ਦੁਆਰਾ ਹੀ ਮਨੁੱਖ ਦੀ ਜ਼ਿੰਦਗੀ ਸੌਖੀ ਹੁੰਦੀ ਹੈ। ਜਿਉਂ-ਜਿਉਂ ਮਨੁੱਖਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ, ਤਿਉਂ-ਤਿਉਂ ਖੋਜਾਂ ਰਾਹੀਂ

3/157

ਅੰਨ ਵਿੱਚ, ਰਿਜ਼ਕ ਵਿੱਚ ਵਾਧਾ ਵੀ ਪਾਈ ਜਾ ਰਿਹਾ ਹੈ। ਖੋਜੀ ਵੀ ਉਹ ਆਪ ਹੀ ਹੈ ਤੇ ਸਮੇਂ ਦੀ ਲੋੜ ਮੁਤਾਬਿਕ ਇਸ ਸ੍ਰਿਸ਼ਟੀ ਦੀ ਸੰਭਾਲ ਕਰਨ ਲਈ ਸਾਧਨ ਵੀ ਆਪੇ ਹੀ ਬਣਾਈ ਜਾ ਰਿਹਾ ਹੈ। ਧਰਮ ਸਾਡਾ ਸੱਚੀ ਸੁੱਚੀ ਕਿਰਤ ਹੈ ਅਤੇ ਜਿੱਥੇ ਵੀ ਕੋਈ ਲੱਗਾ ਹੋਇਆ ਹੈ, ਜਿਹੜੀ ਕਾਰੇ ਵੀ ਲੱਗਾ ਹੋਇਆ ਹੈ ਅਗਰ ਉਹ ਉਸ ਨੂੰ ਆਪਣੀ ਇਮਾਨਦਾਰੀ ਨਾਲ ਨਿਭਾ ਰਿਹਾ ਹੈ, ਫਿਰ ਉਹ ਧਰਮ ਦੇ ਮਾਰਗ ਤੇ ਚੱਲ ਰਿਹਾ ਹੈ, ਨਾਮ ਜਪ ਰਿਹਾ ਹੈ। ਅਗਰ ਕੋਈ ਸਾਰਾ ਦਿਨ ਧਰਮ ਅਸਥਾਨਾਂ ਤੇ ਬੈਠ ਕੇ ਆਪਣੀ ਕਰਨੀ ਚੰਗੀ ਨਹੀਂ ਕਰਦਾ ਤੇ ਫਿਰ ਉਹ ਧਰਮੀ ਕਾਹਦਾ ਹੋਇਆ। ਬਾਣੀ ਸਾਨੂੰ ਵਾਰ-ਵਾਰ ਇਹੀ ਗੱਲ ਸਮਝਾ ਰਹੀ ਹੈ। ਇਹ ਜਰੂਰੀ ਨਹੀਂ ਕਿ ਧਰਮੀ ਉਹ ਹੈ ਜੋ ਧਰਮ ਦਾ ਦਿਖਾਵਾ ਕਰਦਾ ਹੈ। ਧਰਮੀ ਉਹ ਹੈ ਜੋ ਧਰਮ ਤੇ ਅਮਲ ਕਰਦਾ ਹੈ। ਪ੍ਰਮਾਤਮਾ ਕਿਸ ਨੂੰ ਧਰਮੀ ਬਣਾਉਂਦਾ ਹੈ ਤੇ ਕਿਸ ਨੂੰ ਅਧਰਮੀ ਬਣਾਉਂਦਾ ਹੈ, ਇਹ ਉਸਦੇ ਹੱਥ ਵਿੱਚ ਹੈ। ਇਹ ਉਸਦੇ ਹੱਥ ਵਿੱਚ ਹੈ ਕਿ ਉਹ ਕਿਸ ਮਨੁੱਖ ਨੂੰ ਕਿਹੋ ਜਿਹੀ ਸੋਚ ਦਿੰਦਾ ਹੈ, ਕਿਹੋ ਜਿਹੇ ਮਾਰਗ ਤੇ ਤੋਰਦਾ ਹੈ। ਇਹ ਸਭ ਉਸਦੀ ਖੇਡ ਹੈ ਜੋ ਸਾਡੀ ਸਮਝ ਤੋਂ ਬਾਹਰ ਹੈ। ਭਾਵੇਂ ਪ੍ਰਮਾਤਮਾ ਸਭ ਕੁੱਝ ਆਪ ਹੀ ਕਰਵਾ ਰਹਿਆ ਹੈ ਪਰ ਮਨੁੱਖ ਦਾ ਸੱਚਾ ਧਰਮ ਸਮਝਾਉਣ ਲਈ ਧਰਮ ਗ੍ਰੰਥਾਂ ਦੀ ਰਚਨਾ ਵੀ ਉਸਨੇ ਆਪ ਹੀ ਕੀਤੀ ਹੈ ਤੇ ਧਰਮ ਮਾਰਗ ਨੂੰ ਸਮਝ ਕੇ ਉਸ ਤੇ ਚੱਲਣ ਦਾ ਫਰਜ ਵੀ ਮਨੁੱਖ ਦੇ ਸਿਰ ਲਗਾਇਆ ਹੈ, ਜਿਸ ਫਰਜ ਨੂੰ ਮੰਨਣਾ ਸਾਡਾ ਧਰਮ ਹੈ। ਇਹ ਗੁਰਬਾਣੀ ਦਾ ਆਪਣਾ ਫੁਰਮਾਨ ਹੈ ਜੋ ਸਾਨੂੰ ਵਾਰ-ਵਾਰ ਸਮਝਾਇਆ ਹੋਇਆ ਹੈ।

ਪ੍ਰਮਾਤਮਾ ਦਾ ਹੁਕਮ ਉਸਦਾ ਸ਼ਬਦ ਰੂਪ ਹੈ ਜੋ ਸਭ ਜਗ੍ਹਾ ਵਰਤਦਾ ਹੈ। ਇਹ ਗੱਲ ਬਾਣੀ ਵਿੱਚ ਵਾਰ-ਵਾਰ ਸਮਝਾਈ ਗਈ ਹੈ। ਅਸੀਂ ਪਿੱਛੇ ਇਸ ਗੱਲ ਦਾ ਜ਼ਿਕਰ ਵੀ ਕਾਫੀ ਵਾਰ ਕੀਤਾ ਹੈ ਕਿ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਤਰ੍ਹਾਂ ਵਰਤ ਰਿਹਾ ਹੈ। ਸ਼ਬਦ ਪ੍ਰਮਾਤਮਾ ਦਾ ਹੁਕਮ ਹੈ, ਪ੍ਰਮਾਤਮਾ ਦਾ ਗਿਆਨ ਹੈ। ਪ੍ਰਮਾਤਮਾ ਸਭ ਵਿੱਚ ਆਪਣੇ ਸ਼ਬਦ ਦੁਆਰਾ, ਗਿਆਨ ਦੁਆਰਾ ਵਰਤ ਰਿਹਾ ਹੈ। ਮਨੁੱਖ ਦੇ ਅੰਦਰ ਵੀ ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿੱਚ ਹੀ ਵਰਤ ਰਹਿਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}

(ਅੰਗ - ੯੩੭)

ਇਸ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ। ਜਦ ਤੱਕ ਅਸੀਂ ਗਿਆਨ ਨੂੰ ਬਰੀਕੀ ਨਾਲ ਨਹੀਂ ਸਮਝਦੇ ਸਾਨੂੰ ਪ੍ਰਮਾਤਮਾ ਦੀ ਸਮਝ ਨਹੀਂ ਲੱਗ ਸਕਦੀ। ਇਸ ਗੱਲ ਨੂੰ ਹਰ ਕੋਈ ਮੰਨਦਾ ਹੈ ਕਿ ਪ੍ਰਮਾਤਮਾ ਨਿਰਗੁਣ ਸਰੂਪ ਵਿੱਚ, ਨਿਰੰਕਾਰ ਰੂਪ ਵਿੱਚ ਵਰਤਦਾ ਹੈ। ਆਓ ਹੁਣ ਇਹ ਸੋਚੀਏ, ਵਿਚਾਰੀਏ ਕਿ ਉਹ ਕਿਹੜੀ ਚੀਜ ਹੈ ਜਿਸਦਾ ਕੇਵਲ ਨਿਰੰਕਾਰ ਸਰੂਪ ਭਾਵ ਨਿਰਗੁਣ ਸਰੂਪ ਹੋ ਸਕਦਾ ਹੈ। ਜੋ ਕੁੱਝ ਵੀ ਅਸੀਂ ਸੰਸਾਰ ਵਿੱਚ ਦੇਖਦੇ ਹਾਂ, ਕੀ ਉਨ੍ਹਾਂ ਦਾ ਕੋਈ ਨਿਰੰਕਾਰ ਸਰੂਪ ਹੋ ਸਕਦਾ ਹੈ? ਜਿਵੇਂ ਕਿ ਸਾਡੇ ਹੱਥ ਵਿੱਚ ਪੈਨ ਹੈ, ਅਗਰ

3/158 ਅਤੇ 158-ਅ

ਇਹ ਖਤਮ ਹੋ ਜਾਵੇ, ਕੀ ਅਸੀਂ ਇਸ ਨੂੰ ਨਿਰਗੁਣ ਸਰੂਪ ਵਿੱਚ ਦੇਖ ਸਕਦੇ ਹਾਂ? ਨਹੀਂ ਦੇਖ ਸਕਦੇ। ਕਿਸੇ ਵੀ ਸਰਗੁਣ ਸਰੂਪ ਨੂੰ ਨਿਰਗੁਣ ਸਰੂਪ ਵਿੱਚ ਤਨ ਦੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਨਿਰਗੁਣ ਸਰੂਪ ਕੇਵਲ ਇੱਕੋ ਹੀ ਚੀਜ ਦਾ ਹੋ ਸਕਦਾ ਹੈ ਜੋ ਕਿ "ਗਿਆਨ" ਹੈ। ਗਿਆਨ ਤੋਂ ਇਲਾਵਾ ਕੁੱਝ ਵੀ ਨਿਰਗੁਣ ਰੂਪ ਨਹੀਂ ਹੋ ਸਕਦਾ। ਜੇਕਰ ਗਿਆਨ ਤੋਂ ਇਲਾਵਾ ਹੋਰ ਕੋਈ ਨਿਰਗੁਣ ਸਰੂਪ ਭਾਵ ਨਿਰੰਕਾਰ ਰੂਪ ਭਾਵ ਆਕਾਰ ਰਹਿਤ ਰੂਪ ਬਣ ਹੀ ਨਹੀਂ ਸਕਦਾ, ਫਿਰ ਪ੍ਰਮਾਤਮਾ ਦਾ ਨਿਰਗੁਣ ਸਰੂਪ ਕੀ ਹੈ, ਨਿਰੰਕਾਰ ਸਰੂਪ ਕੀ ਹੈ ਭਾਵ "ਗਿਆਨ" ਰੂਪ ਹੈ, ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਨਿਰੰਕਾਰ ਰੂਪ ਹੈ ਕਿਉਂਕਿ ਉਹ ਆਪ ਹੀ ਗਿਆਨ ਦਾ ਮੂਲ ਹੈ, "ਗਿਆਨ ਦਾ ਸ੍ਰੋਤ" ਹੈ। ਪੂਰੀ ਗੁਰਬਾਣੀ ਵਿਚ ਬ੍ਰਹਮ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। ਹਰ ਸ਼ਬਦ ਦੇ ਅੰਦਰ ਦਾ ਜੋ ਗਿਆਨ ਹੈ ਉਹ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਜਿਸ ਨੂੰ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। {**ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥**} ਅੰਗ - ੪੫੬ , {**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**} ਅੰਗ - ੧੨੦ । ਪ੍ਰਮਾਤਮਾ ਗਿਆਨ ਦੇ ਰੂਪ ਵਿੱਚ ਹੈ ਤੇ ਸਭ ਕੁੱਝ ਗਿਆਨ ਤੋਂ ਹੀ ਉਪਜਦਾ ਹੈ । ਹਰ ਸਰਗੁਣ ਸਰੂਪ ਗਿਆਨ ਤੋਂ ਹੀ ਉਪਜਦਾ ਹੈ। ਜਿਸ ਕੋਲ ਗਿਆਨ ਹੈ ਉਹ ਸਭ ਕੁੱਝ ਕਰ ਸਕਦਾ ਹੈ।

ਉਹ ਸ੍ਰਿਸ਼ਟੀ ਵੀ ਬਣਾ ਸਕਦਾ ਹੈ, ਚੰਦ, ਸੂਰਜ ਵੀ ਬਣਾ ਸਕਦਾ ਹੈ। ਹਰ ਕੰਮ ਲਈ ਗਿਆਨ ਦੀ ਜਰੂਰਤ ਹੈ। ਜੋ ਵੀ ਕੋਈ ਨਵੀਂ ਖੋਜ ਹੁੰਦੀ ਹੈ, ਗਿਆਨ ਦੁਆਰਾ ਹੀ ਹੁੰਦੀ ਹੈ। ਸਭ ਕੁਝ ਗਿਆਨ ਹੀ ਗਿਆਨ ਹੈ ਭਾਵ ਸਭ ਕੁੱਝ ਪ੍ਰਮਾਤਮਾ ਦੇ ਗਿਆਨ ਨਾਲ ਹੀ ਬਣਿਆ ਹੈ ਤੇ ਉਸੇ ਗਿਆਨ ਦੁਆਰਾ ਸਭ ਕੁੱਝ ਚੱਲ ਰਿਹਾ ਹੈ। ਉਸੇ ਗਿਆਨ ਦੁਆਰਾ ਮਨੁੱਖ ਬਣਿਆ ਹੈ ਤੇ ਉਸਦੇ ਗਿਆਨ ਦੁਆਰਾ ਹੀ ਵਿਚਰ ਰਿਹਾ ਹੈ, ਚੱਲ ਰਿਹਾ ਹੈ। ਜਿਸਨੇ ਸਾਨੂੰ ਬਣਾਇਆ ਹੈ, ਉਹੀ ਸਾਨੂੰ ਚਲਾ ਰਿਹਾ ਹੈ। ਜਿਸਨੇ ਇਹ ਖੇਡ ਬਣਾਈ ਹੈ, ਉਹੀ ਇਸ ਖੇਡ ਨੂੰ ਖੇਡ ਰਿਹਾ ਹੈ। ਜਿਸਨੇ ਆਪਣੀ ਖੇਡ ਲਈ, ਇਹ ਮਨੁੱਖ ਰੂਪੀ ਕਠਪੁਤਲੀਆਂ ਬਣਾਈਆਂ ਹਨ, ਉਹੀ ਇਨ੍ਹਾਂ ਨੂੰ ਨਚਾ ਰਿਹਾ ਹੈ ਤੇ ਖੁਸ਼ ਹੋ ਰਿਹਾ ਹੈ। ਅਸੀਂ ਕੇਵਲ ਉਸਦੀ ਇੱਕ ਖੇਡ ਹਾਂ, ਹੋਰ ਕੁੱਝ ਵੀ ਨਹੀਂ। ਆਓ ਇਸ ਗੱਲ ਨੂੰ ਕੁੱਝ ਇਸ ਤਰੀਕੇ ਨਾਲ ਸਮਝੀਏ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਤਰੀਕੇ ਨਾਲ ਵਰਤਦਾ ਹੈ। ਇਸ ਨੂੰ ਕੰਪਿਊਟਰ ਦੀ ਵਿਧੀ ਦੁਆਰਾ ਸਮਝਿਆ ਜਾ ਸਕਦਾ ਹੈ। ਸਾਡਾ ਸਰੀਰ ਕੰਪਿਊਟਰ ਦਾ ਹਾਰਡਵੇਅਰ ਹੈ ਤੇ ਸਾਡਾ ਮਨ ਕੰਪਿਊਟਰ ਦਾ ਸਾਫਟਵੇਅਰ ਹੈ। ਕੰਪਿਊਟਰ ਵਿੱਚ ਡਾਟਾ "ਸਰਵਰ" ਤੋਂ ਆਉਂਦਾ ਹੈ। ਸਾਰੀ ਦੁਨੀਆਂ ਵਿੱਚ ਇੱਕੋ ਇੰਟਰਨੈੱਟ ਵਰਤਦਾ ਹੈ ਭਾਵ ਹਰ ਕੰਪਿਊਟਰ ਵਿੱਚ ਇੰਟਰਨੈੱਟ ਦੇ "ਡਾਟਾ" ਦਾ ਸੋਰਸ ਭਾਵ ਸ੍ਰੋਤ ਇੱਕੋ ਹੀ ਹੈ। ਇਸੇ ਤਰ੍ਹਾਂ ਹਰ ਮਨੁੱਖ ਦੇ ਅੰਦਰ "ਡਾਟਾ" ਦਾ ਸੋਰਸ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਅੰਦਰ ਆਪਣਾ ਡਾਟਾ ਚੁੱਪ ਚਪੀਤੇ ਪਾਈ ਜਾ ਰਹਿਆ ਹੈ,

3/159

ਜਿਸਦੀ ਕਿ ਸਾਨੂੰ ਕੋਈ ਸਮਝ ਨਹੀਂ ਹੈ। ਸਾਡੇ ਮਨ ਦੇ ਵਿਚਾਰ ਕਿੱਥੋਂ ਆ ਰਹੇ ਹਨ, ਇਸਦੀ ਸਾਨੂੰ ਸਮਝ ਨਹੀਂ ਹੈ। ਸਭ ਦਾ ਪਾਸਵਰਡ ਪ੍ਰਮਾਤਮਾ ਦੇ ਕੋਲ ਹੈ। ਹੁਣ ਇੱਕ ਮਨੁੱਖ ਦੇ ਮਨ ਦੀ ਗੱਲ ਅਗਰ ਦੂਸਰਾ ਬੁੱਝ ਲੈਂਦਾ ਹੈ ਤਾਂ ਇਹ ਕੋਈ ਕੌਤਕ ਨਹੀਂ ਹੈ, ਇਹ ਕੋਈ ਅਸਚਰਜ ਵਾਲੀ ਗੱਲ ਨਹੀਂ ਹੈ, ਸਾਇੰਟਿਫਿਕ ਹੈ। ਸਾਨੂੰ ਇਸ ਦੀ ਸਮਝ ਨਾ ਹੋਣ ਕਰਕੇ ਅਸੀਂ ਇੱਕ ਕੌਤਕ ਸਮਝਦੇ ਹਾਂ। ਜਿਵੇਂ ਸਾਨੂੰ ਕਿਸੇ ਦੂਸਰੇ ਦੇ ਕੰਪਿਊਟਰ ਦਾ ਪਾਸਵਰਡ ਪਤਾ ਹੋਵੇ ਤਾਂ ਅਸੀਂ ਪਤਾ ਲਗਾ ਲੈਂਦੇ ਹਾਂ ਕਿ ਉਸਦੇ ਕੰਪਿਊਟਰ ਵਿੱਚ ਕੀ ਕੁੱਝ ਪਿਆ ਹੋਇਆ ਹੈ। ਪ੍ਰਮਾਤਮਾ ਜਿਸਨੂੰ ਚਾਹੇ ਉਹ ਉਸਨੂੰ ਦੂਸਰੇ ਦੇ ਮਨ ਦੀ ਗੱਲ ਸਮਝਾ ਸਕਦਾ ਹੈ ਭਾਵ ਉਸ ਵਿੱਚ ਉਹੋ ਜਿਹੀ ਸੋਚ ਪਾ ਕੇ ਸਮਝਾ ਸਕਦਾ ਹੈ। ਜਿਸ ਪ੍ਰਮਾਤਮਾ ਦੇ ਦਿੱਤੇ ਹੋਏ ਗਿਆਨ ਨਾਲ ਅਸੀਂ ਕੰਪਿਊਟਰ ਬਣਾਏ ਹਨ, ਮੋਬਾਇਲ ਬਣਾਏ ਹਨ, ਐਸਐਮਐਸ ਚੱਲਦੇ ਹਨ ਤੇ ਫਿਰ ਸੋਚੋ ਕਿ ਉਹ ਪ੍ਰਮਾਤਮਾ ਆਪ ਕਿਤਨੇ ਵੱਡੇ ਗਿਆਨ ਦਾ ਮਾਲਕ ਹੋਵੇਗਾ। ਜੋ ਖੰਡ ਬ੍ਰਹਿਮੰਡ ਬਣਾ ਸਕਦਾ ਹੈ, ਉਹ ਕੁੱਝ ਵੀ ਬਣਾ ਸਕਦਾ ਹੈ। ਸਾਰੇ ਮਨੁੱਖ ਪ੍ਰਮਾਤਮਾ ਦੇ ਬਣਾਏ ਹੋਏ ਰੋਬੋਟ ਹੀ ਹਨ। ਜਿਸ ਪ੍ਰਕਾਰ ਅਸੀਂ ਰੋਬੋਟ ਦੇ ਵਿੱਚ ਡਾਟਾ ਭਰ ਕੇ ਉਸ ਨੂੰ ਆਪਣੀ ਮਰਜ਼ੀ ਨਾਲ ਚਲਾਉਂਦੇ ਹਾਂ, ਇਸੇ ਤਰ੍ਹਾਂ ਪ੍ਰਮਾਤਮਾ ਸਾਨੂੰ ਆਪਣੇ ਤਰੀਕੇ ਨਾਲ ਚਲਾ ਰਿਹਾ ਹੈ, ਸਾਡੇ ਅੰਦਰ ਪਾਏ ਹੋਏ ਗਿਆਨ ਦੁਆਰਾ ਚਲਾ ਰਿਹਾ ਹੈ, ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ। ਜਿਸਨੂੰ ਪ੍ਰਮਾਤਮਾ ਰਿਧੀਆਂ ਸਿਧੀਆਂ ਵਿਚ ਪਾਉਂਦਾ ਹੈ, ਉਲਝਾਉਂਦਾ ਹੈ ਉਹ ਇਸੇ ਤਰੀਕੇ ਮਨ ਦੀ ਸੋਚ ਰਾਹੀਂ ਹੀ ਉਲਝਾਉਂਦਾ ਹੈ ਜੋ ਕਿ ਕੇਵਲ ਮਨ ਦੀ ਮਾਇਆ ਹੈ, ਮਾਇਆ ਮੋਹ ਹੈ ਜਿਸ ਦਾ ਮਕਸਦ ਸਾਨੂੰ ਪ੍ਰਮਾਤਮਾ ਨੂੰ ਜਾਨਣ ਤੋਂ, ਸਮਝਣ ਤੋਂ ਦੂਰ ਰੱਖਣ ਦਾ ਹੈ, ਮਨ ਦੀ ਅਗਿਆਨਤਾ ਵਿੱਚ ਰੱਖਣ ਦਾ ਹੈ।

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥}

(ਅੰਗ ੫੯੩)

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ ੬੫੦)

ਰਿਧੀਆਂ ਸਿਧੀਆਂ ਕੀ ਹਨ, ਅਸਲ ਕਰਾਮਾਤ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

ਆਪਣੇ ਅੰਦਰ ਦੇ ਗਿਆਨ ਦੇ ਮਾਲਕ ਨੂੰ ਜਾਣਨਾ ਹੀ, ਨਾਮ ਦੇ ਮਾਲਕ ਨੂੰ ਜਾਨਣਾ ਹੀ ਪ੍ਰਮਾਤਮਾ ਨੂੰ ਜਾਣਨਾ ਹੈ ਜੋ ਕਿ ਇੱਕੋ ਇੱਕ ਸੰਸਾਰ ਦੇ ਵਿੱਚ ਕਰਾਮਾਤਿ ਹੈ ਜਿਵੇਂ ਕਿ ਉੱਪਰ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। (**ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥ ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥**) ਇਹ ਕਰਾਮਾਤ ਪ੍ਰਮਾਤਮਾ ਨੇ ਆਪਣੇ ਕੋਲ ਰੱਖੀ ਹੋਈ ਹੈ ਜੋ ਸਾਇੰਸ ਦੀ ਸਮਝ ਤੋਂ ਬਾਹਰ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਸ਼ਬਦ ਦੁਆਰਾ ਹੀ ਵਰਤ ਰਿਹਾ ਹੈ, ਗਿਆਨ ਦੁਆਰਾ ਹੀ ਵਰਤ ਰਿਹਾ ਹੈ, ਆਪਣੇ ਹੁਕਮ ਦੁਆਰਾ ਹੀ ਵਰਤ ਰਿਹਾ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਜਾਣੀਏ ਕਿ ਪ੍ਰਮਾਤਮਾ ਸਭ ਜਗ੍ਹਾ ਇਸੇ ਤਰ੍ਹਾਂ ਗੁਪਤ ਰੂਪ ਵਿੱਚ ਵਰਤ ਰਿਹਾ ਹੈ:-

“ਹਰਿ ਆਪਿ ਉਪਾਏ ਹਰਿ ਆਪੇ ਵੇਖੈ
ਹਰਿ ਆਪੇ ਕਾਰੈ ਲਾਇਆ ਜੀਉ॥
ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ॥
ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ
ਇਕਨਾ ਭਿਖ ਮੰਗਾਇਆ ਜੀਉ॥
ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ
ਜਨ ਨਾਨਕ ਨਾਮੁ ਧਿਆਇਆ ਜੀਉ॥੪॥”

(ਅੰਗ ੧੭੩)

3/160

“ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ॥
ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ॥
ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥
ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ॥
ਗੁਰਮੁਖਿ ਨਾਨਕ ਆਰਾਧਿਆ
ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ॥੨੯॥੧॥ਸੁਧੁ”

(ਅੰਗ ੬੫੩-੬੫੪)

“ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥
ਅੰਤਰਿ ਬਾਹਰਿ ਸਬਦਿ ਸੁ ਜੁਗਤਾ॥
ਮਨਮੁਖਿ ਬਿਨਸੈ ਆਵੈ ਜਾਇ॥ ਨਾਨਕ ਗੁਰਮੁਖਿ ਸਾਚਿ ਸਮਾਇ॥੧੩॥”

(ਅੰਗ ੯੩੯)

ਜਿਹੜੇ “ਸ਼ਬਦੁ” ਤੋਂ ਭਾਵ “ਸ਼ਬਦ” ਦੇ ਮਾਲਕ ਪ੍ਰਮਾਤਮਾ ਤੋਂ ਗੁਰਬਾਣੀ ਆਈ ਹੈ ਭਾਵ ਜਿਸ ਤਰ੍ਹਾਂ ਗੁਰਬਾਣੀ ਦੇ ਸ਼ਬਦਾਂ ਦਾ ਭੰਡਾਰ ਬਣਿਆ ਹੈ, ਗਿਆਨ ਦਾ ਭੰਡਾਰ ਬਣਿਆ ਹੈ ਉਸੇ ਤਰ੍ਹਾਂ, ਜਿੱਥੇ ਵੀ ਗਿਆਨ ਹੈ, ਉੱਥੇ “ਸ਼ਬਦੁ” ਹੈ। ਸਾਰਾ ਗਿਆਨ ਇੱਕੋ ਸ਼ਬਦ ਤੋਂ ਆਉਂਦਾ ਹੈ, ਇੱਕੋ ਪ੍ਰਮਾਤਮਾ ਤੋਂ ਆਉਂਦਾ ਹੈ, ਇੱਕੋ ਸ੍ਰੋਤ ਤੋਂ ਆਉਂਦਾ ਹੈ ਜੋ ਸਭ ਜਗ੍ਹਾ ਆਪਣੇ “ਸ਼ਬਦੁ” ਰੂਪ ਵਿੱਚ ਵਿਚਰਦਾ ਹੈ। “ਸ਼ਬਦੁ” ਰੂਪ ਹੀ ਪ੍ਰਮਾਤਮਾ ਦਾ “ਨਾਮੁ” ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ “ਸ਼ਬਦੁ” ਰੂਪ

ਵਿੱਚ ਹੀ ਹੈ, "ਨਾਮੁ" ਰੂਪ ਵਿੱਚ ਹੀ ਹੈ ਜੋ ਕਿ ਉਸਦਾ ਆਪਣਾ "ਗੁਰੂ" ਰੂਪ ਹੈ। (**ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ ਜਨ ਨਾਨਕ ਨਾਮੁ ਧਿਆਇਆ ਜੀਉ॥**) (**ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ॥ ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ॥ ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥**) ਸਾਡੇ ਅੰਦਰ ਦਾ ਗਿਆਨ ਵੀ ਉਸੇ ਸ਼ਬਦ ਤੋਂ ਆਉਂਦਾ ਹੈ, ਸਾਡੇ ਅੰਦਰ ਵੀ ਸ਼ਬਦ ਵਰਤ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਧਰਮ ਗ੍ਰੰਥਾਂ ਦੇ ਵਿੱਚ ਗਿਆਨ, ਸ਼ਬਦ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਸਹਜ ਗਿਆਨ ਹੈ। ਮਨੁੱਖ ਦੇ ਅੰਦਰ ਜੋ ਗਿਆਨ ਹੈ ਉਹ ਤ੍ਰੈਗੁਣਾਂ ਵਾਲਾ ਹੈ। ਧਰਮ ਗ੍ਰੰਥਾਂ ਵਿੱਚ ਗਿਆਨ ਮਾਇਆ ਤੋਂ ਮੁਕਤ ਹੈ, ਮਨੁੱਖ ਦੇ ਅੰਦਰ ਗਿਆਨ ਮਾਇਆ ਦੀ ਜੁਗਤਿ ਵਾਲਾ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਮਨੁੱਖ ਨੂੰ ਚੌਥੇ ਪਦ ਤੋਂ, ਆਪਣੇ ਆਪ ਤੋਂ, ਗੁਰੂ ਤੋਂ, ਸਹਜ ਗਿਆਨ ਤੋਂ ਦੂਰ ਰੱਖਿਆ ਹੋਇਆ ਹੈ, ਪੜਦੇ ਵਿੱਚ ਰੱਖਿਆ ਹੋਇਆ ਹੈ, ਸਹਸਾ ਵਿੱਚ ਰੱਖਿਆ ਹੋਇਆ ਹੈ, ਭੁਲੇਖੇ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਹਰ ਕਿਸੇ ਵਿੱਚ ਵਰਤ ਰਿਹਾ ਹੈ ਪਰ ਉਸਨੇ ਆਪਣੇ ਆਪ ਨੂੰ ਮਾਇਆ ਦੀ ਜੁਗਤਿ ਦੁਆਰਾ ਗੁਪਤ ਰੱਖਿਆ ਹੋਇਆ ਹੈ, ਪੜਦਾ ਪਾ ਕੇ ਗੁਪਤ ਰੱਖਿਆ ਹੋਇਆ ਹੈ। ਮਨੁੱਖੀ ਗਿਆਨ ਨੂੰ ਮਾਇਆ ਵਾਲੀ

3/161

ਤ੍ਰੈਗੁਣੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਉਸਦੇ ਗਿਆਨ ਉੱਤੇ ਭਾਵ ਮਨ ਦੀ ਸਮਝ ਉੱਤੇ ਤ੍ਰੈਗੁਣਾਂ ਦਾ ਬੰਧਨ ਲਗਾਇਆ ਹੋਇਆ ਹੈ ਜਿਸ ਦੁਆਰਾ ਉਹ ਚੌਥੇ ਪਦ ਦੀ ਪਹਿਚਾਣ ਨਹੀਂ ਕਰ ਸਕਦਾ। ਬੰਧਨ ਤੋਂ ਮੁਕਤੀ ਚੌਥੇ ਪਦ ਵਿੱਚ ਹੈ, ਗੁਰਮੁੱਖ ਬਣਨ ਵਿੱਚ ਹੈ ਭਾਵ ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਵੇ ਉਸ ਨੂੰ ਗੁਰਮੁੱਖ ਬਣਾਉਂਦਾ ਹੈ, ਚੌਥੇ ਪਦ ਦੀ ਪਹਿਚਾਣ ਕਰਵਾਉਂਦਾ ਹੈ, ਬੰਧਨ ਤੋਂ ਮੁਕਤ ਕਰਦਾ ਹੈ ਤੇ ਫਿਰ ਪ੍ਰਮਾਤਮਾ ਕੋਲੋਂ ਸਿੱਧਾ ਮਨ ਦੇ ਵਿੱਚ ਹੀ ਗਿਆਨ ਮਿਲਣਾ ਸ਼ੁਰੂ ਹੋ ਜਾਂਦਾ ਹੈ ਜੋ ਕਿ ਮਾਇਆ ਦੀ ਜੁਗਤਿ ਤੋਂ ਰਹਿਤ ਹੁੰਦਾ ਹੈ ਜਿਸ ਵਿੱਚ ਕੋਈ ਸਹਸਾ ਨਹੀਂ ਰਹਿ ਜਾਂਦੀ **(ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ॥)**।

ਬੰਧਨ ਤੋਂ ਮੁਕਤੀ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। ਪੂਰੀ ਬਾਣੀ ਦਾ ਇੱਕ ਹੀ ਪ੍ਰਿੰਸੀਪਲ ਹੈ ਜੋ ਕਿ ਕਦੇ ਬਦਲਦਾ ਨਹੀਂ। ਇੱਕੋ ਗੱਲ ਨੂੰ ਅਲੱਗ-ਅਲੱਗ ਸ਼ਬਦਾਂ ਰਾਹੀਂ ਵੱਖਰੇ-ਵੱਖਰੇ ਢੰਗ ਨਾਲ ਸਮਝਾਇਆ ਹੁੰਦਾ ਹੈ। ਉਹ ਅਰਥ ਹੀ ਕੀ ਹੋਏ ਜਿਹੜੇ ਕਿਤੇ ਹੋਰ ਤੇ ਕਿਤੇ ਹੋਰ ਸਮਝੀਏ ਭਾਵ ਜਿਸਦੀ ਸਮਝ ਹੀ ਨਾ ਆਵੇ। ਜਦ ਤੱਕ ਮਨ ਵਿੱਚ ਕੋਈ ਗੱਲ ਪੂਰੀ ਤਰਾਂ ਸਪੱਸ਼ਟ ਨਹੀਂ ਹੈ ਉਸਨੂੰ ਸਮਝਾਇਆ ਨਹੀਂ ਜਾ ਸਕਦਾ, ਵਾਰ-ਵਾਰ ਅੰਦਾਜ਼ਿਆਂ ਨਾਲ ਸਮਝਣਾ ਪੈਂਦਾ ਹੈ। ਉਸਦੀ ਆਪਣੀ ਸਮਝਾਈ ਗੱਲ ਹੀ ਬਾਣੀ ਦੀ ਕਸਵੱਟੀ ਤੇ ਪੂਰੀ ਉਤਰ ਸਕਦੀ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ, ਜਿਹੜੇ "ਸਬਦੁ" ਦੇ ਮੂਲ ਤੋਂ ਗੁਰਬਾਣੀ ਆਈ ਹੈ ਭਾਵ ਜੋ ਸ਼ਬਦ ਗੁਰਬਾਣੀ ਵਿੱਚ ਹੈ ਉਹੀ ਸ਼ਬਦ ਸਾਡੇ ਅੰਦਰ ਵਰਤ ਰਿਹਾ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਜਦੋਂ ਇਹ "ਸਬਦੁ" ਆਪਣੀ ਕ੍ਰਿਪਾ ਦੁਆਰਾ ਸਾਡੇ ਅੰਦਰ ਪ੍ਰਗਟ ਹੋ ਜਾਵੇਗਾ, ਪ੍ਰਮਾਤਮਾ ਆਪ ਪ੍ਰਗਟ ਹੋ ਜਾਵੇਗਾ, "ਗੁਰੂ" ਪ੍ਰਗਟ ਹੋ ਜਾਵੇਗਾ, "ਬਾਣੀ" ਪ੍ਰਗਟ ਹੋ ਜਾਵੇਗੀ, "ਨਾਮ" ਪ੍ਰਗਟ ਹੋ ਜਾਵੇਗਾ ਭਾਵ ਜਦੋਂ ਸਾਡੇ ਤ੍ਰੈਗੁਣਾਂ ਵਾਲੇ ਗਿਆਨ ਵਾਲਾ ਬੰਧਨ ਹੱਟ ਜਾਵੇਗਾ ਫਿਰ ਅੰਦਰ ਚੌਥੇ ਪਦ ਵਾਲਾ ਗਿਆਨ ਪ੍ਰਗਟ ਹੋ ਜਾਵੇਗਾ। ਜਦ ਤੱਕ ਮਨੁੱਖ "ਮੈਂ" ਵਿੱਚ ਹੈ, "ਹਉਮੈ" ਵਿੱਚ ਹੈ ਤਦ ਤੱਕ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਵਿਚਰਦਾ ਹੈ। ਮੈਂ ਖਤਮ ਹੋਣ ਦੁਆਰਾ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। (**ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥**) - ਅੰਗ-੯੩੭

ਪੂਰੀ ਬਾਣੀ ਚੌਥੇ ਪਦ ਵਿੱਚ ਹੈ, ਮਾਇਆ ਦੀ ਜੁਗਤਿ ਤੋਂ ਮੁਕਤ ਹੈ। ਚੌਥੇ ਪਦ ਦੀ ਪਹਿਚਾਣ ਚੌਥੇ ਪਦ ਦੁਆਰਾ ਹੀ ਹੋ ਸਕਦੀ ਹੈ ਭਾਵ ਆਪਣੀ ਲਿਖੀ ਹੋਈ ਗੱਲ ਦਾ ਅਸਲ ਭਾਵ ਅਰਥ ਪ੍ਰਮਾਤਮਾ ਆਪ ਹੀ ਸਮਝਾ ਸਕਦਾ ਹੈ। ''ਸ਼ਬਦੁ'' ਦਾ ਅੰਤਰੀਵ ਭਾਵ ''ਸ਼ਬਦੁ'' ਦਾ ਮਾਲਕ ਆਪ ਹੀ ਜਾਣਦਾ ਹੈ ਤੇ ਉਹ ਆਪ ਹੀ ਸਮਝਾ ਸਕਦਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ,

3/162

ਤ੍ਰੈਗੁਣਾਂ ਵਿੱਚ ਵਿਚਰਦੇ ਹੋਏ ਪੂਰੀ ਗੱਲ ਦੀ ਸੋਝੀ ਨਹੀਂ ਪੈ ਸਕਦੀ, ਦੁਚਿੱਤੀ ਬਣੀ ਰਹਿੰਦੀ ਹੈ, ਅਰਥਾਂ ਵਿੱਚ ਭੇਦ ਬਣਿਆ ਰਹਿੰਦਾ ਹੈ। ਹਰ ਕੋਈ ਸ਼ਬਦਾਂ ਦੇ ਅਰਥ ਆਪਣੀ-ਆਪਣੀ ਮਤਿ ਅਨੁਸਾਰ ਕਰਦਾ ਹੈ, ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਚੌਥੇ ਪਦ ਵਾਲੀ ਸਮਝ ਦੀ ਗੱਲ ਨੂੰ ਸਮਝਣਾ ਚਾਹੁੰਦਾ ਹੈ। ਇਸੇ ਕਰਕੇ ਅਰਥ ਵੀ ਵੱਖਰੇ-ਵੱਖਰੇ ਹੁੰਦੇ ਹਨ। ਪੂਰੀ ਗੱਲ ਸਪੱਸ਼ਟ ਨਹੀਂ ਹੁੰਦੀ। ''ਸਬਦੁ'' ਆਪਣੀ ਸੱਚੀ ਗੱਲ ਆਪ ਹੀ ਮਨੁੱਖ ਦੇ ਅੰਦਰ ਪ੍ਰਗਟ ਹੋ ਕੇ ਸਮਝਾ ਸਕਦਾ ਹੈ ਭਾਵ ਜਿਸ ਨੇ ਬਾਣੀ ਰਚੀ ਹੈ ਉਹ ਆਪ ਹੀ ਉਸਦਾ ਅਸਲੀ ਭਾਵ ਸਮਝਾ ਸਕਦਾ ਹੈ। ਜਿੱਥੋਂ ਸੱਚੀ ਬਾਣੀ ਆਈ ਹੈ, ਸੱਚੇ ਅਰਥ ਵੀ ਉੱਥੋਂ ਹੀ ਆ ਸਕਦੇ ਹਨ ਭਾਵ ਉਹ ਆਪਣੇ ਆਪ ਹੀ ਆਪਣੀ ਗੱਲ ਸਮਝਾ ਸਕਦਾ ਹੈ। ਉਹ ਪੂਰਾ ਗੁਰੂ ਹੈ ਤੇ ਉਹ ਤਾਂ ਹੀ ਪੂਰਾ ਹੈ ਜਦੋਂ ਆਪਣੀ ਗੱਲ ਨੂੰ ਪੂਰੀ ਤਰ੍ਹਾਂ ਸਮਝਾਵੇ। ਜਿਵੇਂ ਕੋਈ ਮਾਸਟਰ, ਟੀਚਰ, ਗੁਰੂ ਬੱਚਿਆਂ ਨੂੰ ਕੁੱਝ ਸਮਝਾਉਂਦਾ ਹੈ, ਆਪਣੀ ਗੱਲ ਨੂੰ ਸਪੱਸ਼ਟ ਕਰਕੇ ਦੱਸਦਾ ਹੈ। ਅਗਰ ਕਿਸੇ ਗੱਲ ਨੂੰ ਬਲੈਕਬੋਰਡ ਤੇ ਲਿਖ ਦਿੱਤਾ ਜਾਵੇ ਤੇ ਉਹ ਕਾਫੀ ਨਹੀਂ ਹੈ। ਜਰੂਰੀ ਨਹੀਂ ਸਭ ਨੂੰ ਗੱਲ ਸਮਝ ਆ ਜਾਵੇ। ਜੋ ਕੋਈ ਵੀ ਪੁੱਛਦਾ ਹੈ, ਉਸਨੂੰ ਉਹ ਗੁਰੂ ਸਮਝਾਉਂਦਾ ਹੈ, ਉਸਦੀ ਤਸੱਲੀ ਕਰਵਾਉਂਦਾ ਹੈ। ਇਸੇ ਤਰ੍ਹਾਂ ਗੁਰੂ ਪ੍ਰਮਾਤਮਾ ਗੁਰਬਾਣੀ ਦੇ ਰਾਹੀਂ ਪੂਰਾ ਗੁਰੂ ਹੈ, ਜਿੱਥੇ ਉਹ ਪੂਰੇ ਗੁਰੂ ਦੇ ਰੂਪ ਵਿੱਚ ਪ੍ਰਗਟ ਹੈ ਤੇ ਉਹ ਆਪਣੀ ਗੱਲ ਦੀ ਸੋਝੀ ਪਾਉਣ ਦੀ ਜ਼ਿੰਮੇਵਾਰੀ ਵੀ ਲੈਂਦਾ ਹੈ। ਇਸ ਗੱਲ ਦਾ ਖੁਲਾਸਾ, ਜ਼ਿੰਮੇਵਾਰੀ ਦਾ ਖੁਲਾਸਾ ਬਾਣੀ ਵਿੱਚ ਹੀ ਕੀਤਾ ਹੋਇਆ ਹੈ ਕਿ ਉਹ ਬਾਣੀ ਦੀ ਸੋਝੀ ਵੀ ਆਪ ਹੀ ਪਾਵੇਗਾ। ਉਹ ਆਪਣੀ ਸੋਝੀ ਕਿਸਨੂੰ ਪਾਵੇਗਾ, ਇਹ ਗੱਲ ਸਾਨੂੰ ਗੁਰਬਾਣੀ ਦੇ ਵਿੱਚ ਦੋ ਸ਼ਬਦਾਂ ਰਾਹੀਂ **"ਮੁੰਦਾਵਣੀ"** ਭਾਵ **"ਬੁਝਾਰਤ"** ਪਾ ਕੇ ਸਮਝਾਈ ਹੋਈ ਹੈ। ਇਹ ਸ਼ਬਦਾਂ ਦੁਆਰਾ ਪਾਈ ਹੋਈ ਬੁਝਾਰਤ ਨੂੰ ਬੁੱਝਣ ਦੀ ਗੱਲ ਹੈ ਤੇ ਇਹ ਸਮਝਾਇਆ ਹੋਇਆ ਹੈ ਕਿ ਜਿਸਨੂੰ ਪ੍ਰਮਾਤਮਾ ਆਪ ਉਹ ਬੁਝਾਰਤ ਬੁਝਾਵੇਗਾ, ਉਸ ਨੂੰ ਹੀ ਪੂਰੀ ਗੁਰਬਾਣੀ ਦੀ ਸੋਝੀ ਪਵੇਗੀ ਕਿਉਂਕਿ ਗੁਰਬਾਣੀ ਨੂੰ ਸਮਝਣਾ ਇੱਕ ਬੁਝਾਰਤ ਸਮਝਣ ਵਾਲੀ ਗੱਲ ਹੀ ਹੈ। ਸਮਝ ਆਏ ਬਿਨ੍ਹਾਂ ਗੁਰਬਾਣੀ ਸਭ ਲਈ ਬੁਝਾਰਤ ਹੀ ਹੈ ਜੋ ਬੁਝਾਰਤ ਗੁਰਬਾਣੀ ਦਾ ਮਾਲਕ ਆਪ ਹੀ ਬੁੱਝਾ ਸਕਦਾ ਹੈ, ਸਮਝਾ ਸਕਦਾ ਹੈ ਜਿਸਨੇ ਇਹ ਬੁਝਾਰਤ ਪਾਈ ਹੈ। ਪਹਿਲੇ ਸ਼ਬਦ ਰਾਹੀਂ ਬੁਝਾਰਤ ਨੂੰ ਇਸ ਤਰੀਕੇ ਲਿਖਿਆ ਹੋਇਆ ਹੈ।

ਸਲੋਕੁ ਮਃ ੩॥

"ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥੧॥"

(ਅੰਗ ੬੪੫)

ਦੂਸਰੇ ਸ਼ਬਦ ਰਾਹੀਂ ਇਹ ਬੁਝਾਰਤ ਇਸ ਤਰ੍ਹਾਂ ਹੈ।

ਮੁੰਦਾਵਣੀ ਮਹਲਾ ੫॥

"ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥"

(ਅੰਗ ੧੪੨੯)

3/163

ਉੱਪਰ ਦਿੱਤੇ ਹੋਏ ਦੋਹਾਂ ਸ਼ਬਦਾਂ ਨੂੰ ਮਿਲਾ ਕੇ ਵਿਚਾਰਾਂਗੇ ਤੇ ਤਾਂ ਹੀ ਇਸ ਗੱਲ ਦੀ ਸਮਝ ਲੱਗੇਗੀ ਕਿ ਇਹ "**ਬੁਝਾਰਤ**" ਕੀ ਹੈ। ਸਭ ਤੋਂ ਪਹਿਲਾਂ ਪ੍ਰਮਾਤਮਾ ਨੇ ਦਾਸ ਨੂੰ ਇਸ ਬੁਝਾਰਤ ਦੀ ਸੋਝੀ ਪਾਈ ਸੀ ਤੇ ਉਸ ਤੋਂ ਬਾਅਦ ਜਪੁਜੀ ਬਾਣੀ ਦੇ ਅਰਥਾਂ ਦੀ ਕ੍ਰਿਪਾ ਕੀਤੀ ਸੀ। ਜਿਨ੍ਹਾਂ ਅਰਥਾਂ ਦਾ ਦਾਸ ਨੂੰ "ਓ", "ਅ" ਵੀ ਗਿਆਨ ਨਹੀਂ ਸੀ, ਉਹ ਪੂਰੀ ਜਪੁਜੀ ਬਾਣੀ ਦੇ ਅਰਥ ਉਸਨੇ ਕੁੱਝ ਹੀ ਦਿਨਾਂ ਵਿੱਚ ਕਰਵਾ ਦਿੱਤੇ ਸਨ। ਇਹ ਗੱਲ ਕਿਸੇ ਦੇ ਵੀ ਮੰਨਣ ਤੋਂ ਬਾਹਰ ਦੀ ਲੱਗੇਗੀ ਪਰ ਇਹ ਬਿਲਕੁਲ ਸੱਚ ਹੈ। ਦਾਸ ਦੀ ਕੇਵਲ ਜ਼ੁਬਾਨ ਹੀ ਹਿਲਦੀ ਹੈ ਤੇ ਨਾਲ ਬੈਠਾ ਸੱਜਣ ਸੁਣ ਕੇ ਅਰਥ ਲਿਖ ਦਿੰਦਾ ਹੈ।

ਆਓ ਹੁਣ ਉੱਪਰ ਵਾਲੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝੀਏ ਕਿ ਸ਼ਬਦਾਂ ਦੁਆਰਾ ਅਸੀਂ ਕਿਹੜੀ ਬੁਝਾਰਤ ਨੂੰ ਬੁੱਝਣਾ ਹੈ। ਪਹਿਲੀ ਗਲ ਤਾਂ ਇਹ ਹੈ ਕਿ ਬਹੁਤਿਆਂ ਨੂੰ ਇਹ ਹੀ ਨਹੀਂ ਪਤਾ ਕਿ "**ਮੁੰਦਾਵਣੀ**" ਕਹਿੰਦੇ ਕਿਸਨੂੰ ਹਨ ਬੁੱਝਣਾ ਤੇ ਬਾਅਦ ਦੀ ਗੱਲ ਹੈ ਤੇ ਨਾ ਹੀ ਸਿੱਖ ਜਗਤ ਦੇ ਵਿਦਵਾਨ ਅਖਵਾਉਣ ਵਾਲੇ ਇਸ ਗਲ ਦੀ ਕੋਈ ਖਾਸ ਚਰਚਾ ਕਰਦੇ ਹਨ। ਪਹਿਲਾਂ ਤੇ ਇਸ ਗੱਲ ਨੂੰ ਜਾਣੀਏ ਕਿ "**ਮੁੰਦਾਵਣੀ**" ਬੁਝਾਰਤ ਨੂੰ ਕਹਿੰਦੇ ਹਨ। ਦੋਨਾਂ ਸ਼ਬਦਾਂ ਰਾਹੀਂ ਸਾਨੂੰ ਮੁੰਦਾਵਣੀ ਦੀ ਗੱਲ ਹੀ ਸਮਝਾਈ ਹੋਈ ਹੈ ਜੋ ਕਿ "**ਥਾਲ**" ਦੇ ਨਾਲ ਜੁੜੀ ਹੋਈ ਹੈ। ਦੋਨਾਂ ਸ਼ਬਦਾਂ ਦੇ ਵਿੱਚ "ਥਾਲ" ਦੀ ਗੱਲ ਕੀਤੀ ਹੋਈ ਹੈ ਕਿ ਉਹ "ਥਾਲ" ਕੀ ਹੈ ਤੇ ਉਸ "**ਥਾਲ**" ਵਿਚ ਵਸਤੂ ਕੀ ਹੈ। ਉਹ "**ਥਾਲ**" ਕੀ ਹੈ ਇਸ ਗੱਲ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ ਕਿ ਇਹ "**ਥਾਲ**" "**ਗੁਰਬਾਣੀ**" ਰੂਪ "**ਥਾਲ**" ਹੈ ਜਿਸ "**ਥਾਲ**" ਦੇ ਵਿੱਚ ਗੁਰੂ ਪ੍ਰਮਾਤਮਾ ਨੇ ਸਾਰੇ ਸੰਸਾਰ ਲਈ ਭੋਜਨ ਪਾ ਕੇ ਦਿੱਤਾ ਹੈ ਜੋ ਭੋਜਨ ਸਾਰੇ ਸੰਸਾਰ ਦੇ ਛਕਣ ਲਈ ਹੈ ਤੇ ਉਹ ਭੋਜਨ ਕਿਸ ਰੂਪ ਵਿਚ ਹੈ, ਕਿਸ ਮਕਸਦ ਲਈ ਹੈ, ਇਸ ਗੱਲ ਨੂੰ ਹੀ ਬੁੱਝਣਾ ਹੈ। ਦੋਨਾਂ ਸ਼ਬਦਾਂ ਰਾਹੀਂ ਸਾਨੂੰ ਇੱਕੋ ਜਿਹਾ ਭੋਜਨ ਹੀ ਸਮਝਾਇਆ ਹੋਇਆ ਹੈ ਤੇ ਇੱਕੋ ਜਿਹਾ ਛਕਣ ਦਾ ਤਰੀਕਾ ਹੀ ਸਮਝਾਇਆ ਹੋਇਆ ਤੇ ਇੱਕੋ ਮਕਸਦ ਲਈ ਛਕਣ ਵਾਸਤੇ ਸਮਝਾਇਆ ਹੋਇਆ ਹੈ। ਬੜੇ ਹੀ ਧਿਆਨ ਨਾਲ ਪੜੋ ਤੇ ਵਿਚਾਰੋ ਦੋਨਾਂ ਸ਼ਬਦਾਂ ਨੂੰ। ਜਿਵੇ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪੂਰੀ ਗੁਰਬਾਣੀ ਵਿੱਚ "**ਨਾਮ**" ਹੈ, ਉਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਕਿ ਪੂਰੀ ਗੁਰਬਾਣੀ ਰੂਪ ਥਾਲ ਦੇ ਵਿੱਚ "**ਨਾਮ**" ਰੂਪ ਭੋਜਨ ਹੈ, ਜੋ ਕਿ ਸਾਡੇ ਮਨ ਦੇ ਛਕਣ ਦਾ ਭੋਜਨ ਹੈ ਜਿਸ ਭੋਜਨ ਨੂੰ ਅਸੀਂ ਹਰ ਵੇਲੇ ਛਕਣਾ ਹੈ ਭਾਵ ਹਰ ਵੇਲੇ ਨਾਮ ਜਪਣਾ ਹੈ ਜਿਸ ਨੂੰ ਛਕਣ ਦੁਆਰਾ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ, ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕਦੇ ਹਾਂ, ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਜੋ ਕਿ ਸਭ ਕੁੱਝ ਆਪ ਹੀ ਹੈ। ਦੋਨਾਂ ਸ਼ਬਦਾਂ ਨੂੰ ਹੁਣ ਵਾਰੀ-ਵਾਰੀ ਵਿਚਾਰਦੇ ਹਾਂ ਤੇ ਸਮਝਦੇ ਹਾਂ ਕਿ ਗੁਰਬਾਣੀ ਰੂਪ ਥਾਲ ਦੇ ਵਿੱਚ ਗੁਰੂ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਕਿਹੋ ਜਿਹਾ ਭੋਜਨ ਸੌਂਪਿਆ ਹੈ ਜਿਸ ਭੋਜਨ ਨੂੰ ਛਕਣ ਦੁਆਰਾ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ।

"ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥੧॥"

ਗੁਰਬਾਣੀ ਰੂਪ ਥਾਲ ਵਿੱਚ ਜੋ ਵਸਤੂ ਪਈ ਹੋਈ ਹੈ ਉਹ ਪ੍ਰਮਾਤਮਾ ਦੀ ਆਪਣੀ ਵਸਤੂ ਹੈ "**ਤੈ**" ਵਸਤੂ ਹੈ, ਉਸਦੀ ਆਪਣੀ ਵਸਤੂ ਹੈ ਭਾਵ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਕਰਵਾਈ ਹੈ। ਇਹ

"**ਵਸਤੂ**" ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਭੋਜਨ ਹੈ, ਥਾਲ ਦੇ ਵਿੱਚ ਪਾਇਆ ਹੋਇਆ ਭੋਜਨ ਹੈ, "**ਹਰਿ ਭੋਜਨ**" ਹੈ। ਥਾਲ ਦੇ ਵਿੱਚ ਇਹ ਵਸਤੂ ਕੀ ਹੈ, ਪ੍ਰਮਾਤਮਾ ਦਾ ਪਾਇਆ ਹੋਇਆ ਭੋਜਨ ਕੀ ਹੈ, ਇਹ "**ਅੰਮ੍ਰਿਤ ਸਾਰ**" ਹੈ। "**ਅੰਮ੍ਰਿਤ**" ਨਾਮ ਹੈ। ਫਿਰ ਪੂਰੀ ਗੁਰਬਾਣੀ ਵਿੱਚ ਭੋਜਨ ਕਿਸ ਰੂਪ ਵਿੱਚ ਹੈ ਭਾਵ ਪੂਰੀ ਗੁਰਬਾਣੀ ਵਿੱਚ "**ਨਾਮ**" ਹੈ ਜਿਵੇਂ ਕਿ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੋਈ ਹੈ ਤੇ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥
ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ ॥}

(ਅੰਗ ੧੨੩੯)

ਪੂਰੀ ਬਾਣੀ ਵਿੱਚ ਜੋ ਭੋਜਨ ਹੈ ਉਹ "**ਅੰਮ੍ਰਿਤੁ ਸਾਰੁ**" ਹੈ। "**ਅੰਮ੍ਰਿਤ**" ਨਾਮ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਆਪ ਹੈ। ਇਹ ਅੰਮ੍ਰਿਤ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਨੂੰ ਸਮਝਣ ਲਈ ਤੇ ਉਸ ਅਨੁਸਾਰ ਚੱਲਣ ਲਈ ਹੈ, ਪ੍ਰਮਾਤਮਾ ਨੂੰ ਜਾਨਣ ਲਈ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੀ ਹੈ ਭਾਵ ਬ੍ਰਹਮ ਗਿਆਨ ਹੀ ਅੰਮ੍ਰਿਤ ਹੈ, ਨਾਮ ਹੈ ਤੇ ਇਸੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ਰਹਾਉ॥}

(ਅੰਗ ੧੧੫੯)

{ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੨੨੬)

ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ "**ਨਾਮ**" ਦੇ ਰੂਪ ਵਿੱਚ ਹੈ, "**ਅੰਮ੍ਰਿਤ**" ਦੇ ਰੂਪ ਵਿੱਚ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਪੂਰੀ ਗੁਰਬਾਣੀ ਦੇ ਵਿੱਚ ਹੈ ਜਿਸ ਕਰਕੇ "**ਪੋਥੀ**" ਪਰਮੇਸਰ ਦਾ ਅਸਥਾਨ ਹੈ, ਪ੍ਰਮਾਤਮਾ ਦਾ ਆਪਣਾ ਸਥਾਨ ਹੈ। ਪੂਰੀ ਗੁਰਬਾਣੀ ਰੂਪ ਥਾਲ ਦੇ ਵਿੱਚ "ਅੰਮ੍ਰਿਤ ਸਾਰ" ਹੈ ਭਾਵ ਪ੍ਰਮਾਤਮਾ ਦਾ ਆਪਣਾ ਤੱਤ ਸਾਰ ਹੈ, ਪ੍ਰਮਾਤਮਾ ਦੀ ਆਪਣੀ ਅਸਲੀਅਤ ਹੈ, ਹਕੀਕਤ ਹੈ ਕਿ ਪ੍ਰਮਾਤਮਾ ਕੀ ਹੈ, ਉਸਦੀ ਭਗਤੀ ਕੀ ਹੈ, ਉਸਨੂੰ ਪਾਉਣਾ ਕੀ ਹੈ। "**ਬ੍ਰਹਮ ਗਿਆਨ**" ਤੱਤੁ ਸਾਰ ਹੀ ਸਮਝਾਉਂਦਾ ਹੈ ਜਿਸ ਤੋਂ ਉੱਚੀ ਸਮਝ ਕੋਈ ਹੋਰ ਨਹੀਂ ਦੇ ਸਕਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣੀ ਅਸਲੀਅਤ ਸਮਝਾਈ ਹੋਈ ਹੈ ਜੋ ਕਿ ਉਸਨੇ ਆਪਣੇ ਅੰਮ੍ਰਿਤ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਸਮਝਾਈ ਹੋਈ ਹੈ, "**ਬ੍ਰਹਮ ਗਿਆਨ**" ਦੇ ਰੂਪ ਵਿੱਚ ਸਮਝਾਈ ਹੋਈ ਹੈ। (**ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥**) ਇਹ ਅੰਮ੍ਰਿਤ ਰੂਪ ਭੋਜਨ, ਨਾਮ ਰੂਪ ਭੋਜਨ ਕਿਸ ਲਈ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"**ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥**"

ਇਹ ਅੰਮ੍ਰਿਤ ਭੋਜਨ ਸਾਡੇ ਖਾਣ ਲਈ ਹੈ ਜੋ ਕਿ ਸਾਡੇ ਮਨ ਦਾ ਭੋਜਨ ਹੈ। ਸਾਡੇ ਮਨ ਨੇ ਇਸ ਭੋਜਨ ਨੂੰ ਛਕਣਾ ਹੈ, ਸਾਡੇ ਮਨ ਨੇ ਇਸ ਅੰਮ੍ਰਿਤ ਨੂੰ ਛਕਣਾ ਹੈ। ਇਹ ਭੋਜਨ ਸੱਚੇ ਗਿਆਨ ਦਾ ਭੋਜਨ ਹੈ, ਗੁਰੂ ਦੀ ਸੱਚੀ ਮਤਿ ਦਾ ਭੋਜਨ ਹੈ, ਸ਼ਬਦ ਦੇ ਵਿਚਾਰਾਂ ਦਾ ਭੋਜਨ ਹੈ ਜਿਸ ਭੋਜਨ ਨੂੰ ਸਾਡੇ ਮਨ ਦੇ ਵਿਚਾਰਾਂ ਨੇ ਹੀ ਛਕਣਾ ਹੈ, ਸਾਡੀ ਮਤਿ ਨੇ ਹੀ ਛਕਣਾ ਹੈ ਭਾਵ ਸਾਡੀ ਮਨਮਤਿ ਵਾਲੀ ਨਾ-ਸਮਝਿ ਮਤਿ ਨੇ ਗੁਰੂ ਦੇ ਸੱਚੇ ਗਿਆਨ ਵਾਲੀ ਮਤਿ ਦਾ ਭੋਜਨ ਛਕਣਾ ਹੈ। ਇਹ ਭੋਜਨ ਤਾਂ ਹੀ ਛਕਿਆ ਜਾ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਸੱਚੀ ਮਤਿ ਨੂੰ ਮੰਨੀਏ ਭਾਵ ਆਪਣੀ ਮਤਿ ਛੱਡੀਏ, ਮਨਮਤਿ ਛੱਡੀਏ, ਹਉਮੈ ਛੱਡੀਏ, ਮਨ ਦੀ ਅਗਿਆਨਤਾ ਛੱਡੀਏ ਤੇ ਗੁਰੂ ਦੇ ਸਮਝਾਏ ਹੋਏ ਧਰਮ ਦੇ ਮਾਰਗ ਤੇ ਚੱਲੀਏ। ਧਰਮ ਦੇ ਮਾਰਗ ਤੇ ਤਾਂ ਹੀ ਚੱਲਿਆ

ਜਾ ਸਕਦਾ ਹੈ ਜੇ ਸਾਡੇ ਮਨ ਦੀ ਤ੍ਰਿਪਤੀ ਹੋ ਜਾਵੇ ਭਾਵ ਮਾਇਆ ਮੋਹ ਤੋਂ, ਮਨ ਦੀਆਂ ਇੱਛਾਵਾਂ ਤੋਂ, ਤ੍ਰਿਸ਼ਨਾਵਾਂ ਤੋਂ ਤ੍ਰਿਪਤੀ ਹੋ ਜਾਵੇ ਜਿਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ। ਧਰਮ ਦੇ ਮਾਰਗ ਤੇ, ਭਗਤੀ ਦੇ ਮਾਰਗ ਤੇ ਮਨ ਦੇ ਸੰਤੋਖ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਜਦੋਂ ਮਨੁੱਖ ਸੱਚੇ ਸੁੱਚੇ ਕਰਮ ਹੀ ਕਰਦਾ ਹੈ, ਔਗੁਣਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ। ਗੁਰੂ ਦਾ ਅੰਮ੍ਰਿਤ ਭੋਜਨ ਛਕਣਾ ਹੀ ਨਾਮ ਜਪਣਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣਾ ਹੈ ਜਿਸ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਕੇ ਸੱਚੇ ਮਾਰਗ ਤੇ ਚਲਾਉਣ ਦਾ ਹੈ। ਮਨ ਦੀ ਮਾੜੀ ਮਤਿ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲਣਾ ਹੀ ਮੋਖ ਦੁਆਰ ਦੀ ਪ੍ਰਾਪਤੀ ਹੈ, ਮੁਕਤੀ ਦੀ ਪ੍ਰਾਪਤੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਬਰੀਕੀ ਨਾਲ ਸਮਝਾਂਗੇ। (**ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥**) ਇਹ ਅੰਮ੍ਰਿਤ ਭੋਜਨ ਸਾਨੂੰ ਕਿੱਥੋਂ ਮਿਲ ਸਕਦਾ ਹੈ ਤੇ ਕਿਵੇਂ ਮਿਲ ਸਕਦਾ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥”

ਇਸ ਭੋਜਨ ਨੂੰ ਭਾਵ **“ਅੰਮ੍ਰਿਤ”** ਨੂੰ, **“ਨਾਮ”** ਨੂੰ **“ਅਲਭੁ”** ਕਹਿ ਕੇ ਸਮਝਾਇਆ ਹੈ ਤੇ ਸਮਝਾਉਣ ਲਈ ਸੰਬੋਧਨ **“ਸੰਤ”** ਅਖਵਾਉਣ ਵਾਲਿਆਂ ਨੂੰ ਕੀਤਾ ਹੈ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ, ਧਰਮ ਦੇ ਵਿਦਵਾਨ ਅਖਵਾਉਂਦੇ ਹਨ ਭਾਵ ਜੋ ਆਪਣੇ ਆਪ ਨੂੰ ਨਾਮ ਜਪਣ ਵਾਲੇ ਅਖਵਾਉਂਦੇ ਹਨ ਤੇ ਦੂਸਰਿਆਂ ਨੂੰ ਨਾਮ ਜਪਣਾ ਸਮਝਾਉਂਦੇ ਹਨ, ਉਨ੍ਹਾਂ ਦਾ ਨਾਮ ਬਾਰੇ ਭਰਮ ਹੀ ਕੱਢਿਆ ਹੋਇਆ ਹੈ। ਇਹ ਭੋਜਨ **“ਅਲਭੁ”** ਇਸ ਲਈ ਹੈ ਕਿ ਇਹ **“ਭੋਜਨੁ”** ਬਿਨ੍ਹਾਂ ਗੁਰੂ ਤੋਂ ਕਿਤੇ ਹੋਰ ਜਗ੍ਹਾ ਨਹੀਂ ਲਭ ਸਕਦਾ, ਨਹੀਂ ਮਿਲ ਸਕਦਾ। ਇਸ ਭੋਜਨ ਨੂੰ ਵੰਡਣ ਵਾਲੇ ਬਹੁਤ ਹਨ ਜੋ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਦੂਸਰਿਆਂ ਨੂੰ ਨਾਮ ਸਮਝਾਉਂਦੇ ਹਨ, ਨਾਮ ਦਿੰਦੇ ਹਨ। ਇਹ ਭੋਜਨ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਤੇ ਉੱਥੋਂ ਹੀ ਲਭ ਸਕਦਾ ਹੈ, ਮਿਲ ਸਕਦਾ ਹੈ। ਇਹ ਨਾਮ ਰੂਪ ਭੋਜਨ, ਅੰਮ੍ਰਿਤ ਭੋਜਨ **“ਗੁਰੂ ਦੀ ਵੀਚਾਰਿ”** ਦੇ ਰੂਪ ਵਿੱਚ ਹੈ, ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੈ ਜੋ ਸਿੱਖਿਆ ਗੁਰੂ ਆਪਣੇ ਵਿਚਾਰਾਂ ਦੇ ਰੂਪ ਵਿੱਚ ਦਿੰਦਾ ਹੈ, ਜੋ ਸਿੱਖਿਆ ਉਹ ਸਾਰੇ ਸੰਸਾਰ ਨੂੰ ਇੱਕੋ ਜਿਹੀ ਦਿੰਦਾ ਹੈ ਤੇ ਸਾਰੇ ਸੰਸਾਰ ਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੰਦਾ ਹੈ। ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣਾ ਗੁਰੂ ਦੇ ਕੋਲੋਂ **“ਨਾਮ”** ਲੈਣਾ ਹੈ। ਜਿਨ੍ਹਾਂ ਦੇ ਸਰੀਰਾਂ ਰਾਹੀਂ ਆਪ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਪਹਿਲੇ ਆਪ ਆਪਣਾ ਨਾਮ ਦਿੱਤਾ ਹੈ, ਸਮਝਾਇਆ ਹੈ, ਉਨ੍ਹਾਂ ਨੇ ਹੀ ਸ਼ਬਦਾਂ ਦੀ ਵਿਚਾਰ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਸਮਝਾਇਆ ਹੈ ਤੇ ਇਸੇ ਲਈ ਇਹ ਅੰਮ੍ਰਿਤ ਭੋਜਨ ਕੇਵਲ ਗੁਰੂ ਦੇ ਕੋਲੋਂ ਹੀ ਲੱਭ ਸਕਦਾ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਉਸਦਾ ਇਹ ਭੋਜਨ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ,ਨਾਮ ਦੇ ਰੂਪ ਵਿੱਚ ਹੈ ਤੇ ਜਿਸਨੂੰ ਪ੍ਰਮਾਤਮਾ ਆਪਣਾ ਇਹ ਭੋਜਨ ਛਕਾਉਂਦਾ ਹੈ ਉਸਨੂੰ ਮਨ ਦੇ ਵਿੱਚ ਗੁਰਮਤਿ ਰੂਪ ਸੱਚੇ ਵਿਚਾਰਾਂ ਦੇ ਰੂਪ ਵਿੱਚ ਹੀ ਛਕਾਉਂਦਾ ਹੈ ਜਿਸ ਰਾਹੀਂ ਮਨੁੱਖੀ ਸਮਝ ਨੂੰ ਮਨ ਦੇ ਵਿੱਚੋਂ ਗੁਰੂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਉਸਦੇ ਨਾਲ ਮੇਲ ਹੁੰਦਾ ਹੈ ਤੇ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਲੱਭ ਪੈਂਦਾ ਹੈ ਜੋ ਸਾਰੇ ਸੰਸਾਰ ਲਈ **“ਅਲਭੁ”** ਹੈ ਭਾਵ ਸਾਰੇ ਸੰਸਾਰ ਦੀ ਸਮਝ ਤੋਂ ਦੂਰ ਹੈ। ਪ੍ਰਮਾਤਮਾ ਦਾ ਇਹ ਭੋਜਨ ਛਕਣਾ ਬਹੁਤ ਵੱਡੀ ਗੱਲ ਹੈ ਜੋ ਉਸਦੀ ਕਿਰਪਾ ਤੋਂ ਬਿਨ੍ਹਾਂ ਨਹੀਂ ਛਕਿਆ ਜਾ ਸਕਦਾ। ਇਹ ਭੋਜਨ ਛਕਣ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਸੰਤ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਆਪਣਾ ਗੁਰੂ ਰੂਪ ਹੈ। (**ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥**)

ਜਿਸਨੂੰ ਵੀ ਇਹ **“ਭੋਜਨੁ”** ਲਭਾ ਹੈ ਜਿਵੇਂ ਕਿ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਲੱਭਿਆ ਹੈ, ਉਹ ਕਿਸ ਤਰੀਕੇ ਲੱਭਿਆ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਹੀ ‘ਮੁੰਦਾਵਣੀ’’ ਦੀ ਸਮਝ ਪਾਈ ਹੋਈ ਹੈ ਕਿ ਇਹ ‘‘ਮੁੰਦਾਵਣੀ’’ ਕੀ ਹੈ ਭਾਵ ਬੁਝਾਰਤ ਕੀ ਹੈ ਜਿਸ ਬੁਝਾਰਤ ਨੂੰ ਬੁੱਝੇ ਬਿਨ੍ਹਾਂ ਨਾ ਹੀ ਨਾਮ ਦੀ ਸਮਝ ਸਕਦੀ ਹੈ ਤੇ ਨਾ ਹੀ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ।

‘‘**ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥**

ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥

ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥’’

ਹੁਣ ਧਿਆਨ ਨਾਲ ਸਮਝੋ ਕਿ **“ਮੁੰਦਾਵਣੀ”** ਕੀ ਹੈ ਜਿਸ ਮੁੰਦਾਵਣੀ ਨੂੰ ਅਸੀਂ ਸਦਾ ਹੀ ਆਪਣੇ ਹਿਰਦੇ ਵਿੱਚ, ਮਨ ਦੇ ਵਿੱਚ ਵੱਸਾ ਕੇ ਰੱਖਣਾ ਹੈ ਤੇ ਉਸਨੂੰ ਆਪਣੇ ਹਿਰਦੇ ਵਿੱਚੋਂ ਕਦੇ ਵੀ ਨਹੀਂ ਕੱਢਣਾ ਚਾਹੀਦਾ। **“ਕਿਉਂ ਕਢੀਏ”** ਭਾਵ ਇਸ

ਮੁੰਦਾਵਣੀ ਨੂੰ ਹਰ ਵੇਲੇ ਆਪਣੇ ਅੰਦਰ ਹੀ ਰੱਖਣਾ ਹੈ। ਹਰ ਵੇਲੇ ਤਾਂ ਅਸੀਂ ਆਪਣੇ ਅੰਦਰ ''ਨਾਮ'' ਨੂੰ ਵੱਸਾ ਕੇ ਰੱਖਣਾ ਹੈ, ਪ੍ਰਮਾਤਮਾ ਨੂੰ ਵੱਸਾ ਕੇ ਰੱਖਣਾ ਹੈ, ਗੁਰੂ ਨੂੰ ਵੱਸਾ ਕੇ ਰੱਖਣਾ ਹੈ, ਗੁਰਬਾਣੀ ਨੂੰ ਵੱਸਾ ਕੇ ਰੱਖਣਾ ਹੈ ਭਾਵ ਗੁਰੂ ਦੀ ਮਤਿ ਨੂੰ, ਗੁਰੂ ਦੇ ਉਪਦੇਸ਼ ਨੂੰ, ਗੁਰੂ ਦੇ ਸੱਚੇ ਗਿਆਨ ਨੂੰ ਵੱਸਾ ਕੇ ਰੱਖਣਾ ਹੈ ਜਿਵੇਂ ਕਿ ਗੁਰਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਹੋਇਆ ਹੈ। ਅਸੀਂ ਆਪਣੇ ਅੰਦਰ ਉਸੇ ਗੱਲ ਨੂੰ ਵੱਸਾ ਸਕਦੇ ਹਾਂ ਜਿਸ ਦੀ ਸਾਨੂੰ ਸਮਝ ਹੋਵੇ। ਜਿਸ ਗੱਲ ਦੀ ਸਾਨੂੰ ਸਮਝ ਹੀ ਨਾ ਹੋਵੇ ਫਿਰ ਉਹ ਸਾਡੇ ਅੰਦਰ ਵੱਸ ਕਿਵੇਂ ਸਕਦੀ ਹੈ। ਪ੍ਰਮਾਤਮਾ ਸਾਡੇ ਅੰਦਰ ਤਾਂ ਹੀ ਵੱਸ ਸਕਦਾ ਹੈ ਜੇਕਰ ਸਾਨੂੰ ਸਮਝ ਹੋਵੇ ਕਿ ਪ੍ਰਮਾਤਮਾ ਕੀ ਹੈ। ਪ੍ਰਮਾਤਮਾ ਨੂੰ ਜਾਨਣਾ ਸਾਰੇ ਸੰਸਾਰ ਲਈ ਬੁਝਾਰਤ ਹੀ ਹੈ ਭਾਵ ਆਪਣੇ ਆਪ ਕੋਈ ਨਹੀਂ ਬੁੱਝ ਸਕਦਾ ਕਿ ਪ੍ਰਮਾਤਮਾ ਕੀ ਹੈ। ਪ੍ਰਮਾਤਮਾ ਆਪ ਹੀ ਨਾਮ ਦੇ ਰੂਪ ਵਿੱਚ ਹੈ, ਪੂਰੀ ਗੁਰਬਾਣੀ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਜਿਵੇਂ ਕਿ ਅਸੀਂ ਵਾਰ-ਵਾਰ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੇ ਸ਼ਬਦਾਂ ਦੇ ਅੰਦਰ ਦੀ ਸਮਝ ਬਹੁਤ ਗਹਿਰੀ ਹੈ, ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ ਜਿਸ ਨੂੰ ਮਨੁੱਖੀ ਸਮਝ ਦੁਆਰਾ, ਤ੍ਰੈਗੁਣਾਂ ਵਾਲੀ ਸਮਝ ਦੁਆਰਾ ਪੂਰਨ ਰੂਪ ਵਿੱਚ ਨਹੀਂ ਸਮਝਿਆ ਜਾ ਸਕਦਾ ਜਿਸ ਲਈ ਗੁਰੂ ਦੀ ਸਮਝ ਨੂੰ ਬੁੱਝਣਾ ਇੱਕ ਬੁਝਾਰਤ ਨੂੰ ਬੁੱਝਣ ਵਾਲੀ ਗੱਲ ਹੈ ਜੋ ਕਿ ਬਹੁਤ ਔਖੀ ਹੈ। ਪ੍ਰਮਾਤਮਾ ਆਪ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਇਸ ਬੁਝਾਰਤ ਨੂੰ ਬੁੱਝਣਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਣਾ ਹੈ। ਇਹ ''ਮੁੰਦਾਵਣੀ'' ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦੀ ਸਮਝ ਸਾਡੇ ਅੰਦਰ ਤਾਂ ਹੀ ਵੱਸ ਸਕਦੀ ਹੈ ਜਦੋਂ ਇਸ ਗੱਲ ਨੂੰ ਕੋਈ ਜਾਣ ਲੈਂਦਾ ਹੈ ਕਿ ਪ੍ਰਮਾਤਮਾ ਕੀ ਹੈ, ਨਾਮ ਕੀ ਹੈ, ਗੁਰਬਾਣੀ ਦੇ ਵਿੱਚ ਸੱਚਾ ਗਿਆਨ ਕੀ ਹੈ ਭਾਵ ਬ੍ਰਹਮ ਗਿਆਨ ਕੀ ਹੈ। ਸਾਡੇ ਅੰਦਰ ਵੱਸਦਾ ''ਬ੍ਰਹਮ ਗਿਆਨ'' ਹੀ ਹੈ ਜਿਸ ਦੁਆਰਾ ਸਾਡੇ ਅੰਦਰ ਬੁਝਾਰਤ ਦੀ ਸਮਝ ਵੱਸ ਜਾਂਦੀ ਹੈ, ਨਾਮ ਵੱਸ ਜਾਂਦਾ ਹੈ, ਗੁਰਬਾਣੀ ਦਾ ਸੱਚਾ ਗਿਆਨ ਵੱਸ ਜਾਂਦਾ ਹੈ ਜਿਸ ''ਗੁਰਮਤਿ ਰੂਪ'' ਸੱਚੇ ਗਿਆਨ ਨਾਲ, ਨਾਮ ਨਾਲ ਫਿਰ ਮਨੁੱਖ ਦੀ ਸਮਝ ਸਦਾ ਹੀ ਜੁੜੀ ਰਹਿੰਦੀ ਹੈ ਜਿਸ ਸਮਝ ਨੂੰ ਫਿਰ ਉਹ ਸਦਾ ਆਪਣੇ ਨਾਲ ਹੀ ਰੱਖਦਾ ਹੈ ਤੇ ਉਸ ਸਮਝ ਅਨੁਸਾਰ ਹੀ ਵਿਚਰਦਾ ਹੈ ਜਿਸ ਸਮਝ ਦੁਆਰਾ ਉਹ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ। (**ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥**) ਸੰਸਾਰ ਇਸ ਬੁਝਾਰਤ ਨੂੰ ਆਪਣੇ ਆਪ ਕਿਉਂ ਨਹੀਂ ਜਾਣ ਸਕਦਾ ਤੇ ਕਿਵੇਂ ਜਾਣ ਸਕਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

''ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥

ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥''

ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਤੇ ਬ੍ਰਹਮ ਗਿਆਨ ਨੂੰ ਸਮਝਣਾ ਮਨੁੱਖੀ ਮਤਿ ਤੋਂ ਬਾਹਰ ਹੈ, ਸਮਝ ਤੋਂ ਬਾਹਰ ਹੈ ਕਿਉਂਕਿ ਸਭ ਦੇ ਅੰਦਰ ਸਮਝ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ, ਹਉਮੈ ਵਾਲੀ ਸਮਝ, ਮਾਇਆ ਦੀ ਜੁਗਤਿ ਵਾਲੀ ਸਮਝ ਪਾਈ ਹੋਈ ਹੈ, ਤ੍ਰੈਗੁਣਾਂ ਵਾਲੀ ਸਮਝ ਪਾਈ ਹੋਈ ਹੈ ਜਿਸ ਸਮਝ ਦੁਆਰਾ ਨਾ ਬ੍ਰਹਮ ਗਿਆਨ ਨੂੰ ਸਮਝਿਆ ਜਾ ਸਕਦਾ ਹੈ ਕਿ ਬ੍ਰਹਮ ਗਿਆਨ ਕੀ ਹੈ, ਬ੍ਰਹਮ ਗਿਆਨ ਕਿੱਥੋਂ ਆਉਂਦਾ ਹੈ ਤੇ ਕਿਵੇਂ ਆਉਂਦਾ ਹੈ ਤੇ ਉਸਦਾ ਮਕਸਦ ਕੀ ਹੈ ਤੇ ਨਾਂ ਹੀ ਉਸ ''ਬ੍ਰਹਮ ਗਿਆਨੀ'' ਨੂੰ ਸਮਝਿਆ ਜਾ ਸਕਦਾ ਹੈ, ਜੋ ''ਬ੍ਰਹਮ ਗਿਆਨ'' ਦਾ ਮਾਲਕ ਹੈ, ''ਨਾਮ'' ਦਾ ਮਾਲਕ ਹੈ। ਪੂਰੀ ਗੁਰਬਾਣੀ ਇਸੇ ਲਈ ਸਭ ਲਈ ਬੁਝਾਰਤ ਹੀ ਹੈ ਜਿਸਨੂੰ ਸਮਝਿਆ ਨਹੀਂ ਜਾ ਸਕਦਾ। ਇਹ ਬੁਝਾਰਤ ਸਤਿਗੁਰੂ ਦੀ ਭਾਵ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਭਾਵ ਪੂਰੀ ਗੁਰਬਾਣੀ ਵਿੱਚ ''ਬ੍ਰਹਮ ਗਿਆਨ'' ਉਸਨੇ ਆਪ ਹੀ ਪਾਇਆ ਹੋਇਆ ਹੈ, ''ਨਾਮ'' ਆਪ ਹੀ ਪਾਇਆ ਹੋਇਆ ਹੈ, ''ਅੰਮ੍ਰਿਤ ਭੋਜਨ'' ਆਪ ਹੀ ਪਾਇਆ ਹੋਇਆ ਹੈ, ਆਪਣੇ ਆਪ ਦਾ ''ਤਤੁ ਸਾਰੁ'' ਆਪ ਹੀ ਪਾਇਆ ਹੋਇਆ ਹੈ। ਪ੍ਰਮਾਤਮਾ ਦੀ ਇਸ ਆਪਣੀ ਪਾਈ ਹੋਈ ਬੁਝਾਰਤ ਨੂੰ ਉਹ ਆਪ ਹੀ ਬੁੱਝਾ ਸਕਦਾ ਹੈ ਤੇ ਜੋ ਉਸ ਦੀ ਬੁਝਾਰਤ ਨੂੰ ਤੇ ਬੁਝਾਰਤ ਪਾਉਣ ਵਾਲੇ ਨੂੰ ਬੁੱਝ ਲੈਂਦਾ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਲੱਭ ਲੈਂਦਾ ਹੈ, ਉਸਦੀ ਬੁਝਾਰਤ ਦੇ ਰੂਪ ਲੱਭ ਲੈਂਦਾ ਹੈ ਜੋ ਆਪ ਪੂਰੀ ਗੁਰਬਾਣੀ ਵਿੱਚ ਆਪਣੀ ਬੁਝਾਰਤ ਦੇ ਰੂਪ ਵਿੱਚ ਹੀ ਵੱਸਿਆ ਹੋਇਆ ਹੈ, ਸੱਚੇ ਗਿਆਨ ਦੀ ਸਮਝ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ। ਉਸਦੀ ਇਸ ਬੁਝਾਰਤ ਨੂੰ ਗੁਰਸਿੱਖਾਂ ਨੇ ਹੀ ਲੱਭਿਆ ਹੈ ਭਾਵ ਜਾਣਿਆ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਨ, ਬ੍ਰਹਮ ਗਿਆਨ ਨੂੰ ਜਾਣ ਲੈਂਦੇ ਹਨ ਉਹ ਹੀ ਗੁਰਸਿੱਖ ਬਣਦੇ ਹਨ। ਪ੍ਰਮਾਤਮਾ ਦਾ ਭਗਤ ਰੂਪ, ਗੁਰੂ ਰੂਪ ਹੀ ਭਾਵ ਗੁਰਮਤਿ ਦੇ ਸੱਚੇ ਗਿਆਨ ਵਾਲੀ ਸਮਝ ਵਾਲਾ ਰੂਪ ਹੀ ਉਸਦਾ ਗੁਰਸਿੱਖ ਰੂਪ ਹੈ ਜੋ ਸੱਚੀ ਸਿੱਖਿਆ ਤੇ ਹੀ ਚੱਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਜੋ ਪ੍ਰਮਾਤਮਾ ਦਾ ਗੁਰਸਿੱਖ ਰੂਪ ਹੈ ਉਹੀ ਉਸਦਾ ਗੁਰਮੁਖ ਰੂਪ ਹੈ ਜੋ ਕਿ ਉਸ ਦੀ ਆਪਣੀ ਪਾਈ ਹੋਈ ਬੁਝਾਰਤ ਨੂੰ ਬੁੱਝਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਤੇ

ਆਪਣੀ ਪਾਈ ਹੋਈ ਬੁਝਾਰਤ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਸਮਝਾਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਮਨੁੱਖ ਦੀ ਘਾਲਣਾ ਪੂਰੀ ਹੋ ਸਕਦੀ ਹੈ, ਜੀਵਨ ਵਿੱਚ ਭਗਤੀ ਦੇ ਮਾਰਗ ਨੂੰ ਸਮਝਣ ਦਾ ਤੇ ਉਸ ਮਾਰਗ ਤੇ ਚੱਲਣ ਦਾ ਮਨੋਰਥ ਪੂਰਾ ਹੋ ਸਕਦਾ ਹੈ। ਮੁੰਦਾਵਣੀ ਨੂੰ ਜਾਣੇ ਬਿਨ੍ਹਾਂ, ਪ੍ਰਮਾਤਮਾ ਦੇ ਆਪ ਬੁਝਾਏ ਬਿਨ੍ਹਾਂ ਨਾ ਕੋਈ ਗੁਰਸਿੱਖ ਬਣ ਸਕਦਾ ਹੈ, ਨਾ ਕੋਈ ਗੁਰਮੁਖਿ ਬਣ ਸਕਦਾ ਹੈ, ਨਾ ਕੋਈ ਪ੍ਰਮਾਤਮਾ ਨੂੰ ਜਾਨਣ ਵਾਲਾ ਬਣ ਸਕਦਾ ਹੈ। ਗੁਰਸਿੱਖ ਰੂਪ, ਗੁਰਮੁੱਖ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ ਜਿੱਥੇ ਉਹ ਆਪ ਪ੍ਰਗਟ ਹੁੰਦਾ ਹੈ ਤੇ ਆਪਣੀ ਸੱਚੀ ਬਾਣੀ ਦੀ ਸਮਝ, ਗੁਰਬਾਣੀ ਦੀ ਸਮਝ, ਬ੍ਰਹਮ ਗਿਆਨ ਦੀ ਸਮਝ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਤੇ ਤਾਂ ਹੀ ਕਿਸੇ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਬ੍ਰਹਮ ਗਿਆਨੀ ਪ੍ਰਮਾਤਮਾ ਆਪ ਹੀ ਹੈ, ਸੰਤ, ਸਾਧ, ਭਗਤ, ਗੁਰੂ ਆਪ ਹੀ ਹੈ, ਗੁਰਸਿੱਖ, ਗੁਰਮੁਖਿ ਆਪ ਹੀ ਹੈ, ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਭਾਵ ਸਭ ਕੁੱਝ ਉਹ ਆਪ ਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਵਾਲੇ ਅਖਵਾਉਣ ਵਾਲੇ ਅਨੇਕਾਂ ਹੀ ਹਨ ਤੇ ਅਨੇਕਾਂ ਮੇਲ ਵਾਲੇ ਅਖਵਾ ਕੇ ਚਲੇ ਗਏ ਹਨ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਵੀ ਬਹੁਤ ਹਨ ਪਰ ਪ੍ਰਮਾਤਮਾ ਨੂੰ ਜਾਨਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ, ਉਸਦੀ ਬੁਝਾਰਤ ਨੂੰ ਬੁੱਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ ਜੋ ਉਸਦੇ ਆਪਣੇ ਸਮਝਾਏ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ, ਗੁਰਪ੍ਰਸਾਦਿ ਹੈ। (**ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥ ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥**)

ਉੱਪਰ ਵਾਲਾ "ਸ਼ਬਦ" ਜਿਸ ਰਾਹੀਂ ਅਸੀਂ "ਮੁੰਦਾਵਣੀ" ਸਮਝੀ ਹੈ, ਇਹ ਸ਼ਬਦ ਅਕਾਲ ਪੁਰਖ ਰੂਪ ਧੰਨ ਧੰਨ ਤੀਜੀ ਪਾਤਿਸ਼ਾਹੀ ਦੇ ਮੁੱਖੋਂ ਅਕਾਲ ਪੁਰਖ ਦਾ ਉਚਾਰਿਆ ਹੋਇਆ ਹੈ। ਆਉ ਹੁਣ ਦੂਸਰਾ "ਸ਼ਬਦ" ਜਿਸ ਰਾਹੀਂ ਮੁੰਦਾਵਣੀ ਦੀ ਗਲ ਕੀਤੀ ਹੋਈ ਹੈ ਉਹ ਸ਼ਬਦ ਗੁਰਬਾਣੀ ਦੇ ਆਖਰ ਵਿਚ ਧੰਨ ਧੰਨ ਪੰਜਵੀ ਪਾਤਿਸ਼ਾਹੀ ਦੇ ਮੁਖੋਂ ਉਚਾਰਿਆ ਹੋਇਆ ਅਕਾਲ ਪੁਰਖ ਦਾ ਸ਼ਬਦ ਹੈ ਜਿਸਨੂੰ ਹੁਣ ਸਮਝਦੇ ਹਾਂ ਤੇ ਪਹਿਲੇ ਸ਼ਬਦ ਦੇ ਨਾਲ ਤੁਲਨਾ ਕਰਕੇ ਵੇਖਦੇ ਹਾਂ। ਦੋਨਾਂ ਸ਼ਬਦਾਂ ਰਾਹੀਂ ਸਾਨੂੰ ਇਕੋ ਜਿਹੀ ਗੱਲ ਹੀ ਸਮਝਾਈ ਹੋਈ ਹੈ ਪਰ ਵਖਰੇ ਵਖਰੇ ਢੰਗ ਨਾਲ ਸਮਝਾਈ ਹੋਈ ਹੈ।

ਮੁੰਦਾਵਣੀ ਮਹਲਾ ੫ ॥

"ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੂ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥"

ਇਸ ਤੋਂ ਪਹਿਲੇ ਸ਼ਬਦ ਰਾਹੀਂ ਇਸ ਗੁਰਬਾਣੀ ਰੂਪ ਥਾਲ ਦੇ ਵਿੱਚ ਪਈ ਹੋਈ ਵਸਤੂ ਨੂੰ ਇਸ ਤਰੀਕੇ ਨਾਲ ਸਮਝਿਆ ਹੈ।

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥}

ਭਾਵ ਥਾਲ ਦੇ ਵਿੱਚ ਉਸ ਪ੍ਰਮਾਤਮਾ ਦੀ ਵਸਤੂ ਪਈ ਹੋਈ ਹੈ। ਹੁਣ ਉੱਪਰ ਵਾਲੇ ਮੁੱਖ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਇਸ ਤਰੀਕੇ ਸਮਝਾਈ ਹੋਈ ਹੈ।

"**ਥਾਲ ਵਿਚਿ ਤਿੰਨਿ ਵਸਤੂ ਪਈਓ** "

ਜੋ ਭਾਵ "ਤੈ" ਤੋਂ ਹੈ, ਉਹੀ ਭਾਵ "ਤਿੰਨਿ" ਤੋਂ ਹੈ ਭਾਵ ਪ੍ਰਮਾਤਮਾ ਨੂੰ ਸੰਬੋਧਨ ਕੀਤਾ ਹੋਇਆ ਹੈ ਕਿ ਥਾਲ ਦੇ ਵਿੱਚ ਵਸਤੂ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ। ਥਾਲ ਦੀ ਵਸਤੂ ਤਾਂ ਬਦਲ ਨਹੀਂ ਸਕਦੀ ਪਰ ਉਪਰਲੇ ਸ਼ਬਦ ਰਾਹੀਂ ਉਹ ਵਸਤੂ ਕੀ ਹੈ ਇਸ ਗੱਲ ਨੂੰ ਸਮਝਣਾ "ਇਕ ਬੁਝਾਰਤ" ਦੇ ਰੂਪ ਵਿੱਚ ਲਿਖਿਆ ਹੋਇਆ ਹੈ। ਜਿਵੇਂ ਅਸੀਂ ਕਿਸੇ ਨੂੰ ਕੋਈ ਬੁਝਾਰਤ ਪਾਉਂਦੇ ਹਾਂ ਉਸ ਨੂੰ ਪਾਉਣ ਵਿੱਚ ਕੋਈ ਸਿਆਣਪ ਵਰਤਦੇ ਹਾਂ ਤਾਂ ਜੋ ਕੋਈ ਉਸਨੂੰ ਸਮਝ ਨਾ ਸਕੇ ਕਿਉਂਕਿ ਇਹੀ ਬੁਝਾਰਤ ਦਾ ਮਕਸਦ ਹੁੰਦਾ ਹੈ ਕਿ ਉਸਨੂੰ ਕੋਈ ਆਸਾਨੀ ਨਾਲ ਸਮਝ ਨਾ ਸਕੇ ਪਰ ਸਮਝਾਉਣ ਨਾਲ ਉਸਦੀ ਸਮਝ ਪੈ ਵੀ ਜਾਵੇ। ਥਾਲ ਵਿੱਚ ਵਸਤੂ ਕੀ ਹੈ ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਰਾਹੀਂ ਇਸ ਤਰੀਕੇ ਸਮਝਿਆ ਹੈ, **"ਹਰਿ ਭੋਜਨੁ ਅੰਮ੍ਰਿਤੁ**

ਸਾਰੁ ॥" ਭਾਵ ਪੂਰੀ ਗੁਰਬਾਣੀ ਰੂਪ ਥਾਲ ਦੇ ਵਿੱਚ ਅੰਮ੍ਰਿਤ ਭੋਜਨ ਹੈ, ਨਾਮ ਰੂਪ ਭੋਜਨ ਹੈ। ਉਪਰਲੇ ਸ਼ਬਦ ਰਾਹੀਂ ਸਾਨੂੰ ਭੋਜਨ ਉਹੀ ਸਮਝਾਇਆ ਹੋਇਆ ਹੈ ਕਿ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਅੰਮ੍ਰਿਤ ਨਾਮ ਪਾਇਆ ਹੋਇਆ ਹੈ ਜੋ ਕਿ ਦੂਸਰੀ ਪੰਗਤੀ ਰਾਹੀਂ ਥੋੜਾ ਪਰਦਾ ਰੱਖ ਕੇ ਸਮਝਾਇਆ ਹੋਇਆ ਹੈ ਕਿਉਂਕਿ ਇਹ ਸ਼ਬਦ ਗੁਰੂ ਸਾਹਿਬ ਨੇ ਬੁਝਾਰਤ ਦੇ ਰੂਪ ਵਿੱਚ ਲਿਖਿਆ ਹੋਇਆ ਹੈ ਜਿਸ ਬੁਝਾਰਤ ਨੂੰ ਅਸੀਂ ਬੁੱਝਣਾ ਹੈ। ਪਹਿਲੀ ਪੰਗਤੀ ਰਾਹੀਂ ਅਸੀਂ ਉਸ ਭੋਜਨ ਨੂੰ ਕਿਵੇਂ ਵਰਤਣਾ ਹੈ, ਕਿਸ ਮਕਸਦ ਲਈ ਵਰਤਣਾ ਹੈ, ਉਹ ਗੱਲ ਪਹਿਲੇ ਸਮਝਾ ਦਿੱਤੀ ਹੈ ਤੇ ਭੋਜਨ ਕੀ ਹੈ ਇਹ ਗੱਲ ਬਾਅਦ ਵਿੱਚ ਲਿਖ ਦਿੱਤੀ ਹੈ।

(ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥)

ਪੂਰੀ ਗੁਰਬਾਣੀ ਵਿੱਚ ਜੋ ਭੋਜਨ ਹੈ ਉਹ **"ਅੰਮ੍ਰਿਤ ਨਾਮੁ"** ਦੇ ਰੂਪ ਵਿੱਚ ਹੈ। ਇਹ ਭੋਜਨ ਸਾਡੇ ਮਨ ਦਾ ਭੋਜਨ ਹੈ ਜਿਸ ਨੂੰ ਮਨ ਨੇ ਵਿਚਾਰਨਾ ਹੈ ਭਾਵ ਇਹ ਭੋਜਨ ਸਾਡੇ ਮਨ ਦੇ ਵਿਚਾਰਨ ਲਈ ਹੈ ਜਿਸਨੂੰ ਵਿਚਾਰਨ ਦਾ ਮਕਸਦ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪਾਉਣ ਦੇ ਨਾਲ ਹੈ, ਜਿਸ ਨੂੰ ਵਿਚਾਰਨ ਨਾਲ ਭਾਵ ਮੰਨਣ ਨਾਲ ਸਾਡੇ ਅੰਦਰ **"ਸਤੁ ਸੰਤੋਖ"** ਆਵੇ। ਭਗਤੀ ਦੇ ਮਾਰਗ ਤੇ ਸਤੁ ਸੰਤੋਖ ਦੁਆਰਾ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਰਹਿਤ ਹੋ ਕੇ ਹੀ ਚੱਲਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਤੇ ਸਾਰੀ ਬਾਣੀ ਰਾਹੀਂ ਸਾਨੂੰ ਭਗਤੀ ਦਾ ਇਹੀ ਮਾਰਗ ਸਮਝਾਇਆ ਹੋਇਆ ਹੈ ਜੋ ਕਿ ਗੁਰੂ ਦੇ **"ਨਾਮ"** ਦਾ ਮਕਸਦ ਹੈ। ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਿਚਾਰ ਕੇ ਜੋ ਸਤੁ ਸੰਤੋਖ ਆਉਂਦਾ ਹੈ ਉਹੀ ਸਾਡਾ ਨਾਮ ਦਾ ਆਧਾਰ ਹੈ, ਸਾਡੇ ਅੰਦਰ ਨਾਮ ਦਾ ਆਸਰਾ ਹੈ ਜੋ ਆਸਰਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। (**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**) ਇਸ ਤੋਂ ਪਿਛਲੇ ਸ਼ਬਦ ਰਾਹੀਂ ਸਾਨੂੰ ਇਹ ਭੋਜਨ ਖਾਣਾ ਇਸ ਤਰੀਕੇ ਸਮਝਾਇਆ ਹੋਇਆ ਹੈ। {**ਜਿਤੁ ਖਾਧੈ ਮਨੁ ਤ੍ਰਿਪਤੀਐ॥**} ਭਾਵ ਇਹ ਨਾਮ ਦੇ ਭੋਜਨ ਦਾ ਮਕਸਦ ਆਪਣੇ ਮਨ ਨੂੰ ਤ੍ਰਿਪਤ ਕਰਨ ਲਈ ਹੈ, ਮਾਇਆ ਮੋਹ ਤੋਂ, ਇੱਛਾਵਾਂ ਤੋਂ, ਤ੍ਰਿਸ਼ਨਾਵਾਂ ਤੋਂ ਤ੍ਰਿਪਤ ਕਰਨ ਲਈ ਹੈ ਤਾਂ ਜੋ ਅਸੀਂ ਮਨ ਦੇ ਸੰਤੋਖ ਦੁਆਰਾ ਵਿਚਰੀਏ ਭਾਵ ਧਰਮ ਦੇ ਮਾਰਗ ਤੇ ਚੱਲੀਏ। ਇਸ ਭੋਜਨ ਨੂੰ ਛਕਣ ਨਾਲ ਸਾਡੇ ਮਨ ਦੀ ਤ੍ਰਿਪਤੀ ਹੁੰਦੀ ਹੈ, ਮਨ ਵਿੱਚ ਸਤੁ ਸੰਤੋਖ ਆਉਂਦਾ ਹੈ ਪਰ ਉਹ ਤਾਂ ਹੀ ਆਉਂਦਾ ਹੈ ਜੇਕਰ ਸਾਨੂੰ ਇਹ ਭੋਜਨ ਛਕਣ ਦੀ ਸਹੀ ਸਮਝ ਹੋਵੇ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥"

ਇਹ ਭੋਜਨ ਸਾਡੇ ਮਨ ਦੇ ਖਾਣ ਦਾ ਭੋਜਨ ਹੈ ਜਿਸ ਨੂੰ ਖਾਣ ਦਾ ਮਕਸਦ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਵਿਕਾਰਾਂ ਵਿੱਚੋਂ ਨਿਕਲਣ ਦਾ ਹੈ, ਤ੍ਰਿਸ਼ਨਾਵਾਂ ਨੂੰ ਛੱਡਣ ਦਾ ਹੈ ਤਾਂ ਜੋ ਅਸੀਂ ਮਨ ਦੇ ਸੰਤੋਖ ਵਿੱਚ ਆਈਏ। ਇਸ ਭੋਜਨ ਨੂੰ ਉਹ ਹੀ ਛਕਦਾ ਹੈ, ਗੁਰਮਤਿ ਨੂੰ, ਗੁਰੂ ਦੀ ਸੱਚੀ ਸਿੱਖਿਆ ਨੂੰ ਉਹੀ ਮੰਨਦਾ ਹੈ ਜਿਸਨੂੰ ਗੁਰੂ ਦੀ ਸਿੱਖਿਆ ਚੰਗੀ ਲੱਗਦੀ ਹੈ ਭਾਵ ਉਹ ਇਹ ਭੋਜਨ ਛਕ ਕੇ **"ਭੁੰਚਦਾ"** ਹੈ, ਉਸ ਵਿੱਚ ਸਵਾਦ ਮਹਿਸੂਸ ਕਰਦਾ ਹੈ। ਜਦ ਤੱਕ ਸਾਨੂੰ ਕੋਈ ਗੱਲ ਚੰਗੀ ਨਾ ਲੱਗੇ ਤਦ ਤੱਕ ਅਸੀਂ ਉਸ ਨੂੰ ਮੰਨ ਨਹੀਂ ਸਕਦੇ। ਜੇ ਗੁਰੂ ਸਾਨੂੰ ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਔਗੁਣ ਛੱਡਣ ਲਈ ਸਮਝਾਉਂਦਾ ਹੈ, ਮਨਮਤਿ ਛੱਡਣ ਲਈ ਸਮਝਾਉਂਦਾ ਹੈ ਤੇ ਜੇਕਰ ਸਾਨੂੰ ਗੁਰੂ ਦਾ ਇਹ **"ਸਿੱਖਿਆ ਰੂਪ ਭੋਜਨ"** ਚੰਗਾ ਲੱਗੇਗਾ ਫਿਰ ਤਾਂ ਹੀ ਅਸੀਂ ਇਸ ਨੂੰ ਛਕਾਂਗੇ ਭਾਵ ਮੰਨਾਂਗੇ ਤੇ ਉਸ ਤੇ ਅਮਲ ਕਰਾਂਗੇ। ਕਥਨੀ ਰਾਹੀਂ, ਪਾਠ ਪੜ੍ਹਨ ਰਾਹੀਂ ਤੇ ਅਸੀਂ ਹਰ ਰੋਜ ਗੁਰੂ ਦੀ ਗੱਲ ਨੂੰ ਬੋਲੀ ਜਾਂਦੇ ਹਾਂ ਪਰ ਮੰਨਣੀ ਹੀ ਔਖੀ ਹੈ ਤੇ ਇਸੇ ਲਈ ਗੁਰੂ ਦੀ ਗੱਲ ਮੰਨਣੀ ਸਾਨੂੰ ਚੰਗੀ ਨਹੀਂ ਲੱਗਦੀ। ਗੁਰੂ ਸਾਨੂੰ ਇਸ ਤਰੀਕੇ ਸਮਝਾਉਂਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥

ਸਾਚੋ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ ੪੧੯)

ਗੁਰੂ ਦੀ ਬਾਣੀ ਵਿੱਚੋਂ ਪੜੀ ਸੁਣੀ ਤਾਂ ਅਸੀਂ ਇਹ ਕੁੱਝ ਰੋਜ ਹੀ ਜਾਂਦੇ ਹਾਂ ਪਰ ਲਾਲਚ ਛੱਡਣਾ ਕਿਤਨਾ ਔਖਾ ਹੈ ਇਹ ਹਰ ਕੋਈ ਜਾਣਦਾ ਹੈ। ਆਪਣਾ ਲਾਲਚ ਪੂਰਾ ਕਰਨ ਲਈ ਮਨੁੱਖ ਅਨੇਕਾਂ ਝੂਠ ਬੋਲਦਾ ਹੈ, ਮਾੜੇ ਕਰਮ ਕਰਦਾ ਹੈ, ਦੂਸਰਿਆਂ ਦਾ ਹੱਕ ਖਾਂਦਾ ਹੈ ਲੇਕਿਨ ਆਪਣਾ ਲਾਲਚ ਛੱਡਿਆ ਨਹੀਂ ਜਾਂਦਾ ਕਿਉਂਕਿ ਉਹ ਛੱਡਣਾ ਸਾਨੂੰ ਚੰਗਾ ਨਹੀਂ ਲੱਗਦਾ। ਨਾਮ ਦਾ ਭੋਜਨ, ਅੰਮ੍ਰਿਤ ਭੋਜਨ ਤਾਂ ਹੀ ਛਕਿਆ ਜਾ ਸਕਦਾ ਹੈ ਜੇਕਰ ਅਸੀਂ ਉਸ ਭੋਜਨ ਨੂੰ ਭੁੰਚੀਏ ਭਾਵ ਪਸੰਦ ਕਰੀਏ ਭਾਵ ਗੁਰੂ ਦੀ ਗੱਲ ਤੇ ਅਮਲ ਕਰਨਾ ਸਾਨੂੰ ਚੰਗਾ ਲੱਗੇ। ਉਧਾਰ ਉਸੇ ਮਨੁੱਖ ਦਾ ਹੁੰਦਾ ਹੈ ਜੋ ਗੁਰੂ ਦੇ ਸਚੇ ਭੋਜਨ ਨੂੰ, ਅੰਮ੍ਰਿਤ ਭੋਜਨ ਨੂੰ ਛਕ ਕੇ ਭੁੰਚਦਾ ਹੈ ਭਾਵ ਉਸ ਤੇ ਅਮਲ ਕਰਦਾ ਹੈ। ਉਧਾਰ ਤੇ ਮਨੁੱਖ ਦੀ ਸਮਝ ਦਾ ਹੀ ਹੁੰਦਾ ਹੈ, ਮਨ ਦੀ ਮਤਿ ਦਾ ਹੀ ਹੁੰਦਾ ਹੈ ਭਾਵ ਮਨ ਦੀ ਮਾੜੀ ਮਤਿ ਦਾ ਹੀ ਹੁੰਦਾ ਹੈ, ਅਗਿਆਨਤਾ ਵਾਲੀ ਨਾ-ਸਮਝ ਮਤਿ ਦਾ ਹੀ ਹੁੰਦਾ ਹੈ ਜੋ ਗੁਰੂ ਦੇ ਸੱਚੇ ਗਿਆਨ ਨੂੰ, ਸੱਚੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਹੁੰਦਾ ਹੈ ਜਿਸ ਗੁਰੂ ਦੇ ਗਿਆਨ ਦਾ ਸਾਡੇ ਅੰਦਰ ਵੱਸ ਜਾਣ ਨਾਲ ਸਾਡੀ ਨਾ-ਸਮਝ ਮਤਿ ਗੁਰੂ ਦੇ ਸੱਚੇ ਗਿਆਨ ਵਾਲੀ ਮਤਿ ਬਣ ਜਾਂਦੀ ਹੈ, ਜੋ ਮਤਿ ਮਾਇਆ ਮੋਹ ਤੋਂ ਰਹਿਤ ਹੋ ਕੇ ਧਰਮ ਦੇ ਸੱਚੇ ਮਾਰਗ ਤੇ ਚਲਾਉਂਦੀ ਹੈ। ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਸਾਡੇ ਮਨ ਦੀ ਸਮਝ ਨਾਲ ਹੀ ਜੁੜਿਆ ਹੋਇਆ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸਦੇ ਨਾਮ ਦੇ ਰੂਪ ਵਿੱਚ ਹੈ ਤੇ ਗੁਰੂ ਕੋਲੋਂ ਉਸਦੀ ਸੱਚੀ ਮਤਿ ਦਾ ਭੋਜਨ ਛਕਣ ਦੁਆਰਾ ਹੀ ਸਾਡੀ ਭਰਮਾਂ ਵਾਲੀ ਮਾੜੀ ਨਾ-ਸਮਝ ਮਤਿ ਦਾ ਉਧਾਰ ਹੋ ਸਕਦਾ ਹੈ। (**ਜੋ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**)

ਪ੍ਰਮਾਤਮਾ ਦੀ ਇਹ ਅੰਮ੍ਰਿਤ ਨਾਮ ਰੂਪ "ਵਸਤ" ਪੂਰੇ ਜੀਵਨ ਲਈ ਸਾਡੇ ਛਕਣ ਲਈ ਹੈ ਭਾਵ ਗੁਰੂ ਦੀ ਮਤਿ ਨੂੰ, ਨਾਮ ਨੂੰ ਅਸੀਂ ਪੂਰਾ ਜੀਵਨ ਆਪਣੇ ਅੰਦਰ ਵਸਾ ਕੇ ਰੱਖਣਾ ਹੈ ਭਾਵ ਪੂਰਾ ਜੀਵਨ ਭਗਤੀ ਦੇ ਸੱਚੇ ਮਾਰਗ ਤੇ ਚੱਲਣਾ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਨਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥"

ਜੋ ਗੱਲ ਮੁੱਖ ਸ਼ਬਦ ਦੀ ਉੱਪਰ ਵਾਲੀ ਪੰਗਤੀ ਰਾਹੀਂ ਲਿਖੀ ਹੋਈ ਹੈ, ਉਹੀ ਗੱਲ ਅਸੀਂ ਪਿਛਲੇ ਸ਼ਬਦ ਰਾਹੀਂ ਇਸ ਤਰੀਕੇ ਨਾਲ ਸਮਝੀ ਹੈ।

{ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥}

ਆਪਣਾ ਨਾਮ ਗੁਰੂ ਨੇ, ਪ੍ਰਮਾਤਮਾ ਨੇ "**ਮੁੰਦਾਵਣੀ**" ਦੇ ਰੂਪ ਵਿੱਚ ਸਮਝਾਇਆ ਹੋਇਆ ਹੈ ਜਿਸ ਸੱਚੀ ਸਮਝ ਨੂੰ ਅਸੀਂ ਸਦਾ ਆਪਣੇ ਹਿਰਦੈ ਵਿੱਚ ਵੱਸਾ ਕੇ ਰੱਖਣਾ ਹੈ ਤਾਂ ਜੋ ਉਸ ਅਨੁਸਾਰ ਪੂਰਾ ਜੀਵਨ ਵਿਚਰ ਸਕੀਏ ਭਾਵ ਇੱਕ ਘੜੀ ਲਈ ਵੀ ਗੁਰੂ ਦੀ ਮਤਿ ਨਾਲੋਂ ਨਾ ਵਿਛੜੀਏ।

ਸਾਡਾ ਉਧਾਰ ਗੁਰੂ ਦੀ ਮਤਿ ਨੇ ਹੀ ਕਰਨਾ ਹੈ, ਮਾਇਆ ਮੋਹ ਵਾਲੀ ਸਮਝ ਵਿੱਚੋਂ ਕੱਢਣ ਦੁਆਰਾ ਹੀ ਕਰਨਾ ਹੈ ਭਾਵ ਨਾ-ਸਮਝੀ ਵਾਲੀ ਮਤਿ, ਅਗਿਆਨਤਾ ਵਾਲੀ ਮਤਿ ਵਿੱਚੋਂ ਕੱਢਣ ਨਾਲ ਹੀ ਕਰਨਾ ਹੈ ਜਿਵੇਂ ਕਿ ਅਸੀਂ ਸ਼ਬਦ ਦੀ ਇਸ ਤੋਂ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। ਸਾਡਾ ਉਧਾਰ ਹੋਣਾ ਹੀ ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ ਜੋ ਕਿ ਨਾਮ ਦਾ ਭੋਜਨ ਛਕਣ ਦੁਆਰਾ ਹੀ ਤਰਿਆ ਜਾ ਸਕਦਾ ਹੈ, ਗੁਰੂ ਦੀ ਨਾਮ ਰੂਪ ਵਸਤ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਤਰਿਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ, ਆਖਰੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

"**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥**"

ਗੁਰੂ ਦੇ ਨਾਮ ਦਾ ਮਕਸਦ ਸਾਨੂੰ ਸੱਚੀ ਭਗਤੀ ਸਮਝਾਉਣ ਨਾਲ ਹੈ, ਉਸ ਤੇ ਚਲਾਉਣ ਨਾਲ ਹੈ ਤੇ ਪ੍ਰਮਾਤਮਾ ਦੇ ਨਾਲ ਮਿਲਾਉਣ ਨਾਲ ਹੈ। ਇਹੀ ਗੱਲ ਅਸੀਂ ਪਿਛਲੇ ਸ਼ਬਦ ਰਾਹੀਂ ਸਮਝੀ ਹੈ ਤੇ ਇਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਦੀ ਮਾਇਆ ਦਾ ਮਕਸਦ, ਹਉਮੈ ਵਾਲੀ ਅਵੱਸਥਾ ਦਾ ਮਕਸਦ, ਤ੍ਰੈਗੁਣਾਂ ਵਾਲੀ ਅਵੱਸਥਾ ਦਾ ਮਕਸਦ ਸਾਨੂੰ ਮਨ ਦੀ ਨਾ-ਸਮਝੀ ਵਿੱਚ ਰੱਖਣ ਦਾ ਹੀ ਹੈ, ਭਰਮਾਂ ਵਿੱਚ, ਅਗਿਆਨਤਾ ਵਿੱਚ ਰੱਖਣ ਦਾ ਹੀ ਹੈ ਜਿਸ ਮਾੜੀ ਸਮਝ ਵਿੱਚ ਰਹਿੰਦਿਆਂ, ਮਨਮਤਿ ਵਿੱਚ ਰਹਿੰਦਿਆਂ ਨਾ ਸਾਨੂੰ ਸੱਚੇ ਨਾਮ ਦੀ ਸਮਝ ਲੱਗ ਸਕਦੀ ਹੈ, ਨਾ ਹੀ

ਉਸ ਅਨੁਸਾਰ ਚੱਲਿਆ ਜਾ ਸਕਦਾ ਹੈ ਭਾਵ ਨਾ ਨਾਮ ਜਪਿਆ ਜਾ ਸਕਦਾ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਸਾਡੇ ਅੰਦਰ ਦੀ ਇਹ ਨਾ-ਸਮਝ ਮਤਿ, ਅਗਿਆਨਤਾ ਵਾਲੀ ਮਤਿ ਹੀ ਸਾਡੇ ਅੰਦਰ ਦਾ ਮਾਇਆ ਮੋਹ ਦਾ ਸਾਗਰ ਹੈ ਜਿਸ ਤੋਂ ਅਸੀਂ ਤਰਨਾ ਹੈ। ਸਾਡੀ ਇਸ ਅਗਿਆਨਤਾ ਵਾਲੀ ਸਮਝ ਨੂੰ ਉੱਪਰ ਪੰਗਤੀ ਰਾਹੀਂ "**ਤਮ**' ਕਹਿ ਕੇ ਸਮਝਾਇਆ ਹੈ ਜਿਸ "**ਤਮ**" ਵਿੱਚ ਸਾਰਾ ਸੰਸਾਰ ਹੀ ਹੈ। "**ਤਮ ਸੰਸਾਰੁ**"।"**ਤਮ**" ਹਨੇਰੇ ਨੂੰ ਕਹਿੰਦੇ ਹਨ ਜੋ ਕਿ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਹਨੇਰੇ ਵਿੱਚ ਰੱਖਿਆ ਹੋਇਆ ਹੈ, ਮਨ ਦੀ ਸਮਝ ਰਾਹੀਂ ਹਨੇਰੇ ਵਿੱਚ ਭਾਵ ਅਗਿਆਨਤਾ ਰੂਪ ਹਨੇਰੇ ਵਿੱਚ ਰੱਖਿਆ ਹੋਇਆ ਹੈ। ਅਸੀਂ ਮਨ ਦੇ ਇਸ "**ਤਮ**" ਤੋਂ ਹੀ ਤਰਨਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਤਰਨਾ ਹੈ, ਇਸ ਵਿੱਚੋਂ ਨਿਕਲਣਾ ਹੈ ਜਿਸ ਵਿੱਚੋਂ ਨਿਕਲਣ ਦਾ ਸਾਧਨ ਗੁਰੂ ਦਾ ਸੱਚਾ ਗਿਆਨ ਹੈ ਭਾਵ ਨਾਮ ਹੈ ਜੋ ਨਾਮ ਪ੍ਰਮਾਤਮਾ ਨੇ ਆਪ ਹੀ ਪੂਰੀ ਗੁਰਬਾਣੀ ਰੂਪ ਥਾਲ ਵਿੱਚ ਪਾਇਆ ਹੋਇਆ ਹੈ, ਸਾਡੇ ਮਨ ਦੇ ਛਕਣ ਲਈ ਪਾਇਆ ਹੋਇਆ ਹੈ। ਜੋ ਵੀ ਇਸ ਭੋਜਨ ਨੂੰ ਛਕੇਗਾ ਭਾਵ ਨਾਮ ਜਪੇਗਾ ਉਹ ਮਾਇਆ ਮੋਹ ਦੇ ਸਾਗਰ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ, ਤਮ ਵਿੱਚੋਂ ਤਰ ਜਾਵੇਗਾ। ਗੁਰੂ ਦੇ ਨਾਮ ਨਾਲ ਜੁੜਣਾ ਹੀ ਗੁਰੂ ਦੇ ਚਰਨਾਂ ਨਾਲ ਜੁੜਣਾ ਹੈ ਜੋ ਕਿ ਸਾਡੀ ਸਮਝ ਨੇ ਹੀ ਜੁੜਣਾ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਹੈ। ਮਨ ਦੀ ਅਗਿਆਨਤਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਪੜਦਾ ਹੈ ਜੋ ਪੜਦਾ ਦੂਰ ਹੋਣ ਨਾਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਮਨ ਦੇ ਗਿਆਨ ਰਾਹੀਂ, ਮਨ ਦੀ ਸਮਝ ਰਾਹੀਂ, ਮਨ ਦੀ ਸੋਚ ਰਾਹੀਂ ਵਿਚਰ ਰਹਿਆ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖਣ ਦੁਆਰਾ ਹੀ ਮਨੁੱਖ ਨੂੰ ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ, ਨਿਰੰਕਾਰ ਰੂਪ ਵਿੱਚ ਸਮਾਇਆ ਹੋਇਆ ਹੈ ਜੋ ਕਿ ਉਸਦਾ ਗਿਆਨ ਰੂਪ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਇਸ ਦੀ ਸਮਝ ਮਨ ਦੀ ਅਗਿਆਨਤਾ ਦੂਰ ਹੋਣ ਦੁਆਰਾ ਹੀ ਪੈਂਦੀ ਹੈ ਜੋ ਅਗਿਆਨਤਾ ਪ੍ਰਮਾਤਮਾ ਆਪ ਹੀ ਦੂਰ ਕਰ ਸਕਦਾ ਹੈ ਜਿਸਨੇ ਸਾਡੇ ਅੰਦਰ ਇਹ ਮਨ ਦੀ ਸਮਝ ਪਾਈ ਹੋਈ ਹੈ।(**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥**)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ ੧੩)

ਬ੍ਰਹਮ ਗਿਆਨ ਦਾ ਮਕਸਦ ਮਨੁੱਖ ਨੂੰ ਅਗਿਆਨਤਾ ਵਿੱਚੋਂ ਤਾਰਨ ਦਾ ਹੀ ਹੈ ਤੇ ਅਗਿਆਨਤਾ ਵਾਲੀ ਸਮਝ ਵਿੱਚੋਂ ਤਰ ਕੇ ਹੀ "**ਅਕਥਿ ਕਥਾ**" ਭਾਵ ਗੁਰਬਾਣੀ ਦੀ ਸੋਝੀ ਪੈਂਦੀ ਹੈ ਜੋ ਬ੍ਰਹਮ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਪਾਉਂਦਾ ਹੈ। "**ਮੁੰਦਾਵਣੀ**' ਕੀ ਹੈ, ਇਸ ਗੱਲ ਨੂੰ ਅਸੀਂ ਉੱਪਰ ਦੋਨਾਂ ਸ਼ਬਦਾਂ ਦੀ ਵਿਆਖਿਆ ਨੂੰ ਆਪਸ ਵਿੱਚ ਜੋੜ ਕੇ ਸਮਝਿਆ ਹੈ ਤੇ ਦੋਨਾਂ ਸ਼ਬਦਾਂ ਤੋਂ ਭਾਵ ਇਹੀ ਹੈ ਕਿ ਪੂਰੀ ਗੁਰਬਾਣੀ ਰੂਪ ਥਾਲ ਦੇ ਵਿੱਚ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਵਸਤੂ ਹੈ ਜੋ ਕਿ ਨਾਮ ਦੇ ਰੂਪ ਵਿੱਚ ਹੈ ਜਿਸ ਨਾਮ ਨੂੰ ਸਾਡੇ ਮਨ ਦੀ ਸਮਝ ਨੇ ਜਪਣਾ ਹੈ ਭਾਵ ਮੰਨਣਾ ਹੈ, ਉਸ ਤੇ ਅਮਲ ਕਰਨਾ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। (**ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥ ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥ ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥ ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥ ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ॥ ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ॥**) (**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥**) ਪ੍ਰਮਾਤਮਾ ਨੂੰ ਕੋਈ ਸਰੀਰਕ ਜਪਾਂ ਤਪਾਂ ਦੁਆਰਾ ਜਾਣ ਲਵੇ ਇਹ ਨਾ-ਮੁਮਕਿਨ ਹੈ ਜਿਨ੍ਹਾਂ ਨੂੰ ਕੇਵਲ ਮਨੁੱਖ ਦੀ ਚਤੁਰਾਈਆਂ ਦੱਸਿਆ ਹੈ ਜੋ ਚਤੁਰਾਈਆਂ ਸਾਡੇ ਕੋਲੋਂ ਉਹ ਆਪ ਹੀ ਕਰਵਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਪਰ ਇਨ੍ਹਾਂ ਚਤੁਰਾਈਆਂ ਵਿੱਚੋਂ ਨਿਕਲਣ ਦਾ, ਇਨ੍ਹਾਂ ਨੂੰ ਛੱਡਣ ਦਾ ਫਰਜ ਵੀ ਮਨੁੱਖ ਦੇ ਸਿਰ ਹੀ ਹੈ ਜਿਵੇਂ ਕਿ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ, ਨਾਮ ਦੀ ਸਿੱਖਿਆ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ। ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਨਾਮ ਜਪਣਾ ਹੈ ਤੇ ਇਹੀ "**ਮੁੰਦਾਵਣੀ**" ਨੂੰ ਬੁੱਝਣ ਦਾ ਮਕਸਦ ਹੈ ਜਿਵੇਂ ਕਿ ਅਸੀਂ ਉੱਪਰ ਦੋਨਾਂ ਸ਼ਬਦਾਂ ਦੁਆਰਾ ਸਮਝਿਆ ਹੈ। ਦੂਸਰੇ ਸ਼ਬਦ ਰਾਹੀਂ ਸਾਨੂੰ ਸਪੱਸ਼ਟ ਤੌਰ ਤੇ ਇਹ ਕਿਹਾ ਕਿ "**ਇਹ ਸ਼ਬਦ ਹੀ ਮੁੰਦਾਵਣੀ ਹੈ**" ਭਾਵ ਇਸ ਬੁਝਾਰਤ ਨੂੰ ਬੁੱਝੋ। ਅਸੀਂ ਬੁਝਾਰਤ ਨੂੰ ਠੀਕ ਬੁੱਝਿਆ ਹੈ ਜਾਂ ਗਲਤ ਬੁੱਝਿਆ ਹੈ ਇਸ ਗੱਲ ਦਾ ਫੈਸਲਾ ਕਰਨ ਲਈ ਤੀਜੀ ਪਾਤਿਸ਼ਾਹੀ ਦੁਆਰਾ ਉਚਾਰਿਆ ਹੋਇਆ ਸ਼ਬਦ ਹੈ ਜਿਸਨੂੰ ਅਸੀਂ ਇਸ ਤੋਂ ਪਹਿਲੇ ਸਮਝਿਆ ਹੈ। ਜੇਕਰ ਦੋਨਾਂ ਸ਼ਬਦਾਂ ਦੀ ਗੱਲ ਆਪਸ ਵਿਚ ਮੇਲ ਖਾਂਦੀ ਹੈ ਤਾਂ ਬੁਝਾਰਤ ਬੁੱਝੀ ਠੀਕ ਹੈ ਤੇ ਜੇਕਰ ਮੇਲ ਨਹੀਂ ਖਾਂਦੀ ਤਾਂ ਅਸੀਂ ਬੁੱਝਣ ਵਿੱਚ ਗਲਤ ਹਾਂ। ਫੈਸਲਾ ਗੁਰਬਾਣੀ ਨੇ ਆਪ ਹੀ ਕੀਤਾ ਹੋਇਆ ਹੈ, ਗੁਰਬਾਣੀ ਲਿਖਣ ਦੇ ਸਮੇ ਹੀ ਕੀਤਾ ਹੋਇਆ ਹੈ ਤੇ ਨਾਲ ਇਹ ਵੀ ਫੈਸਲਾ ਦਿਤਾ ਹੋਇਆ ਹੈ ਕਿ ਇਸ ਬੁਝਾਰਤ ਨੂੰ ਉਹ ਹੀ ਬੁੱਝੇਗਾ ਜਿਸਨੂੰ ਇਹ ਬੁਝਾਰਤ ਪ੍ਰਮਾਤਮਾ ਆਪ ਹੀ ਬੁੱਝਾਏਗਾ, ਆਪਣੇ ਮੇਲ ਦੁਆਰਾ ਬੁੱਝਾਏਗਾ। ਜਿਸਨੂੰ ਪ੍ਰਮਾਤਮਾ ਨੇ ਇਹ ਬੁਝਾਰਤ ਬੁੱਝਾਉਣੀ ਹੈ ਉਹ ਇਸੇ ਮਕਸਦ ਲਈ ਬੁੱਝਾਉਣੀ ਹੈ ਕਿ ਉਹ ਨਾਮ ਨੂੰ ਜਾਣ ਸਕੇ, ਸਮਝ ਸਕੇ। ਪੂਰੀ ਗੁਰਬਾਣੀ ਵਿਚ ਨਾਮ ਹੈ ਤੇ ਇਸੇ ਲਈ ਪ੍ਰਮਾਤਮਾ ਜਿਸਨੂੰ ਆਪਣਾ ਨਾਮ ਸਮਝਾਉਂਦਾ ਹੈ, ਉਸਨੂੰ ਪੂਰੀ ਗੁਰਬਾਣੀ ਹੀ ਸਮਝਾਉਂਦਾ ਹੈ। ਇਸ ਬੁਝਾਰਤ ਦਾ ਮਕਸਦ ਹੀ ਪ੍ਰਮਾਤਮਾ ਦੁਆਰਾ ਆਪਣੀ ਪੂਰੀ ਗੁਰਬਾਣੀ ਦੀ ਸੋਝੀ ਪਾਉਣ ਨਾਲ ਹੈ ਜਿਸ ਲਈ ਪ੍ਰਮਾਤਮਾ ਨੇ ਦਾਸ ਤੇ ਆਪਣੀ ਕ੍ਰਿਪਾ ਕੀਤੀ ਹੈ ਜੋ ਕਿ ਉਸਦੀ ਆਪਣੀ ਰਜ਼ਾ ਹੈ। ਇਸ ਗੱਲ ਦਾ ਜਿਕਰ ਲੇਖ ਦੇ ਸ਼ੁਰੂ ਵਿੱਚ ਵੀ ਕੀਤਾ ਹੋਇਆ ਹੈ ਕਿ ਦਾਸ ਨੂੰ ਪਹਿਲੇ ਪ੍ਰਮਾਤਮਾ ਨੇ ਇਹ "ਮੁੰਦਾਵਣੀ' ਸਮਝਾਈ ਹੈ ਤੇ ਸਮਝਾਉਣ ਦਾ ਮਕਸਦ ਸਮਝਾਇਆ ਹੈ ਜੋ ਕਿ ਪੂਰੀ ਗੁਰਬਾਣੀ ਨੂੰ ਸਮਝਾਉਣ ਦਾ ਹੈ ਜੋ ਸਮਝ ਹੁਣ ਤਕ ਸੰਸਾਰ ਨੂੰ ਉਸਨੇ ਨਹੀਂ ਪਾਈ ਹੈ ਜਿਸ ਗੱਲ ਦਾ ਅੰਦਾਜਾ ਹੁਣ ਤੱਕ ਦੇ ਅਰਥਾਂ ਦੁਆਰਾ ਲਗਾਇਆ ਜਾ ਸਕਦਾ ਹੈ। ਅਜੇ ਕੇਵਲ ਅਸੀਂ ਉਹ ਅਰਥ ਸਮਝੇ ਹਨ ਜਿਨਾਂ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਨਾਮ ਦੇ ਮਕਸਦ ਨੂੰ ਸਮਝ ਸਕੀਏ। ਅੱਗੇ ਚੱਲਕੇ ਬਹੁਤ ਹੀ ਡੂੰਘਾਈ ਵਾਲੇ ਸ਼ਬਦਾਂ ਦੇ ਅਰਥਾਂ ਨੂੰ ਸਮਝਣਾ ਹੈ ਤੇ ਜਦ ਤੱਕ ਪ੍ਰਮਾਤਮਾ ਨੇ ਇਸ ਸਰੀਰ ਤੋਂ ਸੇਵਾ ਲੈਣੀ ਹੈ, ਇਹ ਉਹ ਹੀ ਜਾਣਦਾ ਹੈ। ਦਾਸ ਦੇ ਜੀਵਨ ਦਾ ਮਕਸਦ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਗੁਰਬਾਣੀ ਦੇ ਅਰਥਾਂ ਨੂੰ ਲਿਖਣ ਦਾ ਤੇ ਸੰਸਾਰ ਤੱਕ ਪਹੁੰਚਾਣ ਦਾ ਹੈ ਜੋ ਮਕਸਦ ਉਹ ਆਪ ਹੀ ਆਪਣੀ ਰਜ਼ਾ ਅਨੁਸਾਰ ਪੂਰਾ ਕਰਵਾ

ਰਹਿਆ ਹੈ। ਦਾਸ ਕੇਵਲ ਉਸਦੀ ਕਠਪੁਤਲੀ ਹੈ ਤੇ ਜੋ ਕੁੱਝ ਉਸਨੂੰ ਭਾਉਂਦਾ ਹੈ, ਉਹੀ ਕੁੱਝ ਕਰਵਾ ਰਹਿਆ ਹੈ। ਦਾਸ ਨੂੰ ਇਨ੍ਹਾਂ ਅਰਥਾਂ ਦਾ ਰਤੀ ਭਰ ਵੀ ਮਾਣ ਨਹੀਂ ਹੈ ਤੇ ਨਾ ਹੀ ਲੋੜ ਹੈ ਦਾਸ ਇੱਕ ਸਾਦਾ ਜਿਹਾ ਜੀਵਨ ਬਤੀਤ ਕਰ ਰਹਿਆ ਹੈ ਜਿਸ ਵਿੱਚ ਦਾਸ ਪੂਰੀ ਤਰ੍ਹਾਂ ਪ੍ਰਸੰਨ ਹੈ. ਚਿੰਤਾਵਾਂ ਤੋਂ ਰਹਿਤ ਹੈ।

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਮਨੁੱਖ ਦੇ ਅੰਦਰ ਪ੍ਰਮਾਤਮਾ ਦਾ ਪ੍ਰਗਟ ਹੋਣਾ, ਸ਼ਬਦ ਦਾ ਪ੍ਰਗਟ ਹੋਣਾ, ਨਾਮ ਦਾ ਪ੍ਰਗਟ ਹੋਣਾ ਇੱਕੋ ਹੀ ਗੱਲ ਹੈ। ਜਿੱਥੇ ਉਹ ਆਪ ਪ੍ਰਗਟ ਹੋਵੇਗਾ ਤਾਂ ਫਿਰ ਉਸ ਮਨੁੱਖ ਦਾ ਜੀਵਨ ਉਹ ਆਪ ਹੀ ਗੁਰਬਾਣੀ ਦੇ ਉਪਦੇਸ਼ ਅਨੁਸਾਰ ਚਲਾਵੇਗਾ, ਨਾਮ ਜਪਾਵੇਗਾ। ਹੁਣ ਇਸ ਗੱਲ ਨੂੰ ਵਿਚਾਰੋ, ਜਿੱਥੇ ਬਾਣੀ ਆਪ ਪ੍ਰਗਟ ਹੋਈ ਹੋਵੇ, ਉਸਦੇ ਰਚਣ ਵਾਲਾ ਆਪ ਪ੍ਰਗਟ ਹੋਇਆ ਹੋਵੇ

3/164

ਕੀ ਫਿਰ ਉਸ ਮਨੁੱਖ ਨੂੰ ਬਾਣੀ ਦੇ ਅਰਥ ਜਾਨਣ ਲਈ ਕਿਸੇ ਹੋਰ ਆਸਰੇ ਦੀ ਲੋੜ ਰਹਿ ਜਾਵੇਗੀ। ਅਰਥਾਂ ਦੀ ਆਪਣੇ ਅੰਦਰੋਂ ਹੀ ਸਮਝ ਲੱਗਣੀ ਫਿਰ ਸੁਭਾਵਿਕ ਹੀ ਹੈ। ਇਹ ਸਾਰਾ ਗਿਆਨ ਅੰਦਰੋਂ ਉਹ ਆਪੇ ਹੀ ਬੈਠਾ ਦੇਈ ਜਾਂਦਾ ਹੈ। ਇਹ ਹੀ ਤੇ ਉਸਦੇ ਪ੍ਰਗਟ ਹੋਣ ਦੀ ਨਿਸ਼ਾਨੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਕਿ ਜਦੋਂ ਪ੍ਰਮਾਤਮਾ ਨਾਲ ਮੇਲ ਹੋਵੇਗਾ ਤੁਹਾਨੂੰ ਸਭ ਤੋਂ ਪਹਿਲਾਂ ਆਪਣੇ ਅੰਦਰੋਂ "**ਅੱਖਰ**" ਦੀ ਪਹਿਚਾਣ ਹੋਵੇਗੀ ਭਾਵ ਉਸ ਗਿਆਨ ਦੀ ਪਹਿਚਾਣ ਹੋਵੇਗੀ, ਉਸ ਸ਼ਬਦ ਦੀ ਪਹਿਚਾਣ ਹੋਵੇਗੀ, ਉਸ ਹੁਕਮ ਦੀ ਪਹਿਚਾਣ ਹੋਵੇਗੀ ਜੋ ਸਾਡੇ ਅੰਦਰ ਵਰਤ ਰਿਹਾ ਹੈ, ਸਾਨੂੰ ਚਲਾ ਰਿਹਾ ਹੈ। ਉਸਦਾ ਸੋਝੀ ਪਾਉਣ ਦਾ ਤਰੀਕਾ ਇਹ ਹੀ ਹੈ ਤੇ ਉਹ ਸ਼ਬਦਾਂ ਦੇ ਅਰਥ ਸਮਝਾਉਣ ਦੀ ਜਿੰਮੇਵਾਰੀ ਇਸੇ ਤਰ੍ਹਾਂ ਹੀ ਨਿਭਾ ਰਿਹਾ ਹੈ। ਉਹ ਪੂਰਾ ਗੁਰੂ ਹੈ ਤੇ ਉਹ ਆਪਣੀ ਹਰ ਗੱਲ ਤੇ, ਬਚਨ ਤੇ ਪੂਰਾ ਉਤਰ ਕੇ ਦਿਖਾਉਂਦਾ ਹੈ। ਉਹ ਆਪਣੇ ਬਚਨ ਦਾ ਪੱਕਾ ਹੈ ਤੇ ਜੋ ਜੋ ਗੁਰਬਾਣੀ ਵਿੱਚ ਲਿਖਿਆ ਹੈ ਉਹ ਉਸੇ ਤਰ੍ਹਾਂ ਹੀ ਹੁੰਦਾ ਹੈ, ਹੋ ਕੇ ਰਹਿਣਾ ਹੈ, ਕਦੇ ਟਲ ਨਹੀਂ ਸਕਦਾ। ਸਾਨੂੰ ਸਿਰਫ਼ ਗੁਰੂ ਤੇ ਨਿਸ਼ਚਾ ਰੱਖਣ ਦੀ ਲੋੜ ਹੈ। ਇਹ ਗੱਲ ਆਮ ਸੁਣਨ ਨੂੰ ਮਿਲਦੀ ਹੈ ਕਿ ਫਲਾਣੇ ਨੂੰ ਰੱਬ ਮਿਲਿਆ ਹੈ, ਫਲਾਣੇ ਨੂੰ ਰੱਬ ਮਿਲਿਆ ਹੈ। ਜਦੋਂ ਰੱਬ ਮਿਲੇਗਾ ਤਾਂ ਫਿਰ ਗੁਰਬਾਣੀ ਦੀ ਸੋਝੀ ਵੀ ਆਪੇ ਹੀ ਪਵੇਗੀ। ਜੇਕਰ ਬਾਣੀ ਦੀ ਸੋਝੀ ਨਹੀਂ ਪਈ ਤਾਂ ਫਿਰ ਸਾਡੇ ਕੋਲ ਉਸਦੀ ਪਹਿਚਾਣ ਕਰਨ ਦਾ ਹੋਰ ਕੀ ਤਰੀਕਾ ਹੈ। ਪ੍ਰਮਾਤਮਾ ਪੂਰੀ ਗੁਰਬਾਣੀ ਦੇ ਰੂਪ ਵਿੱਚ ਆਪ ਹੀ ਹੈ ਤੇ ਜੇਕਰ ਕਿਸੇ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੈ ਤੇ ਫਿਰ ਉਸ ਮਨ ਦੇ ਵਿੱਚ ਗੁਰਬਾਣੀ ਹੀ ਪ੍ਰਗਟ ਹੁੰਦੀ ਹੈ, ਗੁਰਬਾਣੀ ਦਾ ਸੱਚਾ ਗਿਆਨ ਹੀ ਪ੍ਰਗਟ ਹੁੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥"

(ਅੰਗ ੧੩)

"**ਗੁਰ ਸਾਖੀ**" ਗੁਰੂ ਦੀ ਸਿੱਖਿਆ ਹੈ, ਗੁਰੂ ਦਾ ਸੱਚਾ ਗਿਆਨ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਹੈ।

ਜਿਸ ਦੇ ਅੰਦਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਮਨ ਦੀ ਜੋਤਿ ਦੇ ਰੂਪ ਵਿੱਚ ਹੀ ਕਰਦਾ ਹੈ ਤੇ ਜੋਤਿ ਰਾਹੀਂ ਉਹ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ, "ਗੁਰ ਸਾਖੀ" ਦੇ ਰੂਪ ਵਿੱਚ ਦਿੰਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੀ ਸੱਚੀ ਸਿੱਖਿਆ ਹੀ ਹੈ ਜਿਸ ਦੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪ੍ਰਗਟ ਹੋਣ ਦੁਆਰਾ ਪਾਉਂਦਾ ਹੈ। (**ਗੁਰ ਸਾਖੀ ਜੋਤਿ ਪਰਗਟੁ ਹੋਇ ॥**) ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ। ਪ੍ਰਮਾਤਮਾ ਦੇ ਮੇਲ ਤੋਂ ਬਾਅਦ ਹੀ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਉਹ ਪ੍ਰਮਾਤਮਾ ਆਪ ਹੀ ਸਭ ਕੁੱਝ ਹੈ ਤੇ ਮਨੁੱਖ ਕੁੱਝ ਵੀ ਨਹੀਂ ਹੈ। ਪੂਰੀ ਬਾਣੀ ਬ੍ਰਹਮ ਗਿਆਨ ਹੈ ਤੇ ਅਗਰ ਜੇ ਕੋਈ ਮਨੁੱਖ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਿੰਦਾ ਹੈ ਤੇ ਇਸ ਤੋਂ ਭਾਵ ਹੈ ਕਿ ਉਸਨੂੰ ਪੂਰੀ ਬਾਣੀ ਦਾ ਗਿਆਨ ਹੈ। ਜੇਕਰ ਗੁਰਬਾਣੀ ਦਾ ਪੂਰਨ ਗਿਆਨ ਨਹੀਂ ਤਾਂ ਫਿਰ ਉਹ ਕਿਸ ਗੱਲ ਦਾ ਬ੍ਰਹਮ ਗਿਆਨੀ ਹੈ। ਅਸਲ ਵਿੱਚ ਆਪਣੇ ਆਪ ਨੂੰ ਬ੍ਰਹਮ ਗਿਆਨੀ ਸਮਝਣਾ

ਜਾਂ ਅਖਵਾਣਾ ਸਭ ਤੋਂ ਵੱਡੀ ਧਾਰਮਿਕ ਅਗਿਆਨਤਾ ਹੈ। ਬ੍ਰਹਮ ਗਿਆਨੀ ਆਪ ਪ੍ਰਮਾਤਮਾ ਹੈ, ਗੁਰੂ ਹੈ, ਹੋਰ ਕੋਈ ਨਹੀਂ ਹੋ ਸਕਦਾ। ਇਸ ਗੱਲ ਦੀ ਸੋਝੀ ਉਦੋਂ ਹੀ ਪੈਂਦੀ ਹੈ ਜਦੋਂ ਉਸ

3/165 ਅਤੇ 165-ਅ

ਬ੍ਰਹਮਗਿਆਨੀ ਦੀ ਆਪਣੇ ਅੰਦਰੋਂ ਪਹਿਚਾਣ ਹੋ ਜਾਂਦੀ ਹੈ ਜੋ ਅੰਦਰ ਬੈਠਾ ਸਭ ਕੁੱਝ ਕਰ ਰਿਹਾ ਹੈ, ਸਾਰਾ ਗਿਆਨ ਦੇ ਰਿਹਾ ਹੈ। ਬ੍ਰਹਮਗਿਆਨੀ ਕੋਈ ਦੇਹ ਨਹੀਂ ਹੈ। ਬ੍ਰਹਮਗਿਆਨੀ ਸ਼ਬਦ ਹੈ, ਆਪ ਨਿਰੰਕਾਰ ਹੈ ਜੋ ਸਭ ਜਗ੍ਹਾ ਵਰਤ ਰਿਹਾ ਹੈ। ਆਪਣੇ ਆਪ ਨੂੰ ਕੋਈ ਬ੍ਰਹਮਗਿਆਨੀ, ਸੰਤ ਆਦਿ ਤਦ ਤੱਕ ਹੀ ਸਮਝ ਸਕਦਾ ਹੈ ਜਦ ਤੱਕ ਆਪਣੇ ਅੰਦਰੋਂ ਉਸ "ਸੰਤ" ਦੀ, "ਸਾਧ" ਦੀ, "ਬ੍ਰਹਮਗਿਆਨੀ" ਦੀ ਪਹਿਚਾਣ ਨਹੀਂ ਹੁੰਦੀ। "ਬ੍ਰਹਮਗਿਆਨੀ" ਬ੍ਰਹਮ ਗਿਆਨ ਦੇਣ ਵਾਲਾ ਹੈ ਨਾ ਕਿ ਲੈਣ ਵਾਲਾ। ਬ੍ਰਹਮਗਿਆਨੀ ਉਹ ਹੈ ਜੋ ਉਸ ਗਿਆਨ ਦਾ ਮਾਲਕ ਹੈ। ਮਨੁੱਖ ਕੇਵਲ ਇੱਕ ਭਿਖਾਰੀ ਹੈ, ਇਸ ਤੋਂ ਜ਼ਿਆਦਾ ਨਹੀਂ ਹੈ। **(ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥)** ਅੰਗ - 666 । ਹਰ ਮਨੁੱਖ ਉਸਦੇ ਦਰ ਤੇ ਭਿਖਾਰੀ ਹੀ ਹੈ ਜਿਸ ਗੱਲ ਦੀ ਸਮਝ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਉਸ ਗਿਆਨ ਦੇ ਮਾਲਕ ਨਾਲ ਮੇਲ ਹੋਣ ਤੇ ਹੀ ਪੈਂਦੀ ਹੈ। ਮਨੁੱਖ ਦੀ ਹਉਮੈ, ਮਨੁੱਖੀ ਹੋਂਦ ਨੂੰ ਉੱਚਾ ਸਮਝਣ ਦੀ ਅਗਿਆਨਤਾ ਤਾਂ ਹੀ ਨਾਸ ਹੁੰਦੀ ਹੈ ਜਦੋਂ ਆਪਣੇ ਆਪ ਦੀ ਸਮਝ ਲੱਗ ਜਾਵੇ, ਇਸ ਦੇਹ ਦੀ ਅਸਲੀਅਤ ਸਮਝ ਲੱਗ ਜਾਵੇ। ਆਪਣੇ ਆਪ ਦੀ ਸਮਝ ਲੱਗਣ ਤੋਂ ਬਾਅਦ ਹੀ ਮਨੁੱਖ ਸਮਝ ਸਕਦਾ ਹੈ ਕਿ ਬ੍ਰਹਮਗਿਆਨੀ ਕੌਣ ਹੈ, ਸਾਧ ਕੌਣ ਹੈ, ਸੰਤ ਕੌਣ ਹੈ, "ਮਹਾਂਪੁਰਸ਼" ਕੌਣ ਹੈ, ਜੋ ਕਿ ਉਹ ਆਪ ਹੀ ਹੈ, ਮਨੁੱਖ ਕੁੱਝ ਵੀ ਨਹੀਂ ਹੈ, ਕੇਵਲ ਇੱਕ ਭੁਲੇਖਾ ਹੈ। ਇਹ ਭੁਲੇਖਾ ਉਹ ਅੰਦਰ ਬੈਠਾ ਬ੍ਰਹਮਗਿਆਨੀ ਆਪ ਹੀ ਕੱਢ ਸਕਦਾ ਹੈ ਤੇ ਮਨੁੱਖ ਨੂੰ ਉਸ ਦੀ ਔਕਾਤ ਸਮਝਾ ਸਕਦਾ ਹੈ।

ਜਦੋਂ ਅਸੀਂ ਕਾਇਆ ਨੂੰ ਉੱਚਾ ਕਰ ਕੇ ਮੰਨ ਲੈਂਦੇ ਹਾਂ ਤਾਂ ਫਿਰ ਸਾਡੇ ਉੱਤੇ ਅਸਰ ਵੀ ਉਨ੍ਹਾਂ ਦੀਆਂ ਦੱਸੀਆਂ ਹੋਈਆਂ ਗੱਲਾਂ ਦਾ ਹੀ ਹੁੰਦਾ ਹੈ ਭਾਵੇਂ ਉਹ ਗੁਰੂ ਦੀ ਗੱਲ ਨਾਲ ਮੇਲ ਖਾਣ ਜਾਂ ਨਾ ਖਾਣ। ਸਾਡਾ ਜ਼ਿਆਦਾ ਪਿਆਰ ਦੇਹ ਨਾਲ ਜੁੜ ਜਾਂਦਾ ਹੈ। ਮਨੁੱਖ ਅਸਲ ਵਿੱਚ ਪੂਜਾ ਉਸ ਦੀ ਹੀ ਕਰਦਾ ਹੈ ਜਿੱਥੇ ਉਸਦਾ ਨੇਹੁ ਜੁੜਿਆ ਹੁੰਦਾ ਹੈ। ਜਦੋਂ ਧਿਆਨ ਨਾਲ ਵਿਚਾਰੋਗੇ ਤਾਂ ਇਹ ਜਾਣੋਗੇ ਕਿ ਇਨ੍ਹਾਂ ਕਾਰਨਾਂ ਕਰਕੇ, ਦੇਹ ਪਿਆਰ ਕਰਕੇ ਹੀ ਅਸੀਂ ਗੁਰੂ ਦੇ ਉਪਦੇਸ਼ ਤੋਂ ਦੂਰ ਰਹਿੰਦੇ ਹਾਂ। ਸਾਡੇ ਤੇ ਦੇਹ ਦੀ ਦੱਸੀ ਹੋਈ ਗੱਲ ਦਾ ਅਸਰ ਜ਼ਿਆਦਾ ਹੁੰਦਾ ਹੈ। ਜਿਸ ਦੇਹ ਨੂੰ ਅਸੀਂ ਉੱਚਾ ਮੰਨਦੇ ਹਾਂ ਉਸਦੀ ਫੋਟੋ ਵੀ ਅਸੀਂ ਘਰ ਦੇ ਵਿੱਚ ਲੱਗਾ ਲੈਂਦੇ ਹਾਂ ਤੇ ਫੋਟੋ ਨੂੰ ਪੂਜਦੇ ਹਾਂ, ਉਸਦੇ ਅੱਗੇ ਧੂਫ ਬੱਤੀ ਦਿੰਦੇ ਹਾਂ ਤੇ ਮੱਥੇ ਟੇਕਦੇ ਹਾਂ ਤੇ ਦੇਹ ਦੇ ਬਿਨਸਣ ਤੋਂ ਬਾਅਦ ਵੀ ਅਸੀਂ ਉਸ ਦੀ ਪੂਜਾ ਜਾਰੀ ਰੱਖਦੇ ਹਾਂ, ਬਰਸੀਆਂ ਮਨਾਉਂਦੇ ਹਾਂ ਤੇ ਇਸ ਦੇ ਵਿੱਚ ਹੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਾਂ। ਪੱਥਰ ਦੀ ਪੂਜਾ ਜਾਂ ਕਿਸੇ ਮਨੁੱਖੀ ਮੂਰਤ ਦੀ ਪੂਜਾ ਇੱਕੋ ਹੀ ਗੱਲ ਹੈ। ਮ੍ਰਿਤਕਾਂ ਦੀ ਪੂਜਾ ਨੂੰ ਕੋਈ ਚੰਗਾ ਨਹੀਂ ਕਿਹਾ ਗਿਆ **(ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥ ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥) -** ਦਸਵੀਂ ਪਾਤਸ਼ਾਹੀ । ਇਹ ਸਾਰੀਆਂ ਸਾਡੀਆਂ ਕੂੜ ਕਿਰਿਆਵਾਂ ਹੀ ਦੱਸੀਆਂ ਹਨ ਕਿਉਂਕਿ ਅਸੀਂ ਪ੍ਰਮਾਤਮਾ ਦੇ ਭੇਦ ਨੂੰ ਜਾਨਣ ਤੋਂ ਦੂਰ ਹਾਂ

3/166

ਭਾਵ ਇਹੋ ਜਿਹਾ ਕਰਨ ਦੇ ਵਿੱਚ ਗੁਰੂ ਦੀ ਖੁਸ਼ੀ ਨਹੀਂ ਹੈ। ਗੁਰੂ ਦੀ ਖੁਸ਼ੀ ਉਸ ਦੇ ਹੁਕਮ ਵਿੱਚ ਚੱਲਣ ਨਾਲ ਹੈ, ਉਸਦੇ ਭਾਣੇ ਵਿੱਚ ਚੱਲਣ ਨਾਲ ਹੈ, ਸੱਚੇ ਸੁੱਚੇ ਕਰਮ ਕਰਨ ਨਾਲ ਹੈ, ਔਗੁਣ ਤਿਆਗਣ ਨਾਲ ਹੈ। ਜਿਤਨੀ ਸ਼ਰਧਾ ਅਸੀਂ ਦੇਹਾਂ ਦੇ ਨਾਲ ਦਿਖਾਉਂਦੇ ਹਾਂ ਅਗਰ ਉਹ ਸ਼ਰਧਾ ਗੁਰੂ ਦੇ ਨਾਲ ਬਣ ਜਾਵੇ ਤਾਂ ਸਾਡਾ ਜੀਵਨ ਸੰਵਰ ਜਾਵੇ, ਸਾਡਾ ਅੱਗਾ ਸੰਵਰ ਜਾਵੇ, ਸਾਡੀ ਇੱਧਰ-ਉਧਰ ਭੱਜਣ ਦੀ ਦੌੜ ਮੁੱਕ ਜਾਵੇ। ਅਸੀਂ ਵਿਸ਼ਵਾਸ ਦੇ ਨਾਲ ਬਾਣੀ ਨੂੰ ਪੜ੍ਹੀਏ, ਸੁਣੀਏ, ਵਿਚਾਰੀਏ ਤੇ ਉਸ ਤੇ ਅਮਲ ਕਰੀਏ। ਮਨ ਨੂੰ ਸੰਤੋਖ ਗੁਰੂ ਨੇ ਦੇਣਾ ਹੈ, ਉਸਦੇ ਗੁਣਾਂ ਨੇ ਦੇਣਾ ਹੈ, ਗਿਆਨ ਨੇ ਦੇਣਾ ਹੈ ਜਿਸ ਲਈ ਕਿਸੇ ਆਪਣੇ ਥਾਪੇ ਹੋਏ ਸਿਰਮੌਰ ਦੇ ਪਿੱਛੇ ਲੱਗਣ ਦੀ ਲੋੜ ਨਹੀਂ, ਕਿਸੇ ਸਰੀਰਕ ਕਿਰਿਆ ਦੀ ਲੋੜ ਨਹੀਂ, ਕਿਤੇ ਬਾਹਰ ਭਟਕਣ ਦੀ ਲੋੜ ਨਹੀਂ।

{ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥੬੪॥}

(ਅੰਗ ੧੪੨੧)

{ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥੧੦੪॥}

(ਅੰਗ ੧੩੮੩)

"ਸ਼ਬਦ" ਬਾਰੇ ਅਸੀਂ ਕਾਫੀ ਕੁੱਝ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਸਾਡੇ ਅੰਦਰ ਕਿਵੇਂ ਵਰਤਦਾ ਹੈ। ਹੇਠ ਦਿੱਤੇ ਹੋਏ ਕੁੱਝ ਸ਼ਬਦਾਂ ਦੁਆਰਾ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਵੇਗੀ:-

"ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ॥
ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ॥੨॥"

(ਅੰਗ ੧੬੨)

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ, ਸ਼ਬਦ ਸਾਡੇ ਅੰਦਰ ਗਿਆਨ ਰਾਹੀਂ ਵਰਤਦਾ ਹੈ। ਸਾਡੇ ਅੰਦਰ ਦਾ ਜੋ ਗਿਆਨ ਹੈ, ਸਾਡੀ ਸੁਰਤਿ ਹੈ, ਸਾਡਾ ਧਿਆਨ ਹੈ, ਅਸਲ ਵਿੱਚ ਇਹ ਹੀ ਗੁਰੂ ਦਾ ਸ਼ਬਦ ਹੈ ਜਿਸਦੀ ਸਾਨੂੰ ਸਮਝ ਨਹੀਂ ਹੈ। ਜਦੋਂ ਸਮਝ ਪੈਣੀ ਹੈ ਉਹ ਸਾਡੇ ਅੰਦਰ ਦੇ ਗਿਆਨ ਦੁਆਰਾ ਹੀ ਪੈਣੀ ਹੈ। ਜਿੱਥੇ ਸ਼ਬਦ ਵਰਤ ਰਿਹਾ ਹੈ, ਪ੍ਰਗਟ ਵੀ ਉੱਥੇ ਹੀ ਹੋਵੇਗਾ, ਉਸਨੂੰ ਡਿੱਠਿਆ ਵੀ ਉੱਥੋਂ ਹੀ ਜਾਵੇਗਾ। "ਸ਼ਬਦ ਨੂੰ ਚੱਖਣ" ਤੋਂ ਭਾਵ ਹੈ ਉਸਦੇ ਗਿਆਨ ਨੂੰ ਚੱਖਣਾ, ਉਸਦੇ ਉਪਦੇਸ਼ ਨੂੰ ਚੱਖਣਾ। ਪੂਰੀ ਗੁਰਬਾਣੀ ਸ਼ਬਦ ਹੈ ਤੇ ਸ਼ਬਦ ਹੀ ਗੁਰੂ ਹੈ। ਜਿਹੜਾ "ਸ਼ਬਦ" ਗੁਰਬਾਣੀ ਵਿੱਚ ਹੈ, ਉਹੀ ਸ਼ਬਦ ਸਾਡੇ ਅੰਦਰ ਹੈ। ਬਾਣੀ ਵਿੱਚ ਸ਼ਬਦ ਚੌਥੇ ਪਦ ਵਾਲੇ ਗਿਆਨ ਵਿੱਚ ਹੈ ਤੇ ਸਾਡੇ ਵਿੱਚ ਵੀ ਉਹ ਚੌਥੇ ਪਦ ਵਿੱਚ ਹੀ ਹੈ ਮਗਰ ਸਾਡੇ ਗਿਆਨ ਵਿੱਚ ਤ੍ਰੈਗੁਣੀ ਮਾਇਆ ਦਾ ਪੜਦਾ ਪਾ ਕੇ ਉਸਨੂੰ ਚੌਥੇ ਪਦ ਦੀ ਪਹਿਚਾਣ ਤੋਂ ਦੂਰ ਰੱਖਿਆ ਹੋਇਆ ਹੈ। ਇਹ ਪੜਦਾ ਪ੍ਰਮਾਤਮਾ ਉਦੋਂ ਹੀ ਦੂਰ ਕਰਦਾ ਹੈ ਜਦੋਂ ਉਸਦੀ ਆਪਣੀ ਰਜ਼ਾ ਹੋਵੇ, ਜਦੋਂ ਉਹ ਆਪ ਆਪਣੀ ਕਿਰਪਾ ਕਰੇ। ਜਿਸ ਤੇ ਉਹ ਆਪਣੀ ਕਿਰਪਾ ਕਰਨੀ ਚਾਹੁੰਦਾ ਹੈ ਉਸ

3/167

ਮਨੁੱਖ ਨੂੰ ਗੁਰਬਾਣੀ ਵਿੱਚ ਵਰਤ ਰਹੇ ਸ਼ਬਦ ਦੇ ਨਾਲ ਜੋੜਦਾ ਹੈ ਭਾਵ ਉਹ ਮਨੁੱਖ ਸ਼ਬਦ ਦੁਆਰਾ ਸਮਝਾਏ ਹੋਏ ਉਪਦੇਸ਼ ਨੂੰ ਮੰਨ ਲੈਂਦਾ ਹੈ ਭਾਵ ਮਾਇਆ ਮੋਹ ਦੇ ਭਉ ਵਿੱਚੋਂ ਨਿਕਲ ਕੇ ਗੁਰੂ ਦੇ ਭਉ ਨੂੰ ਕਬੂਲ ਕਰ ਲੈਂਦਾ ਹੈ। ਸ਼ਬਦ ਦੀ ਸੱਚੀ ਮਤਿ ਨੂੰ ਕੋਈ ਵਿਰਲਾ ਹੀ ਚਖਦਾ ਹੈ, ਸ਼ਬਦ ਦੁਆਰਾ ਕੋਈ ਵਿਰਲਾ ਹੀ ਮਰਦਾ ਹੈ, ਭਉ ਨੂੰ ਕੋਈ ਵਿਰਲਾ ਹੀ ਕਬੂਲ ਕਰਦਾ ਹੈ ਜੋ ਕਿ ਉਸ ਦੀ ਕ੍ਰਿਪਾ ਬਿਨ੍ਹਾਂ ਨਹੀਂ ਹੋ ਸਕਦਾ। ਜਦੋਂ ਅਸੀਂ ਬਾਣੀ ਦੇ ਸ਼ਬਦ ਤੇ ਪੂਰੇ ਉਤਰਾਂਗੇ ਉਸ ਸ਼ਬਦ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਡਿੱਠ ਕੇ ਹੀ ਉਸ ਤੇ ਪੂਰੇ ਉਤਰਾਂਗੇ। ਉਹ ਸਾਡੇ ਅੰਦਰ ਆਪ ਹੀ ਪ੍ਰਗਟ ਹੁੰਦਾ ਹੈ ਤੇ ਆਪਣੀ ਪਛਾਣ ਆਪ ਕਰਵਾਉਂਦਾ ਹੈ। ਉਸਨੂੰ ਡਿੱਠਣ ਤੇ ਹੀ ਭਾਵ ਪ੍ਰਮਾਤਮਾ ਨੂੰ ਆਪਣੇ ਮਨ ਅੰਦਰ ਮਿਲ ਕੇ ਹੀ ਪਤਾ ਚੱਲਦਾ ਹੈ ਕਿ ਉਹ ਕਿੰਨਾ ਮਿੱਠਾ ਹੈ, ਅਨੰਦਦਾਇਕ ਹੈ। ਸ਼ਬਦ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਤੇ ਇਹ ਗਿਆਨ ਦਾ ਰਸ ਸਭ ਤੋਂ ਮਿੱਠਾ ਹੈ। **(ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥)** ਅੰਗ -੧੦੩੨

ਜਿਸ "ਗਿਆਨੁ ਰਸੁ" ਨੂੰ ਚਖਣ ਨਾਲ ਪ੍ਰਮਾਤਮਾ ਦੇ ਮਨ ਦੇ ਵਿੱਚੋਂ ਦਰਸ਼ਨ ਹੋ ਜਾਣ, ਉਸ ਤੋਂ ਮਿੱਠਾ ਰਸ ਹੋਰ ਕੀ ਹੋ ਸਕਦਾ ਹੈ। ਹਰ ਸ਼ਬਦ ਦਾ ਗਿਆਨ ਉਸ ਦਾ ਰਸ ਹੈ, ਨਾਮ ਰਸ ਹੈ, ਬ੍ਰਹਮਗਿਆਨ ਦੀ ਸੋਝੀ ਦਾ ਰਸ ਹੈ, ਪ੍ਰਮਾਤਮਾ ਦਾ ਆਪਣਾ ਰਸ ਹੈ, ਉਸ ਦੇ ਨਾਲ ਮੇਲ ਦਾ ਰਸ ਹੈ। ਇਹ ਰਸ ਸਾਡੇ ਅੰਦਰ ਦੇ ਧਿਆਨ ਦਾ ਰਸ ਹੈ, ਸੱਚੇ ਗਿਆਨ ਦਾ ਰਸ ਹੈ, ਗੁਰਮਤਿ ਦੀ ਸੱਚੀ ਸਮਝ ਦਾ ਰਸ ਹੈ ਜਿਸ ਰਸ ਦੁਆਰਾ ਗੁਰਮਤਿ ਮਿੱਠੀ ਲੱਗਦੀ ਹੈ। (**ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥**)

ਆਓ ਹੁਣ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਜਿਸ ਰਾਹੀਂ ਇਹ ਸਮਝਾਇਆ ਹੋਇਆ ਹੈ, ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿੱਥੇ ਹੈ ਤੇ ਕਿਵੇਂ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ ਤੇ ਉਸਦੀ ਪ੍ਰਾਪਤੀ ਦੀ ਸਮਝ ਲੱਗਣੀ ਕੀ ਹੈ।

"ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ॥

ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ॥੨॥”

(ਅੰਗ ੫੯)

ਜੇ ਇਸ ਸ਼ਬਦ ਦੀ ਸਾਨੂੰ ਸੋਝੀ ਪੈ ਗਈ ਤਾਂ ਫਿਰ ਸਮਝੋ ਸਾਨੂੰ ਇਸ ਗੱਲ ਦੀ ਸੋਝੀ ਪੈ ਗਈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ, ਉਸਨੇ ਆਪਣੇ ਆਪ ਨੂੰ ਕਿਸ ਰੂਪ ਵਿੱਚ ਲੁਕਾਇਆ ਹੋਇਆ ਹੈ। ਗੱਲ ਉਹੀ ਹੈ ਜੋ ਅਨੇਕਾਂ ਵਾਰ ਪਿੱਛੇ ਸਮਝਾਈ ਗਈ ਹੈ ਕਿ ਆਪਣੀ “ਸੋਚ” ਨੂੰ ਪਛਾਣੋ ਕਿ ਇਹ “ਸੋਚ” ਕੀ ਹੈ, ਕਿੱਥੋਂ ਆਉਂਦੀ ਹੈ ਤੇ ਕਿਵੇਂ ਆਉਂਦੀ ਹੈ। ਕੀ ਇਹ ਸਾਡੇ ਵੱਸ ਵਿੱਚ ਹੈ ਜਾਂ ਫਿਰ ਅਸੀਂ ਇਸ ਦੇ ਵੱਸ ਵਿੱਚ ਹਾਂ। ਸਾਨੂੰ ਸਾਰਾ ਗਿਆਨ ਸਾਡੀਆਂ ਸੋਚਾਂ ਰਾਹੀਂ ਮਿਲਦਾ ਹੈ, ਮਨ ਦੇ ਰਾਹੀਂ ਮਿਲਦਾ ਹੈ ਤੇ ਸਾਡਾ ਧਿਆਨ ਉਸ ਪਾਸੇ ਹੀ ਜਾਂਦਾ ਹੈ ਜਿੱਥੇ ਇਹ ਸੋਚਾਂ ਲੈ ਜਾਣ। ਇਹ ਮਨ ਦੀ ਸੋਚ ਹੀ ਸਾਨੂੰ ਦਿਨ ਰਾਤ ਘੁਮਾਈ ਫਿਰਦੀ ਹੈ, ਇਹ ਸਾਨੂੰ ਟਿਕਣ ਨਹੀਂ ਦਿੰਦੀ ਕਿਉਂਕਿ ਇਹ ਸਾਡੇ ਵੱਸ ਵਿੱਚ ਨਹੀਂ। ਜੇ ਸਾਡੇ ਵੱਸ ਵਿੱਚ ਹੋਵੇ ਤਾਂ ਫਿਰ ਅਸੀਂ ਇਸ ਨੂੰ ਰੋਕ ਲਈਏ, ਆਪਣੀ ਸੁਰਤਿ ਨੂੰ ਟਿਕਾ ਲਈਏ

3/168

ਤਾਂ ਕਿ ਇਹ ਮਨ ਸੰਤੋਖ ਵਿੱਚ ਆ ਜਾਵੇ, ਸਾਡੀ ਭਟਕਣਾ ਮੁੱਕ ਜਾਵੇ। ਇਹ ਗੱਲ ਤਾਂ ਸਾਫ ਹੈ ਭਾਵ ਕੋਈ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਇਹ ਸੋਚਾਂ ਸਾਡੇ ਵੱਸ ਵਿੱਚ ਨਹੀਂ ਹਨ, ਸਾਡੇ ਅੰਦਰ ਦਾ ਗਿਆਨ ਧਿਆਨ ਸਾਡੇ ਵੱਸ ਵਿੱਚ ਨਹੀਂ ਹੈ ਜਿਸ ਦੁਆਰਾ ਅਸੀਂ ਸਭ ਕੁੱਝ ਕਰਦੇ ਹਾਂ, ਸਾਨੂੰ ਕਰਨਾ ਹੀ ਪੈਂਦਾ ਹੈ। ਅਸੀਂ ਆਪਣੇ ਇਸ ਅੰਦਰ ਦੇ ਗਿਆਨ ਦੇ, ਮਨ ਦੇ, ਸੋਚਾਂ ਦੇ ਗੁਲਾਮ ਹਾਂ। ਜੇਕਰ ਇਹ ਸੋਚਾਂ ਸਾਡੇ ਵੱਸ ਨਹੀਂ ਤਾਂ ਫਿਰ ਕਿਸਦੇ ਵੱਸ ਹੋ ਸਕਦੀਆਂ ਹਨ। ਕੋਈ ਤਾਂ ਐਸੀ ਤਾਕਤ ਹੈ ਜੋ ਇਨ੍ਹਾਂ ਨੂੰ ਸਾਡੇ ਅੰਦਰ ਪਾਉਂਦੀ ਹੈ, ਇਨ੍ਹਾਂ ਰਾਹੀਂ ਸਾਡੇ ਕੋਲੋਂ ਸਭ ਕੁੱਝ ਕਰਵਾਉਂਦੀ ਹੈ, ਜੋ ਉਸਦੀ ਇੱਛਾ ਹੈ, ਉਹੀ ਕੁੱਝ ਕਰਵਾਉਂਦੀ ਹੈ। ਕੋਈ ਤਾਂ ਹੈ ਜੋ ਇਨ੍ਹਾਂ ਸੋਚਾਂ ਦਾ ਮਾਲਕ ਹੈ ਜਿਸਦੀ ਸਾਨੂੰ ਸਮਝ ਨਹੀਂ ਲੱਗਦੀ। ਸਮਝੋ ਇਸ ਗੱਲ ਨੂੰ ਕਿ ਉਹ ਕਿਹੜੀ ਤਾਕਤ ਹੈ ਜੋ ਇਹ ਕੁੱਝ ਕਰ ਸਕਦੀ ਹੈ, ਕੀ ਕੋਈ ਉਸ ਰੱਬ ਤੋਂ ਵੱਡਾ ਹੈ ਜੋ ਇਤਨੀ ਤਾਕਤ ਰੱਖਦਾ ਹੋਵੇ। ਇਸ ਸ਼ਬਦ ਵਿੱਚ ਇਹ ਹੀ ਚਾਨਣਾ ਪਾਇਆ ਹੋਇਆ ਹੈ ਕਿ ਉਹ ਰੱਬ ਹੀ ਹੈ ਜੋ ਇਹ ਸੋਚਾਂ ਸਾਨੂੰ ਦੇ ਰਿਹਾ ਹੈ। ਲੇਕਿਨ ਇਹ ਗੱਲ ਤਾਂ ਹੀ ਸਮਝ ਆ ਸਕਦੀ ਹੈ ਜੇ ਉਹ ਆਪ ਅੰਦਰ ਪ੍ਰਗਟ ਹੋ ਕੇ ਇਸ ਗੱਲ ਦਾ ਯਕੀਨ ਦਿਵਾਉਣਾ ਚਾਹੇ। ਸਮਝਾਇਆ ਇਹ ਹੈ ਕਿ ਸਾਡੇ ਅੰਦਰ ਜੋ ਗਿਆਨ ਧਿਆਨ ਦੀ ਧੁਨ ਉੱਠਦੀ ਰਹਿੰਦੀ ਹੈ ਭਾਵ ਸਾਡੇ ਮਨ ਦੇ ਵਿੱਚੋਂ ਜੋ ਸੋਚਾਂ ਉੱਠਦੀਆਂ ਰਹਿੰਦੀਆਂ ਹਨ, ਜੋ ਸਾਨੂੰ ਗਿਆਨ ਦਿੰਦੀਆਂ ਹਨ, ਪ੍ਰਮਾਤਮਾ ਉਨ੍ਹਾਂ ਦੇ ਵਿੱਚ ਹੀ ਹੈ। ਸਾਰੀ ਗੁਰਬਾਣੀ ਪ੍ਰਮਾਤਮਾ ਦੇ ਘਰ ਵਿੱਚੋਂ ਆਈ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਲਿਖਵਾਈ ਹੈ, ਇਹ ਗੱਲ ਹੀ ਉਪਰਲੇ ਸ਼ਬਦ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਕਿ ਪ੍ਰਮਾਤਮਾ ਦੀ ਬਾਣੀ ਕਿਸ ਤਰੀਕੇ ਆਈ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ, ਪ੍ਰਮਾਤਮਾ ਦਾ ਘਰ ਸਾਡੇ ਅੰਦਰ ਸਾਡਾ ਮਨ ਹੀ ਹੈ ਜੋ ਕਿ ਉਸਦੀ ਜੋਤਿ ਦੇ ਰੂਪ ਵਿੱਚ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਸਾਡੇ ਅੰਦਰ ਜੋਤਿ ਦਾ ਮਕਸਦ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਨਾਲ ਹੀ ਹੈ, ਮਨ ਦੇ ਵਿਚਾਰਾਂ ਰਾਹੀਂ ਗਿਆਨ ਦੇਣ ਦੇ ਨਾਲ ਹੈ।

{ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥}

(ਅੰਗ - ੧੩)

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਉਸ ਦਾ ਘਰ ਸਾਡਾ ਮਨ ਹੈ। ਗੁਰਬਾਣੀ ਪ੍ਰਮਾਤਮਾ ਦੇ ਘਰ ਵਿੱਚੋਂ ਆਈ ਹੈ ਭਾਵ ਮਨੁੱਖੀ ਮਨ ਰੂਪ ਘਰ ਦੇ ਵਿੱਚੋਂ ਆਈ ਹੈ। ਸਾਡੇ ਮਨ ਦੇ ਵਿੱਚ ਗਿਆਨ ਹੀ ਉਪਜਦਾ ਹੈ ਤੇ ਜਿਹੋ ਜਿਹਾ ਗਿਆਨ ਉਪਜਦਾ ਹੈ, ਵਿਚਾਰ ਉਪਜਦੇ ਹਨ, ਸੋਚ ਉਪਜਦੀ ਹੈ ਉਹੀ ਸਾਡੇ ਅੰਦਰ ਦਾ ਧਿਆਨ ਹੈ, ਸਾਡੇ ਅੰਦਰ ਦੀ ਧੁਨਿ ਹੈ, ਸਾਡੇ ਅੰਦਰ ਦੀ ਸਮਝ ਹੈ ਜੋ ਕਿ ਸਾਡੇ ਵੱਸ ਨਹੀਂ ਹੈ ਭਾਵ ਸਾਡੀ ਜੋਤਿ ਦੇ ਵੱਸ ਹੈ। ਸਾਡੇ ਮਨ ਦੇ ਵਿਚਾਰਾਂ ਤੇ ਸਾਡਾ ਕੋਈ ਜੋਰ ਨਹੀਂ ਹੈ।

{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥

ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥੩੩॥}

(ਅੰਗ - ੭)

ਸਾਡੇ ਮਨ ਦਾ ਗਿਆਨ ਧਿਆਨ ਸਾਡੇ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੇ ਵੱਸ ਹੈ ਜੋ ਕਿ ਸਾਡੇ ਅੰਦਰ ਹੀ ਮਨ ਦੇ ਵਿਚਾਰਾਂ ਰਾਹੀਂ ਸਾਨੂੰ ਗਿਆਨ ਦੇ ਰਹਿਆ ਹੈ, ਸਮਝ ਦੇ ਰਹਿਆ ਹੈ ਜਿਸ ਸਮਝ ਦੇ ਅਸੀਂ ਬੱਝੇ ਹੋਏ ਹਾਂ। ਮਨ ਦੀ ਸਮਝ ਤੋਂ ਬਾਹਰ ਕੋਈ ਨਹੀਂ ਹੈ ਭਾਵ ਜੋ ਕੁੱਝ ਵੀ ਮਨੁੱਖ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੇ ਭਾਵ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਜਿਸ ਦੀ ਮਨੁੱਖ ਨੂੰ ਸਮਝ ਨਹੀਂ ਪੈਂਦੀ ਤੇ ਪ੍ਰਮਾਤਮਾ ਨੂੰ ਜਾਨਣ ਜਾਂ ਨਾ ਜਾਨਣ ਦਾ ਭੇਦ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਉੱਪਰ ਸ਼ਬਦ ਰਾਹੀਂ "ਗਿਆਨੁ ਧਿਆਨੁ ਧੁਨਿ" ਦੀ ਗੱਲ ਕੀਤੀ ਹੋਈ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਭਾਵ ਸਾਰੀ ਗੱਲ ਮਨ ਦੇ ਗਿਆਨ ਧਿਆਨ ਦੀ "ਧੁਨਿ" ਨੂੰ ਸਮਝਣ ਦੀ ਹੈ। "ਧੁਨਿ" ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਸਾਡੇ ਅੰਦਰ ਦੀ "ਧੁਨਿ" ਸਾਡੇ ਮਨ ਦਾ ਝੁਕਾਉ ਹੈ, ਸਾਡੇ ਮਨ ਦੀ ਇੱਛਾ ਹੈ, ਸਾਡੇ ਮਨ ਦੀ ਲਗਨ ਹੈ ਕਿ ਅਸੀਂ ਕੀ ਚਾਹੁੰਦੇ ਹਾਂ, ਸਾਨੂੰ ਕੀ ਚੰਗਾ ਲੱਗਦਾ ਹੈ। ਅਸੀਂ ਹਰ ਵੇਲੇ ਮਨ ਦੀ ਕਿਸੇ ਨਾ ਕਿਸੇ ਧੁਨਿ ਵਿੱਚ ਰਹਿੰਦੇ ਹਾਂ। ਸਾਡੇ ਅੰਦਰ ਦੀ ਇਹ ਧੁਨਿ ਹੀ ਸਾਡੇ ਅੰਦਰ ਦੀ ਲਿਵ ਹੈ ਜਿਸ ਦਾ ਜਿਕਰ ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ। ਸਾਡੇ ਅੰਦਰ ਦੀ "ਧੁਨਿ" ਹਰ ਵੇਲੇ ਮਾਇਆ ਦੇ ਪਦਾਰਥਾਂ ਨਾਲ, ਸੁਖਾਂ ਨਾਲ, ਮਨ ਦੀਆਂ ਇੱਛਾਵਾਂ ਦੀ ਪੂਰਤੀ ਨਾਲ ਲੱਗੀ ਰਹਿੰਦੀ ਹੈ ਜੋ ਇੱਛਾਵਾਂ ਸਾਨੂੰ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਤੇ ਚੱਲਣ ਤੋਂ ਦੂਰ ਰੱਖਦੀਆਂ ਹਨ ਜਿਵੇਂ ਕਿ ਅਸੀਂ ਵਾਰ-ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਗੁਰੂ ਦਾ ਨਾਮ, ਗੁਰੂ ਦੀ ਸਿੱਖਿਆ ਸਾਨੂੰ ਆਪਣੀ ਲਿਵ, ਆਪਣੇ ਮਨ ਦੀ ਧੁਨਿ ਗੁਰੂ ਦੇ ਨਾਲ ਜੋੜਨ ਲਈ ਸਮਝਾਉਂਦੀ ਹੈ ਭਾਵ ਆਪਣੀ ਮਾਇਆ ਦੀ ਧੁਨਿ ਵਿੱਚੋਂ ਨਿਕਲ ਕੇ ਗੁਰੂ ਦੀ ਸੱਚੀ ਮਤਿ ਦੇ ਨਾਲ ਧੁਨਿ ਲਾਈਏ, ਲਿਵ ਲਾਈਏ ਜੋ ਕਿ ਮਾਇਆ ਮੋਹ ਤਿਆਗ ਕੇ ਹੀ ਲੱਗਦੀ ਹੈ ਜੋ ਕਿ ਸੱਚੀ ਧੁਨਿ ਹੈ

{ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥}

(ਅੰਗ ੯੪੩)

ਪ੍ਰਮਾਤਮਾ ਨੂੰ ਅਸੀਂ ਆਪਣੇ ਅੰਦਰੋਂ ਗਿਆਨ ਧਿਆਨ ਦੀ ਅਵੱਸਥਾ ਵਿੱਚ ਹੀ ਜਾਣ ਸਕਦੇ ਹਾਂ ਤੇ ਫਰਕ ਕੇਵਲ ਸਾਡੀ ਅੰਦਰ ਦੀ ਧੁਨਿ ਦਾ ਹੈ, ਮਾੜੀ ਧੁਨਿ ਜਾਂ ਚੰਗੀ ਧੁਨਿ ਦਾ ਹੈ। ਮਾੜੀ ਧੁਨਿ ਨਾਲ ਅਸੀਂ ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਲਈ ਮਾੜੇ ਕਰਮ ਕਰਦੇ ਹਾਂ ਤਾਂ ਮਨ ਦੀ ਚੰਗੀ ਧੁਨਿ ਨਾਲ ਅਸੀਂ ਚੰਗੇ ਕਰਮ ਕਰਦੇ ਹਾਂ ਭਾਵ ਫਰਕ ਸਾਡੇ ਮਨ ਦੀ ਸਮਝ ਦਾ ਹੀ ਹੈ ਜੋ ਕਿ ਮਨੁੱਖ ਦੇ ਵੱਸ ਨਹੀਂ ਹੈ। ਸਾਨੂੰ ਮਾਇਆ ਮੋਹ ਵਿੱਚ, ਹਉਮੈ ਵਿੱਚ, ਤ੍ਰੈਗੁਣਾਂ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਸਾਡੀ ਧੁਨਿ ਮਾਇਆ ਨਾਲ ਜੁੜੀ ਰਹਿੰਦੀ ਹੈ, ਮਨ ਦੀ ਨਾ-ਸਮਝੀ ਕਰਕੇ ਜੁੜੀ ਰਹਿੰਦੀ ਹੈ ਤੇ ਜਦੋਂ ਕੋਈ ਗੁਰੂ ਦੀ ਕਿਰਪਾ ਦੁਆਰਾ ਗੁਰੂ ਦੀ ਮਤਿ ਨੂੰ, ਗੁਰੂ ਦੇ ਸੱਚੇ ਗਿਆਨ ਨੂੰ ਮੰਨ ਲੈਂਦਾ ਹੈ ਫਿਰ ਉਸਦੀ ਗਿਆਨ ਧਿਆਨ ਧੁਨਿ ਗੁਰੂ ਦੇ ਗਿਆਨ ਵਾਲੀ ਬਣ ਜਾਂਦੀ ਹੈ ਜਿਸ ਧੁਨਿ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਮਨੁੱਖ ਜਾਣ ਲੈਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਉਨ੍ਹਾਂ ਨੇ ਹੀ ਮਨ ਦੀ ਗਿਆਨ ਧਿਆਨ ਧੁਨਿ ਰਾਹੀਂ "ਅਕਥ ਕਥਾ" ਲਿਖੀ ਹੈ, ਗੁਰਬਾਣੀ ਲਿਖੀ ਹੈ ਜੋ ਕਿ ਪ੍ਰਮਾਤਮਾ ਨੇ ਮਨ ਦੇ ਵਿੱਚ ਸੱਚਾ ਗਿਆਨ ਦੇਣ ਰਾਹੀਂ ਆਪ ਹੀ ਲਿਖਵਾਈ ਹੈ, ਆਪਣੇ ਮਨ ਰੂਪ ਘਰ ਦੇ ਵਿੱਚੋਂ ਲਿਖਵਾਈ ਹੈ। ਪ੍ਰਮਾਤਮਾ "ਅਕਥੁ" ਹੈ ਜਿਸਨੂੰ ਕੋਈ ਆਪਣੇ ਆਪ ਨਹੀਂ ਕਥ ਸਕਦਾ। ਪ੍ਰਮਾਤਮਾ ਕੀ ਹੈ ਇਸ ਗੱਲ ਨੂੰ ਉਹ ਆਪ ਹੀ ਦੱਸ ਸਕਦਾ ਹੈ, ਆਪਣਾ ਆਪ ਖੁਦ ਹੀ ਸਮਝਾ ਸਕਦਾ ਹੈ। ਜੋ ਉਸਨੇ ਆਪਣਾ "ਅਕਥ" ਰੂਪ ਕਹਾਇਆ ਹੈ ਉਹ ਕੁੱਝ ਗੁਰਬਾਣੀ ਰਾਹੀਂ ਲਿਖਿਆ ਗਿਆ ਹੈ। ਪੂਰੀ ਗੁਰਬਾਣੀ ਅਕਥਿ ਕਹਾਣੀ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਕਹਾਣੀ ਭਾਵ ਆਪਣਾ ਆਪ ਪ੍ਰਮਾਤਮਾ ਨੇ ਆਪ ਹੀ ਬਿਆਨ ਕੀਤਾ ਹੈ, ਵੱਖਰੇ-ਵਖਰੇ ਸਰੀਰਾਂ ਰਾਹੀਂ ਉਨ੍ਹਾਂ ਦੇ ਮਨ ਦੇ ਵਿੱਚ ਪ੍ਰਗਟ ਹੋ ਕੇ ਕੀਤਾ ਹੈ। ਜਿਸ ਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਗਿਆਨੁ ਧਿਆਨੁ ਧੁਨਿ ਦੁਆਰਾ ਹੀ ਜਾਣਿਆ ਹੈ ਤੇ ਉਸਦੀ ਸੱਚੀ ਸਿੱਖਿਆ ਨੂੰ ਜਾਣਿਆ ਹੈ, ਨਾਮ ਨੂੰ ਜਾਣਿਆ ਹੈ, ਭਗਤੀ ਦੇ ਸੱਚੇ ਮਾਰਗ ਨੂੰ ਜਾਣਿਆ ਹੈ ਤੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਉਸ ਪ੍ਰਮਾਤਮਾ ਦੀ ਅਕਥ ਕਥਾ ਸਮਝਾਈ ਹੈ। ਜੋ

ਆਪਣੀ ਕਥਾ ਪ੍ਰਮਾਤਮਾ ਨੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਨ੍ਹਾਂ ਦੇ ਮੁੱਖੋਂ ਆਪ ਕਹਾਈ ਹੈ, ਉਹੀ ਕੁੱਝ ਉਨ੍ਹਾਂ ਨੇ ਸ਼ਬਦਾਂ ਰਾਹੀਂ ਗੁਰਬਾਣੀ ਵਿੱਚ ਕਹਿਆ ਹੈ, ਲਿਖਿਆ ਹੈ। **(ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥)**

{ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥}

(ਅੰਗ ੧੩)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ ੧੨੪੩)

{ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥}

(ਅੰਗ ੮੭੯)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਜਿਸ ਰਾਹੀਂ ਸਾਨੂੰ ਕੁੱਝ ਗਹਿਰੇ ਢੰਗ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ।

ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਜਿਨ੍ਹਾਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ, ਅਕਥ ਕਥਾ ਜਾਨਣ ਤੋਂ ਬਾਅਦ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ।

“ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥”

ਬਿਰਖ ਸਾਡੇ ਸਰੀਰ ਨੂੰ ਕਿਹਾ ਹੈ, ਮਨੁੱਖਾ ਜੀਵਨ ਨੂੰ ਕਿਹਾ ਹੈ। ਮਨੁੱਖ ਦਾ ਜੀਵਨ, ਮਨੁੱਖੀ ਕਾਇਆ ਤਾਂ ਹੀ ਸਫਲ ਮੰਨੀ ਜਾਂਦੀ ਹੈ ਭਾਵ ਭਗਤੀ ਦੇ ਮਾਰਗ ਤੇ ਮਨੁੱਖ ਤਾਂ ਹੀ ਸਫਲ ਮੰਨਿਆ ਜਾਂਦਾ ਹੈ, ਇਹ ਜੀਵਨ ਤਾਂ ਹੀ ਸਫਲ ਹੁੰਦਾ ਹੈ ਜਦੋਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲਈਏ। ਜਿਵੇਂ ਇੱਕ ਬਿਰਖ ਤਾਂ ਹੀ ਸਫਲ ਮੰਨਿਆ ਜਾਂਦਾ ਹੈ ਜਦੋਂ ਉਹ ਹਰਾ ਹੋਵੇ ਤੇ ਸੰਘਣੀ ਛਾਂ ਦੇਵੇ। ਇਸੇ ਤਰ੍ਹਾਂ ਇਹ ਮਨੁੱਖਾ ਜੀਵਨ ਤਾਂ ਹੀ ਸਫਲ ਹੈ ਜਦੋਂ ਉਸ ਨੂੰ ਆਪਣੇ ਅੰਦਰੋਂ ਆਤਮਿਕ ਗਿਆਨ ਦੀ ਪ੍ਰਾਪਤੀ ਹੋ ਜਾਵੇ ਭਾਵ ਪ੍ਰਮਾਤਮਾ ਨਾਲ ਮੇਲ ਹੋ ਜਾਵੇ ਭਾਵ ਗਿਆਨ ਰੂਪੀ ਸੰਘਣੀ ਛਾਂ ਦੀ ਪ੍ਰਾਪਤੀ ਹੋ ਜਾਵੇ ਭਾਵ ਤ੍ਰੈਗੁਣਾਂ ਵਾਲੇ ਗਿਆਨ ਦੀ ਅਵੱਸਥਾ ਚੌਥੇ ਪਦ ਦੇ ਗਿਆਨ ਵਾਲੀ ਹੋ ਜਾਵੇ। ਪੇੜ ਦੀ ਸੰਘਣੀ ਛਾਂ ਦੂਸਰਿਆਂ ਨੂੰ ਸੁੱਖ ਦੇਣ ਲਈ ਹੁੰਦੀ ਹੈ, ਤਪਸ਼ ਤੋਂ ਬਚਾਉਣ ਲਈ ਹੁੰਦੀ ਹੈ। ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਦੇ ਨਾਲ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਹੀ ਪੈਂਦੀ ਹੈ ਜੋ ਕਿ ਦੂਸਰਿਆਂ ਦਾ ਭਲਾ ਕਰਨ ਲਈ ਹੈ, ਚੰਗੇ ਕਰਮ ਕਰਨ ਦੁਆਰਾ ਦੂਸਰਿਆਂ ਦੇ ਜੀਵਨ ਨੂੰ ਸੁਖੀ ਬਣਾਉਣ ਲਈ ਹੈ ਭਾਵ ਮਨੁੱਖਤਾ ਦੇ ਭਲੇ ਲਈ ਹੈ। ਜਦ ਤੱਕ ਮਨੁੱਖ ਨੂੰ ਮਨ ਦੇ ਸੱਚੇ ਗਿਆਨ ਰਾਹੀਂ ਭਗਤੀ ਦੀ ਸੱਚੀ ਸੋਝੀ ਨਹੀਂ ਪੈਂਦੀ, ਉਸਦੀ ਅਵੱਸਥਾ ਸੁੱਕੇ ਪੇੜ ਵਰਗੀ ਹੁੰਦੀ ਹੈ ਜਿਸ ਤੇ ਫਲ ਨਹੀਂ ਲੱਗਦਾ ਤੇ ਉਹ ਕਿਸੇ ਨੂੰ ਆਪਣੀ ਛਾਂ ਨਹੀਂ ਦੇ ਸਕਦਾ ਭਾਵ ਉਸਦਾ ਜੀਵਨ ਸਫਲ ਨਹੀਂ ਹੁੰਦਾ। ਜਦ ਤੱਕ ਅਸੀਂ ਮਨ ਦੀ ਅਗਿਆਨਤਾ ਵਿੱਚ ਹਾਂ ਤਦ ਤੱਕ ਸਾਡੀ ਅਵੱਸਥਾ ਇੱਕ ਸੁੱਕੇ ਪੇੜ ਵਰਗੀ ਹੀ ਹੈ।

(ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥)

ਲਾਲ, ਜਵੇਹਰ, ਮਾਣਕ, ਹੀਰਾ ਆਦਿ ਗੁਰੂ ਦੇ ਉੱਚੇ ਗਿਆਨ ਵਾਲੇ ਵਿਚਾਰ ਹਨ, ਉੱਚੇ ਗੁਣ ਹਨ ਜੋ ਸਾਡੇ ਜੀਵਨ ਨੂੰ ਸਫਲ ਕਰਦੇ ਹਨ। ਇਹ ਭਗਤੀ ਦੇ ਉੱਚੇ ਫਲ ਹਨ, ਉੱਚੇ ਗਿਆਨ ਦੇ ਫਲ ਹਨ ਜੋ ਪ੍ਰਮਾਤਮਾ ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ

ਦੇ ਰੂਪ ਵਿੱਚ ਆਪ ਹੀ ਦਿੰਦਾ ਹੈ। ਗੁਰੂ ਇਨ੍ਹਾਂ ਗੁਣਾਂ ਦਾ ਮਾਲਕ, ਉੱਚੇ ਵਿਚਾਰਾਂ ਦਾ ਮਾਲਕ ਇਸ ਲਈ ਹੈ ਕਿਉਂਕਿ ਉਸਨੇ ਗਿਆਨ ਧਿਆਨ ਦੀ ਧੁਨਿ ਰਾਹੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ। (**ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥**) ਪ੍ਰਮਾਤਮਾ ਸਾਡੇ ਅੰਦਰ ਇਨ੍ਹਾਂ ਉੱਚੇ ਗੁਣਾਂ ਦੇ ਰੂਪ ਵਿੱਚ, ਉੱਚੇ ਗਿਆਨ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਜਿਸ ਰਾਹੀਂ ਉਹ ਪੂਰੇ ਸੰਸਾਰ ਨੂੰ ਆਪਣਾ ਸੱਚਾ ਗਿਆਨ ਵੰਡਦਾ ਹੈ, ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। (**ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥**)

(ਮਤਿ ਵਿਚਿ ਰਤਨ ਜਾਵਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥)

(ਅੰਗ ੨)

(ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥)

(ਅੰਗ ੭੫੪)

3/170

ਇਹ ਗੁਰੂ ਦੇ ਅਮੁਲੇ ਗੁਣ ਹਨ, ਅਮੁਲੇ ਵਿਚਾਰ ਹਨ ਜਿਨ੍ਹਾਂ ਦੀ ਕੋਈ ਕੀਮਤ ਨਹੀਂ ਹੈ ਭਾਵ ਅਮੋਲ ਹਨ। ਗੁਰੂ ਇਨ੍ਹਾਂ ਗੁਣਾਂ ਦਾ ਭੰਡਾਰ ਹੈ। ਜਿਹੜੇ ਗੁਰੂ ਨੇ, ਪ੍ਰਮਾਤਮਾ ਨੇ ਬਾਣੀ ਲਿਖੀ ਹੈ ਉਹੀ ਪ੍ਰਮਾਤਮਾ ਸਾਡੇ ਅੰਦਰ ਵਰਤਦਾ ਹੈ। ਬਸ ਇਸੇ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਜਦੋਂ ਗੁਰਬਾਣੀ ਦਾ ਗਿਆਨ ਸਾਡੇ ਅੰਦਰ ਵੱਸ ਜਾਵੇਗਾ ਭਾਵ ਜਦੋਂ ਅਸੀਂ ਗੁਰੂ ਦੇ ਗਿਆਨ ਅਨੁਸਾਰ, ਉਪਦੇਸ਼ ਅਨੁਸਾਰ ਚੱਲਾਗੇ ਭਾਵ ਚੱਲਣ ਦਾ ਉਪਰਾਲਾ ਕਰਾਂਗੇ, ਇਹੀ ਆਪਣੇ ਅੰਦਰ ਗੁਰੂ ਪ੍ਰਮਾਤਮਾ ਨੂੰ ਵਸਾਉਣ ਦਾ ਸੱਚਾ ਉੱਦਮ ਹੈ ਕਿਉਂਕਿ ਗੁਰੂ ਪ੍ਰਮਾਤਮਾ ਆਪ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਤੇ ਤਾਂ ਹੀ ਸਾਡੇ ਤੇ ਉਸ ਪ੍ਰਮਾਤਮਾ ਦੀ ਕ੍ਰਿਪਾ ਹੋਵੇਗੀ ਤੇ ਇਹ ਗਿਆਨ ਸਾਡਾ ਆਤਮਿਕ ਗਿਆਨ ਬਣ ਜਾਵੇਗਾ, ਸਾਡਾ ਮਨ ਸਹਜ ਅਵੱਸਥਾ ਵਿੱਚ ਆ ਜਾਵੇਗਾ, ਗਿਆਨ ਰੂਪ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਜਾਵੇਗਾ ਤੇ ਤ੍ਰੈਗੁਣੀ ਮਾਇਆ ਵਾਲਾ ਗਿਆਨ ਚੌਥੇ ਪਦ ਵਾਲੇ ਗਿਆਨ ਵਿੱਚ ਬਦਲ ਜਾਵੇਗਾ ਭਾਵ ਗੁਰੂ ਕੋਲੋਂ ਗਿਆਨ ਸਿੱਧਾ ਮਨ ਵਿੱਚ ਹੀ ਮਿਲਣਾ ਸ਼ੁਰੂ ਹੋ ਜਾਵੇਗਾ ਤੇ ਇਸ ਲਈ ਸੱਚਾ ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਦਾ ਹੈ, ਆਪਣੀ ਨਾ-ਸਮਝ ਮਤਿ ਛੱਡਣ ਦਾ ਹੈ ਜਿਵੇਂ ਕਿ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਅਸਲ ਵਿੱਚ ਮਨ ਆਪ ਹੀ ਪ੍ਰਮਾਤਮਾ ਹੈ, ਜਿਸਦੀ ਸਮਝ ਕੇਵਲ ਉਸਦੇ ਮਨ ਵਿੱਚ ਪ੍ਰਗਟ ਹੋਣ ਤੇ ਲੱਗ ਸਕਦੀ ਹੈ। ਗੁਰਬਾਣੀ ਇਸ "**ਗਿਆਨ ਧਿਆਨ**" ਦੀ ਅਵੱਸਥਾ ਦੁਆਰਾ ਹੀ ਰਚੀ ਗਈ ਹੈ ਭਾਵ ਜਿਹਨਾਂ ਨੇ ਗੁਰਬਾਣੀ ਉਚਾਰੀ ਹੈ ਉਹਨਾਂ ਸਭ ਦੀ ਅਵੱਸਥਾ ਇੱਕੋ ਜਿਹੀ ਹੈ ਭਾਵ ਗਿਆਨ ਧਿਆਨ ਵਾਲੀ ਹੈ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੈ। ਗੁਰਬਾਣੀ ਦੇ ਸੱਚੇ ਗਿਆਨ ਰਾਹੀਂ ਪ੍ਰਗਟ ਹੈ, ਸਦਾ ਲਈ ਪਰਗਟ ਹੈ ਜੋ ਸੱਚਾ ਗਿਆਨ ਅਟੱਲ ਹੈ, ਕਦੇ ਬਦਲ ਨਹੀਂ ਸਕਦਾ। ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਨਾ ਕਦੇ ਪ੍ਰਮਾਤਮਾ ਦਾ ਰੂਪ ਬਦਲ ਸਕਦਾ ਹੈ ਤੇ ਨਾ ਹੀ ਕਦੇ ਗੁਰਬਾਣੀ ਦਾ ਰੂਪ ਬਦਲ ਸਕਦਾ ਹੈ। ਗੁਰਾਬਾਣੀ "**ਬ੍ਰਹਮ ਗਿਆਨ**" ਹੈ ਜੋ ਉਸ ਬ੍ਰਹਮ ਗਿਆਨੀ ਦੀ ਆਪਣੀ ਰਚੀ ਹੋਈ ਹੈ ਤੇ ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਤੱਤ ਬਿਆਨ ਕਰ ਰਹੀ ਹੈ। ਪੂਰੀ ਗੁਰਬਾਣੀ ਵਿੱਚ ਤੱਤ ਗਿਆਨ ਹੈ ਜੋ ਕਦੇ ਬਦਲ ਹੀ ਨਹੀਂ ਸਕਦਾ ਭਾਵ ਗੁਰਬਾਣੀ ਦੇ ਰਾਹੀਂ ਜੋ ਵੀ ਪ੍ਰਮਾਤਮਾ ਦੀ ਭਗਤੀ ਸਮਝਾਈ ਗਈ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਗਿਆ ਹੈ ਉਹ ਸਦਾ ਲਈ ਹੈ ਜੋ ਕਦੇ ਬਦਲ ਨਹੀਂ ਸਕਦਾ।

(ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥)

(ਅੰਗ ੧੨੪੩)

ਉਹ ਪ੍ਰਮਾਤਮਾ ਕੇਵਲ ਆਪਣੀ ਕ੍ਰਿਪਾ ਦੁਆਰਾ ਹੀ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਤੇ ਉਸਦੀ ਕ੍ਰਿਪਾ ਦਾ ਪਾਤਰ ਬਣਨ ਲਈ ਉਸਦੇ ਹੁਕਮ ਵਿੱਚ ਚੱਲਣਾ ਹੀ ਇੱਕੋ ਇੱਕ ਸਾਧਨ ਹੈ। ਹੋਰ ਕੋਈ ਉਪਰਾਲਾ ਕੰਮ ਨਹੀਂ ਆ ਸਕਦਾ। ਸਰੀਰਕ ਜਪ ਤਪ ਆਦਿ ਸਭ ਵਿਅਰਥ ਹਨ ਜੋ ਕਿਸੇ ਕੰਮ ਨਹੀਂ ਆ ਸਕਦੇ ਭਾਵ ਕੇਵਲ ਆਪਣੀ ਖੁਆਰੀ ਹੈ ਜਿਸ ਤੋਂ ਬਚਣ ਦੀ ਲੋੜ ਹੈ।

ਪਿੱਛੇ ਕੁੱਝ ਸ਼ਬਦਾਂ ਰਾਹੀਂ ਅਸੀਂ ਇਹ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ ਪ੍ਰਮਾਤਮਾ ਆਪ ਹੀ ਸ਼ਬਦ ਰੂਪ ਵਿੱਚ ਸਭ ਵਿੱਚ ਵਰਤ ਰਿਹਾ ਹੈ ਜੋ ਸ਼ਬਦ ਰੂਪ ਉਸਦਾ ਨਾਮ ਰੂਪ ਹੈ, ਉਸਦਾ ਗੁਰੂ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਉਸਦਾ ਜੋ ਸ਼ਬਦ ਸਭ ਜਗ੍ਹਾ ਵਰਤ ਰਿਹਾ ਹੈ। ਉਹੀ ਸ਼ਬਦ ਸਾਡੀ ਸੁਰਤਿ ਵਿੱਚ, ਸਾਡੇ ਮਨ ਵਿੱਚ ਵਰਤਦਾ ਹੈ। "ਸ਼ਬਦ" ਦਾ ਮਨੁੱਖ ਦੀ ਸੁਰਤਿ ਦੇ ਅੰਦਰ ਪ੍ਰਗਟ ਹੋਣਾ ਹੀ ਪ੍ਰਮਾਤਮਾ ਦਾ ਪ੍ਰਗਟ ਹੋਣਾ ਹੈ, ਉਸਦੇ ਸੱਚੇ ਗਿਆਨ ਦਾ ਪ੍ਰਗਟ ਹੋਣਾ ਹੈ, ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਪ੍ਰਗਟ ਹੋਣਾ ਹੈ ਤੇ ਇਹ ਹੀ ਸ਼ਬਦ ਸੁਰਤਿ ਦਾ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ।

3/171

ਪ੍ਰਮਾਤਮਾ ਦਾ ਇਹ ਸ਼ਬਦ ਰੂਪ ਹੀ, ਗਿਆਨ ਰੂਪ ਹੀ ਪ੍ਰਮਾਤਮਾ ਦੀ ਜੋਤਿ ਹੈ ਜੋ ਸਭ ਦੇ ਅੰਦਰ ਵਰਤ ਰਹੀ ਹੈ। ਇਹੀ "ਜੋਤਿ" ਗੁਰੂ ਸਾਹਿਬਾਨ ਦੇ ਸਰੀਰਾਂ ਅੰਦਰ ਵਰਤੀ ਹੈ, ਉਹਨਾਂ ਦੇ ਅੰਦਰ ਪ੍ਰਮਾਤਮਾ ਦੇ ਆਪਣੀ ਜੋਤਿ ਦੇ ਰੂਪ ਵਿੱਚ ਪ੍ਰਗਟ ਹੋਣ ਦੁਆਰਾ ਵਰਤੀ ਹੈ, ਇੱਕ ਸਰੀਰ ਤੋਂ ਦੂਸਰੇ ਸਰੀਰ ਤੱਕ ਵਰਤੀ ਹੈ ਭਾਵ ਜੋ ਪ੍ਰਮਾਤਮਾ ਦਾ ਗਿਆਨ ਪਹਿਲੇ ਸਰੀਰ ਵਿੱਚ ਪ੍ਰਗਟ ਹੋਇਆ ਸੀ ਉਹੀ ਗਿਆਨ ਅੱਗੇ ਤੋਂ ਅੱਗੇ ਸਰੀਰਾਂ ਵਿੱਚ ਪ੍ਰਗਟ ਹੁੰਦਾ ਚਲਾ ਗਿਆ, ਉਹੀ ਜੋਤਿ ਅੱਗੇ ਤੋਂ ਅੱਗੇ ਪ੍ਰਗਟ ਹੁੰਦੀ ਚਲੀ ਗਈ ਜੋ ਕਿ ਦੱਸ ਸਰੀਰਾਂ ਵਿੱਚ ਚੱਲੀ ਤੇ ਉਨ੍ਹਾਂ ਦੇ ਮੁੱਖੋਂ ਉਚਾਰਿਆ ਹੋਇਆ ਗਿਆਨ ਗੁਰਬਾਣੀ ਦੇ ਰੂਪ ਵਿੱਚ, ਸ਼ਬਦ ਰੂਪ ਵਿੱਚ, ਜੋਤਿ ਦੁਆਰਾ ਦਿੱਤੇ ਹੋਏ ਸੱਚੇ ਗਿਆਨ ਦੇ ਰੂਪ ਵਿੱਚ ਸਾਨੂੰ ਮਿਲਿਆ ਹੈ। ਜਿਹਨਾਂ ਸਰੀਰਾਂ ਨੇ ਵੀ ਗੁਰਬਾਣੀ ਉਚਾਰੀ ਹੈ ਉਹਨਾਂ ਸਭ ਵਿੱਚ ਇੱਕੋ ਜੋਤਿ ਹੀ ਪ੍ਰਗਟ ਹੈ ਜੋ ਕਿ ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ:-

"ਨਾਨਕਿ ਨਾਮੁ ਨਿਰੰਜਨ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ
ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥
ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥
ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ
ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥੩॥"

(ਅੰਗ ੧੪੦੬)

ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਆਪ ਅਕਾਲ ਪੁਰਖ ਦਾ ਰੂਪ ਹਨ ਜਿਨ੍ਹਾਂ ਵਿੱਚ ਸ਼ਬਦ ਰੂਪ ਪ੍ਰਮਾਤਮਾ ਪ੍ਰਗਟ ਹੋਇਆ ਹੈ। ਜਦ ਤੱਕ ਉਹ ਸਰੀਰਕ ਦੇਹ ਵਿੱਚ ਸਨ, ਉਨ੍ਹਾਂ ਨੇ ਉਹ ਕੁੱਝ ਕੀਤਾ ਜੋ ਪ੍ਰਮਾਤਮਾ ਦੀ ਆਪਣੀ ਮਰਜ਼ੀ ਸੀ, ਜੋ ਉਨ੍ਹਾਂ ਦੇ ਅੰਦਰ ਵਰਤ ਰਹੀ ਜੋਤਿ ਦੀ ਰਜ਼ਾ ਸੀ। ਜੋ ਕੁੱਝ ਉਨਾਂ ਨੂੰ ਅੰਦਰੋਂ ਜੋਤਿ ਰਾਹੀਂ ਗਿਆਨ ਮਿਲਿਆ ਉਹੀ ਕੁੱਝ ਉਨ੍ਹਾਂ ਨੇ ਸ਼ਬਦਾਂ ਰਾਹੀਂ ਆਪਣੇ ਮੁੱਖੋਂ ਉਚਾਰਿਆ ਤੇ ਉਸੇ ਗਿਆਨ ਅਨੁਸਾਰ ਉਹ ਆਪਣੇ ਜੀਵਨ ਵਿੱਚ ਵਿਚਰੇ। "ਦੇਹ" ਬਿਨਸਣਹਾਰ ਹੈ ਪਰ "ਸ਼ਬਦ" ਸਦਾ ਰਹਿਣ ਵਾਲਾ ਹੈ। ਪਹਿਲੀ ਪਾਤਸ਼ਾਹੀ ਦੇ ਦੇਹ ਤਿਆਗਣ ਤੋਂ ਪਹਿਲਾਂ ਪ੍ਰਮਾਤਮਾ ਨੇ ਉਨ੍ਹਾਂ ਦੇ ਅੰਦਰ ਆਪਣੀ ਜੋਤਿ ਰਾਹੀਂ ਵਰਤ ਰਹੇ "ਸ਼ਬਦ" ਨੂੰ, ਗਿਆਨ ਨੂੰ, ਦੂਜੀ ਪਾਤਸ਼ਾਹੀ ਦੇ ਸਰੀਰ ਰਾਹੀਂ ਭਾਵ ਉਨ੍ਹਾਂ ਦੇ ਅੰਦਰ ਦੀ ਜੋਤਿ ਰਾਹੀਂ ਆਪਣਾ "ਸ਼ਬਦ" ਰੂਪ ਪ੍ਰਗਟ ਕਰ ਦਿੱਤਾ ਭਾਵ ਅਕਾਲ ਪੁਰਖ ਨੇ ਆਪਣੇ ਆਪ ਨੂੰ ਇੱਕ ਸਰੀਰਕ ਚੋਲੇ ਵਿੱਚ ਰਹਿੰਦੇ ਹੋਏ ਦੂਜੇ ਸਰੀਰਕ ਚੋਲੇ ਵਿੱਚ ਵੀ ਪ੍ਰਗਟ ਕਰ ਦਿੱਤਾ। ਪਹਿਲੀ ਪਾਤਸ਼ਾਹੀ ਤੋਂ ਪਹਿਲਾਂ, ਅਕਾਲ ਪੁਰਖ ਅਲੱਗ ਅਲੱਗ ਸਮੇਂ ਤੇ ਭਗਤਾਂ ਦੇ ਰੂਪ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦੇ ਰਹੇ ਹਨ ਤੇ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਵਾਉਂਦੇ ਰਹੇ ਹਨ।

3/172

ਗੁਰੂ ਨਾਨਕ ਦੇਵ ਜੀ ਵਿੱਚ ਪ੍ਰਗਟ ਹੋਈ ਹੋਈ ਜੋਤਿ ਦਸਾਂ ਜਾਮਿਆਂ ਤੱਕ ਚੱਲੀ ਹੈ ਜਿਸ ਤਰੀਕੇ ਪ੍ਰਮਾਤਮਾ ਨੇ ਉਨ੍ਹਾਂ ਨੂੰ ਗੁਰੂ ਰੂਪ ਬਣਾਇਆ ਹੈ। ਇਹ ਪਹਿਲੀ ਵਾਰ ਸੀ ਜਦੋਂ ਅਕਾਲ ਪੁਰਖ ਨੇ ਗੁਰਬਾਣੀ ਪੂਰੀ ਕਰਨ ਲਈ ਵੱਖਰੇ-ਵੱਖਰੇ ਰੂਪ ਧਾਰੇ ਤੇ ਪ੍ਰਥਾ ਚਲਾਉਣ ਲਈ ਇਸ ਵਿਧੀ ਦੀ ਨੀਂਵ ਰੱਖੀ। ਗੁਰੂ ਦੀ ਗੱਦੀ ਲਗਾਤਾਰ ਅੱਗੇ ਚਲਾਉਣ ਲਈ ਉਸਦੀ ਨੀਂਵ ਰੱਖੀ। ਇਹ ਨੀਂਹ ਪਹਿਲੀ ਪਾਤਸ਼ਾਹੀ ਨੇ ਸ਼ੁਰੂ ਕੀਤੀ ਜੋ ਕਿ ਦਸ ਸਰੀਰਾਂ ਤੱਕ ਚੱਲੀ ਭਾਵ ਇਹ "ਸ਼ਬਦ ਸੁਰਤਿ" ਦੀ ਪ੍ਰਥਾ ਦਸਾਂ

ਜਾਮਿਆਂ ਤੱਕ ਚੱਲੀ। "ਗੁਰੂ" ਸ਼ੁਰੂ ਤੋਂ ਸ਼ਬਦ ਹੀ ਰਿਹਾ ਹੈ, ਪ੍ਰਮਾਤਮਾ ਆਪ ਹੀ ਰਿਹਾ ਹੈ ਤੇ ਹੁਣ ਵੀ "ਗੁਰੂ" ਸ਼ਬਦ ਹੀ ਹੈ ਜੋ ਕਿ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਪ੍ਰਗਟ ਹੈ। ਸਭ ਕੁੱਝ ਗੁਰਬਾਣੀ ਦੇ ਵਿੱਚ ਹੀ ਹੈ। ਗੁਰਬਾਣੀ ਆਪਣੇ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਆਪ ਹੀ ਪ੍ਰਮਾਤਮਾ ਹੈ, ਅੱਲ੍ਹਾ ਹੈ, ਰਾਮ ਹੈ, ਵਾਹਿਗੁਰੂ ਹੈ ਜੋ ਕਿ ਨਾਮ ਦੇ ਰੂਪ ਵਿੱਚ ਹੈ। ਇਹੀ ਗੱਲ ਸਾਨੂੰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਗੁਰਬਾਣੀ ਦੇ ਵਿੱਚ ਕੀ ਹੈ। ਬਾਬੇ ਨਾਨਕ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਉਨ੍ਹਾਂ ਨੂੰ ਆਪਣਾ ਨਾਮ ਸਮਝਾਇਆ ਜਿਸ ਨਾਮ ਦੁਆਰਾ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਭਗਤੀ ਕੀਤੀ ਤੇ ਉਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਪ੍ਰੇਮ ਜੁੜਿਆ, ਉਸਦੇ ਨਾਲ ਲਿਵ ਲੱਗੀ। ਪ੍ਰਮਾਤਮਾ ਕੋਲੋਂ ਜੋ ਬਾਬਾ ਨਾਨਕ ਜੀ ਨੂੰ ਸੱਚਾ ਗਿਆਨ ਮਿਲਿਆ ਹੈ ਉਹੋ ਉਨ੍ਹਾਂ ਨੇ ਗੁਰਬਾਣੀ ਰਾਹੀਂ ਲਿਖਿਆ ਹੈ ਭਾਵ ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ ਜੋ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਦਿੰਦਾ ਹੈ। (**ਨਾਨਕਿ ਨਾਮੁ ਨਿਰੰਜਨ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥**) ਜੋ ਪ੍ਰਮਾਤਮਾ ਕੋਲੋਂ ਨਾਮ ਮਿਲਦਾ ਹੈ, ਉਹ ਮਨ ਦੇ ਵਿੱਚ ਭਾਵ "ਸੁਰਤਿ" ਦੇ ਵਿੱਚ ਹੀ ਮਿਲਦਾ ਹੈ। "ਨਾਮ" ਹੀ ਸ਼ਬਦ ਹੈ ਤੇ ਮਨ ਦੇ ਵਿੱਚ ਨਾਮ ਦਾ ਸੱਚਾ ਗਿਆਨ ਵੱਸਣਾ ਹੀ "ਸ਼ਬਦ ਸੁਰਤਿ" ਦਾ ਮੇਲ ਹੈ ਜੋ ਸ਼ਬਦ ਸੁਰਤਿ ਦੀ ਨੀਂਵ ਪ੍ਰਮਾਤਮਾ ਆਪ ਹੀ ਰਖਦਾ ਹੈ, ਵਖਰੇ ਵਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਰਖਦਾ ਹੈ। ਸਾਡੀ ਸੁਰਤਿ ਦੇ ਵਿਚ, ਮਨ ਦੇ ਵਿਚ ਧਰਮ ਦੇ ਮਾਰਗ ਦੀ ਸੱਚੀ ਸੋਝੀ ਪੈਣੀ, ਗੁਰਮਤਿ ਦੀ ਸੱਚੀ ਸੋਝੀ ਪੈਣੀ, ਬ੍ਰਹਮ ਗਿਆਨ ਦੀ ਸੋਝੀ ਪੈਣੀ ਭਾਵ ਚੌਥੇ ਪਦ ਦੇ ਗਿਆਨ ਦੀ ਸੋਝੀ ਪੈਣੀ ਹੀ ਸਾਡੇ ਅੰਦਰ ਸ਼ਬਦਿ ਸੁਰਤਿ ਦੀ ਨੀਂਵ ਰੱਖੀ ਜਾਣੀ ਹੈ ਜੋ ਨੀਂਵ ਮਨ ਦੇ ਵਿੱਚ ਆਪਣੀ ਜੋਤਿ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਰੱਖਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਆਪਣਾ ਨਾਮ ਬਖਸ਼ਣ ਦੁਆਰਾ ਆਪ ਹੀ ਪਾਉਂਦਾ ਹੈ। (**ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥**) ਇਸੇ ਤਰ੍ਹਾਂ ਇਹ ਸ਼ਬਦ ਸੁਰਤਿ ਦਾ ਮੇਲ ਅੱਗੇ ਤੋਂ ਅੱਗੇ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਉਨ੍ਹਾਂ ਦੇ ਅੰਦਰ ਉਨ੍ਹਾਂ ਦੀ ਜੋਤਿ ਰਾਹੀਂ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਹੋਇਆ ਜਿਸ ਰੂਪ ਵਿੱਚ ਸ਼ਬਦ ਮਨ ਦੇ ਵਿੱਚ ਪ੍ਰਗਟ ਹੋਇਆ ਤੇ ਪਰਗਟ ਹੋਣ ਦੁਆਰਾ ਸੁਰਤਿ ਦੇ ਵਿੱਚ ਜੋ ਸ਼ਬਦਾਂ ਦਾ ਸੱਚਾ ਗਿਆਨ ਦਿੱਤਾ ਉਹ ਸੱਚਾ ਗਿਆਨ ਹੀ, ਸੱਚਾ ਨਾਮ ਹੀ ਪੂਰੀ ਗੁਰਬਾਣੀ ਵਿੱਚ ਹੈ। ਗੁਰਬਾਣੀ ਨੂੰ ਜਪਣਾ ਹੀ, ਮੰਨਣਾ ਹੀ ਨਾਮ ਜਪਣਾ ਹੈ, ਰਾਮ ਰਾਮ ਕਰਨਾ ਹੈ, ਖੁਦਾ ਖੁਦਾ ਕਰਨਾ ਹੈ, ਵਾਹਿਗੁਰੂ ਵਾਹਿਗੁਰੂ ਕਰਨਾ ਹੈ। "ਗੁਰਬਾਣੀ ਨੂੰ ਜਪਣਾ", ਗੁਰੂ ਦੀ ਗੱਲ ਨੂੰ ਪੜ੍ਹ ਕੇ, ਸੁਣ ਕੇ, ਉਸਨੂੰ ਸਮਝ ਕੇ, ਵਿਚਾਰ ਕੇ, ਉਸ ਤੇ ਅਮਲ ਕਰਨਾ ਹੈ। ਜੇਕਰ ਗੁਰੂ ਦੀ ਗੱਲ ਨੂੰ ਅਸੀਂ ਮੰਨਣਾ ਹੀ ਨਹੀਂ, ਉਸ ਤੋਂ ਕੋਈ ਗਿਆਨ ਹੀ ਨਹੀਂ ਲੈਣਾ, ਗਿਆਨ ਲੈ ਕੇ ਉਸ ਤੇ ਕੋਈ ਅਮਲ ਹੀ ਨਹੀਂ ਕਰਨਾ, ਤਾਂ ਫਿਰ ਅਕਾਲ ਪੁਰਖ ਦੇ ਇਤਨੇ ਉੱਚੇ, ਇਤਨੇ ਵੱਡੇ ਗ੍ਰੰਥ ਦੇ ਲਿਖਣ ਦਾ ਮਨੋਰਥ ਹੀ ਕੀ ਰਹਿ ਗਿਆ। ਜੇਕਰ ਅਸੀਂ ਕੇਵਲ "ਰਾਮ ਰਾਮ" ਹੀ ਕਰਨਾ ਸੀ, ਉਹ ਤਾਂ ਦੁਨੀਆਂ ਗੁਰਬਾਣੀ ਦੇ ਲਿਖਣ ਤੋਂ ਪਹਿਲਾਂ ਹੀ ਕਰਦੀ ਆ ਰਹੀ ਸੀ। ਅਸੀਂ ਕੇਵਲ "ਰਾਮ ਰਾਮ" ਨੂੰ "ਵਾਹਿਗੁਰੂ ਵਾਹਿਗੁਰੂ" ਵਿੱਚ ਬਦਲ ਦਿੱਤਾ ਹੈ। ਜੇ ਇਤਨਾ ਕਰਨਾ ਹੀ ਬਹੁਤ ਹੁੰਦਾ, ਤਾਂ ਫਿਰ ਗੁਰਬਾਣੀ ਨੂੰ ਇੱਕੋ ਪੰਗਤੀ ਵਿੱਚ ਹੀ ਮੁਕਾਇਆ ਜਾ ਸਕਦਾ ਸੀ। ਡੂੰਘੇ ਹਿਰਦੇ ਨਾਲ ਵਿਚਾਰੋ ਇਸ ਗੱਲ ਨੂੰ। ਆਓ ਤਨੋ ਮਨੋ ਗੁਰਬਾਣੀ ਨਾਲ ਜੁੜੀਏ ਤੇ ਉਹ ਲਾਹਾ ਲੈ ਕੇ ਜਾਈਏ ਜੋ ਸਾਡੀ ਜ਼ਿੰਦਗੀ ਦਾ ਮਨੋਰਥ ਹੈ।

3/173

ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ "ਸ਼ਬਦ ਸੁਰਤਿ" ਨੂੰ ਕੁੱਝ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ। ਜਦ ਤੱਕ ਸਾਡੇ ਅੰਦਰ "ਸਬਦ ਸੁਰਤਿ" ਦਾ ਕਨਸੈਪਟ ਕਲੀਅਰ ਨਹੀਂ ਹੁੰਦਾ, ਅਸੀਂ ਬਾਣੀ ਨੂੰ ਕਦੇ ਵੀ ਨਹੀਂ ਸਮਝ ਸਕਦੇ ਤੇ ਹਮੇਸ਼ਾਂ ਹੀ ਉਲਝਣ ਵਿੱਚ ਫਸੇ ਰਹਾਂਗੇ ਕਿ ਸ਼ਬਦ ਸੁਰਤਿ ਦਾ ਮੇਲ ਕਿਵੇਂ ਹੋਣਾ ਹੈ। ਬਾਣੀ ਸਾਨੂੰ ਸ਼ਬਦ ਸੁਰਤਿ ਦਾ ਮੇਲ ਹੀ ਸਮਝਾ ਰਹੀ ਹੈ ਕਿਉਂਕਿ ਇਹ ਹੀ ਸਾਡੀ ਜ਼ਿੰਦਗੀ ਦਾ ਮਨੋਰਥ ਹੈ। ਸ਼ਬਦ ਸੁਰਤਿ ਦਾ ਮੇਲ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਸਨੂੰ ਕਿ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਵੱਖਰੇ-ਵੱਖਰੇ ਢੰਗ ਨਾਲ ਸਮਝਾਇਆ ਗਿਆ ਹੈ। ਜਦੋਂ ਅਸੀਂ ਧਿਆਨ ਨਾਲ ਵਿਚਾਰਾਂਗੇ ਤਾਂ ਸਮਝ ਲੱਗੇਗੀ ਕਿ "ਸਾਧ ਸੰਗਤਿ" ਤੋਂ ਭਾਵ ਵੀ "ਸ਼ਬਦ ਸੁਰਤਿ" ਦਾ ਮੇਲ ਹੀ ਹੈ। ਸਾਧ ਗੁਰੂ ਹੈ, ਸੰਤ ਗੁਰੂ ਹੈ ਤੇ ਗੁਰੂ ਸ਼ਬਦ ਹੈ। ਗੁਰੂ ਸਾਡਾ "ਗੁਰੂ ਦੇ ਬਚਨ" ਹਨ ਜੋ ਕਿ ਸ਼ਬਦਾਂ ਦੇ ਰੂਪ ਵਿੱਚ ਹਨ ਜਿਨ੍ਹਾਂ ਸ਼ਬਦਾਂ ਰਾਹੀਂ ਸਾਨੂੰ ਸਿੱਖਿਆ ਦਿੰਦਾ ਹੈ। ਗੁਰੂ ਦੇ ਬਚਨਾਂ ਦੀ ਸੰਗਤਿ ਕਰਨੀ ਗੁਰੂ ਦੀ ਸਿੱਖਿਆ ਦੇ ਨਾਲ ਸੰਗਤਿ ਹੈ, ਸਾਧ ਸੰਗਤਿ ਹੈ, ਸੰਤ ਸੰਗਿ ਹੈ ਜੋ ਸੰਗਤਿ ਸਾਡੇ ਮਨ ਦੇ ਵਿਚਾਰਾਂ ਨੇ ਗੁਰੂ ਦੇ ਵਿਚਾਰਾਂ ਦੇ ਨਾਲ ਕਰਨੀ ਹੈ, ਸਾਡੀ ਸੁਰਤਿ ਦੇ ਵਿਚਾਰਾਂ ਨੇ ਸ਼ਬਦ ਦੇ ਵਿਚਾਰਾਂ ਨਾਲ ਕਰਨੀ ਹੈ ਜੋ "ਸੰਗਤਿ" ਗੁਰੂ ਦੇ, ਸਾਧ ਦੇ, ਸੰਤ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ। ਇਹ ਸੰਗਤ ਸਾਡੇ

ਮਨ ਨੇ ਕਰਨੀ ਹੈ, ਸਾਡੀ ਸੁਰਤਿ ਨੇ ਕਰਨੀ ਹੈ। ਗੁਰੂ ਦੀ ਗੱਲ ਨੂੰ ਸਾਡੇ ਮਨ ਨੇ ਮੰਨਣਾ ਹੈ, ਸਾਡੀ ਸੁਰਤਿ ਨੇ ਮੰਨਣਾ ਹੈ। "ਸਾਧ ਸੰਗਤ" ਬਾਰੇ ਕੁੱਝ ਵਿਸਥਾਰ ਨਾਲ ਹੋਰ ਅੱਗੇ ਚੱਲ ਕੇ ਸਮਝਾਂਗੇ। ਸਾਡੇ ਅੰਦਰ ਨਾਮ ਦਾ ਵੱਸਣਾ ਵੀ ਇਹੋ ਗੱਲ ਹੀ ਹੈ ਭਾਵ ਸ਼ਬਦ ਸੁਰਤਿ ਦਾ ਮੇਲ ਹੀ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਕੁੱਝ ਵਿਸਥਾਰ ਨਾਲ ਖੁਲਾਸਾ ਅੱਗੇ ਚੱਲ ਕੇ ਕਰਾਂਗੇ। ਜਦ ਤੱਕ ਸਾਨੂੰ ਨਾਮ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਇਨ੍ਹਾਂ ਸਾਰੀਆਂ ਗੱਲਾਂ ਦੀ ਸੋਝੀ ਪੈਣੀ ਵੀ ਨਾ-ਮੁਮਕਿਨ ਹੈ। ਬਾਣੀ ਬਹੁਤ ਗਹਿਰ ਤੇ ਗੰਭੀਰ ਹੈ ਤੇ ਉਸਨੂੰ ਜਾਣਨ ਲਈ ਵੀ ਉਤਨੀ ਹੀ ਗੰਭੀਰਤਾ ਦੀ ਲੋੜ ਹੈ। ਇੱਕ ਵਾਰੀ ਸਾਨੂੰ ਜਦੋਂ ਗੁਰਬਾਣੀ ਦੇ ਬੇਸਿਕ ਭਾਵ ਬੁਨਿਆਦੀ ਕਨਸੈਪਟ ਸਮਝ ਆ ਜਾਣਗੇ ਤਾਂ ਫਿਰ ਗੁਰਬਾਣੀ ਦੀ ਸਮਝ ਆਉਣੀ ਬਹੁਤ ਸੌਖੀ ਹੋ ਜਾਵੇਗੀ। ਫਿਰ ਸਾਨੂੰ "ਸਾਧ ਸੰਗਤ" ਤੇ "ਸ਼ਬਦ ਵਿਚਾਰਿ" ਵਿੱਚ ਕੋਈ ਫਰਕ ਨਜ਼ਰ ਨਹੀਂ ਆਵੇਗਾ। ਇੱਕੋ ਹੀ ਗੱਲ ਲੱਗੇਗੀ। ਸਾਰੀ ਵਿਚਾਰ ਤੋਂ ਬਾਅਦ ਸਾਨੂੰ ਇਹ ਸਮਝ ਲੱਗੇਗੀ ਕਿ ਨਾਮ ਦੀ ਸੋਝੀ ਨਾ ਹੋਣ ਕਰਕੇ ਅਸੀਂ ਬਾਣੀ ਨੂੰ ਸਮਝਣ ਤੋਂ ਬਹੁਤ ਦੂਰ ਹੋ ਗਏ ਹਾਂ।

3/174

ਵੈਸੇ ਤਾਂ ਸਾਨੂੰ ਹੁਣ "ਸ਼ਬਦ ਸੁਰਤਿ" ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ਲੇਕਿਨ ਫਿਰ ਵੀ ਆਓ ਹੁਣ ਆਨੰਦ ਸਾਹਿਬ ਜੀ ਦੀ ਬਾਣੀ ਵਿੱਚ ਦਿੱਤੇ ਹੋਏ ਇਸ ਸ਼ਬਦ ਨੂੰ ਵਿਚਾਰੀਏ ਜਿਸਦਾ ਉਚਾਰਨ ਅਸੀਂ ਹਰ ਰੋਜ ਕਰਦੇ ਹਾਂ। ਇਹ ਅਰਥ ਜਾਨਣ ਤੋਂ ਬਾਅਦ ਅਸੀਂ ਸ਼ਬਦ ਸੁਰਤਿ ਬਾਰੇ ਹੋਰ ਵੀ ਨੇੜਤਾ ਨਾਲ ਜਾਣ ਸਕਾਂਗੇ।

"ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ॥
ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ॥੨੫॥" (ਅੰਗ ੯੨੦)

ਇਸ ਸ਼ਬਦ ਨੂੰ ਬੜੇ ਹੀ ਗਹਿਰੇ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਸ਼ਬਦ ਵਿੱਚ ਗੁਰੂ ਦੇ ਸ਼ਬਦ ਨੂੰ "ਰਤਨੁ" ਕਹਿ ਕੇ ਸੰਬੋਧਨ ਕੀਤਾ ਹੈ ਭਾਵ ਅਨਮੋਲ ਗੁਣਾਂ ਵਾਲਾ ਕਿਹਾ ਹੈ, ਉੱਚੀ ਕੀਮਤ ਵਾਲਾ ਕਿਹਾ ਹੈ। ਇਸ "ਸ਼ਬਦ" ਨੂੰ "ਹੀਰੇ" ਉੱਤੇ ਜੜਨ ਲਈ ਹੁਕਮ ਕੀਤਾ ਹੈ। ਹੀਰਾ ਮਨੁੱਖ ਦੇ ਮਨ ਨੂੰ ਕਿਹਾ ਹੈ। ਜੋ ਕਿ ਅਗਲੀ ਪੰਗਤੀ ਵਿੱਚ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ **(ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥)** ਜਦੋਂ ਮਨੁੱਖ ਸ਼ਬਦ ਨੂੰ ਭਾਵ ਗੁਰੂ ਦੇ ਦੱਸੇ ਹੋਏ ਉਪਦੇਸ਼ ਨੂੰ, ਸ਼ਬਦ ਦੀ ਸਮਝਾਈ ਹੋਈ ਮਤਿ ਨੂੰ ਆਪਣੇ ਮਨ ਉੱਤੇ ਜੜ ਲਏਗਾ ਭਾਵ ਮਨ ਵਿੱਚ ਧਾਰ ਲਵੇਗਾ ਤਾਂ ਫਿਰ ਉਹ ਗੁਰੂ ਦੇ ਹੁਕਮ ਵਿੱਚ ਸਮਾਅ ਜਾਵੇਗਾ। ਗੁਰੂ ਦੇ ਹੁਕਮ ਨੂੰ ਸਾਡੇ ਮਨ ਨੇ ਮੰਨਣਾ ਹੈ, ਸਾਡੀ ਸੁਰਤਿ ਨੇ ਮੰਨਣਾ ਹੈ। ਜੋ ਸਾਡਾ ਮਨ ਹੈ, ਉਹੀ ਸਾਡੀ ਸੁਰਤਿ ਹੈ, ਕੋਈ ਫਰਕ ਨਹੀਂ ਹੈ। ਸ਼ਬਦ ਗੁਰੂ ਦਾ ਮਨ ਹੈ ਭਾਵ ਗੁਰੂ ਦੀ ਸਮਝ ਹੈ ਜੋ ਗੁਰੂ ਨੂੰ ਚੰਗੀ ਲੱਗਦੀ ਹੈ, ਹੀਰਾ ਸਾਡਾ ਮਨ ਹੈ ਭਾਵ ਸਾਡੇ ਮਨ ਦੀ ਸਮਝ ਹੈ ਜੋ ਸਾਨੂੰ ਚੰਗੀ ਲੱਗਦੀ ਹੈ। ਜਦੋਂ ਗੁਰੂ ਦਾ ਮਨ ਅਤੇ ਸਾਡਾ ਮਨ ਆਪਸ ਵਿੱਚ ਰਲ ਜਾਣਗੇ ਭਾਵ ਜਦੋਂ ਸਾਡੇ ਵਿਚਾਰ ਤੇ ਗੁਰੂ ਦੇ ਵਿਚਾਰ ਇੱਕ ਹੋ ਜਾਣਗੇ ਤਾਂ ਫਿਰ ਸਾਡਾ ਪਿਆਰ ਗੁਰੂ ਨਾਲ ਬਣ ਜਾਵੇਗਾ ਜੋ ਕਿ ਉਸਦੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ **(ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ॥)**। ਗੁਰੂ ਨਾਲ ਪਿਆਰ ਤਾਂ ਹੀ ਬਣਦਾ ਹੈ ਜਦੋਂ ਮਨੁੱਖ ਗੁਰੂ ਦੀ ਗੱਲ ਮੰਨ ਲੈਂਦਾ ਹੈ, ਉਸ ਨਾਲ ਮਨ ਮਿਲ ਜਾਂਦਾ ਹੈ। ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਮਨ ਦੀ ਅਸਲੀਅਤ ਨੂੰ ਜਾਣ ਸਕੀਏ ਜਿਸ ਵਿੱਚ ਆਪ ਪ੍ਰਮਾਤਮਾ ਹੀ ਹੈ।

"ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ॥"

"ਮਨ" ਸਾਡੇ ਅੰਦਰ ਕੇਵਲ ਇੱਕ ਹੀ ਹੈ, ਜੋ ਕਿ ਆਪ ਪ੍ਰਮਾਤਮਾ ਹੈ ਪਰ ਅਸੀਂ ਇਸ ਮਨ ਨੂੰ ਆਪਣਾ ਸਮਝਦੇ ਹਾਂ, ਜਦ ਕਿ ਇਹ ਮਨ ਸਾਡਾ ਨਹੀਂ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਨੁੱਖ ਨੂੰ ਸੋਝੀ ਇਸੇ ਗੱਲ ਦੀ ਹੀ ਪੈਂਦੀ ਹੈ ਕਿ ਇਹ

ਮਨ ਮੇਰਾ ਨਹੀਂ ਹੈ। ਇਹ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਅਤੇ ਕੇਵਲ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਦੁਆਰਾ ਹੀ ਪੈਂਦੀ ਹੈ। ਮਨੁੱਖ ਨੂੰ ਤਾਂ ਹੀ ਸਮਝ ਲੱਗਦੀ ਹੈ ਕਿ ਰਤਨ ਅਤੇ ਹੀਰੇ ਵਿੱਚ ਕੋਈ ਫ਼ਰਕ ਨਹੀਂ ਹੈ

3/175

ਭਾਵ ਮਨ ਇੱਕੋ ਹੀ ਹੈ, ਇੱਕੋ ਪ੍ਰਮਾਤਮਾ ਹੀ ਸਾਡੇ ਅੰਦਰ ਵਰਤ ਰਿਹਾ ਹੈ ਤੇ ਮਨ ਦੇ ਵਿੱਚ ਜੋ ਵੀ ਵਿਚਾਰ ਉਪਜਦੇ ਹਨ ਉਹ ਵਿਚਾਰ ਸਾਡੇ ਅੰਦਰ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ, ਹਉਮੈ ਵਿੱਚ ਹਾਂ ਤਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ। ਸਾਡੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਵਾਲੇ ਵਿਚਾਰ ਵੀ ਪ੍ਰਮਾਤਮਾ ਆਪ ਹੀ ਪਾ ਰਹਿਆ ਹੈ ਤੇ ਆਪਣੀ ਮਨੁੱਖੀ ਹੋਂਦ ਸਮਝਣਾ, ਆਪਣੇ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਣਾ ਕੇਵਲ ਇੱਕ ਭੁਲੇਖਾ ਹੀ ਹੈ ਤੇ ਇਹ ਸੋਝੀ ਪ੍ਰਮਾਤਮਾ ਮਨ ਦੇ ਵਿੱਚ ਵਿਚਾਰਾਂ ਰਾਹੀਂ ਪਰਗਟ ਹੋ ਕੇ ਆਪ ਹੀ ਪਾਉਂਦਾ ਹੈ। **(ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ॥)**।

ਇਹੀ ਸ਼ਬਦ ਸੁਰਤਿ ਦਾ ਮੇਲ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਹੈ ਜੋ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਭਾਵ ਗੁਰੂ ਦੇ ਸ਼ਬਦ ਨੂੰ ਭਾਵ ਸ਼ਬਦ ਦੀ ਮਤਿ ਨੂੰ ਮਨ ਵਿੱਚ ਵਸਾਉਣਾ ਹੈ ਜੋ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਸ਼ਬਦ ਦੀ ਮਤਿ ਨੂੰ ਕਿਸੇ ਸਰੀਰਕ ਕਿਰਿਆਵਾਂ ਜਾਂ ਜ਼ੋਰ ਨਾਲ ਮਨ ਵਿੱਚ ਨਹੀਂ ਵਸਾਇਆ ਜਾ ਸਕਦਾ। ਮਨ ਵਿੱਚ ਸ਼ਬਦ ਨੇ ਭਾਵ ਸ਼ਬਦ ਦੀ ਵਿਚਾਰ ਨੇ ਭਾਵ ਨਾਮ ਨੇ ਤਾਂ ਹੀ ਵੱਸਣਾ ਹੈ ਜਦੋਂ ਸਾਡਾ ਮਨ ਗੁਰੂ ਦੀ ਗੱਲ ਮੰਨਣ ਲਈ ਤਿਆਰ ਹੋ ਜਾਵੇਗਾ, ਸ਼ਬਦੇ ਮਰਨ ਲਈ ਤਿਆਰ ਹੋ ਜਾਵੇਗਾ ਭਾਵ ਸ਼ਬਦ ਦੀ ਸਮਝ ਦੁਆਰਾ ਆਪਣੀ ਸਮਝ ਨੂੰ ਮਾਰਨ ਲਈ ਤਿਆਰ ਹੋ ਜਾਵੇਗਾ। ਸਾਡੇ ਮਨ ਦੀ ਸਮਝ ਤਾਂ ਹੀ ਮਰੇਗੀ ਜੇਕਰ ਅਸੀਂ ਗੁਰੂ ਦੀ ਗਲ ਨੂੰ ਮੰਨ ਲਵਾਂਗੇ, ਉਸ ਤੇ ਅਮਲ ਕਰਾਂਗੇ। ਗੁਰੂ ਦੀ ਗੱਲ ਨੂੰ ਮੰਨਣ ਤੋਂ ਬਿਨ੍ਹਾਂ ਭਾਵ ਉਸਦਾ ਨਾਮ ਜਪਣ ਤੋਂ ਬਿਨ੍ਹਾਂ ਬਾਕੀ ਹੋਰ ਸਭ ਕਿਰਿਆਵਾਂ ਨਿਹਫਲ ਹੀ ਹਨ।

ਹੁਣ ਤੱਕ ਪਿੱਛੇ ਕੀਤੀ ਗਈ ਚਰਚਾ ਤੋਂ ਅਸੀਂ ਇਹ ਗੱਲ ਚੰਗੀ ਤਰ੍ਹਾਂ ਸਮਝ ਚੁੱਕੇ ਹਾਂ ਕਿ ਨਾਮ ਕੀ ਹੈ। ਤੁਸੀਂ ਆਪਣੇ ਆਪ ਹੀ ਮਹਿਸੂਸ ਕਰੋਗੇ ਕਿ ਹੁਣ ਤੱਕ ਅਸੀਂ ਅਗਰ ਬਾਣੀ ਦੀ ਗਹਿਰਾਈ ਨੂੰ ਨਹੀਂ ਸਮਝ ਪਾਏ ਹਾਂ ਤਾਂ ਉਸਦੀ ਵੱਡੀ ਵਜ੍ਹਾ ਨਾਮ ਦੀ ਸੋਝੀ ਨਾ ਪੈਣ ਕਰਕੇ ਹੀ ਹੈ। ਬਜਾਇ ਇਸ ਦੇ ਕਿ ਅਸੀਂ ਬਾਣੀ ਨੂੰ ਵਿਚਾਰ ਕੇ ਉਸ ਵਿੱਚੋਂ ਨਾਮ ਨੂੰ ਜਾਣਦੇ, ਅਸੀਂ ਪਹਿਲਾਂ ਆਪਣੀ ਮਤਿ ਦੁਆਰਾ ਨਾਮ ਦੀ ਪਰਿਭਾਸ਼ਾ ਆਪਣੇ ਅੰਦਰ ਦ੍ਰਿੜ ਕਰ ਲਈ ਹੈ। ਆਪਣੀ ਬਣਾਈ ਹੋਈ ਪਰਿਭਾਸ਼ਾ ਅਨੁਸਾਰ ਅਸੀਂ ਬਾਣੀ ਦੇ ਅਰਥ ਕਰੀ ਜਾਂਦੇ ਹਾਂ, ਜਿਸ ਕਰਕੇ ਅਰਥਾਂ ਦੀ ਗਹਿਰਾਈ ਨਾ ਸਮਝ ਆਉਣਾ ਸੁਭਾਵਿਕ ਹੀ ਹੈ। ਹੁਣ ਧਿਆਨ ਨਾਲ ਵਿਚਾਰੀਏ, ਜੇਕਰ ਸਾਨੂੰ ਨਾਮ ਦੀ ਸਹੀ ਸਮਝ ਆ ਗਈ ਹੁੰਦੀ ਤਾਂ ਅਸੀਂ ਕਿਹੋ ਜਿਹਾ ਨਾਮ ਜਪਦੇ। ਨਾਮ ਜਪਣ ਦੀ ਤਾਂਘ ਬੜ੍ਹਿਆਂ ਨੂੰ ਹੈ, ਰੱਬ ਨੂੰ ਜਾਣਨ ਦੀ ਤਾਂਘ ਬੜ੍ਹਿਆਂ ਨੂੰ ਹੈ ਪਰ ਨਾਮ ਦੀ ਸਹੀ ਸਮਝ ਨਾ ਹੋਣ ਕਰਕੇ ਅਸੀਂ ਬਹੁਤ ਜ਼ਿਆਦਾ ਉਲਝਣ ਵਿੱਚ ਪੈ ਚੁੱਕੇ ਹਾਂ ਜਿੱਥੋਂ ਮੁੜਨਾ ਹੁਣ ਬਹੁਤ ਜਿਆਦਾ ਔਖਾ

3/176

ਲੱਗੇਗਾ ਕਿਉਂਕਿ ਕਿਸੇ ਅੱਖਰ ਦਾ ਜਪ ਤਪ ਸਾਡੀ ਭਗਤੀ ਦੀ ਦੁਨਿਆਵੀ ਪਹਿਚਾਣ ਬਣ ਚੁੱਕਾ ਹੈ, ਸਾਡਾ ਦ੍ਰਿੜ ਨਿਸ਼ਚਾ ਬਣ ਚੁੱਕਾ ਹੈ। ਭਾਵੇਂ ਗੁਰੂ ਦੀ ਗੱਲ ਤੋਂ ਇਹ 100% ਸਪੱਸ਼ਟ ਹੈ ਕਿ ਜਿਹੋ ਜਿਹਾ ਨਾਮ ਅਸੀਂ ਜਪਦੇ ਹਾਂ ਉਹ ਨਾਮ ਨਹੀਂ ਹੈ, ਪਰ ਫਿਰ ਵੀ ਸਾਡੇ ਲਈ ਇਹ ਮੰਨਣਾ ਬਹੁਤ ਔਖਾ ਲੱਗੇਗਾ, ਕਿਉਂਕਿ ਹੁਣ ਤੱਕ ਆਪਣੀ ਘਾਲੀ ਹੋਈ ਘਾਲਣਾ ਨੂੰ ਕੋਈ ਵੀ ਵਿਅਰਥ ਜਾਂਦੀ ਹੋਈ ਨਹੀਂ ਦੇਖ ਸਕੇਗਾ। ਇਹ ਮਨੁੱਖੀ ਸੁਭਾਅ ਹੈ, ਪ੍ਰਮਾਤਮਾ ਦਾ ਦਿੱਤਾ ਹੋਇਆ ਸੁਭਾਅ ਹੈ। ਹੁਣ ਤੱਕ ਸਾਡੇ ਕੀਤੇ ਹੋਏ ਚੰਗੇ ਕਰਮ ਹੀ ਸਾਡੇ ਕੰਮ ਆਉਣੇ ਹਨ, ਕਿਉਂਕਿ ਇਹ ਵੀ ਗੱਲ ਨਾਲ ਹੀ ਹੈ ਕਿ ਜੋ ਮਨੁੱਖ ਭਗਤੀ ਭਾਵਨਾ ਰੱਖਦੇ ਹਨ ਉਨ੍ਹਾਂ ਦੀ ਰੁਚੀ ਵੀ ਜ਼ਿਆਦਾ ਕਰਕੇ ਚੰਗੇ ਕਰਮਾਂ ਵੱਲ ਹੁੰਦੀ ਹੈ। ਹੁਣ ਤੱਕ ਅਸਲ ਉੱਦਮ ਜੋ ਭਗਤੀ ਲਈ ਅਸੀਂ ਕੀਤਾ ਹੈ ਉਹ ਚੰਗੇ ਕਰਮਾਂ ਦੁਆਰਾ, ਚੰਗੀ ਤੇ ਸੱਚੀ ਸੁੱਚੀ ਕਰਨੀ ਦੁਆਰਾ ਹੀ ਕੀਤਾ ਹੈ। ਇਨ੍ਹਾਂ ਚੰਗੇ ਕਰਮਾਂ ਨੂੰ ਹੀ ਅੱਗੇ ਵਧਾਉਣ ਦੀ ਲੋੜ ਹੈ ਜੋ ਕਿ ਅੱਗੇ ਜਾਣ ਲਈ ਭਾਵ ਪ੍ਰਮਾਤਮਾ ਦੇ ਦਰ ਤੱਕ ਪਹੁੰਚਣ ਲਈ ਸਾਡੇ ਕੰਮ ਆਉਣੇ ਹਨ। ਜੇ ਅਸੀਂ ਧਿਆਨ ਨਾਲ ਵਿਚਾਰਾਂਗੇ ਤਾਂ ਫਿਰ ਇਹ ਜਾਣਾਗੇ ਕਿ ਹੁਣ ਤੱਕ ਸਾਨੂੰ ਤੇ ਸਾਡੇ ਸਮਾਜ ਨੂੰ ਵੱਡਾ ਨੁਕਸਾਨ ਵੀ ਨਾਮ ਦੀ ਸਮਝ ਨਾ ਆਉਣ ਕਰਕੇ ਹੀ ਹੋਇਆ ਹੈ। ਅਸੀਂ ਚੰਗੇ ਕਰਮ ਕਰਨ ਦੁਆਰਾ ਜੋ ਭਗਤੀ ਕਰਨੀ ਸੀ ਉਸ ਦੀ ਥਾਂ ਕੇਵਲ ਸਮਾਧੀਆਂ ਵਾਲੀ ਭਗਤੀ ਨੂੰ ਤਰਜੀਹ ਦਿੱਤੀ ਹੈ, ਬੋਲ ਬੋਲ ਕੇ ਜਪ ਤਪ ਕਰਨ ਨੂੰ ਭਗਤੀ ਸਮਝਿਆ ਹੈ। ਚੰਗੇ ਤੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਭਾਵ ਗੁਰੂ ਦੇ ਉਪਦੇਸ਼ ਦੁਆਰਾ ਵਿਚਰਦੇ ਹੋਏ ਕੀਤੇ ਕਰਮਾਂ ਦੁਆਰਾ ਮਨੁੱਖਤਾ ਦਾ ਭਲਾ ਹੁੰਦਾ ਹੈ ਤੇ ਇਸੇ ਕਰਨੀ

ਦੁਆਰਾ ਹੀ ਆਪਣਾ ਭਲਾ ਹੁੰਦਾ ਹੈ। ਅੱਜ ਦੇ ਸਮਾਜ ਵਿੱਚ ਖਾਸ ਕਰਕੇ ਭਾਰਤ ਵਰਸ਼ ਵਿੱਚ ਜੇਕਰ ਅਸੀਂ ਨਜ਼ਰ ਮਾਰੀਏ ਤੇ ਸਮਝ ਆਉਂਦੀ ਹੈ ਕਿ ਭ੍ਰਿਸ਼ਟਾਚਾਰ ਕਿਸ ਕਦਰ ਫੈਲਿਆ ਹੋਇਆ ਹੈ। ਹਰ ਕੋਈ ਭ੍ਰਿਸ਼ਟਾਚਾਰ ਤੋਂ ਪ੍ਰੇਸ਼ਾਨ ਹੈ। ਜਪ ਤਪ ਬਹੁਤ ਹੈ ਪਰ ਭ੍ਰਿਸ਼ਟਾਚਾਰ ਵੱਧਦਾ ਹੀ ਜਾ ਰਿਹਾ ਹੈ। ਧਾਰਮਿਕ ਅਸਥਾਨਾਂ ਦੀ ਗਿਣਤੀ ਬਹੁਤ ਜਿਆਦਾ ਹੈ, ਡੇਰਿਆਂ ਦੀ ਭਰਮਾਰ ਹੈ ਪਰ ਸਾਡਾ ਨੈਤਿਕ ਜੀਵਨ ਕਿਤਨਾ ਕੁ ਉੱਚਾ ਹੈ ਇਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ।

3/177

ਜੇਕਰ ਸਾਨੂੰ ਭਗਤੀ ਦੀ ਸਹੀ ਸਮਝ ਹੁੰਦੀ, ਨਾਮ ਦੀ ਸਹੀ ਸਮਝ ਹੁੰਦੀ, ਬਾਣੀ ਦੀ ਸਹੀ ਸਮਝ ਹੁੰਦੀ, ਜਪ ਤਪ ਦੀ ਸਮਝ ਹੁੰਦੀ, ਧਰਮ ਦੀ ਸਮਝ ਹੁੰਦੀ ਤਾਂ ਫਿਰ ਸ਼ਾਇਦ ਸਾਡੇ ਸਮਾਜ ਦੀ ਇਹ ਹਾਲਤ ਨਾ ਹੁੰਦੀ ਜੋ ਸਾਨੂੰ ਅੱਜ ਵੇਖਣ ਨੂੰ ਮਿਲ ਰਹੀ ਹੈ। ਅਸਲ ਵਿੱਚ ਸਾਨੂੰ ਆਪਣਾ ਧਰਮ ਅੱਜ ਤੱਕ ਸਮਝ ਹੀ ਨਹੀਂ ਆਇਆ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜੋ ਧਰਮ ਸਾਨੂੰ ਬਾਣੀ ਸਮਝਾ ਰਹੀ ਹੈ, ਧਰਮ ਗ੍ਰੰਥ ਸਮਝਾ ਰਹੇ ਹਨ ਅਸੀਂ ਉਸ ਨੂੰ ਸਮਝ ਹੀ ਨਹੀਂ ਸਕੇ। ਜਦੋਂ ਅਸੀਂ ਸਹੀ ਮਾਇਨਿਆਂ ਵਿੱਚ ਬਾਣੀ ਦੇ ਲੜ ਲੱਗਾਗੇ, ਤਾਂ ਹੀ ਆਪਣਾ ਤੇ ਮਨੁੱਖਤਾ ਦਾ ਭਲਾ ਕਰ ਸਕਾਂਗੇ। ਸਰਬੱਤ ਦਾ ਭਲਾ ਮੰਗਣਾ ਬਹੁਤ ਸੌਖਾ ਹੈ ਪਰ ਕਰਨਾ ਬਹੁਤ ਹੀ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ। ਭਾਵੇਂ ਅਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ ਕਿ ਨਾਮ ਕੀ ਹੈ ਪਰ ਫਿਰ ਵੀ ਸਾਨੂੰ ਅੱਗੇ ਦਿੱਤੇ ਸ਼ਬਦਾਂ ਰਾਹੀਂ ਨਾਮ ਦੀ ਸੋਝੀ ਪੈਂਦੀ ਰਹੇਗੀ ਕਿਉਂਕਿ ਬਾਣੀ ਸਾਨੂੰ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਨਾਮ ਦੀ ਸੋਝੀ ਪਾ ਰਹੀ ਹੈ, ਵੱਖਰੇ-ਵੱਖਰੇ ਢੰਗਾਂ ਨਾਲ ਪਾ ਰਹੀ ਹੈ।

{ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥
ਅਨਦਿਨੁ ਹਰਿ ਕਾ ਨਾਮੁ ਵਖਾਣੀ॥}

(ਅੰਗ ੧੦੫੭)

ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਤਾਂ ਬਹੁਤ ਵੱਡੀ ਗੱਲ ਹੈ ਜੋ ਕਿ ਸਾਡੀ ਮੰਜ਼ਿਲ ਹੈ, ਸਾਡਾ ਮਨੋਰਥ ਹੈ, ਜਿਸ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਪਰ ਇਸ ਤੋਂ ਪਹਿਲਾਂ ਇਸ ਗੱਲ ਦਾ ਦ੍ਰਿੜ ਹੋਣਾ ਜਰੂਰੀ ਹੈ ਕਿ ਆਪਣੇ ਅੰਦਰ ਦ੍ਰਿੜ ਕਿਸ ਨੂੰ ਕਰਨਾ ਹੈ ਭਾਵ ਇਸ ਗੱਲ ਦਾ ਦ੍ਰਿੜ ਹੋਣਾ ਜਰੂਰੀ ਹੈ ਕਿ "ਨਾਮ ਜਪਣਾ" ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ ਹੈ ਕਿਉਂਕਿ ਸਾਰੀ ਗੱਲ ਮਨੁੱਖ ਦੀ ਕਰਨੀ ਤੇ ਨਿਬੜਦੀ ਹੈ। ਹੇਠ ਦਿੱਤੇ ਸ਼ਬਦ ਰਾਹੀਂ ਇਹੀ ਸਮਝਾਇਆ ਹੋਇਆ ਹੈ ਕਿ ਨਾਮ ਸਾਡੀ ਕਰਨੀ ਹੈ ਨਾ ਕਿ ਸਾਡੀ ਕਥਨੀ।

"ਤਾਲ ਮਦੀਰੇ ਘਟ ਕੇ ਘਾਟ॥ ਦੋਲਕ ਦੁਨੀਆ ਵਾਜਹਿ ਵਾਜ॥
ਨਾਰਦੁ ਨਾਚੈ ਕਲਿ ਕਾ ਭਾਉ॥ਜਤੀ ਸਤੀ ਕਹ ਰਾਖਹਿ ਪਾਉ॥੧॥
ਨਾਨਕ ਨਾਮ ਵਿਟਹੁ ਕੁਰਬਾਨੁ॥
ਅੰਧੀ ਦੁਨੀਆ ਸਾਹਿਬੁ ਜਾਨੁ॥੧॥ਰਹਾਉ॥
ਗੁਰੂ ਪਾਸਹੁ ਫਿਰਿ ਚੇਲਾ ਖਾਇ॥ ਤਾਮਿ ਪਰੀਤਿ ਵਸੈ ਘਰਿ ਆਇ॥
ਜੇ ਸਉ ਵਰ੍ਹਿਆ ਜੀਵਣ ਖਾਨੁ॥ ਖਸਮ ਪਛਾਣੈ ਸੋ ਦਿਨੁ ਪਰਵਾਨੁ॥੨॥
ਦਰਸਨਿ ਦੇਖਿਐ ਦਇਆ ਨ ਹੋਇ॥ ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥੩॥
ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨੁ॥
ਗੁਰ ਪਰਸਾਦਿ ਜਾਣੈ ਮਿਹਮਾਨੁ॥ ਤਾ ਕਿਛੁ ਦਰਗਹ ਪਾਵੈ ਮਾਨੁ॥੪॥੪॥"

(ਅੰਗ ੩੪੯-੩੫੦)

ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਉਹੋ ਜਿਹੇ ਜਪ ਤਪ ਦੁਆਰਾ ਪ੍ਰਮਾਤਮਾ ਦਾ ਜਸ ਗਾਉਣ ਦਾ ਜ਼ਿਕਰ ਹੈ ਜੋ ਦੁਨੀਆਂ ਆਮ ਤੌਰ ਤੇ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਕਰਦੀ ਹੈ। ਇਹੋ ਜਿਹੇ ਜਪ ਤਪ ਦਾ ਖੰਡਨ ਕੀਤਾ ਹੋਇਆ ਹੈ

ਤੇ ਇਹ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਜਪ ਤਪ ਵਿੱਚ ਨਾਮ ਨਹੀਂ ਹੈ। ਇਨ੍ਹਾਂ ਪੰਗਤੀਆਂ ਰਾਹੀਂ ਅਸੀਂ ਆਪਣੇ ਵੱਲੋਂ ਜੋ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਦਿਖਾਉਂਦੇ ਹਾਂ ਉਸਨੂੰ "ਕਲਿ ਕਾ ਭਾਉ" ਕਿਹਾ ਹੈ। ਇਸ ਗੱਲ ਨੂੰ ਤਾਂ ਹੀ ਸਮਝਿਆ ਜਾ ਸਕਦਾ ਹੈ ਜੇਕਰ ਸਾਨੂੰ ਇਸ ਗੱਲ ਦੀ ਸਮਝ ਲੱਗੇ ਕਿ "ਕਲਿ" ਕੀ ਹੈ ਜਿਸਦਾ ਜਿਕਰ ਬਾਣੀ ਵਿੱਚ ਅਨੇਕਾਂ ਵਾਰ ਆਉਂਦਾ ਹੈ। "ਕਲਿ" ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜਿਸਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ।

{ਕਲਿ ਕਾਲਖ ਅੰਧਿਆਰੀਆ ॥

ਗੁਰ ਗਿਆਨ ਦੀਪਕ ਉਜਿਆਰੀਆ ॥੧॥}

(ਅੰਗ ੨੧੦)

ਜਦ ਤੱਕ ਸਾਡੇ ਅੰਦਰ ਕਲਿ ਹੈ, ਤਦ ਤੱਕ ਸਾਨੂੰ ਪ੍ਰਮਾਤਮਾ ਦੀ ਅਸਲ ਭਗਤੀ ਦੀ ਸਮਝ ਨਹੀਂ ਪੈਂਦੀ ਤੇ ਅਸੀਂ ਆਪਣੇ ਸਰੀਰਕ ਭਾਵ ਦਿਖਾਵਿਆਂ ਵਾਲੀ ਭਗਤੀ ਨੂੰ ਹੀ ਸੱਚੀ ਭਗਤੀ ਸਮਝਦੇ ਹਾਂ ਤੇ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਦਿਖਾਉਣਾ ਸਮਝਦੇ ਹਾਂ ਕਿ ਅਗਿਆਨਤਾ ਵਾਲਾ ਪਿਆਰ ਹੀ ਮਨ ਦੀ ਨਾ-ਸਮਝੀ ਦੁਆਰਾ ਗੁਰੂ ਪ੍ਰਮਾਤਮਾ ਦੇ ਨਾਲ ਆਪਣਾ ਸੱਚਾ ਪਿਆਰ ਸਮਝਦੇ ਹਾਂ ਜੋ ਕਿ ਅਸੀਂ ਸਦੀਆਂ ਤੋਂ ਸਮਝਦੇ ਆ ਰਹੇ ਹਾਂ। (**ਤਾਲ ਮਦੀਰੇ ਘਟ ਕੇ ਘਾਟ॥ ਦੋਲਕ ਦੁਨੀਆ ਵਾਜਹਿ ਵਾਜ॥ ਨਾਰਦੁ ਨਾਚੈ ਕਲਿ ਕਾ ਭਾਉ॥**) ਸਾਡੀ ਇਹੋ ਜਿਹੀ ਭਗਤੀ ਵਿੱਚ ਸੱਚ ਨਹੀਂ ਹੈ, ਗੁਰੂ ਦੀ ਮਤਿ ਨਹੀਂ ਹੈ ਭਾਵ ਨਾਮ ਨਹੀਂ ਹੈ। "ਰਹਾਉ" ਦੀ ਪੰਗਤੀ ਵਿੱਚ ਇਸ ਗੱਲ ਨੂੰ ਸਪੱਸ਼ਟ ਕਰਦਿਆਂ ਸਮਝਾਇਆ ਹੈ ਕਿ ਮਨ ਦੀ "ਕਲਿ" ਵਿੱਚੋਂ ਕਿਸ ਤਰੀਕੇ ਨਿਕਲਿਆ ਜਾ ਸਕਦਾ ਹੈ। "ਕਲਿ" ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜਿਵੇਂ ਕਿ ਅਗਲੀ "ਰਹਾਉ" ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਮਨ ਦੀ "ਕਲਿ" ਵਿੱਚੋਂ, ਅਗਿਆਨਤਾ ਵਿੱਚੋਂ ਸਾਨੂੰ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ, ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਜਿਸ ਲਈ ਸਾਨੂੰ ਇਹ ਸਮਝਾਇਆ ਹੈ ਕਿ

3/178

ਮਨੁੱਖ ਨੂੰ ਨਾਮ ਤੋਂ ਕੁਰਬਾਨ ਜਾਣਾ ਚਾਹੀਦਾ ਹੈ, ਗੁਰੂ ਪ੍ਰਮਾਤਮਾ ਤੋਂ ਕੁਰਬਾਨ ਜਾਣਾ ਚਾਹੀਦਾ ਹੈ ਭਾਵ ਗੁਰੂ ਦੀ ਮਤਿ ਤੋਂ ਕੁਰਬਾਨ ਜਾਣਾ ਚਾਹੀਦਾ ਹੈ ਭਾਵ ਅਸੀਂ ਆਪਣੀ ਮਤਿ ਗੁਰੂ ਦੀ ਮਤਿ ਤੇ ਕੁਰਬਾਨ ਕਰੀਏ, ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਤੇ ਅਮਲ ਕਰੀਏ ਤਾਂ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕੇ। ਦੁਨੀਆਂ ਨੂੰ ਅੰਧੀ ਕਿਹਾ ਹੈ ਭਾਵ ਅਗਿਆਨਤਾ ਵਿੱਚ ਦੱਸਿਆ ਹੈ ਜੋ ਇਹੋ ਜਿਹੇ ਜਪ ਤਪ ਕਰਦੀ ਹੈ ਜੋ ਕਿ ਗੁਰੂ ਦੀ ਮਤਿ ਨੂੰ ਛੱਡ ਕੇ ਦੂਸਰਿਆਂ ਦੀ ਮਤਿ ਪਿੱਛੇ ਲੱਗ ਕੇ ਕਰਦੀ ਹੈ। ਮਨ ਦੀ ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਦੀ ਕਲਿ ਹੈ। ਅਸੀਂ ਉਸ ਪ੍ਰਮਾਤਮਾ ਨੂੰ ਤਾਂ ਹੀ ਜਾਣ ਸਕਦੇ ਹਾਂ ਜਦੋਂ ਅਸੀਂ ਨਾਮ ਤੇ ਚੱਲਾਗੇ ਭਾਵ ਗੁਰੂ ਦੀ ਮਤਿ ਅਨੁਸਾਰ ਚੱਲਾਗੇ, ਜਿਸ ਤਰੀਕੇ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ, ਕਲਿ ਵਿੱਚੋਂ ਨਿਕਲ ਕੇ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਜੋ ਕਿ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਭਾਵ ਨਾਮ ਦੇ ਮਕਸਦ ਦੀ ਸੋਝੀ ਪਾਈ ਹੋਈ ਹੈ। (**ਨਾਨਕ ਨਾਮ ਵਿਟਹੁ ਕੁਰਬਾਨੁ॥ ਅੰਧੀ ਦੁਨੀਆ ਸਾਹਿਬੁ ਜਾਨੁ॥੧॥ ਰਹਾਉ॥**) ਨਾਮ ਤੇ ਚੱਲਣ ਲਈ, ਉਸ ਤੇ ਕੁਰਬਾਨ ਜਾਣ ਲਈ, ਪਹਿਲੀ ਗੱਲ ਇਹ ਸਮਝਾਈ ਹੈ ਕਿ ਸਾਡੀ ਗੁਰੂ ਨਾਲ ਪ੍ਰੀਤ ਜੁੜੇ। ਪ੍ਰੀਤ ਜੋੜਨ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ। ਤਰੀਕਾ ਇਹ ਹੈ ਕਿ ਗੁਰੂ ਦਾ ਚੇਲਾ ਬਣਨ ਲਈ ਮਨੁੱਖ ਗੁਰੂ ਦਾ ਭੋਜਨ ਛਕੇ (**ਗੁਰੂ ਪਾਸਹੁ ਫਿਰਿ ਚੇਲਾ ਖਾਇ॥**)। ਗੁਰੂ ਦਾ ਭੋਜਨ ਕੀ ਹੈ, ਇਹ ਬਾਣੀ ਹੀ ਸਾਨੂੰ ਸਮਝਾ ਰਹੀ ਹੈ। ਗੁਰੂ ਦਾ ਭੋਜਨ, ਗੁਰੂ ਦੀ ਮਤਿ ਹੈ, ਉਪਦੇਸ਼ ਹੈ, ਗਿਆਨ ਹੈ, ਨਾਮ ਹੈ, ਹੁਕਮ ਹੈ। ਗੁਰੂ ਸ਼ਬਦ ਹੈ ਤੇ ਸ਼ਬਦ ਸਾਨੂੰ ਇਹ ਭੋਜਨ ਹੀ ਛਕਣ ਲਈ ਦਿੰਦਾ ਹੈ ਜੋ ਕਿ ਸਭ ਲਈ ਅੰਮ੍ਰਿਤ ਭੋਜਨ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਪੂਰੀ ਗੁਰਬਾਣੀ ਦੇ ਵਿੱਚ ਅੰਮ੍ਰਿਤ ਭੋਜਨ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਗੁਰੂ ਨਾਲ ਪ੍ਰੀਤ ਦਿਖਾਉਣ ਦਾ ਤਰੀਕਾ ਇਸ ਭੋਜਨ ਨੂੰ ਛਕਣਾ ਹੀ ਦੱਸਿਆ ਹੈ। ਪ੍ਰਮਾਤਮਾ ਨਾਲ ਪ੍ਰੀਤ ਦਿਖਾਉਣ ਦਾ ਤਰੀਕਾ ਸਾਡੀ ਸੱਚੀ ਸੁੱਚੀ ਕਰਨੀ ਹੈ ਜੋ ਕਿ ਗੁਰੂ ਦੀ ਮਤਿ ਨੂੰ, ਨਾਮ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ - ੬੫)

ਕੇਵਲ ਗੱਲਾਂ ਨਾਲ ਗੁਰੂ ਖੁਸ਼ ਨਹੀਂ ਹੋ ਸਕਦਾ, ਉਸ ਨਾਲ ਪ੍ਰੀਤ ਨਹੀਂ ਪੈ ਸਕਦੀ **(ਤਾਮਿ ਪਰੀਤਿ ਵਸੈ ਘਰਿ ਆਇ॥)**। ਉਹ ਸਾਡੇ ਅੰਦਰ ਤਾਂ ਹੀ ਵੱਸਦਾ ਹੈ ਜਦੋਂ ਅਸੀਂ ਉਸਦੇ ਉਪਦੇਸ਼ ਨੂੰ ਸੁਣ ਕੇ ਉਸ ਨੂੰ ਮਨ ਵਿੱਚ ਵਸਾਵਾਂਗੇ, ਉਸ ਤੇ ਅਮਲ ਕਰਾਂਗੇ। ਗੁਰੂ ਨਾਲ ਪ੍ਰੀਤ ਦਿਖਾਉਣ ਦਾ ਇਹੀ ਤਰੀਕਾ ਹੈ। ਗੁਰੂ ਦਾ ਭੋਜਨ ਛਕੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਲਏ ਬਿਨ੍ਹਾਂ ਭਾਵੇਂ ਅਸੀਂ ਸੌ ਵਰ੍ਹੇ ਜੀਅ ਲਈਏ, ਮਨਮਤਿ ਤੇ ਚੱਲ ਲਈਏ **(ਜੇ ਸਉ ਵਰ੍ਹਿਆ ਜੀਵਣ ਖਾਣੁ॥)** ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਭਾਵ ਗੁਰੂ ਦੀ ਮਤਿ ਤੇ ਅਮਲ ਕੀਤੇ ਬਿਨ੍ਹਾਂ ਪ੍ਰਮਾਤਮਾ ਦੀ ਕੋਈ ਭਗਤੀ ਨਹੀਂ ਹੋ ਸਕਦੀ। ਸਾਡਾ ਦੁਨੀਆਂ ਵਿੱਚ ਆਇਆ ਉਹ ਦਿਨ ਪ੍ਰਵਾਨ ਹੈ ਜਿਸ ਦਿਨ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲਵਾਂਗੇ ਭਾਵ ਮਨੁੱਖ ਦਾ ਦੁਨੀਆਂ ਵਿੱਚ ਆਇਆ ਤਾਂ ਹੀ ਸਫਲ ਹੈ ਜੇ ਉਹ ਪ੍ਰਮਾਤਮਾ ਨਾਲ ਮੇਲ ਕਰ ਲਵੇ ਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ। **(ਖਸਮ ਪਛਾਣੈ ਸੋ ਦਿਨੁ ਪਰਵਾਣੁ॥੨॥)** ਅਸੀਂ ਕੇਵਲ ਇਹ ਹੀ ਆਪਣਾ ਫ਼ਰਜ਼ ਸਮਝਦੇ ਹਾਂ ਕਿ ਗੁਰੂ ਦੇ ਦਰਸ਼ਨ ਕਰੀਏ, ਰੋਜ਼ ਗੁਰੂ ਅੱਗੇ

3/179

ਮੱਥਾ ਟੇਕੀਏ। ਅਸੀਂ ਆਪਣੀ ਭਗਤੀ ਦੀ ਭਾਵਨਾ ਨੂੰ ਇੱਥੋਂ ਤੱਕ ਹੀ ਸੀਮਿਤ ਰੱਖਦੇ ਹਾਂ। ਇੱਥੇ ਇਹ ਸਮਝਾਇਆ ਹੈ ਕਿ ਖਾਲੀ ਦਰਸ਼ਨ ਕਰਨ ਦੁਆਰਾ ਸਾਡੇ ਤੇ ਗੁਰੂ ਦੀ ਦਇਆ ਨਹੀਂ ਹੋ ਸਕਦੀ **(ਦਰਸਨਿ ਦੇਖਿਐ ਦਇਆ ਨ ਹੋਇ॥)**।

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

ਜਿਸ ਤਰ੍ਹਾਂ ਅਗਰ ਮਨੁੱਖ ਨੇ ਕਿਸੇ ਸ਼ਾਹੂਕਾਰ ਕੋਲੋਂ ਕਰਜ਼ਾ ਲਿਆ ਹੋਵੇ ਤੇ ਜਦ ਤੱਕ ਉਹ ਉਸ ਕਰਜ਼ੇ ਨੂੰ ਮੋੜਦਾ ਨਹੀਂ ਤਦ ਤੱਕ ਕਰਜ਼ਾ ਦੇਣ ਵਾਲਾ ਸ਼ਾਹੂਕਾਰ ਖੁਸ਼ ਨਹੀਂ ਹੋ ਸਕਦਾ। ਅਗਰ ਅਸੀਂ ਕੇਵਲ ਸ਼ਾਹੂਕਾਰ ਦੇ ਦਰਸ਼ਨ ਕਰੀ ਜਾਈਏ ਤੇ ਗੱਲਾਂ ਨਾਲ ਕਥਨੀ ਨਾਲ ਉਸਦੇ ਗੁਣ ਗਾਈ ਜਾਈਏ ਪਰ ਕਰਜ਼ਾ ਨਾ ਮੋੜੀਏ ਤਾਂ ਸ਼ਾਹੂਕਾਰ ਦੀ ਤਸੱਲੀ ਨਹੀਂ ਹੋ ਸਕਦੀ, ਉਸਦੀ ਰਹਿ ਨਹੀਂ ਆ ਸਕਦੀ **(ਲਏ ਦਿਤੇ ਵਿਣੁ ਰਹੈ ਨ ਕੋਇ॥)**। ਇੱਥੇ ਹੁਣ ਸਮਝਣ ਦੀ ਇਹ ਗੱਲ ਹੈ ਕਿ ਅਸੀਂ ਪ੍ਰਮਾਤਮਾ ਕੋਲੋਂ, ਗੁਰੂ ਕੋਲੋਂ ਕਿਹੜਾ ਕਰਜ਼ਾ ਲਿਆ ਹੋਇਆ ਹੈ ਜੋ ਕਿ ਅਸੀਂ ਉਸ ਨੂੰ ਵਾਪਸ ਮੋੜਨਾ ਹੈ। ਇਹ ਜੋ ਸਾਡੀ ਮਨੁੱਖਾ ਦੇਹ ਹੈ ਇਹ ਉਸ ਪ੍ਰਮਾਤਮਾ ਦੀ ਅਮਾਨਤ ਹੈ। ਇਸ ਦੇਹ ਵਿੱਚ ਪ੍ਰਮਾਤਮਾ ਆਪ ਵਿਚਰਦਾ ਹੈ ਤੇ ਇਹ ਦੇਹ ਵੀ ਉਸਦੀ ਆਪਣੀ ਹੈ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ **(ਨਿਰਗੁਨ ਆਪ ਸੁਰਗੁਨ ਭੀ ਓਹੀ॥ ਕਲਾਧਾਰ ਜਿਨ ਸਗਲੀ ਮੋਹੀ॥)**। ਅੰਗ - ੨੮੭

ਇਹ ਦੇਹੀ, ਜੋ ਕਿ ਪ੍ਰਮਾਤਮਾ ਦੀ ਹੈ, ਅਸੀਂ ਇਸਨੂੰ ਆਪਣੀ ਸਮਝਿਆ ਹੋਇਆ ਹੈ। ਇਹੀ ਸਾਡੀ ਹਉਮੈ ਹੈ। ਅਸੀਂ ਪਰਾਈ ਅਮਾਨਤ ਨੂੰ ਆਪਣਾ ਸਮਝਿਆ ਹੋਇਆ ਹੈ। ਅਸਲ ਵਿੱਚ ਸਾਡੀ ਕੋਈ ਹੋਂਦ ਨਹੀਂ ਹੈ ਪਰ ਅਸੀਂ ਆਪਣੀ ਹੋਂਦ ਸਮਝੀ ਹੋਈ ਹੈ ਜੋ ਕਿ ਸਾਡਾ ਕੇਵਲ ਇੱਕ ਭੁਲੇਖਾ ਹੈ। ਇਸ ਪਰਾਈ ਅਮਾਨਤ ਨੂੰ ਤਾਂ ਹੀ ਮੋੜਿਆ ਜਾ ਸਕਦਾ ਹੈ ਜਦੋਂ ਸਾਡਾ ਇਹ ਭੁਲੇਖਾ ਦੂਰ ਹੋ ਜਾਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਾਡੇ ਅੰਦਰ ਉਹ ਆਪ ਹੀ ਵਰਤ ਰਿਹਾ ਹੈ ਭਾਵ ਸਾਨੂੰ ਆਪਣੇ ਆਪ ਦੀ ਪਹਿਚਾਣ ਹੋ ਜਾਵੇ ਕਿ ਮਨੁੱਖ ਅਸਲ ਵਿੱਚ ਕੀ ਹੈ ਭਾਵ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ ਤੇ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਇਸ ਗੱਲ ਦੀ ਸੋਝੀ ਪੈਣਾ ਹੀ ਪ੍ਰਮਾਤਮਾ ਨੂੰ ਉਸਦੀ ਅਮਾਨਤ ਮੋੜਨਾ ਹੈ। (**ਦਰਸਨਿ ਦੇਖਿਐ ਦਇਆ ਨ ਹੋਇ॥ ਲਏ ਦਿਤੇ ਵਿਣੁ ਰਹੈ ਨ ਕੋਇ॥**)

{ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥

ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥
ਅੰਨੇ੍ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ॥
ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ ॥
ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓ ਪਰਖਾਇ ॥
ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ ਪਲੈ ਪਾਇ ॥
ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥
ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥
ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥}

(ਅੰਗ - ੧੨੪੯)

{ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥}

(ਅੰਗ - ੪੬੮)

ਹੁਣ ਸਾਰੀ ਗੱਲ ਇਸ ਅਮਾਨਤ ਨੂੰ ਮੋੜਨ ਦੀ ਹੈ ਕਿ ਇਸ ਨੂੰ ਕਿਸ ਤਰੀਕੇ ਨਾਲ ਮੋੜਿਆ ਜਾਵੇ। ਜਦ ਤੱਕ ਅਸੀਂ ਪਰਾਈ ਅਮਾਨਤ ਸਾਂਭੀ ਹੋਈ ਹੈ ਤਦ ਤੱਕ ਅਸੀਂ ਅਗਿਆਨਤਾ ਵਿੱਚ ਰਹਿ ਕੇ ਅਨੇਕਾਂ ਮਾੜੇ ਕਰਮ ਕਰਦੇ ਹਾਂ, ਗੁਰਮਤਿ ਦੇ ਉਲਟ ਚੱਲਦੇ ਹਾਂ ਤੇ ਇਹਨਾਂ ਮਾੜੇ ਕਰਮਾਂ ਦਾ ਬੋਝ ਸਾਡੇ ਸਿਰ ਕਰਜ਼ ਚੜ੍ਹਦਾ ਹੈ। ਉਸਦੀ ਅਮਾਨਤ ਮੋੜਨ ਨਾਲ ਸਾਡੇ ਔਗੁਣਾਂ ਦੇ ਕਰਜ਼ ਵੀ ਲਹਿ ਜਾਂਦੇ ਹਨ, ਸਾਡੇ ਔਗੁਣ ਬਖਸ਼ੇ ਜਾਂਦੇ ਹਨ।

3/180

ਇਹ ਕਰਜ਼ਾ ਮੋੜਨ ਦਾ ਤਰੀਕਾ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਰਾਜਾ ਨਿਆਉ ਕਰੇ ਹਥਿ ਹੋਇ ॥
ਕਹੈ ਖੁਦਾਇ ਨ ਮਾਨੈ ਕੋਇ ॥”

ਉਸ ਦਾ ਕਰਜਾ, ਉਸ ਦੀ ਅਮਾਨਤ ਨੂੰ ਉਸ ਦੀ ਭਗਤੀ ਦੇ ਸੱਚੇ ਉੱਦਮ ਦੁਆਰਾ ਹੀ ਮੋੜਿਆ ਜਾ ਸਕਦਾ ਹੈ। ਗੱਲ ਸਿਰਫ਼ ਇਹ ਜਾਨਣ ਦੀ ਹੈ ਕਿ ਭਗਤੀ ਕਿਵੇਂ ਕਰਨੀ ਹੈ। ਭਗਤੀ ਦਾ ਤਰੀਕਾ ਉਹ ਹੀ ਹੈ, ਜੋ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ ਤੇ ਉਹ ਹੀ ਕੁੱਝ ਇੱਥੇ ਸਮਝਾਇਆ ਹੋਇਆ ਹੈ। ਸਿਰਫ ਥੋੜ੍ਹਾ ਬਰੀਕੀ ਨਾਲ ਸਮਝਣ ਦੀ ਲੋੜ ਹੈ। ਅਗਰ ਅਸੀਂ ਕਿਸੇ ਰਾਜੇ ਕੋਲੋਂ ਆਪਣਾ ਨਿਆਂ ਮੰਗੀਏ ਤਾਂ ਉਹ ਆਪਣਾ ਨਿਆਂ ਕੀ ਵੇਖ ਕੇ, ਕੀ ਜਾਣ ਕੇ, ਸੁਣਾਵੇਗਾ। ਬੜੀ ਸਪੱਸ਼ਟ ਜਿਹੀ ਗੱਲ ਹੈ ਕਿ ਜਿਹੋ ਜਿਹੇ ਸਬੂਤ ਅਸੀਂ ਉਸ ਦੇ ਅੱਗੇ ਰੱਖਾਗੇ ਉਨ੍ਹਾਂ ਸਬੂਤਾਂ ਦੇ ਆਧਾਰ ਤੇ ਹੀ ਉਹ ਆਪਣਾ ਫੈਸਲਾ ਸੁਣਾਵੇਗਾ। ਜਦੋਂ ਕੋਈ ਜੱਜ ਫੈਸਲਾ ਕਰਦਾ ਹੈ ਤਾਂ ਉਹ ਸਬੂਤਾਂ ਦੇ ਆਧਾਰ ਤੇ ਹੀ ਕਰਦਾ ਹੈ। ਹੁਣ ਜੇਕਰ ਅਸੀਂ ਰਾਜੇ ਨੂੰ, ਜੱਜ ਨੂੰ, ਇਹ ਕਹੀ ਜਾਈਏ ਕਿ ਤੂੰ ਸਾਡਾ ਖੁਦਾ ਹੈਂ, ਰੱਬ ਹੈਂ, ਸਾਡਾ ਵਾਹਿਗੁਰੂ ਹੈਂ, ਅਸੀਂ ਤੈਨੂੰ ਬਹੁਤ ਵੱਡਾ ਸਮਝਦੇ ਹਾਂ, ਤੇਰੀ ਇੱਜਤ ਕਰਦੇ ਹਾਂ, ਤੇਰੇ ਗੁਣ ਗਾਉਂਦੇ ਹਾਂ, ਇਸ ਲਈ ਫੈਸਲਾ ਸਾਡੇ ਹੱਕ ਵਿੱਚ ਕਰ ਦੇਵੋ। ਹੁਣ ਰਾਜਾ, ਜੱਜ, ਕੀ ਸਾਡੀਆਂ ਗੱਲਾਂ ਤੇ, ਤਾਰੀਫ਼ਾਂ ਤੇ, ਤਵੱਜੋਂ ਦੇਵੇਗਾ ਜਾਂ ਸਬੂਤਾਂ ਦੇ ਆਧਾਰ ਤੇ ਫੈਸਲਾ ਕਰੇਗਾ। ਜੇ ਉਹ ਸਾਡੀਆਂ ਤਾਰੀਫ਼ਾਂ ਦੇ ਆਧਾਰ ਤੇ ਫੈਸਲਾ ਕਰੇਗਾ, ਨਾ ਕਿ ਸਬੂਤਾਂ ਦੇ ਆਧਾਰ ਤੇ, ਤਾਂ ਕੀ ਫਿਰ ਇਸ ਨੂੰ ਚੰਗਾ ਨਿਆਂ ਸਮਝਿਆ ਜਾਵੇਗਾ? ਇਹੋ ਜਿਹੇ ਨਿਆਂ ਨੂੰ ਕੋਈ ਵੀ ਚੰਗਾ ਨਿਆਂ ਨਹੀਂ ਕਹੇਗਾ, ਸਹੀ ਫੈਸਲਾ ਨਹੀਂ ਕਹੇਗਾ। ਫੈਸਲਾ ਉਹੀ ਚੰਗਾ ਹੁੰਦਾ ਹੈ ਜੋ ਤੱਥਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਬੱਸ ਇਹੀ ਗੱਲ ਇੱਥੇ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਸਾਡੇ ਨਾਲ ਨਿਆਂ ਕਿਵੇਂ ਕਰਦਾ ਹੈ, ਸਾਡੀ ਕਿਹੋ ਜਿਹੀ ਭਗਤੀ ਕਬੂਲ ਕਰਦਾ ਹੈ। ਅਸੀਂ ਰਾਜੇ ਦੇ ਭਾਵ ਉਸ ਪ੍ਰਮਾਤਮਾ ਦੇ ਹੱਥ ਵਿੱਚ ਜਿਹੋ ਜਿਹਾ ਆਪਣੀ ਭਗਤੀ ਦਾ ਸਬੂਤ ਫੜਾਵਾਂਗੇ ਉਸਦੇ ਆਧਾਰ ਤੇ ਹੀ ਉਹ ਆਪਣਾ ਨਿਆਂ ਸੁਣਾਵੇਗਾ। ਜਿਹੋ ਜਿਹਾ ਨਾਮ ਜਪਾਂਗੇ ਉਹੋ ਜਿਹਾ ਫੈਸਲਾ ਸੁਣਾਵੇਗਾ। ਇੱਥੇ ਹੀ ਸਾਡੀ ਸਾਰੀ ਗੱਲ ਦਾ ਭਾਵ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਦਾ ਭੇਦ ਹੈ ਜੋ ਇੱਥੇ ਕੱਢਿਆ ਹੋਇਆ

ਹੈ ਤੇ ਸਾਨੂੰ ਭਗਤੀ ਦਾ ਅਸਲੀ ਤਰੀਕਾ ਸਮਝਾਇਆ ਹੋਇਆ ਹੈ। ਅਸੀਂ ਆਪਣੀ ਭਗਤੀ ਦਾ ਤਰੀਕਾ ਖੁਦਾ ਖੁਦਾ ਕਰਨ ਦੁਆਰਾ ਸਮਝਿਆ ਹੋਇਆ ਹੈ,

3/181 ਅਤੇ 181-ਅ

ਰਾਮ ਰਾਮ ਕਰਨ ਦੁਆਰਾ ਸਮਝਿਆ ਹੋਇਆ ਹੈ, ਵਾਹਿਗੁਰੂ ਵਾਹਿਗੁਰੂ ਕਰਨ ਦੁਆਰਾ ਸਮਝਿਆ ਹੋਇਆ ਹੈ ਭਾਵ ਕੇਵਲ ਰਸਨਾ ਦੁਆਰਾ, ਸੁਰਤੀਆਂ ਸਮਾਧੀਆਂ ਦੁਆਰਾ ਕੀਤੇ ਹੋਏ ਜਪ ਤਪ ਨੂੰ ਭਗਤੀ ਸਮਝਿਆ ਹੋਇਆ ਹੈ। ਇਹੋ ਜਿਹੀ ਭਗਤੀ ਦਾ ਇੱਥੇ ਖੰਡਨ ਕੀਤਾ ਹੋਇਆ ਹੈ ਤੇ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਬੋਲ ਬੋਲਣ ਨਾਲ, ਪ੍ਰਮਾਤਮਾ ਨੂੰ ਵੱਡਾ ਕਹਿਣ ਨਾਲ ਉਸਨੂੰ ਫ਼ਰਕ ਨਹੀਂ ਪੈਂਦਾ, ਉਹ ਸਾਡੀ ਗੱਲ ਨੂੰ ਨਹੀਂ ਮੰਨ ਸਕਦਾ, ਇਹੋ ਜਿਹੀ ਭਗਤੀ ਨੂੰ ਨਹੀਂ ਮੰਨਦਾ **(ਰਾਜਾ ਨਿਆਉ ਕਰੇ ਹਥਿ ਹੋਇ॥ ਕਹੈ ਖੁਦਾਇ ਨ ਮਾਨੈ ਕੋਇ॥)**। ਉਹ ਕੇਵਲ ਆਪਣਾ ਨਿਆਂ ਸਾਡੇ ਕਰਮਾਂ ਅਨੁਸਾਰ ਕਰਦਾ ਹੈ ਭਾਵ ਸਾਡੇ ਚੰਗੇ ਮੰਦੇ ਕਰਮਾਂ ਅਨੁਸਾਰ ਕਰਦਾ ਹੈ ਭਾਵ ਜਿਹੋ ਜਿਹੇ ਕਰਮਾਂ ਦਾ ਸਬੂਤ ਅਸੀਂ ਉਸ ਦੇ ਹੱਥ ਵਿੱਚ ਫੜਾਉਂਦੇ ਹਾਂ ਉਹ ਉਨ੍ਹਾਂ ਅਨੁਸਾਰ ਹੀ ਫ਼ੈਸਲਾ ਕਰਦਾ ਹੈ, ਕੇਵਲ ਨਿਆਂ ਕਰਦਾ ਹੈ ਤੇ ਸਾਡੇ ਕਹੇ ਹੋਏ ਬੋਲਾਂ ਉੱਤੇ ਭਾਵ ਜਿਹੜੇ ਤਰੀਕੇ ਨਾਲ ਅਸੀਂ ਉਸਦੀ ਗੱਲਾਂ ਦੁਆਰਾ, ਆਪਣੀ ਕਥਨੀ ਦੁਆਰਾ, ਬੋਲ ਬੋਲਣ ਦੁਆਰਾ ਉਸਦੀ ਤਾਰੀਫ਼ ਕਰਦੇ ਹਾਂ, ਵਡਿਆਉਂਦੇ ਹਾਂ, ਉਸ ਨੂੰ ਉਹ ਨਹੀਂ ਪਰਵਾਣ ਕਰਦਾ, ਨਹੀਂ ਮੰਨਦਾ। ਉਸਦਾ ਫ਼ੈਸਲਾ ਕੇਵਲ ਸਾਡੇ ਕਰਮਾਂ ਅਨੁਸਾਰ ਹੁੰਦਾ ਹੈ, ਨਾਮ ਜਪਣ ਅਨੁਸਾਰ ਹੁੰਦਾ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਨਾਮ ਜਪਣਾ ਸਾਡੀ ਚੰਗੀ ਕਰਨੀ ਹੈ, ਸਾਡੇ ਸੱਚੇ ਸੁੱਚੇ ਕਰਮ ਹਨ। ਇਹੀ ਗੱਲ ਇੱਥੇ ਖੁੱਲ੍ਹ ਕੇ ਬੜੀ ਬਰੀਕੀ ਨਾਲ ਸਮਝਾਈ ਹੋਈ ਹੈ। ਆਓ ਹੇਠ ਲਿਖੀ ਪੰਗਤੀ ਨੂੰ ਪੂਰੀ ਬਰੀਕੀ ਨਾਲ ਵਿਚਾਰੀਏ ਅਤੇ ਦ੍ਰਿੜਤਾ ਨਾਲ ਸਮਝੀਏ ਕਿ ਨਾਮ ਕਿਸ ਨੂੰ ਕਿਹਾ ਹੈ।

“ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨੁ॥”

ਸਭ ਤੋਂ ਪਹਿਲਾਂ "ਮਾਣਸ ਮੂਰਤਿ" ਨੂੰ ਸਮਝਣ ਦੀ ਲੋੜ ਹੈ। ਮੂਰਤਿ ਮਨੁੱਖ ਦੀ ਆਪਣੇ ਸਮਾਜ ਦੇ ਅੰਦਰ ਉਸਦੀ ਇਮੇਜ ਹੈ ਭਾਵ ਲੋਕੀ ਉਸਨੂੰ ਕਿਹੋ ਜਿਹਾ ਸਮਝਦੇ ਹਨ, ਉਸਦੀ ਲੋਕਾਂ ਵਿੱਚ ਛਵੀ ਕਿਹੋ ਜਿਹੀ ਹੈ, ਉਸਦਾ ਪ੍ਰਗਟਾਵਾ ਕਿਹੋ ਜਿਹਾ ਹੈ, ਸਮਾਜ ਵਿੱਚ ਉਸਦੀ ਵਰਤਣ ਵਿਹਾਰ ਕਿਹੋ ਜਿਹੀ ਹੈ। ਮਨੁੱਖ ਦੀ ਇਹ ਛਵੀ ਹੀ ਉਸਦੇ ਅੰਦਰੋਂ ਨਾਮ ਦਾ ਪ੍ਰਗਟਾਵਾ ਕਰਦੀ ਹੈ ਭਾਵ ਮਨੁੱਖ ਦੀ ਇਮੇਜ ਭਾਵ ਛਵੀ ਹੀ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਉਸਦੇ ਅੰਦਰ ਕਿਹੋ ਜਿਹਾ ਨਾਮ ਹੈ, ਕਿਹੋ ਜਿਹਾ ਉਸਦਾ ਕਰੈਕਟਰ ਭਾਵ ਚਰਿਤ੍ਰ ਹੈ, ਉਸਦੀ ਕਿਹੋ ਜਿਹੀ ਰਹਿਣੀ ਹੈ, ਰਹਿਤ ਹੈ। ਬਾਣੀ ਵਿੱਚ “ਮੂਰਤਿ” ਨਾਲ ਜੁੜੇ ਹੋਏ ਅਨੇਕਾਂ ਸ਼ਬਦ ਹਨ ਜਿਵੇਂ ਕਿ (**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥** ਅੰਗ - 864) ਇੱਥੇ ਗੁਰੂ ਦੀ ਮੂਰਤਿ ਨੂੰ ਆਪਣੇ ਧਿਆਨ ਵਿੱਚ ਵਸਾਉਣ ਦੀ ਗੱਲ ਕੀਤੀ ਹੋਈ ਹੈ। “ਮੂਰਤਿ” ਕਿਸ ਨੂੰ ਕਹਿਆ ਹੈ ਇਸ ਗੱਲ ਨੂੰ ਕੁੱਝ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਸਾਡੇ ਅੰਦਰ ਭਗਤੀ ਦੀ ਭਾਵਨਾ

3/182

ਸਾਡੀ ਰਹਿਣੀ ਸਾਡੀ ਕਰਨੀ ਦੁਆਰਾ ਪਤਾ ਲੱਗਦੀ ਹੈ, ਸਾਡੇ ਕਰਮਾਂ ਦੁਆਰਾ ਪ੍ਰਗਟ ਹੁੰਦੀ ਹੈ। ਦੁਨੀਆਂ ਵਿੱਚ ਵਿਚਰਨਾ ਸਾਡੀ ਕਰਨੀ ਉੱਪਰ ਨਿਰਭਰ ਕਰਦਾ ਹੈ। ਜੇ ਮਨੁੱਖ ਦੀ ਕਰਨੀ ਮਾੜੀ ਹੋਵੇ, ਉਹ ਮੰਦੇ ਕਰਮ ਕਰੇ ਭਾਵ ਔਗੁਣਾਂ ਦੁਆਰਾ ਵਿਚਰੇ ਤੇ ਇਹੋ ਜਿਹੀ ਕਰਨੀ ਉਸ ਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੁੱਤਾ ਬਣਾਉਂਦੀ ਹੈ। ਇਹੋ ਜਿਹੇ ਮਨੁੱਖ ਨੂੰ ਕੋਈ ਚੰਗਾ ਨਹੀਂ ਸਮਝਦਾ ਜਾਂ ਤਦ ਤੱਕ ਹੀ ਚੰਗਾ ਸਮਝ ਸਕਦਾ ਹੈ ਜਦ ਤੱਕ ਉਸਦੇ ਕਰਮ ਸਾਹਮਣੇ ਨਾ ਆ ਜਾਣ, ਛੁਪੇ ਰਹਿਣ। ਇਹ ਮਨੁੱਖ ਦੀ ਕਰਨੀ ਹੀ ਪ੍ਰਮਾਤਮਾ ਨਾਲ ਮੇਲ ਕਰਵਾਉਂਦੀ ਹੈ ਭਾਵ ਚੰਗੀ ਕਰਨੀ ਦੇ ਨਾਲ ਮਨੁੱਖ ਪ੍ਰਮਾਤਮਾ ਦੇ ਨਾਲ ਜੁੜਦਾ ਹੈ ਤੇ ਮਾੜੀ ਕਰਨੀ ਦੁਆਰਾ ਪ੍ਰਮਾਤਮਾ ਤੋਂ ਦੂਰ ਹੁੰਦਾ ਹੈ ਭਾਵ ਸਮਾਜ ਦੇ ਵਿੱਚ ਚੰਗੀ ਕਰਨੀ ਵਾਲਾ ਮਨੁੱਖ ਨਾਮ ਵਾਲਾ ਹੁੰਦਾ ਹੈ ਭਾਵ ਨਾਮ ਜਪਣ ਵਾਲਾ ਹੁੰਦਾ ਹੈ। ਪ੍ਰਮਾਤਮਾ ਦੇ ਦਰ ਤੋਂ ਉਸਦੇ ਨਾਲ ਮੇਲ ਦਾ ਸੱਦਾ ਸਾਨੂੰ ਸਾਡੀ ਚੰਗੀ ਕਰਨੀ ਦੁਆਰਾ ਹੀ ਆਉਂਦਾ ਹੈ। ਇਸ ਗੱਲ ਦਾ ਫੈਸਲਾ ਅਸੀਂ ਹੀ ਕਰਨਾ ਹੈ ਕਿ ਅਸੀਂ ਆਪਣੀ ਮਾੜੀ ਕਰਨੀ ਦੁਆਰਾ ਪ੍ਰਮਾਤਮਾ ਦੇ ਦਰ ਤੇ ਕੁੱਤਾ ਅਖਵਾਉਣਾ ਹੈ ਜਾਂ ਆਪਣੀ ਚੰਗੀ ਕਰਨੀ ਦੁਆਰਾ ਭਾਵ ਗੁਰਮਤਿ ਦੁਆਰਾ ਵਿਚਰਨ ਦੁਆਰਾ ਉਸ ਦੇ ਦਰ ਤੋਂ ਮੇਲ ਦਾ ਸੱਦਾ ਲੈਣਾ ਹੈ। (**ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨੁ ॥**)

{ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥}

(ਅੰਗ ੮)

{ਅਮੁਲੁ ਕਰਮੁ ਅਮੁਲੁ ਫੁਰਮਾਨੁ ॥}

(ਅੰਗ – ੫)

"ਅਮੁਲ ਕਰਮਿ" ਸਾਡੇ ਗੁਣਾਂ ਵਾਲੇ ਚੰਗੇ ਕਰਮ ਹਨ, ਚੰਗੀ ਕਰਨੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨਾਲ ਮਿਲ ਸਕਦੇ ਹਾਂ। ਅਨੇਕਾਂ ਹੀ ਸ਼ਬਦਾਂ ਦੁਆਰਾ ਇਹ ਬਿਲਕੁਲ ਸਪੱਸ਼ਟ ਹੈ ਕਿ ਨਾਮ ਜਪਣਾ ਸਾਡੀ ਚੰਗੀ ਤੇ ਸੱਚੀ ਸੁੱਚੀ ਕਰਨੀ ਹੈ, ਔਗੁਣਾਂ ਨੂੰ ਤਿਆਗ ਕੇ ਗੁਣਾਂ ਨੂੰ ਅਪਣਾਉਣਾ ਹੈ ਭਾਵ ਚੰਗੇ ਕਰਮ ਕਰਨਾ ਹੈ। ਇਹੀ ਸਾਡੀ ਭਗਤੀ ਹੈ ਤੇ ਇਸ ਤੋਂ ਇਲਾਵਾ ਕੀਤੇ ਗਏ ਸਾਰੇ ਸਰੀਰਕ ਜਪ ਤਪ ਨਿਹਫ਼ਲ ਹੀ ਹਨ। ਜੇਕਰ ਅਸੀਂ ਪ੍ਰਮਾਤਮਾ ਨੂੰ ਜਾਣਨ ਦੇ ਇੱਛੁਕ ਹਾਂ ਤਾਂ ਉਸਦਾ ਕੇਵਲ ਇੱਕੋ ਇੱਕ ਰਸਤਾ ਸਾਡੀ ਚੰਗੀ ਕਰਨੀ ਹੈ, ਜੋ ਕਿ ਨਾਮ ਜਪਣਾ ਹੈ।

ਹੁਣ ਮੁੱਖ ਸ਼ਬਦ ਦੀ ਆਖਰੀ ਪੰਗਤੀ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਮਨੁੱਖ ਆਪਣੇ ਆਪ ਨੂੰ ਇੱਕ "**ਮਹਿਮਾਨੁ**" ਜਾਣੇ। ਇਸ ਦੁਨੀਆਂ ਦੇ ਵਿੱਚ ਆਪਣੇ ਆਪ ਨੂੰ ਮਹਿਮਾਨ ਜਾਣਨਾ ਬਹੁਤ ਔਖਾ ਹੈ ਜੋ ਕਿ ਕੇਵਲ ਗੁਰੂ ਦੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ। ਮਹਿਮਾਨ ਮਨੁੱਖ ਆਪਣੇ ਆਪ ਨੂੰ ਤਾਂ ਹੀ ਸਮਝ ਸਕਦਾ ਹੈ ਜਦੋਂ ਆਪਣੇ ਆਪ ਦੀ ਪਹਿਚਾਣ ਹੋ ਜਾਵੇ ਤੇ ਇਹ ਸਮਝ ਲੱਗ ਜਾਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਹਰ ਵਸਤੂ ਦਾ ਮਾਲਕ ਉਹ ਆਪ ਹੀ ਹੈ ਤੇ ਮਨੁੱਖ ਦਾ ਆਪਣਾ ਇੱਥੇ ਕੁੱਝ ਵੀ ਨਹੀਂ ਹੈ ਤੇ ਹਰ ਮਨੁੱਖ ਇੱਥੇ "**ਮਹਿਮਾਨ**" ਹੀ ਹੈ। ਇਹ ਸੋਝੀ ਪੈਣ ਤੇ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਨ ਮਿਲਦਾ ਹੈ ਕਿਉਂਕਿ ਸੱਚੀ ਸੋਝੀ ਪੈਣ ਤੋਂ ਬਾਅਦ ਫਿਰ ਮਨੁੱਖ ਮਾਇਆ ਮੋਹ ਵਿੱਚ ਨਹੀਂ ਫਸਦਾ ਭਾਵ ਮਾੜੇ ਕਰਮ ਨਹੀਂ ਕਰਦਾ ਜੋ ਕਿ ਉਸਦਾ ਨਾਮ ਜਪਣਾ ਹੈ। ਉਹ ਹਰ ਵਸਤੂ ਦੇ ਅੰਦਰ ਪ੍ਰਮਾਤਮਾ ਨੂੰ ਹੀ ਦੇਖਦਾ ਹੈ, ਹਰ ਹੋਂਦ ਪ੍ਰਮਾਤਮਾ ਦੀ ਹੀ ਸਮਝਦਾ ਹੈ। (**ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥**)

ਆਓ ਹੁਣ ਉੱਪਰ ਵਾਲੇ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਫਿਰ ਤੋਂ ਕੁੱਝ ਵਿਚਾਰੀਏ ਤੇ ਸਮਝੀਏ ਕਿ ਨਾਮ ਤੋਂ ਕੁਰਬਾਨ ਜਾਣਾ ਕੀ ਹੈ, ਕਿਹੋ ਜਿਹੀ ਕੁਰਬਾਨੀ ਦੇ ਕੇ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ।

3/183

ਇਹ ਕੁਰਬਾਨੀ ਸਾਡੀ ਸੱਚੀ ਸੁੱਚੀ ਕਰਨੀ ਹੈ। ਪ੍ਰਮਾਤਮਾ ਸਾਡੇ ਕੋਲੋਂ ਕੇਵਲ ਇਹੋ ਜਿਹੀ ਕੁਰਬਾਨੀ ਦੀ ਮੰਗ ਕਰਦਾ ਹੈ ਜਿਸ ਦੁਆਰਾ ਉਸ ਨੂੰ ਜਾਣਿਆ ਜਾ ਸਕਦਾ ਹੈ, ਉਸ ਦੇ ਦਰਸ਼ਨ ਕੀਤੇ ਜਾ ਸਕਦੇ ਹਨ, ਉਸਦੇ ਦਰ ਤੇ ਕਬੂਲ ਹੋਇਆ ਜਾ ਸਕਦਾ ਹੈ। ਇਹ ਕੁਰਬਾਨੀ ਆਪਣੇ ਆਪ ਨੂੰ ਮਾਰਨ ਦੀ ਹੈ, ਆਪਣੀ ਸਮਝ ਨੂੰ, ਆਪਣੀ ਮੈਂ ਨੂੰ, ਆਪਣੀ ਹਉਮੈ ਨੂੰ ਖਤਮ ਕਰਨ ਦੀ ਹੈ। ਆਪਣੇ ਅੰਦਰੋਂ ਪੂਰੀ ਤਰ੍ਹਾਂ ਹਰ ਵਿਕਾਰ ਨੂੰ ਮਾਰਨ ਦੀ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦੀ ਹੈ, ਮਨ ਦੀਆਂ ਇੱਛਾਵਾਂ ਨੂੰ ਮਾਰਨ ਦੀ ਹੈ, ਮਨ ਦੇ ਹਰ ਭਰਮ ਤੋਂ, ਭੌ ਤੋਂ ਰਹਿਤ ਹੋਣ ਦੀ ਹੈ ਤੇ ਇੱਕੋ ਇੱਕ ਗੁਰਮਤਿ ਤੇ ਚੱਲਣ ਦੇ ਭਉ ਨੂੰ ਕਬੂਲ ਕਰਨ ਦੀ ਹੈ ਭਾਵ ਆਪਣੀ ਮਤਿ ਦੀ, ਮਨਮਤਿ ਦੀ ਪੂਰਨ ਰੂਪ ਵਿੱਚ ਕੁਰਬਾਨੀ ਦੇਣ ਦੀ ਹੈ ਜਿਸ ਦੁਆਰਾ ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ, ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ। ਸਬਦ ਮਰਨਾ, ਨਾਮ ਜਪਣਾ ਬਹੁਤ ਔਖਾ ਹੈ। ਜਦ ਤੱਕ ਮਨੁੱਖ ਇਸ ਕੁਰਬਾਨੀ ਦੇਣ ਦੇ ਭੈ ਨੂੰ ਭਾਵ ਗੁਰੂ ਦੇ ਭੈ ਨੂੰ ਕਬੂਲ ਨਹੀਂ ਕਰਦਾ, ਉਸ ਪ੍ਰਮਾਤਮਾ ਨੂੰ ਜਾਣਿਆ ਨਹੀਂ ਜਾ ਸਕਦਾ।

ਪਿੱਛੇ ਅਸੀਂ ਅੰਮ੍ਰਿਤ ਭੋਜਨ, ਨਾਮ ਭੋਜਨ ਛਕਣਾ ਸਮਝਿਆ ਹੈ ਜੋ ਭੋਜਨ ਸਾਡਾ ਮਨ ਛਕਦਾ ਹੈ ਭਾਵ ਸਾਡੇ ਮਨ ਦੇ ਵਿਚਾਰ ਛਕਦੇ ਹਨ, ਸਾਡੇ ਮਨ ਦੀ ਸਮਝ ਛਕਦੀ ਹੈ, ਜੋ ਭੋਜਨ ਛਕਣ ਦੁਆਰਾ ਸਾਡੀ ਮਤਿ ਗੁਰਮਤਿ ਦੀ ਸੱਚੀ ਸਮਝ ਵਾਲੀ ਮਤਿ ਬਣ ਜਾਂਦੀ ਹੈ ਜਿਸ ਸਮਝ ਦੁਆਰਾ ਨਾਮ ਜਪਣ ਦੀ ਸਮਝ ਪੈ ਜਾਂਦੀ ਹੈ ਤੇ ਫਿਰ ਮਨੁੱਖ ਹਰ ਵੇਲੇ, ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਜਪਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ। ਇਹ ਗੁਰਮਤਿ ਰੂਪ ਸੱਚੇ ਵਿਚਾਰਾਂ ਦਾ ਭੋਜਨ ਹੀ ਭਾਵ ਨਾਮ ਰੂਪ ਸੱਚੇ ਗਿਆਨ ਦਾ ਭੋਜਨ ਹੀ ਸਾਡੇ ਸਾਸ ਗਿਰਾਸ ਹਨ, ਮਨ ਦੇ ਭੋਜਨ ਦੇ ਗਿਰਾਸ ਹਨ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

“ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ॥
ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ॥੧॥ਰਹਾਉ॥
ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ॥
ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ॥੧॥
ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ॥
ਸੇਵਿ ਸੁਆਮੀ ਸਤਿਗੁਰੁ ਦਾਤਾ ਮਨ ਬੰਛਤ ਫਲ ਆਈਐ॥੨॥
ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ॥
ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ॥੩॥
ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ॥
ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ॥੪॥੧੫॥”

(ਅੰਗ ੨੧੩)

“ਵਾਟ ਨ ਪਾਵਉ ਵੀਗਾ ਜਾਉ॥ ਦਰਗਹ ਬੈਸਣ ਨਾਹੀ ਥਾਉ॥
ਮਨ ਕਾ ਅੰਧੁਲਾ ਮਾਇਆ ਕਾ ਬੰਧੁ॥ ਖੀਨ ਖਰਾਬੁ ਹੋਵੈ ਨਿਤ ਕੰਧੁ॥
ਖਾਣ ਜੀਵਣ ਕੀ ਬਹੁਤੀ ਆਸ॥ ਲੇਖੈ ਤੇਰੈ ਸਾਸ ਗਿਰਾਸ॥੨॥
ਅਹਿਨਿਸਿ ਅੰਧੁਲੇ ਦੀਪਕੁ ਦੇਇ॥ ਭਉਜਲ ਡੂਬਤ ਚਿੰਤ ਕਰੇਇ॥
ਕਹਹਿ ਸੁਣਹਿ ਜੋ ਮਾਨਹਿ ਨਾਉ॥ ਹਉ ਬਲਿਹਾਰੈ ਤਾ ਕੈ ਜਾਉ॥
ਨਾਨਕੁ ਏਕ ਕਹੈ ਅਰਦਾਸਿ॥ ਜੀਉ ਪਿੰਡੁ ਸਭੁ ਤੇਰੈ ਪਾਸਿ॥੩॥”

(ਅੰਗ ੩੫੪)

ਉੱਪਰ ਦਿੱਤੇ ਪਹਿਲੇ ਸ਼ਬਦ ਰਾਹੀਂ ਸਾਨੂੰ ਗੁਰੂ ਗੁਰੂ ਕਰਨਾ ਸਿਖਾਇਆ ਹੋਇਆ ਹੈ ਜੋ ਕਿ ਅਸੀਂ ਆਪਣੇ ਮਨ ਦੁਆਰਾ ਕਰਨਾ ਹੈ ਭਾਵ ਮਨ ਦੀ ਸਮਝ ਦੁਆਰਾ ਕਰਨਾ ਹੈ, ਗੁਰਮਤਿ ਵਾਲੀ ਸਮਝ ਦੁਆਰਾ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਸਾਸ ਗਿਰਾਸ ਸਾਡੇ ਮਨ ਦੇ ਲੈਣ ਦੀ ਚੀਜ਼ ਹੈ, ਸਾਡੇ ਮਨ ਦਾ ਭੋਜਨ ਹੈ। ਮਨ ਦਾ ਭੋਜਨ ਕੇਵਲ ਗਿਆਨ ਹੈ, ਹੋਰ ਕੁੱਝ ਨਹੀਂ ਹੋ ਸਕਦਾ। ਸਾਡੇ ਮਨ ਦੀ ਸਮਝ ਦਾ “ਗਿਰਾਸ” ਗੁਰੂ ਦਾ ਗਿਆਨ ਹੈ, ਗੁਰੂ ਦੀ ਮਤਿ ਹੈ। ਹਰਿ “ਗਿਰਾਸ” ਸਾਡੇ ਮਨ ਦੀ ਸਾਸ ਹੈ, ਸਵਾਸ ਹੈ ਜੋ ਸਾਡੇ ਮਨ ਨੂੰ ਆਤਮਿਕ ਜੀਵਨ ਦਿੰਦਾ ਹੈ। ਜਿਉਂ-ਜਿਉਂ ਮਨੁੱਖ ਗੁਰੂ ਦੀ ਮਤਿ ਲੈਂਦਾ ਹੈ ਭਾਵ ਉਸ ਤੇ ਅਮਲ ਕਰਦਾ ਹੈ ਤਿਉਂ-ਤਿਉਂ ਉਹ ਗੁਰੂ ਦੇ ਗੁਣ ਗਾਉਂਦਾ ਹੈ **(ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ॥)** ਸਾਡੇ ਮਨ ਦੇ “ਸਾਸ ਗ੍ਰਾਸ” ਕੀ ਹਨ, ਇਹ ਨਾਲ ਹੀ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਗੁਰੂ ਦੀ ਮਤਿ ਗੁਰੂ ਦੀ ਬਖਸ਼ਿਸ਼ ਦੁਆਰਾ ਮਿਲਦੀ ਹੈ, ਉਸਦੀ ਕ੍ਰਿਪਾਲਤਾ ਦੁਆਰਾ ਮਿਲਦੀ ਹੈ ਤੇ ਤਾਂ ਹੀ ਗੁਰੂ ਦੀ ਮਤਿ ਸਾਡੀ ਬੁੱਧ ਵਿੱਚ

ਪੈਂਦੀ ਹੈ, ਮਨ ਵਿੱਚ ਵੱਸਦੀ ਹੈ। (**ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ ॥**) ਸਾਡੇ ਅੰਦਰ ਦੀ ਇਹ ਗੁਰੂ ਦੀ ਸੱਚੀ ਮਤਿ ਦਾ, ਬੁਧਿ ਦਾ ਵੱਸਣਾ ਹੀ ਸਾਡੇ ਮਨ ਦੇ ਸਾਸ ਗਿਰਾਸ ਹਨ। ਇਹ ਗੁਰੂ ਦੀ ਮਤਿ ਲੈਣਾ ਹੀ ਨਾਮ ਜਪਣਾ ਹੈ ਜਿਸ ਦੁਆਰਾ ਮਨੁੱਖ ਦਾ ਜਮਾ ਤੋਂ ਭਾਵ ਔਗੁਣਾਂ ਤੋਂ ਛੁਟਕਾਰਾ ਹੁੰਦਾ ਹੈ ਤੇ ਸਾਰੇ ਸੁੱਖ ਦੇਣ ਵਾਲੇ ਉਸ ਪ੍ਰਮਾਤਮਾ ਦੀ ਪ੍ਰਾਪਤੀ ਦਾ ਸੁੱਖ ਮਿਲਦਾ ਹੈ। ਸਾਡੇ ਮਨ ਦਾ ਭੋਜਨ ਗੁਰੂ ਦੇ ਗੁਣ ਹਨ ਤੇ ਔਗੁਣਾਂ ਦਾ ਤਿਆਗ ਹੈ। ਇਹ ਹੀ ਨਾਮ ਹੈ ਤੇ ਇਹ ਹੀ ਸਾਸ ਗਿਰਾਸ ਹੈ ਜੋ ਅੱਠੇ ਪਹਿਰ ਸਾਨੂੰ ਗੁਰੂ ਨਾਲ ਜੋੜ ਕੇ ਰੱਖਦਾ ਹੈ ਜਿਸ ਦੁਆਰਾ ਅਸੀਂ ਕੇਵਲ ਚੰਗੇ ਕਰਮ ਕਰਦੇ ਹਾਂ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। (**ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ॥**)

ਆਓ ਹੁਣ ਦੂਸਰੇ ਸ਼ਬਦ ਨੂੰ ਵਿਚਾਰੀਏ ਤਾਂ ਕਿ ਸਾਨੂੰ "ਸਾਸ ਗਿਰਾਸ" ਦੀ ਹੋਰ ਵੀ ਸਮਝ ਲੱਗ ਜਾਵੇ। ਜਦ ਤੱਕ ਅਸੀਂ ਗੁਰੂ ਦੇ ਦੱਸੇ ਹੋਏ ਮਾਰਗ ਤੇ ਨਹੀਂ ਚੱਲਦੇ, ਤਦ ਤੱਕ ਅਸੀਂ ਗੁਰੂ ਨੂੰ ਪਾਉਣ ਦੇ ਮਾਰਗ ਤੋਂ ਭਟਕੇ ਹੁੰਦੇ ਹਾਂ ਭਾਵ ਗੁਰੂ ਦੀ ਮਤਿ ਤੋਂ ਇਲਾਵਾ ਕੋਈ ਵੀ ਹੋਰ ਤਰੀਕੇ ਦਾ ਭਗਤੀ ਦਾ ਮਾਰਗ, ਜਪ ਤਪ ਆਦਿ ਸਾਨੂੰ ਗੁਰੂ ਤੱਕ ਨਹੀਂ ਪਹੁੰਚਾ ਸਕਦਾ **(ਵਾਟ ਨ ਪਾਵਉ ਵੀਗਾ ਜਾਉ॥ ਦਰਗਹ ਬੈਸਣ ਨਾਹੀ ਥਾਉ॥)** ਜਦ ਤੱਕ ਮਨੁੱਖ ਦੇ ਅੰਦਰ ਅਗਿਆਨਤਾ ਹੈ ਭਾਵ ਜਦ ਤੱਕ ਮਨੁੱਖ ਦੇ ਅੰਦਰ ਗੁਰੂ ਦੀ ਮਤਿ ਨਹੀਂ ਹੈ, ਉਹ ਮਾਇਆ ਦੇ ਬੰਧਨਾਂ ਵਿੱਚ ਫਸਿਆ ਰਹਿੰਦਾ ਹੈ ਤੇ ਖੱਜਲ ਖੁਆਰ ਹੁੰਦਾ ਰਹਿੰਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ **(ਮਨ ਕਾ ਅੰਧੁਲਾ ਮਾਇਆ ਕਾ ਬੰਧੁ॥ ਖੀਨ ਖਰਾਬੁ ਹੋਵੈ ਨਿਤ ਕੰਧੁ॥)** ਉਹ ਆਪਣੇ ਅੰਦਰ ਦੀ ਕੰਧ ਨੂੰ, ਆਸਰੇ ਨੂੰ ਖਰਾਬ ਕਰਦਾ ਹੈ। ਸਾਡੇ ਅੰਦਰ ਦਾ ਆਸਰਾ ਕੇਵਲ ਗੁਰੂ ਦੀ ਸੱਚੀ ਮਤਿ ਹੈ, ਨਾਮ ਹੈ ਜਿਸਨੂੰ ਮਾਇਆ ਮੋਹ ਖਰਾਬ ਕਰਦਾ ਹੈ, ਸਾਡੇ ਮਨ ਦੀ ਮਾੜੀ ਸਮਝ ਖਰਾਬ ਕਰਦੀ ਹੈ। ਮਾਇਆ ਵਿੱਚ ਫਸਿਆ ਹੋਇਆ ਮਨੁੱਖ ਆਪਣੇ ਤਨ ਦੇ ਭੋਜਨ ਵਿੱਚ ਬਹੁਤੀ ਆਸ ਰੱਖਦਾ ਹੈ, ਉਲਝਿਆ ਰਹਿੰਦਾ ਹੈ, ਮਾਇਆ ਦੇ ਸੁੱਖਾਂ ਵਿੱਚ ਉਲਝਿਆ ਰਹਿੰਦਾ ਹੈ ਜਿਸ ਲਈ ਉਹ ਅਨੇਕਾਂ ਮਾੜੇ ਕਰਮ ਕਰਦਾ ਹੈ ਭਾਵ ਉਸ ਨੂੰ ਮਨ ਦੇ ਭੋਜਨ ਦੀ ਚਿੰਤਾ ਨਹੀਂ ਰਹਿੰਦੀ **(ਖਾਣ ਜੀਵਣ ਕੀ ਬਹੁਤੀ ਆਸ॥)**। ਕੇਵਲ ਤਨ ਦੇ ਭੋਜਨ ਦੇ ਪਿੱਛੇ ਲੱਗਿਆਂ, ਤਨ ਦੇ ਸੁੱਖਾਂ ਦੇ ਪਿੱਛੇ ਲੱਗਿਆਂ ਅਸੀਂ ਧਰਮ ਦੇ ਮਾਰਗ ਤੇ ਨਹੀਂ ਚੱਲ ਸਕਦੇ। ਲੇਖੇ ਵਿੱਚ ਕੇਵਲ ਮਨ ਦਾ ਭੋਜਨ ਪੈਣਾ ਹੈ, ਮਨ ਦਾ ਗਿਆਨ ਕੰਮ ਆਉਣਾ ਹੈ, ਗੁਰੂ ਦੀ ਮਤਿ ਕੰਮ ਆਉਣੀ ਹੈ ਜਿਸਨੇ ਸਾਨੂੰ ਮਾਇਆ ਦੇ ਬੰਧਨ ਵਿੱਚੋਂ ਕੱਢਣਾ ਹੈ। **(ਲੇਖੈ ਤੇਰੈ ਸਾਸ ਗਿਰਾਸ॥੨॥)**। ਇਹ "ਸਾਸ ਗਿਰਾਸ" ਰੂਪ ਭੋਜਨ ਭਾਵ ਇਹ ਮਨ ਦਾ ਭੋਜਨ ਸਾਨੂੰ ਕਿੱਥੋਂ ਮਿਲਣਾ ਹੈ ਤੇ ਕਿਸ ਰੂਪ ਵਿੱਚ ਮਿਲਣਾ ਹੈ ਇਹ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਸਾਨੂੰ ਇਹ ਸਮਝਾਇਆ ਹੈ ਕਿ ਇਹ ਮਨ ਅੰਧਾ ਹੈ, ਅਗਿਆਨਤਾ ਵਿੱਚ ਹੈ ਅਤੇ ਇਸ ਨੂੰ ਦਿਨ ਰਾਤ ਹਰ ਵੇਲੇ ਗੁਰੂ ਦੇ ਗਿਆਨ ਦੀ ਲੋੜ ਹੈ ਕਿਉਂਕਿ ਮਨੁੱਖ ਔਗੁਣਾਂ ਦੇ ਸਾਗਰ ਵਿੱਚ, ਮਾਇਆ ਮੋਹ ਦੇ ਸਾਗਰ ਵਿੱਚ ਡੁੱਬ ਰਿਹਾ ਹੈ ਤੇ ਇਸ ਵਿੱਚੋਂ ਨਿਕਲਣ ਦੀ ਉਸ ਨੂੰ ਚਿੰਤਾ ਕਰਨੀ ਚਾਹੀਦੀ ਹੈ **(ਅਹਿਨਿਸਿ ਅੰਧੁਲੇ ਦੀਪਕੁ ਦੇਇ॥ ਭਉਜਲ ਡੂਬਤ ਚਿੰਤ ਕਰੇਇ॥)**। ਆਪਣੀ ਚਿੰਤਾ ਦੂਰ ਕਰਨ ਲਈ ਸਾਡੇ ਮਨ ਨੂੰ ਗਿਆਨ ਦੀ ਲੋੜ ਹੈ ਤੇ ਉਹ ਗਿਆਨ ਸਾਨੂੰ ਕਿੱਥੋਂ ਮਿਲਣਾ ਹੈ ਭਾਵ ਕਿੱਥੋਂ ਲੈਣਾ ਚਾਹੀਦਾ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

3/186

ਉਹ ਗਿਆਨ ਸਾਨੂੰ ਗੁਰੂ ਕੋਲੋਂ ਮਿਲ ਸਕਦਾ ਹੈ ਜਿਸ ਦੁਆਰਾ ਅਸੀਂ ਮਨ ਦੀ ਮਾੜੀ ਸਮਝ ਵਿੱਚੋਂ, ਮਾਇਆ ਮੋਹ ਤੋਂ, ਆਪਣੇ ਔਗੁਣਾਂ ਤੋਂ ਤਰ ਸਕਦੇ ਹਾਂ, ਉੱਪਰ ਉੱਠ ਸਕਦੇ ਹਾਂ, ਜਿਸ ਨਾਲ ਸਾਡੀ ਚਿੰਤਾ ਦੂਰ ਹੋ ਸਕਦੀ ਹੈ। ਗਿਆਨ ਸਾਨੂੰ ਤਾਂ ਹੀ ਮਿਲੇਗਾ ਜਦੋਂ ਅਸੀਂ ਗੁਰੂ ਦੀ ਬਾਣੀ ਨੂੰ ਪੜ੍ਹਾਗੇ, ਕਹਾਗੇ, ਉਸ ਨੂੰ ਸੁਣਾਗੇ ਤੇ ਉਸ ਨੂੰ ਮੰਨਾਂਗੇ ਭਾਵ ਉਸ ਤੇ ਅਮਲ ਕਰਾਗੇ ਭਾਵ ਗੁਰੂ ਦੇ ਗੁਣਾਂ ਨੂੰ ਆਪਣੇ ਅੰਦਰ ਧਾਰਾਗੇ ਤੇ ਗੁਰੂ ਵੀ ਇਹੋ ਜਿਹੇ ਮਨੁੱਖ ਉੱਤੇ ਹੀ ਬਲਿਹਾਰੇ ਜਾਂਦਾ ਹੈ, ਖੁਸ਼ ਹੁੰਦਾ ਹੈ, ਦਰਸ਼ਨ ਦਿੰਦਾ ਹੈ, ਉਸ ਦਾ ਜਪਿਆ ਥਾਇ ਪਾਉਂਦਾ ਹੈ **(ਕਹਹਿ ਸੁਣਹਿ ਜੋ ਮਾਨਹਿ ਨਾਉ॥ ਹਉ ਬਲਿਹਾਰੈ ਤਾ ਕੈ ਜਾਉ॥)**। ਬੜਾ ਸਪੱਸ਼ਟ ਹੈ ਕਿ ਨਾਮ ਗੁਰੂ ਹੈ, ਗੁਰਬਾਣੀ ਹੈ ਪੜ੍ਹਨਾ ਵੀ ਹੈ, ਸੁਣਨਾ ਵੀ ਹੈ ਤੇ ਮੰਨਣਾ ਵੀ ਹੈ ਭਾਵ ਨਾਮ ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਤੇ ਚੱਲਣਾ, ਨਾਮ ਜਪਣਾ ਹੈ। ਗੁਰੂ ਦੀ ਮਤਿ ਹੀ "ਸਾਸ ਗਿਰਾਸ" ਭੋਜਨ ਹੈ ਤੇ ਗੁਰੂ ਦੀ ਮਤਿ ਤੇ ਚੱਲਣਾ ਹੀ ਉਸ ਪ੍ਰਮਾਤਮਾ ਨੂੰ "ਸਾਸ ਗਿਰਾਸ" ਜਪਣਾ ਹੈ। ਨਾਮ ਜਪਣਾ ਜਾਂ ਸਾਸ ਗਿਰਾਸ ਜਪਣਾ ਇੱਕੋ ਹੀ ਗੱਲ ਹੈ ਭਾਵ ਹਰ ਵੇਲੇ ਗੁਰੂ ਦੀ ਮਤਿ ਅਨੁਸਾਰ ਚੱਲਣਾ ਹੈ।

{ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥

ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ ॥
ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ ॥}

(ਅੰਗ ੮੦)

{ਨਾਮੁ ਜਪਹੁ ਗੁਰਮੁਖਿ ਪਰਗਾਸਾ ॥
ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥੧॥ ਰਹਾਉ ॥}

(ਅੰਗ ੩੬੭)

{ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥}

(ਅੰਗ ੫੭੩)

{ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥
ਐਥੈ ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ ॥}

(ਅੰਗ ੫੯੬)

{ਹਰਿ ਸੇਤੀ ਰੰਗਿ ਰਵਿ ਰਹੇ ਸਭ ਸਾਸ ਗਿਰਾਸਾ ॥
ਹਰਿ ਕਾ ਰੰਗੁ ਕਦੇ ਨ ਉਤਰੈ ਗੁਰਮੁਖਿ ਪਰਗਾਸਾ ॥
ਓਇ ਕਿਰਪਾ ਕਰਿ ਕੈ ਮੇਲਿਅਨੁ ਨਾਨਕ ਹਰਿ ਪਾਸਾ ॥੨੬॥}

(ਅੰਗ ੧੨੪੭)

ਪ੍ਰਮਾਤਮਾ ਨੂੰ ਸਾਸ ਗਿਰਾਸ ਜਪਣ ਦੀ ਗੱਲ ਬਾਣੀ ਵਿੱਚ ਕਿਤਨੇ ਹੀ ਸ਼ਬਦਾਂ ਦੁਆਰਾ ਆਉਂਦੀ ਹੈ ਤੇ ਇਸ ਲਈ ਸਾਸ ਗਿਰਾਸ ਨੂੰ ਸਮਝਣਾ ਬਹੁਤ ਜਰੂਰੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉੱਪਰ ਦਿਤੇ ਸ਼ਬਦਾਂ ਦੇ ਪਰਮਾਣ ਦੁਆਰਾ ਇਸ ਗੱਲ ਨੂੰ ਸਮਝਣ ਵਿੱਚ ਮਨ ਦੀ ਦ੍ਰਿੜਤਾ ਹੋਰ ਵੀ ਵੱਧੇਗੀ।

ਕੁੱਝ ਪਿੱਛੇ ਸ਼ਬਦ ਰਾਹੀਂ ਅਸੀਂ ਇਹ ਪੂਰੀ ਸਪੱਸ਼ਟਤਾ ਨਾਲ ਜਾਣਿਆ ਹੈ ਕਿ ਮਨੁੱਖ ਦੇ ਅੰਦਰ ਨਾਮ ਦਾ ਪ੍ਰਗਟਾਵਾ ਮਨੁੱਖ ਦੀ ਚੰਗੀ ਕਰਨੀ ਦੁਆਰਾ ਤਹਿ ਹੁੰਦਾ ਹੈ **(ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨੁ॥)**। ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਈ ਗਈ ਹੈ ਕਿ ਪ੍ਰਮਾਤਮਾ ਦੇ ਦਰ ਤੇ ਸਾਡੀ ਕਥਨੀ ਕੰਮ ਆਉਂਦੀ ਹੈ ਜਾਂ ਸਾਡੀ ਕਰਨੀ ਕੰਮ ਆਉਂਦੀ ਹੈ।

“ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥
ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥
ਮੁਹਿ ਚਲੈ ਸੁ ਅਗੈ ਮਾਰੀਐ॥੧੨॥”

(ਅੰਗ ੪੬੯)

ਇਸ ਸ਼ਬਦ ਰਾਹੀਂ ਮਨੁੱਖ ਦਾ ਪ੍ਰਮਾਤਮਾ ਦੀ ਦਰਗਾਹ ਵਿੱਚ ਕਿਹੋ ਜਿਹਾ ਜਪਿਆ ਹੋਇਆ ਨਾਮ ਕੰਮ ਆਉਂਦਾ ਹੈ, ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਸਾਰੀ ਗੱਲ ਮਨੁੱਖ ਦੇ ਚੰਗੇ ਅਤੇ ਮਾੜੇ ਕਰਮਾਂ ਦੀ ਦੱਸੀ ਹੋਈ ਹੈ। ਚੰਗੀ ਕਰਨੀ ਵਾਲਾ ਮਨੁੱਖ ਪ੍ਰਮਾਤਮਾ ਦੇ ਦਰਬਾਰ ਵਿੱਚ ਮਾਰ ਨਹੀਂ ਖਾਂਦਾ ਭਾਵ ਇੱਜਤ ਪਾਉਂਦਾ ਹੈ ਤੇ ਮਾੜੀ ਕਰਨੀ ਵਾਲਾ, ਝੂਠ ਫਰੇਬ ਕਰਨ ਵਾਲਾ ਉੱਥੇ ਮਾਰ ਖਾਂਦਾ ਹੈ, ਖੁਆਰ ਹੁੰਦਾ ਹੈ ਜੋ ਮਾਰ ਮਨੁੱਖ ਮਨ ਦੇ ਵਿਚਾਰਾਂ ਰਾਹੀਂ ਮਨ ਦੇ ਵਿੱਚ ਹੀ ਖਾਂਦਾ ਹੈ ਤੇ ਪਰੇਸ਼ਾਨੀਆਂ ਸਹਿੰਦਾ ਹੈ, ਭੁਗਤਦਾ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ।

3/187

ਪ੍ਰਮਾਤਮਾ ਦੀ ਦਰਗਾਹ ਵਿੱਚ ਸਾਡੀ ਪਤਿ ਹੀ ਕੰਮ ਆਉਂਦੀ ਹੈ ਤੇ "ਪਤਿ" ਉੱਥੇ ਹੈ ਜਿੱਥੇ ਸਾਡੇ ਚੰਗੇ ਕਰਮ ਹਨ ਜਿਨ੍ਹਾਂ ਚੰਗੇ ਕਰਮਾਂ ਨੇ ਸਾਨੂੰ ਬਚਾਉਣਾ ਹੈ।

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਧਰਮ ਗ੍ਰੰਥਾਂ ਦੇ ਪੜ੍ਹੇ ਹੋਏ ਤੇ ਅਨਪੜ੍ਹ ਮਨੁੱਖ ਦੇ ਵਿੱਚ ਕਿਸ ਗੱਲ ਨਾਲ ਫ਼ਰਕ ਪੈਂਦਾ ਹੈ ਇਹ ਸਮਝਾਇਆ ਹੋਇਆ ਹੈ ਕਿ ਉਨ੍ਹਾਂ ਵਿੱਚੋਂ ਚੰਗਾ ਕੌਣ ਹੈ। ਚੰਗਾ ਜਾਂ ਮਾੜਾ ਮਨੁੱਖ ਨੂੰ ਉਸਦੇ ਕਰਮ ਬਣਾਉਂਦੇ ਹਨ ਭਾਵ ਚੰਗੇ ਕਰਮਾਂ ਨਾਲ ਅਸੀਂ ਚੰਗੇ ਹਾਂ ਤੇ ਮਾੜੇ ਕਰਮਾਂ ਰਾਹੀਂ ਅਸੀਂ ਮਾੜੇ ਹਾਂ। ਇੱਕ ਧਰਮ ਗ੍ਰੰਥ ਪੜ੍ਹ ਕੇ ਅਗਰ ਉਹ ਗੁਨਾਹ ਕਰਦਾ ਹੈ, ਤਾਂ ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੇਵਲ ਗੁਨਾਹਗਾਰ ਹੈ। ਉਸਦਾ ਧਰਮ ਗ੍ਰੰਥਾਂ ਨੂੰ ਪੜ੍ਹਿਆ ਹੋਇਆ ਕਿਸੇ ਲੇਖੇ ਨਹੀਂ ਹੈ ਭਾਵ ਅਗਰ ਪੜ੍ਹਨ ਤੋਂ ਬਾਅਦ ਉਨ੍ਹਾਂ ਤੇ ਅਮਲ ਨਹੀਂ ਕੀਤਾ, ਮਾੜੇ ਕਰਮ ਹੀ ਕਰੀ ਗਿਆ ਤਾਂ ਪੜ੍ਹਨ ਦਾ ਕੀ ਫਾਇਦਾ ਹੋਇਆ। ਇਸਦੀ ਬਜਾਇ ਅਗਰ ਇੱਕ ਅਨਪੜ੍ਹ (ਓਮੀ) ਭਾਵ ਜਿਸ ਨੇ ਧਰਮ ਗ੍ਰੰਥ ਨਹੀਂ ਪੜ੍ਹੇ ਤੇ ਉਹ ਚੰਗੇ ਕਰਮ ਕਰਦਾ ਹੈ, ਉਹ ਆਪਣੇ ਚੰਗੇ ਕਰਮਾਂ ਰਾਹੀਂ ਸਾਧ ਹੈ ਤੇ ਉਹ ਉਸ ਪੜ੍ਹੇ ਹੋਏ ਨਾਲੋਂ ਚੰਗਾ ਹੈ ਜੋ ਪੜ੍ਹ ਕੇ ਵੀ ਗੁਨਾਹ ਕਰਦਾ ਹੈ, ਮਾੜੇ ਕਰਮ ਕਰਦਾ ਹੈ। ਇਹੋ ਜਿਹੇ ਪੜ੍ਹੇ ਹੋਏ ਅਤੇ ਅਨਪੜ੍ਹ ਵਿੱਚੋਂ ਅਗਰ ਦਰਗਾਹ ਵਿੱਚ ਮਾਰ ਪਵੇਗੀ ਤਾਂ ਉਹ ਉਸ ਸਾਧ ਨੂੰ ਭਾਵ ਚੰਗੇ ਕਰਮ ਕਰਨ ਵਾਲੇ ਨੂੰ ਨਹੀਂ ਪਵੇਗੀ ਬਲਕਿ ਉਸ ਗੁਨਾਹਗਾਰ ਨੂੰ ਪਵੇਗੀ ਜਿਸ ਨੇ ਭਾਵੇਂ ਧਰਮ ਗ੍ਰੰਥ ਪੜ੍ਹੇ ਹੋਏ ਹਨ। ਫੈਸਲਾ ਸਾਡੇ ਚੰਗੇ ਮੰਦੇ ਕਰਮਾਂ ਦੁਆਰਾ ਹੀ ਹੋਣਾ ਹੈ ਨਾ ਕਿ ਸਾਡੇ ਧਰਮ ਗ੍ਰੰਥਾਂ ਦੇ ਪੜ੍ਹਨ ਜਾਂ ਨਾ ਪੜ੍ਹਨ ਨਾਲ। ਸਾਰੀ ਗੱਲ ਸਾਡੀ ਚੰਗੀ ਕਰਨੀ ਦੀ ਹੈ **(ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥)**। ਜਿਸ ਮਨੁੱਖ ਨੇ ਧਰਮ ਗ੍ਰੰਥ ਪੜ੍ਹ ਕੇ ਵੀ ਲੋਭ ਲਾਲਚ ਨਹੀਂ ਛੱਡਿਆ, ਝੂਠ ਬੋਲਣਾ ਨਹੀਂ ਛੱਡਦਾ, ਉਸਨੂੰ ਗੁਰੂ ਸਾਹਿਬ ਨੇ ਮੂਰਖ ਹੀ ਆਖਿਆ ਹੈ, ਨਿਗੁਰਾ ਆਖਿਆ ਹੈ ਭਾਵ ਉਸਨੇ ਧਰਮ ਗ੍ਰੰਥ ਨੂੰ ਪੜ੍ਹਨ ਦਾ ਮਨੋਰਥ ਹੀ ਪੂਰਾ ਨਹੀਂ ਕੀਤਾ। ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਲੋਭ ਲਾਲਚ ਵਿੱਚੋਂ ਨਿਕਲੀਏ ਭਾਵ ਮਾੜੇ ਕਰਮ ਕਰਨ ਦੀ ਬਜਾਏ ਚੰਗੇ ਕਰਮ ਕਰੀਏ

{ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥}

(ਅੰਗ ੧੪੦)

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ ੪੧੯)

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥}

(ਅੰਗ ੧੦੧੩)

ਅਸੀਂ ਆਪਣੇ ਜੀਵਨ ਵਿੱਚ ਜਿਹੋ ਜਿਹੇ ਕਰਮ ਕਰਦੇ ਹਾਂ ਉਹੋ ਜਿਹੀ ਘਾਲਣਾ ਘਾਲਦੇ ਹਾਂ, ਉਹੋ ਜਿਹਾ ਨਾਮ ਜਪਦੇ ਹਾਂ, ਉਹੋ ਜਿਹਾ ਆਪਣੇ ਅੰਦਰੋਂ ਨਾਮ ਦਾ ਪ੍ਰਗਟਾਵਾ ਕਰਦੇ ਹਾਂ ਆਪਣੀ ਛਵੀ ਬਣਾਉਂਦੇ ਹਾਂ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਕਿ ਨਾਮ ਵਾਲਾ ਮਨੁੱਖ ਕਿਹੋ ਜਿਹਾ ਹੁੰਦਾ ਹੈ ਭਾਵ ਚੰਗੇ ਕਰਮ ਕਰਨ ਵਾਲਾ ਹੁੰਦਾ ਹੈ ਜੋ ਆਪਣੇ ਜੀਵਨ ਦੀ ਘਾਲਣਾ ਸੱਚੇ ਸੁੱਚੇ ਤਰੀਕੇ ਨਾਲ ਘਾਲਦਾ ਹੈ। **(ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥)**।

ਉਪਰਲੀ ਪੰਗਤੀ ਨੂੰ ਕੁੱਝ ਬਰੀਕੀ ਨਾਲ ਸਮਝਣ ਦੀ ਲੋੜ ਹੈ। ਪਹਿਲੇ ਮਨੁੱਖ ਦੀ ਘਾਲਣਾ ਦੀ ਗੱਲ ਕੀਤੀ ਹੈ ਤੇ ਬਾਅਦ ਵਿੱਚ ਨਾਮ ਦੀ ਗੱਲ ਕੀਤੀ ਹੈ। ਸਾਡੇ ਅੰਦਰ ਨਾਮ ਕਿਹੋ ਜਿਹਾ ਹੈ ਇਸ ਦਾ ਫੈਸਲਾ

3/188

ਸਾਡੇ ਜੀਵਨ ਦੀ ਘਾਲਣਾ ਨੇ ਕਰਨਾ ਹੈ, ਸਾਡੀ ਚੰਗੀ ਜਾਂ ਮਾੜੀ ਕਰਨੀ ਨੇ ਕਰਨਾ ਹੈ। ਇੱਥੋਂ ਨਾਮ ਦੀ ਪੂਰੀ ਤਰ੍ਹਾਂ ਸਮਝ ਲੱਗਦੀ ਹੈ ਕਿ ਨਾਮ ਕੀ ਹੈ। ਸਾਡੇ ਅੰਦਰ ਨਾਮ ਦੀ ਪਛਾਣ ਸਾਡੇ ਕੀਤੇ ਗਏ ਕਰਮਾਂ ਦੁਆਰਾ ਹੁੰਦੀ ਹੈ। ਗੁਰਮਤਿ ਸਾਨੂੰ ਚੰਗੇ ਕਰਮ ਕਰਨ ਲਈ ਪ੍ਰੇਰਦੀ ਹੈ। ਚੰਗੇ ਕਰਮ ਕਰਨ ਵਾਲੇ ਦੇ ਅੰਦਰ ਗੁਰੂ ਦਾ ਨਾਮ ਵੱਸਿਆ ਹੁੰਦਾ ਹੈ ਤੇ ਉਹ ਉਹੋ ਜਿਹਾ ਹੀ

ਪ੍ਰਗਟਾਵਾ ਕਰਦਾ ਹੈ ਭਾਵ ਆਪਣੇ ਕਰਮਾਂ ਦੁਆਰਾ ਹੀ ਮਨੁੱਖ ਪਛਾਣਿਆ ਜਾਂਦਾ ਹੈ ਕਿ ਇਸ ਨੇ ਗੁਰੂ ਦੀ ਮਤਿ ਲਈ ਹੋਈ ਹੈ ਜਾਂ ਨਹੀਂ ਲਈ ਹੋਈ। ਮਾੜੇ ਕਰਮ ਕਰਨ ਵਾਲਾ ਮਨੁੱਖ ਨਾਮ ਦੇ ਉਲਟ ਚੱਲਦਾ ਹੈ ਜਿਸਦਾ ਪ੍ਰਗਟਾਵਾ ਉਹ ਆਪਣੇ ਮਾੜੇ ਕਰਮਾਂ ਦੁਆਰਾ ਆਪ ਹੀ ਕਰਦਾ ਹੈ। ਚੰਗੇ ਕਰਮ ਕਰਨ ਵਾਲਾ ਲਾਹਾ ਲੈਂਦਾ ਹੈ ਤੇ ਮਾੜੇ ਕਰਮ ਕਰਨ ਵਾਲਾ ਤੋਟੇ ਵਿੱਚ ਜਾਂਦਾ ਹੈ। ਇਹ ਲਾਹਾ ਤੋਟਾ ਸਾਡੇ ਕਰਮਾਂ ਨਾਲ ਹੀ ਤਹਿ ਹੁੰਦਾ ਹੈ

{ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ॥}

(ਅੰਗ - ੪੧੮)

ਹੁਣ ਸੋਚੋ, ਜੇਕਰ ਅਸੀਂ ਇੱਕ "ਅੱਖਰ" ਨੂੰ ਨਾਮ ਮੰਨ ਲਈਏ ਤਾਂ ਫਿਰ ਉਸ ਵਿੱਚ ਫ਼ਰਕ ਕਿਵੇਂ ਕਰਾਂਗੇ ਕਿ ਅਸਲ ਨਾਮ ਜਪਣ ਵਾਲਾ ਕੌਣ ਹੈ ਭਾਵ ਚੰਗੇ ਕਰਮ ਕਰਨ ਵਾਲਾ ਕੌਣ ਹੈ। ਅੱਖਰ ਦਾ ਜਪ ਸਾਰਿਆਂ ਲਈ ਹੀ ਬਰਾਬਰ ਹੈ। ਇਸ ਅੱਖਰ ਰਾਹੀਂ ਸਾਨੂੰ ਕੀ ਸਮਝ ਲੱਗੇਗੀ ਕਿ ਕਿਸ ਮਨੁੱਖ ਵਿੱਚ ਸੱਚਾ ਨਾਮ ਹੈ। ਇਸ ਪੰਗਤੀ ਦੇ ਅਰਥ **"ਤੇਵੇਹੋ ਨਾਉ ਪਚਾਰੀਐ॥"** ਕਿਵੇਂ ਕਰਾਂਗੇ। ਜਦ ਤੱਕ ਅਸੀਂ ਨਾਮ ਨੂੰ ਨਹੀਂ ਸਮਝਦੇ, ਇਸ ਪੰਗਤੀ ਦੇ ਅਰਥ ਨਹੀਂ ਹੋ ਸਕਦੇ। ਜਿਵੇਂ ਕਿ ਹੋਰ ਵੀ ਅਨੇਕਾਂ-ਅਨੇਕਾਂ ਸ਼ਬਦਾਂ ਵਿੱਚ ਅੰਦਾਜ਼ੇ ਲਗਾ ਕੇ ਅਸੀਂ ਅਰਥ ਕਰ ਲੈਂਦੇ ਹਾਂ, ਉਹੋ ਜਿਹਾ ਹੀ ਅੰਦਾਜ਼ਾ ਇੱਥੇ ਲਗਾਉਣਾ ਪਵੇਗਾ। ਸ਼ਬਦ ਦਾ ਭਾਵ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਇੱਕੋ ਹੀ ਹੁੰਦਾ ਹੈ। ਪੰਗਤੀਆਂ ਦੇ ਭਾਵ ਵੱਖਰੇ-ਵੱਖਰੇ ਨਹੀਂ ਹੋ ਸਕਦੇ। ਜਦੋਂ ਹਰ ਪੰਗਤੀ ਦਾ ਭਾਵ ਪੂਰੇ ਸ਼ਬਦ ਨਾਲ ਮੇਲ ਖਾਵੇ, ਤਾਂ ਹੀ ਉਸਦੇ ਅਰਥ ਸਹੀ ਸਮਝਣੇ ਚਾਹੀਦੇ ਹਨ।

ਪ੍ਰਮਾਤਮਾ ਨੂੰ ਪਾਉਣ ਲਈ ਮਨੁੱਖ ਕਈ ਉਪਰਾਲੇ ਕਰਦਾ ਹੈ, ਕਰਮ ਕਾਂਡ ਕਰਦਾ ਹੈ, ਅਨੇਕਾਂ ਸਿਆਣਪਾਂ ਵਰਤਦਾ ਹੈ। ਇਹੋ ਜਿਹੀਆਂ ਸਿਆਣਪਾਂ ਦੀਆਂ ਖੇਡਾਂ ਖੇਡਣ ਤੋਂ ਮਨੁੱਖ ਨੂੰ ਪਰ੍ਹੇ ਰਹਿਣ ਲਈ ਕਿਹਾ ਗਿਆ ਹੈ, ਬਚਣ ਲਈ ਕਿਹਾ ਗਿਆ ਹੈ ਕਿਉਂਕਿ ਇਹ ਸਾਡੇ ਕਿਸੇ ਕੰਮ ਨਹੀਂ ਆਉਂਦੀਆਂ। ਇਹ ਸਿਆਣਪਾਂ ਸਾਨੂੰ ਦਰਗਾਹ ਵਿੱਚ ਪੈਣ ਵਾਲੀ ਮਾਰ ਤੋਂ ਬਚਾ ਨਹੀਂ ਸਕਦੀਆਂ ਕਿਉਂਕਿ ਉੱਥੇ ਕੇਵਲ ਸਾਡੇ ਚੰਗੇ ਕੀਤੇ ਹੋਏ ਕਰਮ

ਹੀ ਸਾਨੂੰ ਬਚਾ ਸਕਦੇ ਹਨ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥)** ਪ੍ਰਮਾਤਮਾ ਦੀ ਦਰਗਾਹ ਵਿੱਚ ਮਾਰ ਪੈਣੀ ਕੀ ਹੈ, ਕਿਵੇਂ ਪੈਂਦੀ ਹੈ, ਇਸ ਗੱਲ ਨੂੰ ਅੱਗੇ ਚਲਕੇ ਸ਼ਬਦਾਂ ਰਾਹੀਂ ਸਮਝਾਂਗੇ। ਬਾਣੀ ਰਾਹੀਂ ਸਾਨੂੰ ਸਭ ਕੁਝ ਸਮਝਾਇਆ ਹੋਇਆ ਹੈ ਤੇ ਕੇਵਲ ਗੁਰੂ ਦੀ ਸਮਝਾਈ ਹੋਈ ਗੱਲ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਗੁਰੂ ਦੀ ਗੱਲ ਕਦੇ ਗਲਤ ਨਹੀਂ ਹੋ ਸਕਦੀ ਭਾਵ ਉਸ ਵਿੱਚ ਪੂਰਨ ਸੱਚ ਹੁੰਦਾ ਹੈ। ਪ੍ਰਮਾਤਮਾ ਦੀ ਦਰਗਾਹ ਵਿੱਚ ਫੈਸਲਾ ਇਸ ਗੱਲ ਨਾਲ ਨਹੀਂ ਹੁੰਦਾ ਕਿ ਕੌਣ ਪੜ੍ਹਿਆ ਹੈ ਤੇ ਕੌਣ ਅਨਪੜ੍ਹ ਹੈ, ਕੌਣ ਧਰਮ ਗ੍ਰੰਥਾਂ ਦਾ ਗਿਆਤਾ ਹੈ ਤੇ ਕੌਣ ਗਿਆਤਾ ਨਹੀਂ ਹੈ। ਕੇਵਲ ਵਿਚਾਰਿਆ ਇਸ ਗੱਲ ਨੂੰ ਜਾਂਦਾ ਹੈ ਕਿ ਸਾਡੇ ਦੁਨੀਆਂ ਦੇ ਵਿੱਚ ਵਿਚਰਨ ਲਈ ਵਿਚਾਰ ਕਿਹੋ ਜਿਹੇ ਹਨ। ਸਾਡੀ ਸੋਚ ਕਿਹੋ ਜਿਹੀ ਹੈ, ਸਾਡੀ ਨੀਅਤ ਕਿਹੋ ਜਿਹੀ ਹੈ, ਸਾਡੀ ਸੁਰਤਿ ਕਿਹੋ ਜਿਹੀ ਹੈ, ਸਾਡਾ ਮਨ ਕਿਹੋ ਜਿਹਾ ਹੈ। ਜਿਸਦਾ ਮਨ ਸੱਚਾ ਹੈ ਉਸਦੇ ਵਿਚਾਰ ਵੀ ਸੱਚੇ ਹਨ। ਅਸੀਂ ਜੋ ਵੀ ਕਰਨੀ ਕਰਦੇ ਹਾਂ, ਕਰਮ ਕਰਦੇ ਹਾਂ ਉਹ ਆਪਣੇ ਵਿਚਾਰਾਂ ਦੁਆਰਾ ਹੀ ਕਰਦੇ ਹਾਂ। ਜਿਸ ਮਨੁੱਖ ਦੇ ਵਿਚਾਰ ਚੰਗੇ ਹਨ ਉਹ ਚੰਗੇ ਕਰਮ ਕਰਦਾ ਹੈ ਤੇ ਜਿਸ ਮਨੁੱਖ ਦੇ ਵਿਚਾਰ ਮੰਦੇ ਹਨ, ਮਨ ਝੂਠਾ ਹੈ, ਉਹ ਕਰਮ ਵੀ ਮੰਦੇ ਕਰਦਾ ਹੈ। ਸਾਰੀ ਗੱਲ ਸਾਡੀ ਨੀਅਤ ਤੇ ਮੁੱਕਦੀ ਹੈ ਤੇ ਇਹ ਕੁੱਝ ਹੀ ਸਾਡੇ ਕੰਮ ਆਉਂਦਾ ਹੈ। ਪ੍ਰਮਾਤਮਾ ਦੇ ਦਰ ਤੇ ਸਾਡੀ ਨੀਅਤ ਹੀ ਵਿਚਾਰੀ ਜਾਂਦੀ ਹੈ ਕਿਉਂਕਿ ਇਹ ਹੀ ਸਾਡੇ ਅੰਦਰ ਨਾਮ ਦਾ ਪ੍ਰਗਟਾਵਾ ਕਰਦੀ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥)**।

{ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ - ੧੩੮੩)

ਮੁੱਖ ਸ਼ਬਦ ਦੀ ਆਖਰੀ ਪੰਗਤੀ ਵਿੱਚ ਸ਼ਬਦ ਦਾ ਸਾਰ ਸਮਝਾਉਂਦੇ ਹੋਏ ਇਹ ਦੱਸਿਆ ਹੈ ਕਿ ਪ੍ਰਮਾਤਮਾ ਦੇ ਦਰ ਤੇ ਮਾਰ ਕਿਸਨੂੰ ਪੈਂਦੀ ਹੈ।"ਮੁਹਿ" ਤੋਂ ਭਾਵ ਹੈ ਠੱਗੀ ਮਾਰ ਕੇ, ਲੁੱਟ ਕੇ, ਪਰਾਇਆ ਹੱਕ ਖਾ ਕੇ। ਜੋ ਮਾੜੇ ਕਰਮ ਕਰਦੇ ਹਨ, ਠੱਗੀਆਂ ਮਾਰਦੇ ਹਨ ਉਨ੍ਹਾਂ ਨੂੰ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਰ ਪੈਂਦੀ ਹੈ ਭਾਵ ਫੈਸਲਾ ਸਾਡੇ ਕਰਮਾਂ ਦੁਆਰਾ ਹੀ ਹੁੰਦਾ ਹੈ, ਸਾਡੀ

ਜਪਣੀ ਦੁਆਰਾ ਹੀ ਹੁੰਦਾ ਹੈ। ਜੋ ਸੱਚਾ ਨਾਮ ਜਪਦਾ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ ਉਹ ਚੰਗੇ ਕਰਮ ਕਰਦਾ ਹੈ ਤੇ ਜੋ ਗੁਰਮਤਿ ਨੂੰ ਮੰਨੇ ਬਿਨ੍ਹਾਂ ਹੀ ਆਪਣੇ ਆਪ ਨੂੰ ਨਾਮ ਜਪਣ ਵਾਲਾ ਸਮਝਦਾ ਹੈ ਤੇ ਮਾੜੇ ਕਰਮ ਕਰਦਾ ਹੈ ਉਸ ਨੂੰ ਫਲ ਵੀ ਮਾੜੇ ਕਰਮਾਂ ਦਾ ਭੁਗਤਣਾ ਪੈਂਦਾ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਮਾਰ ਵੀ ਖਾਣੀ ਪੈਂਦੀ ਹੈ।**(ਮੁਹਿ ਚਲੈ ਸੁ ਅਗੈ ਮਾਰੀਐ ॥੧੨॥)**

ਜਿੱਥੇ ਲੇਖਾ ਦੇਣਾ ਪੈਂਦਾ ਹੈ, ਉੱਥੇ ਮਨੁੱਖ ਦੀ ਕਰਨੀ ਨੂੰ ਹੀ ਵੇਖਿਆ ਜਾਂਦਾ ਹੈ। ਪ੍ਰਮਾਤਮਾ ਦਾ ਜਸ, ਕੀਰਤ, ਮਨੁੱਖ ਆਪਣੀ ਕਰਨੀ ਦੁਆਰਾ ਹੀ ਕਰ ਸਕਦਾ ਹੈ ਕਿਉਂਕਿ ਮਨੁੱਖ ਦੀ ਕਰਨੀ ਹੀ ਉਸਦੀ ਭਗਤੀ ਹੈ। ਇਹੀ ਗੱਲ ਹੇਠ ਦਿੱਤੇ ਸ਼ਬਦ ਵਿੱਚ ਸਮਝਾਈ ਹੋਈ ਹੈ।

3/190

“ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥
ਮਨਿ ਅੰਧੈ ਜਨਮੁ ਗਵਾਇਆ॥੩॥”

(ਅੰਗ - ੪੬੪)

ਇਸ ਸ਼ਬਦ ਦੇ ਜੋ ਕਿ “ਪਉੜੀ” ਦੇ ਰੂਪ ਵਿੱਚ ਹੈ ਇਸਦੇ ਅਰਥ ਸਮਝਣ ਤੋਂ ਪਹਿਲਾਂ ਸਾਨੂੰ ਉਨ੍ਹਾਂ ਦੋਹਾਂ ਸਲੋਕਾਂ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਜਿਨ੍ਹਾਂ ਤੋਂ ਬਾਅਦ ਇਹ ਪਉੜੀ ਲਿਖੀ ਗਈ ਹੈ। ਪਉੜੀ ਰਾਹੀਂ ਸ਼ਬਦਾਂ ਦਾ ਸਾਰ ਹੀ ਸਮਝਾਇਆ ਹੁੰਦਾ ਹੈ। ਸਲੋਕਾਂ ਰਾਹੀਂ ਜੋ ਸਾਨੂੰ ਸਮਝਾਇਆ ਹੋਇਆ ਹੈ ਉਸਨੂੰ ਸੰਖੇਪ ਵਿੱਚ ਇਸ ਤਰੀਕੇ ਜਾਣਿਆ ਜਾ ਸਕਦਾ ਹੈ। ਸਾਨੂੰ ਇਸ ਸੰਸਾਰ ਵਿੱਚ ਸਭ ਕੁੱਝ ਵਿਸਮਾਦ ਨਜ਼ਰ ਆਉਂਦਾ ਹੈ, ਅਦਭੁਤ ਨਜ਼ਰ ਆਉਂਦਾ ਹੈ, ਸਭ ਕੁੱਝ ਹੈਰਾਨ ਕਰਨ ਵਾਲਾ ਨਜ਼ਰ ਆਉਂਦਾ ਹੈ ਜਿਸ ਦੀ ਸਾਨੂੰ ਸਮਝ ਨਹੀਂ ਲੱਗਦੀ ਤੇ ਜਿਸ ਨੂੰ ਕੇਵਲ ਵੱਡੇ ਭਾਗਾਂ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ। ਜੋ ਕੁੱਝ ਵੀ ਅਸੀਂ ਦੇਖਦੇ ਹਾਂ, ਮਹਿਸੂਸ ਕਰਦੇ ਹਾਂ ਉਹ ਸਭ ਕੁੱਝ ਆਪ ਕੁਦਰਤ ਹੈ, ਆਪ ਪ੍ਰਮਾਤਮਾ ਹੈ, ਸਭ ਵਿੱਚ ਆਪ ਪ੍ਰਮਾਤਮਾ ਹੈ ਤੇ ਮਨੁੱਖ ਵੀ ਉਸੇ ਪ੍ਰਮਾਤਮਾ ਦਾ ਰੂਪ ਹੈ ਜਿਸਦੀ ਸਾਨੂੰ ਸਮਝ ਨਹੀਂ ਹੈ। ਉਸ ਪ੍ਰਮਾਤਮਾ ਨੂੰ ਮਨੁੱਖ ਨਾਮ ਦੀ ਪ੍ਰਾਪਤੀ ਦੁਆਰਾ ਜਾਣ ਸਕਦਾ ਹੈ, ਸਮਝ ਸਕਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਕੁੱਝ ਵੀ ਨਹੀਂ ਹੈ। ਜਦ ਤੱਕ ਮਨੁੱਖ ਨੂੰ ਪ੍ਰਮਾਤਮਾ ਦੀ ਸਮਝ ਨਹੀਂ ਲੱਗਦੀ, ਉਹ ਆਪਣੀ ਵੱਖਰੀ ਹੋਂਦ ਬਣਾਈ ਰੱਖਦਾ ਹੈ ਤੇ ਸੰਸਾਰ ਵਿੱਚ ਆਪ ਹੀ ਵਡਿਆਈਆਂ ਦਾ ਮਾਲਕ ਬਣਦਾ ਹੈ। ਅਸੀਂ ਪ੍ਰਮਾਤਮਾ ਦੀ ਭਗਤੀ ਆਪਣੀ-ਆਪਣੀ ਮਤਿ ਅਨੁਸਾਰ ਕਰਦੇ ਹਾਂ, ਆਪਣੀ ਮਤਿ ਅਨੁਸਾਰ ਭਗਤੀ ਦੇ ਰਸਾਂ ਨੂੰ ਭੋਗਦੇ ਹਾਂ ਭਾਵ ਵਡਿਆਈਆਂ ਲੈਂਦੇ ਹਾਂ ਤੇ ਉਨ੍ਹਾਂ ਨੂੰ ਹੀ ਠੀਕ ਸਮਝਦੇ ਹਾਂ। ਉੱਪਰ ਵਾਲੇ ਸ਼ਬਦ ਨੂੰ ਸਮਝਣ ਲਈ ਪਹਿਲਾਂ ਕੁੱਝ ਹੋਰ ਗੱਲਾਂ ਨੂੰ ਸਮਝਦੇ ਹਾਂ।

ਵਾਰ-ਵਾਰ ਬਾਣੀ ਵਿੱਚ ਅੱਗੇ ਜਾਣ ਦੀ ਗੱਲ ਆਉਂਦੀ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਜਾਣ ਦੀ ਗੱਲ ਆਉਂਦੀ ਹੈ ਜੋ ਦਰ ਪ੍ਰਮਾਤਮਾ ਦਾ ਸਾਡੇ ਅੰਦਰ ਹੀ ਹੈ। ਜਦ ਤੱਕ ਉਸਦੇ ਦਰ ਤੇ ਕੋਈ ਪਹੁੰਚ ਨਹੀਂ ਜਾਂਦਾ ਉਸਦੇ ਦਰ ਨੂੰ ਕੋਈ ਸਮਝ ਨਹੀਂ ਸਕਦਾ। ਸਾਡਾ ਅੱਗਾ ਪ੍ਰਮਾਤਮਾ ਦਾ ਦਰ ਹੈ ਜਿੱਥੇ ਪਹੁੰਚਣਾ ਸਾਡੇ ਜੀਵਨ ਦਾ ਮਕਸਦ ਹੈ ਤੇ ਉਸ ਦਰ ਤੇ ਇਸ ਸਰੀਰ ਵਿੱਚ ਰਹਿੰਦਿਆਂ ਹੀ ਪਹੁੰਚਿਆ ਜਾ ਸਕਦਾ ਹੈ। ਸਾਡਾ ਜੀਵਨ ਮਰਨ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਮਨੁੱਖੀ ਸਰੀਰ ਦਾ ਜੰਮਣਾ ਮਰਨਾ ਸਾਡਾ ਜੀਵਨ ਮਰਨ ਨਹੀਂ ਹੈ ਜਿਸ ਜੀਵਨ ਮਰਨ ਦੀ ਗੱਲ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਈ ਹੋਈ ਹੈ। ਸਾਨੂੰ ਆਪਣੇ ਜੀਵਨ ਵਿੱਚ ਸਜਾਵਾਂ ਵੀ ਬਹੁਤ ਮਿਲਦੀਆਂ ਹਨ ਜਿਨ੍ਹਾਂ ਦਾ ਕਾਰਨ ਸਾਡੀ ਸਮਝ ਤੋਂ ਬਾਹਰ ਹੁੰਦਾ ਹੈ ਤੇ ਅਨੇਕਾਂ ਸਜਾਵਾਂ ਉਸ ਰੂਪ ਵਿੱਚ ਹੁੰਦੀਆਂ ਹਨ ਜਿਨ੍ਹਾਂ ਦੀ ਮਨੁੱਖ ਨੂੰ ਸਮਝ ਨਹੀਂ ਹੈ। ਅਸੀਂ ਮਾਇਆ ਦੀ ਪ੍ਰਾਪਤੀ ਵਿੱਚ ਸੁੱਖ ਸਮਝਦੇ ਹਾਂ ਤੇ ਮਾਇਆ ਦੇ ਘੱਟ ਹੋਣ ਵਿੱਚ ਦੁੱਖ ਸਮਝਦੇ ਹਾਂ। ਦੁੱਖ ਸੁੱਖ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜਿਸਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ, ਸ਼ਬਦਾਂ ਰਾਹੀਂ ਸਮਝਾਂਗੇ।

{ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥}

(ਅੰਗ ੧੪੯)

"ਸੁਖੁ" ਉਹ ਹੈ ਜਿੱਥੇ ਸਾਡਾ ਮਨ ਇਹ ਕਬੂਲ ਕਰੇ ਕਿ ਇਹ ਸੁਖੁ ਹੈ। ਮਨੁੱਖ ਤ੍ਰਿਸ਼ਨਾਵਾਂ ਦਾ ਭਰਿਆ ਹੋਇਆ ਹੈ, ਮਾਇਆ ਮੋਹ ਦਾ ਭਰਿਆ ਹੋਇਆ ਹੈ ਜੋ ਸਾਨੂੰ ਸੁਖ ਮਹਿਸੂਸ ਨਹੀਂ ਹੋਣ ਦਿੰਦਾ ਭਾਵ ਉਸ ਸੁਖ ਦਾ ਲੈਵਲ ਭਾਵ ਪੱਧਰ ਕੀ ਹੈ ਇਸ ਗੱਲ ਨੂੰ ਕੋਈ ਤੈਅ ਨਹੀਂ ਕਰ ਸਕਦਾ। ਇੱਕ ਰਾਜਾ ਆਪਣੇ ਆਪ ਨੂੰ ਦੁਖੀ ਮਹਿਸੂਸ ਕਰਦਾ ਹੈ ਤੇ ਉਸਦੀ ਪਰਜਾ ਦਾ ਇੱਕ ਛੋਟਾ ਜਿਹਾ ਮੁਲਾਜਮ ਆਪਣੇ ਆਪ ਨੂੰ ਉਸ ਨਾਲੋਂ ਸੁਖੀ ਮਹਿਸੂਸ ਕਰਦਾ ਹੈ। ਭਿਖਾਰੀ ਨੂੰ ਕੋਈ ਸੌ ਰੁਪਇਆ ਦਿੰਦਾ ਹੈ ਤੇ ਉਸ ਵਿੱਚ ਉਸਨੂੰ ਬਹੁਤ ਸੁਖ ਮਹਿਸੂਸ ਹੁੰਦਾ ਹੈ ਤੇ ਭਿਖਿਆ ਦੇਣ ਵਾਲੇ ਨੂੰ ਲੱਖਾਂ ਰੁਪਏ ਮਿਲਣ ਨਾਲ ਵੀ ਸੰਤੋਖ ਨਹੀਂ ਆਉਂਦਾ। ਇੱਕ ਚਪੜਾਸੀ ਆਪਣੇ ਵੱਡੇ ਅਫਸਰ ਨਾਲੋਂ ਅਨੇਕਾਂ ਵਾਰੀ ਜਿਆਦਾ ਖੁਸ਼ ਨਜ਼ਰ ਆਉਂਦਾ ਹੈ ਕਿਉਂਕਿ ਉਸ ਦੇ ਉੱਤੇ ਕੰਮ ਦਾ ਦਿਮਾਗੀ ਬੋਝ ਨਹੀਂ ਹੁੰਦਾ ਤੇ ਅਫਸਰ ਦਿਮਾਗੀ ਬੋਝ ਥੱਲੇ ਦੱਬਿਆ ਹੁੰਦਾ ਹੈ। ਦੁਖ ਸੁਖ ਸਾਡੇ ਮਨ ਦੇ ਅੰਦਰ ਹੀ ਹੈ ਕਿ ਅਸੀਂ ਕਿਸ ਗੱਲ ਵਿੱਚ ਦੁਖੀ ਹਾਂ ਤੇ ਕਿਸ ਗੱਲ ਵਿੱਚ ਸੁਖੀ ਹਾਂ ਭਾਵ ਇਹ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜੋ ਵਿਚਾਰ ਸਾਡੇ ਵੱਸ ਨਹੀਂ ਹਨ, ਪ੍ਰਮਾਤਮਾ ਦੇ ਵੱਸ ਹਨ। ਇਹ ਪ੍ਰਮਾਤਮਾ ਦੀ ਰਜ਼ਾ ਹੈ ਕਿ ਉਹ ਕਿਸਨੂੰ ਕਿਤਨੇ ਸੁਖ ਵਿੱਚ ਰੱਖਦਾ ਹੈ, ਕਿਤਨੇ ਦੁਖ ਵਿੱਚ ਰੱਖਦਾ ਹੈ। ਸਭ ਨੂੰ ਸੁਖ ਹੀ ਚੰਗਾ ਲੱਗਦਾ ਹੈ ਤੇ ਦੁਖ ਕਿਸੇ ਨੂੰ ਚੰਗਾ ਨਹੀਂ ਲੱਗਦਾ ਪਰ ਸੁਖ ਦੁਖ ਤੋਂ ਬਾਹਰ ਕੋਈ ਵੀ ਨਹੀਂ ਹੈ, ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ, ਉਸ ਦੇ ਦਰ ਦਾ ਅਸੂਲ ਹੈ। ਸਾਡੇ ਅੰਦਰ ਪਾਏ ਹੋਏ ਵਿਚਾਰ ਹੀ ਉਸਦੇ ਦਰ ਦੇ ਕੱਪੜੇ ਹਨ ਜੋ ਕੱਪੜੇ ਮਨ ਦੇ ਵਿਚਾਰਾਂ ਰਾਹੀਂ ਸਭ ਦੇ ਅੰਦਰ ਵਰਤਦੇ ਹਨ। ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਜਿਸ ਗੱਲ ਵਿੱਚ ਮਨੁੱਖ ਦੁਖ ਮਹਿਸੂਸ ਕਰਦਾ ਹੈ ਉਹ ਪ੍ਰਮਾਤਮਾ ਦੇ ਦਰ ਦੀ ਸਜ਼ਾ ਹੀ ਹੈ ਜੋ ਕਿ ਮਨੁੱਖ ਦੀ ਸਮਝ ਤੋਂ ਬਾਹਰ ਹੈ। ਅਨੇਕਾਂ ਮਨੁੱਖ ਹਨ ਜਿਨ੍ਹਾਂ ਕੋਲ ਬੇਸ਼ੁਮਾਰ ਦੌਲਤ ਹੁੰਦੀ ਹੈ ਪਰ ਉਸ ਨਾਲ ਵੀ ਉਨ੍ਹਾਂ ਦੇ ਦੁਖ ਦੂਰ ਨਹੀਂ ਹੁੰਦੇ, ਕੋਈ ਹੀਲਾ ਕੰਮ ਨਹੀਂ ਆਉਂਦਾ ਤੇ ਉਹ ਤੰਗ ਆ ਕੇ ਖੁਦਕੁਸ਼ੀ ਤੱਕ ਕਰਨ ਲਈ ਮਜਬੂਰ ਹੋ ਜਾਂਦੇ ਹਨ। ਜੇਕਰ ਦੁਖ ਸੁਖ ਆਪਣੇ ਵੱਸ ਹੁੰਦਾ ਤੇ ਹਰ ਕੋਈ ਸੁਖੀ ਹੀ ਹੁੰਦਾ, ਕਿਤੇ ਦੁਖ ਨਾ ਹੁੰਦਾ ਪਰ ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਜੋ ਖੇਡ ਉਹ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਚਲਾ ਰਹਿਆ ਹੈ। ਧਰਮ ਗ੍ਰੰਥਾਂ ਦੀ ਰਚਨਾ ਵੀ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ ਜਿਸ ਰਾਹੀਂ ਉਸਨੇ ਸਾਨੂੰ ਦੁਖਾਂ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ, ਸੁਖੀ ਹੋਣ ਦਾ ਤਰੀਕਾ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬਚਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ ਜੋ ਤਰੀਕਾ ਮਾਇਆ ਮੋਹ ਛੱਡਣ ਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਦਾ ਹੈ, ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਸਜਾਵਾਂ ਸਾਨੂੰ ਮਾੜੇ ਕਰਮ ਕਰਨ ਦੀਆਂ ਹੀ ਮਿਲਦੀਆਂ ਹਨ ਜਿਨ੍ਹਾਂ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੀਆਂ ਤ੍ਰਿਸ਼ਨਾਵਾਂ ਹਨ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਝੂਠ ਬੋਲਦੇ ਹਾਂ, ਲੋਭ ਲਾਲਚ ਵਿੱਚ ਆ ਕੇ ਅਨੇਕਾਂ ਦਾ ਹੱਕ ਖਾਂਦੇ ਹਾਂ ਤੇ ਇਨ੍ਹਾਂ ਦੀਆਂ ਸਜਾਵਾਂ ਸਾਨੂੰ ਪ੍ਰਮਾਤਮਾ ਕਿਸ ਰੂਪ ਵਿੱਚ ਦਿੰਦਾ ਹੈ, ਕਿਵੇਂ ਦਿੰਦਾ ਹੈ, ਕਿਸ ਸਮੇਂ ਦਿੰਦਾ ਹੈ, ਉਹ ਇਹ ਆਪ ਹੀ ਜਾਣਦਾ ਹੈ ਜੋ ਸਾਡੇ ਹਰ ਕਰਮ ਦਾ ਵੇਰਵਾ ਆਪਣੇ ਕੋਲ ਰੱਖਦਾ ਹੈ, ਪਲ ਪਲ ਦਾ ਹਿਸਾਬ ਰੱਖਦਾ ਹੈ। ਭਾਵੇਂ ਉਹ ਸਾਡੇ ਕੋਲੋਂ ਕਰਮ ਕਰਵਾਉਣ ਵਾਲਾ ਆਪ ਹੀ ਹੈ ਪਰ ਮਾੜੇ ਚੰਗੇ ਕਰਮਾਂ ਦੀ ਸੋਝੀ ਵੀ ਉਸਨੇ ਸਭ ਨੂੰ ਪਾਈ ਹੋਈ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ, ਲੋਭ ਲਾਲਚ ਤੋਂ ਬਚੀਏ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚੀਏ, ਝੂਠ ਬੋਲਣ ਤੋਂ ਬਚੀਏ ਭਾਵ ਨਾਮ ਜਪੀਏ, ਸੱਚ ਤੇ ਚਲੀਏ, ਗੁਰੂ ਦੀ ਦਿੱਤੀ ਹੋਈ ਮਤਿ ਤੇ ਚੱਲੀਏ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲੀਏ ਜਿਸ ਦੁਆਰਾ ਸਾਡੇ ਅੰਦਰ ਸੁਖ ਦੀ ਪ੍ਰਾਪਤੀ ਹੁੰਦੀ ਹੈ, ਮਨ ਦੇ ਵਿੱਚ ਸੰਤੋਖ ਆਉਣ ਦੁਆਰਾ ਹੁੰਦੀ ਹੈ ਜਿਸ ਅਵੱਸਥਾ ਦੁਆਰਾ ਮਨੁੱਖ ਦੇ ਕੋਲ ਜੋ ਕੁੱਝ ਵੀ ਹੁੰਦਾ ਹੈ ਉਹ ਉਸੇ ਵਿੱਚ ਸੁਖ ਮਹਿਸੂਸ ਕਰਦਾ ਹੈ, ਅਨੰਦ ਮਹਿਸੂਸ ਕਰਦਾ ਹੈ ਪਰ ਇਹ ਮਨ ਦੀ ਅਵੱਸਥਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆਉਂਦੀ ਹੈ, ਭਗਤੀ ਦੀ ਸੱਚੀ ਸਮਝ ਪੈਣ ਦੁਆਰਾ ਹੀ ਆਉਂਦੀ ਹੈ ਜੋ ਸਮਝ ਮਨ ਦੇ ਵਿੱਚ ਉਹ ਆਪ ਹੀ ਪਰਗਟ ਹੋਣ ਦੁਆਰਾ ਪਾਉਂਦਾ ਹੈ। ਇਹ ਮਨ ਦੇ ਅੰਦਰ ਸੁਖ ਦੀ ਅਵੱਸਥਾ ਹੈ ਤੇ ਪ੍ਰਮਾਤਮਾ ਸਾਡੇ ਅੰਦਰ ਆਪਣਾ ਵਾਸਾ ਇਨ੍ਹਾਂ ਸੁਖ ਰੂਪ ਵਿਚਾਰਾਂ ਦੁਆਰਾ ਹੀ

ਕਰਦਾ ਹੈ ਜੋ ਰੂਪ ਉਸਦਾ ਆਪਣਾ ਰੂਪ ਹੈ, ਸੱਚ ਰੂਪ ਹੈ, ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਜਿਵੇਂ ਕਿ ਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਹੈ ਕਿ ਮਾਇਆ ਦੁਖ ਹੈ, ਬਿਖ ਹੈ ਤੇ ਨਾਮ ਅੰਮ੍ਰਿਤ ਹੈ, ਸੁਖ ਹੈ, ਇਹ ਸਾਡੇ ਮਨ ਦੀ ਸਮਝ ਨਾਲ ਹੀ ਜੁੜਿਆ ਹੋਇਆ ਹੈ। ਸਾਡੇ ਅੰਦਰ ਦੀ ਨਾ-ਸਮਝ ਮਤਿ ਸਾਡੇ ਅੰਦਰ ਦੀ ਮਾਇਆ ਹੈ, ਬਿਖ ਹੈ ਭਾਵ ਅਗਿਆਨਤਾ ਹੈ, ਭਗਤੀ ਦੇ ਸੱਚੇ ਮਾਰਗ ਦੀ ਸਮਝ ਦਾ ਨਾ ਹੋਣਾ ਹੈ ਜੋ ਸਮਝ ਸਾਨੂੰ ਦੁਖਾਂ ਵਿੱਚ ਪਾ ਕੇ ਰੱਖਦੀ ਹੈ।ਮਨ ਦੀ ਨਾ-ਸਮਝ ਮਤਿ ਸਾਨੂੰ ਵੀ ਦੁਖ ਦਿੰਦੀ ਹੈ ਤੇ ਦੂਸਰਿਆਂ ਨੂੰ ਵੀ ਦੁਖ ਦਿੰਦੀ ਹੈ, ਮਾੜੇ ਕਰਮ ਕਰਨ ਦੁਆਰਾ ਦਿੰਦੀ ਹੈ। ਸਭ ਦੇ ਲਈ ਸੁਖ ਦਾ ਮਾਰਗ, ਦੁਖਾਂ ਤੋਂ ਬੱਚਣ ਦਾ ਮਾਰਗ, ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬੱਚਣ ਦਾ ਮਾਰਗ ਗੁਰੂ ਦਾ ਨਾਮ ਹੈ, ਅੰਮ੍ਰਿਤ ਹੈ ਜੋ ਸਾਡੀ ਸਮਝ ਦਾ ਭੋਜਨ ਹੈ ਜੋ ਭੋਜਨ ਛਕਣ ਦੁਆਰਾ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਤੇ ਅਸੀਂ ਉਹੋ ਕੁੱਝ ਕਰਦੇ ਹਾਂ ਜਿਸ ਦੁਆਰਾ ਅਸੀਂ ਦੁਖਾਂ ਵਿੱਚ ਨਾ ਆਪ ਪੈਂਦੇ ਹਾਂ ਤੇ ਨਾ ਹੀ ਦੂਸਰਿਆਂ ਨੂੰ ਪਾਉਂਦੇ ਹਾਂ ਭਾਵ ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬੱਚ ਜਾਂਦੇ ਹਾਂ। ਇਸ ਗੱਲ ਨੂੰ ਸਮਝੇ ਬਿਨ੍ਹਾਂ ਕਿ ਭਗਤੀ ਦਾ ਅਸਲ ਮਾਰਗ ਕੀ ਹੈ, ਦੁਖਾਂ ਵਿੱਚੋਂ ਨਿਕਲਣਾ ਕੀ ਹੈ ਤਦ ਤੱਕ ਅਸੀਂ ਉਪਰਲੇ ਸ਼ਬਦ ਨੂੰ ਨਹੀਂ ਸਮਝ ਸਕਦੇ। ਹੁਣ ਅਸੀਂ ਸ਼ਬਦ ਨੂੰ ਆਸਾਨੀ ਨਾਲ ਸਮਝ ਲਵਾਂਗੇ।

“ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥”

ਸਭ ਤੋਂ ਪਹਿਲਾਂ ਸਾਨੂੰ “ਭੋਗ” ਸਮਝਣ ਦੀ ਲੋੜ ਹੈ ਕਿ ਸਾਡਾ ਉਹ ਭੋਗ ਕੀ ਹੈ ਜਿਸਨੂੰ ਅਸੀਂ ਭੋਗਦੇ ਹਾਂ ਭਾਵ ਖਾਂਦੇ ਹਾਂ। ਇਹ ਭੋਗ ਭਾਵ ਭੋਜਨ ਸਾਡੇ ਮਨ ਦਾ ਭੋਜਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ, “ਅੰਮ੍ਰਿਤ ਭੋਜਨ” ਨੂੰ ਸਮਝਣ ਦੁਆਰਾ ਸਮਝਿਆ ਹੈ। ਮਨ ਦਾ ਭੋਜਨ ਸਾਡੇ ਮਨ ਦੀ ਸਮਝ ਦਾ ਭੋਜਨ ਹੈ ਜੋ ਭੋਜਨ ਸਾਡਾ ਮਨ ਹਰ ਵੇਲੇ ਖਾਂਦਾ ਰਹਿੰਦਾ ਹੈ, ਮਨ ਦੀ ਸਮਝ ਰਾਹੀਂ ਖਾਂਦਾ ਰਹਿੰਦਾ ਹੈ। ਜੋ ਵੀ ਸਾਡੇ ਅੰਦਰ ਵਿਚਾਰ ਉਪਜਦੇ ਹਨ ਉਹ ਸਾਡੇ ਮਨ ਦਾ ਭੋਜਨ ਹੈ। ਸਾਡੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਪਾਉਣ ਵਾਲੇ ਵਿਚਾਰ ਉਪਜਦੇ ਹਨ, ਮਾਇਆ ਮੋਹ ਵਾਲੇ, ਹਉਮੈ ਵਾਲੇ ਵਿਚਾਰ ਉਪਜਦੇ ਹਨ ਤੇ ਉਨ੍ਹਾਂ ਵਿਚਾਰਾਂ ਦੁਆਰਾ ਜੋ ਵੀ ਸਾਨੂੰ ਸਮਝ ਪੈਂਦੀ ਹੈ ਉਹ ਸਾਡੇ ਮਨ ਦਾ ਭੋਜਨ ਹੈ ਜੋ ਭੋਜਨ ਸਾਨੂੰ ਮਨਮਤਿ ਵਿੱਚ ਰੱਖਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈਣ ਤੋਂ ਦੂਰ ਰੱਖਦਾ ਹੈ। ਅੰਮ੍ਰਿਤ ਭੋਜਨ ਗੁਰੂ ਦੇ ਸੱਚੇ ਗਿਆਨ ਦਾ ਭੋਜਨ ਹੈ ਜਿਸ ਭੋਜਨ ਨੂੰ ਛਕਣ ਦੁਆਰਾ ਸਾਡੇ ਮਨ ਦੀ ਸਮਝ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲ ਕੇ ਗੁਰਮਤਿ ਦੀ ਸੱਚੀ ਸਮਝ ਦੇ ਨਾਲ ਜੁੜਦੀ ਹੈ ਭਾਵ ਭਗਤੀ ਦੇ ਮਾਰਗ ਦੀ ਸੱਚੀ ਸਮਝ ਦੇ ਨਾਲ ਜੁੜਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥”

(ਅੰਗ ੬)

“ਭੁਗਤਿ” ਭਾਵ ਭੋਜਨ ਕੀ ਹੈ, ਇਸ ਗੱਲ ਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਜੋ “ਗਿਆਨੁ” ਦੇ ਰੂਪ ਵਿੱਚ ਹੈ। ਇਹ ਗਿਆਨੁ ਰੂਪ “ਭੁਗਤਿ” ਭਾਵ ਮਨ ਦਾ ਭੋਜਨ ਜੋ ਭੋਜਨ ਸਾਡਾ ਮਨ ਛਕਦਾ ਹੈ, ਇਹ ਭੋਜਨ ਸਾਡੇ ਵੱਸ ਵਿੱਚ ਨਹੀਂ ਹੈ। ਇਹ ਗਿਆਨ ਰੂਪ ਭੋਜਨ, ਜਿਸ ਭੋਜਨ ਦੁਆਰਾ ਸਾਡੇ ਮਨ ਨੂੰ ਸਮਝ ਪੈਂਦੀ ਹੈ, ਇਹ ਭੋਜਨ ਸਾਨੂੰ ਪ੍ਰਮਾਤਮਾ ਦੀ ਦਇਆ ਦੁਆਰਾ ਮਿਲਦਾ ਹੇ ਜੋ ਗਿਆਨ ਦਾ ਭੰਡਾਰ ਹੈ। ਉਹ ਆਪਣੇ ਭੰਡਾਰ ਵਿੱਚੋਂ ਸਭ ਨੂੰ ਗਿਆਨ ਵੰਡਦਾ ਹੈ ਮਨ ਦੀ ਸਮਝ ਦੇ ਰੂਪ ਵਿੱਚ ਵੰਡਦਾ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਵੰਡਦਾ ਹੈ ਜਿਸ ਦੁਆਰਾ ਸਾਨੂੰ ਸਭ ਸਮਝ ਪੈਂਦੀ ਹੈ ਤੇ ਅਸੀਂ ਉਸ ਅਨੁਸਾਰ ਵਿਚਰਦੇ ਹਾਂ। ਇਹ ਗਿਆਨ ਦੀ “ਭੁਗਤਿ” ਸਭ ਨੂੰ ਆਪਣੇ ਘਟਿ ਦੇ ਅੰਦਰ ਮਿਲਦੀ ਹੈ ਭਾਵ ਮਨ ਦੇ ਵਿੱਚ ਮਿਲਦੀ ਹੈ। ਹਰਿ ਘਟਿ ਦੇ ਅੰਦਰ ਗਿਆਨ ਹੀ ਉਪਜਦਾ ਹੈ ਤੇ ਹੋਰ ਕੁੱਝ ਨਹੀਂ। ਮਨ ਦੇ ਅੰਦਰ ਵਿਚਾਰਾਂ ਦਾ ਉਪਜਣਾ ਹੀ ਸਾਡੇ ਅੰਦਰ ਦਾ “ਨਾਦ” ਹੈ ਜੋ ਬਿਨ੍ਹਾਂ ਕਿਸੇ ਆਵਾਜ ਤੋਂ ਵੱਜਦਾ ਰਹਿੰਦਾ ਹੈ, ਹਰ ਵੇਲੇ ਵੱਜਦਾ ਰਹਿੰਦਾ ਹੈ। ਸਭ ਦੇ ਘਟਿ ਦੇ ਅੰਦਰ ਇਹ ਗਿਆਨ ਰੂਪ ਨਾਦ ਪ੍ਰਮਾਤਮਾ ਆਪ ਹੀ ਵਜਾਉਂਦਾ ਹੈ ਜਿਸ ਦੁਆਰਾ ਹਰ ਮਨ ਨੂੰ ਗਿਆਨ ਰੂਪ ਭੋਜਨ ਮਿਲਦਾ ਹੈ ਜੋ “ਭੁਗਤਿ” ਸਾਡਾ ਮਨ ਖਾਂਦਾ ਹੈ ਭਾਵ ਮਨ ਦੇ ਵਿੱਚ ਸਮਝ ਲੈਂਦਾ ਹੈ ਜੋ ਸਮਝ ਪ੍ਰਮਾਤਮਾ ਆਪ ਹੀ ਦਿੰਦਾ ਹੈ। (**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥**) ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਗਿਆਨੁ ਰੂਪ ਭੁਗਤਿ ਦੇ ਰੂਪ ਵਿੱਚ ਹੀ ਹੈ, ਮਨ ਦੇ ਨਾਦ ਦੇ ਰੂਪ ਵਿੱਚ ਹੀ ਹੈ।

“ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥”

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ “ਗਿਆਨੁ ਰੂਪ” ਵਿੱਚ ਵਿਚਰਦਾ ਹੈ, ਆਪਣੇ ਨਿਰੰਕਾਰ ਰੂਪ ਵਿੱਚ ਵਿਚਰਦਾ ਹੈ, ਉਹੀ ਗੱਲ ਸਾਨੂੰ ਉੱਪਰ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। ਘਟਿ ਘਟਿ ਦੇ ਅੰਦਰ ਜੋ ਗਿਆਨ ਰੂਪ ਨਾਦ ਵੱਜਦਾ ਰਹਿੰਦਾ ਹੈ, ਇਸ ਰੂਪ ਵਿੱਚ ਹੀ “ਆਪਿ ਨਾਥੁ” ਭਾਵ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੈ। ਉਸ “ਨਾਥੁ” ਨੇ ਭਾਵ ਪ੍ਰਮਾਤਮਾ ਨੇ ਆਪਣੇ ਇਸ ਮਨ ਦੇ ਨਾਦ ਰਾਹੀਂ, ਮਨ ਦੇ ਭੋਜਨ ਰਾਹੀਂ, ਮਨ ਦੀ ਸਮਝ ਰਾਹੀਂ, ਮਨ ਦੇ ਗਿਆਨ ਰਾਹੀਂ, ਮਨ ਦੇ ਵਿਚਾਰਾਂ ਰਾਹੀਂ ਸਭ ਨੂੰ ਨੱਥਿਆ ਹੋਇਆ ਹੈ, ਸਭ ਨੂੰ ਨੱਥ ਪਾਈ ਹੋਈ ਹੈ ਭਾਵ ਸਭ ਨੂੰ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ। ਹਰ ਮਨੁੱਖ ਮਨ ਦੇ ਵਿਚਾਰਾਂ ਦਾ, ਮਨ ਦੀ ਸਮਝ ਦਾ ਬੱਝਿਆ ਹੋਇਆ ਹੈ ਭਾਵ ਉਹੀ ਕੁੱਝ ਕਰਦਾ ਹੈ ਜੋ ਉਸਦੀ ਸਮਝ ਉਸ ਦੇ ਕੋਲੋਂ ਕਰਵਾਉਂਦੀ ਹੈ। ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਮਨ ਦੇ ਗਿਆਨ ਰਾਹੀਂ, ਆਪਣੀ ਮਨ ਰੂਪ ਜੋਤਿ ਰਾਹੀਂ ਸਭ ਨੂੰ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਜਿਸਦੀ ਸਮਝ ਕੇਵਲ ਮਨ ਦੀ, ਜੋਤਿ ਦੀ ਸਮਝ ਪੈਣ ਦੁਆਰਾ ਹੀ ਪੈ ਸਕਦੀ ਹੈ ਕਿ ਸਾਡੇ ਅੰਦਰ ਸੋਚਾਂ ਕਿੱਥੋਂ ਆਉਂਦੀਆਂ ਹਨ, ਕੌਣ ਪਾਉਂਦਾ ਹੈ ਤੇ ਕਿਸ ਮਕਸਦ ਲਈ ਪਾਉਂਦਾ ਹੈ। ਇਹ ਉਸ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਕਿਹੜੇ ਮਨੁੱਖ ਨੂੰ ਕਿਹੋ ਜਿਹੀ ਸੋਚ ਦਿੰਦਾ ਹੈ। ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਮਾਇਆ ਮੋਹ ਦੇ ਬੰਧਨ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਕੋਈ ਵੀ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਸੰਸਾਰ ਦੀ ਸੱਚਾਈ ਕੀ ਹੈ ਭਾਵ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨੇ ਆਪ ਹੀ ਸੰਸਾਰ ਕੋਲੋਂ ਪੜਦਾ ਰੱਖਿਆ ਹੋਇਆ ਹੈ। ਮਨ ਦੇ ਵਿੱਚ, ਮਨ ਦੇ ਗਿਆਨ ਰਾਹੀਂ ਰਿਧੀਆਂ ਸਿਧੀਆਂ ਪਾਉਣ ਵਾਲਾ ਵੀ ਪ੍ਰਮਾਤਮਾ ਆਪ ਹੀ ਹੈ ਜੋ ਸਾਨੂੰ ਹੋਰ ਉਲਝਾਉਂਦੀਆਂ ਹਨ, ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਉਲਝਾਉਂਦੀਆਂ ਹਨ, ਪ੍ਰਮਾਤਮਾ ਦਾ ਅਸਲ ਰੂਪ ਜਾਨਣ ਤੋਂ ਉਲਝਾਉਂਦੀਆਂ ਹਨ ਜਿਸ ਨੂੰ ਕਿ ਉੱਪਰ ਪੰਗਤੀ ਰਾਹੀਂ ਸਾਡਾ “ਅਵਰਾ ਸਾਦ” ਦੱਸਿਆ ਹੈ, ਮਾਇਆ ਦਾ ਸਵਾਦ ਦੱਸਿਆ ਹੈ, ਭਗਤੀ ਦਾ ਮਾਰਗ ਤੋਂ ਉਲਟਾ ਸਵਾਦ ਦੱਸਿਆ ਹੈ ਜੋ ਸਵਾਦ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਜਾਨਣ ਤੋਂ ਦੂਸਰੇ ਪਾਸੇ ਖਿੱਚਦਾ ਹੈ ਭਾਵ ਭਰਮਾਂ ਵਿੱਚ ਪਾਉਂਦਾ ਹੈ। ਇਹ ਸਭ ਕੁੱਝ ਪ੍ਰਮਾਤਮਾ ਆਪਣਾ ਪੜਦਾ ਰੱਖਣ ਲਈ ਆਪ ਹੀ ਕਰਵਾਉਂਦਾ ਹੈ, ਮਨ ਦੇ ਵਿੱਚ ਸਮਝ ਪਾਉਣ ਦੁਆਰਾ ਕਰਵਾਉਂਦਾ ਹੈ ਤੇ ਮਨੁੱਖ ਮਨ ਦੀ ਸਮਝ ਨੂੰ ਆਪਣੀ ਸਮਝ ਮੰਨਦਾ ਹੈ ਜਿਸ ਦਾ ਮਾਣ ਵੀ ਉਹ ਆਪ ਹੀ ਲੈਂਦਾ ਹੈ। ਆਪ ਭਰਮ ਵਿੱਚ ਰਹਿੰਦਾ ਹੈ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਪਾ ਕੇ ਭਗਤੀ ਦੇ ਅਸਲ ਮਾਰਗ ਤੋਂ ਦੂਰ ਕਰਦਾ ਹੈ। ਇਨ੍ਹਾਂ ਰਿਧੀਆਂ ਸਿਧੀਆਂ ਨੂੰ ਅੱਗੇ ਚੱਲਕੇ ਕੁੱਝ ਬਰੀਕੀ ਨਾਲ ਸਮਝਾਂਗੇ। ਬਾਣੀ ਰਾਹੀਂ ਇਸੇ ਲਈ ਰਿਧੀਆਂ ਸਿਧੀਆਂ ਦਾ ਖੰਡਨ ਹੀ ਕੀਤਾ ਹੋਇਆ ਹੈ। (**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥**)

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੮)

{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥

ਨਾਨਕ ਉਤਮੁ ਨੀਚੁ ਨ ਕੋਇ ॥33॥}

(ਅੰਗ 7)

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥1॥}

(ਅੰਗ 593)

ਸਾਡੇ ਮਨ ਦੀ "ਭੁਗਤਿ" ਕੀ ਹੈ, "ਭੋਗ" ਕੀ ਹੈ, ਇਸ ਗੱਲ ਨੂੰ ਸਮਝ ਕੇ ਹੀ ਅਸੀਂ ਮੁੱਖ ਸ਼ਬਦ ਦੀ ਪੰਗਤੀ ਨੂੰ ਸਮਝ ਸਕਦੇ ਹਾਂ।

"ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥"

ਉੱਪਰ ਪੰਗਤੀ ਰਾਹੀਂ ਸਾਡੀ ਨਾ-ਸਮਝੀ ਹੀ ਦੱਸੀ ਹੋਈ ਹੈ ਜਿਸ ਮਨ ਦੀ ਨਾ-ਸਮਝੀ ਕਰਕੇ ਅਸੀਂ ਭਗਤੀ ਦੇ ਅਸਲ ਮਾਰਗ ਤੇ ਚੱਲਣ ਤੋਂ ਦੂਰ ਰਹਿੰਦੇ ਹਾਂ, ਸੱਚਾ ਆਤਮਿਕ ਗਿਆਨ ਨਾ ਹੋਣ ਕਰਕੇ ਦੂਰ ਰਹਿੰਦੇ ਹਾਂ ਜੋ ਕਿ ਸਾਡੇ ਅੰਦਰ ਦੀ ਆਤਮਿਕ ਮੌਤ ਦਾ ਕਾਰਨ ਹੈ। "ਭੋਗ" ਭੋਗਣਾ ਕੀ ਹੈ, ਇਸ ਗੱਲ ਨੂੰ ਅਸੀਂ ਚੰਗੀ ਤਰ੍ਹਾਂ ਸਮਝਿਆ ਹੈ ਜੋ ਭੋਗ ਭਾਵ ਭੋਜਨ ਸਾਡੇ ਮਨ ਦਾ ਭੋਜਨ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਸਾਡੇ ਮਨ ਦੀ "ਭੁਗਤਿ" ਨਾਲ, ਸਾਡੇ ਮਨ ਦੇ "ਭੋਗ" ਨਾਲ ਜੁੜੀ ਹੋਈ ਹੈ ਕਿ ਅਸੀਂ ਕਿਹੋ ਜਿਹਾ ਭੋਗ ਭੋਗਦੇ ਹਾਂ, ਕਿਹੋ ਜਿਹਾ ਭੋਜਨ ਖਾਂਦੇ ਹਾਂ। ਜੋ ਸਮਝ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਈ ਹੋਈ ਹੈ ਉਹ ਭੋਜਨ ਖਾਣ ਦੁਆਰਾ ਭਾਵ ਮਨਮਤਿ ਵਾਲੀ ਸਮਝ ਨਾਲ ਜੁੜੇ ਰਹਿਣ ਦੁਆਰਾ ਅਸੀਂ ਭਗਤੀ ਦੇ ਸੱਚੇ ਮਾਰਗ ਨਾਲ ਨਹੀਂ ਜੁੜ ਸਕਦੇ ਜੋ ਮਾਰਗ ਸਾਨੂੰ ਧਰਮ ਗ੍ਰੰਥਾਂ ਰਾਹੀਂ, ਗੁਰਬਾਣੀ ਰਾਹੀਂ ਗੁਰੂ ਪ੍ਰਮਾਤਮਾ ਨੇ ਆਪ ਸਮਝਾਇਆ ਹੋਇਆ ਹੈ ਜੋ ਗਿਆਨ ਚੌਥੇ ਪਦ ਵਾਲਾ ਗਿਆਨ ਹੈ ਜੋ ਕਿ ਹਰ ਭਰਮ ਤੋਂ ਰਹਿਤ ਹੈ ਭਾਵ ਉਨ੍ਹਾਂ ਵਿੱਚ ਸੱਚੀ ਗੁਰਮਤਿ ਵਾਲੀ ਸਮਝ ਹੈ ਜੋ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਾਉਂਦੀ ਹੈ। ਸੱਚੀ ਗੁਰਮਤਿ ਰੂਪ ਸਚਾ ਭੋਜਨ, ਅੰਮ੍ਰਿਤ ਭੋਜਨ ਖਾਣ ਦੁਆਰਾ ਹੀ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ, ਉਸ ਅਨੁਸਾਰ ਚੱਲ ਸਕਦੇ ਹਾਂ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਮਾਰਗ ਮਾਇਆ ਮੋਹ ਤੋਂ ਰਹਿਤ ਹੋ ਕੇ ਕੇਵਲ ਸੱਚੇ ਸੁੱਚੇ ਕਰਮ ਕਰਨ ਦਾ ਹੈ, ਮਨੁੱਖਤਾ ਦੇ ਭਲੇ ਲਈ ਕੰਮ ਕਰਨ ਦਾ ਹੈ। ਜੇਕਰ ਅਸੀਂ ਮਨ ਦੇ ਵਿੱਚ ਉਹ ਭੋਜਨ ਛਕਾਂਗੇ ਜਿਸ ਭੋਜਨ ਵਿੱਚ ਗੁਰਮਤਿ ਨਹੀਂ ਬਲਕਿ ਮਨਮਤਿ ਹੈ ਤਾਂ ਫਿਰ ਅਸੀਂ ਸੱਚੀ ਭਗਤੀ ਦੀ ਬਜਾਏ ਪੁੱਠੇ ਭਗਤੀ ਦੇ ਮਾਰਗ ਤੇ ਚੱਲਾਂਗੇ, ਸਰੀਰਕ ਜਪਾਂ ਤਪਾਂ ਦੇ ਨਾਲ ਜੁੜਾਂਗੇ, ਕਿਸੇ ਅੱਖਰ ਦੇ ਜਪ ਨਾਲ ਜੁੜਾਂਗੇ ਤੇ ਹੋਰ ਅਨੇਕਾਂ ਹੀ ਮਨਮਤਿ ਦੁਆਰਾ ਬਣਾਏ ਹੋਏ ਤਰੀਕਿਆਂ ਨਾਲ ਜੁੜਾਂਗੇ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਤਰੀਕੇ ਥਾਪਿਆ ਹੋਇਆ ਹੈ ਤੇ ਗੁਰਬਾਣੀ ਰਾਹੀਂ ਇਹੋ ਜਿਹੇ ਸਭ ਤਰੀਕਿਆਂ ਦਾ ਅਨੇਕਾਂ ਸ਼ਬਦਾਂ ਦੁਆਰਾ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਆਪਣੀ ਮਤਿ ਨਾਲ ਜੁੜਕੇ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ, ਇਹੀ ਗੱਲ ਸਾਨੂੰ ਉੱਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ। "**ਆਪੀਨੈ੍ ਭੋਗ ਭੋਗਿ ਕੈ**" ਤੋਂ ਭਾਵ ਹੈ ਆਪਣੀ ਮਤਿ ਦਾ ਭੋਗ ਭੋਗਣਾ, ਆਪਣੀ ਸਮਝ ਦਾ ਭੋਗ ਭੋਗਣਾ ਭਾਵ ਆਪਣੀ ਮਤਿ ਦਾ ਭੋਜਨ ਛਕਣਾ ਭਾਵ ਮਨਮਤਿ ਦੀ ਗੱਲ ਨੂੰ ਮੰਨਣਾ। ਜੋ ਵੀ "ਮਤਿ" ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਹ ਮਨਮਤਿ ਹੈ, ਨਾ-ਸਮਝ ਮਤਿ ਹੈ ਤੇ ਸਭ ਪਾਸੇ ਮਨਮਤਿ ਦਾ ਹੀ ਪਸਾਰਾ ਹੈ, ਭਰਮਾਂ ਵਾਲੀ ਮਤਿ ਦਾ ਹੀ ਪਸਾਰਾ ਹੈ ਜਿਸ ਰਾਹੀਂ ਅਸੀਂ ਆਪਣੀ-ਆਪਣੀ ਮਤਿ ਅਨੁਸਾਰ, ਆਪਣੀ-ਆਪਣੀ ਆਸਥਾ ਅਨੁਸਾਰ, ਆਪਣੀ-ਆਪਣੀ ਮਰਿਆਦਾ ਅਨੁਸਾਰ ਸੰਸਾਰ ਵਿੱਚ ਅਨੇਕਾਂ ਹੀ ਅਨੇਕਾਂ ਭਗਤੀ ਦੇ ਤਰੀਕੇ ਬਣਾਏ ਹੋਏ ਹਨ। ਇਹ ਸਭ ਆਪਣੀ ਮਤਿ ਦਾ ਭੋਗ ਭੋਗਣਾ ਹੈ, ਮਨਮਤਿ ਪਿੱਛੇ ਲੱਗਣਾ ਹੈ। ਸਭ ਪਾਸੇ ਮਨਮਤਿ ਦਾ ਹੀ ਪਸਾਰਾ ਹੈ ਤੇ ਆਪਣੀ ਮਨਮਤਿ ਦੁਆਰਾ ਹੀ ਅਨੇਕਾਂ ਹੀ ਅਨੇਕਾਂ ਨੇ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਥਾਪਿਆ ਹੋਇਆ ਹੈ। ਉਹ ਆਪ ਮਨਮਤਿ ਤੇ ਚੱਲਦੇ ਹਨ ਤੇ ਅਨੇਕਾਂ ਹੀ ਅਨੇਕਾਂ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਨ। ਸਾਰੇ ਸੰਸਾਰ ਵਿੱਚ ਭਗਤੀ ਦੇ ਸੱਚੇ ਮਾਰਗ ਦੀ ਸਮਝ ਕੇਵਲ ਧਰਮ ਗ੍ਰੰਥਾਂ ਦੇ ਵਿੱਚ ਹੀ ਹੈ ਜਿਨ੍ਹਾਂ ਨੂੰ ਸਮਝਣਾ ਤੇ ਮੰਨਣਾ ਬਹੁਤ ਔਖਾ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮਾਂ ਵਿੱਚ ਰੱਖਿਆ ਹੋਇਆ ਹੈ। ਕਿਸੇ ਨੂੰ ਘੱਟ ਭਰਮ ਵਿੱਚ ਕਿਸੇ ਨੂੰ ਜਿਆਦਾ ਭਰਮਾਂ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਹ ਸੰਸਾਰ ਦੀ ਖੇਡ ਨੂੰ ਚਲਾ ਰਹਿਆ ਹੈ।ਸਾਡੇ ਅੰਦਰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਾ ਹੋਣਾ ਹੀ ਸਾਡੀ ਆਤਮਿਕ ਮੌਤ ਹੈ ਜਿਵੇਂ ਕਿ ਉੱਪਰ ਪੰਗਤੀ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ। "**ਹੋਏ ਭਸਮੜਿ ਭਉਰੁ ਸਿਧਾਇਆ**" ਕਹਿ ਕੇ ਸਮਝਾਇਆ ਹੋਇਆ ਹੈ। ਭਸਮੜਿ ਮਿੱਟੀ ਦੀ ਢੇਰੀ ਨੂੰ ਕਹਿੰਦੇ ਹਨ ਜੋ ਕਿ ਸਾਡੇ ਅੰਦਰ ਦੀ ਸਮਝ ਨੂੰ ਕਹਿਆ ਹੈ, ਆਪਣੀ ਮਤਿ ਨੂੰ, ਮਨਮਤਿ ਨੂੰ ਕਹਿਆ ਹੈ। ਸਾਡੇ ਅੰਦਰ ਦੀ ਉਹ ਮਤਿ ਜਿਸ ਵਿੱਚ ਗੁਰੂ ਦਾ ਸੱਚਾ ਗਿਆਨ ਨਹੀਂ ਹੈ ਉਹ ਮਰੀ ਹੋਈ ਮਤਿ ਹੈ, ਸਾਡੀ ਆਤਮਿਕ ਮੌਤ ਹੈ। "ਭਉਰ" ਸਾਡੇ ਅੰਦਰ ਦੀ ਆਤਮਾ ਹੈ ਭਾਵ ਮਨ ਦੀ ਸਮਝ ਹੈ ਜਿਸ ਰਾਹੀਂ ਮਨੁੱਖ ਵਿਚਰਦਾ ਹੈ। ਸਾਨੂੰ ਸਾਡੇ ਜੀਵਨ ਦੀ ਸੱਚੀ ਸਮਝ ਗੁਰੂ ਦਾ ਗਿਆਨ ਹੀ ਪਾ ਸਕਦਾ ਹੈ ਜਿਸਨੂੰ ਮੰਨਣ ਦੁਆਰਾ ਹੀ ਸਾਡੀ ਮਰੀ ਹੋਈ ਸਮਝ ਫਿਰ ਜੀਵਤ ਹੋ ਸਕਦੀ ਹੈ ਤੇ ਗੁਰੂ ਦਾ ਗਿਆਨ ਵੱਸੇ ਬਿਨ੍ਹਾਂ ਸਭ ਦੀ ਸਮਝ ਇੱਕ ਮਿੱਟੀ ਦੇ ਢੇਰ ਵਰਗੀ ਹੀ ਹੈ ਜੋ ਸਾਡੇ ਜੀਵਨ ਨੂੰ ਬਰਬਾਦ ਹੀ ਕਰਦੀ ਹੈ, ਭਗਤੀ ਦੇ ਸਹੀ ਮਾਰਗ ਤੋਂ ਦੂਰ ਰੱਖਣ ਦੁਆਰਾ ਸਾਡਾ ਜੀਵਨ

ਨਾਸ ਕਰਦੀ ਹੈ। (**ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥**) ਸਾਡਾ ਆਤਮਿਕ ਤੋਰ ਤੇ ਮਰਨਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥”

(ਅੰਗ ੮੮)

ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਰੇ ਸੰਸਾਰ ਨੂੰ ਹੀ ਮਿਰਤਕ ਕਹਿਆ ਹੈ ਜਿਸ ਵਿੱਚ ਹਰ ਕੋਈ ਆਉਂਦਾ ਹੈ। ਕਿਸ ਲਈ ਮਿਰਤਕ ਕਹਿਆ ਹੈ ਇਸ ਗੱਲ ਨੂੰ ਵੀ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। (**ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥**) ਸਾਡੇ ਅੰਦਰ “ਗਿਆਨੁ” ਨਾ ਹੋਣ ਕਰਕੇ ਸਭ ਨੂੰ ਮਿਰਤਕ ਕਹਿਆ ਹੈ ਭਾਵ ਆਤਮਿਕ ਮੌਤ ਮਰਿਆ ਹੋਇਆ ਆਖਿਆ ਹੈ। ਹੁਣ ਧਿਆਨ ਨਾਲ ਸਮਝੋ ਕਿ ਕੋਈ ਸੰਸਾਰ ਵਿੱਚ ਐਸਾ ਮਨੁੱਖ ਵੀ ਹੁੰਦਾ ਹੈ ਜਿਸ ਦੇ ਅੰਦਰ ਗਿਆਨ ਨਾ ਹੋਵੇ ਭਾਵ ਮਨ ਦੀ ਸਮਝ ਨਾ ਹੋਵੇ। ਸਮਝ ਸਭ ਦੇ ਅੰਦਰ ਹੁੰਦੀ ਹੈ, ਮਨ ਦੇ ਵਿੱਚ ਗਿਆਨ ਸਭ ਦੇ ਅੰਦਰ ਹੁੰਦਾ ਹੈ ਪਰ ਫਿਰ ਵੀ ਸੰਸਾਰ ਨੂੰ ਆਤਮਿਕ ਤੌਰ ਤੇ ਮਰਿਆ ਹੋਇਆ ਆਖਿਆ ਹੈ। ਪ੍ਰਮਾਤਮਾ ਨੂੰ ਜਾਨਣ ਜਾਂ ਨਾ ਜਾਨਣ ਦਾ ਰਾਜ, ਭਗਤੀ ਦੇ ਸੱਚੇ ਮਾਰਗ ਨੂੰ ਜਾਨਣ ਜਾਂ ਨਾ ਜਾਨਣ ਦਾ ਰਾਜ ਸਾਡੇ ਮਨ ਦੇ ਗਿਆਨ ਨਾਲ ਭਾਵ ਸਮਝ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਸਾਰਾ ਭੇਦ ਸਾਡੇ ਅੰਦਰ “ਤ੍ਰੈਗੁਣੀ” ਗਿਆਨ ਦਾ ਤੇ “ਚੌਥੇ ਪਦ” ਦੇ ਗਿਆਨ ਦਾ ਹੈ। ਤ੍ਰੈਗੁਣਾਂ ਵਾਲੀ ਸਮਝ, ਹਉਮੈ ਵਾਲੀ, ਮਾਇਆ ਵਾਲੀ ਸਮਝ ਵਿੱਚ ਰਹਿੰਦੇ ਹੋਏ ਹਰ ਕੋਈ ਆਤਮਿਕ ਤੌਰ ਤੇ ਮਿਰਤਕ ਹੀ ਹੈ ਜਿਸਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਹਾਂ ਤੇ ਨਾ ਹੀ ਭਗਤੀ ਦੇ ਸੱਚੇ ਮਾਰਗ ਨੂੰ, ਨਾਮ ਨੂੰ ਜਾਣ ਸਕਦੇ ਹਾਂ। ਸੱਚੀ ਭਗਤੀ ਦੀ ਸਮਝ ਦਾ ਮਾਲਕ, ਨਾਮ ਦਾ ਮਾਲਕ ਬ੍ਰਹਮ ਗਿਆਨੀ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਸਾਡੇ ਅੰਦਰ ਆਪਣੇ ਆਪ ਨੂੰ “ਗਿਆਨ” ਰੂਪ ਵਿੱਚ ਹੀ ਪਰਗਟ ਕਰਦਾ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਉਸ ਨੇ ਆਪ ਹੀ ਸਾਰੇ ਸੰਸਾਰ ਨੂੰ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ, ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਲਈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਆਪ ਹੀ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ, ਮਨਮਤਿ ਵਿੱਚ ਰੱਖਿਆ ਹੋਇਆ ਹੈ। (**ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥**) ਸਾਰਾ ਸੰਸਾਰ ਕਿਸ ਕਰਕੇ ਮਿਰਤਕ ਹੈ ਭਾਵ ਮਨੁੱਖ ਦੇ ਅੰਦਰ ਸੱਚਾ ਗਿਆਨ ਕਿਸ ਕਰਕੇ ਨਹੀਂ ਹੈ, ਇਹ ਨਾਲ ਹੀ ਉਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥”

ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਸੰਸਾਰ ਮਿਰਤਕ ਕਿਸ ਕਰਕੇ ਹੈ ਭਾਵ ਮਨੁੱਖ ਦੇ ਅੰਦਰ ਉਹ ਕਿਹੜਾ ਗਿਆਨ ਹੈ ਜੋ ਗਿਆਨ ਮਨੁੱਖ ਦੇ ਅੰਦਰ ਹੋਣ ਦੁਆਰਾ ਮਨੁੱਖ ਮ੍ਰਿਤਕ ਨਹੀਂ ਰਹਿੰਦਾ ਭਾਵ ਮਨੁੱਖ ਦੀ ਸਮਝ ਜੀਅ ਪੈਂਦੀ ਹੈ, ਉਸਦਾ “ਅਸਲ ਜਨਮ” ਹੋ ਜਾਂਦਾ ਹੈ ਜਿਸ ਸੱਚੇ ਜਨਮ ਦੀ ਗੱਲ ਗੁਰਬਾਣੀ ਸਭ ਨੂੰ ਸਮਝਾਉਂਦੀ ਹੈ। ਇਹ ਜਨਮ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੈ ਜੋ ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਜਦੋਂ ਸਾਡੇ ਮਨ ਦੀ ਸਮਝ ਚੌਥੇ ਪਦੇ ਦੇ ਗਿਆਨ ਵਾਲੀ ਹੋ ਜਾਂਦੀ ਹੈ, ਸ਼ਬਦਾਂ ਦੇ ਸੱਚੇ ਵਿਚਾਰਾਂ ਦੀ ਸਮਝ ਵਾਲੀ ਹੋ ਜਾਂਦੀ ਹੈ, ਬ੍ਰਹਮ ਗਿਆਨ ਦੀ ਸਮਝ ਵਾਲੀ ਹੋ ਜਾਂਦੀ ਹੈ, ਇਹ ਸਾਡਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੈ ਜੋ ਜਨਮ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦਾ ਹੈ ਤੇ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹੋ ਜਿਹੀ ਸਮਝ ਦੁਆਰਾ ਹੀ ਮਨੁੱਖ ਭਗਤੀ

ਦੇ ਸੱਚੇ ਮਾਰਗ ਤੇ ਚੱਲਦਾ ਹੈ ਜੋ ਮਨੁੱਖ ਦਾ ਅਸਲ ਜਿਉਣਾ ਹੈ। ਅੱਗੇ ਚੱਲਕੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਹੋਰ ਵੀ ਸਮਝਾਂਗੇ। ਸੱਚਾ ਗਿਆਨ ਜਿਸ ਦੁਆਰਾ ਮਨੁੱਖ ਜਿਉਂਦਾ ਹੈ ਉਹ ਸ਼ਬਦਾਂ ਦੀ ਸੱਚੀ ਵਿਚਾਰ ਹੈ, ਗੁਰੂ ਦੀ ਵਿਚਾਰ ਹੈ। ਗੁਰੂ ਆਪਣੇ ਹਰ ਸ਼ਬਦ ਰਾਹੀਂ ਸੰਸਾਰ ਨੂੰ ਆਪਣੀ ਸੱਚੀ ਵਿਚਾਰ ਹੀ ਦਿੰਦਾ ਹੈ, ਸੱਚਾ ਗਿਆਨ ਹੀ ਦਿੰਦਾ ਹੈ ਜਿਸ ਗਿਆਨ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਕੱਢਣ ਦੇ ਨਾਲ ਹੈ, ਮਾੜੀ ਸਮਝ ਕੱਢਣ ਦੇ ਨਾਲ ਹੈ ਜਿਸ ਸਮਝ ਵਿੱਚ ਰਹਿੰਦਿਆਂ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ, ਅਗਿਆਨਤਾ ਵਿੱਚ ਰਹਿੰਦੇ ਹਾਂ, ਮਾਇਆ ਵਿੱਚ ਰਹਿੰਦੇ ਹਾਂ, ਹਉਮੈ ਵਿੱਚ ਰਹਿੰਦੇ ਹਾਂ ਭਾਵ ਅਨੇਕਾਂ ਹੀ ਭਰਮਾਂ ਵਿੱਚ ਰਹਿੰਦੇ ਹਾਂ ਤੇ ਭਗਤੀ ਦੇ ਉਹੋ ਜਿਹੇ ਮਾਰਗ ਨੂੰ ਅਪਣਾਉਂਦੇ ਹਾਂ ਜੋ ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹੁੰਦਾ। ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਹੈ, ਗੁਰੂ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ।

{ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥}

(ਅੰਗ ੫੧੬)

{ਗੁਰ ਕੀ ਸੇਵਾ ਸਬਦੁ ਵੀਚਾਰੁ ॥
ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ ੨੨੩)

{ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ ੨੨੯)

ਸ਼ਬਦਾਂ ਦੀ ਵਿਚਾਰ ਦੁਆਰਾ ਸਾਨੂੰ ਸੱਚਾ ਗਿਆਨ ਹੀ ਮਿਲਦਾ ਹੈ, ਸੱਚੀ ਸਮਝ ਹੀ ਮਿਲਦੀ ਹੈ ਤੇ ਉਹੀ ਨਾਮ ਹੈ। ਜੋ ਗੁਰੂ ਦੇ ਸੱਚੇ ਗਿਆਨ ਨੂੰ, ਸ਼ਬਦਾਂ ਦੀ ਵਿਚਾਰ ਨੂੰ ਆਪਣੇ ਅੰਦਰ ਵਿਚਾਰ ਲੈਂਦਾ ਹੈ ਭਾਵ ਮੰਨ ਲੈਂਦਾ ਹੈ, ਉਹ ਨਾਮ ਜਪ ਲੈਂਦਾ ਹੈ ਤੇ ਮਨ ਦੀ ਸੱਚੀ ਸਮਝ ਦੁਆਰਾ ਉਹ ਫਿਰ ਮਿਰਤਕ ਨਹੀਂ ਰਹਿੰਦਾ। ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ "ਨਾਮੁ" ਰੂਪ ਹੈ। ਜਿਸ ਦੇ ਅੰਦਰ ਗਿਆਨੁ ਰੂਪ ਪ੍ਰਮਾਤਮਾ ਵੱਸ ਜਾਂਦਾ ਹੈ, ਉਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ, ਨਾਮ ਨੂੰ ਜਾਣ ਸਕਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਨੂੰ ਜਾਣ ਸਕਦਾ ਹੈ ਜੋ ਸੱਚਾ ਮਾਰਗ ਸੱਚੇ ਗਿਆਨ ਦਾ ਮਾਲਕ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਤੇ ਉਨ੍ਹਾਂ ਨੇ ਹੀ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਸੱਚਾ ਗਿਆਨ ਦਿੱਤਾ ਹੈ, ਨਾਮ ਦਿੱਤਾ ਹੈ ਜਿਸਦਾ ਮਕਸਦ ਸੰਸਾਰ ਨੂੰ ਮਿਰਤਕ ਮਤਿ ਵਿੱਚੋਂ, ਅਗਿਆਨਤਾ ਵਾਲੀ ਮਤਿ ਵਿੱਚੋਂ, ਮਨਮਤਿ ਵਿੱਚੋਂ, ਦੁਰਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਸੰਸਾਰ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕੇ, ਉਸ ਤੇ ਚੱਲ ਸਕੇ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੇ ਜੋ ਸਾਡੇ ਸਭ ਦੇ ਅੰਦਰ ਗਿਆਨ ਰੂਪ ਵਿੱਚ ਹੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੈ, "ਬ੍ਰਹਮ ਗਿਆਨ" ਦੇ ਰੂਪ ਵਿੱਚ ਹੈ ਤੇ ਗੁਰਬਾਣੀ ਦਾ ਸੱਚਾ ਗਿਆਨ ਸਾਡੇ ਅੰਦਰ ਵੱਸਣਾ ਹੀ ਪ੍ਰਮਾਤਮਾ ਦਾ ਵੱਸਣਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਪ੍ਰਮਾਤਮਾ ਨੂੰ ਜਾਨਣ ਲਈ, ਭਗਤੀ ਦੇ ਸੱਚੇ ਮਾਰਗ ਨੂੰ ਜਾਨਣ ਲਈ ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਗੁਰਬਾਣੀ ਦੇ ਸੱਚੇ ਗਿਆਨ ਨੂੰ, ਬ੍ਰਹਮ ਗਿਆਨ ਨੂੰ ਭਾਵ ਨਾਮ ਨੂੰ ਆਪਣੇ ਅੰਦਰ ਵਸਾਉਣ ਦਾ ਹੈ, ਗੁਰੂ

ਦੀ ਮਤਿ ਨੂੰ ਮੰਨਣ ਦਾ ਹੈ, ਮਨਮਤਿ ਛੱਡਣ ਦਾ ਹੈ ਜਿਸ ਮਨਮਤਿ ਨੂੰ ਛੱਡੇ ਬਿਨ੍ਹਾਂ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਨਹੀਂ ਸਮਝ ਸਕਦੇ ਤੇ ਨਾ ਹੀ ਉਸ ਅਨੁਸਾਰ ਚੱਲ ਸਕਦੇ ਹਾਂ ਤੇ ਨਾ ਹੀ ਆਪਣੀ ਖੁਆਰੀ ਤੋਂ ਬੱਚ ਸਕਦੇ ਹਾਂ, ਸਜਾਵਾਂ ਤੋਂ ਬੱਚ ਸਕਦੇ ਹਾਂ ਜੋ ਸਜਾਵਾਂ ਸਾਨੂੰ ਮਨ ਦੀ ਮਿਰਤਕ ਮਤਿ ਹੋਣ ਕਰਕੇ, ਨਾ-ਸਮਝ ਮਤਿ ਹੋਣ ਕਰਕੇ ਮਿਲਦੀਆਂ ਹਨ, ਮਾਇਆ ਮੋਹ ਕਰਕੇ ਮਿਲਦੀਆਂ ਹਨ, ਮਾੜੇ ਕਰਮ ਕਰਨ ਦੁਆਰਾ ਮਿਲਦੀਆਂ ਹਨ। (**ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥**)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥
ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ ੧੨੯)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥
ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥
ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥}

(ਅੰਗ ੧੨੦)

{ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥}

(ਅੰਗ ੫੯੪)

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ ੪੫੬)

{ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ ੪੦)

ਸਾਡਾ ਆਤਮਿਕ ਤੌਰ ਤੇ ਮਰਨਾ ਕੀ ਹੈ, ਇਸ ਗੱਲ ਨੂੰ ਅਸੀਂ ਸ਼ਬਦ ਦੁਆਰਾ ਸਮਝਿਆ ਹੈ ਤੇ ਹੁਣ ਅਸੀਂ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਨੂੰ ਹੋਰ ਵੀ ਦ੍ਰਿੜਤਾ ਨਾਲ ਸਮਝ ਸਕਦੇ ਹਾਂ।

“ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥”

ਆਪਣੀ ਮਤਿ ਦਾ ਭੋਗ ਭੋਗਣ ਦੁਆਰਾ ਭਾਵ ਆਪਣੀ ਅਗਿਆਨਤਾ ਵਾਲੀ ਨਾ-ਸਮਝ ਮਤਿ ਦੁਆਰਾ ਜਿਹੋ ਜਿਹੇ ਅਸੀਂ ਭਗਤੀ ਦੇ ਮਾਰਗ ਤੇ ਚੱਲਦੇ ਹਾਂ, ਕਿਸੇ ਅੱਖਰ ਨੂੰ ਨਾਮ ਸਮਝ ਕੇ ਜਪਦੇ ਹਾਂ, ਉਸ ਦੁਆਰਾ ਅਸੀਂ ਆਪਣੇ ਵੱਲੋਂ ਪ੍ਰਮਾਤਮਾ

ਦੇ ਗੁਣ ਹੀ ਗਾਉਂਦੇ ਹਾਂ, ਪ੍ਰਮਾਤਮਾ ਦੀ ਵਡਿਆਈ ਹੀ ਕਰਦੇ ਹਾਂ ਜਿਸ ਵਿੱਚ ਪ੍ਰਮਾਤਮਾ ਦੀ, ਗੁਰੂ ਦੀ ਵਡਿਆਈ ਤਾਂ ਨਹੀਂ ਹੁੰਦੀ ਪਰ ਸਾਡੀ ਆਪਣੀ ਵਡਿਆਈ ਹੁੰਦੀ ਹੈ ਜੋ ਵਡਿਆਈ ਸਾਨੂੰ ਸਮਾਜ ਵਿੱਚੋਂ ਮਿਲਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ, ਪ੍ਰਮਾਤਮਾ ਦੀ ਵਡਿਆਈ ਕੇਵਲ ਗੁਰੂ ਦੀ ਮਤਿ ਅਨੁਸਾਰ ਵਿਚਰਨ ਦੁਆਰਾ ਹੁੰਦੀ ਹੈ ਭਾਵ ਗੁਰਮਤਿ ਨੂੰ ਉੱਚਾ ਕਰਨ ਦੁਆਰਾ ਤੇ ਆਪਣੀ ਨਾ-ਸਮਝ ਮਤਿ ਨੂੰ ਨੀਵਾਂ ਕਰਨ ਦੁਆਰਾ ਹੁੰਦੀ ਹੈ, ਮਨਮਤਿ ਛੱਡਣ ਦੁਆਰਾ ਹੁੰਦੀ ਹੈ ਜੋ ਕਿ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਵਿਚਰਨ ਦੁਆਰਾ ਹੁੰਦੀ ਹੈ। ਆਪਣੀ ਮਨਮਤਿ ਵਾਲੀ ਭਗਤੀ ਦੁਆਰਾ ਅਸੀਂ ਆਪਣੇ ਆਪ ਨੂੰ ਹੀ ਵੱਡਾ ਕਰਦੇ ਹਾਂ, ਸਮਾਜ ਵਿੱਚ ਉੱਚਾ ਕਰਦੇ ਹਾਂ। (**ਵਡਾ ਹੋਆ ਦੁਨੀਦਾਰੁ**)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥}

(ਅੰਗ ੫੮)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥}

(ਅੰਗ ੭੯੫)

{ਮੂਰਖ ਅੰਧਿਆ ਅੰਧੀ ਧਾਤੁ ॥
ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ ੫੩)

ਗੁਰੂ ਦੀ ਮਤਿ ਤੇ ਚੱਲਣ ਵਾਲਾ ਮਨੁੱਖ ਕਦੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਨਹੀਂ ਥਾਪਦਾ। ਜਿਸਨੂੰ ਸੱਚੀ ਭਗਤੀ ਦੀ ਸਮਝ ਹੁੰਦੀ ਹੈ ਉਸਨੂੰ ਫਿਰ ਇਹ ਵੀ ਸਮਝ ਹੁੰਦੀ ਹੈ ਕਿ ਭਗਤੀ ਦਾ ਗਿਆਨ ਦੇਣ ਵਾਲਾ ਕੌਣ ਹੈ ਤੇ ਸੱਚੀ ਭਗਤੀ ਕੀ ਹੈ ਜੋ ਭਗਤੀ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕਰਵਾਉਂਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਵੱਡਾ ਨਹੀਂ ਅਖਵਾਉਂਦਾ ਤੇ ਪ੍ਰਮਾਤਮਾ ਨੂੰ ਹੀ ਵਡਿਆਉਂਦਾ ਹੈ। ਪ੍ਰਮਾਤਮਾ ਦੀ ਸਭ ਤੋਂ ਪਹਿਲੀ ਵਡਿਆਈ ਹੀ ਇਹ ਹੈ ਕਿ ਸਭ ਕੁੱਝ ਉਹ ਆਪ ਹੈ ਜਿਸ ਦੀ ਸਮਝ ਹੀ ਉਸਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਲੱਗਦੀ ਹੈ ਤੇ ਸਮਝ ਆਉਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜਿਸ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਸਰੀਰ ਰਾਹੀਂ ਆਪਣਾ ਸੱਚਾ ਗਿਆਨ ਉਹ ਆਪ ਹੀ ਦਿੰਦਾ ਹੈ, ਉਹ ਮਨੁੱਖੀ ਸਰੀਰ ਉਸਦਾ ਆਪਣਾ ਹੀ ਰੂਪ ਹੁੰਦਾ ਹੈ ਜਿਸ ਕਰਕੇ ਉਨ੍ਹਾਂ

ਸਰੀਰਾਂ ਨੂੰ ਵਡਿਆਉਣਾ ਪ੍ਰਮਾਤਮਾ ਨੂੰ ਵਡਿਆਉਣਾ ਹੀ ਹੈ। ਉਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਆਪਣੀ ਸੱਚੀ ਭਗਤੀ ਆਪ ਹੀ ਕਰਵਾਉਂਦਾ ਹੈ, ਆਪਣੀ ਸਮਝਾਈ ਹੋਈ ਗੁਰਮਤਿ ਅਨੁਸਾਰ ਉਨ੍ਹਾਂ ਨੂੰ ਆਪ ਹੀ ਚਲਾਉਂਦਾ ਹੈ, ਆਪਣੇ ਸ਼ਬਦਾਂ ਦੀ ਵਡਿਆਈ ਉਨ੍ਹਾਂ ਰਾਹੀਂ ਆਪ ਹੀ ਕਰਵਾਉਂਦਾ ਹੈ। ਸ਼ਬਦਾਂ ਦੇ ਅੰਦਰ ਦੀ ਮਤਿ ਨੂੰ ਮੰਨਣਾ ਸ਼ਬਦ ਨੂੰ ਉੱਚਾ ਕਰਨਾ ਹੈ, ਸ਼ਬਦ ਨੂੰ ਵਡਿਆਉਣਾ ਹੈ ਤੇ ਜਿਨ੍ਹਾਂ ਸਰੀਰਾਂ ਨੇ ਇਸ ਤਰੀਕੇ ਗੁਰਮਤਿ ਨੂੰ ਉੱਚਾ ਕੀਤਾ ਹੈ ਉਨ੍ਹਾਂ ਸਰੀਰਾਂ ਦੀ ਵਡਿਆਈ ਸੱਚੀ ਵਡਿਆਈ ਹੈ। ਭਗਤ ਰੂਪ, ਗੁਰੂ ਰੂਪ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ, ਸ਼ਬਦਾਂ ਦੀ ਸੱਚੀ ਸਮਝ ਦੁਆਰਾ ਪ੍ਰਮਾਤਮਾ ਦੇ ਆਪਣੇ ਹੀ ਰੂਪ ਹਨ ਜਿਨ੍ਹਾਂ ਦੀ ਵਡਿਆਈ ਸੱਚੀ ਵਡਿਆਈ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ, ਮਨਮਤਿ ਵਿੱਚ ਰਹਿੰਦੇ ਹੋਏ ਆਪਣੀ ਦਿਖਾਵਿਆਂ ਵਾਲੀ ਭਗਤੀ ਦੀ ਵਡਿਆਈ ਲੈਣੀ ਝੂਠੀ ਵਡਿਆਈ ਹੈ ਜਿਸ ਦੀਆਂ ਸਜਾਵਾਂ ਵੀ ਭੁਗਤਣੀਆਂ ਪੈਂਦੀਆਂ ਹਨ ਜਿਵੇਂ ਕਿ ਨਾਲ ਹੀ ਪੰਗਤੀ ਦੇ ਵਿੱਚ ਸਮਝਾਇਆ ਹੋਇਆ ਹੈ। (**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥**)

ਇਸ ਪੰਗਤੀ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਪਹਿਲਾਂ ਇਸ ਗੱਲ ਨੂੰ ਸਮਝਦੇ ਹਾਂ ਕਿ ਭਗਤੀ ਦੀ ਸੱਚੀ ਵਡਿਆਈ ਕਿਸ ਤਰੀਕੇ ਮਿਲਦੀ ਹੈ ਜੋ ਕਿ ਉਸਨੂੰ ਮਿਲਦੀ ਹੈ ਜੋ ਆਪ ਸੱਚ ਤੇ ਚੱਲਦਾ ਹੈ ਤੇ ਦੂਸਰਿਆਂ ਨੂੰ ਸੱਚ ਤੇ ਚੱਲਣਾ ਸਮਝਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥”

(ਅੰਗ ੧੩੫-੧੩੬)

ਭਗਤੀ ਦੇ ਮਾਰਗ ਤੇ ਵਡਿਆਈ ਉਸਦੀ ਸੱਚੀ ਹੈ ਜੋ ਆਪ ਸੱਚੁ ਤੇ ਚੱਲਦਾ ਹੈ ਤੇ ਦੂਸਰਿਆਂ ਨੂੰ ਸੱਚੇ ਦੇ ਨਾਲ ਜੋੜਦਾ ਹੈ ਭਾਵ ਸੱਚ ਸਮਝਾਉਂਦਾ ਹੈ, ਭਗਤੀ ਦੇ ਸੱਚੇ ਮਾਰਗ ਤੇ ਆਪ ਚੱਲਦਾ ਹੈ ਤੇ ਦੂਸਰਿਆਂ ਨੂੰ ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਭਾਵ ਜੋ ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਣਾ ਸਿਖਾਉਂਦਾ ਹੈ। ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਅਸੀਂ ਆਪ ਸੱਚੇ ਕਿਵੇਂ ਬਣਨਾ ਹੈ ਤੇ ਦੂਸਰਿਆਂ ਨੂੰ ਸੱਚੇ ਕਿਵੇਂ ਬਣਾਉਣਾ ਹੈ, ਇਹੀ ਗੱਲ ਸਾਨੂੰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥”

ਅਸੀਂ ਪਹਿਲੇ ਆਪ ਨਾਮ ਵਾਲੇ ਬਣਨਾ ਹੈ ਤੇ ਫਿਰ ਨਾਮ ਦਾ ਦਾਨ ਕਰਨਾ ਹੈ ਭਾਵ ਦੂਸਰਿਆਂ ਨੂੰ ਵੰਡਣਾ ਹੈ। ਨਾਮ ਦਾਨ ਤੋਂ ਉੱਤੇ ਸੰਸਾਰ ਵਿੱਚ ਕੋਈ ਦਾਨ ਨਹੀਂ ਹੈ। ਜਿਸ ਨੂੰ ਪਹਿਲੇ ਇਹ ਦਾਨ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ ਭਾਵ ਜੋ ਆਪ ਨਾਮ ਜਪਦਾ ਹੈ, ਉਹੀ ਅੱਗੇ ਇਹ ਦਾਨ ਦੇ ਸਕਦਾ ਹੈ। ਗੁਰੂ ਨੂੰ ਪ੍ਰਮਾਤਮਾ ਨੇ ਉਸ ਦੇ ਅੰਦਰ ਪਰਗਟ ਹੋਣ ਦੁਆਰਾ ਇਹ ਦਾਨ ਦਿੱਤਾ ਹੋਇਆ ਹੈ ਤੇ ਗੁਰੂ ਅੱਗੇ ਸਾਰੇ ਸੰਸਾਰ ਨੂੰ ਇਹ ਦਾਨ ਵੰਡ ਰਹਿਆ ਹੈ, ਗੁਰਬਾਣੀ ਰਾਹੀਂ ਵੰਡ ਰਹਿਆ ਹੈ। ਜੋ ਪਹਿਲੇ ਗੁਰੂ ਕੋਲੋਂ ਇਹ ਦਾਨ ਲਵੇਗਾ ਉਹੀ ਇਸ ਦਾਨ ਨੂੰ ਅੱਗੇ ਵੰਡ ਸਕਦਾ ਹੈ। ਗੁਰੂ ਕੋਲੋਂ ਇਹ ਦਾਨ ਕਿਵੇਂ ਮਿਲਦਾ ਹੈ, ਕਿਵੇਂ ਲੈਣਾ ਹੈ ਇਹੀ ਗੱਲ ਸਮਝਾਈ ਹੋਈ ਹੈ। ਅਸੀਂ ਗੁਰੂ ਦੀ ਮਤਿ ਨੂੰ ਭਾਵ ਨਾਮ ਨੂੰ ਆਪਣੇ ਅੰਦਰ ਧਿਆਉਣਾ ਹੈ ਭਾਵ ਮੰਨਣਾ ਹੈ ਤੇ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਤਾਂ ਹੀ ਧਿਆਵਾਂਗੇ ਜੇਕਰ ਪਹਿਲਾਂ ਗੁਰੂ ਦੀ ਗੱਲ ਨੂੰ ਸੁਣਾਗੇ, ਉਸਨੂੰ ਸਮਝਾਂਗੇ ਤੇ ਉਸ ਨੂੰ ਮੰਨਣ ਦੁਆਰਾ ਉਸ ਤੇ ਅਮਲ ਕਰਾਂਗੇ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜੇਕਰ ਪਹਿਲਾਂ ਸਾਨੂੰ ਖੁਦ ਨਾਮ ਦੀ ਸਮਝ ਪਵੇਗੀ ਫਿਰ ਤਾਂ ਹੀ ਅਸੀਂ ਉਸਨੂੰ ਦਾਨ ਦੇ ਰੂਪ ਵਿਚ ਦੇ ਸਕਦੇ ਹਾਂ। ਇਹ ਦਾਨ ਜਿਸਨੂੰ ਮਿਲਦਾ ਹੈ ਉਹ ਗੁਰੂ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਸੁਣਨ ਦੁਆਰਾ ਹੀ ਮਿਲਦਾ ਹੈ ਜਿਸ ਲਈ ਮਨੁੱਖ ਦਾ ਸੱਚਾ ਉੱਦਮ ਇਹ ਹੈ ਕਿ ਪਹਿਲਾਂ ਉਹ ਗੁਰੂ ਕੋਲੋਂ ਨਾਮ ਲੈਣ ਦਾ ਸੱਚਾ ਉੱਦਮ ਕਰੇ। ਇਨ੍ਹਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਾਡਾ ਸੱਚਾ ਉੱਦਮ ਕਰਨਾ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਧੂ ਦੀ ਧੂੜ ਦਾ ਇਸ਼ਨਾਨ

ਕਰਨਾ ਹੈ ਭਾਵ ਗੁਰਮਤਿ ਦੇ ਸੱਚੇ ਗਿਆਨ ਦਾ ਇਸ਼ਨਾਨ ਕਰਨਾ ਹੈ, ਜਿਸ ਦੁਆਰਾ ਨਾਮ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਹੁੰਦੇ ਹਨ ਤੇ ਤਾਂ ਹੀ ਕੋਈ ਕਿਸੇ ਨੂੰ ਨਾਮ ਵੰਡ ਸਕਦਾ ਹੈ ਜਿਵੇਂ ਕਿ ਗੁਰੂ ਵੰਡ ਰਹਿਆ ਹੈ। (**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**) ਸਾਧੂ ਗੁਰੂ ਹੈ ਤੇ ਗੁਰੂ ਦੀ ਸੱਚੀ ਮਤਿ ਸਾਧੂ ਦੀ ਧੂੜ ਹੈ ਜਿਸ ਧੂੜ ਦਾ ਅਸੀਂ ਇਸ਼ਨਾਨ ਕਰਨਾ ਹੈ, ਜੋ ਇਸ਼ਨਾਨ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੁੰਦਾ ਹੈ। ਗੁਰੂ ਦੀ ਮਤਿ ਦੇ ਨਾਲ ਹੀ ਸਾਡਾ ਸਾਧੂ ਸੰਗ ਹੈ, ਸਾਧਸੰਗਿ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਸਾਧੂ ਦੀ ਧੂੜ ਦਾ ਇਸ਼ਨਾਨ ਕਰਨਾ ਹੀ ਨਾਮੁ ਧਿਆਉਣਾ ਹੈ। ਸਾਧੂ ਦੀ ਧੂੜ ਦਾ ਇਸ਼ਨਾਨ ਕਿਸ ਤਰੀਕੇ ਹੁੰਦਾ ਹੈ, ਨਾਮ ਨੂੰ ਕਿਸ ਰੂਪ ਵਿੱਚ ਧਿਆਇਆ ਜਾਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਨਾਮ ਧਿਆਉਣ ਵਾਲੇ ਆਪਣੇ ਅੰਦਰ ਨਾਮ ਨੂੰ, ਸੱਚ ਨੂੰ ਕਿਸ ਰੂਪ ਵਿੱਚ ਧਿਆਉਂਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਸੱਚੀ ਵਡਿਆਈ ਮਿਲਦੀ ਹੈ।

“ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥”

ਧਿਆਨ ਨਾਲ ਸਮਝੋ ਕਿ ਗੁਰੂ ਦੀਆਂ ਨਜ਼ਰਾਂ ਵਿੱਚ ਕਿਹੋ ਜਿਹੇ ਮਨੁੱਖ ਦੀ ਉਸਤਤਿ ਭਾਵ ਵਡਿਆਈ ਸੱਚੀ ਹੈ। ਵਡਿਆਈ ਉਸ ਦੀ ਸੱਚੀ ਹੈ ਜੋ ਸੱਚੇ ਮਾਰਗ ਤੇ ਚੱਲਦਾ ਹੈ ਭਾਵ ਧਰਮ ਦੇ ਮਾਰਗ ਤੇ ਚੱਲਦਾ ਹੈ। ਸੱਚ ਹੀ ਨਾਮ ਹੈ ਭਾਵ ਨਾਮ ਦੇ ਮਾਰਗ ਤੇ ਚੱਲਦਾ ਹੈ। ਧਰਮ ਦਾ ਸੱਚਾ ਮਾਰਗ ਸਾਨੂੰ ਗੁਰੂ ਹੀ ਸਮਝਾਉਂਦਾ ਹੈ ਜਿਵੇਂ ਕਿ ਉਹ ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾ ਰਹਿਆ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਭਾਵ ਜੋ ਸੱਚਾ ਮਾਰਗ ਹੈ ਉਹੀ ਨਾਮ ਦਾ ਮਾਰਗ ਹੈ ਭਾਵ ਨਾਮ ਜਪਣ ਦਾ ਮਾਰਗ ਹੈ। ਸੱਚੇ ਮਾਰਗ ਤੇ ਉਹੀ ਚੱਲਦਾ ਹੈ, ਜੋ ਗੁਰੂ ਦਾ, ਪ੍ਰਮਾਤਮਾ ਦਾ ਨਾਮ ਜਪਦਾ ਹੈ, ਨਾਮ ਧਿਆਉਂਦਾ ਹੈ। (**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥**) ਇਹ ਸੱਚਾ ਮਾਰਗ ਕੀ ਹੈ, ਇਸੇ ਗੱਲ ਨੂੰ ਸਮਝਣ ਦੀ ਲੋੜ ਹੈ ਜੋ ਕਿ ਇਸ ਪੰਗਤੀ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥”

ਸਚਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਕਿ ਸਾਡੇ ਅੰਦਰ ਸਮਝ ਕਿਹੋ ਜਿਹੀ ਹੈ ਭਾਵ ਸਾਡੇ ਅੰਦਰ ਆਪਣੀ ਸਮਝ ਹੈ ਜਾਂ ਗੁਰੂ ਦੀ ਸਮਝ ਹੈ, ਮਨਮਤਿ ਹੈ ਜਾਂ ਗੁਰਮਤਿ ਹੈ, ਹਉਮੈ ਹੈ ਜਾਂ ਨਾਮ ਹੈ, ਮਾੜੀ ਮਤਿ ਹੈ ਜਾਂ ਚੰਗੀ ਮਤਿ ਹੈ, ਸਾਡੇ ਅੰਦਰ ਵਿਚਾਰ ਆਪਣੀ ਸੁਰਤਿ ਵਾਲੇ ਹਨ ਜਾਂ ਗੁਰੂ ਦੇ ਸ਼ਬਦ ਵਾਲੇ ਹਨ। ਉੱਪਰ ਪਹਿਲੀ ਪੰਗਤੀ ਰਾਹੀਂ ਸਾਡੇ ਅੰਦਰ ਦੀ ਮਾੜੀ ਮਤਿ ਸਮਝਾਈ ਹੋਈ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ ਤੇ ਅਗਲੀ ਪੰਗਤੀ ਰਾਹੀਂ ਸਾਡੀ ਚੰਗੀ ਮਤਿ ਸਮਝਾਈ ਹੋਈ ਹੈ ਜੋ ਸਾਡੇ ਕੋਲੋਂ ਚੰਗੇ ਕਰਮ ਕਰਵਾਉਂਦੀ ਹੈ। ਮਨ ਦੀ ਜਿਸ ਮਤਿ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ ਉਹ ਸੱਚਾ ਮਾਰਗ ਹੈ, ਭਗਤੀ ਦਾ ਮਾਰਗ ਹੈ, ਨਾਮ ਜਪਣ ਵਾਲਾ ਮਾਰਗ ਹੈ ਜਿਸ ਤੇ ਚੱਲਣ ਦੁਆਰਾ ਜੇਕਰ ਸਾਡੀ ਉਸਤਤਿ ਹੁੰਦੀ ਹੈ, ਸਾਨੂੰ ਵਡਿਆਈ ਮਿਲਦੀ ਹੈ ਤਾਂ ਫਿਰ ਇਹ ਸਾਡੀ ਸੱਚੀ ਵਡਿਆਈ ਹੈ, ਪ੍ਰਮਾਤਮਾ ਦੀ ਭਗਤੀ ਕਰਨ ਦੀ, ਉਸਦਾ ਨਾਮ ਜਪਣ ਦੀ ਵਡਿਆਈ ਹੈ। ਆਪਣੇ ਜਿਸ ਕਰਮ ਦੁਆਰਾ, ਆਪਣੀ ਕਰਨੀ ਦੁਆਰਾ ਭਾਵ ਚੰਗੀ ਸੰਸਾਰਿਕ ਵਿਚਰਨ ਦੁਆਰਾ ਅਸੀਂ ਜੋ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਦੇ ਹਾਂ ਉਸ ਕਰਮ ਵਿੱਚ ਮਨੁੱਖ ਦੀ ਵਡਿਆਈ ਵੀ ਸੱਚੀ ਹੈ। ਪ੍ਰਮਾਤਮਾ ਦੀ ਝੂਠੀ ਵਡਿਆਈ ਕਰਨ ਵਿੱਚ ਜੇਕਰ ਅਸੀਂ ਵਡਿਆਈ ਲੈਂਦੇ ਹਾਂ ਤਾਂ ਉਹ ਝੂਠੀ ਵਡਿਆਈ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਕਿਸ ਤਰੀਕੇ ਹੁੰਦੀ ਹੈ ਇਸ ਗੱਲ ਨੂੰ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉਹੋ ਜਿਹੀ ਪ੍ਰਮਾਤਮਾ ਦੀ ਵਡਿਆਈ ਕਰਨੀ ਹੀ ਸਾਨੂੰ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਰੀ ਗੱਲ ਆਪਣੀ ਮਤਿ ਛੱਡਣ ਦੀ ਹੈ, ਹਉਮੈ ਛੱਡਣ ਦੀ ਹੈ, ਔਗੁਣ ਛੱਡਣ ਦੀ ਹੈ ਭਾਵ ਮਾੜੇ ਕਰਮ ਛੱਡਣ ਦੀ ਹੈ ਤੇ ਚੰਗੇ ਕਰਮ ਕਰਨ ਦੀ ਹੈ। ਪਹਿਲੀ ਪੰਗਤੀ ਰਾਹੀਂ ਸਾਡੇ ਅੰਦਰੋਂ ਜਨਮ ਕਰਮ ਦੀ ਮਲੁ ਉਤਰਨ ਦੀ ਕੀਤੀ ਹੋਈ ਹੈ ਜਿਸਦਾ ਸੰਬੰਧ ਸਾਡੀ ਨਾ-ਸਮਝ ਮਤਿ ਦੇ ਨਾਲ ਹੈ ਜਿਸ ਮਤਿ ਨੂੰ ਭਗਤੀ ਦੀ ਸਮਝ ਨਹੀਂ ਹੈ। ਇਹ ਮਤਿ ਹੀ ਸਾਡੇ ਅੰਦਰ ਦੀ ਹਉਮੈ ਹੈ,

ਅਗਿਆਨਤਾ ਹੈ ਜਿਸ ਮਤਿ ਦੁਆਰਾ ਅਸੀਂ ਆਪਣੇ ਆਪ ਨੂੰ ਮਨੁੱਖੀ ਜਨਮ ਵਿੱਚ ਸਮਝਦੇ ਹਾਂ ਕਿ ਅਸੀਂ ਇੱਕ ਮਨੁੱਖ ਹਾਂ ਜੋ ਕਿ ਸੱਚ ਨਹੀਂ ਹੈ ਭਾਵ ਮਨ ਦਾ ਭਰਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ ਤੇ ਇਹੀ ਸਮਝਦੇ ਹਾਂ ਕਿ ਇਹ ਕਰਮ ਕਰਨ ਵਾਲਾ ਮੈਂ ਹਾਂ ਭਾਵ ਕਰਮ ਕਰਨ ਵਾਲਾ ਮੈਂ ਆਪ ਹੀ ਹਾਂ। ਇਹ ਸਾਡਾ ਭਰਮ ਹੀ ਹੈ ਜੋ ਭਰਮ ਸਾਡਾ ਅਨੇਕਾਂ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ ਕਿ ਸਾਡੇ ਅੰਦਰ ਕਰਮ ਕਰਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਆਪਣੀ ਹੋਂਦ ਸਮਝਣਾ ਸਾਡਾ ਵੱਡਾ ਭਰਮ ਹੈ, ਸਾਡੀ ਅਗਿਆਨਤਾ ਹੈ, ਸਾਡੀ ਹਉਮੈ ਹੈ। ਸਾਡੇ ਅੰਦਰ ਦੀ ਇਹੋ ਜਿਹੀ ਸਮਝ ਹੀ ਸਾਡੀ ਮਲੁ ਹੈ, ਮਨ ਦੀ ਮੈਲ ਹੈ ਜਿਸ ਮੈਲ ਦੇ ਉਤਰੇ ਬਿਨ੍ਹਾਂ ਸਾਨੂੰ ਨਾ ਆਪਣੇ ਆਪ ਦੀ ਸਮਝ ਪੈ ਸਕਦੀ ਹੈ ਕਿ ਮਨੁੱਖ ਦੀ ਅਸਲੀਅਤ ਕੀ ਹੈ ਤੇ ਨਾ ਹੀ ਇਹ ਮਨ ਦੀ ਅਗਿਆਨਤਾ ਰੂਪ ਮੈਲ ਉਤਰੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਮਨ ਦੀ ਸੱਚੀ ਸਮਝ ਰਾਹੀਂ ਆਪ ਹੀ ਆਪਣੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਮਨ ਦੀ ਇਹ ਮੈਲ ਉਤਰਨ ਦੁਆਰਾ ਹੀ ਮਨੁੱਖ ਦਾ ਗੁਮਾਨ ਦੂਰ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਕਿ ਮੇਰਾ ਆਪਣਾ ਕੋਈ ਵਜੂਦ ਨਹੀਂ ਹੈ, ਕੋਈ ਹਸਤੀ ਨਹੀਂ ਹੈ ਭਾਵ ਮਨੁੱਖ ਕੁੱਝ ਵੀ ਨਹੀਂ ਹੈ ਤੇ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। (**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥**) ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਮਨੁੱਖ ਨੂੰ ਸੱਚੇ ਮਾਰਗ ਦੀ ਸਮਝ ਪੈਂਦੀ ਹੈ, ਸੱਚੀ ਭਗਤੀ ਦੀ ਸਮਝ, ਨਾਮ ਜਪਣ ਦੀ ਸਮਝ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥”

ਆਪਣੀ ਉਸਤਤਿ ਤਾਂ ਹਰ ਕੋਈ ਕਰਵਾਉਣੀ ਚਾਹੁੰਦਾ ਹੈ, ਵਡਿਆਈ ਸਭ ਨੂੰ ਚੰਗੀ ਲੱਗਦੀ ਹੈ ਪਰ ਉਹ ਵਡਿਆਈ ਲੈਣ ਲਈ ਕਿਹੋ ਜਿਹੇ ਮਾਰਗ ਤੇ ਚੱਲਣਾ ਪੈਂਦਾ ਹੈ, ਕਿਹੋ ਜਿਹਾ ਸੱਚਾ ਮਾਰਗ ਅਪਣਾਉਣਾ ਪੈਂਦਾ ਹੈ, ਕਿਹੋ ਜਿਹੀ ਭਗਤੀ ਦੇ ਸੱਚੇ ਮਾਰਗ ਤੇ ਚੱਲਣਾ ਪੈਂਦਾ ਹੈ ਜੋ ਮਾਰਗ ਸਾਨੂੰ ਗੁਰੂ ਨੇ ਸਮਝਾਇਆ ਹੈ, ਉਸ ਮਾਰਗ ਨੂੰ ਮੰਨਣ ਵਾਲਾ ਵੀ ਕੋਈ ਨਹੀਂ ਮਿਲਦਾ ਤੇ ਚੱਲਣ ਵਾਲਾ ਵੀ ਕੋਈ ਨਹੀਂ ਮਿਲਦਾ ਭਾਵ ਇਸ ਸੱਚੇ ਮਾਰਗ ਨੂੰ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਮੰਨਣ ਵਾਲਾ ਵੀ ਕੋਈ ਨਹੀਂ ਮਿਲਦਾ ਕਿਉਂਕਿ ਸਭ ਪਾਸੇ ਮਨਮਤਿ ਦਾ ਹੀ ਪਸਾਰਾ ਹੈ, ਅਗਿਆਨਤਾ ਦਾ ਹੀ ਪਸਾਰਾ ਹੈ, ਮਾਇਆ ਮੋਹ ਦਾ ਹੀ ਪਸਾਰਾ ਹੈ ਜਿਸ ਸਮਝ ਵਿੱਚ ਪ੍ਰਮਾਤਮਾ ਨੇ ਆਪ ਹੀ ਸੰਸਾਰ ਨੂੰ ਰੱਖਿਆ ਹੋਇਆ ਹੈ। ਉੱਪਰ ਪੰਗਤੀਆਂ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਸੱਚਾ ਮਾਰਗ ਸਮਝਾਇਆ ਹੋਇਆ ਹੈ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ। ਹਰ ਧਰਮ ਗ੍ਰੰਥ ਸਾਨੂੰ ਇਹੋ ਸੱਚਾ ਮਾਰਗ ਹੀ ਸਮਝਾਉਂਦਾ ਹੈ, ਨਾਮ ਜਪਣ ਦਾ ਮਾਰਗ ਸਮਝਾਉਂਦਾ ਹੈ ਜੋ ਕਿ ਔਗੁਣਾਂ ਤੋਂ ਰਹਿਤ ਹੋ ਕੇ , ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਭਾਵ ਚੰਗੇ ਕਰਮ ਕਰਨ ਦਾ ਹੈ, ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਕਿਸੇ ਦਾ ਮਾੜਾ ਨਾ ਕਰੀਏ ਤੇ ਭਲਾ ਹੀ ਕਰੀਏ ਜਿਸ ਦੁਆਰਾ ਸੰਸਾਰ ਵਿੱਚ ਸਭ ਦਾ ਆਪਸ ਵਿੱਚ ਪਿਆਰ ਜੁੜੇ ਤੇ ਸੰਸਾਰ ਸੋਹਣੇ ਤਰੀਕੇ ਨਾਲ ਚੱਲੇ। ਅਗਰ ਕੋਈ ਇਹੋ ਜਿਹੇ ਮਾਰਗ ਤੇ ਚੱਲਕੇ ਵਡਿਆਈ ਲੈਂਦਾ ਹੈ ਤਾਂ ਫਿਰ ਉਸਦੀ ਵਡਿਆਈ ਸੱਚੀ ਹੈ ਜੋ ਕਿ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨ ਦੁਆਰਾ ਮਨੁੱਖ ਨੂੰ ਮਿਲਦੀ ਹੈ। ਸਾਡੀ ਇਹੋ ਜਿਹੀ ਸੱਚੀ ਸੁੱਚੀ ਕਰਨੀ ਹੀ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ, ਉਸਦੇ ਗੁਣ ਗਾਉਣੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਹੁਣ ਧਿਆਨ ਨਾਲ ਸਮਝੋ ਕਿ ਮਨ ਦੀ ਨਾ-ਸਮਝੀ ਕਰਕੇ ਅਸੀਂ ਕਿਹੋ ਜਿਹੀ ਪ੍ਰਮਾਤਮਾ ਦੀ ਵਡਿਆਈ ਕਰਦੇ ਹਾਂ, ਕਿਹੋ ਜਿਹਾ ਉਸਦਾ ਨਾਮ ਜਪਦੇ ਹਾਂ ਤੇ ਕਿਸ ਗੱਲ ਦੀਆਂ ਵਡਿਆਈਆਂ ਲੈਂਦੇ ਹਾਂ ਤੇ ਆਪਣੀ ਨਾ-ਸਮਝੀ ਵਾਲੀ ਭਗਤੀ ਦਾ ਘੁਮੰਡ ਕਰਦੇ ਹਾਂ। (**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥**)

ਮਨੁੱਖ ਦੀ ਸੱਚੀ ਵਡਿਆਈ ਕਿਹੋ ਜਿਹੀ ਭਗਤੀ ਵਿੱਚ ਹੈ ਇਸ ਗੱਲ ਨੂੰ ਸਮਝਣ ਦੁਆਰਾ ਹੀ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਦੀ ਸੱਚਾਈ ਨੂੰ ਸਮਝ ਸਕਦੇ ਹਾਂ। (**ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥**)

ਜੋ ਪ੍ਰਮਾਤਮਾ ਦੀ ਝੂਠੀ ਵਡਿਆਈ ਕਰਨ ਦੁਆਰਾ ਆਪ ਵਡਿਆਈਆਂ ਲੈਂਦੇ ਹਨ, ਹੋਰਨਾਂ ਨੂੰ ਵੀ ਝੂਠੀਆਂ ਵਡਿਆਈਆਂ ਕਰਨੀਆਂ ਸਮਝਾਉਂਦੇ ਹਨ ਉਨ੍ਹਾਂ ਬਾਰੇ ਗੁਰਬਾਣੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਕਿ ਉਹ ਸਮਾਜ ਦਾ ਭਲਾ ਕਰਨ ਦੀ ਬਜਾਇ ਉਲਟਾ ਮਾੜਾ ਹੀ ਕਰਦੇ ਹਨ। ਕਿਸੇ ਨੂੰ ਝੂਠੀ ਭਗਤੀ ਦਾ ਮਾਰਗ ਸਮਝਾ ਕੇ ਵਡਿਆਈਆਂ ਲੈਣ ਨੂੰ ਬਹੁਤ ਮਾੜਾ ਕਹਿਆ ਹੋਇਆ ਹੈ, ਅਨੇਕਾਂ ਸ਼ਬਦਾਂ ਦੁਆਰਾ ਕਾਫੀ ਗਹਿਰਾਈ ਨਾਲ ਮਾੜਾ ਦੱਸਿਆ ਹੋਇਆ ਹੈ ਜਿਨ੍ਹਾਂ ਸ਼ਬਦਾਂ ਨੂੰ ਅੱਗੇ ਚੱਲਕੇ ਗਹਿਰਾਈ ਨਾਲ ਸਮਝਾਂਗੇ। ਸੰਸਾਰ ਵਿੱਚ ਝੂਠੀ ਭਗਤੀ ਦੀਆਂ ਵਡਿਆਈਆਂ ਲੈਣਾ ਬਹੁਤ ਮਾੜੀ ਗੱਲ ਹੈ ਜਿਸ ਲਈ ਪ੍ਰਮਾਤਮਾ ਸਜਾਵਾਂ ਵੀ ਦਿੰਦਾ ਹੈ, ਜਿਸ ਦੀ ਮਨੁੱਖ ਨੂੰ ਸਮਝ ਨਹੀਂ ਪੈਂਦੀ। ਭਗਤੀ ਦੇ ਪੁੱਠੇ ਮਾਰਗ ਤੇ ਚੱਲਣਾ ਆਪਣੇ ਆਪ ਵਿੱਚ ਹੀ ਇੱਕ ਸਜ਼ਾ ਹੈ ਜਿਸਨੂੰ ਮਨ ਦੀ ਅਗਿਆਨਤਾ ਕਰਕੇ ਉਸਨੂੰ ਕੋਈ ਪ੍ਰਮਾਤਮਾ ਦੀ ਸਜ਼ਾ ਨਹੀਂ ਸਮਝਦਾ। ਜਿਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਬਾਣੀ ਰਾਹੀਂ ਵਾਰ-ਵਾਰ ਖੰਡਿਆ ਹੋਇਆ ਹੈ, ਪਾਖੰਡ ਦੱਸਿਆ ਹੋਇਆ ਹੈ ਉਨ੍ਹਾਂ ਤਰੀਕਿਆਂ ਨੂੰ ਅਪਣਾਉਣ ਲਈ, ਉਨ੍ਹਾਂ ਤੇ ਪੂਰਾ ਉਤਰਨ ਲਈ ਸਰੀਰ ਨੂੰ ਅਨੇਕਾਂ ਹੀ ਕਸ਼ਟ ਦੇਣੇ ਪੈਂਦੇ ਹਨ ਜੋ ਕਿ ਪ੍ਰਮਾਤਮਾ ਦੀਆਂ ਦਿੱਤੀਆਂ ਹੋਈਆਂ ਸਜਾਵਾਂ ਹੀ ਹਨ, ਮਨੁੱਖ ਦੀ ਖੁਆਰੀ ਹੀ ਹੈ ਜਿਸ ਗੱਲ ਨੂੰ ਮਨੁੱਖ ਸਮਝ ਨਹੀਂ ਸਕਦਾ, ਮਨ ਦੀ ਅਗਿਆਨਤਾ ਕਰਕੇ ਸਮਝ ਨਹੀਂ ਸਕਦਾ। ਝੂਠੀ ਧਾਰਮਿਕ ਆਸਥਾ ਮਨੁੱਖ ਨੂੰ ਸਾਰਾ ਜੀਵਨ ਹੀ ਖੁਆਰ ਕਰਦੀ ਰਹਿੰਦੀ ਹੈ। ਪ੍ਰਮਾਤਮਾ ਕਿਸ ਰੂਪ ਵਿੱਚ ਸਜਾਵਾਂ ਦਿੰਦਾ ਰਹਿੰਦਾ ਹੈ, ਇਸ ਗੱਲ ਨੂੰ ਕੋਈ ਸਮਝ ਨਹੀਂ ਸਕਦਾ। ਉਪਰਲੀ ਪੰਗਤੀ ਰਾਹੀਂ ਝੂਠੀ ਭਗਤੀ ਦੀ ਵਡਿਆਈ ਲੈਣ ਦੀ ਸਜਾ ਹੀ ਸਮਝਾਈ ਹੋਈ ਹੈ ਜੋ ਕਿ ਇਸ ਤਰੀਕੇ ਸਮਝਾਈ ਹੋਈ ਹੈ। "**ਗਲਿ ਸੰਗਲੁ ਘਤਿ ਚਲਾਇਆ ॥**" ਪ੍ਰਮਾਤਮਾ ਦੇ ਦਰ ਤੇ ਜਾਣ ਦਾ ਅਸਲ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਜੋ ਕਿ ਗੁਰਮਤਿ ਦੇ ਸੱਚੇ ਵਿਚਾਰਾਂ ਰਾਹੀਂ ਵਿਚਰਨ ਦਾ ਹੈ। ਪ੍ਰਮਾਤਮਾ ਦਾ ਦਰ ਸਾਡੇ ਅੰਦਰ ਹੀ ਹੈ ਜੋ ਕਿ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਗੁਰਮਤਿ ਰੂਪ ਸੱਚੇ ਵਿਚਾਰ ਸਾਨੂੰ ਪ੍ਰਮਾਤਮਾ ਦੇ ਦਰ ਤੇ ਲੈ ਕੇ ਜਾਂਦੇ ਹਨ, ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਵਾਉਂਦੇ ਹਨ ਤੇ ਮਨਮਤਿ ਵਾਲੇ ਮਾੜੇ ਵਿਚਾਰ, ਭਗਤੀ ਦੇ ਮਾਰਗ ਨੂੰ ਨਾ ਸਮਝਣ ਵਾਲੇ ਵਿਚਾਰ ਸਾਨੂੰ ਸਜਾਵਾਂ ਦਿਵਾਉਂਦੇ ਹਨ ਜੋ ਸਜਾਵਾਂ ਮਨ ਦੇ ਵਿਚਾਰਾਂ ਰਾਹੀਂ ਹੀ ਮਿਲਦੀਆਂ ਹਨ, ਪ੍ਰਮਾਤਮਾ ਦੇ ਦਰ ਤੋਂ ਹੀ ਮਿਲਦੀਆਂ ਹਨ ਜਿਸ ਦਰ ਦੀ ਮਨੁੱਖ ਨੂੰ ਸਮਝ ਨਹੀਂ ਹੈ। ਸਾਡੇ ਅੰਦਰ ਹਰ ਵਿਚਾਰ ਪ੍ਰਮਾਤਮਾ ਦੇ ਦਰ ਤੋਂ ਹੀ ਆਉਂਦਾ ਹੈ। ਸਾਡੇ ਗੱਲ ਦੇ ਸੰਗਲ ਸਾਡੇ ਮਨ ਦੇ ਵਿਚਾਰ ਹੀ ਹਨ, ਹਉਮੈ ਵਾਲੇ, ਮਨਮਤਿ ਵਾਲੇ, ਅਗਿਆਨਤਾ ਵਾਲੇ ਵਿਚਾਰ ਹੀ ਹਨ ਜਿਨ੍ਹਾਂ ਵਿਚਾਰਾਂ ਵਿੱਚ ਰਹਿੰਦਿਆਂ ਅਸੀਂ ਸੱਚੀ ਭਗਤੀ ਦੇ ਮਾਰਗ ਨੂੰ, ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਗੁਰਬਾਣੀ ਸਾਨੂੰ ਵਾਰ-ਵਾਰ ਇਸੇ ਲਈ ਇਹ ਸਮਝਾ ਰਹੀ ਹੈ ਕਿ ਆਪਣੀ ਮਨਮਤਿ ਛੱਡੋ, ਹਉਮੈ ਛੱਡੋ, ਮਨ ਦੇ ਭਰਮਾਂ ਵਿੱਚੋਂ ਨਿਕਲੋ ਤਾਂ ਜੋ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕੀਏ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ ਜੋ ਸਭ ਦੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ, "ਗਿਆਨੁ" ਦੇ ਰੂਪ ਵਿੱਚ, "ਨਿਰੰਕਾਰ" ਦੇ ਰੂਪ ਵਿੱਚ ਹੀ ਹੈ। ਸਾਡੇ ਮਨ ਦੇ "ਸੰਗਲ" ਭਾਵ ਨਾ-ਸਮਝ ਵਿਚਾਰ ਹੀ ਸਾਨੂੰ ਮਾਇਆ ਮੋਹ ਨਾਲ ਜੋੜ ਕੇ ਰੱਖਦੇ ਹਨ, ਤ੍ਰਿਸ਼ਨਾਵਾਂ ਨਾਲ ਜੋੜ ਕੇ ਰੱਖਦੇ ਹਨ, ਔਗੁਣਾਂ ਨਾਲ ਜੋੜ ਕੇ ਰੱਖਦੇ ਹਨ, ਝੂਠੀ ਭਗਤੀ ਨਾਲ ਜੋੜ ਕੇ ਰੱਖਦੇ ਹਨ ਭਾਵ ਮਾਇਆ ਦੇ ਬੰਧਨ ਵਿੱਚ ਰੱਖਦੇ ਹਨ, ਮਾਇਆ ਵਾਲੇ ਵਿਚਾਰਾਂ ਨਾਲ ਬੰਨ ਕੇ ਰੱਖਦੇ ਹਨ ਜਿਵੇਂ ਕਿ ਸੰਗਲ ਕਿਸੇ ਨੂੰ ਬੰਨ ਕੇ ਰੱਖਦਾ ਹੈ, ਜਿਸ ਕਰਕੇ ਅਸੀਂ ਗੁਰਮਤਿ ਦੇ ਉਲਟ ਚੱਲਕੇ ਭਾਵ ਨਾ-ਸਮਝੀ ਵਾਲੀ ਭਗਤੀ ਦੁਆਰਾ, ਨਾ-ਸਮਝੀ ਵਾਲਾ ਨਾਮ ਜਪਣ ਦੁਆਰਾ ਝੂਠੀਆਂ ਵਡਿਆਈਆਂ ਲੈਂਦੇ ਹਾਂ ਤੇ ਉਸਦੀਆਂ ਸਜਾਵਾਂ ਵੀ ਭੁਗਤਣੀਆਂ ਪੈਂਦੀਆਂ ਹਨ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਸਜਾਵਾਂ ਵਾਲੇ ਪਾਸੇ ਸਾਨੂੰ ਮਨ ਦੇ ਨਾ-ਸਮਝ ਵਿਚਾਰ ਹੀ ਚਲਾਉਂਦੇ ਹਨ। ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬੱਚਣ ਲਈ ਇੱਕੋ ਇੱਕ ਸਾਧਨ ਭਗਤੀ ਦਾ ਸੱਚਾ ਮਾਰਗ ਹੈ ਜੋ ਕਿ ਆਪਣੀ ਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਨੂੰ ਮੰਨਣ ਦਾ ਹੈ, ਹਉਮੈ ਤਿਆਗਣ ਦੁਆਰਾ ਨਾਮ ਨੂੰ ਜਪਣ ਦਾ ਹੈ। ਆਪਣੀ ਮਤਿ ਦਾ ਭੋਗ ਹੀ ਸਾਨੂੰ ਆਤਮਿਕ ਮੌਤ ਮਾਰਦਾ ਹੇ ਜਿਸਦੀਆਂ ਸਜਾਵਾਂ ਮਨੁੱਖ ਨੂੰ ਆਪਣੇ ਜੀਵਨ ਵਿੱਚ ਭੋਗਣੀਆਂ ਹੀ ਪੈਂਦੀਆਂ ਹਨ। (**ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥**)

ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਪ੍ਰਮਾਤਮਾ ਦੀ ਝੂਠੀ ਭਗਤੀ ਸਮਝੀ ਹੈ ਜਿਸ ਦੁਆਰਾ ਅਸੀਂ ਸਜਾਵਾਂ ਤੋਂ ਨਹੀਂ ਬੱਚ ਸਕਦੇ ਤੇ ਸੱਚੀ ਭਗਤੀ ਕੀ ਹੈ ਜੋ ਸਾਨੂੰ ਸਜਾਵਾਂ ਤੋਂ ਬਚਾ ਸਕਦੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥"

ਆਪਣੀ ਆਪਣੀ ਆਸਥਾ ਅਨੁਸਾਰ, ਸਮਝ ਅਨੁਸਾਰ ਜਿਹੋ ਜਿਹੀ ਭਗਤੀ ਵਿੱਚ ਵੀ ਕੋਈ ਲੱਗਾ ਹੋਇਆ ਹੈ, ਉਹ ਉਸਨੂੰ ਆਪਣੀ ਸੱਚੀ ਭਗਤੀ ਹੀ ਮੰਨਦਾ ਹੈ ਭਾਵ ਕੋਈ ਨਹੀਂ ਕਹਿ ਸਕਦਾ ਕਿ ਉਸਦੀ ਭਗਤੀ ਝੂਠੀ ਹੈ। ਜਿਹੋ ਜਿਹੇ ਵੀ ਭਗਤੀ ਦੇ ਮਾਰਗ ਤੇ ਕੋਈ ਚੱਲਦਾ ਹੈ ਉਸਨੂੰ ਉਹ ਪ੍ਰਮਾਤਮਾ ਦੀ ਕੀਰਤੀ ਕਰਨੀ ਹੀ ਸਮਝਦਾ ਹੈ ਭਾਵ ਪ੍ਰਮਾਤਮਾ ਦੀ ਕੀਰਤੀ ਕਰਨਾ, ਉਸਦੀ ਵਡਿਆਈ ਕਰਨਾ ਭਾਵ ਪ੍ਰਮਾਤਮਾ ਦਾ ਜਸ ਗਾਉਣਾ, ਉਸਦੇ ਗੁਣ ਗਾਉਣਾ ਹੀ ਸਮਝਦਾ ਹੈ। ਉੱਪਰ ਪੰਗਤੀ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਅਸੀਂ ਪ੍ਰਮਾਤਮਾ ਦਾ ਜੱਸ ਕਿਸ ਤਰੀਕੇ ਕਰਨਾ ਹੈ ਜੋ ਵਡਿਆਈ ਪ੍ਰਮਾਤਮਾ ਦੀ ਅਸੀਂ ਆਪਣੀ "ਕਰਨੀ" ਦੁਆਰਾ ਕਰਨੀ ਹੈ ਭਾਵ ਸਾਡੇ "ਕਰਮ" ਹੀ ਪ੍ਰਮਾਤਮਾ ਦੀ ਵਡਿਆਈ ਕਰਦੇ ਹਨ। ਪ੍ਰਮਾਤਮਾ ਦਾ ਜੱਸ ਕੇਵਲ ਚੰਗੇ ਕਰਮ ਕਰਨ ਦੁਆਰਾ, ਮਨੁੱਖ ਦੀ ਚੰਗੀ ਕਰਨੀ ਦੁਆਰਾ ਭਾਵ ਮਨੁੱਖ ਦੀ ਚੰਗੀ ਸੰਸਾਰਿਕ ਵਿਚਰਨ ਦੁਆਰਾ ਹੀ ਗਾਇਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੈ ਭਾਵ ਭਗਤੀ ਦਾ ਸੱਚਾ ਮਾਰਗ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ, ਗੁਰਮਤਿ ਦੀ ਸੱਚੀ ਸਮਝ ਦੁਆਰਾ ਵਿਚਰਨ ਦਾ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਮਨੁੱਖ ਦੀ ਚੰਗੀ ਕਰਨੀ ਔਗੁਣਾਂ ਨੂੰ ਤਿਆਗ ਕੇ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੀ ਕਰਨੀ ਕਿਹੋ ਜਿਹੀ ਹੋਣੀ ਚਾਹੀਦੀ ਹੈ ਇਹੀ ਗੱਲ ਸਾਨੂੰ ਹਰ ਧਰਮ ਗ੍ਰੰਥ ਸਮਝਾਉਂਦਾ ਹੈ, ਸੱਚ ਤੇ ਚੱਲਣ ਦਾ ਮਾਰਗ ਸਮਝਾਉਂਦਾ ਹੈ। ਹਰ ਧਰਮ ਗ੍ਰੰਥ ਨੂੰ ਲਿਖਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। "**ਬਹਿ ਲੇਖਾ ਕਰਿ ਸਮਝਾਇਆ**" ਤੋਂ ਭਾਵ ਹੈ ਕਿ ਪ੍ਰਮਾਤਮਾ ਨੇ ਆਪ ਹੀ ਵਿੱਚ ਬੈਠ ਕੇ, ਮਨੁੱਖੀ ਸਰੀਰਾਂ ਦੇ ਵਿੱਚ ਬੈਠ ਕੇ ਧਰਮ ਗ੍ਰੰਥ ਲਿਖਵਾਏ ਹਨ ਪਰ ਇਸ ਗੱਲ ਦੀ ਸਮਝ ਉਸ ਨੂੰ ਹੀ ਲੱਗਦੀ ਹੈ ਜਿਸ ਮਨੁੱਖੀ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪਰਗਟ ਕਰਕੇ ਆਪ ਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਤੇ ਇਸੇ ਲਈ ਉਨ੍ਹਾਂ ਨੇ ਕਹਿਆ ਹੈ ਕਿ ਪ੍ਰਮਾਤਮਾ ਆਪ ਹੀ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ ਤੇ ਪੋਥੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਜਿਸ ਦੇ ਅੰਦਰ ਉਹ ਆਪ ਹੀ ਬੈਠਾ ਹੈ, ਆਪਣੇ ਸੱਚੇ ਵਿਚਾਰਾਂ ਦੇ ਰੂਪ ਵਿੱਚ ਬੈਠਾ ਹੈ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾ ਰਹਿਆ ਹੈ, ਪ੍ਰਮਾਤਮਾ ਦੀ ਕੀਰਤੀ ਕਰਨੀ ਸਮਝਾ ਰਹਿਆ ਹੈ ਜੋ ਕਿ ਸਾਡੇ ਸੱਚੇ ਸੁੱਚੇ ਕਰਮ ਹਨ, ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ ਜਿਸ ਦੁਆਰਾ ਸੰਸਾਰ ਦਾ ਭਲਾ ਹੁੰਦਾ ਹੈ, ਸਭ ਦਾ ਭਲਾ ਹੁੰਦਾ ਹੈ। (**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥**)

{ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੨੨੬)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬੱਚਣ ਦਾ ਤਰੀਕਾ ਕੇਵਲ ਤੇ ਕੇਵਲ ਸਾਡੇ ਚੰਗੇ ਕਰਮ ਹਨ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਸਾਰੇ ਸੰਸਾਰ ਲਈ ਇੱਕੋ ਇੱਕ ਤਰੀਕਾ ਹੈ। ਸਾਡੀ "ਰਹਣੀ" ਹੀ ਸ਼ਬਦ ਦਾ ਸਾਰੁ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਕੇਵਲ ਕਥਨੀ ਨੂੰ ਭਗਤੀ ਸਮਝਣਾ ਝੂਠ ਹੈ, ਸਾਡਾ ਭਰਮ ਹੈ ਜਿਸ ਦੁਆਰਾ ਪ੍ਰਮਾਤਮਾ ਦੀਆਂ ਸਜਾਵਾਂ ਤੋਂ ਨਹੀਂ ਬਚਿਆ ਜਾ ਸਕਦਾ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਹੀ ਸਮਝਾਇਆ ਹੋਇਆ ਹੈ ਕਿ ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਗੁਰੂ ਦੀ ਗੱਲ ਮੰਨੇ ਬਿਨ੍ਹਾਂ, ਸੱਚੀ ਭਗਤੀ ਦੇ ਮਾਰਗ ਤੇ ਚੱਲੇ ਬਿਨ੍ਹਾਂ ਸਾਨੂੰ ਪਛਤਾਉਣਾ ਹੀ ਪੈਂਦਾ ਹੈ।

"ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥

ਮਨਿ ਅੰਧੈ ਜਨਮੁ ਗਵਾਇਆ ॥"

ਮਾੜੇ ਕਰਮ ਕਰਨ ਵਾਲੇ ਨੂੰ ਭਾਵ ਭਗਤੀ ਦੀ ਨਾ-ਸਮਝੀ ਵਾਲੇ ਨੂੰ, ਮਨਮਤਿ ਤੇ ਚੱਲਣ ਵਾਲੇ ਨੂੰ, ਮਾਇਆ ਮੋਹ ਵਿੱਚ ਰਹਿਣ ਵਾਲੇ ਨੂੰ, ਔਗੁਣਾਂ ਵਿੱਚ ਰਹਿਣ ਵਾਲੇ ਨੂੰ ਪ੍ਰਮਾਤਮਾ ਦੇ ਦਰ ਤੇ ਜਗ੍ਹਾ ਨਹੀਂ ਮਿਲਦੀ ਭਾਵ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ ਤੇ ਉਸਨੂੰ ਪ੍ਰਮਾਤਮਾ ਦੇ ਦਰ ਤੋਂ, ਮਨ ਦੇ ਵਿਚਾਰਾਂ ਰਾਹੀਂ ਸਜ਼ਾ ਹੀ ਮਿਲਦੀ ਹੈ, ਮਾਰ ਹੀ ਪੈਂਦੀ ਹੈ ਭਾਵ ਉਹ ਕਿਸੇ ਨਾ ਕਿਸੇ ਦੁੱਖ ਵਿੱਚ ਰਹਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਜਦੋਂ ਮਨੁੱਖ ਦੁਖੀ ਹੁੰਦਾ ਹੈ ਫਿਰ ਉਹ ਪ੍ਰਮਾਤਮਾ ਅੱਗੇ ਕੁਰਲਾਉਂਦਾ ਹੈ, ਪੁਕਾਰ ਵੀ ਕਰਦਾ ਹੈ ਪਰ ਉਸ ਦੀ ਪੁਕਾਰ ਸੁਣੀ ਨਹੀਂ ਜਾਂਦੀ ਕਿਉਂਕਿ ਉਸਨੂੰ ਸਜਾ ਪ੍ਰਮਾਤਮਾ ਆਪ ਹੀ ਦੇ ਰਹਿਆ ਹੁੰਦਾ ਹੈ, ਉਸਦੇ ਮਾੜੇ ਕਰਮਾਂ ਦੀ ਸਜਾ ਦੇ ਰਹਿਆ ਹੁੰਦਾ ਹੈ, ਭਗਤੀ ਦੇ ਸੱਚੇ ਮਾਰਗ ਤੇ ਨਾ ਚੱਲਣ ਦੀ ਸਜਾ, ਗੁਰਮਤਿ ਨੂੰ ਨਾ ਮੰਨਣ ਦੀ ਸਜਾ ਦੇ ਰਹਿਆ ਹੁੰਦਾ ਹੈ ਤੇ ਉਹ ਸਜਾ ਉਸਨੂੰ ਭੁਗਤਣੀ ਹੀ ਪੈਂਦੀ ਹੈ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ ਜੋ ਸਾਰੇ ਸੰਸਾਰ ਤੇ ਇੱਕੋ ਜਿਹਾ ਲਾਗੂ ਹੁੰਦਾ ਹੈ। (**ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥**) ਸਾਡੀਆਂ ਇਨ੍ਹਾਂ ਸਜਾਵਾਂ ਦਾ ਕਾਰਣ ਕੀ ਹੈ ਤੇ ਰੱਬ ਦੇ ਨਾਲ ਮੇਲ ਨਾ ਹੋਣ ਦਾ ਕਾਰਣ ਕੀ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਮਨਿ ਅੰਧੈ ਜਨਮੁ ਗਵਾਇਆ ॥"

ਭਗਤੀ ਦਾ ਮਾਰਗ, ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਉੱਪਰ ਵਾਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਸਾਡੇ ਮਨ ਦਾ ਅੰਧਾਪਣ ਭਾਵ ਅਗਿਆਨਤਾ ਹੀ, ਹਉਮੈ ਹੀ, ਤ੍ਰੈਗੁਣਾਂ ਵਾਲੀ ਅਵੱਸਥਾ ਹੀ, ਮਨ ਦੇ ਅੰਦਰ ਦੀ ਮਾਇਆ ਦੀ ਜੁਗਤਿ ਹੀ ਸਾਨੂੰ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਦੂਰ ਰੱਖਦੀ ਹੈ ਤੇ ਉਸੇ ਕਾਰਨ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ, ਉਸਦੇ ਨਾਲ ਮੇਲ ਕਰਨ ਤੋਂ ਦੂਰ ਰਹਿੰਦੇ ਹਾਂ। ਸਾਡੇ ਅੰਦਰ ਇਹ ਮਾਇਆ ਦੀ ਜੁਗਤਿ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਇਸ ਵਿੱਚੋਂ ਨਿਕਲਣ ਦੀ ਜੁਗਤਿ ਵੀ ਪ੍ਰਮਾਤਮਾ ਨੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਆਪ ਹੀ ਸਮਝਾਈ ਹੋਈ ਹੈ, ਸੱਚੇ ਗਿਆਨ ਦੁਆਰਾ ਸਮਝਾਈ ਹੋਈ ਹੈ ਤੇ ਸਾਡੇ ਮਨ ਦੀ ਅਗਿਆਨਤਾ, ਸਾਡੀ ਮਨਮਤਿ, ਸਾਡਾ ਅੰਧਾਪਣ ਤਾਂ ਹੀ ਦੂਰ ਹੋਵੇਗਾ ਜੇਕਰ ਅਸੀਂ ਗੁਰੂ ਦੇ ਸੱਚੇ ਗਿਆਨ ਨੂੰ, ਨਾਮ ਨੂੰ, ਗੁਰੂ ਦੀ ਸੱਚੀ ਮਤਿ ਨੂੰ ਮੰਨਾਂਗੇ, ਆਪਣੇ ਅੰਦਰ ਵਸਾਵਾਂਗੇ ਤੇ ਉਸ ਅਨੁਸਾਰ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਕਰਾਂਗੇ। ਭਗਤੀ ਦੇ ਸੱਚੇ ਮਾਰਗ ਤੇ ਚੱਲੇ ਬਿਨ੍ਹਾਂ ਅਸੀਂ ਆਪਣਾ ਜਨਮ ਗਵਾਉਦੇ ਹਾਂ। ਆਪਣਾ "**ਜਨਮ ਗਵਾਣਾ**" ਕੀ ਹੈ, ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਹ ਬਾਣੀ ਵਿੱਚ ਅਨੇਕਾਂ ਵਾਰ ਆਉਂਦੀ ਹੈ। ਜਿਸਨੂੰ ਅਸੀਂ ਆਪਣਾ ਜਨਮ ਸਮਝਦੇ ਹਾਂ, ਮਨੁੱਖਾ ਜਨਮ ਸਮਝਦੇ ਹਾਂ, ਇਹ ਸਾਡਾ ਝੂਠਾ ਜਨਮ ਹੈ, ਜੋ ਜਨਮ ਸਾਨੂੰ ਮਨ ਦੀ ਸਮਝ ਹੀ ਸਮਝਾਉਂਦੀ ਹੈ, ਹਉਮੈ ਹੀ ਸਮਝਾਉਂਦੀ ਹੈ ਭਾਵ ਸਾਡੇ ਅੰਦਰ ਹਉਮੈ ਦਾ ਹੀ ਜਨਮ ਹੁੰਦਾ ਹੈ ਜੋ ਸਾਨੂੰ ਮਨੁੱਖੀ ਸਰੀਰ ਦੇ ਜਨਮ ਮਰਨ ਨਾਲ ਜੋੜਦੀ ਹੈ, ਆਵਾਗਉਣ ਨਾਲ ਜੋੜਦੀ ਹੈ ਜੋ ਕਿ ਸਾਡਾ ਭਰਮ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਜੋ ਜਨਮ ਅਸੀਂ ਜੀ ਰਹੇ ਹਾਂ ਉਹ ਸਾਡਾ ਹਉਮੈ ਦੇ ਘਰ ਵਿੱਚ ਜਨਮ ਹੈ, ਮਾਇਆ ਦੇ ਘਰ ਵਿੱਚ ਜਨਮ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦੇ ਘਰ ਵਿੱਚ ਜਨਮ ਹੈ। ਸਾਡਾ ਅਸਲ ਜਨਮ ਉਹ ਹੈ ਜਦੋਂ ਸਾਡਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੁੰਦਾ ਹੈ ਜੋ ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੀ ਹੈ, ਸਾਡਾ ਮਨ ਹੀ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, ਨਾਮ ਦਾ ਘਰ ਹੈ ਜਿਸ ਘਰ ਵਿੱਚ ਹਉਮੈ ਦੇ ਘਰ ਵਿੱਚੋਂ ਨਿਕਲਣ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ ਭਾਵ

ਹਉਮੈ ਖਤਮ ਹੋਣ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ, ਮਨ ਦੀ ਅਗਿਆਨਤਾ ਖਤਮ ਹੋਣ ਦੁਆਰਾ ਪਹੁੰਚਿਆ ਜਾ ਸਕਦਾ ਹੈ ਜੋ ਕਿ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ, ਗੁਰਪ੍ਰਸਾਦਿ ਹੈ ਪਰ ਉਸ ਦੇ ਲਈ ਉੱਦਮ ਅਸੀਂ ਹੀ ਕਰਨਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਲੈਕੇ ਉਸ ਨਾਲ ਆਪਣੀ ਅਗਿਆਨਤਾ ਦੂਰ ਕਰਨੀ ਹੈ, ਹਉਮੈ ਦੂਰ ਕਰਨੀ ਹੈ, ਮਨਮਤਿ ਦੂਰ ਕਰਨੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਘਰ ਹੈ, ਸਾਰੇ ਧਰਮ ਗ੍ਰੰਥ ਪ੍ਰਮਾਤਮਾ ਦਾ ਆਪਣਾ ਘਰ ਹਨ ਜਿਸ ਘਰ ਦੇ ਨਾਲ ਜੁੜਕੇ ਹੀ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ ਭਾਵ ਸਾਡਾ ਜਨਮ ਪ੍ਰਮਾਤਮਾ ਦੇ ਘਰ ਵਿੱਚ ਹੋ ਸਕਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਪ੍ਰਮਾਤਮਾ ਦੇ ਘਰ ਵਿੱਚ ਮਨੁੱਖ ਦਾ ਜਨਮ ਹੈ, ਬ੍ਰਹਮਗਿਆਨੀ ਦੇ ਘਰ ਵਿੱਚ ਜਨਮ ਹੈ ਜਿਸ ਘਰ ਦੇ ਵਿੱਚੋਂ ਬ੍ਰਹਮ ਗਿਆਨ ਹੀ ਮਿਲਦਾ ਹੈ, ਉਸ ਦਾ ਨਾਮ ਹੀ ਮਿਲਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦਾ ਹੈ ਤੇ ਮਨੁੱਖ ਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਤੇ ਉਹ ਮਨੁੱਖੀ ਸਰੀਰ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ ਜੋ ਮਾਰਗ ਸਾਨੂੰ ਧਰਮ ਗ੍ਰੰਥ ਸਮਝਾ ਰਹੇ ਹਨ। ਪ੍ਰਮਾਤਮਾ ਆਪ "ਬ੍ਰਹਮ ਗਿਆਨੁ" ਦੇ ਰੂਪ ਵਿੱਚ ਹੈ ਤੇ ਮਨ ਦੇ ਵਿੱਚੋਂ "ਬ੍ਰਹਮ ਗਿਆਨੁ" ਦੀ ਸਮਝ ਪੈਣੀ ਹੀ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੈ ਜੋ ਜਨਮ ਸਾਡੇ ਅੰਦਰ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ। ਪ੍ਰਮਾਤਮਾ ਦੇ ਘਰ ਵਿੱਚ ਜਨਮ ਹੋਣ ਤੋਂ ਬਾਅਦ ਫਿਰ ਮਨੁੱਖ ਨੂੰ ਇਹ ਸਮਝ ਵੀ ਪੈ ਜਾਂਦੀ ਹੈ ਕਿ ਮਨੁੱਖ ਦੀ ਅਸਲੀਅਤ ਕੀ ਹੈ, ਸੰਸਾਰ ਦੀ ਅਸਲੀਅਤ ਕੀ ਹੈ ਭਾਵ ਇਹ ਸੰਸਾਰ ਕਿਸਨੇ ਬਣਾਇਆ ਹੈ, ਕਿਵੇਂ ਬਣਾਇਆ ਹੈ ਤੇ ਕਿਵੇਂ ਚੱਲ ਰਹਿਆ ਹੈ, ਕੌਣ ਚਲਾ ਰਹਿਆ ਹੈ। ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਪਤਾ ਚੱਲਦਾ ਹੈ ਕਿ ਸਾਡੇ ਅੰਦਰ ਵਿਚਾਰ ਕਿੱਥੋਂ ਆਉਂਦੇ ਹਨ, ਗਿਆਨ ਕਿੱਥੋਂ ਆਉਂਦਾ ਹੈ, ਹਉਮੈ ਕਿੱਥੋਂ ਆਉਂਦੀ ਹੈ ਤੇ ਕਿਵੇਂ ਨਿਕਲ ਸਕਦੀ ਹੈ, ਨਾਮ ਕੀ ਹੈ, ਉਸਦਾ ਮਾਲਕ ਕੌਣ ਹੈ ਭਾਵ ਮਨੁੱਖ ਨੂੰ ਤਾਂ ਹੀ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਪਰ ਮਨ ਦੀ ਅਗਿਆਨਤਾ ਨਿਕਲੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸੰਸਾਰ ਨੂੰ ਮਨ ਦੇ ਅੰਧੇਪਣ ਵਿੱਚ ਰੱਖਿਆ ਹੋਇਆ ਹੈ। ਇਸ ਲਈ ਕਿਸੇ ਦਾ ਅੰਧਾਪਣ ਉਹ ਆਪ ਹੀ ਕੱਢ ਸਕਦਾ ਹੈ ਤੇ ਆਪਣੇ ਘਰ ਵਿੱਚ ਕਿਸੇ ਨੂੰ ਜਗ੍ਹਾ ਦੇ ਸਕਦਾ ਹੈ। ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ। ਪ੍ਰਮਾਤਮਾ ਦੇ ਸੱਚੇ ਗੁਣ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ, ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਦੁਆਰਾ ਮਨੁੱਖ ਫਿਰ ਪ੍ਰਮਾਤਮਾ ਦੀ ਹੀ ਵਡਿਆਈ ਕਰਦਾ ਹੈ ਤੇ ਕਰਨੀ ਸਮਝਾਉਂਦਾ ਹੈ। (**ਮਨਿ ਅੰਧੈ ਜਨਮੁ ਗਵਾਇਆ ॥**)

{ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ ੯)

ਆਓ ਹੁਣ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਤੇ ਜਾਣੀਏ, ਦ੍ਰਿੜ ਕਰੀਏ ਕਿ ਪ੍ਰਮਾਤਮਾ ਦੀ ਸੇਵਾ ਕਰਨੀ ਕੀ ਹੈ, ਵਡਿਆਈ ਕਰਨੀ ਕੀ ਹੈ ਤੇ ਧਰਮ ਕਮਾਉਣਾ ਕੀ ਹੈ, ਨਾਮ ਧਿਆਉਣਾ ਕੀ ਹੈ। ਇਹ ਸਭ ਕੁੱਝ ਸਾਡੀ ਚੰਗੀ ਕਰਨੀ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

"ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ॥੭॥"

(ਅੰਗ ੪੬੬-੪੬੭)

ਇਸ ਸ਼ਬਦ ਰਾਹੀਂ ਸਾਨੂੰ ਗੁਰੂ ਪ੍ਰਮਾਤਮਾ ਦੀ ਸੇਵਾ ਕਰਨੀ, ਆਪਣਾ ਧਰਮ ਕਮਾਉਣਾ ਭਾਵ ਧਰਮ ਦੀ ਕਮਾਈ ਕਰਨੀ ਸਿਖਾਈ ਹੋਈ ਹੈ, ਨਾਮ ਧਿਆਉਣਾ ਸਿਖਾਇਆ ਹੋਇਆ ਹੇ ਜੋ ਕਿ ਆਸਾਨੀ ਨਾਲ ਹਰ ਕਿਸੇ ਨੂੰ ਸਮਝ ਆ ਸਕਦੀ ਹੈ, ਅੱਖਰ ਦਾ

ਜਪ ਕਰਨ ਵਾਲਿਆਂ ਨੂੰ ਵੀ ਆ ਸਕਦੀ ਹੈ। ਜੋ ਗੁਰੂ ਦੀ ਸੇਵਾ ਹੈ, ਉਹੀ ਧਰਮ ਦੀ ਕਮਾਈ ਕਰਨੀ ਹੈ ਭਾਵ ਧਰਮ ਦੇ ਮਾਰਗ ਤੇ ਚੱਲਣਾ ਹੈ ਤੇ ਉਹੀ ਸੱਚੁ ਧਿਆਉਣਾ ਹੈ ਭਾਵ ਨਾਮ ਧਿਆਉਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਇਹੀ ਗੱਲ ਸਾਨੂੰ ਉਪਰਲੇ ਸਬਦ ਰਾਹੀਂ ਬੜੀ ਸਪੱਸ਼ਟ ਕਰਕੇ ਸਮਝਾਈ ਹੋਈ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ ਜੋ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ, ਉਸਦੀ ਭਗਤੀ ਕਰਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਗੁਰੂ ਦੀ ਸੇਵਾ ਉਹੀ ਕਰਦੇ ਹਨ ਜਿਨ੍ਹਾਂ ਦੇ ਮਨ ਵਿੱਚ ਸੰਤੋਖ ਹੈ ਭਾਵ ਜਿਨ੍ਹਾਂ ਨੇ ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗਿਆ ਹੋਇਆ ਹੈ, ਮਾਇਆ ਮੋਹ ਤਿਆਗਿਆ ਹੋਇਆ ਹੈ, ਔਗੁਣਾਂ ਨੂੰ ਤਿਆਗਿਆ ਹੋਇਆ ਹੈ ਭਾਵ ਉਨ੍ਹਾਂ ਦੇ ਅੰਦਰ ਭਰੋਸਾ ਹੈ ਕਿ ਜੋ ਕੁਝ ਗੁਰੂ ਸਮਝਾਉਂਦਾ ਹੈ, ਉਹੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। ਉਹਨਾਂ ਨੇ ਕੇਵਲ ਸੱਚ ਤੇ ਭਰੋਸਾ ਰੱਖਿਆ ਹੋਇਆ ਹੈ, ਸਿਰਫ ਸੱਚ ਨੂੰ ਅਪਣਾਇਆ ਹੋਇਆ ਹੈ। ਸੱਚ ਕੇਵਲ ਗੁਰੂ ਦੀ ਮਤਿ ਹੈ। ਸੱਚ ਹੀ ਨਾਮ ਹੈ। ਉਹਨਾਂ ਨੇ ਸੱਚ ਨੂੰ, ਨਾਮ ਨੂੰ ਕਿਵੇਂ ਧਿਆਇਆ ਹੈ, ਕਿਸ ਮਕਸਦ ਲਈ ਧਿਆਇਆ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਗੁਰੂ ਦੀ ਗੱਲ ਮੰਨ ਕੇ ਭਾਵ ਗੁਰੂ ਦਾ ਸੱਚੁ ਧਿਆ ਕੇ, ਨਾਮ ਧਿਆ ਕੇ ਉਨ੍ਹਾਂ ਨੇ ਆਪਣੇ ਆਪ ਨੂੰ ਮੰਦੇ ਕਰਮਾਂ ਤੋਂ ਦੂਰ ਕਰ ਲਿਆ ਤੇ ਕੇਵਲ ਸੱਚ ਦਾ ਆਸਰਾ ਲਿਆ। ਉਨ੍ਹਾਂ ਨੇ ਆਪਣੇ ਔਗੁਣ ਤਿਆਗੇ ਤੇ ਗੁਰੂ ਦੇ ਦੱਸੇ ਹੋਏ ਸੱਚੇ ਗੁਣਾਂ ਨੂੰ ਅਪਣਾਇਆ, ਸੱਚ ਦੇ ਮਾਰਗ ਤੇ, ਨਾਮ ਦੇ ਮਾਰਗ ਤੇ ਚੱਲੇ ਅਤੇ

3/192

ਝੂਠ ਪਾਪ ਦੇ ਮਾਰਗ ਤੋਂ ਮੂੰਹ ਮੋੜ ਲਿਆ। ਜਦੋਂ ਮਨੁੱਖ ਸੱਚ ਨੂੰ ਅਪਣਾ ਲੈਂਦਾ ਹੈ, ਝੂਠ ਨੂੰ ਤਿਆਗ ਦਿੰਦਾ ਹੈ ਭਾਵ ਆਪਣੀ ਝੂਠੀ ਨਾ-ਸਮਝਿ ਮਤਿ ਨੂੰ ਤਿਆਗ ਦਿੰਦਾ ਹੈ, ਉਸਦੀ ਸਾਰੀ ਕਰਨੀ ਸੱਚੀ ਸੁੱਚੀ ਹੋ ਜਾਂਦੀ ਹੈ, ਚੰਗੀ ਹੋ ਜਾਂਦੀ ਹੈ। ਉਸਦੀ ਦੁਨੀਆਂ ਦੇ ਵਿੱਚ ਵਿਚਰਨ ਸ਼ੁੱਧ ਵਿਚਾਰਾਂ ਦੁਆਰਾ ਹੁੰਦੀ ਹੈ, ਹਿਰਦੇ ਦੀ ਸ਼ੁੱਧੀ ਦੁਆਰਾ ਹੁੰਦੀ ਹੈ, ਮਨੁੱਖਤਾ ਦੇ ਭਲੇ ਲਈ ਹੁੰਦੀ ਹੈ। ਇਹ ਸੱਚੀ ਸੁੱਚੀ ਕਰਨੀ ਹੀ ਧਰਮ ਦੀ ਕਮਾਈ ਹੈ, ਧਰਮ ਤੇ ਚੱਲਣਾ ਹੈ, ਗੁਰੂ ਦੀ ਸੇਵਾ ਕਰਨਾ ਹੈ, ਨਾਮ ਧਿਆਉਣਾ ਹੈ। **(ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ)**। ਇਹੋ ਜਿਹੇ ਸੰਤੋਖੀ ਮਨੁੱਖ ਦੁਨੀਆਂ ਦੇ ਝੂਠੇ ਮਾਇਆ ਦੇ ਬੰਧਨਾਂ ਵਿੱਚ ਨਹੀਂ ਫਸਦੇ ਤੇ ਉਸ ਤੋਂ ਮੂੰਹ ਮੋੜ ਲੈਂਦੇ ਹਨ ਭਾਵ ਉਹ ਕਿਸੇ ਮਾੜੇ ਤਰੀਕੇ ਨਾਲ ਮਾਇਆ ਦੀ ਕਮਾਈ ਨਹੀਂ ਕਰਦੇ, ਕੋਈ ਮਾਇਆ ਦਾ ਲੋਭ ਲਾਲਚ ਨਹੀਂ ਕਰਦੇ। ਸੱਚੀ ਸੁੱਚੀ ਕਮਾਈ ਨਾਲ ਭਾਵੇਂ ਉਹ ਥੋੜ੍ਹੀ ਹੋਵੇ, ਉਸਦੇ ਨਾਲ ਹੀ ਆਪਣਾ ਗੁਜ਼ਾਰਾ ਕਰਦੇ ਹਨ **(ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥)**। ਮਨੁੱਖ ਲਈ ਇਹੀ ਸਭ ਤੋਂ ਵੱਡਾ ਔਖਾ ਕੰਮ ਹੈ ਕਿ ਮਨ ਦੀ ਮਾਇਆ ਤੋਂ ਨਿਰਲੇਪ ਕਿਵੇਂ ਹੋਵੇ, ਮਾਇਆ ਮੋਹ ਤੋਂ ਕਿਵੇਂ ਬਚੇ ਜੋ ਹਰ ਵੇਲੇ ਮਨੁੱਖ ਨੂੰ ਮਾਇਆ ਦੇ ਸੁਖਾਂ ਵੱਲ ਖਿੱਚਦੀ ਹੈ, ਦੇਖਾ ਦੇਖੀ ਮਨੁੱਖ ਨੂੰ ਭਰਮਾਉਂਦੀ ਹੈ। ਇਹ ਅਵੱਸਥਾ ਤੋਂ ਮਨੁੱਖ ਤਾਂ ਹੀ ਨਿਕਲ ਸਕਦਾ ਹੈ ਜਦੋਂ ਸਾਨੂੰ ਗੁਰੂ ਦੀ ਗੱਲ ਤੇ ਭਰੋਸਾ ਆ ਜਾਵੇ, ਸਾਡੇ ਅੰਦਰ ਸੰਤੋਖ ਆ ਜਾਵੇ ਕਿ ਪ੍ਰਮਾਤਮਾ ਜੋ ਕੁੱਝ ਵੀ ਸਾਡੇ ਨਾਲ ਕਰੇਗਾ ਉਹ ਠੀਕ ਹੀ ਕਰੇਗਾ, ਜੋ ਹੋਣਾ ਚਾਹੀਦਾ ਹੈ, ਉਹੀ ਕਰੇਗਾ, ਜੋ ਉਹ ਕਰਦਾ ਹੈ ਉਹ ਠੀਕ ਹੈ ਭਾਵ ਉਸਦੇ ਭਾਣੇ ਅੰਦਰ ਚੱਲਣਾ ਹੀ ਸਾਡੇ ਲਈ ਠੀਕ ਹੈ, ਚੰਗਾ ਹੈ। ਜਦੋਂ ਮਨੁੱਖ ਨੂੰ ਪ੍ਰਮਾਤਮਾ ਤੇ ਭਰੋਸਾ ਆਉਣਾ ਸ਼ੁਰੂ ਹੋ ਜਾਂਦਾ ਹੈ ਤੇ ਉਹ ਆਪ ਹੀ ਬਖਸ਼ਿਸ਼ ਕਰਕੇ ਮਨੁੱਖ ਦਾ ਹੌਂਸਲਾ, ਭਰੋਸਾ, ਉਤਸ਼ਾਹ ਨਿੱਤ-ਨਿੱਤ ਵਧਾਉਂਦਾ ਰਹਿੰਦਾ ਹੈ, ਮਨ ਦੀ ਸਮਝ ਰਾਹੀਂ ਵਧਾਉਂਦਾ ਰਹਿੰਦਾ ਹੈ। ਇਹ ਹੀ ਉਸਦੀ ਕ੍ਰਿਪਾ ਹੈ **(ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥)**।

ਪ੍ਰਮਾਤਮਾ ਦੀ ਕ੍ਰਿਪਾ ਨਾਲ ਮਨੁੱਖ ਦਾ ਪਿਆਰ ਗੁਰੂ ਨਾਲ ਵੱਧਦਾ ਰਹਿੰਦਾ ਹੈ ਤੇ ਨਿਤਾ ਪ੍ਰਤੀ ਉਹ ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ ਰਹਿੰਦਾ ਹੈ ਭਾਵ ਆਪਣੀ ਸੁਕ੍ਰਿਤ ਕਰਨੀ ਤੇ ਅਡੋਲ ਰਹਿੰਦਾ ਹੈ। ਮਨੁੱਖ ਦੀ ਇਹ ਸੁਕ੍ਰਿਤ ਕਰਨੀ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਤੇ ਇਹੋ ਜਿਹੀ ਵਡਿਆਈ ਦੁਆਰਾ ਹੀ ਭਾਵ ਸੱਚੀ ਸੁੱਚੀ ਕਰਨੀ ਦੁਆਰਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਇਹੋ ਜਿਹੀ ਵਡਿਆਈ ਕਰਨੀ ਭਾਵ ਸਾਡੀ ‘‘ਸੁਕ੍ਰਿਤ ਕਰਨੀ’’ ਜੋ ਮਨ ਦੇ ਸੰਤੋਖ ਦੁਆਰਾ ਹੁੰਦੀ ਹੈ, ਤ੍ਰਿਸ਼ਨਾਵਾਂ ਤਿਆਗਣ ਦੁਆਰਾ, ਮਾਇਆ ਮੋਹ ਤਿਆਗਣ ਦੁਆਰਾ ਹੁੰਦੀ ਹੈ ਭਾਵ ਮਾੜੇ ਕਰਮ ਨਾ ਕਰਨ ਦੁਆਰਾ ਹੁੰਦੀ ਹੈ, ਇਹ ਗੁਰੂ ਦੀ ਸੇਵਾ ਹੈ, ਧਰਮ ਦਾ ਮਾਰਗ ਹੈ, ਪ੍ਰਮਾਤਮਾ ਦਾ ਨਾਮ ਧਿਆਉਣਾ ਹੈ, ਨਾਮ ਜਪਣਾ ਹੈ ਜੋ ਭਗਤੀ ਦਾ ਮਾਰਗ ਸਾਨੂੰ ਗੁਰਬਾਣੀ ਹਰ ਸ਼ਬਦ ਰਾਹੀਂ ਸਮਝਾ ਰਹੀ ਹੈ। ਪ੍ਰਮਾਤਮਾ ਦੀ ਇਹੋ ਜਿਹੀ ਵਡਿਆਈ ਕਰਨ ਦੁਆਰਾ ਹੀ ਭਾਵ ਸੱਚੀ ਸੁੱਚੀ ਕਿਰਤ ਕਰਨ ਦੁਆਰਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਮੰਨੀਏ,

ਸੱਚ ਨੂੰ ਮੰਨੀਏ ਤੇ ਮਾਇਆ ਮੋਹ ਵਿੱਚੋਂ ਨਿਕਲ ਕੇ, ਮਾੜੇ ਕਰਮਾਂ ਵਿੱਚੋਂ ਨਿਕਲ ਕੇ ਸੱਚੀ ਸੁੱਚੀ ਕਿਰਤ ਕਰੀਏ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ ਤੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਦੀ ਵਡਿਆਈ ਸਾਡੀ ਕਰਨੀ ਹੈ ਨਾ ਕਿ ਕਥਨੀ। ਸਰੀਰਕ ਜਪ ਤਪ ਆਦਿ ਸਭ ਭਰਮ ਹੀ ਹਨ ਜਿਨ੍ਹਾਂ ਨੂੰ ਬਾਣੀ ਰਾਹੀਂ ਪਖੰਡ ਹੀ ਦੱਸਿਆ ਹੈ। ਸਾਡੇ ਸੱਚੇ ਸੁੱਚੇ ਕਰਮ ਹੀ ਸਾਡਾ ਸੱਚਾ ਜਪ ਤਪ ਹੈ, ਸਾਡੇ ਸੁੱਚੇ ਬੋਲ ਹਨ ਜਿਨ੍ਹਾਂ ਦੁਆਰਾ ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ ਜੋ ਵਡਿਆਈ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਇੱਕੋ ਜਿਹਾ ਹੀ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

3/193

(ਵਡਿਆਈ ਵਡਾ ਪਾਇਆ॥) (ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥ ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥ ਵਡਿਆਈ ਵਡਾ ਪਾਇਆ॥) ਇਸ ਸ਼ਬਦ ਨੂੰ ਸਮਝਣ ਤੋਂ ਬਾਅਦ ਹੁਣ ਦੱਸੋ ਕਿ ਇਸ ਤੋਂ ਬਿਨ੍ਹਾਂ ਧਰਮ ਕਮਾਉਣ ਦਾ ਹੋਰ ਕਿਹੜਾ ਤਰੀਕਾ ਹੈ । ਇਸੇ ਤਰੀਕੇ ਨਾਲ ਹੀ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ ਭਾਵ ਉਸ ਦੇ ਗੁਣ ਗਾਏ ਜਾ ਸਕਦੇ ਹਨ ਤੇ ਉਸਨੂੰ ਪਾਉਣ ਦਾ ਇਹ ਹੀ ਤਰੀਕਾ ਦੱਸਿਆ ਹੈ। ਹੋਰ ਕੋਈ ਤਰੀਕਾ ਨਾ ਹੈ ਤੇ ਨਾ ਹੀ ਹੋ ਸਕਦਾ ਹੈ। ਸਾਰੀ ਮਨੁੱਖਤਾ ਦਾ ਧਰਮ ਇਹ ਹੀ ਹੈ, ਇੱਕੋ ਹੀ ਹੈ। ਇੱਕ ਅੱਖਰ ਦਾ ਜਪ ਕਰੀ ਜਾਣ ਵਾਲੇ ਜੋ ਕਿ ਇਸਨੂੰ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਨ, ਉਸਦੇ ਗੁਣ ਗਾਉਣਾ ਸਮਝਦੇ ਹਨ, ਅਤਿ ਦੇ ਭੁੱਲੇ ਹੋਏ ਹੀ ਹਨ। ਆਓ ਹੁਣ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ ਤੇ ਇਹ ਗੱਲ ਹੋਰ ਦ੍ਰਿੜ ਕਰੀਏ ਕਿ ਪ੍ਰਮਾਤਮਾ ਨੂੰ ਜਪਣਾ ਚੰਗੇ ਕਰਮ ਕਰਨਾ ਹੀ ਹੈ। ਔਗੁਣਾਂ ਨੂੰ ਤਿਆਗ ਕੇ ਗੁਣਾਂ ਨੂੰ ਧਾਰਨ ਕਰਨਾ ਹੀ ਹੈ ਜੋ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ।

“ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ॥
ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ॥੧॥
ਮਨ ਬੈਰਾਗੀ ਕਿਉ ਨ ਅਰਾਧੇ॥
ਕਾਚ ਕੋਠਰੀ ਮਾਹਿ ਤੂੰ ਬਸਤਾ
ਸੰਗਿ ਸਗਲ ਬਿਖੈ ਕੀ ਬਿਆਧੇ॥੧॥ਰਹਾਉ॥
ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ॥
ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ॥੨॥
ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ॥
ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ॥੩॥
ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਤਉ ਗੁਰ ਮਿਲਿ ਸਭ ਸੁਖ ਲਾਧੇ॥
ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ॥੪॥
ਇਉ ਜਪਿਓ ਭਾਈ ਪੁਰਖੁ ਬਿਧਾਤੇ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਜਨਮ ਮਰਣ ਦੁਖ ਲਾਥੇ॥੧॥ਰਹਾਉ ਦੂਜਾ॥”

(ਅੰਗ ੪੦੨-੪੦੩)

ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੋਗੇ ਤਾਂ ਇਹ ਗੱਲ ਸਮਝਣ ਵਿੱਚ ਕੋਈ ਦੁਚਿੱਤੀ ਨਹੀਂ ਰਹੇਗੀ ਕਿ ਪ੍ਰਮਾਤਮਾ ਦਾ ਜਪਣਾ ਕੀ ਹੈ। ਪਹਿਲੀਆਂ ਪੰਗਤੀਆਂ ਵਿੱਚ ਮਨੁੱਖ ਦੀ ਉਹ ਅਵੱਸਥਾ ਸਮਝਾਈ ਹੈ ਜਿੱਥੇ ਹਰ ਕੋਈ ਲੱਗਾ ਹੋਇਆ ਹੈ ਭਾਵ ਜਿਸ ਮਨ ਦੀ ਅਵੱਸਥਾ ਵਿੱਚ ਪ੍ਰਮਾਤਮਾ ਨੇ ਹਰ ਕਿਸੇ ਨੂੰ ਰੱਖਿਆ ਹੋਇਆ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ। ਇਹ ਮਾਇਆ ਮੋਹ ਸਾਡੇ ਅੰਦਰ ਦੀ ਝੂਠੀ ਸਮਝ ਹੈ, ਮਿਥਿਆ ਹੈ ਜੋ ਸਾਨੂੰ ਸੱਚ ਦੀ ਸਮਝ ਨਹੀਂ ਪੈਣ ਦਿੰਦੀ, ਪ੍ਰਮਾਤਮਾ ਦੀ, ਨਾਮ ਦੀ ਸਮਝ ਨਹੀਂ ਪੈਣ ਦਿੰਦੀ। ਸਾਡੇ ਅੰਦਰ ਦੀ ਇਹ ਮਾਇਆ ਮੋਹ ਵਾਲੀ ਸਮਝ ਭਾਵ ਝੂਠੀ ਸਮਝ ਹੀ ਸਾਡੇ ਅੰਦਰ ਦੀ "ਅਹੰਬੁਧਿ" ਹੈ ਭਾਵ ਮਨਮਤਿ ਹੈ ਜੋ ਸਾਨੂੰ ਮੈਂ ਸਿਖਾਉਂਦੀ ਹੈ, ਹਉਮੈ ਵਿੱਚ ਰੱਖਦੀ ਹੈ ਤੇ ਸਾਡੇ ਮਨ ਨੂੰ "ਅੰਧਾ" ਬਣਾ ਕੇ ਰੱਖਦੀ ਹੈ ਭਾਵ ਅਗਿਆਨਤਾ ਵਿੱਚ ਰੱਖਦੀ ਹੈ। ਇਸੇ ਲਈ ਸਾਰਾ ਸੰਸਾਰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿਉਂਕਿ ਸਾਡੀ ਮਤਿ, ਸਾਡੀ ਸਮਝ ਹੀ ਸਾਨੂੰ ਝੂਠ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਤੇ ਪ੍ਰਮਾਤਮਾ ਮੇਰੇ ਨਾਲੋਂ ਵੱਖਰਾ ਹੈ ਭਾਵ ਕੁੱਝ ਹੋਰ ਹੈ ਜਿਸਦਾ ਕੋਈ ਪਤਾ ਨਹੀਂ ਲੱਗਦਾ, ਕੋਈ ਸਮਝ ਨਹੀਂ ਪੈਂਦੀ। ਅਗਰ ਕੋਈ ਪ੍ਰਮਾਤਮਾ ਨੂੰ ਜਾਨਣਾ ਚਾਹੁੰਦਾ ਹੈ ਤਾਂ ਉਹ ਮਨ ਦੀ ਇਸ ਝੂਠੀ ਸਮਝ ਵਿੱਚੋਂ ਨਿਕਲ ਕੇ, ਮਾਇਆ ਮੋਹ ਵਿੱਚੋਂ ਨਿਕਲ ਕੇ ਅਹੰਬੁਧਿ ਵਿੱਚੋਂ ਨਿਕਲ ਕੇ, ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਹੀ ਜਾਣ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਅਸੀਂ ਉਸ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ ਜਿਸ ਲਈ ਅਸੀਂ ਆਪਣੀ ਆਪਣੀ ਆਸਥਾ ਅਨੁਸਾਰ ਭਗਤੀ ਦੇ ਮਾਰਗ ਸਾਧੇ ਹੋਏ ਹਨ, ਸਰੀਰਕ ਜਪ ਤਪ ਆਦਿ ਬਣਾਏ ਹੋਏ ਹਨ, ਅੱਖਰਾਂ ਦੇ ਜਪ ਬਣਾਏ ਹੋਏ ਹਨ ਪਰ ਕੀ ਇਹੋ ਜਿਹੇ ਕਿਸੇ ਤਰੀਕੇ ਨਾਲ ਸਾਡੇ ਮਨ ਦੀ ਅਗਿਆਨਤਾ ਦੂਰ ਹੋ ਸਕਦੀ ਹੈ, "ਅਹੰਬੁਧਿ" ਮਿਟ ਸਕਦੀ ਹੈ, "ਝੂਠੀ ਮਤਿ" ਮਿਟ ਸਕਦੀ ਹੈ, "ਮਾਇਆ ਮੋਹ" ਵਾਲੀ ਸਮਝ ਮਿਟ ਸਕਦੀ ਹੈ ਜਿਸ ਸਮਝ ਵਿੱਚ ਰਹਿੰਦਿਆਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ ਭਾਵ ਨਹੀਂ ਪਾਇਆ ਜਾ ਸਕਦਾ ਜਿਵੇਂ ਕਿ ਉੱਪਰ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। (**ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ॥ ਜਹ ਜਾਨੌ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ॥**) ਜਦ ਤਕ ਮਨੁੱਖ ਮਨ ਦੀ ਇਸ ਅਵੱਸਥਾ ਵਿਚ ਹੈ ਤਦ ਤੱਕ ਸਾਡੇ ਅੰਦਰ ਪ੍ਰਮਾਤਮਾ ਦਾ ਜਪ ਨਹੀਂ ਹੋਇਆ ਹੁੰਦਾ, ਉਸਨੂੰ ਅਰਾਧਿਆ ਨਹੀਂ ਹੁੰਦਾ ਕਿਉਂਕਿ ਪ੍ਰਮਾਤਮਾ ਨੂੰ ਅਰਾਧਣ ਦਾ ਮਕਸਦ ਹੀ ਮਨ ਦੀ ਇਸ ਝੂਠੀ ਸਮਝ ਵਿੱਚੋਂ ਨਿਕਲਣ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਮਨਮਤਿ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲਣ ਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ "ਰਹਾਉ" ਵਾਲੀਆਂ ਪੰਗਤੀਆਂ ਹਨ ਤੇ ਸਮਝਾਇਆ ਹੋਇਆ ਹੈ ਕਿ ਮਨੁੱਖ ਕਿਸ ਲਈ ਪ੍ਰਮਾਤਮਾ ਨੂੰ ਨਹੀਂ ਅਰਾਧ ਸਕਦਾ।

"ਮਨ ਬੈਰਾਗੀ ਕਿਉ ਨ ਅਰਾਧੇ॥
ਕਾਚ ਕੋਠਰੀ ਮਾਹਿ ਤੂੰ ਬਸਤਾ
ਸੰਗਿ ਸਗਲ ਬਿਖੈ ਕੀ ਬਿਆਧੇ॥੧॥ਰਹਾਉ॥"

ਪ੍ਰਮਾਤਮਾ ਨੂੰ ਜਾਨਣਾ ਜਾਂ ਨਾ ਜਾਨਣਾ ਇਹ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਇਹੀ ਗੱਲ ਉੱਪਰ ਸਪੱਸ਼ਟ ਕੀਤੀ ਹੋਈ ਹੈ। ਸਾਡੇ ਮਨ ਦੇ ਵਿੱਚ ਹੀ ਮਾਇਆ ਮੋਹ ਹੈ, ਭਰਮਾਂ ਵਾਲੀ ਮਤਿ ਹੈ ਤੇ ਮਨ ਦੀ ਸਮਝ ਹੀ ਕਿਸੇ ਨੂੰ "ਬੈਰਾਗੀ" ਬਣਾਉਂਦੀ ਹੈ। ਵੈਰਾਗੀ ਮਨ ਉਹ ਹੁੰਦਾ ਹੈ ਜੋ ਮਾਇਆ ਮੋਹ ਤੋਂ ਰਹਿਤ ਹੁੰਦਾ ਹੈ, ਜੋ ਮਨ ਗੁਰੂ ਦੀ ਮਤਿ ਦੇ ਨਾਲ ਜੁੜਿਆ ਹੁੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਗੁਰੂ ਦੇ ਵਿਚਾਰਾਂ ਨਾਲ ਮਿਲਿਆ ਹੁੰਦਾ ਹੈ ਭਾਵ ਉਹ ਮਨ ਦੀ ਸਮਝ ਦੁਆਰਾ ਉਹੀ ਕੁੱਝ ਕਰਦਾ ਹੈ ਜੋ ਗੁਰੂ ਦੀ ਸੱਚੀ ਮਤਿ ਉਸ ਦੇ ਕੋਲੋਂ ਕਰਵਾਉਂਦੀ ਹੈ। ਵੈਰਾਗ ਵਾਲੀ ਅਵੱਸਥਾ ਸਾਡੇ ਮਨ ਦੀ ਉਹ ਸਮਝ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਸਮਝ ਹੈ ਜਿਸ ਸਮਝ ਦੁਆਰਾ ਮਨੁੱਖ ਇਸ ਗੱਲ ਨੂੰ ਜਾਣ ਲੈਂਦਾ ਹੈ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਹੋਂਦ ਸਮਝਣਾ ਕੇਵਲ ਸਾਡਾ ਭਰਮ ਹੈ, ਮਾਇਆ ਮੋਹ ਹੈ, ਅਗਿਆਨਤਾ ਹੈ, ਅਹੰਬੁਧਿ ਹੈ, ਮਨਮਤਿ ਹੈ। "ਬੈਰਾਗੀ ਮਨ" ਦੇ ਰੂਪ ਵਿੱਚ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ। ਭਗਤ ਰੂਪ, ਗੁਰੂ ਰੂਪ ਪ੍ਰਮਾਤਮਾ ਦਾ ਵੈਰਾਗੀ ਰੂਪ ਹੀ ਹੈ ਜੋ ਕਿ ਮਨ ਦੇ ਵਿੱਚ ਮਾਇਆ ਮੋਹ ਤੋਂ ਰਹਿਤ ਸੱਚੇ ਗਿਆਨ ਵਾਲਾ ਰੂਪ ਹੈ। ਅਸੀਂ ਇਸ ਮਨ ਦੇ "ਬੈਰਾਗੀ ਰੂਪ" ਨੂੰ ਹੀ ਅਰਾਧਣਾ ਹੈ ਭਾਵ ਜਾਨਣਾ ਹੈ, ਸਮਝਣਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ, ਮੇਲ ਕਰਨਾ ਹੈ ਜਿਸ ਨੂੰ ਕਿ ਮਾਇਆ ਮੋਹ ਵਾਲੀ ਮਤਿ ਵਿੱਚੋਂ ਨਿਕਲ ਕੇ ਹੀ ਜਾਣਿਆ ਜਾ ਸਕਦਾ ਹੈ ਭਾਵ ਗੁਰੂ ਦੀ ਸੱਚੀ ਸਮਝ ਵਾਲੀ ਮਤਿ ਨੂੰ ਮੰਨਣ ਦੁਆਰਾ ਹੀ ਭਾਵ ਅਰਾਧਣ ਦੁਆਰਾ ਹੀ

ਜਾਣਿਆ ਜਾ ਸਕਦਾ ਹੈ, ਮਨ ਦੇ ਵਿੱਚੋਂ ਜਾਣਿਆ ਜਾ ਸਕਦਾ ਹੈ। ਇਹੀ ਗੱਲ ਸਾਨੂੰ ਉੱਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਉਸ ਬੈਰਾਗੀ ਨੂੰ, ਬੈਰਾਗ ਦੀ ਸਮਝ ਵਾਲੇ ਪ੍ਰਮਾਤਮਾ ਨੂੰ ਜੋ ਸਾਡੇ ਅੰਦਰ ਸਾਡੇ ਮਨ ਦੇ ਰੂਪ ਵਿੱਚ ਹੈ, ਉਸਨੂੰ ਕਿਉਂ ਨਹੀਂ ਅਰਾਧਦੇ ਭਾਵ ਕਿਉਂ ਨਹੀਂ ਮਾਇਆ ਮੋਹ ਵਿੱਚੋਂ ਨਿਕਲਦੇ। (**ਮਨ ਬੈਰਾਗੀ ਕਿਉ ਨ ਅਰਾਧੇ॥**)

{ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥
ਧੰਨੁ ਸੁ ਤੇਰਾ ਥਾਨੁ ॥੧॥ ਰਹਾਉ ॥}

(ਅੰਗ ੫੦)

ਬੈਰਾਗੀ ਮਨ ਨੂੰ ਜਾਨਣ ਲਈ ਅਸੀਂ ਕਿਸ ਤਰੀਕੇ ਅਰਾਧਣਾ ਹੈ ਭਾਵ ਗੁਰੂ ਦੀ ਮਤਿ ਨੂੰ ਕਿਸ ਰੂਪ ਵਿੱਚ ਮੰਨਣਾ ਹੈ ਉਸ ਲਈ ਅਸੀਂ ਕਿਸ ਚੀਜ ਦਾ ਸੰਗ ਛੱਡਣਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ॥੧॥ਰਹਾਉ॥"

ਮਨੁੱਖ ਦਾ ਬਸੇਰਾ, ਮਨੁੱਖ ਦਾ ਘਰ ਕੱਚੀ ਕੋਠਰੀ ਕਹਿ ਕੇ ਦਸਿਆ ਹੋਇਆ ਹੈ। ਸਾਡਾ ਘਰ ਸਾਡਾ ਮਨ ਹੀ ਹੈ ਤੇ ਕੱਚੀ ਕੋਠਰੀ ਸਾਡੇ ਮਨ ਦੀ ਕੱਚੀ ਸਮਝ ਹੈ ਜੋ ਸਮਝ ਟਿਕਣ ਵਾਲੀ ਸਮਝ ਨਹੀਂ ਹੈ, ਇੱਕ ਕੱਚੀ ਕੰਧ ਵਰਗੀ ਹੈ ਜੋ ਕਦੇ ਵੀ ਢਹਿ ਸਕਦੀ ਹੈ ਭਾਵ ਜਿਸਦਾ ਕੋਈ ਵਜੂਦ ਨਹੀਂ ਹੈ ਜਿਸਦੇ ਆਸਰੇ ਰਹਿਣਾ ਆਪਣੇ ਆਤਮਿਕ ਜੀਵਨ ਨੂੰ ਖਤਰੇ ਵਿੱਚ ਪਾ ਕੇ ਰੱਖਣਾ ਹੈ। ਸਾਡੀ ਇਸ "ਕਾਚ ਕੋਠੜੀ" ਨੂੰ ਸਾਡੇ ਅੰਦਰ ਦੀ "ਬਿਖ" ਕਹਿ ਕੇ ਸਮਝਾਇਆ ਹੈ ਭਾਵ ਮਾਇਆ ਮੋਹ ਵਾਲੀ ਸਮਝ, ਅਗਿਆਨਤਾ ਵਾਲੀ ਸਮਝ ਕਹਿ ਕੇ ਸਮਝਾਇਆ ਹੈ, ਸਾਡੇ ਮਨ ਦਾ ਰੋਗ ਕਹਿ ਕੇ ਸਮਝਾਇਆ ਹੈ। ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਹੀ, ਕੱਚੀ ਮਤਿ ਹੀ ਸਾਡੇ ਰੋਗਾਂ ਦਾ ਕਾਰਨ ਹੈ, ਹਰ ਬਿਆਧ ਦਾ ਕਾਰਨ ਹੈ ਜਿਸ ਬਿਆਧ ਦੀ, ਰੋਗਾਂ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ ਸਾਡੇ ਅੰਦਰ ਦੀ ਕੱਚੀ ਮਤਿ ਹੈ ਜਿਸ ਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਨਾ ਹੀ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ। ਸੱਚੀ ਮਤਿ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ ਜੋ ਸਮਝ ਗੁਰੂ ਦੇ ਕੋਲ ਹੈ, ਪੂਰੀ ਗੁਰਬਾਣੀ ਦੇ ਵਿੱਚ ਹੈ। ਮਨੁੱਖੀ ਸਮਝ ਵਿੱਚ ਤੇ ਗੁਰੂ ਦੀ ਸਮਝ ਤੇ ਗੁਰੂ ਦੀ ਸਮਝ ਵਿੱਚ ਇਹੀ ਫਰਕ ਹੈ ਭਾਵ ਕੱਚੀ ਤੋਂ ਸੱਚੀ ਮਤਿ ਦਾ ਫਰਕ ਹੈ। ਸਾਡੇ ਅੰਦਰ ਦੀ ਕੱਚੀ ਮਤਿ ਹੀ ਸਾਡੇ ਅੰਦਰ ਦਾ ਹਉਮੈ ਰੋਗ ਹੈ, ਤ੍ਰਿਸ਼ਨਾ ਰੋਗ ਹੈ ਜਿਸ ਦਾ ਕਾਰਨ ਸਾਡੀ ਨਾਸਮਝ ਮਤਿ ਹੈ ਜਿਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ ਤੇ ਅਸੀਂ ਭਗਤੀ ਦੇ ਪੁੱਠੇ ਮਾਰਗ ਤੇ ਚੱਲਦੇ ਹਾਂ, ਨਾਮ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਤੇ ਮਾਇਆ ਮੋਹ ਵਿੱਚ ਰਹਿੰਦੇ ਹੋਏ ਹੀ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ, ਉਸਨੂੰ ਅਰਾਧਣਾ ਚਾਹੁੰਦੇ ਹਾਂ। ਜਦ ਤੱਕ ਅਸੀਂ ਬਿਖ ਦਾ ਸੰਗਿ ਭਾਵ ਮਨ ਦੀ ਨਾ-ਸਮਝ ਮਤਿ ਦਾ ਸੰਗ ਨਹੀਂ ਛੱਡਦੇ, ਗੁਰੂ ਦੀ ਮਤਿ ਨੂੰ, ਗੁਰੂ ਦੇ ਨਾਮ ਨੂੰ ਨਹੀਂ ਅਰਾਧਦੇ ਭਾਵ ਨਹੀਂ ਮੰਨਦੇ ਤੇ ਬਿਖ ਦਾ ਸੰਗ ਨਹੀਂ ਛੱਡਦੇ ਤਦ ਤੱਕ ਅਸੀਂ ਇਸ ਬੈਰਾਗੀ ਮਨ ਨੂੰ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਸੱਚੇ ਗਿਆਨ ਦਾ ਰੂਪ ਹੈ ਉਸਨੂੰ ਨਹੀਂ ਜਾਣ ਸਕਦੇ ਭਾਵ ਗੁਰੂ ਦੀ ਗੱਲ ਨੂੰ ਮੰਨੇ ਬਿਨ੍ਹਾਂ, ਮਾਇਆ ਮੋਹ ਛੱਡੇ ਬਿਨ੍ਹਾਂ, ਗੁਰੂ ਦੇ ਸਮਝਾਏ ਸੱਚ ਨੂੰ ਅਪਣਾਏ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ, ਨਹੀਂ ਜਾਣਿਆ ਜਾ ਸਕਦਾ। (**ਮਨ ਬੈਰਾਗੀ ਕਿਉ ਨ ਅਰਾਧੇ ॥ ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ ॥੧॥ਰਹਾਉ॥**)

ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ, ਕੱਚੀ ਸਮਝ ਕਿਸ ਰੂਪ ਵਿੱਚ ਕੱਚੀ ਕੰਧ ਦੀ ਤਰ੍ਹਾਂ ਹੈ ਭਾਵ ਕਿਸ ਤਰੀਕੇ ਸਾਡਾ ਆਤਮਿਕ ਜੀਵਨ ਖਰਾਬ ਕਰਦੀ ਹੈ, ਕਿਸ ਕਰਕੇ ਇਹ ਸਾਡੇ ਮਨ ਦਾ ਰੋਗ ਹੈ, ਕਿਸ ਤਰੀਕੇ ਇਹ ਸਾਨੂੰ ਭਗਤੀ ਦੇ ਸੱਚੇ ਮਾਰਗ ਤੋਂ ਦੂਰ ਰੱਖਦੀ ਹੈ, ਨਾਮ ਤੋਂ ਦੂਰ ਰੱਖਦੀ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ ਜਿਸ ਗੱਲ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ।

"ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ॥
ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ॥੨॥
ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ॥
ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ॥3॥"

ਮੇਰੀ ਮੇਰੀ ਮਨੁੱਖ ਤਾਂ ਹੀ ਕਰਦਾ ਹੈ ਜਦੋਂ ਉਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੁੰਦੀ। ਮਾਇਆ ਮੋਹ ਵਿੱਚ ਫਸਿਆ ਮਨੁੱਖ ਹਰ ਵੇਲੇ ਇਹੀ ਚਾਹੁੰਦਾ ਹੈ, ਦਿਨ ਰਾਤ ਇਹੀ ਚਾਹੁੰਦਾ ਹੈ ਕਿ ਇਹ ਵਸਤੂ ਵੀ ਮੇਰੀ ਹੋ ਜਾਵੇ, ਇਹ ਵਸਤੂ ਵੀ ਮੇਰੀ ਹੋ ਜਾਵੇ ਭਾਵ ਦਾਤਾਂ ਦਾ ਮੋਹ ਲੁਭਾਉਂਦਾ ਹੈ ਜਿਸ ਕਰਕੇ ਮਨੁੱਖ ਮਾੜੇ ਕਰਮ ਵੀ ਕਰਦਾ ਹੈ। ਮਾਇਆ ਦੀਆਂ ਦਾਤਾਂ ਸਭ ਨੂੰ ਮਿੱਠੀਆਂ ਲੱਗਦੀਆਂ ਹਨ ਜਿਨ੍ਹਾਂ ਦਾ ਸਵਾਦ ਮਨੁੱਖ ਨੂੰ ਲੁਭਾਉਂਦਾ ਹੈ ਜਿਨ੍ਹਾਂ ਦੀ ਪੂਰਤੀ ਲਈ ਉਹ ਝੂਠ ਦਾ ਧੰਦਾ ਕਰਦਾ ਹੈ ਭਾਵ ਝੂਠ ਬੋਲਣ ਦੁਆਰਾ ਕਾਰ ਵਿਹਾਰ ਕਰਦਾ ਹੈ, ਮਾੜੇ ਕਰਮ ਕਰਦਾ ਹੈ ਤੇ ਆਪਣੇ ਜੀਵਨ ਨੂੰ, ਆਤਮਿਕ ਜੀਵਨ ਨੂੰ ਦੁਰਗੰਧੀ ਵਾਲਾ ਬਣਾਉਂਦਾ ਹੈ। ਜਿਵੇਂ ਦੁਰਗੰਧਿ ਕਿਸੇ ਨੂੰ ਚੰਗੀ ਨਹੀਂ ਲੱਗਦੀ ਇਸੇ ਤਰ੍ਹਾਂ ਇਹੋ ਜਿਹੇ ਮਾੜੇ ਕਰਮ ਕਰਨ ਵਾਲਿਆਂ ਦੇ ਕਰਮ ਕਿਸੇ ਨੂੰ ਚੰਗੇ ਨਹੀਂ ਲੱਗਦੇ ਕਿਉਂਕਿ ਉਹ ਆਪਣੇ ਮਾੜੇ ਕਰਮਾ ਦੁਆਰਾ ਸਮਾਜ ਦਾ ਮਾੜਾ ਹੀ ਕਰਦੇ ਹਨ, ਧਰਮ ਦੇ ਮਾਰਗ ਤੋਂ, ਭਗਤੀ ਦੇ ਮਾਰਗ ਤੋਂ ਉਲਟ ਚੱਲਦੇ ਹਨ। (**ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ॥ ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ॥**) ਇਹੋ ਜਿਹੇ ਮਾੜੇ ਕਰਮ ਕਰਨਾ ਭਗਤੀ ਦੇ ਸੱਚੇ ਮਾਰਗ ਦੀ, ਨਾਮ ਜਪਣ ਦੇ ਸੱਚੇ ਮਾਰਗ ਦੀ ਨਾ-ਸਮਝੀ ਹੀ ਹੈ, ਸਾਡੇ ਮਨ ਦੀ ਅਹੰਬੁਧਿ ਹੀ ਹੈ, ਅਗਿਆਨਤਾ ਹੀ ਹੈ ਜਿਵੇਂ ਕਿ ਅਸੀਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਮਨ ਦੀ ਮਾੜੀ ਸਮਝ ਰਾਹੀਂ, ਮਾਇਆ ਮੋਹ ਰਾਹੀਂ ਅਸੀਂ ਮਾੜੇ ਕਰਮ ਹੀ ਕਰਦੇ ਹਾਂ, ਮਾਇਆ ਮੋਹ ਦੇ ਰਸਾਂ ਵਿੱਚ ਪੈਂਦੇ ਹਾਂ ਜਿਨ੍ਹਾਂ ਕਰਕੇ ਅਸੀਂ ਔਗੁਣ ਕਰਦੇ ਹਾਂ ਜਿਸਨੂੰ ਅਗਲੇ ਪਦੇ ਰਾਹੀਂ ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ। (**ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ॥**) ਸਾਡੇ ਅੰਦਰ ਇਹ ਮਾੜੇ ਕਰਮ ਕਰਨ ਦੀ ਸਮਝ ਕਿੱਥੋਂ ਆਉਂਦੀ ਹੈ ਤੇ ਉਸਦਾ ਸਾਡੇ ਜੀਵਨ ਤੇ ਕੀ ਅਸਰ ਪੈਂਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ॥”

ਸਾਡੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸ ਨੇ ਆਪ ਹੀ ਸਾਰੇ ਸੰਸਾਰ ਨੂੰ ਮਾਇਆ ਮੋਹ ਵਿੱਚ, ਹਉਮੈ ਵਿੱਚ, ਅਹੰਬੁਧਿ ਵਿੱਚ ਰੱਖਿਆ ਹੋਇਆ ਹੈ ਭਾਵ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਨਾ-ਸਮਝੀ ਵਿੱਚ ਰੱਖਿਆ ਹੋਇਆ ਹੈ। ਧਰਮ ਗ੍ਰੰਥਾਂ ਦੇ ਗਿਆਨ ਰਾਹੀਂ ਪ੍ਰਮਾਤਮਾ ਆਪ ਹੀ ਸਾਨੂੰ ਮਨ ਦੀ ਇਸ ਮਾਇਆ ਮੋਹ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ ਭਾਵ ਇਹ ਉਸਦੀ ਬਣਾਈ ਹੋਈ ਖੇਡ ਹੈ ਜਿਸਦੀ ਉਹ ਕਿਸੇ ਨੂੰ ਸਮਝ ਵੀ ਨਹੀਂ ਆਉਣ ਦਿੰਦਾ। ਆਪਣੀ ਇਹ ਖੇਡ ਪ੍ਰਮਾਤਮਾ ਸਾਡੇ ਮਨ ਦੀ ਸਮਝ ਰਾਹੀਂ ਹੀ ਖੇਡ ਰਹਿਆ ਹੈ। ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਸਾਡੀ ਮਤਿ ਨੂੰ, ਸਮਝ ਨੂੰ ਪ੍ਰਮਾਤਮਾ ਨੇ ਆਪ ਹੀ ਭਵਾਟਲੀ ਦਿੱਤੀ ਹੋਈ ਹੈ ਭਾਵ ਆਪ ਹੀ ਸਾਡੀ ਮਤਿ ਘੁਮਾਈ ਹੋਈ ਹੈ, ਫੇਰੀ ਹੋਈ ਹੈ, ਪੁੱਠੀ ਕੀਤੀ ਹੋਈ ਹੈ ਜਿਸ ਰਾਹੀਂ ਉਸਨੇ ਸਾਨੂੰ ਮਾਇਆ ਮੋਹ ਵਿੱਚ, ਹਉਮੈ ਵਿੱਚ, ਤ੍ਰੈਗੁਣਾਂ ਵਿੱਚ ਭਾਵ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਸਾਡੇ ਅੰਦਰ ਦੀ ਇਹ ਪੁੱਠੀ ਮਤਿ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਜਨਮ ਮਰਨ ਵਿੱਚ ਹਾਂ। ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ ਉਹ ਸਾਡੇ ਅੰਦਰ ਭਰਮ ਪਾਉਂਦੇ ਹਨ ਕਿ ਅਸੀਂ ਮਨੁੱਖੀ ਰੂਪ ਹਾਂ ਜੋ ਕਿ ਸੱਚ ਨਹੀਂ ਹੈ। ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਤੇ ਉਸਨੇ ਆਪ ਹੀ ਮਨੁੱਖ ਦੀ ਮਤਿ ਨੂੰ ਪੁੱਠੀ ਕਰਕੇ ਇਹ ਭਰਮ ਪਾਇਆ ਹੋਇਆ ਹੈ ਕਿ ਮੇਰੇ ਅੰਦਰ ਪ੍ਰਮਾਤਮਾ ਨਹੀਂ, ਮੈਂ ਹਾਂ। ਇਹ ਵਿਚਾਰ ਮੇਰੇ ਹਨ, ਇਹ ਮਨ ਮੇਰਾ ਹੈ, ਮੈਂ ਇੱਕ ਮਨੁੱਖ ਹਾਂ ਤੇ ਪ੍ਰਮਾਤਮਾ ਕੁੱਝ ਹੋਰ ਹੈ। ਸਾਡੇ ਅੰਦਰ ਇਹੋ ਜਿਹੇ ਭਰਮਾਂ ਵਾਲੇ ਵਿਚਾਰ ਉਪਜਦੇ ਬਿਨਸਦੇ ਰਹਿੰਦੇ ਹਨ। ਸਾਡੇ ਅੰਦਰ ਇਹੋ ਜਿਹੇ ਵਿਚਾਰਾਂ ਦਾ ਉਪਜਣਾ ਬਿਨਸਣਾ ਹੀ ਸਾਡਾ ਜਨਮ ਮਰਨ ਹੈ ਜਿਸ ਦੁਆਰਾ ਮਨ ਦੇ ਵਿੱਚ ਹੀ ਅਸੀਂ ਵਾਰ-ਵਾਰ ਜੰਮਦੇ ਮਰਦੇ ਹਾਂ। ਇਹੀ ਸਾਡੇ ਅੰਦਰ ਹਉਮੈ ਦਾ ਆਣਾ ਜਾਣਾ ਹੈ, ਹਉਮੈ ਵਾਲੇ ਵਿਚਾਰਾਂ ਦਾ ਵਾਰ-ਵਾਰ ਉਪਜਣਾ ਬਿਨਸਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਹਉਮੈ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਤੇ ਜਦ ਤੱਕ ਮਨ ਦੀ ਅਗਿਆਨਤਾ ਨਹੀਂ ਮਰਦੀ, ਗੁਰੂ ਦੇ ਸੱਚੇ ਗਿਆਨ ਦੁਆਰਾ ਨਹੀਂ ਮਰਦੀ ਤਦ ਤੱਕ ਸਾਡੇ ਅੰਦਰ ਹਉਮੈ ਇਸੇ ਤਰ੍ਹਾਂ ਆਉਂਦੀ ਜਾਂਦੀ ਰਹਿੰਦੀ ਹੈ ਜੋ ਕਿ ਸਾਡਾ ਮਨ ਦੇ ਵਿੱਚ ਹੀ ਵਾਰ-ਵਾਰ ਜਨਮ ਲੈਣਾ ਹੈ। ਪ੍ਰਮਾਤਮਾ ਦੀ ਇਹ ਸਭ ਦੇ ਅੰਦਰ ਆਪਣੀ ਹੀ ਪਾਈ ਹੋਈ ਬਿਧ ਹੈ ਜਿਸ ਦੁਆਰਾ ਉਸਨੇ ਸਾਰੇ ਸੰਸਾਰ ਕੋਲੋਂ ਆਪ ਹੀ ਆਪਣਾ ਪੜਦਾ ਬਣਾਇਆ ਹੋਇਆ ਹੈ, ਮਨ ਦੇ ਵਿੱਚ ਪੁੱਠੀ ਮਤਿ ਪਾਉਣ ਦੁਆਰਾ ਬਣਾਇਆ ਹੋਇਆ ਹੈ, ਹਉਮੈ ਪਾਉਣ ਦੁਆਰਾ ਬਣਾਇਆ ਹੋਇਆ ਹੈ, ਮਾਇਆ ਦੀ ਜੁਗਤਿ ਦੁਆਰਾ ਬਣਾਇਆ ਹੋਇਆ ਹੈ ਤੇ ਮਨੁੱਖ ਮਾਇਆ ਮੋਹ ਵਿੱਚ ਫਸਿਆ ਰਹਿੰਦਾ ਹੈ। (**ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ॥**)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥}

(ਅੰਗ ੯੯੯)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ ੭੫੨)

{ਤ੍ਰੈ ਗੁਣ ਕੀਆ ਪਸਾਰਾ ॥
ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥
ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥
ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ ੧੦੦੩-੧੦੦੪)

{ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥
ਨਾ ਕੋਈ ਮਰੈ ਨ ਆਵੈ ਜਾਇਆ ॥੪॥}

(ਅੰਗ ੯੮੫)

ਜਿਸਨੇ ਸਾਡੇ ਅੰਦਰ ਮਾਇਆ ਮੋਹ ਪਾਇਆ ਹੋਇਆ ਹੈ, ਤ੍ਰੈਗੁਣਾਂ ਵਾਲੀ ਸਮਝ ਪਾਈ ਹੋਈ ਹੈ, ਸਾਡੀ ਮਤਿ ਨੂੰ ਪੁੱਠਾ ਘੁਮਾਇਆ ਹੋਇਆ ਹੈ, ਉਹ ਆਪ ਹੀ ਸਾਨੂੰ ਇਸ ਬੇਸਮਝ ਮਤਿ ਵਿੱਚੋਂ ਕੱਢ ਸਕਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ ਤੇ ਤਾਂ ਹੀ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਉਸਦਾ ਨਾਮ ਜਪ ਸਕਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਤਉ ਗੁਰ ਮਿਲਿ ਸਭ ਸੁਖ ਲਾਧੇ ॥
ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ ॥"

ਆਪਣੀ ਕਿਰਪਾ ਦੁਆਰਾ ਪ੍ਰਮਾਤਮਾ ਜਿਸ ਮਨੁੱਖ ਦੀ ਸਮਝ ਸਿਧੀ ਕਰ ਦਿੰਦਾ ਹੈ ਉਸਦੇ ਹੀ ਦੁੱਖ ਦੂਰ ਹੁੰਦੇ ਹਨ ਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਪੁੱਠੇ ਕਮਲ ਦੀ ਤੇ ਸਿੱਧੇ ਕਮਲ ਦੀ ਗੱਲ ਆਉਂਦੀ ਹੈ। ਇਨ੍ਹਾਂ ਦਾ ਮਕਸਦ ਸਾਡੀ ਪੁੱਠੀ ਤੇ ਸਿੱਧੀ ਮਤਿ ਦੇ ਨਾਲ ਹੀ ਹੈ ਤੇ ਇਸ ਗੱਲ ਨੂੰ ਕੁੱਝ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ।

{ਊਂਧੋ ਕਵਲੁ ਸਗਲ ਸੰਸਾਰੈ ॥
ਦੁਰਮਤਿ ਅਗਨਿ ਜਗਤ ਪਰਜਾਰੈ ॥}

(ਅੰਗ ੨੨੫)

ਸਾਨੂੰ ਦੁੱਖ ਦੇਣ ਵਾਲੇ ਸਾਡੀ ਪੁੱਠੀ ਮਤਿ ਵਾਲੇ ਸਾਡੇ ਮਾੜੇ ਵਿਚਾਰ ਹਨ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਜਿਵੇਂ ਕਿ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ। ਮਾੜੇ ਵਿਚਾਰ ਸਾਡੇ ਔਗੁਣਾਂ ਵਾਲੇ ਵਿਚਾਰ ਹਨ ਤੇ ਸਾਨੂੰ ਸੁਖ ਦੇਣ ਵਾਲੇ ਸਾਡੇ ਗੁਣਾਂ ਵਾਲੇ ਵਿਚਾਰ ਹਨ। ਸਾਡੇ ਅੰਦਰ ਦੇ ਵਿਚਾਰ ਹੀ ਸਾਡੇ ਮਨ ਦੀ ਸਮਝ ਹਨ ਭਾਵ ਸਾਰੀ ਗੱਲ ਸਾਡੇ ਮਨ ਦੀ ਸਮਝ ਨਾਲ

ਹੀ ਜੁੜੀ ਹੋਈ ਹੈ। ਜਿਸ ਮਨੁੱਖ ਦੀ ਪ੍ਰਮਾਤਮਾ ਮਾੜੀ ਸਮਝ ਬਦਲ ਕੇ ਚੰਗੀ ਸਮਝ ਬਣਾ ਦਿੰਦਾ ਹੈ ਭਾਵ ਪੁੱਠੀ ਮਤਿ ਨੂੰ ਬਦਲ ਕੇ ਸਿਧੀ ਕਰ ਦਿੰਦਾ ਹੈ, ਉਹ ਔਗੁਣਾਂ ਵਾਲੇ ਵਿਚਾਰਾਂ ਵਿੱਚੋਂ ਨਿਕਲ ਕੇ ਗੁਰੂ ਦੇ ਸੱਚੇ ਵਿਚਾਰਾਂ ਵਾਲਾ ਬਣ ਜਾਂਦਾ ਹੈ, ਗੁਣਾਂ ਵਾਲੇ ਵਿਚਾਰਾਂ ਵਾਲਾ ਬਣ ਜਾਂਦਾ ਹੈ। ਸਾਡੇ ਅੰਦਰ ਦੇ ਰੋਗ ਸਾਡੇ ਮਨ ਦੇ ਮਾੜੇ ਵਿਚਾਰ ਹੀ ਹਨ ਜਿਨ੍ਹਾਂ ਦੇ ਨਿਕਲਣ ਦੁਆਰਾ ਹੀ ਫਿਰ ਮਨੁੱਖ ਦਿਨ ਰਾਤ ਭਾਵ ਹਰ ਵੇਲੇ ਨਾਮ ਧਿਆਉਂਦਾ ਹੈ, ਗੁਣਾ ਵਾਲਾ ਬਣ ਕੇ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ। (**ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਤਉ ਗੁਰ ਮਿਲਿ ਸਭ ਸੁਖ ਲਾਧੇ ॥ ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ ॥**)

ਜਿਵੇਂ ਕਿ ਪਿੱਛੇ ਵੀ ਅਸੀਂ ਵਾਰ-ਵਾਰ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਦਿਨ ਰਾਤ ਧਿਆਉਣਾ, ਅੱਠੇ ਪਹਿਰ ਧਿਆਉਣਾ ਇਹੀ ਹੈ ਕਿ ਮਨੁੱਖ ਅੱਠੇ ਪਹਿਰ ਗੁਰੂ ਦੀ ਮਤਿ ਅਨੁਸਾਰ ਸੱਚੇ ਸੁੱਚੇ ਗੁਣਾਂ ਦਾ ਧਾਰਨੀ ਹੋਵੇ, ਸੱਚੇ ਸੁੱਚੇ ਕਰਮ ਕਰੇ, ਸੱਚੀ ਕਰਨੀ ਕਰੇ, ਸੁਕ੍ਰਿਤ ਕਰਨੀ ਕਰੇ। ਪ੍ਰਮਾਤਮਾ ਨੂੰ ਧਿਆਉਣਾ ਸੱਚੀ ਸੁੱਚੀ ਕਰਨੀ ਹੀ ਹੈ, ਔਗੁਣਾਂ ਦਾ ਤਿਆਗ ਹੀ ਹੈ। ਅਗਲੀ ਪੰਗਤੀ ਵਿੱਚ ਇਸ ਗੱਲ ਨੂੰ ਫਿਰ ਦੁਹਰਾ ਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਜਪਣ ਦਾ "ਭਾਈ ਜਨੋਂ" ਇਹੋ ਇੱਕੋ ਇੱਕ ਤਰੀਕਾ ਹੈ ਤੇ ਪ੍ਰਮਾਤਮਾ ਨੂੰ ਇਸ ਤਰੀਕੇ ਨਾਲ ਹੀ ਜਪੋ, ਸੱਚੀ ਸੁੱਚੀ ਕਰਨੀ ਦੁਆਰਾ ਹੀ ਜਪੋ। ਸਾਡੇ ਮਨ ਦੇ ਨਾ-ਸਮਝ ਮਾੜੇ ਵਿਚਾਰ, ਹਉਮੈ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਜਨਮ ਮਰਨ ਦਾ ਦੁੱਖ ਹਨ ਜੋ ਦੁੱਖ ਮਨ ਦੀ ਸੱਚੀ ਸਮਝ ਦੁਆਰਾ ਦੂਰ ਹੋ ਜਾਂਦਾ ਹੈ ਭਾਵ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਜੋ ਇਸ ਮਨੁੱਖੀ ਸਰੀਰ ਦਾ ਆਪ ਹੀ ਮਾਲਕ ਹੈ, ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਆਪ ਹੀ ਹੈ। (**ਇਉ ਜਪਿਓ ਭਾਈ ਪੁਰਖੁ ਬਿਧਾਤੇ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਜਨਮ ਮਰਣ ਦੁਖ ਲਾਥੇ ॥੧॥ ਰਹਾਉ ਦੂਜਾ ॥**) ਪ੍ਰਮਾਤਮਾ ਨੂੰ ਕੇਵਲ ਇਸੇ ਤਰੀਕੇ ਨਾਲ ਹੀ ਜਪਿਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ। ਪੂਰੀ ਬਾਣੀ ਵਿੱਚ ਜਿੱਥੇ ਵੀ ਜਪਣ ਦਾ ਤਰੀਕਾ ਸਮਝਾਇਆ ਹੈ, ਉਹ ਇਹ ਹੀ ਸਮਝਾਇਆ ਹੈ, ਹੋਰ ਕੋਈ ਤਰੀਕਾ ਨਹੀਂ ਸਮਝਾਇਆ। ਹੋਰ ਸਾਰੇ ਤਰੀਕੇ ਸਾਡੀ ਮਨਮਤਿ ਦਾ ਨਤੀਜਾ ਹੈ, ਕੇਵਲ ਸਾਡੀਆਂ ਸਿਆਣਪਾਂ ਹਨ ਜੋ ਸਾਡੇ ਕਿਸੇ ਲੇਖੇ ਨਹੀਂ ਹਨ।

ਕੇਵਲ ਆਪਣੇ ਮਨ ਨੂੰ ਤਸੱਲੀਆਂ ਦੇਣ ਦੀ ਗੱਲ ਹੈ, ਇਧਰੋਂ ਉਧਰੋਂ ਸ਼ੋਹਰਤ ਪਾਉਣ ਦੀ ਗੱਲ ਹੈ, ਵੱਡਾ ਬਣਨ ਦੀ ਗੱਲ ਹੈ, ਹਉਮੈ ਵਧਾਉਣ ਦੀ ਗੱਲ ਹੈ ਜੋ ਕਿ ਸਾਨੂੰ ਗੁਰੂ ਦੇ ਨੇੜੇ ਲਗਾਉਣ ਦੀ ਬਜਾਇ ਉਸ ਤੋਂ ਦੂਰ ਕਰਦੀ ਹੈ। ਲੇਖੇ ਵਿੱਚ ਕੇਵਲ ਉਹੀ ਗੱਲ ਪੈਂਦੀ ਹੈ ਜੋ ਅਸੀਂ ਸੱਚੇ ਸੁੱਚੇ ਕਰਮ ਕਰਦੇ ਹਾਂ।

{ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥ ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥੧॥}

(ਅੰਗ ੧੪੦)

ਨਾਮ ਵਾਲਾ ਮੁੱਖ ਉਸੇ ਮਨੁੱਖ ਦਾ ਹੈ ਜਿਸਦੇ ਹਿਰਦੇ ਵਿੱਚ ਸੱਚ ਹੈ। ਜਿਸਦੇ ਹਿਰਦੇ ਵਿੱਚ ਸੱਚ ਨਹੀਂ ਹੈ ਉਹ ਮੁੱਖ ਨਾਮ ਵਾਲਾ ਨਹੀਂ ਹੋ ਸਕਦਾ। ਮਨੋ ਸੱਚਾ ਹੋਣਾ, ਗੁਰੂ ਦੇ ਭਾਣੇ ਵਿੱਚ ਰਹਿਣਾ ਹੀ ਮੁੱਖੋਂ ਨਾਮ ਜਪਣਾ ਹੈ ਕਿਉਂਕਿ ਮੁੱਖੋਂ ਮਨੁੱਖ ਤਾਂ ਹੀ ਸੱਚਾ ਹੋ ਸਕਦਾ ਹੈ ਜੇਕਰ ਦਿਲੋਂ ਸੱਚਾ ਹੋਵੇ।

(ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ॥੧॥)

(ਅੰਗ ੪੨੧)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥}

(ਅੰਗ ੧੪੦)

ਜਿਸਦੇ ਹਿਰਦੇ ਵਿੱਚ ਬਾਣੀ ਵੱਸੀ ਹੋਈ ਹੈ, ਗੁਰੂ ਦਾ ਉਪਦੇਸ਼ ਵੱਸਿਆ ਹੋਇਆ ਹੈ, ਸੱਚ ਵੱਸਿਆ ਹੋਇਆ ਹੈ ਉਹ ਮੁੱਖੋਂ ਜੋ ਵੀ ਉਚਾਰਦਾ ਹੈ, ਉਹ ਨਾਮ ਹੈ ਭਾਵ ਸੱਚੀ ਗੱਲ ਕਰਦਾ ਹੈ, ਸੱਚ ਹੀ ਬੋਲਦਾ ਹੈ, ਸੱਚ ਤੇ ਹੀ ਚੱਲਦਾ ਹੈ ਤੇ ਦੂਸਰਿਆਂ ਨੂੰ ਸੱਚ ਤੇ ਚੱਲਣਾ ਹੀ ਸਮਝਾਉਂਦਾ ਹੈ।

3/195

ਜਿਸਦੇ ਹਿਰਦੇ ਵਿੱਚ ਸੱਚ ਨਹੀਂ ਹੈ, ਉਸਦੇ ਮੁੱਖ ਤੇ ਨਾਮ ਨਹੀਂ ਹੋ ਸਕਦਾ। ਨਾਮ ਸੱਚ ਹੈ, ਗੁਰੂ ਦਾ ਉਪਦੇਸ਼ ਹੈ, ਉਸਦਾ ਭਾਣਾ ਹੈ। ਆਓ ਹੁਣ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ ਕਿ ਅਸੀਂ ਉਸ ਪ੍ਰਮਾਤਮਾ ਦੇ ਘਰ ਦੇ ਵਾਸੀ, ਨਾਮ ਦੇ ਵਾਸੀ ਕਿਵੇਂ ਬਣਨਾ ਹੈ, ਸਾਡੇ ਅੰਦਰ ਨਾਮ ਕਿਵੇਂ ਵੱਸਣਾ ਹੈ, ਨਾਮ ਦੀ ਪ੍ਰਾਪਤੀ ਕਿਵੇਂ ਹੋਣੀ ਹੈ। ਗੱਲ ਉਹੀ ਹੈ ਜੋ ਪਿੱਛੇ ਅਨੇਕਾਂ ਸ਼ਬਦਾਂ ਵਿੱਚ ਸਮਝਾਈ ਗਈ ਹੈ। ਸਿਰਫ਼ ਗੁਰੂ ਦਾ ਸਮਝਾਉਣ ਦਾ ਤਰੀਕਾ ਅਲੱਗ ਹੈ, ਜੋ ਕਿ ਇਸ ਬਾਣੀ ਦਾ ਕਮਾਲ ਹੈ, ਡੂੰਘਾਪਣ ਹੈ, ਸ਼ਬਦਾਂ ਦੇ ਅੰਦਰ ਪਾਈ ਹੋਈ ਸਮਝ ਦੀ ਗਹਿਰਾਈ ਹੈ ਜੋ ਸਾਨੂੰ ਅਨੇਕਾਂ ਤਰੀਕਿਆਂ ਨਾਲ ਗਿਆਨ ਵੰਡ ਰਹੀ ਹੈ, ਪ੍ਰਮਾਤਮਾ ਨੂੰ ਪਾਉਣ ਦਾ, ਜਾਨਣ ਦਾ ਤਰੀਕਾ ਸਮਝਾ ਰਹੀ ਹੈ।

“ਵਿਦਿਆ ਵੀਚਾਰੀ ਤਾਂ ਪਰਉਪਕਾਰੀ॥
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ॥
ਤਉ ਜਮੁ ਕਹਾ ਕਰੇ ਮੋ ਸਿਉ ਆਗੈ॥੧॥ਰਹਾਉ॥
ਆਸ ਨਿਰਾਸੀ ਤਉ ਸੰਨਿਆਸੀ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ॥੨॥
ਦਇਆ ਦਿਗੰਬਰੁ ਦੇਹ ਬੀਚਾਰੀ॥ ਆਪਿ ਮਰੈ ਅਵਰਾ ਨਹ ਮਾਰੀ॥੩॥
ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥੪॥”

(ਅੰਗ ੩੫੬)

ਇਸ ਸ਼ਬਦ ਰਾਹੀਂ ਬੜੀ ਡੂੰਘੀ ਗੱਲ ਸਮਝਾਈ ਹੋਈ ਹੈ, ਸਾਨੂੰ ਪਰਉਪਕਾਰੀ ਬਣਨਾ ਸਿਖਾਇਆ ਹੋਇਆ ਹੈ ਜੋ ਕਿ ਸਾਡਾ ਧਰਮ ਦਾ ਮਾਰਗ ਹੈ, ਸਾਡੇ ਜੀਵਨ ਦਾ ਮਨੋਰਥ ਹੈ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ। ਵਿੱਦਿਆ ਗਿਆਨ ਹੈ। ਅਸੀਂ ਸਕੂਲਾਂ ਕਾਲਜਾਂ ਵਿੱਚ ਵੀ ਵਿੱਦਿਆ ਦੀ ਪੜ੍ਹਾਈ ਕਰਦੇ ਹਾਂ, ਜਿੱਥੋਂ ਸਾਨੂੰ ਗਿਆਨ ਮਿਲਦਾ ਹੈ। ਜੇਕਰ ਅਸੀਂ ਪੁਸਤਕਾਂ ਪੜ੍ਹੀ ਜਾਈਏ, ਗਿਆਨ ਲਈ ਜਾਈਏ ਪਰ ਉਸ ਗਿਆਨ ਤੇ ਅਮਲ ਨਾ ਕਰੀਏ ਤਾਂ ਫਿਰ ਉਹ ਗਿਆਨ, ਵਿੱਦਿਆ ਕਿਸ ਕੰਮ ਆ ਸਕਦੀ ਹੈ। ਕੀ ਇਹੋ ਜਿਹੀ ਵਿੱਦਿਆ ਨਾਲ ਅਸੀਂ ਕਿਸੇ ਤੇ ਪਰਉਪਕਾਰ ਕਰ ਸਕਦੇ ਹਾਂ ਭਾਵ ਨਹੀਂ ਕਰ ਸਕਦੇ। ਜੇਕਰ ਅਸੀਂ ਡਾਕਟਰੀ ਦੀ ਪੜ੍ਹਾਈ ਕਰ ਲਈਏ, ਡਾਕਟਰੀ ਦਾ ਗਿਆਨ ਲੈ ਲਈਏ ਪਰ ਉਸ ਨੂੰ ਅਮਲ ਵਿੱਚ ਨਾ ਲਿਆਈਏ, ਫਿਰ ਕੀ ਅਸੀਂ ਕਿਸੇ ਮਰੀਜ਼ ਦਾ ਭਲਾ ਕਰ ਸਕਦੇ ਹਾਂ? ਜਵਾਬ ਸਭ ਦਾ ਇੱਕੋ ਹੀ ਹੋਵੇਗਾ ਕਿ ਨਹੀਂ। ਇਸੇ ਤਰ੍ਹਾਂ ਜਿਹੜੀ ਮਰਜ਼ੀ ਪੜ੍ਹਾਈ ਕਰ ਲਈਏ, ਵਿੱਦਿਆ ਗ੍ਰਹਿਣ ਕਰ ਲਈਏ, ਜਦ ਤੱਕ ਉਸ ਵਿੱਦਿਆ ਨੂੰ ਅਸੀਂ ਆਪਣੇ ਅੰਦਰ ਵਿਚਾਰਦੇ ਨਹੀਂ ਭਾਵ ਉਸ ਤੇ ਅਮਲ ਨਹੀਂ ਕਰਦੇ ਉਹ ਕਿਸੇ ਦੇ ਕੰਮ ਨਹੀਂ ਆ ਸਕਦੀ,

3/196

ਅਸੀਂ ਕਿਸੇ ਤੇ ਪਰ-ਉਪਕਾਰ ਨਹੀਂ ਕਰ ਸਕਦੇ। ਵਿੱਦਿਆ ਪਰਉਪਕਾਰੀ ਤਾਂ ਹੀ ਹੋ ਸਕਦੀ ਹੈ ਜਦੋਂ ਉਸ ਤੇ ਸਹੀ ਰੂਪ ਵਿੱਚ ਵਿਚਾਰ ਹੋਵੇ, ਅਮਲ ਹੋਵੇ। ਸਾਨੂੰ ਸਮਝਾਇਆ ਇਹ ਹੈ ਕਿ ਅਸੀਂ ਗੁਰੂ ਦੀ ਬਾਣੀ ਨੂੰ ਪੜ੍ਹਦੇ ਹਾਂ, ਗੁਰੂ ਦੇ ਉਪਦੇਸ਼ ਨੂੰ ਪੜ੍ਹਦੇ ਹਾਂ, ਸੁਣਦੇ ਹਾਂ ਤੇ ਉਸ ਵਿੱਚੋਂ ਗਿਆਨ ਵੀ ਲੈਂਦੇ ਹਾਂ, ਉਸ ਨੂੰ ਸਮਝਦੇ ਵੀ ਹਾਂ। ਹੁਣ ਜਦ ਤੱਕ ਅਸੀਂ ਗੁਰੂ ਦੇ ਉਪਦੇਸ਼ ਤੇ ਅਮਲ ਨਹੀਂ ਕਰਾਗੇ, ਅਸੀਂ ਕਿਸੇ ਦਾ ਕੀ ਸਵਾਰਾਗੇ,ਕੀ ਪਰ-ਉਪਕਾਰ ਕਰਾਗੇ, ਕੀ ਮਨੁੱਖਤਾ ਦਾ ਭਲਾ ਕਰਾਗੇ। ਧਰਮ ਸਾਨੂੰ ਮਨੁੱਖਤਾ ਦਾ ਭਲਾ ਕਰਨਾ ਸਿਖਾਉਂਦਾ ਹੈ, ਪਰ-ਉਪਕਾਰ ਲਈ ਪ੍ਰੇਰਦਾ ਹੈ ਜੋ ਕਿ ਧਰਮ ਦਾ ਅਸਲੀ ਮਨੋਰਥ ਹੈ। **(ਵਿਦਿਆ ਵੀਚਾਰੀ ਤਾਂ ਪਰਉਪਕਾਰੀ॥)**

{ਜਗੁ ਬੰਦੀ ਮੁਕਤੇ ਹਉ ਮਾਰੀ ॥
ਜਗਿ ਗਿਆਨੀ ਵਿਰਲਾ ਆਚਾਰੀ ॥

ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ ੪੧੩)

ਗੁਰਬਾਣੀ, ਧਰਮ ਗ੍ਰੰਥ, ਵਾਰ-ਵਾਰ ਸਾਨੂੰ ਚੰਗੇ ਕਰਮ ਕਰਨ ਲਈ ਪ੍ਰੇਰਦੇ ਹਨ, ਔਗੁਣਾਂ ਦੇ ਤਿਆਗ ਲਈ ਪ੍ਰੇਰਦੇ ਹਨ ਕਿਉਂਕਿ ਇਹੋ ਜਿਹੇ ਤਿਆਗ ਦੁਆਰਾ ਹੀ ਅਸੀਂ ਪਰ-ਉਪਕਾਰ ਕਰ ਸਕਦੇ ਹਾਂ। ਜਿਵੇਂ ਕਿ ਪਿੱਛੇ ਵੀ ਅਸੀਂ ਇਸ ਗੱਲ ਨੂੰ ਸਮਝਿਆ ਸੀ ਕਿ ਤਿਆਗ ਉਹੀ ਚੰਗਾ ਹੈ ਜਿਸ ਨਾਲ ਮਨੁੱਖਤਾ ਤੇ ਪਰ-ਉਪਕਾਰ ਹੋਵੇ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਗੁਰੂ ਦੀ ਵਿੱਦਿਆ ਨੂੰ, ਗੁਰੂ ਦੀ ਸਿੱਖਿਆ ਨੂੰ ਅਸੀਂ ਪਰ-ਉਪਕਾਰੀ ਬਣਨ ਲਈ ਕਿਸ ਤਰੀਕੇ ਆਪਣੇ ਅੰਦਰ ਵਿਚਾਰਨਾ ਹੈ।

“ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥”

ਸਾਨੂੰ ਗੁਰੂ ਦੇ ਭਾਵ ਗੁਰੂ ਦੀ ਮਤਿ ਦੇ ਵਿਚਾਰੀ ਬਣਨ ਲਈ, ਪਰਉਪਕਾਰੀ ਬਣਨ ਲਈ, ਨਾਮ ਦੇ ਵਾਸੀ ਬਣਨ ਲਈ, ਤੀਰਥ ਵਾਸੀ ਬਣਨ ਲਈ ਆਪਣੇ ਅੰਦਰੋਂ ਪੰਜੇ ਵਿਕਾਰਾਂ ਨੂੰ ਰਾਸ ਕਰਨ ਦਾ, ਵੱਸ ਵਿਚ ਕਰਨ ਦਾ ਭਾਵ ਤਿਆਗਣ ਦਾ ਹੁਕਮ ਕੀਤਾ ਹੈ **(ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥)**। ਬੜਾ ਸਪੱਸ਼ਟ ਹੈ ਕਿ ਜਦ ਤੱਕ ਮਨੁੱਖ ਆਪਣੇ ਅੰਦਰ ਵਿਕਾਰਾਂ ਨੂੰ ਰਾਸ ਨਹੀਂ ਕਰਦਾ, ਸੰਜਮ ਵਿੱਚ ਨਹੀਂ ਲਿਆਉਂਦਾ ਭਾਵ ਜਦ ਤੱਕ ਮਨੁੱਖ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨੂੰ ਨਹੀਂ ਤਿਆਗਦਾ, ਉਹ ਤੀਰਥ ਵਾਸੀ ਨਹੀਂ ਬਣ ਸਕਦਾ। ਜੇਕਰ ਅਸੀਂ ਕੇਵਲ ਤੀਰਥ ਅਸਥਾਨਾਂ ਤੇ ਫਿਰੀ ਜਾਈਏ ਉਸ ਨਾਲ ਅਸੀਂ ਕਿਸੇ ਤੇ ਕੀ ਪਰ-ਉਪਕਾਰ ਕਰਨਾ ਹੈ। ਮਨੁੱਖਤਾ ਤੇ ਪਰ-ਉਪਕਾਰ ਕਰਨਾ ਹੀ ਅਸਲ ਵਿੱਚ ਸਾਡਾ ਤੀਰਥ ਇਸ਼ਨਾਨ ਹੈ ਜੋ ਕਿ ਅਸੀਂ ਘਰ ਬੈਠ ਕੇ ਵੀ ਕਰ ਸਕਦੇ ਹਾਂ। ਤੀਰਥ ਕੀ ਹੈ, ਇਸ ਬਾਰੇ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸੋਝੀ ਪਾਈ ਹੋਈ ਹੈ ਜੋ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ।

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥}

(ਅੰਗ ੬੮੭)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ
ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥}

(ਅੰਗ ੧੪੦)

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥
ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥
ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥

ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥
ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥}

(ਅੰਗ ੫੮੭)

3/197

ਤੀਰਥ "ਪੂਰਾ ਗੁਰੂ" ਹੈ ਜੋ ਕਿ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਤੀਰਥ ਹੈ ਤੇ ਤੀਰਥ ਹੀ ਨਾਮ ਹੈ ਜਿਸ ਦੀ ਪ੍ਰਾਪਤੀ ਸਾਡਾ ਮਨੋਰਥ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਸਾਨੂੰ ਗੁਰੂ ਦੁਆਰਾ ਦੱਸੇ ਹੋਏ ਮਾਰਗ ਤੇ ਚੱਲਣਾ ਪੈਣਾ ਹੈ ਤੇ ਉਨ੍ਹਾਂ ਔਗੁਣਾਂ ਨੂੰ ਤਿਆਗਣਾ ਪੈਣਾ ਹੈ ਜਿਨ੍ਹਾਂ ਨਾਲ ਇਸ ਮਨੋਰਥ ਦੀ ਪ੍ਰਾਪਤੀ ਹੋ ਸਕਦੀ ਹੈ। ਸਾਨੂੰ ਪਰ-ਉਪਕਾਰੀ ਬਣਨ ਲਈ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੇ ਧਾਰਨੀ ਬਣਨਾ ਪਵੇਗਾ, ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰਨੇ ਪੈਣਗੇ, ਮਨ ਨੂੰ ਮਾਰਨਾ ਪਵੇਗਾ। ਤੀਰਥ ਅਸਲ ਵਿੱਚ ਸ਼ਬਦ ਦੀ ਵਿਚਾਰ ਹੈ ਭਾਵ ਸ਼ਬਦ ਦੀ ਦਿੱਤੀ ਹੋਈ ਮਤਿ ਹੈ। ਅਸੀਂ ਵਾਸੀ ਤੇ ਉਸ ਦੀ ਮਤਿ ਦੇ ਹੀ ਬਣਨਾ ਹੈ ਤੇ ਉਸਦੀ ਮਤਿ ਦੇ ਵਾਸੀ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਸਾਡੇ ਪੰਜੇ ਵਿਕਾਰ ਰਾਸ ਹੋ ਜਾਣ ਭਾਵ ਮਰ ਜਾਣ। ਇਹ ਵਿਕਾਰ ਤਾਂ ਹੀ ਮਰਦੇ ਹਨ ਜੇਕਰ ਗੁਰੂ ਦੀ ਮਤਿ ਭਾਵ ਉਸਦਾ ਗਿਆਨ ਸਾਡੇ ਅੰਤਰ ਵਿੱਚ, ਹਿਰਦੇ ਵਿੱਚ ਵੱਸ ਜਾਵੇ। ਸਾਡੇ ਅੰਦਰ ਦਾ ਗਿਆਨ ਹੀ ਅਸਲ ਵਿੱਚ ਉਹ ਤੀਰਥ ਹੈ ਜਿਸਦਾ ਅਸੀਂ ਇਸ਼ਨਾਨ ਕਰਨਾ ਹੈ, ਜਿਸ ਵਿੱਚ ਅਸੀਂ ਹਰ ਵੇਲੇ, ਅੱਠੇ ਪਹਿਰ ਨਹਾਉਣਾ ਹੈ। ਇਸ ਸੱਚੇ ਗਿਆਨ ਦਾ ਇਸ਼ਨਾਨ ਹੀ ਨਾਮ ਦਾ ਇਸ਼ਨਾਨ ਹੈ, ਗੁਰਮਤਿ ਦਾ ਇਸ਼ਨਾਨ ਹੈ। ਗੁਰੂ ਦੀ ਪੂਰੀ ਮਤਿ ਰੂਪ ਵਿੱਚ ਹੀ ਆਪ ਪੂਰਾ ਗੁਰੂ ਹੈ, ਪ੍ਰਮਾਤਮਾ ਹੈ ਜੋ ਸਾਡੇ ਅੰਦਰ ਹੀ ਆਪਣੇ ਸੱਚੇ ਗਿਆਨ ਦੁਆਰਾ ਹੀ ਵੱਸਦਾ ਹੈ। ਆਪਣੀ ਪੂਰੀ ਗੁਰਮਤਿ ਉਹ ਮਨ ਦੇ ਅੰਦਰ ਸੱਚੇ ਗਿਆਨ ਦੁਆਰਾ ਪ੍ਰਗਟ ਹੋ ਕੇ ਹੀ ਦਿੰਦਾ ਹੈ ਤੇ ਤਾਂ ਹੀ ਕੋਈ ਉਸ ਤੀਰਥ ਦਾ ਵਾਸੀ ਬਣਦਾ ਹੈ। ਮਨ ਦੇ ਅੰਦਰ ਸੱਚਾ ਗਿਆਨ ਬਖਸ਼ ਕੇ, "ਨਾਮ" ਬਖਸ਼ ਕੇ, ਆਪ ਹੀ ਵਿਕਾਰਾਂ ਨੂੰ ਰਾਸ ਕਰਦਾ ਹੈ, ਦੂਰ ਕਰਦਾ ਹੈ ਤੇ ਆਪਣਾ ਨਾਮ ਦ੍ਰਿੜ ਕਰਵਾਉਂਦਾ ਹੈ ਭਾਵ ਆਪ ਹੀ ਮਨੁੱਖੀ ਮਤਿ ਨੂੰ ਅਡੋਲ ਰੱਖ ਕੇ ਸੱਚ ਤੇ ਅਡੋਲ ਰੱਖ ਕੇ ਸੱਚੇ ਸੁੱਚੇ ਕਰਮ ਕਰਵਾਉਂਦਾ ਹੈ। ਪੂਰੀ ਗੁਰਬਾਣੀ ਉਸਦਾ ਸੱਚਾ ਤੀਰਥ ਹੈ ਜੋ ਕਿ ਉਸਦੀ ਮਤਿ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਅਸੀਂ ਉਸ ਦੀ ਮਤਿ ਤੇ ਚੱਲ ਕੇ ਹੀ ਤੀਰਥ ਵਾਸੀ ਬਣਨਾ ਹੈ, ਪਰ-ਉਪਕਾਰੀ ਬਣਨਾ ਹੈ। (**ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥**) ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਇੱਕ ਇਹ ਬੜਾ ਵੱਡਾ ਭੁਲੇਖਾ ਕੱਢਿਆ ਹੋਇਆ ਹੈ ਜੋ ਕਿ ਆਮ ਕਰਕੇ ਆਪਣੀ ਮਨਮਤਿ ਦੁਆਰਾ ਜਪਣ ਵਾਲੇ ਇਹ ਕਹਿੰਦੇ ਹਨ ਕਿ ਸਾਡਾ ਕੰਮ ਜਪਣਾ ਹੈ ਤੇ ਔਗੁਣ ਆਪਣੇ ਆਪ ਹੀ ਦੂਰ ਹੋ ਜਾਂਦੇ ਹਨ। ਇਸ ਗੱਲ ਦਾ ਜ਼ਿਕਰ ਪਿੱਛੇ ਵੀ ਕਾਫੀ ਵਾਰੀ ਆਇਆ ਹੈ ਤੇ ਇਹ ਸਮਝਾਇਆ ਹੈ ਕਿ ਔਗੁਣ ਤਿਆਗਣ ਲਈ ਉੱਦਮ ਮਨੁੱਖ ਨੇ ਆਪ ਹੀ ਕਰਨਾ ਹੈ ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੋਇਆ ਹੈ। ਇਸ ਗੱਲ ਨੂੰ ਹੇਠ ਲਿਖੀ ਪੰਗਤੀ ਵਿੱਚ ਬੜੇ ਹੀ ਗੁੱਝੇ ਤੇ ਸੋਹਣੇ ਢੰਗ ਨਾਲ ਸਮਝਾਇਆ ਹੋਇਆ ਹੈ:-

"ਘੁੰਘਰੂ ਵਾਜੈ ਜੇ ਮਨੁ ਲਾਗੈ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ॥"

ਜੇਕਰ ਸਾਡੇ ਕੋਲ ਘੁੰਗਰੂ ਪਏ ਹੋਣ ਤੇ ਉਹ ਤਾਂ ਹੀ ਵੱਜਣਗੇ ਜਦੋਂ ਸਾਡਾ ਮਨ ਕਰੇਗਾ ਕਿ ਅਸੀਂ ਉਨ੍ਹਾਂ ਨੂੰ ਵਜਾਈਏ। ਆਪਣੇ ਆਪ ਘੁੰਗਰੂ ਨਹੀਂ ਵੱਜ ਸਕਦੇ। ਉਹ ਸਾਡੇ ਵਜਾਏ ਹੀ ਵੱਜ ਸਕਦੇ ਹਨ। ਘੁੰਗਰੂਆਂ ਦੀ ਤੁਲਨਾ ਮਨੁੱਖ ਦੇ ਜਮਾਂ ਨਾਲ ਭਾਵ ਔਗੁਣਾਂ ਨਾਲ, ਮਨ ਦੇ ਮਾੜੇ ਵਿਚਾਰਾਂ ਨਾਲ ਕੀਤੀ ਹੋਈ ਹੈ। "ਜਮਾਂ" ਬਾਰੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਜਿਵੇਂ ਘੁੰਗਰੂ ਸਾਡੇ ਵਜਾਏ ਬਿਨ੍ਹਾਂ ਨਹੀਂ ਵੱਜਦੇ, ਇਸੇ ਤਰ੍ਹਾਂ ਔਗੁਣ ਸਾਡੇ ਕੀਤੇ ਬਿਨ੍ਹਾਂ ਨਹੀਂ ਹੁੰਦੇ। ਔਗੁਣ ਸਾਡੇ ਮਨ ਦੇ ਵਿਚਾਰਾਂ ਨਾਲ ਬੱਝੇ ਹੋਏ ਹਨ। ਜੇ ਸਾਡਾ ਮਨ ਕਰੇਗਾ, ਤਾਂ ਹੀ ਔਗੁਣ ਹੋਣਗੇ, ਉਹ ਆਪਣੇ ਆਪ ਨਹੀਂ ਹੋ ਸਕਦੇ। ਮਨੁੱਖ ਦੇ ਲਾਏ ਹੋਏ ਹੀ ਉਹ ਜਮ ਸਾਡੇ ਅੱਗੇ ਲੱਗਦੇ ਹਨ, ਅਸੀਂ ਆਪ ਉਨ੍ਹਾਂ ਨੂੰ ਆਪਣੇ ਅੱਗੇ ਲਗਾਉਂਦੇ ਹਾਂ, ਉਨ੍ਹਾਂ ਦੇ ਪਿੱਛੇ ਲੱਗਦੇ ਹਾਂ। ਸਭ ਕੁੱਝ ਸਾਡੇ ਮਨ ਦੀ ਮਰਜ਼ੀ ਨਾਲ ਹੁੰਦਾ ਹੈ। ਇਹ "ਜਮ" ਸਾਡੇ ਔਗੁਣ ਹਨ, ਵਿਕਾਰ ਹਨ, ਜਿਨ੍ਹਾਂ ਦੀ ਆਪਣੀ ਕੋਈ ਮਰਜ਼ੀ ਨਹੀਂ ਹੈ, ਆਪਣਾ ਕੋਈ ਵੱਸ ਨਹੀਂ ਹੈ ਜਿਵੇਂ ਕਿ ਘੁੰਗਰੂ ਦਾ ਆਪਣਾ ਕੋਈ ਵੱਸ ਨਹੀਂ ਹੈ ਕਿ ਉਹ ਵੱਜ ਜਾਵੇ। ਇਸੇ

ਲਈ ਬਾਣੀ ਸਾਨੂੰ ਵਾਰ-ਵਾਰ ਪ੍ਰੇਰਦੀ ਹੈ ਕਿ ਅਸੀਂ ਔਗੁਣਾਂ ਨੂੰ ਛੱਡ ਦੇਈਏ, ਇਹ ਉੱਦਮ ਮਨੁੱਖ ਨੂੰ ਹੀ ਕਰਨਾ ਪੈਣਾ ਹੈ। ਕਿਸੇ ਦਾ ਮਾੜਾ ਕਰਨ ਤੋਂ ਪਹਿਲਾਂ, ਕਿਸੇ ਦਾ ਹੱਕ ਖਾਣ ਤੋਂ ਪਹਿਲਾਂ, ਝੂਠ ਬੋਲਣ ਤੋਂ ਪਹਿਲਾਂ, ਰਿਸ਼ਵਤ ਲੈਣ ਤੋਂ ਪਹਿਲਾਂ ਮਨੁੱਖ ਨੂੰ ਪਤਾ ਹੁੰਦਾ ਹੈ ਕਿ ਮੈਂ ਗਲਤ ਕੰਮ ਕਰ ਰਹਿਆ ਹਾਂ, ਲੋਭ ਲਾਲਚ ਕਰ ਰਹਿਆ ਹਾਂ ਪਰ ਫਿਰ ਵੀ ਉਹ ਕਰਦਾ ਹੈ, ਜਾਣ ਬੁੱਝ ਕੇ ਕਰਦਾ ਹੈ, ਮਾਇਆ ਦੇ ਸੁਖਾਂ ਲਈ ਕਰਦਾ ਹੈ।

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥}

(ਅੰਗ ੧੩੭੬)

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ ੪੧੬)

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥}

(ਅੰਗ ੪੧੮)

3/198

ਕੇਵਲ ਇਸ ਆਸ ਤੇ ਬੈਠੇ ਰਹਿਣਾ ਕਿ ਔਗੁਣ ਆਪੇ ਛੁੱਟ-ਛੁੱਟ ਜਾਣਗੇ, ਇਹ ਸਾਡੀ ਬੜੀ ਵੱਡੀ ਭੁੱਲ ਹੈ ਜਿਸਨੂੰ ਅਸੀਂ ਸਮਝ ਨਹੀਂ ਰਹੇ, ਬਲਕਿ ਆਪਣੀਆਂ ਸਿਆਣਪਾਂ ਦੁਆਰਾ ਇਨ੍ਹਾਂ ਤੋਂ ਮੂੰਹ ਮੋੜਨ ਵਿੱਚ ਲੱਗੇ ਰਹਿੰਦੇ ਹਾਂ। (**ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥**)। ਸਾਨੂੰ ਆਪਣੇ ਕੀਤੇ ਹੋਏ ਮਾੜੇ ਕਰਮਾਂ ਦਾ ਫਲ ਭੁਗਤਣਾ ਹੀ ਪੈਂਦਾ ਹੈ ਭਾਵੇਂ ਅਸੀਂ ਨਾ-ਸਮਝੀ ਵਾਲੀ ਭਗਤੀ ਕਰਨ ਦਾ ਜਿਤਨਾ ਮਰਜੀ ਵਿਖਾਵਾ ਕਰ ਲਈਏ।

ਅਸੀਂ ਆਪਣੇ ਵਿਕਾਰ ਤਿਆਗਣ ਦੀ ਬਜਾਇ ਆਪਣੀਆਂ ਸਰੀਰਕ ਕਿਰਿਆਵਾਂ ਤੇ ਜ਼ਿਆਦਾ ਭਰੋਸਾ ਕਰਦੇ ਹਾਂ ਤੇ ਇਹ ਸਮਝਦੇ ਹਾਂ ਕਿ ਪ੍ਰਮਾਤਮਾ ਦੀ ਦਇਆ ਸਾਡੇ ਤੇ ਸਰੀਰਕ ਦੁੱਖ ਆਦਿ ਸਹਿਣ ਦੁਆਰਾ ਹੋਣੀ ਹੈ। ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਾਡੇ ਇਸ ਭਰੋਸੇ ਦਾ ਖੰਡਨ ਕੀਤਾ ਹੋਇਆ ਹੈ, ਕਿਉਂਕਿ ਆਪਣੇ ਸਰੀਰ ਨੂੰ ਦੁੱਖ ਦੇ ਕੇ ਅਸੀਂ ਪਰ-ਉਪਕਾਰੀ ਨਹੀਂ ਬਣ ਸਕਦੇ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਦੀ ਚਰਚਾ ਕੀਤੀ ਹੈ। ਪਰ-ਉਪਕਾਰੀ ਅਸੀਂ ਆਪਣੇ ਔਗੁਣਾਂ ਨੂੰ ਤਿਆਗ ਕੇ ਹੀ ਬਣ ਸਕਦੇ ਹਾਂ, ਆਪਾ ਆਪ ਮਾਰ ਕੇ ਭਾਵ ਮਨ ਨੂੰ ਮਾਰ ਕੇ ਹੀ ਬਣ ਸਕਦੇ ਹਾਂ। ਆਪਣੇ ਸਰੀਰ ਨੂੰ ਦੁੱਖ ਦੇ ਕੇ ਅਸੀਂ ਕਿਸੇ ਦਾ ਕੀ ਭਲਾ ਕਰ ਸਕਦੇ ਹਾਂ, ਕੇਵਲ ਆਪਣਾ ਹੀ ਨੁਕਸਾਨ ਕਰਦੇ ਹਾਂ, ਭਰਮ ਵਿੱਚ ਰਹਿੰਦੇ ਹਾਂ। ਪ੍ਰਮਾਤਮਾ ਦੀ ਕ੍ਰਿਪਾ ਦਾ ਪਾਤਰ ਬਣਨ ਲਈ ਅਸੀਂ ਜਿਹੋ ਜਿਹੇ ਤਿਆਗ ਕਰਦੇ ਹਾਂ ਉਨ੍ਹਾਂ ਉੱਤੇ ਚਾਨਣਾ ਪਾਇਆ ਹੋਇਆ ਹੈ। ਸੰਨਿਆਸੀ ਲੋਕ ਸੰਸਾਰ ਨੂੰ ਤਿਆਗ ਕੇ ਜੰਗਲਾਂ ਆਦਿ ਵਿੱਚ ਜਾ ਕੇ ਬੈਠਦੇ ਹਨ। ਉਨ੍ਹਾਂ ਦੇ ਇਹੋ ਜਿਹੇ ਸੰਨਿਆਸ ਦਾ ਖੰਡਨ ਕਰਕੇ ਚੰਗਾ ਸੰਨਿਆਸੀ ਬਣਨ ਦਾ ਤਰੀਕਾ ਸਮਝਾਇਆ ਹੋਇਆ ਹੈ। ਆਪਣੀਆਂ ਆਸਾਂ, ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਅਸੀਂ ਔਗੁਣ ਕਰਦੇ ਹਾਂ। ਜਦੋਂ ਅਸੀਂ ਇਨ੍ਹਾਂ ਆਸਾਂ ਵੱਲੋਂ ਨਿਰਾਸ ਹੋ ਜਾਵਾਂਗੇ ਭਾਵ ਜਦੋਂ ਅਸੀਂ ਮੋਹ ਮਾਇਆ ਤੋਂ ਨਿਰਾਸ਼ ਹੋ ਜਾਵਾਂਗੇ ਤਾਂ ਅਸੀਂ ਚੰਗੇ ਸੰਨਿਆਸੀ ਬਣ ਸਕਦੇ ਹਾਂ ਤੇ ਤਾਂ ਹੀ ਅਸੀਂ ਪਰ-ਉਪਕਾਰੀ ਬਣ ਸਕਦੇ ਹਾਂ, ਮਨੁੱਖਤਾ ਦਾ ਭਲਾ ਕਰ ਸਕਦੇ ਹਾਂ **(ਆਸ ਨਿਰਾਸੀ ਤਉ ਸੰਨਿਆਸੀ॥)**।

ਅਗਲੀ ਪੰਗਤੀ ਵਿੱਚ ਜੋ ਜਤੀ ਬਣਨ ਦੁਆਰਾ ਜੋਗੀ ਅਖਵਾਉਂਦੇ ਹਨ ਉਨ੍ਹਾਂ ਨੂੰ ਮਾਰਗ ਦਿਖਾਇਆ ਹੋਇਆ ਹੈ ਤੇ ਸਮਝਾਇਆ ਹੋਇਆ ਹੈ ਕਿ ਜਤੀ ਹੋਣਾ ਕੋਈ ਹੱਲ ਨਹੀਂ ਹੈ, ਇਸ ਵਿੱਚ ਮਨੁੱਖਤਾ ਦਾ ਭਲਾ ਨਹੀਂ ਕੀਤਾ ਜਾ ਸਕਦਾ, ਉਲਟਾ ਅਸੀਂ ਲੋਕਾਂ ਲਈ ਤੰਗੀ ਦਾ ਕਾਰਨ

3/199

ਬਣਦੇ ਹਾਂ। ਜਤੀ ਬਣਨ ਨਾਲ ਇਸ ਸਰੀਰ ਦੀਆਂ, ਕਾਇਆ ਦੀਆਂ ਲੋੜਾਂ ਨਹੀਂ ਮੁੱਕ ਜਾਂਦੀਆਂ। ਕਾਇਆ ਦੀਆਂ ਬਾਕੀ ਲੋੜਾਂ ਦੀ ਪੂਰਤੀ ਕਰਨੀ ਹੀ ਪੈਂਦੀ ਹੈ। ਕਾਇਆਂ ਨੂੰ ਅੰਨ੍ਹ ਦੀ ਵੀ ਲੋੜ੍ਹ ਹੈ, ਕੱਪੜੇ ਦੀ ਵੀ ਲੋੜ ਹੈ, ਕੁੱਲੀ ਦੀ ਵੀ ਲੋੜ ਹੈ

ਤੇ ਇਨ੍ਹਾਂ ਲੋੜਾਂ ਦੀ ਪੂਰਤੀ ਲਈ ਸਾਨੂੰ ਕਿਸੇ ਨਾ ਕਿਸੇ ਤੇ ਨਿਰਭਰ ਹੋਣਾ ਪੈਂਦਾ ਹੈ, ਮੰਗਣਾ ਪੈਂਦਾ ਹੈ, ਕਿਸੇ ਨਾ ਕਿਸੇ ਨੂੰ ਤੰਗੀ ਦੇਣੀ ਪੈਂਦੀ ਹੈ। ਇਸ ਨਾਲ ਮਨੁੱਖਤਾ ਦਾ ਭਲਾ ਅਸੀਂ ਕਿਵੇਂ ਕਰ ਸਕਦੇ ਹਾਂ ਉਲਟਾ ਅਸੀਂ ਲੋਕਾਂ ਤੇ ਬੋਝ ਬਣ ਜਾਂਦੇ ਹਾਂ **(ਜਾਂ ਜਤੁ ਜੋਗੀ ਤਾਂ ਕਾਇਆ ਭੋਗੀ॥)**।

ਅਗਲੀ ਪੰਗਤੀ ਵਿੱਚ "ਦਿਗੰਬਰੁ" ਮੱਤ ਵਾਲਿਆਂ ਨੂੰ ਵੀ ਇਹੀ ਗੱਲ ਸਮਝਾਈ ਹੋਈ ਹੈ। ਉਹ ਆਪਣੀ ਦੇਹ ਨੂੰ ਭਾਵ ਆਪਣੀ ਦੇਹ ਦੁਆਰਾ ਹੀ ਕਿਸੇ ਤੇ ਦਇਆ ਕਰਨੀ ਸਮਝਦੇ ਹਨ ਪਰ ਦੇਹ ਦੁਆਰਾ ਕਿਸੇ ਤੇ ਦਇਆ ਕਰਨ ਦਾ ਅਸਲ ਤਰੀਕਾ ਕੀ ਹੈ ਭਾਵ ਪਰ-ਉਪਕਾਰੀ ਬਣਨ ਦਾ ਤਰੀਕਾ ਕੀ ਹੈ, ਇਹੀ ਸਮਝਾਇਆ ਹੋਇਆ ਹੈ ਜੋ ਕਿ ਵਿਚਾਰੀ ਮਨੁੱਖ ਬਣਨ ਦੁਆਰਾ ਹੀ ਬਣਿਆ ਜਾ ਸਕਦਾ ਹੈ, ਗੁਰੂ ਦੀ ਸੱਚੀ ਵਿੱਦਿਆ ਦਾ ਵਿਚਾਰੀ ਬਣਕੇ ਹੀ ਬਣਿਆ ਜਾ ਸਕਦਾ ਹੈ। (**ਦਇਆ ਦਿਗੰਬਰੁ ਦੇਹ ਬੀਚਾਰੀ ॥**) ਬੀਚਾਰੀ ਦੇਹ ਵਾਲਾ, ਸਰੀਰ ਵਾਲਾ ਕਿਵੇਂ ਬਣਨਾ ਹੈ, ਦਇਆ ਕਰਨ ਵਾਲਾ, ਪਰ-ਉਪਕਾਰ ਕਰਨ ਵਾਲਾ ਮਨੁੱਖ ਕਿਵੇਂ ਬਣਨਾ ਹੈ, ਇਹ ਗੱਲ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਆਪਿ ਮਰੈ ਅਵਰਾ ਨਹ ਮਾਰੀ ॥"

ਕਿਸੇ ਹੋਰ ਨੂੰ ਨਾ ਮਾਰਨ ਲਈ ਭਾਵ ਕਿਸੇ ਹੋਰ ਨੂੰ ਦੁੱਖ ਨਾ ਦੇਣ ਲਈ, ਪਰ-ਉਪਕਾਰ ਕਰਨ ਲਈ ਇੱਕੋ ਇੱਕ ਤਰੀਕਾ ਇਹ ਹੈ ਕਿ ਮਨੁੱਖ ਉਹੋ ਜਿਹਾ ਤਿਆਗ ਕਰੇ ਜਿਸ ਨਾਲ ਦੂਸਰਿਆਂ ਦਾ ਭਲਾ ਹੋਵੇ ਤੇ ਕਿਸੇ ਨੂੰ ਕੋਈ ਕਸ਼ਟ ਨਾ ਹੋਵੇ। ਇਹ ਤਾਂ ਹੀ ਹੋ ਸਕਦਾ ਹੈ ਜਦੋਂ ਮਨੁੱਖ ਆਪਾ ਮਾਰੇ, ਮਨ ਨੂੰ ਮਾਰੇ, ਆਪਣੇ ਔਗੁਣਾਂ ਨੂੰ ਮਾਰੇ, ਆਪਣੀਆਂ ਆਸਾਂ ਨੂੰ ਮਾਰੇ, ਤ੍ਰਿਸ਼ਨਾਵਾਂ ਨੂੰ ਮਾਰੇ ਭਾਵ "ਗੁਰਸ਼ਬਦੀ" ਮਰੇ ਭਾਵ ਗੁਰੂ ਦੀ ਦਿੱਤੀ ਹੋਈ ਵਿੱਦਿਆ ਨੂੰ ਵਿਚਾਰੇ, ਪੰਜੇ ਵਿਕਾਰਾਂ ਨੂੰ ਰਾਸ ਕਰੇ, ਗੁਰੂ ਦੇ ਸ਼ਬਦਾਂ ਦੇ ਵਿਚਾਰਾਂ ਦੁਆਰਾ ਭਾਵ ਮੰਨਣ ਦੁਆਰਾ ਆਪਣੇ ਮਨ ਦੇ ਵਿਚਾਰਾਂ ਨੂੰ ਮਾਰਨਾ ਹੀ ਆਪਣੇ ਆਪ ਨੂੰ ਮਾਰਨਾ ਹੈ, ਆਪਣੀ ਮਤਿ ਨੂੰ ਤਿਆਗਣਾ ਹੈ **(ਆਪਿ ਮਰੈ ਅਵਰਾ ਨਹ ਮਾਰੀ॥)**। ਅਸੀਂ ਦੂਸਰਿਆਂ ਨੂੰ ਦੁੱਖ ਆਪਣੇ ਔਗੁਣਾਂ ਦੁਆਰਾ ਪਹੁੰਚਾਉਦੇ ਹਾਂ, ਝੂਠ ਬੋਲ ਕੇ ਕਿਸੇ ਹੋਰ ਦਾ ਹੱਕ ਮਾਰਦੇ ਹਾਂ, ਰਿਸ਼ਵਤ ਦੁਆਰਾ ਭੈੜੀ ਮਾਰ ਮਾਰਦੇ ਹਾਂ ਭਾਵ ਦੂਜਿਆਂ ਦੇ ਦੁੱਖ ਦਾ ਕਾਰਨ ਸਾਡੇ ਔਗੁਣ ਹਨ ਤੇ ਇਨ੍ਹਾਂ ਔਗੁਣਾਂ ਦਾ ਤਿਆਗ ਹੀ ਦੂਜਿਆਂ ਦੇ ਸੁੱਖਾਂ ਦਾ ਕਾਰਨ ਬਣ ਸਕਦਾ ਹੈ, ਗੁਣਾਂ ਦਾ ਧਾਰਨੀ ਹੋ ਕੇ ਹੀ ਅਸੀਂ ਮਨੁੱਖਤਾ ਦਾ ਭਲਾ ਕਰ ਸਕਦੇ ਹਾਂ ਤੇ ਇਸੇ ਤਰ੍ਹਾਂ ਹੀ ਅਸੀਂ ਗੁਰੂ ਨਾਲ ਜੁੜ ਸਕਦੇ ਹਾਂ, ਤੀਰਥ ਵਾਸੀ ਬਣ ਸਕਦੇ ਹਾਂ, ਗੁਰੂ ਵਾਲੇ ਬਣ ਸਕਦੇ ਹਾਂ।

ਆਖਰੀ ਪੰਗਤੀਆਂ ਵਿੱਚ ਨਾਲ ਹੀ ਸਾਨੂੰ ਸੁਚੇਤ ਵੀ ਕੀਤਾ ਹੈ ਕਿ ਜੋ ਵੀ ਜਿਸ ਮਾਰਗ ਤੇ ਲੱਗਿਆ ਹੋਇਆ ਹੈ, ਭਰਮਿਆਂ ਹੋਇਆ ਹੈ, ਉਹ ਪ੍ਰਮਾਤਮਾ ਦਾ ਆਪਣਾ ਹੀ ਲਾਇਆ ਹੋਇਆ ਹੈ, ਉਸਦਾ ਆਪਣਾ ਹੀ

ਉਲਝਾਇਆ ਹੋਇਆ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸ ਨੂੰ ਉਹ ਆਪਣੀ ਮਰਜ਼ੀ ਅਨੁਸਾਰ ਚਲਾ ਰਿਹਾ ਹੈ। ਸਾਨੂੰ ਵਿਅਰਥ ਵਿੱਚ ਕਿਸੇ ਨਾਲ ਉਲਝਣਾ ਨਹੀਂ ਚਾਹੀਦਾ, ਬਹਿਸ ਵਿੱਚ ਨਹੀਂ ਪੈਣਾ ਚਾਹੀਦਾ। ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜਿਸਨੂੰ ਉਸਨੇ ਉਲਝਣ ਵਿੱਚੋਂ ਕੱਢਣਾ ਹੈ ਉਹ ਆਪ ਹੀ ਆਪਣੀ ਕ੍ਰਿਪਾ ਦੁਆਰਾ ਕੱਢ ਲੈਂਦਾ ਹੈ, ਸਿੱਧੇ ਮਾਰਗ ਤੇ ਪਾ ਦਿੰਦਾ ਹੈ **(ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥)**।

ਪਿਛਲੇ ਸ਼ਬਦ ਰਾਹੀਂ ਅਸੀਂ ਇੱਕ ਗੱਲ ਬੜੇ ਸਪੱਸ਼ਟ ਤੌਰ ਤੇ ਜਾਣੀ ਹੈ ਕਿ ਔਗੁਣ ਮਨੁੱਖ ਦੇ ਆਪ ਕੀਤਿਆਂ ਹੀ ਹੁੰਦੇ ਹਨ, ਉਸ ਦੀ ਮਰਜ਼ੀ ਨਾਲ ਹੀ ਹੁੰਦੇ ਹਨ ਭਾਵ ਮਨੁੱਖ ਖਾਹਿਸ਼ਾ ਦੀ ਪ੍ਰਾਪਤੀ ਲਈ ਇਨ੍ਹਾਂ ਔਗੁਣਾਂ ਦਾ ਆਸਰਾ ਲੈਂਦਾ ਹੈ, ਜਾਣਦੇ ਹੋਏ ਔਗੁਣ ਕਰਦਾ ਹੈ ਤੇ ਇਨ੍ਹਾਂ ਔਗੁਣਾਂ ਨੂੰ ਤਿਆਗਣ ਦਾ ਉੱਦਮ ਵੀ ਮਨੁੱਖ ਦੇ ਸਿਰ ਹੀ ਹੈ। ਪ੍ਰਮਾਤਮਾ ਦੀ ਕ੍ਰਿਪਾ ਵੀ ਇਹ ਹੀ ਹੈ ਕਿ ਉਹ ਮਨੁੱਖ ਦੇ ਔਗੁਣ ਛਡਾ ਦੇਵੇ। ਸਾਡਾ ਇਹ ਭੁਲੇਖਾ ਕਿ ਸਾਡੇ ਕਿਸੇ ਜਪ ਤਪ ਦੁਆਰਾ ਇਹ ਔਗੁਣ ਆਪੇ ਹੀ ਦੂਰ ਹੋ ਜਾਣਗੇ, ਨਿਕਲ ਜਾਣਗੇ, ਅਗਲੇ ਸ਼ਬਦ ਰਾਹੀਂ ਵੀ ਖੋਲ੍ਹ ਕੇ ਕੱਢਿਆ ਹੋਇਆ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਇਹ ਔਗੁਣ ਸਾਡੇ ਕਿਸੇ ਜਪ ਤਪ ਦੁਆਰਾ ਦੂਰ ਨਹੀਂ ਹੋ ਸਕਦੇ। ਗੁਰੂ ਦੀ "ਦੀਖਿਆ" ਕੀ ਹੈ, ਇਹ ਵੀ ਸਪੱਸ਼ਟ ਸਮਝਾਇਆ ਹੋਇਆ ਹੈ ਤੇ ਨਾਲ ਹੀ ਨਾਮ ਦੀ ਸੋਝੀ ਵੀ ਪਾਈ ਹੋਈ ਹੈ ਜੋ ਕਿ ਅਸੀਂ ਪਹਿਲਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਜਾਣ ਚੁੱਕੇ ਹਾਂ। ਆਓ ਹੇਠ ਦਿੱਤੇ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਤੇ ਆਪਣੇ ਆਪ ਨੂੰ ਭਰਮ ਭੁਲੇਖਿਆਂ ਵਿੱਚੋਂ ਕੱਢੀਏ ਤੇ ਆਪਣੇ ਜੀਵਨ ਦੇ ਸਹੀ ਮਨੋਰਥ ਨੂੰ ਜਾਣੀਏ। ਸਾਡੇ ਜੀਵਨ ਦਾ ਮਕਸਦ ਕੀ ਹੈ, ਆਪਣੇ ਜੀਵਨ ਵਿੱਚ ਅਸੀਂ ਨਾਮ ਕਿਸ ਤਰੀਕੇ ਜਪਣਾ ਹੈ, ਇਹ ਗੱਲ ਬੜੀ ਸਪੱਸ਼ਟ ਕਰਕੇ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਆਸਾ ਮਹਲਾ ੧ ਪੰਚਪਦੇ ॥
"ਮੋਹੁ ਕੁਟੰਬੁ ਮੋਹੁ ਸਭ ਕਾਰ॥ ਮੋਹੁ ਤੁਮ ਤਜਹੁ ਸਗਲ ਵੇਕਾਰ॥੧॥
ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥
ਸਾਚੁ ਨਾਮੁ ਰਿਦੇ ਰਵੈ ਸਰੀਰ॥੧॥ਰਹਾਉ॥
ਸਚੁ ਨਾਮੁ ਜਾ ਨਵ ਨਿਧਿ ਪਾਈ॥ ਰੋਵੈ ਪੂਤੁ ਨ ਕਲਪੈ ਮਾਈ॥੨॥
ਏਤੁ ਮੋਹਿ ਡੂਬਾ ਸੰਸਾਰੁ॥ ਗੁਰਮੁਖਿ ਕੋਈ ਉਤਰੈ ਪਾਰਿ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ॥ ਮੋਹੇ ਲਾਗਾ ਜਮ ਪੁਰਿ ਜਾਹਿ॥੪॥
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥
ਨਾ ਮੋਹੁ ਤੂਟੈ ਨਾ ਥਾਇ ਪਾਹਿ॥੫॥
ਨਦਰਿ ਕਰੇ ਤਾ ਏਹੁ ਮੋਹੁ ਜਾਇ॥ ਨਾਨਕ ਹਰਿ ਸਿਉ ਰਹੈ ਸਮਾਇ॥੬॥"

(ਅੰਗ ੩੫੬)

ਬਾਣੀ ਵਿੱਚ "ਮੋਹੁ" ਦੀ ਗੱਲ ਵਾਰ-ਵਾਰ ਆਉਂਦੀ ਹੈ। ਇੱਥੇ ਮੋਹੁ ਕੀ ਹੈ, ਇਸ ਦੀ ਸੋਝੀ ਵਿਸਥਾਰ ਨਾਲ ਪਾਈ ਹੋਈ ਹੈ। ਮੋਹ ਸਾਡੇ ਸਭ ਦੇ ਅੰਦਰ ਪੈ ਕੇ ਹੀ ਆਉਂਦਾ ਹੈ। ਇਹ ਮੋਹ ਹੀ ਮਨੁੱਖ ਕੋਲੋਂ ਸਭ ਕੁੱਝ ਕਰਵਾਉਂਦਾ ਹੈ। ਇਹ ਮੋਹ ਸਾਡੇ ਮਨ ਦੀ ਧੁਨ ਹੈ ਜਿਸ ਦੁਆਰਾ ਮਨੁੱਖ ਵਿਚਰਦਾ ਹੈ। ਅਸੀਂ ਉਹੀ ਕੁੱਝ ਕਰਦੇ ਹਾਂ ਜਿਹੜਾ ਕੰਮ ਸਾਨੂੰ ਚੰਗਾ ਲੱਗਦਾ ਹੈ, ਜਿਸ ਵਿੱਚ ਸਾਡਾ ਮੋਹ ਹੁੰਦਾ ਹੈ। ਪ੍ਰਮਾਤਮਾ ਨੇ ਹਰ ਕਿਸੇ ਵਿੱਚ ਮੋਹ ਪਾਇਆ ਹੈ ਕਿਉਂਕਿ ਹਰ ਜੀਵ ਦੀ ਵਿਚਰਨ ਮੋਹ ਦੁਆਰਾ ਹੈ। ਮੋਹ ਸਭ ਨੂੰ ਚਲਾਉਣ ਲਈ ਮੂਲ ਹੈ। ਅਸੀਂ ਇਸ ਮੋਹ ਵਿੱਚ ਕਿਸ ਤਰੀਕੇ ਨਾਲ ਵਿਚਰਦੇ ਹਾਂ, ਬਸ ਇਸ ਨੂੰ ਸਮਝਣ ਦੀ ਲੋੜ ਹੈ। ਇਹ ਮੋਹ ਹੀ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ ਤੇ ਇਹ ਮੋਹ ਹੀ ਸਾਨੂੰ ਪ੍ਰਮਾਤਮਾ ਤੋਂ ਦੂਰ ਰੱਖਦਾ ਹੈ। ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਕਿਹੋ ਜਿਹਾ ਮੋਹ ਸਾਡੇ ਲਈ ਚੰਗਾ ਹੈ ਤੇ ਕਿਹੋ ਜਿਹਾ ਮੋਹ ਸਾਡੇ ਲਈ ਮਾੜਾ ਹੈ।

"ਮੋਹੁ ਕੁਟੰਬੁ ਮੋਹੁ ਸਭ ਕਾਰ॥ਮੋਹੁ ਤੁਮ ਤਜਹੁ ਸਗਲ ਵੇਕਾਰ॥੧॥"

ਅਗਰ ਅਸੀਂ ਇਸ ਇੱਕੋ ਪੰਗਤੀ ਨੂੰ ਸਮਝ ਲਈਏ ਤਾਂ ਇੱਥੇ ਹੀ ਸਾਰੀ ਭਗਤੀ ਦਾ ਮੂਲ ਸਮਝਾਇਆ ਹੋਇਆ ਹੈ, ਨਾਮ ਜਪਣਾ ਸਮਝਾਇਆ ਹੋਇਆ ਹੈ, ਸਾਡੇ ਜੀਵਨ ਦਾ ਪੂਰਾ ਮਨੋਰਥ ਸਮਝਾਇਆ ਹੋਇਆ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੋਇਆ ਹੈ। ਸਾਡੀ ਜਿੰਦਗੀ ਦਾ ਮਨੋਰਥ ਪ੍ਰਮਾਤਮਾ ਨੂੰ ਪਾਉਣ ਦਾ ਹੈ। ਅਸੀਂ ਪ੍ਰਮਾਤਮਾ ਨੂੰ ਇਸ ਜੀਵਨ ਵਿੱਚ ਵਿਚਰਦੇ ਹੋਏ ਹੀ ਪਾਉਣਾ ਹੈ, ਮਾਇਆ ਵਿੱਚ ਵਿਚਰਦੇ ਹੋਏ ਹੀ ਪਾਉਣਾ ਹੈ। ਪ੍ਰਮਾਤਮਾ ਦੀ "ਮਾਇਆ" ਇਸ ਸ੍ਰਿਸ਼ਟੀ ਨੂੰ ਚਲਾਉਣ ਦਾ ਸਾਧਨ ਹੈ ਤੇ ਹਰ ਕੋਈ ਉਸਦੀ ਮਾਇਆ ਦੀ ਜੁਗਤਿ ਦਾ ਹਿੱਸਾ ਹੀ ਹੈ। ਪ੍ਰਮਾਤਮਾ ਨੇ ਇਸ ਸ੍ਰਿਸ਼ਟੀ ਨੂੰ ਚਲਾਉਣ ਲਈ ਹੀ ਬਣਾਇਆ ਹੋਇਆ ਹੈ ਜੋ ਕਿ ਕਰੋੜਾਂ ਸਾਲਾਂ ਤੋਂ ਚੱਲਦੀ ਆ ਰਹੀ ਹੈ। ਜੀਵ ਬਿਨਸਦੇ ਹਨ ਤੇ ਪੈਦਾ ਹੁੰਦੇ ਹਨ। ਜੋ ਜੀਵ ਬਿਨਸਦੇ ਹਨ ਉਹ ਆਪਣੇ ਬਿਨਸਨ ਤੋਂ ਪਹਿਲਾਂ ਦੂਸਰਿਆਂ ਨੂੰ ਪੈਦਾ ਕਰ ਦਿੰਦੇ ਹਨ। ਜੀਵਾਂ ਦਾ ਪੈਦਾ ਹੋਣਾ ਇਸ ਸ੍ਰਿਸ਼ਟੀ ਵਿੱਚ ਉੱਤਪਤੀ ਦਾ ਮੂਲ ਹੈ ਤੇ ਇਹ ਉੱਤਪਤੀ ਦੀ ਕਿਰਿਆ ਪ੍ਰਮਾਤਮਾ ਨੇ ਸਭ ਵਿੱਚ ਪਾਈ ਹੋਈ ਹੈ ਭਾਵੇਂ ਉਹ ਜੀਵ ਜੰਤੂ ਹਨ ਤੇ ਭਾਵੇਂ ਉਹ ਬਨਸਪਤੀ ਹੈ। ਹਰ ਜੀਵ ਆਪਣੇ "ਕੁਟੰਬੁ" ਦੀ ਉੱਤਪਤੀ ਕਰਦਾ ਹੈ ਤੇ ਉਸਨੂੰ ਪਾਲਦਾ ਵੀ ਹੈ। ਬਨਸਪਤੀ ਦੀ ਉਪਜ ਦਾ ਤੇ ਪਾਲਣਾ ਦਾ ਸਾਧਨ ਵੀ ਪ੍ਰਮਾਤਮਾ ਨੇ ਬਣਾਇਆ ਹੋਇਆ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਅਸੀਂ ਲੇਖ ਵਿੱਚ ਅੱਗੇ ਚੱਲ ਕੇ ਵਿਸਥਾਰ ਨਾਲ ਸਮਝਾਂਗੇ।

ਉੱਪਰ ਸ਼ਬਦ ਰਾਹੀਂ ਸਾਨੂੰ ਇਹ ਜਿੰਮੇਵਾਰੀ ਹੀ ਸਮਝਾਈ ਹੋਈ ਹੈ ਕਿ ਸ੍ਰਿਸ਼ਟੀ ਦੇ ਚੱਲਣ ਵਿੱਚ ਅਸੀਂ ਆਪਣਾ ਯੋਗਦਾਨ ਕਿਵੇਂ ਪਾਉਣਾ ਹੈ। ਅਸੀਂ ਆਪਣਾ ਕੁਟੰਬ ਬਣਾਉਣਾ ਵੀ ਹੈ ਤੇ ਉਸਨੂੰ ਪਾਲਣਾ ਵੀ ਹੈ ਭਾਵ ਇਸ ਸੰਸਾਰ ਦੀ ਉੱਤਪਤੀ ਵਿੱਚ ਅਸੀਂ ਆਪਣਾ ਯੋਗ ਪਾਉਣਾ ਹੈ। ਸਾਡਾ ਕੁਟੰਬ, ਪਰਿਵਾਰ, ਮੋਹ ਨਾਲ ਹੀ ਬਣਦਾ ਹੈ ਤੇ ਮੋਹ ਦੇ ਨਾਲ ਹੀ ਇਸਦੀ ਪਾਲਣਾ ਹੁੰਦੀ ਹੈ ਭਾਵ ਮੋਹ ਸਾਡੇ ਲਈ ਜਰੂਰੀ ਹੈ ਤਾਂ ਜੋ ਅਸੀਂ ਆਪਣਾ ਕੁਟੰਬ ਬਣਾਈਏ, ਉਸਨੂੰ ਪਾਲੀਏ ਤੇ ਇਸ ਮੋਹ ਦੁਆਰਾ

ਆਪਣਾ ਇਹ ਫਰਜ਼ ਪੂਰਾ ਕਰੀਏ ਭਾਵ ਗ੍ਰਹਿਸਥੀ ਬਣ ਕੇ ਵਿਚਰੀਏ। ਘਰਾਂ ਦੇ ਬਜੁਰਗਾਂ ਤੋਂ ਲੈ ਕੇ ਛੋਟੇ ਬੱਚਿਆਂ ਤੱਕ ਸਭ ਕੁਟੰਬ ਦਾ ਹਿੱਸਾ ਹੀ ਹੁੰਦੇ ਹਨ ਜੋ ਕਿ ਇੱਕ ਦੂਜੇ ਵਿੱਚ ਮੋਹ ਰਖਣ ਦੁਆਰਾ ਹੀ ਆਪਸ ਵਿੱਚ ਜੁੜਦੇ ਹਨ, ਇੱਕ ਦੂਜੇ ਦੇ ਕੰਮ ਆਉਂਦੇ ਹਨ ਜਿਸ ਦੁਆਰਾ ਕੁਟੰਬ ਸੁਚੱਜੇ ਢੰਗ ਨਾਲ ਚੱਲਦਾ ਹੈ। "ਗ੍ਰਹਿਸਥ" ਦਾ ਫਰਜ਼ ਪੂਰਾ ਕਰਨ ਲਈ, ਆਪਣੀ ਤੇ ਕੁਟੰਬ ਦੀ ਪਾਲਣਾ ਕਰਨ ਲਈ, ਇਹ ਵੀ ਜਰੂਰੀ ਹੈ ਕਿ ਅਸੀਂ ਕੋਈ ਕਾਰ ਵਿਹਾਰ ਕਰੀਏ, ਮਾਇਆ ਕਮਾਈਏ ਤਾਂ ਜੋ ਸਭ ਦੀ ਪਾਲਣਾ ਹੋ ਸਕੇ ਭਾਵ ਕੋਈ ਨਾ ਕੋਈ ਕਾਰੇ ਲੱਗਣਾ ਵੀ ਸਾਡਾ ਫਰਜ਼ ਹੈ, ਮਾਇਆ ਕਮਾਉਣੀ ਵੀ ਸਾਡੀ ਜਿੰਮੇਦਾਰੀ ਹੈ ਤਾਂ ਜੋ ਮਨੁੱਖਤਾ ਚੱਲਦੀ ਰਹੇ, ਪਨਪਦੀ ਰਹੇ।

ਮੋਹ ਦਾ ਚੰਗਾ ਪਾਸਾ ਕੀ ਹੈ ਪਹਿਲਾਂ ਇਸਨੂੰ ਅਸੀਂ ਸਮਝਿਆ ਹੈ। ਨਾਲ ਹੀ ਉੱਪਰ ਸ਼ਬਦ ਰਾਹੀਂ ਮੋਹ ਦਾ ਦੂਜਾ ਪਾਸਾ ਭਾਵ ਮਾੜਾ ਪਾਸਾ ਵੀ ਸਮਝਾਇਆ ਹੋਇਆ ਹੈ। ਮਾੜਾ ਮੋਹ ਵਿਕਾਰਾਂ ਦਾ ਹੈ, ਜਿਸਨੂੰ ਕਿ ਤੱਜਣ ਦਾ ਹੁਕਮ ਕੀਤਾ ਹੋਇਆ ਹੈ। ਵਿਕਾਰਾਂ ਨੂੰ ਤੱਜਣਾ ਵੀ ਸਾਡਾ ਫਰਜ਼ ਹੈ। ਅਸੀਂ ਆਪਣਾ ਕੁਟੰਬ ਵੀ ਪਾਲਣਾ ਹੈ ਤੇ ਉਸ ਲਈ ਕਾਰ ਵਿਹਾਰ ਵੀ ਕਰਨਾ ਹੈ ਪਰ ਔਗੁਣਾਂ ਦਾ ਮੋਹ ਛੱਡ ਕੇ ਕਰਨਾ ਹੈ ਭਾਵ ਅਸੀਂ ਆਪਣੇ ਕਾਰ ਵਿਹਾਰ ਜੇਕਰ ਸੱਚੇ ਸੁੱਚੇ ਬਣ ਕੇ ਕਰਦੇ ਹਾਂ, ਆਪਣੇ ਧਰਮ ਵਿੱਚ ਰਹਿ ਕੇ ਕਰਦੇ ਹਾਂ ਤਾਂ ਇਹੋ ਜਿਹੇ ਕਰਮ ਸਾਡੇ ਧਰਮ ਵਾਲੇ ਕਰਮ ਹਨ। ਗੁਣਾਂ ਤੋਂ ਦੂਰ ਹੋ ਕੇ

3/201

ਮਨੁੱਖ ਜਿਤਨੇ ਵੀ ਵਿਕਾਰ ਕਰਦਾ ਹੈ, ਔਗੁਣ ਕਰਦਾ ਹੈ, ਮਾੜੇ ਕੰਮ ਕਰਦਾ ਹੈ ਉਹ ਮਾੜੇ ਮੋਹ ਵਿੱਚ ਫਸ ਕੇ ਹੀ ਕਰਦਾ ਹੈ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਕਰਦਾ ਹੈ, ਜਿਨ੍ਹਾਂ ਕਰਕੇ ਮਨੁੱਖ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾੜਾ ਬਣਦਾ ਹੈ। ਇਸੇ ਲਈ ਇਸ ਮੋਹ ਵਿੱਚ ਫਸ ਕੇ ਮਨੁੱਖ ਜੋ ਵਿਕਾਰ ਕਰਦਾ ਹੈ ਇਨ੍ਹਾਂ ਨੂੰ ਤਿਆਗਣ ਦਾ ਹੁਕਮ ਹੈ ਤਾਂ ਜੋ ਅਸੀਂ ਜੋ ਵੀ ਕਰਮ ਕਰੀਏ ਉਹ ਸਭ ਦੀ ਭਲਾਈ ਲਈ ਕਰੀਏ ਜਿਸ ਦੁਆਰਾ ਸ੍ਰਿਸ਼ਟੀ ਚੰਗੇ ਢੰਗ ਨਾਲ ਚੱਲੇ ਤੇ ਮਨੁੱਖ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਬਣ ਸਕੇ। **(ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ॥)**

ਆਓ ਹੁਣ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਵਿਚਾਰੀਏ, ਜਿਸ ਰਾਹੀਂ ਬੜੀ ਡੂੰਘੀ ਗੱਲ ਸਮਝਾਈ ਹੋਈ ਹੈ। ਅਸੀਂ ਭਗਤੀ ਦੇ ਅਸਲ ਰਸਤੇ ਤੋਂ ਕਿਉਂ ਭਟਕੇ ਹੋਏ ਹਾਂ, ਇਸ ਗੱਲ ਤੇ ਚਾਨਣਾ ਪਾਇਆ ਹੋਇਆ ਹੈ ਜਿਸ ਨੂੰ ਕਿ ਇਸੇ ਸ਼ਬਦ ਵਿੱਚ ਅੱਗੇ ਜਾ ਕੇ ਸਪੱਸ਼ਟ ਕੀਤਾ ਹੋਇਆ ਹੈ। ਇੱਥੇ ਮੋਹ ਦੇ ਨਾਲ ਭਰਮ ਨੂੰ ਵੀ ਤਜਣ ਦੀ ਗੱਲ ਸਮਝਾਈ ਹੋਈ ਹੈ, ਜੋ ਗੱਲ ਗੁਰੂ ਸਾਹਿਬ ਨੇ ਬੜੇ ਪਿਆਰ ਤੇ ਨਿਮਰਤਾ ਨਾਲ ਭੈਣ ਭਰਾ ਕਹਿ ਕੇ ਸਮਝਾਈ ਹੋਈ ਹੈ। ਇਹ "ਭਰਮ" ਕੀ ਹੈ, ਇਸ ਨੂੰ ਸਮਝਣ ਦੀ ਲੋੜ ਹੈ। ਭਰਮ ਗੁਰੂ ਦੀ "ਦੀਖਿਆ" ਨੂੰ, "ਉਪਦੇਸ਼" ਨੂੰ ਸਮਝਣ ਵਿੱਚ ਹੈ, ਗੁਰੂ ਦੀ ਭਗਤੀ ਨੂੰ ਸਮਝਣ ਵਿੱਚ ਹੈ। ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਅਸਲ ਵਿੱਚ ਭਗਤੀ ਕੀ ਹੈ, ਅਸੀਂ ਫਿਰ ਉਹੋ ਜਿਹੀ ਭਗਤੀ ਕਰਾਂਗੇ ਜਿਹੋ ਜਿਹੀ ਸਾਨੂੰ ਸਮਝ ਆਈ ਹੈ, ਆਪਣੀ ਆਪਣੀ ਮਤਿ ਦੁਆਰਾ ਸਮਝ ਆਈ ਹੈ। ਭਰਮ ਭੁਲੇਖਾ ਸਾਡੀ ਸਮਝ ਦਾ ਹੀ ਹੈ। ਹਰ ਕੋਈ ਭਗਤੀ ਕਰਨ ਵਾਲਾ ਇਹ ਹੀ ਸਮਝਦਾ ਹੈ ਕਿ ਉਹ ਭਗਤੀ ਗੁਰੂ ਦੀ ਮਤਿ ਅਨੁਸਾਰ ਹੀ ਕਰ ਰਿਹਾ ਹੈ। ਇਹੀ ਭੁਲੇਖਾ ਇੱਥੇ ਕੱਢਿਆ ਹੋਇਆ ਹੈ ਕਿ ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ ਉਹ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ। ਇਹ ਭੁਲੇਖਾ ਸਾਨੂੰ ਤੱਜਣ ਲਈ ਕਿਹਾ ਗਿਆ ਹੈ, ਦੂਰ ਕਰਨ ਲਈ ਕਿਹਾ ਗਿਆ ਹੈ, ਭਗਤੀ ਦਾ ਅਸਲੀ ਭਾਵ ਸਮਝਣ ਲਈ ਕਿਹਾ ਗਿਆ ਹੈ। ਅਸੀਂ ਵਿਕਾਰਾਂ ਦਾ ਮੋਹ ਤਾਂ ਹੀ ਤੱਜਾਂਗੇ ਜਦੋਂ ਸਾਨੂੰ ਇਹ ਯਕੀਨ ਹੋ ਜਾਵੇਗਾ ਕਿ ਵਿਕਾਰਾਂ ਦਾ ਮੋਹ ਤੱਜਣਾ ਹੀ ਅਸਲੀ ਭਗਤੀ ਹੈ। ਵਿਕਾਰਾਂ ਦਾ ਮੋਹ ਅਸੀਂ ਕਾਰ ਵਿਹਾਰ ਕਰਨ ਲਈ ਛੱਡਣਾ ਹੈ ਭਾਵ ਸਾਡਾ ਕਾਰ ਵਿਹਾਰ ਦਾ ਮੋਹ ਤਾਂ ਹੀ ਸੱਚਾ ਹੈ ਜੇਕਰ ਅਸੀਂ ਆਪਣਾ ਕਾਰ ਵਿਹਾਰ ਵਿਕਾਰਾਂ ਤੋਂ ਰਹਿਤ ਹੋ ਕੇ ਕਰਦੇ ਹਾਂ। ਇਹੀ ਸਾਡੀ ਸੱਚੀ ਭਗਤੀ ਦਾ ਮਾਰਗ ਹੈ ਕਿ ਅਸੀਂ ਗ੍ਰਹਿਸਥੀ ਬਣ ਕੇ ਆਪਣੇ ਕੁਟੰਬ ਨੂੰ ਸੱਚੀ ਸੁੱਚੀ ਕਿਰਤ ਕਰਨ ਦੁਆਰਾ ਪਾਲੀਏ। ਇਸ ਤੋਂ ਬਿਨ੍ਹਾਂ ਜੇਕਰ ਅਸੀਂ ਕਿਸੇ ਹੋਰ ਗੱਲ ਵਿੱਚ, ਤਰੀਕੇ ਵਿੱਚ ਭਗਤੀ ਦਾ ਮਾਰਗ ਸਮਝਦੇ ਹਾਂ ਤੇ ਉਹ ਸਾਡਾ ਭਰਮ ਹੈ। ਜਦ ਤੱਕ ਸਾਡੇ ਅੰਦਰ ਭੁਲੇਖਾ ਬਣਿਆ ਰਹੇਗਾ, ਭਰਮ ਬਣਿਆ ਰਹੇਗਾ, ਅਸੀਂ ਔਗੁਣਾਂ ਦੇ ਤਿਆਗ ਨੂੰ ਭਗਤੀ ਤੋਂ ਵੱਖਰਾ ਸਮਝਦੇ ਰਹਾਂਗੇ ਤਦ ਤੱਕ ਅਸੀਂ ਗੁਰੂ ਦੀ ਗੱਲ ਤੇ ਅਮਲ ਨਹੀਂ ਕਰ ਸਕਾਂਗੇ। ਬਸ ਇਹੀ ਸਭ ਤੋਂ ਵੱਡਾ ਮੁੱਦਾ ਹੈ ਤੇ ਇਸ ਲੇਖ ਦਾ ਮਨੋਰਥ ਹੈ ਜਿਸ ਨੂੰ ਸਮਝਣ ਦੀ ਲੋੜ ਹੈ।

3/202

ਸਾਡੇ ਅੰਦਰ ਸੱਚਾ ਨਾਮ ਤਾਂ ਹੀ ਵੱਸੇਗਾ ਜਦੋਂ ਅਸੀਂ ਵਿਕਾਰਾਂ ਦੇ ਮੋਹ ਨੂੰ ਤੇ ਭਰਮ ਨੂੰ ਆਪਣੇ ਅੰਦਰੋਂ ਤਿਆਗ ਦਿਆਗੇ ਭਾਵ ਗੁਰੂ ਦੀ ਸਿੱਖਿਆ ਨੂੰ ਮੰਨ ਲਵਾਂਗੇ। ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਹੈ। ਸੱਚ ਹੀ ਨਾਮ ਹੈ ਜੋ ਗੁਰੂ ਦੀ ਸੱਚੀ ਮਤਿ ਹੈ ਜੋ ਸਾਨੂੰ ਸੱਚ ਹੀ ਸਮਝਾਉਂਦੀ ਹੈ। ਸੱਚ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਜੋ ਔਗੁਣ ਕਰਦੇ ਹਾਂ, ਉਨ੍ਹਾਂ ਵਿੱਚੋਂ ਨਿਕਲੀਏ। ਔਗੁਣਾਂ ਦੇ ਰਹਿੰਦੇ ਸਾਡੇ ਅੰਦਰ ਨਾਮ ਦਾ ਵਾਸਾ ਨਹੀਂ ਹੋ ਸਕਦਾ। ਅਸੀਂ ਨਾਮ ਵਿੱਚ ਤਾਂ ਹੀ ਰਵੇ ਹੋਏ, ਰਮੇ ਹੋਏ ਰਹਿ ਸਕਦੇ ਹਾਂ ਜਦੋਂ ਔਗੁਣਾਂ ਨੂੰ ਛੱਡ ਕੇ, ਭਰਮ ਮੋਹ ਵਿੱਚੋਂ ਨਿਕਲ ਕੇ ਗੁਣਾਂ ਦੇ ਧਾਰਨੀ ਬਣ ਜਾਵਾਂਗੇ ਭਾਵ ਇਹ ਅਵੱਸਥਾ ਮਨੁੱਖ ਦੇ ਅੰਦਰ ਨਾਮ ਵੱਸਣ ਦੀ, ਗੁਰੂ ਦੀ ਸੱਚੀ ਮਤਿ ਵੱਸਣ ਦੀ ਅਵੱਸਥਾ ਹੈ ਜਿਸ ਮਨ ਦੀ ਸਮਝ ਦੁਆਰਾ ਫਿਰ ਮਨੁੱਖ ਗੁਣਾਂ ਦੁਆਰਾ ਵੀ ਵਿਚਰਦਾ ਹੈ ਭਾਵ ਸੱਚੀ ਸੁੱਚੀ ਕਿਰਤ ਹੀ ਕਰਦਾ ਹੈ ਜਿਸ ਦੁਆਰਾ ਉਹ ਆਪਣੇ ਕੁਟੰਬ ਨੂੰ ਪਾਲਦਾ ਹੈ। ਸਾਡੇ ਅੰਦਰ ਵਿਕਾਰਾਂ ਦਾ ਮੋਹ ਹੀ ਮਾਇਆ ਮੋਹ ਹੈ ਜਿਸਦੇ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ। ਪ੍ਰਮਾਤਮਾ ਦਾ ਨਾਮ ਮਨ ਦੇ ਭਰਮਾਂ ਵਿੱਚੋਂ ਨਿਕਲ ਕੇ, ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਜਪਿਆ ਜਾ ਸਕਦਾ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਦੁਆਰਾ ਹੀ ਜਪਿਆ ਜਾ ਸਕਦਾ ਹੈ, ਚੰਗੀ ਸੰਸਾਰਿਕ ਵਿਚਰਨ ਦੁਆਰਾ ਹੀ ਜਪਿਆ ਜਾ ਸਕਦਾ ਹੈ। ਜਿਸ ਸਰੀਰ ਦੇ ਅੰਦਰ ਇਹੋ ਜਿਹੀ ਭਗਤੀ ਦੀ ਸਮਝ ਪੈ ਜਾਂਦੀ ਹੈ ਭਾਵ ਜਿਸ ਦੇ ਅੰਦਰ ਨਾਮ ਵੱਸ ਜਾਂਦਾ ਹੈ ਉਹੀ ਪ੍ਰਮਾਤਮਾ ਦਾ ਨਾਮ ਜਪਦਾ ਹੈ।

(ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥

ਸਾਚੁ ਨਾਮੁ ਰਿਦੇ ਰਵੈ ਸਰੀਰ॥੧॥ਰਹਾਉ॥)

ਸ਼ਬਦ ਦੀਆਂ ਉੱਪਰ ਵਾਲੀਆਂ ਪੰਗਤੀਆਂ ਤੇ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਜੋ ਵੀ ਸਾਨੂੰ ਦੀਖਿਆ ਭਾਵ ਸਿੱਖਿਆ ਦਿੱਤੀ ਗਈ ਹੈ, ਬਸ ਉਸੇ ਅਨੁਸਾਰ ਚੱਲੀਏ ਭਾਵ ਧਰਮ ਕਰਮ ਕਰੀਏ ਤੇ ਆਪਣੇ ਮਨ ਵਿੱਚ ਕੋਈ ਭਰਮ ਨਾ ਰੱਖੀਏ ਕਿ ਸਾਨੂੰ ਭਗਤੀ ਕਰਨ ਲਈ ਅਜੇ ਹੋਰ ਵੀ ਕੁੱਝ ਕਰਨ ਦੀ ਲੋੜ ਹੈ ਭਾਵ ਕਿਸੇ ਸਰੀਰਕ ਜਪ ਤਪ ਦੀ ਲੋੜ ਹੈ। ਇਤਨਾ ਕਰਨ ਨਾਲ ਭਾਵ ਸੱਚੇ ਸੁੱਚੇ ਕਰਮ ਕਰਨ ਨਾਲ, ਆਪਣੀ ਗ੍ਰਹਿਸਥੀ ਨੂੰ ਸੱਚੇ ਸੁੱਚੇ ਬਣ ਕੇ ਪਾਲਣ ਦਾ ਉੱਦਮ ਕਰਨ ਨਾਲ ਹੀ ਸਾਨੂੰ ਸੱਚੇ ਨਾਮ ਦੀ, ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਵੇਗੀ ਭਾਵ ਅਸੀਂ ਗੁਰੂ ਦੀ ਦੱਸੀ ਹੋਈ ਗੱਲ ਤੇ ਪੂਰਨ ਭਰੋਸਾ ਕਰਕੇ ਉਸ ਅਨੁਸਾਰ ਆਪਣਾ ਜੀਵਨ ਵਿਚਾਰੀਏ ਤੇ ਹੋਰ ਕਿਸੇ ਜਪ ਤਪ ਵਿੱਚ ਨਾ ਪਈਏ। ਇਹੋ ਜਿਹੀ ਚੰਗੀ ਵਿਚਰਨ ਦੀ ਸਮਝ ਦਾ ਹੋਣਾ ਹੀ ਸਾਡੇ ਅੰਦਰ ਸੱਚ ਨਾਮ ਦਾ ਹੋਣਾ ਹੈ, ਨਵ ਨਿਧਿ ਦਾ ਹੋਣਾ ਹੈ ਭਾਵ ਗੁਰੂ ਦੀ ਸੱਚੀ ਮਤਿ ਦਾ ਹੋਣਾ ਹੈ ਜੋ ਉਸਦੀ ਕਿਰਪਾ ਦੁਆਰਾ ਹੀ ਹੁੰਦਾ ਹੈ। ਇਹੀ ਮਨ ਦੇ ਸੰਤੋਖ ਦੀ ਅਵੱਸਥਾ ਹੈ, ਉਸਦੇ ਭਾਣੇ ਵਿੱਚ ਚੱਲਣਾ ਹੈ, ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ ਹੈ, ਸੱਚੇ ਗੁਣਾਂ ਦੀ ਪ੍ਰਾਪਤੀ ਦਾ ਹੋਣਾ ਹੈ। ਉਸਦਾ ਮਨ ਸੰਤੋਖ ਵਿੱਚ ਆ ਜਾਂਦਾ ਹੈ, ਗੁਰੂ ਦੇ ਭਾਣੇ ਵਿੱਚ ਆ ਜਾਂਦਾ ਹੈ, ਤ੍ਰਿਸ਼ਨਾਵਾਂ ਵਿੱਚੋਂ ਨਿਕਲ ਜਾਂਦਾ ਹੈ ਤੇ ਉਸਦਾ ਮਨ ਫਿਰ ਦੁਖੀ ਨਹੀਂ ਹੁੰਦਾ, ਉਸਦੀ ਕਲਪਣਾ ਮਿਟ ਜਾਂਦੀ ਹੈ। **(ਸਚੁ ਨਾਮੁ ਜਾ ਨਵ ਨਿਧਿ ਪਾਈ॥)**

“ਰੋਵੈ ਪੂਤੁ ਨ ਕਲਪੈ ਮਾਈ॥”

ਜਦੋਂ ਕੋਈ ਬੱਚਾ ਰੋਂਦਾ ਹੈ ਤਾਂ ਉਸ ਲਈ ਉਸਦੀ ਮਾਂ ਉਸਦੇ ਮੋਹ ਵਿੱਚ ਦੁਖੀ ਹੁੰਦੀ ਹੈ, ਕਲਪਦੀ ਹੈ। ਬੱਚਾ ਨਿੱਤ ਨਵੀਆਂ ਮੰਗਾ ਕਰਦਾ ਹੈ, ਜਿੱਦਾਂ ਕਰਦਾ ਹੈ, ਰੋਂਦਾ ਹੈ ਭਾਵ ਬੱਚੇ ਦੀਆਂ ਨਵੀਆਂ-ਨਵੀਆਂ ਖਾਹਿਸ਼ਾ ਪੂਰੀਆਂ ਕਰਨ ਲਈ, ਜਿੱਦਾਂ ਪੂਰੀਆਂ ਕਰਨ ਲਈ ਮਾਂ ਦੁਖੀ ਹੁੰਦੀ ਹੈ। ਪੂਤ, ਬੱਚਾ ਸਾਡੀਆਂ ਤ੍ਰਿਸ਼ਨਾਵਾਂ ਨੂੰ ਕਿਹਾ ਗਿਆ ਹੈ ਅਤੇ ਮਾਈ ਸਾਡੇ ਮਨ ਦੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਨੂੰ ਕਿਹਾ ਗਿਆ ਹੈ। ਸਾਡੇ ਅੰਦਰ ਤ੍ਰਿਸ਼ਨਾਵਾਂ ਨੂੰ ਪੈਦਾ ਕਰਨ ਵਾਲੀ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਹੀ ਹੈ, ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੀ ਹੈ। ਸਾਡਾ ਮਨ ਸਾਡੀਆਂ ਤ੍ਰਿਸ਼ਨਾਵਾਂ ਨੂੰ ਲੈ ਕੇ ਦੁਖੀ ਹੁੰਦਾ ਹੈ। ਨਾਮ ਦੀ ਪ੍ਰਾਪਤੀ ਨਾਲ ਮਨੁੱਖ ਦੀਆਂ ਇਹ ਤ੍ਰਿਸ਼ਨਾਵਾਂ ਹੀ ਮਰਦੀਆਂ ਹਨ ਜੋ ਕਿ ਸਾਡੇ ਦੁੱਖਾਂ ਦਾ ਕਾਰਨ ਹਨ, ਸਾਡੀ ਕਲਪਣ ਦਾ ਕਾਰਨ ਹਨ ਭਾਵ ਇਨ੍ਹਾਂ ਤ੍ਰਿਸ਼ਨਾਵਾਂ ਤੋਂ, ਵਿਕਾਰਾਂ ਤੋਂ ਰਹਿਤ ਹੋਣਾ ਹੀ ਨਾਮ ਜਪਣਾ ਹੈ, ਭਗਤੀ ਹੈ, ਸੁੱਖ ਹੈ। (**ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥1॥ ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥ ਸਚੁ ਨਾਮੁ ਜਾ ਨਵ ਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥**) ਹੁਣ ਵਿਚਾਰੋ, ਜੇਕਰ ਅਸੀਂ ਇੱਕ ਅੱਖਰ ਨੂੰ, ਮੰਤ੍ਰ ਨੂੰ ਨਾਮ ਸਮਝੀਏ, ਤਾਂ ਕੀ ਉਹ ਸ਼ਬਦ ਦੀ ਕਸਵੱਟੀ ਤੇ ਪੂਰਾ

ਉਤਰ ਸਕਦਾ ਹੈ। ਗੁਰੂ ਦੀ ਕਸਵੱਟੀ ਤੇ ਪੂਰਾ ਤਾਂ ਨਹੀਂ ਉਤਰ ਸਕਦਾ ਪਰ ਫਿਰ ਵੀ ਅਸੀਂ ਮਨ ਦੇ ਭਰਮ ਕਰਕੇ ਆਪਣੀਆਂ ਸਿਆਣਪਾਂ ਦੁਆਰਾ ਕੋਸ਼ਿਸ ਜਰੂਰ ਕਰਾਂਗੇ। ਇਹ ਮਨੁੱਖੀ ਸੁਭਾਅ ਹੈ ਕਿ ਅਸੀਂ ਆਪਣੀ ਗੱਲ ਤੇ ਅੜੇ ਰਹਿਣ ਵਿੱਚ ਫ਼ਖਰ ਮਹਿਸੂਸ ਕਰਦੇ ਹਾਂ। ਸਾਡਾ ਭਲਾ ਇਸੇ ਵਿੱਚ ਹੈ ਤੇ ਸਾਡਾ ਫ਼ਰਜ਼ ਵੀ ਇਹੀ ਬਣਦਾ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਮੰਨਣ ਵਿੱਚ ਫ਼ਖ਼ਰ ਮਹਿਸੂਸ ਕਰੀਏ। ਆਪਣੇ ਮਾਨ ਲਈ ਨਾ ਅੜੀਏ। ਇਹ ਸਾਡੇ ਅੰਦਰ ਦਾ ਮਾਇਆ ਮੋਹ ਹੀ ਹੈ, ਮਾਇਆ ਦੀ ਜੁਗਤਿ ਹੀ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ।

ਹਰ ਕੋਈ ਇਸ ਸੰਸਾਰ ਵਿੱਚ ਇਸੇ ਮੋਹ ਵਿੱਚ ਡੁੱਬਾ ਪਿਆ ਹੈ ਕਿਉਂਕਿ ਇਹ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਜੁਗਤਿ ਹੈ ਤੇ ਕੋਈ ਵਿਰਲਾ ਹੀ ਗੁਰੂ ਦੇ ਉਪਦੇਸ਼ ਤੇ ਚੱਲ ਕੇ ਉਸਦੀ ਕ੍ਰਿਪਾ ਦੁਆਰਾ ਇਸ ਮੋਹ ਦੇ ਸਾਗਰ ਵਿੱਚੋਂ, ਭਰਮਾਂ ਵਾਲੇ ਵਿਚਾਰਾਂ ਦੇ ਸਾਗਰ ਵਿੱਚੋਂ, ਵਿਕਾਰਾਂ ਦੇ ਸਾਗਰ ਵਿੱਚੋਂ

3/203

ਪਾਰ ਉਤਰ ਸਕਦਾ ਹੈ। ਗੁਰੂ ਦੀ ਸੱਚੀ ਮਤਿ ਤੋਂ ਬਿਨ੍ਹਾਂ ਸਭ ਕੁੱਝ ਮਾਇਆ ਮੋਹ ਹੈ ਤੇ ਕੋਈ ਵਿਰਲਾ ਹੀ ਉਸਦੀ ਮਤਿ ਤੇ ਚੱਲ ਸਕਦਾ ਹੈ, ਕੋਈ ਵਿਰਲਾ ਹੀ ਨਾਮ ਜਪ ਸਕਦਾ ਹੈ ਕਿਉਂਕਿ ਇਹ ਬਹੁਤ ਔਖਾ ਹੈ। ਕਿਸੇ ਵਿਰਲੇ ਤੇ ਹੀ ਉਹ ਆਪਣੀ ਕ੍ਰਿਪਾ ਕਰਦਾ ਹੈ ਕਿਉਂਕਿ ਇਹ ਉਸਦਾ ਨਿਯਮ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਏਤੁ ਮੋਹਿ ਡੂਬਾ ਸੰਸਾਰੁ॥ ਗੁਰਮੁਖਿ ਕੋਈ ਉਤਰੈ ਪਾਰਿ॥)

ਇਨ੍ਹਾਂ ਵਿਕਾਰਾਂ ਕਰਕੇ ਹੀ ਭਾਵ ਇਨ੍ਹਾਂ ਨੂੰ ਨਾ ਤਿਆਗਣ ਕਰਕੇ ਹੀ ਮਨੁੱਖ ਨੂੰ ਵਾਰ-ਵਾਰ ਜੂਨ ਵਿੱਚ ਪੈਣਾ ਪੈਂਦਾ ਹੈ ਤੇ ਸਾਨੂੰ ਜਮਾਂ ਦੇ ਵੱਸ ਪੈਣਾ ਪੈਂਦਾ ਹੈ **(ਏਤੁ ਮੋਹਿ ਫਿਰਿ ਜੂਨੀ ਪਾਹਿ॥ ਮੋਹੇ ਲਾਗਾ ਜਮ ਪੁਰਿ ਜਾਹਿ॥)** ਅਸਲ ਵਿੱਚ ਇਹ ਜਮ ਸਾਡੇ ਔਗੁਣ ਹਨ, ਮਨ ਦੇ ਨਾ-ਸਮਝ ਮਾੜੇ ਵਿਚਾਰ ਹਨ ਜਿਨ੍ਹਾਂ ਕਰਕੇ ਅਸੀਂ ਸਜਾਵਾਂ ਭੁਗਤਦੇ ਹਾਂ। ਜੂਨਾਂ ਕੀ ਹਨ ਇਸ ਗੱਲ ਨੂੰ ਕਾਫੀ ਅੱਗੇ ਚੱਲਕੇ ਸਮਝਾਂਗੇ।

ਅਗਲੀਆਂ ਪੰਗਤੀਆਂ ਵਿੱਚ ਸਾਨੂੰ ਉਸ ਭਰਮ ਬਾਰੇ ਸਮਝਾਇਆ ਹੋਇਆ ਹੈ ਜਿਸਦੀ ਗੱਲ ਅਸੀਂ ਉੱਪਰ ‘‘ਰਹਾਉ’’ ਦੀ ਪੰਗਤੀ ਵਿੱਚ ਕੀਤੀ ਹੈ। ਆਓ ਹੇਠ ਲਿਖੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੀਏ ਤੇ ਸਮਝੀਏ ਕਿ ਭਰਮ ਭੁਲੇਖਾ ਕਿਸ ਗੱਲ ਦਾ ਹੈ। **"ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥ ਨਦਰਿ ਕਰੇ ਤਾ ਏਹੁ ਮੋਹੁ ਜਾਇ॥ ਨਾਨਕ ਹਰਿ ਸਿਉ ਰਹੈ ਸਮਾਇ॥"**

ਗੁਰੂ ਨੇ ਸਾਨੂੰ ਆਪਣੀ ਦੀਖਿਆ ਭਾਵ ਸਿੱਖਿਆ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਹੀ ਸੁਣਾਈ ਹੋਈ ਹੈ ਕਿ ਅਸੀਂ ਕਿਹੋ ਜਿਹਾ ਜੀਵਨ ਬਤੀਤ ਕਰਨਾ ਹੈ ਪਰ ਸਾਡਾ ਭਰਮ ਨਹੀਂ ਜਾਂਦਾ ਤੇ ਆਪਣੇ ਵੱਲੋਂ ਅਸੀਂ ਜੋ ਵੀ ਸਰੀਰਕ ਜਪ ਤਪ ਕਰਦੇ ਹਾਂ ਉਹ ਗੁਰੂ ਦੀ ਦੀਖਿਆ ਸਮਝ ਕੇ ਹੀ ਕਰਦੇ ਹਾਂ, ਗੁਰੂ ਦੇ ਉਪਦੇਸ਼ ਅਨੁਸਾਰ ਹੀ ਸਮਝਦੇ ਹਾਂ ਪਰ ਇੱਥੇ ਇਹ ਸਮਝਾਇਆ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਸਮਝਣ ਵਿੱਚ ਅਸਮਰੱਥ ਹੋਣ ਕਰਕੇ ਉਹੋ ਜਿਹੇ ਜਪ ਤਪ ਕਰਦੇ ਹਾਂ ਜੋ ਕਿ ਗੁਰੂ ਦੀ ਮਤਿ ਅਨੁਸਾਰ ਨਹੀਂ ਹਨ। ਅਸੀਂ ਉਨ੍ਹਾਂ ਨੂੰ ਗੁਰੂ ਦੀ ਮਤਿ ਅਨੁਸਾਰ ਸਮਝਦੇ ਹਾਂ, ਪਰ ਇਹ ਸਾਡਾ ਇੱਕ ਭਰਮ ਹੈ, ਭੁਲੇਖਾ ਹੈ। ਅਸੀਂ ਜਿਹੋ ਜਿਹਾ ਜਪ ਤਪ ਕਰਦੇ ਹਾਂ, ਉਹ ਭਰਮ ਵਿੱਚ ਹੀ ਕਰੀ ਜਾਂਦੇ ਹਾਂ। ਅਸੀਂ ਜਪ ਤਪ ਬੋਲ ਬੋਲ ਕੇ, ਸੁਰਤੀਆਂ ਸਮਾਧੀਆਂ ਲਗਾ ਕੇ ਕਰਦੇ ਹਾਂ ਤੇ ਮੋਹ ਦੇ ਤਿਆਗ ਨੂੰ, ਔਗੁਣਾਂ ਦੇ ਤਿਆਗ ਨੂੰ, ਇਸ ਤੋਂ ਵੱਖਰਾ ਸਮਝਦੇ ਹਾਂ। ਇਹੀ ਸਾਡੀ ਬੜੀ ਵੱਡੀ ਭੁੱਲ ਹੈ, ਭਰਮ ਹੈ। ਗੁਰੂ ਦੀ ਮਤਿ ਦੁਆਰਾ ਅਸੀਂ ਕਿਹੋ ਜਿਹੀ ਭਗਤੀ ਕਰਨੀ ਹੈ ਉਹ ਉੱਪਰ ਸ਼ਬਦ ਵਿੱਚ ਪਹਿਲੇ ਹੀ ਸਮਝਾਇਆ ਹੋਇਆ ਹੈ ਜੋ ਕਿ ਵਿਕਾਰਾਂ ਦੇ ਮੋਹ ਦਾ ਤਿਆਗ ਹੈ ਤੇ ਸਾਡੀ ਸੱਚੀ ਸੁੱਚੀ ਵਿਚਰਨ ਹੀ ਸਾਡਾ ਜਪ ਤਪ ਹੈ ਜਿਸ ਜਪ ਤਪ ਦੀ ਗੱਲ ਗੁਰਬਾਣੀ ਕਰਦੀ ਹੈ। ਇਸ ਤੋਂ ਇਲਾਵਾ ਅਸੀਂ ਹੋਰ ਜਿਹੋ ਜਿਹਾ ਵੀ ਜਪ ਤਪ ਕਰਦੇ ਹਾਂ ਉਹ ਗੁਰੂ ਦੀ ਦੀਖਿਆ ਅਨੁਸਾਰ ਨਹੀਂ ਹੈ ਭਾਵ ਗੁਰੂ ਦੀ ਸਿੱਖਿਆ ਦੇ ਉਲਟ ਹੈ।

3/204

ਅਸੀਂ ਕੇਵਲ ਮਨ ਦੇ ਭਰਮ ਵਿੱਚ ਹੀ ਉਹੋ ਜਿਹਾ ਜਪ ਤਪ ਕਰੀ ਜਾਂਦੇ ਹਾਂ ਜੋ ਗੁਰੂ ਦੀ ਦੀਖਿਆ ਅਨੁਸਾਰ ਨਹੀਂ ਹੈ ਭਾਵੇਂ ਅਸੀਂ ਉਸ ਨੂੰ ਗੁਰੂ ਦੀ ਦੀਖਿਆ ਅਨੁਸਾਰ ਹੀ ਸਮਝੀ ਜਾ ਰਹੇ ਹਾਂ। ਇਸੇ ਲਈ ਅਸੀਂ ਆਪਣੀ ਗੱਲ ਤੇ ਅੜੇ ਰਹਿੰਦੇ ਹਾਂ ਤੇ ਇਹੋ ਜਿਹਾ ਜਪ ਤਪ ਛੱਡਣ ਲਈ ਤਿਆਰ ਨਹੀਂ ਹੁੰਦੇ, ਆਪਣੀ ਭਰਮ ਵਾਲੀ ਸਮਝ ਛੱਡਣ ਲਈ ਤਿਆਰ ਨਹੀਂ ਹੁੰਦੇ।

ਕਿਉਂਕਿ ਗੁਰੂ ਸਾਨੂੰ ਵਾਰ-ਵਾਰ ਨਾਮ ਜਪਣ ਲਈ ਸਮਝਾਉਂਦਾ ਹੈ ਤੇ ਇਸੇ ਲਈ ਅਸੀਂ ਆਪਣੇ ਵੱਲੋਂ ਨਾਮ ਹੀ ਜਪਦੇ ਹਾਂ ਪਰ ਹਕੀਕਤ ਵਿੱਚ ਉਹ ਨਾਮ ਨਹੀਂ ਹੈ। ਸਾਰੀ ਗੱਲ ਨਾਮ ਦੀ ਸੋਝੀ ਨਾ ਪੈਣਾ ਹੈ, ਗੁਰੂ ਦੀ ਮਤਿ ਨੂੰ ਸਮਝਣ ਵਿੱਚ ਅਸਮਰੱਥਤਾ ਦੀ ਹੈ। ਦਿਲੋਂ ਅਸੀਂ ਭਗਤੀ ਹੀ ਕਰ ਰਹੇ ਹਾਂ ਪਰ ਇਹੋ ਜਿਹੀ ਭਗਤੀ, ਜਪ ਤਪ ਸਾਡੇ ਕਿਸੇ ਲੇਖੇ ਨਹੀਂ ਪੈਂਦਾ, ਥਾਇ ਨਹੀਂ ਪੈਂਦਾ ਜੋ ਕਿ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ। ਨਾ ਹੀ ਇਹੋ ਜਿਹੇ ਜਪ ਤਪ ਕਰਨ ਨਾਲ, ਕਮਾਉਣ ਨਾਲ ਸਾਡਾ ਮੋਹ ਤੁਟ ਸਕਦਾ ਹੈ ਭਾਵ ਮਾਇਆ ਮੋਹ ਵਾਲੀ, ਅਗਿਆਨਤਾ ਵਾਲੀ ਸਮਝ ਦੂਰ ਹੋ ਸਕਦੀ ਹੈ ਤੇ ਨਾ ਹੀ ਸਾਡੇ ਇਹੋ ਜਿਹੇ ਜਪ ਤਪ ਕਿਸੇ ਲੇਖੇ ਵਿੱਚ ਪੈਂਦੇ ਹਨ। ਨਾ ਹੀ ਇਹੋ ਜਿਹੇ ਜਪ ਤਪ ਨਾਲ ਸਾਡੇ ਔਗੁਣ ਨਿਕਲ ਸਕਦੇ ਹਨ ਜਿਸਦਾ ਕਿ ਭੁਲੇਖਾ ਆਮ ਕਰਕੇ ਸਾਰਿਆਂ ਦੇ ਅੰਦਰ ਹੀ ਹੈ ਕਿ ਔਗੁਣ ਆਪਣੇ ਆਪ ਹੀ ਨਿਕਲ ਜਾਣਗੇ। ਇਹ ਭੁਲੇਖਾ ਵੀ ਬੜੇ ਸਪੱਸ਼ਟ ਤੌਰ ਤੇ ਕੱਢਿਆ ਹੋਇਆ ਹੈ ਤੇ ਇਸੇ ਲਈ ਸਾਨੂੰ ਕਿਸੇ ਝੂਠੀ ਆਸ ਤੇ ਨਹੀਂ ਬੈਠੇ ਰਹਿਣਾ ਚਾਹੀਦਾ। ਸਾਡੇ ਅੰਦਰੋਂ ਮੋਹ ਮਾਇਆ ਤਾਂ ਹੀ ਨਿਕਲੇਗੀ ਜਦੋਂ ਸਾਡਾ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਮਨ ਬਣੇਗਾ। ਮਨ ਉਦੋਂ ਬਣੇਗਾ ਜਦੋਂ ਸਾਨੂੰ ਇਹ ਯਕੀਨ ਆ ਜਾਵੇਗਾ ਕਿ ਮੋਹ ਮਾਇਆ ਤੋਂ ਮੁਕਤੀ ਪਾਉਣੀ ਹੀ, ਮਨ ਦੀ ਨਾ-ਸਮਝ ਮਤਿ ਤੋਂ ਮੁਕਤੀ ਪਾਉਣੀ ਹੀ ਸਾਡਾ ਸਾਰਾ ਜਪ ਤਪ ਹੈ, ਨਾਮ ਜਪਣਾ ਹੈ, ਭਗਤੀ ਹੈ। ਜਦ ਤੱਕ ਸਾਡਾ ਇਹ ਭੁਲੇਖਾ ਦੂਰ ਨਹੀਂ ਹੁੰਦਾ, ਅਸੀਂ ਭਗਤੀ ਦੇ ਅਸਲ ਮਾਰਗ ਤੋਂ, ਗੁਰੂ ਦੀ ਮਤਿ ਵਾਲੇ ਮਾਰਗ ਤੋਂ ਭਟਕੇ ਹੀ ਰਹਾਂਗੇ ਭਾਵੇਂ ਅਸੀਂ ਆਪਣੀ ਮਤਿ ਉੱਤੇ ਜਿਤਨਾ ਮਰਜ਼ੀ ਵਿਸ਼ਵਾਸ ਕਰੀ ਜਾਈਏ। ਪ੍ਰਮਾਤਮਾ ਦੀ ਸਾਡੇ ਤੇ ਮਿਹਰ ਇਹੀ ਹੈ ਕਿ ਉਹ ਸਾਨੂੰ ਇਸ ਮੋਹ ਮਾਇਆ ਵਿੱਚੋਂ, ਮਨ ਦੀ ਭਰਮਾਂ ਵਾਲੀ ਸਮਝ ਵਿਚੋਂ ਔਗੁਣਾਂ ਵਿੱਚੋਂ ਕੱਢ ਲਵੇ। ਇਹ ਮੋਹ ਉਸਦੀ ਕ੍ਰਿਪਾ ਦੁਆਰਾ ਹੀ ਜਾ ਸਕਦਾ ਹੈ ਲੇਕਿਨ ਇਸਦਾ ਉੱਦਮ ਮਨੁੱਖ ਦੇ ਉੱਪਰ ਹੈ ਜੋ ਕਿ ਸਭ ਤੋਂ ਪਹਿਲੀ ਪੰਗਤੀ ਵਿੱਚ ਹੀ ਸਮਝਾਇਆ ਹੋਇਆ ਹੈ।

(ਮੋਹੁ ਤੁਮ ਤਜਹੁ ਸਗਲ ਵੇਕਾਰ॥)

3/205

ਬੜੇ ਸਪੱਸ਼ਟ ਤੌਰ ਤੇ ਸਾਨੂੰ ਇਨ੍ਹਾਂ ਵਿਕਾਰਾਂ ਨੂੰ ਛੱਡਣ ਦਾ ਹੁਕਮ ਕੀਤਾ ਹੋਇਆ ਹੈ ਭਾਵ ਇਹ ਉੱਦਮ ਅਸੀਂ ਆਪ ਹੀ ਕਰਨਾ ਹੈ। ਇਹ ਔਗੁਣ ਜਿਨ੍ਹਾਂ ਦਾ ਕਾਰਨ ਸਾਡੇ ਅੰਦਰ ਭਰਮਾਂ ਵਾਲੀ ਨਾ-ਸਮਝ ਮਤਿ ਹੈ, ਇਹ ਮਤਿ ਛੱਡੇ ਬਿਨ੍ਹਾਂ ਭਾਵ ਗੁਰੂ ਦੀ ਸੱਚੀ ਮਤਿ ਮੰਨੇ ਬਿਨ੍ਹਾਂ ਆਪਣੇ ਆਪ ਕਿਸੇ ਮੰਤ੍ਰ ਦੇ ਜਾਪ ਦੁਆਰਾ ਦੂਰ ਨਹੀਂ ਹੋਣੇ। ਜੋ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਪਾ ਲੈਂਦਾ ਹੈ ਉਹ ਹੀ ਪ੍ਰਮਾਤਮਾ ਦੇ ਹੁਕਮ ਵਿੱਚ ਸਮਾਇਆ ਰਹਿੰਦਾ ਹੈ ਭਾਵ ਇਨ੍ਹਾਂ ਔਗੁਣਾਂ ਦੇ ਤਿਆਗ ਬਿਨ੍ਹਾਂ, ਪ੍ਰਮਾਤਮਾ ਦੀ ਰਜ਼ਾ ਵਿੱਚ ਆਏ ਬਿਨ੍ਹਾਂ, ਉਸਦਾ ਹੁਕਮ ਮੰਨੇ ਬਿਨ੍ਹਾਂ, ਸੱਚੀ ਸੁੱਚੀ ਕਿਰਤ ਕੀਤੇ ਬਿਨ੍ਹਾਂ ਪ੍ਰਮਾਤਮਾ ਨੂੰ ਮਿਲਣ ਦਾ ਹਰ ਉਪਰਾਲਾ, ਹਰ ਤਰੀਕੇ ਦਾ ਜਪ ਤਪ ਨਿਹਫ਼ਲ ਹੈ, ਕਿਸੇ ਲੇਖੇ ਵਿੱਚ ਨਹੀਂ ਹੈ। (**ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥ ਨਦਰਿ ਕਰੇ ਤਾ ਏਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥**) ਪਿਛਲੇ ਸ਼ਬਦ ਰਾਹੀਂ ਅਸੀਂ ਪਰ-ਉਪਕਾਰ ਬਾਰੇ ਜਾਣਿਆ ਸੀ ਕਿ ਅਸੀਂ ਪਰ-ਉਪਕਾਰੀ ਕਿਵੇਂ ਬਣ ਸਕਦੇ ਹਾਂ ਭਾਵ ਔਗੁਣਾਂ ਦੇ ਤਿਆਗ ਨਾਲ ਹੀ ਬਣ ਸਕਦੇ ਹਾਂ, ਸੱਚੀ ਸੁੱਚੀ ਕਿਰਤ ਦੁਆਰਾ ਹੀ ਬਣ ਸਕਦੇ ਹਾਂ। ਹੁਣ ਇਸ ਗੱਲ ਨੂੰ ਵਿਚਾਰੋ ਕਿ ਜਿਹੋ ਜਿਹਾ ਜਪ ਤਪ ਅਸੀਂ ਕਰਦੇ ਹਾਂ, ਸੁਰਤੀਆਂ ਸਮਾਧੀਆਂ ਲਗਾਉਂਦੇ ਹਾਂ, ਇਸ ਨਾਲ ਅਸੀਂ ਮਨੁੱਖਤਾ ਦਾ ਕੀ ਭਲਾ ਕਰਦੇ ਹਾਂ। ਜਿਹੋ ਜਿਹੀ ਭਗਤੀ ਨਾ ਕਿਸੇ ਮਨੁੱਖ ਦੇ ਕੰਮ ਆਉਂਦੀ ਹੈ ਤੇ ਨਾ ਹੀ ਪ੍ਰਮਾਤਮਾ ਨੂੰ ਭਾਉਂਦੀ ਹੈ, ਕੀ ਇਹੋ ਜਿਹੀ ਭਗਤੀ ਕਰਨ ਵਿੱਚ ਸਾਨੂੰ ਕੋਈ ਧਾਰਮਿਕ ਪ੍ਰਾਪਤੀ ਹੋ ਸਕਦੀ ਹੈ, ਆਤਮਿਕ ਪ੍ਰਾਪਤੀ ਹੋ ਸਕਦੀ ਹੈ? ਨਹੀਂ ਹੋ ਸਕਦੀ। ਪ੍ਰਾਪਤੀ ਕੇਵਲ ਇਹ ਹੁੰਦੀ ਹੈ ਕਿ ਸਾਨੂੰ ਆਪਣੇ ਆਸਿਓਂ ਪਾਸਿਓਂ ਸ਼ੋਭਾ ਮਿਲਦੀ ਹੈ, ਵਡਿਆਈਆਂ ਮਿਲਦੀਆਂ ਹਨ। ਸਾਡਾ ਆਪਣਾ ਨਾਮ ਉੱਚਾ ਹੁੰਦਾ ਹੈ ਜਿਸ ਨਾਲ ਸਾਡੀ ਕੇਵਲ ਹਉਮੈ ਹੀ ਵੱਧਦੀ ਹੈ ਜੋ ਕਿ ਸਾਡੇ ਲਈ ਚੰਗੀ ਨਹੀਂ ਹੈ ਉਲਟਾ ਸਾਡੀ ਪ੍ਰਮਾਤਮਾ ਤੋਂ ਦੂਰੀ ਹੀ ਵੱਧਦੀ ਹੈ। ਅਸਲ ਵਿੱਚ ਅਸੀਂ ਸਰੀਰਕ ਜਪ ਤਪ ਇਸ ਲਈ ਕਰਦੇ ਹਾਂ ਕਿਉਂਕਿ ਜਿਹਨਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨ ਚੁੱਕੇ ਹਾਂ, ਆਪਣਾ ਸਿਰਮੌਰ ਮੰਨ ਚੁੱਕੇ ਹਾਂ ਉਹਨਾਂ ਨੇ ਸਾਨੂੰ ਸਮਝਾਇਆ ਹੀ ਇਹ ਕੁੱਝ ਹੈ। ਜਿਹਨਾਂ ਨੂੰ ਗੁਰੂ ਦੀ ਦੀਖਿਆ ਦੀ ਖੁਦ ਸਮਝ ਨਹੀਂ ਆਈ ਅਸੀਂ ਉਹਨਾਂ ਦੇ ਪਿੱਛੇ ਅੱਖਾਂ ਮੀਟ ਕੇ ਲੱਗੇ ਹੋਏ ਹਾਂ। ਆਓ ਉਸ ਕੋਲੋਂ ਸਿੱਖਿਆ ਲਈਏ ਭਾਵ ਗੁਰੂ ਕੋਲੋਂ ਸਿੱਖਿਆ ਲਈਏ ਜੋ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ ਤੇ ਕੇਵਲ ਇੱਕ ਗੁਰੂ ਹੀ ਜਾਣਦਾ ਹੈ ਕਿ ਪ੍ਰਮਾਤਮਾ ਦੀ ਭਗਤੀ ਕੀ ਹੈ। ਆਓ ਉਸ ਦੀ ਸਿੱਖਿਆ ਨੂੰ ਮੰਨੀਏ ਜਿਸ ਨੇ ਸਾਡੇ ਕੰਮ ਆਉਣਾ ਹੈ, ਜਿਸਨੇ ਸਾਨੂੰ ਤਾਰਨਾ

ਹੈ, ਮਾਇਆ ਮੋਹ ਵਿੱਚੋਂ, ਅਗਿਆਨਤਾ ਵਿੱਚੋਂ ਤਾਰਨਾ ਹੈ। ਸਾਨੂੰ ਸਰੀਰਕ ਜਪਾਂ ਤਪਾਂ ਨੇ ਨਹੀਂ ਤਾਰਨਾ। (**ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥**)

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥
ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥}

(ਅੰਗ ੫੦੯)

{ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥
ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ ॥੧॥}

(ਅੰਗ ੭੨੦)

ਪਿੱਛੇ ਅਸੀਂ ਇਹ ਜਾਣਿਆ ਹੈ ਕਿ ਵਿੱਦਿਆ ਰਾਹੀਂ, ਗਿਆਨ ਰਾਹੀਂ ਅਸੀਂ ਤਾਂ ਹੀ ਪਰ-ਉਪਕਾਰੀ ਬਣ ਸਕਦੇ ਹਾਂ ਜੇਕਰ ਅਸੀਂ ਉਸ ਗਿਆਨ ਨੂੰ ਆਪਣੇ ਅੰਦਰ ਵਿਚਾਰ ਲਈਏ ਭਾਵ ਉਸ ਤੇ ਅਮਲ ਕਰੀਏ। ਸਾਰੀ ਗੁਰਬਾਣੀ ਵਿੱਚ ਗਿਆਨ ਹੀ ਹੈ ਤੇ ਇਹੀ ਗੁਰਬਾਣੀ ਦਾ ਤੱਤ ਹੈ, ਬਾਣੀ ਦੇ ਰਚੇ ਜਾਣ ਦਾ ਮਨੋਰਥ ਹੈ, ਇਹੀ ਬਾਣੀ ਨੂੰ ਪੜ੍ਹਨ ਦਾ ਮਨੋਰਥ ਹੈ ਕਿ ਅਸੀਂ ਗੁਰੂ ਕੋਲੋਂ ਗਿਆਨ ਲੈ ਕੇ, ਉਸ ਕੋਲੋਂ ਨਾਮ ਲੈ ਕੇ ਪਰ-ਉਪਕਾਰੀ ਬਣੀਏ। ਜੇਕਰ ਅਸੀਂ ਇਸ ਮਨੋਰਥ

3/206

ਦੀ ਪੂਰਤੀ ਨਹੀਂ ਕਰਦੇ ਤਾਂ ਫਿਰ ਅਸੀਂ ਇਸ ਵਿੱਚੋਂ ਕੋਈ ਲਾਭ ਨਹੀਂ ਲੈ ਸਕਦੇ, ਲਾਹਾ ਨਹੀਂ ਲੈ ਸਕਦੇ, ਮਨੁੱਖਤਾ ਦਾ ਭਲਾ ਨਹੀਂ ਕਰ ਸਕਦੇ, ਸੁੱਖ ਦੀ, ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਹੁਣ ਅਗਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸੇ ਗੱਲ ਨੂੰ ਦ੍ਰਿੜ ਕਰਨਾ ਹੈ ਕਿ ਗੁਰਬਾਣੀ ਨੂੰ ਰਚਨ ਦੇ ਪਿੱਛੇ ਪ੍ਰਮਾਤਮਾ ਦਾ ਮਨੋਰਥ ਕੀ ਹੈ।

“ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥” (ਅੰਗ ੧੦੧੩)

ਇਸ ਪੰਗਤੀ ਰਾਹੀਂ ਬਾਣੀ ਦੇ ਲਿਖੇ ਜਾਣ ਦਾ ਮਨੋਰਥ ਤੇ ਸਾਡਾ ਉਸਨੂੰ ਪੜ੍ਹਨ ਦਾ ਮਨੋਰਥ ਵੀ ਸਮਝ ਆ ਜਾਂਦਾ ਹੈ ਤੇ ਨਾਲ ਹੀ ਇਸ ਗੱਲ ਦੀ ਵੀ ਸੋਝੀ ਪੈ ਜਾਂਦੀ ਹੈ ਕਿ ਗੁਰੂ ਵਾਲਾ ਬਣਨਾ ਕੀ ਹੈ। ਬਾਣੀ ਨੂੰ ਪੜ੍ਹਨ ਦਾ ਸਾਡਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਉਸ ਵਿੱਚ ਦਿੱਤੀ ਹੋਈ ਮਤਿ ਨੂੰ ਲੈ ਕੇ ਉਸ ਤੇ ਅਮਲ ਕਰੀਏ। ਅਗਰ ਬਾਣੀ ਪੜ੍ਹਨ ਤੋਂ ਬਾਅਦ ਵੀ ਅਸੀਂ ਝੂਠ ਬੋਲਣਾ ਨਹੀਂ ਛੱਡਦੇ, ਝੂਠ ਹੀ ਬੋਲੀ ਜਾਂਦੇ ਹਾਂ, **(ਝੂਠੋ ਬੋਲੈ)** ਸੱਚ ਨਹੀਂ ਅਪਣਾਉਂਦੇ ਤਾਂ ਫਿਰ ਸਾਨੂੰ ਬਾਣੀ ਪੜ੍ਹਨ ਦਾ ਕੀ ਲਾਭ ਹੋਇਆ। ਗੁਰੂ ਸਾਨੂੰ ਸੱਚ ਤੇ ਚੱਲਣ ਲਈ ਕਹਿੰਦਾ ਹੈ ਤੇ ਝੂਠ ਨੂੰ ਤਿਆਗਣ ਲਈ ਕਹਿੰਦਾ ਹੈ। ਜੋ ਮਤਿ ਸਾਡੀ ਪਾਠ ਪੜ੍ਹਨ ਤੋਂ ਪਹਿਲਾਂ ਸੀ ਤੇ ਪਾਠ ਪੜ੍ਹਨ ਤੋਂ ਬਾਅਦ ਵੀ ਸਾਡੀ ਮਤਿ ਉਹੋ ਦੀ ਉਹੋ ਹੀ ਰਹੀ ਭਾਵ ਕੋਈ ਬਦਲਾਵ ਨਹੀਂ ਆਇਆ ਤਾਂ ਫਿਰ ਪਾਠ ਪੜ੍ਹਨ ਦਾ ਫਾਇਦਾ ਕੀ ਹੋਇਆ। **(ਨਿਗੁਰੇ ਕੀ ਮਤਿ ਓਹੈ)** ਪਾਠ ਪੜ੍ਹਨ ਤੋਂ ਪਹਿਲਾਂ ਅਸੀਂ ਨਿਗੁਰੇ ਇਸ ਲਈ ਸੀ ਕਿ ਅਸੀਂ ਝੂਠ ਬੋਲਦੇ ਸੀ। ਜੇਕਰ ਪਾਠ ਪੜ੍ਹ ਕੇ ਵੀ ਝੂਠ ਬੋਲਣਾ ਨਹੀਂ ਛੱਡਿਆ ਤੇ ਫਿਰ ਅਸੀਂ ਪਾਠ ਪੜ੍ਹ ਕੇ ਵੀ ਨਿਗੁਰੇ ਹੀ ਰਹੇ। ਗੁਰੂ ਵਾਲਾ ਉਹ ਹੀ ਬਣਦਾ ਹੈ ਜੋ ਝੂਠ ਤੇ ਨਹੀਂ, ਸੱਚ ਤੇ ਚੱਲਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਦਾ ਹੈ। ਜਿਹੋ ਜਿਹੇ ਮਾੜੇ ਕਰਮ ਅਸੀਂ ਪਾਠ ਪੜ੍ਹਨ ਤੋਂ ਪਹਿਲੇ ਕਰਦੇ ਸੀ, ਉਹੋ ਜਿਹੇ ਮਾੜੇ ਕਰਮ ਪਾਠ ਪੜ੍ਹਨ ਤੋਂ ਬਾਅਦ ਵੀ ਨਹੀਂ ਗਏ। ਅਸੀਂ ਆਪਣੀ ਮਨਮਤਿ ਵਿੱਚ ਹੀ ਰਹੇ ਅਤੇ ਗੁਰੂ ਦੀ ਮਤਿ ਨਹੀਂ ਲਈ। ਸਾਡਾ ਮਕਸਦ ਗੁਰੂ ਦੀ ਮਤਿ ਲੈਣ ਦਾ ਹੈ ਜੋ ਅਸੀਂ ਪੂਰਾ ਨਹੀਂ ਕਰਦੇ। ਇਹੀ ਮਕਸਦ ਬਾਣੀ ਦੇ ਲਿਖੇ ਜਾਣ ਦਾ ਹੈ ਤਾਂ ਕਿ ਦੁਨੀਆਂ ਗੁਰੂ ਦੇ ਗਿਆਨ ਨੂੰ ਜਾਣ ਕੇ ਉਸ ਤੇ ਅਮਲ ਕਰਕੇ ਉਸ ਤੋਂ ਲਾਭ ਲੈ ਸਕੇ, ਆਪਣਾ ਜੀਵਨ ਸਵਾਰ ਸਕੇ, ਮਨੁੱਖਤਾ ਦਾ ਭਲਾ ਹੋਵੇ। ਗੁਰੂ ਵਾਲੇ ਅਸੀਂ ਤਾਂ ਹੀ ਬਣਦੇ ਹਾਂ ਜੇਕਰ ਗੁਰੂ ਦੀ ਮਤਿ ਤੇ ਅਮਲ ਕਰੀਏ। ਝੂਠ ਅਤੇ ਮਾੜੇ ਕਰਮਾਂ

3/207

ਨੂੰ ਛੱਡ ਕੇ ਸੱਚੇ ਸੁੱਚੇ ਕਰਮ ਕਰੀਏ। ਬੜਾ ਸਪੱਸ਼ਟ ਸਮਝਾਇਆ ਹੈ, ਜੋ ਮਨੁੱਖ ਆਪਣੀ ਮਨਮਤਿ ਨਹੀਂ ਛੱਡਦਾ, ਗੁਰੂ ਦੀ ਮਤਿ ਤੇ ਅਮਲ ਨਹੀਂ ਕਰਦਾ ਉਹ ਨਿਗੁਰਾ ਹੀ ਹੈ। ਕੇਵਲ ਪਾਠ ਪੜ੍ਹਨ ਨਾਲ, ਧਰਮ ਗ੍ਰੰਥ ਪੜ੍ਹਨ ਨਾਲ ਅਸੀਂ ਗੁਰੂ ਵਾਲੇ ਨਹੀਂ ਬਣ ਜਾਂਦੇ। ਗੁਰੂ ਵਾਲੇ ਤਾਂ ਹੀ ਬਣਾਂਗੇ ਜਦੋਂ ਗੁਰੂ ਦੀ ਮਤਿ ਤੇ ਅਮਲ ਕਰਾਂਗੇ, ਆਪਣੇ ਅੰਦਰੋਂ ਔਗੁਣ ਤਿਆਗ ਕੇ ਗੁਣਾਂ ਦੇ ਧਾਰਨੀ ਹੋਵਾਂਗੇ। ਗੁਰੂ ਵਾਲਾ ਉਹੀ ਹੈ, ਨਾਮ ਵਾਲਾ ਉਹੀ ਹੈ ਜਿਸਦੇ ਅੰਦਰ ਗੁਰੂ ਦੇ ਗੁਣ ਹਨ। ਉੱਪਰ ਵਾਲੀ ਪੰਗਤੀ ਦੇ ਜੇਕਰ ਕੋਈ “ਹੋਰ ਅਰਥ” ਬਣਦੇ ਹਨ ਤਾਂ ਬਣਾ ਕੇ ਦੇਖ ਲਵੋ ਤੇ ਜੇਕਰ ਨਹੀਂ ਬਣਦੇ ਤੇ ਆਓ ਫਿਰ ਝੂਠ ਬੋਲਣਾ ਛੱਡੀਏ ਤੇ “ਗੁਰੂ ਵਾਲੇ ਬਣੀਏ”, ਨਾਮ ਵਾਲੇ ਬਣੀਏ ਭਾਵ ਸੱਚ ਬੋਲਣ ਵਾਲੇ, ਸੱਚ ਤੇ ਚੱਲਣ ਵਾਲੇ ਬਣੀਏ। (**ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥**)

ਆਪਣੇ ਇਸ ਅਸਲੀ ਮਨੋਰਥ ਤੋਂ ਭਟਕ ਕੇ ਅਸੀਂ ਜਿਹੋ ਜਿਹੇ ਜਪ ਤਪ ਕਰਦੇ ਹਾਂ ਇਸੇ ਲਈ ਬਾਣੀ ਵਿੱਚ ਉਨ੍ਹਾਂ ਨੂੰ ਵਾਰ-ਵਾਰ ਖੰਡਿਆ ਗਿਆ ਹੈ। ਉਹੋ ਜਿਹੇ ਜਪ ਤਪ ਕੇਵਲ ਸਾਡੀ ਹਉਮੈ ਵਧਾਉਂਦੇ ਹਨ ਤੇ ਸਾਡੇ ਕਿਸੇ ਲੇਖੇ ਵਿੱਚ ਨਹੀਂ ਪੈਂਦੇ। ਇਸੇ ਲਈ ਸਾਨੂੰ ਸਮਝਾਇਆ ਹੈ ਕਿ ਜਦ ਤੱਕ ਸਾਡੇ ਅੰਦਰ ਸੱਚ ਨਹੀਂ ਹੈ, ਸਾਡੇ ਭਗਤੀ ਦੇ ਉਪਰਾਲੇ ਕਰਨੇ, ਵਿਖਾਵੇ ਕਰਨੇ, ਜਪ ਤਪ ਆਦਿ ਕਰਨੇ ਸਭ ਪਾਖੰਡ ਹੈ ਜੋ ਲੇਖੇ ਵਿੱਚ ਨਹੀਂ ਪੈਂਦੇ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਲੇਖੇ ਵਿੱਚ ਕੇਵਲ ਗੁਰੂ ਦੀ ਮਤਿ ਦੁਆਰਾ ਕੀਤੇ ਹੋਏ ਅਮਲ ਹੀ ਪੈਂਦੇ ਹਨ ਜੋ ਕਿ ਹੇਠ ਦਿੱਤੇ ਹੋਏ ਸ਼ਬਦ ਦੁਆਰਾ ਹੋਰ ਵੀ ਸਪੱਸ਼ਟ ਹੋ ਜਾਵੇਗਾ।

ਸਲੋਕ ਮਹਲਾ ੧

"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥੧॥" (ਅੰਗ ੪੬੭)

ਉੱਪਰ ਸਲੋਕ ਰਾਹੀਂ ਧਰਮ ਗ੍ਰੰਥਾਂ ਦੇ ਪੜ੍ਹਨ ਦੀ ਗੱਲ ਕੀਤੀ ਹੋਈ ਹੈ। ਅਰਥ ਆਸਾਨੀ ਨਾਲ ਸਮਝ ਆ ਰਹੇ ਹਨ ਜਿਸ ਨੂੰ ਕਿ ਜ਼ਿਆਦਾ ਵਿਆਖਿਆ ਦੀ ਲੋੜ ਨਹੀਂ ਹੈ ਭਾਵ ਅਸੀਂ ਜਿਤਨੇ ਮਰਜ਼ੀ, ਜਿਤਨਾ ਚਿਰ ਮਰਜ਼ੀ ਧਰਮ ਗ੍ਰੰਥ ਪੜ੍ਹੀ ਜਾਈਏ, ਉਨ੍ਹਾਂ ਦਾ ਢੇਰ ਲਗਾਈ ਜਾਈਏ, ਭਾਵੇਂ ਸਾਰੀ ਉਮਰ ਪੜ੍ਹੀ ਜਾਈਏ, ਸਵਾਸ-ਸਵਾਸ ਪੜ੍ਹੀ ਜਾਈਏ, ਜਿਤਨਾ ਮਰਜੀ ਗਿਆਨ ਇਕੱਠਾ ਕਰੀ ਜਾਈਏ, ਇਹ ਸਭ ਕੁੱਝ ਸਾਡੇ ਕਿਸੇ ਲੇਖੇ ਵਿੱਚ ਨਹੀਂ ਹੈ। ਇਹੋ ਜਿਹੇ ਪੜ੍ਹਨ ਨਾਲ

3/208

ਕੇਵਲ ਸਾਡੀ ਹਉਮੈ ਵੱਧਦੀ ਹੈ ਤੇ ਕੇਵਲ ਹਉਮੈ ਦੀ ਝੱਖ ਮਾਰਨ ਵਾਲੀ ਗੱਲ ਦਸਿਆ ਹੈ ਭਾਵ ਧਰਮ ਗ੍ਰੰਥਾਂ ਨੂੰ ਪੜ੍ਹਨ ਦੇ ਮਕਸਦ ਨੂੰ ਨਾ ਸਮਝਣ ਵਾਲੀ ਗਲ ਹੈ ਜੋ ਕਿਸੇ ਲੇਖੇ ਵਿੱਚ ਨਹੀਂ ਹੈ, ਜਿਸ ਨਾਲ ਕੋਈ ਧਾਰਮਿਕ ਜਾਂ ਆਤਮਿਕ ਪ੍ਰਾਪਤੀ ਨਹੀਂ ਹੋ ਸਕਦੀ। ਕੇਵਲ ਸਾਡਾ ਰੁਤਬਾ ਉੱਚਾ ਹੋ ਸਕਦਾ ਹੈ, ਸਾਡਾ ਮਾਨ ਉੱਚਾ ਹੋ ਸਕਦਾ ਹੈ। ਲੇਖੇ ਵਿੱਚ ਸਾਡੇ ਇੱਕੋ ਗੱਲ ਪੈਂਦੀ ਹੈ ਅਤੇ ਉਹ ਹੈ ਧਰਮ ਗ੍ਰੰਥਾਂ ਵਿੱਚ ਦਿੱਤੀ ਹੋਈ ਮਤਿ ਉੱਪਰ ਅਮਲ ਕਰਨਾ ਜੋ ਕਿ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ।

ਸਲੋਕ ਮਹਲਾ ੨

"ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥
ਬਹੁ ਤੀਰਥ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ॥ ਸਹੁ ਵੇ ਜੀਆ ਅਪਣਾ ਕੀਆ॥
ਅੰਨੁ ਨ ਖਾਇਆ ਸਾਦੁ ਗਵਾਇਆ॥ਬਹੁ ਦੁਖੁ ਪਾਇਆ ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥
ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥
ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥
ਅਲੁ ਮਲੁ ਖਾਈ ਸਿਰਿ ਛਾਈ ਪਾਈ॥ ਮੂਰਖਿ ਅੰਧੈ ਪਤਿ ਗਵਾਈ॥
ਵਿਣੁ ਨਾਵੈ ਕਿਛੁ ਥਾਇ ਨ ਪਾਈ॥ ਰਹੈ ਬੇਬਾਣੀ ਮੜੀ ਮਸਾਣੀ॥
ਅੰਧੁ ਨ ਜਾਣੈ ਫਿਰਿ ਪਛੁਤਾਣੀ॥ ਸਤਿਗੁਰੁ ਭੇਟੇ ਸੋ ਸੁਖੁ ਪਾਏ॥
ਹਰਿ ਕਾ ਨਾਮੁ ਮੰਨਿ ਵਸਾਏ॥ ਨਾਨਕ ਨਦਰਿ ਕਰੇ ਸੋ ਪਾਏ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥੨॥" (ਅੰਗ ੪੬੭-੪੬੮)

ਇਸ ਸ਼ਬਦ ਰਾਹੀਂ ਵੀ ਮਨੁੱਖ ਦੇ ਉਹ ਫੋਕਟ ਕਰਮ ਗਿਣਵਾਏ ਹੋਏ ਹਨ ਜੋ ਉਹ ਭਗਤੀ ਸਮਝ ਕੇ ਕਰਦਾ ਹੈ ਪਰ ਉਹ ਕਿਸੇ ਲੇਖੇ ਵਿੱਚ ਨਹੀਂ ਪੈਂਦੇ। ਅਰਥ ਆਸਾਨੀ ਨਾਲ ਸਮਝ ਵਿੱਚ ਆ ਜਾਂਦੇ ਹਨ। ਪਹਿਲੀ ਪੰਗਤੀ ਨੂੰ ਕੁਝ ਬਾਰੀਕੀ ਨਾਲ ਸਮਝਣ ਦੀ ਲੋੜ ਹੈ **"ਲਿਖਿ ਲਿਖਿ ਪੜਿਆ"** ਤੋਂ ਭਾਵ ਹੈ ਕਿ ਅਸੀਂ ਧਰਮ ਗ੍ਰੰਥ ਦੀ ਕੇਵਲ ਲਿਖਤ ਨੂੰ ਹੀ ਪੜ੍ਹਿਆ ਪਰ ਉਸਦੇ ਅੰਦਰ ਦਿੱਤੇ ਹੋਏ ਗਿਆਨ ਨੂੰ, ਲਿਖਤ ਦੇ ਮਨੋਰਥ ਨੂੰ, ''ਭਾਵ'' ਨੂੰ ਨਹੀਂ ਵਿਚਾਰਿਆ, ਲਿਖਤ ਦੇ ਅੰਦਰ ਦੀ ਸਮਝ ਤੇ ਕੋਈ ਅਮਲ ਨਹੀਂ ਕੀਤਾ। ਖਾਲੀ ਲਿਖਤ ਪੜ੍ਹੀ ਜਾਣ ਨਾਲ ਕੇਵਲ ਸਾਡੀ ਹਉਮੈ ਹੀ ਵਧਦੀ ਹੈ, ਸਾਡੇ ਅੰਦਰ ਮਨਹਠਿ ਹੀ ਵਧਦੀ ਹੈ ਕਿ ਅਸੀਂ ਜੋ ਕਰ ਰਹੇ ਹਾਂ ਉਹ ਠੀਕ ਕਰ ਰਹੇ ਹਾਂ। **"ਤੇਤਾ ਕੜਿਆ"** ਤੋਂ ਭਾਵ ਹੈ ਅਸੀਂ ਆਪਣੇ ਅੰਦਰ ਹੋਰ ਪੱਕੇ ਹੋਈ ਜਾਂਦੇ ਹਾਂ ਕਿ ਅਸੀਂ ਜੋ ਕੁਝ ਕਰ ਰਹੇ ਹਾਂ ਉਹ ਠੀਕ ਕਰ ਰਹੇ ਹਾਂ ਭਾਵ ਸ਼ਬਦਾਂ ਦੀ ਲਿਖਤ ਨੂੰ ਪੜੀ ਜਾਣ ਵਿਚ ਹੀ ਭਗਤੀ ਸਮਝਦੇ ਹਾਂ। ਜੇ ਉਸ ਲਿਖਤ ਦੇ ਅੰਦਰ ਸਮਝਾਏ ਹੋਏ ਗਿਆਨ ਤੇ ਅਸੀਂ ਅਮਲ ਕਰਾਂਗੇ ਤਾਂ ਸਾਡੀ ਮਨਹਠਿ, ਮਨਮਤਿ ਦੂਰ ਹੋਵੇਗੀ ਤੇ ਸਾਡਾ ਮਨ ਨਿਮਰਤਾ ਵਿੱਚ ਆਵੇਗਾ ਭਾਵ ਅਸੀਂ ਧਰਮ ਗ੍ਰੰਥ ਦੇ ਪੜ੍ਹਨ ਦੇ ਅਸਲੀ ਮਨੋਰਥ ਤੋਂ ਦੂਰ ਰਹਿੰਦੇ ਹਾਂ। ਅਖੀਰ ਵਿੱਚ ਦਿੱਤੀਆਂ ਹੋਈਆਂ ਪੰਗਤੀਆਂ ਨੂੰ ਜਦੋਂ ਵਿਚਾਰਾਂਗੇ ਤਾਂ ਗੱਲ ਸਪੱਸ਼ਟ ਹੋ ਜਾਵੇਗੀ।

"ਸਤਿਗੁਰੁ ਭੇਟੇ ਸੋ ਸੁਖੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥
ਨਾਨਕ ਨਦਰਿ ਕਰੇ ਸੋ ਪਾਏ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥"

3/209

ਇਨ੍ਹਾਂ ਪੰਗਤੀਆਂ ਵਿੱਚ ਉਹੀ ਕੁਝ ਹੀ ਸਮਝਾਇਆ ਹੋਇਆ ਹੈ ਜੋ ਅਸੀਂ ਪਿੱਛੇ ਪਹਿਲਾਂ ਅਨੇਕਾਂ ਸ਼ਬਦਾਂ ਦੁਆਰਾ ਸਮਝ ਚੁੱਕੇ ਹਾਂ। ਗੱਲ ਸਿਰਫ ਨਾਮ ਨੂੰ ਸਮਝਣ ਦੀ ਹੈ, ਸ਼ਬਦ ਤੇ ਚੱਲਣਾ ਕੀ ਹੈ, ਇਹ ਸਮਝਣ ਦੀ ਹੈ, ਜਿਸਦੀ ਚਰਚਾ ਅਸੀਂ ਬਾਰ-ਬਾਰ ਪਿੱਛੇ ਕਰਦੇ ਆ ਰਹੇ ਹਾਂ। ਨਾਮ ਦਾ ਸਾਡੇ ਅੰਦਰ ਵਸਣਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੈ ਭਾਵ ਗੁਰਮਤਿ ਦੀ ਸਚੀ ਸਮਝ ਦਾ ਸਾਡੇ ਅੰਦਰ ਵਸਣਾ ਹੀ ਪ੍ਰਮਾਤਮਾ ਦਾ ਸਾਡੇ ਅੰਦਰ ਵਸਣਾ ਹੈ ਕਿਉਂਕਿ ਪ੍ਰਮਾਤਮਾ ਹੈ ਹੀ ਆਪਣੇ ਨਾਮ ਦੇ ਰੂਪ ਵਿਚ, ਸਚੇ ਗਿਆਨ ਦੇ ਰੂਪ ਵਿਚ, ਬ੍ਰਹਮ ਗਿਆਨ ਦੇ ਰੂਪ ਵਿਚ, ਸਬਦਾਂ ਦੇ ਗਿਆਨ ਦੇ ਰੂਪ ਵਿਚ। (**ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥**) ਨਾਮ ਦਾ ਮਕਸਦ ਸਾਡੇ ਅੰਦਰੋਂ ਹਉਮੈ ਨੂੰ ਖਤਮ ਕਰਨ ਦਾ ਹੈ ਜਿਸ ਦੇ ਖਤਮ ਹੋਣ ਦੁਆਰਾ ਹੀ ਸਾਡਾ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ, ਨਾਮ ਦੇ ਮਾਲਕ ਦੇ ਨਾਲ ਮੇਲ ਹੁੰਦਾ ਹੈ। ਸਾਰੀ ਗੁਰਬਾਣੀ ਵਿਚ ਸ਼ਬਦ ਹਨ, ਨਾਮ ਦੇ ਰੂਪ ਵਿਚ ਹਨ ਜੋ ਸਾਨੂੰ ਗਿਆਨ ਹੀ ਦੇਂਦੇ ਹਨ ਤੇ ਜੇਕਰ ਸਾਡੇ ਅੰਦਰ ਗੁਰੂ ਦਾ ਗਿਆਨ ਵਸੇਗਾ, ਤਾਂ ਹੀ ਸਾਡੇ ਅੰਦਰ ਨਾਮ ਵਸੇਗਾ, ਪ੍ਰਮਾਤਮਾ ਵਸੇਗਾ। ਸਾਡੇ ਅੰਦਰ ਤ੍ਰਿਸ਼ਨਾਵਾਂ ਦਾ ਹੋਣਾ, ਇਛਾਵਾਂ ਦਾ ਹੋਣਾ, ਭਰਮਾਂ ਦਾ ਹੋਣਾ ਸਾਡੀ ਹਉਮੈ ਕਰ ਕੇ ਹੀ ਹੈ ਤੇ ਹਉਮੈ ਸ਼ਬਦ ਦੇ ਗਿਆਨ ਨਾਲ ਹੀ ਜਾ ਸਕਦੀ ਹੈ, ਨਾਮ ਦੀ ਮਤਿ ਨੂੰ ਮੰਨਣ ਦੁਆਰਾ ਹੀ ਜਾ ਸਕਦੀ ਹੈ ਭਾਵ ਆਪਣੇ ਅੰਦਰ ਨਾਮ ਨੂੰ ਵਸਾਉਣ ਦੁਆਰਾ ਹੀ ਜਾ ਸਕਦੀ ਹੈ। (**ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥**)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥}

(ਅੰਗ ੫੬੫)

{ਨਿਰਗੁਣੁ ਸਰਗੁਣੁ ਆਪੇ ਸੋਈ ॥
ਤਤੁ ਪਛਾਣੈ ਸੋ ਪੰਡਿਤੁ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥
ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥
ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥

ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥
ਹਉਮੈ ਕਰੈ ਨਿਹਕਰਮੀ ਨ ਹੋਵੈ ॥
ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥
ਹਰਿ ਸਰੁ ਸਾਗਰੁ ਨਿਰਮਲੁ ਸੋਈ ॥
ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥
ਨਿਰਮਲ ਹੰਸਾ ਪ੍ਰੇਮ ਪਿਆਰਿ ॥
ਹਰਿ ਸਰਿ ਵਸੈ ਹਉਮੈ ਮਾਰਿ ॥
ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥
ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥
ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥
ਰਤਨੁ ਪਦਾਰਥੁ ਘਰ ਤੇ ਪਾਇਆ ॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥
ਆਪਿ ਉਪਾਏ ਤੈ ਆਪੇ ਵੇਖੈ ॥
ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥}

(ਅੰਗ ੧੨੮-੧੨੯)

{ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥
ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥
ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥
ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ ॥੧॥}

(ਅੰਗ ੫੧੨)

{ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥
ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ ॥
ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ ॥
ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ ॥੧੨॥}

(ਅੰਗ ੫੯੦-੫੯੧)

{ਕਰਮੁ ਹੋਵੈ ਤਾ ਸਤਿਗੁਰੁ ਪਾਏ ॥
ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥}

(ਅੰਗ ੧੦੬੭)

{ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥
ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥
ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥
ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥
ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥੧੭॥}

(ਅੰਗ ੧੦੯੨)

{ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥}

(ਅੰਗ ੧੨੯੧)

{ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥
ਸਗਲੇ ਰੋਗ ਦੋਖ ਸਭਿ ਬਿਨਸਹਿ ਅਗਿਆਨੁ ਅੰਧੇਰਾ ਮਨ ਤੇ ਜਾਈ ॥੧॥ ਰਹਾਉ ॥}

(ਅੰਗ ੧੩੩੯)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥
ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ ੯੪੮)

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥
ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥

ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥}

(ਅੰਗ ੬੦੪)

ਨਾਮ ਨੂੰ ਮਨ ਵਿੱਚ ਵਸਾਉਣਾ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ ਜਿਸ ਦੁਆਰਾ ਅਸੀਂ ਆਪਣੀਆਂ ਆਸਾਂ ਤੋਂ, ਤ੍ਰਿਸ਼ਨਾਵਾਂ ਤੋਂ ਉੱਪਰ ਉੱਠ ਸਕਦੇ ਹਾਂ, ਮਾਇਆ ਤੋਂ ਨਿਰਲੇਪ ਰਹਿ ਕੇ ਵਿਚਰ ਸਕਦੇ ਹਾਂ, ਹਉਮੈ ਵਿੱਚੋਂ, ਮਨਮਤਿ ਵਿੱਚੋਂ ਨਿਕਲ ਸਕਦੇ ਹਾਂ। ਗੱਲ ਸਿਰਫ ਗੁਰੂ ਦੀ ਮਤਿ ਤੇ ਅਮਲ ਕਰਨ ਦੀ ਹੈ ਅਤੇ ਇਹੀ ਇੱਕੋ ਗੱਲ ਹੈ ਜੋ ਸਾਡੇ ਲੇਖੇ ਵਿੱਚ ਪੈਣੀ ਹੈ **(ਨਾਨਕ ਲੇਖੈ ਇਕ ਗਲ॥)**। ਜਦੋਂ ਅਸੀਂ ਗੁਰੂ ਦੀ ਗੱਲ ਤੇ ਅਮਲ ਕਰਾਂਗੇ ਤਾਂ ਫਿਰ ਸਾਡੇ ਸਾਰੇ ਕਰਮ ਸੱਚੇ ਸੁੱਚੇ ਹੋਣਗੇ, ਔਗੁਣ ਰਹਿਤ ਹੋਣਗੇ ਕਿਉਂਕਿ ਇਹੀ ਤਾਂ ਪ੍ਰਮਾਤਮਾ ਦੀ ਅਸਲ ਭਗਤੀ ਹੈ, ਉਸਦਾ ਜਸ ਗਾਉਣਾ ਹੈ, ਉਸਦਾ ਢਾਡੀ ਬਣਨਾ ਹੈ।

ਪਿੱਛੇ ਦਿੱਤੇ ਗਏ ਦੋਨਾਂ ਸਲੋਕਾਂ ਦਾ ਸਾਰ ਭਾਵ ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਕੀ ਹੈ ਅਸੀਂ ਕੀ ਸਮਝਦੇ ਹਾਂ ਇਹੀ ਹੇਠ ਦਿੱਤੀ ਪਉੜੀ ਵਿੱਚ ਸਮਝਾਇਆ ਹੋਇਆ ਹੈ। ਇਸ ਪਉੜੀ ਦੇ ਅਰਥ ਕਾਫੀ ਬਾਰੀਕੀ ਨਾਲ ਵਿਚਾਰਨ ਤੇ ਹੀ ਸਮਝ ਆਉਣਗੇ। ਗੱਲ ਇੱਥੇ ਵੀ ਉਹੀ ਸਮਝਾਈ ਹੋਈ ਹੈ ਜੋ ਸਲੋਕਾਂ ਵਿੱਚ ਸਮਝਾਈ ਹੋਈ ਹੈ। ਆਓ ਬੜੇ ਧਿਆਨ ਨਾਲ ਵਿਚਾਰੀਏ। ਜੋ ਸਲੋਕਾਂ ਰਾਹੀਂ ਸਮਝਾਇਆ ਹੁੰਦਾ ਹੈ, ਉਸੇ ਗੱਲ ਦਾ ਸਾਰ ਪਉੜੀ ਵਿੱਚ ਦਿੱਤਾ ਹੁੰਦਾ ਹੈ।

ਪਉੜੀ

“ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ॥੯॥”

(ਅੰਗ - ੪੬੮)

ਪਿੱਛੇ ਸਲੋਕਾਂ ਦੇ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਅਨੇਕਾਂ ਮਨੁੱਖ ਉਸ ਪ੍ਰਮਾਤਮਾ ਨੂੰ ਆਪਣੇ-ਆਪਣੇ ਤਰੀਕਿਆਂ ਨਾਲ ਜਪ ਰਹੇ ਹਨ, ਉਸਦੀ ਭਗਤੀ ਕਰਦੇ ਹਨ, ਉਸਦਾ ਜਸ ਕਰਦੇ ਹਨ। ਇਹ ਸਾਰੇ ਉਸਦੇ ਦਰ ਤੇ ਢਾਡੀ ਹਨ, ਮੰਗਤੇ ਹਨ ਜੋ ਉਸ ਪ੍ਰਮਾਤਮਾ ਦੇ ਨਾਲ ਮੇਲ ਦੀ ਮੰਗ ਕਰਦੇ ਹਨ। ਹਰ ਕੋਈ ਅਪਣੀ-ਆਪਣੀ ਮਤਿ ਅਨੁਸਾਰ ਉਸ ਦੀ ਭਗਤੀ ਕਰਦਾ ਹੈ, ਉਸਨੂੰ ਮੰਗਦਾ ਹੈ। ਇੱਥੇ ਇਹ ਸਮਝਾਇਆ ਹੋਇਆ ਹੈ, ਫੈਸਲਾ ਸੁਣਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਕਿਹੋ ਜਿਹੇ ਭਗਤ, ਢਾਡੀ, ਭਾਉਂਦੇ ਹਨ। ਜਿਵੇਂਕਿ ਅਸੀਂ ਪਿੱਛੇ ਵਾਰ-ਵਾਰ ਸਮਝਿਆ ਹੈ, ਪ੍ਰਮਾਤਮਾ ਦਾ ਜਸ ਗਾਉਣਾ ਉਸ ਦੀ ਮਤਿ ਤੇ ਅਮਲ ਕਰਨਾ ਹੈ, ਸੱਚੇ ਸੁੱਚੇ ਕੰਮ ਕਰਨਾ ਹੈ। ਜੋ ਪ੍ਰਮਾਤਮਾ ਦਾ

ਜਸ ਆਪਣੇ ਚੰਗੇ ਕਰਮਾਂ ਦੁਆਰਾ ਕਰਦਾ ਹੈ ਭਾਵ ਆਪਣੀ ਚੰਗੀ ਕਰਨੀ ਦੁਆਰਾ ਕਰਦਾ ਹੈ ਗੁਰੂ ਦੇ ਸਮਝਾਏ ਹੋਏ ਮਾਰਗ ਦੁਆਰਾ ਕਰਦਾ ਹੈ ਉਹ ਉਸਨੂੰ ਚੰਗਾ ਲੱਗਦਾ ਹੈ। ਇਹੋ ਜਿਹੀ ਭਗਤੀ ਉਸਨੂੰ ਭਾਉਂਦੀ ਹੈ। ਜੋ ਮਨੁੱਖ ਚੰਗੇ ਕਰਮਾਂ ਤੋਂ ਬਾਹਰ ਹਨ ਭਾਵ ਗੁਰੂ ਦੀ ਮਤਿ ਅਨੁਸਾਰ ਕਰਮ ਨਹੀਂ ਕਰਦੇ (ਕਰਮਾ ਬਾਹਰੇ) ਉਨ੍ਹਾਂ ਨੂੰ ਪ੍ਰਮਤਮਾ ਦੇ ਦਰ ਤੇ ਢੋਈ ਨਹੀਂ ਮਿਲਦੀ, ਉਨ੍ਹਾਂ ਦੀ ਭਗਤੀ ਲੇਖੇ ਵਿੱਚ ਨਹੀਂ ਪੈਂਦੀ ਤੇ ਉਨ੍ਹਾਂ ਦਾ ਮਨ ਤ੍ਰਿਸ਼ਨਾਵਾਂ ਵਿੱਚ ਹੀ ਦੌੜਦਾ ਹੈ। (**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥**) ਭਗਤੀ ਦਾ ਮੂਲ ਆਪਣੇ ਆਪ ਨੂੰ ਬੁੱਝਣਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਣਾ ਹੈ ਜਿਸ ਦੇ ਲਈ ਇੱਕੋ ਇੱਕ ਤਰੀਕਾ ਆਪਣੀ ਮਤਿ ਦਾ ਤਿਆਗ ਹੈ, ਆਪਣੀ ਹਉਮੈ ਦਾ ਤਿਆਗ ਹੈ ਜਿਸ ਨੂੰ ਤਿਆਗਣ ਦੁਆਰਾ ਹੀ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਤੇ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ। ਮਨੁੱਖ ਦੀ ਅਸਲ ਵਿੱਚ ਆਪਣੀ ਕੋਈ ਵੱਖਰੀ

ਹੋਂਦ ਨਹੀਂ ਹੈ ਪਰ ਫਿਰ ਵੀ ਮਨੁੱਖ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ, ਜਿਸ ਦਾ ਕਾਰਨ ਸਾਡੀ ਹਉਮੈ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਹੈ। ਅਸੀਂ ਆਪਣੇ ਆਪ ਨੂੰ ਉਹ ਕੁੱਝ ਸਮਝਦੇ ਹਾਂ ਜੋ ਕਿ ਅਸਲ ਵਿੱਚ ਅਸੀਂ ਨਹੀਂ ਹਾਂ। **(ਅਣਹੋਦਾ ਆਪੁ ਗਣਾਇਦੇ॥)** ਸਾਡੀ ਮਨੁੱਖੀ ਹੋਂਦ ਭਾਵ ਸਾਡਾ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਣਾ ਸਾਡਾ ਇੱਕ ਭੁਲੇਖਾ ਹੈ। ਸਾਡੀ ਹਉਮੈ ਭਾਵ ਅਗਿਆਨਤਾ ਵਾਲੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਸ ਮਨੁੱਖੀ ਰੂਪ ਵਿੱਚ ਮੈਂ ਹਾਂ। ਆਪਣੀ ਹੋਂਦ ਸਮਝਣਾ ਇੱਕ ਭੁਲੇਖਾ ਹੈ ਜੋ ਕਿ ਸਭ ਦੇ ਵਿੱਚ ਹੈ ਤੇ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। **(ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ॥)** ਸਾਡਾ ਸਾਰਾ ਉਪਰਾਲਾ ਆਪਣੀ ਇਸ ਹਉਮੈ ਨੂੰ ਖਤਮ ਕਰਨ ਦਾ ਹੋਣਾ ਚਾਹੀਦਾ ਹੈ ਜੋ ਕਿ ਭਗਤੀ ਦਾ ਮੂਲ ਹੈ। ਹਉਮੈ ਕੇਵਲ ਸ਼ਬਦ ਦੁਆਰਾ ਜਾ ਸਕਦੀ ਹੈ **(ਹਉਮੈ ਸਬਦਿ ਜਲਾਏ)** "ਸ਼ਬਦ" ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਤੇ ਅਮਲ ਕਰਕੇ ਹੀ ਭਾਵ ਆਪਣੀ ਮਤਿ ਤਿਆਗ ਕੇ ਗੁਰਮਤਿ ਅਨੁਸਾਰ ਵਿਚਰਨ ਦੁਆਰਾ ਪ੍ਰਮਾਤਮਾ ਦੇ ਭਾਣੇ ਵਿੱਚ ਚੱਲ ਕੇ ਹੀ, ਸੱਚੇ ਸੁੱਚੇ ਕਰਮ ਕਰਕੇ ਹੀ ਅਸੀਂ ਆਪਣੇ ਆਪ ਨੂੰ ਬੁਝ ਸਕਦੇ ਹਾਂ ਅਤੇ "ਹਉਮੈ" ਨੂੰ ਖਤਮ ਕਰ ਸਕਦੇ ਹਾਂ। "ਹਉਮੈ" ਦੇ ਰਹਿੰਦਿਆਂ ਭਾਵ ਆਪਣੀ ਮਨਮਤਿ ਵਿੱਚ ਰਹਿੰਦਿਆਂ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਮਨੁੱਖ ਦੇ ਅੰਦਰ ਜੋ ਹਉਮੈ ਵਾਲੀ ਸਮਝ ਹੈ, ਆਪਣੀ ਮਨਮਤਿ ਵਾਲੀ ਸਮਝ ਹੈ, ਇਹ ਮਨ ਦੇ ਵਿੱਚ ਅਗਿਆਨਤਾ ਦਾ ਪੜਦਾ ਹੈ ਤੇ ਉਸੇ ਕਰਕੇ ਹੀ ਮਨੁੱਖ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ। ਜਿਹੋ ਜਿਹੀ ਭਗਤੀ ਨਾਲ ਸਾਡੀ ਹਉਮੈ ਘਟੇਗੀ, ਖਤਮ ਹੋਵੇਗੀ, ਉਹੀ ਪ੍ਰਮਾਤਮਾ ਨੂੰ ਮੰਗਣ ਦਾ ਤਰੀਕਾ ਹੈ, ਢਾਡੀ ਬਣਨ ਦਾ ਤਰੀਕਾ ਹੈ, ਨਾਮ ਜਪਣ ਦਾ ਤਰੀਕਾ ਹੈ। ਜਿਹੋ ਜਿਹੀ ਭਗਤੀ ਸਾਡੇ ਅੰਦਰ ਹਉਮੈ ਦਾ ਵਾਧਾ ਕਰਦੀ ਹੈ, ਸਾਡੀ ਮਨਹਠਿ ਵਧਾਉਂਦੀ ਹੈ, ਸਾਡੇ ਅੰਦਰ ਮਾਨ ਅਭਿਮਾਨ ਵਧਾਉਂਦੀ ਹੈ, ਉਸਦੇ ਨਾਲ ਉਲਟੀ ਸਾਡੀ ਪ੍ਰਮਾਤਮਾ ਨਾਲ ਦੂਰੀ ਵੱਧਦੀ ਹੈ। ਇਹੀ ਇਨ੍ਹਾਂ ਸ਼ਬਦਾਂ ਦਾ ਸਾਰ ਹੈ। "ਨਾਮ" ਗੁਰੂ ਦੀ ਮਤਿ ਹੈ ਅਤੇ "ਹਉਮੈ" ਮਨਮਤਿ ਹੈ। ਇਨ੍ਹਾਂ ਦੋਨਾਂ ਦਾ ਆਪਸ ਵਿੱਚ ਵਿਰੋਧ ਹੈ **(ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ, ਅੰਗ ੫੬੦)**।

3/211

"ਨਾਮ" ਗੁਰੂ ਦਾ ਸੱਚਾ ਗਿਆਨ ਹੈ, "ਹਉਮੈ ਮਨੁੱਖ ਦੀ ਅਗਿਆਨਤਾ" ਹੈ। ਦੋਨਾਂ ਦਾ ਮੇਲ ਕਦੇ ਨਹੀਂ ਹੋ ਸਕਦਾ। ਨਾਮ ਦੀ ਸੱਚੀ ਸਮਝ ਵਿੱਚ ਪ੍ਰਮਾਤਮਾ ਦੀ ਸੱਚੀ ਹੋਂਦ ਹੈ ਅਤੇ ਹਉਮੈ ਵਾਲੀ ਸਮਝ ਵਿੱਚ ਮਨੁੱਖ ਦੀ ਝੂਠੀ ਹੋਂਦ ਹੈ **(ਅਣਹੋਦਾ ਆਪੁ ਗਣਾਇਦੇ॥)**। ਦੋਨਾਂ ਦਾ ਮੇਲ ਹੋ ਵੀ ਕਿਵੇਂ ਸਕਦਾ ਹੈ। ਮਨੁਖ ਦੀ ਝੂਠੀ ਸਮਝ ਨੂੰ ਗੁਰੂ ਦੀ ਸੱਚੀ ਸਮਝ ਦੇ ਅੱਗੇ ਝੁਕਣਾ ਹੀ ਪਵੇਗਾ ਭਾਵ ਆਪਣੀ ਨਾ-ਸਮਝ ਮਤਿ ਨੂੰ ਛੱਡਣਾ ਹੀ ਪਵੇਗਾ ਤੇ ਤਾਂ ਹੀ ਉਸ ਸੱਚੀ ਹੋਂਦ ਵਿੱਚ ਭਾਵ ਪ੍ਰਮਾਤਮਾ ਦੇ ਵਿੱਚ ਮਨ ਦੀ ਸੱਚੀ ਸਮਝ ਦੁਆਰਾ ਸਮਾਇਆ ਜਾ ਸਕਦਾ ਹੈ। ਮਨਮਤਿ ਨੂੰ ਗੁਰਮਤਿ ਅੱਗੇ ਮੱਥਾ ਟੇਕਣਾ ਹੀ ਪਵੇਗਾ, ਆਪਣੇ ਆਪ ਨੂੰ ਖਤਮ ਕਰਨਾ ਹੀ ਪਵੇਗਾ। ਜੇ ਗੁਰੂ ਦੀ ਮਤਿ ਵਾਲਾ ਬਣਨਾ ਹੈ ਤਾ ਗੁਰੂ ਦੀ ਮਤਿ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੀ ਪਵੇਗਾ। ਬੱਸ ਇਸੇ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿ ਇਸ ਹਉਮੈ ਨੂੰ ਕਿਵੇਂ ਮਾਰੀਏ ਕਿਉਂਕਿ ਇਸ ਹਉਮੈ ਕਰਕੇ ਹੀ ਅਸੀਂ ਆਪਣੇ ਅਸਲੀ ਮਨੋਰਥ ਤੋਂ ਦੂਰ ਹਾਂ। ਅਸੀਂ ਜਿਹੋ ਜਿਹੀ ਭਗਤੀ ਕਰਦੇ ਹਾਂ, ਜਿਨ੍ਹਾਂ ਦਾ ਜ਼ਿਕਰ ਪਿੱਛੇ ਸਲੋਕਾਂ ਵਿੱਚ ਕੀਤਾ ਗਿਆ ਹੈ, ਉਸਦਾ ਨਤੀਜਾ ਕੀ ਨਿਕਲਦਾ ਹੈ, ਇਹ ਆਖਰੀ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

"ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ॥"

ਇਨ੍ਹਾਂ ਪੰਗਤੀਆਂ ਵਿੱਚ ਹਉਮੈ ਨੂੰ ਮਾੜਾ ਦੱਸ ਕੇ ਸਮਝਾਇਆ ਹੋਇਆ ਹੈ ਕਿ ਇਹ ਹਉਮੈ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਨ ਵਿੱਚ ਰੁਕਾਵਟ ਹੈ। "ਹਉ" ਸਾਡੇ ਅੰਦਰ ਦੀ "ਮੈਂ" ਹੈ ਭਾਵ ਸਾਡੇ ਅੰਦਰ ਦੀ "ਮੈਂ" ਵਾਲੀ ਸਮਝ ਹੈ ਜੋ ਸਾਨੂੰ ਇਹ ਸਿਖਾਉਂਦੀ ਹੈ ਕਿ ਸਰੀਰ ਮੇਰਾ ਹੈ, ਇਸ ਸਰੀਰ ਦੇ ਰੂਪ ਵਿੱਚ "ਮੈਂ" ਹਾਂ। ਬਾਣੀ ਵਿੱਚ ਸਾਨੂੰ ਦੋ ਹੀ ਜਾਤਾਂ ਸਮਝਾਈਆਂ ਹੋਈਆਂ ਹਨ। ਇੱਕ ਹਉਮੈ ਦੀ ਜਾਤਿ ਤੇ ਦੂਸਰੀ ਨਾਮ ਦੀ ਜਾਤਿ। ਹਉਮੈ ਨੀਵੀਂ ਜਾਤਿ ਹੈ ਤੇ "ਨਾਮ" ਉੱਚੀ ਜਾਤਿ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਸਮਝਾਂਗੇ। "ਹਉਮੈ" ਰੱਬ ਨੂੰ ਮੰਗਣ ਵਾਲੇ ਢਾਡੀ ਦੀ ਨੀਵੀਂ ਜਾਤ ਦਾ ਕਾਰਨ ਹੈ ਭਾਵ ਨੀਵੀਂ ਜਾਤ "ਹਉਮੈ" ਦੀ ਹੈ, ਨੀਵੀਂ ਜਾਤ ਵਾਲਾ ਸਾਡਾ ਅੰਦਰ ਦਾ "ਮਾਨ ਅਭਿਮਾਨ ਹੈ", ਹਉ ਹੈ, ਹਉਮੈ ਹੈ, ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ, ਅਗਿਆਨਤਾ ਹੈ ਜਿਸਨੂੰ ਸੱਚੇ ਧਰਮ ਦੇ ਮਾਰਗ ਦੀ, ਨਾਮ ਦੀ ਸਮਝ ਨਹੀਂ ਹੈ ਭਾਵ ਜਿਸ ਮਨੁੱਖ ਦੇ ਅੰਦਰ ਹਉਮੈ ਹੈ, ਜਿਸ ਢਾਡੀ ਦੇ ਅੰਦਰ ਹਉਮੈ ਹੈ, ਉਹ ਆਪਣੀ ਹਉਮੈ ਦੇ ਕਾਰਨ ਪ੍ਰਮਾਤਮਾ ਦੀ ਨਜ਼ਰ ਵਿੱਚ ਨੀਵਾਂ

ਹੈ, ਮਾੜਾ ਹੈ। ਨਾਮ ਦੀਆਂ ਨਜ਼ਰਾਂ ਵਿੱਚ ਮਾੜਾ ਹੈ ਕਿਉਂਕਿ ਹਉਮੈ ਦਾ ਨਾਮ ਨਾਲ ਵਿਰੋਧ ਹੈ, ਸਾਡੀ ਝੂਠੀ ਸਮਝ ਦੀ ਗੁਰੂ ਦੀ ਸੱਚੀ ਸਮਝ ਦੇ ਨਾਲ ਵਿਰੋਧ ਹੈ **(ਹਉ ਢਾਢੀ ਕਾ ਨੀਚ ਜਾਤਿ)**। ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ, ਜਪ ਤਪ ਕਰਦੇ ਹਾਂ, ਉਸ ਰਾਹੀਂ ਅਸੀਂ ਇਸ ਹਉਮੈ ਦੀ ਜਾਤ ਨੂੰ ਹੋਰ ਉੱਤਮ ਕਰਦੇ ਹਾਂ, ਉੱਚਾ ਕਰਦੇ ਹਾਂ ਭਾਵ ਆਪਣੇ ਅੰਦਰ ਦੇ ਮਾਨ ਅਭਿਮਾਨ ਨੂੰ ਹੋਰ ਵੱਡਾ ਕਰਦੇ ਹਾਂ, ਸਮਾਜ ਦੀਆਂ ਨਜ਼ਰਾਂ ਵਿੱਚ ਹੋਰ ਉੱਚਾ ਕਰਦੇ ਹਾਂ ਭਾਵ ਹਉਮੈ ਨੂੰ ਖਤਮ ਕਰਨ ਦੀ ਬਜਾਇ ਉਸ ਨੂੰ

3/212

ਉਲਟਾ ਵਧਾਉਂਦੇ ਹਾਂ, ਆਪਣੀ ਮਨਹਠਿ ਨੂੰ ਹੋਰ ਪੱਕਾ ਕਰਦੇ ਹਾਂ **(ਹੋਰਿ ਉਤਮ ਜਾਤਿ ਸਦਾਇਦੇ)** ਭਾਵ ਪ੍ਰਮਾਤਮਾ ਨਾਲ ਨੇੜਤਾ ਕਰਨ ਦੀ ਬਜਾਇ ਉਲਟਾ ਉਸ ਤੋਂ ਦੂਰੀ ਵਧਾਉਂਦੇ ਹਾਂ, ਪ੍ਰਮਾਤਮਾ ਨਾਲ ਵਿਰੋਧ ਵਧਾਉਂਦੇ ਹਾਂ ਭਾਵ ਸਾਨੂੰ ਪ੍ਰਮਾਤਮਾ ਦਾ ਮੇਲ ਮੰਗਣਾ ਨਹੀਂ ਆਇਆ ਭਾਵ ਸਾਡਾ ਮੰਗਣ ਦਾ ਤਰੀਕਾ, ਸਾਡੀ ਭਗਤੀ ਦਾ ਤਰੀਕਾ ਠੀਕ ਨਹੀਂ ਹੈ। ਠੀਕ ਤਰੀਕਾ ਮੰਗਣ ਦਾ ਕੀ ਹੈ, ਇਹ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਤਿਨ੍ ਮੰਗਾ ਜਿ ਤੁਝੈ ਧਿਆਇਦੇ॥੯॥”

ਇੱਥੇ ਸਮਝਾਇਆ ਹੈ ਕਿ ਮੰਗਣ ਦਾ ਤਰੀਕਾ ਕਿਨ੍ਹਾਂ ਨੂੰ ਹੈ, ਢਾਡੀ ਬਣਨ ਦਾ ਅਸਲ ਤਰੀਕਾ ਕੀ ਹੈ। "ਤਿਨ੍ ਮੰਗਾ" ਤੋਂ ਭਾਵ ਹੈ ਉਨ੍ਹਾਂ ਨੇ ਪ੍ਰਮਾਤਮਾ ਦੇ ਨਾਲ ਮੇਲ ਮੰਗਿਆ ਭਾਵ ਉਨ੍ਹਾਂ ਨੂੰ ਮੰਗਣ ਦੀ ਜਾਂਚ ਆਈ ਜੋ ਉਸ ਨੂੰ ਧਿਆਉਂਦੇ ਹਨ। ਪ੍ਰਮਾਤਮਾ ਨੂੰ ਧਿਆਉਣਾ ਕੀ ਹੈ, ਇਸ ਦੀ ਚਰਚਾ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਕਰ ਹੀ ਚੁੱਕੇ ਹਾਂ। ਉਸਨੂੰ ਧਿਆਉਣਾ ਉਸਦੀ ਮਤਿ ਨੂੰ ਧਿਆਉਣਾ ਹੈ, ਉਸਦੀ ਮਤਿ ਨੂੰ ਧਿਆਨ ਵਿੱਚ ਰੱਖਣਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੈ ਜਿਸ ਦੁਆਰਾ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ, ਅਗਿਆਨਤਾ ਦੂਰ ਹੁੰਦੀ ਹੈ।

{ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥

ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥

ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥

ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥

ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥

ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ ੨੭)

ਗੱਲ ਆਖਿਰ ਚੰਗੇ ਕਰਮ ਕਰਨ ਤੇ ਹੀ ਮੁੱਕਦੀ ਹੈ, ਗੁਰੂ ਦੇ ਉਪਦੇਸ਼ ਤੇ ਚੱਲਣ ਤੇ ਹੀ ਮੁੱਕਦੀ ਹੈ ਜਿਵੇਂ ਕਿ ਪਹਿਲਾਂ ਹੀ ਇਸ ਪਉੜੀ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ ਤੇ ਉੱਪਰ ਵਾਲੇ ਸ਼ਬਦ ਦੇ ਪਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ। ਸਾਰੀ ਗੱਲ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦੀ ਹੈ ਜਿਸ ਲਈ ਕੇਵਲ ਤੇ ਕੇਵਲ ਆਪਣੀ ਮਤਿ ਛੱਡ ਕੇ ਗੁਰੂ ਦੀ ਗੱਲ ਨੂੰ ਮੰਨਣਾ ਹੈ ਜਿਸ ਲਈ ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ, ਕਿਸੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ। ਇੱਥੋਂ ਇਹ ਵੀ ਗੱਲ ਸਾਫ ਹੁੰਦੀ ਹੈ ਕਿ ਜਿਹੋ ਜਿਹੇ ਜਪ ਤਪ ਅਸੀਂ ਕਰਦੇ ਹਾਂ, ਉਹ ਪ੍ਰਮਾਤਮਾ ਨੂੰ ਧਿਆਉਣਾ ਨਹੀਂ ਹੈ, ਕੇਵਲ ਸਾਡੀ ਮਨਮਤਿ ਹੈ ਕਿਉਂਕਿ ਉੱਪਰ ਦਿੱਤੇ ਸ਼ਬਦਾਂ ਵਿੱਚ ਬਹੁਤੀ ਹਉਮੈ ਦੀ ਗੱਲ ਹੀ ਹੋਈ ਹੈ, ਇਸ ਲਈ ਹਉਮੈ ਨੂੰ ਕੁਝ ਹੋਰ ਬਰੀਕੀ ਨਾਲ ਸਮਝਣ ਲਈ ਹੇਠ ਦਿੱਤੇ ਸ਼ਬਦਾਂ ਨੂੰ ਵਿਚਾਰਿਆ ਜਾ ਸਕਦਾ ਹੈ। “ਹਉਮੈ” ਕੀ ਹੈ, ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਵਿੱਚ ਹੀ ਕਾਫੀ ਬਰੀਕੀ ਨਾਲ ਸਮਝ ਚੁੱਕੇ ਹਾਂ। ਕਿਉਂਕਿ ਹਉਮੈ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਇਸ ਲਈ ਇਸ ਨੂੰ ਧਿਆਨ ਵਿੱਚ ਰੱਖਣਾ ਬਹੁਤ ਜਰੂਰੀ ਹੈ।

ਵਡਹੰਸ ਮਹਲਾ ੩

“ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ਰਹਾਉ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥੪॥”

(ਅੰਗ ੫੬੦)

ਇਸ ਸ਼ਬਦ ਦੇ ਅਰਥ ਆਸਾਨੀ ਨਾਲ ਸਮਝ ਆਉਣ ਵਾਲੇ ਹਨ, ਇਸ ਲਈ ਕੋਈ ਅਲੱਗ ਤੋਂ ਵਿਆਖਿਆ ਕਰਨ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਸ ਸ਼ਬਦ ਦੇ ਅਰਥ ਅਸੀਂ ਪਿੱਛੇ ਵੀ ਕੁੱਝ ਸਮਝੇ ਹਨ। ਪਿੱਛੇ ਕੀਤੀ ਗਈ ਚਰਚਾ ਅਨੁਸਾਰ ਹੀ, ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਹਉਮੈ ਸਾਡੇ ਸਭ ਦੇ ਅੰਦਰ ਮੂਲ ਰੂਪ ਵਿੱਚ ਹੀ ਪੈ ਕੇ ਆਉਂਦੀ ਹੈ ਤੇ ਇਸ ਤੋਂ ਬਾਹਰ ਕੋਈ ਨਹੀਂ ਹੈ। ਇਹ ਸਾਡੇ ਅੰਦਰ ਦੀ ਬਹੁਤ ਵੱਡੀ ਅਗਿਆਨਤਾ ਹੈ ਭਾਵ ਵੱਡਾ ਗੁਬਾਰੁ ਹੈ, ਜਿਸਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ, ਨਾਮ ਦੀ ਸੋਝੀ ਨਹੀਂ ਪੈ ਸਕਦੀ, ਆਪਣੇ ਆਪ ਦੀ ਸੋਝੀ ਨਹੀਂ ਪੈ ਸਕਦੀ ਕਿ ਅਸੀਂ ਕੀ ਹਾਂ। ਹਉਮੈ ਵਿੱਚ ਰਹਿੰਦਿਆਂ, ਅਗਿਆਨਤਾ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਸਾਡੇ ਅੰਦਰ ਨਾਮ ਵੱਸ ਹੀ ਨਹੀਂ ਸਕਦਾ। ਹਉਮੈ ਕੇਵਲ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਜਾਂਦੀ ਹੈ, ਉਸਦਾ ਸੱਚਾ ਗਿਆਨ ਮਨ ਦੇ ਵਿੱਚ ਵੱਸਣ ਦੁਆਰਾ ਹੀ ਜਾਂਦੀ ਹੈ ਜੋ ਕਿ ਉਹ ਆਪ ਹੀ ਮੰਨ ਦੇ ਵਿੱਚ ਪ੍ਰਗਟ ਹੋ ਕੇ ਦਿੰਦਾ ਹੈ। ਹਉਮੈ ਜਾਣ ਤੋਂ ਬਾਅਦ ਹੀ ਭਾਵ ਨਾਮ ਮਿਲਣ ਤੋਂ ਬਾਅਦ ਹੀ ਨਾਮ ਜਪਿਆ ਜਾ ਸਕਦਾ ਹੈ, ਸੱਚ ਦੁਆਰਾ ਵਿਚਰਿਆ ਜਾ ਸਕਦਾ ਹੈ ਭਾਵ ਗੁਰਮਤਿ ਦੁਆਰਾ ਵਿਚਰਿਆ ਜਾ ਸਕਦਾ ਹੈ। ਇਹ ਹਉਮੈ ਹੀ ਸਾਡੇ ਅੰਦਰ ਦਾ ਬੰਧਨ ਹੈ, ਮਨ ਦੀ ਅਗਿਆਨਤਾ ਦਾ ਬੰਧਨ ਹੈ ਜਿਸ ਤੋਂ ਮੁਕਤ ਹੋਏ ਬਿਨ੍ਹਾਂ ਨਾਮ ਨੂੰ ਨਹੀਂ ਜਾਣਿਆ ਜਾ ਸਕਦਾ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਉੱਪਰ ਵਾਲੇ ਸ਼ਬਦ ਰਾਹੀਂ “ਹਉਮੈ” ਨੂੰ ਬੜੀ ਬਰੀਕੀ ਨਾਲ ਸਮਝਾਇਆ ਹੋਇਆ ਹੈ ਤੇ ਸਭ ਕੁੱਝ ਆਸਾਨੀ ਨਾਲ ਸਮਝ ਵੀ ਆ ਜਾਂਦਾ ਹੈ। ਸ਼ਬਦ ਨੂੰ ਵਾਰ-ਵਾਰ ਪੜਕੇ ਸਮਝੋ ਕਿ ਹਉਮੈ ਨਿਕਲੇ ਬਿਨ੍ਹਾਂ ਕੋਈ ਪ੍ਰਮਾਤਮਾ ਦੀ ਭਗਤੀ ਕਰ ਲਵੇ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾ-ਮੁਮਕਿਨ ਹੈ। (**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥ ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ਰਹਾਉ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥੨॥ ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥੩॥ ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥ ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥**)

2/213

ਅਸੀਂ ਪਿੱਛੇ ਜੋ ਸ਼ਬਦ ਵਿਚਾਰੇ ਹਨ, ਪਹਿਲੇ ਸਲੋਕ ਦੀ ਆਖਰੀ ਪੰਗਤੀ ਨੂੰ ਆਓ ਫਿਰ ਤੋਂ ਵਿਚਾਰੀਏ ਅਤੇ ਸਮਝੀਏ ਕਿ ਨਾਮ ਕੀ ਹੈ। ਇਸ ਗੱਲ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥”

ਲੇਖੇ ਵਿੱਚ ਇੱਕੋ ਗੱਲ "**ਨਾਮ ਜਪਣਾ**" ਹੀ ਹੈ, ਜੋ ਕਿ ਹਰ ਕੋਈ ਸਮਝਦਾ ਹੈ। ਅਸੀਂ ਜੋ ਪਿੱਛੇ ਅਰਥਾਂ ਵਿੱਚ ਸਮਝਿਆ ਹੈ ਉਸਦਾ ਮਤਲਬ ਵੀ ਨਾਮ ਦਾ ਜਪਣਾ ਹੀ ਹੈ। ਨਾਮ ਜਪਣਾ ਗੁਰੂ ਦੀ ਮਤਿ ਨੂੰ ਸਮਝ ਕੇ ਉਸ ਮਤਿ ਤੇ ਅਮਲ ਕਰਨਾ ਹੈ। ਸਭ ਤੋਂ ਪਹਿਲੀ ਗੱਲ ਤਾਂ ਗੁਰੂ ਦੀ ਮਤਿ ਨੂੰ ਸਮਝਣ ਦੀ ਹੈ ਕਿ ਨਾਮ ਕੀ ਹੈ ਤਾਂ ਜੋ ਅਸੀਂ ਨਾਮ ਜਪ ਸਕੀਏ। ਹੁਣ ਨਾਮ ਨੂੰ ਜੇਕਰ ਅਸੀਂ ਇੱਕ ਅੱਖਰ ਸਮਝੀਏ, ਮੰਤਰ ਸਮਝੀਏ, ਤਾਂ ਫਿਰ ਕੀ ਕੋਈ ਉੱਪਰ ਵਾਲੇ ਸ਼ਬਦ ਦੀ ਪੰਗਤੀ ਦੀ ਕਸਵੱਟੀ ਤੇ ਪੂਰਾ ਉਤਰੇਗਾ। ਇਸ ਦਾ ਮਤਲਬ ਇਹ ਹੋਇਆ ਕਿ "**ਇੱਕ ਮੰਤਰ**" ਦੇ ਜਾਪ ਤੋਂ ਬਿਨ੍ਹਾਂ ਹੋਰ ਕੁੱਝ ਵੀ ਲੇਖੇ ਨਹੀਂ ਪੈਂਦਾ ਭਾਵ ਅਸੀਂ ਹੋਰ ਜੋ ਕੁੱਝ ਵੀ ਕਰਦੇ ਹਾਂ, ਭਗਤੀ ਦਾ ਉਪਰਾਲਾ ਕਰਦੇ ਹਾਂ, ਫਿਰ ਕੀ ਉਹ ਕੇਵਲ ਇੱਕ ਹਉਮੈ ਹੈ, ਝੱਖਣਾ ਝਾਖ ਹੈ ਭਾਵ ਅਸੀਂ ਬਾਣੀ ਨੂੰ ਜੋ ਪੜ੍ਹਦੇ ਹਾਂ, ਸੁਣਦੇ ਹਾਂ, ਕੀਰਤਨ ਕਰਦੇ ਹਾਂ, ਸੁਣਦੇ ਹਾਂ, ਗੁਰਦੁਆਰੇ ਜਾਂਦੇ ਹਾਂ, ਸੇਵਾ ਆਦਿ ਕਰਦੇ ਹਾਂ, ਕੀ ਉਹ ਫਿਰ ਸਾਡਾ ਕੇਵਲ ਇੱਕ ਝੱਖਣਾ ਝਾਖ ਹੀ ਰਹਿ ਗਿਆ, ਸਾਡੇ ਕਿਸੇ ਕੰਮ ਨਾ ਆਇਆ ਜੋ ਕਿ ਸਾਡੇ ਲਈ ਜਰੂਰੀ ਹੈ, ਗੁਰੂ ਦੇ ਦਰ ਤੇ ਜਾ ਕੇ ਗੁਰੂ ਦੀ ਮਤਿ ਨੂੰ ਸੁਣਨਾ ਸਭ ਦੇ ਲਈ ਜਰੂਰੀ ਹੈ ਤਾਂ ਜੋ ਅਸੀਂ ਗੁਰੂ ਦੀ ਗੱਲ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਚੱਲ ਸਕੀਏ। ਧਿਆਨ ਨਾਲ ਵਿਚਾਰੋ ਇਸ ਗੱਲ ਨੂੰ ਕਿ ਅਸੀਂ ਨਾਮ ਨੂੰ ਗਲਤ ਸਮਝਕੇ ਕਿੰਨੀ ਵੱਡੀ ਭੁੱਲ ਕਰ ਰਹੇ ਹਾਂ। ਜੇਕਰ ਅਸੀਂ ਇਸ ਗੱਲ ਨੂੰ ਸਮਝ ਲਈਏ ਕਿ ਨਾਮ ਗੁਰਬਾਣੀ ਹੈ, ਗੁਰੂ ਹੈ, ਗੁਰੂ ਦੀ ਮਤਿ ਹੈ ਤੇ ਨਾਮ ਜਪਣਾ ਗੁਰੂ ਦੀ ਮਤਿ ਨੂੰ ਮੰਨਣਾ ਹੈ, ਗੁਰੂ ਦੀ ਮਤਿ ਤੇ ਚੱਲਣਾ ਹੈ ਫਿਰ ਸਾਨੂੰ ਬਾਣੀ ਦੇ ਕੋਈ ਵੀ ਅਰਥ ਕਰਨ ਜਾਂ ਸਮਝਣ ਵਿੱਚ ਭੁਲੇਖਾ ਨਹੀਂ ਪਵੇਗਾ। ਲੇਖੇ ਵਿੱਚ ਕੇਵਲ ਨਾਮ ਹੀ ਪੈਣਾ ਹੈ ਭਾਵ ਗੁਰੂ ਦੀ ਦਿੱਤੀ ਹੋਈ ਮਤਿ ਹੀ ਪੈਣੀ ਹੈ ਜੋ ਕਿ ਮੰਨਣ ਦੁਆਰਾ, ਉਸ ਤੇ ਅਮਲ ਕਰਨ ਦੁਆਰਾ ਹੀ ਪੈਣੀ ਹੈ। (**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥**)

{ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥}

(ਅੰਗ ੧੮੫)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥
ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥}

(ਅੰਗ ੧੨੩੯)

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਵਿੱਚ ਵਿਚਾਰਿਆ ਹੈ ਕਿ ਅਸੀਂ ਧਰਮ ਗ੍ਰੰਥਾਂ ਦੀ ਕੇਵਲ ਲਿਖਤ ਨੂੰ ਹੀ ਪੜ੍ਹੀ ਜਾਂਦੇ ਹਾਂ ਪਰ ਅਸਲੀ ਗੱਲ ਉਨ੍ਹਾਂ ਨੂੰ ਵਿਚਾਰਨ ਦੀ ਹੁੰਦੀ ਹੈ, ਉਸ ਤੇ ਅਮਲ ਕਰਨ ਦੀ ਹੁੰਦੀ ਹੈ। ਆਓ ਹੁਣ ਇਸੇ ਗੱਲ ਨੂੰ ਹੇਠ ਦਿੱਤੇ ਹੋਏ ਸ਼ਬਦ ਰਾਹੀਂ ਵਿਚਾਰੀਏ, ਬਰੀਕੀ ਨਾਲ ਸਮਝੀਏ ਤੇ ਆਪਣਾ ਬਹੁਤ ਵੱਡਾ ਭੁਲੇਖਾ ਦੂਰ ਕਰੀਏ।

“ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ॥ ਤ੍ਰਿਸਨਾ ਜਾਲੇ ਸੁਧਿ ਨ ਕਾਈ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ॥੭॥
ਗੁਰ ਪਰਸਾਦੀ ਏਕੋ ਜਾਣਾ॥ ਦੂਜਾ ਮਾਰਿ ਮਨੁ ਸਚਿ ਸਮਾਣਾ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ॥੮॥”

(ਅੰਗ ੧੨੦)

ਉੱਪਰ ਸ਼ਬਦ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ, ਪ੍ਰਮਾਤਮਾ ਧਰਮ ਗ੍ਰੰਥਾਂ ਦੀ ਲਿਖਤ ਵਿੱਚ ਨਹੀਂ ਹੈ, ਅੱਖਰਾਂ ਵਿੱਚ ਨਹੀਂ ਹੈ, ਪ੍ਰਮਾਤਮਾ

3/214

ਅੱਖਰਾਂ ਦੇ ਗਿਆਨ ਵਿੱਚ ਹੈ। ਅੱਖਰ ਦੀ ਕੀਮਤ ਉਸਦੇ ਗਿਆਨ ਦੁਆਰਾ ਹੈ, ਉਸਦੇ ਅੰਦਰ ਪਾਏ ਹੋਏ ਗਿਆਨ ਦੁਆਰਾ ਹੈ। ਸ਼ਬਦ ਆਪਣੇ ਆਪ ਵਿੱਚ ਇੱਕ ਅੱਖਰ ਹੈ ਤੇ ਸ਼ਬਦ ਦੇ ਅੰਦਰ ਦਾ ਗਿਆਨ, ਉਸਦੇ ਵਿੱਚ ਸਮਝਾਈ ਹੋਈ ਗੱਲ, ਸ਼ਬਦ ਦੀ ਸੁਧਿ ਹੈ, ਮਤਿ ਹੈ। ਪ੍ਰਮਾਤਮਾ ਅੱਖਰ ਜਾਂ ਸ਼ਬਦ ਦੀ ਲਿਖਤ ਵਿੱਚ ਨਹੀਂ ਹੈ, ਅੱਖਰਾਂ ਦੇ ਦਿੱਸਣ ਵਾਲੇ ਰੂਪ ਵਿੱਚ ਨਹੀਂ ਹੈ ਭਾਵ ਕੇਵਲ ਉਸ ਨੂੰ ਪੜ੍ਹਨ ਵਿੱਚ ਨਹੀਂ ਹੈ, ਉਸਦੇ ਅੰਦਰ ਦਿੱਤੀ ਹੋਈ ਮਤਿ ਦੇ ਵਿੱਚ ਹੈ। ਜੇਕਰ ਕੇਵਲ ਅਸੀਂ ਗੁਰੂ ਗੁਰੂ ਕਰੀ ਜਾਈਏ, ਸ਼ਬਦ ਸ਼ਬਦ ਬੋਲੀ ਜਾਈਏ, ਪੜ੍ਹੀ ਜਾਈਏ, ਉਸਦਾ ਕੋਈ ਲਾਭ ਨਹੀਂ ਹੈ। ਲਾਭ ਗੁਰੂ ਦੀ ਮਤਿ ਲੈਣ ਵਿੱਚ ਹੈ, ਸ਼ਬਦ ਦੀ ਸੁਧਿ ਲੈਣ ਵਿੱਚ ਹੈ। ਪ੍ਰਮਾਤਮਾ ਗਿਆਨ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੁਆਰਾ ਪਾਈ ਹੋਈ ਸੋਝੀ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਨਾਲ ਜੁੜਨ ਦਾ ਤਰੀਕਾ ਸ਼ਬਦਾਂ ਦੀ ਸੋਝੀ ਦੇ ਨਾਲ ਜੁੜਨ ਦਾ ਹੈ, ਸ਼ਬਦਾਂ ਦੇ ਗਿਆਨ ਦੇ ਨਾਲ ਜੁੜਨ ਦਾ ਹੈ। ਸ਼ਬਦਾਂ ਦੁਆਰਾ ਪਾਈ ਹੋਈ ਸੋਝੀ ਭਾਵ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ। ਪ੍ਰਮਾਤਮਾ ਦੇ ਨਾਲ ਜੁੜਨਾ ਜਾਂ ਨਾਮ ਨਾਲ ਜੁੜਨਾ ਇੱਕੋ ਹੀ ਗੱਲ ਹੈ ਜੋ ਕਿ ਸਾਡੇ ਮਨ ਨੇ ਜੁੜਨਾ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਜੁੜਨਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥)**।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

ਹੁਣ ਆਪ ਹੀ ਸੋਚੋ ਕਿ ਜੇਕਰ ਅਸੀਂ ਧਰਮ ਗ੍ਰੰਥ ਪੜ੍ਹੀ ਜਾਈਏ, ਪਾਠ ਕਰੀ ਜਾਈਏ, ਕਰੀ ਜਾਈਏ, ਪਰ ਉਸਦੇ ਅੰਦਰ ਸਮਝਾਈ ਹੋਈ ਮਤਿ ਨੂੰ ਨਾ ਲਈਏ ਤਾਂ ਫਿਰ ਇਹ ਕੇਵਲ ਗੱਡੀ ਲੱਦਣ ਵਾਲੀ ਗੱਲ ਨਾ ਹੋਈ, ਕੇਵਲ ਸਾਡਾ ਇੱਕ ਕਰਮ ਕਾਂਡ ਨਾ ਹੋਇਆ। ਕਹਿਣ ਨੂੰ ਤਾਂ ਅਸੀਂ ਆਪਣੇ ਵੱਲੋਂ ਇਸ ਤਰੀਕੇ ਨਾਲ ਧਰਮ ਦੀ ਕਮਾਈ ਕਰਦੇ ਹਾਂ ਪਰ ਅਸਲ ਵਿੱਚ ਇਹ ਸਾਡੇ ਲੇਖੇ ਵਿੱਚ ਨਹੀਂ ਪੈਂਦਾ। ਲੇਖੇ ਵਿੱਚ ਕੇਵਲ ਸ਼ਬਦ ਦੀ ਮਤਿ ਲੈ ਕੇ ਉਸ ਤੇ ਅਮਲ ਕਰਨਾ ਹੀ ਪੈਂਦਾ ਹੈ। ਉਸ ਪ੍ਰਮਾਤਮਾ ਦੀ ਹਰ ਵੇਲੇ ਸਿਫਤ ਸਾਲਾਹ ਉਸਦੇ ਸ਼ਬਦ ਦੁਆਰਾ ਹੀ ਹੋ ਸਕਦੀ ਹੈ ਭਾਵ ਸ਼ਬਦ ਦੀ ਮਤਿ ਤੇ ਚੱਲ ਕੇ ਹੀ ਹੋ ਸਕਦੀ ਹੈ ਅਤੇ ਉਸਦੀ ਕੀਮਤ ਪਾਉਣ ਦਾ, ਜਪਣ ਦਾ ਹੋਰ ਕੋਈ ਤਰੀਕਾ ਨਹੀਂ ਹੈ **(ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥)**।

ਸ਼ਬਦ ਦੁਆਰਾ ਪ੍ਰਮਾਤਮਾ ਦੀ ਸਿਫਤ ਸਾਲਾਹ ਕਿਵੇਂ ਹੋ ਸਕਦੀ ਹੈ ਇਹ ਪਹਿਲਾਂ ਹੀ ਸਪੱਸ਼ਟ ਕੀਤਾ ਹੋਇਆ ਹੈ ਭਾਵ "ਸ਼ਬਦ ਸੁਧਿ" ਦੁਆਰਾ ਹੋ ਸਕਦੀ ਹੈ। ਕੇਵਲ ਸ਼ਬਦ ਨੂੰ ਪੜ੍ਹੀ ਜਾਈਏ ਇਹ ਉਸਦੀ ਸਿਫਤ ਨਹੀਂ ਹੈ ਜੋ ਕਿ ਅਗਲੀ ਪੰਗਤੀ ਵਿੱਚ ਫਿਰ ਸਪੱਸ਼ਟ ਕੀਤਾ ਹੋਇਆ ਹੈ। **"ਪੜਿ ਪੜਿ ਥਾਕੇ ਸਾਂਤਿ ਨ ਆਈ॥ ਤ੍ਰਿਸਨਾ ਜਾਲੇ ਸੁਧਿ ਨ ਕਾਈ॥"**।

3/215

ਕੇਵਲ ਅਸੀਂ ਧਰਮ ਗ੍ਰੰਥ ਨੂੰ ਪੜ੍ਹੀ ਜਾਈਏ, ਜਿੰਨੇ ਮਰਜ਼ੀ ਪਾਠ ਕਰੀ ਜਾਈਏ ਪਰ ਉਸ ਵਿੱਚ ਦਿੱਤੀ ਹੋਈ ਮਤਿ ਨੂੰ ਨਾ ਲਈਏ, ਸ਼ਬਦ ਦੀ ਸੁਧਿ ਨੂੰ ਨਾ ਲਈਏ **(ਸੁਧਿ ਨ ਕਾਈ॥)** ਤਾਂ ਫਿਰ ਸਾਡਾ ਮਨ ਸ਼ਾਂਤ ਨਹੀਂ ਹੋ ਸਕਦਾ ਸਾਡੀ ਤ੍ਰਿਸ਼ਨਾ ਨਹੀਂ ਮਰ ਸਕਦੀ, ਅਸੀਂ ਮੋਹ ਮਾਇਆ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਸਾਰੀ ਗੱਲ ਗੁਰੂ ਦੀ ਮਤਿ ਤੇ ਅਮਲ ਕਰਨ ਦੀ ਹੈ, ਆਪਣੀਆਂ ਤ੍ਰਿਸ਼ਨਾਵਾਂ ਛੱਡਣ ਦੀ ਹੈ, ਔਗੁਣਾਂ ਨੂੰ ਛੱਡਣ ਦੀ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ॥੭॥"

ਇਸ ਪੰਗਤੀ ਰਾਹੀਂ ਸਾਡੇ ਦੁੱਖਾਂ ਦਾ ਕਾਰਨ ਸਮਝਾਇਆ ਹੋਇਆ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਨੂੰ ਮਿਲਣ ਤੋਂ ਦੂਰ ਰਹਿੰਦੇ ਹਾਂ। ਸਾਰਾ ਮੁੱਦਾ ਸਾਡੇ ਅੰਦਰ ਦੇ ਔਗੁਣਾਂ ਦਾ ਹੈ। ਅਸੀਂ ਮੋਹ ਮਾਇਆ ਦੇ ਪਿਆਸੇ ਹਾਂ ਜਿਨ੍ਹਾਂ ਕਰਕੇ ਅਸੀਂ ਝੂਠ ਬੋਲ ਬੋਲ ਕੇ ਜ਼ਹਿਰ ਖਾਂਦੇ ਹਾਂ ਭਾਵ ਇਹ ਔਗੁਣ ਸਾਡੇ ਲਈ ਜ਼ਹਿਰ ਦੇ ਬਰਾਬਰ ਹਨ। ਇਹ ਬਿਖ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ ਜੋ ਸਾਨੂੰ ਮਾਇਆ ਮੋਹ ਵਿੱਚ ਰੱਖਦੀ ਹੈ ਤੇ ਇਹੀ ਸਾਡੇ ਅੰਦਰ ਦੀ ਹਉਮੈ ਹੈ।

{ਤਿਸੁ ਗੁਰ ਕਉ ਹਉ ਵਾਰਣੈ ਜਿਨਿ ਹਉਮੈ ਬਿਖੁ ਸਭੁ ਰੋਗੁ ਗਵਾਇਆ ॥

ਤਿਸੁ ਸਤਿਗੁਰ ਕਉ ਵਡ ਪੁੰਨੁ ਹੈ ਜਿਨਿ ਅਵਗਣ ਕਟਿ ਗੁਣੀ ਸਮਝਾਇਆ ॥}

(ਅੰਗ ੫੮੮)

ਸਾਡੇ ਅੰਦਰ ਜ਼ਹਿਰ ਦੇ ਰਹਿੰਦਿਆਂ ਅੰਮ੍ਰਿਤ ਦਾ ਵਾਸਾ ਨਹੀਂ ਹੋ ਸਕਦਾ। ਹਉਮੈ ਦੇ ਰਹਿੰਦਿਆਂ, ਮਾਇਆ ਮੋਹ ਦੇ ਰਹਿੰਦਿਆਂ ਨਾਮ ਦਾ ਵਾਸਾ ਨਹੀਂ ਹੋ ਸਕਦਾ। ਅੰਮ੍ਰਿਤ ਦੀ ਪ੍ਰਾਪਤੀ ਲਈ, ਨਾਮ ਦੀ ਪ੍ਰਾਪਤੀ ਲਈ, ਪ੍ਰਮਾਤਮਾ ਦੀ ਪ੍ਰਾਪਤੀ ਲਈ ਆਪਣੇ ਅੰਦਰੋਂ ਇਸ ਜ਼ਹਿਰ ਨੂੰ ਮਾਰਨਾ ਪਵੇਗਾ, ਤਿਆਗਣਾ ਪਵੇਗਾ, ਸਬਦਿ ਸੁਧਿ ਲੈਣੀ ਪਵੇਗੀ ਤਾਂ ਜੋ ਅਸੀਂ ਅੰਮ੍ਰਿਤ ਦੀ ਪ੍ਰਾਪਤੀ ਕਰ ਸਕੀਏ। ਸ਼ਬਦਾਂ ਦੇ ਅੰਦਰ ਦੀ ਸੁਧਿ ਹੀ ਨਾਮ ਹੈ, ਅੰਮ੍ਰਿਤ ਹੈ ਜਿਸ ਨੂੰ ਸਾਡੇ ਮਨ ਦੀ ਮਾੜੀ ਸਮਝ ਨੇ ਪੀਣਾ ਹੈ ਤੇ ਔਗੁਣਾਂ ਵਿੱਚੋਂ ਨਿਕਲਣਾ ਹੈ। ਗੁਰੂ ਦਾ ਉਪਦੇਸ਼, ਸਬਦਿ ਸੁਧਿ, ਸਾਨੂੰ ਇਨ੍ਹਾਂ ਔਗੁਣਾਂ ਦੇ ਤਿਆਗ ਲਈ ਹੀ ਸਮਝਾ ਰਿਹਾ ਹੈ। ਬਿਖੁ ਵਿੱਚ ਰਹਿਣਾ, ਹਉਮੈ ਵਿੱਚ ਰਹਿਣਾ, ਔਗੁਣਾਂ ਵਿੱਚ ਰਹਿਣਾ ਪ੍ਰਮਾਤਮਾ ਤੋਂ ਦੂਜੇ ਪਾਸੇ ਰਹਿਣ ਹੈ, ਅਗਿਆਨਤਾ ਦੇ ਘਰ ਵਿੱਚ ਰਹਿਣਾ ਹੈ ਜੋ ਸਾਨੂੰ ਦੂਜੇ ਭਾਵ ਨਾਲ ਭਾਵ ਗੁਰਮਤਿ ਤੋਂ ਦੂਸਰੇ ਭਾਵ ਨਾਲ ਜੋੜ ਕੇ ਰੱਖਦਾ ਹੈ ਤੇ ਜਦ ਤੱਕ ਅਸੀਂ ਆਪਣੇ ਅੰਦਰੋਂ ਇਸ ਦੂਜੇ ਭਾਵ ਨੂੰ ਨਹੀਂ ਖਤਮ ਕਰਦੇ ਤੱਦ ਤੱਕ ਸਾਡੇ ਅੰਦਰ ਸੱਚ ਨਹੀਂ ਵੱਸ ਸਕਦਾ। ਇਸ ਬਿਖ ਨੂੰ ਮਾਰ ਕੇ ਹੀ ਮਨੁੱਖ ਸੱਚ ਵਿੱਚ, ਪ੍ਰਮਾਤਮਾ ਵਿੱਚ ਸਮਾਅ ਸਕਦਾ ਹੈ, ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਵਿੱਚ ਸਮਾਅ ਸਕਦਾ ਹੈ ਤੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਸਾਡੇ ਤੇ ਪ੍ਰਮਾਤਮਾ ਦੀ ਇਹੀ ਵੱਡੀ ਕ੍ਰਿਪਾ ਹੈ ਕਿ ਉਹ ਸਾਨੂੰ ਮਨ ਦੀ ਮਾੜੀ ਸਮਝ ਵਿੱਚੋਂ, ਬਿਖ ਵਿੱਚੋਂ ਔਗੁਣਾਂ ਵਿੱਚੋਂ ਕੱਢ ਲਵੇ, ਮਨ ਦੀ ਅਗਿਆਨਤਾ ਵਿੱਚੋਂ ਕੱਢ ਲਵੇ, ਹਉਮੈ ਰੂਪ ਬਿਖ ਵਿੱਚੋਂ ਕੱਢ ਲਵੇ। **(ਗੁਰ ਪਰਸਾਦੀ ਏਕੋ ਜਾਣਾ॥ਦੂਜਾ ਮਾਰਿ ਮਨੁ ਸਚਿ ਸਮਾਣਾ॥)**

{ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥

ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥੫॥}

(ਅੰਗ ੫੬੫)

ਉੱਪਰ ਵਾਲੀਆਂ ਪੰਗਤੀਆਂ ਰਾਹੀਂ ਬਿਖ ਤੇ ਅੰਮ੍ਰਿਤ ਵਿੱਚ ਕੀ ਫਰਕ ਹੈ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਬਾਣੀ ਵਿੱਚ ਸਭ ਕੁੱਝ ਬਰੀਕੀ ਨਾਲ ਸਮਝਾਇਆ ਹੋਇਆ ਹੈ। ਕੇਵਲ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਗੁਰੂ ਦੀ ਗੱਲ ਤੇ ਭਰੋਸਾ ਰੱਖਣ ਦੀ ਲੋੜ ਹੈ।

ਪ੍ਰਮਾਤਮਾ ਭਾਵ "**ਨਾਮੁ**" ਸਾਡੇ ਮਨ ਵਿੱਚ ਹੀ ਹੈ, ਉਹ ਆਪ ਹੀ ਹੈ ਅਤੇ ਇਸ ਤਰ੍ਹਾਂ ਗੁਰੂ ਦੀ ਕ੍ਰਿਪਾ ਦੁਆਰਾ, ਸ਼ਬਦਿ ਸੁਧਿ ਦੁਆਰਾ ਆਪਣੇ ਅੰਦਰੋਂ ਹੀ ਉਸ ਨੂੰ ਪਾ ਸਕੀਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ॥੮॥੧੭॥੧੮॥)** ਬੜਾ ਸਪੱਸ਼ਟ ਹੈ ਕਿ ਨਾਮ ਸਾਡੇ ਅੰਦਰ ਹੀ ਹੈ ਭਾਵ ਨਾਮ ਆਪ ਪ੍ਰਮਾਤਮਾ ਹੈ ਤੇ ਉਸਦੇ ਦਰਸ਼ਨ ਆਪਣੇ ਅੰਦਰੋਂ ਹੀ ਹੋਣੇ ਹਨ, ਮਨ ਦੇ ਵਿੱਚੋਂ ਹੀ ਹੋਣੇ ਹਨ। ਉਸਨੂੰ ਕਿਤੋਂ ਬਾਹਰੋਂ ਪਾਉਣ ਦੀਆਂ ਗੱਲਾਂ ਕਰਨੀਆਂ ਬਿਲੁਕਲ ਫਜ਼ੂਲ ਦੀਆਂ ਗੱਲਾਂ ਹਨ। ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਪਾਉਣ ਦੀਆਂ ਗੱਲਾਂ, ਕਿਸੇ ਸਰਗੁਣ ਰੂਪ ਵਿੱਚ ਦੇਖਣ ਦੀਆਂ ਗੱਲਾਂ ਉਹੀ ਕਰਦੇ ਹਨ ਜੋ ਵੱਡੇ ਭਰਮ ਵਿੱਚ ਹਨ। ਪ੍ਰਮਾਤਮਾ ਨਿਰਗੁਣ ਰੂਪ ਹੈ ਤੇ ਮਨ ਦੇ ਵਿੱਚ ਹੀ ਹੈ। "ਨਾਮ" ਸਭ ਲਈ ਇੱਕੋ ਹੀ ਹੈ, ਹਰ ਮਨੁੱਖ ਲਈ ਇੱਕੋ ਹੀ ਹੈ ਜੋ ਸਭ ਦੇ ਅੰਦਰ ਵਰਤ ਰਿਹਾ ਹੈ ਭਾਵ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ। "**ਨਾਮੁ**" ਸਭ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਆਪਣੇ ਆਪ ਨੂੰ ਆਪਣੀ ਧਾਰਮਿਕ ਆਸਥਾ ਅਨੁਸਾਰ ਹਿੰਦੂ, ਮੁਸਲਮਾਨ, ਇਸਾਈ ਜਾਂ ਸਿੱਖ ਅਖਵਾਉਂਦਾ ਹੈ ਜਾਂ ਕੁੱਝ ਹੋਰ ਅਖਵਾਉਂਦਾ ਹੈ। ਪ੍ਰਮਾਤਮਾ ਸਭ ਲਈ ਇੱਕੋ ਜਿਹਾ ਹੀ ਹੈ। ਉਸਨੂੰ ਪਾਉਣ ਦਾ ਤਰੀਕਾ ਵੀ ਸਭ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਸੱਚ ਹੈ, ਨਾਮ ਸੱਚ ਹੈ ਤੇ ਉਹ ਸੱਚ ਦੁਆਰਾ ਹੀ ਮਿਲਦਾ ਹੈ ਭਾਵ ਸੱਚ ਤੇ ਚੱਲ ਕੇ ਹੀ ਮਿਲਦਾ ਹੈ, ਉਸਦੀ ਸੱਚੀ ਸਿੱਖਿਆ ਤੇ ਚੱਲ ਕੇ ਹੀ ਮਿਲਦਾ ਹੈ ਜੋ ਸਭ ਲਈ ਇੱਕੋ ਜਿਹੀ ਹੈ। ਸੱਚ ਤੇ ਚੱਲਣਾ, ਸੱਚੇ ਸੁੱਚੇ ਕਰਮ ਕਰਨਾ ਹੈ ਜੋ ਹਰ ਕਿਸੇ ਲਈ ਇੱਕੋ ਜਿਹੇ ਹੀ ਹਨ। ਉਸਨੂੰ ਕੋਈ ਵੀ ਪਾ ਸਕਦਾ ਹੈ ਪਰ ਕੇਵਲ ਉਸਦੀ ਕਿਰਪਾ ਦੁਆਰਾ ਹੀ ਉਹ ਕਿਸੇ ਨੂੰ ਸੱਚ ਤੇ ਚਲਾਉਂਦਾ ਹੈ, ਆਪਣਾ ਸੱਚ ਸਮਝਾਉਂਦਾ ਹੈ ਭਾਵ ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ।

3/216 ਅਤੇ 216-ਅ

ਜੋ ਗੱਲ ਪਿੱਛੇ ਸ਼ਬਦਾਂ ਦੁਆਰਾ ਸਮਝਾਈ ਹੈ ਕਿ ਕੇਵਲ ਧਰਮ ਗ੍ਰੰਥਾਂ ਦੇ ਪੜ੍ਹਨ ਨਾਲ ਲਾਭ ਨਹੀਂ ਮਿਲਦਾ ਤੇ ਲਾਭ ਉਨ੍ਹਾਂ ਵਿੱਚ ਸਮਝਾਈ ਹੋਈ ਗੱਲ ਨੂੰ ਮੰਨਣ ਨਾਲ ਮਿਲਦਾ ਹੈ, ਆਓ ਇਸ ਗੱਲ ਨੂੰ ਹੇਠ ਦਿੱਤੇ ਹੋਏ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

"ਲੇਖ ਅਸੰਖ ਲਿਖਿ ਲਿਖਿ ਮਾਨੁ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ॥
ਕਥਨੀ ਬਦਨੀ ਪੜਿ ਪੜਿ ਭਾਰੁ॥ ਲੇਖ ਅਸੰਖ ਅਲੇਖੁ ਅਪਾਰੁ॥੧॥
ਐਸਾ ਸਾਚਾ ਤੂੰ ਏਕੋ ਜਾਨੁ॥ ਜੰਮਨੁ ਮਰਣਾ ਹੁਕਮੁ ਪਛਾਨੁ॥੧॥ਰਹਾਉ॥
ਮਾਇਆ ਮੋਹਿ ਜਗੁ ਬਾਧਾ ਜਮਕਾਲਿ॥ ਬਾਂਧਾ ਛੂਟੈ ਨਾਮੁ ਸਮ੍ਹਾਲਿ॥
ਗੁਰੁ ਸੁਖਦਾਤਾ ਅਵਰੁ ਨ ਭਾਲਿ॥
ਹਲਤਿ ਪਲਤਿ ਨਿਬਹੀ ਤੁਧੁ ਨਾਲਿ॥੨॥
ਸਬਦਿ ਮਰੈ ਤਾਂ ਏਕ ਲਿਵ ਲਾਏ॥ ਅਚਰੁ ਚਰੈ ਤਾਂ ਭਰਮੁ ਚੁਕਾਏ॥
ਜੀਵਨ ਮੁਕਤੁ ਮਨਿ ਨਾਮੁ ਵਸਾਏ॥ ਗੁਰਮੁਖਿ ਹੋਇ ਤ ਸਚਿ ਸਮਾਏ॥੩॥
ਜਿਨਿ ਧਰ ਸਾਜੀ ਗਗਨੁ ਅਕਾਸੁ॥ ਜਿਨਿ ਸਭ ਥਾਪੀ ਥਾਪਿ ਉਥਾਪਿ॥
ਸਰਬ ਨਿਰੰਤਰਿ ਆਪੇ ਆਪਿ॥ ਕਿਸੈ ਨ ਪੂਛੇ ਬਖਸੇ ਆਪਿ॥੪॥
ਤੂ ਪੁਰੁ ਸਾਗਰੁ ਮਾਣਕ ਹੀਰੁ॥ ਤੂ ਨਿਰਮਲੁ ਸਚੁ ਗੁਣੀ ਗਹੀਰੁ॥
ਸੁਖੁ ਮਾਨੈ ਭੇਟੈ ਗੁਰ ਪੀਰੁ॥ ਏਕੋ ਸਾਹਿਬੁ ਏਕੁ ਵਜੀਰੁ॥੫॥
ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥"

(ਅੰਗ ੪੧੨)

ਆਉ ਉੱਪਰ ਵਾਲੇ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝਦੇ ਹਾਂ ਕਿ ਧੰਨ ਧੰਨ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ, ਜੋ ਸਾਡੇ ਸਮਝਣ ਲਈ ਤੇ ਮੰਨਣ ਲਈ ਹੀ ਸਮਝਾ ਰਹੇ ਹਨ।

ਧਰਮ ਗ੍ਰੰਥਾਂ ਨੂੰ ਤਾਂ ਅਸੀਂ ਅਨੇਕਾਂ ਵਾਰ ਪੜ੍ਹਦੇ ਹਾਂ, ਹਰ ਰੋਜ ਪੜਦੇ ਹਾਂ, ਸੁਣਦੇ ਹਾਂ ਉਨ੍ਹਾਂ ਦੇ ਅੰਦਰ ਦੀ ਲਿਖੀ ਹੋਈ ਗੱਲ ਨੂੰ ਪੜਦੇ ਹਾਂ, ਸੁਣਦੇ ਹਾਂ। "ਲੇਖ ਅਸੰਖ" ਭਾਵ ਪੜ੍ਹਨ ਉੱਪਰ ਬਹੁਤ ਜ਼ੋਰ ਪਾਉਂਦੇ ਹਾਂ ਪਰ ਅਸੀਂ ਆਪਣੇ ਆਪ ਨੂੰ ਉਨ੍ਹਾਂ ਦੀ ਲਿਖਤ ਤੱਕ ਹੀ ਸੀਮਿਤ ਰੱਖਦੇ ਹਾਂ, ਕੇਵਲ ਲਿਖਤ ਨੂੰ ਪੜ੍ਹਨ ਵਿੱਚ ਹੀ ਅਸੀਂ ਮਾਣ ਸਮਝਦੇ ਹਾਂ, ਮਾਣ ਕਰਦੇ ਹਾਂ **(ਲਿਖਿ ਲਿਖਿ ਮਾਨੁ)**। ਭਾਵ ਕੇਵਲ ਧਰਮ ਗ੍ਰੰਥਾਂ ਨੂੰ ਪੜ੍ਹਨ ਦੇ ਵਿੱਚ ਹੀ ਉਸਨੂੰ ਧਰਮ ਕਰਮ ਸਮਝਦੇ ਹਾਂ ਤੇ ਇਸੇ ਗੱਲ ਦਾ ਹੀ ਮਾਣ ਕਰਦੇ ਹਾਂ ਕਿ ਅਸੀਂ ਧਰਮ ਗ੍ਰੰਥ ਦੇ ਅਭਿਆਸੀ ਹਾਂ, ਗਿਆਤਾ ਹਾਂ ਭਾਵ ਧਰਮ ਗ੍ਰੰਥਾਂ ਦੀ ਕਥਨੀ ਨੂੰ ਹੀ ਭਗਤੀ ਦ ਮਾਰਗ ਸਮਝਦੇ ਹਾਂ ਤੇ ਇਸੇ ਗੱਲ ਦਾ ਮਾਨ ਕਰਦੇ ਹਾਂ ਭਾਵ ਬੜਾ ਚੰਗਾ ਕੰਮ ਸਮਝਦੇ ਹਾਂ। ਸਾਨੂੰ ਅਗਲੀ ਪੰਗਤੀ ਵਿੱਚ ਹੀ ਸਮਝਾਇਆ ਹੈ ਕਿ ਸਾਨੂੰ ਇਸ ਗੱਲ ਦਾ ਮਾਣ ਨਹੀਂ ਹੋਣਾ ਚਾਹੀਦਾ ਕਿਉਂਕਿ ਸਾਨੂੰ ਲਾਭ ਤਾਂ ਹੀ ਮਿਲਣਾ ਹੈ ਜਦੋਂ ਅਸੀਂ ਉਨ੍ਹਾਂ ਵਿੱਚ ਸਮਝਾਏ ਹੋਏ ਸੱਚ ਨੂੰ, ਸੱਚੇ ਗਿਆਨ ਨੂੰ ਆਪਣੇ ਮਨ ਦੀ ਸਮਝ ਦੁਆਰਾ ਮੰਨਾਂਗੇ, ਉਸ ਸੱਚ ਨੂੰ, ਸੱਚੇ ਗਿਆਨ ਨੂੰ ਆਪਣੀ ਸੁਰਤਿ ਦੁਆਰਾ, ਮਨ ਦੁਆਰਾ ਆਪਣੇ ਅੰਦਰੋਂ ਸੱਚ ਦਾ ਪ੍ਰਗਟਾਵਾ ਕਰਾਂਗੇ, ਵਖਾਣ ਕਰਾਂਗੇ ਭਾਵ ਉਸ ਤੇ ਅਮਲ ਕਰਾਂਗੇ **(ਮਨਿ ਮਾਨਿਐ ਸਚੁ ਸੁਰਤਿ ਵਖਾਨੁ॥)**। "ਸਚੁ" ਜਾਂ "ਸਬਦਿ ਸੁਧਿ" ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਵਿੱਚ ਸਮਝਿਆ ਹੈ ਸਚੁ ਹੀ ਨਾਮ ਹੈ ਭਾਵ ਨਾਮ ਦਾ ਮਕਸਦ ਸਾਡੀ ਸੁਰਤਿ ਦੇ ਨਾਲ ਹੈ, ਮਨ ਦੀ ਸਮਝ ਦੇ ਨਾਲ ਹੈ ਜਿਸ ਨੂੰ ਸਾਡੇ ਮਨ ਦੀ ਸਮਝ ਨੇ ਮੰਨਣਾ ਹੈ ਤੇ ਤਾਂ ਹੀ ਉਸ ਤੇ ਅਮਲ ਕੀਤਾ ਜਾ ਸਕਦਾ ਹੈ। ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਹਰ ਲਿਖਤ ਸਾਨੂੰ ਸੱਚੁ ਹੀ ਸਮਝਾਉਂਦੀ ਹੈ, ਨਾਮ ਹੀ ਸਮਝਾਉਂਦੀ ਹੈ। ਜੇਕਰ ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹ-ਪੜ੍ਹ ਕੇ, ਉਨ੍ਹਾਂ ਵਿੱਚੋਂ ਗਿਆਨ ਲੈ ਕੇ ਕੇਵਲ ਕਥਨੀ ਬਦਨੀ ਵਿੱਚ ਪਏ ਰਹਿੰਦੇ ਹਾਂ, ਸ਼ਬਦਾਂ ਨੂੰ ਬੋਲਣ ਵਿੱਚ ਪਏ ਰਹਿੰਦੇ ਹਾਂ ਪਰ ਉਸ ਤੇ ਅਮਲ ਨਹੀਂ ਕਰਦੇ ਤਾਂ ਉਹ ਕੇਵਲ ਆਪਣੇ ਆਪ ਨੂੰ ਭਾਰਾ ਕਰਨ ਵਾਲੀ ਗੱਲ ਹੈ, ਵੱਡਾ ਕਰਨ ਵਾਲੀ ਗੱਲ ਹੈ, ਹਉਮੈ ਵਧਾਉਣ ਵਾਲੀ ਗੱਲ ਹੈ ਭਾਵ ਧਰਮ ਗ੍ਰੰਥ ਪੜ੍ਹਨ ਦਾ ਜੋ ਅਸਲੀ ਮਕਸਦ ਹੈ, ਉਸ ਤੋਂ ਦੂਰ ਜਾਣ ਵਾਲੀ ਗੱਲ ਹੈ। **(ਕਥਨੀ ਬਦਨੀ ਪੜਿ ਪੜਿ ਭਾਰੁ॥)** ਭਾਵ ਪੜ੍ਹ ਪੜ੍ਹ ਕੇ ਕੇਵਲ ਗੱਡੀ ਲੱਦਣ ਵਾਲੀ ਗੱਲ ਹੈ। ਸਾਡਾ ਮਕਸਦ ਪ੍ਰਮਾਤਮਾ ਨੂੰ ਜਾਣਨ ਦਾ ਹੈ ਤੇ ਉਹ ਮਕਸਦ ਇਸ ਤਰੀਕੇ ਨਾਲ ਪੂਰਾ ਨਹੀਂ ਹੋ ਸਕਦਾ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਵਿਚ ਸਮਝਾਇਆ ਹੋਇਆ ਹੈ। **"ਲੇਖ ਅਸੰਖ ਅਲੇਖੁ ਅਪਾਰੁ॥"**

3/217

ਲੇਖ ਤਾਂ ਅਸੀਂ ਅਸੰਖ ਪੜ੍ਹ ਲਏ, ਸ਼ਬਦ ਅਸੰਖ ਪੜ ਲਏ, ਗ੍ਰੰਥ ਬਹੁਤ ਪੜ੍ਹ ਲਏ, ਪਾਠ ਬਹੁਤ ਕਰ ਲਏ ਪਰ ਅਮਲ ਨਹੀਂ ਕੀਤਾ। ਇਹੋ ਜਿਹਾ ਕਰਨ ਨਾਲ ਉਸ ਪ੍ਰਮਾਤਮਾ ਦਾ, "ਅਲੇਖ" ਦਾ ਭਾਵ ਜੋ ਲੇਖ ਤੋਂ ਬਾਹਰ ਹੈ, ਸਮਝ ਤੋਂ ਬਾਹਰ ਹੈ, ਅਲੇਖ ਹੈ, ਉਸਦਾ ਕੋਈ ਪਾਰ ਨਹੀਂ ਪਾਇਆ ਜਾ ਸਕਿਆ, ਜਾਣਿਆ ਨਹੀਂ ਜਾ ਸਕਿਆ, ਉਹ ਸਾਡੇ ਲਈ ਅਪਾਰ ਹੀ ਬਣਿਆ ਹੋਇਆ ਹੈ। (**ਲੇਖ ਅਸੰਖ ਅਲੇਖੁ ਅਪਾਰੁ॥**) ਭਾਵ ਧਰਮ ਗ੍ਰੰਥਾਂ ਦੇ ਕੇਵਲ ਪੜ੍ਹੀ ਜਾਣ ਨਾਲ ਇੱਕ ਗੱਡੀ ਲੱਦਣ ਵਾਲੀ ਗੱਲ ਹੀ ਹੈ। **(ਪੜਿ ਪੜਿ ਗਡੀ ਲਦੀਅਹਿ)** ਲੇਖੇ ਵਿੱਚ ਕੇਵਲ ਗੁਰੂ ਦੀ ਗੱਲ ਤੇ ਅਮਲ ਕਰਨਾ ਹੈ, **(ਮਨਿ ਮਾਨਿਐ ਸਚੁ ਸੁਰਤਿ ਵਖਾਨੁ॥)** ਸ਼ਬਦ ਦੇ ਸੱਚ ਨੂੰ ਆਪਣੀ ਸੁਰਤਿ ਨਾਲ ਜੋੜਨ ਦੀ ਗੱਲ ਹੈ, ਮਨ ਵਿੱਚ ਵਸਾਉਣ ਦੀ ਗੱਲ ਹੈ, ਸ਼ਬਦ ਤੇ ਅਮਲ ਕਰਨ ਦੀ ਲੋੜ ਹੈ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ। **(ਮਾਇਆ ਮੋਹਿ ਜਗੁ ਬਾਧਾ ਜਮਕਾਲਿ॥ਬਾਂਧਾ ਛੂਟੈ ਨਾਮੁ ਸਮ੍ਹਾਲਿ॥)** ਸਾਰਾ ਜੱਗ ਮੋਹ ਮਾਇਆ ਵਿੱਚ ਬੱਝਾ ਹੋਇਆ ਹੈ, ਮਨ ਦੀ ਨਾ-ਸਮਝ ਅਗਿਆਨਤਾ ਵਾਲੀ ਮਤਿ ਵਿੱਚ ਫਸਿਆ ਹੋਇਆ ਹੈ, ਔਗੁਣਾਂ ਵਿੱਚ ਫਸਿਆ ਹੋਇਆ ਹੈ ਤੇ ਇਸੇ ਵਿੱਚੋਂ ਨਿਕਲਣ ਦੀ ਹੀ ਲੋੜ ਹੈ ਜੋ ਕਿ ਆਪਣੇ ਅੰਦਰ ਨਾਮ ਦੀ ਸੰਭਾਲ ਕਰਨ ਦੁਆਰਾ ਛੁੱਟਿਆ ਜਾ ਸਕਦਾ ਹੈ। ਨਾਮ ਦੀ ਸੰਭਾਲ ਕਿਵੇਂ ਕਰਨੀ ਹੈ, ਇਹ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

"ਸਬਦਿ ਮਰੈ ਤਾਂ ਏਕ ਲਿਵ ਲਾਏ॥ ਅਚਰੁ ਚਰੈ ਤਾਂ ਭਰਮੁ ਚੁਕਾਏ॥
ਜੀਵਨ ਮੁਕਤੁ ਮਨਿ ਨਾਮੁ ਵਸਾਏ॥ ਗੁਰਮੁਖਿ ਹੋਇ ਤ ਸਚਿ ਸਮਾਏ॥੩॥"

ਇਨ੍ਹਾਂ ਪੰਗਤੀਆਂ ਵਿੱਚ ਉਸ ਪ੍ਰਮਾਤਮਾ ਨੂੰ ਜਾਣਨ ਦਾ ਤਰੀਕਾ ਹੀ ਦੱਸਿਆ ਹੋਇਆ ਹੈ, ਉਸ ਅਲੇਖ ਦਾ ਪਾਰ ਪਾਉਣਾ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਕੋਲੋਂ ਦੂਰੀ ਸਾਡੇ ਔਗੁਣਾਂ ਕਾਰਨ ਹੈ, ਮਾਇਆ ਮੋਹ ਵਿੱਚ ਫਸਿਆ ਹੋਣਾ ਹੈ, ਜੋ ਕਿ ਮਨ ਦੀ ਅਗਿਆਨਤਾ ਹੈ। ਇਸ ਤੋਂ ਨਿਕਲਣ ਦਾ ਸਾਧਨ ਸ਼ਬਦ ਰਾਹੀਂ ਮਰਨਾ ਹੈ ਤਾਂ ਜੋ ਉਸ ਪ੍ਰਮਾਤਮਾ ਨਾਲ ਸਾਡੀ ਲਿਵ ਜੁੜ ਜਾਏ। ਸ਼ਬਦ ਦੁਆਰਾ ਮਰਨਾ ਕੀ ਹੈ, ਗੁਰੂ ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਮਤਿ ਨੂੰ ਮੰਨਣ ਦੁਆਰਾ, ਸ਼ਬਦ ਦੀ ਮਤਿ ਨੂੰ ਮੰਨਕੇ ਆਪਣੀ ਨਾ-ਸਮਝ ਮਤਿ ਵਿੱਚੋਂ ਨਿਕਲਣਾ ਸ਼ਬਦ ਦੁਆਰਾ ਮਰਨਾ ਹੈ ਜਿਸ ਨਾਲ ਮਨ ਦੇ ਵਿੱਚ ਗੁਰੂ ਪ੍ਰਮਾਤਮਾ ਨਾਲ ਸਾਡੀ ਲਿਵ ਜੁੜਦੀ ਹੈ ਤੇ ਉੱਪਰ ਵਾਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ‘‘ਸ਼ਬਦ ਮਰਨਾ’’ ਨਾਲ ਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਆਪਣੇ ‘‘ਅਚਰੁ’’ ਭਾਵ ਔਗੁਣ ਚਰਨੇ ਪੈਣਗੇ, ਖਾਣੇ ਪੈਣਗੇ, ਤਿਆਗਣੇ ਪੈਣਗੇ ਤੇ ਤਾਂ ਹੀ ਸਾਡੇ ਅੰਦਰ ਦਾ ਭਰਮ ਨਿਕਲ ਸਕਦਾ ਹੈ, ਸਾਡੀ ਦੁਚਿੱਤੀ ਦੂਰ ਹੋ ਸਕਦੀ ਹੈ ਭਾਵ ਸਾਡੀ ਨਾ-ਸਮਝ ਮਤਿ ਦੂਰ ਹੋ ਸਕਦੀ ਹੈ। ਔਗੁਣਾਂ ਨੂੰ ‘‘ਅਚਰ’’ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹਨਾਂ ਨੂੰ ਚਰਨਾ ਭਾਵ ਖਾਣਾ ਬਹੁਤ ਔਖਾ ਹੈ। ਆਪਣੇ ਅੰਦਰ ਦੇ ਔਗੁਣਾਂ ਨੂੰ ਖਾਣ ਲਈ ਆਪਣੇ ਅੰਦਰ ਦੀ ਨਾ-ਸਮਝ ਮਤਿ ਨੂੰ ਖਾਣਾ ਪੈਂਦਾ ਹੈ ਭਾਵ ਛੱਡਣਾ ਪੈਂਦਾ ਹੈ ਜੋ ਮਾਇਆ ਮੋਹ ਦੀ ਭਰੀ ਹੋਈ ਹੈ, ਭਰਮਾਂ ਦੀ ਭਰੀ ਹੋਈ ਹੈ, ਤ੍ਰਿਸ਼ਨਾਵਾਂ ਦੀ ਭਰੀ ਹੋਈ ਹੈ। ਆਪਣੀ ਮਤਿ ਨੂੰ ਛੱਡਣਾ ਹੀ ਸਭ ਤੋਂ ਔਖਾ ਹੈ ਜੋ ਕਿ ਸਾਡੇ ਲਈ ਅਚਰ ਹੈ। ਇਹ ਮਨੁੱਖ ਦੇ ਵੱਸ ਵਿੱਚ ਨਹੀਂ ਹੈ, ਪ੍ਰਮਾਤਮਾ ਆਪ ਹੀ ਕਿਸੇ ਤੇ ਕਿਰਪਾ ਕਰਕੇ ਉਸਨੂੰ ਔਗੁਣਾਂ ਵਿੱਚੋਂ, ਮਾਇਆ ਮੋਹ ਵਿੱਚੋਂ, ਮਨਮਤਿ ਵਿੱਚੋਂ ਕੱਢ ਸਕਦਾ ਹੈ। ‘‘ਅਚਰ’’ ਚਰਨਾਂ ਜਾਂ ਸਾਡੇ ਅੰਦਰ ਗੁਰਮਤਿ ਦਾ ਵੱਸਣਾ, ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ। ਜਦ ਤੱਕ ਸਾਡੇ ਅੰਦਰ ਭਰਮ ਹੈ ਭਾਵ ਜਦ ਤੱਕ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਨਹੀਂ ਹੈ ਤਦ ਤੱਕ ਹੀ ਅਸੀਂ ਮਾਇਆ ਮੋਹ ਵਿੱਚ ਹਾਂ ਤੇ ਇਸੇ ਵਿੱਚੋਂ ਸਾਨੂੰ ਗੁਰੂ ਦੀ ਸੱਚੀ ਸੋਝੀ ਹੀ ਕੱਢਦੀ ਹੈ। ਸਾਰੀ ਗੱਲ ਆਪਣੀ ਅਗਿਆਨਤਾ ਵਾਲੀ ਮਾੜੀ ਸਮਝ ਦੇ ਤਿਆਗ ਦੀ ਹੈ ਤੇ ਇਸੇ ਦੁਆਰਾ ਅਸੀਂ ਜੀਵਨ ਮੁਕਤ ਹੋ ਸਕਦੇ ਹਾਂ, ਔਗੁਣਾਂ ਤੋਂ, ਮਾਇਆ ਮੋਹ ਤੋਂ, ਹਉਮੈ ਤੋਂ ਮੁਕਤ ਹੋ ਸਕਦੇ ਹਾਂ ਤੇ ਤਾਂ ਹੀ ਸਾਡੇ ਅੰਦਰ ਨਾਮ ਵੱਸਦਾ ਹੈ, ਸੱਚ ਵੱਸਦਾ ਹੈ, ਗੁਰੂ ਦਾ ਉਪਦੇਸ਼ ਵੱਸਦਾ ਹੈ ਭਾਵ ਉਸ ਤੇ ਅਮਲ ਹੁੰਦਾ ਹੈ ਤੇ ਇਸੇ ਤਰ੍ਹਾਂ ਹੀ ਅਸੀਂ ਮਨ ਦੀ ਸੱਚੀ ਸਮਝ ਰਾਹੀਂ ਉਸ ਪ੍ਰਮਾਤਮਾ ਦੇ ਵਿੱਚ ਸਮਾਅ ਸਕਦੇ ਹਾਂ। ਕਿਸੇ ਵਿਰਲੇ ਤੇ ਹੀ ਪ੍ਰਮਾਤਮਾ ਦੀ ਇਹ ਬਖਸ਼ਿਸ਼ ਹੁੰਦੀ ਹੈ ਕਿਉਂਕਿ ਕੋਈ ਵਿਰਲਾ ਹੀ ਗੁਰੂ ਦੇ ਉਪਦੇਸ਼ ਤੇ ਚੱਲ ਸਕਦਾ ਹੈ ਜੋ ਕਿ ਸ਼ਬਦ ਵਿੱਚ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

3/218 ਅਤੇ 218-ਅ

"ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥

ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥"

ਜੋ ਗੱਲ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਸਮਝਾਈ ਗਈ ਸੀ, ਉਸ ਦਾ ਨਤੀਜਾ ਹੀ ਇਨ੍ਹਾਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਧਰਮ ਗ੍ਰੰਥਾਂ ਦੇ ਪੜ੍ਹਨ ਵਾਲਿਆਂ ਦਾ, ਗਿਆਨ ਲੈਣ ਵਾਲਿਆਂ ਦਾ ਜੱਗ ਭਰਿਆ ਪਿਆ ਹੈ ਭਾਵ ਕੋਈ ਕਮੀ ਨਹੀਂ ਹੈ, ਪਾਠ ਪੂਜਾ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ ਹੈ ਪਰ ਉਸ ਪਾਠ ਤੇ, ਗੁਰੂ ਦੇ ਗਿਆਨ ਤੇ ਕੋਈ ਵਿਰਲਾ ਹੀ ਚੱਲਦਾ ਹੈ। ਗੁਰੂ ਦਾ ਗਿਆਨ ਸਾਨੂੰ ਚੰਗੇ ਆਚਾਰ ਕਰਨ ਲਈ ਪ੍ਰੇਰਦਾ ਹੈ ਲੇਕਿਨ ‘‘ਆਚਾਰ’’ ਭਾਵ ਸੱਚੇ ਸੁੱਚੇ ਕਰਮ, ਕੋਈ ਵਿਰਲਾ ਹੀ ਕਰਦਾ ਹੈ, ਗੁਰੂ ਦੀ ਗੱਲ ਤੇ ਅਮਲ ਕੋਈ ਵਿਰਲਾ ਹੀ ਕਰਦਾ ਹੈ, ਮਨ ਦੀ ਅਗਿਆਨਤਾ ਤੋਂ, ਭਰਮਾਂ ਵਾਲੀ ਸਮਝ ਤੋਂ ਮੁਕਤ ਕੋਈ ਵਿਰਲਾ ਹੀ ਹੁੰਦਾ ਹੈ ਜੋ ਆਪਣੀ ਹਉਮੈ, ਮਨਮਤਿ ਤਿਆਗ ਕੇ ਗੁਰੂ ਦੀ ਮਤਿ ਲੈਂਦਾ ਹੈ। ਹਰ ਕੋਈ ਮਾਇਆ ਦੇ ਬੰਧਨ ਵਿੱਚ ਬੱਝਿਆ ਹੋਇਆ ਹੈ, ਅਗਿਆਨਤਾ ਦੇ ਬੰਧਨ ਵਿੱਚ ਬੱਝਿਆ ਹੋਇਆ ਹੈ ਭਾਵੇਂ ਉਹ ਆਪਣੀ ਆਪਣੀ ਸਮਝ ਦੁਆਰਾ ਕਿੰਨਾ ਵੱਡਾ ਗਿਆਨੀ ਹੈ, ਪੰਡਿਤ ਹੈ, ਵਿਦਵਾਨ ਹੈ। ਜੇਕਰ ਅਮਲ ਨਹੀਂ ਤਾਂ ਇਹੋ ਜਿਹੇ ਗਿਆਨ ਦਾ ਕੋਈ ਲਾਭ ਨਹੀਂ। ਕੋਈ ਵਿਰਲਾ ਹੀ ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਿਚਾਰਦਾ ਹੈ ਭਾਵ ਮੰਨਦਾ ਹੈ ਤੇ ਜੀਵਨ ਮੁਕਤ ਹੁੰਦਾ ਹੈ। ਕੋਈ ਵਿਰਲਾ ਹੀ ਆਪਣੇ ਆਪ ਨੂੰ ਇਸ ਮਾਇਆ ਦੇ ਬੰਧਨਾਂ ਤੋਂ ਮੁਕਤ ਕਰਦਾ ਹੈ, ਔਗੁਣਾਂ ਤੋਂ ਮੁਕਤ ਕਰਦਾ ਹੈ ਤੇ ਉਹ ਹੀ ਆਪਣੀ ਹਉਮੈ ਨੂੰ ਮਾਰਦਾ ਹੈ ਭਾਵ ਆਪਣੀ ਹਉਮੈ ਮਾਰਨ ਦਾ ਇਹੀ ਤਰੀਕਾ ਹੈ। ਸਾਡੇ ਅੰਦਰ ਮਾਇਆ ਦਾ ਬੰਧਨ ਜਾਂ ਹਉਮੈ ਦਾ ਬੰਧਨ ਇੱਕੋ ਹੀ ਗੱਲ ਹੈ। **(ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ**

ਆਚਾਰੀ॥)। ਇਹੋ ਜਿਹਾ ਮਨੁੱਖ ਹੀ ਪਰਉਪਕਾਰੀ ਬਣਦਾ ਹੈ ਜੋ ਕਿ ਆਪਣੇ ਚੰਗੇ ਆਚਾਰ ਦੁਆਰਾ ਬਣਦਾ ਹੈ। **(ਵਿਦਿਆ ਵੀਚਾਰੀ ਤਾਂ ਪਰਉਪਕਾਰੀ॥)**। ਅੰਗ - ੩੫੬

ਸਤਿਗੁਰੂ ਨੂੰ ਭੇਟਣਾ ਕੀ ਹੈ, ਇਹ ਵੀ ਇੱਥੇ ਸਪੱਸ਼ਟ ਕੀਤਾ ਹੋਇਆ ਹੈ। ਸਤਿਗੁਰੂ ਨੂੰ ਭੇਟਣਾ ਸਤਿਗੁਰ ਦੀ ਮਤਿ ਨੂੰ, ਸਮਝ ਨੂੰ ਭੇਟਣਾ ਭਾਵ ਮੰਨਣਾ ਹੀ ਹੈ, ਉਸਦੇ ਉਪਦੇਸ਼ ਤੇ ਅਮਲ ਕਰਨਾ ਹੀ ਹੈ, ਆਪਣੀ ਹਉਮੈ ਤਿਆਗਣਾ ਹੀ ਹੈ, ਕੇਵਲ ਮੱਥੇ ਟੇਕਣਾ ਨਹੀਂ ਹੈ। ਸਤਿਗੁਰੂ ਦੀ ਮਤਿ ਲਏ ਬਿਨ੍ਹਾਂ ਸਾਡਾ ਅਹੰਕਾਰ ਨਹੀਂ ਜਾ ਸਕਦਾ, ਉਲਟਾ ਅਸੀਂ ਆਪਣਾ ਮਾਨ ਵਧਾਈ ਜਾਂਦੇ ਹਾਂ ਕਿਉਂਕਿ ਅਸੀਂ ਕੇਵਲ ਪੜ੍ਹਨ ਤੱਕ ਹੀ ਰਹਿੰਦੇ ਹਾਂ ਤੇ ਅਸਲੀ ਕੰਮ ਜੋ ਉਸ ਨੂੰ ਮੰਨਣ ਦਾ ਹੈ ਉਸ ਤੋਂ ਦੂਰ ਹੀ ਰਹਿੰਦੇ ਹਾਂ। ਇਹ ਗੱਲ ਸਾਨੂੰ ਆਮ ਜੀਵਨ ਵਿੱਚ ਵੇਖਣ ਨੂੰ ਮਿਲਦੀ ਹੈ ਕਿਉਂਕਿ ਇਹੋ ਜਿਹੇ ਪੜ੍ਹਨ ਵਾਲਿਆਂ ਦੀ ਕੋਈ ਕਮੀ ਨਹੀਂ ਹੈ, ਜਗ ਭਰਿਆ ਪਿਆ ਹੈ। ਇਹ ਗੁਰੂ ਦਾ ਆਪਣਾ ਫੁਰਮਾਨ ਹੈ। ਗੁਰੂ ਜੋ ਕਹਿੰਦਾ ਹੈ ਉਹ ਅਸਲੀਅਤ ਹੀ ਹੁੰਦੀ ਹੈ ਤੇ ਉਹੀ ਕੁੱਝ ਜਗ ਵਿੱਚ ਵਰਤ ਰਿਹਾ ਹੈ। ਇਹ ਉਸ ਦੀ ਮਾਇਆ ਦੀ ਜੁਗਤਿ ਹੈ। ਨਾਮ ਜਪਣ ਦੀ ਗੱਲ ਕਰਨ ਵਾਲਿਆਂ ਦੀ ਤਾਂ ਕੋਈ ਕਮੀ ਨਹੀਂ ਹੈ, ਬਹੁਤ ਹਨ, ਪਰ ਨਾਮ ਜਪਣਾ ਕੀ ਹੈ ਇਸ ਨੂੰ ਸਮਝਣ ਲਈ ਵੀ ਕੋਈ ਵਿਰਲਾ ਹੀ ਉੱਦਮ ਕਰਦਾ ਹੈ, ਨਾਮ ਜਪਣਾ ਤੇ ਬੜੀ ਦੂਰ ਦੀ ਗੱਲ ਹੈ। ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਿਚਾਰ ਤਾਂ ਕੋਈ ਵਿਰਲਾ ਹੀ ਕਰ ਸਕਦਾ ਹੈ ਭਾਵ ਉਸ ਤੇ ਅਮਲ ਤਾਂ ਕੋਈ ਵਿਰਲਾ ਹੀ ਕਰਦਾ ਹੈ। ਕੇਵਲ ਧਰਮ ਗ੍ਰੰਥਾਂ ਨੂੰ ਪੜਨ ਦੁਆਰਾ ਆਪਣੇ ਆਪ ਨੂੰ ਪੰਡਿਤ, ਗਿਆਨੀ ਅਖਵਾਉਣ ਦਾ ਮਾਣ ਭਾਵ ਧਰਮ ਦੇ ਮਾਰਗ ਦਾ ਵਿਦਵਾਨ ਅਖਵਾਉਣ ਦਾ ਮਾਣ ਹਰ ਕੋਈ ਕਰਦਾ ਹੈ ਕਿ ਉਸਨੂੰ ਧਰਮ ਗ੍ਰੰਥਾਂ ਦਾ ਬਹੁਤ ਗਿਆਨ ਹੈ। ਉਸ ਪ੍ਰਮਾਤਮਾ ਦੇ ਨਾਲ ਭੇਟ ਹੋਏ ਬਿਨ੍ਹਾਂ ਭਾਵ ਮੇਲ ਹੋਏ ਬਿਨ੍ਹਾਂ ਕਿਸੇ ਦਾ ਅਹੰਕਾਰ, ਹਉਮੈ ਨਹੀਂ ਮਿਟ ਸਕਦੀ। ਉਸਨੂੰ ਭੇਟਣ ਤੋਂ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ, ਸੰਤ ਜਾਂ ਬ੍ਰਹਮ ਗਿਆਨੀ ਕਹਿ ਸਕਦਾ ਹੈ। **(ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥)**

3/219 ਅਤੇ 219-ਅ

ਬਾਣੀ ਨੂੰ ਪੜ੍ਹ ਕੇ ਉਸ ਤੇ ਅਮਲ ਕਰਨਾ ਕਿਤਨਾ ਜਰੂਰੀ ਹੈ ਆਓ ਇਸੇ ਗੱਲ ਨੂੰ ਹੋਰ ਅੱਗੇ ਵਧਾਉਂਦੇ ਹੋਏ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ । ਇਸ ਸ਼ਬਦ ਰਾਹੀਂ ਸਾਨੂੰ ਇਹ ਵੀ ਬੜੀ ਬਰੀਕੀ ਨਾਲ ਸਮਝ ਪੈਂਦੀ ਹੈ ਕਿ ਨਾਮ ਕੀ ਹੈ, ਨਾਮ ਧੰਨ ਕੀ ਹੈ, ਵਣਜ ਕੀ ਹੈ।

ਪਉੜੀ ॥

“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥
ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ॥
ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ॥੬॥” (ਅੰਗ ੧੪੦)

ਸਾਰੀ ਗੱਲ ਬਾਣੀ ਨੂੰ ਪੜ੍ਹ ਕੇ ਉਸਨੂੰ ਮੰਨਣ ਦੀ ਹੈ ਪਰ ਅਸੀਂ ਦੂਜੀਆਂ ਵਿਚਾਰਾਂ ਵਿੱਚ ਪਏ ਰਹਿੰਦੇ ਹਾਂ, ਗਿਣਤੀਆਂ ਮਿਣਤੀਆਂ ਵਿੱਚ ਪਏ ਰਹਿੰਦੇ ਹਾਂ ਤੇ ਕੇਵਲ ਪੜ੍ਹਨ ਤੱਕ ਹੀ ਸੀਮਿਤ ਰਹਿੰਦੇ ਹਾਂ। ਸਭ ਤੋਂ ਪਹਿਲੇ ਸਮਝਾਇਆ ਹੋਇਆ ਹੈ ਕਿ ਸਾਨੂੰ ਇਨ੍ਹਾਂ ਵਿਚਾਰਾਂ ਵਿੱਚ ਨਹੀਂ ਪੈਣਾ ਚਾਹੀਦਾ ਕਿ ਪ੍ਰਮਾਤਮਾ ਦੇ ਨੇੜੇ ਹੋਣ ਲਈ, ਉਸਦੀ ਕ੍ਰਿਪਾ ਪਾਉਣ ਲਈ ਕਿਹੜਾ ਮਹੀਨਾ ਚੰਗਾ ਹੈ, ਰੁੱਤ ਚੰਗੀ ਹੈ, ਕਿਹੜੀ ਘੜੀ ਚੰਗੀ ਹੈ, ਮਹੂਰਤ ਚੰਗਾ ਹੈ ਭਾਵ ਕੋਈ ਫ਼ਰਕ ਨਹੀਂ ਹੈ ਕਿਉਂਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਹਰ ਵੇਲਾ ਇੱਕੋ ਜਿਹਾ ਹੀ ਹੈ, ਹਰ ਵੇਲਾ ਅੰਮ੍ਰਿਤ ਵੇਲਾ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ, ਕੋਈ

ਫ਼ਰਕ ਨਹੀਂ ਹੈ **(ਵੇਲਾ ਵਖਤ ਸਭਿ ਸੁਹਾਇਆ॥ ਜਿਤੁ ਸਚਾ ਮੇਰੇ ਮਨਿ ਭਾਇਆ॥)**। ਗੱਲ ਤਾਂ ਕੇਵਲ ਗੁਰੂ ਨਾਲ ਪਿਆਰ ਪਾਉਣ ਦੀ ਹੈ, ਉਸਦੇ ਨਾਲ ਜੁੜਨ ਦੀ ਹੈ, ਸਾਡੇ ਮਨ ਦੇ ਮੰਨਣ ਦੀ ਹੈ। ਬੜਾ ਸਪੱਸ਼ਟ ਹੈ ਕਿ ਸਾਨੂੰ ਕਿਸੇ ਗਿਣਤੀਆਂ ਮਿਣਤੀਆਂ ਵਿੱਚ ਨਹੀਂ ਪੈਣਾ ਚਾਹੀਦਾ। ਜੇ ਕੋਈ ਇਹ ਕਹਿੰਦਾ ਹੈ ਕਿ ਮੈਂ ਹਰ ਰੋਜ਼ ਇਤਨੇ ਪਾਠ ਕਰਦਾ ਹਾਂ, ਜਪ ਤਪ ਕਰਦਾ ਹਾਂ, ਇਤਨੀਆਂ ਬਾਣੀਆਂ ਦਾ ਗਿਆਤਾ ਹਾਂ, ਰੋਜ਼ ਇਤਨੇ ਘੰਟੇ ਪਾਠ ਪੂਜਾ ਵਿੱਚ ਲੱਗਾ ਰਹਿੰਦਾ ਹਾਂ, ਚੱਲੀਏ ਸੁਖਦਾ ਹਾਂ ਆਦਿਕ। ਇਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। (**ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥**) ਪੜ੍ਹ ਜਿਤਨਾ ਮਰਜ਼ੀ ਲਈਏ ਭਾਵ ਪਾਠ ਜਿਤਨੇ ਮਰਜ਼ੀ ਕਰ ਲਈਏ, ਸਾਰਾ ਸਾਰਾ ਦਿਨ ਧਰਮ ਅਸਥਾਨਾਂ ਤੇ ਬੈਠ ਕੇ, ਗੁਰਦੁਆਰੇ ਬੈਠ ਕੇ ਪਾਠ ਸੁਣਦੇ ਰਹੀਏ, ਕਥਾ ਸੁਣਦੇ ਰਹੀਏ ਪਰ ਜੇਕਰ ਇਹ ਸਭ ਕੁੱਝ ਸੁਣਕੇ, ਪੜ੍ਹਕੇ ਸਾਡੇ ਤੇ ਗੁਰੂ ਦੀ ਗੱਲ ਦਾ ਕੋਈ ਅਸਰ ਨਹੀਂ ਹੋਇਆ, ਅਸੀਂ ਆਪਣਾ ਲੋਭ ਲਾਲਚ ਨਹੀਂ ਛੱਡ ਸਕੇ, ਅਹੰਕਾਰ ਨਹੀਂ ਛੱਡ ਸਕੇ ਭਾਵ ਆਪਣੀ ਮਤਿ ਨਹੀਂ ਛੱਡੀ ਤੇ ਔਗੁਣਾਂ ਵਿੱਚ ਹੀ ਰਹੇ ਤਾਂ ਫਿਰ ਅਸੀਂ ਮੂਰਖ ਹੀ ਹਾਂ ਜਿਵੇਂ ਕਿ ਨਾਲ ਹੀ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥)**। ਗੁਰੂ ਸਾਹਿਬ ਨੇ ਸਾਨੂੰ ਭਾਵ ਪੂਰੇ ਸੰਸਾਰ ਨੂੰ ਬੜਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਮੂਰਖ ਕੌਣ ਹੈ ਤੇ ਸਿਆਣਾ ਕੌਣ ਹੈ। ਅਸੀਂ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣਾ ਹੀ ਆਪਣੀ ਸਿਆਣਪ ਸਮਝਦੇ ਹਾਂ ਜਦ ਕੇ ਸਿਆਣਾ ਉਹ ਹੈ ਜੋ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨ ਕੇ ਉਸ ਤੇ ਅਮਲ ਕਰਦਾ ਹੈ ਭਾਵ ਮਾੜੇ ਕਰਮ ਕਰਨੇ ਛੱਡਦਾ ਹੈ ਜੋ ਮਾੜੇ ਕਰਮ ਕਰਨ ਦੁਆਰਾ ਹਰ ਕੋਈ ਗੁਰੂ ਦੀਆਂ ਨਜਰਾਂ ਵਿੱਚ ਮੂਰਖ ਹੀ ਹੈ। ਗੁਰੂ ਦਾ ਸਪੱਸ਼ਟ ਉਪਦੇਸ਼ ਸਾਨੂੰ ਔਗੁਣਾਂ ਦੇ ਤਿਆਗ ਦਾ ਹੈ ਤੇ ਸਾਡੇ ਪਾਠ ਕਰਨ ਦਾ, ਪੜ੍ਹਨ ਦਾ, ਮਕਸਦ ਵੀ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਸਮਝ ਕੇ, ਉਸ ਤੇ ਅਮਲ ਕਰੀਏ, ਨਹੀਂ ਤਾਂ ਇਹੋ ਜਿਹਾ ਪੜ੍ਹਿਆ ਕਿਸੇ ਲੇਖੇ ਵਿੱਚ ਨਹੀਂ ਹੈ।

3/220

ਪੜ੍ਹਦੇ ਤਾਂ ਅਸੀਂ ਬਾਣੀ ਹੀ ਹਾਂ ਤੇ "ਬਾਣੀ" ਕੀ ਹੈ, ਬਾਣੀ ਪੜਨ ਦਾ ਮਕਸਦ ਕੀ ਹੈ, ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥"

ਹੁਣ ਧਿਆਨ ਨਾਲ ਸੋਚੋ ਕਿ ਨਾਮ ਕੀ ਹੈ। ਨਾਮ ਨੂੰ ਹੀ ਪੜ੍ਹਨਾ ਹੈ, ਨਾਮ ਨੂੰ ਹੀ ਸਮਝਣਾ ਹੈ, ਬੁੱਝਣਾ ਹੈ ਤੇ ਉਸਦੇ ਵਿੱਚੋਂ ਗੁਰੂ ਦੀ ਮਤਿ ਨੂੰ ਲੈ ਕੇ ਉਸਨੂੰ ਆਪਣੇ ਅੰਦਰ ਵਿਚਾਰਨਾ ਹੈ ਭਾਵ ਉਸ ਤੇ ਅਮਲ ਕਰਨਾ ਹੈ ਭਾਵ ਗੁਰੂ ਦੀ ਮਤਿ ਲੈ ਕੇ ਉਸਨੂੰ ਮੰਨਣਾ ਹੈ, ਲਭ, ਲੋਭ ਤੇ ਅਹੰਕਾਰ ਨੂੰ ਛੱਡਣਾ ਹੈ। ਹੁਣ ਧਿਆਨ ਨਾਲ ਸਮਝੋ ਇਹ ਕਿਹੜਾ "ਨਾਮ" ਹੈ ਜਿਹੜਾ ਸਾਨੂੰ ਇਤਨੀ ਮਤਿ ਦਿੰਦਾ ਹੈ, ਗਿਆਨ ਦਿੰਦਾ ਹੈ ਜਿਸਨੂੰ ਪੜ੍ਹਨਾ ਵੀ ਹੈ, ਸਮਝਣਾ ਵੀ ਹੈ ਤੇ ਉਸ ਤੇ ਅਮਲ ਵੀ ਕਰਨਾ ਹੈ। ਕੀ ਇਹ "ਨਾਮ" ਸਿਵਾਏ ਬਾਣੀ ਗੁਰੂ ਦੇ ਕੁੱਝ ਹੋਰ ਹੋ ਸਕਦਾ ਹੈ ਜੋ ਸਾਨੂੰ ਇਤਨੀ ਮਤਿ ਦੇ ਸਕਦਾ ਹੈ। ਜੇਕਰ ਨਾਮ ਅਸੀਂ ਅੱਖਰਾਂ ਦੇ ਮੰਤ੍ਰ ਨੂੰ ਸਮਝੀਏ ਜਿਸ ਵਿੱਚੋਂ ਕੋਈ ਗਿਆਨ ਨਹੀਂ ਮਿਲਦਾ, ਕੀ ਉਹ ਇਸ ਕਸਵੱਟੀ ਤੇ ਪੂਰਾ ਉਤਰ ਸਕਦਾ ਹੈ? ਅਸੀਂ ਆਪਣੇ ਆਪ ਨਾਲ ਕੇਵਲ ਇੱਕ ਧੱਕਾ ਕਰ ਰਹੇ ਹਾਂ, ਆਪਣੀ ਮਨ ਹਠਿ ਤੇ ਅੜੇ ਹੋਏ ਹਾਂ। ਅਸੀ ਆਪਣੀ ਸਾਰੀ ਭਗਤੀ ਦਾ ਦਾਅ, ਜੀਵਨ ਦੇ ਮਨੋਰਥ ਦਾ ਦਾਅ, ਇੱਕ ਅੱਖਰ ਦੇ ਉੱਪਰ ਲਗਾਇਆ ਹੋਇਆ ਹੈ ਜਿਸ ਨਾਲ ਸਾਨੂੰ ਇਹ ਜਨਮ ਹਾਰਨ ਤੋਂ ਕੋਈ ਨਹੀਂ ਬਚਾ ਸਕਦਾ। ਨਾਮ ਦੀ ਸੋਝੀ ਪੈਣ ਤੋਂ ਬਿਨ੍ਹਾਂ ਅਸੀਂ ਭਗਤੀ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ ਜਿਵੇਂ ਕਿ ਵਾਰ-ਵਾਰ ਬਾਣੀ ਸਾਨੂੰ ਸਮਝਾ ਰਹੀ ਹੈ।

ਜੋ ਗੁਰੂ ਦੀ ਮਤਿ ਤੇ ਚੱਲਦਾ ਹੈ ਭਾਵ ਜਿਸਨੇ ਗੁਰੂ ਦੀ ਮਤਿ ਨੂੰ ਵਿਚਾਰਿਆ ਹੈ ਭਾਵ ਬਾਣੀ ਨੂੰ ਪੜ੍ਹ ਕੇ, ਉਸ ਵਿੱਚ ਦੱਸੇ ਹੋਏ ਗਿਆਨ ਨੂੰ ਸਮਝ ਕੇ, ਉਸਦੀ ਮਤਿ ਨੂੰ ਵਿਚਾਰਿਆ ਹੈ, ਅਮਲ ਕੀਤਾ ਹੈ ਭਾਵ ਲਬ, ਲੋਭ, ਅਹੰਕਾਰ ਆਦਿ ਦਾ ਤਿਆਗ ਕੀਤਾ ਹੈ ਭਾਵ ਔਗੁਣਾਂ ਨੂੰ ਤਿਆਗ ਕੇ ਗੁਣਾਂ ਨੂੰ ਗ੍ਰਹਿਣ ਕੀਤਾ ਹੈ, ਉਨ੍ਹਾਂ ਨੇ "ਨਾਮ ਧਨ" ਖੱਟਿਆ ਹੈ **(ਗੁਰਮਤੀ ਨਾਮੁ ਧਨੁ ਖਟਿਆ)**। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਕਿ "ਨਾਮ ਧਨ" ਗੁਰੂ ਦੇ ਸੱਚੇ ਗਿਆਨ ਦਾ ਧੰਨ ਹੈ, ਗੁਰਮਤਿ ਦੀ ਸੱਚੀ ਸਮਝ ਦਾ ਧੰਨ ਹੈ, ਗੁਰੂ ਦੇ ਗੁਣਾਂ ਦਾ ਧੰਨ ਹੈ ਤੇ ਇਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਇਕੱਠਾ ਕਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ ਕਿਉਂਕਿ ਸਾਡੀ ਸੰਸਾਰ ਦੇ ਵਿੱਚ ਚੰਗੀ ਵਿਚਰਨ ਗੁਣਾਂ ਦੁਆਰਾ ਹੀ ਹੋ ਸਕਦੀ ਹੈ ਭਾਵ ਸਾਡੇ ਅੰਦਰ ਗੁਰਮਤਿ ਵਾਲੀ ਸੱਚੀ ਸਮਝ ਵੱਸਣ ਦੁਆਰਾ ਹੀ ਹੋ ਸਕਦੀ ਹੈ। ਭਗਤੀ ਸਾਡੀ ਸੰਸਾਰਿਕ ਵਿਚਰਨ ਹੀ ਹੈ।

3/221

ਪ੍ਰਮਾਤਮਾ ਦੇ ਭਗਤ ਇਨ੍ਹਾਂ ਗੁਣਾਂ ਦਾ ਭੰਡਾਰ ਹੀ ਆਪਣੇ ਅੰਦਰ ਇੱਕਠਾ ਕਰਦੇ ਹਨ **(ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥)**।

{ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥}

(ਅੰਗ ੫)

ਪ੍ਰਮਾਤਮਾ ਨੂੰ ਪਾਉਣ ਦੀ ਵਣਜ ਇਨ੍ਹਾਂ ਗੁਣਾਂ ਦੁਆਰਾ ਹੀ ਹੁੰਦੀ ਹੈ। ਜਿਸ ਨੇ ਗੁਰੂ ਦੇ ਉਪਦੇਸ਼ ਨੂੰ ਮੰਨਿਆ ਭਾਵ ਆਪਣੇ ਅੰਦਰ ਗੁਣਾਂ ਨੂੰ ਇਕੱਠਾ ਕੀਤਾ, ਉਹ ਹੀ ਪ੍ਰਮਾਤਮਾ ਦੇ ਸੱਚੇ ਦਰ ਤੇ ਪਹੁੰਚਿਆ ਭਾਵ ਉਸ ਦੀ ਭਗਤੀ ਹੀ ਕਬੂਲ ਹੋਈ।

(ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥)

(ਅੰਗ ੧੪੦)

ਇਹ ਮਨੁੱਖੀ ਸਰੀਰ ਮਨੁੱਖ ਦਾ ਆਪਣਾ ਨਹੀਂ ਹੈ, ਸਾਡੇ ਅੰਦਰ ਗਿਆਨ ਉਸੇ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ, ਜੋਤਿ ਉਸੇ ਦੀ ਵਰਤ ਰਹੀ ਹੈ ਤੇ ਉਸਦੇ ਦਰਸ਼ਨ ਆਪਣੇ ਅੰਦਰੋਂ ਹੀ ਹੋਣੇ ਹਨ, ਉਸ ਦਾ ਦਰ ਸਾਡੇ ਅੰਦਰ ਹੀ ਹੈ। ਉਹ ਸੱਚਾ ਸ਼ਾਹ, ਆਪਣਾ ਨਾਮ ਦੇਣ ਵਾਲਾ ਸ਼ਾਹ, ਆਪਣੇ ਨਾਲ ਮੇਲ ਕਰਾਉਣ ਵਾਲਾ ਸ਼ਾਹ ਉਹ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ, ਹੋਰ ਕੋਈ ਨਹੀਂ ਹੋ ਸਕਦਾ, ਬਾਕੀ ਸਭ ਜਗਤ ਉਸਦਾ ਕੇਵਲ ਵਣਜਾਰਾ ਹੈ, ਉਸਦੇ ਕੋਲੋਂ ਵਣਜ ਲੈਣ ਭਾਵ ਉਸ ਕੋਲੋਂ ਉਸਦੀ ਸੱਚੀ ਸਮਝ ਲੈਣ ਵਾਲਾ ਹੈ ਜਿਸ ਕੋਲ ਸਚੀ ਵਣਜ ਕਰਨ ਵਾਲੀ ਸਮਝ ਨਹੀਂ ਹੈ। ਸਚੀ ਵਣਜ ਕਰਨ ਵਾਲਾ ਨਾਮ ਦੀ ਵਣਜ ਕਰਨ ਵਾਲਾ ਭਾਵ ਸੱਚੇ ਗਿਆਨ ਦੀ ਵਣਜ ਕਰਨ ਵਾਲਾ ਕੇਵਲ ਗੁਰੂ ਹੈ, ਆਪ ਪ੍ਰਮਾਤਮਾ ਹੈ ਜਿਸਨੂੰ ਨਾਮ ਦੀ ਸੱਚੀ ਸਮਝ ਹੈ, ਬ੍ਰਹਮ ਗਿਆਨ ਦੀ ਸੱਚੀ ਸਮਝ ਹੈ, ਭਗਤੀ ਦੇ ਮਾਰਗ ਦੀ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਸੱਚੀ ਸਮਝ ਹੈ। ਨਾਮ ਦੀ ਸੱਚੀ ਸਮਝ ਪਏ ਬਿਨ੍ਹਾਂ ਨਾਮ ਦੀ ਵਣਜ ਕਰਨ ਵਾਲੇ ਭਾਵ ਆਪਣੀ ਝੂਠੀ ਸਮਝ ਵੇਚਣ ਵਾਲੇ, ਜੋ ਕਿਸੇ ਅੱਖਰ ਨੂੰ ਹੀ ਨਾਮ ਸਮਝਾਉਂਦੇ ਹਨ ਉਹ ਬਹੁਤ ਹਨ, ਪੂਰੇ ਸੰਸਾਰ ਦੇ ਵਿੱਚ ਹਨ ਪਰ ਨਾਮ ਦੀ ਵਣਜ ਕੀ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ ਭਾਵ ਇਹ ਸਮਝ ਕੇਵਲ ਗੁਰੂ ਰੂਪ ਪ੍ਰਮਾਤਮਾ ਦੇ ਕੋਲ ਹੀ ਹੈ। **(ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ॥੬॥)** ਪ੍ਰਮਾਤਮਾ ਤੇ ਮਨੁੱਖ ਦੇ ਵਿੱਚ ਕੇਵਲ ਇੱਕ ਪੜਦਾ ਹੈ ਤੇ ਹੋਰ ਕੋਈ ਵੀ ਨਹੀਂ ਹੈ। ਹੋਰ ਕੋਈ ਸਾਨੂੰ ਉਸਦੇ ਨਾਲ ਨਹੀਂ ਮਿਲਾ ਸਕਦਾ। ਗੁਰੂ ਵੀ ਕੋਈ ਹੋਰ ਨਹੀਂ ਹੈ, ਉਹ ਆਪ ਹੀ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਰੂਪ ਹੀ ਹੈ। ਗੁਰੂ "ਸ਼ਬਦ" ਹੈ ਤੇ ਸ਼ਬਦ ਦਾ ਮਾਲਕ, ਸ਼ਬਦ ਦੇ ਗਿਆਨ ਦਾ ਮਾਲਕ ਉਹ ਆਪ ਹੀ ਹੈ।

ਪਿਛਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਹ ਸਮਝਿਆ ਹੈ ਕਿ ਕੇਵਲ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਭਗਤੀ ਨਹੀਂ ਹੈ। ਕੇਵਲ ਅੱਖਰਾਂ ਤੇ ਭਰੋਸਾ ਕਰੀ ਜਾਣਾ, ਕੇਵਲ ਲਿਖਤ ਤੇ ਭਰੋਸਾ ਕਰੀ ਜਾਣਾ ਸਾਡੇ ਸੱਚੇ ਮਨੋਰਥ ਦੀ ਪੂਰਤੀ ਨਹੀਂ ਕਰਦਾ। ਕੇਵਲ ਅੱਖਰ ਤੇ ਭਰੋਸਾ ਕਰਨਾ, ਉਸਨੂੰ ਭਗਤੀ ਸਮਝਣਾ ਸਾਡੀ ਇੱਕ ਭੁੱਲ ਹੈ ਤੇ ਇਹੀ ਗੱਲ ਹੇਠਾਂ ਦਿੱਤੇ ਹੋਏ ਸ਼ਬਦ ਦੁਆਰਾ ਸਪੱਸ਼ਟ ਕੀਤੀ ਹੋਈ ਹੈ ਤੇ ਭਗਤੀ ਕਰਨ ਦਾ ਸਹੀ ਤਰੀਕਾ ਵੀ ਸਮਝਾਇਆ ਹੋਇਆ ਹੈ। ਤਰੀਕਾ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਕੋਈ ਵੱਖਰਾ ਨਹੀਂ ਹੋ ਸਕਦਾ। ਕੇਵਲ ਸਮਝਣ ਦੀ ਲੋੜ ਹੈ।

"ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥੧॥
ਬਾਬਾ ਮਾਇਆ ਭਰਮਿ ਭੁਲਾਇ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ॥੧॥ਰਹਾਉ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ॥
ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ॥੨॥

ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ॥
ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥੪॥
ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ॥
ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ॥
ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ॥੬॥
ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ॥੮॥੧੨॥"

(ਅੰਗ ੬੦-੬੧)

ਅਸੀਂ ਪ੍ਰਮਾਤਮਾ ਦੀ ਭਗਤੀ ਅਨੇਕਾਂ ਤਰੀਕਿਆਂ ਦੁਆਰਾ, ਆਪਣੀ-ਆਪਣੀ ਮਤਿ ਦੁਆਰਾ ਕਰਦੇ ਹਾਂ, ਆਪਣੇ-ਆਪਣੇ ਤਰੀਕੇ ਦੁਆਰਾ ਅਸੀਂ ਪ੍ਰਮਾਤਮਾ ਵਿੱਚ ਆਪਣੀ ਸ਼ਰਧਾ ਪ੍ਰਗਟ ਕਰਦੇ ਹਾਂ, ਉਸਨੂੰ ਖੋਜਦੇ ਹਾਂ। ਹਰ ਕਿਸੇ ਨੂੰ ਆਪਣਾ ਤਰੀਕਾ ਹੀ ਚੰਗਾ ਲੱਗਦਾ ਹੈ ਤੇ ਉਹ ਇਹੀ ਸਮਝਦਾ ਹੈ ਕਿ ਮੈਂ ਪ੍ਰਮਾਤਮਾ ਨੂੰ ਪਾ ਲੈਣਾ ਹੈ, ਇਸ ਤਰੀਕੇ ਪ੍ਰਮਾਤਮਾ ਨੂੰ ਖੁਸ਼ ਕਰ ਲੈਣਾ ਹੈ।

3/222

ਇੱਥੇ ਇਹ ਸਮਝਾਇਆ ਹੈ ਕਿ ਭਗਤੀ ਕਰਨਾ ਕੀ ਹੈ, ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ, ਇਹ ਕੇਵਲ ਗੁਰੂ ਜਾਣਦਾ ਹੈ, ਪ੍ਰਮਾਤਮਾ ਆਪ ਜਾਣਦਾ ਹੈ। ਕੇਵਲ ਇੱਕ ਗੁਰੂ ਹੈ ਜਿਸਨੂੰ ਭੁਲੇਖਾ ਨਹੀਂ ਹੈ ਕਿ ਭਗਤੀ ਕਿਵੇਂ ਹੋਣੀ ਹੈ। ਬਾਕੀ ਹਰ ਕੋਈ ਭੁਲੇਖੇ ਵਿੱਚ ਹੀ ਹੈ, ਭਰਮ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ ਭਾਵ ਹਰ ਕੋਈ ਭੁੱਲਿਆ ਹੋਇਆ ਹੈ ਭਾਵ ਸੱਚੀ ਭਗਤੀ ਨੂੰ ਸਮਝਣ ਦੇ ਵਿੱਚ ਅਸਮਰੱਥ ਹੈ। ਅਸਲੀਅਤ ਕੇਵਲ ਗੁਰੂ ਕੋਲੋਂ ਹੀ ਜਾਣੀ ਜਾ ਸਕਦੀ ਹੈ। ਇਸ ਸ਼ਬਦ ਰਾਹੀਂ ਭਗਤੀ ਕਰਨ ਦੇ ਵੱਖਰੇ-ਵੱਖਰੇ ਤਰੀਕਿਆਂ ਦਾ ਜ਼ਿਕਰ ਕੀਤਾ ਹੋਇਆ ਹੈ ਜਿਸ ਦੁਆਰਾ ਕਿ ਆਮ ਤੌਰ ਤੇ ਦੁਨੀਆਂ ਭਗਤੀ ਵਿੱਚ ਲੱਗੀ ਹੋਈ ਹੈ। ਹਰ ਕੋਈ ਆਪਣੇ ਤਰੀਕੇ ਨੂੰ ਸਹੀ ਸਮਝ ਕੇ ਹੀ ਲੱਗਿਆ ਹੋਇਆ ਹੈ, ਪਰ ਸਾਨੂੰ ਇਹ ਸਮਝਾਇਆ ਹੈ ਕਿ ਇਹ ਸਾਰੇ ਤਰੀਕੇ ਗਲਤ ਹਨ ਭਾਵ ਹਰ ਕੋਈ ਭੁੱਲਿਆ ਹੋਇਆ ਹੈ, ਭੁਲੇਖੇ ਵਿੱਚ ਹੈ। ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਵਾਰ ਜਾਣਿਆ ਹੈ ਕਿ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਆਪਣੇ ਅੰਦਰ ਦੇ ਗਿਆਨ ਦੁਆਰਾ ਕਰਦੇ ਹਾਂ, ਆਪਣੀ ਸੋਚ ਦੁਆਰਾ ਕਰਦੇ ਹਾਂ ਤੇ ਆਪਣੀ ਸੋਚ ਨੂੰ ਠੀਕ ਸਮਝਦੇ ਹਾਂ। ਪਰ ਹਕੀਕਤ ਇਹ ਹੈ ਕਿ ਸਾਡੇ ਅੰਦਰ ਜੋ ਗਿਆਨ ਵਰਤਦਾ ਹੈ ਉਹ ਸਾਡਾ ਨਹੀਂ ਹੈ, ਪ੍ਰਮਾਤਮਾ ਦਾ ਦਿੱਤਾ ਹੋਇਆ ਹੈ, ਸਾਡੇ ਅੰਦਰ ਉਸਦਾ ਹੁਕਮ ਉਸਦੇ ਦਿੱਤੇ ਹੋਏ ਗਿਆਨ ਦੁਆਰਾ,

ਉਸਦੀ ਦਿੱਤੀ ਹੋਈ ਸਮਝ ਦੁਆਰਾ, ਸੋਚ ਦੁਆਰਾ ਵਰਤ ਰਿਹਾ ਹੈ। ਜੇਕਰ ਅਸੀਂ ਕਿਸੇ ਭੁਲੇਖੇ ਵਿੱਚ ਹਾਂ ਤਾਂ ਉਸਦੀ ਦਿੱਤੀ ਹੋਈ ਸੋਚ ਦੁਆਰਾ ਹੀ ਹਾਂ। ਇੱਥੇ ਇਹ ਸਮਝਾਇਆ ਹੈ ਕਿ ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਭੁਲਾਇਆ ਹੋਇਆ ਹੈ ਜੋ ਕਿ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਉਸਨੇ ਸਾਨੂੰ ਆਪ ਹੀ ਮਨ ਦੀ ਨਾ-ਸਮਝੀ ਵਿੱਚ ਰੱਖਕੇ, ਮਨਮੁੱਖ ਬਣਾ ਕੇ ਆਪਣੇ ਤੋਂ, ਸੱਚ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ **(ਮਨਮੁਖਿ ਭੂਲੈ ਭੂਲਾਈਐ)**। ਇਹ ਉਸਦੀ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਪ੍ਰਮਾਤਮਾ ਤੋਂ ਦੂਰ ਹੀ ਰੱਖਦੀ ਹੈ ਤੇ ਉਸਦੀ ਇਹ ਮਾਇਆ ਦੀ ਜੁਗਤਿ ਹੀ ਸਭ ਵਿੱਚ ਵਰਤ ਰਹੀ ਹੈ ਜਿਸਨੇ ਮਨੁੱਖ ਨੂੰ ਤ੍ਰੈਗੁਣ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜੋ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਜਾਨਣ ਦਾ ਉੱਦਮ ਕੀਤਾ ਹੈ। **(ਬਾਬਾ ਮਾਇਆ ਭਰਮਿ ਭੂਲਾਇ॥)**। ਜਿਸਨੂੰ ਵੀ ਪ੍ਰਮਾਤਮਾ ਨੇ ਆਪਣੀ ਮਾਇਆ ਦੀ ਜੁਗਤਿ ਦੁਆਰਾ ਭਰਮਾਇਆ ਹੋਇਆ ਹੈ, ਭਗਤੀ ਦੇ ਪੁੱਠੇ ਮਾਰਗ ਤੇ ਲਾਇਆ ਹੋਇਆ ਹੈ, ਉਸਨੂੰ ਪ੍ਰਮਾਤਮਾ ਦੇ ਦਰ ਤੇ ਠਿਕਾਣਾ ਨਹੀਂ ਮਿਲ ਸਕਦਾ। **(ਭੂਲੀ ਠਉਰ ਨ ਕਾਇ॥)**

3/223

ਜਿਸ ਕਿਸੇ ਨੂੰ ਵੀ ਪ੍ਰਮਾਤਮਾ ਨੇ ਭੁਲਾਇਆ ਹੋਇਆ ਹੈ, ਉਲਝਾਇਆ ਹੋਇਆ ਹੈ, ਗੁਰੂ ਦੇ ਸਹੀ, ਸੱਚੇ ਗਿਆਨ ਤੋਂ ਵਾਂਝਾ ਰੱਖਿਆ ਹੋਇਆ ਹੈ, ਉਹ ਇਸ ਦੁਨੀਆਂ ਤੋਂ ਕੇਵਲ ਠੱਗਿਆ ਹੋਇਆ ਹੀ ਜਾਂਦਾ ਹੈ ਭਾਵ ਮਾਇਆ ਦੀ ਜੁਗਤਿ ਉਸਨੂੰ ਠੱਗ ਰਹੀ ਹੈ, ਪ੍ਰਮਾਤਮਾ ਨੂੰ ਪਾਉਣ ਤੋਂ ਦੂਰ ਰੱਖ ਰਹੀ ਹੈ।

(ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥)

ਮਾਇਆ ਦੀ ਠੱਗੀ ਵਿੱਚੋਂ ਸਾਨੂੰ ਗੁਰੂ ਦਾ ਗਿਆਨ ਪਦਾਰਥ ਹੀ ਕੱਢ ਸਕਦਾ ਹੈ ਕਿਉਂਕਿ ਮਾਇਆ ਦੀ ਠੱਗੀ ਸਾਡੇ ਅੰਦਰ ਉਸਦੇ ਪਾਏ ਹੋਏ ਭਰਮ ਹਨ ਜੋ ਸਾਨੂੰ ਸੱਚਾਈ ਜਾਨਣ ਤੋਂ ਦੂਰ ਰੱਖਦੇ ਹਨ, ਭਗਤੀ ਦਾ ਸੱਚਾ ਮਾਰਗ ਜਾਨਣ ਤੋਂ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰੱਖਦੇ ਹਨ। ਮਾਇਆ ਦੀ ਜੁਗਤਿ ਦੁਆਰਾ ਸਾਡੇ ਅੰਦਰ ਪਾਏ ਹੋਏ ਭਰਮ ਹੀ ਸਾਡਾ ਪ੍ਰਮਾਤਮਾ ਦੇ ਨਾਲ ਪੜਦਾ ਹੈ, ਹਉਮੈ ਰੂਪ ਪੜਦਾ ਹੈ ਜੋ ਅਗਿਆਨਤਾ ਰੂਪ ਪੜਦਾ ਗੁਰੂ ਦੇ "ਗਿਆਨ ਪਦਾਰਥ" ਦੁਆਰਾ ਹੀ ਖੁੱਲ੍ਹ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਗੁਰੂ ਦਾ ਗਿਆਨ ਪਦਾਰਥ ਹੀ ਨਾਮ ਹੈ।

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

ਮਾਇਆ ਦੀ ਠੱਗੀ ਵਿੱਚੋਂ ਸਾਨੂੰ ਨਾਮ ਨੇ ਹੀ ਕੱਢਣਾ ਹੈ, ਗੁਰੂ ਦੇ ਸੱਚੇ ਗਿਆਨ ਨੇ ਹੀ ਕੱਢਣਾ ਹੈ ਤੇ ਠੱਗੀ ਵਿੱਚੋਂ, ਅਗਿਆਨਤਾ ਵਿੱਚੋਂ, ਮਨ ਦੇ ਭਰਮਾ ਵਿੱਚੋਂ ਅਸੀਂ ਤਾਂ ਹੀ ਨਿਕਲ ਪਾਵਾਂਗੇ ਜਦੋਂ ਨਾਮ ਦੇ ਅਸਲ ਮਕਸਦ ਨੂੰ ਸਮਝਾਂਗੇ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਅੰਦਰ ਵਸਾਵਾਂਗੇ ਤੇ ਗੁਰੂ ਕੋਲੋਂ ਭਗਤੀ ਦਾ ਸੱਚਾ ਮਾਰਗ ਸਮਝਾਂਗੇ। "ਗਿਆਨ ਪਦਾਰਥ" ਨੂੰ "ਨਾਮ" ਕਹਿਆ ਹੈ। ਗਿਆਨ ਦਾ ਪਦਾਰਥ ਗਿਆਨ ਦੇ ਅੰਦਰ ਦੀ ਸਮਝ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਗਿਆਨ ਹੀ ਦਿੰਦਾ ਹੈ ਭਾਵ ਸੱਚੀ ਸਮਝ ਹੀ ਦਿੰਦਾ ਹੈ ਜੋ ਸਮਝ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੀ ਹੈ ਜੋ ਕਿ "ਨਾਮ" ਹੈ ਭਾਵ "ਗਿਆਨ ਪਦਾਰਥ" ਹੈ। ਗੁਰੂ ਆਪਣੇ ਸੱਚੇ ਗਿਆਨ ਦੁਆਰਾ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ।

ਗੁਰੂ ਬਿਨ੍ਹਾਂ ਕੋਈ ਹੋਰ ਸਾਨੂੰ ਭਗਤੀ ਦਾ ਸਹੀ ਮਾਰਗ ਨਹੀਂ ਦਿਖਾ ਸਕਦਾ ਭਾਵ ਗੁਰੂ ਬਿਨ੍ਹਾਂ ਭਗਤੀ ਦੇ ਮਾਰਗ ਨੂੰ ਹੋਰ ਕੋਈ ਨਹੀਂ ਜਾਣਦਾ, ਉਸ ਤੋਂ ਬਿਨ੍ਹਾਂ ਹਰ ਕੋਈ ਅਗਿਆਨਤਾ ਵਿੱਚ ਹੈ ਭਾਵ ਗੁਰੂ ਦੇ ਗਿਆਨ ਤੋਂ ਬਿਨ੍ਹਾਂ ਮਨੁੱਖ ਜਿਹੋ ਜਿਹੀ ਭਗਤੀ ਕਰਦਾ ਹੈ ਉਸ ਨਾਲ ਉਸਦਾ ਜਨਮ ਮਰਨ ਨਹੀਂ ਮਿਟ ਸਕਦਾ, ਮਨ ਦੀ ਅਗਿਆਨਤਾ ਨਹੀਂ ਮਿਟ ਸਕਦੀ, ਸਾਡੀ "ਹਉਮੈ" ਨਹੀਂ ਮਿਟ ਸਕਦੀ। ਸਾਡੇ ਮਨ ਦਾ ਅੰਧਾਪਣ ਭਾਵ ਅਗਿਆਨਤਾ ਹੀ ਸਾਡਾ ਆਵਾਗਉਣ ਹੈ ਜੋ ਕਿ ਮਨੁੱਖ ਦਾ ਸਭ ਤੋਂ ਵੱਡਾ ਭਰਮ ਹੈ। ਭਰਮ ਨਿਕਲਣ ਤੋਂ ਬਾਅਦ ਮਨੁੱਖ ਨੂੰ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਵਾਗਉਣ ਤੋਂ, ਜਨਮ-ਮਰਨ ਤੋਂ ਰਹਿਤ ਹੈ। **(ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥)**। ਜਦੋਂ ਗੁਰੂ ਦੀ ਰਜ਼ਾ ਹੋਵੇਗੀ, ਜਿਸ ਤੇ ਉਸਦੀ ਕ੍ਰਿਪਾ ਹੋਵੇਗੀ, ਉਸ ਨੂੰ ਹੀ ਭਗਤੀ ਦੇ ਸਹੀ ਮਾਰਗ ਤੇ ਪਾਵੇਗਾ। ਆਪਣੀ ਮਤਿ ਦੁਆਰਾ ਹਰ ਕੋਈ ਭਟਕਿਆ ਹੀ ਹੋਇਆ ਹੈ। ਅਸੀਂ ਇਸ ਮਤਿ ਨੂੰ ਆਪਣੀ ਸਮਝਦੇ ਹਾਂ ਪਰ ਅਸਲ ਵਿੱਚ ਇਹ ਮਤਿ ਸਾਡੀ ਆਪਣੀ ਨਹੀਂ ਹੈ। ਸਾਨੂੰ ਜਦੋਂ ਵੀ ਸੋਝੀ ਪੈਣੀ ਹੈ, ਇਸ ਮਤਿ ਰਾਹੀਂ ਹੀ ਪੈਣੀ ਹੈ, ਕੇਵਲ ਸਾਡੀ ਸੋਚ ਹੀ ਬਦਲਣੀ ਹੈ ਜਿਸ ਦੁਆਰਾ ਸਾਡੇ ਤੇ ਗੁਰੂ ਦੀ ਕ੍ਰਿਪਾ ਹੋ ਸਕਦੀ ਹੈ।

ਸਾਡੀ ਇਸੇ "ਸੋਚ" ਨੂੰ ਹੀ ਬਾਣੀ ਵਿੱਚ ਅਨੇਕਾਂ ਵਾਰ ਠਗਉਰੀ ਕਿਹਾ ਗਿਆ ਹੈ, "ਮੋਹ ਠਗਉਰੀ" ਕਿਹਾ ਗਿਆ ਹੈ, ਪ੍ਰੇਮ ਠਗਉਰੀ ਵੀ ਕਿਹਾ ਗਿਆ ਹੈ। ਜੇ ਅਸੀਂ ਠੱਗੇ ਜਾ ਰਹੇ ਹਾਂ, ਉਲਝੇ ਹੋਏ ਹਾਂ ਤੇ ਇਸੇ ਸੋਚ ਦੁਆਰਾ ਠੱਗੇ ਜਾ ਰਹੇ ਹਾਂ। ਜੇਕਰ ਮੋਹ ਮਾਇਆ ਵਿੱਚ ਫਸੇ ਹਾਂ ਤਾਂ ਇਸੇ ਸੋਚ ਦੁਆਰਾ ਹੀ ਫਸੇ ਹਾਂ, ਜੇਕਰ ਪ੍ਰਮਾਤਮਾ ਤੋਂ ਦੂਰ ਹਾਂ ਤਾਂ ਇਸੇ ਸੋਚ ਦੁਆਰਾ ਹੀ ਦੂਰ ਹਾਂ। ਜਦੋਂ ਪ੍ਰਮਾਤਮਾ ਨਾਲ ਪ੍ਰੇਮ ਪੈਣਾ ਹੈ ਤਾਂ ਇਸੇ ਸੋਚ ਦੁਆਰਾ ਹੀ ਪੈਣਾ ਹੈ। ਇਹ ਸੋਚ ਹੀ ਸਾਡੇ ਦਿਮਾਗ ਦੀ ਕਮਾਂਡ ਹੈ ਜੋ ਸਾਡੇ ਅੰਦਰ ਸਾਡੇ ਵਿਚਾਰਾਂ ਦੀ ਲਗਨ ਹੈ, ਧੁਨਿ ਹੈ, ਜੋ ਪ੍ਰਮਾਤਮਾ ਦੇ ਹੱਥ ਵਿੱਚ ਹੈ। ਉਹ ਜਿਹੋ ਜਿਹੀ ਕਮਾਂਡ ਦਿੰਦਾ

ਹੈ ਭਾਵ ਮਨ ਦੀ ਸਮਝ ਰਾਹੀਂ ਹੁਕਮ ਦਿੰਦਾ ਹੈ ਮਨੁੱਖ ਉਹੀ ਕੁੱਝ ਕਰਦਾ ਹੈ। ਸਾਰੀ ਮਰਜ਼ੀ ਉਸਦੀ ਹੈ, ਉਹ ਜੋ ਚਾਹੇ, ਸਾਡੇ ਕੋਲੋਂ ਉਹੀ ਕੁੱਝ ਕਰਵਾਉਂਦਾ ਹੈ। ਮਰਜ਼ੀ ਉਸਦੀ ਹੈ ਭਾਵੇਂ ਉਹ ਸਾਨੂੰ ਭੁਲੇਖੇ ਵਿੱਚ ਰੱਖੇ, ਉਲਝਣਾਂ ਵਿੱਚ ਰੱਖੇ ਤੇ ਭਾਵੇਂ ਸਾਨੂੰ ਇਨ੍ਹਾਂ ਉਲਝਣਾਂ ਵਿੱਚੋਂ ਕੱਢ ਕੇ ਸਿੱਧੇ ਮਾਰਗ ਤੇ ਪਾ ਦੇਵੇ। ਹੋਣਾ ਸਭ ਕੁੱਝ ਉਸਦੀ ਦਿੱਤੀ ਹੋਈ ਸੋਚ ਦੁਆਰਾ ਹੀ ਹੈ ਭਾਵੇਂ ਉਹ ਸਾਡੇ ਅੰਦਰ ਮੋਹ ਠਗਉਰੀ ਪਾਈ ਰੱਖੇ ਤੇ ਭਾਵੇਂ ਉਸ ਵਿੱਚੋਂ ਕੱਢਕੇ ਸਾਡੇ ਅੰਦਰ ਪ੍ਰੇਮ ਠਗਉਰੀ ਪਾ ਦੇਵੇ। ਜਦੋਂ ਵੀ ਸਾਨੂੰ ਮੋਹ ਮਾਇਆ ਵਿੱਚੋਂ ਕੱਢਣਾ ਹੈ, ਉਸਨੇ ਆਪ ਹੀ ਕੱਢਣਾ ਹੈ।

3/224

ਮਨੁੱਖ ਨੇ ਕੇਵਲ ਉੱਦਮ ਹੀ ਕਰਨਾ ਹੈ। ਮਨ ਦੀ ਸਮਝ ਦੁਆਰਾ ਮਨੁੱਖ ਆਪਣੇ ਆਪ ਨੂੰ ਰੱਬ ਤੋਂ ਵੱਖਰਾ ਸਮਝਦਾ ਹੈ ਤੇ ਰੱਬ ਦੇ ਨਾਲ ਮੇਲ ਦਾ ਉੱਦਮ ਵੀ ਮਨੁੱਖ ਨੇ ਆਪ ਹੀ ਕਰਨਾ ਹੈ, ਗੁਰੂ ਦੇ ਸਮਝਾਏ ਹੋਏ ਮਾਰਗ ਤੇ ਚੱਲਣ ਦਾ ਜੋ ਔਖਾ ਕੰਮ ਹੈ ਉਸਨੂੰ ਕਬੂਲ ਕਰਨਾ ਹੈ। ਮਨੁੱਖ ਦਾ ਉੱਦਮ ਉਹ ਆਪਣੀ ਕ੍ਰਿਪਾ ਦੁਆਰਾ ਆਪ ਹੀ ਸਿਰੇ ਚੜ੍ਹਾਉਂਦਾ ਹੈ, ਫਿਰ ਮੋਹ ਠਗਉਰੀ ਪ੍ਰੇਮ ਠਗਉਰੀ ਵਿੱਚ ਬਦਲ ਜਾਂਦੀ ਹੈ। ਇਸ ਠਗਉਰੀ ਨੂੰ ਸਮਝਣ ਲਈ ਹੇਠ ਦਿੱਤੇ ਕੁੱਝ ਸ਼ਬਦਾਂ ਨੂੰ ਵਿਚਾਰਿਆ ਜਾ ਸਕਦਾ ਹੈ। ਸਾਡੀ ਇਹ ਸੋਚ ਕੀ ਹੈ, ਮਨ ਦੀ ਸਮਝ ਕੀ ਹੈ, ਇਸ ਬਾਰੇ ਪਿੱਛੇ ਵੀ ਅਨੇਕਾਂ ਸਬਦਾਂ ਦੁਆਰਾ ਸਮਝਾਇਆ ਹੋਇਆ ਹੈ। ਜਦੋਂ ਇਸ ਠਗਉਰੀ ਦੀ ਸਮਝ ਆ ਜਾਵੇਗੀ ਤਾਂ ਉਸ ਠੱਗ ਦੀ ਪਹਿਚਾਣ ਵੀ ਆਪਣੇ ਅੰਦਰੋਂ ਹੀ ਹੋ ਜਾਵੇਗੀ ਕਿ ਕਿਵੇਂ ਉਸ ਠੱਗ ਦੁਆਰਾ ਸਾਰੀ ਦੁਨੀਆਂ ਠੱਗੀ ਜਾ ਰਹੀ ਹੈ।

{ਪਾਇ ਠਗਉਰੀ ਆਪਿ ਭੁਲਾਇਓ॥
ਨਾਨਕ ਕਿਰਤੁ ਨ ਜਾਇ ਮਿਟਾਇਓ॥੨॥}

(ਅੰਗ ੧੦੦੫)

{ਪਾਇ ਠਗਉਰੀ ਆਪਿ ਭੁਲਾਇਓ ਜਨਮਤ ਬਾਰੋ ਬਾਰ॥}

(ਅੰਗ ੧੨੨੩)

{ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ॥}

(ਅੰਗ ੮੧)

{ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ ਭਾਰੀ॥}

(ਅੰਗ ੭੦੨)

{ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ॥੧॥}

(ਅੰਗ ੬੧)

{ਕਹਿ ਕਬੀਰ ਠਗ ਸਿਉ ਮਨੁ ਮਾਨਿਆ॥
ਗਈ ਠਗਉਰੀ ਠਗੁ ਪਹਿਚਾਨਿਆ॥੩॥}

(ਅੰਗ ੩੩੧)

{ਜੀਅ ਕੀ ਜੋਤਿ ਨ ਜਾਨੈ ਕੋਈ ॥
ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥}

(ਅੰਗ ੧੩੫੧)

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥}

(ਅੰਗ ੪੪੧)

3/225

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥}

(ਅੰਗ ੫੯)

{ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥
ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥
ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥
ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ ॥
ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥}

(ਅੰਗ ੮੨)

{ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥}

(ਅੰਗ ੯੫੨)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਜਿਸ ਰਾਹੀਂ ਸਾਡੇ ਭਗਤੀ ਵਾਲੇ ਤਰੀਕਿਆਂ ਨੂੰ ਗਹਿਰਾਈ ਨਾਲ ਖੰਡਿਆ ਹੋਇਆ ਹੈ।

ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਕਿ ਇਹ ਮਨ ਮਨੁੱਖ ਦਾ ਆਪਣਾ ਨਹੀਂ ਹੈ ਤੇ ਇਸ ਮਨ ਨੂੰ ਹੀ ਸਮਝਣ ਦੀ ਲੋੜ ਹੈ। ਸਾਡੀਆਂ ਸਾਰੀਆਂ ਤ੍ਰਿਸ਼ਨਾਵਾਂ ਸਾਡੇ ਮਨ ਦੇ ਅੰਦਰੋਂ ਹੀ ਉਪਜਦੀਆਂ ਹਨ ਜਿਨ੍ਹਾਂ ਕਰਕੇ ਅਸੀਂ ਦੁਖੀ ਹੁੰਦੇ ਹਾਂ। ਜੇਕਰ ਇਹ ਮਨ ਸਾਡਾ ਆਪਣਾ ਹੈ ਤੇ ਫਿਰ ਅਸੀਂ ਇਨ੍ਹਾਂ ਤ੍ਰਿਸ਼ਨਾਵਾਂ ਤੇ ਕਾਬੂ ਕਿਉਂ ਨਹੀਂ ਪਾ ਸਕਦੇ, ਇਨ੍ਹਾਂ ਦੁੱਖਾਂ ਵਿੱਚੋਂ ਕਿਉਂ ਨਹੀਂ ਨਿਕਲ ਸਕਦੇ। ਜੇਕਰ ਅਸੀਂ ਇਸ ਮਨ ਨੂੰ ਆਪਣਾ ਸਮਝਦੇ ਹਾਂ ਤਾਂ ਫਿਰ ਇਹ ਸਾਡੇ ਅਨੁਸਾਰ ਚੱਲਣਾ ਚਾਹੀਦਾ ਹੈ ਪਰ ਇਹ ਸਾਡੇ ਅਨੁਸਾਰ ਨਹੀਂ ਚੱਲਦਾ। ਇਹ ਮਨ ਹੀ ਆਪ ਪ੍ਰਮਾਤਮਾ ਹੈ ਜਿਸ ਦੁਆਰਾ ਉਹ ਸਾਰੇ ਸੰਸਾਰ ਵਿੱਚ ਵਰਤ ਰਿਹਾ ਹੈ, ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੇ ਆਪਣੀ ਮਾਇਆ ਦੀ ਜੁਗਤਿ ਦੁਆਰਾ ਸਾਨੂੰ ਇਹ ਸੋਝੀ ਪੈਣ ਤੋਂ ਦੂਰ ਰੱਖਿਆ ਹੋਇਆ ਹੈ। ਉਸਦੇ ਸੋਝੀ ਪਾਏ ਬਿਨ੍ਹਾਂ, ਉਸਦੀ ਕ੍ਰਿਪਾ ਹੋਏ ਬਿਨ੍ਹਾਂ ਉਸ ਨੂੰ ਕੋਈ ਨਹੀਂ ਜਾਣ ਸਕਦਾ। ਬਾਣੀ ਦੇ ਵਿੱਚ ਮਨੁੱਖ ਨੂੰ ਵਾਰ-ਵਾਰ "ਮਨ" ਕਹਿ ਕੇ ਸੰਬੋਧਨ ਕੀਤਾ ਹੈ ਕਿਉਂਕਿ ਪ੍ਰਮਾਤਮਾ ਨੇ ਮਨੁੱਖ ਨੂੰ ਆਪ ਹੀ ਆਪਣੇ ਤੋਂ ਵੱਖਰਾ ਕੀਤਾ ਹੋਇਆ ਹੈ, ਆਪ ਹੀ ਉਸਦੀ ਵੱਖਰੀ ਹੋਂਦ ਬਣਾਈ ਹੋਈ ਹੈ, ਆਪਣਾ ਸਰਗੁਣ ਸਰੂਪ ਬਣਾਇਆ ਹੋਇਆ ਹੈ ਪਰ ਅੰਦਰ ਨਿਰਗੁਣ ਸਰੂਪ ਵਿੱਚ ਵਰਤਦਾ ਆਪ ਹੀ ਹੈ। ਇਸੇ ਲਈ ਕਦੇ ਇਸ "ਮਨ" ਨੂੰ ਮਾੜਾ ਕਿਹਾ ਗਿਆ ਹੈ ਤੇ ਕਦੇ ਇਸੇ "ਮਨ" ਨੂੰ "ਆਪ ਗੁਰੂ ਕਰਤਾਰ" ਕਿਹਾ ਗਿਆ ਹੈ। ਇਸ "ਮਨ" ਦੀ ਹੀ ਤਾਂ ਅਸੀਂ ਪਹਿਚਾਣ ਕਰਨੀ ਹੈ, ਖੋਜਣਾ ਹੈ, ਤਾਂ ਕਿ ਸਾਨੂੰ ਸਮਝ ਆ ਸਕੇ ਕਿ ਅਸਲ ਵਿੱਚ ਇਹ ਮਨ ਸਾਡਾ ਨਹੀਂ ਹੈ, ਆਪ ਪ੍ਰਮਾਤਮਾ ਹੈ। ਇਸੇ ਲਈ ਤਾਂ ਸਾਨੂੰ ਵਾਰ-ਵਾਰ ਬਾਣੀ ਵਿੱਚ ਸਮਝਾਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਉਸਨੇ ਸਾਡੇ ਅੰਦਰੋਂ ਹੀ ਪ੍ਰਗਟ ਹੋਣਾ ਹੈ, ਨਾਮ ਸਾਡੇ ਅੰਦਰ ਹੀ ਹੈ, ਉਸਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੋਣੀ ਹੈ, ਉਸਦੇ ਨਾਲ ਮੇਲ ਮਨ ਦੇ ਵਿੱਚ ਹੀ ਹੋਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਵਾਰੀ ਸਮਝਿਆ ਹੈ। ਪ੍ਰਮਾਤਮਾ ਨੂੰ ਪਾਉਣ ਦੀ ਨਿਸ਼ਾਨੀ ਕੀ ਹੈ, ਇਹ ਵੀ ਬਾਣੀ ਦੇ ਵਿੱਚ ਹੀ ਸਮਝਾਇਆ ਹੋਇਆ ਹੈ ਜੋ ਕਿ ਹੇਠ ਦਿੱਤੀ ਪੰਗਤੀ ਦੁਆਰਾ ਜਾਣਿਆ ਜਾ ਸਕਦਾ ਹੈ।

3/226

"ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥੩॥"

(ਅੰਗ ੧੦੬)

ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ, ਮਨ ਦੀ ਸਮਝ ਦੇ ਰੂਪ ਵਿੱਚ ਉਹ ਆਪ ਹੀ ਹੈ। ਮਨ ਦੇ ਵਿੱਚ ਕੇਵਲ ਸਮਝ ਹੀ ਉਪਜਦੀ ਹੈ, ਵਿਚਾਰ ਹੀ ਉਪਜਦੇ ਹਨ ਜਿਨ੍ਹਾਂ ਰਾਹੀਂ ਸਾਨੂੰ ਸਾਰੀ ਸਮਝ ਪੈਂਦੀ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮਨ ਦੀ ਸਮਝ ਦੁਆਰਾ ਮੇਲ ਹੋਣ ਨਾਲ ਇਹ ਸਮਝ ਹੀ ਪੈਂਦੀ ਹੈ ਕਿ ਮਨੁੱਖ ਦਾ ਹੋਣਾ ਕੇਵਲ ਇੱਕ ਭੁਲੇਖਾ ਹੀ ਹੈ, ਸਾਡੀ ਹੋਂਦ ਕੇਵਲ ਇੱਕ ਝੂਠੀ ਹੋਂਦ ਹੈ। ਜਦ ਤੱਕ ਅਸੀਂ ਆਪਣੇ ਅੰਦਰ ਚੱਲ ਰਹੇ ਉਸਦੇ ਹੁਕਮ ਨੂੰ ਨਹੀਂ ਪਛਾਣਦੇ ਤਦ ਤੱਕ ਅਸੀਂ ਆਪਣੇ ਆਪ ਨੂੰ ਨਹੀਂ ਬੁੱਝ ਸਕਦੇ, ਪਛਾਣ ਸਕਦੇ ਤੇ ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਅਸੀਂ ਆਪਣੀ ਹੋਂਦ ਨੂੰ ਹੀ ਸੱਚੀ ਸਮਝਦੇ ਹਾਂ ਜੋ ਕਿ ਅਸਲ ਵਿੱਚ ਹੈ ਹੀ ਨਹੀਂ। ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਨੂੰ ਮਿਲਣ ਦੀ, ਉਸਦੇ ਨਾਲ ਮੇਲ ਦੀ ਨਿਸ਼ਾਨੀ ਇਹੋ ਹੀ ਹੈ ਕਿ ਇਸ ਮਨ ਦੀ ਸੋਝੀ ਪੈ ਜਾਣੀ ਕਿ ਇਹ ਮਨ ਦੇ ਰੂਪ ਵਿੱਚ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਪਰ ਇਸ ਗੱਲ ਦੀ ਸੋਝੀ ਆਪਣੇ ਅੰਦਰ ਚੱਲ ਰਹੇ ਉਸਦੇ ਹੁਕਮ ਨੂੰ ਬੁੱਝ ਕੇ ਹੀ ਪੈਂਦੀ ਹੈ ਜੋ ਹੁਕਮ ਉਸਦਾ ਹਰ ਵੇਲੇ ਸਾਡੇ ਅੰਦਰ ਮਨ ਦੀ ਸਮਝ ਰਾਹੀਂ ਚੱਲ ਰਹਿਆ ਹੈ। **(ਮਨਿ ਇਕੋ ਸਚਾ ਹੁਕਮੁ ਪਛਾਣੀ॥)** ਮਨ ਤੋਂ ਬਿਨ੍ਹਾਂ ਪ੍ਰਮਾਤਮਾ ਨੂੰ ਕਿਤੇ ਹੋਰ ਜਗ੍ਹਾਂ ਲੱਭਣਾ ਬਹੁਤ ਵੱਡਾ ਭੁਲੇਖਾ ਹੈ।

(ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ॥)

(ਅੰਗ ੪੬੮)

(ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਨੁ॥)

(ਅੰਗ ੪੪੧)

ਰੱਬ ਨੂੰ ਮਿਲਣ ਦੀ ਨਿਸ਼ਾਨੀ ਤਾਂ ਇਹ ਹੀ ਹੈ ਕਿ ਸਾਨੂੰ ਸਮਝ ਲੱਗ ਜਾਵੇ ਕਿ ਸਾਡੇ ਮਨ ਦੇ ਵਿੱਚ ਉਹ ਪ੍ਰਮਾਤਮਾ ਆਪ ਹੀ ਹੈ ਤੇ ਉਸੇ ਦਾ ਹੁਕਮ ਵਰਤ ਰਿਹਾ ਹੈ। ਸਾਡੇ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਮਾਇਆ ਮੋਹ ਵਾਲੀ, ਹਉਮੈ ਵਾਲੀ ਸਮਝ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਉਸਦਾ ਹੁਕਮ ਸਭ ਦੇ ਅੰਦਰ ਹਰ ਵੇਲੇ ਚੱਲਦਾ ਰਹਿੰਦਾ ਹੈ, ਮਨ ਦੀ ਸਮਝ ਰਾਹੀਂ ਚੱਲਦਾ ਰਹਿੰਦਾ ਹੈ ਜੋ ਉਸ ਦਾ ਹੁਕਮ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ, ਚੌਥੇ ਪਦ ਵਿੱਚ ਪਹੁੰਚ ਕੇ ਹੀ ਬੁੱਝਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜੇਕਰ ਇਸ ਤੋਂ ਇਲਾਵਾ ਕੋਈ ਰੱਬ ਨੂੰ ਮਿਲਣ ਦੀ ਨਿਸ਼ਾਨੀ ਹੋਰ ਦੱਸਦਾ ਹੈ, ਕਿਸੇ ਖੰਡਾਂ ਬ੍ਰਹਿਮੰਡਾਂ ਦੀ ਗੱਲ ਕਰਦਾ ਹੈ, ਰਿੱਧੀਆਂ ਸਿੱਧੀਆਂ ਤੇ ਕਰਾਮਾਤਾਂ ਵਿੱਚੋਂ ਰੱਬ ਨੂੰ ਲੱਭਣਾ ਦੱਸਦਾ ਹੈ ਜਾਂ ਹੋਰ ਵੀ ਕਿਸੇ ਤਰੀਕੇ ਦੀਆਂ ਪ੍ਰਾਪਤੀਆਂ ਦੀ ਗੱਲ ਕਰਦਾ ਹੈ, ਦਰਸ਼ਨਾਂ ਦੀ ਗੱਲ ਕਰਦਾ ਹੈ ਤੇ ਫਿਰ ਆਪ ਹੀ ਸੋਚੋ ਕਿ ਕੀ ਇਹ ਗੱਲਾਂ ਗੁਰੂ ਦੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ ਜਾਂ ਗੁਰੂ ਗਲਤ ਹੈ ਤੇ ਜਾਂ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਗਲਤ ਹਨ ਤੇ ਕੀ ਕਦੇ ਗੁਰੂ ਵੀ ਗਲਤ ਹੋ ਸਕਦਾ ਹੈ, ਪ੍ਰਮਾਤਮਾ ਦੀ ਆਪਣੀ ਦੱਸੀ ਹੋਈ ਗੱਲ ਵੀ ਗਲਤ ਹੋ ਸਕਦੀ ਹੈ। ਜਿਸਦੇ ਨਾਲ ਮਿਲਣਾ ਹੈ ਉਹ ਆਪ ਹੀ ਆਪਣੇ ਨਾਲ ਮਿਲਣ ਦੀ ਨਿਸ਼ਾਨੀ ਸਮਝਾ ਰਿਹਾ ਹੈ ਤੇ ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ, ਜਿਸ ਤੇ ਯਕੀਨ ਕੀਤਾ ਜਾ ਸਕੇ। ਸੰਸਾਰ ਉਲਝਣਾਂ ਨਾਲ ਭਰਿਆ ਹੋਇਆ ਹੈ ਅਤੇ ਇਹ ਉਲਝਣਾਂ ਉਸਦੀਆਂ ਆਪਣੀਆਂ ਪਾਈਆਂ ਹੋਈਆਂ ਹਨ, ਹਰ ਕੋਈ ਉਸਦਾ ਆਪਣਾ ਹੀ ਭੁਲਾਇਆ ਹੋਇਆ ਹੈ **(ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ॥,** ਅੰਗ ੬੮੬) **(ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥੫॥** ਅੰਗ ੮੮੫)।

3/227

ਆਓ ਹੁਣ ਜਿੱਥੋਂ ਮੁੱਖ ਸ਼ਬਦ ਦੀ ਵਿਆਖਿਆ ਸ਼ੁਰੂ ਕੀਤੀ ਸੀ, ਉੱਥੇ ਵਾਪਸ ਆਈਏ ਤੇ ਸ਼ਬਦ ਦੇ ਮੂਲ ਅਰਥਾਂ ਨੂੰ ਅੱਗੇ ਵਧਾਈਏ ਤੇ ਸਮਝੀਏ ਕਿ ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਭੁਲਾਇਆ ਹੋਇਆ ਹੈ।

“ਬਾਬਾ ਮਾਇਆ ਭਰਮਿ ਭੁਲਾਇ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ॥੧॥ਰਹਾਉ॥”

ਇਸ ਉੱਪਰ ਵਾਲੇ ਸ਼ਬਦ ਦੀ “ਰਹਾਉ” ਵਾਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਕਿ ਜਿਸਨੂੰ ਵੀ ਪ੍ਰਮਾਤਮਾ ਨੇ ਭਗਤੀ ਦੇ ਅਸਲ ਮਾਰਗ ਤੋਂ ਭੁਲਾਇਆ ਹੋਇਆ ਹੈ, ਉਸਦੀ ਕੀਮਤ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੇਵਲ ਡੋਹਾਗਣੀ ਵਾਲੀ ਹੈ ਜੋ ਪਤੀ ਨਾਲ ਨਹੀਂ ਮਿਲੀ ਹੋ ਸਕਦੀ ਭਾਵ ਪ੍ਰਮਾਤਮਾ ਦੇ ਇਹੋ ਜਿਹੇ ਭੁਲਾਏ ਹੋਏ ਮਨੁੱਖ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਕਿਉਂਕਿ ਇਹ ਉਸ ਨੂੰ ਮਿਲਣ ਦਾ ਤਰੀਕਾ ਹੀ ਨਹੀਂ ਹੈ, ਸਾਡਾ ਭਗਤੀ ਦਾ ਸਹੀ ਮਾਰਗ ਹੀ ਨਹੀਂ ਹੈ ਤੇ ਉਸਨੇ ਆਪ ਹੀ ਸਾਨੂੰ ਪੁੱਠੇ

ਮਾਰਗ ਪਾਇਆ ਹੋਇਆ ਹੈ ਜੋ ਕਿ ਸਭ ਨੂੰ ਉਸਨੇ ਮਨ ਦੇ ਵਿੱਚ ਆਪਣੀ ਮਾਇਆ ਦੀ ਜੁਗਤਿ ਦੁਆਰਾ ਭੁਲਾਇਆ ਹੋਇਆ ਹੈ। ਮਨ ਦੀ ਮਾਇਆ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਜਿਵੇਂ ਕਿ ਉੱਪਰ ਪੰਗਤੀ ਰਾਹੀਂ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਜਿਹੜੇ ਮਨੁੱਖ ਸੱਚ ਦੀ ਪ੍ਰਾਪਤੀ ਲਈ, ਮਨ ਦੀ ਸ਼ਾਂਤੀ ਦੀ ਖੋਜ ਵਿੱਚ ਦੇਸ ਦਿੰਸਤਰ ਘੁੰਮਦੇ ਫਿਰਦੇ ਹਨ, ਅਨੇਕਾਂ ਦੁਆਰਿਆਂ ਤੇ ਆਪਣੀ-ਆਪਣੀ ਸ਼ਰਧਾ ਮੁਤਾਬਿਕ ਜਾਂਦੇ ਹਨ, ਪ੍ਰਮਾਤਮਾ ਨੂੰ ਲੱਭਦੇ ਹਨ, ਉਹ ਸਭ ਭੁੱਲੇ ਹੋਏ ਹੀ ਹਨ, ਭੁਲੇਖੇ ਵਿੱਚ ਹਨ ਭਾਵ ਇਸ ਤਰੀਕੇ ਨਾਲ ਉਨ੍ਹਾਂ ਦੇ ਮਨ ਵਿੱਚ ਸੰਤੋਖ ਨਹੀਂ ਆ ਸਕਦਾ, ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ **(ਮਨਮੁਖਿ ਭੂਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥ ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥) (ਭੂਲੀ ਫਿਰੈ ਦਿਸੰਤਰੀ)** ਅਨੇਕਾਂ ਹੀ ਮਨੁੱਖ ਪ੍ਰਮਾਤਮਾ ਦੀ ਭਾਲ ਵਿੱਚ ਆਪਣੀ ਗ੍ਰਹਿਸਤੀ ਨੂੰ ਤਿਆਗ ਦਿੰਦੇ ਹਨ। ਜੋਗੀ, ਸੰਨਿਆਸੀ ਆਦਿ ਵਣਾਂ ਵਿੱਚ ਜਾਂਦੇ ਹਨ, ਡੇਰਿਆਂ ਆਦਿ ਤੇ ਜਾ ਬੈਠਦੇ ਹਨ, ਅਨੇਕਾਂ ਤਰੀਕਿਆਂ ਨਾਲ ਜਪ ਤਪ ਕਰਦੇ ਹਨ, ਪਰ ਇਹ ਸਭ ਭੁੱਲੇ ਹੋਏ ਹੀ ਹਨ, ਭਟਕੇ ਹੋਏ ਹੀ ਹਨ **(ਭੂਲੀ ਗ੍ਰਿਹੁ ਤਜਿ ਜਾਇ॥)**। ਅਨੇਕਾਂ ਹੀ ਮਨੁੱਖ ਪ੍ਰਮਾਤਮਾ ਦੀ ਤਲਾਸ਼ ਵਿੱਚ ਉਸਨੂੰ ਜਪਣ ਲਈ ਪਹਾੜਾ ਦੀਆਂ ਖੁੰਦਰਾਂ, ਗੁਫਾਵਾਂ, ਭੋਰਿਆਂ ਆਦਿ ਵਿੱਚ ਜਾ ਬੈਠਦੇ ਹਨ ਤੇ ਜਪ ਤਪ ਕਰਦੇ ਹਨ ਤੇ ਅਨੇਕਾਂ ਹੀ ਪਰਬਤਾਂ ਦੀਆਂ ਚੋਟੀਆਂ ਤੇ ਜਾ ਬੈਠਦੇ ਹਨ ਕਿ ਸ਼ਾਇਦ ਉਥੇ ਜਪ ਤਪ ਕਰਨ ਦੇ ਨਾਲ ਪ੍ਰਮਾਤਮਾ ਮਿਲ ਜਾਵੇਗਾ, ਪਰ ਇਹ ਸਭ ਵੀ ਭਰਮੇ ਹੋਏ ਹੀ ਹਨ ਤੇ ਇਸ ਤਰੀਕੇ ਇਨ੍ਹਾਂ ਦਾ ਮਨ ਵੀ ਡੋਲਣੋਂ ਨਹੀਂ ਹੱਟ ਸਕਦਾ ਮਨ ਦੀ ਮਾਇਆ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ, ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। **(ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ॥)** ਜੋ ਕੋਈ ਵੀ ਭਰਮਿਆ ਹੋਇਆ ਹੈ ਉਸਨੂੰ ਪ੍ਰਮਾਤਮਾ ਨੇ ਆਪ ਹੀ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ, ਇਸ ਲਈ ਉਸਨੂੰ ਪ੍ਰਮਾਤਮਾ ਮਿਲ ਵੀ ਕਿਵੇਂ ਸਕਦਾ ਹੈ ਜਦੋਂ ਉਸਦੀ ਰਜ਼ਾ ਹੀ ਨਹੀਂ ਹੈ

3/228

(ਧੁਰਹੁ ਵਿਛੁੰਨੀ ਕਿਉ ਮਿਲੈ)। ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਤੇ ਉਹ ਆਪਣੇ ਆਪ ਨੂੰ, ਆਪਣੀ ਭਗਤੀ ਦੇ ਤਰੀਕਿਆਂ ਨੂੰ ਠੀਕ ਹੀ ਸਮਝਦਾ ਹੈ ਤੇ ਆਪਣੀ ਇਹੋ ਜਿਹੀ ਭਗਤੀ ਉੱਤੇ ਗਰਬ ਕਰਦਾ ਹੈ, ਮਾਣ ਕਰਦਾ ਹੈ, ਮਾਨ ਲੈਂਦਾ ਹੈ ਪਰ ਅਸਲ ਵਿੱਚ ਉਹ ਠੱਗਿਆ ਜਾ ਰਿਹਾ ਹੈ, ਮਾਇਆ ਦੀ ਜੁਗਤਿ ਦੁਆਰਾ ਮੁਠਿਆ ਜਾ ਰਿਹਾ ਹੈ ਤੇ ਇਸ ਦੁਆਰਾ ਉਸਦੀ ਕਲਪਣਾ ਨਹੀਂ ਮੁੱਕ ਸਕਦੀ ਭਾਵ ਅਸਲ ਪ੍ਰਾਪਤੀ ਨਹੀਂ ਹੋ ਸਕਦੀ **(ਗਰਬਿ ਮੁਠੀ ਬਿਲਲਾਇ॥)**। ਜਪ ਤਪ ਕਰਨ ਵਾਲੇ ਇਹ ਕਦੇ ਮੰਨਣ ਲਈ ਤਿਆਰ ਨਹੀਂ ਹੁੰਦੇ ਕਿ ਉਹ ਭੁੱਲੇ ਹੋਏ ਹਨ, ਬਲਕਿ ਆਪਣੇ ਤੇ ਮਾਨ ਕਰਦੇ ਹਨ।

ਭਾਵੇਂ ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਭੁਲਾਇਆ ਹੋਇਆ ਹੈ ਤੇ ਨਾਲ ਹੀ ਉਸਨੇ ਆਪਣੀ ਬਾਣੀ ਰਾਹੀਂ ਆਪਣੀ ਕਿਰਪਾ ਦੁਆਰਾ ਇਹ ਵੀ ਸਮਝਾਇਆ ਹੋਇਆ ਹੈ ਕਿ ਉਹ ਵਿਛੜਿਆਂ ਹੋਇਆਂ ਨੂੰ ਮੇਲ ਵੀ ਲੈਂਦਾ ਹੈ ਤੇ ਮੇਲ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ, ਭਗਤੀ ਦਾ ਅਸਲੀ ਮਾਰਗ ਵੀ ਸਮਝਾਇਆ ਹੋਇਆ ਹੈ। ਤਰੀਕਾ ਨਾਮ ਦੇ ਨਾਲ ਪਿਆਰ ਦੱਸਿਆ ਹੋਇਆ ਹੈ ਤੇ ਨਾਲ ਹੀ ਸਮਝਾਇਆ ਹੋਇਆ ਹੈ ਕਿ ਨਾਮ "ਹਰਿ ਰਸਿ" ਹੈ। "ਹਰਿ ਰਸਿ" ਗੁਰੂ ਦਾ ਉਪਦੇਸ਼ ਹੈ, ਗੁਰੂ ਦੇ ਗੁਣਾਂ ਵਾਲੀ ਸੱਚੀ ਸਮਝ ਹੈ, ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥"

"ਹਰਿ ਰਸਿ" ਸਾਡੇ ਮਨ ਦਾ ਰਸ ਹੈ, ਗੁਰੂ ਦੇ ਸੱਚੇ ਗਿਆਨ ਦਾ ਰਸ ਜੋ ਰਸ ਸਾਡਾ ਮਨ ਭੋਗਦਾ ਹੈ, ਮਨ ਦੀ ਸਮਝ ਭੋਗਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ। ਜੋ ਗੁਰੂ ਦੇ ਬਚਨਾਂ ਨੂੰ ਮੰਨਦਾ ਹੈ ਉਹ ਹਰਿ ਰਸ ਖਾਂਦਾ ਹੈ। "ਹਰਿ ਰਸਿ" ਦੇ ਰੂਪ ਵਿੱਚ ਹੀ ਪ੍ਰਮਾਤਮਾ ਦਾ ਨਾਮ ਹੈ ਭਾਵ "ਨਾਮਿ ਰਸਿ" ਹੈ।

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥}

(ਅੰਗ ੪੧)

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥}

(ਅੰਗ ੨੭)

ਜੋ "ਹਰਿ ਰਸੁ" ਖਾਂਦਾ ਹੈ ਭਾਵ ਜੋ ਗੁਰੂ ਦੇ ਬਚਨਾਂ ਨੂੰ ਮੰਨ ਲੈਂਦਾ ਹੈ ਭਾਵ ਜੋ ਗੁਰੂ ਦੇ ਨਾਮ ਨੂੰ ਜਪਦਾ ਹੈ ਉਸਦਾ ਪਿਆਰ ਗੁਰੂ ਦੇ ਨਾਲ ਕਿਸ ਤਰੀਕੇ ਜੁੜਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

ਜਿਨ੍ਹਾਂ ਦਾ "ਹਰਿ ਰਸਿ" ਖਾਣ ਨਾਲ ਭਾਵ ਨਾਮ ਜਪਣ ਨਾਲ ਮਨ ਦੀ ਮਾੜੀ ਸਮਝ ਛੱਡਣ ਨਾਲ, ਔਗੁਣ ਛੱਡਣ ਨਾਲ ਭਾਵ ਗੁਰੂ ਦੀ ਸੱਚੀ ਮਤਿ ਨਾਲ ਪਿਆਰ ਜੁੜਦਾ ਹੈ ਉਨ੍ਹਾਂ ਦੀ ਹੀ ਪ੍ਰਮਾਤਮਾ ਦੇ ਦਰ ਤੇ ਸੋਭਾ ਹੁੰਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ॥"

"ਨਾਮ" ਦੇ ਰੂਪ ਵਿੱਚ ਹੀ ਆਪ ਗੁਰੂ ਹੈ ਤੇ ਗੁਰੂ ਨਾਲ ਪਿਆਰ ਉਸਦਾ ਉਪਦੇਸ਼ ਮੰਨ ਕੇ, ਉਸ ਦੇ ਗੁਣ ਧਾਰਨ ਕਰਕੇ ਹੀ ਪੈਂਦਾ ਹੈ ਭਾਵ ਗੁਰੂ ਨਾਲ ਪਿਆਰ ਜਤਾਉਣ ਦਾ ਇਹੀ ਤਰੀਕਾ ਹੈ ਤੇ ਗੁਰੂ ਇਸੇ ਦੁਆਰਾ ਹੀ ਖੁਸ਼ ਹੁੰਦਾ ਹੈ ਤੇ ਇਹੀ ਗੁਰੂ ਦੀ ਟੇਕ ਲੈਣਾ ਹੈ ਭਾਵ ਨਾਮ ਆਧਾਰ ਹੈ। ਗੁਰੂ ਦਾ ਆਸਰਾ ਲੈਣਾ ਹੀ ਨਾਮ ਦਾ ਆਸਰਾ ਲੈਣਾ ਹੈ ਜੋ ਆਸਰਾ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਲਿਆ ਜਾ ਸਕਦਾ ਹੈ। ਇਹ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ। ਉਸਦੀ ਵਡਿਆਈ ਸੱਚੇ ਬਣ ਕੇ ਹੀ ਕੀਤੀ ਜਾ ਸਕਦੀ ਹੈ, ਸਹਿਜ ਵਿੱਚ ਆ ਕੇ, ਮਨ ਦੇ ਸੰਤੋਖ ਵਿੱਚ ਆ ਕੇ, ਮਾਇਆ ਮੋਹ ਤੋਂ ਰਹਿਤ ਹੋ ਕੇ ਭਾਵ ਗੁਰੂ ਦੇ ਉਪਦੇਸ਼ ਵਿੱਚ ਆ ਕੇ ਹੀ ਕੀਤੀ ਜਾ ਸਕਦੀ ਹੈ, ਸੱਚੇ ਗਿਆਨ ਦੁਆਰਾ ਕੀਤੀ ਜਾ ਸਕਦੀ ਹੈ।**(ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ॥)**

ਜਦੋਂ ਮਨੁੱਖ ਦਾ ਜੀਵਨ ਇਹੋ ਜਿਹਾ ਹੋ ਜਾਂਦਾ ਹੈ, ਗੁਣਾਂ ਵਾਲਾ ਹੋ ਜਾਂਦਾ ਹੈ, ਉਹ ਪ੍ਰਮਾਤਮਾ ਦੇ ਭਾਣੇ ਵਿੱਚ ਆ ਜਾਂਦਾ ਹੈ ਤੇ ਉਸੇ ਤਰ੍ਹਾਂ ਹੀ ਵਿਚਰਦਾ ਹੈ ਜਿਵੇਂ ਗੁਰੂ ਨੂੰ ਚੰਗਾ ਲੱਗਦਾ ਹੈ। ਉਹ ਗੁਰੂ ਦੇ ਦੱਸੇ ਹੋਏ ਮਾਰਗ ਤੋਂ ਬਿਨ੍ਹਾਂ ਹੋਰ ਕਿਸੇ ਭਗਤੀ ਦੇ ਮਾਰਗ ਤੇ

ਨਹੀਂ ਚੱਲਦਾ ਤੇ ਆਪਣਾ ਸਭ ਕੁੱਝ ਗੁਰੂ ਨੂੰ ਹੀ ਸਮਝਦਾ ਹੈ, ਗੁਰੂ ਦੀ ਮਤਿ ਨੂੰ ਹੀ ਉੱਚਾ ਸਮਝਦਾ ਹੈ, ਉਸਦੇ ਹੁਕਮ ਵਿੱਚ ਰਹਿੰਦਾ ਹੈ **(ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥)**।

ਭਗਤੀ ਦਾ ਮਾਰਗ ਇਹੋ ਹੀ ਹੈ ਜੋ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਤੇ ਕੋਈ ਹੋਰ ਨਹੀਂ ਹੋ ਸਕਦਾ। ਜੇਕਰ ਕੋਈ ਇਸ ਤੋਂ ਇਲਾਵਾ ਕਿਸੇ ਹੋਰ ਤਰੀਕੇ ਨਾਲ ਭਗਤੀ ਕਰ ਰਿਹਾ ਹੈ, ਜਪ ਤਪ ਵਿੱਚ ਲੱਗਿਆ ਹੋਇਆ ਹੈ, ਸੁਰਤੀਆਂ, ਸਮਾਧੀਆਂ ਜੋੜਨ ਵਿੱਚ ਲੱਗਿਆ ਹੋਇਆ ਹੈ ਤੇ ਫਿਰ ਉਹ ਆਪਣੇ ਆਪ ਨੂੰ ਭੁੱਲਿਆ ਹੋਇਆ ਹੀ ਸਮਝੇ, ਪ੍ਰਮਾਤਮਾ ਦਾ ਭੁਲਾਇਆ ਹੋਇਆ ਹੀ ਸਮਝੇ, ਉਸਦਾ ਵਿਛੋੜਿਆ ਹੋਇਆ ਹੀ ਸਮਝੇ, ਪ੍ਰਮਾਤਮਾ ਨੂੰ ਮਿਲਣ ਦੀ ਉਮੀਦ ਨਾ ਰੱਖੇ ਜਿਵੇਂ ਕਿ ਸ਼ਬਦ ਦੀਆਂ "**ਰਹਾਉ**" ਵਾਲੀਆਂ ਪੰਗਤੀਆਂ ਦੁਆਰਾ ਪਹਿਲੇ ਸਮਝਿਆ ਹੈ।

(ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ॥) ਇਹ ਗੁਰੂ ਦਾ ਫੁਰਮਾਨ ਹੈ। ਅਸੀਂ ਆਪਣਾ ਜ਼ਿਆਦਾਤਰ ਭਗਤੀ ਦਾ ਭਰੋਸਾ ਧਰਮ ਗ੍ਰੰਥਾਂ ਦੇ ਪੜ੍ਹਨ ਤੇ ਰੱਖਿਆ ਹੋਇਆ ਹੈ। ਕੇਵਲ ਪੜ੍ਹੀ ਜਾਣ ਨੂੰ ਹੀ ਅਸੀਂ ਭਗਤੀ ਸਮਝਦੇ ਹਾਂ। ਪੜ੍ਹਨਾ ਬਹੁਤ ਜਰੂਰੀ ਹੈ ਕਿਉਂਕਿ ਪੜ੍ਹਨ ਨਾਲ ਹੀ ਸਾਨੂੰ ਗਿਆਨ ਮਿਲਦਾ ਹੈ, ਜਿਸ ਦੁਆਰਾ ਭਗਤੀ ਦੀ ਸੋਝੀ ਪੈਂਦੀ ਹੈ। ਕੇਵਲ ਆਪਣੇ ਆਪ ਨੂੰ ਪੜ੍ਹਨ ਤੱਕ ਸੀਮਿਤ ਰੱਖਣ ਨਾਲ ਸਾਡੀ ਭਗਤੀ ਪੂਰੀ ਨਹੀਂ ਹੋ ਸਕਦੀ। ਅਸਲ ਗੱਲ, ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ, ਗੁਰੂ ਦੇ ਉਪਦੇਸ਼ ਨੂੰ ਸਮਝ ਕੇ

ਉਸਨੂੰ ਆਪਣੇ ਅੰਦਰ ਵਿਚਾਰਨ ਦੀ ਹੈ। ਕੇਵਲ ਪੜ੍ਹੀ ਜਾਣਾ ਸਾਡਾ ਇੱਕ ਵਿਖਾਵਾ ਹੀ ਦੱਸਿਆ ਹੈ ਜਿਸ ਨਾਲ ਸਾਡਾ ਅਭਿਮਾਨ ਹੀ ਵੱਧਦਾ ਹੈ, ਹਉਮੈ ਵਿੱਚ ਹੀ ਵਾਧਾ ਹੁੰਦਾ ਹੈ, ਮਨਹਠਿ ਹੀ ਵੱਧਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਇਹੋ ਜਿਹੀ ਭਗਤੀ ਨੂੰ ਵੀ ਸਾਡਾ ਭੁਲੇਖਾ ਹੀ ਦੱਸਿਆ ਹੋਇਆ ਹੈ, ਉਸਦੀ ਪਾਈ ਹੋਈ ਉਲਝਣ ਹੀ ਦੱਸਿਆ ਹੋਇਆ ਹੈ।

“ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥”

ਗੱਲ ਉਹੀ ਹੈ ਜੋ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝੀ ਹੈ।

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ ੪੬੭)

3/230

ਸਾਰੀ ਗੱਲ ਆਪਣੇ ਮਨ ਦੀ ਮੈਲ ਤਿਆਗਣ ਦੀ ਤੇ ਆਪਣਾ ਮਾਣ, ਅਭਿਮਾਨ ਤਿਆਗਣ ਦੀ ਹੈ ਤੇ ਅਗਰ ਤੀਰਥਾਂ ਤੇ ਜਾ ਕੇ, ਇਸ਼ਨਾਨ ਕਰਕੇ ਮਨ ਸਾਫ਼ ਨਹੀਂ ਹੋਇਆ ਤਾਂ ਫਿਰ ਉਹ ਕਿਸ ਲੇਖੇ ਭਾਵ ਅਸੀਂ ਭੁਲੇਖੇ ਵਿੱਚ ਹੀ ਹਾਂ। ਸਿਵਾਇ ਗੁਰੂ ਦੇ ਸਾਨੂੰ ਕੋਈ ਸੋਝੀ ਨਹੀਂ ਪਾ ਸਕਦਾ। ਆਪਣੀ ਮਤਿ ਦੁਆਰਾ ਸਾਡਾ ਮਾਣ ਨਹੀਂ ਜਾ ਸਕਦਾ ਬਲਕਿ ਅਸੀਂ ਵੱਡਾ ਬਣਨ ਦੀ ਕੋਸ਼ਿਸ਼ ਕਰਦੇ ਹਾਂ। ਕੇਵਲ ਅੱਖਰਾਂ ਨੂੰ ਪੜ੍ਹੀ ਜਾਣਾ, ਅੱਖਰ ਦਾ ਜਪ ਕਰੀ ਜਾਣਾ ਸਾਡੀ ਭੁੱਲ ਹੀ ਹੈ, ਸਾਡਾ ਭਗਤੀ ਦਾ ਦਿਖਾਵਾ ਹੀ ਹੈ ਜਿਸ ਨਾਲ ਸਾਡਾ ਅਹੰਕਾਰ ਹੀ ਵੱਧਦਾ ਹੈ, ਹਉਮੈ ਵੱਧਦੀ ਹੈ। **(ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥)**

ਬਾਕੀ ਦਾ ਸਾਰਾ ਸ਼ਬਦ ਵਿਚਾਰ ਕੇ ਇਹੀ ਸਮਝ ਪਵੇਗੀ ਕਿ ਦੁਹਾਗਣ ਤੋਂ ਸੁਹਾਗਣ ਬਣਨ ਦਾ ਤਰੀਕਾ ਆਪਣਾ ਆਪ ਗਵਾਉਣਾ ਹੈ, ਉਹੋ ਜਿਹਾ ਸ਼ਿੰਗਾਰ ਕਰਨਾ ਹੈ ਭਾਵ ਉਹੋ ਜਿਹਾ ਜੀਵਨ ਬਣਾਉਣਾ ਹੈ ਜਿਹੋ ਜਿਹਾ ਸਾਨੂੰ ਗੁਰੂ ਦਾ ਸ਼ਬਦ ਸਮਝਾਉਂਦਾ ਹੈ ਕਿਉਂਕਿ ਗੁਰੂ ਨਾਲ ਇਸੇ ਤਰੀਕੇ ਨਾਲ ਪ੍ਰੇਮ ਪੈਂਦਾ ਹੈ। ਸਾਡੀ ਹਉਮੈ ਤਾਂ ਹੀ ਨਿਕਲਣੀ ਹੈ ਜਦੋਂ ਗੁਰੂ ਦਾ ਸ਼ਬਦ ਸਾਡੇ ਮਨ ਵਿੱਚ ਵੱਸੇਗਾ, ਉਸਤੇ ਅਮਲ ਹੋਵੇਗਾ ਭਾਵ ਕੇਵਲ ਸ਼ਬਦ ਨੂੰ ਪੜ੍ਹੀ ਜਾਈਏ, ਉਸ ਨਾਲ ਲਾਭ ਨਹੀਂ ਮਿਲੇਗਾ। ਗੁਰੂ ਨਾਲ ਪਿਆਰ ਉਸਦਾ ਹੀ ਜੁੜਿਆ ਹੈ, ਜਿਸਨੇ ਗੁਰੂ ਦੀ ਮਤਿ ਨੂੰ ਲੈ ਕੇ ਆਪਣੇ ਮਨ ਨੂੰ ਸਮਝਾਇਆ ਹੈ, ਕੇਵਲ ਆਪਣੇ ਆਪ ਨੂੰ ਪੜ੍ਹਨ ਤੱਕ ਹੀ ਸੀਮਿਤ ਨਹੀਂ ਰੱਖਿਆ **(ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ॥)**। ਜਦ ਤੱਕ ਅਸੀਂ ਗੁਰੂ ਦੀ ਗੱਲ ਨੂੰ ਆਪਣੇ ਮਨ ਵਿੱਚ ਨਹੀਂ ਵਸਾਉਂਦੇ, ਮਾਇਆ ਮੋਹ ਵਿੱਚੋਂ ਨਹੀਂ ਨਿਕਲਦੇ, ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲਦੇ, ਸਾਡਾ ਮਨ ਸਾਫ਼ ਨਹੀਂ ਹੁੰਦਾ, ਅਸੀਂ ਚੰਗੇ ਤੇ ਸੱਚੇ ਸੁੱਚੇ ਕਰਮ ਨਹੀਂ ਕਰਦੇ, ਗੁਰੂ ਦੇ ਭਾਣੇ ਵਿੱਚ ਨਹੀਂ ਚੱਲਦੇ, ਨਾਮ ਦੀ ਸੱਚੀ ਟੇਕ ਨਹੀਂ ਲੈਂਦੇ ਤਦ ਤੱਕ ਅਸੀਂ ਪ੍ਰਮਾਤਮਾ ਦੀ ਭਗਤੀ ਤੋਂ ਭੁਲੇ ਹੋਏ ਹੀ ਹਾਂ, ਭਰਮੇ ਹੋਏ ਹੀ ਹਾਂ। ਜਿਸ ਨੇ ਸਾਨੂੰ ਇਸ ਭਰਮ ਵਿੱਚ ਪਾਇਆ ਹੋਇਆ ਹੈ ਉਹ ਆਪ ਹੀ ਇਸ ਭਰਮ ਵਿੱਚੋਂ ਕੱਢ ਸਕਦਾ ਹੈ। ਮਨੁੱਖ ਦੇ ਵੱਸ ਕੁੱਝ ਵੀ ਨਹੀਂ ਹੈ। ਹਰ ਕੋਈ ਭੁਲੇਖੇ ਵਿੱਚ ਹੀ ਹੈ ਕਿਉਂਕਿ ਇਸ ਸੰਸਾਰ ਨੂੰ ਚਲਾਉਣ ਦੀ ਇਹ ਹੀ ਉਸ ਦੀ ਜੁਗਤਿ ਹੈ। ਹਰ ਕੋਈ ਉਸ ਦੇ ਹੁਕਮ ਦਾ ਬੱਝਿਆ ਹੋਇਆ ਹੈ ਤੇ ਉਹੀ ਕੁੱਝ ਕਰ ਰਿਹਾ ਹੈ ਜੋ ਉਸਨੂੰ ਭਾਉਂਦਾ ਹੈ। ਅਗਰ ਕੋਈ ਸੰਸਾਰ ਵਿੱਚ “**ਅਭੁਲੁ**” ਹੈ ਜਿਸਨੂੰ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਹੈ ਉਹ ਕੇਵਲ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਕਰਕੇ ਸਾਨੂੰ ਭਗਤੀ ਦਾ ਸੱਚਾ ਮਾਰਗ ਕੇਵਲ ਤੇ ਕੇਵਲ ਗੁਰੂ ਕੋਲੋਂ ਹੀ ਸਿਖਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਦੇ

ਕੋਲੋਂ ਜੋ ਆਪ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ। (**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥ ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥**) ਪ੍ਰਮਾਤਮਾ ਦੇ ਨਾਲ ਸਾਨੂੰ ਕੇਵਲ ਗੁਰੂ ਹੀ ਮਿਲਾ ਸਕਦਾ ਹੈ।

{ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥}

(ਅੰਗ ੨)

4/231

ਪਿੱਛੇ ਕੁੱਝ ਸ਼ਬਦਾਂ ਰਾਹੀਂ ਅਸੀਂ ਬੜੀ ਬਰੀਕੀ ਨਾਲ ਜਾਣਿਆ ਹੈ ਕਿ ਕੇਵਲ ਧਰਮ ਗ੍ਰੰਥਾਂ ਦੇ ਪੜ੍ਹੀ ਜਾਣ ਨਾਲ ਅਸੀਂ ਆਪਣੇ ਮਨੋਰਥ ਦੀ ਪ੍ਰਾਪਤੀ ਨਹੀਂ ਕਰ ਸਕਦੇ। ਪ੍ਰਾਪਤੀ ਅੱਖਰ ਦੇ ਗਿਆਨ ਨੂੰ ਆਪਣੇ ਮਨ ਵਿੱਚ ਵੱਸਾ ਕੇ ਹੀ ਹੋਣੀ ਹੈ। ਹੁਣ ਧਿਆਨ ਨਾਲ ਵਿਚਾਰੋਂ ਕਿ ਅਸੀਂ ਆਪਣੇ ਸਾਰੇ ਜਪ ਤਪ ਦੀ ਟੇਕ ਇੱਕ ਅੱਖਰ ਤੇ ਹੀ ਲਾਈ ਹੋਈ ਹੈ, ਇੱਕ ਮੰਤ੍ਰ ਤੇ ਲਾਈ ਹੋਈ ਹੈ ਜੋ ਸਾਨੂੰ ਕੋਈ ਗਿਆਨ ਨਹੀਂ ਦੇ ਸਕਦਾ। ਅੰਦਾਜ਼ਾ ਲਗਾਓ ਕਿ ਅਸੀਂ ਕਿਤਨੇ ਕੁ ਭੁੱਲੇ ਹੋਏ ਹਾਂ। ਉਸ ਪ੍ਰਮਾਤਮਾ ਨੇ ਸਾਨੂੰ ਕਿਤਨੇ ਵੱਡੇ ਭੁਲੇਖੇ ਵਿੱਚ ਪਾਇਆ ਹੋਇਆ ਹੈ ਕਿ ਅਸੀਂ ਇੱਕ ਅੱਖਰ ਦਾ ਹੀ ਜਾਪ ਕਰੀ ਜਾਂਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਇਹੋ ਜਿਹੇ ਅੱਖਰਾਂ ਦਾ ਜਪ "ਨਾਮ" ਦਾ ਜਪ ਨਹੀਂ ਹੈ, ਇਸੇ ਗੱਲ ਨੂੰ ਹੁਣ ਅੱਗੇ ਦਿੱਤੇ ਕੁੱਝ ਹੋਰ ਸ਼ਬਦਾਂ ਦੁਆਰਾ ਸਮਝੀਏ ਤਾਂ ਕਿ ਇਹ ਸਾਡਾ ਭੁਲੇਖਾ ਜੜੋਂ ਹੀ ਨਿਕਲ ਜਾਵੇ ਤੇ ਸਾਡੇ ਤੇ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਵੇ।

"ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥
ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ॥
ਜਿਨਿ ਜਗਤੁ ਉਪਾਇ ਹਰਿ ਰੰਗੁ ਕੀਆ ਤਿਸੈ ਵਿਟਹੁ ਕੁਰਬਾਣੁ॥
ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ॥
ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ॥
ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ॥
ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ॥
ਨਦਰਿ ਕਰਹਿ ਜੇ ਆਪਣੀ ਤਾਂ ਆਪੇ ਲੈਹਿ ਸਵਾਰਿ॥
ਨਾਨਕ ਗੁਰਮੁਖਿ ਜਿਨ੍ਹੀ ਧਿਆਇਆ ਆਏ ਸੇ ਪਰਵਾਣੁ॥੬੩॥
ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥੬੪॥
ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ॥
ਨਾਨਕ ਸਾਚਾ ਭੇਟੈ ਹਰਿ ਮਨਿ ਵਸੈ ਪਾਵਹਿ ਮੋਖ ਦੁਆਰ॥੬੫॥
ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ॥
ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥
ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥੬੬॥
ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ॥
ਨਾਨਕ ਨਦਰੀ ਬਾਹਰੀ ਕਰਣ ਪਲਾਹ ਕਰੇ॥੬੭॥"

(ਅੰਗ ੧੪੨੦-੧੪੨੧)

ਉੱਪਰ ਦਿੱਤੇ ਪਹਿਲੇ ਸ਼ਬਦ ਨੂੰ ਧਿਆਨ ਨਾਲ ਵਿਚਾਰੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। ਅਸੀਂ ਪ੍ਰਮਾਤਮਾ ਨੂੰ ਜੋ ਨਾਮ ਲੈ ਕੇ ਪੁਕਾਰਦੇ ਹਾਂ ਭਾਵ ਤੂੰ ਤੂੰ ਕਰਦੇ ਹਾਂ, ਰਾਮ ਰਾਮ ਕਰਦੇ ਹਾਂ, ਵਾਹਿਗੁਰੂ ਵਾਹਿਗੁਰੂ ਕਹਿ ਕੇ ਜਪਦੇ ਹਾਂ, ਅਸੀਂ ਆਪਣੇ ਵੱਲੋਂ ਬੜੇ ਭਲੇ, ਚੰਗੇ ਬੋਲ ਬੋਲਦੇ ਹਾਂ ਜੋ ਸਭ ਨੂੰ ਬੋਲਣ ਵਿੱਚ ਤੇ ਸੁਣਨ ਵਿੱਚ ਚੰਗੇ ਲੱਗਦੇ ਹਨ। ਇਹ ਗੱਲ ਸਾਨੂੰ ਖੂਹਾਂ ਦੇ ਚੱਲਣ ਸਮੇਂ ਜੋ ਟੱਕ ਟੱਕ ਦੀ ਆਵਾਜ਼ ਆਉਂਦੀ ਹੈ, ਉਸ ਦਾ ਪ੍ਰਮਾਣ ਦੇ ਕੇ ਸਮਝਾਈ ਹੋਈ ਹੈ। ਸੁਣਨ ਨੂੰ ਤਾਂ ਉਸਦੀ ਆਵਾਜ਼ ਭਾਵ ਟਕ ਟਕ ਵਾਲੀ ਆਵਾਜ਼ ਚੰਗੀ ਲੱਗਦੀ ਹੈ ਪਰ ਖੂਹ ਵਿੱਚੋਂ ਪਾਣੀ ਉਸ ਆਵਾਜ਼ ਰਾਹੀਂ ਨਹੀਂ ਨਿਕਲਦਾ, ਉਹ ਆਵਾਜ਼ ਕੇਵਲ ਸੁਣਨ ਨੂੰ ਹੀ ਚੰਗੀ ਲੱਗਦੀ ਹੈ।

4/232 ਅਤੇ 232-ਅ

ਪਾਣੀ ਅਸਲ ਵਿੱਚ ਖੂਹ ਦੇ ਚੱਲਣ ਨਾਲ ਨਿਕਲਦਾ ਹੈ ਭਾਵ ਜੋ ਖੂਹ ਨੂੰ ਚਲਾਉਣ ਦੀ ਜੁਗਤਿ ਹੈ ਉਸ ਦੁਆਰਾ ਨਿਕਲਦਾ ਹੈ। ਉਹ ਪਾਣੀ ਆਵਾਜ਼ ਸੁਣ ਕੇ ਨਹੀਂ ਨਿਕਲਦਾ। ਇਸੇ ਤਰ੍ਹਾਂ ਜੋ ਅਸੀਂ ਪ੍ਰਮਾਤਮਾ ਨੂੰ ਪੁਕਾਰਦੇ ਹਾਂ, ਬੋਲ ਬੋਲ ਕੇ ਪੁਕਾਰਦੇ ਹਾਂ, ਕਿਸੇ ਅੱਖਰ ਦਾ ਬੋਲ ਬੋਲ ਕੇ ਜਪ ਕਰਦੇ ਹਾਂ ਉਸ ਬੋਲਣ ਦੀ ਆਵਾਜ਼ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਆਪਣੇ ਵੱਲੋਂ ਅਸੀਂ ਭਲੀ ਬੋਲੀ, ਚੰਗੀ ਬੋਲੀ ਬੋਲ ਰਹੇ ਹਾਂ, ਪ੍ਰਮਾਤਮਾ ਨੂੰ ਪੁਕਾਰ ਰਹੇ ਹਾਂ ਪਰ ਸਮਝਾਇਆ ਇਹ ਹੈ ਕਿ ਜਿਵੇਂ ਪਾਣੀ ਖੂਹ ਦੇ ਅੰਦਰ ਹੀ ਹੈ ਇਸੇ ਤਰ੍ਹਾਂ ਪ੍ਰਮਾਤਮਾ ਤੇ ਸਦਾ ਸਾਡੇ ਅੰਦਰ ਹੀ ਹੈ ਤੇ ਅਸੀਂ ਕਿਸ ਨੂੰ ਪੁਕਾਰ ਪੁਕਾਰ ਕੇ ਸੁਣਾ ਰਹੇ ਹਾਂ ਭਾਵ ਸਾਡਾ ਪ੍ਰਮਾਤਮਾ ਨੂੰ ਪੁਕਾਰਨ ਦਾ, ਉਸਦੀ ਭਗਤੀ ਕਰਨ ਦਾ ਤਰੀਕਾ ਠੀਕ ਨਹੀ ਹੈ ਭਾਵ ਕੇਵਲ ਸਾਡਾ ਇੱਕ ਭੁਲੇਖਾ ਹੈ ਭਾਵ ਪ੍ਰਮਾਤਮਾ ਨੂੰ ਮੁੱਖੋਂ ਬੋਲ ਬੋਲ ਕੇ ਨਹੀਂ ਪਾਇਆ ਜਾ ਸਕਦਾ। **(ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥ ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ)** ਇਹੋ ਜਿਹੇ ਬੋਲ ਬੋਲ ਕੇ ਪੁਕਾਰ ਕਰਨੀ ਸਾਡੀ ਵਿਅਰਥ ਦੀ ਕਿਰਿਆ ਦੱਸੀ ਹੈ। ਪ੍ਰਮਾਤਮਾ ਨੂੰ ਜਪਣ ਦਾ ਸਹੀ ਤਰੀਕਾ ਵੀ ਨਾਲ ਹੀ ਸਮਝਾਇਆ ਹੋਇਆ ਹੈ ਜੋ ਕਿ ਉਸ ਤੋਂ ਕੁਰਬਾਨ ਜਾਣ ਦਾ ਹੈ, ਜੋ ਕਿ ਅਸੀਂ ਪਿੱਛੇ ਵੀ ਸਮਝ ਚੁੱਕੇ ਹਾਂ **{ਨਾਨਕ ਨਾਮ ਵਿਟਹੁ ਕੁਰਬਾਣੁ॥ ਅੰਧੀ ਦੁਨੀਆ ਸਾਹਿਬੁ ਜਾਣੁ॥ਰਹਾਉ॥}** ਅੰਗ ੩੪੯)। **"ਜਿਨਿ ਜਗਤੁ ਉਪਾਇ ਹਰਿ ਰੰਗੁ ਕੀਆ ਤਿਸੈ ਵਿਟਹੁ ਕੁਰਬਾਣੁ॥"** ਗੁਰੂ ਤੋਂ ਕੁਰਬਾਨ ਜਾਣ ਦੀ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ ਆਪਣਾ ਆਪ ਤਿਆਗਣ ਦੀ ਹੈ, ਆਪਣੀ ਮਨਮਤਿ ਤਿਆਗਣ ਦੀ ਹੈ, ਸ਼ਬਦ ਮਰਨ ਦੀ ਹੈ ਤੇ ਕੇਵਲ ਇਹ ਹੀ ਵਿਚਾਰ ਸੱਚਾ ਹੈ ਭਾਵ ਪ੍ਰਮਾਤਮਾ ਨੂੰ ਕੇਵਲ ਇਸੇ ਤਰੀਕੇ ਨਾਲ ਹੀ ਮਿਲਿਆ ਜਾ ਸਕਦਾ ਹੈ **(ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ॥)**। ਜਦ ਤੱਕ ਅਸੀਂ ਗੁਰੂ ਦੇ ਉਪਦੇਸ਼ ਨੂੰ ਆਪਣੇ ਅੰਦਰ ਵਿਚਾਰਦੇ ਨਹੀਂ ਸਾਡੀ ਹਉਮੈ ਨਹੀਂ ਜਾ ਸਕਦੀ ਤੇ ਅਸੀਂ ਜਿਹੋ ਜਿਹਾ ਜਪ ਤਪ ਬੋਲ ਬੋਲ ਕੇ ਕਰਦੇ ਹਾਂ ਉਹ ਕੇਵਲ ਸਾਡੇ ਫਿਕੇ ਬੋਲ ਹਨ ਕਿਉਂਕਿ ਇਸ ਦੁਆਰਾ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਜਿਸ ਦੁਆਰਾ ਅਸੀਂ ਇਹ ਜਾਣ ਸਕੀਏ ਕਿ ਅਸੀਂ ਕਾਰ ਕੀ ਕਰਨੀ ਹੈ ਭਾਵ ਸਾਡੀ ਕਰਨੀ ਕਿਹੋ ਜਿਹੀ ਹੋਣੀ ਚਾਹੀਦੀ ਹੈ। **(ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ॥)** ਭਗਤੀ ਦਾ ਮਾਰਗ ਹੈ ਹੀ ਸਾਡੀ ਕਾਰ ਵਿਹਾਰ ਦਾ ਮਾਰਗ ਤੇ ਇੱਕ ਅੱਖਰ ਦੇ ਬੋਲੀ ਜਾਣ ਨਾਲ ਸਾਨੂੰ ਕੀ ਸਮਝ ਲੱਗ ਸਕਦੀ ਹੈ ਕਿ ਅਸੀਂ ਕਿਹੋ ਜਿਹਾ ਕਾਰ ਵਿਹਾਰ ਕਰਨਾ ਹੈ। ਕੇਵਲ ਇੱਕ ਅੱਖਰ ਦੇ ਬੋਲਣ ਨਾਲ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਤੇ ਇਹ ਸੋਝੀ ਸਾਨੂੰ ਗੁਰੂ ਦੇ ਉਪਦੇਸ਼ ਦੁਆਰਾ ਹੀ ਪੈ ਸਕਦੀ ਹੈ। ਇਹੋ ਜਿਹਾ ਸਾਡਾ ਜਪ ਤਪ ਕੇਵਲ ਉਹੀ ਗੱਲ ਹੈ ਜੋ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ

{ਅੰਧਾ ਸਚਾ ਅੰਧੀ ਸਟ॥੨॥}

(ਅੰਗ ੧੫੧)

{ਅੰਧਾ ਅਖਰੁ ਵਾਉ ਦੁਆਉ॥੩॥}

(ਅੰਗ ੧੫੧)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ ੫੩)

ਪ੍ਰਮਾਤਮਾ ਨੂੰ ਉਸਦੇ ਹੁਕਮ ਵਿੱਚ ਰਹਿ ਕੇ ਹੀ, ਉਸਦੀ ਰਜ਼ਾ ਵਿੱਚ ਰਹਿ ਕੇ ਹੀ ਧਿਆਇਆ ਜਾ ਸਕਦਾ ਹੈ ਜਿਵੇਂ ਕਿ ਹਰ ਕੋਈ, ਹਰ ਹੋਂਦ, ਹਰ ਵੇਲੇ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਵਿਚਰ ਰਹੀ ਹੈ ਭਾਵ ਉਸਨੂੰ ਧਿਆ ਰਹੀ ਹੈ, ਜਪ ਰਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ॥)**। ਪ੍ਰਮਾਤਮਾ ਨੂੰ ਅਨਦਿਨ ਧਿਆਉਣਾ, ਹਰ ਵੇਲੇ

4/233

ਧਿਆਉਣਾ, ਦਿਨ ਰਾਤ ਧਿਆਉਣਾ, ਅੱਠੇ ਪਹਿਰ ਧਿਆਉਣਾ, ਸਵਾਸ-ਸਵਾਸ ਧਿਆਉਣਾ, ਇਹੋ ਹੀ ਹੈ ਕਿ ਹਰ ਵੇਲੇ ਉਸਦੇ ਹੁਕਮ ਵਿੱਚ ਚੱਲਣਾ, ਉਸਦੀ ਰਜ਼ਾ ਵਿੱਚ ਰਹਿਣਾ, ਜਿਵੇਂ ਕਿ ਉਸਦੀ ਬਣਾਈ ਹੋਈ ਹਰ ਹੋਂਦ ਉਸਨੂੰ ਹਰ ਵੇਲੇ ਜਪ ਰਹੀ ਹੈ। **{ਆਠ ਪਹਰ ਤੁਧੁ ਜਾਪੇ ਪਵਨਾ॥}** ਅੰਗ ੧੩੦)।

{ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥}

(ਅੰਗ ੯੪੮)

ਬਿਨ੍ਹਾਂ ਸਤਿਗੁਰੂ ਦੀ ਮਤਿ ਲਏ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ। ਗੁਰੂ ਦੀ ਮਤਿ ਲਏ ਬਿਨ੍ਹਾਂ ਦੁਨੀਆਂ ਦੂਜੇ ਤੀਜੇ ਵਿਚਾਰਾਂ ਨਾਲ ਭਾਵ ਹਰ ਤਰੀਕਾ ਅਪਣਾ ਕੇ ਥੱਕ ਚੁੱਕੀ ਹੈ ਪਰ ਉਸ ਨੂੰ ਪਾਇਆ ਨਹੀਂ ਜਾ ਸਕਿਆ ਤੇ ਨਾ ਹੀ ਉਸਨੂੰ ਕਿਸੇ ਹੋਰ ਤਰੀਕੇ ਨਾਲ ਪਾਇਆ ਜਾ ਸਕਦਾ ਹੈ। ਹਰ ਕੋਈ ਭਰਮਿਆ ਹੋਇਆ ਹੀ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

(ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ॥)

ਹਰ ਕੋਈ ਭੁਲੇਖੇ ਵਿੱਚ ਹੀ ਹੈ ਤੇ ਆਪਣੀ-ਆਪਣੀ ਮਤਿ ਅਨੁਸਾਰ ਪ੍ਰਮਾਤਮਾ ਨੂੰ ਜਪਣ ਵਿੱਚ ਲੱਗਿਆ ਹੋਇਆ ਹੈ। ਜਿਸਨੇ ਸਾਨੂੰ ਇਸ ਭੁਲੇਖੇ ਵਿੱਚ ਪਾਇਆ ਹੋਇਆ ਹੈ, ਉਹ ਆਪ ਹੀ ਆਪਣੀ ਕ੍ਰਿਪਾ ਕਰਕੇ ਸਾਨੂੰ ਇਸ ਭੁਲੇਖੇ ਵਿੱਚੋਂ ਕੱਢ ਸਕਦਾ ਹੈ ਤੇ ਸਾਨੂੰ ਭਗਤੀ ਦੇ ਸਹੀ ਮਾਰਗ ਤੇ ਪਾ ਸਕਦਾ ਹੈ **(ਨਦਰਿ ਕਰਹਿ ਜੇ ਆਪਣੀ ਤਾਂ ਆਪੇ ਲੈਹਿ ਸਵਾਰਿ॥)**। ਜਿਨ੍ਹਾਂ ਦਾ ਉਹ ਸਵਾਰਦਾ ਹੈ ਉਨ੍ਹਾਂ ਨੂੰ ਆਪਣੀ ਮਤਿ ਅਨੁਸਾਰ ਚਲਾਉਂਦਾ ਹੈ ਕਿਉਂਕਿ ਇਹ ਹੀ ਉਸਨੂੰ ਧਿਆਉਣਾ ਹੈ ਤੇ ਉਨ੍ਹਾਂ ਦਾ ਹੀ ਇਸ ਸੰਸਾਰ ਵਿੱਚ ਆਇਆ ਸਫ਼ਲ ਹੁੰਦਾ ਹੈ ਤੇ ਉਹ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੁੰਦੇ ਹਨ **(ਨਾਨਕ ਗੁਰਮੁਖਿ ਜਿਨ੍ੀ ਧਿਆਇਆ ਆਏ ਸੇ ਪਰਵਾਨੁ॥੬੩॥)**।

ਅਗਲੇ ਸ਼ਬਦ ਵਿੱਚ ਵੀ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਉਹੀ ਦਸਿਆ ਹੋਇਆ ਹੈ ਜੋ ਕਿ ਉੱਪਰ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਮਿਲਣ ਲਈ ਕਿਤੇ ਜਾਣ ਦੀ ਲੋੜ ਨਹੀਂ ਹੈ, ਖੱਜਲ ਹੋਣ ਦੀ ਲੋੜ ਨਹੀਂ ਹੈ।ਉਹ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਤੇ ਉੱਥੋਂ ਹੀ ਉਸ ਦੀ ਪ੍ਰਾਪਤੀ ਹੋਣੀ ਹੈ। ਮਸਲਾ ਕੇਵਲ ਗੁਰੂ ਦੀ ਗੱਲ ਨੂੰ ਮੰਨਣ ਦਾ ਹੈ, ਉਪਦੇਸ਼ ਤੇ ਚੱਲਣ ਦਾ ਹੈ ਜਿਸ ਲਈ ਕਿਸੇ ਹੋਰ ਜਪ ਤਪ ਦੀ ਲੋੜ ਨਹੀਂ ਹੈ, ਆਪਣੇ ਆਪ ਨੂੰ ਕਿਤੇ ਖੱਜਲ ਖੁਆਰ ਕਰਨ ਦੀ ਲੋੜ ਨਹੀਂ ਹੈ, ਕੋਈ ਵੱਖਰਾ ਭੇਸ ਧਾਰਨ ਕਰਨ ਦੀ ਲੋੜ ਨਹੀਂ ਹੈ। **(ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥ ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥੬੪॥)**

ਅਗਲੇ ਸ਼ਬਦ ਵਿੱਚ ਵੀ ਇਹੋ ਗੱਲ ਹੀ ਸਮਝਾਈ ਹੋਈ ਹੈ, ਮਨੁੱਖ ਨੂੰ ਖੱਜਲ ਖੁਆਰ ਹੋਣ ਤੋਂ ਬਚਣ ਲਈ ਸਮਝਾਇਆ ਹੋਇਆ ਹੈ।

4/234

ਭਾਵੇਂ ਮਨੁੱਖ ਦੁਨੀਆਂ ਦਾ ਕੋਨਾ-ਕੋਨਾ ਛਾਣ ਮਾਰੇ ਉਸ ਨੂੰ ਸ਼ਾਂਤੀ ਨਹੀਂ ਆ ਸਕਦੀ, ਕੋਈ ਧਾਰਮਿਕ, ਆਤਮਿਕ ਪ੍ਰਾਪਤੀ ਨਹੀਂ ਹੋ ਸਕਦੀ। ਕਿਤਨਾ ਸਪੱਸ਼ਟ ਸਮਝਾਇਆ ਹੈ ਕਿ ਮਨੁੱਖ ਧਾਰਮਿਕ ਗ੍ਰੰਥਾਂ ਦਾ ਜਿਤਨਾ ਮਰਜ਼ੀ ਵੱਡਾ ਗਿਆਤਾ ਹੋ ਜਾਵੇ, ਜੁਗੋ ਜੁਗ ਪੜ੍ਹਦਾ ਰਹੇ ਤੇ ਇਸ ਨਾਲ ਵੀ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਕਿਉਂਕਿ ਗੱਲ ਉਹੀ ਹੈ ਜੋ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ **{ਪੜਿ ਪੜਿ ਗਡੀ ਲਦੀਅਹਿ}** ਅੰਗ - ੪੬੭ **(ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ॥)** ਅੰਗ - ੧੪੨੧ ਪ੍ਰਮਾਤਮਾ ਨੂੰ ਪਾਉਣ ਦਾ ਹੱਲ ਵੀ ਨਾਲ ਹੀ ਸਮਝਾਇਆ ਹੋਇਆ ਹੈ। ਜਦ ਤੱਕ ਗੁਰੂ ਦਾ ਗਿਆਨ ਸਾਡੇ ਮਨ ਵਿੱਚ ਨਹੀਂ ਵੱਸਦਾ, ਉਸਤੇ ਅਸੀਂ ਅਮਲ ਨਹੀਂ ਕਰਦੇ, ਸਾਨੂੰ ਲਾਭ ਨਹੀਂ ਮਿਲ ਸਕਦਾ ਤੇ ਕੇਵਲ ਧਰਮ ਗ੍ਰੰਥਾਂ ਦੇ ਪੜ੍ਹੀ

ਜਾਣ ਨਾਲ ਸਾਡਾ ਮਕਸਦ ਨਹੀਂ ਪੂਰਾ ਹੋ ਸਕਦਾ। ਜੋ ਕੋਈ ਵੀ ਇਹੋ ਜਿਹੀ ਭਗਤੀ ਵਿੱਚ ਲੱਗਿਆ ਹੋਇਆ ਹੈ ਉਹ ਭੁੱਲਿਆ ਹੋਇਆ ਹੈ। ਸਾਡੇ ਅੰਦਰ ਹੁਕਮ ਉਸ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜਿਸ ਕਰਕੇ ਸਾਡੀ ਮਤਿ ਟਿਕਦੀ ਨਹੀਂ ਹੈ, ਔਗੁਣਾਂ ਵੱਲ ਜਾਂਦੀ ਹੈ, ਸਾਨੂੰ ਪ੍ਰਮਾਤਮਾ ਨਾਲੋਂ ਵਿਛੋੜ ਕੇ ਰੱਖਦੀ ਹੈ ਜਿਵੇਂ ਕਿ ਅਗਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਸਾਨੂੰ ਪ੍ਰਮਾਤਮਾ ਨੇ ਆਪ ਹੀ ਭੁਲੇਖੇ ਵਿੱਚ ਰੱਖਿਆ ਹੋਇਆ ਹੈ, ਸਭ ਨੂੰ ਭੁਲੇਖੇ ਵਿੱਚ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਇਸ ਅਗਿਆਨਤਾ ਵਿੱਚੋਂ ਨਿਕਲਣ ਦਾ ਤਰੀਕਾ ਵੀ ਨਾਲ ਹੀ ਸਮਝਾਇਆਂ ਹੋਇਆ ਹੈ, ਜਿਸਨੂੰ ਕਿ ਧਿਆਨ ਨਾਲ ਵਿਚਾਰਨ ਦੀ ਲੋੜ ਹੈ।

“ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ॥
ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥
ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥”

ਸਮਝਣ ਦੀ ਲੋੜ ਇਹ ਹੈ ਕਿ ਅਸੀਂ ਆਪਣਾ ਚਿੱਤ ਕਿਸ ਦੇ ਨਾਲ ਜੋੜਿਆ ਹੋਇਆ ਹੈ। ਭੇਦ “**ਮਨਮੁਖ**” ਨੂੰ ਤੇ “**ਗੁਰਮੁਖ**” ਨੂੰ ਸਮਝਣ ਵਿੱਚ ਹੈ। “**ਗੁਰਮੁਖ**” ਕੇਵਲ ਆਪ ਗੁਰੂ ਹੈ, ਪ੍ਰਮਾਤਮਾ ਹੈ ਜੋ ਸਭ ਜਗ੍ਹਾਂ ਸਮਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਗੁਰੂ ਆਪਣੀ ਉੱਚੀ ਮਤਿ ਕਰਕੇ “**ਗੁਰਮੁਖ**” ਹੈ, ਉੱਚੇ ਗਿਆਨ ਕਰਕੇ “**ਗੁਰਮੁਖ**” ਹੈ ਜੋ ਕਿ ਚੌਥੇ ਪਦ ਵਿੱਚ ਹੈ, ਸਹਜ ਦੀ ਅਵੱਸਥਾ ਵਿੱਚ ਹੈ ਜਿਸ ਕਰਕੇ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਤ੍ਰੈਗੁਣ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਭਰਮ ਵਿੱਚ ਰੱਖਿਆ ਹੋਇਆ ਹੈ ਤੇ ਇਸ ਅਵੱਸਥਾ ਦੁਆਰਾ ਹਰ ਕੋਈ ਮਨਮੁੱਖ ਹੈ, ਮਾਇਆ ਮੋਹ ਵਿੱਚ ਹੈ, ਚੌਥੇ ਪਦ ਤੋਂ ਦੂਰ ਹੈ, ਨਾਮ ਤੋਂ ਦੂਰ ਹੈ, ਪ੍ਰਮਾਤਮਾ ਤੋਂ ਦੂਰ ਹੈ ਭਾਵ ਉਸਨੂੰ ਸਮਝਣ ਵਿੱਚ ਦੂਰ ਹੈ, ਅਸਮਰੱਥ ਹੈ। ਤ੍ਰੈਗੁਣਾਂ ਦੇ ਵਿੱਚ ਵੀ ਸਾਡੇ ਅੰਦਰ ਹੁਕਮ ਉਸੇ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜਿਸਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣਾ ਹੈ, ਸਾਡੀ ਮਤਿ ਨੂੰ ਨਾ ਟਿਕਣ ਦੇਣ ਦਾ ਹੈ। **(ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ॥)** ਅਸਲ ਵਿੱਚ ਇਹ ਹੀ ਉਹ “**ਹੁਕਮੁ**” ਹੈ ਜਿਸਨੂੰ ਬੁੱਝ ਕੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਸਾਡੀ ਹਉਮੈ ਖਤਮ ਹੁੰਦੀ ਹੈ ਭਾਵ ਸਾਡੀ “ਮੈਂ” ਖਤਮ ਹੁੰਦੀ ਹੈ ਭਾਵ ਸਾਡਾ ਪ੍ਰਮਾਤਮਾ ਨਾਲੋਂ ਵੱਖਰਾਪਨ ਖਤਮ ਹੁੰਦਾ ਹੈ, ਸਾਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਅਸੀਂ ਕੀ ਹਾਂ ਭਾਵ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਨਹੀਂ ਹਾਂ।

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ ॥
ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥
ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥੧॥}

(ਅੰਗ ੯੫੦)

{ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥
ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥}

(ਅੰਗ ੩੭)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਸਾਨੂੰ ਸਾਡੀ ਮਤਿ ਰਾਹੀਂ ਚਲਾ ਰਿਹਾ ਹੈ, ਮਨ ਦੀਆਂ ਸੋਚਾਂ ਰਾਹੀਂ ਚਲਾ ਰਿਹਾ ਹੈ ਪਰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਅਸੀਂ ਕਦੇ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਕੀ ਹੈ ਤੇ ਉਹ ਸਭ ਜਗ੍ਹਾਂ, ਸਭ ਵਿੱਚ ਕਿਵੇਂ ਵਿਚਰਦਾ ਹੈ। ਤ੍ਰੈਗੁਣਾਂ ਵਿੱਚ ਹਰ ਕਿਸੇ ਦੀ ਅਵੱਸਥਾ ਮਨਮੁੱਖ ਵਾਲੀ ਹੈ ਭਾਵ ਆਪਣੀ ਆਪਣੀ ਮਤਿ ਅਨੁਸਾਰ ਚੱਲਣ ਵਾਲੀ ਹੈ, ਸਾਨੂੰ ਭੁਲੇਖੇ ਵਿੱਚ ਰੱਖਣ ਵਾਲੀ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਆਪ ਹੀ ਭੁਲੇਖੇ ਵਿੱਚ ਰੱਖਦਾ ਹੈ।

ਹੁਣ ਸਮਝਣ ਦੀ ਗੱਲ ਇਹ ਹੈ ਕਿ ਦੋਸਤੀ ਕਿਸ ਦੇ ਨਾਲ ਕਰਨੀ ਹੈ, ਆਪਣਾ ਪਿਆਰ ਕਿਸ ਦੇ ਨਾਲ ਪਾਉਣਾ ਹੈ ਭਾਵ ਕਿਸੇ ਮਨੁੱਖ ਦੀ ਮਤਿ ਦੇ ਨਾਲ ਪਾਉਣਾ ਹੈ ਜਾਂ ਗੁਰੂ ਦੀ ਮਤਿ ਦੇ ਨਾਲ ਪਾਉਣਾ ਹੈ। ਮਨੁੱਖੀ ਮਤਿ ਜੋ ਖੁਦ ਭੁਲੇਖੇ ਵਿੱਚ ਹੈ ਉਹ ਕਿਸੇ ਦਾ ਭੁਲੇਖਾ ਕੀ ਕੱਢ ਸਕਦੀ ਹੈ। ਇੱਥੇ ਹੀ ਸਾਰੀ ਗੱਲ ਦਾ ਭੇਦ ਹੈ ਜਿਸਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਾਪਤੀ ਤਾਂ ਅਸੀਂ ਉਸ "ਸੁੱਖ" ਦੀ ਕਰਨੀ ਚਾਹੁੰਦੇ ਹਾਂ, ਪ੍ਰਮਾਤਮਾ ਦੇ ਨਾਲ ਮੇਲ ਦੀ ਕਰਨੀ ਚਾਹੁੰਦੇ ਹਾਂ ਪਰ ਜੇਕਰ ਅਸੀਂ ਕਿਸੇ ਮਨੁੱਖੀ ਮਤਿ ਦੇ ਨਾਲ ਜੁੜ ਜਾਵਾਂਗੇ ਜਿਸਨੂੰ ਕਿ ਖੁਦ ਨਹੀਂ ਪਤਾ ਕਿ ਸੁੱਖ ਦੀ ਪ੍ਰਾਪਤੀ ਕੀ ਹੁੰਦੀ ਹੈ, ਰੱਬ ਦੇ ਨਾਲ ਮੇਲ ਕੀ ਹੁੰਦਾ ਹੈ, ਉਹ ਸਾਨੂੰ ਉਸ ਪ੍ਰਮਾਤਮਾ ਦੇ ਨਾਲ ਕੀ ਮਿਲਾਵੇਗਾ ਭਾਵ ਇਹੋ ਜਿਹਿਆਂ ਕੋਲੋਂ ਪੁੱਛਣ ਦਾ ਕੀ ਲਾਭ ਜੋ ਖੁਦ ਤ੍ਰੈਗੁਣਾਂ ਵਿੱਚ ਹਨ, ਮਨਮੁੱਖ ਹਨ। **(ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥)** ਜੇਕਰ ਧਿਆਨ ਨਾਲ ਸੋਚੀਏ, ਹੋ ਤਾਂ ਸਭ ਜਗ੍ਹਾ ਇਹੋ ਕੁੱਝ ਹੀ ਰਿਹਾ ਹੈ। ਹਰ ਕੋਈ ਕਿਸੇ ਨਾ ਕਿਸੇ "ਸਿਰਮੌਰ" ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਨੂੰ ਕਿ ਉਹ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝੀ ਬੈਠੇ ਹਨ। ਪ੍ਰਮਾਤਮਾ ਨਾਲ ਮੇਲ ਅਸਲ ਵਿੱਚ ਕੀ ਹੈ, ਇਸ ਗੱਲ ਦੀ ਕਿਸੇ ਨੂੰ ਸੋਝੀ ਨਹੀਂ ਹੈ। ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਇਸ ਗੱਲ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਆਪਣੇ ਚੌਥੇ ਪਦ ਦੀ ਅਵੱਸਥਾ ਦੁਆਰਾ ਗੁਰੂ ਹੈ ਜੋ ਮਨ ਦੀ ਸੱਚੀ ਸਮਝ ਦੁਆਰਾ ਪ੍ਰਮਾਤਮਾ ਦੇ ਨਾਲ ਇੱਕ ਹੈ। ਅਸੀਂ ਆਪਣਾ ਚਿੱਤ ਅਸਲ ਵਿੱਚ ਆਪਣੇ-ਆਪਣੇ "ਸਿਰਮੌਰ" ਨਾਲ ਲਾਇਆ ਹੋਇਆ ਹੈ, ਆਪਣੀ-ਆਪਣੀ ਆਸਥਾ ਅਨੁਸਾਰ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ ਉਨ੍ਹਾਂ ਨਾਲ ਜੋੜਿਆ ਹੋਇਆ ਹੈ ਭਾਵੇਂ ਉਹਨਾਂ ਦੀਆਂ ਦੱਸੀਆਂ ਹੋਈਆਂ ਗੱਲਾਂ ਗੁਰਬਾਣੀ ਉੱਤੇ ਰੱਤੀ ਭਰ ਵੀ ਖਰੀਆਂ ਨਾ ਉੱਤਰਦੀਆਂ ਹੋਣ। ਗੁਰੂ ਦੇ ਨਾਲ ਸਾਡਾ ਚਿੱਤ ਤਾਂ ਹੀ ਜੁੜੇਗਾ ਜਦੋਂ ਅਸੀਂ ਗੁਰੂ ਨੂੰ ਆਪਣਾ "ਸਿਰਮੌਰ" ਮੰਨਾਂਗੇ ਭਾਵ ਗੁਰੂ ਦੀ ਹਰ ਗੱਲ ਮੰਨਾਂਗੇ। ਸਤਿਗੁਰ ਦੀ ਮਤਿ ਨਾਲ ਚਿੱਤ ਲਾਉਣਾ "ਗੁਰਮੁਖ" ਦੇ ਨਾਲ ਦੋਸਤੀ ਲਗਾਉਣਾ ਹੈ ਕਿਉਂਕਿ ਕੇਵਲ ਸਤਿਗੁਰ ਹੀ ਗੁਰਮੁੱਖ ਹੈ। **(ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥)**

{ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥}

(ਅੰਗ ੪੭੪)

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥੪॥}

(ਅੰਗ ੪੭੪)

ਮਨ ਦੇ ਵਿੱਚ ਪਿਆਰ ਤਾਂ ਸਾਡਾ ਕਿਸੇ ਹੋਰ ਨਾਲ ਹੈ, ਆਪਣੇ ਥਾਪੇ ਹੋਏ ਕਿਸੇ ਸਿਰਮੌਰ ਨਾਲ ਹੈ, ਆਪਣੀ ਜਥੇਬੰਦੀ ਨਾਲ ਹੈ, ਕਿਸੇ ਕੱਚੀ ਬਾਣੀ ਨਾਲ ਹੈ ਪਰ ਮੁਖੋਂ ਅਸੀਂ ਆਪਣਾ ਪਿਆਰ ਗੁਰੂ ਪ੍ਰਮਾਤਮਾ ਦੇ ਨਾਲ ਹੀ ਦਿਖਾਉਂਦੇ ਹਾਂ। ਅਸਲ ਵਿੱਚ ਗੁਣ ਅਸੀਂ ਉਸੇ ਦੇ ਹੀ ਗਾਉਂਦੇ ਹਾਂ ਜਿਸਦੀ ਅਸੀਂ ਗੱਲ ਮੰਨਦੇ ਹਾਂ, ਵਿਚਾਰਧਾਰਾ ਮੰਨਦੇ ਹਾਂ, ਮਰਿਆਦਾ ਮੰਨਦੇ ਹਾਂ। ਅਸਲ ਵਿੱਚ ਹਰ ਕਿਸੇ ਨੂੰ ਪ੍ਰਮਾਤਮਾ ਨੇ ਆਪ ਹੀ ਭੁਲੇਖੇ ਵਿੱਚ ਰੱਖਿਆ ਹੋਇਆ ਹੈ, ਆਪ ਹੀ ਸਭ ਨੂੰ ਮਨਮੁਖ ਬਣਾਇਆ ਹੋਇਆ ਹੈ। ਪਿਛੇ ਆਖਰੀ ਸ਼ਬਦ ਵਿੱਚ ਇਹ ਹੀ ਸਮਝਾਇਆ ਹੋਇਆ ਹੈ ਕਿ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਭੁਲਾਇਆ ਹੋਇਆ ਹੈ ਉਨ੍ਹਾਂ ਦਾ ਭੁਲੇਖਾ ਉਹ ਆਪ ਹੀ ਉਨ੍ਹਾਂ ਤੇ ਕ੍ਰਿਪਾ ਕਰਕੇ ਕੱਢ ਸਕਦਾ ਹੈ। ਜਿਨ੍ਹਾਂ ਤੇ ਪ੍ਰਮਾਤਮਾ ਇਹ ਕ੍ਰਿਪਾ ਨਹੀਂ ਕਰਦਾ ਭਾਵ ਜਿਨ੍ਹਾਂ ਨੂੰ ਭੁਲੇਖੇ ਵਿੱਚ ਹੀ ਰੱਖਦਾ ਹੈ, ਕਲਪਣਾ ਵਿੱਚ ਰੱਖਦਾ ਹੈ, ਇਹ ਉਸਦੀਆਂ ਦਿੱਤੀਆਂ ਹੋਈਆਂ ਸਜਾਵਾਂ ਹੀ ਹਨ ਜੋ ਹਰ ਕੋਈ ਭੁੱਲਿਆ ਹੋਇਆ ਭੁਗਤ ਰਿਹਾ ਹੈ। ਆਪਣੇ ਵੱਲੋਂ ਤਾਂ ਉਹ ਭਗਤੀ ਕਰ ਰਹੇ ਹਨ ਪਰ ਉਹ ਨਿਰੇ ਭੁਲੇਖੇ ਵਿੱਚ ਹਨ, ਪ੍ਰਮਾਤਮਾ ਉਨ੍ਹਾਂ ਨੂੰ ਉਨ੍ਹਾਂ ਦੇ ਮਾੜੇ ਕਰਮਾਂ ਅਨੁਸਾਰ ਖੱਜਲ ਖੁਆਰ ਹੀ ਕਰ ਰਿਹਾ ਹੈ। ਸਾਡਾ ਜੋ ਵੀ ਕਰਮ ਗੁਰਮਤਿ ਦੇ ਉਲਟ ਹੁੰਦਾ ਹੈ ਉਹ ਸਾਡਾ ਮਾੜਾ ਕਰਮ ਹੀ ਹੁੰਦਾ ਹੈ। ਝੂਠੀ ਭਗਤੀ ਨੂੰ ਸੱਚੀ ਭਗਤੀ ਕਹਿ ਕੇ ਸਮਝਾਉਣਾ ਸਾਡਾ ਮਾੜਾ ਕਰਮ ਹੀ ਹੈ ਤੇ ਉਨਾਂ ਨੂੰ ਮੰਨਣ ਵਾਲੇ ਵੀ ਗੁਰਮਤਿ ਦੇ ਉਲਟ ਚਲਦੇ ਹਨ। ਇਨਾਂ ਗਲਾਂ ਨੂੰ ਅਗੇ ਚਲਕੇ ਬੜੇ ਵਿਸਥਾਰ ਨਾਲ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਾਂਗੇ। **(ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ॥ ਨਾਨਕ ਨਦਰੀ ਬਾਹਰੀ ਕਰਣ ਪਲਾਹ ਕਰੇ॥੬੭॥)**

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

4/235

ਪਿੱਛੇ ਕੁਝ ਸ਼ਬਦਾਂ ਦੀ ਕੀਤੀ ਹੋਈ ਵਿਆਖਿਆ ਦੁਆਰਾ, ਗੁਰੂ ਦਾ ਫੁਰਮਾਨ ਸਾਨੂੰ ਸਪੱਸ਼ਟ ਸਮਝ ਆ ਰਿਹਾ ਹੈ ਕਿ ਜਿਹੋ ਜਿਹੀ ਅਸੀਂ ਆਪਣੇ ਵਲੋਂ ਭਗਤੀ ਕਰ ਰਹੇ ਹਾਂ ਉਹ ਕੇਵਲ ਸਾਡਾ ਇੱਕ ਭੁਲੇਖਾ ਹੀ ਹੈ। ਸਾਨੂੰ ਕੇਵਲ ਲੱਗ ਹੀ ਰਿਹਾ ਹੈ, ਲੋਕ ਸਮਝ ਹੀ ਰਹੇ ਹਨ ਕਿ ਅਸੀਂ ਭਗਤੀ ਕਰ ਰਹੇ ਹਾਂ ਪਰ ਅਸਲ ਵਿੱਚ ਇਹ ਭਗਤੀ ਹੈ ਹੀ ਨਹੀਂ। ਇਹ ਭੁਲੇਖਾ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਹੈ। ਸਭ ਤੋਂ ਵੱਡਾ ਭੁਲੇਖਾ ਜੋ ਸਾਨੂੰ ਪਾਇਆ ਹੋਇਆ ਹੈ ਉਹ ਨਾਮ ਦੀ ਸੋਝੀ ਨਾ ਪੈਣ ਦੇਣਾ ਹੈ ਜੋ ਕਿ ਸਾਡੇ ਭੁਲੇਖਿਆਂ ਦਾ ਮੂਲ ਕਾਰਨ ਹੈ। ਦੂਜਾ ਵੱਡਾ ਭੁਲੇਖਾ ਸਾਨੂੰ ਪ੍ਰਾਪਤੀ ਦੀ ਸਮਝ ਦਾ ਨਾ ਹੋਣਾ ਹੈ। ਪ੍ਰਮਾਤਮਾ ਦੀ ਪ੍ਰਾਪਤੀ ਕੀ ਹੈ ਤੇ ਕਿੱਥੋਂ ਹੋਣੀ ਹੈ, ਕਿਵੇਂ ਹੋਣੀ ਹੈ, ਇਸ ਬਾਰੇ ਅਸੀਂ ਨਿਰੇ ਹੀ ਭੁਲੇਖੇ ਵਿੱਚ ਹਾਂ। ਅਸੀਂ ਰਿਧੀਆਂ ਸਿਧੀਆਂ ਵਿੱਚ ਹੀ ਪ੍ਰਮਾਤਮਾ ਨੂੰ ਸਮਝਦੇ ਹਾਂ, ਇਨ੍ਹਾਂ ਦੀ ਪ੍ਰਾਪਤੀ ਨੂੰ ਹੀ ਪ੍ਰਮਾਤਮਾ ਦੀ ਪ੍ਰਾਪਤੀ ਸਮਝਦੇ ਹਾਂ, ਉਸਦੀ ਬੜੀ ਵੱਡੀ ਕ੍ਰਿਪਾ ਸਮਝਦੇ ਹਾਂ। ਆਪਣਾ ਮਾਨ ਵਧਣ ਵਿੱਚ, ਦੁਨਿਆਵੀ ਮਾਇਆ ਦੀਆਂ ਪ੍ਰਾਪਤੀਆਂ ਵਿਚ, ਵਡਿਆਈਆਂ ਮਿਲਣ ਵਿੱਚ, ਉੱਚਾ ਹੋਣ ਵਿੱਚ ਉਸਦੀ ਕ੍ਰਿਪਾ ਸਮਝਦੇ ਹਾਂ। ਇਹ ਕੇਵਲ ਪ੍ਰਮਾਤਮਾ ਦੇ ਪਾਏ ਹੋਏ ਭੁਲੇਖੇ ਹਨ, ਆਪਣੇ ਆਪ ਤੋਂ ਵਿਛੋੜਨ ਦੇ ਤਰੀਕੇ ਹਨ। ਇਹ ਉਸਦੇ ਚੋਜ ਹਨ ਜਿਨ੍ਹਾਂ ਨੂੰ ਅਸੀਂ ਨਹੀਂ ਸਮਝ ਸਕਦੇ। ਜਿਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੀ ਕ੍ਰਿਪਾ ਸਮਝਦੇ ਹਾਂ, ਅਸਲ ਵਿੱਚ ਅਸਲੀਅਤ ਇਸ ਤੋਂ ਉਲਟੀ ਹੈ। ਜਿਹੋ ਜਿਹਾ ਜਪ ਤਪ ਅਸੀਂ ਕਰਦੇ ਹਾਂ, ਜਿਹੋ ਜਿਹਾ ਨਾਮ ਜਪਦੇ ਹਾਂ ਉਸ ਨਾਲ ਸਾਡੀ ਹਉਮੈ ਖਤਮ ਹੋਣ ਦੀ ਬਜਾਇ ਉਲਟਾ ਵਧਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਇਹ ਮਾਰਗ ਮਾਣ ਅਭਿਮਾਣ ਖਤਮ ਕਰਨ ਦਾ ਹੈ, ਵਡਿਆਈਆਂ ਤੋਂ ਦੂਰ ਰਹਿਣ ਦਾ ਹੈ ਪਰ ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸ ਨਾਲ ਹੁੰਦਾ ਅਸਲ ਵਿੱਚ ਇਸ ਤੋਂ ਉਲਟ ਹੈ। ਜਿਹੜਾ ਨਾਮ ਜਪਣ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਕਰਨੇ ਹਨ, ਪਰਉਪਕਾਰ ਕਰਨੇ ਹਨ, ਮੋਹ ਮਾਇਆ ਵਿੱਚੋਂ ਨਿਕਲਣਾ ਹੈ, ਮੋਹ ਤਿਆਗਣਾ ਹੈ, ਉਲਟਾ ਇਸ ਵਿੱਚ ਹੋਰ ਫਸੀ ਜਾਂਦੇ ਹਾਂ। ਔਗੁਣ ਤਿਆਗਣ ਨੂੰ ਅਸੀਂ ਭਗਤੀ ਦਾ ਹਿੱਸਾ ਹੀ ਨਹੀਂ ਸਮਝਦੇ, ਆਪਣੀ ਜ਼ਿੰਮੇਵਾਰੀ ਹੀ ਨਹੀਂ ਸਮਝਦੇ

ਜਦ ਕਿ ਗੁਰੂ ਦਾ ਫੁਰਮਾਨ ਇਸ ਤੋਂ ਬਿਲਕੁਲ ਉਲਟ ਹੈ। ਅਸੀਂ ਰਿਧੀਆਂ ਸਿਧੀਆਂ ਵਿੱਚੋਂ ਰੱਬ ਨੂੰ ਲੱਭਦੇ ਹਾਂ ਜਦ ਕਿ ਇਹ ਪ੍ਰਮਾਤਮਾ ਨੂੰ ਲੱਭਣ ਦੇ ਰਾਹ ਵਿੱਚ ਰੁਕਾਵਟਾਂ ਹਨ ਭਾਵ ਭਗਤੀ ਦੀ ਭਾਵਨਾ ਤੋਂ ਉਲਟ ਹਨ। ਇਹ ਸਾਨੂੰ ਉਲਝਾਉਣ ਲਈ ਕੇਵਲ ਪ੍ਰਮਾਤਮਾ ਦੇ ਚੋਜ ਹਨ,

4/236

ਉਸਦੀ ਮਾਇਆ ਦੀ ਜੁਗਤਿ ਹੈ। ਅਸੀਂ ਇਨ੍ਹਾਂ ਨੂੰ ਪ੍ਰਾਪਤੀਆਂ ਸਮਝਦੇ ਹਾਂ ਜਦ ਕਿ ਬਾਣੀ ਵਿੱਚ ਸਾਨੂੰ ਇਨ੍ਹਾਂ ਤੋਂ ਦੂਰ ਰਹਿਣ ਲਈ ਸਮਝਾਇਆ ਹੋਇਆ ਹੈ। ਅਸੀਂ ਇਨ੍ਹਾਂ ਦੇ ਮੋਹ ਦੇ ਜਾਲ ਵਿੱਚ ਫਸ ਜਾਂਦੇ ਹਾਂ। ਹੇਠ ਦਿੱਤੇ ਸ਼ਬਦ ਨੂੰ ਵਿਚਾਰ ਕੇ ਸਾਡਾ ਇਹ ਭੁਲੇਖਾ ਦੂਰ ਹੋ ਜਾਵੇਗਾ।

“ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥੨॥”

(ਅੰਗ ੬੫੦)

ਪਹਿਲੀ ਪੰਗਤੀ ਤੋਂ ਹੀ ਸਾਨੂੰ ਇਹ ਸਮਝ ਆ ਰਹੀ ਹੈ ਕਿ ਜਿਨ੍ਹਾਂ ਨੂੰ ਅਸੀਂ ਸਿਧ ਸਾਧਿਕ ਸਮਝਦੇ ਹਾਂ, ਸਿਧੀਆਂ ਦੀ ਪ੍ਰਾਪਤੀ ਕੀਤੇ ਹੋਏ ਸਮਝਦੇ ਹਾਂ, ਉਨ੍ਹਾਂ ਨੂੰ ਅਜੇ ਆਪ ਵੀ “ਨਾਮ” ਨਹੀਂ ਮਿਲਿਆ ਜਿਸ ਨਾਮ ਨੂੰ ਉਹ ਖੋਜਦੇ ਹਨ, ਪ੍ਰਮਾਤਮਾ ਨੂੰ ਖੋਜਦੇ ਹਨ ਭਾਵ ਪ੍ਰਮਾਤਮਾ ਨਹੀਂ ਮਿਲਿਆ ਤੇ ਉਹ ਸਮਾਧੀਆਂ ਲਾ ਲਾ ਕੇ ਥੱਕ ਚੁੱਕੇ ਹਨ ਭਾਵ ਸਮਾਧੀਆਂ ਲਗਾ ਕੇ ਪ੍ਰਮਾਤਮਾ ਦਾ ਜਪ ਕਰਨਾ ਗੁਰੂ ਦੀ ਮਤਿ ਦੇ ਉਲਟ ਚੱਲਣਾ ਹੈ। ਨਾਲ ਹੀ ਇੱਥੋਂ ਇਹ ਗੱਲ ਵੀ ਸਾਫ ਹੁੰਦੀ ਹੈ ਕਿ ਨਾਮ ਆਪ ਪ੍ਰਮਾਤਮਾ ਹੈ ਜਿਸਨੂੰ ਅਸੀਂ ਖੋਜਣਾ ਹੈ, ਲੱਭਣਾ ਹੈ ਭਾਵ ਉਹ ਕੋਈ ਅੱਖਰ ਜਾਂ ਅੱਖਰਾਂ ਦਾ ਮੰਤ੍ਰ ਨਹੀਂ ਹੈ ਤੇ ਨਾ ਹੀ ਪ੍ਰਮਾਤਮਾ ਕਿਸੇ ਸਮਾਧੀਆਂ ਦੇ ਜਪ ਤਪ ਦੁਆਰਾ ਮਿਲਦਾ ਹੈ ਤੇ ਨਾ ਹੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਿਸੇ ਸਿਧ ਸਾਧਿਕ ਦੀ ਕੋਈ ਕੀਮਤ ਹੈ ਭਾਵ ਇਹ ਲੋਕ ਵੀ ਪ੍ਰਮਾਤਮਾ ਦੇ ਪਾਏ ਹੋਏ ਭੁਲੇਖੇ ਵਿੱਚ ਹੀ ਹਨ, ਉਸ ਦੇ ਉਲਝਾਏ ਹੋਏ ਹੀ ਹਨ। (**ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥ ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥**) ਪ੍ਰਮਾਤਮਾ ਨੂੰ ਕੇਵਲ ਗੁਰੂ ਦੀ ਮਤਿ ਨਾਲ ਜੁੜਕੇ ਹੀ ਪਾਇਆ ਜਾ ਸਕਦਾ ਹੈ ਤੇ ਅਗਲੀ ਪੰਗਤੀ ਵਿੱਚ ਵੀ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਹੀ ਦੱਸਿਆ ਹੋਇਆ ਹੈ। ਉਸ ਨੂੰ ਕੇਵਲ ਗੁਰੂ ਦੀ ਮਤਿ ਤੇ ਚੱਲ ਕੇ ਉਸਦੀ ਕ੍ਰਿਪਾ ਦੁਆਰਾ ਹੀ ਮਿਲਿਆ ਜਾ ਸਕਦਾ ਹੈ। ਗੁਰੂ ਦੀ ਮਤਿ ਤੇ ਚੱਲਣਾ ਕੀ ਹੈ, ਇਹ ਅਸੀਂ ਹੁਣ ਤੱਕ ਭਲੀ ਭਾਂਤੀ ਜਾਣ ਹੀ ਚੁੱਕੇ ਹਾਂ। ਗੁਰਮਤਿ ਦੀ ਸੱਚੀ ਸਮਝ ਤੋਂ ਬਿਨ੍ਹਾਂ, ਨਾਮ ਦੀ ਪ੍ਰਾਪਤੀ ਤੋਂ ਬਿਨ੍ਹਾਂ ਭਾਵ ਗੁਰੂ ਦੇ ਹੁਕਮ, ਰਜ਼ਾ ਵਿੱਚ ਰਹਿਣ ਤੋਂ ਬਿਨ੍ਹਾਂ, ਗੁਰੂ ਦੇ ਸੱਚੇ ਗੁਣਾਂ ਨੂੰ ਅਪਣਾਏ ਬਿਨ੍ਹਾਂ, ਔਗੁਣਾਂ ਦੇ ਤਿਆਗ ਤੋਂ ਬਿਨ੍ਹਾਂ ਸਾਡਾ ਸਾਰਾ ਪਹਿਨਣ, ਖਾਣ ਗੁਰੂ ਦੀ ਮਤਿ ਵਾਲਾ ਨਹੀਂ ਹੈ, ਚੰਗਾ ਨਹੀਂ ਹੋ ਸਕਦਾ ਅਤੇ ਸਿਧੀਆਂ ਤੇ ਕਰਾਮਾਤਾਂ ਨੂੰ ਇੱਕ ਲਾਹਣਤ ਦੱਸਿਆ ਹੈ ਭਾਵ ਬਹੁਤ ਮਾੜਾ ਆਖਿਆ ਹੈ। ਨਾਮ ਸਾਡੇ ਮਨ ਦਾ ਭੋਜਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਦਾ ਪਹਿਨਣ ਸਾਡੀ ਮਤਿ ਦਾ ਪਹਿਨਣ ਹੈ, ਸਾਡੀ ਮਤਿ ਦਾ ਕੱਪੜਾ ਹੈ ਜੋ ਕੱਪੜਾ ਸਾਡੀ ਮਤਿ ਨੂੰ ਸੁੰਦਰ ਬਣਾਉਂਦਾ ਹੈ, ਔਗੁਣਾਂ ਤੋਂ ਬਚਾ ਕੇ ਰੱਖਦਾ ਹੈ। ਸਾਨੂੰ ਜਿਹੋ ਜਿਹੀ ਮਤਿ ਆਪਣੇ ਅੰਦਰ ਮਿਲਦੀ ਹੈ ਉਹੀ ਸਾਡਾ ਖਾਣਾ ਹੈ, ਸਾਡੀ ਮਤਿ ਦਾ ਭੋਜਨ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ। ਮਨ ਦਾ ਸੱਚਾ ਭੋਜਨ, ਨਾਮ ਦਾ ਭੋਜਨ, ਗੁਰਮਤਿ ਦਾ ਭੋਜਨ ਸਾਨੂੰ ਸੱਚ ਦੇ ਨਾਲ ਜੋੜਦਾ ਹੈ, ਭਗਤੀ ਦੇ ਸੱਚੇ ਮਾਰਗ ਦੇ ਨਾਲ ਜੋੜਦਾ ਹੈ ਤੇ ਨਾਮ ਦੀ ਸਮਝ ਦੇ ਬਿਨ੍ਹਾਂ ਮਨੁੱਖੀ ਸਮਝ ਰਿਧੀਆਂ ਸਿਧੀਆਂ ਵਿੱਚ ਪੈ ਜਾਂਦੀ ਹੈ ਜਿਸਨੂੰ ਕਿ ਬਹੁਤ ਮਾੜਾ ਦੱਸਿਆ ਹੈ ਕਿਉਂਕਿ ਇਹ ਸਭ ਮਾਇਆ ਮੋਹ ਹੀ ਹੈ। ਗੁਰੂ ਦੇ ਨਾਮ ਭੋਜਨ ਤੋਂ ਦੂਸਰਾ ਭੋਜਨ ਬਿਖੁ ਦਾ ਭੋਜਨ ਹੈ ਭਾਵ ਸਾਡੀ ਮਾੜੀ ਸਮਝ ਵਾਲਾ ਭੋਜਨ ਹੈ ਜੋ ਭੋਜਨ ਸਾਨੂੰ ਮਾਇਆ ਮੋਹ ਵਿੱਚ ਪਾਉਂਦਾ ਹੈ।

{ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ ॥}

(ਅੰਗ ੧੪੧੯)

{ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ ॥
ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥}

(ਅੰਗ ੫੯੬)

{ਬਿਨੁ ਖਾਏ ਬੂਝੈ ਨਹੀ ਭੂਖ ॥
ਰੋਗੁ ਜਾਇ ਤਾਂ ਉਤਰਹਿ ਦੂਖ ॥
ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥
ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥}

(ਅੰਗ ੧੧੪੯)

{ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥
ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥੨॥}

(ਅੰਗ ੧੩੩੧)

{ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥
ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥}

(ਅੰਗ ੧੧੨੭)

(ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥) ਇਹ ਰਿਧੀਆਂ ਸਿਧੀਆਂ ਪ੍ਰਮਾਤਮਾ ਤੋਂ ਸਾਨੂੰ ਦੂਰ ਖਿੱਚਦੀਆਂ ਹਨ, ਆਪਣੇ ਮੋਹ ਵਿੱਚ ਫਸਾਉਂਦੀਆਂ ਹਨ ਅਤੇ ਇਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਕਦੇ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਜਿਸ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ, ਰਿਧੀਆਂ ਸਿਧੀਆਂ ਸਭ ਵਿੱਚੇ ਹੀ ਆ ਜਾਂਦੀਆਂ ਹਨ। ਰਿਧੀਆਂ ਸਿਧੀਆਂ ਰਾਹੀਂ ਭਰਮਾਂ ਵਿੱਚ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਸਾਡਾ ਸਾਰਾ ਉਪਰਾਲਾ ਨਾਮ ਦੀ ਪ੍ਰਾਪਤੀ ਲਈ ਹੋਣਾ ਚਾਹੀਦਾ ਹੈ ਤੇ ਇਨ੍ਹਾਂ

ਰਿਧੀਆਂ ਸਿਧੀਆਂ ਤੋਂ ਬਚਣਾ ਚਾਹੀਦਾ ਹੈ। ਰਿਧੀਆਂ ਸਿਧੀਆਂ ਨੂੰ ਅੱਗੇ ਚੱਲ ਕੇ ਕੁੱਝ ਹੋਰ ਵੀ ਬਰੀਕੀ ਨਾਲ ਸਮਝਾਂਗੇ ਕਿ ਇਹ ਕੋਈ ਚਮਤਕਾਰ ਵਾਲੀ ਗੱਲ ਨਹੀਂ ਹੁੰਦੀ ਜੋ ਕਿ ਇਹਨਾਂ ਨੂੰ ਆਮ ਕਰਕੇ ਸਮਝਿਆ ਜਾਂਦਾ ਹੈ, ਕਰਾਮਾਤਾਂ ਕਰਕੇ ਸਮਝਿਆ ਜਾਂਦਾ ਹੈ। ਪ੍ਰਮਾਤਮਾ ਦਾ ਸਾਡੇ ਅੰਦਰ ਵੱਸ ਜਾਣਾ, ਉਸਦੇ ਨਾਮ ਦਾ ਵਸ ਜਾਣਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਣਾ ਹੀ ਅਸਲ ਵਿੱਚ ਉਸ ਦੀ ਕਰਾਮਾਤਿ ਹੈ ਜਿਸ ਦੁਆਰਾ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਰਿਧੀਆਂ ਸਿਧੀਆਂ ਕੀ ਹਨ। **(ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥ ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥)**

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥}

(ਅੰਗ ੫੯੩)

ਜਦੋਂ ਅਸੀਂ ਧਿਆਨ ਨਾਲ ਵਿਚਾਰਾਂਗੇ ਤਾਂ ਸਮਝ ਲੱਗੇਗੀ ਕਿ ਬਹੁਤ ਭੁਲੇਖਿਆਂ ਦੀ ਜੜ੍ਹ "ਨਾਮ" ਦੀ ਸੋਝੀ ਨਾ ਪੈਣਾ ਹੀ ਹੈ। ਭਾਵੇਂ ਬਾਣੀ ਵਿੱਚ ਗੁਰੂ ਦੇ ਸਮਝਾਉਣ ਵੱਲੋਂ ਕੋਈ ਕਮੀ ਨਹੀਂ ਹੈ ਕਿ "ਨਾਮ" ਕੀ ਹੈ ਪਰ ਫਿਰ ਵੀ ਅਸੀਂ ਭੁਲੇਖੇ ਵਿੱਚ ਹੀ ਹਾਂ। ਉਹ ਸਾਨੂੰ ਭੁਲੇਖੇ ਵਿੱਚ ਰੱਖਣ ਦੇ ਸਮਰੱਥ ਹੈ, ਉਹ ਬਹੁਤ ਬਹੁਤ ਸਿਆਣਾ ਹੈ। ਜੋ ਚਾਹੇ ਕਰਵਾ ਸਕਦਾ ਹੈ। ਉਸਨੇ ਸਾਰੇ ਜਗ ਨੂੰ ਭੁਲੇਖੇ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਤੇ ਕੇਵਲ ਉਹ ਆਪ ਹੀ ਇੱਕੋ ਇੱਕ ਹੈ ਜੋ ਸਭ ਕੁੱਝ ਜਾਣਦਾ ਹੈ, ਉਹ ਆਪ ਚੌਥੇ ਪਦ ਵਿੱਚ ਹੈ, ਗਿਆਨ ਦਾ ਮਾਲਕ ਹੈ।

(ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥)

(ਅੰਗ ੬੧)

ਹੁਣ ਦੇਖੋ ਇਹ ਬਿਲਕੁਲ ਸਪੱਸ਼ਟ ਹੋ ਚੁੱਕਾ ਹੈ ਕਿ ਨਾਮ ਕੀ ਹੈ, ਗੁਰਬਾਣੀ ਆਪ ਹੀ ਸਪੱਸ਼ਟ ਕਰ ਰਹੀ ਹੈ। ਇਸ ਦੇ ਬਾਵਜੂਦ, ਉਹ ਭੁਲੇਖਾ ਉਸਦਾ ਹੀ ਕੱਢੇਗਾ ਜਿਸਦਾ ਉਹ ਕੱਢਣਾ ਚਾਹੇਗਾ, ਕ੍ਰਿਪਾ ਉਸ ਤੇ ਹੀ ਕਰੇਗਾ, ਜਿਸਤੇ ਉਹ ਕਰਨੀ ਚਾਹੇਗਾ। ਮੰਨਣਾ ਨਾ ਮੰਨਣਾ ਇਹ ਸਾਡੇ ਹੱਥ ਵੱਸ ਨਹੀਂ ਹੈ। ਹੇਠ ਦਿੱਤੀਆਂ ਪੰਗਤੀਆਂ ਨੂੰ ਪੜ੍ਹ ਕੇ ਨਾਮ ਬਾਰੇ ਭੁਲੇਖਾ ਸਿੱਧਾ ਹੀ ਨਿਕਲਦਾ ਹੈ ਪਰ ਫਿਰ ਵੀ ਅਸੀਂ ਤਾਂ ਹੀ ਮੰਨ ਸਕਾਂਗੇ ਜੇਕਰ ਉਹ ਮਨਾਉਣਾ ਚਾਹੇਗਾ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ ੧੨੩੯)

{ਲਿਖੁ ਲੇਖਣਿ ਕਾਗਦਿ ਮਸਵਾਣੀ॥ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥}

(ਅੰਗ ੧੮੫)

{ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ॥੧॥ਰਹਾਉ॥}

(ਅੰਗ ੪੨੧)

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥}

(ਅੰਗ ੬੪੫)

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ ੧੪੨੯)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥}

(ਅੰਗ ੧੪੦)

{ਐਸੋ ਤਿਆਗੀ ਵਿਰਲਾ ਕੋਇ॥
ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥}

(ਅੰਗ ੧੧੪੭)

{ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥}

(ਅੰਗ ੧੨੬੨)

4/238

{ਕਵਨ ਤਪੁ ਜਿਤੁ ਤਪੀਆ ਹੋਇ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥}

(ਅੰਗ ੧੮੭)

ਉੱਪਰ ਵਾਲੇ ਸ਼ਬਦਾਂ ਤੋਂ ਇਲਾਵਾ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ "ਨਾਮ" ਕੀ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਗੁਰੂ ਦੇ ਸ਼ਬਦਾਂ ਦੁਆਰਾ ਜਿਵੇਂ ਕਿ ਅਸੀਂ ਹੁਣ ਤੱਕ ਸਮਝਿਆ ਹੈ, ਹਰ ਕਿਸੇ ਨੂੰ ਇਹ ਆਸਾਨੀ ਨਾਲ ਸਮਝ ਆ ਰਿਹਾ ਹੈ ਕਿ ਨਾਮ ਕੀ ਹੈ, ਨਾਮ ਜਪਣਾ ਕੀ ਹੈ। ਸਾਡੇ ਨਾ ਮੰਨਣ ਦਾ ਕਾਰਨ, ਨਾ ਸਮਝਣ ਦਾ ਕਾਰਨ ਸਾਡੀ ਮਨਹਠਿ ਹੈ, ਸਾਡੇ ਅੰਦਰ ਦਾ ਉਹ ਭਰੋਸਾ ਹੈ ਜੋ ਅਸੀਂ ਉਨ੍ਹਾਂ ਤੇ ਰੱਖਿਆ ਹੋਇਆ ਹੈ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਮੰਨ ਚੁੱਕੇ ਹਾਂ ਜੋ ਕਿ ਸਾਡੇ ਵੱਸ ਨਹੀਂ ਹੈ। ਇਹ ਮਨਹਠਿ ਸਾਡੇ ਅੰਦਰ ਗੁਰੂ ਨੂੰ ਛੱਡ ਕੇ, ਹੋਰਨਾ ਤੇ ਭਰੋਸਾ ਰੱਖਣ ਦੇ ਕਾਰਨ ਹੈ। ਸੱਚੀ ਬਾਣੀ ਨੂੰ ਛੱਡ ਕੇ ਕੱਚੀਆਂ ਬਾਣੀਆਂ ਤੇ, ਕੱਚੇ ਮਨੁੱਖਾਂ ਤੇ, ਉਨ੍ਹਾਂ ਦੇ ਕੱਚੇ ਬੋਲਾਂ ਤੇ, ਪੁਸਤਕਾਂ ਆਦਿ ਤੇ ਭਰੋਸਾ ਰੱਖਣ ਦੇ ਕਾਰਨ ਹੈ **(ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥)**। ਅੰਗ - ੯੨੦ ਸਤਿਗੁਰੂ ਤੇ ਭਾਵ ਗੁਰੂ ਦੀ ਮਤਿ ਤੇ ਭਰੋਸਾ ਆਉਣਾ ਬਹੁਤ ਔਖਾ ਹੈ ਤੇ ਉਹ ਤਾਂ ਹੀ ਆ ਸਕਦਾ ਹੈ ਜਦੋਂ ਉਹ ਆਪ ਇਹ ਭਰੋਸਾ ਦੇਵੇਗਾ, ਸਾਨੂੰ ਆਪ ਇਸ ਉਲਝਣ ਵਿੱਚੋਂ ਕੱਢੇਗਾ। ਉਸਦੀ ਕ੍ਰਿਪਾ ਬਿਨ੍ਹਾਂ ਉਸਦੇ ਸਾਫ ਅਤੇ ਸਿੱਧੇ ਬੋਲ ਭਾਵੇਂ ਸਾਡੇ ਸਾਹਮਣੇ ਲਿਖੇ ਹੋਏ ਹਨ ਪਰ ਫਿਰ ਵੀ ਅਸੀਂ ਮੰਨਣ ਤੋਂ ਮੁਨਕਰ ਹੋਈ ਜਾਂਦੇ ਹਾਂ ਤੇ ਆਪਣਾ ਭਰੋਸਾ ਕੱਚੀਆਂ ਬਾਣੀਆਂ ਤੇ, ਕੱਚੇ ਬੋਲਾਂ ਤੇ ਟਿਕਾਇਆ ਹੋਇਆ ਹੈ। ਭਾਵੇਂ ਸਪੱਸ਼ਟ ਸਮਝਾਇਆ ਹੈ ਕਿ ਜੋ ਨਾਮ ਅਸੀਂ ਰਸਨਾ ਰਾਹੀਂ ਜਪਦੇ ਹਾਂ, ਨਾਮ ਸਮਝਦੇ ਹਾਂ, ਉਹ ਨਾਮ ਨਹੀਂ ਹੈ। ਨਾਮ ਦੀ ਅਸੀਂ ਪ੍ਰਾਪਤੀ ਕਰਨੀ ਹੈ, ਉਸ ਪ੍ਰਮਾਤਮਾ ਦੀ ਪ੍ਰਾਪਤੀ ਕਰਨੀ ਹੈ ਜੋ ਕਿ ਉਸਦੀ ਸੇਵਾ ਦੁਆਰਾ ਹੋਣੀ ਹੈ। ਉਸਦੀ ਸੇਵਾ ਕੀ ਹੈ ਇਹ ਬਾਣੀ ਵਿੱਚ ਬੜਾ ਖੁੱਲ੍ਹ ਕੇ ਸਮਝਾਇਆ ਹੋਇਆ ਹੈ, ਜੋ ਕਿ ਅਸੀਂ ਪਿੱਛੇ ਬਰੀਕੀ ਨਾਲ ਜਾਣ ਚੁੱਕੇ ਹਾਂ। ਰਸਨਾ ਨਾਲ ਇੱਕ "ਅੱਖਰ" ਨੂੰ ਬੋਲ ਬੋਲ ਕੇ ਉਸਦੀ ਕੋਈ ਸੇਵਾ ਨਹੀਂ ਹੋ ਸਕਦੀ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ। ਇਹ ਕੇਵਲ ਇੱਕ ਭੁਲੇਖਾ ਹੈ। ਹੇਠ ਦਿੱਤੀ ਇਸ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਨਾਲ, ਸਮਝਣ ਨਾਲ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ।

{ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥}

(ਅੰਗ ੧੨੬੨)

ਸਾਡੇ ਅੰਦਰ ਭੁਲੇਖਿਆਂ ਦੇ ਪੱਕੇ ਹੋਣ ਦਾ ਵੱਡਾ ਕਾਰਨ ਇਹ ਵੀ ਹੈ ਕਿ ਅਸੀਂ ਇਹ ਸਮਝਦੇ ਹਾਂ ਕਿ ਜਿਸਨੂੰ ਵੀ ਕੋਈ ਪ੍ਰਾਪਤੀ ਹੋਈ ਹੈ, ਉਸਨੂੰ ਇਹੋ ਜਿਹਾ ਜਪ ਤਪ ਕਰਕੇ ਹੀ ਹੋਈ ਹੈ। ਅਸਲ ਵਿੱਚ ਜੋ ਪ੍ਰਾਪਤੀ ਹੈ ਹੀ ਨਹੀਂ ਭਾਵ ਜੋ ਆਤਮਿਕ ਪ੍ਰਾਪਤੀ ਹੈ ਹੀ ਨਹੀਂ ਅਸੀਂ ਉਸ ਨੂੰ ਬੜੀ ਵੱਡੀ ਪ੍ਰਾਪਤੀ ਸਮਝਦੇ ਹਾਂ। ਅਸੀਂ ਛੋਟੀਆਂ ਮੋਟੀਆਂ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਨੂੰ ਅਸਲ ਪ੍ਰਾਪਤੀ ਸਮਝਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਹੈ ਕਿ ਇਹ ਰਿਧੀਆਂ ਸਿਧੀਆਂ, ਕਰਾਮਾਤਾਂ ਆਦਿ ਕੇਵਲ ਸਾਡੇ ਲਈ ਇੱਕ ਰੁਕਾਵਟਾਂ ਹਨ,

4/239 ਅਤੇ 239-ਅ

ਪ੍ਰਮਾਤਮਾ ਦੇ ਸਾਨੂੰ ਆਪਣੀ ਮਾਇਆ ਦੀ ਜੁਗਤਿ ਦੁਆਰਾ ਉਲਝਣਾਂ ਵਿੱਚ ਪਾਉਣ ਦੇ ਤਰੀਕੇ ਹਨ। ਅਸੀਂ ਇਨ੍ਹਾਂ ਭੁਲੇਖਿਆਂ ਦਾ ਸ਼ਿਕਾਰ ਹੋ ਕੇ ਹੀ ਇਹੋ ਜਿਹੇ ਮਨੁੱਖਾਂ ਦੇ ਪਿੱਛੇ ਲੱਗ ਜਾਂਦੇ ਹਾਂ ਤੇ ਉਨ੍ਹਾਂ ਨੂੰ ਰੱਬ ਦਾ ਰੂਪ ਸਮਝ ਕੇ, ਜੋ ਕੁੱਝ ਉਹ ਮੂੰਹੋਂ ਕਹਿ ਦਿੰਦੇ ਹਨ, ਉਨ੍ਹਾਂ ਦੇ ਬਚਨਾਂ ਨੂੰ ਸੱਚ ਸਮਝ ਕੇ ਅੱਖਾਂ ਮੀਟ ਕੇ ਮੰਨੀ ਜਾਂਦੇ ਹਾਂ। ਗੁਰੂ ਦੀ ਕਸਵੱਟੀ ਤੇ ਇਹੋ ਜਿਹੇ ਬੋਲ ਪੂਰੇ ਉਤਰਦੇ ਹਨ ਜਾਂ ਨਹੀਂ ਉਤਰਦੇ ਸਾਨੂੰ ਇਸ ਗੱਲ ਦੀ ਕੋਈ ਸਮਝ ਨਹੀਂ ਹੈ, ਪ੍ਰਵਾਹ ਨਹੀਂ ਹੈ। ਅਸਲ ਵਿੱਚ, ਇਹ ਹੀ

ਤਾਂ ਸਾਡਾ ਇਮਤਿਹਾਨ ਹੈ ਜਿਸ ਦੁਆਰਾ ਪਤਾ ਲੱਗਦਾ ਹੈ ਕਿ ਸਾਨੂੰ ਗੁਰੂ ਨਾਲ ਕਿਤਨਾ ਕੁ ਪਿਆਰ ਹੈ। ਸਾਡੇ ਅੰਦਰ ਦੂਜਾ ਭਾਉ ਹੈ ਜਾਂ ਗੁਰੂ ਦਾ ਭਾਉ ਹੈ। ਇਸ ਇਮਤਿਹਾਨ ਵਿੱਚੋਂ ਉਹ ਹੀ ਪਾਸ ਹੁੰਦਾ ਹੈ ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ। ਆਓ ਹੁਣ ਸੰਖੇਪ ਵਿੱਚ ਜਾਣੀਏ ਕਿ ਨਾਮ ਦਾ ਸਾਰ ਕੀ ਹੈ :-

1 "**ਨਾਮ**" ਗੁਰੂ ਹੈ, ਗੁਰਬਾਣੀ ਹੈ, ਗੁਰੂ ਦੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। "**ਗੁਰੂ**" ਆਪ ਪ੍ਰਮਾਤਮਾ ਹੈ, "**ਨਾਮ**" ਆਪ ਪ੍ਰਮਾਤਮਾ ਹੈ। ਨਾਮ ਦੀ ਸਿੱਖਿਆ ਹੀ ਨਾਮ ਹੈ। ਆਪਣੀ ਸਿੱਖਿਆ ਆਪਣਾ ਨਾਮ ਗੁਰੂ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ।

2 "**ਨਾਮ ਜਪਣਾ**", ਗੁਰੂ ਦੀ ਪੂਰਨ ਮਤਿ ਨੂੰ ਮੰਨ ਕੇ ਉਸ ਤੇ ਚੱਲਣਾ ਹੈ, ਗੁਰੂ ਦੇ ਪੂਰਨ ਉਪਦੇਸ਼ ਅਨੁਸਾਰ ਚੱਲਣਾ ਹੈ, ਗੁਰੂ ਦੇ ਭਾਣੇ ਵਿੱਚ ਚੱਲਣਾ ਹੈ।ਔਗੁਣਾਂ ਨੂੰ ਤਿਆਗ ਕੇ ਗੁਰੂ ਦੇ ਗੁਣਾਂ ਨੂੰ ਧਾਰਨ ਕਰਨਾ ਹੈ, ਪਰਉਪਕਾਰੀ ਬਣਨਾ ਹੈ, ਸੱਚੀ ਸੁੱਚੀ ਕਿਰਤ ਕਰਨਾ ਹੈ। ਆਪਣੀ ਸਿੱਖਿਆ ਦੇਣ ਵਾਲਾ ਵੀ ਉਹ ਆਪ ਹੈ ਤੇ ਉਸ ਤੇ ਚਲਾਉਣ ਵਾਲਾ ਵੀ ਉਹ ਆਪ ਹੈ ਭਾਵ ਆਪਣਾ ਨਾਮ ਦੇਣ ਵਾਲਾ ਵੀ ਉਹ ਆਪ ਹੈ ਤੇ ਆਪਣਾ ਨਾਮ ਜਪਵਾਉਣ ਵਾਲਾ ਵੀ ਉਹ ਆਪ ਹੀ ਹੈ। ਜਿਸਨੂੰ ਉਹ ਆਪਣਾ ਨਾਮ ਦਿੰਦਾ ਹੈ ਉਸਨੂੰ ਹੀ ਆਪਣਾ ਨਾਮ ਜਪਾਉਂਦਾ ਹੈ। ਅਸੀਂ ਆਪਣੇ ਆਪ ਨਾਮ ਜਪਣ ਦਾ ਉੱਦਮ ਹੀ ਕਰ ਸਕਦੇ ਹਾਂ ਜੋ ਸਾਨੂੰ ਕਰਨਾ ਚਾਹੀਦਾ ਹੈ। ਇਹ ਸੱਚਾ ਉੱਦਮ ਗੁਰੂ ਦੀ ਮਤਿ ਨੂੰ ਮੰਨ ਕੇ ਆਪਣੀ ਮਨਮਤਿ ਵਿੱਚੋਂ ਨਿਕਲਣ ਦਾ ਹੈ ਤਾਂ ਜੋ ਅਸੀਂ ਉਸ ਤਰੀਕੇ ਵਿਚਰਨ ਦਾ ਉੱਦਮ ਕਰੀਏ ਜਿਹੋ ਜਿਹੀ ਚੰਗੀ ਵਿਚਰਨ ਸਾਨੂੰ ਗੁਰੂ ਆਪਣੇ ਨਾਮ ਦੁਆਰਾ ਸਮਝਾਉਂਦਾ ਹੈ। ਪ੍ਰਮਾਤਮਾ ਦਾ ਨਾਮ ਉਸਦੀ ਕਿਰਪਾ ਨਾਲ ਹੀ ਮਿਲਦਾ ਹੈ ਜੋ ਕਿ ਉਹ ਆਪ ਹੀ ਮਨ ਦੇ ਵਿੱਚ ਪਰਗਟ ਹੋ ਕੇ ਦਿੰਦਾ ਹੈ ਤੇ ਉਸ ਲਈ ਉੱਦਮ ਅਸੀਂ ਹੀ ਕਰਨਾ ਹੈ।

3 "**ਨਾਮ ਦੀ ਪ੍ਰਾਪਤੀ**", ਸੱਚੇ ਗਿਆਨ ਦੀ ਪ੍ਰਾਪਤੀ ਦਾ ਫਲ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਫਲ ਹੈ। ਪੂਰਨ ਗੁਰਮਤਿ ਦੀ ਸੋਝੀ ਦਾ ਫਲ ਹੈ। ਚੌਥੇ ਪਦ ਦੀ ਪ੍ਰਾਪਤੀ ਦਾ ਫਲ ਹੈ, ਸਹਜ ਗਿਆਨ ਦੀ ਪ੍ਰਾਪਤੀ ਦਾ ਫਲ ਹੈ, ਹਉਮੈ ਖਤਮ ਹੋਣ ਦਾ ਫਲ ਹੈ। ਨਾਮ ਦੀ ਪ੍ਰਾਪਤੀ ਨਾਮ ਦੇ ਮਾਲਕ ਦੇ ਨਾਲ, ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਸਾਡੇ ਮਨ ਦੇ ਵਿੱਚ ਹੀ ਹੁੰਦਾ ਹੈ। ਪ੍ਰਮਾਤਮਾ ਆਪ "**ਨਾਮ**" ਦੇ ਰੂਪ ਵਿੱਚ ਹੈ, ਸਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਰੂਪ ਵਿੱਚ ਉਹ ਆਪ ਹੀ ਪੂਰੀ ਗੁਰਬਾਣੀ ਦੇ ਵਿੱਚ ਹੈ। ਆਪਣਾ ਨਾਮ, ਆਪਣਾ ਸੱਚਾ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ ਜਿਸ ਤਰੀਕੇ ਆਪਣੇ ਨਾਲ ਮੇਲ ਪ੍ਰਮਾਤਮਾ ਆਪ ਹੀ ਕਰਦਾ ਹੈ ਤੇ ਉਸਦੇ ਨਾਲ ਮੇਲ ਤੋਂ ਬਾਅਦ ਹੀ ਇਹ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਭ ਕੁੱਝ ਨਾਮ ਹੀ ਹੈ। ਬਾਣੀ ਪੜ੍ਹਨ ਵਾਲਿਆਂ ਲਈ ਤੱਤੁ ਦੀ ਗੱਲ ਇਹ ਹੈ ਕਿ ਨਾਮ ਗੁਰੂ ਦਾ ਸੱਚਾ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤੇ ਉਹ ਤਾਂ ਹੀ ਨਿਕਲੇਗੀ ਜੇ ਨਾਮ ਜਪਾਂਗੇ ਭਾਵ ਗੁਰੂ ਦੀ ਗੱਲ ਨੂੰ ਮੰਨਾਂਗੇ। ਇਸ ਤੋਂ ਇਲਾਵਾ ਨਾਮ ਨੂੰ ਕੁੱਝ ਹੋਰ ਸਮਝਣਾ ਕੇਵਲ ਸਾਡਾ ਭੁਲੇਖਾ ਹੈ।

ਬਾਣੀ ਬਹੁਤ ਵੱਡੀ ਹੈ, ਬਹੁਤ ਉੱਚੀ ਹੈ। ਇਹ ਪ੍ਰਮਾਤਮਾ ਦੀ ਮਨੁੱਖਤਾ ਨੂੰ ਬਹੁਤ ਵੱਡੀ ਦਾਤ ਹੈ। ਆਓ ਇਸ ਤੇ ਭਰੋਸਾ ਰੱਖੀਏ ਤੇ ਇੱਧਰ-ਉਧਰ ਦੀਆਂ ਗੱਲਾਂ ਤੇ ਵਿਸ਼ਵਾਸ ਕਰਕੇ ਗੁਰੂ ਤੋਂ ਆਪਣਾ ਭਰੋਸਾ ਨਾ ਗਵਾਈਏ। ਸਾਰੀ ਪ੍ਰਾਪਤੀ ਗੁਰਬਾਣੀ ਦੇ ਵਿੱਚੋਂ ਹੀ ਹੋਣੀ ਹੈ, ਬਾਹਰੋਂ ਨਹੀਂ ਹੋਣੀ। ਗੁਰਬਾਣੀ ਨੂੰ ਪੂਰੇ ਪਿਆਰ ਅਤੇ ਸਤਿਕਾਰ ਨਾਲ ਪੜ੍ਹੀਏ। ਜਦੋਂ ਵੀ ਸਾਨੂੰ ਸਮਾਂ ਮਿਲੇ ਗੁਰਬਾਣੀ ਦਾ ਪਾਠ ਕਰੀਏ, ਕੀਰਤਨ ਸੁਣੀਏ ਤੇ ਉਸਨੂੰ ਵਿਚਾਰੀਏ। ਇਹ ਗੁਰੂ ਦਾ ਬਿਰਦ ਹੈ, ਅਸੂਲ ਹੈ ਕਿ ਉਹ ਗਹਿਰ ਗੰਭੀਰ ਹੈ। ਇਸੇ ਲਈ ਬਾਣੀ ਦਾ ਗਿਆਨ, ਉਸਦਾ ਭਾਵ ਗਹਿਰਾ ਹੋਣਾ, ਡੂੰਘਾ ਹੋਣਾ ਕੁਦਰਤੀ ਹੈ। ਉਸ ਵਿੱਚ ਪੂਰੀ ਗੰਭੀਰਤਾ ਹੈ। ਇਸੇ ਲਈ ਬਾਣੀ ਨੂੰ ਖੋਜਣ ਲਈ ਉਸਨੂੰ ਸਮਝਣ ਲਈ, ਸਾਡੀ ਸੋਚ ਦਾ ਗਹਿਰਾ ਹੋਣਾ ਵੀ ਜਰੂਰੀ ਹੈ ਭਾਵ ਸਾਨੂੰ ਪੂਰੀ ਗਹਿਰਾਈ ਅਤੇ ਗੰਭੀਰਤਾ ਨਾਲ ਬਾਣੀ ਨੂੰ

ਪੜ੍ਹਨਾ ਅਤੇ ਸਮਝਣਾ ਚਾਹੀਦਾ ਹੈ। ਅਸੀਂ ਬਾਣੀ ਨੂੰ ਧਿਆਨ ਨਾਲ ਸਮਝਣ ਦੀ ਬਜਾਇ ਇੱਧਰ-ਉਧਰ ਦੀਆਂ ਗੱਲਾਂ ਵਿੱਚ ਉਲਝ ਜਾਂਦੇ ਹਾਂ। ਸਾਨੂੰ ਘੱਟੋ ਘੱਟ ਬਾਣੀ ਨੂੰ ਸਮਝਣ ਦੀ ਕੋਸ਼ਿਸ਼ ਜਰੂਰ ਕਰਨੀ ਚਾਹੀਦੀ ਹੈ, ਉੱਦਮ ਜਰੂਰ ਕਰਨਾ ਚਾਹੀਦਾ

ਹੈ ਤੇ ਫਿਰ ਉਹ ਕ੍ਰਿਪਾ ਵੀ ਆਪ ਹੀ ਕਰਦਾ ਹੈ ਤੇ ਸਾਨੂੰ ਸੋਝੀ ਪਾਉਂਦਾ ਹੈ। ਅਸੀਂ ਆਪਣੇ ਅੰਦਰ ਗੁਰੂ ਦੀ ਗੱਲ ਨੂੰ ਤਾਂ ਹੀ ਵਿਚਾਰਾਂਗੇ, ਅਮਲ ਕਰਾਂਗੇ ਜੇਕਰ ਉਸਦੀ ਸਮਝ ਆਵੇਗੀ। ਗਲਤ ਸਮਝਾਂਗੇ ਤਾਂ ਗਲਤ ਹੀ ਵਿਚਾਰਾਂਗੇ। ਗੁਰੂ ਦੀ ਗੱਲ ਦੀ ਸੋਝੀ ਹੋਣਾ ਬਹੁਤ ਜਰੂਰੀ ਹੈ ਤੇ ਇਸ ਨੂੰ ਸਮਝਣ ਲਈ ਸਾਡਾ ਉੱਦਮ ਕਰਨਾ ਵੀ ਉਤਨਾ ਹੀ ਜਰੂਰੀ ਹੈ।ਆਓ ਇੱਧਰ-ਉਧਰ ਦੀ ਓਟ ਛੱਡ ਕੇ, ਕੱਚਿਆਂ ਦੀ ਓਟ ਛੱਡ ਕੇ ਉਸ ਸੱਚੇ ਦੀ ਓਟ ਲਈਏ ਤੇ ਉਸ ਕੋਲੋਂ ਸੱਚਾ ਮਾਰਗ ਜਾਣੀਏ। ਆਓ ਸਾਰੇ ਭਰੋਸੇ ਛੱਡ ਕੇ ਗੁਰੂ ਤੇ ਭਰੋਸਾ ਕਰੀਏ।

“ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥”

(ਅੰਗ ੨੮੫)

ਗੁਰਬਾਣੀ ਤੇ ਪੂਰਾ ਵਿਸ਼ਵਾਸ ਤਾਂ ਸਾਨੂੰ ਉਸਦੀ ਕਿਰਪਾ ਦੁਆਰਾ ਹੀ ਆ ਸਕਦਾ ਹੈ, ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਆ ਸਕਦਾ ਹੈ ਜੋ ਪ੍ਰਕਾਸ਼ ਮਨ ਦੀ ਸਮਝ ਦੇ ਵਿੱਚ ਉਹ ਆਪ ਹੀ ਕਰਦਾ ਹੈ ਪਰ ਸਾਨੂੰ ਉੱਦਮ ਜਰੂਰ ਕਰਨਾ ਚਾਹੀਦਾ ਹੈ ਕਿ ਅਸੀਂ ਕਿਸੇ ਹੋਰ ਦੇ ਪਿੱਛੇ ਨਾ ਲੱਗੀਏ। ਆਓ ਹੁਣ ਆਪਣੇ ਭੁਲੇਖੇ ਨੂੰ ਕੱਢਣ ਵਿੱਚ ਗੁਰੂ ਦੀ ਮਦਦ ਲੈਣ ਲਈ ਹੇਠ ਲਿਖੇ ਸ਼ਬਦਾਂ ਨੂੰ ਵਿਚਾਰੀਏ ਤਾਂ ਕਿ ਇੱਕ ਅੱਖਰ ਦੇ ਜਾਪ ਦੇ ਭਰੋਸੇ ਨੂੰ ਛੱਡ ਕੇ ਅਸੀਂ ਉਹੋ ਜਿਹਾ ਜਪ ਕਰੀਏ ਜੋ ਸਾਨੂੰ ਗੁਰੂ ਸਮਝਾ ਰਿਹਾ ਹੈ, ਵਾਰ-ਵਾਰ ਸਮਝਾ ਰਿਹਾ ਹੈ।

“ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥੨੨੩॥
ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ॥
ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ॥੨੨੪॥”

(ਅੰਗ ੧੩੭੯)

ਉੱਪਰ ਦਿੱਤੇ ਹੋਏ ਪਹਿਲੇ ਸਲੋਕ ਨੂੰ ਅਗਰ ਕੁੱਝ ਬਰੀਕੀ ਨਾਲ ਵਿਚਾਰਾਂਗੇ ਤਾਂ ਭੁਲੇਖਾ ਇੱਥੋਂ ਹੀ ਨਿਕਲ ਜਾਵੇਗਾ। ਅਗਰ ਕੋਈ ਭੁਲੇਖਾ ਰਹਿ ਜਾਵੇ ਤਾਂ ਉਹ ਨਾਲ ਲੱਗਦੇ, ਅਗਲੇ ਸਲੋਕ ਰਾਹੀਂ ਕੱਢਿਆ ਹੋਇਆ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਬੋਲ ਬੋਲ ਕੇ ਪੁਕਾਰਦੇ ਹਾਂ **(ਕੇਸੋ ਕੇਸੋ ਕੂਕੀਐ)** ਤਾਂ ਇਸ ਨਾਲ ਸਾਡੀ ਚਿੰਤਾ ਨਹੀਂ ਜਾ ਸਕਦੀ,

4/241

ਅਸੀਂ ਨਿਸ਼ਚਿਤ (ਅਸਾਰ) ਹੋ ਕੇ ਨਹੀਂ ਸੋਂ ਸਕਦੇ ਭਾਵ ਸਾਡੇ ਮਨ ਨੂੰ ਸ਼ਾਂਤੀ ਨਹੀਂ ਮਿਲ ਸਕਦੀ ਭਾਵ ਇਹੋ ਜਿਹਾ ਕੂਕਣਾ ਵਿਅਰਥ ਹੀ ਜਾਂਦਾ ਹੈ। ਅਸੀਂ ਇਸ ਤਰੀਕੇ ਨਾਲ ਜੋ ਪ੍ਰਮਾਤਮਾ ਨੂੰ ਦਿਨ ਰਾਤ ਪੁਕਾਰਦੇ ਹਾਂ ਉਹ ਸਾਡੀ ਇਹੋ ਜਿਹੀ ਪੁਕਾਰ ਕਦੋਂ ਦਾ ਸੁਣ ਰਿਹਾ ਹੈ ਭਾਵ ਜਦੋਂ ਦੇ ਪੁਕਾਰ ਰਹੇ ਹਾਂ ਉਦੋਂ ਤੋਂ ਹੀ ਸੁਣ ਰਿਹਾ ਹੈ **(ਕਬਹੂ ਕੇ ਸੁਨੈ ਪੁਕਾਰ॥)** ਭਾਵ ਇਹੋ ਜਿਹੀ ਪੁਕਾਰ ਜੇਕਰ ਉਸਨੇ ਸੁਣਨੀ ਹੁੰਦੀ ਤਾਂ ਹੁਣ ਤੱਕ ਸੁਣ ਲੈਂਦਾ ਭਾਵ ਇਹੋ ਜਿਹੀ ਪੁਕਾਰ ਉਸਨੂੰ ਨਹੀਂ ਭਾਉਂਦੀ। ਉਸਨੂੰ ਕਿਹੋ ਜਿਹੀ ਪੁਕਾਰ ਭਾਉਂਦੀ ਹੈ, ਉਹ ਨਾਲ ਹੀ ਅਗਲੇ ਸਲੋਕ ਰਾਹੀਂ ਸਪੱਸ਼ਟ ਕੀਤੀ ਹੋਈ ਹੈ। ਗੁਰਬਾਣੀ ਦੀ ਇਹ ਬਹੁਤ ਵੱਡੀ ਖਾਸੀਅਤ ਹੈ ਕਿ ਭੁਲੇਖਾ ਪੈਂਦਾ ਕਿਤੇ ਨਜ਼ਰ ਆਉਂਦਾ ਹੈ ਤਾਂ ਉਸ ਨੂੰ ਨਾਲ ਹੀ ਸਪੱਸ਼ਟ ਕੀਤਾ ਹੁੰਦਾ ਹੈ। ਗੁਰਬਾਣੀ ਨੂੰ ਕਾਫੀ ਗਹਿਰਾਈ ਵਿੱਚ ਜਾ ਕੇ ਸਮਝਣ ਦੀ ਲੋੜ ਹੈ ਜਿਵੇਂ ਕਿ ਪਿੱਛੇ ਵੀ ਇਸ ਗੱਲ ਤੇ ਜ਼ੋਰ ਪਾਇਆ ਹੈ। ਅਗਲੇ ਸਲੋਕ ਵਿੱਚ ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਸਮਝਾਇਆ ਹੋਇਆ ਹੈ ਅਤੇ ਨਾਲ ਹੀ ਸਾਡੀ ਚਿੰਤਾ ਦਾ ਕਾਰਨ ਵੀ ਦੱਸਿਆ ਹੋਇਆ ਹੈ ਅਤੇ ਉਨ੍ਹਾਂ ਚਿੰਤਾਵਾਂ ਨੂੰ ਦੂਰ ਕਿਵੇਂ ਕਰਨਾ ਹੈ, ਇਹ ਸਮਝਾਇਆ ਹੋਇਆ ਹੈ। ਸਾਡੀ ਇਸ ਕਾਇਆ ਨੂੰ, ਸਰੀਰ ਨੂੰ ਕਜਲੀ ਬਨ ਕਿਹਾ ਹੈ ਭਾਵ ਕਦਲੀ ਬਨ ਕਿਹਾ ਹੈ ਜੋ ਕਿ ਇੱਕ ਕੇਲਿਆਂ ਦਾ ਵਣ ਹੈ। ਸਾਡੇ ਮਨ ਨੂੰ ਹਾਥੀ ਕਿਹਾ ਹੈ ਜੋ ਕਿ ਮਾਇਆ ਦੇ ਰੰਗਾਂ ਵਿੱਚ ਮਸਤ ਹੈ। ਹਾਥੀ ਜੋ ਕਿ ਕੇਲਿਆਂ ਦੇ ਵਣ ਦੇ ਆਸੇ ਪਾਸੇ ਰਹਿੰਦੇ ਹਨ ਉਹ ਕੇਲੇ ਖਾਣ ਦੇ ਲੋਭ ਵਿੱਚ ਉਸ ਵਣ ਨੂੰ ਉਜਾੜ ਦਿੰਦੇ ਹਨ ਕਿਉਂਕਿ ਕੇਲੇ ਉਨ੍ਹਾਂ ਦਾ ਮਨਪਸੰਦ ਭੋਜਨ ਹੈ। ਇਸੇ ਤਰ੍ਹਾਂ ਸਾਡਾ ਮਨ ਸਵਾਦਾਂ ਦੇ, ਸਵਾਰਥਾਂ ਦੇ, ਤ੍ਰਿਸ਼ਨਾਵਾਂ ਦੇ ਲੋਭ ਲਾਲਚ ਵਿੱਚ ਫਸ ਕੇ, ਮੋਹ ਮਾਇਆ ਵਿੱਚ ਫਸ ਕੇ ਮਾੜੇ ਕਰਮ ਕਰਦਾ ਹੈ ਤੇ ਹਰ ਵੇਲੇ ਇਸ ਕਾਇਆ ਰੂਪੀ ਵਣ ਨੂੰ ਉਜਾੜ ਰਿਹਾ ਹੈ ਭਾਵ ਆਪਣੇ ਜੀਵਨ ਨੂੰ, ਇਸ ਜੀਵਨ ਦੇ ਮਨੋਰਥ ਨੂੰ ਵਿਅਰਥ ਗਵਾ ਰਿਹਾ ਹੈ। ਲੋੜ ਇਸ ਹਾਥੀ ਰੂਪ ਮਨ ਨੂੰ ਸਮਝਾਉਣ ਦੀ ਹੈ, ਕਾਬੂ ਕਰਨ ਦੀ ਹੈ ਜੋ ਕਿ ਬੋਲ ਬੋਲਣ ਦੁਆਰਾ ਕਾਬੂ ਵਿੱਚ ਨਹੀਂ ਆ ਸਕਦਾ। ਜਿਵੇਂ ਕਿ ਹਾਥੀ ਨੂੰ ਇਹ ਕਹੀ ਜਾਈਏ “ਵੱਸ ਵਿੱਚ ਆਜਾ”, “ਵਸ ਵਿੱਚ ਆਜਾ”, “ਵੱਸ ਵਿੱਚ ਆਜਾ”, ਉਹ ਵੱਸ ਵਿੱਚ ਨਹੀਂ ਆ ਸਕਦਾ। ਉਸਨੂੰ ਵੱਸ ਵਿੱਚ ਕਰਨ ਲਈ ਮੁਹਾਵਤ ਉਸਦੇ ਸਿਰ ਵਿੱਚ ਲੋਹੇ ਦਾ ਕੁੰਡਾ, “ਅੰਕਸ” ਮਾਰਦੇ ਹਨ ਤੇ ਉਹ ਬੜਾ ਔਖਾ ਵੱਸ ਵਿੱਚ

4/242

ਆਉਂਦਾ ਹੈ। ਇਸੇ ਤਰ੍ਹਾਂ ਇਸ ਮਨ ਨੂੰ ਕਾਬੂ ਕਰਨ ਲਈ ਗੁਰੂ ਦਾ ਗਿਆਨ ਰੂਪੀ ਕੁੰਡਾ, ਗਿਆਨ ਰੂਪੀ ਅੰਕਸ ਮਾਰਨ ਦੀ ਲੋੜ ਹੈ। "ਗਿਆਨ ਰਤਨ" ਤੋਂ ਭਾਵ ਹੈ ਗੁਰੂ ਦੇ ਸ਼ਬਦ ਦਾ ਗਿਆਨ **(ਗੁਰ ਕਾ ਸਬਦੁ ਰਤੰਨੁ ਹੈ)**। ਗੁਰੂ ਦਾ ਗਿਆਨ, ਗੁਰੂ ਦਾ ਉਪਦੇਸ਼ ਸਾਨੂੰ ਔਗੁਣਾਂ ਦੇ ਸਾਗਰ ਤੋਂ ਪਾਰ ਕਰਨ ਲਈ ਖੇਵਟ ਦਾ ਕੰਮ ਕਰਦਾ ਹੈ ਭਾਵ ਸਾਡੇ ਔਗੁਣ ਛੱਡਾ ਕੇ ਸਾਨੂੰ ਗੁਣਾਂ ਦਾ ਧਾਰਨੀ ਬਣਾਉਂਦਾ ਹੈ। ਜਿਸ ਖੇਵਟ ਨੇ ਸਾਡੇ ਮਨ ਦੇ ਉੱਤੇ ਗਿਆਨ ਰੂਪ ਕੁੰਡਾ ਮਾਰਨਾ ਹੈ ਉਹ ਕੋਈ ਵਿਰਲਾ "ਸੰਤ" ਹੀ ਹੋ ਸਕਦਾ ਹੈ। "ਵਿਰਲਾ ਸੰਤ" ਗੁਰੂ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਜੋ ਗਿਆਨ ਰਤਨ ਦਾ ਮਾਲਕ ਹੈ। ਪੂਰੀ ਗੁਰਬਾਣੀ ਵਿੱਚ ਗਿਆਨ ਰਤਨ ਹੀ ਹਨ ਜੋ ਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹਨ ਜਿਨ੍ਹਾਂ ਦੀ ਸੱਚੀ ਸਮਝ ਹੀ ਸਾਡੇ ਮਨ ਦੇ ਵਿੱਚ ਮਾਰਨ ਵਾਲਾ ਗੁਰੂ ਦਾ ਕੁੰਡਾ ਹੈ ਜਿਸਨੂੰ ਮਾਰਨ ਨਾਲ ਸਾਡਾ ਮਨ ਰੂਪ ਹਾਥੀ ਵੱਸ ਵਿੱਚ ਆ ਸਕਦਾ ਹੈ। ਜਦੋਂ ਅਸੀਂ ਸ਼ਬਦਾਂ ਦੇ ਗਿਆਨ ਨੂੰ ਮੰਨ ਲੈਂਦੇ ਹਾਂ ਤੇ ਇਹ ਕੁੰਡਾ ਸਾਡੇ ਮਨ ਦੇ ਮਾੜੇ ਵਿਚਾਰਾਂ ਤੇ ਵੱਜਣ ਦੁਆਰਾ ਉਨ੍ਹਾਂ ਨੂੰ ਚੰਗੇ ਵਿਚਾਰਾਂ ਵਾਲਾ ਬਣਾ ਦਿੰਦਾ ਹੈ, ਭਗਤੀ ਦੀ ਸੱਚੀ ਸਮਝ ਵਾਲੇ ਵਿਚਾਰਾਂ ਵਾਲਾ ਬਣਾ ਦਿੰਦਾ ਹੈ। (**ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ॥ ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ॥**)

ਬੜਾ ਸਪੱਸ਼ਟ ਹੈ ਕਿ ਗੁਰੂ ਦੇ ਗਿਆਨ ਨੂੰ ਜਪਣਾ ਨਾਮ ਜਪਣਾ ਹੈ ਜੋ ਨਾਮ ਜਪਣ ਦੁਆਰਾ ਸਾਨੂੰ ਸੱਚ ਦੇ ਮਾਰਗ ਤੇ ਚੱਲਣ ਦੀ ਸੋਝੀ ਪੈਂਦੀ ਹੈ। ਆਓ ਇਸ ਭੁਲੇਖੇ ਨੂੰ ਸਦਾ ਲਈ ਆਪਣੇ ਮਨ ਵਿੱਚੋਂ ਕੱਢ ਦੇਈਏ ਕਿ ਬੋਲ ਬੋਲ ਕੇ ਉਸ ਪ੍ਰਮਾਤਮਾ ਦਾ ਜਪ ਕੀਤਾ ਜਾ ਸਕਦਾ ਹੈ। ਇਹੋ ਜਿਹੇ ਬੋਲ ਬੋਲਣ ਨਾਲ ਉਹ ਪ੍ਰਮਾਤਮਾ ਕਦੇ ਨਹੀਂ ਮੰਨ ਸਕਦਾ **(ਕਹੈ ਖੁਦਾਇ ਨ ਮਾਨੈ ਕੋਇ॥)**। ਅਸੀਂ ਕੇਵਲ ਇੱਕ ਅੱਖਰ ਦੇ ਜਪ ਪਿੱਛੇ ਲੱਗੇ ਹੋਏ ਹਾਂ ਜਿੱਥੋਂ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਤੇ ਨਾ ਹੀ ਅਸੀਂ ਉਸ ਵਿੱਚੋਂ ਕੋਈ ਗਿਆਨ ਲੈ ਸਕਦੇ ਹਾਂ। ਸਾਨੂੰ ਗੁਰਬਾਣੀ ਵਿੱਚ ਪੱਥਰ ਦੀ ਪੂਜਾ ਕਰਨ ਵਾਲਿਆਂ ਨੂੰ ਭੁੱਲਿਆ ਹੋਇਆ ਕਹਿ ਕੇ ਸਮਝਾਇਆ ਹੋਇਆ ਹੈ ਕਿਉਂਕਿ ਪੱਥਰ ਸਾਨੂੰ ਕੋਈ ਗਿਆਨ ਨਹੀਂ ਦੇ ਸਕਦਾ ਭਾਵੇਂ ਪੱਥਰ ਨੂੰ ਪੂਜਣ ਵਾਲਿਆਂ ਦੀ ਉਸ ਵਿੱਚ ਪੂਰੀ-ਪੂਰੀ ਸ਼ਰਧਾ ਹੁੰਦੀ ਹੈ। ਫਿਰ ਪੱਥਰ ਦੀ ਪੂਜਾ ਅਤੇ ਅੱਖਰ ਦੀ ਪੂਜਾ ਵਿੱਚ ਫ਼ਰਕ ਹੀ ਕੀ ਰਹਿ ਗਿਆ। ਇੱਕੋ ਹੀ ਗੱਲ ਹੈ। ਮਤਿ ਉਹੀ ਹੈ ਜੋ ਜੁਗਾਂ ਜਗਾਂ ਤੋਂ ਚੱਲਦੀ ਆ ਰਹੀ ਹੈ, ਕੇਵਲ ਜਪਣ ਵਾਲਿਆਂ ਦੇ ਰੂਪ ਹੀ ਬਦਲੇ ਹਨ। ਭੁੱਲੇ ਹੋਏ "ਪੱਥਰ" ਜਪਣ ਵਾਲਿਆਂ ਨੂੰ ਵੀ ਕਿਹਾ ਗਿਆ ਹੈ ਅਤੇ ਭੁੱਲੇ ਹੋਏ "ਅੱਖਰ" ਜਪਣ ਵਾਲਿਆਂ ਨੂੰ ਵੀ ਕਿਹਾ ਗਿਆ ਹੈ। ਅਸਲ ਵਿੱਚ ਭੁੱਲਿਆ ਹਰ ਕੋਈ ਹੀ ਹੋਇਆ ਹੈ ਭਾਵੇਂ ਇਸ ਗੱਲ ਨੂੰ ਕੋਈ ਮੰਨੇ ਤੇ ਭਾਵੇਂ ਨਾ ਮੰਨੇ। ਆਪਣੀ ਭੁੱਲ ਨੂੰ ਨਾ ਮੰਨਣਾ ਵੀ ਭੁੱਲ ਹੈ। ਬਾਣੀ ਤਾਂ ਇਸ ਗੱਲ ਨੂੰ ਮੰਨ ਰਹੀ ਹੈ ਅਤੇ ਸਪੱਸ਼ਟ ਫੁਰਮਾਨ ਕਰ ਰਹੀ ਹੈ ਗੁਰੂ ਤੋਂ ਬਿਨ੍ਹਾਂ ਹਰ ਕੋਈ ਭੁੱਲਿਆ ਹੋਇਆ ਹੈ। **(ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥)**।

ਜਿਵੇਂ ਕਿ ਬਾਣੀ ਸਾਨੂੰ ਆਪ ਹੀ ਸਮਝਾ ਰਹੀ ਹੈ ਕਿ ਇਹ ਦੁਨੀਆਂ ਉਸ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੀ ਹੈ

4/243

ਅਤੇ ਹਰ ਕੋਈ ਉਸ ਪ੍ਰਮਾਤਮਾ ਦੀ ਕਠਪੁਤਲੀ ਹੈ। ਜਿਵੇਂ ਉਸ ਨੂੰ ਚੰਗਾ ਲੱਗਦਾ ਹੈ, ਉਸੇ ਤਰ੍ਹਾਂ ਉਹ ਸਭ ਨੂੰ ਨਚਾ ਰਿਹਾ ਹੈ। ਇਹ ਵੀ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ, ਨਿਯਮ ਹੈ ਕਿ ਉਸ ਦੀ ਇਸ ਖੇਡ ਨੂੰ ਕੋਈ ਜਾਣ ਨਹੀਂ ਸਕਦਾ ਭਾਵ ਕਦੇ ਕਈਆਂ ਕਰੋੜਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਸੋਝੀ ਪਾਉਂਦਾ ਹੈ। ਜੇਕਰ ਸਭ ਨੂੰ ਸਮਝ ਆ ਜਾਵੇ, ਸੋਝੀ ਪਾ ਦੇਵੇ ਤਾਂ ਫਿਰ ਇਹ ਖੇਡ ਨਹੀਂ ਰਹਿ ਸਕਦੀ। ਜਿਵੇਂ ਕਿ ਇੱਕ ਜਾਦੂਗਰ ਆਪਣੀ ਖੇਡ ਦਿਖਾਉਂਦਾ ਹੈ, ਪਰ ਉਹ ਕਿਸੇ ਨੂੰ ਉਸਦੀ ਸੋਝੀ ਨਹੀਂ ਪੈਣ ਦਿੰਦਾ। ਜਦੋਂ ਜਾਦੂ ਦੀ ਸਮਝ ਲੱਗ ਜਾਵੇ ਫਿਰ ਉਹ ਜਾਦੂ ਨਹੀਂ ਜਾਪਦਾ। ਪ੍ਰਮਾਤਮਾ ਨੇ ਸਾਨੂੰ ਇਸ ਖੇਡ ਦੇ ਭੇਤ ਨੂੰ ਜਾਨਣ ਤੋਂ ਆਪ ਹੀ ਦੂਰ ਰੱਖਿਆ ਹੋਇਆ ਹੈ, ਮਾਇਆ ਦੀ ਜੁਗਤਿ ਵਰਤਾ ਕੇ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖ ਕੇ ਉਲਝਣਾਂ ਵਿੱਚ, ਭਰਮਾਂ ਵਿੱਚ ਪਾਇਆ ਹੋਇਆ ਹੈ। ਇਸ ਖੇਡ ਨੂੰ ਸਮਝਣ ਦੀ ਕੀਮਤ ਪ੍ਰਮਾਤਮਾ ਨੇ ਬਹੁਤ ਉੱਚੀ ਰੱਖੀ ਹੋਈ ਹੈ ਤੇ ਉਹੋ ਜਿਹੀ ਕੀਮਤ ਦੇਣਾ ਕਿਸੇ ਦੇ ਵੱਸ ਵਿੱਚ ਨਹੀਂ ਹੈ। ਉਸ ਦੀ ਖੇਡ ਨੂੰ ਸਮਝਣ ਦੀ ਕੀਮਤ ਉਸ ਦੀ ਮਤਿ ਤੇ ਭਾਵ ਗੁਰੂ ਦੀ ਮਤਿ ਤੇ ਪੂਰਾ ਉਤਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਆਪਣੀ ਕੀਮਤ ਉਹ ਆਪ ਹੀ ਪੁਆਉਂਦਾ ਹੈ ਤੇ ਉਹ ਆਪ ਹੀ ਕਿਸੇ ਤੇ ਕ੍ਰਿਪਾ ਕਰਕੇ, ਉਸਨੂੰ ਆਪਣੇ ਹੁਕਮ ਵਿੱਚ ਰੱਖਦਾ ਹੈ ਤੇ ਗੁਰਮਤਿ ਤੇ ਚੱਲਣ ਦੀ ਪੂਰਨ ਸੋਝੀ ਪਾਉਂਦਾ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ, ਹਰ ਕੋਈ ਉਸ ਦੀ ਭਗਤੀ ਕਰਨ ਵਾਲਾ ਆਪਣੇ ਆਪ ਨੂੰ ਠੀਕ ਹੀ ਸਮਝਦਾ ਹੈ, ਸਿਆਣਾ ਸਮਝਦਾ ਹੈ ਪਰ ਉਹ ਪ੍ਰਮਾਤਮਾ ਦੀ ਮਾਇਆ ਦੀ ਜੁਗਤਿ ਨੂੰ ਨਹੀਂ ਸਮਝ ਸਕਦਾ।

ਪ੍ਰਮਾਤਮਾ ਸਾਡੇ ਕੋਲੋਂ ਆਪ ਹੀ ਇਹੋ ਜਿਹੀਆਂ ਭਗਤੀ ਕਰਨ ਦੀਆਂ ਸਿਆਣਪਾਂ ਕਰਵਾਉਂਦਾ ਹੈ, ਚਤੁਰਾਈਆਂ ਕਰਵਾਉਂਦਾ ਹੈ ਅਤੇ ਅਸੀਂ ਇਹ ਸਮਝਦੇ ਹਾਂ ਭਾਵ ਸਾਨੂੰ ਆਪਣੇ ਅੰਦਰੋਂ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਪ੍ਰਮਾਤਮਾ ਨੂੰ ਆਪਣੀ ਭਗਤੀ ਦੁਆਰਾ ਖੁਸ਼ ਕਰ ਰਹੇ ਹਾਂ ਤੇ ਉਸ ਦਾ ਸ਼ੁਕਰਾਨਾ ਕਰ ਰਹੇ ਹਾਂ। ਪਰ ਇਹ ਕੇਵਲ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਮਾਇਆ ਦੀ ਜੁਗਤਿ ਹੈ ਜਿਸ ਨੂੰ ਅਸੀਂ ਸਮਝ ਨਹੀਂ ਸਕਦੇ, ਭੁਲੇਖੇ ਵਿੱਚ ਹੀ ਹਾਂ। ਇਹ ਗੱਲ ਸਾਨੂੰ ਬਾਣੀ ਵਿੱਚ ਲਿਖ ਕੇ ਵੀ ਸਮਝਾਈ ਹੋਈ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝ ਆ ਜਾਵੇਗੀ।

“ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥੧੦॥”

(ਅੰਗ ੯੧੮)

ਇਸ ਸ਼ਬਦ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਇੱਥੇ ਇਹ ਸਮਝਾਇਆ ਹੈ ਕਿ ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਫਸਿਆ ਹੋਇਆ ਹੈ ਤਾਂ ਫਿਰ ਉਹ ਜਿਹੋ ਜਿਹੇ ਵੀ ਜਪ ਤਪ ਕਰਦਾ ਹੈ ਉਹ ਉਸ ਦੀਆਂ ਕੇਵਲ ਸਿਆਣਪਾਂ ਹਨ,

4/244

ਚਤੁਰਾਈਆਂ ਹਨ ਜੋ ਕਿ ਪ੍ਰਮਾਤਮਾ ਸਾਡੇ ਕੋਲੋਂ ਆਪ ਹੀ ਕਰਵਾ ਰਿਹਾ ਹੈ, ਸਾਨੂੰ ਉਸਨੇ ਮੋਹ ਮਾਇਆ ਵਿੱਚ ਆਪ ਹੀ ਫਸਾਇਆ ਹੋਇਆ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਅਸੀਂ ਭਰਮ ਭੁਲੇਖੇ ਵਿੱਚ ਹੀ ਹਾਂ **(ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥ ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥ ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥)** ਭਾਵ ਜਦ ਤੱਕ ਅਸੀਂ ਮਾਇਆ ਮੋਹ ਵਿੱਚੋਂ ਨਹੀਂ ਨਿਕਲਦੇ, ਨਿਰਲੇਪ ਨਹੀਂ ਹੁੰਦੇ, ਅਸੀਂ ਭਗਤੀ ਦੇ ਅਸਲ ਮਾਰਗ ਤੋਂ ਭੁੱਲੇ ਹੋਏ ਹੀ ਰਹਿੰਦੇ ਹਾਂ, ਭਰਮ ਵਿੱਚ ਹੀ ਰਹਿੰਦੇ ਹਾਂ। ਅਸੀਂ ਜਪ ਤਪ ਤਾਂ ਜਰੂਰ ਕਰਦੇ ਹਾਂ ਪਰ ਉਹ ਸਾਡਾ ਇੱਕ ਭਰਮ ਹੀ ਹੈ, ਸਿਆਣਪ ਹੀ ਹੈ ਕਿਉਂਕਿ ਅਸੀਂ ਆਪਣੇ ਆਪ ਨੂੰ ਠੀਕ ਹੀ ਸਮਝਦੇ ਹਾਂ, ਸਿਆਣਾ ਹੀ ਸਮਝਦੇ ਹਾਂ। ਸਾਡੇ ਅੰਦਰ ਇਹ ਮਾਇਆ ਦਾ ਮੋਹ ਪ੍ਰਮਾਤਮਾ ਨੇ ਆਪ ਹੀ ਪਾਇਆ ਹੋਇਆ ਹੈ, ਸਾਡੇ ਮਨ ਦੀ ਸਮਝ ਰਾਹੀਂ, ਸੋਚ ਰਾਹੀਂ ਪਾਇਆ ਹੋਇਆ ਹੈ। ਸਾਡੀ ਸੋਚ ਹੀ ਇਹੋ ਜਿਹੀ ਬਣਾਈ ਹੋਈ ਹੈ ਕਿ ਸਾਨੂੰ ਮਾਇਆ ਹੀ ਚੰਗੀ ਲੱਗਦੀ ਹੈ ਭਾਵ ਇਹ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਜੁਗਤਿ ਹੈ, ਉਸਦੀ ਮਾਇਆ ਰੂਪ ਠੱਗੀ ਹੈ ਜੋ ਸਾਨੂੰ ਮਾਇਆ ਮੋਹ ਵਿੱਚੋਂ ਨਿਕਲਣ ਨਹੀਂ ਦਿੰਦੀ **(ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥)** ਭਾਵ ਅਸਲ ਭਗਤੀ ਮਾਇਆ ਦੇ ਮੋਹ ਵਿੱਚੋਂ ਨਿਕਲਣਾ ਹੈ, ਮਾਇਆ ਵਿੱਚ ਰਹਿੰਦੇ ਹੋਏ ਉਸ ਤੋਂ ਨਿਰਲੇਪ ਰਹਿਣਾ ਹੈ, ਮਗਰ ਇਹ ਮਾਇਆ ਦਾ ਮੋਹ ਸਾਨੂੰ ਇਸ ਵਿੱਚੋਂ ਨਿਕਲਣ ਨਹੀਂ ਦਿੰਦਾ, ਸਾਨੂੰ ਅਸਲ ਮਾਰਗ ਤੇ ਚੱਲਣ ਨਹੀਂ ਦਿੰਦਾ। ਅਸੀਂ ਮਾਇਆ ਮੋਹ ਵਿੱਚ ਫਸੇ ਹੋਏ ਜਿਹੋ ਜਿਹਾ ਜਪ ਤਪ ਕਰਦੇ ਹਾਂ, ਉਸੇ ਨੂੰ ਹੀ ਠੀਕ ਸਮਝਦੇ ਹੋਏ, ਠੀਕ ਮੰਨਦੇ ਹੋਏ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਕੁਰਬਾਨ ਜਾਣਾ ਸਮਝ ਰਹੇ ਹਾਂ ਭਾਵ ਅਸੀਂ ਇਸ ਗੱਲ ਤੋਂ ਬੜੇ ਖੁਸ਼ ਹੁੰਦੇ ਹਾਂ ਕਿ ਪ੍ਰਮਾਤਮਾ ਨੇ ਸਾਨੂੰ ਬੜੇ ਚੰਗੇ ਪਾਸੇ ਲਾਇਆ ਹੋਇਆ ਹੈ ਜੋ ਸਾਡੇ ਕੋਲੋਂ ਆਪਣਾ ਨਾਮ ਜਪਵਾ ਰਹਿਆ ਹੈ, ਭਗਤੀ ਕਰਵਾ ਰਹਿਆ ਹੈ ਭਾਵ ਅਸੀਂ ਉਸੇ ਪ੍ਰਮਾਤਮਾ ਤੋਂ ਕੁਰਬਾਨ ਜਾਂਦੇ ਹਾਂ ਜਿਸ ਨੇ ਸਾਨੂੰ ਆਪ ਹੀ ਮੋਹ ਮਾਇਆ ਵਿੱਚ ਫਸਾਇਆ ਹੋਇਆ ਹੈ ਤੇ ਪੁੱਠੇ ਮਾਰਗ ਤੇ ਚਲਾਇਆ ਹੋਇਆ ਹੈ। **(ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥)**। ਆਪ ਜਿਸ ਨੇ ਸਾਨੂੰ ਉਲਝਾਇਆ ਹੋਇਆ ਹੈ, ਭਗਤੀ ਦੇ ਅਸਲ ਮਾਰਗ ਤੋਂ ਦੂਰ ਰੱਖਿਆ ਹੋਇਆ ਹੈ, ਉਸ ਤੋਂ ਹੀ ਅਸੀਂ ਕੁਰਬਾਨ ਜਾ ਰਹੇ ਹਾਂ, ਆਪਣੇ ਆਪ ਨੂੰ ਤਸੱਲੀ ਦੇ ਰਹੇ ਹਾਂ, ਸਿਆਣਾ ਸਮਝ ਰਹੇ ਹਾਂ, ਵਡਿਆਈ ਵੀ ਲੈ ਰਹੇ ਹਾਂ ਭਾਵ ਸਾਡੇ ਕੋਲੋਂ ਚਤੁਰਾਈਆਂ ਵੀ ਉਹ ਆਪ ਹੀ ਕਰਵਾ ਰਿਹਾ ਹੈ ਜਿਸ ਵਿਚ, ਜਪਾਂ ਤਪਾਂ ਆਦਿ ਵਿੱਚ ਅਸੀਂ ਆਪਣੀ ਭਗਤੀ ਸਮਝੀ ਜਾ ਰਹੇ ਹਾਂ ਤੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਇਹਨਾਂ ਚਤੁਰਾਈਆਂ ਦੁਆਰਾ ਉਸਨੂੰ ਕਿਸੇ ਨੇ ਨਹੀਂ ਪਾਇਆ। **(ਏ ਮਨ**

ਚੰਚਲਾ ਚਤੁਰਾਈ ਕਿਨੈ ਨ ਪਾਇਆ॥) ਜੋ ਵੀ ਅਸੀਂ ਜਪ ਤਪ ਆਦਿ ਕਰਦੇ ਹਾਂ ਇਹ ਸਭ ਸਾਡੀਆਂ ਚਤੁਰਾਈਆਂ ਹੀ ਹਨ। ਜਪ ਤਪ ਕਰਨ ਦੁਆਰਾ ਪ੍ਰਮਾਤਮਾ ਨੂੰ ਨਾ ਕਿਸੇ ਨੇ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ। ਇਹ ਉਸਦਾ ਆਪਣਾ ਫੁਰਮਾਨ ਹੈ। **(ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥)** ਅੰਗ ੪੧੨ **(ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥)** ਅੰਗ ੧੫੧ । ਜਪ ਤਪ ਕਰਨ ਵਾਲੇ ਸਭ ਭੁੱਲੇ ਹੋਏ, ਭਰਮੇ ਹੋਏ ਹਨ।

ਪ੍ਰਮਾਤਮਾ ਆਪ ਹੀ ਸਾਡੇ ਕੋਲੋਂ ਚਤੁਰਾਈਆਂ ਕਰਵਾ ਰਿਹਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਸਕਦੀ ਕਿਉਂਕਿ ਸਾਡੀ ਸਮਝ ਸਾਡੇ ਵੱਸ ਨਹੀਂ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਭਗਤੀ ਦਾ ਅਸਲ ਮਾਰਗ ਨਾ ਸਮਝ ਆਉਣ ਕਰਕੇ, ਗੁਰੂ ਦੇ ਗਿਆਨ ਤੋਂ ਦੂਰ ਰਹਿ ਕੇ ਅਸਲ ਵਿੱਚ ਚਤੁਰਾਈ ਤਾਂ ਸਾਡੇ ਨਾਲ ਹੋ ਰਹੀ ਹੈ,

4/245

ਠੱਗੇ ਅਸਲ ਵਿੱਚ ਅਸੀਂ ਜਾ ਰਹੇ ਹਾਂ। ਅਸੀਂ ਉਸ ਪ੍ਰਮਾਤਮਾ ਨਾਲ ਕੀ ਸਿਆਣਪ ਕਰਨੀ ਹੈ, ਚਤੁਰਾਈ ਕਰਨੀ ਹੈ, ਚਤੁਰਾਈ ਤਾਂ ਅਸਲ ਵਿੱਚ ਸਾਡੇ ਨਾਲ ਪ੍ਰਮਾਤਮਾ ਕਰ ਰਿਹਾ ਹੈ, ਠੱਗ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ।

{ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥੧॥}

(ਅੰਗ ੬੦)

ਜਦ ਤੱਕ ਸਾਡੇ ਅੰਦਰ ਮੋਹ ਠਗਉਲੀ ਵਰਤ ਰਹੀ ਹੈ, ਅਸੀਂ ਠੱਗੇ ਹੀ ਜਾ ਰਹੇ ਹਾਂ। ਜਦ ਤੱਕ ਇਸ ਠਗਉਲੀ ਦੀ ਸਮਝ ਨਹੀਂ ਲੱਗਦੀ ਤਦ ਤੱਕ ਉਸ ਠੱਗਣ ਵਾਲੇ ਦੀ ਸਮਝ ਨਹੀਂ ਲੱਗ ਸਕਦੀ।

{ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥
ਗਈ ਠਗਉਰੀ ਠਗੁ ਪਹਿਚਾਨਿਆ॥੩॥}

(ਅੰਗ ੩੩੧)

ਬਾਣੀ ਵਿੱਚ ਸਾਨੂੰ ਵਾਰ-ਵਾਰ ਮਾਇਆ ਮੋਹ ਵਿੱਚੋਂ ਨਿਕਲਣ ਲਈ ਕਿਹਾ ਗਿਆ ਹੈ, ਨਿਰਲੇਪ ਰਹਿਣ ਲਈ ਕਿਹਾ ਗਿਆ ਹੈ। ਇਸ ਦੀ ਚਰਚਾ ਅਸੀਂ ਪਿੱਛੇ ਵੀ ਕੀਤੀ ਹੈ ਤੇ ਆਓ ਇਸ ਨੂੰ ਬਰੀਕੀ ਨਾਲ ਸਮਝੀਏ ਕਿ ਮਾਇਆ ਵਿੱਚ ਨਿਰਲੇਪ ਰਹਿਣਾ ਕੀ ਹੈ। ਮਾਇਆ ਨੂੰ ਛੱਡਣ ਦੀ ਗੱਲ ਵੀ ਆਉਂਦੀ ਹੈ ਤੇ ਨਾਲ ਹੀ ਇਹ ਵੀ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਇਸ ਮਾਇਆ ਦੇ ਵਿੱਚ ਰਹਿੰਦੇ ਹੋਏ, ਵਿਚਰਦੇ ਹੋਏ ਹੀ ਪਾਇਆ ਜਾਂਦਾ ਹੈ **(ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥੨੯॥)** ਅੰਗ - ੯੨੧ ਮਾਇਆ ਦੇ ਤਿਆਗ ਨੂੰ ਅਕਸਰ ਲੋਕ ਗ੍ਰਹਿਸਤ ਦੇ ਤਿਆਗ ਨਾਲ ਜੋੜ ਲੈਂਦੇ ਹਨ, ਦੁਨਿਆਵੀ ਮਾਇਆ ਦੇ ਤਿਆਗ ਨਾਲ ਜੋੜ ਲੈਂਦੇ ਹਨ, ਇਹ ਮਾਇਆ ਦਾ ਤਿਆਗ ਨਹੀਂ ਹੈ, ਕੇਵਲ ਸੱਚ ਤੋਂ ਮੂੰਹ ਮੋੜਨ ਵਾਲੀ ਗੱਲ ਹੈ, ਆਪਣੇ ਫ਼ਰਜ਼ ਤੋਂ ਭੱਜਣ ਵਾਲੀ ਗੱਲ ਹੈ। ਇਸੇ ਲਈ ਬਾਣੀ ਵਿੱਚ ਇਸ ਮਾਰਗ ਦਾ ਖੰਡਨ ਕੀਤਾ ਹੋਇਆ ਹੈ। ਜੋਗੀ ਸੰਨਿਆਸੀ ਆਦਿ ਜੋ ਘਰ-ਬਾਰ ਛੱਡ ਕੇ ਚਲੇ ਜਾਂਦੇ ਹਨ, ਉਨ੍ਹਾਂ ਨੂੰ ਭੁੱਲਿਆ ਹੋਇਆ ਕਿਹਾ ਹੈ। **(ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ॥** ਅੰਗ ੬੦) ਇਸੇ ਤਰ੍ਹਾਂ ਕਈ ਫਿਰਕੇ ਇਹ ਮਤਿ ਰੱਖਦੇ ਹਨ ਕਿ ਮਾਇਆ ਨੂੰ ਹੱਥ ਨਹੀਂ ਲਾਉਣਾ ਚਾਹੀਦਾ, ਜੇਬ ਵਿੱਚ ਮਾਇਆਂ ਨਹੀਂ ਰੱਖਦੇ। ਇਹ ਸਭ ਭੁੱਲੇ ਹੋਏ ਹੀ ਹਨ। ਮਾਇਆ ਤੋਂ ਬਿਨ੍ਹਾਂ ਸਾਡਾ ਜੀਵਨ ਨਹੀਂ ਹੈ। ਸਾਡਾ ਸਰੀਰ ਵੀ ਮਾਇਆ ਰੂਪ ਹੈ। ਇਸ ਸੰਸਾਰ ਦੇ ਚੱਲਣ ਲਈ ਮਾਇਆ ਇੱਕ ਜ਼ਰੀਆ ਹੈ, ਸਾਧਨ ਹੈ। ਮਾਇਆ ਦੀ ਲੋੜ ਸਭ ਨੂੰ ਹੈ ਜਿਸ ਦੁਆਰਾ ਸਾਡੀਆਂ ਜਰੂਰਤਾਂ ਦੀ ਪੂਰਤੀ ਹੁੰਦੀ ਹੈ। ਮਾਇਆ ਸਾਡੇ ਜੀਵਨ ਦਾ ਹਿੱਸਾ ਹੈ ਤੇ ਇਸ ਬਿਨ੍ਹਾਂ ਸਾਡਾ ਜੀਵਨ ਨਹੀਂ ਚੱਲ ਸਕਦਾ। ਗ੍ਰਹਿ ਤਜ ਕੇ ਵੀ ਸਾਡਾ ਜੀਵਨ ਮਾਇਆ ਨਾਲ ਹੀ ਚੱਲਦਾ ਹੈ। ਗ੍ਰਹਿ ਤੱਜਣਾ ਮਾਇਆ ਦਾ ਤੱਜਣਾ ਨਹੀਂ ਹੈ, ਆਪਣੇ ਫ਼ਰਜ਼ ਨੂੰ ਤੱਜਣਾ ਹੈ। ਮਾਇਆ ਵਿੱਚ ਰਹਿੰਦੇ ਹੋਏ ਵੀ ਮਾਇਆ ਤੋਂ

4/246

ਨਿਰਲੇਪ ਕਿਵੇਂ ਰਹਿਣਾ ਹੈ ਇਹ ਸਾਨੂੰ ਇਸ ਤਰੀਕੇ ਨਾਲ ਸਮਝਾਇਆ ਹੈ **"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥"**, ਅੰਗ ੯੩੮)

ਬਾਣੀ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਾਨੂੰ ਸੰਸਾਰ ਵਿੱਚ ਵਿਚਰਨ ਦੀ ਉਹ ਵਿਧੀ ਸਮਝਾਈ ਹੈ ਜਿਸ ਵਿਧੀ ਦੁਆਰਾ ਕਮਲ ਪਾਣੀ ਵਿੱਚ ਰਹਿੰਦਾ ਹੈ, ਮੁਰਗਾਬੀ ਆਪਣਾ ਜੀਵਨ ਪਾਣੀ ਵਿੱਚ ਬਤੀਤ ਕਰਦੀ ਹੈ। ਪਾਣੀ ਨੂੰ ਮਾਇਆ ਸਮਝਾ ਕੇ ਦੱਸਿਆ ਹੈ ਤੇ ਮਨੁੱਖ ਨੂੰ ਉਸ ਵਿੱਚ ਇਹੋ ਜਿਹੇ ਜੀਵਨ ਲਈ ਪ੍ਰੇਰਿਆ ਹੈ ਜਿਸ ਤਰ੍ਹਾਂ ਕਮਲ ਅਤੇ ਮੁਰਗਾਬੀ ਰਹਿੰਦੇ ਹਨ। ਕਮਲ ਦੀ ਜ਼ਿੰਦਗੀ ਪਾਣੀ ਬਿਨ੍ਹਾਂ ਨਹੀਂ ਬਣ ਸਕਦੀ, ਪਾਣੀ ਬਿਨ੍ਹਾਂ ਉਹ ਨਹੀਂ ਉੱਗ ਸਕਦਾ ਤੇ ਨਾ ਹੀ ਪਾਣੀ ਬਿਨ੍ਹਾਂ ਉਹ ਜ਼ਿੰਦਾ ਰਹਿ ਸਕਦਾ ਹੈ। ਪਾਣੀ ਵਿੱਚੋਂ ਹੀ ਉਸ ਨੂੰ ਖੁਰਾਕ ਮਿਲਦੀ ਹੈ ਅਤੇ ਪਾਣੀ ਦੇ ਸਹਾਰੇ ਹੀ ਉਹ ਆਪਣੇ ਆਪ ਨੂੰ ਟਿਕਾਉਂਦਾ ਹੈ ਭਾਵ ਪਾਣੀ ਉਸ ਦੀਆਂ ਜਰੂਰਤਾਂ ਪੂਰੀਆਂ ਕਰਦਾ ਹੈ। ਪਰ ਕਮਲ ਪਾਣੀ ਵਿੱਚ ਕਦੇ ਭਿੱਜਦਾ ਨਹੀਂ। ਪਾਣੀ ਵਿੱਚ ਰਹਿੰਦੇ ਹੋਏ ਵੀ ਉਹ ਪਾਣੀ ਕੋਲੋਂ ਗਿੱਲਾ ਹੋਣ ਤੋਂ ਬੱਚਕੇ ਰਹਿੰਦਾ ਹੈ, ਪਾਣੀ ਵਿੱਚ ਡੁੱਬਣ ਤੋਂ ਆਪਣੇ ਆਪ ਨੂੰ ਬਚਾ ਕੇ ਰੱਖਦਾ ਹੈ। ਇਸੇ ਤਰ੍ਹਾਂ ਹੀ ਮੁਰਗਾਬੀ ਪਾਣੀ ਵਿੱਚੋਂ ਭੋਜਨ ਲੈਂਦੀ ਹੈ, ਉਸਦਾ ਆਸਰਾ ਲੈਂਦੀ ਹੈ ਪਰ ਪਾਣੀ ਵਿੱਚ ਭਿੱਜਦੀ ਨਹੀਂ। ਇਹ ਵਿਧੀ ਮਨੁੱਖ ਨੂੰ ਮਾਇਆ ਰੂਪੀ ਸੰਸਾਰ ਵਿੱਚ ਰਹਿਣ ਲਈ ਸਮਝਾਈ ਗਈ ਹੈ, ਮਾਇਆ ਵਿੱਚ ਨਾ ਭਿੱਜਣ ਲਈ ਸਮਝਾਈ ਗਈ ਹੈ। ਮਾਇਆ ਵਿੱਚ ਭਿੱਜਣਾ, ਮਾਇਆ ਵਿੱਚ ਗਲਤਾਨ ਹੋਣਾ ਹੈ, ਮਾਇਆ ਪਿੱਛੇ ਲੱਗੇ ਰਹਿਣਾ ਹੈ, ਆਪਣੀ ਹਰ ਮਾੜੀ ਤ੍ਰਿਸ਼ਨਾ ਦੀ ਪੂਰਤੀ ਲਈ ਮਾਇਆ ਨੂੰ ਹਰ ਮਾੜਾ ਢੰਗ ਵਰਤ ਕੇ ਕਮਾਉਣਾ ਹੈ, ਔਗੁਣ ਕਰਨ ਦੁਆਰਾ ਕਮਾਉਣਾ ਹੈ ਜੋ ਸਾਨੂੰ ਸੱਚ ਦੇ ਮਾਰਗ ਤੋਂ ਭਟਕਾ ਦਿੰਦੀ ਹੈ। "ਸੱਚ" ਪਿੱਛੇ ਰਹਿ ਜਾਂਦਾ ਹੈ ਤੇ "ਝੂਠ" ਦਾ ਬੋਲ ਬਾਲਾ ਹੋ ਜਾਂਦਾ ਹੈ, ਮਨੁੱਖ ਸਵਾਰਥੀ ਬਣ ਜਾਂਦਾ ਹੈ, ਮਾਣ ਅਭਿਮਾਨ ਵਿੱਚ ਫਸ ਜਾਂਦਾ ਹੈ, "ਕਾਮ ਵੱਲ" ਤੁਰ ਪੈਂਦਾ ਹੈ ਤੇ ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਲੀਨ ਹੋ ਜਾਂਦਾ ਹੈ। ਆਪਣੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਦਾ ਸਹਾਰਾ ਮਾਇਆ ਨੂੰ ਬਣਾ ਲੈਂਦਾ ਹੈ। ਮਾਇਆ ਉਸ ਨੂੰ ਡੁੱਬੋ ਦਿੰਦੀ ਹੈ। ਆਤਮਿਕ ਰੂਪ ਵਿੱਚ ਡੁੱਬੋ ਦਿੰਦੀ ਹੈ, ਮਾੜੇ ਕਰਮਾਂ ਵਿੱਚ ਡੁੱਬੋ ਦਿੰਦੀ ਹੈ। ਬਹੁਤੀ ਮਾਇਆ ਦੀ ਪ੍ਰਾਪਤੀ ਵਿੱਚ ਤੇ ਉਸ ਦੀ ਮਾੜੀ ਵਰਤੋਂ ਵਿੱਚ ਮਨੁੱਖ ਔਗੁਣਾਂ

4/247

ਦੇ ਸਾਗਰ ਵਿੱਚ, ਭਵਸਾਗਰ ਵਿੱਚ ਗੋਤੇ ਖਾਂਦਾ ਹੈ, ਡੁੱਬ ਜਾਂਦਾ ਹੈ। ਅਸੀਂ ਇਸ ਮਾਇਆ ਮੋਹ ਵਿੱਚ ਡੁੱਬਣ ਤੋਂ ਬਚਣਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥"

(ਅੰਗ ੯੩੮)

ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ ਸਾਡੇ ਅੰਦਰ ਵੀ ਮਾਇਆ ਹੈ ਤੇ ਬਾਹਰ ਵੀ ਮਾਇਆ ਹੈ। ਸਾਡੇ ਅੰਦਰ ਦੀ ਮਾਇਆ ਸਾਨੂੰ ਬਾਹਰ ਦੀ ਮਾਇਆ ਦੇ ਮੋਹ ਵਿੱਚ ਰੱਖਦੀ ਹੈ, ਮਾਇਆ ਦੇ ਸੁੱਖਾਂ ਨਾਲ ਜੋੜ ਕੇ ਰੱਖਦੀ ਹੈ। ਮਾਇਆ ਮੋਹ ਦਾ ਮੂਲ ਸਾਡੇ ਮਨ ਦੀ ਸਮਝ ਹੈ, ਸਾਡੇ ਅੰਦਰ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਪ੍ਰਮਾਤਮਾ ਨੇ ਸਭ ਦੇ ਅੰਦਰ ਆਪ ਹੀ ਪਾਈ ਹੋਈ ਹੈ, ਮਨ ਦੇ ਵਿਚਾਰਾਂ ਰਾਹੀਂ ਪਾਈ ਹੋਈ ਹੈ ਜਿਸ ਕਰਕੇ ਸਾਨੂੰ ਮਾਇਆ ਚੰਗੀ ਲੱਗਦੀ ਹੈ ਤੇ ਉਸ ਨੂੰ ਕਮਾਉਣ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਜੋ ਕਰਮ ਸਾਡੇ ਕੋਲੋਂ ਸਾਡੇ ਮਨ ਦੀ ਸਮਝ ਹੀ ਕਰਵਾਉਂਦੀ ਹੈ, ਮਾਇਆ ਮੋਹ ਵਾਲੀ ਸਮਝ ਹੀ ਕਰਵਾਉਂਦੀ ਹੈ। ਜੇਕਰ ਸਾਡੇ ਅੰਦਰ ਦਾ ਮਾਇਆ ਮੋਹ ਵੱਸ ਵਿਚ ਆ ਜਾਵੇ ਤਾਂ ਫਿਰ ਅਸੀਂ ਬਾਹਰ ਦੀ ਮਾਇਆ ਨੂੰ ਕਮਾਉਣ ਲਈ ਮਾੜੇ ਕਰਮ ਨਹੀਂ ਕਰਾਂਗੇ ਭਾਵ ਸੱਚ ਤੇ ਚੱਲਣ ਦੁਆਰਾ ਹੀ ਮਾਇਆ ਨੂੰ ਕਮਾਵਾਂਗੇ ਤੇ ਉਸ ਵਿੱਚ ਹੀ ਆਪਣੇ ਮਨ ਦੀ ਸੰਤੁਸ਼ਟੀ ਸਮਝਾਂਗੇ ਭਾਵ ਮਨ ਦੇ ਸੰਤੋਖ ਵਿਚ ਰਹਾਂਗੇ। ਮਨ ਦੀਆਂ ਤ੍ਰਿਸ਼ਨਾਵਾਂ ਨਾਲ ਨਹੀਂ ਜੁੜਾਂਗੇ ਭਾਵ ਗੁਰੂ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਚੱਲਾਂਗੇ। ਸੱਚ ਤੇ ਚੱਲਣਾ ਹੀ ਧਰਮ ਦਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ ਜਿਵੇਂ ਕਿ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲ ਕੇ ਨਾਮ ਜਪਣ ਦਾ ਮਾਰਗ ਹੈ। ਸਾਰੀ ਗੱਲ ਸਾਡੀ ਸਮਝ ਤੇ ਆ ਕੇ ਨਿਬੜਦੀ ਹੈ, ਮਨ ਦੇ ਵਿਚਾਰਾਂ ਤੇ ਆ ਕੇ ਨਿਬੜਦੀ ਹੈ। ਸਾਡੇ ਅੰਦਰ ਦੀ ਸੁਰਤਿ ਸਾਡੇ ਮਨ ਦੇ ਵਿਚਾਰ ਹਨ ਤੇ ਗੁਰੂ ਦੇ ਸ਼ਬਦ ਗੁਰੂ ਦੇ ਵਿਚਾਰ ਹਨ। ਸ਼ਬਦ ਦੇ ਵਿਚਾਰ ਜਦੋਂ ਸਾਡੀ ਸੁਰਤਿ ਦੇ ਵਿਚਾਰਾਂ ਨਾਲ ਇੱਕ ਹੋ ਜਾਣਗੇ ਭਾਵ ਜਦੋਂ ਸਾਡੇ ਮਨ ਦੀ ਸਮਝ ਗੁਰੂ ਦੇ ਸ਼ਬਦਾਂ ਦੁਆਰਾ ਦਿੱਤੀ ਹੋਈ ਸਮਝ ਨੂੰ ਮੰਨ ਲਵੇਗੀ, ਗੁਰੂ ਦੀ ਸਮਝ ਨੂੰ ਆਪਣੇ ਅੰਦਰ ਵੱਸਾ ਲਵੇਗੀ ਭਾਵ ਜਦੋਂ ਸਾਡੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੋ ਜਾਵੇਗਾ ਫਿਰ ਅਸੀਂ ਮਾਇਆ ਮੋਹ ਦੇ

ਸਾਗਰ ਵਿੱਚੋਂ, ਭਵ ਸਾਗਰ ਵਿੱਚੋਂ ਤਰ ਜਾਵਾਂਗੇ। ਤਰਨਾ ਤਾਂ ਸਾਡੀ ਨਾ-ਸਮਝ ਮਤਿ ਨੇ ਹੀ ਹੈ, ਮਨ ਦੀ ਅਗਿਆਨਤਾ ਨੇ ਹੀ ਹੈ ਤੇ ਉਸ ਨੂੰ ਤਾਰਨਾ ਸ਼ਬਦ ਦੀ ਮਤਿ ਨੇ ਹੈ, ਗੁਰੂ ਦੀ ਮਤਿ ਨੇ ਹੈ, ਗੁਰੂ ਦੇ ਸੱਚੇ ਗਿਆਨ ਨੇ ਹੈ ਜਦੋਂ ਸਾਡੀ ਸੁਰਤਿ ਦਾ ਗਿਆਨ ਇੱਕੋ ਜਿਹਾ ਹੋ ਜਾਵੇਗਾ। ਇਹ ਸਾਡੀ ਸਮਝ ਦੇ ਅੰਦਰ, ਮਨ ਦੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। ਮਨ ਦੇ ਵਿੱਚ ਇਹ ਸ਼ਬਦ ਸੁਰਤਿ ਦੇ ਵਿਚਾਰਾਂ ਦਾ ਇੱਕ ਹੋਣਾ ਹੀ ਸਾਡੇ ਅੰਦਰ ਨਾਮ ਦੀ ਸਮਝ ਪੈਣਾ ਹੈ, ਸ਼ਬਦਾਂ ਦੀ ਵਿਚਾਰ ਦੀ ਸਮਝ ਪੈਣਾ ਹੈ, ਗੁਰੂ ਦੇ ਸੱਚੇ ਗਿਆਨ ਦੀ ਸਮਝ ਪੈਣਾ ਹੈ ਜਿਸ ਦੁਆਰਾ ਫਿਰ ਮਨੁੱਖ ਨਾਮ ਦਾ ਵਖਾਣ ਕਰਦਾ ਹੈ ਭਾਵ ਗੁਰੂ ਦੇ ਨਾਮ ਅਨੁਸਾਰ, ਗੁਰੂ ਦੀ ਸੱਚੀ ਮਤਿ ਅਨੁਸਾਰ ਵਿਚਰਦਾ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦਾ ਹੈ। (**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥**)

ਆਪਣੇ ਮਨ ਦੇ ਅੰਦਰ ਦੀ ਮਾਇਆ ਨੂੰ ਸਮਝੇ ਬਿਨ੍ਹਾਂ ਅਸੀਂ ਨਾ ਹੀ ਭਗਤੀ ਦੇ ਮਾਰਗ ਨੂੰ ਸਮਝ ਸਕਦੇ ਹਾਂ, ਨਾਮ ਦੇ ਮਾਰਗ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਉਸ ਤੇ ਚੱਲ ਸਕਦੇ ਹਾਂ। ਵਾਰ-ਵਾਰ ਸਾਨੂੰ ਗੁਰਬਾਣੀ "ਭਵ ਸਾਗਰ" ਵਿੱਚੋਂ ਤਰਨ ਦੀ ਗੱਲ ਸਮਝਾਉਂਦੀ ਹੈ ਜਿਸ ਦਾ ਮਕਸਦ ਮਨ ਦੀ ਮਾਇਆ ਤੋਂ ਤਰਨ ਦਾ ਹੈ, ਮਨ ਦੀ ਨਾ-ਸਮਝ ਮਤਿ ਤੋਂ ਤਰਨ ਦਾ ਹੈ ਜਿਸ ਮਤਿ ਦੇ ਰਹਿੰਦਿਆਂ ਅਸੀਂ ਭਗਤੀ ਦੇ ਮਾਰਗ ਨੂੰ ਨਹੀਂ ਸਮਝ ਸਕਦੇ। ਬਾਣੀ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਹਰ ਮਨੁੱਖ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹੈ, ਹਉਮੈ ਵਿੱਚ ਹੈ, ਮਾਇਆ ਮੋਹ ਵਿੱਚ ਹੈ। ਇਨ੍ਹਾਂ ਤੋਂ ਭਾਵ ਸਾਡੀ ਨਾ-ਸਮਝ ਮਤਿ ਦੇ ਨਾਲ ਹੀ ਹੈ ਜਿਸ ਮਤਿ ਵਿੱਚੋਂ ਨਿਕਲਣਾ ਹੀ ਤ੍ਰੈਗੁਣਾਂ ਵਿੱਚੋਂ, ਹਉਮੈ ਵਿੱਚੋਂ, ਮਾਇਆ ਮੋਹ ਵਿੱਚੋਂ ਨਿਕਲਣਾ ਹੈ, ਭਵ ਸਾਗਰ ਵਿੱਚੋਂ ਨਿਕਲਣਾ ਹੈ ਤੇ ਚੌਥੇ ਪਦ ਵਿੱਚ ਪਹੁੰਚਣਾ ਹੈ ਜੋ ਪਦ ਸੱਚੇ ਗਿਆਨ ਦਾ ਪਦ ਹੈ, ਬ੍ਰਹਮ ਗਿਆਨ ਦਾ ਪਦ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦਾ ਪਦ ਹੈ, "ਸ਼ਬਦ ਸੁਰਤ" ਦੇ ਮੇਲ ਦਾ ਪਦ ਹੈ ਭਾਵ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਜਾਂ ਮੇਲ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਸਾਡੀ ਸੁਰਤਿ ਦੇ ਵਿਚਾਰ ਹੀ ਸਾਡੀ ਹਉਮੈ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਮਾਇਆ ਮੋਹ ਹੈ ਜਿਸ ਵਿੱਚੋਂ ਸਾਨੂੰ ਸ਼ਬਦ ਦੇ ਵਿਚਾਰਾਂ ਨੇ, ਗੁਰੂ ਦੇ ਵਿਚਾਰਾਂ ਨੇ ਕਢਣਾ ਹੈ ਤੇ ਅਸੀਂ ਚੌਥੇ ਪਦ ਵਾਲੇ ਗੁਰੂ ਦੇ ਵਿਚਾਰਾਂ ਦੇ ਨਾਲ ਜੁੜ ਸਕਦੇ ਹਾਂ ਤੇ ਆਪਣੇ ਅੰਦਰੋਂ ਨਾਮ ਨੂੰ, ਨਾਮ ਦੇ ਮਾਲਕ ਨੂੰ ਜਾਣ ਸਕਦੇ ਹਾਂ। ਚੌਥਾ ਪਦ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਕੇ ਹੀ ਮਿਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ ਕਿ ਸਾਰੀ ਗੱਲ ਮਨ ਦੀ ਨਾ-ਸਮਝ ਮਤਿ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੀ ਹੈ, ਆਪਣੀ ਸੁਰਤਿ ਦੇ ਵਿੱਚ ਸ਼ਬਦ ਦੀ ਮਤਿ ਵਸਾਉਣ ਦੀ ਹੀ ਹੈ।

"ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥"

(ਅੰਗ ੧੧੨੩)

"ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥"

(ਅੰਗ ੧੧੨੩)

ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ ਕਿ ਸਾਡੇ ਅੰਦਰ ਦੀ ਮਾਇਆ ਕੀ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਹੈ ਜੋ ਸਾਨੂੰ ਚੌਥੇ ਪਦ ਤੋਂ ਦੂਰ ਰੱਖਦੀ ਹੈ, ਹਰਿ ਪਦ ਤੋਂ, ਪਰਮ ਪਦ ਤੋਂ ਦੂਰ ਰੱਖਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੇ ਪਦ ਤੋਂ ਦੂਰ ਰੱਖਦੀ ਹੈ। ਇਹ ਸਾਡੇ ਮਨ ਦੀ ਉਹ ਸਮਝ ਹੈ ਜਿਸਨੂੰ ਕਿ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ, ਪ੍ਰਮਾਤਮਾ ਦੇ ਨਾਲ ਮੇਲ ਦੀ ਸਮਝ ਉਸਦੇ "ਜਨੁ" ਨੂੰ ਹੁੰਦੀ ਹੈ ਜੋ ਕਿ ਕੋਈ ਵਿਰਲਾ ਹੀ ਹੁੰਦਾ ਹੈ। "ਗੁਰੂ ਰੂਪ" ਪ੍ਰਮਾਤਮਾ ਦਾ ਆਪਣਾ "ਜਨੁ" ਰੂਪ ਹੀ ਹੈ ਜਿਸ ਰਾਹੀਂ ਉਹ ਸਾਰੇ ਸੰਸਾਰ ਨੂੰ ਭਗਤੀ ਦੀ ਸੱਚੀ ਸਮਝ ਪਾਉਂਦਾ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਕੇ ਆਪ ਹੀ ਸੋਝੀ ਪਾਉਂਦਾ ਹੈ, ਉਹੀ ਉਸਦਾ "ਜਨੁ" ਰੂਪ ਬਣਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ, ਭਗਤ ਜਨ ਬਣੇ ਹਨ, ਗੁਰੂ ਸਾਹਿਬਾਨ ਬਣੇ ਹਨ।

ਪ੍ਰਮਾਤਮਾ ਦਾ "**ਜਨੁ**" ਬਣਨਾ ਉਸੇ ਦਾ ਰੂਪ ਬਣਨਾ ਹੀ ਹੈ ਜੋ ਕਿ ਕੋਈ ਮਨ ਦੇ ਭਰਮਾਂ ਤੋਂ, ਮਨ ਦੀ ਅਗਿਆਨਤਾ ਤੋਂ ਮੁਕਤ ਹੋ ਕੇ ਹੀ ਬਣਦਾ ਹੈ।

{ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥}

(ਅੰਗ ੬੮੦)

ਪ੍ਰਮਾਤਮਾ ਦਾ ਰੂਪ ਬਣਨ ਲਈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਮਨੁੱਖ ਨੂੰ ਮਨ ਦੇ ਭਰਮਾਂ ਤੋਂ ਹੀ ਮੁਕਤ ਹੋਣਾ ਪੈਂਦਾ ਹੈ ਭਾਵ ਮਨ ਦੀ ਨਾ-ਸਮਝ ਮਤਿ ਤੋਂ ਹੀ ਮੁਕਤਿ ਹੋਣਾ ਪੈਂਦਾ ਹੈ। ਪ੍ਰਮਾਤਮਾ ਦੇ "**ਜਨੁ**" ਰੂਪ ਨੂੰ ਭਰਮਾਂ ਤੋਂ ਮੁਕਤ ਹੋ ਕੇ ਹੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਜਿਵੇਂ ਕਿ ਪਿਛਲੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ। (**ਤੇਰਾ ਜਨੁ ਏਕੁ ਆਧੁ ਕੋਈ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥**) ਪ੍ਰਮਾਤਮਾ ਦੇ ਜਨ ਰੂਪ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਕਿਸ ਤਰੀਕੇ ਪੈਂਦੀ ਹੈ ਤੇ ਉਹ ਚਉਥੇ ਪਦ ਦੀ ਪ੍ਰਾਪਤੀ ਕਿਸ ਤਰੀਕੇ ਕਰਦਾ ਹੈ ਇਸ ਗੱਲ ਨੂੰ ਉੱਪਰ ਪੰਗਤੀਆਂ ਰਾਹੀਂ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਭਗਤੀ ਦੇ ਮਾਰਗ ਤੇ ਚੱਲਣ ਲਈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਨੂੰ ਸੱਚੇ ਸੁੱਚੇ ਜੀਵਨ ਜਿਉਣ ਦੀ ਲੋੜ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚੋਂ ਨਿਕਲ ਕੇ ਗੁਣਾਂ ਦੁਆਰਾ ਵਿਚਰਨ ਦੀ ਲੋੜ ਹੈ ਭਾਵ ਆਪਣੀ ਸੁਰਤਿ ਨੂੰ ਸ਼ਬਦ ਦੇ ਨਾਲ ਜੋੜਨ ਦੀ ਲੋੜ ਹੈ। ਸੁਰਤਿ ਸਾਡੀ ਮਾਇਆ ਮੋਹ ਵਾਲੀ ਸਮਝ ਹੈ ਤੇ ਸ਼ਬਦ ਗੁਰੂ ਦੀ ਸੱਚੀ ਸਮਝ ਹੈ ਜਿਸ ਸਮਝ ਨੂੰ ਮੰਨਣ ਦੁਆਰਾ ਅਸੀਂ ਆਪਣੀ ਮਾੜੀ ਮਤਿ ਨੂੰ ਛੱਡ ਕੇ ਗੁਰੂ ਦੀ ਸੱਚੀ ਮਤਿ ਨਾਲ ਜੁੜ ਜਾਂਦੇ ਹਾਂ ਤਾਂ ਸੱਚੀ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਜਿਹੋ ਜਿਹੀ ਭਗਤੀ ਲਈ ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ, ਕਿਸੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ, ਸਮਾਧੀਆਂ ਲਗਾ ਕੇ ਬੈਠਣ ਦੀ ਲੋੜ ਨਹੀਂ ਹੈ। ਗੁਰੂ ਦੀ ਗੱਲ ਨੂੰ ਮੰਨਣ ਲਈ ਕੀ ਕਿਸੇ ਸਮਾਧੀ ਦੀ ਲੋੜ ਹੁੰਦੀ ਹੈ ਭਾਵ ਨਹੀਂ ਬਲਕਿ ਕੇਵਲ ਮਨ ਦੀ ਮਰਜੀ ਦੀ ਲੋੜ ਹੁੰਦੀ ਹੈ, ਆਪਣੇ ਮਨ ਨੂੰ ਸਮਝਾਉਣ ਦੀ ਲੋੜ ਹੁੰਦੀ ਹੈ, ਆਪਣੀ ਮਤਿ ਨੂੰ ਛੱਡਣ ਦੀ ਲੋੜ ਹੁੰਦੀ ਹੈ। ਆਪਣੀ ਮਤਿ ਨੂੰ ਛੱਡਣਾ ਹੀ ਮਾਇਆ ਮੋਹ ਤਿਆਗਣਾ ਹੈ ਜਿਸ ਮਾਇਆ ਮੋਹ ਨੂੰ ਤਿਆਗਣ ਦੀ ਗੱਲ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ।

ਸਾਡੇ ਅੰਦਰ ਦੀ "ਮਾਇਆ" ਹੀ ਸਾਡੇ ਅੰਦਰ ਦੀ ਹਉਮੈ ਹੈ ਭਾਵ ਨਾ-ਸਮਝ ਮਤਿ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਬਾਣੀ ਨੂੰ ਬਰੀਕੀ ਨਾਲ ਸਮਝ ਸਕੀਏ ਕਿਉਂਕਿ ਹਉਮੈ ਨੂੰ ਤਿਆਗਣ ਦੀ ਗੱਲ ਵੀ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ।

"ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥"

(ਅੰਗ ੬੭)

ਉੱਪਰ ਪੰਗਤੀਆਂ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਉਹ "ਮਾਇਆ" ਕੀ ਹੈ ਜਿਸਨੂੰ ਅਸੀਂ ਛੱਡਣਾ ਹੈ। "**ਮਾਇਆ**" ਨੇ ਸਾਰੇ ਜਗਤ ਨੂੰ ਭੁਲਾਇਆ ਹੋਇਆ ਹੈ ਭਾਵ ਭਰਮ ਵਿੱਚ ਰੱਖਿਆ ਹੋਇਆ ਹੈ। ਬਾਣੀ ਰਾਹੀਂ ਇਹ ਵੀ ਵਾਰ-ਵਾਰ ਸਮਝਾਇਆ ਹੋਇਆ ਹੈ ਕਿ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਭੁਲਾਇਆ ਹੋਇਆ ਹੈ। ਫਿਰ ਇਹ "**ਮਾਇਆ**" ਕੀ ਹੋਈ ਜੋ ਸਭ ਨੂੰ ਭੁਲਾਉਂਦੀ ਹੈ। ਇਹ "**ਮਾਇਆ**" ਸਾਡੇ ਅੰਦਰ ਦੀ ਸਮਝ ਹੈ ਜੋ ਸਾਨੂੰ ਭੁਲਾਉਂਦੀ ਹੈ। ਸਿਵਾਇ ਮਨੁੱਖ ਦੀ ਸਮਝ ਤੋਂ ਹੋਰ ਕੋਈ ਚੀਜ ਮਨੁੱਖ ਨੂੰ ਨਹੀਂ ਭੁਲਾ ਸਕਦੀ, ਭਰਮ ਵਿੱਚ ਨਹੀਂ ਰੱਖ ਸਕਦੀ। ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਖੇਡ ਹੈ ਜਿਸ ਖੇਡ ਨੂੰ ਰਚ ਕੇ ਉਹ ਆਪ ਹੀ ਚਲਾ ਰਹਿਆ ਹੈ, ਪੜਦੇ ਨਾਲ ਚਲਾ ਰਹਿਆ ਹੈ। ਵੱਡੀ

ਸਮਝਣ ਦੀ ਗੱਲ ਇਹ ਹੈ ਕਿ ਜਿਸ ਜਗ੍ਹਾ ਤੋਂ ਪ੍ਰਮਾਤਮਾ ਦੀ ਖੇਡ ਨੂੰ ਸਮਝਿਆ ਜਾ ਸਕਦਾ ਹੈ ਉਸੇ ਜਗ੍ਹਾ ਤੋਂ ਹੀ ਉਸਨੇ ਭੁਲਾਇਆ ਹੋਇਆ ਹੈ ਕਿਉਂਕਿ ਇਹ ਮਨ ਦੀ ਸਮਝ ਮਨੁੱਖ ਦੀ ਆਪਣੀ ਨਹੀਂ ਹੈ, ਮਨੁੱਖ ਦੇ ਆਪਣੇ ਵੱਸ ਨਹੀਂ ਹੈ ਜਿਵੇਂ ਕਿ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਅਸੀਂ ਪਿੱਛੇ ਸਮਝਿਆ ਹੈ ਤੇ ਅੱਗੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ।ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਾਡਾ ਮਨ ਹੈ, ਪ੍ਰਮਾਤਮਾ ਦੀ ਜੋਤਿ ਹੈ। ਮਨੁੱਖੀ ਸਮਝ ਨੂੰ ਜੋ ਵੀ ਗਿਆਨ ਮਿਲਦਾ ਹੈ, ਸਮਝ ਮਿਲਦੀ ਹੈ, ਵਿਚਾਰ ਮਿਲਦੇ ਹਨ ਉਹ ਮਨ ਦੇ ਵਿੱਚੋਂ ਹੀ ਉਪਜਦੇ ਹਨ ਜਿਨ੍ਹਾਂ ਵਿਚਾਰਾਂ ਨੂੰ ਕੋਈ ਵੀ ਆਪਣੇ ਆਪ ਨਹੀਂ ਉਪਜਾ ਸਕਦਾ ਤੇ ਕਿਸੇ ਗੱਲ ਨੂੰ ਆਪਣੇ ਆਪ ਨਹੀਂ ਸਮਝ ਸਕਦਾ ਜਦ ਤੱਕ ਕੇ ਪ੍ਰਮਾਤਮਾ ਆਪ ਨਾ ਕਿਸੇ ਨੂੰ ਸਮਝਾਉਣਾ ਚਾਹੇ। ਜਿਸਨੂੰ ਵੀ ਪ੍ਰਮਾਤਮਾ ਨੇ ਸਮਝਾਉਣਾ ਹੈ ਮਨ ਦੀ ਸਮਝ ਰਾਹੀਂ ਹੀ ਸਮਝਾਉਣਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜਿਸਨੂੰ ਪ੍ਰਮਾਤਮਾ ਨੇ ਭਰਮਾਂ ਵਿੱਚ ਪਾਉਣਾ ਹੈ, ਉਹ ਵੀ ਉਸਨੇ ਮਨ ਦੀ ਸਮਝ ਰਾਹੀਂ ਹੀ ਪਾਉਣਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਡੇ ਅੰਦਰ ਮਾਇਆ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਤ੍ਰੈਗੁਣਾਂ ਵਿਚ, ਹਉਮੈ ਵਿੱਚ ਰੱਖਣ ਵਾਲਾ ਆਪ ਹੀ ਹੈ। ਜਿਸ ਆਪਣੀ ਕਲਾ ਦੁਆਰਾ ਉਸਨੇ ਆਪ ਹੀ ਸਾਰੇ ਸੰਸਾਰ ਕੋਲੋਂ ਆਪਣਾ ਪੜਦਾ ਰੱਖਿਆ ਹੋਇਆ ਹੈ। ਪ੍ਰਮਾਤਮਾ ਦਾ ਮਾਇਆ ਰੂਪ ਹੀ ਉਸਦਾ ਸਾਡੇ ਅੰਦਰ ਤ੍ਰੈਗੁਣ ਰੂਪ, ਹਉਮੈ ਰੂਪ ਹੈ ਜੋ ਕਿ ਉਪਰਲੀਆਂ ਪੰਗਤੀਆਂ ਰਾਹੀਂ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਪਰ ਸਾਡੇ ਅੰਦਰ ਦੀ ਸਮਝ ਸਾਨੂੰ ਇਹ ਸਮਝਣ ਤੋਂ ਦੂਰ ਰੱਖਦੀ ਹੈ। ਮਨ ਦੀ ਤ੍ਰੈਗੁਣੀ ਵਾਲੀ ਅਵੱਸਥਾ ਵਿਚ ਹੀ ਮਨੁੱਖ ਨੂੰ ਉੱਚਾ ਗਿਆਨ ਮਿਲਦਾ ਹੈ ਜਿਸ ਦੁਆਰਾ ਕੋਈ ਡਾਕਟਰ ਬਣਦਾ ਹੈ, ਇੰਜਨੀਅਰ ਬਣਦਾ ਹੈ, ਇਕੋਨੋਮਿਸਟ ਬਣਦਾ ਹੈ, ਸਾਇੰਟਿਸਟ ਬਣਦਾ ਹੈ ਭਾਵ ਇਸ ਸੰਸਾਰ ਨੂੰ ਚਲਾਉਣ ਲਈ ਜੋ ਵੀ ਗਿਆਨ ਮਿਲਦਾ ਹੈ ਉਹ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ, ਉਸਦੇ ਮਾਇਆ ਰੂਪ ਵਿੱਚ ਰਹਿੰਦੇ ਹੋਏ ਹੀ ਮਿਲਦਾ ਹੈ ਜਿਸਨੂੰ ਕੇ ਕੋਈ ਵੀ ਸਮਝ ਨਹੀਂ ਸਕਦਾ। ਪ੍ਰਮਾਤਮਾ ਨੇ ਆਪਣੇ ਆਪ ਨੂੰ ਜਨਾਉਣ ਦਾ ਮਾਰਗ ਵੀ ਮਨ ਦੇ ਵਿੱਚ ਹੀ ਰੱਖਿਆ ਹੋਇਆ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ, ਧਾਰਮਿਕ ਗਿਆਨ ਹੈ, ਬ੍ਰਹਮ ਗਿਆਨ ਹੈ, ਉਸਦਾ "**ਨਾਮ**" ਹੈ ਜਿਸ ਰੂਪ ਵਿੱਚ ਉਹ ਆਪ ਆਪਣੇ ਆਪ ਨੂੰ ਮਨੁੱਖੀ ਸਮਝ ਦੇ ਵਿੱਚ ਪ੍ਰਗਟ ਹੋਣ ਦੁਆਰਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ, ਆਪਣਾ ਆਪ ਸਮਝਾਉਂਦਾ ਹੈ ਕਿ ਪ੍ਰਮਾਤਮਾ ਕੀ ਹੈ, ਉਸਦੀ ਭਗਤੀ ਦਾ ਮਾਰਗ ਕੀ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਕੀ ਹੈ। ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਮਨ ਦੇ ਵਿੱਚ ਚਉਥੇ ਪਦ ਦੀ ਪ੍ਰਾਪਤੀ ਦੁਆਰਾ ਭਾਵ ਮਨ ਦੇ ਵਿੱਚ ਭਗਤੀ ਦੀ ਸੱਚੀ ਸਮਝ ਦੁਆਰਾ ਮਨ ਦੀ ਮਾਇਆ ਵਿੱਚੋਂ, ਤ੍ਰੈਗੁਣਾਂ ਵਿੱਚੋਂ, ਹਉਮੈ ਵਿੱਚੋਂ ਭਾਵ ਮਨ ਦੇ ਭਰਮਾਂ ਵਿੱਚੋਂ , ਅਗਿਆਨਤਾ ਵਿੱਚੋਂ ਨਿਕਲਣ ਦਾ ਹੈ ਜਿਸਦੇ ਰਹਿੰਦਿਆਂ ਭਾਵ ਮਨ ਦੀ ਅਗਿਆਨਤਾ ਵਾਲੀ ਨਾ-ਸਮਝ ਮਤਿ ਵਿੱਚ ਰਹਿੰਦਿਆਂ ਅੱਜ ਤੱਕ ਨਾ ਕਿਸੇ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਤੇ ਨਾ ਹੀ ਜਾਣਿਆ ਜਾ ਸਕਦਾ ਹੈ। ਇਸੇ ਲਈ ਧੰਨ ਧੰਨ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਮਾਇਆ ਮੋਹ ਵਿੱਚੋਂ ਨਿਕਲੋ, ਹਉਮੈ ਨੂੰ ਛੱਡੋ, ਤ੍ਰੈਗੁਣਾਂ ਵਿੱਚੋਂ ਨਿਕਲੋ ਭਾਵ ਮਨ ਦੀ ਅਗਿਆਨਤਾ ਵਿੱਚੋਂ, ਮਨ ਦੇ "**ਭਵ ਸਾਗਰ**" ਵਿੱਚੋਂ ਨਿਕਲੋ ਤੇ ਭਗਤੀ ਦੇ ਅਸਲ ਮਾਰਗ ਨੂੰ ਸਮਝੋ ਤੇ ਉਸ ਅਨੁਸਾਰ ਵਿਚਰੋ ਜਿਸ ਤਰੀਕੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ ਜੋ ਸਭ ਦੇ ਅੰਦਰ ਹੀ ਹੈ। ਪ੍ਰਮਾਤਮਾ ਸਾਰੇ ਸੰਸਾਰ ਵਿੱਚ ਸਭ ਦੇ ਅੰਦਰ ਆਪਣੇ ਇੱਕੋ ਰੂਪ ਵਿੱਚ ਹੀ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮਗਿਆਨ ਦਾ ਰੂਪ ਹੈ, "**ਨਾਮ ਰੂਪ**" ਹੈ ਤੇ ਉਸਨੂੰ ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਅਸੀਂ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਵੱਖਰੀ-ਵੱਖਰੀ ਧਾਰਮਿਕ ਆਸਥਾ ਨਾਲ ਜੁੜੇ ਹੋਏ ਹਾਂ, ਆਪਣੀ-ਆਪਣੀ ਸਮਝ ਅਨੁਸਾਰ ਵੱਖਰੇ-ਵੱਖਰੇ ਤਰੀਕਿਆਂ ਨਾਲ ਜੁੜੇ ਹੋਏ ਹਾਂ ਜੋ ਕਿ ਸਾਡੇ ਅੰਦਰ ਦੀ ਮਾਇਆ ਦੀ ਜੁਗਤਿ ਹੈ, ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਜੁਗਤਿ ਹੈ ਜਿਸ ਦੁਆਰਾ ਉਹ ਆਪਣੀ ਰਚੀ ਹੋਈ ਸੰਸਾਰ ਦੀ ਖੇਡ ਨੂੰ ਚਲਾ ਰਹਿਆ ਹੈ ਜਿਸਨੂੰ ਸਮਝਣਾ ਕਿਸੇ ਦੇ ਵੱਸ ਨਹੀਂ ਹੈ।

ਇਸ ਲੇਖ ਦੇ ਪੜ੍ਹਨ ਵਾਲਿਆਂ ਅੱਗੇ ਦਾਸ ਦੀ ਤਹਿ ਦਿਲੋਂ ਬੇਨਤੀ ਹੈ ਕਿ ਗੁਰਬਾਣੀ ਹਕੀਕਤ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਸੱਚ ਹੈ ਤੇ ਪੂਰੀ ਗੁਰਬਾਣੀ ਉਸਦਾ ਸੱਚ ਰੂਪ ਹੀ ਹੈ ਭਾਵ ਗੁਰਬਾਣੀ ਦੀ ਹਰ ਗਲ ਨੂੰ ਸੱਚ ਕਰਕੇ ਜਾਣੋ, ਸੱਚ ਕਰਕੇ ਮੰਨੋ। ਮਨੁੱਖ ਦੀ ਸਮਝ ਭਰਮਾਂ ਦੇ ਨਾਲ ਭਰੀ ਹੋਈ ਹੈ ਜਿਸਦਾ ਮਕਸਦ ਹੀ ਸਾਨੂੰ ਸੱਚ ਦੀ ਸਮਝ ਨਾ ਆਉਣ ਦੇਣਾ ਹੈ, ਮਨੁੱਖ ਨੂੰ ਉਲਝਾ ਕੇ ਰੱਖਣਾ ਹੈ। ਇਹੀ ਸਾਡੇ ਅੰਦਰ ਦੀ ਮਾਇਆ ਹੈ ਜੋ ਸਾਨੂੰ ਭਗਤੀ ਦੇ ਪੁੱਠੇ ਮਾਰਗ ਤੇ ਚਲਾਉਂਦੀ ਹੈ ਪਰ ਸਾਨੂੰ ਇਹ ਮੰਨਣ ਨਹੀਂ ਦਿੰਦੀ ਕਿ ਅਸੀਂ ਗਲਤ ਹਾਂ। ਗੁਰੂ ਜਿਸ ਗੱਲ ਨੂੰ ਗਲਤ ਕਹਿ ਰਹਿਆ ਹੈ ਫਿਰ ਉਹ ਗਲਤ ਹੀ ਹੈ ਪਰ ਮਨ ਦੀ ਮਾਇਆ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਣ ਦਿੰਦੀ ਕਿਉਂਕਿ "ਮਾਇਆ" ਦਾ ਮਕਸਦ ਹੀ ਇਹ ਹੈ। ਉੱਪਰ ਵਾਲੇ ਸਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਾਡੇ ਅੰਦਰ ਦੀ ਮਾਇਆ ਦਾ ਰੂਪ ਹੀ ਸਮਝਾਇਆ ਹੋਇਆ ਹੈ।

"ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥"

ਜੋ ਆਪਣੇ ਆਪ ਨੂੰ ਸਿਧ ਅਖਵਾਉਂਦੇ, ਸਮਾਧੀਆਂ ਲਗਾ ਕੇ ਬੈਠਦੇ ਹਨ ਜਿਸ ਦੁਆਰਾ ਉਹ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝਦੇ ਹਨ, ਉਨ੍ਹਾਂ ਨੂੰ "ਮਾਇਆ ਭੂਲੇ" ਕਿਹਾ ਹੈ ਭਾਵ ਮਨ ਦੀ ਮਾਇਆ ਦੇ ਭੁਲਾਏ ਹੋਏ ਕਿਹਾ ਹੈ। ਭੁਲਾਉਂਦੀ ਤਾਂ ਸਭ ਨੂੰ ਮਨ ਦੀ ਸਮਝ ਹੀ ਹੈ ਜਿਸਨੇ ਸਿਧਾਂ ਨੂੰ ਭਗਤੀ ਦੇ ਸੱਚੇ ਮਾਰਗ ਤੋਂ ਭੁਲਾਇਆ ਹੋਇਆ ਹੈ ਜਿਸ ਕਰਕੇ ਉਹ ਸਰੀਰਕ ਸਮਾਧੀਆਂ ਲਗਾ ਕੇ ਬੈਠਦੇ ਹਨ, ਆਪਣੇ ਵੱਲੋਂ ਪ੍ਰਮਾਤਮਾ ਦਾ ਨਾਮ ਜਪਦੇ ਹਨ, ਆਪਣੀ-ਆਪਣੀ ਆਸਥਾ ਅਨੁਸਾਰ ਕੋਈ ਜਪ ਕਰਦੇ ਹਨ। ਪ੍ਰਮਾਤਮਾ ਦੇ ਨਾਲ ਜਿਸਦੀ ਵੀ ਲਿਵ ਜੁੜਦੀ ਹੈ ਉਹ ਮਨ ਦੀ ਸਮਾਧੀ ਦੁਆਰਾ ਜੁੜਦੀ ਹੈ ਜੋ ਸਮਾਧੀ ਸਾਡੇ ਮਨ ਦੇ ਵਿਚਾਰਾਂ ਦੀ ਸਮਾਧੀ ਹੈ। ਜਦੋਂ ਸਾਡੇ ਮਨ ਦੇ ਵਿਚਾਰ ਗੁਰੂ ਦੀ ਮਤਿ ਨਾਲ ਜੁੜਕੇ ਟਿਕ ਜਾਂਦੇ ਹਨ, ਅਡੋਲ ਹੋ ਜਾਂਦੇ ਹਨ, ਉਹ ਸਾਡੇ ਅੰਦਰ ਦੀ ਸਮਾਧੀ ਹੈ ਜੋ ਸਮਾਧੀ ਸਾਡੇ "ਸੁਭਾਉ" ਦੇ ਵਿੱਚ ਲੱਗਦੀ ਹੈ। ਸਾਡੇ ਮਨ ਦੇ ਵਿਚਾਰ ਹੀ ਸਾਡਾ "ਸੁਭਾਉ" ਹਨ। ਗੁਰੂ ਦੇ ਸੱਚੇ ਵਿਚਾਰ ਮਨੁੱਖ ਦੇ ਸੁਭਾਉ ਨੂੰ ਚੰਗਾ ਬਣਾ ਦਿੰਦੇ ਹਨ ਜਿਸ ਦੁਆਰਾ ਮਨੁੱਖ ਫਿਰ ਚੰਗੇ ਕਰਮ ਹੀ ਕਰਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ। ਸੱਚੀ ਭਗਤੀ ਦੀ ਸਮਝ ਲੱਗੇ ਬਿਨ੍ਹਾਂ ਹਰ ਕੋਈ ਮਾਇਆ ਦਾ ਭੁਲਾਇਆ ਹੋਇਆ ਹੀ ਹੈ। ਇਸ ਮਾਇਆ ਦੀ ਜੁਗਤਿ ਤੋਂ ਰਹਿਤ ਪੂਰੇ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਇਹ ਮਾਇਆ ਸਭ ਨੂੰ ਚਮੇੜੀ ਹੋਈ ਹੈ ਜੋ ਸਭ ਨੂੰ ਮਨ ਦੀ ਸਮਝ ਰਾਹੀਂ ਖੁਆਰ ਕਰਦੀ ਹੈ, ਧਰਮ ਤੋਂ ਪੁੱਠੇ ਮਾਰਗ ਤੇ ਤੋਰਦੀ ਹੈ ਭਾਵ ਮਾਇਆ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਮਨੁੱਖ ਨੂੰ ਉਸਦੀ ਅਸਲੀਅਤ ਸਮਝਣ ਤੋਂ, ਭਗਤੀ ਦਾ ਸੱਚਾ ਮਾਰਗ ਸਮਝਣ ਤੋਂ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰੱਖਣ ਦਾ ਹੈ, ਬਾਹਰੀ ਮਾਇਆ ਨਾਲ ਜੋੜ ਕੇ ਰੱਖਣ ਦਾ ਹੈ, ਮਾਇਆ ਮੋਹ ਵਿੱਚ ਪਾ ਕੇ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰੱਖਣ ਦਾ ਹੈ, ਲੋਭ ਲਾਲਚ ਵਿੱਚ ਰੱਖਣ ਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਰੱਖਣ ਦਾ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਸੇ ਲਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਨਹੀਂ ਜਾ ਸਕਦਾ। ਮਾਇਆ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਸੱਚੀ ਭਗਤੀ ਦੀ ਸਮਝ ਤੋਂ ਦੂਰ ਰੱਖਕੇ ਪ੍ਰਮਾਤਮਾ ਨਾਲੋਂ ਵੱਖਰਾ ਕਰਨ ਦਾ ਹੈ। ਸਾਡੇ ਅੰਦਰ ਦੀ ਮਾਇਆ ਰੂਪ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਤੇ ਪ੍ਰਮਾਤਮਾ ਪਤਾ ਨਹੀਂ ਕੀ ਹੈ। ਜੋ ਪ੍ਰਮਾਤਮਾ ਨੂੰ ਕੋਈ ਆਕਾਰ ਰੂਪ ਵਿੱਚ ਸਮਝਦੇ ਹਨ, ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚ ਹੋਣਾ ਸਮਝਦੇ ਹਨ, ਉਨ੍ਹਾਂ ਨੂੰ ਇਹ ਕੁੱਝ ਸਮਝਾਉਣ ਵਾਲੀ ਮਨ ਦੀ ਮਾਇਆ ਹੀ ਹੈ ਜਿਸਦਾ ਮਕਸਦ ਹੀ ਪ੍ਰਮਾਤਮਾ ਨੂੰ ਜਾਨਣ ਬਾਰੇ ਮਨੁੱਖ ਨੂੰ ਭਰਮਾਂ ਵਿੱਚ ਰੱਖਣ ਦਾ ਹੈ ਤੇ ਭਰਮ ਫੈਲਾਉਣ ਦਾ ਹੈ। ਸੰਸਾਰ ਵਿੱਚ ਭਰਮ ਫੈਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਕਿ ਮਾਇਆ ਦੇ ਰੂਪ ਵਿੱਚ ਸਭ ਦੀ ਸਮਝ ਨੂੰ ਆਪ ਹੀ ਚਲਾ ਰਹਿਆ ਹੈ। (**ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥**) ਜਿਨ੍ਹਾਂ ਨੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਇਆ ਹੈ, ਪ੍ਰਮਾਤਮਾ ਦਾ ਰੂਪ ਅਖਵਾਇਆ ਹੈ ਭਾਵ ਆਪਣੇ ਆਪ ਨੂੰ ਹੀ ਪ੍ਰਮਾਤਮਾ ਸਮਝਾਇਆ ਹੈ, ਆਕਾਰ ਰੂਪ ਨੂੰ ਪ੍ਰਮਾਤਮਾ ਸਮਝਿਆ ਹੈ ਉਹ ਸਭ ਮਨ ਦੀ ਮਾਇਆ ਦੇ ਭੁਲਾਏ ਹੋਏ ਹੀ ਹਨ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ, ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ।

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥
ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥}

(ਅੰਗ ੧੦੯੪)

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ ੫੦੯)

ਮੁਕਤੀ ਦੀ ਗੱਲ ਵਾਰ-ਵਾਰ ਬਾਣੀ ਵਿੱਚ ਆਉਂਦੀ ਹੈ ਤੇ ਹਰ ਕੋਈ ਮੁਕਤ ਹੋਣਾ ਚਾਹੁੰਦਾ ਹੈ। ਮੁਕਤੀ ਅਸੀਂ ਇਸ ਮਨ ਦੀ ਮਾਇਆ ਤੋਂ ਹੀ ਲੈਣੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਨਾ-ਸਮਝ ਮਤਿ ਤੋਂ ਹੀ ਲੈਣੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥"

ਮੁਕਤਿ ਅਸੀਂ ਮਨ ਦੀ ਨਾ-ਸਮਝ ਮਤਿ ਤੋਂ ਹੀ ਹੋਣਾ ਹੈ, ਮਨਮਤਿ ਤੋਂ ਹੀ ਹੋਣਾ ਹੈ, ਮਨ ਦੇ ਭਰਮਾਂ ਤੋਂ, ਅਗਿਆਨਤਾ ਤੋਂ ਹੀ ਹੋਣਾ ਹੈ। ਉੱਪਰ ਪੰਗਤੀ ਰਾਹੀਂ ਸਾਨੂੰ ਮਨ ਦੀ ਮਾਇਆ ਤੋਂ ਮੁਕਤ ਹੋਣਾ ਸਮਝਾਇਆ ਹੋਇਆ ਹੇ। ਇਹ ਮਾਇਆ ਹੀ ਸਾਡੇ ਮਨ ਦੀ ਦੁਬਿਧਾ ਹੈ ਜੋ ਸਾਡੇ ਮਨ ਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ, ਦੁਚਿੱਤੀ ਵਿੱਚ ਪਾ ਕੇ ਰੱਖਦੀ ਹੈ ਭਾਵ ਸੱਚਾਈ ਦੀ ਸਮਝ ਪੈਣ ਤੋਂ ਦੂਰ ਰੱਖਦੀ ਹੈ। ਇਹ "ਦੁਬਿਧਾ" ਹੀ ਸਾਡੇ ਅੰਦਰ ਦੀ "ਸਹਸਾ" ਹੈ ਜਿਸ ਵਿੱਚੋਂ ਨਿਕਲਣ ਦੀ ਗੱਲ ਬਾਣੀ ਵਿੱਚ ਅਨੇਕਾਂ ਵਾਰ ਆਉਂਦੀ ਹੈ। ਜਿਸਨੇ ਸਾਡੇ ਅੰਦਰ ਇਹ ਮਾਇਆ ਪਾਈ ਹੋਈ ਹੈ ਉਹ ਹੀ ਸਾਨੂੰ ਇਸ ਮਾਇਆ ਤੋਂ ਮੁਕਤ ਕਰ ਸਕਦਾ ਹੈ। ਮੁਕਤੀ ਬਾਰੇ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ, ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਣਾ ਹੀ ਮਾਇਆ ਤੋਂ ਮੁਕਤੀ ਹੈ ਜਿਸ ਵਿੱਚੋਂ ਕੇਵਲ ਤੇ ਕੇਵਲ ਸਾਨੂੰ ਗੁਰੂ ਹੀ ਕੱਢ ਸਕਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਕੱਢ ਸਕਦਾ ਹੈ ਭਾਵ ਆਪਣੇ ਨਾਮ ਦੁਆਰਾ ਕੱਢ ਸਕਦਾ ਹੈ, ਆਪਣੀ ਸੱਚੀ

ਮਤਿ ਦੁਆਰਾ ਕੱਢ ਸਕਦਾ ਹੈ ਜੋ ਗੁਰੂ ਦੀ ਮਤਿ ਹਰ ਭਰਮ ਤੋਂ ਰਹਿਤ ਹੈ। ਗੁਰੂ ਆਪ ਅਗਿਆਨਤਾ ਤੋਂ ਮੁਕਤ ਹੈ, ਮਾਇਆ ਤੋਂ ਮੁਕਤ ਹੈ ਕਿਉਂਕਿ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਗਿਆਨ ਦਾ ਮਾਲਕ ਹੈ, ਨਾਮ ਦਾ ਮਾਲਕ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਉਹ ਜਿਸਨੂੰ ਚਾਹੇ ਮੁਕਤ ਕਰ ਸਕਦਾ ਹੈ, ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ, ਨਾਮ ਦੇਣ ਦੁਆਰਾ ਮਾਇਆ ਤੋਂ, ਹਉਮੈ ਤੋਂ, ਤ੍ਰੈਗੁਣਾਂ ਤੋਂ ਮੁਕਤ ਕਰ ਸਕਦਾ ਹੈ। ਗੁਰਬਾਣੀ ਦੀ ਰਚਨਾ ਉਸਨੇ ਸੰਸਾਰ ਨੂੰ ਭਰਮਾਂ ਤੋਂ ਮੁਕਤ ਕਰਨ ਲਈ ਹੀ ਕੀਤੀ ਹੈ। ਪੂਰੇ ਸੰਸਾਰ ਨੂੰ ਭਰਮਾਂ ਵਿੱਚ ਪਾਉਣ ਵਾਲਾ ਵੀ ਉਹ ਆਪ ਹੈ ਤੇ ਭਰਮਾਂ ਵਿੱਚੋਂ ਸੰਸਾਰ ਨੂੰ ਕੱਢਣ ਦਾ ਉਪਰਾਲਾ ਵੀ ਉਸਨੇ ਗੁਰਬਾਣੀ ਦੀ ਰਚਨਾ ਕਰਨ ਦੁਆਰਾ ਆਪ ਹੀ ਕੀਤਾ ਹੈ। ਸਾਡੇ ਭਰਮ ਤਾਂ ਹੀ ਨਿਕਲਣਗੇ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ ਤੇ ਆਪਣੀ ਨਾ-ਸਮਝ ਮਤਿ ਛੱਡਾਂਗੇ, ਹਉਮੈ ਛੱਡਾਂਗੇ, ਮਨਮਤਿ ਛੱਡਾਂਗੇ ਤੇ ਉਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਕਰਾਂਗੇ ਜੋ ਭਗਤੀ ਦਾ ਸੱਚਾ ਮਾਰਗ ਹੈ ਤੇ ਫਿਰ ਤਾਂ ਹੀ ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਕਰਨ ਦੁਆਰਾ ਉਸਦੇ ਅੰਦਰ ਆਪਣੇ ਆਪ ਨੂੰ ਪਰਗਟ ਕਰੇਗਾ ਤੇ ਉਸਨੂੰ ਮਨ ਦੀ ਅਗਿਆਨਤਾ ਤੋਂ, ਮਾਇਆ ਮੋਹ ਤੋਂ, ਹਉਮੈ ਤੋਂ, ਤ੍ਰੈਗੁਣਾਂ ਤੋਂ ਪੂਰੀ ਤਰਾਂ ਮੁਕਤ ਕਰੇਗਾ ਜਿਸ ਸੱਚੀ ਸਮਝ ਦੁਆਰਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਮਨੁੱਖ ਦੀ ਆਪਣੀ ਅਸਲੀਅਤ ਨੂੰ ਜਾਣਿਆ ਜਾ ਸਕਦਾ ਹੈ, ਸੰਸਾਰ ਦੀ ਅਸਲੀਅਤ ਨੂੰ ਜਾਣਿਆ ਜਾ ਸਕਦਾ ਹੈ, ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ, ਗੁਰੂ ਰੂਪ ਨੂੰ ਜਾਣਿਆ ਜਾ ਸਕਦਾ ਹੈ ਤੇ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਹਰ ਗਿਆਨ ਦਾ ਮਾਲਕ ਹੈ ਤੇ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਪੜਦੇ ਵਿੱਚ ਰੱਖਿਆ ਹੋਇਆ ਹੈ। ਮਨ ਦਾ ਇਹ ਮਾਇਆ ਰੂਪ ਭਰਮ ਦਾ ਪੜਦਾ ਨਿਕਲੇ ਬਿਨ੍ਹਾਂ, ਹਉਮੈ ਰੂਪ ਦੀਵਾਰ ਨਿਕਲੇ ਬਿਨ੍ਹਾਂ, ਤ੍ਰੈਗੁਣਾਂ ਵਾਲੀ ਸਮਝ ਦਾ ਬੰਧਨ ਦੂਰ ਹੋਇ ਬਿਨ੍ਹਾਂ ਕੋਈ ਮੁਕਤ ਨਹੀਂ ਹੋ ਸਕਦਾ ਤੇ ਨਾ ਹੀ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਸਮਝ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਵਿਚਰ ਰਹਿਆ ਹੈ। (**ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥**) ਮਨ ਦੀ ਅਗਿਆਨਤਾ ਹੀ ਸਾਡੇ ਅੰਦਰ ਮਾਇਆ ਮੋਹ ਦਾ ਬੰਧਨ ਹੈ, ਹਉਮੈ ਰੂਪ ਬੰਧਨ ਹੈ ਜਿਸ ਬੰਧਨ ਤੋਂ ਮੁਕਤ ਹੋਣ ਦੀ ਗੱਲ ਬਾਣੀ ਵਿੱਚ ਅਨੇਕਾਂ ਵਾਰ ਆਉਂਦੀ ਹੈ ਜਿਵੇਂ ਕਿ ਹੇਠ ਦਿੱਤੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਕੇਵਲ ਗੁਰੂ ਦੀ ਸੱਚੀ ਸਮਝ ਤੇ ਭਰੋਸਾ ਟਿਕਾਉਣ ਦੀ ਲੋੜ ਹੈ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲਣ ਦੀ ਲੋੜ ਹੈ ਜੋ ਸਾਨੂੰ ਮੁਕਤੀ ਨੂੰ ਸਮਝਣ ਵਿੱਚ, ਸਮਝਾਉਣ ਵਿੱਚ ਭਰਮਾਂ ਵਿੱਚ ਪਾਉਂਦੇ ਹਨ।

{ਮਤ ਭੂਲਹਿ ਰੇ ਮਨ ਚੇਤਿ ਹਰੀ ॥
ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ ॥੧॥ ਰਹਾਉ ॥}

(ਅੰਗ ੧੧੭੧)

{ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥੩॥
ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥
ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥}

(ਅੰਗ ੪੯੫)

{ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥
ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥
ਗੁਰੁ ਕਰਤਾ ਗੁਰੁ ਕਰਣੈ ਜੋਗੁ ॥

ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥}

(ਅੰਗ ੯੬੪)

{ਜਾਗਤ ਸੂਤਾ ਭਰਮਿ ਵਿਗੂਤਾ ॥
ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥}

(ਅੰਗ ੧੦੧੯)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥
ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥}

(ਅੰਗ ੧੦੪੦)

{ਨਾਰਾਇਨ ਨਰਪਤਿ ਨਮਸਕਾਰੈ ॥
ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥}

(ਅੰਗ ੧੩੦੧)

{ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥੨॥}

(ਅੰਗ ੯੯੫)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥}

(ਅੰਗ ੧੦੦੨)

{ਕਹੁ ਕਬੀਰ ਮਨਿ ਭਇਆ ਅਨੰਦਾ ॥
ਗਇਆ ਭਰਮੁ ਰਹਿਆ ਪਰਮਾਨੰਦਾ ॥੩॥}

(ਅੰਗ ੩੨੭)

{ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥}

(ਅੰਗ ੧੪੨੯)

{ਸਤਿਗੁਰ ਮਿਲਿਐ ਮਤਿ ਊਤਮ ਹੋਇ ॥
ਮਨੁ ਨਿਰਮਲੁ ਹਉਮੈ ਕਢੈ ਧੋਇ ॥
ਸਦਾ ਮੁਕਤੁ ਬੰਧਿ ਨ ਸਕੈ ਕੋਇ ॥

ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥}

(ਅੰਗ ੧੧੮੮)

{ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥
ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥੨॥}

(ਅੰਗ ੧੨੩੧)

{ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥
ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥}

(ਅੰਗ ੧੧੦)

{ਮੁਕਤੇ ਸੇਵੇ ਮੁਕਤਾ ਹੋਵੈ ॥
ਹਉਮੈ ਮਮਤਾ ਸਬਦੇ ਖੋਵੈ ॥}

(ਅੰਗ ੧੧੬)

{ਆਪੇ ਕਰਤਾ ਆਪੇ ਭੁਗਤਾ ॥
ਬੰਧਨ ਤੋੜੇ ਸਦਾ ਹੈ ਮੁਕਤਾ ॥
ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥}

(ਅੰਗ ੧੨੫)

{ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥
ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥}

(ਅੰਗ ੧੮੫)

{ਕਹੁ ਨਾਨਕ ਗੁਰਿ ਖੋਲੇ ਕਪਾਟ ॥
ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥}

(ਅੰਗ ੧੮੮)

{ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥
ਰੋਗੁ ਨ ਬਿਆਪੈ ਨਾ ਜਮ ਦੋਖੰ ॥
ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥}

(ਅੰਗ ੨੨੩)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥
ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ ੨੩੨)

{ਜੋ ਇਸੁ ਮਾਰੇ ਸੋਈ ਸੂਰਾ ॥
ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥
ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥
ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥
ਜੋ ਇਸੁ ਮਾਰੇ ਸੋ ਧਨਵੰਤਾ ॥
ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥
ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥
ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥
ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥
ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥
ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥
ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥
ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥

ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥}

(ਅੰਗ ੨੩੭-੨੩੮)

{ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥}

(ਅੰਗ ੨੭੩)

{ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥
ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥੨॥}

(ਅੰਗ ੩੮੩)

{ਹਰਿ ਕਾ ਸੇਵਕੁ ਸਦ ਹੀ ਮੁਕਤਾ ॥
ਜੋ ਕਿਛੁ ਕਰੈ ਸੋਈ ਭਲ ਜਨ ਕੈ ਅਤਿ ਨਿਰਮਲ ਦਾਸ ਕੀ ਜੁਗਤਾ ॥੧॥ ਰਹਾਉ ॥}

(ਅੰਗ ੩੮੮)

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥
ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥}

(ਅੰਗ ੩੮੮)

{ਬਾਹਰਹੁ ਹਉਮੈ ਕਹੈ ਕਹਾਏ ॥
ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥
ਮਾਇਆ ਮੋਹੁ ਗੁਰ ਸਬਦਿ ਜਲਾਏ ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥}

(ਅੰਗ ੪੧੨)

{ਅਚਰੁ ਚਰੈ ਤਾਂ ਭਰਮੁ ਚੁਕਾਏ ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥}

(ਅੰਗ ੪੧੨)

{ਜਗੁ ਬੰਦੀ ਮੁਕਤੇ ਹਉ ਮਾਰੀ ॥
ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ ੪੧੩)

{ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥

ਜਗਜੀਵਨੁ ਦਾਤਾ ਪਾਇਆ ॥੬॥}

(ਅੰਗ ੪੬੬)

{ਸੋਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥
ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥}

(ਅੰਗ ੪੯੦-੪੯੧)

{ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ ॥
ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ ॥
ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ ॥
ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ ॥੨॥}

(ਅੰਗ ੫੦੯-੫੧੦)

{ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥
ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥
ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥
ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥
ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥
ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥
ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥
ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥੫॥}

(ਅੰਗ ੫੧੯)

{ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥
ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ ॥੨॥}

(ਅੰਗ ੫੪੨)

{ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥
ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥}

(ਅੰਗ ੫੭੮)

{ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥}

(ਅੰਗ ੫੯੭)

{ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥

ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥}

(ਅੰਗ ੬੮੦)

{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥
ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥}

(ਅੰਗ ੭੩੫)

{ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥
ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥੨॥}

(ਅੰਗ ੭੯੬)

{ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥
ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥
ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥੩॥}

(ਅੰਗ ੭੯੬-੭੯੭)

{ਆਪਹਿ ਜੋਗ ਆਪ ਹੀ ਜੁਗਤਾ ॥ ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥}

(ਅੰਗ ੮੦੩)

{ਸਦਾ ਮੁਕਤੁ ਤਾ ਕੇ ਪੂਰੇ ਕਾਮ ॥ ਜਾ ਕੈ ਰਿਦੈ ਵਸੈ ਹਰਿ ਨਾਮ ॥੨॥}

(ਅੰਗ ੮੯੧)

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥}

(ਅੰਗ ੯੨੦)

{ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥
ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥
ਮਨਮੁਖਿ ਬਿਨਸੈ ਆਵੈ ਜਾਇ ॥
ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥}

(ਅੰਗ ੯੩੯)

{ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥
ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥੨੫॥}

(ਅੰਗ ੯੪੧)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥

ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥
ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ ੯੪੮)

{ਬੰਧਚਿ ਬੰਧਨੁ ਪਾਇਆ ॥ ਮੁਕਤੈ ਗੁਰਿ ਅਨਲੁ ਬੁਝਾਇਆ ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥ ਤਬ ਅੰਤਰਿ ਮਜਨੁ ਕੀਨ੍ਹਾ ॥੧॥}

(ਅੰਗ ੯੭੧-੯੭੨)

{ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥
ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥੪॥}

(ਅੰਗ ੧੦੦੧)

{ਜੀਅ ਕੀ ਕੈ ਪਹਿ ਬਾਤ ਕਹਾ ॥
ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ ॥੧॥ ਰਹਾਉ ॥
ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥੨॥
ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥
ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥
ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ॥੩॥
ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ ॥
ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ ॥
ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ ॥੪॥}

(ਅੰਗ ੧੦੦੩)

{ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥
ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥
ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥
ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥}

(ਅੰਗ ੧੦੦੯-੧੦੧੦)

{ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥}

(ਅੰਗ ੧੦੪੦)

ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਮਾਇਆ ਤੋਂ ਮੁਕਤ ਹੋਣ ਦੁਆਰਾ, ਹਉਮੈ ਤੋਂ ਮੁਕਤ ਹੋਣ ਦੁਆਰਾ ਭਾਵ ਮਨ ਦੀ ਨਾ-ਸਮਝ ਮਤਿ ਤੋਂ ਮੁਕਤ ਹੋਣ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਉੱਪਰ ਦਿੱਤੇ ਹੋਏ ਸ਼ਬਦਾਂ ਦੁਆਰਾ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੇ ਮਨ ਦੀ ਅਗਿਆਨਤਾ ਤੋਂ ਮੁਕਤ ਹੋ ਕੇ ਹੀ ਚੱਲਿਆ ਜਾ ਸਕਦਾ ਹੈ ਕਿਉਂਕਿ ਆਪਣੀ ਸੱਚੀ ਭਗਤੀ ਦਾ ਮਾਰਗ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਸਮਝਾਉਂਦਾ ਹੈ ਜਿਸ ਗਿਆਨ ਦੁਆਰਾ ਹੀ ਉਹ ਮਨ ਦੇ ਭਰਮਾਂ ਤੋਂ ਮੁਕਤ ਕਰਦਾ ਹੈ, ਮਾਇਆ ਮੋਹ ਦੇ ਬੰਧਨ ਤੋਂ, ਹਉਮੈ ਦੇ ਬੰਧਨ ਤੋਂ, ਤ੍ਰੈਗੁਣਾਂ ਵਾਲੀ ਸਮਝ ਦੇ ਬੰਧਨ ਤੋਂ ਮੁਕਤ ਕਰਦਾ ਹੈ।

ਇਸੇ ਲਈ ਸਾਨੂੰ ਬਾਣੀ ਰਾਹੀਂ ਇਹ ਸਮਝਾਇਆ ਹੋਇਆ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਤੇ ਉਨ੍ਹਾਂ ਨੂੰ ਵੀ ਸਮਝ ਨਹੀਂ ਆਇਆ ਜੋ ਆਪਣੇ ਆਪ ਨੂੰ ਪ੍ਰਮਾਤਮਾ ਅਖਵਾ ਕੇ ਗਏ ਹਨ ਭਾਵ ਬ੍ਰਹਮਾ, ਬਿਸਨ, ਮਹੇਸ, ਇੰਦਰ ਅਖਵਾ ਕੇ ਗਏ ਹਨ ਕਿਉਂਕਿ ਉਨ੍ਹਾਂ ਨੂੰ ਵੀ ਪ੍ਰਮਾਤਮਾ ਨੇ ਮਾਇਆ ਤੋਂ ਮੁਕਤ ਨਹੀਂ ਕੀਤਾ, ਮਨ ਦੀ ਅਗਿਆਨਤਾ ਤੋਂ ਮੁਕਤ ਨਹੀਂ ਕੀਤਾ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਆਖਿਆ ਹੈ, ਪ੍ਰਮਾਤਮਾ ਦੇ ਵੱਖਰੇ-ਵੱਖਰੇ ਰੂਪ ਆਖਿਆ ਹੈ ਜੋ ਕਿ ਉਨ੍ਹਾਂ ਦੇ ਅੰਦਰ ਦਾ ਭਰਮ ਹੀ ਹੈ। ਆਪਣੇ ਸਰੀਰਕ ਰੂਪ ਨੂੰ ਪ੍ਰਮਾਤਮਾ ਉਹ ਹੀ ਕਹਿ ਸਕਦਾ ਹੈ ਜਿਸਨੇ ਉਸਦੇ ਨਿਰੰਕਾਰ ਰੂਪ ਨੂੰ ਨਹੀਂ ਜਾਣਿਆ, ਮਨ ਨੂੰ ਨਹੀਂ ਜਾਣਿਆ, ਗਿਆਨ ਦੇ ਦਾਤੇ ਨੂੰ ਨਹੀਂ ਜਾਣਿਆ। ਉਨ੍ਹਾਂ ਦੇ ਅੰਦਰ ਵੀ ਪ੍ਰਮਾਤਮਾ ਆਪ ਹੀ ਸੀ ਤੇ ਉਸਦਾ ਮਕਸਦ ਉਨ੍ਹਾਂ ਰਾਹੀਂ ਸੰਸਾਰ ਵਿਚ ਮਾਇਆ ਮੋਹ ਵਧਾਉਣ ਦਾ ਹੀ ਸੀ, ਤ੍ਰੈਗੁਣਾਂ ਦਾ ਵਿਸਥਾਰ ਕਰਨ ਲਈ ਹੀ ਸੀ ਭਾਵ ਸੰਸਾਰ ਨੂੰ ਭਰਮਾਂ ਵਿੱਚ ਰੱਖਣ ਦਾ ਹੀ ਸੀ ਜਿਵੇਂ ਕਿ ਉੱਪਰ ਦਿੱਤੇ ਹੋਏ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸੰਸਾਰ ਨੂੰ ਮਾਇਆ ਦੇ ਬੰਧਨ ਵਿੱਚ ਰੱਖਕੇ ਪ੍ਰਮਾਤਮਾ ਆਪਣੀ ਅਸਲੀਅਤ ਆਪ ਹੀ ਛੁਪਾ ਕੇ ਰੱਖਦਾ ਹੈ ਤੇ ਮਨ ਦੀ ਮਾਇਆ ਦੁਆਰਾ ਆਪ ਹੀ ਆਪਣੀ ਅਸਲੀਅਤ ਬਾਰੇ ਭਰਮ ਫੈਲਾਉਂਦਾ ਹੈ। ਸੰਸਾਰ ਨੂੰ ਭਰਮਾਂ ਵਿੱਚ ਰੱਖਕੇ ਹੀ ਪ੍ਰਮਾਤਮਾ ਆਪਣੇ ਆਪ ਦੀ ਸਮਝ ਨਹੀਂ ਆਉਣ ਦਿੰਦਾ। ਸਮੇਂ ਅਨੁਸਾਰ ਜੋ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਜਿਸ ਤਰੀਕੇ ਉਹ ਸੰਸਾਰ ਦੀ ਖੇਡ ਨੂੰ ਚਲਾਉਣਾ ਚਾਹੁੰਦਾ ਹੈ ਉਹ ਉਸ ਤਰੀਕੇ ਹੀ ਸਮਝ ਪਾਉਂਦਾ ਹੈ। ਸਮਝ ਦਾ ਮਾਲਕ ਉਹ ਆਪ ਹੈ। ਬ੍ਰਹਮਾ, ਬਿਸਨ, ਮਹੇਸ ਦਾ ਰੂਪ ਉਸਨੇ ਆਪ ਹੀ ਧਾਰਿਆ ਹੈ ਤੇ ਸੰਸਾਰ ਵਿੱਚ ਉਹੋ ਜਿਹੀ ਭਰਮਾਂ ਵਾਲੀ ਭਗਤੀ ਦਾ ਮਾਰਗ ਵੀ ਉਸਦਾ ਆਪਣਾ ਹੀ ਸਮਝਾਇਆ ਹੋਇਆ ਹੈ ਜਿਹੋ ਜਿਹਾ ਭਰਮ ਉਸਨੇ ਉਨ੍ਹਾਂ ਦੇ ਸਰੀਰਾਂ ਰਾਹੀਂ ਪਾਇਆ ਹੈ। ਸਰੀਰਕ ਜਪ ਤਪ ਉਸਦੇ ਆਪਣੇ ਹੀ ਸਮਝਾਏ ਹੋਏ ਹਨ ਜੋ ਸਦੀਆਂ ਤੋਂ ਚੱਲਦੇ ਆ ਰਹੇ ਹਨ ਤੇ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਤਰੀਕੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਉਸਦੇ ਆਪਣੇ ਸਮਝਾਏ ਹੋਏ ਹੀ ਹਨ ਜਿਸ ਦੁਆਰਾ ਉਸਨੇ ਸੰਸਾਰ ਵਿੱਚ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਫੈਲਾਏ ਹੋਏ ਹਨ, ਸੰਸਾਰ ਨੂੰ ਉਲਝਣਾ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਆਪਣਾ ਇਹ ਮਕਸਦ ਮਨ ਦੀ ਮਾਇਆ ਦੁਆਰਾ ਹੀ ਪੂਰਾ ਕਰਦਾ ਹੈ ਜਿਸ ਮਾਇਆ ਤੋਂ ਮੁਕਤ ਹੋਏ ਬਿਨ੍ਹਾਂ ਕੋਈ ਇਸ ਸੰਸਾਰ ਦੇ ਸੱਚ ਨੂੰ ਨਹੀਂ ਜਾਣ ਸਕਦਾ, ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ, ਆਪਣੇ ਆਪ ਨੂੰ ਨਹੀਂ ਜਾਣ ਸਕਦਾ, ਨਾਮ ਨੂੰ ਨਹੀਂ ਜਾਣ ਸਕਦਾ, ਭਗਤੀ ਦੀ ਅਸਲੀਅਤ ਨੂੰ ਨਹੀਂ ਜਾਣ ਸਕਦਾ। ਮਾਇਆ ਤੋਂ ਮੁਕਤੀ ਮਨੁੱਖ ਦੇ ਆਪਣੇ ਵੱਸ ਨਹੀਂ ਹੈ ਤੇ ਇਸੇ ਲਈ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਪ੍ਰਮਾਤਮਾ ਨੂੰ ਜਾਨਣਾ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ, ਗੁਰ ਪ੍ਰਸਾਦਿ ਹੈ ਜਿਵੇਂ ਕਿ ਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਹੋਇਆ ਹੈ। ਗੁਰਬਾਣੀ ਦੀ ਰਚਨਾ ਪ੍ਰਮਾਤਮਾ ਦੀ ਇਸ ਸੰਸਾਰ ਤੇ ਬਹੁਤ ਵੱਡੀ ਕਿਰਪਾ ਹੈ ਜਿਸ ਰਾਹੀਂ ਉਸਨੇ ਆਪਣੇ ਆਪ ਦੀ ਅਸਲੀਅਤ ਸਮਝਾਈ ਹੋਈ ਹੈ, ਆਪਣਾ ਨਿਰੰਕਾਰ ਰੂਪ ਸਮਝਾਇਆ ਹੋਇਆ ਹੈ ਜੋ ਰੂਪ ਉਸਦਾ ਮਾਇਆ ਤੋਂ ਰਹਿਤ ਹੈ, ਭਰਮਾਂ ਤੋਂ ਰਹਿਤ ਹੈ ਭਾਵ ਉਸਦਾ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਸ਼ਬਦ ਰੂਪ ਹੈ, ਨਾਮ ਰੂਪ ਹੈ, ਸੱਚ ਰੂਪ ਹੈ।

ਗਿਆਨ ਦਾ ਮਾਲਕ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਹਰ ਧਰਮ ਗ੍ਰੰਥ ਦੀ ਸੋਝੀ ਦੇਣ ਵਾਲਾ, ਗਿਆਨ ਦੇਣ ਵਾਲਾ ਉਹ ਆਪ ਹੀ ਹੈ ਪਰ ਜਦ ਤੱਕ ਉਹ ਕਿਸੇ ਸਰੀਰ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਗਿਆਨ ਕਿੱਥੋਂ ਆਉਂਦਾ ਹੈ। ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚਾਈ ਨੂੰ, ਨਾਮ ਦੀ ਸੱਚਾਈ ਨੂੰ , ਭਗਤੀ ਦੀ ਸੱਚਾਈ ਨੂੰ, ਸੰਸਾਰ ਦੀ ਸੱਚਾਈ ਨੂੰ ਕੇਵਲ ਚੌਥੇ ਪਦ ਦੇ ਗਿਆਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਪਦ ਹੈ, ਜਿਸ ਪਦ ਤੋਂ ਪ੍ਰਮਾਤਮਾ ਨੇ ਬ੍ਰਹਮਾ, ਬਿਸਨ, ਮਹੇਸ ਆਦਿ ਨੂੰ ਵੀ ਦੂਰ ਰੱਖਿਆ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੀ-ਆਪਣੀ ਭਗਤੀ ਕਰਵਾਈ ਹੈ, ਸੰਸਾਰ ਨੂੰ ਅੱਖਰ ਦੇ ਜਪ ਨਾਲ ਜੋੜਿਆ ਹੈ, ਸਰੀਰਕ ਕਿਰਿਆਵਾਂ ਨਾਲ ਜੋੜਿਆ ਹੈ ਜੋ ਕਿ ਸਦੀਆਂ ਤੋਂ ਇਸੇ ਤਰ੍ਹਾਂ ਚੱਲਦਾ ਆ ਰਹਿਆ ਹੈ। ਗੁਰਬਾਣੀ ਦੀ ਰਚਨਾ ਹੋਏ ਵੀ ਸੈਂਕੜੇ ਸਾਲ ਹੋ

ਚੁੱਕੇ ਹਨ ਪਰ ਸੱਚੀ ਭਗਤੀ ਦੀ ਸੱਚਾਈ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੀ ਸੱਚਾਈ, ਸ਼ਬਦਾਂ ਦੇ ਅਸਲੀ ਅਰਥਾਂ ਦੀ ਸੱਚਾਈ, ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸੱਚਾਈ ਕਿਸੇ ਨੂੰ ਨਹੀਂ ਪੈ ਸਕੀ ਕਿਉਂਕਿ ਇਹ ਸੱਚਾਈ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ, ਚੌਥੇ ਪਦ ਦੇ ਗਿਆਨ ਵਿੱਚ ਪਹੁੰਚ ਕੇ ਹੀ ਪੈਂਦੀ ਹੈ। ਜਿਸ ਮਨ ਦੀ ਅਗਿਆਨਤਾ ਕਰਕੇ ਵੇਦਾਂ, ਸ਼ਾਸਤਰਾਂ ਦੇ ਅੰਦਰ ਨਾਮ ਦੀ ਸਮਝ ਨਹੀਂ ਪਈ ਉਸੇ ਅਗਿਆਨਤਾ ਕਰਕੇ ਗੁਰਬਾਣੀ ਦੇ ਅੰਦਰ ਨਾਮ ਦੀ ਸਮਝ ਨਹੀਂ ਪਈ। ਨਾਮ ਦੀ ਸਮਝ ਹੈ ਹੀ ਚੌਥਾ ਪਦ ਭਾਵ ਚੌਥੇ ਪਦ ਦਾ ਗਿਆਨ, ਬ੍ਰਹਮਗਿਆਨ ਜੋ ਮਨ ਦੇ ਵਿੱਚ ਪਰਗਟ ਹੋ ਕੇ ਆਪ ਹੀ ਪ੍ਰਮਾਤਮਾ ਦਿੰਦਾ ਹੈ ਤੇ ਕਿਸੇ ਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ, ਮਾਇਆ ਵਾਲੀ ਸਮਝ ਵਿੱਚੋਂ, ਹਉਮੈ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਜਿਸ ਸਮਝ ਵਿੱਚੋਂ ਪ੍ਰਮਾਤਮਾ ਨੇ ਬ੍ਰਹਮਾ, ਬਿਸਨ, ਮਹੇਸ਼ ਆਦਿ ਨੂੰ ਵੀ ਨਹੀਂ ਕੱਢਿਆ, ਵੱਡੇ ਵੱਡੇ ਪੀਰ, ਦੇਵਤੇ ਅਖਵਾਉਣ ਵਾਲਿਆਂ ਨੂੰ ਵੀ ਨਹੀਂ ਕੱਢਿਆ ਜਿਸ ਕਰਕੇ ਉਨ੍ਹਾਂ ਦੇ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪ ਹੀ ਉਨ੍ਹਾਂ ਨੂੰ ਉੱਚਾ ਰੁਤਬਾ ਦੇਣ ਦੁਆਰਾ ਸਰੀਰਕ ਜਪਾਂ ਤਪਾਂ ਵਾਲੀ ਭਗਤੀ ਵਿੱਚ ਉਲਝਾਇਆ ਹੈ ਤੇ ਸੰਸਾਰ ਨੂੰ ਉਨ੍ਹਾਂ ਦੇ ਪਿੱਛੇ ਲਗਾਇਆ ਹੈ। ਜਦੋਂ ਕਿਸੇ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਆਖਦੇ ਹਾਂ, ਸਮਝਦੇ ਹਾਂ ਫਿਰ ਤਾਂ ਹੀ ਉਸਦੇ ਪਿੱਛੇ ਲੱਗਦੇ ਹਾਂ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਲੱਗਦੇ ਹਾਂ। ਸਿੱਖ ਜਗਤ ਵਿੱਚ ਵੀ ਇਹੋ ਕੁੱਝ ਪ੍ਰਚਲਿਤ ਹੈ ਕਿਉਂਕਿ ਮਾਇਆ ਸਭ ਦੇ ਅੰਦਰ ਇੱਕੋ ਰੂਪ ਵਿੱਚ ਹੀ ਹੈ ਭਾਵ ਅਗਿਆਨਤਾ ਦੇ ਰੂਪ ਵਿੱਚ ਹੀ ਹੈ ਜਿਸਦਾ ਮਕਸਦ ਹੀ ਸਭ ਨੂੰ ਭਰਮਾਂ ਵਿੱਚ ਪਾਉਣ ਦਾ ਹੈ, ਪਰਮਾਤਮਾ ਦੀ ਅਸਲੀਅਤ ਸਮਝਣ ਤੋਂ ਦੂਰ ਰੱਖਣ ਦਾ ਹੈ। ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਪ੍ਰਮਾਤਮਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਉਸਦਾ ਸੰਸਾਰ ਨੂੰ ਭਰਮਾਂ ਵਿੱਚ ਪਾਉਣ ਦਾ ਤਰੀਕਾ ਵੀ ਇੱਕੋ ਜਿਹਾ ਹੀ ਹੈ ਜੋ ਕਿ ਸਾਡੇ ਮਨ ਦੀ ਸਮਝ ਹੈ ਜੋ ਮਨੁੱਖ ਦੀ ਆਪਣੀ ਨਹੀਂ ਹੈ। ਜਦੋਂ ਕਿਸੇ ਨੂੰ ਇਸ ਮਨ ਦੀ ਸਮਝ ਲੱਗ ਜਾਵੇਗੀ ਫਿਰ ਮਨੁੱਖ ਮਨੁੱਖ ਵਿੱਚ ਫਰਕ ਵੀ ਮਿਟ ਜਾਵੇਗਾ, ਵੱਖਰੇ-ਵੱਖਰੇ ਧਰਮ ਸਮਝਣ ਦਾ, ਵੱਖਰੇ-ਵੱਖਰੇ ਭਗਤੀ ਦੇ ਮਾਰਗ ਸਮਝਣ ਦਾ ਫਰਕ ਵੀ ਮਿਟ ਜਾਵੇਗਾ, ਪ੍ਰਮਾਤਮਾ ਦੇ ਵੱਖਰੇ-ਵੱਖਰੇ ਰੂਪ ਸਮਝਣ ਦਾ, ਵੱਖਰੇ-ਵੱਖਰੇ ਠਿਕਾਣੇ ਸਮਝਣ ਦਾ ਫਰਕ ਵੀ ਮਿਟ ਜਾਵੇਗਾ ਤੇ ਸਭ ਕੁੱਝ ਇੱਕੋ ਇੱਕ ਪ੍ਰਮਾਤਮਾ ਦਾ ਰੂਪ ਹੀ ਨਜਰ ਆਵੇਗਾ। ਸਾਰੀ ਗੱਲ ਸਾਡੇ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਮਨ ਦੀ ਸਮਝ ਦੁਆਰਾ ਹੀ ਅਸੀਂ ਪ੍ਰਮਾਤਮਾ ਤੋਂ ਦੂਰ ਹਾਂ ਤੇ ਮਨ ਦੀ ਸਮਝ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ, ਇਸ ਸੰਸਾਰ ਦੀ ਸੱਚਾਈ ਨੂੰ ਜਾਣ ਸਕਦੇ ਹਾਂ, ਧਰਮ ਦੇ ਸੱਚੇ ਮਾਰਗ ਦੀ ਸੱਚਾਈ ਨੂੰ ਜਾਣ ਸਕਦੇ ਹਾਂ। ਸਾਰੀ ਗੱਲ ਮਨ ਦੀ ਅਗਿਆਨਤਾ ਤੋਂ ਮੁਕਤੀ ਦੀ ਹੈ, ਮਾਇਆ ਤੋਂ ਮੁਕਤੀ ਦੀ ਹੈ ਜੋ ਮੁਕਤੀ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚਾਈ ਦੇ ਨਾਲ ਜੁੜਨ ਦੀ ਹੈ, ਉਨ੍ਹਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਮੰਨਣ ਦੀ ਹੈ ਤਾਂ ਜੋ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲੀਏ ਤੇ ਧਰਮ ਦੇ, ਭਗਤੀ ਦੇ ਉਹੋ ਜਿਹੇ ਮਾਰਗ ਤੇ ਚੱਲੀਏ ਜੋ ਸਾਨੂੰ ਧਰਮ ਗ੍ਰੰਥ ਸਮਝਾਉਂਦੇ ਹਨ ਤੇ ਉਨ੍ਹਾਂ ਦੀ ਮਤਿ ਲੈਣ ਤੋਂ ਬਚੀਏ ਜੋ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ, ਭਗਤੀ ਦੇ, ਨਾਮ ਦੇ ਪੁੱਠੇ ਮਾਰਗ ਨਾਲ ਜੋੜਦੇ ਹਨ।

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥}

(ਅੰਗ ੧੦੩੨)

{ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥
ਬੋਲੈ ਕਉੜਾ ਜਿਹਬਾ ਕੀ ਫੂੜਿ ॥
ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥
ਐਸੀ ਇਸਤ੍ਰੀ ਇਕ ਰਾਮਿ ਉਪਾਈ ॥
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥
ਪਾਇ ਠਗਉਲੀ ਸਭੁ ਜਗੁ ਜੋਹਿਆ ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥

ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥
ਤਟ ਤੀਰਥ ਭਵੇ ਸਭ ਧਰਨਾ ॥
ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥੩॥
ਮਾਇਆ ਮੋਹਿ ਸਭੋ ਜਗੁ ਬਾਧਾ ॥
ਹਉਮੈ ਪਚੈ ਮਨਮੁਖ ਮੂਰਾਖਾ ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥}

(ਅੰਗ ੩੯੪)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ ੫੦੯)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥}

(ਅੰਗ ੭੩੫-੭੩੬)

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥
ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥੧੯॥}

(ਅੰਗ ੯੦੯)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥
ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥}

(ਅੰਗ ੧੦੯੪)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਾਡੇ ਅੰਦਰ ਦੀ ਮਾਇਆ ਕੀ ਹੈ ਇਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਆਉ ਹੁਣ ਮੁੱਖ ਸ਼ਬਦ ਦੇ ਅਗਲੇ ਪਦ ਨੂੰ ਸਮਝੀਏ ਜਿਸ ਰਾਹੀਂ ਮਾਇਆ ਦਾ ਰੂਪ ਹੋਰ ਵੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਤੇ ਇਸ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ।

“ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੁਕਈ ਨਾ ਵਿਚਹੁ ਹਉਮੈ ਜਾਇ ॥”

ਮਾਇਆ ਕੀ ਹੈ, ਇਸ ਨੂੰ ਉਪਰਲੇ ਪਦੇ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਜਿਸਨੂੰ ਕਿ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਮਾਇਆ ਦਾ ਕਰਮ ਭਾਵ ਮਾਇਆ ਦਾ ਕੰਮ ਭਾਵ ਮਾਇਆ ਦਾ ਮਕਸਦ ਸਾਡੇ ਮਨ ਨੂੰ “ਦੁਖਿ ਸੁਖਿ” ਵਿੱਚ ਰੱਖਣ ਦਾ ਹੈ ਜਿਸਨੂੰ ਕਿ ਸਾਡੇ ਮਨ ਦਾ ਬੰਧਨ ਕਿਹਾ ਹੈ, ਸਾਡੀ ਹਉਮੈ ਕਿਹਾ ਹੈ ਭਾਵ ਸਾਡੇ ਅੰਦਰ ਦੀ ਮਾਇਆ ਜਾਂ ਹਉਮੈ ਇੱਕੋ ਹੀ ਗੱਲ ਹੈ ਜੋ ਕਿ ਸਾਡੇ ਮਨ ਦੀ ਸਮਝ ਹੈ, ਸਾਡੇ ਮਨ ਦੇ ਵਿਚਾਰ ਹਨ ਜੋ ਸਾਨੂੰ ਦੁਖਾਂ ਸੁਖਾਂ ਨਾਲ ਜੋੜ ਕੇ ਰੱਖਦੇ ਹਨ। ਸਾਡੇ ਅੰਦਰ ਦੇ ਦੁਖ ਸੁਖ ਸਾਡੇ ਮਨ ਦੀਆਂ ਇੱਛਾਵਾਂ ਨਾਲ ਜੁੜੇ ਹੋਏ ਹਨ। ਸਾਡੇ ਅੰਦਰ ਹਰ ਵੇਲੇ ਇੱਛਾਵਾਂ ਉਪਜਦੀਆਂ ਰਹਿੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਵਿੱਚ ਅਸੀਂ ਸੁੱਖ ਮਹਿਸੂਸ ਕਰਦੇ ਹਾਂ ਤੇ ਜੋ ਇੱਛਾ ਪੂਰੀ ਨਹੀਂ ਹੁੰਦੀ ਉਸ ਵਿੱਚ ਅਸੀਂ ਦੁੱਖ ਮਹਿਸੂਸ ਕਰਦੇ ਹਾਂ। ਸਾਨੂੰ ਮਨ ਦੀਆਂ ਇੱਛਾਵਾਂ ਦੁਆਰਾ ਹਰ ਵੇਲੇ ਦੁੱਖ ਸੁੱਖ ਮਹਿਸੂਸ ਕਰਵਾਉਣਾ ਸਾਡੇ ਅੰਦਰ ਦੀ ਮਾਇਆ ਦਾ ਕਰਮ ਹੈ। ਸਭ ਨੂੰ ਸੁੱਖ ਹੀ ਚੰਗਾ ਲੱਗਦਾ ਹੈ ਜਿਸ ਦੀ ਪ੍ਰਾਪਤੀ ਲਈ ਅਸੀਂ ਅਨੇਕਾਂ ਉਹੋ ਜਿਹੇ ਕਰਮ ਕਰਦੇ ਹਾਂ ਜੋ ਸਾਡੇ ਮਾੜੇ ਕਰਮ ਹਨ ਤੇ ਅਸੀਂ ਔਗੁਣਾਂ ਵਿੱਚ ਫਸ ਜਾਂਦੇ ਹਾਂ। ਸਾਡੇ ਕੋਲੋਂ ਔਗੁਣ ਕਰਵਾਉਣ ਵਾਲੀ, ਮਾੜੇ ਕਰਮ ਕਰਵਾਉਣ ਵਾਲੀ ਇਹ ਸਾਡੇ ਅੰਦਰ ਦੀ ਮਾਇਆ ਹੈ ਭਾਵ ਸਾਡੀ ਨਾ-ਸਮਝ ਮਤਿ ਹੈ ਜੋ ਗੁਰੂ ਦੀ ਸੱਚੀ ਮਤਿ ਨਾਲ ਜੁੜਨ ਨਹੀਂ ਦਿੰਦੀ। ਗੁਰੂ ਦੀ ਮਤਿ ਸਾਨੂੰ ਮਨ ਦੇ ਦੁੱਖ ਸੁੱਖ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਚੰਗੇ ਕਰਮ ਕਰੀਏ ਜੋ ਕਿ ਭਗਤੀ ਦਾ ਸੱਚਾ ਮਾਰਗ ਹੈ।

{ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥੨॥}

(ਅੰਗ ੧੨੫੬)

{ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥}

(ਅੰਗ ੧੪੨੭)

ਆਪਣੇ ਅੰਦਰ ਦੇ ਦੁੱਖ ਸੁੱਖ ਵਾਲੇ ਵਿਚਾਰਾਂ ਨੂੰ ਛੱਡੇ ਬਿਨ੍ਹਾਂ ਹੀ ਅਸੀਂ ਪ੍ਰਮਾਤਮਾ ਨੂੰ ਜਪਣਾ ਚਾਹੁੰਦੇ ਹਾਂ, ਉਸਨੂੰ ਪਾਉਣਾ ਚਾਹੁੰਦੇ ਹਾਂ, ਉਸਦੀ ਭਗਤੀ ਵਾਲੇ ਬਣਨਾ ਚਾਹੁੰਦੇ ਹਾਂ ਜੋ ਕਿ ਸਾਡਾ ਭਰਮ ਹੈ ਭਾਵ ਸਾਡੀ ਨਾ-ਸਮਝ ਮਤਿ ਹੈ, ਸਾਡੀ ਅਗਿਆਨਤਾ ਹੈ, ਸਾਡੀ ਹਉਮੈ ਹੈ ਭਾਵ ਸਾਡੇ ਅੰਦਰ ਦੀ ਮਾਇਆ ਹੈ ਜੋ ਸਾਨੂੰ ਇਹ ਕੁੱਝ ਕਰਨ ਲਈ ਸਮਝਾਉਂਦੀ ਹੈ। ਭਗਤੀ ਦੇ ਸੱਚੇ ਮਾਰਗ ਤੋਂ ਉਲਟ ਚੱਲਕੇ ਅਸੀਂ ਜਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਭਾਵ ਸਰੀਰਕ ਜਪ ਤਪ ਆਦਿ ਕਰਦੇ ਹਾਂ, ਸਰੀਰਕ ਕਿਰਿਆਵਾਂ ਦੁਆਰਾ, ਸਮਾਧੀਆਂ ਲਗਾਉਣ ਦੁਆਰਾ ਤੇ ਹੋਰ ਅਨੇਕਾਂ ਇਹੋ ਜਿਹੇ ਅਨੇਕਾਂ ਕਰਮ ਕਰਨ ਦੁਆਰਾ ਜਿਨ੍ਹਾਂ ਨੂੰ ਅਸੀਂ ਭਗਤੀ ਵਾਲੇ ਕਰਮ ਸਮਝਦੇ ਹਾਂ, ਸਰੀਰਕ ਸੁੱਚ ਨਾਲ ਜੁੜਦੇ ਹਾਂ, ਚੌਂਕੇ ਦੀ ਸੁੱਚ ਨਾਲ ਜੁੜਦੇ ਹਾਂ, ਵਸਤਰਾਂ ਦੇ ਖਾਸ ਪਹਿਰਾਵੇ ਨਾਲ ਜੁੜਦੇ ਹਾਂ,ਇਹ ਸਭ ਭਗਤੀ ਦੇ ਭਰਮ ਹੀ ਹਨ ਜਿਵੇਂ ਕਿ ਇਨ੍ਹਾਂ ਗੱਲਾਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇਸਦਾ ਕਾਰਨ ਸਾਡੇ ਅੰਦਰ ਦੀ ਮਾਇਆ ਹੀ ਹੈ ਜਿਵੇਂ ਕਿ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਅੰਦਰ ਇਹ ਭਰਮ ਪਾਉਣ ਵਾਲੀ ਮਾਇਆ ਹੈ, ਹਉਮੈ ਹੈ ਜਿਸਨੂੰ ਆਪਣੇ ਅੰਦਰੋਂ ਕਢਣ ਦਾ ਤਰੀਕਾ ਭਾਵ ਉਸ ਤੋਂ ਮੁਕਤ ਹੋਣ ਦਾ ਤਰੀਕਾ ਗੁਰੂ ਦੇ ਸ਼ਬਦ ਹਨ ਭਾਵ ਸ਼ਬਦਾਂ ਦੀ ਵਿਚਾਰ ਹੈ। ਸ਼ਬਦਾਂ ਦੀ ਵਿਚਾਰ ਭਾਵ ਸੱਚੀ ਵਿਚਾਰ ਜੇਕਰ ਸਾਡੇ ਅੰਦਰ ਵੱਸੇਗੀ ਫਿਰ ਤਾਂ ਹੀ ਅਸੀਂ ਭਰਮਾਂ ਵਾਲੇ ਵਿਚਾਰਾਂ ਤੋਂ ਮੁਕਤ ਹੋਵਾਂਗੇ ਭਾਵ ਸਾਰੀ ਗੱਲ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੀ ਹੈ ਜਿਸ ਦੁਆਰਾ ਸਾਡੀ ਹਉਮੈ ਜਾ ਸਕਦੀ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਤੇ ਸਾਡੀ ਹਉਮੈ ਗੁਰੂ ਦੇ ਨਾਮ ਦੁਆਰਾ ਹੀ ਨਿਕਲ ਸਕਦੀ ਜੋ ਮਨੁੱਖੀ ਸਮਝ ਨੂੰ ਮਾਇਆ ਮੋਹ ਤੋਂ ਮੁਕਤ ਕਰਦੀ ਹੈ, ਹਉਮੈ ਤੋਂ ਮੁਕਤ ਕਰਦੀ ਹੈ। ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਹੀ ਗੁਰੂ ਦਾ, ਪ੍ਰਮਾਤਮਾ ਦਾ ਨਾਮ ਜਪਣਾ ਹੈ ਤੇ ਸਾਡੀ ਹਉਮੈ ਨਾਮ ਜਪਣ ਦੁਆਰਾ ਹੀ ਨਿਕਲਣੀ ਹੈ। ਸਾਡੇ ਮਨ ਨੂੰ ਚਲਾਉਣ ਵਾਲੀ, ਸਾਨੂੰ ਸਮਝਾਉਣ ਵਾਲੀ ਵੀ ਮਾਇਆ ਹੀ ਹੈ ਜਿਸ ਤੋਂ ਅਸੀਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ। ਜੇਕਰ ਸਾਡੇ ਅੰਦਰ ਦੀ ਮਾਇਆ ਇਹ ਚਾਹੇਗੀ ਕਿ ਅਸੀਂ ਉਸ ਤੋਂ ਛੁਟਕਾਰਾ ਪਾ ਲਈਏ ਫਿਰ ਤਾਂ ਹੀ ਅਸੀਂ ਉਸ ਤੋਂ ਛੁਟਕਾਰਾ ਪਾ ਸਕਦੇ ਹਾਂ। ਮਾਇਆ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਤੇ ਇਸੇ ਲਈ ਉਹ ਸਾਨੂੰ ਇਸ ਵਿੱਚੋਂ ਨਿਕਲਣ ਨਹੀਂ ਦਿੰਦੀ। ਮਾਇਆ ਪਾਉਣ ਵਾਲਾ, ਮਾਇਆ ਦਾ ਮਾਲਕ ਆਪ ਪ੍ਰਮਾਤਮਾ ਹੈ ਤੇ ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਰਜ਼ਾ ਹੀ ਹੈ ਕਿ ਉਹ ਕਿਸੇ ਨੂੰ ਮਨ ਦੀ ਨਾ-ਸਮਝ ਮਤਿ ਵਿੱਚੋਂ, ਭਰਮਾਂ ਵਿੱਚੋਂ, ਮਾਇਆ ਮੋਹ ਵਿੱਚੋਂ, ਹਉਮੈ ਵਿੱਚੋਂ, ਤ੍ਰੈਗੁਣਾਂ ਵਿੱਚੋਂ ਕੱਢ ਲਵੇ। ਭਗਤੀ ਦਾ ਮਾਰਗ ਬਹੁਤ ਹੀ ਔਖਾ ਹੈ, ਨਾਮ ਜਪਣਾ ਬਹੁਤ ਹੀ ਔਖਾ ਹੈ, ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਹੀ ਔਖਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ ਪਰ ਉਸ ਲਈ ਉੱਦਮ ਕਰਨਾ ਮਨੁੱਖ ਦੇ ਸਿਰ ਹੀ ਹੈ ਜੋ ਬਾਹਰੀ ਮਾਇਆ ਦੇ ਸੁੱਖ ਭੋਗਦਾ ਹੈ ਜਿਸ ਲਈ ਉਸਨੂੰ ਸਜਾਵਾਂ ਵੀ ਭੋਗਣੀਆਂ ਪੈਂਦੀਆਂ ਹਨ। ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਧਰਮ ਗ੍ਰੰਥਾਂ ਵਿੱਚ ਦਿੱਤੀ ਹੋਈ ਸਮਝ ਦੇ ਨਾਲ, ਗੁਰਬਾਣੀ ਦੀ ਸਮਝ ਦੇ ਨਾਲ ਦਿਲੋਂ ਜੁੜੀਏ ਭਾਵ ਉਹੋ ਜਿਹਾ ਨਾਮ ਜਪਣ ਦਾ ਉੱਦਮ ਕਰੀਏ ਜੋ ਸਾਨੂੰ ਧਰਮ ਗ੍ਰੰਥ ਸਮਝਾਉਂਦੇ ਹਨ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦੇ ਹਨ ਜਿਨ੍ਹਾਂ ਦੀ ਵਿਚਾਰ ਨੂੰ ਮੰਨਣਾ ਹੀ ਨਾਮ ਜਪਣਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਹੈ, ਭਰਮਾਂ ਵਿੱਚੋਂ ਨਿਕਲਣਾ ਹੈ। (**ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥ ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥**) ਬੜਾ ਸਪੱਸ਼ਟ ਹੈ ਕਿ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ, ਸਾਡੇ ਅੰਦਰ ਦੀ ਹਉਮੈ ਗੁਰੂ ਦੇ ਸ਼ਬਦਾਂ ਦੁਆਰਾ ਨਿਕਲਣੀ ਹੈ ਤੇ ਕੀ ਮੁੱਖੋਂ ਕਿਸੇ ਸ਼ਬਦ ਨੂੰ ਬੋਲੀ ਜਾਣ ਨਾਲ ਸਾਡੇ ਮਨ ਦੇ ਭਰਮ ਦੂਰ ਹੋ ਸਕਦੇ ਹਨ ਭਾਵ ਨਹੀਂ ਹੋ ਸਕਦੇ। ਭਰਮ ਤਾਂ ਹੀ ਦੂਰ ਹੋਣਗੇ ਜਦੋਂ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਜਿਵੇਂ ਕਿ ਉੱਪਰ ਵਾਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਕਿ ਗੁਰੂ ਦੇ ਸ਼ਬਦਾਂ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਜਿਨ੍ਹਾਂ ਭਰਮਾਂ ਵਾਲੇ ਵਿਚਾਰਾਂ ਕਰਕੇ ਅਸੀਂ ਹਉਮੈ ਵਿੱਚ ਰਹਿੰਦੇ ਹਾਂ, ਮਨ ਦੀ ਨਾ-ਸਮਝੀ ਵਿੱਚ ਰਹਿੰਦੇ ਹਾਂ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ ੨੨੯)

{ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ ੯੧੯)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥
ਮੰਨੇ ਨਾਮੁ ਸਚੀ ਪਤਿ ਪੂਜਾ ॥
ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥
ਨਾਨਕੁ ਕਹੈ ਅਵਰੁ ਨਹੀ ਕੋਇ ॥੮॥}

(ਅੰਗ ੮੩੧)

{ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥}

(ਅੰਗ ੧੨੫੩)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

{ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥}

(ਅੰਗ ੧੦੫੭)

ਬਾਣੀ ਰਾਹੀਂ ਵਾਰ-ਵਾਰ ਮਾਇਆ ਨੂੰ ਮਾੜਾ ਕਹਿ ਕੇ ਸਮਝਾਇਆ ਹੈ ਤੇ ਇਸ ਵਿੱਚੋਂ ਨਿਕਲਣ ਲਈ ਸਮਝਾਇਆ ਹੈ। ਇਸ ਮਾਇਆ ਵਿੱਚੋਂ ਕੋਈ ਵਿਰਲਾ ਹੀ ਨਿਕਲ ਸਕਦਾ ਹੈ ਤੇ ਆਪਣੇ ਅੰਦਰੋਂ ਉਸ ਸੱਚੁ ਰੂਪ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਕੇਵਲ ਆਪ ਹੀ ਮਾਇਆ ਤੋਂ ਰਹਿਤ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਸੱਚ ਰੂਪ ਹੀ ਹੈ ਜੋ ਸਾਨੂੰ ਝੂਠੀ ਨਾ-ਸਮਝ ਮਤਿ ਵਿੱਚੋਂ ਕੱਢ ਸਕਦਾ ਹੈ, ਮਾਇਆ ਵਿੱਚੋਂ ਕੱਢ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ॥੨॥"

(ਅੰਗ ੫੧੦)

"ਮਾਇਆ" ਨੂੰ ਭਾਵ ਮਨੁੱਖ ਦੀ ਨਾ-ਸਮਝ ਮਤਿ ਨੂੰ, ਧਾਰਮਿਕ ਅਗਿਆਨਤਾ ਨੂੰ ਕਿਤਨਾ ਮਾੜਾ ਕਿਹਾ ਹੈ ਇਹ ਉੱਪਰ ਪਹਿਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। ਮਾਇਆ ਨੂੰ ਨਾਗਿਨ ਕਿਹਾ ਹੈ, ਸੱਪਣੀ ਕਿਹਾ ਹੈ ਜੋ ਸਾਰੇ ਜਗ ਨੂੰ ਡੱਸਦੀ ਹੈ, ਮਾਰਦੀ ਹੈ ਭਾਵ ਸਾਡਾ ਜੀਵਨ ਖਰਾਬ ਕਰਦੀ ਹੈ, ਸਾਨੂੰ ਆਤਮਿਕ ਤੌਰ ਤੇ ਮਾਰਦੀ ਹੈ। ਅਗਲੀ ਪੰਗਤੀ ਰਾਹੀਂ ਸਾਨੂੰ ਇਹ ਨਾਲ ਹੀ ਸਮਝਾਇਆ ਹੋਇਆ ਹੈ ਕਿ ਸੱਪਣੀ ਉਸ ਨੂੰ ਖਾਂਦੀ ਹੈ ਜੋ ਇਸ ਦੀ ਸੇਵਾ ਕਰਦਾ ਹੈ ਭਾਵ ਜੋ ਇਸਨੂੰ ਆਪਣੇ ਅੰਦਰ ਪਾਲਦਾ ਹੈ। ਅਸੀਂ ਆਪਣੇ ਅੰਦਰ ਨਾ-ਸਮਝ ਮਤਿ ਨੂੰ, ਮਾੜੀ ਮਤਿ ਨੂੰ, ਮਾਇਆ ਮੋਹ ਨੂੰ ਕਿਸ ਲਈ ਪਾਲਦੇ ਹਾਂ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਸਾਨੂੰ ਮਾਇਆ ਮੋਹ ਚੰਗਾ ਲੱਗਦਾ ਹੈ, ਮਾਇਆ ਦੇ ਸੁੱਖ ਚੰਗੇ ਲੱਗਦੇ ਹਨ ਭਾਵੇਂ ਉਨ੍ਹਾਂ ਸੁੱਖਾਂ ਦੀ ਪ੍ਰਾਪਤੀ ਲਈ ਸਾਨੂੰ ਮਾੜੇ ਕਰਮ ਕਰਨੇ ਪੈਣ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਇਹ ਦੁਨਿਆਵੀ ਮਾਇਆ ਦੇ ਸੁੱਖ ਹੀ ਸਾਨੂੰ ਔਗੁਣਾਂ ਨਾਲ ਜੋੜਦੇ ਹਨ ਤੇ ਸਾਨੂੰ ਧਰਮ ਦੇ ਮਾਰਗ ਤੋਂ ਉਲਟ ਚਲਾਉਂਦੇ ਹਨ। ਸਾਡੇ ਮਨ ਦੀ ਇਹ ਮਾੜੀ ਸਮਝ ਹੀ ਸੱਪਣੀ ਹੈ ਜੋ ਗੁਰੂ ਦੀ ਮਤਿ ਨੂੰ ਸਾਡੇ ਅੰਦਰ ਨਹੀਂ ਵੱਸਣ ਦਿੰਦੀ, ਗੁਰੂ ਦੀ ਮਤਿ ਨੂੰ ਨਹੀਂ ਮੰਨਣ ਦਿੰਦੀ ਭਾਵ ਨਾਮ ਨਹੀਂ ਜਪਣ ਦਿੰਦੀ ਜਿਸ ਤਰੀਕੇ ਇਹ ਸਾਡੇ ਆਤਮਿਕ ਜੀਵਨ ਨੂੰ ਖਾ ਜਾਂਦੀ ਹੈ, ਬਰਬਾਦ ਕਰ ਦਿੰਦੀ ਹੈ ਭਾਵ ਸਾਨੂੰ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲਣ ਦਿੰਦੀ, ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਣ ਦਿੰਦੀ।

ਕੋਈ ਵਿਰਲਾ ਹੀ ਆਪਣੇ ਆਪ ਨੂੰ ਇਸ ਮਾਇਆ ਤੋਂ ਨਿਰਲੇਪ ਕਰ ਪਾਉਂਦਾ ਹੈ, ਇਸ ਦੇ ਮੋਹ ਵਿੱਚੋਂ ਨਿਕਲ ਸਕਦਾ ਹੈ, ਇਸ ਭਵਸਾਗਰ ਨੂੰ ਤਰ ਸਕਦਾ ਹੈ ਕਿਉਂਕਿ ਪ੍ਰਮਾਤਮਾ ਦੀ ਇਹ ਮਾਇਆ ਦੀ ਜੁਗਤਿ ਹੀ ਐਸੀ ਹੈ ਜਿਸ ਦੁਆਰਾ ਉਸ ਨੇ ਸਭ ਨੂੰ ਠੱਗਿਆ ਹੋਇਆ ਹੈ, ਕੋਈ ਵਿਰਲਾ ਹੀ ਨਾਮ ਜਪ ਸਕਦਾ ਹੈ। ਬਹੁਤ ਔਖਾ ਹੈ ਨਾਮ ਜਪਣਾ, ਇਸ ਭਵਸਾਗਰ ਤੋਂ ਪਾਰ ਉਤਰਨਾ **(ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ॥)**। ਮਨ ਦੀ ਝੂਠੀ ਮਤਿ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦਾ ਸੱਚਾ ਗਿਆਨ ਹੀ ਹੈ। ਜੋ ਗੁਰੂ ਦੀ ਸੱਚੀ ਮਤਿ ਨੂੰ ਮੰਨ ਲੈਂਦਾ ਹੈ ਉਹੀ ਕੋਈ ਵਿਰਲਾ ਗਾਰੜੂ ਬਣ ਕੇ ਇਸ ਮਨ ਦੀ ਮਾਇਆ ਨੂੰ ਖਾਂਦਾ ਹੈ, ਮਾਰਦਾ ਹੈ। ਗੁਰੂ ਦੇ ਸੱਚੇ ਗਿਆਨ ਦਾ ਮੰਤ੍ਰ "ਗਰੁੜ ਮੰਤ੍ਰ" ਹੈ ਜੋ ਅਗਿਆਨਤਾ ਰੂਪ ਜਹਿਰ ਦਾ ਇਲਾਜ ਹੈ। ਇੱਕ ਵਾਰੀ ਮਨ ਦੀ ਅਗਿਆਨਤਾ ਮਰ ਜਾਵੇ, ਮਾਇਆ ਮੋਹ ਨਿਕਲ ਜਾਵੇ ਤੇ ਫਿਰ ਉਹ ਦੁਬਾਰਾ ਮਨੁੱਖੀ ਮਤਿ ਨੂੰ ਪਰੇਸ਼ਾਨ ਨਹੀਂ ਕਰਦਾ ਕਿਉਂਕਿ ਉਸ ਤੋਂ ਬਾਅਦ ਉਹ ਗੁਰਮਤਿ ਤੇ ਦ੍ਰਿੜ ਹੋ ਜਾਂਦਾ ਹੈ, ਅਡੋਲ ਹੋ ਜਾਂਦਾ ਹੈ ਜੋ ਅਡੋਲਤਾ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਆਪਣਾ ਗੁਰਮੁਖਿ ਰੂਪ ਬਣਾਉਣ ਦੁਆਰਾ ਬਖਸ਼ਦਾ ਹੈ।

ਪਿੱਛੇ ਸ਼ਬਦਾਂ ਰਾਹੀਂ ਅਸੀਂ ਜਾਣਿਆ ਹੈ ਕਿ ਪ੍ਰਮਾਤਮਾ ਆਪ ਹੀ ਸਾਨੂੰ ਭਗਤੀ ਦੇ ਅਸਲ ਮਾਰਗ ਤੋਂ ਭੁਲਾ ਕੇ ਰੱਖਦਾ ਹੈ ਤੇ ਮਾਇਆ ਮੋਹ ਵਿੱਚ ਫਸਾ ਕੇ ਰੱਖਦਾ ਹੈ। ਸਾਰੀਆਂ ਸਿਆਣਪਾਂ, ਚਤੁਰਾਈਆਂ ਉਹ ਸਾਡੇ ਕੋਲੋਂ ਆਪ ਹੀ ਕਰਵਾਉਂਦਾ ਹੈ। ਉਹ ਆਪ ਹੀ ਕ੍ਰਿਪਾ ਕਰਕੇ ਸਾਨੂੰ ਮਾਇਆ ਮੋਹ ਵਿੱਚੋਂ ਕੱਢ ਕੇ ਭਗਤੀ ਦੇ ਅਸਲ ਮਾਰਗ ਤੇ ਪਾ ਸਕਦਾ ਹੈ, ਨਾਮ ਦੀ ਸੋਝੀ ਪਾ ਸਕਦਾ ਹੈ ਤੇ ਉਸ ਤੇ ਚਲਾ ਸਕਦਾ ਹੈ। ਹੇਠ ਦਿੱਤੇ ਸ਼ਬਦ ਦੀ ਵਿਆਖਿਆ ਅਸੀਂ ਕਾਫੀ ਪਿੱਛੇ ਕਰ ਚੁੱਕੇ ਹਾਂ ਅਤੇ ਇਸ ਨੂੰ ਸੰਖੇਪ ਵਿੱਚ ਦੁਬਾਰਾ ਵਿਚਾਰਾਂਗੇ ਤਾਂ ਸਾਨੂੰ ਪ੍ਰਮਾਤਮਾ ਦੀ ਸਾਡੇ ਅੰਦਰ ਚੱਲ ਰਹੇ ਹੁਕਮ ਦੀ ਸੋਝੀ ਪਵੇਗੀ ਕਿ ਉਹ ਸਭ ਚਤੁਰਾਈਆਂ ਸਾਡੇ ਕੋਲੋਂ ਆਪ ਹੀ ਕਰਵਾਉਂਦਾ ਹੈ ਤੇ ਆਪ ਹੀ ਉਸ ਵਿੱਚੋਂ ਕੱਢ ਸਕਦਾ ਹੈ।

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ

ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ॥੨॥}

(ਅੰਗ ੧੩੮)

ਜਿਵੇਂ ਕਿ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਹਰ ਕੋਈ ਮਨ ਦੀ ਮਾਇਆ ਦੇ ਵਿੱਚ ਹੈ ਤੇ ਉਸ ਵਿੱਚੋਂ ਨਿਕਲਣ ਦਾ ਸਾਧਨ ਕੇਵਲ ਗੁਰੂ ਦਾ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ। ਜਦ ਤੱਕ ਸਾਨੂੰ ਨਾਮ ਦੀ ਸਮਝ ਨਹੀਂ ਪੈਂਦੀ ਤਦ ਤੱਕ ਅਸੀਂ ਮਾਇਆ ਮੋਹ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਨਹੀਂ ਕਰ ਸਕਦੇ। ਇਹ ਉੱਦਮ ਕਰਨਾ ਗੁਰੂ ਨੇ ਸਾਡੇ ਸਿਰ ਲਾਇਆ ਹੋਇਆ ਹੈ। ਇਹ ਫਰਜ ਅਸੀਂ ਹੀ ਪੂਰਾ ਕਰਨਾ ਹੈ। ਅਸੀਂ ਆਪਣੇ ਫਰਜ਼ ਤੋਂ ਪਿੱਛੇ ਕਿਉਂ ਹਟੀਏ। ਅਸੀਂ ਆਪਣਾ ਫਰਜ਼ ਪੂਰਾ ਕਰਾਂਗੇ ਤਾਂ ਫਿਰ ਉਸਦੀ ਕ੍ਰਿਪਾ ਵੀ ਹੋਵੇਗੀ। ਜੇਕਰ ਉਹ ਸਾਨੂੰ ਗੁਰਮਤਿ ਦੇ ਚੰਗੇ ਰਾਹ ਪਾਉਣ ਦੀ ਕ੍ਰਿਪਾ ਕਰੇਗਾ ਤਾਂ ਫਿਰ ਅੱਗੇ ਵੀ ਕ੍ਰਿਪਾ ਕਰੇਗਾ ਤੇ ਇਹੋ ਜਿਹਾ ਭਰੋਸਾ ਸਾਨੂੰ ਗੁਰੂ ਤੇ ਰੱਖਣਾ ਚਾਹੀਦਾ ਹੈ। ਆਓ ਹੁਣ ਹੇਠ ਦਿੱਤੇ ਇਸ ਸ਼ਬਦ ਨੂੰ ਵਿਚਾਰੀਏ ਜਿੱਥੇ ਸਾਡਾ ਨਾਮ ਬਾਰੇ ਭੁਲੇਖਾ ਖੋਲ੍ਹ ਕੇ ਕੱਢਿਆ ਹੋਇਆ ਹੈ।

“ਇਸੁ ਗੁਫਾ ਮਹਿ ਅਖੁਟ ਭੰਡਾਰਾ॥
ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ
ਗੁਰਮਤੀ ਅੰਮ੍ਰਿਤੁ ਪੀਆਵਣਿਆ॥੧॥ਰਹਾਉ॥
ਹਉਮੈ ਮਾਰਿ ਬਜਰ ਕਪਾਟ ਖੁਲਾਣਿਆ॥
ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ॥
ਬਿਨੁ ਸਬਦੈ ਨਾਮੁ ਨ ਪਾਏ ਕੋਈ
ਗੁਰ ਕਿਰਪਾ ਮੰਨਿ ਵਸਾਵਣਿਆ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ॥
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ
ਗੁਰਮੁਖਿ ਵਥੁ ਪਾਵਣਿਆ॥੪॥
ਗੁਰ ਪਰਸਾਦੀ ਸਚਾ ਹਰਿ ਪਾਏ॥
ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ॥੫॥
ਨਉ ਦਰ ਠਾਕੇ ਧਾਵਤੁ ਰਹਾਏ॥
ਦਸਵੈ ਨਿਜ ਘਰਿ ਵਾਸਾ ਪਾਏ॥

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦੁ ਸੁਣਾਵਣਿਆ॥੬॥
ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ॥
ਗੁਰ ਪਰਸਾਦੀ ਮਿਲਿ ਸੋਝੀ ਪਾਈ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ॥੮॥"

(ਅੰਗ ੧੨੪)

ਸ਼ਬਦ ਦੇ ਅਰਥ ਲਿਖਣ ਤੋਂ ਪਹਿਲਾਂ ਦਾਸ ਦੀ ਹਰ ਇੱਕ ਗੁਰਬਾਣੀ ਪੜ੍ਹਨ ਵਾਲਿਆਂ ਦੇ ਚਰਨਾਂ ਵਿੱਚ ਫਿਰ ਤੋਂ ਤਹਿ ਦਿਲੋਂ ਬੇਨਤੀ ਹੈ

4/252

ਕਿ ਗੁਰਬਾਣੀ ਵਿੱਚ ਜੋ ਜੋ ਲਿਖਿਆ ਹੋਇਆ ਹੈ ਉਸਨੂੰ ਬਿਲਕੁਲ ਉਸੇ ਤਰ੍ਹਾਂ ਸੱਚ ਕਰਕੇ ਜਾਣੋਂ, ਤਾਂ ਹੀ ਤੁਹਾਡਾ ਭਰੋਸਾ ਗੁਰੂ ਤੇ ਟਿਕੇਗਾ। ਗੁਰੂ ਤੋਂ ਸਿਆਣਾ ਹੋਰ ਕਿਸੇ ਨੂੰ ਨਾ ਜਾਣੋ, ਐੱਡੀ ਵੱਡੀ ਭੁੱਲ ਕਦੇ ਨਾ ਕਰੋ। ਸਭ ਵਿੱਚ ਸਿਆਣਪਾਂ ਪ੍ਰਮਾਤਮਾ ਦੀਆਂ ਆਪਣੀਆਂ ਹੀ ਪਾਈਆਂ ਹੋਈਆਂ ਹਨ ਅਤੇ ਉਸਨੇ ਕਿਸ ਮਨੋਰਥ ਲਈ ਪਾਈਆਂ ਹੋਈਆਂ ਹਨ, ਇਹ ਉਹ ਆਪ ਹੀ ਜਾਣਦਾ ਹੈ ਜਿਵੇਂ ਕਿ ਅਸੀਂ ਪਿਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਵੀ ਹੋ ਸਕਦਾ ਹੈ ਕਿ ਉਸਨੇ ਕਿਸੇ ਦੇ ਅੰਦਰ ਸਿਆਣਪਾਂ ਇਸ ਲਈ ਪਾਈਆਂ ਹੋਣ ਕਿ ਅਸੀਂ ਉਨ੍ਹਾਂ ਦੇ ਪਿੱਛੇ ਲੱਗ ਕੇ ਉਲਝ ਜਾਈਏ। ਸਾਨੂੰ ਉਲਝਾਉਣ ਲਈ ਪ੍ਰਮਾਤਮਾ ਬਿਧ ਵੀ ਆਪ ਹੀ ਬਣਾਉਂਦਾ ਹੈ। ਅਸੀਂ ਐਵੇਂ ਬੈਠੇ ਬੈਠੇ ਨਹੀਂ ਉਲਝ ਜਾਂਦੇ, ਕੋਈ ਨਾ ਕੋਈ ਕਾਰਨ ਜਰੂਰ ਬਣਦਾ ਹੈ। ਮਨੁੱਖ ਨੂੰ ਉਲਝਾ ਕੇ ਰੱਖਣਾ ਉਸਦੀ ਮਾਇਆ ਦੀ ਜੁਗਤਿ ਹੈ। ਸੋਝੀ ਪਾਉਣ ਦੀ ਬਿਧ ਵੀ ਉਹ ਆਪ ਹੀ ਬਣਾਉਂਦਾ ਹੈ ਜਿਸ ਨੂੰ ਕਿ ਅਸੀਂ ਸਮਝ ਨਹੀਂ ਸਕਦੇ। ਜਿਸ ਦਾ ਵਿਸ਼ਵਾਸ ਬਾਣੀ ਤੇ ਬਣਾ ਦੇਵੇਗਾ, ਉਸਦੀ ਉਲਝਣ ਵੀ ਆਪੇ ਹੀ ਕੱਢ ਦੇਵੇਗਾ। ਆਓ ਆਪਣਾ ਇਹ ਭੁਲੇਖਾ ਪ੍ਰਮਾਤਮਾ ਦੇ ਆਪਣੇ ਇਨ੍ਹਾਂ ਬੋਲਾਂ ਦੁਆਰਾ ਹੀ ਦੂਰ ਕਰੀਏ ਜੋ ਬੋਲ ਉਸਦੇ ਵੱਲੋਂ ਸਿੱਧੇ ਹੀ ਮਨੁੱਖਤਾ ਨੂੰ ਸੰਬੋਧਿਤ ਹਨ ਕਿਉਂਕਿ ਗੁਰੂ ਅਸਲ ਵਿੱਚ ਉਹ ਆਪ ਹੀ ਹੈ।

"ਸਭਿ ਘਟ ਮੇਰੇ ਹਉ ਸਭਨਾ ਅੰਦਰਿ
ਜਿਸਹਿ ਖੁਆਈ ਤਿਸੁ ਕਉਣੁ ਕਹੈ॥
ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ॥੧॥"

(ਅੰਗ ੯੫੨)

ਉਸਦੇ ਭੁਲਾਏ ਹੋਏ ਨੂੰ ਕੋਈ ਸਮਝਾ ਨਹੀਂ ਸਕਦਾ ਤੇ ਉਸਦੇ ਸਮਝਾਏ ਹੋਏ ਨੂੰ ਕੋਈ ਭੁਲਾ ਨਹੀਂ ਸਕਦਾ ਕਿਉਂਕਿ ਸਾਡੇ ਅੰਦਰ ਮਨ ਦੇ ਗਿਆਨ ਰਾਹੀਂ ਉਹ ਆਪ ਹੀ ਵਰਤ ਰਿਹਾ ਹੈ ਤੇ ਇਸ ਗੱਲ ਨੂੰ ਕੇਵਲ ਉਹ ਹੀ ਸਮਝ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸੰਸਾਰ ਨੂੰ ਭਰਮਾਂ ਵਿੱਚ ਪਾਉਣ ਵਾਲਾ ਵੀ ਉਹ ਆਪ ਹੈ ਤੇ ਆਪਣਾ ਸੱਚ ਸਮਝਾਉਣ ਵਾਲਾ ਵੀ ਉਹ ਆਪ ਹੈ।

{ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥੪॥} (ਅੰਗ ੩੫੬)

ਜਦੋਂ ਸਾਨੂੰ ਗੁਰੂ ਪ੍ਰਮਾਤਮਾ ਦੇ ਬੋਲਾਂ ਤੇ, ਬਾਣੀ ਦੀ ਲਿਖਤ ਤੇ ਭਰੋਸਾ ਹੋ ਜਾਵੇਗਾ ਫਿਰ ਤਾਂ ਹੀ ਅਸੀਂ ਉਸ ਦੀ ਹਰ ਗੱਲ ਨੂੰ ਮੰਨਣ ਲਈ ਤਿਆਰ ਹੋਵਾਂਗੇ। ਜਿਸ ਤੇ ਉਹ ਕ੍ਰਿਪਾ ਕਰਦਾ ਹੈ, ਉਸਦਾ ਭਰੋਸਾ ਬਣਾ ਦਿੰਦਾ ਹੈ। ਆਓ ਹੁਣ ਮੁੱਖ ਸ਼ਬਦ ਦੀ ਵਿਚਾਰ ਕਰੀਏ ਅਤੇ ਉਸ ਤੇ ਭਰੋਸਾ ਕਰਕੇ ਮੰਨੀਏ ਤੇ ਜੋ ਕੁੱਝ ਬਾਣੀ ਵਿੱਚ ਲਿਖਿਆ ਹੈ ਉਹ ਬਿਲਕੁਲ ਉਸੇ ਤਰ੍ਹਾਂ ਸੱਚ ਹੈ।

{ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥}

(ਅੰਗ ੨੮੫)

ਮਨ ਦੇ ਵਿੱਚ ਭਰੋਸਾ ਗੁਰੂ ਦੇ ਤੱਤੁ ਗਿਆਨ ਰਾਹੀਂ ਹੀ ਆਉਂਦਾ ਹੈ ਤੇ ਜਿਸਨੂੰ ਵੀ ਭਰੋਸਾ ਆਇਆ ਹੈ ਮਨ ਦੇ ਵਿੱਚ ਤਤੁ ਗਿਆਨ ਦੀ ਪ੍ਰਾਪਤੀ ਰਾਹੀਂ ਹੀ ਆਇਆ ਹੈ ਤੇ ਉਨ੍ਹਾਂ ਨੇ ਹੀ ਤਤੁ ਗਿਆਨ ਪੂਰੀ ਗੁਰਬਾਣੀ ਦੇ ਵਿੱਚ ਪਾਇਆ ਹੈ ਜਿਸ ਕਰਕੇ ਗੁਰਬਾਣੀ ਦੀ ਦਿੱਤੀ ਹੋਈ ਸਮਝ ਪੂਰੇ ਭਰੋਸੇ ਯੋਗ ਹੈ।

4/253

ਹੁਣ ਮੁੱਖ ਸ਼ਬਦ ਵਿੱਚ, ਗੁਰਬਾਣੀ ਦੇ ਹਰ ਸ਼ਬਦ ਵਿੱਚ ਪ੍ਰਮਾਤਮਾ ਦੇ ਲਿਖੇ ਹੋਏ ਬੋਲਾਂ ਨੂੰ ਵਿਸ਼ਵਾਸ ਕਰਕੇ ਜਾਣੀਏ ਤੇ ਆਪਣਾ ਭੁਲੇਖਾ ਦੂਰ ਕਰੀਏ।

ਗੁਫਾ ਸਾਡੇ ਮਨ ਨੂੰ ਕਿਹਾ ਹੈ। ਸਾਡੇ ਅੰਦਰ ਕਦੇ ਨਾ ਖਤਮ ਹੋਣ ਵਾਲਾ ਗਿਆਨ ਦਾ ਖਜ਼ਾਨਾ ਹੈ, ਭੰਡਾਰ ਹੈ, ਗੁਣਾਂ ਦਾ ਭੰਡਾਰ ਹੈ ਜੋ ਸਾਡੀ ਮਨ ਰੂਪ ਗੁਫਾ ਦੇ ਵਿੱਚ ਹੀ ਹੈ। ਇਸ ਗਿਆਨ ਰੂਪ ਖਜਾਨੇ ਦੇ ਰੂਪ ਵਿੱਚ ਹੀ ਸਾਡੇ ਅੰਦਰ ਆਪ ਪ੍ਰਮਾਤਮਾ ਹੈ ਜਿਸ ਨੂੰ ਲਿਖਿਆ ਨਹੀਂ ਜਾ ਸਕਦਾ ਭਾਵ ਉਹ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ ਪਰ ਅਸੀਂ ਉਸਨੂੰ ਸਮਝ ਨਹੀਂ ਸਕਦੇ, ਬੁੱਝ ਨਹੀਂ ਸਕਦੇ। ਉਹ ਸਾਡੇ ਅੰਦਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ ਤੇ ਬਾਹਰ ਵੀ ਸਭ ਜਗ੍ਹਾ ਆਪਣੇ ਆਕਾਰ ਰੂਪ ਵਿੱਚ ਉਹ ਆਪ ਹੀ ਪਰਗਟ ਹੈ ਭਾਵ "ਮਨੁੱਖ" ਵੀ ਪ੍ਰਮਾਤਮਾ ਦਾ ਆਪਣਾ ਰੂਪ ਹੀ ਹੈ, ਉਸ ਦਾ ਸਰਗੁਣ ਸਰੂਪ ਹੈ ਤੇ ਇਸ ਸਰੀਰ ਨੂੰ, ਪ੍ਰਮਾਤਮਾ ਗੁਪਤ ਤਰੀਕੇ ਨਾਲ, ਆਪਣੇ ਨਿਰਗੁਣ ਸਰੂਪ ਰਾਹੀਂ ਭਾਵ ਆਪਣੇ ਗਿਆਨ ਰਾਹੀਂ ਚਲਾ ਰਿਹਾ ਹੈ। ਮਨੁੱਖ ਨੂੰ ਇਸ ਦੀ ਸਮਝ ਨਹੀਂ ਹੈ ਤੇ ਉਹ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ ਭਾਵ "ਹਉਮੈ" ਵਿੱਚ ਹੈ। ਮਨੁੱਖ ਆਪਣਾ ਆਪ ਖਤਮ ਕਰਕੇ, ਆਪਣੀ ਹਉਮੈ ਖ਼ਤਮ ਕਰਕੇ, ਆਪਣੀ ਹੋਂਦ ਮਿਟਾ ਕੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁਝ ਸਕਦਾ ਹੈ, ਜਾਣ ਸਕਦਾ ਹੈ ਕਿ ਇਹ ਸਰੀਰ ਮੇਰਾ ਨਹੀਂ ਹੈ, ਮੇਰੀ ਕੋਈ ਵੱਖਰੀ ਹੋਂਦ ਨਹੀਂ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਅੰਦਰ ਬੈਠਾ ਸਭ ਕੁੱਝ ਕਰਵਾ ਰਿਹਾ ਹੈ ਤੇ ਮਨੁੱਖ ਨੂੰ ਉਸਨੇ ਆਪ ਹੀ ਆਪਣੇ ਗਿਆਨ ਦੁਆਰਾ ਭਰਮਾਂ ਵਾਲੀ ਸਮਝ ਵਿੱਚ, ਮਾਇਆ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ। ਇਸ "ਹਉਮੈ" ਦਾ ਤਿਆਗ ਭਾਵ ਆਪਣੇ ਆਪ ਨੂੰ ਕਿਸੇ ਗੱਲ ਦੇ ਸਮਰੱਥ ਸਮਝਣ ਦਾ ਤਿਆਗ, ਆਪਣੇ ਆਪ ਨੂੰ ਵੱਡਾ ਸਮਝਣ ਦੇ ਭੁਲੇਖੇ ਦਾ ਤਿਆਗ ਅਸੀਂ ਗੁਰੂ ਦੇ ਸ਼ਬਦ ਦੁਆਰਾ ਕਰ ਸਕਦੇ ਹਾਂ, ਗੁਰੂ ਦੇ ਉਪਦੇਸ਼ ਦੁਆਰਾ ਕਰ ਸਕਦੇ ਹਾਂ, ਗੁਰੂ ਦੇ ਗਿਆਨ ਦੁਆਰਾ ਕਰ ਸਕਦੇ ਹਾਂ, ਜੋ ਕਿ ਅਸੀਂ ਪਿੱਛੇ ਵੀ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। (**ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥ ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥**) ਗੁਰੂ ਦੇ ਸ਼ਬਦ ਰਾਹੀਂ ਅਸੀਂ ਆਪਣਾ ਆਪ ਕਿਵੇਂ ਛੱਡਣਾ ਹੈ, ਆਪਣੀ ਹਉਮੈ ਕਿਵੇਂ ਛੱਡਣੀ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ। ਗੁਰੂ ਦਾ ਸ਼ਬਦ ਹੀ ਅੰਮ੍ਰਿਤ ਨਾਮ ਹੈ ਜਿਸ ਦੁਆਰਾ ਗੁਰੂ ਸਾਨੂੰ ਆਪਣੀ ਸਿੱਖਿਆ ਦਾ ਹੈ ਤੇ ਅਸੀਂ ਇਸ ਨਾਮ ਨੂੰ ਆਪਣੇ ਮਨ ਵਿੱਚ ਵਸਾਉਣਾ ਹੈ ਤੇ ਇਸ ਅੰਮ੍ਰਿਤ ਨਾਮ ਨੂੰ, ਗੁਰੂ ਦੇ ਸ਼ਬਦ ਨੂੰ ਮਨ ਵਿੱਚ ਵਸਾਉਣ ਲਈ ਸਾਨੂੰ ਆਪਣਾ ਆਪਾ ਵਾਰਨਾ ਪੈਂਦਾ ਹੈ, ਗੁਰੂ ਉੱਤੇ ਆਪਣਾ ਮਨ ਵਾਰਨਾ ਪੈਂਦਾ ਹੈ ਭਾਵ ਮਨ ਨੂੰ ਮਾਰਨਾ ਪੈਂਦਾ ਹੈ ਭਾਵ ਆਪਣੀ ਮੈਂ, ਆਪਣੀ ਹਉਮੈ ਛੱਡਣੀ ਪੈਂਦੀ ਹੈ, ਆਪਣੀ ਮਤਿ ਛੱਡਣੀ ਪੈਂਦੀ ਹੈ ਤਾਂ ਜੋ ਗੁਰੂ ਦੇ ਉਪਦੇਸ਼ ਤੇ ਚੱਲ ਸਕੀਏ **(ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥)**। ਅੰਮ੍ਰਿਤ ਨਾਮ ਆਪਣੇ ਮਨ ਵਿੱਚ ਵਸਾਉਣਾ ਬਹੁਤ ਔਖਾ ਹੈ, ਗੁਰੂ ਤੋਂ ਆਪਣਾ ਆਪ ਵਾਰਨਾ ਪੈਂਦਾ ਹੈ। ਇਹੀ ਤਾਂ ਨਾਮ ਜਪਣਾ ਹੈ। ਬਹੁਤ ਔਖਾ ਹੈ ਨਾਮ ਜਪਣਾ। ਅਸੀਂ ਕੇਵਲ ਗੁਰੂ ਦੇ ਉਪਦੇਸ਼ ਤੇ ਚੱਲਣ ਦਾ, ਵੱਧ ਤੋਂ ਵੱਧ ਚੱਲਣ ਦਾ ਉੱਦਮ ਹੀ ਕਰਨਾ ਹੈ, ਕੇਵਲ ਗੁਰੂ ਤੇ ਭਰੋਸਾ ਰੱਖ ਕੇ ਉਸ ਦੀ ਗੱਲ ਨੂੰ ਮੰਨਣਾ ਹੈ। ਆਪਣੀ ਕਿਰਪਾ ਕਰਕੇ ਫਿਰ ਪੂਰਨ ਸੋਝੀ ਉਹ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ। ਸਾਡੇ ਅੰਦਰ ਗੁਰੂ ਦਾ ਉਪਦੇਸ਼ ਵੱਸਣ ਦੁਆਰਾ ਹੀ ਉਸ "ਅੰਮ੍ਰਿਤ" ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਦਰਸ਼ਨਾਂ ਦੀ ਪ੍ਰਾਪਤੀ ਹੁੰਦੀ ਹੈ। ਇਹ "ਅੰਮ੍ਰਿਤ" ਹੀ ਆਪ ਨਾਮ ਹੈ, ਉਸਦਾ

4/254 ਅਤੇ 254-ਅ

ਉੱਚਾ ਗਿਆਨ ਹੈ, ਉੱਚੇ ਗੁਣਾਂ ਦਾ ਗਿਆਨ ਹੈ ਜੋ ਗੁਰੂ ਦੀ ਮਤਿ ਦੁਆਰਾ ਮਿਲਦਾ ਹੈ, ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿੱਚ ਮਿਲਦਾ ਹੈ, ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦਾ ਹੈ ਜੋ ਸੱਚਾ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਰਗਟ ਹੋਣ ਦੁਆਰਾ, ਆਪਣੇ ਮੇਲ ਦੁਆਰਾ ਦਿੰਦਾ ਹੈ। ਗੁਰਮਤਿ ਦਾ ਸੱਚਾ ਗਿਆਨ ਹੀ ਉਹ "ਅੰਮ੍ਰਿਤ" ਹੈ ਜੋ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਿਆਉਂਦਾ ਹੈ। ਇਹ ਅੰਮ੍ਰਿਤ ਰਸ, ਨਾਮ ਰਸ ਸੰਸਾਰ ਦਾ ਸਭ ਤੋਂ ਵੱਡਾ ਰਸ ਹੈ, ਉੱਚਾ ਰਸ ਹੈ ਜੋ ਕਿ ਬ੍ਰਹਮ ਗਿਆਨ ਰੂਪ ਰਸ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਇਹ ਨਾਮ ਰਸ ਪਿਆਉਂਦਾ ਹੈ ਉਹੀ ਆਪਣੇ ਅੰਦਰੋਂ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਦੇ ਦਰਸ਼ਨ ਕਰਦਾ ਹੈ। ਇਹ ਗਿਆਨ ਦਾ ਰਸ ਸਭ ਤੋਂ ਮਿੱਠਾ ਰਸ ਹੈ

(ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ॥ਰਹਾਉ॥) ਉੱਪਰ ਵਾਲੀਆਂ ਇਨ੍ਹਾਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ "ਅੰਮ੍ਰਿਤ" ਪੀਣਾ ਕੀ ਹੈ ਜੋ ਅੰਮ੍ਰਿਤ ਅਸੀਂ ਗੁਰਮਤਿ ਦੀ ਸਮਝ ਦੇ ਰੂਪ ਵਿੱਚ ਪੀਣਾ ਹੈ। ਇਹ ਅੰਮ੍ਰਿਤ ਭੋਜਨ ਸਾਡੇ ਮਨ ਦਾ ਭੋਜਨ ਹੈ ਜੋ ਸਾਡੇ ਮਨ ਨੇ ਛਕਣਾ ਹੈ ਭਾਵ ਸਾਡੇ ਮਨ ਦੀ ਸਮਝ ਨੇ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਛਕਣਾ ਹੈ। ਸਾਰੀ ਗੁਰਬਾਣੀ ਦੇ ਵਿੱਚ ਇਹ ਅੰਮ੍ਰਿਤ ਭੋਜਨ ਗੁਰਮਤਿ ਦੇ ਰੂਪ ਵਿੱਚ ਹੈ ਭਾਵ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ ਭਾਵ ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਨਾਮ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਜੋ ਸ਼ਬਦਾਂ ਦੀ ਵਿਚਾਰ ਤੇ ਪੂਰਾ ਹੈ ਉਹ ਨਾਮ ਤੇ ਪੂਰਾ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਭਾਵ ਗੁਰੂ ਦੀ ਪੂਰਨ ਮਤਿ ਹੀ ਨਾਮ ਹੈ। ਜੋ ਗੁਰੂ ਦੀ ਮਤਿ ਤੇ ਪੂਰਾ ਹੈ ਉਹੀ ਨਾਮ ਵਾਲਾ ਹੈ। ਗੁਰਮਤਿ ਤੇ ਪੂਰਾ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

ਜੋ ਮਨੁੱਖ ਔਗੁਣਾਂ ਤੋਂ ਰਹਿਤ ਹੈ, ਉਹੀ ਨਾਮ ਵਾਲਾ ਹੈ ਭਾਵ ਨਾਮ ਜਪਣ ਵਾਲਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਵਾਲਾ ਹੈ।

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥}

(ਅੰਗ ੨੭)

ਪ੍ਰਮਾਤਮਾ ਦਾ ਅੰਮ੍ਰਿਤ ਭੋਜਨ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥}

(ਅੰਗ ੧੦੨)

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਨਾਮ ਦੀ ਪ੍ਰਾਪਤੀ ਕਿਸ ਜਗ੍ਹਾਂ ਤੇ ਹੁੰਦੀ ਹੈ ਤੇ ਕਿਵੇਂ ਹੁੰਦੀ ਹੈ ਤਾਂ ਜੋ ਅਸੀਂ ਕਿਸੇ ਭਰਮ ਵਿੱਚ ਨਾ ਰਹੀਏ ਕਿ ਜਿਨ੍ਹਾਂ ਨੂੰ ਵੀ ਪ੍ਰਮਾਤਮਾ ਨੇ ਆਪਣਾ ਨਾਮ ਦਿੱਤਾ ਹੈ, ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ ਉਹ ਕਿਵੇਂ ਦਿੱਤਾ ਹੈ ਜੋ ਨਾਮ ਉਨ੍ਹਾਂ ਨੇ ਗੁਰਬਾਣੀ ਦੇ ਵਿੱਚ ਪਾਇਆ ਹੈ। ਗੁਰੂ ਦਾ ਗਿਆਨ ਸਾਡੇ ਅੰਦਰ ਵੱਸਣ ਨਾਲ, ਸ਼ਬਦ ਦਾ ਗਿਆਨ, ਉਪਦੇਸ਼ ਵੱਸਣ ਨਾਲ ਸਾਡੀ ਹਉਮੈ ਮਰਦੀ ਹੈ, ਜਿਸ ਤਰੀਕੇ ਸਾਡੇ ਮਨ ਦੇ ਕਪਾਟ ਖੁੱਲ੍ਹਦੇ ਹਨ ਭਾਵ ਸਾਡੀ ਅਗਿਆਨਤਾ ਦੂਰ ਹੁੰਦੀ ਹੈ ਤੇ ਆਪਣੇ ਅੰਦਰੋਂ ਹੀ ਨਾਮ ਦੇ, ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਕਿ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਹੁੰਦੇ ਹਨ **(ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥)**

{ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ ੧੦੬੯)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥

ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥}

(ਅੰਗ ੩੫੪)

ਸਾਡੇ ਅੰਦਰ ਦਾ ਕਪਾਟ ਸਾਡੀ ਹਉਮੈ ਹੈ ਭਾਵ ਅਗਿਆਨਤਾ ਵਾਲੀ ਮਤਿ ਹੇ, ਮਾਇਆ ਹੈ ਜਿਸ ਕਪਾਟ ਦੇ ਖੁੱਲ੍ਹੇ ਬਿਨ੍ਹਾਂ ਕਿਸੇ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ ਤੇ ਨਾ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਉਣ ਦੁਆਰਾ ਦਿੰਦਾ ਹੈ ਜਿਸ ਦੁਆਰਾ ਸਾਡੀ ਮਨਮਤਿ ਦੂਰ ਹੋ ਜਾਂਦੀ ਹੈ ਤੇ ਮਨੁੱਖ ਦੀ ਕਰਨੀ ਗੁਰੂ ਵਾਲੀ ਹੋ ਜਾਂਦੀ ਹੈ। ਨਾਮ ਪਾਉਣ ਦਾ ਇਹੀ ਤਰੀਕਾ ਹੈ। ਪ੍ਰਮਾਤਮਾ ਦਾ ਆਪਣੇ ਅੰਦਰੋਂ, ਨਾਮ ਦਾ ਆਪਣੇ ਅੰਦਰੋਂ ਦਰਸ਼ਨ ਕਰਨ ਦਾ, ਉਸਨੂੰ ਜਾਣਨ ਦਾ, ਬੁੱਝਣ ਦਾ, ਹੁਕਮ ਪਛਾਨਣ ਦਾ, ਆਪਣਾ ਆਪ ਪਛਾਨਣ ਦਾ ਇਹੀ ਤਰੀਕਾ ਹੈ ਜੋ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਬਿਨ੍ਹਾਂ ਗੁਰੂ ਦੇ ਸ਼ਬਦ ਤੇ ਚੱਲੇ, ਗੁਰੂ ਦੀ ਗੱਲ ਤੇ ਅਮਲ ਕੀਤੇ ਬਿਨ੍ਹਾਂ, ਕੋਈ ਵੀ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦਾ। ਗੁਰੂ ਦਾ ਉਪਦੇਸ਼ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਸਾਡੇ ਮਨ ਵਿੱਚ ਵੱਸਦਾ ਹੈ ਭਾਵ ਪ੍ਰਮਾਤਮਾ ਦੀ ਸਾਡੇ ਉੱਤੇ ਇਹ ਬੜੀ ਵੱਡੀ ਕ੍ਰਿਪਾ ਹੈ ਜੋ ਸਾਨੂੰ ਆਪਣੇ ਮਾਰਗ ਤੇ ਚਲਾਉਂਦਾ ਹੈ, ਸਹੀ ਮਾਰਗ ਦੀ ਸੋਝੀ ਪਾਉਂਦਾ ਹੈ **(ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ॥)** ਗੁਰੂ ਆਪਣੀ ਕ੍ਰਿਪਾ ਕਿਵੇਂ ਕਰਦਾ ਹੈ, ਸਾਡੇ ਅੰਦਰ ਨਾਮ ਕਿਵੇਂ ਵਸਾਉਂਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੈ। ਜਿਸ ਉੱਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਆਪਣੇ ਗਿਆਨ ਦੇ ਨਾਲ ਜੋੜਦਾ ਹੈ, ਸ਼ਬਦ ਦੇ ਨਾਲ ਜੋੜਦਾ ਹੈ, ਸੱਚ ਦੇ ਨਾਲ ਜੋੜਦਾ ਹੈ ਭਾਵ ਉਸਨੂੰ ਭਗਤੀ ਦੇ ਸਹੀ ਮਾਰਗ ਤੇ ਪਾਉਂਦਾ ਹੈ। ਉਹ ਮਨੁੱਖ ਫਿਰ ਇਹੋ ਜਿਹੇ ਕਰਮ ਕਰਦਾ ਹੈ ਕਿ ਉਹ ਗੁਰੂ ਦੇ ਉਪਦੇਸ਼ ਤੇ ਚੱਲੇ, ਔਗੁਣਾਂ ਵਿੱਚੋਂ ਨਿਕਲ ਕੇ ਸੱਚ ਦੇ

ਮਾਰਗ ਨੂੰ ਅਪਣਾਏ। ਗੁਰੂ ਦੀ ਕ੍ਰਿਪਾ ਦੁਆਰਾ ਉਸਦੇ ਅੰਦਰ ਗੁਰੂ ਦਾ ਗਿਆਨ ਵੱਸ ਜਾਂਦਾ ਹੈ ਭਾਵ ਉਸਨੂੰ ਭਗਤੀ ਦਾ ਸਹੀ ਮਾਰਗ ਸਮਝ ਆ ਜਾਂਦਾ ਹੈ ਜਿਸ ਨਾਲ ਉਸਦੀ ਅਗਿਆਨਤਾ ਦੂਰ ਹੁੰਦੀ ਹੈ ਅਤੇ ਉਸਦੀ ਭਟਕਣਾ ਦੂਰ ਹੋ ਜਾਂਦੀ ਹੈ। ਉਸ ਮਨੁੱਖ ਦੀ ਵਿਚਰਨ ਗੁਰੂ ਵਾਲੀ ਹੋ ਜਾਂਦੀ ਹੈ, ਉਹ ਗੁਰੂ ਦੇ ਭਾਣੇ ਵਿੱਚ ਆ ਜਾਂਦਾ ਹੈ ਤੇ ਇਸ ਤਰ੍ਹਾਂ ਉਸ ਦਾ ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਸਾਡੇ ਮਨ ਦੇ ਅੰਦਰ ਹੁੰਦਾ ਹੈ, ਜੋਤਿ ਦੇ ਅੰਦਰ ਹੁੰਦਾ ਹੈ **{ਮਨ ਤੂੰ ਜੋਤਿ ਸਰੂਪੁ ਹੈ}** ਜੋ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਆਓ ਹੇਠ ਲਿਖੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਵਿਚਾਰੀਏ ਤੇ ਜਾਣੀਏ ਕਿ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਕੀ ਹੈ ਤੇ ਜੋਤੀ ਜੋਤਿ ਮਿਲਣਾ, ਜੋਤੀ ਜੋਤਿ ਰਲਣਾ, ਜੋਤੀ ਜੋਤਿ ਸਮਾਣਾ ਕੀ ਹੈ। ਸਾਡੇ ਅੰਦਰ ਦੀ ਹਉਮੈ, ਅਗਿਆਨਤਾ ਵੀ ਸਾਡੇ ਮਨ ਦੀ ਸਮਝ ਹੈ ਤੇ ਸੱਚਾ ਗਿਆਨ ਭਾਵ ਨਾਮ ਵੀ ਸਾਡੇ ਅੰਦਰ ਦੀ ਸਮਝ ਹੈ। ਸਮਝ ਦਾ ਮੂਲ ਸਾਡੇ ਅੰਦਰ ਦੀ ਜੋਤਿ ਹੈ ਜੋ ਸਭ ਦੇ ਅੰਦਰ ਗਿਆਨ ਦਾ ਪ੍ਰਕਾਸ਼ ਕਰਦੀ ਹੈ ਭਾਵੇਂ ਉਹ ਗਿਆਨ ਕਿਸੇ ਰੂਪ ਵਿੱਚ ਵੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ।

{ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}

(ਅੰਗ ੬੬੩)

"ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥

ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥੩॥"

ਜੋਤਿ ਬਾਰੇ ਅਸੀਂ ਚਰਚਾ ਪਿੱਛੇ ਵੀ ਕੀਤੀ ਹੋਈ ਹੈ। ਗੱਲ ਉਹੀ ਹੈ ਪਰ ਥੋੜ੍ਹੀ ਬਰੀਕੀ ਨਾਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਵਾਰ ਚਰਚਾ ਕੀਤੀ ਹੈ ਕਿ ਸਾਰੀ ਗੱਲ ਮਨ ਨੂੰ ਸਮਝਣ ਦੀ ਹੈ, ਮਨ ਦੀਆਂ ਸੋਚਾਂ ਨੂੰ ਸਮਝਣ ਦੀ ਹੈ। ਸਾਡਾ ਪ੍ਰਮਾਤਮਾ ਨਾਲ ਮੇਲ ਤਾਂ ਹੀ ਹੋ ਸਕਦਾ ਹੈ ਜਦੋਂ ਸਾਨੂੰ ਆਪਣੇ ਅੰਦਰੋਂ ਹੀ ਸੋਝੀ ਪਵੇਗੀ ਕਿ ਇਹ ਮਨ ਕੀ ਹੈ, ਇਹ ਜੋਤਿ ਕੀ ਹੈ। ਜੋਤਿ ਨੂੰ ਲੈ ਕੇ ਇਹ ਆਮ ਕਰਕੇ ਲੋਕਾਂ ਨੂੰ ਭੁਲੇਖਾ ਹੈ ਕਿ ਜੋਤੀ ਜੋਤਿ ਰਲਣਾ, ਜੋਤੀ ਜੋਤਿ ਸਮਾਉਣਾ ਮਰਨ ਤੋਂ ਬਾਅਦ, ਸਰੀਰ ਤਿਆਗਣ ਤੋਂ ਬਾਅਦ ਪ੍ਰਮਾਤਮਾ ਵਿੱਚ ਲੀਨ ਹੋ ਜਾਣਾ ਹੈ। ਜੋਤਿ ਦਾ ਜੋਤਿ ਵਿੱਚ ਰਲਣਾ, ਮਨ ਦਾ ਮਨ ਵਿੱਚ ਰਲਣਾ ਹੈ, ਸਾਡੀ ਸੁਰਤਿ ਦੇ ਵਿਚਾਰਾਂ ਦਾ ਤੇ ਸ਼ਬਦ ਦੇ ਵਿਚਾਰਾਂ ਦਾ ਆਪਸ ਵਿੱਚ ਰਲ ਜਾਣਾ ਹੈ, ਇੱਕ ਹੋ ਜਾਣਾ ਹੈ। ਜਿਹੜੇ ਮਨ ਨੂੰ, "ਜੋਤਿ" ਨੂੰ ਅਸੀਂ ਆਪਣਾ ਮਨ ਸਮਝਦੇ ਹਾਂ ਅਸਲ ਵਿੱਚ ਉਹ ਮਨ, "ਜੋਤਿ" ਆਪ ਪ੍ਰਮਾਤਮਾ ਹੈ। ਆਪਣੇ ਆਪ ਦੀ ਸੋਝੀ ਪੈ ਜਾਣਾ ਹੀ ਜੋਤਿ ਦਾ ਜੋਤਿ ਵਿੱਚ ਸਮਾਅ ਕੇ ਇੱਕ ਹੋ ਜਾਣਾ ਹੈ, ਦੁਚਿੱਤੀ ਮਿਟ ਕੇ, ਇੱਕ ਮਨ ਇੱਕ ਚਿੱਤ ਹੋ ਜਾਣਾ ਹੈ, ਵੱਖਰੀ-ਵੱਖਰੀ ਸੋਚ ਦਾ ਮਿਟ ਕੇ "ਇੱਕ ਸੋਚ" ਹੋ ਜਾਣਾ ਹੈ, ਮਨਮਤਿ ਦਾ ਮਿਟ ਕੇ ਗੁਰਮਤਿ ਵਿੱਚ ਸਮਾਅ ਜਾਣਾ ਹੈ, ਤ੍ਰੈਗੁਣਾਂ ਦਾ ਮਿਟ ਕੇ ਚੌਥੇ ਪਦ ਵਿੱਚ ਸਮਾਅ ਜਾਣਾ ਹੈ, "ਹਉਮੈ" ਦਾ ਮਿਟ ਕੇ "ਕੇਵਲ ਨਾਮ" ਦਾ ਰਹਿ ਜਾਣਾ ਹੈ, ਮਨੁੱਖੀ ਹੋਂਦ ਦਾ ਭੁਲੇਖਾ ਮਿਟ ਕੇ ਕੇਵਲ ਪ੍ਰਮਾਤਮਾ ਦੀ ਹੋਂਦ ਦਾ ਹੀ ਰਹਿ ਜਾਣਾ ਹੈ। ਜੋਤੀ ਜੋਤਿ ਰਲਣਾ, ਪ੍ਰਮਾਤਮਾ ਦੇ ਨਾਲ ਮੇਲ ਹੈ, ਉਸ ਜੋਤਿ ਦੀ ਪਹਿਚਾਣ ਹੈ ਜੋ ਸਾਡੇ ਅੰਦਰ ਵਰਤ ਰਹੀ ਹੈ ਜੋ ਪਹਿਚਾਣ ਇਸ ਸਰੀਰ ਦੇ ਰਹਿੰਦੇ ਹੋਏ ਹੀ ਆਪਣੇ ਅੰਦਰੋਂ ਹੋਣੀ ਹੈ, ਮਨ ਦੀ ਸਮਝ ਰਾਹੀਂ ਹੋਣੀ ਹੈ। ਜਿਵੇਂ ਕਿ ਅਸੀਂ ਪਹਿਲੇ ਵੀ ਜਾਣਿਆ ਹੈ "ਜੋਤਿ" ਸਾਡੇ ਅੰਦਰ ਦੇ ਗਿਆਨ ਦਾ ਸ੍ਰੋਤ ਹੈ, ਸਾਡਾ ਮਨ ਹੈ, ਸਾਡੇ ਅੰਦਰ ਦੀ ਸੋਚ ਹੈ ਜਿਸ ਰਾਹੀਂ ਅਸੀਂ ਸਭ ਕੁੱਝ ਆਪਣੇ ਅੰਦਰੋਂ ਜਾਣਦੇ ਹਾਂ ਤੇ ਕਰਦੇ ਹਾਂ। ਸਾਡੇ ਕੋਲੋਂ ਸਭ ਕੁੱਝ ਸਾਡੇ ਅੰਦਰ ਦੀ ਜੋਤਿ ਹੀ ਕਰਵਾਉਂਦੀ ਹੈ, ਸਾਡੀ ਸੋਚ ਹੀ ਕਰਵਾਉਂਦੀ ਹੈ। ਸਾਡੇ ਗਿਆਨ ਦਾ ਸ੍ਰੋਤ ਸਾਡੇ ਅੰਦਰ ਦੀ ਜੋਤਿ ਹੈ **{ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ**

4/256 ਅਤੇ 256-ਅ

ਸਭ ਮਹਿ ਚਾਨਣੁ ਹੋਇ॥}। ਮਨ ਦੀ ਅਗਿਆਨਤਾ ਦਾ ਮਿਟ ਕੇ, ਹਉਮੈ ਦਾ ਮਿਟਾ ਕੇ ਸਾਡੀ ਸਮਝ ਦਾ ਸੱਚੇ ਗਿਆਨ ਵਾਲੀ ਸਮਝ ਬਣ ਜਾਣਾ, ਜੋਤਿ ਦਾ ਜੋਤਿ ਵਿੱਚ ਰਲਣਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਆਪਣੇ ਸੱਚੇ ਗਿਆਨ ਦੇ ਨਾਲ ਮਨ ਦੇ ਵਿੱਚ ਗੁਰੂ ਪ੍ਰਮਾਤਮਾ ਆਪ ਹੀ ਰਲਾਉਂਦਾ ਹੈ। ਆਪਣੇ ਮੇਲ ਦੁਆਰਾ, ਸੱਚਾ ਗਿਆਨ ਦੇਣ ਦੁਆਰਾ ਪ੍ਰਮਾਤਮਾ ਸਾਡੇ ਅੰਦਰ "ਸਚੁ" ਹੀ ਪਾਉਂਦਾ ਹੈ ਭਾਵ "ਨਾਮੁ" ਹੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਦੀ ਅਗਿਆਨਤਾ ਦੂਰ ਹੁੰਦੀ ਹੈ। **(ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥)**। ਉੱਪਰ ਵਾਲੀਆਂ ਪੰਗਤੀਆਂ ਰਾਹੀਂ ਬੜਾ ਹੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਜੋਤਿ ਵਿੱਚ ਜੋਤਿ ਦਾ ਰਲਣਾ ਕੀ ਹੈ। ਮਨ ਦੀ ਅਗਿਆਨਤਾ ਵਾਲੀ ਸਮਝ ਦਾ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਵਿੱਚ ਰਲਣਾ ਜੋਤਿ ਦਾ ਜੋਤਿ ਵਿੱਚ ਰਲਣਾ ਹੈ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ ਜਿਸਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਤੇ ਵਿਸ਼ਵਾਸ ਆਉਂਦਾ ਹੈ।

ਸਾਡੇ ਅੰਦਰ ਜੋਤਿ ਤਾਂ ਇੱਕੋ ਹੀ ਵਰਤਦੀ ਹੈ, ਸਾਡੇ ਅੰਦਰ ਮਨ ਇੱਕੋ ਹੀ ਹੈ ਜੋ ਕਿ ਪ੍ਰਮਾਤਮਾ ਆਪ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਤੇ ਇਸੇ ਮਨ ਰਾਹੀਂ, ਜੋਤਿ ਰਾਹੀਂ, ਅੰਦਰ ਦੇ ਗਿਆਨ ਰਾਹੀਂ ਉਸਨੇ ਸਾਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ, ਸਾਨੂੰ ਹਉਮੈ ਵਿੱਚ ਰੱਖਿਆ ਹੋਇਆ ਹੈ ਅਤੇ ਅਸੀਂ ਇਸ ਮਨ ਨੂੰ ਆਪਣਾ ਸਮਝਦੇ ਹਾਂ, ਮਨ ਦੇ ਵਿਚਾਰਾਂ ਨੂੰ ਆਪਣਾ ਸਮਝਦੇ ਹਾਂ ਭਾਵ ਸਾਡੇ ਅੰਦਰੋਂ ਸਾਨੂੰ ਸਮਝਾਇਆ ਹੀ ਇਹ ਜਾਂਦਾ ਹੈ ਕਿ ਇਹ ਵਿਚਾਰ ਮਨੁੱਖ ਦੇ ਆਪਣੇ ਹਨ ਤੇ ਜੋ ਕੁੱਝ ਅਸੀਂ ਕਰਦੇ ਹਾਂ ਉਹ ਅਸੀਂ ਆਪ ਹੀ ਕਰਦੇ ਹਾਂ। ਸਾਡੇ ਅੰਦਰ ਦੀ ਜੋਤਿ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਮੈਂ ਹਾਂ।

{ਜੀਅ ਕੀ ਜੋਤਿ ਨ ਜਾਨੈ ਕੋਈ॥ ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥}

(ਅੰਗ ੧੩੫੧)

ਇਸੇ ਮਨ ਵਿੱਚ, ਜੋਤਿ ਵਿੱਚ, ਸੋਚ ਵਿੱਚ ਪ੍ਰਮਾਤਮਾ ਨੂੰ ਜਾਨਣ ਦਾ ਸਾਰਾ ਭੇਦ ਛੁਪਿਆ ਹੋਇਆ ਹੈ। ਜੋਤਿ ਹੀ ਸਾਡਾ ਮਨ ਹੈ ਅਤੇ ਜੋਤਿ ਹੀ ਪ੍ਰਮਾਤਮਾ ਦਾ ਮਨ ਹੈ। ਦੋਨਾਂ ਦੇ ਮਨ ਦੀ ਸਮਝ ਦਾ ਇੱਕ ਹੋ ਜਾਣਾ ਹੀ ਜੋਤਿ ਦਾ ਜੋਤਿ ਵਿੱਚ ਰਲਣਾ ਹੈ ਭਾਵ ਮਨ ਦੀ ਸਮਝ ਦਾ ਇੱਕ ਹੋ ਜਾਣਾ ਹੀ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਹੈ। ਇਹ ਮੇਲ ਤਾਂ ਹੀ ਹੋ ਸਕਦਾ ਹੈ ਜਦੋਂ

ਸਾਡਾ ਮਨ ਗੁਰੂ ਦੇ ਮਨ ਦੇ ਨਾਲ ਮਿਲਣ ਲਈ ਤਿਆਰ ਹੋਵੇਗਾ। ਸਾਰੀ ਗੁਰਬਾਣੀ ਗੁਰੂ ਦਾ ਮਨ ਹੈ, ਗੁਰੂ ਦੀ ਜੋਤਿ ਹੈ, ਗੁਰੂ ਦਾ ਗਿਆਨ ਹੈ। ਸਾਰੀ ਗੁਰਬਾਣੀ ਗੁਰੂ ਦੀ ਮਤਿ ਹੈ। ਸਾਡਾ ਮਨ ਭਾਵ ਜਿਸ ਨੂੰ ਅਸੀਂ ਆਪਣਾ ਸਮਝਦੇ ਹਾਂ ਇਹ ਸਾਡੀ ਮਤਿ ਹੈ, ਸਾਡਾ ਗਿਆਨ ਹੈ, ਮਨਮਤਿ ਹੈ, ਸਾਡੀ ਹਉਮੈ ਹੈ ਭਾਵ ਸਾਡੀ ਅਗਿਆਨਤਾ ਵਾਲੀ, ਭਰਮਾਂ ਵਾਲੀ ਸਮਝ ਹੈ। ਜਦੋਂ ਸਾਡਾ ਮਨ ਆਪਣੀ ਮਨਮਤਿ ਛੱਡ ਕੇ ਗੁਰੂ ਦੀ ਮਤਿ ਵਿੱਚ ਸਮਾਅ ਜਾਵੇਗਾ, ਉਸਦੇ ਹੁਕਮ ਵਿੱਚ ਸਮਾਅ ਜਾਵੇਗਾ ਭਾਵ ਜਦੋਂ ਸਾਡਾ ਮਨ ਗੁਰੂ ਦੀ ਮਤਿ ਦੇ ਨਾਲ ਮੰਨ ਜਾਵੇਗਾ ਤੇ ਤਾਂ ਹੀ ਫਿਰ ਜੋਤਿ ਨਾਲ ਜੋਤਿ ਮਿਲ ਜਾਵੇਗੀ **(ਜੋਤੀ ਜੋਤਿ ਮਿਲੀ ਮਨੁ ਮਾਨਿਆ)** ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇਗਾ। ਸਾਡਾ ਮਨ ਭਾਵ ਸਾਡੇ ਵਿਚਾਰ, ਸਾਡੀ ਸੋਚ ਗੁਰੂ ਦੀ ਸੋਚ ਨਾਲ, ਗੁਰੂ ਦੀ ਜੋਤਿ ਨਾਲ ਰਲ ਗਈ ਤੇ ਐਸਾ ਹੋਣ ਨਾਲ ਉਹ ਮਨੁੱਖ ਪ੍ਰਮਾਤਮਾ ਦੇ ਦਰ ਤੇ ਸੋਭਾ ਪਾਉਂਦਾ ਹੈ **(ਹਰਿ ਦਰਿ ਸੋਭਾ ਪਾਵਣਿਆ॥)**। ਇਹੀ ਸ਼ਬਦ ਸੁਰਤਿ ਦਾ ਮੇਲ ਹੈ। ਸ਼ਬਦ ਗੁਰੂ ਦੇ ਵਿਚਾਰ ਹਨ ਤੇ ਸੁਰਤਿ ਸਾਡੇ ਵਿਚਾਰ ਹਨ। ਇਹ ਮਨ ਦੇ ਵਿਚਾਰਾਂ ਦਾ ਇੱਕ ਹੋ ਜਾਣਾ ਹੈ। ਜਦ ਤੱਕ ਅਸੀਂ ਹਉਮੈ ਵਿੱਚ ਹਾਂ, ਅਸੀਂ ਅਗਿਆਨਤਾ ਵਿੱਚ ਹਾਂ ਤਦ ਤੱਕ ਸਾਨੂੰ ਆਪ ਹੀ ਪ੍ਰਮਾਤਮਾ ਨੇ ਇਸ ਪੜਦੇ ਵਿੱਚ ਰੱਖਿਆ ਹੋਇਆ ਹੈ। ਮਨ ਦਾ ਪੜਦਾ ਉਹ ਆਪ ਹੀ ਖੋਲ੍ਹਦਾ ਹੈ, ਅਗਿਆਨਤਾ ਦਾ ਪੜਦਾ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ, ਨਾਮ ਦਾ ਪ੍ਰਕਾਸ਼ ਕਰਕੇ ਖੋਲ੍ਹਦਾ ਹੈ, ਜਿਸ ਦੁਆਰਾ ਇਹ ਹਉਮੈ, ਅਗਿਆਨਤਾ ਦੂਰ ਹੁੰਦੀ ਹੈ ਤੇ ਮਨ ਦੇ ਵਿੱਚ ਹੀ ਮਨੁੱਖ ਉਸ ਦੀ ਜੋਤਿ ਵਿੱਚ ਰਲ ਜਾਂਦਾ ਹੈ ਭਾਵ ਉਸਦੇ ਸੱਚੇ ਗਿਆਨ ਵਿੱਚ ਰਲ ਜਾਂਦਾ ਹੈ, ਉਸ ਦੇ ਦਰ ਤੇ ਪਹੁੰਚ ਜਾਂਦਾ ਹੈ। **(ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥)**

ਜੋ ਕੁੱਝ ਅਸੀਂ ਜੋਤਿ ਬਾਰੇ ਉੱਪਰ ਜਾਣਿਆ ਹੈ, ਉਸਨੂੰ ਹੋਰ ਬਰੀਕੀ ਨਾਲ ਕੁੱਝ ਹੋਰ ਸ਼ਬਦਾਂ ਦੁਆਰਾ ਵੀ ਜਾਣਿਆ ਜਾ ਸਕਦਾ ਹੈ:-

{ਏਕਾ ਜੋਤਿ ਜੋਤਿ ਹੈ ਸਰੀਰਾ॥ ਸਬਦਿ ਦਿਖਾਏ ਸਤਿਗੁਰੁ ਪੂਰਾ॥
ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ॥੧॥}

(ਅੰਗ ੧੨੫)

{ਸਭ ਏਕਾ ਜੋਤਿ ਜਾਣੈ ਜੇ ਕੋਈ॥ ਸਤਿਗੁਰੁ ਸੇਵਿਐ ਪਰਗਟੁ ਹੋਈ॥
ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ॥੨॥}

(ਅੰਗ ੧੨੦)

ਜਿਵੇਂ ਕਿ ਅਸੀਂ ਉੱਪਰ ਜਾਣਿਆ ਹੈ ਕਿ ਜੋਤਿ ਇੱਕ ਹੀ ਹੈ,

4/257

ਪ੍ਰਮਾਤਮਾ ਇੱਕੋ ਹੀ ਹੈ ਭਾਵ ਉਹ ਇੱਕੋ ਇੱਕ ਆਪ ਹੀ ਹੈ, ਹੋਰ ਕੋਈ ਨਹੀਂ ਹੈ ਤੇ ਇਸ ਮਨੁੱਖਾ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ ਪਰ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਹੈ ਕਿਉਂਕਿ ਉਸ ਨੇ ਆਪ ਹੀ ਸਾਡੇ ਮਨ ਦੇ ਵਿੱਚ ਅਗਿਆਨਤਾ ਪਾ ਕੇ ਸਭ ਕੋਲੋਂ ਪੜਦਾ ਰੱਖਿਆ ਹੋਇਆ ਹੈ। ਆਪਣੇ ਅੰਦਰ ਦੀ ਇਸ ਜੋਤਿ ਨੂੰ, ਇਸ ਮਨ ਨੂੰ, ਪ੍ਰਮਾਤਮਾ ਦੀ ਕ੍ਰਿਪਾ ਨਾਲ ਦੇਖਿਆ ਜਾ ਸਕਦਾ ਹੈ ਭਾਵ ਇਸ ਜੋਤਿ ਨੂੰ ਅਸੀਂ ਆਪਣੇ ਜਿਉਂਦੇ ਜੀਅ ਹੀ ਦੇਖ ਸਕਦੇ ਹਾਂ ਭਾਵ ਜਾਣ ਸਕਦੇ ਹਾਂ ਕਿ ਇਹ ਮਨ ਕੀ ਹੈ, ਜੋਤਿ ਕੀ ਹੈ ਅਤੇ ਸਮਝ ਸਕਦੇ ਹਾਂ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦਾ ਆਪਣੀ ਹੋਂਦ ਸਮਝਣਾ ਕੇਵਲ ਉਸਦਾ ਭੁਲੇਖਾ ਹੈ। ਆਪਣੇ ਅੰਦਰ ਦੀ ਇਸ ਜੋਤਿ ਨੂੰ ਸ਼ਬਦ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਗੁਰੂ ਦੇ ਦੁਆਰਾ ਮਨ ਦੇ ਵਿੱਚ ਗਿਆਨ ਦੇ ਉਪਜਣ ਦੇ ਨਾਲ ਦੇਖਿਆ ਜਾ ਸਕਦਾ ਹੈ ਤੇ ਉਹ ਆਪ ਹੀ ਦਿਖਾ ਸਕਦਾ ਹੈ **(ਸਬਦਿ ਦਿਖਾਏ ਸਤਿਗੁਰੁ ਪੂਰਾ॥)**। ਸ਼ਬਦ ਤੋਂ ਇਲਾਵਾ ਭਾਵ ਸ਼ਬਦ ਦੇ, ਗੁਰੂ ਦੇ ਸੱਚੇ ਗਿਆਨ ਤੋਂ ਇਲਾਵਾ, ਹੋਰ ਕਿਸੇ ਵੀ ਤਰੀਕੇ ਨਾਲ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ, ਇਸ ਮਨ ਨੂੰ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਨਿਯਮ ਹੈ, ਅਸੂਲ ਹੈ ਜੋ ਕਿ ਕਦੇ ਬਦਲਿਆ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਸਾਡੇ ਸਾਰੇ ਕੀਤੇ ਹੋਏ ਭਗਤੀ ਦੇ ਤਰੀਕੇ ਭਾਵ ਸੁਰਤੀਆਂ ਸਮਾਧੀਆਂ ਦੁਆਰਾ ਕੀਤੇ ਹੋਏ ਜਪ ਤਪ ਵਿਅਰਥ ਹੀ ਜਾਂਦੇ ਹਨ ਜਿਵੇਂ

ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ, ਗੁਰੂ ਦੇ ਵਿਚਾਰਾਂ ਨੂੰ ਆਪਣੇ ਅੰਦਰ ਦ੍ਰਿੜ ਕੀਤਾ ਜਾ ਸਕਦਾ ਹੈ।

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥
ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ॥੭॥}

(ਅੰਗ ੧੨੪)

{ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥
ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥}

(ਅੰਗ ੩੩)

ਇਸ ਮਨ ਨੂੰ ਦੇਖਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖਣਾ ਹੈ ਜੋ ਕਿ ਉਹ ਆਪ ਹੀ ਦਿਖਾ ਸਕਦਾ ਹੈ। ਜਿਵੇਂ ਕਿ ਅਸੀਂ ਉੱਪਰ ਜਾਣਿਆ ਸੀ ਕਿ ਇਹ ਮਨੁੱਖਾ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਸਭ ਜਗ੍ਹਾ, ਸਭ ਵਿਚ ਕੇਵਲ ਇੱਕ ਜੋਤਿ ਹੀ ਹੈ ਪਰ ਮਨੁੱਖ ਨੂੰ ਉਸਨੇ ਆਪ ਹੀ ਆਪਣੇ ਤੋਂ ਵੱਖਰਾ ਕੀਤਾ ਹੋਇਆ ਹੈ ਭਾਵ ਉਸਦੀ ਆਪਣੀ ਜੋਤਿ ਜੋ ਮਨੁੱਖਾ ਸਰੀਰ ਵਿੱਚ ਵਰਤ ਰਹੀ ਹੈ ਉਸ ਜੋਤਿ ਦੁਆਰਾ ਵੱਖਰਾ ਕੀਤਾ ਹੋਇਆ ਹੈ

{ਏਕਾ ਜੋਤਿ ਜੋਤਿ ਹੈ ਸਰੀਰਾ ॥
ਸਬਦਿ ਦਿਖਾਏ ਸਤਿਗੁਰੁ ਪੂਰਾ ॥
ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ॥੧॥}

(ਅੰਗ ੧੨੫)

ਹੁਣ ਆਪੇ ਸੋਚੋ ਕਿ ਜਿਸ ਪ੍ਰਮਾਤਮਾ ਨੇ ਸਾਨੂੰ ਆਪ ਹੀ ਆਪਣੇ ਤੋਂ ਵੱਖਰਾ ਕੀਤਾ ਹੋਇਆ ਹੈ, ਕੀ ਉਸਨੂੰ ਉਸਦੀ ਮਰਜ਼ੀ ਦੇ ਬਿਨ੍ਹਾਂ, ਉਸਦੀ ਕ੍ਰਿਪਾ ਦੇ ਬਿਨ੍ਹਾਂ, ਉਸਦੇ ਬਣਾਏ ਹੋਏ ਅਸੂਲਾਂ ਤੇ ਚੱਲੇ ਬਿਨ੍ਹਾਂ ਭਾਵ ਸ਼ਬਦ ਦੁਆਰਾ ਮਰੇ ਬਿਨ੍ਹਾਂ ਕੀ ਉਸਨੂੰ ਪਾਇਆ ਜਾ ਸਕਦਾ ਹੈ, ਕੀ ਸਾਡੀ ਕੋਈ ਸਿਆਣਪ, ਚਤੁਰਾਈ ਕਿਸੇ ਕੰਮ ਆ ਸਕਦੀ ਹੈ, ਕੀ ਸਾਡੀ ਕੋਈ ਸੁਰਤੀ ਸਮਾਧੀ

ਕਿਸੇ ਕੰਮ ਆ ਸਕਦੀ ਹੈ? ਕਦੇ ਨਹੀਂ ਆ ਸਕਦੀ ਤੇ ਇਸੇ ਲਈ ਵਾਰ-ਵਾਰ ਸਾਨੂੰ ਇਨ੍ਹਾਂ ਦਾ ਆਸਰਾ ਨਾ ਲੈਣ ਲਈ ਸਮਝਾਇਆ ਗਿਆ ਹੈ। ਕੇਵਲ ਗੁਰੂ ਦੇ ਉਪਦੇਸ਼ ਤੇ ਚੱਲਣ ਲਈ ਸਮਝਾਇਆ ਗਿਆ ਹੈ, ਗੁਰੂ ਤੇ ਆਪਣਾ ਆਪ ਵਾਰਨ ਲਈ ਸਮਝਾਇਆ ਗਿਆ ਹੈ, ਮੋਹ ਮਾਇਆ ਵਿੱਚੋਂ ਨਿਕਲਣ ਲਈ ਸਮਝਾਇਆ ਗਿਆ ਹੈ, ਔਗੁਣ ਛੱਡ ਕੇ ਗੁਣਾਂ ਦੁਆਰਾ ਸੱਚੇ ਸੁੱਚੇ ਕਰਮ ਕਰਨ ਲਈ ਸਮਝਾਇਆ ਗਿਆ ਹੈ। ਪਰ ਇਹ ਸਭ ਕੁੱਝ ਸਾਡੇ ਹੱਥ ਵਸ ਨਹੀਂ ਹੈ, ਉਹ ਆਪ ਹੀ ਕੋਈ ਵਿਧਾ ਬਣਾ ਕੇ ਸਾਨੂੰ ਸਹੀ ਮਾਰਗ ਤੇ ਚਲਾ ਕੇ ਆਪਣੇ ਦਰਸ਼ਨ ਕਰਵਾਉਂਦਾ ਹੈ **(ਆਪੇ ਬਣਤ ਬਣਾਵਣਿਆ॥)**।

ਜਿਵੇਂ ਕਿ ਅਸੀਂ ਉੱਪਰ ਮੁੱਖ ਸ਼ਬਦ ਦੁਆਰਾ ਸਮਝਿਆ ਹੈ ਕਿ ਨਾਮ ਦੀ ਪ੍ਰਾਪਤੀ ਦਾ ਸੱਚਾ ਉੱਦਮ ਗੁਰੂ ਦਾ ਉਪਦੇਸ਼ ਮੰਨਣ ਦੁਆਰਾ ਹੀ ਹੋ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਪਰ ਫਿਰ ਵੀ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਕੋਈ ਸੌਖਾ ਤਰੀਕਾ ਲੱਭਦੇ ਹਾਂ। ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ, ਆਪਣੀ ਆਪਣੀ ਮਤਿ ਅਨੁਸਾਰ, ਇੱਧਰੋਂ-ਉਧਰੋਂ ਸੁਣੀਆਂ ਹੋਈਆਂ ਗੱਲਾਂ ਤੇ ਯਕੀਨ ਕਰਕੇ ਉਨ੍ਹਾਂ ਦੇਹਧਾਰੀਆਂ ਤੇ ਭਰੋਸਾ ਕਰਦੇ ਹਾਂ ਜੋ ਸਾਨੂੰ ਲੱਗਦਾ ਹੈ ਕਿ ਰੱਬ ਦੇ ਨੇੜੇ ਹਨ, ਮਹਾਂਪੁਰਸ਼ ਹਨ। ਅਸੀਂ ਇਹ ਸਮਝਦੇ ਹਾਂ ਕਿ ਉਨ੍ਹਾਂ ਦੇ ਨੇੜੇ ਲੱਗਣ ਨਾਲ ਅਸੀਂ ਰੱਬ ਦੇ ਨੇੜੇ ਹੋ ਜਾਵਾਂਗੇ, ਸਾਡਾ ਅੱਗਾ ਸੌਖਾ ਹੋ ਜਾਵੇਗਾ। ਅਸੀਂ ਇਹੋ ਜਿਹੇ ਮਨੁੱਖਾਂ ਦੀਆਂ ਜੀਵਨੀਆਂ ਤੇ, ਲਿਖਤਾਂ ਤੇ, ਆਪਣਾ ਭਰੋਸਾ ਟਿਕਾਉਂਦੇ ਹਾਂ। ਪ੍ਰਮਾਤਮਾ ਨੂੰ ਕਿਸ ਨੇ ਪਾਇਆ ਹੈ, ਉਸਨੂੰ ਕਿਸ ਨੇ ਸਮਝਿਆ ਹੈ, ਇਹ ਪ੍ਰਮਾਤਮਾ ਆਪ ਹੀ ਜਾਣਦਾ ਹੈ ਜੋ ਕਿ ਇੱਕੋ ਇੱਕ ਕੇਵਲ ਆਪ ਹੀ "ਮਹਾਪੁਰਖ" ਹੈ, ਜਿਸ ਮਹਾਪੁਰਖ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਆਪਣਾ ਰੂਪ ਧਾਰ ਕੇ ਉਨ੍ਹਾਂ ਸਰੀਰਾਂ ਨੂੰ ਆਪਣਾ

ਮਹਾਂਪੁਰਖ ਰੂਪ ਬਣਾਇਆ ਹੈ ਤੇ ਇਸ ਗੁਰਬਾਣੀ ਦੀ ਰਚਨਾ ਕੀਤੀ ਹੈ। ਉਹ ਆਪਣੇ ਉੱਚੇ ਗਿਆਨ ਦੁਆਰਾ ਮਹਾਪੁਰਖ ਹੈ। ਕਿਸੇ ਮਨੁੱਖ ਦੀ ਉਸਦੀਆਂ ਨਜ਼ਰਾਂ ਵਿੱਚ ਕੀ ਅਵੱਸਥਾ ਹੈ ਇਹ ਉਹ ਆਪ ਹੀ ਜਾਣਦਾ ਹੈ ਤੇ ਅਸੀਂ ਕਿਸੇ ਦੀ ਅਵੱਸਥਾ ਬਾਰੇ ਨਹੀਂ ਜਾਣ ਸਕਦੇ। ਅਸੀਂ ਕੇਵਲ ਉਨ੍ਹਾਂ ਦੇ ਜਪ ਤਪ ਦੇਖ ਕੇ, ਭਗਤੀ ਦੇ ਦਿਖਾਵੇ ਦੇਖ ਕੇ, ਬਾਣੇ ਦੇ ਰੂਪ ਦੇਖ ਕੇ, ਦੁਨਿਆਵੀ ਰੁਤਬਾ ਦੇਖ ਕੇ, ਕੋਈ ਰਿਧੀ ਸਿਧੀ ਦੇਖ ਕੇ, ਸੁਣ ਕੇ, ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ। ਪਰ ਸਮਝਾਇਆ ਇਹ ਹੈ ਕਿ ਸਾਡਾ "ਦੇਹਾਂ" ਤੇ ਭਰੋਸਾ ਕਰਨਾ, ਪ੍ਰਮਾਤਮਾ ਨੂੰ ਪਾਉਣ ਦਾ ਰਸਤਾ ਨਹੀਂ ਹੈ ਜੋ ਕਿ ਮੁੱਖ ਸ਼ਬਦ ਦੀਆਂ ਹੇਠ ਲਿਖੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਰੀਰਹੁ ਭਾਲਣਿ ਕੋ ਬਾਹਰਿ ਜਾਏ॥
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ
ਗੁਰਮੁਖਿ ਵਥੁ ਪਾਵਣਿਆ॥"

ਜਿਵੇਂ ਕਿ ਅਸੀਂ ਇਸ ਸ਼ਬਦ ਦੀਆਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਵੀ ਸਮਝਿਆ ਹੈ, ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਇਸ ਸਰੀਰ ਦੇ ਅੰਦਰ ਹੀ ਹੈ ਜੋ ਕਿ ਸਾਡੇ ਅੰਦਰ ਜੋਤਿ ਦੇ ਰੂਪ ਵਿੱਚ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਹੈ, "ਨਾਮੁ" ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਪਰ ਮਨ ਦੀ ਅਗਿਆਨਤਾ ਰਾਹੀਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣ ਦੀ ਬਜਾਇ ਭਾਵ ਗੁਰੂ ਦੀ ਮਤਿ ਅਨੁਸਾਰ ਪ੍ਰਮਾਤਮਾ ਨੂੰ ਆਪਣੇ ਅੰਦਰ ਸਮਝਣ ਦੀ ਬਜਾਇ ਉਸਨੂੰ ਲੱਭਣ ਲਈ, ਭਾਲਣ ਲਈ ਕਿਤੇ ਬਾਹਰ ਜਾਂਦੇ ਹਾਂ ਭਾਵ ਗੁਰੂ ਨੂੰ ਛੱਡ ਕੇ ਉਨ੍ਹਾਂ ਸਰੀਰਾਂ ਦੇ ਕੋਲ ਜਾਂਦੇ ਹਾਂ, ਉਨ੍ਹਾਂ ਦੀ ਮਤਿ ਤੇ ਵਿਸ਼ਵਾਸ ਕਰਦੇ ਹਾਂ ਜਿਨ੍ਹਾਂ ਨੂੰ ਪ੍ਰਮਾਤਮਾ ਦੀ ਸਮਝ ਨਹੀਂ ਹੈ ਕਿ ਪ੍ਰਮਾਤਮਾ ਕਿੱਥੇ ਮਿਲਦਾ ਹੈ ਤੇ ਕਿਵੇਂ ਮਿਲਦਾ ਹੈ। ਆਪਣੇ ਅੰਦਰੋਂ ਅਸੀਂ ਪ੍ਰਮਾਤਮਾ ਨੂੰ ਕਿਵੇਂ ਭਾਲ ਸਕਦੇ ਹਾਂ ਇਹ ਗੱਲ ਸਾਨੂੰ ਬਾਣੀ ਵਾਰ-ਵਾਰ ਸ਼ਬਦਾਂ ਰਾਹੀਂ ਸਮਝਾ ਰਹੀ ਹੈ। ਪ੍ਰਮਾਤਮਾ ਨੂੰ ਲੱਭਣ ਦੀ ਸਮਝ ਸਾਨੂੰ ਗੁਰੂ ਦੇ ਘਰ ਵਿੱਚੋਂ ਹੀ ਪੈ ਸਕਦੀ ਹੈ ਪਰ ਗੁਰੂ ਦਾ ਘਰ ਛੱਡਕੇ ਅਸੀਂ ਬਾਹਰ ਜਾਂਦੇ ਹਾਂ, ਜਿਨ੍ਹਾਂ ਕੋਲ ਜਾ ਕੇ ਅਸੀਂ ਭਗਤੀ ਦਾ ਮਾਰਗ ਸਿੱਖਦੇ ਹਾਂ, ਨਾਮ ਜਪਣਾ ਸਿੱਖਦੇ ਹਾਂ। ਇਹੋ ਜਿਹੇ ਸਿਖਾਉਣ ਵਾਲੇ ਆਪਣੀ-ਆਪਣੀ ਮਤਿ ਅਨੁਸਾਰ, ਧਾਰਮਿਕ ਆਸਥਾ ਅਨੁਸਾਰ ਜਗ੍ਹਾ-ਜਗ੍ਹਾ ਆਪਣੇ ਡੇਰੇ, ਅੱਡੇ ਬਣਾਈ ਬੈਠੇ ਹਨ ਜੋ ਆਪਣੇ ਆਪ ਨੂੰ ਪ੍ਰਮਾਤਮਾ ਦੇ ਨੇੜੇ ਦਸਦੇ ਹਨ, ਉਸਦੇ ਨਾਲ ਮੇਲ ਵਾਲੇ ਦੱਸਦੇ ਹਨ ਤੇ ਉਨ੍ਹਾਂ ਨੂੰ ਭਗਤੀ ਦੇ ਮਾਰਗ ਤੇ ਉੱਚਾ ਮਨ ਕੇ ਅਨੇਕਾਂ ਹੀ ਉਨ੍ਹਾਂ ਦੇ ਕੋਲ ਜਾਂਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਉਹੋ ਜਿਹਿਆਂ ਦੇ ਨੇੜੇ ਲੱਗਣ ਲਈ, ਉਨ੍ਹਾਂ ਨੂੰ ਖੁਸ਼ ਕਰਨ ਲਈ, ਉਨ੍ਹਾਂ ਦੀਆਂ ਵਿਗਾਰਾਂ ਵੀ ਸਹਿਣੀਆਂ ਪੈਂਦੀਆਂ ਹਨ, ਧੰਨ ਖਰਚਣਾ ਪੈਂਦਾ ਹੈ, ਉਨ੍ਹਾਂ ਦੀ ਸੇਵਾ ਕਰਨੀ ਪੈਂਦੀ ਹੈ ਜਿਸ ਕਰਕੇ ਉਨ੍ਹਾਂ ਦੇ ਪਿੱਛੇ ਲੱਗਣ ਵਾਲਿਆਂ ਨੂੰ ਦੁੱਖ ਹੀ ਸਹਿਣੇ ਪੈਂਦੇ ਹਨ ਭਾਵ ਪ੍ਰਮਾਤਮਾ ਦੇ ਨਾਲ ਤੇ ਇਹੋ ਜਿਹੇ ਉੱਚਾ ਅਖਵਾਉਣ ਵਾਲਿਆਂ ਨੇ ਕੀ ਮਿਲਾਉਣਾ ਹੈ, ਨਾਮ ਤਾਂ ਕਿਸੇ ਨੂੰ ਕੀ ਦੇਣਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਤੇ ਕੀ ਸਮਝਾਉਣਾ ਹੈ, ਉਲਟਾ ਆਪਣੀ ਸੇਵਾ ਹੀ ਕਰਵਾਉਂਦੇ ਹਨ, ਮਾਇਆ ਹੀ ਇਕੱਠੀ ਕਰਦੇ ਹਨ ਭਾਵ ਆਪਣੇ ਸੁੱਖ ਲਈ ਦੂਸਰਿਆਂ ਨੂੰ ਦੁੱਖਾਂ ਵਿੱਚ ਹੀ ਪਾਉਂਦੇ ਹਨ। (**ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥**)

ਗੁਰੂ ਨਾਲੋਂ ਜ਼ਿਆਦਾ ਮਤਿ ਸਾਨੂੰ ਕੋਈ ਨਹੀਂ ਦੇ ਸਕਦਾ। ਅਸੀਂ ਜਿਸ ਦੇ ਦੁਆਰੇ ਵੀ ਜਾਂਦੇ ਹਾਂ ਉਹ ਆਪਣੀ ਮਤਿ ਹੀ ਦਿੰਦਾ ਹੈ, ਆਪਣੇ-ਆਪਣੇ ਤਜ਼ਰਬਿਆਂ ਦੀਆਂ ਗੱਲਾਂ ਕਰਦਾ ਹੈ। ਇੱਕ ਦੀ ਮਤਿ ਦੂਸਰੇ ਨਾਲ ਨਹੀਂ ਮਿਲਦੀ ਤੇ ਹਰ ਕੋਈ ਆਪਣੀ ਮਤਿ ਨੂੰ ਹੀ ਠੀਕ ਸਮਝਦਾ ਹੈ। ਸੱਚੀ ਸੁੱਚੀ ਮਤਿ ਕੇਵਲ ਗੁਰੂ ਕੋਲੋਂ ਹੀ ਮਿਲ ਸਕਦੀ ਹੈ ਜੋ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮਨੁੱਖੀ ਸਰੀਰਾਂ ਤੇ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਸਮਝ ਕੇ ਉਨ੍ਹਾਂ ਦੇ ਪਿੱਛੇ ਲੱਗਦੇ ਹਾਂ ਉਨ੍ਹਾਂ ਤੇ ਭਰੋਸਾ ਰੱਖਣ ਵਾਲਿਆਂ ਨੂੰ ਮਨਮੁੱਖ ਅਤੇ ਅਗਿਆਨੀ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਸਹੀ ਮਾਰਗ ਦੀ ਸੋਝੀ ਹੀ ਨਹੀਂ ਹੈ ਨਾਮ ਦੀ ਵਥ ਦੀ ਸਮਝ ਨਹੀਂ ਹੈ ਕਿ ਉਸ ਵਥ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। **(ਮਨਮੁਖ ਅੰਧੇ ਸੂਝੈ ਨਾਹੀ)**। ਇਹ ਨਾਮ ਦੀ ਵਥ ਸਿਵਾਏ ਗੁਰੂ ਤੋਂ ਹੋਰ ਕਿਤੋਂ ਨਹੀਂ ਮਿਲ ਸਕਦੀ। ਅਖੀਰ ਬੰਦੇ ਨੂੰ ਖੱਜਲ ਖੁਆਰ ਹੋ ਕੇ ਗੁਰੂ ਦੇ ਦੁਆਰੇ ਤੇ ਆਉਣਾ ਹੀ ਪਵੇਗਾ ਭਾਵ ਹਰ ਮਨੁੱਖੀ ਆਸ ਨੂੰ ਤਿਆਗ ਕੇ, ਹਰ ਇੱਕ ਦੀ ਮਤਿ ਤਿਆਗ ਕੇ ਗੁਰੂ ਦੀ ਮਤਿ

ਨਾਲ ਹੀ ਜੁੜਨਾ ਪਵੇਗਾ ਭਾਵ ਗੁਰਮਤਿ ਅਨੁਸਾਰ ਚੱਲਣਾ ਹੀ ਪਵੇਗਾ ਤੇ ਤਾਂ ਹੀ ਇਹ ਨਾਮ ਦੀ ਵਥ ਪ੍ਰਾਪਤ ਹੋਵੇਗੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਵੇਗੀ। **(ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥)** ਪ੍ਰਮਾਤਮਾ ਨੂੰ ਕੇਵਲ ਉਸ ਦੀ ਕ੍ਰਿਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ ਭਾਵ ਉਹ ਆਪਣੀ ਕ੍ਰਿਪਾ ਦੁਆਰਾ ਹੀ ਮਨੁੱਖ ਨੂੰ ਭਗਤੀ ਦੇ ਸਹੀ ਮਾਰਗ ਤੇ ਪਾਉਂਦਾ ਹੈ। ਨਾਮ ਦੀ ਪ੍ਰਾਪਤੀ ਹੋਣ ਨਾਲ ਹੀ ਮਨੁੱਖ ਨੂੰ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਸਾਡੇ ਮਨ ਤਨ ਦੇ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ, ਇਹ ਮਨ ਤਨ ਉਸੇ ਦਾ ਹੀ ਹੈ। ਇਹ ਸੋਝੀ ਪੈਣ ਨਾਲ ਹੀ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ, ਉਸਨੂੰ ਸਮਝ ਲੱਗ ਜਾਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਅਤੇ ਮਨੁੱਖ ਦਾ ਮਨ ਵੀ ਪਵਿੱਤਰ ਹੋ ਜਾਂਦਾ ਹੈ, ਮੈਲ ਰਹਿਤ ਹੋ

4/260

ਜਾਂਦਾ ਹੈ, ਮਨ ਦੇ ਵਿਚ ਸੱਚੀ ਸਮਝ ਪੈਣ ਦੁਆਰਾ ਪ੍ਰਮਾਤਮਾ ਦੇ ਨਾਲ ਮਿਲ ਕੇ ਸੱਚਾ ਸੁੱਚਾ ਹੋ ਜਾਂਦਾ ਹੈ ਭਾਵ ਮਨ ਦੀ ਅਗਿਆਨਤਾ ਦੀ ਮੈਲ ਤੋਂ, ਹਉਮੈ ਦੀ ਮੈਲ ਤੋਂ ਰਹਿਤ ਹੋ ਜਾਂਦਾ ਹੈ। ਮਨ ਵਿੱਚ ਉਸਦਾ ਸੱਚਾ ਗਿਆਨ ਮਿਲਣ ਨਾਲ ਸਾਡੇ ਵਿਚਾਰ ਸੱਚੇ ਸੁੱਚੇ ਹੋ ਜਾਂਦੇ ਹਨ। ਮਨ ਦਾ ਸੱਚਾ ਸੁੱਚਾ ਹੋ ਜਾਣਾ ਹੀ, ਗੁਰੂ ਦੀ ਮਤਿ ਵਾਲਾ ਹੋ ਜਾਣਾ ਹੀ "ਸੁਥਾਨਿ" ਬੈਠਣਾ ਹੈ ਤੇ ਫਿਰ ਉਦੋਂ ਹੀ ਮਨੁੱਖ ਗੁਰੂ ਦੇ ਉਪਦੇਸ਼ ਤੇ ਚੱਲ ਕੇ ਪ੍ਰਮਾਤਮਾ ਦੇ ਸੱਚੇ ਸੁੱਚੇ ਗੁਣ ਗਾਉਂਦਾ ਹੈ ਤੇ ਉਸ ਪ੍ਰਮਾਤਮਾ ਦੇ ਸੱਚੇ ਸੁੱਚੇ ਉਪਦੇਸ਼ ਵਿੱਚ, ਹੁਕਮ ਵਿੱਚ, ਉਸਦੀ ਰਜ਼ਾ ਵਿੱਚ ਸਮਾਇਆ ਰਹਿੰਦਾ ਹੈ। ਇਹ "ਸੁਥਾਨਿ" ਸਾਡਾ ਮਨ ਹੈ, ਸਹਜ ਗਿਆਨ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਇਹ "ਸੁਥਾਨਿ" ਸਾਡਾ ਨਿੱਜ ਘਰ ਹੈ, ਪ੍ਰਮਾਤਮਾ ਦਾ ਦਰ ਹੈ। ਇਹ ਪ੍ਰਮਾਤਮਾ ਦਾ ਆਪਣਾ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਰੂਪ ਘਰ ਹੈ ਤੇ ਪੂਰੀ ਗੁਰਬਾਣੀ ਇਸੇ ਰੂਪ ਵਿੱਚ ਹੀ ਪ੍ਰਮਾਤਮਾ ਦਾ ਆਪਣਾ ਸੁਥਾਨਿ ਹੈ। **(ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ॥)**। ਜਦੋਂ ਗੁਰੂ ਦੀ ਮਤਿ ਸਾਡੇ ਅੰਦਰ ਵੱਸ ਜਾਂਦੀ ਹੈ ਫਿਰ ਮਨੁੱਖ ਔਗੁਣਾਂ ਤੋਂ ਨਿਕਲ ਜਾਂਦਾ ਹੈ, ਉਸ ਦੀਆਂ ਇੰਦਰੀਆਂ ਸੰਜਮ ਵਿੱਚ ਆ ਜਾਂਦੀਆਂ ਹਨ ਅਤੇ ਉਸਦਾ ਮਨ ਤ੍ਰਿਸ਼ਨਾਵਾਂ ਪਿੱਛੇ ਨਹੀਂ ਦੌੜਦਾ ਤੇ ਐਸਾ ਹੋਣ ਨਾਲ ਹੀ ਦਸਵੇਂ ਦੁਆਰ ਵਿੱਚ ਵਾਸਾ ਮਿਲਦਾ ਹੈ, ਆਪਣੇ ਅਸਲੀ ਘਰ ਵਿੱਚ, ਪ੍ਰਮਾਤਮਾ ਦੇ ਘਰ ਵਿੱਚ ਵਾਸਾ ਮਿਲਦਾ ਹੈ ਭਾਵ ਜਿਸ ਘਰ ਵਿੱਚੋਂ ਮਨੁੱਖ ਵਿਛੜਿਆ ਹੁੰਦਾ ਹੈ ਉੱਥੇ ਪਹੁੰਚ ਜਾਂਦਾ ਹੈ, ਪ੍ਰਮਾਤਮਾ ਨਾਲ ਰਲ ਜਾਂਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥)**। ਜਦੋਂ ਮਨੁੱਖ ਆਪਣੇ ਅਸਲੀ ਘਰ ਵਿੱਚ ਪਹੁੰਚ ਜਾਂਦਾ ਹੈ ਭਾਵ ਆਪਣੇ ਆਪ ਦੀ ਪਹਿਚਾਣ ਕਰਕੇ ਆਪਣੇ ਮਨ ਦੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤਾਂ ਫਿਰ ਮਨ ਦੇ ਵਿੱਚ ਅਨਹਦ ਸ਼ਬਦ ਹੀ ਵੱਜਦਾ ਹੈ ਜੋ ਆਪਣੇ ਸੱਚੇ ਗਿਆਨ ਦਾ ਨਾਦ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਆਪ ਹੀ ਵਜਾਉਂਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਆਪਣੀ ਸੱਚੀ ਗੁਰਮਤਿ ਸਮਝਾਉਂਦਾ ਹੈ, ਆਪਣਾ ਸੱਚਾ ਹੁਕਮ ਸੁਣਾਉਂਦਾ ਹੈ ਤੇ ਫਿਰ ਮਨੁੱਖ ਮਨ ਦੀ ਸੱਚੀ ਸਮਝ ਦੁਆਰਾ, ਸੱਚੇ ਗਿਆਨ ਦੁਆਰਾ ਦਿਨ ਰਾਤ ਮਨੁੱਖ ਗੁਰੂ ਦੇ ਹੁਕਮ ਵਿੱਚ ਰਹਿੰਦਾ ਹੈ, ਉਸਦੀ ਕਰਨੀ ਸ਼ਬਦ ਵਾਲੀ ਹੁੰਦੀ ਹੈ, ਨਾਮ ਵਾਲੀ ਹੁੰਦੀ ਹੈ, ਸੱਚੀ ਸੁੱਚੀ ਹੁੰਦੀ ਹੈ। ਮਨ ਦੇ ਵਿੱਚ ਅਨਹਦ ਸ਼ਬਦ ਪ੍ਰਮਾਤਮਾ ਆਪ ਹੀ ਵਜਾਉਂਦਾ ਹੈ, ਆਪਣਾ ਸੱਚਾ ਗਿਆਨ ਆਪ ਹੀ ਦਿੰਦਾ ਹੈ ਜੋ ਕਿ ਉਹ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ। ਪ੍ਰਮਾਤਮਾ ਦਾ ਸੁਣਾਇਆ ਹੋਇਆ ਹਰ ਸ਼ਬਦ ਅਨਹਦ ਸ਼ਬਦ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਅਨਹਦ ਸ਼ਬਦ ਸੁਣੇ ਹਨ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਅਨਹਦ ਸ਼ਬਦ ਪਾਏ ਹਨ। **(ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥)**। ਮਨ ਦੀ ਇਸ ਸੱਚੀ ਸੋਝੀ ਦੇ ਰੂਪ ਵਿੱਚ ਇਹ "ਅਨਹਦ ਸ਼ਬਦ" ਦਸਵੇਂ ਦੁਆਰ ਵਿੱਚ ਪਹੁੰਚ ਕੇ, ਮਨ ਦੇ ਵਿੱਚ ਦਸਵਾਂ ਦੁਆਰ ਖੁੱਲਣ ਦੁਆਰਾ ਭਾਵ ਮਨ ਦੇ ਵਿੱਚ ਜਦੋਂ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ, ਉਸਦੇ ਕੋਲੋਂ ਹੀ ਸੁਣਦਾ ਹੈ, ਉਹ ਆਪ ਹੀ ਸੁਣਾਉਂਦਾ ਹੈ, ਆਪਣੀ ਸੱਚੀ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣੀ ਸੱਚੀ ਮਤਿ ਉਹ ਆਪ ਹੀ ਦਿੰਦਾ ਹੈ। ਮਨ ਦੇ ਵਿੱਚੋਂ ਇਸੇ ਤਰ੍ਹਾਂ ਹੀ ਗੁਰਬਾਣੀ ਪ੍ਰਗਟ ਹੋਈ ਹੈ ਜੋ ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਹੈ, ਅਨਹਦ ਬਾਣੀ ਹੈ। ਹਰ ਵੇਲੇ ਮਨ ਦੀ ਇਹੋ ਜਿਹੀ ਸੱਚੀ ਸਮਝ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਨੂੰ ਦਿਨ ਰਾਤ ਅੱਠੇ ਪਹਿਰ ਜਪਣਾ ਹੈ, ਅਹਿਨਿਸ ਨਾਮ ਜਪਣਾ ਹੈ, ਸਵਾਸ-ਸਵਾਸ ਜਪਣਾ ਹੈ, ਸਾਸ ਗਿਰਾਸ ਜਪਣਾ ਹੈ, ਉਸ ਦੇ ਭਾਣੇ ਵਿੱਚ ਰਹਿਣਾ ਹੈ, ਉਸਦੀ ਸਿਫਤ ਸਾਲਾਹ ਹੈ। ਸ਼ਬਦ ਗੁਰੂ ਹੈ, ਸੱਚਾ ਗਿਆਨ ਹੈ ਤੇ ਜਦ ਤੱਕ ਸਾਡੇ ਅੰਦਰ ਸ਼ਬਦ ਨਹੀਂ ਵੱਸਦਾ ਸਾਡੇ ਅੰਦਰ ਦੀ ਅਗਿਆਨਤਾ ਨਹੀਂ ਜਾ ਸਕਦੀ, ਸਾਡੇ ਅੰਦਰ ਨਾਮ ਦਾ ਪ੍ਰਕਾਸ਼ ਨਹੀਂ ਹੋ ਸਕਦਾ, ਗੁਰੂ ਦੀ ਮਤਿ ਦਾ ਪ੍ਰਕਾਸ਼

ਨਹੀਂ ਹੋ ਸਕਦਾ ਤੇ ਗੁਰੂ ਦੀ ਮਤਿ ਲਏ ਬਿਨ੍ਹਾਂ ਸਾਨੂੰ ਨਾਮ ਵਥ ਦੀ ਪ੍ਰਾਪਤੀ ਨਹੀਂ ਹੋ ਸਕਦੀ ਤੇ ਅਸੀਂ ਕਦੇ ਵੀ ਆਵਾਗਉਣ ਚੋਂ ਨਹੀਂ

4/261

ਨਿਕਲ ਸਕਦੇ **(ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥ ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥ ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥ ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥ ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥)** ਜਿਵੇਂ ਕਿ ਸ਼ਬਦ ਵਿੱਚ ਪਿੱਛੇ ਅਸੀਂ ਸਮਝਿਆ ਹੈ ਕਿ ਅਸੀਂ ਗੁਰੂ ਦੀ ਮਤਿ ਤੇ ਭਰੋਸਾ ਨਾ ਕਰਕੇ, ਗੁਰੂ ਦੇ ਉਪਦੇਸ਼ ਤੇ ਨਾ ਚੱਲ ਕੇ ਨਾਮ ਦੀ ਪ੍ਰਾਪਤੀ ਲਈ ਕਿਸੇ "**ਦੇਹ**" ਉੱਤੇ ਭਰੋਸਾ ਕਰਦੇ ਹਾਂ। ਇਹੀ ਭੁਲੇਖਾ ਸਾਡਾ ਫਿਰ ਦੁਬਾਰਾ ਇਸੇ ਸ਼ਬਦ ਵਿੱਚ ਕੱਢਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਵਾਉਣ ਦੀ ਕੁੰਜੀ, ਨਾਮ ਵੱਥ ਦੀ ਪ੍ਰਾਪਤੀ ਦੀ ਕੁੰਜੀ ਕੇਵਲ ਗੁਰੂ ਦੇ ਕੋਲ ਹੈ ਤੇ ਉਸ ਤੋਂ ਇਲਾਵਾ ਅਸੀਂ ਜਿਹੜੇ ਮਰਜੀ ਦਰ ਤੇ ਚੱਲੇ ਜਾਈਏ, ਜਿਸ ਮਰਜੀ ਦੇਹ ਦੇ ਪਿੱਛੇ ਲੱਗ ਜਾਈਏ, ਕਿਸੇ ਵੀ ਹੋਰ ਦੀ ਮਤਿ ਦੇ ਪਿੱਛੇ ਲੱਗ ਜਾਈਏ, ਸਾਨੂੰ ਪ੍ਰਮਾਤਮਾ ਨਾਲ ਕੋਈ ਨਹੀਂ ਮਿਲਾ ਸਕਦਾ। ਇੱਕੋ ਇੱਕ ਤਰੀਕਾ ਇਹੋ ਹੀ ਹੈ ਕਿ ਮਨੁੱਖ ਸਿੱਧੇ ਤੌਰ ਤੇ ਬਾਣੀ ਨਾਲ ਜੁੜੇ, ਉਸ ਤੇ ਭਰੋਸਾ ਕਰੇ ਅਤੇ ਉਸ ਤੇ ਅਮਲ ਕਰੇ ਤੇ ਹੋਰ ਕਿਤੇ ਭਟਕਣ ਦੀ ਲੋੜ ਨਹੀਂ ਹੈ, ਕੇਵਲ ਖੱਜਲ ਖੁਆਰੀ ਹੈ। ਗੁਰੂ ਨੂੰ ਛੱਡ ਕੇ ਜਿਸਦੇ ਪਿੱਛੇ ਵੀ ਲੱਗਾਗੇ ਉਹ ਸਾਨੂੰ ਆਪਣੀ ਮਤਿ ਅਨੁਸਾਰ ਜਪ ਤਪ ਕਰਨੇ ਹੀ ਸਿਖਾਏਗਾ, ਸੁਰਤੀਆਂ ਜੋੜਨ ਦੇ ਤਰੀਕੇ ਹੀ ਸਿਖਾਏਗਾ, ਜੀਵਨੀਆਂ ਦੀਆਂ ਗੱਲਾਂ ਸੁਣਾਏਗਾ, ਰਿਧੀਆਂ ਸਿੱਧੀਆਂ ਦੀਆਂ ਗੱਲਾਂ ਸੁਣਾਏਗਾ, ਕੋਈ ਖੰਡਾਂ ਬ੍ਰਹਿਮੰਡਾਂ ਦੀਆਂ ਗੱਲਾਂ ਸੁਣਾਏਗਾ, ਕੋਈ ਸ਼ਕਤੀਆਂ ਦੇਣ ਦੀਆਂ ਗੱਲਾਂ ਕਰੇਗਾ, ਕੋਈ ਪਿਛਲੇ ਜਨਮ ਦੀਆਂ ਗੱਲਾਂ ਸੁਣਾਏਗਾ, ਕੋਈ ਅਗਲੇ ਜਨਮ ਦੀਆਂ ਗੱਲਾਂ ਕਰੇਗਾ, ਕੋਈ ਕਿਸੇ ਖਾਸ ਸ਼ਬਦ ਨੂੰ ਪੜ੍ਹਨ ਦੀਆਂ ਗੱਲਾਂ ਦੱਸੇਗਾ, ਕੋਈ ਆਪ ਹੀ ਨਾਮ ਦੇਵੇਗਾ, ਕੋਈ ਦੁੱਖ ਦੂਰ ਕਰਨ ਦੀ ਗਾਰੰਟੀ ਦੇਵੇਗਾ ਭਾਵ ਜਿੱਥੇ ਵੀ ਜਾਓਗੇ, ਹਰ ਕੋਈ ਆਪਣੇ ਤਰੀਕੇ ਨਾਲ ਉਲਝਣਾ ਹੀ ਪੱਲੇ ਪਾਵੇਗਾ ਭਾਵ ਉਹੋ ਜਿਹੀਆਂ ਗੱਲਾਂ ਕਰੇਗਾ, ਦੱਸੇਗਾ ਜੋ ਜਿਆਦਾਤਰ ਬਾਣੀ ਦੀ ਕਸਵੱਟੀ ਤੇ ਪੂਰੀਆਂ ਨਹੀਂ ਉਤਰਦੀਆਂ। ਜੇਕਰ ਕੋਈ ਇੱਕ ਦੋ ਗੱਲਾਂ ਠੀਕ ਵੀ ਦੱਸੇਗਾ ਤੇ ਨਾਲ ਦਸ ਗੱਲਾਂ ਗਲਤ ਮਾਰਗ ਤੇ ਪਾਉਣ ਵਾਲੀਆਂ ਵੀ ਸਮਝਾ ਦੇਵੇਗਾ। ਗੁਰੂ ਦੀ ਬਰਾਬਰੀ ਕੌਣ ਕਰ ਸਕਦਾ ਹੈ। ਅਸੀਂ ਇਹੋ ਜਿਹੀਆਂ ਗੱਲਾਂ ਨੂੰ ਸੱਚ ਮੰਨ ਕੇ ਉਨ੍ਹਾਂ ਵਿੱਚ ਉਲਝ ਜਾਂਦੇ ਹਾ। ਸਾਨੂੰ ਭਰੋਸਾ ਕੇਵਲ ਗੁਰੂ ਦੇ ਦਰ ਤੇ ਹੀ ਰੱਖਣਾ ਚਾਹੀਦਾ ਹੈ ਭਾਵ ਉਸਦੇ ਦਿੱਤੇ ਹੋਏ ਉਪਦੇਸ਼ ਤੇ ਹੀ ਰੱਖਣਾ ਚਾਹੀਦਾ ਹੈ, ਤੇ ਉਸ ਦੇ ਦੁਆਰਾ ਹੀ ਸਾਡੇ ਭਾਗ ਖੁੱਲ੍ਹ ਸਕਦੇ ਹਨ ਅਤੇ ਪ੍ਰਮਾਤਮਾ ਸਾਡੇ ਤੇ ਕ੍ਰਿਪਾ ਕਰਕੇ ਆਪਣੇ ਨਾਲ ਮਿਲਾ ਸਕਦਾ ਹੈ। ਗੁਰੂ ਵਿੱਚ ਤੇ ਆਮ ਮਨੁੱਖ ਵਿੱਚ ਕਿਸ ਗੱਲ ਦਾ ਫਰਕ ਹੈ, ਇਸ ਗੱਲ ਨੂੰ ਸਮਝਣਾ ਜਰੂਰੀ ਹੈ। ਗੁਰੂ ਆਪਣੀ ਉੱਚੀ ਤੇ ਸੱਚੀ ਸਮਝ ਦੁਆਰਾ ਉੱਚਾ ਹੈ ਜੋ ਮਨੁੱਖੀ ਸਮਝ ਨਾਲੋਂ ਬਹੁਤ ਉੱਚੀ ਸਮਝ ਹੈ। ਮਨੁੱਖ ਦੀ ਸਮਝ ਤ੍ਰੈਗੁਣਾਂ ਵਾਲੀ ਹੈ ਤੇ ਗੁਰੂ ਦੀ ਸਮਝ ਚੌਥੇ ਪਦ ਵਾਲੀ ਹੈ। ਪ੍ਰਮਾਤਮਾ ਦੇ ਨਾਲ ਮੇਲ ਚੌਥੇ ਪਦ ਵਾਲੀ ਸਮਝ ਦੇ ਵਿੱਚ ਪਹੁੰਚ ਕੇ ਹੁੰਦਾ ਹੈ। ਜਿਸ ਸਮਝ ਨਾਲ ਸਾਨੂੰ ਕੇਵਲ ਗੁਰੂ ਹੀ ਜੋੜ ਸਕਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਜੋੜ ਸਕਦਾ ਹੈ। ਗੁਰੂ ਦਾ ਸੱਚਾ ਗਿਆਨ ਹੀ ਉਹ ਕੁੰਜੀ ਹੈ ਜਿਸ ਦੁਆਰਾ ਮਨੁੱਖ ਦੇ ਮਨ ਦੇ ਅੰਦਰ ਲਗਾ ਹੋਇਆ ਭਰਮਾਂ ਵਾਲੇ ਵਿਚਾਰਾਂ ਦਾ ਤਾਲਾ ਖੁੱਲ੍ਹਦਾ ਹੈ ਤੇ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਸਾਡੇ ਮਨ ਦੇ ਅੰਦਰ ਅਗਿਆਨਤਾ ਰੂਪ ਹਨ੍ਹੇਰਾ ਹੈ ਜੋ ਹਨ੍ਹੇਰਾ ਗੁਰੂ ਦੇ ਸ਼ਬਦਾਂ ਦੇ ਗਿਆਨ ਦੁਆਰਾ ਹੀ ਦੂਰ ਹੁੰਦਾ ਹੈ ਤੇ ਗੁਰੂ ਤੋਂ ਬਿਨ੍ਹਾਂ ਸਾਡੇ ਮਨ ਦਾ ਇਹ ਹਨ੍ਹੇਰਾ ਹੋਰ ਕੋਈ ਨਹੀਂ ਦੂਰ ਕਰ ਸਕਦਾ ਤੇ ਨਾ ਹੀ ਕੋਈ ਹੋਰ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। (**ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥**)

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥

ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥

ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥

ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥}

(ਅੰਗ ੨੦੫)

{ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥}

(ਅੰਗ 1237)

4/262

ਪ੍ਰਮਾਤਮਾ ਆਪ ਹੀ ਸਭ ਵਿੱਚ ਹੈ, ਸਭ ਵਿੱਚ ਵਰਤ ਰਿਹਾ ਹੈ ਪਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ, ਨਿਰਗੁਣ ਸਰੂਪ ਵਿੱਚ ਵਰਤ ਰਿਹਾ ਹੈ, ਗਿਆਨ ਰੂਪ ਵਿੱਚ ਵਰਤ ਰਿਹਾ ਹੈ। ਉਹ ਜਿੱਥੇ ਚਾਹੇ ਸੋਝੀ ਪਾ ਸਕਦਾ ਹੈ ਭਾਵ ਭਗਤੀ ਦੇ ਸਹੀ ਮਾਰਗ ਤੇ ਪਾ ਸਕਦਾ ਹੈ, ਉਹ ਜਿੱਥੇ ਚਾਹੇ ਆਪਣੀ ਕ੍ਰਿਪਾ ਕਰਕੇ ਆਪਣੇ ਨਾਲ ਮਿਲਾ ਸਕਦਾ ਹੈ। ਇਸ ਕਰਕੇ ਸਾਨੂੰ ਕੇਵਲ ਉਸ ਤੇ ਹੀ ਭਰੋਸਾ ਰੱਖਣਾ ਚਾਹੀਦਾ ਹੈ, ਕੇਵਲ ਗੁਰੂ ਤੇ ਭਰੋਸਾ ਰੱਖਣਾ ਚਾਹੀਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਗੁਪਤੁ ਪਰਗਟੁ ਤੂੰ ਸਭਨੀ ਥਾਈ॥ ਗੁਰ ਪਰਸਾਦੀ ਮਿਲਿ ਸੋਝੀ ਪਾਈ॥)**। ਗੁਰੂ ਤੇ ਭਰੋਸਾ ਕਿਵੇਂ ਜਤਾਉਣਾ ਹੈ ਇਹ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ ਕਿ ਸਾਨੂੰ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਚਾਹੀਦਾ ਹੈ। **“ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ॥”** ਅਸੀਂ ਕਿਸੇ ਗੱਲ ਲਈ ਉੱਦਮ ਤਾਂ ਹੀ ਕਰ ਸਕਦੇ ਹਾਂ, ਜਦੋਂ ਸਾਨੂੰ ਭਰੋਸਾ ਹੋ ਜਾਵੇ ਕਿ ਇਹ ਉੱਦਮ ਸਾਡੇ ਲਈ ਸਹੀ ਹੈ, ਐਸਾ ਕਰਨ ਨਾਲ ਸਾਡੇ ਮਨੋਰਥ ਦੀ ਪੂਰਤੀ ਹੁੰਦੀ ਹੈ ਭਾਵ ਪਹਿਲਾਂ ਇਹ ਯਕੀਨ ਜਰੂਰੀ ਹੈ ਕਿ ਅਸੀਂ ਜੋ ਕੁੱਝ ਕਰ ਰਹੇ ਹਾਂ ਉਸ ਨਾਲ ਸਾਨੂੰ ਕੁੱਝ ਲਾਹਾ ਪ੍ਰਾਪਤ ਹੋਵੇਗਾ। ਇਸ ਉੱਪਰ ਵਾਲੀ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਉੱਦਮ ਕਰਨ ਲਈ ਪ੍ਰੇਰ ਰਹੇ ਹਨ, ਸਾਡਾ ਭਰੋਸਾ ਬੰਨ੍ਹ ਰਹੇ ਹਨ, ਸਾਨੂੰ ਮਾਰਗ ਦਿਖਾ ਰਹੇ ਹਨ ਕਿ ਤੂੰ ਉਸ ਪ੍ਰਮਾਤਮਾ ਦੀ ਸਿਫਤ ਕਰ ਤੇ ਹਮੇਸ਼ਾ ਇਸੇ ਤਰ੍ਹਾਂ ਹੀ ਸਿਫਤ ਕਰ ਭਾਵ ਪ੍ਰਮਾਤਮਾ ਦੀ ਸਿਫਤ ਕਰਨ ਦਾ ਕੇਵਲ ਇਹੀ ਤਰੀਕਾ ਹੈ ਕਿ ਤੂੰ ਗੁਰੂ ਦੇ ਉਪਦੇਸ਼ ਨੂੰ ਮੰਨ ਕੇ ਆਪਣੇ ਅੰਦਰ ਵੱਸਾ। ਅਸੀਂ ਕੇਵਲ ਇਹੀ ਉੱਦਮ ਕਰ ਸਕਦੇ ਹਾਂ ਤੇ ਉਸ ਤੋਂ ਬਾਅਦ ਇਹ ਉਸ ਪ੍ਰਮਾਤਮਾ ਦਾ ਆਪਣਾ ਬਣਾਇਆ ਨਿਯਮ ਹੈ ਕਿ ਉਹ ਆਪ ਹੀ ਸਾਡੇ ਤੇ ਕ੍ਰਿਪਾ ਕਰੇਗਾ। ਸਾਡਾ ਕੰਮ ਉਸ ਤੇ ਭਰੋਸਾ ਰੱਖ ਕੇ ਉਸ ਨੂੰ ਜਪੀ ਜਾਣਾ ਹੈ ਭਾਵ ਉਸਦੇ ਉਪਦੇਸ਼ ਤੇ ਚੱਲੀ ਜਾਣਾ ਹੈ, ਗੁਰੂ ਦੀ ਗੱਲ ਨੂੰ ਮੰਨੀ ਜਾਣਾ ਹੈ। ਕਿਰਪਾ ਤੇ ਸਾਡੇ ਤੇ ਗੁਰੂ ਪ੍ਰਮਾਤਮਾ ਨੇ ਹੀ ਕਰਨੀ ਹੈ। ਉਸਦੀ ਕਿਰਪਾ ਦੀ ਆਸ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਉਸਦੀ ਗੱਲ ਤੇ ਭਰੋਸਾ ਕਰਾਂਗੇ। ਹੋਰ ਕੋਈ ਐਸਾ ਹੈ ਹੀ ਨਹੀਂ ਜੋ ਸਾਡੇ ਤੇ ਕਿਰਪਾ ਕਰ ਸਕੇ ਭਾਵ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕੇ । ਜੇ ਗੱਲ ਬਾਹਰ ਵਾਲਿਆਂ ਦੀ ਮੰਨਾਂਗੇ ਤਾਂ ਫਿਰ ਗੁਰੂ ਦੀ ਕ੍ਰਿਪਾ ਦੀ ਉਮੀਦ ਕਿਵੇਂ ਰੱਖ ਸਕਦੇ ਹਾਂ। ਜਿਨ੍ਹਾਂ ਦੇ ਪਿੱਛੇ ਲੱਗਦੇ ਹਾਂ, ਉਨ੍ਹਾਂ ਦੇ ਆਪਣੇ ਵੱਸ ਕੀ ਹੈ ਤੇ ਇਸ ਲਈ ਕਿਉਂ ਨਾ ਉਸਦੇ ਪਿੱਛੇ ਲੱਗੀਏ, ਉਸਦੀ ਗੱਲ ਮੰਨੀਏ ਜਿਸਦੇ ਹੱਥ ਵੱਸ ਸਭ ਕੁਝ ਹੈ। ਇਹੀ ਇਸ ਪੂਰੇ ਸ਼ਬਦ ਦਾ ਸਾਰ ਹੈ ਕਿ ਅਸੀਂ ਮਨੁੱਖੀ ਦੇਹ ਤੋਂ ਆਪਣਾ ਭਰੋਸਾ ਹਟਾ ਕੇ ਗੁਰੂ ਤੇ ਭਰੋਸਾ ਰੱਖੀਏ। ਸਾਰੀ ਪ੍ਰਾਪਤੀ ਗੁਰੂ ਕੋਲੋਂ ਹੀ ਹੋਣੀ ਹੈ। ਨਾਮ ਦੀ ਸਿਫਤ ਨਾਮ ਤੇ ਚੱਲ ਕੇ ਹੀ ਹੋ ਸਕਦੀ ਹੈ ਭਾਵ ਪ੍ਰਮਾਤਮਾ ਦੀ ਸਿਫਤ ਪ੍ਰਮਾਤਮਾ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਹੀ ਹੋ ਸਕਦੀ ਹੈ।

4/263

ਆਓ ਹੁਣ ਹੇਠ ਦਿੱਤੇ ਸ਼ਬਦਾਂ ਨੂੰ ਵਿਚਾਰੀਏ ਤੇ ਗੁਰੂ ਕੋਲੋਂ ਇਹ ਜਾਣੀਏ ਕਿ ਗੁਰੂ ਦੀ ਸੇਵਾ ਕਿਵੇਂ ਕਰਨੀ ਹੈ, ਧਰਮ ਕਿਵੇਂ ਕਮਾਉਣਾ ਹੈ ਅਤੇ ਜਿਹੋ ਜਿਹੇ ਜਪ ਤਪ ਅਸੀਂ ਕਰਦੇ ਹਾਂ, ਉਨ੍ਹਾਂ ਦਾ ਗੁਰੂ ਦੀਆਂ ਨਜ਼ਰਾਂ ਵਿੱਚ ਕੀ ਮੁੱਲ ਹੈ।

“ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ॥੧॥
ਮਨ ਰੇ ਸਦਾ ਭਜਹੁ ਹਰਿ ਸਰਣਾਈ॥
ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ॥੧॥ਰਹਾਉ॥”

(ਅੰਗ ੩੧)

“ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥
ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ॥੧॥”

(ਅੰਗ ੩੩)

ਅਰਥ ਆਸਾਨੀ ਨਾਲ ਸਮਝ ਆ ਜਾਂਦੇ ਹਨ। ਅਸੀਂ ਪ੍ਰਾਪਤੀ ਤਾਂ "ਅੰਮ੍ਰਿਤੁ" ਦੀ ਕਰਨੀ ਚਾਹੁੰਦੇ ਹਾਂ ਜੋ ਕਿ ਅੰਮ੍ਰਿਤ ਬਾਣੀ ਦੁਆਰਾ ਹੋ ਸਕਦੀ ਹੈ। ਅੰਮ੍ਰਿਤ ਬਾਣੀ ਸਾਨੂੰ "ਅੰਮ੍ਰਿਤੁ" ਦੀ ਪ੍ਰਾਪਤੀ ਕਰਨ ਦਾ ਤਰੀਕਾ ਸਮਝਾ ਰਹੀ ਹੈ। ਸਾਨੂੰ ਔਗੁਣਾਂ ਵਿੱਚੋਂ ਨਿਕਲ ਕੇ ਸੱਚੇ ਸੁੱਚੇ ਕਰਮ ਕਰਨ ਲਈ ਸਮਝਾ ਰਹੀ ਹੈ। ਪਰ ਅਸੀਂ ਬਜਾਇ ਗੁਰੂ ਦੀ ਗੱਲ ਤੇ ਅਮਲ ਕਰਨ ਦੇ ਆਪਣੀ ਕਾਇਆ ਦੁਆਰਾ ਜਪ ਤਪ ਕਰਨਾ ਹੀ ਠੀਕ ਸਮਝਦੇ ਹਾਂ ਭਾਵ ਇਸ ਨੂੰ ਹੀ ਅੰਮ੍ਰਿਤ ਦੀ ਪ੍ਰਾਪਤੀ ਦਾ ਸਾਧਨ ਮੰਨਦੇ ਹਾਂ, ਇਸ ਨੂੰ ਹੀ ਗੁਰੂ ਦੀ ਸੇਵਾ ਸਮਝਦੇ ਹਾਂ, ਧਰਮ ਤੇ ਚੱਲਣਾ ਸਮਝਦੇ ਹਾਂ ਭਾਵ ਅਧਿਆਤਮ ਕਰਮ ਸਮਝਦੇ ਹਾਂ, ਚੰਗੇ ਕਰਮ ਸਮਝਦੇ ਹਾਂ। ਜੇਕਰ ਅਸੀਂ ਮਾਇਆ ਮੋਹ ਵਿੱਚੋਂ ਨਹੀਂ ਨਿਕਲਦੇ, ਉਸਦੇ ਲੋਭ ਵਿੱਚ ਹੀ ਫਸੇ ਰਹਿੰਦੇ ਹਾਂ ਤਾਂ ਫਿਰ ਇਹ ਬੇਗਾਨੀ ਸੇਵਾ ਹੈ ਭਾਵ ਗੁਰੂ ਦੀ ਸੇਵਾ ਨਹੀਂ ਹੈ। ਗੁਰੂ ਦੀ ਸੇਵਾ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ।

{ਗੁਰ ਕੀ ਸੇਵਾ ਸਬਦੁ ਵੀਚਾਰੁ ॥
ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ ੨੨੩)

{ਸੇਵ ਕੀਤੀ ਸੰਤੋਖੀਈਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਜਿਸਦੇ ਵਿਚਾਰਾਂ ਨੂੰ ਅਸੀਂ ਮੰਨਦੇ ਹਾਂ ਅਸੀਂ ਅਸਲ ਵਿੱਚ ਉਸ ਦੀ ਸੇਵਾ ਹੀ ਕਰਦੇ ਹਾਂ। ਜਿਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ ਹੈ, ਜਪ ਤਪ ਆਦਿ ਸਿੱਖੇ ਹਨ, ਉਨ੍ਹਾਂ ਦੀਆਂ ਗੱਲਾਂ ਮੰਨ ਕੇ ਅਸੀਂ ਉਨ੍ਹਾਂ ਦੇ ਵਿਚਾਰਾਂ ਦੀ ਸੇਵਾ ਕਰਦੇ ਹਾਂ। ਸਭ ਦੇ ਅੰਦਰ ਮਾਇਆ ਹੈ, ਅਗਿਆਨਤਾ ਹੈ ਤੇ ਉਨ੍ਹਾਂ ਦੀਆਂ ਗੱਲਾਂ ਪਿੱਛੇ ਲੱਗਣਾ ਮਾਇਆ ਦੀ ਸੇਵਾ ਹੈ, ਮਾਇਆ ਦੀ ਪੂਜਾ ਹੈ, ਅਗਿਆਨਤਾ ਦੀ ਪੂਜਾ ਹੈ। ਸਰੀਰਕ ਜਪ ਤਪ ਕਰਕੇ ਅਸੀਂ ਆਪਣਾ ਧਰਮ ਗਵਾਉਂਦੇ ਹਾਂ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ ਕਿਉਂਕਿ ਧਰਮ ਮਾਇਆ ਮੋਹ ਵਿੱਚੋਂ ਨਿਕਲ ਕੇ ਸੱਚੇ ਸੁੱਚੇ ਕਰਮ ਕਰਨਾ ਹੈ। ਸਾਨੂੰ ਸਹੀ ਮਾਰਗ ਦੀ ਸਮਝ ਨਾ ਹੋਣਾ ਹੀ ਇਸ ਦਾ ਕਾਰਨ ਹੈ ਤੇ ਇਹੋ ਜਿਹਾ ਜਪ ਤਪ ਕਰਨ ਨਾਲ ਅਸੀਂ ਆਪਣਾ ਸਾਰਾ ਸਮਾਂ ਭਾਵ ਅਨਦਿਨ ਦੁੱਖਾਂ ਵਿੱਚ ਹੀ ਗੁਜ਼ਾਰ ਰਹੇ ਹਾਂ, ਕੋਈ ਸੁੱਖ ਦੀ, ਪ੍ਰਮਾਤਮਾ ਦੀ ਪ੍ਰਾਪਤੀ ਦਾ ਉਪਰਾਲਾ ਨਹੀਂ ਕਰ ਰਹੇ। ਸੁੱਖ ਦੀ ਪ੍ਰਾਪਤੀ ਹਰ ਵੇਲੇ ਗੁਰੂ ਦੇ ਉਪਦੇਸ਼ ਵਿੱਚ ਰਹਿਣ ਨਾਲ ਹੋ ਸਕਦੀ ਹੈ। ਜੋ ਮਨੁੱਖ ਮਾਇਆ ਵਿੱਚ ਹੀ ਉਲਝਿਆ ਹੋਇਆ ਹੈ ਭਾਵ ਆਪਣੀ ਨਾ-ਸਮਝ ਮਤਿ ਦੇ ਨਾਲ ਹੀ ਜੁੜਿਆ ਹੋਇਆ ਹੈ

4/264

ਉਹ ਉਸੇ ਦੀ ਭਾਵ ਮਾਇਆ ਮੋਹ ਦੀ ਹੀ ਸੇਵਾ ਕਰ ਰਿਹਾ ਹੈ। **(ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ॥ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ॥)** ਉਹ ਨਾ-ਸਮਝ ਹੈ, ਅਗਿਆਨਤਾ ਵਿੱਚ ਹੈ ਤੇ ਪ੍ਰਮਾਤਮਾ ਨੂੰ ਭੁੱਲਿਆ ਹੋਇਆ ਹੈ (**ਨ ਚੇਤਹੀ**) ਭਾਵ ਉਹ ਪ੍ਰਮਾਤਮਾ ਨੂੰ ਨਹੀਂ ਚੇਤ ਰਿਹਾ ਤੇ ਉਸਦੀ ਹਾਲਤ ਬਿਨ੍ਹਾਂ ਪਾਣੀ ਤੋਂ ਡੁੱਬਣ ਵਾਲੀ ਹੈ ਭਾਵ ਉਹ ਡੁੱਬਿਆ ਤਾਂ ਹੋਇਆ ਹੈ ਪਰ ਉਸ ਨੂੰ ਇਸ ਦੀ ਸਮਝ ਨਹੀਂ ਹੈ ਕਿਉਂਕਿ ਉਸ ਨੂੰ ਪਾਣੀ ਨਜ਼ਰ ਨਹੀਂ ਆ ਰਿਹਾ ਭਾਵ ਉਸਨੂੰ ਗੁਰੂ ਦੀ ਮਤਿ ਦੀ ਸਮਝ ਨਹੀਂ ਆ ਰਹੀ । ਜਿਸ ਜਲ ਨੇ ਸਾਨੂੰ ਮਾਇਆ ਵਿੱਚ ਡੁੱਬਣ ਤੋਂ ਬਚਾਣਾ ਹੈ, ਉਹ ਪਾਣੀ, ਉਹ ਜਲ, ਗੁਰੂ ਦੀ ਮਤਿ ਦਾ ਜਲ ਹੈ, ਅੰਮ੍ਰਿਤ ਜਲ ਹੈ ਜਿਸਦੀ ਉਸ ਨੂੰ ਸਮਝ ਨਹੀਂ ਹੈ, ਮਨ ਦੀ ਅਗਿਆਨਤਾ ਕਰਕੇ ਸਮਝ ਨਹੀਂ ਹੈ ਤੇ ਉਹ ਮਾਇਆ ਮੋਹ ਵਿੱਚ ਡੁੱਬਿਆ ਹੋਇਆ ਹੈ। **(ਮਨਮੁਖ ਅੰਧ ਨ**

ਚੇਤਹੀ ਡੂਬਿ ਮੁਏ ਬਿਨੁ ਪਾਣੀ॥੧॥) ਸਹੀ ਮਾਰਗ ਦੀ ਸੋਝੀ ਵੀ ਨਾਲ ਹੀ ਪਾਈ ਹੋਈ ਹੈ। ਸਾਨੂੰ ਉਹੋ ਜਿਹਾ ਸਹੀ ਭਜਨ ਕਰਨ ਲਈ ਕਿਹਾ ਗਿਆ ਹੈ ਭਾਵ ਉਹ ਕੁੱਝ ਕਰਨ ਲਈ ਸਮਝਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਹਮੇਸ਼ਾਂ ਗੁਰੂ ਦੀ ਸ਼ਰਣ ਵਿੱਚ ਰਹਿ ਸਕੀਏ ਭਾਵ ਗੁਰਮਤਿ ਦੀ ਸ਼ਰਣ ਵਿੱਚ ਰਹਿ ਸਕੀਏ। ਤਰੀਕਾ ਉਹੋ ਹੈ ਜੋ ਪਿੱਛੇ ਵੀ ਵਾਰ-ਵਾਰ ਸਮਝਾਇਆ ਹੋਇਆ ਹੈ। ਸਾਰੀ ਗੱਲ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਉਣ ਦੀ ਹੈ, ਗੁਰੂ ਦੇ ਸ਼ਬਦ ਦੁਆਰਾ ਜਿਉਂਦਿਆਂ ਮਰਨ ਦੀ ਹੈ। ਇਹੋ ਜਿਹਾ ਕਰਨ ਦੁਆਰਾ ਹੀ ਗੁਰੂ ਹਮੇਸ਼ਾਂ ਚੇਤੇ ਰਹਿੰਦਾ ਹੈ ਤੇ ਕਦੇ ਵਿਸਰਦਾ ਨਹੀਂ। **(ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ॥)** ਇਹੀ ਨਾਮ ਦਾ ਵੱਸਣਾ ਹੈ ਜਿਸ ਦੁਆਰਾ ਸਾਡੀ ਹਉਮੈ ਜਾ ਸਕਦੀ ਹੈ, ਸਾਡੇ ਮਨ ਦੀ ਅਗਿਆਨਤਾ ਜਾ ਸਕਦੀ ਹੈ ਤੇ ਹੋਰ ਕਿਸੇ ਵੀ ਜਪ ਤਪ ਦੁਆਰਾ ਹਉਮੈ ਨਹੀਂ ਜਾ ਸਕਦੀ। ਨਾਮ ਦੀ ਕਦੇ ਪ੍ਰਾਪਤੀ ਨਹੀਂ ਹੋ ਸਕਦੀ। (**ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥ ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ॥ ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ॥੧॥)**

ਆਓ ਹੁਣ ਹੇਠ ਲਿਖੇ ਸ਼ਬਦ ਦੁਆਰਾ ਆਪਣੇ ਇਨ੍ਹਾਂ ਭੁਲੇਖਿਆਂ ਨੂੰ ਸਵਾਰ ਕੇ ਕੱਢੀਏ ਕਿ ਪ੍ਰਮਾਤਮਾ ਨੂੰ ਦਿਨ ਰਾਤ ਜਪਣਾ ਕੀ ਹੈ, ਉਸਦੀ ਸੇਵਾ ਕੀ ਹੈ ਅਤੇ ਨਾਮ ਨੂੰ ਨਾ ਵਿਸਾਰਨਾ ਕੀ ਹੈ, ਹਰਿ ਰਸ ਭੋਗਣਾ ਕੀ ਹੈ, ਹਰ ਧੰਨ ਕੀ ਹੈ, ਸ਼ਬਦ ਵਿੱਚ ਭਿੱਜਣਾ ਕੀ ਹੈ, ਗੁਰੂ ਦਾ ਸੱਜਣ ਬਣਨਾ ਕੀ ਹੈ, ਆਪਣੇ ਸੱਚੇ ਲੇਖ ਲਿਖਣਾ ਕੀ ਹੈ, ਗੁਰੂ ਦੀ ਨਿੰਦਾ ਕਰਨੀ ਕੀ ਹੈ ਅਤੇ ਭਰਮਾਂ ਵਿੱਚ ਭੁੱਲਿਆ ਹੋਣਾ ਕੀ ਹੈ।

“ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥
ਮਨ ਰੇ ਹਉਮੈ ਛੋਡਿ ਗੁਮਾਨੁ॥
ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥੧॥ਰਹਾਉ॥
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥੨॥
ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥
ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥੩॥
ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥
ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ॥੪॥”

(ਅੰਗ ੨੧)

ਪ੍ਰਮਾਤਮਾ ਦੀ ਭਗਤੀ ਕਿਵੇਂ ਕਰਨੀ ਹੈ ਇਹ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਹੀ ਸਮਝ ਆ ਜਾਂਦੀ ਹੈ। ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸਨੂੰ ਬੜੇ ਹੀ ਗੁੱਝੇ ਤਰੀਕੇ ਨਾਲ ਸਮਝਾਇਆ ਹੋਇਆ ਹੈ ਅਤੇ ਕਿਵੇਂ ਕਰਨੀ ਹੈ ਇਸ ਦੀ ਸੋਝੀ ਵੀ ਨਾਲ ਹੀ ਪਾਈ ਹੋਈ ਹੈ। ਸਭ ਤੋਂ ਪਹਿਲੇ ਮਾਇਆ ਦੇ ਲੋਭੀ ਮਨੁੱਖ ਨੂੰ ਮੂਰਖ ਕਿਹਾ ਹੈ ਭਾਵ ਮਾਇਆ ਦਾ ਲੋਭ ਕਰਨਾ ਮਾੜਾ ਕਰਮ ਹੈ। ਲੋਭੀ ਮਨੁੱਖ ਪ੍ਰਮਾਤਮਾ ਦੀ ਭਗਤੀ ਵਾਲਾ ਮਨੁੱਖ ਨਹੀਂ ਹੈ, ਨਾਮ ਜਪਣ ਵਾਲਾ ਨਹੀਂ ਹੈ ਜਿਵੇਂ ਕਿ ਸ਼ਬਦ ਰਾਹੀਂ ਗੁਰੂ ਸਾਨੂੰ ਸਮਝਾ ਰਹਿਆ ਹੈ। ਅਸੀਂ ਪ੍ਰਮਾਤਮਾ ਦੀ ਭਗਤੀ, ਆਪਣੇ ਜਪ ਤਪ ਦੁਆਰਾ ਕਰਦੇ ਹਾਂ ਪਰ ਮਾਇਆ ਵਿੱਚੋਂ ਨਿਕਲਣ

4/265

ਦਾ ਉਪਰਾਲਾ ਨਹੀਂ ਕਰਦੇ ਭਾਵ ਮਾਇਆ ਦੇ ਲੋਭ ਵਿੱਚ ਹੀ ਲੱਗੇ ਰਹਿੰਦੇ ਹਾਂ ਅਤੇ ਜਪ ਤਪ ਦੁਆਰਾ ਪ੍ਰਮਾਤਮਾ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵੀ ਕਰਦੇ ਹਾਂ, ਉਸਨੂੰ ਲੁਭਾਣ ਦੀ ਕੋਸ਼ਿਸ਼ ਕਰਦੇ ਹਾਂ। **(ਲੋਭੇ ਲਗਾ ਲੁਭਾਨੁ॥)** ਭਾਵ ਬਿਨ੍ਹਾਂ ਲੋਭ ਛੱਡੇ ਜੇਕਰ ਅਸੀਂ ਇਹ ਸਮਝੀਏ ਕਿ ਅਸੀਂ ਕਿਸੇ ਜਪ ਤਪ ਦੁਆਰਾ, ਕਥਨੀ ਦੁਆਰਾ ਜਾਂ ਕਿਸੇ ਹੋਰ ਤਰੀਕੇ ਦੁਆਰਾ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਤਰੀਕੇ ਸਮਝਦੇ ਹਾਂ, ਉਨ੍ਹਾਂ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਲੁਭਾ ਲਵਾਂਗੇ, ਇਹ ਕੇਵਲ ਸਾਡੀ ਮੂਰਖਤਾ ਹੈ। ਪ੍ਰਮਾਤਮਾ ਇਹੋ ਜਿਹੀ ਭਗਤੀ ਦੁਆਰਾ ਖੁਸ਼ ਨਹੀਂ ਹੁੰਦਾ। **(ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ॥)** ਜੇਕਰ ਧਿਆਨ ਨਾਲ ਵਿਚਾਰ ਕੇ ਦੇਖੋਗੇ ਤਾਂ ਹਰ ਕੋਈ ਇਹੋ ਜਿਹੀ ਭਗਤੀ ਵਿੱਚ ਹੀ ਲੱਗਾ ਹੋਇਆ ਹੈ। ਮਾਇਆ ਦਾ ਲੋਭ ਸਭ ਵਿੱਚ ਹੈ।

ਪ੍ਰਮਾਤਮਾ ਨੂੰ ਕਿਹੋ ਜਿਹੀ ਭਗਤੀ ਭਾਉਂਦੀ ਹੈ, ਇਹ ਨਾਲ ਹੀ ਸਮਝਾਇਆ ਹੋਇਆ ਹੈ। ਉਸਦੀ ਭਗਤੀ ਉਸਦੇ ਸ਼ਬਦ ਵਿੱਚ ਭਿੱਜਣ ਦੁਆਰਾ ਹੋ ਸਕਦੀ ਹੈ ਭਾਵ ਗੁਰੂ ਦੀ ਮਤਿ ਲੈ ਕੇ ਉਸ ਤੇ ਅਮਲ ਕਰਕੇ ਹੋ ਸਕਦੀ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲ ਕੇ ਹੋ ਸਕਦੀ ਹੈ, ਲੋਭ ਲਾਲਚ ਵਿੱਚੋਂ ਨਿਕਲ ਕੇ ਹੋ ਸਕਦੀ ਹੈ ਭਾਵ ਚੰਗੇ ਕਰਮ ਕਰਨ ਦੁਆਰਾ ਹੋ ਸਕਦੀ ਹੈ। ਮਾਇਆ ਮੋਹ ਵਿੱਚ ਰਹਿੰਦਿਆਂ ਅਸੀਂ ਗੁਰਮਤਿ ਵਾਲੇ ਨਹੀਂ ਬਣ ਸਕਦੇ ਭਾਵ ਦੁਰਮਤਿ ਵਾਲੇ ਹਾਂ ਜਿਸ ਕਰਕੇ ਅਸੀਂ ਸਾਕਤ ਹਾਂ, ਮਾੜੀ ਮਤਿ ਵਾਲੇ ਹਾਂ ਤੇ ਅਸੀਂ ਆਵਾਗਉਣ ਦੇ ਗੇੜ ਵਿੱਚ ਪਏ ਰਹਿੰਦੇ ਹਾਂ। **(ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥)** ਬੜਾ ਸਪੱਸ਼ਟ ਹੈ ਕਿ ਜਦ ਤੱਕ ਸਾਡੇ ਅੰਦਰ ਲੋਭ ਲਾਲਚ ਹੈ ਤਦ ਤੱਕ ਅਸੀਂ ਸ਼ਬਦ ਨਾਲ ਨਹੀਂ ਭਿੱਜੇ। ਭਾਵ ਸਾਡੇ ਅੰਦਰ ਦੁਰਮਤਿ ਹੈ, ਗੁਰਮਤਿ ਨਹੀਂ ਆਈ। ਸਾਰਾ ਦਿਨ ਬੈਠੇ ਸ਼ਬਦ-ਸ਼ਬਦ ਪੁਕਾਰੀ ਜਾਈਏ ਪਰ ਮਨ ਵਿੱਚ ਲੋਭ ਲਾਲਚ ਭਰਿਆ ਹੋਵੇ ਤੇ ਫਿਰ ਕੀ ਇਹ ਸ਼ਬਦ ਨਾਲ ਭਿੱਜਣਾ ਹੋ ਸਕਦਾ ਹੈ? ਹੋ ਤਾਂ ਨਹੀਂ ਸਕਦਾ ਪਰ ਅਸੀਂ ਸਮਝਦੇ ਇਹੋ ਕੁਝ ਹੀ ਹਾਂ। ਜੇਕਰ ਕੋਈ ਇਹ ਸੋਚੇ ਕਿ ਜਪ ਤਪ ਕਰਨ ਨਾਲ ਉਹ ਮਾਇਆ ਮੋਹ ਵਿੱਚੋਂ ਆਪੇ ਹੀ ਨਿਕਲ ਜਾਵੇਗਾ ਤਾਂ ਇਹ ਉਸਦਾ ਕੇਵਲ ਭੁਲੇਖਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਾਇਆ ਦੇ ਲੋਭ ਵਿੱਚ ਰਹਿੰਦਿਆਂ ਕੋਈ ਭਗਤੀ ਹੋ ਹੀ ਨਹੀਂ ਸਕਦੀ। ਉਸਨੂੰ ਭਗਤੀ ਸਮਝਣਾ ਹੀ ਸਾਡਾ ਇੱਕ ਭੁਲੇਖਾ ਹੈ। ਭਗਤੀ ਅਸਲ ਵਿੱਚ ਹੈ ਹੀ ਮਾਇਆ ਮੋਹ ਦਾ ਤਿਆਗ ਜੋ ਕਿ ਸਾਨੂੰ ਬਾਣੀ ਵਾਰ-ਵਾਰ ਸਮਝਾ ਰਹੀ ਹੈ। ਗੁਰੂ ਦੇ ਸ਼ਬਦ ਨਾਲ ਭਿੱਜਣਾ ਕੀ ਹੈ ਇਹ ਉਪਰਲੀ ਪੰਗਤੀ ਰਾਹੀਂ ਅਸੀਂ ਬੜੇ ਸਪੱਸ਼ਟ ਤਰੀਕੇ ਨਾਲ ਸਮਝਿਆ ਹੈ ਜੋ ਕਿ ਆਪਣੀ ਦੁਰਮਤਿ ਨੂੰ ਛੱਡਣਾ ਹੈ ਭਾਵ ਆਪਣੀ ਮਾੜੀ ਮਤਿ ਨੂੰ ਛੱਡਣਾ ਹੈ ਜਿਸ ਕਰਕੇ ਸਾਨੂੰ ਮੂਰਖ ਕਿਹਾ ਹੈ, ਅਗਿਆਨੀ ਕਿਹਾ ਹੈ। ਮਨ ਦੀ ਇਸ ਮੂਰਖਤਾ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਅਸੀਂ ਗੁਰੂ ਦੇ ਸ਼ਬਦ ਦੇ ਨਾਲ ਭਿੱਜਾਂਗੇ ਭਾਵ ਗੁਰੂ ਦੇ ਸੱਚੇ ਗਿਆਨ ਦੇ ਨਾਲ ਭਿੱਜਾਂਗੇ ਜੋ ਕਿ ਸਾਡੀ ਮਾੜੀ ਮਤਿ ਨੇ ਭਿੱਜਣਾ ਹੈ, ਦੁਰਮਤਿ ਨੇ ਗੁਰਮਤਿ ਦੇ ਨਾਲ ਭਿੱਜਣਾ ਹੈ ਭਾਵ ਸਾਡੀ ਸੁਰਤਿ ਦੇ ਵਿਚਾਰਾਂ ਨੇ ਸ਼ਬਦਾਂ ਦੀ ਵਿਚਾਰ ਦੇ ਨਾਲ ਭਿੱਜਣਾ ਹੈ ਭਾਵ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੈ। ਗੁਰੂ ਦੇ ਸ਼ਬਦ ਦੇ ਨਾਲ ਭਿੱਜਣਾ ਹੀ ਗੁਰੂ ਪ੍ਰਮਾਤਮਾ ਦਾ ਨਾਮ ਜਪਣਾ ਹੈ। ਜੋ ਗੁਰੂ ਦੇ ਸ਼ਬਦ ਦੇ ਨਾਲ, ਨਾਮ ਦੇ ਨਾਲ ਭਿੱਜ ਜਾਂਦਾ ਹੈ ਉਸਦੇ ਮਨ ਦੀ ਮੂਰਖਤਾ, ਅਗਿਆਨਤਾ ਦੂਰ ਹੋ ਜਾਂਦੀ ਹੈ, ਦੁਰਮਤਿ ਦੂਰ ਹੋ ਜਾਂਦੀ ਹੈ ਤੇ ਉਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਜਾਂਦੀ ਹੈ ਜੋ ਕਿ ਲੋਭ ਲਾਲਚ ਨੂੰ ਛੱਡਣਾ ਹੈ, ਮਾਇਆ ਮੋਹ ਨੂੰ ਛੱਡਣਾ ਹੈ ਜਿਸ ਮਾਇਆ ਮੋਹ ਦੀ ਪੂਰਤੀ ਲਈ ਅਸੀਂ ਮਾੜੇ ਕਰਮ ਕਰਦੇ ਹਾਂ, ਦੂਸਰਿਆਂ ਦਾ ਹੱਕ ਖਾਂਦੇ ਹਾਂ, ਦੂਸਰਿਆਂ ਨੂੰ ਦੁੱਖ ਦਿੰਦੇ ਹਾਂ। ਮਾੜੇ ਕਰਮਾਂ ਵਿੱਚੋਂ ਨਿਕਲ ਕੇ ਚੰਗੇ ਕਰਮ ਕਰਨਾ ਹੀ, ਗੁਰਮਤਿ ਅਨੁਸਾਰ ਵਿਚਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ ਜੋ ਕਿ ਗੁਰੂ ਦੇ ਸ਼ਬਦ ਦੇ ਨਾਲ, ਨਾਮ ਦੇ ਨਾਲ ਭਿੱਜ ਕੇ ਹੀ ਹੋ ਸਕਦੀ ਹੈ ਤੇ ਇਸ ਸੱਚੀ ਭਗਤੀ ਤੋਂ ਇਲਾਵਾ ਅਸੀਂ ਜੋ ਵੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਉਹ ਸਭ ਮਨਮਤਿ ਹੈ, ਅਗਿਆਨਤਾ ਹੈ, ਮਨ ਦੀ ਮਾਇਆ ਰੂਪ ਮਾੜੀ ਸਮਝ ਹੈ ਜਿਸ ਮਾੜੀ ਸਮਝ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਕਿਉਂਕਿ ਮਨ ਦੀ ਮਾੜੀ ਸਮਝ ਹੀ ਸਾਨੂੰ ਭਰਮਾਂ ਵਿੱਚ ਪਾਉਂਦੀ ਹੈ ਤੇ ਭਗਤੀ ਦੇ ਅਸਲ ਮਾਰਗ ਤੋਂ ਦੂਰ ਕਰਦੀ ਹੈ ਜਿਸ ਵਿੱਚੋਂ ਨਿਕਲਣ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਦਾ ਸ਼ਬਦ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ। ਸਾਡਾ ਗੁਰੂ ਹੀ ਅਸਲ ਵਿੱਚ "ਸ਼ਬਦੁ" ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ। ਗੁਰੂ ਦੇ ਸੱਚੇ ਗਿਆਨ ਦੇ ਨਾਲ ਮੇਲ ਹੀ ਸਾਧੂ ਦੇ ਨਾਲ ਭਾਵ ਸਤਿਗੁਰੂ ਦੇ ਨਾਲ ਮੇਲ ਹੈ, ਉਸ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਆਪ ਹੀ ਸਾਧੂ ਰੂਪ ਵਿੱਚ ਹੈ, ਸਤਿਗੁਰੂ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। (**ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥**)

ਜਦ ਤੱਕ ਅਸੀਂ ਉਸ ਪ੍ਰਮਾਤਮਾ ਦੇ ਸਾਧੂ ਰੂਪ ਨਾਲ, ਸੰਤ ਰੂਪ ਨਾਲ ਭਾਵ ਉਸਦੇ ਗੁਰੂ ਰੂਪ ਨਾਲ ਆਪਣਾ ਮੇਲ ਨਹੀਂ ਕਰਦੇ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। "ਗੁਰੂ" ਸ਼ਬਦ ਹੈ, ਉਸਦਾ ਬਚਨ ਹੈ, ਉਸਦਾ ਗਿਆਨ ਹੈ, ਉਸਦੇ ਦੱਸੇ ਹੋਏ ਗੁਣ ਹਨ। ਗੁਰੂ ਦੇ ਨਾਲ ਮੇਲ ਉਸਦੇ ਦੱਸੇ ਹੋਏ ਬਚਨਾਂ ਦੇ ਨਾਲ ਮੇਲ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਮਨੁੱਖ ਨੂੰ ਆਪਣੀ ਹਉਮੈ ਭਾਵ ਮਨਮਤਿ ਅਤੇ ਆਪਣਾ ਗੁਮਾਨ ਛੱਡਣ ਲਈ ਉਪਦੇਸ਼ ਦਿੱਤਾ ਹੋਇਆ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਲਈ ਸਮਝਾਇਆ ਹੋਇਆ ਹੈ। ਗੁਰੂ ਦੇ ਬਚਨਾਂ ਦੇ ਨਾਲ ਭਾਵ ਗੁਰੂ ਦੀ ਸਮਝ ਦੇ ਨਾਲ, ਗੁਰੂ ਦੀ ਮਤਿ ਦੇ ਨਾਲ ਮੇਲ ਕਰਨਾ ਹੀ ਗੁਰੂ ਦੇ ਨਾਲ ਮੇਲ ਕਰਨਾ ਹੈ ਕਿਉਂਕਿ ਸਾਡੇ ਮਨ ਦੇ ਅੰਦਰ ਦੀ ਮਨਮਤਿ ਕਰਕੇ, ਨਾ-ਸਮਝ ਮਾਇਆ ਮੋਹ ਵਾਲੀ ਮਤਿ ਕਰਕੇ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ ਜੋ ਕਿ ਸਾਡੇ ਅੰਦਰ ਦੀ ਹਉਮੈ ਹੈ। **(ਮਨ ਰੇ ਹਉਮੈ ਛੋਡਿ ਗੁਮਾਨੁ॥)**। ਇਹ ਮਾਇਆ ਮੋਹ ਦਾ ਤਿਆਗ ਹੀ, ਔਗੁਣਾਂ ਦਾ ਤਿਆਗ ਹੀ ਪ੍ਰਮਾਤਮਾ ਦੀ, ਗੁਰੂ ਦੀ ਸੇਵਾ ਹੈ ਭਾਵ ਉਸਦੀ ਸੇਵਾ ਔਗੁਣ ਤਿਆਗ ਕੇ ਚੰਗੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ। ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਇਹੋ ਜਿਹੀ ਸੇਵਾ ਕਰਨ ਦੁਆਰਾ ਹੀ ਮਨੁੱਖ ਪ੍ਰਮਾਤਮਾ ਦੀ ਦਰਗਾਹ ਵਿੱਚ

4/266

ਮਾਨ ਪਾਉਂਦਾ ਹੈ।

(ਮਨ ਰੇ ਹਉਮੈ ਛੋਡਿ ਗੁਮਾਨੁ॥

ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥੧॥ਰਹਾਉ॥)

ਇਸ ਰਹਾਉ ਵਾਲੀ ਪੰਗਤੀ ਨੇ ਸਾਨੂੰ ਭਗਤੀ ਦਾ ਤੱਤ ਸਾਰ ਹੀ ਸਮਝਾ ਦਿੱਤਾ ਹੈ, ਗੱਲ ਕੇਵਲ ਮੰਨਣ ਦੀ ਹੈ, ਗੁਰੂ ਦੀ ਗੱਲ ਤੇ ਭਰੋਸਾ ਕਰਨ ਦੀ ਹੈ। ਮਨ ਦੀ ਹਉਮੈ ਵਿੱਚ ਰਹਿੰਦਿਆਂ ਭਾਵ ਮਨ ਦੀ ਅਗਿਆਨਤਾ ਵਾਲੀ ਨਾ-ਸਮਝ ਮਤਿ ਵਿੱਚ ਰਹਿੰਦਿਆਂ ਕੋਈ ਵੀ ਗੁਰੂ ਦੀ, ਪ੍ਰਮਾਤਮਾ ਦੀ ਸੇਵਾ ਵਾਲਾ, ਭਗਤੀ ਵਾਲਾ ਨਹੀਂ ਹੈ ਕਿਉਂਕਿ ਇਹੋ ਜਿਹੀ ਮਤਿ ਵਿੱਚ ਰਹਿੰਦਿਆਂ ਮਨੁੱਖ ਮਾਇਆ ਮੋਹ ਕਰਕੇ ਅਨੇਕਾਂ ਮਾੜੇ ਕਰਮ ਕਰਦਾ ਹੈ, ਔਗੁਣ ਕਰਦਾ ਹੈ ਭਾਵ ਅਨੇਕਾਂ ਹੀ ਕਰਮ ਗੁਰਮਤਿ ਤੋਂ ਉਲਟ ਕਰਦਾ ਹੈ ਤੇ ਜਦੋਂ ਮਨੁੱਖ ਔਗੁਣਾਂ ਨੂੰ ਤਿਆਗ ਕੇ ਗੁਣਾਂ ਵਾਲਾ ਹੋ ਜਾਂਦਾ ਹੈ, ਗੁਰੂ ਵਾਲਾ ਹੋ ਜਾਂਦਾ ਹੈ ਉਹ ਅੱਠੇ ਪਹਿਰ ਹਰ ਵੇਲੇ, ਦਿਨ ਰਾਤ ਗੁਣਾਂ ਦੁਆਰਾ ਹੀ ਵਿਚਰਦਾ ਹੈ, ਗੁਰੂ ਦੇ ਉਪਦੇਸ਼ ਵਿੱਚ ਹੀ ਵਿਚਰਦਾ ਹੈ ਤੇ ਇਹ ਹੀ ਪ੍ਰਮਾਤਮਾ ਨੂੰ ਦਿਨ ਰਾਤ ਜਪਣਾ ਹੈ, ਹਰ ਵੇਲੇ ਦਾ ਜਪਣਾ ਹੈ, ਰਾਮ ਨਾਮ ਜਪਣਾ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। **(ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ॥)** ਇਹੋ ਜਿਹਾ ਮਨੁੱਖ ਗੁਰੂ ਦੇ ਉਪਦੇਸ਼ ਨੂੰ ਹੀ, ਗੁਰੂ ਦੀ ਮਤਿ ਨੂੰ ਹੀ "ਹਰਿ ਧਨੁ" ਜਾਣਦਾ ਹੈ, ਸਮਝਦਾ ਹੈ ਭਾਵ ਗੁਰੂ ਦੀ ਮਤਿ ਹੀ ਹਰਿ ਧਨੁ ਹੈ, ਗੁਰੂ ਦਾ ਸੱਚਾ ਗਿਆਨ ਹੀ ਹਰ ਧੰਨ ਹੈ, ਗੁਰੂ ਦੇ ਦੱਸੇ ਹੋਏ ਗੁਣ ਹੀ ਹਰਿ ਧਨੁ ਹੈ, ਨਾਮ ਧੰਨ ਹੈ। ਗੁਰੂ ਦੇ ਨਾਲ ਮਿਲਕੇ ਜੋ ਸਾਨੂੰ ਗਿਆਨ ਮਿਲਦਾ ਹੈ, ਉਪਦੇਸ਼ ਮਿਲਦਾ ਹੈ, ਹਰਿ ਧਨੁ ਮਿਲਦਾ ਹੈ, ਗੁਣ ਮਿਲਦੇ ਹਨ ਇਨ੍ਹਾਂ ਦੁਆਰਾ ਵਿਚਰਨਾ ਹੀ ਸਾਰੇ ਸੁੱਖਾਂ ਦਾ ਭੋਗਣਾ ਹੈ, ਹਰਿ ਰਸ ਦਾ ਭੋਗਣਾ ਹੈ **(ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥)**। "ਗੁਰੂ ਦਾ ਮੇਲ" ਜਾਂ "ਸੰਤ ਸਭਾ" ਇੱਕੋ ਹੀ ਗੱਲ ਹੈ। ਗੁਰੂ ਹੀ ਸਾਧ ਹੈ, ਗੁਰੂ ਹੀ ਸੰਤ ਹੈ। "ਸੰਤ ਸਭਾ" ਕੀ ਹੈ ਇਸ ਗੱਲ ਨੂੰ ਕੇਵਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ। "ਸੰਤ" ਰੂਪ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਸੰਤ ਰੂਪ ਹੈ ਤੇ ਗੁਰਬਾਣੀ ਦੇ ਵਿੱਚ ਆਪਣੇ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਦੀ ਹਰ ਵੇਲੇ "ਸਭਾ" ਲੱਗੀ ਹੋਈ ਹੈ ਜੋ ਕਿ ਉਸਦੀ "ਸੰਤ ਸਭਾ" ਹੈ ਜਿਸ ਵਿੱਚੋਂ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਮਿਲਦਾ ਹੈ। ਜਿਨ੍ਹਾਂ ਸਰੀਰਾਂ ਦੇ ਅੰਦਰ ਪਹਿਲਾਂ ਪ੍ਰਮਾਤਮਾ ਦੀ "ਸੰਤ ਸਭਾ" ਲੱਗੀ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸੰਤ ਸਭਾ ਦੀ ਰਚਨਾ ਕੀਤੀ ਹੈ। ਹਰ ਰਸ ਦੀ ਪ੍ਰਾਪਤੀ ਭਾਵ ਗੁਰੂ ਦੇ ਸੱਚੇ ਗਿਆਨ ਦੀ ਪ੍ਰਾਪਤੀ ਜਿਸ ਦੁਆਰਾ ਸਾਨੂੰ ਗੁਰਮਤਿ ਦੀ ਸੋਝੀ ਪੈਂਦੀ ਹੈ, ਇਹ ਪ੍ਰਾਪਤੀ ਸਾਨੂੰ "ਸੰਤ ਸਭਾ" ਵਿੱਚੋਂ ਹੀ ਹੁੰਦੀ ਹੈ। ਇਹ ਹੀ ਨਾਮ ਦਾ ਮਿਲਣਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਜੋ ਮਨੁੱਖ ਆਪਣੇ ਜੀਵਨ ਵਿੱਚ ਇਹੋ ਜਿਹੇ ਗੁਰੂ ਦੇ ਗਿਆਨ ਦੁਆਰਾ ਵਿਚਰਦਾ ਹੈ, ਦਿਨ ਰਾਤ ਗੁਰੂ ਦੇ ਉਪਦੇਸ਼ ਵਿੱਚ ਰਹਿੰਦਾ ਹੈ, ਉਹੀ ਪ੍ਰਮਾਤਮਾ ਦੀ ਸੇਵਾ ਕਰਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਦਾ ਹੈ। **(ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥੨॥)**। ਇਹ ਉਪਰਲੀ ਪੰਗਤੀ ਸਾਨੂੰ ਬਹੁਤ ਕੁੱਝ ਸਮਝਾ ਰਹੀ ਹੈ। ਇਹ ਨਾਮ ਦਾ ਜਪਣਾ ਵੀ ਸਮਝਾ ਰਹੀ ਹੈ ਅਤੇ ਨਾਮ ਦੀ ਪ੍ਰਾਪਤੀ ਵੀ ਸਮਝਾ ਰਹੀ ਹੈ ਤੇ ਇਹ ਵੀ ਸਮਝਾ ਰਹੀ ਹੈ

ਕਿ ਨਾਮ ਜਪਣਾ ਕਿਤਨਾ ਔਖਾ ਹੈ, ਪ੍ਰਮਾਤਮਾ ਦੀ ਸੇਵਾ ਕਿਤਨੀ ਔਖੀ ਹੈ। ਨਾਮ ਸਾਡੀ ਮੰਜ਼ਿਲ ਹੈ ਤੇ ਅਸਲ ਵਿੱਚ ਉਸਦਾ ਨਾਮ ਤਾਂ ਹੀ ਜਪਿਆ ਜਾ ਸਕਦਾ ਹੈ ਜਦੋਂ ਸਾਨੂੰ ਨਾਮ ਦੀ ਪ੍ਰਾਪਤੀ ਹੋ ਜਾਵੇ ਜੋ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ। ਉਸ ਤੋਂ ਪਹਿਲਾਂ ਅਸੀਂ ਕੇਵਲ ਉੱਦਮ ਹੀ ਕਰ ਸਕਦੇ ਹਾਂ। ਪ੍ਰਮਾਤਮਾ ਦੀ ਸੇਵਾ ਗੁਰੂ ਦੀ, ਸ਼ਬਦ ਦੀ ਸੇਵਾ ਹੈ ਹੀ ਜੋ ਕਿ ਔਗੁਣ ਤਿਆਗ ਕੇ, ਗੁਣਾਂ ਨੂੰ ਧਾਰਨ ਕਰਕੇ ਹੋ ਸਕਦੀ ਹੈ। ਮਨੁੱਖਤਾ ਦੀ ਭਲਾਈ ਹੀ ਗੁਰੂ ਦੀ ਸੇਵਾ ਦਾ ਮਨੋਰਥ ਹੈ। ਇਹ ਹੀ ਨਾਮ ਜਪਣਾ ਹੈ, ਸ਼ਬਦ ਨੂੰ ਜਪਣਾ ਹੈ ਜਿਵੇਂ ਕਿ ਪਿੱਛੇ ਵੀ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਕਿਤਨੇ ਵੱਡੇ ਭੁਲੇਖੇ ਵਿੱਚ ਹਾਂ ਜੋ ਕੇਵਲ ਇੱਕ ਅੱਖਰ ਦੇ ਜਪ ਨੂੰ ਹੀ ਨਾਮ ਦਾ ਜਪਣਾ ਸਮਝੀ ਜਾ ਰਹੇ ਹਾਂ। ਅਗਲੀਆਂ ਪੰਗਤੀਆਂ ਵਿੱਚ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ।

4/267

ਜਿਹੜਾ ਮਨੁੱਖ ਮਾਇਆ ਦੇ ਲੋਭ ਲਾਲਚ ਵਿੱਚ ਫਸ ਕੇ ਝੂਠੀ ਕਮਾਈ ਕਰ ਰਿਹਾ ਹੈ ਉਸ ਦੀ ਤੁਲਨਾ ਕੁੱਤੇ ਨਾਲ ਕੀਤੀ ਹੈ ਅਤੇ ਇਹੋ ਜਿਹੀ ਕਮਾਈ ਕਰਨਾ ਗੁਰੂ ਦੀ ਨਿੰਦਿਆ ਦੱਸੀ ਹੈ ਕਿਉਂਕਿ ਇਹ ਗੁਰੂ ਦੇ ਉਪਦੇਸ਼ ਦੀ ਨਿੰਦਿਆ ਹੈ, ਗੁਰੂ ਦੇ ਉਪਦੇਸ਼ ਤੋਂ ਉਲਟ ਚੱਲਣ ਵਾਲੀ ਗੱਲ ਹੈ। ਗੁਰੂ ਦੇ ਬਚਨ, ਗੁਰੂ ਦਾ ਉਪਦੇਸ਼ ਹੀ ਅਸਲ ਵਿੱਚ ਸਾਡਾ ਗੁਰੂ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। **(ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥)** ਜੋ ਗੁਰੂ ਦੀ ਨਿੰਦਾ ਹੈ, ਇਹੀ ਸੰਤ ਦੀ ਨਿੰਦਾ ਹੈ, ਸਾਧ ਦੀ ਨਿੰਦਾ ਹੈ ਕਿਉਂਕਿ ਗੁਰੂ ਆਪ ਹੀ ਸੰਤ ਹੈ, ਸਾਧ ਹੈ। "ਸੰਤ ਦੀ ਨਿੰਦਾ" ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। ਇਹੋ ਜਿਹੇ ਮਨੁੱਖ ਨੂੰ ਗੁਰਮਤਿ ਦੇ ਉਲਟ ਚੱਲਕੇ ਗੁਰੂ ਦੀ ਨਿੰਦਾ ਕਰਨ ਵਾਲੇ ਨੂੰ ਭਰਮਿਆ ਅਤੇ ਭੁੱਲਿਆ ਹੋਇਆ ਆਖਿਆ ਹੈ ਭਾਵ ਇਹੋ ਜਿਹੀ ਅਵੱਸਥਾ ਵਿੱਚ ਅਸੀਂ ਜਿਹੋ ਜਿਹਾ ਜਪ ਤਪ ਕਰਦੇ ਹਾਂ ਉਹ ਕੇਵਲ ਸਾਡਾ ਭੁਲੇਖਾ ਹੀ ਹੈ। ਔਗੁਣਾਂ ਕਰਕੇ ਸਾਨੂੰ ਬੜੇ ਦੁੱਖ ਹੀ ਸਹਿਣੇ ਪੈਂਦੇ ਹਨ, ਜਮਾਂ ਦੀ ਮਾਰ ਹੀ ਸਹਿਣੀ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। **(ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥)** ਔਗੁਣਾਂ ਵਿੱਚ ਵਿਚਰਨ ਵਾਲਾ ਮਨੁੱਖ "ਮਨਮੁਖ" ਹੈ ਅਤੇ ਉਹ ਕਦੇ ਸੁਖ ਦੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦਾ ਭਾਵ ਮਾੜੀ ਬਿਰਤੀ ਵਾਲਾ ਮਨੁੱਖ ਭਾਵੇਂ ਜਿੰਨੀ ਮਰਜ਼ੀ ਭਗਤੀ ਦਿਖਾ ਲਵੇ, "**ਸੁਭਾਨੁ**" ਦੀ ਭਾਵ ਉਸ ਅਸਚਰਜ ਸੁੱਖ ਦੀ ਪ੍ਰਾਪਤੀ, ਪ੍ਰਮਾਤਮਾ ਦੀ ਪ੍ਰਾਪਤੀ ਕੇਵਲ ਗੁਰੂ ਦੇ ਉਪਦੇਸ਼ ਨੂੰ ਮੰਨ ਕੇ ਹੀ ਹੋ ਸਕਦੀ ਹੈ, ਔਗੁਣਾਂ ਨੂੰ ਤਿਆਗ ਕੇ ਹੀ ਹੋ ਸਕਦੀ ਹੈ, ਗੁਰਮੁਖਿ ਰੂਪ ਬਣਕੇ ਹੀ ਹੋ ਸਕਦੀ ਹੈ। **(ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥੩॥)**। ਅਸੀਂ ਸੰਸਾਰ ਵਿੱਚ ਝੂਠਿਆਂ ਧੰਦਿਆਂ ਦੁਆਰਾ ਮਾਇਆ ਕਮਾਉਂਦੇ ਹਾਂ, ਮਾੜੇ ਕਰਮ ਕਰਦੇ ਹਾਂ। ਐਸਾ ਕਰਨ ਨਾਲ ਅਸੀਂ ਆਪਣੀ ਮਾੜੀ ਲਿਖਤ ਲਿਖਦੇ ਹਾਂ, ਮਾੜੇ ਲੇਖ ਲਿਖਦੇ ਹਾਂ ਜੋ ਕਿ ਪ੍ਰਮਾਤਮਾ ਦੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦੇ। ਉੱਥੇ ਸੱਚੀ ਲਿਖਤ ਪ੍ਰਵਾਨ ਹੁੰਦੀ ਹੈ, ਸੱਚੇ ਸੁੱਚੇ ਕਰਮਾਂ ਦੁਆਰਾ ਬਣਾਏ ਹੋਏ ਲੇਖ ਪ੍ਰਵਾਨ ਹੁੰਦੇ ਹਨ ਭਾਵ ਮਨਮਤਿ ਪ੍ਰਵਾਨ ਨਹੀਂ ਹੁੰਦੀ, ਗੁਰਮਤਿ ਪ੍ਰਵਾਨ ਹੁੰਦੀ ਹੈ। ਪੂਰੀ ਗੁਰਬਾਣੀ ਵਿੱਚ "**ਸਚੁ ਲਿਖਤੁ**" ਹੀ ਹੈ ਜੋ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦਾ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸੱਚ ਹੀ ਸਮਝਾਉਂਦੀ ਹੈ ਜਿਸ ਸੱਚੀ ਲਿਖਤ ਨੂੰ ਮੰਨਣਾ ਹੀ ਆਪਣੇ ਅੰਦਰ ਸੱਚ ਲਿਖਤ ਨੂੰ ਲਿਖਣਾ ਹੈ। ਸੱਚ ਹੀ ਨਾਮ ਹੈ ਤੇ ਗੁਰੂ ਦੀ ਸੱਚੀ ਲਿਖਤ ਨੂੰ ਮੰਨਣਾ ਹੀ ਨਾਮ ਜਪਣਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਦਰ ਤੇ ਪਰਵਾਨ ਹੋ ਸਕਦੇ ਹਾਂ। **(ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥)**। ਸੱਚੀ ਲਿਖਤ ਦੀ ਸਾਰੀ ਗੱਲ ਸਾਡੀ ਕਰਨੀ ਉੱਪਰ ਨਿਬੜਦੀ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤੀ ਹੋਈ ਹੈ।

"ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥
ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਨੁ॥"

ਸੱਚੁ ਲਿਖਤ ਕੀ ਹੈ, ਕਿਵੇਂ ਪਰਵਾਨ ਹੁੰਦੀ ਹੈ ਤੇ ਕਿਸਦੀ ਪਰਵਾਨ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਪਰਵਾਨ ਹੋਣਾ ਕੀ ਹੈ, ਉਸਦੀ ਸੱਚੀ ਭਗਤੀ ਕੀ ਹੈ, ਨਾਮ ਨੂੰ ਨਾ ਵਿਸਾਰਨਾ ਕੀ ਹੈ, ਇਹੀ ਗੱਲ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੀ ਭਗਤੀ ਦੀ ਸਮਝ ਉਸਨੂੰ ਹੀ ਪੈਂਦੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਉਸਦੇ ਨਾਮ ਨੂੰ ਜਾਣ ਲੈਂਦਾ ਹੈ। ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਹੀ ਇਹ ਸਮਝ ਪੈਂਦੀ ਹੈ ਕਿ ਸਾਡਾ ਸਭ ਦਾ ਸੱਚਾ ਸੱਜਣ ਕੌਣ ਹੈ ਤੇ ਉਹ ਕਿਸ ਰੂਪ ਵਿੱਚ ਸੱਜਣ ਹੈ। ਸੱਜਣ ਪ੍ਰਮਾਤਮਾ ਨੂੰ ਕਿਹਾ ਹੈ। (**ਹਰਿ ਸਜਣੁ**) ਤੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਇਆ ਹੋਇਆ ਹੈ। (**ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥ ਜਿਸੁ ਪਾਸਿ ਬਹਿਠਿਆ ਸੋਹੀਐ**

ਸਭਨਾਂ ਦਾ ਵੇਸਾਹੁ ॥੨੨॥) ਅੰਗ - ੧੪੨੬ ਪ੍ਰਮਾਤਮਾ ਦਾ ਸੱਜਣ ਰੂਪ ਉਹ ਹੀ ਜਾਣ ਸਕਦਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਪ੍ਰਮਾਤਮਾ ਦੇ ਨਾਲ ਹੀ ਉਹ ਬੈਠਦਾ ਹੈ ਜੋ ਕਿ ਮਨ ਦੇ ਵਿੱਚ ਹੀ, ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ ਬੈਠ ਕੇ ਹਰ ਵੇਲੇ ਸੁਹਾਂਦਾ ਹੈ, ਆਪਣੇ ਸੱਚੇ ਵਿਚਾਰਾਂ ਰਾਹੀਂ ਸੁਹਾਂਦਾ ਹੈ, ਆਪਣੇ ਸੱਚੇ ਗਿਆਨ ਰਾਹੀਂ , ਗੁਰਮਤਿ ਦੇ ਸੱਚੇ ਗਿਆਨ ਰਾਹੀਂ ਸੁਹਾਉਂਦਾ ਹੈ। ਜੋ ਸੱਚਾ ਗਿਆਨ ਸਭ ਦਾ ਵੇਸਾਹੁ ਹੈ, ਭਰੋਸਾ ਹੈ, ਜਿਸ ਤੋਂ ਉੱਪਰ ਭਰੋਸਾ ਕਿਸੇ ਹੋਰ ਗਿਆਨ ਤੇ ਨਹੀਂ ਕੀਤਾ ਜਾ ਸਕਦਾ ਤੇ ਇਸੇ ਲਈ ਉਹ ਸਭ ਦਾ ਆਸਰਾ ਹੈ। ਪ੍ਰਮਾਤਮਾ ਨੂੰ ਜਾਨਣ ਵਾਲਾ ਗੁਰੂ ਹੈ ਜੋ ਹਰ ਵੇਲੇ ਪ੍ਰਮਾਤਮਾ ਦੇ ਨਾਲ ਵਿਚਾਰਾਂ ਰਾਹੀਂ ਇੱਕ ਹੈ, ਹਰ ਵੇਲੇ ਉਸ ਦੇ ਨਾਲ ਹੀ ਬੈਠਾ ਹੈ, ਨਿਰੰਕਾਰ ਰੂਪ ਵਿੱਚ ਬੈਠਾ ਹੈ। ਮਨ ਦੇ ਗਿਆਨ ਰਾਹੀਂ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਦਾ ਗੁਰੂ ਰੂਪ ਹੀ ਉਸਦਾ ਆਪਣਾ ਸੱਜਣ ਰੂਪ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪ ਸੱਜਣ ਰੂਪ ਵਿੱਚ ਹੀ ਹੈ ਜੋ ਉਸਦਾ ਸੱਚੇ ਗਿਆਨ ਦਾ ਰੂਪ ਹੈ ਜਿਸ ਸੱਜਣ ਰੂਪ ਰਾਹੀਂ ਉਹ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਉਂਦਾ ਹੈ, ਆਪਣੇ ਨਾਲ ਮੇਲ ਕਰਨ ਦਾ ਮਾਰਗ ਸਮਝਾਉਂਦਾ ਹੈ, ਸਾਰੀ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ, ਮਨੁੱਖ ਦੀ ਅਸਲੀਅਤ ਦਾ ਸੱਚ ਸਮਝਾਉਂਦਾ ਹੈ। ਇਸੇ ਲਈ ਪ੍ਰਮਾਤਮਾ ਹਰ ਕਿਸੇ ਦਾ ਇੱਕੋ ਜਿਹਾ ਸੱਜਣ ਹੈ ਜੋ ਸਭ ਨੂੰ ਪਾਲਣ ਵਾਲਾ ਹੈ।

{ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥}

(ਅੰਗ ੪੧)

{ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥
ਹਰਿ ਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ ॥}

(ਅੰਗ ੪੨)

{ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥}

(ਅੰਗ ੯੬)

{ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ ॥
ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ ॥}

(ਅੰਗ ੧੬੩)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਝੂਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ ੨੩੫)

{ਸਤਿਗੁਰੁ ਮੇਲਿ ਹਰਿ ਨਾਮਿ ਸਮਾਣੀ ਜਪਿ ਹਰਿ ਹਰਿ ਨਾਮੁ ਧਿਆਇਆ ॥
ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ ॥
ਏਕ ਦ੍ਰਿਸ੍ਟਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ ॥
ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ॥੧॥}

(ਅੰਗ ੫੭੨-੫੭੩)

{ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥

ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥}

(ਅੰਗ ੫੯੬)

{ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ ॥
ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ ਰਹੇ ਸਮਾਇ ॥
ਦੂਜੈ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ ॥
ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ ॥
ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੨॥}

(ਅੰਗ ੬੪੩)

{ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ ॥
ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ ॥੫॥}

(ਅੰਗ ੭੫੮)

{ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ ॥
ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥}

(ਅੰਗ ੭੭੬)

{ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ ਵਡਭਾਗੁ ॥ ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗੁ ॥੧॥}

(ਅੰਗ ੮੪੫)

{ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥
ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥}

(ਅੰਗ ੯੫੮)

{ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥ ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ ॥੩॥}

(ਅੰਗ ੧੦੯੪)

{ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥}

(ਅੰਗ ੧੩੮੪)

ਸਾਡਾ ਸੱਜਣ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪਣੇ ਗੁਰੂ ਰੂਪ ਵਿੱਚ ਸਾਰੇ ਸੰਸਾਰ ਦਾ ਸੱਜਣ ਹੈ। ਪ੍ਰਮਾਤਮਾ ਸੱਜਣ ਰੂਪ ਕੀ ਹੈ ਇਸ ਗੱਲ ਨੂੰ ਉੱਪਰ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਪ੍ਰਮਾਤਮਾ ਦਾ ਸੱਜਣ ਰੂਪ ਉਸਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦੁਆਰਾ ਉਹ ਸਾਰੇ ਸੰਸਾਰ ਨੂੰ ਭਗਤੀ ਦੀ ਸੱਚੀ ਸਮਝ ਪਾਉਂਦਾ ਹੈ, ਨਾਮ ਜਪਣ ਦੀ ਸਮਝ ਪਾਉਂਦਾ ਹੈ, ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ, ਹਉਮੈ ਵਿੱਚੋਂ, ਮਾਇਆ ਮੋਹ ਵਿੱਚੋਂ, ਮਨ ਦੀ ਨਾ-ਸਮਝ ਮਤਿ ਵਿੱਚੋਂ, ਅਗਿਆਨਤਾ ਵਿੱਚੋਂ, ਮਨਮਤਿ ਵਿੱਚੋਂ ਨਿਕਲਣਾ ਸਮਝਾਉਂਦਾ ਹੈ ਜਿਸ ਸੱਚੀ ਸਮਝ ਨੂੰ ਮੰਨਣ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਉਸ "ਸੱਜਣੁ" ਨੂੰ ਜਾਣਿਆ ਜਾ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ। ਭਗਤੀ ਅਸੀਂ ਉਸ

ਸੱਜਣ ਰੂਪ ਪ੍ਰਮਾਤਮਾ ਦੀ ਹੀ ਕਰਨੀ ਹੈ, ਉਸਦਾ ਨਾਮ ਹੀ ਜਪਣਾ ਹੈ ਤੇ ਉਸਦੀ ਭਗਤੀ ਉਹ ਹੀ ਕਰ ਸਕਦਾ ਹੈ, ਉਸਦਾ ਨਾਮ ਉਹ ਹੀ ਜਪ ਸਕਦਾ ਹੈ ਜਿਸਨੂੰ ਭਗਤੀ ਦੀ ਸਮਝ ਹੈ, ਨਾਮ ਦੀ ਸਮਝ ਹੈ ਤੇ ਇਹ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪਰਗਟ ਹੋ ਕੇ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ। ਇਹ ਸਮਝ ਗੁਰੂ ਦੇ ਕੋਲ ਹੈ ਜਿਸ ਦੇ ਅੰਦਰ ਸੱਜਣ ਰੂਪ ਪ੍ਰਮਾਤਮਾ ਹਰ ਵੇਲੇ ਪਰਗਟ ਹੈ। ਉੱਪਰ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਹੀ ਸਮਝਾਇਆ ਹੋਇਆ ਹੈ ਆਪਣੇ ਹਰਿ ਸੱਜਣ ਦੀ ਸੇਵਾ ਕਰਨ ਵਾਲਾ ਗੁਰੂ ਆਪ ਹੀ ਹੈ ਭਾਵ ਸੱਜਣ ਰੂਪ ਪ੍ਰਮਾਤਮਾ ਦੀ ਸਮਝਾਈ ਹੋਈ ਸ਼ਬਦਾਂ ਦੀ ਵਿਚਾਰ ਤੇ ਚੱਲਣ ਵਾਲਾ ਉਸਦਾ ਗੁਰੂ ਰੂਪ ਆਪ ਹੀ ਹੈ ਜਿਸਨੂੰ ਸ਼ਬਦਾਂ ਦਾ ਸੱਚਾ ਗਿਆਨ ਹੈ। (**ਹਰਿ ਸਜਣੁ ਗੁਰੁ ਸੇਵਦਾ**) ਸੇਵਾ ਉਹੀ ਕਰਦਾ ਹੈ ਜੋ ਸ਼ਬਦਾਂ ਦਾ ਵਿਚਾਰੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। {**ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥**} ਅੰਗ - ੨੨੩ {**ਸੇਵ ਕੀਤੀ ਸੰਤੋਖੀਣੀ ਜਿਨ੍ੀ ਸਚੋ ਸਚੁ ਧਿਆਇਆ ॥ ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**} ਅੰਗ - ੪੬੬-੪੬੭ ਸੁਕ੍ਰਿਤ ਕਰਨੀ, ਸੱਚੀ ਸੁੱਚੀ ਕਰਨੀ ਹੀ ਗੁਰੂ ਦੀ ਸੇਵਾ ਹੈ ਜੋ ਸੇਵਾ ਸ਼ਬਦ ਦਾ ਵਿਚਾਰੀ ਬਣਨ ਦੁਆਰਾ ਹੁੰਦੀ ਹੈ, ਹਉਮੈ ਖਤਮ ਹੋਣ ਦੁਆਰਾ ਹੁੰਦੀ ਹੈ। ਇਹੀ ਸੇਵਾ ਸਾਨੂੰ ਮੁੱਖ ਸ਼ਬਦ ਦੀ ਪੰਗਤੀ ਦੁਆਰਾ ਸਮਝਾਈ ਹੋਈ ਹੈ। (**ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥**)'' ਗੁਰੂ'' ਆਪਣੀ ਕਰਨੀ ਦੁਆਰਾ ਪ੍ਰਮਾਤਮਾ ਦੀ, ਆਪਣੇ ਸੱਜਣ ਦੀ ਸੇਵਾ ਕਰਦਾ ਹੈ ,ਉਸਦੀ ਭਗਤੀ ਕਰਦਾ ਹੈ, ਉਸਦਾ ਨਾਮ ਜਪਦਾ ਹੈ। ਜਿਹੋ ਜਿਹੀ ਗੁਰੂ ਸਾਹਿਬਾਨ ਨੇ, ਭਗਤਾਂ ਨੇ ਆਪਣੇ ਜੀਵਨ ਵਿੱਚ ਕਰਨੀ ਕਰਕੇ ਦਿਖਾਈ ਹੈ ਇਹੀ ਪ੍ਰਮਾਤਮਾ ਦੀ ਸੱਚੀ ਸੇਵਾ ਹੈ, ਉਸਦਾ ਨਾਮ ਜਪਣਾ ਹੈ ਤੇ ਇਹੋ ਜਿਹੀ ਸੇਵਾ ਕਰਨੀ ਹੀ ਉਨ੍ਹਾਂ ਨੇ ਗੁਰਬਾਣੀ ਰਾਹੀਂ ਸੰਸਾਰ ਨੂੰ ਕਰਨੀ ਸਮਝਾਈ ਹੈ। ਪ੍ਰਮਾਤਮਾ ਦੇ ਦਰ ਤੇ, ਭਗਤੀ ਦੇ ਮਾਰਗ ਤੇ ਜੋ ਪ੍ਰਧਾਨ ਬਣਦਾ ਹੈ, ਵੱਡਾ ਬਣਦਾ ਹੈ, ਵਡਿਆਈ ਲੈਣ ਵਾਲਾ ਬਣਦਾ ਹੈ ਉਹ ਇਹੋ ਜਿਹੀ ਸੇਵਾ ਦੁਆਰਾ ਭਾਵ ਆਪਣੀ ਸੱਚੀ ਸੁੱਚੀ ਕਰਨੀ ਦੁਆਰਾ ਹੀ ਬਣਦਾ ਹੈ। (**ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥**) ਜੋ ਗੁਰੂ ਦੀ ਸੇਵਾ ਕਰਨ ਦਾ ਮਾਰਗ ਹੈ ਉਹੀ ਨਾਮ ਜਪਣ ਦਾ ਮਾਰਗ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

''ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥''

ਜਿਹੋ ਜਿਹੀ ਮਨ ਦੀ ਸਮਝ ਨਾਲ ਸੇਵਾ ਹੁੰਦੀ ਹੈ, ਉਹੋ ਜਿਹੀ ਸਮਝ ਹੀ ਨਾਮ ਜਪਣ ਵਾਲੀ ਸਮਝ ਹੈ ਜਿਸ ਸਮਝ ਦੁਆਰਾ ਮਨੁੱਖ ਸੱਚੀ ਸੁੱਚੀ ਕਰਨੀ ਕਰਦਾ ਹੈ, ਗੁਰਮਤਿ ਅਨੁਸਾਰ ਵਿਚਰਦਾ ਹੈ। ਗੁਰਮਤਿ ਦੀ ਸੱਚੀ ਸਮਝ ਨੂੰ ਨਾ ਵਿਸਾਰਨਾ ਹੀ ਨਾਮ ਨੂੰ ਨਾ ਵਿਸਾਰਨਾ ਹੈ। ਆਪਣਾ ਨਾਮ ਭਾਵ ਗੁਰਮਤਿ ਰੂਪ ਸੱਚੀ ਸਮਝ ਪ੍ਰਮਾਤਮਾ ਕਿਸੇ ਨੂੰ, ਵੱਡੇ ਭਾਗਾਂ ਵਾਲੇ ਨੂੰ ਹੀ ਬਖਸ਼ਦਾ ਹੈ ਜਿਸ ਸੱਚੀ ਸਮਝ ਦੁਆਰਾ ਕਿਸੇ ਦੀ ਮਤਿ ਦੇ ਉੱਤੇ ਪ੍ਰਮਾਤਮਾ ਦਾ ਆਪਣਾ ਨੀਸਾਣੁ ਲੱਗਦਾ ਹੈ ਭਾਵ ਮਨੁੱਖੀ ਸਮਝ ਪ੍ਰਮਾਤਮਾ ਦੀ ਸੱਚੀ ਸਮਝ ਵਾਲੀ ਬਣਦੀ ਹੈ, ਨਾਮ ਵਾਲੀ ਸਮਝ ਬਣਦੀ ਹੈ ਫਿਰ ਉਸ ਮਨੁੱਖੀ ਸਰੀਰ ਨੂੰ ਹਰ ਵੇਲੇ ਨਾਮ ਚੇਤੇ ਰਹਿੰਦਾ ਹੈ, ਗੁਰੂ ਦੀ ਮਤਿ ਚੇਤੇ ਰਹਿੰਦੀ ਹੈ ਤੇ ਉਹ ਉਸੇ ਅਨੁਸਾਰ ਹੀ ਵਿਚਰਦਾ ਹੈ ਭਾਵ ਹਰ ਵੇਲੇ ਨਾਮ ਜਪਦਾ ਹੈ। ਸਾਡੇ ਅੰਦਰ ਸੱਚ ਦਾ ਨਿਸ਼ਾਨ ਲੱਗਣਾ ਕੀ ਹੈ, ਨਾਮ ਦਾ ਨਿਸ਼ਾਨ ਲੱਗਣਾ ਕੀ ਹੈ, ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਹ ਗੱਲ ਕਈ ਸ਼ਬਦਾਂ ਵਿੱਚ ਆਉਂਦੀ ਹੈ। ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ, ''ਸਚੁ' ਰੂਪ ਵਿੱਚ, ਨਾਮ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ ਜੋ ਚੌਥੇ ਪਦ ਦੇ ਗਿਆਨ ਵਾਲਾ ਰੂਪ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ, ਭਰਮਾਂ ਵਾਲੀ, ਮਾਇਆ ਵਾਲੀ ਸਮਝ ਵਿੱਚ ਹਾਂ ਤਦ ਤੱਕ ਆਪਣੀ ਸਮਝ ਦੁਆਰਾ ਅਸੀਂ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝਦੇ ਹਾਂ, ਪ੍ਰਮਾਤਮਾ ਨਾਲੋਂ ਆਪਣਾ ਵੱਖਰਾ ਰੂਪ ਸਮਝਦੇ ਹਾਂ। ਜਦੋਂ ਪ੍ਰਮਾਤਮਾ ਕਿਸੇ ਤੇ ਆਪਣਾ ਕਰਮ ਕਰਨ ਦੁਆਰਾ, ਆਪਣੀ ਕਿਰਪਾ ਕਰਨ ਦੁਆਰਾ ਆਪਣੇ ਨਾਲ ਮਿਲਾ ਲੈਂਦਾ ਹੈ, ਮਨ ਦੇ ਵਿੱਚ ਆਪਣਾ ਨਾਮ ਬਖਸ਼ਣ ਦੁਆਰਾ ਮਿਲਾ ਲੈਂਦਾ ਹੈ ਫਿਰ ਉਸ ਮਨੁੱਖ ਦੀ ਸਮਝ ਉੱਤੇ ਸੱਚ ਦਾ ਨਾਮ ਨਿਸ਼ਾਨ ਲੱਗ ਜਾਂਦਾ ਹੈ ਭਾਵ ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਮੈਂ ਨਹੀਂ ਹੈ, ਆਪ ਪ੍ਰਮਾਤਮਾ ਹੀ ਹੈ। ਮਨ ਦੀ ਸਮਝ ਮੇਰੀ ਨਹੀਂ ਹੈ, ਪ੍ਰਮਾਤਮਾ ਦੀ ਹੀ ਹੈ। ਪ੍ਰਮਾਤਮਾ ਆਪਣਾ ਨਿਸਾਨ ਮਨ ਦੇ ਵਿੱਚ ਸਾਡੀ ਸਮਝ ਤੇ ਹੀ ਲਗਾਉਂਦਾ ਹੈ। (**ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥**) ਜਿਸ ਮਨੁੱਖ ਤੇ ਪ੍ਰਮਾਤਮਾ ਆਪਣਾ ਕਰਮ ਕਰਦਾ ਹੈ ਭਾਵ ਆਪਣਾ ਸੱਚ ਰੂਪ ਨਾਮ ਬਖਸ਼ਦਾ ਹੈ ਉਸਦੀ ਕਰਨੀ ਚੰਗੀ ਹੋ ਜਾਂਦੀ ਹੈ, ਨਾਮ ਵਾਲੀ ਹੋ ਜਾਂਦੀ ਹੈ।

ਕਿਸ ਮਨੁੱਖ ਨੂੰ ਨਾਮ ਚੇਤੇ ਹੈ ਤੇ ਕਿਸ ਮਨੁੱਖ ਨੂੰ ਨਾਮ ਵਿਸਰਿਆ ਹੋਇਆ ਹੈ ਇਹ ਉਸਦੀ ਕਰਨੀ ਦੁਆਰਾ ਪਤਾ ਲੱਗਦਾ ਹੈ। ਜਿਸਦੇ ਉੱਤੇ "ਨਾਮ" ਦਾ ਨਿਸ਼ਾਨ ਲੱਗਾ ਹੋਇਆ ਹੈ, ਪ੍ਰਮਾਤਮਾ ਦਾ ਨਿਸ਼ਾਨ ਲੱਗਾ ਹੁੰਦਾ ਹੈ ਉਹ ਚੰਗੇ ਕਰਮ ਕਰਦਾ ਹੈ ਤੇ ਜਿਸਨੂੰ ਨਾਮ ਵਿਸਰਿਆ ਹੋਇਆ ਹੈ ਉਹ ਮਾੜੇ ਕਰਮ ਕਰਦਾ ਹੈ। ਜੇਕਰ ਅਸੀਂ ਧਿਆਨ ਨਾਲ ਵਿਚਾਰ ਕਰਕੇ ਸਮਝੀਏ ਤਾਂ ਨਾਮ ਦੀ ਸੋਝੀ ਪਾਉਣ ਵਿੱਚ ਗੁਰੂ ਸਾਹਿਬ ਜੀ ਨੇ ਕੋਈ ਕਸਰ ਨਹੀਂ ਛੱਡੀ ਹੋਈ, ਕਮੀ ਨਹੀਂ ਛੱਡੀ ਹੋਈ। ਕਮੀ ਕੇਵਲ ਸਾਡੇ ਸਮਝਣ ਵਿੱਚ ਹੈ, ਗੁਰੂ ਤੇ ਭਰੋਸਾ ਕਰਨ ਵਿੱਚ ਹੈ। ਅਸਲ ਵਿਚ ਨਾਮ ਨੂੰ ਸਮਝਣ ਬਾਰੇ ਸਾਡਾ ਭਰੋਸਾ ਕਿਤੇ ਹੋਰ ਟਿਕਿਆ ਹੋਇਆ ਹੈ। ਅਸੀਂ ਅਸਲੀਅਤ ਨੂੰ ਜਾਣ ਕੇ ਵੀ ਅਣਜਾਣ ਬਣੇ ਰਹਿਣਾ ਚਾਹੁੰਦੇ ਹਾਂ ਕਿਉਂਕਿ ਅਸੀਂ ਇਹ ਸਾਬਤ ਨਹੀਂ ਹੋਣ ਦੇਣਾ ਚਾਹੁੰਦੇ ਕਿ ਜਿਨ੍ਹਾਂ ਨੇ ਸਾਨੂੰ ਨਾਮ ਬਾਰੇ ਸਮਝਾਇਆ ਹੈ, ਜਿੱਥੋਂ ਅਸੀਂ ਨਾਮ ਸਮਝਿਆ ਹੈ, ਉਹ ਗਲਤ ਵੀ ਹੋ ਸਕਦੇ ਹਨ। ਅਸੀਂ ਗੁਰੂ ਨੂੰ ਭਾਵੇਂ ਗਲਤ ਮੰਨ ਲਈਏ ਪਰ ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਜਿਨ੍ਹਾਂ ਤੇ ਅਸੀਂ ਅੱਜ ਤੱਕ ਇੰਨਾ ਵੱਡਾ ਭਰੋਸਾ ਕੀਤਾ ਹੋਇਆ ਹੈ, ਆਪਣੇ ਮਨ ਵਿੱਚ ਜਿਨ੍ਹਾਂ ਉੱਪਰ ਇਤਨੀ ਵੱਡੀ ਸ਼ਰਧਾ ਰੱਖੀ ਹੋਈ ਹੈ, ਉਹ ਵੀ ਕਦੇ ਗਲਤ ਹੋ ਸਕਦੇ ਹਨ। ਯਾਦ ਰੱਖੋ, ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ, ਦੇਹ ਉੱਪਰ ਰੱਖਿਆ ਭਰੋਸਾ ਸਾਡੇ ਕੰਮ ਨਹੀਂ ਆਉਣਾ। ਭਰੋਸਾ ਉਸ ਤੇ ਰੱਖੀਏ ਜਿਸ ਨੇ ਸਾਡਾ ਸਵਾਰਨਾ ਹੈ, ਜਿਸ ਦੇ ਹੱਥ ਸਭ ਕੁੱਝ ਹੈ। ਝੂਠੀ ਆਸ ਜਿਤਨੀ ਜਲਦੀ ਤਿਆਗ ਦਿਆਂਗੇ ਉਸਦਾ ਲਾਭ ਸਾਨੂੰ ਹੀ ਮਿਲੇਗਾ। ਗੁਰੂ ਤੇ ਰੱਖਿਆ ਭਰੋਸਾ ਕਦੇ ਵਿਅਰਥ ਨਹੀਂ ਜਾਂਦਾ ਸਿਰਫ ਮਨ ਨੂੰ ਪੱਕਾ ਕਰਨ ਦੀ ਲੋੜ ਹੈ। ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ।

{ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥
ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ॥
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ॥੩॥}

(ਅੰਗ ੪੭੪)

ਅਸੀਂ ਹੁਣ ਤੱਕ ਸ਼ਬਦਾਂ ਰਾਹੀਂ ਸਾਰੀ ਭਗਤੀ ਦਾ ਸਾਰ ਇਹੀ ਸਮਝਦੇ ਆਏ ਹਾਂ ਕਿ ਔਗੁਣਾਂ ਨੂੰ ਤਿਆਗ ਕੇ ਗੁਣਾਂ ਨੂੰ ਅਪਣਾਉਣਾ ਹੈ ਤੇ ਇਹੀ ਨਾਮ ਜਪਣਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਇਹੀ ਗੱਲ ਸਾਡੇ ਅੰਦਰ

4/269

ਹੋਰ ਦ੍ਰਿੜ ਹੋ ਜਾਵੇਗੀ ਅਤੇ ਸਮਝ ਲੱਗ ਜਾਵੇਗੀ ਕਿ ਇਸ ਜਨਮ ਮਰਨ ਦੇ ਗੇੜ ਤੋਂ ਕਿਵੇਂ ਨਿਕਲਿਆ ਜਾ ਸਕਦਾ ਹੈ ਤੇ ਸਾਡੀ ਪਤਿ ਕਿਵੇਂ ਰਹਿ ਸਕਦੀ ਹੈ।

"ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥
ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ॥੧॥
ਮਨ ਰੇ ਸਬਦਿ ਤਰਹੁ ਚਿਤੁ ਲਾਇ॥
ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ॥੧॥ਰਹਾਉ॥
ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥
ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ॥
ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ॥੨॥
ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥

ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ॥੩॥
ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ॥
ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ॥
ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥੪॥"

(ਅੰਗ ੧੯-੨੦)

ਮਾਇਆ ਦੇ ਮੋਹ ਵਿੱਚ ਪੈ ਕੇ ਸਾਡੇ ਮਨ ਦਾ ਉਹ ਹਾਲ ਹੋ ਜਾਂਦਾ ਹੈ ਜੋ ਕਿ ਲੋਹੇ ਦਾ ਹਾਲ ਜੰਗ ਲਗ ਕੇ ਹੋ ਜਾਂਦਾ ਹੈ ਭਾਵ ਮਨ ਭ੍ਰਿਸ਼ਟ ਹੋ ਜਾਂਦਾ ਹੈ ਜਿਸ ਕਾਰਨ ਮਨੁੱਖ ਤ੍ਰਿਸ਼ਨਾਵਾਂ ਦੀ ਅਗਨੀ ਵਿੱਚ ਜਲਦਾ ਹੈ ਤੇ ਇਸ ਮਨੁੱਖਾ ਜੀਵਨ ਦੀ ਕੀਮਤ ਮਿੱਟੀ ਬਰਾਬਰ ਹੋ ਜਾਂਦੀ ਹੈ ਭਾਵ ਇਸ ਮਾਇਆ ਮੋਹ ਵਿੱਚ ਪੈ ਕੇ ਮਨੁੱਖ ਆਪਣਾ ਜੀਵਨ ਵਿਅਰਥ ਵਿੱਚ ਮਿੱਟੀ ਦੇ ਭਾਅ ਰੋੜ੍ਹ ਦਿੰਦਾ ਹੈ। **(ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥)** ਇਹ ਮਾਇਆ ਦਾ ਮੋਹ ਹੀ ਮਨੁੱਖ ਕੋਲੋਂ ਸਾਰੇ ਔਗੁਣ ਕਰਵਾਉਂਦਾ ਹੈ, ਮਾੜੇ ਕਰਮ ਕਰਵਾਉਂਦਾ ਹੈ ਤੇ ਉਸ ਦੇ ਅੰਦਰ ਕੂੜ ਪ੍ਰਧਾਨ ਹੁੰਦਾ ਹੈ, ਝੂਠ ਦਾ ਬੋਲ ਬਾਲਾ ਹੁੰਦਾ ਹੈ **(ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ॥)**। ਬੜਾ ਸਪੱਸ਼ਟ ਹੈ ਕਿ ਔਗੁਣਾਂ ਦਾ ਮੂਲ ਮਾਇਆ ਮੋਹ ਹੈ, ਸਾਡੀਆਂ ਤ੍ਰਿਸ਼ਨਾਵਾਂ ਹਨ। ਜਿਹੜਾ ਮਨੁੱਖ ਮਾਇਆ ਦੇ ਮੋਹ ਵਿੱਚ ਹੈ ਉਹ ਆਪਣੇ ਜ਼ਿੰਦਗੀ ਦੇ ਅਸਲ ਮਨੋਰਥ ਤੋਂ ਪੂਰੀ ਤਰ੍ਹਾਂ ਭਟਕਿਆ ਹੋਇਆ ਹੈ, ਭਰਮਿਆ ਹੋਇਆ ਹੈ, ਦੁਬਿਧਾ ਵਿੱਚ ਹੈ ਅਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਔਗੁਣਾਂ ਦੇ ਸਾਗਰ ਵਿੱਚ ਡੁੱਬੋ ਰਿਹਾ ਹੈ। ਇਹ ਉਸਦੀ ਭਟਕਣਾ ਇਸ ਕਾਰਨ ਹੈ ਕਿ ਉਹ ਗੁਰੂ ਦੇ ਸ਼ਬਦ ਨੂੰ ਭੁੱਲਿਆ ਹੋਇਆ ਹੈ, ਉਸਦੇ ਉਪਦੇਸ਼ ਨੂੰ ਭੁੱਲਿਆ ਹੋਇਆ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਾਡੇ ਅੰਦਰ ਮਾਇਆ ਮੋਹ ਦਾ ਕਾਰਨ ਸਮਝਾਇਆ ਹੋਇਆ ਹੈ। **(ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ॥੧॥)** ਬੜਾ ਸਪੱਸ਼ਟ ਹੈ ਕਿ ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਭਰਮਾਂ ਵਾਲੀ ਮਤਿ ਦੇ ਵਿੱਚੋਂ ਕੱਢਣ ਦਾ ਹੈ, ਦੁਬਿਧਾ ਵਿੱਚੋਂ ਕੱਢਣ ਦਾ ਹੈ ਭਾਵ ਮਨ ਦੀ ਮਾੜੀ ਸਮਝ ਵਿੱਚੋਂ ਕੱਢਣ ਦਾ ਹੈ ਜਿਸ ਕਰਕੇ ਅਸੀਂ ਮਾਇਆ ਮੋਹ ਵਿਚ ਰਹਿੰਦੇ ਹਾਂ, ਤ੍ਰਿਸ਼ਨਾਵਾਂ ਵਿਚ ਰਹਿੰਦੇ ਹਾਂ, ਔਗੁਣਾਂ ਵਿੱਚ ਰਹਿੰਦੇ ਹਾਂ ਭਾਵ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੋਂ ਦੂਰ ਰਹਿੰਦੇ ਹਾਂ। "ਸ਼ਬਦ" ਦੇ ਰੂਪ ਵਿੱਚ ਹੀ ਆਪ ਗੁਰੂ ਹੈ, ਉਸਦਾ ਨਾਮ ਹੈ ਜਿਸ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢਕੇ, ਮਾਇਆ ਮੋਹ ਵਿੱਚੋਂ ਕੱਢ ਕੇ ਭਗਤੀ ਦੇ ਸੱਚੇ ਮਾਰਗ ਨਾਲ ਜੋੜਨ ਦਾ ਹੈ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ ਭਾਵ ਔਗੁਣ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨ ਦਾ ਮਾਰਗ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਦੁਬਿਧਾ ਵਿੱਚ, ਅਗਿਆਨਤਾ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਜੋ ਕਿ ਉਸਦੀ ਮਾਇਆ ਦੀ ਜੁਗਤਿ ਹੈ। ਦੁਬਿਧਾ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ। ਇਹ ਵੀ ਸਮਝਾਇਆ ਹੈ ਕਿ ਗੁਰੂ ਦੇ ਸ਼ਬਦ ਨਾਲ ਭਾਵ ਗੁਰੂ ਦੇ ਉਪਦੇਸ਼ ਨਾਲ ਆਪਣੇ ਚਿੱਤ ਨੂੰ ਜੋੜੋ ਤਾਂ ਜੋ ਇਸ ਔਗੁਣਾਂ ਦੇ ਸਾਗਰ ਨੂੰ, ਮਾਇਆ ਮੋਹ ਵਾਲੀ ਸਮਝ ਦੇ ਸਾਗਰ ਨੂੰ ਤਰਿਆ ਜਾ ਸਕੇ ਭਾਵ ਜੇਕਰ ਅਸੀਂ ਆਪਣੇ ਜੀਵਨ ਨੂੰ ਸਫਲ ਕਰਨਾ ਚਾਹੁੰਦੇ ਹਾਂ ਤਾਂ ਹੱਲ ਕੇਵਲ ਮਾਇਆ ਮੋਹ ਵਿੱਚੋਂ ਨਿਕਲ ਕੇ ਔਗੁਣਾਂ ਦੇ ਸਾਗਰ ਨੂੰ ਤਰਨਾ ਹੈ, ਇਸ ਭਵਸਾਗਰ ਨੂੰ ਤਰਨਾ ਹੈ ਜੋ ਸਭ ਨੂੰ ਡੁਬੋ ਰਿਹਾ ਹੈ। ਨਾਮ ਨੂੰ ਆਪਣੇ ਅੰਦਰੋਂ ਬੁੱਝਣ ਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦਾ ਇਹੀ ਮਾਰਗ ਹੈ, ਆਵਾਗਉਣ ਤੋਂ ਰਹਿਤ ਹੋਣ ਦਾ ਇਹੀ ਮਾਰਗ ਹੈ ਕਿ ਗੁਰੂ ਦੇ ਸ਼ਬਦ ਤੇ ਅਮਲ ਕਰਕੇ

4/270

ਭਾਵ ਉਸ ਨੂੰ ਮਨ ਵਿੱਚ ਵੱਸਾ ਕੇ ਔਗੁਣਾਂ ਤੋਂ ਬਾਹਰ ਨਿਕਲੀਏ ਤੇ ਸੱਚੀ ਸੁੱਚੀ ਕਿਰਤ ਕਰੀਏ। (**ਮਨ ਰੇ ਸਬਦਿ ਤਰਹੁ ਚਿਤੁ ਲਾਇ ॥ ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥1॥ ਰਹਾਉ ॥**) ਔਗੁਣਾਂ ਤੋਂ ਨਿਕਲਕੇ ਸਾਡੇ ਅੰਦਰ ਗੁਰੂ ਦੇ ਉਪਦੇਸ਼ ਦਾ ਵੱਸਣਾ ਹੀ, ਸ਼ਬਦ ਦਾ ਵੱਸਣਾ ਹੀ, ਸੱਚ ਦਾ ਵੱਸਣਾ ਹੀ, ਗੁਰੂ ਦੀ ਸੱਚੀ ਮਤਿ ਦਾ ਵੱਸਣਾ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ ਜੋ ਕਿ ਨਾਲ ਹੀ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਉਹੀ ਸਰੀਰ ਸੁੱਚਾ ਹੈ, ਮਨੁੱਖ ਸੁੱਚਾ ਹੈ ਜਿਸਦੇ ਅੰਦਰ ਗੁਰੂ ਦਾ ਸੱਚਾ ਉਪਦੇਸ਼ ਵਸਿਆ ਹੋਇਆ ਹੈ ਭਾਵ ਜੋ ਔਗੁਣਾਂ ਵਿੱਚੋਂ ਨਿਕਲਿਆ ਹੋਇਆ ਹੈ ਭਾਵ ਜਿਸ ਦੇ ਅੰਦਰ ਕੂਰ ਦੇ ਤੂਰਿਆਂ ਦੀ ਬਜਾਇ ਸੱਚ ਦੇ ਤੂਰੇ ਵੱਜਦੇ ਹਨ, ਅਨਹਦ ਤੂਰੇ ਵੱਜਦੇ ਹਨ ਭਾਵ ਜਿਸ ਦੇ ਅੰਦਰ ਸੱਚ ਪ੍ਰਧਾਨ ਹੈ।ਇਹੋ ਜਿਹਾ ਮਨੁੱਖ ਹੀ ਪ੍ਰਮਾਤਮਾ ਦੇ ਭੈਅ ਵਿੱਚ ਹੈ ਭਾਵ ਪ੍ਰਮਾਤਮਾ ਦਾ ਭੈਅ ਮੰਨ ਰਿਹਾ ਹੈ, ਉਸਦਾ ਉਪਦੇਸ਼ ਮੰਨ ਰਿਹਾ ਹੈ ਭਾਵ ਉਹ ਮਾਇਆ ਮੋਹ ਦੇ ਭੈਅ ਵਿੱਚੋਂ ਨਿਕਲਿਆ ਹੋਇਆ ਹੈ ਅਤੇ ਉਸਦੀ

ਜਿਹਵਾ (ਜੀਭ) ਕੇਵਲ ਸੱਚ ਦੇ ਮਨੋਰਥ ਲਈ ਬੋਲਦੀ ਹੈ ਭਾਵ ਨਾਮ ਜਪਦੀ ਹੈ **(ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥ ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ॥)** ਜੋ ਮਨੁੱਖ ਗੁਰੂ ਦਾ ਉਪਦੇਸ਼ ਮੰਨ ਕੇ ਵਿਚਰਦਾ ਹੈ ਭਾਵ ਸੱਚਾ ਸੁੱਚਾ ਹੋ ਕੇ ਵਿਚਰਦਾ ਹੈ ਭਾਵ ਨਾਮ ਜਪਦਾ ਹੈ ਇਹ ਹੀ ਪ੍ਰਮਾਤਮਾ ਦੀ ਉਸ ਤੇ ਮਿਹਰ ਹੈ ਭਾਵ ਪ੍ਰਮਾਤਮਾ ਦੀ ਕ੍ਰਿਪਾ ਦਾ ਇਹੀ ਤਰੀਕਾ ਹੈ ਜਿਸ ਦੁਆਰਾ ਅਸੀਂ ਦੁਬਾਰਾ ਇਸ ਆਵਾਗਉਣ ਦੀ ਤਪਸ਼ ਵਿੱਚ, ਤ੍ਰਿਸ਼ਨਾਵਾਂ ਦੀ ਤਪਸ਼ ਵਿੱਚ ਪੈਣ ਤੋਂ ਬੱਚ ਸਕਦੇ ਹਾਂ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। **(ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ॥)** ਇਹ ਸਾਰਾ ਸੰਸਾਰ ਪ੍ਰਮਾਤਮਾ ਦਾ ਆਪਣਾ ਹੀ ਰਚਿਆ ਹੋਇਆ ਹੈ ਅਤੇ ਆਪ ਹੀ ਉਸਨੂੰ ਚਲਾ ਰਿਹਾ ਹੈ। ਹਰ ਸਰੀਰ ਵਿੱਚ ਉਸਦੀ ਆਪਣੀ ਜੋਤਿ ਹੀ ਸਮਾਈ ਹੋਈ ਹੈ। ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਸਾਡਾ ਮਨ ਹੈ ਜਿਸ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥”

ਇਥੇ ਸਾਡੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ। ਸਾਡੇ ਅੰਦਰ ਦੀ ਜੋਤਿ ਭਾਵ ਸਾਡਾ ਮਨ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ, ਮਾਇਆ ਵਾਲੀ ਨਾ-ਸਮਝ ਮਤਿ ਵਾਲਾ ਹੈ ਜਿਸ ਕਰਕੇ ਇਹ ਮਨ ਉੱਡਦਾ ਰਹਿੰਦਾ ਹੈ, ਪਵਨ ਦੀ ਤਰ੍ਹਾਂ ਉੱਡਦਾ ਰਹਿੰਦਾ ਹੈ ਭਾਵ ਟਿਕਦਾ ਨਹੀਂ। ਸਾਡਾ ਮਨ ਮਾਇਆ ਮੋਹ ਵਿੱਚ, ਗੁਰਮਤਿ ਰੂਪ ਸੱਚੀ ਸਮਝ ਨਾ ਹੋਣ ਕਰਕੇ ਹੀ ਮਾਇਆ ਮੋਹ ਵਿੱਚ ਉੱਡਦਾ ਹੈ। ਸਾਡੇ ਮਨ ਨੂੰ ਮਾਇਆ ਮੋਹ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਮਨ ਤ੍ਰਿਸ਼ਨਾਵਾਂ ਵਿੱਚ ਉੱਡਦਾ ਰਹਿੰਦਾ ਹੈ। ਇਹ ਮਨ ਦੀ ਸਮਝ ਮਨੁੱਖ ਦੇ ਵੱਸ ਨਹੀਂ ਹੈ। ਜਦੋਂ ਵੀ ਮਨੁੱਖ ਨੂੰ ਪ੍ਰਮਾਤਮਾ ਕੋਲੋਂ ਉਸ ਦੇ ਨਾਮ ਜਲ ਦੀ ਪ੍ਰਾਪਤੀ ਹੁੰਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੀ ਪ੍ਰਾਪਤੀ ਹੁੰਦੀ ਹੈ ਤਾਂ ਹੀ ਮਨੁੱਖ ਦਾ ਉੱਡਦਾ ਹੋਇਆ ਮਨ ਟਿਕਦਾ ਹੈ ਭਾਵ ਉੱਡਣ ਵਾਲਾ ਮਨ “ਜਲ” ਰੂਪ ਮਨ ਬਣ ਜਾਂਦਾ ਹੈ, ਟਿਕਣ ਵਾਲਾ ਮਨ ਬਣ ਜਾਂਦਾ ਹੈ ਜੋ ਫਿਰ ਤ੍ਰਿਸ਼ਨਾਵਾਂ ਵਿਚ ਨਹੀਂ ਦੌੜਦਾ। (**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥**) ਪ੍ਰਮਾਤਮਾ ਦਾ ਨਾਮ ਜਲ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੀ ਹੈ। ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਆਪਣੇ ਨਾਮ ਜਲ ਦੁਆਰਾ ਹੀ ਕੀਤੀ ਹੈ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਕੀਤੀ ਹੈ ਤੇ ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੀ ਉਸ ਦਾ ਜੋਤਿ ਰੂਪ ਹੈ ਜਿਸ ਆਪਣੀ ਜੋਤਿ ਦੁਆਰਾ ਭਾਵ ਆਪਣੀ ਉੱਚੀ ਸਾਇੰਸ ਦੀ ਸਮਝ ਦੁਆਰਾ ਉਹ ਸਭ ਵਿੱਚ ਸਮਾਇਆ ਹੋਇਆ ਹੈ। (**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥**)

{ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ - ੨੮੪)

{ਸਭ ਮਹਿ ਜੋਤਿ ਜੋਤਿ ਹੈ ਸੋਇ ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥}

(ਅੰਗ - ੧੩)

ਜਦ ਤੱਕ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਮ ਜਲ ਦੀ ਪ੍ਰਾਪਤੀ ਨਹੀਂ ਹੁੰਦੀ ਮਨ ਮੈਲਾ ਹੈ, ਮਨ ਦੀ ਅਗਿਆਨਤਾ ਕਰਕੇ ਮੈਲਾ ਹੇ ਜੋ ਮੈਲ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ, ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖਦੀ ਹੈ। ਇਹ ਮਨ "ਨਿਰਮਲ" ਤਾਂ ਹੀ ਬਣ ਸਕਦਾ ਹੈ ਜਦੋਂ ਇਸਦੀ ਮੈਲ ਨਿਕਲ ਜਾਵੇ ਭਾਵ ਅਗਿਆਨਤਾ, ਮਾਇਆ ਮੋਹ, ਹਉਮੈ ਨਿਕਲ ਜਾਵੇ ਜੋ ਕਿ ਗੁਰੂ ਦੇ ਸ਼ਬਦ ਦੁਆਰਾ ਹੀ ਨਿਕਲਦੀ ਹੈ ਭਾਵ ਗੁਰੂ ਦੇ ਨਾਮ ਜਲ ਦੁਆਰਾ ਨਿਕਲਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਨਿਕਲਦੀ ਹੈ। ਇੱਕ ਵਾਰੀ ਮਨ ਦੀ ਮੈਲ ਨਿਕਲ ਜਾਵੇ, ਹਉਮੈ ਨਿਕਲ ਜਾਵੇ ਭਾਵ ਸੱਚੁ ਦੀ ਸਮਝ ਪੈ ਜਾਵੇ ਤਾਂ ਫਿਰ ਉਹ ਨਿਰਮਲ ਹੀ ਰਹਿੰਦਾ ਹੈ ਜਿਸ ਸੱਚੀ ਸਮਝ ਦੁਆਰਾ ਫਿਰ ਮਨੁੱਖ ਚੰਗੇ ਕਰਮ ਹੀ ਕਰਦਾ ਹੈ ਤੇ ਉਸਦੀ ਪ੍ਰਮਾਤਮਾ ਦੇ ਦਰ ਤੇ ਪਤਿ ਪੈਂਦੀ ਹੈ। ਸਾਡੇ ਮਨ ਦੀ ਸਮਝ ਹੀ ਸਾਡੀ

4/271

ਪਤਿ ਬਣਾਉਂਦੀ ਹੈ ਅਤੇ ਮਨ ਦੀ ਸਮਝ ਹੀ ਸਾਡੀ ਪਤਿ ਗਵਾਉਂਦੀ ਹੈ। ਜੇਕਰ ਸਾਡਾ ਮਨ ਮੈਲਾ ਹੈ ਭਾਵ ਜਦ ਤੱਕ ਸਾਡੇ ਅੰਦਰ ਗੁਰਮਤਿ ਵਾਲੀ ਸੱਚੀ ਸਮਝ ਨਹੀਂ ਹੈ ਤਾਂ ਸਾਡੀ ਪਤਿ ਲਹਿੰਦੀ ਹੈ। ਔਗੁਣਾਂ ਨਾਲ ਸਾਡੀ ਪਤਿ ਲਹਿੰਦੀ ਹੈ ਅਤੇ ਸਾਡੀ ਪਤਿ ਤਾਂ ਹੀ ਪੈਂਦੀ ਹੈ ਜਦੋਂ ਅਸੀਂ ਗੁਰੂ ਦੇ ਉਪਦੇਸ਼ ਨਾਲ ਰੱਤੇ ਜਾਈਏ ਭਾਵ ਔਗੁਣਾਂ ਨੂੰ ਤਿਆਗ ਕੇ ਗੁਣਾਂ ਵਾਲੇ ਸੱਚੇ ਸੁੱਚੇ ਕਰਮ ਕਰੀਏ। ਇਹ ਮਨ ਨਿਰਮਲ ਤਾਂ ਹੀ ਰਹਿ ਸਕਦਾ ਹੈ, ਮੈਲਾ ਹੋਣ ਤੋਂ ਤਾਂ ਹੀ ਬਚ ਸਕਦਾ ਹੈ ਜੇਕਰ ਇਹ ਗੁਰੂ ਦੇ ਸ਼ਬਦ ਨਾਲ ਭਾਵ ਗੁਰੂ ਦੀ ਮਤਿ ਨਾਲ, ਗੁਰੂ ਦੇ ਗਿਆਨ ਨਾਲ ਰੱਤਿਆ ਜਾਏ। **(ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥)**। ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾਵਾਂ ਹਨ, ਮਾਇਆ ਮੋਹ ਹੈ ਤਦ ਤੱਕ ਸਾਡਾ ਮਨ ਨਿਰਮਲ ਨਹੀਂ ਹੈ। ਨਿਰਮਲ ਮਨ ਉਹੀ ਹੁੰਦਾ ਹੈ ਜੋ ਤ੍ਰਿਸ਼ਨਾਵਾਂ ਵਿੱਚੋਂ ਨਿਕਲ ਕੇ ਸੰਤੋਖ ਵਿੱਚ ਆ ਜਾਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡਾ ਮਨ ਤਾਂ ਹੀ ਨਿਰਮਲ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਉਪਦੇਸ਼ ਤੇ ਚੱਲੀਏ। ਗੁਰੂ ਦੇ ਉਪਦੇਸ਼ ਬਿਨ੍ਹਾਂ ਇਹ ਮਨ ਮੈਲਾ ਹੀ ਰਹਿੰਦਾ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਇਸ ਮਨ ਨੂੰ ਮੈਲਾ ਰੱਖਾਂਗੇ ਤਾਂ ਫਿਰ ਸਾਡੀ ਪਤਿ ਕਿਵੇਂ ਪੈ ਸਕਦੀ ਹੈ। ਸਾਡੀ ਪਤਿ ਇਸਨੂੰ ਨਿਰਮਲ ਰੱਖਣ ਵਿੱਚ ਹੈ ਜੋ ਕਿ ਗੁਰੂ ਦੇ ਉਪਦੇਸ਼ ਨੂੰ ਮੰਨ ਕੇ ਹੀ ਰਹਿ ਸਕਦਾ ਹੈ। ਇਹ ਮਨ ਸੱਚ ਦੁਆਰਾ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ, ਤ੍ਰਿਸ਼ਨਾਵਾਂ ਨੂੰ ਛੱਡਣ ਦੁਆਰਾ ਹੀ ਸੰਤੋਖ ਵਿੱਚ ਆਉਂਦਾ ਹੈ। ਪ੍ਰਮਾਤਮਾ ਆਪ ਸੱਚ ਹੈ ਤੇ ਪ੍ਰਮਾਤਮਾ ਜਿਸ ਤੇ ਆਪਣੀ ਮਿਹਰ ਕਰਦਾ ਹੈ, "ਉਹ ਮਨ ਦੇ ਵਿੱਚ ਹੀ ਕਰਦਾ ਹੈ, ਆਪਣਾ ਸੱਚ ਬਖਸ਼ਣ ਦੁਆਰਾ ਭਾਵ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਕਰਦਾ ਹੈ।" **(ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ॥)** ਜਦ ਤੱਕ ਅਸੀਂ ਤ੍ਰਿਸ਼ਨਾਵਾਂ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ ਭਾਵ ਜਦ ਤੱਕ ਸਾਡੇ ਅੰਦਰ ਸੰਤੋਖ ਨਹੀਂ ਹੈ, ਤ੍ਰਿਸ਼ਨਾਵਾਂ ਦੀ ਪੂਰਤੀ ਲਈ ਔਗੁਣਾਂ ਦੀ ਉੱਪਜ ਸਾਡੇ ਮਨ ਦੇ ਵਿੱਚੋਂ ਹੀ ਹੁੰਦੀ ਹੈ ਤੇ ਉਨ੍ਹਾਂ ਨੂੰ ਵੱਸ ਵੀ ਮਨ ਦੁਆਰਾ ਹੀ ਕੀਤਾ ਜਾ ਸਕਦਾ ਹੈ। ਜਿਸਦਾ ਇਹ ਮਨ ਹੈ ਉਹ ਹੀ ਉਨ੍ਹਾਂ ਨੂੰ ਵੱਸ ਵਿੱਚ ਕਰ ਸਕਦਾ ਹੈ। ਮਨੁੱਖ ਨੇ ਕੇਵਲ ਉੱਦਮ ਹੀ ਕਰਨਾ ਹੈ। "ਪੰਚ ਭੂਤ" ਭਾਵ ਪੰਜੇ ਵਿਕਾਰ ਉਸ ਪ੍ਰਮਾਤਮਾ ਦੇ ਭੈਅ ਵਿੱਚ ਹੀ ਹਨ ਭਾਵ ਉਸਦੇ ਵੱਸ ਵਿੱਚ ਹੀ ਹਨ ਅਤੇ ਉਸਦੀ ਕ੍ਰਿਪਾ ਦੁਆਰਾ ਹੀ ਵੱਸ ਵਿੱਚ ਆ ਸਕਦੇ ਹਨ। ਸਾਡੇ ਮਨ ਦੀ ਸੋਚ ਹੀ, ਸਾਡੇ ਅੰਦਰ ਦੀ ਜੋਤਿ ਹੀ ਸਾਡੇ ਕੋਲੋਂ ਔਗੁਣ ਕਰਵਾਉਂਦੀ ਹੈ ਅਤੇ ਇਹ ਸੋਚ ਹੀ ਇਨ੍ਹਾਂ ਨੂੰ ਵੱਸ ਵਿੱਚ ਕਰ ਸਕਦੀ ਹੈ। ਮਨ ਦੀ ਸਮਝ ਦੁਆਰਾ ਹੀ ਔਗੁਣ ਉਪਜਦੇ ਹਨ ਅਤੇ ਮਨ ਦੀ ਸਮਝ ਦੁਆਰਾ ਹੀ ਵੱਸ ਵਿੱਚ ਆ ਸਕਦੇ ਹਨ। ਜਿਸਨੇ ਸਾਨੂੰ ਔਗੁਣਾਂ ਵਿੱਚ ਪਾਇਆ ਹੈ, ਉਹ ਹੀ ਸਾਨੂੰ ਕੱਢ ਸਕਦਾ ਹੈ। ਅਸੀਂ ਕੇਵਲ ਉੱਦਮ ਹੀ ਕਰਨਾ ਹੈ ਕ੍ਰਿਪਾ ਉਹ ਆਪ ਹੀ ਕਰਦਾ ਹੈ।

(ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ॥

ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ॥)

ਪ੍ਰਮਾਤਮਾ ਦੀ ਸਾਡੇ ਤੇ ਉਸਦੀ ਵੱਡੀ ਕ੍ਰਿਪਾ ਇਹ ਹੈ ਕਿ ਉਹ ਸਾਨੂੰ ਇਨ੍ਹਾਂ ਔਗੁਣਾਂ ਤੋਂ ਰੱਖ ਲਵੇ, ਬਚਾ ਲਵੇ ਕਿਉਂਕਿ ਪਤਿ ਉਸੇ ਦੀ ਹੀ ਪੈਂਦੀ ਹੈ ਜਿਸਨੂੰ ਪ੍ਰਮਾਤਮਾ ਉਸਦੇ ਔਗੁਣ ਵਿਸਾਰ ਦਿੰਦਾ ਹੈ, ਦੂਰ ਕਰ ਦਿੰਦਾ ਹੈ, ਮਨ ਸਾਫ ਕਰ ਦਿੰਦਾ ਹੈ,

ਸੱਚਾ ਸੁੱਚਾ ਕਰ ਦਿੰਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥)**। ਜਿਸਨੂੰ ਔਗੁਣ ਨਹੀਂ ਵਿਸਰਦੇ ਉਸਨੂੰ ਨਾਮ ਵਿਸਰਿਆ ਹੁੰਦਾ ਹੈ, ਗੁਣ ਵਿਸਰੇ ਹੁੰਦੇ ਹਨ। ਨਾਮ ਤੋਂ ਬਿਨ੍ਹਾਂ ਪਤਿ ਨਹੀਂ ਹੈ, ਸੱਚ ਤੋਂ ਬਿਨ੍ਹਾਂ, ਗੁਣਾਂ ਤੋਂ ਬਿਨ੍ਹਾਂ ਪਤਿ ਨਹੀਂ ਹੈ।

4/272

ਇਸ ਸ਼ਬਦ ਨੂੰ ਵਿਚਾਰਨ ਤੋਂ ਬਾਅਦ ਕੀ ਇਹ ਭੁਲੇਖਾ ਰਹਿ ਜਾਂਦਾ ਹੈ ਕਿ ਸਾਡੀ ਪਤਿ ਕਿਵੇਂ ਰਹਿੰਦੀ ਹੈ ਤੇ ਕੌਣ ਸਾਡੀ ਪਤਿ ਰੱਖਦਾ ਹੈ। ਜਿਸਦੀ ਪ੍ਰਮਾਤਮਾ ਪਤਿ ਰੱਖਦਾ ਹੈ ਉਸਨੂੰ ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਉਸਨੂੰ ਔਗੁਣਾਂ ਤੋਂ ਹੀ ਬਚਾਉਂਦਾ ਹੈ। ਕੀ ਕੋਈ ਔਗੁਣ ਛੱਡਣ ਤੋਂ ਬਿਨ੍ਹਾਂ ਹੋਰ ਕੋਈ ਐਸਾ ਤਰੀਕਾ ਹੈ ਜਿਸ ਨਾਲ ਸਾਡੀ ਪਤਿ ਰਹਿ ਜਾਵੇ ਤੇ ਅਸੀਂ ਆਵਾਗਉਣ ਤੋਂ ਬੱਚ ਸਕੀਏ, ਉਸ ਪ੍ਰਮਾਤਮਾ ਦੇ ਨਾਲ ਮਿਲ ਸਕੀਏ।

“ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥”

(ਅੰਗ ੭)

ਜਿਉਂ-ਜਿਉਂ ਅਸੀਂ ਔਗੁਣ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਦੇ ਹਾਂ, ਉਤਨੀਆਂ ਹੀ ਅਸੀਂ ਪਤਿ ਦੀਆਂ ਪਉੜੀਆਂ ਚੜ੍ਹਦੇ ਜਾਂਦੇ ਹਾਂ ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸਾਡੀ ਪਤਿ ਉੱਚੀ ਹੁੰਦੀ ਜਾਂਦੀ ਹੈ ਤੇ ਇਸੇ ਵਿਧੀ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਸਰੀਰਕ ਜਪ ਤਪ ਸਾਡੇ ਕਿਸੇ ਕੰਮ ਨਹੀਂ ਆਉਂਦੇ। ਬੜੇ ਧਿਆਨ ਨਾਲ ਵਿਚਾਰੋ ਇਸ ਗੱਲ ਨੂੰ। ਅਸਲੀਅਤ ਤੋਂ ਜਦ ਤੱਕ ਮੂੰਹ ਮੋੜੀ ਰੱਖਾਂਗੇ, ਨੁਕਸਾਨ ਆਪਣਾ ਹੀ ਕਰਾਂਗੇ। ਆਓ ਹੁਣ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਤੇ ਆਪਣੇ ਆਪ ਨੂੰ ਹੋਰ ਦ੍ਰਿੜ ਕਰੀਏ ਕਿ ਨਾਮ ਜਪਣਾ ਔਗੁਣਾਂ ਦਾ ਤਿਆਗ ਹੀ ਹੈ ਤੇ ਗੁਣਾਂ ਦੁਆਰਾ ਵਿਚਰਨਾ ਹੀ ਹੈ। ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ।

“ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ॥
ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ॥
ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ॥੧॥
ਮੂੜੇ ਰਾਮੁ ਜਪਹੁ ਗੁਣ ਸਾਰਿ॥
ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥੧॥ਰਹਾਉ॥
ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ॥
ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ॥੨॥
ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ॥
ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ॥
ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ॥੩॥
ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ॥
ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ॥੪॥” (ਅੰਗ ੧੯)

ਵਿਕਾਰਾਂ ਵਿੱਚ ਲੱਗੇ ਹੋਏ ਮਨੁੱਖ ਦੀ ਦਸ਼ਾ ਉਹੋ ਜਿਹੀ ਦੱਸੀ ਗਈ ਹੈ ਜੋ ਕਿ ਇੱਕ ਮੁਰਦਾ ਲਾਸ਼ ਦੀ ਹੁੰਦੀ ਹੈ। ਵਿਕਾਰਾਂ ਵਿੱਚ ਲੱਗਿਆ ਹੋਇਆ ਮਨੁੱਖ ਗੁਰੂ ਤੋਂ ਵਿਛੜਿਆ ਹੋਇਆ ਹੈ ਤੇ ਉਹ ਦੂਜੇ ਭਾਇ ਵਿੱਚ ਹੈ ਭਾਵ ਉਸਦਾ ਪਿਆਰ ਮਾਇਆ ਵਿੱਚ ਹੈ। ਸਾਡਾ ਅਸਲ ਪਿਆਰ ਇੱਕ ਪਾਸੇ ਹੀ ਪੈ ਸਕਦਾ ਹੈ, ਭਾਵੇਂ ਆਪਣਾ ਮੋਹ ਮਾਇਆ ਨਾਲ ਪਾ ਲਈਏ ਤੇ ਭਾਵੇਂ ਆਪਣਾ ਮੋਹ ਗੁਰੂ ਨਾਲ ਪਾ ਲਈਏ ਭਾਵ ਆਪਣਾ ਮੋਹ ਭਾਵੇਂ ਆਪਣੀ ਮਤਿ ਨਾਲ ਰੱਖ ਲਈਏ, ਮਨਮਤਿ ਨਾਲ ਰੱਖ ਲਈਏ ਜਾਂ ਗੁਰੂ

ਦੀ ਮਤਿ ਨਾਲ ਰੱਖ ਲਈਏ, ਆਪਣੀ ਨਾ-ਸਮਝ ਮਤਿ ਨਾਲ ਰੱਖ ਲਈਏ ਜਾਂ ਗੁਰੂ ਦੀ ਸੱਚੀ ਸਮਝ ਦੇ ਨਾਲ ਰੱਖ ਲਈਏ ਜਿਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੈ। ਮਨ ਦੇ ਵਿੱਚ ਨਾ-ਸਮਝ ਮਤਿ ਦੇ ਰਹਿੰਦੇ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹੋਏ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਜਿਸ ਕਰਕੇ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਔਗੁਣ ਕਰਦੇ ਹਾਂ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ। ਵਿਕਾਰਾਂ ਦੇ ਰਹਿੰਦੇ ਸਾਡਾ ਗੁਰੂ ਨਾਲ ਮੋਹ, ਪਿਆਰ, ਕਬੂਲ ਨਹੀਂ ਹੁੰਦਾ ਭਾਵ ਇਹ ਗੁਰੂ ਨੂੰ ਕਬੂਲ ਨਹੀਂ ਹੈ। ਜਦ ਤੱਕ ਮਨੁੱਖ ਪੰਜਾਂ ਵਿਕਾਰਾਂ ਦਾ ਰੁੰਨਿਆ ਹੋਇਆ ਹੈ ਉਹ ਔਗੁਣਾਂ ਵਿੱਚ ਲੱਗ ਕੇ ਬਿਨਸ ਰਿਹਾ ਹੈ, ਆਪਣੇ ਜੀਵਨ ਨੂੰ, ਆਤਮਿਕ ਜੀਵਨ ਨੂੰ ਰੋੜ ਰਿਹਾ ਹੈ। ਮਨੁੱਖ ਆਪਣੇ ਅੰਦਰੋਂ ਤ੍ਰਿਸ਼ਨਾ ਦੀ ਅੱਗ ਨਾਲ ਸੜ ਰਿਹਾ ਹੈ ਪਰ ਉਸਨੂੰ ਇਸ ਦੀ ਖਬਰ ਨਹੀਂ ਭਾਵ ਅੰਦਰ ਅੱਗ ਬਲ ਰਹੀ ਹੈ ਪਰ ਉਸ ਵਿੱਚੋਂ ਧੂੰਆਂ ਨਿਕਲਦਾ ਨਜਰ ਨਹੀਂ ਆ ਰਿਹਾ ਭਾਵ ਔਗੁਣ ਦਿਨ ਰਾਤ ਸਾਨੂੰ ਸਾੜ ਰਹੇ ਹਨ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ। (**ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ॥ ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ॥ ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ॥**) ਇਹੋ ਜਿਹੀ ਅਵਸਥਾ ਵਿੱਚ ਜੇਕਰ ਅਸੀਂ ਪ੍ਰਮਾਤਮਾ ਨੂੰ ਜਪਦੇ ਹਾਂ, ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਉਹ ਕੇਵਲ ਸਾਡੀ ਇੱਕ ਭੁੱਲ ਹੈ, ਮੂਰਖਤਾ ਹੈ ਜੋ ਕਿ ਨਾਲ ਹੀ ਰਹਾਓ ਵਾਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਇੱਥੇ ਸਾਨੂੰ ਰਾਮ ਨਾਮ ਜਪਣਾ ਸਮਝਾਇਆ ਹੋਇਆ ਹੈ। ਸਮਝਾਇਆ ਇਹ ਹੈ ਕਿ ਪ੍ਰਮਾਤਮਾ ਨੂੰ ਗੁਣਾਂ ਦੁਆਰਾ ਜਪਿਆ ਜਾ ਸਕਦਾ ਹੈ, ਗੁਣਾਂ ਦੀ ਸਾਰ ਦੁਆਰਾ ਜਪਿਆ ਜਾ ਸਕਦਾ ਹੈ ਕਿਉਂਕਿ ਗੁਰੂ ਦੇ ਗੁਣ ਹੀ ਸਾਡੇ ਔਗੁਣਾਂ ਨੂੰ ਦੂਰ ਕਰ ਸਕਦੇ ਹਨ। ਹਰ ਕੋਈ ਹਉਮੈ, ਮਮਤਾ, ਅਹੰਕਾਰ ਦੁਆਰਾ ਠੱਗਿਆ ਜਾ ਰਿਹਾ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਦੁਆਰਾ ਠੱਗਿਆ ਜਾ ਰਿਹਾ ਹੈ ਤੇ

4/273

ਇਨ੍ਹਾਂ ਤੋਂ ਅਸੀਂ ਤਾਂ ਹੀ ਬੱਚ ਸਕਦੇ ਹਾਂ ਜੇ ਸਾਡੇ ਅੰਦਰ ਗੁਰੂ ਦੇ ਗੁਣ ਵੱਸ ਜਾਣਗੇ, ਗੁਰੂ ਦੇ ਚੰਗੇ ਵਿਚਾਰ ਵੱਸ ਜਾਣਗੇ, ਉਸਦਾ ਉਪਦੇਸ਼ ਵੱਸ ਜਾਵੇਗਾ। ਜਿਨ੍ਹਾਂ ਨੂੰ ਗੁਰੂ ਦੇ ਵਿਚਾਰ, ਗੁਰੂ ਦੇ ਗੁਣ ਵਿਸਰੇ ਹੋਏ ਹਨ ਉਹ ਹੀ ਦੂਜੇ ਪਾਸੇ ਲੱਗ ਕੇ, ਦੁਬਿਧਾ ਵਿੱਚ ਫਸ ਕੇ ਤ੍ਰਿਸ਼ਨਾ ਦੀ ਅੱਗ ਵਿੱਚ ਸੜ ਰਹੇ ਹਨ ਤੇ ਇਹ ਹੀ ਨਾਮ ਦਾ ਵਿਸਾਰਨਾ ਹੈ ਭਾਵ ਜਿਸ ਨੂੰ ਗੁਰੂ ਦਾ ਉਪਦੇਸ਼ ਵਿਸਰਿਆ ਹੋਇਆ ਹੈ, ਗੁਣ ਵਿਸਰੇ ਹੋਏ ਹਨ ਉਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਅਤੇ ਉਹ ਔਗੁਣਾਂ ਵਿੱਚ ਫਸੇ ਹੋਏ ਹਨ ਤੇ ਉਨ੍ਹਾਂ ਦਾ ਜੀਵਨ ਇੱਕ ਚਲਦੀ ਫਿਰਦੀ ਲਾਸ਼ ਦੇ ਬਰਾਬਰ ਹੈ। (**ਮੂੜੇ ਰਾਮੁ ਜਪਹੁ ਗੁਣ ਸਾਰਿ॥ ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥੧॥ਰਹਾਉ॥ ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ॥ ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ॥੨॥**)

ਮਾਇਆ ਮੋਹ ਵਿੱਚੋਂ, ਔਗੁਣਾਂ ਵਿੱਚੋਂ ਉਹ ਹੀ ਉਭਰ ਸਕਦਾ ਹੈ, ਨਿਕਲ ਸਕਦਾ ਹੈ ਜਿਸਨੂੰ ਗੁਰੂ ਰੱਖ ਲੈਂਦਾ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਵਿੱਚ ਵੀ ਜਾਣਿਆ ਹੈ। ਉਸਦੀ ਕ੍ਰਿਪਾ ਦੁਆਰਾ ਹੀ ਅਸੀਂ ਇਸ ਮਾਇਆ ਦੇ, ਵਿਕਾਰਾਂ ਦੇ ਭਵਸਾਗਰ ਵਿੱਚੋਂ ਨਿਕਲ ਸਕਦੇ ਹਾਂ ਅਤੇ ਸਭ ਇਸੇ ਤਰ੍ਹਾਂ ਮਾੜੇ ਧੰਦਿਆਂ ਵਿੱਚ ਲੱਗੇ ਮੁਠੇ ਠੱਗੇ ਜਾ ਰਹੇ ਹਨ। ਅਸੀਂ ਮਾਇਆ ਮੋਹ ਵਿੱਚੋਂ, ਔਗੁਣਾਂ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ ਤੇ ਪ੍ਰਮਾਤਮਾ ਦੀ ਸਾਡੇ ਤੇ ਕਿਰਪਾ ਕਿਵੇਂ ਹੁੰਦੀ ਹੈ ਇਸ ਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ॥
ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ॥
ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ॥੩॥”

ਇਹਨਾਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸਾਡਾ ਗੁਰੂ ਨਾਲ, ਪ੍ਰਮਾਤਮਾ ਨਾਲ ਵਿਰੋਧ ਕਿਸ ਕਰਕੇ ਹੈ ਤੇ ਉਹ ਵਿਰੋਧ ਦੂਰ ਕਿਵੇਂ ਹੋ ਸਕਦਾ ਹੈ। ਪ੍ਰਮਾਤਮਾ ਨਾਲੋਂ ਸਾਡੀ ਪ੍ਰੀਤ ਕਿਸ ਕਾਰਨ ਟੁੱਟੀ ਹੋਈ ਹੈ ਤੇ ਕਿਸ ਤਰ੍ਹਾਂ ਜੁੜ ਸਕਦੀ ਹੈ। ਜਿਵੇਂ ਕਿ ਸ਼ਬਦ ਦੇ ਪਹਿਲੇ ਪਦਿਆਂ ਵਿੱਚ ਸਮਝਾਇਆ ਹੋਇਆ ਹੈ, ਜਦ ਤੱਕ ਸਾਡੀ ਪ੍ਰੀਤ ਮਾਇਆ ਨਾਲ ਹੈ, ਔਗੁਣਾਂ ਨਾਲ ਹੈ, ਵਿਕਾਰਾਂ ਨਾਲ ਹੈ ਭਾਵ ਜਦ ਤੱਕ ਅਸੀਂ ਗੁਰੂ ਦੀ ਮਤਿ ਤੋਂ ਭੁੱਲੇ ਹੋਏ ਹਾਂ, ਗੁਰੂ ਦੇ ਗੁਣਾਂ ਨੂੰ ਭੁੱਲੇ ਹੋਏ ਹਾਂ ਤਦ ਤੱਕ ਸਾਡੀ ਪ੍ਰੀਤ ਗੁਰੂ ਦੇ ਨਾਲ ਨਹੀਂ ਹੈ। ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਵਿਰੋਧ ਇਸੇ ਕਰਕੇ ਹੀ ਹੈ। ਜੇਕਰ ਅਸੀਂ ਗੁਰੂ ਨਾਲ ਵਿਰੋਧ ਖਤਮ ਕਰਨਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਮਾਇਆ ਨਾਲ, ਔਗੁਣਾਂ ਨਾਲ, ਵਿਕਾਰਾਂ ਨਾਲ ਆਪਣੀ ਪ੍ਰੀਤ ਮਾਰਨੀ ਪਵੇਗੀ, ਛੱਡਣੀ ਪਵੇਗੀ ਤੇ ਇਹ ਛੱਡਣ ਨਾਲ ਸਾਡਾ ਪ੍ਰਮਾਤਮਾ ਨਾਲ ਵੈਰ ਵਿਰੋਧ ਮਰ

ਜਾਵੇਗਾ, ਖਤਮ ਹੋ ਜਾਵੇਗਾ **(ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ॥)** ਭਾਵ ਇਸ ਤਰੀਕੇ ਨਾਲ ਸਾਡੀ ਪ੍ਰੀਤ ਗੁਰੂ ਨਾਲ ਜੁੜ ਜਾਵੇਗੀ। ਜਦ ਤੱਕ ਸਾਡੇ ਅੰਦਰ ਵਿਕਾਰ ਹਨ ਜੋ ਕਿ ਮਾਇਆ ਮੋਹ ਵਿੱਚ ਰਹਿਣ ਕਰਕੇ ਹਨ, ਇਹਨਾਂ ਦੇ ਰਹਿੰਦੇ ਅਸੀਂ ਮਾੜੇ ਧੰਦੇ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ, ਮਾੜੀ ਕਿਰਤ ਕਰਦੇ ਹਾਂ। ਮਾਇਆ ਮੋਹ ਦੇ ਨਿਕਲਣ ਨਾਲ, ਵਿਕਾਰਾਂ ਦੇ ਨਿਕਲਣ ਨਾਲ ਸਾਡੇ ਮਾੜੇ ਧੰਦੇ ਆਪ ਹੀ ਮੁੱਕ ਜਾਂਦੇ ਹਨ, ਖਤਮ ਹੋ ਜਾਂਦੇ ਹਨ, ਥੱਕ ਜਾਂਦੇ ਹਨ ਤੇ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਵੈਰ ਵਿਰੋਧ ਖਤਮ ਹੋ ਜਾਂਦਾ ਹੈ। **(ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ॥)** ਵਿਕਾਰਾਂ ਦਾ ਮੂਲ ਸਾਡੇ ਅੰਦਰ ਦੀ ਤ੍ਰਿਸ਼ਨਾ ਹੈ ਤੇ ਤ੍ਰਿਸ਼ਨਾ ਦਾ ਮੂਲ ਸਾਡੀ ਮਨਮਤਿ ਹੈ, ਅਗਿਆਨਤਾ ਹੈ, ਦੁਬਿਧਾ ਹੈ। ਗੁਰਮਤਿ ਦੀ ਸੱਚੀ ਸੋਝੀ ਪੈਣ ਨਾਲ ਹੀ ਅਸੀਂ ਇਸ ਵਿੱਚੋਂ ਨਿਕਲ ਸਕਦੇ ਹਾਂ ਤੇ ਆਪਣੀ ਸੱਚੀ ਸੋਝੀ ਉਹ ਆਪ ਹੀ ਪਾਉਂਦਾ ਹੈ ਜਿਸ ਨਾਲ ਅਸੀਂ ਸੱਚ ਨਾਲ ਜੁੜਦੇ ਹਾਂ, ਨਾਮ ਨਾਲ ਜੁੜਦੇ ਹਾਂ ਤੇ ਸਾਡੀ ਹਉਮੈ ਭਾਵ ਸਾਡੀ ਆਪਣੀ ਮਤਿ ਦੂਰ ਹੁੰਦੀ ਹੈ। ਸਾਰੀ ਗੱਲ ਸਾਡੇ ਚੰਗੇ ਕਰਮਾਂ ਤੇ ਮੁੱਕਦੀ ਹੈ। ਜਦ ਤੱਕ ਵਿਕਾਰਾਂ ਵਿੱਚ ਰਹਿ ਕੇ ਅਸੀਂ ਮਾੜੇ ਕਰਮ ਕਰਦੇ ਹਾਂ, ਮਾੜੀ ਕਿਰਤ ਕਰਦੇ ਹਾਂ ਤਦ ਤੱਕ ਅਸੀਂ ਪ੍ਰਮਾਤਮਾ ਦੇ ਪਿਆਰ ਤੋਂ ਦੂਰ ਰਹਿੰਦੇ ਹਾਂ ਤੇ ਇਹੀ ਉਸ ਦੇ ਨਾਲ ਸਾਡਾ ਵੈਰ ਵਿਰੋਧ ਦਾ ਕਾਰਨ ਹੈ। ਪ੍ਰਮਾਤਮਾ ਦੇ ਨਾਲ ਸਾਡਾ ਇਹ ਵਿਰੋਧ ਸੱਚ ਨੂੰ ਪਾ ਕੇ ਹੀ ਜਾ ਸਕਦਾ ਹੈ, ਔਗੁਣਾਂ ਨੂੰ ਛੱਡ ਕੇ ਹੀ ਜਾ ਸਕਦਾ ਹੈ, ਉਸਦੀ ਮਤਿ ਤੇ ਅਮਲ ਕਰਕੇ ਹੀ ਜਾ ਸਕਦਾ ਹੈ ਜੋ ਕਿ ਕੇਵਲ ਉਸ ਦੀ ਆਪਣੀ ਕਿਰਪਾ ਦੁਆਰਾ ਹੀ ਹੋ ਸਕਦਾ ਹੈ। ਆਪਣਾ ਸੱਚ ਉਹ ਆਪ ਹੀ ਬਖਸ਼ਦਾ ਹੈ, ਸੱਚ ਤੇ, ਗੁਰੂ ਦੀ ਮਤਿ ਤੇ ਕਿਸੇ ਵਿਰਲੇ ਨੂੰ ਹੀ ਚਲਾਉਂਦਾ ਹੈ, ਕਿਸੇ ਵੱਡੇ ਭਾਗਾਂ ਵਾਲੇ ਨੂੰ ਹੀ ਸੱਚ ਬਖਸ਼ਦਾ ਹੈ ਤੇ ਉਸੇ ਦਾ ਹੀ ਪ੍ਰਮਾਤਮਾ ਨਾਲ ਵਿਰੋਧ ਖਤਮ ਹੁੰਦਾ ਹੈ ਭਾਵ ਉਹ ਪ੍ਰਮਾਤਮਾ ਦੇ ਨਾਲ ਨਿਰੋਧ ਹੋ ਜਾਂਦਾ ਹੈ, ਨਿਰ-ਵਿਰੋਧ ਹੋ ਜਾਂਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ॥੩॥)** ਇਹ ਹੀ ਨਾਮ ਦਾ ਤੇ ਹਉਮੈ ਦਾ ਆਪਸ ਵਿੱਚ ਵਿਰੋਧ ਹੈ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}

(ਅੰਗ ੫੬੦)

ਜਿੱਥੇ ਨਾਮ ਹੈ, ਉੱਥੇ ਕੇਵਲ ਸੱਚ ਹੈ, ਗੁਰੂ ਦੀ ਮਤਿ ਹੈ, ਪ੍ਰਮਾਤਮਾ ਆਪ ਹੈ। ਜਿੱਥੇ ਹਉਮੈ ਹੈ, ਉੱਥੇ ਮਨਮਤਿ ਹੈ, ਮੈਂ ਹੈ, ਮਾਇਆ ਮੋਹ ਹੈ, ਔਗੁਣ ਹਨ, ਵਿਕਾਰ ਹਨ। ਉੱਥੇ ਨਾਮ ਨਹੀਂ ਹੈ। ਇਹ ਵਿਰੋਧ ਮਨਮਤਿ ਦਾ ਗੁਰਮਤਿ ਦੇ ਨਾਲ ਵਿਰੋਧ ਹੈ, ਸਾਡੀ ਨਾ-ਸਮਝ ਮਤਿ ਦਾ ਗੁਰੂ ਦੀ ਸੱਚੀ ਮਤਿ ਦੇ ਨਾਲ ਵਿਰੋਧ ਹੈ। ਸਾਡੀ ਸੁਰਤਿ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਦੇ ਨਾਲ ਵਿਰੋਧ ਹੈ ਜੋ ਵਿਰੋਧ ਸ਼ਬਦ ਦੇ ਵਿਚਾਰਾਂ ਨੂੰ ਭਾਵ ਨਾਮ ਨੂੰ ਮੰਨਣ ਦੁਆਰਾ ਹੀ, ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ, ਮਨਮਤਿ ਨੂੰ, ਹਉਮੈ ਨੂੰ ਛੱਡਣ ਦੁਆਰਾ ਹੀ ਦੂਰ ਹੋ ਸਕਦਾ ਹੈ।

4/274

ਉਹ ਪ੍ਰਮਾਤਮਾ ਨਿਰਵੈਰ ਹੈ, ਉਹ ਸਾਡੇ ਪਿਛਲੇ ਔਗੁਣ ਬਖਸ਼ ਦਿੰਦਾ ਹੈ ਭਾਵ ਸਾਨੂੰ ਗੁਰੂ ਤੇ ਭਰੋਸਾ ਕਰਕੇ ਇਨ੍ਹਾਂ ਔਗੁਣਾਂ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਚਾਹੀਦਾ ਹੈ ਜੋ ਕਿ ਨਾਮ ਜਪਣ ਦਾ ਸੱਚਾ ਉੱਦਮ ਹੈ, ਸੱਚੀ ਸੁਚੀ ਕਿਰਤ ਕਰਨ ਦਾ ਸੱਚਾ ਉੱਦਮ ਹੈ, ਪ੍ਰਮਾਤਮਾ ਨੂੰ ਮਿਲਣ ਦਾ ਸੱਚਾ ਉੱਦਮ ਹੈ। ਅਗਲੀ ਪੰਗਤੀ ਵਿੱਚ ਬੜਾ ਸਪੱਸ਼ਟ ਸਮਝਾਇਆ ਹੈ ਕਿ ਪ੍ਰਮਾਤਮਾ ਸੱਚੀ ਕਾਰ ਦੁਆਰਾ ਮਿਲਦਾ ਹੈ ਭਾਵ ਸੱਚੀ ਸੁੱਚੀ ਕਰਨੀ ਦੁਆਰਾ ਮਿਲਦਾ ਹੈ ਤੇ ਸੱਚੀ ਸੁੱਚੀ ਕਰਨੀ ਉਹ ਹੀ ਕਰਦਾ ਹੈ ਜੋ ਗੁਰੂ ਦੀ ਮਤਿ ਨੂੰ ਪੱਲੇ ਪਾਉਂਦਾ ਹੈ ਭਾਵ ਨਾਮ ਜਪਦਾ ਹੈ ਤੇ ਗੁਰੂ ਦੀ ਮਤਿ ਅਨੁਸਾਰ ਚੱਲਦਾ ਹੈ। ਗੁਰੂ ਦੀ ਮਤਿ ਸਾਨੂੰ ਸੱਚੇ ਸੁੱਚੇ ਕਰਮਾਂ ਲਈ ਪ੍ਰੇਰਦੀ ਹੈ ਤੇ ਉਸ ਤੇ ਅਮਲ ਕਰਕੇ ਹੀ ਪ੍ਰਮਾਤਮਾ ਮਿਲਦਾ ਹੈ ਤੇ ਇਹੋ ਜਿਹਾ ਮਨੁੱਖ ਹੀ ਆਵਾਗਉਣ ਤੋਂ ਰਹਿਤ ਹੁੰਦਾ ਹੈ।

(ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥

ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ॥)

ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜਿਸਨੂੰ 'ਸਚੁ' ਮਿਲ ਜਾਂਦਾ ਹੈ ਭਾਵ ਪ੍ਰਮਾਤਮਾ ਮਿਲ ਜਾਂਦਾ ਹੈ ਉਸਦੇ ਪਲੇ ਪ੍ਰਮਾਤਮਾ ਗੁਰਮਤਿ ਪਾਉਂਦਾ ਹੈ, ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ ਜੋ ਕਿ ਉਹ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ

ਪਾਉਂਦਾ ਹੈ। ਜਿਨ੍ਹਾਂ ਦਾ ਮਨ ਦੇ ਵਿੱਚ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ, ਗੁਰਬਾਣੀ ਦੀ ਰਚਨਾ ਉਹਨਾਂ ਨੇ ਹੀ ਕੀਤੀ ਹੈ ਤੇ ਸੰਸਾਰ ਨੂੰ ਗੁਰਮਤਿ ਸਮਝਾਈ ਹੈ। ਗੁਰਮਤਿ ਦੇਣ ਵਾਲਾ ਪ੍ਰਮਾਤਮਾ ਆਪ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ, ਨਾਮ ਦਾ ਮਾਲਕ ਹੈ, ਸੱਚੁ ਦਾ ਮਾਲਕ ਹੈ ਤੇ ਆਪਣੇ ਸੱਚੁ ਰੂਪ ਵਿੱਚ ਹੀ ਉਹ ਆਪ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ, "ਬ੍ਰਹਮ ਗਿਆਨੁ" ਦਾ ਰੂਪ ਹੈ ਜਿਸ ਰੂਪ ਵਿੱਚ ਉਹ ਆਪ ਹੀ ਪੂਰੀ ਗੁਰਬਾਣੀ ਦੇ ਵਿੱਚ ਹਰ ਵੇਲੇ ਪਰਗਟ ਹੈ ਜਿੱਥੋਂ ਉਸਨੂੰ ਉਸ ਦੀ ਦਿੱਤੀ ਹੋਈ ਮਤਿ ਦੁਆਰਾ ਚੱਲਕੇ ਉਸਨੂੰ ਜਾਣਿਆ ਜਾ ਸਕਦਾ ਹੈ, ਸੱਚੇ ਸੁੱਚੇ ਕਾਰ ਵਿਹਾਰ ਕਰਨ ਦੁਆਰਾ ਜਾਣਿਆ ਜਾ ਸਕਦਾ ਹੈ। (**ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥**)

ਪ੍ਰਮਾਤਮਾ ਦੀ ਦਰਗਾਹ ਵਿੱਚ ਜਾਣ ਲਈ ਤੇ ਇਹੋ ਜਿਹਾ ਰਾਮ ਨਾਮ ਜਪਣਾ ਹੀ ਸਿਖਾਇਆ ਹੈ ਜੋ ਅਸੀਂ ਇਸ ਸ਼ਬਦ ਦੁਆਰਾ ਜਾਣਿਆ ਹੈ। ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਮਨ ਦੀ ਨਾ-ਸਮਝ ਮਤਿ ਕਰਕੇ ਹੀ ਹੈ ਸਾਡੇ ਔਗੁਣਾਂ ਦੁਆਰਾ ਹੀ ਹੈ। ਔਗੁਣਾਂ ਦੇ ਰਹਿੰਦਿਆਂ ਜੇਕਰ ਕੋਈ ਇਹੋ ਜਿਹੀ ਉਮੀਦ ਰੱਖੇ ਕਿ ਉਹ ਉਸਨੂੰ ਜਪ ਲਵੇਗਾ, ਪਾ ਲਵੇਗਾ ਤਾਂ ਫਿਰ ਇਸ ਤੋਂ ਵੱਡਾ ਭੁਲੇਖਾ ਕੀ ਹੋਵੇ। **(ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ॥੪॥੧੪॥)**

ਜਦ ਤੱਕ ਮਨੁੱਖ ਦੂਜੀ ਕਾਰੇ ਲੱਗਾ ਹੋਇਆ ਹੈ ਭਾਵ ਮਾਇਆ ਮੋਹ ਵਿੱਚ ਫਸਿਆ ਹੋਇਆ ਹੈ, ਆਪਣੀ ਮਨਮਤਿ ਤੇ ਚੱਲ ਰਿਹਾ ਹੈ, ਮਾੜੇ ਕਰਮ ਕਰ ਰਿਹਾ ਹੈ ਉਹ ਨਾਮ ਤੋਂ ਵਿਸਰਿਆ ਹੋਇਆ ਹੈ, ਪ੍ਰਮਾਤਮਾ ਦੇ ਜਸ ਤੋਂ ਵਿਸਰਿਆ ਹੋਇਆ ਹੈ ਕਿਉਂਕਿ ਪ੍ਰਮਾਤਮਾ ਦਾ ਜਸ ਗਾਉਣਾ ਗੁਰੂ ਦੀ ਮਤਿ ਤੇ ਚੱਲਣਾ ਹੀ ਹੈ, ਆਪਣੀ ਮਤਿ ਤਿਆਗ ਕੇ ਗੁਰੂ ਦੀ ਮਤਿ ਲੈਣਾ ਹੈ, ਸੱਚੇ ਸੁੱਚੇ ਕਰਮ ਕਰਨਾ ਹੈ ਅਤੇ ਇਹ ਹੀ ਨਾਮ ਧਿਆਉਣਾ ਹੈ ਜੋ ਕੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਹੋ ਜਾਵੇਗਾ।

"ਪੂਰੇ ਗੁਰ ਕੀ ਕਾਰ ਕਰਮਿ ਕਮਾਈਐ॥
ਗੁਰਮਤੀ ਆਪੁ ਗਵਾਇ ਨਾਮੁ ਧਿਆਈਐ॥
ਦੂਜੀ ਕਾਰੈ ਲਗਿ ਜਨਮੁ ਗਵਾਈਐ॥
ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ॥
ਸਚਾ ਸਬਦੁ ਸਾਲਾਹਿ ਸਚਿ ਸਮਾਈਐ॥
ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ॥
ਦੁਨੀਆ ਖੋਟੀ ਰਾਸਿ ਕੂੜੁ ਕਮਾਈਐ॥
ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ॥੧੪॥"

(ਅੰਗ ੧੪੪)

4/275

ਪੂਰੇ ਗੁਰੂ ਦੀ ਸਿੱਖਿਆ ਨੂੰ ਅਸੀਂ ਕਿਵੇਂ ਸਿਰੇ ਚੜ੍ਹਾਉਣਾ ਹੈ, ਅਸੀਂ ਕੀ ਕੁੱਝ ਕਰਨਾ ਹੈ, ਕਿਵੇ ਨਾਮ ਧਿਆਉਣਾ ਹੈ, ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਪੂਰੇ ਗੁਰੂ ਦੀ ਗੱਲ ਨੂੰ, ਉਸਦੀ ਦੱਸੀ ਹੋਈ ਕਾਰ ਨੂੰ ਅਸੀਂ ਆਪਣੇ ਕਰਮਾਂ ਦੁਆਰਾ ਕਮਾਉਣਾ ਹੈ ਭਾਵ ਆਪਣੇ ਕਰਮਾਂ ਦੁਆਰਾ ਉਸ ਤੇ ਪੂਰੇ ਉਤਰਨਾ ਹੈ, ਉਸ ਨੂੰ ਨਿਭਾਉਣਾ ਹੈ ਭਾਵ ਜਿਹੋ ਜਿਹੇ ਕਰਮ ਸਾਨੂੰ ਗੁਰੂ ਕਰਨ ਲਈ ਸਮਝਾ ਰਿਹਾ ਹੈ ਉਹੋ ਜਿਹੇ ਕਰਮ ਕਰਕੇ, ਉਹੋ ਜਿਹੀ ਕਰਨੀ ਕਰਕੇ ਗੁਰੂ ਦੇ ਬਚਨਾਂ ਨੂੰ ਕਮਾਇਆ ਜਾ ਸਕਦਾ ਹੈ। ਗੁਰੂ ਦੇ ਬਚਨਾਂ ਨੂੰ ਆਪਣੇ ਕਰਮਾਂ ਦੁਆਰਾ ਕਮਾਉਣਾ ਹੈ, ਗੁਰੂ ਦੇ ਸ਼ਬਦ ਨੂੰ ਆਪਣੇ ਕਰਮਾਂ ਦੁਆਰਾ ਨਿਭਾਉਣਾ ਹੈ। ਇਹੋ ਜਿਹੀ ਕਮਾਈ ਕਰਨ ਲਈ ਆਪਣਾ ਆਪ ਗਵਾਉਣਾ ਪੈਂਦਾ ਹੈ, ਆਪਣੀ ਮਤਿ ਛੱਡਣੀ ਪੈਂਦੀ ਹੈ ਤੇ ਗੁਰੂ ਦੀ ਮਤਿ ਤੇ ਚੱਲਣਾ ਪੈਂਦਾ ਹੈ ਅਤੇ ਇਸੇ ਨੂੰ ਹੀ ਨਾਮ ਧਿਆਉਣਾ ਕਿਹਾ ਗਿਆ ਹੈ। ਨਾਮ ਧਿਆਉਣਾ ਕੋਈ ਵੱਖਰੀ ਗੱਲ ਨਹੀਂ ਹੈ **(ਪੂਰੇ ਗੁਰ ਕੀ ਕਾਰ ਕਰਮਿ ਕਮਾਈਐ॥ ਗੁਰਮਤੀ ਆਪੁ ਗਵਾਇ ਨਾਮੁ ਧਿਆਈਐ॥)**। ਗੁਰੂ ਦੀ ਮਤਿ ਹੀ ਤਾਂ ਨਾਮ ਹੈ ਅਤੇ ਗੁਰੂ ਦੀ ਮਤਿ ਨੂੰ ਮੰਨ ਕੇ ਉਸ ਤੇ ਚੱਲਣਾ ਨਾਮ ਧਿਆਉਣਾ ਹੈ। ਗੁਰੂ ਦੀ ਮਤਿ ਸਾਨੂੰ ਮਾੜੇ ਪਾਸਿਓਂ ਹਟਾ ਕੇ ਚੰਗੇ ਪਾਸੇ ਲਾਉਂਦੀ ਹੈ। ਗੁਰਮਤਿ ਦੁਆਰਾ ਸਮਝਾਈ ਹੋਈ ਕਾਰ ਨੂੰ ਛੱਡ ਕੇ ਮਨੁੱਖ ਦੂਜੀ ਕਾਰ ਵਿੱਚ ਲੱਗ ਕੇ ਆਪਣਾ ਅਸਲ ਜਨਮ ਗਵਾ ਦਿੰਦਾ ਹੈ। ਸਾਡਾ ਅਸਲ ਜਨਮ ਉਹ ਜਨਮ ਹੈ ਜਦੋਂ ਸਾਡਾ ਜਨਮ ਪ੍ਰਮਾਤਮਾ ਦੇ ਘਰ ਵਿੱਚ ਹੁੰਦਾ ਹੈ ਜੋ ਜਨਮ ਸਾਡੀ

ਸਮਝ ਦਾ ਹੀ ਹੁੰਦਾ ਹੈ, ਮਨ ਦੇ ਵਿੱਚ ਹੀ ਹੁੰਦਾ ਹੈ ਜਿਸ ਜਨਮ ਦੁਆਰਾ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। **(ਦੂਜੀ ਕਾਰੈ ਲਗਿ ਜਨਮੁ ਗਵਾਈਐ॥)**। ਦੂਜੀ ਕਾਰੇ ਲੱਗਣਾ ਕੀ ਹੈ, ਇਹ ਗੱਲ ਅਸੀਂ ਪਿਛਲੇ ਸ਼ਬਦ ਰਾਹੀਂ ਬਰੀਕੀ ਨਾਲ ਜਾਣ ਚੁੱਕੇ ਹਾਂ ਭਾਵ ਗੁਰੂ ਦੀ ਮਤਿ ਤੋਂ ਹੱਟ ਕੇ ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਦੂਜੀ ਕਾਰ ਹੈ। ਮਾਇਆ ਮੋਹ ਵਿੱਚ ਫਸਕੇ ਔਗੁਣਾਂ ਦੁਆਰਾ ਮਾੜੇ ਕਰਮ ਕਰਨੇ ਦੂਜੀ ਕਾਰ ਹੈ, ਮਾਇਆ ਨਾਲ ਪਿਆਰ ਹੈ ਜਿਸ ਕਰਕੇ ਅਸੀਂ ਗੁਰੂ ਨਾਲੋਂ ਦੂਰ ਹਾਂ, ਨਾਮ ਤੋਂ ਦੂਰ ਹਾਂ, ਗੁਰੂ ਦੇ ਉਪਦੇਸ਼ ਤੋਂ ਦੂਰ ਹਾਂ। ਨਾਮ ਧਿਆਉਣਾ ਚੰਗੇ ਕਰਮ ਕਰਨਾ ਹੈ ਅਤੇ ਮਾੜੇ ਕਰਮ ਕਰਨਾ ਨਾਮ ਨੂੰ ਵਿਸਾਰਨਾ ਹੈ। ਸਾਡੇ ਜਿਹੜੇ ਕਰਮਾਂ ਵਿੱਚ ਨਾਮ ਨਹੀਂ ਹੈ ਭਾਵ ਜਿਹੜੇ ਕਰਮ ਸੱਚੇ ਸੁੱਚੇ ਨਹੀਂ ਹਨ ਭਾਵ ਜਿਹੜੀ ਸਾਡੀ ਮਾੜੇ ਤਰੀਕੇ ਨਾਲ ਭਾਵ ਝੂਠ ਆਦਿ ਬੋਲ ਕੇ ਕੀਤੀ ਹੋਈ ਕਮਾਈ ਹੈ ਉਹ ਸਾਡੇ ਲਈ ਜਹਿਰ ਦੇ ਬਰਾਬਰ ਹੈ ਤੇ ਇਹੋ ਜਿਹੀ ਕਮਾਈ ਨਾਲ ਅਸੀਂ ਜੋ ਕੁੱਝ ਪਹਿਨਦੇ ਹਾਂ, ਖਾਂਦੇ ਹਾਂ ਉਹ ਜਹਿਰ ਦੇ ਬਰਾਬਰ ਹੈ। ਇਹ ਜਹਿਰ ਸਾਡੇ ਮਨ ਦਾ ਭੋਜਨ ਹੈ ਤੇ ਜੋ ਮਨ ਇਹ ਜਹਿਰ ਖਾਂਦਾ ਹੈ ਉਸਦੀ ਸਮਝ ਮਾੜੀ ਬਣ ਜਾਂਦੀ ਹੈ ਜਿਸ ਕਰਕੇ ਉਹ ਮਾੜੇ ਕਰਮ ਕਰਦਾ ਹੈ।

4/276

(ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ॥)

"ਸਚਾ ਸਬਦੁ" ਗੁਰੂ ਦੀ ਮਤਿ ਹੈ, ਗੁਰੂ ਆਪ ਹੈ, ਪ੍ਰਮਾਤਮਾ ਆਪ ਹੈ। ਗੁਰੂ ਦੀ ਮਤਿ ਨੂੰ ਸਲਾਹੁਣਾ ਇਹੀ ਹੈ ਕਿ ਉਸ ਨੂੰ ਮੰਨ ਕੇ ਉਸ ਤੇ ਅਮਲ ਕੀਤਾ ਜਾਏ ਤੇ ਇਸੇ ਦੁਆਰਾ ਭਾਵ ਸੱਚੇ ਸੁੱਚੇ ਕਰਮ ਕਰਕੇ ਹੀ ਉਸ ਸੱਚੇ ਪ੍ਰਮਾਤਮਾ ਵਿੱਚ ਸਮਾਇਆ ਜਾ ਸਕਦਾ ਹੈ। ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਮਨ ਦੇ ਜਹਿਰ ਤੋਂ ਬਚਾਉਣ ਦਾ ਹੀ ਹੈ, ਮਾੜੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਸਚਾ ਸਬਦੁ ਸਾਲਾਹਿ ਸਚਿ ਸਮਾਈਐ॥)

ਗੁਰੂ ਦੀ ਮਤਿ ਤੇ ਚੱਲ ਕੇ ਹੀ ਭਾਵ ਦੂਜੀ ਕਾਰ ਵਿੱਚੋਂ ਨਿਕਲ ਕੇ ਸੱਚੀ ਸੁੱਚੀ ਕਾਰ ਕਰਨਾ ਹੀ ਗੁਰੂ ਦੀ ਸੇਵਾ ਹੈ ਅਤੇ ਇਹੋ ਜਿਹੀ ਸੇਵਾ ਬਿਨ੍ਹਾਂ ਸਾਡਾ "ਸੁੱਖ" ਵਿੱਚ ਨਿਵਾਸ ਨਹੀਂ ਹੋ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ ਤੇ ਅਸੀਂ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ।

(ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ॥)

ਸਾਰੀ ਦੁਨੀਆਂ ਮਾਇਆ ਮੋਹ ਵਾਲੀ ਸਮਝ ਵਿੱਚ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚ ਹੈ, ਭਰਮਾਂ ਵਾਲੀ ਸਮਝ ਵਿੱਚ ਹੈ ਜਿਸ ਕਰਕੇ ਸਾਰੀ ਦੁਨੀਆਂ ਆਪਣੀ ਆਪਣੀ ਮਤਿ ਦੁਆਰਾ ਭਾਵ ਮਨਮਤਿ ਦੁਆਰਾ ਉਲਝੀ ਹੋਈ ਹੈ। ਇਹ ਮਨਮਤਿ ਸਾਡੀ ਖੋਟੀ ਰਾਸਿ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਇਸ ਖੋਟੀ ਰਾਸਿ ਨਾਲ ਅਸੀਂ ਝੂਠੀ ਕਮਾਈ ਕਰਦੇ ਹਾਂ, ਖੋਟੀ ਕਮਾਈ ਹੀ ਕਰਦੇ ਹਾਂ, ਮਾਇਆ ਮੋਹ ਵਿੱਚ ਫਸੇ ਰਹਿੰਦੇ ਹਾਂ, ਦੂਜੀ ਕਾਰੇ ਲੱਗੇ ਰਹਿੰਦੇ ਹਾਂ। ਸੱਚ ਦੀ ਕਮਾਈ ਕਰਨ ਲਈ ਰਾਸਿ ਵੀ ਸੱਚੀ ਚਾਹੀਦੀ ਹੈ। ਸੱਚੀ ਰਾਸਿ ਸੱਚਾ ਸ਼ਬਦ ਹੈ ਭਾਵ ਸ਼ਬਦਾਂ ਦਾ ਸੱਚਾ ਗਿਆਨ ਹੈ। ਉਹ ਖਰੀ ਰਾਸਿ ਹੈ ਤੇ ਇਸ ਰਾਸਿ ਦੁਆਰਾ ਜੋ ਅਸੀਂ ਵਾਪਾਰ ਕਰਾਂਗੇ, ਸੱਚੀ ਸੁੱਚੀ ਕਮਾਈ ਕਰਾਂਗੇ ਉਹ ਸਾਨੂੰ ਸੱਚ ਦੇ ਨਾਲ ਜੋੜੇਗੀ, ਪ੍ਰਮਾਤਮਾ ਦੇ ਨਾਲ ਜੋੜੇਗੀ, ਸਾਡੀ ਪਤਿ ਉੱਚੀ ਹੋਵੇਗੀ ਜਿਸ ਨਾਲ ਅਸੀਂ ਪ੍ਰਮਾਤਮਾ ਦੇ ਦਰ ਤੇ ਜਾਵਾਂਗੇ।

(ਦੁਨੀਆ ਖੋਟੀ ਰਾਸਿ ਕੂੜੁ ਕਮਾਈਐ॥

ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ॥)

ਗੁਰੂ ਵਾਲੀ ਕਰਨੀ ਹੀ ਭਾਵ ਸਾਡਾ ਸੱਚੇ ਸੁੱਚੇ ਕਰਮਾਂ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦਾ ਜਸ ਗਾਉਣ ਦਾ ਸਾਰ ਹੈ। ਪ੍ਰਮਾਤਮਾ ਦੀ ਸਿਫਤ ਸਾਲਾਹਿ ਗੁਰੂ ਦੀ ਮਤਿ ਉੱਤੇ ਅਮਲ ਕਰਕੇ ਹੀ ਹੋ ਸਕਦੀ ਹੈ, ਮਨਮਤਿ ਛੱਡਕੇ ਹੀ ਹੋ ਸਕਦੀ ਹੈ। ਮਨਮਤਿ ਵਿੱਚ ਰਹਿ ਕੇ ਪ੍ਰਮਾਤਮਾ ਦਾ ਜਸ ਨਹੀਂ ਕੀਤਾ ਜਾ ਸਕਦਾ ਭਾਵੇਂ ਜਿਹੜਾ ਮਰਜੀ ਤਰੀਕਾ ਅਪਣਾ ਲਈਏ, ਭਾਵੇਂ ਜਿਤਨੀਆਂ ਮਰਜ਼ੀ ਸੁਰਤੀਆਂ ਸਮਾਧੀਆਂ ਲਗਾ ਲਈਏ। ਜੇਕਰ ਸਾਨੂੰ ਖੋਜ ਪ੍ਰਮਾਤਮਾ ਦੀ ਹੈ, ਫਿਰ ਉਹ ਤਾਂ ਹੀ ਮਿਲ ਸਕਦਾ ਹੈ ਜਦੋਂ ਅਸੀਂ ਉਸਦੀ ਆਪਣੀ

4/277

ਦਿੱਤੀ ਹੋਈ ਮਤਿ ਤੇ ਚੱਲਾਂਗੇ। ਇੱਧਰੋਂ-ਉਧਰੋਂ ਲਈ ਹੋਈ ਮਤਿ ਸਾਡੇ ਅਸਲ ਮਨੋਰਥ ਦੀ ਪੂਰਤੀ ਨਹੀਂ ਕਰ ਸਕਦੀ।

{ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥}

(ਅੰਗ ੧੧੫)

{ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ॥
ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ॥}

(ਅੰਗ ੧੪੫)

{ਦੁਬਿਧਾ ਦੁਰਮਤਿ ਅਧੁਲੀ ਕਾਰ ॥
ਮਨਮੁਖਿ ਭਰਮੈ ਮਝਿ ਗੁਬਾਰ ॥੧॥
ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥
ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥
ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥
ਪਸੂ ਭਏ ਅਭਿਮਾਨੁ ਨ ਜਾਈ ॥੨॥}

(ਅੰਗ ੧੧੯੦)

ਨਾਮ ਬਾਰੇ ਅਸੀਂ ਹੁਣ ਤੱਕ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਸਾਡਾ ਭਰਮ ਕੱਢਣ ਵਿੱਚ ਸਾਡੇ ਲਈ ਹੋਰ ਸਹਾਈ ਹੋ ਸਕਦੀਆਂ ਹਨ। ਗੁਰੂ ਤੇ ਕੇਵਲ ਭਰੋਸਾ ਰੱਖਣ ਦੀ ਗੱਲ ਹੈ। ਸਾਡੇ ਅੰਦਰੋਂ ਨਾਮ ਜਪਣ ਦਾ ਭੁਲੇਖਾ ਨਾ ਜਾਣ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਬਾਣੀ ਵਿੱਚ ਅਨੇਕਾਂ ਵਾਰ ਰਸਨਾ ਨਾਲ ਨਾਮ ਜਪਣ ਦੀ ਗੱਲ ਕੀਤੀ ਹੋਈ ਹੈ। ਇਹ ਭੁਲੇਖਾ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ। ਸੰਬੋਧਨ ਭਾਵੇਂ ਰਸਨਾ ਨੂੰ ਹੋਵੇ ਭਾਵੇਂ ਕੰਨਾਂ ਨੂੰ ਹੋਵੇ ਭਾਵੇਂ ਅੱਖਾਂ ਨੂੰ ਹੋਵੇ, ਭਾਵੇਂ ਕਿਸੇ ਇੰਦਰੇ ਦੀ ਗੱਲ ਹੋਵੇ ਲੇਕਿਨ ਅਸਲ ਵਿੱਚ ਉਹ ਸੰਬੋਧਨ ਮਨ ਨੂੰ ਹੀ ਹੁੰਦਾ ਹੈ। ਸਾਡੇ ਇੰਦਰੇ ਉਹੀ ਕੁੱਝ ਕਰਦੇ ਹਨ ਜੋ ਮਨ ਕਰਵਾਉਂਦਾ ਹੈ। ਸਰਗੁਣ ਸਰੂਪ ਕੇਵਲ ਨਿਰਗੁਣ ਸਰੂਪ ਦੇ ਹੁਕਮ ਅਨੁਸਾਰ ਚੱਲਦਾ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਇਹ ਵੀ ਸਮਝਾਇਆ ਹੈ, ਸਾਡਾ ਭੁਲੇਖਾ ਕੱਢਿਆ ਹੈ ਕਿ ਰਸਨਾ ਦੇ ਨਾਲ ਨਾਮ ਜਪਣ ਦਾ ਕੋਈ ਫਾਇਦਾ ਨਹੀਂ ਹੈ ਭਾਵ ਸਾਨੂੰ ਸੁਚੇਤ ਵੀ ਕੀਤਾ ਹੈ ਕਿ ਅਸੀਂ ਬਾਣੀ ਨੂੰ ਧਿਆਨ ਨਾਲ ਵਿਚਾਰੀਏ ਕਿ ਜੋ ਸਾਨੂੰ ਰਸਨਾ ਨਾਲ ਨਾਮ ਜਪਣ ਲਈ ਕਿਹਾ ਗਿਆ ਹੈ ਉਹ ਨਾਮ ਕਿਵੇਂ ਜਪਣਾ ਹੈ। ਸੋਝੀ ਵੀ ਵਿੱਚ ਹੀ ਪਾਈ ਹੋਈ ਹੈ। ਅਸੀਂ ਪਹਿਲਾਂ ਵੀ ਜਾਣਿਆ ਹੈ ਤੇ ਹੇਠ ਲਿਖੇ ਸ਼ਬਦਾਂ ਦੁਆਰਾ ਕੁੱਝ ਹੋਰ ਬਰੀਕੀ ਨਾਲ ਜਾਣੀਏ ਤਾਂ ਜੋ ਸਾਡਾ ਮਨ ਗੁਰੂ ਦੀ ਗੱਲ ਤੇ ਯਕੀਨ ਕਰ ਸਕੇ। ਪਹਿਲਾਂ ਉਹ ਪੰਗਤੀ ਵੀ ਨਾਲ ਹੀ ਦਿੱਤੀ ਜਾ ਰਹੀ ਹੈ ਜਿੱਥੇ ਰਸਨਾ ਨਾਲ ਜਪਣ ਦਾ ਖੰਡਨ ਕੀਤਾ ਹੋਇਆ ਹੈ ਅਤੇ ਬਾਅਦ ਵਿੱਚ ਉਹ ਸ਼ਬਦ ਦਿੱਤੇ ਹਨ ਜਿੱਥੇ ਰਸਨਾ ਨਾਲ ਜਪਣਾ ਕੀ ਹੈ, ਇਹ ਸੋਝੀ ਪਾਈ ਹੋਈ ਹੈ।

“ਰਸਨਾ ਨਾਮੁ ਸਭੁ ਕੋਈ ਕਹੈ॥
ਸਤਿਗੁਰੁ ਸੇਵੇ ਤਾ ਨਾਮੁ ਲਹੈ॥”

(ਅੰਗ ੧੨੬੨)

“ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥23॥”

(ਅੰਗ ੯੧੦)

‘ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ॥੪॥”

(ਅੰਗ ੪੦)

4/278 ਅਤੇ 278-ਅ

“ਜਿਉ ਤੁਮ ਰਾਖਹੁ ਤਿਵ ਹੀ ਰਹਨਾ॥
ਜੋ ਤੁਮ ਕਹਹੁ ਸੋਈ ਮੋਹਿ ਕਰਨਾ॥
ਜਹ ਪੇਖਉ ਤਹਾ ਤੁਮ ਬਸਨਾ॥
ਨਿਰਭਉ ਨਾਮੁ ਜਪਉ ਤੇਰਾ ਰਸਨਾ॥੨॥”

(ਅੰਗ ੧੮੧)

“ਮਨ ਰੇ ਗੁਰ ਕੀ ਕਾਰ ਕਮਾਇ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ॥੧॥ਰਹਾਉ॥”

(ਅੰਗ ੬੬)

“ਮੈ ਓਲ੍ਗੀਆ ਓਲ੍ਗੀ ਹਮ ਛੋਰੂ ਥਾਰੇ॥
ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ॥੧॥ਰਹਾਉ॥”

(ਅੰਗ ੪੨੧)

“ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ॥
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥”

(ਅੰਗ ੪੯)

“ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥੧॥
ਮੁੰਧੇ ਗੁਣਹੀਣੀ ਸੁਖੁ ਕੇਹਿ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ॥੧॥ਰਹਾਉ॥”

(ਅੰਗ ੫੫-੫੬)

“ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ॥੪॥”

(ਅੰਗ ੩੯)

“ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥”

(ਅੰਗ ੬੫)

ਉੱਪਰ ਦਿੱਤੇ ਹੋਏ ਸ਼ਬਦਾਂ ਦੇ ਸ਼ੁਰੂ ਵਿੱਚ ਹੀ ਇਹ ਸਮਝਾਇਆ ਹੋਇਆ ਹੈ ਕਿ ਰਸਨਾ ਦੁਆਰਾ ਜੋ ਅਸੀਂ ਆਪਣੇ ਵੱਲੋਂ ਨਾਮ ਜਪਣਾ ਸਮਝਦੇ ਹਾਂ ਉਹ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ। ਨਾਮ ਦੀ ਤਾਂ ਅਸੀਂ ਪ੍ਰਾਪਤੀ ਕਰਨੀ ਹੈ ਜੋ ਕਿ ਗੁਰੂ ਦੀ ਸੇਵਾ ਦੁਆਰਾ ਹੋਣੀ ਹੈ। ਸੇਵਾ ਕੀ ਹੈ, ਇਹ ਅਸੀਂ ਪਿੱਛੇ ਜਾਣ ਹੀ ਚੁੱਕੇ ਹਾਂ। ਗੁਰੂ ਦੇ ਸ਼ਬਦਾਂ ਦੀ ਮਤਿ ਅਨੁਸਾਰ ਵਿਚਰਨਾ ਗੁਰੂ ਦੀ ਸੇਵਾ ਹੈ, ਗੁਰੂ ਦੇ ਭਾਣੇ ਵਿੱਚ ਰਹਿਣਾ ਹੀ ਗੁਰੂ ਦੀ ਸੇਵਾ ਹੈ। ਇਸੇ ਲਈ ਗੁਰੂ ਦੇ ਭਾਣੇ ਵਿੱਚ ਚੱਲਣ ਨੂੰ ਹੀ ਨਾਮ ਜਪਣਾ ਕਿਹਾ ਗਿਆ ਹੈ ਅਤੇ ਇਸੇ ਨੂੰ ਹੀ ਰਸਨਾ ਨਾਲ ਨਾਮ ਜਪਣਾ ਕਿਹਾ ਗਿਆ ਹੈ। ਜਦੋਂ ਰਸਨਾ ਦੇ ਉੱਪਰ ਸੱਚਾ ਮਨੋਰਥ ਵੱਸ ਜਾਵੇਗਾ ਤਦ ਰਸਨਾ ਨਾਲ ਅਸੀਂ ਉਹੀ ਕੁੱਝ ਬੋਲਾਗੇ ਜੋ ਗੁਰੂ ਦੀ ਮਤਿ ਅਨੁਸਾਰ ਹੋਵੇਗਾ। (**ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥**)

(ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥
ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ॥)

(ਅੰਗ - ੧੯)

ਜਿਸਦੀ ਰਸਨਾ ਤੇ ਸੱਚ ਵੱਸ ਗਿਆ ਭਾਵ ਝੂਠ ਨਿਕਲ ਗਿਆ ਭਾਵ ਗੁਰੂ ਦਾ ਉਪਦੇਸ਼ ਵੱਸ

4/279

ਗਿਆ, ਮਨਮਤਿ ਨਿਕਲ ਗਈ ਤੇ ਗੁਰਮਤਿ ਵੱਸ ਗਈ, ਉਸ ਰਸਨਾ ਤੇ ਨਾਮ ਵਸ ਗਿਆ। ਵੱਸਣਾ ਸਭ ਕੁੱਝ ਮਨ ਦੇ ਵਿੱਚ ਹੀ ਹੈ, ਰਸਨਾ ਨੇ ਕੇਵਲ ਪਾਲਣਾ ਕਰਨੀ ਹੈ, ਕੋਈ ਵੱਖਰਾ ਬੋਲ-ਬੋਲ ਕੇ ਨਾਮ ਨਹੀਂ ਜਪਣਾ। ਇਹੀ ਬਰੀਕੀ ਨਾਲ ਸਮਝਣ ਦੀ ਲੋੜ ਹੈ। ਜਦੋਂ ਨਾਮ ਦੀ ਸੋਝੀ ਸਾਡੇ ਅੰਦਰ ਦ੍ਰਿੜ ਹੋ ਜਾਵੇਗੀ ਤਾਂ ਫਿਰ ਰਸਨਾ ਵਾਲਾ ਭੁਲੇਖਾ ਵੀ ਆਪੇ ਹੀ ਨਿਕਲ ਜਾਵੇਗਾ।

“ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥

ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥"

ਸਤਿਗੁਰੂ ਨੂੰ ਨਾਮ ਦਾ ਬੋਹਿਥ ਕਿਹਾ ਹੈ ਭਾਵ ਗੁਰੂ ਦੀ ਮਤਿ ਨੂੰ ਨਾਮ ਦਾ ਬੋਹਿਥ ਕਿਹਾ ਹੈ। ਉਸ ਬੋਹਿਥ ਵਿੱਚ ਚੜ੍ਹਨ ਦੀ ਵਿਧੀ ਇਹੀ ਸਮਝਾਈ ਹੈ ਕਿ ਜੋ ਗੁਰੂ ਦੇ ਭਾਣੇ ਵਿੱਚ ਚੱਲੇਗਾ, ਉਸਦੀ ਮਤਿ ਉੱਤੇ ਚੱਲੇਗਾ ਉਹੀ ਇਸ ਨਾਮ ਦੇ ਬੋਹਿਥ ਤੇ ਬੈਠੈਗਾ ਤੇ ਪਾਰ ਲੱਗੇਗਾ ਭਾਵ ਨਾਮ ਦੀ ਪ੍ਰਾਪਤੀ ਕਰੇਗਾ, ਪ੍ਰਮਾਤਮਾ ਨਾਲ ਮੇਲ ਕਰੇਗਾ। ਨਾਮ ਦੀ ਪ੍ਰਾਪਤੀ ਗੁਰੂ ਦੇ ਭਾਣੇ ਵਿੱਚ ਚੱਲ ਕੇ ਹੀ ਹੋ ਸਕਦੀ ਹੈ, ਮਨ ਦੀ ਮਾੜੀ ਸਮਝ ਨੂੰ, ਮਨ ਦੀਆਂ ਤ੍ਰਿਸ਼ਨਾਵਾਂ ਨੂੰ, ਮਾਇਆ ਮੋਹ ਨੂੰ ਮਾਰ ਕੇ ਹੀ ਹੋ ਸਕਦੀ ਹੈ ਜਿਸ ਲਈ ਰਸਨਾ ਨਾਲ ਬੋਲ-ਬੋਲ ਕੇ ਜਪਣ ਦੀ ਲੋੜ ਨਹੀਂ। ਉਹ ਕੇਵਲ ਸਾਡਾ ਭੁਲੇਖਾ ਹੈ।

"ਜਿਉ ਤੁਮ ਰਾਖਹੁ ਤਿਵ ਹੀ ਰਹਨਾ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ॥
ਜਹ ਪੇਖਉ ਤਹਾ ਤੁਮ ਬਸਨਾ॥ ਨਿਰਭਉ ਨਾਮੁ ਜਪਉ ਤੇਰਾ ਰਸਨਾ॥"

ਉੱਪਰ ਸ਼ਬਦ ਵਿੱਚ ਇਹ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਉਸਦੇ ਭਾਣੇ ਵਿੱਚ ਚੱਲਣਾ ਹੀ ਰਸਨਾ ਨਾਲ ਨਾਮ ਜਪਣਾ ਹੈ। ਉਸਦਾ ਭਾਣਾ ਇਹੀ ਹੈ ਕਿ ਜਿਵੇਂ ਮੈਨੂੰ ਪ੍ਰਮਾਤਮਾ ਰੱਖਣਾ ਚਾਹੁੰਦਾ ਹੈ ਮੈਂ ਉਸੇ ਤਰ੍ਹਾਂ ਰਹਾ, ਜਿਵੇਂ ਪ੍ਰਮਾਤਮਾ ਦੀ ਰਜ਼ਾ ਹੋਵੇ, ਜਿਹੋ ਜਿਹਾ ਮੈਨੂੰ ਉਪਦੇਸ਼ ਦਿੰਦਾ ਹੈ ਮੈਂ ਉਹੀ ਕੁੱਝ ਕਰਾਂ। ਮੈਂ ਸਭ ਦੇ ਵਿੱਚ ਪ੍ਰਮਾਤਮਾ ਨੂੰ ਹੀ ਵੇਖਾ ਭਾਵ ਕਿਸੇ ਦਾ ਮਾੜਾ ਨਾ ਕਰਾਂ। ਇਹੀ ਉਸਦਾ ਨਾਮ ਜਪਣਾ ਹੈ ਜਿਸ ਲਈ ਮੁੱਖੋਂ ਬੋਲ ਬੋਲ ਕੇ ਕੁੱਝ ਆਖਣ ਦੀ ਲੋੜ ਨਹੀਂ ਹੈ ਤੇ ਕੇਵਲ ਗੁਰੂ ਦੀ ਮਤਿ ਅਨੁਸਾਰ ਚੱਲਣ ਦੀ ਲੋੜ ਹੀ ਹੈ। **(ਨਿਰਭਉ ਨਾਮੁ ਜਪਉ ਤੇਰਾ ਰਸਨਾ॥)**।

"ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ॥੧॥ਰਹਾਉ॥"

ਸ਼ਬਦ ਵਿੱਚ ਨਾਮ ਨੂੰ ਸਾਡੇ ਚੰਗੇ ਆਚਾਰ ਕਰਨੇ ਭਾਵ ਗੁਰੂ ਦੀ ਮਤਿ ਅਨੁਸਾਰ ਕਾਰ ਕਰਨੀ ਕਹਿ ਕੇ ਸਮਝਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਉਸਦੇ ਭਾਣੇ ਵਿੱਚ ਚੰਗੇ ਆਚਾਰ ਕਰਨ ਦੁਆਰਾ ਹੀ ਰਿਹਾ ਜਾ ਸਕਦਾ ਹੈ। ਉਸਦੇ ਭਾਣੇ ਵਿੱਚ ਵਿਚਰਨਾ ਹੀ, ਸਾਡੇ ਚੰਗੇ ਆਚਾਰ ਕਰਨਾ ਹੀ ਨਾਮ ਜਪਣਾ ਹੈ ਭਾਵ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨਾ ਹੀ ਨਾਮ ਜਪਣਾ ਹੈ। ਜਿਸ ਦੁਆਰਾ ਨਾਮ ਦੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਗੱਲ ਨੂੰ ਬਰੀਕੀ ਨਾਲ ਸਮਝਕੇ ਵਿਚਾਰਨ ਦੀ ਲੋੜ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥}

(ਅੰਗ ੬੫)

4/280

ਚੰਗੇ ਆਚਾਰ ਕਰਨ ਲਈ ਸਾਨੂੰ ਰਸਨਾ ਨਾਲ ਕੁੱਝ ਬੋਲ ਬੋਲ ਕੇ ਜਪਣ ਦੀ ਲੋੜ ਨਹੀਂ ਹੈ ਬਲਕਿ ਰਸਨਾ ਨਾਲ ਸੱਚ ਬੋਲਣ ਦੀ ਲੋੜ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ। ਕੇਵਲ ਮਨ ਦੇ ਵਿਚਾਰ ਬਦਲਣ ਦੀ ਲੋੜ ਹੈ। ਮਨ ਸੱਚਾ ਹੋਵੇਗਾ ਤੇ ਰਸਨਾ ਆਪੇ ਹੀ ਸੱਚੀ ਹੋ ਜਾਵੇਗੀ।

ਸ਼ਬਦ ਵਿੱਚ ਕਿਤਨਾ ਸਪੱਸ਼ਟ ਕੀਤਾ ਹੋਇਆ ਹੈ ਕਿ ਜੋ ਗੁਰੂ ਦੇ ਭਾਣੇ ਵਿੱਚ ਚੱਲਦਾ ਹੈ ਭਾਵ ਜਿਸ ਦੇ ਆਚਾਰ ਸੱਚੇ ਹਨ, ਜੋ ਸੱਚ ਤੇ ਚੱਲਦਾ ਹੈ, ਗੁਰੂ ਦੇ ਉਪਦੇਸ਼ ਦੁਆਰਾ ਵਿਚਰਦਾ ਹੈ, ਜੋ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਵਿਚਰਦਾ ਹੈ ਫਿਰ ਤਾਂ ਹੀ ਉਹ ਹਰ ਵੇਲੇ, "ਅਨਦਿਨ" ਨਾਮ ਵਿੱਚ ਰਚਿਆ ਰਹਿੰਦਾ ਹੈ ਭਾਵ ਜੋ ਗੁਰੂ ਦੇ ਭਾਣੇ ਵਿੱਚ ਨਹੀਂ ਚੱਲਦਾ, ਉਸ ਦੀ ਮਤਿ ਅਨੁਸਾਰ ਨਹੀਂ ਚੱਲਦਾ, ਜਿਸਦੇ ਆਚਾਰ ਸੱਚੇ ਸੁੱਚੇ ਨਹੀਂ, ਉਸਦੇ ਅੰਦਰ ਨਾਮ ਹੋ ਹੀ ਨਹੀਂ ਸਕਦਾ, ਉਹ ਨਾਮ ਜਪਣ ਵਾਲਾ ਨਹੀਂ ਹੋ ਸਕਦਾ। ਇਹ ਗੁਰੂ ਦਾ ਸਪੱਸ਼ਟ ਫੁਰਮਾਨ ਹੈ। ਇਸੇ ਨੂੰ ਹੀ ਭਾਵ ਗੁਰੂ ਦੇ ਭਾਣੇ ਵਿੱਚ ਚੱਲਣ ਨੂੰ ਹੀ ਗੁਰੂ ਦੀ ਕਾਰ ਕਮਾਉਣਾ ਕਿਹਾ ਗਿਆ ਹੈ। ਫਿਰ ਭੁਲੇਖਾ ਕਿੱਥੇ ਹੈ। ਭੁਲੇਖਾ ਸਾਡੀ ਸਮਝ ਵਿੱਚ ਹੈ। ਆਪਣੇ ਭੁਲੇਖੇ ਵਿੱਚ ਅਸੀਂ ਜਿਹੋ ਜਿਹਾ ਨਾਮ ਜਪ ਰਹੇ ਹਾਂ, ਕੀ ਅਸੀਂ ਉਮੀਦ ਰੱਖ ਸਕਦੇ ਹਾਂ ਕਿ ਇਸ ਤਰੀਕੇ ਉਸ ਪ੍ਰਮਾਤਮਾ ਨੂੰ ਪ੍ਰਾਪਤ ਕੀਤਾ

ਜਾ ਸਕਦਾ ਹੈ। ਭੁਲੇਖੇ ਵਿੱਚ ਜਪ ਤਪ ਕਰਕੇ ਭੁਲੇਖੇ ਵਿੱਚ ਹੀ ਅਸੀਂ ਕਿਸੇ ਦੇ ਅੰਦਰ ਰੱਬ ਦਾ ਹੋਣਾ ਸਮਝਦੇ ਹਾਂ। ਰੱਬ ਤਾਂ ਬਾਣੀ ਦੀ ਗੱਲ ਮੰਨ ਕੇ ਹੀ ਲੱਭ ਸਕਦਾ ਹੈ।

{ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥}

(ਅੰਗ ੩੯੪)

{ਕੇਤੇ ਆਖਹਿ ਆਖਣਿ ਪਾਹਿ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ॥}

(ਅੰਗ ੬)

{ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥
ਜਿਸੁ ਮੇਲੇ ਸੋ ਭਗਤਾ॥੭॥}

(ਅੰਗ ੭੧)

ਪ੍ਰਮਾਤਮਾ ਦੀ ਸੋਝੀ ਪੈਣਾ ਬਹੁਤ ਹੀ ਜਿਆਦਾ ਵੱਡੀ ਗੱਲ ਹੈ ਪਰ ਨਾ ਸਮਝੀ ਕਾਰਨ ਅਸੀਂ ਇਸ ਨੂੰ ਇੱਕ ਆਮ ਜਿਹੀ ਗੱਲ ਹੀ ਬਣਾਇਆ ਹੋਇਆ ਹੈ। ਗੱਲ ਤਾਂ ਹੈ ਹੀ ਨਾਮ ਦੇ ਰੂਪ ਵਿੱਚ। ਜੋ ਰੱਬ ਨੂੰ ਜਾਣਦਾ ਹੈ ਉਸਨੂੰ ਨਾਮ ਦੀ ਸਮਝ ਨਾ ਹੋਵੇ ਇਹ ਨਹੀਂ ਹੋ ਸਕਦਾ। ਨਾਮ ਹੀ ਪੂਰੀ ਗੁਰਬਾਣੀ ਵਿੱਚ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਪੂਰੀ ਗੁਰਬਾਣੀ ਵਿੱਚ ਹੈ। ਜੋ ਪ੍ਰਮਾਤਮਾ ਨੂੰ ਜਾਣਦਾ ਹੈ ਉਸਨੂੰ ਪੂਰੀ ਗੁਰਬਾਣੀ ਦੀ ਸਮਝ ਵੀ ਹੋਣੀ ਚਾਹੀਦੀ ਹੈ।

“ਮੈ ਓਲ੍ਗੀਆ ਓਲ੍ਗੀ ਹਮ ਛੋਰੂ ਥਾਰੇ॥
ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ॥੧॥ਰਹਾਉ॥”

ਇਸ ਸ਼ਬਦ ਵਿੱਚ ਵੀ ਗੁਰੂ ਦੇ ਭਾਣੇ ਵਿੱਚ ਰਹਿਣ ਨੂੰ ਹੀ ਮੁੱਖ ਵਿੱਚ ਨਾਮ ਦਾ ਹੋਣਾ ਦੱਸਿਆ ਗਿਆ ਹੈ। ਜਦੋਂ ਮਨੁੱਖ ਭਾਣੇ ਵਿੱਚ ਹੀ ਆ ਗਿਆ ਤਾਂ ਫਿਰ ਸਭ ਕੁੱਝ ਵਿੱਚੇ ਹੀ ਆ ਗਿਆ। ਜਿਹੜੀ ਗੱਲ ਮਨ ਵਿੱਚ ਵੱਸ ਗਈ ਉਹ ਸਾਡੇ ਸਰੀਰ ਵਿੱਚ ਵੱਸ ਗਈ, ਅੰਗ ਅੰਗ ਵਿੱਚ ਵੱਸ ਗਈ, ਰੋਮ-ਰੋਮ ਵਿੱਚ ਵੱਸ ਗਈ। ਸਭ ਕੁੱਝ ਸਾਡਾ ਮਨ ਹੈ ਤੇ ਮਨ ਦੇ ਨਾਲ ਹੀ ਮਨੁੱਖ ਹੈ। ਮਨ ਨਿਰਗੁਣ ਸਰੂਪ ਹੈ, ਪ੍ਰਮਾਤਮਾ ਦਾ ਸਰੂਪ ਹੈ, ਜੋਤਿ ਸਰੂਪ ਹੈ ਤੇ ਤਨ ਕੇਵਲ ਮਨ ਦਾ ਹੁਕਮ ਮੰਨਣ ਵਾਲਾ ਪੁਤਲਾ ਹੈ। ਇਸ ਪੁਤਲੇ ਦੀ ਡੋਰ ਮਨ ਦੇ ਕੋਲ ਹੈ। ਮਨ ਹੀ ਇਸ ਸਰੀਰ ਦੀ ਨੱਥ ਹੈ ਜਿਸ ਨੇ ਆਪਣੇ ਗਿਆਨ ਦੁਆਰਾ ਇਸ ਸਰੀਰ ਨੂੰ ਨੱਥਿਆ ਹੋਇਆ ਹੈ ਭਾਵ ਗਿਆਨ ਦੀ ਨੱਥ ਪਾਈ ਹੋਈ ਹੈ। ਸਰੀਰ ਦੇ ਆਪਣੇ ਹੱਥ ਵੱਸ ਕੁੱਝ ਨਹੀਂ ਹੈ। ਜਿਸ ਦੇ ਵੱਸ ਵਿੱਚ

4/281 ਅਤੇ 281-ਅ

ਮਨ ਹੈ ਉਸਦੇ ਵੱਸ ਹੀ ਸਭ ਕੁੱਝ ਹੈ। ਮਨ ਸੋਧਿਆ ਗਿਆ ਤਾਂ ਸਭ ਕੁੱਝ ਸੋਧਿਆ ਗਿਆ, ਸਾਰੇ ਇੰਦਰੇ ਸੋਧੇ ਗਏ, ਸਾਰੇ ਔਗੁਣ ਸੋਧੇ ਗਏ ਜਿਸ ਦੁਆਰਾ ਮਨੁੱਖ ਗੁਰੂ ਦਾ, ਪ੍ਰਮਾਤਮਾ ਦਾ ਹੁਕਮ ਮੰਨਣ ਵਾਲਾ ਓਲਗੀ ਬਣਦਾ ਹੈ , ਛੋਰੂ ਬਣਦਾ ਹੈ, ਉਸਦਾ ਨਿਮਾਣਾ ਦਾਸ ਬਣਦਾ ਹੈ।

“ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ॥
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥”

ਇਸ ਸ਼ਬਦ ਵਿੱਚ ਰਸਨਾ ਦੁਆਰਾ ਕਿਹੋ ਜਿਹਾ ਹਰ ਜਸ ਗਾਉਣਾ ਹੈ ਇਸ ਦੀ ਸੋਝੀ ਪਾਈ ਹੋਈ ਹੈ। ਪ੍ਰਮਾਤਮਾ ਦਾ ਜਸ ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਅਪਣਾ ਕੇ ਹੀ ਹੋ ਸਕਦਾ ਹੈ, ਗੁਣਾਂ ਵਿੱਚ ਰਮ ਕੇ ਹੀ ਹੋ ਸਕਦਾ ਹੈ। ਜਦੋਂ ਸਾਡੇ ਮਨ ਵਿੱਚ ਗੁਰੂ ਦੇ ਗੁਣ ਵੱਸ ਜਾਣਗੇ ਤਾਂ ਫਿਰ ਰਸਨਾ ਆਪੇ ਹੀ ਗੁਣਵਤੀ ਹੋ ਜਾਵੇਗੀ, ਉਹ ਗੁਣ ਉਚਰੇਗੀ, ਨਾਮ ਉਚਰੇਗੀ। ਗੁਣਾਂ ਵਿੱਚ ਵਿਚਰਨਾ ਹੀ ਨਾਮ ਜਪਣਾ ਹੈ। ਜਿਸ ਮਨੁੱਖੀ ਸਮਝ ਨੂੰ ਪ੍ਰਮਾਤਮਾ ਗੁਣਾਂ ਵਾਲੀ ਬਣਾ ਦਿੰਦਾ ਹੈ, ਨਾਮ ਜਪਣ ਵਾਲੀ ਬਣਾ ਦਿੰਦਾ

ਹੈ ਉਸ ਤੋਂ ਵੱਡਾ ਪ੍ਰਮਾਤਮਾ ਦਾ ਕੋਈ ਦਾਨ ਨਹੀਂ ਹੈ ਕਿਉਂਕਿ ਇਸ ਦਾਨ ਦੁਆਰਾ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਆਪਣੇ ਸੱਚੇ ਗਿਆਨ ਦਾ ਇਸ਼ਨਾਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਜੋ ਇਸ਼ਨਾਨ ਕਰੋੜਾਂ ਇਸ਼ਨਾਨਾਂ ਦੇ ਬਰਾਬਰ ਹੈ ਭਾਵ ਸਭ ਤੋਂ ਉੱਚਾ ਇਸ਼ਨਾਨ ਹੈ।

“ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥੧॥
ਮੁੰਧੇ ਗੁਣਹੀਣੀ ਸੁਖੁ ਕੇਹਿ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ॥੧॥ਰਹਾਉ॥”

ਉੱਪਰ ਸ਼ਬਦ ਵਿੱਚ ਗੱਲ ਨੂੰ ਹੋਰ ਸਪੱਸ਼ਟ ਕੀਤਾ ਹੋਇਆ ਹੈ ਕਿ ਮਾੜੀ ਰਸਨਾ ਜਾਂ ਚੰਗੀ ਰਸਨਾ ਵਿੱਚ ਕੀ ਫਰਕ ਹੁੰਦਾ ਹੈ। ਜੇਕਰ ਮਨ ਜੂਠਾ ਹੈ ਭਾਵ ਮਨ ਮੈਲਾ ਹੈ ਤਾਂ ਫਿਰ ਤਨ ਵੀ ਮੈਲਾ ਹੈ, ਜੂਠਾ ਹੈ, ਰਸਨਾ ਵੀ ਜੂਠੀ ਹੈ, ਫਿਰ ਮੁੱਖ ਵੀ ਝੂਠ ਬੋਲੇਗਾ ਭਾਵ ਜੇਕਰ ਮਨ ਮੈਲਾ ਹੈ ਫਿਰ ਸਾਰੇ ਇੰਦਰੇ ਹੀ ਮੈਲੇ ਹਨ। ਮਨ ਤਨ ਨੂੰ ਸੁੱਚਾ ਕਰਨ ਲਈ ਗੁਰੂ ਦੇ ਗਿਆਨ ਦੀ ਲੋੜ ਹੈ, ਗੁਰੂ ਦੇ ਗੁਣਾਂ ਦੀ ਲੋੜ ਹੈ ਅਤੇ ਗੁਣਾਂ ਬਿਨ੍ਹਾਂ ਸੁੱਖ ਨਹੀਂ ਮਿਲ ਸਕਦਾ। ਗੁਣ ਮਨ ਦੇ ਵਿੱਚ ਵੱਸਣੇ ਹਨ। ਮਨ ਗੁਣੀ ਤੇ ਫਿਰ ਜਿਹਵਾ ਵੀ ਗੁਣੀ ਅਤੇ ਮੁੱਖ ਵੀ ਗੁਣੀ ਭਾਵ ਸਾਰੇ ਇੰਦਰੇ ਸੰਜਮ ਵਿੱਚ ਆ ਜਾਣਗੇ। ਝੂਠੇ ਮਨ ਨੂੰ ਸੱਚਾ ਗੁਰੂ ਦੇ ਸ਼ਬਦ ਨੇ ਕਰਨਾ ਹੈ ਤੇ ਸੱਚਾ ਤਾਂ ਹੀ ਹੋਵੇਗਾ ਜੇਕਰ ਸ਼ਬਦ ਦੇ ਸਮਝਾਏ ਹੋਏ ਸੱਚ ਨੂੰ ਮੰਨਾਂਗੇ ਤੇ ਔਗੁਣਾਂ ਨੂੰ ਛੱਡਾਂਗੇ, ਝੂਠ ਛੱਡਾਂਗੇ। ਬੜਾ ਸਪੱਸ਼ਟ ਸਮਝਾਇਆ ਹੈ ਕਿ ਗੁਣਹੀਣ ਨੂੰ ਸੁੱਖ ਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਝੂਠੀ ਰਸਨਾ ਕਿਸੇ ਸ਼ਬਦ ਨੂੰ ਬੋਲੀ ਜਾਣ ਨਾਲ, ਕਿਸੇ ਅੱਖਰ ਨੂੰ ਬੋਲੀ ਜਾਣ ਨਾਲ ਸੁੱਚੀ ਨਹੀਂ ਬਣ ਸਕਦੀ। ਰਸਨਾ ਸੱਚ ਬੋਲਣ ਨਾਲ ਹੀ ਸੁੱਚੀ ਬਣ ਸਕਦੀ ਹੈ ਤੇ ਸੱਚ ਤਾਂ ਬੋਲੇਗੀ ਜਦੋਂ ਮਨ ਸੱਚਾ ਹੋਵੇਗਾ, ਸੁੱਚਾ ਹੋਵੇਗਾ ਭਾਵ ਜਦੋਂ ਮਨ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨੇਗਾ, ਗੁਰੂ ਦੀ ਸੱਚੀ ਮਤਿ ਨੂੰ ਮੰਨੇਗਾ ਭਾਵ ਪਹਿਲਾਂ ਸਾਡਾ ਮਨ ਨਾਮ ਜਪੇਗਾ ਫਿਰ ਤਾਂ ਹੀ ਸਾਡੀ ਰਸਨਾ ਨਾਮ ਵਾਲੀ ਬਣੇਗੀ।

“ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ॥੪॥”

ਉੱਪਰ ਸ਼ਬਦ ਵਿੱਚ ਕਿੰਨਾ ਸਾਫ ਸਮਝਾਇਆ ਹੈ ਕਿ ਜਦੋਂ ਸਾਡਾ ਮਨ ਬਾਣੀ ਦੇ ਸੱਚੇ ਉਪਦੇਸ਼ ਵਿੱਚ ਰੱਤਿਆ ਜਾਂਦਾ ਹੈ ਤੇ ਜਿਹਵਾ ਵੀ ਨਾਲ ਹੀ ਰੱਤੀ ਗਈ। ਪਹਿਲੇ ਮਨ ਰੱਤਿਆ ਜਾਵੇਗਾ ਤੇ ਜਿਹਵਾ ਫਿਰ ਸੱਚੇ ਗੁਣ ਹੀ ਉਚਰੇਗੀ ਭਾਵ ਸੱਚ ਹੀ ਬੋਲੇਗੀ, ਝੂਠ ਨਹੀਂ ਬੋਲੇਗੀ। ਸੱਚ ਤੇ ਚੱਲਣਾ ਹੀ ਨਾਮ ਦਾ ਨਾ ਵਿਸਰਨਾ ਹੈ ਭਾਵ ਜੋ ਸੱਚ ਤੇ ਚੱਲ ਰਿਹਾ ਹੈ ਉਸ ਨੂੰ ਹਰ ਵੇਲੇ ਨਾਮ ਚੇਤੇ ਹੈ।

“ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥”

ਸ਼ਬਦ ਵਿੱਚ ਇਹ ਭੁਲੇਖਾ ਵੀ ਨਾਲ ਹੀ ਕੱਢਿਆ ਹੋਇਆ ਹੈ ਕਿ ਸਤਿਗੁਰੂ ਦੇ ਭਾਣੇ ਵਿੱਚ ਚੱਲਣਾ, ਭਾਣਾ ਕਮਾਉਣਾ ਕੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਬਿਖਿਆ ਨੂੰ, ਹਉਮੈ ਨੂੰ, ਵਿਕਾਰਾਂ ਨੂੰ ਤੱਜਣਾ ਹੀ ਗੁਰੂ ਦੇ ਭਾਣੇ ਨੂੰ ਕਮਾਉਣਾ ਹੈ, ਭਾਣੇ ਵਿੱਚ ਰਹਿਣਾ ਹੈ ਭਾਵ ਸਾਡੇ ਸੱਚੇ ਸੁੱਚੇ ਆਚਾਰ ਹੀ ਸਾਨੂੰ ਗੁਰੂ ਦੇ ਭਾਣੇ ਵਿੱਚ ਲਿਆਉਂਦੇ ਹਨ ਭਾਵ ਗੁਰੂ ਦੇ ਹੁਕਮ ਵਿੱਚ, ਉਪਦੇਸ਼ ਵਿੱਚ ਰਹਿਣਾ ਹੀ ਉਸਦੇ ਭਾਣੇ ਵਿੱਚ ਰਹਿਣਾ ਹੈ। ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ, ਚੰਗਾ ਲੱਗਦਾ ਹੈ ਉਹ ਉਸਦਾ ਭਾਣਾ ਹੈ। ਜੋ ਕੁੱਝ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ ਉਹੀ ਕੁੱਝ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਗੁਰੂ ਦੇ ਭਾਣੇ ਨੂੰ ਮੰਨਣਾ ਹੈ। ਜੋ ਮਨੁੱਖ ਉਸਦੇ ਭਾਣੇ ਵਿੱਚ ਰਹਿੰਦੇ ਹਨ ਉਨ੍ਹਾਂ ਨੂੰ ਹੀ ਸੱਚੇ ਤੇ ਨਿਰਮਲੇ ਕਿਹਾ ਹੈ ਅਤੇ ਇਹ ਹੀ ਗੁਰੂ ਨਾਲ ਪਿਆਰ ਦੱਸਿਆ ਹੈ ਭਾਵ ਜੋ ਸਤਿਗੁਰੂ ਦੇ ਉਪਦੇਸ਼ ਅਨੁਸਾਰ ਆਪਣੇ ਅੰਦਰੋਂ ਔਗੁਣ ਨਹੀਂ ਤਿਆਗਦੇ, ਵਿਕਾਰ ਨਹੀਂ ਛੱਡਦੇ, ਮਾਇਆ ਮੋਹ

ਨਹੀਂ ਛੱਡਦੇ ਉਹ ਨਾ ਹੀ ਸੱਚੇ ਹੋ ਸਕਦੇ ਹਨ, ਨਾ ਹੀ ਨਿਰਮਲੇ ਹੋ ਸਕਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਗੁਰੂ ਨਾਲ ਪਿਆਰ ਹੈ ਅਤੇ ਨਾ ਹੀ ਉਹ ਨਾਮ ਜਪਦੇ ਹਨ। ਉਹ ਆਪਣਾ ਕੀਤਾ ਕੇਵਲ ਵਿਅਰਥ ਹੀ ਗਵਾ ਰਹੇ ਹਨ, ਝੂਠੀਆਂ ਉਮੀਦਾਂ ਵਿੱਚ ਆਪਣੇ ਆਪ ਨੂੰ ਭਗਤੀ ਵਾਲੇ ਸਮਝਦੇ ਹਨ।

ਆਓ ਹੁਣ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਜਿੱਥੇ ਸਾਨੂੰ ਨਾਮ ਜਪਣ ਦਾ ਤਰੀਕਾ ਸਮਝਾਇਆ ਹੋਇਆ ਹੈ, ਮਨੋ ਤੇ ਮੁੱਖੋਂ ਸੁੱਚੇ ਰਹਿਣ ਦਾ ਚੱਜ ਦੱਸਿਆ ਹੋਇਆ ਹੈ ਅਤੇ ਇਹ ਵੀ ਸਮਝਾਇਆ ਹੋਇਆ ਹੈ ਕਿ ਸਾਡੇ ਸੱਜਣ ਕੌਣ ਹਨ ਅਤੇ ਦੁਸ਼ਮਣ ਕੌਣ ਹਨ।

“ਸਚੋ ਸਚਾ ਆਖੀਐ ਸਚੇ ਸਚਾ ਥਾਨੁ॥
ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ॥
ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ॥੪॥
ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ॥
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ॥
ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥੫॥”

(ਅੰਗ ੫੫)

ਉਸ ਪ੍ਰਮਾਤਮਾ ਨੂੰ ਸੱਚ ਦੁਆਰਾ ਜਪੀਏ **(ਸਚੋ ਸਚਾ ਆਖੀਐ)** ਭਾਵ ਉਹ ਸੱਚਾ ਪ੍ਰਮਾਤਮਾ ਸੱਚ ਦੁਆਰਾ ਹੀ ਜਪਿਆ ਜਾ ਸਕਦਾ ਹੈ ਭਾਵ ਜਿਸ ਮਨੁੱਖ ਦੇ ਅੰਦਰ ਸੱਚ ਹੈ ਉਹ ਹੀ ਉਸਨੂੰ ਜਪਦਾ ਹੈ।

4/282

ਇਹੋ ਜਿਹੇ ਸੱਚੇ ਮਨੁੱਖ ਨੂੰ ਹੀ ਉਸ ਪ੍ਰਮਾਤਮਾ ਦਾ ਸੱਚਾ ਥਾਨੁ ਮਿਲਦਾ ਹੈ **(ਸਚੇ ਸਚਾ ਥਾਨੁ॥)** ਉਸਦਾ ਸੱਚਾ ਥਾਨੁ ਸਾਡਾ ਮਨ ਹੀ ਹੈ ਜਿੱਥੋਂ ਸਾਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਆਪਣਾ ਸੱਚਾ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਪਰ ਉਸਨੂੰ ਪਾਉਣ ਦਾ ਤਰੀਕਾ ਵੀ ਸੱਚ ਤੇ ਚੱਲਣ ਦਾ ਹੀ ਹੈ ਜੋ ਸੱਚ ਗੁਰਬਾਣੀ ਸਾਨੂੰ ਸਮਝਾ ਰਹੀ ਹੈ। ਅਸੀਂ ਸੱਚ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਗੁਰਮਤਿ ਅਨੁਸਾਰ ਚੱਲਣ ਦਾ ਉੱਦਮ ਹੀ ਕਰਨਾ ਹੈ। ਆਪਣਾ ਪੂਰਨ ਸੱਚ ਉਹ ਆਪ ਹੀ ਬਖਸ਼ਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਬਖਸ਼ਦਾ ਹੈ। ਸੱਚ ਤੇ ਚੱਲਣ ਵਾਲੇ ਮਨੁੱਖ ਨੂੰ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਭਾਵ ਨਾਮ ਦੀ ਪ੍ਰਾਪਤੀ ਹੁੰਦੀ ਹੈ। ਸੱਚ ਦੇ ਨਾਲ ਧਿਆਨ ਉਸੇ ਮਨੁੱਖ ਦਾ ਜੁੜਦਾ ਹੈ ਜੋ ਸੱਚੇ ਗੁਰੂ ਨੂੰ ਮੰਨਦਾ ਹੈ ਭਾਵ ਜੋ ਗੁਰੂ ਦੀ ਮਤਿ ਨੂੰ ਮੰਨਦਾ ਹੈ **(ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ॥)** ਹੁਣ ਜੇਕਰ ਬਾਣੀ ਨੂੰ ਪੜ੍ਹੀ ਜਾਈਏ, ਪੜ੍ਹੀ ਜਾਈਏ ਪਰ ਉਸਦੇ ਅੰਦਰ ਦਿੱਤਾ ਹੋਇਆ ਗਿਆਨ ਹਾਸਲ ਨਾ ਕਰੀਏ ਤਾਂ ਫਿਰ ਸਾਡੇ ਮਨ ਵਿੱਚ ਵੱਸੇਗਾ ਕੀ। ਫਿਰ ਬਾਣੀ ਪੜ੍ਹਨ ਦਾ ਮਨੋਰਥ ਕੀ ਰਹਿ ਗਿਆ। ਅਸੀਂ ਸੱਚੇ ਤਾਂ ਹੀ ਬਣਨਾ ਹੈ ਜੇਕਰ ਉਸਦਾ ਗਿਆਨ ਲਵਾਂਗੇ, ਉਸਦੇ ਅੰਦਰ ਦੱਸੇ ਹੋਏ ਸੱਚ ਨੂੰ ਮੰਨਾਂਗੇ ਤੇ ਉਸ ਤੇ ਅਮਲ ਕਰਾਂਗੇ। ਇਹੀ ਕੁੱਝ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ **(ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ॥)**। ਗੁਰੂ ਦਾ ਗਿਆਨ ਸਾਨੂੰ ਔਗੁਣ ਤਿਆਗ ਕੇ ਗੁਣਾਂ ਨੂੰ ਗ੍ਰਹਿਣ ਕਰਨ ਲਈ ਕਹਿੰਦਾ ਹੈ ਕਿਉਂਕਿ ਗੁਣ ਮਨੁੱਖ ਲਈ ਚੰਗੇ ਹਨ ਅਤੇ ਔਗੁਣ ਉਸ ਲਈ ਮਾੜੇ ਹਨ। ਗੁਣ ਉਸਦੇ ਸੱਜਣ ਹਨ ਤੇ ਔਗੁਣ ਉਸਦੇ ਦੁਸ਼ਮਣ ਹਨ ਜਿਵੇਂ ਕਿ ਅਸੀਂ ਪਹਿਲੇ ਵੀ ਸਮਝਿਆ ਹੈ। ਇਸੇ ਲਈ ਮਨੁੱਖ ਨੂੰ ਇਹ ਅਰਦਾਸ ਕਰਨ ਲਈ ਕਿਹਾ ਗਿਆ ਹੈ ਕਿ ਉਹ ਗੁਰੂ ਕੋਲੋਂ ਇਹ ਮੰਗੇ ਕਿ ਮੈਨੂੰ ਗੁਣਾਂ ਨਾਲ ਜੋੜ ਲਵੇ, ਸੱਚ ਨਾਲ ਜੋੜ ਲਵੇ **(ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ॥)**। ‘ਸਾਜਨੁ’ ਸਾਡਾ ਸਭ ਦਾ ਆਪ ਗੁਰੂ ਹੀ ਹੈ, ਪ੍ਰਮਾਤਮਾ ਹੀ ਹੈ ਜੋ ਗੁਣਾਂ ਦਾ ਖਜਾਨਾ ਹੈ। ਆਪਣੇ ਸੱਚੇ ਗੁਣਾਂ ਦੇ ਗਿਆਨ ਦੁਆਰਾ ਹੀ ਪ੍ਰਮਾਤਮਾ ਸਾਡਾ ਸਭ ਦਾ ਸੱਜਣ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਗੁਰੂ ਕੋਲੋਂ ਗੁਣ ਮੰਗਣੇ ਹੀ ਉਸ ਸੱਜਣ ਪ੍ਰਮਾਤਮਾ ਦੇ ਨਾਲ ਮੇਲ ਮੰਗਣਾ ਹੈ ਤੇ ਉਹ ਗੁਣਾਂ ਦਾ ਖਜਾਨਾ ਗੁਣਾਂ ਦੁਆਰਾ ਵਿਚਰਨ ਨਾਲ ਹੀ ਮਿਲਦਾ ਹੈ। ਸੁੱਖ ਗੁਣਾਂ ਦੇ ਵਿੱਚ ਹੈ ਤੇ ਦੁੱਖ ਔਗੁਣਾਂ ਦੇ ਵਿੱਚ ਹੈ। ਗੁਣਾਂ ਦੇ ਆਉਣ ਨਾਲ ਸਾਡੇ ਜਮਦੂਤ ਭਾਵ ਔਗੁਣ ਖਤਮ ਹੋ ਜਾਣਗੇ, ਸੁੱਖ ਵੱਸਣ ਨਾਲ ਦੁੱਖ ਨਿਕਲ ਜਾਣਗੇ ਭਾਵ ਗੁਣ ਸਾਡੇ ਸੁੱਖਾਂ ਦਾ ਕਾਰਨ ਬਣਦੇ ਹਨ ਅਤੇ ਔਗੁਣ ਸਾਡੇ

ਦੁੱਖਾਂ ਦਾ ਕਾਰਨ ਬਣਦੇ ਹਨ। ਮਨ ਦੇ ਵਿਚ ਸੱਜਣ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਉਸ ਦੇ ਕੋਲੋਂ ਗੁਣਾਂ ਵਾਲੇ ਵਿਚਾਰ ਹੀ ਮਿਲਦੇ ਹਨ ਜੋ ਸਾਡੇ ਅੰਦਰ ਸੱਜਣ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ, ਸੱਚੇ ਗੁਣਾਂ ਦੇ ਗਿਆਨ ਵਾਲਾ ਰੂਪ ਹੈ ਜਿਸ ਦੁਆਰਾ ਉਹ ਮਨੁੱਖੀ ਸਮਝ ਦੇ ਵਿੱਚੋਂ ਔਗੁਣਾਂ ਵਾਲੇ ਮਾੜੇ ਵਿਚਾਰਾਂ ਨੂੰ ਕੱਢ ਦਿੰਦਾ ਹੈ। **(ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ॥)**। "ਸੁੱਖ" ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜਿਸਨੂੰ ਕੇਵਲ ਗੁਣਾਂ ਦੁਆਰਾ ਪਾਇਆ ਜਾ ਸਕਦਾ ਹੈ। ਸਾਰੀ ਗੱਲ ਔਗੁਣਾਂ ਨੂੰ ਤਿਆਗ ਕੇ ਗੁਣਾਂ ਨੂੰ ਅਪਣਾਉਣ ਦੀ ਹੈ। ਮਨਮਤਿ ਛੱਡ ਕੇ ਗੁਰਮਤਿ ਤੇ ਚੱਲਣ ਦੀ ਹੈ। ਕੇਵਲ ਇਹੀ ਤਰੀਕਾ ਹੈ ਪ੍ਰਮਾਤਮਾ ਨੂੰ ਜਪਣ ਦਾ। ਆਓ ਹੁਣ ਆਖਰੀ ਪੰਗਤੀ ਨੂੰ ਵਿਚਾਰੀਏ ਜਿੱਥੇ "ਨਾਮ" ਦਾ ਸਾਰ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਨਾਮ ਕਿਵੇਂ ਵੱਸਦਾ ਹੈ।

"ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥"

ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਪਿੱਛੇ ਚਰਚਾ ਕਰਦੇ ਆਏ ਹਾਂ ਨਾਮ ਗੁਰੂ ਹੈ,

4/283

ਪ੍ਰਮਾਤਮਾ ਹੈ, ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਮਤਿ ਹੈ। ਨਾਮ ਜਪਣਾ ਗੁਰੂ ਦੀ ਮਤਿ ਤੇ ਚੱਲਣਾ ਹੈ। ਨਾਮ ਦੀ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮੇਲ ਹੈ। ਇਹੀ ਗੱਲ ਇਸ ਪੰਗਤੀ ਵਿੱਚ ਸਮਝਾਈ ਹੋਈ ਹੈ ਜਿਸਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। **"ਨਾਵੈ ਅੰਦਰਿ ਹਉ ਵਸਾਂ"** ਤੋਂ ਭਾਵ ਹੈ ਕਿ ਪਹਿਲਾਂ ਮੈਂ ਆਪਣੇ ਆਪ ਨੂੰ ਗੁਰੂ ਦੇ ਉਪਦੇਸ਼ ਵਿੱਚ ਵੱਸਾਵਾਂ ਭਾਵ ਆਪਣੀ ਮਤਿ ਤਿਆਗ ਕੇ ਗੁਰੂ ਦੀ ਮਤਿ ਲਵਾਂ ਭਾਵ ਆਪਣੀ ਕੋਈ ਹਉਮੈ ਨਾ ਸਮਝਾ, ਸਭ ਕੁੱਝ ਗੁਰੂ ਨੂੰ ਹੀ ਸਮਝਾ, ਉਸਦੇ ਭਾਣੇ ਵਿੱਚ ਚੱਲਾ ਭਾਵ ਆਪਣਾ ਆਪ ਮਿਟਾ ਦਿਆ। ਇਸ ਤਰ੍ਹਾਂ ਆਪਣਾ ਆਪ ਮਿਟਾਉਣ ਦੇ ਨਾਲ ਸਾਡੇ ਅੰਦਰ ਪ੍ਰਮਾਤਮਾ ਵੱਸ ਜਾਂਦਾ ਹੈ ਭਾਵ ਮੇਲ ਕਰਦਾ ਹੈ **(ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥)**। ਸਾਡੇ ਅੰਦਰ ਉਹ ਆਪ ਹੀ ਆ ਕੇ ਵੱਸਦਾ ਹੈ ਭਾਵ ਦਰਸ਼ਨ ਦਿੰਦਾ ਹੈ। ਉਹ ਆਪ ਹੀ ਕ੍ਰਿਪਾ ਕਰਦਾ ਹੈ। ਅਸੀਂ ਕੇਵਲ ਉਸਨੂੰ ਪਾਉਣ ਲਈ ਗੁਰਮਤਿ ਤੇ ਚੱਲਣ ਦਾ ਉੱਦਮ ਕਰਨਾ ਹੈ। ਕਿਰਪਾ ਉਹ ਆਪ ਹੀ ਕਰਦਾ ਹੈ। ਉਸਨੂੰ ਮਿਲਣ ਲਈ ਕਿਤੇ ਜਾਣ ਦੀ ਲੋੜ ਨਹੀਂ। ਉਹ ਆਪ ਹੀ ਆ ਕੇ ਵੱਸਦਾ ਹੈ, ਮਨ ਦੇ ਵਿੱਚ ਵੱਸਦਾ ਹੈ ਭਾਵ ਮਨ ਦੇ ਵਿੱਚ ਹੀ ਪ੍ਰਗਟ ਹੋ ਕੇ ਦਰਸ਼ਨ ਦਿੰਦਾ ਹੈ।

ਨਾਮ ਬਾਣੀ ਹੈ ਭਾਵ ਬਾਣੀ ਦੇ ਅੰਦਰ ਦਾ ਸੱਚਾ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਬਾਣੀ ਨੇ ਹੀ ਸਾਡੇ ਅੰਦਰ ਵੱਸਣਾ ਹੈ ਅਤੇ ਪ੍ਰਗਟ ਹੋਣਾ ਹੈ। ਬਾਣੀ ਤੋਂ ਬਾਹਰ ਨਿਕਲਕੇ, ਗੁਰੂ ਦੀ ਮਤਿ ਤੋਂ ਬਾਹਰ ਨਿਕਲਕੇ ਗੁਰੂ ਸਾਡੇ ਅੰਦਰ ਕਿਵੇਂ ਵੱਸ ਸਕਦਾ ਹੈ। ਜਿਹੜੇ ਗੁਰੂ ਦੀ ਬਾਣੀ ਹੈ ਉਸੇ ਗੁਰੂ ਰੂਪ ਪ੍ਰਮਾਤਮਾ ਦੀ ਅਸੀਂ ਪ੍ਰਾਪਤੀ ਕਰਨੀ ਹੈ, ਉਸਦੇ ਦਰਸ਼ਨ ਕਰਨੇ ਹਨ ਪਰ ਗੁਰੂ ਦੀ ਗੱਲ ਨੂੰ ਨਾ ਮੰਨ ਕੇ ਗੱਲਾਂ ਅਸੀਂ ਕਿਸੇ ਹੋਰਾਂ ਦੀਆਂ ਮੰਨਦੇ ਹਾਂ ਅਤੇ ਫਿਰ ਵੀ ਪ੍ਰਮਾਤਮਾ ਦੇ ਦਰਸ਼ਨਾਂ ਦੀ ਉਮੀਦ ਰੱਖਦੇ ਹਾਂ। ਕਮਾਲ ਦੀ ਗੱਲ ਹੈ ਭਾਵ ਹੈਰਾਨੀ ਦੀ ਗੱਲ ਹੈ ਕਿ ਅਸੀਂ ਇਹੋ ਜਿਹੀਆਂ ਝੂਠੀਆਂ ਉਮੀਦਾਂ ਲਾਈ ਬੈਠੇ ਹਾਂ।

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ, ਵਿਕਾਰਾਂ ਵਿੱਚ ਰਹਿੰਦੇ ਹੋਏ ਜੇ ਕੋਈ ਇਹ ਸੋਚੇ ਕਿ ਉਹ ਕੋਈ ਜਪ ਤਪ ਕਰਕੇ ਪ੍ਰਮਾਤਮਾ ਨੂੰ ਪਾ ਲਵੇਗਾ ਇਹ ਉਸਦਾ ਭੁਲੇਖਾ ਹੈ, ਕੇਵਲ ਮਨਹਠਿ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜ ਕਰੀਏ।

"ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ॥
ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ॥
ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ॥੩॥"

(ਅੰਗ ੩੯-੪੦)

ਇਸ ਸ਼ਬਦ ਨੂੰ ਧਿਆਨ ਨਾਲ ਪੜ੍ਹੋ ਅਤੇ ਵਿਚਾਰੋ। ਮਤਲਬ ਆਸਾਨੀ ਨਾਲ ਸਮਝ ਆ ਜਾਂਦਾ ਹੈ। ਵਿਕਾਰਾਂ ਵਿੱਚ ਰਹਿੰਦੇ ਹੋਏ ਅਸੀਂ ਜਿਹੋ ਜਿਹਾ ਜਪ ਤਪ ਕਰ ਰਹੇ ਹਾਂ, ਜਿਹੋ ਜਿਹੇ ਉਪਰਾਲੇ ਕਰ ਰਹੇ ਹਾਂ, ਥੱਕ ਜਾਵਾਂਗੇ ਪਰ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਇਹ ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ।

4/284

ਇਨ੍ਹਾਂ ਤਰੀਕਿਆਂ ਨਾਲ ਨਾ ਅੱਜ ਤੱਕ ਕੋਈ ਪ੍ਰਮਾਤਮਾ ਪਾ ਸਕਿਆ ਹੈ ਅਤੇ ਨਾ ਹੀ ਉਸਨੂੰ ਪਾਇਆ ਜਾ ਸਕਦਾ ਹੈ। ਇਹ ਕੇਵਲ ਸਾਡੀ ਮਨਹਠਿ ਹੈ, ਸਾਡੀਆਂ ਸਿਆਣਪਾਂ ਹਨ ਜੋ ਸਾਨੂੰ ਸਾਡੇ ਮਨੋਰਥ ਤੱਕ ਨਹੀਂ ਪਹੁੰਚਾ ਸਕਦੀਆਂ। ਜਦ ਤੱਕ ਅਸੀਂ ਔਗੁਣਾਂ ਵਿੱਚ ਹਾਂ ਅਸੀਂ ਗੁਰੂ ਵੱਲੋਂ ਕੋਰੇ ਬਣੇ ਹੋਏ ਹਾਂ ਭਾਵ ਸਾਡੇ ਤੇ ਗੁਰੂ ਦੀ ਗੱਲ ਦਾ ਅਸਰ ਨਹੀਂ ਹੋਇਆ, ਅਸੀਂ ਗੁਰੂ ਵੱਲੋਂ ਮੂੰਹ ਫੇਰਿਆ ਹੋਇਆ ਹੈ ਭਾਵ ਅਸੀਂ ਮਨਮਤਿ ਵਿੱਚ ਹਾਂ ਤੇ ਸਾਡੇ ਅੰਦਰ ਗੁਰੂ ਦਾ ਭਾਵ ਗੁਰੂ ਦੀ ਮਤਿ ਦਾ ਰੰਗ ਨਹੀਂ ਚੜ੍ਹਿਆ। ਗੁਰੂ ਦਾ ਰੰਗ ਤਾਂ ਹੀ ਚੜ੍ਹੇਗਾ ਜਦੋਂ ਆਪਣੀ ਮਨਹਠਿ ਛੱਡਾਂਗੇ, ਸਹਸ ਸਿਆਣਪ ਛੱਡਾਂਗੇ। ਜੇਕਰ ਅਸੀਂ ਇਹ ਸੋਚੀਏ ਕਿ ਕੂੜ ਕਪਟ ਵੀ ਨਾ ਛੱਡੀਏ ਅਤੇ ਭਗਤੀ ਵੀ ਕਰ ਲਈਏ, ਇਹ ਨਹੀਂ ਹੋ ਸਕਦਾ। "ਕੂੜਿ ਕਪਟਿ" ਸਾਡੇ ਅੰਦਰ ਦੀ ਝੂਠੀ ਸਮਝ ਹੈ, ਮਾਇਆ ਦਾ ਕਪਟ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਇਹ ਝੂਠੀ ਸਮਝ ਸਾਨੂੰ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਜੇਕਰ ਅਸੀਂ ਆਪਣੇ ਮਨ ਦੇ ਅੰਦਰ ਕੂੜ ਕਪਟ ਬੀਜਾਂਗੇ ਭਾਵ ਨਾ-ਸਮਝ ਵਿਚਾਰਾਂ ਨੂੰ ਮੰਨਾਂਗੇ ਤੇ ਮਾੜੇ ਕਰਮ ਕਰਾਂਗੇ ਤਾਂ ਫਲ ਵੀ ਕੂੜ ਕਪਟ ਵਾਲਾ ਹੀ ਮਿਲਣਾ ਹੈ। ਮਾੜੇ ਕਰਮਾਂ ਦਾ ਫਲ ਮਾੜਾ ਹੀ ਮਿਲਣਾ ਹੈ। ਜੇ ਫਲ ਚੰਗਾ ਲੈਣਾ ਹੈ ਤਾਂ ਕਰਮ ਵੀ ਚੰਗੇ ਕਰਨੇ ਪੈਣਗੇ। ਜੇ ਭਗਤੀ ਦਾ ਫਲ ਲੈਣਾ ਹੈ ਤਾਂ ਭਗਤੀ ਨੂੰ ਸਮਝਣਾ ਪਵੇਗਾ, ਔਗੁਣਾਂ ਨੂੰ ਤਿਆਗ ਕੇ ਗੁਣਾਂ ਨੂੰ ਅਪਣਾਉਣਾ ਹੀ ਪਵੇਗਾ ਕਿਉਂਕਿ ਪੂਰੀ ਬਾਣੀ ਵਿੱਚ ਹੋਰ ਕੋਈ ਤਰੀਕਾ ਸਮਝਾਇਆ ਹੀ ਨਹੀਂ। ਜੇ ਸਮਝਾਇਆ ਨਹੀਂ ਤਾਂ ਫਿਰ ਹੋਰ ਕੋਈ ਤਰੀਕਾ ਹੋ ਹੀ ਨਹੀਂ ਸਕਦਾ। ਗੁਰੂ ਤੋਂ ਸਿਆਣਾ ਹੋਰ ਕੋਈ ਹੋ ਵੀ ਨਹੀਂ ਸਕਦਾ। ਗੁਰੂ ਦੀ ਸਮਝ ਦੇ ਉਲਟ ਅਸੀਂ ਜੋ ਵੀ ਆਪਣੇ ਵੱਲੋਂ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ ਉਹ ਕੇਵਲ ਸਾਡੀ ਮਨਹਠਿ ਹੈ, ਝੂਠੀ ਸਿਆਣਪ ਹੈ। **(ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ॥ ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ॥ ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ॥੩॥)** ਅਸਲ ਗੱਲ ਜੋ ਔਗੁਣ ਛੱਡਣ ਦੀ ਹੈ, ਮਾਇਆ ਮੋਹ ਛੱਡਣ ਦੀ ਹੈ, ਤ੍ਰਿਸ਼ਨਾਵਾਂ ਛੱਡਣ ਦੀ ਹੈ। ਉਹ ਤਾਂ ਅਸੀਂ ਛੱਡਣ ਨੂੰ ਤਿਆਰ ਨਹੀਂ, ਮਾਇਆ ਬਹੁਤ ਚੰਗੀ ਲੱਗਦੀ ਹੈ ਤੇ ਉਸਨੂੰ ਕਮਾਉਣ ਲਈ ਅਨੇਕਾਂ ਮਾੜੇ ਕਰਮ ਵੀ ਕਰਦੇ ਹਾਂ, ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਕਈ ਮਾੜੇ ਕਰਮ ਕਰਦੇ ਹਾਂ ਤੇ ਨਾਲ ਹੀ ਆਪਣੀ ਮਨਹਠਿ ਵਾਲੀ ਭਗਤੀ ਕਰੀ ਜਾਂਦੇ ਹਾਂ। ਜੋ ਗੱਲ ਗੁਰੂ ਦੀ ਮਤਿ ਤੇ ਪੂਰੀ ਉਤਰਦੀ ਹੈ ਉਹ ਸੱਚ ਹੈ ਤੇ ਜੋ ਗੱਲ ਗੁਰਮਤਿ ਅਨੁਸਾਰ ਨਹੀਂ ਹੈ ਉਹ ਝੂਠ ਹੈ। ਸਰੀਰਕ ਜਪ ਤਪ ਸਭ ਝੂਠ ਹਨ, ਸਾਡੇ ਅੰਦਰ ਮਾਇਆ ਦਾ ਕਪਟ ਹੈ। ਜਿੱਥੇ ਸੱਚ ਹੈ ਭਾਵ ਗੁਰੂ ਦੀ ਮਤਿ ਹੈ ਉਹ "ਗੁਣ" ਹੈ ਤੇ ਜਿੱਥੇ ਸੱਚੁ ਨਹੀਂ ਉਹ ਝੂਠ ਹੈ ਭਾਵ ਔਗੁਣ ਹੈ। ਸਾਡੇ ਜੋ ਵੀ ਵਿਚਾਰ ਗੁਰੂ ਦੀ ਮਤਿ ਤੇ ਭਾਵ ਸੱਚ ਤੇ ਪੂਰੇ ਨਹੀਂ ਉਤਰਦੇ ਉਹ ਸਾਡੇ ਔਗੁਣ ਹਨ ਜਿਨ੍ਹਾਂ ਨੂੰ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ।

"ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥੨॥"

(ਅੰਗ ੪੨੪)

ਜੇਕਰ ਸਾਡੇ ਮਨ ਦੇ ਅੰਦਰ ਕੂੜ ਕਪਟ ਹੈ, ਸਾਡੇ ਕਰਮ ਮਾੜੇ ਹਨ ਤੇ ਫਲ ਵੀ ਮਾੜਾ ਹੀ ਲੱਗੇਗਾ। ਮੁੱਖੋਂ ਬੋਲ-ਬੋਲ ਕੇ ਭਾਵ ਜਿਸਨੂੰ ਅਸੀਂ ਜਪਣਾ ਕਹਿੰਦੇ ਹਾਂ, ਉਹ ਆਪਣੇ ਮੁੱਖੋਂ ਕੇਵਲ ਹਵਾ ਛੱਡਣ ਵਾਲੀ ਗੱਲ ਹੈ, ਉਸ ਨਾਲ ਫਲ ਦੀ ਪ੍ਰਾਪਤੀ ਨਹੀਂ ਬਦਲ ਸਕਦੀ। ਜੇਕਰ ਮਨ ਮੈਲਾ ਹੈ ਤੇ ਮੁੱਖ ਮੈਲਾ ਹੀ ਰਹਿਣਾ ਹੈ, ਅਸੀਂ ਬੋਲ-ਬੋਲ ਕੇ ਆਪਣੇ ਆਪ ਨੂੰ ਸੱਚੇ ਨਹੀਂ ਬਣਾ ਸਕਦੇ, ਜਿਹੋ ਜਿਹਾ ਫਲ ਅਸੀਂ ਲੱਭਦੇ ਹਾਂ, ਮੰਗਦੇ ਹਾਂ, ਉਹ ਫਲ ਨਹੀਂ ਮਿਲ ਸਕਦਾ। ਸਾਡੇ ਮਨ ਦੇ ਅੰਦਰ ਬਿਖ ਹੈ, ਜਹਿਰ ਹੈ ਭਾਵ ਕੂੜ ਕਪਟ ਹੈ, ਮਨ ਵਿਕਾਰੀ ਹੈ ਪਰ ਮੁੱਖੋਂ ਬੋਲ-ਬੋਲ ਕੇ ਅਸੀਂ ਅੰਮ੍ਰਿਤ ਮੰਗਦੇ ਹਾਂ, ਉਸ ਪ੍ਰਮਾਤਮਾ ਦੇ ਮੇਲ ਦਾ ਫਲ ਮੰਗਦੇ ਹਾਂ। ਇਹ ਕਿਹੜੀ ਨਿਆਂ ਵਾਲੀ ਗੱਲ ਹੋਈ? **(ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥ ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥੨॥)** ਭਗਤੀ ਸਾਡੇ ਮਨ ਨੇ ਕਰਨੀ ਹੈ ਭਾਵ ਮਨ ਦੀ ਸੱਚੀ ਸਮਝ ਨੇ ਕਰਵਾਉਣੀ ਹੈ ਤੇ ਜਦ ਸਾਡੇ ਅੰਦਰ ਦੀ ਸਮਝ ਮੈਲੀ ਹੈ, ਔਗੁਣਾਂ ਵਾਲੇ ਵਿਚਾਰਾਂ ਵਾਲੀ ਹੈ ਭਾਵ ਜਦ ਤੱਕ ਮਨ ਮੈਲਾ ਹੈ, ਭਗਤੀ ਸੁਪਨੇ ਵਿੱਚ ਵੀ ਨਹੀਂ ਹੋ ਸਕਦੀ।

ਅਸੀਂ ਆਪਣੇ ਵੱਲੋਂ ਤਪ ਕਰਦੇ ਹਾਂ, ਸ਼ਬਦ ਪੜ੍ਹਦੇ ਹਾਂ, ਸ਼ਬਦ ਨੂੰ ਵਾਰ-ਵਾਰ ਜਪਦੇ ਹਾਂ, ਨਾਮ ਕਰਕੇ ਜਪਦੇ ਹਾਂ, ਸ਼ਬਦ ਨੂੰ ਨਾਮ ਸਮਝ ਕੇ ਧਿਆਉਂਦੇ ਹਾਂ। ਸ਼ਬਦ ਨਾਮ ਹੀ ਹੈ ਤੇ ਸ਼ਬਦ ਨੂੰ ਧਿਆਉਣਾ ਹੀ ਨਾਮ ਧਿਆਉਣਾ ਹੈ। ਸਮਝਣ ਦੀ ਸਿਰਫ ਇਹ ਲੋੜ ਹੈ ਕਿ ਸ਼ਬਦ ਨੂੰ ਕਿਵੇਂ ਧਿਆਉਣਾ ਹੈ। ਇਸ ਗੱਲ ਦੀ ਸੋਝੀ ਹੇਠ ਲਿਖੇ ਸ਼ਬਦ ਵਿੱਚ ਪਾਈ ਹੋਈ ਹੈ ਜਿਸ ਨੂੰ ਵਿਚਾਰ ਕੇ ਸਾਨੂੰ ਸਮਝ ਲੱਗ ਜਾਵੇਗੀ ਕਿ ਸ਼ਬਦ ਰਾਹੀਂ ਗੁਰੂ ਨੂੰ ਕਿਵੇਂ ਧਿਆਉਣਾ ਹੈ, ਪ੍ਰਮਾਤਮਾ ਨੂੰ ਕਿਵੇਂ ਧਿਆਉਣਾ ਹੈ ਤੇ ਉਸ ਪ੍ਰਮਾਤਮਾ ਵਿੱਚ, ਸੱਚ ਵਿੱਚ ਕਿਵੇਂ ਸਮਾਉਣਾ ਹੈ, ਗੁਰਮੁੱਖ ਕਿਵੇਂ ਬਣਨਾ ਹੈ। ਨਾਮ ਧਿਆਉਣਾ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਕੇਵਲ ਹਰ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ।

“ਸਭ ਘਟ ਆਪੇ ਭੋਗਣਹਾਰਾ॥
ਅਲਖੁ ਵਰਤੈ ਅਗਮ ਅਪਾਰਾ॥
ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ
ਸਹਜੇ ਸਚਿ ਸਮਾਵਣਿਆ॥੧॥
ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ॥੧॥ਰਹਾਉ॥
ਪੰਚ ਦੂਤ ਮੁਹਹਿ ਸੰਸਾਰਾ॥ ਮਨਮੁਖ ਅੰਧੇ ਸੁਧਿ ਨ ਸਾਰਾ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ॥੨॥
ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ॥
ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ॥
ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ॥੩॥
ਏਕਮ ਏਕੈ ਆਪੁ ਉਪਾਇਆ॥
ਦੁਬਿਧਾ ਦੂਜਾ ਤ੍ਰਿਬਿਧਿ ਮਾਇਆ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ॥੪॥
ਸਭੁ ਹੈ ਸਚਾ ਜੇ ਸਚੇ ਭਾਵੈ॥
ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ॥
ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ॥੫॥
ਸਚੇ ਬਾਝਹੁ ਕੋ ਅਵਰੁ ਨ ਦੂਆ॥
ਦੂਜੈ ਲਾਗਿ ਜਗੁ ਖਪਿ ਖਪਿ ਮੂਆ॥
ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ॥੬॥
ਜੀਅ ਜੰਤ ਸਭਿ ਸਰਣਿ ਤੁਮਾਰੀ॥
ਆਪੇ ਧਰਿ ਦੇਖਹਿ ਕਚੀ ਪਕੀ ਸਾਰੀ॥
ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ॥੭॥
ਤੂੰ ਆਪੇ ਮੇਲਹਿ ਵੇਖਹਿ ਹਦੂਰਿ॥ ਸਭ ਮਹਿ ਆਪਿ ਰਹਿਆ ਭਰਪੂਰਿ॥
ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ॥੮॥”

(ਅੰਗ ੧੧੩)

ਪ੍ਰਮਾਤਮਾ ਆਪ ਹੀ ਸਭ ਵਿੱਚ ਵਰਤ ਰਿਹਾ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ। ਇਸ ਗੱਲ ਦੀ ਸਮਝ ਗੁਰੂ ਨੂੰ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਤੇ ਹੋਰ ਵੀ ਅਨੇਕਾਂ ਸ਼ਬਦਾਂ ਰਾਹੀਂ ਇਹ ਗੱਲ ਬਾਣੀ ਵਿੱਚ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪ ਹੀ ਵਰਤ ਰਹਿਆ ਹੈ। ਗੁਰੂ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਉਹ ਕਦੇ ਗਲਤ ਗੱਲ ਨਹੀਂ ਸਮਝਾ ਸਕਦਾ। ਫਰਕ ਸਾਡੀ ਸਮਝ ਦੇ ਵਿੱਚ ਹੀ ਹੈ ਜਿਸ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। (**ਸਭ ਘਟ ਆਪੇ ਭੋਗਣਹਾਰਾ॥ ਅਲਖੁ ਵਰਤੈ ਅਗਮ ਅਪਾਰਾ॥**) ਸਾਨੂੰ ਪ੍ਰਮਾਤਮਾ ਦੀ ਸੋਝੀ ਆਪਣੇ ਅੰਦਰੋਂ ਹੀ ਪੈਣੀ ਹੈ ਪਰ ਉਹ ਸੋਝੀ ਤਾਂ ਹੀ ਪੈ ਸਕਦੀ ਹੈ ਜੇਕਰ ਅਸੀਂ ਪ੍ਰਮਾਤਮਾ ਨੂੰ ਉਸਦੇ ਸ਼ਬਦ ਦੇ ਦੁਆਰਾ ਧਿਆਈਏ। ਸ਼ਬਦ ਦੁਆਰਾ ਪ੍ਰਮਾਤਮਾ ਨੂੰ ਕਿਵੇਂ ਧਿਆਉਣਾ ਹੈ ਉਹ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਗੁਰੂ ਸ਼ਬਦ ਨੂੰ ਭਾਵ ਸ਼ਬਦਾਂ ਵਿੱਚ ਦਿੱਤੇ ਹੋਏ ਗਿਆਨ ਨੂੰ ਮੰਨ ਕੇ ਆਪਣੇ ਅੰਦਰ ਵਸਾਉਣਾ ਹੈ। ਗੁਰੂ ਦੀ ਗੱਲ ਨੂੰ ਆਪਣੇ ਅੰਦਰ ਵਸਾਉਣ ਲਈ ਸਾਨੂੰ ਆਪਾ ਛੱਡਣਾ ਪਵੇਗਾ ਭਾਵ ਆਪਣੀ ਮਨਮਤਿ ਛੱਡਣੀ ਪਵੇਗੀ, ਆਪਣੇ ਮਨ ਨੂੰ ਮਾਰਨਾ ਪਵੇਗਾ ਜੋ ਕਿ ਬਹੁਤ ਔਖਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਮਨ ਵਿੱਚ ਵਸਾਉਣਾ ਬਹੁਤ ਔਖਾ ਹੈ, ਆਪਣੀ ਮਤਿ ਦਾ, ਹਉਮੈ ਦਾ ਭਾਵ ਆਪਣਾ ਆਪ ਗੁਰੂ ਤੋਂ ਵਾਰਨਾ ਪੈਂਦਾ ਹੈ, ਤਿਆਗ ਕਰਨਾ ਪੈਂਦਾ ਹੈ **(ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ॥)** ਸ਼ਬਦ ਨੂੰ ਮੰਨ ਵਿੱਚ ਵਸਾਉਣ ਲਈ ਪਹਿਲਾਂ ਸ਼ਬਦ ਦੀ ਸੋਝੀ ਆਉਣੀ ਜਰੂਰੀ ਹੈ ਭਾਵ ਉਸਦੀ ਸਮਝ ਲੱਗਣੀ ਜਰੂਰੀ ਹੈ ਕਿ ਗੁਰੂ ਨੇ ਸਾਨੂੰ ਸਮਝਾਇਆ ਕੀ ਹੈ, ਅਸੀਂ ਮੰਨਣਾ ਕੀ ਹੈ। ਜਦੋਂ ਸਮਝ ਲੱਗ ਜਾਵੇ ਫਿਰ ਉਸਨੂੰ ਮੰਨਣ ਲਈ ਸਾਨੂੰ ਆਪਣੇ ਮਨ ਨਾਲ ਉਲਝਣਾ ਪੈਂਦਾ ਹੈ ਭਾਵ ਮਨ ਨੂੰ ਮਨਾਉਣਾ ਬਹੁਤ ਹੀ ਔਖਾ ਹੈ, ਆਪਣੀਆਂ ਸਾਰੀਆਂ ਇੱਛਾਵਾਂ ਮਾਰਨੀਆਂ ਪੈਂਦੀਆਂ ਹਨ ਤੇ ਤਾਂ ਹੀ ਗੁਰੂ ਦੇ ਹੁਕਮ ਵਿੱਚ, ਗੁਰੂ ਦੀ ਸੱਚੀ ਸਮਝ ਵਿੱਚ ਸਮਾਇਆ ਜਾ ਸਕਦਾ ਹੈ ਭਾਵ ਉਸਦੇ ਉਪਦੇਸ਼ ਤੇ ਚੱਲਿਆ ਜਾ ਸਕਦਾ ਹੈ **(ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ॥)**। ਸ਼ਬਦ ਦੀ ਸਮਝ ਨਾਲ ਜੁੜਨਾ ਭਾਵ ਸ਼ਬਦ ਦੀ ਸਮਝ ਨੂੰ ਮੰਨਣਾ, ਆਪਣੇ ਮਨ ਨਾਲ ਲੂਝਣਾ, ਆਪਣੀਆਂ ਇੱਛਾਵਾਂ ਨੂੰ ਮਾਰਨਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ, ਸ਼ਬਦ ਦੇ ਮਕਸਦ ਨੂੰ ਸਮਝ ਸਕਦਾ ਹੈ ਕਿ ਗੁਰੂ ਦੇ ਸ਼ਬਦ ਨੂੰ ਜਪਣਾ ਕੀ ਹੈ। ਸਾਨੂੰ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਔਗੁਣਾਂ ਦਾ ਸਹਾਰਾ ਲੈਣਾ ਪੈਂਦਾ ਹੈ, ਮਾੜੇ ਕਰਮ ਕਰਨੇ ਪੈਂਦੇ ਹਨ ਅਤੇ ਇਸੇ ਲਈ ਸੰਸਾਰ ਨੂੰ ਇਨ੍ਹਾਂ ਔਗੁਣਾਂ ਨੇ, ਮਾਇਆ ਮੋਹ ਨੇ ਮੋਹਿਆ ਹੋਇਆ ਹੈ ਭਾਵ ਹਰ ਕੋਈ ਮਾਇਆ ਮੋਹ ਵਿੱਚ ਫਸਿਆ ਹੋਇਆ ਹੈ। ਜਿਹੜੇ ਮਾਇਆ ਮੋਹ ਵਿੱਚ ਫਸੇ ਹੋਏ ਹਨ, ਔਗੁਣਾਂ ਵਿੱਚ ਫਸੇ ਹੋਏ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਰਹਿੰਦੇ ਹਨ, ਉਹ ਮਨਮੁੱਖ ਹਨ, ਅਗਿਆਨੀ ਹਨ ਅਤੇ ਉਨ੍ਹਾਂ ਨੂੰ ਅਸਲੀਅਤ ਦੀ ਸੋਝੀ ਨਹੀਂ ਹੈ ਭਾਵ ਭਟਕੇ ਹੋਏ ਹਨ **(ਪੰਚ ਦੂਤ ਮੁਹਹਿ ਸੰਸਾਰਾ॥ ਮਨਮੁਖ ਅੰਧੇ ਸੁਧਿ ਨ ਸਾਰਾ॥)**। ਇਹ ਵਿਕਾਰ ਸਾਡੀ ਸੱਚੀ ਆਤਮਿਕ ਸਮਝ ਨੂੰ ਦਿਨ ਰਾਤ ਖਾ ਰਹੇ ਹਨ ਤੇ ਅਸੀਂ ਇਨ੍ਹਾਂ ਤੋਂ ਆਪਣੇ ਆਪ ਨੂੰ ਬਚਾਉਣਾ ਹੈ, ਆਪਣੇ ਮਨ ਰੂਪ ਘਰ ਨੂੰ ਰੱਖਣਾ ਹੈ ਅਤੇ ਗੁਰਮੁੱਖ ਤਾਂ ਹੀ ਬਣ ਸਕਦੇ ਹਾਂ ਜਦੋਂ ਅਸੀਂ ਇਨ੍ਹਾਂ ਦੂਤਾਂ ਤੋਂ ਆਪਣੇ ਆਪ ਨੂੰ ਬਚਾ ਲਵਾਂਗੇ। ਅਸੀਂ ਇਨ੍ਹਾਂ ਦੂਤਾਂ ਤੋਂ ਆਪਣੀ ਰੱਖਿਆ ਗੁਰੂ ਦੇ

4/286

ਸ਼ਬਦ ਦੁਆਰਾ ਕਰਨੀ ਹੈ, ਸ਼ਬਦਾਂ ਦੀ ਸਮਝ ਦੁਆਰਾ ਕਰਨੀ ਹੈ। ਸ਼ਬਦ ਦੁਆਰਾ ਰੱਖਿਆ ਕਿਵੇਂ ਕਰਨੀ ਹੈ ਇਹ ਉੱਪਰ ਰਹਾਉ ਵਾਲੀ ਪੰਗਤੀ ਵਿੱਚ ਅਸੀਂ ਪਹਿਲੇ ਹੀ ਸਮਝ ਚੁੱਕੇ ਹਾਂ ਭਾਵ ਗੁਰੂ ਦੀ ਗੱਲ ਨੂੰ ਸਮਝ ਕੇ, ਮਨ ਨਾਲ ਝਗੜ ਕੇ, ਆਪਣੇ ਆਪ ਨਾਲ ਜੱਦੋ ਜਹਿਦ ਕਰਕੇ ਆਪਣੀ ਤ੍ਰਿਸ਼ਨਾਵਾਂ, ਖਾਹਿਸ਼ਾਂ ਨੂੰ ਛੱਡਣਾ ਪਵੇਗਾ, ਔਗੁਣਾਂ ਨੂੰ ਤਿਆਗਣਾ ਪਵੇਗਾ **(ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ॥)**। ਮਨਮੁੱਖ ਤੋਂ ਗੁਰਮੁੱਖ ਬਣਨ ਦਾ ਤਰੀਕਾ ਕੀ ਹੈ, ਇਹ ਅਸੀਂ ਉੱਪਰ ਜਾਣ ਹੀ ਚੁੱਕੇ ਹਾਂ ਭਾਵ ਗੁਰਮੁੱਖ ਉਹ ਹੈ ਜਿਸਨੇ ਆਪਣੇ ਔਗੁਣ ਤਿਆਗ ਦਿੱਤੇ ਹਨ ਤੇ ਗੁਰੂ ਦੇ ਉਪਦੇਸ਼ ਅਨੁਸਾਰ ਵਿਚਰਦਾ ਹੈ ਭਾਵ ਜਿਸ ਦੀ ਕਰਨੀ ਸੱਚੀ ਸੁੱਚੀ ਹੈ, ਜਿਸਦੇ ਅੰਦਰ ਕੇਵਲ ਸੱਚ ਹੈ, ਜਿਸ ਦੇ ਅੰਦਰ ਗੁਰੂ ਦਾ ਸ਼ਬਦ ਵੱਸਿਆ ਹੋਇਆ ਹੈ ਭਾਵ ਜੋ ਨਾਮ ਜਪ ਰਿਹਾ ਹੈ। ਜਿਹੜੇ ਗੁਰਮੁੱਖ ਹਨ ਉਹ ਸਦਾ ਪ੍ਰਮਾਤਮਾ ਦੇ ਰੰਗ ਵਿੱਚ ਰਤੇ ਰਹਿੰਦੇ ਹਨ। ਉਨ੍ਹਾਂ ਦਾ ਸੁਭਾਅ ਸਹਜ ਵਾਲਾ ਹੋ ਜਾਂਦਾ ਹੈ ਭਾਵ ਗੁਰੂ ਵਾਲਾ ਹੋ ਜਾਂਦਾ ਹੈ, ਚਉਥੇ ਪਦ ਵਾਲਾ ਹੋ ਜਾਂਦਾ ਹੈ ਤੇ ਉਹ ਹਰ ਵੇਲੇ ਗੁਰੂ ਦੀ ਸੇਵਾ ਵਿੱਚ ਰਹਿੰਦੇ ਹਨ **(ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ॥ ਸਹਜੇ ਪ੍ਰਭੁ ਸੇਵਹਿ ਅਨਦਿਨੁ**

ਮਾਤੇ॥) ਭਾਵ ਜੋ ਆਪਣੀ ਮਤਿ ਛੱਡਣ ਦੁਆਰਾ ਸ਼ਬਦ ਦੀ ਮਤਿ ਲੈ ਕੇ ਹਰ ਵੇਲੇ ਗੁਰੂ ਦੇ ਹੁਕਮ ਵਿੱਚ ਵਿਚਰਦਾ ਹੈ, ਉਸਦੇ ਭਾਣੇ ਵਿੱਚ ਚੱਲਦਾ ਹੈ ਉਹ ਹਰ ਵੇਲੇ ਪ੍ਰਮਾਤਮਾ ਦੇ ਰੰਗ ਵਿੱਚ ਰੱਤਿਆ ਹੁੰਦਾ ਹੈ ਤੇ ਉਸਦੀ ਸੇਵਾ ਵਿੱਚ ਲੱਗਿਆ ਹੁੰਦਾ ਹੈ। ਗੁਰੂ ਦੇ ਸ਼ਬਦ ਦੀ ਸਮਝ ਦੇ ਨਾਲ, ਗਿਆਨ ਦੇ ਨਾਲ ਮਿਲਣਾ ਹੀ ਪ੍ਰਮਾਤਮਾ ਦੇ ਨਾਲ ਮਿਲਣਾ ਹੈ ਅਤੇ ਉਸਦੇ ਹੁਕਮ ਵਿੱਚ ਰਹਿਣਾ ਹੀ ਉਸ ਪ੍ਰਮਾਤਮਾ ਦੇ ਗੁਣ ਗਾਉਣਾ ਹੈ ਤੇ ਇਸ ਦੁਆਰਾ ਹੀ ਪ੍ਰਮਾਤਮਾ ਦੇ ਦਰ ਤੇ ਸ਼ੋਭਾ ਮਿਲਦੀ ਹੈ। **(ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ॥੩॥)**

ਪ੍ਰਮਾਤਮਾ ਸਭ ਕੁੱਝ ਆਪ ਹੀ ਹੈ ਤੇ ਉਸ ਤੋਂ ਇਲਾਵਾ ਜੋ ਕੁੱਝ ਵੀ ਦੂਜਾ ਹੈ, ਉਹ ਦੁਬਿਧਾ ਹੈ, ਤ੍ਰੈਗੁਣੀ ਮਾਇਆ ਹੈ ਭਾਵ ਪ੍ਰਮਾਤਮਾ ਨੇ ਹਰ ਕਿਸੇ ਨੂੰ ਦੁਬਿਧਾ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣੀ ਮਾਇਆ ਦੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਤੇ ਆਪਣੀ ਇਸ ਜੁਗਤਿ ਦੁਆਰਾ ਸਭ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ ਭਾਵ ਮਨ ਦੇ ਵਿੱਚ ਹੀ ਮਨ ਦੀ ਅਗਿਆਨਤਾ ਰਾਹੀਂ ਆਪਣੇ ਆਪ ਨੂੰ ਜਾਨਣ ਤੋਂ ਦੂਜੇ ਪਾਸੇ ਰੱਖਿਆ ਹੋਇਆ ਹੈ **(ਏਕਮ ਏਕੈ ਆਪੁ ਉਪਾਇਆ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ॥)**। ਮਨ ਦੀ ਇਸ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਗੁਰਮੁੱਖ ਵਾਲੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ, ਸੱਚ ਦੇ ਨਾਲ ਮੇਲ ਹੈ ਜੋ ਕਿ ਉਹ ਆਪ ਹੀ ਕਰਦਾ ਹੈ ਤੇ ਇਸ ਅਵੱਸਥਾ ਦੀ ਪ੍ਰਾਪਤੀ ਦੁਆਰਾ ਮਨੁੱਖ ਸੱਚ ਦੀ ਕਮਾਈ ਕਰਦਾ ਹੈ ਭਾਵ ਸੱਚ ਦੁਆਰਾ ਸੱਚੇ ਸੁੱਚੇ ਕਰਮ ਕਰਦਾ ਹੈ।

4/287

(ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ॥) ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਸੱਚ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ। ਇਸ ਗੱਲ ਦੀ ਸੋਝੀ ਤਾਂ ਹੀ ਪੈ ਸਕਦੀ ਹੈ ਜੇਕਰ ਪ੍ਰਮਾਤਮਾ ਨੂੰ ਭਾਵੇ ਭਾਵ ਉਸਦੀ ਕ੍ਰਿਪਾ ਦੁਆਰਾ ਹੀ ਉਸ ਨੂੰ ਜਾਣਿਆ ਜਾ ਸਕਦਾ ਹੈ। ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਆਪਣੇ ਸ਼ਬਦ ਨਾਲ ਜੋੜਦਾ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਨਾਲ ਜੋੜਦਾ ਹੈ, ਆਪਣੇ ਹੁਕਮ ਦੇ ਨਾਲ ਜੋੜਦਾ ਹੈ। ਜਿਸ ਤੇ ਉਸਦੀ ਕ੍ਰਿਪਾ ਹੋ ਜਾਂਦੀ ਹੈ ਉਹ ਫਿਰ ਉਸਦੇ ਹੁਕਮ ਵਿੱਚ ਸਮਾਅ ਜਾਂਦਾ ਹੈ, ਸਹਜ ਵਿੱਚ ਸਮਾਅ ਜਾਂਦਾ ਹੈ, ਗੁਰੂ ਦੀ ਮਤਿ ਵਿੱਚ ਸਮਾਅ ਜਾਂਦਾ ਹੈ **(ਸਭੁ ਹੈ ਸਚਾ ਜੇ ਸਚੇ ਭਾਵੈ॥ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ॥)**। ਬੜਾ ਸਪੱਸ਼ਟ ਹੈ ਕਿ ਜੋ ਮਨੁਖ ਆਪਣੇ ਅੰਦਰੋਂ ਸੱਚੁ ਨੂੰ ਜਾਣ ਲੈਂਦਾ ਹੈ ਭਾਵ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਨਾਮ ਨੂੰ ਜਾਣ ਲੈਂਦਾ ਹੈ ਉਹੀ "**ਸਹਜ**" ਦੀ ਅਵੱਸਥਾ ਦੀ ਪ੍ਰਾਪਤੀ ਕਰਦਾ ਹੈ, ਚਉਥੇ ਪਦ ਦੀ ਪ੍ਰਾਪਤੀ ਕਰਦਾ ਹੈ ਜਿਸ ਦੁਆਰਾ ਉਹ ਗੁਰਮੁਖਿ ਵਾਲੀ ਅਵੱਸਥਾ ਵਾਲਾ ਬਣਦਾ ਹੈ ਭਾਵ ਸੱਚੇ ਗਿਆਨ ਵਾਲਾ ਬਣਦਾ ਹੈ। ਉਸ ਮਨੁੱਖ ਦੀ ਕਰਨੀ ਗੁਰੂ ਵਾਲੀ ਬਣ ਜਾਂਦੀ ਹੈ ਭਾਵ ਸੱਚੀ ਸੁੱਚੀ ਬਣ ਜਾਂਦੀ ਹੈ ਤੇ ਇਸੇ ਕਰਨੀ ਦੁਆਰਾ ਹੀ ਉਹ ਪ੍ਰਮਾਤਮਾ ਦੀ ਸੇਵਾ ਕਰਦਾ ਹੈ ਭਾਵ ਮਨੁੱਖ ਦੀ ਸੱਚੀ ਸੁੱਚੀ ਕਰਨੀ, ਗੁਰੂ ਵਾਲੀ ਕਰਨੀ, ਸ਼ਬਦ ਦੀ ਮਤਿ ਵਾਲੀ ਕਰਨੀ ਹੀ ਪ੍ਰਮਾਤਮਾ ਦੀ ਸੇਵਾ ਹੈ ਤੇ ਇਹੋ ਜਿਹੀ ਕਰਨੀ ਦੁਆਰਾ ਉਸ ਪ੍ਰਮਾਤਮਾ ਵਿੱਚ ਸਮਾਇਆ ਰਹਿੰਦਾ ਹੈ। **(ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ॥)**। ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਉਸ ਤੋਂ ਬਿਨ੍ਹਾਂ ਸਭ ਕੁੱਝ ਦੁਬਿਧਾ ਹੈ, ਮਾਇਆ ਹੈ, ਅਗਿਆਨਤਾ ਹੈ। ਸੱਚ ਨਾਲ ਜੁੜਨ ਦਾ ਤਰੀਕਾ, ਸ਼ਬਦ ਨਾਲ ਜੁੜਨ ਦਾ ਤਰੀਕਾ ਅਸੀਂ ਉੱਪਰ ਸਮਝ ਚੁੱਕੇ ਹਾਂ ਜੋ ਕਿ ਮਨ ਦੀ ਦੁਬਿਧਾ ਵਿੱਚੋਂ, ਮਾਇਆ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਾਲੀ ਨਾ-ਸਮਝ ਮਤਿ ਵਿੱਚੋਂ ਨਿਕਲਣ ਦਾ ਹੈ ਜਿਸ ਵਿੱਚੋਂ ਕੇਵਲ ਸ਼ਬਦਾਂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਅਸੀਂ ਹੋਰ ਜੋ ਵੀ ਤਰੀਕਾ ਅਪਣਾਉਂਦੇ ਹਾਂ ਪਰ ਮਾਇਆ ਵਿੱਚ ਰਹਿੰਦੇ ਹਾਂ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹਾਂ, ਉਹ ਦੂਜੇ ਪਾਸੇ ਲੱਗਣ ਵਾਲੀ ਗੱਲ ਹੈ, ਸ਼ਬਦ ਤੋਂ ਵੱਖਰੇ ਹੋਏ ਰਹਿਣ ਦੀ ਗੱਲ ਹੈ ਜੋ ਕਿ ਕੇਵਲ ਖਪਣ ਵਾਲੀ ਗੱਲ ਹੈ ਭਾਵ ਮਨੋਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ **(ਸਚੇ ਬਾਝਹੁ ਕੋ ਅਵਰੁ ਨ ਦੂਆ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ॥)**। ਗੁਰੂ ਦਾ ਦਰਿ ਛੱਡ ਕੇ ਭਾਵ ਗੁਰੂ ਦੀ ਮਤਿ ਛੱਡਕੇ ਅਸੀਂ ਹੋਰਾਂ ਕਈਆਂ ਦੀ ਮਤਿ ਪਿੱਛੇ ਲੱਗੇ ਹੋਏ ਹਾਂ ਜੋ ਕਿ ਦੂਜਾ ਭਾਉ ਹੈ ਜਿਸ ਦੂਜੇ ਭਾਉ ਦੀ ਗੱਲ ਬਾਣੀ ਵਿੱਚ ਅਨੇਕਾਂ ਵਾਰ ਆਉਂਦੀ ਹੈ। "**ਗੁਰੂ**" ਦਾ ਦਰ "**ਸ਼ਬਦ**" ਦਾ ਦਰ ਹੈ ਭਾਵ ਸ਼ਬਦ ਦੀ ਸੋਝੀ ਦਾ ਦਰ ਹੈ। ਸ਼ਬਦ ਦੀ ਸੋਝੀ ਨੂੰ ਛੱਡ ਕੇ ਕਿਸੇ ਹੋਰ ਕੋਲੋਂ ਸੋਝੀ ਲੈਣਾ ਦੂਜੇ ਦਰਿ ਤੇ ਜਾਣਾ ਹੈ।

ਜੇਕਰ ਅਸੀਂ ਉਸ ਪ੍ਰਮਾਤਮਾ ਨੂੰ ਜਾਣਨਾ ਚਾਹੁੰਦੇ ਹਾਂ ਤਾਂ ਉਸ ਲਈ ਸਾਨੂੰ ਗੁਰਮੁੱਖ ਬਣਨਾ ਪਵੇਗਾ ਭਾਵ ਆਪਣੀ ਨਾ-ਸਮਝ ਮਤਿ ਛੱਡ ਕੇ ਗੁਰੂ ਦੀ ਸੱਚੀ ਮਤਿ ਨੂੰ ਮੰਨਣਾ ਹੀ ਪਵੇਗਾ। ਗੁਰਮੁੱਖ ਬਣਨ ਦਾ ਉੱਦਮ ਕਰਨਾ ਹੀ ਉਸਦੀ ਸੇਵਾ ਕਰਨ ਦਾ ਉੱਦਮ ਹੈ ਜਿਸ ਨਾਲ ਸੁੱਖ ਦੀ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ **(ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ॥)**। ਗੁਰਮੁੱਖ ਬਣਨਾ ਕੀ ਹੈ, ਕਿਵੇਂ ਬਣਨਾ

4/288

ਹੈ, ਇਹ ਅਸੀਂ ਪਹਿਲੇ ਹੀ ਉੱਪਰ ਸ਼ਬਦ ਵਿੱਚ ਜਾਣ ਚੁੱਕੇ ਹਾਂ ਤੇ ਇਹ ਵੀ ਸਮਝ ਚੁੱਕੇ ਹਾਂ ਕਿ ਗੁਰਮੁਖ ਬਣਨਾ ਕਿੰਨਾ ਕੁ ਔਖਾ ਹੈ। ਗੁਰਮੁਖਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਉਸਦਾ ਗੁਰੂ ਰੂਪ ਹੈ ਜਿੱਥੇ ਉਹ ਚਉਥੇ ਪਦ ਦੇ ਗਿਆਨ ਦੁਆਰਾ ਪਰਗਟ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਤੇ ਵਿਸ਼ਵਾਸ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਅਤੇ ਹਰ ਕੋਈ ਉਸ ਦੇ ਆਸਰੇ ਵਿੱਚ ਹੈ, ਮਨੁੱਖ ਦੇ ਆਪਣੇ ਵੱਸ ਵਿੱਚ ਕੁੱਝ ਨਹੀਂ ਹੈ। ਉਹ ਕਿਸ ਨੂੰ ਕੱਚਾ ਕਰਕੇ ਰੱਖਦਾ ਹੈ ਤੇ ਕਿਸ ਨੂੰ ਪੱਕਾ ਕਰਕੇ ਰੱਖਦਾ ਹੈ ਭਾਵ ਕਿਸ ਨੂੰ ਸਹੀ ਮਾਰਗ ਦੀ ਸੋਝੀ ਪਾਉਂਦਾ ਹੈ, ਕਿਸ ਨੂੰ ਨਹੀਂ ਪਾਉਂਦਾ, ਇਹ ਉਸਦੇ ਆਪਣੇ ਹੱਥ ਵੱਸ ਹੈ। ਉਹ ਜਿਹੋ ਜਿਹੀ ਸੋਝੀ ਪਾਉਂਦਾ ਹੈ, ਮਤਿ ਦਿੰਦਾ ਹੈ ਮਨੁੱਖ ਉਹੋ ਜਿਹੀ ਕਾਰ ਕਰਦਾ ਹੈ, ਹਰ ਵੇਲੇ ਮਨ ਦੀ ਸਮਝ ਰਾਹੀਂ ਹੁਕਮ ਉਸੇ ਦਾ ਹੀ ਚੱਲਦਾ ਹੈ। ਉਹ ਆਪ ਹੀ ਮਨੁੱਖ ਕੋਲੋਂ ਚੰਗੀ ਕਾਰ ਕਰਵਾ ਕੇ ਆਪਣੇ ਨਾਲ ਮੇਲਦਾ ਹੈ। ਉਹ ਹਰ ਵੇਲੇ ਸਾਡੇ ਅੰਦਰ ਹਾਜ਼ਰ ਹੈ ਅਤੇ ਜਿਸ ਨੂੰ ਉਸਨੇ ਗੁਰਮੁੱਖ ਬਣਾਉਣਾ ਹੈ ਉਸ ਨੂੰ ਹੀ ਉਹ ਸਹੀ ਸੋਝੀ ਪਾਉਂਦਾ ਹੈ। ਸਾਨੂੰ ਮਨਮੁੱਖ ਰੱਖਣਾ ਹੈ ਜਾਂ ਗੁਰਮੁੱਖ ਬਣਾਉਣਾ ਹੈ, ਇਹ ਉਸਦੇ ਹੱਥ ਵਿੱਚ ਹੈ। ਸਾਡੇ ਅੰਦਰ ਚੰਗੀ ਸੋਝੀ ਕੀ ਹੈ ਤੇ ਮਾੜੀ ਸੋਝੀ ਕੀ ਹੈ, ਪਹਿਲਾਂ ਇਸ ਦੀ ਸੋਝੀ ਹੋਣਾ ਜਰੂਰੀ ਹੈ। ਜੇਕਰ ਮਾੜੀ ਸੋਝੀ ਨੂੰ ਅਸੀਂ ਚੰਗੀ ਸੋਝੀ ਸਮਝੀ ਜਾਵਾਂਗੇ ਤਾਂ ਫਿਰ ਉਸ ਸੋਝੀ ਵਿੱਚੋਂ ਨਿਕਲਾਂਗੇ ਕਿਵੇਂ, ਉਸ ਮਤਿ ਨੂੰ ਛੱਡਾਂਗੇ ਕਿਵੇਂ। ਸਹੀ ਸੋਝੀ ਕੀ ਹੈ, ਇਹ ਸਾਨੂੰ ਵਾਰ-ਵਾਰ ਬਾਣੀ ਵਿੱਚ ਸਮਝਾਇਆ ਹੋਇਆ ਹੈ ਤੇ ਉੱਪਰ ਸ਼ਬਦ ਰਾਹੀਂ ਵੀ ਅਸੀਂ ਸਮਝਿਆ ਹੈ ਕਿ ਸਾਡੇ ਲਈ ਚੰਗਾ ਕੀ ਹੈ ਅਤੇ ਮਾੜਾ ਕੀ ਹੈ। ਮਨ ਵਿੱਚ ਪਹਿਲਾਂ ਇਹ ਯਕੀਨ ਆਵੇਗਾ ਕਿ ਸਾਡੇ ਲਈ ਚੰਗਾ ਕੀ ਹੈ, ਤਾਂ ਹੀ ਅਸੀਂ ਉਸਨੂੰ ਅਪਣਾ ਸਕਦੇ ਹਾਂ, ਮਨ ਵਿੱਚ ਵੱਸਾ ਸਕਦੇ ਹਾਂ। ਅਸੀਂ ਮਨਮੁੱਖ ਬਣੇ ਰਹਿਣਾ ਹੈ ਜਾਂ ਗੁਰਮੁੱਖ ਬਣਨਾ ਹੈ, ਇਹੀ ਫੈਸਲਾ ਕਰਨ ਦੀ ਲੋੜ ਹੈ। ਜਦੋਂ ਫੈਸਲਾ ਹੋ ਜਾਵੇਗਾ ਫਿਰ ਉੱਦਮ ਵੀ ਕਰਾਂਗੇ। (**ਜੀਅ ਜੰਤ ਸਭਿ ਸਰਣਿ ਤੁਮਾਰੀ॥ ਆਪੇ ਧਰਿ ਦੇਖਹਿ ਕਚੀ ਪਕੀ ਸਾਰੀ॥ ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ॥੭॥ ਤੂੰ ਆਪੇ ਮੇਲਹਿ ਵੇਖਹਿ ਹਦੂਰਿ॥ ਸਭ ਮਹਿ ਆਪਿ ਰਹਿਆ ਭਰਪੂਰਿ॥ ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ॥**)

ਇੱਕ ਦੂਜੇ ਨੂੰ ਗੁਰਮੁੱਖ ਕਹਿ ਕੇ ਪੁਕਾਰਨਾ ਸਾਡੇ ਵਿੱਚ ਆਮ ਜਿਹੀ ਗੱਲ ਹੈ, ਜੋ ਕਿ ਅਸੀਂ ਇੱਕ ਦੂਜੇ ਦਾ ਇੱਜਤ ਮਾਣ ਕਰਨ ਲਈ ਹੀ ਕਹਿੰਦੇ ਹਾਂ। ਗੁਰਮੁੱਖ ਅਸਲ ਵਿੱਚ ਬਣਨਾ ਕਿੰਨੀ ਵੱਡੀ ਗੱਲ ਹੈ, ਕਿੰਨੀ ਉੱਚੀ ਅਵੱਸਥਾ ਹੈ ਇਹ ਅਸੀਂ ਉੱਪਰ ਸ਼ਬਦ ਵਿੱਚ ਜਾਣ ਹੀ ਚੁੱਕੇ ਹਾਂ। "ਗੁਰਮੁਖਿ" ਅਸਲ ਵਿੱਚ ਪ੍ਰਮਾਤਮਾ, ਗੁਰੂ ਆਪ ਹੀ ਹੈ ਤੇ ਇਸ ਦੀ ਸੋਝੀ ਤਾਂ ਹੀ ਹੁੰਦੀ ਹੈ ਜੇਕਰ ਉਸ "**ਗੁਰਮੁਖਿ**" ਨੂੰ ਆਪਣੇ ਅੰਦਰੋਂ ਪਹਿਚਾਣ ਲਿਆ ਜਾਵੇ। ਮਨੁੱਖ ਦੀ ਆਪਣੀ ਅਸਲ ਵਿੱਚ ਕੋਈ ਹੋਂਦ ਹੈ ਹੀ ਨਹੀਂ। ਇਸੇ ਲਈ

ਗੁਰਮੁੱਖ, ਸੰਤ, ਸਾਧ, ਬ੍ਰਹਮਗਿਆਨੀ ਕੋਈ ਮਨੁੱਖ ਨਹੀਂ ਹੈ। ਇਹ ਸਭ ਕੁੱਝ ਉਹ ਆਪ ਹੈ ਜੋ ਸਾਡੇ ਅੰਦਰ ਵਰਤ ਰਿਹਾ ਹੈ ਜਿਸ ਦੀ ਸਾਨੂੰ ਸੋਝੀ ਨਹੀਂ। ਸੋਝੀ ਪੈਣ ਤੋਂ ਬਾਅਦ ਮਨੁੱਖ ਆਪਣੇ ਆਪ ਨੂੰ ਕੁੱਝ ਵੀ ਨਹੀਂ ਸਮਝ ਸਕਦਾ। ਮਨੁੱਖ ਕੇਵਲ ਉਸ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਦਾ ਹਿੱਸਾ ਹੈ, ਕਠਪੁਤਲੀ ਹੈ ਜੋ ਉਸਦੇ ਹੁਕਮ ਵਿੱਚ ਉਹੋ ਕੁੱਝ ਕਰ ਰਿਹਾ ਹੈ ਜੋ ਕੁੱਝ ਉਹ ਕਰਵਾ ਰਿਹਾ ਹੈ। ਹਕੀਕਤ ਵਿੱਚ ਮਨੁੱਖ ਦੀ ਕੋਈ ਔਕਾਤ ਨਹੀਂ ਹੈ, ਕਿਸੇ ਦੀ ਕੋਈ ਔਕਾਤ ਨਹੀਂ ਹੈ, ਉਹ ਸਭ ਕੁੱਝ ਆਪ ਹੀ ਹੈ। ਕਿਉਂਕਿ ਮਨੁੱਖ ਭੁਲੇਖੇ ਵਿੱਚ ਹੈ ਉਹ ਆਪਣੇ ਆਪ ਨੂੰ ਕੁੱਝ ਵੀ ਅਖਵਾ ਲੈਂਦਾ ਹੈ ਭਾਵੇਂ ਆਪਣੇ ਆਪ ਨੂੰ ਅਖਵਾਉਣਾ ਵੀ ਉਸ ਦੇ ਵੱਸ ਵਿੱਚ ਨਹੀਂ ਹੈ। ਇਹ ਪ੍ਰਮਾਤਮਾ ਦੀ ਤ੍ਰੈਗੁਣੀ ਮਾਇਆ ਦੀ ਜੁਗਤਿ ਸਾਡੇ ਕੋਲੋਂ ਸਭ ਕੁੱਝ ਕਰਵਾਉਂਦੀ ਹੈ, ਅਖਵਾਉਂਦੀ ਹੈ, ਬੁਲਵਾਉਂਦੀ ਹੈ, ਸਾਨੂੰ ਹਕੀਕਤ ਜਾਨਣ ਤੋਂ ਦੂਰ ਰੱਖਦੀ ਹੈ। ਇਹ ਸਾਡੇ ਅੰਦਰ ਦੀ ਸਮਝ ਦਾ ਦੂਜਾ ਪਾਸਾ ਹੀ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਤੋਂ ਦੂਸਰਾ ਪਾਸਾ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ ਤੇ ਮਨ ਦੀ ਇਹ ਨਾ-ਸਮਝੀ ਹੀ ਸਾਨੂੰ ਦੂਜੇ ਭਾਉ ਦੇ ਨਾਲ ਜੋੜਦੀ ਹੈ ਜਿਸ ਕਰਕੇ ਅਸੀਂ ਕਿਸੇ ਨੂੰ ਮਨ ਦੇ ਭਰਮਾਂ ਕਰਕੇ ਹੀ ਭਗਤੀ ਦੇ ਮਾਰਗ ਤੇ ਉੱਚਾ ਮੰਨ ਲੈਂਦੇ ਹਾਂ। ਗੁਰਮੁੱਖ ਕਿਸੇ ਨੂੰ ਕਹਿਣਾ ਜਾਂ ਅਖਵਾਉਣਾ ਬਹੁਤ ਸੌਖਾ ਹੈ, ਚੰਗਾ ਲੱਗਦਾ ਹੈ। ਆਮ ਕਰਕੇ ਜੋ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰ ਲੈਂਦਾ ਹੈ ਉਸਨੂੰ ਗੁਰਮੁੱਖ ਕਹਿੰਦੇ ਹਾਂ ਅਤੇ ਅੰਮ੍ਰਿਤ ਨਾ ਛਕਣ ਵਾਲਿਆਂ ਨੂੰ ਮਨਮੁੱਖ ਮੰਨਿਆ ਜਾਂਦਾ ਹੈ। ਅੰਮ੍ਰਿਤ ਛਕਣ ਦੀ ਦਾਤ ਸਾਨੂੰ ਗੁਰੂ ਕੋਲੋਂ ਮਿਲੀ ਹੋਈ ਹੈ ਜੋ ਕਿ ਬਹੁਤ ਚੰਗੀ ਗੱਲ ਹੈ। ਸਾਨੂੰ ਅੰਮ੍ਰਿਤ ਛਕਣ ਦਾ ਮਨੋਰਥ ਵੀ ਸਮਝਣਾ ਚਾਹੀਦਾ ਹੈ। ਜਦੋਂ ਸਾਡੇ ਤੇ ਧੰਨ ਧੰਨ ਦਸਵੀਂ ਪਾਤਸ਼ਾਹੀ ਨੇ ਇਹ ਅੰਮ੍ਰਿਤ ਛਕਾਉਣ ਦੀ ਕ੍ਰਿਪਾ ਕੀਤੀ ਸੀ, ਉਸ ਤੋਂ ਪਹਿਲਾਂ ਅੰਮ੍ਰਿਤ ਛਕਣ ਦੀ ਜੋ ਪ੍ਰਥਾ ਸੀ ਉਹ ਦੇਹ ਰੂਪ ਗੁਰੂ ਦੇ ਕੋਲੋਂ ਚਰਨਾਮ੍ਰਿਤ ਛਕਣ ਦੀ ਸੀ। ਉਨ੍ਹਾਂ ਕੋਲੋਂ ਚਰਨਾਮ੍ਰਿਤ ਲੈਣ ਵਾਲੇ ਉਸ ਮਨੁੱਖੀ ਦੇਹ ਨੂੰ ਗੁਰੂ ਦੇ ਰੂਪ ਵਿੱਚ ਮੰਨਦੇ ਸਨ ਤੇ ਉਸਦੀ ਮਤਿ ਅਨੁਸਾਰ ਚੱਲਦੇ

ਸਨ। ਗੁਰਬਾਣੀ ਵਿੱਚ ਗੁਰੂ ਦੇਹ ਨੂੰ ਨਹੀਂ ਬਲਕਿ ਸ਼ਬਦ ਨੂੰ ਗੁਰੂ ਕਿਹਾ ਹੈ। ਜਿਹਨਾਂ ਨੂੰ ਪ੍ਰਮਾਤਮਾ ਬਾਰੇ, ਸ਼ਬਦ ਬਾਰੇ ਸਹੀ ਸੋਝੀ ਨਹੀਂ ਸੀ ਉਹ ਹਰ ਕੋਈ ਆਪਣੀ-ਆਪਣੀ ਮਤਿ ਅਨੁਸਾਰ ਉਪਦੇਸ਼ ਸੁਣਾਉਂਦਾ ਸੀ ਤੇ ਇਹ ਪ੍ਰਥਾ ਭਾਰਤ ਵਰਸ਼ ਵਿੱਚ ਅੱਜ ਵੀ ਚੱਲ ਰਹੀ ਹੈ। ਗੁਰੂ ਸਾਹਿਬ ਨੇ ਸਾਡੇ ਤੇ ਕ੍ਰਿਪਾ ਕਰਕੇ ਸਾਨੂੰ ਇਸ ਪ੍ਰਥਾ ਤੋਂ ਕੱਢਣ ਲਈ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਲਈ, ਸ਼ਬਦ ਗੁਰੂ ਨਾਲ ਜੋੜਨ ਲਈ ਇਹ ਅੰਮ੍ਰਿਤ ਛਕਾਉਣ ਦੀ ਪ੍ਰਥਾ ਚਲਾਈ ਤਾਂ ਜੋ ਅਸੀਂ ਦੇਹ ਨਾਲੋਂ ਮੋਹ ਤੋੜ ਕੇ ਸ਼ਬਦ ਗੁਰੂ ਦੇ ਲੜ ਲੱਗੀਏ।

4/290

ਸਾਡੇ ਜੀਵਨ ਦਾ ਮਨੋਰਥ ਉਸ ਪ੍ਰਮਾਤਮਾ ਨੂੰ ਜਾਨਣ ਦਾ ਹੈ, ਮਿਲਣ ਦਾ ਹੈ। ਇਸ ਮਨੋਰਥ ਦੀ ਪੂਰਤੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਕਰ ਸਕਦੇ ਹਾਂ, ਧਰਮ ਗ੍ਰੰਥਾਂ ਦੁਆਰਾ ਕਰ ਸਕਦੇ ਹਾਂ ਜੋ ਸਾਨੂੰ ਸੱਚ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ। ਕੇਵਲ ਉਪਦੇਸ਼ ਨੂੰ , ਸ਼ਬਦ ਨੂੰ ਪੜ੍ਹ ਕੇ, ਉਸ ਵਿੱਚੋਂ ਗਿਆਨ ਲੈ ਕੇ ਸਾਨੂੰ ਲਾਭ ਨਹੀਂ ਮਿਲਦਾ ਤੇ ਲਾਭ ਗੁਰੂ ਦੇ ਗਿਆਨ ਤੇ ਗੁਰੂ ਦੀ ਮਤਿ ਤੇ ਅਮਲ ਕਰਨ ਦੁਆਰਾ ਮਿਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਕੇਵਲ ਅੰਮ੍ਰਿਤ ਛਕ ਕੇ ਜਾਂ ਬਾਣੀ ਨੂੰ ਪੜ੍ਹ ਕੇ ਗੁਰਮੁੱਖ ਨਹੀਂ ਬਣਿਆ ਜਾ ਸਕਦਾ। ਗੁਰਮੁੱਖ ਸਾਨੂੰ ਸਾਡੇ ਸੱਚੇ ਆਚਾਰਾਂ ਨੇ ਬਣਾਉਣਾ ਹੈ, ਸੱਚੇ ਸੁੱਚੇ ਕਰਮਾਂ ਨੇ ਬਣਾਉਣਾ ਹੈ। ਇਸੇ ਲਈ ਗੁਰੂ ਸਾਹਿਬ ਨੇ ਸਾਨੂੰ ਪੰਜ ਕਕਾਰ ਵੀ ਬਖ਼ਸ਼ੇ ਹਨ ਤਾਂ ਜੋ ਸਾਨੂੰ ਹਰ ਵੇਲੇ ਪੰਜੇ ਦੂਤਾਂ ਦੀ ਯਾਦ ਦਿਵਾਉਣ ਤੇ ਅਸੀਂ ਔਗੁਣਾਂ ਤੋਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚ ਕੇ ਰਹੀਏ ਜਿਨ੍ਹਾਂ ਤੋਂ ਬਚਣ ਲਈ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਕੇਵਲ ਕਕਾਰਾਂ ਦੀ ਸੰਭਾਲ ਕਰਨ ਨਾਲ ਅਸੀਂ ਗੁਰਮੁੱਖ ਨਹੀਂ ਬਣ ਸਕਦੇ। ਗੁਰਮੁੱਖ ਸਾਨੂੰ ਸਾਡੇ ਅਮਲਾਂ ਨੇ ਬਣਾਉਣਾ ਹੈ, ਸਾਡੀਆਂ ਸੋਹਣੀਆਂ ਸੁੰਦਰ ਪੁਸ਼ਾਕਾਂ ਨੇ ਨਹੀਂ ਬਣਾਉਣਾ। ਜਿਸ ਸਿੱਖ ਅਖਵਾਉਣ ਵਾਲੇ ਨੇ ਅੰਮ੍ਰਿਤ ਨਹੀਂ ਛਕਿਆ, ਉਹ ਅਗਰ ਕਿਸੇ ਨਾਲ ਬੇਈਮਾਨੀ ਆਦਿ ਕਰਦਾ ਹੈ ਤਾਂ ਲੋਕ ਉਸਨੂੰ ਆਮ ਜਿਹੀ ਗੱਲ ਸਮਝਦੇ ਹਨ ਕਿਉਂਕਿ ਇਹ ਸਾਡੇ ਸਮਾਜ ਵਿੱਚ ਆਮ ਜਿਹੀ ਗੱਲ ਹੋ ਚੁੱਕੀ ਹੈ। ਜੇਕਰ ਇਹੀ ਕੰਮ ਕੋਈ ਅੰਮ੍ਰਿਤਧਾਰੀ ਸਿੰਘ ਅਖਵਾਉਣ ਵਾਲਾ ਕਰੇ ਤਾਂ ਉਸਨੂੰ ਲੋਗ ਹੈਰਾਨੀ ਨਾਲ ਵੇਖਦੇ ਹਨ, ਕਿਉਂਕਿ ਉਨ੍ਹਾਂ ਨੂੰ ਆਮ ਧਾਰਾ ਤੋਂ ਕੁੱਝ ਵੱਖਰਾ ਸਮਝਿਆ ਜਾਂਦਾ ਹੈ, ਇੱਕ ਧਰਮੀ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ, ਇੱਕ ਸੱਚਾ ਸਿੱਖ ਸਮਝ ਕੇ ਵੇਖਿਆ ਜਾਂਦਾ ਹੈ ਭਾਵ ਇਹ ਅੰਮ੍ਰਿਤ ਛਕਣਾ ਸਾਡੇ ਉੱਪਰ ਇੱਕ ਬੜੀ ਵੱਡੀ ਜ਼ਿੰਮੇਵਾਰੀ ਵੀ ਪਾਉਂਦਾ ਹੈ ਕਿ ਅਸੀਂ ਸੱਚੇ ਸੁੱਚੇ ਹੋ ਕੇ ਵਰਤੀਏ, ਗੁਰੂ ਦੀ ਸਿੱਖੀ ਨੂੰ ਉੱਚਾ ਕਰੀਏ। ਆਮ ਦੁਨੀਆਂ ਨੂੰ ਸਾਡੇ ਨਾਲ ਇਹੀ ਮਤਲਬ ਹੈ ਕਿ ਸਾਡੀ ਉਨ੍ਹਾਂ ਨਾਲ ਵਿਚਰਨ ਕਿਹੋ ਜਿਹੀ ਹੈ, ਸਾਡਾ ਚਾਲ ਚੱਲਣ ਕਿਹੋ ਜਿਹਾ ਹੈ। ਸਾਡਾ ਸਮਾਜ ਵਿੱਚ ਚਾਲ ਚੱਲਣ ਚੰਗਾ ਹੈ ਤਾਂ ਅਸੀਂ ਚੰਗੇ ਹਾਂ ਤੇ ਜੇਕਰ ਮਾੜਾ ਹੈ ਤਾਂ ਅਸੀਂ ਮਾੜੇ ਹਾਂ ਭਾਵ ਸਾਡੀ ਪਹਿਚਾਣ ਸਾਡੇ ਚਾਲ ਚੱਲਣ ਨਾਲ ਹੈ ਤੇ ਇਸੇ ਨੂੰ ਹੀ ਬਾਣੀ ਵਿੱਚ ਨਾਮ ਕਿਹਾ ਗਿਆ ਹੈ। ਨਾਮ ਅਸੀਂ ਆਪਣੇ ਚੰਗੇ ਚਾਲ ਚੱਲਣ ਨਾਲ ਜਪਣਾ ਹੈ ਅਤੇ ਆਪਣੇ ਚਾਲ ਚੱਲਣ ਨਾਲ ਹੀ ਅਸੀਂ ਮਨੁੱਖਤਾ ਦਾ ਮਾੜਾ ਜਾਂ ਚੰਗਾ ਕਰਦੇ ਹਾਂ। ਨਾਮ ਜਪਣ ਵਾਲਾ ਮਨੁੱਖ, ਗੁਰੂ ਦੀ ਮਤਿ ਨੂੰ ਮੰਨਣ ਵਾਲਾ ਮਨੁੱਖ ਆਪਣੇ ਚੰਗੇ ਚਾਲ ਚੱਲਣ ਦੁਆਰਾ ਕਿਸੇ ਦਾ ਮਾੜਾ ਨਹੀਂ ਕਰ ਸਕਦਾ। ਹੁਣ ਜੇਕਰ ਅਸੀਂ ਜਿਤਨਾ ਮਰਜ਼ੀ ਧਰਮ ਅਸਥਾਨਾਂ ਤੇ ਜਾਈਏ, ਜਪ ਤਪ ਕਰੀਏ, ਸੁਰਤੀਆਂ

4/291

ਸਮਾਧੀਆਂ ਲਗਾਈਏ, ਪਰ ਕੰਮ ਮਾੜੇ ਕਰੀਏ, ਮਨੁੱਖਤਾ ਦਾ ਮਾੜਾ ਕਰੀਏ ਤਾਂ ਫਿਰ ਕੀ ਅਸੀਂ ਧਰਮੀ ਜਾਂ ਗੁਰਮੁੱਖ ਅਖਵਾਉਣ ਦੇ ਹੱਕਦਾਰ ਬਣਦੇ ਹਾਂ। ਜੇਕਰ ਧਿਆਨ ਨਾਲ ਵਿਚਾਰੀਏ ਤਾਂ ਜ਼ਿਆਦਾਤਰ, ਹੋ ਇਹੋ ਕੁੱਝ ਹੀ ਰਿਹਾ ਹੈ। ਸਾਡੀ ਕਦਰ ਬਾਣੇ ਨਾਲ ਪੈ ਰਹੀ ਹੈ, ਨਾ ਕਿ ਬਾਣੀ ਨਾਲ। ਸਾਡੀ ਕਦਰ ਵਿਖਾਵੇ ਨਾਲ, ਸਰੀਰਕ ਜਪਾਂ ਤਪਾਂ ਨਾਲ, ਜ਼ਿਆਦਾ ਤੋਂ ਜ਼ਿਆਦਾ ਬਾਣੀਆਂ ਪੜ੍ਹਨ ਨਾਲ ਪੈ ਰਹੀ ਹੈ ਨਾ ਕਿ ਸਾਡੇ ਚੰਗੇ ਅਮਲਾਂ ਨਾਲ। **(ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥੧॥** ਅੰਗ ੧੪੦**)** ਅੰਮ੍ਰਿਤ ਪਾਨ ਅਸੀਂ ਗੁਰੂ ਵਾਲਾ ਬਣਨ ਲਈ ਕਰਦੇ ਹਾਂ ਤੇ ਅਸੀਂ ਗੁਰੂ ਵਾਲਾ ਉਸਨੂੰ ਹੀ ਕਹਿੰਦੇ ਹਾਂ, ਸਮਝਦੇ ਹਾਂ, ਜਿਸਨੇ ਅੰਮ੍ਰਿਤ ਛਕਿਆ ਹੋਵੇ। ਪਰ ਬਾਣੀ ਵਿੱਚ ਗੁਰੂ ਵਾਲਾ ਉਸ ਨੂੰ ਕਿਹਾ ਹੈ ਜੋ ਗੁਰੂ ਦੇ ਉਪਦੇਸ਼ ਨੂੰ ਮੰਨ ਕੇ ਸੱਚੇ ਸੁੱਚੇ ਕਰਮ ਕਰਦਾ ਹੈ, ਜੋ ਬਾਣੀ ਨਾਲ ਜੁੜ ਕੇ ਗੁਰੂ ਦਾ ਅੰਮ੍ਰਿਤ ਭੋਜਨ ਛਕਦਾ ਹੈ, ਅੰਮ੍ਰਿਤ ਬਾਣੀ ਨੂੰ ਸਭ ਕੁੱਝ ਸਮਝਦਾ ਹੈ, ਹਮੇਸ਼ਾਂ ਗੁਰੂ ਦੀ ਗੱਲ ਨੂੰ ਉੱਚਾ ਕਰਦਾ ਹੈ। ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦਾ ਮਕਸਦ ਹੀ ਇਹ ਹੈ ਕਿ ਅਸੀਂ ਗੁਰੂ ਗੁਰਬਾਣੀ ਦੇ ਅੰਮ੍ਰਿਤ ਨਾਲ ਜੁੜੀਏ, ਗੁਰੂ ਦਾ ਨਾਮ ਰੂਪ ਅੰਮ੍ਰਿਤ ਭੋਜਨ ਛਕੀਏ ਜੋ ਅੰਮ੍ਰਿਤ ਭੋਜਨ ਸਾਡੇ ਮਨ ਦੀ ਸਮਝ

ਨੇ ਛਕਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਗੁਰੂ ਦਾ ਅੰਮ੍ਰਿਤ ਭੋਜਨ ਛਕਣ ਦਾ ਮਕਸਦ ਹੀ ਸਾਨੂੰ ਮਾੜੀ ਸਮਝ ਵਿੱਚੋਂ ਕੱਢ ਕੇ, ਔਗੁਣਾਂ ਵਿੱਚੋਂ ਕੱਢ ਕੇ ਸੱਚੇ ਸੁੱਚੇ ਇਨਸਾਨ ਬਣਾਉਣ ਨਾਲ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ। ਜੇਕਰ ਅੰਮ੍ਰਿਤ ਛਕ ਕੇ ਸਾਡੇ ਸੰਸਕਾਰ ਚੰਗੇ ਨਹੀਂ ਬਣਦੇ ਤਾਂ ਫਿਰ ਅਸੀਂ ਗੁਰੂ ਵਾਲੇ ਨਹੀਂ ਅਖਵਾ ਸਕਦੇ। ਮਾੜੇ ਕਰਮ ਕਰਨ ਵਾਲੇ ਨੂੰ ਨਿਗੁਰਾ ਹੀ ਕਿਹਾ ਗਿਆ ਹੈ **(ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥)**। ਅੰਮ੍ਰਿਤ ਛਕਣਾ ਕੋਈ ਔਖਾ ਕੰਮ ਨਹੀਂ ਹੈ ਪਰ ਉਸ ਨੂੰ ਨਿਭਾਉਣਾ ਬਹੁਤ ਔਖਾ ਹੈ। ਆਓ ਅਸੀਂ ਅੰਮ੍ਰਿਤ ਛਕਣ ਦੀ ਵਡਿਆਈ ਨੂੰ ਸਹੀ ਮਾਇਨਿਆਂ ਵਿੱਚ ਸਮਝੀਏ ਤੇ ਇਸ ਨੂੰ ਕੇਵਲ ਇੱਕ ਅਧਿਆਤਮ ਕਰਮ ਤੱਕ ਸੀਮਿਤ ਨਾ ਰੱਖੀਏ। ਅਸਲ ਮਾਇਨਿਆਂ ਵਿੱਚ ਗੁਰੂ ਦੇ ਅੰਮ੍ਰਿਤਧਾਰੀ ਬਣੀਏ, ਗੁਰੂ ਦੇ ਮੈਸੇਂਜਰ ਭਾਵ ਦੁਨੀਆਂ ਵਿੱਚ ਗੁਰੂ ਦਾ ਸੁਨੇਹਾ ਪਹੁੰਚਾਉਣ ਵਾਲੇ ਬਣੀਏ ਜਿਨ੍ਹਾਂ ਦੇ ਆਦਰਸ਼ ਵੇਖ ਕੇ ਗੁਰੂ ਦਾ ਨਾਮ ਉੱਚਾ ਹੋਵੇ, ਗੁਰਬਾਣੀ ਦਾ ਨਾਮ ਉੱਚਾ ਹੋਵੇ।

ਅਸੀਂ ਪਿਛਲੇ ਸ਼ਬਦ ਵਿੱਚ ਇਹ ਜਾਣਿਆ ਹੈ ਕਿ ਸ਼ਬਦ ਦੁਆਰਾ ਪ੍ਰਮਾਤਮਾ ਨੂੰ ਜਪਣਾ ਕੀ ਹੈ ਤਾਂ ਕਿ ਸਾਨੂੰ ਜਪ ਤਪ ਕਰਨ ਦਾ ਭੁਲੇਖਾ ਨਾ ਰਹੇ। ਆਓ ਆਪਣਾ ਇਹ ਭੁਲੇਖਾ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਬਿਲਕੁਲ ਹੀ ਮਨ ਵਿੱਚੋਂ ਕੱਢ ਦੇਈਏ ਤੇ ਗੁਰੂ ਦੀ ਸੱਚੀ ਮਤਿ ਤੇ ਦ੍ਰਿੜ ਹੋ ਜਾਈਏ।

“ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥
ਪੰਚ ਜਨਾ ਸਿਉ ਸੰਗੁ ਨਿਵਾਰੈ॥
ਦਸ ਇੰਦ੍ਰੀ ਕਰਿ ਰਾਖੈ ਵਾਸਿ॥
ਤਾ ਕੈ ਆਤਮੈ ਹੋਇ ਪਰਗਾਸੁ॥੧॥”

(ਅੰਗ ੨੩੬)

4/292

“ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ॥
ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ॥੭॥”

(ਅੰਗ ੨੩੩)

ਬਾਣੀ ਵਿੱਚ ਵਾਰ-ਵਾਰ ਸ਼ਬਦ ਨੂੰ ਮਨ ਵਿੱਚ ਵਸਾਉਣ ਦੀ ਗੱਲ ਆਉਂਦੀ ਹੈ, ਗੁਰੂ ਨੂੰ, ਨਾਮ ਨੂੰ, ਹਿਰਦੇ ਵਿੱਚ ਧਾਰਨ ਦੀ ਗੱਲ ਆਉਂਦੀ ਹੈ। ਜਿਵੇਂ ਕਿ ਪਿਛਲੇ ਸ਼ਬਦ ਰਾਹੀਂ ਜਾਣਿਆ ਹੈ, ਉਹੀ ਗੱਲ ਇੱਥੇ ਸਮਝਾਈ ਹੋਈ ਹੈ। ਹਿਰਦੇ ਵਿੱਚ ਗੁਰੂ ਦੇ ਗਿਆਨ ਨੂੰ ਵਸਾਉਣਾ ਹੀ, ਗੁਰੂ ਦੇ ਬਚਨਾਂ ਨੂੰ ਵਸਾਉਣਾ ਹੀ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਉਣਾ ਹੈ। **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਅੰਗ ੧੩੦੯ ਭਾਵ ਗੁਰੂ ਦੀ ਗੱਲ ਤੇ, ਸ਼ਬਦ ਦੀ ਸਮਝਾਈ ਹੋਈ ਗੱਲ ਤੇ ਅਮਲ ਕਰਨਾ ਹੀ ਸ਼ਬਦ ਨੂੰ ਆਪਣੇ ਅੰਦਰ, ਆਪਣੇ ਹਿਰਦੇ ਅੰਦਰ ਵਸਾਉਣਾ ਹੈ। ਗੁਰੂ ਦਾ ਉਪਦੇਸ਼, ਸ਼ਬਦ ਦਾ ਉਪਦੇਸ਼ ਸਾਨੂੰ ਪੰਜੇ ਦੂਤਾਂ ਤੋਂ ਆਪਣੇ ਆਪ ਨੂੰ ਛੁਡਾਉਣ ਦਾ ਹੈ। ਜੇਕਰ ਅਸੀਂ ਆਪਣੇ ਆਪ ਨੂੰ ਪੰਜਾਂ ਦੂਤਾਂ ਤੋਂ ਬਚਾ ਲਿਆ, ਔਗੁਣਾਂ ਤੋਂ ਬਚਾ ਲਿਆ ਤੇ ਤਾਂ ਹੀ ਅਸੀਂ ਆਪਣੀਆਂ ਇੰਦਰੀਆਂ ਨੂੰ ਵੱਸ ਵਿੱਚ ਰੱਖ ਸਕਦੇ ਹਾ। ਇਹੀ ਗੁਰੂ ਦੇ ਸ਼ਬਦ ਦਾ ਸਾਡੇ ਅੰਦਰ ਵੱਸਣਾ ਹੈ, ਸਾਡੇ ਮਨ ਦੇ ਵਿੱਚ ਸ਼ਬਦ ਦਾ ਪ੍ਰਕਾਸ਼ ਹੈ, ਨਾਮ ਦਾ ਪ੍ਰਕਾਸ਼ ਹੈ ਭਾਵ ਗੁਰੂ ਦੀ ਮਤਿ ਦਾ ਪ੍ਰਕਾਸ਼ ਹੈ, ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੈ। ਇਹ ਹੀ ਸ਼ਬਦ ਦਾ ਮਨੋਰਥ ਹੈ, ਨਾਮ ਦਾ ਮਨੋਰਥ ਹੈ, ਗੁਰੂ ਪ੍ਰਮਾਤਮਾ ਦਾ ਮਨੋਰਥ ਹੈ ਕਿ ਅਸੀਂ ਔਗੁਣਾਂ ਨੂੰ ਛੱਡੀਏ। ਸਾਡੇ ਹਿਰਦੈ ਅੰਦਰ ਸ਼ਬਦ ਦਾ ਪ੍ਰਕਾਸ਼ ਹੋਣ ਦੁਆਰਾ ਭਾਵ ਸ਼ਬਦਾਂ ਦੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਮਨ ਦੇ ਵਿੱਚ, ਆਤਮਾ ਦੇ ਅੰਦਰ ਪ੍ਰਕਾਸ਼ ਹੋਣ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਹੈ ਜੋ ਕਿ ਔਗੁਣਾਂ ਨੂੰ ਵੱਸ ਕਰਕੇ ਗੁਣਾਂ ਦੁਆਰਾ ਵਿਚਰਨ ਦਾ ਹੈ। (**ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥ ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥**) ਸਾਰੀ ਗੱਲ ਤਾਂ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਉਣ ਦੀ ਹੈ ਤੇ ਖਾਲੀ ਸ਼ਬਦ ਨੂੰ ਬੋਲੀ ਜਾਈਏ, ਉਸ ਨਾਲ ਕੀ ਲਾਭ ਮਿਲ ਸਕਦਾ ਹੈ। ਲਾਭ ਤਾਂ ਸ਼ਬਦ ਦੀ “ਸੁਧਿ” ਦੁਆਰਾ ਮਿਲਣਾ ਹੈ **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥** ਅੰਗ ੧੨੦)।

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥}

(ਅੰਗ ੫੬੫)

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੀ ਕਥਨੀ ਦਾ ਨਹੀਂ ਬਲਕਿ ਸਾਡੀ ਕਰਨੀ ਦਾ ਮਾਰਗ ਹੈ ਭਾਵ ਚੰਗੀ ਕਰਨੀ ਦਾ ਮਾਰਗ ਹੈ ਜੋ ਚੰਗੀ ਕਰਨੀ ਗੁਰੂ ਦੇ ਸ਼ਬਦਾਂ ਨੂੰ ਭਾਵ ਸ਼ਬਦਾਂ ਦੀ ਮਤਿ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਦੁਆਰਾ ਭਾਵ ਸ਼ਬਦਾਂ ਦੁਆਰਾ ਦਿੱਤੀ ਹੋਈ ਮਤਿ ਤੇ ਅਮਲ ਕਰਨ ਦੁਆਰਾ ਹੀ ਹੋ ਸਕਦੀ ਹੈ। ਸ਼ਬਦ ਰਤੇ ਅਤੇ ਨਿਰਮਲੇ ਵੀ ਉਨ੍ਹਾਂ ਨੂੰ ਹੀ ਕਿਹਾ ਹੈ ਜੋ ਸਤਿਗੁਰੂ ਦੇ ਭਾਣੇ ਵਿੱਚ ਚੱਲਦੇ ਹਨ ਭਾਵ ਜੋ ਗੁਰੂ ਦੇ ਹੁਕਮ ਅੰਦਰ ਵਿਚਰਦੇ ਹਨ, ਜੋ ਔਗੁਣਾਂ ਤੋਂ ਰਹਿਤ ਹੋ ਕੇ ਸੱਚੀ ਸੁੱਚੀ ਕਰਨੀ ਕਰਦੇ ਹਨ ਜਿਵੇਂ ਕਿ ਅਸੀਂ ਪਿਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ ਕਿ ਗੁਰੂ ਦੇ ਭਾਣੇ ਵਿੱਚ ਚਲਣਾ ਕੀ ਹੈ। (**ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ॥ ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ॥**)

ਭਾਵੇਂ ਵਾਰ-ਵਾਰ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ ਜਦ ਤੱਕ ਮਨੁੱਖ ਔਗੁਣਾਂ ਨੂੰ ਛੱਡ ਕੇ ਗੁਣਾਂ ਵਾਲਾ ਨਹੀਂ ਬਣਦਾ, ਝੂਠ ਦਾ ਸਹਾਰਾ ਛੱਡ ਕੇ ਸੱਚ ਦਾ ਆਸਰਾ ਨਹੀਂ ਲੈਂਦਾ, ਉਹ ਜਿਤਨੇ ਮਰਜ਼ੀ ਜਪ ਤਪ ਕਰ ਲਵੇ, ਜਿਤਨੇ ਮਰਜ਼ੀ ਤੀਰਥ ਗਾਹ ਲਵੇ, ਜਿਤਨੇ ਮਰਜ਼ੀ ਪੁੰਨ ਦਾਨ ਕਰ ਲਵੇ, ਉਹ ਭਗਤੀ ਦਾ ਮਨੋਰਥ ਪੂਰਾ ਕਰਨ ਲਈ ਕਿਸੇ ਲੇਖੇ ਵਿੱਚ ਨਹੀਂ ਪੈਂਦਾ। ਪਰ ਫਿਰ ਵੀ ਅਸੀਂ ਜਪ ਤਪ ਨੂੰ ਹੀ ਭਗਤੀ ਸਮਝਦੇ ਹਾਂ। ਆਓ ਇਹ ਭੁਲੇਖਾ ਫਿਰ ਇੱਕ ਵਾਰੀ ਹੇਠ ਦਿੱਤੇ ਸ਼ਬਦ ਦੁਆਰਾ ਕੱਢੀਏ।

4/293

“ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥”

(ਅੰਗ ੫੬)

ਸਰੀਰਕ ਜਪ ਤਪ ਕਰਨ ਵਾਲਿਆਂ ਨੂੰ ਇਸ ਸ਼ਬਦ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।ਇਸ ਸ਼ਬਦ ਵਿੱਚ ਗੁਰੂ ਜੀ ਨੇ ਕਿਤਨਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਭਗਤੀ ਕੀ ਹੈ। ਅਰਥ ਬਿਲਕੁਲ ਸਾਫ ਸਮਝ ਆ ਰਹੇ ਹਨ। ਕਿਸੇ ਵਿਆਖਿਆ ਦੀ ਵੀ ਲੋੜ ਨਹੀਂ ਹੈ ਪਰ ਫਿਰ ਵੀ ਅਸੀਂ ਸਾਰਾ ਭਰੋਸਾ ਜਪ ਤਪ ਤੇ ਹੀ ਰੱਖਿਆ ਹੋਇਆ ਹੈ, ਸੁਰਤੀਆਂ ਸਮਾਧੀਆਂ ਜੋੜਨ ਤੇ ਹੀ ਰੱਖਿਆ ਹੋਇਆ ਹੈ, ਆਪਣੀ ਮਤਿ ਤੇ ਹੀ ਰੱਖਿਆ ਹੋਇਆ ਹੈ। ਜਿਹੋ ਜਿਹੇ ਸੰਜਮ ਅਸੀਂ ਕਰਦੇ ਹਾਂ, ਉਨ੍ਹਾਂ ਦਾ ਵੀ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਅਸੀਂ ਕਿਹੋ ਜਿਹਾ ਖਾਣਾ ਹੈ, ਇਸ ਦਾ ਸੰਜਮ ਰੱਖਦੇ ਹਾਂ, ਕਿਸ ਦੇ ਹੱਥੋਂ ਖਾਣਾ ਹੈ ਅਤੇ ਕਿਸ ਦੇ ਹੱਥੋਂ ਨਹੀਂ ਖਾਣਾ ਹੈ, ਇਸ ਗੱਲ ਦਾ ਵਿਚਾਰ ਰੱਖਦੇ ਹਾਂ, ਸਰੀਰ ਦੀ ਸੁੱਚ ਤੇ ਜੋਰ ਪਾਉਂਦੇ ਹਾਂ, ਬਾਣਾ ਕਿਹੋ ਜਿਹਾ ਰੱਖਣਾ ਹੈ, ਇਸ ਦੀ ਵਿਚਾਰ ਕਰਦੇ ਹਾਂ, ਕਿਹੋ ਜਿਹੇ ਮਨੁੱਖ ਦੇ ਨੇੜੇ ਲੱਗਣਾ ਹੈ ਤੇ ਕਿਸ ਤੋਂ ਦੂਰ ਰਹਿਣਾ ਹੈ ਇਸ ਨੂੰ ਵਿਚਾਰਦੇ ਹਾਂ ਅਤੇ ਇਸੇ ਤਰ੍ਹਾਂ ਦੀਆਂ ਵਿਚਾਰਾਂ ਆਦਿ ਨੂੰ ਧਰਮ ਦਾ ਹਿੱਸਾ ਸਮਝਕੇ ਕਰਦੇ ਹਾਂ। ਇਹੋ ਜਿਹੇ ਸੰਜਮਾਂ ਦੀ ਬਾਣੀ ਵਿੱਚ ਕੋਈ ਜਗ੍ਹਾ ਨਹੀਂ ਹੈ। ਕੇਵਲ ਇੱਕੋ ਇੱਕ ਸੰਜਮ ਸੱਚ ਤੇ ਚੱਲਣ ਦਾ ਦੱਸਿਆ ਹੈ, ਔਗੁਣਾਂ ਤੋਂ ਬਚਣ ਦਾ ਦੱਸਿਆ ਹੈ, ਇੰਦਰਿਆਂ ਨੂੰ ਵੱਸ ਵਿੱਚ ਰੱਖਣ ਦਾ ਦੱਸਿਆ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਭਾਵੇਂ ਆਪਣਾ ਵਾਸਾ ਹੀ ਤੀਰਥਾਂ ਤੇ ਕਰ ਲਈਏ ਭਾਵ ਸਾਰੀ ਉਮਰ ਤੀਰਥਾਂ ਤੇ ਬੈਠੇ ਰਹੀਏ ਪਰ ਜੇਕਰ ਸਾਡੇ ਮਨ ਵਿੱਚ ਸੱਚ ਨਹੀਂ ਵੱਸਿਆ, ਤੀਰਥਾਂ ਤੇ ਜਾਣ ਦਾ ਮਕਸਦ ਪੂਰਾ ਨਹੀਂ ਹੋਇਆ, ਤਾਂ ਫਿਰ ਕੀ ਫਾਇਦਾ ਤੀਰਥ ਕਰਨ ਦਾ। ਜਿਹੜੇ ਘਰ ਵਿੱਚ ਮਾੜੇ, ਉਹ ਤੀਰਥਾਂ ਤੇ ਵੀ ਮਾੜੇ। ਕੇਵਲ ਪੁੰਨ ਦਾਨ ਆਦਿ ਕਰਕੇ, ਸੰਜਮ ਕਰਕੇ, ਜਪ ਤਪ ਕਰਕੇ, ਤੀਰਥਾਂ ਦੇ

ਗਮਨ, ਇਸ਼ਨਾਨ ਕਰਨ ਆਦਿ ਵਿੱਚ ਹੀ ਅਸੀਂ ਭਗਤੀ ਦੀਆਂ ਚੰਗਿਆਈਆਂ ਸਮਝਦੇ ਹਾਂ, ਲੇਕਿਨ ਬਿਨ੍ਹਾਂ ਸੱਚੇ ਹੋਣ ਤੋਂ ਇਹ ਸਾਡੀਆਂ ਚੰਗਿਆਈਆਂ ਕਿਸੇ ਕੰਮ ਨਹੀਂ।

4/294

(ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥) ਭਾਵ ਪ੍ਰਮਾਤਮਾ ਦੀ ਭਗਤੀ ਕੇਵਲ ਸੱਚ ਦੁਆਰਾ ਵਿਚਰ ਕੇ ਹੀ ਹੋ ਸਕਦੀ ਹੈ, ਸੱਚੀ ਸੁੱਚੀ ਕਿਰਤ ਕਰਕੇ ਹੀ ਹੋ ਸਕਦੀ ਹੈ। ਜਿਨ੍ਹਾਂ ਕੰਮਾਂ ਨੂੰ ਅਸੀਂ ਭਗਤੀ ਸਮਝਦੇ ਹਾਂ ਉਹ ਭਗਤੀ ਨਹੀਂ ਹੈ। ਭਗਤੀ ਆਪਣੇ ਆਪ ਨੂੰ ਸੱਚਾ ਬਣਾਉਣ ਵਿੱਚ ਹੈ, ਗੁਣਵਾਨ ਬਣਾਉਣ ਵਿੱਚ ਹੈ। ਇਹ ਪ੍ਰਮਾਤਮਾ ਦਾ ਬਣਾਇਆ ਹੋਇਆ ਅਸੂਲ ਹੈ ਕਿ ਜਿਹੋ ਜਿਹਾ ਕੋਈ ਬੀਜਦਾ ਹੈ ਉਹੋ ਜਿਹਾ ਹੀ ਫਲ ਲੈਂਦਾ ਹੈ। ਜਿਹੋ ਜਿਹੇ ਕੋਈ ਕਰਮ ਕਰਦਾ ਹੈ ਉਹੋ ਜਿਹਾ ਹੀ ਫਲ ਮਿਲਦਾ ਹੈ। ਅਗਲੀ ਪੰਗਤੀ ਰਾਹੀਂ ਸਾਨੂੰ ਭਗਤੀ ਹੀ ਸਮਝਾਈ ਹੋਈ ਹੈ ਕਿ ਭਗਤੀ ਕਿਵੇਂ ਕਰਨੀ ਹੈ ਭਾਵ ਆਪਣੇ ਕਰਮਾਂ ਦੁਆਰਾ ਕਰਨੀ ਹੈ, ਗੁਣਾਂ ਵਾਲੇ ਬਣਕੇ ਕਰਨੀ ਹੈ। ਜੋ ਮਨੁੱਖ ਬਿਨ੍ਹਾਂ ਗੁਣਾਂ ਤੋਂ ਵਿਚਰਦਾ ਹੈ ਭਾਵ ਔਗੁਣਾਂ ਵਿੱਚ ਵਿਚਰਦਾ ਹੈ ਭਾਵ ਮਾੜੇ ਕਰਮ ਕਰਦਾ ਹੈ ਉਹ ਆਪਣਾ ਜਨਮ ਨਾਸ਼ ਕਰ ਲੈਂਦਾ ਹੈ ਭਾਵ ਉਸਨੂੰ ਅਸਲ ਜਨਮ ਦੀ ਪ੍ਰਾਪਤੀ ਨਹੀਂ ਹੁੰਦੀ ਜੋ ਜਨਮ ਸਾਡਾ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਦੇ ਘਰ ਵਿੱਚ ਹੁੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਹੁੰਦਾ ਹੈ। **(ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥)**। ਸਾਨੂੰ ਇੱਥੇ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਕਿਸੇ ਜਪ ਤਪ ਵਿੱਚ ਨਹੀਂ ਹੈ, ਕਿਸੇ ਸੰਜਮਾਂ ਆਦਿ ਵਿੱਚ ਨਹੀਂ ਹੈ ਬਲਕਿ ਚੰਗੇ ਕਰਮ ਕਰਨ ਵਿੱਚ ਹੈ। ਜੇਕਰ ਸਾਡੇ ਅੰਦਰ ਔਗੁਣ ਹਨ ਭਾਵ ਗੁਣ ਨਹੀਂ ਹਨ ਤਾਂ ਸਾਡਾ ਜੀਵਨ ਵਿਅਰਥ ਹੀ ਜਾਵੇਗਾ ਭਾਵੇਂ ਅਸੀਂ ਜਿੰਨੇ ਮਰਜ਼ੀ ਜਪ ਤਪ ਕਰੀ ਜਾਈਏ। ਦੇਖੋ ਕਿੰਨਾ ਸਪੱਸ਼ਟ ਸਮਝਾਇਆ ਹੈ ਕਿ ਅਸੀਂ "ਦਾਸ" ਗੁਣਾਂ ਦਾ ਹੀ ਬਣਨਾ ਹੈ, ਬਿਨ੍ਹਾਂ ਗੁਣਾਂ ਦੇ "ਸੁੱਖਾਂ" ਦੀ, ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਸਾਰੀ ਬਾਣੀ ਦਾ ਸਾਰ ਹੈ, ਗੁਰੂ ਦੀ ਮਤਿ ਦਾ ਸਾਰ ਹੈ ਜੋ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਇਹੀ ਭਗਤੀ ਦਾ ਸਾਰ ਹੈ, ਪ੍ਰਮਾਤਮਾ ਨੂੰ ਪਾਉਣ ਦਾ ਸਾਰ ਹੈ। ਔਗੁਣਾਂ ਨੂੰ ਤਿਆਗ ਕੇ ਗੁਣਾਂ ਨੂੰ ਧਾਰਨ ਕਰਨਾ ਹੀ ਗੁਰੂ ਦੀ ਮਤਿ ਦਾ ਸਾਰ ਹੈ। ਗੁਰੂ ਦੀ ਮਤਿ ਤੇ ਉਹੀ ਪੂਰਾ ਉਤਰ ਸਕਦਾ ਹੈ ਜੋ ਔਗੁਣਾਂ ਨੂੰ ਤਿਆਗਦਾ ਹੈ। ਭਗਤੀ ਇਸ ਤੋਂ ਕੋਈ ਵੱਖਰੀ ਗੱਲ ਨਹੀਂ ਹੈ, ਨਾਮ ਜਪਣਾ ਇਸ ਤੋਂ ਕੋਈ ਵੱਖਰੀ ਗੱਲ ਨਹੀਂ ਹੈ ਕੇਵਲ ਸਾਡਾ ਇੱਕ ਭੁਲੇਖਾ ਹੈ।

(ਮੁੰਧੇ ਗੁਣ ਦਾਸੀ ਸੁਖੁ ਹੋਇ॥

ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥)

ਪੂਰਾ ਤਾਂ ਅਸੀਂ ਗੁਰੂ ਦੀ ਮਤਿ ਤੇ ਹੀ ਉਤਰਨਾ ਹੈ। ਉਸ ਤੇ ਪੂਰਾ ਉਤਰਨਾ ਕੀ ਹੈ, ਇਸ ਤੋਂ ਸਪੱਸ਼ਟ ਗੁਰੂ ਸਾਨੂੰ ਹੋਰ ਕਿਵੇਂ ਸਮਝਾਵੇ। ਹਰ ਕੋਈ ਇਹੋ ਹੀ ਕਹਿੰਦਾ ਹੈ ਕਿ ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲੀ ਜਾਣਾ ਹੀ ਨਾਮ ਜਪਣਾ ਹੈ ਤੇ ਇਹੋ ਜਿਹਾ ਨਾਮ ਜਪਣਾ ਹੀ ਗੁਰਮਤਿ ਹੈ। ਫਿਰ ਗੁਰਮਤਿ ਕੀ ਹੈ, ਇਸ ਗੱਲ ਨੂੰ ਹੀ ਸਮਝ ਲਵੋ। ਵਿਅਰਥ ਦੇ ਜਪਾਂ ਤਪਾਂ ਵਿੱਚੋਂ ਨਿਕਲੋ ਜੋ ਕਿ ਸ਼ਬਦ ਰਾਹੀਂ ਬੜਾ ਹੀ ਸਪੱਸ਼ਟ ਕਰਕੇ ਸਮਝਾਇਆ ਹੈ। ਸਾਡੇ ਜੀਵਨ ਦਾ ਮਕਸਦ ਤਾਂ ਪ੍ਰਮਾਤਮਾ ਦੇ ਵਿੱਚ ਸਮਾਉਣ ਦਾ ਹੈ ਤੇ ਪ੍ਰਮਾਤਮਾ ਦੇ ਵਿੱਚ ਸਾਡੀ ਸਮਝ ਨੇ ਹੀ ਸਮਾਉਣਾ ਹੈ ਤੇ ਜਿਹੜੀ ਸਮਝ ਔਗੁਣਾਂ ਨੂੰ ਤਿਆਗ ਦਿੰਦੀ ਹੈ ਉਹ ਸਮਝ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਅ ਜਾਂਦੀ ਹੈ, ਗੁਰੂ ਦੀ ਸੱਚੀ ਸਮਝ ਦੇ ਵਿੱਚ, ਗੁਰੂ ਦੀ ਮਤਿ ਦੇ ਵਿੱਚ ਸਮਾਅ ਜਾਂਦੀ ਹੈ। ਜੋ ਔਗੁਣਾਂ ਦਾ ਤਿਆਗੀ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹਰ ਔਗੁਣ ਦਾ ਤਿਆਗੀ ਹੈ, ਆਪਣੇ ਨਾ-ਸਮਝ ਵਿਚਾਰਾਂ ਦਾ ਤਿਆਗੀ ਹੈ, ਮਨਮਤਿ ਦਾ ਤਿਆਗੀ ਹੈ। ਉਹੀ ਗੁਰਮਤਿ ਤੇ ਪੂਰਾ ਹੈ ਭਾਵ ਗੁਰਮਤਿ ਤੇ ਪੂਰਾ ਉਤਰ ਕੇ ਹੀ ਪ੍ਰਮਾਤਮਾ ਦੇ ਵਿੱਚ ਸਮਾਇਆ ਜਾ ਸਕਦਾ ਹੈ ਜਿਵੇਂ ਕਿ ਉੱਪਰ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਚਰਚਾ ਕੀਤੀ ਸੀ ਕਿ ਪ੍ਰਮਾਤਮਾ ਦਾ ਨਾਮ ਜਪਣ ਦਾ ਤਰੀਕਾ ਹਰ ਜੁਗ ਵਿੱਚ ਇੱਕੋ ਹੀ ਰਿਹਾ ਹੈ ਭਾਵ ਸੱਚ ਦਾ ਮਾਰਗ ਹੀ ਭਗਤੀ ਦਾ ਮਾਰਗ ਰਿਹਾ ਹੈ, ਔਗੁਣਾਂ ਨੂੰ ਛੱਡਣਾ ਹੀ ਨਾਮ ਜਪਣਾ ਹੈ। ਹਰ ਧਰਮ ਗ੍ਰੰਥ ਵਿੱਚ ਸੱਚ ਦੇ ਮਾਰਗ ਨੂੰ ਹੀ ਭਗਤੀ ਦਾ ਮਾਰਗ ਦੱਸਿਆ ਹੈ ਕਿਉਂਕਿ ਸਾਰੇ ਧਰਮ ਗ੍ਰੰਥਾਂ ਵਿੱਚ ਗਿਆਨ ਦਾ ਸ੍ਰੋਤ ਪ੍ਰਮਾਤਮਾ ਆਪ ਹੀ ਹੈ। ਵੇਦਾਂ ਵਿੱਚ ਨਾਮ ਕੀ ਹੈ ਇਸ ਦੀ ਚਰਚਾ ਵੀ ਅਸੀਂ ਪਿੱਛੇ ਕੀਤੀ ਹੈ।

4/295

ਅਤੇ ਉਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਪੱਸ਼ਟ ਕੀਤੀ ਜਾ ਰਹੀ ਹੈ। ਨਾਮ ਜਪਣ ਦਾ ਤਰੀਕਾ ਜੁਗਾਂ ਜੁਗਾਂ ਤੋਂ ਉਹੀ ਹੈ ਜੋ ਬਾਣੀ ਵਿੱਚ ਸਮਝਾਇਆ ਹੋਇਆ ਹੈ। ਕੋਈ ਵੱਖਰਾ ਤਰੀਕਾ ਨਹੀਂ ਹੋ ਸਕਦਾ ਕਿਉਂਕਿ ਹਰ ਧਰਮ ਗ੍ਰੰਥ ਦਾ ਰਚਣ ਵਾਲਾ, ਰਚਵਾਉਣ ਵਾਲਾ ਇੱਕੋ ਹੀ ਹੈ ਭਾਵ ਇੱਕੋ ਪ੍ਰਮਾਤਮਾ ਹੀ ਹੈ ਜੋ ਸਭ ਦਾ, ਸਾਰੇ ਜਗਤ ਦਾ ਗੁਰੂ ਹੈ।

“ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ॥
ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ॥
ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ॥੭॥”

(ਅੰਗ ੫੭)

ਹਰ ਜੁਗ ਵਿੱਚ ਬਿਨ੍ਹਾਂ ਨਾਮ ਵਾਲਿਆਂ ਨੂੰ ਮੈਲ ਦੇ ਭਰੇ ਹੋਏ ਕਿਹਾ ਗਿਆ ਹੈ ਭਾਵ ਔਗੁਣਾਂ ਨਾਲ ਭਰੇ ਕਿਹਾ ਗਿਆ ਹੈ। ਉਨ੍ਹਾਂ ਨੂੰ ਹੀ ਭਗਤੀ ਭਾਵ ਤੋਂ ਵਿਹੂਣੇ ਕਿਹਾ ਗਿਆ ਹੈ। ਔਗਣਾਂ ਵਿੱਚ ਰਹਿਣ ਵਾਲਿਆਂ ਨੂੰ ਹੀ ਪ੍ਰਮਾਤਮਾ ਦੇ ਦਰ ਤੇ ਮਾੜਾ ਕਿਹਾ ਗਿਆ ਹੈ, ਪਤਿ ਹੀਣੇ ਕਿਹਾ ਗਿਆ ਹੈ। ਜਿਹੜੇ ਮਨੁੱਖ ਔਗੁਣਾਂ ਦੇ ਮੁੱਠੇ ਹੋਏ ਹਨ ਉਹਨਾਂ ਨੂੰ ਹੀ ਨਾਮ ਤੋਂ ਵਿਸਰੇ ਹੋਏ ਕਿਹਾ ਗਿਆ ਹੈ ਜਿਸ ਕਰਕੇ ਉਨ੍ਹਾਂ ਨੂੰ ਅਖੀਰ ਰੋਣਾ ਹੀ ਪੈਂਦਾ ਹੈ ਭਾਵ ਖੱਜਲ ਖੁਆਰ ਹੋਣਾ ਪੈਂਦਾ ਹੈ। ਸਾਰੀ ਮਨੁੱਖਤਾ ਦਾ ਧਰਮ ਨਾਮ ਜਪਣਾ ਹੀ ਹੈ ਭਾਵ ਸੱਚ ਤੇ ਚੱਲਣਾ ਹੀ ਹੈ, ਔਗੁਣ ਤਿਆਗ ਕੇ ਗੁਣਾਂ ਦੁਆਰਾ ਸੱਚੇ ਸੁੱਚੇ ਕਰਮ ਕਰਨਾ ਹੀ ਹੈ ਅਤੇ ਇਸੇ ਵਿੱਚ ਸਾਰੀ ਮਨੁੱਖਤਾ ਦਾ ਭਲਾ ਹੈ। ਇਸ ਤੋਂ ਚੰਗਾ ਅਤੇ ਵੱਖਰਾ ਧਰਮ ਹੋਰ ਕੀ ਹੋ ਸਕਦਾ ਹੈ। ਨਾਮ ਸਾਰੇ ਸੰਸਾਰ ਲਈ ਇੱਕੋ ਹੀ ਹੈ, ਹਰ ਜੁਗ ਵਿੱਚ ਇੱਕੋ ਹੀ ਹੈ ਜੋ ਕਦੇ ਬਦਲ ਨਹੀਂ ਸਕਦਾ। ਸੱਚੁ ਕਦੇ ਬਦਲ ਨਹੀਂ ਸਕਦਾ, ਪ੍ਰਮਾਤਮਾ ਕਦੇ ਬਦਲ ਨਹੀਂ ਸਕਦਾ, ਉਸ ਦੀ ਸੱਚੀ ਮਤਿ ਕਦੇ ਬਦਲ ਨਹੀਂ ਸਕਦੀ, ਸ਼ਬਦਾਂ ਦੀ ਵਿਚਾਰ ਕਦੇ ਬਦਲ ਨਹੀਂ ਸਕਦੀ।

{ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥}

(ਅੰਗ ੨੬੬)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ ੧੧੮੮)

4/296

ਅਸੀਂ ਪਿੱਛੇ ਬਰੀਕੀ ਨਾਲ ਸਮਝਦੇ ਆ ਰਹੇ ਹਾਂ ਕਿ ਨਾਮ ਕੀ ਹੈ। ਨਾਮ ਨੂੰ ਬਾਣੀ ਵਿੱਚ ਅਲੱਗ-ਅਲੱਗ ਤਰੀਕੇ ਨਾਲ ਵਰਣਨ ਕਰਕੇ ਸਮਝਾਇਆ ਹੋਇਆ ਹੈ। ਨਾਮ ਕਿਉਂਕਿ ਪ੍ਰਮਾਤਮਾ ਆਪ ਹੈ, ਇਸੇ ਲਈ ਨਾਮ ਹੀ ਸਭ ਕੁੱਝ ਹੈ। ਹਰ ਰੂਪ ਵਿੱਚ, ਹਰ ਸਰੂਪ ਵਿੱਚ ਨਾਮ ਹੀ ਹੈ। ਮਨੁੱਖ ਦਾ ਆਪਣਾ ਨਿਰਗੁਣ, ਸਰਗੁਣ ਸਰੂਪ ਵੀ ਨਾਮ ਹੀ ਹੈ। ਇਸੇ ਲਈ ਸਾਨੂੰ ਨਾਮ ਦੀ ਪ੍ਰਾਪਤੀ ਕਰਨ ਲਈ ਇਹ ਸਮਝਾਇਆ ਹੈ ਕਿ ਆਪਣੇ ਆਪ ਦੀ ਪਹਿਚਾਣ ਕਰੋ। ਨਾਮ ਸਾਡੇ ਅੰਦਰ ਹੀ ਹੈ ਅਤੇ ਉਸਦੀ ਪ੍ਰਾਪਤੀ ਵੀ ਅੰਦਰੋਂ ਹੀ ਹੋਣੀ ਹੈ। ਜਿਵੇਂ ਕਿ ਪਿੱਛੇ ਵੀ ਅਸੀਂ ਵਾਰ-ਵਾਰ ਇਸ ਗੱਲ ਨੂੰ ਸਮਝਿਆ ਹੈ ਕਿ ਮਨੁੱਖੀ ਹੋਂਦ ਕੇਵਲ ਇੱਕ ਭੁਲੇਖਾ ਹੈ ਤੇ ਜਦੋਂ ਇਹ ਭੁਲੇਖਾ ਦੂਰ ਹੋ ਜਾਵੇਗਾ ਫਿਰ ਸਾਨੂੰ ਨਾਮ ਦੀ ਸੋਝੀ ਵੀ ਪੈ ਜਾਵੇਗੀ ਤੇ ਸਭ ਵਿੱਚ ਨਾਮ ਹੀ ਨਜ਼ਰ ਆਵੇਗਾ, ਪ੍ਰਮਾਤਮਾ ਹੀ ਨਜ਼ਰ ਆਵੇਗਾ। ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਈ ਹੋਈ ਹੈ।

“ਆਪੇ ਪੇਡੁ ਬਿਸਥਾਰੀ ਸਾਖ॥
ਅਪਨੀ ਖੇਤੀ ਆਪੇ ਰਾਖ॥੧॥
ਜਤ ਕਤ ਪੇਖਉ ਏਕੈ ਓਹੀ॥
ਘਟ ਘਟ ਅੰਤਰਿ ਆਪੇ ਸੋਈ॥੧॥ਰਹਾਉ॥
ਆਪੇ ਸੂਰੁ ਕਿਰਣਿ ਬਿਸਥਾਰੁ॥
ਸੋਈ ਗੁਪਤੁ ਸੋਈ ਆਕਾਰੁ॥੨॥

ਸਰਗੁਣ ਨਿਰਗੁਣ ਥਾਪੈ ਨਾਉ॥
ਦੁਹ ਮਿਲਿ ਏਕੈ ਕੀਨੋ ਠਾਉ॥੩॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥
ਅਨਦ ਰੂਪੁ ਸਭੁ ਨੈਨ ਅਲੋਇਆ॥੪॥"

(ਅੰਗ ੩੮੭)

ਇਸ ਸ਼ਬਦ ਦੁਆਰਾ ਪ੍ਰਮਾਤਮਾ ਕੀ ਹੈ, ਇਸ ਗੱਲ ਦੀ ਸੋਝੀ ਪਾਈ ਹੋਈ ਹੈ, ਨਾਮ ਦੀ ਹੋਂਦ ਦੀ ਸੋਝੀ ਪਾਈ ਹੋਈ ਹੈ ਕਿ ਸਭ ਕੁੱਝ ਨਾਮ ਹੀ ਹੈ। ਜਿਵੇਂ ਪੇੜ੍ਹ ਨੇ ਸਾਰੇ ਪਾਸੇ ਆਪਣੀਆਂ ਸ਼ਾਖਾਵਾਂ ਫੈਲਾਈਆਂ ਹੁੰਦੀਆਂ ਹਨ ਇਸੇ ਤਰ੍ਹਾਂ ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਵਿੱਚ ਆਪਣਾ ਪਾਸਾਰਾ ਕੀਤਾ ਹੋਇਆ ਹੈ। ਉਹ ਇੱਕੋ ਇੱਕ ਪੇੜ੍ਹ ਆਪ ਹੀ ਹੈ ਤੇ ਹਰ ਕੋਈ ਉਸਦੀ ਸ਼ਾਖਾ ਹੈ। ਜਿਵੇਂ ਪੇੜ੍ਹ ਆਪਣੀ ਹਰ ਸ਼ਾਖ ਦੀ ਪਾਲਣਾ ਕਰਦਾ ਹੈ ਇਸੇ ਤਰ੍ਹਾਂ ਪ੍ਰਮਾਤਮਾ ਆਪਣੀ ਬਣਾਈ ਸ੍ਰਿਸ਼ਟੀ ਦੀ ਆਪ ਹੀ ਪਾਲਣਾ ਕਰ ਰਿਹਾ ਹੈ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦਾ ਆਪਣਾ ਹੀ ਖੇਤ ਹੈ ਜਿਸ ਵਿੱਚ ਖੇਤੀ ਕਰਨ ਵਾਲਾ ਤੇ ਆਪਣੀ ਖੇਤੀ ਦੀ ਰੱਖਿਆ ਕਰਨ ਵਾਲਾ ਉਹ ਆਪ ਹੈ ਜਿਸ ਦੁਆਰਾ ਉਹ ਹਰ ਕਿਸੇ ਦੀ ਪਾਲਣਾ ਕਰਦਾ ਹੈ। (**ਆਪੇ ਪੇੜੁ ਬਿਸਥਾਰੀ ਸਾਖ॥ ਅਪਨੀ ਖੇਤੀ ਆਪੇ ਰਾਖ॥**) ਅਸੀਂ ਜਿੱਥੇ ਕਿੱਥੇ ਵੀ ਵੇਖਦੇ ਹਾਂ ਸਿਰਫ ਇੱਕ ਉਹ ਆਪ ਹੀ ਹੈ। ਘੱਟ-ਘੱਟ ਦੇ ਵਿੱਚ, ਹਰ ਸਰੀਰ ਦੇ ਵਿੱਚ ਉਹ ਆਪ ਹੀ ਵੱਸਿਆ ਹੋਇਆ ਹੈ। ਜਿਵੇਂ ਸੂਰਜ ਦੀਆਂ ਕਿਰਨਾਂ ਸਭ ਪਾਸੇ ਫੈਲੀਆਂ ਹੋਈਆਂ ਹਨ ਉਹ ਇਸੇ ਤਰ੍ਹਾਂ ਸਭ ਪਾਸੇ ਪਸਰਿਆ ਹੋਇਆ ਹੈ। ਉਹ ਆਪ ਹੀ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਭਾਵ ਗੁਪਤ ਰੂਪ ਵਿੱਚ ਹੈ ਤੇ ਆਪ ਹੀ ਸਰਗੁਣ ਰੂਪ ਹੈ, ਆਕਾਰ ਰੂਪ ਹੈ। (**ਜਤ ਕਤ ਪੇਖਉ ਏਕੈ ਓਹੀ॥ ਘਟ ਘਟ ਅੰਤਰਿ ਆਪੇ ਸੋਈ॥੧॥ਰਹਾਉ॥ ਆਪੇ ਸੂਰੁ ਕਿਰਣਿ ਬਿਸਥਾਰੁ॥ ਸੋਈ ਗੁਪਤੁ ਸੋਈ ਆਕਾਰੁ॥**) ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਆਪ ਆਪਣੇ ਨਾਮੁ ਰੂਪ ਵਿੱਚ ਵਿਚਰਦਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਜਿਸ ਆਪਣੇ ਬ੍ਰਹਮ ਗਿਆਨ ਦੁਆਰਾ ਉਹ ਆਪਣੀ ਸ੍ਰਿਸ਼ਟੀ ਨੂੰ ਬਣਾ ਕੇ ਆਪ ਹੀ ਆਪਣੇ ਬ੍ਰਹਮ ਗਿਆਨ ਦੁਆਰਾ ਚਲਾ ਰਹਿਆ ਹੈ। ਹਰ ਆਕਾਰ ਰੂਪ ਦੇ ਅੰਦਰ ਪ੍ਰਮਾਤਮਾ ਆਪਣੀ ਜੋਤਿ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ। ਪ੍ਰਮਾਤਮਾ ਨੇ ਆਪਣੇ ਆਪ ਨੂੰ ਮਨੁੱਖੀ ਦੇਹ ਦੇ ਵਿੱਚ ਇਸੇ ਤਰ੍ਹਾਂ ਸਰਗੁਣ ਤੇ ਨਿਰਗੁਣ ਰੂਪ ਵਿੱਚ ਥਾਪਿਆ ਹੋਇਆ ਹੈ, ਆਪਣੇ ਨਾਮ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਥਾਪਿਆ ਹੋਇਆ ਹੈ। **(ਸਰਗੁਣ ਨਿਰਗੁਣ ਥਾਪੈ ਨਾਉ॥)**

{ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

ਸਾਡੀ ਮਨੁੱਖੀ ਦੇਹ ਉਸਦਾ ਸਰਗੁਣ ਸਰੂਪ ਹੈ ਅਤੇ ਅੰਦਰ ਜੋ ਮਨ ਹੈ, ਇਹ ਉਸਦਾ ਨਿਰਗੁਣ ਸਰੂਪ ਹੈ। ਇਸ ਤਰ੍ਹਾਂ ਪ੍ਰਮਾਤਮਾ ਨੇ ਨਿਰਗੁਣ ਤੇ ਸਰਗੁਣ ਸਰੂਪ ਨੂੰ ਮਿਲਾ ਕੇ, ਇੱਕ ਕਰਕੇ,

4/297

ਉਸ ਵਿੱਚ ਆਪਣਾ ਠਿਕਾਣਾ ਬਣਾਇਆ ਹੋਇਆ ਹੈ ਭਾਵ ਦੋਨੋ ਸਰੂਪ ਉਸਦੇ ਆਪਣੇ ਹੀ ਹਨ ਅਤੇ ਉਹ ਆਪ ਹੀ ਅੰਦਰ ਬੈਠਾ ਵਰਤ ਰਿਹਾ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਸਾਨੂੰ ਪ੍ਰਮਾਤਮਾ ਨੇ ਇਸ ਦੀ ਸੋਝੀ ਨਹੀਂ ਪਾਈ ਹੋਈ ਤੇ ਸਾਨੂੰ ਜਾਣ ਬੁੱਝ ਕੇ ਉਸਨੇ ਆਪਣੀ ਮਾਇਆ ਦੀ ਜੁਗਤਿ ਅਨੁਸਾਰ ਭਰਮ ਵਿੱਚ ਰੱਖਿਆ ਹੋਇਆ ਹੈ, ਭੁਲੇਖੇ ਵਿੱਚ ਰੱਖਿਆ ਹੋਇਆ ਹੈ ਭਾਵ ਸਾਨੂੰ ਆਪ ਹੀ ਉਸਨੇ ਆਪਣੇ ਆਪ ਤੋਂ ਵੱਖਰਾ ਰੱਖਿਆ ਹੋਇਆ ਹੈ, ਪਰ ਅਸਲ ਵਿੱਚ ਉਹ ਆਪ ਹੀ ਹੈ। ਜਦੋਂ ਪ੍ਰਮਾਤਮਾ ਆਪਣੀ ਕ੍ਰਿਪਾ ਕਰਕੇ ਕਿਸੇ ਮਨੁੱਖ ਦਾ ਇਹ ਭੁਲੇਖਾ ਦੂਰ ਕਰ ਦਿੰਦਾ ਹੈ ਭਾਵ ਇਹ ਸੋਝੀ ਪਾ ਦਿੰਦਾ ਹੈ ਕਿ ਮਨੁੱਖ ਆਪਣੇ ਆਪ ਵਿੱਚ ਕੁੱਝ ਵੀ ਨਹੀਂ ਤਾਂ ਉਸਨੂੰ ਫਿਰ ਸਭ ਵਿੱਚ ਪ੍ਰਮਾਤਮਾ ਦਾ ਹੀ ਰੂਪ ਨਜ਼ਰ ਆਉਂਦਾ ਹੈ ਭਾਵ ਸੋਝੀ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਭ ਵਿੱਚ ਨਾਮ ਹੀ ਹੈ, ਸਭ ਵਿੱਚ ਉਸੇ ਦਾ ਹੁਕਮ ਹੀ ਵਰਤ ਰਿਹਾ ਹੈ। (**ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥੩॥ ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥ ਅਨਦ ਰੂਪੁ ਸਭੁ ਨੈਨ ਅਲੋਇਆ॥੪॥੧੭॥੬੮॥**) ਅੰਗ - 387 ਉਪਰਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਵੀ ਸਮਝੋ ਕਿ ਪ੍ਰਮਾਤਮਾ ਨੂੰ ਆਪਣੇ ਨੈਣਾਂ ਰਾਹੀਂ, ਅੱਖਾਂ ਰਾਹੀਂ ਵੇਖਣਾ ਕੀ ਹੈ। ਇਹ ਸਾਡੇ ਅੰਦਰ ਦੀ ਸਮਝ ਦੀਆਂ ਗਿਆਨ ਰੂਪ ਅੱਖਾਂ ਹਨ ਜੋ ਮਨ ਦੇ ਵਿੱਚੋਂ ਭਰਮਾਂ ਵਾਲੀ ਸਮਝ ਨਿਕਲਣ ਦੁਆਰਾ ਖੁੱਲਦੀਆਂ ਹਨ। ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ।

ਹੁਣ ਧਿਆਨ ਨਾਲ ਵਿਚਾਰੋ, ਜੇਕਰ ਨਾਮ ਇੱਕ ਅੱਖਰਾਂ ਦੇ ਜੋੜ ਨੂੰ ਮੰਨੀਏ, ਕਿਸੇ ਮੰਤ੍ਰ ਨੂੰ ਮੰਨੀਏ ਤਾਂ ਕੀ ਉਹ ਉੱਪਰ ਸ਼ਬਦ ਵਿੱਚ ਸਮਝਾਏ ਹੋਏ ਨਾਮ ਦੀ ਕਸਵੱਟੀ ਤੇ ਪੂਰਾ ਉੱਤਰੇਗਾ। ਉਸ ਮੰਤ੍ਰ ਦਾ ਨਿਰਗੁਣ ਸਰੂਪ ਕੀ ਬਣੇਗਾ ਅਤੇ ਸਰਗੁਣ ਸਰੂਪ ਕੀ ਬਣੇਗਾ ਅਤੇ ਕੀ ਉਨ੍ਹਾਂ ਦਾ ਮੇਲ ਹੋਵੇਗਾ। ਕੌਣ ਸੋਝੀ ਪਾਵੇਗਾ ਤੇ ਕਿਸ ਤਰੀਕੇ ਸੋਝੀ ਪਾਵੇਗਾ। ਜੋ ਸਰਗੁਣ ਰੂਪ ਆਪ ਹੀ ਭਰਮ ਵਿੱਚ ਹੈ ਉਹ ਕਿਸੇ ਦਾ ਭਰਮ ਕੀ ਕੱਢੇਗਾ।

ਸਭ ਕੁੱਝ ਨਾਮ ਹੀ ਹੈ, ਪ੍ਰਮਾਤਮਾ ਆਪ ਹੀ ਹੈ, ਗੁਰੂ ਵੀ ਉਹ ਆਪ ਹੀ ਹੈ ਭਾਵ ਗੁਰੂ ਦੀ ਮਤਿ ਦੇ ਰੂਪ ਵਿੱਚ ਉਹ ਆਪ ਹੀ ਹੈ। ਗਿਆਨ ਵੀ ਉਹ ਆਪ ਹੀ ਹੈ, ਜਿਸ ਰੂਪ ਵਿੱਚ ਉਹ ਗੁਰੂ ਹੈ ਤੇ ਇਸੇ ਲਈ ਗਿਆਨ ਦੇਣ ਵਾਲਾ ਵੀ ਉਹ ਆਪ ਹੀ ਹੈ ਜੋ ਗਿਆਨ ਦਾ ਮਾਲਕ ਹੈ। ਮਨੁੱਖ ਨੂੰ ਬਣਾ ਕੇ ਆਪਣੇ ਤੋਂ ਵੱਖਰਾ ਕਰਨ ਵਾਲਾ ਵੀ ਉਹ ਆਪ ਹੀ ਹੈ, ਉਲਝਾਉਣ ਵਾਲਾ ਵੀ ਉਹ ਆਪ ਹੀ ਹੈ ਤੇ ਸੋਝੀ ਪਾਉਣ ਵਾਲਾ ਵੀ ਉਹ ਆਪ ਹੀ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜ ਕਰੀਏ।

ਰਾਗ ਆਸਾ ਮ:੩

“ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ॥
ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਹਾ ਸਾਚੋ ਭਾਈ॥੧॥
ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ॥
ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ॥੧॥ਰਹਾਉ॥
ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ॥
ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ॥੨॥
ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ॥
ਅੰਤਰਿ ਨਾਮੁ ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ॥੩॥
ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ॥
ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ॥੪॥
ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ॥
ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ॥੫॥
ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ॥
ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ॥੬॥
ਨਾਮੈ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ॥
ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ॥੭॥
ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ॥
ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ॥੮॥”

(ਅੰਗ ੪੨੬)

4/298

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਪ੍ਰਮਾਤਮਾ ਨੂੰ ਪਾਉਣ ਦੀ ਅਵੱਸਥਾ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਪਾਉਣ ਤੋਂ ਬਾਅਦ ਮਨੁੱਖ ਉਸ ਦੀ ਰਜ਼ਾ ਵਿੱਚ ਆ ਜਾਂਦਾ ਹੈ, ਉਸਦੇ ਭਾਣੇ ਵਿੱਚ ਆ ਜਾਂਦਾ ਹੈ ਭਾਵ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਕਰਵਾ ਰਿਹਾ ਹੈ ਤੇ ਮਨੁੱਖ ਦੇ ਵੱਸ ਕੁੱਝ ਨਹੀਂ ਹੈ। ਉਹ ਪ੍ਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਕਿਉਂਕਿ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਜੋ ਕੁੱਝ ਪ੍ਰਮਾਤਮਾ ਕਰਦਾ ਹੈ ਉਹੋ ਕੁੱਝ ਹੀ ਹੋ ਕੇ ਰਹਿਣਾ ਹੈ, ਉਹ ਟੱਲ ਨਹੀਂ ਸਕਦਾ, ਉਹ ਉਸਦੇ ਵਿੱਚ ਹੀ ਆਪਣੇ ਆਪ ਨੂੰ ਸੰਤੁਸ਼ਟ ਸਮਝਦਾ ਹੈ, ਮਨ ਵਿੱਚ ਸੰਤੋਖ ਆ ਜਾਂਦਾ ਹੈ। ਉਸਨੂੰ ਸਮਝ ਲੱਗ ਜਾਂਦੀ ਹੈ ਕਿ ਦੁੱਖ ਸੁੱਖ ਉਸ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਖੇਡ ਹੈ ਤੇ ਕੋਈ ਵੀ ਇਸ ਖੇਡ ਤੋਂ ਬਾਹਰ ਨਹੀਂ ਹੈ, ਉਸਨੂੰ ਮੰਨਣ ਵਿੱਚ ਹੀ ਭਲਾਈ ਹੈ। ਮਨੁੱਖ ਦੀ ਸੋਚ ਹੀ ਬਦਲ ਜਾਂਦੀ ਹੈ ਭਾਵ ਪ੍ਰਮਾਤਮਾ ਉਸਨੂੰ ਸੱਚ ਦੇ ਮਾਰਗ ਤੇ ਹੀ ਤੋਰਦਾ ਹੈ, ਔਗੁਣਾਂ ਤੋਂ ਬਚਾ ਕੇ ਰੱਖਦਾ ਹੈ। ਹਰਿ ਰਸ ਚੱਖਣਾ ਗੁਰੂ ਦੇ ਉਪਦੇਸ਼ ਨੂੰ ਚੱਖਣਾ ਹੈ, ਮੰਨਣਾ ਹੈ, ਗੁਰੂ ਦੀ ਮਤਿ ਅਨੁਸਾਰ

ਚੱਲਣਾ ਹੈ ਤੇ ਜੋ ਗੁਰੂ ਦੀ ਮਤਿ ਤੇ ਚੱਲਦਾ ਹੈ ਉਹ ਸੱਚ ਤੇ ਚੱਲਦਾ ਹੈ, ਉਸਨੂੰ ਸੱਚ ਹੀ ਚੰਗਾ ਲੱਗਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਮਿੱਠਾ ਲੱਗਦਾ ਹੈ ਤੇ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਮਨੁੱਖ ਮਨ ਦੀ ਨਾ-ਸਮਝ ਮਤਿ ਤੋਂ ਮੁਕਤ ਹੁੰਦਾ ਹੈ ਜੋ ਕਿ ਮਾਇਆ ਦੇ ਬੰਧਨਾਂ ਤੋਂ ਮੁਕਤ ਹੋਣਾ ਹੈ, ਔਗੁਣਾਂ ਤੋਂ ਮੁਕਤ ਹੋਣਾ ਹੈ। "ਹਰਿ ਰਸ" ਗੁਰੂ ਦਾ ਸੱਚਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਤੇ ਇਸਨੂੰ ਮਨ ਦੀ ਸਮਝ ਦੁਆਰਾ ਚੱਖਣਾ ਚੌਥੇ ਪਦ ਦੀ ਪ੍ਰਾਪਤੀ ਹੈ ਜਿਸ ਦੁਆਰਾ ਉਸ ਬ੍ਰਹਮ ਗਿਆਨੀ ਦੀ ਮਨ ਦੇ ਵਿੱਚੋਂ ਹੀ ਪਹਿਚਾਣ ਹੁੰਦੀ ਹੈ, ਆਪਣੇ ਆਪ ਦੀ ਸੋਝੀ ਪੈਂਦੀ ਹੈ। ਮੁਕਤੀ ਮਨ ਦੇ ਵਿੱਚ ਹੈ ਅਤੇ ਬੰਧਨ ਵੀ ਮਨ ਦੇ ਵਿੱਚ ਹੈ। ਬੰਧਨ ਦਾ ਕਾਰਨ ਮਾਇਆ ਮੋਹ ਹੈ, ਮਨ ਦੀ ਅਗਿਆਨਤਾ ਹੈ ਜੋ ਕਿ ਸਾਨੂੰ ਸੱਚ ਜਾਨਣ ਤੋਂ ਦੂਰ ਰੱਖਦੀ ਹੈ। ਅਸਲ ਵਿੱਚ ਬੰਧਨ ਉਹ ਹੈ ਜੋ ਪ੍ਰਮਾਤਮਾ ਨੇ ਸਾਡੀ ਸੋਚ ਤੇ ਲਗਾਇਆ ਹੋਇਆ ਹੈ, ਸਾਨੂੰ ਤ੍ਰੈਗੁਣੀ ਮਾਇਆ ਵਾਲੀ ਸੋਚ ਵਿੱਚ ਰੱਖ ਕੇ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਜਦੋਂ ਉਹ ਆਪਣੀ ਕ੍ਰਿਪਾ ਕਰਦਾ ਹੈ, ਮਨ ਦੇ ਵਿੱਚ ਅਗਿਆਨਤਾ ਹੀ ਦੂਰ ਕਰਦਾ ਹੈ ਜੋ ਮਾਇਆ ਮੋਹ ਦਾ ਮੂਲ ਹੈ ਭਾਵ ਬੰਧਨਾਂ ਦੇ ਮੂਲ ਕਾਰਨ ਨੂੰ ਦੂਰ ਕਰਦਾ ਹੈ, ਮਨੁੱਖ ਦੀ ਸੋਚ ਤੇ ਲਗਾਏ ਹੋਏ ਬੰਧਨ ਨੂੰ ਹਟਾ ਕੇ ਮਨੱਖ ਦੀ ਸੋਚ ਦੁਆਰਾ ਹੀ, ਮਨ ਦੇ ਵਿੱਚ ਹੀ ਉਸਨੂੰ ਸੋਝੀ ਪਾਉਂਦਾ ਹੈ ਕਿ ਇਹ ਮਨ ਤੇਰਾ ਨਹੀਂ ਹੈ, ਇਹ ਸੋਚ ਤੇਰੀ ਨਹੀਂ ਹੈ, ਇਸ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। "ਇਹ ਮੁਕਤੀ ਹੈ" ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਂਦੀ ਹੈ, ਸਾਨੂੰ ਆਪਣੇ ਆਪ ਦੀ ਪਹਿਚਾਣ ਕਰਵਾਉਂਦੀ ਹੈ। ਇਹ ਬਹੁਤ ਹੀ ਅਜ਼ਬ ਤੇ ਹੈਰਾਨ ਕਰਨ ਵਾਲੀ ਅਵੱਸਥਾ ਹੈ, ਖੇਡ ਹੈ, ਜੋ ਉਸਦੀ ਕ੍ਰਿਪਾ ਦੁਆਰਾ ਹੀ ਸਮਝ ਆ ਸਕਦੀ ਹੈ। ਇਸ ਨੂੰ ਬਿਆਨ ਕਰਨਾ ਇਤਨਾ ਜ਼ਿਆਦਾ

4/299

ਔਖਾ ਹੈ ਜਿਤਨਾ ਕਿ ਉਸਨੂੰ ਪਾਉਣਾ ਔਖਾ ਹੈ। ਇਸ ਤੋਂ ਵੱਡੀ ਹੈਰਾਨ ਕਰਨ ਵਾਲੀ ਗੱਲ ਕੋਈ ਨਹੀਂ ਹੋ ਸਕਦੀ, "ਇਹ ਵਿਸਮਾਦ" ਹੈ। ਇਸ ਤੋਂ ਵੱਡਾ ਅਜੂਬਾ ਹੋ ਹੀ ਨਹੀਂ ਸਕਦਾ। ਜਿਤਨਾ ਇਸ ਨੂੰ ਸਮਝਾਉਣਾ ਔਖਾ ਹੈ, ਉਤਨਾ ਹੀ ਕਿਸੇ ਦੀ ਸਮਝ ਵਿੱਚ ਆਉਣਾ ਔਖਾ ਹੈ। ਕਿਸੇ ਨੂੰ ਅਗਰ ਜ਼ਿਆਦਾ ਸਮਝਾਉਣ ਦੀ ਕੋਸ਼ਿਸ਼ ਕਰੋਗੇ ਤਾਂ ਉਹ ਤੁਹਾਨੂੰ ਪਾਗਲ ਕਹਿਣ ਲਈ, ਝੱਲਾ ਕਹਿਣ ਲਈ ਤਾਂ ਤਿਆਰ ਹੋ ਜਾਵੇਗਾ ਪਰ ਮੰਨਣ ਲਈ ਤਿਆਰ ਨਹੀਂ ਹੋਵੇਗਾ। ਇਸ ਦਾ ਯਕੀਨ ਉਹ ਹੀ ਕਰ ਸਕਦਾ ਹੈ ਜਿਸ ਤੇ ਇਹ ਖੇਡ ਵਰਤੀ ਹੋਵੇ ਤੇ ਇਸੇ ਲਈ ਯਕੀਨ ਕਰਨਾ ਮੁਮਕਿਨ ਨਹੀਂ ਹੈ ਭਾਵ ਬਹੁਤ ਜ਼ਿਆਦਾ ਔਖਾ ਹੈ। **(ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ॥ ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਹਾ ਸਾਚੋ ਭਾਈ॥੧॥)** "ਹਰਿ ਰਸ" ਕੀ ਹੈ, ਇਸ ਨੂੰ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਸ਼ਬਦਾਂ ਦੇ ਅੰਦਰ ਦੀ ਜੋ ਸਮਝ ਹੈ, ਉਹ ਹਰਿ ਰਸ ਹੈ, ਨਾਮ ਰਸ ਹੈ।

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ ੪੧)

ਉਹ ਪ੍ਰਮਾਤਮਾ ਆਪ ਨਿਰਮਲ ਹੈ, ਪਵਿੱਤਰ ਹੈ, ਸੱਚ ਹੈ ਤੇ ਮਨੁੱਖ ਨੂੰ ਨਿਰਮਲ ਕਰਨ ਵਾਲਾ ਵੀ ਉਹ ਆਪ ਹੀ ਹੈ। ਜਿਸਨੂੰ ਉਹ ਨਿਰਮਲ ਬਣਾਉਂਦਾ ਹੈ ਉਸ ਦੇ ਮਨ ਵਿੱਚ ਹੀ ਵੱਸਦਾ ਹੈ, ਪ੍ਰਗਟ ਹੁੰਦਾ ਹੈ। ਜਿਹੜਾ ਗੁਰੂ ਦੀ ਮਤਿ ਨੂੰ ਲੈਂਦਾ ਹੈ, ਉਹੀ ਪਵਿੱਤਰ ਹੁੰਦਾ ਹੈ ਕਿਉਂਕਿ ਸਾਨੂੰ ਗੁਰੂ ਦੀ ਮਤਿ ਮੋਹ ਮਾਇਆ ਵਿੱਚੋਂ ਨਿਕਲ ਕੇ ਸੱਚ ਤੇ ਚੱਲਣ ਲਈ ਉਪਦੇਸ਼ ਦਿੰਦੀ ਹੈ। ਜਿਸ ਤੇ ਉਸਦੀ ਕ੍ਰਿਪਾ ਹੁੰਦੀ ਹੈ ਉਸ ਦੇ ਮਨ ਵਿੱਚ ਪ੍ਰਗਟ ਹੋ ਕੇ ਉਸਨੂੰ ਆਪਣੀ ਸੱਚੀ ਸੋਝੀ, ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ ਤੇ ਉਸਦੀ ਮਤਿ ਨੂੰ ਆਪਣੀ ਸੱਚੀ ਮਤਿ ਦੁਆਰਾ ਆਪ ਹੀ ਉਸਦੀ ਮਤਿ ਨੂੰ ਪਵਿਤਰ ਕਰਦਾ ਹੈ, ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢ ਕੇ ਪਵਿੱਤਰ ਕਰਦਾ ਹੈ, ਆਪਣੀ ਗੁਰਮਤਿ ਦੁਆਰਾ ਪਵਿੱਤਰ ਕਰਦਾ ਹੈ ਤੇ ਆਪ ਹੀ ਆਪਣੀ ਮਤਿ ਤੇ ਚਲਾਉਂਦਾ ਹੈ ਭਾਵ ਮਨ ਦੀ ਬਿਖਿਆ ਭਾਵ ਮਨਮਤਿ ਵਾਲੀ ਮਾੜੀ ਸਮਝ ਵਿੱਚੋਂ, ਮਾਇਆ ਮੋਹ ਵਿੱਚੋਂ, ਮਨ ਦੀ ਬਿਖਿਆ ਵਿੱਚੋਂ ਕੱਢ ਕੇ ਭਾਵ ਉਦਾਸ ਕਰਕੇ, ਨਿਰਲੇਪ ਕਰਕੇ ਚਲਾਉਂਦਾ ਹੈ। ਗੁਰੂ ਦੀ ਮਤਿ ਤੇ ਚੱਲਣਾ ਹੀ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨਾ ਹੈ ਅਤੇ ਔਗੁਣਾਂ ਤੋਂ ਆਪਣੇ ਆਪ ਨੂੰ ਦੂਰ ਰੱਖਣਾ ਹੈ, ਮਾਇਆ ਵਿੱਚ ਵਿਚਰਦਿਆਂ ਉਸ ਤੋਂ ਨਿਰਲੇਪ ਰਹਿਣਾ ਹੀ ਭਾਵ ਮਨਮਤਿ ਤੋਂ ਨਿਰਲੇਪ ਰਹਿਣਾ ਹੀ ਪ੍ਰਮਾਤਮਾ ਦੀ ਸਿਫਤ ਸਾਲਾਹ ਹੈ।**(ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ॥ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ॥੧॥ਰਹਾਉ॥)** ਬਿਨ੍ਹਾਂ ਸ਼ਬਦ ਦੇ ਗਿਆਨ

ਤੋਂ ਭਾਵ ਗੁਰੂ ਦੀ ਮਤਿ ਤੋਂ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਨਹੀਂ ਜਾਣ ਸਕਦੇ ਭਾਵ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਕਿਉਂਕਿ ਇੱਕ ਗੁਰੂ ਹੀ ਹੈ ਜੋ ਸਾਨੂੰ ਸੋਝੀ ਪਾ ਸਕਦਾ ਹੈ, ਹੋਰ ਸਭ ਕੋਈ ਅਗਿਆਨਤਾ ਵਿੱਚ ਹੀ ਹੈ **(ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ॥)**। "ਸ਼ਬਦ" ਭਾਵ ਗੁਰੂ ਦੀ ਮਤਿ ਹੀ ਸਾਡੇ ਮਨ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਕਰ ਸਕਦੀ ਹੈ ਭਾਵ ਸਾਨੂੰ ਸਹੀ ਸੋਝੀ ਪਾ ਸਕਦੀ ਹੈ। ਇਹ ਸੋਝੀ ਹੀ ਭਾਵ ਗੁਰੂ ਦਾ ਗਿਆਨ ਹੀ ਸਾਡਾ ਸਹਾਈ ਬਣਦਾ ਹੈ ਭਾਵ ਗੁਰੂ ਦੀ ਮਤਿ ਦੁਆਰਾ ਲਏ ਗੁਣ ਹੀ ਸਾਡੇ ਲਈ ਅੰਤ ਸਹਾਈ ਹੁੰਦੇ ਹਨ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ **(ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ॥)**। "ਨਾਮ" ਨੇ ਸਾਡਾ ਸਹਾਈ ਗਿਆਨ ਦੁਆਰਾ ਬਣਨਾ ਹੈ ਨਾ ਕਿ ਉਸ ਨੂੰ

4/300

ਵਾਰ-ਵਾਰ ਬੋਲ ਕੇ ਰਟੀ ਜਾਣ ਨਾਲ। ਸਾਡੇ ਅੰਦਰ 'ਨਾਮ' ਭਾਵ ਪ੍ਰਮਾਤਮਾ ਗਿਆਨ ਦੁਆਰਾ ਹੀ ਪ੍ਰਗਟ ਹੁੰਦਾ ਹੈ। ਜਿਨ੍ਹਾਂ ਦੇ ਅੰਦਰ ਗੁਰੂ ਦੀ ਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ ਉਹ ਫਿਰ ਕੇਵਲ ਗੁਰੂ ਦੀ ਮਤਿ ਦੁਆਰਾ ਹੀ ਵਿਚਰਦੇ ਹਨ ਭਾਵ ਉਨ੍ਹਾਂ ਦੀ ਸਾਰੀ ਕਰਨੀ ਗੁਰੂ ਦੀ ਮਤਿ ਵਾਲੀ ਹੋ ਜਾਂਦੀ ਹੈ ਤੇ ਮਨ ਦੇ ਵਿੱਚ ਨਾਮ ਦੇ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਇਹ ਸੋਝੀ ਪੈ ਜਾਂਦੀ ਹੈ ਕਿ ਸਭ ਕੁੱਝ ਨਾਮ ਹੀ ਹੈ, ਪ੍ਰਮਾਤਮਾ ਹੀ ਹੈ, ਸਭ ਜਗ੍ਹਾ ਉਸੇ ਦਾ ਹੀ ਵਰਤਾਰਾ ਹੈ, ਸਭ ਜਗ੍ਹਾ, ਸਭ ਵਿੱਚ ਉਹ ਆਪ ਹੀ ਵਰਤ ਰਿਹਾ ਹੈ, ਆਪਣੇ ਨਾਮ ਦੁਆਰਾ ਭਾਵ ਸੱਚੇ ਗਿਆਨ ਦੁਆਰਾ ਵਰਤ ਰਹਿਆ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਹੈ ਜਿਸ ਦੁਆਰਾ ਉਹ ਸਭ ਵਿੱਚ ਤੇ ਸਭ ਜਗ੍ਹਾ ਵਿਚਰ ਰਹਿਆ ਹੈ। **(ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ॥)** ਜਿਸਦੇ ਅੰਦਰ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ, ਨਾਮ ਦੁਆਰਾ ਵੱਸ ਜਾਂਦਾ ਹੈ ਉਸਦੇ ਮੁੱਖ ਤੇ ਹੀ ਨਾਮ ਹੁੰਦਾ ਹੈ, ਗੁਰੂ ਦੀ ਸੱਚੀ ਮਤਿ ਹੁੰਦੀ ਹੈ ਭਾਵ ਜੇਕਰ ਮਨ ਸੱਚਾ ਹੋ ਜਾਵੇ ਫਿਰ ਮੁੱਖ ਆਪੇ ਹੀ ਸੱਚਾ ਹੋ ਜਾਂਦਾ ਹੈ, ਉਹ ਮਨੁੱਖ ਫਿਰ ਸੱਚ ਹੀ ਬੋਲਦਾ ਹੈ, ਸੱਚ ਤੇ ਚੱਲਦਾ ਹੈ ਤੇ ਮਨ ਦੀ ਸੱਚੀ ਸੋਝੀ ਦੁਆਰਾ ਹੀ ਉਹ ਸ਼ਬਦ ਦੀ ਵਿਚਾਰ ਤੇ ਪੂਰਾ ਉਤਰਦਾ ਹੈ, ਗੁਰਮਤਿ ਤੇ ਪੂਰਾ ਉਤਰਦਾ ਹੈ। (**ਅੰਤਰਿ ਨਾਮੁ ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ ॥**) ਭਾਵ ਜਿਸ ਦੇ ਮਨ ਵਿੱਚ ਸੱਚ ਨਹੀਂ ਹੈ ਉਸਦਾ ਮੁੱਖੋਂ ਬੋਲਣਾ ਨਾਮ ਨਹੀਂ ਹੈ। ਨਾਮ ਵਾਲਾ ਮੁੱਖ ਉਹ ਹੀ ਹੈ ਜਿਸ ਦੇ ਮਨ ਵਿੱਚ ਨਾਮ ਹੈ। ਇਹੋ ਜਿਹੇ ਮਨੁੱਖ ਦੀ ਕਰਨੀ ਗੁਰੂ ਦੇ ਸ਼ਬਦ ਦੀ ਵਿਚਾਰ ਵਾਲੀ ਹੋ ਜਾਂਦੀ ਹੈ ਭਾਵ ਉਹ ਗੁਰੂ ਦੇ ਹੁਕਮ ਅਨੁਸਾਰ ਵਿਚਰਦਾ ਹੈ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਮਨ ਦੇ ਵਿੱਚ ਉਹ ਆਪਣਾ ਨਾਮ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਆਪ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਸ਼ਬਦਾਂ ਦੀ ਸੱਚੀ ਵਿਚਾਰ ਦੁਆਰਾ ਵਿਚਰਦਾ ਹੈ ਭਾਵ ਨਾਮ ਜਪਦਾ ਹੈ ਜੋ ਨਾਮ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਜਪਾਉਂਦਾ ਹੈ। **(ਨਾਮੇ ਸਬਦਿ ਵੀਚਾਰਾ॥)** ਗੁਰੂ ਦੀ ਗੱਲ ਨੂੰ ਸੁਣੀਏ, ਉਪਦੇਸ਼ ਨੂੰ ਸੁਣੀਏ, ਗੁਰੂ ਦੇ ਉਪਦੇਸ਼ ਨੂੰ ਮੰਨੀਏ ਭਾਵ ਉਸ ਤੇ ਅਮਲ ਕਰਕੇ ਉਸ ਅਨੁਸਾਰ ਵਿਚਰੀਏ, ਇਹੀ ਗੁਰੂ ਦੀ, ਪ੍ਰਮਾਤਮਾ ਦੀ ਵਡਿਆਈ ਕਰਨਾ ਹੈ, ਸਿਫਤ ਸਾਲਾਹ ਕਰਨਾ ਹੈ, ਜਸ ਗਾਉਣਾ ਹੈ, ਗੁਣ ਗਾਉਣੇ ਹਨ **(ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ॥)**। ਨਾਮ ਦੀ, ਗੁਰੂ ਦੀ ਭਾਵ ਪ੍ਰਮਾਤਮਾ ਦੀ ਵਡਿਆਈ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਉਸਦੀ ਵਡਿਆਈ ਕਰਨੀ ਸਾਨੂੰ ਸਮਝ ਆ ਜਾਵੇ, ਮਨ ਵਿੱਚ ਸੋਝੀ ਪੈ ਜਾਵੇ। ਮਨ ਵਿੱਚ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣੇ ਮਹਲ ਦੇ ਵਿੱਚੋਂ ਪਾਉਂਦਾ ਹੈ। ਉਸਦਾ ਮਹਲ ਸਾਡੇ ਅੰਦਰ ਹੀ ਹੈ ਜੋ ਕਿ ਸਾਡਾ ਮਨ ਹੈ। ਮਨ ਦੇ ਵਿੱਚ ਹੀ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਮਨ ਦੇ ਵਿੱਚ ਹੀ ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ। ਚੌਥਾ ਪਦ ਉਸਦੇ ਸੱਚੇ ਗਿਆਨ ਦਾ ਪਦ ਹੈ ਜਿਸ ਵਿੱਚ ਗੁਰੂ ਪ੍ਰਮਾਤਮਾ ਆਪ ਹੈ। ਇਹ ਪਦ ਬ੍ਰਹਮ ਗਿਆਨ ਦਾ ਪਦ ਹੈ, ਮਨ ਦੇ ਵਿੱਚ ਸਹਿਜ ਦੀ ਅਵੱਸਥਾ ਹੈ। ਇਹ ਬ੍ਰਹਮ ਗਿਆਨ ਦਾ ਪਦ ਹੀ ਪ੍ਰਮਾਤਮਾ ਦਾ ਮਹਲ ਹੈ ਜੋ ਸਾਡੇ ਮਨ ਦੇ ਅੰਦਰ ਉਸਦਾ ਨਿਰੰਕਾਰ ਰੂਪ ਮਹਲ ਹੈ, ਦਸਵਾਂ ਦੁਆਰ ਹੈ ਜਿਸਦਾ ਕੋਈ ਆਕਾਰ ਰੂਪ ਨਹੀਂ ਹੈ। ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੀ ਸਮਝ ਨਾਮ ਦੀ ਸਮਝ ਪ੍ਰਮਾਤਮਾ ਆਪਣੇ ਇਸ ਮਹਿਲ ਵਿੱਚੋਂ ਹੀ ਪਾਉਂਦਾ ਹੈ। ਇਹ "ਮਹਲ" ਕੇਵਲ ਮਨ ਦੀਆਂ ਅੱਖਾਂ ਨਾਲ ਦਿੱਸਦਾ ਹੈ। ਆਪਣਾ ਇਹ ਰੂਪ ਪ੍ਰਮਾਤਮਾ ਕਿਸੇ ਨੂੰ ਆਪ ਹੀ ਦਿਖਾਉਂਦਾ ਹੈ, ਆਪਣੇ ਮਹਲ ਦੇ ਦਰਸ਼ਨ ਆਪ ਹੀ ਕਰਵਾਉਂਦਾ ਹੈ। ਪ੍ਰਮਾਤਮਾ ਦੇ ਇਸ ਮਹਲ ਵਿੱਚ ਪਹੁੰਚ ਕੇ, ਬ੍ਰਹਮ ਗਿਆਨ ਦੀ ਅਵੱਸਥਾ ਵਿੱਚ ਪਹੁੰਚ ਕੇ ਫਿਰ ਮਨੁੱਖ ਸਦਾ ਹੀ ਉਸ ਅਵੱਸਥਾ ਵਿੱਚ ਰਹਿੰਦਾ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜਿਆ ਰਹਿੰਦਾ ਹੈ, ਉਸਦੇ ਸੱਚੇ ਗਿਆਨ ਨਾਲ ਲਿਵ ਜੁੜੀ ਰਹਿੰਦੀ ਹੈ ਕਿਉਂਕਿ ਇਹ ਸੱਚਾ ਗਿਆਨ ਮਨ ਦੇ ਵਿੱਚ ਸਿੱਧਾ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ। ਇਸ ਅਵੱਸਥਾ ਦੁਆਰਾ ਫਿਰ ਮਨੁੱਖੀ ਰੂਪ ਸਦਾ ਪ੍ਰਮਾਤਮਾ ਦੀ ਹੀ ਸਿਫਤ ਕਰਦਾ ਹੈ, ਵਡਿਆਈ

ਕਰਦਾ ਜੋ ਕਿ ਅਸਲ ਦੇ ਵਿੱਚ ਉਹ ਆਪ ਹੀ ਕਰਵਾਉਂਦਾ ਹੈ, ਆਪਣੀ ਮਤਿ ਦੇ ਕੇ ਉਸ ਮਤਿ ਤੇ ਆਪ ਹੀ ਚਲਾਉਂਦਾ ਹੈ, ਆਪਣਾ ਨਾਮ ਦੇ ਕੇ ਉਸ ਤੇ ਆਪ ਹੀ ਦ੍ਰਿੜ ਰੱਖਦਾ ਹੈ, ਪੱਕਾ ਰੱਖਦਾ ਹੈ, ਮਨ ਨੂੰ ਡੋਲਣ ਨਹੀਂ ਦਿੰਦਾ, ਮਾਇਆ ਮੋਹ ਵਿੱਚ ਨਹੀਂ ਪੈਣ ਦਿੰਦਾ। ਇਹ ਉਸਦਾ ਆਪਣਾ ਰੂਪ ਹੈ ਜੋ ਮਨ ਦੇ ਵਿੱਚੋਂ ਹੀ ਮਨੁੱਖੀ ਸਰੀਰ ਦੁਆਰਾ ਉਹ ਪ੍ਰਗਟ ਕਰਦਾ ਹੈ। ਸਾਨੂੰ ਕੇਵਲ ਮਨੁੱਖੀ ਸਰੀਰ ਹੀ ਨਜ਼ਰ ਆਉਂਦਾ ਹੈ ਪਰ ਉਸ ਸਰੀਰ ਨੂੰ ਚਲਾਉਣ ਵਾਲਾ ਕੌਣ ਹੈ, ਇਹ ਗੱਲ ਕੇਵਲ ਉਹ ਜਾਣਦਾ ਹੈ ਜਿਸ ਸਰੀਰ ਰਾਹੀਂ ਉਹ ਬ੍ਰਹਮ ਗਿਆਨੀ, ਬ੍ਰਹਮ ਗਿਆਨ ਦਾ ਮਾਲਕ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਇਆ ਹੁੰਦਾ ਹੈ। ਉਸਦੀ ਸੱਚੀ ਸਿਫਤ ਸਲਾਹ ਇਸ ਅਵੱਸਥਾ ਦੁਆਰਾ ਹੀ ਹੁੰਦੀ ਹੈ ਜੋ ਕਿ ਉਹ ਨਾਮ ਦਾ ਮਾਲਕ ਭਾਵ ਪ੍ਰਮਾਤਮਾ ਆਪ ਹੀ ਆਪਣਾ ਨਾਮ ਬਖਸ਼ ਕੇ ਕਰਵਾਉਂਦਾ ਹੈ। **(ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ॥)**। ਗੁਰੂ ਦੀ ਮਤਿ ਦਾ ਹੀ ਸਾਡੇ ਮਨ ਵਿੱਚ ਪ੍ਰਗਾਸ ਹੁੰਦਾ ਹੈ, ਗਿਆਨ ਦਾ ਪ੍ਰਗਾਸ ਹੁੰਦਾ ਹੈ ਭਾਵ ਸਾਨੂੰ ਸੋਝੀ ਪੈਂਦੀ ਹੈ ਜਿਸ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾ ਤੇ ਇਨ੍ਹਾਂ ਚੰਗੇ ਕਰਮਾਂ ਦੁਆਰਾ ਹੀ ਅਸੀਂ

4/301

ਪ੍ਰਮਾਤਮਾ ਦੇ ਦਰ ਤੇ ਸੋਭਾ ਪਾਉਂਦੇ ਹਾਂ ਤੇ ਇਹ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਸਾਡੇ ਮਨ ਦੀ ਸਮਝ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। **(ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ॥)** ਉੱਪਰ ਵਾਲੀ ਪੰਗਤੀ ਦੁਆਰਾ ਬੜਾ ਸਪੱਸ਼ਟ ਹੈ ਕਿ ਨਾਮ ਗੁਰੂ ਦਾ ਸੱਚਾ ਗਿਆਨ ਹੈ ਤੇ ਗਿਆਨ ਦਾ ਮਕਸਦ ਸਾਡੇ ਮਨ ਦੇ ਵਿੱਚ ਗੁਰੂ ਦੀ ਸੱਚੀ ਸਮਝ ਦਾ ਪ੍ਰਕਾਸ਼ ਕਰਨ ਦੇ ਨਾਲ ਹੀ ਹੈ ਭਾਵ ਸਾਨੂੰ ਮਨ ਦੀ ਨਾ-ਸਮਝ ਮਤਿ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ, ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਮਨ ਦੀ ਸੱਚੀ ਸਮਝ ਦੁਆਰਾ, ਭਗਤੀ ਵਾਲੀ ਸੱਚੀ ਸਮਝ ਦੁਆਰਾ ਵਿਚਰਨ ਨਾਲ ਪ੍ਰਮਾਤਮਾ ਦੇ ਦਰ ਤੋਂ ਸੋਭਾ ਮਿਲਦੀ ਹੈ। (**ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ ॥**) ਆਓ ਹੁਣ ਇਸ ਸ਼ਬਦ ਦੇ ਦੂਸਰੇ ਪਦੇ ਦੀ ਆਖਰੀ ਪੰਗਤੀ ਵੱਲ ਧਿਆਨ ਮਾਰੀਏ ਜੋ ਕਿ ਇਸ ਪ੍ਰਕਾਰ ਹੈ:-

"ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ॥"

ਹੁਣ ਚੌਥੇ ਪਦੇ ਦੀ ਇਸ ਪੰਗਤੀ ਵੱਲ ਵੀ ਧਿਆਨ ਮਾਰੀਏ:-

"ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ॥"

ਉੱਪਰ ਵਾਲੀਆਂ ਦੋਨਾਂ ਪੰਗਤੀਆਂ ਨੂੰ ਆਪਸ ਵਿੱਚ ਮਿਲਾ ਕੇ ਦੇਖੋ ਕਿ ਦੋਨਾਂ ਵਿੱਚ ਕੀ ਫਰਕ ਹੈ। ਇੱਕ ਪੰਗਤੀ ਰਾਹੀਂ ਸਾਨੂੰ ਗੁਰਮਤਿ ਦਾ ਮਕਸਦ ਸਮਝਾਇਆ ਹੋਇਆ ਹੈ ਤੇ ਦੂਸਰੀ ਪੰਗਤੀ ਰਾਹੀਂ ਨਾਮ ਦਾ ਮਕਸਦ ਸਮਝਾਇਆ ਹੋਇਆ ਹੈ। ਦੋਨਾਂ ਦਾ ਮਕਸਦ ਇੱਕੋ ਹੀ ਹੈ ਭਾਵ ਸਾਡੇ ਮਨ ਦੇ ਅੰਦਰ ਗੁਰੂ ਦੇ ਗਿਆਨ ਦਾ ਪ੍ਰਕਾਸ਼ ਕਰਨ ਦੇ ਨਾਲ ਹੈ। ਹੁਣ ਧਿਆਨ ਨਾਲ ਵਿਚਾਰੋ ਕਿ ਸਾਨੂੰ ਗੁਰੂ ਦਾ ਗਿਆਨ ਗੁਰੂ ਦੀ ਮਤਿ ਦੁਆਰਾ ਹੀ ਮਿਲਦਾ ਹੈ, ਗੁਰੂ ਦੇ ਸ਼ਬਦ ਦੁਆਰਾ ਹੀ ਮਿਲਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਉੱਪਰ ਪੰਗਤੀ ਵਿੱਚ ਨਾਮ ਦੁਆਰਾ ਹੀ ਗੁਰੂ ਦਾ ਗਿਆਨ ਮਿਲਣ ਦੀ ਗੱਲ ਕੀਤੀ ਹੋਈ ਹੈ। ਫਿਰ ਨਾਮ ਅਤੇ ਗੁਰੂ ਦੀ ਮਤਿ ਵਿੱਚ ਫਰਕ ਕੀ ਰਹਿ ਗਿਆ। ਪੂਰੀ ਗੁਰਬਾਣੀ ਦੇ ਵਿੱਚ ਗੁਰੁ ਦੀ ਮਤਿ ਹੈ ਭਾਵ ਨਾਮ ਹੈ ਜਿਸਦਾ ਮਕਸਦ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਨਾਲ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਨਾਲ ਹੈ, ਭਗਤੀ ਦਾ ਸਹੀ ਮਾਰਗ ਸਮਝਾਉਣ ਨਾਲ ਹੈ। ਹਰ ਸ਼ਬਦ ਦੀ ਵਿਚਾਰ ਗੁਰੂ ਦੀ ਮਤਿ ਹੈ ਤੇ ਇਸੇ ਲਈ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

ਗੁਰਬਾਣੀ ਵਿੱਚ ਤੇ ਨਾਮ ਵਿੱਚ ਫਰਕ ਅਸਲ ਵਿੱਚ ਹੈ ਹੀ ਨਹੀਂ। ਫਰਕ ਕੇਵਲ ਸਾਡੀ ਸਮਝ ਵਿੱਚ ਹੈ। ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਤੇ ਪੂਰੀ ਗੁਰਬਾਣੀ ਇਸੇ ਲਈ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਜਿਸ ਵਿੱਚ ਉਹ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਆਪ ਹੀ ਗੁਰੂ ਹੈ। ਕੇਵਲ ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿ ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ ਜੋ ਕਿ ਗੁਰੂ ਦੀ ਸੱਚੀ ਮਤਿ ਦੇ ਰੂਪ ਵਿੱਚ ਹੈ। ਗੁਰੂ ਦੀ ਮਤਿ ਨੂੰ ਜਪਣਾ ਭਾਵ ਮੰਨਣਾ ਹੀ ਨਾਮ ਜਪਣਾ ਹੈ। ਬਾਣੀ ਸਾਨੂੰ ਆਪ ਹੀ ਸ਼ਬਦਾਂ ਦੁਆਰਾ ਸਭ ਸੋਝੀ ਪਾ ਰਹੀ ਹੈ ਤੇ ਕੇਵਲ ਸ਼ਬਦਾਂ ਨੂੰ ਧਿਆਨ ਨਾਲ ਸਮਝਣ ਦੀ

ਲੋੜ ਹੈ। ਸਭ ਸੋਝੀ ਪਾ ਰਹੀ ਹੈ। ਸਾਡੇ ਅੰਦਰ "ਸੁਖ" ਨਾਮ ਦੁਆਰਾ ਹੀ ਉਪਜਦਾ ਹੈ, ਗੁਰੂ ਦੀ ਮਤਿ ਦੁਆਰਾ ਹੀ ਉਪਜਦਾ ਹੈ। ਉਸਦੀ ਮਤਿ ਅੰਦਰ ਰਹਿਣਾ, ਉਪਦੇਸ਼ ਅੰਦਰ ਰਹਿਣਾ, ਭਾਣੇ ਅੰਦਰ ਰਹਿਣਾ ਹੀ ਉਸਦੀ ਸ਼ਰਨ ਵਿੱਚ ਰਹਿਣਾ ਹੈ **(ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ॥)** ਜੋ ਗੁਰੂ ਦੀ ਮਤਿ ਤੇ ਨਹੀਂ ਚੱਲਦਾ ਉਹ ਪ੍ਰਮਾਤਮਾ ਦੇ ਦਰ ਤੇ ਨਹੀਂ ਮੰਨਿਆ ਜਾਂਦਾ ਭਾਵ ਕੋਈ ਵੀ ਮਨੁੱਖ ਉਸ ਦੇ ਦਰ ਤੇ ਤਾਂ ਹੀ ਪ੍ਰਵਾਨ ਹੋ ਸਕਦਾ ਹੈ ਜੇਕਰ ਉਹ ਗੁਰੂ ਦੀ ਮਤਿ ਅਨੁਸਾਰ ਚੱਲਦਾ ਹੈ ਤੇ ਉਹ ਹੀ ਗੁਰਮੁੱਖ ਬਣ ਸਕਦਾ ਹੈ ਭਾਵ ਆਪਣੇ ਅੰਦਰ ਦੇ "ਗੁਰਮੁਖਿ" ਨੂੰ ਜਾਣ ਸਕਦਾ ਹੈ। ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਚੱਲਦਾ ਉਹ ਮਨਮੁੱਖ ਹੈ ਤੇ ਪ੍ਰਮਾਤਮਾ ਦੇ ਅੱਗੇ ਆਪਣੀ ਪਤਿ ਗਵਾਉਂਦਾ ਹੈ। **(ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ॥)** ਗੁਰੂ ਦੀ ਮਤਿ ਤੇ ਨਾ ਚੱਲਣ ਵਾਲੇ ਮਨੁੱਖ ਭਾਵ ਨਾਮ ਵਿਹੂਣੇ ਮਨੁੱਖ ਭਾਵ ਮਾੜੇ ਕਰਮ ਕਰਨ ਵਾਲੇ ਮਨੁੱਖ

4/302

ਜਮਾਂ ਦੇ ਵੱਸ ਪੈਂਦੇ ਹਨ, ਔਗੁਣਾਂ ਦੇ ਵੱਸ ਪੈਂਦੇ ਹਨ ਤੇ ਮਾੜੇ ਕਰਮ ਕਰਨ ਦੀਆਂ ਸਜਾਵਾਂ ਭੁਗਤਦੇ ਹਨ, ਆਪਣਾ ਜਨਮ ਬੇਕਾਰ ਗਵਾਉਂਦੇ ਹਨ। ਜਿਸ ਨੂੰ ਪ੍ਰਮਾਤਮਾ ਨਾਮ ਦੀ, ਗੁਰਮਤਿ ਦੀ ਸੋਝੀ ਪਾਉਂਦਾ ਹੈ ਉਸ ਮਨੁੱਖ ਦੀ ਸਾਰੀ ਕਰਨੀ (ਸਭ ਸੇਵਾ) ਗੁਰੂ ਵਾਲੀ ਹੁੰਦੀ ਹੈ, ਨਾਮ ਵਾਲੀ ਹੁੰਦੀ ਹੈ। ਆਪਣੀ ਗੁਰਮਤਿ ਦੀ ਸੋਝੀ ਪਾ ਕੇ, ਨਾਮ ਦੀ ਸੋਝੀ ਪਾ ਕੇ ਉਸ ਨੂੰ ਮੰਨਵਾਉਂਦਾ ਵੀ ਉਹ ਆਪ ਹੀ ਹੈ ਭਾਵ ਉਸ ਤੇ ਦ੍ਰਿੜ ਕਰਕੇ ਚਲਾਉਂਦਾ ਵੀ ਉਹ ਆਪ ਹੀ ਹੈ ਤੇ ਇਸ ਤਰੀਕੇ ਨਾਮ ਤੇ ਚਲਾ ਕੇ ਭਾਵ ਸਾਡੀ ਚੰਗੀ ਕਰਨੀ ਦੁਆਰਾ ਉਹ ਆਪਣਾ ਨਾਮ ਜਪਵਾਉਂਦਾ ਹੈ, ਆਪਣੀ ਵਡਿਆਈ ਕਰਵਾਉਂਦਾ ਹੈ। ਸਭ ਕੁੱਝ "ਨਾਮ" ਭਾਵ ਪ੍ਰਮਾਤਮਾ ਹੀ ਹੈ। ਉਹ ਆਪ ਹੀ ਨਾਮ ਦੇ ਕੇ ਉਸ ਤੇ ਚਲਾਉਂਦਾ ਹੈ, ਜਪਵਾਉਂਦਾ ਹੈ। **(ਨਾਮੈ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ॥ ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ॥੭॥)** ਆਪਣਾ ਨਾਮ ਜਿਸਨੂੰ ਪ੍ਰਮਾਤਮਾ ਆਪ ਦੇਵੇ ਉਸਨੂੰ ਹੀ ਮਿਲ ਸਕਦਾ ਹੈ ਤੇ ਉਹ ਹੀ ਨਾਮ ਨੂੰ, ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਆਪਣਾ "ਨਾਮ" ਪ੍ਰਮਾਤਮਾ ਗੁਰਮਤਿ ਦੇ ਰੂਪ ਵਿੱਚ ਹੀ ਦਿੰਦਾ ਹੈ, ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਦਿੰਦਾ ਹੈ ਭਾਵ ਮਨ ਦੇ ਵਿੱਚ ਆਪ ਪ੍ਰਮਾਤਮਾ ਪ੍ਰਗਟ ਹੋ ਕੇ ਸੱਚੀ ਸੋਝੀ ਦਿੰਦਾ ਹੈ। ਮਨ ਦੇ ਵਿੱਚ ਇਸ ਤਰ੍ਹਾਂ ਸੋਝੀ ਪਾਉਣ ਨਾਲ ਹੀ "ਗੁਰਮਤਿ", "ਗੁਰਬਾਣੀ" ਪ੍ਰਗਟ ਹੋਈ ਹੈ ਜੋ ਨਾਮ ਦੇ ਰੂਪ ਵਿੱਚ ਸਭ ਨੂੰ ਆਪਣੀ ਸੱਚੀ ਸਿੱਖਿਆ, ਪ੍ਰਮਾਤਮਾ ਦਾ ਸੱਚਾ ਗਿਆਨ ਦੇ ਰਹੀ ਹੈ। **(ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ॥)**। ਉੱਪਰ ਵਾਲੀ ਇਸ ਪੰਗਤੀ ਰਾਹੀਂ ਗੁਰੂ ਸਾਹਿਬ ਨੇ ਕਿਤਨਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਜਿਸਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਹ ਗੁਰਮਤਿ ਦੇ ਰੂਪ ਵਿੱਚ ਦਿੰਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ, ਗੁਰਮਤਿ ਰੂਪ ਗਿਆਨ ਦੇ ਰੂਪ ਵਿੱਚ ਦਿੰਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪਰਗਟ ਹੋ ਕੇ ਪ੍ਰਮਾਤਮਾ ਨੇ ਇਹ ਸੱਚਾ ਗਿਆਨ ਦਿੱਤਾ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਗੁਰਮਤਿ ਪਾਈ ਹੈ, ਨਾਮ ਪਾਇਆ ਹੈ ਜੋ ਸੱਚ ਦੇ ਰੂਪ ਵਿੱਚ ਹੈ ਗੁਰੂ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ। ਸਭ ਕੁੱਝ ਪ੍ਰਮਾਤਮਾ ਦੇ ਵੱਸ ਵਿੱਚ ਹੀ ਹੈ, ਨਾਮ ਦੇ ਵੱਸ ਵਿੱਚ ਹੀ ਹੈ ਤੇ ਵੱਡੇ ਭਾਗਾਂ ਨਾਲ ਹੀ ਉਸ ਪ੍ਰਮਾਤਮਾ ਨੂੰ, ਨਾਮ ਨੂੰ ਕੋਈ ਵਿਰਲਾ ਹੀ ਪਾ ਸਕਦਾ ਹੈ। **(ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ॥੮॥੭॥੨੯॥)**

ਉਪਰਲੇ ਸ਼ਬਦ ਨੂੰ ਅਸੀਂ ਪੰਗਤੀ ਦਰ ਪੰਗਤੀ ਜਾਣਿਆ ਹੈ। ਵਾਰ-ਵਾਰ ਨਾਮ ਦੀ ਗੱਲ ਆਈ ਹੈ। ਕੀ ਇਸ ਸ਼ਬਦ ਦੇ ਅਰਥ ਉਸ ਅੱਖਰ ਦੇ ਨਾਲ ਹੋ ਸਕਦੇ ਹਨ ਜਿਸ ਦੇ ਵਿੱਚੋਂ ਸਾਨੂੰ ਕੋਈ ਗਿਆਨ ਨਹੀਂ ਮਿਲਣਾ, ਜਿਸ ਅੱਖਰ ਨੂੰ ਅਸੀਂ ਨਾਮ ਸਮਝਦੇ ਹਾਂ। ਜੇਕਰ ਅਸੀਂ ਬਾਣੀ ਨੂੰ ਦਿਲੋਂ ਸਮਝਣਾ ਚਾਹੁੰਦੇ ਹਾਂ, ਗਿਆਨ ਲੈਣਾ ਚਾਹੁੰਦੇ ਹਾਂ, ਬਾਣੀ ਦੀ ਗਹਿਰਾਈ ਵਿੱਚ ਜਾਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਇਹ ਪੁਰਾਣੀ ਸੋਚ ਛੱਡਣੀ ਹੀ ਪਵੇਗੀ। ਜੇਕਰ ਸਾਨੂੰ ਅਗਿਆਨਤਾ ਵਿੱਚ ਰਹਿਣਾ ਹੀ ਪਸੰਦ ਹੈ ਤਾਂ ਫਿਰ ਸਾਨੂੰ ਕੋਈ ਨਹੀਂ ਬਦਲ ਸਕਦਾ ਸਿਵਾਇ ਉਸ ਪ੍ਰਮਾਤਮਾ ਦੀ ਕਿਰਪਾ ਦੇ।

ਆਓ ਹੁਣ ਅਗਲੇ ਸ਼ਬਦ ਰਾਹੀਂ ਇਹ ਜਾਣੀਏ ਕਿ ਨਾਮ ਦੀ ਵਣਜ ਕੀ ਹੈ, ਨਾਮ ਦਾ ਵਾਪਾਰ ਕੀ ਹੈ ਅਤੇ ਨਾਮ

4/303

ਦੁਆਰਾ ਲਾਹਾ ਕਿਵੇਂ ਮਿਲਣਾ ਹੈ। ਜਿਹੋ ਜਿਹੀ ਨਾਮ ਦੀ ਵਣਜ ਅਸੀਂ ਕਰਦੇ ਹਾਂ ਉਸਦਾ ਫਲ ਵੀ ਸਮਝਾਇਆ ਹੋਇਆ ਹੈ ਅਤੇ ਨਾਲ ਹੀ ਸਾਨੂੰ ਅਸਲ ਵਣਜ ਕਰਨ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਜੀਵਨ ਦਾ ਮਕਸਦ ਹੈ। ਸ਼ਬਦ ਨੂੰ ਕੁੱਝ ਬਰੀਕੀ ਨਾਲ ਸਮਝਣ ਦੀ ਲੋੜ ਹੈ। ਇਸ ਸ਼ਬਦ ਰਾਹੀਂ ਸਾਨੂੰ ਨਾਮ ਦੀ ਵਣਜ ਕਰਨੀ ਸਿਖਾਈ ਹੋਈ ਹੈ। ਜਿਹੋ ਜਿਹੀ ਵਣਜ ਅਸੀਂ ਕਰਦੇ ਹਾਂ ਉਹ ਵੀ ਸਮਝਾਈ ਹੋਈ ਹੈ ਤੇ ਜਿਹੋ ਜਿਹੀ ਵਣਜ ਕਰਨੀ ਚਾਹੀਦੀ ਹੈ ਉਹ ਵੀ ਸਮਝਾਈ

ਹੋਈ ਹੈ। ਅਸੀਂ ਨਾਮ ਦੀ ਵਣਜ ਬਾਰੇ ਪਿੱਛੇ ਸ਼ਬਦਾਂ ਦੁਆਰਾ ਵੀ ਸਮਝਿਆ ਹੈ। ਵਣਜ ਕਰਨ ਦਾ ਤਰੀਕਾ ਉਹੀ ਹੈ, ਇੱਕੋ ਹੀ ਹੈ, ਕੇਵਲ ਸ਼ਬਦਾਂ ਦੇ ਅੰਦਰ ਦੀ ਗਹਿਰਾਈ ਨੂੰ ਸਮਝਣ ਦੀ ਲੋੜ ਹੈ।

ੴ ਸਤਿਗੁਰ ਪ੍ਰਸਾਦਿ ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥

“ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥

ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥

ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥

ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥

ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥

ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥

ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥

ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥

ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥

ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥

ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥

ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥

ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥

ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥

ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥

ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥

ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥

ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥

ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥

ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥

(ਅੰਗ ੪੧੮-੪੧੯)

ਇਸ ਸੰਸਾਰ ਨੂੰ ਇੱਕ ਚਰਾਗਾਹ ਦੀ ਤਰ੍ਹਾਂ ਦੱਸਿਆ ਹੈ ਜਿੱਥੇ ਕਿਸੇ ਦਾ ਕੋਈ ਪੱਕਾ ਠਿਕਾਣਾ ਨਹੀਂ ਹੁੰਦਾ ਲੇਕਿਨ ਮਨੁੱਖ ਇਸ ਦੁਨੀਆਂ ਦੇ ਵਿੱਚ ਇਸ ਤਰੀਕੇ ਨਾਲ ਵਿਚਰਦਾ ਹੈ, ਘਰ ਬਾਰ ਬਣਾਉਂਦਾ ਹੈ ਜਿਵੇਂ ਪੱਕਾ ਰਹਿਣਾ ਹੁੰਦਾ ਹੈ ਜਿਸ ਕਾਰਨ ਉਹ ਮਾੜੇ ਧੰਦਿਆਂ ਵਿੱਚ ਪੈ ਕੇ ਮਾਇਆ ਇਕੱਠੀ ਕਰਨ ਵਿੱਚ ਲੱਗਾ ਰਹਿੰਦਾ ਹੈ। ਮਨੁੱਖ ਨੂੰ ਇਹੋ ਜਿਹੀ ਬਿਰਤੀ ਤੋਂ ਸੁਚੇਤ ਕੀਤਾ ਹੈ ਅਤੇ ਉਸਨੂੰ ਸੁੱਤਾ ਹੋਇਆ ਕਿਹਾ ਹੈ ਭਾਵ ਜੋ ਵਣਜ ਅਸੀਂ ਕਰਨ ਲਈ ਆਏ ਹਾਂ, ਜੋ ਲਾਹਾ ਲੈਣ ਆਏ ਹਾਂ ਉਸ ਵੱਲੋਂ ਬੇਖਬਰ ਦੱਸਿਆ ਹੈ ਤੇ ਜਾਗਣ ਲਈ ਕਿਹਾ ਹੈ ਭਾਵ ਉਸ ਮਾਇਆ ਵਾਲੀ ਬਿਰਤੀ ਵਿੱਚੋਂ, ਜਿਸ ਨੂੰ ਕਮਾਉਣ ਲਈ ਅਸੀਂ ਔਗੁਣ ਕਰਦੇ ਹਾਂ ਉਸ ਵਿੱਚੋਂ ਨਿਕਲਣ ਲਈ ਸਮਝਾਇਆ ਹੈ। ਜਦੋਂ ਮਨੁੱਖ ਨੂੰ ਪਤਾ ਹੈ ਕਿ ਸੰਸਾਰ ਨੂੰ ਛੱਡ ਕੇ ਚਲੇ ਹੀ ਜਾਣਾ

ਹੈ ਫਿਰ ਹਰ ਵੇਲੇ ਮਨੁੱਖ ਨੂੰ ਮਾਇਆ ਵਿੱਚ ਹੀ ਨਹੀਂ ਫਸੇ ਰਹਿਣਾ ਚਾਹੀਦਾ ਕਿਉਂਕਿ ਮਾਇਆ ਸਾਡੇ ਨਾਲ ਨਹੀਂ ਜਾਣੀ। ਜਿਸ ਸਰੀਰ ਲਈ ਅਸੀਂ ਸਾਰਾ ਮਾਇਆ ਦਾ ਉਪਰਾਲਾ ਕਰਦੇ ਹਾਂ ਉਹ ਤਾਂ ਨਾਲ ਨਹੀਂ ਜਾਣਾ ਭਾਵ ਪ੍ਰਮਾਤਮਾ ਦੇ ਘਰ ਵਿੱਚ ਜਾਣ ਲਈ ਸਾਡਾ ਸਰੀਰ ਕੰਮ ਨਹੀਂ ਆਉਣਾ ਬਲਕਿ ਸਾਡੇ ਅੰਦਰ ਦੀ ਸਮਝ ਕੰਮ ਆਉਂਦੀ ਹੈ, ਸਾਡੇ ਮਨ ਨੇ ਕੰਮ ਆਉਣਾ ਹੈ। (**ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥ ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥**) ਉੱਪਰ 'ਰਹਾਉ' ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸਾਨੂੰ ਸੁੱਤੇ ਹੋਏ ਕਿਸ ਲਈ ਕਹਿਆ ਹੈ ਤੇ ਨਾਲ ਹੀ ਵਣਜਾਰੇ ਦੇ ਜਾਣ ਦੀ ਗੱਲ ਕੀਤੀ ਹੋਈ ਹੈ। ਵਣਜਾਰਾ ਉਹੀ ਹੈ ਜੋ ਵਣਜ ਕਰਦਾ ਹੈ ਭਾਵ ਨਾਮ ਦੀ ਵਣਜ ਕਰਦਾ ਹੈ, ਨਾਮ ਦਾ ਵਾਪਾਰ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਦੀ ਵਣਜ ਉਹੀ ਕਰ ਸਕਦਾ ਹੈ ਜਿਸਨੂੰ ਨਾਮ ਦੀ ਵਣਜ ਦੀ ਸਮਝ ਹੈ। ਨਾਮ ਦਾ ਵਣਜਾਰਾ ਆਪ ਗੁਰੂ ਹੈ ਜਿਸ ਦੇ ਅੰਦਰ ਨਾਮ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ ਤੇ ਕਦੇ ਜਾ ਹੀ ਨਹੀਂ ਸਕਦਾ। ਨਾਮ ਦੀ ਸਮਝ ਨਾ ਹੋਣ ਕਰਕੇ ਅਨੇਕਾਂ ਹੀ ਕਿਸੇ ਅੱਖਰ ਦਾ ਜਾਪ ਕਰਨ ਵਾਲੇ ਆਪਣੇ ਆਪ ਨੂੰ ਨਾਮ ਦੇ ਵਣਜਾਰੇ ਸਮਝਦੇ ਹਨ, ਨਾਮ ਦਾ ਵਾਪਾਰ ਕਰਨਾ ਸਮਝਦੇ ਹਨ ਭਾਵ ਉਹ ਭਰਮ ਵਿੱਚ ਸੁੱਤੇ ਹੋਏ ਹਨ, ਮਨ ਦੀ ਅਗਿਆਨਤਾ ਵਿੱਚ ਸੁੱਤੇ ਹੋਏ ਹਨ, ਮਾਇਆ ਵਾਲੀ ਨਾ-ਸਮਝ ਮਤਿ ਵਿੱਚ ਸੁੱਤੇ ਹੋਏ ਹਨ ਜਿਨ੍ਹਾਂ ਨੂੰ ਉਸ ਵਿੱਚੋਂ ਜਾਗਣ ਲਈ ਸਮਝਾਇਆ ਹੋਇਆ ਹੈ ਭਾਵ ਵਣਜ ਕਰਨ ਦੀ ਸਹੀ ਸਮਝ ਲੈਣ ਲਈ ਸਮਝਾਇਆ ਹੋਇਆ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਮਾਰਗ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਸੱਚੀ ਵਣਜ ਕਰੀਏ ਜਿਸ ਦੁਆਰਾ ਸਾਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ। ਬਿਨ੍ਹਾਂ ਸੱਚੀ ਵਣਜ ਦੀ ਸਮਝ ਦੇ ਆਪਣੇ ਆਪ ਨੂੰ ਵਣਜਾਰੇ ਅਖਵਾ ਕੇ ਸੰਸਾਰ ਤੋਂ ਜਾਣ ਵਾਲੇ ਬਹੁਤ ਹਨ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਜਾਨਣ ਵਾਲੇ ਬਹੁਤ ਹਨ। (**ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥**) ਜਿਹੋ ਜਿਹੀ ਝੂਠੀ ਵਣਜ ਅਸੀਂ ਕਰਦੇ ਹਾਂ, ਜਿਹੋ ਜਿਹਾ ਨਾਮ ਅਸੀਂ ਜਪਦੇ ਹਾਂ ਤੇ ਆਪਣੇ ਆਪ ਨੂੰ ਵਣਜਾਰੇ ਅਖਵਾਉਂਦੇ ਹਾਂ ਤੇ ਇਹੋ ਜਿਹੀ ਵਣਜ ਦੁਆਰਾ ਸਾਨੂੰ ਕੀ ਪ੍ਰਾਪਤੀ ਹੁੰਦੀ ਹੈ, ਇਹੀ ਗੱਲ ਸਾਨੂੰ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥"

ਅਸੀਂ ਨਾਮ ਦੀ ਵਣਜ ਬੋਲ ਬੋਲ ਕੇ ਕਰਦੇ ਹਾਂ, ਕਿਸੇ ਅੱਖਰ ਦਾ ਜਪ ਕਰਨ ਦੁਆਰਾ ਕਰਦੇ ਹਾਂ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬੋਲ ਬੋਲ ਕੇ ਕਰਦੇ ਹਾਂ। ਸਾਡਾ ਸੰਬੋਧਨ ਉਸ ਪ੍ਰਮਾਤਮਾ ਨੂੰ ਆਪਣੇ ਬੋਲ ਸੁਣਾਉਣ ਲਈ ਹੀ ਹੁੰਦਾ ਹੈ ਕਿ ਉਹ ਪ੍ਰਮਾਤਮਾ ਹੀ ਸਭ ਕੁੱਝ ਹੈ। ਭਾਵੇਂ ਕੋਈ ਤੂੰ ਹੀ ਤੂੰ ਬੋਲਦਾ ਹੈ, ਰਾਮ ਰਾਮ ਬੋਲਦਾ ਹੈ, ਹਰਿ ਹਰਿ ਬੋਲਦਾ ਹੇ, ਵਾਹਿਗੁਰੂ ਵਾਹਿਗੁਰੂ ਬੋਲਦਾ ਹੈ, ਮਕਸਦ ਸਭ ਦਾ ਪ੍ਰਮਾਤਮਾ ਦੀ ਵਡਿਆਈ ਕਰਨ ਨਾਲ ਹੀ ਹੁੰਦਾ ਹੈ, ਉਹੀ ਉਹੀ ਕਰਨ ਨਾਲ ਹੀ ਹੁੰਦਾ ਹੈ। ਸਮਝਾਇਆ ਇਹ ਹੈ ਕਿ ਇਹੋ ਜਿਹਾ "ਉਹੀ" "ਉਹੀ" ਕਰਨ ਨਾਲ ਪ੍ਰਮਾਤਮਾ ਨੂੰ ਕੀ ਫਰਕ ਪੈਂਦਾ ਹੈ। ਉਹ ਤਾਂ ਸਦਾ ਤੋਂ ਹੈ ਤੇ ਸਦਾ ਉਸਨੇ ਹੀ ਰਹਿਣਾ ਹੈ ਕਿਉਂਕਿ ਉਸ ਤੋਂ ਬਿਨ੍ਹਾਂ ਕੋਈ ਹੋਰ ਹੈ ਹੀ ਨਹੀਂ ਭਾਵ ਇਹ ਤਰੀਕਾ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਨਹੀਂ ਹੈ, ਉਸਦਾ ਨਾਮ ਜਪਣ ਦਾ ਤਰੀਕਾ ਨਹੀਂ ਹੈ, ਨਾਮ ਦੀ ਵਣਜ ਕਰਨ ਦਾ ਤਰੀਕਾ ਨਹੀਂ ਹੈ, ਵਣਜਾਰਾ ਬਣਨ ਦਾ ਤਰੀਕਾ ਨਹੀਂ ਹੈ। (**ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥**) ਇਹੀ ਗੱਲ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਕਿ ਇਹ ਨਾਮ ਜਪਣ ਦਾ ਤਰੀਕਾ ਨਹੀਂ ਹੈ।

{ਸਾਚੇ ਨਾਮ ਕੀ ਤਿਲੁ ਵਡਿਆਈ ॥
ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥

ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥੪॥}

(ਅੰਗ ੯-੧੦)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ ੫੩)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥}

(ਅੰਗ ੭੬੫)

ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਅਸੀਂ ਝੂਠੀ ਵਣਜ ਕਰਨ ਵਾਲਿਆਂ ਦੇ ਪਿੱਛੇ ਨਾ ਲੱਗੀਏ ਜੋ ਆਪਣੇ ਆਪ ਨੂੰ ਵਣਜਾਰਾ ਅਖਵਾ ਕੇ ਜਾਂਦੇ ਹਨ ਤੇ ਅਸੀਂ ਉਨ੍ਹਾਂ ਦੀ ਯਾਦ ਵਿੱਚ, ਉਨ੍ਹਾਂ ਦੇ ਪਿਆਰ ਵਿੱਚ ਰੋਂਦੇ ਹਾਂ।

"ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥"

ਉੱਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸੰਸਾਰ ਨੂੰ ਇਹ ਸਮਝਾਇਆ ਹੋਇਆ ਹੈ ਕਿ ਕਿਸੇ ਦਾ ਸਰੀਰ ਬਿਨਸਨ ਕਰਕੇ ਉਸ ਨੂੰ ਕਿਸ ਵਜ੍ਹਾ ਕਰਕੇ ਰੋਇਆ ਜਾਂਦਾ ਹੈ, ਕਿਸੇ ਸਰੀਰ ਦੇ ਬਿਨਸਨ ਮਗਰੋਂ ਕਿਸ ਲਈ ਰੋਇਆ ਜਾਂਦਾ ਹੈ ਭਾਵ ਕਿਉਂ ਰੋਇਆ ਜਾਂਦਾ ਹੈ। ਇਸ ਤੋਂ ਪਹਿਲੀ ਪੰਗਤੀ ਰਾਹੀਂ ਇਹ ਸਮਝਾਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਨੂੰ ਜਪਣ ਵਾਲੇ ਵੀ ਇਹ ਕਹਿ ਕੇ ਜਪਦੇ ਹਨ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਕੋਈ ਹੋਰ ਨਹੀਂ ਹੈ। (**ਓਹੀ ਓਹੀ ਕਿਆ ਕਹਹੁ ਹੈ ਹੋਸੀ ਸੋਈ ॥**) ਹਰ ਕੋਈ ਜਪਣ ਵਾਲਾ ਮੂੰਹੋਂ ਤਾਂ ਬੋਲੀ ਜਾਂਦਾ ਹੈ ਕਿ ਪ੍ਰਮਾਤਮਾ ਸਭ ਕੁੱਝ ਤੂੰ ਹੀ ਤੂੰ ਹੈ ਪਰ ਇਸ ਗੱਲ ਦਾ ਵਿਸ਼ਵਾਸ ਕਿਸੇ ਨੂੰ ਨਹੀਂ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਸੰਸਾਰ ਦਾ ਸਭ ਤੋਂ ਵੱਡਾ ਸੱਚ ਹੈ, ਗੁਣ ਹੈ। {**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥**} ਅੰਗ - ੯ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ, ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਗੱਲ ਤੇ ਵਿਸ਼ਵਾਸ ਮਨੁੱਖ ਨੂੰ ਤਾਂ ਹੀ ਆ ਸਕਦਾ ਹੈ ਜਦੋਂ ਉਹ ਮਨ ਦੇ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਭਰਮ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦਿਆਂ ਪ੍ਰਮਾਤਮਾ ਨੂੰ ਕੋਈ ਵੀ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਤੇ ਨਾ ਹੀ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਸਕਦਾ ਹੈ ਕਿ ਪ੍ਰਮਾਤਮਾ ਮੇਰੇ ਅੰਦਰ ਹੀ ਹੈ ਜੋ ਇਸ ਸਰੀਰ ਨੂੰ ਆਪ ਬਣਾ ਕੇ ਆਪ ਹੀ ਚਲਾ ਰਹਿਆ ਹੈ ਤੇ ਸਭ ਵਿੱਚ ਉਹ ਆਪ

ਹੀ ਵਿਚਰ ਰਹਿਆ ਹੈ, ਗਿਆਨ ਦੇ ਰੂਪ ਵਿੱਚ ਵਿਚਰ ਰਹਿਆ ਹੈ, ਨਿਰਗੁਣ ਰੂਪ ਵਿੱਚ, ਨਿਰੰਕਾਰ ਰੂਪ ਵਿੱਚ ਵਿਚਰ ਰਹਿਆ ਹੈ ਤੇ ਮਨ ਦੀ ਸਮਝ ਦੁਆਰਾ, ਮਨ ਦੇ ਗਿਆਨ ਦੁਆਰਾ ਉਸਨੇ ਆਪ ਹੀ ਸੰਸਾਰ ਨੂੰ ਇਹ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਜਿਸ ਕਰਕੇ ਕੋਈ ਇਸ ਗੱਲ ਨੂੰ ਨਹੀਂ ਮੰਨਦਾ ਕਿ ਇਸ ਮਨੁੱਖੀ ਰੂਪ ਵਿੱਚ ਮੈਂ ਨਹੀਂ ਹਾਂ ਭਾਵ ਆਪਣੇ ਆਪ ਨੂੰ ਮਨੁੱਖ ਸਮਝਣਾ ਕੇਵਲ ਇੱਕ ਭਰਮ ਹੈ। {**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥**} ਅੰਗ - ੨੮੫ ਇਹ ਗੱਲ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਜਾਵਾਂਗੇ। ਗੁਰੂ ਤਾਂ ਸਾਨੂੰ ਬੜਾ ਸਪੱਸ਼ਟ ਸਮਝਾ ਰਹਿਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਗੁਰੂ ਕਦੇ ਗਲਤ ਨਹੀਂ ਹੋ ਸਕਦਾ ਕਿਉਂਕਿ ਗੁਰੂ ਭਰਮ ਵਿੱਚ ਨਹੀਂ ਹੈ, ਉਹ ਪ੍ਰਮਾਤਮਾ ਨੂੰ ਜਾਣਦਾ ਹੈ ਤੇ ਉਸਦਾ ਆਪਣਾ ਹੀ ਰੂਪ ਹੈ।

ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਫਿਰ ਤਾਂ ਹੀ ਉਸਨੂੰ ਵਿਸ਼ਵਾਸ ਆਉਂਦਾ ਹੈ ਕਿ ਮਨੁੱਖ ਦਾ ਜਨਮ ਮਰਨ ਕੇਵਲ ਇੱਕ ਭਰਮ ਹੈ। ਜਦੋਂ ਸਭ ਕੁੱਝ ਪ੍ਰਮਾਤਮਾ ਆਪ ਹੈ ਫਿਰ ਜਨਮ ਮਰਨ ਕਿਸਦਾ ਹੋਇਆ। ਪ੍ਰਮਾਤਮਾ ਤਾਂ ਜਨਮ ਮਰਨ ਤੋਂ ਰਹਿਤ ਹੈ ਪਰ ਅਸੀਂ ਮਨ ਦੇ ਭਰਮ ਕਰਕੇ ਮਨੁੱਖੀ ਸਰੀਰ ਦੇ ਜੰਮਣ ਮਰਣ ਨੂੰ ਮਨੁੱਖ ਦਾ ਜੰਮਣਾ ਮਰਣਾ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਿਆ ਹੈ।

{ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥
ਨਾ ਕੋਈ ਮਰੈ ਨ ਆਵੈ ਜਾਇਆ ॥੪॥}

(ਅੰਗ ੯੯੫)

{ਜਤ ਕਤ ਪੇਖਉ ਏਕੈ ਓਹੀ ॥
ਘਟ ਘਟ ਅੰਤਰਿ ਆਪੇ ਸੋਈ ॥੧॥ ਰਹਾਉ ॥
ਆਪੇ ਸੂਰੁ ਕਿਰਣਿ ਬਿਸਥਾਰੁ ॥
ਸੋਈ ਗੁਪਤੁ ਸੋਈ ਆਕਾਰੁ ॥੨॥
ਸਰਗੁਣ ਨਿਰਗੁਣ ਥਾਪੈ ਨਾਉ ॥
ਦੁਹ ਮਿਲਿ ਏਕੈ ਕੀਨੋ ਠਾਉ ॥੩॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥
ਅਨਦ ਰੂਪੁ ਸਭੁ ਨੈਨ ਅਲੋਇਆ ॥੪॥}

(ਅੰਗ ੩੮੭)

{ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥
ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥

ਜਹ ਦੇਖਾ ਤਹ ਪਿਰੁ ਹੈ ਭਾਈ ॥
ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥}

(ਅੰਗ ੭੩੮)

{ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥}

(ਅੰਗ ੫੧)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ ੭੫੨)

{ਜੀਵੈ ਦਾਤਾ ਮਰੈ ਨ ਕੋਇ ॥ ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥੨॥}

(ਅੰਗ ੧੪੪)

ਜਦ ਤੱਕ ਅਸੀਂ ਮਨੁੱਖੀ ਰੂਪ ਨੂੰ ਆਪਣਾ ਰੂਪ ਸਮਝਦੇ ਹਾਂ ਫਿਰ ਇਸ ਮਨੁਖੀ ਰੂਪ ਦੇ ਬਿਨਸਨ ਨਾਲ ਦੁਖ ਵੀ ਮਹਿਸੂਸ ਹੁੰਦਾ ਹੈ ਜਿਸ ਕਰਕੇ ਅਸੀਂ ਰੋਂਦੇ ਹਾਂ, ਯਾਦ ਵਿਚ ਰੋਂਦੇ ਹਾਂ। ਜਦ ਤਕ ਮਨੁਖ ਇਸ ਸਚਾਈ ਨੂੰ ਨਹੀਂ ਸਮਝਦਾ ਤਦ ਤਕ ਉਹ ਇਸ ਦੁਖ ਵਿਚੋਂ ਨਹੀਂ ਨਿਕਲ ਸਕਦਾ। ਇਹੀ ਗਲ ਸਾਨੂੰ ਮੁਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ ਕਿ ਅਸੀਂ ਆਪਣੀ ਕਥਨੀ ਦੁਆਰਾ ਤਾਂ ਇਹ ਗਲ ਕਹੀ ਜਾਂਦੇ ਹਾਂ ਕਿ ਪ੍ਰਮਾਤਮਾ ਸਭ ਕੁਝ ਤੂੰ ਹੀ ਹੈਂ ਪਰ ਵਿਸ਼ਵਾਸ ਕਿਸੇ ਨੂੰ ਨਹੀਂ ਹੈ। ਜੇਕਰ ਵਿਸ਼ਵਾਸ ਹੋਵੇ ਕਿ ਹਕੀਕਤ ਵਿਚ ਪ੍ਰਮਾਤਮਾ ਸਭ ਕੁਝ ਆਪ ਹੀ ਹੈ ਫਿਰ ਅਸੀਂ ਮਨੁਖੀ ਦੇਹ ਦੇ ਬਿਨਸਨ ਨਾਲ ਕਿਉਂ ਰੋਈਏ। ਮੁਖ ਸ਼ਬਦ ਰਾਹੀਂ ਸਾਨੂੰ ਨਾਮ ਦੀ ਵਣਜ ਕਰਨੀ ਸਮਝਾਈ ਹੋਈ ਹੈ ਜੋ ਵਣਜ ਅਸੀਂ ਮੁਖੋਂ ਬੋਲ ਬੋਲ ਕੇ ਕਰਦੇ ਹਾਂ, ਓਹੀ ਓਹੀ ਬੋਲ ਕੇ ਕਰਦੇ ਹਾਂ ਤੇ ਜਦੋਂ ਕੋਈ ਇਹੋ ਜਿਹਾ ਵਣਜਾਰਾ ਅਖਵਾਉਣ ਵਾਲਾ ਸੰਸਾਰ ਤੋਂ ਸਰੀਰ ਤਿਆਗ ਕੇ ਚਲਾ ਜਾਂਦਾ ਹੈ ਫਿਰ ਉਸਦੀ ਯਾਦ ਵਿਚ ਰੋਣ ਵਾਲੇ ਉਸ ਵਣਜਾਰੇ ਦੇ ਨਾਲ ਆਪਣਾ ਪਿਆਰ ਦਿਖਾਉਂਦੇ ਹਨ ਭਾਵ ਨਾਸਮਝੀ ਵਿਚ ਰੋਂਦੇ ਹਨ।

“ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥”

ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਰੋਣ ਵਾਲਾ ਕਿਸਨੂੰ ਕਹਿਆ ਹੈ। “ਤੁਮ” ਨੂੰ ਰੋਣ ਵਾਲਾ ਕਹਿਆ ਹੈ। “ਤੁਮ” ਉਹ ਹੈ ਜੋ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵਖਰਾ ਸਮਝਦਾ ਹੈ, ਆਪਣੀ ਵਖਰੀ ਹੋਂਦ ਸਮਝਦਾ ਹੈ। “ਓਸ ਨੋ” ਭਾਵ ਉਸ ਵਣਜਾਰੇ ਨੂੰ ਜੋ ਸੰਸਾਰ ਤੋਂ ਜਾ ਰਿਹਾ ਹੈ, ਚਲਿਆ ਹੈ ਜਿਵੇਂ ਕਿ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਤੇ ਉਸਨੂੰ, ਜੋ ਜਾਣ ਵਾਲਾ ਕਹਿੰਦਾ ਹੈ ਉਨਾਂ ਨੂੰ ਮਨ ਦੇ ਭਰਮ ਵਿਚੋਂ, ਅਗਿਆਨਤਾ ਵਿਚੋਂ ਜਾਗਣ ਲਈ ਸਮਝਾਇਆ ਹੋਇਆ ਹੈ। (**ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥**) ਭਰਮ ਵਿਚ ਹੀ ਅਸੀਂ ਕਿਸੇ ਨੂੰ ਵਣਜਾਰਾ ਸਮਝਦੇ ਹਾਂ ਤੇ ਭਰਮ ਵਿਚ ਹੀ ਉਸਦੇ ਜਾਣ ਤੇ ਰੋਂਦੇ ਹਾਂ। ਸੰਸਾਰ ਵਿਚ ਜੋ ਵੀ ਮਨੁੱਖੀ ਰੂਪ ਭਾਵ ਸਰਗੁਣ ਰੂਪ ਆਉਂਦਾ ਹੈ ਉਹ ਬਿਨਸਦਾ ਵੀ ਹੈ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਨਿਯਮ ਹੈ ਜਿਸ ਦੁਆਰਾ ਉਹ ਆਪਣੇ ਸੰਸਾਰ ਦੀ ਖੇਡ ਨੂੰ ਚਲਾ ਰਹਿਆ ਹੈ। ਨਾ ਹੀ ਸਾਨੂੰ ਇਸ ਗਲ ਦੀ ਸਮਝ ਹੈ ਕਿ ਅਸੀਂ ਕਿਸ ਨੂੰ ਰੋ ਰਹੇ ਹਾਂ ਤੇ ਨਾ ਹੀ ਇਸ ਗਲ ਦੀ ਸਮਝ ਹੈ ਕਿ ਰੋਣ ਵਾਲੇ ਕਉਣ ਹਨ ਭਾਵ ਸਭ ਦੇ ਅੰਦਰ ਭਰਮ ਹੀ ਹੈ। ਮਨ ਦੀ ਨਾਸਮਝੀ ਕਰਕੇ ਹੀ ਅਸੀਂ ਝੂਠੀ ਵਣਜ ਕਰਦੇ ਹਾਂ ਜੋ ਕਿ ਕੇਵਲ ਪ੍ਰਮਾਤਮਾ ਨੂੰ ਇਹ ਆਖ ਆਖ ਕੇ ਜਪਦੇ ਹਾਂ ਕਿ ਸਭ ਕੁਝ ਤੂੰ ਹੀ ਹੈਂ, ਤੂਹੀ ਤੂੰ ਹੈ ਪਰ ਪ੍ਰਮਾਤਮਾ ਦਾ ਜਪ ਕੀ ਹੈ, ਉਸਦਾ ਵਣਜਾਰਾ ਬਣਨਾ ਕੀ ਹੈ, ਵਣਜ ਕਰਨੀ ਕੀ ਹੈ, ਇਸ ਗਲ ਦੀ ਸਮਝ ਨਹੀਂ ਹੈ। ਜਦੋਂ ਸਾਨੂੰ ਇਹ ਸਮਝ ਲਗ ਜਾਵੇਗੀ ਕਿ ਵਣਜਾਰੇ ਦੇ ਰੂਪ ਵਿਚ ਆਪ ਪ੍ਰਮਾਤਮਾ ਹੀ ਹੈ ਭਾਵ ਉਹ “ਤੁਮ” ਹੀ ਹੈ ਭਾਵ ਸੱਚਾ ਵਣਜਾਰਾ ਹੈ ਫਿਰ ਉਸਨੂੰ ਕੋਈ ਨਹੀਂ ਰੋਵੇਗਾ ਕਿਉਂਕਿ ਸਰੀਰ ਨੂੰ ਛੱਡਣ ਵਾਲਾ ਜੇਕਰ ਪ੍ਰਮਾਤਮਾ ਦਾ ਸੱਚਾ ਰੂਪ ਹੋਵੇਗਾ ਉਸਦਾ ਆਪਣਾ ਹੀ ਰੂਪ ਹੋਵੇਗਾ ਉਹ ਜਨਮ ਮਰਣ ਤੋਂ ਰਹਿਤ ਹੋਵੇਗਾ ਜਿਸ ਦੇ ਸਰੀਰ ਛੱਡਣ ਤੇ ਰੋਇਆ ਨਹੀਂ ਜਾਂਦਾ। ਸੱਚੇ ਵਣਜਾਰੇ ਦੀ ਪਹਿਚਾਣ ਕੇਵਲ ਮਨ ਦੀ ਸਚੀ ਸਮਝ ਦੁਆਰਾ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਨਾਲ ਹੀ ਹੋ ਸਕਦੀ ਹੈ। (**ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥**) ਜਿਹੋ ਜਿਹੀ ਵਣਜ ਅਸੀਂ ਕਰਦੇ ਹਾਂ ਭਾਵ ਓਹੀ ਓਹੀ ਬੋਲ ਕੇ ਕਰਦੇ ਹਾਂ, ਪ੍ਰਮਾਤਮਾ ਦੀਆਂ ਨਜਰਾਂ ਵਿਚ ਉਸ ਦੀ ਕੀ ਕੀਮਤਿ ਪੈਂਦੀ ਹੈ, ਇਹ ਨਾਲ ਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥

ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ॥”

ਵਣਜ ਕਰਨ ਦਾ ਤਰੀਕਾ ਕੀ ਹੈ, ਇਹ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਨਾਮ ਜਪਣਾ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਜੋ ਕਿ ਸਾਡੇ ਕਰਮ ਹੀ ਹਨ ਭਾਵ ਸਾਡੀ ਸੱਚੀ ਸੁਚੀ ਕਿਰਤ ਹੈ, ਸਾਡੀ ਸੱਚੀ ਸੁਚੀ ਸੰਸਾਰਕ ਵਿਚਰਨ ਹੈ ਜੋ ਕਿ ਅਉਗਣਾਂ ਨੂੰ ਤਿਆਗ ਕੇ ਗੁਰੂ ਦੇ ਗੁਣਾਂ ਦੁਆਰਾ ਹੁੰਦੀ ਹੈ। ਮਾੜੇ ਕਰਮ ਕਰਨ ਵਿੱਚ ਮਾੜੀ ਵਣਜ ਹੈ ਤੇ ਚੰਗੇ ਕਰਮ ਕਰਨ ਨਾਲ ਚੰਗੀ ਵਣਜ ਹੈ।

ਅਸੀਂ ਆਪਣੀ ਮਤਿ ਅਨੁਸਾਰ ਪ੍ਰਮਾਤਮਾ ਨੂੰ ਜਪੀ ਵੀ ਜਾ ਰਹੇ ਹਾਂ ਤੇ ਮਾਇਆ ਮੋਹ ਵਿੱਚ ਵੀ ਫਸੇ ਹੋਏ ਹਾਂ ਭਾਵ ਮਾਇਆ ਮੋਹ ਵਿੱਚ ਫਸੇ ਹੋਏ, ਭਰਮਾਂ ਵਿੱਚ ਫਸੇ ਹੋਏ ਬਿਨ੍ਹਾਂ ਔਗੁਣ ਛੱਡੇ ਅਸੀਂ ਝੂਠੀ ਕਮਾਈ ਕਰ ਰਹੇ ਹਾਂ ਤੇ ਇਹੋ ਜਿਹੀ ਅਵੱਸਥਾ ਵਿੱਚ ਅਸੀਂ ਜੋ ਬੋਲ ਬੋਲ ਕੇ ਜਪ ਕਰਦੇ ਹਾਂ, ਪ੍ਰਮਾਤਮਾ ਨੂੰ ਪੁਕਾਰਦੇ ਹਾਂ, ਇਹੋ ਜਿਹੀ ਪੁਕਾਰ ਨੂੰ ਪ੍ਰਮਾਤਮਾ ਕਤਈ ਵੀ ਨਹੀਂ ਸੁਣਦਾ, ਇਹ ਸਿਰਫ਼ ਅਸੀਂ ਲੋਕਾਂ ਨੂੰ ਹੀ ਸੁਣਾ ਰਹੇ ਹਾਂ **(ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ॥)** ਭਾਵ ਇਹੋ ਜਿਹਾ ਜਪ ਤਪ ਸਾਡਾ ਕੇਵਲ ਦੁਨੀਆਂ ਦੇ ਦਿਖਾਵੇ ਲਈ ਹੀ ਹੈ, ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਇਹੋ ਜਿਹੇ ਜਪ ਤਪ ਦੁਆਰਾ ਅਸੀਂ ਸਮਾਜ ਵਿੱਚ ਆਪ ਹੀ ਉੱਚੇ ਹੁੰਦੇ ਹਾਂ, ਸਾਡੀ ਆਪਣੀ ਹੀ ਕੀਮਤ ਪੈਂਦੀ ਹੈ, ਗੁਰੂ ਦੀ ਗੱਲ ਦੀ ਕੀਮਤ ਨਹੀਂ ਪੈਂਦੀ। ਇਹੋ ਜਿਹੀ ਅਵੱਸਥਾ ਦੇ ਮਨੁੱਖ ਨੂੰ ਸੁੱਤੇ ਹੋਏ ਕਿਹਾ ਗਿਆ ਹੈ, ਜਿਨ੍ਹਾਂ ਨੂੰ ਆਪਣਾ ਘਰ ਸੰਭਾਲਣਾ ਭੁੱਲਿਆ ਹੋਇਆ ਹੈ ਭਾਵ ਸਾਡੇ ਘਰ ਨੂੰ ਔਗੁਣ ਲੁੱਟ ਰਹੇ ਹਨ ਪਰ ਅਸੀਂ ਸੁੱਤੇ ਹੋਏ ਹਾਂ। ਜਾਗਦਾ ਉਹੀ ਹੈ ਜੋ ਆਪਣੇ ਘਰ ਨੂੰ ਬਚਾ ਕੇ ਰੱਖਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਜਾਣਿਆ ਹੈ ਕਿ ਜਾਗਣਾ ਕੀ ਹੈ। ਜਿਸਨੇ ਸਾਨੂੰ ਨੀਂਦ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਨਾ-ਸਮਝ ਮਤਿ ਵਿੱਚ ਰੱਖਿਆ ਹੋਇਆ ਹੈ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ, ਉਹੀ ਸਾਨੂੰ ਮਨ ਦੀ ਨੀਂਦ ਵਿੱਚੋਂ ਜਗਾ ਸਕਦਾ ਹੈ ਭਾਵ ਜੋ ਸਾਡੀ ਨੀਂਦ ਦਾ ਕਾਰਨ ਹੈ ਉਸ ਕਾਰਨ ਦੇ ਦੂਰ ਹੋਣ ਨਾਲ ਹੀ ਸਾਡੀਂ ਨੀਂਦ ਖੁੱਲ੍ਹ ਸਕਦੀ ਹੈ ਭਾਵ ਔਗੁਣਾਂ ਦੇ ਨਿਕਲਣ ਦੁਆਰਾ ਹੀ ਅਸੀਂ ਜਾਗਦੇ ਹੋਏ ਬਣ ਸਕਦੇ ਹਾਂ ਜਿਨ੍ਹਾਂ ਔਗੁਣਾਂ ਦਾ ਕਾਰਨ ਸਾਡੀ ਨਾ-ਸਮਝ ਮਤਿ ਹੈ, ਮਨ ਦੀ ਅਗਿਆਨਤਾ ਹੈ ਤੇ ਜਿਸਨੂੰ ਪ੍ਰਮਾਤਮਾ ਇਸ ਮਨ ਦੀ ਨੀਂਦ ਵਿੱਚੋਂ ਜਗਾਉਂਦਾ ਹੈ ਉਸਨੂੰ ਮਨ ਦੇ ਵਿੱਚ ਆਪਣੀ ਸੱਚੀ ਮਤਿ ਦੀ ਭਾਵ ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ ਤੇ ਇਹ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ ਜੋ ਸਾਡੇ ਮਨ ਦੀ ਸਮਝ ਦਾ ਮਾਲਕ ਹੈ। **(ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ॥)** ਸਾਡੀ ਇਸ ਮਨ ਦੀ ਨੀਂਦ ਦਾ ਮੂਲ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਜਿਸ ਕਰਕੇ ਸਾਨੂੰ ਆਪਣੇ ਧਰਮ ਦੇ ਮਾਰਗ ਦੀ ਸੋਝੀ ਨਹੀਂ ਪੈਂਦੀ। ਪ੍ਰਮਾਤਮਾ ਨੇ ਸਭ ਨੂੰ ਇਸ ਅਗਿਆਨਤਾ ਦੀ ਨੀਂਦ ਵਿੱਚ, ਮਨਮਤਿ ਦੀ ਨੀਂਦ ਵਿੱਚ, ਤ੍ਰੈਗੁਣਾਂ ਵਾਲੀ ਅਵੱਸਥਾ ਦੀ ਨੀਂਦ ਵਿੱਚ, ਮਾਇਆਂ ਮੋਹ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਇਸ ਨੀਂਦ ਵਿੱਚੋਂ ਜਗਾਉਂਦਾ ਹੈ ਉਸਨੂੰ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ, ਗੁਰਮਤਿ ਦਾ, ਨਾਮ ਦਾ ਸੱਚਾ ਗਿਆਨ ਬਖਸ਼ ਕੇ, ਸੱਚੀ ਸੋਝੀ ਬਖਸ਼ ਕੇ ਹੀ ਜਗਾਉਂਦਾ ਹੈ, ਜਿਸ ਦੁਆਰਾ ਮਨੁੱਖ ਆਪਣੇ ਅਸਲ ਘਰ ਨੂੰ ਬੁੱਝਦਾ ਹੈ ਜੋ ਕਿ ਸਾਡਾ ਮਨ ਹੀ ਹੈ, ਪ੍ਰਮਾਤਮਾ ਆਪ ਹੀ ਹੈ। ਇਕ ਵਾਰੀ ਜਿਸ ਮਨੁੱਖੀ ਮਤਿ ਨੂੰ ਪ੍ਰਮਾਤਮਾ ਮਨ ਦੀ ਅਗਿਆਨਤਾ ਦੀ ਨੀਂਦ ਤੋਂ ਜਗਾ ਦਿੰਦਾ ਹੈ ਉਹ ਫਿਰ ਸਦਾ ਜਾਗਦਾ ਹੀ ਰਹਿੰਦਾ ਹੈ ਭਾਵ ਉਸਨੂੰ ਪ੍ਰਮਾਤਮਾ ਸਦਾ ਲਈ ਆਪਣੀ ਸੱਚੀ ਮਤਿ, ਸੱਚੇ ਗਿਆਨ ਦੀ ਸਮਝ ਬਖਸ਼ ਦਿੰਦਾ ਹੈ, ਸੱਚੀ ਭਗਤੀ ਦੀ ਸਮਝ, ਨਾਮ ਜਪਣ ਦੀ ਸਮਝ, ਸੱਚੀ ਵਣਜ ਕਰਨ ਦੀ ਸਮਝ ਬਖਸ਼ ਦਿੰਦਾ ਹੈ ਤੇ ਫਿਰ ਉਹ ਉਸ ਸਮਝ ਦੁਆਰਾ ਹੀ ਵਿਚਰਦਾ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥}

(ਅੰਗ ੧੩੦੮)

{ਮਾਇਆ ਮੋਹਿ ਸੋਇ ਰਹੇ ਅਭਾਗੇ ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ ੩੭੫)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ ੧੪੧੪)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥}

(ਅੰਗ ੧੧੭੮)

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥
ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥
ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ ॥}

(ਅੰਗ ੮੫੪)

{ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥
ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥}

(ਅੰਗ ੬੦੦)

ਜਿਸ ਮਾਇਆ ਕਾਰਨ ਅਸੀਂ ਔਗੁਣ ਕਰਦੇ ਹਾਂ, ਨਾਮ ਦੇ ਚੋਰਾਂ ਨੂੰ, ਗੁਰਮਤਿ ਦੇ ਚੋਰਾਂ ਨੂੰ, ਸੱਚ ਦੇ ਚੋਰਾਂ ਨੂੰ ਆਪਣੇ ਅੰਦਰ ਪਾਲਦੇ ਹਾਂ ਉਹ ਮਾਇਆ ਤਾਂ ਸਾਡੇ ਨਾਲ ਨਹੀਂ ਜਾਣੀ ਤੇ ਨਾ ਹੀ ਕੋਈ ਇਸ ਨੂੰ ਨਾਲ ਲੈ ਕੇ ਜਾ ਸਕਿਆ ਹੈ। ਇਸੇ ਲਈ ਸਾਨੂੰ ਹਮੇਸ਼ਾ ਇਸ ਮਾਇਆ ਦੀ ਕਮਾਈ ਤੋਂ ਚੌਕਸ ਰਹਿਣ ਦੀ ਲੋੜ ਹੈ, ਇਸਨੂੰ ਹਮੇਸ਼ਾਂ ਵਿਚਾਰ ਵਿੱਚ ਰੱਖਣਾ ਚਾਹੀਦਾ ਹੈ ਭਾਵ ਮਨ ਦੀ ਮਾਇਆ ਤੋਂ, ਮਨ ਦੀ ਨਾ-ਸਮਝ ਮਤਿ ਤੋਂ ਨਿਰਲੇਪ ਹੋ ਕੇ ਰਹਿਣ ਦੀ ਲੋੜ ਹੈ ਤਾਂ ਜੋ ਅਸੀਂ ਔਗੁਣਾਂ ਤੋਂ ਬਚੇ

ਰਹੀਏ ਤੇ ਉਹੋ ਜਿਹੀ ਵਣਜ ਕਰ ਸਕੀਏ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ। ਹੇਠ ਲਿਖੀ ਪੰਗਤੀ ਵਿੱਚ ਵਣਜ ਕਰਨ ਦਾ ਤੱਤ ਸਾਰ ਹੀ ਸਮਝਾਇਆ ਹੋਇਆ ਹੈ। ਜੇਕਰ ਇਹਨਾਂ ਪੰਗਤੀਆਂ ਨੂੰ ਪੜ੍ਹ ਕੇ ਵੀ ਸਾਨੂੰ ਨਾਮ ਦੀ ਵਣਜ ਨਾ ਸਮਝ ਆਈ ਤਾਂ ਫਿਰ ਆ ਹੀ ਨਹੀਂ ਸਕਦੀ। ਇਸ ਤੋਂ ਜ਼ਿਆਦਾ ਸਪੱਸ਼ਟ ਗੁਰੂ ਸਾਹਿਬ ਹੋਰ ਕੀ ਸਮਝਾਉਣ।

“ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥

ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥”

4/306

ਅਸੀਂ ਉਹੋ ਜਿਹੀ ਵਣਜ ਕਰੀਏ ਜਿਸਦੇ ਨਾਲ ਸਾਨੂੰ ਲਾਭ ਮਿਲੇ, ਲਾਹਾ ਮਿਲੇ ਤੇ ਸਾਨੂੰ ਆਪਣੇ ਜੀਵਨ ਵਿੱਚ ਪਛਤਾਵਾ ਨਾ ਪਵੇ ਭਾਵ ਸਾਡਾ ਜੀਵਨ ਸਫਲ ਹੋ ਸਕੇ, ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ। ਇਹੋ ਜਿਹੀ ਵਣਜ ਕਰਨ ਦਾ, ਨਾਮ ਜਪਣ ਦਾ, ਨਾਮ ਦੀ ਵਣਜ ਕਰਨ ਦਾ, ਲਾਹਾ ਖਟਣ ਦਾ ਇੱਕੋ ਇੱਕ ਤਰੀਕਾ ਇਹ ਹੀ ਸਮਝਾਇਆ ਹੈ ਕਿ ਔਗੁਣਾਂ ਨੂੰ ਛੱਡੋ ਤੇ ਗੁਣਾਂ ਨੂੰ ਧਾਰਨ ਕਰੋ। ਇੱਕ ਇਹ ਹੀ ਤਰੀਕਾ ਹੈ ਜਿਸ ਦੁਆਰਾ ਅਸੀਂ ਉਸ “ਤੱਤੁ” ਦੀ, ਨਾਮ ਦੀ, ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਾਂ, ਜਿਸਦੀ ਪ੍ਰਾਪਤੀ ਸਾਡੇ ਜੀਵਨ ਦਾ ਲਾਹਾ ਹੈ।

{ਅਮੁਲ ਗੁਣ ਅਮੁਲ ਵਾਪਾਰ॥} ਅੰਗ - ੫ ਆਪਣੇ ਗੁਣਾਂ ਦੁਆਰਾ ਅਸੀਂ ਕਿਵੇਂ ਵਿਚਰਨਾ ਹੈ ਉਹਨਾਂ ਗੁਣਾਂ ਨਾਲ ਕੀ ਕਰਨਾ ਹੈ, ਉਹ ਨਾਲ ਹੀ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਗਿਆ ਹੈ:-

“ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥

ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥”

ਇਸ ਸਰੀਰ ਨੂੰ ਧਰਮ ਦੀ ਭੂਮੀ ਬਣਾ ਕੇ ਉਸ ਵਿੱਚ ਸੱਚ ਦਾ ਬੀਜ ਪਾ ਕੇ ਇਹੋ ਜਿਹੀ ਖੇਤੀ ਕਰੀਏ, ਸੱਚੀ ਸੁੱਚੀ ਕਮਾਈ ਕਰੀਏ ਭਾਵ ਸੱਚ ਤੇ ਚੱਲ ਕੇ ਸੱਚੀ ਸੁੱਚੀ ਕਿਰਤ ਕਰੀਏ, ਇਹੋ ਜਿਹੀ ਵਣਜ ਕਰੀਏ। ਸੱਚ ਦਾ ਬੀਜ ਅਸੀਂ ਆਪਣੇ ਮਨ ਦੇ ਵਿਚ ਬੀਜਣਾ ਹੈ ਜੋ ਕਿ ਨਾਮ ਦਾ ਬੀਜ ਹੈ, ਗੁਰੂ ਦੀ ਸੱਚੀ ਮਤਿ ਦਾ ਬੀਜ ਹੈ, ਗੁਰੂ ਦੇ ਸੱਚੇ ਗੁਣਾਂ ਵਾਲੇ ਵਿਚਾਰਾਂ ਦਾ ਬੀਜ ਹੈ ਤੇ ਇਹ ਬੀਜ ਸਾਡੇ ਮਨ ਦੇ ਵਿਚਾਰਾਂ ਵਿੱਚ ਤਾਂ ਹੀ ਬੀਜਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੇ ਔਗੁਣ ਤਿਆਗਾਂਗੇ ਜਿਵੇਂ ਕਿ ਪਹਿਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਗੁਣਾਂ ਵਾਲੇ ਬਣਕੇ ਚੰਗੇ ਕਰਮ ਕਰੀਏ, ਸੱਚੀ ਸੁੱਚੀ ਕਿਰਤ ਕਰੀਏ ਭਾਵ ਸਾਡੀ ਜਿੰਦਗੀ ਦੀ ਸੱਚੀ ਸੁੱਚੀ ਕਿਰਤ ਹੀ ਵਣਜ ਕਰਨਾ ਹੈ, ਨਾਮ ਦੀ ਵਣਜ ਕਰਨਾ ਹੈ। ਇਹੋ ਜਿਹੀ ਕਮਾਈ ਨਾਲ ਹੀ ਲਾਹੇ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਆਪਣੇ ਆਪ ਨੂੰ ਨਾਮ ਦਾ ਵਾਪਾਰੀ ਕੋਈ ਤਾਂ ਹੀ ਜਾਣੇ ਜੇ ਇਹੋ ਜਿਹਾ ਲਾਹਾ ਲੈ ਕੇ ਜਾਵੇ ਭਾਵ ਪ੍ਰਮਾਤਮਾ ਦੇ ਘਰ ਵਿੱਚ ਇਹੋ ਜਿਹੀ ਵਣਜ ਕਰ ਕੇ ਜਾਵੇ, ਜਿਸ ਦੁਆਰਾ ਉਸ ਨੂੰ ਪਛਤਾਉਣਾ ਨਾ ਪਵੇ। ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਬਾਣੀ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਉਸਦਾ ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ, ਇਹ ਨਾਮ ਦੀ ਵਣਜ ਕੋਈ ਵਿਰਲਾ ਹੀ ਕਰ ਸਕਦਾ ਹੈ। ਉਸਦੀ ਆਪਣੀ ਕਿਰਪਾ ਬਿਨ੍ਹਾਂ ਇਹ ਵਣਜ ਨਹੀਂ ਹੋ ਸਕਦੀ। ਇਸ ਵਣਜ ਲਈ ਸਾਨੂੰ ਸਭ ਤੋਂ ਜਰੂਰੀ ਗੱਲ ਜਾਨਣ ਦੀ ਇਹ ਹੈ ਕਿ ਵਣਜ ਕਿਵੇਂ ਕਰਨੀ ਹੈ ਤੇ ਵਣਜ ਹੈ ਕੀ। ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਸੱਚੀ ਸੋਝੀ ਨਾਲ ਜੁੜਿਆ ਹੋਇਆ ਹੈ ਜੋ ਸੋਝੀ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ। ਇਹ ਸੋਝੀ ਉਸਦੇ ਮੇਲ ਦੁਆਰਾ ਹੀ ਪੈਂਦੀ ਹੈ, ਮਨ ਦੇ ਵਿੱਚ ਮੇਲ ਦੁਆਰਾ ਹੀ ਪੈਂਦੀ ਹੈ। ਬੜੇ ਵੱਡੇ ਕਰਮਾਂ ਨਾਲ, ਭਾਗਾਂ ਨਾਲ ਕਦੇ ਹੀ ਉਸਦੇ ਨਾਲ ਕਿਸੇ ਦਾ ਮੇਲ ਹੁੰਦਾ ਹੈ ਤੇ ਉਹ ਆਪਣੀ ਸੋਝੀ ਪਾਉਂਦਾ ਹੈ, ਮਨੁੱਖ ਉਸਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਨੂੰ, ਨਾਮ ਦੇ ਵਿਚਾਰਾਂ ਨੂੰ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਹੀ ਬੁੱਝਦਾ ਹੈ, ਉਹ ਆਪ ਹੀ ਬੁੱਝਾਉਂਦਾ ਹੈ, ਆਪ ਹੀ ਸਮਝਾਉਂਦਾ ਹੈ। **(ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ॥)** ਮਨ ਦੇ ਵਿੱਚ ਇਹ ਸੱਚੀ ਸੋਝੀ ਪੈਣ ਤੋਂ ਬਾਅਦ ਹੀ ਮਨੁੱਖ ਨਾਮ ਦੀ ਸੱਚੀ ਵਣਜ ਕਰਦਾ ਹੈ ਭਾਵ ਗੁਰੂ ਦੀ, ਗੁਰਮਤਿ ਦੀ ਸੱਚੀ ਸੋਝੀ ਦੁਆਰਾ ਵਿਚਰਦਾ ਹੈ। ਉਸ ਤੋਂ ਪਹਿਲਾਂ ਅਸੀਂ ਆਪਣੀ ਮਾੜੀ ਸਮਝ ਛੱਡ ਕੇ ਗੁਰੂ ਦੀ ਸਮਝ ਲੈ ਕੇ ਉਸ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਵਣਜ ਕਰਨ ਦਾ ਉੱਦਮ ਹੀ ਕਰਨਾ ਹੈ।

“ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ॥”

ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਨਾਮ ਮਿਲਦਾ ਹੈ ਭਾਵ ਪ੍ਰਮਾਤਮਾ ਆਪਣਾ ਨਾਮ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਆਪਣੇ ਨਾਮ ਤੇ ਚਲਾਉਂਦਾ ਹੈ ਭਾਵ ਆਪਣਾ ਨਾਮ ਜਪਾਉਂਦਾ ਹੈ।

ਸੱਚੇ ਨਾਮ ਤੇ ਮਨੁੱਖ ਇਸ ਲਈ ਚੱਲਦਾ ਹੈ, ਨਾਮ ਦੁਆਰਾ ਇਸ ਕਰਕੇ ਵਿਚਰਦਾ ਹੈ ਕਿਉਂਕਿ ਉਹ ਆਪਣੇ ਅੰਦਰੋਂ "ਨਾਮੁ" ਨੂੰ ਸੁਣਦਾ ਹੈ ਭਾਵ ਪ੍ਰਮਾਤਮਾ ਕੋਲੋਂ ਉਸਨੂੰ ਮਨ ਦੇ ਵਿੱਚ ਉਸਦਾ ਸੱਚਾ ਗਿਆਨ ਮਿਲਦਾ ਹੈ, ਪ੍ਰਮਾਤਮਾ ਕੋਲੋਂ ਸੱਚੇ ਵਿਚਾਰ ਮਿਲਦੇ ਹਨ, ਸੱਚੀ ਸੋਝੀ ਮਿਲਦੀ ਹੈ ਜਿਸ ਦੁਆਰਾ ਧਰਮ ਦੇ ਮਾਰਗ ਤੇ ਚੱਲਣ ਦੀ ਸੋਝੀ ਪੈਂਦੀ ਹੈ। ਜਿਹਨਾਂ ਸਰੀਰਾਂ ਰਾਹੀਂ, ਗੁਰਬਾਣੀ ਉਚਾਰੀ ਗਈ ਹੈ, ਜਿਹਨਾਂ ਨੇ ਸਾਨੂੰ ਨਾਮ ਦੀ ਸੋਝੀ ਪਾਈ ਹੈ ਉਹਨਾਂ ਨੇ ਪ੍ਰਮਾਤਮਾ ਕੋਲੋਂ ਇਸੇ ਤਰ੍ਹਾਂ ਮਨ ਦੇ ਵਿੱਚ ਉਸਦੇ ਵਿਚਾਰ ਬੁੱਝ ਕੇ, ਸਮਝ ਕੇ ਹੀ ਸੰਸਾਰ ਨੂੰ ਸੋਝੀ ਪਾਈ ਹੈ ਤੇ ਤਾਂ ਹੀ ਉਹਨਾਂ ਨੇ ਆਪਣੇ ਜੀਵਨ ਵਿੱਚ ਨਾਮ ਜਪਿਆ ਹੈ ਭਾਵ ਸੱਚੀ ਸੁੱਚੀ ਕਿਰਤ ਕੀਤੀ ਹੈ। ਸੱਚੀ ਸੋਝੀ ਪੈਣ ਦੁਆਰਾ ਹੀ, ਗੁਰਮਤਿ ਦੀ ਸੋਝੀ ਪੈਣ ਦੁਆਰਾ ਹੀ ਮਨੁੱਖ ਆਪਣੇ ਕਾਰ ਵਿਹਾਰ ਨਾਮ ਦੀ ਮਰਿਆਦਾ ਵਿੱਚ ਰਹਿ ਕੇ ਕਰਦਾ ਹੈ, ਔਗੁਣਾਂ ਤੋਂ ਮੁਕਤ ਹੋ ਕੇ ਗੁਣਾਂ ਦੁਆਰਾ ਵਿਚਰਦਾ ਹੈ, ਸੱਚੀ ਵਣਜ ਕਰਦਾ ਹੈ, ਨਾਮ ਦੀ ਵਣਜ ਕਰਦਾ ਹੈ ਭਾਵ ਨਾਮ ਜਪਦਾ ਹੈ ਭਾਵ ਸਾਡੀ ਸੱਚੀ ਸੁੱਚੀ ਕਿਰਤ ਹੀ ਨਾਮ ਜਪਣਾ ਹੈ।

(ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ॥)

ਬੜਾ ਸਪੱਸ਼ਟ ਹੈ ਕਿ ਨਾਮ ਸਾਡੇ ਜੀਵਨ ਦਾ "ਬਿਉਹਾਰ" ਹੈ ਭਾਵ ਸਾਡੀ ਸੰਸਾਰਿਕ ਵਿਚਰਨ ਹੈ, ਸੱਚੀ ਸੁੱਚੀ ਵਿਚਰਨ ਹੈ ਜੋ ਮਨ ਦੇ ਵਿੱਚ ਸੱਚ ਦਾ ਬੀਜ ਬੀਜਣ ਦੁਆਰਾ ਹੀ ਹੋ ਸਕਦੀ ਹੈ। ਲਾਹਾ ਜਾਂ ਤੋਟਾ ਸਾਡੇ ਕਰਮਾਂ ਦੇ, ਸਾਡੀ ਕਿਰਤ ਦੇ ਹੱਥ ਹੈ। ਚੰਗੇ ਤੇ ਸੱਚੇ ਸੁੱਚੇ ਕਰਮਾਂ ਨਾਲ ਲਾਹਾ ਹੈ, ਗੁਣਾਂ ਦੇ ਵਿੱਚ ਲਾਹਾ ਹੈ।

4/307

ਇਸੇ ਤਰ੍ਹਾਂ ਮਾੜੇ ਕਰਮਾਂ ਦੁਆਰਾ ਤੋਟਾ ਹੈ, ਔਗੁਣਾਂ ਦੇ ਵਿੱਚ ਤੋਟਾ ਹੈ ਤੇ ਪ੍ਰਮਾਤਮਾ ਦਾ ਇਹ ਹੀ ਦਸਤੂਰ, ਅਸੂਲ ਸ਼ੁਰੂ ਤੋਂ, ਹਮੇਸ਼ਾਂ ਤੋਂ ਚੱਲਦਾ ਆ ਰਿਹਾ ਹੈ **(ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ॥)**। ਜੁਗਾਂ-ਜੁਗਾਂ ਤੋਂ ਪ੍ਰਮਾਤਮਾ ਨੂੰ ਜਪਣ ਦਾ ਇਹੀ ਤਰੀਕਾ ਹੈ, ਉਸਨੂੰ ਪਾਉਣ ਦਾ ਇਹੀ ਤਰੀਕਾ ਹੈ।

ਪ੍ਰਮਾਤਮਾ ਦੀ ਵਡਿਆਈ ਉਹ ਕੁੱਝ ਕਰਨ ਵਿੱਚ ਹੈ ਜੋ ਉਸ ਨੂੰ ਭਾਉਂਦਾ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਉਹ ਕਰਦਾ ਹੈ ਜੋ ਉਸਦੇ ਭਾਣੇ ਅਨੁਸਾਰ ਚੱਲਦਾ ਹੈ। ਪ੍ਰਮਾਤਮਾ ਨੂੰ ਕੀ ਭਾਉਂਦਾ ਹੈ, ਉਸਨੂੰ ਕਿਹੋ ਜਿਹੀ ਵਣਜ ਭਾਉਂਦੀ ਹੈ ਇਹ ਅਸੀਂ ਉੱਪਰ ਜਾਣ ਹੀ ਚੁੱਕੇ ਹਾਂ ਭਾਵ ਜੋ ਸੱਚੀ ਸੁੱਚੀ ਕਿਰਤ ਕਰਦਾ ਹੈ ਉਹ ਉਸਦੀ ਵਡਿਆਈ ਕਰਦਾ ਹੈ। ਜੋ ਵਡਿਆਈ ਕਰਦਾ ਹੈ ਉਹ ਹੀ ਲਾਹਾ ਲੈਂਦਾ ਹੈ। **(ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ॥੧੦॥੧੩॥)**

ਜੋ ਗੱਲ ਨਾਮ ਜਪਣ ਬਾਰੇ ਅਸੀਂ ਸ਼ੁਰੂ ਤੋਂ ਜਾਣਦੇ ਆ ਰਹੇ ਹਾਂ, ਉਹੀ ਕੁੱਝ ਅਸੀਂ ਉਪਰਲੇ ਸ਼ਬਦ ਦੁਆਰਾ ਜਾਣਿਆ ਹੈ। ਜਿਹੋ ਜਿਹਾ ਅਸੀਂ ਸਰੀਰਕ ਜਪ ਤਪ ਕਰਦੇ ਹਾਂ, ਉਸਦਾ ਉਪਰਲੇ ਸ਼ਬਦ ਵਿੱਚ ਵੀ ਖੰਡਨ ਕੀਤਾ ਹੋਇਆ ਹੈ। ਸਾਨੂੰ ਇੱਕ ਵੱਡਾ ਭੁਲੇਖਾ ਇਹ ਵੀ ਲੱਗਦਾ ਹੈ ਕਿ ਔਗੁਣ ਛੱਡਣੇ ਵੀ ਜਰੂਰੀ ਹਨ ਅਤੇ ਨਾਲ-ਨਾਲ ਜਪ ਤਪ ਕਰਨਾ ਵੀ ਜਰੂਰੀ ਹੈ। ਜਦ ਤੱਕ ਸਾਡਾ ਇਹ ਭੁਲੇਖਾ ਨਹੀਂ ਜਾਂਦਾ ਅਸੀਂ ਭਾਵੇਂ ਆਪਣੀ ਸਮਰੱਥਾ ਅਨੁਸਾਰ ਔਗੁਣ ਵੀ ਛੱਡ ਲਈਏ, ਤਾਂ ਵੀ ਅਸੀਂ ਭੁਲੇਖੇ ਵਿੱਚ ਹੀ ਹਾਂ। ਮੰਨ ਲਵੋ ਕਿ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਛੁਟਕਾਰਾ ਪਾ ਵੀ ਲਈਏ ਭਾਵੇਂ ਆਪਣੇ ਆਪ ਕੋਈ ਇਹਨਾਂ ਤੋਂ ਛੁਟਕਾਰਾ ਪਾ ਨਹੀਂ ਸਕਦਾ, ਤਾਂ ਵੀ ਅਸੀਂ ਗੁਰੂ ਦੀ ਗੱਲ ਤੇ ਪੂਰਾ ਨਹੀਂ ਉਤਰ ਸਕਦੇ। ਸਭ ਤੋਂ ਵੱਡਾ ਔਗੁਣ ਮਨੁੱਖ ਦੀ ਹਉਮੈ ਹੈ, ਮਨਮਤਿ ਹੈ, ਮਨਹਠਿ ਹੈ, ਆਪਣੇ ਅੰਦਰ ਦੀ ਹਉ ਹੈ, ਆਪਣੇ ਅੰਦਰ ਦੀ ਸਿਆਣਪ ਹੈ। ਇਹ ਸਾਡੀ ਮਨਮਤਿ ਹੀ, ਸਾਡੀ ਸਿਆਣਪ ਹੀ ਸਾਨੂੰ ਗੁਰੂ ਦੀ ਗੱਲ ਤੇ ਯਕੀਨ ਨਹੀਂ ਆਉਣ ਦਿੰਦੀ। ਸਾਡੀ ਮਨਮਤਿ ਸਾਨੂੰ ਵਾਰ-ਵਾਰ ਇਹੀ ਸਮਝਾਉਂਦੀ ਹੈ ਕਿ ਭਗਤੀ ਸਾਡੇ ਕਿਸੇ ਜਪ ਤਪ ਦੁਆਰਾ ਹੀ ਹੋਣੀ ਹੈ, ਖਾਲੀ ਬੈਠੇ ਰਹਿਣ ਨਾਲ, ਕੰਮਾਂ ਕਾਰਾਂ ਵਿੱਚ ਲੱਗੇ ਰਹਿਣ ਨਾਲ, ਕੇਵਲ ਔਗੁਣਾਂ ਦੇ ਤਿਆਗ ਨਾਲ ਨਹੀਂ ਹੋ ਸਕਦੀ ਭਾਵ ਅਸੀਂ ਭਗਤੀ ਨੂੰ ਆਪਣੀ ਵਿਚਰਨ ਨਹੀਂ ਮੰਨਦੇ ਬਲਕਿ ਕੋਈ ਵੱਖਰੀ ਗੱਲ ਸਮਝਦੇ ਹਾਂ ਜਿਸ ਨੂੰ ਵੇਖ ਕੇ ਦੂਸਰਿਆਂ ਨੂੰ ਇਹ ਮਹਿਸੂਸ ਹੋਵੇ ਕਿ ਇਹ ਮਨੁੱਖ ਭਗਤੀ ਕਰਨ ਵਾਲਾ ਹੈ ਭਾਵ ਅਸੀਂ ਭਗਤੀ ਨੂੰ ਸਰੀਰਕ ਕਿਰਿਆਵਾਂ ਦੇ ਦਿਖਾਵਿਆਂ ਨਾਲ ਜੋੜਿਆ ਹੋਇਆ ਹੈ, ਕਥਨੀ ਨਾਲ ਜੋੜਿਆ ਹੋਇਆ ਹੈ ਜੋ ਕਿ ਸਾਡਾ ਭਰਮ ਹੈ, ਮਨਮਤਿ ਹੈ ਜਿਵੇਂ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਜਦ ਤੱਕ ਸਾਡਾ

ਇਹ ਭਰਮ ਨਹੀਂ ਜਾਂਦਾ ਅਸੀਂ ਗੁਰੂ ਦੀ ਗੱਲ ਤੇ ਪੂਰੇ ਨਹੀਂ ਉਤਰ ਸਕਦੇ। ਗੁਰੂ ਦੀ ਗੱਲ ਤੇ ਪੂਰੇ ਉਤਰੇ ਬਿਨ੍ਹਾਂ ਭਗਤੀ ਨਹੀਂ ਹੋ ਸਕਦੀ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕਰੀਏ।

4/308

ਆਸਾ ਮਹਲਾ ੧ ਪੰਚਪਦੇ ॥

“ਮੋਹੁ ਕੁਟੰਬੁ ਮੋਹੁ ਸਭ ਕਾਰ ॥

ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥

ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥

ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥

ਸਚੁ ਨਾਮੁ ਜਾ ਨਵ ਨਿਧਿ ਪਾਈ ॥

ਰੋਵੈ ਪੂਤੁ ਨ ਕਲਪੈ ਮਾਈ ॥੨॥

ਏਤੁ ਮੋਹਿ ਡੂਬਾ ਸੰਸਾਰੁ ॥

ਗੁਰਮੁਖਿ ਕੋਈ ਉਤਰੈ ਪਾਰਿ ॥੩॥

ਏਤੁ ਮੋਹਿ ਫਿਰਿ ਜੂਨੀ ਪਾਹਿ ॥

ਮੋਹੇ ਲਾਗਾ ਜਮ ਪੁਰਿ ਜਾਹਿ ॥੪॥

ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥

ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥

ਨਦਰਿ ਕਰੇ ਤਾ ਏਹੁ ਮੋਹੁ ਜਾਇ ॥

ਨਾਨਕ ਹਰਿ ਸਿਉ ਰਹੈ ਸਮਾਇ ॥੬॥੨੩॥”

(ਅੰਗ ੩੫੬)

ਇਸ ਸ਼ਬਦ ਦੇ ਅਰਥ ਅਸੀਂ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ ਤੇ ਉੱਥੇ ਵੀ ਅਸੀਂ ਜਾਣਿਆ ਸੀ ਕਿ ਸਾਡੇ ਅੰਦਰ ਭਰਮ ਕਿਸ ਗੱਲ ਦਾ ਹੈ। ਪਹਿਲੇ ਸਾਨੂੰ ਮੋਹ ਸਮਝਾਇਆ ਹੈ ਕਿ ਮੋਹ ਬਿਨ੍ਹਾਂ ਸੰਸਾਰ ਨਹੀਂ ਚੱਲ ਸਕਦਾ, ਕੁਟੰਬ ਨਹੀਂ ਚੱਲ ਸਕਦਾ ਤੇ ਮਨੁੱਖ ਹਰ ਕੰਮ ਮੋਹ ਦੁਆਰਾ ਹੀ ਕਰਦਾ ਹੈ। ਵਿਕਾਰਾਂ ਨੂੰ ਤੱਜਣ ਲਈ ਹੁਕਮ ਕੀਤਾ ਹੋਇਆ ਹੈ, ਉਪਦੇਸ਼ ਦਿੱਤਾ ਹੋਇਆ ਹੈ, ਦੀਖਿਆ ਦਿੱਤੀ ਹੋਈ ਹੈ। ਨਾਲ ਹੀ ਅਗਲੀ ਪੰਗਤੀ ਵਿੱਚ ਸਾਨੂੰ ਇਹ ਸਮਝਾਇਆ ਹੈ ਕਿ ਮੋਹ ਦੇ ਨਾਲ ਭਰਮ ਨੂੰ ਵੀ ਤਿਆਗੋ ਭਾਵ ਜਦ ਤੱਕ ਸਾਡੇ ਅੰਦਰ ਇਹ ਭਰਮ ਬਣਿਆ ਰਹੇਗਾ ਕਿ ਔਗੁਣ ਛੱਡਣ ਤੋਂ ਇਲਾਵਾ ਨਾਲ ਹੋਰ ਵੀ ਕੋਈ ਜਪ ਤਪ ਕਰਨਾ ਹੈ ਤਾਂ ਫਿਰ ਇਸ ਦਾ ਮਤਲਬ ਇਹ ਹੋਇਆ ਕਿ ਸਾਨੂੰ ਗੁਰੂ ਦੀ ਗੱਲ ਤੇ ਪੂਰੀ ਤਰ੍ਹਾਂ ਯਕੀਨ ਨਹੀਂ ਆਇਆ ਭਾਵ ਅਸੀਂ ਇਹ ਸਮਝਦੇ ਹਾਂ ਕਿ ਗੁਰੂ ਨੇ ਭਾਵੇਂ ਔਗੁਣ ਤਿਆਗਣ ਲਈ ਹੀ ਕਿਹਾ ਹੈ ਪਰ ਫਿਰ ਵੀ ਜਪ ਤਪ ਕਰਨਾ ਚਾਹੀਦਾ ਹੈ। ਇਸਨੂੰ ਸਾਡਾ ਭਰਮ ਦੱਸਿਆ ਹੈ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਜਾ ਕੇ ਸਪੱਸ਼ਟ ਕੀਤਾ ਹੋਇਆ ਹੈ:-

(ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥)

ਗੁਰੂ ਦੀ ਦੀਖਿਆ ਕੀ ਹੈ ਇਹ ਅਸੀਂ ਪਹਿਲੇ ਹੀ ਜਾਣ ਚੁੱਕੇ ਹਾਂ ਜੋ ਕਿ ਇਸ ਪ੍ਰਕਾਰ ਹੈ:-

(ਮੋਹੁ ਤੁਮ ਤਜਹੁ ਸਗਲ ਵੇਕਾਰ॥)

ਜੇਕਰ ਅਸੀਂ ਗੁਰਾਂ ਦੀ ਇਤਨੀ ਗੱਲ ਨੂੰ ਮੰਨ ਲਈਏ ਕਿ ਔਗੁਣਾਂ ਨੂੰ ਤਿਆਗਣ ਦਾ ਹੀ ਹੁਕਮ ਹੈ ਤੇ ਹੋਰ ਕੋਈ ਵੱਖਰਾ ਜਪ ਤਪ ਕਰਨ ਦੀ ਲੋੜ ਨਹੀਂ ਹੈ, ਇਸ ਦਾ ਮਤਲਬ ਇਹ ਹੋਇਆ ਕਿ ਸਾਨੂੰ ਗੁਰੂ ਦੀ ਗੱਲ ਤੇ ਯਕੀਨ ਆ ਗਿਆ ਹੈ ਤੇ ਅਸੀਂ ਚੁੱਪ ਕਰਕੇ ਉਸ ਤੇ ਅਮਲ ਕਰਨਾ ਸ਼ੁਰੂ ਕਰ ਦੇਈਏ ਭਾਵ ਵਿੱਚ ਆਪਣੀ ਕੋਈ ਮਤਿ ਨਾ ਵਾੜੀਏ। ਲੇਕਿਨ ਗੁਰੂ ਦੀ

“ਦੀਖਿਆ ਨੂੰ”, ਸਿੱਖਿਆ ਨੂੰ ਸੁਣ ਕੇ ਫਿਰ ਵੀ ਸਰੀਰਕ ਜਪ ਤਪ ਕਮਾਉਣ ਲੱਗ ਜਾਈਏ, ਇਸ ਦਾ ਮਤਲਬ ਇਹ ਹੋਇਆ ਕਿ ਸਾਨੂੰ ਗੁਰੂ ਦੀ ਗੱਲ ਤੇ ਯਕੀਨ ਨਹੀਂ ਆਇਆ,

4/309

ਭਰੋਸਾ ਨਹੀਂ ਆਇਆ। ਭਰੋਸਾ ਆਖਰ ਆਪਣੀ ਮਤਿ ਤੇ ਹੀ ਕੀਤਾ, ਆਪਣੀ ਸਿਆਣਪ ਤੇ ਹੀ ਕੀਤਾ, ਕਿਸੇ ਹੋਰ ਕੋਲੋਂ ਸੁਣੀ ਹੋਈ ਗੱਲ ਤੇ ਕੀਤਾ, ਕਿਸੇ ਪੁਸਤਕ ਵਿੱਚੋਂ ਪੜ੍ਹੀ ਹੋਈ ਗੱਲ ਤੇ ਕੀਤਾ ਭਾਵ ਹਉਮੈ ਵਿੱਚ ਹੀ ਰਹੇ ਜੋ ਕਿ ਸਭ ਤੋਂ ਵੱਡਾ ਔਗੁਣ ਹੈ। ਇਸੇ ਲਈ ਸ਼ਬਦ ਰਾਹੀਂ, ਸਿੱਖਿਆ ਰਾਹੀਂ ਇਹ ਸਮਝਾਇਆ ਹੈ ਕਿ ਪਹਿਲੇ ਆਪਣੇ ਅੰਦਰੋਂ ਇਸ ਭਰਮ ਨੂੰ ਕੱਢੋ ਕਿ ਸਾਡੀ ਮਤਿ ਦੁਆਰਾ ਵੀ ਕੁੱਝ ਹੋ ਸਕਦਾ ਹੈ ਭਾਵ ਜਿਹੋ ਜਿਹੇ ਅਸੀਂ ਜਪ ਤਪ ਕਰਦੇ ਹਾਂ ਉਹ ਕੇਵਲ ਸਾਡਾ ਇੱਕ ਭਰਮ ਹੈ ਤੇ ਇਹੋ ਜਿਹੇ ਜਪ ਤਪ ਕਰਨ ਨਾਲ ਅਸੀਂ ਮੋਹ ਤੋਂ ਮੁਕਤ ਨਹੀਂ ਹੋ ਸਕਦੇ ਤੇ ਇਹੋ ਜਿਹੀ ਭਗਤੀ ਕਿਸੇ ਲੇਖੇ ਵਿੱਚ ਨਹੀਂ ਪੈ ਸਕਦੀ। ਸਭ ਤੋਂ ਵੱਡਾ ਮੋਹ ਸਾਨੂੰ ਆਪਣੇ ਆਪ ਨਾਲ ਹੈ, ਆਪਣੀ ਮਤਿ ਨਾਲ ਹੈ, ਉਹਨਾਂ ਦੇ ਨਾਲ ਹੈ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਆਪਣਾ ਸਿਰਮੌਰ ਮੰਨਿਆ ਹੋਇਆ ਹੈ। ਜਦ ਤੱਕ ਇਹ ਮੋਹ ਨਹੀਂ ਟੁੱਟਦਾ ਅਸੀ ਗੁਰੂ ਦੀ ਗੱਲ ਤੇ ਪੂਰਾ ਨਹੀਂ ਉੱਤਰ ਸਕਦੇ। ਸਭ ਤੋਂ ਵੱਡੀ ਗੱਲ ਗੁਰੂ ਤੇ ਭਰੋਸਾ ਕਰਨਾ ਹੈ। ਜੇਕਰ ਗੁਰੂ ਕਹਿੰਦਾ ਹੈ ਕਿ ਔਗੁਣ ਛੱਡਣ ਨਾਲ ਸਾਡਾ ਪਾਰ ਉਤਾਰਾ ਹੋ ਸਕਦਾ ਹੈ ਤਾਂ ਫਿਰ ਸੱਚ ਕਰਕੇ ਜਾਣੋਂ ਕਿ ਪਾਰ ਉਤਾਰਾ ਹੋ ਸਕਦਾ ਹੈ। ਇਹ ਗੁਰੂ ਦਾ ਬਚਨ ਹੈ, ਕੋਈ ਛੋਟੀ ਮੋਟੀ ਗੱਲ ਨਹੀਂ ਹੈ। ਗੁਰੂ ਦਾ ਹਰ ਬਚਨ ਅਟੱਲ ਹੁੰਦਾ ਹੈ ਜੋ ਕਦੇ ਬਦਲ ਨਹੀਂ ਸਕਦਾ। ਜੇਕਰ ਅਸੀਂ ਗੁਰੂ ਦੇ ਬਚਨ ਦੀ ਕਦਰ ਨਹੀਂ ਕਰ ਸਕਦੇ ਤਾਂ ਫਿਰ ਗੁਰੂ ਅੱਗੇ ਆਪਣੀ ਕਦਰ ਦੀ ਵੀ ਉਮੀਦ ਨਾ ਰੱਖੀਏ। ਝੂਠੀ ਉਮੀਦ ਤੇ ਨਾ ਜੀਵੀਏ। ਕਦਰ ਅਸਲ ਵਿੱਚ ਅਸੀਂ ਉਹਨਾਂ ਦੀ ਪਾ ਰਹੇ ਹਾਂ ਜਿਨ੍ਹਾਂ ਨੂੰ ਅਸੀਂ ਗੁਰੂ ਨਾਲੋਂ ਜਿਆਦਾ ਸਿਆਣੇ ਮੰਨਿਆ ਹੋਇਆ ਹੈ ਭਾਵ ਜਿਨ੍ਹਾਂ ਦੀਆਂ ਗੱਲਾਂ ਮੰਨਕੇ ਅਸੀਂ ਸਰੀਰਕ ਜਪ ਤਪ ਆਦਿ ਕਰਦੇ ਹਾਂ, ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲਦੇ ਹਾਂ ਤੇ ਹੋਰ ਅਨੇਕਾਂ ਉਹੋ ਜਿਹੇ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ।

ਆਓ ਇਸੇ ਗੱਲ ਨੂੰ ਅਗਲੇ ਸ਼ਬਦ ਦੁਆਰਾ ਦ੍ਰਿੜ ਕਰੀਏ ਕਿ ਸਾਡਾ “**ਅਹੰ ਰੋਗ**” ਪੰਜਾਂ ਵਿਕਾਰਾਂ ਤੋਂ ਵੱਖਰਾ ਦੱਸਿਆ ਹੋਇਆ ਹੈ ਜਿਸ ਦਾ ਦੂਰ ਹੋਣਾ ਬਹੁਤ ਜਰੂਰੀ ਹੈ।

“ਐਸੋ ਗੁਨੁ ਮੇਰੋ ਪ੍ਰਭ ਜੀ ਕੀਨ॥
ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥੧॥ਰਹਾਉ॥”

(ਅੰਗ ੭੧੬)

ਜਦ ਤੱਕ ਸਾਡੇ ਅੰਦਰ ਦਾ “**ਅਹੰ**” ਨਹੀਂ ਮਰਦਾ, ਸਾਡੀ ਮੈਂ ਨਹੀਂ ਖਤਮ ਹੁੰਦੀ, ਸਾਨੂੰ ਮੈਂ ਸਿਖਾਉਣ ਵਾਲੀ ਸਮਝ ਨਹੀਂ ਜਾਂਦੀ, ਮਨਮਤਿ ਦੂਰ ਨਹੀਂ ਹੁੰਦੀ, ਹਉਮੈ ਦੂਰ ਨਹੀਂ ਹੁੰਦੀ, ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ, ਸਾਡਾ ਆਪਾ ਨਹੀਂ ਜਾਂਦਾ ਅਸੀਂ ਗੁਰੂ ਨਾਲ ਨਹੀਂ ਜੁੜ ਸਕਦੇ ਭਾਵ ਗੁਰੂ ਦੀ ਸੱਚੀ ਸਮਝ ਦੇ ਨਾਲ ਨਹੀਂ ਜੁੜ ਸਕਦੇ।

“ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥੧॥”

(ਅੰਗ ੨੬੯)

4/310

ਇਹ ਅਹੰਮੇਵ ਸਾਡਾ ਸਭ ਤੋਂ ਵੱਡਾ ਵਿਕਾਰ ਹੈ ਜੋ ਸਾਨੂੰ ਗੁਰੂ ਤੋਂ ਦੂਰ ਰੱਖਦਾ ਹੈ ਤੇ ਜਦ ਤੱਕ ਇਹ ਨਹੀਂ ਬਿਨਸਦਾ ਅਸੀਂ ਗੁਰੂ ਨਾਲ ਨਹੀਂ ਜੁੜ ਸਕਦੇ। ਹਉਮੈ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ ਜੋ ਹਰ ਰੋਗ ਦਾ ਮੂਲ ਹੈ।

ਆਓ ਹੁਣ ਆਨੰਦ ਸਾਹਿਬ ਦੀ ਬਾਣੀ ਵਿੱਚੋਂ ਲਏ ਹੋਏ ਇਸ ਸ਼ਬਦ ਦੁਆਰਾ ਆਪਣਾ ਇਹ ਭੁਲੇਖਾ ਦੂਰ ਕਰੀਏ।

“ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥"

(ਅੰਗ ੯੧੮)

ਇਸ ਸ਼ਬਦ ਦੇ ਅਰਥ ਵੀ ਅਸੀਂ ਪਿੱਛੇ ਜਾਣ ਚੁੱਕੇ ਹਾਂ। ਪਹਿਲੇ ਵਿਕਾਰਾਂ ਦੇ ਤੱਜਣ ਦੀ ਗੱਲ ਕੀਤੀ ਹੋਈ ਹੈ ਭਾਵ ਅਗਰ ਕੋਈ ਇਹ ਕਹੇ ਕਿ ਉਸਨੇ ਲਬ, ਲੋਭ, ਅਹੰਕਾਰ, ਤ੍ਰਿਸ਼ਨਾ ਆਦਿ ਤੱਜ ਦਿੱਤੇ ਹਨ, ਉਸਦਾ ਇਹ ਕਹਿਣਾ ਕਾਫੀ ਨਹੀਂ ਹੈ **(ਬਹੁਤੁ ਨਾਹੀ ਬੋਲਣਾ)** ਭਾਵ ਇਨ੍ਹਾਂ ਔਗੁਣਾਂ ਨੂੰ ਤੱਜਣ ਦੁਆਰਾ ਸਾਡੀ ਭਗਤੀ ਪੂਰੀ ਨਹੀਂ ਹੈ। ਇਹ ਮਾਰਗ ਇਸ ਤੋਂ ਵੀ ਔਖਾ ਹੈ, ਜੋ ਕਿ ਨਾਲ ਹੀ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਗੁਰੂ ਦੀ ਕ੍ਰਿਪਾ ਨਾਲ ਜੋ ਆਪਣੇ ਆਪ ਨੂੰ ਤੱਜਦਾ ਹੈ ਭਾਵ ਆਪਣੀ ਮਤਿ ਤੱਜਦਾ ਹੈ, ਹਉਮੈ ਤੱਜਦਾ ਹੈ, ਆਪਣਾ ਅਹੰ ਤੱਜਦਾ ਹੈ ਤਾਂ ਉਸਦੀ ਭਗਤੀ ਪੂਰੀ ਹੁੰਦੀ ਹੈ ਕਿਉਂਕਿ ਇਹ ਸਾਡੀ ਮਨਮਤਿ ਹੀ ਸਾਡੀ ਸਭ ਤੋਂ ਵੱਡੀ ਰੁਕਾਵਟ ਹੈ ਜੋ ਸਾਨੂੰ ਗੁਰੂ ਤੋਂ ਦੂਰ ਰੱਖਦੀ ਹੈ। ਗੱਲ ਔਗੁਣਾਂ ਨੂੰ ਛੱਡਣ ਦੀ ਹੀ ਹੈ ਪਰ ਨਾਲ ਇਹ ਵਿਸ਼ਵਾਸ ਵੀ ਜਰੂਰੀ ਹੈ ਕਿ ਅਸੀਂ ਜੋ ਕੁੱਝ ਕਰ ਰਹੇ ਹਾਂ ਉਸ ਤੋਂ ਇਲਾਵਾ ਕਿਸੇ ਹੋਰ ਮਤਿ ਦੀ ਲੋੜ ਨਹੀਂ। ਕੇਵਲ ਗੁਰੂ ਦੀ ਮਤਿ ਲੈ ਕੇ, ਉਸਤੇ ਭਰੋਸਾ ਕਰਕੇ ਸੱਚੇ ਸੁੱਚੇ ਕਰਮ ਕਰੀ ਜਾਣਾ ਹੀ ਭਗਤੀ ਹੈ। ਜਦੋਂ ਗੁਰੂ ਦੀ ਮਤਿ ਸਾਡੇ ਅੰਦਰ ਘਰ ਕਰ ਜਾਵੇਗੀ ਫਿਰ ਮਨਮਤਿ ਆਪੇ ਹੀ ਦੂਰ ਹੋ ਜਾਵੇਗੀ ਤੇ ਮਨੁੱਖ ਗੁਰੂ ਦੀ ਰਜ਼ਾ ਵਿੱਚ ਆ ਜਾਵੇਗਾ। ਇਹ ਹੀ ਸਿਰੇ ਦੀ ਗੱਲ ਹੈ ਜੋ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਸਾਰੀ ਬਾਣੀ ਦਾ ਸਾਰ ਵੀ ਇਹ ਹੀ ਹੈ ਕਿ ਮਨਮਤਿ ਛੱਡੋ ਤੇ ਗੁਰਮਤਿ ਤੇ ਚੱਲੋ। ਮਨਮਤਿ ਰਾਹੀਂ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਗੁਰਮਤਿ ਦੇ ਉਲਟ ਹੁੰਦਾ ਹੈ ਭਾਵ ਉਸ ਵਿੱਚ ਸੱਚੁ ਨਹੀਂ ਹੁੰਦਾ। ਜਿਸ ਗੱਲ ਵਿੱਚ ਸੱਚ ਹੈ, ਉਹ ਸਾਡਾ ਗੁਣ ਹੈ ਤੇ ਪ੍ਰਮਾਤਮਾ ਦੀ ਭਗਤੀ ਗੁਣਾਂ ਦੁਆਰਾ ਹੀ ਹੁੰਦੀ ਹੈ। ਜਿੱਥੇ ਸੱਚ ਨਹੀਂ, ਗੁਰਮਤਿ ਨਹੀਂ ਉਸ ਗੱਲ ਵਿੱਚ ਝੂਠ ਹੈ, ਔਗੁਣ ਹੈ ਭਾਵ ਮਨਮਤਿ ਰਾਹੀਂ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਾਡਾ ਔਗੁਣ ਹੈ ਤੇ ਗੁਰਮਤਿ ਰਾਹੀਂ ਅਸੀਂ ਜੋ ਵੀ ਕਰਦੇ ਹਾਂ ਓਹ ਸਾਡਾ ਗੁਣ ਹੈ। ਕੇਵਲ ਗੁਰਮਤਿ ਦੁਆਰਾ ਸਮਝਾਏ ਹੋਏ ਸੱਚ ਨੂੰ, ਸੱਚੀ ਸਿੱਖਿਆ ਨੂੰ ਸਮਝਣ ਦੀ ਤੇ ਮੰਨਣ ਦੀ ਲੋੜ ਹੈ। ਭਗਤੀ ਸਾਡੀ ਕਥਨੀ ਨਾਲ ਨਹੀਂ ਹੋਣੀ, ਕਰਨੀ ਨਾਲ ਹੋਣੀ ਹੈ ਜੋ ਕਰਨੀ ਗੁਰੂ ਦੀ ਮਤਿ ਅਨੁਸਾਰ, ਗੁਰੂ ਦੀ ਸਿੱਖਿਆ ਦੁਆਰਾ ਸਮਝਾਏ ਹੋਏ ਗੁਣਾਂ ਨੂੰ ਮੰਨਣ ਦੁਆਰਾ ਹੋਣੀ ਹੈ, ਮਨਮਤਿ ਛੱਡਣ ਦੁਆਰਾ ਹੋਣੀ ਹੈ।

ਵੱਡੀ ਗੱਲ ਜੋ ਸਾਨੂੰ ਗੁਰੂ ਦੀ ਮਤਿ ਨਾਲ ਜੁੜਨ ਤੋਂ ਦੂਰ ਰੱਖਦੀ ਹੈ ਉਹ ਇਹ ਹੈ ਕਿ ਅਸੀਂ ਆਪਣੇ ਜੀਵਨ ਦਾ ਮਾਰਗ ਦਰਸ਼ਨ ਉਨ੍ਹਾਂ ਸ਼ਖ਼ਸੀਅਤਾਂ ਦੇ ਜੀਵਨ ਤੋਂ ਲੈਣਾ ਚੰਗਾ ਸਮਝਦੇ ਹਾਂ

4/311

ਜਿਨ੍ਹਾਂ ਨੂੰ ਅਸੀਂ ਧਾਰਮਿਕ ਪੱਖੋਂ ਉੱਚਾ ਸਮਝਦੇ ਹਾਂ। ਇਸ ਦੇ ਵਿੱਚ ਕੋਈ ਸ਼ੱਕ ਨਹੀਂ ਕਿ ਇਹੋ ਜਿਹੀਆਂ ਕਾਫੀ ਸ਼ਖਸੀਅਤਾਂ ਹੋਈਆਂ ਹਨ ਜਿਨ੍ਹਾਂ ਦਾ ਜੀਵਨ ਕਾਫੀ ਉੱਚਾ ਸੁੱਚਾ ਹੋਇਆ ਹੈ, ਉਹ ਲੋਗ ਦੁਨਿਆਵੀ ਵਿਕਾਰਾਂ ਤੋਂ ਵੀ ਦੂਰ ਰਹੇ ਲੱਗਦੇ ਹਨ, ਉਨ੍ਹਾਂ ਧਰਮ ਦੇ ਚੰਗੇ ਕੰਮ ਵੀ ਕੀਤੇ ਹਨ ਜਿਵੇਂ ਕਿ ਸਮਾਜ ਲਈ ਹਸਪਤਾਲ ਬਣਵਾਏ ਹਨ, ਸਕੂਲ ਬਣਵਾਏ ਹਨ, ਇਮਾਰਤਾਂ ਆਦਿ ਬਣਵਾਈਆਂ ਹਨ। ਪਰ ਗੁਰਮਤਿ ਤੇ ਪੂਰਾ ਉਤਰਨਾ ਬਹੁਤ ਹੀ ਔਖਾ ਹੈ। ਅਸੀਂ ਉਨ੍ਹਾਂ ਦੀ ਉੱਚੀ ਅਵੱਸਥਾ ਇਸ ਲਈ ਮੰਨੀ ਹੈ ਕਿਉਂਕਿ ਉਨ੍ਹਾਂ ਨੇ ਜਪ ਤਪ ਵੀ ਬਹੁਤ ਕੀਤੇ ਹਨ। ਸਰੀਰਕ ਜਪ ਤਪ ਕਰਨੇ ਗੁਰਮਤਿ ਦੇ ਮੂਲ ਸਿਧਾਂਤ ਦੇ ਹੀ ਉਲਟ ਹਨ ਤੇ ਇਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ ਕਿਉਂਕਿ ਇਹ ਜਪ ਤਪ ਦਾ ਭਰਮ ਚੰਗੇ ਕਰਮ ਕਰਦੇ ਹੋਏ ਵੀ ਨਾਲ-ਨਾਲ ਹੀ ਚੱਲਦਾ ਹੈ। ਇਸ ਭਰਮ ਵਿੱਚੋਂ ਕੋਈ ਵਿਰਲਾ ਹੀ ਨਿਕਲ ਸਕਦਾ ਹੈ, ਇਸ ਦੁਬਿਧਾ ਵਿੱਚੋਂ ਕੋਈ ਵਿਰਲਾ ਹੀ ਨਿਕਲ ਸਕਦਾ ਹੈ ਕਿਉਂਕਿ ਇਹ ਸਾਡੇ ਹੱਥ ਵੱਸ ਨਹੀਂ ਹੈ। ਸਾਨੂੰ ਇਸ ਭਰਮ ਵਿੱਚੋਂ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਕਿਉਂਕਿ ਹਰ ਕੋਈ ਉਸਦਾ ਭੁਲਾਇਆ ਹੋਇਆ ਹੀ ਭੁੱਲਿਆ ਹੋਇਆ ਹੈ ਤੇ ਉਸ ਦੁਆਰਾ ਸੋਝੀ ਪਾਉਣ ਤੇ ਹੀ ਇਸ ਭਰਮ ਵਿੱਚੋਂ ਨਿਕਲਿਆ ਜਾ ਸਕਦਾ ਹੈ, ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ ਕਿ ਜਪ ਤਪ ਕਰਨੇ ਕੇਵਲ ਸਾਡੀ ਇੱਕ ਭੁੱਲ ਹੀ ਹੈ। ਲਾਭ ਸਾਨੂੰ ਚੰਗੇ ਕਰਮਾਂ ਦਾ ਹੀ ਮਿਲਣਾ ਹੈ, ਕਿਸੇ ਸਰੀਰਕ ਜਪ ਤਪ ਦਾ ਨਹੀਂ ਮਿਲਣਾ। ਆਪਣੇ ਆਪ

ਨੂੰ ਵੱਡਾ ਕੋਈ ਤਾਂ ਹੀ ਅਖਵਾ ਸਕਦਾ ਹੈ, ਭਗਤੀ ਦੀ ਸਮਝ ਵਾਲਾ ਤਾਂ ਹੀ ਅਖਵਾ ਸਕਦਾ ਹੈ ਜਦ ਤੱਕ ਕਿਸੇ ਨੇ ਆਪਣੇ ਅੰਦਰੋਂ ਇਸ ਸਰੀਰ ਦੇ ਮਾਲਕ ਨੂੰ ਨਹੀਂ ਜਾਣਿਆ ਜੋ ਆਪ ਹੀ ਸਭ ਦੇ ਅੰਦਰ ਸਮਝ ਪਾਉਣ ਵਾਲਾ ਹੈ।

(ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥)

(ਅੰਗ ੬੧)

ਸਾਨੂੰ ਆਪਣੀ ਜੀਵਨ ਜਾਂਚ ਦਾ ਆਧਾਰ ਕੇਵਲ ਗੁਰੂ ਨੂੰ ਹੀ ਮੰਨਣਾ ਚਾਹੀਦਾ ਹੈ ਨਹੀਂ ਤਾਂ ਅਸੀਂ ਭਟਕ ਜਾਵਾਂਗੇ। ਗੁਰੂ ਤੋਂ ਉੱਚੀ ਤੇ ਸੁੱਚੀ ਮਤਿ ਕੋਈ ਨਹੀਂ ਦੇ ਸਕਦਾ, ਕੋਈ ਵੀ ਨਹੀਂ ਦੇ ਸਕਦਾ। ਬਾਣੀ ਨੂੰ ਪੜ੍ਹਨਾ, ਸੁਣਨਾ, ਉਸਨੂੰ ਸਮਝਣਾ ਤੇ ਉਸਨੂੰ ਆਪਣੇ ਜੀਵਨ ਵਿੱਚ ਢਾਲਣਾ ਭਾਵ ਉਸ ਤੇ ਅਮਲ ਕਰਨਾ ਹੀ ਜਪ ਤਪ ਹੈ। ਇਸ ਤੋਂ ਵੱਖਰਾ ਜਪ ਤਪ ਜੋ ਅਸੀਂ ਕਰਦੇ ਹਾਂ ਭਾਵ ਜੋ ਸੁਰਤੀਆਂ ਸਮਾਧੀਆਂ ਆਦਿ ਲਗਾਉਂਦੇ ਹਾਂ, ਆਪਣੀ ਮਤਿ ਅਨੁਸਾਰ ਇੱਕ ਅੱਖਰ ਨੂੰ ਬੋਲ ਬੋਲ ਕੇ ਜਪ ਤਪ ਕਰਦੇ ਹਾਂ ਇਹ ਕੇਵਲ ਸਾਡਾ ਇੱਕ ਭੁਲੇਖਾ ਹੈ, ਭਰਮ ਹੈ। ਇਹੋ ਜਿਹੇ ਜਪ ਤਪ ਨੂੰ ਬਾਣੀ ਵਿੱਚ ਸਾਡਾ ਕੇਵਲ ਇੱਕ ਵਿਖਾਵਾ ਕਿਹਾ ਗਿਆ ਹੈ, ਜੋ ਸਾਡੇ ਕਿਸੇ ਲੇਖੇ ਨਹੀਂ ਪੈਂਦਾ। ਜੇਕਰ ਧਿਆਨ ਨਾਲ ਵਿਚਾਰੀਏ, ਅਸੀਂ ਤਾਂ ਆਪਣੇ ਵੱਲੋਂ ਇਹੋ ਜਿਹੇ ਜਪ ਤਪ ਪ੍ਰਮਾਤਮਾ ਵਿੱਚ ਆਪਣੀ ਸ਼ਰਧਾ ਪ੍ਰਗਟ ਕਰਨ ਲਈ ਹੀ ਕਰਦੇ ਹਾਂ ਪਰ ਅਸਲ ਵਿੱਚ ਅਸੀਂ ਆਪਣੇ ਭਰਮ ਦਾ ਹੀ ਪ੍ਰਗਟਾਵਾ ਕਰਦੇ ਹਾਂ ਕਿ ਜਾਂ ਤੇ ਸਾਨੂੰ ਗੁਰੂ ਦੀ

ਦੀਖਿਆ ਸਮਝ ਨਹੀਂ ਆਈ ਤੇ ਜੇਕਰ ਸਮਝ ਆ ਗਈ ਹੈ ਫਿਰ ਅਸੀਂ ਉਸਨੂੰ ਮੰਨਣ ਲਈ ਤਿਆਰ ਨਹੀਂ। ਜਿਸਨੂੰ ਖੁਸ਼ ਕਰਨ ਲਈ ਅਸੀਂ ਸਭ ਕੁੱਝ ਕਰਦੇ ਹਾਂ, ਜੇਕਰ ਉਹ ਇਹੋ ਜਿਹੇ ਜਪ ਤਪ ਨਾਲ ਖੁਸ਼ ਨਹੀਂ ਹੁੰਦਾ ਤੇ ਫਿਰ ਇਹੋ ਜਿਹਾ ਜਪ ਤਪ ਲੇਖੇ ਵਿੱਚ ਕਿਵੇਂ ਪੈ ਸਕਦਾ ਹੈ।

ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਕਿ ਗੁਰਮਤਿ ਦਾ ਤੋਲ ਤੁਲਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ ਪਰ ਫਿਰ ਵੀ ਅਸੀਂ ਇਸੇ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਾਂ ਕਿ ਅਸੀਂ ਆਪਣੇ ਕਿਸੇ ਜਪ ਤਪ ਦੁਆਰਾ ਹੀ ਉਸ ਤੋਲ ਤੇ ਤੁਲ ਜਾਈਏ ਤੇ ਪ੍ਰਮਾਤਮਾ ਨੂੰ ਪਾ ਲਈਏ। ਇਹ ਕੇਵਲ ਸਾਡਾ ਇੱਕ ਭਰਮ ਹੈ। ਪ੍ਰਮਾਤਮਾ ਨੂੰ ਪਾਉਣ ਲਈ ਉਸਦੇ ਬਚਨਾਂ ਦਾ ਤੋਲ ਤੁਲਣਾ ਹੀ ਪੈਂਦਾ ਹੈ ਤੇ ਸਾਡੇ ਆਪਣੀ ਮਤਿ ਦੁਆਰਾ ਕੀਤੇ ਹੋਏ ਜਪ ਤਪ ਕੇਵਲ ਸਾਨੂੰ ਦੁਨੀਆਂ ਦੀਆਂ ਨਜ਼ਰਾਂ ਵਿੱਚ ਹੀ ਉੱਚਾ ਕਰਦੇ ਹਨ, ਨਾ ਕਿ ਪ੍ਰਮਾਤਮਾ ਦੀਆਂ। ਆਓ ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਜਾਣੀਏ। ਬੜੇ ਧਿਆਨ ਤੇ ਗਹਿਰਾਈ ਨਾਲ ਸਮਝਣ ਵਾਲਾ ਸ਼ਬਦ ਹੈ, ਸਾਡਾ ਵੱਡਾ ਭੁਲੇਖਾ ਕੱਢਣ ਵਾਲਾ ਸ਼ਬਦ ਹੈ। ਸਮਝ ਕੇ ਮਨ ਨੂੰ ਨਾਮ ਜਪਣ ਬਾਰੇ ਤਸੱਲੀ ਮਿਲੇਗੀ। ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਜ਼ਿਆਦਾਤਰ ਸ਼ਬਦ ਗਹਿਰਾਈ ਵਿੱਚ ਹੀ ਹੁੰਦੇ ਹਨ। ਇਸ ਸ਼ਬਦ ਰਾਹੀਂ ਸਾਨੂੰ ਕਾਫੀ ਬਰੀਕੀ ਨਾਲ ਨਾਮ ਜਪਣਾ ਸਮਝਾਇਆ ਹੋਇਆ ਹੈ ਤੇ ਜਪਣ ਵਾਲਿਆਂ ਦੀ ਮਨਮਤਿ, ਮਨਹਠਿ ਵੀ ਸਮਝਾਈ ਹੋਈ ਹੈ।

ਸਲੋਕ ਮਹਲਾ ੧ ॥

“ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥
ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥
ਵਡਾ ਆਖਣੁ ਭਾਰਾ ਤੋਲੁ॥
ਹੋਰ ਹਉਲੀ ਮਤੀ ਹਉਲੇ ਬੋਲ॥
ਧਰਤੀ ਪਾਣੀ ਪਰਬਤ ਭਾਰੁ॥
ਕਿਉ ਕੰਡੈ ਤੋਲੈ ਸੁਨਿਆਰੁ॥
ਤੋਲਾ ਮਾਸਾ ਰਤਕ ਪਾਇ॥
ਨਾਨਕ ਪੁਛਿਆ ਦੇਇ ਪੁਜਾਇ॥
ਮੂਰਖ ਅੰਧਿਆ ਅੰਧੀ ਧਾਤੁ॥
ਕਹਿ ਕਹਿ ਕਹਣੁ ਕਹਾਇਨਿ ਆਪੁ॥੧॥”

(ਅੰਗ ੧੨੩੯)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਗੁਰੂ ਦੇ ਬੋਲਾਂ ਤੇ ਕਿਸ ਤਰੀਕੇ ਪੂਰਾ ਉਤਰਨਾ ਹੈ। ਗੁਰੂ ਦੇ ਉਪਦੇਸ਼ ਤੇ ਪੂਰਾ ਉਤਰਨਾ ਬਹੁਤ ਔਖਾ ਹੈ। ਇਹ ਤੋਲ ਤਾਂ ਹੀ ਤੁਲਿਆ ਜਾ ਸਕਦਾ ਹੈ ਜੇਕਰ ਤਰਾਜੂ ਦੇ ਇੱਕ ਪਾਸੇ ਗੁਰੂ ਦੇ ਬੋਲ ਹਨ ਤੇ ਤਰਾਜੂ ਦੇ ਦੂਜੇ ਪਾਸੇ ਮਨੁੱਖ ਦਾ ਆਪਾ ਹੋਵੇ। ਮਤਲਬ ਸਪੱਸ਼ਟ ਹੈ ਕਿ ਇਹ ਤੋਲ ਮਨੁੱਖ ਆਪਣਾ ਆਪ ਗੁਰੂ ਤੇ ਵਾਰ ਕੇ ਹੀ ਪੂਰਾ ਕਰ ਸਕਦਾ ਹੈ ਜੋ ਕਿ ਬਹੁਤ ਔਖਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਗੁਰੂ ਦੇ ਬੋਲਾਂ ਤੇ ਪੂਰਾ ਉਤਰਨ ਦਾ ਹੈ ਤੇ ਮਨੁੱਖ ਦੀ ਇਤਨੀ ਸਮਰੱਥਾ ਵੀ ਨਹੀਂ ਕਿ ਉਹ ਗੁਰੂ ਦੇ ਇੱਕ ਬੋਲ ਤੇ ਵੀ ਪੂਰਾ ਉਤਰ ਸਕੇ, ਪੂਰਾ ਤੋਲ ਤੁਲਣਾ ਤਾ ਬਹੁਤ ਦੂਰ ਦੀ ਗੱਲ ਹੈ ਭਾਵ ਪ੍ਰਮਾਤਮਾ ਨੂੰ ਪਾਉਣਾ, ਉਸਨੂੰ ਜਪਣਾ ਬਹੁਤ ਔਖਾ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਕੇਵਲ ਇਹੋ ਤਰੀਕਾ ਹੀ ਹੈ ਕਿ ਅਸੀਂ ਗੁਰੂ ਦੇ ਹਰ ਬੋਲ ਤੇ ਪੂਰਾ ਉਤਰੀਏ, ਗੁਰੂ ਦੇ ਹਰ ਬਚਨ ਤੇ ਪੂਰਾ ਉਤਰੀਏ, ਹਰ ਸ਼ਬਦ ਦੀ ਵਿਚਾਰ ਤੇ ਪੂਰਾ ਉਤਰੀਏ ਭਾਵ ਪੂਰੀ ਤਰ੍ਹਾਂ ਗੁਰਮਤਿ ਤੇ ਪੂਰਾ ਉਤਰੀਏ ਜਿਸ ਤੇ ਪੂਰਾ ਉਤਰਨ ਲਈ ਆਪਣੀ ਮਤਿ ਪੂਰਨ ਰੂਪ ਵਿੱਚ ਛੱਡਣੀ ਪੈਂਦੀ ਹੈ, ਆਪਣੀ ਸਮਝ, ਮਾਇਆ ਮੋਹ ਵਾਲੀ ਸਮਝ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ, ਹਉਮੈ ਤਿਆਗਣੀ ਪੈਂਦੀ ਹੈ ਤੇ ਇਹੀ ਆਪਾ ਛੱਡਣਾ ਹੈ, ਆਪਣਾ ਮਨ ਗੁਰੂ ਨੂੰ ਦੇਣਾ ਪੈਂਦਾ ਹੈ ਜੋ ਕਿ ਸਭ ਤੋਂ ਔਖੀ ਗੱਲ ਹੈ ਤੇ ਇਸੇ ਲਈ ਪ੍ਰਮਾਤਮਾ ਦੀ ਭਗਤੀ ਦਾ ਤੋਲ ਤੁਲਣਾ ਮਨੁੱਖ ਦੇ ਵੱਸ ਨਹੀਂ ਹੈ ਕਿਉਂਕਿ ਸਾਡੀ ਮਤਿ ਸਾਡੇ ਵੱਸ ਨਹੀਂ ਹੈ ਕਿਉਂਕਿ ਮਾਇਆ ਮੋਹ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ, ਤ੍ਰਿਸ਼ਨਾਵਾਂ ਉਸਦੀਆਂ ਆਪਣੀਆਂ ਪਾਈਆਂ ਹੋਈਆਂ ਹਨ ਜਿਹਨਾਂ ਨੂੰ ਛੱਡਣਾ ਬਹੁਤ ਔਖਾ ਹੈ ਤੇ ਇਸੇ ਲਈ ਨਾ ਕੋਈ ਇਸ ਸੱਚੀ ਭਗਤੀ ਦਾ ਤੋਲ ਤੁਲ ਸਕਦਾ ਹੈ ਤੇ ਨਾ ਹੀ ਕੋਈ ਪ੍ਰਮਾਤਮਾ ਨੂੰ ਆਪਣੀ ਮਰਜੀ ਨਾਲ ਪਾ ਸਕਦਾ ਹੈ। **(ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥)** ਅਸੀਂ ਤੋਲ ਗੁਰੂ ਦੇ ਬੋਲਾਂ ਦਾ ਤੁਲਣਾ

ਹੈ, ਗੁਰੂ ਨੇ ਜੋ ਬੋਲ ਗੁਰਬਾਣੀ ਵਿੱਚ ਬੋਲੇ ਹਨ, ਉਹਨਾਂ ਤੇ ਪੂਰਾ ਉਤਰਨਾ ਹੈ ਭਾਵ ਉਹਨਾਂ ਨੂੰ ਮੰਨ ਕੇ ਉਹਨਾਂ ਤੇ ਅਮਲ ਕਰਨਾ ਹੈ ਤੇ ਪ੍ਰਮਾਤਮਾ ਨੂੰ ਮਿਲਣ ਦਾ, ਉਸਨੂੰ ਪਾਉਣ ਦਾ ਇਹੀ ਤਰੀਕਾ ਹੈ ਕਿ ਅਸੀਂ ਉਸਦੇ ਬੋਲੇ ਹੋਏ ਬੋਲਾਂ ਤੇ, ਬਚਨਾਂ ਤੇ ਪੂਰਾ ਉਤਰੀਏ। ਪ੍ਰਮਾਤਮਾ ਦਾ ਆਖਣ ਭਾਵ ਉਸਨੂੰ ਜਪਣਾ ਇਹ ਹੀ ਹੈ ਕਿ ਉਸਦਾ ਇਹ ਭਾਰਾ ਤੋਲ ਤੁਲਿਆ ਜਾਵੇ **(ਵਡਾ ਆਖਣੁ ਭਾਰਾ ਤੋਲੁ॥)** ਉਸਦਾ ਤੋਲ ਤੁਲਣਾ ਕਿਤਨਾ ਔਖਾ ਹੈ ਇਹ ਅਸੀਂ ਪਿੱਛੇ ਦੂਸਰੇ ਸ਼ਬਦਾਂ ਦੁਆਰਾ ਪਹਿਲਾਂ ਹੀ ਜਾਣਿਆ ਹੈ।

{ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥}

(ਅੰਗ ੧੫੧)

ਇਹੋ ਜਿਹੇ ਆਖਣ ਭਾਵ ਜਪਣ ਤੋਂ ਇਲਾਵਾ ਭਾਵ "ਗੁਰੂ" ਦੇ ਪੂਰੇ ਬੋਲਾਂ ਤੇ ਪੂਰੇ ਉਤਰਨ ਤੋਂ ਇਲਾਵਾ ਹੋਰ ਜੋ ਵੀ ਕੋਈ ਤਰੀਕਾ ਅਸੀਂ ਪ੍ਰਮਾਤਮਾ ਨੂੰ ਜਪਣ ਦਾ ਅਪਣਾਉਂਦੇ ਹਾਂ ਉਹ ਕੇਵਲ ਸਾਡੀ

4/313

ਹੌਲੀ ਮਤਿ ਹੈ, ਛੋਟੀ ਮਤਿ ਹੈ, ਮਨਮਤਿ ਹੈ। ਇਹੋ ਜਿਹੀ ਮਤਿ ਦੁਆਰਾ ਜੋ ਵੀ ਅਸੀਂ ਜਪ ਤਪ ਕਰਦੇ ਹਾਂ ਉਹ ਸਾਡੇ ਕੇਵਲ ਹੌਲੇ ਬੋਲ ਹਨ ਭਾਵ ਪ੍ਰਮਾਤਮਾ ਦੇ ਅਸਲ ਜਪ ਦੇ ਅੱਗੇ ਭਾਵ ਗੁਰੂ ਦੇ ਪੂਰੇ ਬੋਲਾਂ ਤੇ ਉਤਰਨ ਦੀ ਬਜਾਇ ਸਾਡਾ ਹੋਰ ਕੋਈ ਵੀ ਜਪ ਤਪ ਗੁਰੂ ਦੀ ਉੱਚੀ ਮਤਿ ਦੇ ਸਾਹਮਣੇ ਤੁੱਛ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਹੋਰ ਹਉਲੀ ਮਤੀ ਹਉਲੇ ਬੋਲ॥)**। ਜਿਹੋ ਜਿਹੇ ਜਪ ਤਪ ਅਸੀਂ ਕਰਦੇ ਹਾਂ ਉਹ ਅਸੀਂ ਜਾਣਦੇ ਹੀ ਹਾਂ ਜੋ ਕਿ ਇੱਕ ਅੱਖਰ ਨੂੰ ਬੋਲ ਬੋਲ ਕੇ ਜਪਦੇ ਹਾਂ। ਸਾਡੇ ਇਹੋ ਜਿਹੇ ਬੋਲ ਬੋਲਣੇ, ਇਹੋ ਜਿਹਾ ਜਪ ਤਪ ਕਰਨਾ ਕਿਤਨਾ ਹੌਲਾ ਹੈ, ਕਿਤਨਾ ਬੇ-ਬੁਨਿਆਦੀ ਹੈ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੈ। ਸਾਡਾ ਇਹੋ ਜਿਹਾ ਜਪ ਤਪ ਇਸ ਤਰ੍ਹਾਂ ਦਾ ਹੈ ਜਿਵੇਂ ਕਿ ਸਾਰੀ ਧਰਤੀ ਦੇ, ਪਾਣੀ ਦੇ, ਪਰਬਤਾਂ ਦੇ ਭਾਰ ਨੂੰ ਅਸੀਂ ਇੱਕ ਸੁਨਿਆਰੇ ਦੇ ਕੰਡੇ ਉੱਤੇ ਤੋਲ ਰਹੇ ਹਾਂ, ਤੋਲਣ ਦੀ ਕੋਸ਼ਿਸ਼ ਕਰ ਰਹੇ ਹਾਂ। ਜਿਵੇਂ ਕਿ ਇਤਨਾ ਵੱਡਾ ਭਾਰਾ ਤੋਲ ਇੱਕ ਸੁਨਿਆਰੇ ਦੇ ਕੰਡੇ ਤੇ ਨਹੀਂ ਤੁਲ ਸਕਦਾ, ਉਸੇ ਤਰ੍ਹਾਂ ਸਾਡੇ ਹੌਲੇ ਬੋਲਾਂ ਦੁਆਰਾ ਉਸ ਪ੍ਰਮਾਤਮਾ ਨੂੰ ਪਾਉਣ ਦਾ ਤੋਲ ਨਹੀਂ ਤੁਲਿਆ ਜਾ ਸਕਦਾ ਭਾਵ ਇਹੋ ਜਿਹੇ ਬੋਲਾਂ ਦੁਆਰਾ, ਸਾਡੇ ਹੌਲੇ ਜਪ ਤਪ ਦੁਆਰਾ ਪ੍ਰਮਾਤਮਾ ਨੂੰ ਪਾਉਣਾ ਨਾ-ਮੁਮਕਿਨ ਹੈ।

(ਧਰਤੀ ਪਾਣੀ ਪਰਬਤ ਭਾਰੁ॥ ਕਿਉ ਕੰਡੈ ਤੋਲੈ ਸੁਨਿਆਰੁ॥)

ਇਸ ਤੋਂ ਅਗਲੀ ਪੰਗਤੀ ਵਿੱਚ ਬੜੇ ਹੀ ਕਮਾਲ ਦੇ ਤਰੀਕੇ ਨਾਲ ਸਾਡਾ ਇਹ ਭਰਮ ਕੱਢਿਆ ਹੋਇਆ ਹੈ ਕਿ ਸਾਡਾ ਜਪ ਤਪ ਕਿਤਨਾ ਹੌਲਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਇਹੋ ਜਿਹਾ ਅਖਰਾਂ ਦਾ ਜਪ ਤਪ ਕਰਕੇ ਅਸੀਂ ਇਹ ਹੀ ਸਮਝਦੇ ਹਾਂ ਕਿ ਪ੍ਰਮਾਤਮਾ ਨੂੰ ਪਾਉਣ ਦਾ ਇਹੀ ਤਰੀਕਾ ਹੈ ਤੇ ਅਸੀਂ ਇਹ ਹੀ ਤਸੱਲੀ ਆਪਣੇ ਮਨ ਵਿੱਚ ਬਣਾਈ ਰੱਖਦੇ ਹਾਂ ਕਿ ਅਸੀਂ ਭਗਤੀ ਦੇ ਸਹੀ ਮਾਰਗ ਤੇ ਚੱਲ ਰਹੇ ਹਾਂ। ਅਸੀਂ ਕਿਤਨੇ ਵੱਡੇ ਭੁਲੇਖੇ ਵਿੱਚ ਹਾਂ, ਇਹ ਭੁਲੇਖਾ ਹੀ ਅਗਲੀ ਪੰਗਤੀ ਵਿੱਚ ਕੱਢਿਆ ਹੋਇਆ ਹੈ। ਜਿਹੋ ਜਿਹੇ ਅਸੀਂ ਬੋਲ ਬੋਲ ਕੇ ਜਪ ਤਪ ਕਰਦੇ ਹਾਂ ਇਨ੍ਹਾਂ ਨੂੰ ਇਤਨੇ ਹੌਲੇ ਬੋਲ ਦੱਸਿਆ ਗਿਆ ਹੈ ਜਿਵੇਂ ਕਿ ਸੁਨਿਆਰੇ ਦੇ ਤੋਲ ਤੋਲਣ ਵਾਲੇ ਵੱਟੇ ਆਦਿ ਹੁੰਦੇ ਹਨ। ਸੁਨਿਆਰੇ ਦੇ ਕੰਡੇ ਤੇ ਤੋਲ, ਤੋਲੇ, ਮਾਸੇ ਤੇ ਰੱਤਕ ਆਦਿ ਨਾਲ ਤੋਲਿਆ ਜਾਂਦਾ ਹੈ ਭਾਵ ਬਹੁਤ ਹੌਲੇ ਵੱਟਿਆਂ ਨਾਲ ਤੋਲਿਆ ਜਾਂਦਾ ਹੈ। ਸਾਡੇ ਬੋਲਣ ਵਾਲੇ ਹੌਲੇ ਬੋਲਾਂ ਦੀ ਤੁਲਣਾ ਸੁਨਿਆਰੇ ਦੇ ਹੌਲੇ ਵੱਟਿਆਂ ਨਾਲ ਕੀਤੀ ਹੋਈ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤੋਲ ਭਾਵੇਂ ਅਸੀਂ ਇਤਨੇ ਹੌਲੇ ਬੋਲ ਬੋਲਕੇ ਪੂਰਾ ਕਰ ਰਹੇ ਹਾਂ, ਪਰ ਫਿਰ ਵੀ ਅਸੀਂ ਸਮਝਦੇ ਹਾਂ ਕਿ ਅਸੀਂ ਇਹ ਤੋਲ ਇਨ੍ਹਾਂ ਹੌਲੇ ਵੱਟਿਆਂ ਨਾਲ ਹੀ ਭਾਵ ਇਹੋ ਜਿਹੇ ਹੌਲੇ ਬੋਲਾਂ ਨਾਲ ਹੀ ਪੂਰਾ ਕਰ ਲੈਣਾ ਹੈ। ਅਸੀਂ ਤੋਲੇ, ਮਾਸੇ ਤੇ ਰੱਤਕ ਦੇ ਨਾਲ ਹੀ ਪੂਰੀ ਦੁਨੀਆਂ ਦਾ ਭਾਰ ਤੋਲ ਦੇਣਾ ਹੈ। ਜੇਕਰ ਇਹੋ ਜਿਹਾ ਜਪ ਤਪ ਕਰਨ ਵਾਲਿਆਂ ਨੂੰ ਕੋਈ ਇਹ ਗੱਲ ਪੁੱਛੇ, ਕਿ ਕੀ ਤੁਸੀਂ ਇਹੋ ਜਿਹੇ ਜਪ ਤਪ ਨਾਲ ਪ੍ਰਮਾਤਮਾ ਨੂੰ ਪਾਉਣ ਲਈ ਪੁਜ ਆ ਸਕਦੇ ਹੋ, ਗੁਰੂ ਦੇ ਪੂਰੇ ਬੋਲਾਂ ਤੇ ਪੂਰੇ ਉੱਤਰ ਸਕਦੇ ਹੋ ਤਾਂ ਅੱਗੋਂ ਇਹ ਜਵਾਬ ਮਿਲਦਾ ਹੈ ਕਿ ਹਾਂ ਅਸੀਂ ਪੁੱਜ ਲਵਾਂਗੇ ਭਾਵ ਇਸ ਤੋਲ ਨੂੰ ਪੁਜਾ ਲਵਾਂਗੇ ਪੁਜ ਆ ਜਾਵਾਂਗੇ, ਪੂਰਾ ਉੱਤਰ ਲਵਾਂਗੇ ਭਾਵ ਅਸੀਂ ਪੂਰੇ ਵਿਸ਼ਵਾਸ ਵਿੱਚ ਹਾਂ, ਪੂਰੀ ਤਸੱਲੀ ਵਿੱਚ ਹਾਂ ਕਿ ਅਸੀਂ

4/314

ਇਹੋ ਜਿਹੇ ਹੌਲੇ ਬੋਲਾਂ ਦੁਆਰਾ ਪ੍ਰਮਾਤਮਾ ਨੂੰ ਪਾ ਲਵਾਂਗੇ, ਪ੍ਰਮਾਤਮਾ ਨੂੰ ਪਾਉਣ ਦਾ ਇਹੀ ਤਰੀਕਾ ਹੈ, ਅਸੀਂ ਜਿਹੋ ਜਿਹਾ ਜਪ ਤਪ ਕਰ ਰਹੇ ਹਾਂ ਉਹੀ ਠੀਕ ਹੈ ਭਾਵ ਅਸੀਂ ਆਪਣੇ ਹੌਲੀ ਮਤਿ ਵਾਲੇ ਹੌਲੇ ਬੋਲਾਂ ਨੂੰ ਹੀ ਇਤਨਾ ਉੱਚਾ ਸਮਝਦੇ ਹਾਂ ਕਿ ਅਸੀਂ ਇਸਦੇ ਨਾਲ ਪ੍ਰਮਾਤਮਾ ਨੂੰ ਪਾ ਲਵਾਂਗੇ ਭਾਵ ਅਸੀਂ ਸੁਨਿਆਰੇ ਦੇ ਕੰਡੇ ਤੇ ਸਾਰੀ ਦੁਨੀਆਂ ਦਾ ਭਾਰ ਤੋਲ ਲਵਾਂਗੇ, ਅਸੀਂ ਤੋਲੇ, ਮਾਸੇ ਤੇ ਰੱਤਕ ਨਾਲ ਹੀ ਦੁਨੀਆਂ ਦਾ ਭਾਰ ਤੋਲ ਦਿਆਂਗੇ।

(ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ॥
ਨਾਨਕ ਪੁਛਿਆ ਦੇਇ ਪੁਜਾਇ॥)

ਕਿਤਨੀ ਬਰੀਕੀ ਨਾਲ ਸਾਡਾ ਇਹ ਭੁਲੇਖਾ ਕੱਢਿਆ ਹੋਇਆ ਹੈ। ਸਾਡੇ ਅੰਦਰ ਦੀ ਇਹ ਨਾ-ਸਮਝੀ ਹੀ ਸਾਡੀ ਮਨਮਤਿ ਹੈ, ਮਨਹਠਿ ਹੈ ਜਿਸ ਤੇ ਹਰ ਕੋਈ ਅੜਿਆ ਹੋਇਆ ਹੈ ਕਿ ਸਾਡਾ ਇਹ ਜਪ ਤਪ ਠੀਕ ਹੈ। ਇਹੋ ਜਿਹੇ ਜਪ ਤਪ ਦਾ ਨਤੀਜਾ ਕੀ ਨਿਕਲਦਾ ਹੈ, ਪ੍ਰਾਪਤੀ ਕੀ ਹੁੰਦੀ ਹੈ, ਇਹ ਨਾਲ ਹੀ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **"ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥"** ਇਹੋ ਜਿਹੇ ਜਪ ਤਪ ਕਰਨਾਂ ਸਾਡੀ ਮੂਰਖਤਾ ਦੱਸਿਆ ਹੋਇਆ ਹੈ, ਸਾਡੀ ਅਗਿਆਨਤਾ ਦੱਸਿਆ ਹੋਇਆ ਹੈ। ਇਹੋ ਜਿਹੇ ਅੱਖਰ ਦਾ ਜਪ ਕਰਨ ਵਾਲੇ ਅੰਧੀ ਦੌੜ, ਅੰਧੀ ਧਾਤ ਵਿੱਚ ਲੱਗੇ ਹੋਏ ਹਨ। ਅੱਖਾਂ ਤੇ ਪੱਟੀ ਬੰਨ੍ਹ ਕੇ ਦੌੜੀ ਜਾਂਦੇ ਹਨ ਜੋ ਸਾਨੂੰ ਸਾਡੀ ਮੰਜ਼ਿਲ ਤੇ ਨਹੀਂ ਪਹੁੰਚਾ ਸਕਦੀ। ਹਰ ਕੋਈ ਇੱਕ ਵਿਅਰਥ ਦੀ ਦੌੜ ਵਿੱਚ ਲੱਗਾ ਹੋਇਆ ਹੈ। ਇੱਕ ਦੂਜੇ ਨੂੰ ਦੇਖਾ ਦੇਖੀ ਲੱਗਾ ਹੋਇਆ ਹੈ। **(ਮੂਰਖ ਅੰਧਿਆ ਅੰਧੀ ਧਾਤੁ॥)** ਇਹੋ ਜਿਹੇ ਅਗਿਆਨਤਾ ਵਾਲੇ, ਮੂਰਖਤਾ ਵਾਲੇ ਜਪ ਤਪ ਨਾਲ ਜੋ ਅਸੀਂ ਕਹਿ ਕਹਿ ਕੇ ਭਾਵ ਬੋਲ ਬੋਲ ਕੇ ਜਪਦੇ ਹਾਂ **(ਕਹਿ ਕਹਿ ਕਹਣੁ)** ਉਸਦਾ ਸਾਡੇ ਜੀਵਨ ਤੇ ਅਸਰ ਕੀ ਪੈਂਦਾ ਹੈ ਇਹ ਵੀ ਨਾਲ ਹੀ ਸਮਝਾਇਆਂ ਹੋਇਆ ਹੈ **(ਕਹਾਇਨਿ ਆਪੁ॥)** ਇਹੋ ਜਿਹੇ ਜਪ ਤਪ ਨਾਲ ਅਸੀਂ ਅਸਲ ਵਿੱਚ ਆਪਣੇ ਆਪ ਨੂੰ ਹੀ ਉੱਚਾ ਕਰੀ ਜਾਂਦੇ ਹਾਂ। ਸਾਨੂੰ ਇਹੋ ਜਿਹੇ ਜਪ ਤਪ ਦੁਆਰਾ ਹੀ ਵਡਿਆਈਆਂ ਮਿਲਦੀਆਂ ਹਨ, ਸਾਡਾ ਸਮਾਜ ਵਿੱਚ ਰੁਤਬਾ ਉੱਚਾ ਹੁੰਦਾ ਹੈ, ਸਾਡੀ ਹਉਮੈ ਹੋਰ ਵੱਧਦੀ ਹੈ, ਸਾਡੀ ਮਨਹਠਿ ਹੋਰ ਉੱਚੀ ਹੁੰਦੀ ਹੈ ਕਿ ਅਸੀਂ ਜੋ ਕੁੱਝ ਕਰ ਰਹੇ ਹਾਂ ਉਹ ਠੀਕ ਕਰ ਰਹੇ ਹਾਂ, ਸਮਾਜ ਸਾਡੇ ਜਪ ਤਪ ਨੂੰ ਚੰਗਾ ਸਮਝ ਰਿਹਾ ਹੈ। ਇਹੋ ਜਿਹੇ ਜਪ ਤਪ ਨਾਲ ਗੁਰੂ ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਸਾਡੀ ਆਪਣੀ ਵਡਿਆਈ ਜਰੂਰ ਹੋ ਜਾਂਦੀ ਹੈ। ਇਸੇ ਲਈ ਸਾਡੇ ਇਹੋ ਜਿਹੇ ਜਪ ਤਪ ਨੂੰ ਮੂਰਖਤਾ ਦੱਸਿਆ ਹੈ ਕਿਉਂਕਿ ਇਹ ਮਾਰਗ ਹਉਮੈ ਛੱਡਣ ਦਾ ਹੈ, ਆਪਣੇ ਆਪ ਨੂੰ ਨੀਵਾਂ ਕਰਨ ਦਾ ਹੈ ਪਰ ਉਲਟਾ ਅਸੀਂ ਆਪਣੇ ਆਪ ਨੂੰ, ਆਪਣੀ ਮਤਿ ਨੂੰ ਉੱਚਾ ਕਰੀ ਜਾਂਦੇ ਹਾਂ। ਜਿਉ -ਜਿਉਂ ਸਾਡੇ ਅੰਦਰ ਹਉਮੈ ਵੱਧਦੀ ਹੈ ਸਾਡੀ ਨਾਮ ਨਾਲੋਂ ਦੂਰੀ ਵੱਧਦੀ ਹੈ, ਗੁਰੂ ਪ੍ਰਮਾਤਮਾ ਨਾਲੋਂ ਭਾਵ ਗੁਰਮਤਿ ਨਾਲੋਂ ਦੂਰੀ ਵੱਧਦੀ ਹੈ। ਇਹੀ ਗੱਲ ਸਾਨੂੰ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਕਿ ਇਹੋ ਜਿਹੇ ਜਪ ਤਪ ਕੇਵਲ ਸਾਡਾ ਦਿਖਾਵਾ ਹੈ ਜਿਸ ਨਾਲ ਸਾਡੀ ਹਉਮੈ ਵੱਧਦੀ ਹੈ। **(ਮੂਰਖ ਅੰਧਿਆ ਅੰਧੀ ਧਾਤੁ॥ਕਹਿ ਕਹਿ ਕਹਣੁ ਕਹਾਇਨਿ ਆਪੁ॥)**

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥}

(ਅੰਗ ੫੯)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

{ਜਾਨਉ ਨਹੀ ਭਾਵੈ ਕਵਨ ਬਾਤਾ ॥

ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥
ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥
ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥
ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥}

(ਅੰਗ ੭੧)

ਹਰ ਕੋਈ ਭਾਵ ਜੋ ਵੀ ਇਹੋ ਜਿਹਾ ਜਪ ਤਪ ਕਰਦਾ ਹੈ ਉਹ ਅਸਲ ਵਿੱਚ ਆਪਣੇ ਆਪ ਨੂੰ ਹੀ ਸਲਾਹੁਦਾ ਹੈ, ਉੱਚਾ ਕਰਦਾ ਹੈ, ਵੱਡਾ ਕਰਦਾ ਹੈ ਕਿਉਂਕਿ ਇਹ ਭਗਤੀ ਦਾ ਮਾਰਗ ਹੈ ਹੀ ਨਹੀਂ। ਹਰ ਕੋਈ ਭੁੱਲਿਆ ਹੋਇਆ ਹੈ, ਇਸ ਨਾ-ਸਮਝੀ ਵਾਲੀ ਭਗਤੀ ਵਿੱਚ ਲੱਗਾ ਹੋਇਆ ਹੈ ਕਿਉਂਕਿ ਇਸ ਨਾਲ ਸਾਨੂੰ ਝੂਠੀ ਤਸੱਲੀ ਮਿਲਦੀ ਹੈ, ਮਾਣ ਮਿਲਦਾ ਹੈ, ਸ਼ੋਭਾ ਮਿਲਦੀ ਹੈ। ਹਰ ਜਥੇਬੰਦੀ ਵਿੱਚ ਇਹੋ ਜਿਹੀ ਦੌੜ ਹੀ ਲੱਗੀ ਹੋਈ ਹੈ। ਕਿਸੇ ਦਾ ਰੁਤਬਾ ਵੱਡੇ ਵਾਲਾ ਹੈ ਤੇ ਕਿਸੇ ਦਾ ਰੁਤਬਾ ਵਡੇਰੇ ਵਾਲਾ ਹੈ ਭਾਵ ਜਿਤਨਾ ਕੋਈ ਜ਼ਿਆਦਾ ਜਪ ਤਪ ਕਰਦਾ ਹੈ ਉਸੇ ਅਨੁਸਾਰ ਉਸਦਾ ਰੁਤਬਾ ਵੱਧਦਾ ਰਹਿੰਦਾ ਹੈ। ਇਹ ਗਿਣਤੀਆਂ ਮਿਣਤੀਆਂ ਦੀ ਭਗਤੀ ਬਣੀ ਹੋਈ ਹੈ। ਜੋ ਗਿਣਤੀਆਂ ਵਿੱਚ ਉੱਚਾ ਹੈ ਉਸਦਾ ਰੁਤਬਾ ਉੱਚਾ ਹੈ। ਜਦੋਂ ਕੋਈ ਇਹੋ ਜਪਾਂ ਤਪਾਂ

ਵਿੱਚ ਕਾਫੀ ਸਮਾਂ ਗੁਜਾਰ ਲੈਂਦਾ ਹੈ, ਅਨੇਕਾਂ ਸਾਲ ਗੁਜਾਰ ਲੈਂਦਾ ਹੈ ਉਸਨੂੰ ਫਿਰ ਦੁਨਿਆਵੀ ਵਡੇਰਿਆਂ ਦੀ ਤਰ੍ਹਾਂ ਜਪ ਤਪ ਦੇ ਵਡੇਰਿਆਂ ਦੀ ਪਦਵੀ ਮਿਲ ਜਾਂਦੀ ਹੈ। ਜੇਕਰ ਕਿਸੇ ਕੋਲ ਮਾਇਆ ਦਾ ਰੁਤਬਾ ਵੀ ਉੱਚਾ ਹੋਵੇ ਉਸਨੂੰ ਕੁੱਝ ਜਿਆਦਾ ਇੱਜਤ ਵੀ ਮਿਲ ਜਾਂਦੀ ਹੈ। ਇਸੇ ਤਰ੍ਹਾਂ ਜਿਨ੍ਹਾਂ ਦੇ ਜਪ ਤਪ ਦਾ ਰੁਤਬਾ ਜਦੋਂ ਜਿਆਦਾ ਵੱਧ ਜਾਂਦਾ ਹੈ, ਉਹਨਾਂ ਦੇ ਸੇਵਕ ਬਣਨੇ ਸ਼ੁਰੂ ਹੋ ਜਾਂਦੇ ਹਨ। ਸੇਵਕ ਵੱਧਦੇ ਵੱਧਦੇ ਕਿਸੇ ਨੂੰ ਬਹੁਤ ਵੱਡਾ ਜਾਣ ਕੇ ਉਸਨੂੰ ਸੰਤ ਦੀ ਪਦਵੀ ਦੇ ਦਿੱਤੀ ਜਾਂਦੀ ਹੈ ਤੇ ਕੋਈ ਬ੍ਰਹਮ ਗਿਆਨੀ ਦੀ ਪਦਵੀ ਪਾ ਲੈਂਦਾ ਹੈ। ਆਪੇ ਹੀ ਪਦਵੀਆਂ ਲੈਣ ਵਾਲੇ ਤੇ ਆਪੇ ਹੀ ਪਦਵੀਆਂ ਦੇਣ ਵਾਲੇ। ਇਹ ਕੇਵਲ ਸਾਡੀ ਆਸਥਾ ਦੀਆਂ ਪਦਵੀਆਂ ਹਨ, ਸਾਡੀ ਅਗਿਆਨਤਾ ਦੀਆਂ ਪਦਵੀਆਂ ਹਨ। ਸਭ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਹੋ ਵੀ ਨਹੀਂ ਸਕਦਾ। ਪ੍ਰਮਾਤਮਾ ਨੇ ਸਭ ਨੂੰ ਆਪ ਹੀ ਭਰਮ ਵਿੱਚ ਰੱਖਿਆ ਹੋਇਆ ਹੈ। ਕਈ ਜਪ ਤਪ ਕਰਨ ਵਾਲਿਆਂ ਵਿੱਚ ਉਹ ਆਪ ਹੀ ਰਿਧੀਆਂ ਸਿਧੀਆਂ ਪਾ ਦਿੰਦਾ ਹੈ ਤੇ ਦੁਨੀਆਂ ਨੂੰ ਉਹਨਾਂ ਦੇ ਪਿੱਛੇ ਲਗਾ ਲੈਂਦਾ ਹੈ ਜੋ ਕਿ ਕੇਵਲ ਮਾਇਆ ਮੋਹ ਹੈ। **(ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥)** ਇਹ ਰਿਧੀਆਂ ਸਿਧੀਆਂ ਸਾਨੂੰ ਭਰਮਾਉਣ ਲਈ ਹੀ ਹਨ, ਮਾਇਆ ਮੋਹ ਵਿੱਚ ਰੱਖਣ ਲਈ ਹੀ ਹਨ। ਜਿੱਥੇ ਕੋਈ ਵੀ ਰਿਧੀ ਸਿਧੀ ਹੈ ਉੱਥੇ ਕਦੇ ਨਾਮ ਨਹੀਂ ਵੱਸ ਸਕਦਾ, ਪ੍ਰਮਾਤਮਾ ਨਹੀਂ ਵੱਸ ਸਕਦਾ, ਸੱਚਾ ਗਿਆਨ ਨਹੀਂ ਹੋ ਸਕਦਾ। ਇਹ ਬਾਣੀ ਦਾ ਆਪਣਾ ਫੁਰਮਾਨ ਹੈ। ਇਹ ਰਿਧੀਆਂ ਸਿਧੀਆਂ ਕੀ ਹਨ ਇਹਨਾਂ ਬਾਰੇ ਅਸੀਂ ਪਿੱਛੇ ਵੀ ਕੁੱਝ ਜਾਣਿਆ ਹੈ ਤੇ ਲੇਖ ਵਿੱਚ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ ਪਰ ਸਾਨੂੰ ਕਿਸੇ ਵਿੱਚ ਇਹ ਰਿਧੀਆਂ ਸਿਧੀਆਂ ਵੇਖ ਕੇ ਉਸਨੂੰ ਧਰਮ ਦੇ ਮਾਰਗ ਤੇ ਉੱਚਾ ਨਹੀਂ ਥਾਪ ਲੈਣਾ ਚਾਹੀਦਾ। ਸਰੀਰਕ ਜਪ ਤਪ ਦੁਆਰਾ ਨਾ ਹੀ ਕਿਸੇ ਨੇ ਅੱਜ ਤੱਕ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਪਾ ਸਕਦਾ ਹੈ। ਇਹ ਉਸਨੂੰ ਪਾਉਣ ਦਾ ਮਾਰਗ ਹੀ ਨਹੀਂ ਹੈ, ਘੋਰ ਭੁਲੇਖਾ ਹੈ ਜੋ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਜਿਹਨਾਂ ਨੂੰ ਅਸੀਂ ਉੱਚੇ-ਉੱਚੇ ਰਿਸ਼ੀ ਮੁਨੀ, ਸਿਧ ਸਾਧਿਕ ਆਦਿ, ਦੇਵੀ ਦੇਵਤੇ ਆਦਿ ਜਾਣਿਆ ਹੈ, ਉੱਚਾ ਮੰਨਿਆ ਹੈ ਉਨ੍ਹਾਂ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੇ ਵੀ ਪ੍ਰਮਾਤਮਾ ਨੂੰ ਨਹੀਂ ਜਾਣਿਆ। ਇਹ ਸਭ ਸਰੀਰਕ ਜਪਾਂ ਤਪਾਂ ਵਿੱਚ, ਰਿਧੀਆਂ ਸਿਧੀਆਂ ਵਿੱਚ ਰਹੇ ਹਨ। ਆਓ ਗੁਰਬਾਣੀ ਦੀ ਸਿੱਖਿਆ ਨੂੰ ਸੱਚ ਕਰਕੇ ਜਾਣੀਏ ਤੇ ਇਹਨਾਂ ਸਰੀਰਕ ਜਪਾਂ ਤਪਾਂ ਵਿੱਚੋਂ ਨਿਕਲੀਏ ਜਿਸਦਾ ਕਿ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। **(ਮੂਰਖ ਅੰਧਿਆ ਅੰਧੀ ਧਾਤੁ॥ਕਹਿ ਕਹਿ ਕਹਣੁ ਕਹਾਇਨਿ ਆਪੁ॥)** ਧਿਆਨ ਨਾਲ ਸੋਚੋ ਕਿ ਅਸੀਂ ਕਿੰਨੀ ਵੱਡੀ ਅਗਿਆਨਤਾ ਦਾ ਸ਼ਿਕਾਰ ਬਣੇ ਹੋਏ ਹਾਂ।

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥
ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥}

(ਅੰਗ ੫੦੯)

ਪਿਛਲੇ ਕੁੱਝ ਸ਼ਬਦਾਂ ਦੀ ਅਗਰ ਧਿਆਨ ਨਾਲ ਵਿਚਾਰ ਕਰੀਏ ਤੇ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਣਾ ਚਾਹੀਦਾ, ਕੋਈ ਸ਼ੰਕਾ ਨਹੀਂ ਬਚਣੀ ਚਾਹੀਦੀ ਕਿ ਜਿਹੋ ਜਿਹਾ ਅਸੀਂ "**ਓਹੀ ਓਹੀ**" ਕਰਕੇ ਜਪ ਤਪ ਕਰਦੇ ਹਾਂ, ਉਸ ਬਾਰੇ ਗੁਰੂ ਸਾਹਿਬ ਦਾ ਵਿਚਾਰ ਕੀ ਹੈ। ਇਹੋ ਜਿਹੇ ਜਪ ਤਪ ਤੋਂ ਸਾਨੂੰ ਦੂਰ ਰਹਿਣ ਲਈ ਸਮਝਾਇਆ ਹੈ, ਲੇਖੇ ਪੈਣਾ ਤਾਂ ਹੋਰ ਵੀ ਦੂਰ ਦੀ ਗੱਲ ਹੈ ਕਿਉਂਕਿ ਇਹੋ ਜਿਹੇ ਜਪ ਤਪ ਦੁਆਰਾ ਅਸੀਂ ਆਪਣੇ ਆਪ ਨੂੰ ਉੱਚਾ ਕਰਕੇ ਪ੍ਰਮਾਤਮਾ ਤੋਂ ਆਪਣੇ ਆਪ ਨੂੰ ਹੋਰ ਦੂਰ ਕਰਦੇ ਹਾਂ। ਜਦੋਂ ਸਾਨੂੰ ਸਪੱਸ਼ਟ ਸਮਝਾਇਆ ਹੈ ਕਿ ਪ੍ਰਮਾਤਮਾ ਸਾਡਾ ਇਹੋ ਜਿਹਾ ਜਪ ਤਪ ਕਤਈ ਨਹੀਂ ਸੁਣਦਾ, ਇਹ ਕੇਵਲ ਅਸੀਂ ਲੋਕਾਂ ਨੂੰ ਹੀ ਸੁਣਾਉਂਦੇ ਹਾਂ ਤਾਂ ਫਿਰ ਕੀ ਫਾਇਦਾ ਇਹੋ ਜਿਹੇ ਜਪ ਤਪ ਦਾ।

4/315

(ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ॥)

ਪ੍ਰਮਾਤਮਾ ਦਾ ਜਪ ਕਿਵੇਂ ਕਰਨਾ ਹੈ ਇਹ ਪਿਛਲੇ ਸ਼ਬਦ ਵਿੱਚ ਬੜਾ ਸਪੱਸ਼ਟ ਸਮਝਾਇਆ ਹੈ ਜੋ ਕਿ ਇਸ ਤਰ੍ਹਾਂ ਹੈ:-

"**ਵਡਾ ਆਖਣੁ ਭਾਰਾ ਤੋਲੁ॥**"

ਪ੍ਰਮਾਤਮਾ ਦਾ ਆਖਣ ਭਾਵ ਉਸਦਾ ਜਪਣਾ, ਕੇਵਲ ਉਸਦਾ ਭਾਰਾ ਤੋਲ ਤੁਲ ਕੇ ਹੀ ਕੀਤਾ ਜਾ ਸਕਦਾ ਹੈ ਜਿਸਦੇ ਲਈ ਆਪਣਾ ਆਪ ਛੱਡਣਾ ਪੈਂਦਾ ਹੈ, ਆਪਣਾ ਆਪ ਮਾਰਨਾ ਪੈਂਦਾ ਹੈ, ਮਨਮਤਿ ਤਿਆਗਣੀ ਪੈਂਦੀ ਹੈ, ਮਨ ਨੂੰ ਮਾਰਨਾ ਪੈਂਦਾ ਹੈ ਭਾਵ ਗੁਰੂ ਦੇ ਬਚਨਾਂ ਨੂੰ ਪੂਰੀ ਤਰਾਂ ਮੰਨਣਾ ਪੈਂਦਾ ਹੈ, ਉਨਾਂ ਤੇ ਅਮਲ ਕਰਨਾ ਪੈਂਦਾ ਹੈ। ਇਹ ਸਭ ਕੁੱਝ ਕਿਵੇਂ ਕਰਨਾ ਹੈ, ਇਹ ਅਸੀਂ ਹੁਣ ਤੱਕ ਬਹੁਤ ਬਰੀਕੀ ਨਾਲ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝ ਚੁੱਕੇ ਹਾਂ, ਸਿਰਫ ਮੰਨਣਾ ਬਾਕੀ ਹੈ। ਗੁਰੂ ਦੀ ਦੀਖਿਆ ਨੂੰ ਅਸੀਂ ਜਾਣ ਚੁੱਕੇ ਹਾਂ ਕੇਵਲ ਅਮਲ ਕਰਨਾ ਬਾਕੀ ਹੈ। ਜਦੋਂ ਸਾਨੂੰ ਖੁਦ ਗੁਰੂ ਇਹ ਗੱਲ ਸਮਝਾ ਰਿਹਾ ਹੈ ਕਿ ਅਸੀਂ ਉਸਦੀ ਰਚੀ ਹੋਈ ਬਾਣੀ ਨੂੰ ਪੜ੍ਹੀਏ, ਸੁਣੀਏ, ਕੀਰਤਨ ਕਰੀਏ, ਕੀਰਤਨ ਸੁਣੀਏ, ਉਸਨੂੰ ਸਮਝੀਏ ਤੇ ਸਮਝ ਕੇ ਉਸਨੂੰ ਆਪਣੇ ਅੰਦਰ ਵਿਚਾਰੀਏ, ਗੁਰੂ ਦੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਢਾਲੀਏ ਤੇ ਆਪਣੇ ਸੋਹਣੇ ਕਾਰ ਵਿਹਾਰ ਦੁਆਰਾ ਦੁਨੀਆਂ ਵਿੱਚ ਵਿਚਰੀਏ ਤੇ ਫਿਰ ਸਾਨੂੰ ਇਸ ਤੋਂ ਜਿਆਦਾ ਹੋਰ ਕੀ ਚਾਹੀਦਾ ਹੈ। ਅਸੀਂ ਬੇਵਜ੍ਹਾ ਆਪਣੇ ਆਪ ਨੂੰ ਤਕਲੀਫ਼ਾਂ ਵਿੱਚ ਕਿਉਂ ਪਾਉਂਦੇ ਹਾਂ, ਕਿਉਂ ਆਪਣੀ ਹਿੱਕ ਦੇ ਜੋਰ ਤੇ ਪ੍ਰਮਾਤਮਾ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ, ਕਿਉਂ ਘਰੋਂ ਬੇਘਰ ਹੋਏ ਰਹਿੰਦੇ ਹਾਂ ਭਾਵ ਅਸੀਂ ਬੇਵਜ੍ਹਾ ਹੀ ਆਪਣੇ ਆਪ ਨੂੰ ਖੱਜਲ ਖੁਆਰ ਕਰੀ ਆਉਂਦੇ ਹਾਂ। ਸਿੱਧਾ ਮਾਰਗ ਛੱਡ ਕੇ ਅਸੀਂ ਭਰਮ ਦੇ ਮਾਰਗ ਤੇ ਤੁਰ ਰਹੇ ਹਾਂ। ਪ੍ਰਮਾਤਮਾ ਦੇ ਘਰ ਵਿੱਚ ਜਾਣ ਲਈ ਸਾਡਾ ਸਾਥ ਸਾਡੇ ਚੰਗੇ ਕਰਮਾਂ ਨੇ ਹੀ ਦੇਣਾ ਹੈ ਜੋ ਚੰਗੇ ਕਰਮ ਔਗੁਣ ਛੱਡਣ ਦੁਆਰਾ ਹੀ ਹੋ ਸਕਦੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਡਾ ਵਿਹਾਰ ਸੱਚਾ ਸੁੱਚਾ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ। ਕੀਮਤ ਸੱਚੇ ਸੁੱਚੇ ਕਰਮਾਂ ਦੀ ਹੀ ਪੈਣੀ ਹੈ। ਸੁਰਤੀਆਂ ਸਮਾਧੀਆਂ ਦੀ ਕੋਈ ਵੀ ਕੀਮਤ ਨਹੀਂ ਪੈਣੀ ਜਿਵੇਂ ਕਿ ਬਾਣੀ ਆਪ ਹੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ, ਜਿਸਨੇ ਕੀਮਤ ਪਾਉਣੀ ਹੈ, ਉਹੀ ਸਾਨੂੰ ਸਮਝਾ ਰਿਹਾ ਹੈ।

(ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥)

(ਅੰਗ ੨੧੬)

ਆਓ ਇਸ ਭਰਮ ਵਿੱਚੋਂ ਨਿਕਲੀਏ ਤੇ ਭਗਤੀ ਦੇ ਉਸ ਮਾਰਗ ਤੇ ਚੱਲੀਏ ਜਿਸ ਦੁਆਰਾ ਗੁਰੂ ਦੀ ਵਡਿਆਈ ਹੋਵੇ ਨਾ ਕਿ ਸਾਡੀ ਆਪਣੀ ਵਡਿਆਈ। ਇਸੇ ਗੱਲ ਨੂੰ ਦ੍ਰਿੜ ਕਰਨ ਲਈ ਆਓ ਹੁਣ ਅਗਲੇ ਸ਼ਬਦ ਨੂੰ ਵਿਚਾਰਦੇ ਹਾਂ।

4/316

"ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ॥
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ॥੭॥
ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥੮॥"

(ਅੰਗ ੫੮)

ਸ਼ਬਦ ਮਰਨਾ ਕੀ ਹੈ ਇਹ ਅਸੀਂ ਪਿੱਛੇ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ। ਆਪਣਾ ਆਵਾਗਉਣ ਮਿਟਾਉਣ ਲਈ ਆਪਣੇ ਆਪ ਨੂੰ ਜਿਉਂਦਿਆਂ ਹੀ ਮਾਰਨਾ ਪਵੇਗਾ ਜੋ ਕਿ ਆਪਣੇ ਅੰਦਰ ਦੀ ਹਉਮੈ ਨੂੰ ਮਾਰਨਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਨੂੰ ਮਾਰਨਾ ਹੈ। ਇਹ ਹੀ ਇੱਕੋ ਇੱਕ ਤਰੀਕਾ ਹੈ ਮੁਕਤੀ ਪਾਉਣ ਦਾ। ਇਹੋ ਜਿਹੇ ਮਰਨ ਦੁਆਰਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਐਸਾ ਕਰਨ ਨਾਲ ਹੀ ਭਾਵ ਗੁਰੂ ਦੀ ਮਤਿ ਤੇ ਚੱਲ ਕੇ ਹੀ ਸਾਡਾ ਗੁਰੂ ਨਾਲ ਪਿਆਰ ਜੁੜਦਾ ਹੈ ਭਾਵ ਗੁਰੂ ਦੇ ਨਾਲ ਪਿਆਰ ਪਾਉਣਾ ਇਹੀ ਹੈ ਕਿ ਉਸਦੀ ਮਤਿ ਅਨੁਸਾਰ ਚੱਲਿਆ ਜਾਵੇ। ਬਿਨ੍ਹਾਂ ਗੁਰੂ ਦੀ ਮਤਿ ਲਏ ਹਰ ਕੋਈ ਦੁਨੀਆਂ

ਵਿੱਚ ਭੁੱਲਿਆ ਹੀ ਹੋਇਆ ਹੈ, ਭਰਮਿਆਂ ਹੀ ਹੋਇਆ ਹੈ ਤੇ ਤਾਂ ਹੀ ਹਰ ਕੋਈ ਵਾਰ-ਵਾਰ ਜਨਮ ਮਰਨ ਦੇ ਗੇੜ ਵਿੱਚ ਪਿਆ ਹੋਇਆ ਹੈ ਜਿਸ ਦਾ ਕਾਰਨ ਸਾਡੇ ਮਨ ਦਾ ਭਰਮ ਹੈ, ਸਾਡੇ ਅੰਦਰ ਸ਼ਬਦ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ ਕਿਉਂਕਿ ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ, ਆਵਾ ਗਉਣ ਵਿੱਚ ਸਮਝਦੇ ਹਾਂ। ਮਨ ਦੀ ਅਗਿਆਨਤਾ ਤੋਂ ਮੁਕਤ ਹੋਣ ਨਾਲ ਅਸੀਂ ਆਵਾ ਗਉਣ ਤੋਂ ਮੁਕਤ ਹੋ ਜਾਂਦੇ ਹਾਂ ਭਾਵ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ ਤੇ ਮਨੁੱਖ ਭਰਮ ਵਿੱਚ ਹੀ ਆਪਣੇ ਆਪ ਨੂੰ ਆਵਾ ਗਉਣ ਵਿੱਚ ਸਮਝਦਾ ਹੈ। (**ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ॥**) ਇੱਥੇ ਭਗਤੀ ਵੀ ਨਾਲ ਹੀ ਸਮਝਾਈ ਹੋਈ ਹੈ। ਜਿਹੋ ਜਿਹੀ ਭਗਤੀ ਅਸੀਂ ਗੁਰੂ ਦੀ ਮਤਿ ਤੋਂ ਬਿਨ੍ਹਾਂ ਕਰਦੇ ਹਾਂ ਭਾਵ ਆਪਣੀ ਸਮਝ ਨੂੰ ਸ਼ਬਦ ਦੀ ਸਮਝ ਨਾਲ ਮਾਰਨ ਤੋਂ ਬਿਨ੍ਹਾਂ ਕਰਦੇ ਹਾਂ ਉਸ ਨਾਲ ਸਾਡਾ ਆਵਾਗਉਣ ਨਹੀਂ ਮਿਟ ਸਕਦਾ ਕਿਉਂਕਿ ਇਹੋ ਜਿਹੀ ਭਗਤੀ ਦੁਆਰਾ ਅਸੀਂ ਗੁਰੂ ਦੀ ਵਡਿਆਈ ਨਹੀਂ ਕਰਦੇ ਬਲਕਿ ਆਪਣੀ ਵਡਿਆਈ ਕਰਦੇ ਹਾਂ। ਇਸ਼ਾਰਾ ਸਾਡੇ ਉਸ ਜਪ ਤਪ ਵੱਲ ਹੈ ਜੋ ਅਸੀਂ ਬੋਲ ਬੋਲ ਕੇ, ਓਹੀ ਓਹੀ ਕਰਦੇ ਹਾਂ, ਸੰਜਮ, ਨੇਮ, ਸੁੱਚ ਆਦਿ ਦੁਆਰਾ ਕਰਦੇ ਹਾਂ ਭਾਵ ਜੋ ਵੀ ਜਪ ਤਪ ਅਸੀਂ ਆਪਣੀ ਮਤਿ ਦੁਆਰਾ ਕਰਦੇ ਹਾਂ **(ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥)**। ਭਗਤੀ ਕਰਨ ਦਾ ਤਰੀਕਾ, ਸ਼ਬਦ ਮਰਨਾ ਸਮਝਾਇਆ ਹੋਇਆ ਹੈ ਤੇ ਉਸ ਦੁਆਰਾ ਹੀ ਪ੍ਰਮਾਤਮਾ ਦੀ ਵਡਿਆਈ ਹੋ ਸਕਦੀ ਹੈ ਤੇ ਇਸ ਤੋਂ ਇਲਾਵਾ ਅਸੀਂ ਜਿਹੋ ਜਿਹੇ ਵੀ ਤਰੀਕੇ ਅਪਣਾਉਂਦੇ ਹਾਂ ਉਸ ਦੁਆਰਾ ਆਪਣੇ ਆਪ ਨੂੰ ਹੀ ਸਲਾਹੁੰਦੇ ਹਾਂ, ਉੱਚਾ ਕਰਦੇ ਹਾਂ, ਆਪਣੀ ਹਉਮੈ ਵਧਾਉਂਦੇ ਹਾਂ, ਆਪਣਾ ਮਾਨ ਵਧਾਉਂਦੇ ਹਾਂ ਜੋ ਕਿ ਗੁਰੂ ਦੀ ਮਤਿ ਦੇ ਉਲਟ ਹੈ, ਜੋ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"**ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥**"

4/317

ਗੁਰੂ ਦੀ ਮਤਿ ਸਾਡੇ ਅੰਦਰ ਵੱਸੇ ਬਿਨ੍ਹਾਂ, ਉਸਦਾ ਸੱਚਾ ਗਿਆਨ ਸਾਡੇ ਅੰਦਰ ਵੱਸੇ ਬਿਨ੍ਹਾਂ ਅਸੀਂ ਆਪਣੇ ਆਪ ਦੀ ਪਹਿਚਾਣ ਨਹੀਂ ਕਰ ਸਕਦੇ, ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਭਾਵ ਜਦ ਤੱਕ ਗੁਰੂ ਦੀ ਮਤਿ ਨੂੰ ਅਪਣਾਉਂਦੇ ਨਹੀਂ, ਉਸ ਤੇ ਅਮਲ ਨਹੀਂ ਕਰਦੇ, ਸਾਡਾ ਕੋਈ ਉਧਾਰ ਨਹੀਂ ਹੋ ਸਕਦਾ। ਕੇਵਲ ਗੁਰੂ ਦੀ ਗੱਲ ਨੂੰ, ਗੁਰੂ ਦੇ ਸ਼ਬਦ ਨੂੰ ਕਹੀ ਜਾਈਏ, ਸੁਣੀ ਜਾਈਏ ਉਸ ਨਾਲ ਸਾਡਾ ਕੀ ਸੰਵਰੇਗਾ ਭਾਵ ਕੇਵਲ ਗੱਲਾਂ ਨਾਲ, ਜਪ ਤਪ ਕਰੀ ਜਾਣ ਨਾਲ ਸਾਨੂੰ ਕੋਈ ਲਾਭ ਨਹੀਂ ਮਿਲਣਾ ਹੈ, ਸਬਦੇ ਮਰ ਕੇ ਹੀ ਮਿਲਣਾ ਹੈ ਭਾਵ ਸ਼ਬਦ ਦੀ ਸਮਝਾਈ ਹੋਈ ਮਤਿ ਨੂੰ ਮੰਨਣ ਦੁਆਰਾ ਹੀ ਮਿਲਣਾ ਹੈ, ਸ਼ਬਦ ਦੇ ਗਿਆਨ ਦੁਆਰਾ ਆਪਣੀ ਅਗਿਆਨਤਾ ਨੂੰ ਮਾਰਨ ਦੁਆਰਾ ਹੀ ਮਿਲਣਾ ਹੈ ਤੇ ਉਸਦੀ ਵਡਿਆਈ ਤਾਂ ਹੀ ਹੋਣੀ ਹੈ। ਜੇਕਰ ਅਸੀਂ ਗੁਰੂ ਦੀ ਗੱਲ ਤੇ ਅਮਲ ਕਰ ਕੇ ਆਪਣੇ ਆਪ ਨੂੰ ਪਛਾਣ ਲਵਾਂਗੇ ਸਾਡੀ ਹਉਮੈ ਤਾਂ ਹੀ ਦੂਰ ਹੋ ਸਦਕੀ ਹੈ ਭਾਵ ਪ੍ਰਮਾਤਮਾ ਨਾਲ ਮੇਲ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਆਪਣਾ ਆਪ ਖਤਮ ਕਰੀਏ, ਆਪਣੀ ਮਤਿ ਖ਼ਤਮ ਕਰੀਏ ਭਾਵ ਇਹੋ ਜਿਹਾ ਉੱਦਮ ਕਰੀਏ ਕਿ ਕੇਵਲ ਗੁਰਮਤਿ ਅਨੁਸਾਰ ਵਿਚਰੀਏ, ਕਥਨੀ ਦੀ ਬਜਾਇ ਕਰਨੀ ਨੂੰ ਭਗਤੀ ਸਮਝੀਏ। ਤਾਂ ਜੋ ਸਾਡੇ ਤੇ ਪ੍ਰਮਾਤਮਾ ਦੀ ਕਿਰਪਾ ਹੋ ਸਕੇ।

(ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥)

ਬਾਣੀ ਦਾ ਫੁਰਮਾਨ ਤਾਂ ਬੜਾ ਸਾਫ ਹੈ ਕਿ ਮਨਮਤਿ ਛੱਡੇ ਬਿਨ੍ਹਾਂ ਉਸਦੀ ਭਗਤੀ ਨਹੀਂ ਹੋ ਸਕਦੀ, ਉਸਦੀ ਵਡਿਆਈ ਨਹੀਂ ਹੋ ਸਕਦੀ। ਮਨਮਤਿ ਵਿੱਚ ਅਸੀਂ ਜਿਹੋ ਜਿਹੀ ਭਗਤੀ ਕਰਦੇ ਹਾਂ ਉਸ ਨਾਲ ਆਪਣੀ ਵਡਿਆਈ ਹੀ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਜਾਣਿਆ ਸੀ।

(ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥)

(ਅੰਗ ੯)

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥}

(ਅੰਗ ੧੩੯੫-੧੩੯੬)

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥
ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥੪॥}

(ਅੰਗ ੪੯੧)

ਇਹੋ ਜਿਹੀ ਭਗਤੀ ਦੁਆਰਾ ਅਸੀਂ ਆਪਣੀ ਸੁਰਤੀ ਉੱਚੀ ਕਰ ਰਹੇ ਹਾਂ, ਆਪਣੀ ਸੁਰਤਿ ਦੀ ਸਮਝ ਹੀ ਉੱਚੀ ਕਰਦੇ ਹਾਂ। ਸਾਡੀ ਸੁਰਤਿ ਦੀ ਭਰਮਾਂ ਵਾਲੀ ਸਮਝ ਹੀ ਸਾਡੀ ਹਉਮੈ ਹੈ, ਨਾ-ਸਮਝ ਮਤਿ ਹੈ। ਅਸੀਂ ਸ਼ਬਦ ਦੀ ਕਮਾਈ ਕਰਨ ਦੀ ਬਜਾਇ ਸੁਰਤਿ ਦੀ ਕਮਾਈ ਕਰਦੇ ਹਾਂ ਭਾਵ ਸ਼ਬਦ ਦੀ ਮਤਿ ਨੂੰ ਉੱਚਾ ਕਰਨ ਦੀ ਬਜਾਇ ਆਪਣੀ ਮਤਿ ਨੂੰ ਉੱਚਾ ਕਰਦੇ ਹਾਂ ਜਿਸ ਨਾਲ ਅਸੀਂ ਆਪਣੀ ਕੀਮਤ ਹੀ ਪਾ ਰਹੇ ਹਾਂ, ਗਿਆਨੀ ਧਿਆਨੀ ਬਣੀ ਜਾ ਰਹੇ ਹਾਂ ਭਾਵ ਇਸ ਨਾਲ ਸਾਡੀ ਆਪਣੀ ਵਡਿਆਈ ਹੁੰਦੀ ਹੈ ਪਰ ਉਸਦੀ ਵਡਿਆਈ ਤਿਲ ਜਿਤਨੀ ਵੀ ਨਹੀਂ ਕਰ ਰਹੇ। ਆਪਣੀ ਕੀਮਤ ਪਾ ਕੇ ਉਸ ਪ੍ਰਮਾਤਮਾ ਨੂੰ ਕਦੇ ਨਹੀਂ ਜਪਿਆ ਜਾ ਸਕਦਾ। **(ਕੀਮਤਿ ਪਾਇ ਨ ਕਹਿਆ ਜਾਇ॥)**

ਇਹ ਫੈਸਲਾ ਅਸੀਂ ਕਰਨਾ ਹੈ ਕਿ ਅਸੀਂ ਕਿਸਦੀ ਕੀਮਤ ਪਾਉਣੀ ਹੈ, ਆਪਣੀ ਜਾਂ ਪ੍ਰਮਾਤਮਾ ਦੀ, ਹਉਮੈ ਘਟਾਉਣੀ ਹੈ ਜਾਂ ਵਧਾਉਣੀ ਹੈ। ਆਪਣੀ ਵਡਿਆਈ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ। ਸੱਚੀ ਵਡਿਆਈ ਮਨੁੱਖ ਦੀ ਤਾਂ ਹੀ ਹੋ ਸਕਦੀ ਹੈ ਜਦੋਂ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਰੂਪ ਫਿਰ ਪ੍ਰਮਾਤਮਾ ਦੀ ਸਮਝਾਈ ਹੋਈ ਸਮਝ ਦੁਆਰਾ ਹੀ ਵਿਚਰਦਾ ਹੈ ਜਿਵੇਂ ਕਿ ਭਗਤ ਜਨ, ਗੁਰੂ ਸਾਹਿਬਾਨ ਆਪਣੇ ਜੀਵਨ ਵਿੱਚ ਵਿਚਰੇ ਹਨ ਤੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ, ਪ੍ਰਮਾਤਮਾ ਦਾ ਰੂਪ ਬਣਕੇ ਸਮਝਾਇਆ ਹੈ। ਉਨ੍ਹਾਂ ਦੀ ਸੱਚੀ ਸਿੱਖਿਆ ਦੀ ਵਡਿਆਈ ਕਰਨੀ ਪ੍ਰਮਾਤਮਾ ਦੀ ਵਡਿਆਈ ਕਰਨੀ ਹੀ ਹੈ ਭਾਵ ਉਨ੍ਹਾਂ ਦੀ ਸਿੱਖਿਆ ਨੂੰ ਮੰਨਣਾ ਪ੍ਰਮਾਤਮਾ ਦੇ ਸਮਝਾਏ ਹੋਏ ਸੱਚ ਨੂੰ ਮੰਨਣਾ ਹੀ ਹੈ ਤੇ ਉਸ ਸੱਚ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਨਾਮ ਰੂਪ ਹੈ।

4/318

“ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ॥
ਜਬ ਲਗੁ ਗੁਰ ਕਾ ਸਬਦੁ ਨ ਕਮਾਹੀ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ॥੧੨॥”

(ਅੰਗ ੧੦੬੦)

ਉਪਰਲੀਆਂ ਪੰਗਤੀਆਂ ਨੂੰ ਅਗਰ ਧਿਆਨ ਨਾਲ ਵਿਚਾਰ ਲਈਏ ਤੇ ਆਪੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਸਾਡਾ ਸਾਰਾ ਜਪ, ਤਪ, ਸੰਜਮ, ਕੀ ਹੈ। ਸ਼ਬਦ ਦੀ ਕਮਾਈ ਹੀ ਸਭ ਜਪ ਤਪ ਤੇ ਸੰਜਮ ਹੈ। ਸ਼ਬਦ ਦੀ ਕਮਾਈ ਤੋਂ ਇਲਾਵਾ ਹੋਰ ਕੋਈ ਜਪ ਤਪ ਸੰਜਮ ਹੈ ਹੀ ਨਹੀਂ। ਗੱਲ ਸਿਰਫ ਸ਼ਬਦ ਦੀ ਕਮਾਈ ਨੂੰ ਸਮਝਣ ਦੀ ਹੈ ਜਿਸਨੂੰ ਕਿ ਸਮਝਾਉਣ ਵਿੱਚ ਸ਼ਾਇਦ ਹੀ ਕਸਰ ਰਹੀ ਹੋਵੇ। ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿ ਸ਼ਬਦ ਦੀ ਕਮਾਈ ਕੀ ਹੈ। ਬੜਾ ਸਾਫ ਹੈ ਕਿ ਸ਼ਬਦ ਦੀ ਮਤਿ ਨੂੰ ਛੱਡ ਕੇ, ਗੁਰੂ ਦੇ ਉਪਦੇਸ਼ ਨੂੰ ਛੱਡ ਕੇ, ਸੱਚੀ ਸੁੱਚੀ ਕਰਨੀ ਨੂੰ ਛੱਡ ਕੇ ਅਸੀਂ ਜੋ ਕੁੱਝ ਵੀ ਜਪ ਤਪ ਸੰਜਮ ਆਦਿ ਕਰਦੇ ਹਾਂ ਉਹ ਕੇਵਲ ਸਾਡਾ ਇੱਕ ਭਰਮ ਹੈ ਜੋ ਕਿ ਕਿਸੇ ਲੇਖੇ ਵਿੱਚ ਨਹੀਂ ਪੈਂਦਾ। ਸ਼ਬਦ ਦੀ ਮਤਿ ਨਾਲ ਜੁੜਕੇ ਉਸ ਅਨੁਸਾਰ ਵਿਚਰਨਾ ਹੀ ਸ਼ਬਦ ਨੂੰ ਆਪਣੇ ਜੀਵਨ ਵਿਚ ਕਮਾਉਣਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ, ਦ੍ਰਿੜ ਕੀਤਾ ਜਾ ਸਕਦਾ ਹੈ।

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥}

(ਅੰਗ ੫੯)

{ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥
ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥}

(ਅੰਗ ੫੫)

{ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥
ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥}

(ਅੰਗ ੨੩੩-੨੩੪)

{ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥
ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥}

(ਅੰਗ ੭੯੬)

{ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥
ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥}

(ਅੰਗ ੩੬੧)

{ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥
ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥}

(ਅੰਗ ੨੨੨)

{ਅਵਗਣ ਛੋਡਉ ਗੁਣ ਕਮਾਇ ॥
ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ ੧੧੯੮)

ਅਸੀਂ ਕੇਵਲ ਸੁਣੀਆਂ ਸੁਣਾਈਆਂ ਗੱਲਾਂ ਵਿੱਚ ਆ ਕੇ, ਕਿਸੇ ਦੇ ਜੀਵਨ ਤੋਂ ਮਾਰਗ ਦਰਸ਼ਨ ਲੈ ਕੇ ਹੀ ਇਹੋ ਜਿਹੇ ਜਪ ਤਪ ਕਰੀ ਜਾਂਦੇ ਹਾਂ ਜੋ ਕਿਸੇ ਲੇਖੇ ਨਹੀਂ ਪੈਂਦੇ। ਸਾਨੂੰ ਬਾਣੀ ਹੀ ਸਮਝਾ ਰਹੀ ਹੈ ਕਿ ਸਾਨੂੰ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀਆਂ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ। ਇਸ ਗੱਲ ਨੂੰ ਪਿੱਛੇ ਵੀ ਬਹੁਤ ਵਾਰੀ ਸਮਝਿਆ ਹੈ ਤੇ ਇਸੇ ਗੱਲ ਨੂੰ ਹੇਠ

ਦਿੱਤੀਆਂ ਪੰਗਤੀਆਂ ਦੁਆਰਾ ਵੀ ਸਪੱਸ਼ਟ ਕੀਤਾ ਹੋਇਆ ਹੈ:-

“ਕਥਨੀ ਕਥਉ ਨ ਆਵੈ ਓਰੁ॥
ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ॥”

(ਅੰਗ ੨੨੨)

“ਆਪਣਾ ਮਨੁ ਪਰਬੋਧਹੁ ਬੂਝਹੁ ਸੋਈ॥
ਲੋਕ ਸਮਝਾਵਹੁ ਸੁਣੇ ਨ ਕੋਈ॥
ਗੁਰਮੁਖਿ ਸਮਝਹੁ ਸਦਾ ਸੁਖੁ ਹੋਈ॥੪॥”

(ਅੰਗ ੨੩੦)

ਗਿਆਨ ਆਪਸ ਵਿੱਚ ਵੰਡਣ ਦੀ ਚੀਜ ਹੈ ਤੇ ਇਸਨੂੰ ਵੰਡਣਾ ਕੋਈ ਮਾੜੀ ਗੱਲ ਨਹੀਂ ਹੈ, ਸਗੋਂ ਚੰਗੀ ਗੱਲ ਹੈ, ਸਿਰਫ ਅੰਧ ਵਿਸ਼ਵਾਸ ਮਾੜਾ ਹੈ। ਸਾਨੂੰ ਖੁਦ ਗੁਰੂ ਕੋਲੋਂ ਜਾਣਨ ਦੀ ਕੋਸ਼ਿਸ਼ ਜਰੂਰ ਕਰਨੀ ਚਾਹੀਦੀ ਹੈ ਕਿਉਂਕਿ ਕੇਵਲ ਇੱਕ ਗੁਰੂ ਦਾ ਦਰ ਹੈ ਜਿੱਥੋਂ ਸਾਨੂੰ ਸਹੀ ਮਾਰਗ ਮਿਲ ਸਕਦਾ ਹੈ। ਜੋ ਗੱਲ ਗੁਰੂ ਦੇ ਮੁੱਖੋਂ ਸਾਫ ਸਮਝ ਆ ਰਹੀ ਹੈ, ਫਿਰ ਉਸ ਤੋਂ ਬਾਅਦ ਕਿਸੇ ਹੋਰ ਦਰ ਦੀ ਕੀ ਲੋੜ ਹੈ।

4/319

ਜੇਕਰ ਬਾਣੀ ਨੂੰ ਧਿਆਨ ਨਾਲ ਪੜ੍ਹਾਂਗੇ, ਸੁਣਾਂਗੇ ਤਾਂ ਫਿਰ ਸੋਝੀ ਵੀ ਜਰੂਰ ਪਵੇਗੀ ਤੇ ਤਾਂ ਹੀ ਅਸੀਂ ਜਾਣ ਸਕਾਂਗੇ ਕਿ ਹੋਰ ਜੋ ਕੋਈ ਵੀ ਸਾਨੂੰ ਸਮਝਾਉਂਦਾ ਹੈ ਉਸ ਦੀ ਗੱਲ ਗੁਰੂ ਦੀ ਗੱਲ ਦੇ ਨਾਲ ਕਿਤਨੀ ਕੁ ਮੇਲ ਖਾਂਦੀ ਹੈ। ਅਸਲ ਵਿੱਚ ਅਸੀਂ ਆਪ ਮਿਹਨਤ ਕਰਨਾ ਹੀ ਨਹੀਂ ਚਾਹੁੰਦੇ, ਆਪਣਾ ਮਨ ਪਰਬੋਧਣਾ ਹੀ ਨਹੀਂ ਚਾਹੁੰਦੇ। ਅਸੀਂ ਪੱਕੀ ਪਕਾਈ ਖਾਣਾ ਚਾਹੁੰਦੇ ਹਾਂ, ਆਪ ਪਕਾਉਣਾ ਹੀ ਨਹੀਂ ਚਾਹੁੰਦੇ ਤੇ ਇਸੇ ਲਈ ਜਿਆਦਾਤਰ ਭੁਲੇਖੇ ਬਣੇ ਹੋਏ ਹਨ। ਜਿਵੇਂ ਕੋਈ ਕਹਿੰਦਾ ਹੈ, ਉਸਦੇ ਹੀ ਪਿੱਛੇ ਲੱਗ ਜਾਂਦੇ ਹਾਂ। ਆਓ ਖੁਦ ਵੀ ਗੁਰੂ ਕੋਲੋਂ ਜਾਨਣ ਦੀ ਕੋਸ਼ਿਸ਼ ਕਰੀਏ। ਹੌਲੀ ਹੌਲੀ ਭੁਲੇਖੇ ਆਪੇ ਹੀ ਨਿਕਲ ਜਾਣਗੇ। ਸਿਰਫ ਗੁਰੂ ਦੀ ਗੱਲ ਤੇ ਪੁਰਨ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਕਦੇ ਗਲਤ ਨਹੀਂ ਹੋ ਸਕਦਾ।

ਇੱਕ ਆਮ ਕਰਕੇ ਭੁਲੇਖਾ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਪਹਿਲੇ ਜਿਹੋ ਜਿਹਾ ਨਾਮ ਜਪਿਆ ਜਾਂਦਾ ਸੀ, ਉਸ ਨਾਲ ਕਲਯੁਗ ਵਿੱਚ ਪਾਰ ਉਤਾਰਾ ਨਹੀਂ ਹੁੰਦਾ ਤੇ ਕਲਯੁਗ ਦਾ ਨਾਮ “**ਵਾਹਿਗੁਰੂ**” ਹੈ ਜਿਸਦੇ ਜਪ ਦੁਆਰਾ ਪਾਰ ਉਤਾਰਾ ਹੋਣਾ ਹੈ। ਇਹੋ ਜਿਹੀਆਂ ਗੱਲਾਂ ਕਰਨੀਆਂ ਨਿਰੀ ਮਨਮਤਿ ਹੈ ਜਦਕਿ ਬਾਣੀ ਵਿੱਚ ਇਹੋ ਜਿਹਾ ਕੋਈ ਪ੍ਰਮਾਣ ਨਹੀਂ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆਏ ਹਾਂ, ਹਰ ਯੁਗ ਵਿੱਚ ਇੱਕੋ ਹੀ ਨਾਮ ਵਰਤਿਆ ਹੈ ਤੇ ਉਹੀ ਨਾਮ ਹੁਣ ਵਰਤ ਰਿਹਾ ਹੈ। ਉਹ ਆਪ ਹੀ ਜਗਤ ਦਾ ਗੁਰੂ ਹੈ, ਸਾਰੇ ਗਿਆਨ ਦਾ ਦਾਤਾ ਹੈ ਤੇ ਉਸਦਾ ਦਿੱਤਾ ਗਿਆਨ ਹੀ ਦੁਨੀਆਂ ਨੂੰ ਚਲਾ ਰਿਹਾ ਹੈ। ਨਾ ਕੋਈ ਹੋਰ ਹੋਇਆ ਹੈ ਨਾ ਹੀ ਕੋਈ ਹੋਰ ਹੋ ਸਕਦਾ ਹੈ। ਨਾਮ ਉਸਦਾ ਅਸੂਲ ਹੈ, ਜੋ ਨਾ ਕਦੇ ਬਦਲਿਆ ਹੈ ਤੇ ਨਾ ਕਦੇ ਬਦਲ ਸਕਦਾ ਹੈ। ਅੱਜ ਵੀ ਨਾਮ ਸ਼ਬਦ ਦੀ ਵਿਚਾਰ ਹੈ ਭਾਵ ਸ਼ਬਦ ਦੀ, ਗੁਰੂ ਦੀ, ਪ੍ਰਮਾਤਮਾ ਦੀ ਮਤਿ ਹੈ ਜੋ ਸਾਰੇ ਸੰਸਾਰ ਨੂੰ ਧਰਮ ਦੇ ਮਾਰਗ ਤੇ ਚੱਲਣ ਦਾ ਹਰ ਸਮੇਂ ਵਿੱਚ ਇੱਕੋ ਜਿਹਾ ਸੱਚਾ ਮਾਰਗ ਹੀ ਸਮਝਾਉਂਦੀ ਹੈ, ਪ੍ਰਮਾਤਮਾ ਨੂੰ ਜਾਨਣ ਲਈ ਇੱਕੋ ਜਿਹਾ ਮਾਰਗ ਹੀ ਸਮਝਾਉਂਦੀ ਹੈ ਜੋ ਕਿਸੇ ਵੀ ਸਮੇਂ ਵਿੱਚ ਬਦਲ ਨਹੀਂ ਸਕਦਾ। ਹਰ ਯੁੱਗ ਵਿੱਚ ਸ਼ਬਦ ਦੀ ਵਿਚਾਰ ਹੀ ਨਾਮ ਰਿਹਾ ਹੈ, ਸਦਾ ਲਈ ਨਾਮ ਇਹ ਹੀ ਰਹਿਣਾ ਹੈ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਨਾ ਕਦੇ ਪ੍ਰਮਾਤਮਾ ਬਦਲ ਸਕਦਾ ਹੈ ਤੇ ਨਾ ਹੀ ਕਦੇ ਨਾਮ ਬਦਲ ਸਕਦਾ ਹੈ। ਪ੍ਰਮਾਤਮਾ ਸੱਚ ਦੇ ਰੂਪ ਵਿੱਚ ਨਾਮ ਹੈ। ਨਾ ਕਦੇ ਸੱਚ ਬਦਲ ਸਕਦਾ ਹੈ ਤੇ ਨਾ ਹੀ ਕਦੇ ਨਾਮ ਬਦਲ ਸਕਦਾ ਹੈ। ਆਓ ਇਸ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਦ੍ਰਿੜ ਕਰੀਏ ਤੇ ਆਪਣੇ ਮਨ ਵਿੱਚੋਂ ਇਹ ਭੁਲੇਖਾ ਸਦਾ ਲਈ ਕੱਢ ਦੇਈਏ ਕਿ ਨਾਮ-ਨਾਮ ਵਿੱਚ ਵੀ ਕੋਈ ਫਰਕ ਹੋ ਸਕਦਾ ਹੈ।

(ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥੭॥)

(ਅੰਗ ੨੨੯)

4/320

ਬਾਣੀ ਸਾਰੇ ਜਗ ਲਈ ਹੈ ਜੋ ਸਾਰੀ ਮਨੁੱਖਤਾ ਦੀ ਗੱਲ ਸਮਝਾਉਂਦੀ ਹੈ। ਬਾਣੀ ਸਾਨੂੰ ਹਰ ਇੱਕ ਨਾਲ ਜੋੜਨ ਲਈ ਹੈ ਨਾ ਕਿ ਸਾਨੂੰ ਦੂਸਰਿਆਂ ਨਾਲੋਂ ਵੱਖਰਾ ਕਰਨ ਲਈ। ਹੁਣ ਧਿਆਨ ਨਾਲ ਵਿਚਾਰੋ, ਇਹੋ ਜਿਹੀਆਂ ਨਾਮ ਦੀਆਂ ਗੱਲਾਂ ਕਰਨ ਨਾਲ ਅਸੀਂ ਦੂਸਰੇ ਧਰਮ ਗ੍ਰੰਥਾਂ ਦੇ ਮੰਨਣ ਵਾਲਿਆਂ ਨਾਲੋਂ ਆਪਣੇ ਆਪ ਨੂੰ ਦੂਰ ਨਹੀਂ ਕਰੀ ਜਾ ਰਹੇ ਜੋ ਕਿ ਬਾਣੀ ਦੇ ਮੂਲ ਸਿਧਾਂਤ ਤੋਂ ਉਲਟ ਹੈ। ਇਹੋ ਜਿਹਾ ਪ੍ਰਚਾਰ ਕਰਕੇ ਕਿ ਸਾਡਾ ਨਾਮ ਵੱਖਰਾ ਹੈ ਕੀ ਅਸੀਂ ਲੋਕਾਂ ਨੂੰ ਬਾਣੀ ਨਾਲ ਜੋੜਨ ਦੀ ਬਜਾਇ ਉਲਟਾ ਬਾਣੀ ਨਾਲੋਂ ਦੂਰ ਨਹੀਂ ਕਰੀ ਜਾ ਰਹੇ! ਮਨੁੱਖ ਕੋਈ ਮਾੜਾ ਨਹੀਂ, ਮਾੜੀ ਉਸਦੇ ਅੰਦਰ ਦੀ ਅਗਿਆਨਤਾ ਹੈ, ਧਰਮ ਦੀ ਨਾ ਸਮਝੀ ਹੈ ਜੋ ਸਾਨੂੰ ਇੱਕ ਦੂਜੇ ਤੋਂ ਦੂਰ ਕਰਦੀ ਹੈ। ਸਾਡੀ ਅਗਿਆਨਤਾ, ਨਾ ਸਮਝੀ ਹੀ ਸਾਨੂੰ "**ਧਰਮ**" ਦੀ ਕੱਟੜਤਾ ਵੱਲ ਲਿਜਾਂਦੀ ਹੈ। ਦੁਨੀਆਂ ਵਿੱਚ ਸਭ ਤੋਂ ਵੱਡੇ ਝਗੜਿਆਂ ਦੀ ਜੜ੍ਹ ਧਾਰਮਿਕ ਕੱਟੜਤਾ ਹੈ। "**ਧਰਮ**" ਮਨੁੱਖਤਾ ਦੀ ਭਲਾਈ ਲਈ ਹੈ ਤੇ "ਧਰਮ ਦੀ ਕੱਟੜਤਾ" ਮਨੁੱਖ ਨੂੰ ਉਜਾੜਨ ਲਈ ਹੈ। ਅਗਰ ਧਿਆਨ ਨਾਲ ਵਿਚਾਰੋਗੇ, ਅੱਜ ਤੱਕ ਦੁਨੀਆਂ ਦੇ ਇਤਿਹਿਾਸ ਵਿੱਚ ਝਾਤੀ ਮਾਰ ਕੇ ਇਹੀ ਸਮਝ ਲੱਗੇਗੀ ਕਿ ਮਨੁੱਖਤਾ ਨੂੰ ਸਭ ਤੋਂ ਵੱਡਾ ਨੁਕਸਾਨ "ਧਾਰਮਿਕ ਕੱਟੜਤਾ" ਨੇ ਪਹੁੰਚਾਇਆ ਹੈ ਤੇ ਉਹੀ ਕੁੱਝ ਹੁਣ ਵੀ ਹੋ ਰਿਹਾ ਹੈ। ਜਿਸਨੂੰ ਬਾਣੀ ਦੀ ਸਮਝ ਲੱਗ ਜਾਵੇਗੀ ਉਹ ਕਦੀ ਧਾਰਮਿਕ ਤੌਰ ਤੇ ਕੱਟੜ ਨਹੀਂ ਬਣ ਸਕਦਾ, ਬਲਕਿ ਨਿਮਰਤਾ ਵਿੱਚ ਰਹਿ ਕੇ ਸਭ ਨਾਲ ਪ੍ਰੇਮ ਪਿਆਰ ਨਾਲ ਵਿਚਰੇਗਾ। ਬਾਣੀ ਆਪਣੇ ਆਪ ਵਿੱਚ ਉਸਦੇ ਪੜ੍ਹਨ ਵਾਲਿਆਂ ਨੂੰ ਕੋਈ ਵੱਖਰਾ ਧਰਮ ਨਹੀਂ ਸਮਝਾ ਰਹੀ ਤੇ ਨਾ ਹੀ ਕਿਸੇ ਨੂੰ ਧਰਮ ਛੱਡਣ ਲਈ, ਬਦਲਣ ਲਈ ਸਮਝਾ ਰਹੀ ਹੈ, ਬਲਕਿ ਸਭ ਨੂੰ ਇਹ ਸਮਝਾ ਰਹੀ ਹੈ ਕਿ ਜੋ ਵੀ ਜਿਹੜੇ ਧਰਮ ਗ੍ਰੰਥ ਦੇ ਮੰਨਣ ਵਾਲਾ ਹੈ ਉਸ ਨੂੰ ਇਮਾਨਦਾਰੀ ਨਾਲ ਮੰਨੇ, ਉਸਦੇ ਸਮਝਾਏ ਹੋਏ ਨਾਮ ਉੱਤੇ ਚੱਲੇ ਭਾਵ ਮਤਿ ਉੱਤੇ ਚੱਲੇ ਭਾਵ ਮਾੜੇ ਕਰਮ ਨਾ ਕਰੇ ਤੇ ਚੰਗੇ ਅਤੇ ਸੱਚੇ ਸੁੱਚੇ ਕਰਮ ਕਰੇ। ਹਿੰਦੂ ਭਾਈਚਾਰੇ ਨੂੰ, ਜਿੱਥੇ ਵੀ ਕੋਈ ਆਸਥਾ ਰੱਖਦਾ ਹੈ, ਉਨ੍ਹਾਂ ਨੂੰ ਸੱਚੇ ਹਿੰਦੂ ਬਣਨ ਲਈ ਪ੍ਰੇਰਿਆ ਹੈ ਤੇ ਇਸੇ ਤਰ੍ਹਾਂ ਮੁਸਲਮਾਨ ਭਾਈਚਾਰੇ ਨੂੰ ਉਨ੍ਹਾਂ ਦੀ ਆਸਥਾ ਅਨੁਸਾਰ ਨਾਮ ਤੇ ਚੱਲਣ ਲਈ ਪ੍ਰੇਰਿਆ ਹੈ, ਸੱਚੇ ਸੁੱਚੇ ਕਰਮ ਕਰਨ ਲਈ ਪ੍ਰੇਰਿਆ ਹੈ। ਜਿੱਥੇ ਵੀ ਜਿਸਦੀ ਆਸਥਾ ਹੈ ਉਸਨੂੰ ਉੱਥੇ ਹੀ

4/321

ਸੱਚੇ ਸੁੱਚੇ ਰਹਿਣ ਲਈ ਪ੍ਰੇਰਿਆ ਹੈ ਭਾਵ ਹਰ ਕਿਸੇ ਨੂੰ ਇੱਕੋ ਜਿਹਾ ਨਾਮ ਜਪਣ ਲਈ ਪ੍ਰੇਰਿਆ ਹੈ ਜੋ ਕਿ ਔਗੁਣ ਤਿਆਗ ਕੇ ਗੁਣਾਂ ਨੂੰ ਧਾਰਨ ਕਰਨ ਲਈ ਪ੍ਰੇਰਿਆ ਹੈ, ਕਿਉਂਕਿ ਇਹੋ ਜਿਹੇ ਤਿਆਗ ਦੁਆਰਾ ਹੀ ਮਨੁੱਖਤਾ ਦਾ ਭਲਾ ਹੁੰਦਾ ਹੈ। ਸਾਨੂੰ ਬਾਣੀ ਪੜ੍ਹਨ ਵਾਲਿਆਂ ਨੂੰ ਕੋਈ ਵੱਖਰੇ ਕੰਮ ਕਰਨ ਲਈ ਨਹੀਂ ਪ੍ਰੇਰਿਆ। ਆਪਣੀ ਆਪਣੀ ਆਸਥਾ ਅਨੁਸਾਰ ਜਿਹੋ ਜਿਹਾ ਕੋਈ ਪਹਿਰਾਵਾ ਪਹਿਨਦਾ ਹੈ ਉਹ ਜੀ ਸਦਕੇ ਪਹਿਨੇ। ਪ੍ਰਮਾਤਮਾ ਇਸ ਗੱਲ ਨੂੰ ਨਹੀਂ ਵਿਚਾਰਦਾ ਕਿ ਕੋਈ ਕਿਹੋ ਜਿਹਾ ਪਹਿਨਦਾ ਹੈ, ਕਿਹੋ ਜਿਹਾ ਭੋਜਨ ਖਾਂਦਾ ਹੈ।

{ਪੈਨ੍ਹਣੁ ਖਾਣਾ ਚੀਤਿ ਨ ਪਾਈ ॥
ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥}

(ਅੰਗ ੧੩੩੧)

ਜੋ ਸਾਰੀ ਮਨੁੱਖਤਾ ਦਾ ਧਰਮ ਹੈ, ਉਹ ਹੀ ਸਾਨੂੰ ਸਮਝਾਇਆ ਹੈ ਪਰ ਅਸੀਂ ਆਪਣੀ ਨਾ-ਸਮਝੀ ਕਰਕੇ ਆਪ ਹੀ ਦੂਸਰਿਆਂ ਤੋਂ ਦੂਰ ਹੋਈ ਜਾਂਦੇ ਹਾਂ ਤੇ ਉਨ੍ਹਾਂ ਨੂੰ ਸਾਡੇ ਤੋਂ ਆਪ ਹੀ ਦੂਰ ਕਰੀ ਜਾਂਦੇ ਹਾਂ। ਅਸੀਂ ਬਾਣੀ ਦਾ ਸੰਦੇਸ਼ ਦੁਨੀਆਂ ਵਿੱਚ ਪਹੁੰਚਾਉਣ ਵਾਲੇ ਹਾਂ। ਅਸੀਂ ਕਿਹੋ ਜਿਹਾ ਸੰਦੇਸ਼ ਪਹੁੰਚਾ ਰਹੇ ਹਾਂ, ਇਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਨਾਮ ਦੀ ਸੋਝੀ ਨਾ ਹੋਣੀ ਸਾਡੀ ਸਭ ਤੋਂ ਵੱਡੀ ਅਗਿਆਨਤਾ ਹੈ। ਜਦੋਂ "ਗੁਰੂ" ਹਰ ਜੁਗ ਵਿੱਚ ਪ੍ਰਮਾਤਮਾ ਆਪ ਹੀ ਰਿਹਾ ਹੈ, ਧਰਮ ਸਿਖਾਉਣ ਵਾਲਾ ਆਪ ਹੀ ਰਿਹਾ ਹੈ ਫਿਰ ਧਰਮ ਵੱਖਰੇ ਵੱਖਰੇ ਹੋ ਹੀ ਨਹੀਂ ਸਕਦੇ। ਧਰਮ ਸਾਰੇ ਸੰਸਾਰ ਦਾ ਇੱਕੋ ਹੀ ਹੈ ਜੋ ਕਿ ਸੱਚ ਹੈ। ਧਰਮ ਸਾਰੇ ਸੰਸਾਰ ਦਾ ਜੁਗਾਂ ਜੁਗਾਂ ਤੋਂ ਇੱਕੋ ਹੀ ਹੈ।

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ ੧੧੮੮)

ਇਹ ਗੱਲ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ ਕਿ ਹਰ ਜੁਗ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਰਹਿਆ ਹੈ ਤੇ ਇਹੀ ਗੱਲ ਹੇਠ ਦਿੱਤੀ ਪੰਗਤੀ ਦੁਆਰਾ ਦ੍ਰਿੜ ਕੀਤੀ ਜਾ ਰਹੀ ਹੈ:-

"ਗੁਰ ਪਰਸਾਦੀ ਮਿਲੈ ਹਰਿ ਸੋਈ॥ਗੁਰੁ ਦਾਤਾ ਜੁਗ ਚਾਰੇ ਹੋਈ॥"

(ਅੰਗ ੨੩੦)

ਘੱਟੋਂ ਘੱਟ ਇਸ ਗੱਲ ਨੂੰ ਤਾਂ ਹਰ ਕੋਈ ਮੰਨਦਾ ਹੈ ਕਿ ਪਰਮਾਤਮਾ ਇੱਕੋ ਹੀ ਹੈ, ਧਰਤੀ ਨੂੰ ਬਣਾਉਣ ਵਾਲਾ ਉਹ ਇੱਕੋ ਹੀ ਹੈ, ਸਭ ਕੁੱਝ ਕਰਨ ਵਾਲਾ ਉਹ ਇੱਕੋ ਹੀ ਹੈ, ਕਰਵਾਉਣ ਵਾਲਾ ਉਹ ਇੱਕੋ ਹੀ ਹੈ। ਜਦ ਸਭ ਨੂੰ ਪੈਦਾ ਕਰਨ ਵਾਲਾ ਉਹ ਇੱਕੋ ਹੀ ਹੈ ਫਿਰ ਕੋਈ ਮਾੜਾ ਤੇ ਕੋਈ ਚੰਗਾ ਕਿਵੇਂ ਹੋ ਸਕਦਾ ਹੈ ਜਦੋਂ ਸਭ ਵਿੱਚ ਉਹ ਆਪ ਹੀ ਵਰਤ ਰਹਿਆ ਹੈ, ਹਰ ਮਨੁੱਖੀ ਰੂਪ ਉਸਦਾ ਆਪਣਾ ਹੀ ਰੂਪ ਹੈ।

{ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥}

(ਅੰਗ - ੧੩੪੯)

{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥੩੩}

(ਅੰਗ - ੭)

ਅਸੀਂ ਸ਼ਬਦਾਂ ਨੂੰ ਉਚਾਰਦੇ ਤੇ ਸੁਣਦੇ ਤਾਂ ਬੜੇ ਪਿਆਰ ਤੇ ਸਤਿਕਾਰ ਨਾਲ ਹਾਂ ਪਰ ਜਦੋਂ ਗੱਲ ਮੰਨਣ ਤੇ ਆਉਂਦੀ ਹੈ, ਅਮਲ ਵਿੱਚ ਲਿਆਉਣ ਦੀ ਹੁੰਦੀ ਹੈ ਤਾਂ ਸਾਡੇ ਵਿਚਾਰ ਬਦਲ ਜਾਂਦੇ ਹਨ। ਵਜ੍ਹਾ ਸਾਡੀ ਵੱਖਰੀ-ਵੱਖਰੀ ਧਾਰਮਿਕ ਆਸਥਾ ਹੈ, ਸਾਡੀ ਅਗਿਆਨਤਾ ਹੈ, ਖਾਸ ਕਰਕੇ ਨਾਮ ਦੀ ਸੋਝੀ ਨਾ ਪੈਣਾ ਹੈ ਜਿਸ ਕਰਕੇ ਅਸੀਂ ਮੂਲ ਭਾਵ ਤੋਂ ਵਿਛੜ ਜਾਂਦੇ ਹਾਂ ਤੇ ਵਾਦਾਂ ਵਿਵਾਦਾਂ ਵਿੱਚ ਪੈ ਜਾਂਦੇ ਹਾਂ, ਵੱਖਰੇ-ਵਖਰੇ ਨਾਮ ਜਪਣੇ ਬਣਾ ਲੈਂਦੇ ਹਾਂ। ਅਸਲ ਵਿੱਚ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕਿਸੇ ਦਾ ਇਹ ਭਰਮ ਜਾ ਹੀ ਨਹੀਂ ਸਕਦਾ ਕਿ ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਾਰੇ ਸੰਸਾਰ ਲਈ ਇੱਕੋ ਹੀ ਨਾਮ ਹੈ, ਇੱਕੋ ਹੀ ਧਰਮ ਦਾ ਮਾਰਗ ਹੈ ਜੋ ਕਿ ਸੱਚ ਨੂੰ ਸਮਝ ਕੇ ਸੱਚ ਤੇ ਚੱਲਣ ਦਾ ਹੈ। ਸਾਡੇ ਧਾਰਮਿਕ ਆਸਥਾ ਨੂੰ ਲੈ ਕੇ ਵਾਦ ਵਿਵਾਦ ਤਾਂ ਹੀ ਮੁਕ ਸਕਦੇ ਹਨ ਜੇਕਰ ਹਰ ਕੋਈ ਜਿਸ ਕਿਸੇ ਵੀ ਧਰਮ ਗ੍ਰੰਥ ਵਿੱਚ ਆਸਥਾ ਰੱਖਦਾ ਹੈ, ਉਸਨੂੰ ਮੰਨਦਾ ਹੈ, ਉਸ ਵਿੱਚੋਂ ਨਾਮ ਨੂੰ ਜਾਣੇ ਤੇ ਨਾਮ ਦਾ ਸਿਮਰਨ ਕਰੇ। ਧਰਮ ਗ੍ਰੰਥ ਸਾਨੂੰ ਨਾਮ ਸਿਮਰਨ ਲਈ ਹੀ ਸਮਝਾਉਂਦੇ ਹਨ ਭਾਵ ਸੱਚ ਦੇ ਮਾਰਗ ਤੇ ਚੱਲਣ ਲਈ ਹੀ ਸਮਝਾਉਂਦੇ ਹਨ, ਔਗੁਣ ਛੱਡਣ ਲਈ ਤੇ ਗੁਣ ਧਾਰਨ ਕਰਨ ਲਈ ਹੀ ਸਮਝਾਉਂਦੇ ਹਨ ਭਾਵ ਸੱਚੇ ਸੁੱਚੇ ਕਰਮ ਕਰਨ ਲਈ ਹੀ ਸਮਝਾਉਂਦੇ ਹਨ।

{ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥1॥ ਰਹਾਉ ॥}

(ਅੰਗ ੨੨੦)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ ੮੩੧)

{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ ੯੧੯)

ਜਦੋਂ ਹਰ ਕਿਸੇ ਨੂੰ ਨਾਮ ਦੀ ਸੋਝੀ ਪੈ ਜਾਵੇਗੀ ਫਿਰ ਵਾਦ ਵਿਵਾਦ ਵੀ ਨਿਬੜ ਜਾਣਗੇ। ਧਰਮ ਕੇਵਲ ਧਰਮ ਗ੍ਰੰਥਾਂ ਦੇ ਪੜ੍ਹਨ ਨਾਲ ਪੂਰਾ ਨਹੀਂ ਹੁੰਦਾ, ਉਸ ਵਿੱਚ ਦਿੱਤੀ ਹੋਈ ਮਤਿ ਨੂੰ ਮੰਨ ਕੇ ਹੁੰਦਾ ਹੈ ਭਾਵ ਨਾਮ ਜਪ ਕੇ ਹੁੰਦਾ ਹੈ, ਕਥਨੀ ਨਾਲ ਨਹੀਂ ਕਰਨੀ ਨਾਲ ਹੁੰਦਾ ਹੈ।

ਅਸੀਂ ਪ੍ਰਮਾਤਮਾ ਕੋਲੋਂ ਹਰ ਰੋਜ ਅਰਦਾਸ ਕਰਕੇ ਨਾਮ ਦਾਨ ਦੀ ਮੰਗ ਕਰਦੇ ਹਾਂ ਤੇ ਇਸਨੂੰ ਹੀ ਦਾਨਾ ਸਿਰ ਦਾਨ ਭਾਵ ਸਭ ਤੋਂ ਵੱਡਾ ਦਾਨ ਮੰਨਦੇ ਹਾਂ। ਸਭ ਤੋਂ ਵੱਡਾ ਦਾਨ ਪ੍ਰਮਾਤਮਾ ਦਾ ਹੈ ਵੀ ਨਾਮ ਦਾ ਦਾਨ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਨ ਦੇ ਵਿੱਚੋਂ ਪਰਮਾਤਮਾ ਦੇ ਦਰਸ਼ਨ ਨਾਮ ਦਾ ਦਾਨ ਮਿਲਣ ਦੁਆਰਾ ਹੀ ਹੁੰਦੇ ਹਨ ਜੋ ਦਾਨ ਕੇਵਲ ਉਹ ਪ੍ਰਮਾਤਮਾ ਹੀ ਦੇ ਸਕਦਾ ਹੈ ਜੋ ਨਾਮ ਦਾ ਮਾਲਕ ਹੈ। ਇਹ ਦਾਨ ਮੂੰਹੋ ਬੋਲ ਕੇ ਮੰਗਣਾ ਬਹੁਤ ਸੌਖਾ ਹੇ ਪਰ ਅਸਲ ਵਿੱਚ ਇਹ ਦਾਨ ਮੰਗਣਾ ਬਹੁਤ ਔਖਾ ਹੈ। ਸਾਨੂੰ ਪਹਿਲੇ ਆਪਣੇ ਆਪ ਨੂੰ ਇਹ ਦਾਨ ਮੰਗਣ ਲਈ ਤਿਆਰ ਹੋਣਾ ਪੈਂਦਾ ਹੈ ਕਿਉਂਕਿ ਇਸ ਦਾਨ ਨੂੰ ਨਿਭਾਉਣਾ ਬਹੁਤ ਔਖਾ ਹੈ। ਆਉ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ ਜਿਸ ਦੁਆਰਾ ਇਹ ਦਾਨ ਮੰਗਣਾ ਸਿਖਾਇਆ ਹੋਇਆ ਹੈ ਤੇ ਇਸ ਦਾਨ ਤੇ ਪੂਰਾ ਉਤਰਨਾ ਕੀ ਹੈ, ਇਸ ਦੀ ਸੋਝੀ ਵੀ ਨਾਲ ਹੀ ਪਾਈ ਹੋਈ ਹੈ।

ਤਿਲੰਗ ਮਹਲਾ ੧ ਘਰੁ ੨

"ੴ ਸਤਿਗੁਰ ਪ੍ਰਸਾਦਿ ॥

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥

ਮੈ ਦੇਵਾਨਾ ਭਇਆ ਅਤੀਤੁ ॥

ਕਰ ਕਾਸਾ ਦਰਸਨ ਕੀ ਭੂਖ ॥

ਮੈ ਦਰਿ ਮਾਗਉ ਨੀਤਾ ਨੀਤ ॥੧॥

ਤਉ ਦਰਸਨ ਕੀ ਕਰਉ ਸਮਾਇ ॥

ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥

ਘਿਅ ਪਟ ਭਾਂਡਾ ਕਹੈ ਨ ਕੋਇ ॥

ਐਸਾ ਭਗਤੁ ਵਰਨ ਮਹਿ ਹੋਇ ॥

ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥

ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥"

(ਅੰਗ ੭੨੧)

ਸ਼ਬਦ ਦਾ ਭਾਵ ਗਹਿਰਾਈ ਵਿੱਚ ਹੈ। ਭਗਤੀ ਕੀ ਹੈ, ਇਹ ਬੜੇ ਹੀ ਸੋਹਣੇ ਢੰਗ ਨਾਲ ਸਮਝਾਇਆ ਹੋਇਆ ਹੈ। ਜਿਉਂ ਜਿਉਂ ਬਾਣੀ ਨੂੰ ਸਮਝੋਗੇ, ਆਪ ਹੀ ਅੰਦਰੋਂ ਵਾਹੁ-ਵਾਹੁ ਨਿਕਲੇਗੀ ਕਿ ਬਾਣੀ ਕਿਤਨੀ ਗਹਿਰਾਈ ਵਿੱਚ ਹੈ, ਕਿਤਨੇ ਉੱਚੇ ਗਿਆਨ ਵਾਲੀ ਹੈ ਤੇ ਇਸ ਗਿਆਨ ਦਾ ਮਾਲਕ ਕਿਤਨਾ ਵੱਡਾ ਹੈ।

ਨਾਮ ਦੇ ਦਾਨ ਨੂੰ ਸਮਝਣ ਤੋਂ ਪਹਿਲਾਂ ਇਸ ਗੱਲ ਨੂੰ ਸਮਝਣਾ ਜਰੂਰੀ ਹੈ ਕਿ "ਭਉ" ਕੀ ਹੈ, ਜੋ ਕਿ ਅਸੀਂ ਪਿੱਛੇ ਪਹਿਲਾਂ ਹੀ ਬਰੀਕੀ ਨਾਲ ਜਾਣ ਚੁੱਕੇ ਹਾਂ। ਇਹ ਭਉ ਗੁਰੂ ਦਾ ਉਪਦੇਸ਼ ਹੈ, ਗੁਰੂ ਦੀ ਮਤਿ ਹੈ, ਗੁਰੂ ਦਾ ਨਾਮ ਹੈ ਜਿਸਨੂੰ ਮੰਨਣ ਦਾ ਭਉ ਭਾਵ ਮੰਨਣ ਦਾ ਡਰ ਸਭ ਦੇ ਅੰਦਰ ਹੈ ਕਿਉਂਕਿ ਗੁਰੂ ਦੀ ਮਤਿ ਅਨੁਸਾਰ ਚੱਲਣਾ ਬਹੁਤ ਔਖਾ ਹੈ, ਗੁਰੂ ਦੇ ਬੋਲ ਪੁਗਾਣੇ

ਬਹੁਤ ਔਖੇ ਹਨ ਤੇ ਇਨ੍ਹਾਂ ਬੋਲਾਂ ਨੂੰ ਪੁੰਗਾਉਣਾ ਹੀ ਨਾਮ ਜਪਣਾ ਹੈ। ਅਸਲ ਵਿੱਚ ਗੁਰੂ ਦਾ ਭਉ ਮੰਨਣਾ ਹੀ ਨਾਮ ਜਪਣਾ ਹੈ।

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥}

(ਅੰਗ ੧੦੧੦)

{ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥}

(ਅੰਗ ੧੫੧)

4/323

ਜਿਸ ਦੇ ਡਰ ਤੋਂ ਹਰ ਕੋਈ ਭੱਜਦਾ ਹੈ, ਗੁਰੂ ਦੀ ਮਤਿ ਨੂੰ ਮੰਨਣ ਤੋਂ ਭੱਜਦਾ ਹੈ, ਉਹੀ ਤਾਂ ਅਸਲ ਵਿੱਚ ਨਾਮ ਹੈ। ਸ਼ਬਦ ਮਰਨ ਤੋਂ ਹਰ ਕੋਈ ਭੱਜਦਾ ਹੈ, ਗੁਰੂ ਦੇ ਬੋਲਾਂ ਦਾ ਭਾਰਾ ਤੋਲ ਤੁਲਣ ਤੋਂ ਹਰ ਕੋਈ ਡਰਦਾ ਹੈ, ਹਰ ਕੋਈ ਭਉ ਖਾਂਦਾ ਹੈ। ਗੁਰੂ ਦੀ ਮਤਿ ਹੀ "ਨਾਮ" ਹੈ ਤੇ ਗੁਰੂ ਦੀ ਮਤਿ ਅਨੁਸਾਰ ਚੱਲਣ ਦਾ ਭਉ ਕਬੂਲ ਕਰਨਾ, ਨਾਮ ਜਪਣਾ ਹੈ। ਨਾਮ ਉਹੀ ਜਪ ਸਕਦਾ ਹੈ ਜੋ ਇਸ ਭਉ ਨੂੰ ਕਬੂਲ ਕਰਦਾ ਹੈ, ਆਪਣੇ ਆਪ ਨੂੰ ਇਹ ਭਾਰ ਸਹਿਣ ਲਈ ਤਿਆਰ ਕਰਦਾ ਹੈ। ਗੁਰੂ ਦਾ ਭਉ ਕਬੂਲ ਕਰਨ ਲਈ ਆਪਣੀਆਂ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਮਾਇਆ ਮੋਹ ਛੱਡਣਾ ਪੈਂਦਾ ਹੈ ਤੇ ਇਸੇ ਲਈ ਗੁਰੂ ਦੇ ਭੈਅ ਵਿੱਚ ਵੱਸਣਾ, ਭੈਅ ਵਿੱਚ ਰਹਿਣਾ ਬਹੁਤ ਔਖਾ ਹੈ।

{ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ ੧੦੯੯)

ਮਨੁੱਖ ਦੀ ਕਰਨੀ ਤਾਂ ਹੀ ਚੰਗੀ ਹੋ ਸਕਦੀ ਹੈ ਜੇਕਰ ਉਹ ਤ੍ਰਿਸ਼ਨਾਵਾਂ ਨੂੰ ਤਿਆਗੇ। ਸਾਡੀ ਸੱਚੀ ਕਰਨੀ ਹੀ ਭਗਤੀ ਦਾ ਸੱਚਾ ਮਾਰਗ ਹੈ।

ਸਾਡਾ ਇਸ ਭਉ ਨੂੰ ਮੰਨਣ ਲਈ ਤਿਆਰ ਹੋਣਾ ਹੀ, ਆਪਣੇ ਆਪ ਨੂੰ ਦ੍ਰਿੜ ਕਰਨਾ ਹੀ, ਮਾਇਆ ਮੋਹ ਛੱਡਣ ਲਈ ਆਪਣੀ ਇੱਛਾ ਸ਼ਕਤੀ ਨੂੰ ਪ੍ਰਬਲ ਕਰਨਾ ਹੀ ਇਸ ਭਉ ਨੂੰ ਕਬੂਲ ਕਰਨਾ ਹੈ ਭਾਵ ਸਾਰੀ ਗੱਲ ਮਨ ਨੂੰ ਮਾਰਨ ਲਈ, ਸ਼ਬਦ ਮਰਨ ਲਈ ਆਪਣੇ ਆਪ ਨੂੰ ਤਿਆਰ ਕਰਨਾ ਹੈ। ਇਹੀ ਸਾਡੇ ਵੱਲੋਂ ਉੱਦਮ ਹੈ ਜਿਸ ਦੁਆਰਾ ਅਸੀਂ ਨਾਮ ਜਪ ਸਕਦੇ ਹਾਂ। ਆਓ ਹੁਣ ਸ਼ਬਦ ਨੂੰ ਜਾਣੀਏ ਕਿ ਸਾਨੂੰ ਕੀ ਸਮਝਾਇਆ ਹੈ।

ਇਸ ਸਾਰੇ ਸ਼ਬਦ ਵਿੱਚ ਦਾਨ ਦੀ, ਭਿੱਖਿਆ ਦੀ ਗੱਲ ਹੀ ਸਮਝਾਈ ਹੋਈ ਹੈ ਕਿ ਭਿੱਖਿਆ ਮੰਗਣੀ ਕਿਵੇਂ ਹੈ ਤੇ ਉਹ ਮਿਲਣੀ ਕਿਵੇਂ ਹੈ। "ਰਹਾਉ" ਵਾਲੀ ਪੰਗਤੀ ਵਿੱਚ ਵੀ ਇਸ ਗੱਲ ਨੂੰ ਸਪੱਸ਼ਟ ਕੀਤਾ ਹੋਇਆ ਹੈ ਤੇ ਸ਼ਬਦ ਦੀ ਆਖਰੀ ਪੰਗਤੀ ਵਿੱਚ ਵੀ ਇਹੀ ਗੱਲ ਸਪੱਸ਼ਟ ਕੀਤੀ ਹੋਈ ਹੈ। ਇਸ ਵਿੱਚ ਪ੍ਰਮਾਤਮਾ ਕੋਲੋਂ ਭਉ ਦਾ ਦਾਨ ਮੰਗਿਆ ਹੈ। ਗੁਰੂ ਦੇ ਭਉ ਨੂੰ ਭਾਵ ਗੁਰੂ ਦੀ ਦਿੱਤੀ ਹੋਈ ਮਤਿ ਨੂੰ ਭੰਗ ਦੇ ਨਸ਼ੇ ਦੀ ਤਰ੍ਹਾਂ ਦੱਸਿਆ ਹੈ ਜਿਸਨੂੰ ਪੀ ਕੇ ਮਨੁੱਖ ਦੀਵਾਨਗੀ ਵਿੱਚ ਆ ਜਾਂਦਾ ਹੈ ਕਿਉਂਕਿ ਉਹ ਨਸ਼ਾ ਉਸਨੂੰ ਚੰਗਾ ਲੱਗਦਾ ਹੈ। ਇਹ ਨਸ਼ਾ ਤਨ ਦੇ ਪੀਣ ਦਾ ਨਸ਼ਾ ਨਹੀਂ ਹੈ ਬਲਕਿ ਮਨ ਦੇ ਪੀਣ ਦਾ ਨਸ਼ਾ ਹੈ। ਇਸ ਨਸ਼ੇ ਨੂੰ ਸਾਡੇ ਮਨ ਨੇ ਪੀਣਾ ਹੈ, ਚਿਤ ਨੇ ਪੀਣਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਸਾਡੀ ਸੁਰਤਿ ਦੇ ਵਿਚਾਰਾਂ ਨੇ ਪੀਣਾ ਹੈ ਭਾਵ ਉਨ੍ਹਾਂ ਨੂੰ ਮੰਨਣਾ ਹੈ। ਇਸ ਨਸ਼ੇ ਨੂੰ ਆਪਣੇ ਅੰਦਰ ਸੰਭਾਲਣ ਦੀ ਗੁਥਲੀ ਭਾਵ "ਖਲੜੀ" ਸਾਡਾ ਮਨ ਹੈ, ਸਾਡਾ ਚਿੱਤ ਹੈ ਜਿਸਨੇ ਸ਼ਬਦਾਂ ਦੀ ਵਿਚਾਰ ਦੀ ਆਪਣੇ ਅੰਦਰ ਸੰਭਾਲ ਕਰਨੀ ਹੈ, ਗੁਰੂ ਦੇ ਵਿਚਾਰਾਂ ਨੂੰ ਆਪਣੇ ਅੰਦਰ ਸੰਭਾਲ ਕੇ ਰੱਖਣਾ ਹੀ ਨਾਮ ਦੀ ਸੰਭਾਲ ਕਰਨੀ ਹੈ। ਇਹੀ ਆਪਣੇ ਅੰਦਰ ਗੁਰੂ ਦੇ ਭਉ ਨੂੰ ਕਬੂਲ ਕਰਨਾ ਹੈ। ਗੁਰੂ ਦੇ ਨਾਲ ਜੁੜਨ ਲਈ ਇਹੋ ਜਿਹੇ ਭਉ ਦੀ ਮੰਗ ਕੀਤੀ ਹੋਈ ਹੈ ਕਿ ਹੈ ਪ੍ਰਮਾਤਮਾ ਮੇਰੇ ਅੰਦਰ ਤੈਨੂੰ ਪਾਉਣ ਦੀ ਦੀਵਾਨਗੀ ਪੈਦਾ ਹੋ ਗਈ ਹੈ, ਮੇਰੇ ਅੰਦਰ ਤੇਰੇ ਦਰਸ਼ਨਾਂ ਲਈ ਅਥਾਹ ਪ੍ਰੇਮ, ਵੈਰਾਗ ਪੈਦਾ ਹੋ ਗਿਆ ਹੈ। ਇਹ ਦੀਵਾਨਗੀ ਮੈਂ ਦੂਰ ਤੱਕ ਨਿਭਾਵਾਂਗਾ ਭਾਵ ਅਖੀਰ ਤੱਕ ਨਿਭਾਵਾਂਗਾ ਭਾਵ ਗੁਰੂ ਦਾ ਭਉ ਮੈਂ ਜੀਵਨ ਭਰ ਮੰਨਾਂਗਾ ਭਾਵ ਸਾਰਾ ਜੀਵਨ ਗੁਰੂ ਦੀ ਮਤਿ ਨੂੰ ਹੀ ਮੰਨਾਂਗਾ ਤੇ ਕਿਸੇ ਹੋਰ ਮਤਿ ਨਾਲ ਨਹੀਂ ਜੁੜਾਂਗਾ, ਆਪਣੀ ਮਤਿ ਪੂਰੀ ਤਰ੍ਹਾਂ ਛੱਡ ਦੇਵਾਂਗਾ। (**ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ**

ਭਇਆ ਅਤੀਤੁ ॥)

ਇਹ ਭਿੱਖਿਆ ਮੰਗਣ ਲਈ ਮੇਰੇ ਹੱਥ ਹੀ ਮੇਰਾ ਬਰਤਨ ਹੈ ਭਾਵ ਮੇਰੇ ਹੱਥ ਸਦਾ ਲਈ ਤੇਰੇ ਅੱਗੇ ਜੁੜੇ ਰਹਿਣਗੇ, ਕਿਸੇ ਹੋਰ ਅੱਗੇ ਨਹੀਂ ਜੁੜਨਗੇ। ਮੇਰੇ ਅੰਦਰ ਤੇਰੇ ਦਰਸ਼ਨਾਂ ਦੀ ਭੁੱਖ ਜਾਗ ਗਈ ਹੈ ਭਾਵ ਤੇਰੇ ਦਰਸ਼ਨਾਂ ਤੋਂ ਇਲਾਵਾ ਹੋਰ ਕੁੱਝ ਚੰਗਾ ਨਹੀਂ ਲੱਗਦਾ, ਇਹ ਭੁੱਖ ਤਾਂ ਹੀ ਮਿਟੇਗੀ ਜਦੋਂ ਤੇਰੇ ਦਰਸ਼ਨਾਂ ਦਾ ਦਾਨ

4/324 ਅਤੇ 324-ਅ

ਮੇਰੇ ਹੱਥਾਂ ਵਿੱਚ ਪੈ ਜਾਵੇਗਾ ਭਾਵ ਇਸ ਦਾਨ ਦੀ ਪ੍ਰਾਪਤੀ ਲਈ ਮੇਰੇ ਹੱਥ ਤੇਰੇ ਅੱਗੇ ਹਰ ਵੇਲੇ ਅੱਠੇ ਪਹਿਰ ਜੁੜੇ ਰਹਿਣਗੇ, ਮੇਰਾ ਮਨ ਨਿਤ ਤੇਰੇ ਅੱਗੇ ਝੁਕਿਆ ਰਹੇਗਾ, ਤੇਰੇ ਹੁਕਮ ਅੱਗੇ ਝੁਕਿਆ ਰਹੇਗਾ, ਤੇਰੀ ਮਤਿ ਅੱਗੇ ਝੁਕਿਆ ਰਹੇਗਾ। ਤੇਰੇ ਦਰਸ਼ਨਾਂ ਦਾ ਦਾਨ ਮਿਲਣ ਨਾਲ ਹੀ, ਨਾਮ ਦਾ ਦਾਨ ਮਿਲਣ ਨਾਲ ਹੀ ਮੇਰੇ ਮਨ ਨੂੰ ਸਮਾਈ ਆਏਗੀ ਭਾਵ ਮੇਰੇ ਮਨ ਤਾਂ ਹੀ ਸ਼ਾਂਤ ਹੋਵੇਗਾ।

(ਕਰ ਕਾਸਾ ਦਰਸਨ ਕੀ ਭੂਖ ॥
ਮੈ ਦਰਿ ਮਾਗਉ ਨੀਤਾ ਨੀਤ॥੧॥
ਤਉ ਦਰਸਨ ਕੀ ਕਰਉ ਸਮਾਇ॥
ਮੈ ਦਰਿ ਮਾਗਤੁ ਭੀਖਿਆ ਪਾਇ॥੧॥ ਰਹਾਉ॥)

{ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖ॥੧॥}

(ਅੰਗ ੯)

ਮੈਂ ਤੇਰੇ ਦਰ ਤੇ ਇਹ ਦਾਨ ਹਰ ਵੇਲੇ ਮੰਗਦਾ ਹਾਂ ਭਾਵ ਮੈਂ ਹਰ ਵੇਲੇ ਤੇਰੇ ਦਰ ਤੇ ਮੰਗਤਾ ਹਾਂ, ਤੇਰਾ ਗੁਲਾਮ ਹਾਂ, ਤੇਰੀ ਗੁਲਾਮੀ ਕਬੂਲ ਕਰਦਾ ਹੈ ਭਾਵ ਮੈਂ ਹਰ ਵੇਲੇ ਤੇਰੀ ਮਤਿ ਤੇ ਚੱਲਣ ਲਈ ਤਿਆਰ ਹਾਂ।

ਜਦੋਂ ਅਸੀਂ ਪ੍ਰਮਾਤਮਾ ਦੇ ਦਰ ਤੇ ਇਸ ਤਰੀਕੇ ਨਾਲ ਭਾਵ ਇਸ ਦੀਵਾਨਗੀ ਨਾਲ, ਇਹੋ ਜਿਹੀ ਇੱਛਾ ਨਾਲ ਦਾਨ ਮੰਗਦੇ ਹਾਂ ਭਾਵ ਜਦੋਂ ਅਸੀਂ ਆਪਣੇ ਆਪ ਨੂੰ ਗੁਰੂ ਦੀ ਹਰ ਗੱਲ ਮੰਨਣ ਲਈ ਤਿਆਰ ਕਰ ਲੈਂਦੇ ਹਾਂ, ਉਸਦੀ ਮਤਿ ਤੇ ਪੂਰਾ ਉਤਰਨ ਲਈ ਉਸਦਾ ਭਾਰਾ ਤੋਲ ਤੁਲਣ ਲਈ ਤਿਆਰ ਹੋ ਜਾਂਦੇ ਹਾਂ, ਉਸਦੀ ਭਿੱਖਿਆ ਤਾਂ ਹੀ ਪੈ ਸਕਦੀ ਹੈ।

ਇਹ ਭਿਖਿਆ ਲੈਣ ਲਈ ਸਾਨੂੰ ਗੁਰੂ ਦੀ ਮਤਿ ਤੇ ਕਿਸ ਤਰ੍ਹਾਂ ਪੂਰਾ ਉਤਰਨਾ ਪੈਂਦਾ ਹੈ ਭਾਵ ਕਿਸ ਤਰ੍ਹਾਂ ਨਾਮ ਜਪਣਾ ਪੈਂਦਾ ਹੈ ਇਹ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਗੱਲ ਇੱਥੇ ਵੀ ਉਹੋ ਹੀ ਸਮਝਾਈ ਹੋਈ ਹੈ ਭਾਵ ਭਗਤੀ ਕਰਨ ਦਾ ਤਰੀਕਾ, ਨਾਮ ਜਪਣ ਦਾ ਤਰੀਕਾ ਉਹੀ ਹੈ ਜੋ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਨੂੰ ਮਿਲਣ ਦਾ

4/325

ਤਰੀਕਾ ਇੱਕੋ ਹੀ ਹੈ, ਤੱਤ ਨੂੰ ਪ੍ਰਾਪਤ ਕਰਨ ਦਾ ਤਰੀਕਾ ਇੱਕੋ ਹੀ ਹੈ ਜੋ ਕਿ ਇਸ ਪ੍ਰਕਾਰ ਹੈ:-

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥}

(ਅੰਗ ੪੧੮)

ਇਹੀ ਗੱਲ ਮੁਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ, ਜਿਸਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਕਿਉਂਕਿ ਇਹ ਹੀ ਅਸਲ ਵਿੱਚ ਭਗਤੀ ਹੈ, ਪ੍ਰਮਾਤਮਾ ਦਾ ਨਾਮ ਜਪਣਾ ਹੈ, ਗੁਰੂ ਦੇ ਭਉ ਨੂੰ ਮੰਨਣਾ ਹੈ। ਸਾਰੇ ਚੰਗੇ ਗੁਣਾਂ ਵਾਲੀਆਂ ਵਸਤੂਆਂ ਦੀ ਗਿਣਤੀ ਗਿਣਾਈ ਹੋਈ ਹੈ ਜਿਵੇਂ ਕਿ ਕੇਸਰ ਨੂੰ, ਫੁਲ ਨੂੰ, ਕਸਤੂਰੀ ਨੂੰ, ਸੋਨੇ ਨੂੰ ਉਨ੍ਹਾਂ ਦੇ ਗੁਣਾਂ ਦੇ ਕਾਰਨ ਹਰ ਕੋਈ ਚੰਗਾ ਸਮਝਦਾ ਹੈ ਤੇ ਹਰ ਕੋਈ ਉਨ੍ਹਾਂ ਨੂੰ ਧਾਰਨ ਵੀ ਕਰਨਾ ਚਾਹੁੰਦਾ ਹੈ।

“ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥”

“ਕੁਸਮ” ਫੁੱਲ ਨੂੰ ਕਹਿੰਦੇ ਹਨ, “ਮਿਰਗਮੈ” ਕਸਤੂਰੀ ਨੂੰ ਕਹਿੰਦੇ ਹਨ ਜੋ ਕਿ ਮਿਰਗ ਦੇ ਅੰਦਰ, ਹਿਰਨ ਦੇ ਅੰਦਰ ਹੁੰਦੀ ਹੈ ਤੇ ਬਹੁਤ ਖੁਸ਼ਬੂਦਾਰ ਹੁੰਦੀ ਹੈ। “ਹਰਣਾ” ਸੋਨੇ ਨੂੰ ਕਹਿੰਦੇ ਹਨ। ਚੰਗੇ ਗੁਣਾਂ ਵਾਲੀ ਚੀਜ਼ ਨੂੰ ਹਰ ਕੋਈ ਪਸੰਦ ਕਰਦਾ ਹੈ। ਇਨ੍ਹਾਂ ਸਾਰੀਆਂ ਗੁਣਾਂ ਵਾਲੀਆਂ ਚੀਜ਼ਾਂ ਦੀ ਤੁਲਣਾ ਭਗਤ ਦੇ ਮਨ ਦੇ ਨਾਲ ਕੀਤੀ ਹੈ ਤੇ ਸਮਝਾਇਆ ਹੋਇਆ ਹੈ ਕਿ ਇੱਕ ਭਗਤੀ ਕਰਨ ਵਾਲੇ ਵਿੱਚ ਕਿਹੋ ਜਿਹੇ ਗੁਣ ਹੋਣੇ ਚਾਹੀਦੇ ਹਨ ਭਾਵ ਉਸ ਵਿੱਚ ਇਤਨੇ ਚੰਗੇ ਗੁਣ ਹੋਣ, ਉਸਦੀ ਸੰਸਾਰ ਵਿੱਚ, ਸਮਾਜ ਵਿੱਚ ਇਤਨੀ ਚੰਗੀ ਗੁਣਾਂ ਵਾਲੀ ਵਿਚਰਨ ਹੋਵੇ ਕਿ ਉਸਨੂੰ ਹਰ ਕੋਈ ਪਸੰਦ ਕਰੇ, ਹਰ ਕੋਈ ਉਸਨੂੰ ਕਬੂਲ ਕਰੇ, ਉਹ ਹਰ ਕਿਸੇ ਨੂੰ ਚੰਗਾ ਲੱਗੇ। ਭਗਤੀ ਗੁਣਾਂ ਨੂੰ ਧਾਰਨ ਕਰਕੇ ਹੀ ਹੋ ਸਕਦੀ ਹੈ।

{ਵਿਣੁ ਗੁਣ ਕੀਤੇ ਭਗਤਿ ਨ ਹੋਇ॥}

(ਅੰਗ - ੪)

ਇਸੇ ਤਰ੍ਹਾਂ ਭਗਤੀ ਕਰਨ ਵਾਲੇ ਦੀ ਤੁਲਨਾ ਚੰਦਨ ਦੇ ਪੇੜ ਨਾਲ ਕੀਤੀ ਹੈ ਜੋ ਸਭ ਨੂੰ ਆਪਣੀ ਖੁਸ਼ਬੂ ਵੰਡਦਾ ਹੈ। ਉਹ ਇਹ ਨਹੀਂ ਦੇਖਦਾ ਕਿ ਖੁਸ਼ਬੂ ਲੈਣ ਵਾਲਾ ਕੌਣ ਹੈ, ਉਹ ਸਭ ਨੂੰ ਖੁਸ਼ਬੂ ਵੰਡਦਾ ਹੈ, ਕਿਸੇ ਵਿੱਚ ਕੋਈ ਫਰਕ ਨਹੀਂ ਕਰਦਾ। ਭਗਤੀ ਕਰਨ ਵਾਲੇ ਦਾ ਸੁਭਾਅ ਭਾਵ ਉਸਦੇ ਅੰਦਰ “ਜੋਤਿ” ਰੂਪ ਮਨ ਦੀ ਸਮਝ, ਉਸਦੇ ਅੰਦਰ ਦਾ ਆਤਮਿਕ ਗਿਆਨ ਚੰਦਨ ਦੀ ਤਰ੍ਹਾਂ ਹੋਵੇ ਭਾਵ ਉਹ ਆਪਣੇ ਅੰਦਰ ਦੇ ਸੱਚੇ ਗੁਣਾਂ ਵਾਲੇ ਗਿਆਨ ਦੀ ਖੁਸ਼ਬੂ ਸਭ ਵਿੱਚ ਵੰਡੇ ਤੇ ਕਿਸੇ ਵਿੱਚ ਕੋਈ ਫਰਕ ਨਾ ਸਮਝੇ, ਸਭ ਨੂੰ ਇੱਕੋ ਜਿਹਾ ਸਮਝੇ।

(ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥)

ਅਗਲੀ ਪੰਗਤੀ ਵਿੱਚ ਅਕਾਲ ਪੁਰਖ ਨੇ ਘਿਉ ਦਾ ਸੇਵਨ ਕਰਨ ਵਾਲਿਆਂ ਨੂੰ ਖੁਸ਼ ਕੀਤਾ ਹੋਇਆ ਹੈ। ਘਿਉ ਦਾ ਮਤਲਬ ਦੇਸੀ ਘਿਉ ਨਾਲ ਹੀ ਸਮਝਣਾ ਚਾਹੀਦਾ ਹੈ ਜੋ ਕਿ ਗੁਣਾਂ ਨਾਲ ਭਰਪੂਰ ਹੈ

4/326

ਤੇ ਸਦੀਆਂ ਤੋਂ ਰਸੋਈ ਦੀ ਸ਼ਾਨ ਹੈ। ਘਿਉ ਦੇ ਰਾਹੀਂ ਵੀ ਸਾਨੂੰ ਭਗਤੀ ਕਰਨਾ, ਨਾਮ ਜਪਣਾ ਸਮਝਾਇਆ ਹੋਇਆ ਹੈ।

ਘਿਉ ਅਤੇ ਰੇਸ਼ਮ ਨੂੰ ਭਾਵ ਰੇਸ਼ਮੀ ਕੱਪੜੇ ਨੂੰ ਕੋਈ ਮਾੜਾ ਨਹੀਂ ਕਹਿੰਦਾ, ਕੋਈ ਭੰਡਦਾ ਨਹੀਂ ਭਾਵ ਇਨ੍ਹਾਂ ਦੇ ਚੰਗੇ ਗੁਣਾਂ ਕਰਕੇ ਹਰ ਕੋਈ ਇਨ੍ਹਾਂ ਨੂੰ ਵਰਤਣਾ ਚਾਹੁੰਦਾ ਹੈ।

“ਘਿਅ ਪਟ ਭਾਂਡਾ ਕਹੈ ਨ ਕੋਇ॥”

“ਪਟ” ਰੇਸ਼ਮ ਨੂੰ ਕਹਿੰਦੇ ਹਨ। “ਭਾਂਡਾ” ਤੋਂ ਭਾਵ ਹੈ ਕਿਸੇ ਨੂੰ ਮਾੜਾ ਕਹਿ ਕੇ ਨਿੰਦਣਾ, ਭੰਡਣਾ। ਇੱਕ ਭਗਤੀ ਕਰਨ ਵਾਲੇ ਦੇ ਵਿੱਚ ਵੀ ਇਹੋ ਜਿਹੇ ਗੁਣਾਂ ਦਾ ਹੋਣਾ ਚੰਗਾ ਆਖਿਆ ਹੈ ਜਿਸਨੂੰ ਹਰ ਕੋਈ ਅਪਣਾ ਲਵੇ, ਜਿਸ ਨੂੰ ਕੋਈ ਮਾੜਾ ਨਾ ਕਹਿ ਸਕੇ।

ਇਹੋ ਜਿਹੇ ਗੁਣ ਮਨੁੱਖ ਦੇ ਅੰਦਰ ਤਾਂ ਹੀ ਆ ਸਕਦੇ ਹਨ ਜੇਕਰ ਉਹ ਔਗੁਣਾਂ ਤੋਂ ਦੂਰ ਰਹੇ ਤੇ ਗੁਣਾਂ ਦੁਆਰਾ ਇਤਨੇ ਚੰਗੇ ਕਰਮ ਕਰੇ, ਸੱਚੇ ਸੁੱਚੇ ਕਰਮ ਕਰੇ, ਇਤਨਾ ਵੱਡਾ ਤਿਆਗ ਕਰੇ ਕਿ ਉਸਨੂੰ ਹਰ ਕੋਈ ਚੰਗਾ ਸਮਝੇ। ਕੋਈ ਵੀ ਉਸਨੂੰ ਮਾੜਾ ਨਾ ਕਹੇ। ਇਹੋ ਜਿਹੀ ਅਗਰ ਕੋਈ ਭਗਤੀ ਕਰੇ ਤੇ ਤਾਂ ਹੀ ਉਹ ਪ੍ਰਮਾਤਮਾ ਦੀ ਚੰਗੀ ਗਿਣਤੀ ਵਿੱਚ ਆ ਸਕਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਐਸਾ ਭਗਤੁ ਵਰਨ ਮਹਿ ਹੋਇ॥)

ਜਿਹੜਾ ਇਹੋ ਜਿਹੀ ਭਗਤੀ ਕਰਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਅੱਗੇ, ਗੁਰੂ ਦੀ ਮਤਿ ਅੱਗੇ ਹਮੇਸ਼ਾਂ ਨਿਵਿਆ ਰਹਿੰਦਾ ਹੈ ਤੇ ਉਸਦੀ ਲਗਨ ਗੁਰੂ ਦੀ ਮਤਿ ਵਿੱਚ ਹੀ ਲੱਗੀ ਰਹਿੰਦੀ ਹੈ ਭਾਵ ਉਹ ਗੁਰੂ ਦੀ ਮਤਿ ਤੋਂ ਬਾਹਰ ਨਹੀਂ ਜਾਂਦਾ, ਗੁਰੂ ਦੇ ਭਉ ਵਿੱਚ ਰਹਿੰਦਾ ਹੈ, ਹੁਕਮ ਵਿੱਚ ਰਹਿੰਦਾ ਹੈ। ਜੋ ਇਹੋ ਜਿਹੀ ਭਗਤੀ ਕਰਦਾ ਹੈ ਜਿਵੇਂ ਕਿ ਉੱਪਰ ਸ਼ਬਦ ਵਿੱਚ ਸਮਝਾਈ ਗਈ ਹੈ, ਉਸਨੂੰ ਹੀ ਪ੍ਰਮਾਤਮਾ ਨਾਮ ਦੀ ਭਿੱਖਿਆ ਪਾਉਂਦਾ ਹੈ, ਨਾਮ ਦਾਨ ਦਿੰਦਾ ਹੈ ਭਾਵ ਆਪਣੇ ਨਾਲ ਮਿਲਾਉਂਦਾ ਹੈ, ਆਪਣੇ

ਦਰਸ਼ਨ ਦਿੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਪੱਸਟ ਕੀਤਾ ਹੋਇਆ ਹੈ।

(ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥
ਨਾਨਕ ਤਿਨ ਦਰਿ ਭੀਖਿਆ ਪਾਇ॥)
{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥}

(ਅੰਗ ੮੭੮)

4/327

ਹੁਣ ਆਪ ਹੀ ਸੋਚੋ ਕਿ ਭਗਤ ਬਣਨਾ ਕਿਤਨਾ ਕੁ ਔਖਾ ਹੈ, ਕਿਤਨਾ ਕੁ ਗੁਣਵਾਨ ਹੋਣਾ ਪੈਂਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਵਾਲੇ ਵਿਚਾਰਾਂ ਨੂੰ ਮੰਨਣਾ ਪੈਂਦਾ ਹੈ ਤੇ ਮਨੁੱਖ ਨੂੰ ਹਰ ਔਗੁਣ ਤਿਆਗਣਾ ਪੈਂਦਾ ਹੈ। ਜੋ ਵੀ ਸਾਡਾ ਵਿਚਾਰ ਗੁਰੂ ਦੇ ਵਿਚਾਰਾਂ ਤੇ ਪੂਰਾ ਨਹੀਂ ਉਤਰਦਾ ਉਹ ਸਾਡਾ ਅਉਗਣ ਹੈ। ਨਾਮ ਦਾ ਦਾਨ ਮੰਗਣਾ ਕਿਤਨਾ ਔਖਾ ਹੈ ਭਾਵ ਕੀ ਇਹ ਕਿਸੇ ਦੇ ਵੱਸ ਹੈ? ਨਹੀਂ ਹੈ। ਉਹ ਆਪਣਾ ਨਾਮ ਆਪ ਹੀ ਜਪਾ ਸਕਦਾ ਹੈ। ਇਤਨੀ ਵੱਡੀ ਸਮਰੱਥਾ ਕਿਸੇ ਨੂੰ ਉਹ ਆਪ ਹੀ ਦੇ ਸਕਦਾ ਹੈ। ਹੁਣ ਸੋਚੋ ਕਿ ਅਸੀਂ ਨਾਮ ਜਪਣਾ ਕਿਤਨਾ ਸੌਖਾ ਤੇ ਕਿਤਨਾ ਛੋਟਾ ਸਮਝਿਆ ਹੋਇਆ ਹੈ। ਅਸੀਂ ਔਗੁਣਾਂ ਦੇ ਭਰੇ ਵੀ ਆਪਣੇ ਆਪ ਨੂੰ ਨਾਮ ਜਪਣ ਵਾਲੇ, ਨਾਮ ਦੇ ਰਸੀਏ ਅਖਵਾਉਂਦੇ ਹਾਂ। ਅਸੀਂ ਬਹੁਤ ਵੱਡੇ ਭੁਲੇਖੇ ਵਿੱਚ ਹਾਂ। ਜਦ ਤੱਕ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਮੰਗਣਾ ਕੀ ਹੈ, ਅਰਦਾਸ ਕਰਨੀ ਕੀ ਹੈ ਤਾਂ ਫਿਰ ਸਾਡੀ ਮੰਗ ਦਾ ਅਸਰ ਕੀ ਹੋਵੇਗਾ। ਸਭ ਤੋਂ ਪਹਿਲਾਂ ਸੋਝੀ ਪੈਣੀ ਜਰੂਰੀ ਹੈ ਤੇ ਉਸ ਲਈ ਗੁਰੂ ਤੇ ਵਿਸ਼ਵਾਸ ਹੋਣਾ ਜਰੂਰੀ ਹੈ। ਜਦ ਤੱਕ ਅਸੀਂ ਆਪਣੇ ਆਪ ਨੂੰ ਇੱਧਰੋਂ-ਉਧਰੋਂ ਲਏ ਹੋਏ ਵਿਚਾਰਾਂ ਤੋਂ ਮੁਕਤ ਨਹੀਂ ਕਰਦੇ, ਸਾਡਾ ਗੁਰੂ ਤੇ ਵਿਸ਼ਵਾਸ ਨਹੀਂ ਬੱਝ ਸਕਦਾ, ਗੁਰੂ ਨਾਲ ਪ੍ਰੇਮ ਨਹੀਂ ਜੁੜ ਸਕਦਾ। ਗੁਰੂ ਤੇ ਵਿਸ਼ਵਾਸ ਰੱਖਾਂਗੇ ਤਾਂ ਗੁਰੂ ਸੋਝੀ ਵੀ ਪਾਵੇਗਾ ਤੇ ਗੁਰੂ ਨਾਲ ਪਿਆਰ ਵੀ ਜੁੜ ਜਾਵੇਗਾ। ਅਸੀਂ ਗੁਰੂ ਦੇ ਇਸ ਭਉ ਨੂੰ ਮੰਨਣਾ, ਕੇਵਲ ਇੱਕ ਅੱਖਰ ਦੇ ਜਪ ਨੂੰ, ਸ਼ਬਦਾਂ ਦੀ ਕਥਨੀ, ਸੁਣਨੀ ਨੂੰ ਹੀ ਸਮਝਿਆ ਹੋਇਆ ਹੈ ਜੋ ਕਿ ਸਾਡਾ ਭਰਮ ਹੈ। ਗੁਰੂ ਦਾ ਸੱਚਾ ਭਉ ਕਬੂਲ ਕੀਤੇ ਬਿਨ੍ਹਾਂ ਖੁਆਰੀ ਤੋਂ ਨਹੀਂ ਬਚਿਆ ਜਾ ਸਕਦਾ। ਪਰ ਜਦੋਂ ਸਾਡਾ ਇਹ ਭੁਲੇਖਾ ਲਹਿ ਜਾਵੇਗਾ ਕਿ ਨਾਮ ਕਿਸ ਨੂੰ ਕਿਹਾ ਹੈ, ਫਿਰ ਅਸੀਂ ਗੁਰੂ ਦੇ ਅਸਲੀ ਭਉ ਨੂੰ ਜਾਣਾਗੇ ਜਿਸ ਨੂੰ ਮੰਨ ਕੇ ਅਸੀਂ ਆਪਣੀ ਖੱਜਲ ਖੁਆਰੀ ਤੋਂ ਬੱਚਣਾ ਹੈ। ਆਪਣੇ ਜਨਮ ਮਰਨ ਦੇ ਭਉ ਨੂੰ ਦੂਰ ਕਰਨ ਲਈ, ਆਪਣੀ ਨਿਤ ਨਿਤ ਦੀ ਖੁਆਰੀ ਦੇ ਭਉ ਨੂੰ ਦੂਰ ਕਰਨ ਲਈ ਸਾਨੂੰ ਆਪਣੇ ਜਿਉਂਦਿਆਂ ਮਰਨ ਦਾ ਭਉ ਕਬੂਲ ਕਰਨਾ ਪਵੇਗਾ, ਸ਼ਬਦੈ ਮਰਨ ਦਾ ਭਉ ਨਿਭਾਉਣਾ ਪਵੇਗਾ ਜੋ ਕਿ ਬਹੁਤ ਔਖਾ ਹੈ ਤੇ ਇਸੇ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ, ਉਸ ਦੇ ਦਰ ਤੇ ਪਹੁੰਚ ਸਕਦੇ ਹਾਂ।

{ਨਿਰਭਉ ਜਪੈ ਸਗਲ ਭਉ ਮਿਟੈ॥}

(ਅੰਗ - ੨੯੩)

4/328

ਇਹੀ ਭਗਤੀ ਹੈ, ਇਹੀ ਨਾਮ ਜਪਣਾ ਹੈ, ਇਹੀ ਪ੍ਰਮਾਤਮਾ ਦੀ ਸਿਫਤ ਕਰਨੀ ਹੈ, ਉਸਦਾ ਜਸ ਗਾਉਣਾ ਹੈ, ਗੁਣ ਗਾਉਣੇ ਹਨ ਤੇ ਇਹੀ ਉਸਦੇ ਅੱਗੇ ਸਾਡੀ ਸੱਚੀ ਅਰਦਾਸ ਹੈ ਕਿ ਸਾਡੇ ਕੋਲੋਂ ਇਹੋ ਜਿਹਾ ਨਾਮ ਜਪਾਏ ਭਾਵ ਸਾਡੇ ਔਗੁਣ ਛਡਾਏ ਤੇ ਗੁਣਾਂ ਵਾਲਾ ਬਣਾ ਕੇ ਸਾਡੇ ਕੋਲੋਂ ਸੱਚੇ ਸੁੱਚੇ ਕਰਮ ਕਰਾਏ ਜਿਸ ਲਈ ਪਹਿਲਾਂ ਔਗੁਣ ਛੱਡਣ ਦਾ ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਗੁਰੂ ਦੀ ਮਤਿ ਤੇ ਚੱਲਣ ਲਈ ਸਾਡਾ ਸੱਚਾ ਉੱਦਮ ਹੈ, ਸਾਰੇ ਸੰਸਾਰ ਲਈ ਇੱਕੋ ਇੱਕ ਸੱਚਾ ਉੱਦਮ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਨਾਮ ਦਾਨ ਮੰਗਿਆ ਜਾ ਸਕਦਾ ਹੈ, ਉਸਦੇ ਨਾਲ ਮੇਲ ਦੀ ਦਾਤਿ ਮੰਗੀ ਜਾ ਸਕਦੀ ਹੈ। ਇਹੋ ਜਿਹਾ ਦਾਨ ਪ੍ਰਮਾਤਮਾ ਕੋਲੋਂ ਪਾਉਣਾ ਬਹੁਤ ਔਖਾ ਹੈ ਕਿਉਂਕਿ ਇਸ ਨੂੰ ਨਿਭਾਉਣਾ ਬਹੁਤ ਔਖਾ ਹੈ, ਜਿਸ ਲਈ ਆਪਣਾ ਆਪ ਵਾਰਨਾ ਪੈਂਦਾ ਹੈ, ਆਪਣੀ ਮਤਿ ਛੱਡਣੀ ਪੈਂਦੀ ਹੈ ਤੇ ਗੁਰੂ ਦੀ ਮਤਿ ਅਨੁਸਾਰ ਚੱਲਣਾ ਪੈਂਦਾ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

"ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ॥

ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ॥
ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ॥
ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ॥
ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ॥
ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ॥੪॥"

(ਅੰਗ ੪੫੬)

ਇਸ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਕੋਲੋਂ ਨਾਮ ਦਾਨ ਮੰਗਣਾ ਹੀ ਸਮਝਾਇਆ ਹੋਇਆ ਹੈ। ਪਹਿਲੀਆਂ ਪੰਗਤੀਆਂ ਰਾਹੀਂ ਉਹ ਤਰੀਕਾ ਬਿਆਨ ਕੀਤਾ ਹੋਇਆ ਹੈ ਜਿਸ ਰਾਹੀਂ ਹਰ ਕੋਈ ਪ੍ਰਮਾਤਮਾ ਦਾ ਇਹ ਦਾਨ ਪਾਉਣਾ ਚਾਹੁੰਦਾ ਹੈ ਪਰ ਉਸ ਤਰੀਕੇ ਇਹ ਦਾਨ ਨਹੀਂ ਮਿਲਦਾ। ਦਾਨ ਕਿਵੇਂ ਮਿਲਣਾ ਹੈ ਇਹ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਜਿਤਨੀਆਂ ਰਸਨਾਂ ਵੀ ਪ੍ਰਮਾਤਮਾ ਨੇ ਬਣਾਈਆਂ ਹਨ ਉਹ ਹਰ ਕੋਈ ਆਪਣੀ ਰਸਨਾ ਦੁਆਰਾ ਬੋਲ ਬੋਲ ਕੇ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਮੰਗਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਕਿ ਪ੍ਰਮਾਤਮਾ ਦਾ ਨਾਮ ਉਹੀ ਜਪਦਾ ਹੈ ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਉਸਦੇ ਨਾਮ ਨੂੰ ਜਾਣ ਲੈਂਦਾ ਹੈ, ਪ੍ਰਮਾਤਮਾ ਦੀ ਭਗਤੀ ਨੂੰ ਸਮਝ ਲੈਂਦਾ ਹੈ ਜੋ ਭਗਤੀ ਦਾ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਜੋ ਵੀ ਆਪਣੇ ਵੱਲੋਂ ਰਸਨਾ ਨਾਲ ਪ੍ਰਮਾਤਮਾ ਦਾ ਨਾਮ ਜਪਦੇ ਹਨ, ਉਸਦੀ ਸੇਵਾ ਕਰਨੀ ਸਮਝਦੇ ਹਨ ਉਹ ਪ੍ਰਮਾਤਮਾ ਨੂੰ, ਸੱਚੀ ਭਗਤੀ ਨੂੰ ਬਿਨ੍ਹਾਂ ਜਾਣੇ ਹੀ ਇਸ ਤਰ੍ਹਾਂ ਰਸਨਾ ਨਾਲ ਬੋਲ ਬੋਲ ਕੇ ਜਪ ਕਰਦੇ ਹਨ ਭਾਵ ਅਨਜਾਣਤ ਹੀ ਕਰਦੇ ਹਨ ਜਿਹੋ ਜਿਹੀਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਭਾਵ ਹਰ ਕੋਈ ਭਰਮ ਵਿਚ ਹੀ ਰਸਨਾ ਨਾਲ ਪ੍ਰਮਾਤਮਾ ਦਾ ਜਪ ਕਰ ਰਹਿਆ ਹੈ। (**ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ ॥ ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ ॥**) ਇਨ੍ਹਾਂ ਤਰੀਕਿਆਂ ਦੁਆਰਾ ਭਾਵ ਕਥਨੀ ਕਰੀ ਜਾਣ ਦੁਆਰਾ ਉਸ ਵੱਡੇ ਪ੍ਰਮਾਤਮਾ ਦੀ ਕੋਈ ਗਤਿ ਮਿਤ ਨਹੀਂ ਜਾਣ ਸਕਦਾ, ਉਹ ਸਭ ਦੇ ਵਿੱਚ ਹੁੰਦਾ ਹੋਇਆ ਵੀ ਬਾਹਰ ਦਾ ਹੀ ਲੱਗਦਾ ਹੈ ਭਾਵ ਉਸਦੀ ਸੋਝੀ ਨਹੀਂ ਪੈਂਦੀ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। (**ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ ॥ ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ ॥**)

4/329

ਉਹ ਪ੍ਰਮਾਤਮਾ ਸਾਡੇ ਅੰਦਰ ਸਾਡੇ ਨਾਲ ਹੀ ਵੱਸ ਰਿਹਾ ਹੈ ਪਰ ਅਸੀਂ ਉਸਨੂੰ ਚਾਹੁੰਦੇ ਹੋਏ ਵੀ ਪਾ ਨਹੀਂ ਸਕਦੇ। ਉਸ ਪ੍ਰਮਾਤਮਾ ਨੂੰ ਸੱਚੀ ਭਗਤੀ ਦੁਆਰਾ ਹੀ ਪਾਇਆ ਜਾ ਸਕਦਾ ਹੈ, ਆਪਣੇ ਮਨ ਦੇ ਅੰਦਰ ਹੀ ਪਾਇਆ ਜਾ ਸਕਦਾ ਹੈ, ਜਿਹੋ ਜਿਹੀ ਭਗਤੀ ਆਖਰੀ ਪੰਗਤੀ ਵਿੱਚ ਸਮਝਾਈ ਹੋਈ ਹੈ। ਭਗਤੀ ਦਾ ਤਰੀਕਾ ਉਹ ਹੀ ਹੈ ਜੋ ਪਹਿਲੇ ਤੋਂ ਸਮਝਦੇ ਆ ਰਹੇ ਹਾਂ। ਇਹ ਤਰੀਕਾ "ਸਾਧ" ਦੇ ਭਾਵ "ਗੁਰੂ" ਦੇ ਚਰਨਾਂ ਵਿੱਚ ਆਪਣਾ ਸੀਸ ਧਰਨਾ ਹੈ ਭਾਵ ਆਪਣਾ ਆਪ ਵਾਰਨਾ ਹੈ ਭਾਵ ਆਪਣੀ ਮਤਿ ਤਿਆਗ ਕੇ ਗੁਰੂ ਦੀ ਮਤਿ ਲੈਣੀ ਹੈ, ਉਸਦੇ ਹੁਕਮ ਵਿੱਚ ਰਹਿਣਾ ਹੈ, ਉਸਦੀ ਰਜ਼ਾ ਵਿੱਚ ਰਹਿਣਾ ਹੈ ਤੇ ਇਸੇ ਤਰੀਕੇ ਹੀ ਨਾਮ ਦਾ ਦਾਨ ਮਿਲਦਾ ਹੈ ਤੇ ਉਸਦੇ ਦਰ ਤੇ ਮਾਣ ਮਿਲਦਾ ਹੈ। ਸੱਚੀ ਭਗਤੀ ਦਾ ਮਾਰਗ ਸਾਡੀ ਸੱਚੀ ਕਰਨੀ ਦਾ ਮਾਰਗ ਹੈ ਤੇ ਇਸ ਤੋਂ ਇਲਾਵਾ ਜੋ ਵੀ ਕੋਈ ਅਸੀਂ ਤਰੀਕੇ ਅਪਣਾਉਂਦੇ ਹਾਂ ਉਨ੍ਹਾਂ ਦੁਆਰਾ ਇਹ ਦਾਨ ਨਹੀਂ ਮਿਲ ਸਕਦਾ। ਮਨਮਤਿ ਵਿੱਚ ਰਹਿੰਦੇ ਨਾਮ ਦਾਨ ਨਹੀਂ ਮਿਲ ਸਕਦਾ, ਪ੍ਰਮਾਤਮਾ ਦਾ ਸੰਗ ਨਹੀਂ ਮਿਲ ਸਕਦਾ। ਉੱਪਰ ਸ਼ਬਦ ਵਿੱਚ ਬੜਾ ਸਪੱਸ਼ਟ ਕੀਤਾ ਹੋਇਆ ਹੈ, ਕਿ ਰਸਨਾ ਨਾਲ ਬੋਲ ਬੋਲ ਕੇ ਨਾਮ ਦਾਨ ਨਹੀਂ ਮਿਲਦਾ, ਪਰ ਹਰ ਕੋਈ ਰਸਨਾ ਦੇ ਨਾਲ ਜਪਣਾ ਹੀ, ਨਾਮ ਜਪਣਾ ਸਮਝਦਾ ਹੈ ਜੋ ਕਿ ਵੱਡਾ ਭੁਲੇਖਾ ਹੈ।

ਜਿਸ ਨੂੰ ਪ੍ਰਮਾਤਮਾ ਆਪਣਾ ਇਹ ਦਾਨ ਦਿੰਦਾ ਹੈ, ਨਾਮ ਦਾ ਦਾਨ ਦਿੰਦਾ ਹੈ ਉਹੀ ਉਸਦਾ ਭਗਤ ਭਾਵ ਭਗਤੀ ਦੀ ਸੱਚੀ ਸਮਝ ਵਾਲਾ ਬਣ ਸਕਦਾ ਹੈ ਜਿਸ ਦੀ ਉਪਮਾ ਦਾ, ਵਡਿਆਈ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਨ੍ਹਾਂ ਦੇ ਅੰਦਰ ਆਪਣੇ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਪਰਗਟ ਹੁੰਦਾ ਹੈ ਭਾਵ ਉਹ ਪ੍ਰਮਾਤਮਾ ਦਾ ਆਪਣਾ ਰੂਪ ਹੀ ਹੁੰਦੇ ਹਨ ਜਿਨ੍ਹਾਂ ਦੀ ਵਡਿਆਈ ਸੱਚੀ ਵਡਿਆਈ ਹੈ। (**ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ ॥ ਇਹੁ ਦਾਨੁ**

ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ ॥) ਪ੍ਰਮਾਤਮਾ ਦੇ ਆਪਣੇ ਭਗਤਾਂ ਦੇ ਵੱਸ ਵਿਚ ਹੋਣਾ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੀ ਵਿਚਾਰ ਦੁਆਰਾ ਸਮਝਾਂਗੇ।

ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ, ਗੁਰੂ ਦੀ ਮਤਿ ਤੇ ਚੱਲਣਾ ਹੀ ਉਸ ਪ੍ਰਮਾਤਮਾ ਅੱਗੇ ਉਸਨੂੰ ਪਾਉਣ ਲਈ, ਉਸਨੂੰ ਮੰਗਣ ਲਈ ਸਾਡੀ ਸੱਚੀ ਅਰਦਾਸ ਹੈ। ਇਹ ਅਰਦਾਸ ਸਾਡੇ ਮਨ ਵਿੱਚ ਸਦਾ ਹੀ ਚੱਲਦੀ ਰਹਿੰਦੀ ਹੈ ਜੇਕਰ ਅਸੀਂ ਗੁਰੂ ਦੀ ਮਤਿ ਦੁਆਰਾ ਵਿਚਰਦੇ ਹਾਂ। ਇਹ ਮਨ ਦੀ ਅਰਦਾਸ ਹੈ। ਇਹੀ ਪ੍ਰਮਾਤਮਾ ਦੀ ਸਿਫਤ ਕਰਨਾ ਹੈ, ਉਸਦੀ ਭਗਤੀ ਕਰਨਾ ਹੈ, ਉਸਦੀ ਸੇਵਾ ਕਰਨਾ ਹੈ, ਉਸਦਾ ਜਸ ਗਾਉਣਾ ਹੈ, ਉਸਦਾ ਨਾਮ ਜਪਣਾ ਹੈ। ਅਸੀਂ ਇਹ ਸਭ ਕਰਨ ਦਾ ਸੱਚੇ ਮਨੋਂ ਉੱਦਮ ਹੀ ਕਰਨਾ ਹੈ। ਜਦੋਂ ਇਹ ਸਾਡਾ ਉੱਦਮ ਕਬੂਲ ਹੋ ਜਾਂਦਾ ਹੈ, ਅਰਦਾਸ ਕਬੂਲ ਹੋ ਜਾਂਦੀ ਹੈ, ਮੰਗ ਕਬੂਲ ਹੋ ਜਾਂਦੀ ਹੈ ਫਿਰ ਪ੍ਰਮਾਤਮਾ ਆਪ ਹੀ ਉਸ ਮਨੁੱਖ ਤੇ ਕ੍ਰਿਪਾ ਕਰਕੇ, ਖੁਸ਼ ਹੋ ਕੇ, ਉਸਨੂੰ ਆਪਣਾ ਨਾਮ ਬਖ਼ਸ਼ਦਾ ਹੈ। ਇਹ ਸੱਚੀ ਅਰਦਾਸ ਅਸੀਂ ਕਿਵੇਂ ਕਰਦੇ ਹਾਂ, ਕਿਵੇਂ ਹੋ ਸਕਦੀ ਹੈ, ਇਹ ਹੇਠ ਲਿਖੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ:

“ਸਾਚੁ ਨਾਮੁ ਗੁਰ ਸਬਦਿ ਵੀਚਾਰਿ॥
ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥
ਸਚਾ ਅਰਜੁ ਸਚੀ ਅਰਦਾਸਿ॥
ਮਹਲੀ ਖਸਮੁ ਸੁਣੇ ਸਾਬਾਸਿ॥
ਸਚੈ ਤਖਤਿ ਬੁਲਾਵੈ ਸੋਇ॥
ਦੇ ਵਡਿਆਈ ਕਰੇ ਸੁ ਹੋਇ॥੨॥”

(ਅੰਗ ੩੫੫)

4/330

ਸਭ ਤੋਂ ਪਹਿਲਾਂ ਤਾਂ ਪਹਿਲੀ ਪੰਗਤੀ ਰਾਹੀਂ ਇਹ ਸਪੱਸ਼ਟ ਸਮਝ ਆ ਰਿਹਾ ਹੈ ਕਿ ਸੱਚਾ ਨਾਮ ਕੀ ਹੈ। ਨਾਮ ਗੁਰੂ ਦੇ ਸ਼ਬਦ ਦੇ ਅੰਦਰ ਦੀ ਵਿਚਾਰ ਹੈ। “ਸਬਦਿ ਵੀਚਾਰਿ” ਸ਼ਬਦ ਦੀ, ਗੁਰੂ ਦੀ ਦਿੱਤੀ ਹੋਈ ਵਿਚਾਰ ਗੁਰੂ ਦੀ ਮਤਿ ਹੈ ਤੇ ਆਪਣੇ ਸ਼ਬਦ ਰਾਹੀਂ ਗੁਰੂ ਆਪਣੀ ਸਿੱਖਿਆ ਹੀ ਦਿੰਦਾ ਹੈ ਜੋ ਕਿ ਉਹ ਸੱਚੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਭਾਵ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਸਾਨੂੰ ਜੋ ਗਿਆਨ ਮਿਲਦਾ ਹੈ ਉਹ ਨਾਮ ਹੈ। ਜੋ ਗੁਰੂ ਦੇ ਸ਼ਬਦ ਨੂੰ ਭਾਵ ਸ਼ਬਦ ਦੇ ਅੰਦਰ ਦੀ ਸਮਝ ਨੂੰ ਆਪਣੇ ਅੰਦਰ ਵਿਚਾਰਦਾ ਹੈ ਭਾਵ ਆਪਣੇ ਅੰਦਰ ਵਸਾਉਂਦਾ ਹੈ, ਉਸਤੇ ਅਮਲ ਕਰਦਾ ਹੈ ਉਹ ਮਨੁੱਖ ਇਸ ਸੱਚੇ ਨਾਮ ਨੂੰ ਜਪਦਾ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਚੱਲਦਾ ਹੈ ਉਹੀ ਗੁਰੂ ਵੱਲੋਂ ਸੱਚਾ ਬਣਦਾ ਹੈ ਤੇ ਉਹ ਹੀ ਪ੍ਰਮਾਤਮਾ ਦੇ ਸੱਚੇ ਦਰਬਾਰ ਵਿੱਚ ਪਹੁੰਚਦਾ ਹੈ।

(ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ॥)

ਕਿਤਨਾ ਸਪੱਸ਼ਟ ਹੈ ਕਿ ਗੁਰੂ ਵੱਲੋਂ ਉਹ ਹੀ ਸੱਚਾ ਹੋ ਸਕਦਾ ਹੈ ਜੋ ਉਸਦੇ ਸ਼ਬਦ ਨੂੰ, ਮਤਿ ਨੂੰ ਆਪਣੇ ਅੰਦਰ ਵਿਚਾਰਦਾ ਹੈ। ਪ੍ਰਮਾਤਮਾ ਦੇ ਅੱਗੇ ਉਸਨੂੰ ਪਾਉਣ ਲਈ ਸੱਚੀ ਅਰਦਾਸ ਉਹੀ ਮਨੁੱਖ ਕਰਦਾ ਹੈ ਜੋ ਪਹਿਲਾਂ ਗੁਰੂ ਵੱਲੋਂ ਸੱਚਾ ਬਣਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

(ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥)

“ਅਰਜੁ” ਅਰਦਾਸ ਕਰਨ ਵਾਲੇ ਨੂੰ ਕਿਹਾ ਹੈ। ਜੇਕਰ ਅਰਜੁ ਸੱਚਾ ਹੈ ਤੇ ਫਿਰ ਉਸਦੀ ਅਰਦਾਸ ਵੀ ਸੱਚੀ ਹੈ। ਸੱਚਾ ਬਣਨਾ ਕੀ ਹੈ ਇਹ ਉੱਪਰ ਸਮਝਾਇਆ ਹੀ ਹੋਇਆ ਹੈ। ਪ੍ਰਮਾਤਮਾ ਇਹੋ ਜਿਹੀ ਸੱਚੀ ਅਰਦਾਸ ਹੀ ਸੁਣਦਾ ਹੈ ਤੇ ਅਰਦਾਸ ਕਰਨ ਵਾਲੇ ਨੂੰ ਉਸਦੀ ਸ਼ਾਬਾਸ਼ੀ ਮਿਲਦੀ ਹੈ ਭਾਵ ਉਹ ਇਹੋ ਜਿਹੀ ਅਰਦਾਸ ਹੀ ਪ੍ਰਵਾਨ ਕਰਦਾ ਹੈ। ਇਹੋ ਜਿਹੀ ਅਰਦਾਸ ਮਨੁੱਖ ਉਸਦੀ ਕ੍ਰਿਪਾ ਦੁਆਰਾ ਹੀ ਕਰ ਸਕਦਾ ਹੈ ਕਿਉਂਕਿ ਜਿਸ ਨੂੰ ਉਸਨੇ ਆਪਣੇ ਨਾਲ ਮੇਲਣਾ ਹੈ ਉਸ ਕੋਲੋਂ ਹੀ ਉਹ ਇਹੋ ਜਿਹੀ ਅਰਦਾਸ ਕਰਵਾਉਂਦਾ ਹੈ, ਸੱਚੇ ਮਾਰਗ ਤੇ ਪਾਉਂਦਾ ਹੈ, ਗੁਰੂ ਦੀ ਮਤਿ ਤੇ ਤੋਰਦਾ ਹੈ। ਇਹੋ ਜਿਹੇ ਸੱਚੇ ਮਾਰਗ ਤੇ ਚੱਲਣਾ

ਹੀ, ਉਸਦੇ ਹੁਕਮ ਅਨੁਸਾਰ ਚੱਲਣਾ ਹੀ, ਉਸਦੀ ਵਡਿਆਈ ਕਰਨਾ ਹੈ। ਉਹ ਆਪਣੀ ਵਡਿਆਈ ਆਪ ਹੀ ਕਰਵਾਉਂਦਾ ਹੈ ਤੇ ਜੋ ਇਹੋ ਜਿਹੀ ਵਡਿਆਈ ਦਾ ਉੱਦਮ ਕਰਦਾ ਹੈ, ਪ੍ਰਮਾਤਮਾ ਉਸ ਤੇ ਕਿਰਪਾ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

(ਸਚੈ ਤਖਤਿ ਬੁਲਾਵੈ ਸੋਇ॥
ਦੇ ਵਡਿਆਈ ਕਰੇ ਸੁ ਹੋਇ॥)
{ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ ੪੬੮)

ਮੇਲ ਦੁਆਰਾ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨੁੱਖ ਦੇ ਵਿੱਚ ਵੀ ਉਹ ਆਪ ਹੀ ਹੈ। ਮਨੁੱਖ, ਜੋ ਆਪਣੇ ਆਪ ਨੂੰ ਵੱਖਰਾ

4/331

ਸਮਝਦਾ ਹੈ, ਉਹ ਕੇਵਲ ਉਸਦਾ ਭੁਲੇਖਾ ਹੈ, ਜੋ ਭੁਲੇਖਾ ਮਨ ਦੇ ਵਿੱਚ ਪ੍ਰਮਾਤਮਾ ਦਾ ਨਾਮ ਮਿਲਣ ਦੁਆਰਾ ਹੀ ਨਿਕਲਦਾ ਹੈ।

ਜੇਕਰ ਅਸੀਂ ਬਾਣੀ ਨੂੰ ਧਿਆਨ ਨਾਲ ਵਿਚਾਰਾਂਗੇ ਤੇ ਇਸ ਨਤੀਜੇ ਤੇ ਪਹੁੰਚਾਂਗੇ ਕਿ ਸਾਡੇ ਲਈ ਸਭ ਕੁੱਝ ਚੰਗਾ ਗੁਰੂ ਦੀ ਮਤਿ ਵਿੱਚ ਹੈ ਤੇ ਸਭ ਕੁੱਝ ਮੰਦਾ ਮਨਮਤਿ ਵਿੱਚ ਹੈ। ਬਾਣੀ ਸਾਨੂੰ ਮਨਮਤਿ ਤਿਆਗ ਕੇ ਗੁਰਮਤਿ ਤੇ ਚੱਲਣ ਦਾ ਉਪਦੇਸ਼ ਦੇ ਰਹੀ ਹੈ। ਇਹ ਬਾਣੀ ਦਾ ਸਾਰ ਹੈ। ਗੁਰੂ ਦੀ ਮਤਿ ਵਿੱਚ ਸਾਡਾ ਉਧਾਰ ਹੈ ਤੇ ਉਹੀ ਸਾਨੂੰ ਭਵਜਲ ਸਾਗਰ ਤੋਂ ਪਾਰ ਉਤਾਰ ਸਕਦੀ ਹੈ ਭਾਵ ਮਨ ਦੀ ਅਗਿਆਨਤਾ ਨਾਲ ਭਰੇ ਹੋਏ ਨਾ-ਸਮਝ ਵਿਚਾਰਾਂ ਵਿੱਚੋਂ, ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਕੱਢ ਸਕਦੀ ਹੈ, ਮੁਕਤ ਕਰ ਸਕਦੀ ਹੈ। ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ, ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ ਉਸ ਪ੍ਰਮਾਤਮਾ ਦੀ ਸਿਫ਼ਤ ਕਰਨਾ ਹੈ, ਉਸਦੇ ਅੱਗੇ ਅਰਦਾਸ ਕਰਨਾ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਨਾਲ ਇਹ ਵੀ ਜਾਣੀਏ ਕਿ ਗੁਰੂ ਦੀ ਸੱਚੀ ਮਤਿ ਤੇ ਚੱਲਣਾ ਹੀ ਪੂਰੀ ਮਨੁੱਖਤਾ ਦਾ ਧਰਮ ਹੈ।

“ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥
ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥੧॥
ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ॥੧॥ਰਹਾਉ॥
ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥
ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ॥੨॥
ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ॥
ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥੩॥
ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥੪॥”

(ਅੰਗ ੫੫੭)

ਸ਼ਬਦ ਦੇ ਅਰਥ ਕੁੱਝ ਗਹਿਰੇ ਹਨ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ। ਇੱਥੇ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦੀ ਸਿਫ਼ਤ ਕਰਨੀ , ਉਸ ਅੱਗੇ ਅਰਦਾਸ ਕਰਨੀ ਸਮਝਾਈ ਹੋਈ ਹੈ, ਦੁਨੀਆਂ ਦਾ ਧਰਮ ਸਮਝਾਇਆ ਹੋਇਆ ਹੈ।

ਪਹਿਲੀਆਂ ਪੰਗਤੀਆਂ ਵਿੱਚ ਜੋ ਨਾਮ ਰੱਤੇ ਹੁੰਦੇ ਹਨ, ਜੋ ਗੁਰੂ ਨਾਲ ਰੱਤੇ ਹੋਏ ਹੁੰਦੇ ਹਨ, ਪ੍ਰਮਾਤਮਾ ਨਾਲ ਰੱਤੇ ਹੋਏ ਹੁੰਦੇ ਹਨ ਭਾਵ ਜੋ ਭਗਤੀ ਕਰਨ ਵਾਲੇ ਹੁੰਦੇ ਹਨ ਉਨ੍ਹਾਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਉਹ ਕਿਹੋ ਜਿਹੇ ਹੁੰਦੇ ਹਨ। ਇੱਕ ਅਮਲੀ ਨੂੰ ਅਮਲ ਹੀ ਚੰਗਾ ਲੱਗਦਾ ਹੈ, ਉਸਨੂੰ ਅਮਲ ਤੋਂ ਚੰਗਾ ਹੋਰ ਕੁੱਝ ਨਹੀਂ ਲੱਗਦਾ ਭਾਵ ਅਮਲੀ ਨੂੰ ਅਮਲ ਨਾਲ ਪਿਆਰ ਹੈ ਤੇ ਮੱਛੀ ਨੂੰ ਪਾਣੀ ਨਾਲ ਪਿਆਰ ਹੈ ਭਾਵ ਉਨਾਂ ਨੂੰ ਕੇਵਲ ਆਪਣੇ ਜੀਵਨ ਦੀ ਚਿੰਤਾ ਹੈ ਕਿ ਅਸੀਂ ਆਪਣਾ ਮਕਸਦ ਕਿਵੇਂ ਪੂਰਾ ਕਰਨਾ ਹੈ ਤੇ ਉਨ੍ਹਾਂ ਨੂੰ ਹੋਰ ਚਿੰਤਾ ਨਹੀਂ ਹੁੰਦੀ ਭਾਵ ਆਪਣਾ ਸਵਾਰਥ ਹੀ ਦਿੱਸਦਾ ਹੈ। (**ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥**) ਜਿੱਥੇ ਸਵਾਰਥ ਹੈ, ਆਪਣੇ ਆਪ ਦਾ ਮੋਹ ਹੈ ਉੱਥੇ ਪ੍ਰਮਾਤਮਾ ਦੇ ਨਾਲ ਮੋਹ ਨਹੀਂ ਪੈ ਸਕਦਾ ਕਿਉਂਕਿ ਪ੍ਰਮਾਤਮਾ ਦੇ ਨਾਲ ਆਪਣੇ ਆਪ ਨੂੰ ਰੱਤਨ ਲਈ ਸਭ ਦੇ ਨਾਲ ਮੋਹ ਪਾਉਣਾ ਪੈਂਦਾ ਹੈ ਭਾਵ ਆਪਣਾ ਮੋਹ ਛੱਡਣਾ ਪੈਂਦਾ ਹੈ ਕਿਉਂਕਿ ਭਗਤੀ ਦਾ ਮਾਰਗ ਸਭ ਦੀ ਭਲਾਈ ਦਾ ਮਾਰਗ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਜੋ ਗੁਰੂ ਦੇ ਨਾਲ ਰੱਤੇ ਹੋਏ ਹੁੰਦੇ ਹਨ ਉਨ੍ਹਾਂ ਨੂੰ ਹਰ ਕੋਈ ਭਾਉਂਦਾ ਹੈ ਭਾਵ ਉਨ੍ਹਾਂ ਦਾ ਪਿਆਰ ਕਿਸੇ ਲਈ ਸੀਮਤ ਨਹੀਂ ਹੈ, ਉਹ ਮਾੜੇ ਚੰਗੇ ਵਿੱਚ ਫ਼ਰਕ ਨਹੀਂ ਕਰਦੇ , ਉਹ ਹਰ ਮਨੁੱਖ ਨਾਲ ਇੱਕੋ ਜਿਹਾ ਪਿਆਰ ਕਰਦੇ ਹਨ ਭਾਵ ਸਭ ਵਿੱਚ ਪ੍ਰਮਾਤਮਾ ਨੂੰ ਹੀ ਦੇਖਦੇ ਹਨ। **(ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥੧॥)** ਇਹੋ ਜਿਹਾ ਸੁਭਾਅ ਮਨੁੱਖ ਦਾ ਤਾਂ ਹੀ ਬਣ ਸਕਦਾ ਹੈ

4/332 ਅਤੇ 332-ਅ (1-8)

ਜਦੋਂ ਉਹ ਆਪਣੀ ਮਤਿ ਨੂੰ, ਆਪਣੀ ਹਉ ਨੂੰ ਗੁਰੂ ਦੀ ਮਤਿ ਤੋਂ ਵਾਰ ਦਿੰਦਾ ਹੈ ਭਾਵ ਗੁਰੂ ਦੇ ਨਾਮ ਤੋਂ ਵਾਰ ਦਿੰਦਾ ਹੈ ਭਾਵ ਆਪਣੀ ਮਤਿ ਮਿਟਾ ਕੇ ਗੁਰੂ ਦੀ ਮਤਿ ਦਾ ਧਾਰਨੀ ਬਣ ਜਾਂਦਾ ਹੈ ਜਿਵੇਂ ਕਿ ਅਗਲੀ “ਰਹਾਉ” ਵਾਲੀ ਪੰਗਤੀ ਰਾਹੀਂ

ਸਮਝਾਇਆ ਹੋਇਆ ਹੈ। **(ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ॥੧॥ਰਹਾਉ॥)** ਜਿਹੜੀ ਚੀਜ ਅਸੀਂ ਕਿਸੇ ਤੋਂ ਵਾਰ ਦਿੰਦੇ ਹਾਂ, ਉਹ ਚੀਜ ਫਿਰ ਆਪਣੀ ਨਹੀਂ ਰਹਿੰਦੀ। ਆਪਣੀ ਮਤਿ ਵਾਰਨ ਤੋਂ ਬਾਅਦ ਫਿਰ ਆਪਣੇ ਕੋਲ ਨਹੀਂ ਰੱਖਣੀ ਬਣਦੀ ਕਿਉਂਕਿ ਇਹ ਹੁਣ ਸਾਡੇ ਲਈ ਤਿਆਗੀ ਜਾ ਚੁੱਕੀ ਹੈ। ਉਪਰਲੀਆਂ ਇਸ ਤੋਂ ਪਹਿਲੀਆਂ ਪੰਗਤੀਆਂ ਦੇ ਅੰਦਰੂਨੀ ਭਾਵ ਨੂੰ ਕੁਝ ਹੋਰ ਵੀ ਗਹਿਰਾਈ ਨਾਲ ਸਮਝਣ ਦੀ ਲੋੜ ਹੈ ਜਿਥੇ ਅਮਲੀ ਮਨੁੱਖ ਤੇ ਮੱਛੀ ਦੇ ਸਵਾਰਥ ਦੀ ਗੱਲ ਕੀਤੀ ਹੋਈ ਹੈ। ਸਮਝਾਇਆ ਇਹ ਹੈ ਕਿ ਸਵਾਰਥੀ ਮਨੁੱਖ ਜਿਹੋ ਜਿਹੇ ਧਰਮ ਗ੍ਰੰਥ ਨੂੰ ਮੰਨਦਾ ਹੈ, ਆਸਥਾ ਰੱਖਦਾ ਹੈ, ਉਸਨੂੰ ਉਹ ਹੀ ਚੰਗਾ ਲਗਦਾ ਹੈ, ਉਹ ਉਸੇ ਅਨੁਸਾਰ ਹੀ ਭਗਤੀ ਕਰਦਾ ਹੈ, ਉਸਦਾ ਪਿਆਰ ਉਥੇ ਹੀ ਜੁੜਿਆ ਹੁੰਦਾ ਹੈ। ਇਨ੍ਹਾਂ ਗੱਲਾਂ ਕਰਕੇ ਹੀ ਮਨੁੱਖ ਇੱਕ ਦੂਜੇ ਮਨੁੱਖ ਤੋਂ ਜੋ ਕਿ ਦੂਜੇ ਧਰਮ ਗ੍ਰੰਥ ਵਿੱਚ ਆਸਥਾ ਰੱਖਦਾ ਹੈ ਉਸ ਨਾਲ ਪਿਆਰ ਪਾਉਣ ਤੋਂ ਦੂਰ ਰਹਿੰਦਾ ਹੈ ਭਾਵ ਸਾਡੀ ਸੋਚ ਵਿੱਚ ਫ਼ਰਕ ਆ ਜਾਂਦਾ ਹੈ। ਇਹੋ ਜਿਹੀ ਸੋਚ ਸਾਰੀ ਮਨੁੱਖਤਾ ਨੂੰ ਇੱਕ ਨਹੀਂ ਹੋਣ ਦਿੰਦੀ ਭਾਵ ਇਹੋ ਜਿਹੇ ਮਨੁੱਖ ਹਰ ਕਿਸੇ ਵਿੱਚ ਇੱਕੋ ਹੀ ਪ੍ਰਮਾਤਮਾ ਦੀ ਹੋਂਦ ਨੂੰ ਕਬੂਲ ਨਹੀਂ ਕਰ ਸਕਦੇ। ਲੇਕਿਨ ਜੋ ਪ੍ਰਮਾਤਮਾ ਦੀ ਸਹੀ ਭਗਤੀ ਕਰਨ ਵਾਲਾ ਹੈ ਉਹ ਇਨ੍ਹਾਂ ਗੱਲਾਂ ਤੋਂ ਉੱਪਰ ਉੱਠਿਆ ਹੁੰਦਾ ਹੈ ਤੇ ਉਹ ਹਰ ਕਿਸੇ ਵਿੱਚ ਇੱਕੋ ਪ੍ਰਮਾਤਮਾ ਨੂੰ ਹੀ ਦੇਖਦਾ ਹੈ, ਉਹ ਕੇਵਲ ਆਪਣੇ ਧਰਮ ਗ੍ਰੰਥ ਨੂੰ ਮੰਨਣ ਵਾਲਿਆਂ ਨਾਲ ਹੀ ਪਿਆਰ ਨਹੀਂ ਕਰਦਾ ਬਲਕਿ ਸਭ ਵਿੱਚ ਪਿਆਰ ਰੱਖਦਾ ਹੈ, ਉਸਦਾ ਧਰਮ ਪੂਰੀ ਮਨੁੱਖਤਾ ਵਾਲਾ ਧਰਮ ਹੈ। ਇਹੋ ਜਿਹਾ ਭਗਤੀ ਕਰਨ ਵਾਲਾ ਭਾਵੇਂ ਉਹ ਕਿਸੇ ਵੀ ਧਰਮ ਗ੍ਰੰਥ ਦਾ ਪੜ੍ਹਨ ਵਾਲਾ ਹੋਵੇ, ਪਰ ਉਸਦਾ ਧਰਮ ਕੇਵਲ ਸੱਚ ਹੁੰਦਾ ਹੈ, ਗੁਣਾਂ ਵਾਲਾ ਹੁੰਦਾ ਹੈ, ਨਾਮ ਵਾਲਾ ਹੁੰਦਾ ਹੈ ਜੋ ਕਿ ਮਨੁੱਖ ਨੂੰ ਮਨੁੱਖ ਦੇ ਨਾਲ ਜੋੜਨ ਦਾ ਕੰਮ ਕਰਦਾ ਹੈ ਨਾ ਕਿ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ ਦਾ ਤੇ ਆਪਣਾ ਸਵਾਰਥ ਪੂਰਾ ਕਰਨ ਦਾ। ਹਰ ਧਰਮ ਗ੍ਰੰਥ ਸੱਚ ਦਾ ਮਾਰਗ ਹੀ ਸਮਝਾਉਂਦਾ ਹੈ, ਆਪਸ ਵਿੱਚ ਪਿਆਰ ਕਰਨਾ ਹੀ ਸਿਖਾਉਂਦਾ ਹੈ ਭਾਵ ਪ੍ਰਮਾਤਮਾ ਦੀ ਭਗਤੀ ਇਹ ਸਿਖਾਉਂਦੀ ਹੈ ਕਿ ਉਸ ਵਿੱਚ ਰੱਤੇ ਰਹਿਣਾ, ਨਾਮ ਵਿੱਚ ਰੱਤੇ ਰਹਿਣਾ ਇਹੀ ਹੈ ਕਿ ਅਸੀਂ ਜੋ ਕੁੱਝ ਕਰੀਏ ਉਹ ਮਨੁੱਖਤਾ ਦੇ ਭਲੇ ਲਈ ਹੋਵੇ ਤੇ ਇਹ ਸਭ ਕੁੱਝ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੇ ਧਾਰਨੀ ਹੋ ਕੇ ਜਗ ਵਿੱਚ ਵਿਚਰੀਏ ਤੇ ਕਿਸੇ ਨਾਲ ਭੇਦ ਨਾ ਰੱਖੀਏ, ਸਭ ਨਾਲ ਪਿਆਰ ਕਰੀਏ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। (**ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥**)

ਹੁਣ ਧਿਆਨ ਨਾਲ ਵਿਚਾਰੀਏ ਕਿ ਉੱਪਰ ਹਰ ਧਰਮ ਗ੍ਰੰਥ ਦੇ ਮੰਨਣ ਵਾਲਿਆਂ ਨੂੰ ਹੀ ਸਮਝਾਇਆ ਹੋਇਆ ਹੈ ਕਿਉਂਕਿ ਬਾਣੀ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦੀ ਹੈ ਜੋ ਕਿ ਸਾਰੀ ਮਨੁੱਖਤਾ ਨੂੰ ਇੱਕੋ ਜਿਹਾ ਸਮਝ ਕੇ ਸਭ ਨਾਲ ਇੱਕੋ ਜਿਹਾ ਸਲੂਕ ਕਰਨ ਦਾ ਹੈ, ਸਭ ਦੇ ਭਲੇ ਲਈ ਵਿਚਰਨ ਦਾ ਹੈ। ਹਰ ਧਰਮ ਗ੍ਰੰਥ ਸਾਨੂੰ ਸੱਚੀ ਮਤਿ ਹੀ ਦਿੰਦਾ ਹੈ। ਇੱਕ ਧਰਮ ਗ੍ਰੰਥ ਮੰਨਣ ਵਾਲੇ ਦੀ ਸੋਚ ਦਾ ਦੂਜੇ ਧਰਮ ਗ੍ਰੰਥ ਦੇ ਮੰਨਣ ਵਾਲੇ ਦੀ ਸੋਚ ਨਾਲ ਰਲਣਾ ਤਾਂ ਦੂਰ ਦੀ ਗੱਲ ਹੈ, ਇੱਕੋ ਧਰਮ ਗ੍ਰੰਥ ਦੇ ਮੰਨਣ ਵਾਲਿਆਂ ਦੀ ਸੋਚ ਵੀ ਆਪਸ ਵਿੱਚ ਨਹੀਂ ਰਲਦੀ। ਹਰ ਧਰਮ ਗ੍ਰੰਥ ਨੂੰ ਮੰਨਣ ਵਾਲਿਆਂ ਵਿੱਚ ਇਹੀ ਕੁੱਝ ਦੇਖਣ ਨੂੰ ਮਿਲਦਾ ਹੈ, ਵੱਖਰੇ-ਵੱਖਰੇ ਮੱਤ ਬਣੇ ਹੋਏ ਹਨ। ਇਹੀ ਗੱਲ ਜੇਕਰ ਅਸੀਂ ਗੁਰਬਾਣੀ ਦੇ ਮੰਨਣ ਵਾਲਿਆਂ ਤੇ ਲਗਾ ਕੇ ਦੇਖੀਏ ਤਾਂ ਅਸੀਂ ਬਹੁਤ ਅੱਗੇ ਲੰਘੇ ਹੋਏ ਹਾਂ। ਅਨੇਕਾਂ ਹੀ ਮਤ ਹਨ, ਸੰਸਥਾਵਾਂ ਹਨ, ਜਥੇਬੰਦੀਆਂ ਹਨ, ਡੇਰੇ ਹਨ ਜੋ ਵੱਖਰਾ-ਵੱਖਰਾ ਪ੍ਰਚਾਰ ਕਰਦੀਆਂ ਹਨ। ਛੋਟੀਆਂ-ਛੋਟੀਆਂ ਗੱਲਾਂ ਤੇ ਮਤਭੇਦ ਬਣਾਏ ਹੋਏ ਹਨ। ਜੋ ਮਨੁੱਖ ਜਿਹੜੀ ਸੰਸਥਾ ਨਾਲ ਜੁੜ ਜਾਂਦਾ ਹੈ, ਉਹ ਉਸਨੂੰ ਹੀ ਉੱਚੀ ਕਰਨ ਵਿੱਚ ਪ੍ਰਮਾਤਮਾ ਦੀ, ਗੁਰੂ ਦੀ ਵਡਿਆਈ ਸਮਝਦਾ ਹੈ। ਹਰ ਕੋਈ ਇਹ ਹੀ ਸਮਝਦਾ ਹੈ ਕਿ ਉਨ੍ਹਾਂ ਦੀ ਸੰਸਥਾ ਕੋਲ ਜੋ ਗਿਆਨ ਹੈ, ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਹੈ, ਉਹ ਹੀ ਸਭ ਤੋਂ ਉੱਤਮ ਹੈ। ਅਸਲ ਵਿੱਚ ਸਾਡੀ ਆਸਥਾ ਉਸ ਧਾਰਮਿਕ ਸੰਸਥਾ ਦੇ ਸੰਸਥਾਪਕ ਵਿੱਚ ਹੁੰਦੀ ਹੈ, ਸਾਡਾ ਦਿਲੀ ਪਿਆਰ ਕਿਸੇ ਮਨੁੱਖੀ ਦੇਹ ਨਾਲ ਜੁੜਿਆ ਹੁੰਦਾ ਹੈ, ਉਸਦੇ ਬਚਨਾਂ ਨਾਲ ਜੁੜਿਆ ਹੁੰਦਾ ਹੈ। ਅਸੀਂ ਦਿਲੋਂ ਉਨ੍ਹਾਂ ਦੇ ਬਚਨਾਂ ਨੂੰ ਜਪਦੇ ਹਾਂ, ਉਨ੍ਹਾਂ ਦੇ ਬਚਨਾਂ ਨੂੰ ਹੀ ਉੱਚਾ ਕਰਦੇ ਹਾਂ। ਇੱਕ ਸੰਸਥਾਪਕ ਦੇ ਬਚਨ ਦੂਸਰੇ ਸੰਸਥਾਪਕ ਦੇ ਬਚਨਾਂ ਨਾਲ ਨਹੀਂ ਰਲਦੇ ਜਿਨ੍ਹਾਂ ਕਰਕੇ ਇਹ ਮਤਭੇਦ ਪੈਦਾ ਹੁੰਦੇ ਹਨ। ਸੈਂਕੜੇ ਸੰਸਥਾਵਾਂ ਹਨ, ਡੇਰੇ ਹਨ ਜੋ ਸਾਨੂੰ ਆਪਣੀ-ਆਪਣੀ ਮਤਿ ਸਿਖਾਉਂਦੇ ਹਨ। ਹੁਣ ਧਿਆਨ ਨਾਲ ਵਿਚਾਰੋ ਕਿ ਬਾਣੀ ਦੀ, ਗੁਰੂ ਦੀ ਮਤਿ ਇੱਕ ਹੈ ਜਾਂ ਇਸ ਤੋਂ ਵੱਧ ਹੈ। ਇਹ ਫੈਸਲਾ ਕਿਵੇਂ ਕਰੋਗੇ ਕਿ ਕਿਸ ਦੀ ਮਤਿ ਗੁਰੂ ਨਾਲ ਮੇਲ ਖਾਂਦੀ ਹੈ। ਵੱਧ ਤੋਂ ਵੱਧ ਕਿਸੇ ਇੱਕ ਦੀ ਮਤਿ ਮੇਲ ਖਾ ਸਕਦੀ ਹੈ ਤੇ ਉਹ ਤਾਂ ਹੀ ਸਮਝ ਪੈ ਸਕਦੀ ਹੈ ਜੇਕਰ ਅਸੀਂ ਆਪ ਬਾਣੀ ਨੂੰ ਧਿਆਨ ਨਾਲ ਪੜ੍ਹਾਗੇ, ਸੁਣਾਗੇ, ਉਸ ਵਿੱਚ ਖੁੱਭ ਕੇ ਉਸ ਨੂੰ ਸਮਝਾਂਗੇ, ਵਿਚਾਰਾਂਗੇ ਭਾਵ ਆਖਰ ਸੱਚਾਈ ਜਾਨਣ ਲਈ ਸਾਨੂੰ ਗੁਰੂ ਦੇ ਲੜ ਹੀ ਲੱਗਣਾ ਪਵੇਗਾ।

ਸੱਚਾਈ ਗੁਰੂ ਕੋਲੋਂ ਹੀ ਸਮਝ ਆ ਸਕਦੀ ਹੈ। ਜਿਸ ਨੂੰ ਸੱਚਾਈ ਸਮਝ ਆ ਜਾਵੇਗੀ ਉਹ ਫਿਰ ਗੁਰੂ ਦਾ ਬਣ ਕੇ ਹੀ ਰਹਿ ਜਾਵੇਗਾ। ਉਹ ਕਿਸੇ ਇੱਕ ਸੰਸਥਾ ਨਾਲ ਨਹੀਂ ਜੁੜੇਗਾ, ਕਿਸੇ ਇੱਕ ਧਰਮ ਗ੍ਰੰਥ ਦਾ ਬਣ ਕੇ ਨਹੀਂ ਰਹੇਗਾ, ਉਹ ਪੂਰੀ ਮਨੁੱਖਤਾ ਦਾ ਬਣ ਜਾਵੇਗਾ। ਅਗਰ ਧਿਆਨ ਨਾਲ ਵਿਚਾਰੀਏ, ਇਹ ਵੱਖਰੇ-ਵੱਖਰੇ ਮਤ ਬਣਾਉਣੇ ਉਹੋ ਜਿਹੀ ਗੱਲ ਹੈ ਜਿਵੇਂ ਕਿ ਸਮੁੰਦਰ ਨੂੰ ਛੱਡ ਕੇ ਅਸੀਂ ਵੱਖਰੇ-ਵੱਖਰੇ ਛੱਪੜ ਜਾਂ ਖੂਹ ਬਣਾ ਲਈਏ।

{ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥
ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਾਲਿ॥੪੯॥}

{ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥
ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ॥੫੦॥}

(ਅੰਗ ੧੩੬੭)

ਸਾਡਾ ਬਚਾਅ ਸਮੁੰਦਰ ਵਿੱਚ ਹੀ ਹੈ ਭਾਵ ਗੁਰੂ ਦੇ ਨਾਲ ਜੁੜਨ ਵਿੱਚ ਹੀ ਹੈ ਜਿਸ ਦਾ ਦਾਇਰਾ ਬਹੁਤ ਵੱਡਾ ਹੈ, ਸਾਰਾ ਸੰਸਾਰ ਹੈ, ਸਾਰੀ ਮਨੁੱਖਤਾ ਹੈ। ਗੁਰੂ ਦੀ ਮਤਿ, ਪ੍ਰਮਾਤਮਾ ਦਾ ਗਿਆਨ ਹੈ ਜੋ ਸਾਰੀ ਮਨੁੱਖਤਾ ਲਈ ਇੱਕੋ ਜਿਹਾ ਹੈ। ਗੁਰਬਾਣੀ ਸੱਚੇ ਗਿਆਨ ਦਾ ਸਮੁੰਦਰ ਹੈ। ਉਸ ਵਿੱਚ ਦਿੱਤੀ ਹੋਈ ਮਤਿ ਨੂੰ ਸਮਝ ਕੇ ਉਸ ਤੇ ਚੱਲਣਾ ਇਸ ਤਰ੍ਹਾਂ ਔਖਾ ਹੈ ਜਿਵੇਂ ਕਿ ਸਮੁੰਦਰ ਦੇ ਖਾਰੇ ਪਾਣੀ ਵਿੱਚ ਰਹਿਣਾ। ਸਮੁੰਦਰ ਦਾ ਖਾਰਾ ਪਾਣੀ ਅਸੀਂ ਪੀ ਨਹੀਂ ਸਕਦੇ ਪਰ ਉਪਰ ਸ਼ਬਦ ਰਾਹੀਂ ਸਾਨੂੰ ਸਮਝਾਇਆ ਹੈ ਕਿ ਇਹ ਭਾਵੇਂ ਗੁਰਮਤਿ ਨੂੰ ਮੰਨਣਾ ਔਖਾ ਹੈ, ਨਾਮ ਜਪਣਾ ਔਖਾ ਹੈ ਪਰ ਫਿਰ ਵੀ ਗੁਰਮਤਿ ਤੋਂ ਬਾਹਰ ਕਦੇ ਨ ਜਾਈਏ, ਗੁਰੂ ਦੀ ਮਤਿ ਨੂੰ ਛੱਡ ਕੇ ਕਦੇ ਨਾ ਜਾਈਏ ਭਾਵ ਕਿਸੇ ਹੋਰ ਦੀ ਮਤਿ ਲੈਣ ਲਈ ਡੇਰਿਆਂ ਆਦਿ ਤੇ ਨਾ ਜਾਈਏ ਜੋ ਸਮੁੰਦਰ ਦੇ ਮੁਕਾਬਲੇ ਬਹੁਤ ਛੋਟੇ ਹਨ ਭਾਵ ਜਿਨ੍ਹਾਂ ਦਾ ਗਿਆਨ ਗੁਰੂ ਦੇ ਮੁਕਾਬਲੇ ਤੁਛ ਹੈ ਜਿਵੇਂ ਕਿ ਛਪੜ, ਖੂਹ ਆਦਿ ਸਮੁੰਦਰ ਦੇ ਮੁਕਾਬਲੇ ਕੁਝ ਵੀ ਨਹੀਂ ਹਨ। ਛੋਟੀਆਂ ਛੋਟੀਆਂ ਛੱਪੜੀਆਂ ਵਿੱਚ ਅਗਰ ਕੋਈ ਮੱਛਲੀ ਰਹਿੰਦੀ ਹੈ ਤਾਂ ਫਿਰ ਉਹ ਫੜਨ ਵਾਲਿਆਂ ਦੇ ਜਾਲ ਵਿੱਚ ਆਸਾਨੀ ਨਾਲ ਫਸ ਜਾਂਦੀ ਹੈ, ਮਰ ਜਾਂਦੀ ਹੈ। (**ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥ ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਾਲਿ॥**) ਜੇਕਰ ਉਹੀ ਮੱਛੀ ਸਮੁੰਦਰ ਵਿੱਚ ਹੋਵੇ ਤਾਂ ਉਸਨੂੰ ਫੜਨਾ ਕਿਤਨਾ ਔਖਾ ਹੈ, ਸਮੁੰਦਰ ਕਿਤਨਾ ਵੱਡਾ ਹੈ। ਇਸੇ ਤਰ੍ਹਾਂ ਜੋ ਮਨੁੱਖ ਗੁਰੂ ਰੂਪ ਸਮੁੰਦਰ ਨੂੰ ਛੱਡ ਕੇ ਦੂਸਰਿਆਂ ਦੇ ਦਰ ਤੇ ਨਹੀਂ ਜਾਂਦੇ ਫਿਰ ਗੁਰੂ ਉਹਨਾਂ ਦੀ ਇਸੇ ਤਰ੍ਹਾਂ ਰੱਖਿਆ ਕਰਦਾ ਹੈ ਜਿਵੇਂ ਸਮੁੰਦਰ ਮੱਛੀ ਦੀ ਰੱਖਿਆ ਕਰਦਾ ਹੈ। ਜੋ ਗੁਰੂ ਰੂਪ ਸਮੁੰਦਰ ਨੂੰ ਛੱਡ ਕੇ ਹੋਰ ਅਨੇਕਾਂ ਦਰਾਂ ਤੇ ਜਾ ਕੇ ਰੱਬ ਨੂੰ ਲੱਭਦੇ ਹਨ ਭਾਵ ਦੂਸਰਿਆ ਦੀ ਮਤਿ ਨੂੰ ਮੰਨਦੇ ਹਨ ਉਹਨਾਂ ਨੂੰ ਫਿਰ ਚੰਗਾ ਕੌਣ ਕਹਿ ਸਕਦਾ ਹੈ ਭਾਵ ਉਹ ਮਾੜਾ ਕੰਮ ਕਰਦੇ ਹਨ। **(ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥ ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ॥੫੦॥)** ਸਾਨੂੰ ਕੇਵਲ ਗੁਰੂ ਦੀ ਮਤਿ ਨਾਲ ਜੁੜਨ ਲਈ ਸੁਚੇਤ ਕੀਤਾ ਹੈ ਤੇ ਹੋਰ ਕਿਸੇ ਦੀ ਮਤਿ ਤੇ ਭਰੋਸਾ ਨਾ ਕਰਨ ਲਈ ਪ੍ਰੇਰਿਆ ਹੈ। ਕਿਸੇ ਹੋਰ ਦੀ ਮਤਿ ਪਿੱਛੇ ਲੱਗ ਕੇ ਅਸੀਂ ਕਦੇ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਬਜਾਇ ਇਸਦੇ ਕਿ ਅਸੀਂ ਗੁਰੂ ਕੋਲੋਂ ਗਿਆਨ ਲੈ ਕੇ ਅਸੀਂ ਆਪਣੀ ਸਮਝ ਨੂੰ ਹੋਰ ਉੱਚਾ ਕਰੀਏ ਭਾਵ ਸਾਰੀ ਮਨੁੱਖਤਾ ਨਾਲ ਜੋੜੀਏ, ਅਸੀਂ ਉਲਟਾ ਆਪਣੀ ਸਮਝ ਦਾ ਦਾਇਰਾ ਹੋਰ ਛੋਟਾ ਕਰੀ ਜਾਂਦੇ ਹਾਂ, ਨੀਵਾ ਕਰੀ ਜਾਂਦੇ ਹਾਂ। ਸਾਡੀ ਸਾਰੀ ਸੋਚ ਇੱਕ ਸੰਸਥਾ ਦੀ ਸੋਚ ਤੱਕ ਹੀ ਰਹਿ ਜਾਂਦੀ ਹੈ। ਅਸੀਂ ਕੇਵਲ ਉੱਥੇ ਜੋਗੇ ਹੀ ਰਹਿ ਜਾਂਦੇ ਹਾਂ, ਕੇਵਲ ਇੱਕ ਛੱਪੜ, ਖੂਹ ਜੋਗੇ ਹੀ ਰਹਿ ਜਾਂਦੇ ਹਾਂ ਤੇ ਉਸ ਤੋਂ ਬਾਹਰ ਦੇ ਗਿਆਨ ਤੋਂ ਵਾਂਝੇ ਰਹਿ ਜਾਂਦੇ ਹਾਂ। ਬਹੁਤੀਆਂ ਸੰਸਥਾਵਾਂ, ਡੇਰੇ ਆਦਿ ਜਦੋਂ ਹੋਂਦ ਵਿੱਚ ਆਉਂਦੇ ਹਨ ਉਹ ਆਪਣਾ ਸੰਸਥਾਪਕ ਕਿਸੇ ਨੂੰ ਬ੍ਰਹਮਗਿਆਨੀ ਆਦਿ ਸਮਝਕੇ ਥਾਪਦੇ ਹਨ। ਕੁੱਝ ਮਹਾ ਬ੍ਰਹਮਗਿਆਨੀ ਕਹਿ ਕੇ ਵੀ ਥਾਪਦੇ ਹਨ ਭਾਵ ਬ੍ਰਹਮਗਿਆਨੀ ਤੋਂ ਵੀ ਵੱਡਾ ਥਾਪਦੇ ਹਨ ਭਾਵ ਬ੍ਰਹਮਗਿਆਨੀ ਕਹਿਣਾ ਵੀ ਕੁੱਝ ਛੋਟਾ ਸਮਝਦੇ ਹਨ। ਪ੍ਰਮਾਤਮਾ ਨੇ ਤੇ ਆਪਣੇ ਆਪ ਨੂੰ ਕੇਵਲ ਬ੍ਰਹਮਗਿਆਨੀ ਕਿਹਾ ਹੈ, ਗੁਰੂ ਆਪ ਬ੍ਰਹਮਗਿਆਨੀ ਹੈ ਜਿਸ ਨੇ ਸਾਨੂੰ ਇਹ ਬ੍ਰਹਮ ਗਿਆਨ ਬਖਸ਼ਿਆ ਹੈ, ਗੁਰਬਾਣੀ ਬਖਸ਼ੀ ਹੈ। **ਗੁਰਬਾਣੀ ਤੋਂ ਵੱਡਾ ਗਿਆਨ ਦੇਣ ਵਾਲਾ ਹੀ ਕੋਈ ਮਹਾ ਬ੍ਰਹਮਗਿਆਨੀ ਹੋ ਸਕਦਾ ਹੈ। (ਬ੍ਰਹਮ ਗਿਆਨੀ ਆਪਿ ਨਿਰੰਕਾਰੁ॥)** ਅੰਗ - ੨੭੪ ਕੋਈ ਵੀ ਆਪਣੇ ਆਪ ਨੂੰ ਆਪਣੀ ਵਡਿਆਈ ਲਈ ਬ੍ਰਹਮਗਿਆਨੀ ਅਖਵਾ ਸਕਦਾ ਹੈ, ਗੁਰੂ ਤੋਂ, ਰੱਬ ਤੋਂ ਵੱਡਾ ਕਹਿ ਸਕਦਾ ਹੈ, ਸਮਝ ਸਕਦਾ ਹੈ, ਕਿਸੇ ਤੇ ਕੋਈ ਰੋਕ ਟੋਕ ਨਹੀਂ ਹੈ। ਜਿਵੇਂ ਕਿਸੇ ਦਾ ਦਿਲ ਖੁਸ਼ ਹੁੰਦਾ ਹੈ, ਕਰ ਸਕਦਾ

ਹੈ ਜਿਸ ਲਈ ਕੋਈ ਕਾਨੂੰਨ ਨਹੀਂ ਬਣਿਆ ਹੋਇਆ। ਇਸ ਲਈ ਕਾਨੂੰਨ ਕੇਵਲ ਧਰਮ ਗ੍ਰੰਥ ਹਨ ਜਿਨ੍ਹਾਂ ਦੇ ਅੰਦਰ ਦੀ ਸੱਚੀ ਸਮਝ ਹੀ ਭਗਤੀ ਦਾ, ਧਰਮ ਦੇ ਮਾਰਗ ਦਾ ਕਾਨੂੰਨ ਹੈ ਜੋ ਕਿਸੇ ਦੀ ਸਮਝ ਵਿੱਚ ਨਹੀਂ ਆਉਂਦਾ ਭਾਵ ਪ੍ਰਮਾਤਮਾ ਦੇ ਆਪਣੇ ਸਮਝਾਏ ਬਿਨ੍ਹਾਂ ਨਹੀਂ ਆਉਂਦਾ। ਪਰ ਇੱਕ ਗੱਲ ਜੋ ਸਾਨੂੰ ਹੈਰਾਨ ਕਰਦੀ ਹੈ ਉਹ ਇਹ ਹੈ ਕਿ ਜੇਕਰ ਬ੍ਰਹਮਗਿਆਨੀਆਂ ਦੀ ਗਿਣਤੀ ਕਰੀਏ ਤਾਂ ਉਹ ਸੈਂਕੜਿਆਂ ਵਿੱਚ ਹੈ, ਸਭ ਨੇ ਹੀ ਗਿਆਨ ਦੀਆਂ ਗੱਲਾਂ ਕੀਤੀਆਂ ਹਨ ਭਾਵ ਬ੍ਰਹਮਗਿਆਨ ਦੀਆਂ ਗੱਲਾਂ ਕੀਤੀਆਂ ਹਨ। ਇੱਕ ਬ੍ਰਹਮ ਗਿਆਨੀ ਦਾ ਦਿੱਤਾ ਬ੍ਰਹਮ ਗਿਆਨ ਦੂਸਰੇ ਬ੍ਰਹਮਗਿਆਨੀ ਦੇ ਦਿੱਤੇ ਗਿਆਨ ਨਾਲ ਨਹੀਂ ਰਲਦਾ। ਸਭ ਦਾ ਬ੍ਰਹਮਗਿਆਨ ਵੱਖਰਾ-ਵੱਖਰਾ ਹੈ। ਜਿਤਨੇ ਬ੍ਰਹਮਗਿਆਨੀਆਂ ਦੀ ਗੱਲ ਸੁਣੀਦੀ ਹੈ, ਪੁਸਤਕਾਂ ਦੁਆਰਾ ਪੜ੍ਹੀਦੀ ਹੈ, ਆਪਸ ਵਿੱਚ ਮੇਲ ਨਹੀਂ ਖਾਂਦੀ ਤੇ ਇਸੇ ਲਈ ਵੱਖਰੀਆਂ-ਵੱਖਰੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ। ਗੁਰਬਾਣੀ ਦੇ ਬ੍ਰਹਮਗਿਆਨ ਨਾਲ ਕਿਸੇ ਦਾ ਬ੍ਰਹਮਗਿਆਨ ਮੇਲ ਨਹੀਂ ਖਾਂਦਾ, ਕਿਸੇ ਮਹਾਂ ਬ੍ਰਹਮਗਿਆਨੀ ਦਾ ਵੀ ਨਹੀਂ ਖਾਂਦਾ। ਮਹਾਂ ਬ੍ਰਹਮ ਗਿਆਨੀ ਦੀ ਗੱਲ ਤਾਂ ਗੁਰਬਾਣੀ ਦੇ ਬ੍ਰਹਮ ਗਿਆਨ ਨਾਲ ਮੇਲ ਖਾ ਹੀ ਨਹੀਂ ਸਕਦੀ ਕਿਉਂਕਿ ਮਹਾ ਬ੍ਰਹਮ ਗਿਆਨੀ ਦੀ ਸੋਝੀ ਗੁਰੂ ਪ੍ਰਮਾਤਮਾ ਨਾਲੋਂ, ਗੁਰਬਾਣੀ ਨਾਲੋਂ ਉੱਚੀ ਹੋਣੀ ਸੁਭਾਵਕ ਹੀ ਹੈ। ਉਹ ਗੁਰੂ ਨਾਲੋਂ ਵੱਡੇ ਗਿਆਨੀ ਅਖਵਾਉਂਦੇ ਹਨ। ਸਾਰੇ ਆਪਣੇ ਬ੍ਰਹਮਗਿਆਨ ਦਾ ਸ੍ਰੋਤ ਇੱਕੋ ਹੀ ਦੱਸਦੇ ਹਨ। ਕੀ ਉਹ ਸ੍ਰੋਤ ਭਾਵ ਪ੍ਰਮਾਤਮਾ ਸਭ ਨੂੰ ਇੱਕੋ ਜਿਹਾ ਬ੍ਰਹਮਗਿਆਨ ਨਹੀਂ ਦੇ ਰਿਹਾ? ਕੀ ਉਸਨੇ ਹਰ ਕਿਸੇ ਲਈ ਵੱਖਰਾ ਬ੍ਰਹਮਗਿਆਨ ਰੱਖਿਆ ਹੋਇਆ ਹੈ? ਹੁਣ ਬ੍ਰਹਮਗਿਆਨ ਵਿੱਚ ਵੀ ਵੰਡੀਆਂ ਪੈ ਗਈਆਂ ਹਨ। ਅਸਲ ਵਿੱਚ ਬ੍ਰਹਮਗਿਆਨ ਦਾ ਸ੍ਰੋਤ ਵੀ ਇੱਕੋ ਹੀ ਹੈ, ਕੇਵਲ ਪ੍ਰਮਾਤਮਾ ਹੀ ਹੈ, ਅਤੇ ਬ੍ਰਹਮਗਿਆਨ ਵੀ ਇੱਕੋ ਹੀ ਹੈ, ਸਾਰੀ ਦੁਨੀਆਂ ਲਈ ਇੱਕੋ ਹੀ ਹੈ। ਜੇਕਰ ਬ੍ਰਹਮਗਿਆਨ "ਇੱਕ ਨਹੀਂ ਹੈ" ਤਾਂ ਫਿਰ "ਸ੍ਰੋਤ ਵੀ ਇੱਕ ਨਹੀਂ ਹੈ", ਸ੍ਰੋਤ ਸਭ ਦੇ ਆਪਣੇ-ਆਪਣੇ ਜਾਪਦੇ ਹਨ। ਕਿਸ ਦਾ ਸ੍ਰੋਤ ਕਿਹੜਾ ਹੈ, ਕਿਸ ਨੇ ਗਿਆਨ ਕਿੱਥੋਂ ਲਿਆ ਹੈ, ਇਹ ਉਹ ਹੀ ਜਾਣੇ। ਹੁਣ ਇਹੀ ਗੱਲ ਆਓ ਗੁਰਬਾਣੀ ਦੇ ਰਾਹੀਂ ਵਿਚਾਰੀਏ। ਗੁਰਬਾਣੀ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਅਨੇਕਾਂ ਭਗਤਾਂ ਦੀ ਬਾਣੀ ਵੀ ਉਹੋ ਗੱਲ ਸਮਝਾਉਂਦੀ ਹੈ ਜੋ ਗੁਰੂ ਸਾਹਿਬਾਨ ਦੀ ਬਾਣੀ ਸਮਝਾਉਂਦੀ ਹੈ। ਬਿਲਕੁਲ ਵੀ ਕਿਤੇ ਕੋਈ ਫਰਕ ਨਹੀਂ ਹੈ ਅਤੇ ਨਾ ਹੀ ਕਦੇ ਹੋ ਸਕਦਾ ਹੈ। ਜਿਹੜਾ "ਬ੍ਰਹਮਗਿਆਨੀ ਅਕਾਲ ਪੁਰਖ" ਭਗਤਾਂ ਦੇ ਸਰੀਰ ਰਾਹੀਂ ਪ੍ਰਗਟ ਹੋਇਆ ਹੈ "ਉਹ ਹੀ ਬ੍ਰਹਮਗਿਆਨੀ" ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਹੋਇਆ ਹੈ। ਗੁਰੂ ਤਾਂ ਸਦਾ ਤੋਂ ਅਕਾਲ ਪੁਰਖ ਆਪ ਹੀ ਹੈ। ਹਰ ਜੁਗ ਵਿੱਚ ਇੱਕੋ ਨਾਮ ਵਰਤਿਆ ਹੈ, ਇੱਕੋ ਸ਼ਬਦ ਵਰਤਿਆ ਹੈ ਜੋ ਕਿ ਸਦਾ ਤੋਂ ਅਟੱਲ ਹੈ। ਨਾ ਕਦੇ ਬਦਲਿਆ ਹੈ ਅਤੇ ਨਾ ਕਦੇ ਬਦਲ ਸਕਦਾ ਹੈ। ਬ੍ਰਹਮਗਿਆਨੀ ਸਦਾ ਤੋਂ ਅਕਾਲ ਪੁਰਖ ਆਪ ਹੀ ਹੈ ਜੋ ਸਭ ਦੇ ਅੰਦਰ ਵਰਤ ਰਿਹਾ ਹੈ। ਉਸ ਬ੍ਰਹਮਗਿਆਨੀ ਦੀ ਸਮਝ ਤਾਂ ਹੀ ਲੱਗਦੀ ਹੈ ਜਦੋਂ ਉਸ ਨੂੰ ਆਪਣੇ ਅੰਦਰੋਂ ਬੁੱਝ ਲਿਆ ਜਾਵੇ, ਜਾਣ ਲਿਆ ਜਾਵੇ, ਆਪਣੇ ਅੰਦਰ ਚੱਲ ਰਹੇ ਉਸ ਦੇ ਹੁਕਮ ਨੂੰ ਪਛਾਣ ਲਿਆ ਜਾਵੇ ਭਾਵ ਜਦੋਂ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਪੈ ਜਾਵੇ। ਜਦ ਤੱਕ ਅਸੀਂ ਉਸਨੂੰ ਆਪਣੇ ਅੰਦਰੋਂ ਬੁੱਝ ਨਹੀਂ ਲੈਂਦੇ ਅਸੀਂ ਤਦ ਤੱਕ ਆਪਣੇ ਆਪ ਨੂੰ ਜਾਂ ਕਿਸੇ ਵੀ ਮਨੁੱਖੀ ਦੇਹ ਨੂੰ ਬ੍ਰਹਮਗਿਆਨੀ ਕਹਿ ਸਕਦੇ ਹਾਂ ਪਰ ਜਾਨਣ ਤੋਂ ਬਾਅਦ ਕੋਈ ਕਿਸੇ ਮਨੁੱਖੀ ਦੇਹ ਨੂੰ ਬ੍ਰਹਮਗਿਆਨੀ ਸਮਝ ਲਵੇ, ਇਹ ਨਾਮੁਮਕਿਨ ਹੈ। ਬ੍ਰਹਮਗਿਆਨੀ ਬ੍ਰਹਮਗਿਆਨ ਦਾ ਦਾਤਾ ਹੈ ਅਤੇ ਮਨੁੱਖ ਕੇਵਲ ਉਸ ਦੇ ਗਿਆਨ ਦਾ ਮੰਗਤਾ ਹੈ। ਮੰਗਤਾ ਕਦੇ ਦਾਤਾ ਨਹੀਂ ਅਖਵਾ ਸਕਦਾ। ਜੇਕਰ ਸਾਡਾ ਗਿਆਨ ਦਾ ਸ੍ਰੋਤ ਉਹ ਹੀ ਹੋਵੇਗਾ ਜਿੱਥੋਂ ਗੁਰਬਾਣੀ ਆਈ ਹੈ ਤਾਂ ਫਿਰ ਸਾਡੀ ਗੱਲ ਵੀ, ਸਾਡਾ ਗਿਆਨ ਵੀ ਗੁਰਬਾਣੀ ਨਾਲ ਮੇਲ ਖਾਵੇਗਾ। ਕਿਸੇ ਇੱਕ ਦਾ ਗਿਆਨ ਦੂਸਰੇ ਦੇ ਗਿਆਨ ਨਾਲੋਂ ਵੱਖਰਾ ਨਹੀਂ ਹੋਵੇਗਾ ਭਾਵ ਜਿਹੋ ਜਿਹੇ ਗੁਰਬਾਣੀ ਦੇ ਅਰਥ ਇੱਕ ਬ੍ਰਹਮਗਿਆਨੀ ਅਖਵਾਉਣ ਵਾਲੇ ਦੇ ਹੋਣਗੇ ਉਹੋ ਜਿਹੇ ਅਰਥ ਹੀ ਦੂਸਰੇ, ਤੀਸਰੇ, ਚੌਥੇ, ਪੰਜਵੇਂ, ਛੇਵੇਂ ਭਾਵ ਹਰ ਬ੍ਰਹਮਗਿਆਨੀ ਅਖਵਾਉਣ ਵਾਲੇ ਦੇ ਹੋਣਗੇ। ਜਿਵੇਂ ਕਿ ਅਸੀਂ ਪਿੱਛੇ ਵੀ ਚਰਚਾ ਕੀਤੀ ਸੀ, ਸੰਤ ਵੀ ਗੁਰੂ ਹੈ, ਸਾਧ ਵੀ ਗੁਰੂ ਹੈ, ਭਗਤ ਵੀ ਉਹ ਆਪ ਹੈ ਤੇ ਬ੍ਰਹਮਗਿਆਨੀ ਵੀ ਉਹ ਆਪ ਹੀ ਹੈ। ਸਭ ਕੁੱਝ ਉਹ ਆਪ ਹੀ ਹੈ। ਅਸੀਂ ਆਪਣੇ ਆਪ ਹੀ ਕਿਸੇ ਦੀ ਅਵੱਸਥਾ ਥਾਪ ਲੈਂਦੇ ਹਾਂ ਅਤੇ ਉੱਚੀਆਂ-ਉੱਚੀਆਂ ਪਦਵੀਆਂ ਦੇ ਕੇ ਨਿਵਾਜ਼ ਦਿੰਦੇ ਹਾਂ ਜਦਕਿ ਕਿਸੇ ਦੀ ਅਵੱਸਥਾ ਕੀ ਹੈ, ਉਹ ਪ੍ਰਮਾਤਮਾ ਆਪ ਹੀ ਜਾਣਦਾ ਹੈ। ਇਹ ਸਾਡੇ ਥਾਪਣ ਦੀ ਗੱਲ ਨਹੀਂ ਹੈ

"ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ॥"

(ਅੰਗ ੨)

ਅਸੀਂ ਕਿਸੇ ਦੀ ਅਵੱਸਥਾ ਨੂੰ ਨਹੀਂ ਜਾਣ ਸਕਦੇ ਕਿ ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੀ ਹੈ। ਸਾਡੇ ਕੋਲ ਉਹ ਗਿਆਨ

ਨਹੀਂ, ਸਾਡੀ ਆਪਣੀ ਅਵੱਸਥਾ ਪ੍ਰਮਾਤਮਾ ਨੇ ਉਹੋ ਜਿਹੀ ਨਹੀਂ ਬਣਾਈ ਕਿ ਅਸੀਂ ਕਿਸੇ ਹੋਰ ਦੀ ਅਵੱਸਥਾ ਨੂੰ ਜਾਣ ਸਕੀਏ। ਪ੍ਰਮਾਤਮਾ ਨੇ ਸਭ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ, ਅਗਿਆਨਤਾ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਭਰਮ ਹੈ। ਭਰਮ ਵਿੱਚ ਰਹਿੰਦੇ ਅਸੀਂ ਸੱਚਾਈ ਨੂੰ ਨਹੀਂ ਜਾਣ ਸਕਦੇ। ਸੱਚਾਈ ਨੂੰ ਕੇਵਲ ਉਹ ਜਾਣਦਾ ਹੈ ਜੋ ਆਪ ਭਰਮ ਵਿੱਚ ਨਹੀਂ ਹੈ। ਭਰਮ ਰਹਿਤ ਕੇਵਲ ਆਪ ਗੁਰੂ ਪ੍ਰਮਾਤਮਾ ਹੈ ਤੇ ਇੱਕੋ ਇੱਕ ਉਹ ਹੀ ਹੈ ਜੋ ਸੱਚਾਈ ਜਾਣਦਾ ਹੈ। ਜਿਸ ਮਨੁੱਖ ਨੂੰ ਅਸੀਂ ਉੱਚਾ ਥਾਪਦੇ ਹਾਂ ਉਹ ਆਪਣੀ-ਆਪਣੀ ਸੋਝੀ ਦੁਆਰਾ ਥਾਪਦੇ ਹਾਂ। ਅਸੀਂ ਪ੍ਰਮਾਤਮਾ ਦੀ ਭਗਤੀ ਸਰੀਰਕ ਜਪ ਤਪ ਨੂੰ ਸਮਝਦੇ ਹਾਂ ਜਿਸ ਦਾ ਕਿ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਜਿਸ ਨੂੰ ਅਸੀਂ ਉੱਚਾ ਥਾਪਦੇ ਹਾਂ ਉਸਦੇ ਇਹੋ ਜਿਹੇ ਜਪਾਂ ਤਪਾਂ ਕਰਕੇ ਥਾਪਦੇ ਹਾਂ ਜੋ ਕਿ ਅਸਲ ਵਿੱਚ ਭਗਤੀ ਦਾ ਮਾਰਗ ਹੈ ਹੀ ਨਹੀਂ। ਅਸੀਂ ਜਿਨ੍ਹਾਂ ਨੂੰ ਵੱਡਾ ਥਾਪ ਕੇ ਮਾਨ ਦਿੰਦੇ ਹਾਂ, ਉਹਨਾਂ ਗੱਲਾਂ ਕਰਕੇ ਹੀ ਦਿੰਦੇ ਹਾਂ, ਉਹੋ ਜਿਹੇ ਭਗਤੀ ਦੇ ਮਾਰਗ ਤੇ ਚਲਣ ਦੁਆਰਾ ਦੇਂਦੇ ਹਾਂ ਜਿਨਾਂ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਪਰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ "ਮਾਨ" ਉਸਨੂੰ ਮਿਲਦਾ ਹੈ ਜੋ ਉਸਦੀ ਸਮਝਾਈ ਹੋਈ ਸੱਚੀ ਭਗਤੀ ਦੇ ਮਾਰਗ ਤੇ ਚੱਲਦਾ ਹੈ, ਜੋ ਉਸਨੂੰ ਸੇਵ ਲੈਂਦਾ ਹੈ, ਜੋ ਉਸਦੀ ਸੇਵਾ ਕਰਦਾ ਹੈ। ਉਸਦੀ ਸੇਵਾ ਕਰਨੀ ਕੀ ਹੈ, ਇਹ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣ ਚੁੱਕੇ ਹਾਂ।

{ਗੁਰ ਕੀ ਸੇਵਾ ਸਬਦੁ ਵੀਚਾਰੁ ॥}

(ਅੰਗ - ੨੨੩)

ਜੋ ਗੁਰੂ ਦੇ ਸ਼ਬਦਾਂ ਦਾ ਵਿਚਾਰੀ ਹੈ, ਸ਼ਬਦ ਦੀ ਮਤਿ ਦਾ ਵਿਚਾਰੀ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ ਭਾਵ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਦਾ ਹੈ ਭਾਵ ਸੱਚੀ ਸੁੱਚੀ ਕਿਰਤ ਕਰਦਾ ਹੈ ਉਸਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾਨ ਮਿਲਦਾ ਹੈ। ਉਸਦੀ ਸੇਵਾ ਕਰਨੀ ਕੀ ਹੈ, ਇਹ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

"ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥"

(ਅੰਗ ੪੬੬)

ਸਾਡੇ ਮਨ ਦੇ ਅੰਦਰ ਸੰਤੋਖ ਤਾਂ ਹੀ ਆਉਂਦਾ ਹੈ ਭਾਵ ਮਨੁੱਖ ਤ੍ਰਿਸ਼ਨਾਵਾਂ ਤੋਂ ਮੁਕਤ, ਮਾਇਆ ਮੋਹ ਤੋਂ ਮੁਕਤ ਤਾਂ ਹੀ ਹੁੰਦਾ ਹੈ ਜਦੋਂ ਸਾਡੇ ਮਨ ਦੇ ਵਿੱਚ ਸੱਚ ਵੱਸ ਜਾਵੇ, ਨਾਮ ਵੱਸ ਜਾਵੇ, ਗੁਰੂ ਦੀ ਸੱਚੀ ਮਤਿ ਵੱਸ ਜਾਵੇ ਜੋ ਕਿ ਉਹ ਆਪ ਹੀ ਵਸਾਉਂਦਾ ਹੈ। ਜਿਸ ਦੇ ਧਿਆਨ ਦੇ ਵਿੱਚ ਸੱਚ ਵੱਸ ਜਾਂਦਾ ਹੈ ਉਹ ਫਿਰ ਕਦੇ ਮੰਦੇ ਕਰਮ ਨਹੀਂ ਕਰਦਾ, ਮਾੜੇ ਕਰਮ ਨਹੀਂ ਕਰਦਾ। ਉਹ ਫਿਰ ਕੇਵਲ ਸੱਚੇ ਕਰਮ ਕਰਦਾ ਹੈ, ਸੱਚੀ ਸੁੱਚੀ ਕਿਰਤ ਕਰਦਾ ਹੈ, ਸੁਕ੍ਰਿਤ ਕਰਦਾ ਹੈ ਤੇ ਉਹ ਇਸ ਤਰੀਕੇ ਨਾਲ ਗੁਰੂ ਪ੍ਰਮਾਤਮਾ ਦੀ ਸੇਵਾ ਕਰਦਾ ਹੈ, ਧਰਮ ਦੀ ਕਮਾਈ ਕਰਦਾ ਹੈ, ਆਪਣੇ ਜੀਵਨ ਵਿੱਚ ਸੱਚ ਦੀ ਕਮਾਈ ਕਰਦਾ ਹੈ, ਨਾਮ ਦੀ ਕਮਾਈ ਕਰਦਾ ਹੈ, ਸ਼ਬਦ ਦੀ ਕਮਾਈ ਕਰਦਾ ਹੈ। ਪ੍ਰਮਾਤਮਾ ਦੇ ਦਰ ਤੇ ਮਾਨ ਸਾਨੂੰ ਆਪਣੀ ਸੱਚੀ ਸੁੱਚੀ ਕਿਰਤ ਕਰਨ ਦੁਆਰਾ ਹੀ ਮਿਲਦਾ ਹੈ ਤੇ ਉਸ ਕੋਲੋਂ ਮਾਨ ਪ੍ਰਾਪਤ ਕਰਨ ਦਾ, ਉਸ ਦੇ ਨੇੜੇ ਲੱਗਣ ਦਾ ਹੋਰ ਕੋਈ ਤਰੀਕਾ ਨਹੀਂ ਹੈ ਤੇ ਨਾ ਹੀ ਗੁਰਬਾਣੀ ਵਿੱਚ ਸਮਝਾਇਆ ਹੋਇਆ ਹੈ। ਅਸੀਂ ਆਪਣੀ ਆਪਣੀ ਮਤਿ ਅਨੁਸਾਰ "ਮਾਨ" ਉਹਨਾਂ ਨੂੰ ਦਿੰਦੇ ਹਾਂ ਜੋ ਸਰੀਰਕ ਤਪ ਜਪ ਆਦਿ ਕਰਦੇ ਹਨ ਜਿਸ ਵਿੱਚ ਉਹ ਪ੍ਰਮਾਤਮਾ ਦੀ ਭਗਤੀ ਸਮਝਦੇ ਹਨ ਜੋ ਕਿ ਅਸਲ ਵਿੱਚ ਗੁਰਮਤਿ ਦੇ ਉਲਟ ਹੈ। ਸਰੀਰਕ ਜਪ ਤਪ ਨੂੰ ਭਗਤੀ ਸਮਝਣ ਵਾਲਾ ਸ਼ਬਦ ਦਾ ਵਿਚਾਰੀ, ਗੁਰਮਤਿ ਦਾ ਵਿਚਾਰੀ ਕਿਵੇਂ ਅਖਵਾ ਸਕਦਾ ਹੈ। ਗੁਰਮਤਿ ਦੇ ਉਲਟ ਚੱਲ ਕੇ ਕੋਈ ਗੁਰੂ ਵਾਲਾ ਨਹੀਂ ਅਖਵਾ ਸਕਦਾ। ਗੁਰੂ ਵਾਲਾ ਉਹੀ ਹੈ ਜੋ ਗੁਰੂ ਦੀ ਮਤਿ ਅਨੁਸਾਰ ਚੱਲਦਾ ਹੈ ਜੋ ਸ਼ਬਦ ਦੀ ਵਿਚਾਰਧਾਰਾ ਨੂੰ ਮੰਨਦਾ ਹੈ।

{ਸਭਿ ਜਪ ਸਭਿ ਤਪ ਸਭ ਚਤੁਰਾਈ॥
ਊਝੜਿ ਭਰਮੈ ਰਾਹਿ ਨ ਪਾਈ॥}

(ਅੰਗ - ੪੧੨)

ਸਰੀਰਕ ਜਪ ਤਪ ਕਰਨ ਵਾਲੇ ਸਭ ਭਰਮੇ ਹੋਏ ਹੀ ਹਨ ਤੇ ਉਸ ਪ੍ਰਮਾਤਮਾ ਦੇ ਆਪਣੇ ਭੁਲਾਏ ਹੋਏ ਹੀ ਹਨ। ਗੱਲ ਤਾਂ ਜਪ ਤਪ ਕਰਨ ਦੀ ਹੈ। ਸੱਚਾ ਜਪ ਤਪ ਗੁਰੂ ਦੀ ਮਤਿ ਅਨੁਸਾਰ ਚੱਲਣ ਦੁਆਰਾ ਹੁੰਦਾ ਹੈ ਤੇ ਇਸ ਤੋਂ ਇਲਾਵਾ ਅਸੀਂ ਜਿਹੋ ਜਿਹਾ

ਸਰੀਰਕ ਜਪ ਤਪ ਕਰਦੇ ਹਾਂ ਉਹ ਜਪ ਤਪ ਦਾ ਦਿਖਾਵਾ ਹੈ ਭਾਵੇਂ ਅਸੀਂ ਮੁੱਖੋਂ ਕਿਹੜਾ ਵੀ ਅੱਖਰ ਬੋਲ ਬੋਲ ਕੇ ਜਪ ਕਰਦੇ ਹਾਂ ਇਸ ਨਾਲ ਕੀ ਫਰਕ ਪੈਂਦਾ ਹੈ।

{ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ - ੧੫੧)

ਜਿਸਨੇ ਸਾਨੂੰ ਭਰਮ ਵਿੱਚ ਪਾਇਆ ਹੋਇਆ ਹੈ, ਜਪਾਂ ਤਪਾਂ ਦੇ ਭਰਮ ਵਿੱਚ ਰੱਖਿਆ ਹੋਇਆ ਹੈ, ਸਦੀਆਂ ਤੋਂ ਭਰਮ ਵਿਚ ਰੱਖਿਆ ਹੋਇਆ ਹੈ, ਉਹ ਹੀ ਕੇਵਲ ਜਾਣਦਾ ਹੈ ਕਿ ਉਸ ਦੀਆਂ ਨਜ਼ਰਾਂ ਵਿੱਚ ਕਿਸੇ ਦੀ ਅਵੱਸਥਾ ਕੀ ਹੈ। ਇਸੇ ਲਈ ਸਾਨੂੰ ਨਾਲ ਹੀ ਪਿਛਲੇ ਸ਼ਬਦ ਰਾਹੀਂ ਇਹ ਗੱਲ ਸਮਝਾਈ ਹੈ।

"ਨਾਨਕ ਗਾਵੀਐ ਗੁਣੀ ਨਿਧਾਨੁ॥"

ਅਸੀਂ ਕਿਸੇ ਦੀ ਉੱਚੀ ਅਵੱਸਥਾ ਥਾਪਣ ਦੀ ਬਜਾਇ ਕੇਵਲ ਉਸ ਗੁਣ ਨਿਧਾਨ ਦਾ, ਗੁਰੂ ਪ੍ਰਮਾਤਮਾ ਦਾ, ਗੁਰਬਾਣੀ ਦਾ, ਸੱਚ ਦਾ ਜਸ ਗਾਈਏ ਭਾਵ ਕੇਵਲ ਗੁਰਮਤਿ ਨਾਲ, ਗੁਰੂ ਨਾਲ ਜੁੜੀਏ ਤੇ ਕਿਸੇ ਹੋਰ ਦੇ, ਕਿਸੇ ਮਨੁੱਖੀ ਦੇਹ ਦੇ ਗੁਣ ਨਾ ਗਾਈਏ। ਸ਼ਬਦ ਰਾਹੀਂ ਸਾਨੂੰ ਇਸੇ ਗੱਲ ਲਈ ਹੀ ਸੁਚੇਤ ਕੀਤਾ ਹੋਇਆ ਹੈ। ਗੁਰੂ ਪ੍ਰਮਾਤਮਾ ਕੋਲੋਂ ਮਾਨ ਸਾਨੂੰ ਸਾਡੀ ਕਰਨੀ ਦੁਆਰਾ ਮਿਲਦਾ ਹੈ ਨਾ ਕਿ ਕਥਨੀ ਦੁਆਰਾ। ਅਸੀਂ ਜਿਨ੍ਹਾਂ ਨੂੰ ਉੱਚਾ ਥਾਪਦੇ ਹਾਂ ਉਹਨਾਂ ਨੂੰ ਕਥਨੀ ਦਾ ਮਾਨ ਦਿੰਦੇ ਹਾਂ। (**ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ॥**) ਅੱਜ ਅਗਰ ਦੁਨਿਆਵੀ ਸੰਤਾਂ ਦੀ ਗਿਣਤੀ ਕਰਨ ਲੱਗੀਏ ਤਾਂ ਕੀਤੀ ਨਹੀਂ ਜਾ ਸਕਦੀ। ਜਗਤ ਦੇ ਉਸ ਸੰਤ ਦੀ ਸੋਝੀ ਪੈਣੀ ਕਿਤਨੀ ਕੁ ਔਖੀ ਹੈ, ਕਿਤਨੀ ਵੱਡੀ ਗੱਲ ਹੈ, ਇਹ ਗੱਲ ਬਾਣੀ ਵਿੱਚ ਹੀ ਸਮਝਾਈ ਹੋਈ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਪਿੱਛੇ ਵੀ ਸਮਝਾਇਆ ਹੈ।

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥੨॥}

(ਅੰਗ - ੧੩੯੫-੧੩੯੬)

ਇਸ ਸ਼ਬਦ ਰਾਹੀਂ ਸਾਡਾ ਭੁਲੇਖਾ ਕੱਢਿਆ ਹੋਇਆ ਹੈ ਕਿ ਸੰਤ ਆਪ ਗੁਰੂ ਹੀ ਹੈ। ਸਾਫ ਸਮਝਾਇਆ ਹੈ ਕਿ ਸੰਤ ਸਾਧ ਅਖਵਾਉਣ ਵਾਲੇ ਬੜੇ ਡਿੱਠੇ ਹਨ, ਸਾਲ ਭਰ ਖੋਜਦੇ ਰਹੇ ਹਾਂ ਪਰ ਕਿਸੇ ਨੇ ਵੀ ਤਸੱਲੀ ਨਹੀਂ ਕਰਾਈ। ਹੁਣ ਸੋਚੋ ਗੁਰੂ ਸਾਹਿਬਾਨ ਦੇ ਸਮੇਂ ਕਿਤਨੀ ਉੱਚੀ-ਉੱਚੀ ਅਵੱਸਥਾ ਵਾਲੇ ਪੁਰਸ਼ ਹੋਏ ਹਨ। ਉਨ੍ਹਾਂ ਦੀ ਇਤਨੀ ਉੱਚੀ ਸੋਝੀ ਹੁੰਦੇ ਹੋਏ ਵੀ ਉਨ੍ਹਾਂ ਨੂੰ ਸੰਤ ਕਹਿ ਕੇ ਨਹੀਂ ਸੰਬੋਧਨ ਕੀਤਾ ਕਿਉਂਕਿ ਉਹ ਆਪ ਸੰਤ ਦੀ ਮਹਿਮਾ ਨੂੰ ਸਮਝਦੇ ਸਨ ਤੇ ਇਹ ਜਾਣਦੇ ਸਨ ਕਿ ਜਿਸ ਦੇ ਅੰਦਰ ਉਹ "ਸੰਤ ਰੂਪ ਪ੍ਰਮਾਤਮਾ" ਪ੍ਰਗਟ ਹੋ ਜਾਂਦਾ ਹੈ ਉਹ ਫਿਰ ਪ੍ਰਮਾਤਮਾ ਨੂੰ ਹੀ ਸੰਤ ਸਮਝਦਾ ਹੈ, ਨਾ ਕਿ ਆਪਣੇ ਆਪ ਨੂੰ। ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਉਸਦਾ ਗੁਰੂ ਰੂਪ ਹੀ ਉਸਦਾ ਸੰਤ ਰੂਪ ਹੈ। ਆਪਣੇ ਆਪ ਨੂੰ ਸੰਤ ਉਹੀ ਕਹਿ ਸਕਦਾ ਹੈ ਜਿਸ ਨੇ ਆਪਣੇ ਅੰਦਰੋਂ ਅਸਲ "ਸੰਤ" ਦੇ ਦਰਸ਼ਨ ਨਹੀਂ ਕੀਤੇ ਹੁੰਦੇ, ਜਿਸਨੂੰ ਆਪਣੀ ਹੋਂਦ ਦੀ ਸਮਝ ਨਹੀਂ ਆਈ, ਜਿਸ ਦੀ ਆਪਣੀ ਹਉਮੈ ਨਹੀਂ ਨਿਕਲੀ। ਬਾਣੀ ਦੇ ਵਿੱਚ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਵੀ ਤ੍ਰੈਗੁਣਾਂ ਵਿੱਚ ਦੱਸਿਆ ਗਿਆ ਹੈ ਭਾਵ ਉਹ ਵੀ ਆਪਣੇ ਅੰਦਰੋਂ ਉਸ ਬ੍ਰਹਮਗਿਆਨੀ, ਸੰਤ ਨੂੰ ਪਹਿਚਾਣ ਨਹੀਂ ਸਕੇ। ਇਤਨਾ ਉੱਚਾ ਗਿਆਨ ਹੁੰਦੇ ਹੋਏ ਵੀ ਉਨ੍ਹਾਂ ਨੂੰ ਤ੍ਰੈਗੁਣਾਂ ਵਿੱਚ ਇਸੇ ਲਈ ਕਿਹਾ ਹੈ ਕਿ ਉਨ੍ਹਾਂ ਨੇ ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਗਿਆਨ ਮੰਨਿਆ ਹੈ ਭਾਵ ਆਪੇ ਵਿੱਚ ਹੀ ਰਹੇ ਹਨ। ਜੋ ਅੰਦਰ ਬੈਠਾ ਸਾਰਾ ਗਿਆਨ ਦੇ ਰਿਹਾ ਹੈ, ਜਿਸਦਾ ਹੁਕਮ ਸਾਡੇ ਅੰਦਰ ਚੱਲ ਰਿਹਾ ਹੈ, ਉਸਨੂੰ ਪਹਿਚਾਣ ਨਹੀਂ ਸਕੇ ਤੇ ਆਪਣੇ ਆਪ ਨੂੰ ਹੀ ਵੱਡਾ ਅਖਵਾ ਲਿਆ, ਆਪਣੀ ਹੋਂਦ ਹੀ ਸਮਝੀ ਰੱਖੀ ਜਦਕਿ ਇਸ

ਮਨੁੱਖੀ ਦੇਹ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ, ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਾਡੀ ਹੋਂਦ ਕੇਵਲ ਸਾਡਾ ਇੱਕ ਭੁਲੇਖਾ ਹੈ। ਇਸ ਭੁਲੇਖੇ ਦੇ ਰਹਿੰਦਿਆਂ ਉਸ ਅੰਦਰ ਦੇ ਬ੍ਰਹਮਗਿਆਨੀ ਦੀ, ਸੰਤ ਦੀ, ਸਾਧ ਦੀ ਸੋਝੀ ਨਹੀਂ ਪੈ ਸਕਦੀ। ਇਹ ਮਨੁੱਖ ਦਾ ਭੁਲੇਖਾ ਉਹ ਆਪ ਹੀ ਕੱਢ ਸਕਦਾ ਹੈ ਕਿਉਂਕਿ ਮਨੁੱਖ ਦੇ ਰੂਪ ਵਿੱਚ ਉਹ ਆਪ ਹੀ ਵਰਤ ਰਿਹਾ ਹੈ, ਨਿਰਗੁਣ, ਸਰਗੁਣ ਸਰੂਪ ਰੂਪ ਦੋਨੋਂ ਉਸੇ ਦੇ ਹੀ ਹਨ। ਇਸ ਲਈ ਬਾਣੀ ਵਿੱਚ ਕਈ ਵਾਰ ਮਨੁੱਖਾਂ ਨੂੰ ਸੰਤ, ਸਾਧ ਕਹਿ ਕੇ ਵੀ ਸੰਬੋਧਨ ਕੀਤਾ ਹੈ ਜੋ ਕਿ ਸੰਤ, ਸਾਧ ਅਖਵਾਉਣ ਵਾਲਿਆਂ ਨੂੰ ਕੁੱਝ ਸਮਝਾਉਣ ਲਈ ਕੀਤਾ ਹੈ ਭਾਵ ਇਹ ਜਤਾਇਆ ਹੈ ਕਿ ਤੁਹਾਨੂੰ ਗੁਰਮਤਿ ਦੀ ਪੂਰੀ ਸਮਝ ਨਹੀਂ ਹੈ। ਅਸਲ ਵਿੱਚ ਸੰਤ ਗੁਰੂ ਨੂੰ, ਪ੍ਰਮਾਤਮਾ ਨੂੰ ਹੀ ਕਿਹਾ ਹੈ, ਮਨੁੱਖ ਨੂੰ ਨਹੀਂ ਕਿਹਾ। ਇਸ ਲਈ ਸਾਡਾ ਭੁਲੇਖਾ ਦੂਰ ਕਰਨ ਲਈ ਵਾਰ-ਵਾਰ ਗੁਰੂ ਨੂੰ ਹੀ ਸੰਤ, ਸਾਧ ਕਹਿ ਕੇ ਸੰਬੋਧਨ ਕੀਤਾ ਹੈ, ਅਨੇਕਾਂ ਸ਼ਬਦਾਂ ਦੁਆਰਾ ਕੀਤਾ ਹੈ ਜਿਸ ਨੂੰ ਕਿ ਬਹੁਤ ਬਰੀਕੀ ਨਾਲ ਸਮਝਣ ਦੀ ਲੋੜ ਹੈ । ਸਾਡੇ ਅੰਦਰ ਦੀ "ਮੈਂ" ਵਿੱਚ ਸੰਤ ਨਹੀਂ ਹੈ ਬਲਕਿ ਤੂੰ ਦੇ ਵਿੱਚ ਹੈ। ਸਾਨੂੰ "ਮੈਂ" ਤੋਂ "ਤੂੰ" ਬਣਨ ਲਈ ਪ੍ਰੇਰਿਆ ਹੈ।

ਜਿਤਨੀਆਂ ਵੀ ਜਥੇਬੰਦੀਆਂ, ਸੰਪ੍ਰਦਾਵਾਂ, ਸੰਸਥਾਵਾਂ, ਡੇਰੇ ਆਦਿ ਹੋਂਦ ਵਿੱਚ ਆਉਂਦੇ ਹਨ, ਆਪਣੇ ਵੱਲੋਂ ਸਭ ਦਾ ਉਪਰਾਲਾ ਧਰਮ ਦਾ ਪ੍ਰਚਾਰ ਕਰਨਾ ਹੀ ਹੁੰਦਾ ਹੈ, ਲੋਕਾਂ ਨੂੰ ਧਰਮ ਦੇ ਮਾਰਗ ਨਾਲ ਜੋੜਨ ਦਾ ਹੀ ਹੁੰਦਾ ਹੈ, ਧਰਮ ਦੀ ਰੱਖਿਆ ਲਈ ਹੁੰਦਾ ਹੈ ਜਿਸ ਕਰਕੇ ਆਮ ਲੋਕ ਉਹਨਾਂ ਨਾਲ ਜੁੜਨੇ ਸ਼ੁਰੂ ਹੋ ਜਾਂਦੇ ਹਨ। ਲੇਕਿਨ ਧਿਆਨ ਨਾਲ ਵਿਚਾਰੀਏ ਤਾਂ ਇੱਕ ਦਾ ਮਤ ਦੂਸਰੇ ਨਾਲ ਨਹੀਂ ਮਿਲਦਾ। ਹਰ ਕੋਈ ਆਪਣੀ ਮਤਿ ਦਾ ਪ੍ਰਚਾਰ ਕਰਦਾ ਹੈ ਅਤੇ ਉਸ ਨੂੰ ਹੀ ਉੱਚਾ ਕਰਨਾ ਚਾਹੁੰਦਾ ਹੈ। ਐਸਾ ਕਰਨ ਨਾਲ ਸਾਡੇ ਗੁਰਮਤਿ ਬਾਰੇ ਭੁਲੇਖੇ ਨਿਕਲਣ ਦੀ ਬਜਾਇ ਉਲਟੇ ਵੱਧਦੇ ਹੀ ਜਾਂਦੇ ਹਨ। ਇਨ੍ਹਾਂ ਗੱਲਾਂ ਤੋਂ ਬਚਣ ਲਈ ਇੱਕੋ ਇੱਕ ਤਰੀਕਾ ਇਹ ਹੈ ਕਿ ਅਸੀਂ ਸਿੱਧੇ ਤੌਰ ਤੇ ਗੁਰਬਾਣੀ ਨਾਲ ਜੁੜੇ ਰਹੀਏ, ਗੁਰੂ ਦੀ ਮਤਿ ਨਾਲ ਜੁੜੇ ਰਹੀਏ। ਕੇਵਲ ਗੁਰੂ ਹੀ ਸਾਨੂੰ ਧਰਮ ਦੇ ਸਹੀ ਮਾਰਗ ਤੇ ਪਾ ਸਕਦਾ ਹੈ, ਮਨੁੱਖਤਾ ਦਾ ਮਾਰਗ ਵਿਖਾ ਸਕਦਾ ਹੈ ਤਾਂ ਜੋ ਸਾਨੂੰ ਮਨੁੱਖ-ਮਨੁੱਖ ਵਿੱਚ ਫਰਕ ਨਾ ਲੱਗੇ।

ਆਓ ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਬਾਰੇ ਜਾਣੀਏ ਕਿ ਗੁਰੂ ਸਾਹਿਬ ਨੇ ਕੀ ਸਮਝਾਇਆ ਹੈ।

"ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥"

ਸਾਰੇ ਫਲ ਦੇਣ ਵਾਲਾ ਪ੍ਰਮਾਤਮਾ ਆਪ ਹੈ, ਗੁਰੂ ਆਪ ਹੈ ਤੇ ਉਸਦਾ ਨਾਮ ਸਾਡੇ ਲਈ ਅੰਮ੍ਰਿਤ ਹੈ ਭਾਵ ਉਸ ਦੀ ਮਤਿ ਅੰਮ੍ਰਿਤ ਹੈ ਭਾਵ ਸਾਨੂੰ ਗੁਰੂ ਦੀ ਮਤਿ ਨਾਲ ਜੁੜਨ ਲਈ ਪ੍ਰੇਰਿਆ ਹੈ ਨਾ ਕਿ ਕਿਸੇ ਹੋਰ ਦੀ ਮਤਿ ਨਾਲ। ਜਿਹੜਾ ਆਪ ਸਫਲ ਹੈ ਸਾਰੇ ਫਲਾਂ ਦਾ ਮਾਲਕ ਹੈ, ਫਲ ਸਾਨੂੰ ਉਸ ਦੇ ਕੋਲੋਂ ਹੀ ਮਿਲ ਸਕਦਾ ਹੈ ਜੋ ਫਲ ਉਸਦੇ ਨਾਲ ਮੇਲ ਦੇ ਰੂਪ ਵਿਚ ਮਿਲਦਾ ਹੈ।

ਜਿਹੜਾ ਗੁਰੂ ਦੇ ਇਸ ਗੁਰਮਤਿ ਰੂਪ ਅੰਮ੍ਰਿਤ ਨੂੰ ਪੀਂਦਾ ਹੈ, ਤ੍ਰਿਪਤੀ ਉਸੇ ਦੀ ਹੁੰਦੀ ਹੈ ਭਾਵ ਜੋ ਗੁਰੂ ਦੀ ਮਤਿ ਨੂੰ, ਗੁਰੂ ਦੇ ਨਾਮ ਨੂੰ ਆਪਣੇ ਅੰਦਰ ਵਸਾਉਂਦਾ ਹੈ, ਉਸ ਤੇ ਅਮਲ ਕਰਦਾ ਹੈ ਉਸਦਾ ਹੀ ਮਨ ਤ੍ਰਿਪਤ ਹੁੰਦਾ ਹੈ, ਸ਼ਾਂਤ ਹੁੰਦਾ ਹੈ, ਸੰਤੋਖ ਵਿੱਚ ਆਉਂਦਾ ਹੈ, ਤ੍ਰਿਸ਼ਨਾਵਾਂ ਤੋਂ ਪਾਰ ਪਾਉਂਦਾ ਹੈ ਤੇ ਗੁਰੂ ਵੀ ਇਹੋ ਜਿਹੇ ਮਨੁੱਖਾਂ ਤੋਂ ਬਲਿਹਾਰੈ ਜਾਂਦਾ ਹੈ ਭਾਵ ਪ੍ਰਮਾਤਮਾ ਕੋਲੋਂ ਉਹ ਹੀ ਮਾਨ ਪਾਉਂਦਾ ਹੈ, ਸ਼ਾਬਾਸ਼ੀ ਲੈਂਦਾ ਹੈ ਜੋ ਉਸ ਦੀ ਮਤਿ ਤੇ ਚੱਲਦਾ ਹੈ, ਉਸਦਾ ਅੰਮ੍ਰਿਤ ਛਕਦਾ ਹੈ ਜੋ ਭੋਜਨ ਸਾਡੀ ਸਮਝ ਦੇ ਛਕਣ ਦਾ ਅੰਮ੍ਰਿਤ ਭੋਜਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਜੋ ਇਹ ਮਨ ਦਾ ਅੰਮ੍ਰਿਤ ਪੀਂਦਾ ਹੈ, ਉਹੀ ਉਸਦਾ ਨਾਮ ਜਪਦਾ ਹੈ। ਇਹ ਅੰਮ੍ਰਿਤ ਛੱਕ ਕੇ ਅਸੀਂ ਤ੍ਰਿਪਤ ਹੋਣਾ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਤ੍ਰਿਪਤ ਹੋਣਾ ਹੈ, ਮਾਇਆ ਮੋਹ ਤੋਂ ਤ੍ਰਿਪਤ ਹੋਣਾ ਹੈ। **(ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ॥੨॥)**

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥}

(ਅੰਗ ੧੦੨)

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥

ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥}

(ਅੰਗ ੬੪੫)

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥}

(ਅੰਗ ੧੪੨੯)

ਸਾਰੀ ਬਾਣੀ ਵਿੱਚ ਇਹ "ਅੰਮ੍ਰਿਤ ਨਾਮ" ਹੀ ਪਿਆ ਹੋਇਆ ਹੈ, ਇਹ ਅੰਮ੍ਰਿਤ ਭੋਜਨ ਹੀ ਪਿਆ ਹੋਇਆ ਹੈ। ਸਾਰੀ ਬਾਣੀ ਦੇ ਵਿੱਚ ਗੁਰੂ ਦੀ ਮਤਿ ਹੀ ਪਈ ਹੋਈ ਹੈ। ਇਹ ਹੀ ਅੰਮ੍ਰਿਤ ਹੈ, ਇਹ ਹੀ ਭੋਜਨ ਹੈ ਜਿਸ ਨੂੰ ਅਸੀਂ ਹਰ ਵੇਲੇ ਛਕਣਾ ਹੈ, ਦਿਨ ਰਾਤ ਛਕਣਾ ਹੈ, ਅੱਠੇ ਪਹਿਰ ਛਕਣਾ ਹੈ ਤੇ ਤਾਂ ਹੀ ਸਾਡਾ ਉਧਾਰ ਹੋ ਸਕਦਾ ਹੈ। ਇਸ ਭੋਜਨ ਨੂੰ ਛਕ ਕੇ ਇਸ ਨੂੰ ਭੁੰਚਣਾ ਵੀ ਹੈ ਭਾਵ

4/333

ਗੁਰੂ ਦੀ ਮਤਿ ਨੂੰ ਲੈ ਕੇ ਉਸ ਤੇ ਅਮਲ ਵੀ ਕਰਨਾ ਹੈ, ਉਸਨੂੰ ਆਪਣੇ ਅੰਦਰ ਵਿਚਾਰਨਾ ਹੈ ਤੇ ਤਾਂ ਹੀ ਸਾਨੂੰ ਸਤਿ, ਸੰਤੋਖ ਦੀ ਪ੍ਰਾਪਤੀ ਹੋਵੇਗੀ, ਸਾਡੀ ਤ੍ਰਿਪਤੀ ਹੋਵੇਗੀ। ਆਓ ਇਹੋ ਜਿਹਾ ਅੰਮ੍ਰਿਤ ਛਕੀਏ ਤੇ ਆਪਣਾ ਉਧਾਰ ਕਰੀਏ। ਇਹ ਅੰਮ੍ਰਿਤ ਨਾਮ ਸਾਰੀ ਦੁਨੀਆਂ ਲਈ ਹੈ, ਹਰ ਕਿਸੇ ਲਈ ਹੈ, ਹਰ ਧਰਮ ਗ੍ਰੰਥ ਦੇ ਮੰਨਣ ਵਾਲੇ ਲਈ ਹੈ, ਸਾਰੀ ਮਨੁੱਖਤਾ ਦੇ ਲਈ ਹੈ ਜਿਸ ਨਾਮ ਨੂੰ ਜਪਣ ਦਾ ਤਰੀਕਾ ਸਾਰੀ ਮਨੁੱਖਤਾ ਲਈ ਇੱਕੋ ਜਿਹਾ ਹੀ ਹੈ।

(ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥)

(ਅੰਗ ੬੪੭)

ਇਹ ਅੰਮ੍ਰਿਤ ਨਾਮ ਸਾਰੀ ਦੁਨੀਆ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ। ਇਹ ਅੰਮ੍ਰਿਤ ਹੀ ਸੱਚ ਹੈ ਤੇ ਸੱਚ ਹੀ ਸਾਰੀ ਮਨੁੱਖਤਾ ਲਈ ਧਰਮ ਹੈ। ਇਹ "ਅੰਮ੍ਰਿਤ" ਗੁਣਾਂ ਦਾ ਖਜ਼ਾਨਾ ਹੈ ਤੇ ਇਨ੍ਹਾਂ ਗੁਣਾਂ ਦੁਆਰਾ ਵਿਚਰਨਾ ਹੀ ਸਾਰੀ ਦੁਨੀਆਂ ਦਾ ਧਰਮ ਹੈ। ਇਹ ਅੰਮ੍ਰਿਤ ਸਾਡੇ ਮਨ ਨੇ ਛਕਣਾ ਹੈ, ਗੁਰੂ ਦੀ ਮਤਿ ਨੂੰ ਸਾਡੇ ਮਨ ਨੇ ਕਬੂਲ ਕਰਨਾ ਹੈ ਤੇ ਉਹ ਸਭ ਲਈ ਇੱਕੋ ਜਿਹੀ ਗੱਲ ਹੈ। ਕੋਈ ਵੀ ਇਹ ਅੰਮ੍ਰਿਤ ਛਕ ਸਕਦਾ ਹੈ ਅਤੇ ਗੁਰੂ ਵਾਲਾ ਬਣ ਸਕਦਾ ਹੈ ਭਾਵ ਗੁਰੂ ਦੀ ਮਤਿ ਵਾਲਾ ਬਣ ਸਕਦਾ ਹੈ ਤੇ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸੱਚਾ ਸੁੱਚਾ ਬਣ ਕੇ, ਚੰਗੇ ਕਰਮ ਕਰਕੇ, ਮਨੁੱਖਤਾ ਦਾ ਭਲਾ ਕਰਕੇ ਆਪਣ ਅੱਗਾ ਸਵਾਰ ਸਕਦਾ ਹੈ, ਮੋਖ ਦੁਆਰ ਪਾ ਸਕਦਾ ਹੈ, ਆਪਣਾ ਉਧਾਰ ਕਰ ਸਕਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਸਾਰੇ ਜਗ ਲਈ ਹੈ, ਹਰ ਕਿਸੇ ਲਈ ਹੈ। ਉਹਦੇ ਲਈ ਹਰ ਕੋਈ ਇੱਕੋ ਜਿਹਾ ਹੈ, ਕੋਈ ਮਾੜਾ ਚੰਗਾ ਨਹੀਂ ਹੈ, ਕੋਈ ਖਾਸ ਆਪਣਾ ਜਾਂ ਬਿਗਾਨਾ ਨਹੀਂ ਹੈ, ਉਹ ਆਪਣੀ ਦਾਤ ਕਿਸੇ ਨੂੰ ਵੀ ਦੇ ਸਕਦਾ ਹੈ, ਉਸਦੇ ਅੱਗੇ ਅਰਦਾਸ ਹਰ ਕੋਈ ਕਰ ਸਕਦਾ ਹੈ। ਇਹ ਅਰਦਾਸ ਉਸਦਾ ਅੰਮ੍ਰਿਤ ਛਕਣ ਦਾ ਉੱਦਮ ਕਰਨ ਦੁਆਰਾ ਹੀ ਹੁੰਦੀ ਹੈ, ਉਸਦਾ ਨਾਮ ਜਪਣ ਦਾ ਉੱਦਮ ਕਰਨ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਸਭ ਦੀ ਪਰਖ ਉਸਦੇ ਅੰਦਰ ਦੇ ਸੱਚ ਦੁਆਰਾ ਹੀ ਕਰਦਾ ਹੈ, ਗੁਰਮਤਿ ਵਾਲੀ ਸਮਝ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣੇ ਨੇੜੇ ਲਗਾਉਂਦਾ ਹੈ, ਆਪਣੇ ਪਿਆਰ ਵਾਲਾ ਬਣਾਉਂਦਾ ਹੈ। ਪ੍ਰਮਾਤਮਾ ਦੇ ਨਾਲ ਸਾਡੀ ਦੂਰੀ ਜਾਂ ਨੇੜਤਾ ਸਾਡੇ ਮਨ ਦੀ ਸਮਝ ਤੈਅ ਕਰਦੀ ਹੈ। ਮਨ ਦੀ ਸਮਝ ਸਾਡੀ ਨੀਅਤ ਤੈਅ ਕਰਦੀ ਹੈ ਕਿ ਮਨੁੱਖ ਚੰਗੀ ਨੀਅਤ ਵਾਲਾ ਹੈ ਜਾਂ ਮਾੜੀ ਨੀਅਤ ਵਾਲਾ ਹੈ। ਪ੍ਰਮਾਤਮਾ ਨੂੰ ਮਨੁੱਖ ਦੀ ਚੰਗੀ ਨੀਅਤ ਭਾਉਂਦੀ ਹੈ ਜੋ ਕਿ ਕਿਸੇ ਦੀ ਵੀ ਹੋ ਸਕਦੀ ਹੈ, ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਭਾਵ ਨਾਮ ਜਪਣ ਦੁਆਰਾ ਹੋ ਸਕਦੀ ਹੈ, ਉਸਦਾ ਅੰਮ੍ਰਿਤ ਭੋਜਨ ਛਕਣ ਦੁਆਰਾ ਹੋ ਸਕਦੀ ਹੈ ਜੋ ਅੰਮ੍ਰਿਤ ਭੋਜਨ ਭਾਵ ਨਾਮ ਦੀ ਮਤਿ ਵਾਲਾ ਭੋਜਨ ਸਾਰੇ ਧਰਮ ਗ੍ਰੰਥਾਂ ਦੇ ਵਿੱਚ ਹੈ। ਜਿੱਥੋਂ ਕੋਈ ਚਾਹੇ ਇਹ ਅੰਮ੍ਰਿਤ ਭੋਜਨ ਛਕ ਸਕਦਾ ਹੈ ਤੇ ਆਪਣੀ ਨੀਅਤ ਚੰਗੀ ਬਣਾ ਸਕਦਾ ਹੈ, ਵਿਕਾਰ ਤਿਆਗ ਕੇ ਬਣਾ ਸਕਦਾ ਹੈ ਜਿਸ ਦੁਆਰਾ ਫਿਰ ਉਹ ਮਾੜੇ ਕਰਮ ਨਹੀਂ ਕਰਦਾ, ਚੰਗੀ ਨੀਅਤ ਨਾਲ ਚੰਗੇ ਕਰਮ ਹੀ ਕਰਦਾ ਹੈ। ਪ੍ਰਮਾਤਮਾ ਆਪਣਾ ਮੇਲ ਚੰਗੀ ਨੀਅਤ ਵਾਲੇ ਮਨੁੱਖ ਨਾਲ ਹੀ ਕਰਦਾ ਹੈ।

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੮੩)

ਹੁਣ ਮੁੱਖ ਸ਼ਬਦ ਦੀ ਵਿਆਖਿਆ ਨੂੰ ਅੱਗੇ ਵਧਾਉਂਦੇ ਹੋਏ ਇਹ ਜਾਣੀਏ ਕਿ ਅਗਲੀਆਂ ਪੰਗਤੀਆਂ ਵਿੱਚ ਕੀ ਸਮਝਾਇਆ ਹੋਇਆ ਹੈ। ਉਹ ਪ੍ਰਮਾਤਮਾ ਸਾਡੇ ਨਾਲ ਹੀ ਵੱਸ ਰਿਹਾ ਹੈ ਜਿਸਨੂੰ ਕਿ ਅਸੀਂ ਆਪਣੇ ਅੰਦਰੋਂ ਪਹਿਚਾਨਣਾ ਹੈ, ਆਪਣੇ ਆਪ ਨੂੰ ਪਹਿਚਾਨਣਾ ਹੈ, ਕਿ "ਮੈਂ" ਕੀ ਹਾਂ। ਜੇ ਆਪਣੇ ਆਪ ਦੀ ਸਮਝ ਆ ਜਾਵੇਗੀ ਤੇ ਫਿਰ ਪ੍ਰਮਾਤਮਾ ਦੀ ਸਮਝ ਵੀ ਆ ਜਾਵੇਗੀ।

4/334

ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਣੀ ਜਾਂ ਆਪਣੇ ਆਪ ਦੀ ਸਮਝ ਪੈਣੀ ਇੱਕੋ ਗੱਲ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਲੱਗਦੀ ਕਿਉਂਕਿ ਸਾਡੀ ਸਮਝ ਸਾਡੇ ਵੱਸ ਨਹੀਂ ਹੈ। ਸਾਡੀ ਸਮਝ ਕਿਸ ਦੇ ਵੱਸ ਹੈ ਇਸ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਦ ਹੀ ਪੈਂਦੀ ਹੈ।

(ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ॥) ਇਹ ਉਸਦੀ ਕਿਰਪਾ ਨਾਲ ਹੀ ਸਮਝ ਲੱਗ ਸਕਦੀ ਹੈ। ਕਿ ਮੈਂ ਕੀ ਹਾਂ ਭਾਵ ਮਨੁੱਖ ਦੇ ਰੂਪ ਵਿੱਚ ਮੈਂ ਕੀ ਹਾਂ, ਕੌਣ ਹਾਂ।

ਸਾਨੂੰ ਇਹ ਸੋਝੀ ਕਿਉਂ ਨਹੀਂ ਪੈਂਦੀ, ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਿਉਂ ਨਹੀਂ ਜਾਣ ਸਕਦੇ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ, ਜਿਸ ਨੂੰ ਕਿ ਕੁੱਝ ਬਰੀਕੀ ਨਾਲ ਸਮਝਣ ਦੀ ਲੋੜ ਹੈ।

"ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥੩॥"

ਅਸੀਂ ਆਪਣੇ ਅੰਦਰ ਪ੍ਰਮਾਤਮਾ ਨੂੰ ਹੁੰਦੇ ਹੋਏ ਵੀ ਕਿਉਂ ਨਹੀਂ ਲੱਭ ਸਕਦੇ, ਜਾਣ ਸਕਦੇ, ਲੈ ਸਕਦੇ, ਇਹੀ ਗੱਲ ਸਾਨੂੰ ਉੱਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਨਾਲ ਸਾਡੀ ਮੇਲ ਦੇ ਵਿੱਚ ਕੀ ਰੁਕਾਵਟ ਹੈ, ਇਹ ਗੱਲ ਸਮਝਾਈ ਹੋਈ ਹੈ। ਗੱਲ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਤੇ ਸਾਡੇ ਅੰਦਰ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ ਤੇ ਉਸਦੇ ਮਨ ਦੇ ਅੰਦਰ ਹੁੰਦੇ ਹੋਏ ਵੀ, ਉਸਦੇ ਵਰਤਦੇ ਹੋਏ ਵੀ ਉਸਨੂੰ ਜਾਣ ਨਾ ਸਕੀਏ, ਪ੍ਰਮਾਤਮਾ ਨੇ ਸਾਡੇ ਮਨ ਦੇ ਵਿੱਚ ਹੀ ਪੜਦਾ ਪਾ ਕੇ ਸਾਨੂੰ ਮਨੁੱਖੀ ਹੋਂਦ ਵਿੱਚ ਰੱਖਿਆ ਹੋਇਆ ਹੈ, "ਹਉਮੈ" ਵਿੱਚ ਰੱਖਿਆ ਹੋਇਆ ਹੈ। ਸਾਡੇ ਅੰਦਰ ਜੋ ਇਹ ਪਾਲਿ ਹੈ, ਦੀਵਾਰ ਹੈ ਇਹ ਸਾਡੀ ਮਨ ਦੀ ਸਮਝ ਦੇ ਵਿੱਚ ਪੜਦਾ ਹੈ ਜੋ ਪੜਦਾ ਪ੍ਰਮਾਤਮਾ ਨੇ ਸਭ ਦੇ ਅੰਦਰ ਆਪ ਹੀ ਪਾਇਆ ਹੋਇਆ ਹੈ। ਇਸ ਨੂੰ ਹੀ ਹੋਰ ਸ਼ਬਦਾਂ ਰਾਹੀਂ ਹਉਮੈ ਦਾ ਪੜਦਾ, ਕੂੜੈ ਦੀ ਪਾਲਿ, ਭੰਬੀਰੀ ਦੇ ਪਰਾਂ ਦਾ ਪਰਦਾ ਕਹਿ ਕੇ ਸੰਬੋਧਨ ਕੀਤਾ ਹੋਇਆ ਹੈ। ਪ੍ਰਮਾਤਮਾ ਅਸਲ ਵਿੱਚ ਸਭ ਕੁੱਝ ਆਪ ਹੀ ਹੈ ਪਰ ਸਾਨੂੰ ਉਸਨੇ ਜਾਣ ਬੁੱਝ ਕੇ ਭੁਲੇਖੇ ਵਿੱਚ ਰੱਖ ਕੇ ਆਪਣੀ ਖੇਡ ਬਣਾਈ ਹੋਈ ਹੈ। ਮਨੁੱਖ ਜੋ ਕੁੱਝ ਵੀ ਆਪਣੇ ਆਪ ਨੂੰ ਸਮਝਦਾ ਹੈ ਉਹ ਆਪਣੇ ਅੰਦਰ ਦੇ ਗਿਆਨ ਦੁਆਰਾ, ਮਨ ਦੇ ਗਿਆਨ ਦੁਆਰਾ, ਮਨ ਦੀ ਸੋਚ ਦੁਆਰਾ ਸਮਝਦਾ ਹੈ। ਸਾਡੀ ਸੋਚ ਹੀ ਸਾਨੂੰ ਸਮਝਾਉਂਦੀ ਹੈ ਕਿ ਅਸੀਂ "ਮਨੁੱਖ ਹਾਂ"। ਬਸ ਇੱਥੇ ਹੀ ਸਾਰਾ ਭੇਦ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ, ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਜਦ ਤੱਕ ਸਾਨੂੰ ਸਾਡੇ ਅੰਦਰ ਦੀ "ਸੋਚ" ਦੀ ਸਮਝ ਨਹੀਂ ਲੱਗਦੀ, ਅਸੀਂ ਆਪਣੇ ਆਪ ਨੂੰ ਮਨੁੱਖ ਹੀ ਸਮਝਾਂਗੇ। ਅਸਲ ਵਿੱਚ ਇਹ ਸੋਚ ਸਾਡੀ ਨਹੀਂ ਹੈ, ਇਸ ਵਿੱਚ ਆਪ ਪ੍ਰਮਾਤਮਾ ਹੈ ਜੋ ਕਿ ਸਾਨੂੰ ਇਸ ਸੋਚ ਦੁਆਰਾ ਦਿੱਤੇ ਹੋਏ ਗਿਆਨ ਨਾਲ ਚਲਾ ਰਿਹਾ ਹੈ। ਇਹ ਪਰਦਾ ਸਾਡੀ ਸੋਚ ਦੇ ਵਿੱਚ ਹੈ ਤੇ ਜਦੋਂ ਪ੍ਰਮਾਤਮਾ ਇਹ ਪਰਦਾ ਹਟਾ ਦੇਵੇਗਾ ਤੇ ਸਾਨੂੰ ਉਸ ਦੀ ਸੋਝੀ ਪੈ ਜਾਵੇਗੀ, ਮਨ ਦੇ ਵਿੱਚੋਂ ਹੀ

4/335

ਉਸਦੇ ਦਰਸ਼ਨ ਹੋ ਜਾਣਗੇ, ਆਪਣੇ ਆਪ ਹੀ ਸੋਝੀ ਪੈ ਜਾਵੇਗੀ। ਇਹ ਪੜਦਾ ਹੀ ਉਹ ਬੰਧਨ ਹੈ, ਭਰਮ ਦਾ ਬੰਧਨ ਹੈ ਜਿਸ ਤੋਂ ਪ੍ਰਮਾਤਮਾ ਸਾਨੂੰ ਆਪ ਹੀ ਮੁਕਤ ਕਰਦਾ ਹੈ, ਮਨ ਦੀ ਸੋਝੀ ਦੁਆਰਾ ਮੁਕਤ ਕਰਦਾ ਹੈ। ਇਹ ਸੋਝੀ ਉਹ ਆਪ ਹੀ ਪਾ ਸਕਦਾ ਹੈ। ਜਿਸਨੇ ਪੜਦਾ ਪਾਇਆ ਹੈ ਉਹ ਆਪ ਹੀ ਪੜਦਾ ਹਟਾ ਸਕਦਾ ਹੈ। ਇਹ ਪੜਦਾ ਹਟਾਉਣ ਲਈ ਉਸਨੇ ਆਪਣੀ ਮਤਿ ਵੀ ਦਿੱਤੀ ਹੋਈ ਹੈ, ਆਪਣਾ ਨਿਯਮ ਵੀ ਬਣਾਇਆ ਹੋਇਆ ਹੈ ਜਿਸ ਤੇ ਭਰੋਸਾ ਕਰ ਕੇ ਹੀ ਉਸਦੇ ਆਪਣੇ ਅੰਦਰੋਂ

ਦਰਸ਼ਨ ਹੋ ਸਕਦੇ ਹਨ ਤੇ ਇਹ ਪੜਦਾ ਨਿਕਲ ਸਕਦਾ ਹੈ। ਅਗਰ ਧਿਆਨ ਨਾਲ ਵਿਚਾਰਾਂਗੇ ਤਾਂ ਇਹ ਪੜਦਾ ਗੁਰਮਤਿ ਤੇ ਮਨਮਤਿ ਦੇ ਵਿੱਚ ਹੈ। ਬਾਣੀ ਰਾਹੀਂ ਸਾਨੂੰ ਮਨਮਤਿ ਛੱਡ ਕੇ ਗੁਰਮਤਿ ਤੇ ਭਰੋਸਾ ਕਰਨ ਲਈ ਸਮਝਾਇਆ ਹੈ ਤੇ ਪ੍ਰਮਾਤਮਾ ਦਾ ਕਿਸੇ ਨੂੰ ਆਪਣੇ ਨਾਲ ਮਿਲਾਉਣ ਦਾ ਇਹੀ ਤਰੀਕਾ ਹੈ। ਗੁਰਮਤਿ ਵੀ ਮਨ ਦੇ ਵਿੱਚੋਂ ਹੀ ਉਪਜਣੀ ਹੈ ਤੇ ਮਨਮਤਿ ਵੀ ਉੱਥੋਂ ਹੀ ਆਉਂਦੀ ਹੈ। ਪ੍ਰਮਾਤਮਾ ਵੀ ਮਨ ਦੇ ਵਿੱਚ ਹੀ ਹੈ ਤੇ ਮਨੁੱਖ ਵੀ ਮਨ ਦੇ ਵਿੱਚ ਹੀ ਹੈ ਭਾਵ ਅਸਲ ਵਿੱਚ ਇਹ ਮਨ ਆਪ ਪ੍ਰਮਾਤਮਾ ਹੈ ਪਰ ਮਨੁੱਖ ਇਸ ਮਨ ਨੂੰ ਭਾਵ ਮਨ ਦੀ ਸਮਝ ਨੂੰ ਤੇ ਇਸ ਮਨੁੱਖੀ ਸਰੀਰ ਨੂੰ ਆਪਣਾ ਸਮਝਦਾ ਹੈ ਕਿਉਂਕਿ ਸਾਨੂੰ ਮਨ ਦੇ ਅੰਦਰੋਂ ਸਾਡੀ ਸਮਝ ਰਾਹੀਂ ਪ੍ਰਮਾਤਮਾ ਦੁਆਰਾ ਆਪਣੀ ਮਾਇਆ ਵਾਲੀ ਜੁਗਤਿ ਦੁਆਰਾ ਸਮਝਾਇਆ ਹੀ ਇਹ ਜਾਂਦਾ ਹੈ। ਇਸ ਗੱਲ ਦੀ ਸੋਝੀ ਹੇਠ ਲਿਖੇ ਸ਼ਬਦ ਦੁਆਰਾ ਪੈ ਜਾਵੇਗੀ ਜਿਸਦੀ ਵਿਆਖਿਆ ਪਹਿਲੇ ਹੀ ਕੀਤੀ ਜਾ ਚੁੱਕੀ ਹੈ। ਇਹ ਸਭ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੀ ਹੈ।

{ਅਕੁਲ ਪੁਰਖ ਇਕੁ ਚਲਿਤੁ ਉਪਾਇਆ॥
ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥੧॥
ਜੀਅ ਕੀ ਜੋਤਿ ਨ ਜਾਨੈ ਕੋਈ॥
ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥}

(ਅੰਗ ੧੩੫੧)

ਜਿਵੇਂ ਕਿ ਅਸੀਂ ਪਿੱਛੇ ਉਪਰਲੇ ਸ਼ਬਦ ਰਾਹੀਂ ਤੇ ਹੋਰ ਸ਼ਬਦਾਂ ਰਾਹੀਂ ਇਹ ਸਮਝਿਆ ਹੈ ਕਿ ਜੋ ਕੁਝ ਸਾਡੀ ਜੋਤਿ, ਸਾਡਾ ਮਨ, ਸਾਡੀ ਸੋਚ ਸਾਨੂੰ ਸਮਝਾਉਂਦੀ ਹੈ ਅਸੀਂ ਉਹ ਹੀ ਆਪਣੇ ਆਪ ਨੂੰ ਸਮਝਦੇ ਹਾਂ ਤੇ ਕਰਦੇ ਹਾਂ। ਸਾਡਾ ਮਨ ਹੀ ਸਾਨੂੰ ਇਹ ਸਮਝਾਉਂਦਾ ਹੈ ਕਿ ਮੈਂ ਜੋ ਕੁੱਝ ਵੀ ਕਰ ਰਿਹਾ ਹਾਂ ਉਹ ਮੈਂ ਆਪ ਹੀ ਕਰ ਰਿਹਾ ਹਾਂ ਪਰ ਸਾਡੇ ਕੋਲੋਂ ਅਸਲ ਵਿੱਚ ਕੌਣ ਕਰਵਾ ਰਿਹਾ ਹੈ, ਇਸ ਗੱਲ ਦੀ ਸਮਝ ਨਹੀਂ ਪੈਂਦੀ। ਗੁਣ ਵੀ ਸਾਡੇ ਮਨ ਨੇ ਕਰਨੇ ਹਨ ਤੇ ਔਗੁਣ ਵੀ ਸਾਡੇ ਮਨ ਨੇ ਕਰਨੇ ਹਨ। ਸਾਡੇ ਅੰਦਰ ਦਾ ਪੜਦਾ ਸਾਡੇ ਅੰਦਰ ਦੀ ਭਰਮਾਂ ਵਾਲੀ ਨਾ-ਸਮਝ ਮਤਿ ਹੈ ਜਿਸ ਕਰਕੇ ਅਸੀਂ ਗੁਰੂ ਦੀ ਮਤਿ ਨੂੰ ਨਾ ਸਮਝਣ ਕਰਕੇ ਉਸਦੇ ਉਲਟ ਚਲਦੇ ਹਾਂ, ਔਗੁਣ ਕਰਦੇ ਹਾਂ। ਪ੍ਰਮਾਤਮਾ ਜਿਸ ਮਨੁੱਖ ਦੀ ਸਮਝ ਵਿੱਚੋਂ ਇਹ ਪੜਦਾ ਹਟਾਉਂਦਾ ਹੈ, ਉਸਦੀ ਹੀ ਅਗਿਆਨਤਾ ਵਾਲੀ ਸਮਝ ਦੂਰ ਹੁੰਦੀ ਹੈ, ਹਉਮੈ ਦੂਰ ਹੁੰਦੀ ਹੈ ਤੇ ਮਨ ਦੇ ਵਿੱਚੋਂ ਹੀ ਸੱਚੀ ਗੁਰਮਤਿ ਦੀ ਸੋਝੀ ਪੈਂਦੀ ਹੈ ਜੋ ਕਿ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਮਨੁੱਖ ਨੂੰ ਔਗੁਣਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ। ਜਿਉਂ-ਜਿਉਂ ਮਨੁੱਖ ਔਗੁਣਾਂ ਨੂੰ ਛੱਡੀ ਜਾਂਦਾ ਹੈ

4/336

ਤੇ ਗੁਣਾਂ ਨੂੰ ਅਪਣਾਈ ਜਾਂਦਾ ਹੈ ਉਹ ਪ੍ਰਮਾਤਮਾ ਨੂੰ ਜਪੀ ਜਾਂਦਾ ਹੈ, ਉਹ ਮਨਮਤਿ ਤੋਂ ਦੂਰ ਹੋ ਕੇ ਗੁਰਮਤਿ ਦੇ ਨੇੜੇ ਲੱਗੀ ਜਾਂਦਾ ਹੈ, ਗੁਰੂ ਦੇ ਨੇੜੇ ਲੱਗੀ ਜਾਂਦਾ ਹੈ। ਜਦੋਂ ਗੁਰਮਤਿ ਮਨਮਤਿ ਨੂੰ ਖਾ ਜਾਂਦੀ ਹੈ, ਤਾਂ ਹੀ ਇਹ ਪੜਦਾ ਨਿਕਲਦਾ ਹੈ, ਹਉਮੈ ਨਿਕਲਦੀ ਹੈ ਤੇ ਪਿੱਛੇ ਕੇਵਲ ਗੁਰਮਤਿ ਰਹਿ ਜਾਂਦੀ ਹੈ ਭਾਵ ਉਹ ਪਰਦਾ ਉਤਰ ਗਿਆ, ‘‘ਹਉਮੈ ਹੀ’’ ਖਤਮ ਹੋ ਗਈ, ਅਗਿਆਨਤਾ ਹੀ ਖਤਮ ਹੋ ਗਈ, ‘‘ਮੈਂ’’ ਹੀ ਖਤਮ ਹੋ ਗਈ ਤਾਂ ਫਿਰ ਪਿੱਛੇ ਮਨ ਵਿੱਚ ਕੇਵਲ ‘‘ਨਾਮ’’ ਰਹਿ ਜਾਂਦਾ ਹੈ, ਗੁਰਮਤਿ ਰਹਿ ਜਾਂਦੀ ਹੈ, ਗੁਰੂ ਰਹਿ ਜਾਂਦਾ ਹੈ, ਪ੍ਰਮਾਤਮਾ ਰਹਿ ਜਾਂਦਾ ਹੈ ਭਾਵ ਉਸਦਾ ਸੱਚਾ ਗਿਆਨ ਰਹਿ ਜਾਂਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹੈ ਭਾਵ ਮਨੁੱਖ ਮਾਇਆ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਮਨ ਦੇ ਵਿੱਚ ਇਹ ਪੜਦਾ ਪ੍ਰਮਾਤਮਾ ਨੇ ਆਪਣੇ ਆਪ ਨੂੰ ਛੁਪਾਉਣ ਲਈ ਪਾਇਆ ਹੋਇਆ ਹੈ, ਆਪਣਾ ਸੱਚ ਛੁਪਾਉਣ ਲਈ ਪਾਇਆ ਹੋਇਆ ਹੈ। ਇਹ ਪੜਦਾ ਝੂਠ ਦੇ ਰੂਪ ਵਿੱਚ ਹੈ ਜਿਸ ਕਰਕੇ ਆਪਣੇ ਅੰਦਰੋਂ ਸੱਚ ਦੀ ਸਮਝ ਨਹੀਂ ਪੈਂਦੀ। ਜਦੋਂ ਪ੍ਰਮਾਤਮਾ ਆਪਣਾ ਕਦੇ ਸੱਚੁ ਰੂਪ ਜਾਹਰ ਕਰਨਾ ਚਾਹੁੰਦਾ ਹੈ ਭਾਵ ਆਪਣਾ ਆਪ ਪ੍ਰਗਟ ਕਰਨਾ ਚਾਹੁੰਦਾ ਹੈ, ਤਾਂ ਹੀ ਕਿਸੇ ਦੇ ਮਨ ਦੇ ਵਿੱਚੋਂ ਇਹ ਪੜਦਾ ਉਤਰਦਾ ਹੈ, ਝੂਠੀ ਸਮਝ ਰੂਪ ਪੜਦਾ ਉਤਰਦਾ ਹੈ। ਇਹ ਪੜਦਾ ਉਤਰਨ ਤੋਂ ਬਾਅਦ ਮਨ ਦੇ ਵਿੱਚ ਕੇਵਲ ਸੱਚ ਰਹਿ ਜਾਂਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਆਪ ਨੂੰ ਪਰਗਟ ਕਰਦਾ ਹੈ। ਆਪਣੇ ਅੰਦਰੋਂ ਇਹ ਪਰਦਾ ਉਤਾਰਨ ਦਾ ਤਰੀਕਾ, ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਵੀ ਮੁੱਖ ਸ਼ਬਦ ਦੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ ਆਪਣੇ ਅੰਦਰੋਂ ਪਿਆਸ ਨੂੰ ਬੁਝਾਉਣ ਦਾ ਹੈ ਭਾਵ ਤ੍ਰਿਸ਼ਨਾਵਾਂ ਨੂੰ ਛੱਡਣ ਦਾ ਹੈ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਮਾੜੇ ਕਰਮ ਕਰਦੇ ਹਾਂ, ਔਗੁਣ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ, ਨਾਮ ਦੇ ਉਲਟ ਚੱਲਦੇ ਹਾਂ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਔਗੁਣ ਰਹਿਤ ਹੋ ਕੇ ਚੰਗੇ ਕਰਮ ਕਰਨ ਦਾ ਹੀ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। **(ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥)**। ਸਾਡੀ ਮਨਮਤਿ ਨੂੰ ਗੁਰਮਤਿ ਵਿੱਚ ਉਹ ਆਪ ਹੀ ਬਦਲਦਾ ਹੈ ਤੇ ਇਹੀ ਉਸਦੀ ਕਿਰਪਾ ਹੈ।

ਇਸ ਪੰਗਤੀ ਵਿੱਚ ਇਹ ਪੜਦਾ, ਇਹ ਪਾਲਿ ਮਨ ਦੇ ਸਰੋਵਰ ਵਿੱਚ ਕਹਿ ਕੇ ਸਮਝਾਇਆ ਹੈ। ਉਹ ਸਰੋਵਰ ਰੂਪੀ ਪ੍ਰਮਾਤਮਾ ਸਾਡੇ ਮਨ ਵਿੱਚ ਹੀ ਹੈ। ਉਹ ਗਿਆਨ ਦਾ ਸਰੋਵਰ ਹੈ, ਸਭ ਗਿਆਨ ਦੇਣ ਵਾਲਾ ਉਹ ਆਪ ਹੀ ਹੈ। ਅਸੀਂ ਉਸ ਸਰੋਵਰ ਦੇ ਨਾਲ ਬੈਠੇ ਹੋਏ ਵੀ ਆਪਣੀ ਪਿਆਸ ਨਹੀਂ ਬੁਝਾ ਸਕਦੇ ਕਿਉਂਕਿ ਵਿੱਚ ਪੜਦਾ ਹੁੰਦੇ ਹੋਏ ਅਸੀਂ ਪ੍ਰਮਾਤਮਾ ਕੋਲੋਂ ਉਸਦਾ ਗਿਆਨ ਨਹੀਂ ਲੈ ਸਕਦੇ। ਸਾਡੀ ਪਿਆਸ ਉਸਦੇ ਗਿਆਨ ਨਾਲ ਬੁਝਣੀ ਹੈ, ਉਸਦੇ ਅੰਮ੍ਰਿਤ ਨਾਲ ਬੁਝਣੀ ਹੈ, ਉਸਦੇ ਗਿਆਨ ਰੂਪੀ ਅੰਮ੍ਰਿਤ ਨਾਲ ਬੁਝਣੀ ਹੈ, ਉਸਦੀ ਮਤਿ ਦੁਆਰਾ ਬੁਝਣੀ ਹੈ, ਉਸਦੇ ਸੱਚੇ ਗਿਆਨ ਦੁਆਰਾ ਬੁਝਣੀ ਹੈ, ਉਸਦੇ ਬ੍ਰਹਮ ਗਿਆਨ ਦੁਆਰਾ ਬੁਝਣੀ ਹੈ। ਇਹ ਪੜਦਾ ਮਨ ਦੇ ਵਿੱਚ ਹੈ। ਪੜਦੇ ਦੇ ਇੱਕ ਪਾਸੇ ਮਨੁੱਖ ਹੈ ਤੇ ਦੂਜੇ ਪਾਸੇ ਪ੍ਰਮਾਤਮਾ ਹੈ। ਮਨੁੱਖ ਵਾਲਾ ਪਾਸਾ, ਮਾਇਆ ਦੀ ਤ੍ਰੈਗੁਣੀ ਅਵੱਸਥਾ ਵਾਲਾ ਹੈ, ਮਾਇਆ ਦੀ ਜੁਗਤਿ ਵਾਲਾ ਹੈ ਤੇ ਪੜਦੇ ਦਾ ਦੂਸਰਾ ਪਾਸਾ ਚੌਥੇ ਪਦ ਦੇ ਗਿਆਨ ਵਾਲਾ ਹੈ, ਸਹਜ ਗਿਆਨ ਵਾਲਾ ਹੈ। ਇਹ ਪੜਦਾ ਨਿਕਲਣ ਤੋਂ ਬਾਅਦ ਹੀ ਮਨੁੱਖ ਚੌਥੇ ਪਦ ਵਿੱਚ ਪਹੁੰਚਦਾ ਹੈ, ਉਸਦੇ ਦਰਬਾਰ ਵਿੱਚ ਪਹੁੰਚਦਾ ਹੈ, ਉਸਦੇ ਮਹਿਲ ਵਿੱਚ ਪਹੁੰਚਦਾ ਹੈ, ਸੱਚਖੰਡ ਵਿੱਚ ਪਹੁੰਚਦਾ ਹੈ, ਦਸਵੇਂ ਦਵਾਰ ਵਿੱਚ ਪਹੁੰਚਦਾ ਹੈ ਭਾਵ

4/337

ਉਸਨੂੰ ਪ੍ਰਮਾਤਮਾ ਦੀ ਆਪਣੇ ਅੰਦਰੋਂ ਹੀ ਸੋਝੀ ਪੈ ਜਾਂਦੀ ਹੈ ਅਤੇ ਆਪਣੇ ਆਪ ਦੀ ਪਹਿਚਾਣ ਹੋ ਜਾਂਦੀ ਹੈ ਤੇ ਇਸ ਦੇ ਨਾਲ ਹੀ ਮਨੁੱਖ ਨੂੰ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਭਾਵ ਹਉਮੈ ਮਿਟ ਜਾਂਦੀ ਹੈ ਤੇ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਤੋਂ ਪਹਿਲਾਂ ਮਨੁੱਖ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਰਹਿੰਦਾ ਹੈ ਜੋ ਕਿ ਮਨੁੱਖ ਦਾ ਸਭ ਤੋਂ ਵੱਡਾ ਭੁਲੇਖਾ ਹੈ, ਸਹਸਾ ਹੈ। ਇਹ ਸਹਸਾ ਤਾਂ ਹੀ ਦੂਰ ਹੁੰਦੀ ਹੈ ਜਦੋਂ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਪਾਇਆ ਹੋਇਆ ਉਹ ਪੜਦਾ ਕੱਢ ਲੈਂਦਾ ਹੈ, ਮਨੁੱਖ ਅਗਿਆਨਤਾ ਵਿੱਚੋਂ ਨਿਕਲ ਕੇ ‘‘ਉਸ ਗਿਆਨ’’ ਦੇ ਨਾਲ ਜੁੜ ਜਾਂਦਾ ਹੈ। ‘‘ਉਸ ਗਿਆਨੀ’’ ਭਾਵ ਬ੍ਰਹਮਗਿਆਨੀ ਨਾਲ ਜੁੜਨ ਤੋਂ ਬਾਅਦ ਫਿਰ ਮਨੁੱਖ ਨੂੰ ਗਿਆਨ ਅੰਦਰੋਂ ਹੀ ਸਿੱਧੇ ਤੌਰ ਤੇ ਉਸ ਪ੍ਰਮਾਤਮਾ ਕੋਲੋਂ ਮਿਲਣਾ ਸ਼ੁਰੂ ਹੋ ਜਾਂਦਾ ਹੈ। ਇਹ ਪੜਦਾ ਮਨੁੱਖ ਦੇ ਅੰਦਰੋਂ ਪ੍ਰਮਾਤਮਾ ਕਿਵੇਂ ਹਟਾਉਂਦਾ ਹੈ ਇਹ ਅਸੀਂ ਪਹਿਲਾਂ ਉੱਪਰ ਜਾਣ ਹੀ ਚੁੱਕੇ ਹਾਂ। ਸਾਰੀ ਗੱਲ ਥਿਉਰੀ ਅਤੇ ਪਰੈਕਟੀਕਲ ਦੀ ਹੈ ਭਾਵ ਕਥਨੀ ਅਤੇ ਕਰਨੀ ਦੀ ਹੈ। ਜਿਸ ਪ੍ਰਮਾਤਮਾ ਨੇ ਬਾਣੀ ਉਚਾਰੀ ਹੈ, ਭੇਜੀ ਹੈ, ਉਹੀ ਸਾਡੇ ਮਨ ਦੇ ਵਿੱਚ ਹੈ। ਜਿਸਦੇ ਮਨ ਵਿੱਚ ਬਾਣੀ ਦੀ ਥਿਉਰੀ, ਪਰੈਕਟੀਕਲ ਬਣ ਜਾਵੇਗੀ ਉਹ ਆਪ ਹੀ ਪ੍ਰਮਾਤਮਾ ਦਾ ਪਰੈਕਟੀਕਲ ਆਪਣੇ ਮਨ ਵਿੱਚ ਵੇਖ ਸਕਦਾ ਹੈ ਭਾਵ ਪਹਿਲਾਂ ਮਨੁੱਖ ਆਪ ਬਾਣੀ ਦਾ ਪਰੈਕਟੀਕਲ , ਗੁਰੂ ਦੀ ਮਤਿ ਦਾ ਪਰੈਕਟੀਕਲ ਆਪਣੇ ਆਪ ਤੇ ਕਰੇ ਫਿਰ ਪ੍ਰਮਾਤਮਾ ਵੀ ਆਪ ਅੰਦਰੋਂ ਪਰੈਕਟੀਕਲੀ ਭਾਵ ਅਮਲੀ ਤੌਰ ਤੇ ਦਰਸ਼ਨ ਦੇਵੇਗਾ। ਪਹਿਲਾਂ ਅਸੀਂ ਬਾਣੀ ਨੂੰ ਸੁਣਨਾ ਹੈ, ਉਸਨੂੰ ਸਮਝਕੇ ਮੰਨਣਾ ਹੈ ਭਾਵ ਅਮਲ ਕਰਨਾ ਹੈ ਅਤੇ ਉਸ ਤੇ ਪੂਰਾ ਵਿਸ਼ਵਾਸ ਰੱਖਣਾ ਹੈ ਭਾਵ ਗੁਰੂ ਦੀ ਗੱਲ ਤੇ ਅਡੋਲ ਹੋ ਕੇ ਚੱਲਣ ਦਾ, ਪੰਚ ਹੋ ਕੇ ਚੱਲਣ ਦਾ, ਪੱਕੇ ਹੋ ਕੇ ਚੱਲਣ ਦਾ ਉੱਦਮ ਕਰਨਾ ਹੈ ਫਿਰ ਇਹੀ ਗੱਲ ਸਾਡੇ ਮਨ ਵਿੱਚ ਵਰਤੇਗੀ, ਉੱਥੇ ਪ੍ਰਮਾਤਮਾ ਪਰੈਕਟੀਕਲ ਕਰਕੇ ਵਿਖਾਵੇਗਾ ਤੇ ਸਾਨੂੰ ਆਪਣਾ ਗਿਆਨ ਬਖਸ਼ ਕੇ ਉਸ ਤੇ ਪੂਰੀ ਤਰ੍ਹਾਂ ਅਡੋਲ ਕਰ ਦੇਵੇਗਾ। ਤੁਸੀਂ ਅੰਦਰੋਂ ਹੀ ਪ੍ਰਮਾਤਮਾ ਦੀ ਗੱਲ ਨੂੰ ਸੁਣੋਗੇ, ਕੇਵਲ ਉਸ ਦੀ ਗੱਲ ਹੀ ਮੰਨੋਗੇ ਜੋ ਕਿ ਉਹ ਆਪ ਹੀ ਮਨਵਾਉਂਦਾ ਹੈ।

4/338

ਸਾਡੇ ਮਨ ਦੇ ਵਿੱਚ ਇਹ ਪੜਦਾ ਹੋਣ ਕਰਕੇ ਹੀ ਅਸੀਂ ਹਮੇਸ਼ਾਂ ਭੁਲੇਖੇ ਵਿੱਚ ਰਹਿੰਦੇ ਹਾਂ, ਦੁਬਿਧਾ ਵਿੱਚ ਰਹਿੰਦੇ ਹਾਂ, ਭਗਤੀ ਦਾ ਸੱਚਾ ਮਾਰਗ ਜਾਨਣ ਵਿੱਚ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਵਿੱਚ, ਸੰਸਾਰ ਦੀ ਅਸਲੀਅਤ ਨੂੰ ਜਾਨਣ ਵਿੱਚ ਧੋਖੇ ਵਿੱਚ ਰਹਿੰਦੇ ਹਾਂ। ਸਾਡੇ ਮਨ ਵਿੱਚੋਂ ਇਹ ਧੋਖਾ ਕਿਵੇਂ ਦੂਰ ਹੋਣਾ ਹੈ, ਇਹ ਸਾਡੇ ਮਨ ਦੀ ਸਮਝ ਨੂੰ ਧੋਖੇ ਵਿੱਚ ਰੱਖਣ ਵਾਲਾ ਪੜਦਾ ਕਿਵੇਂ ਦੂਰ ਹੋਣਾ ਹੈ, ਇਹ ਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਅਸੀਂ ਪਿੱਛੇ ਸ਼ਬਦਾਂ ਰਾਹੀਂ ਮਨ ਦੇ ਵਿੱਚ ਮਾਇਆ ਦਾ ਕਪਟ ਕੀ ਹੈ, ਮਾਇਆ ਵਾਲੀ ਸਮਝ ਦੀ ਠੱਗੀ ਕੀ ਹੈ, ਇਸ ਗੱਲ ਨੂੰ ਵੀ ਸਮਝਿਆ ਹੈ। ਮਨ ਦੇ ਵਿੱਚ ਇਹ ਪੜਦਾ ਮਾਇਆ ਦੀ ਠੱਗੀ ਦੇ ਰੂਪ ਵਿੱਚ ਹੀ ਹੈ, ਮਾਇਆ ਵਾਲੀ ਸਮਝ ਦੇ ਪੜਦੇ ਦੇ ਰੂਪ ਵਿੱਚ ਹੀ ਹੈ ਜਿਸਨੇ ਸਾਰੇ ਸੰਸਾਰ ਨੂੰ ਮਨ ਦੀ ਨਾ-ਸਮਝੀ ਕਰਕੇ ਧੋਖੇ ਵਿੱਚ ਹੀ ਰੱਖਿਆ ਹੋਇਆ ਹੈ ਤੇ ਸਾਰੇ ਸੰਸਾਰ ਲਈ ਇਸ ਧੋਖੇ ਵਿੱਚੋਂ ਨਿਕਲਣ ਦਾ ਤਰੀਕਾ ਵੀ ਇੱਕੋ ਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। **(ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥ ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥)** ਪ੍ਰਮਾਤਮਾ ਕੋਲੋਂ ਇਹ ਪੜਦਾ ਕਢਵਾਉਣ ਲਈ ਉਸਦਾ **“ਬਾਣੀਆ”** ਬਣਨਾ ਪੈਂਦਾ ਹੈ, ਉਸਦੀ ਬਾਣੀ ਵਾਲਾ ਬਣਨਾ ਪੈਂਦਾ ਹੈ। ਉਸਦੀ ਬਾਣੀ ਧਰਮ ਗ੍ਰੰਥ ਹਨ, ਗੁਰਬਾਣੀ ਹੈ। ਹਰ ਧਰਮ ਗ੍ਰੰਥ ਦੀ ਰਚਨਾ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਜਿਸ ਕਰਕੇ ਹਰ ਧਰਮ ਗ੍ਰੰਥ ਵਿੱਚ ਨਾਮ ਹੈ ਭਾਵ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸਿੱਖਿਆ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਆਪਣੀ ਹੀ ਰਚਨਾ ਹੈ ਜੋ ਸਾਨੂੰ ਸੱਚੁ ਹੀ ਸਮਝਾਉਂਦੀ ਹੈ, ਨਾਮ ਸਮਝਾਉਂਦੀ ਹੈ। ਮਨ ਦੇ ਧੋਖੇ ਵਿੱਚੋਂ ਨਿਕਲਣ ਲਈ ਸਾਨੂੰ ਗੁਰਬਾਣੀ ਵਾਲਾ ਬਣਨਾ ਪਵੇਗਾ। ਗੁਰਬਾਣੀ ਗੁਰੂ ਦੀ ਮਤਿ ਹੈ **(ਸਤਿਗੁਰ ਬਚਨ ਬਚਨ ਹੈ ਸਤਿਗੁਰ)**। ਗੁਰੂ ਦੀ ਮਤਿ ਵਾਲਾ ਬਣਨਾ ਪਵੇਗਾ। ਗੁਰੂ ਦੀ ਮਤਿ ਵਾਲਾ ਕਿਵੇਂ ਬਣਨਾ ਹੈ, ਇਹ ਅਸੀਂ ਸਮਝਦੇ ਹੀ ਆ ਰਹੇ ਹਾਂ ਅਤੇ ਇੱਥੇ ਇਹ ਗੱਲ ਇਸ ਤਰ੍ਹਾਂ ਕਹਿ ਕੇ ਸਮਝਾਈ ਹੋਈ ਹੈ।

“ਤੂ ਸਾਹਿਬੁ ਮੈ ਰਾਸਿ॥” ਭਾਵ ਜਦੋਂ ਮਨੁੱਖ ਲਈ ਸਭ ਕੁੱਝ ਪਰਮਾਤਮਾ ਹੀ ਹੋ ਜਾਵੇ, ਗੁਰੂ ਦੀ ਮਤਿ ਹੀ ਹੋ ਜਾਵੇ ਕਿਉਂਕਿ ਗੁਰੂ ਦੀ ਮਤਿ ਹੀ ਸਾਡੀ ਸੱਚੀ ਰਾਸਿ ਹੈ, ਗੁਰੂ ਦੇ ਸੱਚੇ ਗਿਆਨ ਦੀ ਰਾਸਿ ਹੈ ਜੋ ਕਿ ਸਾਡਾ ਸੱਚਾ ਧੰਨ ਹੈ, ਨਾਮ ਧੰਨ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਭਾਵ ਮਨੁੱਖ ਦਾ ਸਾਰਾ ਜੀਵਨ ਗੁਰੂ ਦੀ ਮਤਿ ਅਨੁਸਾਰ ਹੋ ਜਾਵੇ ਭਾਵ ਜਦੋਂ ਮਨੁੱਖ

ਦੇ ਅੰਦਰ ਤੂੰ ਹੀ ਤੂੰ ਰਹਿ ਜਾਵੇ ਅਤੇ ਮੈਂ ਖਤਮ ਹੋ ਜਾਵੇ ਭਾਵ ਉਸਦੀ "ਮੈਂ", ਉਸਦੀ ਆਪਣੀ ਮਤਿ, ਗੁਰੂ ਦੀ ਮਤਿ ਵਾਲੀ ਹੋ ਜਾਵੇ ਭਾਵ ਜਦੋਂ "ਮੈਂ" ਤੋਂ "ਤੂੰ" ਹੋ ਜਾਵੇ। ਪ੍ਰਮਾਤਮਾ ਨੂੰ ਜਪਣ ਲਈ, ਉਸਦੀ ਵਣਜ ਕਰਨ ਲਈ ਸਾਡੀ ਰਾਸਿ ਗੁਰੂ ਦੀ ਮਤਿ ਹੈ। (**ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥**) ਅੰਗ - ੯੨੧

{ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥੨॥}

(ਅੰਗ ੧੨੪੪)

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥}

(ਅੰਗ ੧੧੦੨)

"ਹਰਿ" ਗੁਰੂ ਦੀ ਮਤਿ ਹੈ ਜਿਸ ਦੁਆਰਾ ਮਨੁੱਖ ਨੇ ਵਣਜ ਕਰਨੀ ਹੈ ਤੇ ਇਹ ਰਾਸਿ ਗੁਰੂ ਕੋਲੋਂ ਜਾਣੀ ਜਾਂਦੀ ਹੈ ਭਾਵ ਗੁਰੂ ਦੀ ਮਤਿ, ਗੁਰੂ ਕੋਲੋਂ ਹੀ ਜਾਣੀ ਜਾ ਸਕਦੀ ਹੈ। ਗੁਰੂ ਦੀ ਮਤਿ ਨੂੰ ਜਪਣਾ ਹੀ ਹਰਿ ਹਰਿ ਜਪਣਾ ਹੈ, ਤੂੰ ਤੂੰ ਕਰਨਾ ਹੈ। ਇਹੋ ਜਿਹਾ ਤੂੰ ਤੂੰ ਕਰਦਾ ਹੀ ਗੁਰਮਤਿ ਅਨੁਸਾਰ ਚੱਲਣ ਦਾ ਉੱਦਮ ਕਰਦਾ ਹੋਇਆ ਹੀ ਮਨੁੱਖ ਇੱਕ ਦਿਨ "ਤੂੰ" ਹੋ ਜਾਂਦਾ ਹੈ ਭਾਵ ਉਸ ਪ੍ਰਮਾਤਮਾ ਨਾਲ ਮਿਲ ਜਾਂਦਾ ਹੈ ਤੇ ਉਸਦੀ ਆਪਣੀ ਹੋਂਦ ਖ਼ਤਮ ਹੋ ਜਾਂਦੀ ਹੈ ਭਾਵ ਉਸਦੇ ਮਨ ਵਿੱਚੋਂ ਧੋਖਾ ਦੂਰ ਹੋ ਜਾਂਦਾ ਹੈ ਤੇ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ।

{ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥੨੦੪॥}

(ਅੰਗ - ੧੩੭੫)

4/339

{ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ ॥
ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ ॥੨੦੫॥}

(ਅੰਗ ੧੩੭੫)

ਤੂੰ ਤੂੰ ਕਰਕੇ, ਹਰਿ ਹਰਿ ਕਰਕੇ ਹਰ ਕੋਈ ਜਪਣ ਲੱਗਾ ਹੋਇਆ ਹੈ ਪਰ ਅਸਲ ਵਿੱਚ ਹਰਿ ਹਰਿ ਕਰਨਾ ਗੁਰੂ ਦੀ ਮਤਿ ਨੂੰ ਜਪਣਾ ਹੈ। ਉੱਪਰ ਅਗਲੀਆਂ ਪੰਗਤੀਆਂ ਰਾਹੀਂ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਜੋ ਮਨੁੱਖ ਵਿਕਾਰਾਂ ਵਿੱਚ ਰਹਿੰਦੇ ਹੋਏ, ਵਿਚਰਦੇ ਹੋਏ, ਪ੍ਰਮਾਤਮਾ ਨੂੰ ਚਿਤਵਦਾ ਹੈ, ਜਪਦਾ ਹੈ ਭਾਵ ਹਰਿ ਹਰਿ ਕਰਕੇ, ਤੂੰ ਤੂੰ ਕਰਕੇ ਜਪਦਾ ਹੈ, ਉਹ ਆਪਣੇ ਮਨ ਵਿੱਚ ਐਵੇਂ ਝੂਠੀ ਆਸ ਲਈ ਬੈਠਾ ਹੈ ਕਿ ਮੈਂ ਪ੍ਰਮਾਤਮਾ ਨੂੰ ਜਪ ਰਿਹਾ ਹਾਂ। ਇਹੋ ਜਿਹੀ ਜਪਣੀ ਨਾਲ ਉਸਦੇ ਮਨੋਰਥ ਦੀ ਪੂਰਤੀ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ, ਨਹੀਂ ਪਾਇਆ ਜਾ ਸਕਦਾ ਤੇ ਇੰਜ ਦੁਨੀਆਂ ਤੋਂ ਨਿਰਾਸ ਹੀ ਜਾਣਾ ਪਵੇਗਾ। ਪ੍ਰਮਾਤਮਾ ਦਾ ਜਪਣਾ ਗੁਰੂ ਦੀ ਮਤਿ ਤੇ ਚੱਲਣਾ ਹੀ ਹੈ ਭਾਵ ਔਗੁਣਾਂ ਦਾ ਤਿਆਗ ਹੀ ਹੈ। ਮੁੱਖ ਸ਼ਬਦ ਦੀ ਆਖਰੀ ਪੰਗਤੀ ਵਿੱਚ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਗੁਰੂ ਦੀ ਮਤਿ ਤੇ ਚੱਲਣਾ ਹੀ, ਉਸਦਾ "ਬਾਣੀਆ" ਬਣਨਾ ਹੀ ਉਸਦੀ ਸਿਫਤ ਕਰਨੀ ਹੈ, ਉਸਦੇ ਅੱਗੇ ਅਰਦਾਸ ਕਰਨੀ ਹੈ ਭਾਵ ਇਹੋ ਜਿਹੀ ਕੀਤੀ ਹੋਈ ਅਰਦਾਸ, ਉਸਦੀ ਸਿਫਤ ਪ੍ਰਮਾਤਮਾ ਨੂੰ ਕਬੂਲ ਹੁੰਦੀ ਹੈ। ਇਹੋ ਜਿਹੀ ਅਰਦਾਸ, ਸਿਫਤ, ਕਰਨ ਵਾਲੇ ਮਨੁੱਖ ਦਾ ਹੀ ਪ੍ਰਮਾਤਮਾ ਮਨ ਵਿੱਚੋਂ ਪੜਦਾ ਦੂਰ ਕਰਦਾ ਹੈ, ਭਰਮ ਦੂਰ ਕਰਦਾ ਹੈ, ਧੋਖਾ ਦੂਰ ਕਰਦਾ ਹੈ ਕਿ "ਮੈਂ ਕੀ ਹਾਂ" ਭਾਵ "ਮੈਂ ਕੁੱਝ ਵੀ ਨਹੀਂ ਹਾਂ" ਤੇ ਸਭ ਕੁੱਝ ਉਹ ਹੀ ਹੈ ਜੋ ਮੇਰੇ ਨਾਲ ਵੱਸ ਰਿਹਾ ਹੈ। ਮੈਂ ਅੱਜ ਤੱਕ ਭੁਲੇਖੇ ਵਿੱਚ ਹੀ ਸੀ ਤੇ ਹੁਣ ਉਹ ਭੁਲੇਖਾ ਲਹਿ ਗਿਆ ਹੈ, ਪੜਦਾ

ਲਹਿ ਗਿਆ ਹੈ ਕਿ "ਮੈਂ ਕੀ ਹਾਂ" ਭਾਵ ਮਨੁੱਖ ਦੀ ਹੋਂਦ ਕੇਵਲ ਇੱਕ ਭੁਲੇਖਾ ਹੀ ਹੈ ਜੋ ਕਿ ਕੇਵਲ ਉਸ ਪ੍ਰਮਾਤਮਾ ਦੀ ਸਭ ਤੋਂ ਵੱਡੀ ਕ੍ਰਿਪਾ ਦੁਆਰਾ ਹੀ ਲਹਿ ਸਕਦਾ ਹੈ। **(ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥੪॥੧॥)** ਉਸਦੀ ਸੱਚੀ ਸਿਫਤ ਹੀ ਉਸ ਨੂੰ ਪਾਉਣ ਲਈ ਸਾਡੀ ਉਸਦੇ ਅੱਗੇ ਸੱਚੀ ਅਰਦਾਸ ਹੈ।

{ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ ੪੬੮)

{ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥
ਗਈ ਠਗਉਰੀ ਠਗੁ ਪਹਿਚਾਨਿਆ ॥੩॥}

(ਅੰਗ 331)

{ਕਹੁ ਕਬੀਰ ਮਨਿ ਭਇਆ ਅਨੰਦਾ ॥
ਗਇਆ ਭਰਮੁ ਰਹਿਆ ਪਰਮਾਨੰਦਾ ॥੩॥}

(ਅੰਗ ੩੨੭)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥}

(ਅੰਗ ੨੦੪-੨੦੫)

ਸਾਡੇ ਮਨ ਦੇ ਵਿੱਚ ਹਉਮੈ ਦਾ ਪੜਦਾ ਹੀ ਇਹ ਧੋਖਾ ਹੈ ਜੋ ਪ੍ਰਮਾਤਮਾ ਨੇ ਸਭ ਵਿੱਚ ਪਾਇਆ ਹੋਇਆ ਹੈ ਤੇ ਸਾਨੂੰ ਇਹ ਜਾਨਣ ਤੋਂ ਧੋਖੇ ਵਿੱਚ, ਭਰਮ ਵਿੱਚ ਰੱਖਿਆ ਹੋਇਆ ਹੈ ਕਿ ਅਸੀਂ ਕੀ ਹਾਂ। ਇਸ ਧੋਖੇ ਵਿੱਚ ਰਹਿੰਦੇ ਹੋਏ ਅਸੀਂ ਆਪ ਪ੍ਰਮਾਤਮਾ ਦਾ ਰੂਪ ਹੁੰਦੇ ਹੋਏ ਵੀ ਇਹ ਨਹੀਂ ਸਮਝ ਸਕਦੇ, ਮੰਨ ਸਕਦੇ ਕਿ ਅਸੀਂ ਪ੍ਰਮਾਤਮਾ ਦਾ ਰੂਪ ਹਾਂ। ਸਾਡੇ ਅੰਦਰ ਦਾ ਇਹ ਪੜਦਾ ਹੀ ਸਾਡੇ ਅੰਦਰ ਮਾਇਆ ਦਾ ਕਪਟ ਹੈ, ਛਲ ਹੈ, ਧੋਖਾ ਹੈ ਜੋ ਸਾਨੂੰ ਮਨ ਦੀ ਨਾ-ਸਮਝੀ ਵਿੱਚ ਰੱਖਦੀ ਹੈ, ਅਗਿਆਨਤਾ ਵਿੱਚ ਰੱਖਦੀ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਜਿਵੇਂ ਕਿ ਬਾਣੀ ਵਿੱਚ ਸਾਨੂੰ ਵਾਰ-ਵਾਰ ਇਹ ਸਮਝਾਇਆ ਹੈ। ਮਨ ਦਾ ਭੁਲੇਖਾ ਉਤਰੇ ਬਿਨ੍ਹਾਂ ਕੋਈ ਵੀ ਇਸ ਗੱਲ ਨੂੰ ਨਹੀਂ ਮੰਨ ਸਕਦਾ। ਗੁਰਬਾਣੀ ਰਾਹੀਂ ਸਾਨੂੰ ਇਹ ਵੀ ਸਮਝਾਇਆ ਹੈ ਕਿ ਇਹ ਜਗ ਸਭ ਝੂਠ ਹੈ। **(ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥)** ਅੰਗ - ੧੪੨੯ ਬਾਣੀ ਵਿੱਚ ਹੀ ਸਾਨੂੰ ਇਹ ਗੱਲ ਸਮਝਾਈ ਗਈ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। **(ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥)** ਅੰਗ - ੪੬੩

{ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥}

(ਅੰਗ - ੨੮੭)

ਉਸ ਦੀ ਕਲਾ ਦੀ ਸਮਝ ਪਏ ਬਿਨ੍ਹਾਂ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ। ਉਸਦੀ ਕਲਾ ਸਾਡੇ ਮਨ ਦੇ ਅੰਦਰ ਹੀ ਵਰਤ ਰਹੀ ਹੈ ਤੇ ਸਭ ਜਗ੍ਹਾ ਵਰਤ ਰਹੀ ਹੈ। ਉਸਦੀ ਕਲਾ ਉਸ ਦਾ ਬ੍ਰਹਮ ਗਿਆਨ ਹੈ, ਉਸਦਾ ਨਾਮ ਹੈ, ਉਸਦੀ ਜੋਤਿ ਹੈ, ਉਸਦਾ ਸ਼ਬਦ ਹੈ ਤੇ ਇਨ੍ਹਾਂ ਤੋਂ ਭਾਵ ਬ੍ਰਹਮ ਗਿਆਨ ਨਾਲ ਹੀ ਹੈ। ਆਪਣੇ ਇਸ ਬ੍ਰਹਮ ਗਿਆਨ ਦੀ ਕਲਾ ਨਾਲ, ਸ਼ਕਤੀ ਨਾਲ ਉਸਨੇ ਸਾਨੂੰ ਮਨ ਦੇ ਅੰਦਰ ਹੀ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਭਰਮ ਵਾਲੀ, ਦੁਬਿਧਾ ਵਾਲੀ, ਦੁਚਿੱਤੀ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਸਾਰੀ ਸ੍ਰਿਸ਼ਟੀ ਵਿੱਚ, ਹਰ ਕਿਸੇ ਵਿੱਚ, ਹਰ ਵਸਤੂ ਵਿੱਚ ਹੁਕਮ ਉਸੇ ਦਾ ਹੀ ਸਮਾਇਆ ਹੋਇਆ ਹੈ, ਸ਼ਬਦ ਉਸੇ ਦਾ ਹੀ ਸਮਾਇਆ ਹੋਇਆ ਹੈ, ਜੋਤਿ ਉਸੇ ਦੀ ਹੀ ਸਮਾਈ ਹੋਈ ਹੈ, ਗਿਆਨ ਉਸੇ ਦਾ ਹੀ ਸਮਾਇਆ ਹੋਇਆ ਹੈ। ਉਹ ਗਿਆਨ ਦਾ ਸ੍ਰੋਤ ਹੈ, ਮਾਲਕ ਹੈ। ਉਹ ਆਪਣੇ ਇਸ ਉੱਚੇ ਗਿਆਨ ਦੀ ਕਲਾ ਦੁਆਰਾ ਹੀ ਸਭ ਵਿੱਚ ਵਿਚਰਦਾ ਹੈ। ਹਰ ਵਸਤੂ ਪੰਜਾਂ ਤੱਤਾਂ ਨਾਲ ਬਣੀ ਹੈ ਤੇ ਪੰਜਾਂ ਤੱਤਾਂ ਨੂੰ ਬਣਾਉਣ ਵਾਲਾ ਉਹ ਆਪ ਗਿਆਨ ਰੂਪ ਪ੍ਰਮਾਤਮਾ ਹੈ ਤੇ ਇਸੇ ਲਈ ਉਹ ਹਰ ਵਸਤੂ ਦਾ ਮਾਲਕ ਹੈ। ਆਪ ਹੀ ਉਹ ਹਰ ਵਸਤੂ ਨੂੰ ਬਣਾ ਕੇ ਆਪਣੇ ਗਿਆਨ ਨਾਲ ਚਲਾ ਰਿਹਾ ਹੈ ਤੇ ਗਿਆਨ ਦੁਆਰਾ ਭਾਵ ਸਾਇੰਟਿਫਿਕ ਭਾਵ ਵਿਗਿਆਨਕ ਤੌਰ ਦੇ ਨਾਲ ਹੀ ਵਸਤੂ ਬਿਨਸਦੀ ਹੈ। ਸਾਰੀ ਸਾਇੰਸ ਵਿਚ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਹੈ ਜਿਸ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ, ਕਦੇ ਮਿਟਾਇਆ ਨਹੀਂ ਜਾ ਸਕਦਾ। ਹਰ ਸਰਗੁਣ ਸਰੂਪ ਬਿਨਸਨਹਾਰ ਹੈ ਪਰ ਉਸ ਵਸਤੂ ਨੂੰ ਬਣਾਉਣ ਵਾਲਾ ਜੋ ਨਿਰਗੁਣ ਰੂਪ ਹੈ, ਗਿਆਨ ਰੂਪ ਹੈ, ਉਹ ਕਦੇ ਨਹੀਂ ਬਿਨਸ ਸਕਦਾ ਕਿਉਂਕਿ ਗਿਆਨ ਦੇ ਰੂਪ ਵਿੱਚ ਉਹ ਆਪ ਹੈ ਜੋ ਕਿ ਉਸ ਦਾ ਜੋਤਿ ਰੂਪ ਹੈ ਜੋ ਸਦਾ ਰਹਿਣ ਵਾਲਾ ਹੈ। ਉਸਦੇ ਕੋਲ ਇਸ ਦੀ ਕਲਾ ਹੈ, ਸੋਝੀ ਹੈ, ਗਿਆਨ ਹੈ। ਉਹ ਆਪਣੀ ਕਲਾ ਨਾਲ ਕੁੱਝ ਵੀ ਬਣਾ ਸਕਦਾ ਹੈ, ਚਲਾ ਸਕਦਾ ਹੈ, ਮਿਟਾ ਸਕਦਾ ਹੈ। ਸਾਡਾ ਸਰੀਰ ਸਰਗੁਣ ਰੂਪ ਹੈ ਤੇ ਇਸਦਾ ਮਾਲਕ ਉਹ ਨਿਰਗੁਣ ਰੂਪ ਗਿਆਨ ਹੈ ਜੋ ਸਾਡੇ ਅੰਦਰ ਮਨ ਦੇ ਰੂਪ ਵਿੱਚ ਹੈ, ਜੋਤਿ ਦੇ ਰੂਪ ਵਿੱਚ ਹੈ ਜੋ ਸਾਨੂੰ ਆਪਣੀ ਮਰਜ਼ੀ ਅਨੁਸਾਰ ਚਲਾ ਰਿਹਾ ਹੈ, ਆਪਣੇ ਰਚੇ ਹੋਏ ਸਾਇੰਟਿਫਿਕ ਗਿਆਨ ਦੁਆਰਾ ਚਲਾ ਰਿਹਾ ਹੈ ਤੇ ਉਸਦੀ ਮਰਜ਼ੀ ਅਨੁਸਾਰ ਹੀ ਭਾਵ ਉਸ ਦੀ ਰਚੀ ਹੋਈ ਸਾਇੰਸ ਦੁਆਰਾ ਹੀ ਇਹ ਸਰੀਰ ਕਿਸੇ ਦਿਨ ਬਿਨਸ ਜਾਣਾ ਹੈ।

ਉਹ ਇਤਨੀ ਵੱਡੀ ਕਲਾ ਦਾ ਮਾਲਕ ਹੈ, ਇਤਨਾ ਵੱਡਾ ਕਲਾਕਾਰ ਹੈ ਕਿ ਆਪ ਸਾਡੇ ਅੰਦਰ ਵਰਤਦੇ ਹੋਏ ਵੀ ਸਾਨੂੰ ਸਮਝ ਨਹੀਂ ਆਉਣ ਦਿੰਦਾ ਕਿ ਸਾਡੇ ਮਨ ਦੇ ਵਿੱਚ ਕੌਣ ਹੈ, ਸਾਡੇ ਮਨ ਦੇ ਵਿਚਾਰ ਕਿੱਥੋਂ ਆਉਂਦੇ ਹਨ। ਉਸ ਨੇ ਆਪਣੀ ਕਲਾ ਦੀ ਸਿਆਣਪ ਨਾਲ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਸਾਨੂੰ ਇਹ ਸਰੀਰ ਆਪਣਾ ਲੱਗਦਾ ਹੈ। ਹਰ ਸਰਗੁਣ ਰੂਪ ਦੀ ਹੋਂਦ ਵੱਖਰੀ ਨਜ਼ਰ ਆਉਂਦੀ ਹੈ। ਕਿਸੇ ਸਰੂਪ ਨੂੰ ਅਸੀਂ ਪਾਣੀ ਕਹਿੰਦੇ ਹਾਂ, ਕਿਸੇ ਨੂੰ ਹਵਾ, ਕਿਸੇ ਨੂੰ ਆਕਾਸ਼ ਕਹਿੰਦੇ ਹਾਂ, ਕਿਸੇ ਨੂੰ ਪੇੜ, ਕਿਸੇ ਨੂੰ ਮਿੱਟੀ ਕਹਿੰਦੇ ਹਾਂ। ਕਿਸੇ ਨੂੰ ਪਾਤਾਲ, ਕਿਸੇ ਨੂੰ ਆਕਾਸ਼ ਕਹਿੰਦੇ ਹਾਂ, ਕਿਸੇ ਨੂੰ ਪਹਾੜ, ਕਿਸੇ ਨੂੰ ਰੇਗਿਸਥਾਨ ਕਹਿੰਦੇ ਹਾਂ, ਕਿਸੇ ਨੂੰ ਚੰਦ, ਕਿਸੇ ਨੂੰ ਸੂਰਜ, ਕਿਸੇ ਨੂੰ ਤਾਰੇ ਕਹਿੰਦੇ ਹਾਂ। ਪ੍ਰਮਾਤਮਾ ਦੀ ਬਣਾਈ ਹੋਈ ਹਰ ਹੋਂਦ ਕਿਸੇ ਮਨੋਰਥ ਲਈ ਹੈ, ਮਨੁੱਖਤਾ ਤੇ ਕੀਤੀ ਹੋਈ ਉਸਦੀ ਕਿਰਪਾ ਹੈ ਪਰ ਸਾਨੂੰ ਉਸਦੀ "ਸਰਗੁਣ" ਹੋਂਦ ਵਿੱਚ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ। ਉਹ ਹਰ ਵਸਤੂ ਦਾ ਮਾਲਕ ਕਿਸ ਤਰੀਕੇ ਨਾਲ ਹੈ, ਹਰ ਵਸਤੂ ਵਿੱਚ ਉਹ ਕਿਸ ਤਰੀਕੇ ਨਾਲ ਵਰਤ ਰਿਹਾ ਹੈ, ਇਹ ਸਮਝ ਨਹੀਂ ਆਉਂਦੀ। ਇੱਥੇ ਹੀ ਸਾਰੀ ਗੱਲ ਦਾ ਭੇਦ ਹੈ। ਇਸ ਨਾ-ਸਮਝੀ ਲਈ ਜਿੰਮੇਦਾਰ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਉਸਨੇ ਆਪ ਹੀ ਸਾਨੂੰ ਉਸਦੀ ਸੋਝੀ ਪੈਣ ਤੋਂ ਦੂਰ ਰੱਖਿਆ ਹੋਇਆ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜੋ ਉਹ ਇਸੇ ਤਰ੍ਹਾਂ ਆਪਣੀ ਮਾਇਆ ਦੀ ਜੁਗਤਿ ਦੁਆਰਾ ਚਲਾਉਂਦਾ ਹੈ। ਖੇਡ ਉਸਦੀ ਮਰਜ਼ੀ ਅਨੁਸਾਰ ਹੀ ਚੱਲ ਰਹੀ ਹੈ ਪਰ ਕਿਸੇ ਨੂੰ ਮਨ ਦੀ ਅਗਿਆਨਤਾ ਕਰਕੇ ਇਸ ਦੀ ਸਮਝ ਨਹੀਂ ਲੱਗਦੀ। ਭਰਮ ਵਿੱਚ ਰਹਿੰਦਿਆਂ ਅਸੀਂ ਸੱਚ ਨੂੰ ਝੂਠ ਸਮਝਦੇ ਹਾਂ ਤੇ ਝੂਠ ਨੂੰ ਸੱਚ ਸਮਝਦੇ ਹਾਂ। ਇਸੇ ਦਾ ਨਾ ਭਰਮ ਹੈ। ਸਭ ਕੁੱਝ ਪ੍ਰਮਾਤਮਾ ਆਪ ਹੈ, ਹਰ ਸਰਗੁਣ ਰੂਪ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਉਹ ਆਪ ਹੈ ਪਰ ਅਸੀਂ ਇਹ ਸਮਝਦੇ ਹਾਂ ਕਿ ਮਨੁੱਖੀ ਰੂਪ ਵਿੱਚ ਅਸੀਂ ਆਪ ਹਾਂ, ਇਹ ਮਕਾਨ ਹੈ, ਇਹ ਪੇੜ ਹੈ ਆਦਿ। ਅਸੀਂ ਆਪਣੇ ਵਲੋਂ ਇਹ ਹੀ ਸਮਝਦੇ ਹਾਂ ਕਿ ਅਸੀਂ ਸੱਚ ਕਹਿ ਰਹੇ ਹਾਂ ਪਰ ਇਹ ਝੂਠ ਹੈ ਕਿਉਂਕਿ ਸਭ ਹੋਂਦ ਪ੍ਰਮਾਤਮਾ ਦੀ ਆਪਣੀ ਹੋਂਦ ਹੈ। ਇਹ ਸਾਡਾ ਭਰਮ ਹੈ ਭਾਵ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਇਹ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦੀ ਹਉਮੈ ਹੈ, ਅਗਿਆਨਤਾ ਦਾ

ਪੜਦਾ ਹੈ। ਮਨ ਦਾ ਇਹ ਪੜਦਾ ਨਿਕਲਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਹਰ ਸਰਗੁਣ ਰੂਪ ਵਿੱਚ ਉਹ ਆਪ ਹੀ ਹੈ। ਜੇਕਰ ਅਸੀਂ ਇਹ ਕਹਿਣ ਜੋਗੇ ਹੋ ਜਾਈਏ ਕਿ ਅਸੀਂ ਆਪ ਵੀ ਪ੍ਰਮਾਤਮਾ ਰੂਪ ਹਾਂ ਤੇ ਹਰ ਕੋਈ ਪ੍ਰਮਾਤਮਾ ਰੂਪ ਹੈ ਫਿਰ ਇਹ ਸੱਚ ਹੈ, ਜੇਕਰ ਨਹੀਂ ਕਹਿੰਦੇ ਫਿਰ ਇਹ ਝੂਠ ਹੈ। ਇਸ ਗੱਲ ਦੀ ਸੋਝੀ ਪੈਣਾ ਸਾਡੇ ਹੱਥ ਨਹੀਂ ਹੈ। ਜਿਸਨੂੰ ਉਹ ਚਾਹੇ, ਉਸਨੂੰ ਹੀ ਉਹ ਆਪਣੀ ਇਹ ਖੇਡ ਸਮਝਾਉਂਦਾ ਹੈ ਤੇ ਜਿਸਨੂੰ ਸਮਝਾਉਂਦਾ ਹੈ ਉਹ ਫਿਰ ਸਰਗੁਣ ਸਰੂਪ ਬਾਰੇ ਇਹ ਕੁੱਝ ਕਹਿੰਦੇ ਹਨ ਕਿ ਸਭ ਗੋਬਿੰਦ ਹੈ। **"ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥"** ਅੰਗ - ੪੮੫ ਇਹੋ ਜਿਹਾ ਕਹਨਾ ਸੱਚ ਹੈ ਤੇ ਇਹ ਸੱਚ ਉਹ ਹੀ ਕਹਿ ਸਕਦਾ ਹੈ ਜਿਨ੍ਹਾਂ ਨੇ ਉਸ ਸੱਚੇ ਦੇ ਆਪਣੇ ਅੰਦਰੋਂ ਦਰਸ਼ਨ ਕੀਤੇ ਹੋਣ। ਉਸਦੇ ਨਿਰਗੁਣ ਰੂਪ ਦੇ, ਮਨ ਦੇ ਵਿੱਚੋਂ ਦਰਸ਼ਨ ਕੀਤੇ ਹੋਣ। ਜਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਲੈਂਦਾ ਤੇ ਹਰ ਸਰਗੁਣ ਰੂਪ ਵਿੱਚ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਤਦ ਤੱਕ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ, ਉਸਦੀ ਵਡਿਆਈ ਨਹੀਂ ਕੀਤੀ ਜਾ ਸਕਦੀ ਜੋ ਸਭ ਕੁੱਝ ਆਪ ਹੀ ਹੈ। (**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥**) ਅੰਗ – ੯। ਜਿਨ੍ਹਾਂ ਨੇ ਪ੍ਰਮਾਤਮਾ ਦੇ ਗੁਣ ਗਾਏ ਹਨ ਭਾਵ ਜਿਨ੍ਹਾਂ ਨੇ ਗੁਰਬਾਣੀ ਰਚੀ ਹੈ ਉਹਨਾਂ ਨੇ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਕਰਕੇ ਹੀ ਰਚੀ ਹੈ ਤੇ ਇਸੇ ਲਈ ਜੋ ਗੁਰਬਾਣੀ ਸਾਨੂੰ ਸਮਝਾਉਂਦੀ ਹੈ ਉਹ ਸੱਚ ਹੈ, ਉਸਦੀ ਗੱਲ ਕਦੇ ਗਲਤ ਨਹੀਂ ਹੋ ਸਕਦੀ। ਗੁਰਬਾਣੀ ਦੇ ਬੋਲ ਅਟੱਲ ਹਨ ਜੋ ਸਦਾ ਰਹਿਣ ਵਾਲੇ ਹਨ ਜੋ ਬੋਲ ਸਾਨੂੰ ਇਹ ਸਮਝਾਉਂਦੇ ਹਨ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ।

ਇਹ ਜਗ ਕੀ ਹੈ, ਇਸਨੂੰ ਬਾਣੀ ਵਿੱਚ ਇੱਕ ਸੁਪਨੇ ਦੀ ਤਰ੍ਹਾਂ ਕਹਿ ਕੇ ਸਮਝਾਇਆ ਹੈ।

"ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥" (ਅੰਗ ੧੪੨੭)

ਉੱਪਰ ਸ਼ਬਦ ਰਾਹੀਂ ਸਾਨੂੰ ਉਹੀ ਗੱਲ ਸਮਝਾਈ ਹੋਈ ਹੈ ਜੋ ਅਸੀਂ ਪਹਿਲੇ ਸਮਝਿਆ ਹੈ ਕਿ ਸਭ ਸਰਗੁਣ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਅਸੀਂ ਜੋ ਕੁੱਝ ਵੀ ਸੰਸਾਰ ਵਿੱਚ ਦੇਖਦੇ ਹਾਂ ਭਾਵ ਹਰ ਸਰਗੁਣ ਰੂਪ ਜੋ ਕੁੱਝ ਵੀ ਸਾਨੂੰ ਨਜ਼ਰ ਆਉਂਦਾ ਹੈ, ਉਸਦੀ ਤੁਲਨਾ ਸੁਪਨੇ ਦੇ ਨਾਲ ਕੀਤੀ ਹੋਈ ਹੈ। ਸਾਨੂੰ ਇਹ ਸਮਝਾਇਆ ਹੈ ਕਿ ਜੋ ਕੁੱਝ ਵੀ ਅਸੀਂ ਸੰਸਾਰ ਵਿੱਚ ਦੇਖਦੇ ਹਾਂ, ਆਪਣੀਆਂ ਅੱਖਾਂ ਨਾਲ ਦੇਖਦੇ ਹਾਂ ਉਸਨੂੰ ਇੱਕ ਸੁਪਨਾ ਦੇਖਣ ਦੇ ਬਰਾਬਰ ਸਮਝੋ। (**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥**) ਅਸੀਂ ਜਿਸ ਵਕਤ ਸੁਪਨਾ ਦੇਖ ਰਹੇ ਹੁੰਦੇ ਹਾਂ ਉਸ ਵਕਤ ਸਾਨੂੰ ਉਹੀ ਕੁੱਝ ਸੱਚ ਲੱਗਦਾ ਹੈ, ਹਕੀਕਤ ਲੱਗਦੀ ਹੈ ਪਰ ਜਦੋਂ ਸੁਪਨਾ ਟੁੱਟ ਜਾਂਦਾ ਹੈ, ਨੀਂਦ ਖੁੱਲ੍ਹ ਜਾਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਇਹ ਸਭ ਕੁੱਝ ਝੂਠ ਸੀ, ਭਰਮ ਸੀ। ਇਸੇ ਤਰ੍ਹਾਂ ਅਸੀਂ ਸਰੀਰਕ ਰੂਪ ਵਿੱਚ ਜਾਗਦੇ ਹੋਏ ਆਪਣੀਆਂ ਅੱਖਾਂ ਰਾਹੀਂ ਜੋ ਕੁੱਝ ਵੀ ਦੇਖ ਰਹੇ ਹਾਂ ਉਸਨੂੰ ਸੱਚ ਸਮਝ ਰਹੇ ਹਾਂ, ਹਰ ਸਰਗੁਣ ਸਰੂਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਰੂਪ ਸਮਝਦੇ ਹਾਂ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ, ਹਰ ਮਨੁੱਖ ਆਉਂਦਾ ਹੈ ਪਰ ਕਿਸੇ ਵੀ ਵਸਤੂ ਨੂੰ ਪ੍ਰਮਾਤਮਾ ਤੋਂ ਬਿਨ੍ਹਾਂ ਕੁੱਝ ਹੋਰ ਸਮਝਣਾ ਭਾਵ ਉਸਦੀ ਹੋਂਦ ਤੋਂ ਇਲਾਵਾ, ਕਿਸੇ ਹੋਰ ਦੀ ਹੋਂਦ ਸਮਝਣਾ ਸੱਚ ਨਹੀਂ ਹੈ। ਪ੍ਰਮਾਤਮਾ ਤੋਂ ਬਿਨ੍ਹਾਂ ਕਿਸੇ ਹੋਰ ਸਰੂਪ ਦਾ ਹੋਣਾ ਸੱਚ ਨਹੀਂ ਹੈ। ਜੇਕਰ ਸਾਨੂੰ ਸਭ ਵਿੱਚ ਭਗਵਾਨ ਨਜ਼ਰ ਆ ਰਹਿਆ ਹੈ ਇਹ ਸੱਚ ਹੈ ਤੇ ਜੇਕਰ ਭਗਵਾਨ ਤੋਂ ਬਿਨ੍ਹਾਂ ਕੁੱਝ ਹੋਰ ਨਜਰ ਆ ਰਹਿਆ ਹੈ, ਇਹ ਝੂਠ ਹੈ। (**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥**) ਭਾਵ (**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥**) ਅੰਗ - ੪੮੫ ਜਿਵੇਂ ਅਸੀਂ ਸੁਪਨੇ ਦੇ ਸਮੇਂ ਸੁੱਤੇ ਹੁੰਦੇ ਹਾਂ, ਇਸ ਤਰ੍ਹਾਂ ਪ੍ਰਮਾਤਮਾ ਨੇ ਸਾਨੂੰ ਹਰ ਵੇਲੇ ਸਰੀਰਕ ਰੂਪ ਵਿੱਚ ਜਾਗਦੇ ਹੋਏ ਵੀ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ, ਭਰਮ ਵਿੱਚ ਰੱਖਿਆ ਹੋਇਆ ਹੈ, ਦੁਬਿਧਾ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਸਾਨੂੰ ਝੂਠੀ ਗੱਲ ਸੱਚੀ ਲੱਗੀ ਜਾਂਦੀ ਹੈ ਤੇ ਸੱਚੀ ਗੱਲ ਝੂਠ ਲੱਗੀ ਜਾਂਦੀ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਪਰ ਸਾਨੂੰ ਮਨ ਦੇ ਵਿੱਚ ਅਗਿਆਨਤਾ ਵਾਲੀ ਝੂਠੀ ਸਮਝ ਕਰਕੇ, ਮਨਮਤਿ ਕਰਕੇ ਕਿਸੇ ਵਿੱਚ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ, ਉਸਦੀ ਹੋਂਦ ਨਜ਼ਰ ਨਹੀਂ ਆਉਂਦੀ ਤੇ ਅਸੀਂ ਹਰ ਕਿਸੇ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝੀ ਜਾਂਦੇ ਹਾਂ। ਇਸ ਅਗਿਆਨਤਾ ਦੀ, ਭਰਮ ਦੀ ਨੀਂਦ ਵਿੱਚੋਂ ਸਾਨੂੰ ਉਹ ਆਪ ਹੀ ਕੱਢ ਸਕਦਾ ਹੈ, ਆਪ ਹੀ ਜਗਾ ਸਕਦਾ ਹੈ, ਇਸ ਝੂਠੇ ਸੁਪਨੇ ਦੀ ਹਕੀਕਤ ਆਪ ਹੀ ਸਮਝਾ ਸਕਦਾ ਹੈ ਜਿਸਨੇ ਸਾਨੂੰ ਭਰਮ ਵਿੱਚ, ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥}

(ਅੰਗ - ੧੩੦੯)

{ਮਾਇਆ ਮੋਹਿ ਸੋਇ ਰਹੇ ਅਭਾਗੇ ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ ੩੭੫)

ਸਾਡੀ ਇਹ ਮਨ ਦੀ ਅਗਿਆਨਤਾ, ਤ੍ਰੈਗੁਣਾਂ ਵਾਲੀ ਅਵੱਸਥਾ ਉਸ ਸੱਚੇ ਗੁਰੂ ਪ੍ਰਮਾਤਮਾ ਦੇ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਜਾ ਸਕਦੀ ਹੈ ਜੋ ਕਿ ਉਸ ਦੇ ਆਪਣੇ ਹੱਥ ਹੈ। ਜਿਸਨੂੰ ਪ੍ਰਮਾਤਮਾ ਆਪਣਾ ਇਹ ਸੱਚਾ ਗਿਆਨ ਬਖਸ਼ਦਾ ਹੈ ਉਸਨੂੰ "ਸਹਜੁ" ਗਿਆਨ ਦੀ ਅਵੱਸਥਾ ਦੇ ਕੇ ਬਖਸ਼ਦਾ ਹੈ, ਚੌਥੇ ਪਦ ਦਾ ਗਿਆਨ ਦਿੰਦਾ ਹੈ ਜਿਸ ਪਦ ਵਿੱਚ ਉਹ ਸਾਡੇ ਅੰਦਰ ਆਪ ਵਰਤਦਾ ਹੈ। ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਇਹ ਗਿਆਨ ਬਖਸ਼ਦਾ ਹੇ। ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ, ਬ੍ਰਹਮ ਦੇ ਕੋਲੋਂ ਜੋ ਸਿੱਧਾ ਗਿਆਨ ਮਿਲਦਾ ਹੈ, ਇਹ ਬ੍ਰਹਮ ਗਿਆਨ ਹੈ ਜਿਸ ਦੁਆਰਾ ਗੁਰਬਾਣੀ ਦੀ, ਬ੍ਰਹਮ ਗਿਆਨ ਦੀ ਰਚਨਾ ਹੋਈ ਹੈ। ਸਾਡੇ ਮਨ ਦਾ ਭਰਮ, ਸਹਸਾ ਪ੍ਰਮਾਤਮਾ ਇਸੇ ਤਰੀਕੇ ਨਾਲ ਕੱਢਦਾ ਹੈ।

{ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥}

(ਅੰਗ ੯੧੯)

{ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥
ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥
ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥
ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥}

(ਅੰਗ ੧੦੬੯-੧੦੭੦)

{ਮਾਇਆ ਮੋਹਿ ਸੋਇ ਰਹੇ ਅਭਾਗੇ ॥

ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥}

(ਅੰਗ ੩੭੫)

ਮਨ ਦੀ ਇਸ ਅਵੱਸਥਾ ਦੁਆਰਾ ਹੀ ਭਾਵ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ, ਆਪਣਾ ਨਾਮ ਬਖਸ਼ਣ ਦੁਆਰਾ ਹੀ ਪ੍ਰਮਾਤਮਾ ਸਾਨੂੰ ਅਗਿਆਨਤਾ ਦੀ ਨੀਂਦ ਵਿੱਚੋਂ ਜਗਾਉਂਦਾ ਹੈ ਤੇ ਫਿਰ ਸਮਝ ਪੈਂਦੀ ਹੈ ਕਿ ਆਪਣੀ ਹੋਂਦ ਸਮਝਣਾ, ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਸਮਝਣਾ ਸਾਡਾ ਕੇਵਲ ਇੱਕ ਭਰਮ ਹੈ ਜੋ ਕਿ ਉਸਦਾ ਆਪਣਾ ਹੀ ਪਾਇਆ ਹੋਇਆ ਹੈ। ਇਸ ਮਨ ਨੂੰ ਜਾਣੇ ਬਿਨ੍ਹਾਂ ਸਾਨੂੰ ਪ੍ਰਮਾਤਮਾ ਦੇ ਅਸਲ ਰੂਪ ਦੀ ਇੱਕ ਭਿਨਕ ਵੀ ਨਹੀਂ ਪੈ ਸਕਦੀ ਕਿ ਪ੍ਰਮਾਤਮਾ ਕੀ ਹੈ ਤੇ ਕਿਵੇਂ ਸਭ ਦੇ ਅੰਦਰ ਵਰਤ ਰਿਹਾ ਹੈ। ਸੱਚੇ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਭਾਵ ਮਨ ਦੇ ਵਿੱਚ ਉਸ ਬ੍ਰਹਮ ਗਿਆਨੀ ਦੇ, ਪ੍ਰਮਾਤਮਾ ਦੇ ਦਰਸ਼ਨ ਹੋਣ ਦੁਆਰਾ ਕੋਈ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਿ ਲਵੇ, ਸਮਝ ਲਵੇ ਉਸਦੇ ਲਈ ਇਸ ਤੋਂ ਵੱਡੀ ਅਗਿਆਨਤਾ ਨਹੀਂ ਹੋ ਸਕਦੀ। ਇਸੇ ਲਈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ, ਉਨ੍ਹਾਂ ਨੇ ਬਾਣੀ ਰਾਹੀਂ ਪ੍ਰਮਾਤਮਾ ਨੂੰ ਹੀ ਬ੍ਰਹਮ ਗਿਆਨੀ ਕਹਿਆ ਹੈ। "ਬ੍ਰਹਮ ਗਿਆਨੀ" ਬ੍ਰਹਮ ਗਿਆਨ ਦੇਣ ਵਾਲਾ ਹੈ, ਨਾ ਕਿ ਲੈਣ ਵਾਲਾ। ਲੈਣ ਵਾਲੇ ਦੀ ਤਾਂ ਅਸਲ ਵਿੱਚ ਆਪਣੀ ਕੋਈ ਹੋਂਦ ਹੀ ਨਹੀਂ ਹੈ, ਫਿਰ ਲੈਣਾ ਕਿਸਨੇ ਹੈ। ਉਹ ਆਪ ਹੀ ਲੈਣ ਵਾਲਾ ਹੈ, ਆਪ ਹੀ ਦੇਣ ਵਾਲਾ ਹੈ। ਆਪ ਹੀ ਉਹ ਨਿਰਗੁਣ ਸਰੂਪ ਹੈ, ਆਪ ਹੀ ਸਰਗੁਣ ਸਰੂਪ ਹੈ ਭਾਵ ਆਪ ਹੀ ਨਿਰੰਕਾਰ ਰੂਪ ਹੈ, ਆਪ ਹੀ ਆਕਾਰ ਰੂਪ ਹੈ।

“ੴ ਸਤਿ ਨਾਮ”

ਉੱਪਰ ਸ਼ਬਦ ਦੀ ਇਤਨੀ ਗੱਲ ਵਿੱਚ ਹੀ ਸਭ ਕੁੱਝ ਆ ਜਾਂਦਾ ਹੈ। **“ੴ”** ਤੋਂ ਭਾਵ ਹੈ ਇੱਕੋ ਇੱਕ ਮਾਲਕ, ਡਿੱਠੀ ਅਣਡਿੱਠੀ, ਸੁਣੀ ਅਣਸੁਣੀ ਹਰ ਇੱਕ ਵਸਤੂ ਦਾ ਇੱਕੋ ਇੱਕ ਮਾਲਕ ਭਾਵ ਪ੍ਰਮਾਤਮਾ। **“ਸਤਿ ਨਾਮ”** ਤੋਂ ਭਾਵ ਹੈ ਕਿ ਉਹ **“ੴ”** ਭਾਵ ਪ੍ਰਮਾਤਮਾ ਜੋ ਹਰ ਵਸਤੂ ਦਾ ਮਾਲਕ ਹੈ, ਉਹ ਇੱਕੋ ਇੱਕ ਆਪ ‘‘ਸਤਿ’’ ਦੇ ਰੂਪ ਵਿੱਚ ਹੈ, ‘‘ਨਾਮ’’ ਦੇ ਰੂਪ ਵਿੱਚ ਹੈ। ਸਭ ਜਗ੍ਹਾ ਪ੍ਰਮਾਤਮਾ ਆਪਣੇ ‘‘ਸਤਿ’’ ਦੇ ਰੂਪ ਵਿੱਚ ਹੈ, ‘‘ਨਾਮ’’ ਦੇ ਰੂਪ ਵਿੱਚ ਹੈ। ਜੋ ਪ੍ਰਮਾਤਮਾ ਦਾ ‘‘ਸਤਿ’’ ਰੂਪ ਹੈ ਭਾਵ ਸੱਚ ਰੂਪ ਹੈ ਉਹੀ ਉਸਦਾ ‘‘ਨਾਮੁ’’ ਰੂਪ ਹੈ ਜੋ ਕਿ ਪ੍ਰਮਾਤਮਾ ਦਾ ‘‘ਬ੍ਰਹਮ ਗਿਆਨ’’ ਰੂਪ ਹੈ, ਉਸ ਦੀ ਉੱਚੀ ਸਾਇੰਸ ਦਾ ਰੂਪ ਹੈ ਜਿਸ ਆਪਣੇ ਰੂਪ ਦੁਆਰਾ ਉਹ ਸਭ ਵਿੱਚ ਤੇ ਸਭ ਜਗ੍ਹਾ ਸਮਾਇਆ ਹੋਇਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦੇ ਨਾਮ ਦੁਆਰਾ ਬਣਿਆ ਹੈ, ਉਸਦੇ ‘‘ਸੱਚੁ’’ ਦੁਆਰਾ ਭਾਵ ਸੱਚੇ ਗਿਆਨ ਦੁਆਰਾ ਬਣਿਆ ਹੈ ਤੇ ਉਸਦੇ ਸੱਚੇ ਗਿਆਨ ਦੁਆਰਾ ਹੀ ਚੱਲ ਰਹਿਆ ਹੈ। ਹਰ ਵਸਤੂ ਵਿੱਚ ਪ੍ਰਮਾਤਮਾ ਦਾ ਸੱਚੁ ਰੂਪ ਹੀ ਹੈ। ਕੇਵਲ ਇੱਕ ਨਾਮ ਦਾ ਹੋਣਾ, ਕੇਵਲ ਸੱਚ ਰੂਪ ਪ੍ਰਮਾਤਮਾ ਦਾ ਹੋਣਾ ਹੀ ਸੱਚ ਹੈ, ਕੇਵਲ ਇੱਕ ਉਸੇ ਦੀ ਹੋਂਦ ਹੀ ਸੱਚ ਹੈ ਭਾਵ ਬਾਕੀ ਹੋਰ ਕਿਸੇ ਵੀ ਵਸਤੂ ਦੀ ਹੋਂਦ ਸਮਝਣਾ ਸੱਚ ਨਹੀਂ ਹੈ।

ਬਾਣੀ ਸਾਨੂੰ ਵਾਰ-ਵਾਰ ਇਹੀ ਗੱਲ ਸਮਝਾ ਰਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਪਰ ਇਸ ਮਨ ਦਾ ਭਰਮ ਮਿਟੇ ਬਿਨ੍ਹਾਂ ਕੋਈ ਇਸ ਗੱਲ ਤੇ ਯਕੀਨ ਕਰ ਹੀ ਨਹੀਂ ਸਕਦਾ ਕਿਉਂਕਿ ਇਹ ਉਸਦੀ ਆਪਣੀ ਹੀ ਬਣਾਈ ਹੋਈ ਜੁਗਤਿ ਹੈ ਜਿਸ ਵਿੱਚੋਂ ਉਹ ਆਪ ਹੀ ਕੱਢੇ ਤੇ ਕੋਈ ਨਿਕਲ ਸਕਦਾ ਹੈ।

ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਸਾਡਾ ਮਾਰਗ ਦਰਸ਼ਨ ਇਸ ਮਨ ਦੁਆਰਾ ਹੀ ਹੁੰਦਾ ਹੈ ਤੇ ਮਨ ਦੇ ਵਿੱਚੋਂ ਜਿਹੋ ਜਿਹੀ ਸੋਝੀ ਸਾਨੂੰ ਪੈਂਦੀ ਹੈ ਅਸੀਂ ਉਹੀ ਕੁਝ ਕਰਨ ਲਈ ਮਜ਼ਬੂਰ ਹੁੰਦੇ ਹਾਂ। ਜਦੋਂ ਸਾਨੂੰ ਉਸਨੇ ਧਰਮ ਦੇ ਮਾਰਗ ਤੇ ਤੋਰਨਾ ਹੈ ਫਿਰ ਸਾਡੀ ਸੋਝੀ ਬਦਲ ਕੇ ਕਿਰਪਾ ਵੀ ਆਪੇ ਹੀ ਕਰ ਦੇਣੀ ਹੈ। ਜੇਕਰ ਉਹ ਸਾਨੂੰ ਭਰਮ ਵਿੱਚ ਹੀ ਰੱਖਣਾ ਚਾਹੁੰਦਾ ਹੈ ਤੇ ਉਹ ਵੀ ਉਸਦੀ ਰਜ਼ਾ ਹੈ। ਧਰਮ ਦੇ ਮਾਰਗ ਨੂੰ ਸਮਝਣ ਦਾ ਤੇ ਉਸ ਤੇ ਚੱਲਣ ਦਾ ਉੱਦਮ ਉਸਨੇ ਸਾਡੇ ਸਿਰ ਲਾਇਆ ਹੋਇਆ ਹੈ ਤੇ ਮਾਇਆ ਮੋਹ ਵੀ ਆਪ ਹੀ ਪਾਇਆ ਹੋਇਆ ਹੈ। ਉਸਨੇ ਸਾਨੂੰ ਬਹੁਤ ਵੱਡੇ ਇਮਤਿਹਾਨ ਵਿੱਚ ਪਾਇਆ ਹੋਇਆ ਹੈ, ਆਪਣੀ ਮਨਮਤਿ ਛੱਡਣ ਦੇ ਇਮਤਿਹਾਨ ਵਿੱਚ ਪਾਇਆ ਹੋਇਆ ਹੈ। ਗੁਰਬਾਣੀ ਵੀ ਉਸਨੇ ਸਾਨੂੰ ਆਪ ਹੀ ਦਿੱਤੀ ਹੋਈ ਹੈ, ਜੋ ਕਿ ਸਾਡਾ ਵਾਰ-ਵਾਰ ਇਮਤਿਹਾਨ ਲੈਂਦੀ ਹੈ। ਇਸ ਇਮਤਿਹਾਨ ਵਿੱਚੋਂ ਨਿਕਲਣ ਲਈ ਉੱਦਮ ਸਾਡੇ ਸਿਰ ਇਸ ਲਈ ਹੈ ਕਿ ਪ੍ਰਮਾਤਮਾ ਨੇ ਚੰਗੇ ਮਾੜੇ ਦੀ ਸੋਝੀ ਸਭ ਨੂੰ ਪਾਈ ਹੋਈ ਹੈ। ਚੰਗਾ ਕਰਮ ਕੀ ਹੈ, ਮਾੜਾ ਕਰਮ ਕੀ ਹੈ, ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਤੇ ਗੁਰਮਤਿ ਵੀ ਸਾਨੂੰ ਇਸੇ ਗੱਲ ਲਈ ਹੀ ਪ੍ਰੇਰ ਰਹੀ ਹੈ। ਮਾੜੇ ਕਰਮ ਕਰਨ ਦੁਆਰਾ ਅਸੀਂ ਜੋ ਮਾਇਆ ਕਮਾਉਂਦੇ ਹਾਂ ਉਹ ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਹੀ ਕਮਾਉਂਦੇ ਹਾਂ ਤੇ ਇਸੇ ਲਈ ਮਾੜੇ ਕਰਮਾਂ ਦਾ ਫਲ ਸਾਨੂੰ ਸਜ਼ਾਵਾਂ ਦੇ ਰੂਪ ਵਿੱਚ ਆਪ ਹੀ ਭੁਗਤਣਾ ਪੈਂਦਾ ਹੈ। ਅਸੀਂ ਜਿਤਨੇ ਵੀ ਚੰਗੇ ਕਰਮ ਕਰਦੇ ਹਾਂ ਚੰਗਾ ਫਲ ਇਨ੍ਹਾਂ ਕਰਮਾਂ ਦਾ ਹੀ ਮਿਲਦਾ ਹੈ ਤੇ ਇਹ ਹੀ ਸਾਡੀ ਧਰਮ ਦੀ ਕਮਾਈ ਹੈ ਜਿਸ ਲਈ ਸਾਨੂੰ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰਨਾ ਪੈਂਦਾ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ ਜੋ ਕਿ ਬਹੁਤ ਔਖਾ ਹੈ। ਧਰਮ ਦੀ ਕਮਾਈ ਕਰਨੀ ਬਹੁਤ ਔਖੀ ਹੈ।

ਪਿੱਛੇ ਸ਼ਬਦ ਰਾਹੀਂ ਅਸੀਂ ਮਨੁੱਖਤਾ ਦਾ ਧਰਮ ਕਿਵੇਂ ਨਿਭਾਉਣਾ ਹੈ ਇਹ ਜਾਣਿਆ ਹੈ। ਧਰਮ ਇੱਕੋ ਹੀ ਹੈ ਤੇ ਸਾਰੀ ਮਨੁੱਖਤਾ ਦਾ ਧਰਮ

4/340

ਹਰਿ ਹਰਿ ਕਰਨਾ ਹੀ ਹੈ, ਤੂੰ ਹੀ ਤੂੰ ਕਰਨਾ ਹੀ ਹੈ। ਸਮਝਣ ਦੀ ਗੱਲ ਸਿਰਫ਼ ਇਹ ਹੈ ਕਿ ਇਹ ਹਰਿ ਹਰਿ ਅਸੀਂ ਕਿਵੇਂ ਕਰਨਾ ਹੈ। ਇਹ ਕੇਵਲ ਉਸਦਾ ‘‘ਬਾਣੀਆ’’ ਬਣ ਕੇ ਕੀਤਾ ਜਾ ਸਕਦਾ ਹੈ ਤੇ ਹਰ ਕਿਸੇ ਨੂੰ ਉਸਦਾ ਬਾਣੀਆ ਬਣਨ ਦੀ ਹੀ ਲੋੜ ਹੈ। ਬਾਣੀਆਂ ਅਸੀਂ ਗੁਰੂ ਦੀ ਦਿੱਤੀ ਹੋਈ ਰਾਸਿ ਦੁਆਰਾ ਬਣਨਾ ਹੈ। ਬੱਸ ਇਹ ‘‘ਰਾਸਿ’’ ਕੀ ਹੈ, ਇਸਦੀ ਹੀ ਸਾਨੂੰ ਸਮਝ ਨਹੀਂ ਲੱਗੀ। ਰਾਸਿ ਸਾਡੀ ‘‘ਹਰਿ’’ ਹੀ ਹੈ ਜੋ ਕਿ ਅਸੀਂ ਗੁਰੂ ਕੋਲੋਂ ਜਾਨਣੀ ਹੈ। ਬਜਾਇ ਗੁਰੂ ਕੋਲੋਂ ਜਾਨਣ ਦੇ ਕਿ ਇਹ ‘‘ਹਰਿ ਰਾਸਿ’’ ਕੀ ਹੈ, ਬਸ ਅਸੀਂ ਹਰਿ ਹਰਿ ਕਰਨਾ ਸ਼ੁਰੂ ਕਰ ਦਿੱਤਾ ਹੈ। ‘‘ਹਰਿ’’ ਅੱਖਰ ਨੂੰ ਹੀ ਅਸੀਂ ਆਪਣੀ

ਰਾਸਿ ਸਮਝ ਲਿਆ ਹੈ ਤੇ ਹਰਿ ਹਰਿ ਕਰਨਾ ਸ਼ੁਰੂ ਕਰ ਦਿੱਤਾ ਹੈ। ਹਰ ਕੋਈ ਵੇਖੋ ਵੇਖੀ ਇਹੀ ਕੁੱਝ ਕਰੀ ਜਾ ਰਿਹਾ ਹੈ ਤੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਸੀਂ ਮੁੱਖੋਂ ਬੋਲਣ ਲਈ ਅੱਖਰ ਵੀ ਬਦਲ ਲਏ ਹਨ ਭਾਵ ਕਿਸੇ ਅੱਖਰ ਦੀ ਕਥਨੀ ਨੂੰ ਹੀ ਅਸੀਂ ਨਾਮ ਜਪਣਾ ਸਮਝਦੇ ਆ ਰਹੇ ਹਾਂ। ਇਸੇ ਲਈ ਬਾਣੀ ਵਿੱਚ ਸਮਝਾਇਆ ਹੈ, ਅਨੇਕਾਂ ਵਾਰ ਸਮਝਾਇਆ ਹੈ ਕਿ ਇਹੋ ਜਿਹਾ ਹਰਿ ਹਰਿ ਕਰਨ ਦਾ ਭਾਵ ਕਿਸੇ ਅੱਖਰ ਨੂੰ ਮੁੱਖੋਂ ਬੋਲੀ ਜਾਣ ਦਾ ਕੋਈ ਲਾਭ ਨਹੀਂ ਹੈ।

(ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥) ਅੰਗ - ੯੨੦ ਜੇਕਰ ਸਾਨੂੰ ਸਮਝ ਲੱਗ ਜਾਵੇ ਕਿ ਹਰਿ ਹਰਿ ਕਿਵੇਂ ਕਰਨਾ ਹੈ, ਜੋ ਕਿ ਬਾਣੀ ਦੇ ਵਿੱਚ ਹੀ ਅਨੇਕਾਂ ਵਾਰ ਸਮਝਾਇਆ ਹੋਇਆ ਹੈ ਤਾਂ ਫਿਰ ਅਸੀਂ ਉਹੋ ਜਿਹਾ ਹਰਿ ਹਰਿ ਹੀ ਕਰਾਂਗੇ, "ਤੂੰ ਹੀ ਤੂੰ" ਕਰਾਂਗੇ, ਅੱਲ੍ਹਾ ਅੱਲ੍ਹਾ ਕਰਾਂਗੇ, ਰਾਮ ਰਾਮ ਕਰਾਂਗੇ, ਵਾਹਿਗੁਰੂ ਵਾਹਿਗੁਰੂ ਕਰਾਂਗੇ ਜੋ ਅਸੀਂ ਪਿੱਛੇ ਵਾਰ-ਵਾਰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤੇ ਜੋ ਹੇਠ ਦਿੱਤੇ ਸ਼ਬਦਾਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ। ਸਾਡਾ ਅਸਲ ਹਰਿ ਹਰਿ ਉਦੋਂ ਹੋਵੇਗਾ ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਵੇਗੀ ਕਿ ਸਭ ਕੁੱਝ "ਹਰਿ" ਹੀ ਹੈ, ਸਭ ਹੋਂਦ "ਹਰਿ" ਦੀ ਆਪਣੀ ਹੀ ਹੈ।

"ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ॥
ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ॥"

(ਅੰਗ ੨੨)

"ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ
ਇਵ ਹਰਿ ਹਰਿ ਨਾਮੁ ਧਿਆਈ॥"

(ਅੰਗ ੬੬੯)

ਉਪਰਲੇ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਅਸੀਂ ਕਿਸ ਤਰੀਕੇ "ਹਰਿ" ਬੋਲਣਾ ਹੈ ਭਾਵ ਨਾਮ ਜਪਣਾ ਹੈ। ਅਸੀਂ ਗੁਰਮਤਿ ਲੈ ਕੇ ਹਰਿ ਬੋਲਣਾ ਹੈ ਭਾਵ ਗੁਰੂ ਦੀ ਮਤਿ ਲੈ ਕੇ ਹਰਿ ਬੋਲਣਾ ਹੈ ਭਾਵ ਜੋ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ, ਸਿੱਖਿਆ ਦਿੰਦੀ ਹੈ, ਉਸ ਸਿੱਖਿਆ ਅਨੁਸਾਰ ਚੱਲਣਾ ਹਰਿ ਹਰਿ ਬੋਲਣਾ ਹੈ। ਗੁਰੂ ਆਪਣੇ ਹਰ ਸ਼ਬਦ ਰਾਹੀਂ ਸਾਨੂੰ ਸਿੱਖਿਆ ਹੀ ਦੇ ਰਹਿਆ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਪੂਰਨ ਰੂਪ ਵਿੱਚ ਮੰਨਣਾ ਹੀ ਹਰਿ ਹਰਿ ਕਰਨਾ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚ ਸਮਝਾਉਂਦਾ ਹੈ, ਸੱਚੀ ਸਿੱਖਿਆ ਦਿੰਦਾ ਹੈ ਤੇ ਅਸੀਂ ਆਪਣੇ ਮਨ ਨੂੰ ਸੱਚ ਦੀ ਕਸਵੱਟੀ ਤੇ ਲਾਉਣਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਤੇ ਪੂਰਾ ਉਤਰਨਾ ਹੈ, ਗੁਰੂ ਦੀ ਸਿੱਖਿਆ ਦਾ, ਗੁਰਮਤਿ ਦਾ ਪੂਰਾ ਤੋਲ ਤੁਲਣਾ ਹੈ ਭਾਵ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਹੈ। ਸੱਚ ਦੀ ਕਸਵੱਟੀ ਤੇ ਪੂਰਾ ਉਤਰਨਾ ਹੀ, ਹਰਿ ਹਰਿ ਕਰਨਾ ਹੈ ਭਾਵ ਨਾਮ ਜਪਣਾ ਹੈ ਜੋ ਨਾਮ ਜਪਣ ਦੁਆਰਾ ਮਨੁੱਖ ਉਸ ਤਰੀਕੇ ਹੀ ਵਿਚਰਦਾ ਹੈ ਜਿਵੇਂ ਗੁਰੂ ਸਮਝਾਉਂਦਾ ਹੈ ਜੋ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। (**ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ॥**) ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਗੁਰੂ ਨੇ। ਹਰਿ ਹਰਿ ਕਰਨਾ ਗੁਰੂ ਦੇ ਸਮਝਾਏ ਹੋਏ ਸੱਚ ਦੀ ਕਸਵੱਟੀ ਤੇ ਪੂਰਾ ਉਤਰਨਾ ਹੈ, ਉਸਦਾ ਪੂਰਾ ਤੋਲ ਤੁਲਣਾ ਹੈ। ਸੱਚੁ ਹੀ ਨਾਮ ਹੈ ਤੇ ਸੱਚ ਦੀ ਕਸਵੱਟੀ ਤੇ ਪੂਰਾ ਉਤਰਨਾ ਨਾਮ ਦੀ ਕਸਵੱਟੀ ਤੇ ਪੂਰਾ ਉਤਰਨਾ ਹੈ। ਇਹ ਤੋਲ ਕਿਵੇਂ ਤੁਲਿਆ ਜਾਂਦਾ ਹੈ ਇਹ ਅਸੀਂ ਪਿੱਛੇ ਬਰੀਕੀ ਨਾਲ ਜਾਣ ਹੀ ਚੁੱਕੇ ਹਾਂ। ਇਹ ਤੋਲ ਸੁਨਿਆਰੇ ਦੇ ਕੰਡੇ ਤੇ ਨਹੀਂ ਤੁਲ ਸਕਦਾ ਜੋ ਕਿ ਅਸੀਂ ਕੋਸ਼ਿਸ਼ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਇਹ ਗੁਣਾਂ ਦਾ ਤੋਲ ਹੈ ਤੇ ਗੁਣਾਂ ਨੂੰ ਧਾਰਨ ਕਰਕੇ

ਹੀ ਤੁਲਿਆ ਜਾ ਸਕਦਾ ਹੈ, ਸੱਚ ਨੂੰ ਅਪਣਾ ਕੇ ਹੀ ਤੁਲਿਆ ਜਾ ਸਕਦਾ ਹੈ, ਔਗੁਣਾਂ ਨੂੰ ਤਿਆਗ ਕੇ ਹੀ ਤੁਲਿਆ ਜਾ ਸਕਦਾ ਹੈ। ਗੁਰੂ ਦੇ ਸਮਝਾਉਣ ਵਿੱਚ ਤਾਂ ਕੋਈ ਕਸਰ ਨਹੀਂ ਹੈ, ਕਸਰ ਕੇਵਲ ਸਾਡੇ ਸਮਝਣ ਵਿੱਚ ਹੈ ਤੇ ਗੁਰੂ ਦੀ ਗੱਲ ਨੂੰ ਮੰਨਣ ਵਿਚ ਹੈ। ਅਸਲ ਵਿੱਚ ਅਸੀਂ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਬਸ ਦੇਖਾ ਦੇਖੀ ਹਰ ਕੋਈ ਅੱਖਾਂ ਮੀਟ ਕੇ ਤੁਰੀ ਜਾ ਰਿਹਾ ਹੈ।

ਇਹੋ ਜਿਹਾ ਹਰਿ ਹਰਿ ਕਰਨਾ ਹੀ ਸਾਡੀ ਪ੍ਰਮਾਤਮਾ ਅੱਗੇ ਅਰਦਾਸ ਹੈ, ਉਸਦੀ ਸੇਵਾ ਹੈ, ਉਸਦੀ ਭਗਤੀ ਹੈ ਜਿਵੇਂ ਕਿ

ਅਸੀਂ ਪਿਛਲੇ ਕੁਝ ਸ਼ਬਦਾਂ ਦੁਆਰਾ ਜਾਣਿਆ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

“ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥
ਸਾਚੁ ਭੇਟ ਬੈਸਣ ਕਉ ਥਾਉ॥
ਸਤੁ ਸੰਤੋਖੁ ਹੋਵੈ ਅਰਦਾਸਿ॥
ਤਾ ਸੁਣਿ ਸਦਿ ਬਹਾਲੇ ਪਾਸਿ॥੧॥
ਨਾਨਕ ਬਿਰਥਾ ਕੋਇ ਨ ਹੋਇ॥
ਐਸੀ ਦਰਗਹ ਸਾਚਾ ਸੋਇ॥੧॥ਰਹਾਉ॥”

(ਅੰਗ ੮੭੮)

ਬੜੇ ਧਿਆਨ ਨਾਲ ਸਮਝੋ ਉਪਰ ਵਾਲੇ ਸ਼ਬਦ ਨੂੰ। ਅਸੀਂ ਗੁਰੂ ਕੋਲ ਜਾਂਦੇ ਹਾਂ, ਗੁਰੂ ਦੇ ਦੁਆਰੇ ਤੇ ਜਾਂਦੇ ਹਾਂ ਤੇ ਉਥੇ ਜਾ ਕੇ ਸੀਸ ਨਿਵਾਉਂਦੇ ਹਾਂ, ਮੱਥਾ ਟੇਕਦੇ ਹਾਂ, ਗੁਰੂ ਅੱਗੇ ਭੇਟਾ ਚੜਾਉਂਦੇ ਹਾਂ ਤੇ ਫਿਰ ਅਰਦਾਸ ਵੀ ਕਰਦੇ ਹਾਂ ਭਾਵ ਜੋ ਸਾਨੂੰ ਲੋੜ ਹੈ ਉਹ ਗੁਰੂ ਕੋਲੋਂ ਮੰਗਦੇ ਹਾਂ। ਸਾਡਾ ਇਹ ਗੁਰੂ ਕੋਲ ਜਾਣਾ ਕਿਹੋ ਜਿਹਾ ਹੋਣਾ ਚਾਹੀਦਾ ਹੈ, ਸਾਡੀ ਅਰਦਾਸ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਹ ਹੀ ਇੱਥੇ ਸਮਝਾਇਆ ਹੋਇਆ ਹੈ। ਸਾਡਾ ਪ੍ਰਮਾਤਮਾ ਅੱਗੇ ਨਿਵਣਾ, ਉਸਦੇ ਅੱਗੇ ਮੱਥਾ ਟੇਕਣਾ ਇਹ ਹੈ ਕਿ ਅਸੀਂ ਉਸਦੇ ਨਾਮ ਨੂੰ ਮੰਨੀਏ ਭਾਵ ਉਸਦੀ ਦਿੱਤੀ ਹੋਈ ਮਤਿ ਨੂੰ ਲੈ ਕੇ ਉਸਨੂੰ ਮੰਨੀਏ, ਉਸ ਤੇ ਅਮਲ ਕਰੀਏ ਭਾਵ ਪ੍ਰਮਾਤਮਾ ਅੱਗੇ, ਗੁਰੂ ਅੱਗੇ ਉਸ ਮਨੁੱਖ ਦਾ ਮੱਥਾ ਟੇਕਿਆ ਕਬੂਲ ਹੁੰਦਾ ਹੈ ਜੋ ਉਸਦੇ ਹੁਕਮ ਨੂੰ ਮੰਨਦਾ ਹੈ, ਉਸਦੇ ਉਪਦੇਸ਼ ਨੂੰ ਮੰਨਦਾ ਹੈ। ਗੁਰੂ ਦੀ ਸਿੱਖਿਆ, ਗੁਰੂ ਦੇ ਬਚਨ ਹੀ ਅਸਲ ਵਿੱਚ ਸਾਡਾ ਗੁਰੂ ਹੈ। **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਅੰਗ - ੧੩੦੯ ਮੱਥਾ ਅਸਲ ਵਿੱਚ ਅਸੀਂ ਗੁਰੂ ਦੀ ਸਿੱਖਿਆ ਨੂੰ ਹੀ ਟੇਕਣਾ ਹੈ ਜੋ ਕਿ ਸਾਡੇ ਮਨ ਨੇ ਟੇਕਣਾ ਹੈ। ਸਾਡਾ ਕਾਇਆਂ ਸਰੂਪ ਸਾਨੂੰ ਗੁਰੂ ਦੇ ਦੁਆਰੇ ਤੇ ਲੈ ਕੇ ਜਾਣ ਲਈ ਹੈ ਤਾਂ ਜੋ ਅਸੀਂ ਉਸ ਦੀ ਗੱਲ ਨੂੰ ਸੁਣ ਸਕੀਏ। ਗੁਰੂ ਦੇ ਦੁਆਰੇ ਤੇ ਜਾਣਾ ਚੰਗੀ ਗੱਲ ਹੈ। ਗੁਰੂ ਨੂੰ ਦੇਣ ਲਈ ਭੇਟਾ ਸਾਡਾ ਸੱਚ ਹੈ ਭਾਵ ਜੋ ਮਨੁੱਖ ਆਪਣੇ ਅੰਦਰ ਗੁਰੂ ਦੇ ਦੱਸੇ ਹੋਏ ਸੱਚ ਨੂੰ ਅਪਣਾਉਂਦਾ ਹੈ, ਇਹ ਉਸ ਦੀ ਗੁਰੂ ਲਈ ਭੇਟਾ ਹੈ ਤੇ ਇਹੋ ਜਿਹਾ ਮਨੁੱਖ ਹੀ ਗੁਰੂ ਦੇ ਨਾਲ ਬੈਠਿਆ ਹੋਇਆ ਸਮਝਿਆ ਜਾਂਦਾ ਹੈ ਭਾਵ ਗੁਰੂ ਉਸ ਨੂੰ ਹੀ ਆਪਣੇ ਨਾਲ ਲਗਾਉਂਦਾ ਹੈ, ਉਸਦੀ ਭੇਟਾ ਕਬੂਲ ਕਰਦਾ ਹੈ,

4/342

ਜਿਸਦੇ ਅੰਦਰ ਸੱਚ ਹੈ। ਕਿਸੇ ਚੀਜ ਦੀ ਭੇਟਾ ਤਾਂ ਹੀ ਦਿੱਤੀ ਜਾ ਸਕਦੀ ਹੈ ਜੇਕਰ ਉਹ ਚੀਜ ਸਾਡੇ ਕੋਲ ਹੋਵੇ। ਜੇਕਰ ਸਾਡੇ ਅੰਦਰ ਸੱਚ ਹੈ ਫਿਰ ਤਾਂ ਹੀ ਅਸੀਂ ਉਸਨੂੰ ਭੇਟ ਦੇ ਰੂਪ ਵਿੱਚ ਦੇ ਸਕਦੇ ਹਾਂ। ਗੁਰੂ ਪ੍ਰਮਾਤਮਾ ਆਪ “ਸੱਚ” ਹੈ ਤੇ ਸੱਚ ਦੀ ਸੰਗਤ ਗੁਰੂ ਦੀ ਸੰਗਤ ਹੈ, ਪ੍ਰਮਾਤਮਾ ਦੀ ਸੰਗਤ ਹੈ ਜੋ ਮਨ ਦੇ ਵਿੱਚ ਹੀ ਹੁੰਦੀ ਹੈ ਜੋ ਸੰਗਤਿ ਮਨ ਦੇ ਵਿੱਚ ਸਾਡੀ ਸਮਝ ਗੁਰੂ ਦੀ ਸੱਚੀ ਸਮਝ ਦੇ ਨਾਲ ਕਰਦੀ ਹੈ ਜੋ ਸਮਝ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਸੱਚ ਤੇ ਚਲਾਉਂਦੀ ਹੈ। **(ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ਸਾਚੁ ਭੇਟ ਬੈਸਣ ਕਉ ਥਾਉ॥)** ਸਾਡੀ ਪ੍ਰਮਾਤਮਾ ਅੱਗੇ ਸੱਚੀ ਅਰਦਾਸ ਇਹੋ ਹੈ ਜਿਸ ਦੁਆਰਾ ਅਸੀਂ ਉਸਦੀ ਪ੍ਰਾਪਤੀ ਕਰ ਸਕੀਏ, ਉਸ ਨੂੰ ਪਾ ਸਕੀਏ ਤੇ ਇਹੋ ਜਿਹੀ ਅਰਦਾਸ ਸਾਡੀ ਤਾਂ ਹੀ ਹੁੰਦੀ ਹੈ ਜੇਕਰ ਸਾਡੇ ਅੰਦਰ ਗੁਰੂ ਦਾ ਸਤਿ ਹੈ, ਜਿਸਦੇ ਮਨ ਵਿੱਚ ਸੰਤੋਖ ਹੈ ਭਾਵ ਜੋ ਗੁਰੂ ਦੀ ਮਤਿ ਉੱਤੇ ਦ੍ਰਿੜ ਹੈ, ਜੋ ਔਗੁਣਾਂ ਤੋਂ ਰਹਿਤ ਹੈ, ਤ੍ਰਿਸ਼ਨਾਵਾਂ ਤੋਂ ਰਹਿਤ ਹੈ। ਜਿਸ ਮਨੁੱਖ ਦੇ ਅੰਦਰ ਇਹੋ ਜਿਹੇ ਗੁਣ ਆ ਜਾਂਦੇ ਹਨ ਉਸਦੀ ਅਰਦਾਸ ਪ੍ਰਮਾਤਮਾ ਸੁਣ ਲੈਂਦਾ ਹੈ ਤੇ ਆਪਣੇ ਨਾਲ ਬੈਠਾ ਲੈਂਦਾ ਹੈ ਜੋ ਕਿ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਮਨ ਦੇ ਵਿੱਚ ਆਪਣੇ ਨਾਲ ਬੈਠਾਉਂਦਾ ਹੈ ਭਾਵ ਮੇਲ ਲੈਂਦਾ ਹੈ। **(ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥੧॥)** ਆਪਣਾ ਸੱਚ ਪ੍ਰਮਾਤਮਾ ਆਪ ਹੀ ਕਿਸੇ ਨੂੰ ਦਿੰਦਾ ਹੈ ਜਿਸ ਦੁਆਰਾ ਉਸ ਨਾਲ ਮੇਲ ਹੁੰਦਾ ਹੈ ਪਰ ਸੱਚ ਨੂੰ ਅਪਣਾਉਣ ਦਾ ਉੱਦਮ ਅਸੀਂ ਹੀ ਕਰਨਾ ਹੈ, ਗੁਰਮਤਿ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ। ਜੋ ਇਹੋ ਜਿਹੀ ਅਰਦਾਸ ਕਰਦਾ ਹੈ ਭਾਵ ਜੋ ਸੱਚੇ ਮਨੋ ਪ੍ਰਮਾਤਮਾ ਨੂੰ ਪਾਉਣ ਲਈ ਉੱਦਮ ਕਰਦਾ ਹੈ, ਉਪਰਾਲਾ ਕਰਦਾ ਹੈ ਉਸਦੀ ਫਿਰ ਅਰਦਾਸ ਬਿਰਥੀ ਨਹੀਂ ਜਾਂਦੀ ਭਾਵ ਉਹ ਪ੍ਰਮਾਤਮਾ ਨੂੰ ਪਾ ਲੈਂਦਾ ਹੈ, ਉਸਦੀ ਦਰਗਾਹ ਵਿੱਚ ਪਹੁੰਚ ਜਾਂਦਾ ਹੈ, ਉਸਨੂੰ ਇਸ ਸਰੀਰ ਦੇ ਵਿੱਚ ਹੀ ਉਸਦੀ ਦਰਗਾਹ ਮਿਲ ਜਾਂਦੀ ਹੈ। ਉਸਦੀ ਦਰਗਾਹ ਸਾਡਾ ਮਨ ਹੈ ਜਿੱਥੇ ਕੇਵਲ ਆਪ ਪ੍ਰਮਾਤਮਾ ਹੈ। ਜੋ ਮਨੁੱਖ ਪ੍ਰਮਾਤਮਾ ਨੂੰ ਪਾ ਲੈਂਦਾ ਹੈ, ਉਸਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਸਾਡੇ ਮਨ

ਦੇ ਵਿੱਚ ਕੇਵਲ ਪ੍ਰਮਾਤਮਾ ਹੀ ਹੈ ਤੇ ਮਨੁੱਖ ਦਾ ਆਪ ਹੋਣਾ ਕੇਵਲ ਇੱਕ ਭੁਲੇਖਾ ਹੀ ਹੈ ਭਾਵ ਮਨੁੱਖੀ ਹੋਂਦ ਕੇਵਲ ਭੁਲੇਖਾ ਹੀ ਹੈ।

(ਨਾਨਕ ਬਿਰਥਾ ਕੋਇ ਨ ਹੋਇ॥

ਐਸੀ ਦਰਗਹ ਸਾਚਾ ਸੋਇ॥)

ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਫਿਰ ਉਸਦੇ ਅੱਗੇ ਅਰਦਾਸ ਕਰਨ ਦਾ ਤਰੀਕਾ ਇਹ ਹੀ ਹੈ ਜੋ ਉੱਪਰ ਸਮਝਾਇਆ ਹੋਇਆ ਹੈ। ਨਾਮ ਜਪਣਾ ਇਹੋ ਹੀ ਹੈ ਜੋ ਉੱਪਰ ਸਮਝਾਇਆ ਹੋਇਆ ਹੈ। ਜੇਕਰ ਅਸੀਂ ਸਮਝਣਾ ਚਾਹੀਏ ਕਿ ਨਾਮ ਕੀ ਹੈ, ਤਾਂ ਫਿਰ ਉੱਪਰ ਦਿੱਤੇ ਹੋਏ ਸ਼ਬਦ ਦੁਆਰਾ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਬਿਨ੍ਹਾਂ ਸੱਚ ਸੰਤੋਖ ਵਾਲੀ ਸੱਚੀ ਸਮਝ ਤੋਂ, ਹੋਰ ਕੋਈ ਨਾਮ ਕੀ ਹੋ ਸਕਦਾ ਹੈ। ਨਾਮ ਸਾਡੇ ਮਨ ਦੀ ਅਵੱਸਥਾ ਹੈ, ਗੁਰੂ ਦੇ ਸੱਚੇ ਗਿਆਨ ਦੀ ਅਵੱਸਥਾ ਹੈ ਜੋ ਕਿ ਇਸ ਮਨ ਦੇ ਮਰਨ ਦੁਆਰਾ ਹੀ ਬਣਦੀ ਹੈ ਭਾਵ ਹਉਮੈ ਮਰਨ ਦੁਆਰਾ, ਮਨ ਦੀ ਅਗਿਆਨਤਾ ਵਾਲੀ ਸਮਝ ਮਰਨ ਦੁਆਰਾ, ਮਨਮਤਿ ਮਰਨ ਦੁਆਰਾ, ਮਾਇਆ ਮੋਹ ਮਰਨ ਦੁਆਰਾ ਹੀ ਬਣਦੀ ਹੈ ਤੇ ਇੱਕ ਵਾਰੀ ਬਣ ਜਾਏ ਤੇ ਫਿਰ ਬਣੀ ਹੀ ਰਹਿੰਦੀ ਹੈ। ਆਪਣੇ ਮਨ ਨੂੰ ਮਾਰਨ ਲਈ ਕੇਵਲ ਆਪਣੇ ਮਨ ਦੀ ਨਾ-ਸਮਝ ਮਤਿ ਨੂੰ ਛੱਡਣ ਦੀ ਲੋੜ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੀ ਲੋੜ ਹੈ ਜਿਸ ਲਈ ਕੋਈ ਦਿਖਾਵਾ ਕਰਨ ਦੀ ਲੋੜ ਨਹੀਂ ਹੈ। ਦਿਖਾਵਾ ਉਹ ਕਰਦਾ ਹੈ ਜਿਸਨੂੰ ਸੋਝੀ ਨਹੀਂ ਹੈ। ਅਸੀਂ ਜਿਹੋ ਜਿਹਾ ਆਪਣੇ ਵੱਲੋਂ ਨਾਮ ਜਪਦੇ ਹਾਂ ਭਾਵ ਜੋ ਅੱਖਰ ਨੂੰ ਬੋਲ ਬੋਲ ਕੇ ਜਪਦੇ ਹਾਂ, ਉਸਨੂੰ ਹੀ ‘‘ਸੱਚ ਨੂੰ’’ ਜਪਣਾ ਸਮਝਦੇ ਹਾਂ, ਨਾਮ ਨੂੰ ਜਪਣਾ ਸਮਝਦੇ ਹਾਂ ਭਾਵ ਜੋ ਅੱਖਰ ਦਾ ਜਾਪ ਜਪਦਾ ਹੈ, ਉਹ ਇਹ ਹੀ ਸਮਝਦਾ ਹੈ ਕਿ ਉਹ ਸੱਚ ਦਾ ਜਾਪ ਜਪ ਰਿਹਾ ਹੈ। ਸਾਡਾ ਇਹ ਭੁਲੇਖਾ ਹੇਠ ਦਿੱਤੇ ਸ਼ਬਦ ਦੁਆਰਾ ਕੱਢਿਆ ਹੋਇਆ ਹੈ ਤੇ ਸਮਝਾਇਆ ਹੋਇਆ ਹੈ ਕਿ ਸੱਚ ਕਿਵੇਂ ਜਪਣਾ ਹੈ, ਨਾਮ ਕਿਵੇਂ ਜਪਣਾ ਹੈ, ਪ੍ਰਮਾਤਮਾ ਨੂੰ ਕਿਵੇਂ ਜਪਣਾ ਹੈ। ਇਹੋ ਜਿਹੇ ਸੱਚ ਨੂੰ ਜਪਣਾ ਹੀ ਸਾਡੀ ਪ੍ਰਮਾਤਮਾ ਅੱਗੇ ਉਸਨੂੰ ਮਿਲਣ ਲਈ ਅਰਦਾਸ ਹੈ। ਇਸ ਸ਼ਬਦ ਰਾਹੀਂ ਸੱਚ ਦੀ ਵਿਆਖਿਆ ਹੀ ਕੀਤੀ ਹੋਈ ਹੈ। ਆਸਾ ਦੀ ਵਾਰ ਵਿੱਚ ਉਚਾਰੇ ਹੋਏ ਇਸ ਸ਼ਬਦ ਨੂੰ ਅਸੀਂ ਹਰ ਰੋਜ਼ ਸੁਣਦੇ ਹਾਂ, ਹਰ ਗੁਰਦੁਆਰੇ ਵਿੱਚ ਕੀਰਤਨ ਰਾਹੀਂ ਸੁਣਦੇ ਹਾਂ, ਪੜ੍ਹਦੇ ਹਾਂ ਤੇ ਆਓ ਸਮਝਣ ਦੀ ਕੋਸ਼ਸ਼ ਵੀ ਕਰੀਏ ਤਾਂ ਜੋ ਲਾਭ ਵੀ ਲੈ ਸਕੀਏ।

4/343

‘‘ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥’’

(ਅੰਗ ੪੬੮)

ਇਸ ਪੂਰੇ ਸ਼ਬਦ ਰਾਹੀਂ ਅਸੀਂ ਸੱਚ ਨੂੰ ਕਿਵੇਂ ਜਾਨਣਾ ਹੈ ਇਹੀ ਗੱਲ ਸਮਝਾਈ ਹੋਈ ਹੈ। ‘‘ਸਚੁ’’ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

{ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥}

(ਅੰਗ ੯੨੨)

"ਸਚੁ" ਹੀ ਨਾਮ ਹੈ ਤੇ ਇਸੇ ਲਈ ਪ੍ਰਮਾਤਮਾ ਆਪ ਹੀ ਨਾਮ ਹੈ। ਸਚੁ ਨੂੰ ਜਾਨਣਾ ਜਾਂ ਨਾਮ ਨੂੰ ਜਾਨਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਸਚੁ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਉਸ ਸਚੁ ਰੂਪ ਪ੍ਰਮਾਤਮਾ ਨੂੰ ਭਾਵੇਂ ਕੋਈ ਨਹੀਂ ਜਾਣਦਾ ਪਰ ਉਸਨੂੰ ਜਾਣਿਆ ਜਾ ਸਕਦਾ ਹੈ। ਇਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਇਹ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। "ਸਚੁ" ਨੂੰ ਕਿਵੇਂ ਜਾਣਿਆ ਜਾ ਸਕਦਾ ਹੈ, ਕਿੱਥੋਂ ਜਾਣਿਆ ਜਾ ਸਕਦਾ ਹੈ ਇਹ ਗੱਲ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਹੀ ਸਮਝੀ ਜਾ ਸਕਦੀ ਹੈ।

"ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥"

"ਸਚੁ" ਨੂੰ ਭਾਵ ਪ੍ਰਮਾਤਮਾ ਨੂੰ ਅਸੀਂ ਜਾਨਣਾ ਚਾਹੁੰਦੇ ਹਾਂ ਪਰ ਉਸਨੂੰ ਤਾਂ ਹੀ ਜਾਣਿਆ ਜਾ ਸਕਦਾ ਹੈ ਜੇਕਰ ਉਹ ਸੱਚਾ ਪ੍ਰਮਾਤਮਾ ਸਾਡੇ ਹਿਰਦੇ ਵਿੱਚ ਵੱਸ ਜਾਏ, ਸਾਡੇ ਅੰਦਰ ਵੱਸ ਜਾਵੇ ਭਾਵ ਉਹ ਆਪ ਆਪਣੇ ਆਪ ਨੂੰ ਸਾਡੇ ਮਨ ਦੇ ਵਿੱਚ ਪ੍ਰਗਟ ਕਰੇ। ਮਨ ਦੇ ਵਿੱਚ ਪ੍ਰਮਾਤਮਾ ਦੇ ਵੱਸੇ ਬਿਨ੍ਹਾਂ ਉਸ ਨੂੰ ਕੋਈ ਨਹੀਂ ਜਾਣ ਸਕਦਾ, ਸਚੁ ਨੂੰ ਕੋਈ ਨਹੀਂ ਜਾਣ ਸਕਦਾ। ਇਹੀ ਗੱਲ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਪ੍ਰਮਾਤਮਾ ਦੇ ਵੱਸਣ ਦਾ ਮਕਸਦ ਮਨੁੱਖੀ ਸਮਝ ਨੂੰ ਸਚੁ ਸਮਝਾਉਣ ਲਈ ਹੀ ਹੈ ਕਿ ਇਸ ਸੰਸਾਰ ਦਾ ਸਚੁ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਭਗਤੀ ਦਾ ਸਹੀ ਮਾਰਗ ਕੀ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਸਹੀ ਮਾਰਗ ਕੀ ਹੈ। ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥"

ਕੂੜ ਸਾਡੇ ਮਨ ਦੀ ਮਾੜੀ ਸਮਝ ਹੈ, ਸਾਡੇ ਅੰਦਰ ਦਾ ਮਾਇਆ ਮੋਹ ਹੈ, ਹਉਮੈ ਹੈ, ਤ੍ਰੈਗੁਣਾਂ ਵਾਲੀ ਸਮਝ ਹੈ, ਭਰਮਾਂ ਵਾਲੀ ਸਮਝ ਹੈ ਜਿਸ ਵਿੱਚ ਪ੍ਰਮਾਤਮਾ ਨੇ ਹਰ ਕਿਸੇ ਨੂੰ ਰੱਖਿਆ ਹੋਇਆ ਹੈ। ਇਹ ਸਾਡੇ ਅੰਦਰ ਦੀ ਝੂਠੀ ਸਮਝ ਹੈ ਜੋ ਸਾਨੂੰ ਸਾਡੇ ਅੰਦਰੋਂ ਸਚੁ ਨੂੰ ਨਹੀਂ ਸਮਝਣ ਦਿੰਦੀ, ਪ੍ਰਮਾਤਮਾ ਨੂੰ ਨਹੀਂ ਸਮਝਣ ਦਿੰਦੀ, ਸੱਚੀ ਭਗਤੀ ਦੇ ਮਾਰਗ ਨੂੰ ਨਹੀਂ ਸਮਝਣ ਦਿੰਦੀ ਭਾਵ ਮਨੁੱਖੀ ਮਤਿ ਨੂੰ ਭਰਮਾਂ ਵਿੱਚ ਰੱਖਦੀ ਹੈ, ਆਪਣਾ ਆਪ ਜਾਨਣ ਤੋਂ ਭਰਮ ਵਿੱਚ, ਝੂਠ ਵਿੱਚ ਰੱਖਦੀ ਹੈ, ਸੰਸਾਰ ਦੀ ਅਸਲੀਅਤ ਨੂੰ ਸਮਝਣ ਵਿੱਚ ਝੂਠ ਨਾਲ ਜੋੜਕੇ ਰੱਖਦੀ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਪਰ ਅਸੀਂ ਇਸ ਗੱਲ ਨੂੰ ਮਨ ਦੇ ਕੂੜ ਕਰਕੇ ਭਾਵ ਮਨ ਦੀ ਕੂੜੀ ਸਮਝ ਕਰਕੇ ਸਮਝ ਨਹੀਂ ਸਕਦੇ। ਕਿਸੇ ਵੀ ਵਸਤੂ ਨੂੰ, ਆਕਾਰ ਰੂਪ ਨੂੰ, ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਹੋਰ ਰੂਪ ਸਮਝਣਾ ਕੂੜ ਹੈ, ਝੂਠ ਹੈ। ਆਪਣੇ ਆਪ ਨੂੰ ਮਨੁੱਖ ਸਮਝਣਾ ਭਾਵ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਕੂੜ ਹੈ, ਝੂਠ ਹੈ। ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਮਝ ਪ੍ਰਮਾਤਮਾ ਦੇ ਮਨ ਦੇ ਵਿੱਚ ਵੱਸਣ ਦੁਆਰਾ ਹੀ ਪੈਂਦੀ ਹੈ ਜੋ ਸਮਝ ਉਹ ਆਪ ਹੀ ਪਾਉਂਦਾ ਹੈ ਤੇ ਮਨ ਦੀ ਕੂੜ ਦੀ ਮੈਲ ਨੂੰ ਧੋ ਦਿੰਦਾ ਹੈ, ਮਨ ਦੀ ਅਗਿਆਨਤਾ ਨੂੰ ਕੱਢ ਦਿੰਦਾ ਹੈ, ਹਉਮੈ ਦੀ ਮੈਲ ਨੂੰ ਕੱਢ ਦਿੰਦਾ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਇਹ ਤਨ ਕੀ ਹੈ, ਇਹ ਸਰੀਰ ਕੀ ਹੈ। ਜਦ ਤੱਕ ਅਸੀਂ ਤਨ ਨੂੰ ਆਪਣਾ ਸਮਝਦੇ ਹਾਂ, ਇਹ ਤਨ ਮਾੜਾ ਹੈ ਤੇ ਜਦੋਂ ਸਾਨੂੰ ਸਚੁ ਦੀ ਸਮਝ ਪੈ ਜਾਂਦੀ ਹੈ, ਇਹ ਤਨ ਹੱਛਾ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ ਜਿਸ ਸਰੀਰ ਨੂੰ ਪ੍ਰਮਾਤਮਾ ਆਪ ਬਣਾ ਕੇ ਆਪ ਹੀ ਮਨ ਦੀ ਸਮਝ ਰਾਹੀਂ ਚਲਾ ਰਹਿਆ ਹੈ। (**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥**) ਉਸ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਕੀ ਹੈ, ਮਨੁੱਖ ਦਾ ਉੱਦਮ ਕੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥"

ਸਚੁ ਹੀ ਪ੍ਰਮਾਤਮਾ ਆਪ ਹੈ ਤੇ ਸਚੁ ਹੀ ਉਸਦਾ ਨਾਮ ਹੈ। ਉਸ ਸਚੁ ਰੂਪ ਪ੍ਰਮਾਤਮਾ ਨੂੰ ਅਸੀਂ ਤਾਂ ਹੀ ਪਾ ਸਕਦੇ ਹਾਂ ਜੇਕਰ ਅਸੀਂ ਉਸਦੇ ਨਾਲ ਆਪਣਾ ਪਿਆਰ ਪਾਈਏ। ਪ੍ਰਮਾਤਮਾ ਦੇ ਨਾਮ ਨਾਲ ਪਿਆਰ ਪਾਉਣਾ ਪ੍ਰਮਾਤਮਾ ਦੇ ਨਾਲ ਪਿਆਰ ਪਾਉਣਾ ਹੈ। ਨਾਮ ਦੇ ਨਾਲ ਪਿਆਰ ਪਾਉਣਾ, ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਪਾਉਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ

ਦੁਆਰਾ ਸਮਝਦੇ ਆ ਰਹੇ ਹਾਂ। ਨਾਮ ਤਾਂ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਕਿ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ, ਸੱਚੁ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਅਸੀਂ ਗੁਰੂ ਦੀ ਵਿਚਾਰ ਨੂੰ ਸੁਣਨਾ ਹੈ ਭਾਵ ਨਾਮ ਨੂੰ ਸੁਣਨਾ ਹੈ ਤੇ ਗੁਰੂ ਦੀ ਵਿਚਾਰ ਤੇ ਟਿਕਣਾ ਹੈ ਭਾਵ ਉਸ ਤੇ ਅਮਲ ਕਰਨਾ ਹੈ, ਜਿਸ ਰਾਹੀਂ ਅਸੀਂ ਉਹ ਕੁੱਝ ਕਰਨਾ ਹੈ ਜੋ ਸਾਨੂੰ ਗੁਰੂ ਸਮਝਾਉਂਦਾ ਹੈ ਜੋ ਕਿ ਮਾਇਆ ਮੋਹ ਛੱਡਣ ਲਈ, ਔਗੁਣ ਛੱਡਣ ਲਈ ਸਮਝਾਉਂਦਾ ਹੈ ਭਾਵ ਅਸੀਂ ਮਨ ਦੀ ਮਾਇਆ ਤੋਂ ਮੁਕਤ ਹੋਣਾ ਹੈ, ਬੰਧਨ ਤੋਂ ਮੁਕਤ ਹੋਣਾ ਹੈ। ਬੰਧਨ ਤੋਂ ਮੁਕਤੀ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝ ਹੀ ਚੁੱਕੇ ਹਾਂ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਗੁਰੂ ਦੇ ਨਾਲ ਪਿਆਰ ਮਾਇਆ ਮੋਹ ਦੇ ਬੰਧਨ ਤੋਂ ਮੁਕਤ ਹੋ ਕੇ ਹੀ ਪੈਂਦਾ ਹੈ, ਵਿਕਾਰਾਂ ਤੋਂ ਮੁਕਤ ਹੋ ਕੇ ਹੀ ਪੈਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਸਚੁ ਨੂੰ ਜਾਣਿਆ ਜਾ ਸਕਦਾ ਹੈ, ਨਾਮ ਨੂੰ ਜਾਣਿਆ ਜਾ ਸਕਦਾ ਹੈ ਜੋ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। (**ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥**)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥}

(ਅੰਗ ੫੭੮)

{ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥
ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥੨॥}

(ਅੰਗ ੮੬)

{ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥
ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥
ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥}

(ਅੰਗ ੧੨੨)

{ਆਪੇ ਕਰਤਾ ਆਪੇ ਭੁਗਤਾ ॥
ਬੰਧਨ ਤੋੜੇ ਸਦਾ ਹੈ ਮੁਕਤਾ ॥
ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥}

(ਅੰਗ ੧੨੫)

{ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥
ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥}

(ਅੰਗ ੧੮੫)

{ਕਹੁ ਨਾਨਕ ਗੁਰਿ ਖੋਲੇ ਕਪਾਟ ॥
ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥}

(ਅੰਗ ੧੮੮)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥
ਪਰਮ ਪਦਾਰਥੁ ਪਾਵੈ ਸੋਈ ॥

ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ ੨੩੨)

{ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥}

(ਅੰਗ ੨੭੩)

{ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥
ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥
ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥
ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥}

(ਅੰਗ ੧੩੦੫)

ਉਸ ਸੱਚੁ ਰੂਪ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਡੀ ਮੁਕਤੀ ਮਨ ਦੇ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਉੱਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਮਨ ਦੇ ਵਿੱਚ ਹੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥"

ਉੱਪਰ ਪੰਗਤੀਆਂ ਰਾਹੀਂ ਸਾਡੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਸ ਅਵੱਸਥਾ ਦੁਆਰਾ, ਮਨ ਦੀ ਜੁਗਤਿ ਦੁਆਰਾ ਉਸ ਸੱਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੀ "ਜੁਗਤਿ" ਦੁਆਰਾ ਹੀ ਵਰਤ ਰਹਿਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਇਸ ਜੁਗਤਿ ਨੂੰ ਕੇਵਲ ਉਹੀ ਸਮਝ ਸਕਦਾ ਹੈ ਜੋ ਉਸਦੀ "ਜੁਗਤਿ" ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ। ਉਸਦੀ ਇਹ ਜੁਗਤਿ ਮਨ ਦੇ ਵਿੱਚ ਉਸਦੇ ਨਾਲ ਮੇਲ ਦੁਆਰਾ ਹੀ ਸਮਝ ਆ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਆਪਣੀ ਜੁਗਤਿ ਦੁਆਰਾ ਹੀ ਵਰਤ ਰਹਿਆ ਹੈ ਭਾਵ ਮਾਇਆ ਦੀ ਜੁਗਤਿ ਦੁਆਰਾ ਵਰਤ ਰਹਿਆ ਹੈ ਜਿਸ ਦੁਆਰਾ ਉਸਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ, ਤ੍ਰੈਗੁਣਾਂ ਵਾਲੀ ਸਮਝ ਦੇ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦਿਆਂ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਆਪਣੀ ਜੁਗਤਿ ਪ੍ਰਮਾਤਮਾ ਮਨ ਦੇ ਵਿੱਚ ਪਰਗਟ ਹੋ ਕੇ ਆਪ ਹੀ ਸਮਝਾਉਂਦਾ ਹੈ, ਮਨ ਦੇ ਵਿੱਚ ਬੀਜ ਬੀਜਣ ਦੁਆਰਾ ਸਮਝਾਉਂਦਾ ਹੈ। ਸਾਡੇ ਮਨ ਦੇ ਵਿੱਚ ਬੀਜ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਬੀਜਦਾ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦਾ ਹੈ ਉਹ ਸਾਡੇ ਅੰਦਰ ਪ੍ਰਮਾਤਮਾ ਦਾ ਬੀਜਿਆ ਹੋਇਆ ਬੀਜ ਹੀ ਹੁੰਦਾ ਹੈ। ਇਹ ਉਸਦੀ ਰਜ਼ਾ ਹੈ ਕਿ ਉਹ ਸਾਡੇ ਅੰਦਰ ਕਿਹੋ ਜਿਹੇ ਬੀਜ ਬੀਜਦਾ ਹੈ। ਅਗਿਆਨਤਾ ਵਾਲੇ, ਮਾਇਆ ਮੋਹ ਵਾਲੇ, ਹਉਮੈ ਵਾਲੇ ਬੀਜ ਬੀਜਦਾ ਹੈ ਜਾਂ ਨਾਮ ਵਾਲੇ, ਸੱਚ ਵਾਲੇ ਬੀਜ ਬੀਜਦਾ ਹੈ। ਇਸ ਗਲ ਨੂੰ ਅਸੀਂ ਪਿੱਛੇ ਵੀ ਕੁੱਝ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਸਮਝਿਆ ਜਾ ਸਕਦਾ ਹੈ।

"ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥

ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥"

(ਅੰਗ ੯੪੭)

ਖੇਤ ਸਾਡਾ ਮਨ ਹੈ ਜਿਸ ਵਿੱਚ ਬੀਜ ਬੀਜਣ ਵਾਲਾ ਆਪ ਪ੍ਰਮਾਤਮਾ ਹੈ। ਜਿਸ ਮਨ ਦੇ ਨਾਲ ਪ੍ਰਮਾਤਮਾ ਆਪਣੀ ਪ੍ਰੀਤ ਪਾਉਂਦਾ ਹੈ ਉਸ ਮਨ ਦੀ ਸਮਝ ਨੂੰ ਉਹ ਸਹਜ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ। ਆਪਣੇ ਸਤਿਗੁਰ ਰੂਪ ਨੂੰ ਉਸਨੇ ਸਹਜ ਵਾਲਾ ਖੇਤ ਬਣਾਇਆ ਹੋਇਆ ਹੈ ਭਾਵ ਚਉਥੇ ਪਦ ਦੇ ਗਿਆਨ ਵਾਲਾ ਖੇਤ ਬਣਾਇਆ ਹੋਇਆ ਹੈ। ਸਹਜ ਵਾਲੇ ਖੇਤ ਦੇ ਵਿੱਚ ਪ੍ਰਮਾਤਮਾ ਨਾਮ ਦੇ ਬੀਜ ਬੀਜਦਾ ਹੈ ਭਾਵ ਬ੍ਰਹਮ ਗਿਆਨ ਦੇ ਬੀਜ ਬੀਜਦਾ ਹੈ, ਚਉਥੇ ਪਦ ਵਾਲੀ ਸਮਝ ਦੇ ਬੀਜ ਬੀਜਦਾ ਹੈ ਜਿਸ ਰਾਹੀਂ ਮਨੁੱਖ ਦੇ ਵਿਚਾਰ ਸੱਚੇ ਗਿਆਨ ਵਾਲੇ ਬਣ ਜਾਂਦੇ ਹਨ, ਨਾਮ ਦੀ ਸਮਝ ਵਾਲੇ ਬਣ ਜਾਂਦੇ ਹਨ। ਗੁਰੂ ਦੇ ਵਿਚਾਰ ਸੱਚੀ ਸਮਝ ਵਾਲੇ ਹਨ, ਉੱਚੀ ਸਮਝ ਵਾਲੇ ਹਨ ਜਿਸ ਸਮਝ ਦੁਆਰਾ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਕਿ ਸਾਡੇ ਅੰਦਰ ਬੀਜ ਬੀਜਣ ਵਾਲਾ ਭਾਵ ਮਨ ਦੇ ਵਿਚਾਰ ਪੈਦਾ ਕਰਨ ਵਾਲਾ ਕੌਣ ਹੈ, ਸਾਡੀ ਸਮਝ ਦਾ ਮਾਲਕ ਕੌਣ ਹੈ। ਸਾਡੇ ਸਭ ਦੇ ਅੰਦਰ ਵਿਚਾਰਾਂ ਰੂਪ ਵਿੱਚ ਬੀਜ ਬੀਜਣ ਵਾਲਾ ਪ੍ਰਮਾਤਮਾ ਆਪ ਹੈ ਭਾਵੇਂ ਉਹ ਵਿਚਾਰ ਤ੍ਰੈਗੁਣਾਂ ਵਾਲੇ ਹਨ ਜਾਂ ਚਉਥੇ ਪਦ ਵਾਲੇ ਹਨ। ਤ੍ਰੈਗੁਣਾਂ ਵਾਲੇ ਵਿਚਾਰ ਸਾਨੂੰ ਹਉਮੈ ਵਿੱਚ ਰੱਖਦੇ ਹਨ, ਮਾਇਆ ਮੋਹ ਵਿੱਚ ਰੱਖਦੇ ਹਨ, ਭਰਮਾਂ ਵਿੱਚ ਰੱਖਦੇ ਹਨ, ਸਹਸਾ ਵਿੱਚ ਰੱਖਦੇ ਹਨ। ਜਿਸਨੂੰ ਪ੍ਰਮਾਤਮਾ ਹਉਮੈ ਵਿੱਚੋਂ, ਸਹਸਾ ਵਿੱਚੋਂ ਕੱਢਦਾ ਹੈ, ਉਸਦੇ ਅੰਦਰ ਨਾਮ ਦੇ ਬੀਜ ਬੀਜਣ ਦੁਆਰਾ ਹੀ ਕੱਢਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਵਿਚਾਰ ਦੇਣ ਦੁਆਰਾ ਹੀ ਕੱਢਦਾ ਹੈ ਜਿਸ ਦੁਆਰਾ ਮਨੁੱਖ ਮਨ ਦੇ ਵਿਚਾਰਾਂ ਰਾਹੀਂ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ। "ਗੁਰੂ" ਪ੍ਰਮਾਤਮਾ ਦੇ ਨਾਲ ਇਸ ਤਰੀਕੇ ਹੀ ਇੱਕ ਹੈ, ਮਨ ਦੀ ਸੱਚੀ ਸਮਝ ਰਾਹੀਂ ਇੱਕ ਹੈ ਜਿਸ ਕਰਕੇ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਗੁਰੂ ਇਸੇ ਲਈ ਹਰ ਵੇਲੇ ਆਪਣੀ ਸੱਚੀ ਸਮਝ ਦੁਆਰਾ ਨਾਮ ਦੇ ਵਿੱਚ ਸਮਾਇਆ ਹੋਇਆ ਹੈ, ਬ੍ਰਹਮਗਿਆਨ ਦੇ ਵਿੱਚ ਸਮਾਇਆ ਹੋਇਆ ਹੈ ਤੇ ਉਹ ਹਉਮੈ ਤੋਂ ਰਹਿਤ ਹੈ, ਸਹਸਾ ਤੋਂ ਰਹਿਤ ਹੈ ਭਾਵ ਅਗਿਆਨਤਾ ਤੋਂ ਰਹਿਤ ਹੈ ਜਿਸ ਕਰਕੇ ਉਸਨੂੰ ਸੱਚੀ ਭਗਤੀ ਦੀ ਸਮਝ ਹੈ, ਨਾਮ ਦੀ ਸਮਝ ਹੈ ਤੇ ਉਹ ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ, ਇੱਕੋ ਜਿਹਾ ਨਾਮ ਜਪਣ ਦਾ ਤਰੀਕਾ ਸਮਝਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਕੋਲੋਂ ਇਸੇ ਤਰੀਕੇ ਹੀ ਆਈ ਹੈ। ਜਿਸ ਜਿਸ ਸਰੀਰ ਰਾਹੀਂ ਪਰਗਟ ਹੋ ਕੇ ਪ੍ਰਮਾਤਮਾ ਨੇ ਨਾਮ ਦਾ ਬੀਜ ਬੀਜਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਨਾਮ ਦਾ ਬੀਜ ਬੀਜਿਆ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਬੀਜਿਆ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਬੀਜਿਆ ਹੈ। ਬਾਣੀ ਰਾਹੀਂ ਸਾਨੂੰ ਆਪਣੇ ਅੰਦਰ ਨਾਮ ਬੀਜ ਬੀਜਣ ਲਈ ਸਮਝਾਇਆ ਹੋਇਆ ਹੈ। ਅਸੀਂ ਉਹੋ ਜਿਹਾ ਨਾਮ ਹੀ ਆਪਣੇ ਅੰਦਰ ਬੀਜਣਾ ਹੈ ਜੋ ਨਾਮ ਪੂਰੀ ਗੁਰਬਾਣੀ ਵਿੱਚ ਹੈ। ਅਸੀਂ ਗੁਰੂ ਦੇ ਵਿਚਾਰਾਂ ਨੂੰ, ਸ਼ਬਦ ਦੇ ਵਿਚਾਰਾਂ ਨੂੰ ਹੀ ਆਪਣੇ ਅੰਦਰ ਬੀਜਣਾ ਹੈ ਭਾਵ ਆਪਣੀ ਸਮਝ ਦੇ ਵਿੱਚ ਬੀਜਣਾ ਹੈ। ਗੁਰੂ ਦੇ ਵਿਚਾਰ ਸਾਡੇ ਅੰਦਰ ਤਾਂ ਹੀ ਬੀਜੇ ਜਾਣਗੇ ਜੇਕਰ ਗੁਰੂ ਦੇ ਵਿਚਾਰਾਂ ਨੂੰ ਮੰਨਾਂਗੇ ਭਾਵ ਪਹਿਲੇ ਆਪਣੇ ਹਉਮੈ ਵਾਲੇ ਵਿਚਾਰ ਛੱਡਾਂਗੇ, ਮਨਮਤਿ ਛੱਡਾਂਗੇ, ਭਰਮਾਂ ਵਾਲੇ ਵਿਚਾਰ ਛੱਡਾਂਗੇ, ਮਾਇਆ ਮੋਹ ਛੱਡਾਂਗੇ। ਪ੍ਰਮਾਤਮਾ ਦੇ ਨਾਲ ਪਿਆਰ ਜੋੜਨ ਦਾ ਇਹੀ ਤਰੀਕਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ। (**ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥**) ਅੱਗੇ ਚੱਲਕੇ ਇਸ ਪੂਰੇ ਸ਼ਬਦ ਨੂੰ ਬਰੀਕੀ ਨਾਲ ਸਮਝਾਂਗੇ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਜਿਨ੍ਹਾਂ ਤੋਂ ਭਾਵ ਮਨ ਦੇ ਵਿੱਚ ਬੀਜ ਬੀਜਣ ਨਾਲ ਜੁੜਿਆ ਹੋਇਆ ਹੈ।

"ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥"

"ਸਚੁ" ਨੂੰ ਭਾਵ ਪ੍ਰਮਾਤਮਾ ਨੂੰ ਤਾਂ ਅਸੀਂ ਜਾਨਣਾ ਚਾਹੁੰਦੇ ਹਾਂ ਤੇ ਅਸੀਂ ਜਾਨਣ ਲਈ ਉਪਰਾਲੇ ਵੀ ਬਹੁਤ ਕਰਦੇ ਹਾਂ ਭਾਵ ਆਪਣੀ-ਆਪਣੀ ਜੁਗਤਿ ਵੀ ਲਗਾਉਂਦੇ ਹਾਂ, ਅਨੇਕਾਂ ਤਰੀਕੇ ਅਪਣਾਉਂਦੇ ਹਾਂ ਤੇ ਹਰ ਕੋਈ ਆਪਣੀ ਲਗਾਈ ਹੋਈ ਜੁਗਤਿ ਨੂੰ ਠੀਕ ਹੀ ਸਮਝਦਾ ਹੈ ਕਿ ਉਹ ਭਗਤੀ ਦੇ ਸਹੀ ਮਾਰਗ ਤੇ ਚੱਲ ਰਹਿਆ ਹੈ। ਪੂਰੀ ਬਾਣੀ ਸਾਨੂੰ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ, ਇਹ ਜੁਗਤਿ ਹੀ ਸਮਝਾ ਰਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਅਸੀਂ

ਸ਼ਬਦਾਂ ਦੀ ਕਥਨੀ ਕਰਦੇ ਹਾਂ, ਸਵੇਰੇ ਸ਼ਾਮ ਧਾਰਮਿਕ ਅਸਥਾਨਾਂ ਤੇ ਜਾਂਦੇ ਹਾਂ, ਅਨੇਕਾਂ ਤਰੀਕਿਆਂ ਨਾਲ ਸਰੀਰਕ ਜਪ ਤਪ ਆਦਿ ਕਰਦੇ ਹਾਂ, ਘਰ ਬਾਰ ਛੱਡ ਕੇ ਜੰਗਲਾਂ ਵਿੱਚ ਡੇਰੇ ਲਗਾਉਂਦੇ ਹਾਂ, ਪਹਾੜਾਂ ਦੀਆਂ ਗੁਫਾਵਾਂ ਵਿੱਚ ਜਾਂਦੇ ਹਾਂ, ਚੋਟੀਆਂ ਉਤੇ ਜਾ ਕੇ ਸਮਾਧੀਆਂ ਲਗਾਉਂਦੇ ਹਾਂ, ਆਪਣੀ ਆਪਣੀ ਆਸਥਾ ਅਨੁਸਾਰ ਵਖਰੇ ਵਖਰੇ ਪਹਿਰਾਵੇ ਅਪਨਾਉਂਦੇ ਹਾਂ, ਸੁੱਚੇ ਮੰਦੇ ਖਾਣੇ ਵਿੱਚ ਭਾਵ ਚੰਗੇ ਮੰਦੇ ਖਾਣੇ ਵਿੱਚ ਭੇਦ ਸਮਝਦੇ ਹਾਂ, ਸਮੇਂ ਸਮੇਂ ਵਿੱਚ ਭੇਦ ਸਮਝਦੇ ਹਾਂ ਕਿ ਕੋਈ ਖਾਸ ਸਮਾਂ ਭਗਤੀ ਲਈ ਚੰਗਾ ਸਮਾਂ ਹੈ, ਵੱਖਰੇ-ਵੱਖਰੇ ਅਖਰਾਂ ਨੂੰ ਨਾਮ ਸਮਝਦੇ ਹਾਂ ਭਾਵ ਹਰ ਕੋਈ ਆਪਣੀ ਆਪਣੀ ਜੁਗਤਿ ਦੁਆਰਾ , ਤਰੀਕੇ ਦੁਆਰਾ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦਾ ਹੈ ਤੇ ਬਾਣੀ ਰਾਹੀਂ ਇਹੋ ਜਿਹੀ ਹਰ ਜੁਗਤਿ ਦਾ, ਤਰੀਕੇ ਦਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਜਦ ਤੱਕ ਅਸੀਂ ''ਸਚੁ'' ਨੂੰ, ਨਾਮ ਨੂੰ ਭਾਵ ਪ੍ਰਮਾਤਮਾ ਨੂੰ ਪਾਉਣ ਦੀ ''ਜੁਗਤਿ'' ਨਹੀਂ ਸਮਝਦੇ ਤਦ ਤੱਕ ਪ੍ਰਮਾਤਮਾ ਨੂੰ ਅਸੀਂ ਨਹੀਂ ਪਾ ਸਕਦੇ। ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਇੱਕੋ ਹੀ ਹੈ ਭਾਵ ਭਗਤੀ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਹੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਜੋ ਕਿ ਆਪਣੀ ਨਾ-ਸਮਝ ਮਾੜੀ ਮਤਿ, ਮਨਮਤਿ ਛੱਡ ਕੇ ਗੁਰੂ ਦੀ ਮਤਿ ਨੂੰ ਅਪਨਾਉਣ ਦਾ ਹੈ ਭਾਵ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਵੀ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਪੰਚ ਮਾਰਿ ਚਿਤੁ ਰਖਹੁ ਥਾਇ ॥
ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥
ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥”

(ਅੰਗ ੧੧੮੯)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਜੋਗ ਕਰਨ ਦੀ ''ਜੁਗਤਿ'' ਭਾਵ ਮੇਲ ਕਰਨ ਦਾ ''ਤਰੀਕਾ'' ਕੀ ਹੈ ਜੋ ਕਿ ਬੜਾ ਹੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਇਹ ''ਜੁਗਤਿ'' ਆਪਣੇ ਅੰਦਰੋਂ ਪੰਜਾਂ ਵਿਕਾਰਾਂ ਨੂੰ ਮਾਰਨ ਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਮਾਰਨ ਦੀ ਹੈ ਜਿਨ੍ਹਾਂ ਨੂੰ ਮਾਰੇ ਬਿਨਾ ਸਾਡਾ ਮਨ ਟਿਕ ਨਹੀਂ ਸਕਦਾ ਭਾਵ ਮਾਇਆ ਮੋਹ ਵਿੱਚ ਦੌੜਦਾ ਹੈ, ਤ੍ਰਿਸ਼ਨਾਵਾਂ ਦੀ ਪੂਰਤੀ ਲਈ ਦੌੜਦਾ ਹੈ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਮਾੜੇ ਕਰਮ ਕਰਦੇ ਹਾਂ। ਮਾੜੇ ਕਰਮ ਕਰਨ ਵਾਲਾ ਮਨੁੱਖ ਔਗੁਣ ਕਰਨ ਵਾਲਾ ਮਨੁੱਖ ਗੁਰੂ ਦੀ ਮਤਿ ਦੇ ਉਲਟ ਚੱਲਣ ਵਾਲਾ ਮਨੁੱਖ ਕਦੇ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ। ਅਸੀਂ ਜੋ ਵੀ ਕਰਮ ਗੁਰੂ ਦੀ ਮਤਿ ਦੇ ਉਲਟ ਕਰਦੇ ਹਾਂ ਉਹ ਸਾਡਾ ਔਗੁਣ ਹੈ। ਸਰੀਰਕ ਜਪ ਤਪ ਵੀ ਸਾਡਾ ਔਗੁਣ ਹੈ ਜਿਸ ਦੁਆਰਾ ਅਸੀਂ ਸਮਾਜ ਵਿੱਚ ਝੂਠਾ ਮਾਣ ਲੈਂਦੇ ਹਾਂ, ਭਗਤੀ ਦਾ ਝੂਠਾ ਮਾਣ ਲੈਂਦੇ ਹਾਂ ਜਿਸ ਲਈ ਸਾਨੂੰ ਵਾਰ-ਵਾਰ ਬਾਣੀ ਰਾਹੀਂ ਮਨਾ ਕੀਤਾ ਹੋਇਆ ਹੈ। ਔਗੁਣਾਂ ਨੂੰ ਛੱਡਣ ਦੁਆਰਾ ਜੋ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ, ਉਹੀ ਸਾਡੀ ਭਗਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ''ਜੁਗਤਿ'' ਹੈ। ਉੱਪਰ ਪੰਗਤੀ ਰਾਹੀਂ ਸਾਡੀ ਇਹੋ ਜਿਹੀ ਭਗਤੀ ਨੂੰ, ਔਗੁਣ ਰਹਿਤ ਹੋ ਕੇ ਵਿਚਰਨ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ''ਪਾਂਇ'' ਕਿਹਾ ਹੈ ਭਾਵ ਬੁਨਿਆਦ ਕਿਹਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਬੁਨਿਆਦ ਹੀ ਔਗੁਣਾਂ ਦਾ ਤਿਆਗ ਹੈ, ਆਪਣੀ ਮਾੜੀ ਨਾ-ਸਮਝ ਮਤਿ ਦਾ ਤਿਆਗ ਹੈ ਭਾਵ ਸਾਡੀ ਗੁਰਮਤਿ ਅਨੁਸਾਰ ਵਿਚਰਨ ਹੈ। ਸਾਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਇਹੋ ਜੁਗਤਿ ਹੀ ਸਮਝਾਈ ਹੋਈ ਹੈ। ਜੋਗ ਜੁਗਤਿ ਦੇ ਨਾਲ ਜੁੜੇ ਹੋਏ ਹੋਰ ਸ਼ਬਦਾਂ ਨੂੰ ਵੀ ਅੱਗੇ ਚੱਲਕੇ ਸਮਝਾਂਗੇ। (**ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥**) ਗੁਰੂ ਦੀ ਸਿੱਖਿਆ ਤਾਂ ਬਹੁਤ ਸਪੱਸ਼ਟ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਕੀ ਹੈ ਪਰ ਅਸੀਂ ਫਿਰ ਵੀ ਗੁਰੂ ਦੀ ਗੱਲ ਤੇ ਭਰੋਸਾ ਨਾ ਕਰਕੇ ਆਪਣੀ ਮਤਿ ਅਨੁਸਾਰ ਸਰੀਰਕ ਜਪ ਤਪ ਵਿੱਚ ਪੈ ਜਾਂਦੇ ਹਾਂ ਜਿਨ੍ਹਾਂ ਵਿੱਚ ਪੈ ਕੇ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਕਦੇ ਕੋਈ ਪਾ ਸਕਦਾ ਹੈ। ਇਹ ਗੁਰੂ ਦਾ ਆਪਣਾ ਅਟਲ ਫੁਰਮਾਨ ਹੈ ਜੋ ਕਦੇ ਨਾ ਬਦਲਿਆ ਹੈ ਤੇ ਨਾ ਕਦੇ ਬਦਲ ਸਕਦਾ ਹੈ। ਗੁਰੂ ਦਾ ਹਰ ਬਚਨ ਅਟੱਲ ਹੈ, ਸਦਾ ਤੋਂ ਅਟੱਲ ਹੈ ਤੇ ਸਦਾ ਲਈ ਅਟੱਲ ਹੀ ਰਹਿਣਾ ਹੈ। (**ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥**) ਅੰਗ - ੩੫੬

ਸਾਡੇ ਅੰਦਰ ਗੁਰੂ ਤੇ ਬੇਵਿਸ਼ਵਾਸੀ ਦਾ ਕਾਰਨ ਭਾਵ ਆਪਣੀ ਮਤਿ ਤੇ ਭਰੋਸਾ ਕਰਨ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਨਾ-ਸਮਝ ਮਤਿ ਹੈ ਜਿਸਦੇ ਨਿਕਲੇ ਬਿਨ੍ਹਾਂ ਅਸੀਂ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜ ਸਕਦੇ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਉਮੈ ਪੈਖੜੁ ਤੇਰੇ ਮਨੈ ਮਾਹਿ ॥

ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥”

“ਹਉਮੈ” ਨੂੰ ਸਾਡੇ ਅੰਦਰ ਦਾ “**ਪੈਖੜੁ**” ਕਹਿਆ ਹੈ, ਸੰਗਲ ਕਹਿਆ ਹੈ ਜਿਸਨੇ ਸਾਡੇ ਮਨ ਦੇ ਵਿਚਾਰਾਂ ਨੂੰ ਜਕੜਿਆ ਹੋਇਆ ਹੈ ਭਾਵ ਸਾਡੇ ਮਨ ਦੀ ਸਮਝ ਉਸ ਜਕੜਨ ਤੋਂ ਬਾਹਰ ਨਹੀਂ ਨਿਕਲ ਸਕਦੀ। ਹਉਮੈ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਤੋਂ ਮੁਕਤਿ ਕੋਈ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹ ਹਉਮੈ ਹੀ ਸਾਡੇ ਅੰਦਰ ਦਾ ਮਾਇਆ ਮੋਹ ਰੂਪ ਬੰਧਨ ਹੈ, ਜੋ ਬੰਧਨ ਸਾਨੂੰ ਮਨ ਦੀ ਨਾ-ਸਮਝ ਮਤਿ ਵਿੱਚੋਂ ਨਿਕਲਣ ਨਹੀਂ ਦਿੰਦਾ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦਾ ਹੈ, ਅਗਿਆਨਤਾ ਵਿੱਚ ਰੱਖਦਾ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਮੁਕਤ ਹੋਏ ਬਿਨ੍ਹਾਂ ਨਾ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ, ਨਾ ਉਸ ਅਨੁਸਾਰ ਚੱਲ ਸਕਦੇ ਹਾਂ ਤੇ ਨਾਂ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ, ਸੱਚ ਰੂਪ ਪ੍ਰਮਾਤਮਾ ਨੂੰ, ਨਾਮ ਰੂਪ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। “ਹਉਮੈ” ਰੂਪ ਬੰਧਨ ਦਾ ਮਕਸਦ ਹੀ ਸਾਨੂੰ ਨਾਮ ਨਾਲੋਂ ਵੱਖਰਾ ਕਰ ਕੇ ਰੱਖਣ ਦਾ ਹੈ ਤੇ ਨਾਮ ਦਾ ਮਕਸਦ ਸਾਡੇ ਅੰਦਰੋਂ ਹਉਮੈ ਨੂੰ ਕੱਢਣ ਦਾ ਹੈ ਭਾਵ ਨਾ-ਸਮਝ ਮਤਿ ਨੂੰ ਕੱਢਣ ਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਕਰਨ ਦਾ ਹੈ, ਮਨ ਦੇ ਬੰਧਨ ਤੋਂ ਮੁਕਤ ਕਰਨ ਦਾ ਹੈ ਤਾਂ ਜੋ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਸਮਝ ਸਕੀਏ, ਉਸ ਤੇ ਚੱਲ ਸਕੀਏ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ। ਜਦ ਤੱਕ ਸਾਡੇ ਅੰਦਰ ਹਉਮੈ ਹੈ, ਤਦ ਤੱਕ ਨਾਮ ਨਹੀਂ ਹੈ ਤੇ ਜਦੋਂ ਨਾਮ ਵੱਸ ਜਾਂਦਾ ਹੈ ਫਿਰ ਹਉਮੈ ਨਹੀਂ ਰਹਿੰਦੀ। ਪੂਰੀ ਗੁਰਬਾਣੀ ਵਿੱਚ ਨਾਮ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਸਾਡੀ ਹਉਮੈ ਭਾਵ ਸਾਡੇ ਨਾ-ਸਮਝ ਵਿਚਾਰ ਸਾਡੇ ਅੰਦਰੋਂ ਤਾਂ ਹੀ ਨਿਕਲਣਗੇ, ਅਸੀਂ ਆਪਣੇ ਮਨਮਤਿ ਵਾਲੇ ਵਿਚਾਰਾਂ ਤੋਂ, ਭਰਮ ਵਾਲੇ ਵਿਚਾਰਾਂ ਤੋਂ ਤਾਂ ਹੀ ਮੁਕਤਿ ਹੋਵਾਂਗੇ ਜੇਕਰ “ਹਰਿ” ਨੂੰ ਆਪਣੇ ਅੰਦਰ ਚੇਤਾਂਗੇ ਭਾਵ ਗੁਰੂ ਦੇ ਵਿਚਾਰਾਂ ਨੂੰ ਮੰਨਾਂਗੇ ਤਾਂ ਜੋ ਸਾਨੂੰ ਸੱਚੀ ਸਮਝ ਪੈ ਸਕੇ ਤੇ ਅਸੀਂ ਉਹ ਕੁੱਝ ਕਰੀਏ ਜੋ ਸਾਨੂੰ ਗੁਰੂ ਸਮਝਾਉਂਦਾ ਹੈ, ਗੁਰੂ ਆਪਣੇ ਨਾਮ ਦੁਆਰਾ ਸਮਝਾਉਂਦਾ ਹੈ। (**ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥ ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥**)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥

ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥

ਆਵਣ ਜਾਣੁ ਰਹਿਓ ॥

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥}

(ਅੰਗ ੧੦੦੨)

ਉੱਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੁਣ ਅਸੀਂ ਇਹ ਸਮਝ ਸਕਦੇ ਹਾਂ ਕਿ “ਸਚੁ” ਨੂੰ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਕੀ ਹੈ ਜੋ ਕਿ ਮਨ ਦੀ ਨਾ-ਸਮਝ ਮਤਿ ਤੋਂ ਮੁਕਤ ਹੋ ਕੇ, ਹਉਮੈ ਤੋਂ ਮੁਕਤ ਹੋ ਕੇ ਧਰਮ ਦੇ ਮਾਰਗ ਦੀ ਸੱਚੀ ਸੋਝੀ ਨਾਲ ਜੁੜਨ ਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਮੁਕਤ ਹੋਣ ਦੀ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ ਜਿਸ ਜੁਗਤਿ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਮਨ ਦੇ ਅੰਦਰੋਂ ਜਾਣਿਆ ਜਾ ਸਕਦਾ ਹੈ। ਮਨ ਦੇ ਅੰਦਰ ਦੀ ਹਉਮੈ ਵਾਲੀ ਸਮਝ ਤੋਂ ਪ੍ਰਮਾਤਮਾ ਕਿਸੇ ਨੂੰ ਆਪ ਹੀ ਮੁਕਤ ਕਰਦਾ ਹੈ, ਮਨ ਦੇ ਵਿੱਚ ਨਾਮ ਵਾਲੇ ਬੀਜ ਬੀਜਣ ਦੁਆਰਾ ਕਰਦਾ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਇਨ੍ਹਾਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।।
(**ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥**)
ਸਾਰੀ ਗੱਲ ਆਪਣੀ ਮਨ ਰੂਪ ਧਰਤੀ ਨੂੰ ਸਾਧਨ ਦੀ ਹੈ ਜੋ ਕਿ ਅਸਾਧ ਹੈ, ਮਾੜੇ ਵਿਚਾਰਾਂ ਕਰਕੇ ਅਸਾਧ ਹੈ ਜਿਸ ਨੂੰ ਕੋਈ ਵਿਰਲਾ ਹੀ ਸਾਧ ਸਕਦਾ ਹੈ, ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਸਾਧ ਸਕਦਾ ਹੈ ਜੋ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਹੈ।

ਇਸ ਅਸਾਧ ਮਨ ਨੂੰ ਸਾਧਣ ਦੁਆਰਾ ਹੀ ਕੋਈ ਜੋਗ ਜੁਗਤਿ ਦੇ ਨਾਲ ਜੁੜ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਜੁਗਤਿ ਨਾਲ ਜੁੜ ਸਕਦਾ ਹੈ ਜਿਵੇਂ ਕਿ ਹੇਠ ਦਿਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਮਨੁ ਅਸਾਧੁ ਸਾਧੈ ਜਨੁ ਕੋਇ ॥
ਅਚਰੁ ਚਰੈ ਤਾ ਨਿਰਮਲੁ ਹੋਇ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੇ ਵਿਕਾਰ ॥੩॥
ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥
ਕਦੇ ਨ ਵਿਛੁੜਹਿ ਸਬਦਿ ਸਮਾਇ ॥
ਆਪਣੀ ਕਲਾ ਆਪੇ ਹੀ ਜਾਣੈ ॥
ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥”

(ਅੰਗ ੧੫੯)

ਜਦ ਤੱਕ ਸਾਡੇ ਅੰਦਰ ਹਉਮੈ ਹੈ, ਵਿਕਾਰ ਹਨ ਤਦ ਤੱਕ ਇਹ ਮਨ ਅਸਾਧ ਹੈ। ਆਪਣੀ ਅੰਦਰ ਦੀ ਹਉਮੈ ਨੂੰ ਖਾਣਾ, ਵਿਕਾਰਾਂ ਨੂੰ ਖਾਣਾ, ਮਾੜੀ ਸਮਝ ਨੂੰ ਖਾਣਾ ਭਾਵ ਖਤਮ ਕਰਨਾ ਹੀ ਅਚਰੁ ਚਰਨਾ ਹੈ, ਨਾ ਖਾ ਸਕਣ ਵਾਲੀ ਚੀਜ ਨੂੰ ਖਾਣਾ ਹੈ ਭਾਵ ਬਹੁਤ ਔਖਾ ਹੈ। ਜਦ ਤੱਕ ਕੋਈ ਅਚਰੁ ਨਹੀਂ ਚਰਦਾ ਤਦ ਤੱਕ ਕੋਈ ਵੀ ਮਨ ਨਿਰਮਲ ਨਹੀਂ ਹੈ, ਪਵਿੱਤਰ ਨਹੀਂ ਹੈ, ਉਹ ਮਨ ਅਸਾਧ ਹੈ ਭਾਵ ਸਾਧਿਆ ਹੋਇਆ ਨਹੀਂ ਹੈ। ਜਦ ਤੱਕ ਅਸੀਂ ਆਪਣੇ ਮਨ ਨੂੰ ਸਾਧਦੇ ਨਹੀਂ ਭਾਵ ਸਵਾਰਦੇ ਨਹੀਂ ਤਦ ਤੱਕ ਅਸੀਂ ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਨਾਲ ਨਹੀਂ ਜੁੜਦੇ ਭਾਵ ਪ੍ਰਮਾਤਮਾ ਨੂੰ ਪਾਉਣ ਦੇ ਉਪਰਾਲੇ ਨਾਲ ਨਹੀਂ ਜੁੜਦੇ। ਆਪਣੇ ਅੰਦਰੋਂ ਹਉਮੈ ਨੂੰ, ਵਿਕਾਰਾਂ ਨੂੰ ਤਜਣ ਦੁਆਰਾ ਹੀ ਕੋਈ ਗੁਰਮੁਖਿ ਬਣ ਸਕਦਾ ਹੈ ਜੋ ਆਪਣੇ ਮਨ ਨੂੰ ਸਾਧ ਲੈਂਦਾ ਹੈ, ਸਵਾਰ ਲੈਂਦਾ ਹੈ। (**ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥**) ਆਪਣੇ ਮਨ ਨੂੰ ਸਾਧਨ ਦੁਆਰਾ ਹੀ ਕੋਈ ਗੁਰੂ ਦੇ ਸ਼ਬਦ ਵਿੱਚ ਸਮਾਉਂਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਵਿੱਚ, ਸੱਚੇ ਉਪਦੇਸ਼ ਵਿੱਚ ਸਮਾਉਂਦਾ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਮੇਲ ਉਹ ਆਪ ਹੀ ਆਪਣੀ ਕਲਾ ਦੁਆਰਾ ਭਾਵ ਆਪਣੇ ਉੱਚੇ ਗਿਆਨ ਦੀ ਕਲਾ ਦੁਆਰਾ ਕਰਦਾ ਹੈ ਜੋ ਆਪਣੀ ਕਲਾ ਉਹ ਆਪ ਹੀ ਜਾਣਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੀ ਆਪਣੇ ਅੰਦਰੋਂ “ਨਾਮ” ਨੂੰ ਪਛਾਣਨਾ ਹੈ ਭਾਵ “ਨਾਮ” ਦੇ ਰੂਪ ਵਿੱਚ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ। ਉਸਦਾ ਨਾਮ ਹੀ ਉਸਦਾ ਸੱਚੁ ਰੂਪ ਹੈ ਜਿਸਨੂੰ ਅਸੀਂ ਆਪਣੇ ਅੰਦਰੋਂ ਜਾਨਣਾ ਹੈ, ਜੋਗ ਜੁਗਤਿ ਦੁਆਰਾ ਜਾਨਣਾ ਹੈ। ਜਿਸ ਮਨੁੱਖੀ ਸਮਝ ਨੂੰ ਪ੍ਰਮਾਤਮਾ ਹਉਮੈ ਤੋਂ, ਵਿਕਾਰਾਂ ਤੋਂ ਰੱਖ ਲੈਂਦਾ ਹੈ ਭਾਵ ਬੱਚਾ ਲੈਂਦਾ ਹੈ ਉਸਦਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। (**ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥੩॥ ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥ ਆਪਣੀ ਕਲਾ ਆਪੇ ਹੀ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥**)

(ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥)

ਮੁੱਖ ਸ਼ਬਦ ਦੀ ਉੱਪਰ ਵਾਲੀ ਪੰਗਤੀ ਨੂੰ ਹੁਣ ਅਸੀਂ ਪੂਰਨ ਰੂਪ ਵਿੱਚ ਸਮਝ ਸਕਦੇ ਹਾਂ ਕਿ ਸੱਚੁ ਰੂਪ ਪ੍ਰਮਾਤਮਾ ਨੂੰ, ਨਾਮ ਰੂਪ ਪ੍ਰਮਾਤਮਾ ਨੂੰ ਜਾਨਣ ਦੀ ਜੁਗਤਿ ਕੀ ਹੈ। ਜੁਗਤਿ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮੁੱਖ ਸ਼ਬਦ ਦੀ ਇਸ ਤੋਂ ਅਗਲੀ ਪੰਗਤੀ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਅਸੀਂ ਜੋਗ ਦੀ ਜੁਗਤਿ ਤੇ ਕਿਸ ਤਰੀਕੇ ਪੂਰਾ ਉਤਰਨਾ ਹੈ।

“ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥”

ਪ੍ਰਮਾਤਮਾ ਨੂੰ ਜਾਨਣ ਲਈ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਜੋ ਸਾਨੂੰ ਉੱਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਜੋ ਕਿ ਗੁਰੂ ਦੀ ਸੱਚੀ ਸਿੱਖਿਆ ਲੈਣਾ ਹੈ। ਗੁਰੂ ਸਾਨੂੰ ਸਿੱਖਿਆ ਹੀ ਦਿੰਦਾ ਹੈ ਜੋ ਗੁਰੂ ਦਾ ਮਕਸਦ ਹੈ। ਪੂਰੀ ਗੁਰਬਾਣੀ ਸਾਨੂੰ ਸਿੱਖਿਆ ਹੀ ਦੇ ਰਹੀ ਹੈ, ਹਰ ਸ਼ਬਦ ਰਾਹੀਂ ਸਾਨੂੰ ਸਿੱਖਿਆ ਹੀ ਦੇ ਰਹੀ ਹੈ। ਹੁਣ ਧਿਆਨ ਨਾਲ ਸਮਝੋ ਕਿ ਕੀ ਅਸੀਂ ਸੱਚੀ ਸਿੱਖਿਆ ਲੈ ਰਹੇ ਹਾਂ ਭਾਵ ਗੁਰੂ ਦੀ ਉਹ ਸਿੱਖਿਆ ਲੈ ਰਹੇ ਹਾਂ ਜੋ ਸਿੱਖਿਆ ਸਮਝਾਉਂਣਾ ਗੁਰੂ ਦਾ ਮਕਸਦ ਹੈ। ਗੁਰੂ ਤਾਂ ਸੱਚੀ ਸਿੱਖਿਆ ਹੀ ਦਿੰਦਾ ਹੈ ਪਰ ਉਹ ਸਾਡੇ ਲਈ ਸੱਚੀ ਤਾਂ ਹੀ ਬਣ ਸਕਦੀ ਹੈ ਜੇਕਰ ਅਸੀਂ ਸਿੱਖਿਆ ਦੇ ਅੰਦਰ ਦੇ ਸੱਚ ਨੂੰ ਸਮਝੀਏ। ਗੁਰੂ ਦੀ ਸਿੱਖਿਆ ਦੇ ਅੰਦਰ ਦਾ ਸੱਚ ਹੀ ਨਾਮ ਹੈ। ਜੇਕਰ ਅਸੀਂ ਗੁਰੂ ਦੀ ਸਿੱਖਿਆ ਨੂੰ ਸਮਝਣ ਵਿੱਚ ਹੀ ਭਰਮ ਵਿੱਚ ਰਹਿੰਦੇ ਹਾਂ ਤਾਂ ਫਿਰ ਅਸੀਂ ਗੁਰੂ ਦੀ ਸਿੱਖਿਆ ਨੂੰ ਉਹ ਕੁੱਝ ਸਮਝਦੇ ਹਾਂ ਜੋ ਗੁਰੂ ਦੀ ਸਿੱਖਿਆ ਦਾ ਮਕਸਦ ਨਹੀਂ ਹੈ। ਗੁਰੂ ਦੀ ਸਿੱਖਿਆ ਸਾਨੂੰ ਇਹ ਸਮਝਾਉਂਦੀ ਹੈ ਕਿ ਸਾਡੇ ਸਰੀਰਕ ਜਪ ਤਪ ਕਰਨੇ ਸਾਡਾ ਭਰਮ ਹੈ, ਅਗਿਆਨਤਾ ਹੈ ਪਰ ਫਿਰ ਵੀ ਜੇਕਰ ਅਸੀਂ ਇਹੋ ਜਿਹੇ ਜਪ ਤਪ ਕਰਦੇ ਹਾਂ ਤਾਂ ਇਸ ਦਾ ਮਤਲਬ ਹੈ ਕਿ ਸਾਨੂੰ ਗੁਰੂ ਦੀ ਸੱਚੀ ਸਿੱਖਿਆ ਸਮਝ ਨਹੀਂ ਆਈ ਜਾਂ ਅਸੀਂ ਉਸ ਸਿੱਖਿਆ ਨੂੰ ਮੰਨਣਾ ਨਹੀਂ ਚਾਹੁੰਦੇ। ਗੁਰੂ ਸਾਨੂੰ ਆਪਣੇ ਹਰ ਸ਼ਬਦ ਰਾਹੀਂ ਸੱਚ ਹੀ ਸਮਝਾਉਂਦਾ ਹੈ ਭਾਵ ਨਾਮ ਹੀ ਸਮਝਾਉਂਦਾ ਹੈ ਜਿਸ ਸੱਚ ਨੂੰ ਸਮਝ ਕੇ ਅਸੀਂ ਮੰਨਣਾ ਹੈ ਭਾਵ ਜਪਣਾ ਹੈ। ਇਸੇ ਤਰ੍ਹਾਂ ਸ਼ਬਦਾਂ ਦੀ ਸੱਚੀ ਸਿੱਖਿਆ ਰਾਹੀਂ ਸਾਨੂੰ ਅਨੇਕਾਂ ਇਹੋ ਜਿਹੇ ਤਰੀਕਿਆਂ ਨੂੰ ਛੱਡਣ ਲਈ ਸਮਝਾਇਆ ਹੋਇਆ ਹੈ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਤਰੀਕੇ ਸਮਝਦੇ ਹਾਂ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਸਾਨੂੰ ਇਹੋ ਜਿਹੇ ਤਰੀਕੇ ਛੱਡਣ ਲਈ ਸਮਝਾਉਂਦਾ ਹੈ ਭਾਵ ਇਨ੍ਹਾਂ ਨੂੰ ਛੱਡਣ ਲਈ ਸਿੱਖਿਆ ਦਿੰਦਾ ਹੈ ਪਰ ਜੇਕਰ ਅਸੀਂ ਫਿਰ ਵੀ ਇਨ੍ਹਾਂ ਤਰੀਕਿਆਂ ਨੂੰ ਨਹੀਂ ਛੱਡਦੇ ਤਾਂ ਫਿਰ ਇਹ ਗੁਰੂ ਦੀ ਸੱਚੀ ਸਿੱਖਿਆ ਨੂੰ ਨਾ ਲੈਣਾ ਹੈ। ਗੁਰੂ ਸਾਨੂੰ ਵਾਰ-ਵਾਰ ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਔਗੁਣ ਛੱਡਣ ਲਈ ਸਮਝਾਉਂਦਾ ਹੈ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦਾ ਹੈ ਭਾਵ ਸੱਚੀ ਸਿੱਖਿਆ ਦਿੰਦਾ ਹੈ ਤੇ ਜੇਕਰ ਅਸੀਂ ਗੁਰੂ ਦੀ ਗਲ ਨੂੰ ਨਹੀਂ ਮੰਨਦੇ, ਗੁਰੂ ਦੀ ਸਿੱਖਿਆ ਨੂੰ ਨਹੀਂ ਮੰਨਦੇ ਤੇ ਫਿਰ ਇਹ ਸੱਚੀ ਸਿੱਖਿਆ ਨਾ ਲੈਣ ਦੇ ਬਰਾਬਰ ਹੈ ਭਾਵ ਝੂਠੀ ਸਿੱਖਿਆ ਨਾਲ ਜੁੜਣਾ ਹੈ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਕਿਸੇ ਅੱਖਰ ਦਾ ਜਪ ਕਰਨਾ ਨਾਮ ਜਪਣਾ ਨਹੀਂ ਹੈ ਪਰ ਜੇਕਰ ਅਸੀਂ ਫਿਰ ਵੀ ਕਿਸੇ ਅੱਖਰ ਨੂੰ ਬੋਲੀ ਜਾਣ ਨੂੰ ਹੀ ਨਾਮ ਜਪਣਾ ਸਮਝਦੇ ਹਾਂ ਤਾਂ ਫਿਰ ਇਹ ਗੁਰੂ ਦੀ ਸੱਚੀ ਸਿੱਖਿਆ ਨੂੰ ਨਾ ਲੈਣਾ ਹੈ ਭਾਵ ਕਿਸੇ ਝੂਠੀ ਸਿੱਖਿਆ ਨਾਲ ਜੁੜਨ ਵਾਲੀ ਗੱਲ ਹੈ। ਭਗਤੀ ਦਾ ਮਾਰਗ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ, ਪ੍ਰਮਾਤਮਾ ਨੂੰ ਜਾਨਣ ਦੀ ਜੁਗਤਿ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣ ਨਾਲ ਹੀ ਜੁੜੀ ਹੋਈ ਹੈ ਤੇ ਗੁਰੂ ਦੀ ਸੱਚੀ ਸਿਖਿਆ ਨੂੰ ਸਮਝਣਾ ਤੇ ਉਸ ਅਨੁਸਾਰ ਵਿਚਰਨਾ ਬਹੁਤ ਔਖਾ ਹੈ ਤੇ ਇਸੇ ਲਈ ਸਚੁ ਨੂੰ ਜਾਨਣਾ, ਪ੍ਰਮਾਤਮਾ ਨੂੰ ਜਾਨਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ ਕਿਉਂਕਿ ਅਸੀਂ ਸਾਰੇ ਮਾਇਆ ਮੋਹ ਵਿੱਚ ਹਾਂ, ਹਉਮੈ ਵਿੱਚ ਹਾਂ, ਭਰਮਾਂ ਵਿੱਚ ਹਾਂ, ਨਾ-ਸਮਝ ਮਤਿ ਦੇ ਵਿੱਚ ਹਾਂ ਜਿਸ ਦਾ ਮਕਸਦ ਹੀ ਸਾਨੂੰ ਸਚੁ ਨੂੰ ਸਮਝਣ ਤੋਂ ਦੂਰ ਰਖਣ ਦਾ ਹੈ ਜਿਸਨੂੰ ਸਮਝਣਾ ਮਨੁੱਖੀ ਸਮਝ ਦੀ ਸਮਰੱਥਾ ਤੋਂ ਬਾਹਰ ਹੈ। ਸੱਚ ਨੂੰ ਸਮਝਣ ਦੀ ਸਮਰੱਥਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਬਖਸ਼ ਸਕਦਾ ਹੈ ਜਿਵੇਂ ਕਿ ਅਸੀਂ ਪਿਛਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। (**ਸਚੁ ਤਾ ਪਰੁ ਜਾਣੀਐ ਜਾ ਸਿਧ ਸਚੀ ਲੇਇ ॥**) ਗੁਰੂ ਦੀ ਸੱਚੀ ਸਿੱਖਿਆ ਨੂੰ ਅਸੀਂ ਆਪਣੇ ਜੀਵਨ ਵਿੱਚ ਕਿਸ ਤਰੀਕੇ ਅਪਨਾਉਣਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

“ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥”

ਗੁਰੂ ਦੀ ਸਿੱਖਿਆ ਦਾ ਮਕਸਦ, ਗੁਰੂ ਦੇ ਸੱਚ ਨੂੰ ਜਾਨਣ ਦਾ ਮਕਸਦ, ਨਾਮ ਦਾ ਮਕਸਦ ਸਾਡੇ ਜੀਵਨ ਦੀ ਵਿਚਰਨ ਦੇ ਨਾਲ ਹੈ ਕਿ ਅਸੀਂ ਆਪਣੇ ਸਮਾਜ ਵਿੱਚ ਭਲੇ ਕੰਮ ਕਰਨੇ ਹਨ ਕਿ ਮਾੜੇ ਕੰਮ ਕਰਨੇ ਹਨ। ਗੁਰੂ ਦੀ ਸਿੱਖਿਆ ਸਾਡੇ ਜੀਅ ਨੂੰ ਭਾਵ ਮਨ ਨੂੰ ਸਮਝਾਉਣ ਲਈ ਹੈ, ਸਾਡੇ ਮਨ ਦੇ ਜਾਨਣ ਲਈ ਹੈ। ਗੁਰੂ ਦੀ ਸਿੱਖਿਆ ਲੈ ਕੇ ਅਸੀਂ ਇਸ ਗੱਲ ਨੂੰ ਜਾਨਣਾ ਹੈ ਕਿ ਸਾਡਾ ਦਇਆ ਵਾਲਾ ਸੁਭਾਉ ਕਿਵੇਂ ਬਣੇ ਕਿਉਂਕਿ ਅਸੀਂ ਚੰਗੇ ਕਰਮ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਦਇਆ ਵਾਲੀ ਬਿਰਤੀ ਰੱਖੀਏ, ਸਮਝ ਰੱਖੀਏ। ਅਸੀਂ ਆਪਣੇ ਕਾਰ ਵਿਹਾਰ ਵਿੱਚ ਜੇਕਰ ਝੂਠ ਬੋਲਦੇ ਹਾਂ, ਕਿਸੇ ਦਾ ਹੱਕ ਖਾਂਦੇ ਹਾਂ, ਲੋਭ ਲਾਲਚ ਦਿਖਾਉਂਦੇ ਹਾਂ, ਕਾਮ, ਕ੍ਰੋਧ, ਅਹੰਕਾਰ ਵਾਲੀ ਬਿਰਤੀ ਰੱਖਦੇ ਹਾਂ ਤਾਂ ਫਿਰ ਅਸੀਂ ਕਿਸੇ ਤੇ ਦਇਆ ਕਿਵੇਂ ਕਰ ਸਕਦੇ ਹਾਂ। ਦਇਆ ਔਗੁਣ ਛੱਡ ਕੇ ਹੁੰਦੀ ਹੈ, ਗੁਣੀ ਬਣਕੇ ਹੁੰਦੀ ਹੈ ਤੇ ਗੁਰੂ ਸਾਨੂੰ ਇਹ ਸਿੱਖਿਆ ਹੀ ਵਾਰ-ਵਾਰ ਸਮਝਾਉਂਦਾ ਹੈ

ਜਿਵੇਂ ਕਿ ਅਸੀਂ ਸ਼ਬਦ ਦੀਆਂ ਸ਼ੁਰੂ ਵਾਲੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਕਿਸੇ ਤੇ ਦਇਆ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ। ਪੁੰਨ ਦਾਨ ਕਰਨਾ ਵੀ ਦਇਆ ਦਾ ਕੰਮ ਹੈ ਜਿਵੇਂ ਕਿ ਸਾਨੂੰ ਉੱਪਰ ਪੰਗਤੀ ਰਾਹੀਂ ਸਮਝਾਇਆ ਹੈ। (**ਕਿਛੁ ਪੁੰਨੁ ਦਾਨੁ ਕਰੇਇ ॥**) ਇਸ ਗੱਲ ਨੂੰ ਕੁੱਝ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਅਸੀਂ ਕੁੱਝ ਪੁੰਨੁ ਦਾਨੁ ਕਿਵੇਂ ਕਰਨਾ ਹੈ। ਬਾਣੀ ਰਾਹੀਂ ਸਾਨੂੰ ਇਹ ਵੀ ਸਮਝਾਇਆ ਹੋਇਆ ਹੈ ਕਿ ਪੁੰਨੁ ਦਾਨੁ ਕਰਨਾ ਸਾਡੇ ਕੰਮ ਨਹੀਂ ਆਉਂਦਾ ਭਾਵ ਵਿਅਰਥ ਜਾਂਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

ਪ੍ਰਮਾਤਮਾ ਦੀ ਭਗਤੀ ਦਾ, ਉਸਨੂੰ ਪਾਉਣ ਦਾ ਇੱਕੋ ਇੱਕ ਮਾਰਗ ਗੁਰੂ ਦੀ ਮਤਿ ਤੇ ਪੂਰਾ ਉਤਰਨ ਦਾ ਹੈ ਜੋ ਕਿ ਕੇਵਲ ਤੇ ਕੇਵਲ ਸਾਰੇ ਔਗੁਣਾਂ ਨੂੰ ਤਿਆਗ ਕੇ ਹੀ ਪੂਰਾ ਉਤਰਿਆ ਜਾ ਸਕਦਾ ਹੈ ਤੇ ਤਾਂ ਹੀ ਪ੍ਰਮਾਤਮਾ ਦੇ ਵਿੱਚ, ਉਸਦੀ ਸੱਚੀ ਸਮਝ ਦੇ ਵਿੱਚ ਸਮਾਇਆ ਜਾ ਸਕਦਾ ਹੈ ਭਾਵ ਉਸਨੂੰ ਪਾਇਆ ਜਾ ਸਕਦਾ ਹੈ। ਅਸੀਂ ਜਿਤਨੇ ਮਰਜੀ ਜਪ ਤਪ ਕਰ ਲਈਏ, ਸੰਜਮ ਰਖ ਲਈਏ, ਤੀਰਥਾਂ ਦੇ ਉੱਤੇ ਵਾਸਾ ਕਰ ਲਈਏ, ਪੁੰਨ ਦਾਨ ਕਰ ਲਈਏ, ਚੰਗਿਆਈਆਂ ਕਰ ਲਈਏ ਪਰ ਜੇਕਰ ਸਾਡੇ ਅੰਦਰ ਸੱਚ ਨਹੀਂ ਹੈ, ਗੁਰਮਤਿ ਨਹੀਂ ਹੈ ਫਿਰ ਇਸ ਦਾ ਮਤਲਬ ਇਹ ਹੈ ਕਿ ਅਸੀਂ ਜੋ ਵੀ ਧੰਨ ਦੌਲਤ ਦੀ ਕਮਾਈ ਕੀਤੀ ਹੈ ਉਹ ਝੂਠੇ ਤਰੀਕੇ ਨਾਲ ਕੀਤੀ ਹੈ, ਔਗੁਣਾਂ ਵਿੱਚ ਰਹਿ ਕੇ ਕੀਤੀ ਹੈ ਤੇ ਝੂਠੀ ਕਮਾਈ ਹੋਈ ਦੌਲਤ ਵਿੱਚੋਂ ਅਸੀਂ ਜੇਕਰ ਪੁੰਨ ਦਾਨ ਕਰਦੇ ਹਾਂ ਤਾਂ ਇਹੋ ਜਿਹਾ ਪੁੰਨ ਦਾਨ ਪ੍ਰਮਾਤਮਾ ਨੂੰ ਕਬੂਲ ਨਹੀਂ ਹੁੰਦਾ ਕਿਉਂਕਿ ਇਹੋ ਜਿਹੀ ਕਮਾਈ ਕਰਨ ਵਿੱਚ ਅਸੀਂ ਪਹਿਲੇ ਹੀ ਕਈਆਂ ਦਾ ਹੱਕ ਮਾਰਿਆ ਹੁੰਦਾ ਹੈ ਭਾਵ ਆਪਣੇ ਕਾਰ ਵਿਹਾਰ ਵਿੱਚ ਦਇਆ ਨਹੀਂ ਦਿਖਾਈ ਹੁੰਦੀ। ਜੇਕਰ ਸਾਡੇ ਅੰਦਰ ਸੱਚੀ ਦਇਆ ਹੈ ਤਾਂ ਫਿਰ ਅਸੀਂ ਜੋ ਵੀ ਦੌਲਤ ਕਮਾਵਾਂਗੇ ਉਹ ਸੱਚੇ ਸੁੱਚੇ ਢੰਗ ਨਾਲ ਹੀ ਕਮਾਵਾਂਗੇ ਭਾਵ ਕਿਸੇ ਦਾ ਮਾੜਾ ਨਹੀਂ ਕਰਾਂਗੇ। ਇਹੋ ਜਿਹੇ ਸੱਚੇ ਸੁੱਚੇ ਢੰਗ ਨਾਲ ਕਮਾਈ ਹੋਈ ਮਾਇਆ ਵਿੱਚੋਂ ਗੁਰੂ ਦੀ ਸਿੱਖਿਆ ਅਨੁਸਾਰ ਚਲੇ ਕੇ ਕਮਾਈ ਹੋਈ ਮਾਇਆ ਵਿੱਚੋਂ ਜੇਕਰ ਅਸੀਂ ਕੁੱਝ ਪੁੰਨ ਦਾਨ ਕਰਦੇ ਹਾਂ ਤਾਂ ਉਹ ਪੁੰਨ ਦਾਨ ਚੰਗਾ ਹੈ ਜਿਸਨੂੰ ਗੁਰੂ ਪ੍ਰਮਾਤਮਾ ਕਬੂਲ ਕਰਦਾ ਹੈ ਜਿਵੇਂ ਕਿ ਸਾਨੂੰ ਮੁੱਖ ਸ਼ਬਦ ਦੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। (**ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥**) ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਇਹ ਹੀ ਹੈ ਕਿ ਅਸੀਂ ਸੱਚੀ ਸੁੱਚੀ ਕਿਰਤ ਕਰੀਏ ਤੇ ਆਪਣੀ ਸੱਚੀ ਕਮਾਈ ਵਿੱਚੋਂ ਆਪਣੀ ਸਮਰੱਥਾ ਅਨੁਸਾਰ ਕੁੱਝ ਪੁੰਨ ਦਾਨ ਵੀ ਕਰੀਏ ਤਾਂ ਜੋ ਕਿਸੇ ਮਜਬੂਰ ਦਾ, ਲੋੜਵੰਦ ਦਾ ਭਲਾ ਹੋ ਸਕੇ। ਸੱਚੀ ਸੁੱਚੀ ਕਿਰਤ ਕਰਨਾ ਹੀ ਨਾਮ ਜਪਣਾ ਹੈ ਤੇ ਉਸ ਕਿਰਤ ਵਿੱਚੋਂ ਕੁੱਝ ਪੁੰਨ ਦਾਨ ਕਰਨਾ ਹੀ ਵੰਡ ਕੇ ਛਕਣਾ ਹੈ ਜੋ ‘‘ਵੰਡ ਛਕਣ’’ ਦੀ ਚਰਚਾ ਆਮ ਤੌਰ ਤੇ ਕੀਤੀ ਜਾਂਦੀ ਹੈ। ਸੱਚੀ ਭਗਤੀ ਦਾ ਮਾਰਗ ਇਹੀ ਹੈ ਜਿਵੇਂ ਕਿ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

“ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥”

(ਅੰਗ ੧੨੪੫)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ ਤੇ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸਾਡੇ ਜੀਵਨ ਦਾ ਅਸਲ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਕਿ ਭਗਤੀ ਦਾ ਸੱਚਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਆਪਣੇ ਜੀਵਨ ਦਾ ਰਾਹ ਭਾਵ ਆਪਣੇ ਜੀਵਨ ਦਾ ਮਾਰਗ ਉਨਾਂ ਨੂੰ ਸਮਝ ਆਇਆ ਹੈ ਜੋ ਆਪ ਆਪਣੀ ਘਾਲਣਾ ਘਾਲਣ ਦੁਆਰਾ ਖਾਂਦੇ ਹਨ ਤੇ ਉਸਦੇ ਵਿੱਚੋਂ ਦੂਸਰਿਆਂ ਨੂੰ ਵੀ ਕੁੱਝ ਦਿੰਦੇ ਹਨ। ਗੱਲ ਸਾਰੀ ਘਾਲਣਾ ਘਾਲਣ ਦੀ

ਹੈ ਕਿ ਅਸੀਂ ਘਾਲਣਾ ਕਿਸ ਤਰੀਕੇ ਘਾਲਣੀ ਹੈ ਜਿਸ ਦੁਆਰਾ ਅਸੀਂ ਮਾਇਆ ਕਮਾਉਣੀ ਹੈ ਤੇ ਕਮਾ ਕੇ ਆਪ ਵੀ ਵਰਤਣੀ ਹੈ ਤੇ ਵਿੱਚੋਂ ਕੁੱਝ ਦੂਸਰਿਆਂ ਨੂੰ ਵੀ ਦੇਣੀ ਹੈ। ਆਪਣੀ ਸੱਚੀ ਕਮਾਈ ਵਿੱਚੋਂ ਕੁੱਝ ਦੂਸਰਿਆਂ ਨੂੰ ਦੇਣਾ ਪੁੰਨ ਦਾਨ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੀ ਸੱਚੀ ਘਾਲ ਭਾਵ ਕਿਰਤ ਕਰਨ ਲਈ ਸੱਚੀ ਮਿਹਨਤ ਉਹੀ ਹੈ ਜੋ ਘਾਲਣਾ ਅਸੀਂ ਗੁਰੂ ਦੀ ਮਤਿ ਅਨੁਸਾਰ ਕਰਦੇ ਹਾਂ ਭਾਵ ਔਗੁਣ ਤਿਆਗਣ ਦੁਆਰਾ ਸੱਚੀ ਸੁੱਚੀ ਕਿਰਤ ਕਰਦੇ ਹਾਂ। ਇਹ ਸਾਡੀ ਸੱਚੀ ਘਾਲ ਹੀ ਸਾਡੇ ਜੀਵਨ ਦਾ ਅਸਲ ਮਾਰਗ ਹੈ, ਭਗਤੀ ਦਾ ਮਾਰਗ ਹੈ ਜੋ ਗੁਰਬਾਣੀ, ਧਰਮ ਗ੍ਰੰਥ ਸਾਨੂੰ ਸਮਝਾ ਰਹੇ ਹਨ। ਇਸ ਤੋਂ ਇਲਾਵਾ ਅਸੀਂ ਜੋ ਵੀ ਜੀਵਨ ਦੇ ਮਾਰਗ ਸਮਝੇ ਹੋਏ ਹਨ, ਭਗਤੀ ਦੇ ਮਾਰਗ ਸਮਝੇ ਹੋਏ ਹਨ ਉਹ ਕੇਵਲ ਸਾਡਾ ਭਰਮ ਹੈ। (**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥**)

{ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ ੧੩੪੩)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਸੱਚੁ ਨੂੰ, ਨਾਮ ਨੂੰ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਜੋ ਕਿ ਸਾਡੀ ਸੱਚੀ ਸੁੱਚੀ ਕਿਰਤ ਕਰਨਾ ਹੈ ਤੇ ਉਸ ਸੱਚੀ ਕਮਾਈ ਵਿੱਚੋਂ ਕਿਸੇ ਹੋਰ ਦਾ ਭਲਾ ਵੀ ਕਰ ਸਕੀਏ ਭਾਵ ਕਰਨ ਦਾ ਉੱਦਮ ਕਰੀਏ ਤਾਂ ਜੋ ਸਾਰਾ ਸੰਸਾਰ ਸੁਖੀ ਵੱਸੇ। ਗੁਰੂ ਸਾਹਿਬਾਨ ਨੇ ਸਾਨੂੰ ਇਹ ਸਭ ਕੁੱਝ ਆਪਣੇ ਜੀਵਨ ਕਾਲ ਵਿੱਚ ਕਰਕੇ ਦਿਖਾਇਆ ਹੈ। ਉਨ੍ਹਾਂ ਨੇ ਆਪ ਸੱਚੀ ਸੁੱਚੀ ਕਿਰਤ ਕੀਤੀ ਹੈ ਜਿਸ ਵਿੱਚੋਂ ਉਨ੍ਹਾਂ ਨੇ ਦੂਸਰਿਆਂ ਨੂੰ ਵੀ ਵੰਡਿਆ ਹੈ। ਗੁਰੂ ਦਾ ਘਰ ਸਾਨੂੰ ਪਰਤਖ ਰੂਪ ਵਿੱਚ ਇਹ ਕੁੱਝ ਸਮਝਾਉਂਦਾ ਹੈ ਜੋ ਕਿ ਲੰਗਰ ਦੀ ਪ੍ਰਥਾ ਹੈ, ਵੰਡ ਕੇ ਛਕਣ ਦੀ ਪ੍ਰਥਾ ਹੈ ਜੋ ਗੁਰੂ ਸਾਹਿਬਾਨ ਨੇ ਆਪ ਹੀ ਆਪਣੇ ਮਨੁੱਖੀ ਜੀਵਨ ਕਾਲ ਵਿੱਚ ਸ਼ੁਰੂ ਕੀਤੀ ਹੈ ਤੇ ਪ੍ਰਮਾਤਮਾ ਦੀ ਕਿਰਪਾ ਨਾਲ ਉਸੇ ਤਰ੍ਹਾਂ ਵੱਧ ਚੜ੍ਹਕੇ ਗੁਰੂ ਦੇ ਅਸਥਾਨਾਂ ਤੇ ਚੱਲ ਰਹੀ ਹੈ ਜਿਸ ਦੁਆਰਾ ਹਰ ਲੋੜਵੰਦ ਦਾ ਪੇਟ ਭਰਨ ਦਾ ਉਨ੍ਹਾਂ ਨੇ ਉਪਰਾਲਾ ਕੀਤਾ ਹੈ। ਇਹ ਮਨੁੱਖਤਾ ਦੀ ਵੱਡੀ ਸੇਵਾ ਹੈ ਜੋ ਸੇਵਾ ਕਰਨ ਲਈ ਪਹਿਲਾਂ ਕਿਰਤ ਕਰਨੀ ਪੈਂਦੀ ਹੈ, ਮਾਇਆ ਕਮਾਉਣੀ ਪੈਂਦੀ ਹੈ। ਹਰ ਸੇਵਾ ਲਈ ਆਪਣੇ ਸਰੀਰ ਤੋਂ ਹੀ ਕੰਮ ਲੈਣਾ ਪੈਂਦਾ ਹੈ ਭਾਵੇਂ ਉਹ ਸੇਵਾ ਕਿਸੇ ਰੂਪ ਵਿੱਚ ਵੀ ਹੋਵੇ। ਮਨੁੱਖਤਾ ਦੀ ਸੇਵਾ ਗੁਰੂ ਘਰ ਦੀ ਸੇਵਾ ਹੀ ਹੈ ਭਾਵੇਂ ਉਹ ਸੇਵਾ ਗੁਰੂ ਘਰ ਲਈ ਇਮਾਰਤਾਂ ਬਣਾਉਣ ਲਈ ਹੈ, ਲੰਗਰ ਦੀ ਸੇਵਾ ਕਰਨ ਦੀ ਹੈ ਜਾਂ ਗੁਰੂ ਘਰ ਵਿਚ ਸਫਾਈ ਕਰਨ ਦੀ ਹੈ। ਹਰ ਸੇਵਾ ਲਈ ਚੰਗੇ ਕਰਮ ਕਰਨ ਦੀ ਲੋੜ ਹੈ, ਮਨੁਖੀ ਘਾਲ ਦੀ ਲੋੜ ਹੈ ਤੇ ਸੱਚੀ ਸੁੱਚੀ ਘਾਲ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ ਜਿਸ ਦੁਆਰਾ ਅਸੀਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ।

ਅਸੀਂ ਸੱਚੀ ਘਾਲ ਕਿਵੇਂ ਕਰਨੀ ਹੈ, ਉਸ ਲਈ ਸੱਚੀ ਸਿੱਖਿਆ ਕਿੱਥੋਂ ਲੈਣੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ, ਸਚੁ ਨੂੰ, ਨਾਮ ਨੂੰ ਜਾਣ ਸਕਦੇ ਹਾਂ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥”

ਅਸੀਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਨਣ ਲਈ ਅਨੇਕਾਂ ਉਪਾਵ ਕਰਦੇ ਹਾਂ ਜਿਨ੍ਹਾਂ ਵਿਚ ਤੀਰਥਾਂ ਤੇ ਜਾਣ ਦਾ ਵੱਡਾ ਮਹੱਤਵ ਸਮਝਿਆ ਜਾਂਦਾ ਹੈ। ਤੀਰਥ ਅਸਲ ਵਿੱਚ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਚੇਤੇ ਕੀਤਾ ਜਾ ਸਕਦਾ ਹੈ।

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥}

(ਅੰਗ ੬੮੭)

ਤੀਰਥ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਗੁਰੂ ਦਾ, ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ। ਗੁਰਬਾਣੀ ਵਿੱਚ, ਧਰਮ ਗ੍ਰੰਥਾਂ ਵਿੱਚ ਗੁਰੂ ਦਾ ਦਿੱਤਾ ਹੋਇਆ ਸੱਚਾ ਗਿਆਨ ਹੀ ਹੈ ਜੋ ਕਿ ਸਾਡੇ ਲਈ ਤੀਰਥ ਹੈ। ਗੁਰੂ ਦੇ ਸੱਚੇ ਗਿਆਨ ਦਾ ਇਸ਼ਨਾਨ ਕਰਨਾ ਗੁਰੂ ਦੇ ਤੀਰਥ ਤੇ ਇਸ਼ਨਾਨ ਕਰਨਾ ਹੈ। ਅਸੀਂ ਤੀਰਥਾਂ ਤੇ ਜਾ ਕੇ ਨਦੀਆਂ ਦੇ ਇਸ਼ਨਾਨ ਕਰਦੇ ਹਾਂ, ਜਲ ਦਾ ਇਸ਼ਨਾਨ ਕਰਦੇ ਹਾਂ ਜਿਸਨੂੰ ਅਸੀਂ ਤੀਰਥਾਂ ਦੇ ਇਸ਼ਨਾਨ ਸਮਝਦੇ ਹਾਂ, ਜਿਸ ਦੁਆਰਾ ਸਾਡੇ ਤਨ ਦੀ ਮੈਲ ਹੀ ਧੁਪਦੀ ਹੈ ਪਰ ਮਨ ਦੀ ਮੈਲ ਨਹੀਂ ਧੁਪਦੀ। ਇਸੇ ਲਈ ਬਾਣੀ ਰਾਹੀਂ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਅਸਲ ਤੀਰਥ ਦਾ ਇਸ਼ਨਾਨ ਕਰਨਾ ਸਮਝਾਇਆ ਹੋਇਆ ਹੈ ਜੋ ਇਸ਼ਨਾਨ ਸਾਡੇ ਮਨ ਨੇ ਕਰਨਾ ਹੈ ਜਿਸ ਇਸ਼ਨਾਨ ਦੁਆਰਾ ਸਾਡੇ ਮਨ ਦੀ ਮੈਲ ਧੁਪਦੀ ਹੈ, ਗੁਰੂ ਦੇ ਸੱਚੇ ਗਿਆਨ ਨਾਲ ਸਾਡੇ ਮਨ ਦੀ ਅਗਿਆਨਤਾ ਦੀ ਮੈਲ ਧੁਪਦੀ ਹੈ। ਤੀਰਥਾਂ ਤੇ ਜਾਣਾ ਕੋਈ ਮਾੜੀ ਗੱਲ ਨਹੀਂ ਹੈ ਬਲਕਿ ਚੰਗੀ ਗੱਲ ਹੈ ਜਿੱਥੇ ਜਾ ਕੇ ਸਾਨੂੰ ਗੁਰੂ ਦਾ ਸੱਚਾ ਗਿਆਨ ਮਿਲਦਾ ਹੈ। ਗਰੂ ਦੇ ਦੁਆਰੇ ਤੇ ਸੱਚਾ ਗਿਆਨ ਹੀ ਮਿਲਦਾ ਹੈ ਜੋ ਗਿਆਨ ਸਾਨੂੰ ਕਿਸੇ ਹੋਰ ਕੋਲੋਂ ਨਹੀਂ ਮਿਲ ਸਕਦਾ ਤੇ ਗੁਰੂ ਦੇ ਸੱਚੇ ਗਿਆਨ ਦਾ ਇਸ਼ਨਾਨ ਅਸੀਂ ਆਪਣੇ ਮਨ ਨੂੰ ਕਰਵਾਉਣਾ ਹੈ ਤਾਂ ਜੋ ਸਾਡੇ ਅੰਦਰ ਦੇ ਔਗੁਣ ਨਿਕਲਣ ਤੇ ਅਸੀਂ ਗੁਣਾਂ ਵਾਲੇ ਬਣਕੇ ਵਿਚਰੀਏ ਜੋ ਕਿ ਗੁਰੂ ਦੇ ਗਿਆਨ ਦਾ ਮਕਸਦ ਹੈ, ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

ਬਾਣੀ ਰਾਹੀਂ ਇਸੇ ਲਈ ਸਾਨੂੰ ਵਾਰ-ਵਾਰ ਸਮਝਾਇਆ ਹੈ ਕਿ ਕੇਵਲ ਤੀਰਥਾਂ ਤੇ ਜਾਣ ਦਾ ਕੋਈ ਲਾਭ ਨਹੀਂ ਹੈ ਜੇਕਰ ਅਸੀਂ ਆਪਣੇ ਮਨ ਦੀ ਮੈਲ ਨੂੰ ਨਹੀਂ ਧੋਂਦੇ। ਗੁਰੂ ਦਾ ਤੀਰਥ ਇੱਕੋ ਹੀ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਤੀਰਥ ਹੈ ਜਿਸ ਤੀਰਥ ਤੇ ਇਸ਼ਨਾਨ ਕਰਨ ਦੁਆਰਾ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਉਸ ਤੀਰਥ ਤੇ ਕੋਈ ਵੀ ਇਸ਼ਨਾਨ ਕਰਕੇ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਉਸਦਾ ਤੀਰਥ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਹੁਣ ਅਸੀਂ ਮੁੱਖ ਸ਼ਬਦ ਦੀ ਪੰਗਤੀ ਨੂੰ ਸਮਝ ਸਕਦੇ ਹਾਂ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਜਾਨਣ ਲਈ ਮਨ ਦਾ ਇਸ਼ਨਾਨ ਹੀ ਸਮਝਾਇਆ ਹੋਇਆ ਹੈ।

“ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥

ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥”

ਹੁਣ ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੂੰ ਜਾਨਣ ਲਈ ਤੀਰਥ ਤੇ ਨਿਵਾਸ ਕਿਸਨੇ ਕਰਨਾ ਹੈ। ਗੁਰੂ ਦੇ ਤੀਰਥ ਤੇ ਨਿਵਾਸ ਸਾਡੀ ਆਤਮਾ ਨੇ ਕਰਨਾ ਹੈ ਭਾਵ ਸਾਡੀ ਸਮਝ ਨੇ ਕਰਨਾ ਹੈ, ਮਨ ਦੇ ਵਿਚਾਰਾਂ ਨੇ ਕਰਨਾ ਹੈ, ਸਾਡੀ ਸੁਰਤਿ ਦੇ ਵਿਚਾਰਾਂ ਨੇ ਕਰਨਾ ਹੈ। ਗੁਰੂ ਦਾ ਸੱਚਾ ਤੀਰਥ ਉਸਦਾ ਸੱਚਾ ਗਿਆਨ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਗੁਰੂ ਦਾ ਸੱਚਾ ਗਿਆਨ ਜੇਕਰ ਸਾਡੇ ਅੰਦਰ ਵੱਸ ਜਾਵੇਗਾ ਫਿਰ ਤਾਂ ਹੀ ਸਾਡੇ ਮਨ ਦੇ ਵਿਚਾਰ ਉਸ ਗਿਆਨ ਦੇ ਤੀਰਥ ਤੇ ਨਿਵਾਸ ਕਰਨਗੇ ਤੇ ਗੁਰੂ ਦਾ ਸੱਚਾ ਗਿਆਨ ਸਾਡੇ ਅੰਦਰ ਤਾਂ ਹੀ ਵੱਸੇਗਾ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ, ਸ਼ਬਦ ਦੇ ਵਿਚਾਰਾਂ ਨੂੰ ਮੰਨਾਂਗੇ। ਸ਼ਬਦ ਦੇ ਵਿਚਾਰਾਂ ਨੂੰ ਸਾਡੀ ਸੁਰਤਿ ਦੇ ਵਿਚਾਰਾਂ ਨੇ ਹੀ ਮੰਨਣਾ ਹੈ, ਸਾਡੀ ਆਤਮਾ ਨੇ ਹੀ ਮੰਨਣਾ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਸਾਡੀ ਸੁਰਤਿ ਦੇ ਵਿਚਾਰਾਂ ਦੀ ਸਮਝ ਸ਼ਬਦ ਦੇ ਵਿਚਾਰਾਂ ਨਾਲ ਰਲ ਜਾਂਦੀ ਹੈ, ਇੱਕੋ ਜਿਹੀ ਹੋ ਜਾਂਦੀ ਹੈ ਤੇ ਇਹੀ ਸਾਡੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ ਜਿਸ ਦੁਆਰਾ ਮਨ ਦੇ ਵਿੱਚ ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਜਿਸ ਮਨੁੱਖ ਦੀ ਸਮਝ ਦੇ ਅੰਦਰ ਗੁਰੂ ਦਾ ਸੱਚਾ ਗਿਆਨ ਵੱਸ ਜਾਂਦਾ ਹੈ, ਉਹ ਆਪਣੇ ਅੰਦਰੋਂ ਸਚੁ ਨੂੰ ਜਾਣ ਲੈਂਦਾ ਹੈ, ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜੋ ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਹੀ ਹੈ, ਆਤਮਾ ਦੇ ਵਿੱਚ ਹੀ ਹੈ। ਜਦੋਂ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਫਿਰ ਤਾਂ ਹੀ ਸਮਝ ਪੈਂਦੀ ਹੈ ਕਿ ਆਤਮਾ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪ ਹੀ ਸਭ ਨੂੰ ਮਨ ਦੇ ਵਿਚਾਰਾਂ ਦੁਆਰਾ, ਮਨ ਦੀ ਸਮਝ ਦੁਆਰਾ ਆਤਮਾ ਰੂਪ ਬਣਾਇਆ ਹੋਇਆ ਹੈ, ਭਰਮ ਵਿੱਚ ਪਾ ਕੇ ਬਣਾਇਆ ਹੋਇਆ ਹੈ। (**ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥**)

{ਨਦਰਿ ਕਰੇ ਤਾ ਸਿਮਰਿਆ ਜਾਇ ॥

ਆਤਮਾ ਦ੍ਰਵੈ ਰਹੈ ਲਿਵ ਲਾਇ ॥

ਆਤਮਾ ਪਰਾਤਮਾ ਏਕੋ ਕਰੈ ॥

ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥

ਗੁਰ ਪਰਸਾਦੀ ਪਾਇਆ ਜਾਇ ॥

ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥}

(ਅੰਗ ੬੬੧)

ਸਾਡੀ ਆਤਮਾ ਦੇ ਵਿਚਾਰਾਂ ਦਾ ਗੁਰੂ ਦੇ ਤੀਰਥ ਤੇ ਨਿਵਾਸ ਕਿਵੇਂ ਹੁੰਦਾ ਹੈ, ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥”

ਤੀਰਥ ਗੁਰੂ ਦਾ ਸੱਚਾ ਗਿਆਨ ਹੈ, ਉਸਦੀ ਸੱਚੀ ਸਿੱਖਿਆ ਜੋ ਸੱਚੀ ਸਿੱਖਿਆ ਗੁਰੂ ਦੇ ਕੋਲੋਂ ਹੀ ਮਿਲ ਸਕਦੀ ਹੈ, ਗੁਰੂ ਦੇ ਕੋਲੋਂ ਪੁੱਛ ਕੇ ਭਾਵ ਸਮਝ ਕੇ ਹੀ ਮਿਲ ਸਕਦੀ ਹੈ। ਜੇਕਰ ਸਿੱਖਿਆ ਹੀ ਕਿਸੇ ਹੋਰ ਦੀ ਲਵਾਂਗੇ ਜੋ ਸਿੱਖਿਆ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਫਿਰ ਅਸੀਂ ਝੂਠੀ ਸਿੱਖਿਆ ਨਾਲ ਜੁੜਾਂਗੇ। ਅਸੀਂ ਗੁਰੂ ਦੇ ਕੋਲੋਂ ਸਿੱਖਿਆ ਲੈ ਕੇ ਉਸ ਸਿੱਖਿਆ ਤੇ

ਬੈਠਣਾ ਵੀ ਹੈ ਭਾਵ ਟਿਕਣਾ ਵੀ ਹੈ ਜੋ ਕਿ ਸਾਡੇ ਮਨ ਦੀ ਸਮਝ ਨੇ ਹੀ ਟਿਕਣਾ ਹੈ। ਸਾਡੇ ਅੰਦਰ ਗੁਰੂ ਦੀ ਸਿੱਖਿਆ ਦਾ ਨਿਵਾਸ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਸਿੱਖਿਆ ਸਾਡੇ ਅੰਦਰ ਟਿਕੀ ਰਹੇ ਭਾਵ ਅਸੀਂ ਗੁਰੂ ਦੀ ਮਤਿ ਤੇ ਅਡੋਲ ਰਹੀਏ, ਹਰ ਵੇਲੇ ਅਡੋਲ ਰਹੀਏ ਭਾਵ ਉਸੇ ਤਰੀਕੇ ਵਿਚਰੀਏ ਜਿਸ ਤਰੀਕੇ ਗੁਰੂ ਦੀ ਮਤਿ ਸਾਨੂੰ ਵਿਚਰਨ ਲਈ ਸਮਝਾਉਂਦੀ ਹੈ। ਗੁਰਮਤਿ ਸਾਨੂੰ ਕਿਹੋ ਜਿਹਾ ਜੀਵਨ ਜਿਉਣ ਲਈ ਸਮਝਾਉਂਦੀ ਹੈ, ਇਹ ਅਸੀਂ ਉੱਪਰ ਸਮਝਦੇ ਹੀ ਆ ਰਹੇ ਹਾਂ। ਪ੍ਰਮਾਤਮਾ ਨੂੰ, ਸਚੁ ਨੂੰ ਜਾਨਣ ਦਾ ਤਰੀਕਾ ਇਸ ਤਰ੍ਹਾਂ ਗੁਰੂ ਦੇ ਤੀਰਥ ਤੇ ਨਿਵਾਸ ਕਰਨ ਦਾ ਹੈ ਜੋ ਨਿਵਾਸ ਸਾਡੀ ਸਮਝ ਨੇ ਕਰਨਾ ਹੈ ਭਾਵ ਗੁਰੂ ਦੀ ਮਤਿ ਵਾਲੀ ਬਣ ਕੇ ਕਰਨਾ ਹੈ। (**ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥**) ਸਚੁ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਭਾਵ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ, ਕਿਸ ਮਕਸਦ ਲਈ ਹੁੰਦੀ ਹੈ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥”

ਸਚੁ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ, ਨਾਮ ਦਾ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਪੂਰੀ ਗੁਰਬਾਣੀ ਦੇ ਵਿੱਚ ਹੈ। ਸੱਚ ਨੂੰ ਹੀ, ਨਾਮ ਨੂੰ ਹੀ ਸਭਨਾ ਲਈ ਭਾਵ ਦੁਨੀਆਂ ਦੇ ਹਰ ਇੱਕ ਮਨੁੱਖ ਲਈ ਦਾਰੂ ਦੱਸਿਆ ਹੋਇਆ ਹੈ, ਅਉਖਧ ਦੱਸਿਆ ਹੋਇਆ ਹੈ, ਨਾਮ ਦਾ ਦਾਰੂ, ਨਾਮ ਦੀ ਅਉਖਧ ਦੱਸਿਆ ਹੋਇਆ ਹੈ। ਇਹ ਦਾਰੂ ਕਿਵੇਂ ਕੰਮ ਕਰਦਾ ਹੈ ਭਾਵ ਇਸ ਔਖਦ ਨੂੰ ਖਾਣਾ ਇਹ ਹੈ ਜੋ ਸਾਡੇ ਮਨ ਦੇ ਵਿੱਚੋਂ ਪਾਪਾਂ ਵਾਲੀ ਬਿਰਤੀ ਨੂੰ ਕੱਢ ਕੇ ਧੋ ਦੇਵੇ ਭਾਵ ਇਹ ਔਖਦ ਖਾਣ ਤੋਂ ਬਾਅਦ, ਇਹ ਸੱਚ ਦੀ, ਨਾਮ ਦੀ ਔਖਦ ਖਾਣ ਤੋਂ ਬਾਅਦ ਸਾਡੇ ਅੰਦਰ, ਕੋਈ ਪਾਪ, ਕੋਈ ਮਲ ਨਾ ਰਹਿ ਜਾਵੇ, ਪੂਰੀ ਤਰ੍ਹਾਂ ਮਨ ਸਾਫ਼ ਹੋ ਜਾਵੇ ਭਾਵ ਮਨ ਵਿੱਚ ਪਿੱਛੇ ਕੇਵਲ ਸੱਚ ਰਹਿ ਜਾਵੇ, ਕੇਵਲ ਗੁਰੂ ਦੇ ਸੱਚੇ ਗੁਣ ਰਹਿ ਜਾਣ ਤੇ ਔਗੁਣ ਨਾਸ ਹੋ ਜਾਣ। ਸੱਚ ਦੀ ਪਰਖ ਕਿਸੇ ਵੀ ਮਨੁੱਖ ਦੇ ਅੰਦਰ ਇਹੀ ਸਮਝਾਈ ਹੋਈ ਹੈ। ਇਹ ਹੀ ਨਾਮ ਦਾਰੂ ਹੈ ਜੋ ਸਾਰੀ ਦੁਨੀਆਂ ਲਈ ਹੈ, ਹਰ ਇੱਕ ਦੇ ਲਈ ਹੈ। ਇਹ ਹੀ ਨਾਮ ਹੈ ਜੋ ਹਰ ਧਰਮ ਗ੍ਰੰਥ ਸਮਝਾਉਂਦਾ ਹੈ, ਸੱਚ ਦਾ ਮਾਰਗ ਹੀ ਸਮਝਾਉਂਦਾ ਹੈ। ਸੱਚਾ ਹੋਣਾ ਕੀ ਹੈ, ਇਹ ਅਸੀਂ ਉੱਪਰ ਜਾਣ ਹੀ ਚੁੱਕੇ ਹਾਂ। ਜਿਨ੍ਹਾਂ ਦੇ ਪੱਲੇ ਇਹੋ ਜਿਹਾ ਸੱਚ ਹੈ, ਸੱਚਾ ਜੀਵਨ ਹੈ, ਸੱਚੀ ਜਪਣੀ ਹੈ, ਉਹੀ ਪ੍ਰਮਾਤਮਾ ਅੱਗੇ ਉਸਨੂੰ ਪਾਉਣ ਲਈ, ਆਪਣੀ ਬੇਨਤੀ ਦਾ, ਅਰਦਾਸ ਦਾ ਪ੍ਰਗਟਾਵਾ ਕਰਦਾ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਸੱਚਾ ਸੁੱਚਾ ਜੀਵਨ ਜਿਉਂਣਾ ਹੀ ਨਾਮ ਜਪਣਾ ਹੈ ਤੇ ਪ੍ਰਮਾਤਮਾ ਅੱਗੇ ਉਸਨੂੰ ਪਾਉਣ ਲਈ ਅਰਦਾਸ ਕਰਨਾ ਹੈ। ਨਾਮ ਦੀ ਪ੍ਰਾਪਤੀ ਪੂਰਨ ਸੱਚ ਦੀ ਪ੍ਰਾਪਤੀ ਹੈ ਤੇ ਅਸੀਂ ਕੇਵਲ ਉਸ ਤੇ ਚੱਲਣ ਦਾ, ਗੁਰਮਤਿ ਅਨੁਸਾਰ ਚੱਲਣ ਦਾ ਤਨੋਂ ਮਨੋਂ ਉੱਦਮ ਕਰਨਾ ਹੈ।

(ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥)

ਸਾਰੀ ਬਾਣੀ ਸਾਨੂੰ ਵਾਰ-ਵਾਰ ਸੱਚ ਸਮਝਾ ਰਹੀ ਹੈ, ਗੁਰੂ ਦਾ ਸੱਚ ਸਮਝਾ ਰਹੀ ਹੈ, ਪ੍ਰਮਾਤਮਾ ਦਾ ਸੱਚ ਸਮਝਾ ਰਹੀ ਹੈ,

4/351

ਸੱਚ ਨਾਮ ਸਮਝਾ ਰਹੀ ਹੈ, ਸੱਚ ਦੀ ਸੋਝੀ ਪਾ ਰਹੀ ਹੈ। ਉੱਪਰ ਪੂਰੇ ਸ਼ਬਦ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਸੱਚ ਕਿਸ ਨੂੰ ਕਿਹਾ ਹੈ, ਪੂਰੇ ਸ਼ਬਦ ਵਿੱਚ ਸੱਚ ਦੀ ਵਿਆਖਿਆ ਕੀਤੀ ਹੋਈ ਹੈ। ਮਨੁੱਖ ਦੇ ਅੰਦਰ ਸੱਚ ਦਾ ਹੋਣਾ ਕੀ ਹੈ, ਨਾਮ ਦਾ ਹੋਣਾ ਕੀ ਹੈ, ਇਹ ਸਮਝਾਇਆ ਹੋਇਆ ਹੈ। ਜੇਕਰ ਸਾਡੇ ਅੰਦਰ ਇਹੋ ਜਿਹਾ ਸੱਚ ਨਹੀਂ ਹੈ ਤਾਂ ਫਿਰ ਸਾਡੇ ਅੰਦਰ ਨਾਮ ਨਹੀਂ ਹੈ। ਨਾਮ ਵਾਲੀ ਸਮਝ ਸੱਚ ਦੇ ਨਾਲ ਹੈ, ਗੁਰੂ ਦੀ ਮਤਿ ਦੇ ਨਾਲ ਹੈ, ਗੁਰੂ ਦੇ ਗੁਣਾਂ ਦੇ ਨਾਲ ਹੈ, ਗੁਣਾਂ ਵਾਲੇ ਅਮਲੀ ਜੀਵਨ ਦੇ ਨਾਲ ਹੈ। ਇਸੇ ਲਈ ਸਾਨੂੰ ਸਾਰੀ ਬਾਣੀ ਵਾਰ-ਵਾਰ ਗੁਣਾਂ ਦੁਆਰਾ ਵਿਚਰਨ ਲਈ ਪ੍ਰੇਰ ਰਹੀ ਹੈ, ਸੱਚੇ ਬਣਨ ਲਈ ਪ੍ਰੇਰ ਰਹੀ ਹੈ। ਇਹੀ ਗੁਰੂ ਦੀ ਮਤਿ ਹੈ ਜਿਸ ਤੇ ਅਸੀਂ ਅਮਲ ਕਰਨਾ ਹੈ ਭਾਵ ਨਾਮ ਜਪਣਾ ਹੈ। ਗੁਰੂ ਦੀ ਮਤਿ ਤੇ ਪੂਰੇ ਉਤਰਨਾ ਹੀ ਸੱਚ ਨੂੰ ਜਪਣਾ ਹੈ, ਨਾਮ ਜਪਣਾ ਹੈ। ਸੱਚ ਗੁਰੂ ਦੀ ਮਤਿ ਹੈ।

“ਹਿਰਦੈ ਸਚੁ ਏਹ ਕਰਣੀ ਸਾਰੁ॥

ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥"

(ਅੰਗ ੧੩੪੩)

ਜਿਸ ਦੇ ਹਿਰਦੇ ਵਿੱਚ ਇਹੋ ਜਿਹਾ ਸੱਚ ਵੱਸਿਆ ਹੋਇਆ ਹੈ, ਨਾਮ ਵਸਿਆ ਹੋਇਆ ਹੈ ਜਿਹੋ ਜਿਹਾ ਸੱਚ ਅਸੀਂ ਉੱਪਰ ਸਮਝਿਆ ਹੈ, ਇਹੋ ਜਿਹੇ ਸੱਚ ਦੁਆਰਾ ਜੋ ਮਨੁੱਖ ਵਿਚਰਦਾ ਹੈ, ਉਸਦੀ ਸਾਰੀ ਕਰਨੀ ਉੱਤਮ ਹੁੰਦੀ ਹੈ ਭਾਵ ਸਾਡੀ ਕਰਨੀ ਗੁਰੂ ਦੀ ਮਤਿ ਵਾਲੀ ਹੋਣੀ ਚਾਹੀਦੀ ਹੈ, ਅਮਲੀ ਤੌਰ ਤੇ ਸੱਚੀ ਹੋਣੀ ਚਾਹੀਦੀ ਹੈ। ਅਮਲੀ ਤੌਰ ਤੇ ਸੱਚਾ ਹੋਣਾ ਹੀ, ਔਗੁਣਾਂ ਤੋਂ ਰਹਿਤ ਹੋਣਾ ਹੀ, ਪਾਪਾਂ ਵਾਲੀ ਬਿਰਤੀ ਤੋਂ ਰਹਿਤ ਹੋਣਾ ਹੀ, ਸੱਚੇ ਸੁੱਚੇ ਕਰਮ ਕਰਨਾ ਹੀ, ਮਨੁੱਖਤਾ ਦੇ ਕੰਮ ਆਉਣਾ ਹੀ, ਸਾਡੀ ਪ੍ਰਮਾਤਮਾ ਦੀ ਸੱਚੀ ਸੁੱਚੀ ਪੂਜਾ ਕਰਨਾ ਹੈ। ਇਹੋ ਜਿਹੀ ਪੂਜਾ ਤੋਂ ਬਿਨ੍ਹਾਂ ਅਸੀਂ ਜਿਹੋ ਜਿਹੇ ਵੀ ਪ੍ਰਮਾਤਮਾ ਦੀ ਪੂਜਾ ਕਰਨ ਦੇ ਤਰੀਕੇ ਅਪਣਾਉਂਦੇ ਹਾਂ ਭਾਵ ਸਰੀਰਕ ਜਪ ਤਪ ਕਰਦੇ ਹਾਂ ਉਹ ਗੁਰੂ ਦੀਆਂ ਨਜ਼ਰਾਂ ਵਿੱਚ ਕੇਵਲ ਇੱਕ ਪਾਖੰਡ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ

4/352

ਐਵੇਂ ਹੀ ਖੁਆਰ ਕਰ ਰਹੇ ਹਾਂ ਭਾਵ ਇਹੋ ਜਿਹੇ ਜਪ ਤਪ ਨਾਲ ਸਾਡੇ ਅਸਲ ਮਨੋਰਥ ਦੀ ਪੂਰਤੀ ਨਹੀਂ ਹੋ ਸਕਦੀ। ਇਹੋ ਜਿਹੇ ਜਪ ਤਪ ਨਾਲ ਪ੍ਰਮਾਤਮਾ ਦੀ ਤੇ ਕੋਈ ਸਿਫ਼ਤ ਨਹੀਂ ਹੁੰਦੀ ਪਰ ਸਾਨੂੰ ਸਿਫ਼ਤਾਂ ਜਰੂਰ ਮਿਲ ਜਾਂਦੀਆਂ ਹਨ, ਪ੍ਰਮਾਤਮਾ ਦੀ ਤੇ ਕੋਈ ਕੀਮਤ ਨਹੀਂ ਪੈਂਦੀ ਪਰ ਆਪਣੀ ਕੀਮਤ ਜਰੂਰ ਪੈ ਜਾਂਦੀ ਹੈ। ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਸਾਨੂੰ ਵਡਿਆਈ ਮਿਲ ਜਾਂਦੀ ਹੈ। ਇਹ ਵਡਿਆਈਆਂ ਲੈ ਕੇ ਅਸੀਂ ਬਹੁਤ ਖੁਸ਼ ਹੁੰਦੇ ਹਾਂ ਜੋ ਸਾਡਾ ਉਤਸ਼ਾਹ ਹੋਰ ਵਧਾਉਂਦੀਆਂ ਹਨ। ਸਾਡੀ ਸੁਰਤਿ ਹੋਰ ਉੱਚੀ ਹੋ ਜਾਂਦੀ ਹੈ, ਸਾਡੀ ਸਮਾਜ ਵਿੱਚ ਕੀਮਤ ਪੈ ਜਾਂਦੀ ਹੈ, ਸਾਡੀ ਹਉਮੈ ਹੋਰ ਵੱਧ ਜਾਂਦੀ ਹੈ।

(ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥)

(ਅੰਗ ੯)

ਗੁਣਾਂ ਦੀ ਪੂਜਾ ਹੀ ਨਾਮ ਦੀ ਪੂਜਾ ਹੈ, ਪ੍ਰਮਾਤਮਾ ਦੀ ਪੂਜਾ ਹੈ, ਸਾਡਾ ਸਾਰਾ ਜਪ ਤਪ ਹੈ ਜਿਸ ਦੁਆਰਾ ਅਸੀਂ ਭਉਜਲ ਤਰ ਸਕਦੇ ਹਾਂ ਭਾਵ ਮਾਇਆ ਮੋਹ ਵਿੱਚੋਂ ਨਿਕਲ ਸਕਦੇ ਹਾਂ। ਹੇਠ ਲਿਖੇ ਸ਼ਬਦ ਨੂੰ ਵਿਸਥਾਰ ਵਿੱਚ ਅਸੀਂ ਪਹਿਲਾਂ ਹੀ ਸਮਝ ਚੁੱਕੇ ਹਾਂ। ਸੰਖੇਪ ਵਿੱਚ ਇਹ ਫਿਰ ਤੋਂ ਜਾਣਦੇ ਹਾਂ ਜਿੱਥੇ ਕਿ ਗੁਰੂ ਸਾਹਿਬ ਨੇ ਸਿੱਧੇ ਲਫਜ਼ਾਂ ਵਿੱਚ ਹੀ ਲਿਖ ਕੇ ਸਮਝਾਇਆ ਹੋਇਆ ਹੈ ਕਿ ਨਾਮ ਜਪਣਾ ਕੀ ਹੈ ਤਾਂ ਜੋ ਕਿਸੇ ਨੂੰ ਕੋਈ ਭੁਲੇਖਾ ਨਾ ਰਹੇ ਕਿ ਨਾਮ ਜਪਣਾ ਕੀ ਹੈ। ਨਾਮ ਬਾਰੇ ਸਾਡੇ ਅੰਦਰ ਜੋ ਧਾਰਨਾ ਬਣੀ ਹੋਈ ਹੈ, ਉਹ ਭਾਵੇਂ ਜਿਤਨੀ ਮਰਜੀ ਪ੍ਰਬਲ ਹੋਵੇ, ਇਸ ਸ਼ਬਦ ਨੂੰ ਜਾਨਣ ਤੋਂ ਬਾਅਦ ਹਰ ਕਿਸੇ ਨੂੰ ਉਹ ਧਾਰਨਾ ਛੱਡਣੀ ਹੀ ਪਵੇਗੀ, ਛੱਡਣ ਲਈ ਮਜ਼ਬੂਰ ਹੋਣਾ ਹੀ ਪਵੇਗਾ ਕਿਉਂਕਿ ਇਸ ਦੇ ਉਲਟ ਕਹਿਣ ਲਈ ਕੋਈ ਤਰਕ ਹੀ ਨਹੀਂ ਬਣ ਸਕਦਾ, ਕੋਈ ਸਿਆਣਪ ਵੀ ਕੰਮ ਨਹੀਂ ਆ ਸਕਦੀ। ਜੇਕਰ ਸਾਡੀ ਆਸਥਾ ਬਾਣੀ ਵਿੱਚ ਹੈ ਤਾਂ ਫਿਰ ਇਹ ਗੱਲ ਮੰਨਣੀ ਹੀ ਪਵੇਗੀ।

ਰਾਗ ਗਉੜੀ ਮ:੫

“ਕਵਨ ਰੂਪੁ ਤੇਰਾ ਆਰਾਧਉ॥
ਕਵਨ ਜੋਗ ਕਾਇਆ ਲੇ ਸਾਧਉ॥੧॥
ਕਵਨ ਗੁਨੁ ਜੋ ਤੁਝੁ ਲੈ ਗਾਵਉ॥
ਕਵਨ ਬੋਲ ਪਾਰਬ੍ਰਹਮ ਰੀਝਾਵਉ॥੧॥ਰਹਾਉ॥
ਕਵਨ ਸੁ ਪੂਜਾ ਤੇਰੀ ਕਰਉ॥
ਕਵਨ ਸੁ ਬਿਧਿ ਜਿਤੁ ਭਵਜਲ ਤਰਉ॥੨॥
ਕਵਨ ਤਪੁ ਜਿਤੁ ਤਪੀਆ ਹੋਇ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥
ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ॥
ਜਿਸ ਕੀ ਮਾਨਿ ਲੇਇ ਸੁਖਦਾਤਾ॥੧॥ਰਹਾਉ ਦੂਜਾ॥”

(ਅੰਗ ੧੮੬-੧੮੭)

4/353

ਭਗਤੀ ਕਰਨ ਦਾ ਪੂਰਾ ਨਿਚੋੜ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ, ਤਾਂ ਜੋ ਸਾਡੇ ਅੰਦਰ ਕੋਈ ਵੀ, ਕਿਸੇ ਵੀ ਤਰ੍ਹਾਂ ਦਾ ਕੋਈ ਭੁਲੇਖਾ, ਕੋਈ ਸਹਸਾ ਰਹਿ ਨਾ ਜਾਵੇ। ਜਿਹੜੇ ਜਿਹੜੇ ਵੀ ਆਮ ਤੌਰ ਤੇ ਦੁਨੀਆਂ ਦੇ ਵਿੱਚ ਭਗਤੀ ਕਰਨ ਦੇ ਤਰੀਕੇ ਸਮਝੇ ਜਾਂਦੇ ਹਨ, ਉਨ੍ਹਾਂ ਸਾਰਿਆਂ ਦਾ ਹੀ ਜ਼ਿਕਰ ਕੀਤਾ ਹੋਇਆ ਹੈ, ਮਨੁੱਖ ਵੱਲੋਂ ਸਵਾਲਾਂ ਦੇ ਰੂਪ ਵਿੱਚ ਕੀਤਾ ਹੋਇਆ ਹੈ ਤੇ ਗੁਰੂ ਕੋਲੋਂ ਪੁੱਛਿਆ ਹੋਇਆ ਹੈ ਕਿ ਭਗਤੀ ਦਾ ਅਸਲ ਤਰੀਕਾ ਕੀ ਹੈ। ਇਹ ਵੀ ਸਵਾਲ ਨਾਲ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਲਈ ਕਿਹੋ ਜਿਹਾ ਨਾਮ ਜਪੀਏ ਜਿਸ ਦੁਆਰਾ ਸਾਡੀ ਹਉਮੈ ਚਲੀ ਜਾਏ ਭਾਵ ਨਾਮ ਕੀ ਹੈ? ਨਾਮ ਕਿਵੇਂ ਜਪਣਾ ਹੈ, ਇਹ ਭੁਲੇਖਾ ਖਾਸ ਤੌਰ ਤੇ ਕੱਢਿਆ ਹੋਇਆ ਹੈ ਤਾਂ ਕਿ ਕੋਈ ਇਹ ਨਾ ਸਮਝੇ ਕਿ ਨਾਮ ਜਪਣਾ ਪ੍ਰਮਾਤਮਾ ਦੀ ਪੂਜਾ ਕਰਨ ਤੋਂ ਕੋਈ ਵੱਖਰਾ ਕੰਮ ਹੈ। ਹਰ ਗੱਲ ਦਾ ਜਵਾਬ, ਹਰ ਸਵਾਲ ਦਾ ਜਵਾਬ ਇੱਕੋ ਹੀ ਹੈ ਜਿਸ ਦੇ ਵਿੱਚ ਨਾਮ ਜਪਣ ਦਾ ਸਵਾਲ ਵੀ ਸ਼ਾਮਿਲ ਹੈ। ਪ੍ਰਮਾਤਮਾ ਦੀ ਪੂਜਾ ਕਰਨ ਦਾ ਇੱਕੋ ਇੱਕ ਤਰੀਕਾ ਗੁਣਾਂ ਦੀ ਪੂਜਾ ਦੱਸਿਆ ਹੈ, ਗੁਰੂ ਦੁਆਰਾ ਦੱਸੇ ਹੋਏ ਗੁਣਾਂ ਦੀ ਪੂਜਾ ਕਰਨਾ ਦੱਸਿਆ ਹੈ। ਗੁਣਾਂ ਦੀ ਪੂਜਾ, ਗੁਣਾਂ ਨੂੰ ਧਾਰਨ ਕਰਕੇ ਹੀ ਹੋ ਸਕਦੀ ਹੈ। ਜੇਕਰ ਕੇਵਲ ਗੁਣ-ਗੁਣ ਬੋਲੀ ਜਾਈਏ ਤਾਂ ਗੁਣਾਂ ਦੀ ਪੂਜਾ ਨਹੀਂ ਹੋ ਸਕਦੀ। ਗੁਣਾਂ ਦੀ ਪੂਜਾ ਔਗੁਣ ਤਿਆਗ ਕੇ ਹੀ ਹੋ ਸਕਦੀ ਹੈ ਜਿਸ ਪੂਜਾ ਦੇ ਲਈ ਮਨ ਨੂੰ ਮਾਰਨਾ ਪਵੇਗਾ, ਜਿਉਂਦਿਆਂ ਮਰਨਾ ਪਵੇਗਾ ਭਾਵ ਗੁਰੂ ਦੇ ਸ਼ਬਦ ਦੁਆਰਾ ਆਪਣੀ ਸਮਝ ਨੂੰ, ਆਪਣੀ ਹਉਮੈ ਨੂੰ ਮਾਰਨਾ ਪਵੇਗਾ ਤੇ ਤਾਂ ਹੀ ਉਸ ਪ੍ਰਮਾਤਮਾ ਦੀ ਪੂਜਾ ਹੋ ਸਕਦੀ ਹੈ, ਉਸਨੂੰ ਜਪਿਆ ਜਾ ਸਕਦਾ ਹੈ।

(ਮਨੁ ਮਾਰੇ ਜੀਵਤ ਮਰਿ ਜਾਣੁ॥)

(ਅੰਗ ੧੩੪੩)

ਜੇਕਰ ਸਾਨੂੰ ਹੁਣ ਤੱਕ ਨਾਮ ਦੀ ਸੋਝੀ ਨਹੀਂ ਪੈ ਸਕੀ ਤਾਂ ਕੋਈ ਗੱਲ ਨਹੀਂ। ਸੋਝੀ ਜਦੋਂ ਪੈ ਜਾਵੇ ਉਦੋਂ ਹੀ ਚੰਗੀ ਹੈ। ਉਸਦੀ ਕ੍ਰਿਪਾ ਜਦੋਂ ਹੋ ਜਾਵੇ ਉਦੋਂ ਹੀ ਚੰਗੀ ਹੈ। ਮਨੁੱਖ ਉਸਦਾ ਭੁਲਾਇਆ ਹੋਇਆ ਹੀ ਭੁੱਲਦਾ ਹੈ ਤੇ ਉਸਦੇ ਸੋਝੀ ਪਾਏ ਹੀ ਸੋਝੀ ਪੈਂਦੀ ਹੈ।

(ਕੋਈ ਜਾਣਿ ਨ ਭੂਲੈ ਭਾਈ॥
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥੧॥ਰਹਾਉ॥)

(ਅੰਗ ੧੩੪੪)

ਜਦੋਂ ਉਸਦੀ ਕ੍ਰਿਪਾ ਹੋਵੇਗੀ, ਜਿਸ ਤੇ ਉਸਦੀ ਕ੍ਰਿਪਾ ਹੋਵੇਗੀ, ਉਸਦੀ ਭੁੱਲ ਕੱਢ ਕੇ ਆਪ ਹੀ ਸਹੀ ਮਾਰਗ ਤੇ ਪਾ ਦੇਵੇਗਾ। ਜਪਣਾ ਅਸੀਂ ਵਾਹਿਗੁਰੂ ਨੂੰ ਹੀ ਹੈ ਸਿਰਫ਼ ਤਰੀਕਾ ਬਦਲਣ

4/354

ਦੀ ਲੋੜ ਹੈ। ਸਭ ਕੁੱਝ ਆਪ ਵਾਹਿਗੁਰੂ ਹੀ ਹੈ। ਉਹ ਆਪ ਹੀ ਗੁਰੂ ਹੈ। ਉਹ ਗੁਰੂ ਆਪਣੀ ਮਤਿ ਦੁਆਰਾ ਹੈ, ਆਪਣੇ ਸੱਚੇ ਗਿਆਨ ਦੁਆਰਾ ਹੈ। ਗੁਰੂ ਰੂਪ ਵਿੱਚ ਉਹ ਆਪ ਹੀ ਸਿੱਖ ਹੈ ਜੋ ਆਪਣੀ ਸਿੱਖਿਆ ਨੂੰ ਸਮਝਦਾ ਹੈ ਤੇ ਉਸ ਤੇ ਚੱਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ॥
ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੪॥”

(ਅੰਗ ੪੪੪)

ਸਾਡੀ ਭੁੱਲ ਕੱਢਣ ਵਾਲਾ ਨਾਮ ਹੈ, ਪ੍ਰਮਾਤਮਾ ਆਪ ਹੈ ਤੇ ਜਿਸ ਦੀ ਉਹ ਭੁੱਲ ਕੱਢਦਾ ਹੈ, ਆਪਣਾ ਸੱਚਾ ਨਾਮ ਦੇਣ ਦੁਆਰਾ ਹੀ ਕੱਢਦਾ ਹੈ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਕਰਕੇ ਉਹ ਹਰ ਭਰਮ ਤੋਂ ਰਹਿਤ ਹੈ ਕਿਉਂਕਿ ਗੁਰੂ ਰੂਪ ਦੇ ਵਿਚ ਪ੍ਰਮਾਤਮਾ ਆਪਣਾ ਨਾਮ ਦੇਣ ਦੁਆਰਾ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚੋਂ ਕੱਢਦਾ ਹੈ ਤੇ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ। ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਆਪਣਾ “ਰਾਮ ਨਾਮ ਮੰਤੁ” ਹੀ ਦਿੰਦਾ ਹੈ ਭਾਵ ਆਪਣਾ ਸੱਚਾ ਉਪਦੇਸ਼ ਹੀ ਦਿੰਦਾ ਹੈ, ਸੱਚਾ ਗਿਆਨ ਹੀ ਦਿੰਦਾ ਹੈ ਜਿਸ ਦੁਆਰਾ ਮਨ ਦੇ ਵਿੱਚ, ਮਨ ਦੇ ਸੁਭਾਅ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੂੰ ਆਪਣੀ ਬਾਣੀ ਦੀ ਸੋਝੀ ਪਾਈ ਹੈ, ਗੁਰਬਾਣੀ ਦੀ ਰਚਨਾ ਕਰਵਾਈ ਹੈ ਉਹ ਇਸੇ ਤਰੀਕੇ ਹੀ ਕਰਵਾਈ ਹੈ। ਪ੍ਰਮਾਤਮਾ ਨੇ ਉਨ੍ਹਾਂ ਸਰੀਰਾਂ ਦੇ ਰਾਹੀਂ ਆਪਣਾ ਪੂਰਾ ਸਤਿਗੁਰ ਰੂਪ ਹੀ ਪ੍ਰਗਟ ਕੀਤਾ ਹੈ ਜਿਸ ਰੂਪ ਦੀ ਸੋਝੀ ਦੇ ਨਾਲ ਜੁੜਕੇ ਹੀ ਉਸ “ਦੀਨਾ ਨਾਥ” ਨੂੰ, ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜੋ ਪ੍ਰਮਾਤਮਾ ਦਾ “ਗੁਰੂ” ਰੂਪ ਹੈ, ਉਹੀ ਉਸਦਾ “ਸਿਖੁ” ਰੂਪ ਹੈ ਭਾਵ ਪੂਰੀ ਸਿੱਖਿਆ ਵਾਲਾ ਰੂਪ ਹੈ, ਜਿਸ ਦੁਆਰਾ ਉਹ ਆਪ ਹੀ ਆਪਣੀ ਸਿੱਖਿਆ ਤੇ ਚੱਲਦਾ ਹੈ। ਸੱਚੀ ਸਿੱਖਿਆ ਨੂੰ ਜਾਣੇ ਬਿਨ੍ਹਾਂ ਕੋਈ ਗੁਰੂ ਦੀ ਸੱਚੀ ਸਿੱਖਿਆ ਤੇ ਨਹੀਂ ਚੱਲ ਸਕਦਾ ਕਿਉਂਕਿ ਸੱਚੀ ਸਿੱਖਿਆ ਬਿਨ੍ਹਾਂ ਕਿਸੇ ਦੇ ਅੰਦਰੋਂ ਭਰਮ ਨਹੀਂ ਨਿਕਲ ਸਕਦੇ ਕਿ ਸੱਚੀ ਭਗਤੀ ਕੀ ਹੈ ਜੋ ਸੱਚੀ ਭਗਤੀ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ, ਆਪਣਾ “ਰਾਮ ਨਾਮ ਮੰਤੁ” ਦੇਣ ਦੁਆਰਾ ਸਮਝਾਉਂਦਾ ਹੈ ਜਿਸ ਰਾਹੀਂ ਪ੍ਰਮਾਤਮਾ ਇੱਕੋ ਇੱਕ “ਗੁਰੂ” ਆਪ ਹੀ ਹੈ ਤੇ ਆਪਣੇ ਉਪਦੇਸ਼ ਅਨੁਸਾਰ ਚਲਾਉਣ ਵਾਲਾ ਤੇ ਚੱਲਣ ਵਾਲਾ ਉਹ ਆਪ ਹੀ ਹੈ। (**ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ॥ ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥**)

ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਮਾਤਮਾ ਨੇ ਆਪਣਾ “ਰਾਮ ਨਾਮ ਮੰਤੁ” ਦਿੱਤਾ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਰਾਮ ਨਾਮ ਮੰਤ ਪਾਇਆ ਹੈ ਜੋ ਕਿ ਭਗਤੀ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਪਾਇਆ ਹੈ। ਇਸੇ ਲਈ ਪੂਰੀ ਗੁਰਬਾਣੀ ਦੀ ਮਤਿ ਦੇ ਨਾਲ ਜੁੜਨਾ, ਉਪਦੇਸ਼ ਦੇ ਨਾਲ ਜੁੜਨਾ, ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਨਾ ਰਾਮ ਨਾਮ ਮੰਤੁ ਦੇ ਨਾਲ ਜੁੜਨਾ ਹੈ ਜਿਵੇਂ ਕਿ ਅਸੀਂ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਡੇ ਅੰਦਰ ਇਹ ਗੱਲ ਦ੍ਰਿੜ ਹੋ ਜਾਵੇ ਕਿ ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ ਜੋ ਕਿ ਪੂਰੀ ਗੁਰਬਾਣੀ ਦੇ ਉਪਦੇਸ਼ ਦੇ ਰੂਪ ਵਿੱਚ ਹੈ “ਮੰਤੁ” ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਨੂੰ ਸਚੁ ਸਮਝਾਉਣ ਦਾ ਹੀ ਹੈ, ਨਾਮ ਸਮਝਾਉਣ ਦਾ ਹੀ ਹੈ ਜਿਸ ਕਰਕੇ ਸਾਨੂੰ ਹਰ ਵੇਲੇ ਗੁਰਬਾਣੀ ਨਾਲ ਜੁੜਣ ਲਈ ਸਮਝਾਇਆ ਹੈ ਭਾਵ ਗੁਰੂ ਦੀ ਸਿੱਖਿਆ ਨਾਲ ਜੁੜਨ ਲਈ ਸਮਝਾਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਪ੍ਰਭ ਬਾਣੀ ਸਬਦੁ ਸੁਭਾਖਿਆ॥

ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ॥ਰਹਾਉ॥}

(ਅੰਗ ੬੧੧)

{ਆਇਓ ਸੁਨਨ ਪੜਨ ਕਉ ਬਾਣੀ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ
ਬਿਰਥਾ ਜਨਮੁ ਪਰਾਣੀ॥੧॥ਰਹਾਉ॥
ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ॥
ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ॥੧॥}

(ਅੰਗ ੧੨੧੯)

{ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥੮॥}

(ਅੰਗ ੭੫੯)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥
ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥}

(ਅੰਗ ੧੨੩੯)

ਨਾਮ ਜਪਣਾ ਕੀ ਹੈ ਇਸ ਬਾਰੇ ਸਾਨੂੰ ਹੁਣ ਕੋਈ ਸ਼ੱਕ ਨਹੀਂ ਰਹਿ ਗਿਆ। ਇਹ ਗੁਰੂ ਦੀ ਮਤਿ ਅਸੀਂ ਜਿਤਨੀ ਮੰਨਾਂਗੇ ਉਤਨਾ ਹੀ ਇਸਨੇ ਪ੍ਰਮਾਤਮਾ ਨੂੰ ਜਾਨਣ ਲਈ, ਸਚੁ ਰੂਪ ਨੂੰ ਜਾਨਣ ਲਈ ਇਹ ਸਾਡੇ ਕੰਮ ਆਉਣੀ ਹੈ। ਉੱਪਰ ਸ਼ਬਦਾਂ ਰਾਹੀਂ ਇਸ ਗੱਲ ਨੂੰ ਵੀ ਧਿਆਨ ਨਾਲ ਸਮਝੋ ਕਿ ਗੁਰਬਾਣੀ ਨੂੰ ਹੀ ਆਪਣੇ ਹਿਰਦੈ ਵਿੱਚ ਅਰਾਧਣ ਦੀ ਗੱਲ ਕੀਤੀ ਹੋਈ ਹੈ ਤੇ ਗੁਰਬਾਣੀ ਨੂੰ ਹੀ ਸਾਡੇ ਜੀਵਨ ਦਾ ਆਧਾਰ ਕਹਿਆ ਹੋਇਆ ਹੈ ਫਿਰ ਨਾਮ ਅਰਾਧਣ ਵਿੱਚ ਜਾਂ ਗੁਰਬਾਣੀ ਅਰਾਧਣ ਵਿੱਚ ਫਰਕ ਕੀ ਰਹਿ ਗਿਆ। ਨਾਮ "ਆਧਾਰੁ" ਦੇ ਵਿੱਚ ਤੇ ਗੁਰਬਾਣੀ "ਆਧਾਰੁ" ਦੇ ਵਿੱਚ ਫਰਕ ਕੀ ਰਹਿ ਗਿਆ। ਫਰਕ ਹੈ ਹੀ ਨਹੀਂ ਕਿਉਂਕਿ ਪੂਰੀ ਗੁਰਬਾਣੀ ਹੀ ਨਾਮ ਹੈ ਜਿਵੇਂ ਕਿ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਤੇ ਉੱਪਰ ਸ਼ਬਦ ਵਿੱਚ ਵੀ ਸਮਝਾਇਆ ਹੋਇਆ ਹੈ ਕਿ ਗੁਰਬਾਣੀ ਨਾਮੁ ਹੈ। ਗੁਰਮਤਿ ਦੀ ਸੱਚੀ ਸਮਝ ਹੀ ਨਾਮ ਦੀ ਵਣਜ ਕਰਨ ਲਈ, ਨਾਮ ਦਾ ਵਾਪਾਰ ਕਰਨ ਲਈ ਭਾਵ ਪ੍ਰਮਾਤਮਾ ਨੂੰ ਜਾਨਣ ਲਈ ਸਾਡੀ ਪੂੰਜੀ ਹੈ, ਸਾਡੀ ਰਾਸਿ ਹੈ। ਇਸੇ ਲਈ ਬਾਣੀ ਰਾਹੀਂ ਸਾਨੂੰ ਸੁਚੇਤ ਕੀਤਾ ਹੈ ਕਿ ਜੋ ਕੋਈ ਵੀ ਇਸ ਰਾਸਿ ਤੋਂ ਬਿਨ੍ਹਾਂ ਵਣਜ ਕਰ ਰਿਹਾ ਹੈ, ਨਾਮ ਜਪ ਰਿਹਾ ਹੈ ਉਹ ਸੁੱਤਾ ਹੋਇਆ ਹੈ ਤੇ ਉਸਨੂੰ ਜਾਗਣ ਦੀ ਲੋੜ ਹੈ। ਜਿਹੋ ਜਿਹੀ ਵਣਜ ਅਸੀਂ ਨਾ-ਸਮਝੀ ਆਪਣੇ ਜਪ ਤਪ ਦੁਆਰਾ ਇਕੱਠੀ ਕਰ ਰਹੇ ਹਾਂ ਉਹ ਪ੍ਰਮਾਤਮਾ ਦੇ ਦਰ ਤੇ ਕਬੂਲ ਨਹੀਂ ਹੁੰਦੀ। ਇਹ ਗੱਲ ਅਸੀਂ ਪਿੱਛੇ ਪੂਰੇ ਸ਼ਬਦ ਰਾਹੀਂ ਵਿਸਥਾਰ ਨਾਲ ਸਮਝ ਚੁੱਕੇ ਹਾਂ।

4/356

ਸਹੀ ਵਣਜ ਬਾਰੇ, ਸਹੀ ਜਪ ਤਪ ਬਾਰੇ ਮਨ ਵਿੱਚ ਦ੍ਰਿੜ ਵਿਸ਼ਵਾਸ ਰਹੇ, ਇਹ ਸਾਡੇ ਲਈ ਬਹੁਤ ਜਰੂਰੀ ਹੈ। ਗੁਣਾਂ ਦੀ ਪੂਜਾ ਕਰਨ ਦੁਆਰਾ ਹੀ ਨਾਮ ਦੀ ਵਣਜ ਹੁੰਦੀ ਹੈ ਜੋ ਕਿ ਔਗੁਣ ਤਿਆਗ ਕੇ ਹੀ ਹੁੰਦੀ ਹੈ।

{ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ॥੪॥}

(ਅੰਗ ੪੧੮)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥੮॥}

(ਅੰਗ ੪੧੮)

4/357

ਸਾਡੇ ਜਪ ਤਪ ਦਾ ਮਕਸਦ ਤਾਂ ਉਸ ਪ੍ਰਮਾਤਮਾ ਨੂੰ ਪਾਉਣ ਦਾ ਹੈ, ਉਸ ਤੱਤ ਨੂੰ ਲੱਭਣ ਦਾ ਹੈ ਜਿਸ ਲਈ ਅਸੀਂ ਵਣਜ ਕਰਦੇ ਹਾਂ, ਲਾਹਾ ਭਾਲਦੇ ਹਾਂ। ਇਹ ਲਾਹਾ ਸਾਨੂੰ ਤਾਂ ਹੀ ਮਿਲ ਸਕਦਾ ਹੈ ਜੇਕਰ ਅਸੀਂ ਆਪਣੇ ਔਗੁਣ ਛੱਡੀਏ ਤੇ ਗੁਣਾਂ ਦੁਆਰਾ ਵਿਚਰੀਏ, ਆਪਣੇ ਅੰਦਰ ਸੱਚ ਦਾ ਬੀਜ ਬੀਜੀਏ, ਗੁਰੂ ਦੀ ਮਤਿ ਦਾ ਬੀਜ ਬੀਜੀਏ ਭਾਵ ਸੱਚੇ ਸੁੱਚੇ ਕਰਮ ਕਰੀਏ। ਵਾਪਾਰੀ ਬਣਨਾ ਹੈ ਤਾਂ ਫਿਰ ਇਹੋ ਜਿਹੇ ਵਾਪਾਰੀ ਬਣੀਏ, ਲਾਹਾ ਖੱਟੀਏ ਤੇ ਇਹੋ ਜਿਹੀ ਵਣਜ ਕਰੀਏ ਭਾਵ ਚੰਗੇ ਕਰਮ ਕਰੀਏ, ਗੁਣਾਂ ਦੁਆਰਾ ਵਣਜ ਕਰੀਏ ਭਾਵ ਗੁਣਾਂ ਦੀ ਪੂਜਾ ਕਰੀਏ ਤਾਂ ਜੋ ਸਾਨੂੰ ਰੋਣਾ ਨ ਪਵੇ, ਪਛਤਾਉਣਾ ਨਾ ਪਵੇ। ਗੁਰੂ ਦਾ ਫੁਰਮਾਨ ਇਸ ਤੋਂ ਸਪੱਸ਼ਟ ਹੋਰ ਕੀ ਹੋਵੇ ਤੇ ਅਗਰ ਫਿਰ ਵੀ ਅਸੀਂ ਉਹੋ ਜਿਹਾ ਜਪ ਤਪ ਕਰੀ ਜਾਈਏ ਜਿਸਨੂੰ ਉਹ ਸੁਣ ਕੇ ਹੀ ਰਾਜੀ ਨਹੀਂ, ਫਿਰ ਅਸੀਂ ਰਾਜੀ ਕਿਸਨੂੰ ਕਰਨਾ ਹੈ। ਅਸੀਂ ਕੇਵਲ ਆਪਣੇ ਆਪ ਨੂੰ ਰਾਜੀ ਕਰੀ ਜਾ ਰਹੇ ਹਾਂ, ਝੂਠੀ ਤਸੱਲੀ ਕਰ ਕੇ ਬੈਠੇ ਹਾਂ। ਜਦੋਂ ਜਾਗ ਆ ਜਾਵੇਗੀ ਉਦੋਂ ਹੀ ਚੰਗਾ ਹੈ, ਵਰਨਾ ਪ੍ਰਮਾਤਮਾ ਨੂੰ ਪਾਉਣ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਲਈ ਸੁੱਤੇ ਤੇ ਅਸੀਂ ਪਏ ਹੀ ਹਾਂ, ਮਨ ਦੀ ਅਗਿਆਨਤਾ ਰਾਹੀਂ ਸੁੱਤੇ ਹੋਏ ਹਾਂ।

“ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥
ਕੂੜੁ ਕਮਾਵਨਿ ਦੁਖੁ ਲਾਗੈ ਭਾਰਾ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ॥੭॥”

(ਅੰਗ ੧੧੬)

ਅਗਰ ਨਾਮ ਦਾ ਵਾਪਾਰ ਕਰਨਾ ਹੈ ਤੇ ਉਸ ਲਈ ਸਾਨੂੰ ਆਪਣੀ ਰਾਸਿ ਬਦਲਣ ਦੀ ਲੋੜ ਹੈ। ਆਪਣੇ ਭਰਮਾਂ ਵਿੱਚੋਂ ਨਿਕਲਣ ਦੀ ਲੋੜ ਹੈ ਜਿੱਥੇ ਅਸੀਂ ਫਸੇ ਹੋਏ ਹਾਂ। ਨਾਮ ਦਾ ਵਾਪਾਰ ਹੀ ਧਰਮ ਦਾ ਵਾਪਾਰ ਹੈ। ਧਰਮ ਦਾ ਵਾਪਾਰ ਮਾੜੇ ਕਰਮਾਂ ਦੁਆਰਾ ਨਹੀਂ ਹੋ ਸਕਦਾ। ਧਰਮ ਦੇ ਵਾਪਾਰ ਦੀ ਰਾਸਿ ਸਾਡੇ ਚੰਗੇ ਗੁਣਾਂ ਵਾਲੇ ਅਸੂਲ ਹਨ, ਗੁਰੂ ਦੀ ਸਮਝਾਈ ਹੋਈ ਮਰਿਆਦਾ ਹੈ। ਇਸ ਮਰਿਆਦਾ ਵਿੱਚ ਰਹਿ ਕੇ ਧਰਮ ਦੀ ਕਮਾਈ ਹੋ ਸਕਦੀ ਹੈ, ਧਰਮੀ ਬਣਿਆ ਜਾ ਸਕਦਾ ਹੈ, ਨਾਮ ਦੀ ਕਮਾਈ ਵਾਲਾ ਬਣਿਆ ਜਾ ਸਕਦਾ ਹੈ, ਨਾਮ ਦਾ ਵਾਪਾਰੀ ਬਣਿਆ ਜਾ ਸਕਦਾ ਹੈ, ਲਾਹਾ ਖੱਟਿਆ ਜਾ ਸਕਦਾ ਹੈ। ਇਹ ਸਭ ਕੁੱਝ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਅਪਣਾਵਾਂਗੇ, ਅਮਲੀ ਤਰੀਕੇ ਨਾਲ ਸੱਚੇ ਬਣਾਂਗੇ ਜਿਵੇਂ ਕਿ ਪਿੱਛੇ ਸ਼ਬਦ ਦੁਆਰਾ

4/358

ਸਾਨੂੰ ਸੱਚਾ ਬਣਨਾ ਸਿਖਾਇਆ ਹੋਇਆ ਹੈ। ਅਸੀਂ ਬਾਹਰੋਂ ਬਾਹਰੋਂ ਆਪਣੇ ਜਪ ਤਪ ਦੁਆਰਾ ਸੱਚੇ ਬਣਦੇ ਹਾਂ, ਨਾਮ ਵਾਲੇ ਬਣਦੇ ਹਾਂ ਭਾਵੇਂ ਸਾਡੇ ਮਨ ਦੇ ਵਿੱਚ ਔਗੁਣ ਹੀ ਹੋਣ। ਤਨ ਦੀ ਬਜਾਇ ਮਨ ਨੂੰ ਸੱਚਾ ਸੁੱਚਾ ਬਣਾਉਣਾ ਪਵੇਗਾ। ਬਾਹਰੋਂ ਆਪਣੇ ਆਪ ਨੂੰ ਸੱਚਾ ਦਿਖਾਉਣ ਵਿੱਚ, ਸੁੱਚਾ ਦਿਖਾਉਣ ਵਿੱਚ ਅਤੇ ਮਨੋ ਸੱਚਾ ਸੁੱਚਾ ਹੋਣ ਵਿੱਚ ਕੀ ਫ਼ਰਕ ਹੈ, ਇਹ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਇਸ ਸ਼ਬਦ ਰਾਹੀਂ ਝੂਠੀ ਬਿਰਤੀ ਵਾਲੇ ਮਨੁੱਖ ਨੂੰ ਇਤਨਾ ਮਾੜਾ ਕਿਹਾ ਹੋਇਆ ਹੈ ਕਿ ਜਿਸ ਨੂੰ ਪੜ੍ਹ ਕੇ, ਸਮਝ ਕੇ ਸ਼ਰਮ ਆ ਜਾਣੀ ਕੁਦਰਤੀ ਹੀ ਹੈ ਤੇ ਉਹਨਾਂ ਨੂੰ ਬੜੇ ਢੀਠ ਬਣ ਕੇ ਇਸ ਸ਼ਬਦ ਦੇ ਅਰਥਾਂ ਨੂੰ ਹਜ਼ਮ ਕਰਨਾ ਪਵੇਗਾ।

“ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥”

(ਅੰਗ ੪੭੨)

ਜਿਵੇਂ ਇਸਤਰੀਆਂ ਨੂੰ ਹਰ ਮਹੀਨੇ "ਸਿਰਨਾਵਣੀ" ਭਾਵ ਮਹਾਂਵਾਰੀ ਆਉਂਦੀ ਹੈ ਉਨ੍ਹਾਂ ਦਿਨਾਂ ਵਿੱਚ ਉਹਨਾਂ ਨੂੰ ਮਹਾਂਵਾਰੀ ਭਾਵ ਮਨਥਲੀ ਪੀਰੀਅਡਸ ਦੀ ਗੰਦਗੀ ਕਰਕੇ ਅਪਵਿੱਤਰ ਸਮਝਿਆ ਜਾਂਦਾ ਹੈ ਤੇ ਉਸ ਦੌਰਾਨ ਉਨ੍ਹਾਂ ਨੂੰ ਇਸ ਕਰਕੇ ਕੁੱਝ ਖੁਆਰੀ ਵੀ ਹੁੰਦੀ ਹੈ, ਤੰਗੀ ਵੀ ਹੁੰਦੀ ਹੈ। ਇਹੋ ਜਿਹੀ ਗੰਦਗੀ ਜੋ ਔਰਤਾਂ ਦੇ ਸਰੀਰ ਵਿੱਚੋਂ ਮਹਾਂਵਾਰੀ ਦੇ ਦਿਨਾਂ ਵਿੱਚ ਨਿਕਲਦੀ ਹੈ ਉਸ ਗੰਦਗੀ ਦੀ ਤੁਲਨਾ ਇੱਕ ਝੂਠੇ ਮਨੁੱਖ ਦੀ ਸਮਝ ਦੇ ਨਾਲ ਕੀਤੀ ਹੋਈ ਹੈ। ਜੋ ਮਨੁੱਖ ਝੂਠੇ ਹਨ, ਜੂਠੇ ਹਨ ਭਾਵ ਝੂਠ ਬੋਲ ਬੋਲ ਕੇ ਮਾੜੇ ਕਰਮ ਕਰਦੇ ਹਨ, ਦੂਜਿਆਂ ਦਾ ਹੱਕ ਖਾਂਦੇ ਹਨ, ਨਾਜ਼ਾਇਜ਼ ਫਾਇਦਾ ਚੁੱਕਦੇ ਹਨ, ਉਨ੍ਹਾਂ ਦੇ ਮੁੱਖ ਵਿੱਚ ਮਹਾਂਵਾਰੀ ਵਰਗੀ ਗੰਦਗੀ ਹਮੇਸ਼ਾਂ ਵੱਸੀ ਹੁੰਦੀ ਹੈ ਤੇ ਉਹ ਹਰ ਵੇਲੇ ਆਪਣੇ ਆਪ ਨੂੰ ਖੁਆਰ ਕਰਦੇ ਰਹਿੰਦੇ ਹਨ ਭਾਵ ਮਨੁੱਖ ਦੀ ਮਾੜੀ ਬਿਰਤੀ ਮਨੁੱਖ ਦੀ ਖੁਆਰੀ ਦਾ ਕਾਰਨ ਬਣਦੀ ਹੈ। **(ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥)** ਅਸੀਂ ਆਪਣੀ ਮਾੜੀ ਬਿਰਤੀ ਨੂੰ, ਝੂਠੀ ਮਤਿ ਨੂੰ ਸੱਚਾ ਕਰਨ ਦੀ ਬਜਾਇ ਭਾਵ ਆਪਣੇ ਮਨ ਨੂੰ ਸੋਧਣ ਦੀ ਬਜਾਇ ਬਾਹਰੋਂ ਸਾਫ਼ ਸੁਥਰੇ ਬਣਕੇ, ਨਹਾ ਧੋ ਕੇ ਸਰੀਰ ਨੂੰ ਸਾਫ਼ ਕਰਕੇ ਜਪ ਤਪ ਲਈ ਬੈਠ ਜਾਂਦੇ ਹਾਂ ਤੇ ਆਪਣੇ ਆਪ ਨੂੰ ਇਹੋ ਜਿਹੇ ਜਪ ਤਪ ਦੁਆਰਾ ਹੀ ਸੱਚਾ ਸੁੱਚਾ ਬਣਾਉਂਦੇ ਹਾਂ, ਸੱਚਾ ਬਣਨਾ ਸਮਝਦੇ ਹਾਂ, ਸੱਚਾ ਅਖਵਾਉਂਦੇ ਹਾਂ, ਸੱਚੀ ਭਗਤੀ ਵਾਲੇ, ਨਾਮ ਜਪਣ ਵਾਲੇ ਅਖਵਾਉਂਦੇ ਹਾਂ

4/359

ਭਾਵ ਆਪਣੇ ਇਹੋ ਜਿਹੇ ਜਪ ਤਪ ਦੁਆਰਾ ਹੀ ਸੱਚੇ ਸੁੱਚੇ ਬਣਨ ਦੀ ਕੋਸ਼ਿਸ਼ ਕਰਦੇ ਹਾਂ ਪਰ ਆਪਣੇ ਮਨ ਦੀ ਮੈਲ ਨੂੰ ਧੋਣ ਦਾ ਉਪਰਾਲਾ ਨਹੀਂ ਕਰਦੇ ਜੋ ਕਿ ਸਾਡੀ ਖੁਆਰੀ ਦਾ ਕਾਰਨ ਬਣਦਾ ਹੈ। ਬਾਹਰੋਂ ਸੱਚੇ ਸੁੱਚੇ ਹੋਣ ਨਾਲ, ਭਗਤੀ ਦੇ ਦਿਖਾਵੇ ਕਰਨ ਨਾਲ ਸਾਡੀ ਖੁਆਰੀ ਨਹੀਂ ਜਾ ਸਕਦੀ। ਸੁੱਚੇ ਕੇਵਲ ਉਹੀ ਮਨੁੱਖ ਹਨ ਜਿਨ੍ਹਾਂ ਦੇ ਮਨ ਵਿੱਚ ਉਹ ਆਪ ਵੱਸਿਆ ਹੋਇਆ ਹੈ, ਸੱਚ ਵੱਸਿਆ ਹੋਇਆ ਹੈ, ਗੁਰੂ ਦੀ ਮਤਿ ਵੱਸੀ ਹੋਈ ਹੈ। **(ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥)**

ਇਹ ਸੱਚ ਦਾ ਵੱਸਣਾ ਕੀ ਹੈ ਇਹ ਅਸੀਂ ਪਿੱਛੇ ਬਰੀਕੀ ਨਾਲ ਜਾਣ ਚੁੱਕੇ ਹਾਂ।

{ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥}

(ਅੰਗ - ੪੬੮)

ਜਦ ਤੱਕ ਅਸੀਂ ਮਨ ਨੂੰ ਨਹੀਂ ਧੋਂਦੇ, ਇਹ ਬਾਹਰ ਦੇ ਧੋਣੇ ਤੇ ਸੱਚ ਦੇ ਵਿਖਾਵੇ ਵਾਲੇ ਜਪ ਤਪ ਸਾਡੇ ਕੋਈ ਕੰਮ ਨਹੀਂ ਆ ਸਕਦੇ। ਸਾਡੇ ਮੁੱਖ ਵਿੱਚ ਸੱਚ ਨਹੀਂ ਵੱਸ ਸਕਦਾ।

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥
ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥}

(ਅੰਗ ੫੫-੫੬)

ਜੇਕਰ ਮਨ ਦੇ ਵਿੱਚ ਸੱਚ ਹੈ ਫਿਰ ਤਾਂ ਹੀ ਮੁੱਖ ਸੱਚਾ ਹੈ। ਜੇਕਰ ਮਨ ਦੇ ਵਿੱਚ ਮੈਲ ਹੈ, ਜੂਠ ਹੈ, ਤਾਂ ਫਿਰ ਮੁੱਖ ਦੇ ਵਿੱਚ ਵੀ ਜੂਠ ਹੈ ਤੇ ਉਹੋ ਜਿਹੀ ਜੂਠ ਹੈ ਜੋ ਕਿ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਸਮਝਾਈ ਹੋਈ ਹੈ ਜਿਸ ਨੂੰ ਕਿ ਦੁਬਾਰਾ ਲਿਖਣਾ ਵੀ ਚੰਗਾ ਨਹੀਂ ਲੱਗ ਰਿਹਾ ਭਾਵ ਇਹ ਮਨ ਦੀ ਜੂਠ ਨੂੰ ਮਹਾਂਵਾਰੀ ਦੀ ਗੰਦਗੀ ਦੇ ਬਰਾਬਰ ਦੱਸਿਆ ਹੈ ਭਾਵ ਇਸ ਗੰਦਗੀ ਵਿੱਚੋਂ ਨਿਕਲਣ ਲਈ ਸਮਝਾਇਆ ਹੈ। ਸਾਨੂੰ ਇਹ ਵੀ ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਝੂਠ ਉਹ ਹੈ ਜੋ ਅਸੀਂ ਜਾਣ

ਬੁੱਝ ਕੇ ਕਿਸੇ ਦਾ ਹੱਕ ਮਾਰਨ ਲਈ, ਨੁਕਸਾਨ ਕਰਨ ਲਈ, ਕਿਸੇ ਨੂੰ ਤੰਗ ਕਰਨ ਲਈ, ਕੋਈ ਨਾਜ਼ਾਇਜ਼ ਫਾਇਦਾ ਲੈਣ ਲਈ ਬੋਲਦੇ ਹਾਂ ਭਾਵ ਜਿੱਥੇ ਸਾਡੀ ਬਿਰਤੀ, ਇੰਟੈਨਸ਼ਨ ਭਾਵ ਨੀਅਤ ਮਾੜੀ ਹੁੰਦੀ ਹੈ। ਕਈ ਵਾਰੀ ਝੂਠ ਆਪਣਾ ਪੜਦਾ ਰੱਖਣ ਲਈ ਵੀ ਬੋਲਣਾ ਪੈਂਦਾ ਹੈ ਪਰ ਇਹ ਝੂਠ ਨਹੀਂ ਸਮਝਿਆ ਜਾਣਾ ਚਾਹੀਦਾ ਕਿਉਂਕਿ ਇੱਥੇ ਸਾਡੀ ਇੰਟੈਨਸ਼ਨ ਮਾੜੀ ਨਹੀਂ ਹੈ। ਬੱਚਿਆਂ ਨੂੰ ਸਮਝਾਂਉਣ ਲਈ, ਉਨ੍ਹਾਂ ਦੇ ਭਲੇ ਲਈ ਘਰ ਵਿੱਚ ਕਈ ਵਾਰੀ ਝੂਠ ਬੋਲਣਾ ਪੈਂਦਾ ਹੈ ਪਰ ਅਸਲ ਵਿੱਚ ਇਹ ਝੂਠ ਨਹੀਂ ਹੈ।

ਉੱਪਰ ਦਿੱਤੇ ਗਏ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਤੇ ਗੁਰੂ ਦੀ, ਵਾਹਿਗੁਰੂ ਦੀ, ਅਕਾਲ ਪੁਰਖ ਦੀ ਰਮਜ਼ ਨੂੰ ਪਛਾਣੀਏ। ਇਸ ਤੋਂ ਵੱਡੀ ਤਾੜਨਾ ਇੱਕ ਝੂਠੇ ਮਨੁੱਖ ਲਈ, ਮਾੜੇ ਕਰਮ ਕਰਨ ਵਾਲੇ

4/360

ਲਈ ਹੋਰ ਕੀ ਹੋਵੇ। ਸ਼ਬਦ ਵਿੱਚ ਸਿੱਧੇ ਸਿੱਧੇ ਤੌਰ ਤੇ ਗੁਰੂ ਸਾਹਿਬ ਨੇ ਇਹ ਨਹੀਂ ਲਿਖਿਆ ਕਿ ਮਾੜੇ ਕਰਮ ਕਰਨ ਵਾਲਿਉ ਸ਼ਰਮ ਨਾਲ "ਡੁੱਬ ਮਰੋ" ਪਰ ਜੇਕਰ ਧਿਆਨ ਨਾਲ ਸਮਝੀਏ ਤੇ ਇਸ ਤੋਂ ਮਤਲਬ ਇਹ ਹੀ ਨਿਕਲਦਾ ਹੈ, ਮਾੜੇ ਕਰਮ ਕਰਨ ਵਾਲਿਆ ਨੂੰ ਸਮਝਾਇਆ ਗੁਰੂ ਸਾਹਿਬ ਨੇ ਇਹ ਕੁੱਝ ਹੀ ਹੈ। ਆਪਣੇ ਬਾਹਰੀ ਜਪ ਤਪ ਦੁਆਰਾ ਅਸੀਂ ਦੁਨੀਆਂ ਦੀਆਂ ਨਜ਼ਰਾਂ ਵਿੱਚ ਪੜਦਾ ਪਾ ਸਕਦੇ ਹਾਂ, ਚੰਗੇ ਅਖਵਾ ਸਕਦੇ ਹਾਂ, ਸਚੇ ਅਖਵਾ ਸਕਦੇ ਹਾਂ ਪਰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸਾਡੀ ਕੀ ਔਕਾਤ ਹੈ, ਇਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ, ਸਮਾਧੀਆਂ ਲਗਾ ਕੇ ਸਰੀਰਕ ਜਪ ਤਪ ਕਰਨ ਵਾਲੇ ਵੀ ਸਮਝ ਸਕਦੇ ਹਨ। ਜਿਸ ਦੇ ਅੰਦਰ ਗੁਰੂ ਦੀ ਸ਼ਰਮ ਲਿਹਾਜ ਹੈ ਉਹ ਘੱਟੋ ਘੱਟ ਕਿਸੇ ਦਾ ਮਾੜਾ ਕਰਨ ਤੋਂ ਜਰੂਰ ਬਚੇਗਾ। ਜੇਕਰ ਮੁੱਖ ਹੀ ਜੂਠਾ ਹੈ, ਝੂਠਾ ਹੈ ਤੇ ਫਿਰ ਉਸ ਨਾਲ ਜਿਹੜਾ ਮਰਜ਼ੀ ਅੱਖਰ ਜਪ ਲਈਏ, ਕੀ ਫਰਕ ਪੈਂਦਾ ਹੈ। ਚੰਗਾ ਜਾਂ ਮਾੜਾ ਕੋਈ ਅੱਖਰ ਨਹੀਂ ਹੈ, ਚੰਗੀ ਜਾਂ ਮਾੜੀ ਸਾਡੇ ਮਨ ਦੀ ਸਮਝ ਹੈ, ਸਾਡੀ ਨੀਅਤ ਹੈ ਜਿਸ ਦੁਆਰਾ ਅਸੀਂ ਚੰਗੇ ਜਾਂ ਮਾੜੇ ਕਰਮ ਕਰਦੇ ਹਾਂ। ਭਗਤੀ ਦਾ ਮਾਰਗ ਸਾਡੇ ਸੱਚੇ ਸੁਚੇ ਕਰਮ ਹੀ ਹਨ ਜੋ ਮਨ ਦੀ ਸਾਫ ਨੀਅਤ ਦੁਆਰਾ ਹੀ ਹੋ ਸਕਦੇ ਹਨ। ਖੋਟ ਕਿਸੇ ਅੱਖਰ ਵਿੱਚ ਨਹੀਂ ਹੈ, ਸਾਡੇ ਮਨ ਵਿੱਚ ਹੈ। ਜੇਕਰ ਪ੍ਰਮਾਤਮਾ ਨੂੰ ਜਪਣ ਦਾ ਸ਼ੌਂਕ ਰੱਖਦੇ ਹੋ ਤੇ ਆਓ ਗੁਣਾਂ ਦਾ ਆਸਰਾ ਲਈਏ, ਗੁਰੂ ਦੀ ਮਤਿ ਦਾ ਆਸਰਾ ਲਈਏ ਤੇ ਔਗੁਣਾਂ ਤੋਂ ਬਚੀਏ। ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਪਿਆਰ ਪਾਉਣ ਦਾ ਤਰੀਕਾ ਕੇਵਲ ਇਹ ਹੀ ਹੈ, ਹੋਰ ਕੋਈ ਨਹੀਂ। ਇਹੀ ਗੱਲ ਅਗਲੇ ਸ਼ਬਦ ਵਿੱਚ ਸਮਝਾਈ ਹੋਈ ਹੈ:-

ਸਲੋਕੁ ਮਃ ੩ ॥

"ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥
ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥
ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥
ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ ॥
ਨਾਨਕ ਮਿਲਿਆ ਸੋ ਜਾਣੀਐ ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ ॥੧॥"

(ਅੰਗ ੧੦੮੭)

ਇਸ ਸ਼ਬਦ ਰਾਹੀਂ ਸਾਡਾ ਗੁਰੂ ਨਾਲ ਪਿਆਰ ਕਰਨਾ ਕੀ ਹੈ, ਗੁਰੂ ਨਾਲ ਪਿਆਰ ਪਾਉਣਾ ਕੀ ਹੈ, ਇਸ ਨੂੰ ਖੋਲ੍ਹ ਕੇ ਸਮਝਾਇਆ ਹੋਇਆ ਹੈ। ਗੁਰੂ ਨਾਲ ਪਿਆਰ ਕਰਨਾ ਉਹੀ ਹੈ ਜੋ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸ਼ਬਦ ਨਾਲ ਪਿਆਰ ਕਰਨਾ ਗੁਰੂ ਨਾਲ ਪਿਆਰ ਕਰਨਾ ਹੈ। ਬਸ ਇੱਥੇ ਹੀ ਸਾਰੀ ਗੱਲ ਦਾ ਭੇਦ ਹੈ ਕਿ ਸ਼ਬਦ ਦੇ ਨਾਲ ਪਿਆਰ ਬੋਲ ਬੋਲ ਕੇ ਕਰਨਾ ਹੈ ਭਾਵ ਸ਼ਬਦ ਸ਼ਬਦ ਕਹੀ ਜਾਣ ਨਾਲ, ਪੜ੍ਹੀ ਜਾਣ ਨਾਲ ਕਰਨਾ ਹੈ ਜਾਂ ਸ਼ਬਦ ਦੀ ਸਮਝਾਈ ਹੋਈ ਗੱਲ ਨੂੰ ਮੰਨ ਕੇ ਕਰਨਾ ਹੈ ਭਾਵ ਕਥਨੀ ਦੁਆਰਾ ਪਾਉਣਾ ਹੈ ਜਾਂ ਕਰਨੀ ਦੁਆਰਾ ਪਾਉਣਾ ਹੈ। ਸ਼ਬਦ ਹੀ ਨਾਮ ਹੈ। ਨਾਮ ਦੇ ਨਾਲ ਪਿਆਰ ਬੋਲ ਬੋਲ ਕੇ ਪਾਉਣਾ ਹੈ ਜਾਂ ਨਾਮ ਦੀ ਗੱਲ ਮੰਨ ਕੇ ਪਾਉਣਾ ਹੈ। ਸ਼ਬਦ ਗੁਰੂ ਹੈ ਤੇ ਗੁਰੂ ਨਾਲ ਪਿਆਰ ਗੁਰੂ ਗੁਰੂ ਗੁਰੂ ਗੁਰੂ ਕਹੀ ਜਾਣ ਨਾਲ ਪਾਉਣਾ ਹੈ ਜਾਂ ਗੁਰੂ ਦੀ ਦੱਸੀ ਹੋਈ ਮਤਿ ਨੂੰ ਮੰਨ ਕੇ ਪਾਉਣਾ ਹੈ। ਜਵਾਬ ਨਾਲ ਹੀ ਸਮਝਾਇਆ ਹੋਇਆ ਹੈ ਕਿ ਗੁਰੂ ਨਾਲ ਪਿਆਰ ਕਿਵੇਂ ਪਾਉਣਾ ਹੈ। ਗੁਰੂ ਨਾਲ ਪਿਆਰ ਪਾਉਣ ਦੀ ਪਹਿਲੀ ਕਸਵੱਟੀ ਇਹ ਸਮਝਾਈ ਹੋਈ ਹੈ ਕਿ ਮਨੁੱਖ "ਸਤਸੰਗਤਿ" ਵਿੱਚ ਰਹੇ। "ਸਤਸੰਗਤ" ਗੁਰੂ ਦੀ ਮਤਿ ਦੀ ਸੰਗਤ ਹੈ, ਸ਼ਬਦ ਦੇ ਅੰਦਰ ਦੀ

ਸਮਝ ਦੀ ਸੰਗਤ ਹੈ, ਸ਼ਬਦ ਦੇ ਗਿਆਨ ਦੀ ਸੰਗਤ ਹੈ ਜੋ ਸੰਗਤਿ ਸਾਡੇ ਮਨ ਦੀ ਸਮਝ ਨੇ ਕਰਨੀ ਹੈ। ਆਪਣੇ ਹਰਿ ਸ਼ਬਦ ਰਾਹੀਂ ਸਾਨੂੰ ਗੁਰੂ "ਸਤਿ" ਹੀ ਸਮਝਾਉਂਦਾ ਹੈ, ਸੱਚ ਹੀ ਸਮਝਾਉਂਦਾ ਹੈ, ਸੱਚੀ ਸਮਝ ਹੀ ਦਿੰਦਾ ਹੈ, ਸੱਚੀ ਮਤਿ ਹੀ ਦਿੰਦਾ ਹੈ ਜਿਸ ਸੱਚੀ ਮਤਿ ਦੀ ਸੰਗਤਿ ਕਰਨਾ "ਸਤਸੰਗਤਿ" ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਗੁਰੂ ਦੀ ਮਤਿ ਸਾਨੂੰ ਗੁਰੂ ਦੇ ਕੋਲੋਂ ਮਿਲਣੀ ਹੈ, ਗੁਰਬਾਣੀ ਦੇ ਵਿੱਚੋਂ ਮਿਲਣੀ ਹੈ, ਸ਼ਬਦ ਰਾਹੀਂ ਮਿਲਣੀ ਹੈ। ਜੋ ਗੁਰੂ ਦੀ ਗੁਰਬਾਣੀ ਦੀ ਸਮਝ ਦੇ ਨਾਲ, ਸੱਚ ਦੇ ਨਾਲ ਮਿਲਦਾ ਰਹੇਗਾ ਭਾਵ ਗੁਰਬਾਣੀ ਨੂੰ ਸੁਣੇਗਾ, ਪੜ੍ਹੇਗਾ, ਕੀਰਤਨ

5/361

ਸੁਣੇਗਾ ਭਾਵ ਜੋ ਗੁਰਬਾਣੀ ਨਾਲ ਜੁੜਿਆ ਰਹੇਗਾ ਉਹ ਗੁਰੂ ਦੀ ਮਤਿ ਨੂੰ ਲੈ ਕੇ, ਉਸਨੂੰ ਸਮਝ ਕੇ, ਮੰਨ ਕੇ, ਉਸ ਤੇ ਅਮਲ ਕਰੇਗਾ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਏਗਾ, ਉਹ ਪ੍ਰਮਾਤਮਾ ਦੇ ਨਾਲ ਪਿਆਰ ਪਾਵੇਗਾ ਭਾਵ ਗੁਰੂ ਦੇ ਨਾਲ ਪਿਆਰ ਪਾਉਣਾ ਇਹ ਹੈ ਕਿ ਗੁਰੂ ਦੇ ਦੱਸੇ ਹੋਏ ਸੱਚ ਦੀ ਸੰਗਤ ਕਰੀਏ ਤੇ ਆਪਣੀ ਮਾੜੀ ਸਮਝ ਵਿੱਚੋਂ ਨਿਕਲੀਏ, ਔਗੁਣਾਂ ਵਿੱਚੋਂ ਨਿਕਲੀਏ ਤੇ ਗੁਣਾਂ ਦੁਆਰਾ ਵਿਚਰੀਏ ਭਾਵ ਚੰਗੇ ਕਰਮ ਕਰੀਏ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥}

(ਅੰਗ ੫੭੮)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥
ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥}

(ਅੰਗ ੭੪੦)

{ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥}

(ਅੰਗ ੬੪੦)

{ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥}

(ਅੰਗ ੭੨)

{ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥ ਅਨਦਿਨੁ ਹਰਿ ਕਾ ਨਾਮੁ ਵਖਾਣੀ॥}

(ਅੰਗ ੧੦੫੭)

{ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥}

(ਅੰਗ ੧੬੦)

{ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ॥}

(ਅੰਗ ੭੩੧)

{ਸਤਿਗੁਰ ਬਾਝਹੁ ਸੰਗਤਿ ਨ ਹੋਈ॥ ਬਿਨੁ ਸਬਦੇ ਪਾਰੁ ਨ ਪਾਏ ਕੋਈ॥}

(ਅੰਗ ੧੦੬੮)

ਪੂਰੀ ਬਾਣੀ ਵਿੱਚ "**ਸਾਧਿ ਸੰਗਤਿ**", "**ਸਤਸੰਗਤਿ**", ਗੁਰੂ ਦੀ ਸੰਗਤ ਨੂੰ ਕਿਹਾ ਹੈ, ਗੁਰੂ ਦੀ ਮਤਿ ਦੀ ਸੰਗਤ ਨੂੰ ਕਿਹਾ ਹੈ, ਗੁਰੂ ਦੇ ਗੁਣਾਂ ਵਾਲੇ ਸੱਚੇ ਵਿਚਾਰਾਂ ਦੀ ਸੰਗਤ ਨੂੰ ਕਿਹਾ ਹੈ, ਗੁਰੂ ਦੇ ਨਾਲ ਮੇਲ ਨੂੰ ਕਿਹਾ ਹੈ, ਮਨੁੱਖਾਂ ਦੇ ਇੱਕਠ ਨੂੰ ਨਹੀਂ

ਕਿਹਾ। ਜੋ ਕੋਈ ਮਨੁੱਖਾਂ ਦੇ ਇਕੱਠ ਨੂੰ ਸਾਧ ਸੰਗਤ ਜਾਂ ਸਤਸੰਗਤਿ ਸਮਝਦਾ ਹੈ ਇਹ ਉਸ ਦਾ ਭੁਲੇਖਾ ਹੈ।

ਗੁਰੂ ਦੇ ਨਾਲ ਭਾਵ ਗੁਰੂ ਦੀ ਮਤਿ ਦੇ ਨਾਲ, ਗੁਰੂ ਦੇ ਬਚਨਾਂ ਦੇ ਨਾਲ ਸਤਸੰਗਤਿ ਕਰਕੇ ਜੋ ਗੁਰੂ ਦੇ ਨਾਲ ਪਿਆਰ ਦਿਖਾਉਣਾ ਹੈ ਉਸਦੀ ਪਰਖ ਕਿਵੇਂ ਹੋਣੀ ਹੈ ਭਾਵ ਮਨੁੱਖ ਦੇ ਅੰਦਰ ਸਤਸੰਗਤਿ ਦੀ ਪਰਖ ਕੀ ਹੈ ਇਹ ਗੱਲ ਨਾਲ ਹੀ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ। ਜਿਸਦੀ ਗੁਰੂ ਦੇ ਨਾਲ ਸੰਗਤ ਬਣ ਜਾਵੇਗੀ, ਉਸਦੀ ਗੁਰੂ ਦੇ ਗੁਣਾਂ ਦੇ ਨਾਲ ਸੰਗਤ ਬਣ ਜਾਵੇਗੀ ਭਾਵ ਗੁਰੂ ਦੇ ਗੁਣਾਂ ਦੀ, ਗੁਰੂ ਦੀ ਮਤਿ ਦੀ, ਗੁਰੂ ਦੇ ਬਚਨਾਂ ਦੀ ਸੰਗਤ ਹੀ ਗੁਰੂ ਦੀ ਸੰਗਤ ਹੈ, ਸ਼ਬਦ ਦੀ ਸੰਗਤ ਹੈ। "ਗੁਰੂ" ਗੁਰੂ ਦੇ ਬਚਨ ਹਨ ਤੇ ਗੁਰੂ ਦੇ ਬਚਨਾਂ ਦੀ ਸੰਗਤਿ ਹੀ ਗੁਰੂ ਦੀ ਸੰਗਤਿ ਹੈ। (**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥**) ਅੰਗ - ੧੩੦੯ ਗੁਰੂ ਦੇ ਬਚਨਾਂ ਦੀ ਸੰਗਤਿ ਕਰਨ ਵਾਲਾ ਮਨੁੱਖ ਗੁਰੂ ਦੇ ਗੁਣਾਂ ਦੁਆਰਾ ਆਪਣੇ ਔਗੁਣਾਂ ਨੂੰ ਧੋਵੇਗਾ ਭਾਵ ਮਨ ਨੂੰ ਸਾਫ਼ ਕਰੇਗਾ, ਸੱਚਾ ਕਰੇਗਾ, ਔਗੁਣਾਂ ਤੋਂ ਰਹਿਤ ਕਰੇਗਾ। ਇਹੋ ਜਿਹਾ ਮਨੁੱਖ ਹੋਰਾਂ ਨੂੰ ਵੀ ਸਤਸੰਗਤਿ ਲਈ

5/362

ਪ੍ਰੇਰਦਾ ਹੈ, ਪ੍ਰੇਰਣਾ ਦਾ ਸ੍ਰੋਤ ਬਣਦਾ ਹੈ ਜਿਸ ਨਾਲ ਅਨੇਕਾਂ ਦਾ ਉਧਾਰ ਹੋ ਜਾਂਦਾ ਹੈ, ਉਨ੍ਹਾਂ ਤੇ ਗੁਰੂ ਦੀ ਕ੍ਰਿਪਾ ਹੋ ਜਾਂਦੀ ਹੈ। ਜਿਸ ਮਨੁੱਖ ਦੀ ਸਤਸੰਗਤਿ ਹੋ ਜਾਂਦੀ ਹੈ, ਉਸਦੀ ਰਾਸਿ ਗੁਰੂ ਦੇ ਗੁਣਾਂ ਵਾਲੀ ਬਣ ਜਾਂਦੀ ਹੈ ਭਾਵ ਉਹ ਗੁਣਾਂ ਦੁਆਰਾ ਵਿਚਰਦਾ ਹੈ ਅਤੇ ਆਪਣੇ ਅੰਦਰ ਗੁਰੂ ਦੇ ਗੁਣਾਂ ਨੂੰ ਹੀ ਇਕੱਠਾ ਕਰਦਾ ਹੈ ਤੇ ਔਗੁਣਾਂ ਨੂੰ ਕੱਢ ਕੇ ਦੂਰ ਕਰ ਦਿੰਦਾ ਹੈ ਭਾਵ ਉਹ ਗੁਰੂ ਦੇ ਨਾਲ ਇਕਮਿਕ ਹੋ ਜਾਂਦਾ ਹੈ, ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਮਿਲ ਜਾਂਦਾ ਹੈ। **(ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥ ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥ ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ॥)** ਇਹੋ ਜਿਹਾ ਗੁਰੂ ਦੇ ਨਾਲ ਮਿਲਿਆ ਹੋਇਆ ਮਨੁੱਖ ਕਦੇ ਵੀ ਗੁਰੂ ਦੀ ਮਤਿ ਨੂੰ ਨਹੀਂ ਛੱਡਦਾ ਤੇ ਕਿਸੇ ਹੋਰ ਪਾਸੇ ਪਿਆਰ ਨਹੀਂ ਪਾਉਂਦਾ ਭਾਵ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਦਾ, ਉਹ ਕੇਵਲ ਗੁਰੂ ਦਾ ਬਣ ਕੇ ਹੀ ਰਹਿੰਦਾ ਹੈ। **(ਨਾਨਕ ਮਿਲਿਆ ਸੋ ਜਾਣੀਐ ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ॥੧॥)**

ਗੁਰੂ ਦੇ ਨਾਲ ਪ੍ਰੇਮ ਪਾਉਣ ਦਾ ਤਰੀਕਾ, ਸਤਸੰਗਿ ਕਰਨ ਦਾ ਤਰੀਕਾ ਤਾਂ ਇਹੀ ਹੈ। ਇਹੋ ਜਿਹਾ ਪਿਆਰ ਪਾਉਣ ਲਈ ਕੋਈ ਜਪ ਤਪ ਨਹੀਂ ਸਮਝਾਇਆ ਕੇਵਲ ਗੁਰੂ ਕੋਲੋਂ ਗੁਣ ਲੈ ਕੇ ਔਗੁਣ ਛੱਡਣ ਲਈ ਸਮਝਾਇਆ ਹੈ ਭਾਵ ਜਿਸਨੇ ਗੁਰੂ ਦੀ ਮਤਿ ਨੂੰ ਲੈ ਕੇ ਅਮਲ ਨਹੀਂ ਕੀਤਾ, ਬੜਾ ਸਪੱਸ਼ਟ ਹੈ ਕਿ ਉਸਨੇ ਗੁਰੂ ਨੂੰ ਪਿਆਰ ਨਹੀਂ ਕੀਤਾ। ਉੱਪਰੋਂ-ਉੱਪਰੋਂ ਜਪ ਤਪ ਦਿਖਾਣੇ ਫਿਰ ਕੀ ਹੋਏ। ਇਸੇ ਲਈ ਬਾਣੀ ਵਿੱਚ ਸਾਡੇ ਇਹੋ ਜਿਹੇ ਜਪ ਤਪ ਨੂੰ ਕੇਵਲ ਸਾਡਾ ਇੱਕ ਦਿਖਾਵਾ ਦੱਸਿਆ ਹੈ। ਜਿਸ ਨੂੰ ਗੁਰੂ ਨਾਲ ਦਿਲੋਂ ਪ੍ਰੇਮ ਹੈ ਉਹ ਉਸਦੀ ਗੱਲ ਤੇ ਅਮਲ ਕਰੇਗਾ। ਕੋਈ ਵਿਖਾਵਾ ਨਹੀਂ ਕਰੇਗਾ।ਇਹ ਅਸਲੀ ਸੱਚ ਦਾ ਮਾਰਗ ਹੈ, ਵਿਖਾਵੇ ਵਾਲੇ ਸੱਚ ਦਾ ਮਾਰਗ ਨਹੀਂ ਹੈ।

(ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥)

(ਦਸਮ ਗ੍ਰੰਥ)

(ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥)

(ਅੰਗ ੫੭੯)

(ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ॥)

(ਅੰਗ ੬੪੦)

(ਗੁਰੂ ਪਾਸਹੁ ਫਿਰਿ ਚੇਲਾ ਖਾਇ॥ ਤਾਮਿ ਪਰੀਤਿ ਵਸੈ ਘਰਿ ਆਇ॥)

(ਅੰਗ ੩੪੯)

(ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥)

(ਅੰਗ ੬੫)

5/363

ਅਸੀਂ ਪਿੱਛੇ ਜਾਣਿਆ ਹੈ ਕਿ ਗੁਰੂ ਨਾਲ ਪਿਆਰ ਪਾਉਣਾ ਕੀ ਹੈ। ਜੋ ਤਰੀਕਾ ਉਸ ਨਾਲ ਪਿਆਰ ਪਾਉਣ ਦਾ ਹੈ, ਉਹੀ ਉਸ ਨੂੰ ਜਪਣਾ ਹੈ, ਉਸਦੀ ਸੇਵਾ ਹੈ, ਉਸਦੀ ਭਗਤੀ ਹੈ। ਸਾਰੀ ਬਾਣੀ ਸਾਨੂੰ ਭਗਤੀ ਦਾ ਮਾਰਗ ਸਮਝਾਉਣ ਲਈ ਇੱਕੋ ਹੀ ਗੱਲ ਸਮਝਾ ਰਹੀ ਹੈ ਕਿ ਗੁਣਾਂ ਨੂੰ ਧਾਰਨ ਕਰਨਾ ਗੁਰਮਤਿ ਹੈ ਤੇ ਔਗੁਣਾਂ ਵਿੱਚ ਰਹਿਣਾ ਮਨਮਤਿ ਹੈ। ਗੁਰਮਤਿ ਆਪਣੇ ਅੰਦਰੋਂ ਗੁਣਾਂ ਦੁਆਰਾ ਵਿਚਰਕੇ ਵਿਖਾਈ ਜਾ ਸਕਦੀ ਹੈ ਭਾਵ ਸਾਡੇ ਕਰਮਾਂ ਨੇ ਭਾਵ ਸਾਡੀ ਸੰਸਾਰਿਕ ਵਿਚਰਨ ਨੇ ਇਹ ਦੱਸਣਾ ਹੈ ਕਿ ਸਾਡੇ ਅੰਦਰ ਗੁਰਮਤਿ ਹੈ ਜਾਂ ਮਨਮਤਿ ਹੈ। ਜੋ ਕਰਮ ਸਾਡੇ ਗੁਰਮਤਿ ਅਨੁਸਾਰ ਹਨ ਉਹ ਨਾਮ ਅਨੁਸਾਰ ਹਨ ਜੋ ਸਭ ਨੂੰ ਨਜ਼ਰ ਆ ਜਾਂਦੇ ਹਨ।

{ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨੁ॥}

(ਅੰਗ ੩੫੦)

{ਕਰਮੁ ਧਰਮੁ ਤੇਰੇ ਨਾਮ ਕੀ ਜਾਤਿ॥੧॥ਰਹਾਉ॥}

(ਅੰਗ ੧੫੪)

ਸਾਡੇ ਅਮਲ ਹੀ, ਕਰਨੀ ਹੀ, ਇਹ ਦਰਸਾਉਂਦੀ ਹੈ ਕਿ ਸਾਡਾ ਗੁਰੂ ਨਾਲ ਵਾਹਿਗੁਰੂ ਨਾਲ ਪਿਆਰ ਜੁੜਿਆ ਹੋਇਆ ਹੈ ਜਾਂ ਨਹੀਂ। ਸਾਡਾ ਜਪ ਤਾਂ ਉਹੋ ਹੀ ਹੈ ਜਿੱਥੇ ਸਾਡਾ ਧਿਆਨ ਜੁੜਿਆ ਹੋਇਆ ਹੈ। ਧਿਆਨ ਅਗਰ ਮਾਇਆ ਵਿੱਚ ਹੈ ਤਾਂ ਅਸੀਂ ਮਾਇਆ ਨੂੰ ਜਪਦੇ ਹਾਂ ਤੇ ਧਿਆਨ ਅਗਰ ਗੁਰੂ ਦੀ ਮਤਿ ਵਿੱਚ ਹੈ ਤਾਂ ਫਿਰ ਅਸੀਂ ਨਾਮ ਜਪਦੇ ਹਾਂ। ਇਹ ਧਿਆਨ ਹੀ ਸਾਡੀ ਲਿਵ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ। ਸਭ ਕੁੱਝ ਸਾਡਾ ਅਮਲੀ ਜੀਵਨ ਹੈ ਜਿੱਥੋਂ ਮਨੁੱਖ ਦੀ ਪਰਖ ਹੁੰਦੀ ਹੈ ਅਤੇ ਪਤਾ ਲੱਗਦਾ ਹੈ ਕਿ ਉਹ ਕਿੰਨਾ ਕੁ ਗੁਰੂ ਵਾਲਾ ਹੈ, ਉਸਦੇ ਅੰਦਰ ਕਿੰਨੀ ਕੁ ਬਾਣੀ ਵੱਸੀ ਹੋਈ ਹੈ।

“ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥
ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥
ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ॥
ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ॥੧॥”

(ਅੰਗ ੮੫੧)

ਸ਼ਬਦ ਨੂੰ ਧਿਆਨ ਨਾਲ, ਸਮਝਣ ਦੀ ਲੋੜ ਹੈ। ਗੁਰੂ ਵਿੱਚ ਧਿਆਨ ਜੋੜਨਾ ਕੀ ਹੈ, ਇਹ ਸਮਝਾਇਆ ਹੋਇਆ ਹੈ। ਅਸੀਂ ਜਿੱਥੋਂ ਮਰਜ਼ੀ ਬਾਣੀ ਨੂੰ ਸਮਝ ਲਈਏ, ਗੱਲ ਅਖੀਰ ਗੁਣਾਂ, ਔਗੁਣਾਂ ਤੇ ਆ ਕੇ ਹੀ ਨਿਬੜਦੀ ਹੈ। ਗੁਣ, ਔਗੁਣ ਸਾਡੇ ਅਮਲ ਹਨ ਜਿਸ ਦੁਆਰਾ ਅਸੀਂ ਹਰ ਰੋਜ਼ ਸਮਾਜ ਵਿੱਚ ਵਿਚਰਦੇ ਹਾਂ। ਜਿਹੋ ਜਿਹਾ ਸਾਡੇ ਅੰਦਰ ਧਿਆਨ ਹੈ, ਜਿਹੋ ਜਿਹੇ ਸਾਡੇ ਵਿਚਾਰ ਹਨ, ਜਿਹੋ ਜਿਹੀ ਸਾਡੀ ਸੋਚ ਹੈ, ਜਿਹੋ ਜਿਹਾ ਸਾਡੀ

5/364

ਸੁਰਤਿ ਵਿੱਚ ਗਿਆਨ ਹੈ, ਜਿਹੋ ਜਿਹੀ ਸਾਡੇ ਮਨ ਦੀ ਧੁਨਿ ਹੈ, ਜਿਹੋ ਜਿਹੀ ਸਾਡੇ ਮਨ ਦੀ ਲਿਵ ਹੈ, ਲਗਨ ਹੈ, ਭਾਵ ਜਿਹੋ ਜਿਹੀ ਸਾਡੇ ਮਨ ਦੀ ਮਰਜ਼ੀ ਹੈ ਅਸੀਂ ਉਸੇ ਤਰੀਕੇ ਨਾਲ ਹੀ ਵਿਚਰਦੇ ਹਾਂ ਭਾਵ ਸਾਨੂੰ ਜਿਹੋ ਜਿਹਾ ਕਰਨਾ ਚੰਗਾ ਲੱਗਦਾ ਹੈ, ਜਿਹੋ ਜਿਹਾ ਕਰਨ ਵਿੱਚ ਸਾਨੂੰ ਫਾਇਦਾ ਨਜ਼ਰ ਆਉਂਦਾ ਹੈ ਅਸੀਂ ਉਹੋ ਕੁੱਝ ਹੀ ਕਰਦੇ ਹਾਂ। ਜੇਕਰ ਸਾਡੇ ਅੰਦਰ ਕਪਟ ਵਾਲੀ ਬਿਰਤੀ ਹੈ, ਜਿਵੇਂ ਕਿਵੇਂ ਮਾਇਆ ਕਮਾਉਂਣ ਵਾਲੀ ਬਿਰਤੀ ਹੈ, ਇਸ ਤੋਂ ਭਾਵ ਇਹ ਹੈ ਕਿ ਸਾਡਾ ਧਿਆਨ ਮਾੜੇ ਕੰਮ ਕਰਨ ਲਈ ਵੀ ਤਿਆਰ ਹੈ ਭਾਵ ਅਸੀਂ ਗੁਰੂ ਦੀ ਮਤਿ ਤੋਂ ਦੂਰ ਹੋਏ ਹੋਏ ਹਾਂ, ਮਨਮਤਿ ਵਿੱਚ ਫਸ ਕੇ ਮਾੜੇ ਕਰਮ ਕਰ ਰਹੇ ਹਾਂ ਔਗੁਣਾਂ ਰਾਹੀਂ ਵਿਚਰ ਰਹੇ ਹਾਂ। ਸਾਡੇ ਮਨ ਦੇ ਵਿੱਚ ਇਹੋ ਜਿਹੀ ਕਪਟ ਵਾਲੀ ਨੀਅਤ ਨੂੰ ਸਾਡਾ ਦੁੱਖ ਦੱਸਿਆ ਹੈ ਅਤੇ ਇਹੋ ਜਿਹੇ ਮਨੁੱਖ ਨੂੰ ਮਨਮੁੱਖ ਦੱਸਿਆ ਹੈ। ਜਿਸ ਦੇ ਅੰਦਰ ਕਪਟ ਹੈ ਭਾਵ ਮਾਇਆ ਮੋਹ ਹੈ, ਨਾ-ਸਮਝ ਮਤਿ ਹੈ ਉਸ ਦੇ ਅੰਦਰ ਸਦਾ ਦੁੱਖ ਵੱਸਿਆ ਹੋਇਆ ਹੈ ਭਾਵ ਇਹ ਕਪਟ ਹੀ, ਮਾਇਆ ਮੋਹ ਵਾਲੇ ਵਿਚਾਰ ਹੀ ਸਾਡੇ ਦੁੱਖਾਂ ਦਾ ਕਾਰਨ ਬਣਦੇ ਹਨ। ਕਪਟ ਕਰਨ ਲੱਗਿਆਂ ਭਾਵੇਂ ਸਾਨੂੰ ਇਹਨਾਂ ਵਿੱਚ ਸੁਖ ਮਹਿਸੂਸ ਹੁੰਦਾ ਹੈ, ਚੰਗੇ ਲੱਗਦੇ ਹਨ, ਮਾਇਆ ਆਉਂਦੀ ਚੰਗੀ ਲੱਗਦੀ ਹੈ ਪਰ ਅਸਲ ਵਿੱਚ ਭਾਵ ਪ੍ਰਮਾਤਮਾ ਦੇ ਦਰ ਤੇ ਜਾਣ ਵਿੱਚ ਇਹ ਦੁੱਖਾਂ ਦਾ ਕਾਰਨ ਬਣਦੇ ਹਨ, ਸੁਖ ਦੀ ਪ੍ਰਾਪਤੀ ਤੋਂ ਪੁੱਠਾ ਕਾਰਨ ਬਣਦੇ ਹਨ। ਇਹੋ ਜਿਹੀ ਮਾੜੀ ਬਿਰਤੀ ਵਾਲੇ ਮਨੁੱਖ ਨੂੰ ਪ੍ਰਮਾਤਮਾ ਵਿੱਚ, ਗੁਰੂ ਵਿੱਚ ਧਿਆਨ ਲੱਗਣ ਤੋਂ ਦੂਰ ਦੱਸਿਆ ਹੈ ਭਾਵ ਇਹੋ ਜਿਹੇ ਮਨੁੱਖ ਦਾ ਧਿਆਨ ਮਾਇਆ ਵਿੱਚ ਹੈ, ਵਾਹਿਗੁਰੂ ਵਿੱਚ ਨਹੀਂ ਹੈ।

(ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥)

ਮਨੁੱਖ ਦਾ ਧਿਆਨ ਕਿਹੋ ਜਿਹਾ ਹੈ ਭਾਵ ਮਨੁੱਖ ਦੇ ਧਿਆਨ ਦੀ ਪਰਖ ਕਿਵੇਂ ਹੰਦੀ ਹੈ ਇਹ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

“ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥”

ਪਰਖ ਸਾਡੇ ਕਰਮਾਂ ਦੁਆਰਾ ਹੋਣੀ ਹੈ, ਸਾਡੀ ਕਰਣੀ ਦੁਆਰਾ ਹੋਣੀ ਹੈ। ਜੋ ਮਨੁੱਖ ਕਪਟ ਦੁਆਰਾ ਕਾਰ ਵਿਹਾਰ ਕਰਦਾ ਹੈ, ਦੁੱਖ ਵਿੱਚ ਵਰਤਦਾ ਹੈ, ਮਾੜੇ ਕਰਮਾਂ ਦੁਆਰਾ ਵਰਤਦਾ ਹੈ, ਉਸਨੂੰ ਪ੍ਰਮਾਤਮਾ ਦੇ ਦਰ ਤੇ ਦੁੱਖ ਹੀ ਸਹਿਣੇ ਪੈਂਦੇ ਹਨ ਭਾਵ ਸਾਡੇ ਦੁੱਖਾਂ ਸੁੱਖਾਂ ਦਾ ਕਾਰਨ ਸਾਡੇ ਕਰਮ ਹਨ। ਮਾੜੇ ਕਰਮ ਕਰਦੇ ਹੋਏ ਸਾਡਾ ਗੁਰੂ ਵੱਲੋਂ ਧਿਆਨ ਟੁੱਟਿਆ ਹੁੰਦਾ ਹੈ, ਨਾਮ ਨਾਲੋਂ ਲਿਵ ਟੁੱਟੀ ਹੁੰਦੀ ਹੈ ਤੇ ਜੇਕਰ ਅਸੀਂ ਚੰਗੇ ਕਰਮ ਕਰੀਏ, ਗੁਰੂ ਦੀ ਮਤਿ ਅਨੁਸਾਰ ਕਰਮ ਕਰੀਏ ਭਾਵ ਜਦੋਂ ਅਸੀਂ ਆਪਣੇ ਕਰਮਾਂ ਦੇ ਵਿੱਚ, ਕਰਨੀ ਦੇ ਵਿੱਚ ਸਤਿਗੁਰੂ

5/365

ਨੂੰ ਭੇਟੀਏ ਭਾਵ ਗੁਰੂ ਦੀ ਮਤਿ ਨੂੰ ਭੇਟੀਏ ਭਾਵ ਜਦੋਂ ਅਸੀਂ ਗੁਰੂ ਦੀ ਮਤਿ ਨਾਲ ਜੁੜ ਕੇ ਸੱਚੇ ਸੁੱਚੇ ਕਰਮ ਕਰਾਂਗੇ ਤਾਂ ਫਿਰ ਸਾਡੀ ਸੱਚੇ ਨਾਮ ਨਾਲ ਲਿਵ ਲੱਗੀ ਹੋਈ ਹੈ, ਸਾਡਾ ਧਿਆਨ ਗੁਰੂ ਨਾਲ ਲੱਗਾ ਹੋਇਆ ਹੈ, ਸਾਡੀ ਸਮਝ ਗੁਰੂ ਦੀ ਸਮਝ ਦੇ

ਨਾਲ ਜੁੜੀ ਹੋਈ ਹੈ ਭਾਵ ਮਨਮਤਿ ਵਿੱਚ ਵਿਚਰਦੇ ਹੋਏ ਸਾਡਾ ਗੁਰੂ ਨਾਲੋਂ ਧਿਆਨ ਟੁੱਟਿਆ ਹੋਇਆ ਹੈ, ਲਿਵ ਟੁੱਟੀ ਹੋਈ ਹੈ ਤੇ ਗੁਰੂ ਦੀ ਮਤਿ ਅਨੁਸਾਰ ਵਿਚਰਦੇ ਹੋਏ ਸਾਡੀ ਗੁਰੂ ਨਾਲ, ਨਾਮ ਨਾਲ ਲਿਵ ਲੱਗੀ ਹੋਈ ਹੈ, ਧਿਆਨ ਜੁੜਿਆ ਹੋਇਆ ਹੈ, ਧਿਆਨ ਲੱਗਾ ਹੋਇਆ ਹੈ। ਫੈਸਲਾ ਸਾਡੇ ਕਰਮ ਕਰਦੇ ਹਨ। ਪਰਖ ਸਾਡੇ ਕਰਮਾਂ ਦੁਆਰਾ ਹੀ ਹੁੰਦੀ ਹੈ।

(ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ॥)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥

ਭਰਮੁ ਭੁਲਾਵਾ ਵਿਚਹੁ ਜਾਇ ॥

ਉਪਜੈ ਸਹਜੁ ਗਿਆਨ ਮਤਿ ਜਾਗੈ ॥

ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥

ਇਤੁ ਸੰਗਤਿ ਨਾਹੀ ਮਰਣਾ ॥

ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

ਸਤਿਗੁਰ ਨੂੰ ਭੇਟਣਾ ਸਤਿਗੁਰ ਦੀ ਸਿੱਖਿਆ ਨੂੰ ਭੇਟਣਾ ਹੈ। ਜਿਸਦੇ ਅੰਦਰ ਔਗੁਣ ਹਨ ਉਸਦੇ ਅੰਦਰ ਦੁੱਖ ਹੈ, ਜਿਸਦੇ ਅੰਦਰ ਗੁਣ ਹਨ ਉਸਦੇ ਅੰਦਰ ਸੁੱਖ ਵਸਿਆ ਹੋਇਆ ਹੈ, ਗੁਰੂ ਵੱਸਿਆ ਹੋਇਆ ਹੈ, ਨਾਮ ਵੱਸਿਆ ਹੋਇਆ ਹੈ, ਵਾਹਿਗੁਰੂ ਵੱਸਿਆ ਹੋਇਆ ਹੈ। ਸਾਡੇ ਅੰਦਰ ਸੁੱਖ ਗੁਰੂ ਦੀ ਮਤਿ ਦੁਆਰਾ ਵੱਸਦਾ ਹੈ, ਗੁਰੂ ਦੇ ਗਿਆਨ ਦੁਆਰਾ ਵੱਸਦਾ ਹੈ, ਸਹਜ ਗਿਆਨ ਦੁਆਰਾ ਵੱਸਦਾ ਹੈ ਜਿਸ ਦੁਆਰਾ ਮਨੁੱਖ ਦਾ ਮਨ ਸਹਜ ਵਿੱਚ ਆ ਜਾਂਦਾ ਹੈ। ਇਹ ਆਤਮਿਕ ਗਿਆਨ ਹੈ ਜਿਸ ਨਾਲ ਮਨੁੱਖ ਦਾ ਭਰਮ ਦੂਰ ਹੋ ਜਾਂਦਾ ਹੈ ਤੇ ਭਉ ਮਿਟ ਜਾਂਦਾ ਹੈ, ਮਾਇਆ ਮੋਹ ਦਾ ਭਉ ਮਿਟ ਜਾਂਦਾ ਹੈ, ਕਿਉਂਕਿ ਉਸ ਨੂੰ ਆਪਣੇ ਅੰਦਰੋਂ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ, ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ, ਆਪਣੇ ਅੰਦਰੋਂ ਉਸ ਬ੍ਰਹਮਗਿਆਨੀ ਦੀ, ਉਸ ਵਾਹਿਗੁਰੂ ਦੀ ਪਹਿਚਾਣ ਹੋ ਜਾਂਦੀ ਹੈ। ਸਾਡੇ ਤੇ ਇਹ ਕਿਰਪਾ ਪ੍ਰਮਾਤਮਾ ਸਾਡੇ ਅੰਦਰ ਆਪਣਾ ਸੱਚਾ ਗਿਆਨ, ਸੱਚੀ ਸੋਝੀ ਪਾ ਕੇ ਆਪ ਹੀ ਕਰਦਾ ਹੈ ਜਿਸ ਦੁਆਰਾ ਸਾਨੂੰ ਔਗੁਣਾਂ ਵਿੱਚੋਂ, ਦੁੱਖਾਂ ਵਿੱਚੋਂ , ਵਿਕਾਰਾਂ ਵਿੱਚੋਂ ਕੱਢ ਲੈਂਦਾ ਹੈ ਤੇ ਫਿਰ ਮਨੁੱਖ ਗੁਣੀ ਬਣ ਕੇ ਵਿਚਰਦਾ ਹੈ। ਮਨ ਦੇ ਸੁੱਖ ਦੇ ਵਿੱਚ ਉਸਦੇ ਗੁਣ ਹਨ ਭਾਵ ਗੁਣਾਂ ਵਾਲੇ ਵਿਚਾਰ ਹਨ ਜਿਨ੍ਹਾਂ ਦੁਆਰਾ ਵਿਚਰਦੇ ਹੋਏ ਮਨੁੱਖ ਉਸ ਗੁਣੀ ਨਿਧਾਨ ਦੇ ਸੱਚੇ ਵਿਚਾਰਾਂ ਨਾਲ ਜੁੜਿਆ ਰਹਿੰਦਾ ਹੈ। ਨਾਮ ਨਾਲ ਜੁੜਿਆ ਰਹਿੰਦਾ ਹੈ। ਜਪਣ ਦਾ ਤਰੀਕਾ ਉਹੀ ਹੈ ਜੋ ਉੱਪਰ ਸਮਝਾਇਆ ਹੋਇਆ ਹੈ। ਉਸਨੂੰ ਗੁਣਾਂ ਦੁਆਰਾ ਹੀ ਜਪਿਆ ਜਾ ਸਕਦਾ ਹੈ। ਸੱਚੀ ਸੁੱਚੀ ਕਰਨੀ ਦੁਆਰਾ ਹੀ ਜਪਿਆ ਜਾ ਸਕਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਜਪਿਆ ਜਾ ਸਕਦਾ ਹੈ ਜੋ ਸੱਚੀ ਸਮਝ ਮਨੁੱਖ ਨੂੰ ਮਨ ਦੇ ਭਰਮਾਂ ਵਿੱਚੋਂ ਮਾਇਆ ਮੋਹ ਨੂੰ ਛੱਡਣ ਦੇ ਭਉ ਵਿੱਚੋਂ ਕੱਢ ਲੈਂਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ॥੧॥)

ਮਨ ਦੇ ਵਿੱਚ ਸੱਚੀ ਸੋਝੀ ਪੈਣ ਨਾਲ ਸਾਡਾ ਭਰਮ ਹੀ ਨਿਕਲਦਾ ਹੈ। ਵਾਹਿਗੁਰੂ ਵਿੱਚ ਧਿਆਨ ਤਾਂ ਹੀ ਜੁੜਦਾ ਹੈ ਜਦੋਂ ਵਾਹਿਗੁਰੂ ਦੀ ਮਤਿ ਸਾਡੇ ਹਿਰਦੇ ਵਿੱਚ ਵੱਸ ਜਾਵੇ। ਅਸੀਂ ਵਾਹਿਗੁਰੂ ਨੂੰ ਉਸਦੀ ਦਿੱਤੀ ਹੋਈ ਮਤਿ ਦੁਆਰਾ ਧਿਆਉਣਾ ਹੈ, ਉਸਨੂੰ ਬੋਲ ਬੋਲ ਕੇ ਨਹੀਂ ਧਿਆਇਆ ਜਾ ਸਕਦਾ ਜਿਵੇਂ ਕਿ ਹੇਠ

5/366

ਦਿੱਤੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਗੁਰੂ ਦੀ ਗੱਲ ਤੇ ਭਰੋਸਾ ਰੱਖ ਕੇ ਸਮਝੋ।ਗੁਰੂ ਨੂੰ ਹੀ ਸਭ ਤੋਂ ਸਿਆਣਾ ਮੰਨ ਕੇ ਸਮਝੋ।

“ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ॥

ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ॥੨॥”

(ਅੰਗ ੬੬੮)

ਗੱਲ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇੱਥੇ ਸਾਨੂੰ ਇਹੀ ਸਮਝਾਇਆ ਹੈ ਕਿ ਬੋਲ ਬੋਲ ਕੇ ਅਗਰ ਅਸੀਂ ਵਾਹਿਗੁਰੂ ਨੂੰ ਧਿਆਈਏ ਤਾਂ ਉਹ ਖੁਸ਼ ਨਹੀਂ ਹੁੰਦਾ। ਉਹ ਤਾਂ ਹੀ ਖੁਸ਼ ਹੁੰਦਾ ਹੈ ਅਗਰ ਉਸਨੂੰ ਆਪਣੇ ਹਿਰਦੇ ਦੇ ਅੰਦਰ ਧਿਆਈਏ, ਮਨ ਦੇ ਅੰਦਰ ਧਿਆਈਏ ਭਾਵ ਉਸ ਦੀ ਦੱਸੀ ਹੋਈ ਮਤਿ ਨੂੰ ਸਮਝ ਕੇ ਆਪਣੀ ਕਰਨੀ ਵਿੱਚ ਲਿਆਈਏ। ਐਥੇ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਬੋਲ ਬੋਲ ਕੇ ਪੜ੍ਹਨ ਵਿੱਚ, ਧਿਆਉਣ ਵਿੱਚ ਅਤੇ ਹਿਰਦੇ ਵਿੱਚ ਧਿਆਉਣ ਵਿੱਚ ਫਰਕ ਹੈ, ਇੱਕੋ ਗੱਲ ਨਹੀਂ ਹੈ। ਫਰਕ ਸਾਡੀ ਕਥਨੀ ਵਿੱਚ ਤੇ ਕਰਨੀ ਵਿੱਚ ਹੀ ਹੈ। ਭਗਤੀ ਦਾ ਮਾਰਗ ਸਾਡੀ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ।

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥}

(ਅੰਗ ੫੬੫)

ਹੇਠਾ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਨਾਮ ਨੂੰ, ਹਿਰਦੇ ਵਿੱਚ ਵਸਾਉਣਾ ਕੀ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰਲੀਆਂ ਪੰਗਤੀਆਂ ਰਾਹੀਂ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਗੁਰੂ ਦੇ ਸ਼ਬਦ ਨੂੰ, ਨਾਮ ਨੂੰ ਹਿਰਦੇ ਵਿੱਚ ਭਾਵ ਮਨ ਦੇ ਵਿੱਚ ਵਸਾਉਣ ਦਾ ਮਕਸਦ ਮੋਖ ਦੀ ਪ੍ਰਾਪਤੀ, ਮੁਕਤੀ ਦੀ ਪ੍ਰਾਪਤੀ ਕਰਨ ਦਾ ਹੈ। ਮੁਕਤੀ ਅਸੀਂ ਕਿਸ ਤੋਂ ਲੈਣੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮੁਕਤੀ ਅਸੀਂ ਮਨ ਦੀ ਨਾ-ਸਮਝ ਮਤਿ ਤੋਂ, ਭਰਮਾਂ ਵਾਲੀ ਮਤਿ ਤੋਂ, ਮਾਇਆ ਮੋਹ ਤੋਂ, ਹਉਮੈ ਤੋਂ ਲੈਣੀ ਹੈ ਭਾਵ ਮਨ ਦੀ ਅਗਿਆਨਤਾ ਤੋਂ ਲੈਣੀ ਹੈ ਜੋ ਮੁਕਤੀ ਗੁਰੂ ਦੇ ਨਾਮ ਨੂੰ ਆਪਣੇ ਹਿਰਦੇ ਵਿਚ ਵਸਾਉਣ ਦੁਆਰਾ ਮਿਲਣੀ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਮਿਲਣੀ ਹੈ। ਇਹੀ ਨਾਮ ਧਿਆਉਣਾ ਹੈ ਜੋ ਕਿ ਸਾਡੀ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ। (**ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥**)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

ਬੋਲ ਬੋਲ ਕੇ ਜਪਣ ਵਿੱਚ, ਕੇਵਲ ਕਥਨੀ ਕਰੀ ਜਾਣ ਵਿਚ ਅਸੀਂ ਅਮਲ ਤੋਂ ਦੂਰ ਰਹਿ ਜਾਂਦੇ ਹਾਂ ਤੇ ਹਿਰਦੇ ਵਿੱਚ ਜਪਣ ਨਾਲ, ਧਿਆਉਣ ਨਾਲ ਗੁਰੂ ਦੀ ਮਤਿ ਸਾਡੀ ਸਮਝ, ਸਾਡਾ ਧਿਆਨ ਬਣ ਜਾਂਦੀ ਹੈ, ਸਾਡੀ ਕਰਨੀ ਬਣ ਜਾਂਦੀ ਹੈ, ਗੁਰੂ ਦੀ ਮਤਿ ਸਾਡੀ ਕਰਨੀ ਵਿੱਚ ਆ ਜਾਂਦੀ ਹੈ ਸਾਡੇ ਅਮਲ ਵਿੱਚ ਆ ਜਾਂਦੀ ਹੈ, ਅਸੀਂ ਅਮਲੀ ਤੌਰ ਤੇ ਵਾਹਿਗੁਰੂ ਵਾਹਿਗੁਰੂ ਜਪਦੇ ਹਾਂ। ਇਸੇ ਲਈ ਬਾਣੀ ਵਿੱਚ ਸਾਨੂੰ ਵਾਰ-ਵਾਰ ਉਹੋ ਜਿਹੇ ਜਪ ਤਪ ਤੋਂ ਬਚਣ ਲਈ ਸਮਝਾਇਆ ਹੈ ਜਿਸ ਵਿੱਚ ਅਮਲੀ ਰੂਪ ਨਹੀਂ ਹੁੰਦਾ ਜਿਵੇਂ ਕਿ ਸਮਾਧੀਆਂ ਆਦਿ ਲਗਾ ਕੇ ਜਪ ਤਪ ਕਰਨਾ। ਫਰਕ ਕੇਵਲ ਸਾਡੀ ਕਥਨੀ ਤੇ ਕਰਨੀ ਦਾ ਹੈ। ਮੁੱਖੋਂ ਸ਼ਬਦ ਨੂੰ ਬੋਲੀ ਜਾਣਾ ਕਥਨੀ ਹੈ ਤੇ ਸ਼ਬਦ ਦੀ ਮਤਿ ਨੂੰ ਹਿਰਦੇ ਵਿੱਚ ਵਸਾਉਣਾ ਸਾਡੀ ਕਰਨੀ ਬਣ ਜਾਣਾ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ:

“ਕਈ ਕੋਟਿ ਹੋਏ ਪੂਜਾਰੀ॥ ਕਈ ਕੋਟਿ ਆਚਾਰ ਬਿਉਹਾਰੀ॥
ਕਈ ਕੋਟਿ ਭਏ ਤੀਰਥ ਵਾਸੀ॥ ਕਈ ਕੋਟਿ ਬਨ ਭ੍ਰਮਹਿ ਉਦਾਸੀ॥
ਕਈ ਕੋਟਿ ਬੇਦ ਕੇ ਸ੍ਰੋਤੇ॥ ਕਈ ਕੋਟਿ ਤਪੀਸੁਰ ਹੋਤੇ॥
ਕਈ ਕੋਟਿ ਆਤਮ ਧਿਆਨੁ ਧਾਰਹਿ॥
ਕਈ ਕੋਟਿ ਕਬਿ ਕਾਬਿ ਬੀਚਾਰਹਿ॥
ਕਈ ਕੋਟਿ ਨਵਤਨ ਨਾਮ ਧਿਆਵਹਿ॥

ਨਾਨਕ ਕਰਤੇ ਕਾ ਅੰਤੁ ਨ ਪਾਵਹਿ॥੧॥"

(ਅੰਗ ੨੭੫)

ਅਸੀਂ ਜਿਹੋ ਜਿਹਾ ਧਿਆਨ ਲਗਾਉਣ ਦੀ ਗੱਲ ਕਰਦੇ ਹਾਂ, ਸਮਾਧੀ ਵਿੱਚ ਬੈਠ ਕੇ ਸੁਰਤੀ ਜੋੜਨ ਦੀ ਗੱਲ ਕਰਦੇ ਹਾਂ, ਨਾਮ ਜਪਣ ਦੀ ਗੱਲ ਕਰਦੇ ਹਾਂ, ਇਹੋ ਜਿਹਾ ਧਿਆਨ ਲਗਾਉਣ ਨਾਲ ਕੋਈ ਲਾਭ ਨਹੀਂ ਦੱਸਿਆ ਹੋਇਆ ਪਰ ਇਹੋ ਜਿਹਾ ਧਿਆਨ ਲਗਾਉਣ ਵਾਲਿਆਂ ਦੀ ਕੋਈ ਕਮੀ ਵੀ ਨਹੀਂ ਦੱਸੀ ਹੋਈ, ਕਰੋੜਾਂ ਹੀ ਇਸ ਤਰ੍ਹਾਂ ਧਿਆਨ ਲਗਾਉਣ ਵਿੱਚ ਲੱਗੇ ਹੋਏ ਹਨ ਭਾਵ ਇਹ ਗੁਰੂ ਨਾਲ ਧਿਆਨ ਜੋੜਨ ਦਾ ਤਰੀਕਾ ਹੈ ਹੀ ਨਹੀਂ। ਧਿਆਨ ਜੋੜਨ ਦਾ ਤਰੀਕਾ ਉਹੀ ਹੈ ਜੋ ਪਹਿਲਾਂ ਉੱਪਰ ਸਮਝਾਇਆ ਹੈ ਜੋ ਕਿ ਗੁਰੂ ਦੇ ਨਾਮ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਦਾ ਹੈ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦਾ ਹੈ। ਪ੍ਰਮਾਤਮਾ ਆਪਣੀ ਭਗਤੀ ਦੀ ਸਹੀ ਸੋਝੀ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ। ਕਰੋੜਾਂ, ਕਰੋੜਾਂ ਨੂੰ ਉਸਨੇ ਇਸੇ ਤਰ੍ਹਾਂ ਉਲਝਾਇਆ ਹੋਇਆ ਹੈ। ਆਉਂਦਾ ਹਰ ਕੋਈ ਇਹੋ ਜਿਹੇ ਕਰੋੜਾਂ ਵਿੱਚ ਹੀ ਹੈ ਪਰ ਸਮਝਦਾ ਹਰ ਕੋਈ ਆਪਣੇ ਆਪ ਨੂੰ ਵਿਰਲਿਆਂ ਵਿੱਚ ਹੀ ਹੈ।

5/367

ਪ੍ਰਮਾਤਮਾ ਦੀ ਭਗਤੀ ਸਾਡੇ ਧਿਆਨ ਨੇ ਕਰਨੀ ਹੈ, ਸਾਡੇ ਮਨ ਨੇ ਕਰਨੀ ਹੈ। ਜੇਕਰ ਮਨ ਵਿੱਚ ਔਗੁਣ ਹਨ, ਫਿਰ ਅਸੀਂ ਵਾਹਿਗੁਰੂ ਦੀ ਭਗਤੀ ਤੋਂ ਦੂਰ ਹਾਂ ਤੇ ਜੇਕਰ ਸਾਡੇ ਮਨ ਵਿੱਚ ਗੁਣ ਹਨ, ਸਾਡਾ ਧਿਆਨ ਗੁਣਾਂ ਵਾਲਾ ਹੈ, ਗੁਰੂ ਦੀ ਮਤਿ ਵਾਲਾ ਹੈ, ਗੁਰੂ ਦੇ ਦੱਸੇ ਹੋਏ ਸੱਚ ਵਾਲਾ ਹੈ ਤਾਂ ਫਿਰ ਅਸੀਂ ਵਾਹਿਗੁਰੂ ਦੀ ਭਗਤੀ ਕਰ ਰਹੇ ਹਾਂ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜ ਕਰੀਏ।

"ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ॥੧॥"

(ਅੰਗ ੫੫੭)

ਇਨ੍ਹਾਂ ਪੰਗਤੀਆਂ ਦੇ ਅਰਥ ਸਿੱਧੇ ਹੀ ਸਮਝ ਆ ਰਹੇ ਹਨ। ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਪ੍ਰਮਾਤਮਾ ਨੂੰ ਉਹ ਹੀ ਜਪ ਰਿਹਾ ਹੈ ਜੋ ਗੁਣਾਂ ਵਾਲਾ ਹੈ ਭਾਵ ਜੋ ਗੁਣਾਂ ਦੁਆਰਾ ਵਿਚਰ ਰਿਹਾ ਹੈ, ਸੱਚਾ ਅਮਲੀ ਜੀਵਨ ਜੀਅ ਰਿਹਾ ਹੈ। ਜੋ ਮਨੁੱਖ ਔਗੁਣ ਵਿੱਚ ਰਹਿੰਦੇ ਹੋਏ ਬੋਲ ਬੋਲ ਕੇ ਜਪ ਤਪ ਆਦਿ ਕਰਦੇ ਹਨ ਭਾਵ ਮਨਮਤਿ ਦੁਆਰਾ ਵਿਚਰਦੇ ਹਨ ਉਨ੍ਹਾਂ ਦੇ ਐਸੇ ਜਪ ਤਪ ਨੂੰ ਕੇਵਲ ਇੱਕ ਕੂਕਣਾਂ ਹੀ ਦੱਸਿਆ ਹੈ ਜਿਸਦਾ ਕੋਈ ਲਾਭ ਨਹੀਂ। ਕੂਕ ਕੂਕ ਕੇ ਜਿਤਨਾ ਮਰਜ਼ੀ ਪ੍ਰਮਾਤਮਾ ਨੂੰ ਸੁਣਾਈ ਜਾਈਏ, ਉਸਨੂੰ ਕੀ ਫਰਕ ਪੈਂਦਾ ਹੈ। **(ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥)**

{ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥}

(ਅੰਗ ੧੩੭੬)

{ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥}

(ਅੰਗ ੧੩੭੪)

ਲਾਭ ਕੇਵਲ ਗੁਣਾਂ ਵਿੱਚ ਹੈ। ਇਸੇ ਲਈ ਇਹੋ ਜਿਹਾ ਜਪ ਤਪ ਕਰਨ ਵਾਲਿਆਂ ਨੂੰ ਸੁਚੇਤ ਕੀਤਾ ਹੈ, ਸਮਝਾਇਆ ਹੈ ਕਿ ਜੇਕਰ ਤੁਸੀਂ ਵੀ ਗੁਣਾਂ ਨੂੰ ਅਪਣਾ ਲਵੋ ਭਾਵ ਔਗੁਣ ਤਿਆਗ ਦਿਓ ਤਾਂ ਫਿਰ ਤੁਸੀਂ ਵੀ ਵਾਹਿਗੁਰੂ ਨੂੰ ਜਪ ਸਕਦੇ ਹੋ, ਉਸਨੂੰ ਪਾ ਸਕਦੇ ਹੋ। ਗੁਰੂ ਦਾ ਫੁਰਮਾਨ ਬਹੁਤ ਸਿੱਧਾ ਅਤੇ ਸਪੱਸ਼ਟ ਹੈ।ਪ੍ਰਮਾਤਮਾ ਦੀ ਭਗਤੀ ਗੁਣਾਂ ਦੁਆਰਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਹੋਰ ਸਭ ਸਾਡੀ ਮਨਮਤਿ ਹੈ ਜਿਸ ਦੁਆਰਾ ਅਪਣਾਇਆ ਹੋਇਆ ਹਰ ਭਗਤੀ ਦਾ ਤਰੀਕਾ ਵਿਅਰਥ ਜਾਂਦਾ ਹੈ ਭਾਵ ਜਿਸ ਨਾਲ ਸਾਡੇ ਅਸਲ ਮਨੋਰਥ ਦੀ ਪੂਰਤੀ ਨਹੀਂ ਹੁੰਦੀ। **(ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥ ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ॥੧॥)**

ਜਦ ਤੱਕ ਅਸੀਂ ਵਾਹਿਗੁਰੂ ਦੀ ਅਸਲੀ ਭਗਤੀ ਨੂੰ ਨਹੀਂ ਸਮਝਦੇ ਜਾਂ ਸਮਝ ਕੇ ਵੀ ਉਸ ਤੇ ਅਮਲ ਨਹੀਂ ਕਰਦੇ ਤਦ ਤੱਕ ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸਨੂੰ ਕੇਵਲ ਸਾਡੀ ਮਨਮਤਿ ਦੱਸਿਆ ਹੈ, ਸਾਡਾ ਇੱਕ ਦਿਖਾਵਾ ਦੱਸਿਆ ਹੈ, ਸਾਡੀ

ਇੱਕ ਰਵਾਇਤ ਦੱਸਿਆ ਹੈ ਜਿਸਨੂੰ ਅਸੀਂ ਅਪਣਾ ਲਿਆ ਹੈ ਤੇ ਅਸੀਂ ਉਸ ਵਿੱਚੋਂ ਨਿਕਲਣ ਲਈ ਤਿਆਰ ਨਹੀਂ ਹਾਂ। ਇਹੋ ਜਿਹੇ ਜਪ ਤਪ ਦਾ, ਜੋ ਅਸੀਂ ਕੇਵਲ ਦੇਖਾ ਦੇਖੀ ਕਰੀ

5/368

ਜਾ ਰਹੇ ਹਾਂ, ਸਾਨੂੰ ਕੋਈ ਲਾਭ ਨਹੀਂ ਮਿਲਦਾ। ਲਾਭ ਤਾਂ ਹੀ ਮਿਲਣਾ ਹੈ ਜਦੋਂ ਅਸੀਂ ਗੁਰੂ ਦੀ ਮਤਿ ਅਨੁਸਾਰ ਚੱਲਣਾ ਹੈ। ਆਓ ਕੂਕਣਾ ਛੱਡੀਏ ਤੇ ਇਸ ਗੱਲ ਨੂੰ ਵਾਹਿਗੁਰੂ ਦੇ ਸਮਝਾਏ ਹੋਏ ਸ਼ਬਦਾਂ ਦੁਆਰਾ ਹੋਰ ਵੀ ਜਾਈਏ। ਬਾਣੀ ਵਿੱਚ ਜਗ੍ਹਾ-ਜਗ੍ਹਾ ਇਹੀ ਗੱਲ ਸਮਝਾਈ ਹੋਈ ਹੈ।

ਸਲੋਕੁ ਮਃ ੨॥

“ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥
ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ॥੧॥”

ਮਃ ੨॥

“ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ॥
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ॥੨॥”

ਮਃ ੨॥

“ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥੩॥”

ਮਃ ੨॥

“ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ॥
ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ॥੪॥”

(ਅੰਗ ੭੮੭)

ਉੱਪਰ ਦਿੱਤੇ ਇਨ੍ਹਾਂ ਚਾਰੇ ਸਲੋਕਾਂ ਨੂੰ ਬੜੇ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਇੱਥੇ ਮਨੁੱਖ ਨੂੰ ਉਸ ਦੀ ਜਿੰਦਗੀ ਦਾ ਮਨੋਰਥ ਸਮਝਾਇਆ ਹੋਇਆ ਹੈ ਕਿ ਮਨੁੱਖ ਇਸ ਦੁਨੀਆਂ ਵਿੱਚ ਕਿਸ ਕਾਰਜ ਲਈ ਆਇਆ ਹੈ। ਮਨੁਖ ਦਾ ਸੱਚਾ ਕਾਰਜ ਪ੍ਰਮਾਤਮਾ ਨੂੰ ਜਾਨਣ ਦਾ ਹੈ ਜੋ ਕਾਰਜ ਉਸਦੀ ਸੱਚੀ ਭਗਤੀ ਦਾ ਉਦਮ ਕਰਨ ਦੁਆਰਾ ਪੂਰਾ ਹੋ ਸਕਦਾ ਹੈ ਕਿਉਂਕਿ ਪ੍ਰਮਾਤਮਾ ਨੂੰ ਕੇਵਲ ਉਸਦੀ ਸੱਚੀ ਭਗਤੀ ਦੁਆਰਾ ਪ੍ਰਸੰਨ ਕੀਤਾ ਜਾ ਸਕਦਾ ਹੈ ਜਿਸ ਦੁਆਰਾ ਮਨੁੱਖ ਦਾ ਕਾਰਜ ਪੂਰਾ ਹੋ ਸਕਦਾ ਹੈ। ਭਗਤੀ ਉਹ ਹੈ ਜਿਸ ਦੁਆਰਾ ਵਾਹਿਗੁਰੂ ਪ੍ਰਸੰਨ ਹੋਏ ਤੇ ਵਾਹਿਗੁਰੂ ਕਿਵੇਂ ਪ੍ਰਸੰਨ ਹੁੰਦਾ ਹੈ, ਉਹੀ ਇੱਥੇ ਸਮਝਾਇਆ ਹੋਇਆ ਹੈ। ਆਉ ਇਸ ਗੱਲ ਨੂੰ ਜਾਣੀਏ ਤੇ ਵਾਹਿਗੁਰੂ ਨੂੰ ਉਸ ਤਰ੍ਹਾਂ ਜਪੀਏ ਜਿਸ ਨਾਲ ਉਸ ਨੂੰ ਖੁਸ਼ੀ ਮਿਲਦੀ ਹੈ। ਖੁਸ਼ੀ ਅਸੀਂ ਆਪਣੀ ਨਹੀਂ ਵੇਖਣੀ, ਵਾਹਿਗੁਰੂ ਦੀ ਵੇਖਣੀ ਹੈ, “ਅਨੰਦ” ਅਸੀਂ ਆਪਣਾ ਨਹੀਂ ਵੇਖਣਾ ਪਰ ਇਹ ਦੇਖਣਾ ਹੈ ਕਿ ਗੁਰੂ ਨੂੰ ਕਿਸ ਗੱਲ ਵਿੱਚ ਅਨੰਦ ਆਉਂਦਾ ਹੈ।

ਜਿਸ ਮਨੁੱਖ ਨੇ ਇਹ ਜਾਣ ਲਿਆ ਹੈ ਭਾਵ ਜਿਸ ਮਨੁੱਖ ਨੂੰ ਗੁਰੂ ਦੀ ਮਤਿ ਸਮਝ ਆ ਗਈ ਹੈ ਕਿ ਭਗਤੀ ਕਿਵੇਂ ਹੁੰਦੀ ਹੈ ਉਹ ਫਿਰ ਮਾਇਆ ਦੇ ਪਸਾਰੇ ਵਿੱਚ ਨਹੀਂ ਪੈਂਦਾ ਭਾਵ ਉਸਨੂੰ ਇਹ ਸਮਝ ਆ ਗਈ

5/369

ਹੈ ਕਿ ਮਾਇਆ ਨੇ ਪ੍ਰਮਾਤਮਾ ਨੂੰ ਜਾਨਣ ਲਈ ਸਾਥ ਨਹੀਂ ਦੇਣਾ ਤੇ ਮਾਇਆ ਇੱਕਠੀ ਕਰਨੀ ਮੇਰੇ ਲਈ ਬੇਕਾਰ ਹੈ, ਇਹ ਮੇਰੇ ਕੰਮ ਨਹੀਂ ਆਉਣੀ। ਉਹ ਫਿਰ ਮਾਇਆ ਕਮਾਉਣ ਲਈ ਮਾੜੇ ਕੰਮ ਨਹੀਂ ਕਰਦਾ, ਨਿਰਲੇਪ ਰਹਿੰਦਾ ਹੈ ਭਾਵ ਜੋ ਮਾਇਆ ਵਿੱਚ ਗਲਤਾਨ ਹਨ ਉਹਨਾਂ ਨੂੰ ਭਗਤੀ ਕਰਨ ਦਾ, “ਚੱਲਣੁ” ਦਾ ਭਾਵ ਆਪਣੇ ਜੀਵਨ ਵਿੱਚ ਸਹੀ ਮਾਰਗ ਤੇ ਚੱਲਣ ਦਾ ਤਰੀਕਾ ਹੀ ਸਮਝ ਨਹੀਂ ਆਇਆ। ਭਗਤੀ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ।

(ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥)

ਜਿਸਨੂੰ ਜੀਵਨ ਦਾ ਸਹੀ ਚਲਣੁ ਸਮਝ ਆ ਜਾਂਦਾ ਹੈ, ਉਸਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਮੇਰਾ ਕਾਜ ਕਿਸਨੇ ਸਵਾਰਨਾ ਹੈ ਤੇ ਫਿਰ ਉਹ ਉਸੇ ਚੀਜ਼ ਨੂੰ ਇਕੱਠਾ ਕਰਦਾ ਹੈ ਜਿਸ ਨੇ ਅੱਗੇ ਜਾਣ ਲਈ, ਪ੍ਰਮਾਤਮਾ ਦੇ ਦਰ ਤੇ ਜਾਣ ਲਈ ਭਾਵ ਪ੍ਰਮਾਤਮਾ ਨੂੰ ਜਾਨਣ ਲਈ ਉਸ ਦੇ ਕੰਮ ਆਉਣਾ ਹੈ। ਉਸਦੇ ਕੰਮ ਕੀ ਆਉਣਾ ਹੈ, ਉਸਦੀ ਜਿੰਦਗੀ ਦਾ ਮਨੋਰਥ ਕੀ ਹੈ, ਇਹ ਅੱਗੇ ਜਾ ਕੇ ਤੀਸਰੇ ਸਲੋਕ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਜਿਸ ਮਨੁੱਖ ਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ, ਆਪਣੇ ਜੀਵਨ ਦੇ ਸਹੀ ਚਲਣ ਦੀ ਸੋਝੀ ਨਹੀਂ ਪੈਂਦੀ ਕਿ ਉਸਦਾ ਕਾਜ ਕਿਸਨੇ ਸਵਾਰਨਾ ਹੈ, ਉਹ ਫਿਰ ਮਾਇਆ ਦੇ ਪਸਾਰੇ ਵਿੱਚ ਹੀ ਲੱਗਾ ਰਹਿੰਦਾ ਹੈ।

(ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ॥੧॥)

ਭਾਵ ਜਿਸਨੂੰ ਗੁਰੂ ਦੀ ਮਤਿ ਸਮਝ ਨਹੀਂ ਆਉਂਦੀ ਜਾਂ ਉਸਨੂੰ ਸਮਝ ਕੇ ਵੀ ਆਪਣੀ ਮਤਿ ਨੂੰ ਨਹੀਂ ਛੱਡਦਾ, ਉਹ ਮਾਇਆ ਮੋਹ ਵਿੱਚ ਹੀ ਫਸਿਆ ਰਹਿੰਦਾ ਹੈ। ਜਿਸ ਮਾਇਆ ਵਿੱਚ ਮਨੁੱਖ ਉਲਝਿਆ ਹੋਇਆ ਹੈ ਉਹ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਕਿਸੇ ਕੰਮ ਨਹੀਂ ਆਉਣੀ ਤੇ ਉਲਟਾ ਸਾਡੇ ਪਛਤਾਵੇ ਦਾ ਕਾਰਨ ਬਣਨਾ ਹੈ ਭਾਵ ਮਾਇਆ ਦਾ ਪਸਾਰਾ ਬਣਾਉਣ ਲਈ ਔਗੁਣ ਕਰਨੇ ਪੈਂਦੇ ਹਨ ਤੇ ਇਨ੍ਹਾਂ ਔਗੁਣਾਂ ਕਰਕੇ ਹੀ ਪਛਤਾਉਣਾ ਪੈਂਦਾ ਹੈ।

{ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥}

(ਅੰਗ ੪੧੭)

ਜਦ ਤੱਕ ਅਸੀਂ ਮਾਇਆ ਦੇ ਪਸਾਰੇ ਵਿੱਚ ਉਲਝੇ ਹੋਏ ਹਾਂ ਤਦ ਤੱਕ ਅਸੀਂ ਆਪਣੇ ਅਸਲ ਕਾਰਜ ਤੋਂ ਦੂਰ ਰਹਿੰਦੇ ਹਾਂ ਭਾਵ ਉਸ ਵਸਤੂ ਤੋਂ ਦੂਰ ਰਹਿੰਦੇ ਹਾਂ ਜਿਸ ਨੇ ਸਾਡਾ ਕਾਰਜ ਸਵਾਰਨਾ ਹੈ, ਜਿਸਨੇ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਸਾਡਾ ਸਾਥ ਦੇਣਾ ਹੈ। ਪ੍ਰਮਾਤਮਾ ਦੇ ਦਰ ਤੇ ਜਾਣ ਲਈ ਸਾਡੇ ਨਾਲ ਸਾਡੇ ਗੁਣ ਜਾਣੇ ਹਨ, ਸਾਡੇ ਮਨੁੱਖਤਾ ਦੇ ਭਲੇ ਲਈ ਕੀਤੇ ਹੋਏ ਉਪਕਾਰ ਜਾਣੇ ਹਨ ਭਾਵ ਸਾਡਾ ਕਾਰਜ ਸਾਡੇ ਗੁਣਾਂ ਨੇ ਅਤੇ ਸਾਡੇ ਸੰਸਾਰ ਵਿੱਚ ਕੀਤੇ ਉਪਕਾਰਾਂ ਨੇ, ਸੱਚੇ ਸੁੱਚੇ ਕਰਮਾਂ ਨੇ ਸਾਰਨਾ ਹੈ। ਸਾਡਾ ਕਾਰਜ ਤਾਂ ਹੀ ਸੰਵਰਦਾ ਹੈ ਜੇਕਰ ਸਾਡਾ ਮੇਲ ਪ੍ਰਮਾਤਮਾ ਦੇ ਨਾਲ ਹੋ ਜਾਵੇ ਤੇ ਸਾਡਾ ਕਾਜ ਤਾਂ ਹੀ ਸਵਰੇਗਾ ਜੇਕਰ ਸਾਨੂੰ ਸਾਡੇ "ਚਲਣ" ਦੀ ਭਾਵ ਚਾਲ ਚੱਲਣ ਦੀ ਸਮਝ ਹੋਵੇ ਭਾਵ ਆਪਣੀ ਜੀਵਨ ਜਾਂਚ ਦੀ ਸਮਝ ਹੋਵੇ ਜੋ ਕਿ ਮਾਇਆ ਮੋਹ ਨੂੰ ਛੱਡ ਕੇ ਵਿਚਰਨਾ ਹੈ। ਜੋ ਮਾਇਆ ਮੋਹ ਵਿੱਚ ਰਹਿ ਕੇ ਮਾੜੇ ਕਰਮ ਕਰਦੇ ਹਨ ਉਨ੍ਹਾਂ ਨੂੰ ਚੱਲਣ ਸਾਰ ਦੀ ਸਮਝ ਨਹੀਂ ਹੈ। (**ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥**)

{ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥}

(ਅੰਗ ੧੪੫)

5/370

ਸਾਡਾ ਕਾਰਜ ਗੁਰੂ ਤਾਂ ਹੀ ਸਵਾਰਦਾ ਹੈ ਜੇ ਅਸੀਂ ਗੁਰੂ ਦੀ ਖੁਸ਼ੀ ਦੇ ਪਾਤਰ ਬਣੀਏ। ਉਸਦੀ ਖੁਸ਼ੀ ਮਨੁੱਖ ਦੇ ਗੁਣੀ ਬਣਨ ਨਾਲ ਅਤੇ ਪਰਉਪਕਾਰ ਕਰਨ ਵਿੱਚ ਹੈ।

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥}

(ਅੰਗ ੫੭੮)

{ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥}

(ਅੰਗ ੧੧੮੫)

ਵਾਹਿਗੁਰੂ ਦੀ ਇਹੋ ਜਿਹੀ ਖੁਸ਼ੀ ਲੈਣ ਲਈ ਔਗੁਣਾਂ ਵਿੱਚੋਂ ਨਿਕਲਣਾ ਹੀ ਪਵੇਗਾ, ਮਾਇਆ ਮੋਹ ਵਿੱਚੋਂ ਨਿਕਲਣਾ ਹੀ ਪਵੇਗਾ। ਅਸੀਂ ਮਾਇਆ ਮੋਹ ਵਿੱਚੋਂ ਕਿਉਂ ਨਹੀਂ ਨਿਕਲ ਸਕਦੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥

ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥੩॥"

ਪ੍ਰਮਾਤਮਾ ਨੂੰ, ਗੁਰੂ ਨੂੰ ਖੁਸ਼ੀ ਕਿਸ ਤਰੀਕੇ ਮਿਲਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਉਸਨੂੰ ਖੁਸ਼ੀ ਉਸਦੀ ਗੱਲ ਮੰਨਣ ਵਿੱਚ ਮਿਲਦੀ ਹੈ, ਉਸਦੀ ਸਿੱਖਿਆ, ਉਸਦਾ ਹੁਕਮ ਮੰਨਣ ਵਿਚ, ਉਸਦਾ ਭਾਣਾ ਮੰਨਣ ਵਿੱਚ ਮਿਲਦੀ ਹੈ ਤੇ ਸਾਡਾ ਇਸ ਸੰਸਾਰ ਵਿੱਚ ਆਉਣ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤਾਂ ਹੀ ਹੋ ਸਕਦਾ ਹੈ ਭਾਵ ਸਾਡਾ ਕਾਰਜ ਤਾਂ ਹੀ ਸੰਵਰ ਸਕਦਾ ਹੈ ਜੇਕਰ ਉਸ ਕਾਰਜ ਵਿੱਚ ਭਾਵ ਉਹ ਕਾਰਜ ਸਵਾਰਨ ਵਿਚ ਗੁਰੂ ਪ੍ਰਮਾਤਮਾ ਦੀ ਖੁਸ਼ੀ ਹੋਵੇ। ਪ੍ਰਮਾਤਮਾ ਨੂੰ, ਗੁਰੂ ਨੂੰ ਖੁਸ਼ੀ ਸਾਡੀ ਗੁਣਾਂ ਵਾਲੀ ਵਿਚਰਨ ਵਿੱਚ ਹੁੰਦੀ ਹੈ, ਮਨੁੱਖਤਾ ਤੇ ਉਪਕਾਰ ਕਰਨ ਦੁਆਰਾ ਹੁੰਦੀ ਹੈ ਜਿਵੇਂ ਕਿ ਉੱਪਰ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਇਹ ਸਾਡੀ ਚੰਗੀ ਸੰਸਾਰਿਕ ਵਿਚਰਨ ਹੈ, ਸਾਡਾ ਸੰਸਾਰ ਵਿੱਚ ਚੱਲਣ ਸਾਰ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਸਮਝਿਆ ਹੈ। ਸਾਡੀ ਸੰਸਾਰਿਕ ਵਿਚਰਨ ਕਿਉਂ ਨਹੀਂ ਚੰਗੀ ਹੁੰਦੀ ਭਾਵ ਅਸੀਂ ਗੁਣਾਂ ਵਾਲੇ, ਪਰਉਪਕਾਰੀ ਬਣਕੇ ਕਿਉਂ ਨਹੀਂ ਵਿਚਰਦੇ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ ਜਿਵੇਂ ਕਿ ਉੱਪਰ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਇਸਦਾ ਕਾਰਨ "ਬਧਾ ਚਟੀ" ਹੈ ਭਾਵ ਅਸੀਂ ਚਟੀ ਭਰ ਰਹੇ ਹਾਂ, ਜੁਰਮਾਨਾ ਭਰ ਰਹੇ ਹਾਂ ਭਾਵ ਆਪਣਾ ਨੁਕਸਾਨ ਕਰ ਰਹੇ ਹਾਂ। ਇਸ ਚਟੀ ਭਰਨ ਦਾ ਕਾਰਨ ਸਾਡਾ ਬੰਧਨ ਹੈ ਜਿਸ ਬੰਧਨ ਵਿੱਚ ਹਰ ਕੋਈ ਬੰਧਾ ਹੋਇਆ ਹੈ। ਇਹ ਬੰਧਨ ਸਾਡੇ ਅੰਦਰ ਮਾਇਆ ਦਾ ਬੰਧਨ ਹੈ ਜੋ ਕਿ ਸਾਡੇ ਮਨ ਦੇ ਅੰਦਰ ਹੀ ਹੈ। ਇਹ ਮਾਇਆ ਦਾ ਬੰਧਨ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਣ ਦਿੰਦਾ, ਭਰਮਾਂ ਵਿੱਚ ਰੱਖਦਾ ਹੈ, ਮਾਇਆ ਮੋਹ ਨਾਲ ਜੋੜ ਕੇ ਰੱਖਦਾ ਹੈ ਜਿਸ ਦੇ ਰਹਿੰਦਿਆਂ ਅਸੀਂ ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਵਿੱਚ ਖੁਸ਼ੀ ਮਹਿਸੂਸ ਕਰਦੇ ਹਾਂ ਜੋ ਸਾਨੂੰ ਭਗਤੀ ਦੇ ਸੱਚੇ ਮਾਰਗ ਨਾਲ ਨਹੀਂ ਜੁੜਨ ਦਿੰਦਾ। ਇਕ ਪਾਸੇ ਸਾਡੀ ਆਪਣੀ ਖੁਸ਼ੀ ਹੈ ਤੇ ਦੂਜੇ ਪਾਸੇ ਗੁਰੂ ਦੀ ਖੁਸ਼ੀ ਹੈ ਜੋ ਖੁਸ਼ੀ ਉਸਨੂੰ ਸਾਡਾ ਮਾਇਆ ਮੋਹ ਦੂਰ ਹੋਣ ਵਿੱਚ ਹੁੰਦੀ ਹੈ ਤਾਂ ਜੋ ਅਸੀਂ ਉਹੋ ਜਿਹੇ ਕਰਮ ਕਰੀਏ ਜੋ ਕਰਮ ਗੁਣਾਂ ਵਾਲੇ ਹੋਣ, ਪਰਉਪਕਾਰੀ ਹੋਣ ਭਾਵ ਅਸੀਂ ਸੰਸਾਰ ਵਿੱਚ ਭਲੇ ਪੁਰਖ ਬਣ ਕੇ ਵਿਚਰੀਏ, ਚੰਗੇ ਕਾਰ ਵਿਹਾਰ ਕਰੀਏ ਜਿਸ ਦੁਆਰਾ ਕਿਸੇ ਦਾ ਮਾੜਾ ਨਾ ਕਰੀਏ ਭਾਵ ਭਗਤੀ ਦੇ ਅਸਲ ਮਾਰਗ ਤੇ ਚੱਲੀਏ ਜਿਸ ਦੁਆਰਾ ਸਾਡਾ ਕਾਰਜ ਰਾਸ ਹੋ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। ਸਾਡੇ ਇਸ ਕਾਰਜ ਦੇ ਰਾਸ ਹੋਣ ਵਿੱਚ ਮਾਇਆ ਦਾ ਬੰਧਨ ਦੂਰ ਹੋਣਾ ਜਰੂਰੀ ਹੈ ਜੋ ਬੰਧਨ ਸਾਡੇ ਅੰਦਰ ਹੀ ਹੈ, ਵਿਚਾਰਾਂ ਦੇ ਵਿੱਚ ਹੀ ਹੈ ਭਾਵ ਸਾਡੀ ਸਮਝ ਦੇ ਵਿੱਚ ਹੀ ਹੈ ਜਿਸ ਸਮਝ ਦੇ ਬਦਲਣ ਬਿਨ੍ਹਾਂ, ਛੱਡਣ ਬਿਨ੍ਹਾਂ ਭਾਵ ਗੁਰੂ ਦੀ ਮਤਿ ਨੂੰ ਮੰਨੇ ਬਿਨ੍ਹਾਂ ਅਸੀਂ ਮਾਇਆ ਦੇ ਬੰਧਨ ਵਿੱਚੋਂ ਨਹੀਂ ਨਿਕਲ ਸਕਦੇ ਜਿਸ ਕਰਕੇ ਅਸੀਂ ਗੁਰੂ ਪ੍ਰਮਾਤਮਾ ਦੀ ਖੁਸ਼ੀ ਨਾ ਲੈਣ ਦੀ ਚਟੀ ਭਰ ਰਹੇ ਹਾਂ, ਜੁਰਮਾਨਾ ਭਰ ਰਹੇ ਹਾਂ ਜੋ ਜੁਰਮਾਨਾ ਸਾਨੂੰ ਮਾੜੇ ਕਰਮਾਂ ਦਾ ਦੇਣਾ ਪੈਂਦਾ ਹੈ, ਗੁਰਮਤਿ ਦੇ ਉਲਟ ਚੱਲਣ ਦਾ ਦੇਣਾ ਪੈਂਦਾ ਹੈ, ਸਜਾਵਾਂ ਦੇ ਰੂਪ ਵਿੱਚ ਦੇਣਾ ਪੈਂਦਾ ਹੈ, ਜੋ ਸਜਾਵਾਂ ਸਾਡਾ ਮਨ ਸਹਿੰਦਾ ਹੈ, ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਕਰਕੇ ਸਹਿੰਦਾ ਹੈ, ਮਨ ਦੀਆਂ "ਟੈਂਨਸ਼ਨਾਂ" ਦੇ ਰੂਪ ਵਿੱਚ ਸਹਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦੀ ਇਸ ਚਟੀ ਤੋਂ ਬਚਣ ਲਈ ਸਾਨੂੰ ਮਾਇਆ ਮੋਹ ਵਾਲੀ ਸਮਝ ਭਾਵ ਆਪਣੀ ਅਗਿਆਨਤਾ ਵਾਲੀ ਨਾ-ਸਮਝਿ ਮਤਿ ਨੂੰ ਛੱਡਣਾ ਹੀ ਪੈਂਦਾ ਹੈ ਤਾਂ ਜੋ ਅਸੀਂ ਗੁਰੂ ਦੀ ਮਤਿ ਨੂੰ ਮੰਨੀਏ ਤੇ ਉਹੋ ਜਿਹੇ ਕਰਮ ਕਰੀਏ ਜੋ ਗੁਣਾਂ ਵਾਲੇ ਹਨ, ਸਾਨੂੰ ਪਰਉਪਕਾਰੀ ਬਣਾਉਂਦੇ ਹਨ ਤੇ ਸਾਡੇ ਇਹੋ ਜਿਹੇ ਕਰਮਾਂ ਨਾਲ ਹੀ ਪ੍ਰਮਾਤਮਾ ਨੂੰ ਖੁਸ਼ੀ ਮਿਲਦੀ ਹੈ ਜਿਸ ਖੁਸ਼ੀ ਦੇ ਬਦਲੇ ਉਹ ਸਾਡਾ ਕਾਰਜ ਸਾਰਦਾ ਹੈ, ਸਾਡਾ ਕਾਰਜ ਰਾਸ ਕਰਦਾ ਹੈ ਭਾਵ ਆਪਣੇ ਨਾਲ ਮਿਲਾਉਂਦਾ ਹੈ ਤੇ ਸਾਡੇ ਇਸ ਜੀਵਨ ਨੂੰ ਸਫਲ ਕਰਦਾ ਹੈ। (**ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥**) ਜੇਕਰ ਅਸੀਂ ਇਹ ਸੋਚੀਏ ਕਿ ਮਾਇਆ ਮੋਹ ਵਿੱਚ ਵੀ ਲੱਗੇ ਰਹੀਏ ਅਤੇ ਨਾਲ ਨਾਲ ਦੇਖਾ ਦੇਖੀ, ਰਵਾਇਤ ਅਨੁਸਾਰ, ਮਨਹਠਿ ਕਰਦੇ ਹੋਏ ਪ੍ਰਮਾਤਮਾ ਨੂੰ ਵੀ ਜਪੀ ਜਾਈਏ, ਫਿਰ ਉਸਦਾ ਕੋਈ ਲਾਭ ਨਹੀਂ ਹੈ ਭਾਵ ਵਿਅਰਥ ਹੈ, ਇਸ ਵਿੱਚ ਵਾਹਿਗੁਰੂ ਦੀ ਖੁਸ਼ੀ ਨਹੀਂ ਹੈ। ਖੁਸ਼ੀ ਇਸ ਲਈ ਨਹੀਂ ਹੈ ਕਿਉਂਕਿ ਇਹੋ ਜਿਹਾ ਜਪ ਤਪ ਕਰਨ ਦੁਆਰਾ ਨਾ ਸਾਨੂੰ ਕੋਈ ਗੁਣ ਮਿਲਣੇ ਹਨ ਅਤੇ ਨਾ ਹੀ ਇਸ ਤਰੀਕੇ ਕੋਈ ਪਰਉਪਕਾਰ ਹੁੰਦਾ ਹੈ। ਪਰਉਪਕਾਰੀ ਬਣਨ ਲਈ ਔਗੁਣਾਂ ਦਾ ਤਿਆਗੀ ਬਣਨਾ ਪੈਂਦਾ ਹੈ, ਗੁਣਾਂ ਦਾ ਧਾਰਨੀ ਬਣਨਾ ਪੈਂਦਾ ਹੈ, ਮਨਮਤਿ ਛੱਡ ਕੇ ਗੁਰੂ ਦੀ ਮਤਿ ਲੈਂਣੀ ਪੈਂਦੀ ਹੈ ਤੇ ਇਸ ਤਰੀਕੇ ਨਾਲ ਗੁਰੂ ਸਾਡੇ ਤੇ ਖੁਸ਼ ਹੁੰਦਾ ਹੈ।

ਆਓ ਹੁਣ ਮੁੱਖ ਸ਼ਬਦ ਦੇ ਆਖਰੀ ਸਲੋਕ ਨੂੰ ਵਿਚਾਰੀਏ। ਸਾਡੀ ਸਾਰੀ ਭਗਤੀ ਦਾ ਮਕਸਦ ਇਹ ਹੁੰਦਾ ਹੈ ਜਿਸ ਨਾਲ ਅਸੀਂ ਗੁਰੂ ਦੀ ਤਰਫਦਾਰੀ ਹਾਸਿਲ ਕਰੀਏ, ਗੁਰੂ ਦਾ ਪਿਆਰ ਜਿੱਤੀਏ। ਅਸੀਂ ਔਗੁਣਾਂ ਵਿੱਚ ਰਹਿੰਦੇ ਹੋਏ ਜਿਹੋ ਜਿਹਾ ਜਪ

ਤਪ ਕਰਦੇ ਹਾਂ ਭਾਵ ਜਿਹੋ ਜਿਹੇ ਜਪ ਤਪ ਨਾਲ ਸਾਨੂੰ ਕੋਈ ਗੁਣ ਹਾਸਿਲ ਨਹੀਂ ਹੁੰਦੇ, ਕੋਈ ਪਰਉਪਕਾਰੀ ਬਣਨ ਦੀ ਮਤਿ ਨਹੀਂ ਮਿਲਦੀ। ਇਹੋ ਜਿਹੇ ਜਪ ਤਪ ਨੂੰ ਸਾਡੀ ਮਨਮਤਿ ਦੱਸਿਆ ਹੈ ਭਾਵ ਜਿਸ ਵਿੱਚ ਗੁਰੂ ਦੀ ਮਤਿ ਨਹੀਂ ਹੈ। ਇਹੋ ਜਿਹਾ ਜਪ ਤਪ ਜਿਤਨਾ ਮਰਜੀ ਘਾਲ ਲਈਏ, ਇਸ ਨਾਲ ਗੁਰੂ ਦੀ ਤਰਫਦਾਰੀ, ਗੁਰੂ ਦਾ ਪਿਆਰ ਨਹੀਂ ਜਿੱਤਿਆ ਜਾ ਸਕਦਾ।

(ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ॥)

5/372

ਪ੍ਰਮਾਤਮਾ ਦੀ ਤਰਫਦਾਰੀ ਕਿਵੇਂ ਹੋਣੀ ਹੈ, ਉਸਦੇ ਨਾਲ ਸੱਚਾ ਪਿਆਰ ਕਿਵੇਂ ਪੈਣਾ ਹੈ, ਇਹ ਨਾਲ ਹੀ ਸਮਝਾਇਆ ਹੋਇਆ ਹੈ।

“ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ॥੪॥”

ਸਾਰੀ ਗੱਲ ਸ਼ਬਦ ਨੂੰ ਵਿਚਾਰਨ ਦੀ ਹੈ ਜਿਸਨੂੰ ਸ਼ਾਇਦ ਹੁਣ ਸਮਝਾਉਣ ਦੀ ਲੋੜ ਨਹੀਂ ਹੈ। ਵਾਰ-ਵਾਰ ਸਮਝਿਆ ਹੈ। ਸ਼ਬਦ ਦੀ ਵਿਚਾਰ ਸ਼ਬਦ ਦੀ ਮਤਿ ਮੰਨਣ ਦੁਆਰਾ ਹੀ ਹੋਣੀ ਹੈ, ਗੁਣਾਂ ਨੂੰ ਧਾਰਨ ਕਰਨ ਨਾਲ ਹੀ ਹੋਣੀ ਹੈ, ਔਗੁਣ ਤਿਆਗ ਕੇ ਹੀ ਹੋਣੀ ਹੈ, ਸੱਚ ਨੂੰ ਹਿਰਦੇ ਵਿੱਚ ਧਾਰ ਕੇ ਹੀ ਹੋਣੀ ਹੈ ਭਾਵ ਆਪਣੀ ਮਤਿ ਛੱਡਣ ਨਾਲ ਹੀ ਹੋਣੀ ਹੈ **(ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ॥੪॥)** ਭਾਵ ਗੁਰੂ ਨੂੰ ਅਸੀਂ ਆਪਣਾ ਸੱਚਾ ਪਿਆਰ ਦੇ ਕੇ ਉਸਦੀ ਤਰਫਦਾਰੀ ਜਿੱਤ ਸਕਦੇ ਹਾਂ। ਉਸਨੂੰ ਸੱਚਾ ਪਿਆਰ ਦੇਣਾ ਉਸਦੇ ਸ਼ਬਦ ਨੂੰ ਵਿਚਾਰਨਾ ਹੈ, ਉਸਦੀ ਮਤਿ ਨੂੰ ਆਪਣੇ ਅੰਦਰ ਧਾਰਨਾ ਹੈ, ਉਸ ਤੇ ਅਮਲ ਕਰਨਾ ਹੈ ਜੋ ਕਿ ਔਗੁਣਾਂ ਨੂੰ ਤਿਆਗ ਕੇ ਹੀ ਹੁੰਦਾ ਹੈ।

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥}

(ਅੰਗ ੫੭੮)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥}

(ਅੰਗ ੨੩੬)

{ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥}

(ਅੰਗ ੧੧੮੫)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥}

(ਅੰਗ ੩੭੭)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥
ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥}

(ਅੰਗ ੭੪੦)

{ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥}

(ਅੰਗ ੧੧੨੩)

{ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰੁ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥}

(ਅੰਗ ੧੨੧੦)

ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ ਕਿ ਗੁਰੂ ਦੇ ਨਾਲ ਪ੍ਰੀਤ ਪਾਣੀ ਕੀ

ਹੈ। ਆਓ ਹੁਣ ਅਗਲੇ ਸ਼ਬਦ ਰਾਹੀਂ ਫਿਰ ਇਹ ਦ੍ਰਿੜ ਕਰੀਏ ਕਿ ਵਾਹਿਗੁਰੂ ਨਾਲ ਪ੍ਰੀਤ ਕਰਨੀ ਕੀ ਹੈ, ਵਾਹਿਗੁਰੂ ਦੀ ਸੇਵਾ ਕੀ ਹੈ। ਆਪਣੇ ਵੱਲੋਂ ਵਾਹਿਗੁਰੂ ਨਾਲ ਪ੍ਰੀਤ ਤਾਂ ਸਾਨੂੰ ਬਹੁਤ ਹੈ ਜਿਸ ਵਿੱਚ ਸਾਨੂੰ ਕੋਈ ਸ਼ੱਕ ਨਹੀਂ ਪਰ ਵਾਹਿਗੁਰੂ ਕੋਲੋਂ ਪੁੱਛ ਕੇ ਦੇਖੀਏ ਕਿ ਉਸਨੂੰ ਕਿਹੋ ਜਿਹੀ ਪ੍ਰੀਤ ਪਸੰਦ ਹੈ, ਕਿਹੋ ਜਿਹੀ ਸੇਵਾ ਘਾਲਣਾ ਪਸੰਦ ਹੈ, ਤਾਂ ਜੋ ਅਸੀਂ ਉਹੀ ਕੁੱਝ ਕਰੀਏ ਜੋ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ। ਸਾਰੀ ਬਾਣੀ ਵਾਹਿਗੁਰੂ ਦੀ ਆਪਣੀ ਰਚੀ ਹੋਈ ਹੈ। ਉਸ ਤੋਂ ਵੱਧ ਹੋਰ ਕੌਣ ਜਾਣ ਸਕਦਾ ਹੈ ਕਿ ਉਸਨੂੰ ਮਨੁੱਖ ਦੀ ਕਿਹੋ ਜਿਹੀ ਸੇਵਾ ਚੰਗੀ ਲੱਗਦੀ ਹੈ, ਕਿਹੋ ਜਿਹੀ ਪ੍ਰੀਤ ਚੰਗੀ ਲੱਗਦੀ ਹੈ।

“ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ॥
ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ॥
ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ
ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ॥
ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ
ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ॥
ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ
ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ॥
ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ
ਓਹੁ ਆਪਿ ਵਰਤੈ ਆਪਣੀ ਵਥੁ ਨਾਲੇ॥
ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ
ਇਕਿ ਆਪੇ ਵਖਿ ਕਢੈ ਠਗਵਾਲੇ॥੧॥”

(ਅੰਗ ੩੦੪-੩੦੫)

ਪ੍ਰਮਾਤਮਾ ਦੀ ਸੇਵਾ ਨੂੰ, ਘਾਲਣਾ ਨੂੰ ਮਨੁੱਖ ਦੇ ਨਿਰਮਲ ਹੋਣ ਨਾਲ ਜੋੜਿਆ ਹੈ ਅਤੇ ਬੜਾ ਸਪੱਸ਼ਟ ਫੁਰਮਾਨ ਹੈ, ਵਾਹਿਗੁਰੂ ਦੀ ਸੇਵਾ ਘਾਲਣਾ ਉਹੀ ਮਨੁੱਖ ਘਾਲਦਾ ਹੈ ਜੋ ਮਨੁੱਖ ਨਿਰਮਲ ਹੈ ਭਾਵ ਜੋ ਨਿਰਮਲ ਨਹੀਂ ਹੈ, ਉੱਥੇ ਸੇਵਾ ਨਹੀਂ ਹੈ, ਉਹ ਮਨੁੱਖ ਗੁਰੂ ਦੀ ਸੇਵਾ ਤੋਂ ਦੂਰ ਹੈ। ਭਾਵੇਂ ਉੱਪਰ ਸ਼ਬਦ ਰਾਹੀਂ ਨਿਰਮਲ ਹੋਣਾ ਕੀ ਹੈ, ਇਹ ਸਮਝਾਇਆ ਹੋਇਆ ਹੈ ਪਰ ਆਪਣੇ ਆਪ ਨੂੰ ਹੋਰ ਦ੍ਰਿੜ ਕਰਨ ਲਈ ਆਓ ਪਹਿਲਾਂ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ।

5/373

“ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥”

(ਅੰਗ ੯੧੯)

ਅਨੰਦ ਸਾਹਿਬ ਬਾਣੀ ਵਿੱਚ ਇਸ ਤੋਂ ਪਹਿਲੇ ਸ਼ਬਦ ਦੇ ਰਾਹੀਂ ਜੋ ਮਨੁੱਖ ਮਨ ਦੇ ਮੈਲੇ ਹਨ, ਉਨ੍ਹਾਂ ਦੀ ਅਵੱਸਥਾ ਦੱਸੀ ਹੋਈ ਹੈ ਤੇ ਇਹ ਸਮਝਾਇਆ ਹੋਇਆ ਹੈ ਕਿ ਉਹ ਆਪਣਾ ਜੀਵਨ ਜੂਏ ਵਿੱਚ ਹਾਰ ਜਾਂਦੇ ਹਨ ਕਿਉਂਕਿ ਉਹ ਹਮੇਸ਼ਾ ਔਗੁਣਾਂ ਵਿੱਚ ਲੱਗੇ ਰਹਿੰਦੇ ਹਨ। ਉਪਰਲੇ ਸ਼ਬਦ ਰਾਹੀਂ ਮਨੁੱਖ ਦੀ ਉਸ ਤੋਂ ਉਲਟ ਅਵੱਸਥਾ ਦਾ ਜਿਕਰ ਹੈ ਜੋ ਆਪਣਾ ਜਨਮ ਸਫਲ ਕਰਦੇ ਹਨ। ਫਰਕ ਕੇਵਲ ਮਨ ਦੇ ਮੈਲੇ ਹੋਣ ਦਾ ਜਾਂ ਨਿਰਮਲ ਹੋਣ ਦਾ ਹੈ। ਮਨੁੱਖ ਮੈਲਾ ਜਾਂ ਨਿਰਮਲ ਭਾਵ ਅਪਵਿੱਤਰ ਜਾਂ ਪਵਿੱਤਰ ਮਨ ਦੀ ਮਾੜੀ ਜਾਂ ਚੰਗੀ ਸਮਝ ਕਰ ਕੇ ਹੀ ਹੁੰਦਾ ਹੈ। ਫਰਕ ਕੇਵਲ ਔਗੁਣਾਂ ਵਿੱਚ ਵਿਚਰਨ ਦਾ ਜਾਂ ਗੁਣਾਂ ਵਿੱਚ ਵਿਚਰਨ ਦਾ ਹੈ। ਸਾਡੀ ਸਾਰੀ ਜੀਵਨ ਖੇਡ ਸਾਡੇ ਮਨ ਦੀ ਅਵੱਸਥਾ ਤੇ ਟਿਕੀ ਹੋਈ ਹੈ। ਵਿਕਾਰੀ ਮਨ ਸਾਨੂੰ ਹਾਰ ਵਾਲੇ ਪਾਸੇ ਤੋਰ ਰਿਹਾ ਹੈ ਤੇ ਗੁਣਕਾਰੀ ਮਨ ਸਾਨੂੰ ਜੀਵਨ ਦੀ ਬਾਜੀ ਨੂੰ ਜਿੱਤਣ ਵੱਲ ਤੋਰ ਰਿਹਾ ਹੈ। ਜੇਕਰ ਸਾਡੇ ਗੁਣ ਔਗੁਣ ਹੀ ਸਭ ਕੁੱਝ ਹਨ ਭਾਵ ਜੇਕਰ ਸਾਡੇ ਜੀਵਨ ਦੀ ਬਾਜੀ ਦਾ ਜਿੱਤ ਹਾਰ ਦਾ ਫੈਸਲਾ ਗੁਣਾਂ ਔਗੁਣਾਂ ਦੇ ਹੱਥ ਵਿੱਚ ਹੈ ਤਾਂ ਫਿਰ ਹੋਰ ਕਿਸੇ ਜਪ ਤਪ ਦੀ ਲੋੜ ਕਿੱਥੇ ਰਹਿ ਜਾਂਦੀ ਹੈ, ਮਕਸਦ ਕੀ ਰਹਿ ਜਾਂਦਾ ਹੈ। ਮਕਸਦ ਤਾਂ ਜੀਵਨ ਦੀ ਬਾਜੀ ਜਿੱਤਣ ਦਾ ਹੈ ਜੋ ਕਿ ਬਹੁਤ ਸਪੱਸ਼ਟ ਹੈ। ਮਕਸਦ ਤਾਂ ਵਾਹਿਗੁਰੂ ਨੂੰ ਪਾਉਣ ਦਾ ਹੈ ਜੋ ਕਿ ਬਿਲਕੁਲ ਸਪੱਸ਼ਟ ਹੈ। ਕੇਵਲ ਗੁਣਾਂ ਨੂੰ ਧਾਰਨ ਕਰਨ

ਦੀ ਗੱਲ ਹੈ ਤੇ ਵਾਹਿਗੁਰੂ ਆਪ ਹੀ ਆ ਕੇ ਮਿਲਦਾ ਹੈ, ਦਰਸ਼ਨ ਦਿੰਦਾ ਹੈ, ਮਨ ਵਿੱਚ ਆਪ ਹੀ ਪ੍ਰਗਟ ਹੋ ਕੇ ਦਰਸ਼ਨ ਦਿੰਦਾ ਹੈ। ਇਹ ਉਸਦਾ ਆਪਣਾ ਹੀ ਫੁਰਮਾਨ ਹੈ, ਉਸਦਾ ਆਪਣਾ ਹੀ ਦੱਸਿਆ ਹੋਇਆ ਤਰੀਕਾ ਹੈ। ਉਹ ਆਪਣੇ ਬਚਨਾਂ ਦਾ ਬਲੀ ਹੈ, ਆਪਣੇ ਬਚਨ ਨਿਭਾਉਂਦਾ ਹੈ ਪਰ ਨਿਭਾਉਂਦਾ ਤਾਂ ਹੈ ਜੇਕਰ ਅਸੀਂ ਪਹਿਲਾਂ ਉਸਦੇ ਬਚਨ ਨਿਭਾਈਏ, ਉਸਦੇ ਬਚਨਾਂ ਤੇ ਪੂਰੇ ਉਤਰੀਏ। ਉਸਦੇ ਬਚਨ ਕੀ ਹਨ ਇਹ ਉੱਪਰ ਸਮਝਾਏ ਹੋਏ ਹਨ ਕਿ ਸਾਡੀ ਸਾਰੀ ਕਰਣੀ ਗੁਰੂ ਵਾਲੀ ਹੋਵੇ, ਗੁਰੂ ਦੀ ਮਤਿ ਵਾਲੀ ਹੋਵੇ।

5/374

(ਸਤਿਗੁਰ ਤੇ ਕਰਣੀ ਕਮਾਣੀ॥) ਸਾਡੀ ਇਹੋ ਜਿਹੀ ਕਰਣੀ ਹੀ ਨਿਰਮਲ ਕਰਣੀ ਹੈ। ਨਿਰਮਲ ਕਰਣੀ ਤਾਂ ਹੀ ਹੋ ਸਕਦੀ ਹੈ ਜਦੋਂ ਮਨ ਨਿਰਮਲ ਹੋਵੇ। ਮਨ ਨਿਰਮਲ ਕਿਵੇਂ ਹੋਣਾ ਹੈ ਇਹ ਨਾਲ ਹੀ ਸਮਝਾਇਆ ਹੋਇਆ ਹੈ। ਉਹ ਤਾਂ ਹੀ ਹੋ ਸਕਦਾ ਹੈ ਜਦੋਂ ਸਾਨੂੰ ਕੂੜ ਦੀ ਛੋਹ ਵੀ ਨਾ ਲੱਗੇ ਭਾਵ ਮਨ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋਵੇ, ਮਨੁੱਖ ਦੀ ਮਨਸਾ, ਉਸਦੀਆਂ ਇੱਛਾਵਾਂ ਕਾਬੂ ਵਿੱਚ ਆ ਜਾਣ ਭਾਵ ਮਨੁੱਖ ਦਾ ਮਨ ਗੁਰੂ ਦੇ ਸੱਚ ਵਿੱਚ ਭਾਵ ਗੁਰੂ ਦੀ ਸੱਚੀ ਮਤਿ ਵਿੱਚ ਸਮਾਅ ਜਾਵੇ (**ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥**)। ਮਨੁੱਖ ਇਸ ਤਰ੍ਹਾਂ ਨਿਰਮਲ ਹੋ ਸਕਦਾ ਹੈ ਤੇ ਉਸ ਨਿਰਮਲ ਵਾਹਿਗੁਰੂ ਨੂੰ ਪਾ ਸਕਦਾ ਹੈ। ਨਿਰਮਲ ਵਸਤੂ ਵਿੱਚ ਨਿਰਮਲ ਵਸਤੂ ਹੀ ਸਮਾਅ ਸਕਦੀ ਹੈ। ਉਹ ਗੁਣੀ ਨਿਧਾਨ ਸਾਡੇ ਮਨ ਵਿੱਚ ਤਾਂ ਹੀ ਵੱਸ ਸਕਦਾ ਹੈ ਜਦੋਂ ਮਨ ਗੁਣਾਂ ਵਾਲਾ ਹੋਵੇਗਾ। ਪ੍ਰਮਾਤਮਾ ਦਾ ਸਾਡੇ ਅੰਦਰ ਵੱਸਣਾ ਹੀ ਜਨਮੁ ਰਤਨੁ ਖੱਟਣਾ ਹੈ ਜਿਸ ਤਰੀਕੇ ਫਿਰ ਮਨੁੱਖ ਸੱਚੀ ਵਣਜ ਕਰਦਾ ਹੈ, ਨਾਮ ਦੀ ਵਣਜ ਕਰਦਾ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਦਾ ਹੈ, ਔਗੁਣਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ ਪਰ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਣ ਲਈ ਭਾਵ ਉਸਦੀ ਮਤਿ ਨੂੰ ਪਹਿਲਾਂ ਆਪਣੇ ਅੰਦਰ ਵਸਾਉਣ ਲਈ ਉੱਦਮ ਸਾਨੂੰ ਹੀ ਕਰਨਾ ਪੈਂਦਾ ਹੈ ਜੋ ਕਿ ਆਪਣੇ ਮਨ ਨੂੰ ਨਿਰਮਲ ਬਣਾਉਣ ਦਾ ਹੈ, ਸੱਚਾ ਬਣਾਉਣ ਦਾ ਹੈ। "ਜਨਮੁ ਰਤਨੁ" ਖੱਟਣਾ ਕੀ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਅਸੀਂ ਜਿਹੋ ਜਿਹਾ ਜੀਵਨ ਜੀ ਰਹੇ ਹਾਂ ਉਹ ਝੂਠਾ ਜੀਵਨ ਹੈ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ, ਜਿਸਦਾ ਕਾਰਣ ਸਾਡੇ ਅੰਦਰ ਦੀ ਨਾ-ਸਮਝੀ ਹੈ, ਅਗਿਆਨਤਾ ਹੈ, ਮਾਇਆ ਦੀ ਜੁਗਤਿ ਹੈ, ਹਉਮੈ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਤੋਂ ਬਾਹਰ ਕੋਈ ਵੀ ਨਹੀਂ ਹੈ ਕਿਉਂਕਿ ਇਹੋ ਜਿਹੀ ਸਮਝ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ, ਸਾਰੇ ਸੰਸਾਰ ਨੂੰ ਹੀ ਰੱਖਿਆ ਹੋਇਆ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰਹਿੰਦੇ ਹਾਂ ਕਿਉਂਕਿ ਇਹ ਭਰਮ ਰੂਪ ਪੜਦਾ, ਹਉਮੈ ਦਾ ਪੜਦਾ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਮਨ ਦੀ ਸਮਝ ਰਾਹੀਂ ਪਾਇਆ ਹੋਇਆ ਹੈ। ਸਾਡਾ ਜਨਮ ਮਰਨ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਡਾ ਅਸਲ ਜਨਮ ਉਦੋਂ ਹੁੰਦਾ ਹੈ ਜਦੋਂ ਸਾਡਾ ਜਨਮ ਪ੍ਰਮਾਤਮਾ ਦੇ ਘਰ ਵਿੱਚ ਹੁੰਦਾ ਹੈ ਜੋ ਘਰ ਉਸਦਾ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦਾ ਇਹ ਘਰ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, "ਨਾਮ" ਦਾ ਘਰ ਹੈ ਜਿਸ ਘਰ ਵਿੱਚੋਂ ਪੂਰੀ ਗੁਰਬਾਣੀ ਦੀ ਰਚਨਾ ਹੋਈ ਹੈ। ਇਹ ਚੌਥੇ ਪਦ ਦੇ ਗਿਆਨ ਦਾ ਘਰ ਹੈ ਜਿਸ ਘਰ ਵਿੱਚ ਮਨੁੱਖ ਦੀ ਸਮਝ ਹੀ ਜਨਮ ਲੈਂਦੀ ਹੈ, ਹਉਮੈ ਵਿੱਚੋਂ, ਤ੍ਰੈਗੁਣਾਂ ਵਿੱਚੋਂ ਨਿਕਲ ਕੇ ਜਨਮ ਲੈਂਦੀ ਹੈ। ਮਨ ਦੇ ਵਿੱਚ ਸਾਡੀ ਇਹੋ ਜਿਹੀ ਸਮਝ ਦਾ ਪੈਦਾ ਹੋਣਾ "ਜਨਮੁ ਰਤਨੁ" ਖੱਟਣਾ ਹੈ ਜੋ ਜਨਮੁ "ਰਤਨੁ" ਦੀ ਤਰ੍ਹਾਂ ਹੈ, ਰਤਨੁ ਦੀ ਤਰ੍ਹਾਂ ਖਰਾ ਹੈ। "ਰਤਨੁ" ਅਸਲ ਵਿੱਚ ਗੁਰੂ ਦਾ ਸ਼ਬਦ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥
ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥
ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥
ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥"

(ਅੰਗ ੫੯੯)

“ਰਤਨੁ” ਗੁਰੂ ਦਾ ਸ਼ਬਦ ਹੈ, ਇਹ ਗੱਲ ਸਮਝਣ ਵਿੱਚ ਕਿਸੇ ਨੂੰ ਕੋਈ ਭਰਮ ਨਹੀਂ ਹੋ ਸਕਦਾ। ਸਾਰੀ ਗੱਲ “ਰਤਨੁ” ਦੇ ਭਾਵ ਸ਼ਬਦ ਦੇ ਮਕਸਦ ਨੂੰ ਸਮਝਣ ਦੀ ਹੈ। ਗੁਰੂ ਦਾ ਸ਼ਬਦ ਹੀ ਨਾਮ ਹੈ ਤੇ ਜੋ ਗੁਰੂ ਦੇ ਸ਼ਬਦ ਦਾ ਮਕਸਦ ਹੈ ਉਹੀ ਨਾਮ ਦਾ ਮਕਸਦ ਹੈ। ਰਤਨੁ ਅਨਮੋਲ ਵਸਤੂ ਹੈ ਜਿਸਦੀ ਕੀਮਤ ਉਸਦੇ ਗੁਣਾਂ ਨਾਲ ਪੈਂਦੀ ਹੈ, ਉਸਦੀ ਸ਼ੁੱਧਤਾ ਨਾਲ ਪੈਂਦੀ ਹੈ। ਗੁਰੂ ਦੇ ਸ਼ਬਦ ਦੀ ਕੀਮਤ ਬਹੁਤ ਉੱਚੀ ਹੈ ਜੋ ਕਿ ਉਸ ਦੇ ਅੰਦਰ ਦੇ ਗਿਆਨ ਦੀ ਸੋਝੀ ਹੈ ਜਿਸ ਉੱਚੀ ਸੋਝੀ ਤੋਂ ਸੁਧਿ ਗਿਆਨ, ਉੱਚਾ ਗਿਆਨ, ਸੱਚ ਸਮਝਾਉਣ ਵਾਲਾ ਗਿਆਨ, ਪ੍ਰਮਾਤਮਾ ਬਾਰੇ ਸਮਝਾਉਣ ਵਾਲਾ ਗਿਆਨ, ਭਗਤੀ ਦਾ ਸੱਚਾ ਮਾਰਗ ਸਮਝਾਉਣ ਵਾਲਾ ਗਿਆਨ, ਪ੍ਰਮਾਤਮਾ ਦੇ ਨਾਲ ਮੇਲ ਕਰਵਾਉਣ ਵਾਲਾ ਗਿਆਨ ਹੋਰ ਕੋਈ ਨਹੀਂ ਹੋ ਸਕਦਾ। ਪ੍ਰਮਾਤਮਾ ਖੁਦ ਆਪ ਸ਼ਬਦ ਦੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**) ਅੰਗ - ੧੨੦ ਸ਼ਬਦਾਂ ਦੇ ਅੰਦਰ ਦੀ ਜੋ ਸਮਝ ਹੈ, ਸੱਚਾ ਗਿਆਨ ਹੈ, ਪ੍ਰਮਾਤਮਾ ਉਸੇ ਰੂਪ ਵਿੱਚ ਹੀ ਆਪ ਹੈ। ਸ਼ਬਦਾਂ ਦੇ ਅੰਦਰ ਦੀ ਸਮਝ ਭਾਵ ਵਿਚਾਰ ਹੀ ਨਾਮ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਨਾਮ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ, ਆਪਣੇ ਨਾਮ ਦੇ ਰੂਪ ਵਿੱਚ, ਸੱਚੁ ਦੇ ਰੂਪ ਵਿੱਚ ਹੈ ਜਿਸ ਰੂਪ ਦੁਆਰਾ ਉਹ ਆਪ ਹੀ ਗੁਰੂ ਹੈ, ਧਰਮ ਗ੍ਰੰਥਾਂ ਦੇ ਰਚਨ ਵਾਲਾ ਹੈ।

ਸ਼ਬਦ ਦੀ ਕੀਮਤ ਉਸਦੇ ਉੱਚੇ ਗਿਆਨ ਕਰਕੇ ਹੈ ਜਿਸ ਗਿਆਨ ਦੀ ਪ੍ਰਾਪਤੀ ਦੁਆਰਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋ ਜਾਂਦਾ ਹੈ। ਸ਼ਬਦ ਦੇ ਅੰਦਰ ਦਾ ਜੋ ਸੱਚਾ ਗਿਆਨ ਹੈ ਉਹ “ਸ਼ਬਦੁ ਰਤਨੁ” ਹੈ ਭਾਵ ਇਸ ਕਰਕੇ ਸ਼ਬਦ ਨੂੰ ਰਤਨੁ ਕਹਿਆ ਗਿਆ ਹੈ ਜਿਸ ਸਬਦ ਰਤਨੁ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਕੱਢਣ ਦੇ ਨਾਲ ਹੈ ਜਿਸ ਅਗਿਆਨਤਾ ਵਿੱਚ ਰਹਿੰਦੇ ਹੋਏ ਨਾਂ ਅਸੀਂ ਆਪਣੇ ਆਪ ਨੂੰ ਸਮਝ ਸਕਦੇ ਹਾਂ, ਨਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਇਸੇ ਕਰਕੇ ਅਸੀਂ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦੇ ਹਾਂ, ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ, ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਜੋ ਗੁਰੂ ਸ਼ਬਦ ਦਾ, ਰਤਨ ਦਾ ਪਾਰਖੂ ਬਣ ਜਾਂਦਾ ਹੈ ਉਹ ਸ਼ਬਦ ਦੇ ਅੰਦਰ ਦੀ ਮਤਿ ਨੂੰ, ਗੁਰੂ ਦੀ ਮਤਿ ਨੂੰ, ਗੁਰੂ ਦੇ ਨਾਮ ਨੂੰ ਸਮਝ ਲੈਂਦਾ ਹੈ ਭਾਵ ਸ਼ਬਦ ਦਾ ਵਿਚਾਰੀ ਬਣ ਜਾਂਦਾ ਹੈ ਉਹੀ ਸ਼ਬਦ ਦੀ ਕੀਮਤ ਨੂੰ ਸਮਝ ਸਕਦਾ ਹੈ ਕਿ ਇਸ ਦੀ ਕੀਮਤ ਕਿਤਨੀ ਉੱਚੀ ਹੈ ਕਿਉਂਕਿ ਉਹ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਜਾਂਦਾ ਹੈ। ਸ਼ਬਦ ਦੀ ਵਿਚਾਰ ਕੀਤੇ ਬਿਨ੍ਹਾਂ ਭਾਵ ਸ਼ਬਦ ਦਾ ਗਿਆਨ ਲਏ ਬਿਨ੍ਹਾਂ ਹਰ ਕੋਈ ਧਰਮ ਦੇ ਸਚੇ ਮਾਰਗ ਨੂੰ ਸਮਝਣ ਵਿੱਚ ਅਗਿਆਨੀ ਹੀ ਰਹਿੰਦਾ ਹੈ, ਮਨ ਦੀ ਅਗਿਆਨਤਾ ਕਰਕੇ ਜਨਮ ਮਰਨ ਵਿੱਚ ਹੀ ਰਹਿੰਦਾ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਹੀ ਰਹਿੰਦਾ ਹੈ, ਆਪਣੇ ਜੀਵਨ ਵਿਚ ਖੁਆਰ ਹੀ ਹੁੰਦਾ ਹੈ, ਭਗਤੀ ਦੀ ਸਚੀ ਸਮਝ ਨਾ ਹੋਣ ਕਰਕੇ, ਨਾਮ ਦੀ ਸਮਝ ਨਾ ਹੋਣ ਕਰਕੇ ਖੁਆਰ ਹੀ ਹੁੰਦਾ ਹੈ। (**ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥ ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥**)

ਜਿਸਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ, ਉਸਨੂੰ ਮਨ ਦੇ ਵਿੱਚ **“ਗਿਆਨ ਰਤਨੁ”** ਦੇ ਰੂਪ ਵਿੱਚ ਹੀ ਬਖਸ਼ਦਾ ਹੈ ਤੇ ਆਪਣੇ ਇਸੇ ਰੂਪ ਵਿੱਚ ਹੀ ਪ੍ਰਮਾਤਮਾ ਕਿਸੇ ਮਨੁੱਖੀ ਮਨ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਮਨ ਦੇ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ, ਮਨ ਦੀ ਸਮਝ ਦੇ ਰੂਪ ਵਿੱਚ ਵਿਚਰਦਾ ਹੈ ਤੇ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਆਪਣਾ **“ਗਿਆਨ ਰਤਨੁ”** ਰੂਪ ਪਰਗਟ ਕਰਨ ਦੁਆਰਾ ਉਹ ਮਨੁੱਖੀ ਸਮਝ ਦੀ ਅਗਿਆਨਤਾ ਹੀ ਦੂਰ ਕਰਦਾ ਹੈ, ਹਉਮੈ ਦੀ ਮੈਲ ਹੀ ਕੱਢਦਾ ਹੈ, ਮਨਮਤਿ ਕੱਢਦਾ ਹੈ, ਮਾਇਆ ਮੋਹ ਕੱਢਦਾ ਹੈ ਤੇ ਮਨ ਦੀ ਸਮਝ ਨੂੰ ਨਿਰਮਲ ਕਰਦਾ ਹੈ, ਪਵਿੱਤਰ ਕਰਦਾ ਹੈ, ਆਪਣੀ ਭਗਤੀ ਦੀ, ਨਾਮ ਦੀ ਸੱਚੀ ਸੋਝੀ ਪਾਉਣ ਦੁਆਰਾ ਨਿਰਮਲ ਕਰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥

ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥}

(ਅੰਗ ੩੫੪)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥}

(ਅੰਗ ੯੯੨)

{ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥}

(ਅੰਗ ੧੦੬੯-੧੦੭੦)

ਨਿਰਮਲ ਹੋਣਾ ਕੀ ਹੈ ਤੇ ਅਸੀਂ ਆਪਣੇ ਆਪ ਨੂੰ ਨਿਰਮਲ ਕਿਵੇਂ ਕਰਨਾ ਹੈ ਇਸ ਗੱਲ ਨੂੰ ਉੱਪਰ ਸ਼ਬਦਾਂ ਰਾਹੀਂ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਅਪਵਿੱਤਰ ਹਰ ਕੋਈ ਮਨ ਦੀ ਮੈਲ ਕਰਕੇ ਹੈ ਜਿਸ ਦਾ ਕਾਰਨ ਮਨ ਦੀ ਨਾ-ਸਮਝੀ ਹੈ ਭਾਵ ਅਗਿਆਨਤਾ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ, ਔਗੁਣਾਂ ਨਾਲ ਜੋੜ ਕੇ ਰੱਖਦੀ ਹੈ। ਗੁਰੂ ਦੇ ਗਿਆਨ ਦਾ ਮਕਸਦ, ਸ਼ਬਦ ਰਤਨ ਦਾ ਮਕਸਦ ਸਾਨੂੰ ਇਸ ਅਪਵਿੱਤਰਤਾ ਵਿੱਚੋਂ ਕੱਢਣ ਦਾ ਹੀ ਹੈ, ਮਨ ਦੀ ਨਾ-ਸਮਝ ਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਮਨ ਦੀ ਚੰਗੀ ਸਮਝ ਰਾਹੀਂ ਅਸੀਂ ਉਸ ਤਰੀਕੇ ਵਿਚਰੀਏ ਜਿਸ ਤਰੀਕੇ ਸਾਨੂੰ ਸ਼ਬਦ ਸਮਝਾਉਂਦਾ ਹੈ, ਗੁਰੂ ਸਮਝਾਉਂਦਾ ਹੈ, ਨਾਮ ਰਤਨ ਸਮਝਾਉਂਦਾ ਹੈ। ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪ ਇਸ ਨਾਮ ਰਤਨ ਦੇ ਰੂਪ ਵਿੱਚ ਹੀ

ਹੈ ਜਿਸ ਰਾਹੀਂ ਉਹ ਆਪਣੀ ਮਤਿ ਸਾਨੂੰ ਆਪ ਹੀ ਸਮਝਾ ਰਹਿਆ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਨਾਮ ਰਤਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਮਨ ਦੇ ਵਿੱਚ ਆਪਣਾ "ਨਾਮੁ-ਰਤਨੁ" ਰੂਪ ਗਿਆਨ ਭਾਵ ਗੁਰਮਤਿ ਦਾ ਸੱਚਾ ਗਿਆਨ ਆਪ ਹੀ ਦਿੰਦਾ ਹੈ ਜਿਸ ਤਰੀਕੇ ਪ੍ਰਮਾਤਮਾ ਨੇ ਆਪ ਹੀ ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ, ਸਾਡੇ ਮਨ ਦੀ ਅਗਿਆਨਤਾ ਕੱਢਣ ਲਈ ਕੀਤੀ ਹੈ, ਸਾਡੇ ਮਨ ਨੂੰ ਨਿਰਮਲ ਕਰਨ ਲਈ ਕੀਤੀ ਹੈ, ਆਪਣਾ ਨਾਮ ਸਮਝਾਉਣ ਲਈ ਤੇ ਆਪਣਾ ਨਾਮ ਜਪਵਾਉਣ ਲਈ ਕੀਤੀ ਹੈ। ਜੋ ਗੁਰੂ ਦੇ ਨਾਮ ਨੂੰ ਭਾਵ ਸ਼ਬਦ ਦੀ ਵਿਚਾਰ ਨੂੰ ਸਮਝ ਕੇ ਜਪਦਾ ਹੈ ਭਾਵ ਮੰਨਦਾ ਹੈ, ਉਸਦੀ ਨਾ-ਸਮਝ ਭਰਮਾਂ ਵਾਲੀ ਮਤਿ ਨਿਕਲ ਜਾਂਦੀ ਹੈ ਭਾਵ ਉਸਦਾ ਹਿਰਦਾ ਨਿਰਮਲ ਹੋ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ ਤੇ ਮਨੁੱਖੀ ਸਮਝ ਆਪਣੀ ਮਾੜੀ ਸਮਝ ਵਿੱਚੋਂ ਨਿਕਲ ਕੇ ਗੁਰੂ ਦੀ ਸੱਚੀ ਸਮਝ ਵਾਲੀ ਬਣ ਜਾਂਦੀ ਹੈ। ਸਾਡੇ ਅੰਦਰ ਦੀ ਇਹ ਅਵੱਸਥਾ ਸਾਡੇ ਅੰਦਰ ਪ੍ਰਮਾਤਮਾ ਦੇ ਆਪ ਵੱਸਣ ਦੁਆਰਾ ਹੀ ਬਣਦੀ ਹੈ ਪਰ ਉਸ ਲਈ ਉੱਦਮ ਅਸੀਂ ਹੀ ਕਰਨਾ ਹੈ, ਜਨਮ ਰਤਨ ਖੱਟਣ ਦਾ ਉੱਦਮ ਅਸੀਂ ਹੀ ਕਰਨਾ ਹੈ। ਹੁਣ ਅਸੀਂ ਪਿਛਲੇ ਸ਼ਬਦ ਦੀਆਂ ਪੰਗਤੀਆਂ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ। (**ਜੀਅਹੁ ਨਿਰਮਲ ਬਾਹਰਹੁ ਨਿਰਮਲ ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥ ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥ ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥ ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥**)

ਸਾਡੇ ਮਨ ਵਿੱਚ ਔਗੁਣਾਂ ਦੇ ਰਹਿੰਦੇ ਉਹ ਨਿਰਮਲ ਵਾਹਿਗੁਰੂ ਨਹੀਂ ਵੱਸ ਸਕਦਾ। ਵਾਹਿਗੁਰੂ ਨੂੰ ਆਪਣੇ ਅੰਦਰ ਵਸਾਉਣ ਲਈ ਸਾਨੂੰ ਨਿਰਮਲ ਹੋਣਾ ਹੀ ਪਵੇਗਾ ਭਾਵ ਨਿਰਮਲ ਹੋਣ ਦਾ ਉੱਦਮ ਕਰਨਾ ਹੀ ਪਵੇਗਾ ਜੋ ਕਿ ਗੁਰੂ ਦੀ ਸੱਚੀ ਮਤਿ ਨੂੰ ਲੈ ਕੇ ਆਪਣੀ ਨਾ-ਸਮਝ ਮਤਿ ਛੱਡਣ ਦਾ ਹੈ, ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ ਭਾਵ ਨਾਮ ਜਪਣ ਦਾ ਹੈ। ਗੁਰੂ ਦੇ ਨਾਲ ਰਹਿਣਾ ਕੀ ਹੈ ਭਾਵ ਗੁਰੂ ਵਾਲੇ ਬਣ ਕੇ ਰਹਿਣਾ ਕੀ ਹੈ, ਗੁਰੂ ਨੂੰ ਹਮੇਸ਼ਾ ਆਪਣੇ ਨਾਲ ਰੱਖਣਾ ਕੀ ਹੈ, ਹਰ ਵੇਲੇ ਗੁਰੂ ਨੂੰ ਯਾਦ ਰੱਖਣਾ ਕੀ ਹੈ, ਇਹ ਵੀ ਉੱਪਰ ਸ਼ਬਦ ਵਿੱਚ ਨਾਲ ਹੀ ਸਮਝਾਇਆ ਹੋਇਆ ਹੈ। ਜਿਨ੍ਹਾਂ ਦਾ ਮਨ ਨਿਰਮਲ ਹੈ ਉਹ ਸਦਾ ਹੀ ਗੁਰੂ ਦੇ ਨਾਲ ਜੁੜੇ ਹੋਏ ਹਨ ਭਾਵ ਜਿਸ ਦੇ ਅੰਦਰ ਗੁਰੂ ਦੀ ਮਤਿ ਵੱਸੀ ਹੋਈ ਹੈ, ਜੋ ਔਗੁਣਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰ ਰਿਹਾ ਹੈ, ਸੱਚਾ ਸੁੱਚਾ ਜੀਵਨ ਜੀਅ ਰਿਹਾ ਹੈ ਉਸਨੇ ਗੁਰੂ ਨੂੰ ਭਾਵ ਗੁਰੂ ਦੀ ਸਿੱਖਿਆ ਨੂੰ ਹਰ ਵੇਲੇ ਭਾਵ ਸਦਾ ਹੀ ਆਪਣੇ ਨਾਲ ਰੱਖਿਆ ਹੋਇਆ ਹੈ। ਉਹ ਹਰ ਵੇਲੇ ਗੁਰੂ ਨੂੰ ਜਪ ਰਿਹਾ ਹੈ, ਉਸਦੀ ਮਤਿ ਨੂੰ ਜਪ ਰਿਹਾ ਹੈ, ਅੱਠੇ ਪਹਿਰ ਉਸਦੇ ਹੁਕਮ ਵਿੱਚ ਚੱਲ ਰਿਹਾ ਹੈ, ਰਜ਼ਾ ਵਿੱਚ ਚੱਲ ਰਿਹਾ ਹੈ, ਉਸਦੇ ਭਾਣੇ ਨੂੰ ਮੰਨ ਰਿਹਾ ਹੈ। (**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥**) ਜੇਕਰ ਮਨ ਸਾਫ ਨਹੀਂ ਹੈ, ਨਿਰਮਲ ਨਹੀਂ ਹੈ ਉਹ ਮਨੁੱਖ ਗੁਰੂ ਨਾਲੋਂ ਵਿਛੜਿਆ ਹੋਇਆ ਹੈ, ਅੱਠੇ ਪਹਿਰ ਵਿਛੜਿਆ ਹੋਇਆ ਹੈ ਭਾਵੇਂ ਉੱਤੋਂ ਉੱਤੋਂ ਆਪਣੇ ਮੂੰਹੋਂ ਗੁਰੂ ਗੁਰੂ ਬੋਲ ਰਿਹਾ ਹੈ। ਜਪਣਾ ਵਾਹਿਗੁਰੂ ਨੂੰ ਹੀ ਹੈ। ਵਾਹਿਗੁਰੂ ਤਾਂ ਵਾਹਿਗੁਰੂ ਦੀ ਦਿੱਤੀ ਹੋਈ ਮਤਿ ਦੇ ਰੂਪ ਵਿੱਚ ਹੈ। ਵਾਹਿਗੁਰੂ ਸ਼ਬਦ ਹੈ। ਵਾਹਿਗੁਰੂ ਨੂੰ ਸ਼ਬਦ ਦੀ ਸੁਧਿ ਦੁਆਰਾ ਜਪਣਾ ਹੈ, ਉਸਦੇ ਦਿੱਤੇ ਹੋਏ

5/375

ਗਿਆਨ ਦੁਆਰਾ ਜਪਣਾ ਹੈ। ਗੁਰੂ ਨੂੰ ਜਪਣ ਦਾ ਮਕਸਦ ਆਪਣੀ ਨਾ-ਸਮਝ ਮਤਿ ਨੂੰ ਅਗਿਆਨਤਾ ਵਿੱਚੋਂ ਕੱਢ ਕੇ ਗੁਰੂ ਦੇ ਸੱਚੇ ਗਿਆਨ ਵਾਲੀ ਬਣਾਉਣਾ ਹੀ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿੱਚ ਉਸ ਤਰੀਕੇ ਵਿਚਰੀਏ ਜਿਵੇਂ ਗੁਰੂ ਸਾਨੂੰ ਸਮਝਾਉਂਦਾ ਹੈ ਭਾਵ ਨਿਰਮਲ ਕਰਮ ਕਰੀਏ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ ਕਿ ਸੱਚੇ ਮਨੁੱਖ, ਨਿਰਮਲ ਮਨੁੱਖ ਕਿਹੋ ਜਿਹੇ ਹੰਦੇ ਹਨ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

ਮਨ ਦੇ ਮਾੜੇ ਵਿਚਾਰਾਂ ਵਿੱਚੋਂ, ਔਗੁਣਾਂ ਵਿੱਚੋਂ ਨਿਕਲ ਕੇ ਪਵਿੱਤਰ ਮਨ ਨਾਲ ਪਵਿੱਤਰ ਕਰਮ ਕਰਨੇ ਹੀ ਨਿਰਮਲ ਬਣਨਾ ਹੈ, ਨਿਰਮਲ ਕਰਮ ਕਰਨ ਵਾਲੇ ਬਣਨਾ ਹੈ ਤੇ ਇਹੀ ਗੁਰੂ ਰੂਪ ਪ੍ਰਮਾਤਮਾ ਦੇ ਵਿਚਾਰਾਂ ਵਿੱਚ ਸਮਾਉਣਾ ਹੈ ਭਾਵ ਗੁਰੂ ਵਾਲੇ ਬਣਨਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਵੀ ਸਾਨੂੰ ਨਿਰਮਲ ਬਣਨਾ ਹੀ ਸਿਖਾਇਆ ਹੋਇਆ ਹੈ।

ਸਲੋਕੁ ਮਃ ੧ ॥

{ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

ਮਃ ੧ ॥

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥}

ਮਃ ੧ ॥

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥}

ਪਉੜੀ ॥

{ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥
ਸਹਿ ਮੇਲੇ ਤਾ ਨਦਰੀ ਆਈਆ ॥
ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥
ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥
ਸਹਿ ਤੁਠੈ ਨਉ ਨਿਧਿ ਪਾਈਆ ॥੧੮॥}

(ਅੰਗ ੪੭੨)

ਉੱਪਰ ਵਾਲੇ ਇਸ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ ਤੇ ਮਨ ਦੀ ਪਵਿੱਤਰਤਾ, ਅਪਵਿੱਤਰਤਾ ਬਾਰੇ ਹੋਰ ਵੀ ਵਿਸਥਾਰ ਨਾਲ ਸਮਝਾਂਗੇ। ਸਾਡੇ ਮਨ ਦੀ ਅਪਵਿੱਤਰਤਾ ਜੋ ਕਿ ਅਗਿਆਨਤਾ ਦੇ ਰੂਪ ਵਿੱਚ ਹੈ ਉਹ ਗੁਰੂ ਦੇ ਗਿਆਨ ਨੇ ਹੀ ਕੱਢਣੀ ਹੈ ਭਾਵ ਨਾਮ ਨੇ ਹੀ ਕੱਢਣੀ ਹੈ ਜਿਸ ਰੂਪ ਵਿੱਚ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੀ ਹੈ। ਸਾਡੀ ਅਗਿਆਨਤਾ ਪ੍ਰਮਾਤਮਾ ਨੇ ਹੀ ਕੱਢਣੀ ਹੈ ਤੇ ਉਹ ਤਾਂ ਹੀ ਨਿਕਲੇਗੀ ਜੇਕਰ ਅਸੀਂ ਨਾਮ ਨੂੰ ਜਪਣ ਦੀ ਭਾਵ ਪ੍ਰਮਾਤਮਾ ਨੂੰ ਜਪਣ ਦੀ ਅਸਲੀਅਤ ਨੂੰ ਸਮਝਾਂਗੇ ਭਾਵ ਗੁਰੂ ਦੇ ਸ਼ਬਦਾਂ ਦੀ ਮਤਿ ਨੂੰ ਜਪਾਂਗੇ ਜਿਸ ਵਿੱਚ ਪ੍ਰਮਾਤਮਾ ਆਪ ਹੈ।

ਇਹ ਗੱਲ ਅਸੀਂ ਪਿੱਛੇ ਵੀ ਬਰੀਕੀ ਨਾਲ ਸਮਝੀ ਹੈ ਤੇ ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਦ੍ਰਿੜ ਕਰੀਏ।

“ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ॥੫॥
ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥

ਪੜਿ ਪੜਿ ਥਾਕੇ ਸਾਂਤਿ ਨ ਆਈ॥ ਤ੍ਰਿਸਨਾ ਜਾਲੇ ਸੁਧਿ ਨ ਕਾਈ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ
ਕੂੜੁ ਬੋਲਿ ਬਿਖੁ ਖਾਵਣਿਆ॥੭॥"

(ਅੰਗ ੧੨੦)

ਪ੍ਰਮਾਤਮਾ ਵਾਹਿਗੁਰੂ ਦੇ ਨਾਲ ਸਾਡਾ ਮੇਲ ਸ਼ਬਦ ਦੁਆਰਾ ਹੀ ਹੋਣਾ ਹੈ। ਪਹਿਲਾਂ ਅਸੀਂ ਉਸ ਦੇ ਦਿੱਤੇ ਹੋਏ ਸ਼ਬਦ ਦੀ ਸੰਗਤ ਕਰਾਂਗੇ ਤਾਂ ਹੀ ਫਿਰ ਉਸਦੇ ਨਾਲ ਸਾਡੀ ਸੰਗਤ ਹੋਵੇਗੀ ਭਾਵ ਜਦੋਂ ਅਸੀਂ ਸ਼ਬਦ ਦੀ ਥਿਉਰੀ ਨੂੰ ਆਪਣੇ ਜੀਵਨ ਦਾ ਪਰੈਕਟੀਕਲ ਬਣਾਵਾਂਗੇ ਤਾਂ ਹੀ ਅਸੀਂ ਉਸ ਸ਼ਬਦ ਦਾ, ਵਾਹਿਗੁਰੂ ਦਾ ਪਰੈਕਟੀਕਲੀ ਆਪਣੇ ਮਨ ਵਿੱਚ ਦਰਸ਼ਨ ਕਰਾਂਗੇ। ਸ਼ਬਦ ਅੱਖਰਾਂ ਦਾ ਜੋੜ ਹੈ ਤਾਂ ਜੋ ਸਾਨੂੰ ਕੋਈ ਗਿਆਨ ਦੇ ਸਕੇ ਭਾਵ ਅਸੀਂ ਸ਼ਬਦ ਦੇ ਗਿਆਨ ਨੂੰ ਸਮਝ ਸਕੀਏ। ਸ਼ਬਦ ਦਾ ਮਨੋਰਥ ਗਿਆਨ ਹੈ, ਸੋਝੀ ਪਾਉਣਾ ਹੈ, ਸੁਧਿ ਪਾਉਣਾ ਹੈ। ਹੁਣ ਇੱਕ ਸ਼ਬਦ ਨੂੰ ਪੜ੍ਹੀ ਜਾਈਏ ਪਰ ਉਸ ਵਿੱਚੋਂ ਕੋਈ ਗਿਆਨ ਹਾਸਿਲ ਨਾ ਕਰੀਏ ਫਿਰ ਉਸ ਸ਼ਬਦ ਨੂੰ ਲਿਖੇ ਜਾਣ ਦਾ ਤੇ ਉਸਨੂੰ ਪੜ੍ਹਨ ਦਾ ਮਨੋਰਥ ਕੀ ਰਹਿ ਗਿਆ। ਇਸੇ ਲਈ ਸਮਝਾਇਆ ਹੈ ਕਿ ਵਾਹਿਗੁਰੂ ਅੱਖਰਾਂ ਵਿੱਚ ਨਹੀਂ ਹੈ, **"ਸ਼ਬਦ ਰੂਪ"** ਦਿਸਣ ਵਾਲੇ ਅੱਖਰਾਂ ਵਿੱਚ ਨਹੀਂ ਹੈ, ਉਨ੍ਹਾਂ ਅੱਖਰਾਂ ਦੁਆਰਾ ਦਿੱਤੇ ਹੋਏ ਗਿਆਨ ਵਿੱਚ ਹੈ, ਉਨ੍ਹਾਂ ਅੱਖਰਾਂ ਦੁਆਰਾ ਪਾਈ ਹੋਈ ਸੋਝੀ ਵਿੱਚ ਹੈ, ਸੁਧਿ ਵਿੱਚ ਹੈ, ਅੱਖਰਾਂ ਵਿੱਚ ਦਿੱਤੀ ਹੋਈ ਮਤਿ ਵਿੱਚ ਹੈ।

(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥)

(ਅੰਗ ੧੨੦)

ਸ਼ਬਦ ਦਾ ਮਕਸਦ ਸਾਨੂੰ ਸੋਝੀ ਪਾਉਣ ਦਾ ਹੈ, ਸੁਧਿ ਦੇਣ ਦਾ ਹੈ। ਪ੍ਰਮਾਤਮਾ ਸ਼ਬਦ ਦੀ ਸੋਝੀ ਵਿੱਚ ਹੈ ਤੇ ਆਪਣੀ ਇਸ ਉੱਚੀ ਸੋਝੀ ਕਰਕੇ ਹੀ ਸ਼ਬਦ ਗੁਰੂ ਹੈ, ਪ੍ਰਮਾਤਮਾ ਆਪ ਗੁਰੂ ਹੈ ਭਾਵ ਸ਼ਬਦ ਦੀ ਸੋਝੀ ਹੀ ਅਸਲ ਵਿੱਚ ਸਾਡਾ ਗੁਰੂ ਹੈ ਜੋ ਕਿ ਨਿਰਗੁਣ ਰੂਪ ਹੈ। ਸ਼ਬਦ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਉਸਦੀ ਪਾਈ ਹੋਈ ਸੋਝੀ ਸਾਡੇ ਕੰਮ ਆਵੇ, ਸਾਡੇ ਅਮਲ ਵਿੱਚ ਆਵੇ। ਜੇਕਰ ਗੱਲ ਅਮਲ ਵਿੱਚ ਨਹੀਂ ਆਈ

5/376 ਅਤੇ 376-ਅ (1-3)

ਤਾਂ ਉਸ ਸੋਝੀ ਦਾ ਅਸਲ ਮਨੋਰਥ ਪੂਰਾ ਨਹੀਂ ਹੁੰਦਾ। ਹੁਣ ਇੱਕ ਰੋਗੀ ਨੂੰ ਠੀਕ ਕਰਨ ਲਈ ਡਾਕਟਰ ਦਵਾਈ ਦੱਸ ਦਿੰਦਾ ਹੈ ਜਿਸਦੇ ਖਾਣ ਦੁਆਰਾ ਉਸਦਾ ਰੋਗ ਠੀਕ ਹੋ ਸਕਦਾ ਹੈ। ਦਵਾਈ ਦੀ ਤਾਂ ਸੋਝੀ ਪੈ ਗਈ ਪਰ ਬਿਨ੍ਹਾਂ ਦਵਾਈ ਖਾਏ ਤਾਂ ਰੋਗ ਨਹੀਂ ਜਾ ਸਕਦਾ, ਉਸ ਮਿਲੀ ਹੋਈ ਸੋਝੀ ਦਾ ਮਨੋਰਥ ਪੂਰਾ ਨਹੀਂ ਹੋ ਸਕਦਾ। ਕੇਵਲ ਦਵਾਈ ਦਵਾਈ ਬੋਲੀ ਜਾਣ ਨਾਲ ਦਵਾਈ ਸਾਡੇ ਅੰਦਰ ਨਹੀਂ ਜਾ ਸਕਦੀ। ਦਵਾਈ ਦਾ ਅਸਰ ਤਾਂ ਦਵਾਈ ਖਾਣ ਨਾਲ ਹੀ ਹੋਣਾ ਹੈ। ਬਸ ਇਹੀ ਗੱਲ ਸਾਨੂੰ ਉੱਪਰ ਸ਼ਬਦ ਵਿੱਚ ਸਮਝਾਈ ਹੋਈ ਹੈ। ਜੇਕਰ ਅਸੀਂ ਸ਼ਬਦ ਦੀ ਲਿਖਤ ਨੂੰ ਕੇਵਲ ਪੜ੍ਹੀ ਹੀ ਜਾਈਏ, ਅਸੀਂ ਪੜ੍ਹ-ਪੜ੍ਹ ਕੇ ਥੱਕ ਜਾਵਾਂਗੇ ਪਰ ਸਾਡਾ ਮਨ ਸ਼ਾਂਤ ਨਹੀਂ ਹੋ ਸਕਦਾ, ਮਨ ਵਿੱਚ ਸੰਤੋਖ ਨਹੀਂ ਆ ਸਕਦਾ, ਤ੍ਰਿਸ਼ਨਾ ਦੀ ਅਗਨ ਸਾਨੂੰ ਸਤਾਉਂਦੀ ਹੀ ਰਹੇਗੀ ਕਿਉਂਕਿ ਅਸੀਂ ਸ਼ਬਦ ਦੀ ਦਿੱਤੀ ਹੋਈ ਸੁਧਿ ਤੇ ਅਮਲ ਨਹੀਂ ਕੀਤਾ। ਅਸੀਂ ਸ਼ਬਦਾਂ ਦੀ ਲਿਖਤ ਨੂੰ ਪੜ੍ਹਦੇ ਹਾਂ ਭਾਵ ਸ਼ਬਦਾਂ ਦੀ ਕਥਨੀ ਕਰਦੇ ਹਾਂ। ਪ੍ਰਮਾਤਮਾ ਸ਼ਬਦਾਂ ਦੀ ਲਿਖਤ ਵਿੱਚ ਭਾਵ ਲਿਖਤ ਨੂੰ ਪੜ੍ਹਨ ਵਿੱਚ ਨਹੀਂ ਹੈ। ਸ਼ਬਦਾਂ ਦੇ ਅੰਦਰ ਦੀ ਜੋ ਸੁਧਿ ਹੈ, ਸਮਝ ਹੈ ਭਾਵ ਸ਼ਬਦਾਂ ਦੇ ਅੰਦਰ ਜੋ ਗਿਆਨ ਹੈ, ਬ੍ਰਹਮ ਗਿਆਨ ਹੈ, ਪ੍ਰਮਾਤਮਾ ਉਸ ਗਿਆਨ ਦੇ ਵਿੱਚ ਹੈ। ਜੋ ਸ਼ਬਦਾਂ ਦੇ ਗਿਆਨ ਦੇ ਨਾਲ ਜੁੜਦਾ ਹੈ ਉਹ ਪ੍ਰਮਾਤਮਾ ਦੇ ਨਾਲ ਜੁੜਦਾ ਹੈ ਭਾਵ ਜੋ ਸ਼ਬਦਾਂ ਦੀ ਵਿਚਾਰ ਨੂੰ ਆਪਣੇ ਅੰਦਰ ਵਸਾਉਂਦਾ ਹੈ ਇਹ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਣਾ ਹੈ। ਬਾਣੀ ਵਿੱਚ ਵਾਰ-ਵਾਰ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਣ ਦੀ ਗੱਲ ਆਉਂਦੀ ਹੈ ਜਿਸ ਤੋਂ ਭਾਵ ਸ਼ਬਦਾਂ ਦੀ ਮਤਿ ਨੂੰ ਮੰਨਣ ਨਾਲ ਹੁੰਦਾ ਹੈ। **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥)** ਅਸੀਂ ਇੱਕ ਅੱਖਰ ਰੂਪ ਸ਼ਬਦ ਨੂੰ "**ਵਾਹਿਗੁਰੂ**" ਮੰਨਿਆ ਹੈ ਭਾਵ ਵਾਹਿਗੁਰੂ ਦਾ ਸ਼ਬਦ ਰੂਪ "**ਅੱਖਰ**" ਨੂੰ ਸਮਝਿਆ ਹੈ, ਉਸ ਵਿੱਚ ਦਿੱਤੀ ਹੋਈ ਸੁਧਿ ਨੂੰ ਨਹੀਂ ਸਮਝਿਆ, ਸ਼ਬਦ ਦੁਆਰਾ ਦਿੱਤੀ ਹੋਈ ਵਾਹਿਗੁਰੂ ਦੀ ਮਤਿ ਨੂੰ ਵਾਹਿਗੁਰੂ ਦਾ ਰੂਪ ਨਹੀਂ ਸਮਝਿਆ। ਬਸ ਇੱਥੇ ਹੀ ਸਾਰਾ ਭੇਦ ਹੈ ਜੋ ਸਾਡੀ ਉਲਝਣ

ਦਾ ਕਾਰਨ ਹੈ। **(ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥)** ਜਿੱਥੋਂ ਇਹ ਭੁਲੇਖੇ ਪਏ ਹਨ, ਸ਼ੁਰੂ ਹੋਏ ਹਨ ਅਗਰ ਉਸਨੂੰ ਅਸੀਂ ਧਿਆਨ ਨਾਲ ਸਮਝ ਲਈਏ ਤਾਂ ਭੁਲੇਖਾ ਦੂਰ ਹੋ ਸਕਦਾ ਹੈ। **(ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥)** ਇਹ ਪੰਗਤੀ ਭਾਵੇਂ ਗੁਰਬਾਣੀ ਵਿੱਚੋਂ ਨਹੀਂ ਹੈ ਪਰ ਫਿਰ ਵੀ ਆਪਣਾ ਭੁਲੇਖਾ ਦੂਰ ਕਰਨ ਲਈ ਇਸ ਪੰਗਤੀ ਦੇ ਅਰਥ ਪਿੱਛੇ ਵੀ ਕੀਤੇ ਹਨ ਤੇ ਦੁਬਾਰਾ ਫਿਰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਚਰਚਾ ਕਰਦੇ ਆ ਰਹੇ ਹਾਂ ਗੁਰੂ "**ਸ਼ਬਦ**" ਹੈ, ਗੁਰੂ ਆਪ ਪ੍ਰਮਾਤਮਾ ਹੈ, "**ਵਾਹਿਗੁਰੂ**" ਹੈ। ਸ਼ਬਦ ਗੁਰੂ ਦਾ ਮੰ੍ਤ ਹੈ, ਗੁਰੂ ਦਾ ਉਪਦੇਸ਼ ਹੈ, ਗੁਰੂ ਦੀ ਮਤਿ ਹੈ। ਪੂਰੀ ਬਾਣੀ ਵਿੱਚ ਸ਼ਬਦ ਹੈ, ਵਾਹਿਗੁਰੂ ਦੀ ਮਤਿ ਹੈ, ਵਾਹਿਗੁਰੂ ਦਾ ਗਿਆਨ ਹੈ, ਵਾਹਿਗੁਰੂ ਦਾ ਮੰ੍ਤ ਹੈ, ਗੁਰਮੰ੍ਤ ਹੈ, ਗੁਰੂ ਸ਼ਬਦ ਹੈ।

(ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥)

(ਅੰਗ - ੧੨੦੯)

ਵਾਹਿਗੁਰੂ ਆਪਣੇ ਸ਼ਬਦ ਦੀ ਸੁਧਿ ਵਿੱਚ ਹੈ, ਗਿਆਨ ਦੀ ਸੁਧਿ ਵਿੱਚ ਹੈ, ਮੰ੍ਤ ਦੀ ਸੁਧਿ ਵਿੱਚ ਹੈ। ਅਸੀਂ ਸ਼ਬਦ ਦੀ ਸੁਧਿ ਨੂੰ ਧਾਰਨ ਕਰਨਾ ਹੈ, ਮੰਤ੍ਰ ਦੀ ਦਿੱਤੀ ਹੋਈ ਸੋਝੀ ਨੂੰ ਲੈਣਾ ਹੈ, ਮੰਤ੍ਰ ਦੀ ਸੋਝੀ ਨੂੰ ਜਪਣਾ ਹੈ, ਮੰਨਣਾ ਹੈ ਭਾਵ ਉਸ ਤੇ ਅਮਲ ਕਰਨਾ ਹੈ। ਬਸ ਇਹੀ ਗੱਲ ਸਮਝਣ ਦੀ ਲੋੜ ਹੈ। ਜੇਕਰ ਸ਼ਬਦ ਦੀ ਸੋਝੀ ਨੂੰ, ਮੰਤ੍ਰ ਦੀ ਦੱਸੀ ਹੋਈ ਸੋਝੀ ਨੂੰ ਜਪਾਂਗੇ ਤਾਂ ਫਿਰ ਅਸੀਂ ਨਾਮ ਜਪਾਂਗੇ ਤੇ ਜੇਕਰ ਅਸੀਂ ਇੱਕ ਅੱਖਰ ਨੂੰ ਹੀ ਬੋਲ ਬੋਲ ਕੇ ਉਸਨੂੰ ਨਾਮ ਸਮਝ ਕੇ ਜਪੀ ਜਾਵਾਂਗੇ ਨਾ ਕਿ ਉਸ ਵਿੱਚ ਪਾਈ ਹੋਈ ਸੋਝੀ ਨੂੰ, ਫਿਰ ਨਾ ਹੀ ਅੱਖਰ ਦਾ ਕੋਈ ਮਕਸਦ ਰਹਿ ਜਾਂਦਾ ਹੈ ਤੇ ਨਾ ਹੀ ਉਸ ਵਿੱਚ ਪਾਈ ਹੋਈ ਸੋਝੀ ਦਾ। ਨਾਮ ਜਪਣ ਦਾ ਮਕਸਦ ਤਾਂ ਆਪਣੇ ਮਨ ਦੀ ਅਪਵਿੱਤਰਤਾ ਨੂੰ ਦੂਰ ਕਰਨ ਦਾ ਹੈ, ਮਨ ਦੀ ਅਗਿਆਨਤਾ ਨੂੰ ਦੂਰ ਕਰਨ ਦਾ ਹੈ ਜੋ ਅਗਿਆਨਤਾ ਕੇਵਲ ਤੇ ਕੇਵਲ ਸ਼ਬਦ ਦੀ, ਨਾਮ ਦੀ ਸੁਧਿ ਨੂੰ, ਸੋਝੀ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੋ ਸਕਦੀ ਹੈ ਭਾਵ ਗੁਰੂ ਦਾ ਮੰਤ੍ਰ ਜਪਣ ਦੁਆਰਾ, ਮੰਨਣ ਦੁਆਰਾ ਹੋ ਸਕਦੀ ਹੈ। ਗੁਰੂ ਦੇ ਮੰ੍ਤ ਨੂੰ ਕਿਵੇਂ ਜਪਣਾ ਹੈ, ਗੁਰੂ ਦੇ ਸ਼ਬਦ ਨੂੰ ਕਿਵੇਂ ਜਪਣਾ ਹੈ, ਉਸਨੂੰ ਕਿਵੇਂ ਕਮਾਉਣਾ ਹੈ ਇਸ ਦੀ ਸੋਝੀ ਬਾਣੀ ਦੇ ਵਿੱਚ ਹੀ ਪਾਈ ਹੋਈ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਪੱਸ਼ਟ ਹੈ ਤੇ ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਸ ਸ਼ਬਦ ਦੀ ਵਿਆਖਿਆ ਪਿੱਛੇ ਅਸੀਂ ਜਾਣ ਚੁੱਕੇ ਹਾਂ ਪਰ ਭੁਲੇਖਾ ਕੱਢਣ ਲਈ ਇੱਕ ਵਾਰੀ ਫਿਰ ਦੁਹਰਾਇਆ ਜਾ ਰਿਹਾ ਹੈ।

(ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ॥
ਦੂਖ ਭੂਖ ਮਿਟੈ ਤੇਰੋ ਸਹਸਾ
ਸੁਖ ਪਾਵਹਿ ਤੂੰ ਸੁਖਮਨਿ ਨਾਰੀ॥੧॥ਰਹਾਉ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥੨॥
ਇਹੀ ਅਚਾਰ ਇਹੀ ਬਿਉਹਾਰਾ
ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥੩॥੨੯॥)

(ਅੰਗ ੩੭੭)

ਇਸ ਸ਼ਬਦ ਨੂੰ ਪੜ੍ਹਨ ਤੋਂ ਬਾਅਦ ਕੀ ਕੋਈ ਭੁਲੇਖਾ ਬੱਚਦਾ ਹੈ ਕਿ ਗੁਰੂ ਦਾ ਮੰਤ੍ਰ ਕੀ ਹੈ ਤੇ ਉਸਦੀ ਕਮਾਈ ਕਰਨਾ ਕੀ ਹੈ, ਉਸਨੂੰ ਜਪਣਾ ਕੀ ਹੈ। ਜੇਕਰ ਅਸੀਂ ਇਸ ਮੰਤ੍ਰ ਨੂੰ ਮੰਨ ਲੈਂਦੇ ਹਾਂ, ਉਸ ਤੇ ਅਮਲ ਕਰ ਲੈਂਦੇ ਹਾਂ ਭਾਵ ਉਸਨੂੰ ਆਪਣੇ ਮਨ ਦੇ ਵਿਚ, ਮਨ ਦੀ ਸਮਝ ਦੇ ਵਿੱਚ ਕਮਾ ਲੈਂਦੇ ਹਾਂ ਤਾਂ ਫਿਰ ਕੀ ਸਾਡੇ ਅੰਦਰ ਹਉਮੈ ਰਹਿ ਜਾਵੇਗੀ। ਸਾਡੀ ਹਉਮੈ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ ਹੈ, ਨਾ-ਸਮਝ ਮਤਿ ਹੈ ਜੋ ਗੁਰੂ ਦੇ ਗਿਆਨ ਦੁਆਰਾ ਜਾਣੀ ਹੈ, ਗੁਰੂ ਦੀ ਗੱਲ ਨੂੰ ਮੰਨ ਕੇ ਜਾਣੀ

ਹੈ, ਉਸ ਤੇ ਅਮਲ ਕਰਕੇ ਜਾਣੀ ਹੈ। ਕੇਵਲ ਬੋਲ ਬੋਲ ਕੇ ਸਾਡੀ ਹਉਮੈ ਵੱਧ ਤਾਂ ਸਕਦੀ ਹੈ, ਜਾਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੋ ਸਕਦਾ। "ਹਉਮੈ" ਤਾਂ ਹੀ ਜਾਵੇਗੀ ਜਦੋਂ ਨਾਮ ਜਪਣਾ ਆ ਜਾਵੇਗਾ। ਨਾਮ ਜਪਣਾ ਤਾਂ ਹੀ ਆਵੇਗਾ ਜਦੋਂ ਸਾਡਾ ਇਹ ਭੁਲੇਖਾ ਦੂਰ ਹੋਵੇਗਾ ਕਿ ਨਾਮ ਹੈ ਕੀ ਅਤੇ ਉਸਨੂੰ ਜਪਣਾ ਕੀ ਹੈ।

ਧੰਨ ਧੰਨ ਨੌਵੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਵਾਹਿਗੁਰੂ ਦੇ ਇਨ੍ਹਾਂ ਬੋਲਾਂ ਦੁਆਰਾ ਇਹ ਗੱਲ ਹੋਰ ਦ੍ਰਿੜ ਹੋ ਜਾਵੇਗੀ ਕਿ ਵਾਹਿਗੁਰੂ ਦੀ ਦਿੱਤੀ ਹੋਈ ਮਤਿ ਨੂੰ ਮੰਨਣਾ ਹੀ ਵਾਹਿਗੁਰੂ ਨੂੰ ਜਪਣਾ ਹੈ, ਸ਼ਬਦਾਂ ਵਿੱਚ ਦਿੱਤੇ ਹੋਏ ਗੁਰੂ ਦੇ ਉਪਦੇਸ਼ ਨੂੰ ਜਪਣਾ ਹੈ।

"ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥੫੬॥"

(ਅੰਗ ੧੪੨੯)

ਇਸ ਸ਼ਬਦ ਦੇ ਅਰਥ ਕਾਫੀ ਗਹਿਰੇ ਹਨ ਜੋ ਕਿ ਅਸੀਂ ਪਿੱਛੇ ਜਾਣ ਚੁੱਕੇ ਹਾਂ। ਇੱਥੇ ਕੇਵਲ "ਗੁਰ ਮੰਤੁ" ਸਮਝਣ ਲਈ ਸ਼ਬਦ ਦਾ ਹਵਾਲਾ ਦਿੱਤਾ ਗਿਆ ਹੈ। ਗੁਰੂ ਅਸਲ ਵਿੱਚ ਗੁਰੂ ਦਾ ਦਿੱਤਾ ਹੋਇਆ ਉਪਦੇਸ਼ ਹੈ, ਗੁਰੂ ਦੇ ਬਚਨ ਹਨ, ਗੁਰੂ ਦੀ ਸਿੱਖਿਆ ਹੈ, ਉਸਦੇ ਦੱਸੇ ਹੋਏ ਅਸੂਲ ਹਨ, ਗੁਰੂ ਦੇ ਬਣਾਏ ਹੋਏ ਨਿਯਮ ਹਨ ਜਿਨ੍ਹਾਂ ਤੇ ਅਸੀਂ ਚੱਲਣਾ ਹੈ ਭਾਵ ਉਨ੍ਹਾਂ ਨੂੰ ਜਪਣਾ ਹੈ। ਉਸ ਮੰਤਵ ਦੀ ਪੂਰਤੀ ਕਰਨੀ ਹੈ ਜਿਸ ਮੰਤਵ ਲਈ ਸ਼ਬਦ ਲਿਖਿਆ ਗਿਆ ਹੈ, ਜਿਸ ਮਨੋਰਥ ਲਈ ਸ਼ਬਦ ਲਿਖਿਆ ਗਿਆ ਹੈ। ਇਸੇ ਲਈ ਗੁਰੂ ਦੇ ਸ਼ਬਦ ਨੂੰ ਜਪਣਾ, ਨਾਮ ਨੂੰ ਜਪਣਾ ਬਹੁਤ ਔਖਾ ਕਿਹਾ ਗਿਆ ਹੈ ਕਿਉਂਕਿ ਗੁਰੂ ਦੇ ਮੰਤਵ ਤੇ ਪੂਰਾ ਉਤਰਨਾ, ਅਸੂਲ ਤੇ ਪੂਰਾ ਉਤਰਨਾ, ਗੁਰੂ ਦੀ ਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ। ਇਸੇ ਲਈ ਹੀ ਉੱਪਰ ਸ਼ਬਦ ਵਿੱਚ ਸਮਝਾਇਆ ਹੈ **(ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥੫੬॥)** ਭਾਵ ਗੁਰੂ ਦੇ "ਮੰਤੁ" ਨੂੰ ਜਪਣਾ, ਨਾਮ ਜਪਣਾ ਬਹੁਤ ਔਖਾ ਹੈ।

{ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥}

(ਅੰਗ ੧੫੧)

ਗੁਰੂ ਦੇ ਹਰ ਵਿਚਾਰ ਤੇ ਪੂਰਾ ਉਤਰਨਾ ਹੀ ਨਾਮ ਜਪਣਾ ਹੈ। ਜਦ ਤੱਕ ਸਾਡਾ ਇਹ ਭੁਲੇਖਾ ਦੂਰ ਨਹੀਂ ਹੁੰਦਾ ਕਿ ਅਸਲ ਵਿੱਚ ਅਉਖਧ ਹੈ ਕੀ, ਦਵਾਈ ਹੈ ਕੀ, ਤਦ ਤੱਕ ਸਾਡਾ ਰੋਗ ਨਹੀਂ ਜਾ ਸਕਦਾ। ਸਭ ਤੋਂ ਪਹਿਲਾਂ ਤਾਂ ਉਸ ਵੈਦ ਨੂੰ ਪਹਿਚਾਨਣ ਦੀ ਲੋੜ ਹੈ ਜੋ ਸਾਡੇ ਰੋਗ ਦੀ ਦਵਾਈ ਜਾਣਦਾ ਹੈ। ਦਵਾਈ ਵੀ ਉਹ ਹੀ ਜਾਣਦਾ ਹੈ ਜਿਸਨੇ ਸਾਨੂੰ ਰੋਗ ਲਾਇਆ ਹੋਇਆ ਹੈ। **(ਮੇਰਾ ਬੈਦੁ ਗੁਰੂ ਗੋਵਿੰਦਾ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ॥੧॥ਰਹਾਉ॥)** ਅੰਗ - 618 ਹਰਿ ਹਰਿ ਨਾਮ ਕੀ ਹੈ, ਇਹ ਸਾਨੂੰ ਗੁਰੂ ਹੀ ਸਮਝਾ ਸਕਦਾ ਹੈ ਤੇ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਕਿ ਹਰਿ ਹਰਿ ਨਾਮ ਕਿਵੇਂ ਜਪਣਾ ਹੈ ਜੋ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਇੱਧਰੋਂ ਉਧਰੋਂ ਹੋਰਾਂ ਵੈਦਾਂ ਕੋਲੋਂ ਪੁੱਛਣ ਦੀ ਬਜਾਏ ਭਾਵ ਆਪਣੀ-ਆਪਣੀ ਮਤਿ ਦੁਆਰਾ ਧਰਮ ਦੇ ਮਾਰਗ ਦੇ ਗਿਆਤਾ ਅਖਵਾਉਣ ਵਾਲਿਆਂ ਦੀ ਬਜਾਇ ਜੇਕਰ ਸਿੱਧਾ ਵਾਹਿਗੁਰੂ ਵੈਦ ਕੋਲੋਂ ਹੀ, ਗੁਰਬਾਣੀ ਰੂਪ ਵੈਦ ਕੋਲੋਂ ਹੀ ਪੁੱਛ ਲਈਏ ਤਾਂ ਉਹ ਆਪ

ਹੀ ਸਮਝਾ ਰਿਹਾ ਹੈ ਕਿ "**ਹਰਿ ਹਰਿ**" ਮੇਰੀ ਮਤਿ ਹੈ, "**ਨਾਮ**" ਮੇਰੀ ਮਤਿ ਹੈ। ਮੇਰੀ ਮਤਿ ਨੂੰ ਜਪੋ ਤੇ ਮੈਂ ਆਪੇ ਹੀ ਜਪਿਆ ਜਾਵਾਂਗਾ ਕਿਉਂਕਿ ਅਸਲ ਵਿੱਚ ਮੇਰੀ ਮਤਿ ਹੀ ਮੈਂ ਆਪ ਹਾਂ। **(ਪੋਥੀ ਪਰਮੇਸਰ ਕਾ ਥਾਨੁ॥)** ਅੰਗ - ੧੨੨੬ ਗੁਰਬਾਣੀ ਨੂੰ ਜਪਣਾ ਹੀ ਵਾਹਿਗੁਰੂ ਨੂੰ ਜਪਣਾ ਹੈ ਕਿਉਂਕਿ ਪੂਰੀ ਗੁਰਬਾਣੀ "ਹਰਿ ਹਰਿ" ਰੂਪ ਦੇ ਵਿੱਚ ਹੀ ਹੈ ਭਾਵ ਹਰਿ ਦੀ ਦਿੱਤੀ ਹੋਈ ਮਤਿ ਦੇ ਰੂਪ ਵਿੱਚ ਹੀ ਹੈ। **{ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥}** ਅੰਗ - 103 **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਗੁਰਬਾਣੀ ਦੇ ਬਚਨਾਂ ਨੂੰ ਜਪਣਾ ਹੀ ਗੁਰਬਾਣੀ ਨੂੰ ਜਪਣਾ ਹੈ ਭਾਵ ਹਰਿ ਹਰਿ ਜਪਣਾ ਹੈ, ਨਾਮ ਜਪਣਾ ਹੈ। ਗੁਰੂ ਦੇ ਬਚਨਾਂ ਨੂੰ ਜਪਣਾ ਕੀ ਹੈ, ਇਹ ਹੁਣ ਸ਼ਾਇਦ ਸਮਝਣ ਦੀ ਲੋੜ ਨਹੀਂ ਰਹੀ। ਬਚਨ ਬਚਨ ਬੋਲ ਕੇ ਤਾਂ ਬਚਨਾਂ ਨੂੰ ਨਹੀਂ ਜਪਿਆ ਜਾ ਸਕਦਾ। ਬਚਨਾਂ ਵਿੱਚ ਸਮਝਾਈ ਹੋਈ, ਉਸ ਵਿੱਚ ਪਾਈ ਹੋਈ ਸੋਝੀ ਨੂੰ ਮੰਨ ਕੇ, ਅਮਲ ਕਰਕੇ ਹੀ ਬਚਨਾਂ ਨੂੰ ਜਪਿਆ ਜਾ ਸਕਦਾ ਹੈ, ਬਚਨਾਂ ਤੇ ਪੂਰਾ ਉਤਰਿਆ ਜਾ ਸਕਦਾ ਹੈ। ਨਾਮ ਵਿੱਚ

ਭਾਵ ਗੁਰੂ ਦੀ ਮਤਿ ਵਿੱਚ ਦੱਸੀ ਹੋਈ ਅਉਖਧ ਭਾਵ ਸੱਚੀ ਸਮਝ ਨੂੰ ਮੁਖ ਵਿੱਚ ਪਾ ਕੇ ਉਸਨੂੰ ਛਕ ਕੇ ਹੀ ਅਉਖਧ ਦਾ ਅਸਰ ਹੋਵੇਗਾ, ਸਾਡਾ ਰੋਗ ਦੂਰ ਹੋਵੇਗਾ। ਅਉਖਦ ਮੂੰਹ ਤੋਂ ਥੱਲੇ ਉਤਰੇਗੀ ਤੇ ਅਸਰ ਕਰੇਗੀ, ਸ਼ਬਦ ਦੀ ਸੋਝੀ ਮਨ ਵਿੱਚ ਉਤਰੇਗੀ ਤੇ ਅਸਰ ਕਰੇਗੀ।

ਆਓ ਹੁਣ ਮੁੱਖ ਸ਼ਬਦ ਵੱਲ ਆਈਏ ਤੇ ਜਾਣੀਏ ਕਿ ਵਾਹਿਗੁਰੂ ਦੀ ਸੇਵਾ ਕਿਵੇਂ ਕਰਨੀ ਹੈ, ਉਸ ਨਾਲ ਪ੍ਰੀਤ ਕਿਵੇਂ ਕਰਨੀ ਹੈ। ਅਸੀਂ ਨਿਰਮਲ ਕਿਵੇਂ ਬਣਨਾ ਹੈ ਇਹ ਅਸੀਂ ਉੱਪਰ ਸ਼ਬਦਾਂ ਰਾਹੀਂ ਜਾਣਿਆ ਹੈ। ਆਓ ਹੁਣ ਉਸ ਮੁੱਖ ਸ਼ਬਦ ਰਾਹੀਂ ਵੀ ਜਾਣੀਏ ਕਿ ਨਿਰਮਲ ਹੋਣਾ ਕੀ ਹੈ। ਸਭ ਤੋਂ ਪਹਿਲਾਂ ਤਾਂ ਗੁਰੂ ਦੀ ਸੇਵਾ ਨੂੰ ਨਿਰਮਲੀ ਕਿਹਾ ਹੈ। ਉਹ ਸੇਵਾ ਕਿਹਾ ਹੈ, ਜੋ ਪਵਿੱਤਰ ਹੈ, ਜਿਸ ਵਿੱਚ ਕੇਵਲ ਸੱਚ ਹੈ, ਕੇਵਲ ਗੁਰੂ ਦੀ ਮਤਿ ਹੈ ਭਾਵ ਗੁਰੂ ਦੀ ਸੇਵਾ ਕੇਵਲ ਪਵਿੱਤਰ ਹਿਰਦੇ ਨਾਲ ਹੀ ਹੋ ਸਕਦੀ ਹੈ ਜੋ ਹਿਰਦਾ ਸਾਰੇ ਵਿਕਾਰਾਂ ਤੋਂ ਰਹਿਤ ਹੈ। ਜਿੱਥੇ ਸੱਚ ਨਹੀਂ ਹੈ, ਗੁਰੂ ਦੀ ਸੱਚੀ ਮਤਿ ਨਹੀਂ ਹੈ, ਉੱਥੇ ਗੁਰੂ ਦੀ ਸੇਵਾ ਨਹੀਂ ਹੈ। ਉਸਦੀ ਸੇਵਾ ਉਹੀ ਮਨੁੱਖ ਕਰ ਸਕਦਾ ਹੈ, ਉਹੀ ਮਨੁੱਖ ਸੇਵਾ ਘਾਲਣਾ ਘਾਲ ਸਕਦਾ ਹੈ ਜੋ ਮਨੁੱਖ ਪਹਿਲੇ ਆਪ ਨਿਰਮਲ ਹੈ, ਗੁਰੂ ਦੀ ਮਤਿ ਵਾਲਾ ਹੈ, ਪਵਿੱਤਰ ਹੈ ਭਾਵ ਜੋ ਔਗੁਣ ਰਹਿਤ ਹੈ, ਗੁਣਾਂ ਵਾਲਾ ਹੈ ਭਾਵ ਵਾਹਿਗੁਰੂ ਆਪ ਨਿਰਮਲ ਹੈ ਤੇ ਉਸ ਵਿੱਚ ਨਿਰਮਲ ਬਣ ਕੇ ਨਿਰਮਲ ਕਰਮ ਕਰਨ ਦੁਆਰਾ ਹੀ ਸਮਾਇਆ ਜਾ ਸਕਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ।

(ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ॥)

ਨਿਰਮਲ ਅਸੀਂ ਆਪਣੇ ਕਰਮਾਂ ਦੇ ਵਿੱਚ ਹੋਣਾ ਹੈ, ਸੱਚੀ ਸੁੱਚੀ ਕਰਣੀ ਦੇ ਵਿੱਚ ਬਣਨਾ ਹੈ। ਮਨੁੱਖ ਦੇ ਨਿਰਮਲ ਹੋਣ ਦੀ ਪਰਖ ਉਸਦੀ ਕਰਣੀ ਨੇ ਦੱਸਣੀ ਹੈ। ਸਾਡੀ ਸੱਚੀ ਸੁੱਚੀ ਕਰਣੀ ਹੀ ਸਾਡੇ ਨਿਰਮਲ ਹੋਣ ਦੀ ਪਰਖ ਹੈ। ਜਿਸ ਮਨੁੱਖ ਦੇ ਅੰਦਰ

ਕਪਟ ਹੈ, ਵਿਕਾਰ ਹਨ, ਝੂਠ ਹੈ ਉਹ ਨਿਰਮਲ ਨਹੀਂ ਹੈ। ਉਹ ਆਪਣੇ ਮਾੜੇ ਕਰਮਾਂ ਕਰਕੇ ਨਿਰਮਲ ਨਹੀਂ ਹੈ ਭਾਵ ਉਸਦੀ ਕਰਣੀ ਨਿਰਮਲ ਨਹੀਂ ਹੈ। ਕਿਸੇ ਮਨੁੱਖ ਨੂੰ ਨਿਰਮਲ ਕਰਨਾ ਵਾਹਿਗੁਰੂ ਦੀ ਉਸ ਤੇ ਬਹੁਤ ਵੱਡੀ ਕਿਰਪਾ ਹੈ ਕਿਉਂਕਿ ਵਿਕਾਰੀ ਮਨੁੱਖ ਵਾਹਿਗੁਰੂ ਨੇ ਆਪ ਹੀ ਆਪਣੇ ਨਾਲੋਂ ਵੱਖਰੇ ਕੀਤੇ ਹੋਏ ਹਨ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। **(ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ॥)** ਭਾਵ ਵਿਕਾਰੀ ਮਨੁੱਖਾਂ ਤੇ ਵਾਹਿਗੁਰੂ ਦੀ ਕਿਰਪਾ ਨਹੀਂ ਹੈ ਭਾਵ ਕਿਸ ਮਨੁੱਖ ਤੇ ਵਾਹਿਗੁਰੂ ਦੀ ਕ੍ਰਿਪਾ ਹੋਈ ਹੋਈ ਹੈ, ਇਸ ਗੱਲ ਦੀ ਪਰਖ ਉਸ ਮਨੁੱਖ ਦੇ ਕਰਮਾਂ ਦੁਆਰਾ ਹੁੰਦੀ ਹੈ। ਵਿਕਾਰੀ ਮਨੁੱਖ ਉਸ ਦੇ ਆਪਣੇ ਫਿਟਕੇ ਹੋਏ ਹਨ ਤੇ ਸੱਚੇ ਸੁੱਚੇ ਕਰਮ ਕਰਨ ਵਾਲਿਆਂ ਤੇ ਉਸਦੀ ਕ੍ਰਿਪਾ ਹੋਈ ਹੋਈ ਹੈ ਭਾਵ ਜੋ ਸੱਚੇ ਸੁੱਚੇ ਕਰਮ ਕਰ ਰਿਹਾ ਹੈ ਉਹ ਉਸ ਦਾ ਨਾਮ ਜਪ ਰਿਹਾ ਹੈ, ਉਸਦੀ ਵਡਿਆਈ ਕਰ ਰਿਹਾ ਹੈ, ਉਸਦੀ ਮਤਿ ਤੇ ਚੱਲ ਰਿਹਾ ਹੈ ਤੇ ਜੋ ਮਨੁੱਖ ਔਗੁਣ ਕਰ ਰਿਹਾ ਹੈ ਉਹ ਉਸਦੀ ਫਿਟਕਾਰ ਲੈ ਰਿਹਾ ਹੈ, ਨਾਮ ਤੋਂ ਵਾਂਝਾ ਹੈ, ਉਸਦੀ ਮਤਿ ਤੋਂ ਵਾਂਝਾ ਹੈ। ਇੱਕ ਗੁਰਮੁਖਿ ਹੈ ਜੋ ਮਨ ਦੀ ਸੱਚੀ ਸਮਝ ਦੁਆਰਾ ਚੰਗੇ ਕਰਮ ਕਰਦਾ ਹੈ ਭਾਵ ਨਾਮ ਜਪਦਾ ਹੈ। ਇੱਕ ਮਨਮੁੱਖ ਹੈ ਜੋ ਮਨ ਦੀ ਮਾੜੀ ਸਮਝ ਦੁਆਰਾ ਮਾੜੇ ਕਰਮ ਕਰਦਾ ਹੈ, ਔਗੁਣ ਕਰਦਾ ਹੈ।

{ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ॥
ਨਿਰਮਲੁ ਨਾਮੁ ਵਸੈ ਮਨਿ ਆਇ॥੨॥}

(ਅੰਗ ੫੬੦)

ਨਾਮ ਨਿਰਮਲ ਹੈ ਅਤੇ ਇਹ ਨਿਰਮਲ ਹਿਰਦੇ ਵਿੱਚ ਹੀ ਵੱਸਦਾ ਹੈ। ਵਾਹਿਗੁਰੂ ਆਪ ਹੀ ਨਾਮ ਦੇ ਰੂਪ ਵਿੱਚ ਹੈ, ਸੱਚ ਦੇ ਰੂਪ ਵਿੱਚ ਹੈ ਅਤੇ ਨਾਮ ਨਿਰਮਲ ਹਿਰਦੇ ਵਿੱਚ ਹੀ ਵੱਸਦਾ ਹੈ। ਹਿਰਦਾ ਨਿਰਮਲ ਕਰਨ ਲਈ ਪਹਿਲਾਂ ਗੁਰੂ ਦੀ ਮਤਿ ਲੈ ਕੇ, ਸ਼ਬਦ ਦੀ ਮਤਿ ਲੈ ਕੇ, ਸ਼ਬਦ ਦੀ ਸੁਧਿ ਲੈ ਕੇ ਮਨ ਦੀ ਮੈਲ ਧੋਣੀ ਪੈਂਦੀ ਹੈ, ਅਗਿਆਨਤਾ ਵਾਲੀ ਮਾੜੀ ਸਮਝ ਧੋਣੀ ਪੈਂਦੀ ਹੈ ਭਾਵ ਮਨ ਵਿੱਚ ਮੈਲ ਦੇ ਰਹਿੰਦਿਆਂ, ਔਗੁਣਾਂ ਦੇ ਰਹਿੰਦਿਆਂ ਹਿਰਦਾ ਨਿਰਮਲ ਨਹੀਂ ਹੈ ਤੇ ਇਸੇ ਲਈ ਉਸ ਵਿੱਚ ਨਾਮ ਨਹੀਂ ਵੱਸ ਸਕਦਾ। ਨਾਮ ਕੇਵਲ ਨਿਰਮਲ ਹਿਰਦੇ ਵਿੱਚ ਵੱਸਦਾ ਹੈ। ਲੋੜ ਸਿਰਫ ਹਿਰਦੇ ਨੂੰ ਨਿਰਮਲ ਕਰਨ ਦੀ ਹੈ, ਵਿਕਾਰਾਂ ਤੋਂ ਬਚਣ ਦੀ ਹੈ ਭਾਵ ਨਾਮ ਜਪਣ ਦੀ ਹੈ। ਜੇਕਰ ਨਾਮ ਜਪਣਾ ਆ ਜਾਵੇਗਾ, ਤਾਂ ਹੀ ਹਿਰਦਾ ਨਿਰਮਲ ਹੋ ਸਕੇਗਾ।

ਔਗੁਣਾਂ ਦੇ ਰਹਿੰਦਿਆਂ ਨਾਮ ਨਹੀਂ ਜਪਿਆ ਜਾ ਸਕਦਾ ਕਿਉਂਕਿ ਨਾਮ ਜਪਣਾ ਹੈ ਹੀ ਔਗੁਣਾਂ ਦਾ ਤਿਆਗ। (**ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ॥ ਨਿਰਮਲੁ ਨਾਮੁ ਵਸੈ ਮਨਿ ਆਇ॥**)

{ਐਸੋ ਤਿਆਗੀ ਵਿਰਲਾ ਕੋਇ॥

ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥}

(ਅੰਗ ੧੧੪੭)

5/379

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸੱਚੇ ਮਨੁੱਖ ਤੇ ਝੂਠੇ ਮਨੁੱਖ ਵਿੱਚ ਕਿੰਨਾ ਵੱਡਾ ਫਰਕ ਦੱਸਿਆ ਹੋਇਆ ਹੈ ਇਹ ਸਭ ਨੂੰ ਆਪ ਹੀ ਸਮਝ ਆ ਰਹੀ ਹੈ। ਜੋ ਮਨੁੱਖ ਸੱਚਾ ਹੈ ਭਾਵ ਜੋ ਗੁਰੂ ਦੇ ਦੱਸੇ ਹੋਏ ਸੱਚ ਨੂੰ ਮੰਨ ਰਿਹਾ ਹੈ, ਉਸਦੀ ਸਿੱਖਿਆ ਨੂੰ ਮੰਨ ਰਿਹਾ ਹੈ, ਉਸਨੂੰ "ਸਿੱਖ" ਕਹਿ ਕੇ ਸੰਬੋਧਨ ਕੀਤਾ ਹੈ, ਸੱਚਾ ਆਖ ਕੇ ਸੰਬੋਧਨ ਕੀਤਾ ਹੈ ਤੇ ਇਹੋ ਜਿਹੇ ਸਿੱਖ ਨੂੰ ਹੀ, ਗੁਰੂ ਦੀ ਸਿੱਖਿਆ ਮੰਨਣ ਵਾਲੇ ਨੂੰ ਹੀ, ਗੁਰੂ ਦੇ ਚੇਲੇ ਨੂੰ ਹੀ ਗੁਰੂ ਦੇ ਨਾਲ ਬੈਠਿਆ ਹੋਇਆ ਕਿਹਾ ਹੈ, ਸੇਵਾ ਘਾਲਣ ਵਾਲਾ ਕਿਹਾ ਹੈ ਭਾਵ ਗੁਰੂ ਦੇ ਪਾਸ ਉਹ ਹੀ ਬੈਠਾ ਹੈ, ਗੁਰੂ ਨਾਲ ਉਹ ਹੀ ਜੁੜਿਆ ਹੋਇਆ ਹੈ ਜੋ ਗੁਰੂ ਦੀ ਮਤਿ ਲੈ ਕੇ ਸੱਚਾ ਸੁੱਚਾ ਬਣਿਆ ਹੋਇਆ ਹੈ, ਨਿਰਮਲ ਹਿਰਦੇ ਵਾਲਾ ਬਣਿਆ ਹੋਇਆ ਹੈ, ਔਗੁਣਾਂ, ਵਿਕਾਰਾਂ ਤੋਂ ਦੂਰ ਹੋਇਆ ਹੋਇਆ ਹੈ ਭਾਵ ਜੋ ਸੱਚੇ ਸੁੱਚੇ ਕਰਮ ਕਰਦਾ ਹੈ, ਗੁਰੂ ਵਾਲੀ ਕਰਣੀ ਕਰਦਾ ਹੈ। ਜੋ ਮਨੁੱਖ ਝੂਠੀ ਬਿਰਤੀ ਵਾਲੇ ਹਨ, ਠੱਗੀਆਂ ਮਾਰਨ ਵਾਲੇ ਹਨ, ਪਰਾਇਆ ਹੱਕ ਖਾਣ ਵਾਲੇ ਹਨ, ਮੰਦੇ ਕਰਮ ਕਰਨ ਵਾਲੇ ਹਨ ਭਾਵ ਜੋ ਗੁਰੂ ਦੀ ਸਿੱਖਿਆ ਤੋਂ ਦੂਰ ਹਨ, ਗੁਰੂ ਦੀ ਮਤਿ ਅਨੁਸਾਰ ਸੱਚੇ ਸੁੱਚੇ ਕਰਮ ਨਹੀਂ ਕਰਦੇ, ਉਹ ਕਿਤੇ ਗੁਰੂ ਦੇ ਨੇੜੇ ਤੇੜੇ ਵੀ ਨਹੀਂ ਲੱਗ ਸਕਦੇ, ਗੁਰੂ ਵਾਲੇ ਨਹੀਂ ਬਣ ਸਕਦੇ। ਗੁਰੂ ਵਾਲਾ ਗੁਰੂ ਦੀ ਮਤਿ ਤੇ ਅਮਲ ਕਰਕੇ ਹੀ ਬਣਿਆ ਜਾ ਸਕਦਾ ਹੈ। "**ਸ਼ਬਦ ਗੁਰੂ**" ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ, ਸੱਚ ਰੂਪ ਹੈ ਤੇ ਉਸਦੇ ਨਾਲ ਬੈਠਿਆ ਵੀ ਨਿਰਗੁਣ ਰੂਪ ਵਿੱਚ ਹੀ ਜਾ ਸਕਦਾ ਹੈ ਭਾਵ ਮਨ ਦੀ ਸੱਚੀ ਸਮਝ ਦੁਆਰਾ ਹੀ ਉਸਦੇ ਨਾਲ ਬੈਠਿਆ ਜਾ ਸਕਦਾ ਹੈ। ਸ਼ਬਦ ਦੀ ਮਤਿ ਨੂੰ ਮਨ ਨੇ ਮੰਨਣਾ ਹੈ ਤੇ ਮਨ ਨੇ ਹੀ ਸ਼ਬਦ ਨਾਲ ਬੈਠਣਾ ਹੈ, ਜੁੜਨਾ ਹੈ। ਮਨ ਸਾਡੀ ਸੁਰਤਿ ਹੈ। ਸੁਰਤਿ ਨੇ ਸ਼ਬਦ ਦੀ ਮਤਿ ਨਾਲ ਜੁੜਨਾ ਹੈ।

(ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ
ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ॥)

(ਅੰਗ ੩੦੫)

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਾਰੀ ਮਹਿਮਾ ਗੁਰੂ ਦੀ ਮਤਿ ਦੀ ਦੱਸੀ ਹੋਈ ਹੈ ਅਤੇ ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਗੁਰੂ ਸਾਨੂੰ ਕੀ ਮਤਿ ਦੇ ਰਿਹਾ ਹੈ, ਗੁਰੂ ਦੀ ਮਤਿ ਸਾਡੇ ਲਈ ਕੀ ਹੈ। ਬਾਣੀ ਵਿੱਚ ਹੀ ਸਾਨੂੰ ਨਾਮ ਜਪਣ ਦੀ ਮਤਿ ਦਿੱਤੀ ਹੈ ਤੇ ਕੇਵਲ ਨਾਮ ਜਪਣਾ ਹੀ ਸਾਡੇ ਜੀਵਨ ਦਾ ਮਨੋਰਥ ਦੱਸਿਆ ਹੈ ਤੇ ਉੱਪਰ ਵਾਲੇ ਪੂਰੇ ਸ਼ਬਦ ਰਾਹੀਂ ਸਾਨੂੰ ਕੇਵਲ ਨਿਰਮਲ ਹੋਣ ਲਈ ਪ੍ਰੇਰਿਆ ਹੈ, ਸੱਚੇ ਸੁੱਚੇ ਬਣਨ ਲਈ ਪ੍ਰੇਰਿਆ ਹੈ, ਗੁਰੂ ਵਾਲੇ ਬਣਨ ਲਈ ਪ੍ਰੇਰਿਆ ਹੈ ਤੇ ਇਸੇ ਨੂੰ ਹੀ ਸੇਵਾ ਘਾਲਣਾ ਦੱਸਿਆ

5/380

ਹੈ। ਸਾਡਾ ਨਿਰਮਲ ਹੋਣਾ ਹੀ ਸਾਡੀ ਗੁਰੂ ਨਾਲ ਪ੍ਰੀਤ ਦੱਸਿਆ ਹੈ ਅਤੇ ਇਸ ਤਰ੍ਹਾਂ ਨਿਰਮਲ ਹੋਣ ਨਾਲ ਹੀ ਗੁਰੂ ਨਾਲ ਮੇਲ ਦੱਸਿਆ ਹੈ, ਸੁੱਖ ਦੀ ਪ੍ਰਾਪਤੀ ਦੱਸਿਆ ਹੈ। ਹੁਣ ਧਿਆਨ ਨਾਲ ਵਿਚਾਰੋ ਕਿ ਨਾਮ ਜਪਣ ਵਿੱਚ ਤੇ ਨਿਰਮਲ ਹੋਣ ਵਿੱਚ ਫਰਕ ਕੀ ਰਹਿ ਗਿਆ। ਹੇ ਮੇਰੇ ਵਾਹਿਗੁਰੂ ਦੇ ਪਿਆਰਿਓ! ਨਿਰਮਲ ਬਣਨਾ ਹੀ ਨਾਮ ਜਪਣਾ ਹੈ ਭਾਵ ਆਪਣੀ ਨਾ-ਸਮਝ ਅਪਵਿੱਤਰ ਸਮਝ ਨੂੰ ਛੱਡ ਕੇ ਗੁਰੂ ਦੀ ਸੱਚੀ ਸਮਝ ਨੂੰ ਮੰਨਣਾ ਹੀ, ਉਸ ਤੇ ਅਮਲ ਕਰਨਾ ਹੀ ਨਾਮ ਜਪਣਾ ਹੈ। ਸ਼ਬਦ ਦੀਆਂ ਆਖਰੀ ਸਾਰੀਆਂ ਪੰਗਤੀਆਂ ਵਿੱਚ ਇਹ ਸਭ ਕੁੱਝ ਹੀ ਸਪੱਸ਼ਟ ਕੀਤਾ ਹੋਇਆ ਹੈ। ਸਾਰੀ ਬਾਣੀ ਨੂੰ ਬੜੇ ਹੀ ਧਿਆਨ ਨਾਲ ਪੜ੍ਹਨ ਅਤੇ ਸਮਝਣ ਦੀ ਲੋੜ ਹੈ। ਸਭ ਕੁੱਝ ਵਿੱਚੇ ਹੀ ਸਮਝਾਇਆ ਹੋਇਆ ਹੈ। ਜਦ ਤੱਕ ਸਾਨੂੰ ਗੁਰੂ ਦਾ ਉਪਦੇਸ਼ ਮੰਨਣਾ ਚੰਗਾ ਨਹੀਂ ਲੱਗਦਾ ਤਦ ਤੱਕ ਅਸੀਂ ਗੁਰੂ ਪ੍ਰਮਾਤਮਾ ਦੇ ਫਿਟਕੇ ਹੋਏ ਹੀ ਹਾਂ। **(ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ॥ ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥)**

ਆਓ ਹੁਣ ਅਗਲੇ ਸ਼ਬਦ ਰਾਹੀਂ ਇਹ ਜਾਣੀਏ ਕਿ ਗੁਰੂ ਦੀ ਮਤਿ ਨੂੰ ਕਿਵੇਂ ਜਪਣਾ ਹੈ। ਗੁਰਮਤਿ ਸਾਨੂੰ ਕੀ ਸਿਖਾ ਰਹੀ ਹੈ। ਪਹਿਲਾਂ ਇਸ ਗੱਲ ਦੀ ਸੋਝੀ ਪੈ ਜਾਵੇਗੀ ਤੇ ਤਾਂ ਹੀ ਗੁਰੂ ਦੀ ਮਤਿ ਨੂੰ ਜਪਿਆ ਜਾ ਸਕਦਾ ਹੈ। ਅਗਰ ਧਿਆਨ ਨਾਲ ਪੜ੍ਹਾਂਗੇ,

ਸਮਝਾਂਗੇ ਤਾਂ ਸੋਝੀ ਜਰੂਰ ਪੈ ਜਾਵੇਗੀ। ਸਾਰੀ ਗੱਲ ਗੁਣਾਂ, ਔਗੁਣਾਂ ਤੇ ਆ ਕੇ ਹੀ ਨਿਬੜਦੀ ਹੈ, ਬੱਸ ਸ਼ਬਦਾਂ ਰਾਹੀਂ ਸਮਝਾਇਆ ਵੱਖਰੇ-ਵੱਖਰੇ ਤਰੀਕੇ ਨਾਲ ਹੁੰਦਾ ਹੈ। ਇਹ ਬਾਣੀ ਦੀ ਕਮਾਲ ਹੈ। ਜਿਉਂ ਜਿਉਂ ਬਾਣੀ ਵਿੱਚ ਖੁਭੋਗੇ ਤਿਉਂ-ਤਿਉਂ ਬਾਣੀ ਨੂੰ ਜਾਨਣ ਵਿੱਚ ਰਸ ਵੱਧਦਾ ਜਾਵੇਗਾ। ਬਾਣੀ ਬਹੁਤ ਗਹਿਰੀ ਹੈ। ਜਿਤਨੀ ਗਹਿਰਾਈ ਵਿੱਚ ਜਾਓਗੇ, ਹੋਰ ਚੰਗਾ ਲੱਗੇਗਾ। ਜਦ ਤੱਕ ਨਾਮ ਦਾ ਭੁਲੇਖਾ ਦੂਰ ਨਹੀਂ ਹੁੰਦਾ ਤਦ ਤੱਕ ਅਸੀਂ ਗਹਿਰਾਈ ਵਿੱਚ ਨਹੀਂ ਜਾ ਸਕਦੇ।

“ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥
ਬਿਨੁ ਗੁਣ ਕਾਮਿ ਨ ਆਵਣੀ ਢਹਿ ਢੇਰੀ ਤਨੁ ਖੇਹ॥੧॥
ਮੇਰੇ ਮਨ ਲੈ ਲਾਹਾ ਘਰਿ ਜਾਹਿ॥
ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥੧॥ਰਹਾਉ॥
ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ॥
ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ॥੨॥
ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ॥੩॥
ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥
ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥
ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥੪॥”

(ਅੰਗ ੨੦)

ਸਾਨੂੰ ਬੜੇ ਪਿਆਰ ਨਾਲ ਸੁਚੇਤ ਕੀਤਾ ਹੈ ਕਿ ਇਸ ਮਨੁੱਖਾ ਜੀਵਨ ਨੂੰ ਖਰਾਬ ਨਾ ਕਰੀਏ, ਬੇਕਾਰ ਨਾ ਜਾਣ ਦੇਈਏ ਕਿਉਂਕਿ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸਾਡਾ ਇਹੀ ਵੇਲਾ ਹੈ। ਉਸ “**ਅੰਮ੍ਰਿਤੁ**” ਨੂੰ ਭਾਵ ਉਸ ਮਰਨ ਤੋਂ ਰਹਿਤ ਪ੍ਰਮਾਤਮਾ ਨੂੰ ਮਿਲਣ ਦਾ ਇਹ ਮਨੁੱਖਾ ਜੀਵਨ ਹੀ ਵੇਲਾ ਹੈ, “**ਅੰਮ੍ਰਿਤੁ ਵੇਲਾ**” ਹੈ। ਜਿਸ ਵੇਲੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਦੋਂ ਪ੍ਰਮਾਤਮਾ ਦੇ ਨਾਲ ਮੇਲ ਦਾ ਸਮਾਂ ਆ ਜਾਂਦਾ ਹੈ ਉਹ ਸਾਡੇ ਮਨ ਦੇ ਅੰਦਰ ਹੀ ਅੰਮ੍ਰਿਤ ਵੇਲਾ ਬਣ ਜਾਂਦਾ ਹੈ ਜਿਸ ਰਾਹੀਂ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਆਪਣਾ ਸੱਚੇ ਗਿਆਨ ਦਾ “ਅੰਮ੍ਰਿਤ” ਪਿਆਉਂਦਾ ਹੈ, ਬ੍ਰਹਮ ਗਿਆਨ ਰੂਪ ਅੰਮ੍ਰਿਤ ਪਿਆਉਂਦਾ ਹੈ ਜਿਸ ਮਨ ਦੀ ਸੱਚੀ ਸਮਝ ਦੁਆਰਾ ਉਹ ਆਪ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਕਰਵਾਉਂਦਾ ਹੈ ਭਾਵ ਆਪ ਹੀ ਆਪਣੀ ਸੱਚੀ ਭਗਤੀ ਦੇ ਮਾਰਗ ਤੇ ਚਲਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ ਕਿ ਅੰਮ੍ਰਿਤ ਵੇਲਾ ਕੀ ਹੈ ਤੇ ਅੰਮ੍ਰਿਤ ਦੀ ਪ੍ਰਾਪਤੀ ਕੀ ਹੈ। ਉਸ ਅੰਮ੍ਰਿਤ ਵੇਲੇ ਦੀ ਪ੍ਰਾਪਤੀ ਲਈ ਸਾਡਾ ਇਹ ਜੀਵਨ ਹੀ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਦੇ ਅੰਮ੍ਰਿਤ ਨਾਲ ਜੁੜਨ ਦਾ ਉੱਦਮ ਕਰਨਾ ਹੈ, ਨਾਮ ਨਾਲ ਜੁੜਨ ਦਾ ਉੱਦਮ ਕਰਨਾ ਹੈ ਭਾਵ ਗੁਰਬਾਣੀ ਦੀ ਸੱਚੀ ਮਤਿ ਨਾਲ ਜੁੜਨ ਦਾ ਉੱਦਮ ਕਰਨਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਅੰਮ੍ਰਿਤ ਹੀ ਹੈ, ਨਾਮ ਹੀ ਹੈ। **(ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥)** ਇਸ ਅੰਮ੍ਰਿਤ ਵੇਲੇ ਦੀ ਸੰਭਾਲ ਅਸੀਂ ਕਿਵੇਂ ਕਰਨੀ ਹੈ, ਇਸੇ ਗੱਲ ਦੀ ਸੋਝੀ ਪਾਈ ਹੋਈ ਹੈ। ਬੜਾ ਸਪੱਸ਼ਟ ਤੇ ਠੋਕ ਕੇ ਸਮਝਾਇਆ ਹੈ ਕਿ ਇਸ ਵੇਲੇ ਨੂੰ ਬਿਨ੍ਹਾਂ ਗੁਣਾਂ ਤੋਂ ਨਹੀਂ ਸੰਭਾਲਿਆ ਜਾ ਸਕਦਾ। ਜਿਸ ਦੇਹ ਵਿੱਚ ਗੁਣ ਨਹੀਂ ਹਨ, ਜਿਸ ਮਨੁੱਖ ਵਿੱਚ ਗੁਣ ਨਹੀਂ ਹਨ, ਉਸ ਮਨੁੱਖ ਨੇ ਕੇਵਲ ਖੇਹ

ਹੋ ਕੇ ਜਾਣਾ ਹੈ, ਉਸਦੀ ਇਹ ਦੇਹ ਕਿਸੇ ਕੰਮ ਨਹੀਂ ਆਉਂਦੀ ਭਾਵ ਉਸਦਾ ਇਹ ਜੀਵਨ ਕਿਸੇ ਲੇਖੇ ਨਹੀਂ। ਪ੍ਰਮਾਤਮਾ ਨੂੰ ਮਿਲਣ ਲਈ, ਇਹ ਅੰਮ੍ਰਿਤ ਵੇਲਾ ਸੰਭਾਲਣ ਲਈ, ਕੇਵਲ ਤੇ ਕੇਵਲ ਮਨੁੱਖ ਦੇ ਗੁਣ ਕੰਮ ਆਉਣੇ ਹਨ ਭਾਵ ਉਸਦੇ ਸੱਚੇ ਸੁੱਚੇ ਕਰਮ ਕੰਮ ਆਉਣੇ ਹਨ, ਗੁਰੂ ਦੀ ਮਤਿ ਅਨੁਸਾਰ ਕੀਤੇ ਹੋਏ ਕਰਮ ਕੰਮ ਆਉਣੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਤੇ ਸ਼ਬਦ ਵਿੱਚ ਅੱਗੇ ਜਾ ਕੇ ਵੀ ਸਮਝਾਇਆ ਹੋਇਆ ਹੈ। ਬਿਨ੍ਹਾਂ ਗੁਣਾਂ ਤੋਂ ਕੁੱਝ ਵੀ ਕੰਮ ਨਹੀਂ ਆਉਣਾ।

(ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥

ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥੧॥)

ਸਾਡਾ ਜ਼ਿੰਦਗੀ ਦਾ ਮਨੋਰਥ ਸੰਸਾਰ ਵਿੱਚ ਲਾਹਾ ਖੱਟਣਾ ਹੈ ਅਤੇ ਇਸ ਲਾਹੇ ਦੁਆਰਾ ਹੀ ਅਸੀਂ ਆਪਣੇ ਅਸਲੀ ਘਰ ਵਿੱਚ ਜਾ ਸਕਦੇ ਹਾਂ ਭਾਵ ਜਿਸ ਘਰ ਤੋਂ ਵਿਛੜੇ ਹੋਏ ਹਾਂ, ਜਿਸ ਵਾਹਿਗੁਰੂ ਦੇ ਦਰ ਤੋਂ ਵਿਛੜੇ ਹੋਏ ਹਾਂ ਉਥੇ ਲਾਹਾ ਲੈ ਕੇ ਜਾ ਸਕਦੇ ਹਾਂ। ਲਾਹਾ ਸਾਨੂੰ ਗੁਣਾਂ ਨਾਲ ਮਿਲਣਾ ਹੈ ਕਿਉਂਕਿ ਬਿਨ੍ਹਾਂ ਗੁਣਾਂ ਤੋਂ ਹੋਰ ਕੋਈ ਉਪਰਾਲਾ ਸਾਡੇ ਕੰਮ ਨਹੀਂ ਆ ਸਕਦਾ ਜਿਵੇਂ ਕਿ ਉੱਪਰ ਪਹਿਲੇ ਹੀ ਸਮਝਾ ਦਿੱਤਾ ਹੈ। ਲਾਹਾ ਲੈਣ ਲਈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਅਸੀਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਹੈ ਭਾਵ ਗੁਣਾਂ ਦੁਆਰਾ ਵਿਚਰਕੇ, ਗੁਰੂ ਦੀ ਮਤਿ ਦੁਆਰਾ ਵਿਚਰਕੇ, ਜੇਕਰ ਉਸਦੀ ਸਿਫਤ ਸਾਲਾਹ ਕਰਨ ਦਾ ਉੱਦਮ ਕਰਾਂਗੇ, ਤਾਂ ਹੀ ਸਾਡੇ ਅੰਦਰੋਂ ਹਉਮੈ ਦੀ ਅਗਨ ਦੂਰ ਹੋ ਸਕਦੀ ਹੈ ਜਿਸ ਹਉਮੈ ਕਰਕੇ ਅਸੀਂ ਮਨ ਦੇ ਵਿੱਚ ਹੀ ਅਗਿਆਨਤਾ ਵਾਲੀ ਮਾੜੀ ਸਮਝ ਦੇ ਕਾਰਨ ਅਸੀਂ ਪ੍ਰਮਾਤਮਾ ਨਾਲੋਂ ਵਿੱਛੜੇ ਹੋਏ ਹਾਂ ਜੋ ਸਾਡੇ ਅੰਦਰ ਹੀ ਹੈ। ਗੁਰੂ ਦੀ ਮਤਿ ਸਾਡੇ ਅੰਦਰ ਵੱਸਣ ਨਾਲ ਸਾਡੀ ਹਉਮੈ ਜਾ ਸਕਦੀ ਹੈ ਤੇ ਇਸ ਦੇ ਨਾਲ ਹੀ ਲਾਹੇ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਮੇਲ ਦੀ ਪ੍ਰਾਪਤੀ ਹੈ ਭਾਵ ਮਨਮਤਿ ਛੱਡ ਕੇ ਗੁਰਮਤਿ ਲੈਣ ਵਿੱਚ ਹੀ ਲਾਹਾ ਹੈ, ਪ੍ਰਮਾਤਮਾ ਦੀ ਸੱਚੀ ਸਿਫ਼ਤ ਸਾਲਾਹ ਹੈ, ਪ੍ਰਮਾਤਮਾ ਦਾ ਨਾਮ ਜਪਣਾ ਹੈ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ **(ਮੇਰੇ ਮਨ ਲੈ ਲਾਹਾ ਘਰਿ ਜਾਹਿ॥ ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ॥)** ਭਾਵ ਜਦ ਤੱਕ ਅਸੀਂ ਅਮਲੀ ਤੌਰ ਤੇ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਨਹੀਂ ਵਿਚਰਦੇ, ਮਨਮਤਿ ਤਿਆਗ ਕੇ ਗੁਰਮਤਿ ਨੂੰ ਆਪਣੇ ਅੰਦਰ ਨਹੀਂ ਵਸਾਉਂਦੇ, ਸਾਡੀ ਹਉਮੈ ਨਹੀਂ ਜਾ ਸਕਦੀ ਤੇ ਲਾਹੇ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ। **"ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ॥ ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ॥"** ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਅਸੀਂ ਜਿਸ ਤਰੀਕੇ ਨਾਲ ਲਾਹਾ ਲੈਣਾ ਚਾਹੁੰਦੇ ਹਾਂ, ਪ੍ਰਮਾਤਮਾ ਨੂੰ ਮਿਲਣਾ ਚਾਹੁੰਦੇ ਹਾਂ, ਅੰਮ੍ਰਿਤ ਵੇਲਾ ਸੰਭਾਲਦੇ ਹਾਂ, ਇਹ ਗੱਲ ਉਜਾਗਰ ਕੀਤੀ ਹੋਈ ਹੈ ਤੇ ਨਾਲ ਹੀ ਸਮਝਾਇਆ ਹੈ ਕਿ ਸਾਡਾ ਇਹ

ਤਰੀਕਾ ਠੀਕ ਨਹੀਂ ਹੈ, ਗੁਰਮਤਿ ਅਨੁਸਾਰ ਨਹੀਂ ਹੈ, ਕਿਉਂਕਿ ਇਸ ਦੁਆਰਾ ਅਸੀਂ ਗੁਰੂ ਦੀ ਮਤਿ ਦੇ ਅਸਲ ਮਕਸਦ ਦੀ ਪੂਰਤੀ ਤੋਂ ਦੂਰ ਰਹਿੰਦੇ ਹਾਂ। ਅਸੀਂ ਹਰ ਰੋਜ਼ ਗੁਰੂ ਦੀ ਗੱਲ ਨੂੰ ਸੁਣਦੇ ਹਾਂ, ਗੁਰੂ ਦੀ ਮਤਿ ਨੂੰ ਸੁਣਦੇ ਹਾਂ, ਗੁਰੂ ਦੀ ਲਿਖੀ ਹੋਈ ਲਿਖਤ ਨੂੰ ਪੜ੍ਹਦੇ ਹਾਂ ਤੇ ਕੇਵਲ ਇਸ ਸੁਣਨ ਪੜ੍ਹਨ ਨੂੰ ਹੀ ਗੁਰਮਤਿ ਸਮਝਕੇ, ਗੁਰੂ ਦੀ ਦੀਖਿਆ ਜਾਣ ਕੇ ਇਸ ਨੂੰ ਆਪਣੀ ਭਗਤੀ ਸਮਝਦੇ ਹਾਂ ਤੇ ਉਸੁ ਬਹੁਤ ਵੱਡੇ ਭਾਰ ਨੂੰ ਭਾਵ ਬਹੁਤ ਵੱਡੇ, ਭਾਰੇ ਪ੍ਰਮਾਤਮਾ ਨੂੰ ਬੁਝਣ ਦੀ ਕੋਸ਼ਿਸ਼ ਕਰਦੇ ਹਾਂ ਭਾਵ ਉਸ ਬਹੁਤ ਵੱਡੇ ਭਾਰ ਨੂੰ ਆਪਣੀ ਇਹੋ ਜਿਹੀ ਹੌਲੀ ਭਗਤੀ ਦੁਆਰਾ ਤੋਲਣਾ ਚਾਹੁੰਦੇ ਹਾਂ, ਉਸ ਪ੍ਰਮਾਤਮਾ ਨਾਲ ਆਪਣੀ ਗੰਢ ਗੰਢਣੀ ਚਾਹੁੰਦੇ ਹਾਂ, ਉਸਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ। ਸਾਡੀ ਇਹੋ ਜਿਹੀ ਕੋਸ਼ਿਸ਼ ਸਾਡੇ ਕੰਮ ਨਹੀਂ ਆਉਂਦੀ ਕਿਉਂਕਿ ਇਸ ਦੁਆਰਾ ਗੁਰੂ ਦੀ ਮਤਿ ਦਾ ਮਨੋਰਥ ਪੂਰਾ ਨਹੀਂ ਹੁੰਦਾ। ਇਹੋ ਜਿਹੀ ਭਗਤੀ ਦੁਆਰਾ ਸਾਨੂੰ ਕੋਈ ਗੁਣ ਹਾਸਿਲ ਨਹੀਂ ਹੁੰਦੇ ਪਰ ਕੰਮ ਕੇਵਲ ਗੁਣਾਂ ਨੇ ਆਉਣਾ ਹੈ ਜਿਵੇਂ ਕਿ ਉੱਪਰ ਪਹਿਲਾਂ ਹੀ ਸਮਝਾਇਆ ਹੋਇਆ ਹੈ। ਗੁਰੂ ਦੀ ਮਤਿ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਸਾਡੀ ਤ੍ਰਿਸ਼ਨਾ ਖ਼ਤਮ ਹੋਵੇ, ਅਸੀਂ ਵਿਕਾਰਾਂ ਤੋਂ ਮੁਕਤ ਹੋਈਏ। ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸ ਨਾਲ ਇਹੋ ਜਿਹੇ ਮਨੋਰਥਾਂ ਦੀ ਪੂਰਤੀ ਨਹੀਂ ਹੋ ਸਕਦੀ। ਮਨੋਰਥ ਦੀ ਪੂਰਤੀ ਤਾਂ ਹੋ ਸਕਦੀ ਹੈ ਜੇਕਰ ਗੁਰੂ ਦੀ ਮਤਿ ਤੇ ਅਮਲ ਕਰਕੇ ਆਪਣੇ ਔਗੁਣ ਤਿਆਗ ਕੇ ਗੁਣਾਂ ਵਾਲੇ ਬਣੀਏ। ਇਸੇ ਲਈ ਸਮਝਾਇਆ ਹੈ ਕਿ ਇਹੋ ਜਿਹੀ ਭਗਤੀ ਦੁਆਰਾ ਗੁਰੂ ਦੀ ਮਤਿ ਤੇ ਪੂਰਾ ਨਹੀਂ ਉਤਰਿਆ ਜਾ ਸਕਦਾ, ਉਸ ਵਾਹਿਗੁਰੂ ਨੂੰ ਸਾਡੇ ਇਹੋ ਜਿਹੇ ਜਪ ਤਪ ਦੀ ਕੋਈ ਪ੍ਰਵਾਹ ਨਹੀਂ ਹੈ, ਉਹ ਇਹੋ ਜਿਹੇ ਜਪ ਤਪ ਦੇ ਤੋਲ ਦੁਆਰਾ ਨਹੀਂ ਤੁਲ ਸਕਦਾ ਕਿਉਂਕਿ ਇਹ ਉਸਦੀ ਮਤਿ

ਅਨੁਸਾਰ ਨਹੀਂ ਹੈ, ਗੁਰਮਤਿ ਅਨੁਸਾਰ ਨਹੀਂ ਹੈ। ਉਸਦੀ ਕੀਮਤ ਪਾਉਣ ਦਾ ਤੱਤ ਸਾਰ ਗੁਰੂ ਦੀ ਮਤਿ ਦਾ ਤੋਲ ਤੁਲਨਾ ਹੈ ਭਾਵ ਉਸ ਤੇ ਪੂਰਾ ਉਤਰਨਾ ਹੈ ਜੋ ਕੇਵਲ ਗੁਰੂ ਦੀ ਗੱਲ ਨੂੰ ਪੜੀ ਸੁਣੀ ਜਾਣ ਦੁਆਰਾ ਜਾਂ ਸਰੀਰਕ ਜਪ ਤਪ ਕਰਨ ਦੁਆਰਾ ਪੂਰੀ ਨਹੀਂ ਹੋ ਸਕਦਾ। ਉਸਦੀ ਮਤਿ ਤੇ ਤਾਂ ਹੀ ਪੂਰਾ ਉਤਰਿਆ ਜਾ ਸਕਦਾ ਹੈ, ਉਸਦੀ ਮਤਿ ਤੇ ਪੂਰਾ ਉਤਰਨ ਦਾ ਭਾਰਾ ਤੋਲ ਤਾਂ ਹੀ ਤੁਲਿਆ ਜਾ ਸਕਦਾ ਹੈ ਜੇਕਰ ਉਸਦੀ ਮਤਿ ਨੂੰ ਮੰਨੀਏ ਭਾਵ ਉਸਦੀ ਮਤਿ ਨੂੰ ਜਪੀਏ ਕਿਉਂਕਿ ਗੁਰੂ ਦੀ ਮਤਿ ਹੀ ਗੁਰੂ ਹੈ। ਗੁਰੂ ਦੀ

5/383

ਮਤਿ ਨੂੰ ਜਪਣਾ ਹੀ ਗੁਰੂ ਨੂੰ ਜਪਣਾ ਹੈ, ਵਾਹਿਗੁਰੂ ਨੂੰ ਜਪਣਾ ਹੈ, ਗੁਰੂ ਗੁਰੂ ਕਰਨਾ ਹੈ, ਵਾਹਿਗੁਰੂ ਵਾਹਿਗੁਰੂ ਕਰਨਾ ਹੈ।ਗੁਰੂ ਦੀ ਮਤਿ ਨੂੰ ਤਾਂ ਹੀ ਜਪ ਸਕਾਂਗੇ ਜਦ ਗੁਰੂ ਦੀ ਗੱਲ ਤੇ ਪੂਰੇ ਉਤਰਾਂਗੇ ਭਾਵ ਉਸਦਾ ਭਾਰਾ ਤੋਲ ਤੁਲਾਂਗੇ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਭਉ ਮੁਚੁ ਭਾਰਾ ਵਡਾ ਤੋਲੁ ॥
ਮਨ ਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥}

(ਅੰਗ ੧੫੧)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥
ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥
ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥
ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥
ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

ਜਦ ਤੱਕ ਸਾਡੇ ਅੰਦਰ ਔਗੁਣ ਹਨ ਅਸੀਂ ਗੁਰੂ ਦੀ ਮਤਿ ਤੋਂ ਦੂਰ ਹਾਂ, ਸਾਡੀ ਜਪਣੀ ਗੁਰੂ ਵਾਲੀ ਨਹੀਂ ਹੈ, ਅਸੀਂ ਅੰਮ੍ਰਿਤ ਵੇਲੇ ਦੀ ਸੰਭਾਲ ਨਹੀਂ ਕਰ ਸਕਦੇ, ਅਸੀਂ ਗੁਰੂ ਵਾਲੇ ਨਹੀਂ ਬਣ ਸਕਦੇ। ਗੁਰੂ ਵਾਲਾ ਸਾਨੂੰ ਸਾਡੇ ਗੁਣਾਂ ਨੇ ਬਣਾਉਣਾ ਹੈ।

(ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ॥
ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ॥੨॥)

ਮੁਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਇਹ ਸਮਝਾਇਆ ਹੋਇਆ ਹੈ ਕਿ ਜੋ ਭਗਤੀ ਦਾ ਮਾਰਗ ਸਾਡਾ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ, ਨਾਮ ਦੀ ਮਤਿ ਅਨੁਸਾਰ ਨਹੀਂ ਹੈ, ਉਹ ਸਾਡੀ ਕੇਵਲ ਇੱਕ ਸਿਆਣਪ ਹੈ, ਸਾਡੀ ਮਨਮਤਿ ਹੈ ਤੇ ਇਹੋ ਜਿਹੀਆਂ ਭਾਵੇਂ ਅਸੀਂ ਲੱਖਾਂ ਸਿਆਣਪਾਂ ਕਰ ਲਈਏ ਨਾਮ ਨੂੰ ਨਹੀਂ ਜਪਿਆ ਜਾ ਸਕਦਾ। ਗੁਰੂ ਨੂੰ ਛੱਡ ਕੇ ਭਾਵ ਗੁਰੂ ਦੀ ਮਤਿ ਨੂੰ ਛੱਡ ਕੇ ਅਸੀਂ ਭਾਵੇਂ ਲੱਖਾਂ ਮਨੁੱਖਾਂ ਨਾਲ ਪ੍ਰੀਤ ਪਾ ਲਈਏ, ਮੇਲ ਜੋਲ ਕਰ ਲਈਏ ਭਾਵ ਉਨ੍ਹਾਂ ਦੀ ਸਮਝ ਨੂੰ ਮੰਨ ਲਈਏ ਉਹ ਸਾਡੀ ਭਗਤੀ ਦੇ ਕੰਮ ਨਹੀਂ ਆ ਸਕਦੇ ਭਾਵ ਮਨੁੱਖਾਂ ਦੀ ਸੰਗਤ ਨੂੰ ਸਾਧ ਸੰਗਤ ਨਹੀਂ ਕਿਹਾ। ਸਾਧ ਗੁਰੂ ਹੈ, ਸਾਧ ਗੁਰੂ ਦੇ ਬਚਨ ਹਨ, ਉਸਦੇ ਬੋਲ ਹਨ, ਉਸਦੇ ਬਚਨਾਂ ਦੁਆਰਾ ਸਮਝਾਏ ਹੋਏ ਗੁਣ ਹਨ। ਸਾਧ ਸੰਗਤ ਗੁਰੂ ਦੇ ਗੁਣਾਂ ਦੀ ਸੰਗਤ ਹੈ, ਗੁਰੂ ਦੀ ਮਤਿ ਦੀ ਸੰਗਤ ਹੈ, ਨਾਮ ਦੀ ਮਤਿ ਦੀ ਸੰਗਤ ਹੈ। ਸਾਧ ਸੰਗਤ ਕਰਨਾ ਜਾਂ ਨਾਮ ਜਪਣਾ ਇੱਕੋ ਹੀ ਗੱਲ ਦੱਸੀ ਹੋਈ ਹੈ। **(ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥ ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥)** ਧਿਆਨ ਨਾਲ ਵਿਚਾਰੋਂ ਇਸ ਪੰਗਤੀ ਨੂੰ। ਜੋ ਗੱਲ, ਜੋ ਅਸਰ ਸਾਡੇ ਉੱਤੇ ਸਾਧ ਸੰਗਤ ਦਾ ਦੱਸਿਆ ਹੈ ਭਾਵ ਜੋ ਪ੍ਰਾਪਤੀ ਸਾਧ ਸੰਗਤ ਦੁਆਰਾ ਹੋਣੀ ਹੈ, ਉਹੀ ਪ੍ਰਾਪਤੀ ਨਾਮ ਦੁਆਰਾ ਹੋਣੀ ਹੈ। ਸਾਡੀ ਤ੍ਰਿਸ਼ਨਾ, ਸਾਧ ਸੰਗਤ ਦੁਆਰਾ ਜਾਣੀ ਹੈ,

5/384

ਸਾਨੂੰ ਸੰਤੋਖ ਸਾਧ ਸੰਗਤ ਦੁਆਰਾ ਆਉਣਾ ਹੈ, ਸਾਡੀ ਹਉਮੈ, ਸਾਡੇ ਵਿਕਾਰ ਸਾਧ ਸੰਗਤ ਦੁਆਰਾ ਜਾਣੇ ਹਨ। ਇਹੀ ਗੱਲ ਨਾਮ ਦੀ ਦੱਸੀ ਹੈ। ਸਾਡੇ ਸਾਰੇ ਦੁੱਖ ਤੇ ਮਨ ਦੀ ਕਲਪਨਾ ਨਾਮ ਦੁਆਰਾ ਦੂਰ ਹੋਣੀ ਹੈ, ਜਿਨ੍ਹਾਂ ਦਾ ਕਾਰਣ ਸਾਡੀ "**ਤ੍ਰਿਸ਼ਨਾ**" ਹੈ ਭਾਵ "**ਤ੍ਰਿਸ਼ਨਾ**" ਨਾਮ ਨਾਲ ਜਾਣੀ ਹੈ, **"ਸੰਤੋਖ"** ਨਾਮ ਨਾਲ ਆਉਣਾ ਹੈ ਭਾਵ ਜੋ ਕੁੱਝ ਸਾਧ ਸੰਗਤ ਵਿੱਚ ਹੈ, ਉਹੀ ਕੁਝ ਨਾਮ ਵਿੱਚ ਹੈ। ਸਾਧ ਸੰਗਤ ਕਰਨੀ ਵੀ ਗੁਰੂ ਦੀ ਮਤਿ ਤੇ ਅਮਲ ਕਰਨਾ ਹੈ ਤੇ ਨਾਮ ਜਪਣਾ ਵੀ ਗੁਰੂ ਦੀ ਮਤਿ ਤੇ ਅਮਲ ਕਰਨਾ ਹੈ। ਇੱਕੋ ਹੀ ਗੱਲ ਹੈ। ਅਗਰ ਬਾਣੀ ਨੂੰ ਧਿਆਨ ਨਾਲ ਵਿਚਾਰਾਂਗੇ ਤਾਂ ਸਾਧ ਸੰਗਤ ਦੀ ਪ੍ਰਾਪਤੀ ਵਿੱਚ ਵੀ ਪ੍ਰਮਾਤਮਾ ਦੇ ਨਾਲ ਮੇਲ ਦੱਸਿਆ ਹੋਇਆ ਹੈ ਤੇ ਨਾਮ ਦੀ ਪ੍ਰਾਪਤੀ ਨਾਲ ਵੀ ਪ੍ਰਮਾਤਮਾ ਨਾਲ ਮੇਲ ਦੱਸਿਆ ਹੋਇਆ ਹੈ। ਸਾਧ ਵੀ ਗੁਰੂ ਹੈ, ਨਾਮ ਵੀ ਗੁਰੂ ਹੈ। ਕੋਈ ਫਰਕ ਨਹੀਂ ਹੈ, ਸਿਰਫ ਸਮਝਣ ਦੀ ਲੋੜ ਹੈ। ਇਹੀ ਸ਼ਬਦ ਸੁਰਤਿ ਦਾ ਮੇਲ ਹੈ। ਸ਼ਬਦ ਗੁਰੂ ਹੈ, ਸ਼ਬਦ ਸਾਧ ਹੈ, ਸ਼ਬਦ ਹੀ ਨਾਮ ਹੈ। ਇੱਕੋ ਗੱਲ ਹੈ। ਹਰ ਗੱਲ ਦਾ ਇਹੀ ਮਤਲਬ ਹੈ ਕਿ ਗੁਰੂ ਦੀ ਮਤਿ ਦਾ ਆਪਣੇ ਮਨ ਦੀ ਸਮਝ ਦੇ ਨਾਲ ਮੇਲ ਕਰਨਾ ਹੈ, ਆਪਣੀ ਸੁਰਤਿ ਦੇ ਨਾਲ ਮੇਲ ਕਰਨਾ ਹੈ। ਜੋ ਗੱਲ ਸਾਨੂੰ "**ਸਾਧ**" ਸਮਝਾ ਰਿਹਾ ਹੈ , ਉਹੀ ਗੱਲ "**ਸ਼ਬਦ**" ਸਮਝਾ ਰਿਹਾ ਹੈ, ਉਹੀ ਗੱਲ "**ਸੱਚਾ ਸੰਤ**" ਸਮਝਾ ਰਿਹਾ ਹੈ, ਉਹੀ ਗੱਲ **"ਗੁਰੂ"** ਸਮਝਾ ਰਿਹਾ ਹੈ, ਉਹੀ ਗੱਲ "ਹਰਿ" ਸਮਝਾ ਰਿਹਾ ਹੈ, ਉਹੀ ਗੱਲ "**ਨਾਮ**" ਸਮਝਾ ਰਿਹਾ ਹੈ, ਉਹੀ ਗੱਲ "ਗੁਰਬਾਣੀ" ਸਮਝਾ ਰਹੀ ਹੈ। ਸਭ ਵਿੱਚ ਇੱਕੋ ਜਿਹੀ ਮਤਿ ਦਿੱਤੀ ਹੋਈ ਹੈ, ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ, ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਜਿਹਾ ਮਾਰਗ ਹੀ ਸਮਝਾਇਆ ਹੋਇਆ ਹੈ ਭਾਵ ਗੁਰਮਤਿ ਹੀ ਸਮਝਾਈ ਹੋਈ ਹੈ ਅਤੇ ਉਸੇ ਮਤਿ ਨੂੰ ਜਪਣਾ ਹੀ ਨਾਮ ਜਪਣਾ ਹੈ, ਹਰਿ ਹਰਿ ਜਪਣਾ ਹੈ, ਰਾਮ ਨਾਮ ਜਪਣਾ ਹੈ, ਰਾਮ ਨਾਮ ਸਿਮਰਨਾ ਹੈ ਭਾਵ ਹਰ ਗੱਲ ਗੁਰੂ ਦੀ ਮਤਿ ਨੂੰ ਮੰਨ ਕੇ ਉਸ ਤੇ ਅਮਲ ਕਰਨ ਤੇ ਨਿਬੜਦੀ ਹੈ। ਬਾਣੀ ਨੂੰ ਜਿੱਥੋਂ ਮਰਜੀ ਖੋਜ ਲਵੋ ਤੇ ਜਿਤਨਾ ਮਰਜੀ ਖੋਜ ਲਵੋ ਗੱਲ ਇੱਥੇ ਹੀ ਆ ਕੇ ਨਿਬੜਦੀ ਹੈ। **{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥}** ਅੰਗ - ੪੧੮ ਮਕਸਦ ਤਾਂ ਤੱਤ ਦੀ ਪ੍ਰਾਪਤੀ ਨਾਲ ਹੈ, ਭਾਵੇਂ ਆਪਣੇ ਜਪ ਤਪ ਨੂੰ ਜਿਹੜਾ ਮਰਜੀ ਨਾਮ ਦੇਈਏ। ਉਸ "ਤਤੁ" ਦੀ ਪ੍ਰਾਪਤੀ ਸਿਵਾਇ ਗੁਣਾਂ ਨੂੰ ਜਪਣ ਦੇ, ਸਿਵਾਇ ਗੁਣਾਂ ਦੀ ਪੂਜਾ ਦੇ, ਨਹੀਂ ਹੋ ਸਕਦੀ। ਇਹ ਗੁਰਬਾਣੀ ਦਾ ਫੁਰਮਾਨ ਹੈ। **{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥}** ਅੰਗ - ੧੮੭

5/385

(ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ॥

ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਾਨੂੰ "ਹਰਿ ਜਪਿ" ਦਾ ਮਕਸਦ ਸਮਝਾਇਆ ਹੋਇਆ ਹੈ, ਮਨੋਰਥ ਦੱਸਿਆ ਹੋਇਆ ਹੈ ਕਿ ਅਸੀਂ ਹਰਿ ਜਪਿ ਦੁਆਰਾ ਕੀ ਕਰਨਾ ਹੈ। ਇਹ ਹਰਿ ਜਪਿ ਸਾਡੇ ਮਨ ਨੇ ਕਰਨਾ ਹੈ, ਮਨ ਨੇ ਆਪਣਾ ਸੁਭਾਅ ਬਦਲ ਕੇ ਕਰਨਾ ਹੈ। ਹਰਿ ਜਪਿ ਦਾ ਮਕਸਦ ਉਹਨਾਂ ਵਿਕਾਰਾਂ ਤੋਂ ਛੁੱਟਣ ਦਾ ਹੈ ਜੋ ਉਪਰ ਗਿਣਵਾਏ ਹੋਏ ਹਨ ਜਿਨ੍ਹਾਂ ਦਾ

ਕਾਰਨ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ। ਇਹ ਤਾਂ ਹੋ ਸਕਦਾ ਹੈ ਜਦੋਂ ਅਸੀਂ ਗੁਰੂ ਦੀ ਮਤਿ ਨੂੰ ਲੈ ਕੇ ਆਪਣੇ ਆਪ ਨੂੰ ਵਿਚਾਰਾਂਗੇ, ਸਮਝਾਂਗੇ ਕਿ ਅਸੀਂ ਗੁਰੂ ਦੀ ਮਤਿ ਤੋਂ ਕਿੰਨਾਂ ਕੁ ਵਿਛੜੇ ਹੋਏ ਹਾਂ। ਜੇ ਇਸ ਗੱਲ ਨੂੰ ਸਮਝਾਂਗੇ ਤਾਂ ਆਪਣੇ ਆਪ ਨੂੰ ਸੁਧਾਰਾਗੇ, ਜੋ ਸਾਡੇ ਅੰਦਰ ਕਮੀ ਹੈ, ਉਸਨੂੰ ਦੂਰ ਕਰਾਂਗੇ। ਇਸ ਤਰੀਕੇ ਨਾਲ ਹਰਿ ਜਪਿ ਕਰਾਂਗੇ ਭਾਵ ਗੁਰੂ ਦੀ ਮਤਿ ਨੂੰ ਸਮਝ ਕੇ ਉਸ ਅਨੁਸਾਰ ਆਪਣੇ ਆਪ ਨੂੰ ਬਦਲਾਂਗੇ, ਗੁਰੂ ਦੀ ਮਤਿ ਆਪਣੇ ਅੰਦਰ ਵਸਾਵਾਂਗੇ, ਤ੍ਰਿਸ਼ਨਾਵਾਂ ਵਿੱਚੋਂ, ਮਾਇਆ ਮੋਹ ਵਿੱਚੋਂ ਨਿਕਲ ਕੇ ਮਨ ਦੇ ਸੰਤੋਖ ਵਿੱਚ ਆਵਾਂਗੇ ਭਾਵ ਔਗੁਣ ਤਿਆਗ ਕੇ ਗੁਣਾਂ ਵਾਲੇ ਬਣਾਗੇ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਆਪਣੇ ਆਪ ਨੂੰ ਜਾਣ ਸਕਦੇ ਹਾਂ ਕਿ ਅਸੀਂ ਕੌਣ ਹਾਂ ਭਾਵ ਪ੍ਰਮਾਤਮਾ ਦਾ ਹੀ ਰੂਪ ਹਾਂ ਜੋ ਸਾਡੇ ਅੰਦਰ ਆਪ ਹੀ ਸਾਨੂੰ ਮਨੁੱਖੀ ਰੂਪ ਬਣਾ ਕੇ ਚਲਾ ਰਹਿਆ ਹੈ। **(ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ॥)** ਇਹੋ ਜਿਹਾ ਹਰਿ ਜਪਿ ਕਰਨ ਲਈ ਆਪਣਾ ਸਭ ਕੁੱਝ ਗੁਰੂ ਨੂੰ ਵੇਚਣਾ ਪੈਂਦਾ ਹੈ, ਆਪਣਾ ਆਪ ਤਿਆਗਣਾ ਪੈਂਦਾ ਹੈ, ਪੂਰੀ ਤਰ੍ਹਾਂ ਅਮਲੀ ਤੌਰ ਤੇ ਵਾਹਿਗੁਰੂ ਦੀ ਮਤਿ ਵਾਲੇ ਬਣਨਾ ਪੈਂਦਾ ਹੈ। **(ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥)** ਜੇ ਪ੍ਰਮਾਤਮਾ ਨੂੰ ਪਾਉਣਾ ਹੈ, ਉਸ ਨੂੰ ਖੋਜਣਾ ਹੈ, ਆਪਣੇ ਆਪ ਦੀ ਅਸਲੀਅਤ ਜਾਨਣੀ ਹੈ ਤਾਂ ਉਸਦਾ ਇੱਕੋ ਇੱਕ ਤਰੀਕਾ ਗੁਰੂ ਦੀ ਮਤਿ ਤੇ ਚੱਲਣਾ ਹੈ। ਇਸ ਤਰ੍ਹਾਂ ਕਰਨ ਨਾਲ ਜਿਸ ਪ੍ਰਮਾਤਮਾ ਨਾਲ ਮੇਲ ਹੋਣਾ ਹੈ, ਉਹ ਵਾਹਿਗੁਰੂ ਸਾਡੇ ਨਾਲ ਹੀ ਹੈ, ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ ਤੇ ਮਨ ਦੇ ਵਿੱਚੋਂ ਹੀ ਉਸਦੀ ਸੋਝੀ ਪੈਣੀ ਹੈ, ਉਸਦੇ ਪਾਉਣ ਨਾਲ ਹੀ ਸੋਝੀ ਪੈਣੀ ਹੈ, ਪਰ ਸੋਝੀ ਉਹ ਤਾਂ ਹੀ ਪਾਵੇਗਾ ਜਦੋਂ ਗੁਰੂ ਦੀ ਮਤਿ ਤੇ ਚੱਲਣ ਦਾ ਉੱਦਮ ਕਰਾਂਗੇ, ਵਾਹਿਗੁਰੂ ਦੀ ਮਤਿ ਨੂੰ ਜਪਾਂਗੇ।

(ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥
ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥੪॥੧੭॥)

5/386

ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਹ ਹੀ ਸਮਝਦੇ ਆ ਰਹੇ ਹਾਂ ਕਿ ਗੁਰੂ ਦੀ ਮਤਿ ਨੂੰ ਜਪਣਾ ਹੀ ਗੁਰੂ ਨੂੰ ਜਪਣਾ ਹੈ। ਵਾਹਿਗੁਰੂ ਦੀ ਦਿੱਤੀ ਹੋਈ ਮਤਿ ਨੂੰ ਜਪਣਾ ਹੀ ਵਾਹਿਗੁਰੂ ਨੂੰ ਜਪਣਾ ਹੈ, ਰਾਮ ਦੀ ਦਿੱਤੀ ਹੋਈ ਮਤਿ ਨੂੰ ਜਪਣਾ ਹੀ ਰਾਮ ਰਾਮ ਜਪਣਾ ਹੈ, ਹਰਿ ਦੀ ਮਤਿ ਨੂੰ ਜਪਣਾ ਹੀ ਹਰਿ ਹਰਿ ਕਰਨਾ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਅਗਲੇ ਸ਼ਬਦ ਦੁਆਰਾ ਚੰਗੀ ਤਰ੍ਹਾਂ ਦ੍ਰਿੜ ਕਰੀਏ ਤਾਂ ਜੋ ਕਿਸੇ ਕਿਸਮ ਦਾ ਭੁਲੇਖਾ ਨਾ ਰਹਿ ਜਾਵੇ। ਧੰਨ ਧੰਨ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦੇ ਮੁੱਖ ਰਾਹੀਂ ਅਕਾਲ ਪੁਰਖ ਵਾਹਿਗੁਰੂ ਦੇ ਉਚਾਰੇ ਹੋਏ ਇਸ ਸ਼ਬਦ ਰਾਹੀਂ ਸਾਨੂੰ ਹਰਿ ਹਰਿ ਕਰਨ ਦਾ ਤਰੀਕਾ ਬੜਾ ਖੋਲ੍ਹ ਕੇ ਸਮਝਾਇਆ ਹੋਇਆ ਹੈ। ਗੱਲ ਕੇਵਲ ਵਾਹਿਗੁਰੂ ਦੇ ਬਚਨਾਂ ਤੇ ਵਿਸ਼ਵਾਸ ਕਰਨ ਦੀ ਹੈ, ਜੇ ਉਹ ਕਿਰਪਾ ਕਰਕੇ ਸਾਨੂੰ ਵਿਸ਼ਵਾਸ ਦਿਵਾ ਦੇਵੇ। ਜਦ ਤੱਕ ਅਸੀਂ ਗੁਰਮਤਿ ਅਨੁਸਾਰ ਨਹੀਂ ਚੱਲਾਂਗੇ ਤਾਂ ਫਿਰ ਅਸੀਂ ਪ੍ਰਮਾਤਮਾ ਨੂੰ ਬਾਹਰੋਂ ਹੀ ਲੱਭਣ ਦੀ ਕੋਸ਼ਿਸ਼ ਕਰਾਂਗੇ, ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚੋਂ ਲੱਭਣ ਦੀ ਕੋਸ਼ਸ਼ ਕਰਾਂਗੇ ਭਾਵ ਭਰਮ ਭੁਲੇਖਿਆਂ ਵਿੱਚ ਹੀ ਭਟਕਦੇ ਰਹਾਂਗੇ। ਜੇਕਰ ਮਨਮਤਿ ਛੱਡ ਕੇ ਗੁਰਮਤਿ ਅਨੁਸਾਰ ਚੱਲਾਂਗੇ ਤੇ ਉਹ ਆਪਣੇ ਅੰਦਰੋਂ ਹੀ ਮਿਲ ਜਾਵੇਗਾ, ਮਨ ਦੇ ਵਿੱਚੋਂ ਹੀ ਮਿਲ ਜਾਵੇਗਾ ਜਿੱਥੇ ਉਸਦਾ ਸਾਡੇ ਅੰਦਰ ਟਿਕਾਣਾ ਹੈ। ਉਹ ਸਦਾ ਸਾਡੇ ਨਾਲ ਹੀ ਹੈ ਤੇ ਉਸਨੇ ਅੰਦਰੋਂ ਹੀ ਪ੍ਰਗਟ ਹੋਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਤੇ ਪਿਛਲੇ ਸ਼ਬਦ ਰਾਹੀਂ ਵੀ ਸਮਝਿਆ ਹੈ। **(ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥੪॥੧੭॥)**

ਮਹਲਾ ੩

“ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ॥
ਹਰਿ ਤਿਸੁ ਕਦੇ ਨ ਵੀਸਰੈ
ਹਰਿ ਹਰਿ ਕਰਹਿ ਸਦਾ ਮਨਿ ਚੀਤਿ॥੧॥ਰਹਾਉ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥

ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ॥
ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥"

(ਅੰਗ ੪੯੧)

ਐਥੇ ਰਾਮ ਰਾਮ ਮੁੱਖ ਨਾਲ ਬੋਲਣਾ ਕੀ ਹੈ ਅਤੇ ਰਾਮ ਦਾ ਮਨ ਵਿੱਚ ਵੱਸਣਾ ਕੀ ਹੈ, ਇਸ ਵਿੱਚ ਫਰਕ ਸਮਝਾਇਆ ਹੋਇਆ ਹੈ। ਰਾਮ ਰਾਮ ਰਸਨਾ ਨੇ ਜਪਣਾ ਹੈ ਜਾਂ ਮਨ ਨੇ ਜਪਣਾ ਹੈ ਇਹ ਫਰਕ ਸਮਝਾਇਆ ਹੋਇਆ ਹੈ। ਰਾਮ ਰਾਮ ਬੋਲ ਕੇ ਰਾਮ ਨਾਲ ਪ੍ਰੀਤ ਦਿਖਾਉਣੀ ਹੈ ਜਾਂ ਰਾਮ ਦੀ ਮਤਿ ਨੂੰ ਮੰਨਕੇ ਉਸ ਨਾਲ ਪ੍ਰੀਤ ਦਿਖਾਉਣੀ ਹੈ। ਰਾਮ ਰਾਮ ਬੋਲ ਕੇ ਰਾਮ ਦਾ ਜਾਪਿ ਹੁੰਦਾ ਹੈ ਜਾਂ ਰਾਮ ਦੀ ਮਤਿ ਨੂੰ ਮੰਨ ਕੇ ਰਾਮ ਦਾ ਜਾਪਿ ਹੁੰਦਾ ਹੈ। ਰਾਮ ਸਾਡੀ ਬੋਲਣੀ ,ਕਥਨੀ ਵਿੱਚ ਹੈ, ਜਾਂ ਰਾਮ ਸਾਡੀ ਕਰਨੀ ਵਿੱਚ ਹੈ, ਇਸਦਾ ਫਰਕ ਸਮਝਾਇਆ ਹੋਇਆ ਹੈ। ਸਭ ਤੋਂ ਪਹਿਲੀ ਪੰਗਤੀ ਵਿੱਚ ਮਨੁੱਖ ਦਾ ਮਨੋਰਥ ਸਮਝਾਇਆ ਹੋਇਆ ਹੈ ਜਿਸ ਲਈ ਉਹ ਰਾਮ ਰਾਮ ਕਰਦਾ ਹੈ। ਮਨੋਰਥ ਰਾਮ ਨੂੰ ਪਾਉਣ ਦਾ ਹੈ, ਵਾਹਿਗੁਰੂ ਨੂੰ ਪਾਉਣ ਦਾ ਹੈ। ਬੜਾ ਸਪੱਸ਼ਟ ਕਿਹਾ ਹੈ ਕਿ ਰਾਮ ਰਾਮ ਬੋਲੀ ਜਾਣ ਨਾਲ, ਰਾਮ ਰਾਮ ਕਰੀ ਜਾਣ ਨਾਲ ਰਾਮੁ ਨਹੀਂ ਹੋ ਸਕਦਾ ਭਾਵ

5/387

ਸਾਡਾ ਉਹ ਮਨੋਰਥ ਜਿਸ ਲਈ ਅਸੀਂ ਰਾਮ ਰਾਮ ਕਰਦੇ ਹਾਂ ਉਹ ਮਨੋਰਥ ਪੂਰਾ ਨਹੀਂ ਹੋ ਸਕਦਾ। ਹੁਣ ਧਿਆਨ ਨਾਲ ਦੇਖੋ, ਅਸਲ ਵਿੱਚ ਹਰ ਕੋਈ ਇਸੇ ਤਰਾਂ ਦਾ ਹੀ ਰਾਮ ਰਾਮ ਕਰ ਰਿਹਾ ਹੈ ਅਤੇ ਆਪਣੇ ਆਪ ਨੂੰ ਠੀਕ ਮੰਨ ਕੇ ਬੈਠਾ ਹੈ ਪਰ ਅਸਲ ਵਿੱਚ ਹਰ ਕੋਈ ਉਲਝਿਆ ਹੋਇਆ ਹੈ, ਇਹ ਗੁਰੂ ਦਾ ਆਪਣਾ ਫੁਰਮਾਨ ਹੈ। ਇਸ ਤਰੀਕੇ ਸਾਡਾ ਮਨੋਰਥ ਕਦੇ ਵੀ ਪੂਰਾ ਨਹੀਂ ਹੋ ਸਕਦਾ, ਅਸੀਂ ਕਦੇ ਉਸ ਫਲ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਸਾਡਾ ਮਨੋਰਥ ਹੈ।

(ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥)

ਇਹੋ ਜਿਹਾ ਬੋਲ ਬੋਲ ਕੇ ਜਪ ਕਰਨ ਵਿੱਚ ਅਸੀਂ ਗੁਰੂ ਦੀ ਕਿਰਪਾ ਤੋਂ ਵਾਂਝੇ ਹਾਂ ਤੇ ਉਸ ਦੀ ਕਿਰਪਾ ਕਿਵੇਂ ਹੋਣੀ ਹੈ, ਫਲ ਦੀ ਪ੍ਰਾਪਤੀ ਕਿਵੇਂ ਹੋਣੀ ਹੈ ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **(ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥)** ਰਾਮ ਰਾਮ ਬੋਲਣ ਦੀ ਬਜਾਏ, ਰਾਮ ਨੂੰ ਮਨ ਵਿੱਚ ਵਸਾਉਣ ਦੀ ਗੱਲ ਕੀਤੀ ਹੋਈ ਹੈ। ਬਸ ਇੱਥੇ ਹੀ ਸਾਰਾ ਭੇਦ ਹੈ। ਮਨ ਵਿੱਚ ਕੇਵਲ ਗਿਆਨ ਵੱਸ ਸਕਦਾ ਹੈ, ਹੋਰ ਕੁਝ ਨਹੀਂ ਵੱਸ ਸਕਦਾ। ਸਾਡੇ ਅੰਦਰ ਸਿਰਫ ਗਿਆਨ ਹੈ, ਭਾਵੇਂ ਉਹ ਚੰਗਾ ਹੈ ਜਾਂ ਮੰਦਾ ਹੈ। ਸਾਰੀ ਸ੍ਰਿਸ਼ਟੀ ਦੇ ਸਿਆਣੇ ਤੋਂ ਸਿਆਣੇ ਮਨੁੱਖ, ਵੱਡੇ ਤੋਂ ਵੱਡੇ ਗਿਆਨੀ, ਵੱਡੇ ਤੋਂ ਵੱਡੇ ਪੰਡਿਤ ਇਹ ਆਪਣਾ ਸਾਰਾ ਜ਼ੋਰ ਲਗਾ ਕੇ ਦੱਸ ਦੇਣ ਕਿ ਕੀ ਮਨ ਦੇ ਵਿੱਚ ਗਿਆਨ ਤੋਂ ਇਲਾਵਾ ਹੋਰ ਕੁੱਝ ਵੱਸ ਸਕਦਾ ਹੈ? ਸਾਡੇ ਅੰਦਰ ਜੋ ਕੁੱਝ ਵੀ ਵੱਸੇਗਾ ਉਹ ਗਿਆਨ ਰੂਪ ਵਿੱਚ ਵੱਸੇਗਾ, ਨਿਰਗੁਣ ਰੂਪ ਵਿੱਚ ਵੱਸੇਗਾ ਅਤੇ ਉਸਦਾ ਅਸਰ ਸਾਡੇ ਮਨ ਉੱਤੇ ਹੀ ਹੋਵੇਗਾ ਜਿਸ ਦੁਆਰਾ ਸਾਡਾ ਅਮਲੀ ਜੀਵਨ ਤੈਅ ਹੋਵੇਗਾ, ਬਦਲੇਗਾ। ਜਿਸ ਗਿਆਨ ਦਾ ਕੋਈ ਅਮਲੀ ਰੂਪ ਨਹੀਂ ਬਣਦਾ ਉਹ ਗਿਆਨ ਵਿਅਰਥ ਹੈ ਜੋ ਸਾਨੂੰ ਕੋਈ ਰਾਹ ਨਹੀਂ ਦਿਖਾ ਸਕਦਾ। ਜਦੋਂ ਅਸੀਂ ਰਾਮ ਰਾਮ ਬੋਲਦੇ ਹਾਂ ਜਾਂ ਕੋਈ ਵੀ ਅੱਖਰ ਬੋਲਦੇ ਹਾਂ ਉਸ ਨਾਲ ਮਨ ਵਿੱਚ ਤਬਦੀਲੀ ਨਹੀਂ ਆਉਂਦੀ ਭਾਵ ਰਾਮ ਸਾਡੇ ਮਨ ਵਿੱਚ ਨਹੀਂ ਵੱਸਿਆ ਕਿਉਂਕਿ ਉਸ ਨਾਲ ਸਾਨੂੰ ਕੋਈ ਗਿਆਨ ਨਹੀਂ ਮਿਲਿਆ, ਸਾਨੂੰ ਕੋਈ ਮਾਰਗ ਨਹੀਂ ਪਤਾ ਲੱਗਾ। ਉਹ ਸਾਡੇ ਲਈ ਕੇਵਲ ਇੱਕ ਗਿਆਨ ਰਹਿਤ ਅੱਖਰ ਬਣ ਕੇ ਰਹਿ ਗਿਆ ਹੈ ਜੋ ਸਾਨੂੰ ਕੋਈ ਅਮਲ ਨਹੀਂ ਸਿਖਾਉਂਦਾ, ਸਾਡਾ ਅੰਧਾਪਨ, ਸਾਡੀ ਅਗਿਆਨਤਾ ਦੂਰ ਨਹੀਂ ਕਰਦਾ। ਅੱਖਰ ਦਾ ਮਕਸਦ ਹੀ ਗਿਆਨ ਦੇਣਾ ਹੈ ਨਹੀਂ ਤਾਂ ਅੱਖਰ ਕਿਸ ਲੇਖੇ। ਇਹ ਅੱਖਰ ਦੇ ਮਨੋਰਥ ਨੂੰ ਅੰਧਾ ਕਰਨ ਵਾਲੀ ਗੱਲ ਹੈ ਜੇਕਰ ਅਸੀਂ ਉਸ ਕੋਲੋਂ ਕੋਈ ਗਿਆਨ ਨਹੀਂ ਲੈਂਦੇ।

5/388

ਇਸੇ ਲਈ ਬਾਣੀ ਵਿੱਚ ਫੁਰਮਾਇਆ ਹੈ :-

{ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥
ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥}

(ਅੰਗ ੫੩)

{ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ॥੧॥ ਰਹਾਉ॥}

(ਅੰਗ ੬੬੨)

ਕੋਈ ਵੀ ਅੱਖਰ ਬੋਲ ਬੋਲ ਕੇ ਜਪ ਕਰਨ ਨੂੰ ਕੇਵਲ ਇੱਕ ਮੂੰਹ ਤੋਂ ਹਵਾ ਛੱਡਣ ਵਾਲੀ ਗੱਲ ਕਿਹਾ ਹੈ, ਮਨਮਤਿ ਕਿਹਾ ਹੈ। ਗੁਰੂ ਦਾ ਮਕਸਦ ਗਿਆਨ ਦੇਣਾ ਹੈ, ਮਤਿ ਦੇਣਾ ਹੈ ਤੇ ਗੁਰੂ ਕੋਲ ਜਾਣ ਵਾਲੇ ਦਾ ਮਕਸਦ ਉਸ ਕੋਲੋਂ ਗਿਆਨ ਲੈਣਾ ਹੈ, ਮਤਿ ਲੈਣਾ ਹੈ। ਕੇਵਲ ਬੋਲ ਬੋਲ ਕੇ ਇਹ ਮਕਸਦ ਪੂਰਾ ਨਹੀਂ ਹੁੰਦਾ। ਜੇਕਰ ਅਸਲ ਮਕਸਦ ਦੀ ਹੀ ਕੋਈ ਪੂਰਤੀ ਨਹੀਂ ਹੋਣੀ ਤਾਂ ਫਿਰ ਇਹੋ ਜਿਹਾ ਜਪ ਤਪ ਫਜੂਲ ਹੀ ਹੈ, ਵਾਉ ਦੁਆਉ ਹੀ ਹੈ। ਬਾਣੀ ਦਾ ਮਕਸਦ ਸਾਨੂੰ ਚੰਗੇ ਮਨੁੱਖ ਬਣਾਉਣ ਦਾ ਹੈ, ਗੁਣਾਂ ਵਾਲਾ ਬਣਾਉਣ ਦਾ ਹੈ, ਪਰਉਪਕਾਰੀ ਬਣਾਉਣ ਦਾ ਹੈ ਤੇ ਇਹ ਮਕਸਦ ਬੋਲ ਬੋਲ ਕੇ ਪੂਰਾ ਨਹੀਂ ਹੋ ਸਕਦਾ, ਗੁਰੂ ਦੀ ਮਤਿ ਨੂੰ ਮਨ ਵਿੱਚ ਵੱਸਾ ਕੇ ਹੋ ਸਕਦਾ ਹੈ, ਰਾਮ ਨੂੰ ਮਨ ਵਿੱਚ ਵੱਸਾ ਕੇ ਹੋ ਸਕਦਾ ਹੈ ਤੇ ਇਸੇ ਦੁਆਰਾ ਫਲ ਦੀ ਪ੍ਰਾਪਤੀ ਹੋ ਸਕਦੀ ਹੈ, ਮਨੋਰਥ ਦੀ ਪ੍ਰਾਪਤੀ ਹੋ ਸਕਦੀ ਹੈ। ਰਾਮ ਨੂੰ, ਪ੍ਰਮਾਤਮਾ ਨੂੰ ਮਨ ਵਿੱਚ ਵਸਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਕਿ ਰਾਮ ਦੀ ਭਾਵ ਗੁਰੂ ਦੀ ਦਿੱਤੀ ਹੋਈ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ ਜਿਸ ਦੁਆਰਾ ਗੁਰੂ ਦੇ ਮਨੋਰਥ ਦੀ ਪੂਰਤੀ ਹੋ ਸਕਦੀ ਹੈ। ਬਾਣੀ ਵਿੱਚ ਅਨੇਕਾਂ ਵਾਰ ਪ੍ਰਮਾਤਮਾ ਨੂੰ, ਰਾਮ ਨੂੰ, ਹਰਿ ਨੂੰ, ਗੁਰੂ ਨੂੰ ਹਰ ਵੇਲੇ ਯਾਦ ਰੱਖਣ ਦੀ ਗੱਲ ਆਉਂਦੀ ਹੈ। ਸ਼ਬਦਾਂ ਦੁਆਰਾ ਦਿੱਤੀ ਹੋਈ ਸਮਝ ਨੂੰ ਹਰ ਵੇਲੇ ਯਾਦ ਰੱਖਣਾ ਭਾਵ ਉਸ ਤੇ ਅਮਲ ਕਰਨਾ ਹੀ ਹਰ ਵੇਲੇ ਪ੍ਰਮਾਤਮਾ ਨੂੰ, ਗੁਰੂ ਨੂੰ ਚੇਤੇ ਰੱਖਣਾ ਹੈ ਕਿਉਂਕਿ ਸ਼ਬਦਾਂ ਦੇ ਅੰਦਰ ਦੀ ਸਮਝ ਦੇ ਰੂਪ ਵਿੱਚ, ਗਿਆਨ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ, ਗੁਰੂ ਹੈ। ਗੁਰੂ ਨੂੰ, ਪ੍ਰਮਾਤਮਾ ਨੂੰ ਹਰ ਵੇਲੇ ਚੇਤੇ ਰੱਖਣਾ ਹੀ ਹਰ ਵੇਲੇ ਨਾਮ ਨੂੰ ਚੇਤੇ ਰੱਖਣਾ ਹੈ, ਹਰ ਵੇਲੇ ਨਾਮ ਜਪਣਾ ਹੈ। ਜੇਕਰ ਅਸੀਂ ਗੁਰੂ ਦੇ ਮਨੋਰਥ ਦੀ ਪੂਰਤੀ ਕਰਾਂਗੇ, ਤਾਂ ਹੀ ਉਹ ਸਾਡੇ ਮਨੋਰਥ ਦੀ ਪੂਰਤੀ ਕਰੇਗਾ। ਬੜੀ ਸਿੱਧੀ ਜਿਹੀ ਗੱਲ ਹੈ ਕਿ ਇੱਕ ਹੱਥ ਦੇ ਤੇ ਇੱਕ ਹੱਥ ਲੈ। ਬੜੀ ਵਿਹਾਰੀ ਗੱਲ ਹੈ। ਗੁਰੂ ਵੀ ਖੁਸ਼ ਤੇ ਅਸੀਂ ਵੀ ਖੁਸ਼। ਬਸ ਗੁਰੂ ਨੂੰ ਖੁਸ਼ ਕਰਨ ਦਾ ਤਰੀਕਾ ਬਦਲਣ ਦੀ ਲੋੜ ਹੈ। ਤਰੀਕਾ ਉਸ ਦਾ ਹੀ ਬਦਲਾਵੇਗਾ ਜਿਸ ਤੇ ਉਸ ਦੀ ਕਿਰਪਾ ਹੋਵੇਗੀ।

(ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥)

ਕਥਨੀ ਤੇ ਕਰਨੀ ਵਿੱਚ ਇਹੀ ਫਰਕ ਹੈ। ਪ੍ਰਮਾਤਮਾ ਨੂੰ ਕਥਨੀ ਨਾਲ ਨਹੀਂ ਜਪਿਆ ਜਾਣਾ, ਕਰਨੀ ਨਾਲ ਜਪਿਆ ਜਾਣਾ ਹੈ। ਇਹ ਪ੍ਰਮਾਤਮਾ ਦੀ ਭਗਤੀ ਦਾ ਨਿਚੋੜ ਹੈ।

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ॥
ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ ॥
ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ ॥੧॥}

(ਅੰਗ ੫੫੫)

{ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥
ਅੰਤਰਿ ਵਸੈ ਨ ਲਾਗੈ ਜਮ ਪੀਰ ॥
ਆਪੇ ਸਾਹਿਬੁ ਆਪਿ ਵਜੀਰ ॥
ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥੪॥}

(ਅੰਗ ੧੫੯)

{ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ॥}

(ਅੰਗ ੯੪੮)

5/389

ਅੱਠੇ ਪਹਿਰ ਵਾਹਿਗੁਰੂ ਦੇ ਹੁਕਮ ਵਿੱਚ ਚੱਲਣਾ ਹੀ ਉਸ ਦੀ ਭਗਤੀ ਹੈ। ਉਸਦਾ ਹੁਕਮ ਬੋਲ ਬੋਲ ਕੇ ਪੂਰਾ ਨਹੀਂ ਹੋ ਸਕਦਾ। ਹੁਕਮ ਮਨ ਵਿੱਚ ਵੱਸੇਗਾ ਤੇ ਤਾਂ ਹੀ ਉਸ ਦੀ ਪਾਲਣਾ ਹੋਵੇਗੀ। ਜਿਸ ਨੂੰ ਗੁਰੂ ਨਾਲ ਪ੍ਰੀਤ ਹੈ ਉਹ ਰਾਮ ਨੂੰ ਆਪਣੇ ਮਨ ਵਿੱਚ ਵਸਾਉਂਦਾ ਹੈ ਭਾਵ ਗੁਰੂ ਦੀ ਮਤਿ ਤੇ ਅਮਲ ਕਰਦਾ ਹੈ ਤੇ ਮੂੰਹ ਨਾਲ ਬੋਲ ਬੋਲ ਕੇ ਪ੍ਰੀਤ ਦਿਖਾਉਣੀ ਰਾਮ ਨਾਲ ਪ੍ਰੀਤ ਨਹੀਂ ਹੈ, ਉਹ ਸਾਡਾ ਕੇਵਲ ਇੱਕ ਦਿਖਾਵਾ ਹੀ ਹੈ। ਜਿਨ੍ਹਾਂ ਨੂੰ ਵਾਹਿਗਰੂ ਨਾਲ ਪ੍ਰੀਤ ਹੈ ਉਹ ਉਸ ਦੀ ਗੱਲ ਤੇ ਅਮਲ ਕਰਦੇ ਹਨ, ਆਪਣੀ ਕਰਨੀ ਸੱਚੀ ਸੁੱਚੀ ਬਣਾਉਂਦੇ ਹਨ। ਇਹੋ ਜਿਹੀ ਪ੍ਰੀਤ ਵਾਲੇ ਮਨੁੱਖਾਂ ਨੂੰ ਹਰਿ ਕਦੇ ਨਹੀਂ ਵਿਸਰਦਾ ਭਾਵ ਗੁਰੂ ਦੀ ਮਤਿ ਕਦੇ ਨਹੀਂ ਵਿਸਰਦੀ ਕਿਉਂਕਿ "ਹਰਿ" ਉਨ੍ਹਾਂ ਦੇ ਮਨ ਵਿੱਚ ਵਸਿਆ ਹੁੰਦਾ ਹੈ, ਉਸਦੀ ਮਤਿ ਸਦਾ ਮਨ ਵਿੱਚ ਵੱਸੀ ਹੁੰਦੀ ਹੈ ਤੇ ਇਸ ਨੂੰ ਹੀ ਸਦਾ ਹਰਿ ਹਰਿ ਕਰਨਾ ਦੱਸਿਆ ਹੈ, ਅੱਠੇ ਪਹਿਰ ਹਰਿ ਹਰਿ ਕਰਨਾ ਕਹਿ ਕੇ ਸਮਝਾਇਆ ਹੈ ਭਾਵ ਜੋ ਮਨੁੱਖ ਹਰ ਵੇਲੇ ਗੁਰੂ ਦੀ ਮਤਿ ਤੇ ਚੱਲ ਰਿਹਾ ਹੈ ਉਹ ਹਰ ਵੇਲੇ ਪ੍ਰਮਾਤਮਾ ਲਈ ਕੁਦਰਤੀ ਤੌਰ ਤੇ ਬਿਨ੍ਹਾਂ ਬੋਲੇ ਹੀ ਹਰਿ ਹਰਿ ਬੋਲ ਰਿਹਾ ਹੈ, ਰਾਮ ਰਾਮ ਬੋਲ ਰਿਹਾ ਹੈ, ਅੱਲ੍ਹਾ ਅੱਲ੍ਹਾ ਬੋਲ ਰਿਹਾ ਹੈ, ਵਾਹਿਗੁਰੂ ਵਾਹਿਗੁਰੂ ਬੋਲ ਰਿਹਾ ਹੈ। ਹੁਣ ਰਾਮ ਰਾਮ ਕਰਨਾ ਕੀ ਹੈ, ਹਰਿ ਹਰਿ ਕਰਨਾ ਕੀ ਹੈ, ਇਸ ਤੋਂ ਸਪੱਸ਼ਟ ਗੁਰੂ ਸਾਹਿਬ ਕੀ ਸਮਝਾਉਣ। ਸਾਰੀ ਗੱਲ ਬੋਲ ਬੋਲ ਕੇ ਜਪਣ ਦੀ ਤੇ ਮਨ ਵਿੱਚ ਵਸਾਉਣ ਦੇ ਫਰਕ ਨੂੰ ਸਮਝਣ ਦੀ ਹੈ, ਪਰੈਕਟੀਕਲ ਬਣਨ ਦੀ ਹੈ, ਅਮਲੀ ਤੌਰ ਤੇ ਮਨ ਨੂੰ ਸੱਚੇ ਕਰਨ ਦੀ ਹੈ। ਮੂੰਹ ਜੁਬਾਨੀ ਕੰਮ ਨਹੀਂ ਸਰਨਾ। **(ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ ਰਹਾਉ॥)** ਪ੍ਰਮਾਤਮਾ ਨਾਲ ਪ੍ਰੀਤਿ ਜੁੜਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਜਿਸਨੂੰ ਗੁਰੂ ਦੀ ਮਤਿ ਨਾਲ ਪ੍ਰੀਤਿ ਹੈ ਉਸਨੂੰ ਹੀ ਗੁਰੂ ਨਾਲ, ਪ੍ਰਮਾਤਮਾ ਨਾਲ ਪ੍ਰੀਤ ਹੈ ਜੋ ਪ੍ਰੀਤਿ ਔਗੁਣ ਤਿਆਗ ਕੇ ਹੀ ਜੁੜਦੀ ਹੈ ਭਾਵ ਸੱਚੇ ਸੁੱਚੇ ਇਨਸਾਨ ਬਣਕੇ ਹੀ ਜੁੜਦੀ ਹੈ ਭਾਵ ਚੰਗੇ ਕਰਮ ਕਰਨ ਦੁਆਰਾ ਜੁੜਦੀ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥}

(ਅੰਗ ੬੫)

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਾਡਾ ਰਾਮ ਰਾਮ ਕਰਨ ਦਾ ਮਨੋਰਥ ਸਮਝਾਇਆ ਹੋਇਆ ਹੈ। ਮੂੰਹੋ ਰਾਮ ਰਾਮ ਬੋਲਣ ਅਤੇ ਰਾਮ ਨੂੰ ਮਨ ਵਿੱਚ ਵਸਾਉਣ ਵਿੱਚ ਕੀ ਅੰਤਰ ਹੈ, ਇਹ ਨਾਲ ਹੀ ਸਮਝਾਇਆ ਹੋਇਆ ਹੈ।

"ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥"

ਰਾਮ ਰਾਮ ਜਪਣ ਦਾ ਮਕਸਦ ਤਾਂ ਗੁਰੂ ਦੀ ਮਤਿ ਨੂੰ ਸਮਝ ਕੇ, ਉਸ ਤੇ ਅਮਲ ਕਰਕੇ ਆਪਣੇ ਆਪ ਨੂੰ ਉਸਦੇ ਅਨੁਸਾਰ ਢਾਲਣਾ ਹੈ, ਆਪਣੇ ਮਨ ਵਿੱਚ ਗੁਰੂ ਦੇ ਉਪਦੇਸ਼ ਅਨੁਸਾਰ ਤਬਦੀਲੀ ਲਿਆਉਣੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ

5/390

ਇਨਸਾਨ ਬਣ ਸਕੀਏ, ਅਸੀਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਜਾਈਏ। ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਅਸੀਂ ਜੋ ਆਪਣੇ ਅੰਦਰ ਮਾਇਆ ਦੇ ਕਪਟ ਦੁਆਰਾ ਮੰਦੇ ਕਰਮ ਕਰਦੇ ਹਾਂ, ਉਨ੍ਹਾਂ ਤੋਂ ਮੁਕਤ ਹੋ ਜਾਈਏ ਕਿਉਂਕਿ ਇਹੋ ਜਿਹੀ ਕਰਨੀ ਹੀ ਸਾਨੂੰ ਗੁਰੂ ਦੀ ਮਤਿ ਸਿਖਾਉਂਦੀ ਹੈ। ਪਰ ਜੇਕਰ ਅਸੀਂ ਇਹੋ ਜਿਹਾ ਰਾਮ ਰਾਮ ਕਰਨ ਦੀ ਬਜਾਏ ਭਾਵ ਚੰਗੀ ਕਰਨੀ ਕਰਨ ਦੀ ਬਜਾਇ ਕੇਵਲ ਮੂੰਹ ਨਾਲ ਰਾਮ ਰਾਮ ਕਰੀ ਜਾਵਾਂਗੇ ਤਾਂ ਫਿਰ ਗੁਰੂ ਦੇ ਸਮਝਾਏ ਹੋਏ ਉਪਦੇਸ਼ ਦੀ ਪੂਰਤੀ ਨਹੀਂ ਹੁੰਦੀ, ਉਸਦੇ ਬਚਨਾਂ ਦੀ ਪੂਰਤੀ ਨਹੀਂ ਹੁੰਦੀ, ਉਸਦਾ ਮਕਸਦ ਪੂਰਾ ਨਹੀਂ ਹੁੰਦਾ ਜਿਵੇਂ ਕਿ ਪੰਗਤੀਆਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਮੂੰਹੋਂ ਰਾਮ ਰਾਮ ਬੋਲਣ ਦੁਆਰਾ ਅਸੀਂ ਬਾਹਰੋਂ ਤਾਂ ਸੱਚੇ ਸੁੱਚੇ ਲੱਗਣ ਲੱਗ ਜਾਵਾਂਗੇ, ਉੱਚੀ ਅਵੱਸਥਾ ਵਾਲੇ ਲੱਗਣ ਲੱਗ ਜਾਵਾਂਗੇ, ਸਾਡਾ ਰੁਤਬਾ ਉੱਚਾ ਹੋ ਜਾਵੇਗਾ ਤੇ ਰੁਤਬਾ ਉੱਚਾ ਇਸ ਲਈ ਹੋ ਜਾਂਦਾ ਹੈ ਕਿ ਲੋਕਾਂ ਨੂੰ ਅਸਲ ਭਗਤੀ ਦੀ ਸਮਝ ਨਹੀਂ ਹੈ, ਉਹ ਸਰੀਰਕ ਜਪ ਤਪ ਕਰਨ ਵਾਲਿਆਂ ਨੂੰ ਹੀ ਉੱਚਾ ਮੰਨਦੇ ਹਨ। ਪਰ ਇਸ ਨਾਲ ਗੁਰੂ ਦੇ ਉਪਦੇਸ਼ ਦੀ ਪੂਰਤੀ ਨਹੀਂ ਹੁੰਦੀ। ਸਭ ਦੇ ਅੰਦਰ ਮਾਇਆ ਦਾ ਕਪਟ ਭਾਵ ਮਾਇਆ ਦਾ ਛਲ ਵਰਤਦਾ ਹੈ ਜਿਸ ਕਰਕੇ ਸਾਡੇ ਅੰਦਰ ਦੀ ਮਾਇਆ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਤੋਂ ਦੂਰ ਰੱਖਦੀ ਹੈ ਤੇ ਸਾਨੂੰ ਸਰੀਰਕ ਜਪਾਂ ਤਪਾਂ ਵਿੱਚ ਹੀ ਅਸਲ ਭਗਤੀ ਨਜਰ ਆਉਂਦੀ ਹੈ। ਗੁਰੂ ਨੇ ਇਸੇ ਲਈ ਹੀ ਸਾਨੂੰ ਉਹੋ ਜਿਹਾ ਰਾਮ ਰਾਮ ਕਰਨ ਲਈ ਪ੍ਰੇਰਿਆ ਹੈ ਜਿਸ ਦੁਆਰਾ ਅਸੀਂ ਮਨੋ ਸੱਚੇ ਸੁੱਚੇ ਬਣੀਏ, ਸਾਡੀ ਬਿਰਤੀ ਸੱਚੀ ਬਣੇ, ਸਾਡੇ ਕਰਮ ਸੱਚੇ ਸੁੱਚੇ ਬਣਨ, ਅਸੀਂ ਪਰਉਪਕਾਰੀ ਬਣੀਏ, ਵਿਖਾਵੇ ਵਾਲੀ ਭਗਤੀ ਨਾ ਕਰੀਏ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ ਵੀ ਤ੍ਰਿਸ਼ਨਾ ਹੀ ਹੈ ਜੋ ਕਿ ਵੱਧਦੀ ਹੀ ਜਾਂਦੀ ਹੈ। ਆਪਣੇ ਆਪ ਨੂੰ ਕੋਈ ਸੰਤ ਤਾਂ ਹੀ ਅਖਵਾ ਸਕਦਾ ਹੈ ਜਦ ਤੱਕ ਸਾਡੇ ਅੰਦਰ ਮਾਇਆ ਦਾ ਕਪਟ ਹੈ ਭਾਵ ਅਗਿਆਨਤਾ ਹੈ ਜਿਸ ਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਗੁਰੂ ਨੂੰ ਨਹੀਂ ਜਾਣ ਸਕਦੇ ਜੋ ਕਿ ਮਾਇਆ ਦੇ ਕਪਟ ਦਾ ਮਕਸਦ ਹੈ, ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਮਕਸਦ ਹੈ।

(ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥)

ਬਾਣੀ ਵਿੱਚ ਸਾਡੇ ਅੰਦਰ ਵਾਰ-ਵਾਰ ਔਗੁਣ ਵੱਸਣ ਦੀ ਗੱਲ ਆਉਂਦੀ ਹੈ, ਕਪਟ ਵੱਸਣ ਦੀ ਗੱਲ ਆਉਂਦੀ ਹੈ। ਸਾਡੇ ਅੰਦਰ ਕਪਟ ਤਾਂ ਹੀ ਵੱਸਿਆ ਹੋਇਆ ਮੰਨਿਆ ਜਾ ਸਕਦਾ ਹੈ ਜੇਕਰ ਸਾਡੀ ਬਿਰਤੀ ਕਪਟ ਵਾਲੀ ਹੈ, ਸਾਡੇ ਕਰਮ ਕਪਟ ਵਾਲੇ ਹਨ ਜਿੱਥੋਂ ਸਾਡੀ ਪਹਿਚਾਣ ਹੁੰਦੀ ਹੈ ਕਿ ਅਸੀਂ ਕਪਟ ਵਾਲੇ ਹਾਂ। ਕਪਟ ਸਾਡੇ ਅੰਦਰ ਕਪਟ ਕਪਟ ਬੋਲੀ ਜਾਣ ਨਾਲ ਨਹੀਂ ਵੱਸਦਾ। ਇਹ ਸਾਡਾ ਸੁਭਾਅ ਹੈ, ਸਾਡੀ ਨੀਅਤ ਹੈ। ਬਸ ਇਸੇ ਤਰ੍ਹਾਂ ਹੀ ਸਾਡੇ ਅੰਦਰ ਰਾਮ ਦਾ ਵੱਸਣਾ ਕੀ ਹੈ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਰਾਮ ਨੂੰ ਬੋਲ ਬੋਲ ਕੇ ਨਹੀਂ, ਉਸਨੂੰ ਵਸਾਉਣ ਲਈ ਕੇਵਲ ਆਪਣੀ ਬਿਰਤੀ ਬਦਲਣ ਦੀ ਲੋੜ ਹੈ, ਸੁਭਾਅ ਬਦਲਣ ਦੀ ਲੋੜ ਹੈ। ਸੁਭਾਅ

5/391

ਤਾਂ ਹੀ ਬਦਲੇਗਾ ਜਦੋਂ ਸਾਡੇ ਔਗੁਣ ਨਿਕਲ ਜਾਣਗੇ। ਸਾਡੀ ਨੀਅਤ ਆਪੇ ਹੀ ਰਾਸ ਹੋ ਜਾਵੇਗੀ, ਚੁੱਪ ਚੁਪੀਤੇ ਆਪੇ ਹੀ ਹੋ ਜਾਵੇਗੀ, ਕਿਸੇ ਜਪ ਤਪ ਦੀ ਲੋੜ ਨਹੀਂ ਹੈ, ਕੇਵਲ ਮਨ ਨੂੰ ਮਾਰਨ ਦੀ ਲੋੜ ਹੈ। ਨੀਅਤ ਰਾਸ ਕੀਤੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ।

{ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥}

(ਅੰਗ ੧੩੮੩)

{ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥}

(ਅੰਗ ੧੪੨੧)

ਜਿਹੜੀ ਗੱਲ ਸਾਡੇ ਸੁਭਾਅ ਨੂੰ ਨਹੀਂ ਬਦਲਦੀ,ਸਾਡਾ ਕਰਮ ਨਹੀਂ ਬਣਦੀ, ਉਹ ਗੱਲ ਸਾਡੇ ਲਈ ਬੇ-ਗਿਆਨ,ਬੇਅਰਥ ਸਾਬਿਤ ਹੁੰਦੀ ਹੈ, ਜਿਸ ਗੱਲ ਦਾ ਸਾਡੇ ਤੇ ਕੋਈ ਅਸਰ ਨਹੀਂ ਹੁੰਦਾ। ਇਹੋ ਜਿਹੀ ਗੱਲ ਕੇਵਲ ਸਾਡੇ ਮਨ ਦਾ ਭਾਰ ਵਧਾਉਂਦੀ ਹੈ, ਮਨ ਦਾ ਭਾਰ ਵੱਡਾ ਕਰਦੀ ਹੈ, ਮਨ ਦੀ ਗੱਡੀ ਲੱਦਦੀ ਹੈ। ਇਹ ਭਾਰ ਕੇਵਲ ਸਾਡੀ ਤਸੱਲੀ ਲਈ ਹੈ, ਸਾਡੀ ਮਨਹਠਿ ਭਾਰੀ ਹੁੰਦੀ ਹੈ ਜਿਸ ਨਾਲ ਸਾਡੇ ਅਸਲ ਮਨੋਰਥ ਦੀ ਪੂਰਤੀ ਨਹੀਂ ਹੁੰਦੀ। ਰਾਮ ਰਾਮ ਕਰਨ ਦੇ ਅਸਲ ਮਨੋਰਥ ਦੀ ਪੂਰਤੀ ਨਹੀਂ ਹੁੰਦੀ। ਰਾਮ ਗੁਣਾਂ ਦਾ ਖਜ਼ਾਨਾ ਹੈ, ਵਾਹਿਗੁਰੂ ਗਿਆਨ ਦਾ ਸਾਗਰ ਹੈ, ਸਭ ਨੂੰ ਗਿਆਨ ਦੇਣ ਵਾਲਾ ਹੈ। ਅਸੀਂ ਇਤਨੇ ਵੱਡੇ ਗਿਆਨ ਦੇ ਮਾਲਕ ਨੂੰ ਕੇਵਲ ਇੱਕ ਅੱਖਰ ਸਮਝ ਕੇ ਜਪੁ ਰਹੇ ਹਾਂ ਭਾਵ ਇੱਕ ਅੱਖਰ ਨੂੰ ਹੀ ਵਾਰ-ਵਾਰ ਬੋਲੀ ਜਾਂਦੇ ਹਾਂ ਜਿਸ ਵਿੱਚੋਂ ਕੋਈ ਗਿਆਨ ਨਹੀਂ ਮਿਲਦਾ। ਅਸੀਂ ਇੱਕ ਅੱਖਰ ਨੂੰ ਅਗਿਆਨੀ ਬਣ ਕੇ ਜਪ ਰਹੇ ਹਾਂ, ਅੰਧਾ ਬਣ ਕੇ ਜਪ ਰਹੇ ਹਾਂ ਭਾਵ ਉਸਦੇ ਮਨੋਰਥ ਨੂੰ ਸਮਝਣ ਤੋਂ ਦੂਰ ਹਾਂ। ਸ਼ਬਦਾਂ ਦੀ ਕਥਨੀ ਕਰਨ ਦੁਆਰਾ ਵੀ ਅਸੀਂ ਕੇਵਲ ਸ਼ਬਦਾਂ ਦੀ ਬਣਾਵਟ ਨੂੰ ਹੀ ਮੁੱਖੋਂ ਬੋਲਦੇ ਹਾਂ ਜਿਸ ਨਾਲ ਅਸੀਂ ਸ਼ਬਦ ਦੀ ਸੁਧਿ ਨੂੰ ਨਹੀਂ ਜਪਦੇ। ਸ਼ਬਦ ਦਾ ਮਨੋਰਥ ਸ਼ਬਦ ਦੀ ਸੋਝੀ ਪਾਉਣਾ ਹੈ, ਗਿਆਨ ਦੇਣਾ ਹੈ। ਸ਼ਬਦ ਦੀ ਸੋਝੀ ਨੂੰ ਜਪਣਾ ਹੀ ਸ਼ਬਦ ਨੂੰ ਜਪਣਾ ਹੈ, ਸ਼ਬਦ ਦੀ ਕਮਾਈ ਕਰਨਾ ਹੈ। ਰਾਮ "ਸ਼ਬਦ" ਹੈ, "ਅੱਖਰ" ਹੈ ਜੋ ਰਾਮ ਹਰ ਸ਼ਬਦ ਦੀ ਸੋਝੀ ਦੇ ਵਿੱਚ ਹੈ। ਰਾਮ ਦੀ ਸੋਝੀ ਨੂੰ ਜਪਣਾ ਹੀ ਰਾਮ ਨੂੰ ਜਪਣਾ ਹੈ, ਵਾਹਿਗੁਰੂ ਨੂੰ ਜਪਣਾ ਹੈ। ਵਾਹਿਗੁਰੂ ਆਪਣੀ ਦਿੱਤੀ ਹੋਈ ਸੋਝੀ ਦੇ

5/392

ਵਿੱਚ ਹੈ, ਆਪਣੀ ਦਿੱਤੀ ਹੋਈ ਮਤਿ ਦੇ ਵਿੱਚ ਹੈ ਜੋ ਮਤਿ ਉਸਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਦਿੱਤੀ ਹੋਈ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

{ਭਉ ਮੁਚੁ ਭਾਰਾ ਵਡਾ ਤੋਲੁ ॥
ਮਨ ਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥

ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥
ਭੈ ਬਿਨੁ ਘਾੜਤ ਕਚੁ ਨਿਕਚ ॥
ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥
ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥
ਅੰਧਾ ਅਖਰੁ ਵਾਉ ਦੁਆਉ ॥੩॥}

(ਅੰਗ ੧੫੧)

{ਹਉਮੈ ਬੂਝੈ ਤਾ ਦਰੁ ਸੂਝੈ॥ਗਿਆਨ ਵਿਹੂਣਾ ਕਥਿ ਕਥਿ ਲੂਝੈ॥}

(ਅੰਗ - ੪੬੬)

ਵਾਹਿਗੁਰੂ ਅੱਖਰਾਂ ਦੀ ਲਿਖਤ ਵਿੱਚ ਨਹੀਂ ਹੈ, ਅੱਖਰਾਂ ਵਿੱਚ ਦਿੱਤੀ ਹੋਈ ਮਤਿ ਦੇ ਵਿੱਚ ਹੈ। ਇਸ ਭਗਤੀ ਦੇ ਮਾਰਗ ਵਿੱਚ ਅਸੀਂ ਉਸ ਨੂੰ ਹੀ ਵੱਡਾ ਸਮਝਦੇ ਹਾਂ, ਉੱਚਾ ਸਮਝਦੇ ਹਾਂ, ਉੱਚੀ ਪਦਵੀ ਨਾਲ ਨਿਵਾਜਦੇ ਹਾਂ ਜਿਸ ਨੇ ਆਪਣੇ ਮਨ ਵਿੱਚ ਅੱਖਰਾਂ ਦੀ ਗਿਣਤੀ ਦਾ ਜ਼ਿਆਦਾ ਭਾਰ ਚੁੱਕਿਆ ਹੋਇਆ ਹੈ, ਜ਼ਿਆਦਾ ਗੱਡੀ ਲੱਦੀ ਹੋਈ ਹੈ ਜਦ ਕਿ ਭਗਤੀ ਦਾ ਅਸਲ ਮਨੋਰਥ ਮਨ ਨੂੰ ਮਾਰਨ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਔਗੁਣਾਂ ਤੋਂ ਰਹਿਤ ਹੋਣ ਦਾ ਹੈ। ਰਾਮ ਰਾਮ ਬੋਲੀ ਜਾਣ ਨਾਲ ਇਹ ਮਨੋਰਥ ਪੂਰਾ ਨਹੀਂ ਹੁੰਦਾ। ਇਹ ਮਨੋਰਥ ਰਾਮ ਦੀ ਦਿੱਤੀ ਹੋਈ ਮਤਿ ਤੇ ਅਮਲ ਕਰਕੇ ਪੂਰਾ ਹੁੰਦਾ ਹੈ। ਇਸੇ ਲਈ ਤਾਂ ਸਾਨੂੰ ਸਮਝਾਇਆ ਹੈ ਕਿ ਮੂੰਹੋਂ ਰਾਮ ਰਾਮ ਬੋਲਣ ਨਾਲ ਭਗਤੀ ਦਾ ਨਤੀਜਾ ਇਹ ਨਿਕਲਦਾ ਹੈ:-

(ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥)

ਜੋ ਮਨੁੱਖ ਜਿਆਦਾ ਗਿਆਨ ਇਕੱਠਾ ਕਰ ਕੇ ਕੇਵਲ ਬਹਿਸ ਬਾਜੀ ਵਿੱਚ ਪਏ ਰਹਿੰਦੇ ਹਨ ਪਰ ਅਮਲ ਨਹੀਂ ਕਰਦੇ, ਉਹਨਾਂ ਨੂੰ ਹੀ ਗਿਆਨ ਵਿਹੂਣੇ ਕਿਹਾ ਹੈ ਭਾਵ ਸਾਡਾ ਅਸਲ ਗਿਆਨ ਉਹ ਹੈ ਜਿਸ ਗਿਆਨ ਤੇ, ਗੁਰੂ ਦੀ ਸਚੀ ਮਤਿ ਤੇ ਅਸੀਂ ਅਮਲ ਵੀ ਕਰਦੇ ਹਾਂ ਨਹੀਂ ਤਾਂ ਉਹ ਗੱਡੀ ਲੱਦਣ ਵਾਲੀ ਗੱਲ ਹੀ ਹੈ। ਜਿਸ ਦੀ ਗੱਡੀ ਹਉਲੀ ਹੈ, ਖਾਲੀ ਹੈ ਉਸਨੂੰ ਕੋਈ ਉੱਚਾ ਦਰਜਾ ਨਹੀਂ ਦਿੰਦਾ, ਭਗਤੀ ਵਾਲਾ ਨਹੀਂ ਸਮਝਦਾ ਭਾਵੇਂ ਉਹ ਹਿਰਦੇ ਤੋਂ ਜਿੰਨਾ ਮਰਜੀ ਸ਼ੁੱਧ ਹੋਵੇ, ਪਰਉਪਕਾਰੀ ਹੋਵੇ, ਗੁਣਾਂ ਵਾਲਾ ਹੋਵੇ। ਇਸ ਮਾਰਗ ਵਿੱਚ ਅਸੀਂ ਕੀਮਤ ਗੱਡੀ ਦਾ ਭਾਰ ਦੇਖ ਕੇ ਹੀ ਪਾਉਂਦੇ ਹਾਂ, ਮਨੁੱਖ ਦੇ ਕਰਮਾਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਦਿਖਾਵਾ ਕਰਮਾਂ ਉੱਪਰ ਭਾਰੀ ਰਹਿੰਦਾ ਹੈ ਜਦ ਕਿ ਬਾਣੀ ਸਾਨੂੰ ਕੁੱਝ ਹੋਰ ਸਮਝਾ ਰਹੀ ਹੈ। ਕੇਵਲ ਨੀਅਤ ਰਾਸ ਕਰਨ ਦੀ ਗੱਲ ਸਮਝਾ ਰਹੀ ਹੈ ਅਤੇ ਇਹ ਹੀ ਉਸਦੀ ਸੱਚੀ ਭਗਤੀ ਹੈ। ਵਾਹਿਗੁਰੂ ਸੱਚੀ ਨੀਅਤ ਦੇ ਵਿੱਚ ਵੱਸਦਾ ਹੈ, ਦਿਖਾਵਿਆਂ ਵਿੱਚ ਨਹੀਂ। ਦਿਖਾਵੇ ਕੇਵਲ ਦੁਨੀਆਂ ਲਈ ਹਨ।

{ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥੧॥}

(ਅੰਗ ੧੪੦)

{ਜਗੁ ਬੰਦੀ ਮੁਕਤੇ ਹਉ ਮਾਰੀ ॥
ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥

ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ ੪੧੩)

ਇਸ ਮਾਰਗ ਵਿੱਚ ਹਰ ਕੋਈ ਆਪਣੇ ਆਪ ਨੂੰ ਆਪ ਹੀ ਪੂਰਾ

5/393

ਸਮਝ ਲੈਂਦਾ ਹੈ, ਬੋਲ ਬੋਲ ਕੇ ਜਪ ਤਪ ਕਰਨ ਦੁਆਰਾ ਹੀ ਪੂਰਾ ਸਮਝ ਲੈਂਦਾ ਹੈ। ਵਾਹਿਗੁਰੂ ਦੀਆਂ ਨਜ਼ਰਾਂ ਵਿੱਚ ਕੌਣ ਕੀ ਹੈ ਉਹ ਵਾਹਿਗੁਰੂ ਹੀ ਜਾਣਦਾ ਹੈ। ਅਸੀਂ ਆਪਣੇ ਆਪ ਨੂੰ ਜੋ ਮਰਜ਼ੀ ਕਹਾਈ ਜਾਈਏ ਪਰ ਅਸਲ ਗੱਲ ਤਾਂ ਵਾਹਿਗੁਰੂ ਜਾਣਦਾ ਹੈ ਕਿ ਅਸੀਂ ਕੀ ਹਾਂ। ਉੱਥੇ ਕੇਵਲ ਸਾਡੀ ਪਤਿ ਕੰਮ ਆਉਂਦੀ ਹੈ, ਹੋਰ ਕੁੱਝ ਨਹੀਂ ਕੰਮ ਆਉਂਦਾ।

{ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥

ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥੨॥}

(ਅੰਗ ੪੬੯)

ਭਗਤੀ ਦੇ ਮਾਰਗ ਤੇ ਪੂਰਾ ਹੋਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ। ਵਾਹਿਗੁਰੂ ਕਿਸੇ ਨੂੰ ਕਿਵੇਂ ਪੂਰਾ ਕਰਦਾ ਹੈ, ਉਸਦੀ ਦਰਗਾਹ ਵਿੱਚ ਤੋਲ ਕਿਵੇਂ ਤੁਲਿਆ ਜਾਂਦਾ ਹੈ ਜਿਸ ਦੁਆਰਾ ਮਨੁੱਖ ਪੂਰਾ ਹੁੰਦਾ ਹੈ ਇਹ ਸਾਨੂੰ ਸ਼ਬਦਾਂ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਤੋਲ ਅਸੀਂ ਉਸ ਦੀ ਦਿੱਤੀ ਹੋਈ ਮਤਿ ਦਾ ਤੁਲਣਾ ਹੈ, ਸਾਡੇ ਲਈ ਕਸਵੱਟੀ ਗੁਰੂ ਦੀ ਮਤਿ ਹੀ ਹੈ ਤੇ ਉਸ ਦੀ ਮਤਿ ਅਨੁਸਾਰ ਚੱਲਣ ਨਾਲ ਹੀ ਸਾਨੂੰ ਪਤਿ ਮਿਲਦੀ ਹੈ, ਸਾਡੀ ਪਤਿ ਉੱਚੀ ਹੁੰਦੀ ਹੈ। ਜਿਉਂ-ਜਿਉਂ ਮਨੁੱਖ ਉਸ ਦੀ ਮਤਿ ਤੇ ਅਮਲ ਕਰਦਾ ਹੈ ਤਿਉਂ-ਤਿਉਂ ਪਤਿ ਦੀਆਂ ਪਉੜੀਆਂ ਚੜ੍ਹੀ ਜਾਂਦਾ ਹੈ। ਜਿਉਂ ਜਿਉਂ ਗੁਰੂ ਦੀ ਮਤਿ ਨੂੰ ਜਪਦਾ ਹੈ ਉਸਦੀ ਪਤਿ ਉੱਚੀ ਹੁੰਦੀ ਹੈ। ਸਾਡੀ ਪਤਿ ਗੁਰੂ ਦੀ ਮਤਿ ਨੂੰ ਮੰਨਣ ਦੇ ਨਾਲ ਹੈ ਨਾ ਕਿ ਉਸਨੂੰ ਕੇਵਲ ਬੋਲੀ ਜਾਣ ਨਾਲ। ਪਤਿ ਨਾਮ ਨੂੰ ਮੰਨਣ ਦੇ ਨਾਲ ਹੈ ਨਾ ਕਿ ਨਾਮ ਬੋਲਣ ਦੇ ਨਾਲ, ਕਿਸੇ ਅੱਖਰ ਨੂੰ ਬੋਲੀ ਜਾਣ ਦੇ ਨਾਲ, ਕਿਸੇ ਸ਼ਬਦ ਨੂੰ ਬੋਲੀ ਜਾਣ ਦੇ ਨਾਲ।

{ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥

ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥੩॥}

(ਅੰਗ ੪੨੧)

ਪਤਿ ਗੁਰੂ ਦੀ ਮਤਿ ਨੂੰ ਭਾਵ ਨਾਮ ਨੂੰ ਮੰਨਣ ਦੇ ਨਾਲ ਹੈ ਤੇ ਗੁਰੂ ਦੀ ਮਤਿ ਸਾਡੇ ਲਈ ਕੀ ਹੈ ਇਹ ਅਸੀਂ ਜਾਣਦੇ ਹੀ ਆ ਰਹੇ ਹਾਂ। ਗੁਰੂ ਦੀ ਮਤਿ ਔਗੁਣ ਤਿਆਗ ਕੇ ਗੁਣਾਂ ਵਾਲੇ ਬਣਨ ਦੀ ਹੈ ਅਤੇ ਇਸੇ ਵਿੱਚ ਸਾਡੀ ਪਤਿ ਹੈ।

(ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥੪॥)

(ਅੰਗ ੨੦)

ਪਤਿ ਉਸਦੇ ਹਿੱਸੇ ਹੀ ਆਉਂਦੀ ਹੈ ਜਿਸਨੂੰ ਵਾਹਿਗੁਰੂ ਔਗੁਣਾਂ ਤੋਂ ਬਚਾਅ ਲੈਂਦਾ ਹੈ, ਔਗੁਣਾਂ ਤੋਂ ਰੱਖ ਲੈਂਦਾ ਹੈ, ਜਿਸ ਦੇ ਔਗੁਣ ਵਿਸਾਰ ਦਿੰਦਾ ਹੈ ਭਾਵ ਜਿਸ ਤੇ

5/394

ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਉਸ ਦੇ ਔਗੁਣ ਛੁੱਟ ਜਾਂਦੇ ਹਨ ਅਤੇ ਇਸ ਦੇ ਵਿੱਚ ਹੀ ਮਨੁੱਖ ਦੀ ਪਤਿ ਹੈ। ਜੇਕਰ ਅਸੀਂ ਪਤਿ ਲੈਣੀ ਹੈ, ਗੁਰੂ ਦੇ ਦਰਿ ਤੇ ਆਪਣੀ ਪਤਿ ਉੱਚੀ ਕਰਨੀ ਹੈ, ਗੁਰੂ ਦੀ ਮਤਿ ਦਾ ਤੋਲ ਤੁਲਣਾ ਹੈ ਤਾਂ ਫਿਰ ਸਾਡਾ ਸਾਰਾ ਉੱਦਮ ਔਗੁਣਾਂ ਨੂੰ ਛੱਡਣ ਦਾ ਹੋਣਾ ਚਾਹੀਦਾ ਹੈ। ਇਹ ਔਗੁਣਾਂ ਦਾ ਤਿਆਗ ਹੀ ਵਾਹਿਗੁਰੂ ਨੂੰ ਜਪਣਾ ਹੈ, ਰਾਮ ਰਾਮ ਕਰਨਾ ਹੈ। ਭਗਤੀ ਦਾ ਮਾਰਗ ਆਪਣੇ ਆਪ ਪੂਰਨ ਹੋਣ ਦਾ ਮਾਰਗ ਨਹੀਂ ਹੈ, ਇਹ ਮਨਮਤਿ ਦਾ ਮਾਰਗ ਨਹੀਂ ਹੈ। ਇਹ ਗੁਰੂ ਦੀ ਮਤਿ ਦਾ ਮਾਰਗ ਹੈ, ਗੁਰੂ ਦੀ ਮਤਿ ਨੂੰ ਜਪਣ ਦਾ ਮਾਰਗ ਹੈ, ਪ੍ਰਮਾਤਮਾ ਵੱਲੋਂ ਸਾਨੂੰ ਆਪ ਹੀ ਪੂਰਾ ਕਰਨ ਦਾ ਮਾਰਗ ਹੈ ਕਿਉਂਕਿ ਆਪਣੀ ਮਤਿ ਵਿੱਚੋਂ ਨਿਕਲ ਕੇ ਗੁਰੂ ਦੀ ਮਤਿ ਵਾਲਾ ਬਣਨਾ ਸਾਡੇ ਵੱਸ ਨਹੀਂ ਹੈ, ਸਾਡੀ ਸਮਝ ਸਾਡੇ ਵੱਸ ਨਹੀਂ ਹੈ। ਆਪਣੇ ਆਪ ਤਾਂ ਕੋਈ ਵੀ ਆਪਣੇ ਆਪ ਨੂੰ ਪੂਰਾ ਸਮਝ ਸਕਦਾ ਹੈ, ਕਹਿ ਸਕਦਾ ਹੈ, ਕਿਸੇ ਤੇ ਕੋਈ ਰੋਕ ਟੋਕ ਥੋੜ੍ਹੀ ਹੈ। ਜਦ ਤੱਕ

ਮਨੁੱਖ ਦੀ ਤ੍ਰਿਸ਼ਨਾ ਨਹੀਂ ਮਰਦੀ, ਹਉਮੈ ਨਹੀਂ ਮਰਦੀ, ਦੁਬਿਧਾ ਨਹੀਂ ਮਰਦੀ, ਮਨੁੱਖ ਦੇ ਜੀਵਨ ਦਾ ਮਨੋਰਥ ਪੂਰਾ ਨਹੀਂ ਹੁੰਦਾ। ਸਾਡੀਆਂ ਤ੍ਰਿਸ਼ਨਾਵਾਂ ਹੀ ਸਾਡੇ ਔਗੁਣਾਂ ਦਾ ਮੂਲ ਹਨ, ਸਾਡੇ ਔਗੁਣਾਂ ਦੀ ਜੜ੍ਹ ਹਨ। ਮਨੁੱਖ ਦੀ ਸਭ ਤੋਂ ਵੱਡੀ ਤ੍ਰਿਸ਼ਨਾ ਆਪਣੇ ਆਪ ਨੂੰ ਵੱਡਾ ਸਾਬਿਤ ਕਰਨ ਦੀ ਹੈ, ਆਪਣਾ ਮਾਨ ਉੱਚਾ ਕਰਨ ਦੀ ਹੈ। ਵੱਡਾ ਹੋਣ ਦਾ ਕੋਈ ਅੰਤ ਨਹੀਂ ਹੈ। ਕੋਈ ਮਾਇਆ ਵੱਧ ਤੋਂ ਵੱਧ ਕਮਾ ਕੇ ਆਪਣੇ ਆਪ ਨੂੰ ਵੱਡਾ ਗਿਣਾਉਦਾ ਹੈ, ਕੋਈ ਰਾਜਾ ਬਣਨ ਦੀ ਲਾਲਸਾ ਕਰਦਾ ਹੈ, ਕੋਈ ਵੱਡੇ ਤੋਂ ਵੱਡਾ ਗਿਆਨ ਹਾਸਿਲ ਕਰਕੇ ਵੱਡਾ ਹੋਣਾ ਚਾਹੁੰਦਾ ਹੈ ਅਤੇ ਇਸੇ ਤਰਾਂ ਕੋਈ ਜਪ ਤਪ ਦੇ ਰਾਹੀਂ ਆਪਣੇ ਆਪ ਨੂੰ ਵੱਡਾ ਕਰਨਾ ਚਾਹੁੰਦਾ ਹੈ, ਉੱਚੇ ਤੋਂ ਉੱਚਾ ਰੁਤਬਾ ਬਣਾਉਣਾ ਚਾਹੁੰਦਾ ਹੈ, ਸੰਤ ਅਖਵਾਉਣਾ ਚਾਹੁੰਦਾ ਹੈ, ਬ੍ਰਹਮਗਿਆਨੀ ਅਖਵਾਉਣਾ ਚਾਹੁੰਦਾ ਹੈ, ਪ੍ਰਮਾਤਮਾ ਨੂੰ ਜਾਨਣ ਵਾਲਾ ਅਖਵਾਉਣਾ ਚਾਹੁੰਦਾ ਹੈ। ਇਹ ਸਭ ਤ੍ਰਿਸ਼ਨਾ ਹੈ, ਸਾਡੀ ਹਉਮੈ ਹੈ, ਜਿਸ ਨੂੰ ਅਸੀਂ ਹੋਰ ਵੱਡੀ ਕਰੀ ਜਾਂਦੇ ਹਾਂ। "ਤ੍ਰਿਸ਼ਨਾ" ਨਾ "ਸਿੰਕਦਰ" ਦੀ ਮਰੀ ਹੈ ਅਤੇ ਨਾ "ਹਿਟਲਰ" ਦੀ ਮਰੀ ਹੈ ਕਿਉਂਕਿ ਇਸ ਦਾ ਕੋਈ ਅੰਤ ਹੈ ਹੀ ਨਹੀਂ। ਇਹ ਪੂਰੀ ਹੋ ਹੀ ਨਹੀਂ ਸਕਦੀ। ਇਹ "ਸੰਤ" ਅਖਵਾਉਣ ਨਾਲ ਵੀ ਨਹੀਂ ਮਰ ਸਕਦੀ। ਮਨੁੱਖ ਹੋਰ ਵੀ ਵੱਡਾ ਦਰਜਾ ਚਾਹੁੰਦਾ ਹੈ, ਹੋਰ ਵੀ ਜ਼ਿਆਦਾ ਦੁਨੀਆਂ ਨੂੰ ਆਪਣੇ ਪਿੱਛੇ ਲਗਾਉਣਾ ਚਾਹੁੰਦਾ ਹੈ। ਜੋ ਜਪ ਤਪ ਅਸੀਂ ਆਪਣੀ ਤ੍ਰਿਸ਼ਨਾ ਬੁਝਾਉਣ

5/395

ਲਈ ਕਰਦੇ ਹਾਂ, ਉਹ ਇਸ ਗੱਲ ਦਾ ਹੱਲ ਨਹੀਂ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਰਾਮਕਲੀ ਮਹਲਾ ੫ ਅਸਟਪਦੀਆ
ੴ ਸਤਿਗੁਰ ਪ੍ਰਸਾਦਿ॥

"ਕਿਨਹੀ ਕੀਆ ਪਰਵਿਰਤਿ ਪਸਾਰਾ॥ ਕਿਨਹੀ ਕੀਆ ਪੂਜਾ ਬਿਸਥਾਰਾ॥
ਕਿਨਹੀ ਨਿਵਲ ਭੁਇਅੰਗਮ ਸਾਧੇ॥ ਮੋਹਿ ਦੀਨ ਹਰਿ ਹਰਿ ਆਰਾਧੇ॥੧॥
ਤੇਰਾ ਭਰੋਸਾ ਪਿਆਰੇ॥ ਆਨ ਨ ਜਾਨਾ ਵੇਸਾ॥੧॥ਰਹਾਉ॥
ਕਿਨਹੀ ਗ੍ਰਿਹੁ ਤਜਿ ਵਣ ਖੰਡਿ ਪਾਇਆ॥ ਕਿਨਹੀ ਮੋਨਿ ਅਉਧੂਤੁ ਸਦਾਇਆ॥
ਕੋਈ ਕਹਤਉ ਅਨੰਨਿ ਭਗਉਤੀ॥ ਮੋਹਿ ਦੀਨ ਹਰਿ ਹਰਿ ਓਟ ਲੀਤੀ ॥੨॥
ਕਿਨਹੀ ਕਹਿਆ ਹਉ ਤੀਰਥ ਵਾਸੀ॥ ਕੋਈ ਅੰਨੁ ਤਜਿ ਭਇਆ ਉਦਾਸੀ॥
ਕਿਨਹੀ ਭਵਨੁ ਸਭ ਧਰਤੀ ਕਰਿਆ॥ ਮੋਹਿ ਦੀਨ ਹਰਿ ਹਰਿ ਦਰਿ ਪਰਿਆ॥੩॥
ਕਿਨਹੀ ਕਹਿਆ ਮੈ ਕੁਲਹਿ ਵਡਿਆਈ॥ ਕਿਨਹੀ ਕਹਿਆ ਬਾਹ ਬਹੁ ਭਾਈ॥
ਕੋਈ ਕਹੈ ਮੈ ਧਨਹਿ ਪਸਾਰਾ॥ ਮੋਹਿ ਦੀਨ ਹਰਿ ਹਰਿ ਆਧਾਰਾ॥੪॥
ਕਿਨਹੀ ਘੂਘਰ ਨਿਰਤਿ ਕਰਾਈ॥ ਕਿਨਹੂ ਵਰਤ ਨੇਮ ਮਾਲਾ ਪਾਈ॥
ਕਿਨਹੀ ਤਿਲਕੁ ਗੋਪੀ ਚੰਦਨ ਲਾਇਆ॥ ਮੋਹਿ ਦੀਨ ਹਰਿ ਹਰਿ ਹਰਿ ਧਿਆਇਆ॥੫॥
ਕਿਨਹੀ ਸਿਧ ਬਹੁ ਚੇਟਕ ਲਾਏ॥ ਕਿਨਹੀ ਭੇਖ ਬਹੁ ਥਾਟ ਬਨਾਏ॥
ਕਿਨਹੀ ਤੰਤ ਮੰਤ ਬਹੁ ਖੇਵਾ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ॥੬॥
ਕੋਈ ਚਤੁਰੁ ਕਹਾਵੈ ਪੰਡਿਤ॥ ਕੋ ਖਟੁ ਕਰਮ ਸਹਿਤ ਸਿਉ ਮੰਡਿਤ॥
ਕੋਈ ਕਰੈ ਆਚਾਰ ਸੁਕਰਣੀ॥ ਮੋਹਿ ਦੀਨ ਹਰਿ ਹਰਿ ਹਰਿ ਸਰਣੀ॥੭॥
ਸਗਲੇ ਕਰਮ ਧਰਮ ਜੁਗ ਸੋਧੇ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ॥
ਕਹੁ ਨਾਨਕ ਜਉ ਸਾਧਸੰਗੁ ਪਾਇਆ॥ ਬੂਝੀ ਤ੍ਰਿਸਨਾ ਮਹਾ ਸੀਤਲਾਇਆ॥੮॥੧॥"

(ਅੰਗ ੯੧੨-੯੧੩)

ਇੱਥੇ ਭਗਤੀ ਕਰਨ ਦੇ ਅਨੇਕਾਂ ਤਰੀਕੇ ਗਿਣਵਾਏ ਹੋਏ ਹਨ ਜਿਨ੍ਹਾਂ ਦੁਆਰਾ ਹਰ ਕੋਈ ਭਗਤੀ ਕਰਨਾ ਸਮਝਦਾ ਹੈ। ਇਨ੍ਹਾਂ

ਤਰੀਕਿਆਂ ਨਾਲ ਕਿਸੇ ਦੀ ਤ੍ਰਿਸ਼ਨਾ ਨਹੀਂ ਬੁਝਦੀ। ਤ੍ਰਿਸ਼ਨਾ ਬੁਝਣ ਦਾ ਇੱਕੋ ਇੱਕ ਤਰੀਕਾ ਵਾਹਿਗੁਰੂ ਦੀ ਮਤਿ ਤੇ ਭਰੋਸਾ ਦੱਸਿਆ ਹੈ, ਸਾਧਸੰਗ ਦੱਸਿਆ ਹੈ ਅਤੇ ਇਸੇ ਨੂੰ ਹੀ ਹਰਿ ਹਰਿ ਧਿਆਉਣਾ ਕਿਹਾ ਹੈ, ਹਰਿ ਹਰਿ ਸ਼ਰਨੀ ਪੈਣਾ ਕਿਹਾ ਹੈ, ਹਰਿ ਹਰਿ ਸੇਵਾ ਕਿਹਾ ਹੈ, ਹਰਿ ਹਰਿ ਅਰਾਧਣਾ ਕਿਹਾ ਹੈ, ਹਰਿ ਦਰਿ ਤੇ ਪੈਣਾ ਕਿਹਾ ਹੈ, ਹਰਿ ਹਰਿ ਆਧਾਰ ਦੱਸਿਆ ਹੈ ਅਤੇ ਇਸੇ ਨੂੰ ਹੀ ਨਾਮ ਜਪਣਾ ਕਿਹਾ ਹੈ। ਹਰ ਗੱਲ ਦਾ ਨਿਚੋੜ ਸਾਧਸੰਗਿ ਹੈ। ਸਾਧਸੰਗਿ ਹੀ ਗੁਰੂ ਤੇ ਭਰੋਸਾ ਹੈ। "**ਸਾਧਸੰਗਿ**" ਗੁਰੂ ਦੀ ਮਤਿ ਦਾ ਸੰਗ ਹੈ, ਗੁਰੂ ਦੇ ਗੁਣਾਂ ਦਾ ਸੰਗ ਹੈ। ਗੁਰੂ ਦੀ ਮਤਿ ਤੇ ਚੱਲਣਾ ਹੀ ਗੁਰੂ ਤੇ ਭਰੋਸਾ ਕਰਨਾ ਹੈ, ਗੁਰੂ ਦੇ ਭਾਣੇ ਤੇ ਭਰੋਸਾ ਰੱਖਣਾ ਹੈ, ਗੁਰੂ ਦੇ ਹੁਕਮ ਵਿੱਚ ਉਸ ਤੇ ਭਰੋਸਾ ਕਰਕੇ ਵਿਚਰਨਾ ਹੈ। ਗੁਰੂ ਦੀ ਮਤਿ ਸਾਨੂੰ ਮਾਇਆ ਤੋਂ ਨਿਰਲੇਪ ਹੋਣ ਲਈ ਕਹਿੰਦੀ ਹੈ, ਮਾਇਆ ਤੋਂ ਤਰਣ ਲਈ ਕਹਿੰਦੀ ਹੈ, ਔਗੁਣਾਂ ਵਿੱਚੋਂ ਨਿਕਲ ਕੇ ਸੱਚੇ ਸੁੱਚੇ ਕਰਮ ਕਰਨ ਲਈ ਕਹਿੰਦੀ ਹੈ। ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੰਨ ਕੇ ਮਾਇਆ ਤੋਂ ਨਿਰਲੇਪ ਹੋ ਜਾਈਏ ਤਾਂ ਹੀ ਅਸੀਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਸਕਦੇ ਹਾਂ ਤੇ ਸਾਡੇ ਮਨ ਵਿੱਚ ਸੰਤੋਖ ਆ ਸਕਦਾ ਹੈ, ਸੱਚ ਵੱਸ ਸਕਦਾ ਹੈ, ਰਾਮ ਵੱਸ ਸਕਦਾ ਹੈ, ਵਾਹਿਗੁਰੂ ਵੱਸ ਸਕਦਾ ਹੈ। ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ। **(ਤੇਰਾ ਭਰੋਸਾ ਪਿਆਰੇ॥ ਆਨ ਨ ਜਾਨਾ ਵੇਸਾ॥੧॥ਰਹਾਉ॥)** ਪ੍ਰਮਾਤਮਾ ਦੀ ਭਗਤੀ ਵਾਲੇ, ਉਸ ਨੂੰ ਜਪਣ ਵਾਲੇ ਅਨੇਕਾਂ ਹੀ ਤਰੀਕਿਆਂ ਤੇ ਅਸੀਂ ਭਰੋਸਾ ਰੱਖਿਆ ਹੋਇਆ ਹੈ ਜੋ ਤਰੀਕੇ ਸਾਨੂੰ ਸ਼ਬਦ ਰਾਹੀਂ ਗਿਣਾਏ ਹੋਏ ਹਨ ਤੇ ਸਾਡਾ ਇਹੋ ਜਿਹਾ ਭਰੋਸਾ ਵਿਅਰਥ ਦੱਸਿਆ ਹੈ। ਕਿਸੇ ਵੀ ਤਰੀਕੇ ਦੇ ਜਪ ਤਪ ਆਦਿ ਤੇ, ਸਰੀਰਕ ਕਿਰਿਆਵਾਂ ਤੇ ਸਾਡਾ ਭਰੋਸਾ ਕਰਨਾ ਕਿਸੇ ਕੰਮ ਨਹੀਂ ਹੈ। ਕੇਵਲ ਭਰੋਸਾ ਗੁਰੂ ਦੀ ਮਤਿ ਤੇ ਰੱਖੋ। ਵਾਰ-ਵਾਰ ਬਾਣੀ ਵਿੱਚ ਗੁਰੂ ਨਾਲ ਪਿਆਰ ਪਾਉਣ ਦੀ ਗੱਲ ਆਉਂਦੀ ਹੈ ਤੇ ਗੁਰੂ ਨਾਲ ਪਿਆਰ ਪਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਪਿਆਰ ਗੁਰੂ ਨਾਲ ਆਪਣੀ ਮਤਿ ਛੱਡ ਕੇ ਪੈਂਦਾ ਹੈ, ਮਾਇਆ ਮੋਹ ਛੱਡ ਕੇ, ਸਭ ਵਿਕਾਰ ਛੱਡ ਕੇ ਪੈਂਦਾ ਹੈ। ਸਾਡਾ ਪਿਆਰ ਉੱਥੇ ਹੀ ਜੁੜੇਗਾ ਜਿਸ ਤੇ ਸਾਨੂੰ ਭਰੋਸਾ ਹੋਵੇਗਾ। ਪਿਆਰ ਪਾਉਣ ਦਾ ਮੂਲ ਹੀ ਭਰੋਸਾ ਹੈ। ਜਿਸਤੇ ਸਾਨੂੰ ਭਰੋਸਾ ਨਹੀਂ ਹੈ ਉਥੇ ਸਾਨੂੰ ਪਿਆਰ ਨਹੀਂ ਹੈ ਲੇਕਿਨ ਪਿਆਰ ਦਾ ਦਿਖਾਵਾ ਹੈ। ਗੁਰੂ ਸਾਨੂੰ ਜਿਹੋ ਜਿਹੀ ਭਗਤੀ ਸਮਝਾ ਰਹਿਆ ਹੈ, ਜਿਹੋ ਜਿਹਾ ਨਾਮ ਸਮਝਾ ਰਹਿਆ ਹੈ ਉਸ ਗੱਲ ਨੂੰ ਅਸੀਂ ਤਾਂ ਹੀ ਮੰਨਾਂਗੇ ਜੇਕਰ ਸਾਨੂੰ ਇਹ ਭਰੋਸਾ ਹੋਵੇ ਕਿ ਜੋ ਭਗਤੀ ਦਾ ਮਾਰਗ ਸਾਨੂੰ ਗੁਰੂ ਸਮਝਾ ਰਹਿਆ ਹੈ, ਉਹ ਮਾਰਗ ਹੀ ਠੀਕ ਹੈ। ਹਰ ਕੋਈ ਜਿਹੋ ਜਿਹੀ ਭਗਤੀ ਕਰਨਾ ਸਮਝਦਾ ਹੈ, ਆਪਣੀ-ਆਪਣੀ ਆਸਥਾ ਅਨੁਸਾਰ ਹੀ ਸਮਝਦਾ ਹੈ ਤੇ ਜਿਥੇ ਜਿਸਦੀ ਆਸਥਾ ਟਿਕੀ ਹੁੰਦੀ ਹੈ ਉਹੀ ਉਸ ਦੇ ਅੰਦਰ ਦਾ ਵਿਸ਼ਵਾਸ ਹੁੰਦਾ ਹੈ, ਉਸਦਾ ਭਰੋਸਾ ਹੁੰਦਾ ਹੈ ਕਿ ਮੈਂ ਠੀਕ ਹਾਂ ਤੇ ਕਦੇ ਨਹੀਂ ਮੰਨਦਾ ਕਿ ਮੈਂ ਗਲਤ ਹੋ ਸਕਦਾ ਹਾਂ ਤੇ ਇਸੇ ਲਈ ਸਾਨੂੰ ਗੁਰੂ ਦੀ ਗੱਲ ਤੇ ਭਰੋਸਾ ਨਹੀਂ ਆਉਂਦਾ, ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਗੁਰੂ ਠੀਕ ਹੈ ਤੇ ਮੈਂ ਗਲਤ ਹਾਂ। ਜਿਹੋ ਜਿਹੀ ਵੀ ਭਗਤੀ ਦੇ ਨਾਲ ਕੋਈ ਜੁੜਿਆ ਹੋਇਆ ਹੈ, ਉਹੋ ਜਿਹੀ ਭਗਤੀ ਆਖਰ ਕਿਸੇ ਦੇ ਸਮਝਾਇਆਂ ਹੀ ਕਿਸੇ ਨੇ ਸਮਝੀ ਹੋਈ ਹੈ, ਮੰਨੀ ਹੋਈ ਹੈ। ਭਾਵੇਂ ਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਦੀ ਸਮਝ ਬ੍ਰਹਮਾ, ਵਿਸਨੂੰ, ਮਹੇਸ ਆਦਿ ਨੂੰ ਵੀ ਸਮਝ ਨਹੀਂ ਆਈ, ਵੱਡੇ-ਵੱਡੇ ਜੋ ਰਿਸ਼ੀ, ਮੁਨੀ ਅਖਵਾ ਕੇ ਗਏ ਹਨ, ਉਨ੍ਹਾਂ ਨੂੰ ਵੀ ਸਮਝ ਨਹੀਂ ਆਈ ਤੇ ਨਾ ਹੀ ਉਹੋ ਜਿਹੀ ਭਗਤੀ ਦੁਆਰਾ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਰਹੇ ਹਨ ਜਿਸ ਅਵੱਸਥਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਲੱਗ ਹੀ ਨਹੀਂ ਸਕਦੀ ਕਿਉਂਕਿ ਆਪਣੀ ਸੱਚੀ ਭਗਤੀ ਦੀ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਦੇ ਸਰੀਰਾਂ ਅੰਦਰ ਪ੍ਰਗਟ ਹੋ ਕੇ ਪਾਈ ਹੈ, ਭਗਤਾਂ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪਾਈ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪਾਈ ਹੈ ਜਿਸ ਕਰਕੇ ਗੁਰਬਾਣੀ ਰਾਹੀਂ ਸਭ ਨੇ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਇਆ ਹੈ ਜੋ ਮਾਰਗ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਪਰ ਫਿਰ ਵੀ ਸਾਡਾ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਟਿਕਦਾ, ਸਾਨੂੰ ਭਰੋਸਾ ਨਹੀਂ ਆਉਂਦਾ ਕਿ ਸਰੀਰਕ ਜਪ ਤਪ ਸਭ ਵਿਅਰਥ ਹੈ ਤੇ ਹੋਰ ਵੀ ਅਨੇਕਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਜਿਨ੍ਹਾਂ ਤਰੀਕਿਆਂ ਦੇ ਗਲਤ ਹੋਣ ਤੇ ਸਾਨੂੰ ਵਿਸ਼ਵਾਸ ਨਹੀਂ ਆਉਂਦਾ ਕਿਉਂਕਿ ਸਾਨੂੰ ਵਿਸ਼ਵਾਸ ਉਨ੍ਹਾਂ ਦੀਆਂ ਗੱਲਾਂ ਤੇ ਆਇਆ ਹੋਇਆ ਹੈ ਜਿਨ੍ਹਾਂ ਕੋਲੋਂ ਅਸੀਂ ਆਪਣੀ-ਆਪਣੀ ਆਸਥਾ ਅਨੁਸਾਰ ਭਗਤੀ ਦਾ ਮਾਰਗ ਸਿੱਖਿਆ ਹੋਇਆ ਹੈ। ਭਾਵੇਂ ਸਾਨੂੰ ਗੁਰਬਾਣੀ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਥਿਤਾਂ, ਵਾਰਾਂ ਨੂੰ ਪੂਜਣਾ ਨਾ-ਸਮਝੀ ਹੈ ਪਰ ਫਿਰ ਵੀ ਅਸੀਂ ਥਿਤਾਂ, ਵਾਰਾਂ ਨੂੰ ਉੱਚਾ ਮੰਨਦੇ ਹਾਂ ਤੇ ਪੂਜਦੇ ਹਾਂ ਕਿਉਂਕਿ ਸਾਨੂੰ ਇਹੀ ਸਿਖਾਇਆ ਗਿਆ ਹੈ ਜੋ ਸਿੱਖਿਆ ਸਦੀਆਂ ਤੋਂ ਇਸੇ ਤਰ੍ਹਾਂ ਚੱਲਦੀ ਆ ਰਹੀ ਹੈ। ਬਾਣੀ ਰਾਹੀਂ ਬੜਾ ਸਪੱਸ਼ਟ ਸਮਝਾਇਆ

ਹੈ ਕਿ ਕੋਈ ਵੇਲਾ ਉੱਚਾ ਜਾਂ ਨੀਵਾਂ ਨਹੀਂ ਹੈ ਭਾਵ ਪ੍ਰਮਾਤਮਾ ਦੀ ਭਗਤੀ ਲਈ ਹਰ ਵੇਲਾ ਇੱਕੋ ਜਿਹਾ ਹੀ ਹੈ ਪਰ ਫਿਰ ਵੀ ਕਿਸੇ ਖਾਸ ਵੇਲੇ ਨੂੰ ਉੱਚਾ ਵੇਲਾ ਮੰਨ ਕੇ ਉਸ ਵੇਲੇ ਨੂੰ ਸਿੱਖ ਜਗਤ ਨੇ ਅੰਮ੍ਰਿਤ ਵੇਲੇ ਦਾ ਨਾਮ ਦਿੱਤਾ ਹੋਇਆ ਤੇ ਇਹੀ ਕੁੱਝ ਅੱਗੇ ਤੋਂ ਅੱਗੇ ਸਮਝਾਇਆ ਜਾਂਦਾ ਹੈ ਤੇ ਜੋ ਇਹੋ ਜਿਹੀ ਆਸਥਾ ਨਾਲ ਜੁੜ ਜਾਂਦਾ ਹੈ ਉਹ ਭਗਤੀ ਦੇ ਅਸਲ ਮਾਰਗ ਤੋਂ ਭਟਕ ਜਾਂਦਾ ਹੈ ਜਿਸ ਕਰਕੇ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ, ਭਰੋਸਾ ਨਹੀਂ ਆਉਂਦਾ। ਜੇਕਰ ਅਸੀਂ ਗੁਰੂ ਦੀ ਗੱਲ ਤੇ ਭਰੋਸਾ ਕਰਾਂਗੇ ਤਾਂ ਫਿਰ ਸਾਨੂੰ ਉਨ੍ਹਾਂ ਦਾ ਭਰੋਸਾ ਤੋੜਨਾ ਪੈਂਦਾ ਹੈ ਜਿਨ੍ਹਾਂ ਕੋਲੋਂ ਅਸੀਂ ਇਹ ਸਭ ਕੁੱਝ ਸਿੱਖਿਆ ਹੋਇਆ ਹੈ, ਉਨ੍ਹਾਂ ਨੂੰ ਭਗਤੀ ਦੇ ਮਾਰਗ ਤੇ ਬਹੁਤ ਵੱਡਾ ਮੰਨ ਕੇ ਸਿੱਖਿਆ ਹੋਇਆ ਹੈ। ਅਨੇਕਾਂ ਧਾਰਮਿਕ ਜਥੇਬੰਦੀਆਂ ਦਾ, ਡੇਰਿਆਂ ਆਦਿ ਦਾ ਹੋਂਦ ਵਿੱਚ ਆਉਣ ਦਾ ਇਹੀ ਕਾਰਨ ਹੈ ਕਿ ਅਸੀਂ ਕਿਸੇ ਮਨੁੱਖੀ ਦੇਹਿ ਨੂੰ ਭਗਤੀ ਦੇ ਮਾਰਗ ਤੇ ਉੱਚਾ ਮੰਨ ਕੇ, ਆਪਣਾ ਸਿਰਮੌਰ ਮਨ ਕੇ ਉਸਦੇ ਪਿੱਛੇ ਲੱਗ ਜਾਂਦੇ ਹਾਂ ਤੇ ਜਿਹੋ ਜਿਹੀ ਭਗਤੀ ਦਾ ਮਾਰਗ ਉਹ ਸਮਝਾਉਂਦੇ ਹਨ ਅਸੀਂ ਉਸੇ ਮਾਰਗ ਨੂੰ ਹੀ ਸੱਚਾ ਮਾਰਗ ਸਮਝਦੇ ਹਾਂ ਕਿਉਂਕਿ ਸਾਡੀ ਆਸਥਾ ਕਿਸੇ ਮਨੁੱਖੀ ਦੇਹਿ ਦੇ ਵਿਚਾਰਾਂ ਨਾਲ ਜੁੜ ਜਾਂਦੀ ਹੈ ਜਿਸ ਵਿਚਾਰਧਾਰਾ ਨੂੰ ਛੱਡਣਾ ਬਹੁਤ ਔਖਾ ਲੱਗਦਾ ਹੈ ਕਿਉਂਕਿ ਜਿਨ੍ਹਾਂ ਨੂੰ ਅਸੀਂ ਇਤਨਾ ਉੱਚਾ ਮੰਨਿਆ ਹੁੰਦਾ ਹੈ ਉਨ੍ਹਾਂ ਤੋਂ ਆਪਣਾ ਭਰੋਸਾ ਤੋੜਨਾ ਪੈਂਦਾ ਹੈ, ਵਿਸ਼ਵਾਸ ਤੋੜਨਾ ਪੈਂਦਾ ਹੈ ਤੇ ਤਾਂ ਹੀ ਅਸੀਂ ਗੁਰੂ ਦੀ ਵਿਚਾਰ ਦੇ ਨਾਲ ਜੁੜ ਸਕਦੇ ਹਾਂ, ਗੁਰੂ ਤੇ ਆਪਣਾ ਭਰੋਸਾ ਦਿਖਾ ਸਕਦੇ ਹਾਂ। ਭਰੋਸਾ ਤੇ ਆਪਣੇ ਵੱਲੋਂ ਅਸੀਂ ਗੁਰਬਾਣੀ ਨਾਲ ਹੀ ਦਿਖਾਉਂਦੇ ਹਾਂ ਕਿਉਂਕਿ ਅਸੀਂ ਗੁਰਬਾਣੀ ਨੂੰ ਹੀ ਗੁਰੂ ਮੰਨ ਕੇ ਪੂਜਦੇ ਹਾਂ, ਉਸਨੂੰ ਪੂਰੀ ਸ਼ਰਧਾ ਨਾਲ ਮੱਥਾ ਟੇਕਦੇ ਹਾਂ, ਪਾਠ ਪੜਦੇ ਹਾਂ, ਸੁਣਦੇ ਹਾਂ ਜੋ ਕਿ ਚੰਗੀ ਗੱਲ ਹੈ, ਸਾਡੇ ਸਭ ਲਈ ਜਰੂਰੀ ਵੀ ਹੈ ਪਰ ਸਾਰੀ ਗੱਲ ਗੁਰੂ ਦੇ ਸੱਚੇ ਵਿਚਾਰਾਂ ਨੂੰ, ਸੱਚੀ ਮਤਿ ਨੂੰ ਸਮਝਣ ਦੀ ਹੈ, ਗੁਰੂ ਦੇ ਮਕਸਦ ਨੂੰ ਸਮਝਣ ਦੀ ਹੈ, ਮੰਨਣ ਦੀ ਹੈ ਜੋ ਕਿ ਭਗਤੀ ਦੇ ਉਹੋ ਜਿਹੇ ਮਾਰਗ ਤੇ ਚੱਲਣ ਦੀ ਹੈ ਜਿਹੋ ਜਿਹਾ ਭਗਤੀ ਦਾ ਮਾਰਗ ਸਾਨੂੰ ਗੁਰੂ ਸਮਝਾਉਂਦਾ ਹੈ। ਗੁਰੂ ਤੋਂ ਉੱਚੀ ਤੇ ਸੱਚੀ ਮਤਿ ਕਿਸੇ ਦੀ ਨਹੀਂ ਹੋ ਸਕਦੀ, ਇਹ ਭਰੋਸਾ ਰੱਖਣ ਦੀ ਲੋੜ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਪ੍ਰਮਾਤਮਾ ਦੇ ਨਾਲ ਅਸੀਂ ਮੇਲ ਤਾਂ ਹੀ ਕਰ ਸਕਦੇ ਹਾਂ ਜੇਕਰ ਗੁਰੂ ਦੀ ਗੱਲ ਤੇ ਹੀ ਭਰੋਸਾ ਕਰਾਂਗੇ ਤੇ ਕੇਵਲ ਗੁਰੂ ਦੀ ਮਤਿ ਨੂੰ ਹੀ ਮੰਨਾਂਗੇ। ਸਾਨੂੰ ਉਹੋ ਜਿਹਾ ਨਾਮ ਜਪਣ ਦੀ ਲੋੜ ਹੈ ਜਿਹੋ ਜਿਹਾ ਨਾਮ ਜਪਣਾ ਸਾਨੂੰ ਗੁਰੂ ਸਮਝਾਉਂਦਾ ਹੈ ਭਾਵ ਸਾਰੀ ਗੱਲ ਸ਼ਬਦ ਦੀ ਵਿਚਾਰ ਨੂੰ ਮੰਨਣ ਦੀ ਹੈ ਜਿਸ ਵਿਚਾਰ ਨੂੰ ਅਸੀਂ ਤਾਂ ਹੀ ਮੰਨ ਸਕਦੇ ਹਾਂ ਜੇਕਰ ਅਸੀਂ ਪਹਿਲੇ ਉਨ੍ਹਾਂ ਦੀ ਵਿਚਾਰ ਨੂੰ ਛੱਡੀਏ ਜਿਨ੍ਹਾਂ ਨੇ ਸਾਨੂੰ ਹੋਰ ਤਰੀਕੇ ਦੀ ਭਗਤੀ ਸਮਝਾਈ ਹੋਈ ਹੈ ਭਾਵ ਗੁਰੂ ਤੋਂ ਉਲਟ ਮਾਰਗ ਸਮਝਾਇਆ ਹੋਇਆ ਹੈ ਜਿਸ ਮਾਰਗ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਗੁਰੂ ਦੇ ਵਿਚਾਰਾਂ ਨੂੰ ਮੰਨੇ ਬਿਨ੍ਹਾਂ ਗੁਰੂ ਤੇ ਭਰੋਸਾ ਨਹੀਂ ਦਿਖਾਇਆ ਜਾ ਸਕਦਾ ਤੇ ਇਸੇ ਲਈ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਬਹੁਤ ਔਖਾ ਹੈ ਜੋ ਮੇਲ ਮਨ ਦੇ ਵਿਚਾਰਾਂ ਦਾ ਮੇਲ ਹੈ, ਸ਼ਬਦ ਦੇ ਵਿਚਾਰਾਂ ਦਾ ਤੇ ਸੁਰਤਿ ਦੇ ਵਿਚਾਰਾਂ ਦਾ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। (**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥** - ਅੰਗ-੫੯੪)

ਸਿਰੀਰਾਗੁ ਮਹਲਾ ੫ ਘਰੁ ੭ ॥

{ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥

ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥

ਸੁਹੇਲਾ ਕਹਨੁ ਕਹਾਵਨੁ ॥

ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥

ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥

ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥

ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥

ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥

ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥

ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥}

(ਅੰਗ ੫੧)

ਜਿਸਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ , ਉਸਨੇ ਗੁਰੂ ਦੀ ਮਤਿ ਤੇ ਭਰੋਸਾ ਕਰਕੇ ਹੀ ਉਸਨੂੰ ਪਾਇਆ ਹੈ ਤੇ ਪ੍ਰਮਾਤਮਾ ਆਪ ਹੀ ਅਸਲ ਵਿੱਚ ਗੁਰੂ ਹੈ। ਗੁਰੂ ਦੀ ਮਤਿ ਤੇ ਭਰੋਸਾ ਜਾਂ ਪ੍ਰਮਾਤਮਾ ਤੇ ਭਰੋਸਾ ਇੱਕੋ ਹੀ ਗੱਲ ਹੈ। ਗੁਰੂ ਦੇ ਬਚਨ ਹੀ ਅਸਲ ਵਿੱਚ ਗੁਰੂ ਹਨ ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆਏ ਹਾਂ। ਗੁਰੂ ਦੇ ਬਚਨਾਂ ਤੇ ਭਰੋਸਾ ਕਰਨਾ ਹੀ ਗੁਰੂ ਤੇ ਭਰੋਸਾ ਕਰਨਾ ਹੈ। ਜੇਕਰ ਸਾਨੂੰ ਭਰੋਸਾ ਉਨ੍ਹਾਂ ਦੇ ਬਚਨਾਂ ਤੇ ਹੈ ਜਿੰਨ੍ਹਾਂ ਨੂੰ ਅਸੀਂ ਆਪਣਾ ਸਿਰਮੌਰ ਮੰਨਿਆ ਹੋਇਆ ਹੈ ਫਿਰ ਅਸੀਂ ਗੁਰੂ ਦੇ ਨਾਲ ਲਾਡ ਕਿਵੇਂ ਲਡਾ ਸਕਦੇ ਹਾਂ। ਲਾਡ ਤੇ ਅਸੀਂ ਗੁਰੂ ਦੇ ਬਚਨਾਂ ਦੇ ਨਾਲ ਕਰਨਾ ਹੈ ਭਾਵ ਪਿਆਰ ਤਾਂ ਅਸੀਂ ਗੁਰੂ ਦੇ ਬਚਨਾਂ ਦੇ ਨਾਲ ਕਰਨਾ ਹੈ ਜੋ ਲਾਡ, ਪਿਆਰ ਗੁਰੂ ਦੇ ਬਚਨਾਂ ਨੂੰ ਮੰਨ ਕੇ ਹੀ ਦਿਖਾਇਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਕਿਉਂਕਿ ਗੁਰੂ ਦੇ ਬਚਨਾਂ ਨੂੰ ਮੰਨਣਾ ਹੀ ਗੁਰੂ ਨਾਲ ਪਿਆਰ ਦਿਖਾਉਣਾ ਹੈ। (**ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥ ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥**) ਅੰਗ - ੧੩੦੯

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

ਜੇਕਰ ਕਿਸੇ ਦੇ ਅੰਦਰ ਇੱਛਾ ਗੁਰੂ ਨੂੰ, ਪ੍ਰਮਾਤਮਾ ਨੂੰ ਪਾਉਣ ਦੀ ਹੀ, ਜਾਨਣ ਦੀ ਹੈ ਤਾਂ ਫਿਰ ਉਹ ਤਾਂ ਗੁਰੂ ਦੀ ਮਤਿ ਤੇ ਭਰੋਸਾ ਕਰਕੇ ਹੀ ਪੂਰੀ ਕੀਤੀ ਜਾ ਸਕਦੀ ਹੈ ਤੇ ਜੇਕਰ ਇੱਛਾ ਮਾਇਆ ਮੋਹ ਦੀ ਹੀ ਹੈ, ਝੂਠੇ ਦੁਨਿਆਵੀ ਮਾਣ ਦੀ ਹੈ ਫਿਰ ਅਸੀਂ ਉਨ੍ਹਾਂ ਦੀ ਮਤਿ ਤੇ ਭਰੋਸਾ ਕਰਾਂਗੇ ਜਿਨ੍ਹਾਂ ਨੇ ਨਾ ਆਪ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਨਾ ਹੀ ਉਨ੍ਹਾਂ ਦੀ ਮਤਿ ਪਿੱਛੇ ਲੱਗਕੇ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। ਜੋ ਆਪ ਭਰਮਾਂ ਵਿੱਚ ਹਨ ਉਨ੍ਹਾਂ ਨੇ ਦੂਸਰਿਆਂ ਦੇ ਭਰਮ ਕੀ ਕੱਢਣੇ ਹਨ ਉਲਟਾ ਹੋਰ ਭਰਮ ਹੀ ਵਧਾਉਣੇ ਹਨ, ਭਗਤੀ ਦੇ ਝੂਠੇ ਮਾਰਗ ਹੀ ਸਮਝਾਉਣੇ ਹਨ, ਵੱਖਰੇ-ਵੱਖਰੇ ਤਰੀਕੇ ਹੀ ਸਮਝਾਉਣੇ ਹਨ ਜੋ ਗੁਰੂ ਦੀ ਮਤਿ ਤੇ ਨਹੀਂ ਟਿਕ ਸਕਦੇ। ਹੁਣ ਅਸੀਂ ਮੁੱਖ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ ਜਿਸ ਸ਼ਬਦ ਰਾਹੀਂ ਸਾਨੂੰ ਭਗਤੀ ਦੇ ਅਨੇਕਾਂ ਹੀ ਤਰੀਕਿਆਂ ਵਿੱਚੋਂ ਨਿਕਲਣ ਲਈ ਸਮਝਾਇਆ ਹੋਇਆ ਹੈ ਜਿਨ੍ਹਾਂ ਤਰੀਕਿਆਂ ਨੂੰ ਅਸੀਂ ਗੁਰੂ ਦੀ ਬਜਾਇ ਇੱਧਰੋਂ-ਉਧਰੋਂ ਸਿੱਖਿਆ ਹੋਇਆ ਹੈ, ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਮੰਨ ਕੇ ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗੇ ਹੋਏ ਹਾਂ। (**ਕਿਨਹੀ ਕੀਆ ਪਰਵਿਰਤਿ ਪਸਾਰਾ ॥ ਕਿਨਹੀ ਕੀਆ ਪੂਜਾ ਬਿਸਥਾਰਾ ॥ ਕਿਨਹੀ ਨਿਵਲ ਭੁਇਅੰਗਮ ਸਾਧੇ ॥ ਮੋਹਿ ਦੀਨ ਹਰਿ ਹਰਿ ਆਰਾਧੇ ॥੧॥ ਤੇਰਾ ਭਰੋਸਾ ਪਿਆਰੇ ॥ ਆਨ ਨ ਜਾਨਾ ਵੇਸਾ ॥੧॥ ਰਹਾਉ ॥**) ਇਸ ਪੂਰੇ ਸ਼ਬਦ ਰਾਹੀਂ ਸਾਨੂੰ ਅਸਲ "ਹਰਿ ਹਰਿ" ਕਰਨਾ ਸਿਖਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੀ ਅਸਲ ਭਗਤੀ ਸਮਝਾਈ ਹੋਈ ਹੈ ਜੋ ਕਿ ਇਹੋ ਜਿਹੇ ਅਨੇਕਾਂ ਤਰੀਕਿਆਂ ਨੂੰ ਤਿਆਗਣ ਦੁਆਰਾ ਹੀ ਹੁੰਦੀ ਹੈ ਜੋ ਤਰੀਕੇ ਸਾਰੇ ਸ਼ਬਦ ਵਿੱਚ ਗਿਣਵਾਏ ਹੋਏ ਹਨ ਜਿਨ੍ਹਾਂ ਤਰੀਕਿਆਂ ਦੁਆਰਾ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਪਾਇਆ ਜਾ ਸਕਦਾ ਹੈ। ਅਸਲ "ਹਰਿ ਹਰਿ" ਕਰਨਾ ਕੀ ਹੈ, ਇਹ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਹੀ ਆ ਰਹੇ ਹਾਂ ਜੋ ਕਿ ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਹੈ, ਮਾਇਆ ਮੋਹ ਤਿਆਗ ਕੇ, ਔਗੁਣ ਤਿਆਗ ਕੇ ਸੱਚੇ ਸੁੱਚੇ ਇਨਸਾਨ ਬਣਕੇ ਵਿਚਰਨ ਦਾ ਹੈ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਪਰਲੇ ਸ਼ਬਦ ਨੂੰ ਪੜ੍ਹ ਕੇ ਜੇਕਰ ਸਾਨੂੰ ਅਜੇ ਵੀ ਸਮਝ ਨਹੀਂ ਲੱਗਦੀ ਕਿ ਹਰਿ ਹਰਿ ਕਿਵੇਂ ਕਰਨਾ ਹੈ, ਨਾਮ ਜਪਣਾ ਕੀ ਹੈ ਤਾਂ ਫਿਰ ਸਾਡੀ ਤ੍ਰਿਸ਼ਨਾ ਨਹੀਂ ਜਾ ਸਕਦੀ ਕਿਉਂਕਿ ਹਰਿ ਹਰਿ ਕਰਨ ਦਾ ਮਕਸਦ ਹੀ ਤ੍ਰਿਸ਼ਨਾ ਤੋਂ ਮੁਕਤਿ ਹੋਣ ਦਾ ਹੈ ਜਿਸ ਤੋਂ ਮੁਕਤਿ ਹੋਏ ਬਿਨ੍ਹਾਂ ਅਸੀਂ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ। ਅਸੀਂ ਜਿਤਨੇ ਮਰਜੀ ਆਪਣੀ ਮਤਿ ਅਨੁਸਾਰ

ਜਪ ਤਪ ਕਰ ਲਈਏ, ਜਿਤਨਾ ਮਰਜੀ ਵੱਡਾ ਅਖਵਾ ਲਈਏ ਆਖਿਰ ਸਾਨੂੰ ਇਹੋ ਜਿਹੇ ਜਪ ਤਪ ਤੇ ਪਛਤਾਉਣਾ ਹੀ ਪਵੇਗਾ।

(ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥

ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥)

(ਅੰਗ - ੪੯੧)

ਪਿਛਲੇ ਸ਼ਬਦ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਹਰਿ ਹਰਿ ਕਰਨਾ ਕੀ ਹੈ। ਇਹ ਕੋਈ ਸਰੀਰਕ ਕਿਰਿਆਵਾਂ ਕਰਨ ਵਾਲਾ, ਸਰੀਰਕ ਜਪ ਤਪ ਕਰਨ ਵਾਲਾ, ਸੁਰਤੀਆਂ ਜੋੜਨ ਵਾਲਾ, ਧਿਆਨ ਧਾਰਨ ਕਰਨ ਵਾਲਾ, ਮੌਨ ਧਾਰਨ ਕਰਨ ਵਾਲਾ, ਮਾਲਾ ਫੇਰਨ ਵਾਲਾ ਮਾਰਗ ਨਹੀਂ ਹੈ। ਇਨ੍ਹਾਂ ਸਾਰੇ ਮਾਰਗਾਂ ਦਾ ਖੰਡਨ ਕੀਤਾ ਹੋਇਆ ਹੈ। ਹਰਿ ਹਰਿ ਕਰਨਾ ਗੁਰੂ ਦੀ ਮਤਿ ਨਾਲ ਮੇਲ ਕਰਨਾ ਹੈ, ਗੁਰੂ ਤੇ ਭਰੋਸਾ ਕਰਨਾ ਹੈ, ਉਸਦੇ ਹੁਕਮ ਰਜ਼ਾ ਵਿੱਚ ਚੱਲਣਾ ਹੈ, ਭਾਣੇ ਵਿੱਚ ਚੱਲਣਾ ਹੈ ਭਾਵ ਸਾਧਸੰਗਿ ਕਰਨਾ ਹੈ, ਸ਼ਬਦੇ ਮਰਨਾ ਹੈ, ਸ਼ਬਦ ਦਾ ਵਿਚਾਰੀ ਬਣਨਾ ਹੈ, ਜੀਉਂਦੇ ਜੀਅ ਮਰਨਾ ਹੈ, ਆਪਣੀ ਹਉਮੈ ਨੂੰ ਮਾਰਨਾ ਹੈ, ਮਨਮਤਿ ਨੂੰ ਮਾਰਨਾ ਹੈ, ਮਨ ਦੀ ਅਗਿਆਨਤਾ ਨੂੰ ਮਾਰਨਾ ਹੈ, ਭਰਮਾਂ ਵਿੱਚੋਂ ਨਿਕਲਣਾ ਹੈ ਭਾਵ ਨਾਮ ਜਪਣਾ ਹੈ। ਸਿਰਫ ਬਾਣੀ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜ ਕਰੀਏ। ਅਸੀਂ ਇਹ ਕੇਵਲ ਉਪਰਾਲਾ ਹੀ ਕਰਨਾ ਹੈ, ਫਲ ਉਹ ਆਪ ਹੀ ਦਿੰਦਾ ਹੈ। "ਸਾਧਸੰਗਿ" ਸਾਨੂੰ ਫਲ ਦੇ ਰੂਪ ਵਿੱਚ ਮਿਲਦੀ ਹੈ। ਸਾਧ ਆਪ ਗੁਰੂ ਹੈ, ਪ੍ਰਮਾਤਮਾ ਹੈ ਤੇ ਸਾਧਸੰਗਿ ਪ੍ਰਮਾਤਮਾ ਦੇ ਨਾਲ ਮੇਲ ਹੈ ਭਾਵ ਉਸਦੇ ਸੱਚੇ ਗਿਆਨ ਦੇ ਨਾਲ ਮੇਲ ਹੈ ਜੋ "ਸਾਧਸੰਗਿ" ਮਨ ਦੇ ਵਿਚਾਰਾਂ ਦੇ ਵਿਚ ਹੀ ਹੁੰਦਾ ਹੈ। ਪੂਰੀ ਗੁਰਬਾਣੀ "ਸਾਧ" ਰੂਪ ਹੈ ਤੇ ਪਹਿਲੇ ਗੁਰਬਾਣੀ ਦੀ, "ਸਾਧ" ਦੀ ਮਤਿ ਦੀ ਸੰਗਤ ਕਰਾਂਗੇ ਤੇ ਤਾਂ ਹੀ ਇਸ ਫਲ ਤੱਕ ਪਹੁੰਚਾਂਗੇ। "ਸਾਧਸੰਗ" ਅੱਗੇ ਚੱਲ ਕੇ ਬਰੀਕੀ ਨਾਲ ਵਿਚਾਰਾਂਗੇ। ਨਾਮ ਦੀ ਪ੍ਰਾਪਤੀ ਜਾਂ ਸਾਧ ਸੰਗ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ।

"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥੧॥ਰਹਾਉ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥੧॥
ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ॥
ਬੁਰਾ ਭਲਾ ਨਹੀ ਸੁਝੀ ਹੇ॥੨॥
ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ॥
ਮਨ ਬਿਖੈ ਹੀ ਮਹਿ ਲੁਝੀ ਹੇ॥੩॥
ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ॥
ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ॥੪॥"

(ਅੰਗ ੨੧੩)

ਸਾਡੇ ਜੀਵਨ ਦਾ ਮਨੋਰਥ ਤਾਂ ਇਹ ਹੀ ਹੈ ਕਿ ਅਸੀਂ ਤ੍ਰਿਸ਼ਨਾ ਤੋਂ ਮੁਕਤ ਹੋ ਕੇ ਸੰਤੋਖ ਵਿੱਚ ਆ ਜਾਈਏ ਤੇ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਜਾਈਏ। ਇਸ ਮਨੋਰਥ ਦਾ ਹੱਲ ਬਿਖਿਆ ਵਿੱਚੋਂ ਨਿਕਲਣਾ ਹੈ ਭਾਵ ਮਨ ਦੀ ਨਾ-ਸਮਝ ਮਤਿ ਵਿੱਚੋਂ ਨਿਕਲਣਾ ਹੈ, ਹਉਮੈ ਵਿੱਚੋਂ ਨਿਕਲਣਾ ਹੈ, ਵਿਕਾਰਾਂ ਵਿੱਚੋਂ ਨਿਕਲਣਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਹੈ। ਹੱਲ ਕੇਵਲ ਇਹ ਹੀ ਹੈ ਕਿ ਮਨੁੱਖ ਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਵੇ ਤਾਂ ਜੋ ਉਹ ਮਾਇਆ ਤੋਂ ਤਰ ਜਾਵੇ ਭਾਵ ਮਨ ਦੀ ਨਾ-ਸਮਝ ਮਤਿ ਵਿੱਚੋਂ ਨਿਕਲ ਜਾਵੇ, ਮਨ ਦੀ ਅਗਿਆਨਤਾ ਵਿੱਚੋਂ ਨਿਕਲ ਜਾਵੇ ਜੋ ਸਾਡੀਆਂ ਤ੍ਰਿਸ਼ਨਾਵਾਂ ਦਾ ਕਾਰਨ ਹੈ। ਮਾਇਆ ਨੂੰ ਤਰਨ ਦਾ ਹੱਲ ਜੀਉਂਦੇ ਜੀਅ ਮਰਨਾ ਹੈ, ਸ਼ਬਦ ਦੁਆਰਾ ਮਰਨਾ ਹੈ, ਸਾਧਸੰਗ ਕਰਨਾ ਹੈ, ਗੁਰੂ ਦੀ ਮਤਿ ਦਾ ਸੰਗ ਕਰਨਾ ਹੈ ਭਾਵ ਮਨਮਤਿ ਤਿਆਗ ਕੇ, ਆਪਣਾ ਆਪ ਛੱਡ ਕੇ ਗੁਰੂ ਦੀ ਮਤਿ ਲੈਣੀ ਹੈ, ਗੁਰੂ ਦੀ ਮਤਿ ਦਾ ਸੰਗ ਕਰਨਾ ਹੈ, ਗੁਣਾਂ ਦਾ ਸੰਗ ਕਰਨਾ ਹੈ ਤਾਂ ਜੋ ਸਾਡੇ ਔਗੁਣ ਨਿਕਲ ਜਾਣ ਤੇ ਅਸੀਂ ਮਾਇਆ ਤੋਂ ਤਰ ਜਾਈਏ, ਮਨ ਦੀ ਨਾ-ਸਮਝ ਮਤਿ ਵਿੱਚੋਂ ਨਿਕਲ ਜਾਈਏ, ਤ੍ਰਿਸ਼ਨਾਵਾਂ

ਤੋਂ ਤਰ ਜਾਈਏ। ਸਿਰਫ ਤੇ ਸਿਰਫ ਮਨ ਨੂੰ ਸੋਧਣ ਦੀ ਲੋੜ ਹੈ, ਮਨ ਨੂੰ ਪ੍ਰਬੋਧਣ ਦੀ ਲੋੜ ਹੈ, ਵਿਕਾਰਾਂ ਚੋਂ ਨਿਕਲਣ ਦੀ ਲੋੜ ਹੈ, ਗੁਰੂ ਦੀ ਮਤਿ ਤੇ ਅਮਲ ਕਰਨ ਦੀ ਲੋੜ ਹੈ ਭਾਵ ਇਹੋ ਜਿਹਾ ਹਰਿ ਹਰਿ ਕਰਨ ਦੀ ਲੋੜ ਹੈ। ਇਹੋ ਜਿਹੀ ਕਿਰਪਾ

ਵਾਹਿਗੁਰੂ ਕਿਸੇ ਤੇ ਹੀ ਕਰਦਾ ਹੈ, ਕੋਈ ਵਿਰਲਾ ਹੀ ਹਰਿ ਹਰਿ ਕਰਦਾ ਹੈ, ਕੋਈ ਵਿਰਲਾ ਹੀ ਨਾਮ ਜਪਦਾ ਹੈ, ਕਿਸੇ ਵਿਰਲੇ ਦੀ ਹੀ ਤ੍ਰਿਸ਼ਨਾ ਬੁਝਦੀ ਹੈ, ਕੋਈ ਵਿਰਲਾ ਹੀ ਨਾਮ ਦੀ ਪ੍ਰਾਪਤੀ ਕਰਦਾ ਹੈ, ਸਾਧਸੰਗ ਕੋਈ ਵਿਰਲਾ ਹੀ ਪਾ ਸਕਦਾ ਹੈ। ਜਿਵੇਂ ਸਾਨੂੰ ਨਾਮ ਬਾਰੇ ਭੁਲੇਖਾ ਹੈ ਉਹੀ ਗਲ ਸਾਧਸੰਗਤਿ ਨੂੰ ਸਮਝਣ ਬਾਰੇ ਹੈ। ਅਸੀਂ ਮਨੁੱਖੀ ਸੰਗਤਿ ਨੂੰ ਹੀ ਸਾਧਸੰਗਤਿ ਸਮਝਦੇ ਹਾਂ ਤੇ ਪ੍ਰਚਾਰ ਕਰਦੇ ਹਾਂ। ਪੂਰੀ ਗੁਰਬਾਣੀ ਵਿਚ ਕਿਸੇ ਵੀ ਸ਼ਬਦ ਦੁਆਰਾ ਮਨੁਖੀ ਸੰਗਤਿ ਨੂੰ ਸਾਧਸੰਗਤਿ ਨਹੀਂ ਕਹਿਆ ਗਿਆ। ''ਸਾਧਸੰਗਤਿ'' ਤਾਂ ਮਨ ਦੀ ਸਭ ਤੋਂ ਉਚੀ ਅਵਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਅੱਗੇ ਚਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗਲ ਨੂੰ ਸਮਝਾਂਗੇ। ਇਕ ਗਲ ਸਦਾ ਚੇਤੇ ਰਖੋ ਕਿ ''ਸਾਧ'' ਆਪ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਿਸ ਮਨੁਖੀ ਸਮਝ ਦਾ ਮੇਲ ਪ੍ਰਮਾਤਮਾ ਦੀ ਸਚੀ ਸਮਝ ਦੇ ਨਾਲ ਹੋ ਜਾਂਦਾ ਹੈ ਉਹ ਮਨ ਦੇ ਅੰਦਰ ਸਾਧਸੰਗਤਿ ਦੀ ਅਵਸਥਾ ਹੈ, ਪੂਰਨ ਗਿਆਨ ਦੀ ਭਾਵ ਬ੍ਰਹਮ ਗਿਆਨ ਦੀ ਅਵਸਥਾ ਹੈ। ਜੋ ਅਵਸਥਾ ਸਾਡੇ ਅੰਦਰ ਨਾਮ ਵਾਲੀ ਅਵਸਥਾ ਹੈ ਉਹੀ ਸਾਧਸੰਗਤਿ ਵਾਲੀ ਅਵਸਥਾ ਹੈ ਤੇ ਉਹੀ ਸੰਤ ਦੀ ਸੰਗਤਿ ਹੈ, ਸਤਸੰਗਤਿ ਹੈ ਜੋ ਸੰਗਤਿ ਮਨ ਦੇ ਵਿਚ ਹੀ ਹੁੰਦੀ ਹੈ। ਗੁਰਬਾਣੀ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਕਰਕੇ ਗੁਰਬਾਣੀ ਦੀ ਅਵਸਥਾ ਸਾਧਸੰਗਤਿ ਵਾਲੀ ਅਵਸਥਾ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ, ਪ੍ਰਮਾਤਮਾ ਦੇ ਗੁਣਾਂ ਨੂੰ ਬਿਆਨ ਕੀਤਾ ਜਾ ਸਕਦਾ ਹੈ, ਪ੍ਰਮਾਤਮਾ ਕੀ ਹੈ ਉਸਨੂੰ ਜਾਣਿਆ ਜਾ ਸਕਦਾ ਹੇ, ਭਗਤੀ ਦੇ ਸਚੇ ਮਾਰਗ ਨੂੰ ਜਾਣਿਆ ਜਾ ਸਕਦਾ ਹੈ ਜੋ ਸੱਚਾ ਮਾਰਗ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਆਪ ਹੀ ਆਪਣੇ ਗੁਣਾਂ ਦਾ ਬਿਆਨ ਕੀਤਾ ਹੈ ਤੇ ਸਾਰੇ ਸੰਸਾਰ ਨੂੰ ਆਪ ਹੀ ਆਪਣਾ ਆਪ ਸਮਝਾਇਆ ਹੈ। ਜਿਥੇ ਸਾਧਸੰਗਤਿ ਹੁੰਦੀ ਹੈ ਉਥੇ ਪ੍ਰਮਾਤਮਾ ਆਪਣਾ ਬ੍ਰਹਮ ਗਿਆਨ ਹੀ ਦੇਂਦਾ ਹੈ, ਨਾਮ ਹੀ ਦੇਂਦਾ ਹੈ। ਨਾਮ ਦੀ ਪ੍ਰਾਪਤੀ ਮਨ ਦੇ ਵਿਚ ਸਾਧਸੰਗਤਿ ਵਾਲੀ ਅਵਸਥਾ ਵਿਚ ਹੀ ਹੁੰਦੀ ਹੈ। (**ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥** - ਅੰਗ-੧੨੨੬)

''ਸਾਧਸੰਗਤਿ'' ਦਾ ਮਕਸਦ ਸਾਨੂੰ ਮਾਇਆ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ ਜੋ ਬੰਧਨ ਸਾਰੇ ਸੰਸਾਰ ਦੇ ਮਨੁੱਖਾਂ ਦੇ ਅੰਦਰ ਮਨ ਦੀ ਮਾਇਆ ਦੇ ਰੂਪ ਵਿੱਚ ਹੈ ਜਿਸ ਮਾਇਆ ਦੀ ਜੁਗਤਿ ਦੁਆਰਾ ਪ੍ਰਮਾਤਮਾ ਨੇ ਹਰ ਕਿਸੇ ਨੂੰ ਭਰਮਾਂ ਵਿੱਚ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਦੇ ਬੰਧਨ ਵਿੱਚ ਰੱਖਿਆ ਹੋਇਆ ਹੈ ਜਿਸ ਬੰਧਨ ਦੇ ਰਹਿੰਦਿਆਂ ਕੋਈ ਪ੍ਰਮਾਤਮਾ ਦੇ ਗੁਣ ਨਹੀਂ ਗਾ ਸਕਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ ਤੇ ਉਹ ਮਾਇਆ ਮੋਹ ਵਿੱਚ ਹੀ ਰਹਿੰਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਵਿੱਚ ਸਮਝਾਈ ਹੋਈ ਹੈ ਕਿ ਇਸ ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲਣ ਦਾ ਤਰੀਕਾ ''ਸਾਧਸੰਗਿ'' ਹੈ ਭਾਵ ਗੁਰੂ ਦੀ ਸੱਚੀ ਮਤਿ ਦਾ ਸੰਗ ਹੈ, ਗੁਰੂ ਦੇ ਸੱਚੇ ਗਿਆਨ ਦਾ ਸੰਗ ਹੈ, ਗੁਰੂ ਦੇ ਸਮਝਾਏ ਹੋਏ ਗੁਣਾਂ ਦਾ ਸੰਗ ਹੈ ਜਿਸ ਦੁਆਰਾ ਮਨੁੱਖ ਗੁਰੂ ਦੀ ਸੱਚੀ ਸਮਝ ਲੈਣ ਦੁਆਰਾ ਮਾਇਆ ਦੇ ਬੰਧਨ ਤੋਂ ਰਹਿਤ ਹੋ ਜਾਂਦਾ ਹੈ ਤੇ ਉਹ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰ ਨੂੰ ਜਾਣ ਲੈਂਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਜਿਸ ਦੁਆਰਾ ਸੱਚੀ ਭਗਤੀ ਦੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। (**ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥ ਮਨ ਬਿਧੇ ਹੀ ਮਹਿ ਲੁਝੀ ਹੇ ॥੩॥ ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥ ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥**) ਇਨ੍ਹਾਂ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਵੀ ਧਿਆਨ ਨਾਲ ਸਮਝੋ ਕਿ ਜੀਵਤ ਮਰਨਾ ਕੀ ਹੈ। ਸਾਡੇ ਅੰਦਰੋਂ ਮਾਇਆ ਦਾ ਬੰਧਨ ਖਤਮ ਹੋਣਾ ਹੀ ਸਾਡਾ ਜੀਵਤ ਮਰਨਾ ਹੈ ਤੇ ਇਸ ਤਰੀਕੇ ਹੀ ਸਾਡਾ ਸਾਧਸੰਗਿ ਹੁੰਦਾ ਹੈ। ਸਾਡੇ ਅੰਦਰ ਦੀ ਮਾਇਆ ਹੀ ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਬਿਖ ਹੈ ਭਾਵ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ, ਮਨ ਦੀ ਅਗਿਆਨਤਾ ਹੈ। ਮਨ ਦੇ ਅੰਦਰ ਦੀ ਅਗਿਆਨਤਾ ਦਾ ਮਰਨਾ ਹੀ ਸਾਡਾ ਜਿਉਂਦੇ ਹੋਏ ਮਰਨਾ ਹੈ ਤੇ ਇਹੀ ਗੁਰੂ ਦੇ ਸ਼ਬਦ ਦੁਆਰਾ ਮਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ। ਮਨ ਦੀ ਮਾਇਆ ਕਰਕੇ ਹੀ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ, ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਸਾਡੇ ਅੰਦਰੋਂ ਇਹੋ ਜਿਹੀ ਨਾ-ਸਮਝ ਮਤਿ ਦਾ ਮਰਨਾ, ਨਿਕਲਣਾ ਹੀ ਸਾਡਾ ਜੀਵਤ ਮਰਨਾ ਹੈ ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਾਡੇ ਅੰਦਰ ਇਸ ਸਰੀਰ ਦੇ ਰਾਹੀਂ ਵਿਚਰਨ ਵਾਲਾ ਆਪ ਪ੍ਰਮਾਤਮਾ ਹੀ ਹੈ ਤੇ ਸਭ ਦੇ ਅੰਦਰ ਉਹ ਆਪ ਹੀ ਵਿਚਰ ਰਹਿਆ ਹੈ ਪਰ ਮਨ ਦੀ ਨਾ-ਸਮਝੀ ਕਰਕੇ, ਮਾਇਆ ਕਰਕੇ ਕੋਈ ਉਸਨੂੰ ਆਪਣੇ ਅੰਦਰੋਂ ਜਾਣ ਨਹੀਂ ਸਕਦਾ ਭਾਵ ਭਰਮ ਵਿੱਚ ਹੀ ਰਹਿੰਦਾ ਹੈ, ਮਨ ਦੇ ਪੜਦੇ ਵਿੱਚ ਹੀ ਰਹਿੰਦਾ ਹੈ, ਮਾਇਆ ਦੇ ਬੰਧਨ

ਵਿੱਚ ਹੀ ਰਹਿੰਦਾ ਹੈ। ਇਹ ਮਾਇਆ ਦਾ ਬੰਧਨ ਮਨ ਦੇ ਵਿੱਚੋਂ ਸਾਧਸੰਗਿ ਹੋਣ ਦੁਆਰਾ ਹੀ ਟੁੱਟਦਾ ਹੈ ਜਿਸ ਦੁਆਰਾ ਮਨੁੱਖ ਮਨ ਦੀ ਮਾਇਆ ਤੋਂ ਤਰਦਾ ਹੈ ਤੇ ਆਪਣੇ ਅਦਰੋਂ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ "ਸਾਧਸੰਗਿ" ਬਖਸ਼ੇ ਭਾਵ ਆਪਣੇ ਸੱਚੇ ਗਿਆਨ ਵਾਲੀ, ਬ੍ਰਹਮਗਿਆਨ ਵਾਲੀ ਸਮਝ ਬਖਸ਼ੇ ਤੇ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੇ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। (**ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥ ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥**) ਸਾਧਸੰਗਿ ਕੇਵਲ ਕਿਸੇ ਵਿਰਲੇ ਦਾ ਹੀ ਹੁੰਦਾ ਹੈ ਜਿਸ ਦੁਆਰਾ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਸਾਧਸੰਗਿ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਕਿਸੇ ਵਿਰਲੇ ਦਾ ਹੀ ਹੁੰਦਾ ਹੈ ਜਿਸ ਦੁਆਰਾ ਕੋਈ ਉਸ ਪ੍ਰਮਾਤਮਾ ਦਾ ਜਨ ਬਣ ਸਕਦਾ ਹੈ।

{ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥੨॥}

(ਅੰਗ ੨੬੫)

{ਸਾਧਸੰਗਿ ਜਿਹ ਹਉਮੈ ਮਾਰੀ ॥
ਨਾਨਕ ਤਾ ਕਉ ਮਿਲੇ ਮੁਰਾਰੀ ॥੨੪॥}

(ਅੰਗ ੨੫੫)

ਸਾਡੀ ਹਉਮੈ ਦਾ ਮਰਨਾ ਹੀ ਸਾਧਸੰਗਿ ਦੀ ਪ੍ਰਾਪਤੀ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਹਉਮੈ ਦਾ ਖਤਮ ਹੋਣਾ ਹੀ ਨਾਮ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਬੀਜ ਮੰਤ੍ਰ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸ ਕੀ ਗਤਿ ਹੋਇ॥ ਸਾਧਸੰਗਿ ਪਾਵੈ ਜਨੁ ਕੋਇ॥
ਕਰਿ ਕਿਰਪਾ ਅੰਤਰਿ ਉਰ ਧਾਰੈ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥
ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥੫॥}

(ਅੰਗ ੨੭੪)

ਉੱਪਰ ਵਾਲੇ ਸ਼ਬਦ ਨੂੰ ਵਿਚਾਰਨ ਦੁਆਰਾ ਇਹ ਸਮਝ ਪੈ ਜਾਂਦੀ ਹੈ ਕਿ ਨਾਮ ਦੀ ਪ੍ਰਾਪਤੀ ਹੀ ਧਰਮ ਦੀ ਪ੍ਰਾਪਤੀ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਦੀ ਪ੍ਰਾਪਤੀ ਹੈ। ਨਾਮ ਜਪਣਾ ਹੀ ਧਰਮ ਨੂੰ ਜਪਣਾ ਹੈ, ਧਰਮ ਦੀ ਕਮਾਈ ਕਰਨਾ ਹੈ, ਧਰਮ ਦਾ ਮਾਰਗ ਹੈ। ਨਾਮ ਜਪਣਾ ਹੀ ਸਾਰੀ ਦੁਨੀਆਂ ਦਾ ਧਰਮ ਹੈ, ਸਾਰੀ ਮਨੁੱਖਤਾ ਦਾ ਧਰਮ ਹੈ। ਕੋਈ ਵਿਰਲਾ ਹੀ ਧਰਮ ਦੇ ਮਾਰਗ ਤੇ ਪੂਰਾ ਉਤਰ ਸਕਦਾ ਹੈ, ਕੋਈ ਵਿਰਲਾ ਹੀ ਗੁਰੂ ਦੀ ਮਤਿ ਤੇ ਪੂਰਾ ਉਤਰ ਸਕਦਾ ਹੈ। ਸਾਰੀ ਦੁਨੀਆਂ ਦਾ ਇੱਕੋ ਧਰਮ ਹੈ, ਸੱਚ ਦਾ ਧਰਮ ਹੈ ਭਾਵ ਸੱਚ ਹੀ ਸਭ ਦਾ ਧਰਮ ਹੈ। ਜੋ ਨਾਮ ਹੈ, ਉਹ ਹੀ ਧਰਮ ਹੈ। ਬੋਲ ਬੋਲ ਕੇ ਧਰਮੀ ਨਹੀਂ ਬਣਿਆ ਜਾ ਸਕਦਾ। ਧਰਮੀ ਬਣਨ ਲਈ ਧਰਮ ਵਾਲੇ ਗੁਣ ਧਾਰਨ ਕਰਨੇ ਪੈਂਦੇ ਹਨ ਤੇ ਇਸ ਗੱਲ ਨੂੰ ਕੋਈ ਵੀ ਆਸਾਨੀ ਨਾਲ ਸਮਝ ਸਕਦਾ ਹੈ ਕਿ ਧਰਮੀ ਮਨੁੱਖ ਦੀ ਪਹਿਚਾਣ ਕਿਵੇਂ ਹੁੰਦੀ ਹੈ। ਮੰਦੇ

5/398

ਕਰਮ ਕਰਨ ਵਾਲਿਆਂ ਨੂੰ ਧਰਮੀ ਕੋਈ ਨਹੀਂ ਕਹਿੰਦਾ, ਝੂਠ ਬੋਲਣ ਵਾਲਿਆਂ ਨੂੰ ਕੋਈ ਧਰਮੀ ਨਹੀਂ ਸਮਝਦਾ ਫਿਰ ਇਹੋ ਜਿਹਾ ਮਨੁੱਖ ਜੇਕਰ ਔਗੁਣ ਛੱਡੇ ਬਿਨ੍ਹਾਂ ਬੋਲ ਬੋਲ ਕੇ ਜਪ ਤਪ ਕਰੇ ਉਸਨੂੰ ਨਾਮ ਵਾਲਾ ਕਿਵੇਂ ਕਿਹਾ ਜਾ ਸਕਦਾ ਹੈ, ਨਾਮ ਰਸੀਆ ਕਿਵੇਂ ਕਿਹਾ ਜਾ ਸਕਦਾ ਹੈ, ਗੁਰੂ ਦੀ ਮਤਿ ਵਾਲਾ ਕਿਵੇਂ ਕਿਹਾ ਜਾ ਸਕਦਾ ਹੈ, ਗੁਰੂ ਵਾਲਾ ਕਿਵੇਂ ਕਿਹਾ ਜਾ ਸਕਦਾ ਹੈ। ਇਸੇ ਲਈ ਬਾਣੀ ਵਿੱਚ ਝੂਠ ਬੋਲਣ ਵਾਲੇ ਮਨੁੱਖ ਨੂੰ ਨਿਗੁਰਾ ਕਿਹਾ ਹੈ, ਗੁਰੂ ਦੀ ਮਤਿ ਤੋਂ ਦੂਰ ਕਿਹਾ ਹੈ।

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥੪॥}

(ਅੰਗ ੧੦੧੩)

ਉਪਰ ਵਾਲੀਆਂ ਪੰਗਤੀਆਂ ਦੁਆਰਾ ਹਰ ਕੋਈ ਅਸਾਨੀ ਨਾਲ ਇਸ ਗਲ ਨੂੰ ਸਮਝ ਸਕਦਾ ਹੈ ਕਿ ਝੂਠ ਬੋਲਣ ਵਾਲਾ ਮਨੁੱਖ ਕਦੇ ਨਾਮ ਜਪਣ ਵਾਲਾ ਨਹੀਂ ਹੋ ਸਕਦਾ ਤੇ ਨਾ ਹੀ ਕਦੇ ਉਹ ਪ੍ਰਮਾਤਮਾ ਨੂੰ ਚੰਗਾ ਲੱਗ ਸਕਦਾ ਹੈ। ਬੜਾ ਸਪਸ਼ਟ ਹੈ ਕਿ ਝੂਠ ਬੋਲਣ ਵਾਲਾ ਮਨੁਖ ਨਿਗੁਰਾ ਹੀ ਰਹਿੰਦਾ ਹੈ ਭਾਵੇਂ ਕੋਈ ਮੁਖੋਂ ਜਿਤਨਾ ਮਰਜੀ ਗੁਰੂ ਗੁਰੂ ਕਰੀ ਜਾਵੇ ਜਾਂ ਕੋਈ ਹੋਰ ਅਖਰ ਬੋਲੀ ਜਾਵੇ। ਅਸੀਂ ਮੁੱਖ ਸ਼ਬਦ ਦੁਆਰਾ ਇਹ ਜਾਣਨ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਰਾਮ ਰਾਮ ਕਰਨਾ ਕੀ ਹੈ ਤੇ ਇਸੇ ਗੱਲ ਨੂੰ ਹੀ ਅਨੇਕਾਂ ਸ਼ਬਦਾਂ ਦੇ ਪ੍ਰਮਾਣਾਂ ਦੁਆਰ ਸਮਝ ਰਹੇ ਹਾਂ। ਸਾਨੂੰ ਬਾਣੀ ਵਿੱਚ ਜਗ੍ਹਾ ਜਗ੍ਹਾ ਰਾਮ ਰਾਮ ਕਰਨਾ ਹੀ ਸਿਖਾਇਆ ਹੋਇਆ ਹੈ, ਸਿਰਫ ਥੋੜ੍ਹਾ ਧਿਆਨ ਨੂੰ ਗਹਿਰਾ ਕਰਨ ਦੀ ਲੋੜ ਹੈ। ਆਓ ਹੁਣ ਇਸੇ ਗੱਲ ਨੂੰ ਅੱਗੇ ਵਧਾਉਂਦੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ।

(ਜਾਨਉ ਨਹੀ ਭਾਵੈ ਕਵਨ ਬਾਤਾ॥ ਮਨ ਖੋਜਿ ਮਾਰਗੁ॥੧॥ਰਹਾਉ॥
ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥
ਪ੍ਰਭੁ ਕਿਨ ਹੀ ਜਾਤਾ॥੧॥
ਭਗਉਤੀ ਰਹਤ ਜੁਗਤਾ॥ ਜੋਗੀ ਕਹਤ ਮੁਕਤਾ॥ ਤਪਸੀ ਤਪਹਿ ਰਾਤਾ॥੨॥
ਮੋਨੀ ਮੋਨਿਧਾਰੀ॥ ਸਨਿਆਸੀ ਬ੍ਰਹਮਚਾਰੀ॥ ਉਦਾਸੀ ਉਦਾਸਿ ਰਾਤਾ॥੩॥
ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥ ਗਿਰਸਤੀ ਗਿਰਸਤਿ ਧਰਮਾਤਾ॥੪॥

ਇਕ ਸਬਦੀ ਬਹੁ ਰੂਪਿ ਅਵਧੂਤਾ॥ ਕਾਪੜੀ ਕਉਤੇ ਜਾਗੂਤਾ॥ ਇਕਿ ਤੀਰਥਿ ਨਾਤਾ॥੫॥
ਨਿਰਹਾਰ ਵਰਤੀ ਆਪਰਸਾ॥ ਇਕਿ ਲੂਕਿ ਨ ਦੇਵਹਿ ਦਰਸਾ॥ ਇਕਿ ਮਨ ਹੀ ਗਿਆਤਾ॥੬॥
ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥ ਜਿਸੁ ਮੇਲੇ ਸੋ ਭਗਤਾ॥੭॥
ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥ ਨਾਨਕੁ ਗੁਰ ਚਰਣਿ ਪਰਾਤਾ॥੮॥)

(ਅੰਗ ੭੧)

ਇਸ ਸ਼ਬਦ ਰਾਹੀਂ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਖੋਜਣ ਦੀ ਸੋਝੀ ਪਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਸਾਡੀ ਕਿਹੋ ਜਿਹੀ ਭਗਤੀ ਭਾਉਂਦੀ ਹੈ। ਸਾਡੇ ਸਾਰੇ ਭਗਤੀ ਕਰਨ ਦੇ ਤਰੀਕੇ ਗਿਣਾਏ ਹੋਏ ਹਨ ਤੇ ਸਭ ਦਾ ਨਤੀਜਾ ਇਹ ਹੀ ਦੱਸਿਆ ਹੋਇਆ ਹੈ ਕਿ ਇਹ ਪ੍ਰਮਾਤਮਾ ਨੂੰ ਖੋਜਣ ਦਾ ਮਾਰਗ ਨਹੀਂ ਹੈ। ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਹੋ ਜਿਹੇ ਮਿਲਦੇ ਜੁਲਦੇ ਹਰ ਤਰੀਕੇ ਦਾ ਖੰਡਨ ਕੀਤਾ ਹੋਇਆ ਹੈ। ਅਸੀਂ ਧਿਆਨ ਲਗਾਉਣ ਦੁਆਰਾ ਭਗਤੀ ਕਰਦੇ ਹਾਂ, ਲੰਬੀ ਸਮਾਧੀ ਲਗਾ ਕੇ ਧਿਆਨ ਜੋੜ ਕੇ ਬੈਠਦੇ ਹਾਂ, ਸੁਰਤਿ ਜੋੜ ਕੇ ਬੈਠਦੇ ਹਾਂ ਤੇ ਨਾਲ ਨਾਲ ਬੋਲ ਬੋਲ

5/399

ਕੇ ਜਪ ਵੀ ਕਰਦੇ ਹਾਂ, ਅਨੇਕ ਤਰ੍ਹਾਂ ਨਾਲ ਤਪ ਵੀ ਕਰਦੇ ਹਾਂ, ਮੋਨ ਧਾਰਨ ਕਰਕੇ ਬੈਠਦੇ ਹਾਂ, ਸੰਸਾਰ ਤੋਂ ਉਦਾਸ ਹੋ ਕੇ ਵੀ ਫਿਰਦੇ ਹਾਂ, ਘਰ ਬਾਰ ਛੱਡ ਕੇ ਸੰਨਿਆਸ ਵੀ ਲੈਂਦੇ ਹਾਂ, ਕੋਈ ਬ੍ਰਹਮਚਾਰੀ ਵੀ ਬਣਦਾ ਹੈ, ਤੀਰਥਾਂ ਤੇ ਇਸ਼ਨਾਨ ਵੀ ਬਹੁਤ ਕਰਦੇ ਹਾਂ, ਬਿਨ੍ਹਾਂ ਭੋਜਨ ਤੋਂ ਵੀ ਰਹਿੰਦੇ ਹਾਂ, ਉਪਵਾਸ ਕਰਦੇ ਹਾਂ ਭਾਵ ਕੋਈ ਐਸਾ ਤਰੀਕਾ ਨਹੀਂ ਛੱਡਿਆ ਜਿਸ ਨਾਲ ਲੋਕ ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਅਖਵਾਉਂਦੇ ਹਨ, ਆਪਣੇ ਆਪ ਨੂੰ ਤਿਆਗੀ ਅਖਵਾਉਂਦੇ ਹਨ। ਭਾਵੇਂ ਇਨ੍ਹਾਂ ਸਾਰੇ ਤਰੀਕਿਆਂ ਦਾ ਸ਼ਬਦ ਰਾਹੀਂ ਖੰਡਨ ਕੀਤਾ ਹੋਇਆ ਹੈ ਕਿ ਇਹ ਭਗਤੀ ਦਾ ਤਰੀਕਾ ਨਹੀਂ ਹੈ, ਇਹ ਰਾਮ ਰਾਮ ਕਰਨ ਦਾ ਤਰੀਕਾ ਨਹੀਂ ਹੈ ਪਰ ਫਿਰ ਵੀ ਹਰ ਕੋਈ ਇਹ ਹੀ ਸਮਝਦਾ ਹੈ ਕਿ ਉਸਦਾ ਤਰੀਕਾ ਠੀਕ ਹੈ, ਇਹ ਹੀ ਭਗਤੀ ਦਾ ਤਰੀਕਾ ਹੈ, ਇਹ ਹੀ ਵਾਹਿਗੁਰੂ ਨੂੰ ਪਾਉਣ ਦਾ ਤਰੀਕਾ ਹੈ ਭਾਵ ਜਪ ਤਪ ਨਾਲ ਹੀ ਵਾਹਿਗੁਰੂ ਨੂੰ ਪਾਇਆ ਜਾ ਸਕਦਾ ਹੈ। ਆਪਣੇ ਆਪ ਨੂੰ ਘੱਟ ਕੋਈ ਨਹੀਂ ਅਖਵਾਉਂਦਾ ਬਲਕਿ ਇਹ ਵੀ ਕਹਿੰਦੇ ਹਨ ਕਿ ਅਸੀਂ ਇਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਪਾ ਲਿਆ ਹੈ।

(ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥)

ਹਰ ਕੋਈ ਭੁਲੇਖੇ ਵਿੱਚ ਹੀ ਹੈ। ਅਸਲ ਵਿੱਚ ਪ੍ਰਮਾਤਮਾ ਨੂੰ ਪਾਉਣਾ ਕੀ ਹੈ ਇਸਦੀ ਸਾਨੂੰ ਸਮਝ ਹੀ ਨਹੀਂ ਹੈ। ਇਹ ਬਾਣੀ ਦਾ ਫੁਰਮਾਨ ਹੈ। ਜੋ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੀ ਨਹੀਂ ਹੈ, ਉਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਕਿਵੇਂ ਜਾ ਸਕਦਾ ਹੈ। ਇਸੇ ਭੁਲੇਖੇ ਵਿੱਚ ਹਰ ਕੋਈ ਆਪਣੇ ਆਪ ਨੂੰ ਉੱਚੇ ਤੋਂ ਉੱਚਾ ਸਮਝ ਲੈਂਦਾ ਹੈ ਤੇ ਵੇਖਾ ਵੇਖੀ ਲੋਕ ਪਿੱਛੇ ਲੱਗੀ ਜਾਂਦੇ ਹਨ। ਅਸਲ ਵਿੱਚ ਵੱਡਾ ਅਸੀਂ ਜਪ ਤਪ ਨੂੰ ਸਮਝਦੇ ਹਾਂ, ਵੱਡਾ ਹੋਣ ਦੀ ਕਸਵੱਟੀ ਜਪ ਤਪ ਨੂੰ ਸਮਝਦੇ ਹਾਂ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੀ ਹੈ ਭਾਵ ਰਾਮ ਰਾਮ ਕਰਨਾ ਕੀ ਹੈ ਇਹ ਵੀ ਆਖਰੀ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਜਿਸਨੂੰ ਉਹ ਆਪ ਆਪਣੇ ਨਾਲ ਮੇਲੇ ਉਹ ਹੀ ਉਸਦਾ

5/400

ਭਗਤ ਬਣ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕੋਈ ਪ੍ਰਮਾਤਮਾ ਦਾ ਭਗਤ ਨਹੀਂ ਹੈ। ਉਸ ਦੇ ਨਾਲ ਮਿਲਣਾ ਉਸਦੀ ਮਤਿ ਦੇ ਨਾਲ ਮਿਲਣਾ ਹੈ ਭਾਵ ਉਸਦੇ ਚਰਨੀ ਪੈਣਾ ਹੈ। ਗੁਰੂ ਦੇ ਚਰਣ ਗੁਰੂ ਦੀ ਮਤਿ ਹੈ। ਗੁਰੂ ਦੇ ਚਰਨੀ ਲੱਗਣਾ ਹੀ ਉਸਦੀ ਸ਼ਰਨ ਪੈਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ। ਆਖਰੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਪ੍ਰਮਾਤਮਾ ਨੂੰ ਜਪਣ ਦੀ ਅਸਲੀਅਤ ਸਮਝ ਆ ਸਕੇ।

“ਸਗਲ ਉਕਤਿ ਉਪਾਵਾ॥ਤਿਆਗੀ ਸਰਨਿ ਪਾਵਾ॥ਨਾਨਕੁ ਗੁਰ ਚਰਣਿ ਪਰਾਤਾ॥੮॥੨॥੨੭॥”

ਉੱਪਰ ਸ਼ਬਦ ਵਿੱਚ ਭਗਤੀ ਕਰਨ ਦੇ ਅਨੇਕਾਂ ਤਰੀਕੇ ਗਿਣਵਾਏ ਹੋਏ ਹਨ, **(ਸਗਲ ਉਕਤਿ ਉਪਾਵਾ)** ਉਹ ਸਭ ਵਿਅਰਥ ਹਨ ਭਾਵ ਧਿਆਨ ਜੋੜ ਕੇ ਸਮਾਧੀ ਵਿੱਚ ਬੈਠਣਾ, ਗਿਆਨ ਲੈ ਕੇ ਗਿਆਨੀ ਬਣਨਾ, ਸਰੀਰਕ ਜਪ ਤਪ ਆਦਿ ਕਰਨਾ, ਮੋਨੀ

ਬਣ ਕੇ ਭਗਤੀ ਕਰਨਾ, ਤੀਰਥਾਂ ਆਦਿ ਤੇ ਘੁੰਮਣਾ ਤੇ ਹੋਰ ਵੀ ਅਨੇਕਾਂ ਉਪਾਵ ਜਿਨ੍ਹਾਂ ਨੂੰ ਲੋਕੀ ਭਗਤੀ ਦਾ ਤਰੀਕਾ ਸਮਝਦੇ ਹਨ ਤੇ ਕਰੀ ਜਾਂਦੇ ਹਨ ਇਹ ਸਭ ਕਿਸੇ ਕੰਮ ਨਹੀਂ ਆਉਂਦੇ ਕਿਉਂਕਿ ਇਹ ਸਭ ਕੁੱਝ ਗੁਰੂ ਦੀ ਮਤਿ ਅਨੁਸਾਰ ਨਹੀਂ ਹਨ। ਗੁਰੂ ਦੀ ਮਤਿ ਸਾਨੂੰ ਇਹਨਾਂ ਸਾਰਿਆਂ ਤਰੀਕਿਆਂ ਨੂੰ ਤਿਆਗਣ ਲਈ ਸਮਝਾਉਂਦੀ ਹੈ ਕਿਉਂਕਿ ਜਦ ਤੱਕ ਕੋਈ ਇਹੋ ਜਿਹੀ ਭਗਤੀ ਵਿੱਚ ਲੱਗਾ ਹੋਇਆ ਹੈ ਤਦ ਤੱਕ ਉਸਨੂੰ ਗੁਰੂ ਦੀ ਸ਼ਰਣ ਨਹੀਂ ਮਿਲ ਸਕਦੀ। ਗੁਰੂ ਦੀ ਸ਼ਰਨ ਵਿੱਚ ਮਨੁੱਖ ਗੁਰੂ ਦੀ ਮਤਿ ਨੂੰ ਮੰਨ ਕੇ ਹੀ ਆ ਸਕਦਾ ਹੈ। ਜਿਸਨੂੰ ਉਸ ਦੀ ਮਤਿ ਸਮਝ ਆ ਜਾਂਦੀ ਹੈ, ਜਿਸ ਤੇ ਉਹ ਆਪਣੀ ਕਿਰਪਾ ਕਰ ਦਿੰਦਾ ਹੈ ਉਹ ਇਹੋ ਜਿਹੇ ਜਪ ਤਪ ਨਹੀਂ ਕਰਦਾ। ਇਹੋ ਜਿਹੇ ਜਪਾਂ ਤਪਾਂ ਨੂੰ ਤਿਆਗ ਕੇ ਹੀ ਗੁਰੂ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ। **(ਤਿਆਗੀ ਸਰਨਿ ਪਾਵਾ)** ਇਹੋ ਜਿਹੀ ਭਗਤੀ, ਇਹੋ ਜਿਹੇ ਜਪ ਤਪ ਤਿਆਗ ਕੇ ਹੀ ਮਨੁੱਖ ਗੁਰੂ ਦੇ ਚਰਨਾਂ ਨਾਲ ਜੁੜਦਾ ਹੈ, ਉਸ ਦੀ ਮਤਿ ਨਾਲ ਜੁੜਦਾ ਹੈ। ਤਿਆਗ ਅਸਲ ਵਿੱਚ ਅਸੀਂ ਆਪਣੀ ਮਤਿ ਦਾ ਕਰਨਾ ਹੈ, ਆਪਣੀ ਨਾ-ਸਮਝੀ ਦਾ ਕਰਨਾ ਹੈ, ਆਪਣੇ ਹਰ ਔਗੁਣ ਦਾ ਕਰਨਾ ਹੈ। ਜੋ ਵੀ ਗੱਲ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ, ਉਹ ਔਗੁਣ ਹੀ ਹੈ। ਇਹੋ ਜਿਹੀ ਭਗਤੀ ਦੇ ਤਰੀਕੇ ਜੋ ਸਾਨੂੰ ਉੱਪਰ ਸ਼ਬਦ ਵਿੱਚ ਸਮਝਾਏ ਗਏ ਹਨ ਇਹਨਾਂ ਸਾਰੇ ਤਰੀਕਿਆਂ ਦਾ ਸ਼ਬਦ ਵਿੱਚ ਖੰਡਨ ਕੀਤਾ ਹੋਇਆ ਹੈ ਭਾਵ ਇਹ ਗੁਰੂ ਦੀ ਮਤਿ ਅਨੁਸਾਰ ਨਹੀਂ ਹਨ ਤੇ ਇਸੇ ਲਈ ਇਹ ਵੀ ਸਾਡੇ ਔਗੁਣ ਹੀ ਹਨ ਜਿਨ੍ਹਾਂ ਨੂੰ ਕਿ ਤਿਆਗਣ ਦੀ ਲੋੜ ਹੈ। ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ, ਉਸ ਰਾਹੀਂ ਅਸੀਂ ਜਿਹੋ ਜਿਹੇ ਤਿਆਗ ਕਰਦੇ ਹਾਂ, ਤਿਆਗ ਸਮਝਦੇ ਹਾਂ ਉਹੋ ਜਿਹੇ ਤਿਆਗ ਗੁਰੂ ਦੀ ਮਤਿ ਅਨੁਸਾਰ ਨਹੀਂ ਹਨ। ਤਿਆਗ ਉਹੀ ਹੈ ਜੋ ਮਨੁੱਖਤਾ ਦੇ ਭਲੇ ਲਈ ਕੰਮ ਆਉਣ। ਗੁਰੂ ਦੀ ਮਤਿ ਸਾਡੇ ਲਈ ਔਗੁਣਾਂ ਦੇ ਤਿਆਗ ਲਈ ਹੈ, ਮਨਮਤਿ ਦੇ ਤਿਆਗ ਲਈ ਹੈ। ਔਗੁਣਾਂ ਦੇ ਤਿਆਗ ਦੁਆਰਾ ਅਸੀਂ ਕੇਵਲ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ ਜਿਸ ਵਿੱਚ ਮਨੁੱਖਤਾ ਦੀ ਭਲਾਈ ਹੈ, ਮਨੁੱਖਤਾ ਦੀ ਸੇਵਾ ਲਈ ਉਪਰਾਲਾ ਕਰਦੇ ਹਾਂ, ਪਰਉਪਕਾਰੀ ਬਣਦੇ ਹਾਂ। ਪ੍ਰਮਾਤਮਾ ਨੂੰ ਇਹੋ ਜਿਹੀ ਭਗਤੀ ਪ੍ਰਵਾਨ ਹੁੰਦੀ ਹੈ, ਇਹੋ ਜਿਹਾ ਰਾਮ ਰਾਮ ਕਰਨਾ ਪ੍ਰਵਾਨ ਹੁੰਦਾ ਹੈ, ਇਹੋ ਜਿਹੇ ਗੁਣ ਗਾਣੇ ਪ੍ਰਵਾਨ ਹੁੰਦੇ ਹਨ ਭਾਵ ਉਸਨੂੰ ਸਾਡਾ ਸੱਚਾ ਸੁੱਚਾ ਅਮਲੀ ਰੂਪ ਪ੍ਰਵਾਨ ਹੁੰਦਾ ਹੈ। ਇਸ ਤੋਂ ਇਲਾਵਾ ਅਸੀਂ ਜੋ ਵੀ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ ਉਹ ਕੇਵਲ ਸਾਡਾ ਦਿਖਾਵਾ ਹੈ, ਵਿਅਰਥ ਦਾ ਉਪਰਾਲਾ ਹੈ। ਆਉ ਗੁਰੂ ਦੀ ਗਲ ਤੇ ਭਰੋਸਾ ਕਰੀਏ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲੀਏ ਜਿਨ੍ਹਾਂ ਨੇ ਸਾਨੂੰ ਇਹੋ ਜਿਹੀ ਭਗਤੀ ਸਮਝਾਈ ਹੈ ਜਿਸ ਭਗਤੀ ਦੇ ਮਾਰਗ ਦਾ ਉੱਪਰ ਸ਼ਬਦ ਰਾਹੀਂ ਖੰਡਨ ਕੀਤਾ ਹੋਇਆ ਹੈ। ਜੋ ਆਪ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਤੋਂ ਦੂਰ ਰਹੇ ਹਨ ਉਹ ਦੂਸਰਿਆਂ ਨੂੰ ਕੀ ਸਮਝਾਉਣਗੇ। ਹਰ ਕੋਈ ਆਪਣੇ ਮਨ ਦੀ ਝੂਠੀ ਸਮਝ ਨਾਲ, ਝੂਠੀ ਮਤਿ ਨਾਲ ਹੀ ਜੁੜਿਆ ਹੋਇਆ ਹੈ ਜੋ ਕਿ ਧਰਮ ਦੇ ਮਾਰਗ ਤੋਂ ਪੁੱਠਾ ਮਾਰਗ ਹੈ।

ਆਓ ਹੁਣ ਮੁੱਖ ਸ਼ਬਦ ਦੀ ਵਿਚਾਰ ਨੂੰ ਅੱਗੇ ਵਧਾਉਂਦੇ ਹੋਏ ਇਹ ਜਾਣੀਏ ਕਿ ਸਾਡੀ ਤ੍ਰਿਸ਼ਨਾ ਕਿਵੇਂ ਦੂਰ ਹੋਵੇ ਤਾਂ ਜੋ ਸਾਨੂੰ ਆਪਣੇ ਜੀਵਨ ਵਿੱਚ ਪਛਤਾਉਣਾ ਨਾ ਪਵੇ। ਵੱਡੇ ਅਖਵਾਉਣ ਨਾਲ, ਸੰਤ ਅਖਵਾਉਣ ਨਾਲ ਤਾਂ ਸਾਨੂੰ ਪਛਤਾਉਣਾ ਹੀ ਪੈਣਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਪਿੱਛੇ ਸਮਝਿਆ ਹੈ ਤੇ ਇਸ ਦਾ ਹੱਲ ਵੀ ਨੀਂਵੇ ਹੋਣਾ ਹੀ ਹੈ। ਵੱਡਾ ਅਖਵਾਉਣਾ ਸਾਡੀ ਹਉਮੈ ਵਧਾਉਂਦਾ ਹੈ, ਸਾਡੀ ਮਨਹਠਿ ਵਧਾਉਂਦਾ ਹੈ, ਸਾਡੀ ਦੁਬਿਧਾ ਵਧਾਉਂਦਾ ਹੈ ਤੇ ਇਨ੍ਹਾਂ ਤੋਂ ਪਾਰ ਪਾਉਣ ਦਾ ਤਰੀਕਾ ਕੋਈ ਜਪ ਤਪ ਨਹੀਂ ਹੈ, ਕੋਈ ਤੀਰਥਾਂ ਦਾ ਇਸ਼ਨਾਨ ਨਹੀਂ ਹੈ, ਕੋਈ ਸਰੀਰਿਕ ਯਤਨ ਕੰਮ ਨਹੀਂ ਆਉਂਦਾ। ਭਾਵ ਕੋਈ ਸਰੀਰਿਕ ਜਪ ਤਪ ਕੰਮ ਨਹੀਂ

5/401

ਆਉਂਦਾ, ਬਲਕਿ ਇਹੋ ਜਿਹੇ ਜਪ ਤਪ ਦੁਆਰਾ ਹੀ ਤਾਂ ਅਸੀਂ ਵੱਡੇ ਅਖਵਾਉਂਦੇ ਹਾਂ, ਸੰਤ ਅਖਵਾਉਂਦੇ ਹਾਂ।

(ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥)

ਸਾਡੇ ਅੰਦਰ ਸੱਚੀ ਭਗਤੀ ਦੀ ਨਾ-ਸਮਝੀ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ, ਦੁਬਿਧਾ ਹੈ ਤੇ ਜਦ ਤੱਕ ਸਾਡੀ ਇਹ ਦੁਬਿਧਾ ਨਹੀਂ ਮਰਦੀ, ਹਉਮੈ ਨਹੀਂ ਜਾਂਦੀ ਤਦ ਤੱਕ ਅਸੀਂ ਧਰਮ ਰਾਇ ਦੀ ਸਜਾ ਤੋਂ ਨਹੀਂ ਬਚ ਸਕਦੇ ਕਿਉਂਕਿ ਮਨ ਦੀ ਨਾ-ਸਮਝੀ ਕਾਰਨ ਅਸੀਂ ਅਨੇਕਾਂ ਔਗੁਣ ਕਰਦੇ ਹਾਂ, ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ ਜਿਨ੍ਹਾਂ ਲਈ ਸਾਨੂੰ ਸਜਾਵਾਂ ਵੀ ਭੁਗਤਣੀਆਂ ਪੈਂਦੀਆਂ ਹਨ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥੩॥)

ਰਾਮ ਨੂੰ, ਵਾਹਿਗੁਰੂ ਨੂੰ ਬੜੇ ਵੱਡੇ ਕਰਮਾਂ ਨਾਲ ਪਾਇਆ ਜਾ ਸਕਦਾ ਹੈ। ਇਸ ਫਲ ਦੀ ਪ੍ਰਾਪਤੀ ਉਸ ਦੀ ਵੱਡੀ ਕਿਰਪਾ ਦੁਆਰਾ ਹੀ ਹੋ ਸਕਦੀ ਹੈ। ਉਸਨੂੰ ਕੇਵਲ ਉਸਦੀ ਮਤਿ ਦੁਆਰਾ ਬੁੱਝਿਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ ਤੇ ਕੋਈ ਵਿਰਲਾ ਹੀ ਉਸਨੂੰ ਪਾ ਸਕਦਾ ਹੈ ਕਿਉਂਕਿ ਗੁਰੂ ਦੀ ਮਤਿ ਤੇ ਕੋਈ ਵਿਰਲਾ ਹੀ ਅਮਲ ਕਰ ਸਕਦਾ ਹੈ। ਜਿਸ ਤੇ ਉਸਦੀ ਕਿਰਪਾ ਹੋਵੇ, ਉਸਨੂੰ ਹੀ ਆਪਣਾ ਹੁਕਮ ਮਨਵਾਉਂਦਾ ਹੈ, ਆਪਣੀ ਮਤਿ ਤੇ ਚਲਾਉਂਦਾ ਹੈ। ਉਸ ਦੀ ਮਤਿ ਤੇ ਅਮਲ ਕੀਤੇ ਬਿਨ੍ਹਾਂ ਮਨੁੱਖ ਆਪਣੇ ਆਪ ਨੂੰ ਨੀਵਾਂ ਨਹੀਂ ਕਰ ਸਕਦਾ, ਸਿਆਣਾ ਨਹੀਂ ਬਣ ਸਕਦਾ ਤੇ ਇਹ ਕੀਤੇ ਬਿਨ੍ਹਾਂ ਹਉਮੈ ਨਹੀਂ ਜਾ ਸਕਦੀ। ਨੀਵਾਂ ਹੋਣ ਦਾ ਤਰੀਕਾ ਆਪਣੀ ਮਤਿ ਨੂੰ ਨੀਵਾਂ ਕਰਨ ਦਾ ਹੈ, ਆਪਣੀ ਨਾ-ਸਮਝੀ ਨੂੰ, ਹਉਮੈ ਨੂੰ ਛੱਡਣ ਦਾ ਹੈ, ਮਨਮਤਿ ਨੂੰ ਛੱਡਣ ਦਾ ਹੈ ਜਿਸ ਨੂੰ ਕੇਵਲ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਨੀਵਾਂ ਕੀਤਾ ਜਾ ਸਕਦਾ ਹੈ, ਸੱਚੀ ਸਮਝ ਨੂੰ ਆਪਣੇ ਅੰਦਰ ਵੱਸਾ ਕੇ ਕੀਤਾ ਜਾ ਸਕਦਾ ਹੈ ਭਾਵ ਨਾਮ ਜਪਣ ਦੁਆਰਾ ਕੀਤਾ ਜਾ ਸਕਦਾ ਹੈ, ਰਾਮ ਦੀ ਦਿੱਤੀ ਹੋਈ ਮਤਿ ਨੂੰ ਜਪਣ ਦੁਆਰਾ ਕੀਤਾ ਜਾ ਸਕਦਾ ਹੈ। ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ, ਰਾਮ ਰਾਮ ਕਰਦੇ ਹਾਂ ਉਸ ਨਾਲ ਉਲਟਾ ਆਪਣਾ ਮਾਣ ਵਧਾਉਂਦੇ ਹਾਂ, ਹਉਮੈ ਵਧਾਉਂਦੇ ਹਾਂ, ਆਪਣੀ ਹੋਂਦ ਹੋਰ ਪੱਕੀ ਕਰਦੇ ਹਾਂ ਜੋ ਸਾਡੇ ਜਨਮ ਮਰਨ ਦਾ ਕਾਰਨ ਹੈ। ਹਉਮੈ ਮਾਰੇ ਬਿਨ੍ਹਾਂ ਮੁਕਤੀ ਨਹੀਂ ਹੈ। ਹਉਮੈ ਕਥਨੀ ਦੁਆਰਾ ਨਹੀਂ ਜਾ ਸਕਦੀ। ਕੇਵਲ ਕਰਨੀ ਦੁਆਰਾ ਜਾ ਸਕਦੀ ਹੈ। ਬਸ ਇਹ ਹੀ ਫਰਕ ਹੈ ਬੋਲ ਬੋਲ ਕੇ ਰਾਮ ਰਾਮ ਕਰਨ ਵਿੱਚ ਤੇ ਰਾਮ ਨੂੰ ਮਨ ਦੇ ਵਿੱਚ ਵਸਾਉਣ ਵਿੱਚ।

(ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥)

ਜਦੋਂ ਹਉਮੈ ਮਾਰਨ ਦੇ ਸਹੀ ਮਾਰਗ ਤੇ ਚੱਲਾਂਗੇ, ਤਾਂ ਹੀ ਰਾਮ ਆਪ ਮਨ ਵਿੱਚ ਪ੍ਰਗਟ ਹੋ ਕੇ ਦਰਸ਼ਨ ਦਿੰਦਾ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਮੇਰੀ ਅਸਲ ਵਿੱਚ ਕੋਈ ਹੋਂਦ ਨਹੀਂ ਹੈ, ਮਨੁੱਖ ਦੀ ਆਪਣੀ ਕੋਈ ਹੋਂਦ

5/402

ਨਹੀਂ ਹੈ। ਜਦ ਤੱਕ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਡੀ ਹਉਮੈ ਬਣੀ ਰਹਿੰਦੀ ਹੈ, ਅਸੀਂ ਆਪਣੇ ਆਪ ਨੂੰ ਵੱਡਾ ਸਮਝੀ ਹੀ ਜਾਂਦੇ ਹਾਂ। ਸਮਝ ਆਉਣ ਤੋਂ ਬਾਅਦ ਫਿਰ ਮਨੁੱਖ ਨੇ ਆਪਣੇ ਆਪ ਨੂੰ ਵੱਡਾ ਕੀ ਸਮਝਣਾ ਹੈ ਜੋ ਚੀਜ਼ ਹੈ ਹੀ ਨਹੀਂ, ਜਿਸਦਾ ਕੋਈ ਵਜੂਦ ਹੀ ਨਹੀਂ ਹੈ, ਉਹ ਵੱਡੀ ਕਿਵੇਂ ਹੋ ਸਕਦੀ ਹੈ। ਵੱਡਾ ਕੇਵਲ ਉਹ ਹੀ ਹੈ ਜਿਸਦਾ ਸਾਰਾ ਵਜੂਦ ਹੈ, ਜਿਸਦਾ ਸਾਰਾ ਪਸਾਰਾ ਹੈ, ਜੋ ਆਪ ਹੀ ਸਭ ਜਗਾ, ਸਭ ਵਿੱਚ ਵਰਤ ਰਿਹਾ ਹੈ।

ਜਿਵੇਂ ਕਿ ਅਸੀਂ ਪਿੱਛੇ ਵੀ ਚਰਚਾ ਕੀਤੀ ਸੀ ਕਿ ਇੱਕ ਪਾਸੇ ਸਾਨੂੰ ਬਾਣੀ ਇਹ ਸਮਝਾਉਂਦੀ ਹੈ ਕਿ ਸਾਨੂੰ ਰਾਮ ਰਾਮ ਕਰਨਾ ਚਾਹੀਦਾ ਹੈ, ਹਰਿ ਹਰਿ ਕਰਨਾ ਚਾਹੀਦਾ ਹੈ ਤੇ ਨਾਲ ਹੀ ਬਾਣੀ ਸਾਨੂੰ ਇਹ ਵੀ ਸਮਝਾ ਰਹੀ ਹੈ ਕਿ ਰਾਮ ਰਾਮ ਕਰਨ ਦਾ ਕੋਈ ਲਾਭ ਨਹੀਂ, ਹਰਿ ਹਰਿ ਕਰਨ ਦਾ ਕੋਈ ਲਾਭ ਨਹੀਂ। ਇਸ ਦਾ ਮਤਲਬ ਇਹ ਹੋਇਆ ਕਿ ਸਾਨੂੰ ਬਾਣੀ ਨੂੰ ਖੋਜਣ ਲਈ ਪ੍ਰੇਰਿਆ ਹੈ ਕਿ ਅਸੀਂ ਜਾਣੀਏ ਕਿ ਰਾਮ ਰਾਮ ਕਰਨਾ ਕੀ ਹੈ, ਹਰਿ ਹਰਿ ਕਰਨਾ ਕੀ ਹੈ। ਸਭ ਕੁੱਝ ਬਾਣੀ ਦੇ ਵਿੱਚ ਹੀ ਸਮਝਾਇਆ ਹੋਇਆ ਹੈ ਸਿਰਫ ਬਾਣੀ ਵਿੱਚ ਖੁੱਭਣ ਦੀ ਲੋੜ ਹੈ। ਗੁਰੂ ਬਹੁਤ ਬਹੁਤ ਸਿਆਣਾ ਹੈ, ਉਹ ਸਭ ਕੁੱਝ ਸਮਝਾਉਂਦਾ ਹੈ। ਆਓ ਹੁਣ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਵਾਹਿਗੁਰੂ ਦੇ ਹੇਠ ਲਿਖੇ ਬੋਲਾਂ ਨੂੰ ਸਮਝੀਏ ਕਿ ਰਾਮ ਰਾਮ ਕਿਵੇਂ ਜਪਣਾ ਹੈ, ਰਾਮ ਰਾਮ ਕਿਵੇਂ ਕਰਨਾ ਹੈ।

“ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥
ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ॥੧॥”

(ਅੰਗ ੧੩੬੪)

“ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥
ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥੧॥”

(ਅੰਗ ੯੪੮)

“ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥
ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ॥੪੨॥”

(ਅੰਗ ੧੩੬੬)

5/403

ਉੱਪਰ ਦਿੱਤੇ ਤਿੰਨੇ ਸਲੋਕਾਂ ਵਿੱਚ ਰਾਮ ਦੀ ਗੱਲ ਕੀਤੀ ਹੋਈ ਹੈ। ਅਸੀਂ ਪਹਿਲੇ ਸਲੋਕ ਦੀ ਗੱਲ ਨੂੰ ਤਾਂ ਮੰਨ ਲੈਂਦੇ ਹਾਂ ਕਿਉਂਕਿ ਇਸ ਨੂੰ ਮੰਨਣਾ ਬਹੁਤ ਸੌਖਾ ਹੈ ਕਿਉਂਕਿ ਐਸਾ ਕਰਨ ਦੁਆਰਾ ਨਾ ਕੋਈ ਮਾਇਆ ਮੋਹ ਨੂੰ ਛੱਡਣ ਦੀ ਗੱਲ ਕੀਤੀ ਹੋਈ ਹੈ, ਨਾ ਕੋਈ ਔਗੁਣਾਂ ਨੂੰ ਛੱਡਣ ਦੀ ਗੱਲ ਕੀਤੀ ਹੋਈ ਹੈ ਤੇ ਨਾ ਹੀ ਸੱਚ ਨੂੰ ਅਪਣਾਉਣ ਦੀ ਗੱਲ ਕੀਤੀ ਹੋਈ ਹੈ, ਕੇਵਲ ਇੱਕ ਅੱਖਰ ਨੂੰ ਬੋਲਣ ਦੀ ਗੱਲ ਕੀਤੀ ਹੋਈ ਹੈ ਜਿਸ ਕਰਕੇ ਸਾਨੂੰ ਇਹ ਗੱਲ ਮੰਨਣ ਵਿਚ ਬਹੁਤ ਮਾਫਕ ਆਉਂਦੀ ਹੈ। ਬੜਾ ਪੁਰਾਣਾ ਅਖਾਣ ਹੈ:- ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਈ ਚੋਖਾ। ਗੁਰੂ ਦੀ ਗੱਲ ਵੀ ਨਾ ਮੰਨੋ ਤੇ ਭਗਤੀ ਵਾਲੇ ਵੀ ਅਖਵਾ ਲਉ, ਨਾਮ ਰਸੀਏ ਵੀ ਅਖਵਾ ਲਉ।

ਅਗਲੇ ਸਲੋਕਾਂ ਵਿੱਚ ਵੀ ਰਾਮ ਨੂੰ ਜਪਣਾ ਹੀ ਸਮਝਾਇਆ ਹੋਇਆ ਹੈ। ਪਹਿਲਾਂ ਰਾਮ ਜਪਣ ਦੀ ਕਸਵੱਟੀ ਸਮਝਾਈ ਹੋਈ ਹੈ। ਜਿਸ ਮਨੁੱਖ ਦੇ ਅੰਦਰ ਕਪਟ ਹੈ, ਝੂਠ ਹੈ, ਉਹ ਮਨੁੱਖ ਤਾਂ ਰਾਮ ਦੀ ਕਸਵੱਟੀ ਤੋਂ ਪਹਿਲੇ ਹੀ ਬਾਹਰ ਦੱਸਿਆ ਹੋਇਆ ਹੈ ਭਾਵ ਰਾਮ ਦੀ ਕਸਵੱਟੀ ਸਾਡੇ ਕਰਮਾਂ ਉਪਰ ਨਿਰਭਰ ਹੈ, ਸਾਡੀ ਕਰਨੀ ਉਪਰ ਨਿਰਭਰ ਹੈ ਭਾਵ ਮੰਦੇ ਕਰਮ ਕਰਨ ਵਾਲਾ, ਔਗੁਣਾਂ ਵਿੱਚ ਵਿਚਰਨ ਵਾਲਾ ਮਨੁੱਖ ਰਾਮ ਨਹੀਂ ਜਪਦਾ ਭਾਵ ਰਾਮ ਜਪਣ ਲਈ ਸਭ ਤੋਂ ਪਹਿਲਾਂ ਝੂਠ ਤਿਆਗਣ ਦੀ ਲੋੜ ਹੈ ਭਾਵ ਸੱਚ ਤੇ ਚੱਲਣ ਦੀ ਲੋੜ ਹੈ। ਹੁਣ ਜੇਕਰ ਮਨ ਵਿੱਚ ਝੂਠ ਹੈ ਤੇ ਸਾਡੀ ਰਸਨਾ ਤੇ ਰਾਮ ਰਾਮ ਹੈ ਤਾਂ ਫਿਰ ਕੀ ਕਸਵੱਟੀ ਤੇ ਪੂਰਾ ਉਤਰਿਆ ਜਾ ਸਕਦਾ ਹੈ। ਇਸੇ ਲਈ ਤੇ ਸਮਝਾਇਆ ਹੈ।

(ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥)

(ਅੰਗ ੪੯੧)

ਰਾਮ ਰਾਮ ਸਾਡੀ ਕਰਨੀ ਹੈ, ਕਥਨੀ ਨਹੀਂ। ਰਾਮ ਰਾਮ ਕਰਨਾ ਰਾਮ ਦੀ ਗੱਲ ਤੇ ਪੂਰਾ ਉਤਰਨਾ ਹੈ, ਉਸਦੀ ਕਸਵੱਟੀ ਤੇ ਪੂਰਾ ਉਤਰਨਾ ਹੈ ਜੋ ਕਿ ਆਪਣੇ ਆਪ ਨੂੰ ਜਿਉਂਦਿਆਂ ਮਾਰਨ ਵਾਲੀ ਗੱਲ ਹੈ ਭਾਵ ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਛੱਡਣਾ ਹੈ, ਆਪਣੀ ਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਤੇ ਚੱਲਣ ਦੀ ਲੋੜ ਹੈ। ਕੋਈ ਵਿਰਲਾ ਹੀ ਰਾਮ ਰਾਮ ਕਰ ਸਕਦਾ ਹੈ। (**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥ ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥**) ਆਓ ਹੁਣ ਇਸ ਤੋਂ ਅਗਲੇ ਸਲੋਕ ਨੂੰ ਵਿਚਾਰੀਏ ਜਿਸ ਵਿੱਚ ਰਾਮ ਨਾਲ ਲਿਵ ਲਾਉਣੀ ਸਮਝਾਈ ਹੋਈ ਹੈ। ਹਰ ਕੋਈ ਲਿਵ ਜੋੜਨ ਦੀ ਗੱਲ ਤਾਂ ਕਰਦਾ ਹੈ, ਪਰ ਲਿਵ ਤਾਂ ਹੀ ਜੁੜੇਗੀ

5/404

ਜੇਕਰ ਲਿਵ ਜੋੜਨ ਦੀ ਸਮਝ ਲੱਗ ਜਾਵੇਗੀ। ਦੇਖੋ ਰਾਮ ਦੇ ਨਾਲ ਲਿਵ ਲਾਉਣੀ ਕਿਤਨੀ ਔਖੀ ਹੈ। ਇਹ ਆਪਣੇ ਘਰ ਅੱਗ ਲਾਉਣ ਵਾਲੀ ਗੱਲ ਦੇ ਬਰਾਬਰ ਹੈ ਭਾਵ ਬਹੁਤ ਔਖੇ ਹੋਣ ਵਾਲੀ ਗੱਲ ਹੈ। ਇਸ ਦੇ ਲਈ ਪਹਿਲਾਂ ਪੰਜਾਂ ਔਗੁਣਾਂ ਨੂੰ ਆਪਣੀ ਮਾੜੀ ਸਮਝ ਦੇ ਵਿੱਚੋਂ ਸਾੜਨਾ ਪੈਂਦਾ ਹੈ, ਪੂਰੀ ਤਰ੍ਹਾਂ ਵਿਕਾਰਾਂ ਤੋਂ ਮੁਕਤ ਹੋਣਾ ਪੈਂਦਾ ਹੈ ਭਾਵ ਮਾਇਆ ਤੋਂ ਨਿਰਲੇਪ ਹੋਣਾ ਪੈਂਦਾ ਹੈ। ਰਾਮ ਨਾਲ ਲਿਵ ਲਾਉਣ ਦਾ ਇਹੀ ਤਰੀਕਾ ਹੈ ਜੋ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਇਹ ਸਾਡਾ ਅਮਲੀ ਜੀਵਨ ਹੈ ਜੋ ਸਾਡੇ ਅੰਦਰ ਰਾਮ ਲਿਵ ਦਾ ਪ੍ਰਗਟਾਵਾ ਕਰਦਾ ਹੈ। ਜਿਸ ਦੀ ਰਾਮ ਨਾਲ ਲਿਵ ਲੱਗੀ ਹੋਈ ਹੈ ਉਹ ਮਾੜੇ ਕਰਮ ਕਰ ਹੀ ਨਹੀਂ ਸਕਦਾ। ਸਾਰਾ ਕੁਝ ਸਾਡੀ ਕਰਨੀ ਤੇ ਨਿਰਭਰ ਹੈ, ਕਥਨੀ ਨਾਲ ਲਿਵ ਨਹੀਂ ਲੱਗ ਸਕਦੀ। ਲਿਵ ਸਾਡੇ ਮਨ ਦੀ ਧੁਨ ਹੈ, ਲਗਨ ਹੈ, ਸਾਡਾ ਸੁਭਾਅ ਹੈ। ਜੇਕਰ ਲਿਵ ਮਾਇਆ ਵਿੱਚ ਹੈ ਤਾਂ ਫਿਰ ਅਸੀਂ ਵਿਕਾਰਾਂ ਵੱਲ ਜਾਵਾਂਗੇ, ਔਗੁਣਾਂ ਦਾ ਸਹਾਰਾ ਲਵਾਂਗੇ। ਜੇਕਰ ਸਾਡੀ ਲਿਵ ਰਾਮ ਨਾਲ ਹੈ ਭਾਵ ਰਾਮ ਦੀ ਸਮਝਾਈ ਹੋਈ ਸੱਚੀ ਮਤਿ ਨਾਲ ਹੈ ਤਾਂ ਫਿਰ ਔਗੁਣਾਂ ਤੋਂ ਬੱਚ ਕੇ ਰਹਾਂਗੇ। ਲਿਵ ਤੇ ਗੁਰੂ ਦੀ ਮਤਿ ਨਾਲ ਲੱਗਣੀ ਹੈ ਜੋ ਕਿ ਬਹੁਤ ਔਖੀ ਹੈ। ਇਹ ਹੀ ਨਾਮ ਜਪਣਾ ਹੈ, ਰਾਮ ਰਾਮ ਕਰਨਾ ਹੈ। **(ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥ ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ॥੪੨॥)**

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥}

(ਅੰਗ ੭੦੪)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥

ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬-੮੭)

ਹੁਣ ਇਹ ਤਾਂ ਸਪੱਸ਼ਟ ਹੈ ਕਿ ਸਾਨੂੰ ਬਾਣੀ ਵਿੱਚ ਇਹ ਕਹਿ ਕੇ ਸਮਝਾਇਆ ਹੈ ਕਿ ਮੂੰਹੋਂ ਰਾਮ ਰਾਮ ਕਰਨ ਨਾਲ, ਹਰਿ ਹਰਿ ਕਰਨ ਨਾਲ ਸਾਨੂੰ ਕੋਈ ਲਾਭ ਨਹੀਂ ਮਿਲਦਾ। ਇਸੇ ਲਈ ਸ਼ਾਇਦ ਕਈਆਂ ਨੇ ਆਪਣੀ ਮਤਿ ਦੁਆਰਾ ਇਸ ਦਾ ਇਹ ਹੱਲ ਕੱਢਿਆ ਹੈ ਕਿ ਫਿਰ ਮੂੰਹੋਂ ਵਾਹਿਗੁਰੂ ਵਾਹਿਗੁਰੂ ਬੋਲ ਕੇ ਆਪਣਾ ਜਪ ਤਪ ਪੂਰਾ ਕਰ ਲੈਂਦੇ ਹਾਂ ਭਾਵ ਬਜਾਇ ਗੁਰੂ ਦੀ ਗੱਲ ਨੂੰ ਸਮਝਣ ਦੇ ਅਸੀਂ ਆਪਣੀ ਮਤਿ ਨਾਲ ਨਵਾਂ ਹੱਲ ਲੱਭ ਲਿਆ ਹੈ। ਜਪਣਾ ਤੇ ਗੁਰੂ ਦੀ ਮਤਿ ਨੂੰ ਹੈ ਭਾਵ ਸੱਚ ਨੂੰ ਹੈ ਤੇ ਸਾਨੂੰ ਸੱਚ ਕਿੱਥੋਂ ਮਿਲਣਾ ਹੈ ਇਹ ਹੀ ਸਮਝਣ ਦੀ ਲੋੜ ਹੈ। ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਆਪਣੀ ਸੱਚੀ ਮਤਿ ਰਾਹੀਂ ਵਾਰ-ਵਾਰ ਸ਼ਬਦਾਂ ਰਾਹੀਂ ਨਾਮ ਜਪਣਾ ਸਮਝਾ ਰਹਿਆ ਹੈ। ਭੁਲੇਖਾ ਨਾਮ ਨੂੰ ਸਮਝਣ ਦਾ ਹੈ। ਜੇ ਨਾਮ ਦਾ ਭੁਲੇਖਾ ਨਹੀਂ ਹੋਵੇਗਾ ਫਿਰ ਸਾਨੂੰ ਰਾਮ ਕਹਿਣ ਵਿੱਚ ਜਾਂ ਵਾਹਿਗੁਰੂ ਕਹਿਣ ਵਿੱਚ ਕੋਈ ਫਰਕ ਹੀ ਨਜ਼ਰ ਨਹੀਂ ਆਵੇਗਾ। ਜੋ ਰਾਮ ਦੀ ਮਤਿ ਹੈ ਉਹ ਹੀ ਵਾਹਿਗੁਰੂ ਦੀ ਮਤਿ ਹੈ। ਪ੍ਰਮਾਤਮਾ ਨੂੰ ਜਿਹੜੇ ਮਰਜੀ ਨਾਮ ਨਾਲ ਪੁਕਾਰੀਏ

ਉਸਨੂੰ ਕੀ ਫਰਕ ਪੈਂਦਾ ਹੈ, ਉਸਨੂੰ ਅਨੇਕਾਂ ਅਨੇਕਾਂ ਨਾਮਾਂ ਦੇ ਨਾਲ ਪੁਕਾਰਿਆ ਜਾਂਦਾ ਹੈ। ਇਸੇ ਲਈ ਤੇ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ ਉਸਨੂੰ ਨਵੇਂ ਤੋਂ ਨਵੇਂ ਨਾਮ ਦੁਆਰਾ ਪੁਕਾਰ ਕੇ ਜਪਣ ਦਾ ਕੋਈ ਲਾਭ ਨਹੀਂ ਮਿਲਦਾ।

(ਕਈ ਕੋਟਿ ਨਵਤਨ ਨਾਮ ਧਿਆਵਹਿ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ॥੧॥)

(ਅੰਗ ੨੭੫)

ਪ੍ਰਮਾਤਮਾ ਨੂੰ ਕਿਸੇ ਨਾਮ ਦੇ ਨਾਲ ਪੁਕਾਰਨਾ, "**ਯਾਦ ਕਰਨਾ ਹੋਰ ਗੱਲ ਹੈ" ਤੇ "ਨਾਮ ਜਪਣਾ ਹੋਰ ਗੱਲ ਹੈ**।" ਇਹ ਫਰਕ ਸਮਝਣ ਦੀ ਵੱਡੀ ਲੋੜ ਹੈ। ਅਸੀਂ ਰਾਮ ਬੋਲ ਕੇ ਪ੍ਰਮਾਤਮਾ ਨੂੰ ਅਨੇਕਾਂ ਵਾਰ ਸੰਬੋਧਨ ਕਰਦੇ ਹਾਂ, ਯਾਦ ਕਰਦੇ ਹਾਂ। ਇਸੇ ਤਰ੍ਹਾਂ ਵਾਹਿਗੁਰੂ ਬੋਲ ਕੇ ਅਸੀਂ ਪ੍ਰਮਾਤਮਾ ਨੂੰ ਦਿਨ ਵਿੱਚ ਅਨੇਕਾਂ ਵਾਰ ਯਾਦ ਕਰਦੇ ਹਾਂ ਭਾਵ ਇਹ ਉਸਨੂੰ ਸੰਬੋਧਨ ਕਰਨ ਦਾ ਤਰੀਕਾ ਹੈ, ਉਸਦਾ ਨਾਮ ਜਪਣ ਦਾ ਨਹੀਂ। ਦਾਸ ਵੀ ਦਿਨ ਵਿੱਚ ਅਨੇਕਾਂ ਵਾਰ ਵਾਹਿਗੁਰੂ ਬੋਲਦਾ ਹੈ, ਉਸਨੂੰ ਸੰਬੋਧਨ ਕਰਦਾ ਹੈ। ਇਸੇ ਲਈ ਤਾਂ ਪਿੱਛੇ ਵੀ ਇਹ ਗੱਲ ਸਮਝਾਈ ਸੀ ਕਿ ਵਾਹਿਗੁਰੂ ਅੱਖਰ ਬੋਲਣ ਵਿੱਚ ਜਾਂ ਰਾਮ ਬੋਲਣ ਵਿੱਚ ਕੋਈ ਮਾੜਾ ਕੰਮ ਥੋੜੀ ਹੈ, ਸਗੋਂ ਚੰਗਾ ਕੰਮ ਹੈ, ਭਾਵੇਂ ਕਿਤਨੀ ਵਾਰੀ ਮਰਜੀ ਬੋਲੀਏ, ਰੱਬ ਨੂੰ ਜਿਤਨੀ ਵਾਰੀ ਮਰਜੀ ਸੰਬੋਧਨ ਕਰੀਏ। ਗੱਲ ਸਿਰਫ ਸਮਝਣ ਦੀ ਇਤਨੀ ਹੈ ਕਿ ਇਸਨੂੰ ਆਪਣੀ ਜਪਣੀ ਨਾ ਸਮਝੀਏ, ਨਾਮ ਜਪਣਾ ਨਾ ਸਮਝੀਏ। ਜਪਣਾ ਗੁਰੂ ਦੀ ਮਤਿ ਨੂੰ ਹੀ ਹੈ। ਪ੍ਰਮਾਤਮਾ ਨੂੰ ਜਿਸ ਮਰਜ਼ੀ ਨਾਮ ਨਾਲ ਯਾਦ ਕਰੀਏ ਉਹ ਹਰ ਨਾਮ ਨਾਲ ਸੱਚਾ ਹੈ ਕਿਉਂਕਿ ਕੇਵਲ ਇੱਕੋ

ਇੱਕ ਉਸਦੀ ਹੋਂਦ ਹੀ ਚੱਲੀ ਆ ਰਹੀ ਹੈ, ਤੇ ਉਸਦੀ ਹੋਂਦ ਹੀ ਸੱਚੀ ਹੈ। ਜਦੋਂ ਦੀ ਸ੍ਰਿਸ਼ਟੀ ਬਣੀ ਹੈ ਕੇਵਲ ਉਸਦੀ ਹੋਂਦ ਹੀ ਚੱਲੀ ਆ ਰਹੀ ਹੈ, ਹੋਰ ਕਿਸੇ ਦੀ ਕੋਈ ਹੋਂਦ ਹੈ ਹੀ ਨਹੀਂ ਤੇ ਨਾ ਹੀ ਹੋ ਸਕਦੀ ਹੈ। ਉਸਦਾ ਨਾਮ ਹੀ ਸ਼ੁਰੂ ਤੋਂ ਚੱਲਦਾ ਆ ਰਿਹਾ ਹੈ ਤੇ ਉਸਦਾ ਨਾਮ ਹੀ ਹਮੇਸ਼ਾ ਲਈ ਰਹਿਣਾ ਹੈ। **"ਉਹ ਸਤਿਨਾਮੁ ਹੈ"** ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਉਹ ਸੱਚੀ ਹੋਂਦ ਵਾਲਾ ਹੈ ਤੇ ਉਸਦੀ ਹੋਂਦ ਕਦੇ ਮਿਟ ਨਹੀਂ ਸਕਦੀ। ਪ੍ਰਮਾਤਮਾ ਸਦਾ ਤੋਂ ਆਪਣੇ ਨਾਮ ਰੂਪ ਵਿੱਚ ਹੀ ਹੈ ਤੇ ਸਦਾ ਉਸਨੇ ਨਾਮ ਰੂਪ ਵਿੱਚ ਹੀ ਰਹਿਣਾ ਹੈ ਤੇ ਹਰ ਆਕਾਰ ਰੂਪ ਹੋਂਦ ਉਸੇ ਪ੍ਰਮਾਤਮਾ ਦਾ, ਨਾਮ ਦਾ ਆਪਣਾ ਮਾਇਆ ਰੂਪ ਹੈ ਜੋ ਬਿਨਸਦਾ ਤੇ ਉਪਜਦਾ ਰਹਿੰਦਾ ਹੈ। ਹਰ ਵਸਤੂ ਪ੍ਰਮਾਤਮਾ ਦੇ ਨਾਮ ਨਾਲ ਹੀ ਭਾਵ ਬ੍ਰਹਮ ਗਿਆਨ ਨਾਲ ਹੀ ਹੋਂਦ ਵਿੱਚ ਆਉਂਦੀ ਹੈ ਤੇ ਉਸਦੇ ਬ੍ਰਹਮ ਗਿਆਨ ਨਾਲ ਹੀ ਚੱਲਦੀ ਹੈ ਤੇ ਬਿਨਸ ਜਾਂਦੀ ਹੈ ਭਾਵ ਸਭ ਕੁੱਝ ਪ੍ਰਮਾਤਮਾ ਦੇ ਨਾਮ ਨਾਲ ਹੀ ਹੁੰਦਾ ਹੈ।

5/406

ਕੇਵਲ ਇੱਕ ਉਸਦੀ ਹੋਂਦ ਹੀ ਸੱਚੀ ਹੈ, ਇੱਕੋ ਇੱਕ ਨਾਮ ਦਾ ਹੋਣਾ ਹੀ ਸੱਚ ਹੈ। ਉਸਨੂੰ ਕਿਸੇ ਵੀ ਨਾਮ ਨਾਲ ਪੁਕਾਰੋ, ਉਹ ਸਤਿਨਾਮੁ ਹੈ। ਰਾਮ ਵੀ ਸਤਿਨਾਮੁ ਹੈ, ਵਾਹਿਗੁਰੂ ਵੀ ਸਤਿਨਾਮੁ ਹੈ, ਅੱਲ੍ਹਾ ਵੀ ਸਤਿਨਾਮੁ ਹੈ, ਖੁਦਾ ਵੀ ਸਤਿਨਾਮੁ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਬਰੀਕੀ ਨਾਲ ਜਾਣੀਏ।

"ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ॥
ਮਧੁਸੂਦਨ ਦਾਮੋਦਰ ਸੁਆਮੀ॥
ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ॥੧॥
ਮੋਹਨ ਮਾਧਵ ਕ੍ਰਿਸ੍ਨ ਮੁਰਾਰੇ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ॥
ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ॥੨॥
ਧਰਣੀਧਰ ਈਸ ਨਰਸਿੰਘ ਨਾਰਾਇਣ॥ ਦਾੜਾ ਅਗ੍ਰੈ ਪ੍ਰਿਥਮਿ ਧਰਾਇਣ॥
ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ॥੩॥
ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ॥
ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥੪॥
ਭਗਤਿ ਵਛਲੁ ਅਨਾਥਹ ਨਾਥੇ॥ ਗੋਪੀ ਨਾਥੁ ਸਗਲ ਹੈ ਸਾਥੇ॥
ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ॥੫॥
ਮੁਕੰਦ ਮਨੋਹਰ ਲਖਮੀ ਨਾਰਾਇਣ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ॥
ਕਮਲਾਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ॥੬॥
ਅਮੋਘ ਦਰਸਨ ਆਜੂਨੀ ਸੰਭਉ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥
ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ॥੭॥
ਸ੍ਰੀਰੰਗ ਬੈਕੁੰਠ ਕੇ ਵਾਸੀ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ॥
ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ॥੮॥
ਨਿਰਾਹਾਰੀ ਨਿਰਵੈਰੁ ਸਮਾਇਆ॥ ਧਾਰਿ ਖੇਲੁ ਚਤੁਰਭੁਜੁ ਕਹਾਇਆ॥
ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ॥੯॥
ਬਨਮਾਲਾ ਬਿਭੂਖਨ ਕਮਲ ਨੈਨ॥ ਸੁੰਦਰ ਕੁੰਡਲ ਮੁਕਟ ਬੈਨ॥
ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ॥੧੦॥

ਪੀਤ ਪੀਤੰਬਰ ਤ੍ਰਿਭਵਣ ਧਣੀ॥ ਜਗੰਨਾਥੁ ਗੋਪਾਲੁ ਮੁਖਿ ਭਣੀ॥
ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ॥੧੧॥
ਨਿਹਕੰਟਕੁ ਨਿਹਕੇਵਲੁ ਕਹੀਐ॥ ਧਨੰਜੈ ਜਲਿ ਥਲਿ ਹੈ ਮਹੀਐ॥
ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ॥੧੨॥
ਪਤਿਤ ਪਾਵਨ ਦੁਖ ਭੈ ਭੰਜਨੁ॥ ਅਹੰਕਾਰ ਨਿਵਾਰਣੁ ਹੈ ਭਵ ਖੰਡਨੁ॥
ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ॥੧੩॥
ਨਿਰੰਕਾਰੁ ਅਛਲ ਅਡੋਲੋ॥ ਜੋਤਿ ਸਰੂਪੀ ਸਭੁ ਜਗੁ ਮਉਲੋ॥
ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ ਕੋਇ ਨ ਪਾਵੈਗਾ॥੧੪॥
ਆਪੇ ਗੋਪੀ ਆਪੇ ਕਾਨਾ॥ ਆਪੇ ਗਊ ਚਰਾਵੈ ਬਾਨਾ॥
ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ॥੧੫॥
ਏਕ ਜੀਹ ਗੁਣ ਕਵਨ ਬਖਾਨੈ॥ ਸਹਸ ਫਨੀ ਸੇਖ ਅੰਤੁ ਨ ਜਾਨੈ॥
ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ॥੧੬॥
ਓਟ ਗਹੀ ਜਗਤ ਪਿਤ ਸਰਣਾਇਆ॥ ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ॥
ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ ਸਾਧ ਸੰਤਨ ਕੈ ਸੰਗਿ ਸੰਗਾ॥੧੭॥
ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ॥
ਮਸਤਕਿ ਲਾਇ ਪਰਮ ਪਦੁ ਪਾਵਉ ਜਿਸੁ ਪ੍ਰਾਪਤਿ ਸੋ ਪਾਵੈਗਾ॥੧੮॥
ਜਿਨ ਕਉ ਕ੍ਰਿਪਾ ਕਰੀ ਸੁਖਦਾਤੇ॥ ਤਿਨ ਸਾਧੂ ਚਰਣ ਲੈ ਰਿਦੈ ਪਰਾਤੇ॥
ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ ਵਾਜੰਗਾ॥੧੯॥
ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥
ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ॥੨੦॥
ਤੇਰੀ ਗਤਿ ਮਿਤਿ ਤੂਹੈ ਜਾਣਹਿ॥ ਤੂ ਆਪੇ ਕਥਹਿ ਤੈ ਆਪਿ ਵਖਾਣਹਿ॥
ਨਾਨਕ ਦਾਸੁ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ॥੨੧॥੨॥੧੧॥"

(ਅੰਗ ੧੦੮੨-੧੦੮੩)

ਉੱਪਰ ਸ਼ਬਦ ਵਿੱਚ ਅਕਾਲ ਪੁਰਖ ਦੇ ਅਨੇਕਾਂ ਨਾਮ ਗਿਣਵਾਏ ਹੋਏ ਹਨ ਜਿਸ ਨਾਲ ਉਸਨੂੰ ਸੰਬੋਧਨ ਕੀਤਾ ਜਾਂਦਾ ਹੈ। ਸਮੇਂ ਅਨੁਸਾਰ ਉਸ ਪ੍ਰਮਾਤਮਾ ਨੂੰ ਨਵੇਂ ਨਵੇਂ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਰਿਹਾ ਹੈ। ਉਸਦਾ ਹਰ ਨਾਮ "**ਸਤਿਨਾਮੁ**" ਹੈ ਭਾਵ ਹਰ ਨਾਮ ਦੇ ਵਿੱਚ ਉਹ "**ਸਤਿ**" ਰੂਪ ਪ੍ਰਮਾਤਮਾ ਆਪ ਹੀ ਹੈ, ਹਰ ਨਾਮ ਪੁਕਾਰਨ ਦੇ ਨਾਲ ਇੱਕ ਉਸੇ ਨੂੰ, ਸੱਚੀ ਹੋਂਦ ਵਾਲੇ ਨੂੰ ਸੰਬੋਧਨ ਕੀਤਾ ਜਾਂਦਾ ਹੈ ਜੋ ਸਦਾ ਤੋਂ ਸਤਿ ਦੇ ਰੂਪ ਵਿੱਚ ਹੈ, ਸੱਚ ਦੇ ਰੂਪ ਵਿੱਚ ਹੈ ਤੇ ਉਸ ਤੋਂ ਇਲਾਵਾ ਹੋਰ ਕੋਈ ਵੀ ਨਹੀਂ ਹੈ। ਸ਼ੁਰੂ ਤੋਂ ਇੱਕ ਉਸੇ ਦੀ ਹੋਂਦ ਚੱਲਦੀ ਆ ਰਹੀ ਹੈ ਭਾਵੇਂ ਉਸਨੂੰ ਕਿਸੇ ਨਾਮ ਨਾਲ ਵੀ ਪੁਕਾਰੋ। **(ਕਿਰਤਮ ਨਾਮ ਕਥੇ ਤੇਰੇ ਜਿਹਬਾ॥ਸਤਿ ਨਾਮੁ ਤੇਰਾ ਪਰਾ ਪੂਰਬਲਾ॥)** ਉਸਨੂੰ ਉਸਦੇ ਗੁਣਾਂ ਕਰਕੇ ਪੁਕਾਰਿਆ ਜਾਂਦਾ ਹੈ ਕਿਉਂਕਿ ਉਹ ਗੁਣਾਂ ਦਾ ਭੰਡਾਰ ਹੈ। ਹਰ ਗੁਣ ਉਸੇ ਦਾ ਹੀ ਹੈ ਅਤੇ ਗੁਣਾਂ ਅਨੁਸਾਰ ਹੀ ਉਸਦੇ ਅਨੇਕਾਂ ਕਿਰਤਮ ਨਾਮ ਬਣ ਜਾਂਦੇ ਹਨ ਪਰ ਉਸਦਾ ਹਰ ਨਾਮ ਪੁਕਾਰਨ ਦੇ ਪਿੱਛੇ, ਸੰਬੋਧਨ ਕੇਵਲ ਇੱਕੋ ਇੱਕ ਪ੍ਰਮਾਤਮਾ ਨਾਲ ਹੀ ਹੁੰਦਾ ਹੈ ਜੋ ਸਦਾ ਤੋਂ ਸਤਿ ਹੈ, ਸਤਿਨਾਮੁ ਹੈ, ਉਸਦਾ ਨਾਮ ਹੀ ਸਤਿ ਹੈ। ਇਸੇ ਤਰ੍ਹਾਂ ਜਦੋਂ ਅਸੀਂ ਉਸ ਅਕਾਲ ਪੁਰਖ ਨੂੰ "ਵਾਹਿਗੁਰੂ" ਕਹਿ ਕੇ ਪੁਕਾਰਦੇ ਹਾਂ, ਤਾਂ ਸਤਿਨਾਮ ਨੂੰ ਹੀ ਪੁਕਾਰਦੇ ਹਾਂ। ਜਦੋਂ ਪ੍ਰਮਾਤਮਾ ਦਾ ਹਰ ਨਾਮ ਸਤਿਨਾਮੁ ਹੈ, ਤਾਂ ਫਿਰ ਪ੍ਰਮਾਤਮਾ ਦੇ ਹਰ ਅੱਖਰ ਰੂਪ ਦੁਆਰਾ

ਦਿੱਤੀ ਹੋਈ ਮਤਿ ਵੀ ਇੱਕੋ ਇੱਕ ਉਸ ਦੀ ਹੈ। ਜੋ ਰਾਮ ਦੀ ਮਤਿ ਹੈ ਉਹੀ ਅੱਲਾਹ ਦੀ ਮਤਿ ਹੈ, ਉਹੀ ਵਾਹਿਗੁਰੂ ਦੀ ਮਤਿ ਹੈ ਭਾਵ

5/407

ਸਾਰੀ ਮਤਿ ਅਕਾਲ ਪੁਰਖ ਦੀ ਦਿੱਤੀ ਹੋਈ ਮਤਿ ਹੈ। ਸਾਰੀ ਬਾਣੀ ਅਕਾਲ ਪੁਰਖ ਦੀ ਮਤਿ ਹੈ, ਉਸਦਾ ਸੱਚਾ ਗਿਆਨ ਹੈ, ਉਪਦੇਸ਼ ਹੈ, ਉਸਦਾ ਸਮਝਾਇਆ ਹੋਇਆ ਨਿਯਮ ਹੈ, ਉਸਦੀ ਦੱਸੀ ਹੋਈ ਮਰਿਆਦਾ ਹੈ, ਉਸਦਾ ਦਿੱਤਾ ਹੋਇਆ ਮੰਤ੍ਰ ਹੈ ਜਿਸਨੂੰ ਅਸੀਂ ਜਪਣਾ ਹੈ।

(ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥)

(ਅੰਗ ੧੨੦੯)

ਮਤਿ ਇੱਕੋ ਹੀ ਹੈ, ਮਰਿਆਦਾ ਇੱਕੋ ਹੀ ਹੈ, ਭਾਵੇਂ ਉਸਨੂੰ ਰਾਮ ਦੀ ਕਹਿ ਕੇ ਜਾਣੀਏ, ਵਾਹਿਗੁਰੂ ਦੀ ਕਹਿ ਕੇ ਜਾਣੀਏ, ਹਰਿ ਦੀ ਕਹਿ ਕੇ ਜਾਣੀਏ ਜਾਂ ਅੱਲ੍ਹਾ ਦੀ ਕਹਿ ਕੇ ਜਾਣੀਏ, ਕੀ ਫਰਕ ਪੈਂਦਾ ਹੈ। ਸਾਰੀ ਮਤਿ "**ਸਤਿਨਾਮੁ**" ਦੀ ਹੈ। ਹੁਣ ਜੇਕਰ ਕੋਈ ਇਹ ਸੋਚੇ ਕਿ ਰਾਮ ਰਾਮ ਕਰਨ ਦੀ ਬਜਾਇ ਵਾਹਿਗੁਰੂ ਵਾਹਿਗੁਰੂ ਕਰ ਲਈਏ ਤਾਂ ਇਹ ਸਾਡਾ ਕਿੰਨਾ ਵੱਡਾ ਭੁਲੇਖਾ ਹੈ, ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜੇਕਰ ਬਾਣੀ ਸਾਨੂੰ ਇਹ ਸਮਝਾ ਰਹੀ ਹੈ ਕਿ ਰਾਮ ਰਾਮ ਬੋਲਣ ਨਾਲ, ਹਰਿ ਹਰਿ ਬੋਲਣ ਨਾਲ ਸਾਡਾ ਪਾਰ ਉਤਾਰਾ ਨਹੀਂ ਹੋਣਾ, ਤਾਂ ਫਿਰ ਵਾਹਿਗੁਰੂ ਵਾਹਿਗੁਰੂ ਬੋਲੀ ਜਾਣ ਨਾਲ ਵੀ ਨਹੀਂ ਹੋਣਾ। ਪਾਰ ਉਤਾਰਾ ਅੱਖਰ ਨੇ ਨਹੀਂ ਕਰਨਾ, ਅੱਖਰ ਦੇ ਗਿਆਨ ਨੇ ਕਰਨਾ ਹੈ। ਗੁਰੂ ਦੀ ਮਤਿ ਨੂੰ ਬੋਲ ਬੋਲ ਕੇ ਲਾਭ ਨਹੀਂ ਮਿਲਣਾ, ਗੁਰੂ ਦੀ ਮਤਿ ਤੇ ਅਮਲ ਕਰਕੇ ਲਾਭ ਮਿਲਣਾ ਹੈ। ਹੁਣ ਜੇਕਰ ਕੋਈ ਇਹ ਸੋਚੇ ਕਿ ਰਾਮ ਦੀ ਗੱਲ ਮੰਨਣ ਲਈ ਬੜਾ ਔਖਾ ਹੋਣਾ ਪੈਂਦਾ ਹੈ, ਰਾਮ ਲਿਵ ਲਾਉਣੀ ਬੜੀ ਔਖੀ ਹੈ, ਇਸ ਲਈ ਵਾਹਿਗੁਰੂ ਨਾਲ ਲਿਵ ਲਾ ਲਈਏ ਤਾਂ ਫਿਰ ਅਸੀਂ ਕਿੰਨੇ ਵੱਡੇ ਭੁਲੇਖੇ ਵਿੱਚ ਹਾਂ। ਵਾਹਿਗੁਰੂ ਨੇ ਸਾਨੂੰ ਕੋਈ ਔਗੁਣਾਂ ਤੋਂ ਛੁਟ ਨਹੀਂ ਦਿੱਤੀ ਹੋਈ। ਮਰਿਯਾਦਾ ਉਹੀ ਹੈ, ਅਸੂਲ ਉਹੀ ਹੈ, ਮਤਿ ਉਹੀ ਹੈ ਜੋ ਰਾਮ ਦੀ ਹੈ, ਹਰਿ ਦੀ ਹੈ, ਅੱਲਾਹ ਦੀ ਹੈ। ਅਸੀਂ ਆਪਣੀਆਂ ਸਿਆਣਪਾਂ ਦੁਆਰਾ ਰਾਮ ਤੇ ਵਾਹਿਗੁਰੂ ਵਿੱਚ ਹੀ ਫਰਕ ਪਾਈ ਜਾਂਦੇ ਹਾਂ। ਇੱਕ ਨੂੰ ਛੋਟਾ ਤੇ ਇੱਕ ਨੂੰ ਵੱਡਾ ਬਣਾਈ ਜਾਂਦੇ ਹਾਂ। ਇਸ ਤੋਂ ਵੱਡੀ ਅਗਿਆਨਤਾ ਦੀ ਮਿਸਾਲ ਪ੍ਰਮਾਤਮਾ ਨੂੰ ਜਪਣ ਵਿੱਚ ਹੋਰ ਨਹੀਂ ਹੋ ਸਕਦੀ। ਪ੍ਰਮਾਤਮਾ ਨਾਲ ਲਿਵ ਲਾਉਣ ਦਾ ਤਰੀਕਾ ਇੱਕੋ ਹੀ ਹੈ, ਉਸਦਾ ਨਾਮ ਜਪਣ ਦਾ ਤਰੀਕਾ ਇੱਕੋ ਹੀ ਹੈ, ਸਭ ਲਈ ਇੱਕੋ ਹੀ ਹੈ, ਸਦਾ ਤੋਂ ਇੱਕੋ ਹੀ ਹੈ। ਇਹ ਨਾ ਕਦੇ ਬਦਲਿਆ ਹੈ ਤੇ ਨਾ ਕਦੇ ਬਦਲ ਸਕਦਾ ਹੈ। ਉਸਨੂੰ ਮਿਲਣ ਦਾ ਤਰੀਕਾ, ਉਸਦੀ ਭਗਤੀ ਦਾ ਤਰੀਕਾ ਸਾਰੇ ਸੰਸਾਰ ਲਈ

5/408

ਇੱਕੋ ਹੀ ਹੈ। ਉਸਦਾ ਨਿਯਮ ਅਟੱਲ ਹੈ ਤੇ ਉਸਦਾ ਨਿਯਮ ਤੋੜ ਕੇ ਉਸਨੂੰ ਕੋਈ ਨਹੀਂ ਮਿਲ ਸਕਦਾ। ਜਿਸ ਤੇ ਉਹ ਕ੍ਰਿਪਾ ਕਰਦਾ ਹੈ, ਉਸਨੂੰ ਹੀ ਆਪਣੇ ਨਿਯਮ ਤੇ ਚਲਾਉਂਦਾ ਹੈ। ਆਓ ਇਸੇ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਹੋਰ ਬਰੀਕੀ ਨਾਲ ਜਾਣੀਏ। ਸ਼ਬਦ ਦੇ ਭਾਵ ਕੁੱਝ ਗਹਿਰੇ ਹਨ।

"ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥੩॥"

(ਅੰਗ ੪੬੯)

"ਵਦੀ" ਤੋਂ ਭਾਵ ਹੈ ਪਹਿਲੇ ਤੋਂ ਨੀਯਤ ਕੀਤੀ ਹੋਈ ਗੱਲ, ਨੀਯਤ ਕੀਤਾ ਹੋਇਆ ਅਸੂਲ, ਮਰਿਯਾਦਾ। ਪ੍ਰਮਾਤਮਾ ਨੇ ਆਪਣੀ ਭਗਤੀ ਦਾ ਅਸੂਲ ਨੀਯਤ ਕੀਤਾ ਹੋਇਆ ਹੈ ਜੋ ਸਦਾ ਤੋਂ ਇੱਕੋ ਹੀ ਹੈ, ਸਭ ਲਈ ਇੱਕੋ ਹੀ ਹੈ। ਉਹ ਅਸੂਲ ਸੱਚ ਤੇ ਚੱਲਣ ਦਾ ਹੈ ਜਿਸ ਦੁਆਰਾ ਸਾਡੇ ਲੇਖੇ ਵਿੱਚ ਪਤਿ ਪੈਂਦੀ ਹੈ, ਅਸੀਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਚੇ ਹੁੰਦੇ ਹਾਂ। ਇਹੀ ਗੱਲ ਇਸ

ਸ਼ਬਦ ਰਾਹੀਂ ਸਮਝਾਈ ਹੋਈ ਹੈ। ਜੋ ਪ੍ਰਮਾਤਮਾ ਦੇ ਬਣਾਏ ਹੋਏ ਅਸੂਲਾਂ ਉੱਪਰ ਚੱਲਦਾ ਹੈ, ਉਸਦੇ ਅਸੂਲਾਂ ਨੂੰ ਵਜਾਉਂਦਾ ਹੈ, ਜਿੱਥੇ ਉਸਦਾ ਬਣਾਇਆ ਹੋਇਆ ਅਸੂਲ ਪੂਰਾ ਹੁੰਦਾ ਹੈ, ਪ੍ਰਮਾਤਮਾ ਇਸੇ ਗੱਲ ਨੂੰ ਵੇਖਦਾ ਹੈ ਭਾਵ ਜੋ ਵੀ ਮਨੁੱਖ ਉਸਦੀ ਭਗਤੀ ਕਰਦਾ ਹੈ, ਉੱਥੇ ਪ੍ਰਮਾਤਮਾ ਇਸ ਗੱਲ ਨੂੰ ਵੇਖਦਾ ਹੈ ਕਿ ਕੀ ਉਹ ਮਨੁੱਖ ਉਸਦੇ ਬਣਾਏ ਹੋਏ ਅਸੂਲਾਂ ਤੇ ਚੱਲ ਰਿਹਾ ਹੈ, ਉਸਦੀ ਦੱਸੀ ਹੋਈ ਮਤਿ ਅਨੁਸਾਰ ਚੱਲ ਰਿਹਾ ਹੈ, ਸੱਚ ਤੇ ਚੱਲ ਰਿਹਾ ਹੈ **(ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥)**। ਭਗਤੀ ਦੇ ਮਾਰਗ ਤੇ ਪੂਰਾ ਉਤਰਨ ਲਈ ਅਸੂਲ ਵੀ ਪ੍ਰਮਾਤਮਾ ਨੇ ਆਪ ਹੀ ਬਣਾਏ ਹੋਏ ਹਨ ਜੋ ਅਸੂਲ ਉਸਨੇ ਆਪ ਹੀ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਸਮਝਾਏ ਹੋਏ ਹਨ। ਜਿਸਨੂੰ ਅਸੂਲਾਂ ਦੀ ਸਮਝ ਹੀ ਨਹੀਂ ਆਈ ਉਹ ਅਸੂਲਾਂ ਤੇ ਚੱਲ ਵੀ ਨਹੀਂ ਸਕਦਾ। ਪ੍ਰਮਾਤਮਾ ਦੀ ਭਗਤੀ ਦਾ ਅਸੂਲ ਉਸ ਦਾ ਨਾਮ ਜਪਣਾ ਹੈ ਜੋ ਅਸੂਲ ਉਸਨੇ ਹਰ ਧਰਮ ਗ੍ਰੰਥਾਂ ਰਾਹੀਂ ਸਮਝਾਇਆ ਹੋਇਆ ਹੈ ਤੇ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਸ ਕਰਕੇ ਕੇਵਲ ਪ੍ਰਮਾਤਮਾ ਆਪ ਹੀ ਇਸ ਗੱਲ ਨੂੰ ਵੇਖਦਾ ਹੈ, ਵਿਚਾਰਦਾ ਹੈ ਕਿ ਕੌਣ ਉਸ ਦੇ ਬਣਾਏ ਹੋਏ ਅਸੂਲ ਤੇ ਪੂਰਾ ਉਤਰਦਾ ਹੈ ਭਾਵ ਕੌਣ ਗੁਰਮਤਿ ਅਨੁਸਾਰ ਵਿਚਰ ਰਹਿਆ ਹੈ, ਸੱਚ ਤੇ ਚੱਲ ਰਹਿਆ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪ ਹੀ ਹੈ ਜੋ ਸਭ ਕੁੱਝ ਵੇਖ ਰਹਿਆ ਹੈ। (**ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥**)

ਪ੍ਰਮਾਤਮਾ ਦੀ ਭਗਤੀ ਕਰਨ ਲਈ ਤਾਂ ਬਥੇਰੀ ਦੁਨੀਆਂ ਲੱਗੀ ਹੋਈ ਹੈ, ਹਰ ਕੋਈ ਆਪਣੀ ਮਤਿ ਅਨੁਸਾਰ ਆਪਣੀ ਵਾਹ ਲਾ ਰਿਹਾ ਹੈ, ਜੋਰ ਲਾ ਰਿਹਾ ਹੈ, ਸਰੀਰਕ ਜਪ ਤਪ ਆਦਿ ਕਰਨ ਦੁਆਰਾ ਤੇ ਹੋਰ ਵੀ ਅਨੇਕਾਂ ਤਰੀਕਿਆਂ ਦੁਆਰਾ ਆਪਣਾ ਜੋਰ ਲਗਾ ਰਿਹਾ ਹੈ ਪਰ ਉੱਥੇ ਇਹੋ ਜਿਹਾ ਜ਼ੋਰ ਨਹੀਂ ਚੱਲਦਾ, ਕੋਈ ਮਨਮਤਿ ਨਹੀਂ ਚੱਲਦੀ, ਕਿਸੇ ਦੇ ਕੀਤੇ ਕੁੱਝ ਨਹੀਂ ਹੁੰਦਾ। ਹੁੰਦਾ ਉਹੀ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ।

5/409

ਜਿੱਥੇ ਕਿਸੇ ਨੂੰ ਪ੍ਰਮਾਤਮਾ ਨੇ ਲਾਇਆ ਹੋਇਆ ਹੈ, ਉਹ ਉਸੇ ਅਨੁਸਾਰ ਉਸਨੂੰ ਜਪ ਰਿਹਾ ਹੈ, ਸਭ ਨੂੰ ਭਰਮਾਂ ਵਿੱਚ ਵੀ ਪ੍ਰਮਾਤਮਾ ਨੇ ਆਪ ਹੀ ਪਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ **(ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥)**। ਪ੍ਰਮਾਤਮਾ ਦੀ ਭਗਤੀ ਕਰਨ ਲਈ ਕਈ ਆਪਣੀ ਉੱਚੀ ਜਾਤ ਤੇ ਮਾਣ ਕਰਦੇ ਹਨ ਜਿਵੇਂ ਕਿ ਪੁਰਾਤਨ ਸਮੇਂ ਤੋਂ ਚੱਲਦਾ ਆ ਰਿਹਾ ਹੈ। ਕਈ ਆਪਣੀ ਜਪਣੀ ਦੇ ਜ਼ੋਰ ਤੇ ਵਿਸ਼ਵਾਸ ਕਰਦੇ ਹਨ ਕਿ ਜੋ ਵੱਧ ਤੋਂ ਵੱਧ ਸਮਾਂ ਲਗਾ ਕੇ ਜਪੇਗਾ ਉਹੀ ਭਗਤੀ ਦੇ ਮਾਰਗ ਵਿੱਚ ਉੱਚਾ ਹੋਵੇਗਾ, ਪ੍ਰਮਾਤਮਾ ਨੂੰ ਪਾਉਣ ਵਿੱਚ ਉਸਦਾ ਜੋਰ ਕੰਮ ਆਵੇਗਾ। ਅੱਗੇ ਜਾਣ ਲਈ ਭਾਵ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਇਹੋ ਜਿਹਾ ਜੋਰ ਕੰਮ ਨਹੀਂ ਆਉਂਦਾ। ਸਾਡੀ ਇਹੋ ਜਿਹੀ ਸੋਚਣੀ ਦਾ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਭਗਤੀ ਲਈ ਨਾ ਉੱਚੀ ਜਾਤੀ ਹੋਣ ਦਾ ਵਾਧਾ ਮਿਲਦਾ ਹੈ ਅਤੇ ਨਾ ਹੀ ਆਪਣੇ ਵੱਧ ਤੋਂ ਵੱਧ ਸਮਾਂ ਲਗਾਉਣ ਦਾ ਕੋਈ ਵਾਧਾ ਮਿਲਦਾ ਹੈ, ਇਹ ਜ਼ੋਰ ਦਿਖਾਉਣ ਦਾ ਮਾਰਗ ਨਹੀਂ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ, ਉਸਦੀ ਭਗਤੀ ਵਿੱਚ ਉਹੀ ਅੱਗੇ ਜਾ ਸਕਦਾ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਜਾ ਸਕਦਾ ਹੈ ਜਿਸਨੇ ਆਪਣੇ ਮਨ ਨੂੰ ਸੋਧਿਆ ਹੈ, ਆਪਣੀ ਪੁਰਾਣੀ ਮਤਿ ਨੂੰ ਨਵਾਂ ਕੀਤਾ ਹੈ, ਮਨਮਤਿ ਨੂੰ ਗੁਰਮਤਿ ਅਨੁਸਾਰ ਕੀਤਾ ਹੈ, ਜਿਸਦੇ ਮਨ ਵਿੱਚ ਬਦਲਾਵ ਆਇਆ ਹੈ, ਜਿਸਨੇ ਗੁਰੂ ਦੇ ਅਸੂਲ ਨੂੰ ਅਪਣਾਇਆ ਹੈ। ਗੁਰੂ ਦੀ ਮਤਿ ਸਦਾ ਨਵੀਂ ਹੈ ਜੋ ਕਦੇ ਪੁਰਾਣੀ ਨਹੀਂ ਹੋ ਸਕਦੀ। ਗੁਰੂ ਦੀ ਮਤਿ ਸੱਚ ਹੈ, ਜੋ ਕਦੇ ਪੁਰਾਣੀ ਨਹੀਂ ਹੋ ਸਕਦੀ। **(ਸਾਹਿਬੁ ਮੇਰਾ ਨੀਤ ਨਵਾ)** ਅੰਗ - ੬੬੦ ਆਪਣੇ ਆਪ ਨੂੰ ਨਵਾਂ ਬਣਾਉਣਾ, ਆਪਣੇ ਆਪ ਨੂੰ ਸੱਚ ਨਾਲ ਜੋੜਨਾ ਹੈ।

{ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥}

(ਅੰਗ ੯੫੬)

ਪ੍ਰਮਾਤਮਾ ਆਪ ਸੱਚ ਹੈ ਜੋ ਸਦਾ ਹੀ ਨਵਾਂ ਹੈ। ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਇਹ ਹੀ ਸਮਝਾਇਆ ਹੋਇਆ ਹੈ ਕਿ "ਜੀਉ" ਨੂੰ ਭਾਵ ਮਨ ਨੂੰ ਨਵਾਂ ਬਣਾਉਣਾ ਹੈ ਭਾਵ ਪੁਰਾਣੀ ਨਾ-ਸਮਝ ਮਤਿ ਨੂੰ ਨਵੀਂ ਮਤਿ ਬਣਾਉਣਾ ਹੈ, ਗੁਰਮਤਿ ਵਾਲੀ ਸੱਚੀ ਸਮਝ ਵਾਲਾ ਬਣਾਉਣਾ ਹੈ ਤਾਂ ਜੋ ਉਹ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਕੇ ਉਸ ਅਨੁਸਾਰ ਚੱਲ ਸਕੇ।

(ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥)

ਭਗਤੀ ਦਾ ਨਿਬੇੜਾ ਸਾਡੀ ਪਤਿ ਦੇ ਨਾਲ ਹੈ। ਪਤਿ ਕਿਵੇਂ ਮਿਲਦੀ ਹੈ, ਇਹ ਅਸੀਂ ਪਿੱਛੇ ਜਾਣ ਹੀ ਚੁੱਕੇ ਹਾਂ। ਪਤਿ ਗੁਣਾਂ ਵਿੱਚ ਹੈ, ਪਤਿ ਔਗੁਣਾਂ ਦੇ ਤਿਆਗ ਵਿੱਚ ਹੈ, ਪਤਿ ਸੱਚੇ ਸੁੱਚੇ ਕਰਮਾਂ ਵਿੱਚ ਹੈ, ਪਤਿ ਗੁਰੂ ਦੀ ਮਤਿ ਅਨੁਸਾਰ ਚੱਲਣ ਵਿੱਚ ਹੈ, ਗੁਰੂ ਦੀ ਦੱਸੀ ਹੋਈ ਮਰਿਆਦਾ ਵਿੱਚ ਚੱਲਣ ਨਾਲ ਹੈ ਭਾਵ ਉਸਦੇ ਅਸੂਲ ਨੂੰ ਜਪਣ ਵਿੱਚ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਹੀ ਚੰਗੇ ਹਨ ਜਿਨ੍ਹਾਂ ਦੇ ਲੇਖੇ ਵਿੱਚ ਪਤਿ ਪੈਂਦੀ ਹੈ ਤੇ ਇਹੋ ਜਿਹੇ ਵਿਰਲੇ ਹੀ ਹੁੰਦੇ ਹਨ ਭਾਵ ਉਸਦੀ ਭਗਤੀ ਤੇ ਕੋਈ ਵਿਰਲਾ ਹੀ ਪੂਰਾ ਉਤਰ ਸਕਦਾ ਹੈ ਤੇ ਪ੍ਰਮਾਤਮਾ ਦੇ ਦਰ ਤੇ ਚੰਗਾ ਬਣ ਸਕਦਾ ਹੈ **(ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥੩॥)** ਸਾਰੀ ਮਰਜ਼ੀ ਪ੍ਰਮਾਤਮਾ ਦੀ ਆਪਣੀ ਹੈ। ਜਿਸ ਤੇ ਉਹ

5/410

ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਹੀ ਭਗਤੀ ਦੇ ਸਹੀ ਮਾਰਗ ਤੇ ਤੋਰਦਾ ਹੈ, ਮਾਇਆ ਮੋਹ ਵਿੱਚੋਂ ਕੱਢਦਾ ਹੈ, ਸੱਚੇ ਸੁੱਚੇ ਕਰਮ ਕਰਾਉਂਦਾ ਹੈ, ਉਸਦੀ ਪਤਿ ਉੱਚੀ ਕਰਦਾ ਹੈ।

ਇਹ ਭਗਤੀ ਦਾ ਮਾਰਗ ਸਾਡੇ ਜ਼ੋਰ ਦਾ ਮਾਰਗ ਨਹੀਂ ਹੈ। ਜੇਕਰ ਜ਼ੋਰ ਨਾਲ ਭਗਤੀ ਹੋ ਸਕਦੀ ਹੁੰਦੀ ਤਾਂ ਫਿਰ ਕਮਜ਼ੋਰ ਸਰੀਰ ਵਾਲੇ ਭਗਤੀ ਦੇ ਮਾਰਗ ਤੋਂ ਵੈਸੇ ਹੀ ਬਾਹਰ ਹੋ ਜਾਂਦੇ। ਇਹ ਮਨ ਨੂੰ ਮਾਰਨ ਦਾ ਮਾਰਗ ਹੈ, ਸੱਚ ਨੂੰ ਅਪਣਾਉਣ ਦਾ ਮਾਰਗ ਹੈ ਨਾ ਕਿ ਸਰੀਰਕ ਕਿਰਿਆਵਾਂ ਦੁਆਰਾ ਕੋਈ ਜ਼ੋਰ ਲਗਾਉਣ ਦਾ। ਪ੍ਰਮਾਤਮਾ ਨੂੰ ਜੀਭ ਦੇ, ਰਸਨਾ ਦੇ ਜ਼ੋਰ ਤੇ ਨਹੀਂ ਜਪਿਆ ਜਾ ਸਕਦਾ ਜਿਵੇਂ ਕਿ ਜਪੁਜੀ ਸਾਹਿਬ ਦੀ ਬਾਣੀ ਦੇ ਵਿੱਚ ਇਹ ਗੱਲ ਸਪੱਸ਼ਟ ਕੀਤੀ ਹੋਈ ਹੈ। ਇਸ ਸ਼ਬਦ ਨੂੰ ਪੜ੍ਹ ਕੇ ਸੋਝੀ ਪੈ ਜਾਵੇਗੀ ਕਿ ਭਗਤੀ ਦਾ ਮਾਰਗ, ਪਤਿ ਦਾ ਮਾਰਗ ਹੈ, ਨਾ ਕਿ ਬੋਲ ਬੋਲ ਕੇ ਜਪਣ ਦਾ, ਜ਼ੋਰ ਲਗਾਉਣ ਦਾ ਮਾਰਗ ਹੈ। ਇਹ ਝੂਠ ਨੂੰ ਤਿਆਗ ਕੇ ਸੱਚ ਤੇ ਚੱਲਣ ਦਾ ਮਾਰਗ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਪਤਿ ਮਿਲਦੀ ਹੈ, ਇਜੱਤ ਮਿਲਦੀ ਹੈ।

{ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥}

(ਅੰਗ ੭)

(ਏਕ ਜੀਹ ਗੁਣ ਕਵਨ ਬਖਾਨੈ॥ ਸਹਸ ਫਨੀ ਸੇਖ ਅੰਤੁ ਨ ਜਾਨੈ॥
ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ॥੧੬॥)

(ਅੰਗ ੧੦੮੩)

ਉੱਪਰ ਸ਼ਬਦ ਵਿੱਚ ਇਹੀ ਸਮਝਾਇਆ ਹੈ ਕਿ ਸਾਡੀਆਂ ਜੀਭਾਂ ਜਿਤਨੀਆਂ ਮਰਜ਼ੀ ਹੋ ਜਾਣ ਭਾਵ ਆਪਣੀਆਂ ਜੀਭਾਂ ਦੁਆਰਾ ਜਿਤਨਾ ਮਰਜ਼ੀ ਬੋਲ ਬੋਲ ਕੇ ਜਪ ਤਪ ਕਰ ਲਈਏ ਉਸ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਸਾਡੀ ਪਤਿ ਹੈ ਅਤੇ ਪ੍ਰਮਾਤਮਾ ਤੱਕ ਪਹੁੰਚਣ ਲਈ ਸਾਡੀ ਪਤਿ ਹੀ ਸਾਡੀਆਂ ਪੌੜੀਆਂ ਹਨ। ਜਿਉਂ ਜਿਉਂ ਪਤਿ ਪੈਂਦੀ ਜਾਵੇਗੀ ਤਿਉਂ ਤਿਉਂ ਪੌੜੀਆਂ ਚੜ੍ਹੀ ਜਾਵਾਂਗੇ ਭਾਵ ਪ੍ਰਮਾਤਮਾ ਦੇ ਨੇੜੇ ਹੁੰਦੇ ਜਾਵਾਂਗੇ। ਜਿਉਂ ਜਿਉਂ ਸਾਡੀ ਮਤਿ ਗੁਰਮਤਿ ਵੱਸਣ ਦੁਆਰਾ ਉੱਚੀ ਹੁੰਦੀ ਜਾਵੇਗੀ ਤਿਉਂ ਤਿਉਂ ਅਸੀਂ ਗੁਰੂ ਦੀ ਮਤਿ ਤੇ ਚਲਣ ਦੁਆਰਾ ਚੰਗੇ ਕਰਮ ਕਰਾਂਗੇ ਤੇ ਅਸੀਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਚੇ ਹੁੰਦੇ ਜਾਵਾਂਗੇ। ਪਤਿ ਬੋਲ-ਬੋਲ ਕੇ ਨਹੀਂ ਮਿਲਣੀ, ਮਨ ਨੂੰ ਮਾਰ ਕੇ ਮਿਲਣੀ ਹੈ, ਔਗੁਣ ਤਿਆਗ ਕੇ ਮਿਲਣੀ ਹੈ।

{ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥੪॥੧੫॥}

(ਅੰਗ ੨੦)

5/411

ਕੁੱਝ ਸ਼ਬਦਾਂ ਵਿੱਚ ਪ੍ਰਮਾਤਮਾ ਕੋਲੋਂ ਲੱਖਾਂ, ਕਰੋੜਾਂ ਜੀਭਾਂ, ਕਰੋੜਾਂ ਕੰਨ, ਕਰੋੜਾਂ ਹੱਥ ਮੰਗਣ ਦੀ ਵੀ ਗੱਲ ਕੀਤੀ ਹੋਈ ਹੈ। ਇਹੋ ਜਿਹਾ ਮੰਗਣ ਨਾਲ ਮਨੁੱਖ ਦਾ ਉਸ ਨਾਲ ਅਥਾਹ ਪ੍ਰੇਮ, ਸੱਚੀ ਭਾਵਨੀ ਦਰਸਾਈ ਹੋਈ ਹੈ ਕਿ ਉਸਦਾ ਹਰ ਅੰਗ ਵਾਰ-ਵਾਰ ਕਰੋੜਾਂ ਵਾਰ ਗੁਰੂ ਦੇ ਮਾਰਗ ਤੇ ਚੱਲੇ। ਮਨ ਤਾਂ ਇੱਕ ਹੀ ਹੈ ਤੇ ਹਰ ਅੰਗ ਮਨ ਦੇ ਵੱਸ ਵਿੱਚ ਹੀ ਹੈ।ਗੁਰੂ ਦੇ ਮਾਰਗ ਤੇ ਮਨ ਨੇ ਚੱਲਣਾ ਹੈ, ਗੁਰੂ ਦਾ ਹੁਕਮ ਮਨ ਨੇ ਮੰਨਣਾ ਹੈ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਪੱਸ਼ਟ ਕੀਤੀ ਹੋਈ ਹੈ। ਕੇਵਲ ਇਸ ਮੰਗ ਦੇ ਪਿੱਛੇ ਦੀ ਭਾਵਨਾ ਨੂੰ ਸਮਝਣ ਦੀ ਲੋੜ ਹੈ। ਜੋ ਕੰਮ ਇੱਕ ਅੰਗ ਨੇ ਭਾਵ ਮਨ ਨੇ ਕਰਨਾ ਹੈ, ਉਹੀ ਕੰਮ ਕਰੋੜਾਂ ਅੰਗਾਂ ਨੇ ਕਰਨਾ ਹੈ। ਇਹ ਭਾਵਨਾ ਪ੍ਰਮਾਤਮਾ ਤੋਂ ਕਰੋੜਾਂ ਵਾਰ ਵਾਰੇ-ਵਾਰੇ ਜਾਣ ਦੀ ਹੈ ਭਾਵ ਉਸ ਨਾਲ ਪ੍ਰੇਮ ਦਰਸਾਉਣ ਦੀ ਹੈ। ਸਿਰਫ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ ਤੇ ਉਸ ਵਿੱਚ ਗੁਰੂ ਦੀ ਮਤਿ ਨੂੰ ਮੰਨਣ ਲਈ ਹੀ ਸਮਝਾਇਆ ਹੁੰਦਾ ਹੈ। ਗੁਰੂ ਦੀ ਮਤਿ ਨੂੰ ਮਨ ਨੇ ਮੰਨਣਾ ਹੈ। ਇਸੇ ਤਰ੍ਹਾਂ ਇੱਕ ਸ਼ਬਦ ਰਾਹੀਂ ਪ੍ਰਮਾਤਮਾ ਨੇ ਮਨੁੱਖ ਕੋਲੋਂ ਸੱਚ ਦੀਆਂ ਕਰੋੜਾਂ ਗ੍ਰਾਹੀਆਂ ਦੀ ਮੰਗ ਕੀਤੀ ਹੋਈ ਹੈ। ਕੇਵਲ ਭਾਵਨਾ ਨੂੰ ਸਮਝਣ ਦੀ ਲੋੜ ਹੈ। ਇਹੋ ਜਿਹੀਆਂ ਗ੍ਰਾਹੀਆਂ ਦੇਣ ਲਈ ਕਿਸੇ ਹੱਥ ਦੀ ਲੋੜ ਨਹੀਂ ਹੈ। ਇਹ ਸੱਚ ਦੀਆਂ ਗ੍ਰਾਹੀਆਂ ਮਨ ਨੇ ਦੇਣੀਆਂ ਹਨ, ਸਾਡੇ ਗੁਣਾਂ ਵਾਲੇ ਵਿਚਾਰਾਂ ਨੇ ਦੇਣੀਆਂ ਹਨ, ਸਾਡੀ ਸੱਚੀ ਸੁੱਚੀ ਕਰਨੀ ਨੇ ਦੇਣੀਆਂ ਹਨ। ਇਹੋ ਜਿਹੀਆਂ ਸੱਚੀਆਂ ਗ੍ਰਾਹੀਆਂ ਦੇਣ ਨਾਲ ਪ੍ਰਮਾਤਮਾ ਆਪ ਹੀ ਕਰੋੜਾਂ ਵਾਰੀ ਜਪਿਆ ਜਾਂਦਾ ਹੈ। ਸੱਚ ਤੇ ਚੱਲਣ ਲਈ, ਜਿੰਨੇ ਅੰਗ ਸਾਨੂੰ ਪ੍ਰਮਾਤਮਾ ਨੇ ਬਖਸ਼ੇ ਹਨ, ਉਹ ਹੀ ਕਾਫੀ ਹਨ। ਕੇਵਲ ਸ਼ਬਦ ਦੇ ਭਾਵ ਨੂੰ ਸਮਝਣ ਦੀ ਲੋੜ ਹੁੰਦੀ ਹੈ।

5/412

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥ ਸਚੇ ਹੀ ਪਤੀਆਇ ਸਚਿ ਵਿਗਸਿਆ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥}

(ਅੰਗ ੧੪੬-੧੪੭)

ਪਿਛਲੇ ਕੁੱਝ ਸ਼ਬਦਾਂ ਰਾਹੀਂ, ਅਸੀਂ ਇਹ ਸਮਝਦੇ ਆ ਰਹੇ ਹਾਂ ਕਿ ਰਾਮ ਰਾਮ ਕਰਨਾ ਕੀ ਹੈ, ਹਰਿ ਹਰਿ ਕਰਨਾ ਕੀ ਹੈ, ਵਾਹਿਗੁਰੂ ਵਾਹਿਗੁਰੂ ਕਰਨਾ ਕੀ ਹੈ। ਆਓ ਹੁਣ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਦ੍ਰਿੜ ਕਰੀਏ ਜਿੱਥੇ ਸਾਨੂੰ ਗੋਬਿੰਦ ਗੋਬਿੰਦ ਕਰਨਾ ਸਿਖਾਇਆ ਹੋਇਆ ਹੈ। ਉਸਦੇ ਨਾਮ ਅਨੇਕਾਂ ਹਨ ਪਰ ਜਪਣ ਦਾ ਤਰੀਕਾ ਇੱਕੋ ਹੀ ਹੈ।

“ਗੋਵਿੰਦੁ ਊਜਲੁ ਊਜਲ ਹੰਸਾ॥ ਮਨੁ ਬਾਣੀ ਨਿਰਮਲ ਮੇਰੀ ਮਨਸਾ॥
ਮਨਿ ਊਜਲ ਸਦਾ ਮੁਖ ਸੋਹਹਿ ਅਤਿ ਊਜਲ ਨਾਮੁ ਧਿਆਵਣਿਆ॥੧॥
ਹਉ ਵਾਰੀ ਜੀਉ ਵਾਰੀ ਗੋਬਿੰਦ ਗੁਣ ਗਾਵਣਿਆ॥
ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ॥੧॥ਰਹਾਉ॥
ਗੋਬਿਦੁ ਗਾਵਹਿ ਸਹਜਿ ਸੁਭਾਏ॥ ਗੁਰ ਕੈ ਭੈ ਊਜਲ ਹਉਮੈ ਮਲੁ ਜਾਏ॥
ਸਦਾ ਅਨੰਦਿ ਰਹਹਿ ਭਗਤਿ ਕਰਹਿ ਦਿਨੁ ਰਾਤੀ ਸੁਣਿ ਗੋਬਿਦ ਗੁਣ ਗਾਵਣਿਆ॥੨॥
ਮਨੂਆ ਨਾਚੈ ਭਗਤਿ ਦ੍ਰਿੜਾਏ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ॥
ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ॥੩॥
ਊਚਾ ਕੂਕੇ ਤਨਹਿ ਪਛਾੜੇ॥ ਮਾਇਆ ਮੋਹਿ ਜੋਹਿਆ ਜਮਕਾਲੇ॥
ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ॥੪॥
ਗੁਰਮੁਖਿ ਭਗਤਿ ਜਾ ਆਪਿ ਕਰਾਏ॥ ਤਨੁ ਮਨੁ ਰਾਤਾ ਸਹਜਿ ਸੁਭਾਏ॥
ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ॥੫॥
ਬਹੁ ਤਾਲ ਪੂਰੇ ਵਾਜੇ ਵਜਾਏ॥ ਨਾ ਕੋ ਸੁਣੇ ਨ ਮੰਨਿ ਵਸਾਏ॥
ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ॥੬॥
ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥
ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ॥੭॥
ਗੁਰਮੁਖਿ ਭਗਤਿ ਜੁਗ ਚਾਰੇ ਹੋਈ॥ ਹੋਰਤੁ ਭਗਤਿ ਨ ਪਾਏ ਕੋਈ॥
ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ॥੮॥”

(ਅੰਗ ੧੨੧-੧੨੨)

ਅਸੀਂ ਆਪਣੀ ਭਗਤੀ ਦੁਆਰਾ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਦੇ ਹਾਂ ਭਾਵ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਹੀ ਉਸਦੀ ਭਗਤੀ ਹੈ। ਇਸ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਿਖਾਈ ਹੋਈ ਹੈ। ਅਸੀਂ ਆਮ ਤੌਰ ਤੇ ਪ੍ਰਮਾਤਮਾ ਦੀ ਵਡਿਆਈ ਮੂੰਹੋਂ ਬੋਲ ਬੋਲ ਕੇ ਕਰਦੇ ਹਾਂ, ਗੋਬਿੰਦ ਗੋਬਿੰਦ ਬੋਲ ਕੇ ਕਰਦੇ ਹਾਂ ਭਾਵ ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਬੋਲਣ ਦੁਆਰਾ ਕਰਦੇ ਹਾਂ। ਸਾਡਾ ਗੋਬਿੰਦ ਗੋਬਿੰਦ ਕਰਨਾ ਕੀ ਹੈ, ਇਹੀ ਸਮਝਾਇਆ ਹੋਇਆ ਹੈ। ਗੋਬਿੰਦ ਉੱਜਲ ਹੈ ਭਾਵ ਬਹੁਤ ਸੋਹਣਾ ਹੈ, ਸਾਫ ਸੁਥਰਾ ਹੈ, ਚੰਗਾ ਲੱਗਦਾ ਹੈ। ਇਹ ਉਸਦੀ ਵਡਿਆਈ ਹੈ। ਉਸਦੀ ਇਹ ਵਡਿਆਈ ਕਿਵੇਂ ਕਰਨੀ ਹੈ, ਕਿਵੇਂ ਹੋਣੀ ਹੈ, ਇਹ ਮਨੁੱਖ ਦੇ ਆਪਣੇ ਆਪ ਨੂੰ ਉੱਜਲ ਕਰਨ ਦੁਆਰਾ ਹੋਣੀ ਹੈ। ਹੰਸਾ ਤੋਂ ਭਾਵ ਹੈ ਸਾਡਾ ਮਨ ਭਾਵ ਮਨੁੱਖੀ ਸਮਝ ਭਾਵ ਗੋਬਿੰਦ ਦੀ ਵਡਿਆਈ ਇਹ ਹੈ ਕਿ ਅਸੀਂ ਆਪ ਵੀ ਉਸਦੇ ਵਰਗੇ ਉੱਜਲ ਬਣੀਏ। **(ਗੋਵਿੰਦੁ ਊਜਲੁ ਊਜਲ ਹੰਸਾ॥)** ਅਸੀਂ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਾਂ, ਪਰ ਸਾਡੀ ਮਨਸਾ, ਸਾਡੇ ਵਿਚਾਰ ਪ੍ਰਮਾਤਮਾ ਨੇ ਨਿਰਮਲ ਨਹੀਂ ਬਣਾਏ ਹੋਏ ਲੇਕਿਨ ਆਪ ਉਹ ਨਿਰਮਲ ਅਵੱਸਥਾ ਵਿੱਚ ਹੈ।

{ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥}

(ਅੰਗ ੧੩੭੨)

ਗੋਬਿੰਦ ਵਰਗਾ ਉੱਜਲ ਕਿਵੇਂ ਹੋਣਾ ਹੈ, ਹਰਿ ਵਰਗਾ ਕਿਵੇਂ ਬਣਨਾ ਹੈ, ਇਹ ਨਾਲ ਹੀ ਸਮਝਾਇਆ ਹੋਇਆ ਹੈ।

"ਮਨੁ ਬਾਣੀ ਨਿਰਮਲ ਮੇਰੀ ਮਨਸਾ॥"

ਆਪਣੇ ਮਨ ਨੂੰ ਬਾਣੀ

5/413

ਦੇ ਅਨੁਸਾਰ ਬਣਾਉਣਾ ਪੈਣਾ ਹੈ ਕਿਉਂਕਿ ਬਾਣੀ ਨਿਰਮਲ ਹੈ, ਪ੍ਰਮਾਤਮਾ ਦਾ ਰੂਪ ਹੈ। ਬਾਣੀ ਗੁਰੂ ਹੈ, ਆਪ ਗੋਬਿੰਦ ਹੈ, ਬਾਣੀ ਦੀ ਮਤਿ ਹੀ ਉਸਦਾ ਆਪਣਾ ਰੂਪ ਹੈ ਜੋ ਕਿ ਉਸਦਾ ਸੱਚੇ ਗਿਆਨ ਵਾਲਾ ਰੂਪ ਹੈ, ਬ੍ਰਹਮ ਗਿਆਨ ਵਾਲਾ ਰੂਪ ਹੈ ਭਾਵ ਸਾਨੂੰ ਆਪਣੇ ਆਪ ਨੂੰ ਬਾਣੀ ਦੀ ਮਤਿ ਵਾਲਾ ਬਣਾਉਣਾ ਪੈਣਾ ਹੈ, ਗੁਰੂ ਦੀ ਮਤਿ ਵਾਲਾ ਬਣਾਉਣਾ ਪੈਣਾ ਹੈ ਭਾਵ ਆਪਣੀ ਮਨਮਤਿ ਤਿਆਗ ਕੇ ਨਵੀਂ ਮਤਿ ਵਾਲਾ ਬਣਨਾ ਪੈਣਾ ਹੈ। ਜਦੋਂ ਮਨ ਬਾਣੀ ਵਾਲਾ ਬਣ ਜਾਵੇਗਾ ਭਾਵ ਜਦੋਂ ਗੁਰੂ ਦੀ ਮਤਿ ਮਨ ਦੇ ਵਿੱਚ ਵੱਸ ਜਾਵੇਗੀ ਤਾਂ ਫਿਰ ਸਾਡੀ ਮਤਿ, ਸਾਡੀ ਮਨਸਾ ਨਿਰਮਲ ਹੋ ਜਾਵੇਗੀ ਭਾਵ ਬਾਣੀ ਵਰਗੀ ਹੋ ਜਾਵੇਗੀ, ਸਾਡੇ ਮਨ ਦੇ ਵਿਚਾਰ ਭਾਵ ਸਾਡੀ ਸੁਰਤਿ ਦੇ ਵਿਚਾਰ ਸ਼ਬਦਾਂ ਦੀ ਵਿਚਾਰ ਵਾਲੇ ਬਣ ਜਾਣਗੇ, ਗੁਰੂ ਦੇ ਵਿਚਾਰਾਂ ਨਾਲ ਇੱਕ ਹੋ ਜਾਣਗੇ। ਗੁਰੂ ਦੀ ਮਤਿ ਪਵਿੱਤਰ ਹੈ ਭਾਵ ਹਰ ਭਰਮ ਤੋਂ ਰਹਿਤ ਹੈ, ਸਚੇ ਗਿਆਨ ਕਰਕੇ ਪਵਿੱਤਰ ਹੈ, ਉੱਜਲ ਹੈ, ਗੁਣਾਂ ਵਾਲੀ ਹੈ, ਔਗੁਣਾਂ ਤੋਂ ਰਹਿਤ ਹੈ ਭਾਵ ਫਿਰ ਸਾਡੀ ਮਤਿ ਵੀ ਗੁਰੂ ਦੀ ਇੱਛਾ ਅਨੁਸਾਰ ਬਣ ਜਾਵੇਗੀ ਭਾਵ ਸਾਡਾ ਮਨ ਵੀ ਉੱਜਲ ਹੋ ਜਾਵੇਗਾ ਭਾਵ ਅਸੀਂ ਗੋਬਿੰਦ ਦੀ ਸਿਫਤ ਸਾਲਾਹ ਕਰਨ ਵਾਲੇ ਹੋ ਜਾਵਾਂਗੇ, ਉਸ ਦੇ ਗੁਣ ਗਾਉਣ ਵਾਲੇ ਬਣ ਜਾਵਾਂਗੇ। **(ਮਨੁ ਬਾਣੀ ਨਿਰਮਲ ਮੇਰੀ ਮਨਸਾ॥)।**

{ਨਿਰਮਲ ਸਬਦੁ ਨਿਰਮਲ ਹੈ ਬਾਣੀ॥
ਨਿਰਮਲ ਜੋਤਿ ਸਭ ਮਾਹਿ ਸਮਾਣੀ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ॥੧॥}

(ਅੰਗ ੧੨੧)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

ਬਾਣੀ ਦੀ ਮਤਿ ਨੂੰ ਜਪਣਾ ਹੀ ਪ੍ਰਮਾਤਮਾ ਨੂੰ ਜਪਣਾ ਹੈ, ਪ੍ਰਮਾਤਮਾ ਦਾ ਨਾਮ ਜਪਣਾ ਹੈ ਅਤੇ ਬਾਣੀ ਨੂੰ ਜਪਣ ਤੋਂ ਭਾਵ ਬਾਣੀ ਨੂੰ ਮਨ ਵਿੱਚ ਵਸਾਉਣਾ ਹੈ, ਆਪਣੀ ਮਨਸਾ ਨੂੰ ਨਿਰਮਲ ਕਰਨਾ ਹੈ, ਆਪਣੀ ਮਤਿ ਨੂੰ, ਆਪਣੀ ਨੀਅਤ ਨੂੰ, ਆਪਣੀ ਭਾਵਨੀ ਨੂੰ ਨਿਰਮਲ ਕਰਨਾ ਹੈ, ਆਪਣੇ ਮਨ ਨੂੰ ਉੱਜਲ ਕਰਨਾ ਹੈ। ਜਿਸਦਾ ਮਨ ਉੱਜਲ ਹੋ ਜਾਂਦਾ ਹੈ ਉਸ ਮਨੁੱਖ ਦਾ ਮਨ ਸੋਹਣਾ ਹੋ ਜਾਂਦਾ ਹੈ ਭਾਵ ਉਹ ਮਨੁੱਖ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਬਣ ਜਾਂਦਾ ਹੈ, ਨਾਮ ਵਾਲਾ ਬਣ ਜਾਂਦਾ ਹੈ ਭਾਵ ਮਨ ਦਾ ਉੱਜਲ ਹੋਣਾ ਹੀ ਮੁੱਖ ਤੇ ਨਾਮ ਦਾ ਹੋਣਾ ਹੈ। ਇਹ ਉੱਜਲ ਬਣਕੇ ਵਿਚਰਨਾ ਹੀ, ਗੁਣਾਂ ਦੁਆਰਾ ਵਿਚਰਨਾ ਹੀ, ਨਿਰਮਲ ਹੋ ਕੇ ਵਿਚਰਨਾ ਹੀ ਨਾਮ ਧਿਆਉਣਾ ਹੈ ਅਤੇ ਇਸੇ ਤਰ੍ਹਾਂ ਨਾਮ ਧਿਆਉਂਦੇ ਹੋਏ, ਵਿਚਰਦੇ ਹੋਏ ਭਾਵ ਸੱਚ ਤੇ ਚੱਲਣ ਦਾ ਉੱਦਮ ਕਰਦੇ ਹੋਏ ਇੱਕ ਦਿਨ ਮਨੁੱਖ "ਅਤਿ ਉੱਜਲ" ਬਣ ਸਕਦਾ ਹੈ, ਸੱਚੇ ਗਿਆਨ ਵਾਲੀ ਸਮਝ ਵਾਲਾ ਬਣ ਸਕਦਾ ਹੈ ਭਾਵ ਉਸਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ, ਆਪਣੇ ਅੰਦਰੋਂ ਨਾਮ ਦੇ, ਵਾਹਿਗੁਰੂ ਦੇ ਦਰਸ਼ਨ ਹੋ ਸਕਦੇ ਹਨ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਇਹੋ ਹੀ ਹੈ ਕਿ

5/414

ਉਸਨੂੰ ਨਿਰਮਲ ਕਰਮਾਂ ਦੁਆਰਾ ਹੀ, ਚੰਗੇ ਕਰਮ ਕਰਨ ਦੁਆਰਾ ਹੀ ਪਾਇਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਮਨਿ ਊਜਲ ਸਦਾ ਮੁਖ ਸੋਹਹਿ ਅਤਿ ਊਜਲ ਨਾਮੁ ਧਿਆਵਣਿਆ॥੧॥)** ਆਪਣੇ ਆਪ ਨੂੰ ਉੱਜਲ ਬਣਾਉਣਾ ਹੀ ਮਨੁੱਖ ਦਾ ਸੱਚਾ ਉੱਦਮ ਹੈ, ਆਪਣੇ ਆਪ ਨੂੰ ਨਾਮ ਜਪਣ

ਦੇ ਕਾਬਿਲ ਬਣਾਉਣਾ ਹੈ, ਪ੍ਰਮਾਤਮਾ ਨੂੰ ਪਾਉਣ ਦੇ ਕਾਬਿਲ ਬਣਾਉਣਾ ਹੈ, ਅਤਿ ਉੱਜਲ ਬਣਨ ਦੇ ਕਾਬਿਲ ਬਣਾਉਣਾ ਹੈ। ਹੁਣ ਧਿਆਨ ਨਾਲ ਸੋਚੋ ਕਿ ਉਹ ਕਿਤਨੇ ਕੁ ਨਿਕਲਣਗੇ ਜਿਨ੍ਹਾਂ ਨੇ ਆਪਣੇ ਆਪ ਨੂੰ ਨਾਮ ਜਪਣ ਦੇ ਕਾਬਿਲ ਬਣਾਇਆ ਹੈ, ਨਾਮ ਜਪਣਾ ਤਾਂ ਦੂਰ ਦੀ ਗੱਲ ਹੈ। ਜਿਹੋ ਜਿਹਾ ਨਾਮ ਅਸੀਂ ਆਪਣੇ ਵੱਲੋਂ ਜਪ ਰਹੇ ਹਾਂ, ਕੀ ਉਸਨੂੰ ਨਾਮ ਧਿਆਉਣਾ ਕਹਿ ਸਕਦੇ ਹਾਂ। ਆਪਣਾ ਮਨ ਉੱਜਲ ਕਰਨ ਲਈ, ਆਪਣੀ ਮਨਸਾ ਨਿਰਮਲ ਕਰਨ ਲਈ, ਆਪਣੇ ਮਨ ਦੀ ਸਮਝ ਨਿਰਮਲ ਕਰਨ ਲਈ ਆਪਣਾ ਆਪ ਗੁਰੂ ਤੋਂ ਵਾਰਨਾ ਪੈਂਦਾ ਹੈ, ਆਪਣੀ ਮਤਿ ਆਪਣੀ ਹਉਮੈ ਛੱਡਣੀ ਪੈਂਦੀ ਹੈ ਤੇ ਐਸਾ ਕਰਨ ਨਾਲ ਹੀ ਗੋਬਿੰਦ ਦੇ ਗੁਣ ਗਾਏ ਜਾ ਸਕਦੇ ਹਨ, ਉਸਦੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ, ਉਸਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਦੀ ਸਿਫਤ ਸਾਲਾਹ ਉਸਦੀ ਮਤਿ ਤੇ ਅਮਲ ਕਰਕੇ ਹੀ ਹੋ ਸਕਦੀ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਹਉ ਵਾਰੀ ਜੀਉ ਵਾਰੀ ਗੋਬਿੰਦ ਗੁਣ ਗਾਵਣਿਆ॥)** ਜਿਹੜਾ ਮਨੁੱਖ ਇਸ ਤਰੀਕੇ ਨਾਲ ਗੋਬਿੰਦ ਦੇ ਗੁਣ ਗਾਉਂਦਾ ਹੈ, ਉਹ ਫਿਰ ਹਰ ਵੇਲੇ, ਦਿਨ ਰਾਤੀ ਗੋਬਿੰਦ ਗੋਬਿੰਦ ਜਪ ਰਿਹਾ ਹੈ, ਕਹਿ ਰਿਹਾ ਹੈ ਭਾਵ ਪ੍ਰਮਾਤਮਾ ਦੇ ਦਰਬਾਰ ਵਿੱਚ ਉਸ ਵੱਲੋਂ ਹਰ ਵੇਲੇ ਗੋਬਿੰਦ ਗੋਬਿੰਦ ਹੋ ਰਿਹਾ ਹੈ ਭਾਵ ਉਹ ਹਰ ਵੇਲੇ ਗੁਰੂ ਦੀ ਮਤਿ ਅਨੁਸਾਰ ਵਿਚਰ ਰਹਿਆ ਹੈ, ਉਸ ਮਨੁੱਖ ਦੀ ਭਗਤੀ ਹਰ ਵੇਲੇ ਪ੍ਰਮਾਤਮਾ ਦੇ ਦਰਬਾਰ ਵਿੱਚ ਕਬੂਲ ਹੋ ਰਹੀ ਹੈ ਕਿਉਂਕਿ ਉਹ ਅੱਠੇ ਪਹਿਰ ਉਸਦੇ ਹੁਕਮ ਵਿੱਚ ਚੱਲ ਰਿਹਾ ਹੈ, ਚੰਗੇ ਕਰਮ ਕਰਨ ਦੁਆਰਾ ਉਸਦੇ ਗੁਣ ਗਾ ਰਿਹਾ ਹੈ। **(ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ॥੧॥ਰਹਾਉ॥)** ਭਾਵ ਆਪਣੇ ਮੁੱਖੋਂ ਜੇਕਰ ਗੋਬਿੰਦ ਗੋਬਿੰਦ ਬੋਲੀ ਜਾਈਏ ਤਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਉਸਦੀ ਭਗਤੀ ਗੋਬਿੰਦ ਦੀ ਗੱਲ ਨੂੰ ਮੰਨ ਕੇ ਹੋ ਸਕਦੀ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਿਆ ਹੈ ਤੇ ਨਾਲ ਹੀ ਅਗਲੀ ਪੰਗਤੀ ਵਿੱਚ ਵੀ ਸਪੱਸ਼ਟ ਕੀਤਾ ਹੋਇਆ ਹੈ। ਗੋਬਿੰਦ ਨੂੰ ਅਸੀਂ ਆਪਣੇ ਸੁਭਾਅ ਦੁਆਰਾ ਗਾਉਣਾ ਹੈ, ਉਸਦੇ ਗੁਣ ਸਾਡੇ ਸੁਭਾਅ ਦੁਆਰਾ ਗਾਏ ਜਾਣੇ ਹਨ। ਜਿਹੋ ਜਿਹਾ ਮਨੁੱਖ

5/415

ਦਾ ਸੁਭਾਅ ਹੁੰਦਾ ਹੈ ਉਹ ਉਹੋ ਜਿਹੇ ਕਰਮ ਹੀ ਕਰਦਾ ਹੈ। ਜੇ ਸੁਭਾਅ ਮਾਇਆ ਵਾਲਾ ਹੈ ਤਾਂ ਫਿਰ ਅਸੀਂ ਮਾਇਆ ਦੇ ਪਿੱਛੇ ਫਿਰਾਗੇ, ਮਾਇਆ ਨਾਲ ਮੋਹ ਕਰਾਂਗੇ, ਮਾਇਆ ਇਕੱਠੀ ਕਰਨ ਵਾਲੇ ਕਰਮ ਕਰਾਂਗੇ, ਮਾਇਆ ਮੋਹ ਹੀ ਸਾਨੂੰ ਔਗੁਣਾਂ ਵੱਲ ਤੋਰਦਾ ਹੈ, ਸਾਡੇ ਕੋਲੋਂ ਮਾੜੇ ਕਰਮ ਕਰਾਉਂਦਾ ਹੈ। ਜੇਕਰ ਮਾੜੇ ਕਰਮਾਂ ਤੋਂ ਬਚਣਾ ਹੈ ਤਾਂ ਫਿਰ ਉਸ ਲਈ ਸੁਭਾਅ ਨੂੰ ਬਦਲਣ ਦੀ ਲੋੜ ਹੈ, ਮਤਿ ਨੂੰ ਬਦਲਣ ਦੀ ਲੋੜ ਹੈ, ਸੋਚ ਨੂੰ ਬਦਲਣ ਦੀ ਲੋੜ ਹੈ, ਆਪਣੇ ਮਨ ਨੂੰ ਨਿਰਮਲ ਕਰਨ ਦੀ ਲੋੜ ਹੈ, ਬਾਣੀ ਵਾਲਾ ਮਨ ਬਣਾਉਣ ਦੀ ਲੋੜ ਹੈ। ਸਾਡੀ ਮਨਸਾ ਹੀ ਸਾਡਾ ਸੁਭਾਅ ਹੈ। ਜੇਕਰ ਮਨਸਾ ਨਿਰਮਲ ਹੈ ਤਾਂ ਸਾਡਾ ਸੁਭਾਅ ਨਿਰਮਲ ਹੈ। ਨਿਰਮਲ ਮਨਸਾ ਹੀ ਸਹਜ ਸੁਭਾਅ ਹੈ, ਬਾਣੀ ਵਾਲਾ ਸੁਭਾਅ ਹੈ, ਗੁਰੂ ਵਾਲਾ ਸੁਭਾਅ ਹੈ, ਬਾਣੀ ਵਾਲਾ ਮਨ ਹੈ। ‘‘ਸਹਜ’’ ਗੁਰੂ ਦਾ ਗਿਆਨ ਹੈ, ਚੌਥੇ ਪਦ ਦਾ ਸੱਚਾ ਗਿਆਨ ਹੈ, ਗੁਰੂ ਦੀ ਸੱਚੀ ਮਤਿ ਹੈ। ਗੋਬਿੰਦ ਦੇ ਗੁਣ ਸਹਜ ਸੁਭਾਅ ਦੁਆਰਾ ਹੀ ਗਾਏ ਜਾ ਸਕਦੇ ਹਨ ਭਾਵ ਜੇਕਰ ਸਾਡਾ ਮਨ ਸੱਚਾ ਸੁੱਚਾ ਹੈ, ਸਾਡੀ ਨੀਯਤ ਸੱਚੀ ਹੈ ਤਾਂ ਫਿਰ ਅਸੀਂ ਕਰਮ ਵੀ ਸੱਚੇ ਸੁੱਚੇ ਕਰਾਂਗੇ। ਇਹੀ ਤਰੀਕਾ ਹੈ ਗੋਬਿੰਦ ਦੇ ਗੁਣ ਗਾਉਣ ਦਾ ਨਾ ਕਿ ਬੋਲ ਬੋਲ ਕੇ ਗੋਬਿੰਦ ਗੋਬਿੰਦ ਕਰਨ ਦਾ। **(ਹਉ ਵਾਰੀ ਜੀਉ ਵਾਰੀ ਗੋਬਿੰਦ ਗੁਣ ਗਾਵਣਿਆ॥ ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ॥੧॥ਰਹਾਉ॥ ਗੋਬਿਦੁ ਗਾਵਹਿ ਸਹਜਿ ਸੁਭਾਏ॥)** ਸਾਡਾ ਸੁਭਾਅ ਸਹਜ ਵਾਲਾ ਕਿਵੇਂ ਬਣਨਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਗੱਲ ਆਪਣੇ ਆਪ ਨੂੰ ਉੱਜਲ ਕਰਨ ਦੀ ਹੈ ਜੋ ਕਿ ਪਹਿਲਾਂ ਵੀ ਉੱਪਰ ਸਮਝਾਈ ਹੋਈ ਹੈ। ਉੱਜਲ ਹੋਣ ਲਈ ਗੁਰੂ ਦੇ ਭੈ ਨੂੰ ਕਬੂਲ ਕਰਨਾ ਪੈਂਦਾ ਹੈ, ਸ਼ਬਦੇ ਮਰਨ ਦਾ ਭੈਅ ਕਬੂਲ ਕਰਨਾ ਪੈਂਦਾ ਹੈ, ਮਾਇਆ ਮੋਹ ਛੱਡਣ ਦੇ ਭੈਅ ਨੂੰ ਕਬੂਲ ਕਰਨਾ ਪੈਂਦਾ ਹੈ, ਤ੍ਰਿਸ਼ਨਾਵਾਂ ਛੱਡਣ ਦੇ ਭੈਅ ਨੂੰ ਕਬੂਲ ਕਰਨਾ ਪੈਂਦਾ ਹੈ ਜੋ ਕਿ ਅਸੀਂ ਪਿੱਛੇ ਵਿਸਥਾਰ ਨਾਲ ਜਾਣ ਚੁੱਕੇ ਹਾਂ ਭਾਵ ਆਪਣਾ ਆਪ ਤਿਆਗਣਾ ਪੈਂਦਾ ਹੈ, ਆਪਣੀ ਹਉਮੈ, ਮਨਮਤਿ ਛੱਡਣੀ ਪੈਂਦੀ ਹੈ, ਔਗੁਣਾਂ ਤੋਂ ਰਹਿਤ ਹੋਣਾ ਪੈਂਦਾ ਹੈ। **(ਗੁਰ ਕੈ ਭੈ ਊਜਲ ਹਉਮੈ ਮਲੁ ਜਾਏ॥)**

{ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ ੧੦੮੯)

ਇਹੋ ਜਿਹਾ ਮਨੁੱਖ ਜੋ ਆਪਣੇ ਸੁਭਾਅ ਦੁਆਰਾ ਉੱਜਲ ਬਣ ਜਾਂਦਾ ਹੈ, ਨਿਰਮਲ ਹੋ ਜਾਂਦਾ ਹੈ, ਉਹ ਫਿਰ ਸਦਾ ਅਨੰਦ ਵਿੱਚ ਰਹਿੰਦਾ

5/416

ਹੈ, ਸਦਾ ਗੁਰੂ ਦੀ ਮਤਿ ਵਿੱਚ ਰਹਿੰਦਾ ਹੈ, ਸਦਾ ਗੁਰੂ ਦੇ ਭਾਣੇ ਵਿੱਚ ਰਹਿੰਦਾ ਹੈ ਅਤੇ ਇਸ ਤਰ੍ਹਾਂ ਦਿਨ ਰਾਤ, ਹਰ ਵੇਲੇ ਉਸਦੀ ਭਗਤੀ ਮਨ ਦੀ ਸੱਚੀ ਸਮਝ ਰਾਹੀਂ ਹੁੰਦੀ ਰਹਿੰਦੀ ਆਪੇ ਹੀ ਹੋ ਰਹੀ ਹੈ। ਉਹ ਹਰ ਵੇਲੇ ਗੋਬਿੰਦ ਨੂੰ ਸੁਣ ਰਿਹਾ ਹੁੰਦਾ ਹੈ ਭਾਵ ਹਰ ਵੇਲੇ ਗੁਰੂ ਦੀ ਮਤਿ ਨੂੰ ਸੁਣ ਰਿਹਾ ਹੁੰਦਾ ਹੈ ਭਾਵ ਹਰ ਵੇਲੇ ਗੁਰੂ ਦੀ ਮਤਿ ਉਸ ਦੇ ਅੰਦਰ ਵਸੀ ਹੁੰਦੀ ਹੈ ਤੇ ਉਹ ਹਰ ਵੇਲੇ ਆਪਣੇ ਸੁਭਾਅ ਦੁਆਰਾ ਗੋਬਿੰਦ ਦੇ ਗੁਣ ਗਾ ਰਿਹਾ ਹੁੰਦਾ ਹੈ, ਉਸਨੇ ਆਪਣੀਆਂ ਤ੍ਰਿਸ਼ਨਾਵਾਂ ਕਾਬੂ ਵਿੱਚ ਰੱਖੀਆਂ ਹੁੰਦੀਆਂ ਹਨ ਅਤੇ ਗੁਰੂ ਦੇ ਉਪਦੇਸ਼ ਦੁਆਰਾ ਵਿਚਰ ਰਿਹਾ ਹੁੰਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ, ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਗਾਏ ਜਾ ਸਕਦੇ ਹਨ ਕਿਉਂਕਿ ਉਹ ਆਪਣੇ ਗੁਣ ਗਾਉਣੇ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸੁਣਨ ਦੁਆਰਾ ਹੀ ਗਾਏ ਜਾ ਸਕਦੇ ਹਨ ਜਿਸ ਦੁਆਰਾ ਉਹ ਆਪ ਹੀ ਆਪਣੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਤੇ ਉਸ ਤੇ ਚਲਾਉਂਦਾ ਹੈ ਭਾਵ ਅਮਲ ਕਰਵਾਉਂਦਾ ਹੈ। ਜਿਨਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸੁਣਿਆ ਹੈ ਭਾਵ ਉਸਦੀ ਸੱਚੀ ਭਗਤੀ ਦੇ ਮਾਰਗ ਨੂੰ ਸੁਣਿਆ ਹੈ ਉਨ੍ਹਾਂ ਨੇ ਹੀ ਆਪਣੇ ਜੀਵਨ ਕਾਲ ਵਿੱਚ ਉਸਦੇ ਗੁਣ ਗਾਏ ਹਨ ਤੇ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਉਸਦੇ ਗੁਣ ਗਾਉਣੇ ਸਮਝਾਏ ਹਨ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸੁਣਨਾ ਜਾਂ ਗੁਰਬਾਣੀ ਦੀ ਗੱਲ ਸੁਣਨਾ ਇੱਕੋ ਹੀ ਗੱਲ ਹੈ। ਸਾਰੀ ਗੱਲ ਗੁਰੂ ਦੀ, ਪ੍ਰਮਾਤਮਾ ਦੀ ਸਮਝਾਈ ਹੋਈ ਗਲ ਨੂੰ ਸੁਣਨ ਦੀ ਹੈ ਭਾਵ ਮੰਨਣ ਦੀ ਹੀ ਜਿਸ ਦੁਆਰਾ ਉਸਦੇ ਗੁਣ ਗਾਏ ਜਾ ਸਕਦੇ ਹਨ। **(ਗੋਬਿਦੁ ਗਾਵਹਿ ਸਹਜਿ ਸੁਭਾਏ॥ ਗੁਰ ਕੈ ਭੈ ਊਜਲ ਹਉਮੈ ਮਲੁ ਜਾਏ॥ ਸਦਾ ਅਨੰਦਿ ਰਹਹਿ ਭਗਤਿ ਕਰਹਿ ਦਿਨੁ ਰਾਤੀ ਸੁਣਿ ਗੋਬਿਦ ਗੁਣ ਗਾਵਣਿਆ॥)।**

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥}

(ਅੰਗ ੬੮)

{ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥੧॥}

(ਅੰਗ ੧੦੬)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

ਭਗਤੀ ਦਾ ਅਨੰਦ ਮਾਨਣਾ ਕੀ ਹੈ ਇਹ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ। ਅਨੰਦ ਉਸ ਨੂੰ ਕਿਹਾ ਹੈ ਜਦੋਂ ਸਾਡਾ ਮਨ ਗੁਰੂ ਦੀ ਗੱਲ ਨੂੰ ਮੰਨ ਕੇ, ਗੁਰੂ ਦੇ ਹੁਕਮ ਨੂੰ ਮੰਨ ਕੇ ਚੱਲੇ ਭਾਵ ਖੁਸ਼ ਹੋਏ, ਖੇੜੇ ਵਿੱਚ ਰਹੇ, ਗੁਰੂ ਦਾ ਹੁਕਮ ਹੱਸ ਕੇ ਮੰਨੇ। ਇਹੀ ਗੁਰੂ ਦੀ ਭਗਤੀ ਹੈ ਭਾਵ ਗੁਰੂ ਦੀ ਗੱਲ ਤੇ ਖੁਸ਼ ਹੋ ਕੇ ਅਮਲ ਕਰਨਾ ਹੀ ਭਗਤੀ ਹੈ ਅਤੇ ਇਸ ਵਿੱਚ ਹੀ ਅਨੰਦ ਹੈ ਜੋ ਕਿ ਪ੍ਰਮਾਤਮਾ ਦੀ ਕਿਰਪਾ ਦੁਆਰਾ ਮਿਲਦਾ ਹੈ। ਭਗਤੀ ਤਾਂ ਹੀ ਹੋ ਸਕਦੀ ਹੈ ਜਦੋਂ ਗੁਰੂ ਦੇ ਸ਼ਬਦ ਨੂੰ ਭਾਵ ਸ਼ਬਦ ਦੇ ਵਿਚਾਰਾਂ ਨੂੰ ਮਨੁੱਖ ਆਪਣੇ ਮਨ ਦੇ ਵਿਚਾਰਾਂ ਨਾਲ ਮਿਲਾ ਲਵੇ, ਗੁਰੂ ਦੇ ਸ਼ਬਦ ਨੂੰ ਆਪਣੀ ਸੁਰਤਿ ਨਾਲ ਮਿਲਾ ਲਵੇ। ਇਹ ਮੇਲ ਮਨ ਦੇ ਵਿੱਚ ਹੀ ਹੋਣਾ ਹੈ, ਸੁਭਾਅ ਨੂੰ ਬਦਲ ਕੇ ਹੋਣਾ ਹੈ, ਆਪਣੇ ਸੁਭਾਅ ਨੂੰ ਗੁਰੂ ਦੇ ਸੁਭਾਅ ਵਾਲਾ ਬਣਾਉਣਾ ਹੈ, ਆਪਣੇ ਮਨ ਨੂੰ ਬਾਣੀ ਅਨੁਸਾਰ ਬਣਾਉਣਾ ਹੈ, ਆਪਣੀ ਮਨਸਾ ਨੂੰ ਨਿਰਮਲ ਕਰਨਾ ਹੈ। **(ਮਨੂਆ ਨਾਚੈ ਭਗਤਿ ਦ੍ਰਿੜਾਏ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ॥)** ਭਗਤੀ ਦੇ ਮਾਰਗ ਤੇ ਮਨ ਉਦੋਂ ਹੀ ਨੱਚਦਾ ਹੈ ਭਾਵ

ਖੁਸ਼ ਹੁੰਦਾ ਹੈ ਜਦੋਂ ਸਾਡਾ ਮਨ ਮਾਇਆ ਮੋਹ ਵਿੱਚ ਨੱਚਣਾ ਬੰਦ ਕਰ ਦਿੰਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ। ਮਨੁੱਖ ਦੇ ਅੰਦਰ ਇਸ ਭਗਤੀ ਦਾ ਪ੍ਰਗਟਾਵਾ ਕਿਵੇਂ ਹੋਣਾ ਹੈ, ਭਗਤੀ ਦੀ ਪਰਖ ਕਿਵੇਂ ਹੋਣੀ ਹੈ, ਇਹ ਗੱਲ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ। ਪਰਖ ਸਾਡੇ ਕਰਮਾਂ ਦੁਆਰਾ ਹੋਣੀ ਹੈ, ਸਾਡੀ ਕਰਣੀ ਦੁਆਰਾ ਹੋਣੀ ਹੈ। ਜੋ ਮਨੁੱਖ ਸੱਚਾ ਤਾਲ ਪੂਰ ਰਿਹਾ ਹੈ, ਜੋ ਉਸਦਾ ਸੱਚਾ ਗੀਤ ਗਾ ਰਿਹਾ ਹੈ,

5/417

ਜਿਸਦੀ ਤਾਲ ਗੁਰੂ ਦੀ ਸੁਰ ਨਾਲ ਮਿਲੀ ਹੋਈ ਹੈ ਭਾਵ ਜਿਸ ਮਨੁੱਖ ਦੀ ਮਤਿ ਬਾਣੀ ਦੀ ਮਤਿ ਨਾਲ ਮਿਲੀ ਹੋਈ ਹੈ ਭਾਵ ਜਿਸਦਾ ਮਨ ਬਾਣੀ ਦੇ ਅਨੁਸਾਰ ਨਿਰਮਲ ਬਣਿਆ ਹੋਇਆ ਹੈ, ਉਸਦੇ ਵਿੱਚੋਂ ਫਿਰ ਮਾਇਆ ਦਾ ਮੋਹ ਨਿਕਲ ਜਾਂਦਾ ਹੈ ਭਾਵ ਉਹ ਔਗੁਣ ਰਹਿਤ ਬਣ ਜਾਂਦਾ ਹੈ ਜੋ ਕਿ ਉਸਦੇ ਸੱਚੇ ਸੁੱਚੇ ਕਰਮਾਂ ਦੁਆਰਾ ਪ੍ਰਗਟ ਹੁੰਦਾ ਹੈ। ਇਹੀ ਮਨੁੱਖ ਦਾ ਪ੍ਰਮਾਤਮਾ ਦੇ ਅੱਗੇ ਸੱਚਾ ਨਾਚ ਨੱਚਣਾ ਹੈ, ਨਿਰਤ ਕਰਨਾ ਹੈ ਭਾਵ ਮਨੁੱਖ ਦੇ ਸੱਚੇ ਸੁੱਚੇ ਕਰਮ ਹੀ ਪ੍ਰਮਾਤਮਾ ਦੇ ਗੁਣ ਗਾਉਣਾ ਹੈ। **(ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ॥)** ਹੁਣ ਤੱਕ ਉਪਰਲੀਆਂ ਸਾਰੀਆਂ ਪੰਗਤੀਆਂ ਦੁਆਰਾ ਅਸੀਂ ਇਹ ਸਮਝਿਆ ਹੈ ਕਿ ਪ੍ਰਮਾਤਮਾ ਦੀ ਸਿਫਤ ਸਾਲਾਹ ਕੀ ਹੈ, ਉਸਦੇ ਗੁਣ ਗਾਉਣੇ ਕੀ ਹਨ, ਉਸਦੀ ਭਗਤੀ ਕੀ ਹੈ। ਅਗਲੀਆਂ ਪੰਗਤੀਆਂ ਵਿੱਚ ਨਾਲ ਨਾਲ ਇਹ ਸਮਝਾਇਆ ਹੈ ਕਿ ਜਿਹੋ ਜਿਹੀ ਭਗਤੀ ਉਸ ਦੀ ਆਮ ਤੌਰ ਤੇ ਹਰ ਕੋਈ ਕਰਦਾ ਹੈ, ਜਾਂ ਸਮਝਦਾ ਹੈ, ਉਸਦੇ ਵਿੱਚ ਅਤੇ ਅਸਲ ਭਗਤੀ ਵਿੱਚ ਕੀ ਫਰਕ ਹੈ। ਪ੍ਰਮਾਤਮਾ ਦੀ ਭਗਤੀ ਉਸਨੂੰ ਉੱਚੀ ਉੱਚੀ ਪੁਕਾਰ ਕੇ ਨਹੀਂ ਹੋ ਸਕਦੀ, ਤਨ ਦੇ ਨਿਰਤ ਦੁਆਰਾ ਨਹੀਂ ਹੋ ਸਕਦੀ। ਉਸਦੀ ਭਗਤੀ ਮਾਇਆ ਦੇ ਮੋਹ ਨੂੰ ਤਿਆਗ ਕੇ ਹੋ ਸਕਦੀ ਹੈ, ਆਪਣੇ ਅੰਦਰੋਂ ਮਾਇਆ ਦਾ ਕਪਟ ਕੱਢਣ ਦੁਆਰਾ ਹੋ ਸਕਦੀ ਹੈ। ਅਸਲ ਵਿੱਚ ਮਨੁੱਖ ਆਪਣੀ ਸਮਝ ਦੇ ਅੱਗੇ ਨੱਚਦਾ ਹੈ। ਜੇਕਰ ਸਮਝ ਮਾਇਆ ਵਾਲੀ ਹੈ ਤਾਂ ਫਿਰ ਅਸੀਂ ਹਮੇਸ਼ਾ ਉਸਦੇ ਅੱਗੇ ਨੱਚ ਰਹੇ ਹਾਂ, ਸਰੀਰ ਤਾਂ ਕੇਵਲ ਇੱਕ ਦਿਖਾਵਾ ਹੈ। ਜੇਕਰ ਸਾਡਾ ਮਨ ਨਿਰਮਲ ਹੈ ਭਾਵ ਜੇਕਰ ਸਮਝ ਸੱਚੀ ਹੈ, ਨਿਰਮਲ ਹੈ ਤਾਂ ਫਿਰ ਅਸੀਂ ਸਦਾ ਹੀ ਉਸ ਨਿਰਮਲ ਗੁਰੂ ਦੇ ਅੱਗੇ ਨੱਚ ਰਹੇ ਹਾਂ। ਜੇ ਸਾਡਾ ਮਨ ਨਿਰਮਲ ਹੈ ਤਾਂ ਪ੍ਰਾਪਤੀ ਸੁੱਖ ਦੀ ਹੈ, ਜੇ ਮਨ ਕਪਟੀ ਹੈ ਤਾਂ ਪ੍ਰਾਪਤੀ ਦੁੱਖ ਦੀ ਹੈ। ਸਭ ਕੁਝ ਸਾਡੀ ਭਾਵਨੀ ਤੇ ਨਿਬੜਦਾ ਹੈ, ਸਾਡੀ ਕਰਣੀ ਤੇ ਨਿਬੜਦਾ ਹੈ। **(ਊਚਾ ਕੂਕੇ ਤਨਹਿ ਪਛਾੜੇ॥ ਮਾਇਆ ਮੋਹਿ ਜੋਹਿਆ ਜਮਕਾਲੇ॥)** ਜਮਕਾਲ ਕੀ ਹੈ, ਇਸ ਗੱਲ ਨੂੰ ਅਗੇ ਚਲਕੇ ਬਰੀਕੀ ਨਾਲ ਸਮਝਾਂਗੇ। ਪ੍ਰਮਾਤਮਾ ਦੀ ਭਗਤੀ ਉਹ ਹੀ ਕਰ ਸਕਦਾ ਹੈ ਜਿਸ ਤੇ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੋ ਜਾਵੇ। ਉਸਦੀ ਕ੍ਰਿਪਾ ਕੀ ਹੈ,

5/418

ਇਹ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਜਿਸ ਤੇ ਉਹ ਕ੍ਰਿਪਾ ਕਰਦਾ ਹੈ ਉਸਦੇ ਔਗੁਣ ਛੁਡਵਾਉਂਦਾ ਹੈ, ਮਨ ਦੇ ਵਿੱਚ ਭਗਤੀ ਦੀ ਸੱਚੀ ਸਮਝ ਪਾਉਣ ਦੁਆਰਾ ਛੁਡਵਾਉਂਦਾ ਹੈ ਤੇ ਭਗਤੀ ਦੇ ਸਹੀ ਮਾਰਗ ਤੇ ਪਾਉਂਦਾ ਹੈ। ਜਦ ਤੱਕ ਮਨੁੱਖ ਦੇ ਅੰਦਰ ਔਗੁਣ ਹਨ ਉਹ ਪ੍ਰਮਾਤਮਾ ਦੀ ਕ੍ਰਿਪਾ ਤੋਂ ਵਾਂਝਾ ਹੈ, ਨਾਮ ਵਿਹੂਣਾ ਹੈ, ਭਗਤੀ ਵਿਹੂਣਾ ਹੈ। ਜਦੋਂ ਉਸਦੀ ਕ੍ਰਿਪਾ ਹੁੰਦੀ ਹੈ, ਮਨੁੱਖ ਉਸਦੇ ਰੰਗ ਵਿੱਚ ਰੱਤਿਆ ਜਾਂਦਾ ਹੈ, ਨਾਮ ਵਿੱਚ ਰੱਤਿਆ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਰੱਤਣਾ ਆਪਣੇ ਮਨ ਦੀ ਸਮਝ ਨੂੰ ਉਸਦੇ ਸੱਚੇ ਗਿਆਨ ਨਾਲ ਰੱਤਣਾ ਹੈ, ਆਪਣੇ ਸੁਭਾਅ ਨੂੰ ਉਸਦੇ ਨਾਲ ਰੱਤਣਾ ਹੈ, ਆਪਣੇ ਸੁਭਾਅ ਨੂੰ ਗੁਰੂ ਦੇ ਸੁਭਾਅ ਵਾਲਾ ਬਣਾਉਣਾ ਹੈ, ਆਪਣੇ ਸੁਭਾਅ ਨੂੰ ਸਹਜ ਵਾਲਾ ਬਣਾਉਣਾ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਵਿੱਚ ਵੀ ਸਮਝਾਇਆ ਹੋਇਆ ਹੈ। ਜਦੋਂ ਮਨੁੱਖ ਤੇ, ਅਕਾਲ ਪੁਰਖ ਦੀ ਕਿਰਪਾ ਹੋਵੇਗੀ, ਮਨੁੱਖ ਦੇ ਸੁਭਾਅ ਵਿੱਚ ਤਬਦੀਲੀ ਆਵੇਗੀ, ਉਸ ਦੀ ਸੋਚ ਨਵੀਂ ਬਣੇਗੀ, ਉਸਦੀ ਮਤਿ ਬਦਲੇਗੀ। **(ਗੁਰਮੁਖਿ ਭਗਤਿ ਜਾ ਆਪਿ ਕਰਾਏ॥ ਤਨੁ ਮਨੁ ਰਾਤਾ ਸਹਜਿ ਸੁਭਾਏ॥)** ਜਿਸ ਦੇ ਵੱਸ ਵਿੱਚ ਸਾਡਾ ਸੁਭਾਅ ਹੈ, ਜਿਸ ਨੇ ਸਾਨੂੰ ਇਹ ਸੁਭਾਅ ਦਿੱਤਾ ਹੋਇਆ ਹੈ, ਜਿਸ ਦੀ ਸੋਚ ਸਾਡੇ ਅੰਦਰ ਚੱਲਦੀ ਹੈ, ਉਹ ਹੀ ਇਸਨੂੰ ਬਦਲ ਸਕਦਾ ਹੈ। ਇਸ ਨੂੰ ਬਦਲਣਾ ਮਨੁੱਖ ਦੇ ਆਪਣੇ ਵੱਸ ਵਿੱਚ ਨਹੀਂ ਹੈ। ਸਾਡੇ ਅੰਦਰ ਗੁਰੂ ਦੀ ਮਤਿ ਤਾਂ ਹੀ ਵੱਜਦੀ ਹੈ ਭਾਵ ਤਾਂ ਹੀ ਉਸ ਤੇ ਅਮਲ ਹੁੰਦਾ ਹੈ ਜੇਕਰ ਉਸ ਨੂੰ ਸ਼ਬਦ ਦਾ ਮਾਲਕ ਆਪ ਅਕਾਲ ਪੁਰਖ ਵਜਾਏ, ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਵਜਾਏ, ਆਪ ਸ਼ਬਦ ਰੂਪ ਗੁਰੂ ਵਜਾਏ ਭਾਵ ਸਾਡੇ ਅੰਦਰ ਬਾਣੀ ਦਾ ਗਿਆਨ ਤਾਂ ਹੀ ਵੱਸ ਸਕਦਾ ਹੈ ਜੇਕਰ ਉਸ ਬਾਣੀ ਨੂੰ ਰਚਣ ਵਾਲਾ ਸਾਡੇ ਅੰਦਰ ਕ੍ਰਿਪਾ ਕਰਕੇ ਉਸਨੂੰ ਵਸਾਏ। **(ਬਾਣੀ ਵਜੈ ਸਬਦਿ ਵਜਾਏ)** ਸ਼ਬਦ ਹੀ ਨਾਮ ਹੈ ਤੇ ਸ਼ਬਦ ਹੀ ਗੁਰੂ ਹੈ। ਸਾਡੇ ਅੰਦਰ ਗੁਰੂ ਦੇ ਸ਼ਬਦ ਦਾ ਵਜਣਾ ਜਾਂ ਨਾਮ ਦਾ ਵਜਣਾ ਜਾਂ ਗੁਰਬਾਣੀ ਦੀ ਸਮਝ ਪੈਣਾ ਇੱਕੋ ਹੀ ਗੱਲ ਹੈ ਜਿਸ ਦਾ ਮਕਸਦ ਸਾਨੂੰ ਭਗਤੀ ਦੀ ਸੱਚੀ ਸੋਝੀ ਪਾਉਣ ਨਾਲ ਹੀ ਹੈ। ਇਹ

ਬਾਣੀ ਦਾ ਗਿਆਨ, ਬਾਣੀ ਦੀ ਮਤਿ ਦਾ ਸਾਡੇ ਅੰਦਰ ਵੱਸਣਾ ਹੀ ਸਾਡਾ ਗੁਰੂ ਦੀ ਮਤਿ ਅਨੁਸਾਰ ਭਗਤੀ ਕਰਨਾ ਹੈ ਅਤੇ ਇਹੋ ਜਿਹੀ ਭਗਤੀ ਹੀ ਕਬੂਲ ਹੁੰਦੀ ਹੈ, ਥਾਇ ਪੈਂਦੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਗੁਰਮੁਖਿ ਭਗਤਿ ਥਾਇ ਪਾਵਣਿਆ॥)** ਜਿਸ ਨੂੰ ਪ੍ਰਮਾਤਮਾ ਨੇ ਆਪਣੇ ਭਗਤੀ ਦੇ ਮਾਰਗ ਤੇ ਤੋਰਨਾ ਹੈ, ਉਸਦੀ ਚੁੱਪ ਚੁਪੀਤੇ ਅਚਿੰਤੇ ਹੀ ਸੋਚ ਬਦਲ ਦੇਵੇਗਾ। ਉਸਦੇ ਦਾਨ

5/419

ਅਚਿੰਤੇ ਹੀ ਹੁੰਦੇ ਹਨ ਜੋ ਸਾਡੀ ਸਮਝ ਤੋਂ ਬਾਹਰ ਹਨ। ਜੇਕਰ ਸਾਨੂੰ ਭਗਤੀ ਦੀ ਸਮਝ ਲੱਗ ਜਾਵੇ ਤਾਂ ਫਿਰ ਸਾਡੇ ਮਨੋ ਉੱਦਮ ਵੀ ਭਗਤੀ ਕਰਨ ਵਾਲਾ ਹੋਵੇਗਾ। ਭਗਤੀ ਦੀ ਸਹੀ ਸੋਝੀ ਪੈਣਾ ਉਸਦੀ ਬਹੁਤ ਵੱਡੀ ਕ੍ਰਿਪਾ ਹੈ ਕਿਉਂਕਿ ਹਰ ਕਿਸੇ ਨੂੰ ਉਸ ਨੇ ਆਪ ਹੀ ਭੁਲਾਇਆ ਹੋਇਆ ਹੈ, ਆਪ ਹੀ ਆਪਣੀ ਕ੍ਰਿਪਾ ਤੋਂ ਵਾਂਝਾ ਕੀਤਾ ਹੋਇਆ ਹੈ। ਉਸਨੇ ਭੁਲਾਇਆ ਵੀ ਸਾਨੂੰ ਸਾਡੀ ਸੋਚ ਦੁਆਰਾ ਹੋਇਆ ਹੈ ਤੇ ਜਦੋਂ ਉਸਦੀ ਕਿਰਪਾ ਹੋਣੀ ਹੈ ਉਹ ਵੀ ਇਸ ਸੋਚ ਦੁਆਰਾ ਹੀ ਹੋਣੀ ਹੈ।

“ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥
ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ॥੧॥”

(ਅੰਗ ੬੫੧)

ਉੱਪਰ ਵਾਲੇ ਸ਼ਬਦ ਰਾਹੀਂ ਸਾਨੂੰ ਮਨ ਦੀ ਅਗਿਆਨਤਾ ਤੇ ਗਿਆਨ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਸਾਡਾ ਮਨ ਸਾਡੇ ਅੰਦਰ ਦੀ ਨਾ-ਸਮਝ ਮਤਿ ਕਰਕੇ ਕਾਲਾ ਹੈ, ਮਨ ਦੀ ਅਗਿਆਨਤਾ ਕਰਕੇ ਮੈਲਾ ਹੈ ਜਿਸ ਮੈਲ ਨੂੰ ਆਪਣੇ ਆਪ ਨਹੀਂ ਧੋਇਆ ਜਾ ਸਕਦਾ। ਇਹ “ਗੁਰ ਪਰਸਾਦਿ” ਹੈ ਭਾਵ ਕੇਵਲ ਪ੍ਰਮਾਤਮਾ ਦੀ ਕਿਰਪਾ ਹੈ ਕਿ ਉਹ ਕਿਸੇ ਦੀ ਮਨਮਤਿ ਨੂੰ ਆਪਣੇ ਸ਼ਬਦ ਦੁਆਰਾ ਭਾਵ ਸ਼ਬਦ ਦੇ ਗਿਆਨ ਦੁਆਰਾ ਮਾਰ ਦੇਵੇ , ਉਸਦੀ ਸਮਝ ਨੂੰ ਉਲਟ ਕੇ ਸੱਚੀ ਸਮਝ ਵਾਲੀ ਬਣਾ ਦੇਵੇ, ਸ਼ਬਦ ਦੇ ਗਿਆਨ ਵਾਲੀ ਬਣਾ ਦੇਵੇ ਤੇ ਇਹੀ ਮਨੁੱਖ ਦਾ ਜੀਉਂਦੇ ਹੋਏ ਮਰਨਾ ਹੈ। ਜਿਸ ਤੇ ਅਕਾਲ ਪੁਰਖ ਦੀ ਕਿਰਪਾ ਹੋਵੇਗੀ ਉਸਦੀ ਮਤਿ ਹੀ ਬਦਲਾਵੇਗਾ ਤਾਂ ਜੋ ਉਸਦੇ ਮਨ ਦੀ ਮੈਲ ਧੁਪ ਸਕੇ, ਉਹ ਔਗੁਣਾਂ ਤੋਂ ਰਹਿਤ ਹੋ ਸਕੇ, ਉਹ ਭਗਤੀ ਦੇ ਮਾਰਗ ਤੇ ਚੱਲ ਸਕੇ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੇ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੇ ਵਿੱਚ ਹੀ ਹੈ ਜੋ ਕਿ ਮਨ ਦੀ ਅਗਿਆਨਤਾ ਕਰਕੇ ਹੀ ਹੈ ਜਿਸ ਅਗਿਆਨਤਾ ਵਿੱਚ ਰਹਿੰਦਿਆਂ ਨਾ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢੇ ਤੇ ਉਸਨੂੰ ਆਪਣਾ ਸੱਚ ਸਮਝਾਵੇ।

5/420

ਮਨ ਦੀ ਅਗਿਆਨਤਾ ਵਾਲੀ ਮਾੜੀ ਸਮਝ ਕਰਕੇ ਜਦ ਤੱਕ ਮਨੁੱਖ ਮਾਇਆ ਦਾ ਮੋਹ ਨਹੀਂ ਛੱਡਦਾ, ਮਾਇਆ ਅੱਗੇ ਨੱਚਣਾ ਨਹੀਂ ਛੱਡਦਾ, ਉਹ ਦੂਜੇ ਭਾਉ ਵਿੱਚ ਹੈ, ਮਾਇਆ ਦੇ ਮੋਹ ਵਿੱਚ ਹੈ ਭਾਵ ਉਸ ਨੂੰ ਗੁਰੂ ਦੀ ਮਤਿ ਨਾਲ ਪਿਆਰ ਨਹੀਂ ਹੈ ਅਤੇ ਇਹੋ ਜਿਹੀ ਅਵੱਸਥਾ ਵਿੱਚ ਉਹ ਪ੍ਰਮਾਤਮਾ ਦੀ ਭਗਤੀ ਵਜੋਂ ਜੋ ਕੁੱਝ ਵੀ ਨਿਰਤ ਆਦਿ ਕਰਦਾ ਹੈ, ਸਾਜ ਵਜਾਉਂਦਾ ਹੈ, ਤਾਲ ਪੂਰਦਾ ਹੈ, ਉਹ ਕਿਸੇ ਲੇਖੇ ਨਹੀਂ। ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਹੈ, ਔਗੁਣਾਂ ਵਿੱਚ ਹੈ ਉਹ ਆਪਣੇ ਦੁੱਖਾਂ ਦਾ ਕਾਰਨ ਇਕੱਠਾ ਕਰ ਰਿਹਾ ਹੈ। ਇਹੋ ਜਿਹੀ ਭਗਤੀ ਵਿੱਚ ਭਾਵ ਇੱਕ ਅੱਖਰ ਨੂੰ ਜਪੀ ਜਾਣ ਵਿੱਚ ਜਿੱਥੇ ਗੁਰੂ ਦੀ ਮਤਿ ਸੁਣਨ ਲਈ ਕੁੱਝ ਹੈ ਹੀ ਨਹੀਂ ਭਾਵ ਜਿਹੋ ਜਿਹੀ ਭਗਤੀ ਦੁਆਰਾ ਸਾਨੂੰ ਕੋਈ ਗੁਰੂ ਦੀ ਮਤਿ ਪ੍ਰਾਪਤ ਨਹੀਂ ਹੁੰਦੀ, ਕੋਈ ਗਿਆਨ ਪ੍ਰਾਪਤ ਨਹੀਂ ਹੁੰਦਾ, ਉੱਥੇ ਅਸੀਂ ਸੁਣਾਂਗੇ ਕੀ ਅਤੇ ਮਨ ਵਿੱਚ ਵਸਾਵਾਂਗੇ ਕੀ। ਭਗਤੀ ਗੁਰੂ ਦੀ ਗੱਲ ਸੁਣ ਕੇ ਉਸਨੂੰ ਮਨ ਵਿੱਚ ਵਸਾਉਣ ਵਿੱਚ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

(ਬਹੁ ਤਾਲ ਪੂਰੇ ਵਾਜੇ ਵਜਾਏ॥ ਨਾ ਕੋ ਸੁਣੇ ਨ ਮੰਨਿ ਵਸਾਏ॥

ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ॥੬॥)

ਹੁਣ ਜੇਕਰ ਅਸੀਂ ਕੇਵਲ ਬੋਲ-ਬੋਲ ਕੇ ਗੋਬਿੰਦ ਗੋਬਿੰਦ ਗਾਈ ਜਾਈਏ, ਸਿਰ ਹਿਲਾਈ ਜਾਈਏ, ਸਰੀਰ ਹਿਲਾਈ ਜਾਈਏ, ਇਸ ਦੁਆਰਾ ਸਾਨੂੰ ਗੁਰੂ ਦੀ ਮਤਿ ਦੀ ਕੀ ਸਮਝ ਲੱਗੇਗੀ ਕਿ ਅਸੀਂ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਹੈ, ਅਸੀਂ ਕਿਹੋ ਜਿਹਾ ਜੀਵਨ ਜਿਉਣਾ ਹੈ ਤੇ ਕਿਹੋ ਜਿਹੇ ਜੀਵਨ ਤੋਂ ਬਚਣਾ ਹੈ, ਕਿਹੋ ਜਿਹਾ ਤਿਆਗ ਕਰਨਾ ਸਾਡੇ ਲਈ ਚੰਗਾ ਹੈ ਤੇ ਕਿਹੋ ਜਿਹਾ ਤਿਆਗ ਸਾਡੇ ਲਈ ਚੰਗਾ ਨਹੀਂ ਹੈ। ਜੇਕਰ ਕੋਈ ਸਮਝ ਹੀ ਨਹੀਂ ਆਵੇਗੀ, ਕੋਈ ਗਿਆਨ ਹੀ ਹਾਸਿਲ ਨਹੀਂ ਹੋਵੇਗਾ ਤੇ ਮਨ ਵਿੱਚ ਕੀ ਵਸਾਵਾਂਗੇ, ਸਾਡੇ ਜੀਵਨ ਵਿੱਚ ਤਬਦੀਲੀ ਕੀ ਆਵੇਗੀ। ਫਿਰ ਗੋਬਿੰਦ-ਗੋਬਿੰਦ ਕੀਤਾ ਜਾਂ ਨਾ ਕੀਤਾ, ਕੀ ਫਰਕ ਹੈ। **(ਨਾ ਕੋ ਸੁਣੇ ਨ ਮੰਨਿ ਵਸਾਏ॥)**

ਭਗਤੀ ਦਾ ਸੱਚਾ ਮਾਰਗ ਜਾਨਣ ਲਈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਅਸੀਂ ਮਨ ਦੀ ਅਗਿਆਨਤਾ ਤੋਂ ਮੁਕਤ ਹੋਣਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮੁਕਤ ਉਸ ਨੇ ਹੋਣਾ ਹੈ ਜੋ ਗੁਰੂ ਨਾਲ ਮਨੋ ਪ੍ਰੀਤ ਕਰੇਗਾ ਤੇ ਗੁਰੂ ਨਾਲ ਪ੍ਰੀਤ ਉਹੀ ਕਰੇਗਾ ਜੋ ਗੁਰੂ ਦੀ ਮਤਿ ਨਾਲ ਪ੍ਰੀਤਿ ਕਰੇਗਾ ਤੇ ਗੁਰੂ ਦੀ ਮਤਿ ਨਾਲ ਪ੍ਰੀਤਿ ਉਸੇ ਦੀ ਜੁੜੇਗੀ ਜੋ ਪਹਿਲੇ ਆਪਣੀ ਮਤਿ ਨਾਲ ਪ੍ਰੀਤ ਛੱਡੇਗਾ ਭਾਵ ਪਹਿਲਾਂ ਆਪਣੀ ਨਾ-ਸਮਝ ਮਤਿ ਤੋਂ ਮੁਕਤ ਹੋਵੇਗਾ। **(ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥)** ਅੰਗ - ੧੨੨ ਇਹ ਪ੍ਰੀਤ ਦਿਖਾਉਣ ਦੀ ਜੁਗਤਿ ਕੀ ਹੈ, ਤਰੀਕਾ ਕੀ ਹੈ, ਪਰਖ ਕੀ ਹੈ ਇਹ ਨਾਲ ਹੀ ਸਮਝਾਇਆ ਹੋਇਆ ਹੈ।

"ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥"

ਗੁਰੂ ਦੇ ਨਾਲ ਪ੍ਰੀਤ ਦਿਖਾਉਣ ਦਾ ਤਰੀਕਾ ਇਹ ਸਮਝਾਇਆ ਹੈ ਕਿ ਮਨੁੱਖ ਆਪਣੀਆਂ ਇੰਦਰੀਆਂ ਨੂੰ ਵੱਸ ਵਿੱਚ ਕਰੇ ਭਾਵ ਆਪਣੇ ਵਿਕਾਰਾਂ ਨੂੰ

ਵੱਸ ਵਿੱਚ ਕਰੇ ਭਾਵ ਔਗੁਣਾਂ ਤੋਂ ਮੁਕਤ ਹੋਵੇ ਤੇ ਤਾਂ ਹੀ ਅਸੀਂ ਸੱਚ ਤੇ ਚੱਲ ਸਕਦੇ ਭਾਵ ਗੁਰੂ ਦੀ ਮਤਿ ਤੇ ਚੱਲ ਸਕਦੇ ਹਾਂ। ਇਹੀ ਮਨੁੱਖ ਦਾ ਸੱਚਾ ਸੰਜਮ ਹੈ ਕਿ ਉਹ ਸੱਚ ਨੂੰ ਅਪਣਾਵੇ ਭਾਵ ਜੇਕਰ ਅਸੀਂ ਮੁਕਤੀ ਚਾਹੁੰਦੇ ਹਾਂ ਤਾਂ ਪਹਿਲਾਂ ਔਗੁਣਾਂ ਤੋਂ ਮੁਕਤ ਹੋਣਾ ਪਵੇਗਾ, ਮਨ ਦੀ ਨਾ-ਸਮਝ ਮਤਿ ਤੋਂ ਮੁਕਤ ਹੋਣਾ ਪਵੇਗਾ, ਮਾਇਆ ਮੋਹ ਛੱਡਣਾ ਪਵੇਗਾ। ਬਿਨ੍ਹਾਂ ਔਗੁਣ ਛੱਡੇ, ਗੁਰੂ ਨਾਲ ਪ੍ਰੀਤ ਨਹੀਂ ਜੁੜ ਸਕਦੀ ਅਤੇ ਬਿਨ੍ਹਾਂ ਗੁਰੂ ਦੀ ਪ੍ਰੀਤ ਦੇ ਮੁਕਤੀ ਨਹੀਂ ਹੈ। ਇਹ ਗੁਰੂ ਦਾ ਫੁਰਮਾਨ ਹੈ। **(ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥)** ਗੁਰੂ ਦੀ ਮਤਿ ਸਾਨੂੰ ਕੀ ਸਮਝਾ ਰਹੀ ਹੈ, ਇਹ ਅਸੀਂ ਉਪਰਲੀ ਪੰਗਤੀ ਵਿੱਚ ਜਾਣਿਆ ਹੈ ਅਤੇ ਸਾਰੇ ਸ਼ਬਦ ਰਾਹੀਂ ਜਾਣਦੇ ਆ ਰਹੇ ਹਾਂ। ਪ੍ਰਮਾਤਮਾ ਨੂੰ ਗੁਰੂ ਦੀ ਮਤਿ ਦੁਆਰਾ ਹੀ ਧਿਆਉਣਾ ਹੈ, ਗੁਰੂ ਦੇ ਸ਼ਬਦ ਰਾਹੀਂ ਹੀ ਧਿਆਉਣਾ ਹੈ ਭਾਵ ਸ਼ਬਦ ਦੀ ਸੁਧਿ ਦੁਆਰਾ ਧਿਆਉਣਾ ਹੈ, ਉਸ ਤੇ ਅਮਲ ਕਰਕੇ ਧਿਆਉਣਾ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਆਪਣੇ ਆਪ ਨੂੰ ਉੱਜਲ ਕਰਨਾ, ਮਨ ਨੂੰ ਨਿਰਮਲ ਕਰਨਾ, ਆਪਣੀਆ ਇੰਦਰੀਆਂ ਨੂੰ ਵੱਸ ਵਿੱਚ ਕਰਨਾ ਹੀ, ਆਪਣੀਆ ਤ੍ਰਿਸ਼ਨਾਵਾਂ ਨੂੰ ਵੱਸ ਵਿੱਚ ਕਰਨਾ ਹੀ ਉਸਨੂੰ ਧਿਆਉਣਾ ਹੈ, ਉਸਦੀ ਭਗਤੀ ਹੈ ਤੇ ਪ੍ਰਮਾਤਮਾ ਨੂੰ ਸਾਡੀ ਇਹੋ ਜਿਹੀ ਭਗਤੀ ਹੀ ਭਾਉਂਦੀ ਹੈ। **(ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ॥੭॥)** ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਕੁਝ ਸਮਝਾਉਣ ਲਈ ਹੀ ਹੈ, ਜਿਸ ਸਮਝ ਨੂੰ, ਸਿੱਖਿਆ ਨੂੰ ਅਸੀਂ ਧਿਆਉਣਾ ਹੈ ਭਾਵ ਮੰਨਣਾ ਹੈ।

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ ੨੭)

ਭਗਤੀ ਕੀ ਹੈ, ਇਹ ਅਸੀਂ ਉੱਪਰ ਸਾਰੇ ਸ਼ਬਦ ਰਾਹੀਂ ਜਾਣਿਆ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੀ ਭਗਤੀ ਹੈ, ਆਪਣੇ ਮਨ ਨੂੰ ਨਿਰਮਲ ਕਰਨਾ, ਉੱਜਲ ਕਰਨਾ, ਵਿਕਾਰ ਰਹਿਤ ਹੋ ਕੇ ਸੱਚ ਨੂੰ ਅਪਣਾਉਣਾ, ਸੱਚੇ ਸੁੱਚੇ ਕਰਮਾਂ ਦੁਆਰਾ ਵਿਚਰਨਾ, ਮਨੁੱਖਤਾ ਦੇ ਕੰਮ ਆਉਣਾ, ਪਰਉਪਕਾਰੀ ਬਣਨਾ ਹੀ ਭਗਤੀ ਹੈ। ਹਰ ਜੁੱਗ ਵਿੱਚ ਗੁਰੂ ਦੀ, ਪ੍ਰਮਾਤਮਾ ਦੀ ਇਹੋ ਮਤਿ ਰਹੀ ਹੈ ਤੇ ਭਗਤੀ ਦਾ ਇਹੋ ਤਰੀਕਾ ਹੀ ਰਿਹਾ ਹੈ, ਹਰ ਜੁੱਗ ਵਿੱਚ ਇਹੋ ਧਰਮ ਰਿਹਾ ਹੈ। ਭਗਤੀ

ਦਾ ਨਾ ਕੋਈ ਹੋਰ ਤਰੀਕਾ ਹੈ ਅਤੇ ਨਾ ਹੀ ਇਸ ਤੋਂ ਬਿਨ੍ਹਾਂ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਉਸ ਨਾਲ ਮਿਲਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਂਣਾ ਹੀ ਨਾਮ ਦੀ ਪ੍ਰਾਪਤੀ ਹੈ ਅਤੇ ਨਾਮ, ਗੁਰੂ ਦੇ ਸਮਝਾਏ ਹੋਏ ਮਾਰਗ ਤੇ, ਨਾਮ ਦੇ ਮਾਰਗ ਤੇ ਚੱਲ ਕੇ ਇਹੋ ਜਿਹੀ ਭਗਤੀ ਦੁਆਰਾ ਹੀ ਪਾਇਆ ਜਾ ਸਕਦਾ ਹੈ।

5/422

ਮਨੁੱਖ ਦੀ ਇਹੋ ਜਿਹੀ ਭਗਤੀ ਹੀ ਗੁਰੂ ਦੇ ਚਰਨਾਂ ਵਿੱਚ ਆਪਣਾ ਚਿੱਤ ਲਾਉਣਾ ਹੈ ਭਾਵ ਉਸਦੀ ਮਤਿ ਵਿੱਚ ਚਿੱਤ ਲਾਉਣਾ ਹੈ ਭਾਵ ਉਸਦੀ ਮਤਿ ਵਿੱਚ ਚਿੱਤ ਲਾਉਣਾ ਹੀ ਭਗਤੀ ਹੈ। ਜੋ ਮਨੁੱਖ ਉੱਪਰ ਸ਼ਬਦ ਵਿੱਚ ਸਮਝਾਏ ਹੋਏ ਤਰੀਕੇ ਨਾਲ ਭਗਤੀ ਕਰ ਰਿਹਾ ਹੈ, ਉਸਦਾ ਮਨ ਗੁਰੂ ਦੇ ਚਰਨਾਂ ਵਿੱਚ ਜੁੜਿਆ ਹੋਇਆ ਹੈ, ਉਹ ਗੁਰੂ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

(ਗੁਰਮੁਖਿ ਭਗਤਿ ਜੁਗ ਚਾਰੇ ਹੋਈ॥ ਹੋਰਤੁ ਭਗਤਿ ਨ ਪਾਏ ਕੋਈ॥
ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ॥)

ਉੱਪਰ ਵਾਲੀਆਂ ਪੰਗਤੀਆਂ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਦਾ ਇੱਕੋ ਇੱਕ ਤਰੀਕਾ ਇਹੀ ਹੈ ਜੋ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ ਤੇ ਭਗਤੀ ਦਾ ਇਹੀ ਤਰੀਕਾ ਸਾਨੂੰ ਹਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਅਸੀਂ ਆਪਣੀ-ਆਪਣੀ ਮਤਿ ਅਨੁਸਾਰ ਭਗਤੀ ਦੇ ਅਨੇਕਾਂ ਹੀ ਤਰੀਕੇ ਬਣਾਏ ਹੋਏ ਹਨ ਤੇ ਇਸੇ ਲਈ ਬਾਣੀ ਰਾਹੀਂ ਸਾਡੇ ਉਹੋ ਜਿਹੇ ਹਰ ਤਰੀਕੇ ਦਾ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਜੁਗਾਂ-ਜੁਗਾਂ ਤੋਂ ਇੱਕੋ ਹੀ ਹੈ ਜੋ ਕਦੇ ਨਾ ਬਦਲਿਆ ਹੈ ਤੇ ਨਾ ਹੀ ਬਦਲ ਸਕਦਾ ਹੈ। ਇਹ ਭਗਤੀ ਦਾ ਤਰੀਕਾ ਜੁਗਾਂ-ਜੁਗਾਂ ਤੋਂ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ।

ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਦੇ ਆ ਰਹੇ ਹਾਂ ਕਿ ਵਾਹਿਗੁਰੂ ਨੂੰ ਜਪਣਾ ਵਾਹਿਗਰੂ ਦੀ ਮਤਿ ਨੂੰ ਜਪਣਾ ਹੈ, ਗੁਰੂ ਦੇ ਬਚਨਾਂ ਨੂੰ ਜਪਣਾ ਹੈ, ਗੁਰੂ ਦੇ ਬਚਨਾਂ ਨੂੰ ਸਿਮਰਨਾ ਹੈ ਭਾਵ ਹਰ ਵੇਲੇ, ਅੱਠੇ ਪਹਿਰ ਗੁਰੂ ਦੇ ਬਚਨਾਂ ਨੂੰ ਆਪਣੇ ਹਿਰਦੇ ਵਿੱਚ ਸਿਮਰਨਾ ਹੈ, ਉਨ੍ਹਾਂ ਨੂੰ ਸਦਾ ਯਾਦ ਵਿੱਚ ਰੱਖਣਾ ਹੈ, ਧਿਆਨ ਵਿੱਚ ਰੱਖਣਾ ਹੈ ਤਾਂ ਜੋ ਅਸੀਂ ਉਸ ਅਨੁਸਾਰ ਵਿਚਰ ਸਕੀਏ, ਗੁਰੂ ਵਾਲੀ ਕਰਨੀ ਕਰੀਏ। ਆਉ ਹੁਣ ਇਹੀ ਗੱਲ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝੀਏ ਕਿ ਵਾਹਿਗੁਰੂ ਨੂੰ ਅੱਠੇ ਪਹਿਰ ਕਿਵੇਂ ਸਿਮਰਨਾ ਹੈ।

“ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ॥੧॥
ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥੧॥ਰਹਾਉ॥
ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥
ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ॥੨॥”

(ਅੰਗ ੬੭੬)

ਸਿਮਰਨ ਸਾਡੀ ਯਾਦ ਹੈ, ਸਾਡਾ ਧਿਆਨ ਹੈ, ਸਾਡੇ ਅੰਦਰ ਦਾ ਗਿਆਨ ਹੈ ਸਾਡੇ ਅੰਦਰ ਦੀ ਸੋਝੀ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ ਤੇ ਅਸੀਂ ਉਹੋ ਕੁੱਝ ਕਰਦੇ ਹਾਂ ਜਿਸ ਵਿੱਚ ਸਾਡਾ ਧਿਆਨ ਹੁੰਦਾ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣ ਚੁੱਕੇ ਹਾਂ, ਸਾਡੀ ਕਰਨੀ ਹੀ ਸਾਡੀ ਸਿਮਰਨੀ ਹੈ ਭਾਵ ਸਾਡੀ ਕਰਨੀ ਤੋਂ ਹੀ ਪਤਾ ਲੱਗਦਾ ਹੈ ਕਿ ਅਸੀਂ ਕੀ ਸਿਮਰ ਰਹੇ ਹਾਂ। ਜੇਕਰ ਧਿਆਨ ਮਾਇਆ ਮੋਹ ਵਿੱਚ ਹੈ ਤਾਂ ਫਿਰ ਅਸੀਂ ਮਾਇਆ ਸਿਮਰਦੇ ਹਾਂ ਜਿਸ ਕਰਕੇ ਅਸੀਂ ਔਗੁਣਾਂ ਵਿੱਚ ਫਸਦੇ ਹਾਂ।

ਜੇਕਰ ਸਾਡੀ ਸਿਮਰਨੀ ਚੰਗੀ ਹੈ, ਸੋਝੀ ਚੰਗੀ ਹੈ, ਗੁਰੂ ਵਾਲੀ ਹੈ ਤਾਂ ਫਿਰ ਸਾਡੀ ਕਰਨੀ

5/423

ਵੀ ਚੰਗੀ ਹੋਵੇਗੀ, ਗੁਣਾਂ ਵਾਲੀ ਹੋਵੇਗੀ, ਪਰਉਪਕਾਰੀ ਹੋਵੇਗੀ, ਸੱਚ ਵਾਲੀ ਹੋਵੇਗੀ। ਸੁੱਖ ਦੀ ਪ੍ਰਾਪਤੀ, ਪ੍ਰਮਾਤਮਾ ਦੀ ਪ੍ਰਾਪਤੀ

ਸਾਡੀ ਚੰਗੀ ਸਿਮਰਨੀ ਦੁਆਰਾ ਹੈ। ਜੇਕਰ ਅਸੀਂ ਸਵਾਸ-ਸਵਾਸ ਗੁਰੂ ਦੇ ਹੁਕਮ ਨੂੰ ਯਾਦ ਰੱਖਦੇ ਹਾਂ ਤਾਂ ਸਾਡੀ ਸਿਮਰਨੀ ਚੰਗੀ ਹੀ ਹੋਵੇਗੀ ਜਿਸ ਨਾਲ ਸਾਡੀ ਕਰਨੀ ਵੀ ਚੰਗੀ ਹੋਵੇਗੀ। ਇਸ ਸ਼ਬਦ ਰਾਹੀਂ ਸਾਨੂੰ ਗੁਰੂ ਦੇ ਬਚਨਾਂ ਦੀ ਸੰਭਾਲ ਕਰਨ ਲਈ ਸਮਝਾਇਆ ਹੋਇਆ ਹੈ। ਹਮੇਸ਼ਾਂ ਆਪਣੇ ਨਾਲ ਗੁਰੂ ਦੇ ਬਚਨਾਂ ਨੂੰ ਲੈ ਕੇ ਚੱਲਣਾ ਹੈ, ਗੁਰੂ ਦੇ ਬਚਨਾਂ ਨੂੰ ਹਿਰਦੇ ਵਿੱਚ ਵਸਾਉਣਾ ਹੈ ਭਾਵ ਗੁਰੂ ਦੇ ਬਚਨਾਂ ਨੂੰ ਕਦੇ ਵੀ ਨਹੀਂ ਭੁੱਲਣਾ। ਜੇਕਰ ਗੁਰੂ ਦੇ ਬਚਨ ਯਾਦ ਹਨ ਤਾਂ ਫਿਰ ਅਸੀਂ ਕਦੇ ਮੰਦਾ ਕਰਮ ਨਹੀਂ ਕਰ ਸਕਦੇ। ਗੁਰੂ ਦੇ ਬਚਨ ਚੰਗੇ ਕਰਮ ਕਰਨ ਲਈ ਹਨ, ਮਾਇਆ ਮੋਹ ਚੋਂ ਨਿਕਲਣ ਲਈ ਹਨ। ਸਾਡੇ ਚੰਗੇ ਕਰਮ ਹੀ ਸਾਡੇ ਜੀਵਨ ਵਿੱਚ ਸਹਾਈ ਹਨ ਅਤੇ ਇਨ੍ਹਾਂ ਨਾਲ ਹੀ ਸਾਡੇ ਲੇਖੇ ਵਿੱਚ ਪਤਿ ਪੈਂਦੀ ਹੈ ਤੇ ਇਹ ਚੰਗੇ ਕਰਮ ਹੀ ਸਾਡੇ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਕੰਮ ਆਉਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਗੁਰੂ ਦੇ ਬਚਨ ਹੀ ਨਾਮ ਧੰਨ ਹੈ, ਹਰਿ ਧੰਨ ਹੈ ਤੇ ਜਿਸ ਮਨੁੱਖ ਕੋਲ ਇਹ ਧੰਨ ਹੈ ਭਾਵ ਜਿਸ ਨੇ ਗੁਰੂ ਦੇ ਬਚਨਾਂ ਨੂੰ ਆਪਣੇ ਅੰਦਰ ਵਸਾਇਆ ਹੋਇਆ ਹੈ, ਉਹ ਗੁਰੂ ਦੇ ਬਚਨਾਂ ਨੂੰ ਹਰ ਵੇਲੇ ਕੁਦਰਤੀ ਤੌਰ ਤੇ ਸਿਮਰ ਰਿਹਾ ਹੈ। ਇਹ ਧੰਨ ਸਾਡਾ ਗਿਆਨ ਧੰਨ ਹੈ, ਸੱਚੀ ਸੋਝੀ ਦਾ, ਗੁਰੂ ਦੀ ਸੱਚੀ ਮਤਿ ਦਾ ਧੰਨ ਹੈ, ਸਾਡੇ ਗੁਣਾਂ ਦਾ ਧੰਨ ਹੈ ਜੋ ਨਾ ਕਦੇ ਡੁੱਬ ਸਕਦਾ ਹੈ, ਨਾ ਕਦੇ ਚੋਰੀ ਹੋ ਸਕਦਾ ਹੈ ਅਤੇ ਨਾ ਹੀ ਇਸਨੂੰ ਅਗਨੀ ਸਾੜ ਸਕਦੀ ਹੈ। ਇਹ ਸਾਡੇ ਮਨ ਦਾ ਧੰਨ ਹੈ ਜੋ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੈ ਜਿਸਨੂੰ ਕੋਈ ਵੀ ਨਹੀਂ ਛਹੁ ਸਕਦਾ। ਪੂਰੀ ਗੁਰਾਬਣੀ ਵਿੱਚ ਇਹ ਧੰਨ ਭਰਿਆ ਹੋਇਆ ਹੈ। ਇਹ ਸੱਚ ਦਾ ਧੰਨ ਹੈ ਜੋ ਕਦੇ ਬਿਨਸ ਨਹੀਂ ਸਕਦਾ। ਇਹ ਗੁਰੂ ਦੇ ਬਚਨਾਂ ਦਾ ਧੰਨ ਹੈ ਜੋ ਕਦੇ ਡੋਲ ਨਹੀਂ ਸਕਦਾ। ਇਹ ਗੁਰੂ ਦੇ ਸੱਚੇ ਬੋਲਾਂ ਦਾ ਧੰਨ ਹੈ ਜੋ ਕਦੇ ਬਦਲ ਨਹੀਂ ਸਕਦਾ। ਹਰ ਮਨੁੱਖ ਲਈ ਇਹ ਧੰਨ ਜਰੂਰੀ ਦੱਸਿਆ ਹੈ। ਮਨੁੱਖ ਲਈ ਇਹ ਧੰਨ ਇਸ ਤਰ੍ਹਾਂ ਜਰੂਰੀ ਹੈ ਜਿਵੇਂ ਕਿ ਨਿਰਧਨ ਲਈ ਮਾਇਆ ਦਾ ਧੰਨ, ਇੱਕ ਅੰਧੇ ਮਨੁੱਖ ਲਈ ਉਸਦੀ ਸੋਟੀ, ਛੜੀ ਅਤੇ ਇੱਕ ਬੱਚੇ ਲਈ ਮਾਂ ਦਾ ਦੁੱਧ ਭਾਵ ਜੇਕਰ ਅਸੀਂ ਆਪਣੀ ਜ਼ਿੰਦਗੀ ਨੂੰ ਸਹੀ ਚਲਾਉਣਾ ਹੈ ਤਾਂ ਸਾਡੇ ਲਈ ਗੁਰੂ ਦੀ ਮਤਿ, ਗੁਰੂ ਦੇ ਬਚਨ ਹਰ ਵੇਲੇ ਯਾਦ ਰੱਖਣੇ, ਹਰ ਵੇਲੇ ਆਪਣੇ ਸਿਮਰਨ ਵਿੱਚ ਰੱਖਣੇ ਇਤਨੇ ਹੀ ਜ਼ਰੂਰੀ ਹਨ। (**ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ॥੧॥ ਗੁਰ ਕਾ ਬਚਨੁ ਬਸੈ ਜੀਅ ਨਾਲੇ॥ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥੧॥ਰਹਾਉ॥ ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥**) ਭਵਸਾਗਰ ਨੂੰ ਪਾਰ ਕਰਨ ਲਈ, ਮਾਇਆ ਰੂਪੀ ਔਗੁਣਾਂ ਦੇ ਸਾਗਰ ਤੋਂ ਪਾਰ ਹੋਣ

5/424

ਲਈ, ਮਨ ਦੀ ਨਾ-ਸਮਝ ਮਤਿ ਤੋਂ, ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਪਾਰ ਹੋਣ ਲਈ ਗੁਰੂ ਦੀ ਮਤਿ ਬੋਹਿਥ ਹੈ। ਆਖਰੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ॥੨॥੧॥੩੨॥”

“ਸਾਗਰ” ਤੋਂ ਭਾਵ ਹੈ ਭਵਜਲ ਸਾਗਰ, ਦੁੱਖਾਂ ਦਾ ਸਾਗਰ, ਮਾਇਆ ਮੋਹ ਦਾ ਸਾਗਰ, ਵਿਕਾਰਾਂ ਦਾ ਸਾਗਰ ਮਨ ਦੀ ਅਗਿਆਨਤਾ ਦਾ ਸਾਗਰ, ਭਰਮਾਂ ਵਾਲੇ ਵਿਚਾਰਾਂ ਦਾ ਸਾਗਰ, ਮਨਮਤਿ ਦਾ ਸਾਗਰ, ਹਉਮੈ ਵਾਲੇ ਵਿਚਾਰਾਂ ਦਾ ਸਾਗਰ, ਤ੍ਰੈ ਗੁਣਾਂ ਵਾਲੀ ਅਵੱਸਥਾ ਦਾ ਸਾਗਰ, ਜਿਸ ਵਿੱਚ ਹਰ ਕੋਈ ਡੁੱਬਿਆ ਹੋਇਆ ਹੈ ਭਾਵ ਜਿਸ ਸਾਗਰ ਨੂੰ ਅਸੀਂ ਤਰਨਾ ਹੈ, ਪਾਰ ਪਾਉਣਾ ਹੈ। ਇਸ ਸਾਗਰ ਤੋਂ ਸਾਨੂੰ ਪਾਰ ਕੱਢਣ ਲਈ **“ਬੋਹਿਥ”** ਗੁਰੂ ਦੀ ਮਤਿ ਹੈ, ਗੁਰੂ ਦੇ ਬਚਨ ਹਨ ਭਾਵ ਗੁਰੂ ਦਾ ਨਾਮ ਹੈ। ਇਹ ਬੋਹਿਥ ਭਾਵ ਇਹ ਬੇੜਾ ਜੋ ਸਾਨੂੰ ਇਸ ਸਾਗਰ ਤੋਂ ਪਾਰ ਉਤਾਰ ਸਕਦਾ ਹੈ, ਉਹ **“ਗੁਰਬਾਣੀ”** ਹੈ। ਪੂਰੀ ਗੁਰਬਾਣੀ ਗੁਰੂ ਦੀ ਮਤਿ ਹੈ, ਗੁਰੂ ਦੇ ਬਚਨ ਹਨ, ਗੁਰੂ ਦੇ ਬੋਲ ਹਨ, ਗੁਰੂ ਦੀ ਸਿੱਖਿਆ ਹੈ, ਗੁਰੂ ਦਾ ਨਾਮ ਹੈ, ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। ਗੁਰੂ ਦੇ ਬਚਨਾਂ ਨੇ, ਗੁਰੂ ਦੀ ਸਿੱਖਿਆ ਨੇ ਸਾਨੂੰ ਇਸ ਭਵ ਸਾਗਰ ਤੋਂ ਪਾਰ ਉਤਾਰਨਾ ਹੈ। ਇਹ ਭਵ ਸਾਗਰ ਸਾਡੇ ਮਨ ਦੇ ਵਿੱਚ ਹੀ ਹੈ। ਇਹ ਸਾਡੇ ਮਾੜੇ ਖਿਆਲਾਂ ਦਾ, ਮਾੜੇ ਵਿਚਾਰਾਂ ਦਾ ਸਾਗਰ ਹੈ ਜਿਸ ਨੂੰ ਅਸੀਂ ਤਰਨਾ ਹੈ ਭਾਵ ਆਪਣੇ ਮਾੜੇ ਵਿਚਾਰਾਂ ਤੋਂ, ਮਾਇਆ ਮੋਹ ਤੋਂ ਪਾਰ ਪਾਉਣਾ ਹੈ। ਪਾਰ ਅਸੀਂ ਤਾਂ ਹੀ ਪੈ ਸਕਦੇ ਹਾਂ ਜੇਕਰ ਪੁਰਾਣੇ ਵਿਚਾਰਾਂ ਨੂੰ ਛੱਡ ਕੇ ਨਵੇਂ ਵਿਚਾਰਾਂ ਵਾਲੇ ਬਣੀਏ, ਗੁਰੂ ਦੇ ਵਿਚਾਰਾਂ ਵਾਲੇ ਬਣੀਏ। ਗੁਰੂ ਦੇ ਵਿਚਾਰ, ਗੁਰੂ ਦੇ ਬਚਨ ਸਦਾ ਹੀ ਨਵੇਂ ਰਹਿੰਦੇ ਹਨ ਕਿਉਂਕਿ ਇਹ ਸੱਚੇ ਵਿਚਾਰ ਹਨ। ਸੱਚ ਸਦਾ ਹੀ ਨਵਾਂ ਰਹਿੰਦਾ ਹੈ, ਕਦੇ ਪੁਰਾਣਾ ਨਹੀਂ ਹੋ ਸਕਦਾ ਭਾਵ ਸੱਚ ਕਦੇ ਬਦਲ ਨਹੀਂ ਸਕਦਾ। **(ਸਹਿਬੁ ਮੇਰਾ ਨੀਤ ਨਵਾ)** ਅੰਗ - ੬੬੦ ਅਸੀਂ ਭਗਤੀ ਦੀ ਪੁਰਾਣੀ ਵਿਚਾਰਧਾਰਾ

ਵਿੱਚ ਫਸੇ ਹੋਏ ਹਾਂ ਤੇ ਜਦ ਤੱਕ ਉਸ ਵਿਚਾਰਧਾਰਾ ਵਿੱਚੋਂ ਨਹੀਂ ਨਿਕਲਦੇ, ਗੁਰੂ ਦੀ ਵਿਚਾਰਧਾਰਾ ਨੂੰ ਨਹੀਂ ਅਪਣਾਉਂਦੇ, ਗੁਰੂ ਦੇ ਬਚਨਾਂ ਨੂੰ ਨਹੀਂ ਅਪਣਾਉਂਦੇ, ਸਾਡਾ ਪਾਰ ਉਤਾਰਾ ਨਹੀਂ ਹੋ ਸਕਦਾ। ਜਦ ਤੱਕ ਅਸੀਂ ਇਸ ਬੋਹਿਥ ਤੇ ਨਹੀ ਬੈਠਦੇ ਅਸੀਂ ਆਪਣੇ ਵੱਲੋਂ ਜਿਤਨੀ ਮਰਜ਼ੀ ਭਗਤੀ ਦਿਖਾਈ ਜਾਈਏ ਉਹ ਕਿਸੇ ਲੇਖੇ ਵਿੱਚ ਨਹੀਂ ਹੈ। ਇਹ ਗੁਰਬਾਣੀ ਰੂਪ ਬੋਹਿਥ ਪ੍ਰਮਾਤਮਾ ਦੀ ਮਨੁੱਖਤਾ ਤੇ ਬਹੁਤ ਵੱਡੀ ਕਿਰਪਾ ਹੈ। **{ਧੰਨ ਅਕਾਲ ਪੁਰਖ, ਧੰਨ ਅਕਾਲ ਪੁਰਖ, ਧੰਨ ਅਕਾਲ ਪੁਰਖ॥ ਧੰਨ ਗੁਰਬਾਣੀ, ਧੰਨ ਗੁਰਬਾਣੀ, ਧੰਨ ਗੁਰਬਾਣੀ॥} (ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ॥੨॥੧॥੩੨॥)** ਆਪਣੇ ਬੋਹਿਥ ਤੇ ਕਿਸੇ ਨੂੰ ਉਹ ਆਪ ਹੀ ਆਪਣੀ ਕਿਰਪਾ ਕਰਕੇ ਬਿਠਾ ਸਕਦਾ ਹੈ, ਆਪਣੀ ਮਤਿ ਆਪ ਹੀ ਕਿਸੇ ਨੂੰ ਦੇ ਕੇ, ਸਮਝਾ ਕੇ ਉਸ ਤੇ ਚਲਾ ਸਕਦਾ ਹੈ। ਆਪਣਾ ਸਿਮਰਨ ਕਿਸੇ ਨੂੰ ਆਪ ਹੀ ਦੇ ਸਕਦਾ ਹੈ। ਆਪਣੇ ਬਚਨਾਂ ਤੇ ਕਿਸੇ ਨੂੰ ਆਪ ਹੀ ਚਲਾ ਸਕਦਾ ਹੈ। ਸਭ ਨੂੰ ਭੁਲੇਖੇ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ।

ਆਪਣੀ ਬੇੜੀ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ। ਇਹ ਬੇੜੀ ਸੱਚ ਦੀ ਹੈ ਭਾਵ ਸੱਚੇ ਗਿਆਨ ਦੀ ਬੇੜੀ ਹੈ ਜਿਸ ਕਰਕੇ ਪੂਰੀ ਗੁਰਬਾਣੀ ਸੱਚ ਦੀ ਬੇੜੀ ਹੈ, ਪ੍ਰਮਾਤਮਾ ਦੀ ਆਪਣੀ ਬੇੜੀ ਹੈ ਕਿਉਂਕਿ ਪ੍ਰਮਾਤਮਾ ਸੱਚ ਦੇ ਰੂਪ ਵਿੱਚ ਆਪ ਹੀ ਹੈ। ਜਿਸਨੂੰ ਪ੍ਰਮਾਤਮਾ ਆਪਣੀ ਬੇੜੀ ਤੇ ਬਿਠਾਉਂਦਾ ਹੈ, ਉਹ ਮਨ ਦੇ ਵਿੱਚ ਹੀ ਬਿਠਾਉਂਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਮੇਲ ਹੁੰਦਾ ਹੈ ਜੋ ਆਪਣਾ ਸੱਚ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਸ਼ਬਦਾਂ ਦੀਆਂ ਵਿਚਾਰਾਂ ਦੇ ਰੂਪ ਵਿੱਚ ਸਮਝਾਉਂਦਾ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ।

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥}

(ਅੰਗ ੨੦)

ਉੱਪਰ ਵਾਲੇ ਸ਼ਬਦ ਦੁਆਰਾ ਸਪੱਸ਼ਟ ਹੈ ਕਿ ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚ ਡਬੋਣ ਵਾਲੀ ਸਾਡੀ ਮਨਹਠਿ ਹੈ ਭਾਵ ਆਪਣੀ ਮਤਿ ਨੂੰ ਨਾ ਛੱਡਣਾ ਹੈ, ਮਨਮਤਿ ਨੂੰ ਨਾ ਛੱਡਣਾ ਹੈ। ਤਾਰਨਾ ਸਾਨੂੰ ਗੁਰੂ ਦੀ ਮਤਿ ਨੇ ਹੈ ਤੇ ਅਸੀਂ ਤਾਂ ਹੀ ਤਰ ਸਕਾਂਗੇ ਜੇਕਰ ਆਪਣੀ ਮਤਿ ਛੱਡਾਂਗੇ।

ਆਓ ਹੁਣ ਅਗਲੇ ਸ਼ਬਦ ਰਾਹੀਂ ਇੱਕ ਵਾਰੀ ਫਿਰ ਜਾਣੀਏ ਕਿ ਜੋ ਅਸੀਂ ਮੁੱਖੋਂ ਹਰਿ ਹਰਿ ਬੋਲ ਕੇ ਵਾਹਿਗੁਰੂ ਨੂੰ ਧਿਆਉਂਦੇ ਹਾਂ ਉਸ ਲਈ ਕਿਤਨਾ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ ਇਹੋ ਜਿਹਾ ਹਰਿ ਹਰਿ ਬੋਲਣ ਦਾ ਕੋਈ ਫਾਇਦਾ ਨਹੀਂ। ਫਾਇਦਾ ਕਿਸ ਵਿੱਚ ਹੈ ਇਹ ਵੀ ਸਮਝਾਇਆ ਹੋਇਆ ਹੈ।

“ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥
ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ॥
ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ॥
ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ॥
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ॥”

(ਅੰਗ ੯੬੦)

ਜੇਕਰ ਕੋਈ ਇਸ ਸ਼ਬਦ ਨੂੰ ਧਿਆਨ ਨਾਲ ਪੜ੍ਹ ਲਵੇਗਾ ਤਾਂ ਫਿਰ ਸ਼ਾਇਦ ਹੀ ਉਸਦਾ ਮਨ ਉਹੋ ਜਿਹਾ ਹਰਿ ਹਰਿ ਕਰਨ ਲਈ ਮੰਨੇ ਭਾਵ ਕਿਸੇ ਅੱਖਰ ਨੂੰ ਬੋਲੀ ਜਾਣ ਨੂੰ ਨਾਮ ਜਪਣਾ ਮੰਨੇ ਜੋ ਅਸੀਂ ਆਪਣੀ ਮਨਮਤਿ ਦੁਆਰਾ ਕਰਦੇ ਆ ਰਹੇ ਹਾਂ। ਸ਼ਬਦ ਦੇ ਅਰਥ ਬਿਲਕੁਲ ਸਪੱਸ਼ਟ ਹਨ ਅਤੇ ਕਿਸੇ ਵਿਆਖਿਆ ਦੀ ਵੀ ਲੋੜ ਨਹੀਂ ਹੈ, ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਫਸਿਆ ਹੈ, ਔਗੁਣਾਂ ਵਿੱਚ ਹੈ, ਹਉਮੈ ਵਿੱਚ ਹੈ, ਉਹ ਪ੍ਰਮਾਤਮਾ ਦੀ ਕ੍ਰਿਪਾ ਤੋਂ ਦੂਰ ਹੀ ਹੈ। ਉਸਦੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਿੰਨੀ ਕੁ ਵੁਕਤ ਹੈ, ਇਸ ਸ਼ਬਦ ਨੂੰ ਪੜ੍ਹ ਕੇ ਸਮਝ ਆ ਸਕਦੀ ਹੈ। ਇਹੋ ਜਿਹੇ ਮਨੁੱਖ ਨੂੰ ਸੁੱਤਾ ਹੋਇਆ ਵੀ ਕਿਹਾ ਹੈ ਭਾਵ ਗੁਰੂ ਦੇ ਗਿਆਨ ਤੋਂ ਵਿਹੂਣਾ ਕਿਹਾ ਹੈ, ਮਾਇਆ ਵਿੱਚ ਸੁੱਤਾ ਹੋਇਆ ਕਿਹਾ ਹੈ ਭਾਵ ਅਗਿਆਨਤਾ ਵਿੱਚ ਸੁੱਤਾ ਹੋਇਆ ਕਿਹਾ ਹੈ। ਜਦ ਤੱਕ ਸਾਡਾ ਮਨ ਮੈਲਾ ਹੈ ਅਸੀਂ ਬਾਹਰੋਂ ਭਾਵੇਂ ਜਿਤਨਾ ਮਰਜ਼ੀ ਚੰਗਾ ਬਣ ਲਈਏ, ਜਿਤਨਾ ਮਰਜ਼ੀ ਭਗਤੀ ਦਾ ਵਿਖਾਵਾ ਕਰ ਲਈਏ, ਉਹ ਪ੍ਰਮਾਤਮਾ ਦੀਆਂ

ਨਜ਼ਰਾਂ ਵਿੱਚ ਕਿਸੇ ਲੇਖੇ ਨਹੀਂ ਹੈ। ਇਹ ਸਾਡਾ ਨਿਰਾ ਵਹਿਮ ਹੈ ਕਿ ਅਸੀਂ ਭਗਤੀ ਕਰ ਰਹੇ ਹਾਂ ਤੇ ਇਸ ਦਾ ਸਾਨੂੰ ਭਗਤੀ ਵਾਲਾ ਫਲ ਮਿਲੇਗਾ। ਸਾਡੇ ਇਹੋ ਜਿਹੇ ਮੁੱਖੋਂ ਹਰਿ ਹਰਿ ਬੋਲ ਕੇ, ਕਿਸੇ ਅੱਖਰ ਨੂੰ ਬੋਲ ਬੋਲ ਕੇ “ਹਰਿ ਗੁਣ” ਗਾਉਣ ਨੂੰ **"ਕੂੜੀ ਕੂੜੀ ਗਾਵੈ"** ਕਹਿ ਕੇ ਸਾਨੂੰ ਝਿੰਜੋੜਿਆ ਹੋਇਆ ਹੈ, ਇੱਕ ਝੂਠਾ ਜਪ ਕਹਿ ਕੇ ਸਮਝਾਇਆ ਹੋਇਆ ਹੈ, ਕੱਖ ਕੁੱਟਣ ਦੇ ਬਰਾਬਰ ਸਮਝਾਇਆ ਹੋਇਆ ਹੈ ਜੋ ਬੇਅਰਥ ਹੁੰਦਾ ਹੈ, ਜਿਸ ਵਿੱਚੋਂ ਕੁੱਝ ਹਾਸਿਲ ਨਹੀਂ ਹੁੰਦਾ, ਜਿਸ ਵਿੱਚੋਂ ਕਿਸੇ ਫਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਾਰੀ ਗੱਲ ਸਾਡੇ ਕਰਮਾਂ ਤੇ ਨਿਬੇੜੀ ਹੋਈ ਹੈ। ਅਸੀਂ ਭਗਤੀ ਦੇ ਮਾਰਗ ਨੂੰ ਬਾਹਰੀ

ਦਿਖਾਵਿਆਂ ਨਾਲ ਜੋੜਿਆ ਹੋਇਆ ਹੈ, ਜਦ ਕੇ ਭਗਤੀ ਦਾ ਮਾਰਗ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਹਉਮੈ ਛੱਡਣ ਦਾ ਹੈ ਜੋ ਸਾਡੇ ਅੰਦਰ ਦੀ ਮੈਲ ਹੈ, ਨਾ-ਸਮਝੀ ਦੀ, ਅਗਿਆਨਤਾ ਦੀ ਮੈਲ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ ਜੋ ਮਾਰਗ ਕੇਵਲ ਸੱਚੇ ਸੁੱਚੇ ਕਰਮ ਕਰਨ ਦਾ ਹੈ। ਮਨ ਦਾ ਹਉਮੈ ਕਰਕੇ ਭਾਵ ਅਗਿਆਨਤਾ ਕਰਕੇ ਹੀ ਸਾਡਾ ਆਵਾਗਵਣ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। (**ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥ ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ॥ ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ॥**) ਅਸੀਂ ਬਾਹਰੋਂ-ਬਾਹਰੋਂ ਜਿਤਨਾ ਮਰਜ਼ੀ ਉੱਚਾ ਨਾਮ ਸਦਵਾ ਲਈਏ, ਭਗਤੀ ਵਾਲਾ ਅਖਵਾ ਲਈਏ ਪਰ ਜੇਕਰ ਸਾਡੇ ਕਰਮ ਮਾੜੇ ਹਨ, ਮਨ ਵਿੱਚ ਸੱਚ ਨਹੀਂ ਹੈ ਤਾਂ ਫਿਰ ਇਹੋ ਜਿਹੇ ਮਨੁੱਖ ਨੂੰ ਅੰਦਰੋਂ ਬਾਹਰੋਂ ਅੰਨ੍ਹਾ ਕਿਹਾ ਗਿਆ ਹੈ ਭਾਵ ਉਸਨੂੰ ਭਗਤੀ ਦੀ ਸਮਝ ਨਹੀਂ ਹੈ। ਅੰਦਰੋਂ ਅਗਿਆਨਤਾ ਕਰਕੇ ਅੰਨ੍ਹਾ ਹੈ ਤੇ ਬਾਹਰੋਂ ਵਿਖਾਵੇ ਕਰਕੇ ਅੰਨ੍ਹਾ ਹੈ। ਹਰਿ ਹਰਿ ਕਰਨਾ ਸਾਡਾ ਗੁਰੂ ਦੀ ਮਤਿ ਅਨੁਸਾਰ ਔਗੁਣਾਂ ਨੂੰ ਤਿਆਗ ਕੇ, ਗੁਣਾਂ ਨੂੰ ਧਾਰਨ ਕਰਕੇ ਸੱਚੇ ਸੁੱਚੇ ਕਰਮ ਕਰਨਾ ਹੀ ਹੈ।

(ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ॥
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ॥)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ ੧੧੯੯)

{ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬ੍ਰੂਝ ਪਾਇ ॥
ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥੧॥
ਮਨ ਰੇ ਹਰਿ ਹਰਿ ਸੇਤੀ ਲਿਵ ਲਾਇ ॥
ਮਨ ਹਰਿ ਜਪਿ ਮੀਠਾ ਲਾਗੈ ਭਾਈ ਗੁਰਮੁਖਿ ਪਾਏ ਹਰਿ ਥਾਇ ॥ ਰਹਾਉ ॥
ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥
ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥੨॥}

(ਅੰਗ ੬੦੨-੬੦੩)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ ॥੨॥}

(ਅੰਗ ੨੩)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥

ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥}

(ਅੰਗ ੭੩੨)

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਏਤੁ ਮੋਹਿ ਡੂਬਾ ਸੰਸਾਰੁ ॥
ਗੁਰਮੁਖਿ ਕੋਈ ਉਤਰੈ ਪਾਰਿ ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ ॥
ਮੋਹੇ ਲਾਗਾ ਜਮ ਪੁਰਿ ਜਾਹਿ ॥੪॥
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥
ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥
ਨਦਰਿ ਕਰੇ ਤਾ ਏਹੁ ਮੋਹੁ ਜਾਇ ॥
ਨਾਨਕ ਹਰਿ ਸਿਉ ਰਹੈ ਸਮਾਇ ॥੬॥}

(ਅੰਗ ੩੫੬)

ਮੁਖਹੁ ਹਰਿ ਹਰਿ ਬੋਲਣ ਦਾ ਕੀ ਫਲ ਮਿਲਦਾ ਹੈ, ਇਹ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ। ਗੱਲ ਮੁਖਹੁ ਬੋਲ ਬੋਲ ਕੇ ਜਪ ਕਰਨ ਦੀ ਹੈ, ਅੱਖਰ ਭਾਵੇਂ ਜਿਹੜਾ ਮਰਜ਼ੀ ਚੁਣ ਲਈਏ। ਜੇਕਰ ਕੱਖ ਕੁੱਟਣ ਦਾ ਕੋਈ ਫਲ ਮਿਲ ਸਕਦਾ ਹੈ ਤੇ ਫਿਰ ਕੋਈ ਫਲ ਦੀ ਉਮੀਦ ਰੱਖ ਲਵੇ। ਗੁਰੂ ਸਾਹਿਬ ਨੇ ਤਾਂ ਇਹੋ ਜਿਹੇ ਜਪ ਤਪ ਨੂੰ ਕੇਵਲ ਇੱਕ ਝੂਠਾ ਜਪ ਦੱਸਿਆ ਹੈ। ਹੁਣ ਤੱਕ ਜੋ ਅਸੀਂ ਚਰਚਾ ਕਰਦੇ ਆ ਰਹੇ ਹਾਂ ਇਸ ਨਾਲ ਸ਼ਾਇਦ ਹੀ ਕਿਸੇ ਵਿਰਲੇ ਨੂੰ ਹਕੀਕਤ ਦੀ ਸਮਝ ਨਾ ਲੱਗੀ ਹੋਵੇ ਕਿ ਗੁਰੂ ਸਾਹਿਬ ਸਾਨੂੰ ਕਿਹੋ ਜਿਹਾ ਹਰਿ ਹਰਿ ਕਰਨਾ ਸਿਖਾ ਰਹੇ ਹਨ। ਕਿਉਂਕਿ ਉਨ੍ਹਾਂ ਨੇ ਇਹ ਗੱਲ ਸਿਖਾਈ ਵੀ ਵਾਰ ਵਾਰ ਹੈ, ਇਸ ਲਈ ਇਸ ਗੱਲ ਨੂੰ ਸਮਝਾਇਆ ਵੀ ਵਾਰ-ਵਾਰ ਜਾ ਰਿਹਾ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਇੱਕ ਵਾਰੀ ਫਿਰ ਦ੍ਰਿੜ ਕਰੀਏ। ਇਸ ਸ਼ਬਦ ਦਾ ਹਵਾਲਾ ਪਹਿਲੇ ਵੀ ਕਾਫੀ ਪਿੱਛੇ ਆ ਚੁੱਕਾ ਹੈ।

“ਗੋਬਿਦ ਕੀ ਐਸੀ ਕਾਰ ਕਮਾਇ॥
ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ॥੧॥ਰਹਾਉ॥
ਗੋਬਿਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ॥
ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ॥੧॥
ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ॥
ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ॥੨॥
ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥

ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ॥੩॥
ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥
ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ॥
ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ॥੫॥"

(ਅੰਗ ੧੧੯੯)

ਜੋ ਕੁੱਝ ਵੀ ਅਸੀਂ ਮੁੱਖੋਂ ਬੋਲ-ਬੋਲ ਕੇ ਜਪਦੇ ਹਾਂ ਅਸੀਂ ਉਸਨੂੰ

5/426

ਹੀ ਚੰਗੀ ਕਾਰ ਸਮਝਦੇ ਹਾਂ, ਸਭ ਤੋਂ ਚੰਗੀ ਕਾਰ ਸਮਝਦੇ ਹਾਂ, ਪ੍ਰਮਾਤਮਾ ਦੀ ਕਾਰੇ ਲੱਗਾ ਹੋਇਆ ਸਮਝਦੇ ਹਾਂ ਤੇ ਬੜੀ ਸ਼ਰਧਾ ਨਾਲ ਹਰ ਕੋਈ ਇਸ ਕਾਰ ਨੂੰ ਨਿਭਾਅ ਰਿਹਾ ਹੈ। ਸਾਡਾ ਇਹੀ ਭੁਲੇਖਾ ਇਸ ਸ਼ਬਦ ਰਾਹੀਂ ਕੱਢਿਆ ਹੋਇਆ ਹੈ ਕਿ ਇਹੋ ਜਿਹੇ ਜਪ ਦੁਆਰਾ ਅਸੀਂ ਕੋਈ ਪ੍ਰਮਾਤਮਾ ਦੀ ਕਾਰ ਨਹੀਂ ਕਮਾ ਰਹੇ ਬਲਕਿ ਅਸੀਂ ਉਲਝੇ ਹੋਏ ਹਾਂ ਤੇ ਆਪਣਾ ਸਮਾਂ ਵਿਅਰਥ ਗਵਾ ਰਹੇ ਹਾਂ। ਹੁਣ "ਰਹਾਉ" ਦੀ ਪੰਗਤੀ ਨੂੰ ਧਿਆਨ ਨਾਲ ਵਿਚਾਰੋ ਜਿੱਥੇ ਸਾਨੂੰ ਨਾਮ ਨਾਲ ਲਿਵ ਲਾਉਣੀ ਸਮਝਾਈ ਹੋਈ ਹੈ। ਨਾਮ ਨਾਲ, ਗੁਰੂ ਦੀ ਮਤਿ ਦੁਆਰਾ (ਗੁਰਮੁਖਿ ਨਾਮਿ) ਲਿਵ ਲਾਉਣੀ ਸਮਝਾਈ ਹੋਈ ਹੈ ਭਾਵ ਗੁਰਮੁਖਿ ਨਾਮ ਦੇ ਨਾਲ ਲਿਵ ਜੁੜਨੀ ਇਹ ਹੈ ਕਿ ਜੋ ਕੁੱਝ ਵੀ ਗੁਰੂ ਕਹਿੰਦਾ ਹੈ ਅਸੀਂ ਉਸਨੂੰ ਸੱਚ ਕਰਕੇ ਮੰਨੀਏ। ਗੁਰੂ ਉਹ ਕੁੱਝ ਕਹਿੰਦਾ ਹੈ ਜੋ ਉਸਨੂੰ ਚੰਗਾ ਲੱਗਦਾ ਹੈ, ਜੋ ਉਸਨੂੰ ਭਾਉਂਦਾ ਹੈ, ਜੋ ਉਸਦਾ ਨਿਯਮ ਹੈ, ਜੋ ਉਸਦਾ ਅਸੂਲ ਹੈ ਜੋ ਉਸਨੇ ਖੁਦ ਭਗਤਾਂ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਖੁਦ ਅਮਲ ਕਰ ਕੇ ਦਿਖਾਇਆ ਹੈ। ਉਸਨੂੰ ਜੋ ਕੁੱਝ ਚੰਗਾ ਲੱਗਦਾ ਹੈ, ਜੋ ਕੁੱਝ ਉਸਨੂੰ ਭਾਉਂਦਾ ਹੈ ਉਹ ਸਭ ਕੁੱਝ ਗੁਰਬਾਣੀ ਵਿੱਚ ਦਰਜ ਹੈ। ਪੂਰੀ ਗੁਰਬਾਣੀ ਗੁਰੂ ਦੀ ਮਤਿ ਹੈ, ਅਕਾਲ ਪੁਰਖ ਦੀ ਆਪਣੀ ਦਿੱਤੀ ਹੋਈ ਮਤਿ ਹੈ, ਅਕਾਲ ਪੁਰਖ ਦਾ ਆਪਣਾ ਦਿੱਤਾ ਹੋਇਆ ਭਗਤੀ ਕਰਨ ਦਾ ਅਸੂਲ ਹੈ, ਉਸਦਾ ਆਪਣਾ ਬਣਾਇਆ ਹੋਇਆ ਅਟੱਲ ਕਾਨੂੰਨ ਹੈ ਜਿਸ ਨੂੰ ਮੰਨਣ ਦੁਆਰਾ ਹੀ ਉਸਦੀ ਭਗਤੀ ਹੋ ਸਕਦੀ ਹੈ, ਉਸਦਾ ਸਾਰੀ ਮਨੁੱਖਤਾ ਲਈ ਬਣਾਇਆ ਹੋਇਆ ਇਹੋ ਜਿਹਾ ਧਰਮ ਦਾ ਮਾਰਗ ਹੈ, ਜੋ ਜੁਗਾਂ ਜੁਗਾਂ ਤੋਂ ਚੱਲਦਾ ਆ ਰਿਹਾ ਹੈ। ਪੂਰੀ ਗੁਰਬਾਣੀ ਸਾਨੂੰ ਸੱਚ ਦੀ ਸਿੱਖਿਆ ਦੇ ਰਹੀ ਹੈ ਅਤੇ ਇਹ ਹੀ ਸਾਡਾ ਸਭ ਦਾ ਧਰਮ ਹੈ, ਇਹ ਹੀ ਸਭ ਲਈ ਨਾਮ ਹੈ। ਬਸ ਇਸ ਅਕਾਲ ਪੁਰਖ ਦੀ ਮਤਿ ਨੂੰ ਹੀ ਅਸੀਂ ਸੱਚ ਕਰਕੇ ਮੰਨਣਾ ਹੈ ਤੇ ਇਸ ਨੂੰ ਮੰਨਣਾ ਹੀ ਨਾਮ ਨਾਲ ਲਿਵ ਲਾਉਣਾ ਹੈ। **(ਗੋਬਿਦ ਕੀ ਐਸੀ ਕਾਰ ਕਮਾਇ ॥ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ॥੧॥ ਰਹਾਉ॥)** ਅਗਲੀਆਂ ਕੁੱਝ ਪੰਗਤੀਆਂ ਵਿੱਚ ਨਾਮ ਦੀ ਲਿਵ ਲੱਗਣਾ ਕੀ ਹੈ, ਸਾਡੇ ਮਨ ਦੀ ਅਵੱਸਥਾ ਕੀ ਬਣਦੀ ਹੈ, ਇਹ ਸਮਝਾਇਆ ਹੋਇਆ ਹੈ। ਮਨੁੱਖ ਨੂੰ ਨਾਮ ਦੀ ਲਿਵ ਲੱਗਣ ਤੋਂ ਬਾਅਦ ਸਿਰਫ ਗੁਰੂ ਦੀ ਗੱਲ ਹੀ ਚੰਗੀ ਲੱਗਦੀ ਹੈ ਤੇ ਉਸ ਤੋਂ ਇਲਾਵਾ ਹੋਰ ਕੋਈ ਗੱਲ ਚੰਗੀ

5/427

ਨਹੀਂ ਲੱਗਦੀ। ਜੇਕਰ ਗੁਰੂ ਇਹ ਸਮਝਾਉਂਦਾ ਹੈ ਕਿ ਸੱਚ ਤੇ ਚੱਲਣਾ ਹੈ ਤੇ ਔਗੁਣਾਂ ਤੋਂ ਬਚਣਾ ਹੈ ਤਾਂ ਫਿਰ ਉਹ ਮਨੁੱਖ ਇਹੀ ਕੁਝ ਕਰੇਗਾ ਭਾਵ ਗੁਰੂ ਦੀ ਸਮਝਾਈ ਹੋਈ ਹਰ ਗੱਲ ਨੂੰ ਮੰਨਣ ਦੁਆਰਾ ਆਪਣੀ ਪ੍ਰੀਤ ਕੇਵਲ ਗੁਰੂ ਨਾਲ ਦਿਖਾਵੇਗਾ। ਨਾਮ ਨਾਲ ਲਿਵ ਤਾਂ ਹੀ ਲੱਗਦੀ ਹੈ ਜਦੋਂ ਸਾਡਾ ਮਨ ਗੁਰੂ ਦੇ ਮਨ ਨਾਲ ਮਿਲ ਕੇ ਇੱਕ ਹੋ ਜਾਵੇ, ਸਾਡੇ ਮਨ ਦੀ ਜੋਤ ਗੁਰੂ ਦੀ ਜੋਤਿ ਨਾਲ ਮਿਲ ਜਾਵੇ, ਸਾਡੀ ਸੋਚ ਗੁਰੂ ਦੀ ਸੋਚ ਨਾਲ ਮਿਲ ਜਾਵੇ, ਮਨਮਤਿ ਗੁਰਮਤਿ ਵਿੱਚ ਸਮਾਅ ਜਾਵੇ। ਐਸਾ ਹੋਣ ਨਾਲ ਹੀ ਮਨੁੱਖ ਹਰ ਵੇਲੇ ਖੇੜੇ ਵਿੱਚ ਰਹਿੰਦਾ ਹੈ, ਅਨੰਦ ਵਿੱਚ ਰਹਿੰਦਾ ਹੈ ਭਾਵ ਮਨੁੱਖ ਲਈ ਇਹ ਅਨੰਦ ਦੀ ਅਵੱਸਥਾ ਹੈ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਇਹੋ ਜਿਹੀ ਨਾਮ ਦੀ ਲਿਵ ਲੱਗਣਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਭਾਵ ਗੁਰੂ ਦੀ ਮਤਿ ਦੇ ਨਾਲ ਆਪਣੀ ਮਤਿ ਨੂੰ ਜੋੜਨਾ ਹੀ, ਗੁਰੂ ਦੀ ਮਤਿ ਅਨੁਸਾਰ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਕਿਉਂਕਿ ਐਸਾ ਕਰਨ ਨਾਲ ਮਨੁੱਖ ਔਗੁਣਾਂ ਤੋਂ ਦੂਰ ਹੋ ਜਾਂਦਾ ਹੈ, ਤ੍ਰਿਸ਼ਨਾਵਾਂ ਤੋਂ ਦੂਰ ਹੋ ਜਾਂਦਾ ਹੈ ਤੇ ਮਨ ਦੀ ਭਟਕਣਾ ਮੁੱਕ ਜਾਂਦੀ ਹੈ, ਮਾਇਆ ਮੋਹ ਨਹੀਂ ਸਤਾਉਂਦਾ ਤੇ ਮਨ ਵਿੱਚ ਸੰਤੋਖ ਆ ਜਾਂਦਾ ਹੈ। ਇਹ ਸਭ ਤਾਂ ਹੀ ਹੋ ਸਕਦਾ

ਹੈ ਭਾਵ ਸਾਡੇ ਅੰਦਰ ਗੁਰੂ ਦੀ ਮਤਿ ਤਾਂ ਹੀ ਵੱਸਦੀ ਹੈ ਜਦੋਂ ਪ੍ਰਮਾਤਮਾ ਸਾਡੇ ਤੇ ਕ੍ਰਿਪਾਲੂ ਹੁੰਦਾ ਹੈ। ਇਹ ਗੁਰੂ ਦੀ ਮਤਿ ਦਾ ਸਾਡੇ ਅੰਦਰ ਵੱਸਣਾ ਹੀ ਗੁਰੂ ਦੇ ਚਰਨਾਂ ਵਿੱਚ ਚਿੱਤ ਲਾਉਣਾ ਹੈ। (**ਗੋਬਿਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ॥ ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ॥੧॥ ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ॥ ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ॥੨॥**) ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਇਹ ਸਮਝਣ ਵਿੱਚ ਕੋਈ ਭਰਮ ਨਾ ਰਹੇ ਕਿ ਪ੍ਰਮਾਤਮਾ ਦੇ ਨਾਲ ਸਾਡੀ ਲਿਵ ਜੁੜਨੀ ਕੀ ਹੈ ਜੋ ਕਿ ਹਰਿ ਨੂੰ ਧਿਆਉਣ ਦੁਆਰਾ ਜੁੜਦੀ ਹੈ। ਇਹ ਸਭ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਹ ਕੁੱਝ ਸਮਝਦੇ ਆ ਰਹੇ ਹਾਂ। ਗੁਰੂ ਦੀ ਮਤਿ ਦਾ ਸਾਡੇ ਅੰਦਰ ਵੱਸਣਾ ਹੀ ਸਾਡੀ ਮਤਿ ਦੇ ਵਿੱਚ ਪ੍ਰਗਾਸ ਹੋਣਾ ਹੈ, ਸਾਡੀ ਮਤਿ ਵਿੱਚ ਗੁਰੂ ਦੇ ਗਿਆਨ ਦਾ ਪ੍ਰਗਾਸ ਹੋਣਾ ਹੈ ਤੇ ਇਸ ਦੇ ਦੁਆਰਾ ਹੀ ਹਰਿ ਨੂੰ ਧਿਆਇਆ ਜਾ ਸਕਦਾ ਹੈ ਭਾਵ ਉਸ ਨੂੰ ਸਮਝਿਆ ਜਾ ਸਕਦਾ ਹੈ, ਉਸਨੂੰ ਪਾ ਲਿਆ ਜਾਂਦਾ ਹੈ। ਇਹੀ ਸਾਡੇ ਅੰਦਰ ਜੋਤਿ ਦਾ ਪਰਗਟ ਹੋਣਾ ਹੈ ਭਾਵ ਪ੍ਰਮਾਤਮਾ ਦਾ ਪਰਗਟ ਹੋਣਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਪਰਗਟ ਹੋਣਾ ਹੈ ਜਿਸ ਦੁਆਰਾ ਗਿਆਨ ਦੇ ਤੱਤੁ ਨਾਲ ਭਾਵ ਨਾਮੁ ਨਾਲ ਸਾਡੀ ਲਿਵ ਜੁੜਦੀ ਹੈ। ਗਿਆਨ ਦੇ ਤੱਤ ਨਾਲ ਲਿਵ ਲਾ ਕੇ ਭਾਵ ਗੁਰੂ ਦੀ ਮਤਿ ਨਾਲ ਲਿਵ ਲਾ ਕੇ ਭਾਵ ਉਸ ਤੇ ਅਮਲ ਕਰਕੇ ਹੀ ਪ੍ਰਮਾਤਮਾ ਨੂੰ ਧਿਆਇਆ ਜਾ ਸਕਦਾ ਹੈ। ਪ੍ਰਮਾਤਮਾ ਦਾ ਧਿਆਇਆ ਜਾਣਾ ਉਸ ਦੇ ਫਲ ਦੀ ਪ੍ਰਾਪਤੀ ਹੈ ਜੋ ਕਿ ਉਹ ਆਪ ਹੀ ਦਿੰਦਾ ਹੈ। ਇਹ ਫਲ ਮਨ ਦੀ ਪੂਰਨ ਸੋਝੀ ਦਾ ਫਲ ਹੈ, ਉਸਦੇ ਸੱਚੇ ਗਿਆਨ ਦਾ ਫਲ ਹੈ ਜੋ ਕਿ ਮਨ ਦੇ ਵਿੱਚ ਆਪਣੀ ਜੋਤਿ ਰਾਹੀਂ ਪ੍ਰਗਟ ਹੋ ਕੇ ਉਹ ਆਪ ਹੀ ਦਿੰਦਾ ਹੈ ਤੇ ਤਾਂ ਹੀ ਇਸ ਮਨ ਦੀ ਸੋਝੀ ਪੈਂਦੀ ਹੈ ਕਿ ਸਾਡੇ ਅੰਦਰ ਸਾਰਾ ਗਿਆਨ ਕਿੱਥੋਂ ਆਉਂਦਾ ਹੈ ਤੇ ਕਿਵੇਂ ਆਉਂਦਾ ਹੈ।

5/428

ਮਨੁੱਖ ਜਿਸ ਮਨ ਨੂੰ ਆਪਣਾ ਸਮਝਦਾ ਸੀ ਉਸਨੂੰ ਇਹ ਸੋਝੀ ਪੈ ਜਾਂਦੀ ਹੈ, ਯਕੀਨ ਆ ਜਾਂਦਾ ਹੈ ਕਿ ਮੇਰੇ ਅੰਦਰ ਪ੍ਰਮਾਤਮਾ ਹੀ ਹੈ ਤੇ ਮਨੁੱਖ ਦੇ ਅੰਤਰ ਆਤਮਾ ਵਿੱਚ, ਸਹਜ ਵਿੱਚ ਪ੍ਰਮਾਤਮਾ ਦੀ ਹੋਂਦ ਦਾ, ਉਸਦੀ ਸਮਾਧੀ ਦਾ ਲੱਗਣਾ ਸਮਝ ਆ ਜਾਂਦਾ ਹੈ ਭਾਵ ਮਨੁੱਖ ਨੂੰ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਮੇਰੇ ਅੰਦਰ ਦਾ ਗਿਆਨ ਮੈਨੂੰ ਕਿੱਥੋਂ ਮਿਲ ਰਿਹਾ ਹੈ। ਇਹ ਹੀ ਆਪਣੇ ਆਪ ਦੀ ਪਹਿਚਾਣ ਹੋਣੀ ਹੈ ਤੇ ਆਪਣੀ ਹੋਂਦ ਦਾ ਖਤਮ ਹੋਣਾ ਹੈ, ਹਉਮੈ ਦਾ ਖਤਮ ਹੋਣਾ ਹੈ।

(ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ॥੩॥)
{ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥}

(ਅੰਗ ੯੨੦)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥}

(ਅੰਗ ੨੯੫)

ਸਾਡੇ ਸਭ ਦੇ ਅੰਦਰ ਸਮਾਧੀ ਉਸ ਪ੍ਰਮਾਤਮਾ ਦੀ ਹੀ ਲੱਗੀ ਹੋਈ ਹੈ ਜੋ ਕਿ ਮਨ ਦੇ ਅੰਦਰ ਗਿਆਨ ਰੂਪ ਵਿੱਚ ਲੱਗੀ ਹੋਈ ਹੈ। ਸਭ ਦੇ ਅੰਦਰ ਉਹ ਆਪ ਹੀ ਆਪਣੇ ਗਿਆਨ ਦੁਆਰਾ ਵਿਚਰ ਰਿਹਾ ਹੈ ਜਿਸਦੀ ਮਨੁੱਖ ਨੂੰ ਸਮਝ ਨਹੀਂ ਹੈ। ਇਸੇ "ਸਹਜਿ ਸਮਾਧਿ" ਨੂੰ ਹੀ "ਸੁੰਨ ਸਮਾਧਿ" ਕਿਹਾ ਹੈ ਭਾਵ ਉਹ ਪ੍ਰਮਾਤਮਾ ਸਾਡੇ ਅੰਦਰ ਸੁੰਨ ਅਵੱਸਥਾ ਵਿੱਚ ਵਿਚਰ ਰਿਹਾ ਹੈ, ਬਿਨ੍ਹਾਂ ਕਿਸੇ ਆਵਾਜ਼ ਤੋਂ ਵਿਚਰ ਰਿਹਾ ਹੈ, ਬਿਨ੍ਹਾਂ ਕਿਸੇ ਨੂੰ ਪਤਾ ਲੱਗੇ ਵਿਚਰ ਰਿਹਾ ਹੈ, ਉਹ ਆਪਣੇ ਅਨਾਹਦ ਨਾਦ ਰਾਹੀਂ ਵਰਤ ਰਿਹਾ ਹੈ, ਅਨਾਹਦ ਸ਼ਬਦ ਰਾਹੀਂ ਵਰਤ ਰਿਹਾ ਹੈ। ਇਸ ਦੀ ਸੋਝੀ ਪੈਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ। ਇਸ ਤੋਂ ਬਾਅਦ ਪ੍ਰਮਾਤਮਾ ਦੇ ਨਾਲ ਗੱਲਾਂ ਮਨ ਦੇ ਵਿੱਚ ਹੀ ਹੁੰਦੀਆਂ ਹਨ, ਉਸਦੀ ਦਰਗਾਹ ਦੇ ਵਿੱਚ ਹੀ ਹੁੰਦੀਆਂ ਹਨ, ਦਸਮ ਦੁਆਰ ਦੇ ਵਿੱਚ, ਸੱਚਖੰਡ ਦੇ ਵਿੱਚ ਹੀ ਹੁੰਦੀਆਂ ਹਨ। ਇਹ ਉਹ ਨਜ਼ਾਰਾ ਹੈ, ਉਹ ਅਨੰਦ ਹੈ ਜਿਸ ਨੂੰ ਕੇਵਲ ਉਸਦੀ ਸੋਝੀ ਪੈਣ ਤੇ ਹੀ ਮਾਣਿਆ ਜਾ ਸਕਦਾ ਹੈ। ਇਹ ਬਿਆਨ ਤੋਂ ਬਾਹਰ ਹੈ।

ਹੁਣ ਤੱਕ ਮੁੱਖ ਸ਼ਬਦ ਦੀਆਂ ਪਿਛਲੀਆਂ ਪੰਗਤੀਆਂ ਵਿੱਚ ਅਸੀਂ ਹਰਿ ਹਰਿ ਕਰਨ ਦਾ ਜੋ ਅਸਲ ਤਰੀਕਾ ਹੈ, ਹਰਿ ਧਿਆਉਣ ਦਾ ਜੋ ਤਰੀਕਾ ਹੈ, ਪ੍ਰਮਾਤਮਾ ਦੀ ਕਾਰ ਕਮਾਉਣ ਦਾ ਜੋ ਅਸਲ ਤਰੀਕਾ ਹੈ, ਨਾਮ ਨਾਲ ਲਿਵ ਲਾਉਣ ਦਾ ਜੋ ਤਰੀਕਾ ਹੈ, ਉਸ ਨਾਲ ਪ੍ਰੀਤ ਲਗਾਉਣ ਦਾ ਜੋ ਤਰੀਕਾ ਹੈ, ਉਸ ਦੇ ਗੁਣ ਗਾਉਣ ਦਾ ਜੋ ਤਰੀਕਾ ਹੈ, ਉਸ

5/429

ਨਾਲ ਚਿੱਤ ਲਾਉਣ ਦਾ ਜੋ ਤਰੀਕਾ ਹੈ, ਆਪਣੇ ਮਨ ਨੂੰ ਸੰਤੋਖ ਵਿੱਚ ਲਿਆਉਣ ਦਾ ਜੋ ਤਰੀਕਾ ਹੈ, ਜੋਤ ਨਾਲ ਜੋਤ ਮਿਲਾਉਣ ਦਾ ਜੋ ਤਰੀਕਾ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਜੋ ਤਰੀਕਾ ਸਮਝਿਆ ਹੈ ਉਹੀ ਤਰੀਕਾ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਉਹ ਤਰੀਕਾ ਸਮਝਾਇਆ ਹੋਇਆ ਹੈ, ਜਿਸ ਦੁਆਰਾ ਆਮ ਤੌਰ ਤੇ ਹਰ ਕੋਈ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਆਪਣੇ ਇਸ ਤਰੀਕੇ ਨੂੰ ਹੀ ਹਰ ਕੋਈ ਗੁਰੂ ਦੀ ਮਤਿ ਸਮਝਦਾ ਹੈ, ਉਸ ਤੇ ਗੁਰੂ ਦੀ ਕਿਰਪਾ ਸਮਝਦਾ ਹੈ, ਗੋਬਿੰਦ ਦੀ ਕਾਰ ਕਰਨੀ ਸਮਝਦਾ ਹੈ, ਗੁਰੂ ਦੇ ਉਪਦੇਸ਼ ਨੂੰ ਸੱਚ ਕਰਕੇ ਮੰਨਣਾ ਸਮਝਦਾ ਹੈ, ਨਾਮ ਨਾਲ ਲਿਵ ਲਾਉਣੀ ਸਮਝਦਾ ਹੈ, ਨਾਮ ਜਪਣਾ ਸਮਝਦਾ ਹੈ, ਹਰਿ ਹਰਿ ਕਰਨਾ ਸਮਝਦਾ ਹੈ, ਪ੍ਰਮਾਤਮਾ ਨਾਲ ਆਪਣੀ ਪ੍ਰੀਤ ਦਿਖਾਉਣੀ ਸਮਝਦਾ ਹੈ, ਅਨੰਦ ਮਾਨਣਾ ਸਮਝਦਾ ਹੈ, ਆਪਣਾ ਮਨ ਗੁਰੂ ਨਾਲ ਮੰਨਿਆ ਹੋਇਆ ਸਮਝਦਾ ਹੈ, ਉਸ ਦੇ ਗੁਣ ਗਾਉਣਾ ਸਮਝਦਾ ਹੈ, ਆਪਣੇ ਮਨ ਦੀ ਸ਼ਾਂਤੀ ਦਾ ਤਰੀਕਾ ਸਮਝਦਾ ਹੈ, ਗੁਰੂ ਦੇ ਚਰਨਾਂ ਵਿੱਚ ਚਿੱਤ ਲਾਉਣਾ ਸਮਝਦਾ ਹੈ, ਸਮਾਧੀ ਵਿੱਚ ਬੈਠ ਕੇ ਜਪ ਤਪ ਕਰਨ ਨੂੰ ਗੁਰੂ ਦੀ ਯਾਦ ਵਿੱਚ ਸਮਾਧੀ ਲਗਾਉਣਾ ਸਮਝਦਾ ਹੈ, ਸੁੰਨ ਸਮਾਧਿ ਸਮਝਦਾ ਹੈ ਭਾਵ ਆਪਣਾ ਸਾਰਾ ਜਪ ਤਪ ਗੁਰੂ ਦੀ ਮਤਿ ਅਨੁਸਾਰ ਸਮਝਦਾ ਹੈ। ਗੁਰੂ ਜੀ ਸਾਨੂੰ ਇਹ ਸਾਡਾ ਇੱਕ ਵੱਡਾ ਭਰਮ ਦੱਸ ਕੇ ਸੋਝੀ ਪਾ ਰਹੇ ਹਨ, ਜੋ ਕਿ ਹੇਠਲੀਆਂ ਪੰਗਤੀਆਂ ਦੁਆਰਾ ਬੜਾ ਹੀ ਸਪੱਸ਼ਟ ਹੈ। ਇਹੀ ਗੱਲ ਅਸੀਂ ਪਿਛਲੇ ਸ਼ਬਦ ਰਾਹੀਂ ਸਮਝੀ ਸੀ, ਬਸ ਐਥੇ ਜਰਾ ਦੂਸਰੇ ਤਰੀਕੇ ਨਾਲ ਸਮਝਾਈ ਹੋਈ ਹੈ।

"ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥"

ਕਮਾਈ ਅਸੀਂ ਉਸੇ ਚੀਜ਼ ਦੀ ਕਰਦੇ ਹਾਂ ਜੋ ਸਾਡੇ ਮਨ ਦੀ ਇੱਛਾ ਹੁੰਦੀ ਹੈ। ਜੇਕਰ ਹਿਰਦੇ ਵਿੱਚ ਗੁਰੂ ਦੀ ਮਤਿ ਵੱਸੀ ਹੋਈ ਹੈ, ਸਾਡੇ ਅੰਦਰ ਹਰਿ ਵੱਸਿਆ ਹੋਇਆ ਹੈ ਤਾਂ ਫਿਰ ਅਸੀਂ ਗੁਰਮਤਿ ਦੀ ਸੱਚੀ ਸਮਝ ਦੁਆਰਾ, ਮਨ ਦੀ ਸੱਚੀ ਇੱਛਾ ਦੁਆਰਾ, ਹਰਿ ਦੀ ਕਮਾਈ ਕਰਾਂਗੇ, ਗੁਰੂ ਵਾਲੀ ਕਾਰ ਕਮਾਵਾਂਗੇ ਜਿਵੇਂ ਕਿ ਸ਼ਬਦ ਦੀਆਂ ਸ਼ੁਰੂ ਵਾਲੀਆਂ ਪਹਿਲੀਆਂ ਪੰਗਤੀਆਂ ਵਿੱਚ

5/430

ਸਮਝਾਈ ਹੋਈ ਹੈ। ਹੁਣ ਜੇਕਰ ਸਾਡਾ ਹਿਰਦਾ ਸ਼ੁੱਧ ਨਹੀਂ ਹੈ, ਸਾਡੇ ਮਨ ਵਿੱਚ ਕਪਟ ਹੈ, ਮਾਇਆ ਮੋਹ ਹੈ, ਵਿਕਾਰ ਹਨ ਤਾਂ ਫਿਰ ਸਾਡੀ ਕਮਾਈ ਵੀ ਵਿਕਾਰਾਂ ਵਾਲੀ ਹੈ, ਕਪਟ ਵਾਲੀ ਹੈ ਕਿਉਂਕਿ ਸਾਡੇ ਅੰਦਰ ਉਹ ਇੱਛਾ ਹੀ ਨਹੀਂ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਇਹੋ ਜਿਹੀ ਅਵੱਸਥਾ ਵਿੱਚ ਅਸੀਂ ਮੁੱਖੋਂ ਹਰਿ ਹਰਿ ਬੋਲੀ ਜਾਈਏ ਤਾਂ ਫਿਰ ਉਸਦਾ ਕੀ ਲਾਭ। ਹਰਿ ਹਰਿ ਸਾਡੇ ਮਨ ਨੇ ਕਰਨਾ ਹੈ ਨਾ ਕਿ ਸਾਡੇ ਮੁੱਖੋਂ ਬੋਲਣ ਨਾਲ ਹੋਣਾ ਹੈ।

{ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥੨॥}

(ਅੰਗ ੪੭੪)

{ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

{ਸੁਣਿ ਮਨ ਅੰਧੇ ਕੁਤੇ ਕੂੜਿਆਰ॥
ਬਿਨੁ ਬੋਲੇ ਬੂਝੀਐ ਸਚਿਆਰ॥੧॥ ਰਹਾਉ॥}

(ਅੰਗ ੬੬੨)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ ੫੩)

ਫਲ ਉਸੇ ਗੱਲ ਦਾ ਮਿਲਣਾ ਹੈ ਜਿਹੋ ਜਿਹੀ ਇੱਛਾ ਸਾਡੇ ਮਨ ਦੇ ਵਿੱਚ ਵੱਸੀ ਹੋਈ ਹੈ। ਜੇਕਰ ਅੰਦਰ ਬਿਖ ਹੈ ਭਾਵ ਮਾਇਆ ਮੋਹ ਹੈ, ਕਪਟ ਹੈ ਤਾਂ ਸਾਡੀ ਇੱਛਾ ਮਾਇਆ ਦੀ ਪ੍ਰਾਪਤੀ ਨਾਲ ਜੁੜੀ ਹੋਈ ਹੈ ਤੇ ਉਸਦਾ ਫਲ ਅੰਮ੍ਰਿਤ ਨਹੀਂ ਹੋ ਸਕਦਾ। ਅਸੀਂ ਹਰਿ ਹਰਿ ਬੋਲ ਕੇ ਅੰਮ੍ਰਿਤ ਮੰਗਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਮੰਗਦੇ ਹਾਂ, ਉਸਦੇ ਨਾਮ ਦਾ ਦਾਨ ਮੰਗਦੇ ਹਾਂ ਜਦਕਿ ਅੰਦਰ ਸਾਡੇ ਬਿਖ ਵੱਸੀ ਹੋਈ ਹੈ। ਬਿਖ ਦੇ ਬਦਲੇ ਅੰਮ੍ਰਿਤ ਮੰਗਣਾ ਕਿੱਧਰ ਦਾ ਨਿਆਉ ਹੈ, ਇਹ ਕੇਵਲ ਮੂੰਹੋਂ ਹਵਾ ਛੱਡਣ ਵਾਲੀ ਗੱਲ ਹੈ, ਰੌਲਾ ਪਾਉਣ ਵਾਲੀ ਗੱਲ ਹੈ, ਤੁਖ ਕੁੱਟਣ ਵਾਲੀ ਗੱਲ ਹੈ ਭਾਵ ਇਹੋ ਜਿਹਾ ਜਪ ਤਪ ਬਿਲਕੁਲ ਵਿਅਰਥ ਹੈ ਜਿਸ ਦਾ ਕਾਰਨ ਨਾਮ ਦੀ ਸੋਝੀ ਨਾ ਹੋਣਾ ਹੈ। ਆਪਣੇ ਅੰਦਰੋ ਵਿਕਾਰਾਂ ਦਾ ਤਿਆਗ ਹੀ ਹਰਿ ਹਰਿ ਕਰਨਾ ਹੈ, ਸੱਚੇ ਸੁੱਚੇ ਕਰਮ ਕਰਨਾ ਹੀ ਹਰਿ ਹਰਿ ਕਰਨਾ ਹੈ।

{ਪ੍ਰਥਮੇ ਛੋਡੀ ਪਰਾਈ ਨਿੰਦਾ ॥
ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥
ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥
ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥
ਨਾਮ ਧਿਆਏ ਹਰਿ ਹਰਿ ਹਰੇ ॥

ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥
ਸਰਬ ਮਹਿ ਪੂਰਨ ਭਗਵਾਨ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥
ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥
ਕਹੁ ਨਾਨਕ ਤਾ ਕੀ ਪੂਰੀ ਪਈ ॥੪॥}

(ਅੰਗ ੧੧੪੭)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ ॥੨॥}

(ਅੰਗ ੨੩)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥}

(ਅੰਗ ੭੩੨)

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਹੀ ਸਮਝਾਇਆ ਹੋਇਆ ਹੈ ਕਿ ਨਾਮ ਦੀ ਸੋਝੀ ਸਾਨੂੰ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਪਾਉਂਦਾ ਹੈ ਜੋ ਕਿ ਉਹ ਆਪਣੇ ਮੇਲ ਦੁਆਰਾ ਪਾਉਂਦਾ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਹਨ ਅਸੀਂ ਕੇਵਲ ਦੁੱਖ ਦਾ ਭੋਜਨ ਕਰ ਰਹੇ ਹਾਂ। ਸੁੱਖਾਂ ਦਾ ਭੋਜਨ ਗੁਣਾਂ ਦਾ ਭੋਜਨ ਹੈ, ਗੁਰੂ ਦੀ ਮਤਿ ਦਾ ਭੋਜਨ ਹੈ, ਅੰਮ੍ਰਿਤ ਭੋਜਨ ਹੈ ਜੋ ਭੋਜਨ ਸੱਚੇ ਗਿਆਨ ਦਾ ਭੋਜਨ ਹੈ, ਨਾਮ ਭੋਜਨ ਹੈ ਜੋ ਸਾਡੇ ਮਨ ਨੇ ਕਰਨਾ ਹੈ, ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਕਰਨਾ ਹੈ। ਮੂੰਹ ਨਾਲ ਬੋਲ ਬੋਲ ਕੇ ਅੰਮ੍ਰਿਤ ਭੋਜਨ ਨਹੀਂ ਕੀਤਾ ਜਾ ਸਕਦਾ। ਜਦ ਤੱਕ ਸਾਡੇ ਅੰਦਰ ਵਿਕਾਰ ਹਨ, ਅਸੀਂ ਪ੍ਰਮਾਤਮਾ ਦੀ ਕਿਰਪਾ ਤੋਂ ਵਾਂਝੇ ਹਾਂ, ਉਸਦੀ ਖੁਸ਼ੀ ਤੋਂ ਵਾਂਝੇ ਹਾਂ। ਜਦੋਂ ਪ੍ਰਮਾਤਮਾ ਸਾਡੇ ਤੇ ਖੁਸ਼ ਹੋਵੇਗਾ ਤਾਂ ਫਿਰ ਉਹ ਸਾਨੂੰ ਆਪਣੀ ਮਤਿ ਨਾਲ ਜੋੜੇਗਾ ਭਾਵ ਸਾਨੂੰ

ਔਗੁਣਾਂ ਤੋਂ ਮੁਕਤ ਕਰੇਗਾ, ਸਾਨੂੰ ਨਾਮ ਦੀ ਸੋਝੀ ਪਾਵੇਗਾ ਤਾਂ ਜੋ ਅਸੀਂ ਔਗੁਣਾਂ ਤੋਂ ਪੂਰੀ ਤਰ੍ਹਾਂ ਰਹਿਤ ਹੋ ਸਕੀਏ ਤੇ ਨਾਮ ਜਪ ਸਕੀਏ। **(ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇਆ॥)** ਨਾਮ ਦੀ ਪ੍ਰਾਪਤੀ, ਪ੍ਰਮਾਤਮਾ ਦੇ ਮੇਲ ਦੀ ਪ੍ਰਾਪਤੀ, ਸੁੱਖ ਦੀ ਪ੍ਰਾਪਤੀ ਨਾਮ ਨੂੰ ਜਪਦੇ ਜਪਦੇ ਹੀ ਹੁੰਦੀ ਹੈ ਭਾਵ ਗੁਰੂ ਦੀ ਮਤਿ ਨੂੰ ਜਪਦੇ ਜਪਦੇ ਹੀ ਹੁੰਦੀ ਹੈ, ਉਸ ਤੇ ਅਮਲ ਕਰਦਿਆਂ ਕਰਦਿਆਂ ਹੀ ਹੁੰਦੀ ਹੈ ਭਾਵ ਸੱਚਾ ਉੱਦਮ ਕਰਦਿਆਂ ਕਰਦਿਆਂ ਹੀ ਹੁੰਦੀ ਹੈ ਜੋ ਸੱਚਾ ਉੱਦਮ ਮਨਮਤਿ ਨੂੰ ਛੱਡਣ ਦਾ ਹੈ, ਹਉਮੈ ਨੂੰ ਛੱਡਣ ਦਾ ਹੈ, ਮਾਇਆ ਮੋਹ ਛੱਡਣ ਦਾ ਹੈ ਭਾਵ ਗੁਰੂ ਦੀ ਮਤਿ ਤੇ ਅਮਲ ਕਰਨ ਦਾ ਹੈ। **(ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ॥)** ਉੱਪਰ ਵਾਲੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਨੂੰ ਫਿਰ ਤੋਂ ਧਿਆਨ ਨਾਲ ਸਮਝੋ।

“ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥”

ਹਰਿ ਹਰਿ ਕਰਨ ਦਾ ਮਕਸਦ ਤਾਂ ਆਪਣੇ ਅੰਦਰੋਂ ‘‘ਲੋਭੁ’’ ਕੱਢਣ ਦਾ ਹੈ ਜਿਸ ਦਾ ਕਾਰਨ ਸਾਡੇ ਅੰਦਰ ਮਹਾ ਗੁਬਾਰਾ ਹੈ ਭਾਵ ਵੱਡੀ ਅਗਿਆਨਤਾ ਹੈ, ਵੱਡੀ ਅਗਿਆਨਤਾ ਵਾਲੀ ਸਮਝ ਹੈ ਜਿਸ ਕਰਕੇ ਅਸੀਂ ‘‘ਲੋਭੁ’’ ਵਾਲੀ ਬਿਰਤੀ ਵਿੱਚ ਰਹਿੰਦੇ ਹਾਂ, ਮਾਇਆ ਮੋਹ ਵਿੱਚ ਵਿਚਰਦੇ ਹਾਂ ਜਿਸ ਕਾਰਨ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਭਾਵ ਨਾਮ ਜਪਣ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਭਗਤੀ ਦੇ ਸੱਚੇ ਮਾਰਗ ਨਾਲ ਜੁੜ ਸਕੀਏ ਤਾਂ ਮਨ ਦੇ ਲੋਭ ਲਾਲਚ ਵਿੱਚੋਂ ਨਿਕਲ ਕੇ ਚੰਗੇ ਕਰਮ ਕਰੀਏ। ਮੁੱਖੋਂ ਅਸੀਂ ਭਾਵੇਂ ਹਰਿ ਹਰਿ ਬੋਲੀਏ, ਰਾਮ ਰਾਮ ਬੋਲੀਏ, ਵਾਹਿਗੁਰੂ ਵਾਹਿਗੁਰੂ ਬੋਲੀਏ, ਅੱਲ੍ਹਾ ਅੱਲ੍ਹਾ ਬੋਲੀਏ, ਉਸ ਨਾਲ ਕੀ ਫਰਕ ਪੈਂਦਾ ਹੈ। ਹਰਿ ਵਿੱਚ ਤੇ ਵਾਹਿਗੁਰੂ ਵਿੱਚ ਤਾਂ ਕੋਈ ਭੇਦ ਨਹੀਂ ਹੈ ਭਾਵ ਕੋਈ ਵੱਡਾ ਛੋਟਾ ਨਹੀਂ ਹੈ ਬਲਕਿ ਸਾਡੀ ਸਮਝ ਛੋਟੀ ਹੈ, ਅਗਿਆਨਤਾ ਵਾਲੀ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਇਹੀ ਨਾਮ ਜਪਣਾ, ਹਰਿ ਹਰਿ ਕਰਨ ਦਾ ਮਕਸਦ ਹੈ। (**ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥ ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥**) ਜਦੋਂ ਪ੍ਰਮਾਤਮਾ ਸਾਡਾ ਕਾਰਜ ਸਵਾਰਦਾ ਹੈ ਉਹ ਸਾਨੂੰ ਔਗੁਣਾਂ ਤੋਂ ਮੁਕਤ ਕਰਦਾ ਹੈ, ਆਪਣੀ ਸੱਚੀ ਮਤਿ ਬਖਸ਼ਣ ਦੁਆਰਾ ਹੀ ਕਰਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਨਾ-ਸਮਝ ਮਤਿ ਵਿੱਚੋਂ ਕੱਢ ਕੇ ਹੀ ਕਰਦਾ ਹੈ ਜਿਸ ਦੁਆਰਾ ਮਨੁੱਖ ਦਾ ਕਾਰਜ ਪੂਰਾ ਹੁੰਦਾ ਹੈ ਭਾਵ ਕੋਈ ਪ੍ਰਮਾਤਮਾ ਦੀ ਸੁਹਾਗਣ ਬਣ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਨੇ ਆਪਣੇ ਨਾਲ ਮੇਲਣਾ ਹੈ, ਕਿਸੇ ਦਾ ਕਾਰਜ ਸਵਾਰਨਾ ਹੈ, ਕਿਰਪਾ ਕਰਨੀ ਹੈ ਉਸ ਨੂੰ ਹੀ ਸੱਚੇ ਰਸਤੇ ਤੇ ਪਾਉਂਦਾ ਹੈ ਤੇ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ।

“ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥੩॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ॥
ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ॥੪॥”

(ਅੰਗ ੩੫੧)

ਹਰ ਮਨੁੱਖ ਦਾ ਪਤੀ ਉਹ ਆਪ ਪ੍ਰਮਾਤਮਾ ਹੀ ਹੈ ਤੇ ਜਿਸ ਤੇ ਉਸਦੀ ਕਿਰਪਾ ਹੁੰਦੀ ਹੈ, ਜਿਸਦੇ ਨਾਲ ਉਸਦਾ ਮੇਲ ਹੁੰਦਾ ਹੈ, ਜਿਸਦਾ ਕਾਰਜ ਪੂਰਾ ਹੁੰਦਾ ਹੈ, ਉਸਦੀ ਸੁਹਾਗਣ ਕੇਵਲ ਉਹੀ ਹੈ ਭਾਵ ਬਾਕੀ ਹਰ ਕੋਈ ਦੁਹਾਗਣ ਹੀ ਹੈ। ਸੁਹਾਗਣ ਦੇ ਗੁਣ ਉੱਪਰ ਨਾਲ ਹੀ ਦੱਸੇ ਹੋਏ ਹਨ। ਸਤ, ਸੰਤੋਖ, ਦਇਆ, ਧਰਮ, ਇਹ ਸੁਹਾਗਣ ਦੇ ਗੁਣ ਹੀ ਹਨ, ਗੁਰੂ ਦੀ ਮਤਿ ਦੇ ਗੁਣ ਹੀ ਹਨ, ਨਾਮ ਦੇ ਗੁਣ ਹੀ ਹਨ ਜੋ ਸਾਡੇ ਕਰਮਾਂ ਦੁਆਰਾ, ਸਾਡੀ ਕਰਨੀ ਦੁਆਰਾ ਪ੍ਰਗਟ ਹੁੰਦੇ ਹਨ, ਮੁੱਖੋਂ ਬੋਲ ਬੋਲ ਕੇ ਪ੍ਰਗਟ ਨਹੀਂ ਹੋ ਸਕਦੇ। ਭਗਤੀ ਦਾ ਸੱਚਾ ਮਾਰਗ ਇਨ੍ਹਾਂ ਗੁਣਾਂ ਦੁਆਰਾ ਵਿਚਰਨਾ ਹੀ ਹੈ ਜਿਸ ਲਈ ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ, ਭਗਤੀ ਦੇ ਦਿਖਾਵੇ ਕਰਨ ਦੀ ਲੋੜ ਨਹੀਂ ਹੈ। ਪ੍ਰਮਾਤਮਾ ਦੀ ਸੁਹਾਗਣ ਤੇ ਦੁਹਾਗਣ ਹੋਣ ਵਿੱਚ ਕੀ ਫਰਕ ਹੈ ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਸਮਝਾਂਗੇ ਸਾਡੀ ਮਨਮਤਿ ਵਾਲੀ ਮਾਇਆ ਮੋਹ ਵਾਲੀ ਸਮਝ ਦੁਹਾਗਣ ਹੈ ਤੇ ਗੁਰਮਤਿ ਵਾਲੀ ਚੌਥੇ ਪਦ ਦੇ ਸੱਚੇ ਗਿਆਨ ਵਾਲੀ ਸਮਝ ਸੁਹਾਗਣ ਹੈ ਜੋ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਤੇ ਚਲਾਉਂਦੀ

ਹੈ। ਆਪਣੀ ਸੁਹਾਗਣ ਪ੍ਰਮਾਤਮਾ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਬਣਾਉਂਦਾ ਹੈ।

{ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥
ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥
ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥
ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥
ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥
ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥
ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥
ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥}

(ਅੰਗ ੫੯੧-੫੯੨)

“ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ॥
ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ ਭਣੁ ਹਰਿ ਨਾਮੁ ਮੁਰਾਰੀ॥੧॥”

(ਅੰਗ ੬੬੯)

ਉਪਰਲੀਆਂ ਪੰਗਤੀਆਂ ਵੀ ਸਾਨੂੰ ਸਪੱਸ਼ਟ ਸਮਝਾ ਰਹੀਆਂ ਹਨ ਕਿ ਹਰਿ ਹਰਿ ਕਰਨਾ ਕੀ ਹੈ। ਮੁੱਖੋਂ ਜਪ ਤਪ ਕਰਨ ਵਾਲਿਆਂ ਨੂੰ ਇਹ ਖਾਸ ਕਰਕੇ ਸਮਝਣ ਦੀ ਲੋੜ ਹੈ

5/432

ਕਿ ਹਰਿ ਪੜ੍ਹਨਾ, ਹਰਿ ਜਪਣਾ, ਹਰਿ ਗਾਉਣਾ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਭਵਸਾਗਰ ਤੋਂ ਪਾਰ ਕਰ ਦੇਵੇ। ਸਾਰੀਆਂ ਗੱਲਾਂ ਦਾ ਜਵਾਬ ਇੱਕੋ ਹੀ ਹੈ ਕਿ ਪ੍ਰਮਾਤਮਾ ਤਾਂ ਹੀ ਸੰਤੁਸ਼ਟ ਹੁੰਦਾ ਹੈ ਜਦੋਂ ਅਸੀਂ ਉਸਦੇ ਬਚਨਾਂ ਨੂੰ ਆਪਣੇ ਹਿਰਦੇ ਵਿੱਚ ਧਿਆਵਾਂਗੇ ਭਾਵ ਉਸ ਦੇ ਬਚਨਾਂ ਤੇ ਅਮਲ ਕਰਾਂਗੇ, ਉਸ ਦੇ ਬਚਨਾਂ ਤੇ ਪੂਰੇ ਉਤਰਾਂਗੇ। ਉਸਦੇ ਬਚਨਾਂ ਤੇ ਪੂਰੇ ਉਤਰਨ ਨੂੰ ਹੀ ਨਾਮ ਜਪਣਾ ਕਹਿ ਕੇ ਸਮਝਾਇਆ ਹੈ। ਉਸਦੇ ਬਚਨਾਂ ਤੇ ਅਸੀਂ ਆਪਣੀ ਕਰਨੀ ਦੁਆਰਾ ਹੀ ਪੂਰੇ ਉਤਰ ਸਕਦੇ ਹਾਂ। ਪੂਰੀ ਗੁਰਬਾਣੀ “ਹਰਿ” ਹੈ, ਆਪ ਪ੍ਰਮਾਤਮਾ ਹੈ ਜੋ ਕਿ ਉਸਦਾ ਆਪਣੇ ਸੱਚੇ ਗਿਆਨ ਦਾ ਰੂਪ ਹੈ, ਨਾਮ ਦਾ ਰੂਪ ਹੈ। ਗੁਰਬਾਣੀ ਨੂੰ ਪੜ੍ਹਨਾ ਗੁਰੂ ਦੇ ਬਚਨਾਂ ਨੂੰ ਹੀ ਪੜ੍ਹਨਾ ਹੈ, ਉਹਨਾਂ ਨੂੰ ਆਪਣੇ ਅੰਦਰ ਲਿਖਣਾ ਹੈ ਭਾਵ ਵਸਾਣਾ ਹੈ ਤੇ ਤਾਂ ਹੀ ਉਸ ਤੇ ਅਮਲ ਕਰਕੇ ਅਸੀਂ ਹਰਿ ਹਰਿ ਜਪ ਸਕਦੇ ਹਾਂ, ਹਰਿ ਗੁਣ ਗਾ ਸਕਦੇ ਹਾਂ।

ਨਾਮ ਸਾਡੀ ਕਰਨੀ ਦੁਆਰਾ ਹੀ ਜਪਿਆ ਜਾਣਾ ਹੈ ਤੇ ਪਹਿਲੇ ਨਾਮ ਹਿਰਦੇ ਵਿੱਚ ਹੀ ਜਪਿਆ ਜਾਂਦਾ ਹੈ ਭਾਵ ਉਸਨੂੰ ਸਮਝਿਆ ਜਾਂਦਾ ਹੈ ਤਾਂ ਜੋ ਉਹ ਸਾਡੀ ਕਰਨੀ ਵਿੱਚ ਆ ਸਕੇ। ਇਸੇ ਗੱਲ ਨੂੰ ਆਉ ਹੇਠ ਲਿਖੇ ਸ਼ਬਦ ਦੁਆਰਾ ਹੋਰ ਦ੍ਰਿੜ ਕਰੀਏ। ਬੜੀ ਗਹਿਰਾਈ ਨਾਲ ਨਾਮ ਜਪਣਾ ਸਿਖਾਇਆ ਹੋਇਆ ਹੈ।

“ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥੧॥ਰਹਾਉ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ॥
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ॥੨॥
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥
ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ॥
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ॥੪॥”

(ਅੰਗ ੪੮੯)

ਨਾਮ ਪੂਰੀ ਗੁਰਬਾਣੀ ਹੈ। ਅਸੀਂ ਬਾਣੀ ਨੂੰ ਪੜ੍ਹਨਾ ਹੈ, ਸੁਣਨਾ ਹੈ ਤੇ ਪੜ੍ਹ ਸੁਣ ਕੇ ਉਸ ਵਿੱਚ ਦੱਸੀ ਹੋਈ ਗੱਲ ਨੂੰ ਸਮਝਣਾ ਹੈ ਤੇ ਫਿਰ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ ਹੈ ਭਾਵ ਉਸ ਮਤਿ ਅਨੁਸਾਰ ਕਰਮ ਕਰਨੇ ਹਨ, ਉਸ ਅਨੁਸਾਰ ਕਿਰਤ ਕਰਨੀ ਹੈ। ਇਹੀ ਸਾਰੀ ਬਾਣੀ ਦਾ ਸਾਰ ਹੈ, ਮਨੋਰਥ ਹੈ ਜੋ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਤੇ ਇਹੀ ਗੱਲ ਉੱਪਰ ਸ਼ਬਦ ਵਿੱਚ ਸਮਝਾਈ ਹੋਈ ਹੈ ਜਿਸ ਰਾਹੀਂ ਸਾਨੂੰ ਨਾਮ ਜਪਣਾ ਸਮਝਾਇਆ ਹੋਇਆ ਹੈ। ਨਾਮ ਗੁਰੂ ਹੈ, ਗੁਰੂ ਦੀ ਮਤਿ ਹੈ, ਗੁਰੂ ਦਾ ਗਿਆਨ ਹੈ। ਉੱਪਰ ਸ਼ਬਦ ਰਾਹੀ ਸਾਨੂੰ ਨਾਮ ਜਪਣਾ, ਪ੍ਰਮਾਤਮਾ ਦੀ ਪੂਜਾ ਕਰਨੀ, ਉਨ੍ਹਾਂ ਚੀਜ਼ਾਂ ਦਾ ਹਵਾਲਾ ਦੇ ਕੇ ਸਮਝਾਈ ਹੈ ਜਿਨ੍ਹਾਂ ਨੂੰ ਆਮ ਕਰਕੇ ਪੂਜਾ ਦੀ ਸਮੱਗਰੀ ਬਣਾ ਕੇ ਵਰਤਿਆ ਜਾਂਦਾ ਹੈ। ਚੰਦਨ ਤੇ ਕੇਸਰ ਦਾ ਉਪਯੋਗ ਪੂਜਾ ਵਿੱਚ ਕੀਤਾ ਜਾਂਦਾ ਹੈ। "ਚਨਣਾਠੀਆ" ਚੰਦਨ ਦੇ ਟੁਕੜੇ ਨੂੰ ਕਹਿੰਦੇ ਹਨ, "ਉਰਸਾ" ਉਸ ਪੱਥਰ ਦੇ ਟੁਕੜੇ ਨੂੰ ਕਹਿੰਦੇ ਹਨ ਜਿਸ ਦੇ ਉੱਪਰ ਚੰਦਨ ਦੇ ਟੁਕੜੇ ਨੂੰ ਘਸਾਇਆ ਜਾਂਦਾ ਹੈ। “ਕੰਗੂ” ਕੇਸਰ ਨੂੰ ਕਹਿੰਦੇ ਹਨ ਜੋ ਪੂਜਾ ਦੇ ਵਿੱਚ ਵਰਤਿਆ ਜਾਂਦਾ

ਹੈ, ਮੱਥੇ ਤੇ ਟਿੱਕੇ ਲਗਾਉਣ ਲਈ

5/433

ਵਰਤਿਆ ਜਾਂਦਾ ਹੈ। ਸਾਨੂੰ ਇਹੋ ਜਿਹੀ ਪੂਜਾ ਦੀ ਬਜਾਇ, ਉਹੋ ਜਿਹੀ ਪੂਜਾ ਸਮਝਾਈ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਉਸਦਾ ਨਾਮੁ ਜਪਿਆ ਜਾ ਸਕਦਾ ਹੈ। ਚੰਦਨ ਨੂੰ ਉਸ ਦੇ ਗੁਣਾਂ ਕਰਕੇ ਚੰਗਾ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਨਾਮ ਸਾਡੇ ਲਈ ਤਾਂ ਹੀ ਗੁਣਾਂ ਵਾਲਾ ਬਣ ਸਕਦਾ ਹੈ, ਗੁਰੂ ਦੀ ਮਤਿ ਸਾਡੇ ਲਈ ਗੁਣਾਂ ਵਾਲੀ ਬਣ ਸਕਦੀ ਹੈ ਜੇਕਰ ਸਾਨੂੰ ਉਸਦੇ ਗੁਣ ਸਮਝ ਆਉਣ, ਸਾਨੂੰ ਗੁਰੂ ਦੀ ਮਤਿ ਦੀ ਸੋਝੀ ਪਵੇ ਕਿ ਗੁਰੂ ਸਾਨੂੰ ਸਮਝਾਉਣਾ ਕੀ ਚਾਹੁੰਦਾ ਹੈ, ਉਸਦਾ ਮਨੋਰਥ ਕੀ ਹੈ। ਇਸ ਗੱਲ ਦੀ ਸੋਝੀ ਸਾਨੂੰ ਤਾਂ ਹੀ ਪੈ ਸਕਦੀ ਹੈ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਆਪਣੇ ਮਨ ਦੁਆਰਾ ਸਮਝੀਏ, ਆਪਣੇ ਮਨ ਨੂੰ "ਉਰਸਾ" ਬਣਾਈਏ, ਗੁਰੂ ਦੀ ਗੱਲ ਨੂੰ, ਨਾਮ ਨੂੰ ਆਪਣੇ ਮਨ ਤੇ ਰਗੜੀਏ ਜਿਵੇਂ ਕਿ ਚੰਦਨ ਦੇ ਟੁਕੜੇ ਨੂੰ ਪੱਥਰ ਤੇ ਰਗੜਿਆ ਜਾਂਦਾ ਹੈ। ਉਸ ਵਿੱਚੋਂ ਤੱਤ ਕੱਢੀਏ ਤਾਂ ਜੋ ਉਹ ਸਾਡੇ ਕੰਮ ਆ ਸਕੇ, ਸਾਡਾ ਮਨੋਰਥ ਪੂਰਾ ਕਰ ਸਕੇ ਭਾਵ ਨਾਮ ਨੂੰ, ਬਾਣੀ ਨੂੰ ਪੜ੍ਹੀਏ ਸੁਣੀਏ ਤੇ ਗੁਰੂ ਦੀ ਦੱਸੀ ਹੋਈ ਗੱਲ ਨੂੰ ਸਮਝੀਏ, ਉਸ ਦੇ ਭਾਵ ਨੂੰ, ਤੱਤ ਨੂੰ ਜਾਣੀਏ **(ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥)** ਐਸਾ ਕਰਨ ਨਾਲ ਸਾਡੇ ਪਹਿਲੇ ਦੋ ਉੱਦਮ ਪੂਰੇ ਹੋ ਜਾਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਚਰਚਾ ਕਰਕੇ ਇਸ ਗੱਲ ਨੂੰ ਸਮਝਿਆ ਸੀ। ਇਨ੍ਹਾਂ ਦੋਨਾਂ ਉੱਦਮਾਂ ਨਾਲ ਸਾਨੂੰ ਭਗਤੀ ਦੇ ਮਾਰਗ ਦੀ ਸੋਝੀ ਪੈਂਦੀ ਹੈ ਭਾਵ ਬਾਣੀ ਨੂੰ ਪੜ੍ਹਨਾ ਸੁਣਨਾ ਪਹਿਲਾ ਉੱਦਮ ਹੈ ਤੇ ਉਸਨੂੰ ਸਮਝਣਾ ਸਾਡਾ ਦੂਜਾ ਉੱਦਮ ਹੈ ਤਾਂ ਜੋ ਸਾਨੂੰ ਭਗਤੀ ਦਾ ਮਾਰਗ ਸਮਝ ਲੱਗ ਸਕੇ। ਤੀਸਰੇ ਉੱਦਮ ਵਿੱਚ ਭਗਤੀ ਹੈ, ਉਸਦੀ ਪੂਜਾ ਹੈ, ਉਸਦੀ ਸੇਵਾ ਹੈ, ਨਾਮ ਜਪਣਾ ਹੈ। ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ। "ਕੇਸਰ" ਨੂੰ ਸਾਡੀ ਕਰਨੀ ਨਾਲ ਜੋੜ ਕੇ ਸਮਝਾਇਆ ਹੈ ਜਿਸ ਨੂੰ ਕਿ ਚੰਦਨ ਨਾਲ ਮਿਲਾਇਆ ਜਾਂਦਾ ਹੈ, ਰਲਾਇਆ ਜਾਂਦਾ ਹੈ।ਹੁਣ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਸੁਣ ਲਿਆ, ਪੜ੍ਹ ਲਿਆ ਉਸਨੂੰ ਸਮਝ ਵੀ ਲਿਆ ਪਰ ਜਦ ਤੱਕ ਉਹ ਸਾਡੀ ਕਰਨੀ ਵਿੱਚ ਨਹੀਂ ਬਦਲਦਾ, ਸਾਡੇ ਅਮਲ ਵਿੱਚ ਨਹੀਂ ਆਉਂਦਾ ਫਿਰ ਉਸਦਾ ਸਾਨੂੰ ਕੀ ਲਾਭ ਮਿਲੇਗਾ। ਜਿਵੇਂ ਕਿ ਪੂਜਾ ਦੀ ਸਮੱਗਰੀ ਤਿਆਰ ਕਰਕੇ ਉਸਦਾ ਇਸਤੇਮਾਲ ਨਾ ਕੀਤਾ ਜਾਵੇ, ਉਸ ਨੂੰ ਵਰਤੋਂ ਵਿੱਚ ਨਾ ਲਿਆਂਦਾ ਜਾਵੇ, ਫਿਰ

5/434

ਉਸਨੂੰ ਤਿਆਰ ਕਰਨ ਦਾ ਕੀ ਲਾਭ। ਉਸਨੂੰ ਬਣਾਉਣ ਦਾ ਮਨੋਰਥ ਕਿਵੇਂ ਪੂਰਾ ਹੋ ਸਕਦਾ ਹੈ। ਇਸੇ ਤਰ੍ਹਾਂ ਸਾਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਜਦ ਤੱਕ ਅਸੀਂ ਗੁਰੂ ਦੀ ਮਤਿ ਨੂੰ ਸਮਝ ਕੇ ਉਸ ਵਿੱਚ ਆਪਣੀ "ਕਰਣੀ" ਨੂੰ ਸ਼ਾਮਿਲ ਨਹੀਂ ਕਰਦੇ ਤਦ ਤੱਕ ਪ੍ਰਮਾਤਮਾ ਦੀ ਪੂਜਾ ਨਹੀਂ ਹੋ ਸਕਦੀ। ਉਸਦੀ ਪੂਜਾ ਸਾਡੀ ਕਰਨੀ ਦੁਆਰਾ ਹੋਣੀ ਹੈ, ਜੋ ਕਿ ਗੁਰੂ ਦੀ ਮਤਿ ਅਨੁਸਾਰ ਹੋਵੇ, ਨਾਮ ਅਨੁਸਾਰ ਹੋਵੇ। ਗੁਰੂ ਦੀ ਮਤਿ ਸਾਡੇ ਮਨ ਦੇ ਅੰਦਰ ਵੱਸਦੀ ਹੈ, ਜੋ ਸਾਡੇ ਕੋਲੋਂ ਸਭ ਕੁੱਝ ਕਰਵਾਉਂਦੀ ਹੈ। ਕਰਨੀ ਮਨ ਦੀ ਸਮਝ ਅਨੁਸਾਰ ਹੁੰਦੀ ਹੈ, ਚੰਗੀ ਕਰਨੀ ਗੁਰਮਤਿ ਦੀ ਸੱਚੀ ਸਮਝ ਅਨੁਸਾਰ ਹੁੰਦੀ ਹੈ ਤੇ ਸਾਡੀ ਚੰਗੀ ਕਰਨੀ ਹੀ, ਸੁਕ੍ਰਿਤ ਕਰਨੀ ਹੀ ਪ੍ਰਮਾਤਮਾ ਦੀ ਪੂਜਾ ਹੈ, ਉਸਦਾ ਨਾਮ ਜਪਣਾ ਹੈ ਭਾਵ ਪ੍ਰਮਾਤਮਾ ਦੀ ਪੂਜਾ ਸਾਡੇ ਮਨ ਦੇ ਵਿੱਚ ਹੀ ਹੁੰਦੀ ਹੈ। **(ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥੧॥)**

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥}

(ਅੰਗ ੧੮੭)

ਇਹ ਗੁਰੂ ਵਾਲੀ ਸੱਚੀ ਸੁੱਚੀ ਕਰਨੀ ਹੀ ਸਾਡਾ ਤੀਜਾ ਉੱਦਮ ਹੈ ਜੋ ਕਿ ਭਗਤੀ ਦਾ ਮਾਰਗ ਹੈ, ਗੁਣਾਂ ਦੀ ਪੂਜਾ ਹੀ ਗੁਰੂ ਦੀ ਪੂਜਾ ਦਾ ਮਾਰਗ ਹੈ, ਸੇਵਾ ਦਾ ਮਾਰਗ ਹੈ। ਇਹੋ ਜਿਹੀ ਪੂਜਾ ਹੀ ਸਾਡਾ ਨਾਮ ਧਿਆਉਣਾ ਹੈ ਭਾਵ ਗੁਰੂ ਦੀ ਗੱਲ ਨੂੰ ਸਮਝ ਕੇ ਉਸ ਤੇ ਅਮਲ ਕਰਨਾ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਜਿਸ ਤਰ੍ਹਾਂ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੀ ਪੂਜਾ ਹੋ ਰਹੀ ਹੈ, ਉਹ ਸਾਡੇ ਅੰਦਰ ਦੀ ਗੁਰਮਤਿ ਦੀ ਪੂਜਾ ਹੋ ਰਹੀ ਹੁੰਦੀ ਹੈ ਤੇ ਇਹੀ ਸਾਡੇ ਅੰਦਰ ਨਾਮ ਧਿਆਇਆ ਜਾਂਦਾ ਹੈ ਭਾਵ ਸਾਡਾ ਮਨ ਹੀ ਨਾਮ ਧਿਆਉਂਦਾ ਹੈ, ਸਾਡੀ ਅੰਤਰ ਆਤਮਾ ਹੀ ਨਾਮ ਧਿਆਉਂਦੀ ਹੈ, ਜੋ ਗੁਰੂ

ਦੀ ਗੱਲ ਨੂੰ ਸਮਝ ਕੇ ਉਸਨੂੰ ਮੰਨਦੀ ਹੈ ਕਿਉਂਕਿ ਗੁਰੂ ਦੀ ਗੱਲ ਨੂੰ ਮੰਨਣਾ ਹੀ ਨਾਮ ਧਿਆਉਣਾ ਹੈ। ਸਾਡੇ ਮਨ ਦੀ ਸਮਝ ਹੀ, ਸਾਡਾ ਸੁਭਾਅ ਹੀ ਨਾਮ ਧਿਆਉਂਦਾ ਹੈ ਜੋ ਕਿ ਸਾਡੀ ਕਰਣੀ ਦੁਆਰਾ ਸਾਹਮਣੇ ਆਉਂਦਾ ਹੈ। ਜਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ, ਗੁਰੂ ਦੀ ਮਤਿ ਨਹੀਂ ਹੈ ਉਸਦੀ ਪੂਜਾ ਨਹੀਂ ਹੋ ਸਕਦੀ ਕਿਉਂਕਿ ਗੁਰਮਤਿ ਤੇ ਚਲੇ ਬਿਨ੍ਹਾਂ ਸਾਡੀ ਕਰਨੀ ਚੰਗੀ ਨਹੀਂ ਹੋ ਸਕਦੀ, ਮਾਇਆ ਮੋਹ ਛੱਡੇ ਬਿਨ੍ਹਾਂ, ਔਗੁਣ ਛੱਡੇ ਬਿਨ੍ਹਾਂ ਸਾਡੀ ਕਰਨੀ ਚੰਗੀ ਨਹੀਂ ਹੋ ਸਕਦੀ। **(ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥)**

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ ੨੭)

ਪ੍ਰਮਾਤਮਾ ਦਾ ਨਾਮ ਸਾਡੇ ਮਨ ਦੇ ਅੰਦਰ ਹੀ ਧਿਆਇਆ ਜਾਂਦਾ ਹੈ, ਜੋ ਕਿ ਸਾਡਾ ਸੁਭਾਅ ਬਣ ਜਾਂਦਾ ਹੈ। ਜਿਹੋ ਜਿਹਾ ਸਾਡਾ ਸੁਭਾਅ ਹੈ, ਅਸੀਂ ਉਹੋ ਜਿਹੇ ਹੀ ਅਸੀਂ ਆਪਣੀ ਕਰਨੀ ਰਾਹੀਂ ਪ੍ਰਗਟ ਹੁੰਦੇ ਹਾਂ। ਦੁਨੀਆਂ ਨੂੰ ਭੁਲੇਖਾ ਲੱਗ ਸਕਦਾ ਹੈ, ਕਿਉਂਕਿ ਦੁਨੀਆਂ ਸਾਨੂੰ ਬਾਹਰ ਦੇ ਰੂਪ ਨਾਲ ਜ਼ਿਆਦਾ ਜਾਣਦੀ ਹੈ, ਸਾਡੀ ਬਾਹਰੀ ਭਗਤੀ ਨੂੰ ਅਸਲ ਭਗਤੀ ਸਮਝਦੀ ਹੈ, ਜਦ ਕਿ ਗੱਲ ਇਸ ਦੇ ਉਲਟ ਹੁੰਦੀ ਹੈ। ਇਹੋ ਜਿਹੇ ਦਿਖਾਵੇ ਵਾਲੀ ਭਗਤੀ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਗਿਆ ਹੈ, ਤੇ ਇਹ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਅਸੀਂ ਆਪਣੀ ਸ਼ਰਧਾ

5/435

ਦਿਖਾਉਣ ਲਈ ਮੂਰਤੀਆਂ ਤੇ ਪਾਣੀ ਪਾਉਂਦੇ ਹਾਂ, ਦੁੱਧ ਲੱਸੀ ਪਾਉਂਦੇ ਹਾਂ, ਉਨ੍ਹਾਂ ਨੂੰ ਧੋਣ ਲਈ, ਇਸ਼ਨਾਨ ਕਰਾਉਣ ਲਈ ਪਾਉਂਦੇ ਹਾਂ। ਸਾਨੂੰ ਸਮਝਾਇਆ ਇਹ ਜਾ ਰਿਹਾ ਹੈ ਕਿ ਅਸਲ ਵਿੱਚ ਸਾਨੂੰ ਆਪਣੇ ਮਨ ਨੂੰ ਧੋਣ ਦੀ ਲੋੜ ਹੈ। ਮਨ ਨੂੰ ਧੋਣਾ ਹੀ ਭਾਵ ਮਨ ਨੂੰ ਸਾਫ ਕਰਨਾ ਹੀ ਪ੍ਰਮਾਤਮਾ ਅੱਗੇ ਸੱਚੇ ਬਣਨਾ ਹੈ, ਉਸ ਨਾਲ ਸ਼ਰਧਾ ਪ੍ਰਗਟ ਕਰਨਾ ਹੈ। **(ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ॥)** ਭਾਵ ਪ੍ਰਮਾਤਮਾ ਦੀ ਅਸਲ ਪੂਜਾ ਸਾਡੇ ਮਨ ਵਿੱਚ ਹੈ ਜੋ ਕਿ ਮਨ ਨੂੰ ਸਾਫ ਕਰਨ ਦੁਆਰਾ, ਨਿਰਮਲ ਕਰਨ ਦੁਆਰਾ ਹੋ ਸਕਦੀ ਹੈ। ਮਨ ਦਾ ਧੋਣਾ ਕੀ ਹੈ, ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ। ਮਨ ਨੂੰ ਧੋਣ ਤੋਂ ਭਾਵ ਹੈ ਮਨ ਨੂੰ ਵਿਕਾਰ ਰਹਿਤ ਕਰਨਾ, ਮਨ ਦੀ ਜੂਠ ਨੂੰ ਮਾਂਜਣਾ, ਮਨ ਦੀ ਅਗਿਆਨਤਾ ਵਾਲੀ ਮਾੜੀ ਸਮਝ ਵਿੱਚੋਂ ਨਿਕਲਣਾ ਤਾਂ ਜੋ ਅਸੀਂ ਚੰਗੀ ਕਰਨੀ ਕਰਨ ਲਈ ਭਾਵ ਪ੍ਰਮਾਤਮਾ ਦੀ ਪੂਜਾ ਕਰਨ ਲਈ ਔਗੁਣ ਕਰਨ ਤੋਂ ਬਚ ਸਕੀਏ, ਅਸੀਂ ਆਪਣੀ ਪੂਜਾ ਦੇ ਮਨੋਰਥ ਦੀ ਪ੍ਰਾਪਤੀ ਕਰ ਸਕੀਏ। ਪੂਜਾ ਦਾ ਮਨੋਰਥ ਇੱਕੋ ਹੀ ਹੈ ਕਿ ਅਸੀਂ ਮੋਖ ਪਾ ਸਕੀਏ ਜੋ ਮੁਕਤੀ ਅਸੀਂ ਮਨ ਦੇ ਭਰਮਾਂ ਵਾਲੀ ਮਾੜੀ ਸਮਝ ਤੋਂ ਹੀ ਪਾਉਣੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਪਹਿਲਾਂ ਵਿਕਾਰਾਂ ਤੋਂ ਮੋਖ ਪਾਵਾਂਗੇ, ਮੁਕਤੀ ਪਾਵਾਂਗੇ, ਤਾਂ ਹੀ ਆਵਾਗਉਣ ਤੋਂ ਮੁਕਤ ਹੋਵਾਂਗੇ ਭਾਵ ਮੁਕਤੀ ਦਾ ਦਰ ਮਨ ਨੂੰ ਸਾਫ ਕਰਕੇ, ਸੱਚੇ ਸੁੱਚੇ ਕਰਮ ਕਰਕੇ ਹੀ ਪਾਇਆ ਜਾ ਸਕਦਾ ਹੈ, ਅੰਤਰਿ ਆਤਮਾ ਵਿੱਚ ਪੂਜਾ ਕਰਕੇ ਹੀ ਪਾਇਆ ਜਾ ਸਕਦਾ ਹੈ। ਇਹ ਅੰਤਰਿ ਆਤਮਾ ਦੀ ਪੂਜਾ ਹੀ ਹਰਿ ਹਰਿ ਕਰਨਾ ਹੈ, ਰਾਮ ਰਾਮ ਕਰਨਾ ਹੈ, ਵਾਹਿਗੁਰੂ ਵਾਹਿਗੁਰੂ ਕਰਨਾ ਹੈ, ਅੱਲ੍ਹਾ ਅੱਲ੍ਹਾ ਕਰਨਾ ਹੈ ਭਾਵ ਨਾਮ ਜਪਣਾ ਹੈ ਜਿਸ ਲਈ ਬੋਲ ਬੋਲ ਕੇ ਕੋਈ ਜਪ ਕਰਨ ਦੀ ਲੋੜ ਨਹੀਂ ਹੈ। ਜਪ ਮਨ ਵਿੱਚ ਆਪੇ ਹੀ ਹੋ ਰਿਹਾ ਹੁੰਦਾ ਹੈ, ਉਸਦੀ ਦਰਗਾਹ ਵਿੱਚ ਸਾਡੀ ਅਰਦਾਸ ਆਪੇ ਹੀ ਹੋ ਰਹੀ ਹੁੰਦੀ ਹੈ। ਜਦੋਂ ਇਹ ਅਰਦਾਸ ਕਬੂਲ ਹੋ ਜਾਵੇਗੀ ਉਹ ਆਪ ਹੀ ਆਪਣੇ ਦਰਸ਼ਨ ਦੇਵੇਗਾ, ਮਨ ਵਿੱਚ ਪ੍ਰਗਟ ਹੋ ਕੇ ਸਾਨੂੰ ਆਪ ਹੀ ਆਪਣੇ ਦਰਸ਼ਨ ਦੇਵੇਗਾ, ਮਨ ਵਿੱਚ ਪ੍ਰਗਟ ਹੋ ਕੇ ਸਾਨੂੰ ਆਪ ਹੀ ਮੁਕਤ ਕਰੇਗਾ। ਕੇਵਲ ਉਸ ਤੇ ਭਰੋਸਾ ਰੱਖ ਕੇ ਉਸ ਦੇ ਹੁਕਮ ਅਨੁਸਾਰ ਉਸ ਦੇ ਭਾਣੇ ਵਿੱਚ ਚੱਲਣ ਦੀ ਲੋੜ ਹੈ ਮਨ ਦੀ ਜੂਠ ਨੂੰ ਮਾਂਜਣ ਦੀ ਲੋੜ ਹੈ ਭਾਵ ਮਨ ਦੀ ਮਾੜੀ ਸਮਝ ਵਿੱਚੋਂ ਨਿਕਲਣ ਦੀ ਲੋੜ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ॥੨॥)** ਕਿਤਨਾ ਸਪੱਸ਼ਟ ਹੈ ਕਿ ਮਨ ਦੀ ਜੂਠ ਉਤਰੇ ਬਿਨ੍ਹਾਂ ਮੋਖ ਦਾ ਦਵਾਰ ਨਹੀਂ ਹੈ। ਸਾਡੇ ਮਨ ਦੀ ਜੂਠ ਦਾ ਕਾਰਨ ਸਾਡੀ ਨਾ-ਸਮਝ ਮਤਿ ਹੈ, ਅਗਿਆਨਤਾ ਹੈ ਜਿਸ ਵਿਚ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ। ਗੁਰੂ ਦੇ ਸ਼ਬਦ ਦਾ ਮਕਸਦ, ਨਾਮ ਦਾ ਮਕਸਦ, ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਮਨ ਦੀ ਜੂਠ ਵਿੱਚੋਂ ਕੱਢਣ ਦਾ ਹੀ ਹੈ ਤੇ ਉਹ

ਤਾਂ ਹੀ ਨਿਕਲੇਗੀ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ, ਉਸ ਤੇ ਅਮਲ ਕਰਾਂਗੇ, ਉਸ ਦੇ ਭਾਣੇ ਅਨੁਸਾਰ ਚਲਾਂਗੇ।

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥}

(ਅੰਗ ੯੯੨)

5/436

ਗੁਰੂ ਦੀ ਮਤਿ ਅਨੁਸਾਰ ਕਿਵੇਂ ਚੱਲਣਾ ਹੈ, ਸੰਸਾਰ ਵਿੱਚ ਚੰਗੇ ਕਿਵੇਂ ਬਣਨਾ ਹੈ, ਨਾਮ ਜਪਣ ਵਾਲਾ ਕਿਵੇਂ ਬਣਨਾ ਹੈ, ਉਸ ਦੀ ਪੂਜਾ ਕਿਵੇਂ ਹੋਣੀ ਹੈ, ਇਸ ਗੱਲ ਨੂੰ ਮੁਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਇਹ ਗੱਲ ਸਾਨੂੰ ਪਸ਼ੂਆਂ ਦੀ ਚੰਗਿਆਈ ਨਾਲ ਜੋੜ ਕੇ ਸਮਝਾਈ ਹੈ। ਪਸ਼ੂਆਂ ਨੂੰ ਜੋ ਕੁਝ ਮਿਲਦਾ ਹੈ, ਜਿਹੋ ਜਿਹਾ ਵੀ ਮਿਲਦਾ ਹੈ, ਜਿਤਨਾ ਕੁ ਵੀ ਮਿਲਦਾ ਹੈ ਉਹ ਉਸ ਦੇ ਵਿੱਚ ਹੀ ਸਬਰ ਕਰਦੇ ਹਨ ਤੇ ਉਸ ਦੇ ਬਦਲੇ ਸਾਨੂੰ ਬਹੁਤ ਕੁਝ ਦੇਂਦੇ ਹਨ। ਜਿਵੇਂ ਕਿ ਇੱਕ ਗਾਂ, ਮੱਝ ਘਾਹ ਖਾ ਕੇ ਉਸਦੇ ਬਦਲੇ ਸਾਨੂੰ ਅੰਮ੍ਰਿਤ ਵਰਗਾ ਦੁੱਧ ਦੇਂਦੀਆਂ ਹਨ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਪਸ਼ੂ ਥੋੜ੍ਹੇ ਵਿੱਚ ਗੁਜਾਰਾ ਕਰਕੇ ਸਾਨੂੰ ਉਸਦੇ ਬਦਲੇ ਅਨੇਕਾਂ ਪ੍ਰਕਾਰ ਦੇ ਸੁੱਖ ਦੇਂਦੇ ਹਨ। ਉਹ ਇਸ ਨੂੰ ਹੀ ਆਪਣਾ ਕਰਮ ਸਮਝਦੇ ਹਨ ਅਤੇ ਮਾਲਕ ਦੇ ਹੁਕਮ ਵਿੱਚ ਚੱਲਦੇ ਰਹਿੰਦੇ ਹਨ। ਪਸ਼ੂਆਂ ਨੂੰ ਅਸੀਂ ਚੰਗਾ ਉਨ੍ਹਾਂ ਦੇ ਇਨ੍ਹਾਂ ਗੁਣਾਂ ਕਰਕੇ ਹੀ ਕਹਿੰਦੇ ਹਾਂ। ਬਸ ਇਹੀ ਗੱਲ ਮਨੁੱਖ ਅਤੇ ਪ੍ਰਮਾਤਮਾ ਦੇ ਵਿੱਚ ਪਿਆਰ ਪੈਣ ਦਾ ਸਾਧਨ ਹੈ, ਚੰਗੇ ਲੱਗਣ ਦੀ ਕਸੱਵਟੀ ਹੈ। ਜੋ ਮਨੁੱਖ ਗੁਣਾਂ ਨੂੰ ਧਾਰਨ ਕਰਕੇ ਮਨੁੱਖਤਾ ਦੇ ਕੰਮ ਆਉਂਦਾ ਹੈ, ਚੰਗੇ ਕਰਮਾਂ ਦੁਆਰਾ ਵਿਚਰਦਾ ਹੈ, ਉਹ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਪਿਆਰਾ ਲੱਗਦਾ ਹੈ। **(ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥)** ਉਪਰਲੀ ਪੰਗਤੀ ਦੁਆਰਾ ਸਾਨੂੰ ਨਾਮ ਦੁਆਰਾ ਵਿਚਰਣ ਦੀ ਗੱਲ ਹੀ ਸਮਝਾਈ ਗਈ ਹੈ, ਪ੍ਰਮਾਤਮਾ ਦੀ ਪੂਜਾ ਕਰਨੀ ਹੀ ਸਮਝਾਈ ਹੋਈ ਹੈ ਭਾਵ ਜੋ ਨਾਮ ਜਪਣ ਵਾਲੇ ਹਨ ਉਹ ਉਹੋ ਜਿਹੀਆਂ ਚੰਗਿਆਈਆ ਕਰਦੇ ਹਨ, ਇਹੋ ਜਿਹੇ ਚੰਗੇ ਕਰਮ ਕਰਦੇ ਹਨ, ਗੁਣਾਂ ਵਾਲੇ ਕਰਮ ਕਰਦੇ ਹਨ, ਮਨੁੱਖਤਾ ਦੇ ਭਲੇ ਲਈ ਵਿਚਰਦੇ ਹਨ ਜਿਵੇਂ ਕਿ ਪਸ਼ੂ ਮਾਲਕ ਦੇ ਭਾਣੇ ਵਿੱਚ ਰਹਿ ਕੇ, ਹੁਕਮ ਵਿੱਚ ਰਹਿ ਕੇ ਮਾਲਕ ਦੇ ਭਲੇ ਲਈ ਸਭ ਕੁਝ ਕਰਦੇ ਹਨ। ਉਹ ਆਪ ਭਾਵੇਂ ਤੰਗ ਹੁੰਦੇ ਹਨ, ਔਖੇ ਹੁੰਦੇ ਹਨ, ਥੋੜੇ ਵਿੱਚ ਗੁਜ਼ਾਰਾ ਕਰਦੇ ਹਨ, ਜਿਹੋ ਜਿਹਾ ਮਿਲੇ ਉਹੋ ਖਾਂਦੇ ਹਨ, ਪਰ ਮਾਲਕ ਦੇ ਵਫਾਦਾਰ ਹੀ ਰਹਿੰਦੇ ਹਨ, ਉਸਦੇ ਹੁਕਮ ਵਿੱਚ ਹੀ ਰਹਿੰਦੇ ਹਨ।

5/437

ਅਗਲੀ ਪੰਗਤੀ ਵਿੱਚ ਨਾਮ ਵਿਹੂਣੇ ਮਨੁੱਖਾਂ ਦੀ ਗੱਲ ਦੱਸੀ ਹੋਈ ਹੈ, ਜਿਨ੍ਹਾਂ ਨੂੰ ਕਿ ਪਹਿਲੀ ਪੰਗਤੀ ਵਿੱਚ ਦੱਸੇ ਗਏ ਚੰਗੇ ਕਰਮਾਂ ਦੇ ਉਲਟ, ਮਾੜੇ ਕਰਮ ਕਰਨ ਵਾਲੇ ਦੱਸਿਆ ਹੋਇਆ ਹੈ ਭਾਵ ਨਾਮ ਜਪਣਾ ਜਾਂ ਨਾਮ ਨਾ ਜਪਣਾ ਸਾਡੇ ਕਰਮ ਹੀ ਤੈਅ ਕਰਦੇ ਹਨ ਕਿ ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ।

“ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥”

ਸਾਡੇ ਅੰਦਰ ਨਾਮ ਦੀ ਪਹਿਚਾਣ ਸਾਡੇ ਕਰਮਾਂ ਦੁਆਰਾ, ਕਰਨੀ ਦੁਆਰਾ ਹੀ ਹੁੰਦੀ ਹੈ। ਪਹਿਲੀ ਪੰਗਤੀ ਵਿੱਚ ਉਹ ਮਨੁੱਖ ਹਨ ਜੋ ਨਾਮ ਜਪਣ ਵਾਲੇ ਹਨ, “ਘਟ ਅੰਤਰਿ” ਪੂਜਾ ਕਰਨ ਵਾਲੇ ਹਨ ਤੇ ਅਗਲੀ ਪੰਗਤੀ ਵਿੱਚ ਨਾਮ ਵਿਹੂਣੇ, ਪੂਜਾ ਤੋਂ ਬਾਹਰੇ ਹਨ ਸੇਵਾ ਤੋਂ ਬਾਹਰੇ ਹਨ, ਚੰਗਿਆਈਆ ਤੋਂ ਬਾਹਰੇ ਹਨ, ਗੁਣਾਂ ਤੋਂ ਬਾਹਰੇ ਹਨ। ਇਹੋ ਜਿਹੇ ਮਨੁੱਖਾਂ ਦਾ ਜੀਵਨ ਧ੍ਰਿਗ ਜੀਵਨ ਹੈ, ਫਿਟਕਾਰ ਜੋਗ ਜੀਵਨ ਹੈ ਕਿਉਂਕਿ ਇਹਨਾਂ ਦੇ ਕਰਮ ਮਾੜੇ ਹਨ, ਇਨ੍ਹਾਂ ਦੀ ਕਰਨੀ ਮਾੜੀ ਹੈ, ਇਨ੍ਹਾਂ ਦੀ ਕਰਨੀ ਔਗੁਣਾਂ ਵਾਲੀ ਹੈ, ਇਨ੍ਹਾਂ ਦੀ ਕਰਨੀ ਮਨੁੱਖਤਾ ਦਾ ਮਾੜਾ ਕਰਨ ਵਾਲੀ ਹੈ, ਲੋਕਾਂ ਨਾਲ ਠੱਗੀ ਮਾਰਨ ਵਾਲੀ ਹੈ, ਪਰਾਇਆ ਹੱਕ ਮਾਰਨ ਵਾਲੀ ਹੈ, ਝੂਠੀ ਨਿੰਦਾ ਕਰਨ ਵਾਲੀ ਹੈ ਭਾਵ ਇਨ੍ਹਾਂ ਦੀ ਕਰਣੀ ਗੁਰੂ ਦੀ ਮਤਿ ਦੇ ਉਲਟ ਹੈ, ਨਾਮ ਵਾਲੀ ਨਹੀਂ ਹੈ, ਮਨਮੁਖਿ ਵਾਲੀ ਹੈ। **(ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥)** ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਹੀ ਉਸਦੀ ਪੂਜਾ ਹੈ, ਉਸਦੀ ਵਡਿਆਈ

ਕਰਨੀ ਹੈ, ਉਸਦੇ ਗੁਣ ਗਾਉਣੇ ਹਨ। ਜੇ ਅਸੀਂ ਪ੍ਰਮਾਤਮਾ ਨੂੰ ਆਪਣੇ ਨੇੜੇ ਸਮਝ ਕੇ ਜਾਨਣਾ ਹੈ ਭਾਵ ਜੇਕਰ ਅਸੀਂ ਪ੍ਰਮਾਤਮਾ ਨਾਲ ਆਪਣੀ ਨੇੜਤਾ ਦਿਖਾਉਣੀ ਹੈ, ਉਸਨੂੰ ਆਪਣੇ ਤੋਂ ਦੂਰ ਨਹੀਂ ਸਮਝਣਾ, ਜੇਕਰ ਅਸੀਂ ਪ੍ਰਮਾਤਮਾ ਨੂੰ ਇਹ ਦਿਖਾਉਣਾ ਹੈ ਕਿ ਉਹ ਹੀ ਸਾਡੀ ਸਾਰ ਕਰ ਰਿਹਾ ਹੈ, ਉਹ ਹੀ ਸਾਡੀ ਸੰਭਾਲ ਕਰ ਰਿਹਾ ਹੈ ਭਾਵ ਜੇਕਰ ਅਸੀਂ ਇਹ ਕਹਿਣਾ ਹੈ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ, ਉਹ ਸੱਚਾ ਆਪ ਹੀ ਹੈ ਭਾਵ ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਇਹ ਸਭ ਕੁੱਝ ਉਸਦੇ ਭਾਣੇ ਨੂੰ ਮੰਨ ਕੇ, ਉਸਦੇ ਹੁਕਮ ਵਿੱਚ ਰਹਿ ਕੇ ਕੀਤਾ ਜਾ ਸਕਦਾ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਕਰਨੀ, ਉਸ ਦੇ ਨਾਲ ਨੇੜਤਾ ਦਿਖਾਉਣੀ ਇਹੋ ਹੀ ਹੈ ਕਿ ਅਸੀਂ ਉਸਦੇ ਭਾਣੇ ਵਿੱਚ ਰਹੀਏ। **"ਜੋ ਦੇਵੈ ਸੋ ਖਾਵਣਾ"** ਤੋਂ ਭਾਵ ਹੈ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣਾ, ਉਸਦੇ ਹੁਕਮ ਅਨੁਸਾਰ ਚੱਲਣਾ, ਉਸਦੇ ਭਾਣੇ ਵਿੱਚ ਰਹਿਣਾ। **(ਨੇੜਾ ਹੈ ਦੂਰਿ ਨ**

5/438

ਜਾਣਿਅਹੁ ਨਿਤ ਸਾਰੇ ਸੰਮ੍ਹਾਲੇ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ॥੪॥) ਉੱਪਰ ਸ਼ਬਦ ਰਾਹੀਂ ਸਾਨੂੰ ਕਿਤਨਾ ਸਪੱਸ਼ਟ ਸਮਝਾਇਆ ਹੈ ਕਿ ਨਾਮ ਜਪਣ ਵਾਲਾ ਕੌਣ ਹੈ ਤੇ ਨਾਮ ਵਿਹੂਣਾ ਕੌਣ ਹੈ। ਮਾੜੇ ਕਰਮ ਕਰਨ ਵਾਲਾ ਹਰ ਮਨੁੱਖ ਨਾਮ ਵਿਹੂਣਾ ਹੀ ਹੈ, ਪੂਜਾ ਵਿਹੂਣਾ ਹੀ ਹੈ। **{ਕਵਨੁ ਸੁ ਨਾਮੁ ਹਉਮੈ ਮਲੁ ਖੋਇ॥੩॥ ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥}** ਅੰਗ - ੧੮੭ ਪ੍ਰਮਾਤਮਾ ਨਾਲ ਪਿਆਰ ਦਿਖਾਉਣਾ, ਨੇੜਤਾ ਦਿਖਾਉਣੀ , ਉਸਨੂੰ ਹੀ ਸਭ ਕੁਝ ਮੰਨਣਾ, ਉਸਦੀ ਸਿਫਤ ਸਾਲਾਹ ਕਰਨੀ, ਉਸਦਾ ਨਾਮ ਜਪਣਾ ਇਹੀ ਹੈ ਕਿ ਮਨੁੱਖ ਉਸਦੇ ਭਾਣੇ ਵਿੱਚ ਚੱਲੇ, ਜੋ ਉਸਨੂੰ ਭਾਉਂਦਾ ਹੈ ਉਸ ਅਨੁਸਾਰ ਚੱਲੇ, ਉਸਦੀ ਮਤਿ ਅਨੁਸਾਰ ਚੱਲੇ ਭਾਵ ਅਮਲ ਕੀਤੇ ਬਿਨ੍ਹਾਂ ਪ੍ਰਮਾਤਮਾ ਦੀ ਸਿਫਤ ਸਾਲਾਹ ਨਹੀਂ ਹੋ ਸਕਦੀ, ਕੇਵਲ ਮੁੱਖੋਂ ਬੋਲ ਬੋਲ ਕੇ, ਕੇਵਲ ਉੱਚੀਆਂ ਉੱਚੀਆਂ ਗੱਲਾਂ ਕਰਕੇ ਪ੍ਰਮਾਤਮਾ ਦੇ ਨੇੜੇ ਨਹੀਂ ਲੱਗਿਆ ਜਾ ਸਕਦਾ। ਗੱਲਾਂ ਨਾਲ, ਬੋਲ-ਬੋਲ ਕੇ ਪ੍ਰਮਾਤਮਾ ਦੀ ਸਿਫਤ ਸਾਲਾਹ ਨਹੀਂ ਹੋ ਸਕਦੀ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

{ਜੋ ਤੁਧੁ ਕਰਣਾ ਸੋ ਕਰਿ ਪਾਇਆ ॥
ਭਾਣੇ ਵਿਚਿ ਕੋ ਵਿਰਲਾ ਆਇਆ ॥
ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥੧॥
ਗੁਰਮੁਖਿ ਤੇਰਾ ਭਾਣਾ ਭਾਵੈ ॥
ਸਹਜੇ ਹੀ ਸੁਖੁ ਸਚੁ ਕਮਾਵੈ ॥
ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ ॥੨॥
ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥
ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥
ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥੩॥
ਜਾ ਤਿਸੁ ਭਾਵੈ ਤਾ ਗੁਰੂ ਮਿਲਾਏ ॥
ਗੁਰਮੁਖਿ ਨਾਮੁ ਪਦਾਰਥੁ ਪਾਏ ॥
ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥੪॥
ਮਨਮੁਖੁ ਅੰਧੁ ਕਰੇ ਚਤੁਰਾਈ ॥
ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥

ਸਤਿਗੁਰੁ ਮੇਲੇ ਦੇ ਵਡਿਆਈ ॥
ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ॥
ਸਤਿਗੁਰ ਸੇਵੇ ਤਾ ਨਾਮੁ ਪਾਏ ਨਾਮੇ ਹੀ ਸੁਖੁ ਪਾਇਦਾ ॥੬॥
ਸਭ ਨਾਵਹੁ ਉਪਜੈ ਨਾਵਹੁ ਛੀਜੈ ॥
ਗੁਰ ਕਿਰਪਾ ਤੇ ਮਨੁ ਤਨੁ ਭੀਜੈ ॥
ਰਸਨਾ ਨਾਮੁ ਧਿਆਏ ਰਸਿ ਭੀਜੈ ਰਸ ਹੀ ਤੇ ਰਸੁ ਪਾਇਦਾ ॥੭॥
ਮਹਲੈ ਅੰਦਰਿ ਮਹਲੁ ਕੋ ਪਾਏ ॥
ਗੁਰ ਕੈ ਸਬਦਿ ਸਚਿ ਚਿਤੁ ਲਾਏ ॥
ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ ॥੮॥
ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥
ਮਾਇਆ ਮੋਹੁ ਸਭੁ ਰੋਗੁ ਕਮਾਇਆ ॥
ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥
ਨਾਮਿ ਰਤੇ ਤਿਨ ਨਿਰਮਲ ਦੇਹਾ ॥
ਨਿਰਮਲ ਹੰਸਾ ਸਦਾ ਸੁਖੁ ਨੇਹਾ ॥
ਨਾਮੁ ਸਲਾਹਿ ਸਦਾ ਸੁਖੁ ਪਾਇਆ ਨਿਜ ਘਰਿ ਵਾਸਾ ਪਾਇਦਾ ॥੧੦॥
ਸਭੁ ਕੋ ਵਣਜੁ ਕਰੇ ਵਾਪਾਰਾ ॥
ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥
ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ ॥੧੧॥
ਜਿਸ ਨੋ ਨਾਮੁ ਦੇਇ ਸੋ ਪਾਏ ॥
ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥
ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ ॥੧੨॥
ਨਾਵੈ ਨੋ ਲੋਚੈ ਜੇਤੀ ਸਭ ਆਈ ॥
ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ ॥
ਜਿਨੀ ਨਾਉ ਪਾਇਆ ਸੇ ਵਡਭਾਗੀ ਗੁਰ ਕੈ ਸਬਦਿ ਮਿਲਾਇਦਾ ॥੧੩॥
ਕਾਇਆ ਕੋਟੁ ਅਤਿ ਅਪਾਰਾ ॥
ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ ॥
ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ ॥੧੪॥
ਅੰਤਰ ਘਰ ਬੰਕੇ ਥਾਨੁ ਸੁਹਾਇਆ ॥
ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ ॥
ਇਤੁ ਸਾਥਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ ॥੧੫॥
ਮੇਰੈ ਕਰਤੈ ਇਕ ਬਣਤ ਬਣਾਈ ॥

ਇਸੁ ਦੇਹੀ ਵਿਚਿ ਸਭ ਵਥੁ ਪਾਈ ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥੧੬॥}

(ਅੰਗ ੧੦੬੩-੬੪)

{ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥}

(ਅੰਗ ੧੨੪)

ਪ੍ਰਮਾਤਮਾ ਆਪਣਾ ਨਾਮ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ, ਆਪਣੇ ਮੇਲ ਦੁਆਰਾ ਦਿੰਦਾ ਹੈ ਤੇ ਕੋਈ ਵਿਰਲਾ ਹੀ ਉਸਦੇ ਭਾਣੇ ਵਿੱਚ ਚੱਲ ਸਕਦਾ ਹੈ, ਉਸਦਾ ਨਾਮ ਜਪ ਸਕਦਾ ਹੈ ਜੋ ਕਿ ਮਨ ਦੇ ਵਿੱਚ ਸੱਚੀ ਸਮਝ ਦੇਣ ਦੁਆਰਾ ਪ੍ਰਮਾਤਮਾ ਆਪ ਹੀ ਜਪਾਉਂਦਾ ਹੈ, ਆਪਣੀ ਸੱਚੀ ਪੂਜਾ ਕਿਸੇ ਕੋਲੋਂ ਆਪ ਹੀ ਕਰਵਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਕੋਲੋਂ, ਗੁਰੂ ਸਾਹਿਬਾਨ ਕੋਲੋਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਕੋਲੋਂ ਕਰਵਾਈ ਹੈ, ਆਪਣੇ ਭਾਣੇ ਵਿੱਚ ਆਪ ਹੀ ਚਲਾਇਆ ਹੈ। ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਹੀ ਉਸਦਾ ਨਾਮ ਜਪਣਾ ਹੈ।

{ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥}

(ਅੰਗ ੩੯੪)

ਅਸੀਂ ਪ੍ਰਮਾਤਮਾ ਦਾ ਸ਼ੁਕਰਾਨਾ ਵੀ ਗੱਲਾਂ ਨਾਲ ਹੀ ਕਰਦੇ ਹਾਂ, ਮੁੱਖੋਂ ਬੋਲ ਬੋਲ ਕੇ ਹੀ ਕਰਦੇ ਹਾਂ, ਕੇਵਲ ਪਾਠ ਕਰਨ ਦੁਆਰਾ ਹੀ ਕਰਦੇ ਹਾਂ। ਉਸਦਾ ਸ਼ੁਕਰਾਨਾ ਗੱਲਾਂ ਨਾਲ ਨਹੀਂ ਕੀਤਾ ਜਾ ਸਕਦਾ, ਉਸਦਾ ਸ਼ੁਕਰਾਨਾ ਉਸਦੀ ਗੱਲ ਤੇ ਅਮਲ ਕਰਕੇ ਹੀ ਕੀਤਾ ਜਾ ਸਕਦਾ ਹੈ। ਉਸਦਾ ਸ਼ੁਕਰਾਨਾ ਕਥਨੀ ਨਾਲ ਨਹੀਂ ਕੀਤਾ ਜਾ ਸਕਦਾ, ਕਰਣੀ ਨਾਲ ਕੀਤਾ ਜਾ ਸਕਦਾ ਹੈ।

ਉਸਦਾ ਸ਼ੁਕਰਾਨਾ ਗੱਲਾਂ ਨਾਲ ਨਹੀਂ ਕੀਤਾ ਜਾ ਸਕਦਾ, ਉਸ ਦੀ ਗੱਲ ਮੰਨ ਕੇ ਹੀ ਕੀਤਾ ਜਾ ਸਕਦਾ ਹੈ। ਆਉ ਹੁਣ ਇਹੀ ਗੱਲ ਅਗਲੇ ਸ਼ਬਦ ਦੁਆਰਾ ਸਮਝੀਏ। ਅਸੀਂ ਜਿਹੋ ਜਿਹਾ ਨਾਮ ਜਪਦੇ ਹਾਂ, ਪ੍ਰਮਾਤਮਾ ਦੀ ਭਗਤੀ ਕਰਦੇ ਹਾਂ, ਉਸ ਰਾਹੀਂ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦਾ ਸ਼ੁਕਰਾਨਾ ਹੀ ਕਰਦੇ ਹਾਂ ਜਿਸਨੂੰ ਸਾਡਾ ਭਰਮ ਦੱਸਿਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਸ਼ਬਦ ਦੇ ਭਾਵ ਬਹੁਤ ਗਹਿਰੇ ਹਨ। ਇਸ ਸ਼ਬਦ ਦੀ ਸਮਝ ਤਾਂ ਹੀ ਪਵੇਗੀ ਜੇਕਰ ਅਸੀਂ ਪਿਛਲੇ ਸ਼ਬਦ ਨੂੰ ਧਿਆਨ ਨਾਲ ਸਮਝ ਲਿਆ ਹੈ, ਖਾਸ ਕਰਕੇ ਜੋ ਆਖਰੀ ਦੋ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਹੇਠ ਦਿੱਤੇ ਸ਼ਬਦ ਵਿੱਚ ਸਾਨੂੰ ਨਾਮ ਜਪਣਾ ਹੀ ਸਮਝਾਇਆ ਹੈ। ਜਿਹੜੇ ਤਰੀਕੇ ਨਾਲ ਅਸੀਂ ਨਾਮ ਜਪਣਾ ਸਮਝਦੇ ਹਾਂ, ਉਹ ਵੀ ਸਮਝਾਇਆ ਹੈ:

“ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥
ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥
ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥
ਕੋ ਰਹੈ ਨ ਭਰੀਐ ਪਾਈਐ॥੫॥”

(ਅੰਗ ੪੬੫)

ਸਭ ਤੋਂ ਪਹਿਲਾਂ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੀਏ ਕਿ ਨਾਮ ਕੀ ਹੈ। ਨਾਮ ਨੂੰ ਨਿਰੰਕਾਰ ਕਹਿਆ ਹੈ। ਨਿਰੰਕਾਰ ਕੇਵਲ ਪ੍ਰਮਾਤਮਾ ਆਪ ਹੈ ਭਾਵ ਜੋ ਪ੍ਰਮਾਤਮਾ ਦਾ ਆਪਣਾ ਰੂਪ ਹੈ ਉਹੀ ਨਾਮ ਦਾ ਰੂਪ ਹੈ। “ਨਿਰੰਕਾਰ” ਆਕਾਰ ਤੋਂ ਰਹਿਤ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੋ ਸਕਦਾ। ਨਿਰੰਕਾਰ ਰੂਪ ਕੇਵਲ ਗਿਆਨ ਦਾ ਹੋ ਸਕਦਾ ਹੈ ਤੇ ਹੋਰ ਕਿਸੇ ਚੀਜ ਦਾ ਨਹੀਂ ਹੋ ਸਕਦਾ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆਏ ਹਾਂ। ਇਸੇ ਲਈ ਬਾਣੀ ਵਿੱਚ ਨਾਮ ਨੂੰ ਗਿਆਨ ਕਹਿਆ ਹੈ, ਬ੍ਰਹਮ ਗਿਆਨ ਕਹਿਆ ਹੈ ਤੇ ਇਹੀ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਵੇਂ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ਰਹਾਉ॥}

(ਅੰਗ ੧੧੫੯)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ ੧੨੦)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥
ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥
ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥}

(ਅੰਗ ੭੯੮)

ਉੱਪਰ ਵਾਲੇ ਸ਼ਬਦ ਦੁਆਰਾ ਬੜਾ ਸਪੱਸ਼ਟ ਹੈ ਕਿ ਨਾਮ ਨਿਰੰਕਾਰ ਰੂਪ ਹੈ, ਗਿਆਨ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਹਰ ਸ਼ਬਦ ਦੀ ਵਿਚਾਰ ਬ੍ਰਹਮ ਗਿਆਨ ਹੈ ਤੇ ਇਸੇ ਲਈ ਪ੍ਰਮਾਤਮਾ ਦਾ ਨਾਮ ਪੂਰੀ ਬਾਣੀ ਦੇ ਵਿੱਚ ਹੈ ਜੋ ਕਿ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। (**ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥** ਅੰਗ - ੩੫੫) ਹਰ ਸ਼ਬਦ ਦੀ ਵਿਚਾਰ ਦਾ ਰੂਪ ਨਿਰੰਕਾਰ ਰੂਪ ਹੈ। ਸ਼ਬਦਾਂ ਦੀ ਵਿਚਾਰ ਦਾ ਕੋਈ ਰੂਪ ਰੇਖ ਨਹੀਂ ਹੁੰਦਾ, ਕੋਈ ਆਕਾਰ ਰੂਪ ਨਹੀਂ ਹੁੰਦਾ। ਸ਼ਬਦਾਂ ਦੀ ਜੋ ਲਿਖਤ ਹੈ ਉਹ ਸ਼ਬਦਾਂ ਦਾ ਆਕਾਰ ਰੂਪ ਹੈ ਜੋ ਅਸੀਂ ਦੇਖਦੇ ਹਾਂ। ਸ਼ਬਦਾਂ ਦੇ ਅੰਦਰ ਦੀ ਜੋ ਸਮਝ ਹੈ ਉਹ ਨਿਰੰਕਾਰ ਰੂਪ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਨਿਰੰਕਾਰ ਰੂਪ ਵਿੱਚ ਹੀ ਹੈ ਜੋ ਸਾਨੂੰ ਨਜਰ ਨਹੀਂ ਆਉਂਦਾ। (**ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**) ਅੰਗ - ੧੨੦

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥
ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥}

(ਅੰਗ ੭੯੮)

ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਗਿਆਨ ਰੂਪ ਹੈ ਤੇ ਜੋ ਰੂਪ ਪ੍ਰਮਾਤਮਾ ਦਾ ਗਿਆਨ ਰੂਪ ਹੈ ਉਹੀ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਪ੍ਰਮਾਤਮਾ ਦਾ ਨਾਮ ਜਪੋ, ਨਾਮ ਨੂੰ ਅਰਾਧੋ, ਨਾਮ ਦਾ ਸਿਮਰਨ ਕਰੋ ਭਾਵ ਹਰ ਵੇਲੇ ਪ੍ਰਮਾਤਮਾ ਦਾ ਨਾਮ ਲਵੋ। ਹੁਣ ਧਿਆਨ ਨਾਲ ਸਮਝੋ ਕਿ ਜੋ ਨਾਮ ਹੈ ਹੀ ਨਿਰੰਕਾਰ ਰੂਪ ਵਿੱਚ, ਗਿਆਨ ਰੂਪ

ਵਿੱਚ, ਕੀ ਉਸਨੂੰ ਮੂੰਹ ਨਾਲ, ਰਸਨਾ ਨਾਲ ਜਪਿਆ ਜਾ ਸਕਦਾ ਹੈ, ਬੋਲ ਬੋਲ ਕੇ ਜਪਿਆ ਜਾ ਸਕਦਾ ਹੈ। ਅਸੀਂ ਆਪਣੇ ਮੁੱਖੋਂ ਕਿਸੇ ਅੱਖਰ ਨੂੰ ਤੇ ਬੋਲ ਸਕਦੇ ਹਾਂ ਪਰ ਉਸ ਅੱਖਰ ਦੇ ਅੰਦਰ ਦੇ ਗਿਆਨ ਨੂੰ ਮੁੱਖੋਂ ਤਾਂ ਹੀ ਬੋਲਿਆ ਜਾ ਸਕਦਾ ਹੈ ਜੇਕਰ ਉਸ ਨਿਰੰਕਾਰ ਰੂਪ ਨਾਮ ਨੂੰ ਸਾਡਾ ਮਨ ਪਹਿਲੇ ਸਮਝੇਗਾ ਕਿ ਅੱਖਰ ਰਾਹੀਂ ਕੀ ਸਮਝਾਇਆ ਹੋਇਆ ਹੈ। ਨਾਮ ਅੱਖਰ ਦੇ ਅੰਦਰ ਦੀ ਸਮਝ ਹੈ, ਸ਼ਬਦ ਦੇ ਅੰਦਰ ਦੀ ਵਿਚਾਰ ਹੈ। ਗੁਰਬਾਣੀ ਸ਼ਬਦ ਰੂਪ ਅੱਖਰਾਂ ਦਾ ਭੰਡਾਰ ਹੈ ਤੇ ਹਰ ਅੱਖਰ ਦੀ ਸਮਝ ਨਿਰੰਕਾਰ ਰੂਪ ਹੈ ਭਾਵ ਨਾਮ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਹਰ ਸ਼ਬਦ ਰਾਹੀਂ, ਸ਼ਬਦ ਦੇ ਅੱਖਰਾਂ ਰਾਹੀਂ ਨਾਮ ਹੀ ਸਮਝਾਇਆ ਹੈ ਜਿਸਨੂੰ ਅਸੀਂ ਸਮਝਣਾ ਹੈ ਤੇ ਸਮਝਣ ਤੋਂ ਬਾਅਦ ਉਨ੍ਹਾਂ ਸ਼ਬਦਾਂ ਦੀ ਸਮਝ ਨੂੰ ਮੰਨਣਾ ਹੈ ਭਾਵ ਉਸ ਸਮਝ ਤੇ ਅਮਲ ਕਰਨਾ ਨਾਮ ਜਪਣਾ ਹੈ, ਨਾਮ ਸਿਮਰਨਾ ਹੈ, ਨਾਮ ਅਰਾਧਣਾ ਹੈ, ਧਿਆਉਣਾ ਹੈ। (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥** – ਅੰਗ – ੨੭) ਨਾਮ ਪ੍ਰਮਾਤਮਾ ਆਪ ਹੈ ਤੇ ਉਸਦਾ ਨਾਮ ਲੈਣ ਨਾਲ ਭਾਵ ਸੱਚੀ ਮਤਿ ਲੈਣ ਨਾਲ ਭਾਵ

5/439

ਨਾਮ ਜਪਣ ਨਾਲ ਭਾਵ ਉਸ ਤੇ ਅਮਲ ਕਰਨ ਨਾਲ ਮਨੁੱਖ ਨਰਕ ਜਾਣ ਤੋਂ ਬਚ ਸਕਦਾ ਹੈ, ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬਚ ਸਕਦਾ ਹੈ ਭਾਵ ਜੋ ਪ੍ਰਮਾਤਮਾ ਦਾ ਨਾਮ ਨਹੀਂ ਜਪਦਾ, ਉਸਦੇ ਨਿਰੰਕਾਰ ਰੂਪ ਨੂੰ ਨਹੀਂ ਜਪਦਾ ਭਾਵ ਬ੍ਰਹਮ ਗਿਆਨ ਰੂਪ ਮਤਿ ਉੱਤੇ ਅਮਲ ਨਹੀਂ ਕਰਦਾ ਉਹ ਨਰਕ ਵਿੱਚ ਪੈਂਦਾ ਹੈ, ਮਨ ਦੇ ਆਵਾਗਉਣ ਵਿੱਚ ਪੈਂਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥)** ‘‘ਨਰਕ’’ ‘‘ਸਵਰਗ’’ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਸਮਝਾਂਗੇ। ਅਗਲੀ ਪੰਗਤੀ ਵਿੱਚ ਉਹੋ ਜਿਹਾ ਨਾਮ ਜਪਣਾ ਦੱਸਿਆ ਹੋਇਆ ਹੈ ਜਿਵੇਂ ਕਿ ਆਮ ਤੌਰ ਤੇ ਹਰ ਕੋਈ ਨਾਮ ਜਪਣਾ ਸਮਝਦਾ ਹੈ ਭਾਵ ਸਾਡੀ ਜਪਣੀ ਕਿਹੋ ਜਿਹੀ ਹੈ ਇਹ ਸਮਝਾਇਆ ਹੋਇਆ ਹੈ। ਇਸ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

‘‘ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥’’

ਪ੍ਰਮਾਤਮਾ ਦਾ ਜਪ ਕਰਨਾ ਉਸਦੀ ਉਸਤਤਿ ਕਰਨਾ ਹੈ, ਉਸਦਾ ਜੱਸ ਗਾਉਣਾ ਹੈ। ਉਸਦਾ ਜਸ ਗਾਉਣਾ, ਉਸ ਨੂੰ ਆਪਣਾ ਮਨ, ਤਨ ਸੌਂਪਣਾ ਹੈ, ਉਸਦੇ ਭਾਣੇ ਵਿੱਚ ਚੱਲਣਾ ਹੈ, ਜੋ ਕਿ ਬਾਣੀ ਸਾਨੂੰ ਸ਼ਬਦਾਂ ਰਾਹੀਂ ਵਾਰ-ਵਾਰ ਸਮਝਾ ਰਹੀ ਹੈ। ਅਸੀਂ ਆਪਣੇ ਜਪ ਤਪ ਵਿੱਚ ਆਪਣੇ ਵੱਲੋਂ ਗੁਰੂ ਦੀਆਂ ਗੱਲਾਂ ਤੇ ਅਮਲ ਕਰਨਾ ਹੀ ਸਮਝਦੇ ਹਾਂ ਤਾਂ ਜੋ ਅਸੀਂ ਗੁਰੂ ਦੀ ਗੱਲ ਤੇ ਪੂਰਾ ਉਤਰ ਸਕੀਏ। ਉਸਦੀ ਗੱਲ ਤੇ ਪੂਰਾ ਉਤਰਨ ਲਈ ਅਸੀਂ ਪ੍ਰਮਾਤਮਾ ਨੂੰ ਬੋਲ-ਬੋਲ ਕੇ ਇਹ ਕਹਿੰਦੇ ਹਾਂ ਕਿ ‘‘ਇਹ ਮਨ ਵੀ ਤੇਰਾ ਹੈ’’, ‘‘ਇਹ ਤਨ ਵੀ ਤੇਰਾ ਦਿੱਤਾ ਹੋਇਆ ਹੈ’’ ਤੇ ‘‘ਅਸੀਂ ਤੇਰਾ ਦਿੱਤਾ ਹੋਇਆ ਹੀ ਖਾਂਦੇ ਹਾਂ’’ ਭਾਵ ਜੋ ਕੁੱਝ ਤੂੰ ਦਿੰਦਾ ਹੈ ਉਹੀ ਕੁੱਝ ਖਾਂਦੇ ਹਾਂ। ਅਸੀਂ ਇਹ ਕੁੱਝ ਮੂੰਹੋਂ ਬੋਲ ਬੋਲ ਕੇ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਪ੍ਰਗਟ ਕਰਦੇ ਹਾਂ, ਉਸਦੀ ਸਿਫਤ ਸਾਲਾਹ ਕਰਦੇ ਹਾਂ, ਉਸਦਾ ਸ਼ੁਕਰਾਨਾ ਕਰਦੇ ਹਾਂ, ਸਭ ਕੁੱਝ ਪ੍ਰਮਾਤਮਾ ਨੂੰ ਹੀ ਸਮਝਦੇ ਹਾਂ। ਇਸੇ ਲਈ ‘‘ਉਹੀ -ਉਹੀ’’, ‘‘ਤੂੰ ਹੀ ਤੂੰ ਹੀ’’, ‘‘ਰਾਮ ਰਾਮ’’, ‘‘ਗੁਰੂ ਗੁਰੂ’’, ‘‘ਵਾਹਿਗੁਰੂ ਵਾਹਿਗੁਰੂ’’ ਬੋਲ ਕੇ ਆਪਣੀ ਸ਼ਰਧਾ ਪ੍ਰਗਟ ਕਰਦੇ ਹਾਂ, ਜਿਸ ਦੁਆਰਾ ਅਸੀਂ ਗੁਰੂ ਦੀ ਦੱਸੀ ਹੋਈ ਮਤਿ ਤੇ ਪੂਰਾ ਉਤਰਨਾ ਸਮਝਦੇ ਹਾਂ ਭਾਵ ਕੇਵਲ ਮੂੰਹ ਨਾਲ ਬੋਲੀ ਜਾਣ ਨਾਲ, ਕੇਵਲ ਗੱਲਾਂ ਨਾਲ, ਕਥਨੀ ਨਾਲ ਅਸੀਂ ਆਪਣੇ ਵੱਲੋਂ ਗੁਰੂ ਦੀ ਗੱਲ ਤੇ ਪੂਰਾ ਉੱਤਰਦੇ ਹਾਂ ਭਾਵ ਗੱਲਾਂ ਗੱਲਾਂ ਵਿੱਚ ਹੀ ਅਸੀਂ ਆਪਣੇ ਵੱਲੋਂ ਆਪਣਾ ਮਨ ਵੀ ਗੁਰੂ ਨੂੰ ਸੌਂਪ ਦਿੰਦੇ ਹਾਂ, ਆਪਣਾ ਤਨ ਵੀ ਗੁਰੂ ਨੂੰ ਸੌਂਪ ਦਿੰਦੇ ਹਾਂ ਤੇ ਉਸਦੇ ਭਾਣੇ ਤੇ ਵੀ ਪੂਰੇ ਉਤਰ ਜਾਂਦੇ ਹਾਂ, ਉਸਦੀ ਮਤਿ ਤੇ ਵੀ ਪੂਰੇ ਉਤਰ ਜਾਂਦੇ ਹਾਂ, ਆਪਣੇ ਵੱਲੋਂ ਭਗਤੀ ਦੇ ਮਾਰਗ ਤੇ ਪੂਰੇ ਉਤਰ ਜਾਂਦੇ ਹਾਂ ਭਾਵ ਸਭ ਕੁੱਝ ਆਪਣੀ ਕਥਨੀ ਨਾਲ ਹੀ ਸਾਰ ਲੈਂਦੇ ਹਾਂ, ਆਪਣੀ ਇਸ ਕਥਨੀ ਨੂੰ ਹੀ ਭਗਤੀ

5/440

ਮੰਨਦੇ ਹਾਂ, ਉਸਦਾ ਨਾਮ ਜਪਣਾ ਮੰਨਦੇ ਹਾਂ, ਉਸਦਾ ਸ਼ੁਕਰਾਨਾ ਕਰਨਾ ਸਮਝਦੇ ਹਾਂ ਭਾਵ ਇਹੋ ਕੁੱਝ ਕਰਨਾ ਹੀ ਅਸੀਂ ਪ੍ਰਮਾਤਮਾ ਦਾ ਆਖਣ ਸਮਝਦੇ ਹਾਂ। ਪਰ ਗੁਰੂ ਜੀ ਸਮਝਾ ਰਹੇ ਹਨ ਕਿ ਸਾਡਾ ਇਹੋ ਜਿਹਾ ਆਖਣ ਪ੍ਰਮਾਤਮਾ ਨੂੰ ਮਨਜ਼ੂਰ ਨਹੀਂ ਹੈ, ਇਹੋ ਜਿਹਾ ਜਪ ਉਸਨੂੰ ਕਬੂਲ ਨਹੀਂ ਹੈ। ਇਹੋ ਜਿਹੇ ਆਖਣ ਦੁਆਰਾ, ਜਪ ਦੁਆਰਾ ਅਸੀਂ ਆਪਣਾ ਨਰਕ ਤੋਂ ਬਚਣ ਦਾ ਭਾਵ ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬਚਣ ਦਾ ਮਨੋਰਥ ਗਵਾ ਰਹੇ ਹਾਂ, ਆਪਣੀ ਸੇਵਾ ਗਵਾ ਰਹੇ ਹਾਂ, ਆਪਣੀ ਭਗਤੀ

ਦਾ ਮਨੋਰਥ ਵਿਅਰਥ ਗਵਾ ਰਹੇ ਹਾਂ ਜੋ ਮਨੋਰਥ ਦਾਤਾਂ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਨਾਲ ਹੀ ਪੂਰਾ ਹੁੰਦਾ ਹੈ ਕਿ ਉਹ ਆਪਣੀ ਹਰ ਦਾਤ ਪੂਰੀ ਸ੍ਰਿਸ਼ਟੀ ਨੂੰ ਕਿਸ ਤਰੀਕੇ ਦੇ ਰਿਹਾ ਹੈ। ਉਸ ਦਾਤਾਂ ਦੇ ਮਾਲਕ ਨੂੰ ਉਸ ਦਾ ਸੱਚਾ ਨਾਮ ਜਪਣ ਦਾ ਉੱਦਮ ਕਰਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜੋ ਸਾਡਾ ਸੱਚਾ ਉੱਦਮ ਗੁਰੂ ਦੀ ਮਤਿ ਨੂੰ ਮੰਨ ਕੇ ਉਸ ਤੇ ਅਮਲ ਕਰਨ ਦਾ ਹੈ ਭਾਵ ਉਸ ਦਾ ਸਹੀ ਨਾਮ ਜਪਣ ਦਾ ਹੈ। **(ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥ ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥)** ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਨਾਮ ਜਪਣਾ ਬਾਣੀ ਵਿੱਚ ਕਿਸ ਨੂੰ ਕਿਹਾ ਹੈ, ਤਦ ਤੱਕ ਇਨ੍ਹਾਂ ਪੰਗਤੀਆਂ ਦੇ ਅਰਥ ਕਦੇ ਵੀ ਸਮਝ ਨਹੀਂ ਆ ਸਕਦੇ। ਨਾਮ ਕਥਨੀ ਦੁਆਰਾ ਨਹੀਂ ਜਪਿਆ ਜਾ ਸਕਦਾ। ਕੇਵਲ ਸਾਡੇ ਇਹ ਕਹਿਣ ਨਾਲ ਕਿ ਸਾਡਾ ਮਨ ਪ੍ਰਮਾਤਮਾ ਦਾ ਹੈ, ਤਨ ਵੀ ਉਸੇ ਦਾ ਹੈ, ਅਸੀਂ ਉਸਦੇ ਭਾਣੇ ਵਿੱਚ ਹੀ ਚੱਲਦੇ ਹਾਂ, ਅਸੀਂ ਗੁਰੂ ਦੀ ਮਤਿ ਅਨੁਸਾਰ ਹੀ ਚੱਲਦੇ ਹਾਂ ਤਾਂ ਫਿਰ, ਨਾ ਮਨ ਗੁਰੂ ਨੂੰ ਸੌਂਪਿਆ ਜਾ ਸਕਦਾ ਹੈ, ਨਾ ਤਨ ਉਸ ਦਾ ਹੋ ਸਕਦਾ ਹੈ, ਅਤੇ ਨਾ ਹੀ ਉਸਦੇ ਭਾਣੇ ਨੂੰ ਮੰਨਿਆ ਜਾ ਸਕਦਾ ਹੈ। ਗੱਲਾਂ ਨਾਲ ਕਿਸੇ ਦਾ ਪੇਟ ਨਹੀਂ ਭਰਦਾ ਤੇ ਨਾ ਹੀ ਗੁਰੂ ਦਾ ਭਰਦਾ ਹੈ। ਜੇਕਰ ਅਸੀਂ ਆਪਣਾ ਤਨ ਮਨ ਗੁਰੂ ਨੂੰ ਸੌਂਪਣਾ ਹੈ, ਉਸਦੇ ਭਾਣੇ ਵਿੱਚ ਚੱਲਣਾ ਹੈ, ਉਸਦਾ ਭਾਣਾ ਮੰਨਣਾ ਹੈ ਤਾਂ ਇਹ ਸਾਡੀ ਕਰਨੀ ਦੁਆਰਾ ਹੋ ਸਕਦਾ ਹੈ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। **“ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥”** ਜੇ ਅਸੀਂ ਆਪਣਾ ਚੰਗਾ ਚਾਹੁੰਦੇ ਹਾਂ ਭਾਵ ਨਰਕ ਤੋਂ ਬਚਣਾ ਚਾਹੁੰਦੇ ਹਾਂ, ਤਾਂ ਉਹ ਸਾਡੀ ਕਰਨੀ ਦੁਆਰਾ ਹੋ ਸਕਦਾ ਹੈ ਭਾਵ ਇਹ ਸਾਡੀ ਚੰਗੀ ਕਰਨੀ ਹੀ ਨਾਮ ਜਪਣਾ ਹੈ ਜੋ ਸਾਨੂੰ ਨਰਕ ਤੋਂ ਬਚਾ ਸਕਦੀ ਹੈ। ਸਾਡਾ ਚੰਗਾ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਸੱਚੇ ਸੁੱਚੇ ਕਰਮ ਕਰੀਏ। "ਪੁੰਨਹੁ" ਤੋਂ ਭਾਵ ਹੈ ਸੱਚੇ ਸੁੱਚੇ ਕਰਮ, ਚੰਗੇ ਕਰਮ ਜਿਨਾਂ ਕਰਮਾਂ ਦੁਆਰਾ ਸਮਾਜ ਦੀ ਭਲਾਈ ਹੰਦੀ ਹੈ ਭਾਵ ਅਸੀਂ ਕਿਸੇ ਦਾ ਮਾੜਾ ਨਾ ਕਰੀਏ। ਚੰਗੇ ਕਰਮ ਕਰਕੇ ਆਪਣੇ ਆਪ

5/441

ਨੂੰ ਵੱਡਾ ਵੀ ਨਹੀਂ ਸਮਝਣਾ, ਵੱਡਾ ਵੀ ਨਹੀਂ ਸਦਾਉਣਾ, ਬਲਕਿ ਨੀਵਾਂ ਬਣਕੇ ਰਹਿਣਾ ਹੈ। ਆਪਣਾ ਮਾਣ ਉੱਚਾ ਨਹੀਂ ਸਮਝਣਾ, ਆਪਣੀ ਹਉਮੈ ਵਧਾਉਣੀ ਨਹੀਂ ਬਲਕਿ ਆਪਣੀ ਹਉਮੈ ਨੂੰ ਮਾਰਨਾ ਹੈ। ਜਿੱਥੇ ਹਉਮੈ ਹੈ ਉਥੇ ਨਾਮ ਨਹੀਂ ਹੋ ਸਕਦਾ। ਹਉਮੈ ਸਾਡੇ ਅੰਦਰ ਦੀ ਮਾੜੀ ਸਮਝ ਹੈ, ਮਨਮਤਿ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ, ਮਾਇਆ ਮੋਹ ਵਿੱਚ ਰੱਖਦੀ ਹੈ, ਤ੍ਰਿਸ਼ਨਾਵਾਂ ਵਿੱਚ ਰੱਖਦੀ ਹੈ ਜਿਸ ਕਰਕੇ ਅਸੀਂ ਔਗੁਣਾਂ ਵਿੱਚ ਵਿਚਰਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ। ਅਸੀਂ ਨੀਚ ਤਾਂ ਹੀ ਬਣ ਸਕਦੇ ਹਾਂ ਜਦੋਂ ਸਾਡੀ ਮਤਿ ਨੀਵੀਂ ਹੋ ਜਾਵੇ ਤੇ ਉਹ ਤਾਂ ਹੀ ਹੁੰਦੀ ਹੈ ਜਦੋਂ ਸਾਡੇ ਅੰਦਰ ਗੁਰਮਤਿ ਵੱਸ ਜਾਵੇ, ਨਾਮ ਵਾਲੀ ਮਤਿ ਵੱਸ ਜਾਵੇ। ਜਦੋਂ ਗੁਰਮਤਿ ਉੱਚੀ ਹੋਵੇਗੀ ਤਾਂ ਹੀ ਸਾਡੀ ਮਤਿ ਨੀਵੀਂ ਹੋਵੇਗੀ, ਹਉਮੈ ਨੀਵੀਂ ਹੋਵੇਗੀ, ਮਨਮਤਿ ਨੀਵੀਂ ਹੋਵੇਗੀ।

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥}

(ਅੰਗ ੮੭੮)

(ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥)

(ਅੰਗ ੫੬੦)

ਨਾਮ ਜਪਣ ਦਾ ਮਕਸਦ ਹੀ ਇਹ ਹੈ ਕਿ ਸਾਡੀ ਹਉਮੈ ਖਤਮ ਹੋ ਜਾਵੇ ਤੇ ਜਿਹੋ ਜਿਹਾ ਜਪ ਕਰਕੇ ਸਾਡਾ ਰੁਤਬਾ ਹੋਰ ਉੱਚਾ ਹੋ ਜਾਵੇ, ਸਾਡਾ ਝੂਠਾ ਮਾਣ ਹੋਰ ਵੱਧ ਜਾਵੇ, ਸਾਡਾ ਮੋਹ ਦੁਨੀਆਂ ਵਿੱਚ ਹੋਰ ਵੱਧ ਜਾਵੇ ਉਸ ਨਾਲ ਨਾਮ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਆਪਣੇ ਆਪ ਨੂੰ ਨੀਵਾਂ ਰੱਖਣਾ, ਆਪਣੇ ਮਾਣ ਦੀ ਪ੍ਰਵਾਹ ਨਾ ਕਰਨਾ ਬਹੁਤ ਔਖਾ ਕੰਮ ਹੈ ਕਿਉਂਕਿ ਮਾਣ ਸਭ ਨੂੰ ਚੰਗਾ ਲੱਗਦਾ ਹੈ। ਮਾਇਆ ਤੱਜਣੀ ਭਾਵ ਬਾਹਰੀ ਮਾਇਆ ਤੱਜਣੀ ਇਤਨੀ ਔਖੀ ਨਹੀਂ ਹੈ ਜਿਤਨਾ ਮਾਣ ਤੱਜਣਾ ਔਖਾ ਹੈ।

{ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥}

(ਅੰਗ ੧੩੭੨)

ਮਨ ਨੂੰ ਮਾਰਨ ਬਿਨ੍ਹਾਂ, ਆਪਣੀਆਂ ਤ੍ਰਿਸ਼ਨਾਵਾਂ ਤੇ ਕਾਬੂ ਪਾਏ ਬਿਨ੍ਹਾਂ, ਨੀਵਾਂ ਨਹੀਂ ਬਣਿਆ ਜਾ ਸਕਦਾ। "ਮਾਣ" ਪਾਉਣ ਦੀ ਤ੍ਰਿਸ਼ਨਾ ਸਭ ਵਿੱਚ ਹੈ ਜੋ ਸਾਨੂੰ ਨਾਮ ਤੋਂ ਦੂਰ ਰੱਖਦੀ ਹੈ। ਜੇਕਰ ਇਹ ਸਮਝ ਲੱਗ ਜਾਵੇ ਕਿ ਤ੍ਰਿਸ਼ਨਾ ਨੂੰ ਕਾਬੂ ਕਰਨਾ ਹੀ ਨਾਮ ਜਪਣਾ ਹੈ, ਤਾਂ ਹੀ ਸਾਡੇ ਅੰਦਰ ਨਾਮ ਵੱਸ ਸਕਦਾ ਹੈ। ਤ੍ਰਿਸ਼ਨਾ ਸਾਡੀ ਤਾਂ ਜਾਂਦੀ ਹੈ ਜਦੋਂ ਅਸੀਂ ਬਾਣੀ ਨਾਲ ਜੁੜਾਂਗੇ। ਸਭ ਕੁੱਝ ਆਪਣਾ ਬਾਣੀ ਨੂੰ ਹੀ ਸੌਂਪ ਦਿਆਂਗੇ, ਗੁਰੂ ਨੂੰ ਹੀ ਸੌਂਪ ਦਿਆਂਗੇ, ਬਾਣੀ ਤੇ ਪੂਰਨ ਭਰੋਸਾ ਰੱਖਾਂਗੇ, ਆਪਣੀ ਮਤਿ ਪੂਰਨ ਰੂਪ ਵਿੱਚ ਤਿਆਗ ਦਿਆਂਗੇ, ਪੂਰੀ ਤਰ੍ਹਾਂ ਗੁਰੂ ਦੀ ਮਤਿ ਅਨੁਸਾਰ ਚੱਲਾਂਗੇ। ਜਦ ਤੱਕ ਸਾਡਾ ਬਾਣੀ ਤੇ ਪੂਰਨ ਭਰੋਸਾ ਨਹੀਂ ਬਝਦਾ

5/442

ਸਾਡੀ ਦੁਬਿਧਾ ਨਹੀਂ ਜਾ ਸਕਦੀ। ਬਾਣੀ ਸਾਨੂੰ ਵਿਖਾਵੇ ਵਾਲੇ ਜਪ ਤਪ ਕਰਨ ਤੋਂ ਦੂਰ ਰਹਿਣ ਲਈ ਕਹਿੰਦੀ ਹੈ ਪਰ ਸਾਨੂੰ ਗੁਰੂ ਦੀ ਇਸ ਗੱਲ ਤੇ ਭਰੋਸਾ ਨਹੀਂ ਆਉਂਦਾ। ਅਸੀਂ ਪਿਆਰ ਨਾਲ ਬਾਣੀ ਪੜ੍ਹਦੇ ਵੀ ਹਾਂ, ਸੁਣਦੇ ਵੀ ਹਾਂ, ਕੀਰਤਨ ਵਿੱਚ ਵੀ ਜਾਂਦੇ ਹਾਂ, ਬਾਣੀ ਨੂੰ ਸਮਝਣ ਦੀ ਕੋਸ਼ਿਸ਼ ਵੀ ਕਰਦੇ ਹਾਂ, ਬਾਣੀ ਸਮਝ ਆਉਂਦੀ ਵੀ ਹੈ, ਬਾਣੀ ਨੂੰ ਪੜ੍ਹਨ ਸੁਣਨ ਵਿੱਚ ਰਸ ਵੀ ਮਾਣਦੇ ਹਾਂ ਪਰ ਸਭ ਤੋਂ ਵੱਡਾ ਜੋ ਅਨੰਦ ਰਸ ਹੈ, ਉਹ ਗੁਰੂ ਦੇ ਭਾਣੇ ਵਿੱਚ ਹੈ, ਗੁਰੂ ਦੀ ਗੱਲ ਤੇ ਅਮਲ ਕਰਨ ਵਿੱਚ ਹੈ। ਬਸ ਇੱਥੇ ਆ ਕੇ ਸਾਡਾ ਗੁਰੂ ਤੇ ਭਰੋਸਾ ਟੁੱਟ ਜਾਂਦਾ ਹੈ। ਅਸੀਂ ਉਸ ਅਨੰਦ ਦੀ ਪ੍ਰਾਪਤੀ ਕਿਸੇ ਜਪ ਤਪ ਦੁਆਰਾ ਕਰਨੀ ਚਾਹੁੰਦੇ ਹਾਂ, ਜਪ ਤਪ ਦੁਆਰਾ ਆਪਣੇ ਆਪ ਨੂੰ ਨਿਰਮਲ ਕਰਨਾ ਚਾਹੁੰਦੇ ਹਾਂ, ਪਵਿੱਤਰ ਬਣਨਾ ਚਾਹੁੰਦੇ ਹਾਂ। ਸਾਡੀ ਸਾਰੀ ਭੁੱਲ ਇੱਥੇ ਹੀ ਹੈ। ਇਹੋ ਜਿਹੇ ਜਪ ਤਪ ਸਾਨੂੰ ਨਿਰਮਲ ਨਹੀਂ ਬਣਾ ਸਕਦੇ, ਉਸ ਅਸਲ ਅਨੰਦ ਦੀ ਪ੍ਰਾਪਤੀ ਨਹੀਂ ਕਰਵਾ ਸਕਦੇ। ਹੇਠ ਲਿਖੇ ਕੁੱਝ ਸ਼ਬਦਾਂ ਨੂੰ ਵਿਚਾਰ ਕੇ ਇਹ ਭੁਲੇਖਾ ਸਮਝ ਆ ਜਾਵੇਗਾ ਜਿਵੇਂ ਕਿ ਇਹ ਭੁਲੇਖਾ ਅਸੀਂ ਪਿੱਛੇ ਵੀ ਕਢਿਆ ਹੈ।

"ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥"

(ਅੰਗ ੩੯)

ਸਾਡੇ ਅੰਦਰ ਮੈਲ ਹਉਮੈ ਦੀ ਹੈ, ਅਗਿਆਨਤਾ ਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉੱਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਜਦ ਤੱਕ ਮਨੁੱਖ ਦੇ ਮਨ ਵਿੱਚ ਮੈਲ ਹੈ ਉਹ ਨਿਰਮਲ ਨਹੀਂ ਅਖਵਾ ਸਕਦਾ। ਜਦ ਤੱਕ ਮਨ ਵਿੱਚ ਮੈਲ ਹੈ ਤਦ ਤੱਕ ਭਗਤੀ ਹੋ ਹੀ ਨਹੀਂ ਸਕਦੀ ਅਤੇ ਨਾ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਸਾਡੇ ਮਕਸਦ ਦੀ ਪ੍ਰਾਪਤੀ ਨਿਰਮਲ ਹੋਣ ਨਾਲ

5/443

ਹੀ ਹੋ ਸਕਦੀ। ਨਿਰਮਲ ਬਣਨ ਲਈ ਗੁਰੂ ਦੀ ਸ਼ਰਨ ਵਿੱਚ ਆਉਣਾ ਜਰੂਰੀ ਹੈ, ਗੁਰੂ ਦੀ ਮਤਿ ਦੀ ਸ਼ਰਨ ਵਿੱਚ ਆਉਣਾ ਜਰੂਰੀ ਹੈ, ਗੁਰੂ ਦੇ ਸੱਚੇ ਗਿਆਨ ਦੀ ਸ਼ਰਨ ਵਿੱਚ ਆਉਣਾ ਜਰੂਰੀ ਹੈ ਜੋ ਸਾਡੇ ਅੰਦਰੋਂ ਔਗੁਣਾਂ ਵਾਲੇ ਮਾੜੇ ਵਿਚਾਰਾਂ ਦੀ ਮੈਲ ਵਿੱਚੋਂ ਕੱਢ ਸਕਦਾ ਹੈ ਭਾਵ ਗੁਰੂ ਦੇ ਗੁਣਾਂ ਦੀ ਸ਼ਰਨ ਵਿੱਚ ਆਉਣਾ ਜਰੂਰੀ ਹੈ। ਸਾਡੀ ਔਗੁਣਾਂ ਦੀ ਮੈਲ ਗੁਣਾਂ ਨੂੰ ਅਪਣਾਉਣ ਦੁਆਰਾ ਜਾਣੀ ਹੈ, ਗੁਣ ਗੁਣ ਬੋਲੀ ਜਾਣ ਨਾਲ ਨਹੀਂ ਜਾ ਸਕਦੀ। ਇਹੀ ਗੱਲ ਇਸ ਸ਼ਬਦ ਰਾਹੀਂ ਸਪੱਸ਼ਟ ਕੀਤੀ ਹੋਈ ਹੈ। ਅਸੀਂ ਹਰਿ ਹਰਿ ਕਰਨ ਨੂੰ ਹੀ ਗੁਣ ਗਾਉਣਾ ਸਮਝਦੇ ਹਾਂ, ਗੁਰੂ ਦੀ ਸ਼ਰਨ ਵਿੱਚ ਆਉਣਾ ਸਮਝਦੇ ਹਾਂ। ਸਮਝਾਇਆ ਇਹ ਹੈ ਕਿ ਸਾਡਾ ਹਰਿ ਹਰਿ ਬੋਲੀ ਜਾਣਾ ਸਾਡਾ ਗੁਰੂ ਦੀ ਸ਼ਰਨ ਵਿੱਚ ਆਉਣਾ ਨਹੀਂ ਹੈ। ਹਰਿ ਹਰਿ ਬੋਲੀ ਜਾਣ ਨਾਲ ਜੇਕਰ ਅਸੀਂ ਸਮਝਦੇ ਹਾਂ ਕਿ ਸਾਡੀ ਮੈਲ ਨਿਕਲ ਜਾਵੇਗੀ ਉਹ ਸਾਡਾ ਵੱਡਾ ਭੁਲੇਖਾ ਦੱਸਿਆ ਹੋਇਆ ਹੈ। ਇਸ ਤਰੀਕੇ ਨਾਲ ਮੈਲ ਜਾ ਹੀ ਨਹੀਂ ਸਕਦੀ, ਸਾਡਾ ਮਨ ਨਿਰਮਲ ਹੋ ਹੀ ਨਹੀਂ ਸਕਦਾ, ਅਸੀਂ ਗੁਰੂ ਦੀ ਸ਼ਰਨ ਪੈ ਹੀ ਨਹੀਂ ਸਕਦੇ **(ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥)**। ਇਹੋ ਜਿਹਾ ਬੋਲ ਬੋਲ ਕੇ ਹਰਿ ਹਰਿ ਕਰੀ ਜਾਣ ਨੂੰ ਸਾਡੀ ਕੇਵਲ ਇੱਕ ਮਨਮੁੱਖਤਾ ਦੱਸਿਆ ਹੈ ਭਾਵ ਇਸ ਵਿੱਚ ਗੁਰੂ ਦੀ ਮਤਿ ਨਹੀਂ ਹੈ। ਇਹੋ ਜਿਹਾ ਬੋਲ ਬੋਲ ਕੇ ਹਰਿ ਹਰਿ ਕਰਨ ਨਾਲ ਨਾ ਸਾਡੀ ਮੈਲ ਨਿਕਲ ਸਕਦੀ ਹੈ ਭਾਵ ਨਾ ਮਨ ਦੀ ਅਗਿਆਨਤਾ ਨਿਕਲ ਸਕਦੀ ਹੈ ਤੇ ਨਾ ਹੀ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਵਿਚਰਨ ਤੋਂ ਬਿਨ੍ਹਾਂ ਸਾਡੇ ਲੇਖੇ ਪਤਿ ਪੈ ਸਕਦੀ ਹੈ। ਪਤਿ ਉਦੋਂ ਪੈਣੀ ਹੈ ਜਦੋਂ ਅਸੀਂ ਨਿਰਮਲ ਹੋ ਜਾਵਾਂਗੇ, ਸਾਡੀ ਕਰਨੀ ਨਿਰਮਲ ਹੋ ਜਾਵੇਗੀ। ਪਤਿ ਸਾਡੀ ਨਿਰਮਲ ਕਰਨੀ ਦੁਆਰਾ ਪੈਣੀ ਹੈ। ਮਾੜੀ ਕਰਨੀ ਦੁਆਰਾ ਪਤਿ ਨਹੀਂ ਪੈ ਸਕਦੀ। ਜਦ ਤੱਕ ਸਾਡੇ ਲੇਖੇ ਪਤਿ ਨਹੀਂ, ਅਸੀਂ ਆਪਣੇ ਆਪ ਨੂੰ ਨਰਕ ਵਿੱਚ ਪੈਣ ਤੋਂ ਨਹੀਂ ਬਚਾਅ ਸਕਦੇ ਤੇ ਇਹ ਆਪਣਾ ਜੀਵਨ ਗਵਾ ਕੇ, ਵਿਅਰਥ ਕਰਕੇ ਦੁਨੀਆਂ ਤੋਂ ਜਾਣ ਵਾਲੀ ਗੱਲ ਹੈ **(ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥)**। ਸਾਡੇ ਅੰਦਰ ਦੀ ਮਲ, ਸਾਡੀ ਹਉਮੈ, ਸਾਡਾ ਮਾਨ ਅਭਿਮਾਨ, ਸਾਡੇ ਅੰਦਰ ਦੀ ਅਗਿਆਨਤਾ ਦੇ ਕਾਰਨ ਹੈ। ਜਦ ਤੱਕ ਸਾਨੂੰ ਗੁਰੂ ਦਾ ਸੱਚਾ ਗਿਆਨ ਨਹੀਂ ਮਿਲਦਾ ਭਾਵ ਸਮਝ ਵਿਚ ਨਹੀਂ ਵੱਸਦਾ ਤਦ ਤੱਕ ਸਾਨੂੰ ਆਪਣੀ ਅਗਿਆਨਤਾ

5/444

ਹੀ ਚੰਗੀ ਲੱਗਦੀ ਹੈ, ਅਸੀਂ ਉਸ ਨੂੰ ਹੀ ਠੀਕ ਸਮਝਦੇ ਹਾਂ। ਸਾਡੇ ਲਈ ਮਾੜਾ ਚੰਗਾ ਕੀ ਹੈ, ਇਹ ਸਾਨੂੰ ਗੁਰੂ ਦਾ ਗਿਆਨ ਹੀ ਸਮਝਾ ਸਕਦਾ ਹੈ। ਗੁਰੂ ਦੇ ਸੱਚੇ ਗਿਆਨ ਦੀ ਸੋਝੀ ਹੀ ਸਾਡੀ ਅਗਿਆਨਤਾ ਨੂੰ ਦੂਰ ਕਰ ਸਕਦੀ ਹੈ ਅਤੇ ਅਗਿਆਨਤਾ ਦੇ ਜਾਣ ਨਾਲ ਹੀ ਸਾਡੀ ਮੈਲ ਧੁੱਪ ਸਕਦੀ ਹੈ, ਸਾਡੀ ਹਉਮੈ ਜਾ ਸਕਦੀ ਹੈ। ਸਾਡੇ ਅੰਦਰ ਦੀ ਮੈਲ, ਹਉਮੈ ਹੀ ਹੈ, ਸਾਡੀ ਅਗਿਆਨਤਾ ਹੀ ਹੈ ਜਿਸ ਕਰਕੇ ਸਾਡਾ ਮਨ ਅਪਵਿੱਤਰ ਹੈ। ਸਾਡੇ ਅੰਦਰ ਦੀ ਇਹ ਅਗਿਆਨਤਾ ਰੂਪ ਮੈਲ ਤਾਂ ਹੀ ਧੁਪ ਸਕਦੀ ਹੈ ਜਦੋਂ ਗੁਰੂ ਦਾ ਗਿਆਨ ਸਾਡੇ ਮਨ ਵਿੱਚ ਵੱਸ ਜਾਵੇ, ਸਾਡੇ ਮਨ ਵਿੱਚ ਦ੍ਰਿੜ ਹੋ ਜਾਵੇ, ਅਸੀਂ ਗੁਰੂ ਦੀ ਗੱਲ ਨਾਲ ਇੱਕ ਮਨ ਇੱਕ ਚਿੱਤ ਹੋ ਜਾਈਏ, ਗੁਰੂ ਦੀ ਗੱਲ ਤੇ ਅਡੋਲ ਹੋ ਜਾਈਏ ਭਾਵ ਗੁਰੂ ਦੇ ਗਿਆਨ ਅਨੁਸਾਰ ਹੀ ਚੱਲੀਏ, ਗੁਰੂ ਦੇ ਗਿਆਨ ਤੇ ਅਮਲ ਕਰੀਏ। ਅਸੀਂ ਮਨ ਦੇ ਵਿੱਚ, ਗੁਰੂ ਦੇ ਗਿਆਨ ਨੂੰ ਵਸਾਉਣਾ ਹੈ, ਹਰਿ ਦੇ ਗਿਆਨ ਨੂੰ ਵਸਾਉਣਾ ਹੈ, ਹਰਿ ਦੀ ਮਤਿ ਨੂੰ ਵਸਾਉਣਾ ਹੈ, ਬਾਣੀ ਦੇ ਉਪਦੇਸ਼ ਨੂੰ ਵਸਾਉਂਣਾ ਹੈ। ਖਾਲੀ ਹਰਿ ਹਰਿ ਬੋਲੀ ਜਾਣ ਨਾਲ ਸਾਡੇ ਅੰਦਰ ਗਿਆਨ ਕਿਵੇਂ ਵੱਸ ਸਕਦਾ ਹੈ। ਹਰਿ ਹਰਿ ਬੋਲੀ ਜਾਣ ਨਾਲ ਜਾਂ ਕੋਈ ਵੀ ਅਖਰ ਬੋਲੀ ਜਾਣ ਨਾਲ, ਰਾਮ ਰਾਮ ਬੋਲੀ ਜਾਣ ਨਾਲ , ਅੱਲਾਹ ਅੱਲਾਹ ਬੋਲੀ ਜਾਣ ਨਾਲ, ਵਾਹਿਗੁਰੂ ਵਾਹਿਗੁਰੂ ਬੋਲੀ ਜਾਣ ਨਾਲ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਜਿਸ ਨਾਲ ਸਾਡੀ ਅਗਿਆਨਤਾ ਨਿਕਲ ਸਕੇ, ਹਉਮੈ ਨਿਕਲ ਸਕੇ। ਜਿੱਥੇ ਗੁਰੂ ਦਾ ਸੱਚਾ ਗਿਆਨ ਨਹੀਂ, ਉੱਥੇ ਗੁਰੂ ਦੀ ਸੱਚੀ ਸਮਝ ਨਹੀਂ। ਜਿੱਥੇ ਗੁਰੂ ਦੀ ਸੱਚੀ ਸਮਝ ਨਹੀਂ, ਉੱਥੇ ਅਗਿਆਨਤਾ ਹੈ। ਕੇਵਲ ਅੱਖਰ ਬੋਲੀ ਜਾਣ ਨਾਲ ਸਾਡੀ ਅਗਿਆਨਤਾ ਨਹੀਂ ਜਾ ਸਕਦੀ ਤੇ ਜਦ ਤੱਕ ਅਗਿਆਨਤਾ ਨਹੀਂ ਜਾਂਦੀ, ਸਾਡੀ ਮਨਮਤਿ ਨਹੀਂ ਜਾਂਦੀ, ਤਦ ਤੱਕ ਸਾਡੀ ਮੱਲ ਨਹੀਂ ਧੁਪ ਸਕਦੀ, ਸਾਡੀ ਹਉਮੈ ਨਹੀਂ ਜਾ ਸਕਦੀ। ਜਿਹੜੇ ਅੱਖਰ ਕੋਲੋਂ ਅਸੀਂ ਗਿਆਨ ਲੈਣਾ ਸੀ, ਉਸਨੂੰ ਅਸੀਂ ਆਪ ਹੀ ਆਪਣੀ ਮਤਿ ਦੁਆਰਾ ਅਗਿਆਨਤਾ ਵਿੱਚ ਬਦਲਿਆ ਹੋਇਆ ਹੈ, ਇੱਕ ਸੋਝੀ ਪਾਉਣ ਵਾਲੇ ਅੱਖਰ ਨੂੰ ਆਪ ਹੀ ਅਗਿਆਨਤਾ ਵਾਲਾ ਕੀਤਾ ਹੋਇਆ ਹੈ। ਇਹ ਸਾਡੀ ਮਨਮਤਿ ਦਾ ਨਤੀਜਾ ਹੈ। ਗੁਰੂ ਦੇ ਗਿਆਨ ਤੇ ਅਮਲ ਕੀਤੇ ਬਿਨ੍ਹਾਂ, ਆਪਣੀ ਅਗਿਆਨਤਾ ਕੱਢੇ ਬਿਨ੍ਹਾਂ, ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਸਾਡੀ ਅਗਿਆਨਤਾ ਅਗਰ ਦੂਰ ਹੋ ਜਾਵੇ, ਸਾਡੇ ਅੰਦਰ ਗੁਰੂ ਦੀ ਮਤਿ ਵੱਸ

ਜਾਵੇ, ਇਹ ਸਾਡੇ ਤੇ ਪ੍ਰਮਾਤਮਾ ਦੀ ਬੜੀ ਵੱਡੀ ਕ੍ਰਿਪਾ ਹੈ **(ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥)**।

{ਬੁਧੀ ਬਾਜੀ ਉਪਜੈ ਚਾਉ ॥
ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥
ਅੰਧਾ ਅਖਰੁ ਵਾਉ ਦੁਆਉ ॥੩॥}

(ਅੰਗ ੧੫੧)

5/445

ਮਨੁੱਖ ਦੀ ਕਰਨੀ ਦਾ ਝੁਕਾਅ ਉਸ ਪਾਸੇ ਵੱਲ ਹੁੰਦਾ ਹੈ ਜਿਹੋ ਜਿਹਾ ਕਰਨ ਵਿੱਚ ਉਸਨੂੰ ਮਨ ਦੀ ਤਸੱਲੀ ਮਿਲਦੀ ਹੈ, ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ, ਰਸ ਮਹਿਸੂਸ ਹੁੰਦਾ ਹੈ, ਅਨੰਦ ਮਹਿਸੂਸ ਹੁੰਦਾ ਹੈ। ਇਹ "ਅਨੰਦ" ਕੀ ਹੈ, ਬਾਣੀ ਵਿੱਚ "ਅਨੰਦ" ਕਿਸ ਨੂੰ ਕਿਹਾ ਹੈ, ਮਿੱਠਾ ਰਸ ਕਿਸਨੂੰ ਕਿਹਾ ਹੈ, ਇਸ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਮਨੁੱਖ ਮਾਇਆ ਪਿੱਛੇ ਇਸ ਲਈ ਲੱਗਦਾ ਹੈ, ਕਿਉਂਕਿ ਮਾਇਆ ਚੰਗੀ ਲੱਗਦੀ ਹੈ, ਉਸਨੂੰ ਕਮਾ ਕੇ ਖੁਸ਼ੀ ਮਿਲਦੀ ਹੈ, ਅਨੰਦ ਮਿਲਦਾ ਹੈ। ਇੱਕ ਜੁਆਰੀ ਨੂੰ ਜੂਆ ਖੇਡਣ ਵਿੱਚ ਬੜਾ ਅਨੰਦ ਮਿਲਦਾ ਹੈ। ਇੱਕ ਚੋਰ ਨੂੰ ਚੋਰੀ ਕਰਕੇ ਬੜਾ ਅਨੰਦ ਆਉਂਦਾ ਹੈ, ਬੜੀ ਤਸੱਲੀ ਮਿਲਦੀ ਹੈ। ਕਿਸੇ ਨੂੰ ਕਿਸੇ ਦਾ ਮਾੜਾ ਕਰਕੇ ਬੜਾ ਅਨੰਦ ਮਿਲਦਾ ਹੈ ਭਾਵ ਇਹ ਸਾਡੇ ਮਨ ਦੀ ਸੋਚ ਹੈ ਜੋ ਸਾਨੂੰ ਅਨੰਦ ਦਿਵਾਉਂਦੀ ਹੈ, ਅਨੰਦ ਮਹਿਸੂਸ ਕਰਵਾਉਂਦੀ ਹੈ। ਇਹੀ ਗੱਲ ਭਗਤੀ ਦੀ ਹੈ। ਜਿਸ ਮਨੁੱਖ ਦੀ ਆਸਥਾ ਪ੍ਰਮਾਤਮਾ ਨੂੰ ਪਾਉਣ ਦੀ ਹੈ ਉਸਨੂੰ ਪ੍ਰਮਾਤਮਾ ਨੂੰ ਪਾਉਣ ਵਾਲੇ ਮਾਰਗ ਤੇ ਚੱਲ ਕੇ ਅਨੰਦ ਆਉਂਦਾ ਹੈ, ਖੁਸ਼ੀ ਮਹਿਸੂਸ ਹੁੰਦੀ ਹੈ। ਭਗਤੀ ਦੇ ਅਨੰਦ ਵਿੱਚ ਅਤੇ ਦੁਨਿਆਵੀ ਅਨੰਦ ਵਿੱਚ ਮੂਲ ਰੂਪ ਵਿੱਚ ਫਰਕ ਹੈ। ਭਗਤੀ ਦੇ ਅਨੰਦ ਤੇ ਸੰਸਾਰਿਕ ਅਨੰਦ ਵਿੱਚ ਕੰਮ ਉਲਟਾ ਹੈ, ਇਸੇ ਲਈ ਬਾਣੀ ਵਿੱਚ ਸਮਝਾਇਆ ਹੈ:-

{ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥}

(ਅੰਗ ੧੪੫)

ਭਗਤੀ ਦਾ ਅਨੰਦ ਉੱਥੇ ਹੈ ਜੋ ਸੰਸਾਰਿਕ ਅਨੰਦ ਤੋਂ ਵੱਖਰਾ ਹੈ। ਧਰਮ ਗ੍ਰੰਥਾਂ ਦੇ ਪੜ੍ਹਨ ਤੇ ਸੁਣਨ ਦਾ ਅਨੰਦ, ਬੋਲ ਬੋਲ ਕੇ ਜਪ ਤਪ ਕਰਨ ਦਾ ਅਨੰਦ, ਸੰਸਾਰਿਕ ਅਨੰਦ ਤੋਂ ਕੋਈ ਵੱਖਰਾ ਅਨੰਦ ਨਹੀਂ ਹੈ। ਇਹ ਆਪਣੀ ਮਨ ਦੀ ਤਸੱਲੀ ਦਾ ਅਨੰਦ ਹੈ। ਭਗਤੀ ਦਾ ਅਨੰਦ ਲੈਣ ਦੇ ਅਨੇਕਾਂ ਤਰੀਕਿਆਂ ਦਾ ਜ਼ਿਕਰ ਬਾਣੀ ਵਿੱਚ ਕੀਤਾ ਹੋਇਆ ਹੈ। ਕੋਈ ਸਮਾਧੀਆਂ ਲਗਾ ਕੇ ਅਨੰਦ ਮਹਿਸੂਸ ਕਰਦਾ ਹੈ, ਕੋਈ ਸੁਰਤੀਆਂ ਜੋੜ ਕੇ ਅਨੰਦ ਮਹਿਸੂਸ ਕਰਦਾ ਹੈ, ਕੋਈ ਮੋਨ ਧਾਰਨ ਕਰਕੇ ਅਨੰਦ ਮਹਿਸੂਸ ਕਰਦਾ ਹੈ, ਕਈ ਮੂਰਤੀਆਂ ਦੀ ਪੂਜਾ ਵਿੱਚ ਅਨੰਦ ਮਹਿਸੂਸ ਕਰਦੇ ਹਨ,

5/446 ਅਤੇ 446-ਅ

ਕੋਈ ਤੀਰਥਾਂ ਦਾ ਗਮਨ ਕਰਕੇ ਅਨੰਦ ਮਹਿਸੂਸ ਕਰਦਾ ਹੈ, ਕੋਈ ਦੇਹ ਧਾਰੀਆਂ ਦਾ ਜਿਸ ਦੇ ਉੱਪਰ ਵਿਸ਼ਵਾਸ ਹੁੰਦਾ ਹੈ ਉਸਦੀ ਸੇਵਾ ਵਿੱਚ ਅਨੰਦ ਮਹਿਸੂਸ ਕਰਦੇ ਹਨ, ਕਈ ਆਪਣੀ ਧਾਰਮਿਕ ਜਥੇਬੰਦੀ ਦਾ ਨਾਂ ਉੱਚਾ ਕਰਕੇ ਅਨੰਦ ਮਹਿਸੂਸ ਕਰਦੇ ਹਨ, ਕਈ ਧਾਰਮਿਕ ਆਗੂ ਬਣਨ ਵਿੱਚ ਅਨੰਦ ਮਹਿਸੂਸ ਕਰਦੇ ਹਨ, ਕਈ ਆਪਣੇ ਆਪ ਨੂੰ ਸੰਤ ਅਖਵਾਉਣ ਵਿੱਚ ਅਨੰਦ ਮਹਿਸੂਸ ਕਰਦੇ ਹਨ। ਕੋਈ ਪਹਾੜਾਂ, ਜੰਗਲਾਂ ਵਿੱਚ ਬੈਠ ਕੇ ਜਪ ਤਪ ਕਰਨ ਵਿੱਚ ਅਨੰਦ ਮਹਿਸੂਸ ਕਰਦੇ ਹਨ, ਕੋਈ ਜੋਗੀਆਂ ਵਾਲਾ ਵੇਸ ਧਾਰਨ ਕਰਕੇ ਅਨੰਦ ਮਹਿਸੂਸ ਕਰਦੇ ਹਨ, ਕਈ ਘਰ ਬਾਰ ਤਿਆਗਣ ਵਿੱਚ ਅਨੰਦ ਮਹਿਸੂਸ ਕਰਦੇ ਹਨ, ਕਈ ਆਪਣੇ ਤਨ ਨੂੰ ਦੁਖ ਦੇਣ ਵਿੱਚ ਅਨੰਦ ਮਹਿਸੂਸ ਕਰਦੇ ਹਨ, ਕਈ ਨੱਚਣ ਗਾਉਣ ਨਾਲ ਪ੍ਰਮਾਤਮਾ ਦੀ ਭਗਤੀ ਕਰਨ ਵਿੱਚ ਅਨੰਦ ਮਹਿਸੂਸ ਕਰਦੇ ਹਨ, ਕਈ ਭਿੱਖਿਆ ਮੰਗਣ ਵਿੱਚ ਅਨੰਦ ਮਹਿਸੂਸ ਕਰਦੇ ਹਨ। ਇਸੇ ਤਰ੍ਹਾਂ ਕਈ ਕੇਵਲ ਧਰਮ ਗ੍ਰੰਥਾਂ ਦੇ ਪੜ੍ਹਨ ਵਿੱਚ ਹੀ ਅਨੰਦ ਮਹਿਸੂਸ ਕਰਦੇ ਹਨ, ਕਈ ਹਰਿ ਹਰਿ ਬੋਲੀ ਜਾਣ ਵਿੱਚ, ਕਈ ਰਾਮ ਰਾਮ ਬੋਲੀ ਜਾਣ ਵਿੱਚ ਅਨੰਦ ਮਹਿਸੂਸ ਕਰਦੇ ਹਨ ਭਾਵ ਜੋ ਕੁੱਝ ਕਰਨ ਵਿੱਚ ਜਿਸ ਨੂੰ ਤਸੱਲੀ ਮਿਲਦੀ ਹੈ ਮਨੁੱਖ ਉਸੇ ਨੂੰ ਅਨੰਦ ਸਮਝਦਾ

ਹੈ। ਬਾਣੀ ਵਿੱਚ ਇਹੋ ਜਿਹੇ ਮਾਰਗ ਦਾ, ਇਹੋ ਜਿਹੇ ਭਗਤੀ ਦੇ ਮਾਰਗ ਦਾ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਭਾਵ ਜਿਹੜੇ ਮਾਰਗ ਦੁਆਰਾ ਅਸੀਂ ਆਪਣੇ ਵੱਲੋਂ ਆਪਣੀ ਤਸੱਲੀ ਸਮਝਦੇ ਹਾਂ, ਅਨੰਦ ਮਹਿਸੂਸ ਕਰਦੇ ਹਾਂ, ਇਹੋ ਜਿਹੇ ਅਨੰਦ ਦਾ ਖੰਡਨ ਕੀਤਾ ਹੋਇਆ ਹੈ। ਬਾਣੀ ਵਿੱਚ ਭਗਤੀ ਦਾ ਅਨੰਦ ਉਸ ਅਨੰਦ ਨੂੰ ਕਿਹਾ ਹੈ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੰਨਣ ਵਿੱਚ ਅਨੰਦ ਮਹਿਸੂਸ ਕਰੀਏ, ਗੁਰੂ ਦਾ ਭਾਣਾ ਮੰਨਣ ਵਿੱਚ ਅਨੰਦ ਮਹਿਸੂਸ ਕਰੀਏ, ਆਪਣੇ ਮਨ ਦੀ ਮੈਲ ਧੋਣ ਵਿੱਚ ਅਨੰਦ ਮਹਿਸੂਸ ਕਰੀਏ, ਆਪਣੇ ਔਗੁਣ ਛੱਡਣ ਵਿੱਚ ਅਨੰਦ ਮਹਿਸੂਸ ਕਰੀਏ, ਆਪਣੇ ਮਨ ਦੇ ਮਾਰਨ ਵਿੱਚ ਅਨੰਦ ਮਹਿਸੂਸ ਕਰੀਏ, ਸ਼ਬਦ ਦੁਆਰਾ ਮਰਨ ਵਿੱਚ ਅਨੰਦ ਮਹਿਸੂਸ ਕਰੀਏ। ਜਦੋਂ ਅਸੀਂ ਇਹੋ ਜਿਹਾ ਅਨੰਦ ਮਹਿਸੂਸ ਕਰਾਂਗੇ, ਮਨ ਦੀ ਤਸੱਲੀ ਕਰਾਂਗੇ ਭਾਵ ਗੁਰੂ ਦੀ ਮਤਿ ਨੂੰ ਮੰਨ ਕੇ ਉਸ ਤੇ ਚੱਲਣ ਵਿੱਚ ਆਪਣੀ ਤਸੱਲੀ ਮਹਿਸੂਸ ਕਰਾਂਗੇ ਫਿਰ ਤਾਂ ਹੀ ਉਸ ਪਰਮ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਆਪਣੇ ਮਨ ਦੇ ਮਾਰਨ ਵਿੱਚ ਅਨੰਦ ਸਮਝਣਾ, ਤਸੱਲੀ ਰੱਖਣਾ ਹੀ ਗੁਰੂ ਤੇ ਭਰੋਸਾ ਰੱਖਣਾ ਹੈ। ਜਦ ਤੱਕ ਗੁਰੂ ਤੇ ਭਰੋਸਾ ਨਹੀਂ ਆਉਂਦਾ, ਤਦ ਤੱਕ ਗੁਰੂ ਨੂੰ ਪਾਇਆ ਨਹੀਂ ਜਾ ਸਕਦਾ। ਗੁਰੂ ਦੇ ਭਾਣੇ ਵਿੱਚ ਹੀ ਅਨੰਦ ਸਮਝਣਾ, ਨਾਮ ਜਪਣਾ ਹੈ। ਬਹੁਤ ਔਖਾ ਹੈ ਇਸ ਅਨੰਦ ਨੂੰ ਮੰਨਣਾ, ਗੁਰੂ ਦੇ ਭਾਣੇ ਨੂੰ ਮੰਨਣਾ, ਗੁਰੂ ਦੀ ਮਤਿ ਤੇ ਚੱਲਣਾ, ਨਾਮ ਜਪਣਾ। ਉਸਦਾ ਭਾਣਾ ਮਿੱਠਾ ਲੱਗਣਾ ਹੀ, ਉਸ ਦੇ ਭਾਣੇ

5/447

ਵਿੱਚ ਅਨੰਦ ਮਹਿਸੂਸ ਕਰਨਾ ਹੀ, ਨਾਮ ਨੂੰ ਮੰਗਣਾ ਹੈ, ਨਾਮ ਪਦਾਰਥ ਨੂੰ ਮੰਗਣਾ ਹੈ, ਪ੍ਰਮਾਤਮਾ ਨੂੰ ਮੰਗਣਾ ਹੈ।

{ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥੨॥}

(ਅੰਗ ੩੯੪)

{ਆਖਾ ਜੀਵਾ ਵਿਸਰੈ ਮਰਿ ਜਾਉ ॥
ਆਖਣਿ ਅਉਖਾ ਸਾਚਾ ਨਾਉ ॥
ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥
ਸੋ ਕਿਉ ਵਿਸਰੈ ਮੇਰੀ ਮਾਇ ॥
ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥
ਸਾਚੇ ਨਾਮ ਕੀ ਤਿਲੁ ਵਡਿਆਈ ॥
ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥
ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥੪॥}

(ਅੰਗ ੯-੧੦)

{ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥੩॥}

(ਅੰਗ ੧੦੬)

ਭਗਤੀ ਦੇ ਮਾਰਗ ਦਾ ਅਸਲ ਅਨੰਦ ਸਾਡੇ ਮਨ ਦਾ ਸੰਤੋਖ ਹੈ, ਜੋ ਤ੍ਰਿਸ਼ਨਾਵਾਂ ਦੇ ਮਰਨ ਨਾਲ ਆਉਂਦਾ ਹੈ ਜਿਵੇਂ ਕਿ ਉਪਰਲੀ ਪੰਗਤੀ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਭ ਤੋਂ ਔਖਾ ਕੰਮ ਤ੍ਰਿਸ਼ਨਾਵਾਂ ਨੂੰ ਮਾਰਨਾ ਹੀ ਹੈ ਅਤੇ ਸਾਡੀਆਂ ਤ੍ਰਿਸ਼ਨਾਵਾਂ ਦਾ ਮਰਨਾ ਹੀ ਪ੍ਰਮਾਤਮਾ ਦੀ ਸਾਡੇ ਤੇ ਵੱਡੀ ਕ੍ਰਿਪਾ ਹੈ ਜਿਸ ਦੁਆਰਾ ਉਸ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਜਿਸ ਵਿੱਚ ਪਰਮ ਅਨੰਦ ਹੈ, ਸੱਚਾ ਅਨੰਦ ਹੈ। "ਅਨੰਦ" ਕੀ ਹੈ, ਇਸ ਨੂੰ ਹੋਰ ਬਰੀਕੀ ਨਾਲ ਜਾਨਣ ਲਈ ਆਓ ਹੁਣ ਆਨੰਦ ਸਾਹਿਬ ਦੀ ਬਾਣੀ ਵਿੱਚ ਉਚਾਰੇ ਹੋਏ ਇਸ ਸ਼ਬਦ ਦੁਆਰਾ ਜਾਣੀਏ:

“ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥”

(ਅੰਗ ੯੧੭)

ਜਿਵੇਂ ਕਿ ਅਸੀਂ ਪਿੱਛੇ ਵੀ ਚਰਚਾ ਕੀਤੀ ਹੈ ਕਿ ਅਨੰਦ ਦੀ ਗੱਲ ਤਾਂ ਹਰ ਕੋਈ ਕਰਦਾ ਹੈ ਭਾਵ ਕਿਸੇ ਨੂੰ ਕੁੱਝ ਕਰਨ ਵਿੱਚ ਅਨੰਦ ਆਉਂਦਾ ਹੈ ਤੇ ਕਿਸੇ ਨੂੰ ਕੁੱਝ ਕਰਨ ਵਿੱਚ ਅਨੰਦ ਮਹਿਸੂਸ ਹੁੰਦਾ ਹੈ। ਹਰ ਕੋਈ ਆਪਣੇ ਸੁਭਾਅ ਅਨੁਸਾਰ, ਸੋਚ ਅਨੁਸਾਰ ਅਨੰਦ ਨੂੰ ਬਿਆਨ ਕਰਦਾ ਹੈ ਭਾਵ ਮਨੁੱਖ ਦੀ ਮਤਿ ਅਨੁਸਾਰ, ਸਭ ਲਈ ਅਨੰਦ ਵੱਖਰੀ ਵੱਖਰੀ ਗੱਲ ਹੈ ਪਰ ਅਸਲ ਅਨੰਦ ਇੱਕੋ ਗੱਲ ਵਿੱਚ ਹੀ ਹੈ। ਇਹ ਅਨੰਦ ਗੁਰੂ ਕੋਲੋਂ ਜਾਨਣ ਵਾਲਾ ਅਨੰਦ ਹੈ, ਗੁਰੂ ਕੋਲੋਂ ਸਮਝਣ ਵਾਲਾ ਅਨੰਦ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੀ ਪ੍ਰਾਪਤੀ ਦਾ ਅਨੰਦ ਹੈ। **(ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥)** “ਅਨੰਦ” ਗੁਰੂ ਦੇ ਕੋਲ ਹੈ ਤੇ ਉਸ ਕੋਲੋਂ ਹੀ ਜਾਣਿਆ ਜਾ ਸਕਦਾ ਹੈ, ਸਦਾ ਤੋਂ ਉਹ ਆਪ ਹੀ “**ਅਨੰਦ**” ਦਾ ਮਾਲਕ ਹੈ। ਜਿਸ ਤੇ ਉਸਦੀ ਕ੍ਰਿਪਾ ਹੁੰਦੀ ਹੈ, ਉਹ ਹੀ ਉਸ ਦੇ ਅਨੰਦ ਨੂੰ ਜਾਣਦਾ ਹੈ। ਕਿਸੇ ਵਿਰਲੇ ਤੇ ਹੀ ਉਹ ਐਸੀ ਕ੍ਰਿਪਾ

5/448 ਅਤੇ 448-ਅ

ਕਰਦਾ ਹੈ ਜਿਸਨੂੰ ਆਪਣਾ ਅਨੰਦ ਦਿੰਦਾ ਹੈ, ਆਪਣਾ ਅਨੰਦ ਸਮਝਾਉਂਦਾ ਹੈ, ਆਪਣੀ ਸੱਚੀ ਗੁਰਮਤਿ ਤੇ ਚੱਲਣ ਦਾ ਅਨੰਦ ਸਮਝਾਉਂਦਾ ਹੈ। **(ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥)** ਗੁਰੂ ਗਿਆਨ ਦਾ ਮਾਲਕ ਹੈ ਤੇ ਉਸ ਕੋਲੋਂ ਉਸਦਾ ਗਿਆਨ ਹੀ ਮਿਲਦਾ ਹੈ, ਸੋਝੀ ਹੀ ਮਿਲਦੀ ਹੈ, ਉਸਦੀ ਮਤਿ ਹੀ ਮਿਲਦੀ ਹੈ, ਉਸਦਾ ਉਪਦੇਸ਼ ਹੀ ਮਿਲਦਾ ਹੈ। ਉਸ ਕੋਲੋਂ ਉਸ ਦੇ ਗੁਣ ਮਿਲਦੇ ਹਨ, ਉਹ ਗੁਣਾਂ ਦਾ ਖਜ਼ਾਨਾ ਹੈ। ਉਸ ਕੋਲੋਂ ਸੱਚੇ ਗੁਣਾਂ ਦਾ ਗਿਆਨ ਮਿਲਦਾ ਹੈ ਜਿਸ ਨਾਲ ਸਾਡੀ ਅਗਿਆਨਤਾ ਦੂਰ ਹੁੰਦੀ ਹੈ, ਜਿਸ ਨਾਲ ਸਾਡੀ ਪਾਪਾਂ ਵਾਲੀ ਬਿਰਤੀ ਦੂਰ ਹੁੰਦੀ ਹੈ, ਸਾਡੇ ਔਗੁਣ ਨਿਕਲਦੇ ਹਨ ਤੇ ਸਾਡੇ ਅੰਦਰ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ, ਉਸਦੇ ਗਿਆਨ ਦਾ ਪ੍ਰਗਾਸ ਹੁੰਦਾ ਹੈ। ਮਨ ਦੀ ਇਹੋ ਜਿਹੀ ਸਮਝ ਵਿੱਚ ਅਨੰਦ ਹੈ ਭਾਵ ਅਨੰਦ ਗੁਰੂ ਦੀ ਮਤਿ ਵਾਲੀ ਸਮਝ ਹੈ ਤੇ ਅਸਲ ਅਨੰਦ ਸਾਡੇ ਅੰਦਰ ਗੁਰੂ ਦੀ ਮਤਿ ਦਾ ਪ੍ਰਗਾਸ ਹੋਣਾ ਹੈ ਜਿਸ ਦੁਆਰਾ ਸਾਡੀ ਅਗਿਆਨਤਾ ਦੂਰ ਹੋ ਜਾਵੇ, ਸਾਡੇ ਔਗੁਣਾਂ ਵਾਲੀ ਬਿਰਤੀ ਦੂਰ ਹੋ ਜਾਵੇ, ਸਾਡੀ ਪਾਪਾਂ ਵਾਲੀ ਬਿਰਤੀ ਕੱਟੀ ਜਾਵੇ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥)** “ਗਿਆਨ ਅੰਜਨੁ” ਗਿਆਨ ਦੀ ਸੋਝੀ ਹੈ ਜੋ ਮਨ ਦੇ ਵਿੱਚ ਪੈਂਦੀ ਹੈ। ਇਹ “**ਗਿਆਨ ਅੰਜਨ**” ਹੀ ਅਸਲ ਵਿੱਚ “**ਅਨੰਦ**” ਹੈ। ਇਹ “ਅਨੰਦ” ਗੁਰੂ ਦਾ ਸ਼ਬਦ ਹੈ ਭਾਵ ਸ਼ਬਦ ਦੇ ਅੰਦਰ ਦਾ ਸੱਚਾ ਗਿਆਨ ਹੈ ਜੋ ਮਨੁੱਖ ਦਾ ਜਨਮ ਸਵਾਰਦਾ ਹੈ ਭਾਵ ਪ੍ਰਮਾਤਮਾ ਨਾਲ ਮੇਲ ਕਰਵਾਉਂਦਾ ਹੈ। ਸੰਵਰਦਾ ਉਨ੍ਹਾਂ ਦਾ ਹੈ ਜਿਨ੍ਹਾਂ ਦੇ ਮਨ ਦੇ ਵਿੱਚੋਂ ਮਾਇਆ ਮੋਹ ਟੁੱਟਦਾ

ਹੈ, ਵਿਕਾਰਾਂ ਨਾਲੋਂ ਮੋਹ ਟੁੱਟਦਾ ਹੈ, ਸ਼ਬਦ ਦੁਆਰਾ ਹੀ ਟੁੱਟਦਾ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਮਤਿ ਨੂੰ ਮੰਨਣ ਦੁਆਰਾ ਹੀ ਟੁੱਟਦਾ ਹੈ। ਸ਼ਬਦਾਂ ਦੁਆਰਾ ਸਮਝਾਏ ਹੋਏ ਉਸਦੇ ਅਨੰਦ ਨੂੰ ਮਾਨਣ ਵਿੱਚ ਭਾਵ ਉਸਦੀ ਮਤਿ ਨੂੰ ਮੰਨ ਕੇ ਹੀ ਟੁੱਟਦਾ ਹੈ, ਉਸਦੀ ਮਤਿ ਤੇ ਅਮਲ ਕਰਕੇ ਹੀ ਟੁੱਟਦਾ ਹੈ। **(ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥)** ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੰਨਣ ਵਿੱਚ ਅਨੰਦ ਮਹਿਸੂਸ ਕਰਾਂਗੇ, ਆਪਣੇ ਔਗੁਣ ਛੱਡਣ ਵਿੱਚ, ਮਾਇਆ ਮੋਹ ਤਿਆਗਣ ਵਿੱਚ ਅਨੰਦ ਮਹਿਸੂਸ ਕਰਾਂਗੇ ਤੇ ਤਾਂ ਹੀ ਸਾਡਾ ਜੀਵਨ ਸਫਲ ਹੋ ਸਕਦਾ ਹੈ, ਉਸ ਪਰਮ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ ਜੋ ਸਾਡੇ ਅੰਦਰ "ਅਨੰਦ" ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ। **(ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥)**। ਗੁਰੂ ਦੀਆਂ ਗੱਲਾਂ ਕਰਨ ਸੁਣਨ ਵਿੱਚ, ਕੇਵਲ ਬੋਲ ਬੋਲੀ ਜਾਣ ਵਿੱਚ ਅਸਲ ਅਨੰਦ ਨਹੀਂ ਹੈ। ਅਸਲ ਅਨੰਦ ਉਸਦਾ ਭਾਣਾ ਮੰਨਣ ਵਿੱਚ ਹੈ, ਮਾਨ ਅਭਿਮਾਨ ਛੱਡਣ ਵਿੱਚ ਹੈ, ਹਉਮੈ ਤਿਆਗਣ ਵਿੱਚ ਹੈ, ਮਾਇਆ ਮੋਹ ਤਿਆਗਣ ਵਿਚ ਹੈ, ਔਗੁਣ ਤਿਆਗਣ ਵਿੱਚ ਹੈ ਭਾਵ ਆਪਣੇ ਮਨ ਦੀ ਮਾੜੀ ਸਮਝ ਤਿਆਗਣ ਵਿੱਚ ਹੈ। ਅਨੰਦ ਦੀ ਪ੍ਰਾਪਤੀ ਬਹੁਤ ਔਖੀ ਹੈ, ਨਾਮ ਜਪਣਾ ਬਹੁਤ ਔਖਾ ਹੈ, ਆਪਣੇ

ਆਪ ਨੂੰ ਨਰਕ ਤੋਂ ਬਚਾਉਣਾ ਬਹੁਤ ਔਖਾ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਬਹੁਤ ਔਖਾ ਹੈ। ਜੇਕਰ ਧਿਆਨ ਨਾਲ ਵਿਚਾਰੋਗੇ ਤਾਂ ਇਹ ਸਮਝ ਲੱਗੇਗੀ ਕਿ ਜਿਹੋ ਜਿਹੇ ਜਪ ਤਪ ਵਿੱਚ ਅਸੀਂ ਅਨੰਦ ਦੀ ਪ੍ਰਾਪਤੀ ਸਮਝ ਰਹੇ ਹਾਂ, ਅਸਲ ਵਿੱਚ ਉਹ ਸਾਡੀ ਅਸਲ ਅਨੰਦ ਦੀ ਪ੍ਰਾਪਤੀ ਵਿੱਚ ਇੱਕ ਰੁਕਾਵਟ ਹੈ। ਅਸੀਂ ਉੱਥੇ ਹੀ ਆਪਣੀ ਤਸੱਲੀ ਕਰਕੇ ਬੈਠੇ ਹਾਂ ਜੋ ਸਾਨੂੰ ਅੱਗੇ ਵੱਧਣ ਤੋਂ ਰੋਕ ਰਹੀ ਹੈ, ਅਸਲ ਮਾਰਗ ਤੇ ਚੱਲਣ ਤੋਂ ਸਾਨੂੰ ਦੂਰ ਰੱਖ ਰਹੀ ਹੈ। ਇਹ ਸਭ ਪ੍ਰਮਾਤਮਾ ਦੇ ਆਪਣੇ ਚੋਜ ਹਨ। ਜਿਸ ਨੂੰ ਅਸੀਂ ਆਪਣੇ ਵਲੋਂ ਉਸਦੀ ਕ੍ਰਿਪਾ ਸਮਝਦੇ ਹਾਂ, ਉਹ ਅਸਲ ਵਿੱਚ ਸਾਡੀ ਭੁੱਲ ਹੈ। ਉਸਦੀ ਕ੍ਰਿਪਾ ਇਸ ਵਿੱਚ ਹੈ ਕਿ ਸਾਡੇ ਅੰਦਰ ਆਪਣੀ ਮਤਿ ਵੱਸਾ ਕੇ ਸਾਨੂੰ ਅਮਲੀ ਤੌਰ ਤੇ ਸੱਚੇ ਸੁੱਚੇ ਬਣਾ ਦੇਵੇ ਤਾਂ ਜੋ ਅਸੀਂ ਸੱਚੀ ਸੁੱਚੀ, ਸੁਕ੍ਰਿਤ ਕਰਨੀ ਕਰ ਸਕੀਏ, ਆਪਣੀ ਸੱਚੀ ਸੁੱਚੀ ਕਿਰਤ ਵਿੱਚ ਅਨੰਦ ਮਾਣੀਏ, ਖੁਸ਼ੀ ਮਹਿਸੂਸ ਕਰੀਏ ਜੋ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਸਾਡੇ ਕੰਮ ਆਉਣੀ ਹੈ, ਜਿਸਨੇ ਸਾਨੂੰ ਨਰਕਾਂ ਵਿੱਚ ਪੈਣ ਤੋਂ ਬਚਾਉਣਾ ਹੈ।

ਆਓ ਹੁਣ ਮੁੱਖ ਸ਼ਬਦ ਵੱਲ ਵਾਪਿਸ ਆਈਏ ਜਿਸ ਰਾਹੀਂ ਸਾਨੂੰ ਨਾਮ ਜਪਣਾ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਨਰਕ ਵਿੱਚ ਪੈਣ ਤੋਂ ਬਚ ਸਕੀਏ।

(ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥
ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥
ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥
ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥
ਕੋ ਰਹੈ ਨ ਭਰੀਐ ਪਾਈਐ ॥)

ਨਾਮ ਜਪਣ ਦਾ ਤਰੀਕਾ ਸੱਚੇ ਸੁੱਚੇ ਕਰਮ ਕਰਨਾ ਤੇ ਆਪਣੇ ਆਪ ਨੂੰ ਨੀਵਾਂ ਸਦਾਉਣਾ ਦੱਸਿਆ ਹੈ, ਮਾਨ ਤਿਆਗਣ ਲਈ ਸਮਝਾਇਆ ਹੈ ਜੋ ਕਿ ਸਭ ਤੋਂ ਔਖਾ ਹੈ। ਇਹ ਹਉਮੈ ਤਿਆਗਣੀ, ਮਨਮਤਿ ਤਿਆਗਣੀ, ਮਾਇਆ ਮੋਹ ਤਿਆਗਣਾ ਬਹੁਤ ਔਖਾ ਹੈ। ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਅਸੀਂ ਪਿੱਛੇ ਸਮਝਿਆ ਹੈ ਤੇ ਹੇਠ ਦਿੱਤੀ ਪੰਗਤੀ ਨੂੰ ਸਮਝ ਰਹੇ ਹਾਂ ਕਿ ਅਸੀਂ ਨੀਵੇਂ ਕਿਵੇਂ ਬਣਨਾ ਹੈ।

(ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥)

ਸਾਡਾ ਪ੍ਰਮਾਤਮਾ ਕੋਲ ਜਾਣ ਦਾ ਅਸਲ ਰੂਪ ਹਉਮੈ ਰਹਿਤ ਰੂਪ ਹੈ, ਕਿਉਂਕਿ ਹਉਮੈ ਦੇ ਰਹਿੰਦਿਆਂ ਪ੍ਰਮਾਤਮਾ ਵਿੱਚ ਨਹੀਂ ਸਮਾਇਆ ਜਾ ਸਕਦਾ। ਆਪਣੀ ਨਾ-ਸਮਝ ਮਤਿ ਵਿੱਚ ਰਹਿੰਦੇ ਹੋਏ ਉਸ ਦੀ ਸੱਚੀ ਸਮਝ ਵਿੱਚ ਨਹੀਂ ਸਮਾਇਆ ਜਾ ਸਕਦਾ। ਸਾਡੇ ਅੰਦਰ ਦੀ ਜੋ "ਮੈਂ" ਵਾਲੀ ਸਮਝ ਹੈ, "ਹਉਮੈ" ਹੈ, ਅਸੀਂ ਆਪਣੀ ਇਸ ਮਤਿ ਉੱਤੇ ਮਾਣ ਕਰਦੇ ਹਾਂ ਕਿ

ਅਸੀਂ ਪ੍ਰਮਾਤਮਾ ਦਾ ਨਾਮ ਜਪਣ ਵਾਲੇ ਹਾਂ, ਉਸਦੀ ਭਗਤੀ ਕਰਨ ਵਾਲੇ ਹਾਂ ਭਾਵ ਝੂਠਾ ਮਾਣ ਕਰਦੇ ਹਾਂ, ਆਪਣੀ ਝੂਠੀ ਹੋਂਦ ਦਾ ਬਲ ਸਮਝਦੇ ਹਾਂ, ਮਨੁੱਖੀ ਹੋਂਦ ਦਾ ਬਲ ਸਮਝਦੇ ਹਾਂ ਜਿਸਦੇ ਰਹਿੰਦੇ ਅਸੀਂ ਆਪਣੇ ਆਪ ਨੂੰ ਨੀਚ ਨਹੀਂ ਅਖਵਾ ਸਕਦੇ ਭਾਵ ਨੀਵੇਂ ਨਹੀਂ ਅਖਵਾ ਸਕਦੇ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ ਕਿ ਅਸੀਂ ਨੀਵਾਂ ਕਿਵੇਂ ਬਣ ਸਕਦੇ ਹਾਂ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥”

ਇਸ ਤੋਂ ਪਹਿਲੀ ਪੰਗਤੀ ਰਾਹੀਂ ਸਾਨੂੰ ਨੀਚੁ ਸਦਾਉਣ ਲਈ ਸਮਝਾਇਆ ਹੋਇਆ ਜਿਵੇਂ ਕਿ ਅਸੀਂ ਪਹਿਲੇ ਸਮਝਿਆ ਹੈ ਤੇ ਉੱਪਰ ਵਾਲੀ ਪੰਗਤੀ ਰਾਹੀਂ ਨਾਲ ਹੀ ਸਾਨੂੰ ਨੀਚ ਅਖਵਾਉਣ ਦਾ ਤਰੀਕਾ ਸਮਝਾਇਆ ਹੋਇਆ ਹੈ ਜਿਸ ਦੁਆਰਾ ਸਾਡਾ ਚੰਗਾ ਹੋ ਸਕਦਾ ਹੈ ਭਾਵ ਅਸੀਂ ਨਰਕ ਵਿੱਚ ਪੈਣ ਤੋਂ ਬੱਚ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਦਰ ਤੇ ਜਾ ਸਕਦੇ ਹਾਂ। “**ਜਰਵਾਨਾ**” ਸਾਡਾ ਵੱਡਾਪਨ ਹੈ, ਉੱਚਾਪਨ ਹੈ ਜੋ ਸਾਡੇ ਅੰਦਰ ਹੀ ਹੈ ਭਾਵ ਸਾਡੀ ਸਮਝ ਦੇ ਵਿੱਚ ਹੀ ਹੈ, ਹਉਮੈ ਦੇ ਰੂਪ ਵਿੱਚ ਹੈ, ਸਾਡੇ ਅੰਦਰ ਦੀ ਮਾੜੀ ਸਮਝ ਹੈ ਜੋ ਸਾਨੂੰ ਝੂਠੀ ਭਗਤੀ ਦੇ ਨਾਲ ਜੋੜਦੀ ਹੈ ਤੇ ਆਪਣੀ ਝੂਠੀ ਭਗਤੀ ਨੂੰ ਹੀ ਅਸੀਂ ਉੱਚੀ ਭਗਤੀ ਸਮਝਦੇ ਹਾਂ ਤੇ ਉਸ ਭਗਤੀ ਦਾ ਮਾਣ ਕਰਦੇ ਹਾਂ ਤੇ ਦੂਸਰਿਆਂ ਕੋਲੋਂ ਮਾਣ ਲੈਂਦੇ ਹਾਂ। ਉੱਪਰ ਪੰਗਤੀ ਰਾਹੀਂ ਸਾਨੂੰ ਇਹ ਝੂਠਾ ਮਾਣ ਛੱਡਣ ਲਈ ਸਮਝਾਇਆ ਹੋਇਆ ਹੈ, ਮਨ ਦੀ ਮਾੜੀ ਸਮਝ ਛੱਡਣ ਲਈ, ਹਉਮੈ ਛੱਡਣ ਲਈ, ਮਨਮਤਿ ਛੱਡਣ ਲਈ ਹੀ ਸਮਝਾਇਆ ਹੋਇਆ ਹੈ ਜਿਸਨੂੰ ਛੱਡੇ ਬਿਨ੍ਹਾਂ ਸਾਡਾ ਉਹ “ਵੇਸ”, ਉਹ ਰੂਪ ਨਹੀਂ ਬਣ ਸਕਦਾ ਜਿਸ ਵੇਸ ਦੁਆਰਾ ਅਸੀਂ ਪ੍ਰਮਾਤਮਾ ਦੇ ਦਰ ਤੇ, ਗੁਰੂ ਦੇ ਦਰ ਤੇ ਆ ਸਕਦੇ ਹਾਂ ਭਾਵ ਉਸਦੀ ਭਗਤੀ ਵਾਲੇ ਬਣ ਸਕਦੇ ਹਾਂ। ਸਾਨੂੰ ਭਗਤੀ ਵਾਲਾ ਸਾਡੇ ਮਨ ਦੇ ਵਿਚਾਰਾਂ ਨੇ ਹੀ ਬਣਾਉਣਾ ਹੈ, ਮਨ ਦੀ ਸਮਝ ਨੇ ਹੀ ਬਣਾਉਣਾ ਹੈ ਜੋ ਸਮਝ ਹਉਮੈ ਵਾਲੇ ਵਿਚਾਰਾਂ ਨੂੰ ਛੱਡਣ ਦੁਆਰਾ ਹੀ ਆਉਂਦੀ ਹੈ। ਗੁਰੂ ਦੇ ਦਰ ਤੇ, ਪ੍ਰਮਾਤਮਾ ਦੇ ਦਰ ਤੇ ਸਾਡੇ ਮਨ ਦੇ ਵਿਚਾਰਾਂ ਨੇ ਹੀ ਆਉਣਾ ਹੈ, ਭਗਤੀ ਦੀ ਸੱਚੀ ਸਮਝ ਵਾਲੇ ਵਿਚਾਰਾਂ ਨੇ ਹੀ ਆਉਣਾ ਹੈ ਜਿਸ ਸਮਝ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਭਾਵ ਮਨੁੱਖ ਸੱਚ ਤੇ ਚੱਲਦਾ ਹੈ, ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ। ਹਉਮੈ ਨੂੰ ਛੱਡਣਾ ਔਖਾ ਹੈ, ਆਪਣਾ ਵੱਡਾਪਨ ਛੱਡਣਾ, ਮਾਣ ਛੱਡਣਾ ਔਖਾ ਹੈ ਜਿਸ ਦੀ ਤੁਲਨਾ ਬੁਢਾਪੇ ਨਾਲ ਕੀਤੀ ਹੋਈ ਹੈ, “**ਜਰੁ**” ਦੇ ਨਾਲ ਕੀਤੀ ਹੋਈ ਹੈ। ਸਭ ਨੂੰ ਜਵਾਨੀ ਚੰਗੀ ਲੱਗਦੀ ਹੈ ਜਿਸ ਵਿੱਚ ਸੁੱਖ ਮਹਿਸੂਸ ਹੁੰਦਾ ਹੈ ਤੇ ਬੁਢਾਪਾ ਔਖਾ ਲੱਗਦਾ ਹੈ। ਇਸੇ ਤਰ੍ਹਾਂ ਹਉਮੈ ਵਾਲਾ ਜੀਵਨ, ਮਾਇਆ ਮੋਹ ਵਾਲਾ ਜੀਵਨ ਸਾਨੂੰ ਸੌਖਾ ਲੱਗਦਾ ਹੈ ਤੇ ਹਉਮੈ ਵਾਲੀ ਮਤਿ ਨੂੰ ਛੱਡ ਕੇ ਗੁਰੂ ਦੀ ਸੱਚੀ ਮਤਿ ਨੂੰ ਅਪਨਾਉਣਾ ਔਖਾ ਲੱਗਦਾ ਹੈ, ‘ਜਰੁ’ ਦੀ ਤਰ੍ਹਾਂ ਲੱਗਦਾ ਹੈ ਜਿਸ ਤੋਂ ਹਰ ਕੋਈ ਬਚਣਾ ਚਾਹੁੰਦਾ ਹੈ, ਔਖਾਪਣ ਸਹਿਣ ਤੋਂ ਬਚਣਾ ਚਾਹੁੰਦਾ ਹੈ ਪਰ ਭਗਤੀ ਦਾ ਮਾਰਗ ਔਖਾ ਹੈ, ਭਗਤੀ ਦੇ ਵੇਸ ਵਾਲਾ ਬਣਨਾ ਔਖਾ ਹੈ ਜੋ ਔਖਾਪਨ ਕਬੂਲ ਕੀਤੇ ਬਿਨ੍ਹਾਂ ਗੁਰੂ ਦੇ ਦਰ ਤੇ ਨਹੀਂ ਆਇਆ ਜਾ ਸਕਦਾ ਜਿਸ ਦਰ ਤੇ ਸਾਡੇ ਮਨ ਦੇ ਵਿਚਾਰਾਂ ਨੇ ਹੀ ਆਉਣਾ ਹੈ, ਹਉਮੈ ਵਾਲੇ ਵਿਚਾਰ ਛੱਡ ਕੇ ਆਉਣਾ ਹੈ, ਆਪਣਾ ਝੂਠਾ ਭਗਤੀ ਦਾ ਮਾਣ ਛੱਡ ਕੇ ਆਉਣਾ ਹੈ। (**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥ ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥**) ਮਨ ਦੀ ਹਉਮੈ ਵਿੱਚੋਂ ਨਿਕਲਣਾ ਹੀ ਗੁਰੂ ਦੇ ਨਾਮ ਨਾਲ ਜੁੜਨਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉੱਪਰ ਵਾਲੇ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਵੀ ਸਮਝਿਆ ਹੈ। (**ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥**) ਨਰਕ ਵਿੱਚ ਪੈਣ ਤੋਂ ਬਚਣ ਦਾ ਤਰੀਕਾ ਨਾਮ ਹੀ ਹੈ ਭਾਵ ਹਉਮੈ ਵਿੱਚੋਂ ਨਿਕਲਣਾ ਹੀ ਹੈ। ਇਸ ਸ਼ਬਦ ਰਾਹੀਂ, “ਪੂਰੀ ਪਉੜੀ ਰਾਹੀਂ” ਸਾਨੂੰ ਨਰਕ ਤੋਂ ਬਚਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਜਿਸ ਤੋਂ ਹਰ ਕੋਈ ਬਚਣਾ ਚਾਹੁੰਦਾ ਹੈ ਤੇ ਉਸ ਦਾ ਤਰੀਕਾ ਮਨ ਦੀ ਹਉਮੈ ਵਿੱਚੋਂ ਨਿਕਲਣ ਦਾ ਹੈ ਭਾਵ ਨਾਮ ਦੇ ਨਾਲ ਜੁੜਨ ਦਾ ਹੈ ਜਿਸ ਨਾਲ ਸਾਡੇ ਮਨ ਦੀ ਸਮਝ ਨੇ ਹੀ ਜੁੜਨਾ ਹੈ, ਹਉਮੈ ਵਾਲੀ ਮਾੜੀ ਸਮਝ ਤਿਆਗ ਕੇ ਹੀ ਜੁੜਨਾ ਹੈ ਪਰ ਹਰ ਕਿਸੇ ਨੂੰ ਆਪਣੀ “ਮੈਂ” ਹੀ ਚੰਗੀ ਲੱਗਦੀ ਹੈ, ਮਾਇਆ ਮੋਹ ਹੀ ਚੰਗਾ ਲੱਗਦਾ ਹੈ, ਆਪਣਾ ਮਾਨ ਹੀ ਚੰਗਾ ਲੱਗਦਾ ਹੈ ਜਿਸ ਕਰਕੇ ਕੋਈ ਹਉਮੈ ਨੂੰ ਨਹੀਂ ਛੱਡਦਾ ਤੇ ਨਰਕ ਵਿੱਚ ਪੈਣ ਤੋਂ ਨਹੀਂ ਬਚਦਾ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਕੋ ਰਹੈ ਨ ਭਰੀਐ ਪਾਈਐ ॥”

ਜਿਵੇਂ ਕਿ ਇਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਿਆ ਹੈ, ਸਾਨੂੰ “ਜਰਵਾਨਾ” ਛੱਡਣ ਲਈ ਸਮਝਾਇਆ ਹੈ, ਆਪਣੀ ਮੈਂ ਛੱਡਣ ਲਈ ਸਮਝਾਇਆ ਹੈ, ਹਉਮੈ ਛੱਡਣ ਲਈ ਸਮਝਾਇਆ ਹੈ ਪਰ ਇਸ ਨੂੰ ਛੱਡਣਾ ਸਭ ਨੂੰ ਔਖਾ ਲੱਗਦਾ ਹੈ ਤੇ ਮਾਇਆ ਮੋਹ

ਸਭ ਨੂੰ ਚੰਗਾ ਲੱਗਦਾ ਹੈ ਕਿਉਂਕਿ ਹਰ ਕੋਈ ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜਿਆ ਹੋਇਆ ਹੈ ਜੋ ਤ੍ਰਿਸ਼ਨਾਵਾਂ, ਮਾਇਆ ਮੋਹ ਵੱਧਦਾ ਹੀ ਜਾਂਦਾ ਹੈ ਭਾਵ ਆਪਣੇ ਹਉਮੈ ਵਾਲੇ ਵਿਚਾਰਾਂ ਨੂੰ, ਮਾਇਆ ਮੋਹ ਨੂੰ ਮਨੁੱਖ ਉਸ ਤੋਂ ਰਹਿਣ ਦੀ ਬਜਾਇ ਭਾਵ ਛੱਡਣ ਦੀ ਬਜਾਇ ਆਪਣੇ ਅੰਦਰ ਹੋਰ ਵਧਾਉਂਦਾ ਹੈ, ਆਪਣੇ ਅੰਦਰ ਹੋਰ ਭਰਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਨਰਕ ਵਿੱਚ ਹੀ ਪਾਉਂਦਾ ਹੈ ਭਾਵ ਨਰਕ ਵਿੱਚੋਂ ਨਿਕਲਣ ਦਾ ਉਪਰਾਲਾ ਨਹੀਂ ਕਰਦਾ। (**ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥ ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥ ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥ ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥ ਕੋ ਰਹੈ ਨ ਭਰੀਐ ਪਾਈਐ ॥**)

ਪ੍ਰਮਾਤਮਾ ਵਿੱਚ ਸਮਾਉਣ ਲਈ ਸਾਨੂੰ ਇਹ ਆਪਣਾ ਬਲ, ਆਪਣਾ ਜ਼ੋਰ, ਆਪਣੀ ਮਤਿ, ਆਪਣੀ ਹਉਮੈ, ਆਪਣਾ ਜਰਵਾਣਾ ਤਿਆਗਣਾ ਹੀ ਪੈਣਾ ਹੈ ਤਾਂ ਜੋ ਅਸੀਂ ਉਸ "ਵੇਸ" ਵਿੱਚ ਆ ਸਕੀਏ, ਉਸ ਰੂਪ ਵਿੱਚ ਆ ਸਕੀਏ ਜੋ ਪ੍ਰਮਾਤਮਾ ਕੋਲ ਆਉਣ ਲਈ, ਉਸ ਨੂੰ ਮਿਲਣ ਲਈ ਜਰੂਰੀ ਹੈ, ਨਰਕਾਂ ਵਿੱਚ ਪੈਣ ਤੋਂ ਬਚਣ ਲਈ ਜਰੂਰੀ ਹੈ।

ਪੂਰੇ ਸ਼ਬਦ ਤੋਂ ਭਾਵ ਇਹ ਹੈ ਕਿ ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਇਸ ਹਉਮੈ ਨੂੰ ਖਤਮ ਕਰਨ ਦਾ ਹੈ ਤਾਂ ਜੋ ਅਸੀਂ ਦੁੱਖਾਂ ਦੇ ਨਰਕ ਤੋਂ ਬਚ ਸਕੀਏ ਪਰ ਅਸੀਂ ਆਪਣੇ ਅੰਦਰ ਉਲਟਾ ਹਉਮੈ ਨੂੰ ਹੋਰ ਭਰੀ ਜਾਂਦੇ ਹਾਂ ਤੇ ਆਪਣੇ ਆਪ ਨੂੰ ਨਰਕਾਂ ਵਿੱਚ ਪਾ ਰਹੇ ਹਾਂ, ਆਵਾਗਉਣ ਵਿੱਚ ਪਾ ਰਹੇ ਹਾਂ। ਹੁਣ ਸਾਰੀ ਬਾਣੀ ਨੂੰ ਧਿਆਨ ਨਾਲ ਵਿਚਾਰੋਗੇ ਤਾਂ ਸਮਝ ਲੱਗੇਗੀ ਕਿ ਸਾਨੂੰ ਵਾਰ-ਵਾਰ ਹਉਮੈ ਛੱਡਣ ਲਈ ਸਮਝਾਇਆ ਹੈ ਕਿਉਂਕਿ ਹਉਮੈ ਦਾ ਤਿਆਗ ਹੀ ਤਾਂ ਅਸਲ ਵਿੱਚ ਭਗਤੀ ਹੈ, ਸਾਡੀ ਭਗਤੀ ਦਾ ਮਨੋਰਥ ਹੈ, ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜਦ ਤੱਕ ਸਾਡੇ ਅੰਦਰ ਮਾਣ ਹੈ, ਜਰਵਾਣਾ ਹੈ, ਹਉਮੈ ਹੈ, ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਤੇ ਉਸਨੂੰ ਪਾਏ ਬਿਨ੍ਹਾਂ ਆਵਾਗਉਣ ਤੋਂ ਬੱਚ ਨਹੀਂ ਸਕਦੇ ਜੋ ਆਵਾਗਉਣ ਸਾਡੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਜਿਸਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੀ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਹੀ ਹੈ ਜਿਸ ਨੂੰ ਛੱਡੇ ਬਿਨ੍ਹਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ।

{ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ॥
ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ॥}

(ਅੰਗ ੮੪੭)

ਆਪਣਾ ਮਾਨ ਤਜੇ ਬਿਨ੍ਹਾਂ, ਵਿਕਾਰ ਤਜੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਉਲਟਾ ਅਸੀਂ ਮਾਨ ਵਧਾ ਕੇ ਅਨੰਦ ਮਹਿਸੂਸ ਕਰਦੇ ਹਾਂ, ਉਸ ਪ੍ਰਮਾਤਮਾ ਦੀ ਕ੍ਰਿਪਾ ਸਮਝਦੇ ਹਾਂ, ਜਦ ਕਿ ਗੱਲ ਅਸਲ ਵਿੱਚ ਇਸ ਤੋਂ ਉਲਟ ਹੈ। ਭਗਤੀ ਦਾ ਮਾਰਗ ਨਿਰਾਲਾ ਹੈ, ਜੁਗਾਂ ਜੁਗਾਂ ਤੋਂ ਨਿਰਾਲਾ ਹੈ ਜਿਸਦੀ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ। ਇਹ ਸਾਡੇ ਹੱਥ ਵੱਸ ਨਹੀਂ ਹੈ। ਜਿਸ ਚੀਜ਼ ਦਾ ਤਿਆਗ ਕਰਨਾ ਹੈ, ਜਿਸ ਦੇ ਕਾਰਨ ਸਾਡੇ ਮਨ ਦੇ ਨਾ-ਸਮਝ ਵਿਚਾਰਾਂ ਰਾਹੀਂ ਸਾਡਾ ਆਵਾਗਉਣ ਬਣਿਆ ਹੋਇਆ ਹੈ ਤੇ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਮੂਲ ਕਾਰਨ ਹੈ, ਉਸ ਮੈਂ ਨੂੰ ਅਸੀਂ ਹੋਰ

5/451

ਵਧਾਈ ਜਾਂਦੇ ਹਾਂ, ਆਪਣੀ ਮੈਂ ਹੋਰ ਉੱਚੀ ਕਰੀ ਜਾਂਦੇ ਹਾਂ।

{ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥}

(ਅੰਗ ੫੫੪)

ਇਹ "**ਮਾਣਸੁ**" ਸਾਡੀ ਮਨੁੱਖੀ ਹੋਂਦ ਹੈ ਜਿਸ ਦਾ ਕਾਰਨ ਸਾਡੀ ਹਉਮੈ ਵਾਲੀ ਸਮਝ ਹੈ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦੇ ਹਾਂ, ਜਨਮ-ਮਰਨ ਵਿੱਚ ਸਮਝਦੇ ਹਾਂ ਭਾਵ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ, ਪ੍ਰਮਾਤਮਾ ਨਾਲੋਂ ਵੱਖਰਾ ਸਮਝਦੇ ਹਾਂ। ਜਦ ਤੱਕ ਇਹ ਹਉਮੈ ਖਤਮ ਨਹੀਂ ਹੁੰਦੀ, ਜਿਸ ਦਾ ਕਾਰਨ ਸਾਡੀ ਨਾ-ਸਮਝ ਮਤਿ ਹੈ, ਤਦ ਤੱਕ ਸਾਡਾ ਆਵਾਗਉਣ ਨਹੀਂ ਮਿਟ ਸਕਦਾ। ਅਸੀਂ ਆਪਣੀ ਝੂਠੀ ਹੋਂਦ ਦਾ ਮਾਣ ਭਾਵ ਹਉਮੈ ਤਿਆਗਣ ਦੀ ਬਜਾਇ ਇਸ ਨੂੰ ਆਪਣੇ ਅੰਦਰ ਭਰਨਾ ਹੀ ਚੰਗਾ ਸਮਝਦੇ ਹਾ। ਹਉਮੈ ਵਾਲੀ ਸਮਝ ਸਭ ਦੇ ਅੰਦਰ ਮਨ ਦੇ ਵਿੱਚ ਪੈ ਕੇ ਹੀ ਆਉਂਦੀ ਹੈ ਜਿਸ ਸਮਝ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਮਨੁੱਖ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹਉਮੈ

ਨੂੰ ਆਪਣੇ ਅੰਦਰੋਂ ਕੱਢਣ ਦੀ ਬਜਾਇ, ਮਾਇਆ ਮੋਹ ਵਾਲੀ ਸਮਝ ਨੂੰ ਆਪਣੇ ਅੰਦਰੋਂ ਕੱਢਣ ਦੀ ਬਜਾਇ ਅਸੀਂ ਇਸ ਨੂੰ ਹੋਰ ਆਪਣੇ ਅੰਦਰ ਭਰਦੇ ਹਾਂ ਕਿਉਂਕਿ ਸਾਨੂੰ ਇਸੇ ਤਰੀਕੇ ਵਿਚਰਨਾ ਹੀ ਚੰਗਾ ਲੱਗਦਾ ਹੈ, ਅਸੀਂ ਇਸ ਵਿੱਚ ਸੁੱਖ ਮਹਿਸੂਸ ਕਰਦੇ ਹਾਂ ਤੇ ਗੁਰੂ ਦੀ ਸੱਚੀ ਮਤਿ ਜੋ ਕਿ ਸਾਨੂੰ ਇਸ ਵਿੱਚੋਂ ਕੱਢਣਾ ਚਾਹੁੰਦੀ ਹੈ ਉਸਨੂੰ ਮੰਨਣਾ ਸਾਨੂੰ ਔਖਾ ਲੱਗਦਾ ਹੈ। ਇਹ ਹਉਮੈ ਹੀ ਸਾਡੀ ਮਨਮਤਿ ਹੈ, ਸਾਡਾ ਨਸ਼ਾ ਹੈ, ਸਾਡੇ ਅੰਦਰ ਦਾ ਮਾਇਆ ਮਦ ਹੈ ਜੋ ਸਾਨੂੰ ਚੰਗਾ ਲੱਗਦਾ ਹੈ। ਜਿਤਨੀ ਜਿਸ ਮਨੁੱਖ ਵਿੱਚ ਹਉਮੈ ਪ੍ਰਬਲ ਹੈ, ‘‘ਇਗੋ’’ ਉੱਚੀ ਹੈ, ਉਹ ਉਤਨਾ ਹੀ ਪ੍ਰਮਾਤਮਾ ਤੋਂ ਦੂਰ ਹੈ, ਗੁਰੂ ਦੀ ਮਤਿ ਤੋਂ ਦੂਰ ਹੈ। "ਬਰਲੁ" ਤੋਂ ਭਾਵ ਹੈ ਸਾਡਾ ਝੱਲਾਪਨ ਭਾਵ ਮਨ ਦੀ ਅਗਿਆਨਤਾ ਜਿਸ ਦੁਆਰਾ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ, ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਜਿਉਂ ਜਿਉਂ ਅਸੀਂ ਆਪਣੀ ਹਉਮੈ ਉੱਚੀ ਕਰਦੇ ਹਾਂ, ਮਨਹਠਿ ਉੱਚੀ ਕਰਦੇ ਹਾਂ, ਉਤਨੀ ਹੀ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਵੱਧਦੀ ਜਾਂਦੀ ਹੈ। ਗੁਰੂ ਦੀ ਮਤਿ ਤੋਂ ਬਿਨ੍ਹਾਂ ਸਭ ਕੁੱਝ ਮਾਇਆ ਮੋਹ ਹੈ, ਸਾਡੀ ਮਨਮਤਿ, ਸਾਡੀ ਹਉਮੈ, ਸਭ ਮਾਇਆ ਮੋਹ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਦੇ ਨਾਲ ਸਾਡੀ ਵਿਥ ਦਾ ਕਾਰਨ, ਦੂਰੀ ਦਾ ਕਾਰਨ ਸਾਡੇ ਅੰਦਰ ਦਾ ਝੱਲਾਪਨ ਹੈ ਜੋ ਸਾਨੂੰ ਪ੍ਰਮਾਤਮਾ ਦਾ ਸੱਚ ਜਾਨਣ ਤੋਂ ਮਨ ਦੀ ਮਾਇਆ ਸਾਨੂੰ ਝੱਲੇ ਬਣਾ ਕੇ ਰੱਖਦੀ ਹੈ ਭਾਵ ਅਗਿਆਨਤਾ ਵਿੱਚ ਰੱਖਦੀ ਹੈ, ਹਉਮੈ ਵਿੱਚ, ਮਾਇਆ ਮੋਹ ਵਿੱਚ ਰੱਖਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ॥}

(ਅੰਗ - ੫੭੧)

{ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥੪॥}

(ਅੰਗ ੩੯੯)

ਸਾਡੇ ਅੰਦਰ ਦੀ ਮਾਇਆ ਜਾਂ ਹਉਮੈ ਵਾਲੀ ਸਮਝ ਸਾਡੇ ਅੰਦਰ ਦੁਰਮਤਿ ਦਾ, ਹਉਮੈ ਦਾ ਨਸ਼ਾ ਹੈ, ਵਿਕਾਰਾਂ ਦਾ ਨਸ਼ਾ ਹੈ, ਸਾਡੇ ਮਾਨ ਅਭਿਮਾਨ ਦਾ ਨਸ਼ਾ ਹੈ ਜੋ ਸਾਨੂੰ ਕਮਲਾ ਬਣਾਉਂਦਾ ਹੈ, ਜੋ ਸਾਨੂੰ ਪ੍ਰਮਾਤਮਾ ਦੀ ਮਤਿ ਤੋਂ ਦੂਰ ਰੱਖਦਾ ਹੈ ਭਾਵ ਸਾਡੇ ਲੇਖੇ ਵਿੱਚ ਮਾੜੀ ਪਤਿ ਪੈਂਦੀ ਹੈ, ਜਿਸ ਦੁਆਰਾ ਅਸੀਂ ਤੋਟੇ ਵਿੱਚ ਜਾਂਦੇ ਹਾਂ, ਲਾਹਾ ਲੈਣ ਤੋਂ ਵਾਂਝੇ ਰਹਿੰਦੇ ਹਾਂ। ਦੁਰਮਤਿ ਤੋਂ ਉਲਟ, ‘‘ਰਾਮ ਰਸਾਇਣ’’ ਹੈ ਭਾਵ ਗੁਰੂ ਦੀ ਮਤਿ ਹੈ। ਜੋ ਗੁਰੂ ਦੀ ਮਤਿ ਦਾ ਨਸ਼ਾ ਕਰਦੇ ਹਨ, ਉਹ ਸੱਚੇ ਅਮਲੀ ਹਨ ਭਾਵ ਸੱਚੇ ਮਾਰਗ ਤੇ ਚੱਲਦੇ ਹਨ, ਵਿਕਾਰਾਂ ਤੋਂ ਦੂਰ ਰਹਿੰਦੇ ਹਨ, ਆਪਣਾ ਮਾਨ ਅਭਿਮਾਨ ਤਿਆਗਦੇ ਹਨ, ਹਉਮੈ ਤਿਆਗਦੇ ਹਨ ਭਾਵ ਹਉਮੈ ਦੇ ਨਸ਼ੇ ਵਿੱਚ ਨਹੀਂ ਪੈਂਦੇ ਜੋ ਕਿ ਉਪਰਲੇ ਸ਼ਬਦਾਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

5/452

ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਹ ਸਮਝਦੇ ਆ ਰਹੇ ਹਾਂ ਕਿ "**ਮਾਨ**" ਮਨੁੱਖ ਲਈ ਮਾੜਾ ਹੈ ਤੇ ਇਸ ਨੂੰ ਤਿਆਗਣ ਦੀ ਲੋੜ ਹੈ। ਮਾਨ ਵੀ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ। ਉਸਦੀ ਬਣਾਈ ਹੋਈ ਹਰ ਚੀਜ਼ ਚੰਗੀ ਹੈ। ਗੱਲ ਸਿਰਫ ਉਸਨੂੰ ਸਮਝਣ ਤੇ ਵਰਤਣ ਦੀ ਹੈ। ਸਾਨੂੰ ਮਾਨ ਕਿਸ ਗੱਲ ਤੇ ਹੋਣਾ ਚਾਹੀਦਾ ਹੈ, ਇਸ ਨੂੰ ਸਮਝਣ ਦੀ ਲੋੜ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ:-

"ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥੧॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥
ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥੧॥ਰਹਾਉ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥੨॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥੩॥
ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥੪॥"

(ਅੰਗ ੮੦੯)

ਅਗਰ ਧਿਆਨ ਨਾਲ ਇਸ ਸ਼ਬਦ ਨੂੰ ਵਿਚਾਰਾਂਗੇ ਤਾਂ ਸਮਝ ਲੱਗੇਗੀ ਕਿ "**ਮਾਨ**" ਕਿਸ ਗੱਲ ਦਾ ਕਰਨਾ ਹੈ ਅਤੇ ਕਿਹੋ ਜਿਹਾ ਮਾਨ ਤਿਆਗਣਾ ਹੈ। "**ਮਨਮਤਿ**" ਦਾ ਤਿਆਗ ਆਪਣੇ ਮਾਨ ਦਾ ਤਿਆਗ ਹੈ ਤੇ ਇਹੀ ਆਪਣੀ ਹਉਮੈ ਦਾ ਤਿਆਗ ਹੈ। "**ਮਾਨ**" ਗੁਰੂ ਦੀ ਮਤਿ ਦਾ ਕਰਨਾ ਹੈ। "**ਗੁਰੂ ਦਾ ਮਾਨ**" "**ਗੁਰੂ ਦੀ ਮਤਿ**" ਦਾ ਮਾਨ ਹੈ। ਗੁਰੂ ਦੀ ਮਤਿ ਦਾ ਮਾਨ ਗੁਰੂ ਦੇ ਦਿੱਤੇ ਹੋਏ ਗਿਆਨ ਦਾ ਮਾਨ ਹੈ, ਗੁਰੂ ਦੇ ਬਚਨਾਂ ਦਾ ਮਾਨ ਹੈ, ਉਸਦੇ ਗੁਣਾਂ ਦਾ ਮਾਨ ਹੈ, ਉਨ੍ਹਾਂ ਉੱਤੇ ਅਮਲ ਕਰਨ ਦਾ ਮਾਨ ਹੈ। ਗੁਰੂ ਦਾ ਹਰ ਬਚਨ ਸਾਨੂੰ ਸੱਚੇ ਗੁਣ ਹੀ ਸਮਝਾਉਂਦਾ ਹੈ ਜਿਨ੍ਹਾਂ ਨੂੰ ਮੰਨਣਾ ਗੁਰੂ ਦਾ ਮਾਨ ਹੈ। ਔਗੁਣਾਂ ਵਿੱਚ ਮਨੁੱਖ ਦਾ ਅਪਮਾਨ ਹੈ ਅਤੇ ਗੁਣਾਂ ਵਿੱਚ ਮਨੁੱਖ ਦਾ ਮਾਨ ਹੈ। ਗੁਰਮਤਿ ਦੇ ਵਿੱਚ ਮਾਨ ਹੈ, ਮਨਮਤਿ ਵਿੱਚ ਅਪਮਾਨ ਹੈ। ਉੱਪਰ ਸ਼ਬਦ ਵਿੱਚ ਮਨੁੱਖ ਵੱਲੋਂ ਪ੍ਰਮਾਤਮਾ ਅੱਗੇ ਅਰਦਾਸ ਸਮਝਾਈ ਹੋਈ ਹੈ। ਮਨੁੱਖ ਨੂੰ ਕੁੱਝ ਵੀ ਨਾ ਜਾਨਣ ਵਾਲਾ ਕਿਹਾ ਹੈ, ਨੀਚ ਕਿਹਾ ਹੈ, ਮੂਰਖ ਕਿਹਾ ਹੈ, ਭੁੱਲਣਹਾਰ ਕਿਹਾ ਹੈ, ਅਪਰਾਧੀ ਕਿਹਾ ਹੈ, ਔਗੁਣ ਭਰਿਆ ਕਿਹਾ ਹੈ, ਮਾਇਆ ਮੋਹ ਵਾਲਾ ਕਿਹਾ ਹੈ, ਅਕ੍ਰਿਤਘਣ ਕਿਹਾ ਹੈ। ਸਮਝਾਇਆ ਇਹ ਹੈ ਕਿ ਜੇਕਰ ਅਸੀਂ ਆਪਣੇ ਆਪ ਨੂੰ ਇਹੀ ਕੁੱਝ ਸਮਝ ਲਈਏ ਭਾਵ ਮਾੜਾ ਸਮਝ ਲਈਏ, ਜੋ ਕੁੱਝ ਗੁਰੂ ਸਾਡੇ ਲਈ ਕਹਿ ਰਹਿਆ ਹੈ ਉਹੋ ਜਿਹਾ ਮਾੜਾ ਆਪਣੇ ਆਪ ਨੂੰ ਮੰਨ ਲਈਏ ਤਾਂ ਫਿਰ ਸਾਡੇ ਵਿੱਚ ਮਾਨ ਨਹੀਂ ਹੈ, ਸਾਡੇ ਮਨ ਵਿੱਚ ਗੁਰੂ ਦਾ ਮਾਨ ਹੈ, ਗੁਰੂ ਦੀ ਮਤਿ ਦਾ ਮਾਨ ਹੈ, ਗੁਰੂ ਦੇ ਗੁਣਾਂ ਦਾ ਮਾਨ ਹੈ, ਗੁਰੂ ਦੇ ਸਮਝਾਏ ਹੋਏ ਸੱਚੁ ਦਾ ਮਾਨ ਹੈ। ਜੋ ਕੁੱਝ ਗੁਰੂ ਸਾਨੂੰ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਹੀ ਸਮਝਾਉਂਦਾ ਹੈ ਤੇ ਉਹ ਪੂਰੀ ਤਰ੍ਹਾਂ ਸੱਚ ਹੈ ਭਾਵ ਨਾਮ ਹੈ। ਗੁਰੂ ਦੀ ਗੱਲ ਨੂੰ ਮੰਨਣਾ ਨਾਮ ਜਪਣਾ ਹੈ ਤੇ ਜੇਕਰ ਅਸੀਂ ਆਪਣੇ ਆਪ ਨੂੰ ਮਾੜਾ ਮਨ ਲੈਂਦੇ ਹਾਂ, ਮੂਰਖ, ਨਾ-ਸਮਝ ਮੰਨ ਲੈਂਦੇ ਹਾਂ ਤਾਂ ਫਿਰ ਅਸੀਂ ਨਾਮ ਜਪਣ ਵਾਲੇ ਹਾਂ ਗੁਰੂ ਦੀ ਮਤਿ ਤੇ ਮਾਣ ਕਰਨ ਵਾਲੇ ਹਾਂ। ਜੇਕਰ ਮਨੁੱਖ ਆਪਣੇ ਆਪ ਨੂੰ

5/453

ਇਹ ਸਭ ਕੁੱਝ ਨਹੀਂ ਸਮਝਦਾ ਤਾਂ ਫਿਰ ਉਸਨੂੰ ਆਪਣੀ ਮਤਿ ਤੇ ਮਾਨ ਹੈ, ਆਪਣੇ ਆਪ ਤੇ ਮਾਨ ਹੈ। ਜੇਕਰ "ਮਾਨ" ਆਪਣੇ ਆਪ ਤੇ ਹੈ ਭਾਵ ਆਪਣੀ ਸਮਝ ਤੇ ਹੈ, ਫਿਰ ਗੁਰੂ ਤੇ ਮਾਨ ਨਹੀਂ ਹੈ। ਇੱਕ ਸਮੇਂ ਵਿੱਚ ਦੋ ਪਾਸੇ ਮਾਨ ਨਹੀਂ ਹੋ

ਸਕਦਾ। ਬਾਣੀ ਵਿੱਚ ਗੱਲ "ਆਰ ਪਾਰ" ਦੀ ਸਮਝਾਈ ਹੰਦੀ ਹੈ। ਇਹ ਨਹੀਂ ਕਿ ਅਸੀਂ ਅੱਧਾ ਮਾਨ ਗੁਰੂ ਨੂੰ ਦੇ ਦੇਈਏ, ਕੁੱਝ ਮਾਨ ਕਿਸੇ ਦੇਹਧਾਰੀ ਲਈ ਰੱਖ ਲਈਏ, ਕੁੱਝ ਮਾਨ ਆਪਣੀ ਮਤਿ ਤੇ ਕਰ ਲਈਏ। ਦੋ ਬੇੜੀਆਂ ਵਿੱਚ ਪੈਰ ਰੱਖਣ ਵਾਲਾ ਮਨੁੱਖ ਹਮੇਸ਼ਾਂ ਡੁੱਬਦਾ ਹੈ। ਇਹ ਸਾਡੀ ਦੁਚਿੱਤੀ ਹੈ, ਦੁਬਿਧਾ ਹੈ, ਸਹਸਾ ਹੈ, ਭਰਮ ਹੈ ਭਾਵ ਸਾਡਾ ਗੁਰੂ ਤੇ ਪੂਰਨ ਭਰੋਸਾ ਨਾ ਹੋਣਾ ਹੈ। ਗੁਰੂ ਤੇ ਪੂਰਨ ਭਰੋਸਾ ਹੋਏ ਬਿਨ੍ਹਾਂ ਉਸਦੀ ਬੇੜੀ ਵਿੱਚ ਨਹੀਂ ਬੈਠਿਆ ਜਾ ਸਕਦਾ। ਗੁਰੂ ਦਾ ਬਣਨ ਲਈ ਉਸ ਨਾਲ ਇੱਕ ਮਨ ਇੱਕ ਚਿੱਤ ਹੋਣਾ ਜਰੂਰੀ ਹੈ, ਗੁਰੂ ਨੂੰ ਪੂਰਾ ਮਾਨ ਦੇਣਾ ਜਰੂਰੀ ਹੈ।

ਆਮ ਤੌਰ ਤੇ ਪ੍ਰਮਾਤਮਾ ਦਾ ਜਪ ਤਪ ਕਰਨ ਵਾਲੇ ਮਨੁੱਖ ਇਹ ਸਮਝਦੇ ਹਨ ਕਿ ਜਪ ਤਪ ਕਰਨ ਦੁਆਰਾ ਉਨ੍ਹਾਂ ਨੂੰ ਮਾਨ ਮਿਲਣਾ ਚੰਗੀ ਗੱਲ ਹੈ ਕਿਉਂਕਿ ਇਹ ਮਾਨ ਪ੍ਰਮਾਤਮਾ ਉਨ੍ਹਾਂ ਨੂੰ ਆਪ ਹੀ ਦਿਵਾਉਂਦਾ ਹੈ ਭਾਵ ਮਾਨ ਮਿਲਣਾ ਇੱਕ ਕਿਸਮ ਦਾ ਉਨ੍ਹਾਂ ਦਾ ਹੱਕ ਬਣ ਜਾਂਦਾ ਹੈ। ਜਿਤਨਾ ਮਾਨ ਜ਼ਿਆਦਾ ਮਿਲਦਾ ਹੈ, ਉਹ ਉਸਨੂੰ ਪ੍ਰਮਾਤਮਾ ਦੀ ਬਖਸ਼ਿਸ਼ ਸਮਝਦੇ ਹਨ, ਮਨ ਵਿੱਚ ਇਸ ਗੱਲ ਦੀ ਤਸੱਲੀ ਮਹਿਸਸੂ ਕਰਦੇ ਹਨ ਕਿਉਂਕਿ ਬਾਣੀ ਵਿੱਚ ਇਹ ਫੁਰਮਾਨ ਹੈ ਕਿ ਸੱਚ ਦੇ ਮਾਰਗ ਤੇ ਚੱਲਣ ਵਾਲੇ ਦੀ ਦੁਨੀਆਂ ਉਸਤਤਿ ਕਰਦੀ ਹੈ, ਉਸਨੂੰ ਚੰਗਾ ਕਹਿੰਦੀ ਹੈ, ਉਸਨੂੰ ਮਾਨ ਦਿੰਦੀ ਹੈ।

"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥"

(ਅੰਗ ੧੩੫-੧੩੬)

ਉਪਰਲੀਆਂ ਪੰਗਤੀਆਂ ਵਿੱਚ ਭਗਤੀ ਦਾ ਸੱਚਾ ਮਾਣ ਮਿਲਣਾ ਕੀ ਹੈ, ਇਹ ਗੱਲ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ ਕਰਨ ਨਾਲ ਦੁਨੀਆਂ ਕੋਲੋਂ ਮਾਨ ਮਿਲਦਾ

ਹੈ, ਇਸ ਵਿੱਚ ਕੋਈ ਸ਼ੱਕ ਨਹੀਂ। ਇਹ ਗੁਰੂ ਦਾ ਫੁਰਮਾਨ ਹੈ, ਪਰ ਨਾਲ ਹੀ ਸਾਨੂੰ ਭਗਤੀ ਕਰਨਾ ਵੀ ਸਿਖਾਇਆ ਹੋਇਆ ਹੈ। ਜੇਕਰ ਸਾਡੀ ਭਗਤੀ ਸੱਚੀ ਹੈ ਤਾਂ ਫਿਰ ਮਾਨ ਮਿਲਣਾ ਵੀ ਸੱਚਾ ਹੈ। ਇਸ ਸੱਚੇ ਮਾਨ ਨੂੰ ਬਾਣੀ ਵਿੱਚ ਨਿਰਮਲ ਪ੍ਰਤਾਪ ਕਹਿ ਕੇ ਵੀ ਸਮਝਾਇਆ ਹੈ। ਜੇਕਰ ਭਗਤੀ ਦੀ ਸਮਝ ਲੱਗ ਜਾਵੇਗੀ ਤਾਂ ਫਿਰ ਮਾਨ ਦੀ ਸਮਝ ਵੀ ਲੱਗ ਜਾਵੇਗੀ। ਅਸੀਂ ਭਗਤੀ ਨੂੰ ਤਾਂ ਸਮਝਿਆ ਨਹੀਂ ਪਰ ਮਾਨ ਦੇ ਮਿਲਣ ਨੂੰ ਭਗਤੀ ਨਾਲ ਜਰੂਰ ਜੋੜਿਆ ਹੋਇਆ ਹੈ। ਉੱਪਰ ਸ਼ਬਦ ਵਿੱਚ ਪਹਿਲਾਂ ਸਾਨੂੰ ਭਗਤੀ ਸਮਝਾਈ ਹੋਈ ਹੈ ਤੇ ਉਸ ਤੋਂ ਬਾਅਦ "**ਉਸਤਤਿ**" ਹੋਣ ਦੀ ਗੱਲ ਕਹੀ ਹੋਈ ਹੈ। ਪਹਿਲੀ ਗੱਲ ਗੁਰੂ ਦਾ ਸੰਗ ਕਰਕੇ ਉਸਦੀ "**ਧੂੜੀ**" ਦਾ ਭਾਵ ਉਸਦੀ ਮਤਿ ਦਾ, ਉਸਦੇ ਗਿਆਨ ਦਾ ਇਸ਼ਨਾਨ ਕਰਨਾ ਸਮਝਾਇਆ ਹੈ ਭਾਵ ਗੁਰੂ ਦੀ ਗੱਲ ਨੂੰ ਸੁਣਕੇ, ਸਮਝਕੇ ਉਸ ਵਿੱਚ ਭਿੱਜਣ ਲਈ ਸਮਝਾਇਆ ਹੈ, ਮਨ ਵਿੱਚ ਵਸਾਉਣ ਲਈ ਸਮਝਾਇਆ ਹੈ ਭਾਵ ਨਾਮ ਧਿਆਉਣਾ ਸਮਝਾਇਆ ਹੈ। **(ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥)** ਨਾਮ ਧਿਆਉਣਾ ਕੀ ਹੈ, ਇਹ ਅਸੀਂ ਪਿੱਛੇ ਵਿਸਥਾਰ ਨਾਲ ਸਮਝਦੇ ਆ ਰਹੇ ਹਾਂ। ਜਦੋਂ ਸਾਡੇ ਅੰਦਰ ਨਾਮ, ਗੁਰੂ ਦੀ ਮਤਿ ਆ ਜਾਂਦੀ ਹੈ ਤਾਂ ਫਿਰ ਅਸੀਂ, ਉਸੇ ਅਨੁਸਾਰ ਹੀ ਵਿਚਰਦੇ ਹਾਂ, ਹਰ ਕੰਮ ਕਰਨ ਲਈ ਗੁਰੂ ਦੀ ਮਤਿ ਨੂੰ ਹੀ ਸੁਣਦੇ ਹਾ ਭਾਵ ਕੇਵਲ ਉਸ ਤੇ ਹੀ ਵਿਸ਼ਵਾਸ ਰੱਖਦੇ ਹਾਂ ਭਾਵ ਕੇਵਲ ਗੁਰੂ ਦੇ ਗੁਣਾਂ ਦੁਆਰਾ ਹੀ ਵਿਚਰਦੇ ਹਾਂ, ਔਗੁਣ ਰਹਿਤ ਹੋ ਕੇ ਵਿਚਰਦੇ ਹਾਂ, ਸੱਚੇ ਸੁੱਚੇ ਕਰਮਾਂ ਦੁਆਰਾ ਵਿਚਰਦੇ ਹਾਂ, ਮਨੁੱਖਤਾ ਦੇ ਭਲੇ ਲਈ ਵਿਚਰਦੇ ਹਾਂ। ਕਿਸੇ ਦਾ ਮਾੜਾ ਨਾ ਕਰਨ ਦੁਆਰਾ ਸਾਡੀ ਇਹੋ ਜਿਹੀ ਕਰਨੀ ਹੀ, ਪਰਉਪਕਾਰ ਵਾਲੀ ਕਰਨੀ ਨੂੰ ਹੀ ਸਭ ਨੂੰ ਦਾਨ ਕਰਨ ਦੇ ਬਰਾਬਰ ਹੈ, ਸਭ ਦੇ ਲਈ ਦਾਨ ਹੈ। ਜੋ ਆਪ ਸਚੇ ਮਾਰਗ ਤੇ ਚੱਲਦਾ ਹੈ ਉਹ ਦੂਸਰਿਆਂ ਨੂੰ ਵੀ ਸੱਚੇ ਮਾਰਗ ਤੇ ਚੱਲਣ ਲਈ ਹੀ ਸਮਝਾਉਂਦਾ ਹੈ ਭਾਵ ਜੋ ਆਪ ਨਾਮ ਜਪਦਾ ਹੈ ਉਹ ਦੂਸਰਿਆਂ ਨੂੰ ਵੀ ਨਾਮ ਜਪਣਾ ਸਮਝਾਉਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪ ਆਪਣੇ ਜੀਵਨ ਵਿੱਚ ਨਾਮ ਜਪਿਆ ਹੈ ਤੇ ਦੂਸਰਿਆਂ ਨੂੰ ਜਪਣਾ ਸਮਝਾਇਆ ਹੈ, ਆਪ ਸੱਚ ਦੇ ਮਾਰਗ ਤੇ ਚੱਲੇ ਹਨ, ਸੱਚੀ ਭਗਤੀ ਦੇ ਮਾਰਗ ਤੇ ਚੱਲੇ ਹਨ ਤੇ ਸੰਸਾਰ ਨੂੰ ਇਹ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ। ਜਿਨ੍ਹਾਂ

ਨੂੰ ਪ੍ਰਮਾਤਮਾ ਦੇ ਕੋਲੋਂ ਇਹ ਦਾਨ ਮਿਲਿਆ ਹੈ, ਨਾਮ ਦਾ ਦਾਨ ਮਿਲਿਆ ਹੈ ਉਨਾਂ ਨੇ ਹੀ ਸੰਸਾਰ ਨੂੰ ਇਹ ਦਾਨ ਵੰਡਿਆ ਹੈ ਜੋ ਸਭ ਤੋਂ ਵੱਡਾ ਦਾਨ ਹੈ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ ਜਿਸ ਮਨ ਦੀ ਸਮਝ ਦੁਆਰਾ ਕੋਈ ਆਪ ਨਾਮ ਧਿਆ ਸਕਦਾ ਹੈ ਤੇ ਦੁਸਰਿਆਂ ਨੂੰ ਦਾਨ ਦੇ ਸਕਦਾ ਹੈ, ਸੱਚ ਦਾ ਦਾਨ, ਸੱਚੀ ਮਤਿ ਦਾ ਦਾਨ, ਸੱਚੀ ਭਗਤੀ ਦੀ ਸਿਖਿਆ ਦਾ ਦਾਨ ਦੇ ਸਕਦਾ ਹੈ। **(ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥)** ਇਸ ਗੱਲ ਨੂੰ ਹੇਠ ਲਿਖੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

{ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ॥
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥}

(ਅੰਗ ੪੯)

{ਕੋਟਿ ਮਜਨ ਕੀਨੋ ਇਸਨਾਨ॥ ਲਾਖ ਅਰਬ ਖਰਬ ਦੀਨੋ ਦਾਨੁ॥
ਜਾ ਮਨਿ ਵਸਿਓ ਹਰਿ ਕੋ ਨਾਮੁ॥੧॥}

(ਅੰਗ ੨੦੨)

5/455 ਅਤੇ 455-ਅ

ਸਾਡੇ ਸੱਚੇ ਸੁੱਚੇ ਕਰਮ ਹੀ, ਸਾਡਾ ਪਰਉਪਕਾਰੀ ਹੋ ਕੇ ਵਿਚਰਨਾ ਹੀ, ਸੱਚੀ ਗੁਰਮਤਿ ਸੰਸਾਰ ਨੂੰ ਵੰਡਣਾ ਹੀ ਸਾਡਾ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸਭ ਤੋਂ ਵੱਡਾ ਦਾਨ ਹੈ। ਸਾਡਾ ਇਸ ਤਰ੍ਹਾਂ ਗੁਣਾਂ ਵਾਲਾ ਬਣਨਾ ਹੀ ਕਰੋੜਾਂ ਤੀਰਥਾਂ ਦੇ ਇਸ਼ਨਾਨ ਕਰਨਾ ਹੈ। ਤੀਰਥ ਗੁਰੂ ਆਪ ਹੈ ਤੇ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੀ ਤੀਰਥ ਦਾ ਇਸ਼ਨਾਨ ਕਰਨਾ ਹੈ ਜੋ ਕਿ ਨਾਮ ਦਾ ਇਸ਼ਨਾਨ ਕਰਨਾ ਹੈ। ਇਹ ਇਸ਼ਨਾਨ ਸਾਡਾ ਮਨ ਹੀ ਕਰਦਾ ਹੈ ਜੋ ਇਸ਼ਨਾਨ ਕਰਨ ਨਾਲ ਮਨ ਦੇ ਵਿਚਾਰਾਂ ਦੀ ਮੈਲ ਧੁਪ ਜਾਂਦੀ ਹੈ ਜਿਵੇਂ ਕਿ ਹੇਠ ਦਿਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥}

(ਅੰਗ ੧੪੦)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥

ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}

(ਅੰਗ ੬੮੭)

ਗੁਰੂ ਦਾ ਤੀਰਥ ਸੱਚੇ ਨਾਮ ਦਾ ਤੀਰਥ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਤੀਰਥ ਹੈ ਜਿਸ ਤੀਰਥ ਤੇ ਇਸ਼ਨਾਨ ਕਰਨ ਦੁਆਰਾ ਮਨ ਦੀ ਅਗਿਆਨਤਾ ਰੂਪ ਮੈਲ ਹੀ ਉਤਰਦੀ ਹੈ ਤੇ ਮਨੁੱਖੀ ਸਮਝ ਨੂੰ ਸੱਚ ਦੇ ਨਾਲ ਜੋੜਦੀ ਹੈ, ਨਾਮ ਦੇ ਨਾਲ ਜੋੜਦੀ ਹੈ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਜੋੜਦੀ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਰਾਹੀਂ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਜਦੋਂ ਸਾਡੇ ਅੰਦਰ ਨਾਮ ਵੱਸ ਗਿਆ, ਗੁਰੂ ਦੀ ਮਤਿ ਵੱਸ ਗਈ ਭਾਵ ਪ੍ਰਮਾਤਮਾ ਆਪ ਵੱਸ ਗਿਆ, ਇਸ ਦੇ ਨਾਲ ਹੀ ਸਾਡਾ ਜੀਵਨ ਸਫਲ ਹੁੰਦਾ ਹੈ।

ਸਾਡੇ ਅੰਦਰ ਗੁਰੂ ਦੀ ਮਤਿ ਵੱਸਣ ਨਾਲ, ਨਾਮ ਵੱਸਣ ਨਾਲ ਮਨ ਦੀ ਅਗਿਆਨਤਾ ਹੀ ਦੂਰ ਹੁੰਦੀ ਹੈ ਤੇ ਮਨ ਦੀ ਅਗਿਆਨਤਾ ਕਰਕੇ ਜਨਮਾਂ ਜਨਮਾਂ ਤੋਂ ਕੀਤੇ ਹੋਏ ਮਾੜੇ ਕਰਮਾਂ ਦੀ ਮੱਲ ਧੁਪ ਜਾਂਦੀ ਹੈ ਭਾਵ ਸਾਡੇ ਸਾਰੇ ਪੁਰਾਣੇ ਕੀਤੇ ਹੋਏ ਔਗੁਣ ਬਖਸ਼ੇ ਜਾਂਦੇ ਹਨ ਤੇ ਸਾਡੀ ਮਨਮਤਿ ਦੂਰ ਹੋ ਜਾਂਦੀ ਹੈ। ਸਾਡੀ ਹਉਮੈ ਮਿਟ ਜਾਂਦੀ ਹੈ, ਸਾਡੇ ਮਨ ਦਾ ਮਾਨ, ਗੁਮਾਨ ਮਿਟ ਜਾਂਦਾ ਹੈ। ਫਿਰ ਸਾਨੂੰ ਕਾਮ, ਕ੍ਰੋਧ ਨਹੀਂ ਮੋਂਹ ਦੇ ਤੇ ਸਾਡੇ ਅੰਦਰੋਂ ਲੋਭ ਵਾਲੀ ਬਿਰਤੀ ਦੂਰ ਹੋ ਜਾਂਦੀ ਹੈ। **(ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥)** ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਦ੍ਰਿੜ ਕਰ ਸਕੀਏ ਕਿ ਸਾਡੇ ਸੱਚਾ ਮਾਰਗ ਕੀ ਹੈ ਭਾਵ ਭਗਤੀ ਦਾ, ਨਾਮ ਦਾ ਮਾਰਗ ਕੀ ਹੈ ਤੇ ਸਾਡਾ ਸੱਚਾ ਮਾਨ ਕਿਸ ਵਿੱਚ ਹੈ। ਜੋ ਗੱਲਾਂ ਸਾਨੂੰ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਈਆਂ ਹਨ, ਜਦੋਂ ਇਹ ਸਾਰੇ ਗੁਣ ਮਨੁੱਖ ਦੇ ਅੰਦਰ ਆ ਜਾਂਦੇ ਹਨ ਭਾਵ ਜਦੋਂ ਉਹ ਪੂਰੀ ਤਰ੍ਹਾਂ ਮਨਮਤਿ ਨੂੰ ਛੱਡ ਕੇ ਗੁਰਮਤਿ ਵਿੱਚ ਆ ਜਾਂਦਾ ਹੈ, ਮਨਮੁੱਖ ਨਾ ਰਹਿ ਕੇ ਗੁਰਮੁੱਖ ਬਣ ਜਾਂਦਾ ਹੈ ਭਾਵ ਜਦੋਂ ਮਨੁੱਖ ਪੂਰੀ ਤਰਾਂ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ, ਮਾਇਆ ਮੋਹ ਤੋਂ ਰਹਿਤ ਹੋ ਜਾਂਦਾ ਹੈ ਜਿਵੇਂ ਕਿ ਉੱਪਰ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਫਿਰ ਮਨੁੱਖ ਗੁਣਾਂ ਦੁਆਰਾ ਹੀ ਵਿਚਰਦਾ ਹੈ, ਚੰਗੇ ਕਰਮ ਹੀ ਕਰਦਾ ਹੈ। ਇਸ ਨੂੰ ਸੱਚਾ ਮਾਰਗ ਕਿਹਾ ਹੈ, ਭਗਤੀ ਦਾ ਮਾਰਗ ਕਿਹਾ ਹੈ। ਇਹੋ ਜਿਹੇ ਮਾਰਗ ਤੇ ਚੱਲ ਕੇ ਜੇਕਰ ਦੁਨੀਆਂ ਉਸਤਤਿ ਕਰਦੀ ਹੈ, ਕਿਸੇ ਨੂੰ ਮਾਨ ਦਿੰਦੀ ਹੈ ਤਾਂ ਫਿਰ ਇਹ ਉਸਦਾ ਸੱਚਾ ਮਾਨ ਹੈ। ਅਸਲ ਵਿੱਚ ਇਹ ਗੁਰੂ ਦੇ ਗੁਣਾਂ ਦਾ ਮਾਨ ਹੈ, ਗੁਰੂ ਦੀ ਸੱਚੀ ਮਤਿ ਦਾ ਮਾਣ ਹੈ ਨਾ ਕਿ ਮਨੁੱਖ ਦਾ। ਜੇਕਰ ਇਹੋ ਜਿਹੇ ਗੁਣਾਂ ਤੋਂ ਬਿਨ੍ਹਾਂ ਕੋਈ ਮਾਨ ਲੈਂਦਾ ਹੈ, ਉਸਨੂੰ ਆਪਣਾ ਮਾਨ ਸਮਝਦਾ ਹੈ ਫਿਰ ਉਹ ਝੂਠਾ ਮਾਨ ਹੈ ਜਿਸ ਤੋਂ ਬਚਣ ਦੀ ਲੋੜ ਹੈ। ਜਦ ਤੱਕ ਸਾਡੇ ਅੰਦਰੋਂ ਆਪਣੀ ਮਤਿ ਦਾ ਮਾਨ ਨਹੀਂ ਨਿਕਲਦਾ ਤਦ ਤੱਕ ਜੋ ਕੁੱਝ ਵੀ ਅਸੀਂ ਮਾਨ ਪ੍ਰਾਪਤ ਕਰਦੇ ਹਾਂ ਭਾਵ ਸਰੀਰਕ ਜਪ ਤਪ ਦਾ, ਕਥਨੀ ਕਰਨ ਦਾ ਜਾਂ ਹੋਰ ਵੀ ਅਨੇਕਾਂ ਮਨਮਤਿ ਵਾਲੇ ਭਗਤੀ ਦੇ ਤਰੀਕਿਆਂ ਦੁਆਰਾ ਜੋ ਵੀ ਮਾਨ ਪ੍ਰਾਪਤ ਕਰਦੇ ਹਾਂ ਉਹ ਮਾਨ ਸੱਚਾ ਨਹੀਂ ਹੈ। ਔਗੁਣਾਂ ਵਿੱਚ ਰਹਿੰਦੇ ਹੋਏ ਜੋ ਵੀ ਅਸੀਂ ਮਾਨ ਲੈਂਦੇ ਹਾਂ ਉਹ ਝੂਠਾ ਮਾਨ ਹੈ। ਹਉਮੈ ਦੇ ਰਹਿੰਦਿਆਂ ਸਾਨੂੰ ਜੋ ਵੀ ਮਾਨ ਮਿਲਦਾ ਹੈ ਉਹ ਹਉਮੈ ਵਿੱਚ ਹੀ ਜਮਾ ਹੁੰਦਾ ਹੈ ਭਾਵ ਉਸ ਨਾਲ ਸਾਡੀ ਹਉਮੈ ਹੋਰ ਵੱਧਦੀ ਹੈ, ਸਾਡੀ ਝੂਠੀ ਸਮਝ ਹੋਰ ਉੱਚੀ ਹੁੰਦੀ ਹੈ, ਅਗਿਆਨਤਾ ਹੋਰ ਪੱਕੀ ਹੁੰਦੀ ਹੈ। ਇਹ ਆਪਣੀ ਹਉਮੈ ਨੂੰ ਚੋਗਾ ਪਾਉਣ ਵਾਲੀ ਗੱਲ ਹੈ। ਝੂਠ ਨੂੰ ਸ਼ਹਿ ਦੇਣ ਵਾਲੀ ਗੱਲ ਹੈ, ਤੂਲ ਦੇਣ ਵਾਲੀ ਗੱਲ ਹੈ। ਆਓ ਇਸੇ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਹੋਰ ਵੀ ਜਾਣੀਏ।

“ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ॥
ਰਾਮ ਰੰਗਿ ਨਿਰਮਲ ਪਰਤਾਪੁ॥੨॥
ਸਾਧਸੰਗਿ ਮਿਟਿ ਜਾਤ ਬਿਕਾਰ॥
ਸਭ ਤੇ ਊਚ ਏਹੋ ਉਪਕਾਰ॥੩॥”

(ਅੰਗ ੧੯੮)

ਇਸ ਸ਼ਬਦ ਰਾਹੀਂ ਸੱਚਾ ਮਾਨ ਕੀ ਹੈ, ਸਾਨੂੰ ਇਹ ਸਮਝਾਇਆ ਹੋਇਆ ਹੈ, ਜਿਸ ਨੂੰ ਕਿ ਨਿਰਮਲ ਪ੍ਰਤਾਪ ਕਿਹਾ ਹੈ, ਪਵਿੱਤਰ ਮਾਨ ਕਿਹਾ ਹੈ। ਇਹ ਪਵਿੱਤਰ ਮਾਨ ਮਨੁੱਖ ਲਈ ਤਾਂ ਹੀ

5/456

ਪਵਿੱਤਰ ਹੈ ਜੇ ਮਨੁੱਖ ਪਹਿਲਾਂ ਆਪ ਪਵਿੱਤਰ ਹੈ, ਨਿਰਮਲ ਹੈ। ਨਿਰਮਲ ਮਨੁੱਖ ਕੌਣ ਹੈ ਇਹ ਅਸੀਂ ਪਿੱਛੇ ਵੀ ਜਾਣਿਆ ਹੈ ਅਤੇ ਇੱਥੇ ਵੀ ਨਾਲ ਹੀ ਸਮਝਾਇਆ ਹੋਇਆ ਹੈ। ਨਿਰਮਲ ਮਨੁੱਖ ਉਹ ਹੈ ਜਿਸਦੀ ਬਿਰਤੀ ਵਿੱਚ ਕੋਈ ਪਾਪ ਨਹੀਂ ਹੈ, ਕੋਈ ਔਗੁਣ ਨਹੀਂ ਹੈ ਭਾਵ ਜਿਸਦਾ ਹਿਰਦਾ ਸ਼ੁੱਧ ਹੈ, ਜਿਸਦੀ ਨੀਅਤ ਸਾਫ ਹੈ ਭਾਵ ਜਿਸ ਦੇ ਅੰਦਰ ਗੁਰੂ ਦੀ ਮਤਿ ਵੱਸੀ ਹੋਈ ਹੈ, ਰਾਮ ਵਿੱਚ ਰੰਗਿਆ ਹੋਇਆ ਹੈ ਭਾਵ ਰਾਮ ਦੇ ਗੁਣਾਂ ਵਿੱਚ ਰੰਗਿਆ ਹੋਇਆ ਹੈ, ਜੋ ਸਾਧਸੰਗ ਵਿੱਚ ਰਚਿਆ ਹੋਇਆ ਹੈ ਭਾਵ ਜੋ ਗੁਰੂ ਦੇ ਗੁਣਾਂ ਨਾਲ ਜੁੜਿਆ ਹੋਇਆ ਹੈ ਕਿਉਂਕਿ ਗੁਰੂ ਦੇ ਗੁਣ ਸਾਡੇ ਅੰਦਰੋਂ ਵਿਕਾਰਾਂ ਨੂੰ ਖਤਮ ਕਰ ਦਿੰਦੇ ਹਨ। ਜੋ ਇਨ੍ਹਾਂ ਸ਼ਰਤਾਂ ਤੇ ਪੂਰਾ ਉਤਰਦਾ ਹੈ, ਉਸਨੂੰ ਫਿਰ ਜੋ ਪ੍ਰਤਾਪ ਮਿਲਦਾ ਹੈ ਉਹ ਨਿਰਮਲ ਹੈ। ਇਨ੍ਹਾਂ ਸ਼ਰਤਾਂ ਤੇ ਮਨੁੱਖ ਤਾਂ ਹੀ ਪੂਰਾ ਉੱਤਰ ਸਕਦਾ ਹੈ ਜਦੋਂ ਉਸ ਤੇ ਗੁਰੂ ਦੀ ਕ੍ਰਿਪਾ ਹੋ ਜਾਵੇ, ਉਸਨੂੰ ਆਪਣੇ ਆਪ ਦੀ ਸੋਝੀ ਪੈ ਜਾਵੇ, ਜਦੋਂ ਆਪਣੇ ਅੰਦਰੋਂ ਉਸ ਗੁਣ ਦੇਣ ਵਾਲੇ ਦੀ ਸਮਝ ਲੱਗ ਜਾਵੇ। ਉਹ ਫਿਰ ਨਾ ਹੀ ਕਿਸੇ ਗੁਣ ਨੂੰ ਆਪਣਾ ਸਮਝਦਾ ਹੈ ਅਤੇ ਨਾ ਹੀ ਕਿਸੇ ਮਾਨ ਨੂੰ ਆਪਣਾ ਸਮਝਦਾ ਹੈ। ਮਾਨ ਦੇਣ ਵਾਲੇ ਨੂੰ ਭੁਲੇਖਾ ਹੋ ਸਕਦਾ ਹੈ ਪਰ ਮਾਨ ਲੈਣ ਵਾਲੇ ਨੂੰ ਭੁਲੇਖਾ ਨਹੀਂ ਹੁੰਦਾ। ਉਹ ਅਪਣੇ ਆਪ ਨੂੰ ਵੱਡਾ ਸਮਝ ਹੀ ਨਹੀਂ ਸਕਦਾ ਕਿਉਂਕਿ ਆਪਣੇ ਅੰਦਰੋਂ ਉਸ ਨੂੰ ਉਸ ਵੱਡੇ ਦੀ ਸਮਝ ਲੱਗ ਚੁੱਕੀ ਹੁੰਦੀ ਹੈ। ਪ੍ਰਮਾਤਮਾ ਦਾ ਮਨੁੱਖ ਤੇ ਸਭ ਤੋਂ ਵੱਡਾ ਉਪਕਾਰ ਮਨੁੱਖ ਨੂੰ ਆਪਣੇ ਨਾਲ ਮੇਲਣਾ ਹੈ, ਸਾਧਸੰਗਿ ਬਖਸ਼ਣਾ ਹੈ ਭਾਵ ਆਪਣਾ ਸੰਗ ਬਖਸ਼ਣਾ ਹੈ ਜਿਸ ਦੁਆਰਾ ਮਨੁੱਖ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ। ਜਦ ਤੱਕ ਮਨੁੱਖ ਵਿਕਾਰਾਂ ਵਿੱਚ ਹੈ, ਉਹ ਸਾਧਸੰਗਤਿ ਤੋਂ ਵਿਛੜਿਆ ਹੋਇਆ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਮਨ ਦੀ ਇਹੋ ਜਿਹੀ ਨਾ-ਸਮਝੀ ਵਿੱਚ ਉਹ ਜੋ ਕੁੱਝ ਵੀ ਆਪਣੇ ਜਪ ਤਪ ਦੁਆਰਾ ਮਾਨ ਹਾਸਿਲ ਕਰਦਾ ਹੈ, ਉਹ ਮਾਨ ਨਿਰਮਲ ਨਹੀਂ ਹੈ। ਉੱਪਰ ਸ਼ਬਦ ਰਾਹੀਂ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ‘‘ਰਾਮ ਰੰਗ’’ ਕੀ ਹੈ ਜਿਸਨੇ ਸਾਨੂੰ ਨਿਰਮਲ ਕਰਨਾ ਹੈ ਤੇ ਕਿਸ ਤਰੀਕੇ ਕਰਨਾ ਹੈ। ਰਾਮ ਰੰਗਿ ਹੀ, ਹਰਿ ਰੰਗਿ ਹੈ, ਨਾਮ ਰੰਗਿ ਹੈ ਜਿਸ ਵਿੱਚ ਆਪਣੇ ਆਪ ਨੂੰ ਰੰਗਣ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਇਸ ਰੰਗ ਵਿੱਚ ਆਪਣੀ ਮਤਿ ਨੂੰ ਰੰਗਣ ਦੀ ਲੋੜ ਹੈ, ਮਾੜੀ ਮਤਿ ਨੂੰ, ਪਾਪਾਂ ਵਾਲੀ, ਔਗੁਣਾਂ ਵਾਲੀ ਮਤਿ ਨੂੰ ਰੰਗਣ ਦੀ ਲੋੜ ਹੈ। ਆਪਣੀ ਮਾੜੀ ਮਤਿ ਨੂੰ ਅਸੀਂ ਗੁਰੂ ਦੀ ਸੱਚੀ ਮਤਿ ਦੇ ਨਾਲ ਹੀ ਰੰਗਣਾ ਹੈ, ਗੁਰੂ ਦੇ ਸੱਚੇ ਗਿਆਨ ਦੇ ਨਾਲ ਹੀ ਰੰਗਣਾ ਹੈ ਭਾਵ ਨਾਮ ਦੇ ਨਾਲ ਹੀ ਰੰਗਣਾ ਹੈ। ਜਿਸਦੀ ਮਤਿ ਉੱਤੇ ਗੁਰੂ ਦੀ ਮਤਿ ਦਾ ਰੰਗ ਚੜ੍ਹ ਜਾਂਦਾ ਹੈ ਉਸ ਮਤਿ ਵਿੱਚੋਂ, ਉਸ ਮਨ ਦੀ ਸਮਝ ਵਿੱਚੋਂ ਵਿਕਾਰ ਨਿਕਲ ਜਾਂਦੇ ਹਨ। ਗੁਰੂ ਦੀ ਮਤਿ ਨੂੰ ਮੰਨਣਾ ਹੀ, ਆਪਣੀ ਮਾੜੀ ਮਤਿ ਨੂੰ ਛੱਡਣਾ ਹੀ ਆਪਣੇ ਆਪ ਨੂੰ ਰਾਮ ਰੰਗਿ ਨਾਲ ਰਤਨਾ ਹੈ, ਨਾਮ ਨਾਲ ਰੰਗਣਾ ਹੈ ਜਿਸ ਮਤਿ ਦੁਆਰਾ ਮਨੁੱਖ ਔਗੁਣਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਦਾ ਹੈ ਭਾਵ ਹਰ ਵੇਲੇ ਨਾਮ ਜਪਦਾ ਹੈ ਜੋ ਆਪਣੀ ਮਤਿ ਨੂੰ ਰਾਮ ਰੰਗ ਦੇ ਨਾਲ ਰੰਗਣਾ ਹੈ, ਉਹੀ ਸਾਧਸੰਗਿ ਕਰਨਾ ਹੈ ਜੋ ਸੰਗਿ ਸਾਡੀ ਸਮਝ ਨੇ ਗੁਰੂ ਦੀ ਸੱਚੀ ਸਮਝ ਦੇ ਨਾਲ ਕਰਨਾ ਹੈ ਜਿਸ ਰਾਹੀਂ ਮਨੁੱਖ ਨੂੰ ਚੰਗੇ ਕਰਮ ਕਰਨ ਦੁਆਰਾ ਜੋ ਮਾਣ ਮਿਲਦਾ ਹੈ ਉਹ ਸੱਚਾ ਮਾਣ ਹੈ, ਨਿਰਮਲ ਪਰਤਾਪ ਹੈ। (**ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥ ਰਾਮ ਰੰਗਿ ਨਿਰਮਲ ਪਰਤਾਪੁ ॥੨॥ ਸਾਧਸੰਗਿ ਮਿਟਿ ਜਾਤ ਬਿਕਾਰ ॥ ਸਭ ਤੇ ਊਚ ਏਹੋ ਉਪਕਾਰ ॥**)

ਆਓ ਇਸੇ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਹੋਰ ਵੀ ਬਰੀਕੀ ਨਾਲ ਜਾਣੀਏ।

5/457

“ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥
ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ॥

ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥੧੫॥"

(ਅੰਗ ੧੪੧੧)

ਇਸ ਸ਼ਬਦ ਰਾਹੀਂ ਪ੍ਰਮਾਤਮਾ ਨੂੰ ਜਪਣ ਵਾਲੇ ਮਨੁੱਖਾਂ ਵਿੱਚ ਫਰਕ ਸਮਝਾ ਕੇ "**ਭਗਤੀ ਭਾਵ**" ਸਮਝਾਇਆ ਹੋਇਆ ਹੈ ਕਿ ਭਗਤੀ ਭਾਵ ਕੀ ਹੈ ਤੇ ਸਾਨੂੰ ਕਿਸ ਗੱਲ ਤੇ ਮਾਨ ਹੋਣਾ ਚਾਹੀਦਾ ਹੈ। ਫਰਕ ਗੁਰੂ ਦੀ ਦੱਸੀ ਹੋਈ ਗੱਲ ਨੂੰ ਮੰਨਣ ਜਾਂ ਨਾ ਮੰਨਣ ਦਾ ਹੀ ਸਮਝਾਇਆ ਹੋਇਆ ਹੈ ਕਿ ਭਗਤੀ ਗੁਰੂ ਦੀ ਗੱਲ ਨੂੰ ਮੰਨ ਕੇ ਹੋਣੀ ਹੈ ਜਾਂ ਕੇਵਲ ਅੱਖਰਾਂ ਨੂੰ ਬੋਲੀ ਜਾਣ ਨਾਲ ਹੋਣੀ ਹੈ, ਗੁਣਾਂ ਦੁਆਰਾ ਹੋਣੀ ਹੈ ਜਾਂ ਬਿਨ੍ਹਾਂ ਗੁਣਾਂ ਦੁਆਰਾ ਹੋਣੀ ਹੈ, ਮਾਨ ਗੁਣਾਂ ਦਾ ਕਰਨਾ ਹੈ ਜਾਂ ਪੜ੍ਹਨ ਸੁਣਨ ਦਾ ਕਰਨਾ ਹੈ, ਮਾਨ ਗੁਰੂ ਦੀ ਮਤਿ ਦਾ ਕਰਨਾ ਹੈ ਜਾਂ ਆਪਣੀ ਮਤਿ ਦਾ ਕਰਨਾ ਹੈ। ਉਨ੍ਹਾਂ ਭਗਤੀ ਕਰਨ ਵਾਲਿਆਂ ਨੂੰ, ਸਰੀਰਕ ਜਪ ਤਪ ਆਦਿ ਕਰਨ ਵਾਲਿਆਂ ਨੂੰ ਘੋਰ ਅਗਿਆਨਤਾ ਵਿੱਚ ਦੱਸਿਆ ਹੈ, ਮਨ ਦੇ ਅੰਧੇ ਦੱਸਿਆ ਹੈ ਜੋ ਗੁਰੂ ਦੀ ਕਹੀ ਹੋਈ ਗੱਲ ਨੂੰ ਮੰਨਦੇ ਨਹੀਂ, ਉਸ ਗੱਲ ਦੇ ਮਨੋਰਥ ਨੂੰ ਨਹੀਂ ਸਮਝਦੇ, ਉਸਦੇ ਮੰਤਵ ਨੂੰ ਨਹੀਂ ਜਾਣਦੇ ਭਾਵ ਉਸ ਤੇ ਅਮਲ ਨਹੀਂ ਕਰਦੇ। ਇਹੋ ਜਿਹੇ ਮਨੁੱਖਾਂ ਦੀ ਮਤਿ ਪੁੱਠੀ ਹੈ, ਕੰਵਲ ਪੁੱਠਾ ਹੋਇਆ ਹੋਇਆ ਹੈ ਤੇ ਇਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਬਿਲਕੁਲ ਕਰੂਪ ਹਨ ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਬਹੁਤ ਮਾੜੇ ਹਨ। ਸਿੱਧਾ "ਕਵਲ" ਸਾਡੇ ਅੰਦਰ ਦਾ ਉਹ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਉਸਦੀ ਭਗਤੀ ਕੀਤੀ ਜਾ ਸਕਦੀ ਹੈ, ਉਸਨੂੰ ਜਪਿਆ ਜਾ ਸਕਦਾ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਇਸ ਕਮਲ ਨੂੰ ਪੁੱਠਾ ਹੀ ਕੀਤਾ ਹੋਇਆ ਹੈ, ਪ੍ਰਮਾਤਮਾ ਦੀ ਸੋਝੀ ਪੈਣ ਤੋਂ, ਉਸਦੀ ਅਸਲੀ ਭਗਤੀ ਦੀ ਸੋਝੀ ਪੈਣ ਤੋਂ ਦੂਰ ਰੱਖਿਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਦਾ ਕਮਲ ਪੁੱਠਾ ਹੈ ਤਦ ਤੱਕ ਅਸੀਂ ਤ੍ਰੈਗੁਣਾਂ ਦੀ ਅਵੱਸਥਾ ਵਿੱਚ ਵਿਚਰਦੇ ਹਾਂ, ਮਨਮਤਿ ਵਿੱਚ ਵਿਚਰਦੇ ਹਾਂ, ਮਾਇਆ ਮੋਹਿ ਵਿੱਚ ਵਿਚਰਦੇ ਹਾਂ ਭਾਵ ਮਨ ਦੀ ਅਗਿਆਨਤਾ ਵਿੱਚ, ਹਉਮੈ ਵਾਲੀ ਸਮਝ ਵਿੱਚ ਰਹਿੰਦੇ ਹਾਂ ਜਿਸ ਦੇ ਰਹਿੰਦਿਆਂ ਅਸੀਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਭਗਤੀ ਦੇ ਸਚੇ ਮਾਰਗ ਨੂੰ ਸਮਝ ਸਕਦੇ ਹਾਂ। ਮਨ ਰੂਪ ਕਮਲ ਨੂੰ ਅਸੀਂ ਅੱਗੇ ਚੱਲਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਕਮਲ ਦਾ ਸਿੱਧਾ ਹੋਣਾ ਸਾਡੀ ਮਤਿ ਦਾ ਸਿੱਧਾ ਹੋਣਾ ਹੈ, ਸਾਡੇ ਅੰਦਰ ਗੁਰੂ ਦੀ ਮਤਿ ਦਾ ਵੱਸਣਾ ਹੈ, ਚੌਥੇ ਪਦ ਦੇ ਗਿਆਨ ਦਾ ਵੱਸਣਾ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ, ਮਨ ਦੇ ਵਿੱਚ ਪ੍ਰਮਾਤਮਾ ਦਾ ਪ੍ਰਗਟ ਹੋਣਾ ਹੈ। ਜਿਸ ਨੇ ਸਾਡਾ ਕਮਲ ਪੁੱਠਾ ਕੀਤਾ ਹੋਇਆ ਹੈ, ਸਾਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਉਹੀ ਇਸ ਕਮਲ ਨੂੰ ਸਿੱਧਾ ਕਰ ਸਕਦਾ ਹੈ, ਸਾਨੂੰ ਆਪਣੇ ਸਹੀ ਮਾਰਗ ਦੀ ਸੋਝੀ ਪਾ ਸਕਦਾ ਹੈ। ਜਦ ਤੱਕ ਸਾਡੇ ਅੰਦਰ ਦਾ ਕਮਲ ਪੁੱਠਾ ਹੈ, ਮਤਿ ਪੁੱਠੀ ਹੈ ਤਦ ਤੱਕ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ ਜਿਸ ਕਰਕੇ ਅਸੀਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਰੂਪ ਹੀ ਬਣੇ ਰਹਿੰਦੇ ਹਾਂ ਤੇ ਉਸ ਦੀ ਆਪਣੀ ਹੀ ਇਹੀ ਰਜ਼ਾ ਹੈ ਜਿਸਨੇ ਆਪ ਹੀ ਸਾਰੇ ਸੰਸਾਰ ਨੂੰ ਪੁੱਠੇ ਕਮਲ ਵਾਲੀ ਭਾਵ ਦੁਰਮਤਿ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

(ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ॥ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ॥)

{ਊਂਧੋ ਕਵਲੁ ਸਗਲ ਸੰਸਾਰੈ ॥
ਦੁਰਮਤਿ ਅਗਨਿ ਜਗਤ ਪਰਜਾਰੈ ॥
ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ ੨੨੫)

{ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥}

(ਅੰਗ ੬੩੯)

{ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥

ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥}

(ਅੰਗ ੨੬)

{ਅੰਤਰਿ ਜੋਤਿ ਪਰਗਟੁ ਪਾਸਾਰਾ ॥
ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥}

(ਅੰਗ ੧੨੬)

ਸਾਡੇ ਅੰਦਰ ਕਮਲ ਦਾ ਸਿੱਧਾ ਹੋਣਾ, ਕਮਲ ਦਾ ਖਿੜਨਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਜਦ ਤੱਕ ਕਿਸੇ ਦੇ ਅੰਦਰ ਕਮਲ ਦਾ ਪ੍ਰਗਾਸ ਨਹੀਂ ਹੁੰਦਾ ਤਦ ਤੱਕ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ ਜਿਵੇਂ ਕਿ ਸਾਨੂੰ ਮੁੱਖ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਫਰਕ ਕਥਨੀ ਤੇ ਕਰਨੀ ਦਾ ਹੀ ਹੈ।

ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸੁਘੜ ਸਰੂਪ ਉਹ ਹਨ ਜੋ ਪ੍ਰਮਾਤਮਾ ਦੇ ਕਹੇ ਨੂੰ ਭਾਵ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਸਮਝਦੇ ਹਨ, ਉਸਨੂੰ ਆਪਣੇ ਅੰਦਰ ਬੁੱਝਦੇ ਹਨ ਤੇ ਉਸ ਤੇ ਅਮਲ ਕਰਦੇ ਹਨ। ਐਥੇ ਹੀ ਸਾਰੀ ਭਗਤੀ ਦਾ ਸਾਰ ਹੈ, ਕਿ ਭਗਤੀ ਖਾਲੀ ਪੜ੍ਹਨ ਸੁਣਨ ਨਾਲ ਹੋਣੀ ਹੈ ਜਾਂ ਪੜ੍ਹਨ,

5/458

ਸੁਣਨ ਦੇ ਮਨੋਰਥ ਨੂੰ ਪੂਰਾ ਕਰਕੇ ਹੋਣੀ ਹੈ ਭਾਵ ਗੱਲਾਂ ਨਾਲ ਹੋਣੀ ਹੈ ਜਾਂ ਅਮਲ ਕਰਕੇ ਹੋਣੀ ਹੈ, ਕਥਨੀ ਨਾਲ ਹੋਣੀ ਹੈ ਜਾਂ ਕਰਨੀ ਨਾਲ ਹੋਣੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥)**

ਇਸ ਤੋਂ ਅਗਲੀ ਪੰਗਤੀ ਵਿੱਚ ਉਨ੍ਹਾਂ ਮਨੁੱਖ ਦੀ ਭਗਤੀ ਸਮਝਾਈ ਹੋਈ ਹੈ ਜੋ ਗੁਰੂ ਦੀ ਗੱਲ ਨੂੰ ਸਮਝਕੇ ਉਸ ਤੇ ਕਿਸ ਤਰੀਕੇ ਅਮਲ ਕਰਦੇ ਹਨ ਭਾਵ ਗੁਰੂ ਦੇ ਕਹੇ ਨੂੰ ਕਿਸ ਤਰੀਕੇ ਮੰਨਦੇ ਹਨ। ਇਸ ਹੇਠ ਦਿੱਤੀ ਪੰਗਤੀ ਨੂੰ ਕੁੱਝ ਧਿਆਨ ਨਾਲ ਵਿਚਾਰਨ ਦੀ ਲੋੜ ਹੈ।

"ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ॥"

ਇਸ ਪੰਗਤੀ ਦੇ ਅਰਥ ਜਾਨਣ ਤੋਂ ਪਹਿਲਾਂ ਆਓ ਹੇਠ ਦਿੱਤੀਆਂ ਕੁੱਝ ਪੰਗਤੀਆਂ ਨੂੰ ਵਿਚਾਰੀਏ ਤਾਂ ਜੋ ਅਰਥ ਸਪੱਸ਼ਟ ਹੋ ਸਕਣ।

"ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥"

(ਅੰਗ ੪੫੦)

ਉੱਪਰ ਪੰਗਤੀ ਦੁਆਰਾ ਸਾਡਾ ਉਹੋ ਜਿਹਾ ਭਗਤੀ ਦਾ ਤਰੀਕਾ, ਮਨਮਤਿ ਵਾਲੀ ਭਗਤੀ ਕਰਨ ਦਾ ਤਰੀਕਾ ਦੱਸਿਆ ਹੋਇਆ ਹੈ ਜੋ ਕਿ ਬੇਦਾਂ ਆਦਿ ਦੇ, ਧਰਮ ਗ੍ਰੰਥਾਂ ਦੇ ਗਾਉਣ ਦੁਆਰਾ ਕੀਤਾ ਜਾਂਦਾ ਹੈ ਭਾਵ ਅਸੀਂ ਆਪਣੀ ਕਥਨੀ ਨੂੰ ਹੀ ਭਗਤੀ ਸਮਝਦੇ ਹਾਂ। ਬੇਦਾਂ ਨੂੰ, ਧਰਮ ਗ੍ਰੰਥਾਂ ਨੂੰ ਗਾਉਣਾ ਕੋਈ ਮਾੜਾ ਨਹੀਂ ਹੈ। ਉਨ੍ਹਾਂ ਨੂੰ ਗਾਉਣ ਦਾ ਮਕਸਦ ਉਨ੍ਹਾਂ ਵਿੱਚੋਂ ਗਿਆਨ ਲੈ ਕੇ ਉਸ ਤੇ ਅਮਲ ਕਰਨਾ ਹੈ ਭਾਵ ਇਸ ਤਰੀਕੇ ਹਰਿ ਹਰਿ ਕਰਨਾ ਹੈ, ਉਨ੍ਹਾਂ ਦੀ ਦੱਸੀ ਹੋਈ ਮਤਿ ਦੇ ਨਾਲ ਭਿੱਜਣਾ ਹੈ, ਇੱਕ ਹੋਣਾ ਹੈ, ਉਸ ਤੇ ਅਮਲ ਕਰਕੇ ਵਿਕਾਰ ਰਹਿਤ ਹੋਣਾ ਹੈ ਜੋ ਕਿ ਗੁਣਾਂ ਨੂੰ ਗ੍ਰਹਿਣ ਕਰਨ ਦੁਆਰਾ ਹੀ ਹੋਇਆ ਜਾ ਸਕਦਾ ਹੈ। ਜੇਕਰ ਅਸੀਂ ਗੁਣਾਂ ਨੂੰ ਨਹੀਂ ਅਪਣਾਇਆ ਤਾਂ ਫਿਰ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਮਨੋਰਥ ਪੂਰਾ ਨਹੀਂ ਹੋ ਸਕਦਾ। ਜਦ ਤੱਕ ਸਾਡੇ ਅੰਦਰ ਔਗੁਣ ਹਨ, ਵਿਕਾਰ ਹਨ ਤਦ ਤੱਕ ਅਸੀਂ ਵਿਕਾਰਾਂ ਨੂੰ ਰੋ ਰਹੇ ਹਾਂ ਭਾਵ ਮਾੜੇ ਕਰਮ ਕਰ ਰਹੇ ਹਾਂ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਪ੍ਰਮਾਤਮਾ ਨੂੰ ਜੋ ਜਪ ਤਪ ਕਰਕੇ ਵਿਖਾ ਰਹੇ ਹਾਂ ਉਸਦਾ ਕੀ ਲਾਭ ਭਾਵ ਕਪਟ ਵਿਕਾਰ ਛੱਡਣੇ ਹੀ ਤਾਂ ਪ੍ਰਮਾਤਮਾ ਨੂੰ ਜਪਣਾ ਹੈ, ਹਰਿ ਹਰਿ ਕਰਨਾ ਹੈ। ਹਰਿ ਹਰਿ ਵਾਲੀ ਭਗਤੀ ਤਾਂ ਹੀ ਹੋ ਸਕਦੀ ਹੈ ਜੇਕਰ

ਅਸੀਂ ਵਿਕਾਰਾਂ ਤੋਂ ਮੁਕਤ ਹੋਈਏ। ਗੁਰੂ ਪ੍ਰਮਾਤਮਾ ਨੂੰ ਤਾਂ ਹੀ ਪਰਚਾਇਆ ਜਾ ਸਕਦਾ ਹੈ ਜੇਕਰ ਉਸਦੀ ਗੱਲ ਨੂੰ ਮੰਨੀਏ, ਉਸ ਤੇ ਅਮਲ ਕਰੀਏ, ਗੁਣਾਂ ਦੇ ਧਾਰਨੀ ਬਣੀਏ ਅਤੇ ਸੱਚੇ ਸੁੱਚੇ ਕਰਮ ਕਰੀਏ। ਇਸ ਨੂੰ ਹੀ ਹਰਿ ਹਰਿ ਕਰਨਾ ਦੱਸਿਆ ਹੈ। (**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥ ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥**) ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਸੀ

5/459 ਅਤੇ 459-ਅ

ਕਿ ਅਸੀਂ ਭਗਤੀ ਦਾ ਆਨੰਦ, ਭਗਤੀ ਦਾ ਰਸ ਕੇਵਲ ਧਰਮ ਗ੍ਰੰਥਾਂ ਦੇ ਪੜ੍ਹਨ, ਸੁਣਨ ਤੱਕ ਹੀ ਸੀਮਿਤ ਰੱਖਦੇ ਹਾਂ ਜਦਕਿ ਅਸਲ ਅਨੰਦ ਉਹ ਹੈ ਜਦੋਂ ਅਸੀਂ ਗੁਰੂ ਦੀ ਗੱਲ ਤੇ ਅਮਲ ਕਰਨ ਵਿੱਚ ਮਹਿਸੂਸ ਕਰੀਏ। ਇਹੀ ਗੱਲ ਮੁੱਖ ਸ਼ਬਦ ਦੀ ਪੰਗਤੀ ਵਿੱਚ ਸਪੱਸ਼ਟ ਕੀਤੀ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ। ਭਗਤੀ ਕਰਨ ਵਾਲੇ ਕੁਝ ਉਹ ਮਨੁੱਖ ਵੀ ਹੁੰਦੇ ਹਨ ਜੋ ਵੇਦਾਂ ਆਦਿ ਦੇ ਗਾਉਣ, ਪੜ੍ਹਨ, ਸੁਣਨ ਵਿੱਚ ਹੀ ਕੇਵਲ ਰਸ ਨਹੀਂ ਸਮਝਦੇ। **(ਇਕਨਾ ਨਾਦੁ ਨ ਬੇਦੁ ਨ ਗੀਅ ਰਸੁ)** ਉਹ ਆਪਣੀ ਭਗਤੀ ਦਾ ਮਨੋਰਥ ਸਮਝਕੇ ਧਰਮ ਗ੍ਰੰਥਾਂ ਵਿੱਚ ਦੱਸੇ ਹੋਏ ਗੁਰੂ ਦੇ ਗਿਆਨ ਨੂੰ ਅਪਣਾਉਂਦੇ ਹਨ, ਆਪਣੇ ਆਪ ਨੂੰ ਵਿਕਾਰਾਂ ਤੋਂ ਰਹਿਤ ਕਰਦੇ ਹਨ, "**ਰਸੁ ਕਸੁ**" ਨੂੰ ਨਹੀਂ ਜਾਣਦੇ ਭਾਵ "**ਰਸੁ ਕਸੁ**" ਵਿੱਚ ਨਹੀਂ ਪੈਂਦੇ, ਮਾਇਆ ਦੇ ਰਸਾਂ ਵਿੱਚ ਨਹੀਂ ਪੈਂਦੇ, ਮਾਇਆ ਮੋਹ ਵਿੱਚੋਂ ਨਿਕਲਦੇ ਹਨ ਭਾਵ ਧਰਮ ਗ੍ਰੰਥਾਂ ਦੁਆਰਾ ਸਮਝਾਏ ਹੋਏ ਮਨੋਰਥ ਦੀ ਪੂਰਤੀ ਕਰਦੇ ਹਨ, ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਅਪਣਾਉਂਦੇ ਹਨ। **(ਰਸੁ ਕਸੁ ਨ ਜਾਣੰਤਿ॥)** ਭਾਵ ਇਹੋ ਜਿਹੀ ਭਗਤੀ ਕਰਨ ਵਾਲੇ ਸ਼ਬਦ ਰੂਪ ਅੱਖਰ ਵਿੱਚ ਦਿੱਤੇ ਹੋਏ ਗਿਆਨ ਨੂੰ ਸਮਝਦੇ ਹਨ, ਅਖਰ ਦੇ ਮਕਸਦ ਨੂੰ ਸਮਝਦੇ ਹਨ, ਉਸਦੇ ਅੰਦਰ ਦੇ ਭੇਦ ਨੂੰ ਸਮਝਦੇ ਹਨ, ਉਸਨੂੰ ਬੁਝਦੇ ਹਨ ਤੇ ਉਸਨੂੰ ਮੰਨ ਕੇ ਉਸ ਤੇ ਅਮਲ ਕਰਦੇ ਹਨ ਭਾਵ ਉਹ ਅੱਖਰ ਪੜ੍ਹਨ ਨੂੰ ਭਗਤੀ ਨਹੀਂ ਸਮਝਦੇ, ਅੱਖਰ ਦੇ ਭਾਵ ਨੂੰ ਬੁਝ ਕੇ ਉਸ ਤੇ ਅਮਲ ਕਰਨ ਨੂੰ ਭਗਤੀ ਸਮਝਦੇ ਹਨ, ਸ਼ਬਦ ਪੜ੍ਹਨ ਨੂੰ ਭਗਤੀ ਨਹੀਂ ਸਮਝਦੇ ਸ਼ਬਦ ਦੀ ਸੁਧਿ ਨੂੰ, ਉਸ ਵਿੱਚ ਸਮਝਾਈ ਹੋਈ ਗੱਲ ਨੂੰ ਬੁਝ ਕੇ ਉਸਤੇ ਅਮਲ ਕਰਨ ਨੂੰ ਭਗਤੀ ਸਮਝਦੇ ਹਨ। **(ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ॥)** ਇਸ ਦੇ ਉਲਟ ਜੋ ਕੇਵਲ ਅੱਖਰਾਂ ਦੇ ਪੜ੍ਹਨ ਨੂੰ ਹੀ, ਅੱਖਰਾਂ ਦੇ ਗਾਉਣ ਨੂੰ ਹੀ ਭਗਤੀ ਸਮਝਦੇ ਹਨ ਭਾਵ ਕੇਵਲ ਕਥਨੀ ਨੂੰ ਹੀ ਭਗਤੀ ਸਮਝਦੇ ਹਨ ਤੇ ਅਉਗਣ ਨਹੀਂ ਤਿਆਗਦੇ, ਰਸੁ ਕਸੁ ਨਹੀਂ ਤਿਆਗਦੇ ਤੇ ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਅਪਣਾਉਣ ਵਿੱਚ ਭਗਤੀ ਨਹੀਂ ਸਮਝਦੇ ਭਾਵ ਅੱਖਰ ਪੜ੍ਹਨ ਦੇ, ਸੁਣਨ ਦੇ, ਗਾਉਣ ਦੇ ਮਨੋਰਥ ਦੀ ਪੂਰਤੀ ਨਹੀਂ ਕਰਦੇ, ਅਖਰਾਂ ਦੁਆਰਾ ਸਮਝਾਏ ਹੋਏ ਮਨੋਰਥ ਨੂੰ ਨਹੀਂ ਜਾਣਦੇ, ਅਸਲ ਭਾਵ ਨੂੰ ਨਹੀਂ ਜਾਣਦੇ ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੀ ਹਨ, ਇਹ ਨਾਲ ਹੀ ਮੁਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥੧੫॥"

ਸਾਡਾ ਭਗਤੀ ਦਾ ਅਸਲ ਮਨੋਰਥ ਤਾਂ ਇਹੀ ਹੈ ਕਿ ਅਸੀਂ

5/460

"**ਅੱਖਰ**" ਦੇ ਅੰਦਰ ਭਾਵ ਦੀ, ਅਖਰ ਦੁਆਰਾ ਦਿਤੇ ਹੋਏ ਗਿਆਨ ਦੇ ਮਨੋਰਥ ਦੀ ਪੂਰਤੀ ਕਰੀਏ। "**ਸਰ ਅਖਰ**" ਤੋਂ ਭਾਵ ਹੈ ਗਿਆਨ ਦਾ ਸਰੋਵਰ ਭਾਵ ਅੱਖਰਾਂ ਦੁਆਰਾ ਦਿੱਤੀ ਹੋਈ ਗੁਰੂ ਦੀ ਮਤਿ ਦੇ ਗਿਆਨ ਦਾ ਸਰੋਵਰ ਭਾਵ ਨਾਮ ਦਾ ਸਰੋਵਰ। ਗੁਰੂ ਦੀ ਮਤਿ ਦੁਆਰਾ ਦਿਤਾ ਹੋਇਆ ਸੱਚਾ ਗਿਆਨ ਹਰ ਅਖਰ ਦੇ ਰੂਪ ਵਿਚ ਗਿਆਨ ਦਾ ਸਰੋਵਰ ਹੈ। ਅਖਰ ਹੀ ਨਾਮ ਹੈ ਜੋ ਗਿਆਨ ਦਾ ਸਰੋਵਰ ਹੈ। ਪ੍ਰਮਾਤਮਾ ਆਪ ਅਖਰ ਦੇ ਰੂਪ ਵਿਚ ਹੀ ਹੈ ਭਾਵ ਹਰ ਅਖਰ ਦੇ ਗਿਆਨ ਦੇ ਰੂਪ ਵਿਚ ਹੀ ਹੈ ਜਿਵੇਂ ਕਿ ਅਸੀਂ ਪਿਛੇ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਅਖਰ ਦਾ ਗਿਆਨ ਬ੍ਰਹਮ ਗਿਆਨ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ ਇਸ ਅਖਰ ਰੂਪ ਵਿਚ ਹੀ ਹੈ ਜਿਸਨੂੰ ਅਸੀਂ ਜਪਣਾ ਹੈ ਭਾਵ ਅਖਰਾਂ ਦੁਆਰਾ ਦਿਤੀ ਹੋਈ ਸੋਝੀ ਨੂੰ ਮੰਨਣਾ ਹੈ। ਧਰਮ ਗ੍ਰੰਥਾਂ ਵਿੱਚ ਦਿੱਤਾ ਹੋਇਆ ਗਿਆਨ, ਉਸ ਵਿੱਚ ਦਿੱਤੀ ਹੋਈ ਗੁਰੂ ਦੀ ਮਤਿ, ਅਖਰਾਂ ਦੇ ਰੂਪ ਵਿਚ ਹੀ ਹੈ। ਜੇਕਰ ਧਰਮ ਗ੍ਰੰਥ ਨੂੰ ਪੜ੍ਹ ਕੇ, ਸੁਣ ਕੇ, ਗਾ ਕੇ ਉਸ ਵਿੱਚੋਂ ਗੁਰੂ ਦੀ ਮਤਿ ਨੂੰ ਲਿਆ ਹੀ ਨਹੀਂ, ਉਸਦੇ ਅੰਦਰੂਨੀ ਭਾਵ ਨੂੰ ਲਿਆ ਹੀ ਨਹੀਂ, ਉਸਦੇ ਗੁਣਾਂ ਨੂੰ ਲਿਆ ਹੀ ਨਹੀਂ, ਔਗੁਣ ਛੱਡੇ ਹੀ ਨਹੀਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛਡੇ ਹੀ ਨਹੀਂ, ਆਪਣੇ ਨਾਸਮਝ ਮਾੜੇ ਵਿਚਾਰ ਛੱਡੇ ਹੀ ਨਹੀਂ, ਆਪਣੀ ਮਤਿ ਭਾਵ ਮਨਮਤਿ ਛਡੀ ਹੀ ਨਹੀਂ ਫਿਰ ਧਰਮ

ਗ੍ਰੰਥਾਂ ਦੇ ਮਨੋਰਥ ਦੀ ਪੂਰਤੀ ਕਿਵੇਂ ਹੋ ਸਕਦੀ ਹੈ। ਗੁਰੂ ਦੇ ਸਾਨੂੰ ਇਹ ਸਭ ਕੁਝ ਸਮਝਾਉਣ ਦਾ ਫਾਇਦਾ ਕੀ ਹੋਇਆ। ਕੇਵਲ ਅੱਖਰ ਪੜ੍ਹੀ ਜਾਣਾ ਉਹੀ ਗੱਲ ਹੈ ਕਿ ਅਸੀਂ ਗੁਰੂ ਨੂੰ ਇਹ ਕਹੀ ਜਾਈਏ ਕਿ "ਤੂੰ ਸਾਨੂੰ ਸਮਝਾ ਰਿਹਾ ਹੈਂ" "ਤੂੰ ਸਾਨੂੰ ਸਮਝਾ ਰਿਹਾ ਹੈਂ" ਭਾਵ ਤੂੰ ਸਾਨੂੰ ਬਾਰ ਬਾਰ ਸਮਝਾ ਰਿਹਾ ਹੈ ਕਿ ਹੇ ਮਨੁੱਖ! "ਤੇਰੇ ਲਈ ਗੁਣ ਚੰਗੇ ਹਨ"। ਪਰ ਕੇਵਲ ਇਹ ਕਹੀ ਜਾਣ ਨਾਲ ਕਿ ਸਾਡੇ ਲਈ ਗੁਣ ਚੰਗੇ ਹਨ ਤੇ ਕੇਵਲ ਇਨ੍ਹਾਂ ਗੁਣਾਂ ਦੁਆਰਾ ਹੀ ਭਗਤੀ ਹੋ ਸਕਦੀ ਹੈ ਤਾਂ ਫਿਰ ਕੀ ਇਹ ਸਾਡੀ ਭਗਤੀ ਹੋ ਗਈ। ਭਗਤੀ ਗੁਣਾਂ ਨੂੰ ਅਪਣਾਉਣ ਨਾਲ ਹੋਣੀ ਹੈ ਨਾ ਕਿ ਇਹ ਕਹੀ ਜਾਣ ਨਾਲ ਕਿ **"ਗੁਣ ਚੰਗੇ ਹੁੰਦੇ ਹਨ" "ਗੁਣ ਚੰਗੇ ਹੁੰਦੇ ਹਨ" "ਗੁਣ ਚੰਗੇ ਹੁੰਦੇ ਹਨ"**। ਹੁਣ ਧਿਆਨ ਨਾਲ ਸੋਚੋ ਕਿ ਇਹ ਗੁਣ ਕਿਸਦੇ ਲਈ ਚੰਗੇ ਹਨ। ਸਾਡੇ ਲਈ ਜਾਂ ਉਸ ਪ੍ਰਮਾਤਮਾ ਲਈ ਜਿਸ ਨੂੰ ਅਸੀਂ ਬੋਲ ਬੋਲ ਕੇ ਸੁਣਾ ਰਹੇ ਹਾਂ। ਉਹ ਤਾਂ ਪਹਿਲਾਂ ਹੀ ਗੁਣਾਂ ਦਾ ਖਜ਼ਾਨਾ ਹੈ, ਗੁਣਾਂ ਦਾ ਭੰਡਾਰ ਹੈ। ਫਿਰ ਇਹ ਗੁਣ ਕਿਸ ਨੇ ਲੈਣੇ ਹਨ। ਥੋੜ੍ਹਾ ਜਿਹਾ ਜ਼ਰੂਰ ਵਿਚਾਰੋ, ਥੋੜ੍ਹਾ ਜਿਹਾ ਮਨ ਤੇ ਬੋਝ ਜ਼ਰੂਰ ਪਾਓ। ਆਓ ਕੇਵਲ ਉਸ ਕਹਾਵਤ ਤੇ ਫੁਲ ਨਾ ਚੜ੍ਹਾਈਏ "ਉਲਟੇ ਬਾਂਸ ਬਰੇਲੀ ਕੋ"। ਅਸਲ ਵਿੱਚ ਪ੍ਰਮਾਤਮਾ ਕੋਲੋਂ ਉਸਦੀਆਂ ਦੁਨਿਆਵੀ ਦਾਤਾਂ ਲੈਣ ਲਈ ਹਰ ਕੋਈ ਤਿਆਰ ਹੈ, ਪਰ ਗੁਣਾਂ ਦੀ ਦਾਤ ਜੋ ਕਿ ਨਾਮ ਦੀ ਦਾਤ ਹੈ, ਉਹ ਲੈਣ ਨੂੰ ਕੋਈ ਤਿਆਰ ਹੀ ਨਹੀਂ ਹੈ। ਇਸੇ ਲਈ ਉੱਪਰ

5/461

ਪੰਗਤੀਆਂ ਵਿੱਚ ਜੋ ਮਨੁੱਖ ਭਗਤੀ ਦਾ ਦਿਖਾਵਾ ਤਾਂ ਕਰਦੇ ਹਨ ਪਰ ਗੁਣ ਲੈਣ ਤੋਂ ਭੱਜਦੇ ਹਨ ਉਨ੍ਹਾਂ ਨੂੰ ਬੇਅਕਲ ਕਿਹਾ ਹੈ, ਅਕਲ ਦੇ ਅੰਨ੍ਹੇ ਕਿਹਾ ਹੈ, ਅਸਲ ਖਰ ਕਿਹਾ ਹੈ, ਖੋਤੇ ਕਿਹਾ ਹੈ ਕਿਉਂਕਿ ਉਹ ਕੇਵਲ ਅੱਖਰਾਂ ਦੇ ਪੜ੍ਹਨ ਸੁਣਨ ਗਾਉਣ ਦਾ ਮਾਣ ਹੀ ਕਰੀ ਜਾਂਦੇ ਹਨ, ਉਸਨੂੰ ਆਪਣੀ ਭਗਤੀ ਸਮਝਕੇ ਗਰਬ ਕਰੀ ਜਾਂਦੇ ਹਨ। ਬਿਨਾਂ ਗੁਣਾਂ ਨੂੰ ਅਪਨਾਉਣ ਤੋਂ ਕਾਹਦਾ ਮਾਣ। ਗੁਣਾਂ ਨੂੰ ਅਪਨਾਉਣ ਦੁਆਰਾ ਉਨਾਂ ਤੇ ਅਮਲ ਕਰਨਾ ਮਾਨ ਗੁਰੂ ਦਾ ਮਾਨ ਹੈ ਅਤੇ ਇਹ ਹੀ ਔਗੁਣਾਂ ਦਾ ਅਪਮਾਨ ਹੈ ਜੋ ਕਿ ਭਗਤੀ ਦਾ ਅਸਲ ਮਨੋਰਥ ਹੈ। **(ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥੨॥)**

ਜਦੋਂ ਸਾਨੂੰ ਅੱਖਰ ਦੇ ਮਨੋਰਥ ਦੀ ਸਮਝ ਲੱਗ ਜਾਵੇਗੀ ਤਾਂ ਫਿਰ ਸਾਨੂੰ ਅੱਖਰ ਦੀ ਜਪਣੀ ਵੀ ਸਮਝ ਆ ਜਾਵੇਗੀ, ਹਰਿ ਹਰਿ ਅੱਖਰ ਕੀ ਹੈ ਇਹ ਵੀ ਸਮਝ ਆ ਜਾਵੇਗੀ, ਇਨ੍ਹਾਂ ਅੱਖਰਾਂ ਦੀ ਮਾਲਾ ਕੀ ਹੈ, ਇਹ ਵੀ ਸਮਝ ਆ ਜਾਵੇਗੀ।

{ਹਰਿ ਹਰਿ ਅਖਰ ਦੁਇ ਇਹ ਮਾਲਾ॥

ਜਪਤ ਜਪਤ ਭਏ ਦੀਨ ਦਇਆਲਾ॥੧॥}

(ਅੰਗ ੩੮੮)

ਉੱਪਰਲੀਆਂ ਪੰਗਤੀਆਂ ਨੂੰ ਪੜ੍ਹ ਕੇ, ਜੇਕਰ ਅੱਖਰਾਂ ਦਾ ਜਾਪ ਭਾਵ ਅਖਰਾਂ ਦੀ ਕਥਨੀ ਹੀ ਕਰੀ ਜਾਵਾਂਗੇ ਤਾਂ ਫਿਰ ਗੁਰੂ ਦੇ ਮਨੋਰਥ ਦੀ ਪੂਰਤੀ ਹੋ ਹੀ ਨਹੀਂ ਸਕਦੀ। ਮਨੋਰਥ ਦੀ ਪੂਰਤੀ ਹਰਿ ਦੇ ਗੁਣਾਂ ਨੂੰ ਗ੍ਰਹਿਣ ਕਰਕੇ ਹੋਣੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਾਲਾ ਗੁਣਾਂ ਦੀ ਬਣਾਉਣੀ ਹੈ ਜੋ ਸਾਡੇ ਕੰਮ ਆਉਣੀ ਹੈ। ਇਹ ਮਾਲਾ ਮਨ ਵਿੱਚ ਫੇਰਨ ਵਾਲੀ ਮਾਲਾ ਹੈ ਜੋ ਮਾਲਾ ਗੁਰੂ ਦੇ ਸੱਚੇ ਵਿਚਾਰਾਂ ਦੀ ਮਾਲਾ ਹੈ ਜਿਸ ਨੂੰ ਮਨ ਦੀ ਸਮਝ ਵਿੱਚ ਫੇਰਨ ਰਾਹੀਂ ਮਨ ਵਿੱਚ ਗੁਰੂ ਦਾ ਗਿਆਨ ਹੀ ਵਸਾਉਣਾ ਹੈ, ਗੁਰੂ ਦੇ ਸੱਚੇ ਵਿਚਾਰ ਹੀ ਵਸਾਉਣੇ ਹਨ ਭਾਵ ਆਪਣੇ ਨਾ-ਸਮਝ ਔਗੁਣਾਂ ਵਾਲੇ ਵਿਚਾਰ ਛੱਡ ਕੇ ਉਸਦੇ ਗੁਣਾਂ ਨੂੰ ਹੀ ਵਸਾਉਣਾ ਹੈ।

{ਹਰਿ ਮਾਲਾ ਉਰ ਅੰਤਰਿ ਧਾਰੈ॥ ਜਨਮ ਮਰਣ ਕਾ ਦੂਖੁ ਨਿਵਾਰੈ॥੨॥}

(ਅੰਗ ੩੮੮)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥}

(ਅੰਗ ੧੧੩੪)

ਜੇਕਰ ਸਾਨੂੰ ਨਾਮ ਦੀ ਸਮਝ ਲੱਗ ਚੁੱਕੀ ਹੈ ਤਾਂ ਫਿਰ ਸਾਨੂੰ ਇਸ ਮਾਲਾ ਦਾ ਜਪ ਵੀ ਸਮਝ ਆ ਚੁੱਕਾ ਹੈ। ਸਾਡੀ ਸੁਕ੍ਰਿਤ ਕਰਨੀ ਭਾਵ ਸੱਚੀ ਸੁੱਚੀ ਕਰਨੀ, ਗੁਣਾਂ ਵਾਲੀ ਕਰਨੀ ਹੀ ਸਾਡੀ ਜਪਮਾਲੀ ਹੈ, ਨਾਮ ਜਪਣਾ ਹੈ ਜਿਵੇਂ ਕਿ ਉੱਪਰ ਵਾਲੀ ਪੰਗਤੀ ਰਾਹੀਂ

ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਜੇਕਰ ਸਾਨੂੰ ਨਾਮ ਦੀ ਸੋਝੀ ਨਹੀਂ ਹੈ ਤਾਂ ਫਿਰ ਅਸੀਂ ਉਹੋ ਜਿਹੀ ਮਾਲਾ ਹੀ ਜਪਾਂਗੇ ਜਿਸ ਨਾਲ ਕੋਈ ਗਿਆਨ ਨਹੀਂ ਮਿਲਦਾ, ਜਿਸ ਨੂੰ ਕਿ ਅਸੀਂ ਨਾਮ ਸਮਝਦੇ ਆਏ ਹਾਂ ਤੇ ਕੇਵਲ ਇੱਕ ਅੱਖਰ ਨੂੰ

5/462

ਹੀ ਜਪੀ ਜਾਵਾਂਗੇ ਜਾਂ ਕੋਈ ਮਣਕਿਆਂ ਵਾਲੀ ਮਾਲਾ ਫੇਰੀ ਜਾਵਾਂਗੇ ਜਿਸ ਨਾਲ ਅਸਲ ਮਨੋਰਥ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਦੀ। ਤਦ ਤੱਕ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਅਸੀਂ ਉਹੀ ਕੁੱਝ ਰਹਾਂਗੇ ਜੋ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ। ਅੱਖਰ ਦੇ ਭੇਦ ਨਾਲ, ਅੱਖਰ ਦੇ ਅੰਦਰੂਨੀ ਭਾਵ ਨਾਲ ਰਚਣਾ ਹੀ ਨਾਮ ਨਾਲ ਰਚਣਾ ਹੈ। ਗੁਰੂ ਦੇ ਸਮਝਾਏ ਹੋਏ ਗੁਣਾਂ ਨਾਲ ਰਚਣਾ ਹੀ ਨਾਮ ਨਾਲ ਰਚਣਾ ਹੈ ਅਤੇ ਇਹ ਨਾਮ ਹੀ ਸਾਡੇ ਨਾਲ ਜਾਣਾ ਹੈ, ਗੁਣਾਂ ਦੀ ਮਾਲਾ ਹੀ ਸਾਡੇ ਨਾਲ ਜਾਣੀ ਹੈ ਭਾਵ ਇਹੋ ਜਿਹੀ ਮਾਲਾ ਨੇ ਸਾਨੂੰ ਪ੍ਰਮਾਤਮਾ ਦੇ ਦਰ ਤੇ ਲੈ ਕੇ ਜਾਣਾ ਹੈ।

(ਕਹੁ ਨਾਨਕ ਜੋ ਰਾਚੈ ਨਾਇ॥ ਹਰਿ ਮਾਲਾ ਤਾ ਕੈ ਸੰਗਿ ਜਾਇ॥)

(ਅੰਗ ੩੮੮)

“ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥
ਪੂਰੇ ਗੁਰ ਕੈ ਸਬਦਿ ਸਮਾਹਿ॥੧॥ਰਹਾਉ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ ਅੰਮ੍ਰਿਤ ਸਬਦਿ ਨਾਮੁ ਵਖਾਣੈ॥
ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥”

(ਅੰਗ ੩੬੧)

ਉੱਪਰਲੀਆਂ ਪੰਗਤੀਆਂ ਨੂੰ ਪੜ੍ਹ ਕੇ ਆਪਣੇ ਆਪ ਹੀ ਸੋਚੋ ਕਿ ਸਾਨੂੰ ਨਾਮ ਬਾਰੇ ਕੀ ਸਮਝ ਨਹੀਂ ਆ ਰਿਹਾ। ਬਿਨ੍ਹਾਂ ਗੁਣਾਂ ਤੋਂ ਭਾਵ ਬਿਨ੍ਹਾਂ ਔਗੁਣ ਛੱਡੇ ਨਾਮ ਦੀ ਪ੍ਰਾਪਤੀ ਨਾਮੁਮਕਿਨ ਹੈ।

ਅਸਲ ਵਿੱਚ ਸਾਡਾ ਸਭ ਤੋਂ ਵੱਡਾ ਭੁਲੇਖਾ ਇਹ ਹੈ ਕਿ ਅਸੀਂ ਕੇਵਲ ਅੱਖਰਾਂ ਦੇ ਪੜ੍ਹਨ, ਸੁਣਨ, ਗਾਉਣ ਤੇ ਬੋਲ ਬੋਲ ਕੇ ਜਪਣ ਨੂੰ ਹੀ “ਸੱਚ” ਸਮਝਦੇ ਹਾਂ, ਸੱਚ ਨੂੰ ਅਪਣਾਉਣਾ ਸਮਝਦੇ ਹਾਂ, ਸੱਚ ਤੇ ਚੱਲਣਾ ਸਮਝਦੇ ਹਾਂ, ਆਪਣੇ ਹਿਰਦੇ ਵਿੱਚ ਸੱਚ ਦਾ ਹੋਣਾ ਸਮਝਦੇ ਹਾਂ ਤੇ ਇਸੇ ਨੂੰ ਹੀ “ਗੁਣ” ਸਮਝਦੇ ਹਾਂ, ਗੁਣ ਨੂੰ ਜਪਣਾ ਸਮਝਦੇ ਹਾਂ, ਆਪਣੇ ਆਪ ਨੂੰ ਗੁਣੀ ਹੋਣਾ ਸਮਝਦੇ ਹਾਂ। ਇਸੇ ਦੀ ਪੂਰਤੀ ਕਰਨ ਨੂੰ ਹੀ ਆਪਣੇ ਮਨੋਰਥ ਦੀ ਪੂਰਤੀ ਸਮਝਦੇ ਹਾਂ ਜੋ ਕਿ ਸੱਚੀ ਭਗਤੀ ਨੂੰ ਸਮਝਣ ਦਾ ਬਹੁਤ ਵੱਡਾ ਭਰਮ ਹੈ। ਸਾਡੀ ਬਿਰਤੀ ਕਿਹੋ ਜਿਹੀ ਹੈ ਭਾਵ ਸਾਡੇ ਮਨ ਦੇ ਵਿੱਚ ਕੀ ਕੁੱਝ ਚੱਲਦਾ ਹੈ, ਉਹ ਗੱਲ ਪਿੱਛੇ ਪੈ ਜਾਂਦੀ ਹੈ। “**ਗੁਣ**” ਜਾਂ “**ਸੱਚੁ**” ਸਾਡੀ ਭਗਤੀ ਵਾਲੀ “**ਬਿਰਤੀ**” ਦੀ ਹਕੀਕਤ ਹੈ, ਜੋ ਕਿ ਸਾਡੇ ਮਨ ਦੀ ਸਮਝ ਹੈ, ਸਾਡੀ ਭਾਵਨੀ ਹੈ ਸਾਡੇ ਮਨ ਦੇ ਵਿਚਾਰ ਹਨ ਜਿਨ੍ਹਾਂ ਦੁਆਰਾ ਅਸੀਂ ਆਪਣੇ ਜੀਵਨ ਵਿੱਚ ਵਿਚਰਦੇ ਹਾਂ, ਕਰਮ ਕਰਦੇ ਹਾਂ। ਕੇਵਲ ਅਸੀਂ ਇਹ ਸੋਚ ਲਈਏ ਕਿ ਅਸੀਂ ਕੇਵਲ ਗੱਲਾਂ ਨਾਲ, ਕਥਨੀ ਨਾਲ ਸੱਚ ਦੀ ਕਸਵੱਟੀ

5/463

ਤੇ, ਗੁਣਾਂ ਦੀ ਕਸਵੱਟੀ ਤੇ ਪੂਰੇ ਉੱਤਰ ਗਏ ਹਾਂ ਤਾਂ ਫਿਰ ਇਸ ਤੋਂ ਵੱਡਾ ਭੁਲੇਖਾ ਕੀ ਹੋ ਸਕਦਾ ਹੈ। ਬਿਨ੍ਹਾਂ ਸਾਡਾ ਮਨ ਸੱਚਾ ਹੋਏ, ਗੁਣਾਂ ਵਾਲਾ ਹੋਏ ਅਸੀਂ ਆਪਣੇ ਆਪ ਨੂੰ ਸੱਚਾ ਤੇ ਗੁਣਾਂ ਵਾਲਾ ਸਮਝੀ ਜਾਈਏ ਜਾਂ ਕਿਸੇ ਹੋਰ ਨੂੰ ਸਮਝੀ ਜਾਈਏ ਇਹ ਕੇਵਲ ਸਾਡਾ ਭੁਲੇਖਾ ਨਹੀਂ ਤਾਂ ਕੀ ਹੈ। ਕੌਣ ਸੱਚਾ ਹੈ, ਕੌਣ ਝੂਠਾ ਹੈ, ਕੌਣ ਗੁਣਾਂ ਵਾਲਾ ਹੈ, ਇਸ ਦੀ ਕੇਵਲ ਇੱਕੋ ਇੱਕ ਕਸਵੱਟੀ ਮਨੁੱਖ ਦੇ ਆਚਾਰ ਹਨ, ਉਸਦੀ ਕਰਨੀ ਹੈ ਜਿੱਥੋਂ ਮਨੁੱਖ ਦੀ ਪਰਖ ਹੁੰਦੀ ਹੈ। ਮਨੁੱਖ ਦੀ ਕਰਨੀ ਸਭ ਕੁੱਝ ਸਮਝਾ ਜਾਂਦੀ ਹੈ ਕਿ ਉਸਦੇ ਮਨ ਵਿੱਚ ਕੀ ਹੈ, ਉਸਦੀ ਭਾਵਨੀ ਕਿਹੋ ਜਿਹੀ ਹੈ। ਉਸਦੀ ਕਰਨੀ ਦੁਆਰਾ, ਉਸਦੀ ਸਮਾਜ ਵਿੱਚ ਵਿਚਰਨ ਦੁਆਰਾ, ਕਾਰ ਵਿਹਾਰ ਦੁਆਰਾ ਉਸਦੀ ਭਾਵਨੀ ਆਪੇ ਹੀ ਪ੍ਰਗਟ ਹੁੰਦੀ ਰਹਿੰਦੀ ਹੈ ਭਾਵ ਮਨੁੱਖ ਦੇ ਅੰਦਰ ਨਾਮ ਦੀ ਪਹਿਚਾਣ, ਉਸਦੀ ਜਪਣੀ ਦੀ ਪਹਿਚਾਣ ਉਸਦੀ ਕਰਨੀ ਹੈ। ਗੱਲਾਂ ਨਾਲ, ਕਥਨੀ ਨਾਲ, ਧਰਮ ਗ੍ਰੰਥਾਂ ਦੇ ਕੇਵਲ ਪੜ੍ਹਨ, ਸੁਣਨ, ਗਾਉਣ ਜਾਂ ਜਪਣ ਦੁਆਰਾ ਸਾਡੇ ਅੰਦਰ ਦੇ ਸੱਚ ਜਾਂ ਗੁਣਾਂ ਦੀ ਪਹਿਚਾਣ ਨਹੀਂ ਹੋ ਸਕਦੀ। ਜਦ ਤੱਕ ਅਸੀਂ ਗੁਰੂ ਦੀ ਗੱਲ ਨੂੰ ਮੰਨ ਕੇ, ਅਮਲੀ ਤੌਰ ਤੇ ਸੱਚੇ ਸੁੱਚੇ ਤੇ ਗੁਣਾਂ ਵਾਲੇ ਨਹੀਂ ਬਣਦੇ ਤੇ ਐਵੇਂ ਹੀ ਆਪਣੇ ਆਪ ਨੂੰ ਉੱਚਾ ਸੁੱਚਾ ਸਮਝੀ ਜਾਈਏ, ਅਖਵਾਈ ਜਾਈਏ, ਇਹ ਇੱਕ ਝੂਠਾ ਮਾਨ ਨਹੀਂ ਤਾਂ ਕੀ ਹੈ। ਪ੍ਰਮਾਤਮਾ ਨੂੰ ਇਹ ਬਿਲਕੁਲ ਨਹੀਂ ਭਾਉਂਦਾ। ਜਦ ਤੱਕ ਅਸੀਂ ਅਮਲੀ ਤੌਰ ਤੇ ਸੱਚੇ ਸੁੱਚੇ ਨਹੀਂ ਬਣਦੇ, ਗੁਣਾਂ ਵਾਲੇ ਨਹੀਂ ਬਣਦੇ, ਅਸੀਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਹੋ ਕੁੱਝ ਹਾਂ ਜੋ ਅਸੀਂ ਪਿਛਲੇ ਸ਼ਬਦ ਰਾਹੀਂ ਜਾਣਿਆ ਹੈ ਭਾਵ ਸਾਨੂੰ ਅਸਲੀ ਖੋਤੇ ਕਿਹਾ ਹੈ, ਜਿਸਨੂੰ ਕਿ ਵਾਰ-ਵਾਰ ਦੋਹਰਾਣਾ ਵੀ ਚੰਗਾ ਮਹਿਸੂਸ ਨਹੀਂ ਹੁੰਦਾ।

ਸੱਚ ਨੂੰ ਅਪਣਾਉਣਾ, ਗੁਣਾਂ ਨੂੰ ਅਪਣਾਉਣਾ ਬਹੁਤ ਔਖਾ ਹੈ, ਬਹੁਤ ਜਰੂਰੀ ਹੈ ਪਰ ਇਸ ਗੱਲ ਦੀ ਸੋਝੀ ਹੋਣਾ ਹੋਰ ਵੀ ਜਰੂਰੀ ਹੈ ਕਿ “ਉਪਰੀ ਸੱਚ” ਤੇ ਸਾਡੇ “ਅਸਲ ਸੱਚ” ਵਿੱਚ ਫਰਕ ਕੀ ਹੈ, “ਉੱਪਰੀ ਗੁਣ” ਤੇ “ਅਸਲੀ ਗੁਣ” ਵਿੱਚ ਫਰਕ ਕੀ ਹੈ ਭਾਵ ਭਗਤੀ ਦੇ ਅਸਲ ਮਾਰਗ ਦੀ ਸੋਝੀ ਹੋਣਾ ਵੀ ਬਹੁਤ ਜਰੂਰੀ ਹੈ। ਜਦ ਤੱਕ ਅਸਲ ਭਗਤੀ ਦੀ ਸੋਝੀ ਨਹੀਂ ਪੈਂਦੀ, ਤਦ ਤੱਕ

5/464

ਅਸੀਂ ਉਹੀ ਕੁੱਝ ਕਰੀ ਜਾਵਾਂਗੇ ਜੋ ਕੁੱਝ ਹੁਣ ਤੱਕ ਸਾਨੂੰ ਸਮਝ ਆਈ ਹੋਈ ਹੈ ਤੇ ਉੱਪਰ ਸ਼ਬਦ ਰਾਹੀਂ ਸਾਨੂੰ ਸਪੱਸ਼ਟ ਕਰਕੇ

ਸਮਝਾਇਆ ਹੋਇਆ ਹੈ ਕਿ ਪਹਿਲਾਂ ਔਗੁਣ ਛੱਡਣੇ ਹਨ ਭਾਵ ਮਨ ਨੂੰ ਸੁੱਚਾ ਕਰਨਾ ਤੇ ਬਾਅਦ ਵਿੱਚ ਨਾਮ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। (**ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥1॥ ਰਹਾਉ ॥ ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥ ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥**)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਦੇ ਸ਼ਬਦ ਦਾ ਮਕਸਦ ਕੀ ਹੈ। ਸ਼ਬਦ ਦੁਆਰਾ ਗੁਰੂ ਪ੍ਰਮਾਤਮਾ ਦੇ ਵਿੱਚ ਸਮਾਉਣਾ ਕੀ ਹੈ ਤੇ ਅਸੀਂ ਕਿਸ ਤਰੀਕੇ ਸਮਾਉਣਾ ਹੈ। ਪ੍ਰਮਾਤਮਾ ਵਿੱਚ ਸਮਾਉਣ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਇਸੇ ਲਈ ਧਿਆਨ ਨਾਲ ਸਮਝਣ ਦੀ ਲੋੜ ਹੈ। ਉੱਪਰ "ਰਹਾਉ" ਵਾਲੀਆਂ ਪੰਗਤੀਆਂ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸ਼ਬਦ ਦੁਆਰਾ ਅਸੀਂ ਕਿਸ ਤਰੀਕੇ ਗੁਰੂ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ। ਜਿਵੇਂ ਕਿ ਅਸੀਂ ਅਨੇਕਾਂ ਵਾਰੀ ਸਮਝਿਆ ਹੈ ਕਿ ਪ੍ਰਮਾਤਮਾ ਵਿੱਚ ਸਮਾਉਣਾ ਜਾਂ ਨਾ ਸਮਾਉਣਾ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ, ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਭਾਵ ਸਾਡੇ ਮਾੜੇ ਜਾਂ ਚੰਗੇ ਵਿਚਾਰਾਂ ਨਾਲ, ਮਾੜੀ ਜਾਂ ਚੰਗੀ ਸਮਝ ਨਾਲ ਜੁੜਿਆ ਹੋਇਆ ਹੈ। ਸਾਡੇ ਅੰਦਰ ਦੀ ਗੁਣਾਂ ਵਾਲੀ ਸਮਝ ਵੀ ਸਾਡੇ ਮਨ ਦੇ ਵਿਚਾਰ ਹਨ ਤੇ ਔਗੁਣਾਂ ਵਾਲੀ ਸਮਝ ਵੀ ਸਾਡੇ ਮਨ ਦੇ ਵਿਚਾਰ ਹਨ। ਮਨੁੱਖ ਨੂੰ ਮਾੜਾ ਜਾਂ ਚੰਗਾ ਮਨੁੱਖ ਦੇ ਵਿਚਾਰ ਹੀ ਬਣਾਉਂਦੇ ਹਨ। ਮਾੜੇ ਵਿਚਾਰਾਂ ਵਾਲੀ ਸਮਝ ਮਨਮਤਿ ਹੈ ਤੇ ਗੁਰੂ ਦੇ ਚੰਗੇ ਵਿਚਾਰਾਂ ਵਾਲੀ ਸਮਝ ਗੁਰਮਤਿ ਹੈ। ਗੁਰੂ ਦਾ ਸ਼ਬਦ ਸਾਨੂੰ ਵਿਚਾਰ ਹੀ ਦਿੰਦਾ ਹੈ, ਸੱਚੇ ਵਿਚਾਰਾਂ ਵਾਲੀ ਸਮਝ ਹੀ ਦਿੰਦਾ ਹੈ ਭਾਵ ਗੁਣਾਂ ਨੂੰ ਅਪਨਾਉਣ ਵਾਲੀ ਸਮਝ ਹੀ ਦਿੰਦਾ ਹੈ ਤੇ ਔਗੁਣ ਛੱਡਣ ਲਈ ਸਮਝਾਉਂਦਾ ਹੈ। ਜਦ ਤੱਕ ਸਾਡੇ ਵਿਚਾਰ ਮਾੜੇ ਹਨ ਭਾਵ ਔਗੁਣਾਂ ਵਾਲੇ ਹਨ ਤਦ ਤੱਕ ਸਾਡੇ ਅੰਦਰ ਸ਼ਬਦਾਂ ਦੀ ਵਿਚਾਰ ਨਹੀਂ ਵੱਸੀ ਭਾਵ ਅਸੀਂ ਗੁਰੂ ਦੀ ਮਤਿ ਵਾਲੇ ਨਹੀਂ ਬਣੇ ਭਾਵ ਅਸੀਂ ਮਨਮਤਿ ਵਾਲੇ ਵਿਚਾਰਾਂ ਨਾਲ ਹੀ ਜੁੜੇ ਹੋਏ ਹਾਂ, ਮਾਇਆ ਮੋਹ ਵਾਲੇ ਵਿਚਾਰਾਂ ਨਾਲ ਹੀ ਜੁੜੇ ਹੋਏ ਹਾਂ, ਤ੍ਰਿਸ਼ਨਾਵਾਂ ਨਾਲ ਹੀ ਜੁੜੇ ਹੋਏ ਹਾਂ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਔਗੁਣ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ। ਜਦ ਤੱਕ ਅਸੀਂ ਮਨ ਦੇ ਮਾੜੇ ਵਿਚਾਰਾਂ ਨਾਲ ਜੁੜੇ ਹੋਏ ਹਾਂ ਤਦ ਤੱਕ ਅਸੀਂ ਗੁਰੂ ਪ੍ਰਮਾਤਮਾ ਦੇ ਵਿੱਚ ਨਹੀਂ ਸਮਾਅ ਸਕਦੇ। ਗੁਰੂ ਪ੍ਰਮਾਤਮਾ ਸੱਚੇ ਗਿਆਨ ਦਾ ਰੂਪ ਹੈ, ਸੱਚੀ ਸਮਝ ਵਾਲਾ, ਬ੍ਰਹਮ ਗਿਆਨ ਦੀ ਸਮਝ ਵਾਲਾ ਰੂਪ ਹੈ ਤੇ ਉਸ ਵਿੱਚ ਸੱਚੇ ਗਿਆਨ ਵਾਲੀ ਸਮਝ ਦੁਆਰਾ ਹੀ ਸਮਾਇਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜਦ ਤੱਕ ਸਾਡੇ ਵਿਚਾਰ ਮਾੜੇ ਹਨ ਤਦ ਤੱਕ ਅਸੀਂ ਆਪਣੀ ਸੁਰਤਿ ਦੇ ਵਿਚਾਰਾਂ ਨਾਲ ਜੁੜੇ ਹੋਏ ਹਾਂ ਜਿਨ੍ਹਾਂ ਵਿੱਚ ਰਹਿੰਦਿਆਂ ਅਸੀਂ ਗੁਰੂ ਪ੍ਰਮਾਤਮਾ ਦੇ ਵਿੱਚ ਨਹੀਂ ਸਮਾ ਸਕਦੇ। ਗੁਰੂ ਪ੍ਰਮਾਤਮਾ ਦਾ ਸੱਚੀ ਮਤਿ ਵਿੱਚ ਸਮਾਉਣਾ ਹੀ ਗੁਰੂ ਪ੍ਰਮਾਤਮਾ ਵਿੱਚ ਸਮਾਉਣਾ ਹੈ ਜੋ ਕਿ ਸਾਡੇ ਅੰਦਰ ਦੇ ਸੱਚੇ ਵਿਚਾਰਾਂ ਦੁਆਰਾ ਹੀ ਸਮਾਇਆ ਜਾ ਸਕਦਾ ਹੈ, ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਸਮਾਇਆ ਜਾ ਸਕਦਾ ਹੈ ਭਾਵ ਔਗੁਣ ਤਿਆਗ ਕੇ ਗੁਰੂ ਦੇ ਸਮਝਾਏ ਹੋਏ ਸੱਚੇ ਗੁਣਾਂ ਨੂੰ ਆਪਣੀ ਸਮਝ ਵਿੱਚ ਵਸਾਉਣ ਦੁਆਰਾ ਹੀ ਸਮਾਇਆ ਜਾ ਸਕਦਾ ਹੈ। ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਉਹ ਆਪ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ ਤੇ ਮਨੁੱਖੀ ਸਮਝ ਨੂੰ ਉਸਨੇ ਆਪ ਹੀ ਤ੍ਰੈਗੁਣਾਂ ਵਾਲੀ ਸਮਝ ਵਾਲੇ ਵਿਚਾਰਾਂ ਵਿਚ, ਹਉਮੈ ਵਾਲੇ ਵਿਚਾਰਾਂ ਵਿਚ ਰਖਕੇ ਆਪਣੇ ਆਪ ਤੋਂ ਵਖਰਾ ਕੀਤਾ ਹੋਇਆ ਹੈ। ਉਹ ਆਪ ਸਾਡੇ ਅੰਦਰ ਸੱਚੀ ਸਮਝ ਦੇ ਰੂਪ ਵਿੱਚ ਹੈ ਤੇ ਉਸ ਦੇ ਵਿੱਚ ਮਨ ਦੀ ਸੱਚੀ ਸਮਝ ਦੁਆਰਾ ਹੀ ਸਮਾਇਆ ਜਾ ਸਕਦਾ ਹੈ। ਸਾਰੀ ਗੁਰਬਾਣੀ ਸਾਨੂੰ ਸੱਚੀ ਸਮਝ ਹੀ ਦੇ ਰਹੀ ਹੈ, ਸ਼ਬਦਾਂ ਦੀ ਵਿਚਾਰ ਦੁਆਰਾ ਦੇ ਰਹੀ ਹੈ ਜਿਸ ਸਮਝ ਨੂੰ ਅਸੀਂ ਆਪਣੀ ਸੁਰਤਿ ਦੇ ਵਿਚਾਰਾਂ ਵਿੱਚ ਵਸਾਉਣਾ ਹੈ, ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਵਸਾਉਣਾ ਹੈ। ਇਹੀ ਸਾਡੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ। (**ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥**) ਜਦ ਤੱਕ ਸਾਡੇ ਅੰਦਰ ਔਗੁਣ ਹਨ ਤਦ ਤੱਕ ਕੋਈ ਨਾਮ ਵਾਲਾ ਨਹੀਂ ਹੋ ਸਕਦਾ ਕਿਉਂਕਿ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨਾ ਹੀ ਨਾਮ ਜਪਣਾ ਹੈ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥"

ਸਮਝਣਾ ਇਸ ਗੱਲ ਨੂੰ ਹੈ ਕਿ ਗਾਹਕ ਕਿਸ ਚੀਜ ਦੇ ਹਾਂ ਭਾਵ ਅਸੀਂ ਗੁਰੂ ਦੇ ਦਰ ਤੇ ਕਿਹੜੀ ਵਸਤੂ ਲੈਣ ਲਈ ਜਾਂਦੇ

ਹਾਂ ਭਾਵ ਸਾਡੇ ਅੰਦਰ ਇੱਛਾ ਕਿਸ ਗੱਲ ਦੀ ਹੈ, ਅਸੀਂ ਗੁਰੂ ਪ੍ਰਮਾਤਮਾ ਕੋਲੋਂ ਕੀ ਲੈਣਾ ਚੰਗਾ ਸਮਝਦੇ ਹਾਂ। ਸਭ ਨੂੰ ਮਾਇਆ ਚੰਗੀ ਲੱਗਦੀ ਹੈ, ਹਰ ਕੋਈ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਨਾ ਚਾਹੁੰਦਾ ਹੈ ਤੇ ਅਸੀਂ ਗੁਰੂ ਦੇ ਦਰ ਤੇ ਇਸੇ ਲਈ ਹੀ ਜਾਂਦੇ ਹਾਂ ਜਿਵੇਂ ਕਿ ਅਸੀਂ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ। ਅਸੀਂ ਪਾਠ ਵੀ ਇਸੇ ਮਨਸਾ ਦੁਆਰਾ ਕਰਦੇ ਹਾਂ ਕਿ ਪ੍ਰਮਾਤਮਾ ਸਾਡੀਆਂ ਇੱਛਾਵਾਂ ਪੂਰੀਆਂ ਕਰੇ ਤੇ ਇਸੇ ਗੱਲ ਦੀ ਅਰਦਾਸ ਵੀ ਕਰਦੇ ਹਾਂ ਜਾਂ ਕਿਸੇ ਕੋਲੋਂ ਕਰਵਾਉਂਦੇ ਹਾਂ। ਪ੍ਰਮਾਤਮਾ ਦੀ ਭਗਤੀ ਮਨ ਦੀਆਂ ਇੱਛਾਵਾਂ ਦਾ ਤਿਆਗ ਹੈ, ਤ੍ਰਿਸ਼ਨਾਵਾਂ ਦਾ ਤਿਆਗ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲ ਕੇ ਵੀ ਸਮਝਾਂਗੇ। ਮਨੁੱਖ ਜੋ ਵੀ ਮਾੜਾ ਕਰਮ ਕਰਦਾ ਹੈ, ਔਗੁਣ ਕਰਦਾ ਹੈ ਉਹ ਕਿਸੇ ਨਾ ਕਿਸੇ ਤ੍ਰਿਸ਼ਨਾ ਦੀ ਪੂਰਤੀ ਲਈ ਹੀ ਕਰਦਾ ਹੈ, ਮਾਇਆ ਮੋਹ ਕਰਕੇ ਹੀ ਕਰਦਾ ਹੈ। ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਚੰਗੇ ਕਰਮ ਕਰਨਾ ਹੀ ਹੈ ਜੋ ਕਿ ਔਗੁਣ ਤਿਆਗਣ ਦੁਆਰਾ ਹੀ ਹੋ ਸਕਦੇ ਹਨ ਭਾਵ ਗੁਣਾਂ ਨੂੰ ਅਪਨਾਉਣ ਦੁਆਰਾ ਹੀ ਹੋ ਸਕਦੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਇਸੇ ਲਈ ਜੋ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਉਨ੍ਹਾਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਜਿਨ੍ਹਾਂ ਵਿੱਚ ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲੀ ਜਾਣਾ ਭਾਵ ਬੋਲ ਬੋਲ ਕੇ ਜਪੀ ਜਾਣ ਦੇ ਤਰੀਕੇ ਨੂੰ ਵੀ ਅਨੇਕਾਂ ਵਾਰ ਖੰਡਿਆ ਹੋਇਆ ਹੈ। ਜੋ ਪ੍ਰਮਾਤਮਾ ਦੀ ਭਗਤੀ ਹੈ, ਉਹੀ ਨਾਮ ਜਪਣਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੈ, ਉਸ ਤੇ ਅਮਲ ਕਰਨਾ ਹੈ ਜੋ ਕਿ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਜਿਵੇਂ ਕਿ ਉੱਪਰ ਪੰਗਤੀਆਂ ਦੁਆਰਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ, ਨਾਮ ਜਪਣਾ ਸਮਝਾਇਆ ਹੋਇਆ ਹੈ ਜੋ ਨਾਮ ਜਪਣਾ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਸੀਂ ਗੁਰੂ ਕੋਲੋਂ ਤਾਂ ਹੀ ਲਵਾਂਗੇ ਜੇਕਰ ਅਸੀਂ ਗੁਣਾਂ ਦੇ ਗਾਹਕ ਬਣਾਂਗੇ ਭਾਵ ਪਹਿਲਾਂ ਔਗੁਣ ਛੱਡਾਂਗੇ, ਮਾਇਆ ਮੋਹ ਛੱਡਾਂਗੇ, ਆਪਣੀ ਮਾੜੀ ਸਮਝ ਛੱਡਾਂਗੇ ਜਿਸ ਸਮਝ ਨੂੰ ਸੱਚੀ ਭਗਤੀ ਦੀ ਸਹੀ ਸਮਝ ਨਹੀਂ ਹੈ। ਸਹੀ ਸਮਝ ਕੇਵਲ ਗੁਰੂ ਦੇ ਕੋਲ ਹੈ। ਗੁਰੂ ਦੀ ਸੱਚੀ ਸਮਝ ਹੀ ਅੰਮ੍ਰਿਤ ਹੈ ਜੋ ਅੰਮ੍ਰਿਤ ਗੁਰੂ ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਦਿੰਦਾ ਹੈ। ਗੁਰੂ ਦਾ ਅੰਮ੍ਰਿਤ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ ਤੇ ਜੋ ਮਨੁੱਖੀ ਸਮਝ ਗੁਰੂ ਦਾ ਇਹ ਅੰਮ੍ਰਿਤ ਪੀ ਲੈਂਦੀ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨ ਲੈਂਦੀ ਹੈ, ਉਹੀ ਨਾਮ ਦਾ ਵਖਾਣ ਕਰਦੀ ਹੈ ਭਾਵ ਉਸ ਤੇ ਅਮਲ ਕਰਦੀ ਹੈ ਭਾਵ ਨਾਮ ਜਪਦੀ ਹੈ, ਗੁਰੂ ਦਾ ਨਾਮ ਜਪਦੀ ਹੈ। (**ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥**) ਪ੍ਰਮਾਤਮਾ ਦੀ ਭਗਤੀ ਦਾ, ਉਸਦਾ ਨਾਮ ਜਪਣ ਦਾ ਤਰੀਕਾ ਇਹੋ ਹੀ ਹੈ ਜੋ ਸਾਨੂੰ ਉੱਪਰ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ ਤੇ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਸ਼ਬਦ ਰੂਪ ਅੰਮ੍ਰਿਤ ਪੀਣ ਦਾ ਮਕਸਦ ਕਿਵੇਂ ਪੂਰਾ ਹੁੰਦਾ ਹੈ ਭਾਵ ਨਾਮ ਜਪਣ ਦੇ ਮਾਰਗ ਤੇ ਚੱਲਣ ਦਾ ਫਲ ਕੀ ਮਿਲਦਾ ਹੈ, ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥”

ਸਾਰੀ ਬਾਣੀ ਵਿੱਚ ਅੰਮ੍ਰਿਤ ਹੈ, ਪੂਰੀ ਬਾਣੀ ਅੰਮ੍ਰਿਤ ਬਾਣੀ ਹੈ ਤੇ ਪੂਰੀ ਬਾਣੀ ਵਿੱਚ ਇਹ ਅੰਮ੍ਰਿਤ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੀ ਪੂਰੀ ਬਾਣੀ ਸੱਚੀ ਬਾਣੀ ਹੈ ਕਿਉਂਕਿ ਪੂਰੀ ਬਾਣੀ ਵਿੱਚ ਕੇਵਲ ਸੱਚ ਹੀ ਹੈ ਤੇ ਸੱਚੁ ਤੋਂ ਉੱਪਰ ਹੋਰ ਕੁੱਝ ਨਹੀਂ ਹੋ ਸਕਦਾ। ਸੱਚ ਹਰ ਭਰਮ ਤੋਂ ਰਹਿਤ ਹੈ, ਅਗਿਆਨਤਾ ਤੋਂ ਰਹਿਤ ਹੈ ਕਿਉਂਕਿ ‘‘ਸਚੁ’’ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਧਰਮ ਦਾ ਗਿਆਨ ਹੈ। ਸੱਚੀ ਬਾਣੀ ਦਾ ਮਕਸਦ, ਪੂਰੀ ਬਾਣੀ ਦਾ ਮਕਸਦ ਮਨੁੱਖੀ ਮਨ ਨੂੰ, ਮਨੁੱਖੀ ਸਮਝ ਨੂੰ ਸੁੱਚਾ ਕਰਨ ਦੇ ਨਾਲ ਹੀ ਹੈ ਭਾਵ ਮਨ ਦੀ ਜੂਠ ਨੂੰ ਧੋਣ ਦੇ ਨਾਲ ਹੀ ਹੈ, ਮਨੁੱਖੀ ਸਮਝ ਨੂੰ ਪਵਿੱਤਰ ਕਰਨ ਦੇ ਨਾਲ ਹੀ ਹੈ, ਮਨੁੱਖੀ ਸਮਝ ਦੀ ਮੈਲ ਕੱਢਣ ਲਈ ਹੈ ਭਾਵ ਮਨੁੱਖੀ ਸਮਝ ਨੂੰ ਭਰਮਾਂ ਵਿੱਚੋਂ ਕੱਢਣ ਦੇ ਨਾਲ ਹੈ, ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦੇ ਨਾਲ ਹੈ, ਹਉਮੈ ਵਿੱਚੋਂ ਕੱਢਣ ਦੇ ਨਾਲ ਹੈ, ਮਾਇਆ ਮੋਹ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਣ ਦੇ ਨਾਲ ਹੈ ਭਾਵ ਧਰਮ ਦੇ ਸੱਚੇ ਮਾਰਗ ਦੀ ਸੋਝੀ ਪਾਉਣ ਦੇ ਨਾਲ ਹੈ, ਨਾਮ ਦੀ ਸੋਝੀ ਪਾਉਣ ਦੇ ਨਾਲ ਹੈ ਤਾਂ ਜੋ ਮਨੁੱਖ ਧਰਮ ਦੇ ਸੱਚੇ ਮਾਰਗ ਤੇ ਚੱਲ ਸਕੇ, ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕੇ, ਗੁਰੂ ਦਾ ਨਾਮ ਜਪ ਸਕੇ ਭਾਵ ਗੁਰੂ ਦੀ ਮਤਿ ਨੂੰ ਜਾਣ ਸਕੇ ਤੇ ਉਸ ਅਨੁਸਾਰ ਚੱਲ ਸਕੇ। (**ਸਾਚੀ ਬਾਣੀ ਸੂਚਾ ਹੋਇ ॥**) ਜਿਸ ਮਨੁੱਖ ਨੇ ਵੀ ਸੁੱਚਾ ਬਣਨਾ ਹੈ ਭਾਵ ਜਿਸ ਮਨੁੱਖ ਦੀ ਸਮਝ ਸੁੱਚੀ ਹੋਵੇਗੀ ਉਹ ਗੁਣਾਂ ਦੁਆਰਾ ਹੀ ਹੋਵੇਗੀ ਭਾਵ ਔਗੁਣਾਂ ਨੂੰ ਤਿਆਗਣ ਦੁਆਰਾ ਹੀ ਹੋਵੇਗੀ, ਮਾਇਆ ਮੋਹ ਤਿਆਗਣ ਦੁਆਰਾ ਹੀ ਹੋਵੇਗੀ ਜਿਸ ਦੁਆਰਾ ਉਹ ਨਾਮ ਜਪ ਸਕਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਜਿਸ ਦਾ ਫਲ ‘‘ਨਾਮ’’ ਦੀ ਪ੍ਰਾਪਤੀ ਹੈ ਭਾਵ ਬ੍ਰਹਮ

ਗਿਆਨ ਦੀ ਪ੍ਰਾਪਤੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਸਾਡੇ ਅੰਦਰ ਹੀ ਹੈ। ਨਾਮ ਦੀ ਪ੍ਰਾਪਤੀ ਮਨ ਦੇ ਅੰਦਰੋਂ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥**)

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥
ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥
ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥}

(ਅੰਗ ੧੧੭੦)

{ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥}

(ਅੰਗ ੧੦੬੯)

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੂਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥
ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥
ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥੬॥}

(ਅੰਗ ੧੩੨੫)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥}

(ਅੰਗ ੩੫੪)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥}

(ਅੰਗ ੯੯੨)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥

ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥}

(ਅੰਗ ੬੩੫)

{ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥}

(ਅੰਗ ੬੦੩)

{ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥}

(ਅੰਗ ੬੩੩)

{ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥
ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥
ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥੪॥}

(ਅੰਗ ੬੩੭-੬੩੮)

{ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥}

(ਅੰਗ ੯੧੦)

{ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ ॥
ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ ॥
ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥
ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖੁ ਪਾਉ ॥੨॥}

(ਅੰਗ ੮੫੩)

{ਮਮਤਾ ਮਾਰਿ ਹਉਮੈ ਸੋਧੈ ਤ੍ਰਿਭਵਣਿ ਜੋਤਿ ਤੁਮਾਰੀ ॥੨॥

ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ ॥੩॥
ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ ॥੪॥}

(ਅੰਗ ੯੦੭)

{ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ ੧੦੨੨)

{ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥
ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥
ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥੧੬॥
ਸਤਿਗੁਰ ਤੇ ਪਾਏ ਵੀਚਾਰਾ ॥ ਸੁੰਨ ਸਮਾਧਿ ਸਚੇ ਘਰ ਬਾਰਾ ॥
ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ ॥੧੭॥}

(ਅੰਗ ੧੦੩੯)

{ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥
ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥੧॥
ਮਨ ਮੇਰੇ ਰਾਮ ਨਾਮੁ ਆਧਾਰੁ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸਭ ਇਛ ਪੁਜਾਵਣਹਾਰੁ ॥੧॥ ਰਹਾਉ ॥
ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥
ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ ਅਨਦਿਨੁ ਹਰਿ ਗੁਣ ਗਾਇ ॥੨॥
ਸੁਖਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ ॥
ਸਤਿਗੁਰੁ ਜਿਨੀ ਨ ਸੇਵਿਆ ਦਾਤਾ ਸੇ ਅੰਤਿ ਗਏ ਪਛੁਤਾਹਿ ॥੩॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਫਿਰਿ ਦੁਖੁ ਨ ਲਾਗੈ ਧਾਇ ॥
ਨਾਨਕ ਹਰਿ ਭਗਤਿ ਪਰਾਪਤਿ ਹੋਈ ਜੋਤੀ ਜੋਤਿ ਸਮਾਇ ॥੪॥}

(ਅੰਗ ੧੧੩੨)

ਉੱਪਰ ਕੁੱਝ ਸ਼ਬਦਾਂ ਦੇ ਪਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਭਗਤੀ ਦਾ ਮਾਰਗ ਨਾਮ ਜਪਣ ਦਾ ਮਾਰਗ, ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਮਨ ਦੀਆਂ ਮਨਸਾ ਭਾਵ ਇੱਛਾਵਾਂ ਨੂੰ, ਤ੍ਰਿਸ਼ਨਾਵਾਂ ਨੂੰ ਮਾਰਨ ਦਾ ਹੈ ਤਾਂ ਜੋ ਅਸੀਂ ਔਗੁਣਾਂ ਤੋਂ ਰਹਿਤ ਹੋ ਕੇ ਵਿਚਰੀਏ ਜੋ ਕਿ ਨਾਮ ਜਪਣ ਦਾ ਅਸਲ ਮਾਰਗ ਹੈ, ਭਗਤੀ ਦਾ ਸੱਚਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਪਿਛਲੇ ਸ਼ਬਦ ਦੁਆਰਾ ਵੀ ਸਮਝਿਆ ਹੈ ਜਿੱਥੇ ਸਾਨੂੰ ਨਾਮ ਜਪਣਾ ਬੜੇ ਹੀ ਸਪੱਸ਼ਟ ਤਰੀਕੇ ਨਾਲ ਖੋਲ ਕੇ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਨਾਮ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ। ਗੁਰੂ ਦੇ ਸ਼ਬਦ ਦੁਆਰਾ ਪ੍ਰਮਾਤਮਾ ਵਿੱਚ ਸਮਾਉਣਾ ਕੀ ਹੈ, ਇਸ ਗੱਲ ਨੂੰ ਵੀ ਪਿਛਲੇ ਸ਼ਬਦ ਦੁਆਰਾ ਅਸੀਂ ਬਰੀਕੀ ਨਾਲ ਸਮਝਿਆ ਹੈ ਤਾਂ ਜੋ ਅਸੀਂ ਸ਼ਬਦ ਦੇ ਮਕਸਦ ਨੂੰ ਸਮਝੀਏ, ਗੁਰੂ ਦੇ ਮਕਸਦ ਨੂੰ ਸਮਝੀਏ ਕਿਉਂਕਿ ਸ਼ਬਦ ਹੀ ਗੁਰੂ ਹੈ ਤੇ ਜਦ ਤੱਕ ਸਾਨੂੰ ਗੁਰੂ ਦੇ ਮਕਸਦ ਦਾ ਹੀ ਨਹੀਂ ਪਤਾ ਕਿ ਗੁਰੂ ਕੀ ਚਾਹੁੰਦਾ ਹੈ, ਤਦ ਤੱਕ ਅਸੀਂ ਗੁਰੂ ਨੂੰ ਜਪ ਵੀ ਕਿਵੇਂ ਸਕਦੇ ਹਾਂ। ਸ਼ਬਦ ਦੀ ਸਮਝ ਨੂੰ ਜਪਣਾ ਗੁਰੂ ਨੂੰ ਜਪਣਾ ਹੈ, ਨਾਮ ਨੂੰ ਜਪਣਾ ਹੈ ਜਿਸ ਨੂੰ ਸਾਡੀ ਮਤਿ

ਨੇ ਜਪਣਾ ਹੈ, ਸਮਝ ਨੇ ਜਪਣਾ ਹੈ ਤਾਂ ਜੋ ਸਾਡੀ ਸਮਝ ਬਦਲ ਸਕੇ ਤੇ ਗੁਰੂ ਵਾਲੀ ਸਮਝ ਨਾਲ ਇੱਕ ਹੋ ਸਕੇ, ਅਸੀਂ ਇੱਕ ਮਨ ਇੱਕ ਚਿਤ ਹੋ ਸਕੀਏ। ਸਾਡਾ ਮਨ ਉਹ ਹੈ ਜੋ ਸਾਡੀ ਇੱਛਾ ਹੈ, ਸਾਡੀ ਮਨਸਾ ਹੈ ਤੇ ਗੁਰੂ ਦਾ ਚਿੱਤ ਉਹ ਹੈ ਜੋ ਗੁਰੂ ਦੀ ਇੱਛਾ ਹੈ, ਗੁਰੂ ਦੀ ਮਨਸਾ ਹੈ। ਆਪਣੀ ਮਨ ਦੀ ਇੱਛਾ ਨੂੰ ਗੁਰੂ ਦੀ ਇੱਛਾ ਨਾਲ ਇੱਕ ਕਰਨਾ, ਇੱਕ ਮਨ ਇੱਕ ਚਿੱਤ ਹੋਣਾ ਹੈ ਜੋ ਸਾਡੀ ਸਮਝ ਨੇ ਹੀ ਹੋਣਾ ਹੈ, ਸ਼ਬਦ ਦੀ ਸਮਝ ਨੂੰ ਆਪਣੀ ਸਮਝ ਬਨਾਉਣ ਦੁਆਰਾ ਹੋਣਾ ਹੈ। ਜਦ ਤੱਕ ਸਾਡਾ ਚਿਤ ਗੁਰੂ ਦੇ ਚਿਤ ਨਾਲ ਇੱਕ ਨਹੀਂ ਹੁੰਦਾ, ਇਹ ਸਾਡੇ ਅੰਦਰ ਦੀ ਦੁਚਿੱਤੀ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਆਪਣੀ ਦੁਚਿੱਤੀ ਵਿੱਚੋਂ, ਮਨ ਦੀ ਨਾ-ਸਮਝੀ ਵਿੱਚੋਂ ਨਿਕਲਣਾ ਹੀ ਨਾਮ ਜਪਣਾ ਹੈ ਤੇ ਜੋ ਮਨੁੱਖ ਨਾਮ ਜਪਣ ਵਾਲਾ ਹੁੰਦਾ ਹੈ ਉਸਦੀ ਸਮਝ ਗੁਰੂ ਦੀ ਸਮਝ ਨਾਲੋਂ ਵੱਖਰੀ ਨਹੀਂ ਹੁੰਦੀ ਤੇ ਉਹ ਉਹੀ ਕੁੱਝ ਕਰਦਾ ਹੈ ਜੋ ਗੁਰੂ ਕਹਿੰਦਾ ਹੈ ਭਾਵ ਉਹੀ ਕੁੱਝ ਕਰਦਾ ਹੈ ਜੋ ਗੁਰੂ ਦੀ ਮਤਿ ਸਾਨੂੰ ਸਮਝਾਉਂਦੀ ਹੈ, ਜੋ ਸ਼ਬਦ ਦੀ ਮਤਿ ਸਾਨੂੰ ਸਮਝਾਉਂਦੀ ਹੈ। ਸ਼ਬਦ ਦੀ ਮਤਿ, ਗੁਰੂ ਪ੍ਰਮਾਤਮਾ ਦੀ ਆਪਣੀ ਮਤਿ ਹੈ ਤੇ ਉਸਦੀ ਮਤਿ ਨਾਲ ਇੱਕ ਹੋਣਾ ਹੀ ਉਸ ਵਿੱਚ ਸਮਾਉਣਾ ਹੈ, ਮਨ ਦੇ ਵਿਚਾਰਾਂ ਰਾਹੀਂ ਸ਼ਬਦ ਦੀ ਸਮਝ ਦੇ ਨਾਲ ਇੱਕ ਹੋਣਾ ਹੈ। ਮਨ ਦੇ ਵਿੱਚ ਗੁਰੂ ਪ੍ਰਮਾਤਮਾ ਦੇ ਨਾਲ ਇੱਕ ਹੋਏ ਬਿਨ੍ਹਾਂ, ਸ਼ਬਦਾਂ ਦੀ ਵਿਚਾਰ ਨਾਲ ਇੱਕ ਹੋਏ ਬਿਨ੍ਹਾਂ ਪ੍ਰਮਾਤਮਾ ਦੀ ਸੱਚੀ ਭਗਤੀ ਨਹੀਂ ਹੋ ਸਕਦੀ ਜੋ ਕਿ ਮਨ ਦੀਆਂ ਇੱਛਾਵਾਂ ਤਿਆਗ ਕੇ, ਮਾਇਆ ਮੋਹ ਤਿਆਗ ਕੇ, ਮਨਮਤਿ, ਹਉਮੈ ਤਿਆਗ ਕੇ ਭਾਵ ਸਾਰੇ ਔਗੁਣ ਤਿਆਗ ਕੇ ਗੁਰੂ ਦੀ ਸੱਚੀ ਸਮਝ ਦੁਆਰਾ ਵਿਚਰਨ ਦਾ ਤਰੀਕਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਨਾ ਹੀ ਕੋਈ ਹੋਰ ਤਰੀਕਾ ਬਾਣੀ ਵਿਚ ਸਮਝਾਇਆ ਹੋਇਆ ਹੈ ਬਲਕਿ ਹੋਰ ਸਭ ਤਰੀਕਿਆਂ ਦਾ ਖੰਡਨ ਹੀ ਕੀਤਾ ਹੋਇਆ ਹੈ। ਭਗਤੀ ਨੂੰ ਲੈ ਕੇ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਭੁਲੇਖਾ ਸਦੀਆਂ ਤੋਂ ਚੱਲਦਾ ਆ ਰਿਹਾ ਹੈ ਜਦ ਕਿ ਪ੍ਰਮਾਤਮਾ ਵੀ ਇੱਕ ਹੈ ਤੇ ਉਸਦੀ ਭਗਤੀ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕ ਹੀ ਹੈ। ਸਾਡਾ ਇਹ ਭੁਲੇਖਾ ਹੇਠ ਦਿੱਤੇ ਸ਼ਬਦ ਦੁਆਰਾ ਕੱਢਿਆ ਹੋਇਆ ਹੈ ਭਾਵ ਮਨੁੱਖ ਦਾ ਇਹ ਭੁਲੇਖਾ ਬਾਣੀ ਦੀ ਰਚਨਾ ਹੋਣ ਤੋਂ ਪਹਿਲਾਂ ਦਾ ਚੱਲਦਾ ਆ ਰਿਹਾ ਹੈ। ਬਾਣੀ ਦੀ ਰਚਨਾ ਸਾਨੂੰ ਇਹਨਾਂ ਭੁਲੇਖਿਆਂ ਵਿੱਚੋਂ ਕੱਢਣ ਲਈ ਹੀ ਹੋਈ ਹੈ, ਸਾਨੂੰ ਭਗਤੀ ਦਾ ਸਹੀ ਮਾਰਗ ਸਮਝਾਉਣ ਲਈ ਹੀ ਹੋਈ ਹੈ।

“ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਨੁ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਨੁ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਨੁ॥੨॥”

(ਅੰਗ ੪੬੭)

ਉੱਪਰ ਪਹਿਲੀ ਪੰਗਤੀ ਵਿੱਚ ਭਗਤੀ ਦਾ ਸਹੀ ਮਾਰਗ ਦੱਸਿਆ ਹੋਇਆ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਦੀ ਭਗਤੀ ਕਰਨ ਲਈ ਲੱਖ ਨੇਕੀਆਂ ਭਾਵ ਵੱਧ ਤੋਂ ਵੱਧ ਨੇਕੀਆਂ, ਵੱਧ ਤੋਂ ਵੱਧ ਚੰਗਿਆਈਆਂ, ਵੱਧ ਤੋਂ ਵੱਧ ਪੁੰਨ ਵਾਲੇ ਕੰਮ ਭਾਵ ਚੰਗੇ ਕਰਮ ਕਰਨ ਦੁਆਰਾ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਈ ਦਾ ਹੈ ਭਾਵ ਪ੍ਰਮਾਤਮਾ ਨੂੰ ਮਨੁੱਖ ਦੇ ਕੋਲੋਂ ਇਹ ਕੁੱਝ ਚੰਗਾ ਲੱਗਦਾ ਹੈ, ਉਸ ਨੂੰ ਪ੍ਰਵਾਨ ਹੁੰਦਾ ਹੈ। **(ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਨੁ॥)**

ਹੁਣ ਸਮਝਣ ਦੀ ਗੱਲ ਇਹ ਹੈ ਕਿ ਅਸੀਂ ਨੇਕੀਆਂ, ਚੰਗਿਆਈਆਂ, ਪੁੰਨ ਕਰਮ ਕਰਨੇ ਕਿਸ ਨੂੰ ਸਮਝਦੇ ਹਾਂ, ਕਿਸ ਤਰੀਕੇ ਨਾਲ ਕਰਦੇ ਹਾਂ। ਸਾਡਾ ਸਾਰਾ ਭੁਲੇਖਾ ਬਸ ਇਸੇ ਗੱਲ ਨੂੰ ਸਮਝਣ ਵਿੱਚ ਹੈ। ਅਸੀਂ ਇਹ ਸਾਰੀਆਂ ਚੰਗਿਆਈਆਂ ਉਨ੍ਹਾਂ ਗੱਲਾਂ ਨੂੰ ਕਹਿੰਦੇ ਹਾਂ, ਭਗਤੀ ਦਾ ਮਾਰਗ ਉਨ੍ਹਾਂ ਗੱਲਾਂ ਨੂੰ ਸਮਝਦੇ ਹਾਂ, ਜਿਹੜਾ ਕੁੱਝ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਲਿਖਿਆ ਹੋਇਆ ਹੈ। ਅਸੀਂ ਚੰਗਿਆਈਆਂ ਇਸ ਕੰਮ ਵਿੱਚ ਸਮਝਦੇ ਹਾਂ ਕਿ ਵੱਧ ਤੋਂ ਵੱਧ ਤਪ ਕੀਤੇ ਜਾਣ, ਵੱਧ ਤੋਂ ਵੱਧ ਤੀਰਥਾਂ ਤੇ ਜਾਈਏ, ਵੱਧ ਤੋਂ ਵੱਧ ਵਣਾਂ ਆਦਿ ਵਿੱਚ ਜਾ ਕੇ ਜੋਗ ਕਮਾਈਏ, **(ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥)** ਇਹੋ ਜਿਹੇ ਜਪ ਤਪ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਅਸੀਂ ਇਸ ਨੂੰ ਵੀ ਬੜੀ ਵੱਡੀ ਚੰਗਿਆਈ ਸਮਝਦੇ

5/465

ਹਾਂ ਭਾਵ ਭਗਤੀ ਦਾ ਹਿੱਸਾ ਸਮਝਦੇ ਹਾਂ, ਮੁਕਤੀ ਪਾਉਣ ਦਾ ਤਰੀਕਾ ਸਮਝਦੇ ਹਾਂ ਕਿ ਜੋ ਮਨੁੱਖ ਜੰਗ ਦੇ ਵਿੱਚ ਆਪਣੇ ਜ਼ੌਹਰ ਦਿਖਾ ਕੇ ਵੀਰ ਗਤੀ ਪ੍ਰਾਪਤ ਕਰਦਾ ਹੈ ਉਹ ਮੁਕਤੀ ਪਾਉਂਦਾ ਹੈ ਪਰ ਉਸ ਜੰਗ ਪਿੱਛੇ ਮਨੋਰਥ ਕੀ ਹੈ ਇਸ ਨੂੰ ਨਹੀਂ ਸਮਝਦੇ। **(ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥)** ਵੱਧ ਤੋਂ ਵੱਧ ਸੁਰਤੀਆਂ ਜੋੜਨਾ, ਵੱਧ ਤੋਂ ਵੱਧ ਗਿਆਨ ਇਕੱਠਾ ਕਰਨਾ, ਵੱਧ ਤੋਂ ਵੱਧ ਧਿਆਨ ਲਗਾ ਕੇ ਬੈਠਣਾ ਭਾਵ ਸਮਾਧੀਆਂ ਲਗਾ ਕੇ ਬੈਠਣਾ, ਵੱਧ ਤੋਂ ਵੱਧ ਧਰਮ ਗ੍ਰੰਥਾਂ ਦੇ ਪਾਠ ਕਰਨਾ, ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਆਪਣੀਆਂ ਨੇਕੀਆਂ, ਚੰਗਿਆਈਆਂ ਤੇ ਪੁੰਨ ਵਾਲੇ ਚੰਗੇ ਕਰਮ ਮੰਨਦੇ ਹਾਂ ਭਾਵ ਇਨ੍ਹਾਂ ਤਰੀਕਿਆਂ ਨਾਲ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਣਾ ਸਮਝਦੇ ਹਾਂ। **(ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥)** ਅਸਲ ਵਿੱਚ, ਅਗਰ ਧਿਆਨ ਨਾਲ ਵਿਚਾਰੀਏ ਤਾਂ ਸਦੀਆਂ ਤੋਂ ਹਰ ਕੋਈ ਇਨ੍ਹਾਂ ਕੰਮਾਂ ਨੂੰ ਹੀ ਭਗਤੀ ਵਾਲੇ ਕੰਮ ਸਮਝਦਾ ਆ ਰਿਹਾ ਹੈ ਤੇ ਹੁਣ ਵੀ ਇਹੋ ਕੁੱਝ ਹੀ ਹੋ ਰਿਹਾ ਹੈ। ਪਰ ਇਹ ਸਾਡਾ ਇੱਕ ਭੁਲੇਖਾ ਹੈ ਜੇਕਰ ਅਸੀਂ ਇਸ ਨੂੰ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ, ਉਸਦੇ ਦਰ ਤੇ ਪ੍ਰਵਾਨ ਹੋਣਾ ਸਮਝਦੇ ਹਾਂ। ਇਹ ਸਭ ਕੁੱਝ ਪ੍ਰਮਾਤਮਾ ਸਾਡੇ ਕੋਲੋਂ ਆਪ ਹੀ ਕਰਵਾਉਂਦਾ ਹੈ, ਉਹ ਆਪ ਹੀ ਮਨੁੱਖ ਨੂੰ ਭੁਲੇਖੇ ਵਿੱਚ ਰੱਖਦਾ ਹੈ, ਸਹੀ ਮਾਰਗ ਤੋਂ ਉਲਝਾ ਕੇ ਰੱਖਦਾ ਹੈ। ਇਹ ਉਸ ਦੀ ਖੇਡ ਹੈ। ਮਨੁੱਖ ਨੂੰ ਆਵਾਗਉਣ ਵਿੱਚ ਰੱਖਣ ਲਈ ਉਹ ਆਪ ਹੀ ਇਹੋ ਜਿਹੀ ਕਰਨੀ ਕਰਵਾਉਂਦਾ ਹੈ ਜਿਸ ਨੂੰ ਕਿ ਅਸੀਂ ਸਮਝ ਨਹੀਂ ਸਕਦੇ **(ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥)**। ਉਸ ਦੇ ਦਰ ਤੇ ਪ੍ਰਵਾਨ ਹੋਣ ਲਈ ਅਸਲ ਤਰੀਕਾ ਕੀ ਹੈ, ਸਾਡੀਆਂ ਉਹ ਨੇਕੀਆਂ, ਚੰਗਿਆਈਆਂ, ਪੁੰਨ ਕੀ ਹਨ, ਇਹ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਅਸੀਂ ਆਪਣੇ ਮਨ ਦੁਆਰਾ, ਮਤਿ ਦੁਆਰਾ ਜੋ ਕੁੱਝ ਨੇਕੀਆਂ, ਚੰਗਿਆਈਆਂ ਸਮਝਦੇ ਹਾਂ, ਆਪਣੀ ਭਗਤੀ ਸਮਝਦੇ ਹਾਂ ਉਹ ਕੇਵਲ ਇੱਕ ਮਿਥਿਆ ਹੈ, ਝੂਠ ਹੈ, ਸਾਡੀ ਸਮਝ ਦਾ, ਸਾਡੀ ਮਤਿ ਦਾ ਕੇਵਲ ਇੱਕ ਭੁਲੇਖਾ ਹੈ। ਸਾਡੀਆਂ ਸਾਰੀਆਂ ਚੰਗਿਆਈਆਂ ਤੇ ਪੁੰਨ ਸਾਡੇ ਕਰਮਾਂ ਦੁਆਰਾ ਭਾਵ ਸਾਡੀ ਕਰਨੀ ਦੁਆਰਾ ਹੋਣੀਆਂ ਹਨ, ਸਾਡੇ

5/466

ਸੱਚੇ ਸੁੱਚੇ ਕਰਮਾਂ ਦੁਆਰਾ ਹੋਣੀਆਂ ਹਨ। **(ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥੨॥)** ਜੇਕਰ ਸਾਡੇ ਮਨ ਦੇ ਵਿੱਚ ਸੱਚ ਹੈ, ਸਾਡਾ ਮਨ ਔਗੁਣਾਂ ਤੋਂ ਰਹਿਤ ਹੈ, ਗੁਰੂ ਦੀ ਮਤਿ ਵਾਲਾ ਹੈ ਤਾਂ ਫਿਰ ਇਹੋ ਜਿਹੇ ਮਨੁੱਖ ਨੇ ਹਰ ਕੰਮ ਚੰਗਾ ਹੀ ਕਰਨਾ ਹੈ, ਹਰ ਵੇਲੇ ਚੰਗਾ ਹੀ ਕਰਨਾ ਹੈ, ਸਾਰੀ ਜ਼ਿੰਦਗੀ ਚੰਗਾ ਹੀ ਕਰਨਾ ਹੈ, ਉਸਨੇ ਕਿਸੇ ਨਾਲ ਠੱਗੀ ਨਹੀਂ ਮਾਰਨੀ, ਕਿਸੇ ਨੂੰ ਮਾੜਾ ਨਹੀਂ ਕਹਿਣਾ, ਕੋਈ ਹੰਕਾਰ ਨਹੀਂ ਕਰਨਾ, ਝੂਠੀ ਨਿੰਦਾ ਚੁਗਲੀ ਨਹੀਂ ਕਰਨੀ, ਸਭ ਦੇ ਭਲੇ ਲਈ ਸੋਚਣਾ ਹੈ। ਮਨੁੱਖਤਾ ਲਈ ਇਸ ਤੋਂ ਜ਼ਿਆਦਾ ਨੇਕੀ ਵਾਲਾ, ਚੰਗਿਆਈ ਵਾਲਾ ਕਰਮ ਹੋਰ ਕੀ ਹੋ ਸਕਦਾ ਹੈ। ਇਹੋ ਜਿਹੇ ਸੱਚੇ ਸੁੱਚੇ ਕਰਮ ਕਰਨ ਵਾਲੇ ਬਣਨ ਦੁਆਰਾ ਹੀ ਸਾਡੇ ਉੱਪਰ ਉਸ ਪ੍ਰਮਾਤਮਾ ਦਾ ਨਿਸ਼ਾਨ ਲੱਗਦਾ ਹੈ ਭਾਵ ਇਹੋ ਜਿਹਾ ਮਨੁੱਖ ਉਸ ਨੂੰ ਪ੍ਰਵਾਨ ਹੁੰਦਾ ਹੈ।

ਜਿਹੜੇ ਤਰੀਕਿਆਂ ਨੂੰ ਅਸੀਂ ਭਗਤੀ ਸਮਝਦੇ ਹਾਂ, ਜੋ ਕਿ ਉੱਪਰ ਸ਼ਬਦ ਵਿੱਚ ਗਿਣਵਾਏ ਗਏ ਹਨ, ਇਸੇ ਲਈ ਇਨ੍ਹਾਂ ਤਰੀਕਿਆਂ ਦਾ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਕਿਉਂਕਿ ਇਹ ਭਗਤੀ ਦਾ ਤਰੀਕਾ ਹੈ ਹੀ ਨਹੀਂ। ਇਹ ਕੇਵਲ ਸਾਡਾ ਇੱਕ ਭੁਲੇਖਾ ਹੀ ਹੈ। ਭਗਤੀ ਕੇਵਲ ਸਾਡੇ ਸੱਚੇ ਸੁੱਚੇ ਕਰਮਾਂ ਦੁਆਰਾ ਹੀ ਹੋ ਸਕਦੀ ਹੈ, ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖ ਕੇ ਹੋ ਸਕਦੀ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੋ ਸਕਦੀ ਹੈ।

ਆਓ ਇਸ ਗੱਲ ਨੂੰ ਹੋਰ ਵੀ ਅੱਗੇ ਵਧਾਈਏ ਤੇ ਹੇਠ ਲਿਖੇ ਸ਼ਬਦ ਦੁਆਰਾ ਵੀ ਭਗਤੀ ਨੂੰ ਜਾਣੀਏ ਕਿ ਪ੍ਰਮਾਤਮਾ ਨੂੰ ਸਾਡੇ ਕਿਹੋ ਜਿਹੇ ਬੋਲ ਪਸੰਦ ਹਨ, ਜਿਨ੍ਹਾਂ ਦੁਆਰਾ ਉਹ ਰਿਝਦਾ ਹੈ, ਸਾਡੇ ਲੇਖੇ ਵਿੱਚ ਪਤਿ ਪਾਉਂਦਾ ਹੈ। ਥੋੜਾ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਅਸਲ ਭਗਤੀ ਵਾਲੇ ਦੇ ਬੋਲ ਕੀ ਹਨ, ਨਾਮ ਜਪਣ ਦੇ ਬੋਲ ਕੀ ਹਨ।

“ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥੧॥
ਬਾਬਾ ਬੋਲੀਐ ਪਤਿ ਹੋਇ॥

ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥"

(ਅੰਗ ੧੫)

ਇਸ ਸ਼ਬਦ ਰਾਹੀਂ ਸਾਨੂੰ ਉਹ ਬੋਲ ਬੋਲਣੇ ਸਿਖਾਏ ਹੋਏ ਹਨ ਜਿਨ੍ਹਾਂ ਦੁਆਰਾ ਸਾਨੂੰ ਪ੍ਰਮਾਤਮਾ ਕੋਲੋਂ ਪਤਿ ਮਿਲਦੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਦੇ ਬੋਲ ਸਮਝਾਏ ਹੋਏ ਹਨ ਜੋ ਬੋਲ ਸਾਰੇ ਸੰਸਾਰ ਲਈ ਇੱਕੋ ਜਿਹੇ ਹੀ ਹਨ। ਸਾਡੇ ਅੰਦਰ ਨਾਮ ਦਾ ਵੱਸਣਾ ਕੀ ਹੈ, ਇਹ ਬੜਾ ਹੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਬਾਣੀ ਵਿੱਚ ਹੀ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਇਆ

5/467

ਗਿਆ ਹੈ ਕਿ ਪ੍ਰਮਾਤਮਾ ਦੀ ਭਗਤੀ ਲਈ, ਉਸਦੀ ਪਤਿ ਪਾਉਣ ਲਈ ਸਾਨੂੰ ਬੋਲ ਬੋਲ ਕੇ ਕਿਸੇ ਜਪ ਤਪ ਦੀ ਲੋੜ ਨਹੀਂ ਹੈ, ਉਸਨੂੰ ਬਿਨ੍ਹਾਂ ਬੋਲੇ ਹੀ ਬੁਝਿਆ ਜਾ ਸਕਦਾ ਹੈ। ਫਿਰ ਉਹ ਕਿਹੜੇ ਬੋਲ ਹਨ ਜੋ ਬੋਲ ਬੋਲਣ ਦੁਆਰਾ ਪ੍ਰਮਾਤਮਾ ਦਾ ਜਪ ਹੁੰਦਾ ਹੈ।

{ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ॥੧॥ਰਹਾਉ॥}

(ਅੰਗ ੬੬੨)

{ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥}

(ਅੰਗ ੯੧੦)

ਉੱਪਰ ਵਾਲੀ ਪੰਗਤੀ ਦੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਜਾਣ ਹੀ ਚੁੱਕੇ ਹਾਂ। ਜੋ ਕੁਝ ਇਸ ਸ਼ਬਦ ਦੁਆਰਾ ਸਮਝਾਇਆ ਹੋਇਆ ਸੀ ਉਹੀ ਹੁਣ ਉੱਪਰ ਦਿੱਤੇ ਮੁੱਖ ਸ਼ਬਦ ਵਿੱਚ ਸਮਝਾਇਆ ਹੋਇਆ ਹੈ ਜਿਸਨੂੰ ਕਿ ਹੁਣ ਸਮਝਣਾ ਹੈ। ਗੱਲ ਉੱਥੇ ਵੀ ਸਾਡੇ ਚੰਗੇ ਮਾੜੇ ਕਰਮਾਂ ਦੀ ਸਮਝਾਈ ਹੋਈ ਹੈ ਅਤੇ ਗੱਲ ਹੁਣ ਇਸ ਸ਼ਬਦ ਦੁਆਰਾ ਵੀ ਸਾਡੇ ਚੰਗੇ ਮਾੜੇ ਕਰਮਾਂ ਦੀ ਹੀ ਸਮਝਾਈ ਹੋਈ ਹੈ। ਮੁੱਖ ਸ਼ਬਦ ਦੀਆਂ ਉਪਰਲੀਆਂ ਕੁੱਝ ਪੰਗਤੀਆਂ ਵਿੱਚ ਸਾਡੇ ਮਾੜੇ ਕਰਮ ਗਿਣਵਾਏ ਹੋਏ ਹਨ ਜਿਨ੍ਹਾਂ ਦੀ ਕੋਈ ਵੱਖਰੀ ਵਿਆਖਿਆ ਕਰਨ ਦੀ ਲੋੜ ਮਹਿਸੂਸ ਨਹੀਂ ਹੁੰਦੀ। ਗੱਲ ਆਸਾਨੀ ਨਾਲ ਸਮਝ ਆ ਰਹੀ ਹੈ, ਸਾਡੇ ਔਗੁਣਾਂ ਨੂੰ ਨਿੰਦਿਆ ਹੋਇਆ ਹੈ ਅਤੇ ਇਨ੍ਹਾਂ ਨੂੰ ਸਾਡੇ ਰਸ ਕਸ ਦੱਸਿਆ ਹੈ, ਮਾਇਆ ਦੇ ਰਸ ਦੱਸਿਆ ਹੈ। ਮਨੁੱਖ ਦਾ ਇਹੋ ਜਿਹੇ ਮਾੜੇ ਕਰਮ ਕਰਦੇ ਹੋਏ ਪ੍ਰਮਾਤਮਾ ਨੂੰ ਸਲਾਹੁਣਾ ਕੇਵਲ ਆਪਣੇ ਆਪ ਨੂੰ ਸਲਾਹੁਣ ਵਾਲੀ ਗੱਲ ਹੈ, ਆਪਣੀ ਮਤਿ ਨੂੰ ਸਲਾਹੁਣ ਵਾਲੀ ਗੱਲ ਹੈ ਕਿਉਂਕਿ ਇਸ ਵਿੱਚ ਗੁਰੂ ਦੀ ਮਤਿ ਨਹੀਂ ਹੈ। ਗੁਰੂ ਸਾਨੂੰ ਇਹੋ ਜਿਹੇ ਕਰਮ ਕਰਨ ਤੋਂ ਮਨ੍ਹਾ ਕਰਦਾ ਹੈ। ਇਹੋ ਜਿਹੀ ਅਵੱਸਥਾ ਵਿੱਚ ਜੇਕਰ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਦੇ ਹਾਂ ਤਾਂ ਐਸਾ ਕਰਨ ਨਾਲ ਪ੍ਰਮਾਤਮਾ ਦੀ ਕੋਈ ਸਿਫਤ ਨਹੀਂ ਹੁੰਦੀ ਕਿਉਂਕਿ ਸਿਫਤ ਅਸਲ ਵਿੱਚ ਉਸੇ ਦੀ ਹੁੰਦੀ ਹੈ ਜਿਸਦੀ ਮਤਿ ਨੂੰ ਅਸੀਂ ਮੰਨਦੇ ਹਾਂ। ਜੇਕਰ ਅਸੀਂ ਆਪਣੀ ਮਤਿ ਦੀ ਮੰਨ ਰਹੇ ਹਾਂ, ਹੁਕਮ ਆਪਣਾ ਮੰਨ ਰਹੇ ਹਾਂ ਤਾਂ ਫਿਰ ਸਿਫਤ ਵੀ ਆਪਣੀ ਹੀ ਕਰ ਰਹੇ

ਹਾਂ, ਆਪਣੀ ਹਉਮੈ ਹੀ ਉੱਚੀ ਕਰਦੇ ਹਾਂ। **(ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥੧॥)।** ਜਦ ਤੱਕ ਸਾਡੇ ਅੰਦਰ ਲਾਲਚ ਹੈ, ਕੂੜ ਹੈ, ਠੱਗੀ ਹੈ, ਪਰਾਈ ਨਿੰਦਾ ਹੈ ਜਿਸ ਦੁਆਰਾ ਅਸੀਂ ਦੂਸਰਿਆਂ ਦਾ ਮਾੜਾ ਕਰਦੇ ਹਾਂ, ਕਿਸੇ ਦਾ ਹੱਕ ਖਾਂਦੇ ਹਾਂ, ਇਹ ਦੂਸਰਿਆਂ ਦੀ ਮੈਲ ਅਸੀਂ ਆਪਣੇ ਮੂੰਹ ਵਿੱਚ ਪਾਂਦੇ ਹਾਂ ਭਾਵ ਆਪਣੀ ਮਾੜੀ ਮਤਿ ਨੂੰ ਗੁਰੂ ਕੋਲੋਂ ਮਤਿ ਲੈ ਕੇ ਉਸ ਨੂੰ ਛੱਡਣ ਦੀ ਬਜਾਇ ਦੂਸਰਿਆਂ ਦੀ ਮਾੜੀ ਮਤਿ ਨੂੰ, ਮਾੜੀ ਸਮਝ ਨੂੰ ਮੰਨਦੇ ਹਾਂ, ਭਗਤੀ ਦਾ ਮਾਰਗ ਸਮਝਣ ਲਈ ਮੰਨਦੇ ਹਾਂ ਜੋ ਸਾਨੂੰ ਵਿਕਾਰਾਂ ਨੂੰ ਛੱਡਣਾ ਭਗਤੀ ਦਾ ਅਸਲ ਮਾਰਗ ਨਹੀਂ ਸਮਝਾਉਂਦੇ ਬਲਕਿ ਕਥਨੀ ਦੇ ਮਾਰਗ ਨਾਲ ਜੋੜਦੇ ਹਨ। ਗੁਰੂ ਦੀ ਮਤਿ ਸਾਡੇ ਅੰਦਰ ਦੀ ਇਹ ਮੈਲ ਧੋਣ ਲਈ ਹੀ ਹੈ ਤੇ ਜਿਨ੍ਹਾਂ ਦੇ ਅੰਦਰ ਇਹ ਮੈਲ ਵੱਸੀ ਹੋਈ ਹੈ, ਉਹ ਗੁਰਮਤਿ ਵਾਲੀ ਸਮਝ ਵਾਲੇ ਨਹੀਂ ਹੁੰਦੇ ਜਿਸ ਕਰਕੇ ਸਾਡੀ ਅੰਦਰ ਦੀ ਤ੍ਰਿਸ਼ਨਾ ਅਗਨੀ ਰੂਪ ਤੇ ਸਾਡਾ ਕ੍ਰੋਧ, ਚੰਡਾਲ ਰੂਪ ਹੈ ਜਿਨ੍ਹਾਂ ਨੇ ਸਾਡੇ ਜੀਵਨ ਨੂੰ ਸਾੜ ਦੇਣਾ ਹੈ ਭਾਵ ਆਪਣੇ ਔਗੁਣਾਂ ਦੁਆਰਾ ਅਸੀਂ ਆਪਣਾ ਜੀਵਨ ਬਰਬਾਦ ਕਰ ਰਹੇ ਹਾਂ। ਇਹਨਾਂ ਔਗੁਣਾਂ ਵਿੱਚ ਰਹਿ ਕੇ ਅਸੀਂ ਮਾੜੇ ਕਰਮ ਹੀ ਕਰਦੇ ਹਾਂ ਤੇ ਇਹੋ ਜਿਹੀ ਅਵੱਸਥਾ ਵਿੱਚ ਪ੍ਰਮਾਤਮਾ ਦੀ ਕੋਈ ਸਿਫਤ ਸਲਾਹ ਨਹੀਂ ਹੋ ਸਕਦੀ ਜੋ ਕਿ ਅਸੀਂ ਆਪਣੇ ਵੱਲੋਂ ਕੇਵਲ ਕਥਨੀ ਦੁਆਰਾ ਕਰਦੇ ਹਾਂ, ਸਰੀਰਕ ਜਪਾਂ ਤਪਾਂ ਆਦਿ ਦੁਆਰਾ ਕਰਦੇ ਹਾਂ ਪਰ ਇਹੋ ਜਿਹੀ ਬਿਰਤੀ ਵਿੱਚ ਰਹਿੰਦਿਆਂ ਅਸੀਂ ਆਪਣੇ ਆਪ ਨੂੰ ਹੀ ਸਲਾਹੁਦੇ ਹਾਂ, ਆਪਣੀ ਮਤਿ ਨੂੰ ਹੀ ਉੱਚਾ ਕਰਦੇ ਹਾਂ, ਝੂਠੀ ਭਗਤੀ ਦਾ ਝੂਠਾ ਮਾਣ ਲੈਂਦੇ ਹਾਂ ਤੇ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ। ਗੁਰੂ ਨੂੰ ਸਲਾਹੁਣਾ, ਗੁਰੂ ਦੀ ਮਤਿ ਨੂੰ ਸਲਾਹੁਣਾ ਹੈ। **(ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥੧॥)**

ਅੱਗੇ ਰਹਾਉ ਦੀ ਪੰਗਤੀ ਵਿੱਚ ਸਾਨੂੰ ਉਹ ਬੋਲ ਬੋਲਣੇ ਸਿਖਾਏ ਹੋਏ ਹਨ, ਸਮਝਾਏ ਹੋਏ ਹਨ ਜਿਨ੍ਹਾਂ ਦੁਆਰਾ ਸਾਨੂੰ ਪ੍ਰਮਾਤਮਾ ਕੋਲੋਂ ਪਤਿ ਮਿਲਦੀ ਹੈ ਭਾਵ ਭਗਤੀ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ।

“ਬਾਬਾ ਬੋਲੀਐ ਪਤਿ ਹੋਇ॥

ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥”

ਸਾਰੀ ਗੱਲ ਸਾਡੇ ਕਰਮਾਂ ਤੇ, ਸਾਡੀ

5/468

ਕਰਣੀ ਤੇ ਨਿਬੇੜੀ ਹੋਈ ਹੈ। ਸਾਡੇ ਬੋਲਾਂ ਨੂੰ ਸਾਡੀ ਕਰਨੀ ਨਾਲ ਜੋੜਿਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਕਿਹੋ ਜਿਹੇ ਬੋਲਾਂ ਦੁਆਰਾ ਜਪਿਆ ਜਾ ਸਕਦਾ ਹੈ, ਆਖਿਆ ਜਾ ਸਕਦਾ ਹੈ ਉਹ ਸਾਡੀ ਕਰਨੀ ਹੈ ਭਾਵ ਸਾਡੀ ਕਰਨੀ ਹੀ ਸਾਡੇ ਬੋਲ ਹਨ, ਸਾਡੀ ਭਗਤੀ ਹੈ ਭਾਵ ਭਗਤੀ ਦੇ ਬੋਲ ਹਨ। ਇਹ ਬੋਲ ਸਾਡੇ ਮਨ ਦੇ ਬੋਲ ਹਨ, ਸਾਡੇ ਮਨ ਦੇ ਵਿਚਾਰ ਹਨ ਜਿਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਪਦੇ ਹਾਂ ਜੋ ਵਿਚਾਰ ਸਾਡੇ ਕੋਲੋਂ ਮਾੜੇ ਚੰਗੇ ਕਰਮ ਕਰਵਾਉਂਦੇ ਹਨ। ਜਿਸ ਦੇ ਕਰਮ ਉੱਤਮ ਹਨ, ਉਹ ਪ੍ਰਮਾਤਮਾ ਦੇ ਦਰ ਤੇ ਉੱਤਮ ਹੈ ਭਾਵ ਉਸਨੂੰ ਪਤਿ ਮਿਲਦੀ ਹੈ। ਇਹ ਸਾਡੇ ਕਰਮ ਹੀ ਪ੍ਰਮਾਤਮਾ ਅੱਗੇ ਸਾਡੇ ਬੋਲ ਹਨ ਜੋ ਬੋਲ ਸਾਡੇ ਕੋਲੋਂ ਸਾਡੇ ਮਨ ਦੀ ਵਿਚਾਰ ਹੀ ਕਰਵਾਉਂਦੇ ਹਨ ਕਿਉਂਕਿ ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦੇ ਹਾਂ ਜੋ ਵਿਚਾਰ ਹਰ ਵੇਲੇ ਸਾਡੇ ਮਨ ਦੇ ਵਿੱਚ ਚੱਲ ਰਹੇ ਹਨ। ਇਹ ਬੋਲ ਸਾਡੇ ਮਨ ਦੇ ਹਨ ਜੋ ਸਾਡੇ ਕੋਲੋਂ ਸਾਰੇ ਕਰਮ ਕਰਾਉਂਦਾ ਹੈ। ਮਨ ਨੂੰ ਕੋਈ ਬੋਲਣ ਦੀ ਲੋੜ ਨਹੀਂ ਹੁੰਦੀ। ਉਹ ਨਿਰਗੁਣ ਸਰੂਪ ਹੈ। ਉਹ ਚੁੱਪ ਚਪੀਤੇ ਬਿਨ੍ਹਾਂ ਬੋਲੇ ਸਭ ਕੁੱਝ ਕਰਵਾਈ ਜਾ ਰਿਹਾ ਹੈ। ਪ੍ਰਮਾਤਮਾ ਅੰਤਰਜਾਮੀ ਹੈ, ਉਹ ਆਪ ਹੀ ਅੰਦਰ ਬੈਠਾ ਹੈ, ਉਹ ਸਭ ਕੁੱਝ ਜਾਣਦਾ ਹੈ ਕਿਉਂਕਿ ਉਹ ਆਪ ਨਿਰਗੁਣ ਸਰੂਪ ਹੈ ਜੋ ਸਾਡੇ ਅੰਦਰ ਵਰਤ ਰਿਹਾ ਹੈ। ਸਾਡੇ ਮਨ ਦਾ ਲੇਖਾ ਹਰ ਪਲ ਉਸਦੀ ਦਰਗਾਹ ਵਿੱਚ ਲਿਖਿਆ ਜਾ ਰਿਹਾ ਹੈ। ਸਾਡੇ ਕਰਮ ਹੀ ਸਾਡੇ ਲੇਖ ਹਨ, ਸਾਡੇ ਮਨ ਦੀ ਭਾਵਨੀ ਹੀ ਸਾਡੇ ਲੇਖ ਹਨ। ਜੇਕਰ ਭਾਵਨੀ ਸੱਚੀ ਸੁੱਚੀ ਹੈ, ਨਿਰਮਲ ਹੈ, ਔਗੁਣਾਂ ਤੋਂ ਰਹਿਤ ਹੈ ਤਾਂ ਫਿਰ ਸਾਡੇ ਲੇਖ ਵੀ ਚੰਗੇ ਲਿਖੇ ਜਾ ਰਹੇ ਹਨ। ਚੰਗੀ ਭਾਵਨੀ ਦੁਆਰਾ, ਚੰਗੀ ਨੀਅਤ ਦੁਆਰਾ ਮਨੁੱਖ ਚੰਗੇ ਕਰਮ ਹੀ ਕਰਦਾ ਹੈ, ਮਾੜੇ ਕਰਮ ਕਰ ਹੀ ਨਹੀਂ ਸਕਦਾ। ਇਸੇ ਲਈ ਪ੍ਰਮਾਤਮਾ ਨੂੰ ਉਨ੍ਹਾਂ ਨੇ ਹੀ ਪਾਇਆ ਹੈ ਜਿਨ੍ਹਾਂ ਦੀ ਭਾਵਨੀ ਚੰਗੀ ਹੁੰਦੀ ਹੈ, ਭਾਵਨੀ ਨਿੱਕੀ ਹੁੰਦੀ ਹੈ। ਸਾਡੀ ਭਾਵਨੀ ਹੀ ਸਾਨੂੰ ਪ੍ਰਮਾਤਮਾ ਦੇ ਦਰ ਤੇ ਉੱਤਮ ਬਣਾਉਂਦੀ ਹੈ ਤੇ ਸਾਡੀ ਭਾਵਨੀ ਸਾਡੇ ਕਰਮਾਂ ਦੁਆਰਾ ਪਹਿਚਾਣੀ ਜਾਂਦੀ ਹੈ। ਜਦੋਂ ਵੀ ਮਨੁੱਖ ਦੀ ਮਾੜੀ ਭਾਵਨੀ ਬਦਲ ਕੇ ਚੰਗੀ ਬਣ ਜਾਂਦੀ ਹੈ ਫਿਰ ਸਮਝੋ ਕਿ ਉਸ ਤੇ ਪ੍ਰਮਾਤਮਾ ਦੀ ਕਿਰਪਾ ਹੋ ਗਈ ਹੈ, ਉਸ ਦੇ ਕੀਤੇ ਹੋਏ ਔਗੁਣ ਬਖਸ਼ੇ ਜਾਂਦੇ ਹਨ, ਉਹ ਬਖਸ਼ਣਹਾਰ ਹੈ। ਇਸ ਦੇ ਉਲਟ, ਜਿਨ੍ਹਾਂ ਦੀ ਭਾਵਨੀ ਮਾੜੀ ਹੁੰਦੀ ਹੈ ਭਾਵ ਜਿਨ੍ਹਾਂ ਵਿੱਚ ਔਗੁਣ ਹੁੰਦੇ ਹਨ, ਜਿਨ੍ਹਾਂ ਦੀ ਸੋਚ ਮਾੜੀ ਹੈ ਉਨ੍ਹਾਂ ਦੇ ਕਰਮ ਵੀ ਮਾੜੇ ਹੋਣਗੇ, ਰਸ ਕਸ ਵਾਲੇ ਹੋਣਗੇ,

5/469

ਲੋਭ ਲਾਲਚ ਵਾਲੇ ਹੋਣਗੇ ਤੇ ਇਹੋ ਜਿਹੇ ਮਨੁੱਖ ਪ੍ਰਮਾਤਮਾ ਦੇ ਦਰ ਤੇ ਕਦੇ ਪ੍ਰਵਾਨ ਨਹੀਂ ਹੋ ਸਕਦੇ। ਉਨ੍ਹਾਂ ਨੂੰ ਅਖੀਰ ਆਪਣੇ ਕਰਮਾਂ ਤੇ ਰੋਣਾ ਹੀ ਪੈਂਦਾ ਹੈ। ਉਨ੍ਹਾਂ ਦੇ ਮਾੜੇ ਕਰਮ ਪ੍ਰਮਾਤਮਾ ਦੇ ਅੱਗੇ ਉਨ੍ਹਾਂ ਦੇ ਮਾੜੇ ਬੋਲ ਹਨ, ਫਿਕੇ ਬੋਲ ਹਨ। ਸਾਡੇ ਚੰਗੇ ਕਰਮ ਭਾਵ ਸਾਡੇ ਚੰਗੇ ਬੋਲ ਹੀ ਸਾਡੀ ਪ੍ਰਮਾਤਮਾ ਅੱਗੇ ਉਸ ਦੇ ਨਾਲ ਮੇਲ ਦੀ ਸੱਚੀ ਅਰਦਾਸ ਹੈ ਜਿਸ ਲਈ ਮੁੱਖੋਂ ਬੋਲਣ ਦੀ ਲੋੜ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। **(ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥)** ਇਸ ਸ਼ਬਦ ਰਾਹੀਂ ਸਾਡਾ ਇੱਕ ਵੱਡਾ ਭੁਲੇਖਾ, ਇਹ ਵੀ ਕੱਢਿਆ ਹੋਇਆ ਹੈ ਕਿ ਸਾਡੇ “**ਨੀਚ ਕਰਮ**” ਕੀ ਹਨ ਤੇ “**ਉਤਮ ਕਰਮ**” ਕੀ ਹਨ। ਜਦ ਤੱਕ ਅਸੀਂ ਔਗੁਣਾਂ ਦੁਆਰਾ ਵਿਚਰਦੇ ਹਾਂ, ਕਿਸੇ ਦਾ ਮਾੜਾ ਕਰਦੇ ਹਾਂ, ਉਹਨਾਂ ਨੂੰ ਸਾਡੇ ਨੀਚ ਕਰਮ ਦੱਸਿਆ ਹੈ ਤੇ ਇਸ ਤੋਂ ਉਲਟ ਸਾਡੇ ਉੱਤਮ ਕਰਮ ਹਨ। ਆਮ ਕਰਕੇ ਪ੍ਰਮਾਤਮਾ ਦਾ ਜਪ ਤਪ ਕਰਨ ਵਾਲੇ ਇਸ ਭੁਲੇਖੇ ਵਿੱਚ ਹਨ ਕਿ ਸਰੀਰਕ ਜਪ ਤਪ ਕਰਨਾ ਸਾਡਾ ਉੱਤਮ ਕਰਮ ਹੈ ਤੇ ਜਪ ਤਪ ਨਾ ਕਰਨਾ ਸਾਡਾ ਨੀਚ ਕਰਮ ਹੈ। ਇਸ ਭੁਲੇਖੇ ਨੇ ਹੀ ਸਾਨੂੰ ਸੱਚੇ ਸੁੱਚੇ ਕਰਮ ਕਰਨ ਤੋਂ, ਸੱਚੀ ਸੁੱਚੀ ਕਰਨੀ ਕਰਨ ਤੋਂ ਦੂਰ ਰੱਖਿਆ ਹੋਇਆ ਹੈ। ਅਸਲ ਵਿੱਚ ਅਸੀਂ ਭਗਤੀ ਨੂੰ, ਪ੍ਰਮਾਤਮਾ ਦੇ ਜਪ ਤਪ ਨੂੰ ਬਿਲਕੁਲ ਉਲਟ ਸਮਝਿਆ ਹੋਇਆ ਹੈ। ਅਸੀਂ ਮੂੰਹੋਂ ਬੋਲਣ ਨੂੰ ਭਗਤੀ ਸਮਝਦੇ ਹਾਂ, ਚੰਗੇ ਕਰਮ ਸਮਝਦੇ ਹਾਂ, ਜਦ ਕਿ

ਅਸਲ ਚੰਗੇ ਕਰਮ ਕਰਨਾ, ਔਗੁਣ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਸਾਡੇ ਸੱਚੇ ਬੋਲ ਹਨ। ਇਹ ਸਾਡੇ ਮਨ ਦੇ ਬੋਲ ਹਨ। ਜਦ ਤੱਕ ਇੱਸ ਗੱਲ ਦੀ ਸਮਝ ਨਹੀਂ ਪੈਂਦੀ ਅਸੀਂ ਪ੍ਰਮਾਤਮਾ ਦੇ ਦਰ ਵੱਲ ਤੁਰਨ ਦੀ ਬਜਾਇ ਉਸ ਤੋਂ ਉਲਟ ਪਾਸੇ ਜਾ ਰਹੇ ਹਾਂ। ਜੇਕਰ ਪੂਰਬ ਵਾਲੇ ਪਾਸੇ ਜਾਣਾ ਹੈ ਤਾਂ ਅਸੀਂ ਉਲਟਾ ਪੱਛਮ ਵਾਲੇ ਪਾਸੇ ਜਾ ਰਹੇ ਹਾਂ। ਬਾਣੀ ਸਾਨੂੰ ਸਹੀ ਮਾਰਗ ਦਿਖਾ ਰਹੀ ਹੈ ਤੇ ਉਸਦੀ ਗੱਲ ਨੂੰ ਮੰਨ ਕੇ ਹੀ ਉਸ ਦੇ ਦਰ ਤੇ ਪਹੁੰਚਿਆ ਜਾ ਸਕਦਾ ਹੈ। ਸਾਡੇ ਬੋਲ ਬੋਲਣੇ ਕੀ ਹਨ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

{ਮਨ ਅੰਤਰਿ ਬੋਲੈ ਸਭੁ ਕੋਈ ॥
ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥
ਕਹੁ ਕਬੀਰ ਜੋ ਜਾਨੈ ਭੇਉ ॥
ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥}

(ਅੰਗ ੩੨੯)

{ਉਤਰਿ ਅਵਘਟਿ ਸਰਵਰਿ ਨ੍ਹਾਵੈ ॥
ਬਕੈ ਨ ਬੋਲੈ ਹਰਿ ਗੁਣ ਗਾਵੈ ॥
ਜਲੁ ਆਕਾਸੀ ਸੁੰਨਿ ਸਮਾਵੈ ॥
ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥
ਐਸਾ ਗਿਆਨੁ ਸੁਨਹੁ ਅਭ ਮੋਰੇ ॥
ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥}

(ਅੰਗ ੪੧੧)

{ਸਭ ਜੁਗ ਮਹਿ ਸਾਚਾ ਏਕੋ ਸੋਈ ॥
ਸਭ ਮਹਿ ਸਚੁ ਦੂਜਾ ਨਹੀ ਕੋਈ ॥
ਸਾਚੀ ਕੀਰਤਿ ਸਚੁ ਸੁਖੁ ਹੋਈ ॥
ਗੁਰਮੁਖਿ ਨਾਮੁ ਵਖਾਣੈ ਕੋਈ ॥੫॥
ਸਭ ਜੁਗ ਮਹਿ ਨਾਮੁ ਊਤਮੁ ਹੋਈ ॥
ਗੁਰਮੁਖਿ ਵਿਰਲਾ ਬੂਝੈ ਕੋਈ ॥
ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥
ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬}

(ਅੰਗ ੮੮੦)

{ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥}

(ਅੰਗ ੫-੬)

{ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥
ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥
ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥
ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਹਾਲੇ ॥੨॥
ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥
ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥}

(ਅੰਗ ੭੬੮-੭੬੯)

{ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥
ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥
ਸੰਕਰਾ ਨਹੀ ਜਾਨਹਿ ਭੇਵ ॥
ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥੨॥
ਅਪਨੈ ਰੰਗਿ ਕਰਤਾ ਕੇਲ ॥
ਆਪਿ ਬਿਛੋਰੈ ਆਪੇ ਮੇਲ ॥
ਇਕਿ ਭਰਮੇ ਇਕਿ ਭਗਤੀ ਲਾਏ ॥
ਅਪਣਾ ਕੀਆ ਆਪਿ ਜਣਾਏ ॥੩॥
ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥
ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥
ਨਾਨਕ ਕਾ ਪ੍ਰਭੁ ਆਪੇ ਆਪਿ ॥੪॥}

(ਅੰਗ ੮੯੪)

{ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥

ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ ੫੧)

ਉੱਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ ਤੇ ਬਾਕੀ ਦੇ ਸ਼ਬਦਾਂ ਨੂੰ ਅੱਗੇ ਚੱਲ ਕੇ ਸਮਝਾਂਗੇ। ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਉਨ੍ਹਾਂ ਰਸਾਂ ਦਾ ਜਿਕਰ ਕੀਤਾ ਹੋਇਆ ਹੈ, ਮਾਇਆ ਦੇ ਰਸਾਂ ਦਾ ਜਿਕਰ ਕੀਤਾ ਹੋਇਆ ਹੈ ਜਿਨ੍ਹਾਂ ਕਰਕੇ ਮਨੁੱਖ ਔਗੁਣ ਕਰਦਾ ਹੈ, ਰਸਾਂ ਦੀ ਪ੍ਰਾਪਤੀ ਲਈ ਮਾੜੇ ਕਰਮ ਕਰਦਾ ਹੈ, ਪ੍ਰਮਾਤਮਾ ਅੱਗੇ ਮਾੜੇ ਬੋਲ ਬੋਲਦਾ ਹੈ ਭਾਵ ਇਹੋ ਜਿਹੇ ਮੰਦੇ ਕਰਮ ਕਰਨਾ ਹੀ ਸਾਡੇ ਪ੍ਰਮਾਤਮਾ ਅੱਗੇ ਮਾੜੇ ਬੋਲ ਹਨ, ਫਿੱਕੇ ਬੋਲ ਹਨ ਜੋ ਸਾਨੂੰ ਪ੍ਰਮਾਤਮਾ ਦੀ ਪਤਿ ਲੈਣ ਤੋਂ ਦੂਰ ਰੱਖਦੇ ਹਨ। ਇਹਨਾਂ ਪੰਗਤੀਆਂ ਰਾਹੀਂ ਸਾਡਾ ਨਾਮ ਜਪਣ ਦਾ ਭੁਲੇਖਾ ਵੀ ਨਾਲ ਹੀ ਕੱਢਿਆ ਹੋਇਆ ਹੈ, ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਨਾਮ ਦਾ ਵੱਸਣਾ ਕੀ ਹੈ।

“ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥”

5/470

ਜਦ ਤੱਕ ਮਨੁੱਖ ਆਪਣੇ ਇਨ੍ਹਾਂ ਰਸਾਂ ਦੀ ਪੂਰਤੀ ਵਿੱਚ ਲੱਗਾ ਹੋਇਆ ਹੈ, ਮਾਇਆ ਮੋਹ ਵਿੱਚ ਫਸਿਆ ਹੋਇਆ ਹੈ, ਮੰਦੇ ਕਰਮਾਂ ਵਿੱਚ ਲੱਗਾ ਹੋਇਆ ਹੈ ਤਦ ਤੱਕ ਸਾਡੇ ਅੰਦਰ ਨਾਮ ਦਾ ਨਿਵਾਸ ਕਿਵੇਂ ਹੋ ਸਕਦਾ ਹੈ ਭਾਵ ਜਦ ਤੱਕ ਸਾਡੇ ਅੰਦਰ ਔਗੁਣ ਹਨ, ਜਦ ਤੱਕ ਅਸੀਂ ਮਾਇਆ ਦੇ ਰਸਾਂ ਦੀ ਪ੍ਰਾਪਤੀ ਵਿੱਚ ਲੱਗੇ ਹੋਏ ਹਾਂ, ਅਸੀਂ ਨਾਮ ਤੋਂ ਵਿਛੜੇ ਹੋਏ ਹਾਂ, ਅਸੀਂ ਗੁਰੂ ਤੋਂ ਵਿਛੜੇ ਹੋਏ ਹਾਂ, ਅਸੀਂ ਗੁਰੂ ਦੀ ਮਤਿ ਤੋਂ ਵਿਛੜੇ ਹੋਏ ਹਾਂ, ਅਸੀਂ ਗੁਰੂ ਦੇ ਗੁਣਾਂ ਤੋਂ ਵਿਛੜੇ ਹੋਏ ਹਾਂ,ਅਸੀਂ ਚੰਗੇ ਕਰਮਾਂ ਤੋਂ ਦੂਰ ਹਾਂ। ਜਿੱਥੇ ਕਰਮ ਮਾੜੇ ਹਨ ਉੱਥੇ ਨਾਮ ਹੋ ਹੀ ਨਹੀਂ ਸਕਦਾ। “ਨਾਮ” ਮਨਮਤਿ ਵਿੱਚ ਨਹੀਂ ਹੈ, “ਨਾਮ” ਗੁਰੂ ਦੀ ਮਤਿ ਵਿੱਚ ਹੈ, ਨਾਮ ਔਗੁਣਾਂ ਦੇ ਹੁੰਦਿਆ ਨਹੀਂ ਹੈ, ਨਾਮ ਗੁਣਾਂ ਦੇ ਨਾਲ ਹੈ। **(ਏਤੇ ਰਸ ਸਰੀਰ ਕੇ ਕੈ ਘਟਿ**

ਨਾਮ ਨਿਵਾਸੁ॥) ਹੁਣ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਹੋਰ ਕੀ ਸਪੱਸ਼ਟ ਕਰਕੇ ਦਸਣ ਕਿ ਸਾਡੇ ਅੰਦਰ ਨਾਮ ਦਾ ਵੱਸਣਾ ਕੀ ਹੈ ਭਾਵ ਨਾਮ ਜਪਣਾ ਕੀ ਹੇ। ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਹੀ ਨਾਮ ਜਪਣਾ ਸਮਝਦੇ ਆ ਰਹੇ ਹਾਂ ਤੇ ਅਗੇ ਵੀ ਇਸੇ ਤਰ੍ਹਾਂ ਹੋਰ ਬਰੀਕੀ ਨਾਲ ਸਮਝਾਂਗੇ, ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਔਗੁਣਾਂ ਵਿੱਚ ਰਹਿੰਦਿਆਂ ਕੋਈ ਵੀ ਮਨੁੱਖ ਨਾਮ ਜਪਣ ਵਾਲਾ ਨਹੀਂ ਹੈ, ਗੁਰੂ ਦੀ ਮਤਿ ਵਾਲਾ ਨਹੀਂ ਹੈ ਤੇ ਬਾਣੀ ਸਾਨੂੰ ਵਾਰ-ਵਾਰ ਇਹੀ ਗੱਲ ਸਮਝਾ ਰਹੀ ਹੈ ਤਾਂ ਜੋ ਅਸੀਂ ਨਾਮ ਜਪਣ ਦੀ ਅਸਲੀਅਤ ਨੂੰ ਸਮਝੀਏ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲੀਏ ਜਿਨ੍ਹਾਂ ਨੇ ਸਾਨੂੰ ਇਹੋ ਜਿਹਾ ਨਾਮ ਜਪਣਾ ਸਮਝਾਇਆ ਹੈ ਜਿਸਦਾ ਬਾਣੀ ਵਾਰ-ਵਾਰ ਖੰਡਨ ਕਰ ਰਹੀ ਹੈ। ਬਾਣੀ ਸਾਨੂੰ ਵਾਰ-ਵਾਰ ਮਾਇਆ ਮੋਹ ਛੱਡਣ ਲਈ ਸਮਝਾ ਰਹੀ ਹੈ, ਮਨ ਦੀ ਮਾੜੀ ਸਮਝ ਨੂੰ ਛੱਡਣ ਲਈ ਸਮਝਾ ਰਹੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਚੰਗੇ ਕਰਮ ਕਰੀਏ ਜਿਸ ਤਰੀਕੇ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ, ਗੁਰੂ ਦੀ ਮਤਿ ਨੂੰ ਜਪਿਆ ਜਾ ਸਕਦਾ ਹੈ। ਮਾਇਆ ਦੇ ਰਸ ਵੀ ਪ੍ਰਮਾਤਮਾ ਦੇ ਆਪਣੇ ਹੀ ਦਿੱਤੇ ਹੋਏ ਹਨ। ਅਸਲ ਵਿੱਚ ਕੋਈ ਵਸਤੂ ਮਾੜੀ ਨਹੀਂ ਹੈ, ਉਸ ਵਸਤੂ ਨੂੰ ਪ੍ਰਾਪਤ ਕਰਨ ਦਾ ਜਾਂ ਵਰਤਣ ਦਾ ਤਰੀਕਾ ਮਾੜਾ ਜਾਂ ਚੰਗਾ ਹੁੰਦਾ ਹੈ। ਇਸੇ ਗੱਲ ਨੂੰ ਅੱਗੇ ਜਾ ਕੇ ਹੋਰ ਬਰੀਕੀ ਨਾਲ ਸਮਝਾਂਗੇ ਕਿ ਮਾਇਆ ਮਾੜੀ ਨਹੀਂ ਹੈ, ਉਸਨੂੰ ਅਸੀਂ ਪ੍ਰਾਪਤ ਕਿਵੇਂ ਕਰਦੇ ਹਾਂ, ਵਰਤਦੇ ਹਾਂ, ਇਹ ਸਮਝਣਾ ਜਰੂਰੀ ਹੈ।

ਸਾਡੇ ਪ੍ਰਮਾਤਮਾ ਅੱਗੇ ਬੋਲੇ ਹੋਏ ਉਹ ਬੋਲ ਪ੍ਰਵਾਨ ਹੁੰਦੇ ਹਨ ਜਿਹੋ ਜਿਹੇ ਬੋਲ ਬੋਲਣ ਨਾਲ ਸਾਨੂੰ ਪ੍ਰਮਾਤਮਾ ਕੋਲੋਂ ਪਤਿ ਮਿਲਦੀ ਹੈ। ਪਤਿ ਸਾਨੂੰ ਸਾਡੇ ਉੱਤਮ ਕਰਮਾਂ ਦੁਆਰਾ ਮਿਲਦੀ ਹੈ ਜਿਵੇਂ ਕਿ ਅਸੀਂ ਉੱਪਰ ਪਹਿਲਾਂ ਹੀ "ਰਹਾਉ" ਦੀ ਪੰਗਤੀ ਦੁਆਰਾ ਸਮਝਿਆ ਹੈ। ਇਸ ਤੋਂ ਉਲਟ ਸਾਡੇ ਮੰਦੇ ਕਰਮ ਸਾਡੇ ਪ੍ਰਮਾਤਮਾ ਅੱਗੇ ਫਿਕੇ ਬੋਲ ਹਨ ਜੋ ਪ੍ਰਮਾਤਮਾ ਨੂੰ ਪ੍ਰਵਾਨ ਨਹੀਂ ਹੁੰਦੇ। ਇਹ ਮੰਦੇ ਕਰਮ ਹੀ ਸਾਡੀ ਖੁਆਰੀ ਦਾ ਕਾਰਨ ਹਨ, ਸਾਡੀ ਮੂਰਖਤਾ ਹੈ, ਸਾਡੀ ਅਗਿਆਨਤਾ ਹੈ। **(ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥)**

{ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥੪॥੧੫॥}

(ਅੰਗ ੨੦)

ਗੁਰੂ ਨੂੰ, ਪ੍ਰਮਾਤਮਾ ਨੂੰ ਕੀ ਭਾਉਂਦਾ ਹੈ, ਕੀ ਪ੍ਰਵਾਨ ਹੁੰਦਾ ਹੈ ਇਹ ਉੱਪਰ ਸਪੱਸ਼ਟ ਕੀਤਾ

5/471

ਹੋਇਆ ਹੈ। ਉਸ ਨੂੰ ਮਨੁੱਖ ਦੇ ਉੱਤਮ ਕਰਮ ਭਾਉਂਦੇ ਹਨ, ਗੁਣਾਂ ਵਾਲੇ ਕਰਮ ਭਾਉਂਦੇ ਹਨ, ਉਸਨੂੰ ਔਗੁਣ ਨਹੀਂ ਭਾਉਂਦੇ, ਮਨੁੱਖ ਦੇ ਮਾੜੇ ਕਰਮ ਨਹੀਂ ਭਾਉਂਦੇ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਹ ਹੀ ਭਲੇ ਹਨ ਜੋ ਔਗੁਣਾਂ ਤੋਂ ਰਹਿਤ ਹਨ ਤੇ ਸੱਚੇ ਸੁੱਚੇ ਕਰਮ ਕਰਦੇ ਹਨ। ਇਸ ਤੋਂ ਇਲਾਵਾ ਭਾਵ ਸੱਚੇ ਸੁੱਚੇ ਕਰਮਾਂ ਤੋਂ ਇਲਾਵਾ ਜੇਕਰ ਹੋਰ ਕੋਈ ਵੀ ਮਨੁੱਖ ਪ੍ਰਮਾਤਮਾ ਨੂੰ ਕਹਿਣ ਦੁਆਰਾ ਭਾਵ ਬੋਲ ਬੋਲ ਕੇ ਕਿਸੇ ਜਪ ਤਪ ਦੁਆਰਾ ਵਖਾਣ ਕਰ ਰਿਹਾ ਹੈ ਭਾਵ ਆਪਣੀ ਭਗਤੀ ਦਿਖਾ ਰਿਹਾ ਹੈ, ਉਹ ਪ੍ਰਮਾਤਮਾ ਅੱਗੇ ਭਲਾ ਨਹੀਂ ਬਣ ਸਕਦਾ, ਉਸ ਨੂੰ ਪ੍ਰਵਾਨ ਨਹੀਂ ਹੋ ਸਕਦਾ। **(ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥)** ਇਸ ਉੱਪਰ ਵਾਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝੋ। ਬੋਲ ਬੋਲ ਕੇ ਜਿਤਨਾ ਮਰਜ਼ੀ ਪ੍ਰਮਾਤਮਾ ਨੂੰ ਸੁਣਾ ਲਵੋ, ਉਸਦੇ ਸਾਹਮਣੇ ਕੋਈ ਮੁੱਲ ਨਹੀਂ। ਜੇ ਉਸ ਦੀਆਂ ਨਜ਼ਰਾਂ ਵਿੱਚ ਭਲੇ ਬਣਨਾ ਹੈ, ਚੰਗੇ ਬਣਨਾ ਹੈ ਤਾਂ ਫਿਰ ਉਸਦੀ ਬਣਾਈ ਹੋਈ ਸ੍ਰਿਸ਼ਟੀ ਵਿੱਚ ਭਲੇ ਕਰਮ ਕਰੋ, ਚੰਗੇ ਕਰਮ ਕਰੋ। ਉਸਨੂੰ ਇਹੋ ਕੁੱਝ ਹੀ ਚੰਗਾ ਲੱਗਦਾ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸਾਡੀ ਪਤਿ ਸਾਡੇ ਚੰਗੇ ਕਰਮਾਂ ਦੁਆਰਾ ਹੈ। ਜਿਸ ਨੂੰ ਪ੍ਰਮਾਤਮਾ ਦੀ ਪਤਿ ਮਿਲਦੀ ਹੈ, ਉਸ ਦੇ ਕੋਲ ਗੁਰੂ ਦੀ ਮਤਿ ਹੈ ਭਾਵ ਗੁਰੂ ਦੀ ਮਤਿ ਸੱਚੇ ਸੁੱਚੇ ਕਰਮ ਕਰਨ ਲਈ ਹੈ। ਗੁਰੂ ਦੀ ਇਹ ਮਤਿ ਹੀ ਸਾਡਾ ਧੰਨ ਹੈ ਭਾਵ ਨਾਮ ਧੰਨ ਹੈ, ਉਸਦੇ ਗੁਣਾਂ ਦਾ ਧੰਨ ਹੈ, ਸੱਚੇ ਗਿਆਨ ਦਾ ਧੰਨ ਹੈ। ਇਹ ਸਭ ਕੁੱਝ ਉਸ ਮਨੁੱਖ ਦੇ ਕੋਲ ਹੈ, ਜਿਸਦੇ ਹਿਰਦੇ ਵਿੱਚ ਉਹ ਆਪ ਸਮਾਇਆ ਹੋਇਆ ਹੈ, ਵੱਸਿਆ ਹੋਇਆ ਹੈ ਭਾਵ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਮਨੁੱਖ ਦੇ ਅੰਦਰ ਗੁਰੂ ਦਾ ਵੱਸਣਾ, ਪ੍ਰਮਾਤਮਾ ਦਾ ਵੱਸਣਾ ਇਹ ਹੈ ਕਿ ਉਸਦੇ ਅੰਦਰ ਗੁਰੂ ਦੀ ਮਤਿ ਵੱਸ ਜਾਏ ਜਿਸ ਦੁਆਰਾ ਉਹ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲੇ, ਉਸਦੇ ਨਾਮ ਧੰਨ ਨੂੰ ਵਰਤੇ, ਗੁਣਾਂ ਨੂੰ ਵਰਤੇ, ਸੱਚੇ ਸੁੱਚੇ ਕਰਮ ਕਰੇ ਤੇ ਪ੍ਰਮਾਤਮਾ ਕੋਲੋਂ ਪਤਿ ਲਵੇ। ਇਹੀ ਪ੍ਰਮਾਤਮਾ ਨੂੰ ਸਲਾਹੁਣਾ ਹੈ, ਉਸਦੀ ਸਿਫਤ ਕਰਨੀ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਨਾ ਹੀ ਉਸ ਦੀ ਸਿਫਤ ਸਾਲਾਹ ਹ। ਭਾਵ

5/472 ਅਤੇ 472-ਅ

ਸਾਡੇ ਸੱਚੇ ਸੁੱਚੇ ਕਰਮ ਹੀ ਸਾਡੇ ਪ੍ਰਮਾਤਮਾ ਅੱਗੇ ਸੱਚੇ ਬੋਲ ਹਨ ਅਤੇ ਇਹ ਹੀ ਉਸਦੀ ਸਿਫਤ ਸਾਲਾਹ ਹੈ। ਪ੍ਰਮਾਤਮਾ ਦੀ ਸਿਫਤਿ ਸਲਾਹ ਕੀ ਹੈ, ਇਸ ਗਲ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਉਹ ਆਪਣੀ ਸੱਚੀ ਮਤਿ ਦੇਣ ਦੁਆਰਾ ਆਪ ਹੀ ਸਮਝਾਉਂਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਉਸਦੀ ਸਿਫਤਿ ਕਰਨੀ ਸਮਝ ਨਹੀਂ ਆਉਂਦੀ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥

ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥”

ਪ੍ਰਮਾਤਮਾ ਦੀ ਸਿਫਤਿ ਕਰਨੀ ਕੀ ਹੈ, ਇਸ ਗੱਲ ਨੂੰ ਅਸੀਂ ਪੂਰੇ ਸ਼ਬਦ ਰਾਹੀਂ ਸਮਝਦੇ ਆ ਰਹੇ ਹਾਂ ਜੋ ਕਿ ਔਗੁਣਾਂ ਵਿੱਚੋਂ ਨਿਕਲ ਕੇ, ਮਾਇਆ ਦੇ ਰਸਾਂ ਵਿੱਚੋਂ ਨਿਕਲ ਕੇ ਹੁੰਦੀ ਹੈ ਭਾਵ ਸੱਚੀ ਸੁੱਚੀ ਕਰਨੀ ਦੁਆਰਾ ਹੁੰਦੀ ਹੈ ਜਿਸ ਵਿੱਚ ਮਨੁੱਖ ਦੀ ਪਤਿ ਹੈ, ਗੁਰੂ ਦੀ ਮਤਿ ਹੈ। ਗੁਰੂ ਦੀ ਸੱਚੀ ਮਤਿ ਹੀ ਸਾਡਾ ਸੱਚਾ ਧੰਨ ਹੈ, ਨਾਮ ਧੰਨ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੀ ਸਿਫਤਿ ਕਰ ਸਕਦਾ ਹੈ ਤੇ ਇਹੋ ਜਿਹੀ ਭਗਤੀ ਦੀ ਸਮਝ ਪ੍ਰਮਾਤਮਾ ਕਿਸੇ ਨੂੰ ਆਪਣੇ ਮੇਲ ਦੁਆਰਾ ਹੀ ਪਾਉਂਦਾ ਹੈ, ਕਿਸੇ ਦੇ ਹਿਰਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਵੱਸਣ ਦੁਆਰਾ ਹੀ ਪਾਉਂਦਾ ਹੈ। (**ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥**) ਇਹੋ ਜਿਹੀ ਸਮਝ ਵਾਲੇ ਮਨੁੱਖਾਂ ਦਾ ਪ੍ਰਮਾਤਮਾ ਨੂੰ ਸਲਾਹੁਣਾ ਕਿਹੋ ਜਿਹਾ ਹੁੰਦਾ ਹੈ, ਪ੍ਰਮਾਤਮਾ ਦੀ ਸਿਫਤਿ ਕਰਨੀ ਕਿਹੋ ਜਿਹੀ ਹੁੰਦੀ ਹੈ ਭਾਵ ਉਹ ਪ੍ਰਮਾਤਮਾ ਨੂੰ ਕਿਸ ਤਰੀਕੇ ਸਲਾਹੁਦੇ ਹਨ ਭਾਵ ਉਹ ਭਗਤੀ ਦੇ ਮਾਰਗ ਤੇ ਕਿਸ ਤਰੀਕੇ ਚੱਲਦੇ ਹਨ, ਪ੍ਰਮਾਤਮਾ ਦਾ ਨਾਮ ਕਿਸ ਤਰੀਕੇ ਜਪਦੇ ਹਨ ਉਹ ਦੂਸਰਿਆਂ ਨੂੰ ਸਮਝ ਨਹੀਂ ਆ ਸਕਦਾ ਕਿਉਂਕਿ ਪ੍ਰਮਾਤਮਾ ਦੀ ਸਿਫਤ ਕਰਨ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆ ਸਕਦੀ ਹੈ। (**ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥**) ਪ੍ਰਮਾਤਮਾ ਦੀ ਸਿਫਤ ਕੋਈ ਵਿਰਲਾ ਹੀ ਕਰ ਸਕਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤੀ ਹੈ, ਪ੍ਰਮਾਤਮਾ ਦੀ ਸਮਝਾਈ ਹੋਈ ਸੱਚੀ ਸਿੱਖਿਆ ਤੇ ਚੱਲਣ ਦੁਆਰਾ ਕੀਤੀ ਹੈ ਤੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ, ਪ੍ਰਮਾਤਮਾ ਦੀ ਸਿਫਤ ਕਰਨੀ ਸਮਝਾਈ ਹੈ, ਉਸਦੇ ਗੁਣ ਗਾਉਣੇ ਸਮਝਾਏ ਹਨ, ਉਸਦਾ ਨਾਮ ਜਪਣਾ ਸਮਝਾਇਆ ਹੈ ਜੋ ਕਿ ਸਾਡੀ ਕਥਨੀ ਦਾ ਨਹੀਂ, ਸਾਡੀ ਕਰਨੀ ਦਾ ਮਾਰਗ ਹੈ, ਸੁਕ੍ਰਿਤ ਕਰਨੀ ਦਾ ਮਾਰਗ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਿਨ੍ਹਾਂ ਹੋਰ ਕੌਣ ਪ੍ਰਮਾਤਮਾ ਦੀ ਸਿਫਤ ਨੂੰ ਜਾਣ ਸਕਦਾ ਹੈ, ਉਸਦੀ ਸਿਫਤ ਕਰ ਸਕਦਾ ਹੈ। (**ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥**) ਜਿਨ੍ਹਾਂ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਉਨ੍ਹਾਂ ਨੂੰ ਹੀ ਆਪਣੀ ਸੱਚੀ ਭਗਤੀ ਨਾਲ ਜੋੜਦਾ ਹੈ, ਆਪਣੇ ਨਾਮ ਨਾਲ ਜੋੜਦਾ ਹੈ, ਮਾਇਆ ਮੋਹ ਵਿੱਚੋਂ ਕੱਢ ਕੇ ਜੋੜਦਾ ਹੈ, ਮਨ ਦੀ ਨਾ-ਸਮਝੀ ਵਿੱਚੋਂ, ਅਗਿਆਨਤਾ ਵਿੱਚੋਂ ਕੱਢ ਕੇ ਜੋੜਦਾ ਹੈ ਤੇ ਜਿੰਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਪੈਂਦੀ, ਪ੍ਰਮਾਤਮਾ ਦੀ ਸਿਫਤ ਕਰਨ ਦੀ ਸਮਝ ਨਹੀਂ ਪੈਂਦੀ ਭਾਵ ਜਿਨ੍ਹਾਂ ਤੇ ਪ੍ਰਮਾਤਮਾ ਦੀ ਕਿਰਪਾ ਨਹੀਂ ਹੁੰਦੀ ਉਹ ਕਿਹੋ ਜਿਹੇ ਹੁੰਦੇ ਹਨ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥”

ਉਪਰਲੀ ਪੰਗਤੀ ਦੁਆਰਾ ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਨਾਮ ਨਾਲ ਰਚਣਾ ਕੀ ਹੈ। ਪ੍ਰਮਾਤਮਾ ਦੇ ਦਾਨਿ ਨਾਲ ਰਚਣ ਵਾਲੇ ਭਾਵ ਦਾਤਾਂ ਨਾਲ ਰਚਣ ਵਾਲੇ ਨਾਮ ਵਾਲੇ ਨਹੀਂ ਹੁੰਦੇ। ਮਾਇਆ ਦੇ ਰਸ ਮਾਇਆ ਦੀਆਂ ਦਾਤਾਂ ਹੀ ਹਨ ਜਿਨ੍ਹਾਂ ਨੂੰ ਹਰ ਕੋਈ ਪ੍ਰਾਪਤ ਕਰਨਾ ਚਾਹੁੰਦਾ ਹੈ ਜਿਨ੍ਹਾਂ ਦੀ ਪ੍ਰਾਪਤੀ ਲਈ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਗੁਰੂ ਦੀ ਮਤਿ ਤੋਂ ਦੂਰ ਹੁੰਦਾ ਹੈ। ਜੋ ਮਨੁੱਖ ਗੁਰੂ ਦੀ ਮਤਿ ਨੂੰ ਛੱਡ ਕੇ, ਚੰਗੇ ਕਰਮ ਛੱਡ ਕੇ, ਮਾਇਆ ਦੇ ਰਸਾਂ ਵਿੱਚ ਉਲਝੇ ਹੋਏ ਹਨ, ਜਿਨ੍ਹਾਂ ਨੂੰ ਗੁਰੂ ਦੀ ਮਤਿ ਦੀ ਬਜਾਇ ਮਾਇਆ ਦੇ ਰਸ ਚੰਗੇ ਲੱਗ ਰਹੇ ਹਨ ਉਨ੍ਹਾਂ ਨੇ ਪ੍ਰਮਾਤਮਾ ਨੂੰ ਕੀ ਸਲਾਹੁਣਾ ਹੈ ਭਾਵ ਜੇਕਰ ਮਾਇਆ ਦੇ ਰਸਾਂ ਵਿੱਚ ਲੱਗੇ ਹੋਏ, ਮੰਦੇ ਕਰਮ ਕਰਦੇ ਹੋਏ ਕੋਈ ਆਪਣੇ ਵੱਲੋਂ ਜਪ ਤਪ ਆਦਿ ਕਰਕੇ ਪ੍ਰਮਾਤਮਾ ਨੂੰ ਸਲਾਹੁਦਾ ਹੈ ਤਾਂ ਉਸਦਾ ਇਹੋ ਜਿਹਾ ਸਲਾਹੁਣਾ ਕਿਸੇ ਲੇਖੇ ਵਿੱਚ ਨਹੀਂ ਹੈ। ਮਨੁੱਖ ਦਾ ਇਹੋ ਜਿਹਾ ਸਲਾਹੁਣਾ, ਬੋਲ ਬੋਲ ਕੇ ਜਪ ਤਪ ਆਦਿ ਕਰਨਾ ਆਪਣੇ ਆਪ ਨੂੰ ਹੀ ਸਲਾਹੁਣ ਵਾਲੀ ਗੱਲ ਹੈ ਜਿਵੇਂ ਕਿ ਉੱਪਰ ਸ਼ਬਦ ਵਿੱਚ ਅਸੀਂ ਪਹਿਲੇ ਹੀ ਇਸ ਗੱਲ

ਨੂੰ ਜਾਣ ਚੁੱਕੇ ਹਾਂ। **(ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥)** ਇਹੋ ਜਿਹੇ ਜਪ ਤਪ ਦੁਆਰਾ ਅਸੀਂ ਆਪਣੇ ਆਪ ਨੂੰ ਹੀ ਉੱਚਾ ਕਰਦੇ ਹਾਂ, ਆਪਣਾ ਮਾਣ ਵਧਾਉਂਦੇ ਹਾਂ, ਗੁਰੂ ਨੂੰ ਉੱਚਾ ਨਹੀਂ ਕਰਦੇ, ਗੁਰੂ ਦਾ ਮਾਣ ਨਹੀਂ ਵਧਾਉਂਦੇ। ਗੁਰੂ ਦਾ ਮਾਣ ਗੁਰੂ ਦੀ ਗੱਲ ਮੰਨ ਕੇ ਹੈ, ਗੁਰੂ ਦੇ ਗੁਣਾਂ ਨੂੰ ਅਪਣਾ ਕੇ ਹੈ। ਅਸਲ ਵਿੱਚ ਔਗੁਣਾਂ ਦਾ ਅਪਮਾਨ ਹੀ ਗੁਰੂ ਦਾ ਮਾਣ ਹੈ। ਜਦ ਤੱਕ ਸਾਡੇ ਅੰਦਰ ਔਗੁਣਾਂ ਨੂੰ ਮਾਣ ਮਿਲ ਰਿਹਾ ਹੈ, ਉਹ ਮਾਣ ਸਾਨੂੰ ਮਿਲ ਰਿਹਾ ਹੈ, ਸਾਡੇ ਔਗੁਣਾਂ ਦੀ ਇੱਜਤ ਹੋ ਰਹੀ ਹੈ, ਸਾਡੀ ਹਉਮੈ ਦੀ ਇੱਜਤ ਵੱਧ ਰਹੀ ਹੈ, ਮਨਮਤਿ ਉੱਚੀ ਹੋ ਰਹੀ ਹੈ। ਇਸ ਤਰ੍ਹਾਂ ਨਾਮ ਦੀ ਇੱਜਤ ਨਹੀਂ ਹੋ ਸਕਦੀ।

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥}

(ਅੰਗ ੫੯)

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥੪॥}

(ਅੰਗ ੯)

ਨਾਮ ਦੇ ਨਾਲ ਰਚਣਾ, ਗੁਰੂ ਦੀ ਮਤਿ ਦੇ ਨਾਲ ਰਚਣਾ ਹੈ, ਉਸ ਦੇ ਗੁਣਾਂ ਦੇ ਨਾਲ ਰਚਣਾ ਹੈ, ਪ੍ਰਮਾਤਮਾ ਦੇ ਨਾਲ ਰਚਣਾ ਹੈ। ਮਾਇਆ ਦੇ ਨਾਲ ਰਚਣਾ, ਪ੍ਰਮਾਤਮਾ ਦੇ ਦਾਨ ਦੇ ਨਾਲ ਰਚਣਾ ਹੈ, ਉਸ ਦੀਆਂ ਦਿੱਤੀਆ ਹੋਈਆ ਦਾਤਾਂ ਦੇ ਨਾਲ ਰਚਣਾ ਹੈ। ਸਮਝਣਾ ਇਸ ਗੱਲ ਨੂੰ ਹੈ ਕਿ ਸਾਡੇ ਉੱਪਰ ਪ੍ਰਮਾਤਮਾ ਦੀ ਕਿਰਪਾ ਕਿਸ ਗੱਲ ਵਿੱਚ ਹੈ, ਉਸਦੀ ਕ੍ਰਿਪਾ ਉਸ ਦੀਆਂ ਦਿੱਤੀਆਂ ਹੋਈਆਂ ਦਾਤਾਂ ਦੇ ਦਾਨ ਵਿੱਚ ਹੈ, ਜਾਂ ਉਸ ਦੇ ਨਾਮ ਦੇ ਦਾਨ ਵਿੱਚ ਹੈ, ਉਸ

ਦੀ ਦਿੱਤੀ ਹੋਈ ਮਤਿ ਦੇ ਦਾਨ ਵਿੱਚ ਹੈ। ਸਮਝਣਾ ਇਸ ਗੱਲ ਨੇ ਹੈ ਕਿ ਸਾਡੇ ਤੇ ਪ੍ਰਮਾਤਮਾ ਦੀ ਕਿਰਪਾ ਔਗੁਣਾਂ ਵਿੱਚ, ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹੋਏ ਮਾੜੇ ਕਰਮ ਕਰਨ ਦੁਆਰਾ ਦਾਤਾਂ ਦੀ ਪ੍ਰਾਪਤੀ ਨਾਲ ਜੁੜਨ ਵਿੱਚ ਹੈ ਜਾਂ ਗੁਣਾਂ ਦੁਆਰਾ ਇਨ੍ਹਾਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਵਿੱਚ ਹੈ। ਜਿਨ੍ਹਾਂ ਤੇ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਉਸਦਾ ਮੋਹ ਦਾਤਾਂ ਨਾਲ ਨਹੀਂ ਜੋੜਦਾ, ਮਾਇਆ ਵਿੱਚ ਨਹੀਂ ਪਾਉਂਦਾ ਬਲਕਿ ਉਸ ਵਿੱਚੋਂ ਕੱਢ ਲੈਂਦਾ ਹੈ। ਇਨ੍ਹਾਂ ਵਿੱਚੋਂ ਨਿਕਲਣਾ ਹੀ ਨਾਮ ਨਾਲ ਜੁੜਨਾ ਹੈ, ਗੁਰੂ ਦੀ ਮਤਿ ਨਾਲ ਜੁੜਨਾ ਹੈ। **(ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥)** ਅਗਰ ਸੱਚ ਕਰਕੇ ਮੰਨੀਏ ਤਾਂ ਸਾਡਾ ਗੁਰੂ ਨਾਲ ਜੁੜਨ ਦਾ ਮਕਸਦ, ਸਾਡਾ ਜਪ ਤਪ ਦਾ ਮਕਸਦ ਹੀ ਦਾਤਾਂ ਨੂੰ ਪ੍ਰਾਪਤ ਕਰਨ ਦਾ ਹੁੰਦਾ ਹੈ। ਇਸੇ ਲਈ ਬਾਣੀ ਵਿੱਚ ਇਸ ਗੱਲ ਨੂੰ ਹੇਠ ਲਿਖੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ, ਕਿਉਂਕਿ ਉਹ ਸਭ ਦੇ ਮਨ ਦੀ ਜਾਣਦਾ ਹੈ, ਸਭ ਦੇ ਵਿੱਚ ਉਹ ਆਪ ਹੀ ਹੈ। **{ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥}** (ਅੰਗ ੨) ਭਾਵ ਕਰੋੜਾਂ ਹੀ ਕਰੋੜਾਂ ਮਨੁੱਖ ਪ੍ਰਮਾਤਮਾ ਨੂੰ ਇਸ ਲਈ ਕਥਦੇ ਹਨ ਕਿ ਉਸਦੀ ਕਥਨਾ ਕਥਨ ਨਾਲ, ਉਸਦਾ ਜਪ ਤਪ ਕਰਨ ਨਾਲ ਕਿਸੇ ਚੀਜ਼ ਦੀ ਤੋਟ ਨਹੀਂ ਆਉਂਦੀ ਭਾਵ ਉਸ ਦੀਆਂ ਦਾਤਾਂ ਮਿਲਦੀਆਂ ਹਨ, ਦਾਤਾਂ ਦੀ ਤੋਟ ਨਹੀਂ ਆਉਂਦੀ। ਜੇਕਰ ਸੱਚ ਕਰਕੇ ਜਾਣੋ ਤਾਂ ਹਰ ਕੋਈ ਉਸ ਦੀਆਂ ਦਾਤਾਂ ਦਾ ਮਿਲਣਾ ਹੀ ਉਸ ਦੀ ਕ੍ਰਿਪਾ ਸਮਝਦਾ ਹੈ ਭਾਵ ਪ੍ਰਮਾਤਮਾ ਦੀ ਕਿਰਪਾ ਨੂੰ ਉਸ ਦੀਆਂ ਮਾਇਆ ਰੂਪ ਦਾਤਾਂ ਦੇ ਨਾਲ ਜੋੜਿਆ ਹੋਇਆ ਹੈ, ਜਦ ਕਿ ਉਸ ਦੀ ਵੱਡੀ ਕ੍ਰਿਪਾ ਸਾਨੂੰ ਇਸ ਮਾਇਆ ਮੋਹ ਵਿੱਚੋਂ ਕੱਢਣ ਵਿੱਚ ਹੈ। ਭਗਤੀ ਦਾ ਮਾਰਗ ਅਸਲ ਵਿੱਚ ਹੈ ਹੀ ਨਿਰਾਲਾ ਜਿਸ ਨਿਰਾਲੇ ਮਾਰਗ ਨੂੰ ਸਮਝੇ ਬਿਨ੍ਹਾਂ ਤੇ ਉਸ ਤੇ ਚੱਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ।

ਉੱਪਰ ਸ਼ਬਦ ਰਾਹੀਂ ਸਾਨੂੰ ਇਸ ਗੱਲ ਦਾ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਮਨੁੱਖ ਨੀਚ ਕਿੰਨ੍ਹਾਂ ਗੱਲਾਂ ਕਰਕੇ ਹੈ, ਬਿਨ੍ਹਾਂ ਨਾਮ ਵਾਲਾ ਕਿੰਨ੍ਹਾਂ ਗੱਲਾਂ ਕਰਕੇ ਹੈ। ਮਨੁੱਖ ਆਪਣੇ ਮਾੜੇ ਕਰਮਾਂ ਕਰਕੇ ਨੀਚ ਹੈ, ਆਪਣੇ ਔਗੁਣਾਂ ਕਰਕੇ ਨੀਚ ਹੈ, ਬਿਨ੍ਹਾਂ ਨਾਮ ਵਾਲਾ ਹੋਣ ਕਰਕੇ ਨੀਚ ਹੈ, ਮਾਇਆ ਦੇ ਲੋਭ ਲਾਲਚ ਕਰਕੇ ਨੀਚ ਹੈ, ਝੂਠ ਬੋਲਣ ਕਰਕੇ ਨੀਚ ਹੈ, ਠੱਗੀ ਮਾਰਨ ਕਰਕੇ ਨੀਚ ਹੈ, ਪਰਾਈ ਨਿੰਦਾ ਕਰਨ ਕਰਕੇ ਨੀਚ ਹੈ, ਆਪਣੀ ਤ੍ਰਿਸ਼ਨਾ ਕਰਕੇ ਨੀਚ ਹੈ, ਆਪਣੇ ਕ੍ਰੋਧ ਕਰਕੇ ਨੀਚ ਹੈ ਤੇ ਇਨ੍ਹਾਂ ਔਗੁਣਾਂ ਕਰਕੇ ਹੀ ਮਨੁੱਖ ਨੂੰ ਕੁੱਤਾ, ਮੁਰਦਾਖੋਰ

5/474

ਤੇ ਚੰਡਾਲ ਕਹਿ ਕੇ ਸੰਬੋਧਨ ਕੀਤਾ ਹੈ ਭਾਵ ਇਹ ਔਗੁਣ ਸਾਡੇ ਲਈ ਬਹੁਤ ਮਾੜੇ ਹਨ ਜਿਨ੍ਹਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਗੁਰੂ ਪ੍ਰਮਾਤਮਾ ਤੋਂ ਦੂਰ ਹੁੰਦੇ ਹਾਂ। ਇਨ੍ਹਾਂ ਔਗੁਣਾਂ ਨੂੰ ਹੀ ਸਾਡੇ ਮਾੜੇ ਬੋਲ, ਫਿਕੇ ਬੋਲ ਦੱਸਿਆ ਹੈ ਜਿਨ੍ਹਾਂ ਕਰਕੇ ਅਸੀਂ ਪ੍ਰਮਾਤਮਾ ਤੋਂ ਦੂਰ ਹਾਂ। ਇਹਨਾਂ ਔਗੁਣਾਂ ਕਰਕੇ, ਮਾੜੇ ਕਰਮਾਂ ਕਰਕੇ ਹੀ ਸਾਡੇ ਅੰਦਰ ਨਾਮ ਦਾ ਨਾ ਵੱਸਿਆ ਹੋਇਆ ਹੋਣਾ ਹੈ ਭਾਵ ਨਾਮ ਵਿਹੂਣਾ ਦੱਸਿਆ ਹੈ ਕਿਉਂਕਿ ਜਿੱਥੇ ਮਾੜੇ ਕਰਮ ਹਨ ਉੱਥੇ ਨਾਮ ਨਹੀਂ ਹੈ। ਸਾਡੇ ਚੰਗੇ ਬੋਲ ਸਾਡੇ ਚੰਗੇ ਕਰਮਾਂ ਨੂੰ ਦੱਸਿਆ ਹੈ, ਸਾਡੇ ਗੁਣਾਂ ਨੂੰ ਦੱਸਿਆ ਹੈ। ਅਸੀਂ ਜਿਹੋ ਜਿਹੇ ਬੋਲ ਬੋਲਣ ਨੂੰ ਪ੍ਰਮਾਤਮਾ ਦਾ ਜਪ ਤਪ ਸਮਝਦੇ ਹਾਂ, ਭਗਤੀ ਸਮਝਦੇ ਹਾਂ ਉਸਨੂੰ ਸਾਡੀ ਭਗਤੀ ਨਹੀਂ ਦੱਸਿਆ। ਭਗਤੀ ਮਾਇਆ ਮੋਹ ਵਿੱਚੋਂ ਨਿਕਲਣ ਨੂੰ ਦੱਸਿਆ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਅਤੇ ਭੁਲੇਖੇ ਵਿੱਚੋਂ ਨਿਕਲੀਏ।

“ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥
ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ॥੧॥
ਬਾਬਾ ਮਾਇਆ ਰਚਨਾ ਧੋਹੁ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ॥੧॥ਰਹਾਉ॥
ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ॥
ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥
ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ॥੨॥

ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ॥
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥
ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ॥੩॥
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥੪॥"

(ਅੰਗ ੧੫)

ਪ੍ਰਮਾਤਮਾ ਦੀ ਭਗਤੀ ਲਈ ਸਾਡੇ ਬੋਲ ਬੋਲਣੇ ਕੀ ਹਨ, ਪ੍ਰਮਾਤਮਾ ਦਾ ਨਾਮ ਜਪਣ ਲਈ ਸਾਡੇ ਬੋਲ ਬੋਲਣੇ ਕੀ ਹਨ, ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਉੱਪਰ ਵਾਲੇ ਸ਼ਬਦ ਰਾਹੀਂ ਵੀ ਸਾਨੂੰ ਸਾਡਾ ਬੋਲਣਾ ਹੀ ਸਮਝਾਇਆ ਹੋਇਆ ਹੈ ਭਾਵ ਭਗਤੀ ਦਾ ਮਾਰਗ ਹੀ ਸਮਝਾਇਆ ਹੈ। ਭਗਤੀ ਦੇ ਬੋਲ ਬੋਲਣਾ ਕੀ ਹੈ, ਨਾਮ ਜਪਣਾ ਕੀ ਹੈ, ਇਹ ਸਾਰੀ ਬਾਣੀ ਰਾਹੀਂ ਸਾਨੂੰ ਇੱਕੋ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਕਿ ਕਦੇ ਬਦਲ ਨਹੀਂ ਸਕਦਾ। ਸਾਨੂੰ ਭਗਤੀ ਵਾਲੇ ਬੋਲ ਬੋਲਣ ਦੀ ਸਮਝ ਕਿਉਂ ਨਹੀਂ ਪੈਂਦੀ ਇਸ ਗੱਲ ਨੂੰ ਵੀ ਉੱਪਰ ਵਾਲੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ। ਭਗਤੀ ਦੇ ਸਹੀ ਮਾਰਗ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੀ ਸਮਝ ਵਿੱਚ ਤੇ ਉਨ੍ਹਾਂ ਦੀ ਸਮਝ ਵਿੱਚ ਜਿਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ ਹੋਇਆ ਹੈ, ਨਾਮ ਜਪਣਾ ਸਿੱਖਿਆ ਹੋਇਆ ਹੈ, ਉਸ ਵਿੱਚ ਕਿਤਨਾ ਵੱਡਾ ਫਰਕ ਹੈ, ਇਹ ਸਮਝਾਇਆ ਹੋਇਆ ਹੈ। ਸ਼ਬਦ ਦੇ ਅਰਥ ਕੁੱਝ ਗਹਿਰੇ ਹਨ ਜਿਸ ਨੂੰ ਸਮਝਣਾ ਤ੍ਰੈਗੁਣਾਂ ਵਾਲੀ ਸਮਝ ਦੀ ਸਮਰੱਥਾ ਤੋਂ ਬਾਹਰ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਸ਼ਬਦ ਦੇ ਪਹਿਲੇ ਪਦੇ ਰਾਹੀਂ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੋਇਆ ਹੈ, ਸਾਡੇ ਸੱਚੇ ਬੋਲ ਬੋਲਣੇ ਕਿਹੋ ਜਿਹੇ ਹੋਣੇ ਚਾਹੀਦੇ ਹਨ, ਇਹ ਸਮਝਾਇਆ ਹੋਇਆ ਹੈ ਤੇ ਅਗਲੇ ਪਦਿਆਂ ਰਾਹੀਂ ਭਗਤੀ ਦੇ ਸੱਚੇ ਮਾਰਗ ਦੀ ਨਾ-ਸਮਝੀ ਦੀ ਵਜ੍ਹਾ ਸਮਝਾਈ ਹੋਈ ਹੈ।

"ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥
ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ॥"

ਪ੍ਰਮਾਤਮਾ ਦੀ ਭਗਤੀ ਦੇ ਬੋਲ ਬੋਲਣੇ ਕੀ ਹਨ ਇਸ ਗੱਲ ਨੂੰ ਕੇਵਲ ਗੁਰੂ ਹੀ ਜਾਣਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਾਨੂੰ ਇਹ ਕੁੱਝ ਉਹ ਆਪ ਹੀ ਸਮਝਾ ਸਕਦਾ ਹੈ, ਗੁਰੂ ਹੀ ਸਮਝਾ ਸਕਦਾ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਭਗਤੀ ਦਾ ਮਾਰਗ ਕਿੱਥੋਂ ਸਿੱਖਣਾ ਹੈ, ਕਿਸਦੇ ਕੋਲੋਂ ਸਿੱਖਣਾ ਹੈ, ਕਿਸ ਤਰੀਕੇ ਸਿੱਖਣਾ ਹੈ ਭਾਵ ਬੋਲ ਬੋਲਣੇ ਕਿਵੇਂ ਸਿੱਖਣੇ ਹਨ। ਧਰਮ ਗ੍ਰੰਥਾਂ ਦੀ ਰਚਨਾ ਗਿਆਨ ਰੂਪ ਦੇ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਵੀ ਨਾਮ ਰੂਪ ਭੋਜਨ ਹੈ, ਸੱਚੇ ਗਿਆਨ ਦਾ ਭੋਜਨ ਹੈ ਜੋ ਭੋਜਨ ਸਾਡੇ ਮਨ ਨੇ ਖਾਣਾ ਹੈ, ਸਾਡੇ ਮਨ ਨੇ ਛਕਣਾ ਹੈ। ਇਹ ਖਾਣਾ ਹੀ ਅੰਮ੍ਰਿਤ ਰੂਪ ਭੋਜਨ ਹੈ ਜੋ ਅੰਮ੍ਰਿਤ ਸਾਡੇ ਮਨ ਨੇ ਪੀਣਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥

ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥}

(ਅੰਗ ੬੪੫)

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ ੧੪੨੯)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥}

(ਅੰਗ ੧੦੨)

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਪ੍ਰਮਾਤਮਾ ਦੀ ਭਗਤੀ ਸਮਝਾਉਣ ਲਈ ਹੀ ਹੈ ਤਾਂ ਜੋ ਅਸੀਂ ਉਸ ਸੱਚੀ ਸਮਝ ਦੁਆਰਾ ਵਿਚਰ ਸਕੀਏ ਤੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ, ਉਸ ਦੇ ਨਾਲ ਮੇਲ ਕਰ ਸਕੀਏ ਜੋ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ, ਮਨ ਦੀ ਨਾ-ਸਮਝ ਮਤਿ ਕਰਕੇ ਹੀ ਹੈ ਜੋ ਮਨ ਦੀ ਨਾ-ਸਮਝੀ ਗੁਰੂ ਦਾ ਸੱਚਾ ਭੋਜਨ ਛਕਣ ਦੁਆਰਾ ਹੀ ਜਾ ਸਕਦੀ ਹੈ, ਉਸਦਾ ਨਾਮ ਅੰਮ੍ਰਿਤ ਪੀਣ ਦੁਆਰਾ ਹੀ ਜਾ ਸਕਦੀ ਹੈ। ਗੁਰੂ ਦਾ ਸੱਚਾ ਭੋਜਨ ਉਸਦਾ ਸੱਚਾ ਖਾਣਾ ਜੋ ਉਸਨੇ ਪੂਰੀ ਗੁਰਬਾਣੀ ਵਿੱਚ ਪਰੋਸਿਆ ਹੋਇਆ ਹੈ। ਉਸ ਭੋਜਨ ਨੂੰ, ਉਸ ਖਾਣੇ ਨੂੰ ਸਾਡੇ ਮਨ ਨੇ ਹੀ ਖਾਣਾ ਹੈ ਭਾਵ ਸਾਡੇ ਮਨ ਦੀ ਸਮਝ ਨੇ ਹੀ ਖਾਣਾ ਹੈ ਜਿਸਨੂੰ ਖਾਣ ਦੁਆਰਾ ਅਸੀਂ ਪ੍ਰਮਾਤਮਾ ਦੀ ਭਗਤੀ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਵਿਚਰ ਸਕੀਏ ਭਾਵ ਜੋ ਕੁੱਝ ਗੁਰੂ ਸਾਨੂੰ ਸਮਝਾਉਂਦਾ ਹੈ ਅਸੀਂ ਉਸ ਗੁਰੂ ਦੀ ਵਿਚਾਰ ਨੂੰ ਮੰਨੀਏ ਤੇ ਉਸ ਤੇ ਅਮਲ ਕਰੀਏ। ਗੁਰੂ ਦੀ ਗੱਲ ਤੇ ਗੁਰੂ ਦੇ ਕਹੇ ਅਨੁਸਾਰ ਅਮਲ ਕਰਨਾ ਹੀ ਭਾਵ ਸੱਚੇ ਸੁੱਚੇ ਕਰਮ ਕਰਨਾ ਹੀ ਸਾਡੇ ਪ੍ਰਮਾਤਮਾ ਅੱਗੇ ਸਾਡੇ ਸੱਚੇ ਬੋਲ ਹਨ। ਸਾਡੇ ਇਹੋ ਜਿਹੇ ਬੋਲ ਹੀ ਸਾਡੇ ਲੇਖੇ ਵਿੱਚ ਪੈਂਦੇ ਹਨ, ਭਗਤੀ ਦੇ ਲੇਖੇ ਵਿੱਚ ਪੈਂਦੇ ਹਨ ਭਾਵ ਪ੍ਰਮਾਤਮਾ ਦੇ ਦਰ ਤੇ ਕਬੂਲ ਹੁੰਦੇ ਹਨ। ਮੁੱਖ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਾਨੂੰ ਇਹੋ ਜਿਹੇ ਬੋਲ ਬੋਲਣੇ ਹੀ

ਸਮਝਾਏ ਹੋਏ ਹਨ। (**ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥**) ਜਿਹੋ ਜਿਹਾ ਬੋਲਣਾ ਸਾਡੇ ਲੇਖੇ ਵਿੱਚ ਪੈਂਦਾ ਹੈ ਉਸੇ ਗੱਲ ਨੂੰ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥"

ਗੁਰੂ ਦੇ ਭੋਜਨ ਦਾ ਮਕਸਦ ਸਾਨੂੰ ਸਾਡੇ ਜੀਵਨ ਦਾ ਮਾਰਗ ਦਿਖਾਉਣ ਦੇ ਲਈ ਹੀ ਹੈ ਭਾਵ ਜੀਵਨ ਦਾ ਸਹੀ ਮਾਰਗ ਸਮਝਾਉਣ ਦੇ ਲਈ ਹੀ ਹੈ ਜੋ ਕਿ ਸਾਡੀ ਸੰਸਾਰਿਕ ਵਿਚਰਨ ਹੈ, ਜੋ ਸੱਚੀ ਵਿਚਰਨ ਔਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦੀ ਹੀ ਹੈ, ਮਾਇਆ ਮੋਹ ਵਿੱਚੋਂ ਨਿਕਲ ਕੇ, ਮਨ ਦੇ ਭਰਮਾਂ ਵਿੱਚੋਂ ਨਿਕਲ ਕੇ ਸੱਚ ਦੇ ਮਾਰਗ ਤੇ ਚੱਲਣ ਦੀ ਹੀ ਹੈ ਜਿਵੇਂ ਕਿ ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਤੇ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਆਪਣੇ ਜੀਵਨ ਦੇ ਸਹੀ ਮਾਰਗ ਤੇ ਅਸੀਂ ਤਾਂ ਹੀ ਚੱਲ ਸਕਦੇ ਹਾਂ ਜੇਕਰ ਅਸੀਂ ਪਹਿਲੇ ਗੁਰੂ ਦੀ ਗੱਲ ਨੂੰ ਸੁਣੀਏ ਤੇ ਉਸ ਤੇ ਅਮਲ ਕਰੀਏ ਭਾਵ ਗੁਰੂ ਦੀ ਗੱਲ ਨੂੰ ਸੁਣ ਕੇ ਉਸ ਤੇ ਚੱਲ ਕੇ ਵੀ ਦਿਖਾਈਏ ਭਾਵ ਗੁਰੂ ਦੀ ਗੱਲ ਨੂੰ ਮੰਨੀਏ ਭਾਵ ਗੁਰੂ ਦੇ ਭੋਜਨ ਨੂੰ ਖਾਣ ਤੋਂ ਬਾਅਦ ਉਸਨੂੰ ਆਪਣੇ ਅੰਦਰ ਹਜ਼ਮ ਵੀ ਕਰੀਏ ਭਾਵ ਉਸ ਭੋਜਨ ਦਾ ਲਾਭ ਵੀ ਲਈਏ ਜਿਸ ਦੁਆਰਾ ਅਸੀਂ ਜੀਵਨ ਦੇ ਸਹੀ ਮਾਰਗ ਨੂੰ ਅਪਣਾਈਏ। ਇਹੀ ਸੱਚੀ ਭਗਤੀ ਦਾ ਮਾਰਗ ਹੈ ਜੋ ਸਾਡੇ ਲੇਖੈ ਵਿੱਚ ਪੈਂਦਾ ਹੈ। (**ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥**)

ਭਗਤੀ ਦੇ ਮਾਰਗ ਨੂੰ ਅਸੀਂ ਆਪਣੇ ਜੀਵਨ ਵਿੱਚ ਕਿਸ ਤਰ੍ਹਾਂ ਅਪਨਾਉਣਾ ਹੈ, ਕਿਤਨਾ ਸਮਾਂ ਭਗਤੀ ਨਾਲ ਜੁੜਨਾ ਹੈ, ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ॥”

ਬਾਣੀ ਵਿੱਚ ਸਵਾਸ ਸਵਾਸ ਪ੍ਰਮਾਤਮਾ ਨੂੰ ਜਪਣ ਦੀ ਗੱਲ ਆਉਂਦੀ ਹੈ, ਅੱਠੇ ਪਹਿਰ ਪ੍ਰਮਾਤਮਾ ਨੂੰ ਜਪਣ ਦੀ ਗੱਲ ਆਉਂਦੀ ਹੈ, ਹਰ ਵੇਲੇ ਪ੍ਰਮਾਤਮਾ ਨੂੰ ਜਪਣ ਦੀ ਗੱਲ ਆਉਂਦੀ ਹੈ। ਸਭ ਤੋਂ ਭਾਵ ਇੱਕੋ ਹੀ ਹੈ ਜੋ ਕਿ ਹਰ ਵੇਲੇ ਗੁਰੂ ਦੀ ਮਤਿ ਨਾਲ ਜੁੜੇ ਰਹਿਣ ਦਾ ਹੈ। ਗੁਰੂ ਦੀ ਮਤਿ ਦੇ ਨਾਲ ਸਾਡੇ ਮਨ ਦੀ ਸਮਝ ਨੇ ਹੀ ਜੁੜਨਾ ਹੈ ਜੋ ਕਿ ਗੁਰੂ ਦਾ ਭੋਜਨ ਖਾਣ ਨਾਲ ਜੁੜਨਾ ਹੈ, ਗੁਰੂ ਦੇ ਮਾਰਗ ਤੇ ਚੱਲਣ ਦੁਆਰਾ ਜੁੜਨਾ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਹਰ ਵੇਲੇ ਗੁਰੂ ਦੇ ਭੋਜਨ ਨਾਲ ਜੁੜੇ ਰਹਿਣਾ ਭਾਵ ਗੁਰੂ ਦੀ ਮਤਿ ਨਾਲ ਜੁੜੇ ਰਹਿਣਾ ਹੀ ਆਪਣਾ ਹਰ ਸਵਾਸ ਪ੍ਰਮਾਤਮਾ ਦੀ ਭਗਤੀ ਦੇ ਲੇਖੇ ਲਾਉਣਾ ਹੈ ਤੇ ਸਾਡਾ ਹਰ ਸਵਾਸ ਲੇਖੇ ਵਿੱਚ ਪੈਂਦਾ ਹੈ, ਪ੍ਰਮਾਤਮਾ ਦੇ ਦਰ ਤੇ ਕਬੂਲ ਹੁੰਦਾ ਹੈ। (**ਲੇਖੈ ਸਾਹ ਲਵਾਈਅਹਿ**) । ਜੋ ਪ੍ਰਮਾਤਮਾ ਦੀ ਇਹੋ ਜਿਹੀ ਸੱਚੀ ਭਗਤੀ ਨਾਲ ਜੁੜ ਜਾਂਦਾ ਹੈ, ਹਰ ਵੇਲੇ ਉਸ ਦੇ ਨਾਮ ਦੇ ਨਾਲ ਜੁੜ ਜਾਂਦਾ ਹੈ ਭਾਵ ਜੋ ਹਰ ਵੇਲੇ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ ਫਿਰ ਉਸ ਤੋਂ ਬਾਅਦ ਜੇਕਰ ਕੋਈ ਇਹ ਸਮਝੇ ਕਿ ਭਗਤੀ ਦਾ ਮਾਰਗ ਇਸ ਤੋਂ ਬਿਨ੍ਹਾਂ ਕੋਈ ਹੋਰ ਵੀ ਹੋ ਸਕਦਾ ਹੈ, ਸੱਚੇ ਸੁੱਚੇ ਕਰਮ ਕਰਨ ਤੋਂ ਬਿਨ੍ਹਾਂ ਕੋਈ ਹੋਰ ਵੀ ਤਰੀਕਾ ਹੋ ਸਕਦਾ ਹੈ, ਗੁਰਮਤਿ ਦੀ ਸੱਚੀ ਸਮਝ ਅਨੁਸਾਰ ਵਿਚਰਨ ਤੋਂ ਬਿਨ੍ਹਾਂ ਕੋਈ ਹੋਰ ਵੀ ਭਗਤੀ ਦਾ ਤਰੀਕਾ ਹੋ ਸਕਦਾ ਹੈ, ਇਹ ਉਸਦਾ ਭਰਮ ਹੈ ਜਿਵੇਂ ਕਿ ਨਾਲ ਹੀ ਉੱਪਰ ਵਾਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਪੜੇ ਕਿ ਪੁਛਣ ਜਾਉ॥”

ਪੜੇ ਤੋਂ ਭਾਵ ਹੈ ਪੜੇ ਲਿਖੇ ਭਾਵ ਭਗਤੀ ਦੇ ਮਾਰਗ ਦੇ ਪੜੇ ਲਿਖੇ ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਦੇ ਵਿਦਵਾਨ ਅਖਵਾਉਂਦੇ ਹਨ ਤੇ ਦੂਸਰਿਆਂ ਨੂੰ ਭਗਤੀ ਦਾ ਮਾਰਗ ਸਮਝਾਉਂਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਭਗਤੀ ਦਾ ਪ੍ਰਚਾਰ ਕਰਨ ਵਾਲੇ, ਨਾਮ ਜਪਣਾ ਸਿਖਾਉਣ ਵਾਲੇ ਸਾਨੂੰ ਕਿਹੋ ਜਿਹਾ ਨਾਮ ਜਪਣਾ ਸਿਖਾਉਂਦੇ ਹਨ, ਕਿਹੋ ਜਿਹਾ ਭਗਤੀ ਦਾ ਮਾਰਗ ਸਮਝਾਉਂਦੇ ਹਨ ਉਹ ਆਪਣੀ ਆਪਣੀ ਸਮਝ ਅਨੁਸਾਰ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਹੀ ਸਮਝਾਉਂਦੇ ਹਨ ਤੇ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ, ਵੱਧ ਤੋਂ ਵੱਧ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਜੋੜਦੇ ਹਨ, ਸਵਾਸਾਂ ਦੀਆਂ ਕਿਰਿਆਵਾਂ ਨਾਲ ਜੋੜਦੇ ਹਨ, ਸਰੀਰਕ ਸੁੱਚ ਨਾਲ ਜੋੜਦੇ ਹਨ, ਤੀਰਥਾਂ ਦੇ ਗਮਣ ਨਾਲ ਜੋੜਦੇ ਹਨ, ਭੋਜਨ ਆਦਿ ਦੀ ਸੁੱਚ ਨਾਲ ਜੋੜਦੇ ਹਨ ਤੇ ਹੋਰ ਅਨੇਕਾਂ ਉਹੋ ਜਿਹੇ ਤਰੀਕਿਆਂ ਨਾਲ ਜੋੜਦੇ ਹਨ ਜਿਨ੍ਹਾਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਭਗਤੀ ਦਾ ਤਰੀਕਾ, ਨਾਮ ਜਪਣ ਦਾ ਤਰੀਕਾ ਤਾਂ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਸਾਨੂੰ ਗੁਰੂ ਵਾਰ-ਵਾਰ ਸਮਝਾ ਰਹਿਆ ਹੈ ਤੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉੱਪਰ ਵਾਲੇ ਸ਼ਬਦ ਰਾਹੀਂ ਵੀ ਇਹੀ ਸਮਝਿਆ ਹੋਇਆ ਹੈ ਜੋ ਕਿ ਗੁਰੂ ਦੀ ਸੱਚੀ ਮਤਿ ਅਨੁਸਾਰ ਸੱਚੇ ਸੁੱਚੇ ਕਰਮ ਕਰਨ ਦਾ ਹੈ, ਮਾਇਆ ਮੋਹ ਤਿਆਗਣ ਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਤਿਆਗਣ ਦਾ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਤੇ ਸੰਸਾਰ ਦੇ ਭਲੇ ਲਈ ਵਿਚਰੀਏ। ਜਿਸ ਨੂੰ ਇਹੋ ਜਿਹੀ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈ ਜਾਂਦੀ ਹੈ ਜੋ ਕਿ ਪ੍ਰਮਾਤਮਾ ਦੀ ਕਿਰਪਾ ਦੁਆਰਾ ਉਸ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਫਿਰ ਉਹੋ ਜਿਹੀ ਅਵੱਸਥਾ ਵਾਲਾ ਮਨੁੱਖ ਕਿਸੇ ਦੁਨਿਆਵੀ ਵਿਦਵਾਨ ਅਖਵਾਉਣ ਵਾਲਿਆਂ ਕੋਲ ਭਗਤੀ ਦਾ ਮਾਰਗ ਸਿੱਖਣ ਲਈ ਨਹੀਂ ਜਾਂਦਾ। ਸੱਚੀ ਭਗਤੀ ਦਾ ਮਾਰਗ ਸਮਝਾਉਣ ਵਾਲਾ ਕੇਵਲ ਗੁਰੂ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸੱਚੀ ਭਗਤੀ ਦਾ ਮਾਰਗ ਸਾਨੂੰ ਕੇਵਲ ਤੇ ਕੇਵਲ ਗੁਰੂ ਦੇ ਕੋਲੋਂ ਹੀ ਸਿੱਖਣਾ ਚਾਹੀਦਾ ਹੈ, ਕੇਵਲ ਗੁਰੂ ਦਾ ਸੱਚਾ ਭੋਜਨ ਹੀ ਛਕਣਾ ਚਾਹੀਦਾ ਹੈ, ਨਾਮ ਰੂਪ ਭੋਜਨ ਛਕਣਾ ਚਾਹੀਦਾ ਹੈ ਤਾਂ ਜੋ ਉਹ ਗੁਰਮਤਿ ਰੂਪ ਭੋਜਨ ਛਕਣ ਦੁਆਰਾ ਅਸੀਂ ਗੁਰੂ ਦੀ ਮਤਿ ਅਨੁਸਾਰ ਵਿਚਰ ਸਕੀਏ ਤੇ ਸਾਡੀ ਭਗਤੀ ਲੇਖੈ ਵਿੱਚ ਪੈ ਸਕੇ। (**ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥ ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ॥**)

{ਵਾਟ ਨ ਪਾਵਉ ਵੀਗਾ ਜਾਉ ॥

ਦਰਗਹ ਬੈਸਣ ਨਾਹੀ ਥਾਉ ॥

ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥

ਖੀਨ ਖਰਾਬੁ ਹੋਵੈ ਨਿਤ ਕੰਧੁ ॥
ਖਾਣ ਜੀਵਣ ਕੀ ਬਹੁਤੀ ਆਸ ॥
ਲੇਖੈ ਤੇਰੈ ਸਾਸ ਗਿਰਾਸ ॥੨॥
ਅਹਿਨਿਸਿ ਅੰਧੁਲੇ ਦੀਪਕੁ ਦੇਇ ॥
ਭਉਜਲ ਡੂਬਤ ਚਿੰਤ ਕਰੇਇ ॥
ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥
ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥4॥18॥}

(ਅੰਗ ੩੫੪)

ਉੱਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਗੁਰੂ ਦੇ ਸਮਝਾਏ ਹੋਏ ਮਾਰਗ ਤੋਂ ਪੁੱਠਾ ਚੱਲਣ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੀ ਹੈ ਜਿਸ ਅਗਿਆਨਤਾ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਨੂੰ, ਗੁਰੂ ਦੇ ਸੱਚੇ ਗਿਆਨ ਨੂੰ ਮੰਨੇ ਬਿਨ੍ਹਾਂ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈ ਸਕਦੀ।

ਸੰਸਾਰ ਨੂੰ ਸੱਚੀ ਭਗਤੀ ਦੀ ਸਮਝ ਨਾ ਪੈਣ ਦਾ ਕਾਰਨ ਕੀ ਹੈ, ਸਾਡੀ ਅਗਿਆਨਤਾ ਦਾ ਕਾਰਨ ਕੀ ਹੈ, ਨਾਮ ਵਿਸਾਰਨ ਦਾ, ਗੁਰਮਤਿ ਦੀ ਸੋਝੀ ਨਾ ਪੈਣ ਦਾ ਕਾਰਨ ਕੀ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਣ ਸਕਣ ਦਾ ਕਾਰਨ ਕੀ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ "ਰਹਾਉ" ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਬਾਬਾ ਮਾਇਆ ਰਚਨਾ ਧੋਹੁ ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥1॥ ਰਹਾਉ ॥"

"**ਮਾਇਆ**" ਕੀ ਹੈ, ਇਸ ਗੱਲ ਨੂੰ ਸਮਝੇ ਬਿਨ੍ਹਾਂ ਅਸੀਂ ਕਦੇ ਨਹੀਂ ਸਮਝ ਸਕਦੇ ਕਿ ਧਰਮ ਦੇ ਮਾਰਗ ਦਾ ਸੱਚ ਕੀ ਹੈ, ਪ੍ਰਮਾਤਮਾ ਕੀ ਹੈ ਜੋ ਕਿ ਸੱਚੁ ਦੇ ਰੂਪ ਵਿੱਚ ਹੈ। ਇਹ ਮਾਇਆ ਸਾਡੇ ਅੰਦਰ ਹੀ ਵਰਤਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਮਾਇਆ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ ਜਿਸ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਸੱਚ ਤੋਂ ਦੂਰ ਰੱਖਣ ਦਾ ਹੈ। ਇਹ ਮਾਇਆ ਹੀ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ ਹੈ, ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੈ ਜਿਸ ਸਮਝ ਦੁਆਰਾ ਹਰ ਕੋਈ ਵਿਚਰਦਾ ਹੈ। ਪੂਰੇ ਸੰਸਾਰ ਵਿੱਚ ਹਰ ਕਿਸੇ ਦੇ ਅੰਦਰ, ਸਭ ਦੇ ਅੰਦਰ ਇਹ ਮਾਇਆ ਹੀ ਵਰਤਦੀ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

{ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ ੧੧੨੩)

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥}

(ਅੰਗ ੬੭)

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥}

(ਅੰਗ ੩੦)

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥
ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥
ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥
ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥}

(ਅੰਗ ੩੦)

{ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥}

(ਅੰਗ ੬੦)

{ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥
ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥}

(ਅੰਗ ੬੭)

{ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥

ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥}

(ਅੰਗ ੬੮)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥}

(ਅੰਗ ੬੮)

{ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥
ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ ॥}

(ਅੰਗ ੮੯)

{ਮਾਇਆ ਮੋਹਿ ਇਹੁ ਜਗੁ ਸੁਤਾ ॥
ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥}

(ਅੰਗ ੧੧੨)

{ਏਕਮ ਏਕੈ ਆਪੁ ਉਪਾਇਆ ॥
ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ ੧੧੩)

{ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥}

(ਅੰਗ ੧੨੨)

{ਮਾਇਆ ਮੋਹੁ ਜਗਤੁ ਸਬਾਇਆ ॥
ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥}

(ਅੰਗ ੧੨੯)

{ਦੂਜੈ ਭਾਇ ਨ ਸੇਵਿਆ ਜਾਇ ॥
ਹਉਮੈ ਮਾਇਆ ਮਹਾ ਬਿਖੁ ਖਾਇ ॥
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥
ਮਨਮੁਖਿ ਅੰਧਾ ਆਵੈ ਜਾਇ ॥੩॥}

(ਅੰਗ ੧੬੧)

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥}

(ਅੰਗ ੨੦੫)

{ਦੂਜੀ ਮਾਇਆ ਜਗਤ ਚਿਤ ਵਾਸੁ ॥
ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥
ਦੂਜਾ ਕਉਨੁ ਕਹਾ ਨਹੀ ਕੋਈ ॥
ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥}

(ਅੰਗ ੨੨੩)

{ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥
ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥}

(ਅੰਗ ੨੩੨)

{ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ ॥
ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ ॥}

(ਅੰਗ ੨੪੭)

{ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥
ਆਪਨ ਮੋਹ ਘਟੇ ਘਟਿ ਦੀਨੇ ॥}

(ਅੰਗ ੨੫੧)

{ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥
ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥
ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥
ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥੨॥}

(ਅੰਗ ੩੦੦-੩੦੧)

{ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥}

(ਅੰਗ ੩੦੩)

ਉਪਰਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਮਾਇਆ ਦਾ ਰੂਪ ਹੀ ਸਮਝਿਆ ਹੈ ਜੋ ਮਾਇਆ ਸਾਡੇ ਅੰਦਰ ਵਰਤਦੀ ਹੈ, ਮਾਇਆ ਮੋਹ ਦੇ ਰੂਪ ਵਿੱਚ ਵਰਤਦੀ ਹੈ ਜਿਸਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਪੂਰੀ ਗੁਰਬਾਣੀ ਵਿੱਚ ਵਾਰ-ਵਾਰ ਮਾਇਆ ਦੀ ਗੱਲ ਆਉਂਦੀ ਹੈ ਤੇ ਮਾਇਆ ਨੂੰ ਸਮਝੇ ਬਿਨ੍ਹਾਂ ਗੁਰਬਾਣੀ ਨੂੰ ਨਹੀਂ ਸਮਝਿਆ ਜਾ ਸਕਦਾ। ਹਰ ਮਨੁੱਖ ਇਸ ਮਾਇਆ ਦੇ ਬੰਧਨ ਵਿੱਚ ਹੈ ਜੋ ਬੰਧਨ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਬੰਧਨ ਦਾ ਮਕਸਦ ਹੀ ਮਨੁੱਖੀ ਵਿਚਾਰਾਂ ਨੂੰ, ਮਨੁੱਖੀ ਸਮਝ ਨੂੰ ਭਰਮਾਂ ਦੇ ਨਾਲ ਬੰਨ ਕੇ ਰੱਖਣ ਦਾ ਹੈ ਜਿਸ ਵਿੱਚੋਂ ਕੋਈ ਵੀ ਆਪਣੇ ਆਪ ਨਹੀਂ ਨਿਕਲ ਸਕਦਾ। ਇਸ ਮਾਇਆ ਦੇ ਬੰਧਨ ਵਿੱਚੋਂ ਨਿਕਲੇ ਬਿਨ੍ਹਾਂ ਨਾ ਕੋਈ ਇਹ ਸਮਝ ਸਕਦਾ ਹੈ ਕਿ ਮਾਇਆ ਕੀ ਹੈ ਭਾਵ ਸਾਡੇ ਅੰਦਰ ਦੀ ਮਾਇਆ ਕੀ ਹੈ ਤੇ ਨਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ "ਉਹ" ਕੀ ਹੈ ਭਾਵ ਪ੍ਰਮਾਤਮਾ ਕੀ ਹੈ। ਪ੍ਰਮਾਤਮਾ ਵੀ ਸਾਡੇ ਅੰਦਰ ਹੀ ਹੈ ਜਿਸਨੂੰ ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲ ਕੇ ਭਾਵ ਮਨ ਦੀ ਅਗਿਆਨਤਾ ਦੇ ਬੰਧਨ ਵਿੱਚੋਂ ਨਿਕਲ ਕੇ ਹੀ ਜਾਣਿਆ ਜਾ ਸਕਦਾ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਮਨ ਦੇ ਮਾਇਆ ਦੇ ਬੰਧਨ ਵਿੱਚੋਂ ਕੱਢੇ ਤੇ ਉਹ ਮਨੁਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੇ ਜੋ ਸਾਡੇ ਅੰਦਰ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ ਤੇ ਉਸਨੇ ਆਪ ਹੀ ਹਰ ਮਨੁੱਖੀ ਮਤਿ ਨੂੰ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਪਾਉਣ ਦੁਆਰਾ ਰੱਖਿਆ ਹੋਇਆ ਹੈ। ਹੁਣ ਅਸੀਂ ਸਮਝ ਸਕਦੇ ਹਾਂ ਕਿ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਕੀ ਸਮਝਾਇਆ ਹੋਇਆ ਹੈ।

"ਬਾਬਾ ਮਾਇਆ ਰਚਨਾ ਧੋਹੁ ॥

ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥"

ਬਾਣੀ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਮਾਇਆ ਮੋਹ ਛੱਡੋ ਤੇ ਨਾਮ ਨਾਲ ਰਚੋ, ਨਾਮ ਨਾਲ ਜੁੜੋ ਪਰ ਹਰ ਕੋਈ ਮਾਇਆ ਦੇ ਨਾਲ ਹੀ ਰਚਿਆ ਹੋਇਆ ਹੈ ਭਾਵ ਮਨ ਦੀ ਨਾ-ਸਮਝ ਮਤਿ ਨਾਲ ਹੀ ਜੁੜਿਆ ਹੋਇਆ ਹੈ ਜਿਸ ਵਿੱਚੋਂ ਨਿਕਲਣ ਦਾ ਮਾਰਗ ਨਾਮ ਹੈ ਭਾਵ ਗੁਰੂ ਦੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ। ਜੋ ਵੀ ਮਨੁੱਖ ਮਾਇਆ ਦੇ ਨਾਲ ਜੁੜਿਆ ਹੋਇਆ ਹੈ, ਮਾਇਆ ਦੇ ਨਾਲ ਰਚਿਆ ਹੋਇਆ ਹੈ ਉਹ ਮਾਇਆ ਦੀ ਠੱਗੀ ਦਾ ਸ਼ਿਕਾਰ ਬਣਿਆ ਹੋਇਆ ਹੈ। ਇਹ ਮਨ ਦੀ ਮਾਇਆ ਸਾਰੇ ਸੰਸਾਰ ਨੂੰ ਠੱਗ ਰਹੀ ਹੈ ਭਾਵ ਸਚੁ ਨੂੰ ਸਮਝਣ ਤੋਂ ਠੱਗ ਰਹੀ ਹੈ, ਸਾਨੂੰ ਧੋਖੇ ਵਿੱਚ ਰੱਖ ਰਹੀ ਹੈ ਕਿ ਇਸ ਸੰਸਾਰ ਦੀ ਅਸਲੀਅਤ ਕੀ ਹੈ, ਸਾਡੀ ਅਸਲੀਅਤ ਕੀ ਹੈ, ਪ੍ਰਮਾਤਮਾ ਦੀ ਅਸਲੀਅਤ ਕੀ ਹੈ ਭਾਵ ਇਸ ਮਾਇਆ ਦਾ ਮਕਸਦ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਸੱਚੁ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ। ਸੱਚੁ ਹੀ ਨਾਮ ਹੈ ਤੇ ਇਸੇ ਲਈ ਮਾਇਆ ਦੀ ਜੁਗਤਿ ਵਿੱਚ ਰਹਿੰਦੇ ਹੋਏ ਅਸੀਂ ਨਾਮ ਨੂੰ ਨਹੀਂ ਸਮਝ ਸਕਦੇ। ਨਾਮ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜਿਸਨੂੰ ਅਸੀਂ ਮਨ ਦੀ ਮਾਇਆ ਵਿੱਚੋਂ ਨਿਕਲੇ ਬਿਨ੍ਹਾਂ ਨਹੀਂ ਸਮਝ ਸਕਦੇ। ਮਨ ਦੀ ਮਾਇਆ ਹੀ ਸਾਡੇ ਅੰਦਰ ਦੀ ਹਉਮੈ ਹੈ ਜਿਸ ਹਉਮੈ ਵਾਲੀ ਸਮਝ ਦੇ ਰਹਿੰਦਿਆਂ ਸਾਡੇ ਅੰਦਰ ਨਾਮ ਨਹੀਂ ਵੱਸ ਸਕਦਾ। ਇਹ ਪ੍ਰਮਾਤਮਾ ਦਾ ਆਪਣਾ ਹੀ ਮਕਸਦ ਹੈ ਜੋ ਉਹ ਮਨ ਦੀ ਮਾਇਆ ਰਾਹੀਂ ਆਪ ਹੀ ਪੂਰਾ ਕਰ ਰਹਿਆ ਹੈ ਜਿਸ ਰਾਹੀਂ ਉਹ ਸੰਸਾਰ ਦੀ ਖੇਡ ਨੂੰ ਚਲਾ ਰਹਿਆ ਹੈ ਜੋ ਕਿ ਕਿਸੇ ਦੀ ਸਮਝ ਵਿੱਚ ਨਹੀਂ ਪੈ ਸਕਦੀ, ਉਸਦੀ ਆਪਣੀ ਮਰਜ਼ੀ ਬਿਨ੍ਹਾਂ ਨਹੀਂ ਪੈ ਸਕਦੀ। ਸਾਡੇ ਅੰਦਰ ਦੀ ਨਾ-ਸਮਝ ਮਤਿ ਹੀ ਸਾਡੇ ਅੰਦਰ ਦੀ ਮੋਹ ਠਗਉਲੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥

ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥

ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥

ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ ੧੩੮-੧੩੯)

{ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥
ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥}

(ਅੰਗ ੬੪੩)

{ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥
ਮੋਹ ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ ॥
ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥
ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥੧॥}

(ਅੰਗ ੧੨੪੯)

{ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥
ਕਉਨੁ ਮਰੈ ਕੋ ਦੇਇ ਸੰਤਾਪੋ ॥੧॥
ਹਰਿ ਠਗ ਜਗ ਕਉ ਠਗਉਰੀ ਲਾਈ ॥
ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥
ਕਉਨ ਕੋ ਪੁਰਖੁ ਕਉਨ ਕੀ ਨਾਰੀ ॥
ਇਆ ਤਤ ਲੇਹੁ ਸਰੀਰ ਬਿਚਾਰੀ ॥੨॥
ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥
ਗਈ ਠਗਉਰੀ ਠਗੁ ਪਹਿਚਾਨਿਆ ॥੩॥}

(ਅੰਗ ੩੩੧)

ਜਿਸ ਅਕਾਲ ਪੁਰਖ ਨੇ ਸਾਰੇ ਸੰਸਾਰ ਦੇ ਅੰਦਰ ਇਹ ਮੋਹ ਠਗਉਰੀ ਪਾਈ ਹੋਈ ਹੈ ਉਹ ਆਪ ਹੀ ਬਾਣੀ ਰਾਹੀਂ ਸਾਨੂੰ ਸਮਝਾ ਰਹਿਆ ਹੈ ਕਿ ਮੈਂ ਆਪ ਹੀ ਠੱਗ ਹਾਂ ਜੋ ਸਭ ਨੂੰ ਮਨ ਦੀ ਸਮਝ ਰਾਹੀਂ ਠੱਗ ਰਹਿਆ ਹਾਂ, ਮਨ ਦੇ ਭਰਮਾਂ ਰਾਹੀਂ, ਮਨ ਦੀ ਅਗਿਆਨਤਾ ਰਾਹੀਂ ਠੱਗੀ ਮਾਰ ਰਹਿਆ ਹਾਂ ਜਿਸ ਠੱਗੀ ਦੇ ਰਹਿੰਦਿਆਂ ਮੈਨੂੰ ਕੋਈ ਵੀ ਨਹੀਂ ਜਾਣ ਸਕਦਾ। ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਹ ਹੀ ਜਾਣ ਸਕਦਾ ਹੈ ਜਿਸ ਦੇ ਅੰਦਰੋਂ ਇਹ ਮੋਹ ਠਗਉਲੀ ਦੂਰ ਹੋ ਜਾਂਦੀ ਹੈ, ਮਨ ਦੀ ਅਗਿਆਨਤਾ ਦੂਰ ਹੋ ਜਾਂਦੀ ਹੈ ਤੇ ਸਾਡੇ ਮਨ ਦੀ ਅਗਿਆਨਤਾ ਉਹ ਹੀ ਕੱਢ ਸਕਦਾ ਹੈ ਜਿਸ ਨੇ ਸਾਡੇ ਅੰਦਰ ਇਹ ਮੋਹ ਠਗਉਲੀ ਪਾਈ ਹੋਈ ਹੈ, ਮਾਇਆ ਦੀ ਜੁਗਤਿ ਪਾਈ ਹੋਈ ਹੈ। ਪ੍ਰਮਾਤਮਾ ਦੇ ਵਿੱਚ ਤੇ ਮਨੁੱਖ ਦੇ ਵਿੱਚ ਇਹ ਪੜਦਾ ਮੋਹ ਠਗਉਲੀ ਦਾ ਹੀ ਹੈ, ਮਨ ਦੀ ਭਰਮਾਂ ਵਾਲੀ ਸਮਝ ਦਾ, ਮਨ ਦੀ ਅਗਿਆਨਤਾ ਦਾ ਹੀ ਹੈ। ਮਨ ਦੀ ਇਹ ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਦੀ ਹਉਮੈ ਹੈ, ਤ੍ਰੈਗੁਣਾਂ ਵਾਲੀ ਸਮਝ ਹੈ, ਮਨਮਤਿ ਹੈ, ਦੁਰਮਤਿ ਹੈ ਜਿਸ ਦੇ ਰਹਿੰਦਿਆਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਜੋ ਸਾਡੇ ਅੰਦਰ ਹੀ ਹੈ, ਹਰ ਵੇਲੇ ਸਾਡੇ ਅੰਦਰ ਹੀ ਹੈ ਜੋ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ ਤੇ ਮਨੁੱਖੀ ਸਮਝ ਨੂੰ ਆਪ ਹੀ ਚਲਾ ਰਹਿਆ ਹੈ ਜਿਸ ਦੀ ਮਨੁੱਖ ਨੂੰ ਆਪਣੇ ਆਪ ਕਦੇ ਸਮਝ ਨਹੀਂ ਲੱਗ ਸਕਦੀ ਕਿਉਂਕਿ ਅਸੀਂ ਜੋ ਕੁੱਝ ਵੀ ਸਮਝਦੇ ਹਾਂ ਆਪਣੀ ਸਮਝ ਦੁਆਰਾ ਹੀ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ

ਹੈ। ਜੇਕਰ ਸਾਡੀ ਮਤਿ ਹੀ ਸਾਨੂੰ ਭਰਮ ਵਿੱਚ ਰੱਖਦੀ ਹੈ ਤੇ ਰੱਖਣਾ ਚਾਹੁੰਦੀ ਹੈ ਫਿਰ ਅਸੀਂ ਕਰ ਵੀ ਕੀ ਸਕਦੇ ਹਾਂ। ਸਾਡੇ ਅੰਦਰ ਦੀ ਸਮਝ ਹੀ ਸਾਨੂੰ ਇਹ ਦੱਸਦੀ ਹੈ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ ਤੇ ਪ੍ਰਮਾਤਮਾ ਪਤਾ ਨਹੀਂ ਕੀ ਹੈ, ਉਹ ਕਿਸ ਰੂਪ ਵਿੱਚ ਹੈ, ਕਿੱਥੇ ਰਹਿੰਦਾ ਹੈ, ਉਸਨੇ ਇਹ ਸੰਸਾਰ ਦੀ ਰਚਨਾ ਕਿਵੇਂ ਕੀਤੀ ਹੈ ਤੇ ਕਿਵੇਂ ਚਲਾ ਰਹਿਆ ਹੈ ਭਾਵ ਸਾਡੀ ਸਮਝ ਹੀ ਸਾਨੂੰ ਭਰਮਾਂ ਵਿੱਚ ਪਾਉਂਦੀ ਹੈ ਜੋ ਸਾਡੇ ਵੱਸ ਨਹੀਂ ਹੈ। ਭਰਮਾਂ ਵਿੱਚ ਪਾਉਣ ਵਾਲਾ ਸਾਨੂੰ ਪ੍ਰਮਾਤਮਾ ਆਪ ਹੀ ਹੈ ਜੋ ਸਾਨੂੰ ਮਨ ਦੀ ਝੂਠੀ ਸਮਝ ਰਾਹੀਂ ਠੱਗ ਰਹਿਆ ਹੈ। ਮਨ ਦੀ ਇਹ ਝੂਠੀ ਸਮਝ ਹੀ ਸਾਡੇ ਅੰਦਰ ਦੀ "**ਕੂੜ ਦੀ ਪਾਲ**" ਹੈ ਭਾਵ ਝੂਠ ਦੀ ਦਿਵਾਰ ਹੈ ਜਿਸ ਦਿਵਾਰ ਦੇ ਟੁੱਟੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਤੇ ਆਪਣੇ ਆਪ ਦੀ, ਸੰਸਾਰ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ। ਇਹ ਕੂੜ ਦੀ ਪਾਲ ਹੀ ਸਾਡੇ ਅੰਦਰ ਦੀ ਹਉਮੈ ਰੂਪ ਦਿਵਾਰ ਹੈ, ਹਉਮੈ ਰੂਪ ਪੜਦਾ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਇਆ ਹੋਇਆ ਹੈ, ਮਨ ਦੇ ਪੜਦੇ ਰਾਹੀਂ ਸਾਡੀ ਸਮਝ ਨੂੰ ਹਨੇਰੇ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਮਨ ਦੇ ਵਿੱਚ ਹੀ ਠੱਗ ਰਹਿਆ ਹੈ ਪਰ ਅਸੀਂ ਉਸਦੀ ਠੱਗੀ ਨੂੰ ਸਮਝ ਨਹੀਂ ਸਕਦੇ। ਇਸ ਮਨ ਦੀ ਠੱਗੀ ਵਿੱਚੋਂ ਜਦ ਤੱਕ ਪ੍ਰਮਾਤਮਾ ਕਿਸੇ ਨੂੰ ਕੱਢਦਾ ਨਹੀਂ ਤਦ ਤੱਕ ਕੋਈ ਪ੍ਰਮਾਤਮਾ ਨੂੰ, ਇਸ ਠੱਗੀ ਦੇ ਪਾਉਣ ਵਾਲੇ ਨੂੰ ਕੋਈ ਸਮਝ ਨਹੀਂ ਸਕਦਾ ਜੋ ਹਰ ਵੇਲੇ ਸਾਡੇ ਅੰਦਰ ਹੀ ਵਿਚਰ ਰਹਿਆ ਹੈ, ਮਨ ਦੇ ਵਿਚ ਠੱਗੀ ਰਾਹੀਂ ਵਿਚਰ ਰਹਿਆ ਹੈ, ਮੋਹ ਠਗਉਲੀ ਰਾਹੀਂ ਵਿਚਰ ਰਹਿਆ ਹੈ। ਮਨ ਦੀ ਇਹ ਅਗਿਆਨਤਾ ਰੂਪ ਠੱਗੀ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਜਾਂਦੀ ਹੈ ਤੇ ਜਿਸ ਨੂੰ ਪ੍ਰਮਾਤਮਾ ਮਨ ਦੀ ਇਸ ਠੱਗੀ ਤੋਂ, ਮਨ ਦੀ ਮਾਇਆ ਤੋਂ ਮੁਕਤ ਕਰਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਕਰਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਬਖਸ਼ਣ ਦੁਆਰਾ ਹੀ ਕਰਦਾ ਹੈ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਹੀ, ਬ੍ਰਹਮ ਗਿਆਨ ਬਖਸ਼ਣ ਦੁਆਰਾ ਹੀ ਕਰਦਾ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ "ਰਹਾਉ" ਵਾਲੀਆਂ ਪੰਗਤੀਆਂ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ। (**ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥**) । "**ਨਾ ਤਿਸੁ ਏਹ ਨ ਓਹੁ**" ਤੋਂ ਕੀ ਭਾਵ ਹੈ, ਇਸ ਗੱਲ ਨੂੰ ਧਿਆਨ ਨਾਮ ਸਮਝਣ ਦੀ ਲੋੜ ਹੈ। ਇਸ ਤੋਂ ਪਹਿਲੀ ਪੰਗਤੀ ਰਾਹੀਂ ਸਾਨੂੰ "ਮਾਇਆ" ਕੀ ਹੈ, ਇਹ ਗੱਲ ਸਮਝਾਈ ਹੋਈ ਹੈ ਤੇ ਉਪਰਲੀ ਪੰਗਤੀ ਰਾਹੀਂ "ਇਹ" ਤੇ "ਉਹ" ਕਹਿ ਕੇ ਸਮਝਾਇਆ ਹੋਇਆ ਹੈ। "**ਇਹ**" ਤੋਂ ਭਾਵ ਹੈ "**ਮਾਇਆ**" ਭਾਵ "**ਮਨ ਦੀ ਮਾਇਆ**", ਮਾਇਆ ਦਾ ਧੋਹ ਭਾਵ ਮਾਇਆ ਦੀ ਠੱਗੀ। "**ਉਹ**" ਤੋਂ ਭਾਵ ਹੈ "**ਪ੍ਰਮਾਤਮਾ**"। ਜਦ ਤੱਕ ਸਾਨੂੰ ਆਪਣੇ ਅੰਦਰ ਦੀ ਮਾਇਆ ਦੀ ਸਮਝ ਨਹੀਂ ਪੈਂਦੀ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਵੀ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਅਸਲ ਵਿੱਚ ਮਨ ਦੀ ਮਾਇਆ ਦੇ ਰੂਪ ਵਿੱਚ ਵੀ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਮਨੁੱਖ ਹੀ ਆਪਣੇ ਅੰਦਰ ਦੀ ਮਾਇਆ ਨੂੰ ਸਮਝ ਸਕਦਾ ਹੈ, ਆਪਣੇ ਅੰਦਰ ਦੀ "**ਹਉਮੈ**" ਨੂੰ, ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਸਮਝ ਸਕਦਾ ਹੈ, ਮਨ ਦੇ ਪੜਦੇ ਨੂੰ ਸਮਝ ਸਕਦਾ ਹੈ, ਮਨ ਦੀ ਅਗਿਆਨਤਾ ਕੀ ਹੈ, ਇਸ ਗੱਲ ਨੂੰ ਸਮਝ ਸਕਦਾ ਹੈ। ਆਪਣੇ ਅੰਦਰ ਦੀ ਮਾਇਆ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਵੀ ਉਹ ਆਪ ਹੀ ਹੈ ਤੇ ਚੌਥੇ ਪਦ ਵਿੱਚ ਵੀ ਉਹ ਆਪ ਹੀ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਇਹ ਸੋਝੀ ਪਾਉਂਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਹੀ ਪਾਉਂਦਾ ਹੈ ਭਾਵ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਪਾਉਂਦਾ ਹੈ। ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਜਿਸ ਨੂੰ ਵੀ ਨਾਮ ਵਿਸਰਿਆ ਹੋਇਆ ਹੈ ਉਸਨੂੰ ਪ੍ਰਮਾਤਮਾ ਵਿਸਰਿਆ ਹੋਇਆ ਹੈ, ਗੁਰੂ ਦਾ ਸੱਚਾ ਗਿਆਨ ਵਿਸਰਿਆ ਹੋਇਆ ਹੈ ਭਾਵ ਉਹ ਮਨ ਦੀ ਮਾਇਆ ਵਿੱਚ ਹੀ ਹੈ, ਮਨ ਦੀ ਠੱਗੀ ਵਿੱਚ ਹੀ ਹੈ। ਮਾਇਆ ਦੀ ਇਸ ਠੱਗੀ ਵਿੱਚੋਂ ਕੇਵਲ ਸਾਨੂੰ "**ਨਾਮ**" ਹੀ ਕੱਢ ਸਕਦਾ ਹੈ, ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਜਿਸ ਦੁਆਰਾ ਸਾਨੂੰ ਇਹ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਮਾਇਆ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। (**ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥**)

ਮਾਇਆ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ "**ਮਾਇਆ**" ਸਾਨੂੰ ਭਾਵ "**ਮਨ ਦੀ ਨਾਸਮਝ ਮਤਿ**" ਸਾਨੂੰ ਭਗਤੀ ਦੇ ਸੱਚੇ ਮਾਰਗ ਤੋਂ ਕਿਸ ਤਰੀਕੇ ਦੂਰ ਰੱਖਦੀ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਕਿਸ ਤਰੀਕੇ ਦੂਰ ਰੱਖਦੀ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"**ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥**
ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥
ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥"

ਸਾਡਾ "ਜੀਵਣ ਮਰਨ" ਕੀ ਹੈ ਜਦ ਤੱਕ ਅਸੀਂ ਇਸ ਗੱਲ ਨੂੰ ਆਪਣੇ ਅੰਦਰ ਦ੍ਰਿੜ ਨਹੀਂ ਕਰਦੇ ਤਦ ਤੱਕ ਅਸੀਂ ਬਾਣੀ ਵਿੱਚ ਸਮਝਾਏ ਹੋਏ ਸ਼ਬਦਾਂ ਦੇ ਮੂਲ ਭਾਵ ਨੂੰ ਨਹੀਂ ਸਮਝ ਸਕਦੇ। ਸਾਡਾ "ਜੀਵਨ ਮਰਨ" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਆਪਣੇ ਮਨੁੱਖੀ ਸਰੀਰ ਦੇ ਜਨਮ ਮਰਨ ਨੂੰ ਹੀ ਆਪਣਾ ਜੀਵਨ ਮਰਨ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ ਕਿਉਂਕਿ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਭਾਵ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ, ਆਪਣੀ ਵੱਖਰੀ ਹੋਂਦ ਸਮਝਦੇ ਹਾਂ ਤੇ ਇਸੇ ਲਈ ਮਨੁੱਖੀ ਦੇਹ ਦੇ ਜਨਮ ਮਰਨ ਨੂੰ ਹੀ ਆਪਣਾ ਜਨਮ ਮਰਨ ਸਮਝਦੇ ਹਾਂ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਮਨ ਦੀ ਮਾਇਆ ਭਾਵ ਸਾਡੀ ਹਉਮੈ ਵਾਲੀ ਸਮਝ, ਸਾਡੀ ਅਗਿਆਨਤਾ ਵਾਲੀ ਸਮਝ, ਸਾਡੀ ਤ੍ਰੈਗੁਣਾਂ ਵਾਲੀ ਸਮਝ ਸਾਨੂੰ ਇਹ ਗੱਲ ਮੰਨਣ ਨਹੀਂ ਦਿੰਦੀ ਜਿਸ ਤਰੀਕੇ ਇਹ ਮਨ ਦੀ ਮਾਇਆ ਸਾਨੂੰ ਠੱਗਦੀ ਹੈ ਭਾਵ ਭਰਮ ਵਿੱਚ ਰੱਖਦੀ ਹੈ। ਅਸਲ ਵਿੱਚ ਸਾਡਾ "**ਜੀਵਨ ਮਰਨ**" ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ ਜੋ ਸਾਨੂੰ ਭਰਮ ਵਿੱਚ ਪਾਉਂਦੇ ਹਨ ਕਿ ਅਸੀਂ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਤੋਂ ਵੱਖਰਾ ਰੂਪ ਹਾਂ। ਭਰਮ ਵਾਲੇ ਵਿਚਾਰ ਸਾਡੇ ਅੰਦਰ ਆਉਂਦੇ ਜਾਂਦੇ ਰਹਿੰਦੇ ਹਨ ਜੋ ਸਾਨੂੰ ਜੀਵਨ ਮਰਨ ਸਮਝਾਉਂਦੇ ਹਨ ਭਾਵ ਇਹ ਭਰਮ ਵਾਲੇ ਵਿਚਾਰ ਹੀ ਸਾਡਾ ਜੀਵਨ ਮਰਨ ਹਨ। ਸਾਡੇ ਅੰਦਰ ਵਿਚਾਰ ਪਾਉਣ ਵਾਲਾ ਆਪ ਪ੍ਰਮਾਤਮਾ ਹੈ ਤੇ ਮਨ ਦੇ ਇਹ ਭਰਮ ਵਾਲੇ ਵਿਚਾਰ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਹ ਭਰਮ ਵਾਲੇ ਵਿਚਾਰ ਹੀ ਸਾਡੇ ਅੰਦਰ ਦੀ ਮਾਇਆ ਹੈ ਜਿਸ ਮਾਇਆ ਨੂੰ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਪੈਦਾ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਪੈਦਾ ਕਰਦਾ ਹੈ। ਸਾਡੇ ਅੰਦਰ ਦੇ ਇਹ ਅਗਿਆਨਤਾ ਵਾਲੇ ਵਿਚਾਰ, ਮਾਇਆ ਮੋਹ ਵਾਲੇ ਵਿਚਾਰ ਹੀ ਸਾਨੂੰ ਮਨ ਦੀਆਂ ਇੱਛਾਵਾਂ ਦੇ ਨਾਲ ਜੋੜ ਕੇ ਰੱਖਦੇ ਹਨ, ਤ੍ਰਿਸ਼ਨਾਵਾਂ ਵਿੱਚ ਪਾ ਕੇ ਰੱਖਦੇ ਹਨ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਔਗੁਣ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ। ਮਨ ਦੇ ਇਹ ਮਾੜੇ ਵਿਚਾਰ ਹੀ ਸਾਡੀ ਆਤਮਿਕ ਮੌਤ ਦਾ ਕਾਰਨ ਹਨ ਜੋ ਸਾਡੇ ਚੰਗੇ ਜੀਵਨ ਨੂੰ ਖਾਂਦੇ ਰਹਿੰਦੇ ਹਨ ਭਾਵ ਸਾਨੂੰ ਗੁਰੂ ਦੀ ਸੱਚੀ ਸਮਝ ਨਾਲ ਜੁੜਨ ਤੋਂ ਦੂਰ ਰੱਖਦੇ ਹਨ। ਇਸੇ ਲਈ ਇਨ੍ਹਾਂ ਮਾੜੇ ਵਿਚਾਰਾਂ ਨੂੰ ਸਾਡਾ "**ਕਾਲਿ**" ਦੱਸਿਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ। ਸਾਡੇ ਮਨ ਨੂੰ, ਆਤਮਾ ਨੂੰ ਮਾਰਨ ਵਾਲੀ ਮਨ ਦੀ ਅਗਿਆਨਤਾ ਹੈ। ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਮਨ ਦੀ ਇਸ ਅਵੱਸਥਾ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੀ ਇਸ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ, ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ

ਹੈ । "**ਗਿਆਨ**" ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਨਾਮ ਰੂਪ ਹੈ ਤੇ ਜਦ ਤੱਕ ਉਹ ਆਪ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਕੋਈ ਵੀ ਮਨ ਦੇ ਕਾਲਿ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦਾ, ਆਪਣੀ ਆਤਮਿਕ ਮੌਤ ਵਿੱਚੋਂ ਨਹੀਂ ਨਿਕਲ ਸਕਦਾ ਜੋ ਮੌਤ ਮਨ ਦੇ ਵਿੱਚ ਮਨੁੱਖ ਨੂੰ ਹਰ ਵੇਲੇ ਖਾਂਦੀ ਰਹਿੰਦੀ ਹੈ, ਮਨ ਦੇ ਭਰਮਾਂ ਵਾਲੇ ਵਿਚਾਰਾਂ ਰਾਹੀਂ ਖਾਂਦੀ ਰਹਿੰਦੀ ਹੈ। (**ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥**) ਜਿਸ ਜਗ੍ਹਾ ਤੇ ਪ੍ਰਮਾਤਮਾ ਨੇ ਸਭ ਦੇ ਅੰਦਰ ਇਹ ਜੀਵਨ ਮਰਨ ਪੈਦਾ ਕੀਤਾ ਹੋਇਆ ਹੈ ਭਾਵ ਮਨ ਦੀ ਸਮਝ ਦੇ ਵਿੱਚ ਪੈਦਾ ਕੀਤਾ ਹੋਇਆ ਹੈ, ਉਸੇ ਜਗ੍ਹਾ ਤੇ ਹੀ ਭਾਵ ਮਨ ਦੇ ਵਿੱਚ ਹੀ ਇਹ ਅਗਿਆਨਤਾ ਰੂਪ ਕਾਲ ਸਾਡੇ ਜੀਵਨ ਨੂੰ ਖਾਂਦਾ ਹੈ ਭਾਵ ਸਾਨੂੰ ਆਤਮਿਕ ਮੌਤ ਮਾਰਦਾ ਹੈ। ਸਾਡੇ ਅੰਦਰ ਦਾ ਕਾਲ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਹੋਰ ਵੀ ਬਰੀਕੀ ਨਾਲ ਸਮਝਾਇਆ ਹੋਇਆ ਹੈ।

ਜਦ ਤੱਕ ਸਾਡੇ ਅੰਦਰ ਦਾ ਕਾਲਿ ਸਾਡੀ ਸਮਝ ਨੂੰ ਖਾਂਦਾ ਰਹਿੰਦਾ ਹੈ ਇਹ ਸਾਨੂੰ ਮਾਇਆ ਮੋਹ ਵਿੱਚ ਰੱਖਦਾ ਹੈ ਜੋ ਸਾਡੇ ਜੀਵਨ ਦੇ ਅਸਲ ਮਕਸਦ ਨੂੰ ਖਾ ਜਾਂਦਾ ਹੈ ਜੋ ਮਕਸਦ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਲਈ ਉਸ ਦੀ ਭਗਤੀ ਜਰੂਰੀ ਹੈ, ਸੱਚ ਤੇ ਚੱਲਣਾ ਜਰੂਰੀ ਹੈ। ਮਨ ਦੀ ਅਗਿਆਨਤਾ ਰੂਪ ਸਮਝ ਦੇ ਵਿੱਚ ਰਹਿੰਦਿਆਂ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਨੂੰ, ਨਾਮ ਜਪਣ ਦੇ ਮਾਰਗ ਨੂੰ ਨਹੀਂ ਸਮਝ ਸਕਦੇ। ਭਗਤੀ ਦੀ ਸੱਚੀ ਸਮਝ ਦਾ ਮਕਸਦ ਹੀ ਇਸ ਅਗਿਆਨਤਾ ਰੂਪ ਕਾਲਿ ਨੂੰ ਆਪਣੇ ਅੰਦਰੋਂ ਖਤਮ ਕਰਨ ਦਾ ਹੈ, ਇਸ ਵਿੱਚੋਂ ਨਿਕਲਣ ਦਾ ਹੈ ਜੋ ਮਾਰਗ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦਾ ਹੈ ਜਿਸ ਦੁਆਰਾ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ ਭਾਵ ਸੱਚਾ ਉੱਦਮ ਕਰ ਸਕਦੇ ਹਾਂ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ ਤੇ ਆਪਣੇ ਅੰਦਰ ਦੇ ਕਾਲ ਨੂੰ ਖਾਇਆ ਜਾ ਸਕਦਾ ਹੈ ਭਾਵ ਉਸ ਤੋਂ ਬਚਿਆ ਜਾ ਸਕਦਾ ਹੈ ਤੇ ਮਨੁੱਖ ਨੂੰ ਇਹ ਸਮਝ ਪੈ ਸਕਦੀ ਹੈ ਕਿ ਮਨੁੱਖਾ ਆਵਾ ਗਉਣ ਕੇਵਲ ਝੂਠ ਹੀ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਅਸੀਂ ਮਨ ਦੇ ਕਾਲਿ ਵਿੱਚੋਂ ਕਿਵੇਂ ਨਿਕਲਣਾ ਹੈ, ਮਨ ਦੀ ਅਗਿਆਨਤਾ ਵਾਲੀ ਝੂਠੀ ਸਮਝ ਵਿੱਚੋਂ ਕਿਵੇਂ ਨਿਕਲਣਾ ਹੈ, ਮਨ ਦੀ ਸੱਚੀ ਸਮਝ ਰਾਹੀਂ ਸੱਚੀ ਭਗਤੀ ਦੇ ਮਾਰਗ ਨਾਲ ਕਿਵੇਂ ਜੁੜਨਾ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਇਹ ਵੀ ਸਮਝਾਇਆ ਹੋਇਆ ਹੈ ਕਿ ਸੱਚੀ ਭਗਤੀ ਨਾਲ ਜੁੜੇ ਬਿਨ੍ਹਾਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨ੍ਹਾਂ ਸਾਨੂੰ ਪ੍ਰਾਪਤੀ ਕਿਹੋ ਜਿਹੀ ਹੁੰਦੀ ਹੈ।

"ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥
ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥"

ਸਭ ਨੂੰ ਮਨ ਦੀ ਮਾਇਆ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੈ ਜਿਸ ਰਾਹੀਂ ਉਸਨੇ ਸਾਰੀ ਮਨੁੱਖਤਾ ਤੋਂ ਆਪਣਾ ਪੜਦਾ ਬਣਾਇਆ ਹੋਇਆ ਹੈ, ਮਨ ਦੀ ਅਗਿਆਨਤਾ ਰਾਹੀਂ ਬਣਾਇਆ ਹੋਇਆ ਹੈ। ਅਗਿਆਨਤਾ ਦੇ ਇਸ ਪੜਦੇ ਵਿੱਚੋਂ ਕੱਢਣ ਦਾ ਭਾਵ ਆਪਣਾ ਆਪ ਸਮਝਾਉਣ ਦਾ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਕਿਵੇਂ ਜਾਣਿਆ ਜਾ ਸਕਦਾ ਹੈ, ਆਪਣੇ ਅੰਦਰੋਂ ਉਸ ਨੂੰ ਕਿਵੇਂ ਬੁੱਝਿਆ ਜਾ ਸਕਦਾ ਹੈ, ਇਸ ਦਾ ਉਪਰਾਲਾ ਵੀ ਪ੍ਰਮਾਤਮਾ ਨੇ ਆਪ ਹੀ ਕੀਤਾ ਹੋਇਆ ਹੈ। ਪ੍ਰਮਾਤਮਾ ਨੇ ਇਹ ਉਪਰਾਲਾ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਕੀਤਾ ਹੋਇਆ ਹੈ। ਸਾਰੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਵਾਲਾ ਉਹ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਸ ਤਰੀਕੇ ਗੁਰਬਾਣੀ ਪ੍ਰਮਾਤਮਾ ਦੇ ਦਰ ਤੋਂ ਆਈ ਹੈ, ਇਸੇ ਤਰ੍ਹਾਂ ਹਰ ਸੱਚਾ ਧਰਮ ਗ੍ਰੰਥ ਵੀ ਉਸਦੇ ਦਰ ਤੋਂ ਹੀ ਆਇਆ ਹੈ ਜੋ ਉਸਦਾ ਦਰ ਸਾਡੇ ਅੰਦਰ ਹੀ ਹੈ, ਸਾਡਾ ਮਨ ਹੀ ਹੈ ਜਿੱਥੇ ਪ੍ਰਮਾਤਮਾ ਦਾ ਸਭ ਦੇ ਅੰਦਰ ਆਪਣਾ ਠਿਕਾਣਾ ਹੈ। ਪ੍ਰਮਾਤਮਾ ਦੇ ਮਨ ਰੂਪ ਟਿਕਾਣੇ ਤੋਂ ਹੀ ਮਨੁੱਖ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਪ੍ਰਮਾਤਮਾ ਸਭ ਜਗ੍ਹਾ ਬਿਰਾਜਿਆ ਹੋਇਆ ਹੈ, ਆਪਣੇ ਨਿਰੰਕਾਰ ਰੂਪ ਵਿੱਚ, ਗਿਆਨ ਰੂਪ ਵਿੱਚ, ਜੋਤਿ ਰੂਪ ਵਿੱਚ ਸਭ ਜਗ੍ਹਾ ਵੱਸਿਆ ਹੋਇਆ ਹੈ। ਸਾਡੇ ਅੰਦਰ ਵੀ ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਦੀ ਜੋਤਿ ਹੈ ਭਾਵ ਮਨ ਹੈ ਜਿੱਥੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਜਿਸ ਤਰੀਕੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਜੋ ਕੁੱਝ ਵੀ ਬਾਣੀ ਵਿੱਚ ਲਿਖਿਆ ਹੋਇਆ ਹੈ ਉਹ ਸਭ ਕੁੱਝ ਪ੍ਰਮਾਤਮਾ ਨੇ ਆਪ ਹੀ ਲਿਖਾਇਆ ਹੈ ਭਾਵ ਗੁਰਬਾਣੀ ਦੀ ਰਚਨਾ ਉਸ ਨੇ ਆਪ ਹੀ ਕਰਵਾਈ ਹੈ, ਪੂਰੀ ਗੁਰਬਾਣੀ ਉਸ ਦੇ ਦਰ ਤੋਂ ਹੀ ਆਈ ਹੈ। ਇਸ ਗੱਲ ਨੂੰ ਕੇਵਲ ਉਹ ਹੀ ਸਮਝ ਸਕਦਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪਰਗਟ ਕਰ ਦੇਂਦਾ ਹੈ ਤੇ ਸਮਝ ਲੱਗ ਜਾਂਦੀ

ਹੈ ਕਿ ਗਿਆਨ ਦਾ ਮਾਲਕ, ਹਰ ਗਿਆਨ ਦਾ ਇੱਕੋ ਇੱਕ ਸਰੋਤ ਉਹ ਪ੍ਰਮਾਤਮਾ ਆਪ ਹੀ ਹੈ। ਮਨੁੱਖੀ ਸਮਝ ਦੇ ਅੰਦਰ ਜੋ ਵੀ ਗਿਆਨ ਉਪਜਦਾ ਹੈ ਉਸਦਾ ਸਰੋਤ ਕੇਵਲ ਪ੍ਰਮਾਤਮਾ ਆਪ ਹੀ ਹੈ ਭਾਵ ਮਨੁੱਖੀ ਮਤਿ ਨੂੰ ਭਰਮਾਂ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੀ ਹੈ ਤੇ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਜਿਸ ਤਰੀਕੇ ਗੁਰਬਾਣੀ ਦੀ ਰਚਨਾ ਹੋਈ ਹੈ ਇਸੇ ਤਰੀਕੇ ਹੋਰ ਸੱਚੇ ਧਰਮ ਗ੍ਰੰਥ ਵੀ ਪ੍ਰਮਾਤਮਾ ਦੇ ਦਰ ਤੋਂ ਹੀ ਆਏ ਹਨ ਭਾਵੇ ਉਨ੍ਹਾਂ ਧਰਮ ਗ੍ਰੰਥਾਂ ਦੇ ਰਚਨ ਵਾਲੇ ਸਰੀਰਾਂ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕੀ ਕਿ ਮੇਰੇ ਅੰਦਰ ਇਹ ਇਤਨਾ ਉੱਚਾ ਗਿਆਨ ਕਿੱਥੋਂ ਆ ਰਹਿਆ ਹੈ ਜਿਸ ਕਰਕੇ ਉਨ੍ਹਾਂ ਨੇ ਧਰਮ ਗ੍ਰੰਥਾਂ ਦੇ ਗਿਆਨ ਨੂੰ ਆਪਣਾ ਗਿਆਨ ਹੀ ਸਮਝਿਆ ਜਿਸ ਕਰਕੇ ਉਨ੍ਹਾਂ ਨੂੰ ਤ੍ਰੈਗੁਣਾਂ ਵਿੱਚ ਹੀ ਦੱਸਿਆ ਹੈ ਭਾਵ ਪ੍ਰਮਾਤਮਾ ਨੇ ਉਨ੍ਹਾਂ ਦੇ ਮਨ ਦੇ ਵਿੱਚ ਆਪਣਾ ਪੜਦਾ ਨਹੀਂ ਖੋਲਿਆ, ਆਪਣੇ ਆਪ ਨੂੰ ਪਰਗਟ ਨਹੀਂ ਕੀਤਾ ਪਰ ਧਰਮ ਗ੍ਰੰਥਾਂ ਰਾਹੀਂ ਗਿਆਨ ਸੱਚਾ ਹੀ ਦਿੱਤਾ ਹੈ, ਧਰਮ ਦਾ ਮਾਰਗ ਸੱਚਾ ਹੀ ਸਮਝਾਇਆ ਹੈ, ਨਾਮ ਹੀ ਸਮਝਾਇਆ ਹੈ ਜਿਸ ਧਰਮ ਦੇ ਮਾਰਗ ਤੇ ਚੱਲਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਮਨ ਦੇ ਵਿੱਚ ਭਰਮਾਂ ਦੇ ਰਹਿੰਦੇ ਹੋਏ ਸਾਨੂੰ ਸੱਚੇ ਗਿਆਨ ਦੀ ਸਮਝ ਹੀ ਨਹੀਂ ਪੈਂਦੀ ਭਾਵ ਸੱਚੇ ਗਿਆਨ ਦੀ ਪਰਖ ਹੀ ਨਹੀਂ ਹੁੰਦੀ ਜਿਸ ਕਰਕੇ ਅਸੀਂ ਭਰਮਾਂ ਵਾਲੇ ਵਿਚਾਰਾਂ ਵਿੱਚ ਹੀ ਧਰਮ ਦਾ ਮਾਰਗ ਸਮਝਦੇ ਹਾਂ ਜੋ ਅਸਲ ਵਿੱਚ ਧਰਮ ਦਾ ਮਾਰਗ ਹੁੰਦਾ ਹੀ ਨਹੀਂ ਤੇ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਹੀ ਨਾਮ ਸਮਝਦੇ ਹਾਂ ਤੇ ਅਸੀਂ ਅਨੇਕਾਂ ਹੀ ਆਪਣੀ ਆਪਣੀ ਆਸਥਾ ਅਨੁਸਾਰ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿਨ੍ਹਾਂ ਨੂੰ ਵਾਰ-ਵਾਰ ਬਾਣੀ ਰਾਹੀਂ ਸਾਡੇ ਭਰਮ ਦੱਸਿਆ ਹੈ ਤੇ ਭਰਮਾਂ ਵਿੱਚ ਪਾਉਣ ਵਾਲਾ ਵੀ ਪਰਮਾਤਮਾ ਨੂੰ ਹੀ ਦੱਸਿਆ ਹੈ। ਅਸਲ ਵਿੱਚ ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਇੱਕ ਖੇਡ ਹੈ ਜਿਸਨੂੰ ਉਹ ਆਪਣੀ ਰਜ਼ਾ ਅਨੁਸਾਰ, ਆਪਣੀ ਮੌਜ ਦੇ ਅਨੁਸਾਰ ਚਲਾ ਰਹਿਆ ਹੈ ਜਿਸਨੂੰ ਸਮਝਣਾ ਉਸਨੇ ਮਨੁੱਖੀ ਸਮਰੱਥਾ ਤੋਂ ਬਾਹਰ ਰੱਖਿਆ ਹੋਇਆ ਹੈ। ਅਸੀਂ ਭਾਵੇਂ ਜਿਹੜੇ ਮਰਜੀ ਧਰਮ ਗ੍ਰੰਥ ਨਾਲ ਜੁੜ ਜਾਈਏ ਪਰ ਭਰਮ ਉਸੇ ਦਾ ਹੀ ਨਿਕਲੇਗਾ ਜਿਸ ਦਾ ਭਰਮ ਪ੍ਰਮਾਤਮਾ ਆਪ ਕੱਢਣਾ ਚਾਹੇਗਾ। ਭਰਮਾਂ ਵਿੱਚੋਂ ਨਿਕਲਣ ਦਾ ਉੱਦਮ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਹੀ ਲਾਇਆ ਹੋਇਆ ਹੈ। ਹਰ ਧਰਮ ਗ੍ਰੰਥ ਦਾ ਮਕਸਦ ਮਨੁੱਖੀ ਸਮਝ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਸੱਚੀ ਭਗਤੀ ਦਾ ਮਾਰਗ ਸਮਝਾਉਣ ਦੇ ਨਾਲ ਹੀ ਹੈ। ਇਸ ਗੱਲ ਨੂੰ ਸਮਝੇ ਬਿਨ੍ਹਾਂ ਅਸੀਂ ਮੁੱਖ ਸ਼ਬਦ ਦੀਆਂ ਉੱਪਰ ਵਾਲੀਆਂ ਪੰਗਤੀਆਂ ਨੂੰ ਨਹੀਂ ਸਮਝ ਸਕਦੇ। ਹਰ ਧਰਮ ਗ੍ਰੰਥਾਂ ਦੀ ਰਚਨਾ ਕਿਵੇਂ ਹੋਈ ਹੈ ਇਸ ਗੱਲ ਨੂੰ ਗੁਰਬਾਣੀ ਰਾਹੀਂ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}

(ਅੰਗ ੧੩੫੦)

{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ ੯੧੯)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ ੮੩੧)

{ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ ॥
ਕੀਨੇ ਰਾਮ ਨਾਮ ਇਕ ਆਖ੍ਰਰ ॥}

(ਅੰਗ ੨੬੨)

{ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥}

(ਅੰਗ ੮੭੪)

{ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥}

(ਅੰਗ ੪੨੩)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥
ਅੰਤਰਿ ਤਾਮਸੁ ਆਪੁ ਨ ਪਛਾਣੈ ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ ੨੩੧)

ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋਗੇ ਤੇ ਸਮਝ ਲੱਗ ਜਾਂਦੀ ਹੈ ਕਿ ਬ੍ਰਹਮਾ ਨੂੰ ਵੇਦਾਂ ਦੀ ਸਮਝ ਕਿਸਨੇ ਪਾਈ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਪਾਈ ਹੈ ਪਰ ਬ੍ਰਹਮਾ ਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਮੇਰੇ ਅੰਦਰ ਇਹ ਗਿਆਨ ਕਿੱਥੋਂ ਆਇਆ ਹੈ ਜਿਸ ਕਰਕੇ ਉਸਨੇ ਆਪਣੇ ਆਪ ਨੂੰ ਹੀ ਵੇਦਾਂ ਦੇ ਰਚਨ ਵਾਲਾ ਆਖਿਆ, ਆਪਣੇ ਆਪ ਨੂੰ ਹੀ ਵੱਡਾ ਅਖਵਾਇਆ, ਧਰਮ ਦਾ ਗੁਰੂ ਅਖਵਾਇਆ। ਇਸੇ ਕਰਕੇ ਉਸਦਾ ਪ੍ਰਮਾਤਮਾ ਦੇ ਨਾਲ ਵਾਦ ਭਾਵ ਝਗੜਾ ਖਤਮ ਨਹੀਂ ਹੋਇਆ, ਵਿਰੋਧ ਖਤਮ ਨਹੀਂ ਹੋਇਆ।ਇਹ ਵਿਰੋਧ ਅਸਲ ਵਿੱਚ ਹਉਮੈ ਦਾ ਨਾਮ ਦੇ ਨਾਲ ਹੈ ਭਾਵ ਮਨੁੱਖੀ ਨਾ-ਸਮਝ ਮਤਿ ਦਾ ਝਗੜਾ ਪ੍ਰਮਾਤਮਾ ਦੀ ਸੱਚੀ ਮਤਿ ਦੇ ਨਾਲ, ਗੁਰੂ ਦੀ ਸੱਚੀ ਮਤਿ ਦੇ ਨਾਲ ਹੈ, ਤ੍ਰੈਗੁਣਾਂ ਵਾਲੀ ਸਮਝ ਦਾ ਝਗੜਾ ਚਉਥੇ ਪਦ ਵਾਲੇ ਗਿਆਨ ਦੀ ਸਮਝ ਦੇ ਨਾਲ ਹੈ ਭਾਵ ਜਦ ਤੱਕ ਮਨੁੱਖ ਆਪਣੀ ਅੰਦਰ ਦੀ ਸਮਝ ਨੂੰ ਆਪਣੀ ਸਮਝ ਆਖਦਾ ਹੈ, ਸਮਝਦਾ ਤੇ ਸਮਝ ਦੇ ਮਾਲਕ ਨੂੰ ਨਹੀਂ ਜਾਣਦਾ ਤਦ ਤੱਕ ਇਹ ਵਿਵਾਦ ਖਤਮ ਨਹੀਂ ਹੋ ਸਕਦਾ। ਝਗੜਾ ਤੂੰ ਤੇ ਮੈਂ ਦਾ ਹੀ ਹੈ। ਆਪਣੇ ਆਪ ਨੂੰ "**ਮੈਂ**" ਸਮਝਣਾ ਭਾਵ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਇਹ ਪ੍ਰਮਾਤਮਾ ਦੇ ਨਾਲ "**ਝਗੜਾ**" ਹੈ। ਅਸਲ ਵਿੱਚ ਇਹ "**ਝਗੜਾ**" ਕਿਸੇ ਹੋਰ ਦੀ ਚੀਜ ਨੂੰ ਆਪਣੀ ਚੀਜ ਸਮਝਣ ਦਾ ਹੈ ਭਾਵ ਇਸ ਸਰੀਰ ਦਾ ਮਾਲਕ ਅਸਲ ਵਿੱਚ ਪ੍ਰਮਾਤਮਾ ਆਪ ਹੈ ਜਿਸਨੂੰ ਆਪਣਾ ਸਰੀਰ ਸਮਝਣਾ ਜਾਂ ਕਹਿਣਾ ਪ੍ਰਮਾਤਮਾ ਦੇ ਨਾਲ ਝਗੜਾ ਹੈ। ਸਾਡੇ ਮਨ ਦੀ ਸਮਝ ਸਾਡੀ ਨਹੀਂ ਹੈ ਬਲਕਿ ਪ੍ਰਮਾਤਮਾ ਦੀ ਹੈ ਪਰ ਮਨ ਦੀ ਸਮਝ ਨੂੰ, ਮਨ ਦੇ ਗਿਆਨ ਨੂੰ ਆਪਣਾ ਗਿਆਨ ਕਹਿਣਾ ਭਾਵ ਬੇਗਾਨੀ ਵਸਤੂ ਨੂੰ ਆਪਣੀ ਵਸਤੂ ਕਹਿਣਾ ਪ੍ਰਮਾਤਮਾ ਦੇ ਨਾਲ ਝਗੜਾ ਹੈ ਜੋ ਝਗੜਾ ਸਭ ਦੇ ਅੰਦਰ ਚੱਲ ਰਹਿਆ ਹੈ। ਇਹ ਝਗੜਾ ਤਾਂ ਹੀ ਮੁਕਦਾ ਹੈ ਜਦੋਂ ਮਨੁੱਖ ਆਪਣੇ ਅੰਦਰੋਂ ਇਸ ਮਨ ਦੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ, ਇਸ ਸਰੀਰ ਦੇ ਮਾਲਕ ਨੂੰ ਜਾਣ ਲੈਂਦਾ ਹੈ, ਉਸ ਨਿਰੰਕਾਰ ਰੂਪ ਨੂੰ ਜਾਣ ਲੈਂਦਾ ਹੈ ਜਿਸਨੇ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਬਣਾਇਆ ਹੈ ਤੇ ਆਪ ਹੀ ਮਾਲਕ ਹੈ ਜੋ ਇਸ ਨੂੰ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਹਿਆ ਹੈ, ਜੋਤਿ ਰੂਪ ਦੁਆਰਾ ਚਲਾ ਰਹਿਆ ਹੈ। ਭਾਵੇਂ ਵੇਦਾਂ ਦੀ ਰਚਨਾ ਬ੍ਰਹਮਾ ਦੇ ਹੱਥੋਂ ਹੋਈ ਹੈ ਜਿਨ੍ਹਾਂ ਵੇਦਾਂ ਦੇ ਗਿਆਨ ਰਾਹੀਂ ਉਸਨੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੈ, ਨਾਮ ਹੀ ਸਮਝਾਇਆ ਹੈ ਪਰ ਉਸ ਗਿਆਨ ਦਾ ਮਾਲਕ ਕੌਣ ਹੈ ਮਨ ਦੇ ਗਿਆਨ ਦਾ ਸ੍ਰੋਤ ਕੀ ਹੈ ਇਸ ਗੱਲ ਦੀ ਸਮਝ ਉਸਨੂੰ ਨਹੀਂ ਪਈ ਜਿਸ ਕਰਕੇ ਬ੍ਰਹਮਾ ਨੇ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਆਖਿਆ ਤੇ ਉਸਦਾ ਪ੍ਰਮਾਤਮਾ ਦੇ ਨਾਲ ਵਾਦ ਖਤਮ ਨਹੀਂ ਹੋਇਆ ਕਿਉਂਕਿ ਇਹ ਪ੍ਰਮਾਤਮਾ ਦੀ ਆਪਣੀ ਹੀ ਰਜ਼ਾ ਸੀ ਕਿ ਉਸਨੇ ਸੰਸਾਰ ਨੂੰ ਕਿਸ ਤਰੀਕੇ ਪੜਦੇ ਵਿੱਚ ਰੱਖਣਾ ਹੈ, ਮਾਇਆ ਦੇ ਪੜਦੇ ਵਿੱਚ ਰੱਖਣਾ ਹੈ। ਜਿਸਦਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜ ਜਾਂਦਾ ਹੈ ਉਹ ਫਿਰ ਆਪਣੇ ਸਰੀਰ ਨੂੰ ਭਾਵ ਆਪਣੇ ਆਪ ਨੂੰ ਗੁਰੂ ਨਹੀਂ ਅਖਵਾ ਸਕਦਾ, ਆਪਣੇ ਆਪ ਨੂੰ ਵੱਡਾ ਨਹੀਂ ਅਖਵਾ ਸਕਦਾ। ਉਹ ਫਿਰ "**ਸਬਦੁ**" ਨੂੰ ਹੀ ਗੁਰੂ ਕਹਿੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕਹਿਆ ਹੈ। "ਸ਼ਬਦ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ, "**ਨਿਰੰਕਾਰ ਰੂਪ**" ਹੈ ਜਿਸ ਰੂਪ ਦੁਆਰਾ ਉਹ ਸਭ ਜਗ੍ਹਾ ਵਿਚਰ ਰਹਿਆ ਹੈ, ਸਾਡੇ ਅੰਦਰ ਵੀ ਵਿਚਰ ਰਹਿਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਜੇਕਰ ਬ੍ਰਹਮਾ

ਇਹ ਕਹਿੰਦਾ ਕਿ "**ਗੁਰੂ**" ਮੈਂ ਨਹੀਂ ਹਾਂ ਤੇ "**ਸ਼ਬਦ**" ਗੁਰੂ ਹੈ ਫਿਰ ਉਸਦਾ ਝਗੜਾ ਨਿਬੜ ਜਾਂਦਾ। ਇਹ ਗੱਲ ਬ੍ਰਹਮਾ ਤਾਂ ਹੀ ਕਹਿ ਸਕਦਾ ਸੀ ਜੇਕਰ ਉਸਦੇ ਅੰਦਰ ਦੀ ਅਗਿਆਨਤਾ ਨਿਕਲ ਜਾਂਦੀ ਤੇ ਉਹ ਆਪਣੇ ਆਪ ਨੂੰ ਪਹਿਚਾਣ ਲੈਂਦਾ ਕਿ ਮੇਰੀ ਪ੍ਰਮਾਤਮਾ ਨਾਲੋਂ ਕੋਈ ਵੱਖਰੀ ਹੋਂਦ ਨਹੀਂ ਹੈ, "**ਗੁਰੂ**" ਮੈਂ ਨਹੀਂ ਹਾਂ ਬਲਕਿ ਪ੍ਰਮਾਤਮਾ ਹੈ ਜੋ "**ਸ਼ਬਦ**" ਰੂਪ ਵਿੱਚ ਗੁਰੂ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਸੋਝੀ ਦੇ ਰੂਪ ਵਿੱਚ ਗੁਰੂ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥
ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥
ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥}

(ਅੰਗ ੧੨੦)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕਿਸ ਤਰੀਕੇ "ਸ਼ਬਦ" ਰੂਪ ਵਿੱਚ ਗੁਰੂ ਹੈ, ਨਾਮ ਰੂਪ ਵਿੱਚ ਗੁਰੂ ਹੈ, ਹਰ ਧਰਮ ਗ੍ਰੰਥ ਦੀ ਰਚਨਾ ਉਸਨੇ ਆਪ ਹੀ ਕਰਵਾਈ ਹੈ ਭਾਵ ਹਰ ਧਰਮ ਗ੍ਰੰਥ ਦੇ ਵਿੱਚ ਉਹ ਆਪ ਹੀ ਸ਼ਬਦ ਰੂਪ ਵਿੱਚ ਗੁਰੂ ਹੈ। ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦਾਂ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। (**ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥**) ਇਸੇ ਲਈ ਬ੍ਰਹਮਾ ਨੂੰ ਅਤੇ ਹੋਰਾਂ ਨੂੰ ਜਿਨ੍ਹਾਂ ਨੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਇਆ ਹੈ ਉਨਾਂ ਨੂੰ ਤ੍ਰੈਗੁਣਾਂ ਵਿੱਚ ਹੀ ਕਹਿਆ ਹੈ, ਪ੍ਰਮਾਤਮਾ ਨੂੰ ਜਾਨਣ ਬਾਰੇ ਮਨ ਦੀ ਅਗਿਆਨਤਾ ਵਿੱਚ ਕਿਹਾ ਹੈ, ਪ੍ਰਮਾਤਮਾ ਦੀ ਸੱਚੀ ਭਗਤੀ ਸਮਝਣ ਬਾਰੇ ਅਗਿਆਨਤਾ ਵਿੱਚ ਹੀ ਕਹਿਆ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਕਿਉਂਕਿ ਜਦ ਤੱਕ ਮਨੁੱਖ ਨੂੰ ਇਹ ਸਮਝ ਹੀ ਨਹੀਂ ਪੈਂਦੀ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ, ਗੁਰੂ ਉਹ ਆਪ ਹੈ, ਉਸਦੇ ਗੁਣ ਨਹੀਂ ਗਾਏ ਜਾ ਸਕਦੇ।

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ ੫੦੯)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥

ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥}

(ਅੰਗ ੭੩੫-੭੩੬)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥}

(ਅੰਗ ੯੦੯)

{ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥}

(ਅੰਗ ੧੦੯੪)

ਉੱਪਰ ਵਾਲੇ ਕੁੱਝ ਸ਼ਬਦਾਂ ਦੀ ਤੇ ਪਿਛਲੇ ਸ਼ਬਦਾਂ ਦੀ ਸਮਝ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਧਰਮ ਗ੍ਰੰਥਾਂ ਦੀ ਰਚਨਾ ਕਿਵੇਂ ਹੋਈ ਹੈ ਤੇ ਕਿਸ ਮਕਸਦ ਲਈ ਹੋਈ ਹੈ। ਹਰ ਧਰਮ ਗ੍ਰੰਥ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ ਜਿਸਦਾ ਮਕਸਦ ਮਨੁੱਖੀ ਸਮਝ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ, ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਤਾਂ ਜੋ ਮਨੁੱਖੀ ਮਤਿ ਭਗਤੀ ਦੇ ਸਹੀ ਮਾਰਗ ਨੂੰ ਸਮਝ ਸਕੇ ਤੇ ਉਸ ਅਨੁਸਾਰ ਚੱਲਣ ਦੁਆਰਾ ਪ੍ਰਮਾਤਮਾ ਨੂੰ ਜਾਣ ਸਕੇ ਜੋ ਸਭ ਦੇ ਅੰਦਰ ਹੀ ਵਰਤ ਰਹਿਆ ਹੈ। ਸਾਡੇ ਅੰਦਰ ਦੀ ਮਾਇਆ ਭਾਵ ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਦਾ "**ਕਾਲਿ**" ਹੈ ਜੋ ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ ਸਮਝਿਆ ਹੈ ਤੇ ਉਸ ਮਨ ਦੇ ਕਾਲਿ ਵਿੱਚੋਂ ਨਿਕਲਣ ਦਾ ਸਾਧਨ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੋਇਆ ਹੈ, ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਬਣਾਇਆ ਹੋਇਆ ਹੈ ਜਿਨਾਂ ਧਰਮ ਗ੍ਰੰਥਾਂ ਰਾਹੀਂ ਸਾਨੂੰ ਪ੍ਰਮਾਤਮਾ ਸੱਚ ਦਾ ਮਾਰਗ ਸਮਝਾਉਂਦਾ ਹੈ, ਕਾਲਿ ਤੋਂ ਬਚਣ ਦਾ ਮਾਰਗ ਸਮਝਾਉਂਦਾ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਪਦੇ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਮਨ ਦੇ ਕਾਲਿ ਤੋਂ ਬਚਣ ਦਾ ਤਰੀਕਾ ਕੀ ਹੈ ਜਿਸ ਦੁਆਰਾ ਅਸੀਂ ਭਗਤੀ ਦੇ ਸਹੀ ਮਾਰਗ ਤੇ ਚੱਲ ਸਕਦੇ ਹਾਂ ਜਿਸ ਤੇ ਚੱਲਣਾ ਹੀ ਸਾਡੇ ਲੇਖੈ ਵਿੱਚ ਪੈਂਦਾ ਹੈ। ਪੂਰੇ ਮੁੱਖ ਸ਼ਬਦ ਰਾਹੀਂ ਸਾਨੂੰ ਸਾਡੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਤਾਂ ਜੋ ਸਾਡੇ ਬੋਲ ਭਾਵ ਭਗਤੀ ਦੇ ਸੱਚੇ ਬੋਲ ਜੋ ਸਾਡੀ ਸੱਚੀ ਸੁੱਚੀ ਵਿਚਰਨ ਹੈ, ਸਾਡੇ ਸੱਚੇ ਸੁੱਚੇ ਕਰਮ ਹਨ ਜੋ ਲੇਖੈ ਵਿੱਚ ਪੈਂਦੇ ਹਨ। ਮੁੱਖ ਸ਼ਬਦ ਦੇ ਪਹਿਲੇ ਪਦਿਆਂ ਨੂੰ ਅਸੀਂ ਸਮਝ ਚੁੱਕੇ ਹਾਂ ਤੇ ਹੇਠ ਦਿੱਤੇ ਪਦੇ ਨੂੰ ਅਸੀਂ ਅਜੇ ਪੂਰੀ ਤਰ੍ਹਾਂ ਸਮਝਣਾ ਹੈ।

"ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥
ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥
ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥"

ਉੱਪਰਲੇ ਪਦੇ ਦੀ ਪਹਿਲੀ ਪੰਗਤੀ ਨੂੰ ਵੀ ਅਸੀਂ ਸਮਝ ਚੁੱਕੇ ਹਾਂ ਤੇ ਅਗਲੀਆਂ ਪੰਗਤੀਆਂ ਰਾਹੀਂ "ਕਾਲਿ" ਤੋਂ ਬਚਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ।

“**ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥**”

ਸਾਡੇ ਮਨ ਦਾ ਕਾਲਿ ਵੀ ਸਾਡੇ ਮਨ ਦੀ ਸਮਝ ਹੈ ਤੇ ਉਸ ਵਿੱਚੋਂ ਨਿਕਲਣ ਦਾ ਸਾਧਨ ਵੀ ਮਨ ਦੀ ਸਮਝ ਹੈ ਭਾਵ ਫਰਕ ਕੇਵਲ ਮਨ ਦੀ ਮਾੜੀ ਜਾਂ ਚੰਗੀ ਸਮਝ ਦਾ ਹੈ। ਸਾਡੇ ਮਨ ਦੀ ਸਮਝ ਮਾੜੀ ਹੈ, ਮਾਇਆ ਮੋਹ ਵਾਲੀ ਹੈ ਜੋ ਸਾਨੂੰ ਆਤਮਿਕ ਮੌਤ ਮਾਰਦੀ ਹੈ ਜਿਸ ਦੁਆਰਾ ਅਸੀਂ ਆਪਣੇ ਜੀਵਨ ਨੂੰ ਮਾਰ ਲੈਂਦੇ ਹਾਂ ਭਾਵ ਸੱਚਾ ਜੀਵਨ ਜਿਉਣ ਬਿਨ੍ਹਾਂ ਹੀ ਰਹਿੰਦੇ ਹਾਂ। ਸੱਚਾ ਜੀਵਨ ਸਾਡਾ ਉਹ ਹੈ ਜੋ ਜੀਵਨ ਸਾਨੂੰ ਗੁਰੂ ਦੀ ਸੱਚੀ ਸਮਝ ਸਿਖਾਉਂਦੀ ਹੈ ਤੇ ਸਾਨੂੰ ਸਾਡੀ ਮਾੜੀ ਸਮਝ ਵਿੱਚੋਂ ਕੱਢਦੀ ਹੈ, ਅਗਿਆਨਤਾ ਵਿੱਚੋਂ ਕਢਦੀ ਹੈ, ਗੁਰੂ ਦਾ ਸੱਚਾ ਗਿਆਨ ਸਾਡੇ ਅੰਦਰ ਵੱਸਣ ਦੁਆਰਾ ਕੱਢਦੀ ਹੈ। ਸਾਰੇ ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਮਨ ਦੀ ਮਾੜੀ ਮਤਿ ਵਿੱਚੋਂ ਕੱਢਣ ਦਾ ਹੀ ਹੈ। ਹਰ ਧਰਮ ਗ੍ਰੰਥ ਦੀ ਮਤਿ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਉਸਦਾ ਗੁਰੂ ਰੂਪ ਹੈ, ਸੱਚ ਰੂਪ ਹੈ, ਨਾਮ ਰੂਪ ਹੈ, ਸ਼ਬਦ ਰੂਪ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਗਿਆਨ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਜਿਵੇਂ ਕਿ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ, ਪ੍ਰਮਾਤਮਾ ਦਾ ਆਪਣਾ ਅਸਥਾਨ ਹੈ, ਇਸੇ ਤਰ੍ਹਾਂ ਹਰ ਧਰਮ ਗ੍ਰੰਥ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ।

{ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ - ੧੨੨੬)

ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਪ੍ਰਮਾਤਮਾ ਆਪ ਹੀ ਬੈਠਾ ਹੈ ਭਾਵ ਉਸਦਾ ਆਪਣਾ ਹੀ “**ਥਾਨੁ**” ਹੈ ਜਿਸਨੇ ਆਪਣੇ ਸੱਚੇ ਗਿਆਨ ਦੁਆਰਾ ਉਨ੍ਹਾਂ ਦੀ ਰਚਨਾ ਕੀਤੀ ਹੈ। ਪ੍ਰਮਾਤਮਾ ਆਪ ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਧਰਮ ਗ੍ਰੰਥਾਂ ਦੇ ਵਿੱਚ ਜੋ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਉਸ ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਬੈਠਾ ਹੈ, ਗੁਰੂ ਰੂਪ ਵਿੱਚ ਬੈਠਾ ਹੈ ਜਿਸ ਰਾਹੀਂ ਉਹ ਸੰਸਾਰ ਨੂੰ ਆਪਣਾ ਸੱਚਾ ਗਿਆਨ ਸਮਝਾ ਰਹਿਆ ਹੈ ਜੋ ਸੱਚਾ ਗਿਆਨ ਮੰਨਣ ਦੁਆਰਾ ਮਨੁੱਖੀ ਸਮਝ ਮਨ ਦੇ “**ਕਾਲਿ**” ਵਿੱਚੋਂ ਨਿਕਲ ਸਕਦੀ ਹੈ, ਮਾਇਆ ਮੋਹ ਵਾਲੀ, ਹਉਮੈ ਵਾਲੀ ਮਾੜੀ ਮਤਿ ਵਿੱਚੋਂ ਨਿਕਲ ਸਕਦੀ ਹੈ ਤੇ ਗੁਰੂ ਦੀ ਸੱਚੀ ਸਮਝ ਨਾਲ ਜੁੜ ਸਕਦੀ ਹੈ ਤੇ ਗੁਰੂ ਦੀ ਸਮਝ ਦੇ ਨਾਲ ਚੱਲ ਸਕਦੀ ਹੈ। ਗੁਰੂ ਦੀ ਸਮਝ ਦੇ ਨਾਲ ਚੱਲਣਾ ਬਹੁਤ ਔਖਾ ਹੈ ਕਿਉਂਕਿ ਉਸ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ, ਮਾਇਆ ਦੇ ਉਹ ਸੁੱਖ ਛੱਡਣੇ ਪੈਂਦੇ ਹਨ ਜੋ ਸੁੱਖ ਪ੍ਰਾਪਤ ਕਰਨ ਲਈ ਅਸੀਂ ਗੁਰੂ ਦੀ ਮਤਿ ਦੇ ਉਲਟ ਚੱਲਕੇ ਪ੍ਰਾਪਤ ਕਰਦੇ ਹਾਂ ਭਾਵ ਮਾੜੇ ਕਰਮ ਕਰਨ ਦੁਆਰਾ ਪ੍ਰਾਪਤ ਕਰਦੇ ਹਾਂ। ਮਾੜੇ ਕਰਮਾਂ ਤੋਂ ਬਚਣ ਲਈ, ਔਗੁਣਾਂ ਤੋਂ ਬਚਣ ਲਈ ਮਨ ਦੀਆਂ ਇੱਛਾਵਾਂ ਮਾਰਨੀਆਂ ਪੈਂਦੀਆਂ ਹਨ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਜੋ ਕਿ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹੀ ਆਪਣੇ ਆਪ ਨੂੰ ਸ਼ਬਦ ਦੁਆਰਾ ਮਾਰਨਾ ਹੈ ਭਾਵ ਸ਼ਬਦਾਂ ਦੀ ਵਿਚਾਰ ਅਨੁਸਾਰ ਚੱਲਣਾ ਪੈਂਦਾ ਹੈ, ਆਪਣੇ ਮਾੜੇ ਵਿਚਾਰਾਂ ਨੂੰ ਮਾਰਨਾ ਪੈਂਦਾ ਹੈ। ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨਾ ਹੀ ਆਪਣੇ ਅੰਦਰ ਦੇ ਕਾਲਿ ਨੂੰ ਖਤਮ ਕਰਨਾ ਹੈ ਜਿਸ ਮਨ ਦੇ ਕਾਲਿ ਵਿੱਚੋਂ ਨਿਕਲੇ ਬਿਨ੍ਹਾਂ ਨਾ ਅਸੀਂ ਭਗਤੀ ਦੇ ਮਾਰਗ ਤੇ ਚੱਲ ਸਕਦੇ ਹਾਂ ਤੇ ਨਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜਿਸ ਕਰਕੇ ਸਾਡਾ ਜੀਵਨ ਵਿਅਰਥ ਹੀ ਜਾਂਦਾ ਹੈ, ਸਾਡੇ ਜੀਵਨ ਨੂੰ ਕਾਲ ਖਾ ਜਾਂਦਾ ਹੈ। ਗੁਰੂ ਦੀ ਸੱਚੀ ਸਮਝ ਦੇ ਨਾਲ ਚੱਲੇ ਬਿਨ੍ਹਾਂ ਕੋਈ ਵੀ ਮਨ ਦੇ ਕਾਲਿ ਵਿੱਚੋਂ ਨਹੀਂ ਨਿਕਲ ਸਕਦਾ। (**ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥**) ਧਰਮ ਗ੍ਰੰਥਾਂ ਨੂੰ ਮੰਨਣ ਵਾਲੇ ਤਾਂ ਅਨੇਕਾਂ ਹਨ ਪਰ ਉਨ੍ਹਾਂ ਦੀ ਮਤਿ ਨੂੰ ਮੰਨਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ, ਗੁਰੂ ਦੀ ਸਮਝ ਦੇ ਨਾਲ ਚੱਲਣ ਵਾਲਾ ਕੋਈ ਵਿਰਲਾ ਹੀ ਹੋ ਸਕਦਾ ਹੈ ਜਿਸ ਤੇ ਪ੍ਰਮਾਤਮਾ ਆਪ ਹੀ ਆਪਣੀ ਕਿਰਪਾ ਦੁਆਰਾ ਆਪਣੀ ਸੱਚੀ ਮਤਿ ਦੇ ਨਾਲ ਜੋੜਦਾ ਹੈ, ਆਪਣੇ ਆਪ ਦੇ ਨਾਲ ਜੋੜਦਾ ਹੈ ਜੋ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਮਨ ਦੇ ਕਾਲਿ ਵਿੱਚੋਂ ਨਿਕਲ ਸਕਦਾ ਹੈ।

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ ੬੪੬)

ਜੋ ਗੁਰੂ ਦੀ ਮਤਿ ਦੇ ਨਾਲ ਨਹੀਂ ਚੱਲਦੇ, ਗੁਰੂ ਦੇ ਸੱਚੇ ਗਿਆਨ ਨੂੰ ਨਹੀਂ ਮੰਨਦੇ ਭਾਵ ਆਪਣੀ ਆਤਮਿਕ ਮੌਤ ਵਿੱਚੋਂ ਨਿਕਲਣ ਦਾ ਉਪਰਾਲਾ ਨਹੀਂ ਕਰਦੇ ਉਨ੍ਹਾਂ ਦੇ ਮਨ ਦੀ ਅਵੱਸਥਾ ਹੀ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥"

ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਸਾਡਾ ਦੁੱਖ ਸੁੱਖ ਕੀ ਹੈ, ਇਹ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਸਾਨੂੰ ਰਵਾਉਣ ਵਾਲਾ ਭਾਵ ਸਾਨੂੰ ਦੁੱਖ ਦੇਣ ਵਾਲਾ ਸਾਡੇ ਅੰਦਰ ਦਾ ਮਾਇਆ ਮੋਹ ਹੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਹੀ ਹਨ ਜੋ ਮਨੁੱਖ ਦਾ ਵੱਡਾ ਰੋਗ ਹੈ, ਮਨ ਦਾ ਰੋਗ ਹੈ ਜਿਸ ਰੋਗ ਤੋਂ ਬਾਹਰ ਸੰਸਾਰ ਵਿੱਚ ਕੋਈ ਨਹੀਂ ਹੈ। ਸਾਨੂੰ ਰਵਾਉਣ ਵਾਲੀਆਂ ਭਾਵ ਦੁਖੀ ਕਰਨ ਵਾਲੀਆਂ ਸਾਡੀਆਂ ਮਨ ਦੀਆਂ ਇੱਛਾਵਾਂ ਹਨ ਜਿਨ੍ਹਾਂ ਦੀ ਪੂਰਤੀ ਲਈ ਮਨੁੱਖੀ ਮਨ ਹਰ ਵੇਲੇ ਦੁਖੀ ਰਹਿੰਦਾ ਹੈ, "**ਟੈਨਸ਼ਨ**" ਵਿੱਚ ਰਹਿੰਦਾ ਹੈ ਕਿਉਂਕਿ ਤ੍ਰਿਸ਼ਨਾਵਾਂ ਕਦੇ ਪੂਰੀਆਂ ਨਹੀਂ ਹੁੰਦੀਆਂ ਤੇ ਵੱਧਦੀਆਂ ਹੀ ਰਹਿੰਦੀਆਂ ਹਨ। ਸੁਖੀ ਉਹ ਮਨੁੱਖ ਹੀ ਹੁੰਦਾ ਹੈ ਜਿਸਨੂੰ ਪ੍ਰਮਾਤਮਾ ਮਨ ਦੀਆਂ ਇੱਛਾਵਾਂ ਵਿੱਚੋਂ ਕੱਢ ਲੈਂਦਾ ਹੈ। ਇਹ ਮਨ ਦੀਆਂ ਇੱਛਾਵਾਂ ਹੀ ਸਾਡੇ ਮਨ ਦਾ "**ਕਾਲਿ**" ਹਨ ਜੋ ਸਾਨੂੰ ਆਤਮਿਕ ਮੌਤ ਮਾਰਦੀਆਂ ਹਨ ਤੇ ਅਸੀਂ ਇਨ੍ਹਾਂ ਦੀ ਪੂਰਤੀ ਲਈ ਅਨੇਕਾਂ ਮਾੜੇ ਕਰਮ ਕਰਦੇ ਹਾਂ, ਔਗੁਣ ਕਰਦੇ ਹਾਂ, ਕਾਮ, ਕ੍ਰੋਧ ,ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦੇ ਨਾਲ ਜੁੜੇ ਰਹਿੰਦੇ ਹਾਂ ਜਿਸ ਸਮਝ ਵਿੱਚ ਰਹਿੰਦਿਆਂ ਸਾਨੂੰ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ, ਜੀਵਨ ਦੇ ਸਹੀ ਮਾਰਗ ਦੀ ਸਮਝ ਨਹੀਂ ਪੈਂਦੀ। ਜਦ ਤੱਕ ਮਨੁੱਖ ਨੂੰ ਆਪਣੇ ਦੁੱਖਾਂ ਦਾ ਕਾਰਨ ਸਮਝ ਨਹੀਂ ਆਉਂਦਾ ਉਹ ਇਨ੍ਹਾਂ ਦੁੱਖਾਂ ਵਿੱਚੋਂ, ਮਨ ਦੇ ਰੋਣੇ ਵਿੱਚੋਂ ਨਹੀਂ ਨਿਕਲ ਸਕਦਾ। ਗੁਰੂ ਦੀ ਮਤਿ ਸਾਨੂੰ ਮਨ ਦੀਆਂ ਇੱਛਾਵਾਂ ਵਿੱਚੋਂ ਨਿਕਲਣ ਲਈ ਹੀ ਸਮਝਾਉਂਦੀ ਹੈ ਤਾਂ ਜੋ ਅਸੀਂ ਦੁੱਖਾਂ ਵਿੱਚੋਂ ਨਿਕਲ ਸਕੀਏ, ਜੀਵਨ ਭਰ ਦੇ ਰੋਣੇ ਵਿੱਚੋਂ ਨਿਕਲ ਸਕੀਏ ਪਰ ਸਾਨੂੰ ਮਾਇਆ ਦੇ ਸੁੱਖ ਇਨ੍ਹਾਂ ਵਿੱਚੋਂ ਨਿਕਲਣ ਨਹੀਂ ਦਿੰਦੇ ਤੇ ਹਰ ਕੋਈ ਇਨ੍ਹਾਂ ਵਿੱਚ ਹੀ ਫਸਿਆ ਰਹਿੰਦਾ ਹੈ ਤੇ ਗੁਰੂ ਦੀ ਸਮਝ ਦੇ ਨਾਲ ਨਹੀਂ ਚੱਲਦਾ ਭਾਵ ਆਪਣੀ ਸਮਝ ਦੇ ਨਾਲ ਹੀ ਚੱਲਦਾ ਹੈ ਜੋ ਸਾਡੇ ਅੰਦਰ ਦਾ ਕਾਲਿ ਹੈ। ਸੱਚਾ ਸੁੱਖ ਗੁਰੂ ਦੀ ਸਮਝ ਨੂੰ ਮੰਨਣ ਦੇ ਵਿੱਚ ਹੀ ਹੈ ਜੋ ਸੱਚੀ ਸਮਝ ਮਨੁੱਖੀ ਸਮਝ ਨੂੰ ਹਰ ਵੇਲੇ ਅਨੰਦ ਵਿੱਚ ਰੱਖਦੀ ਹੈ, ਖੇੜੇ ਵਿੱਚ ਰੱਖਦੀ ਹੈ ਜੋ ਅਨੰਦ ਮਾਇਆ ਮੋਹ ਛੱਡਣ ਵਿੱਚ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ ੯੧੭)

ਮਨ ਦੇ ਵਿੱਚ ਇਹੋ ਜਿਹਾ ਅਨੰਦ ਹੀ ਸਾਡੇ ਅੰਦਰ ਦਾ ਸੁੱਖ ਹੈ ਜਦੋਂ ਮਨੁੱਖ ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ। ਆਨੰਦ

ਸਾਡੇ ਅੰਦਰ ਗੁਰੂ ਦੀ ਸੱਚੀ ਸਮਝ ਵੱਸਣ ਦੁਆਰਾ ਹੀ ਆਉਂਦਾ ਹੈ ਜਿਸ ਦੁਆਰਾ ਮਨੁੱਖੀ ਸਮਝ ਦੁੱਖਾਂ ਵਾਲੀ ਸਮਝ ਵਿੱਚੋਂ ਨਿਕਲਦੀ ਹੈ, ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲਦੀ ਹੈ ਤੇ ਮਨ ਦਾ ਰੋਣਾ ਦੂਰ ਹੁੰਦਾ ਹੈ। ਮੁੱਖ ਸ਼ਬਦ ਦੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਸਾਡੇ ਰੋਣ ਦਾ ਕਾਰਨ ਕੀ ਹੈ। (**ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥**) "**ਪਰਾਲੀ**" ਉਹ ਹੁੰਦੀ ਹੈ ਜੋ ਫਸਲ ਕੱਟਣ ਤੋਂ ਬਾਅਦ, ਉਸ ਵਿੱਚੋਂ ਅਨਾਜ ਦੇ ਦਾਣੇ ਕੱਢਣ ਤੋਂ ਬਾਅਦ ਜੋ ਤਿਨਕੇ ਬੱਚਦੇ ਹਨ ਜੋ ਸਾਡੇ ਖਾਣ ਦੇ ਕੰਮ ਨਹੀਂ ਆਉਂਦੇ। ਇਸੇ ਤਰ੍ਹਾਂ ਸਾਡੇ ਕੰਮ ਆਉਣ ਵਾਲੇ ਗੁਰੂ ਦੇ ਸੱਚੇ ਵਿਚਾਰ ਹਨ, ਗੁਰੂ ਦੀ ਸੱਚੀ ਸਮਝ ਹੈ ਜੋ ਫਲ ਦੇ ਨਾਲ ਭਰਪੂਰ ਹੈ। ਇਹ ਫਲ ਗੁਰੂ ਦੇ ਸੱਚੇ ਗਿਆਨ ਦਾ ਫਲ ਹੈ, ਸੱਚੇ ਗਿਆਨ ਦਾ ਤੱਤ ਹੈ ਜੋ ਸਾਨੂੰ ਤੱਤ ਦੀ ਗੱਲ ਸਮਝਾਉਂਦਾ ਜਿਸ ਤੱਤ ਨੂੰ ਸਾਡੀ ਸਮਝ ਨੇ ਮੰਨਣਾ ਹੈ ਭਾਵ ਮਾਇਆ ਮੋਹ ਛੱਡਣਾ ਹੈ। ਸਾਡੀ ਮਾਇਆ ਮੋਹ ਵਾਲੀ ਸਮਝ ਤੱਤ ਤੋਂ ਰਹਿਤ ਹੈ, ਫਲ ਤੋਂ ਰਹਿਤ ਹੈ ਭਾਵ ਪਰਾਲੀ ਦੀ ਤਰ੍ਹਾਂ ਹੈ ਤੇ ਅਸੀਂ ਇਹੋ ਜਿਹੇ ਮਾਇਆ ਮੋਹ ਵਾਲੇ ਵਿਚਾਰਾਂ ਦੀ ਆਪਣੇ ਅੰਦਰ ਪੰਡ ਬੰਨਦੇ ਹਾਂ, ਇਕੱਠਾ ਕਰਦੇ ਹਾਂ, ਇੱਧਰੋਂ-ਉਧਰੋਂ ਦੂਸਰਿਆਂ ਕੋਲੋਂ ਵਿਚਾਰ ਲੈ ਕੇ ਇਕੱਠੇ ਕਰਦੇ ਹਾਂ ਜੋ ਵਿਚਾਰ ਗੁਰੂ ਦੀ ਸਮਝ ਤੇ ਪੂਰੇ ਨਹੀਂ ਉਤਰਦੇ। ਇਹੋ ਜਿਹੇ ਵਿਚਾਰਾਂ ਦੀ ਪੰਡ ਬੰਨਣ ਨਾਲ, ਮਨਮਤਿ ਵਾਲੇ ਵਿਚਾਰ ਇਕੱਠੇ ਕਰਨ ਨਾਲ ਅਸੀਂ ਕਦੇ ਮਾਇਆ ਮੋਹ ਵਿੱਚੋਂ ਨਹੀਂ ਨਿਕਲ ਸਕਦੇ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਹੀਂ ਨਿਕਲ ਸਕਦੇ ਜੋ ਸਾਡੇ ਅੰਦਰ ਦਾ ਕਾਲਿ ਹਨ, ਸਾਨੂੰ ਆਤਮਿਕ ਮੌਤ ਮਾਰਦੇ ਹਨ। (**ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥**)

ਜਦ ਤੱਕ ਅਸੀਂ ਆਪਣੇ ਅੰਦਰ ਪਰਾਲੀ ਦੀ ਪੰਡ ਬੰਨੀ ਹੋਈ ਹੈ ਭਾਵ ਮਨਮਤਿ ਨਾਲ ਜੁੜੇ ਹੋਏ ਹਾਂ ਭਾਵ ਗੁਰੂ ਦੀ ਮਤਿ ਤੋਂ ਦੂਰ ਹਾਂ, ਇਹੋ ਜਿਹੀ ਮਨ ਦੀ ਸਮਝ ਰਾਹੀਂ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਤਾਂ ਕਰਦੇ ਹੀ ਹਾਂ, ਉਸਨੂੰ ਜਾਨਣ ਦਾ ਉਪਰਾਲਾ ਤਾਂ ਕਰਦੇ ਹੀ ਹਾਂ ਤਾਂ ਜੋ ਸਾਡਾ ਰੋਣਾ ਮੁੱਕ ਸਕੇ, ਸਾਨੂੰ ਸੁੱਖ ਦੀ ਪ੍ਰਾਪਤੀ ਹੋ ਸਕੇ ਪਰ ਮਨ ਦੀ ਨਾ-ਸਮਝੀ ਰਾਹੀਂ ਅਸੀਂ ਕਿਹੋ ਜਿਹਾ ਉਪਰਾਲਾ ਕਰਦੇ ਹਾਂ ਤੇ ਉਸ ਨਾਲ ਪ੍ਰਾਪਤੀ ਕੀ ਹੁੰਦੀ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥
ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥"

ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਭਾਵ ਜਿਸਨੂੰ ਅਸੀਂ ਭਗਤੀ ਕਰਨਾ ਸਮਝਦੇ ਹਾਂ, ਜੋ ਭਗਤੀ ਦੇ ਤਰੀਕੇ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਦੱਸੇ ਹੋਏ ਹਨ ਭਾਵ ਪੜ੍ਹਨ ਸੁਣਨ ਬੋਲਣ ਦੁਆਰਾ ਜੋ ਅਸੀਂ ਭਗਤੀ ਕਰਦੇ ਹਾਂ, ਆਪਣੇ ਵੱਲੋਂ ਹਰ ਕੋਈ ਉਸ ਨੂੰ ਹੀ ਅਸਲ ਭਗਤੀ ਸਮਝਦਾ ਹੈ, ਹਰ ਕੋਈ ਆਪਣੇ ਆਪ ਨੂੰ ਠੀਕ ਸਮਝਦਾ ਹੈ, ਆਪਣੀ ਭਗਤੀ ਨੂੰ ਵੱਧ ਤੋਂ ਵੱਧ ਚੰਗਾ ਸਮਝਦਾ ਹੈ, ਬਹੁਤ ਚੰਗਾ ਸਮਝਦਾ ਹੈ, ਆਪਣੀ ਭਗਤੀ ਤੇ ਪੂਰਨ ਵਿਸ਼ਵਾਸ ਰੱਖਦਾ ਹੈ ਤੇ ਇਸੇ ਲਈ ਵੱਧ ਤੋਂ ਵੱਧ ਬੋਲ ਬੋਲ ਕੇ ਜਪਦਾ ਹੈ ਤੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਕੋਈ ਘੱਟ ਨਹੀਂ ਸਮਝਦਾ (**ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ॥**) ਭਾਵ ਇਹੋ ਜਿਹੀ ਭਗਤੀ ਕਰਨ ਵਿੱਚ ਕੋਈ ਇਹ ਮੰਨਣ ਨੂੰ ਤਿਆਰ ਨਹੀਂ ਹੋ ਸਕਦਾ ਕਿ ਉਸਦੀ ਭਗਤੀ ਵਿੱਚ ਕੋਈ ਕਮੀ ਹੈ, ਕਿਉਂਕਿ ਸਾਨੂੰ ਭਗਤੀ ਦੀ ਸਮਝ ਹੀ ਇਹੋ ਕੁੱਝ ਲੱਗੀ ਹੋਈ ਹੈ ਤੇ ਇਹੋ ਜਿਹੀ ਭਗਤੀ ਨੂੰ ਹੀ ਹਰ ਕੋਈ ਸਭ ਤੋਂ ਉੱਚਾ ਕੰਮ ਸਮਝਦਾ ਹੈ। ਲੇਕਿਨ ਗੁਰੂ ਜੀ ਸਾਡਾ ਇਹੋ ਜਿਹਾ ਸਮਝਣਾ ਇੱਕ ਭੁਲੇਖਾ ਦੱਸ ਰਹੇ ਹਨ ਅਤੇ ਸਮਝਾ ਰਹੇ ਹਨ ਕਿ ਸਾਡੇ ਇਹੋ ਜਿਹੇ ਜਪ ਤਪ ਦੁਆਰਾ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਇਹ ਉਸਦੀ ਕੀਮਤ ਪਾਉਣ ਦਾ ਤਰੀਕਾ ਨਹੀਂ ਹੈ, ਇਹ ਉਸਦੀ ਕੀਮਤ ਚਕਾਉਣ ਦਾ ਤਰੀਕਾ ਨਹੀਂ ਹੈ। ਕਹਿ ਕਹਿ ਕੇ, ਬੋਲ ਬੋਲ ਕੇ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ, ਉਸ ਵੱਡੇ ਨੂੰ ਵੱਡਾ ਕਹਿਣ ਨਾਲ ਕੋਈ ਫਰਕ ਨਹੀਂ ਪੈਂਦਾ। ਜੋ ਆਪ ਹੀ ਸਭ ਤੋਂ ਵੱਡਾ ਹੈ, ਜਿਸ ਦੀ ਬਰਾਬਰੀ ਕਰਨ ਵਾਲਾ ਕੋਈ ਹੋਰ ਹੈ ਹੀ ਨਹੀਂ ਉਸ ਨੂੰ ਕਿਸ ਨਾਲੋਂ ਵੱਡਾ ਕਰਨਾ ਹੈ। ਉਸ ਨੂੰ ਵੱਡਾ ਤੇ ਤਾਂ ਕਹੀਏ ਜੇਕਰ ਮੁਕਾਬਲੇ ਤੇ ਕੋਈ ਛੋਟਾ ਵੀ ਹੋਵੇ। ਉਸ ਨੂੰ ਵੱਡਾ ਕਰਨਾ ਇਹੀ ਹੈ ਕਿ ਅਸੀਂ ਆਪ ਛੋਟੇ ਹੋਈਏ, ਆਪ ਨੀਵੇਂ ਹੋਈਏ ਭਾਵ ਆਪਣੀ ਮਤਿ ਨੂੰ ਨੀਵਾਂ ਕਰੀਏ। ਅਸੀਂ ਨੀਵੇਂ ਹੋਵਾਂਗੇ ਤਾਂ ਉਹ ਆਪੇ ਹੀ ਵੱਡਾ ਦਿੱਸਣ ਲੱਗ ਜਾਵੇਗਾ ਜੋ ਕਿ ਉਸਦਾ ਵੱਡਾ ਰੂਪ ਉਸਦੀ ਵੱਡੀ ਮਤਿ ਲੈਣ ਦੁਆਰਾ ਦਿੱਸਦਾ ਹੈ। ਪ੍ਰਮਾਤਮਾ ਆਪਣੇ ਉੱਚੇ ਗਿਆਨ ਦੁਆਰਾ, ਬ੍ਰਹਮ

ਗਿਆਨ ਦੁਆਰਾ ਹੀ ਉੱਚਾ ਹੈ ਜੋ ਕਿ ਉਸਦਾ ਨਾਮ ਰੂਪ ਹੈ ਜਿਸ ਨਾਮ ਦੇ ਨਾਲ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਨਾਮ ਦੇ ਨਾਲ ਹੀ ਸਾਰੀ ਸ੍ਰਿਸ਼ਟੀ ਨੂੰ ਚਲਾ ਰਹਿਆ ਹੈ। ਸਾਰੀ ਗੁਰਬਾਣੀ ਵਿੱਚ ਵੀ ਉਸਦਾ ਨਾਮ ਹੀ ਹੈ, ਬ੍ਰਹਮ ਗਿਆਨ ਹੀ ਹੈ ਜੋ ਗਿਆਨ ਅਸੀਂ ਗੁਰੂ ਦੇ ਕੋਲੋਂ ਲੈਣਾ ਹੈ। ਜਦ ਤੱਕ ਆਪ ਵੱਡੇ ਬਣੀ ਬੈਠੇ ਹਾਂ, ਆਪਣੇ ਅੰਦਰ ਹਉਮੈ ਭਰੀ ਬੈਠੇ ਹਾਂ, ਆਪਣੀ ਹੋਂਦ ਬਣਾਈ ਬੈਠੇ ਹਾਂ ਤਦ ਤੱਕ ਉਸ ਨੂੰ ਵੱਡਾ ਨਹੀਂ ਕਿਹਾ ਜਾ ਸਕਦਾ। ਆਪਣੀ ਹੋਂਦ ਨੂੰ ਮਿਟਾਣਾ ਹੀ ਉਸਦੀ

5/482

ਹੋਂਦ ਨੂੰ ਉੱਚਾ ਕਰਨਾ ਹੈ। **(ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥)**

{ਕੇਵਡੁ ਵਡਾ ਡੀਠਾ ਹੋਇ॥ ਕੀਮਤਿ ਪਾਇ ਨ ਕਹਿਆ ਜਾਇ॥

ਕਹਣੈ ਵਾਲੇ ਤੇਰੇ ਰਹੇ ਸਮਾਇ॥੧॥}

(ਅੰਗ - ੯)

ਉਸਨੂੰ ਕੇਵਲ ਗੱਲਾਂ ਨਾਲ ਵੱਡਾ ਨਹੀਂ ਕੀਤਾ ਜਾ ਸਕਦਾ, ਉਸਦੇ ਉਪਦੇਸ਼ ਤੇ ਅਮਲ ਕਰਕੇ ਕੀਤਾ ਜਾ ਸਕਦਾ ਹੈ। (**ਸਭੁ ਕੋ ਆਧੈ ਬਹੁਤੁ ਬਹੁਤੁ ਘਟਿ ਨ ਆਧੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥**) ਉਹ ਪ੍ਰਮਾਤਮਾ ਆਪਣੇ ਆਪ ਵਿੱਚ ਹੀ ਬਹੁਤ ਵੱਡਾ ਹੈ, ਸਭ ਕੁੱਝ ਆਪ ਹੀ ਹੈ, ਸਾਰੇ ਲੋਅ ਉਸੇ ਦੇ ਹੀ ਹਨ ਭਾਵ ਅਨੇਕਾਂ ਖੰਡ,ਬ੍ਰਹਿਮੰਡ ਸਭ ਪ੍ਰਮਾਤਮਾ ਦੇ ਹੀ ਹਨ ਤੇ ਹੋਰ ਵੀ ਅਨੇਕਾਂ ਖੰਡਾਂ ਵਿੱਚ ਉਸਦੇ ਜੀਵ ਵੱਸਦੇ ਹਨ ਭਾਵ ਉਹ ਬਹੁਤ ਵੱਡਾ ਹੈ ਤੇ ਉਸਨੂੰ ਬੋਲ ਬੋਲ ਕੇ ਵੱਡਾ ਨਹੀਂ ਕੀਤਾ ਜਾ ਸਕਦਾ।

(ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ॥੩॥) ਜਿਸ ਪ੍ਰਮਾਤਮਾ ਨੂੰ ਅਸੀਂ ਜਾਣਦੇ ਹੀ ਨਹੀਂ ਕਿ ਉਹ ਕਿਤਨਾ ਕੁ ਵੱਡਾ ਹੈ ਉਸ ਨੂੰ ਅਸੀਂ ਆਪਣੀ ਮਤਿ ਦੁਆਰਾ ਬਿਆਨ ਹੀ ਕੀ ਕਰ ਸਕਦੇ ਹਾਂ।

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਮਨੁੱਖ ਨੂੰ ਉਸ ਦੀ ਔਕਾਤ ਸਮਝਾਈ ਹੋਈ ਹੈ ਕਿ ਮਨੁੱਖ ਆਪਣੇ ਔਗੁਣਾਂ ਦੁਆਰਾ ਕਿੰਨਾਂ ਕੁ ਨੀਚ ਹੈ।

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥"

ਮਨੁੱਖ ਨੂੰ ਨੀਚ ਉਸਦੀ ਹਉਮੈ ਬਣਾਉਂਦੀ ਹੈ। ਹਉਮੈ ਸਾਡੀ ਨੀਵੀਂ ਜਾਤਿ ਹੈ ਤੇ ਨਾਮ ਦੀ ਜਾਤਿ ਉਚੀ ਜਾਤਿ ਹੈ ਭਾਵ ਸਾਡੀ ਨੀਵੀਂ ਜਾਂ ਉੱਚੀ ਜਾਤਿ ਸਾਡੇ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਇਸ ਗੱਲ ਨੂੰ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਨੀਵੀਂ ਜਾਤਿ ਰਾਹੀਂ ਭਾਵ ਨੀਵੀਂ ਸਮਝ ਰਾਹੀਂ, ਨੀਚ ਜਾਤਿ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਨਾਮ ਵਾਲੀ ਉੱਚੀ ਜਾਤਿ ਰਾਹੀਂ ਅਸੀਂ ਚੰਗੇ ਕਰਮ ਕਰਦੇ ਹਾਂ ਜੋ ਭਗਤੀ ਦਾ ਅਸਲ ਮਾਰਗ ਹੈ। ਮਨ ਦੀ ਨੀਚ ਸਮਝ ਦੁਆਰਾ ਭਾਵ ਮਾਇਆ ਮੋਹ ਵਿੱਚ ਫਸ ਕੇ, ਮਾਇਆ ਨਾਲ ਰਚ ਕੇ ਮਨੁੱਖ ਔਗੁਣਾਂ ਦਾ ਸਾਥ ਕਰਦਾ ਹੈ, ਸੰਗ ਕਰਦਾ ਹੈ। ਇਨ੍ਹਾਂ ਔਗੁਣਾਂ ਕਰਕੇ ਮਨੁੱਖ ਨੀਚ ਹੈ ਕਿਉਂਕਿ ਔਗੁਣਾਂ ਦੀ ਜਾਤ ਸਭ ਤੋਂ ਨੀਚ ਹੈ, ਅਤਿ ਨੀਚ ਹੈ ਭਾਵ ਜਿਸ ਤੋਂ ਨੀਚ ਹੋਰ ਕੋਈ ਨਹੀਂ ਹੋ ਸਕਦਾ। ਇਹੋ ਜਿਹੇ ਔਗੁਣਾਂ ਨੂੰ ਨਾਲ ਰੱਖ ਕੇ, ਇਨ੍ਹਾਂ ਦਾ ਸੰਗ ਕਰਕੇ ਅਸੀਂ ਉਸ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਜੋ ਆਪਣੇ ਗੁਣਾਂ ਕਰਕੇ ਵੱਡਾ ਹੈ। ਔਗੁਣਾਂ ਦੇ ਨਾਲ ਗੁਣਾਂ ਦੀ ਰੀਸ ਕਰਨੀ ਚਾਹੁੰਦੇ ਹਾਂ ਜੋ ਕਿ ਕਦੇ ਨਹੀਂ ਹੋ ਸਕਦੀ। ਜੇਕਰ ਇੱਕ ਭਿਖਾਰੀ, ਰਾਜੇ ਨਾਲ ਰੀਸ ਕਰਨੀ ਚਾਹੇ ਤਾਂ ਉਹ ਕਦੇ ਨਹੀਂ ਹੋ ਸਕਦੀ। ਇਸੇ ਤਰ੍ਹਾਂ ਔਗੁਣਾਂ ਵਿੱਚ ਰਹਿੰਦਿਆ ਉਸ ਗੁਣਾਂ ਵਾਲੇ ਨਾਲ ਰੀਸ ਨਹੀਂ ਕੀਤੀ ਜਾ ਸਕਦੀ। ਉਸ ਦੇ ਨਾਲ ਰੀਸ ਉਸਦੇ ਗੁਣ ਲੈ ਕੇ ਹੀ ਕੀਤੀ ਜਾ ਸਕਦੀ ਹੈ, ਉਹੋ ਜਿਹਾ ਬਣ ਕੇ ਕੀਤੀ ਜਾ ਸਕਦੀ ਹੈ ਭਾਵ ਮਨਮਤਿ ਵਾਲੀ ਸਮਝ ਵਿੱਚ ਰਹਿੰਦੇ ਹੋਏ ਗੁਰਮਤਿ ਨਾਲ, ਗੁਰੂ ਦੀ ਉੱਚੀ ਮਤਿ ਨਾਲ ਰੀਸ ਨਹੀਂ ਕੀਤੀ ਜਾ ਸਕਦੀ। **(ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥)**

ਔਗੁਣਾਂ ਦੀ ਸੰਗਤ ਤੋਂ ਉਲਟ ਸਾਧ ਸੰਗਤਿ ਹੈ, ਜੋ ਕਿ ਗੁਣਾਂ ਦੀ ਸੰਗਤਿ ਹੈ, ਗੁਰੂ ਦੀ ਸੰਗਤਿ ਹੈ ਭਾਵ ਗੁਰੂ ਦੀ ਸੱਚੀ ਮਤਿ ਦੀ ਸੰਗਤਿ ਹੈ। ਗੁਣਾਂ ਦੀ ਸੰਗਤਿ, ਨਾਮ ਦੀ ਸੰਗਤਿ ਹੈ। ਔਗੁਣਾਂ ਦੀ ਜਾਤਿ ਸਭ ਤੋਂ ਨੀਵੀਂ ਹੈ ਤੇ ਨਾਮ ਦੀ ਜਾਤਿ ਸਭ ਤੋਂ ਉੱਚੀ ਹੈ। ਸਾਧ ਸੰਗਤਿ ਸਭ ਤੋਂ ਉੱਚੀ ਸੰਗਤਿ ਹੈ ਜੋ ਸੰਗਤਿ ਮਨ ਦੇ ਵਿੱਚ ਗੁਰੂ ਦੀ ਸੱਚੀ ਮਤਿ ਦੇ ਨਾਲ ਸੰਗਤਿ ਹੈ, ਗੁਣਾਂ ਵਾਲੀ ਮਤਿ ਦੇ ਨਾਲ ਸੰਗਤਿ ਹੈ।

5/483

ਭਗਤੀ ਦਾ ਮੂਲ ਇਨ੍ਹਾਂ ਔਗੁਣਾਂ ਵਾਲੇ ਵਿਚਾਰਾਂ ਨੂੰ ਵੱਸ ਵਿੱਚ ਕਰਨਾ ਹੈ, ਇਨ੍ਹਾਂ ਨੀਚਾਂ ਨੂੰ ਵੱਸ ਵਿੱਚ ਕਰਨਾ ਹੈ, ਇਨ੍ਹਾਂ ਨੂੰ ਸੰਭਾਲਣਾ ਹੈ, ਸੰਜਮ ਵਿੱਚ ਰੱਖਣਾ ਹੈ ਭਾਵ ਇਨ੍ਹਾਂ ਤੋਂ ਸੰਭਲ ਕੇ ਰਹਿਣਾ ਹੈ ਤਾਂ ਜੋ ਸਾਨੂੰ ਨੀਚ ਨਾ ਬਣਾ ਦੇਣ। ਜਿਵੇਂ ਅਸੀਂ ਕਿਸੇ ਨੂੰ ਇਹ ਕਹਿੰਦੇ ਹਾਂ ਕਿ ਆਪਣੀ ਜ਼ੁਬਾਨ ਸੰਭਾਲ ਕੇ ਰੱਖ ਭਾਵ ਵੱਸ ਵਿੱਚ ਰੱਖ, ਇਸੇ ਤਰ੍ਹਾਂ ਗੁਰੂ ਜੀ ਸਾਨੂੰ ਸਮਝਾ ਰਹੇ ਹਨ ਕਿ ਇਨ੍ਹਾਂ ਔਗੁਣਾਂ ਨੂੰ ਸੰਭਾਲੋ, ਵੱਸ ਵਿੱਚ ਕਰੋ ਭਾਵ ਇਨ੍ਹਾਂ ਨੂੰ ਸੰਭਾਲਣ ਦਾ ਉੱਦਮ ਕਰੋ। ਜਿਸ ਤੇ ਪ੍ਰਮਾਤਮਾ ਆਪਣੀ ਬਖਸ਼ਿਸ਼ ਕਰਦਾ ਹੈ ਉਸਨੂੰ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ। ਇਹ ਔਗੁਣ ਸਾਡੇ ਮਨ ਦੇ ਵਿੱਚ ਹੀ ਹਨ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹਨ ਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਆਪ ਹੈ। ਮਨ ਦੇ ਵਿੱਚ ਆਪਣੀ ਕਿਰਪਾ ਦੁਆਰਾ ਉਹ ਮਨੁੱਖ ਦੀ ਸੋਚ ਹੀ ਬਦਲ ਦਿੰਦਾ ਹੈ, ਮਨ ਦੇ ਵਿਚਾਰ ਹੀ ਬਦਲ ਦਿੰਦਾ ਹੈ, ਮਨ ਦੀ ਮਾੜੀ ਸਮਝ ਹੀ ਬਦਲ ਦਿੰਦਾ ਹੈ ਜਿਸ ਦੁਆਰਾ ਉਹ ਮਨੁੱਖੀ ਸਮਝ ਨੂੰ ਹਉਮੈ ਵਿੱਚੋਂ ਕੱਢ ਕੇ ਨਾਮ ਵਾਲੀ ਸਮਝ ਦੇ ਨਾਲ ਜੋੜ ਲੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। **(ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥੪॥)**

{ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥੭॥}

(ਅੰਗ ੪੨੬)

{ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥}

(ਅੰਗ ੪੬੮)

{ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥
ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥੨॥}

(ਅੰਗ ੪੨੯)

{ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥
ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥}

(ਅੰਗ ੧੫੪)

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿ ਮਨੁੱਖ ਦੀ ਪ੍ਰਮਾਤਮਾ ਨਾਲੋਂ ਦੂਰੀ ਮਾਇਆ ਮੋਹ ਵਿੱਚ ਰਹਿਣ ਕਰਕੇ ਹੈ। ਇਹ ਵੀ ਨਾਲ ਹੀ ਹੈ, ਕਿ ਮਾਇਆ ਬਿਨ੍ਹਾਂ ਮਨੁੱਖ ਦਾ ਗੁਜ਼ਾਰਾ ਵੀ ਨਹੀਂ ਹੈ ਕਿਉਂਕਿ ਸਾਡੀ ਪਾਲਣਾ ਵੀ ਮਾਇਆ ਦੁਆਰਾ ਹੀ ਹੁੰਦੀ ਹੈ। ਮਾਇਆ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ,ਇਹ ਉਸਦੀ ਦਾਤ ਹੈ। ਗੱਲ ਸਿਰਫ ਉਸਦੀ ਦਾਤ ਨੂੰ ਵਰਤਣ ਦੀ ਹੈ, ਉਸਨੂੰ ਪ੍ਰਾਪਤ ਕਰਨ ਦੀ ਹੈ। ਮਾਇਆ ਵਿੱਚ ਵਿਚਰਦੇ ਹੋਏ ਵੀ ਮਨ ਦੀ ਮਾਇਆ ਤੋਂ ਨਿਰਲੇਪ ਕਿਵੇਂ ਰਹਿਣਾ ਹੈ, ਇਹ ਅਸੀਂ ਪਿੱਛੇ ਸ਼ਬਦ ਦੁਆਰਾ ਪਹਿਲਾਂ ਵੀ ਸਮਝਿਆ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਕੁਝ ਹੋਰ ਬਰੀਕੀ ਨਾਲ ਸਮਝੀਏ।

“ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥੨੯॥"

(ਅੰਗ ੯੨੧)

ਬਾਹਰੀ ਮਾਇਆ ਦੀ ਤੁਲਨਾ ਮਾਂ ਦੇ ਪੇਟ ਦੇ ਅੰਦਰ ਦੀ ਅਗਨਿ ਦੇ ਨਾਲ ਕੀਤੀ ਹੈ। **(ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥)** ਦੋਨਾਂ ਨੂੰ ਇੱਕੋ ਜਿਹਾ ਕਹਿ ਕੇ ਦੱਸਿਆ ਹੈ, ਪ੍ਰਮਾਤਮਾ ਦੀ ਇੱਕ ਖੇਡ ਦੱਸੀ ਹੈ, ਸ੍ਰਿਸ਼ਟੀ ਨੂੰ ਚਲਾਉਣ ਦੀ ਇੱਕ

5/484

ਖੇਡ ਦੱਸੀ ਹੈ। **(ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥)** ਪਹਿਲਾਂ ਮਾਤਾ ਦੇ ਪੇਟ ਦੇ ਅੰਦਰ ਦੀ ਅਗਨਿ ਨੂੰ ਸਮਝਣ ਦੀ ਲੋੜ ਹੈ ਜਿੱਥੇ ਸਰੀਰ ਦੀ ਰਚਨਾ ਹੁੰਦੀ ਹੈ। ਜਦ ਤੱਕ ਬੱਚਾ ਪੇਟ ਦੇ ਅੰਦਰ ਹੈ ਉਹ ਪ੍ਰਮਾਤਮਾ ਦੇ ਬਣਾਏ ਹੋਏ, ਰਚੇ ਹੋਏ ਸਿਸਟਮ ਦੇ ਵਿੱਚ ਰਹਿੰਦਾ ਹੈ, ਅਸੂਲ ਦੇ ਵਿੱਚ ਰਹਿੰਦਾ ਹੈ ਭਾਵ ਜਿਹੋ ਜਿਹਾ ਸਿਸਟਮ, ਜਿਹੋ ਜਿਹਾ ਤਰੀਕਾ ਪ੍ਰਮਾਤਮਾ ਨੇ ਮਨੁੱਖ ਦੀ ਪਾਲਣਾ ਲਈ ਬਣਾਇਆ ਹੋਇਆ ਹੈ, ਤਦ ਤੱਕ ਬੱਚਾ ਉਸ ਸਿਸਟਮ ਦੇ ਹੁਕਮ ਅਨੁਸਾਰ ਚੱਲਦਾ ਹੈ ਭਾਵ ਪ੍ਰਮਾਤਮਾ ਦੇ ਬਣਾਏ ਹੋਏ ਹੁਕਮ ਵਿੱਚ, ਕੀਤੇ ਹੋਏ ਹੁਕਮ ਵਿੱਚ ਚੱਲਦਾ ਹੈ। ਸ੍ਰਿਸ਼ਟੀ ਨੂੰ ਬਣਾਉਣ ਵਿੱਚ ਤੇ ਉਸਨੂੰ ਚਲਾਉਣ ਦੇ ਸਿਸਟਮ ਦੇ ਵਿੱਚ ਕੇਵਲ ਪ੍ਰਮਾਤਮਾ ਦਾ ਦਿਮਾਗ ਹੈ, ਪ੍ਰਮਾਤਮਾ ਦਾ ਗਿਆਨ ਹੈ, ਕੇਵਲ ਗੁਰੂ ਦੀ ਮਤਿ ਹੈ ਭਾਵ ਉੱਥੇ ਕੇਵਲ ਪ੍ਰਮਾਤਮਾ ਦਾ ਨਾਮ ਵਰਤਦਾ ਹੈ, ਉੱਥੇ ਮਨੁੱਖ ਦੀ ਆਪਣੀ ਕੋਈ ਮਤਿ ਨਹੀਂ ਹੁੰਦੀ ਸਭ ਕੁੱਝ ਪ੍ਰਮਾਤਮਾ ਦੇ ਆਸਰੇ ਵਿੱਚ ਹੀ ਹੁੰਦਾ ਹੈ। ਉਸਦੇ ਆਸਰੇ ਵਿੱਚ ਰਹਿਣਾ, ਉਸਦੇ ਹੁਕਮ ਅਨੁਸਾਰ ਚੱਲਣਾ , ਉਸ ਦੇ ਭਾਣੇ ਅਨੁਸਾਰ ਚੱਲਣਾ ਹੀ ਉਸ ਦੇ ਨਾਲ ਜੁੜਨਾ ਹੈ, ਉਸ ਦੇ ਨਾਲ ਲਿਵ ਲਗਾਉਣੀ ਹੈ ਭਾਵ ਜਦ ਤੱਕ ਮਨੁੱਖ ਪੇਟ ਦੇ ਅੰਦਰ ਹੁੰਦਾ ਹੈ ਉਸਦੀ ਲਿਵ ਪ੍ਰਮਾਤਮਾ ਦੇ ਨਾਲ ਹੁੰਦੀ ਹੈ, ਮਾਇਆ ਦੇ ਨਾਲ ਨਹੀਂ ਹੁੰਦੀ। ਪਾਲਣਾ ਪੇਟ ਦੇ ਅੰਦਰ ਵੀ ਪ੍ਰਮਾਤਮਾ ਦੀ ਦਿੱਤੀ ਹੋਈ , ਉਸ ਦੀ ਬਖਸ਼ੀ ਹੋਈ ਮਾਇਆ ਦੁਆਰਾ ਹੁੰਦੀ ਹੈ।ਪੇਟ ਦੇ ਅੰਦਰਿ ਅਗਨਿ, ਗਰਭ ਦੇ ਅੰਦਰ ਅਗਨਿ ਉਹ ਐਨਰਜੀ ਹੈ, ਭੋਜਨ ਹੈ ਜਿਸ ਦੁਆਰਾ ਬੱਚੇ ਦੀ ਪਾਲਣਾ ਹੁੰਦੀ ਹੈ, ਜਿਸ ਦੇ ਲਈ ਮਾਇਆ ਦੀ ਲੋੜ ਹੈ। ਇਹ ਅੰਦਰ ਦੀ ਅਗਨਿ ਵੀ ਮਇਆ ਦਾ ਰੂਪ ਹੀ ਹੈ। ਜਿਹੋ ਜਿਹਾ ਰੂਪ ਅਗਨਿ ਦਾ ਹੁੰਦਾ ਹੈ ਭਾਵ ਜਿਹੋ ਜਿਹਾ ਰੂਪ ਮਾਇਆ ਦਾ ਪੇਟ ਦੇ ਅੰਦਰ ਹੁੰਦਾ ਹੈ, ਸੱਚੀ ਜਰੂਰਤ ਲਈ ਹੁੰਦਾ ਹੈ, ਅਗਰ ਉਹੋ ਜਿਹਾ ਮਾਇਆ ਰੂਪ ਭਾਵ ਮਾਇਆ ਦੀ ਜਰੂਰਤ ਪੇਟ ਤੋਂ ਬਾਹਰ ਹੋਵੇ ਤਾਂ ਮਾਇਆ ਸਾਡੇ ਲਈ ਚੰਗੀ ਹੈ ਭਾਵ ਮਾਇਆ ਸਾਡੇ ਲਈ ਜਰੂਰੀ ਹੈ ਪਰ ਇਸ ਦਾ ਮਕਸਦ ਸਾਡੀ ਪਾਲਣਾ ਨਾਲ ਹੋਣਾ ਚਾਹੀਦਾ ਹੈ, ਸਾਡੇ ਜੀਵਨ ਦੀ ਪਾਲਣਾ ਲਈ ਹੋਣਾ ਚਾਹੀਦਾ ਹੈ। ਜਿਵੇਂ ਕਿ ਪੇਟ ਦੇ ਅੰਦਰ ਦੀ ਅਗਨਿ ਅਗਰ ਕੰਟਰੋਲ ਵਿੱਚ ਰਹਿੰਦੀ ਹੈ, ਜੋ ਅੰਦਰ ਬੱਚੇ ਦੀ ਪਾਲਣਾ ਲਈ ਜਰੂਰੀ ਲੋੜ ਹੈ, ਉਸ ਅਨੁਸਾਰ ਰਹਿੰਦੀ ਹੈ ਤਾਂ ਫਿਰ ਇਹ ਅਗਨਿ

5/485

ਸਾਡੇ ਲਈ ਚੰਗੀ ਹੈ, ਜਿਸ ਦੁਆਰਾ ਬੱਚੇ ਨੂੰ ਸਹੀ ਖੁਰਾਕ ਮਿਲਦੀ ਹੈ, ਬੱਚੇ ਦੀ ਸਹੀ ਪਾਲਣਾ ਹੁੰਦੀ ਹੈ। ਮਾਇਆ "ਅਗਨਿ" ਹੁੰਦੇ ਹੋਏ ਵੀ ਬੱਚੇ ਲਈ ਚੰਗੀ ਹੈ। ਜੇਕਰ ਅੰਦਰ ਦੀ ਅਗਨਿ ਭਾਵ ਜਰੂਰੀ ਮਾਇਆ ਦੀ ਪ੍ਰਾਪਤੀ ਨਾ ਹੋਵੇ ਤਾਂ ਉਸ ਦੁਆਰਾ ਬੱਚੇ ਦੀ ਪਾਲਣਾ ਵਿੱਚ ਵਿਘਨ ਪੈਂਦਾ ਹੈ। ਜੋ ਤਰੀਕਾ ਪ੍ਰਮਾਤਮਾ ਨੇ ਅੰਦਰ ਲਈ ਬਣਾਇਆ ਹੈ, ਉਸ ਜਰੂਰੀ ਮਾਇਆ ਦੀ ਪ੍ਰਾਪਤੀ ਹੁੰਦੇ ਰਹਿਣ ਨਾਲ ਹੀ ਸਹੀ ਪਾਲਣਾ ਹੁੰਦੀ ਹੈ। ਇਸੇ ਤਰ੍ਹਾਂ ਦੁਨੀਆਂ ਵਿੱਚ ਆ ਕੇ ਮਾਇਆ ਜੇਕਰ ਉਤਨੀ ਕੁ ਹੋਵੇ ਜਿਤਨੀ ਸਾਡੇ ਲਈ ਜਰੂਰੀ ਹੈ ਤਾਂ ਫਿਰ ਇਹ ਅਗਨਿ ਸਾਡੇ ਲਈ ਚੰਗੀ ਹੈ। ਇਸ ਦਾ ਘੱਟ ਹੋਣਾ ਵੀ ਮਨੁੱਖ ਲਈ ਮਾੜਾ ਹੈ ਤੇ ਇਸ ਦਾ ਜ਼ਿਆਦਾ ਹੋਣਾ ਵੀ ਮਨੁੱਖ ਲਈ ਮਾੜਾ ਹੈ। ਇਹ ਉਤਨੀ ਕੁ ਹੀ ਚੰਗੀ ਹੈ ਜਿਸ ਨਾਲ ਮਨੁੱਖ ਦੀ ਸਹੀ ਪਾਲਣਾ ਹੁੰਦੀ ਰਹੇ।

{ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥

ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥੧॥}

(ਅੰਗ ੧੦੧੯)

ਮਾਇਆ ਮੇਚੇ ਦੀ ਹੀ ਚੰਗੀ ਹੈ। ਇਹ ਘੱਟ ਵੀ ਤੰਗ ਕਰਦੀ ਹੈ ਅਤੇ ਵੱਧ ਵੀ ਤੰਗ ਕਰਦੀ ਹੈ। ਅਸਲ ਵਿੱਚ ਮਾਇਆ ਨਾਲ ਕੋਈ ਰੱਜਦਾ ਨਹੀਂ, ਇਸ ਦਾ ਪ੍ਰਭਾਵ ਹੀ ਇਤਨਾ ਜ਼ਿਆਦਾ ਹੈ ਕਿ ਇਹ ਮਨੁੱਖ ਨੂੰ ਮੋਹ ਲੈਂਦੀ ਹੈ। ਜਦੋਂ ਮਨੁੱਖ ਸੰਸਾਰ ਵਿੱਚ ਆ ਜਾਂਦਾ ਹੈ ਉਹ ਸੁਭਾਵਿਕ ਤੌਰ ਤੇ ਹੀ ਮਾਇਆ ਨਾਲ ਜੁੜ ਜਾਂਦਾ ਹੈ। ਮਾਇਆ ਮੋਹ ਸਾਡੇ ਸੁਭਾਅ ਦੇ ਵਿੱਚ ਹੈ। ਮਾਇਆ ਦੀ ਜੁਗਤਿ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਜੁਗਤਿ ਹੈ, ਉਸ ਦੀ ਖੇਡ ਚਲਾਉਣ ਦੀ ਜੁਗਤਿ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਮਾਇਆ ਰੂਪ ਸਮਝ ਦੁਆਰਾ, ਮਨ ਦੀ ਅਗਿਆਨਤਾ ਵਾਲੀ ਸਮਝ ਦੁਆਰਾ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਮਨੁੱਖ ਆਪਣੀ ਵੱਖਰੀ ਹੋਂਦ ਸਮਝਦਾ ਹੈ। ਮਨੁੱਖ ਦਾ ਪਰਿਵਾਰ, ਕੁਟੰਬ ਭਾਵ ਮਨ ਦੇ ਵਿਚਾਰ ਸਭ ਮਾਇਆ ਦਾ ਹਿੱਸਾ ਹੈ। ਸਭ ਪਾਸੇ, ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਦੀ ਮਾਇਆ ਹੀ ਵਰਤ ਰਹੀ ਹੈ। ਸਾਡੇ ਅੰਦਰ ਦੀ ਸਮਝ ਵਿੱਚ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਵਰਤਦੀ ਹੈ ਜੋ ਨਿਰਗੁਣ ਰੂਪ ਵਿੱਚ ਵਰਤਦੀ ਹੈ ਤੇ ਬਾਹਰ ਦੀ ਮਾਇਆ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਜੋ ਉਸਦਾ ਸਰਗੁਣ ਸਰੂਪ ਹੈ। ਮਨ ਦੀ ਮਾਇਆ ਰਾਹੀਂ ਹਰ ਕੋਈ ਮਾਇਆ ਦੇ ਮੋਹ ਵਿੱਚ ਹੈ। ਮਾਇਆ ਨਾਲ ਜੁੜ ਕੇ ਮਨੁੱਖ ਦੀ ਪ੍ਰਮਾਤਮਾ ਨਾਲੋਂ ਲਿਵ ਛੁੱਟ ਜਾਂਦੀ ਹੈ ਭਾਵ ਉਸਦੀ ਸਚੀ ਮਤਿ ਨਾਲੋਂ ਲਿਵ ਛੁੱਟ ਜਾਂਦੀ ਹੈ ਤੇ ਆਪਣੀ ਮਤਿ ਨਾਲ ਲਿਵ ਜੁੜ ਜਾਂਦੀ ਹੈ ਜਿਸ ਕਰਕੇ ਸਾਨੂੰ ਬਾਹਰੀ ਮਾਇਆ ਮੋਂਹਦੀ ਹੈ।

5/486

ਗੁਰੂ ਦੀ ਮਤਿ ਵਿੱਚੋਂ ਨਿਕਲ ਕੇ, ਉਸਦੇ ਸੱਚੇ ਅਸੂਲ ਤੋਂ ਟੁੱਟ ਕੇ ਮਨੁੱਖ ਆਪਣੀ ਮਤਿ ਨਾਲ ਜੁੜ ਜਾਂਦਾ ਹੈ। ਐਸਾ ਹੋਣ ਨਾਲ ਮਨੁੱਖ ਦੇ ਅੰਦਰ ਤ੍ਰਿਸ਼ਨਾਵਾਂ ਜਾਗਦੀਆਂ ਹਨ ਜੋ ਕਿ ਮਨੁੱਖ ਦੇ ਅੰਦਰ ਮਾਇਆ ਦਾ ਜੋਰ ਵਰਤਦਾ ਹੈ ਭਾਵ ਇਹ ਮਾਇਆ ਦੀ ਜੁਗਤਿ ਬਹੁਤ ਪ੍ਰਬਲ ਹੈ ਜੋ ਸਾਡੀਆਂ ਤ੍ਰਿਸ਼ਨਾਵਾਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਜਿਤਨਾ ਮਾਇਆ ਦਾ ਅਸਰ ਵੱਧੇਗਾ, ਜਿਤਨਾ ਮਾਇਆ ਦਾ ਪ੍ਰਭਾਵ ਵੱਧੇਗਾ ਉਤਨੀਆ ਹੀ ਮਨੁੱਖ ਦੀਆਂ ਤ੍ਰਿਸ਼ਨਾਵਾਂ ਵੱਧਣਗੀਆਂ। ਇਹ ਤ੍ਰਿਸ਼ਨਾਵਾਂ ਹੀ ਸਾਡੇ ਦੁੱਖਾਂ ਦਾ ਕਾਰਨ ਹਨ, ਸਾਡੇ ਔਗੁਣਾਂ ਦਾ ਕਾਰਨ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਮਨੁੱਖ ਸਾਰੇ ਮਾੜੇ ਕਰਮ ਕਰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥ ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥)** ਇਹ ਮਾਇਆ ਹੀ ਹੈ ਭਾਵ ਇਸ ਦਾ ਮੋਹ ਹੀ ਹੈ ਜਿਸ ਕਰਕੇ ਮਨੁੱਖ ਨੂੰ ਪ੍ਰਮਾਤਮਾ ਵਿਸਰ ਜਾਂਦਾ ਹੈ ਭਾਵ ਪ੍ਰਮਾਤਮਾ ਦੇ, ਗੁਰੂ ਦੇ, ਹਰਿ ਦੇ ਗੁਣ ਵਿਸਰ ਜਾਂਦੇ ਹਨ ਤੇ ਮਨੁੱਖ ਦਾ ਪਿਆਰ ਦੂਜੇ ਪਾਸੇ ਲੱਗ ਜਾਂਦਾ ਹੈ, ਮਾਇਆ ਦੀ ਪ੍ਰਾਪਤੀ ਦੇ ਨਾਲ ਲੱਗ ਜਾਂਦਾ ਹੈ ਜਿਸ ਦੀ ਪ੍ਰਾਪਤੀ ਲਈ ਉਹ ਅਨੇਕਾਂ ਮਾੜੇ ਕਰਮ ਕਰਦਾ ਹੈ ਭਾਵ ਉਸ ਦਾ ਪਿਆਰ ਫਿਰ ਗੁਰੂ ਨਾਲ ਨਹੀਂ ਰਹਿੰਦਾ, ਗੁਰੂ ਦੀ ਮਤਿ ਅਨੁਸਾਰ ਚੱਲਣ ਨਾਲ ਨਹੀਂ ਰਹਿੰਦਾ। ਉਸਦਾ ਪਿਆਰ ਪ੍ਰਮਾਤਮਾ ਦੇ ਨਿਰਗੁਣ ਸਰੂਪ ਨਾਲੋਂ ਹੱਟ ਕੇ ਉਸਦੇ ਸਰਗੁਣ ਸਰੂਪ ਵਿੱਚ ਲੱਗ ਜਾਂਦਾ ਹੈ ਭਾਵ ਦਾਤ ਦੇਣ ਵਾਲੇ ਨਾਲੋਂ ਹੱਟ ਕੇ ਮਨੁੱਖ ਦਾ ਪਿਆਰ ਉਸ ਦੀਆਂ ਦਾਤਾਂ ਨਾਲ ਜੁੜ ਜਾਂਦਾ ਹੈ। ਪਿਆਰ ਇੱਕ ਪਾਸੇ ਹੀ ਰਹਿ ਸਕਦਾ ਹੈ ਭਾਵੇਂ ਦਾਤੇ ਨਾਲ ਕਰ ਲਵੋ ਤੇ ਭਾਵੇਂ ਉਸ ਦੀਆਂ ਦਾਤਾਂ ਨਾਲ ਕਰ ਲਵੋ। ਪ੍ਰਮਾਤਮਾ ਦੇ ਨਾਲ ਪਿਆਰ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ, ਵਿਕਾਰਾਂ ਵਿੱਚੋਂ ਨਿਕਲਣ ਦੁਆਰਾ ਹੀ ਜੁੜਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇੱਕ ਪਾਸੇ ਉਹ ਆਪ ਹੈ ਤੇ ਦੂਜਾ ਪਾਸਾ ਭਾਵ ਦੂਜਾ ਭਾਉ ਉਸਦੀ ਮਾਇਆ ਹੈ, ਉਸਦੀਆਂ ਦਾਤਾਂ ਹਨ। (**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥**)

{ਸਾਚੁ ਧਰਮੁ ਨਹੀ ਭਾਵੈ ਡੀਠਾ॥ ਝੂਠ ਧੋਹ ਸਿਉ ਰਚਿਓ ਮੀਠਾ॥
ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ ਮਰਣੁ ਵਿਚਾਰਾ॥੨॥}

(ਅੰਗ ੬੭੬)

ਹੁਣ ਜੇਕਰ ਅਸੀਂ ਇਹ ਸੋਚੀਏ ਕਿ ਅਸੀਂ ਮਾਇਆ ਮੋਹ ਵਿੱਚੋਂ ਵੀ ਨਾ ਨਿਕਲੀਏ ਤੇ ਇਹ ਵੀ ਕਹੀਏ ਕਿ ਸਾਨੂੰ ਪ੍ਰਮਾਤਮਾ ਵੀ ਯਾਦ ਹੈ ਭਾਵ ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਯਾਦ ਹੈ ਭਾਵ ਉਹ ਸਾਨੂੰ ਨਹੀਂ ਵਿਸਰਿਆ ਹੋਇਆ, ਤਾਂ ਫਿਰ ਸਾਡੀ ਇਹੋ ਜਿਹੀ ਗੱਲ, ਇਹੋ ਜਿਹੀ ਸੋਚਣੀ ਕੀ

5/487

ਗੁਰੂ ਦੀ ਕਸੱਵਟੀ ਤੇ ਪੂਰੀ ਉਤਰਦੀ ਹੈ? ਕੀ ਅਸੀਂ ਨਿਰੇ ਹੀ ਭੁਲੇਖੇ ਵਿੱਚ ਨਹੀਂ? ਇੱਕ ਪਾਸੇ ਅਸੀਂ ਆਪਣੇ ਕਾਰ ਵਿਹਾਰ ਵਿੱਚ ਝੂਠ ਬੋਲੀਏ ਤੇ ਦੂਜੇ ਪਾਸੇ ਕਹੀਏ ਕਿ ਸਾਨੂੰ ਰੱਬ ਯਾਦ ਹੈ, ਇਹ ਦੋ ਗੱਲਾਂ ਇੱਕਠੀਆਂ ਨਹੀਂ ਹੋ ਸਕਦੀਆਂ। ਜਿਸਨੂੰ ਝੂਠ ਦੇ ਨਾਲ ਵਿਚਰਨਾ ਯਾਦ ਹੈ ਭਾਵ ਝੂਠੀ ਮਤਿ ਦੁਆਰਾ ਮਾਇਆ ਕਮਾਉਣੀ ਯਾਦ ਹੈ ਉਸ ਨੂੰ ਸੱਚ ਵਿਸਰਿਆ ਹੋਇਆ ਹੈ ਭਾਵ ਗੁਰੂ ਵਿਸਰਿਆ ਹੋਇਆ ਹੈ, ਗੁਰੂ ਦੀ ਮਤਿ ਵਿਸਰੀ ਹੋਈ ਹੈ। ਗੁਰੂ ਕੇਵਲ ਉਸ ਨੂੰ ਯਾਦ ਹੈ ਜਿਸਨੂੰ ਆਪਣੀ ਕਰਨੀ ਦੇ ਵਿੱਚ ਝੂਠ ਵਿਸਰਿਆ ਹੋਇਆ ਹੈ, ਔਗੁਣ ਵਿਸਰੇ ਹੋਏ ਹਨ। ਅਸਲ ਵਿੱਚ ਅਸੀਂ ਧਰਮ ਗ੍ਰੰਥਾਂ ਦੇ ਪੜ੍ਹਨ, ਸੁਣਨ ਤੇ ਜਪ ਤਪ ਆਦਿ ਕਰਨ ਨੂੰ ਹੀ ਰੱਬ ਨੂੰ ਯਾਦ ਰੱਖਣਾ ਸਮਝਦੇ ਹਾਂ ਜੋ ਕਿ ਸਾਡਾ ਇੱਕ ਨਿਰਾ ਭੁਲੇਖਾ ਹੀ ਹੈ। ਜੇਕਰ ਰੱਬ ਨੂੰ ਯਾਦ ਰੱਖਣਾ ਹੈ ਤਾਂ ਫਿਰ ਸੱਚ ਨੂੰ ਯਾਦ ਰੱਖੋ ਭਾਵ ਧਰਮ ਗ੍ਰੰਥਾਂ ਵਿੱਚ ਦਿੱਤੀ ਹੋਈ ਰਬ ਦੀ ਮਤਿ ਨੂੰ ਯਾਦ ਰੱਖੋ ਭਾਵ ਔਗੁਣ ਛੱਡ ਕੇ ਗੁਣਾਂ ਨੂੰ ਯਾਦ ਰੱਖੋ। ਗੁਰੂ ਵਾਲੇ ਬਣਨਾ ਹੈ ਤਾਂ ਫਿਰ ਗੁਰੂ ਦੇ ਗੁਣਾਂ ਨੂੰ ਅਪਨਾਉਣ ਦੁਆਰਾ ਬਣੋ, ਮਾਇਆ ਮੋਹ ਵਿੱਚੋਂ ਨਿਕਲ ਕੇ ਬਣੋ ਜੋ ਕਿ ਗੁਰੂ ਸਾਨੂੰ ਵਾਰ-ਵਾਰ ਸਮਝਾ ਰਿਹਾ ਹੈ। ਸਭ ਦਾ ਧਰਮ ਸੱਚ ਹੀ ਹੈ, ਸਾਰੀ ਮਨੁੱਖਤਾ ਦਾ ਧਰਮ ਸੱਚ ਹੀ ਹੈ। ਸੱਚ ਉਹ ਹੈ ਜਿਸ ਵਿੱਚ ਝੂਠ ਨਹੀਂ ਹੈ ਭਾਵ ਅਮਲੀ ਤੌਰ ਤੇ ਸੱਚੇ ਬਣਨਾ, ਸੱਚੀ ਸੁੱਚੀ ਜਿੰਦਗੀ ਜਿਉਣਾ। ਮੂੰਹ ਨਾਲ ਬੋਲ ਬੋਲ ਕੇ ਸੱਚੇ ਨਹੀਂ ਬਣਨਾ ਬਲਕਿ ਆਪਣੇ ਕਰਮਾਂ ਦੁਆਰਾ, ਆਪਣੀ ਕਰਨੀ ਦੁਆਰਾ ਸੱਚ ਦੇ ਮਾਰਗ ਤੇ ਚੱਲਣਾ, ਮਨੋ ਸੱਚਾ ਬਣਨਾ, ਮਨੋ ਨਾਮ ਵਾਲਾ ਬਣਨਾ, ਮਨੋ ਗੁਣਾਂ ਵਾਲਾ ਬਣਨਾ, ਔਗੁਣ ਤਿਆਗ ਕੇ ਗੁਣਾਂ ਵਾਲਾ ਬਣਨਾ ਭਾਵ ਅਮਲੀ ਤੌਰ ਤੇ ਨਾਮ ਜਪਣਾ ਨਾ ਕਿ ਮੂੰਹ ਜੁਬਾਨੀ ਨਾਮ ਵਾਲੇ ਬਣਨਾ। ਮੁੱਖ ਸ਼ਬਦ ਦੀ ਆਖਿਰੀ ਪੰਗਤੀ ਵਿੱਚ ਨਾਲ ਇਹ ਵੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਮਾਇਆ ਦੇ ਵਿੱਚ ਰਹਿੰਦੇ ਹੋਏ ਹੀ ਪਾਇਆ ਜਾਂਦਾ ਹੈ ਜੋ ਮਾਇਆ ਦੀ ਜੁਗਤਿ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਸਾਡਾ ਮਾਇਆ ਵਿੱਚੋਂ ਨਿਕਲਣਾ ਮਾਇਆ ਦਾ ਤਿਆਗ ਨਹੀਂ ਹੈ। ਮਾਇਆ ਜਿੰਦਗੀ ਭਰ ਸਾਡੇ ਨਾਲ ਹੀ ਰਹਿਣੀ ਹੈ। ਗੱਲ ਸਿਰਫ ਮਾਇਆ ਨੂੰ ਕਮਾਉਣ ਤੇ ਉਸਨੂੰ ਵਰਤਣ ਦੇ ਤਰੀਕੇ ਦੀ ਹੈ। ਮਾਇਆ ਝੂਠ ਦਾ ਆਸਰਾ ਲੈ ਕੇ ਵੀ ਕਮਾਈ ਜਾਂਦੀ ਹੈ ਤੇ ਮਾਇਆ

5/488

ਸੱਚ ਦਾ ਆਸਰਾ ਲੈ ਕੇ ਵੀ ਕਮਾਈ ਜਾ ਸਕਦੀ ਹੈ। ਜਦੋਂ ਅਸੀਂ ਝੂਠ ਦਾ ਆਸਰਾ ਲੈਂਦੇ ਹਾਂ, ਉੱਥੇ ਸਾਡਾ ਮੋਹ ਹੈ, ਤ੍ਰਿਸ਼ਨਾ ਹੈ ਕਿਉਂਕਿ ਉਸ ਵਿੱਚ ਗੁਰੂ ਦੀ ਮਤਿ ਨਹੀਂ ਹੈ। ਜੇਕਰ ਅਸੀਂ ਮਾਇਆ ਨੂੰ ਸੱਚ ਦਾ ਆਸਰਾ ਲੈ ਕੇ ਕਮਾਉਂਦੇ ਹਾਂ ਤਾਂ ਉਹ ਸਾਡੀ ਸੱਚੀ ਕਮਾਈ ਹੈ। ਫਰਕ ਕੇਵਲ ਝੂਠ ਤੇ ਸੱਚ ਦਾ ਹੈ, ਗੁਣਾਂ ਤੇ ਔਗੁਣਾਂ ਦਾ ਹੈ, ਮਾੜੀ ਕਰਨੀ ਤੇ ਚੰਗੀ ਕਰਨੀ ਦਾ ਹੈ, ਨਾਮ ਨੂੰ ਯਾਦ ਰੱਖਣ ਦਾ ਜਾਂ ਵਿਸਾਰਨ ਦਾ ਹੈ। ਗੁਰੂ ਦੀ ਮਤਿ ਵਿੱਚ ਰਹਿ ਕੇ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਭ ਕੁੱਝ ਚੰਗਾ ਹੈ ਤੇ ਗੁਰੂ ਦੀ ਮਤਿ ਨਾਲੋਂ ਵਿਛੜ ਕੇ, ਨਾਮ ਨੂੰ ਵਿਸਾਰ ਕੇ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਾਡੇ ਲਈ ਮਾੜਾ ਹੈ। ਸੱਚੇ ਸੁੱਚੇ ਤਰੀਕੇ ਨਾਲ ਕਮਾਈ ਕਰਨ ਨਾਲ ਮਨੁੱਖ ਕੋਲ ਮਾਇਆ ਉਤਨੀ ਕੁ ਹੀ ਆਉਂਦੀ ਹੈ ਜਿਸ ਨਾਲ ਉਸਦਾ ਚੰਗਾ ਗੁਜ਼ਾਰਾ ਹੋ ਜਾਂਦਾ ਹੈ। ਉਸ ਵਿੱਚ ਸਬਰ ਸੰਤੋਖ ਰੱਖਣਾ ਹੀ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨਾ ਹੈ, ਮੋਹ ਨੂੰ ਮਾਰਨਾ ਹੈ। ਜੇਕਰ ਸਾਫ ਸੁਥਰੇ ਤਰੀਕੇ ਨਾਲ ਮਾਇਆ ਜ਼ਿਆਦਾ ਵੀ ਆ ਜਾਂਦੀ ਹੈ, ਉਸਨੂੰ ਪਰਉਪਕਾਰ ਲਈ ਵਰਤਿਆ ਜਾ ਸਕਦਾ ਹੈ, ਲੋੜਵੰਦਾਂ ਦੀ ਮੱਦਦ ਕੀਤੀ ਜਾ ਸਕਦੀ ਹੈ। ਜ਼ਿਆਦਾ ਮਾਇਆ ਕਮਾਉਣ ਨਾਲ ਉਹ ਸਾਨੂੰ ਮਾੜੇ ਪਾਸੇ ਹੀ ਤੋਰੇਗੀ। ਮਾਇਆ ਨੂੰ ਸੱਚੇ ਸੁੱਚੇ ਢੰਗ ਨਾਲ ਕਮਾਉਣਾ ਤੇ ਵਰਤਣਾ ਹੀ ਮਾਇਆ ਤੋਂ ਨਿਰਲੇਪ ਰਹਿਣਾ ਹੈ ਜਿਸ ਲਈ ਜਰੂਰੀ ਹੈ ਕਿ ਪਹਿਲਾਂ ਅਸੀਂ ਆਪਣੀ ਮਾਇਆ ਮੋਹ ਵਾਲੀ ਨਾ-ਸਮਝ ਮਤਿ ਤੋਂ ਨਿਰਲੇਪ ਹੋਈਏ ਭਾਵ ਉਸ ਵਿੱਚੋਂ ਨਿਕਲੀਏ ਤੇ ਉਹ ਤਾਂ ਹੀ ਨਿਰਲੇਪ ਹੋਇਆ ਜਾ ਸਕਦਾ ਹੈ ਜੇਕਰ ਗੁਰੂ ਦੀ ਸੱਚੀ ਮਤਿ, ਗੁਰੂ ਦਾ ਸੱਚਾ ਨਾਮ ਸਾਡੇ ਅੰਦਰ ਵੱਸੇਗਾ ਭਾਵ ਅਸੀਂ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਮੰਨਾਂਗੇ ਤੇ ਆਪਣੀਆਂ ਤ੍ਰਿਸ਼ਨਾਵਾਂ ਨੂੰ ਛੱਡਾਂਗੇ। ਇਹ ਕੰਮ ਤਾਂ ਹੀ ਹੋ ਸਕਦਾ ਹੈ ਜਦੋਂ ਮਨੁੱਖ ਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਵੇ ਤੇ ਮਨੁੱਖ ਗੁਰੂ ਦੀ ਮਤਿ ਨਾਲ ਜੁੜ ਜਾਵੇ ਭਾਵ ਉਸ ਦੀ ਲਿਵ ਗੁਰੂ ਦੀ ਮਤਿ ਨਾਲ ਜੁੜ ਜਾਵੇ, ਉਹ ਆਪਣੀ ਮਤਿ ਛੱਡ ਦੇਵੇ। ਪ੍ਰਮਾਤਮਾ ਨੂੰ ਇਸ ਤਰੀਕੇ ਹੀ ਭਾਵ ਸੱਚੇ ਸੁੱਚੇ ਤਰੀਕੇ ਨਾਲ ਵਿਚਰਦੇ ਹੋਏ ਹੀ, ਮਾਇਆ ਵਿੱਚ ਰਹਿੰਦੇ ਹੋਏ ਹੀ ਉਸਦੀ ਕਿਰਪਾ ਦੁਆਰਾ ਪਾਇਆ ਜਾ ਸਕਦਾ ਹੈ।

(ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥) ਪ੍ਰਮਾਤਮਾ ਦੇ ਨਾਲ ਲਿਵ ਲੱਗਣੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਇਸ ਗੱਲ ਨੂੰ ਇਸ ਸ਼ਬਦ ਦੁਆਰਾ ਵੀ ਆਸਾਨੀ ਨਾਲ

ਸਮਝਿਆ ਜਾ ਸਕਦਾ ਹੈ। ਜਦੋਂ ਤੱਕ ਮਨੁੱਖ ਵਿੱਚ ਮਨਮਤਿ ਨਹੀਂ ਹੈ, ਉਹ ਗੁਰੂ ਦੇ ਹੁਕਮ ਅਨੁਸਾਰ ਵਿਚਰਦਾ ਹੈ ਤੇ ਇਹ ਹੀ ਉਸਦੇ ਨਾਲ ਲਿਵ ਦਾ ਜੁੜਨਾ ਹੈ। ਇਹੀ ਉਸ ਦਾ ਸਿਮਰਨ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਹ ਜਾਣਿਆ ਹੈ ਕਿ ਜਦ ਤੱਕ ਮਨੁੱਖ ਮਾਤਾ ਦੇ ਗਰਬ ਵਿੱਚ ਹੈ, ਉਹ ਪ੍ਰਮਾਤਮਾ ਨੂੰ ਸਿਮਰਦਾ ਹੈ।

ਅਗਰ ਧਿਆਨ ਨਾਲ ਵਿਚਾਰੋਗੇ ਤਾਂ ਇਹ ਸਮਝ ਲੱਗੇਗੀ ਕਿ ਦੁਨੀਆਂ ਦੇ ਵਿੱਚ ਸਿਰਫ ਦੋ ਹੀ ਚੀਜ਼ਾਂ ਹਨ। ਇੱਕ ਪ੍ਰਮਾਤਮਾ

5/489

ਆਪ ਹੈ ਜੋ ਕਿ ਹਰ ਰੂਪ ਵਿੱਚ ਉਹ ਆਪ ਹੀ ਹੈ ਤੇ ਦੂਸਰਾ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਭੁਲੇਖਾ। ਹਰ ਮਨੁੱਖੀ ਸਮਝ ਵਿੱਚ ਪ੍ਰਮਾਤਮਾ ਨੇ ਆਪਣੇ ਆਪ ਨੂੰ ਵੱਖਰਾ ਰੱਖਣ ਲਈ ਭੁਲੇਖਾ ਆਪ ਹੀ ਪਾਇਆ ਹੋਇਆ ਹੈ ਤੇ ਜਦੋਂ ਮਨੁੱਖ ਦਾ ਇਹ ਭੁਲੇਖਾ ਨਿਕਲ ਜਾਂਦਾ ਹੈ ਤਾਂ ਫਿਰ ਪਿੱਛੇ ਇੱਕ ਕੇਵਲ ਪ੍ਰਮਾਤਮਾ ਹੀ ਰਹਿ ਜਾਂਦਾ ਹੈ। ਜਿੱਥੇ ਪ੍ਰਮਾਤਮਾ ਆਪ ਹੈ ਭਾਵ ਜਿਸ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਸਮਝ ਹੈ ਉੱਥੇ ਸੱਚਾ ਗਿਆਨ ਹੈ, ਉੱਥੇ ਸੱਚ ਹੈ, ਉੱਥੇ ਗੁਣ ਹਨ, ਉੱਥੇ ਨਾਮ ਹੈ। ਜਿੱਥੇ ਪ੍ਰਮਾਤਮਾ ਨਹੀਂ ਹੈ ਭਾਵ ਜਿਸ ਮਨ ਦੇ ਵਿੱਚ ਪ੍ਰਮਾਤਮਾ ਪ੍ਰਗਟ ਨਹੀਂ ਹੈ, ਜਿੱਥੇ ਪ੍ਰਮਾਤਮਾ ਦੀ ਪਾਈ ਹੋਈ ਸੱਚੀ ਸੋਝੀ ਨਹੀਂ ਹੈ ਉੱਥੇ ਅਗਿਆਨਤਾ ਹੈ। ਅਗਿਆਨਤਾ ਸਾਡਾ ਅੱਧਾ ਅਧੂਰਾ ਗਿਆਨ ਹੈ ਤੇ ਮਨੁੱਖ ਨੂੰ ਆਪਣੇ ਅਧੂਰੇ ਗਿਆਨ ਦੁਆਰਾ ਹੀ ਵਿਚਰਨਾ ਪੈਂਦਾ ਹੈ, ਇਸ ਤ੍ਰੈਗੁਣਾਂ ਵਾਲੀ ਅਵੱਸਥਾ ਨਾਲ ਹੀ ਵਿਚਰਨਾ ਪੈਂਦਾ ਹੈ ਜਿਸ ਕਰਕੇ ਅਸੀਂ ਹਮੇਸ਼ਾ ਦੁਚਿੱਤੀ ਵਿੱਚ ਰਹਿੰਦੇ ਹਾਂ, ਵਾਦ-ਵਿਵਾਦ ਵਿੱਚ ਰਹਿੰਦੇ ਹਾਂ। ਸੱਚ ਜਾਂ ਝੂਠ, ਗੁਣ ਜਾਂ ਔਗੁਣ, ਇਹ ਸਾਡੇ ਮਨ ਦਾ ਨਿਰਗੁਣ ਰੂਪ ਹੈ ਜਿਸ ਤੇ ਮਨੁੱਖ ਦਾ ਜੋਰ ਨਹੀਂ ਚੱਲਦਾ। ਜਿਹੋ ਜਿਹੀ ਉਸਨੂੰ ਸੋਝੀ ਪੈਂਦੀ ਹੈ ਉਸਨੂੰ ਉਹੀ ਸੱਚ ਲੱਗਦਾ ਹੈ। ਅਸਲ ਵਿੱਚ ਸੱਚ ਕੀ ਹੈ, ਝੂਠ ਕੀ ਹੈ, ਉਹ ਕੇਵਲ ਸੋਝੀ ਪਾਉਣ ਵਾਲਾ ਹੀ ਜਾਣਦਾ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਦੁਨਿਆਵੀ ਤੌਰ ਤੇ ਸੱਚ ਝੂਠ ਦੀ ਪਹਿਚਾਣ ਹੋ ਜਾਂਦੀ ਹੈ, ਗੁਣ ਔਗੁਣ ਦੀ ਪਹਿਚਾਣ ਹੋ ਜਾਂਦੀ ਹੈ ਕਿਉਂਕਿ ਉਹ ਸਾਨੂੰ ਪ੍ਰਤੱਖ ਨਜ਼ਰ ਆਉਂਦਾ ਹੈ। ਪ੍ਰਮਾਤਮਾ ਦੀ ਭਗਤੀ ਲਈ ਸੱਚ ਝੂਠ ਕੀ ਹੈ ਇਹ ਪ੍ਰਮਾਤਮਾ ਆਪ ਹੀ ਸਮਝਾ ਸਕਦਾ ਹੈ, ਉਹ ਆਪਣੇ ਨਿਰਗੁਣ ਸਰੂਪ ਦੁਆਰਾ ਹੀ ਸਮਝਾ ਸਕਦਾ ਹੈ। ਸਾਨੂੰ ਮਿਲੀ ਹੋਈ ਸੋਝੀ ਤ੍ਰੈਗੁਣਾਂ ਵਾਲੀ ਹੈ, ਮਾਇਆ ਦੀ ਜੁਗਤਿ ਵਾਲੀ ਹੈ, ਭੁਲੇਖੇ ਵਾਲੀ ਹੈ, ਅਧੂਰੇ ਗਿਆਨ ਵਾਲੀ ਹੈ ਭਾਵ ਇਹ ਮਨਮਤਿ ਹੈ। ਪੂਰੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਚੌਥੇ ਪਦ ਵਿੱਚ ਹੈ। ਜੋ ਕੁੱਝ ਗੁਰੂ ਸਾਨੂੰ ਆਪ ਸਮਝਾਉਂਦਾ ਹੈ, ਉਸ ਨੂੰ ਮੂਲ ਸਰੂਪ ਵਿੱਚ ਮੰਨਣਾ ਹੀ ਭਗਤੀ ਹੈ। ਜਿੱਥੇ ਜ਼ਰਾ ਜਿੰਨੀ ਵੀ ਮਨਮਤਿ ਰਲ ਜਾਵੇਗੀ, ਉੱਥੇ ਅਸੀਂ ਮੂਲ ਸਰੂਪ ਸਮਝ ਤੋਂ ਭਟਕ ਜਾਵਾਂਗੇ। ਜੋ ਕੁੱਝ ਗੁਰੂ ਸਮਝਾਉਂਦਾ ਹੈ, ਉਸ ਨੂੰ ਬਿਲਕੁਲ ਉਸੇ ਅਨੁਸਾਰ ਮੰਨਣਾ ਹੀ ਉਸਨੂੰ ਜਪਣਾ ਹੈ। ਗੁਰੂ ਸਾਨੂੰ ਜੋ ਕੁੱਝ ਵੀ ਸਮਝਾਉਂਦਾ ਹੈ ਉਹ ਸੱਚ ਹੈ, ਪੂਰਨ ਸੱਚ ਹੈ ਜਿਸ ਵਿੱਚ ਰਤੀ ਭਰ ਵੀ ਝੂਠ ਦੀ ਗੁੰਜਾਇਸ਼ ਨਹੀਂ ਹੈ। ਗੁਰੂ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਸਮਝਾ ਰਹਿਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਜੇਕਰ ਅਸੀਂ ਕਿਸੇ ਵੀ ਚੀਜ ਨੂੰ, ਮਾਇਆ ਰੂਪ ਨੂੰ, ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ, ਫਿਰ ਇਹ ਝੂਠ ਹੈ ਭਾਵ ਇਸ ਵਿੱਚ ਗੁਰਮਤਿ ਨਹੀਂ ਮਨਮਤਿ ਹੈ। ਜਿੱਥੇ ਮਨਮਤਿ ਹੈ, ਉੱਥੇ ਸੱਚ ਨਹੀਂ ਹੈ, ਨਾਮ ਨਹੀਂ ਹੈ, ਭਗਤੀ ਨਹੀਂ ਹੈ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਝੂਠ ਹੈ ਭਾਵ ਸੱਚ ਨਹੀਂ ਹੈ ਭਾਵ ਮਨਮਤਿ ਹੈ, ਗੁਰਮਤਿ ਨਹੀਂ ਹੈ ਕਿਉਂਕਿ ਗੁਰਮਤਿ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਸੱਚ ਜਾਣ ਕੇ ਉਸ ਅਨੁਸਾਰ ਚੱਲਣਾ ਹੀ ਪ੍ਰਮਾਤਮਾ ਦੀ ਭਗਤੀ ਹੈ, ਉਸਦਾ ਨਾਮ ਜਪਣਾ ਹੈ ਤੇ ਹੋਰ ਕੋਈ ਤਰੀਕਾ ਨਾ ਹੈ ਅਤੇ ਨਾ ਹੀ ਕੋਈ ਹੋ ਸਕਦਾ ਹੈ। ਇੱਕੋ ਇੱਕ

5/490

ਇਹੀ ਤਰੀਕਾ ਹੈ ਜਿਸ ਦੁਆਰਾ ਅਸੀਂ ਗੁਰੂ ਨਾਲ ਆਪਣਾ ਪਿਆਰ ਅਤੇ ਭਰੋਸਾ ਪ੍ਰਗਟ ਕਰ ਸਕਦੇ ਹਾਂ, ਜਿਸ ਵਿੱਚ ਦਿਖਾਵਾ ਨਹੀਂ ਰਹਿ ਜਾਂਦਾ। ਦਿਖਾਵਾ ਸਾਨੂੰ ਭਗਤੀ ਤੋਂ ਦੂਜੇ ਪਾਸੇ ਤੋਰਦਾ ਹੈ, ਗੁਰੂ ਨਾਲੋਂ ਵਿਸ਼ਵਾਸ ਤੋੜਦਾ ਹੈ ਕਿਉਂਕਿ ਦਿਖਾਵੇ ਵਿੱਚ ਮਨਮਤਿ ਹੈ ਗੁਰਮਤਿ ਨਹੀਂ। ਦੁਨੀਆਂ ਤੋਂ ਲੁਕ ਛਿਪ ਕੇ ਆਪਣੀ ਭਗਤੀ ਦਿਖਾਉਣਾ ਵੀ ਭਰਮ ਹੈ, ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੇਵਲ ਦਿਖਾਵਾ ਹੀ ਹੈ। ਜਿੱਥੇ ਗੁਰੂ ਦੀ ਮਤਿ ਨਹੀਂ ਹੈ ਉੱਥੇ ਕੇਵਲ ਭਰਮ ਹੈ, ਦਿਖਾਵਾ ਹੈ ਤੇ ਉਹੋ ਜਿਹੀ ਭਗਤੀ ਗੁਰੂ ਪ੍ਰਮਾਤਮਾ ਨੂੰ ਪ੍ਰਵਾਨ ਨਹੀਂ ਹੁੰਦੀ। ਜੋ ਮਨੁੱਖ ਪਹਾੜਾਂ ਦੀਆਂ ਖੁੰਦਰਾ ਵਿੱਚ ਵੜ ਕੇ, ਪਹਾੜਾਂ ਦੀਆਂ ਚੋਟੀਆਂ ਤੇ ਚੜ੍ਹ ਕੇ, ਜੰਗਲਾਂ

ਆਦਿ ਵਿੱਚ ਜਾ ਕੇ, ਇਕਾਂਤ ਵਿੱਚ ਰਹਿ ਕੇ ਪ੍ਰਮਾਤਮਾ ਨੂੰ ਆਪਣੀ ਭਗਤੀ ਦਿਖਾਉਂਦੇ ਹਨ, ਬਾਣੀ ਵਿੱਚ ਇਹੋ ਜਿਹੀ ਭਗਤੀ ਦਾ ਵੀ ਖੰਡਨ ਕੀਤਾ ਹੋਇਆ ਹੈ ਜੋ ਕਿ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਜਾਣਿਆ ਵੀ ਹੈ।

{ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ॥
ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ॥}

(ਅੰਗ ੬੦)

ਆਉ ਹੁਣ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਕਿ ਪ੍ਰਮਾਤਮਾ ਨੂੰ ਕੋਈ ਸਮਾਧੀਆਂ ਲਗਾ ਕੇ ਨਹੀਂ ਜਪਿਆ ਜਾ ਸਕਦਾ, ਨਹੀਂ ਜਾਣਿਆ ਜਾ ਸਕਦਾ ਭਾਵ ਜਿਹੋ ਜਿਹੇ ਤਰੀਕੇ ਅਸੀਂ ਪ੍ਰਮਾਤਮਾ ਨੂੰ ਜਪਣ ਦੇ ਅਪਣਾਉਂਦੇ ਹਾਂ ਜਾਂ ਸਮਝਦੇ ਹਾਂ, ਉਹ ਤਰੀਕੇ ਪ੍ਰਮਾਤਮਾ ਨੂੰ ਬਿਲਕੁਲ ਵੀ ਪ੍ਰਵਾਨ ਨਹੀਂ ਹਨ ਭਾਵ ਉਹ ਨਿਰੇ ਸਾਡੇ ਭੁਲੇਖੇ ਹਨ।

"ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥
ਸਾਚਾ ਨਿਰੰਕਾਰੁ ਨਿਜ ਥਾਇ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ ਰਹਾਉ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥੨॥"

(ਅੰਗ ੧੪-੧੫)

ਉੱਪਰ ਵਾਲੇ ਸ਼ਬਦ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ, ਖਾਸ ਕਰਕੇ ਜੋ ਸੁਰਤੀਆਂ

6/491

ਸਮਾਧੀਆ ਆਦਿ ਲਗਾ ਕੇ ਪ੍ਰਮਾਤਮਾ ਦਾ ਜਪ ਤਪ ਕਰਨਾ ਸਮਝਦੇ ਹਨ, ਭਗਤੀ ਦਾ ਮਾਰਗ ਸਮਝਦੇ ਹਨ। ਅਸੀਂ ਸੁਣੇ ਸੁਣਾਏ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਵੱਡਾ ਆਖਦੇ ਹਾਂ ਭਾਵ ਉਸਦੀ ਸਿਫਤ ਕਰਦੇ ਹਾਂ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਪਾ ਸਕੀਏ। ਸਦੀਆਂ ਤੋਂ ਮਨੁੱਖ ਇਹੋ ਜਿਹੇ ਤਰੀਕੇ ਹੀ ਸੁਣਦਾ ਆਇਆ ਹੈ ਤੇ ਉਹੋ ਕੁੱਝ ਹੀ ਸਭ ਨੇ ਸੱਚ ਮੰਨਿਆ ਹੋਇਆ ਹੈ। ਇਸ ਸ਼ਬਦ ਰਾਹੀਂ ਸਾਡੇ ਇਹੋ ਜਿਹੇ ਭਗਤੀ ਦੇ ਤਰੀਕਿਆਂ ਦਾ ਇਤਨੇ ਜੋਰ ਨਾਲ ਖੰਡਨ ਕੀਤਾ ਹੋਇਆ ਹੈ ਜਿਸ ਦੀ ਕਿ ਕੋਈ ਦੂਸਰੀ ਮਿਸਾਲ ਨਹੀਂ ਬਣਦੀ। ਸਾਡੇ ਭਗਤੀ ਕਰਨ ਦੇ ਤਰੀਕਿਆਂ ਦੇ ਜਨੂੰਨ ਦੀ ਅਖੀਰ ਤੋਂ ਅਖੀਰ ਸਮਝਾਈ ਹੋਈ ਹੈ ਕਿ ਇਸ ਤਰੀਕੇ ਤੋਂ ਜ਼ਿਆਦਾ ਜੋਰ ਹੋਰ ਕੀ ਲੱਗ ਸਕਦਾ ਹੈ ਤੇ ਇਸਦੇ ਬਾਵਜੂਦ ਵੀ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ

ਸਕਦਾ ਭਾਵ ਸਾਡੇ ਭਗਤੀ ਵਾਲੇ ਤਰੀਕਿਆਂ ਦਾ ਪੂਰ ਜੋਰ ਖੰਡਨ ਕੀਤਾ ਹੋਇਆ ਹੈ। ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ, ਐਥੇ ਵੀ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਜਾਨਣ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ,ਨਹੀਂ ਜਾਣਿਆ ਜਾ ਸਕਦਾ ਕਿ ਉਹ ਪ੍ਰਮਾਤਮਾ ਕਿੰਨਾਂ ਕੁ ਵੱਡਾ ਹੈ। ਇਹੋ ਜਿਹਾ ਆਖਣ ਭਾਵ ਇਹੋ ਜਿਹਾ ਜਪਣਾ ਪ੍ਰਮਾਤਮਾ ਨੂੰ ਨਹੀਂ ਭਾਉਂਦਾ ਭਾਵ ਇਹੋ ਜਿਹੀ ਭਗਤੀ ਉਸਨੂੰ ਕਬੂਲ ਨਹੀਂ ਹੈ ਤੇ ਇਸ ਨੂੰ ਸਾਡਾ ਭੁਲੇਖਾ ਦੱਸਿਆ ਹੋਇਆ ਹੈ, ਇਹੋ ਜਿਹੇ ਜਪ ਤਪ ਨੂੰ ਸਾਡਾ ਵੱਡਾ ਭਰਮ ਦੱਸਿਆ ਹੋਇਆ ਹੈ। ਭਗਤੀ ਕਰਨ ਦੇ, ਭਗਤੀ ਸਮਝਣ ਦੇ ਚਾਰ ਵੱਡੇ ਤਰੀਕਿਆਂ ਦੀ ਅਖੀਰ ਸਮਝਾਈ ਹੋਈ ਹੈ ਕਿ ਇਹਨਾਂ ਕਿਸੇ ਤਰੀਕਿਆਂ ਨਾਲ ਵੀ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ, ਨਹੀਂ ਜਾਣਿਆ ਜਾ ਸਕਦਾ ਕਿ ਪ੍ਰਮਾਤਮਾ ਕੀ ਹੈ।

ਆਮ ਤੌਰ ਤੇ ਪੁਰਾਤਨ ਸਮੇਂ ਤੋਂ ਪ੍ਰਮਾਤਮਾ ਨੂੰ ਜਪਣ ਦਾ ਚੱਲਦਾ ਆ ਰਿਹਾ ਸਭ ਤੋਂ ਵੱਡਾ ਤਰੀਕਾ ਇਹ ਸਮਝਿਆ ਜਾਂਦਾ ਹੈ ਕਿ ਪ੍ਰਮਾਤਮਾ ਨੂੰ ਕਿਸੇ ਗੁਫਾ ਆਦਿ ਵਿੱਚ ਵੜ ਕੇ, ਇਕਾਂਤ ਵਿੱਚ ਬੈਠ ਕੇ ਜਿੱਥੇ ਹੋਰ ਕੋਈ ਨਾ ਹੋਵੇ ਉੱਥੇ ਲੰਬੇ ਤੋਂ ਲੰਬਾ ਸਮਾਂ ਬੈਠ ਕੇ ਅਗਰ ਜਪ ਤਪ ਕੀਤਾ ਜਾਵੇ ਤਾਂ ਪ੍ਰਮਾਤਮਾ ਨੂੰ ਪਾ ਲਿਆ ਜਾਂਦਾ ਹੈ। ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਹੀ ਇਹੋ ਜਿਹੇ ਭਗਤੀ ਦੇ ਤਰੀਕੇ ਦਾ ਖੰਡਨ ਕੀਤਾ ਹੋਇਆ ਹੈ। ਇਤਨਾ ਜ਼ਿਆਦਾ ਖੰਡਨ ਕੀਤਾ ਹੈ ਤੇ ਇਹ ਕਹਿ ਕੇ ਸਮਝਾਇਆ ਹੈ ਕਿ ਜੇਕਰ ਮਨੁੱਖ ਦੀ ਉਮਰ ਕਰੋੜਾਂ-ਕਰੋੜਾਂ ਸਾਲ ਹੋ ਜਾਵੇ ਭਾਵ ਉਹ ਕਰੋੜਾਂ-ਕਰੋੜਾਂ ਸਾਲਾਂ ਤੱਕ ਇਹੋ ਜਿਹੀ ਗੁਫਾ ਵਿੱਚ ਵੜ ਕੇ ਬੈਠ ਜਾਵੇ ਜਿੱਥੇ ਸੂਰਜ ਤੇ ਚੰਨ ਦਾ ਪ੍ਰਕਾਸ਼ ਵੀ ਨਾ ਪਹੁੰਚਦਾ ਹੋਵੇ, ਜਿੱਥੇ ਸੁਪਨੇ ਵਿੱਚ ਵੀ ਸੌਣ ਨੂੰ ਥਾਂ ਨਾ ਮਿਲਦੀ ਹੋਵੇ ਭਾਵ ਕਰੋੜਾਂ-ਕਰੋੜਾਂ ਸਾਲਾਂ ਤੱਕ ਬਿਨ੍ਹਾਂ ਸੌਣ ਤੋਂ ਜਪ ਤਪ ਕਰੀ ਜਾਵੇ, ਜਿੱਥੇ ਖਾਣ ਨੂੰ ਵੀ ਕੁਛ ਨਾ ਹੋਵੇ, ਪੀਣ ਨੂੰ ਪਾਣੀ ਵੀ ਨਾ ਹੋਵੇ ਭਾਵ ਉਹ ਕਰੋੜਾਂ-ਕਰੋੜਾਂ ਸਾਲ ਤੱਕ ਕੁੱਝ ਨਾ ਖਾਵੇ ਪੀਵੇ, ਕੇਵਲ ਪਵਣ ਆਹਾਰੀ ਹੋਵੇ ਭਾਵ ਕਰੋੜਾਂ-ਕਰੋੜਾਂ ਸਾਲਾਂ ਤੱਕ ਇਹੋ ਜਿਹਾ ਤਿਆਗੀ ਬਣ ਕੇ, ਇਕਾਂਤ ਵਿੱਚ ਰਹਿ ਕੇ ਪ੍ਰਮਾਤਮਾ ਨੂੰ ਲਗਾਤਾਰ ਜਪੀ ਜਾਵੇ, ਤਾਂ ਵੀ

6/492

ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ, ਇਹ ਨਹੀਂ ਜਾਣਿਆ ਜਾ ਸਕਦਾ ਕਿ ਉਹ ਪ੍ਰਮਾਤਮਾ ਕਿੰਨਾਂ ਕੁ ਵੱਡਾ ਹੈ, ਨਾਮ ਕਿੰਨਾਂ ਕੁ ਵੱਡਾ ਹੈ ਜੋ ਨਾਮ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਇਹੋ ਜਿਹੇ ਜਪ ਤਪ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਜਾ ਸਕਦੀ ਭਾਵ ਇਹੋ ਜਿਹੀ ਭਗਤੀ ਪ੍ਰਮਾਤਮਾ ਦੀ ਕੀਮਤ ਪਾਉਣ ਦਾ ਤਰੀਕਾ ਨਹੀਂ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ। ਇਹ ਕੇਵਲ ਸਾਡਾ ਇੱਕ ਭੁਲੇਖਾ ਹੈ ਜੋ ਅਸੀਂ ਇਹੋ ਜਿਹੇ ਤਰੀਕੇ ਨੂੰ ਭਗਤੀ ਸਮਝਦੇ ਹਾਂ। **(ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥)** ਆਉ ਹੁਣ ਅਗਲੀ ‘‘ਰਹਾਉ’’ ਦੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ, ਜਿੱਥੇ ਸਾਨੂੰ ਇਹੋ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਸਾਡਾ ਇਹੋ ਜਿਹਾ ਜਪ ਤਪ ਨਹੀਂ ਭਾਉਂਦਾ।

“ਸਾਚਾ ਨਿਰੰਕਾਰੁ ਨਿਜ ਥਾਇ॥

ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ਰਹਾਉ॥”

(ਅੰਗ ੧੪)

ਸਾਡੀ ਇਹੋ ਜਿਹੀ ਭਗਤੀ ਨੂੰ ਦੇਖ ਕੇ ਪ੍ਰਮਾਤਮਾ ਨੂੰ ਕੋਈ ਫਰਕ ਨਹੀਂ ਪੈਂਦਾ, ਉਹ ਆਪਣੀ ਜਗ੍ਹਾ ਤੋਂ ਭਾਵ ‘‘ਨਿਜ ਥਾਇ’’ ਨਹੀਂ ਹਿਲਦਾ, ਟਸ ਤੋਂ ਮਸ ਨਹੀਂ ਹੁੰਦਾ ਭਾਵ ਉਹ ਆਪਣੇ ਅਸੂਲ ਦਾ ਪੱਕਾ ਹੈ, ਉਹ ਆਪਣੀ ਮਤਿ ਤੋਂ ਨਹੀਂ ਹਿਲਦਾ। ਉਸਦੀ ਭਗਤੀ ਕੇਵਲ ਉਸੇ ਤਰੀਕੇ ਹੀ ਹੋ ਸਕਦੀ ਹੈ ਜੋ ਉਸਦਾ ਅਸੂਲ ਹੈ ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੋਇਆ ਹੈ। **(ਸਾਚਾ ਨਿਰੰਕਾਰੁ ਨਿਜ ਥਾਇ॥)** ਭਾਵ ਇਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਨਹੀਂ ਪਸੀਚਦਾ। ਇਹੋ ਜਿਹਾ ਬੋਲ ਬੋਲ ਕੇ, ਵਿਖਾਵਾ ਕਰਕੇ ਪ੍ਰਮਾਤਮਾ ਨੂੰ ਦਿਖਾਉਣਾ ਉਸਨੂੰ ਨਹੀਂ ਭਾਉਂਦਾ। ਇਹੋ ਜਿਹੀ ਵਡਿਆਈ ਦਾ ਪ੍ਰਮਾਤਮਾ ਨੂੰ ਕੋਈ ਲਾਲਚ ਨਹੀਂ ਹੈ। ਲਾਲਚ ਉਸੇ ਗੱਲ ਦਾ ਹੁੰਦਾ ਹੈ ਜੋ ਚੀਜ਼ ਸਾਨੂੰ ਚੰਗੀ ਲੱਗਦੀ ਹੈ, ਸਾਨੂੰ ਭਾਉਂਦੀ ਹੈ। ਅਸੀਂ ਸੁਣੀਆਂ ਸੁਣਾਈਆਂ ਗੱਲਾਂ ਦੁਆਰਾ, ਸੁਣੇ ਸੁਣਾਏ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਜਪਦੇ ਹਾਂ ਭਾਵ ਸੁਰਤੀਆਂ ਸਮਾਧੀਆਂ ਦੁਆਰਾ ਜਪਦੇ ਹਾਂ। ਜੇਕਰ ਇਹੋ ਜਿਹਾ ਜਪ ਤਪ ਪ੍ਰਮਾਤਮਾ ਨੂੰ ਭਾਵੇ ਤੇ ਤਾਂ ਹੀ ਉਹ ਆਪਣਾ ਲਾਲਚ ਦਿਖਾਵੇਗਾ ਭਾਵ ਆਪਣੀ ਰੁਚੀ

ਦਿਖਾਵੇਗਾ। ਪ੍ਰਮਾਤਮਾ ਨੂੰ ਸਾਡੇ ਇਹੋ ਜਿਹੇ ਜਪ ਤਪ ਵਿੱਚ ਕੋਈ ਰੁਚੀ ਨਹੀਂ ਹੈ ਇਸ ਲਈ ਉਸ ਨੂੰ ਸਾਡਾ ਇਹ ਜਪ ਤਪ ਨਹੀਂ ਭਾਉਂਦਾ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। **(ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥)** ਪ੍ਰਮਾਤਮਾ ਨੂੰ ਕਿਸੇ ਵੀ ਸਰੀਰਿਕ ਜਪ ਤਪ ਦੁਆਰਾ, ਸਰੀਰ ਨੂੰ ਕਸ਼ਟ ਦੇਣ ਨਾਲ ਵੀ ਨਹੀਂ ਜਪਿਆ ਜਾ ਸਕਦਾ ਜਿਵੇਂ ਕਿ ਅਨੇਕਾਂ ਭਗਤੀ ਕਰਨ ਵਾਲੇ ਇਸ ਨੂੰ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਮਝਦੇ ਹਨ। ਸ਼ਬਦ ਦੇ ਅਗਲੇ ਪਦੇ ਰਾਹੀਂ ਸ਼ਰੀਰ ਨੂੰ ਕਸ਼ਟ ਦੇਣ ਦਾ ਅਖੀਰ ਤੋਂ ਅਖੀਰ ਤਰੀਕਾ ਕਹਿ ਕੇ ਸਮਝਾਇਆ ਹੈ ਕਿ ਇਨ੍ਹਾਂ ਤਰੀਕਿਆਂ ਨਾਲ ਵੀ ਪ੍ਰਮਾਤਮਾ

6/493

ਨੂੰ ਨਹੀਂ ਪਾਇਆ ਜਾ ਸਕਦਾ। ਜੇਕਰ ਕੋਈ ਆਪਣੇ ਸਰੀਰ ਦੇ ਅਨੇਕਾਂ ਟੁਕੜੇ ਕਰਵਾ ਕੇ ਆਪਣੇ ਆਪ ਨੂੰ ਖਤਮ ਕਰ ਲਵੇ, ਆਪਣੇ ਸਰੀਰ ਨੂੰ ਆਟੇ ਦੀ ਤਰ੍ਹਾਂ ਪਿਸਵਾ ਲਵੇ, ਜੇ ਕੋਈ ਆਪਣੇ ਸਰੀਰ ਨੂੰ ਅੱਗ ਵਿੱਚ ਸਾੜ ਕੇ ਖਤਮ ਕਰ ਲਵੇ ਤੇ ਮਿੱਟੀ ਵਿੱਚ ਰਲ ਜਾਵੇ ਤਾਂ ਵੀ ਉਸ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ ਭਾਵ ਭਗਤੀ ਦੇ ਮਾਰਗ ਤੇ ਸਰੀਰ ਨੂੰ ਕਸ਼ਟ ਦੇਣ ਦੁਆਰਾ ਨਹੀ ਚੱਲਿਆ ਜਾ ਸਕਦਾ ਭਾਵ ਇਸ ਤਰੀਕੇ ਪ੍ਰਮਾਤਮਾ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। **(ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥** ਆਮ ਤੌਰ ਤੇ ਸੁਣਨ ਦੇ ਵਿੱਚ ਇਹ ਪ੍ਰਚਲਿਤ ਹੈ ਕਿ ਪ੍ਰਮਾਤਮਾ ਉੱਪਰ ਆਕਾਸ਼ ਵਿੱਚ ਰਹਿੰਦਾ ਹੈ, ਉਸਦਾ ਟਿਕਾਣਾ ਖੰਡਾਂ ਬ੍ਰਹਿਮੰਡਾਂ ਵਿੱਚ ਹੈ ਤੇ ਜਿਹੜਾ ਆਪਣੀ ਸੁਰਤਿ ਨੂੰ ਉੱਥੋਂ ਤੱਕ ਪਹੁੰਚਾ ਲੈਂਦਾ ਹੈ ਉਹ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਸਾਡੇ ਇਸ ਭੁਲੇਖੇ ਦਾ ਵੀ ਖੰਡਨ ਕੀਤਾ ਹੋਇਆ ਹੈ। ਸਾਡੇ ਸਾਰੇ ਭੁਲੇਖੇ ਅਖੀਰਲੀ ਤੋਂ ਅਖੀਰਲੀ ਗੱਲ ਕਹਿ ਕੇ ਕੱਢੇ ਹੋਏ ਹਨ। ਜੇ ਮਨੁੱਖ ਪੰਛੀ ਵੀ ਬਣ ਜਾਵੇ ਤੇ ਹਰ ਆਸਮਾਨ ਘੁੰਮ ਲਵੇ ਭਾਵ ਇਤਨੀ ਦੂਰ ਚਲਾ ਜਾਵੇ ਜਿੱਥੇ ਕਿਸੇ ਨੂੰ ਨਜ਼ਰ ਨਾ ਆਵੇ, ਬਿਨ੍ਹਾਂ ਖਾਣ ਪੀਣ ਤੋਂ ਉਸਦੀ ਉੱਡਣ ਦੀ ਸਮਰੱਥਾ ਹੋਵੇ ਭਾਵ ਉਹ ਜਿਤਨੀ ਮਰਜ਼ੀ ਦੇਰ ਤੱਕ ਉੱਡਦਾ ਰਹੇ, ਸਾਰੇ ਆਸਮਾਨ ਖੋਜ ਲਵੇ ਤਾਂ ਵੀ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਉਸਨੂੰ ਨਹੀਂ ਜਾਣਿਆ ਜਾ ਸਕਦਾ ਭਾਵ ਪ੍ਰਮਾਤਮਾ ਦਾ ਟਿਕਾਣਾ ਕਿਤੇ ਆਸਮਾਨ ਵਿੱਚ ਜਾਂ ਖੰਡਾਂ ਬ੍ਰਹਿਮੰਡਾਂ ਵਿੱਚ ਨਹੀਂ ਹੈ, ਉਹ ਸਭ ਜਗ੍ਹਾ ਹੈ। ਉਸਨੂੰ ਕਿਤੇ ਬਾਹਰੋਂ ਲੱਭਣ ਦੀ ਲੋੜ ਨਹੀਂ ਹੈ। **(ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੩॥)** ਹੋਰ ਭਗਤੀ ਦਾ ਤਰੀਕਾ ਜੋ ਆਮ ਸੁਣਨ ਨੂੰ ਮਿਲਦਾ ਹੈ ਉਹ ਇਹ ਹੈ ਕਿ ਸਾਨੂੰ ਵੱਧ ਤੋਂ ਵੱਧ ਧਰਮ ਗ੍ਰੰਥਾਂ ਨੂੰ ਪੜਨਾ ਚਾਹੀਦਾ ਹੈ, ਲਿਖਣਾ ਚਾਹੀਦਾ ਹੈ ਤੇ ਇਹ ਸਾਡਾ ਪ੍ਰਮਾਤਮਾ ਨਾਲ ਪਿਆਰ ਪਾਉਣ ਦਾ ਤਰੀਕਾ ਹੈ, ਉਸਦੀ ਭਗਤੀ ਕਰਨ ਦਾ ਤਰੀਕਾ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਸਾਡਾ ਪ੍ਰਮਾਤਮਾ ਨਾਲ ਪਿਆਰ ਪਾਉਣ ਦੇ, ਉਸ ਨਾਲ ਪਿਆਰ ਦਿਖਾਉਣ ਦੇ ਇਸ ਤਰੀਕੇ ਦੀ ਵੀ ਅਖੀਰ ਸਮਝਾ ਕੇ ਸਾਨੂੰ ਸੋਝੀ ਪਾਈ ਹੋਈ ਹੈ ਭਾਵ ਇਸ ਤਰੀਕੇ ਦਾ ਵੀ ਪੁਰ ਜੋਰ ਖੰਡਨ ਕੀਤਾ ਹੋਇਆ ਹੈ। ਜੇਕਰ ਲੱਖਾਂ ਮਣ ਕਾਗਜ਼ ਦੇ ਉੱਪਰ ਲਿਖੇ ਹੋਏ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਈਏ, ਤੇ ਇਤਨੀ ਜ਼ਿਆਦਾ ਪ੍ਰਮਾਤਮਾ ਦੀ ਵਡਿਆਈ ਲਿਖੀ ਜਾਈਏ ਕਿ ਸਿਆਹੀ ਦੀ ਕੋਈ ਕਮੀ ਨਾ ਹੋਵੇ ਤੇ ਕਲਮ ਹਵਾ ਦੀ ਤਰ੍ਹਾਂ ਤੇਜ਼ ਚੱਲਦੀ

6/494

ਜਾਵੇ ਭਾਵ ਵੱਧ ਤੋਂ ਵੱਧ ਜਿਤਨਾ ਮਰਜ਼ੀ ਲਿਖ ਲਈਏ, ਉਸਦੀ ਸਿਫਤ ਕਰ ਲਈਏ, ਆਪਣੇ ਵੱਲੋਂ ਇਸ ਤਰੀਕੇ ਨਾਲ ਜਿਤਨਾ ਮਰਜ਼ੀ ਪ੍ਰਮਾਤਮਾ ਨਾਲ ਆਪਣਾ ਪਿਆਰ ਦਿਖਾ ਲਈਏ, ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਇਸ ਤਰੀਕੇ ਪ੍ਰਮਾਤਮਾ ਦੀ ਭਗਤੀ ਤੇ ਪੂਰਾ ਨਹੀਂ ਉੱਤਰਿਆ ਜਾ ਸਕਦਾ। ਪ੍ਰਮਾਤਮਾ ਦੀ ਭਗਤੀ ਦਾ ਇੱਕੋ ਇੱਕ ਤਰੀਕਾ ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਹੈ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਜਿਨ੍ਹਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਉਨ੍ਹਾਂ ਤਰੀਕਿਆਂ ਨੂੰ ਛੱਡਣਾ, ਗੁਰੂ ਦੀ ਮਤਿ ਨੂੰ ਮੰਨਣਾ ਹੀ ਹੈ।

(ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥੨॥)

ਹੁਣ ਧਿਆਨ ਨਾਲ ਸੋਚੋ ਕਿ ਜੋ ਕੋਈ ਵੀ ਤਰੀਕੇ ਅਸੀਂ ਅਪਣਾਉਂਦੇ ਹਾਂ, ਉਹ ਕੋਈ ਵੀ ਤਰੀਕੇ ਪ੍ਰਮਾਤਮਾ ਨੂੰ ਕਬੂਲ ਨਹੀਂ ਹਨ। ਅਸਲ ਵਿੱਚ ਹਰ ਕੋਈ ਸਦੀਆਂ ਤੋਂ ਇਹੋ ਕੁੱਝ ਸੁਣਦਾ ਆ ਰਿਹਾ ਹੈ ਤੇ ਹਰ ਕਿਸੇ ਦੇ ਮਨ ਵਿੱਚ ਭਾਵੇਂ ਉਹ ਭਗਤੀ ਕਰਨ ਵਾਲਾ ਹੈ ਜਾਂ ਨਹੀਂ ਹੈ, ਇਹੀ ਦ੍ਰਿੜ ਹੋਇਆ-ਹੋਇਆ ਹੈ ਕਿ ਭਗਤੀ ਕਿਸੇ ਸਰੀਰਿਕ ਸਾਧਨਾਂ ਦੁਆਰਾ ਹੀ ਹੁੰਦੀ ਹੈ। ਜਦ ਤੱਕ ਕੋਈ ਮਨੁੱਖ ਸੁਰਤੀ ਜੋੜ ਕੇ, ਸਮਾਧੀ ਲਗਾ ਕੇ ਜਪ ਤਪ ਆਦਿ ਨਹੀਂ ਕਰਦਾ ਉਸਨੂੰ ਕੋਈ ਭਗਤ ਹੀ ਨਹੀਂ ਕਹਿੰਦਾ, ਇਸ ਤੋਂ ਬਿਨ੍ਹਾਂ ਕਿਸੇ ਦੀ ਤਸੱਲੀ ਹੀ ਨਹੀਂ ਹੁੰਦੀ। ਨਾ ਇਸ ਤੋਂ ਬਿਨ੍ਹਾਂ ਭਗਤੀ ਕਰਨ ਵਾਲਾ ਆਪਣੇ ਆਪ ਨੂੰ ਕੋਈ ਭਗਤ ਸਮਝਦਾ ਹੈ ਤੇ ਨਾ ਕੋਈ ਉਸਨੂੰ ਭਗਤ ਮੰਨਦਾ ਹੈ। ਹਰ ਕੋਈ ਇਹੋ ਜਿਹਿਆਂ ਨੂੰ ਹੀ ਭਗਤ ਸਮਝਦਾ ਹੈ ਸਿਵਾ ਇੱਕ ਗੁਰੂ ਦੇ, ਪ੍ਰਮਾਤਮਾ ਦੇ, ਜਿਸ ਦੀ ਉਹ ਭਗਤੀ ਕਰਦੇ ਹਨ। ਇੱਕ ਗੁਰੂ ਤੋਂ ਇਲਾਵਾ ਭਾਵ ਪ੍ਰਮਾਤਮਾ ਦੇ ਸੱਚੇ ਭਗਤ ਤੋਂ ਇਲਾਵਾ ਹਰ ਕੋਈ ਇਹੋ ਜਿਹੇ ਜਪ ਤਪ ਨੂੰ ਹੀ ਭਗਤੀ ਸਮਝਦਾ ਹੈ ਤੇ ਫਿਰ ਵੀ ਹਰ ਕੋਈ ਇਹ ਉਮੀਦ ਲਾਈ ਬੈਠਾ ਹੈ, ਤਸੱਲੀ ਕਰੀ ਬੈਠਾ ਹੈ ਕਿ ਅਸੀਂ ਪ੍ਰਮਾਤਮਾ ਦੇ ਨੇੜੇ ਲੱਗੇ ਹੋਏ ਹਾਂ। ਨਿਰੇ ਭੁਲੇਖੇ ਵਿੱਚ ਫਿਰੀ ਜਾਂਦੇ ਹਾਂ। ਅਸਲ ਵਿੱਚ ਜਿੱਥੇ ਉਹ ਨਹੀਂ ਹੈ ਭਾਵ ਜਿਸਦੇ ਅੰਦਰ ਪ੍ਰਮਾਤਮਾ ਦੀ, ਗੁਰੂ ਦੀ ਸੱਚੀ ਮਤਿ ਨਹੀਂ ਹੈ, ਉੱਥੇ ਕੇਵਲ ਭੁਲੇਖਾ ਹੈ, ਉਸਦੀ ਮਾਇਆ ਹੈ। ਪ੍ਰਮਾਤਮਾ ਆਪ ਆਪਣੀ ਸੱਚੀ ਮਤਿ ਦੁਆਰਾ ਗੁਰਬਾਣੀ ਦੇ ਵਿੱਚ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਜੀ ਤੇ ਯਕੀਨ ਆ ਜਾਵੇਗਾ ਫਿਰ ਭਗਤੀ ਵੀ ਸਮਝ ਲੱਗ ਜਾਵੇਗੀ ਤੇ ਫਿਰ ਅਸੀਂ ਇੱਧਰੋਂ ਉਧਰੋਂ ਸੁਣੀਆਂ ਸੁਣਾਈਆਂ ਗੱਲਾਂ ਤੇ ਵਿਸ਼ਵਾਸ ਨਹੀਂ ਕਰਾਂਗੇ, ਭੁਲੇਖੇ ਵਿੱਚ ਨਹੀਂ ਫਿਰਾਂਗੇ।

ਆਓ ਹੁਣ ਧੰਨੁ ਧੰਨੁ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਉਨ੍ਹਾਂ ਦੇ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ ਕਿ ਭਗਤੀ ਕਿਵੇਂ ਕਰਨੀ ਹੈ, ਨਾਮ ਕਿਵੇਂ ਜਪਣਾ ਹੈ। ਨਾਮ ਕੀ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

6/495

“ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥
ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ॥੧॥
ਨਾਨਕ ਸਾਚੇ ਕਉ ਸਚੁ ਜਾਣੁ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥
ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ॥੨॥
ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ॥
ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ॥੩॥
ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ॥
ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ॥
ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ॥੪॥੫॥”

(ਅੰਗ ੧੫-੧੬)

ਹਰ ਕੋਈ ਇਹ ਹੀ ਕਹਿੰਦਾ ਹੈ ਕਿ ਨਾਮ ਸੱਚ ਹੈ, ਪ੍ਰਮਾਤਮਾ ਸੱਚ ਹੈ। ਸਾਡਾ ਇਹੋ ਜਿਹਾ ਆਖਣ ਦਾ ਅਸਲ ਸੱਚ, ਸਮਝਣ ਲਈ ਸੱਚ ਕੀ ਹੈ, ਇਹੀ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। “ਸੱਚੁ” ਸਮਝਾਉਣ ਤੋਂ ਪਹਿਲਾਂ, ਇਹ ਸਮਝਾਇਆ ਹੈ

ਕਿ "ਝੂਠ" ਕੀ ਹੈ ਤਾਂ ਕਿ ਸੱਚ ਦੀ ਸਮਝ ਲੱਗ ਸਕੇ। ਮਨੁੱਖ ਨੂੰ ਝੂਠ ਜਾਂ ਸੱਚ ਦੇਣ ਵਾਲਾ ਭਾਵ ਝੂਠੀ ਸਮਝ ਪਾਉਣ ਵਾਲਾ ਜਾਂ ਸੱਚੀ ਸਮਝ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ। ਉਹ ਉਸਨੂੰ ਜਿੱਥੇ ਰੱਖਣਾ ਚਾਹੁੰਦਾ ਹੈ,ਜਿਹੋ ਜਿਹੇ ਕਰਮ ਕਿਸੇ ਕੋਲੋਂ ਕਰਵਾਉਣਾ ਚਾਹੁੰਦਾ ਹੈ ਉਸਨੂੰ ਉਹੋ ਜਿਹੀ ਮਤਿ ਹੀ ਦਿੰਦਾ ਹੈ। ਜਿਸਨੂੰ ਮਾੜੀ ਮਤਿ ਦੇ ਦਿੰਦਾ ਹੈ ਉਹ ਮਾੜੇ ਕਰਮ ਕਰਦਾ ਹੈ ਭਾਵ ਜਿਸਨੂੰ ਪ੍ਰਮਾਤਮਾ ਨੇ ਆਪਣੇ ਤੋਂ ਦੂਰ ਰੱਖਣਾ ਹੁੰਦਾ ਹੈ ਉਸ ਨੂੰ ਝੂਠ ਦੇ ਨਾਲ ਜੋੜ ਦਿੰਦਾ ਹੈ ਅਤੇ ਜਿਸਨੂੰ ਆਪਣੇ ਨਾਲ ਰੱਖਣਾ ਹੁੰਦਾ ਹੈ ਉਸਨੂੰ ਸੱਚ ਦੇ ਨਾਲ ਜੋੜ ਦਿੰਦਾ ਹੈ। ਝੂਠ ਵੀ ਇੱਕ ਨਸ਼ਾ ਹੈ ਮਾਇਆ ਮੋਹ ਵਾਲੀ ਝੂਠੀ ਸਮਝ ਵੀ ਇੱਕ ਨਸ਼ਾ ਹੈ ਤੇ ਉਸ ਤੋਂ ਉਲਟ ਤੇ ਸੱਚ ਵੀ ਇੱਕ ਨਸ਼ਾ ਹੈ। ਪ੍ਰਮਾਤਮਾ ਕਿਸ ਨੂੰ ਕਿਹੜਾ ਨਸ਼ਾ ਦਿੰਦਾ ਹੈ, ਇੱਥੋਂ ਹੀ ਉਸ ਦੀ ਮਿਹਰ ਦਾ ਪਤਾ ਲੱਗਦਾ ਹੈ। ਜਿਸ ਮਨੁੱਖ ਤੇ ਪ੍ਰਮਾਤਮਾ ਦੀ ਕਿਰਪਾ ਨਹੀਂ ਹੁੰਦੀ ਉਸ ਦੇ ਵਿੱਚ ਮਾਇਆ ਮੋਹ ਪਾ ਦਿੰਦਾ ਹੈ ਭਾਵ ਜਿਸ ਮਨੁੱਖ ਨੂੰ ਪ੍ਰਮਾਤਮਾ ਨੇ ਆਪਣੇ ਨਾਲ ਨਹੀਂ ਮੇਲਣਾ ਹੁੰਦਾ ਉਸ ਵਿੱਚ ਮਾਇਆ ਦਾ ਮੋਹ ਪਾ ਕੇ ਝੂਠ ਨਾਲ ਜੋੜ ਦਿੰਦਾ ਹੈ, ਔਗੁਣਾਂ ਨਾਲ ਜੋੜ ਦਿੰਦਾ ਹੈ ਤੇ ਮਨੁੱਖ ਨੂੰ ਉਸੇ ਦੇ ਨਸ਼ੇ ਵਿੱਚ ਪ੍ਰਮਾਤਮਾ ਵਿਸਰਿਆ ਹੁੰਦਾ ਹੈ, ਸੱਚ ਵਿਸਰਿਆ ਹੁੰਦਾ ਹੈ, ਗੁਰੂ ਦੀ ਮਤਿ ਵਿਸਰੀ ਹੁੰਦੀ ਹੈ, ਨਾਮ ਵਿਸਰਿਆ ਹੁੰਦਾ ਹੈ। ਉਸਨੂੰ ਆਪਣਾ ਅਸਲ ਜੀਵਨ ਜਿਉਣਾ ਭੁੱਲਿਆ ਹੁੰਦਾ ਹੈ ਤੇ ਮਾਇਆ ਦੇ ਭੋਗਾਂ ਦੁਆਰਾ ਖੁਸ਼ੀ ਮਹਿਸੂਸ ਕਰਦਾ ਹੈ ਜੋ ਕਿ ਬਹੁਤੀ ਦੇਰ ਨਹੀਂ ਰਹਿੰਦੀ। ਅਸੀਂ ਆਪਣੀਆਂ ਚਾਰ ਦਿਨਾਂ ਦੀਆਂ ਖੁਸ਼ੀਆਂ ਸਦਕਾ ਹੀ ਮਾੜੇ ਕਰਮ ਕਰਦੇ ਹਾਂ ਜਿਨ੍ਹਾਂ ਕਰਕੇ ਸਾਨੂੰ ਬਹੁਤ ਦੁੱਖ ਸਹਿਣੇ ਪੈਂਦੇ ਹਨ। ਸਾਡੀ ਮਤਿ ਦੇ ਵਿੱਚੋਂ "**ਮਰਨੁ**" ਦਾ ਵਿਸਰਨਾ ਹੀ ਨਾਮ ਦਾ ਵਿਸਰਨਾ ਹੈ, ਗੁਰੂ ਦੀ ਮਤਿ ਦਾ ਵਿਸਰਨਾ ਹੈ। ਇਹ ਸ਼ਬਦ ਦੁਆਰਾ ਮਰਨ ਹੈ, ਜਿਉਂਦੇ ਜੀਅ ਆਪਣੇ ਆਪ ਨੂੰ ਮਾਰਨ ਵਾਲੀ ਗੱਲ ਹੈ ਭਾਵ ਆਪਣੇ ਅੰਦਰ ਦੇ ਮਾਇਆ ਮੋਹ ਦਾ ਮਾਰਨ ਹੈ, ਆਪਣੀ ਨਾਸਮਝ ਮਤਿ ਦਾ ਮਾਰਨ ਹੈ। ਇਹ ਮਨ ਦਾ ਮਾਰਨ ਹੈ, ਮਨਮਤਿ ਦਾ ਮਾਰਨ ਹੈ, ਹਉਮੈ ਦਾ ਮਾਰਨ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥)**

"**ਗਲੋਲਾ**" ਖੋਇਆ (ਖੋਆ) ਨੂੰ ਕਹਿੰਦੇ ਹਨ, ਮਿੱਠੇ ਰਸ ਨੂੰ ਕਹਿੰਦੇ ਹਨ। ਝੂਠ ਨੂੰ ਇੱਕ ਮਿੱਠਾ ਰਸ ਕਿਹਾ ਹੈ, ਮਾਇਆ ਦਾ ਰਸ ਕਿਹਾ ਹੈ, ਜਿਸਦੀ ਪ੍ਰਾਪਤੀ ਲਈ ਮਨੁੱਖ ਝੂਠ ਬੋਲਦਾ ਹੈ, ਔਗੁਣਾਂ ਵਿੱਚ ਪੈਂਦਾ ਹੈ। ਝੂਠ

6/496

ਦਾ ਉਲਟ ਸੱਚ ਹੈ। ਔਗੁਣ ਦਾ ਉਲਟ ਗੁਣ ਹੈ ਭਾਵ ਜਿੱਥੇ ਸੱਚ ਹੈ ਉੱਥੇ ਗੁਣ ਹੈ। ਸੱਚ ਭਾਵ ਗੁਰੂ ਦੀ ਸੱਚੀ ਮਤਿ, ਆਪਣੀ ਸੱਚੁ ਰੂਪ ਨਾਮ ਵਾਲੀ ਸਮਝ ਪ੍ਰਮਾਤਮਾ ਉਨ੍ਹਾਂ ਦੀ ਮਤਿ ਵਿੱਚ ਪਾਉਂਦਾ ਹੈ ਜਿਨ੍ਹਾਂ ਤੇ ਉਹ ਆਪਣੀ ਕਿਰਪਾ ਕਰਕੇ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ।ਪ੍ਰਮਾਤਮਾ ਦੇ ਦਰਬਾਰ ਵਿੱਚ ਰੱਖਣ ਲਈ, ਉੱਥੇ ਭੇਟਾ ਦੇਣ ਲਈ ਕੇਵਲ ਸੱਚ ਹੈ ਭਾਵ ਪ੍ਰਮਾਤਮਾ ਦੇ ਦਰਬਾਰ ਵਿੱਚ ਕੇਵਲ ਸੱਚ ਦੀ ਭੇਟ ਪ੍ਰਵਾਨ ਹੁੰਦੀ ਹੈ, ਉੱਥੇ ਝੂਠ ਪ੍ਰਵਾਨ ਨਹੀਂ ਹੁੰਦਾ, ਉੱਥੇ ਗੁਣ ਪ੍ਰਵਾਨ ਹੁੰਦੇ ਹਨ, ਔਗੁਣ ਪ੍ਰਵਾਨ ਨਹੀਂ ਹੁੰਦੇ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਕਿ ਸੱਚੁ ਉੱਥੇ ਹੈ ਜਿੱਥੇ ਝੂਠ ਨਹੀਂ ਹੈ। **(ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥ ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ॥੧॥)**

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥}

(ਅੰਗ ੮੭੮)

"**ਸੋਫੀਆ**" ਤੋਂ ਭਾਵ ਹੈ ਚੰਗੀ ਸਮਝ ਵਾਲਾ ਭਾਵ ਨੇਕ ਇਨਸਾਨ। ਜਿਸ ਨੂੰ ਪ੍ਰਮਾਤਮਾ ਨੇ ਨੇਕ ਇਨਸਾਨ ਬਣਾਉਣਾ ਹੁੰਦਾ ਹੈ, ਸਮਝਦਾਰ ਬਣਾਉਣਾ ਹੁੰਦਾ ਹੈ ਉਸ ਦੀ ਮਤਿ ਵਿੱਚ ਸੱਚ ਦਾ ਗਿਆਨ ਬਖਸ਼ਦਾ ਹੈ। ਸੱਚ ਤੇ ਚੱਲਣਾ ਹੀ ਸਮਝਦਾਰੀ ਹੈ, ਸਿਆਣਪ ਹੈ। ਇਹ ਸੱਚ, ਝੂਠ ਸਾਡੇ ਹੱਥ ਵਿੱਚ ਨਹੀਂ ਹੈ, ਕੇਵਲ ਉਸ ਪ੍ਰਮਾਤਮਾ ਦੀ ਕਿਰਪਾ ਹੈ ਜਿਸ ਨੂੰ ਜਿੱਥੇ ਲਾ ਦੇਵੇ। ਝੂਠ ਵਿੱਚ ਸਾਡੀ ਹਉਮੈ ਹੈ, ਸਾਡੀ ਝੂਠੀ ਹੋਂਦ ਦਾ ਹੋਣਾ ਹੈ ਜੋ ਕਿ ਸਾਡੇ ਵੱਸ ਵਿੱਚ ਨਹੀਂ ਹੈ। ਇਹ ਸਾਡੇ ਮਨ ਦੇ ਵਿਚਾਰਾਂ ਰਾਹੀਂ ਸਭ ਦੇ ਅੰਦਰ ਨਾਲ ਹੀ ਪੈ ਕੇ ਆਉਂਦੀ ਹੈ। ਇਹ ਝੂਠਾ ਮਦ ਸਾਡੇ ਵੱਸ ਵਿੱਚ ਨਹੀਂ ਹੈ। ਸੱਚਾ ਮਦ ਉਸ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਮਿਲ ਸਕਦਾ ਹੈ।

{ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥}

(ਅੰਗ ੫੫੪)

ਆਓ ਹੁਣ ਮੁੱਖ ਸ਼ਬਦ ਦੀ ਅਗਲੀ (ਰਹਾਉ ਵਾਲੀ) ਪੰਗਤੀ ਨੂੰ ਜਾਣੀਏ ਕਿ ਸਚੁ ਰੂਪ ਪ੍ਰਮਾਤਮਾ ਕਿਸ ਨੂੰ ਕਿਹਾ ਹੈ, ਅਸਲ ਸੱਚ ਕੀ ਹੈ, ਅਸਲ ਸਚੁ ਰੂਪ ਨਾਮ ਕੀ ਹੈ, ਕਿਹੜੇ ਸੱਚ ਨੂੰ ਪ੍ਰਮਾਤਮਾ ਆਖਿਆ ਹੈ।

“ਨਾਨਕ ਸਾਚੇ ਕਉ ਸਚੁ ਜਾਣੁ॥

ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ॥੧॥ ਰਹਾਉ ॥”

ਅਸੀਂ ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਜਾਣਿਆ ਹੈ ਕਿ “ਸੱਚ” ਕੀ ਹੈ। ਸੱਚ ਉਹ ਹੈ ਜਿਸ ਵਿੱਚ ਝੂਠ ਨਹੀਂ ਹੈ ਭਾਵ ਜੋ ਸੱਚਾਈ ਹੈ, ਜੋ ਟਰੁੱਥ ਹੈ। ਇਹ ਜੋ “ਸੱਚ” ਹੈ, ਇਹ ਹੀ ਆਪ ਪ੍ਰਮਾਤਮਾ ਹੈ। ਸੱਚ ਦੀ ਸੇਵਾ ਹੀ ਪ੍ਰਮਾਤਮਾ ਦੀ ਸੇਵਾ ਹੈ, ਸੱਚ ਦੀ

6/497

ਸੇਵਾ ਦੁਆਰਾ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਇਸ ਸੱਚ ਦੀ ਸੇਵਾ ਨਾਲ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਮਿਲਦਾ ਹੈ। ਸੱਚ ਮਨੁੱਖ ਦੀ ਇਮਾਨਦਾਰੀ ਹੈ ਭਾਵ ਇਮਾਨਦਾਰ ਬਣ ਕੇ ਇਸ ਦੁਨੀਆਂ ਵਿੱਚ ਵਿਚਰਨਾ, ਸਭ ਕੁੱਝ ਇਮਾਨਦਾਰੀ ਨਾਲ ਕਰਨਾ ਹੀ ਪ੍ਰਮਾਤਮਾ ਦੀ ਸੇਵਾ ਹੈ ਅਤੇ ਇਸ ਦੇ ਦੁਆਰਾ ਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਸਾਡਾ ਮਾਣ ਹੈ। ਸਚੁ ਦੀ ਸੇਵਾ ਭਾਵ ਪ੍ਰਮਾਤਮਾ ਦੀ ਸੇਵਾ, ਗੁਰੂ ਦੀ ਸੇਵਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਗੁਰੂ ਦੀ ਸੇਵਾ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ, ਔਗੁਣ ਤਿਆਗਣ ਦੁਆਰਾ ਸੱਚੇ ਸੁੱਚੇ ਚੰਗੇ ਕਰਮ ਕਰਨ ਦੁਆਰਾ ਹੁੰਦੀ ਹੈ। (**ਨਾਨਕ ਸਾਚੇ ਕਉ ਸਚੁ ਜਾਣੁ॥ ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ॥੧॥ ਰਹਾਉ ॥**) ਇਹ ਸੱਚ, ਇਹ ਇਮਾਨਦਾਰੀ ਹੀ ਸਾਡੇ ਅੰਦਰ ਨਾਮ ਦਾ ਹੋਣਾ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

"ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥"

ਪਹਿਲਾਂ ਉੱਪਰ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਝੂਠ ਨੂੰ ਮਨੁੱਖ ਦਾ ਨਸ਼ਾ ਕਹਿ ਕੇ ਸਮਝਾਇਆ ਹੈ, ਮਾੜਾ ਅਮਲ ਕਹਿ ਕੇ ਸਮਝਾਇਆ ਹੈ। ਐਥੇ ਉੱਪਰ ਵਾਲੀ ਪੰਗਤੀ ਰਾਹੀਂ ਸਚੁ ਨੂੰ ਸਾਡਾ ਨਸ਼ਾ ਕਹਿ ਕੇ ਸਮਝਾਇਆ ਹੈ,ਚੰਗਾ ਅਮਲ ਕਹਿ ਕੇ ਸਮਝਾਇਆ ਹੈ। ਫਰਕ ਕੇਵਲ ਝੂਠ ਤੇ ਸੱਚ ਦਾ ਹੈ, ਹੋਰ ਕੁੱਝ ਵੀ ਨਹੀਂ। ਸੱਚ ਨੂੰ ਸ਼ਰਾਬ ਕਹਿ ਕੇ ਸਮਝਾਇਆ ਹੈ ਜੋ ਬਿਨ੍ਹਾਂ ਗੁੜ ਤੋਂ, ਬਿਨ੍ਹਾਂ ਮਿੱਠੇ ਤੋਂ ਬਣੀ ਹੋਵੇ ਭਾਵ ਜਿਸ ਵਿੱਚ ਕੋਈ ਝੂਠ ਜਾਂ ਵਿਕਾਰ ਨਾ ਹੋਵੇ। ਜਿੱਥੇ ਝੂਠ ਵਿਕਾਰ ਹੈ, ਉੱਥੇ ਸੱਚ ਨਹੀਂ ਹੈ ਭਾਵ ਸੱਚ ਇਨ੍ਹਾਂ ਸਭ ਗੱਲਾਂ ਤੋਂ ਨਿਰੋਲ ਹੈ ਤੇ ਜਿੱਥੇ ਇਹੋ ਜਿਹਾ ਸੱਚ ਹੈ, “ਉਸ ਵਿੱਚ ਸੱਚਾ ਨਾਮ ਹੈ”, “ਉਸ ਵਿੱਚ ਪ੍ਰਮਾਤਮਾ ਆਪ ਹੈ”, ਕਿਉਂਕਿ ਸੱਚ ਪ੍ਰਮਾਤਮਾ ਆਪ ਹੀ ਹੈ। “ਸਚੁ” ਹੀ ਨਾਮ ਹੈ, ਸਚੁ ਹੀ ਗੁਰਮਤਿ ਹੈ, “ਸਚੁ” ਹੀ ਪ੍ਰਮਾਤਮਾ ਆਪ ਹੈ, ਨਾਮ ਹੀ ਆਪ ਪ੍ਰਮਾਤਮਾ ਹੈ ਭਾਵ ਸੱਚ ਬੋਲਣਾ, ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣਾ, ਹਰ ਵੇਲੇ ਇਮਾਨਦਾਰੀ ਵਿੱਚ ਰਹਿਣਾ ਹੀ ਨਾਮ ਜਪਣਾ ਹੈ, ਹਰ ਵੇਲੇ ਸੱਚ ਦੇ ਨਸ਼ੇ ਵਿੱਚ ਰਹਿਣਾ ਹੀ ਨਾਮ ਦੇ ਨਸ਼ੇ ਵਿੱਚ ਰਹਿਣਾ ਹੈ,ਸੱਚਾ ਮਦ ਪੀਣਾ ਹੈ। ਨਾਮ ਸੱਚ ਬੋਲਣ ਵਿੱਚ ਹੈ, ਸੱਚ ਨੂੰ ਅਪਣਾਉਣ ਵਿੱਚ ਹੈ, ਨਾ ਕਿ ਮੁੱਖੋਂ ਨਾਮ ਨਾਮ ਬੋਲੀ ਜਾਣ ਵਿੱਚ ਹੈ। ਉਹ ਕਿਹੜਾ ਸੱਚ ਹੋਇਆ ਜੇਕਰ ਸਾਡੇ ਮਨ ਦੇ ਵਿਚਾਰਾਂ ਦੇ ਅੰਦਰ ਝੂਠ ਹੀ ਹੋਵੇ ਤੇ ਅਸੀਂ ਮਾੜੇ ਕਰਮ ਕਰੀਏ। ਆਉ ਬਾਣੀ ਨੂੰ, ਨਾਮ ਨੂੰ, ਸੱਚ ਨੂੰ ਦਿਲੋਂ ਸਮਝੀਏ ਤੇ ਏਵੇਂ ਝੂਠੇ ਤੇ ਬੇਬੁਨਿਆਦ ਤਰਕ ਦੇ ਦੇ ਕੇ ਅਸਲੀਅਤ ਤੋਂ ਮੂੰਹ ਨਾ ਮੋੜੀਏ।

{ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥

ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥}

(ਅੰਗ ੪੬੮)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥}

(ਅੰਗ ੧੪੦)

6/498

{ਹਿਰਦੈ ਸਚੁ ਏਹ ਕਰਣੀ ਸਾਰੁ॥

ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਬਾਣੀ ਵਿੱਚ ਤਾਂ ਉਸੇ ਸੱਚ ਦੀ ਗੱਲ ਕੀਤੀ ਹੋਈ ਹੈ, ਉਸੇ ਨਾਮ ਦੀ ਗੱਲ ਕੀਤੀ ਹੋਈ ਹੈ ਜਿਸਨੂੰ ਹਿਰਦੇ ਵਿੱਚ ਵੱਸਾ ਕੇ ਉਸ ਤੇ ਅਮਲ ਕਰਨਾ ਹੈ, ਉਸ ਅਨੁਸਾਰ ਜੀਵਨ ਜਿਉਣਾ ਹੈ। ਇਸ ਤੋਂ ਇਲਾਵਾ "ਸੱਚ" ਕਿਸ ਨੂੰ ਕਹਿੰਦੇ ਹਨ, ਉਹ ਸਮਝ ਤੋਂ ਬਾਹਰ ਦੀ ਗੱਲ ਹੈ। ਸੱਚ ਤੋਂ ਬਿਨ੍ਹਾਂ ਕੇਵਲ ਝੂਠ ਹੈ ਤੇ ਸੱਚ ਨੂੰ ਸੱਚ ਨਾ ਸਮਝਣਾ ਵੀ ਝੂਠ ਹੈ, ਕੇਵਲ ਭੁਲੇਖਾ ਹੈ। ਪ੍ਰਮਾਤਮਾ ਆਪ ਸੱਚ ਹੈ, ਉਹ ਆਪ ਗੁਰਬਾਣੀ ਦੇ ਰੂਪ ਵਿੱਚ ਹੈ ਜੋ ਕਿ ਉਸ ਦਾ ਗੁਰੂ ਰੂਪ ਹੈ। ਗੁਰਬਾਣੀ ਜੋ ਕੁੱਝ ਸਮਝਾਉਂਦੀ ਹੈ ਉਹ "**ਸੱਚ**" ਹੈ, ਉਸ ਤੋਂ ਬਾਹਰ ਸਭ ਝੂਠ ਹੈ।

ਗੁਰਬਾਣੀ ਦੇ ਵਿੱਚ "**ਸੱਚੁ**" ਕਿਸ ਰੂਪ ਵਿੱਚ ਹੈ ਭਾਵ ਪ੍ਰਮਾਤਮਾ ਕਿਸ ਰੂਪ ਵਿੱਚ ਹੈ, "**ਸਚੁ ਨਾਮ**" ਕਿਸ ਰੂਪ ਵਿੱਚ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ ੧੨੦)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥
ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥
ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥}

(ਅੰਗ ੭੯੮)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ ॥}

(ਅੰਗ ੯੦੪)

ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਤੇ ਮੰਨਦਾ ਹੈ ਕਿ ਪ੍ਰਮਾਤਮਾ "**ਸੱਚ**" ਹੈ ਜਿਵੇਂ ਕਿ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੈ, ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ। (**ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥**) ਅੰਗ - ੧੨੨੬ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ "ਸੱਚ" ਰੂਪ ਵਿੱਚ ਹੀ ਹੈ। ਬਾਣੀ ਵਿੱਚ ਪ੍ਰਮਾਤਮਾ ਦਾ ਸੱਚ ਰੂਪ ਕੀ ਹੈ ਇਹੀ ਗੱਲ ਸਾਨੂੰ ਉੱਪਰ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਗੁਰੂ ਕਦੇ ਝੂਠੀ ਗੱਲ ਨਹੀਂ ਸਮਝਾਉਂਦਾ ਭਾਵ ਸੱਚੁ ਹੀ ਸਮਝਾਉਂਦਾ ਹੈ। (**ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**) ਅੰਗ - ੧੨੦ ਜੋ ਸ਼ਬਦਾਂ ਦੇ ਅੰਦਰ ਦੀ ਸੋਝੀ ਹੈ ਭਾਵ ਜੋ ਸ਼ਬਦਾਂ ਦੇ ਅੰਦਰ ਦਾ ਗਿਆਨ ਹੈ, ਪ੍ਰਮਾਤਮਾ ਉਸ ਦੇ ਵਿੱਚ ਹੈ, ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪਣੇ ਇਸ ਰੂਪ ਵਿੱਚ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਹਰ ਸ਼ਬਦ ਸਾਨੂੰ ਸੋਝੀ ਪਾਉਣ ਲਈ ਹੀ ਹੈ। ਸ਼ਬਦਾਂ ਦੀ ਸੋਝੀ ਦੁਆਰਾ, ਸ਼ਬਦਾਂ ਦੇ ਗਿਆਨ ਦੁਆਰਾ ਜੋ ਕੁੱਝ ਵੀ ਸਾਨੂੰ ਸਮਝਾਇਆ ਜਾਂਦਾ ਹੈ ਉਹ "ਸੱਚੁ" ਹੈ ਭਾਵ ਸੱਚਾ ਗਿਆਨ ਹੈ। ਸ਼ਬਦਾਂ ਦੀ ਵਿਚਾਰ ਕਦੇ ਝੂਠ ਨਹੀਂ ਹੋ ਸਕਦੀ। ਹਰ ਸ਼ਬਦ ਦੀ ਸਮਝ ਦੇ ਅੰਦਰ ਕੇਵਲ "ਸੱਚੁ" ਹੀ ਹੁੰਦਾ ਹੈ ਤੇ ਪ੍ਰਮਾਤਮਾ ਇਸ "ਸੱਚੁ" ਦੇ ਰੂਪ ਵਿੱਚ ਪੂਰੀ ਗੁਰਬਾਣੀ ਦੇ ਵਿੱਚ ਹੈ, ਧਰਮ ਗ੍ਰੰਥਾਂ ਦੇ ਵਿੱਚ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ। ਪ੍ਰਮਾਤਮਾ ਦਾ ਇਹ ਸੱਚ ਰੂਪ ਉਸਦਾ ਬ੍ਰਹਮ

ਗਿਆਨ ਰੂਪ ਹੈ ਜੋ ਗਿਆਨ ਧਰਮ ਗ੍ਰੰਥਾਂ ਦੇ ਵਿੱਚ ਸਿਧਾ "ਬ੍ਰਹਮ" ਦੇ ਕੋਲੋਂ ਭਾਵ ਪ੍ਰਮਾਤਮਾ ਦੇ ਕੋਲੋਂ ਆਇਆ ਹੈ ਜਿਸ ਗਿਆਨ ਦੇ ਵਿੱਚ ਕੋਈ ਝੂਠ ਨਹੀਂ ਹੋ ਸਕਦਾ, ਕੋਈ ਭਰਮ ਨਹੀਂ ਹੋ ਸਕਦਾ, ਕੋਈ ਸਹਸਾ ਨਹੀਂ ਹੋ ਸਕਦਾ, ਕੋਈ ਦੁਚਿੱਤੀ ਨਹੀਂ ਹੋ ਸਕਦੀ ਭਾਵ "ਸੱਚ", ਸੱਚਾ ਗਿਆਨ ਹੈ ਜਿਸ ਰਾਹੀਂ ਅਸਲੀਅਤ ਦੀ ਸੋਝੀ ਪੈਂਦੀ ਹੈ ਤੇ ਸੱਚੀ ਅਸਲੀਅਤ ਤੋਂ ਉੱਤੇ ਕੋਈ ਹੋਰ ਅਸਲੀਅਤ ਨਹੀਂ ਹੋ ਸਕਦੀ। "ਸੱਚ" ਹੀ ਨਾਮ ਹੈ, ਜੋ "ਸਚੁ" ਸਾਨੂੰ ਧਰਮ ਗ੍ਰੰਥ ਸਮਝਾਉਂਦੇ ਹਨ, ਜਿਸ ਰਾਹੀਂ ਉਹ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਾਉਂਦੇ ਹਨ, ਧਰਮ ਦੇ ਮਾਰਗ ਦੀ ਅਸਲੀਅਤ ਸਮਝਾਉਂਦੇ ਹਨ, ਪ੍ਰਮਾਤਮਾ ਨੂੰ ਜਾਨਣ ਦੀ ਅਸਲੀਅਤ ਸਮਝਾਉਂਦੇ ਹਨ। ਧਰਮ ਗ੍ਰੰਥ ਸਾਨੂੰ ਜੋ ਸੱਚ ਸਮਝਾਉਂਦੇ ਹਨ ਉਹ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦੇ ਹਨ। ਸ਼ਬਦਾਂ ਦੇ ਅੰਦਰ ਦੀ ਸੋਝੀ ਜਾਂ ਸ਼ਬਦਾਂ ਦੇ ਅੰਦਰ ਦੀ ਵਿਚਾਰ ਇੱਕੋ ਹੀ ਗੱਲ ਹੈ। (**ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥**) ਜੋ ਪ੍ਰਮਾਤਮਾ ਦਾ "ਸੱਚ" ਰੂਪ ਹੈ, ਉਹੀ ਉਸਦਾ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੇ "ਸਚੁ" ਰੂਪ ਵਿੱਚ ਹੈ ਭਾਵ ਨਾਮ ਰੂਪ ਵਿੱਚ ਹੈ। (**ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥**) ਅੰਗ - ੧੨੩੯ ਇਸੇ ਲਈ ਪੂਰੀ ਗੁਰਬਾਣੀ ਵਿੱਚ "ਨਾਮੁ" ਹੈ, "ਸੱਚੁ" ਹੈ ਜੋ ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜੋ ਸੱਚੇ ਵਿਚਾਰ ਸਾਨੂੰ ਸਚੀ ਭਗਤੀ ਦਾ ਸੱਚੁ ਸਮਝਾਉਂਦੇ ਹਨ, ਮਨ ਦੇ ਭਰਮਾਂ ਵਿੱਚੋਂ ਨਿਕਲ ਕੇ ਧਰਮ ਦੇ ਸੱਚੇ ਮਾਰਗ ਦੀ, ਭਗਤੀ ਦੇ ਸੱਚੇ ਮਾਰਗ ਦੀ ਭਾਵ ਗੁਰੂ ਦਾ ਸਚੁ ਰੂਪ ਨਾਮ ਜਪਣ ਦੇ ਮਾਰਗ ਦੀ ਅਸਲੀਅਤ ਸਮਝਾਉਂਦੇ ਹਨ ਤਾਂ ਜੋ ਅਸੀਂ ਆਪਣੇ ਆਪ ਨੂੰ ਸ਼ਬਦਾਂ ਦੀ ਵਿਚਾਰ ਅਨੁਸਾਰ ਬਦਲ ਸਕੀਏ, ਆਪਣੀ ਸਮਝ ਨੂੰ ਬਦਲ ਸਕੀਏ, ਆਪਣੀ ਸੁਰਤਿ ਦੇ ਵਿਚਾਰਾਂ ਨੂੰ ਬਦਲ ਸਕੀਏ ਭਾਵ ਝੂਠੀ ਸਮਝ ਵਿੱਚੋਂ ਨਿਕਲ ਕੇ ਗੁਰੂ ਦੀ ਸੱਚੀ ਸਮਝ ਨਾਲ ਜੁੜ ਸਕੀਏ। ਆਪਣੀ ਸੁਰਤਿ ਵਾਲੇ ਵਿਚਾਰਾਂ ਨੂੰ ਛੱਡ ਕੇ ਸ਼ਬਦ ਦੇ ਵਿਚਾਰਾਂ ਨਾਲ ਜੁੜਨਾ ਹੀ, ਸ਼ਬਦਾਂ ਦੇ ਵਿਚਾਰਾਂ ਨੂੰ ਮੰਨਣਾ ਹੀ ਨਾਮ ਜਪਣਾ ਹੈ ਭਾਵ ਸੱਚ ਨੂੰ ਜਪਣਾ ਹੈ, ਸੱਚ ਨੂੰ ਧਿਆਉਣਾ ਹੈ, ਨਾਮ ਧਿਆਉਣਾ ਹੈ। (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥** - ਅੰਗ - ੨੭)

ਹਰ ਸ਼ਬਦ ਦੀ ਵਿਚਾਰ ਵਿੱਚ ਪ੍ਰਮਾਤਮਾ ਆਪ ਹੈ। ਗੁਰੂ ਸ਼ਬਦ ਹੈ, ਗੁਰੂ ਆਪ ਪ੍ਰਮਾਤਮਾ ਹੈ। ਸ਼ਬਦਾਂ ਦੇ ਅੰਦਰ ਦੀ ਜੋ ਸੋਝੀ ਹੈ, ਸ਼ਬਦਾਂ ਦੇ ਅੰਦਰ ਦੀ ਜੋ ਵਿਚਾਰ ਹੈ, ਸ਼ਬਦਾਂ ਦੇ ਅੰਦਰ ਦਾ ਜੋ ਸੱਚਾ ਗਿਆਨ ਹੈ, ਪ੍ਰਮਾਤਮਾ ਉਸ ਰੂਪ ਵਿੱਚ ਗੁਰੂ ਹੈ, ਸ਼ਬਦਾਂ ਦੇ ਰੂਪ ਵਿੱਚ ਗੁਰੂ ਹੈ। ਸ਼ਬਦਾਂ ਦੀ ਵਿਚਾਰ ਨੂੰ ਜਪਣਾ, ਸ਼ਬਦਾਂ ਦੀ ਸੋਝੀ ਨੂੰ ਜਪਣਾ, ਸ਼ਬਦਾਂ ਦੇ ਗਿਆਨ ਨੂੰ ਜਪਣਾ ਹੀ ਸ਼ਬਦ ਨੂੰ ਜਪਣਾ ਹੈ, ਗੁਰੂ ਨੂੰ ਜਪਣਾ ਹੈ, ਪ੍ਰਮਾਤਮਾ ਨੂੰ ਜਪਣਾ ਹੈ ਜਿਸ ਨੂੰ ਸਾਡੇ ਮਨ ਦੇ ਵਿਚਾਰਾਂ ਨੇ ਜਪਣਾ ਹੈ, ਸਾਡੇ ਮਨ ਦੀ ਸਮਝ ਨੇ ਜਪਣਾ ਹੈ ਭਾਵ ਮੰਨਣਾ ਹੈ ਜਿਸ ਲਈ ਮੁੱਖੋਂ ਬੋਲਣ ਦੀ ਲੋੜ ਨਹੀਂ ਹੈ ਬਲਕਿ ਸ਼ਬਦ ਦੇ ਵਿਚਾਰਾਂ ਨੂੰ ਆਪਣੇ ਮਨ ਦੇ ਅੰਦਰ ਵਿਚਾਰਨ ਦੀ ਲੋੜ ਹੈ, ਗੁਰੂ ਦੇ ਸਮਝਾਏ ਹੋਏ ਸੱਚ ਨੂੰ, ਨਾਮ ਨੂੰ ਆਪਣੇ ਅੰਦਰ ਵਿਚਾਰਨ ਦੀ ਲੋੜ ਹੈ। ਅਸੀਂ ਪ੍ਰਮਾਤਮਾ ਨੂੰ, ਨਾਮ ਨੂੰ ਇਸੇ ਲਈ ਜਪਦੇ ਹਾਂ ਕਿ ਪ੍ਰਮਾਤਮਾ ਸਭ ਤੋਂ ਵੱਡਾ ਹੈ, ਉਸ ਦਾ ਨਾਮ ਸਭ ਤੋਂ ਵੱਡਾ ਹੈ ਤੇ ਜੇਕਰ ਅਸੀਂ ਦੋਨਾਂ ਨੂੰ ਵੱਖਰਾ ਸਮਝਾਂਗੇ ਤਾਂ ਫਿਰ ਜਿਆਦਾ ਵੱਡਾ ਜਾਂ ਘੱਟ ਵੱਡਾ ਕੌਣ ਹੋਇਆ। ਜੇਕਰ ਅਸੀਂ ਇਸ ਗੱਲ ਵਿੱਚ ਫਰਕ ਨਾ ਸਮਝੀਏ ਕਿ ਪ੍ਰਮਾਤਮਾ ਵੱਖਰਾ ਹੈ ਤੇ ਨਾਮ ਵੱਖਰਾ ਹੈ ਫਿਰ ਸਾਡੇ ਲਈ ਜੋ ਪ੍ਰਮਾਤਮਾ ਹੈ, ਉਹੀ ਨਾਮ ਹੈ। ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਵੱਡਾ ਹੈ ਜਿਸ ਤੋਂ ਵੱਡਾ ਹੋਰ ਕੋਈ ਹੋ ਹੀ ਨਹੀਂ ਸਕਦਾ। ਗੁਰਬਾਣੀ ਦੇ ਅੰਦਰ ਜਿਸ ਰੂਪ ਵਿੱਚ ਪ੍ਰਮਾਤਮਾ ਹੈ, ਉਸੇ ਰੂਪ ਵਿੱਚ ਹੀ ਨਾਮ ਹੈ। ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਪ੍ਰਮਾਤਮਾ ਹੈ ਤੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਨਾਮ ਹੈ। ਇਸ ਤੋਂ ਭਾਵ ਇਹ ਹੋਇਆ ਕਿ ਸਭ ਤੋਂ ਵੱਡੀ, ਸਭ ਤੋਂ ਉੱਚੀ ਸੰਸਾਰ ਵਿੱਚ ਸ਼ਬਦਾਂ ਦੀ ਵਿਚਾਰ ਹੈ ਜਿਸ ਤੋਂ ਵੱਡੀ ਵਿਚਾਰ ਸੰਸਾਰ ਵਿੱਚ ਕੋਈ ਹੋਰ ਨਹੀਂ ਹੋ ਸਕਦੀ ਜੋ ਸਾਨੂੰ ਸੱਚ ਸਮਝਾ ਸਕੇ, ਭਗਤੀ ਦੇ ਮਾਰਗ ਦਾ ਸੱਚ ਸਮਝਾ ਸਕੇ, ਪ੍ਰਮਾਤਮਾ ਬਾਰੇ ਸੱਚ ਸਮਝਾ ਸਕੇ, ਸੰਸਾਰ ਦੀ ਅਸਲੀਅਤ ਸਮਝਾ ਸਕੇ। ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਆਪ ਹੀ ਆਪਣਾ ਸੱਚ ਸਮਝਾ ਰਹਿਆ ਹੈ ਜੋ ਕਿ ਉਹ ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾ ਰਹਿਆ ਹੈ। ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿੰਨ੍ਹਾਂ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਉਹ ਸਭ ਤੋਂ ਉੱਚਾ ਹੈ। ਪ੍ਰਮਾਤਮਾ ਤੋਂ ਉੱਚਾ ਹੋਰ ਕੋਈ ਹੋ ਹੀ ਨਹੀਂ ਸਕਦਾ। ਇਹੀ ਗੱਲ ਸਾਨੂੰ ਉੱਪਰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਤਾਂ ਜੋ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਛੱਡ ਕੇ ਕਿਸੇ ਹੋਰ ਦੀ ਵਿਚਾਰ ਨਾਲ ਨਾ ਜੁੜੀਏ। (**ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ**

ਕਥਨੀ ਬਦਉ ਨ ਸਗਲੀ ਛਾਰੁ ॥) ਸੱਚੀ ਭਗਤੀ ਦਾ ਮਾਰਗ ਸਾਨੂੰ ਕੇਵਲ ਗੁਰੂ ਦਾ ਸ਼ਬਦ ਸਮਝਾ ਸਕਦਾ ਹੈ ਭਾਵ ਸ਼ਬਦ ਦੀ ਵਿਚਾਰ ਸਮਝਾ ਸਕਦੀ ਹੈ ਭਾਵ ਪ੍ਰਮਾਤਮਾ ਆਪ ਸਮਝਾ ਸਕਦਾ ਹੈ ਜਿਸਨੂੰ ਸੱਚ ਦੀ ਸਮਝ ਹੈ, ਨਾਮ ਦੀ ਸਮਝ ਹੈ ਤੇ ਹੋਰਨਾਂ ਦੀ ਵਿਚਾਰ ਜੋ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਦੇ ਨਾਲ ਜੋੜਦੇ ਹਨ, ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ ਉਨ੍ਹਾਂ ਦੀ ਸਮਝ ਨੂੰ "**ਛਾਰੁ**" ਕਹਿਆ ਹੈ, ਮਿੱਟੀ ਦੇ ਬਰਾਬਰ ਕਹਿਆ ਹੈ ਜੋ ਬਹੁਤ ਨੀਵੀਂ ਹੈ, ਸ਼ਬਦ ਦੀ ਵਿਚਾਰ ਦੇ ਅੱਗੇ ਬਹੁਤ ਨੀਵੀਂ ਹੈ। ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ "**ਕੇਵਲ ਨਾਮ**" ਜਪਣਾ ਹੈ ਜਿਸ ਲਈ ਬਾਣੀ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥੩॥"

(ਅੰਗ ੬੯੨)

"ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥"

(ਅੰਗ ੧੩੪੯)

ਉਪਰਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਨਾਮ ਦਾ ਮਕਸਦ ਹੀ ਸਮਝਾਇਆ ਹੋਇਆ ਕਿ ਨਾਮ ਕਿਸ ਲਈ ਜਪਣਾ ਹੈ ਤੇ ਕੇਵਲ ਨਾਮ ਹੀ ਜਪਣਾ ਹੈ। ਨਾਮ ਦਾ ਮਕਸਦ ਸਾਨੂੰ ਸੱਚ ਸਮਝਾਉਣ ਨਾਲ ਹੀ ਹੈ ਤੇ ਸੱਚ ਉੱਥੇ ਹੁੰਦਾ ਹੈ ਜਿੱਥੇ ਕੋਈ ਭਰਮ ਨਹੀਂ ਹੁੰਦਾ ਭਾਵ ਕੋਈ ਭਰਮ ਵਾਲਾ ਵਿਚਾਰ ਨਹੀਂ ਹੁੰਦਾ। ਜਿੱਥੇ ਭਰਮ ਹੁੰਦਾ ਹੈ ਉਹ ਸਾਡੇ ਮਨ ਦੇ ਵਿਚਾਰਾਂ ਨੂੰ ਝੂਠ ਸਮਝਾਉਂਦਾ ਹੈ ਭਾਵ ਝੂਠ ਨੂੰ ਹੀ ਸੱਚ ਸਮਝਾਉਂਦਾ ਹੈ। ਨਾਮ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਮਾਇਆ ਮੋਹ ਪਾਇਆ ਹੋਇਆ ਹੈ, ਹਉਮੈ ਪਾਈ ਹੋਈ ਹੈ ਭਾਵ ਨਾ-ਸਮਝ ਮਤਿ ਪਾਈ ਹੋਈ ਹੈ ਜੋ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਣ ਤੋਂ, ਸੱਚਾ ਮਾਰਗ ਸਮਝਣ ਤੋਂ ਦੂਰ ਰੱਖਦੀ ਹੈ। ਭਰਮਾਂ ਵਾਲੀ ਸਮਝ ਵੀ ਸਭ ਦੇ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਉਸ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਮਾਰਗ ਵੀ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੋਇਆ ਹੈ। ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਬਣਾਇਆ ਹੋਇਆ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਹੀ ਸਮਝਾਉਂਦੇ ਹਨ, ਸੱਚ ਤੇ ਚੱਲਣ ਦਾ ਇੱਕੋ ਜਿਹਾ ਮਾਰਗ ਹੀ ਸਮਝਾਉਂਦੇ ਹਨ। ਨਾਮ ਸ਼ਬਦਾਂ ਦੀ ਵਿਚਾਰ ਹੈ, ਗੁਰੂ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ ਜੋ ਹਰ ਭਰਮ ਤੋਂ ਰਹਿਤ ਹੈ। ਕੇਵਲ "**ਇਕ ਨਾਮ**" ਹੀ ਹੈ ਭਾਵ ਗੁਰੂ ਦੀ ਆਪਣੀ ਸੱਚੀ ਮਤਿ ਹੀ ਹੈ, ਧਰਮ ਗ੍ਰੰਥਾਂ ਦੀ ਸੱਚੀ ਮਤਿ ਹੀ ਹੈ ਜੋ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢ ਸਕਦੀ ਹੈ ਤੇ ਸੱਚ ਸਮਝਾ ਸਕਦੀ ਹੈ। ਗੁਰੂ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਜੋ ਸੱਚ ਨੂੰ ਜਾਣ ਸਕੇ ਭਾਵ ਸੱਚੀ ਭਗਤੀ ਦੇ ਮਾਰਗ ਨੂੰ ਜਾਣ ਸਕੇ ਜੋ "**ਸਚੁ ਰੂਪ ਪ੍ਰਮਾਤਮਾ**" ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਸੱਚ ਆਪ ਹੀ ਸਮਝਾਉਂਦਾ ਹੈ, ਆਪਣਾ ਨਾਮ ਆਪ ਹੀ ਸਮਝਾਉਂਦਾ ਹੈ। ਇਸੇ ਲਈ ਬਾਣੀ ਸਾਨੂੰ ਸਮਝਾ ਰਹੀ ਹੈ ਕਿ "**ਕੇਵਲ ਨਾਮੁ**" ਜਪੋ ਭਾਵ ਕੇਵਲ ਸ਼ਬਦ ਦੀ ਵਿਚਾਰ ਨੂੰ ਮੰਨੋ ਜੋ ਮਨੁਖ ਨੂੰ ਭਰਮਾਂ ਵਿੱਚੋਂ ਕੱਢ ਸਕਦੀ ਹੈ। ਭਰਮਾਂ ਵਾਲੀ ਸਮਝ ਵੀ ਸਾਡੇ ਮਨ ਦੀ ਅਵੱਸਥਾ ਹੈ ਜੋ ਕਿ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਚੌਥਾ ਪਦ ਵੀ ਸਾਡੇ ਮਨ ਦੀ ਸਮਝ ਹੈ ਜੋ ਕਿ ਸੱਚੇ ਗਿਆਨ ਵਾਲੀ ਅਵੱਸਥਾ ਹੈ ਜਿਸ ਅਵੱਸਥਾ ਵਿੱਚ ਪੂਰਨ ਸੱਚ ਹੁੰਦਾ ਹੈ, ਨਾਮ ਹੁੰਦਾ ਹੈ, ਪ੍ਰਮਾਤਮਾ ਆਪ ਹੁੰਦਾ ਹੈ, ਜਿਸ ਅਵੱਸਥਾ ਵਿੱਚ ਸੱਚੁ ਰੂਪ ਪ੍ਰਮਾਤਮਾ ਸ਼ਬਦਾਂ ਦੀ ਵਿਚਾਰ ਰਾਹੀਂ ਆਪਣਾ ਸੱਚ ਸਮਝਾਉਂਦਾ ਹੈ ਜੋ ਸੱਚ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। "**ਇਹ ਨਾਮ**" ਭਰਮਾਂ ਤੋਂ ਰਹਿਤ ਹੈ ਜਿਸ ਦਾ ਮਕਸਦ ਸਾਡੇ ਮਨ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ, ਉਹ ਭਰਮ ਰੂਪ ਪੜਦਾ ਕੱਢਣ ਦਾ ਹੈ, ਹਉਮੈ ਰੂਪ ਪੜਦਾ ਕੱਢਣ ਦਾ ਹੈ ਜੋ ਸਾਡੇ ਅੰਦਰ ਭਰਮਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ। ਮਨ ਦੇ ਵਿੱਚੋਂ ਇਹ ਭਰਮ ਰੂਪ ਪਰਦਾ ਨਿਕਲਣ ਦੁਆਰਾ ਹੀ ਅਸੀਂ ਆਪਣੇ ਅੰਦਰੋਂ ਉਸ "**ਸਚੁ ਰੂਪ**" ਪ੍ਰਮਾਤਮਾ ਨੂੰ ਜਾਣ ਸਕਦੇ ਹਾਂ, "**ਨਾਮੁ ਰੂਪ**" ਪ੍ਰਮਾਤਮਾ ਨੂੰ ਜਾਣ ਸਕਦੇ ਹਾਂ, ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਨੂੰ ਜਾਣ ਸਕਦੇ ਹਾਂ ਜੋ ਹਰ ਵੇਲੇ ਸਾਡੇ ਅੰਦਰ ਹੀ ਵਰਤ ਰਿਹਾ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਉਸ ਨੇ ਆਪ ਹੀ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਇਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਤੇ ਸੱਚ ਨੂੰ ਸਮਝਣ ਦਾ

ਉਪਰਾਲਾ ਵੀ ਉਸ ਨੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਆਪ ਹੀ ਕੀਤਾ ਹੋਇਆ ਹੈ। ਧਰਮ ਗ੍ਰੰਥਾਂ ਵਿੱਚ ਉਸ ਨੇ ਆਪ ਹੀ ਨਾਮ ਪਾਇਆ ਹੋਇਆ ਹੈ ਜੋ ਨਾਮ ਕਿਸੇ ਹੋਰ ਕੋਲ ਨਹੀਂ ਹੋ ਸਕਦਾ। ਕੇਵਲ ਧਰਮ ਗ੍ਰੰਥਾਂ ਦੀ ਸੱਚੀ ਸਮਝ ਦੇ ਨਾਲ ਜੁੜਣਾ ਹੀ,ਉਨ੍ਹਾਂ ਦੁਆਰਾ ਦਿਤੀ ਹੋਈ ਸੱਚੀ ਵਿਚਾਰ ਨੂੰ ਮੰਨਣਾ ਹੀ ਕੇਵਲ ਨਾਮ ਜਪਣਾ ਹੈ ਜੋ ਨਾਮ ਜਪਣਾ ਸਾਨੂੰ ਉੱਪਰ ਸ਼ਬਦ ਰਾਹੀਂ ਧੰਨ ਧੰਨ ਭਗਤ ਕਬੀਰ ਜੀ ਸਮਝਾ ਰਹੇ ਹਨ। ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਦੀ ਸ਼ਰਨ ਵਿੱਚ ਆਉਣਾ ਹੀ ਉਸ ਦੀ ਸ਼ਰਨ ਵਿੱਚ ਆਉਣਾ ਹੈ ਜਿਸ ਦੀ ਸ਼ਰਨ ਵਿੱਚ ਸਾਡੇ ਮਨ ਦੀ ਸਮਝ ਨੇ ਹੀ ਆਉਣਾ ਹੈ, ਭਰਮਾਂ ਵਾਲੇ ਵਿਚਾਰ ਛੱਡ ਕੇ ਹੀ ਆਉਣਾ ਹੈ ਜੋ ਗੁਰੂ ਦੀ ਸ਼ਰਨ ਵਿੱਚ ਆਉਣਾ ਸਾਨੂੰ ਬਾਣੀ ਵਾਰ-ਵਾਰ ਸਮਝਾਉਂਦੀ ਹੈ। (**ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥**)

ਜੋ ਨਾਮ ਜਪਣ ਦਾ ਮਕਸਦ ਅਸੀਂ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਹੈ, ਉਹੀ ਨਾਮ ਦਾ ਮਕਸਦ ਸਾਨੂੰ ਦੂਸਰੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਦੂਸਰੇ ਢੰਗ ਨਾਲ ਸਮਝਾਇਆ ਹੋਇਆ ਹੈ।

“ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥”

ਗੁਰੂ ਦੀ ਸ਼ਰਨ ਵਿੱਚ ਆਉਣ ਦਾ ਤਰੀਕਾ ਤਾਂ ਇੱਕੋ ਹੀ ਹੈ ਜੋ ਕਿ ਨਾਮ ਜਪਣ ਦਾ ਹੈ ਜਿਸਨੂੰ ਜਪਣ ਨਾਲ ਭਾਵ ਨਾਮ ਵਾਲੀ ਸੋਝੀ ਨੂੰ ਮੰਨਣ ਨਾਲ ਨਾਮ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਦਾ ਹੈ ਤੇ ਸੱਚ ਨਾਲ ਜੋੜਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਜੋੜਦਾ ਹੈ ਜੋ ਸੱਚੀ ਵਿਚਾਰ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦੀ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਹੀ ਸਾਡੇ ਅੰਦਰ ਦੀ ਮਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੇ ਭਰਮਾਂ ਵਿੱਚੋਂ ਤਰਨਾ ਭਾਵ ਨਿਕਲਣਾ ਹੀ ਮਾਇਆ ਮੋਹ ਵਿੱਚੋਂ ਤਰਨਾ ਹੈ, ਮਾਇਆ ਦੇ ਸਾਗਰ ਵਿੱਚੋਂ ਤਰਨਾ ਹੈ ਜੋ ਸਾਗਰ ਸਾਡੇ ਅੰਦਰ ਮਾਇਆ ਮੋਹ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਜੋ ਵਿਚਾਰ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੇ ਹਨ ਤੇ ਸੱਚ ਸਮਝਣ ਤੋਂ ਦੂਰ ਰੱਖਦੇ ਹਨ। ਮਾਇਆ ਮੋਹ ਦੇ ਇਸ ਸਾਗਰ ਵਿੱਚੋਂ ਤਰਨ ਦਾ ਮਾਰਗ ਕੇਵਲ ਨਾਮ ਹੈ ਭਾਵ ਕੇਵਲ ਸ਼ਬਦਾਂ ਦੀ ਵਿਚਾਰ ਹੈ, ਕੇਵਲ ਗੁਰੂ ਦੀ ਵਿਚਾਰ ਹੈ ਜੋ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢ ਸਕਦੀ ਹੈ। ਇਹ ਸੱਚੀ ਸਮਝ, ਚੌਥੇ ਪਦ ਦੀ ਸਮਝ ਭਾਵ ਨਾਮ ਵਾਲੀ ਸਮਝ ਕੇਵਲ ਗੁਰੂ ਦੇ ਕੋਲ ਹੈ ਜਿਸ ਲਈ ਸਾਨੂੰ ਕੇਵਲ ਨਾਮ ਹੀ ਜਪਣਾ ਚਾਹੀਦਾ ਹੈ, ਕੇਵਲ ਗੁਰੂ ਦੀ ਸ਼ਰਨ ਹੀ ਲੈਣੀ ਚਾਹੀਦੀ ਹੈ ਭਾਵ ਕੇਵਲ ਗੁਰੂ ਦੇ ਕੋਲੋਂ ਹੀ ਭਗਤੀ ਦਾ ਮਾਰਗ ਸਮਝਣ ਲਈ ਮਤਿ ਲੈਣੀ ਚਾਹੀਦੀ ਹੈ ਜੋ ਮਤਿ ਸਾਨੂੰ ਕੇਵਲ ਸੱਚ ਹੀ ਸਮਝਾਉਂਦੀ ਹੈ ਜਿਸ ਦੇ ਅੰਦਰ ਕੋਈ ਭਰਮ ਨਹੀਂ ਹੋ ਸਕਦਾ, ਕੋਈ ਦੁਚਿੱਤੀ ਨਹੀਂ ਹੋ ਸਕਦੀ, ਕੋਈ ਸਹਸਾ ਨਹੀਂ ਹੋ ਸਕਦੀ, ਕੋਈ ਝੂਠ ਨਹੀਂ ਹੋ ਸਕਦਾ । ਕੇਵਲ ਨਾਮ ਹੀ ਮਾਇਆ ਤੋਂ ਰਹਿਤ ਹੈ, ਮਾਇਆ ਤੋਂ ਨਿਰਲੇਪ ਹੈ ਭਾਵ ਕੇਵਲ ਗੁਰੂ ਦੀ ਮਤਿ ਹੀ ਮਨਮਤਿ ਤੋਂ ਨਿਰਲੇਪ ਹੈ ਜਿਸ ਵਿੱਚ ਰੱਤੀ ਭਰ ਵੀ ਮਨਮਤਿ ਨਹੀਂ ਹੈ। ਆਪਣੀ ਮਨਮਤਿ ਤੋਂ ਤਰਨਾ ਹੀ ਭਾਵ ਨਿਕਲਣਾ ਹੀ ਮਾਇਆ ਤੋਂ ਨਿਰਲੇਪ ਹੋਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਸਾਨੂੰ ਭਰੋਸਾ ਉਸੇ ਮਤਿ ਤੇ ਕਰਨਾ ਚਾਹੀਦਾ ਹੈ ਜੋ ਮਤਿ ਸਾਨੂੰ “ਨਿਹਚੈ” ਤਾਰ ਸਕੇ ਭਾਵ ਸਾਨੂੰ ਪੱਕਾ ਤਾਰ ਸਕੇ ਜੋ ਕਿ ਕੇਵਲ ਨਾਮ ਹੀ ਹੈ ਭਾਵ ਸ਼ਬਦਾਂ ਦੀ ਵਿਚਾਰ ਹੀ ਹੈ ਭਾਵ ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਹੀ ਜਪਣਾ ਚਾਹੀਦਾ ਹੈ, ਮੰਨਣਾ ਚਾਹੀਦਾ ਹੈ ਨਾ ਕਿ ਕਿਸੇ ਹੋਰ ਦੀ ਮਤਿ ਨੂੰ। ਜੋ ਆਪ ਭਰਮਾਂ ਵਿੱਚ ਹਨ, ਮਾਇਆ ਮੋਹ ਵਿੱਚ ਹਨ ਉਹ ਕਿਸੇ ਦੇ ਭਰਮ ਕੀ ਕੱਢਣਗੇ। ਜੋ ਆਪ ਮਾਇਆ ਮੋਹ ਵਿੱਚ ਹਨ ਉਹ ਕਿਸੇ ਨੂੰ ਮਾਇਆ ਮੋਹ ਵਿੱਚੋਂ ਕੀ ਕੱਢਣਗੇ, ਜਿੰਨ੍ਹਾਂ ਨੂੰ ਖੁਦ ਸੱਚ ਦੀ ਸਮਝ ਨਹੀਂ ਉਹ ਦੂਸਰੇ ਨੂੰ ਸੱਚ ਕੀ ਸਮਝਾਉਣਗੇ, ਜਿੰਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਉਹ ਦੂਸਰਿਆਂ ਨੂੰ ਕੀ ਨਾਮ ਸਮਝਾਉਣਗੇ, ਜੋ ਖੁਦ ਪ੍ਰਮਾਤਮਾ ਨੂੰ ਨਹੀਂ ਜਾਣਦੇ ਉਹ ਦੂਸਰਿਆਂ ਨੂੰ ਪ੍ਰਮਾਤਮਾ ਬਾਰੇ ਕੀ ਸਮਝਾਉਣਗੇ। ਇਸੇ ਲਈ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਕੇਵਲ ਨਾਮ ਜਪੋ ਭਾਵ ਕੇਵਲ ਗੁਰੂ ਕੋਲੋਂ ਮਤਿ ਲਵੋ ਜਿਸ ਦੁਆਰਾ ਭਗਤੀ ਦਾ ਸੱਚਾ ਮਾਰਗ ਸਮਝਿਆ ਜਾ ਸਕਦਾ ਹੈ ਤੇ ਭਗਤੀ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕੀਤਾ ਜਾ ਸਕਦਾ ਹੈ ਤੇ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। (**ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥**)

ਜਿੱਥੇ ਗੁਰੂ ਦੀ ਮਤਿ ਨਹੀਂ ਹੈ ਉੱਥੇ ਸੱਚ ਨਹੀਂ ਝੂਠ ਹੈ। ਗੁਰੂ ਦੀ ਮਤਿ ਨੂੰ ਜੋ ਵੀ ਸੁਣਦੇ ਹਨ ਤੇ ਉਸ ਤੇ ਅਮਲ ਕਰਦੇ ਹਨ ਗੁਰੂ ਉਨ੍ਹਾਂ ਤੋਂ ਬਲਿਹਾਰੇ ਜਾਂਦਾ ਹੈ ਭਾਵ ਜੋ ਸੱਚੀ ਗੱਲ ਸੁਣ ਕੇ ਉਸ ਤੇ ਅਮਲ ਕਰਦੇ ਹਨ, ਗੁਰੂ ਉਨ੍ਹਾਂ ਨੂੰ ਪ੍ਰਵਾਨ ਕਰਦਾ

ਹੈ ਕਿਉਂਕਿ ਉਸ ਦੇ ਦਰਬਾਰ ਵਿੱਚ ਕੇਵਲ ਸੱਚ ਹੀ ਪ੍ਰਵਾਨ ਹੁੰਦਾ ਹੈ। ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ॥)** ਉਸੇ ਮਨ ਨੂੰ ਤ੍ਰਿਪਤ ਕਿਹਾ ਹੈ, ਠਹਿਰਿਆ ਹੋਇਆ ਕਿਹਾ ਹੈ, ਸੰਤੋਖ ਵਾਲਾ ਕਿਹਾ ਹੈ ਜਿਸਨੂੰ ਪ੍ਰਮਾਤਮਾ ਦੇ ਦਰਬਾਰ ਵਿੱਚ ਜਗ੍ਹਾ ਮਿਲਦੀ ਹੈ, ਉੱਥੇ ਪ੍ਰਵਾਨ ਹੁੰਦਾ ਹੈ। ਉੱਥੇ ਪ੍ਰਵਾਨ ਉਹੀ ਹੁੰਦਾ ਹੈ ਜੋ ਸੱਚ ਤੇ ਚੱਲਦਾ ਹੈ, ਜਿਸਦੇ ਹਿਰਦੇ ਵਿੱਚ ਸੱਚ ਹੈ, ਆਪ ਪ੍ਰਮਾਤਮਾ ਹੈ, ਨਾਮ ਹੈ ਭਾਵ ਜਦ ਤੱਕ ਮਨੁੱਖ ਦੇ ਅੰਦਰ ਸੱਚ ਨਹੀਂ ਵੱਸਦਾ, ਗੁਰੂ ਦੀ ਮਤਿ ਤੇ ਅਮਲ ਨਹੀਂ ਹੁੰਦਾ, ਮਨ ਸ਼ਾਂਤ ਨਹੀਂ ਹੋ ਸਕਦਾ, ਮਨ ਦੀ ਭਟਕਣਾ ਨਹੀਂ ਮੁੱਕ ਸਕਦੀ। ਪੂਰਨ ਸਚੁ ਦੀ ਪ੍ਰਾਪਤੀ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ ਤੇ ਮਨ ਦੇ ਵਿੱਚ ਆਪਣਾ ਸੱਚ ਉਹ ਆਪ ਹੀ ਸਮਝਾਉਂਦਾ ਹੈ ਪਰ ਸੱਚ ਨਾਲ ਜੁੜਨ ਦਾ ਉੱਦਮ ਅਸੀਂ ਹੀ ਕਰਨਾ ਹੈ, ਗੁਰੂ ਦੀ ਮਤਿ ਨਾਲ ਜੁੜਨ ਦੁਆਰਾ ਕਰਨਾ ਹੈ। **(ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ॥ ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ॥੨॥)**

ਇਹ ਅਸੀਂ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ ਸੱਚ ਕਿਸ ਰੂਪ ਵਿੱਚ ਨਾਮ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਨਾਮ ਹੈ, ਸੱਚੇ ਅਮਲ ਦੇ ਵਿੱਚ, ਸੱਚੀ ਕਰਣੀ ਦੇ ਵਿੱਚ ਨਾਮ ਹੈ। ਨਾਮ ਕਿਸੇ ਮਨੋਰਥ ਦੇ ਲਈ ਹੈ ਜੋ ਮਨੋਰਥ ਇਸੇ ਸਰੀਰ ਵਿੱਚ ਰਹਿੰਦੇ ਹੋਏ ਪੂਰਾ ਹੋਣਾ ਹੈ। ਨਾਮ ਸਾਡੀਆਂ ਚੰਗਿਆਈਆਂ ਦੇ ਨਾਲ ਜੁੜਿਆ ਹੋਇਆ ਹੈ। ਨਾਮ ਦੇ ਮਕਸਦ ਨੂੰ ਸਮਝਣ ਲਈ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਨਾਮ ਜਪਣ ਦਾ ਮਕਸਦ ਹੋਰ ਵੀ ਦ੍ਰਿੜ ਹੋ ਜਾਵੇ।

“ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ॥
ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ॥”

ਜਿਵੇਂ ਨੀਰ ਦੇ ਵਿੱਚ ਭਾਵ ਪਾਣੀ ਦੇ ਵਿੱਚ ਚੰਗਿਆਈਆਂ ਹੁੰਦੀਆ ਹਨ ਉਸੇ ਤਰ੍ਹਾਂ ਨਾਮ ਦਾ ਮਨੋਰਥ ਵੀ ਚੰਗਿਆਈਆਂ

ਕਰਨਾ ਹੈ, ਸੰਸਾਰ ਵਿੱਚ ਪਾਣੀ ਵਰਗੀਆਂ ਚੰਗਿਆਈਆਂ ਵੰਡਣਾ ਹੈ ਭਾਵ ਚੰਗੇ ਕਰਮ ਕਰਨਾ ਹੈ, ਪਰਉਪਕਾਰੀ ਬਣਕੇ ਵਿਚਰਨਾ ਹੈ। ਜਿਸ ਮਨੁੱਖ ਦੇ ਅੰਦਰ ਚੰਗਿਆਈਆਂ ਨਹੀਂ, ਉੱਥੇ ਨਾਮ ਨਹੀਂ। ਚੰਗਾ ਉਹ ਮਨੁੱਖ ਬਣ ਸਕਦਾ ਹੈ, ਚੰਗਿਆਈਆਂ ਉਹ ਮਨੁੱਖ ਵੰਡ ਸਕਦਾ ਹੈ ਜਿਸਦੇ ਅੰਦਰ ਸੱਚ ਹੈ, ਸੱਚ ਦੀ ਖੁਸ਼ਬੋ ਹੈ ਭਾਵ ਜੋ ਤਨੋ ਮਨੋ ਸੱਚਾ ਹੈ, ਜਿਸ ਦੇ ਅੰਦਰ ਕੋਈ ਲੋਭ ਲਾਲਚ ਨਹੀਂ ਹੈ, ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ, ਕਿਸੇ ਫਲ ਦੀ ਪ੍ਰਾਪਤੀ ਲਈ, ਕਿਸੇ ਵਡਿਆਈ ਦੇ ਲਾਲਚ ਲਈ ਚੰਗਿਆਈਆਂ ਨਹੀਂ ਕਰਦਾ, ਉਹ ਕੇਵਲ ਗੁਰੂ ਦਾ ਹੁਕਮ ਮੰਨਦਾ ਹੈ। **(ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ॥)** ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਕਿ ਜਦ ਤੱਕ ਮਨੁੱਖ ਪ੍ਰਮਾਤਮਾ ਦੀਆਂ ਦਾਤਾਂ ਨਾਲ ਜੁੜਿਆ ਹੋਇਆ ਹੈ ਭਾਵ ਜਦ ਤੱਕ ਮੋਹ ਦਾਤਾਂ ਵਿੱਚ ਹੈ ਤਦ ਤੱਕ ਦਾਤਾਰ ਵਿਛੜਿਆ ਹੁੰਦਾ ਹੈ। ਉਹੀ ਗੱਲ ਇੱਥੇ ਦੁਹਰਾਈ ਹੋਈ ਹੈ। ਪ੍ਰਮਾਤਮਾ ਦੇ ਦਰ ਤੇ ਮਨੁੱਖ ਤਾਂ ਹੀ ਉਜਲ ਬਣ ਸਕਦਾ ਹੈ ਜੇਕਰ ਪ੍ਰਮਾਤਮਾ ਦੀਆਂ ਲੱਖਾਂ ਦਾਤਾਂ ਦੀ ਬਜਾਏ ਉਸਨੂੰ ਉਸਦੇ ਨਾਮ ਦੀ ਦਾਤ ਚੰਗੀ ਲੱਗੇ ਭਾਵ ਉਸਦਾ ਮੋਹ ਮਾਇਆ ਦੀਆਂ ਦਾਤਾਂ ਨਾਲੋਂ ਟੁੱਟ ਕੇ ਪ੍ਰਮਾਤਮਾ ਦੀ ਇਕਿ ਦਾਤਿ ਦੇ ਨਾਲ ਜੁੜੇ ਭਾਵ ਨਾਮ ਦੀ ਦਾਤਿ ਲੈਣ ਦੇ ਨਾਲ ਜੁੜੇ ਜੋ ਦਾਤਿ ਪ੍ਰਮਾਤਮਾ ਦੀ ਸਭ ਤੋਂ ਵਡੀ ਦਾਤਿ ਹੈ ਜਿਸ ਦਾਤਿ ਦੇ ਮਿਲਣ ਨਾਲ ਨਾਮ ਦੀ ਦਾਤਿ ਮਿਲਣ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਸ ਦਾਤਿ ਦੀ ਪ੍ਰਾਪਤੀ ਮਨੁੱਖ ਨੂੰ ਚੰਗੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ, ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ। **(ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ॥)** ਪ੍ਰਮਾਤਮਾ ਕੋਲੋਂ ਉਸਦੀ ਦਾਤ ਮੰਗਣ ਦਾ ਤਰੀਕਾ, ਉਸ ਦਾ ਨਾਮ ਮੰਗਣ ਦਾ ਤਰੀਕਾ, ਉਸਦੇ ਨਾਲ ਮੇਲ ਕਰਨ ਦਾ ਤਰੀਕਾ, ਸੁੱਖ ਦੀ ਪ੍ਰਾਪਤੀ ਦਾ ਤਰੀਕਾ ਉਸਦੇ ਅੱਗੇ ਆਪਣਾ ਦੁੱਖ ਬਿਆਨ ਕਰਨਾ ਹੈ, ਉਸਦੇ ਅੱਗੇ ਆਪਣੀ ਅਰਦਾਸ ਕਰਨੀ ਹੈ। ਪ੍ਰਮਾਤਮਾ ਦੇ ਅੱਗੇ ਆਪਣਾ ਦੁੱਖ ਬਿਆਨ ਕਰਨਾ ਇਹ ਹੈ ਕਿ ਅਸੀਂ ਉਸ ਦੀ ਮਤਿ ਤੇ ਚੱਲੀਏ, ਗੁਰੂ ਦੀ ਮਤਿ ਅਨੁਸਾਰ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਉੱਦਮ ਕਰੀਏ ਤੇ ਮਾੜੇ ਕਰਮ ਕਰਨ ਤੋਂ ਬਚੀਏ ਜੋ ਮਾੜੇ ਕਰਮ

ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਕਰਦੇ ਹਾਂ ਭਾਵ ਉਸ ਦੇ ਦੱਸੇ ਸੱਚ ਨੂੰ ਅਪਣਾਈਏ ਭਾਵ ਜਦੋਂ ਅਸੀਂ ਗੁਰੂ ਦੀ ਮਤਿ ਅਨੁਸਾਰ ਚੱਲਦੇ ਹਾਂ, ਇਹ ਸਾਡੇ ਵੱਲੋਂ ਪ੍ਰਮਾਤਮਾ ਅੱਗੇ ਸਾਡੀ ਅਰਦਾਸ ਹੁੰਦੀ ਹੈ, ਸਾਡਾ ਉਸਨੂੰ ਆਪਣਾ ਦੁੱਖ ਸੁਣਾਉਣ ਦਾ ਤਰੀਕਾ ਹੈ ਕਿਉਂਕਿ ਸਾਨੂੰ ਸੁੱਖ ਦੀ ਪ੍ਰਾਪਤੀ ਕੇਵਲ ਉਸ ਦੇ ਕੋਲੋਂ ਹੀ ਹੋ ਸਕਦੀ ਹੈ। ਸਾਡੇ ਦੁੱਖਾਂ ਦਾ ਕਾਰਨ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਹਨ, ਹਉਮੈ ਹੈ, ਮਾਇਆ ਮੋਹ ਹੈ ਜਿਨ੍ਹਾਂ ਦੇ ਕਾਰਨ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਤੇ ਆਪਣੇ ਆਪ ਨੂੰ ਦੁੱਖਾਂ ਵਿੱਚ ਪਾਉਂਦੇ ਹਾਂ। ਸਾਡੇ ਇਹ ਦੁੱਖ ਗੁਰੂ ਹੀ ਦੂਰ ਕਰ ਸਕਦਾ ਹੈ ਜੋ ਸਾਨੂੰ ਆਪਣੀ ਸੱਚੀ ਮਤਿ ਦੇਣ ਦੁਆਰਾ ਮਨ ਦੇ ਸੰਤੋਖ ਨਾਲ ਜੋੜ ਸਕਦਾ ਹੈ। "ਸੁਖ" ਕੇਵਲ ਮਨ ਦੇ ਸੰਤੋਖ ਵਿੱਚ ਹੈ। ਜਿਸ ਪ੍ਰਮਾਤਮਾ ਨੇ ਸਾਨੂੰ ਦੁਖ ਦੇਣ ਵਾਲੇ ਵਿਚਾਰਾਂ ਵਿੱਚ ਰੱਖਿਆ ਹੋਇਆ ਹੈ ਉਹ ਹੀ ਸਾਨੂੰ ਇਨ੍ਹਾਂ ਦੁੱਖਾਂ ਵਿੱਚੋਂ ਕੱਢ ਸਕਦਾ ਹੈ, ਆਪਣੇ ਨਾਲ ਮੇਲ ਦੁਆਰਾ ਕੱਢ ਸਕਦਾ ਹੈ। ਅਸੀਂ ਗੁਰੂ ਨੂੰ ਛੱਡ ਕੇ ਭਾਵ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਅੱਗੇ ਆਪਣੇ ਦੁੱਖ ਸੁਣਾਵਾਂਗੇ ਜਾਂ ਸੁੱਖ ਦੀ ਆਸ ਰੱਖਾਂਗੇ ਭਾਵ ਕਿਸੇ ਮਨੁੱਖੀ ਸਰੀਰ ਨੂੰ ਉੱਚਾ ਮੰਨ ਕੇ ਉਸ ਕੋਲੋਂ ਇਹ ਉਮੀਦ ਰੱਖਾਂਗੇ ਕਿ ਉਹ ਸਾਨੂੰ ਪ੍ਰਮਾਤਮਾ ਨਾਲ ਮਿਲਾ ਦੇਵੇਗਾ ਇਹ ਸਾਡੀ ਝੂਠੀ ਉਮੀਦ ਹੋਵੇਗੀ। ਸੁੱਖ ਕੇਵਲ ਪ੍ਰਮਾਤਮਾ ਦੇ ਕੋਲ ਹੈ ਜੋ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਹੈ ਤੇ ਉਹ ਆਪ ਹੀ ਮਨੁੱਖ ਨੂੰ ਆਪਣਾ ਨਾਮ ਦੇਣ ਵਾਲਾ, ਸਦੀਵੀ ਸੁੱਖ ਦੇਣ ਵਾਲਾ ਹੈ।

6/500

(ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ॥ ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ॥੩॥) ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤੇ ਕੇਵਲ ਸੱਚੇ ਸੁੱਚੇ ਕਰਮ ਕਰੀਏ ਤੇ ਗੁਰੂ ਦਾ ਦਰ ਛੱਡ ਕੇ ਇੱਧਰ ਉਧਰ ਨਾ ਭਟਕੀਏ, ਕਿਸੇ ਹੋਰ ਅੱਗੇ ਆਪਣੇ ਦੁਖੜੇ ਨਾ ਰੋਈਏ, ਕਿਸੇ ਡੇਰਿਆਂ ਆਦਿ ਤੇ ਨਾ ਭਟਕੀਏ। ਪ੍ਰਮਾਤਮਾ ਨੂੰ ਆਪਣੇ ਮਨ ਵਿੱਚੋਂ ਨਾ ਵਿਸਾਰਨਾ ਇਹੀ ਹੈ ਕਿ ਅਸੀਂ ਉਸਦੇ ਦੱਸੇ ਹੋਏ ਸੱਚ ਨੂੰ ਨਾ ਵਿਸਾਰੀਏ, ਗੁਰੂ ਦੀ ਮਤਿ ਨੂੰ ਨਾ ਵਿਸਾਰੀਏ ਤੇ ਇਹੀ ਸਾਡਾ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਦਾ ਤਰੀਕਾ ਹੈ ਜਿਸ ਨੇ ਸਾਨੂੰ ਇਹ ਸਰੀਰ ਦਿੱਤਾ ਹੈ, ਵਿੱਚ ਪਰਾਣ ਪਾਏ ਹਨ ਭਾਵ ਪ੍ਰਮਾਤਮਾ ਦਾ ਸ਼ੁਕਰਾਨਾ ਕਰਨਾ ਇਹ ਹੈ ਕਿ ਅਸੀਂ ਉਸ ਦੇ ਦੱਸੇ ਹੋਏ ਮਾਰਗ ਤੇ ਚੱਲੀਏ ਤੇ ਚੰਗਿਆਈਆਂ ਦੁਆਰਾ ਵਿਚਰੀਏ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ॥)** ਕੇਵਲ ਗੱਲਾਂ ਕਰਨ ਨਾਲ ਉਸਦਾ ਸ਼ੁਕਰਾਨਾ ਨਹੀਂ ਹੋ ਸਕਦਾ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਜਾਣਿਆ ਸੀ। **{ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥}**

ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਡਾ ਪਵਿੱਤਰ ਪਹਿਨਣਾ ਖਾਣਾ ਕੀ ਹੈ, ਇਹ ਗੱਲ ਸਮਝਾਈ ਹੋਈ ਹੈ। ਉਹ ਆਪ ਸੱਚ ਹੈ ਤੇ ਜਿਸ ਮਨੁੱਖ ਦੇ ਅੰਦਰ ਸੱਚ ਹੈ ਉਹ ਪਵਿੱਤਰ ਹੈ, ਨਿਰਮਲ ਹੈ। ਜਿੱਥੇ ਸੱਚ ਨਹੀਂ ਹੈ, ਉਹ ਅਪਵਿੱਤਰ ਹੈ ਭਾਵ ਜੋ ਕਰਨੀ ਅਸੀਂ ਸੱਚ ਨੂੰ ਅਪਣਾ ਕੇ ਕਰਦੇ ਹਾਂ ਉਹ ਕਰਨੀ ਪਵਿੱਤਰ ਹੈ ਤੇ ਜੋ ਕਰਨੀ ਬਿਨ੍ਹਾਂ ਸੱਚ ਤੋਂ ਕਰਦੇ ਹਾਂ ਉਹ ਕਰਨੀ ਅਪਵਿੱਤਰ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੈ। ਪਵਿੱਤਰ ਕਰਨੀ ਵਿੱਚ ਸਾਡੀ ਕਮਾਈ ਹੋਈ ਮਾਇਆ ਪਵਿੱਤਰ ਹੈ ਤੇ ਇਹੋ ਜਿਹੀ ਪਵਿੱਤਰ ਮਾਇਆ ਨਾਲ ਅਸੀਂ ਜੋ ਕੁੱਝ ਵੀ ਖਰੀਦਦੇ ਹਾਂ ਉਹ ਸਾਡੇ ਲਈ ਪਵਿੱਤਰ ਹੈ, ਉਸ ਮਾਇਆ ਨੂੰ ਗੁਰੂ ਦੀ ਮਤਿ ਅਨੁਸਾਰ ਵਰਤਣਾ ਸਾਡੇ ਲਈ ਪਵਿੱਤਰ ਹੈ। ਇਸੇ ਤਰ੍ਹਾਂ ਜੋ ਕਰਨੀ ਸਾਡੀ "**ਸੱਚ**" ਦੁਆਰਾ ਨਹੀਂ ਹੈ, ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਉਸ ਮਾੜੀ ਕਰਨੀ ਦੁਆਰਾ ਕਮਾਈ ਹੋਈ ਮਾਇਆ ਵੀ ਅਪਵਿੱਤਰ ਹੈ। ਇਹੋ ਜਿਹੀ ਮਾਇਆ ਦੁਆਰਾ ਅਸੀਂ ਜੋ ਕੁੱਝ ਵੀ ਖਰੀਦ ਕੇ ਪਹਿਨਦੇ ਹਾਂ, ਖਾਂਦੇ ਹਾਂ ਉਹ ਸਭ ਅਪਵਿੱਤਰ ਹੈ, ਗੁਰੂ ਨੂੰ ਪ੍ਰਵਾਨ ਨਹੀਂ ਹੈ। ਗੁਰੂ ਆਪ ਸੱਚ ਹੈ, ਪਵਿੱਤਰ ਹੈ ਤੇ ਉੱਥੇ ਪਵਿੱਤਰਤਾ ਹੀ ਪ੍ਰਵਾਨ ਹੈ, ਇਸ ਤੋਂ ਇਲਾਵਾ ਉਸਦੇ ਅੱਗੇ ਹੋਰ ਸਭ ਗੱਲਾਂ ਝੂਠ ਹਨ। **(ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ॥ ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ॥੪॥)।**

6/501

ਪਿਛਲੇ ਸ਼ਬਦ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਪ੍ਰਮਾਤਮਾ ਆਪ ਸੱਚ ਹੈ ਤੇ ਉਸਨੂੰ ਸੱਚ ਹੀ ਭਾਉਂਦਾ ਹੈ ਭਾਵ ਉਹੀ ਮਨੁੱਖ ਭਾਉਂਦਾ ਹੈ ਜਿਸਦੇ ਹਿਰਦੇ ਵਿੱਚ ਸੱਚ ਵੱਸ ਜਾਂਦਾ ਹੈ, ਜਿਸ ਦੀ ਕਰਣੀ ਸੱਚੀ ਸੁੱਚੀ ਹੋ ਜਾਂਦੀ ਹੈ, ਗੁਰੂ ਦੀ ਮਤਿ ਵਾਲੀ ਹੋ ਜਾਂਦੀ ਹੈ। ਮਨੁੱਖ ਦਾ ਖਾਣਾ ਪੀਣਾ ਵੀ ਉਸ ਨੂੰ ਉਹੀ ਪ੍ਰਵਾਨ ਹੈ ਜਿਸ ਦੇ ਪਿੱਛੇ ਕਮਾਈ ਸੱਚੀ ਹੈ। ਆਓ ਹੁਣ ਅਗਲੇ ਸ਼ਬਦ

ਰਾਹੀਂ ਇਸੇ ਗੱਲ ਨੂੰ ਹੋਰ ਦ੍ਰਿੜ ਕਰੀਏ ਜਿੱਥੇ ਪ੍ਰਮਾਤਮਾ ਦੀ ਖੁਸ਼ੀ ਨੂੰ ਸਾਡੇ ਕਰਮਾਂ ਨਾਲ, ਸਾਡੀ ਕਰਨੀ ਨਾਲ ਜੋੜ ਕੇ ਦੱਸਿਆ ਹੋਇਆ ਹੈ, ਸਾਡੀਆਂ ਜੀਵਨ ਦੀਆਂ ਜਰੂਰਤਾਂ ਨਾਲ ਜੋੜ ਕੇ ਦੱਸਿਆ ਹੋਇਆ ਹੈ, ਸਾਡੀਆਂ ਜਰੂਰਤਾਂ ਦੀ ਪੂਰਤੀ ਨਾਲ ਜੋੜ ਕੇ ਦੱਸਿਆ ਹੋਇਆ ਹੈ ਭਾਵ ਪ੍ਰਮਾਤਮਾ ਦੀ ਭਗਤੀ ਅਸੀਂ ਆਪਣੀ ਜੀਵਨ ਜਾਂਚ ਦੁਆਰਾ ਕਿਵੇਂ ਕਰਨੀ ਹੈ, ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਸਾਨੂੰ ਇਹ ਹੀ ਸਮਝਾਇਆ ਹੋਇਆ ਹੈ ਕਿ ਜੇਕਰ ਸਾਡੇ ਜੀਵਨ ਦੀ ਵਿਚਰਨ ਚੰਗੀ ਹੈ, ਸਾਡੀਆਂ ਜੀਵਨ ਬਤੀਤ ਕਰਨ ਦੀਆਂ ਲੋੜਾਂ ਦੀ ਪੂਰਤੀ ਕਰਨ ਦਾ ਢੰਗ ਚੰਗਾ ਹੈ, ਤਾਂ ਹੀ ਪ੍ਰਮਾਤਮਾ ਨੂੰ ਖੁਸ਼ੀ ਮਿਲਦੀ ਹੈ ਭਾਵ ਪ੍ਰਮਾਤਮਾ ਉਸ ਮਨੁੱਖ ਤੇ ਖੁਸ਼ ਹੁੰਦਾ ਹੈ ਜਿਸਦੀ ਕਰਨੀ ਚੰਗੀ ਹੁੰਦੀ ਹੈ। ਪੂਰੇ ਸ਼ਬਦ ਦੇ ਭਾਵ ਬਹੁਤ ਗਹਿਰੇ ਹਨ। ਮਨੁੱਖ ਦੀ ਤ੍ਰੈਗੁਣਾਂ ਵਾਲੀ ਸੋਝੀ ਦੀ ਸਮਰੱਥਾ ਤੋਂ ਬਾਹਰ ਹਨ। ਆਪਣੀ ਬਾਣੀ ਦੇ ਅਰਥ ਉਹ ਆਪ ਹੀ ਜਾਣਦਾ ਹੈ ਜਿਸ ਨੇ ਭਾਵ ਪ੍ਰਮਾਤਮਾ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਵਾਈ ਹੈ। ਜਿਸ ਬਰਤਨ ਨਾਲ ਭਾਵ ਮਨ ਦੀ ਸਮਝ ਨਾਲ ਬਾਣੀ ਵਿੱਚ ਜਲ ਭਰਿਆ ਹੋਇਆ ਹੈ, ਉਸੇ ਬਰਤਨ ਨਾਲ ਹੀ ਉਸ ਗਿਆਨ ਰੂਪ ਜਲ ਦੇ, ਅੰਮ੍ਰਿਤ ਜਲ ਦੇ ਸਹੀ ਰੂਪ ਦੇ ਦਰਸ਼ਨ ਹੋ ਸਕਦੇ ਹਨ। ਜਿਹੋ ਜਿਹੇ ਮਨ ਰੂਪ ਬਰਤਨ ਰਾਹੀਂ ਗੁਰਬਾਣੀ ਵਿੱਚ ਨਾਮ ਦਾ ਬੀਜ ਬੀਜਿਆ ਹੋਇਆ ਹੈ ਉਹੋ ਜਿਹੇ ਬਰਤਨ ਨਾਲ ਹੀ ਗੁਰਬਾਣੀ ਵਿੱਚੋਂ ਨਾਮ ਦੇ ਦਰਸ਼ਨ ਹੋ ਸਕਦੇ ਹਨ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਕਿਰਪਾ ਦਾ ਵਿਸ਼ਾ ਹੈ। ਮਨੁੱਖੀ ਸਮਝ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ।

“ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥
ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥੨॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥
ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥
ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥੪॥੭॥”

(ਅੰਗ ੧੬-੧੭)

ਇਸ ਸ਼ਬਦ ਰਾਹੀਂ ਅਕਾਲ ਪੁਰਖ ਰੂਪ ਪਹਿਲੀ ਪਾਤਸ਼ਾਹੀ ਜੀ ਨੇ ਸਾਨੂੰ ਬੜੇ ਹੀ ਗਹਿਰੇ ਢੰਗ ਨਾਲ ਸਾਡੀ ਜੀਵਨ ਜਾਂਚ ਸਮਝਾਈ ਹੋਈ ਹੈ, ਨਾਮ ਜਪਣਾ ਸਮਝਾਇਆ ਹੋਇਆ ਹੈ। ਸਾਡੀ ਜੀਵਨ ਬਤੀਤ ਕਰਨ ਲਈ ਸਭ ਤੋਂ ਵੱਡੀ ਜਰੂਰਤ ਭੋਜਨ ਦੀ ਹੈ। ਇਹ ਜਰੂਰਤ ਅਸੀਂ ਕਿਵੇਂ ਪੂਰੀ ਕਰਨੀ ਹੈ ਇਹ ਪਹਿਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਖਾਣੇ ਦੇ ਵੱਖਰੇ-ਵੱਖਰੇ ਰਸਾਂ ਨੂੰ ਗੁਰੂ ਦੇ ਗਿਆਨ ਨਾਲ ਜੋੜ ਕੇ ਦੱਸਿਆ ਹੋਇਆ ਹੈ, ਗੁਰੂ ਦੀ ਮਤਿ ਨਾਲ ਜੋੜ ਕੇ ਦੱਸਿਆ ਹੋਇਆ ਹੈ। ਸਾਨੂੰ ਗੁਰਮਤਿ ਤੇ ਚੱਲਣ ਲਈ ਸਾਡੇ ਤਿੰਨੇ ਉੱਦਮ ਸਮਝਾਏ ਹੋਏ ਹਨ ਜਿਨ੍ਹਾਂ ਦੀ ਚਰਚਾ ਅਸੀਂ ਪਿੱਛੇ ਸ਼ਬਦ ਵਿੱਚ ਕੀਤੀ ਹੈ। ਸਾਡੇ ਜੀਵਨ ਦਾ ਮਕਸਦ ਸਮਝਾਇਆ ਹੋਇਆ ਹੈ। ਗੁਰਬਾਣੀ ਸਾਡੇ ਪੜ੍ਹਨ, ਸੁਣਨ, ਬੋਲਣ ਲਈ ਹੈ, ਸਮਝਣ ਲਈ ਹੈ ਤੇ ਮੰਨਣ ਲਈ ਹੈ। ਗੁਰੂ ਦੇ ਗਿਆਨ ਨੂੰ ਪੜ੍ਹਨ ਸੁਣਨ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਉਸ ਤੇ ਅਮਲ ਹੋਵੇ ਤੇ ਇਸੇ ਗੱਲ ਨੂੰ ਸਾਡੇ ਭੋਜਨ ਨਾਲ ਜੋੜ ਕੇ ਸਮਝਾਇਆ ਹੋਇਆ ਹੈ। ਗੁਰੂ ਦੇ ਬਚਨ

6/502

ਸੁਣਨ ਨੂੰ ਭੋਜਨ ਦੇ "ਸਾਲੋਣੇ" ਰਸ ਭਾਵ ਨਮਕੀਨ ਰਸਾਂ ਨਾਲ ਜੋੜਿਆ ਹੈ ਭਾਵ ਗੁਰੂ ਦੇ ਬਚਨਾਂ ਨੂੰ ਸੁਣਨਾ ਵੀ ਉਸੇ ਤਰ੍ਹਾਂ ਚੰਗਾ ਲੱਗਦਾ ਹੈ, ਸਵਾਦ ਲੱਗਦਾ ਹੈ, ਜਿਵੇਂ ਕਿ ਸਾਡੇ ਲਈ ਨਮਕੀਨ ਭੋਜਨ। (ਸੁਣੀਐ ਸਾਲੋਣੇ) ਗੁਰੂ ਦੇ ਬਚਨਾਂ ਨੂੰ ਮੁੱਖੋਂ ਬੋਲਣਾ ਸਾਨੂੰ ਉਸੇ ਤਰ੍ਹਾਂ ਚੰਗਾ ਲੱਗਦਾ ਹੈ ਜਿਵੇਂ ਸਾਨੂੰ ਤਿੱਖੇ ਖੱਟੇ ਮਿਠੇ ਭੋਜਨ ਚੰਗੇ ਲੱਗਦੇ ਹਨ, ਸਵਾਦ ਲੱਗਦੇ ਹਨ। **(ਖਟ ਤੁਰਸੀ ਮੁਖਿ ਬੋਲਣਾ)** ਗੁਰੂ ਦੇ ਬਚਨਾਂ ਨੂੰ ਕੀਰਤਨ ਰਾਹੀਂ ਗਾਉਣਾ, ਧੁਨਾਂ ਵਿੱਚ ਗਾਉਣਾ ਸਾਨੂੰ ਉਸੇ ਤਰ੍ਹਾਂ ਹੋਰ ਚੰਗਾ ਲੱਗਦਾ ਹੈ ਜਿਵੇਂ ਮਸਾਲੇ ਖਾਣੇ ਨੂੰ ਹੋਰ ਸਵਾਦ ਬਣਾਉਂਦੇ ਹਨ। ਜਿਵੇਂ ਮਸਾਲਿਆਂ ਦੇ ਨਾਲ ਭੋਜਨ ਦਾ ਸਵਾਦ ਵੱਧ ਜਾਂਦਾ ਹੈ ਇਸੇ ਤਰ੍ਹਾਂ ਧੁਨ ਵਿੱਚ ਗਾਉਣ ਨਾਲ ਗੁਰੂ ਦੀ ਬਾਣੀ ਗਾਉਣ ਦਾ ਸਵਾਦ ਵੱਧ ਜਾਂਦਾ ਹੈ। **(ਮਾਰਣ ਨਾਦ ਕੀਏ॥)** "ਮਾਰਣ" ਮਸਾਲਿਆਂ ਨੂੰ ਕਹਿੰਦੇ ਹਨ। ਗੁਰੂ ਦੇ ਬਚਨ ਬੋਲਣ, ਸੁਣਨ ਤੇ ਗਾਉਣ ਦੀ ਗੱਲ ਤਾਂ ਹੋ ਗਈ। ਇਹ ਸਾਰੀਆਂ ਗੱਲਾਂ ਚੰਗੀਆਂ ਹਨ, ਸਾਨੂੰ ਸਵਾਦ ਦਿੰਦੀਆਂ ਹਨ ਜਿਵੇਂ ਕਿ ਸਾਨੂੰ ਵੱਖਰੇ-ਵੱਖਰੇ ਭੋਜਨਾਂ ਦਾ ਸਵਾਦ ਆਉਂਦਾ ਹੈ। ਹੁਣ ਪਿੱਛੇ ਗੱਲ ਬਚੀ ਗੁਰੂ ਦੇ ਬਚਨਾਂ ਨੂੰ ਮੰਨਣ ਦੀ। ਉੱਪਰ ਅਸੀਂ ਜਿਤਨੇ ਭੋਜਨਾਂ ਦੇ ਰਸਾਂ ਦੀ ਗੱਲ ਕੀਤੀ ਹੈ, ਉਹ ਸਾਡੇ ਲਈ ਤਾਂ ਹੀ ਮਿੱਠੇ ਬਣ ਸਕਦੇ ਹਨ, ਚੰਗੇ ਬਣ ਸਕਦੇ ਹਨ ਜੇਕਰ ਅਸੀਂ ਗੁਰੂ ਦੇ ਬਚਨਾਂ ਨੂੰ ਪੜ੍ਹ ਸੁਣ ਕੇ, ਗਾ ਕੇ, ਉਹਨਾਂ ਨੂੰ ਸਮਝ ਕੇ "ਮੰਨਦੇ" ਵੀ ਹਾਂ ਭਾਵ ਉਸ ਤੇ ਅਮਲ ਵੀ ਕਰਦੇ ਹਾਂ। **(ਸਭਿ ਰਸ ਮਿਠੇ ਮੰਨਿਐ)** ਭੋਜਨ ਦੇ ਸਾਰੇ ਰਸ ਭਾਵ ਨਮਕੀਨ, ਖੱਟੇ, ਮਿੱਠੇ ਆਦਿ ਸਾਡੇ ਲਈ ਤਾਂ ਹੀ ਮਿੱਠੇ ਸਾਬਤ ਹੋ ਸਕਦੇ ਹਨ ਭਾਵ ਗੁਰੂ ਦੇ ਬਚਨਾਂ ਨੂੰ ਜੋ ਅਸੀਂ ਪਿਆਰ ਨਾਲ, ਸਵਾਦ ਨਾਲ ਸੁਣਦੇ ਹਾਂ, ਪੜ੍ਹਦੇ ਹਾਂ, ਮੁੱਖੋਂ ਬੋਲਦੇ ਹਾਂ, ਕੀਰਤਨ ਦਾ ਰਸ ਮਾਣਦੇ ਹਾਂ, ਉਹ ਸਾਡੇ ਲਈ ਤਾਂ ਹੀ ਮਿੱਠੇ ਬਣ ਸਕਦੇ ਹਨ ਜੇਕਰ ਅਸੀਂ ਗੁਰੂ ਦੇ ਬਚਨਾਂ ਨੂੰ ਪੜ੍ਹ ਕੇ, ਸੁਣ ਕੇ ਉਹਨਾਂ ਨੂੰ ਮੰਨਦੇ ਵੀ ਹਾਂ ਭਾਵ ਉਹਨਾਂ ਤੇ ਅਮਲ ਵੀ ਕਰਦੇ ਹਾਂ। ਬਿਨ੍ਹਾਂ ਅਮਲ ਕੀਤੇ ਸਾਰੇ ਰਸ ਫਿੱਕੇ ਹੀ ਰਹਿ ਜਾਣਗੇ ਭਾਵ ਗੁਰੂ ਕੋਲੋਂ ਸਾਨੂੰ ਜੋ ਮਿਠਾਸ ਮਿਲ ਸਕਦੀ ਹੈ, ਉਹ ਉਸ ਦੇ ਬਚਨਾਂ ਨੂੰ ਮੰਨ ਕੇ ਹੀ ਮਿਲ ਸਕਦੀ ਹੈ। ਗੁਰੂ ਦੇ ਬਚਨਾਂ ਤੇ ਅਮਲ ਕਰਨਾ ਹੀ ਪ੍ਰਮਾਤਮਾ ਨਾਲ ਆਪਣਾ ਪਿਆਰ ਦਿਖਾਉਣਾ ਹੈ ਭਾਵ ਗੁਰੂ ਨਾਲ ਪਿਆਰ ਦਿਖਾਉਣ ਦਾ ਤਰੀਕਾ ਉਸਦੇ ਬਚਨਾਂ ਨੂੰ ਮੰਨਣਾ ਹੀ ਹੈ। ਜਦੋਂ ਅਸੀਂ ਗੁਰੂ ਦੀ ਗੱਲ ਤੇ ਅਮਲ ਕਰਾਂਗੇ ਤਾਂ ਫਿਰ ਸਾਡੇ ਅੰਦਰ ਸਿਰਫ ਸੱਚ ਹੋਵੇਗਾ, ਸੱਚੇ ਗੁਣ ਹੋਣਗੇ, ਅਸੀਂ ਔਗੁਣਾਂ ਤੋਂ ਰਹਿਤ ਹੋਵਾਂਗੇ, ਸਾਡੀ ਸਾਰੀ ਕਮਾਈ ਸੱਚੀ ਸੁੱਚੀ ਹੋਵੇਗੀ। ਇਹੋ ਜਿਹੀ ਸੱਚੀ ਸੁੱਚੀ ਮਾਇਆ ਦੀ ਕਮਾਈ ਨਾਲ ਅਸੀਂ ਜੋ ਵੀ ਭੋਜਨ ਖਰੀਦਾਂਗੇ ਤੇ ਖਾਵਾਂਗੇ ਉਹ ਗੁਰੂ ਦੀ ਮਤਿ ਅਨੁਸਾਰ ਹੋਵੇਗਾ, ਉਸ ਵਿੱਚ ਕੋਈ ਬੇਈਮਾਨੀ ਨਹੀਂ ਹੋਵੇਗੀ, ਉਹ ਸਾਡੀ ਇਮਾਨਦਾਰੀ ਨਾਲ ਖਰੀਦਿਆ ਤੇ ਖਾਧਾ ਹੋਇਆ ਭੋਜਨ ਹੋਵੇਗਾ। ਪ੍ਰਮਾਤਮਾ ਨੇ ਛੱਤੀ ਤਰ੍ਹਾਂ ਦੇ ਭੋਜਨ ਬਣਾਏ ਹਨ, ਅੰਮ੍ਰਿਤ ਬਣਾਏ ਹਨ, ਉਹ ਸਭ ਮਨੁੱਖ ਦੇ ਖਾਣ ਲਈ ਹੀ ਬਣਾਏ

6/503

ਹਨ। ਹਰ ਕੋਈ ਉਸਨੂੰ ਖਾ ਸਕਦਾ ਹੈ, ਉਨ੍ਹਾਂ ਦਾ ਰਸ ਮਾਣ ਸਕਦਾ ਹੈ, ਸਾਰੇ ਰਸ ਮਾਣ ਸਕਦਾ ਹੈ, ਪਰ ਗੱਲ ਕੇਵਲ ਉਨ੍ਹਾਂ ਨੂੰ ਪ੍ਰਾਪਤ ਕਰਨ ਦੀ ਹੈ ਕਿ ਅਸੀਂ ਉਨ੍ਹਾਂ ਨੂੰ ਪ੍ਰਾਪਤ ਕਿਸ ਤਰੀਕੇ ਨਾਲ ਕਰਦੇ ਹਾਂ। ਜਿਸ ਤੇ ਪ੍ਰਮਾਤਮਾ ਦੀ ਕਿਰਪਾ ਹੁੰਦੀ ਹੈ ਉਹ ਹੀ ਗੁਰੂ ਦੀ ਮਤਿ ਨਾਲ ਜੁੜਦਾ ਹੈ, ਉਸਦਾ ਕੇਵਲ ਗੁਰੂ ਨਾਲ ਪਿਆਰ ਪੈਂਦਾ ਹੈ ਤੇ ਕੇਵਲ ਉਹ ਹੀ ਪਦਾਰਥਾਂ ਦਾ ਮਿੱਠਾ ਰਸ ਮਾਣ ਸਕਦਾ ਹੈ ਭਾਵ ਉਹ ਰਸ, ਜਿਸ ਵਿੱਚ ਗੁਰੂ ਦੀ ਮਿਠਾਸ ਹੈ, ਉਸਦੀ ਖੁਸ਼ੀ ਹੈ, ਜੋ ਉਸਨੂੰ ਭਾਉਂਦਾ ਹੈ। ਗੁਰੂ ਦੀ ਗੱਲ ਤੇ ਅਮਲ ਕਰਨ ਵਿਚ ਹੀ ਗੁਰੂ ਨੂੰ ਖੁਸ਼ੀ ਮਿਲਦੀ ਹੈ। ਸਾਡੇ ਲਈ ਇਹ ਰਸ ਤਾਂ ਹੀ ਮਿੱਠੇ ਬਣ ਸਕਦੇ ਹਨ ਜੇਕਰ ਸਾਨੂੰ ਗੁਰੂ ਦੀ ਮਤਿ ਮਿੱਠੀ ਲੱਗੇਗੀ ਭਾਵ ਗੁਰਮਤਿ ਨੂੰ ਮੰਨਣਾ ਸਾਨੂੰ ਚੰਗਾ ਲੱਗੇਗਾ, ਗੁਰੂ ਦੀ ਮਤਿ ਨੂੰ ਮੰਨਣ ਵਿੱਚ ਸਾਨੂੰ ਖੁਸ਼ੀ

ਮਹਿਸੂਸ ਹੋਵੇਗੀ, ਸਾਨੂੰ ਅਨੰਦ ਮਹਿਸੂਸ ਹੋਵੇਗਾ। ਅਸੀਂ ਉਨ੍ਹਾਂ ਵਿਚਾਰਾਂ ਨੂੰ ਹੀ ਅਪਨਾਉਂਦੇ ਹਾਂ ਜਿਨ੍ਹਾਂ ਨੂੰ ਮੰਨਣ ਵਿੱਚ ਸਾਨੂੰ ਚੰਗਾ ਲੱਗੇ, ਸਾਨੂੰ ਖੁਸ਼ੀ ਮਹਿਸੂਸ ਹੋਵੇ। ਗੁਰੂ ਦੀ ਮਤਿ ਨੂੰ ਮੰਨਣ ਵਿੱਚ ਸਾਨੂੰ ਖੁਸ਼ੀ ਤਾਂ ਹੀ ਮਹਿਸੂਸ ਹੋਵੇਗੀ ਜਦੋਂ ਸਾਨੂੰ ਮਾਇਆ ਮੋਹ ਛੱਡਣ ਵਿੱਚ ਖੁਸ਼ੀ ਮਹਿਸੂਸ ਹੋਵੇਗੀ, ਮਾਇਆ ਦੇ ਰਸ ਛੱਡਣ ਵਿੱਚ ਖੁਸ਼ੀ ਮਹਿਸੂਸ ਹੋਵੇਗੀ।

(ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥)

ਆਓ ਹੁਣ ਰਹਾਉ ਦੀ ਪੰਗਤੀ ਨੂੰ ਵਿਚਾਰੀਏ ਜਿਸ ਰਾਹੀਂ ਸਾਡੇ ਜੀਵਨ ਜਾਂਚ ਦੇ ਮਨੋਰਥ ਨੂੰ ਉਜਾਗਰ ਕੀਤਾ ਹੋਇਆ ਹੈ।

“ਬਾਬਾ ਹੋਰੁ ਖਾਣਾ ਖੁਸੀ ਖੁਆਰੁ॥

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥”

ਉੱਪਰ ਪੰਗਤੀ ਵਿਚ ਸਾਡੇ ਲਈ ਹੋਰ ਖਾਣ ਤੋਂ ਭਾਵ ਕੀ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ। “**ਹੋਰੁ**” ਨੂੰ ਸਮਝਣਾ ਸਭ ਤੋਂ ਜਰੂਰੀ ਹੈ ਕਿਉਂਕਿ ਇਸ ਦੀ ਸੋਝੀ ਪੈਣ ਨਾਲ ਹੀ ਪੂਰੇ ਸ਼ਬਦ ਦੀ ਸੋਝੀ ਪੈ ਸਕਦੀ ਹੈ। “ਰਹਾਉ” ਇਸ ਸ਼ਬਦ ਵਿੱਚ ਚਾਰ ਵਾਰੀ ਆਇਆ ਹੈ ਤੇ ਸਭ ਵਿੱਚ ਸਾਡੇ ਲਈ "ਹੋਰੁ" ਕੀ ਹੈ ਇਸੇ ਗੱਲ ਦੀ ਸੋਝੀ ਪਾਈ ਹੋਈ ਹੈ ਭਾਵ ਇਸ ਸਾਰੇ ਸ਼ਬਦ ਰਾਹੀਂ ਸਾਨੂੰ "ਹੋਰੁ" ਕੀ ਹੈ, ਇਸੇ ਗੱਲ ਨੂੰ ਸਮਝਾਉਣ ਤੇ ਜੋਰ ਪਾਇਆ ਹੋਇਆ ਹੈ। ਜੇਕਰ ਸਾਨੂੰ ਇਸ "ਹੋਰੁ" ਦੇ ਭਾਵ ਦੀ ਸੋਝੀ ਪੈ ਜਾਵੇਗੀ ਤਾਂ ਫਿਰ ਸਾਨੂੰ ਆਪਣੀ ਜੀਵਨ ਜਾਂਚ ਦੀ ਸੋਝੀ ਵੀ ਪੈ ਜਾਵੇਗੀ, ਜਿੰਦਗੀ ਜਿਉਣ ਦਾ ਮਨੋਰਥ ਵੀ ਸਮਝ ਆ ਜਾਵੇਗਾ ਭਾਵ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ, ਉਸਦੀ ਖੁਸ਼ੀ ਕਿਵੇਂ ਪਾਈ ਜਾ ਸਕਦੀ ਹੈ, ਉਸਦੀ ਭਗਤੀ ਕਿਵੇਂ ਕੀਤੀ ਜਾ ਸਕਦੀ ਹੈ, ਨਾਮ ਕਿਵੇਂ ਜਪਿਆ ਜਾ ਸਕਦਾ ਹੈ, ਇਹ ਸਮਝ ਲੱਗ ਜਾਵੇਗੀ। "ਹੋਰੁ" ਨੂੰ ਸਾਡੇ ਖਾਣ ਦੇ ਨਾਲ, ਭੋਜਨ ਦੇ ਨਾਲ ਜੋੜਿਆ ਹੈ, "ਹੋਰੁ" ਨੂੰ ਹੀ ਸਾਡੇ ਪਹਿਰਾਵੇ ਨਾਲ ਜੋੜਿਆ ਹੈ, "ਹੋਰੁ" ਨੂੰ ਹੀ ਸਾਡੀ ਸਵਾਰੀ ਨਾਲ ਜੋੜਿਆ ਹੈ,"ਹੋਰੁ" ਨੂੰ ਹੀ ਸਾਡੇ ਸੌਣ ਨਾਲ ਜੋੜਿਆ ਹੈ, "ਹੋਰੁ" ਨੂੰ ਹੀ ਸਾਡੇ ਆਖਣ ਨਾਲ ਜੋੜਿਆ ਹੈ ਭਾਵ ਸਾਡੀ ਸਾਰੀ ਜੀਵਨ ਜਾਂਚ ਨੂੰ "ਹੋਰੁ" ਦੇ ਨਾਲ ਜੋੜਿਆ ਹੋਇਆ ਹੈ।

6/504

“**ਇੱਕ**” ਕੇਵਲ ਆਪ ਪ੍ਰਮਾਤਮਾ ਹੈ, ਗੁਰੂ ਹੈ, ਗੁਰੂ ਦੀ ਮਤਿ ਹੈ। “**ਇੱਕ**” ਤੋਂ ਬਿਨਾਂ ਸਭ "**ਹੋਰੁ**" ਹੈ। ਗੁਰੂ ਦੀ ਮਤਿ ਤੋਂ ਵਿਛੜ ਕੇ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ “**ਹੋਰੁ**” ਹੈ, ਗੁਰਮਤਿ ਨਾਲੋਂ ਹੋਰੁ ਹੈ ਭਾਵ ਵੱਖਰਾ ਹੈ। ਗੁਰਮਤਿ ਸਾਨੂੰ ਕੇਵਲ ਸੱਚ ਚੱਲਣ ਦੀ ਸਿੱਖਿਆ ਦਿੰਦੀ ਹੈ ਤੇ “**ਸੱਚ**” ਤੋਂ ਬਿਨਾਂ ਚੱਲਣਾ ਸਾਡਾ “**ਹੋਰ**” ਪਾਸੇ ਚੱਲਣਾ ਹੈ ਜਿਸ ਦਾ ਕਾਰਨ ਸਾਡੀ ਉਹ ਮਤਿ ਹੈ ਭਾਵ ਮਨਮਤਿ ਹੈ ਜੋ ਸਾਨੂੰ ਗੁਰੂ ਦੀ ਮਤਿ ਨਾਲੋਂ ਹੋਰ ਪਾਸੇ ਤੋਰਦੀ ਹੈ, ਦੂਜੇ ਪਾਸੇ ਤੋਰਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੋੜਦੀ ਹੈ, ਮਾਇਆ ਮੋਹ ਨਾਲ ਜੋੜਦੀ ਹੈ ਤੇ ਮਨੁੱਖ ਹੋਰ ਹੋਰ ਦੇ ਲਾਲਚ ਵਿੱਚ ਪੈਂਦਾ ਹੈ ਜਿਸ ਕਰਕੇ ਉਹ ਮਾੜੇ ਕਰਮ ਕਰਦਾ ਹੈ, ਔਗੁਣ ਕਰਦਾ ਹੈ ਜਿਵੇਂ ਕਿ ਹੇਠ ਦਿੱਤੇ ਹੋਏ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਬਾਬਾ ਹੋਰ ਮਤਿ ਹੋਰ ਹੋਰ॥

ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥੧॥ਰਹਾਉ॥}

(ਅੰਗ ੧੭)

ਜਦ ਤੱਕ ਮਨੁੱਖ ਗੁਰੂ ਦੀ ਮਤਿ ਦੇ ਅੰਦਰ ਹੈ, ਉਹ “ਇੱਕ” ਨਾਲ ਜੁੜਿਆ ਹੋਇਆ ਹੈ ਕਿਉਂਕਿ ਉੱਥੇ ਉਸਦੀ ਆਪਣੀ ਮਤਿ ਨਹੀਂ ਹੈ। ਗੁਰੂ ਦੀ ਮਤਿ ਵਿੱਚ ਰਹਿ ਕੇ ਮਨੁੱਖ ਉਸੇ ਗੱਲ ਨਾਲ ਆਪਣੀ ਤ੍ਰਿਪਤੀ ਸਮਝਦਾ ਹੈ ਜੋ ਕੁੱਝ ਉਸ ਨੂੰ ਗੁਰੂ ਦੀ ਮਤਿ ਅਨੁਸਾਰ ਵਿਚਰ ਕੇ ਮਿਲਦਾ ਹੈ ਤੇ ਮਨੁੱਖ ਉਸ ਤੋਂ ਜ਼ਿਆਦਾ ਭਾਵ “ਹੋਰ” ਦੀ ਇੱਛਾ ਨਹੀਂ ਕਰਦਾ, ਉਤਨੇ ਨਾਲ ਹੀ ਸੰਤੋਖ ਕਰਦਾ ਹੈ, ਜਿਤਨਾ ਉਸਨੂੰ ਸੱਚੇ ਸੁੱਚੇ ਤਰੀਕੇ ਨਾਲ ਪ੍ਰਾਪਤ ਹੁੰਦਾ ਹੈ। ਜਦੋਂ ਮਨੁੱਖ ਇਤਨੇ ਨਾਲ ਸੰਤੋਖ ਨਹੀਂ ਕਰਦਾ ਤੇ ਇਸ ਤੋਂ ਜ਼ਿਆਦਾ ਭਾਵ ਹੋਰ ਮੰਗਦਾ ਹੈ, ਇਹ ਉਸਦੀ ਤ੍ਰਿਸ਼ਨਾ ਹੈ। ਇਹ "ਹੋਰ" ਭਾਵ ਜ਼ਿਆਦਾ ਦੀ ਪ੍ਰਾਪਤੀ ਦੀ ਇੱਛਾ ਕਰਨਾ ਹੀ ਸਾਡੇ ਦੁੱਖਾਂ ਕਲੇਸ਼ਾਂ ਦਾ ਕਾਰਨ ਹੈ, ਸਾਡੀ ਪੀੜਾ ਦਾ ਕਾਰਨ ਹੈ। ਇਹ ਸਾਡੀਆ ਜ਼ਿਆਦਾ ਇੱਛਾਵਾਂ ਭਾਵ ਹੋਰ ਹੀ ਹੋਰ ਉਮੀਦ ਕਰਨਾ ਸਾਨੂੰ ਔਗੁਣਾਂ ਵੱਲ ਤੋਰਦਾ ਹੈ, ਸਾਡੇ ਅੰਦਰ ਵਿਕਾਰਾਂ ਨੂੰ ਜਨਮ ਦਿੰਦਾ ਹੈ ਤਾਂ ਜੋ ਇਨ੍ਹਾਂ ਇੱਛਾਵਾਂ ਦੀ ਪੂਰਤੀ ਹੋ ਸਕੇ ਭਾਵ ਸਾਡੇ ਅੰਦਰੋਂ ਜਿਹੜੀ ਇਸ "ਹੋਰ" ਦੀ ਮੰਗ ਉਪਜਦੀ ਹੈ, ਇਸ ਵਿੱਚ ਅਸੀਂ ਆਪਣੀ ਖੁਸ਼ੀ ਦੀ ਪੂਰਤੀ ਕਰਨਾ ਚਾਹੁੰਦੇ ਹਾਂ ਪਰ ਇਸ ਵਿੱਚ ਪ੍ਰਮਾਤਮਾ ਦੀ ਖੁਸ਼ੀ ਨਹੀਂ ਹੈ, ਇਸ ਵਿੱਚ ਸਾਡੀ ਖੁਆਰੀ ਹੈ। ਸਾਡੀ ਖੁਆਰੀ ਦਾ ਕਾਰਨ ਸਾਡੀਆਂ ਇੱਛਾਵਾਂ ਹਨ, ਸਾਡੀ ਤ੍ਰਿਸ਼ਨਾ ਹੈ ਜੋ ਕਦੇ ਰੱਜਦੀ ਹੀ ਨਹੀਂ, ਹੋਰ ਹੀ ਹੋਰ ਵੱਧਦੀ ਰਹਿੰਦੀ ਹੈ। ਚੰਗੇ ਤੋਂ ਚੰਗਾ ਖਾਣਾ ਖਾ ਕੇ ਵੀ ਮਨੁੱਖ ਦੀ ਤ੍ਰਿਸ਼ਨਾ ਨਹੀਂ ਮਿਟਦੀ ਬਲਕਿ ਉਸ ਤੋਂ ਵੀ ਅੱਛਾ ਖਾਣਾ ਖਾਣ ਦੀ ਤ੍ਰਿਸ਼ਨਾ ਉਤਪੰਨ ਹੁੰਦੀ ਹੈ। ਇਸੇ ਤਰ੍ਹਾਂ ਮਨੁੱਖ ਜਿੰਨੇ ਮਰਜ਼ੀ ਸੋਹਣੇ ਬਸਤਰ ਪਹਿਨ ਲਵੇ ਪਰ ਤ੍ਰਿਸ਼ਨਾ ਨਹੀਂ ਮਰਦੀ, ਹੋਰ ਸੋਹਣੇ ਬਸਤਰ ਪਹਿਨਣ ਲਈ ਉਮੰਗ

ਉੱਠਦੀ ਹੈ ਭਾਵ ਤ੍ਰਿਪਤੀ ਨਹੀਂ ਹੁੰਦੀ। ਇਸੇ ਤਰ੍ਹਾਂ ਮਨੁੱਖ ਸੋਹਣੀ ਸਵਾਰੀ ਤੇ ਬੈਠ ਕੇ ਵੀ ਤ੍ਰਿਪਤ ਨਹੀਂ ਹੁੰਦਾ, ਹੋਰ ਸੋਹਣੀ ਤੋਂ ਸੋਹਣੀ ਸਵਾਰੀ ਭਾਲਦਾ ਹੈ। ਇਹ ਤ੍ਰਿਸ਼ਨਾ ਸਾਨੂੰ ਚੈਨ ਨਾਲ ਬੈਠਣ ਨਹੀਂ ਦਿੰਦੀ। ਇਹ ਸਭ ਪ੍ਰਮਾਤਮਾ ਦੀ ਮਾਇਆ ਦੀ ਖੇਡ ਹੈ। ਹਰ ਕੰਮ ਲਈ ਮਾਇਆ ਦੀ ਲੋੜ ਹੈ।

6/505

ਨਾ ਕਦੇ ਕੋਈ ਸੰਸਾਰੀ ਮਾਇਆ ਨਾਲ ਰੱਜਿਆ ਹੈ ਅਤੇ ਨਾ ਹੀ ਰੱਜ ਸਕਦਾ ਹੈ ਕਿਉਂਕਿ ਹਰ ਦੁਨਿਆਵੀ ਤ੍ਰਿਸ਼ਨਾ ਦੀ ਪੂਰਤੀ ਦੇ ਪਿੱਛੇ ਮਾਇਆ ਦੀ ਲੋੜ ਹੈ। ਮਾਇਆ ਵਿੱਚ ਵਿਚਰਦੇ ਹੋਏ, ਮਨ ਦੀ ਮਾਇਆ ਤੋਂ ਨਿਰਲੇਪ ਰਹਿਣਾ ਹੀ ਇਨ੍ਹਾਂ ਇੱਛਾਵਾਂ ਵਿੱਚੋਂ ਨਿਕਲਣ ਦਾ ਸਾਧਨ ਹੈ। ਜੋ ਕੁਝ ਸੱਚੇ ਸੁੱਚੇ ਤਰੀਕੇ ਨਾਲ ਮਿਲਦਾ ਹੈ, ਉਸ ਵਿੱਚ ਹੀ ਸੰਤੋਖ ਕਰਨਾ ਤ੍ਰਿਸ਼ਨਾਵਾਂ ਨੂੰ ਮਾਰਨਾ ਹੈ। ਇਤਨੇ ਵਿੱਚ ਹੀ ਖੁਸ਼ੀ ਮਹਿਸੂਸ ਕਰਨ ਵਿੱਚ ਗੁਰੂ ਦੀ ਖੁਸ਼ੀ ਸ਼ਾਮਿਲ ਹੈ ਤੇ ਖੁਆਰੀ ਤੋਂ ਬਚਿਆ ਜਾ ਸਕਦਾ ਹੈ, ਦੁੱਖਾਂ ਤਕਲੀਫਾਂ ਤੋਂ ਬਚਿਆ ਜਾ ਸਕਦਾ ਹੈ, ਵਿਕਾਰਾਂ ਤੋਂ ਬਚਿਆ ਜਾ ਸਕਦਾ ਹੈ। ਉੱਪਰ ਮੁੱਖ ਸ਼ਬਦ ਵਿੱਚ ਮਨ ਦੇ ਵਿਕਾਰਾਂ ਦੀ ਗੱਲ ਕੀਤੀ ਹੋਈ ਹੈ ਨਾ ਕਿ ਤਨ ਦੇ ਵਿਕਾਰਾਂ ਦੀ, ਜਿਸ ਨੂੰ ਕਿ ਧਿਆਨ ਦੇਣ ਦੀ ਹੀ ਲੋੜ ਹੈ। ਮਨ ਦੇ ਵਿਕਾਰ ਸਾਡੇ ਦੁੱਖਾਂ ਦਾ ਕਾਰਨ ਹਨ, ਇਸ ਸ਼ਰੀਰ ਦੇ ਦੁਖਾਂ ਦਾ ਕਾਰਨ ਹਨ।

(ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥)

ਇਹ "**ਹੋਰੁ**" ਭਾਵ ਤ੍ਰਿਸ਼ਨਾ ਹੀ ਸਾਡੇ ਮਨ ਦੇ ਵਿਕਾਰਾਂ ਨੂੰ ਜਨਮ ਦਿੰਦੀ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਪ੍ਰਮਾਤਮਾ ਦੀ ਖੁਸ਼ੀ ਤੋਂ ਖੁਆਰ ਹੁੰਦੇ ਹਾਂ ਜਿਸ ਕਰਕੇ ਸਾਨੂੰ ਸਜ਼ਾਵਾਂ ਸਹਿਣੀਆਂ ਪੈਂਦੀਆਂ ਹਨ।

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਾਡੀ ਪਹਿਨਣ ਦੀ ਜਰੂਰਤ ਨੂੰ ਸਾਡੀ ਕਰਨੀ ਨਾਲ ਜੋੜ ਕੇ ਸਮਝਾਇਆ ਹੋਇਆ ਹੈ। ਜਿਹੋ ਜਿਹੀ ਕਰਨੀ ਗੁਰੂ ਨੂੰ ਭਾਉਂਦੀ ਹੈ, ਜਿਹੋ ਜਿਹੀ ਕਰਨੀ ਵਿੱਚ ਗੁਰੂ ਦੀ ਖੁਸ਼ੀ ਹੈ, ਉਹੋ ਜਿਹੀ ਕਰਨੀ ਸਮਝਾਈ ਹੋਈ ਹੈ। ਗੁਰੂ ਨੂੰ ਸਾਡੀ ਗੁਣਾਂ ਵਾਲੀ ਕਰਨੀ ਚੰਗੀ ਲੱਗਦੀ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਕੇ ਮਨੁੱਖ ਦੀ ਕਰਨੀ ਵਿੱਚ ਗੁਰੂ ਦੀ ਖੁਸ਼ੀ ਹੈ। ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮਨੁੱਖ ਦੇ ਪਹਿਰਾਵੇ ਨਾਲ ਜੋੜ ਕੇ "ਨਾਮ ਜਪਣ" ਦੀ ਸੋਝੀ ਪਾਈ ਹੋਈ ਹੈ। ਸਾਡੇ ਸੂਹੇ ਰੰਗ ਦੇ ਪਹਿਰਾਵੇ ਨੂੰ ਇਸ ਤਰ੍ਹਾਂ ਚੰਗਾ ਦੱਸਿਆ ਹੈ ਜਦੋਂ ਸਾਡਾ ਮਨ ਗੁਰੂ ਦੇ ਨਾਲ ਰੱਤਿਆ ਹੋਵੇ ਭਾਵ ਗੁਰੂ ਦੀ ਮਤਿ ਵਿੱਚ ਰੱਤਿਆ ਹੋਵੇ ਤੇ ਗੁਰੂ ਦੀ ਮਤਿ ਸਾਨੂੰ ਔਗੁਣਾਂ ਤੋਂ ਦੂਰ ਰਹਿ ਕੇ ਸੱਚੇ ਸੁੱਚੇ ਕਰਮਾਂ ਲਈ ਪ੍ਰੇਰਦੀ ਹੈ। ਕਿਸੇ ਨਾਲ ਧੋਖਾ ਕਰਨ ਤੋਂ ਮਨ੍ਹਾਂ ਕਰਦੀ ਹੈ, ਕਿਸੇ ਦਾ ਹੱਕ ਖਾਣ ਤੋਂ ਮਨ੍ਹਾਂ ਕਰਦੀ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਲਈ ਪ੍ਰੇਰਦੀ ਹੈ। ਜੇਕਰ ਸਾਡੀ ਕਿਰਤ ਸੱਚੀ ਸੁੱਚੀ ਹੈ ਤਾਂ ਫਿਰ ਸਾਡੀ ਕਮਾਈ ਹੋਈ ਮਾਇਆ ਵੀ ਸੁੱਚੀ ਹੈ, ਪਵਿੱਤਰ ਹੈ। ਇਹੋ ਜਿਹੀ ਮਾਇਆ ਨਾਲ ਅਸੀਂ ਆਪਣੇ ਤਨ ਤੇ ਪਹਿਨਣ ਲਈ ਜਿਹੋ ਜਿਹਾ ਵੀ ਕੱਪੜਾ ਖਰੀਦਦੇ ਹਾਂ, ਉਸ ਵਿੱਚ ਗੁਰੂ ਦੀ ਪ੍ਰਵਾਨਗੀ ਹੈ, ਉਸ ਦੀ ਖੁਸ਼ੀ ਹੈ। ਸੱਚੀ ਸੁੱਚੀ ਕਮਾਈ ਨਾਲ ਮਨੁੱਖ ਦੀ ਜਿੰਨੀ ਵੀ ਸਮਰੱਥਾ ਬਣਦੀ ਹੈ ਉਸਨੂੰ ਉਸ ਵਿੱਚ ਹੀ ਸੰਤੋਖ ਕਰਨ ਲਈ ਪ੍ਰੇਰਿਆ ਹੈ। ਜੇਕਰ ਸਾਡੀ ਸਮਰੱਥਾ ਖੱਦਰ ਖਰੀਦਣ ਦੀ ਹੈ ਤਾਂ ਫਿਰ ਸਾਨੂੰ ਉਸੇ ਵਿੱਚ ਹੀ ਸੰਤੋਖ ਕਰਨਾ ਚਾਹੀਦਾ ਹੈ ਤੇ ਜੇਕਰ ਸਾਡੀ

6/506

ਸਮਰੱਥਾ ਪ੍ਰਮਾਤਮਾ ਦੀ ਮਤਿ ਵਿੱਚ, ਖੁਸ਼ੀ ਵਿੱਚ ਰਹਿ ਕੇ ਰੇਸ਼ਮ ਜਾਂ ਪਸ਼ਮੀਨੇ ਖਰੀਦਣ ਦੀ ਬਣਦੀ ਹੈ ਤਾਂ ਉਸ ਨੂੰ ਪਹਿਨਣ ਵਿੱਚ ਵੀ ਕੋਈ ਹਰਜ ਨਹੀਂ ਹੈ। ਹਰ ਦਾਤ ਪ੍ਰਮਾਤਮਾ ਦੀ ਆਪਣੀ ਹੀ ਬਣਾਈ ਹੋਈ ਹੈ। ਸਾਡੇ ਲਈ ਗੁਰੂ ਦਾ ਹੁਕਮ ਉਸ ਦੀ ਦਿੱਤੀ ਹੋਈ ਮਤਿ ਦਾ ਦਾਇਰਾ ਹੈ। ਉਸਦੀ ਮਤਿ ਵਿੱਚ ਰਹਿੰਦੇ ਹੋਏ ਸਭ ਕੁੱਝ ਪਹਿਨਣਾ ਚੰਗਾ ਹੈ। ਇਸੇ ਤਰ੍ਹਾਂ ਸਾਡੇ ਸਫੇਦ ਰੰਗ ਦੇ ਪਹਿਰਾਵੇ ਨੂੰ ਸੱਚ ਅਤੇ ਦਾਨ ਦੇ ਨਾਲ ਜੋੜ ਕੇ ਸਮਝਾਇਆ ਹੈ, ਗੁਣਾਂ ਦੇ ਨਾਲ ਜੋੜ ਕੇ ਸਮਝਾਇਆ ਹੈ। ਸੱਚ ਮਨੁੱਖ ਦਾ ਸਭ ਤੋਂ ਵੱਡਾ ਗੁਣ ਹੈ ਅਤੇ ਮਨੁੱਖ ਦਾ ਦਾਨੀ ਬਣਨਾ, ਪਰਉਪਕਾਰੀ ਬਣਨਾ ਵੀ ਗੁਣ ਹੈ। ਅਸੀਂ ਆਪਣੀ ਆਪਣੀ ਸਮਰੱਥਾ ਅਨੁਸਾਰ ਪੁੰਨ ਦਾਨ ਕਰ ਸਕਦੇ ਹਾਂ ਭਾਵ ਸਾਨੂੰ ਇਹੋ ਜਿਹਾ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਸਾਡੀ ਨੀਲੀ ਪੁਸ਼ਾਕ ਨੂੰ ਸਾਡੇ ਮਨ ਦੀ ਸਫਾਈ ਨਾਲ ਜੋੜ ਕੇ ਸਮਝਾਇਆ ਹੈ, ਮਨ ਦੀ ਕਾਲਖ ਨੂੰ ਦੂਰ ਕਰਕੇ ਗੁਣੀ ਬਣਨਾ ਸਮਝਾਇਆ ਹੈ ਭਾਵ ਸਾਡੇ ਪਹਿਰਾਵਿਆਂ ਨੂੰ ਸਾਡੇ ਗੁਣਾਂ ਨਾਲ ਜੋੜਿਆ ਹੋਇਆ ਹੈ। ਇਸੇ ਤਰ੍ਹਾਂ ਸਾਡੇ ਪੈਰਾਂ ਦੇ ਪਹਿਰਾਵੇ ਨੂੰ ਸਾਡੇ ਧਿਆਨ ਨਾਲ ਜੋੜਿਆ ਹੈ ਭਾਵ ਜੇਕਰ ਸਾਡਾ ਧਿਆਨ ਗੁਰੂ ਦੀ ਮਤਿ ਵਾਲਾ ਹੈ, ਗੁਣਾਂ ਵਾਲਾ ਹੈ ਤੇ ਫਿਰ ਸਾਡੇ ਪੈਰਾਂ ਦਾ ਹਰ ਪਹਿਰਾਵਾ ਵੀ ਚੰਗਾ

ਹੈ, ਉਹ ਗੁਰੂ ਨੂੰ ਪ੍ਰਵਾਨ ਹੈ। ਇਸੇ ਤਰ੍ਹਾਂ ਸਾਡੇ ਕਮਰਬੰਦ ਨੂੰ ਮਨ ਦੇ ਸੰਤੋਖ ਨਾਲ ਜੋੜਿਆ ਹੈ, ਤ੍ਰਿਸ਼ਨਾਵਾਂ ਦੀ ਮੁਕਤੀ ਨਾਲ ਜੋੜਿਆ ਹੈ ਜੋ ਤ੍ਰਿਸ਼ਨਵਾਂ ਸਾਡੇ ਕੋਲੋਂ ਸਾਰੇ ਔਗੁਣ ਕਰਵਾਉਂਦੀਆਂ ਹਨ, ਮੰਦੇ ਕਰਮ ਕਰਵਾਉਂਦੀਆਂ ਹਨ, ਸਾਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਪਾਪੀ ਬਣਾਉਂਦੀਆਂ ਹਨ, ਉਸ ਦੀ ਖੁਸ਼ੀ ਤੋਂ ਖੁਆਰ ਕਰਦੀਆਂ ਹਨ। ਮਨ ਦੇ ਵਿੱਚ ਸੰਤੋਖ ਆਉਣਾ ਹੀ ਗੁਰੂ ਤੇ ਭਾਵ ਗੁਰੂ ਦੀ ਮਤਿ ਤੇ ਪੂਰਨ ਭਰੋਸੇ ਵਾਲੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਚਿੰਤਾਵਾਂ ਤੋਂ ਮੁਕਤ ਹੋ ਸਕਦਾ ਹੈ। ਜਦੋਂ ਮਨੁੱਖ ਦੇ ਅੰਦਰ ਇਹੋ ਜਿਹੇ ਗੁਣ ਆ ਜਾਂਦੇ ਹਨ ਜਿਵੇਂ ਕਿ ਉੱਪਰ ਸ਼ਬਦ ਵਿੱਚ ਸਮਝਾਏ ਹੋਏ ਹਨ ਭਾਵ ਜਦੋਂ ਮਨੁੱਖ ਦੀ ਵਿਚਰਣ ਇਹੋ ਜਿਹੀ ਗੁਣਾਂ ਵਾਲੀ ਤੇ ਸੱਚੀ ਸੁੱਚੀ ਬਣ ਜਾਂਦੀ ਹੈ, ਇਹ ਮਨੁੱਖ ਦੇ ਅੰਦਰ ਗੁਰੂ ਦੀ ਮਤਿ ਦਾ ਵੱਸਣਾ ਹੈ, ਨਾਮ ਦਾ ਵੱਸਣਾ ਹੈ, ਨਾਮ ਧੰਨ ਦਾ ਵੱਸਣਾ ਹੈ, ਗੁਣਾਂ ਦੇ ਧੰਨ ਦਾ ਵੱਸਣਾ ਹੈ। ਇਹ ਮਨ ਦੇ ਵਿਚ ਗੁਣਾਂ ਦੇ ਧੰਨ ਦਾ ਜੋਬਨ ਹੈ ਭਾਵ ਮਨੁੱਖ ਦੇ ਅੰਦਰ ਗੁਰੂ ਦੀ ਮਤਿ ਦਾ ਜੋਬਨ ਹੈ, ਉਸਦੀ

6/507

ਮਤਿ ਦਾ ਜ਼ੋਰ ਹੈ ਭਾਵ ਮਨੁੱਖੀ ਸਮਝ ਦੇ ਵਿਚ ਗੁਰੂ ਦੀ ਮਤਿ, ਗੁਰੂ ਦਾ ਨਾਮ ਆਪਣੇ ਜੋਬਨ ਤੇ ਹੈ ਭਾਵ ਉਸ ਮਨ ਦੇ ਵਿੱਚ ਮਨਮਤਿ ਨਹੀਂ ਹੈ, ਤ੍ਰਿਸ਼ਨਾ ਨਹੀਂ ਹੈ। ਇੱਥੇ ਸ਼ਬਦ ਵਿੱਚ ਮਨੁੱਖ ਦੇ ਅੰਦਰ ਨਾਮ ਦਾ ਹੋਣਾ ਕੀ ਹੈ ਇਸਨੂੰ ਬੜੇ ਹੀ ਗੂੜ ਭਾਵ ਨਾਲ ਸਮਝਾਇਆ ਹੋਇਆ ਹੈ। **(ਧਨੁ ਜੋਬਨੁ ਤੇਰਾ ਨਾਮੁ॥)** ਜਿੱਥੇ ਗੁਰੂ ਦੇ ਗੁਣਾਂ ਦਾ ਜੋਬਨ ਹੈ, ਉੱਥੇ ਨਾਮ ਦਾ ਜੋਬਨ ਹੈ, ਨਾਮ ਧੰਨ ਦਾ ਜੋਬਨ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦਾ ਜੋਬਨ ਹੈ।

(ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥੨॥)

ਸਾਡੇ ਅੰਦਰ ਗੁਰੂ ਦੇ ਗੁਣਾਂ ਦਾ ਜੋਬਨ ਹੀ ਉਸ ਦੇ ਨਾਮ ਦਾ ਜੋਬਨ ਹੈ, ਸੱਚ ਦਾ ਜੋਬਨ ਹੈ, ਇਮਾਨਦਾਰੀ ਦਾ ਜੋਬਨ ਹੈ, ਸਾਡੇ ਅੰਦਰ ਦੇ ਖਾਲਸੇ ਦਾ ਜੋਬਨ ਹੈ। ਜੇਕਰ ਖਾਲਸਾ ਇਹੋ ਜਿਹੇ ਜੋਬਨ ਵਾਲਾ ਹੁੰਦਾ ਹੈ ਤਾਂ ਹੀ ਪ੍ਰਮਾਤਮਾ ਨੂੰ ਭਾਉਂਦਾ ਹੈ, ਇਹੋ ਜਿਹੇ ਖਾਲਸੇ ਵਿੱਚ ਪ੍ਰਮਾਤਮਾ ਆਪ ਨਿਵਾਸ ਕਰਦਾ ਹੈ।

ਗੁਰੂ ਦੇ ਹੁਕਮ ਵਿੱਚ ਰਹਿ ਕੇ ਅਸੀਂ ਜੋ ਕੁੱਝ ਵੀ ਪਹਿਨਦੇ ਹਾਂ ਉਹ ਗੁਰੂ ਨੂੰ ਪ੍ਰਵਾਨ ਹੈ ਤੇ ਉਸਦੇ ਹੁਕਮ ਤੋਂ ਬਾਹਰ ਹੋਣਾ ਸਾਡੀ ਤ੍ਰਿਸ਼ਨਾ ਹੈ ਜਿਸ ਕਰਕੇ ਸਾਡੀ ਖੁਆਰੀ ਹੁੰਦੀ ਹੈ ਸਾਡੇ ਅੰਦਰ ਵਿਕਾਰ ਉਪਜਦੇ ਹਨ ਤਾਂ ਜੋ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰ ਸਕੀਏ ਜਿਸ ਵਿੱਚ ਗੁਰੂ ਪ੍ਰਮਾਤਮਾ ਦੀ ਖੁਸ਼ੀ ਨਹੀਂ ਹੈ। ਪ੍ਰਮਾਤਮਾ ਦੀ ਖੁਸ਼ੀ ਇਸੇ ਵਿੱਚ ਹੈ, ਨਾਮ ਇਸੇ ਵਿੱਚ ਹੈ ਕਿ ਅਸੀਂ ਗੁਰੂ ਦੇ ਹੁਕਮ ਅਨੁਸਾਰ, ਭਾਣੇ ਅਨੁਸਾਰ, ਉਸਦੀ ਰਜ਼ਾ ਵਿੱਚ ਰਹੀਏ, ਆਪਣੀ ਵਿਚਰਨ ਸੱਚੀ ਸੁੱਚੀ ਰੱਖੀਏ, ਲੋਭ ਲਾਲਚ ਤੋਂ ਬਚੀਏ, ਕਿਸੇ ਦਾ ਮਾੜਾ ਨਾ ਕਰੀਏ, ਇਮਾਨਦਾਰੀ ਨਾਲ ਜੀਵਨ ਬਤੀਤ ਕਰੀਏ।

(ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡੀਆਂ ਸਵਾਰੀ ਤੇ ਚੜ੍ਹ ਕੇ ਜਾਣ ਦੀਆ ਜਰੂਰਤਾਂ ਅਤੇ ਆਪਣੇ ਹੁਨਰ ਨੂੰ ਪ੍ਰਗਟ ਕਰਨ ਦੇ ਸ਼ੌਕ ਨੂੰ ਗੁਰੂ ਦੀ ਮਤਿ ਨਾਲ ਜੋੜ ਕੇ ਸਮਝਾਇਆ ਹੋਇਆ ਹੈ।

“ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥”

ਅਸੀਂ ਆਪਣੀ ਸਵਾਰੀ ਲਈ ਘੋੜਿਆਂ ਨੂੰ ਵਰਤਦੇ ਹੁੰਦੇ ਸੀ ਅਤੇ ਸਮੇਂ ਅਨੁਸਾਰ ਸਵਾਰੀ ਕਰਨ ਦਾ ਤਰੀਕਾ ਵੀ ਬਦਲਦਾ

ਰਹਿੰਦਾ ਹੈ। ਅੱਜ ਸਵਾਰੀ ਕਾਰਾਂ ਆਦਿ ਦੁਆਰਾ ਹੁੰਦੀ ਹੈ। ਮਾੜੀ ਕੋਈ ਸਵਾਰੀ ਨਹੀਂ ਹੈ, ਸਭ ਕੁੱਝ ਉਸਦੀ ਦਾਤ ਹੈ। ਆਪਣੀ ਸਵਾਰੀ ਨੂੰ ਅਸੀਂ ਆਪਣੇ ਸ਼ੌਕ ਅਨੁਸਾਰ, ਹੁਨਰ ਦਿਖਾਉਣ ਦੇ ਸ਼ੌਕ ਅਨੁਸਾਰ ਸਵਾਰਦੇ ਅਤੇ ਸਜਾਉਂਦੇ ਹਾਂ। ਇਹ ਸਾਡੇ ਲਈ ਸਭ ਕੁੱਝ ਚੰਗਾ ਹੈ ਜੇਕਰ ਸਾਨੂੰ ਗੁਰੂ ਦਾ ਸਮਝਾਇਆ ਹੋਇਆ ਜੀਵਨ ਜਿਉਂਣ ਦਾ ਰਸਤਾ ਨਹੀਂ ਭੁਲਿਆ ਹੋਇਆ, ਗੁਰੂ ਦੀ ਮਤਿ ਨਹੀਂ ਭੁੱਲੀ ਹੋਈ ਭਾਵ ਜੋ ਕੁੱਝ ਸਵਾਰੀ ਵੀ ਅਸੀਂ ਖਰੀਦਦੇ ਹਾਂ, ਉਸਨੂੰ

6/508

ਸਵਾਰਦੇ ਸਜਾਉਂਦੇ ਹਾਂ , ਉਹ ਸਭ ਕੁੱਝ ਅਸੀਂ ਗੁਰੂ ਦੇ ਗੁਣਾਂ ਦੇ ਅੰਦਰ ਰਹਿ ਕੇ ਕਰਦੇ ਹਾਂ ਭਾਵ ਜਿਸ ਵਿੱਚ ਸਾਡਾ ਕੋਈ ਔਗੁਣ ਨਹੀਂ ਹੁੰਦਾ। ਸ਼ਬਦ ਦੀਆਂ ਇਨ੍ਹਾਂ ਸਾਰੀਆਂ ਪੰਗਤੀਆਂ ਵਿੱਚ ਸਾਡੀਆਂ ਜਰੂਰਤਾਂ ਨੂੰ ਇੱਕ ਘੋੜ ਸਵਾਰ ਦੀਆਂ ਜਰੂਰਤਾਂ ਨਾਲ ਜੋੜ ਕੇ ਸਮਝਾਇਆ ਹੋਇਆ ਹੈ।ਘੋੜ ਸਵਾਰ ਜਿਹੜੇ ਆਪਣੇ ਹਥਿਆਰ ਆਦਿ ਵਰਤਦਾ ਹੈ, ਉਹ ਗੁਣਾਂ ਦੀ ਧਾਤੂ ਦੇ ਬਣੇ ਹੋਣ ਭਾਵ ਉਸਦੀ ਹਰ ਕਰਣੀ ਵਿੱਚ ਗੁਣ ਹੀ ਹੋਣ। ਜਰੂਰਤਾਂ ਸਾਰੀਆਂ ਚੰਗੀਆਂ ਹਨ ਜੇਕਰ ਉਸ ਨੂੰ ਪ੍ਰਾਪਤ ਕਰਨ ਦਾ ਤਰੀਕਾ ਗੁਣਾਂ ਵਾਲਾ ਹੋਵੇ, ਗੁਰੂ ਦੀ ਮਤਿ ਅਨੁਸਾਰ ਹੋਵੇ ਭਾਵ ਉਸਦੇ ਪਿੱਛੇ ਸਾਡੀ ਕਮਾਈ ਸੱਚੀ ਸੁੱਚੀ ਹੋਵੇ, ਪ੍ਰਮਾਤਮਾ ਦੀ ਭਗਤੀ ਦੇ ਤਰੀਕੇ ਨੂੰ ਬੁੱਝਣ ਦੁਆਰਾ ਹੋਵੇ, ਭਗਤੀ ਦਾ ਮਾਰਗ ਜਾਨਣ ਦੁਆਰਾ ਹੋਵੇ। ਸਾਰੀ ਗੱਲ ਸਾਡੇ ਚੰਗੇ ਕਰਮ ਕਰਨ ਦੀ ਸਮਝਾਈ ਹੋਈ ਹੈ। ਜੇਕਰ ਸਾਡੇ ਕਰਮ ਚੰਗੇ ਹਨ, ਸਾਡੀ ਕਰਨੀ ਚੰਗੀ ਹੈ, ਸੱਚੀ ਸੁੱਚੀ ਹੈ ਤਾਂ ਫਿਰ ਅਸੀਂ ਆਪਣੀ ਪਤਿ ਦੇ ਨਾਲ ਪ੍ਰਗਟ ਹੁੰਦੇ ਹਾਂ ਭਾਵ ਮਨੁੱਖ ਆਪਣੇ ਚੰਗੇ ਕਰਮਾਂ ਦੁਆਰਾ ਹੀ ਉਸ ਦੇ ਦਰਬਾਰ ਵਿੱਚ ਪ੍ਰਗਟ ਹੋ ਸਕਦਾ ਹੈ ਅਤੇ ਉਸ ਪ੍ਰਮਾਤਮਾ ਦੇ ਨਾਲ ਮਿਲ ਸਕਦਾ ਹੈ। ਸਾਡੇ ਇਹ ਚੰਗੇ ਕਰਮ ਹੀ , ਇਹ ਗੁਣਾਂ ਵਾਲੀ ਵਿਚਰਨ ਹੀ ਸਾਨੂੰ ਪ੍ਰਮਾਤਮਾ ਦੀ ਜਾਤ ਵਾਲਾ, ਨਾਮ ਦੀ ਜਾਤ ਵਾਲਾ ਬਣਾਉਂਦੇ ਹਨ ਭਾਵ ਨਾਮ ਦੀ ਸਮਝ ਦੇ ਮਾਲਕ ਦੇ ਨਾਲ ਮਿਲਾਉਂਦੇ ਹਨ, ਪ੍ਰਮਾਤਮਾ ਦੇ ਨਾਲ ਮਿਲਾਉਂਦੇ ਹਨ। **(ਕਰਮੁ ਤੇਰਾ ਮੇਰੀ ਜਾਤਿ॥)** ਇਸ ਗੱਲ ਨੂੰ ਸਮਝਣ ਲਈ ਕਿ ਨਾਮ ਦੀ ਜਾਤ ਕੀ ਹੈ, ਹੇਠ ਦਿੱਤੇ ਸ਼ਬਦ ਨੂੰ ਵਿਚਾਰਾਂਗੇ ਤਾਂ ਸੋਝੀ ਪੈ ਜਾਵੇਗੀ।

{ਨਾ ਜਾਣਾ ਕਰਮ ਕੇਵਡ ਤੇਰੀ ਦਾਤਿ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ॥੧॥ਰਹਾਉ॥}

(ਅੰਗ ੧੫੪)

"ਨਾਮ" ਆਪ ਪ੍ਰਮਾਤਮਾ ਹੈ ਤੇ ਉਸ ਤੋਂ ਵੱਡੀ ਜਾਤ, ਉੱਚੀ ਜਾਤ ਕਿਸੇ ਦੀ ਨਹੀਂ ਹੋ ਸਕਦੀ। ਇਹ ਸੱਚ ਦੀ ਜਾਤ ਹੈ, ਗੁਰਮਤਿ ਦੀ ਸੱਚੀ ਸਮਝ ਵਾਲੀ ਜਾਤਿ ਹੈ, ਗੁਣਾਂ ਦੀ ਜਾਤ ਹੈ ਜਿਸ ਤੋਂ ਉੱਪਰ, ਜਿਸ ਤੋਂ ਚੰਗਾ ਹੋਰ ਕੁੱਝ ਨਹੀਂ ਹੋ ਸਕਦਾ। ਬਾਣੀ ਵਿੱਚ ਸਭ ਤੋਂ ਮਾੜੀ ਜਾਤ ਹਉਮੈ ਦੀ ਜਾਤ ਨੂੰ ਕਿਹਾ ਹੈ, ਮਨ ਦੀ ਮਾੜੀ ਸਮਝ ਨੂੰ ਕਿਹਾ ਹੈ, ਔਗੁਣਾਂ ਦੀ ਜਾਤ ਨੂੰ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਪਹਿਲੇ ਹੀ ਜਾਣ ਚੁੱਕੇ ਹਾਂ।

{ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥}

(ਅੰਗ ੪੬੮)

ਬਾਣੀ ਵਿੱਚ ਕਿਸੇ ਮਨੁੱਖੀ ਜਾਤ ਨੂੰ ਮਾੜਾ ਜਾਂ ਚੰਗਾ ਨਹੀਂ ਕਿਹਾ ਗਿਆ। ਹਰ ਕੋਈ ਬਰਾਬਰ ਹੈ। ਗੁਣਾਂ ਦੀ ਜਾਤ

6/509

ਚੰਗੀ ਹੈ, ਨਾਮ ਵਾਲੀ ਹੈ ਤੇ ਔਗੁਣਾਂ ਦੀ ਜਾਤ ਨੀਚ ਜਾਤ ਹੈ। ਮਨੁੱਖ ਨੂੰ ਉੱਚੀ ਜਾਤ ਵਾਲਾ, ਗੁਣਾਂ ਦੀ ਜਾਤ ਵਾਲਾ, ਸੱਚ ਦੀ ਜਾਤ ਵਾਲਾ, ਨਾਮ ਦੀ ਜਾਤ ਵਾਲਾ ਉਸਦੇ "ਧਰਮੁ ਕਰਮੁ" ਬਣਾਉਂਦੇ ਹਨ ਭਾਵ ਉਸਦੇ ਧਰਮ ਵਿੱਚ ਰਹਿ ਕੇ ਕੀਤੇ ਹੋਏ ਕਰਮ ਭਾਵ ਸੱਚੇ ਸੁੱਚੇ ਕਰਮ ਬਣਾਉਂਦੇ ਹਨ। (**ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥**) ਇਹ ਸਾਡੇ ਕਰਮ ਹੀ ਦਰਸਾਉਂਦੇ ਹਨ ਕਿ ਸਾਡੇ ਅੰਦਰ ਸੱਚ ਹੈ ਜਾਂ ਝੂਠ ਹੈ, ਗੁਣ ਹਨ ਜਾਂ ਔਗੁਣ ਹਨ। ਕਰਮ ਤਾਂ ਹਰ ਕੋਈ ਕਰਦਾ ਹੈ ਪਰ ਧਰਮ ਕਰਮ ਕਰਨੇ ਬਹੁਤ ਔਖੇ ਹਨ। ਧਰਮ ਕਰਮ ਤਾਂ ਹੀ ਹੋ ਸਕਦੇ ਹਨ ਜਦੋਂ ਗੁਰੂ ਦਾ ਦੱਸਿਆ ਹੋਇਆ ਧਰਮ ਦਾ ਮਾਰਗ, ਸੱਚ ਦਾ ਮਾਰਗ ਸਾਡੇ ਅੰਦਰ ਵੱਸਿਆ ਹੋਵੇ ਭਾਵ ਉਸਦੀ ਮਤਿ ਸਾਡੇ ਅੰਦਰ ਵੱਸੀ ਹੋਵੇ। ਨਾਮ ਦੀ ਜਾਤ ਵਾਲਾ ਬਣਨਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ। ਜਦ ਤੱਕ ਮਨੁੱਖ ਦੇ ਅੰਦਰ ਹਉਮੈ ਹੈ, ਨਾਮ ਦੀ ਜਾਤ ਵਾਲਾ ਨਹੀਂ ਬਣਿਆ ਜਾ ਸਕਦਾ। ਇੱਕ ਦੀ ਜਾਤ ਸਭ ਤੋਂ ਨੀਵੀ ਹੈ ਤੇ ਦੂਸਰੇ ਦੀ ਜਾਤ ਸਭ ਤੋਂ ਉੱਚੀ ਹੈ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}

(ਅੰਗ ੫੬੦)

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਜਿਸ ਰਾਹੀਂ ਸਾਡੇ ਗੁਣਾਂ ਵਾਲੇ ਕਰਮਾਂ ਨੂੰ ਚੰਗੀ ਜਾਤਿ ਵਾਲਾ ਬਣਨਾ ਸਮਝਾਇਆ ਹੋਇਆ ਹੈ।

(ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥)

ਪ੍ਰਮਾਤਮਾ ਦੀ ਖੁਸ਼ੀ ਕੇਵਲ ਇਸੇ ਗੱਲ ਵਿੱਚ ਹੈ ਕਿ ਅਸੀਂ ਉਸਦੇ ਹੁਕਮ ਅਨੁਸਾਰ ਵਿਚਰੀਏ, ਸੱਚੇ ਸੁੱਚੇ ਕਰਮ ਕਰੀਏ ਤੇ ਉਸ ਦੀ ਖੁਸ਼ੀ ਦੁਆਰਾ ਜੋ ਕੁੱਝ ਵੀ ਸਾਨੂੰ ਮਿਲਦਾ ਹੈ ਉਸ ਵਿੱਚ ਸੰਤੋਖ ਕਰੀਏ। "ਹੋਰ" ਵਿੱਚ ਨਾ ਪ੍ਰਮਾਤਮਾ ਦੀ ਖੁਸ਼ੀ ਹੈ ਅਤੇ ਨਾ ਹੀ ਉਹ ਸਾਡੇ ਲਈ ਚੰਗਾ ਹੈ। ਇਹ "ਹੋਰ" ਹੀ ਸਾਡੀ ਖੁਆਰੀ ਦਾ ਕਾਰਨ ਬਣਦਾ ਹੈ।

ਸ਼ਬਦ ਦੇ ਉੱਪਰਲੇ ਤਿੰਨ ਪਦਿਆਂ ਵਿੱਚ ਜੋ ਕੁੱਝ ਸਮਝਾਇਆ ਹੋਇਆ ਹੈ, ਉਸੇ ਦਾ ਸਾਰ ਅੰਤ ਵਾਲੇ ਚੌਥੇ ਪਦੇ ਵਿੱਚ ਸਮਝਾਇਆ ਹੋਇਆ ਹੈ।

6/510

"ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥੪॥੭॥"

ਸਾਡਾ ਉਹ "**ਹੋਰੁ ਸਉਣਾ**" ਕੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੀ ਖੁਸ਼ੀ ਵੱਲੋਂ ਦੂਰ ਹੋ ਕੇ ਖੁਆਰ ਹੁੰਦੇ ਹਾਂ, ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਹ ਕੋਈ ਸਰੀਰਕ ਸੌਣ ਦੀ ਗੱਲ ਨਹੀ ਹੈ।

ਪਹਿਲੀ ਗੱਲ ਘਰ ਮੰਦਰ ਨੂੰ ਜਾਨਣ ਦੀ ਹੈ। ਘਰ ਵੀ ਸਾਡਾ ਮਨ ਹੈ ਤੇ ਮੰਦਰ ਵੀ ਸਾਡਾ ਮਨ ਹੈ, ਦੋਨੋਂ ਰੂਪ ਇੱਕੋ ਹੀ ਮਨ ਦੇ ਹਨ। ਇਹੀ ਮਨ ਮਨੁੱਖ ਦਾ ਘਰ ਹੈ ਅਤੇ ਇਹੀ ਮਨ ਪ੍ਰਮਾਤਮਾ ਦਾ ਮੰਦਰ ਹੈ। ਜਦ ਤੱਕ ਅਸੀਂ ਘਰ ਦੇ ਵਿੱਚ ਹਾਂ ਅਸੀਂ ਪ੍ਰਮਾਤਮਾ ਕੋਲੋਂ ਵਿਛੜੇ ਹੋਏ ਹਾਂ ਕਿਉਂਕਿ ਇਹ ਘਰ ਸਾਡਾ "**ਨਿਜ ਘਰ**" ਨਹੀਂ ਹੈ। "ਨਿਜ ਘਰ" ਮੰਦਰ ਹੈ ਜਿੱਥੇ ਪ੍ਰਮਾਤਮਾ ਆਪ ਵੱਸਦਾ ਹੈ। ਅਸੀਂ ਇਸ ਮੰਦਰ ਤੋਂ, ਨਿੱਜ ਘਰ ਤੋਂ ਹੀ ਵਿਛੜੇ ਹੋਏ ਹਾਂ। ਸਭ ਕੁੱਝ ਮਨ ਦੇ ਵਿੱਚ ਹੀ ਹੈ। ਮਨ ਦੇ ਵਿੱਚ ਹੀ ਮਨਮਤਿ ਹੈ ਤੇ ਮਨ ਦੇ ਵਿੱਚ ਹੀ ਗੁਰਮਤਿ ਹੈ। ਘਰ ਦੇ ਵਿੱਚ ਮਨਮਤਿ ਹੈ, ਮਨੁੱਖ ਦੀ ਤ੍ਰੈਗੁਣਾਂ ਵਾਲੀ ਮਾਇਆ ਦੀ ਅਵੱਸਥਾ ਹੈ। ਮੰਦਰ ਦੇ ਵਿੱਚ ਗੁਰਮਤਿ ਹੈ, ਚੌਥਾ ਪਦ ਹੈ, ਪ੍ਰਮਾਤਮਾ ਦੇ ਨਾਲ ਮੇਲ ਹੈ, ਨਾਮ ਦੀ ਪ੍ਰਾਪਤੀ ਹੈ, ਨਾਮ ਜਪਣ ਦਾ ਉੱਦਮ ਕਰਨ ਦਾ ਫਲ ਹੈ। ਘਰ ਦੇ ਵਿੱਚ ਅਤੇ ਮੰਦਰ ਦੇ ਵਿੱਚ ਕੇਵਲ ਇੱਕ ਪੜਦਾ ਹੈ ਜੋ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਹੈ। ਇਸ ਪੜਦੇ ਨੂੰ ਹੀ ਕੂੜੇ ਦੀ ਪਾਲਿ ਕਿਹਾ ਗਿਆ ਹੈ, ਹਉਮੈ ਦਾ ਪੜਦਾ ਕਿਹਾ ਗਿਆ ਹੈ। ਇਹ ਕੇਵਲ ਇੱਕ ਝੂਠ ਮੂਠ ਦਾ ਬਨਾਵਟੀ ਪੜਦਾ ਹੈ, ਮਾਇਆ ਦੀ ਜੁਗਤਿ ਹੈ, ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਭੁਲੇਖਾ ਹੈ ਜਿਸ ਦੁਆਰਾ ਉਸਨੇ ਮਨੁੱਖ ਨੂੰ ਆਪਣਾ ਆਪ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਰਾਹੀਂ ਵੀ ਸਮਝਾਂਗੇ। ਮਨ ਵੀ ਨਿਰਗੁਣ ਸਰੂਪ ਹੈ ਤੇ ਇਹ ਪੜਦਾ ਵੀ ਨਿਰਗੁਣ

ਸਰੂਪ ਹੈ। ਇਹ ਪੜਦਾ ਜਿਸਨੇ ਪਾਇਆ ਹੋਇਆ ਹੈ ਉਹ ਆਪ ਹੀ ਇਸਨੂੰ ਖੋਲ੍ਹ ਸਕਦਾ ਹੈ। ਇਹ ਮਨੁੱਖ ਦੇ ਵੱਸ ਤੋਂ ਬਾਹਰ ਦੀ ਗੱਲ ਹੈ ਭਾਵ ਕਿਸੇ ਸਰੀਰਿਕ ਕਿਰਿਆਵਾਂ ਦੁਆਰਾ, ਸਰਗੁਣ ਤਰੀਕਿਆਂ ਦੁਆਰਾ ਇਸ ਨੂੰ ਨਹੀਂ ਖੋਲ੍ਹਿਆ ਜਾ ਸਕਦਾ। ਇਹ ਕੇਵਲ ਮਨ ਦੇ ਵਿੱਚ ਪਿਆ ਹੋਇਆ ਇੱਕ ਭੁਲੇਖਾ ਹੈ, ਸਹਸਾ ਹੈ, ਅੰਦਰ ਦੀ ਅਗਿਆਨਤਾ ਹੈ।

6/511

ਸਹੀ ਗਿਆਨ ਭਾਵ ਗੁਰਮਤਿ ਰੂਪ ਸੱਚਾ ਗਿਆਨ, ਬ੍ਰਹਮ ਗਿਆਨ ਨਾ ਮਿਲਣ ਦੇ ਕਾਰਣ ਸਾਡਾ ਮਨ ਇਸ ਪੜਦੇ ਰਾਹੀਂ ਅਗਿਆਨ ਰੂਪ ਵਿੱਚ ਬਦਲਿਆ ਹੋਇਆ ਹੈ। ਇਹ ਪੜਦਾ ਉਸ ਗਿਆਨ ਨਾਲ ਖੁੱਲ੍ਹਣਾ ਹੈ ਜੋ ਮੰਦਰ ਦੇ ਵਿੱਚੋਂ ਮਿਲਣਾ ਹੈ, ਭਾਵ ਜੋ ਗਿਆਨ ਪ੍ਰਮਾਤਮਾ ਦੇ ਰਾਹੀਂ ਸਿੱਧਾ ਹੀ ਮਨ ਦੇ ਅੰਦਰ ਮਿਲਣਾ ਹੈ, ਜਿਸ ਦੁਆਰਾ ਮਨ ਦੇ ਵਿੱਚ ਹੀ ਉਸ ਪ੍ਰਮਾਤਮਾ ਦੀ ਪਹਿਚਾਣ ਹੁੰਦੀ ਹੈ ਤੇ ਸੋਝੀ ਪੈਂਦੀ ਹੈ ਕਿ ਅਸਲ ਵਿੱਚ ਇਹ ਮਨ ਰੂਪੀ ਘਰ ਆਪ ਪ੍ਰਮਾਤਮਾ ਦਾ ਮਨ ਰੂਪੀ ਮੰਦਰ ਹੈ। ਇਹ ਮਨ ਦਾ ਪੜਦਾ ਕੀ ਹੈ, ਇਸ ਨੂੰ ਅਸੀਂ ਪਿੱਛੇ ਵੀ ਬਰੀਕੀ ਨਾਲ ਸਮਝ ਚੁੱਕੇ ਹਾਂ। ਇਹ ਪੜਦਾ ਖੁੱਲ੍ਹਣ ਦੇ ਨਾਲ ਹੀ ਮਨੁੱਖ ਦੀ ਹਉਮੈ ਮੁੱਕਦੀ ਹੈ ਭਾਵ ਇਹ ਸੋਝੀ ਪੈਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਵਿਚਰ ਰਿਹਾ ਹੈ। ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

{ਐਸੋ ਰਾਮ ਰਾਇ ਅੰਤਰਜਾਮੀ॥

ਜੈਸੇ ਦਰਪਨ ਮਾਹਿ ਬਦਨ ਪਰਵਾਨੀ॥੧॥ਰਹਾਉ॥

ਬਸੈ ਘਟਾ ਘਟ ਲੀਪ ਨ ਛੀਪੈ॥

ਬੰਧਨ ਮੁਕਤਾ ਜਾਤੁ ਨ ਦੀਸੈ॥੧॥

ਪਾਨੀ ਮਾਹਿ ਦੇਖੁ ਮੁਖੁ ਜੈਸਾ॥

ਨਾਮੇ ਕੋ ਸੁਆਮੀ ਬੀਠਲੁ ਐਸਾ॥੨॥੧॥}

(ਅੰਗ ੧੩੧੮)

{ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥

ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥੩॥੫॥}

(ਅੰਗ ੬੩੨)

{ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥੨॥੧॥}

(ਅੰਗ ੬੮੪)

6/512

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥

ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥

ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥
ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥
ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥
ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥
ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥
ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥
ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥
ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥}

(ਅੰਗ ੧੩੪੬)

{ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥
ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥
ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥}

(ਅੰਗ ੫੭)

{ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥

ਮਨ ਮੰਦਰ ਮਹਿ ਦੀਪਕੁ ਜਲਿਓ ॥
ਜੀਤ ਹਾਰ ਕੀ ਸੋਝੀ ਕਰੀ ॥
ਤਉ ਇਸੁ ਘਰ ਕੀ ਕੀਮਤਿ ਪਰੀ ॥੭॥}

(ਅੰਗ ੨੩੫)

{ਮਨੁ ਮੰਦਰੁ ਤਨੁ ਸਾਜੀ ਬਾਰਿ ॥
ਇਸ ਹੀ ਮਧੇ ਬਸਤੁ ਅਪਾਰ ॥
ਇਸ ਹੀ ਭੀਤਰਿ ਸੁਨੀਅਤ ਸਾਹੁ ॥
ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥੧॥
ਨਾਮ ਰਤਨ ਕੋ ਕੋ ਬਿਉਹਾਰੀ ॥
ਅੰਮ੍ਰਿਤ ਭੋਜਨੁ ਕਰੇ ਆਹਾਰੀ ॥੧॥ ਰਹਾਉ ॥
ਮਨੁ ਤਨੁ ਅਰਪੀ ਸੇਵ ਕਰੀਜੈ ॥
ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥
ਪਾਇ ਲਗਉ ਤਜਿ ਮੇਰਾ ਤੇਰੈ ॥
ਕਵਨੁ ਸੁ ਜਨੁ ਜੋ ਸਉਦਾ ਜੋਰੈ ॥੨॥
ਮਹਲੁ ਸਾਹ ਕਾ ਕਿਨ ਬਿਧਿ ਪਾਵੈ ॥
ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥
ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ ॥
ਕਵਨੁ ਸੁ ਦਾਤਾ ਲੇ ਸੰਚਾਰੇ ॥੩॥
ਖੋਜਤ ਖੋਜਤ ਨਿਜ ਘਰੁ ਪਾਇਆ ॥
ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥
ਕਹੁ ਨਾਨਕ ਗੁਰ ਕੈ ਵੇਸਾਹਿ ॥੪॥}

(ਅੰਗ ੧੮੦-੧੮੧)

{ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥
ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥
ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥
ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ॥
ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ ॥}

(ਅੰਗ ੫੪੨)

ਸਾਡਾ ਇਹ ਮਨੁੱਖੀ ਜੀਵਨ ਤਾਂ ਹੀ ਪ੍ਰਵਾਨ ਹੈ ਜਦੋਂ ਅਸੀਂ ਮਨ ਰੂਪੀ ਘਰ ਨੂੰ ਮੰਦਰ ਵਿੱਚ ਬਦਲ ਲਈਏ। ਆਪਣੀ ਮਨਮਤਿ

ਨੂੰ ਗੁਰਮਤਿ ਵਿੱਚ ਬਦਲ ਲਈਏ, ਜੋ ਕਿ ਉੱਪਰ ਵਾਲੇ ਸ਼ਬਦਾਂ ਰਾਹੀਂ ਤੇ ਮੁੱਖ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਭਾਵ ਗੁਰਮਤਿ ਤੇ ਚੱਲ ਕੇ ਹੀ, ਉਸ ਅਨੁਸਾਰ ਵਿਚਰ ਕੇ ਹੀ ਉਸ ਪ੍ਰਮਾਤਮਾ ਦੇ ਆਪਣੇ ਮਨ ਦੇ ਵਿੱਚੋਂ ਦਰਸ਼ਨ ਕੀਤੇ ਜਾ ਸਕਦੇ ਹਨ, ਇਸ ਮਨ ਰੂਪ ਘਰ ਨੂੰ ਮੰਦਰ ਬਣਾਇਆ ਜਾ ਸਕਦਾ ਹੈ ਤੇ ਇਸ ਦੇ ਦੁਆਰਾ ਹੀ ਪ੍ਰਮਾਤਮਾ ਦੀ ਖੁਸ਼ੀ, ਨਾਮ ਦੀ ਖੁਸ਼ੀ ਮਿਲ ਸਕਦੀ ਹੈ, ਪ੍ਰਮਾਤਮਾ ਨੂੰ ਖੁਸ਼ ਕਰਨ ਦਾ ਇਹ ਹੀ ਤਰੀਕਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਆਖਰੀ ਪਦੇ ਦੀ ਪਹਿਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਘਰ ਮੰਦਰ ਖੁਸੀ ਨਾਮ ਕੀ)** ਜਦੋਂ ਪ੍ਰਮਾਤਮਾ ਖੁਸ਼ ਹੁੰਦਾ ਹੈ ਤੇ ਉਹ ਆਪਣੀ ਕ੍ਰਿਪਾ ਕਰਕੇ ਮਨੁੱਖ ਨੂੰ ਆਪਣੇ ਪਰਿਵਾਰ ਵਾਲਾ ਬਣਾ ਲੈਂਦਾ ਹੈ, ਆਪਣੀ ਜਾਤ ਵਾਲਾ ਬਣਾ ਲੈਂਦਾ ਹੈ, ਆਪਣੇ ਪਰਿਵਾਰ ਵਿੱਚ ਸ਼ਾਮਿਲ ਕਰ ਲੈਂਦਾ ਹੈ, ਆਪਣੇ ਸੱਚੇ ਗਿਆਨ ਦੀ ਸਮਝ ਵਾਲੇ ਵਿਚਾਰਾਂ ਵਿੱਚ ਸ਼ਾਮਲ ਕਰ ਲੈਂਦਾ ਹੈ ਭਾਵ ਆਪਣੇ ਨਾਲ ਮੇਲ ਲੈਂਦਾ ਹੈ। **(ਨਦਰਿ ਤੇਰੀ ਪਰਵਾਰੁ॥)** ਸਾਡਾ ਪ੍ਰਮਾਤਮਾ ਨੂੰ ਜਪਣਾ ਭਾਵ ਸਾਡਾ ਪ੍ਰਮਾਤਮਾ ਨੂੰ ਆਖਣ ਦਾ ਤਰੀਕਾ ਉਹ ਹੀ ਹੈ, ਜੋ ਉਸ ਦੇ ਹੁਕਮ ਅਨੁਸਾਰ ਚੱਲਣਾ ਹੈ, ਉਸ ਦੀ ਮਤਿ ਅਨੁਸਾਰ ਚੱਲਣਾ ਹੈ। ਜੋ ਕੁੱਝ ਅਸੀਂ ਉਸਦੇ ਹੁਕਮ ਵਿੱਚ ਰਹਿ ਕੇ ਕਰਦੇ ਹਾਂ ਕੇਵਲ ਉਹੀ ਕੁੱਝ ਉਸ ਨੂੰ ਭਾਉਂਦਾ ਹੈ ਭਾਵ ਉਸ ਦੇ ਹੁਕਮ ਵਿੱਚ ਚੱਲਣਾ ਹੀ ਉਸ ਦਾ ਜਪ ਹੈ, ਉਸ ਦਾ ਆਖਣ ਹੈ। **(ਹੁਕਮੁ ਸੋਈ ਤੁਧੁ ਭਾਵਸੀ)** ਪ੍ਰਮਾਤਮਾ ਦੇ ਹੁਕਮ ਅਨੁਸਾਰ ਨਾ ਵਿਚਰ ਕੇ, ਉਸ ਦੇ ਭਾਣੇ ਅਨੁਸਾਰ ਨਾ ਵਿਚਰ ਕੇ ਸਾਡਾ ਹੋਰ ਕੋਈ ਵੀ ਉਸ ਨੂੰ ਆਖਣ ਦਾ ਤਰੀਕਾ, ਉਸ ਨੂੰ ਜਪਣ ਦਾ ਤਰੀਕਾ, ਉਸ ਨੂੰ ਨਹੀਂ ਭਾਉਂਦਾ। ਉਸ ਨੂੰ ਆਖਣ ਦੇ ਤਰੀਕੇ, ਉਸ ਨੂੰ ਜਪਣ ਦੇ ਤਰੀਕੇ ਬਹੁਤ ਹਨ, ਅਨੇਕਾਂ ਹੀ ਹਨ ਜਿਨ੍ਹਾਂ ਦੁਆਰਾ ਹਰ ਕੋਈ ਉਸ ਦਾ ਜਪ ਤਪ ਕਰਦਾ ਹੈ ਪਰ ਇਨ੍ਹਾਂ ਸਭ ਤਰੀਕਿਆਂ ਨਾਲ, ਹੋਰ ਤਰੀਕਿਆਂ ਨਾਲ ਉਸ ਪ੍ਰਮਾਤਮਾ ਦਾ ਪਾਰ ਨਹੀਂ ਪਾਇਆ ਜਾ ਸਕਦਾ, ਉਹ ਅਪਾਰ ਹੀ ਰਹਿੰਦਾ ਹੈ, ਸਾਡੀ ਸੋਝੀ ਤੋਂ ਬਹੁਤ ਪਰੇ ਹੀ ਰਹਿੰਦਾ ਹੈ। **(ਹੋਰੁ ਆਖਣੁ ਬਹੁਤੁ ਅਪਾਰੁ॥)** ਭਾਵ ਪ੍ਰਮਾਤਮਾ ਨੂੰ ਜਪਣ ਦਾ, ਆਖਣ ਦਾ ਇੱਕੋ ਇੱਕ ਤਰੀਕਾ ਉਸ ਦੀ ਮਤਿ

6/513

ਅਨੁਸਾਰ ਵਿਚਰ ਕੇ ਸੱਚੇ ਸੁੱਚੇ ਕਰਮ ਕਰਨਾ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ, ਉਸ ਦੀ ਖੁਸ਼ੀ ਲਈ ਜਾ ਸਕਦੀ ਹੈ। ਇਸ ਤੋਂ ਇਲਾਵਾ ਪ੍ਰਮਾਤਮਾ ਨੂੰ ਜਪਣ ਦਾ ਹਰ ਤਰੀਕਾ ਵਿਅਰਥ ਹੈ ਕਿਉਂਕਿ ਉਸ ਵਿੱਚ ਗੁਰੂ ਦੀ ਖੁਸ਼ੀ ਨਹੀਂ ਹੈ ਤੇ ਇਸੇ ਲਈ ਬਾਣੀ ਰਾਹੀਂ ਸਾਡੇ ਅਨੇਕਾਂ ਉਹੋ ਜਿਹੇ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ, ਅਨੇਕਾਂ ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਨ੍ਹਾਂ ਨੂੰ ਆਪਣੀ ਨਾ-ਸਮਝੀ ਕਰਕੇ ਹੀ ਭਗਤੀ ਦੇ ਤਰੀਕੇ ਸਮਝਦੇ ਹਾਂ, ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਸਮਝਦੇ ਹਾਂ। ਉਸ ਦੀ ਖੁਸ਼ੀ ਦੇ ਉਲਟ ਚੱਲ ਕੇ ਕੇਵਲ ਖੁਆਰੀ ਹੈ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਉਹ ਪ੍ਰਮਾਤਮਾ ਸਦਾ ਤੋਂ ਸੱਚਾ ਹੈ ਤੇ ਜਿਹੋ ਜਿਹੀ ਭਗਤੀ ਦਾ ਮਾਰਗ ਉਸ ਨੂੰ ਭਾਉਂਦਾ ਹੈ ਕੇਵਲ ਉਹ ਹੀ ਸੱਚ ਹੈ। ਜੋ ਸੱਚ ਹੈ ਉਹ ਉਸਦੀ ਮਤਿ ਹੈ। ਉਸਦੀ ਮਤਿ ਤੋਂ ਬਾਹਰ ਜੋ ਕੁੱਝ ਵੀ ਅਸੀਂ ਸਮਝਦੇ ਹਾਂ, ਕਹਿੰਦੇ ਹਾਂ, ਕਰਦੇ ਹਾਂ, ਉਹ ਸੱਚ ਨਹੀਂ ਹੈ। ਉਹ ਪ੍ਰਮਾਤਮਾ ਜੋ ਆਪ ਸਭ ਕੁੱਝ ਜਾਣਦਾ ਹੈ ਸਾਨੂੰ ਕੇਵਲ ਉਸ ਕੋਲੋਂ ਹੀ ਪੁੱਛਣਾ ਚਾਹੀਦਾ ਹੈ ਭਾਵ ਕੇਵਲ ਗੁਰੂ ਕੋਲੋਂ ਹੀ ਸਿੱਖਿਆ ਲੈਣੀ ਚਾਹੀਦੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਕਿਉਂਕਿ ਜੋ ਉਸ ਦੀ ਮਤਿ ਹੈ, ਸਿੱਖਿਆ ਹੈ ਉਹ ਉਸਨੇ ਕਿਸੇ ਤੋਂ ਪੁੱਛ ਕੇ ਨਹੀਂ ਬਣਾਈ, ਉਸ ਨੇ ਬਾਣੀ ਕਿਸੇ ਨੂੰ ਪੁੱਛ ਕੇ ਨਹੀਂ ਰਚੀ। ਇਸੇ ਤਰ੍ਹਾਂ ਸਾਨੂੰ ਵੀ ਇੱਧਰੋਂ ਉੱਧਰੋਂ ਕਿਸੇ ਨੂੰ ਪੁੱਛ ਕੇ ਭਾਵ ਜੋ ਸਾਨੂੰ ਅਨੇਕਾਂ ਤਰੀਕੇ ਭਗਤੀ ਦੇ ਸਮਝਾਏ ਜਾਂਦੇ ਹਨ ਉਨ੍ਹਾਂ ਨੂੰ ਨਹੀਂ ਮੰਨਣਾ ਚਾਹੀਦਾ। ਕਿਸੇ ਨੂੰ ਪੁੱਛਾਂਗੇ ਤਾਂ ਭੁਲੇਖੇ ਵਿੱਚ ਪੈ ਜਾਵਾਂਗੇ। ਕੇਵਲ ਇੱਕ ਗੁਰੂ ਹੀ ਹੈ ਜੋ ਸੱਚਾ ਮਾਰਗ ਸਮਝਾ ਸਕਦਾ ਹੈ ਤੇ ਕੇਵਲ ਉਸ ਦੇ ਮਾਰਗ ਤੇ ਚੱਲ ਕੇ ਹੀ ਉਸਨੂੰ ਪਾਇਆ ਜਾ ਸਕਦਾ ਹੈ। ਗੁਰੂ ਦੀ ਮਤਿ ਤੋਂ ਬਿਨ੍ਹਾਂ ਸਭ ਕੁੱਝ ਹੋਰ ਹੈ, ਗੁਰੂ ਦੀ ਮਤਿ ਤੋਂ ਹੋਰ ਹੈ, ਗੁਰੂ ਦੀ ਮਤਿ ਤੋਂ ਵੱਖਰਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

(ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ॥)

ਜਦੋਂ ਮਨੁੱਖ ਦਾ ਇਹੋ ਜਿਹਾ ਜੀਵਨ ਬਣ ਜਾਏ ਭਾਵ ਜਦੋਂ ਗੁਰੂ ਦੀ ਮਤਿ ਅੰਦਰ ਵੱਸ ਜਾਵੇ, ਉਹ ਮਨੁੱਖ ਫਿਰ ਅੱਠੇ ਪਹਿਰ ਜਾਗਦਾ ਹੁੰਦਾ ਹੈ। ਇਹ ਸਾਡੇ ਮਨ ਦਾ ਜਾਗਣਾ ਹੈ ਜੋ ਜਾਗਣਾ ਗੁਰੂ ਦੇ ਗਿਆਨ ਦੁਆਰਾ ਹੁੰਦਾ ਹੈ ਤੇ ਸਾਡਾ ਸੌਣਾ ਗੁਰੂ ਦੇ ਗਿਆਨ ਦਾ ਸਾਡੇ ਅੰਦਰ ਨਾ ਹੋਣਾ ਹੈ ਭਾਵ ਸਾਡੀ ਅਗਿਆਨਤਾ ਹੈ, ਨਾ-ਸਮਝ ਮਤਿ ਹੈ, ਮਨਮਤਿ ਹੈ। ਜਿਸ ਦੇ ਅੰਦਰ ਗੁਰੂ ਦਾ ਗਿਆਨ ਨਹੀਂ ਵੱਸਿਆ ਉਨ੍ਹਾਂ ਨੂੰ ਸੁੱਤੇ ਹੋਏ ਹੀ ਕਿਹਾ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਜਾਣਿਆ ਸੀ।

{ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥੧॥ਰਹਾਉ॥}

(ਅੰਗ ੪੧੮)

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥}

(ਅੰਗ ੧੩੦੮)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਜਾਗਤੁ ਰਹੈ ਨ ਅਲੀਆ ਭਾਖੈ ॥
ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥
ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥}

(ਅੰਗ ੯੭੪)

{ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥
ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥}

(ਅੰਗ ੧੨੭੩)

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥

ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥}

(ਅੰਗ ੨੦੫)

{ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ ॥੪॥}

(ਅੰਗ ੧੩੪੭)

ਹਰ ਕੋਈ ਮਾਇਆ ਮੋਹ ਵਿੱਚ ਸੁੱਤਾ ਹੋਇਆ ਹੈ, ਮਨ ਦੀ ਨਾ-ਸਮਝੀ ਦੁਆਰਾ ਔਗੁਣਾਂ ਵਿੱਚ ਸੁੱਤਾ ਹੋਇਆ ਹੈ। ਜਿਸ ਦੇ ਅੰਦਰ ਗੁਰੂ ਦੀ ਮਤਿ ਵੱਸ ਜਾਂਦੀ ਹੈ ਉਸਦਾ ਮਨ ਸਦਾ ਜਾਗਦਾ ਹੈ ਭਾਵ ਉਸ ਦੇ ਅੰਦਰ ਔਗੁਣ ਪ੍ਰਵੇਸ਼ ਨਹੀਂ ਕਰ ਸਕਦੇ, ਗੁਰੂ ਦੀ ਮਤਿ ਔਗੁਣਾਂ ਵਾਲੇ ਵਿਚਾਰਾਂ ਨੂੰ ਅੰਦਰ ਨਹੀਂ ਵੜਨ ਦਿੰਦੀ, ਉਹ ਹਰ ਵੇਲੇ ਉਨ੍ਹਾਂ ਦੀ ਰਾਖੀ ਕਰਦੀ ਹੈ। ਜੇਕਰ

6/514

ਕੋਈ ਮਨੁੱਖ ਆਪਣੀ ਇਹੋ ਜਿਹੀ ਅਵੱਸਥਾ ਬਣਾ ਕੇ ਸੌਂਦਾ ਹੈ, ਤਾਂ ਇਹੋ ਜਿਹੇ ਸੌਣ ਵਿੱਚ ਪ੍ਰਮਾਤਮਾ ਦੀ ਖੁਸ਼ੀ ਹੈ, ਉਹ ਨਿਸ਼ਚਿਤ ਹੈ ਭਾਵ ਨਿਸ਼ਚਿਤ ਹੋ ਕੇ ਸੌਂ ਸਕਦਾ ਹੈ। ਇਹੋ ਜਿਹੇ ਸੌਣ ਵਿੱਚ ਪ੍ਰਮਾਤਮਾ ਦੀ ਪ੍ਰਵਾਨਗੀ ਹੈ। ਇਸ ਤੋਂ ਇਲਾਵਾ ਅਗਰ ਅਸੀਂ ਕਿਸੇ ਹੋਰ ਤਰੀਕੇ ਨਾਲ ਨਿਸ਼ਚਿਤ ਬੈਠੇ ਹੋਏ ਹਾਂ ਤਾਂ ਉਸ ਵਿੱਚ ਪ੍ਰਮਾਤਮਾ ਦੀ ਖੁਸ਼ੀ ਨਹੀਂ ਹੈ, ਉਸ ਵਿੱਚ ਸਾਡੀ ਖੁਆਰੀ ਹੈ, ਅਸੀਂ ਪ੍ਰਮਾਤਮਾ ਦੀ ਖੁਸ਼ੀ ਵੱਲੋਂ ਖੁਆਰ ਹੋ ਰਹੇ ਹਾਂ ਭਾਵ ਪ੍ਰਮਾਤਮਾ ਦੀ ਖੁਸ਼ੀ ਦੇ ਉਲਟ ਜਾ ਰਹੇ ਹਾਂ। ਅਸੀਂ ਅਨੇਕਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਜਪਦੇ ਹਾਂ ਪਰ ਜੇਕਰ ਉਹ ਸਾਡੇ ਤਰੀਕੇ ਗੁਰੂ ਦੀ ਮਤਿ ਤੇ ਪੂਰੇ ਨਹੀਂ ਉੱਤਰਦੇ ਭਾਵ ਜੇਕਰ ਸੱਚੇ ਸੁੱਚੇ ਕਰਮ ਕਰਨ ਤੋਂ ਇਲਾਵਾ ਅਸੀਂ ਕਿਸੇ ਹੋਰ ਭਗਤੀ ਦੇ ਤਰੀਕੇ ਉੱਤੇ ਆਪਣੀ ਆਸ ਟਿਕਾਈ ਹੋਈ ਹੈ, ਅਸੀਂ ਨਿਸ਼ਚਿਤ ਹੋਏ ਬੈਠੇ ਹਾਂ ਤਾਂ ਫਿਰ ਅਸੀਂ ਸੁੱਤੇ ਹੋਏ ਹਾਂ ਭਾਵ ਭੁਲੇਖੇ ਵਿੱਚ ਹਾਂ ਤੇ ਸਾਨੂੰ ਜਾਗਣ ਦੀ ਲੋੜ ਹੈ। ਇਹੋ ਜਿਹੇ ਕਿਸੇ ਤਰੀਕੇ ਨਾਲ ਵੀ ਪ੍ਰਮਾਤਮਾ ਦੀ ਖੁਸ਼ੀ ਨਹੀਂ ਲਈ ਜਾ ਸਕਦੀ ਜਿਵੇਂ ਕਿ ਮੁੱਖ ਸ਼ਬਦ ਦੇ ਆਖਰੀ ਪਦੇ ਦੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

(ਬਾਬਾ ਹੋਰੁ ਸਉਣਾ ਖੁਸੀ ਖੁਆਰੁ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥)

ਉੱਪਰ ਇਸ ਪੂਰੇ ਸ਼ਬਦ ਨੂੰ ਹੁਣ ਧਿਆਨ ਨਾਲ ਵਿਚਾਰੀਏ ਤੇ ਸਮਝੀਏ ਕਿ ਨਾਮ ਕੀ ਹੈ ਤੇ ਨਾਮ ਜਪਣਾ ਕੀ ਹੈ। ਜੇਕਰ ਅਜੇ ਵੀ ਅਸੀਂ ਕਿਸੇ ਅੱਖਰਾਂ ਦੇ ਬੋਲਣ ਨੂੰ ਹੀ ਨਾਮ ਮੰਤਰ ਸਮਝਦੇ ਹਾਂ ਤਾਂ ਫਿਰ ਕੀ ਉਹ ਮੰਤਰ ਇਸ ਸ਼ਬਦ ਦੀ ਕਸਵੱਟੀ ਤੇ ਪੂਰਾ ਉੱਤਰ ਸਕਦਾ ਹੈ। ਸ਼ਬਦ ਵਿੱਚ ਉਚਾਰੀਆਂ ਹੋਈਆ ਨਾਮ ਬਾਰੇ ਹੇਠ ਦਿੱਤੀਆਂ ਕੁੱਝ ਗੱਲਾਂ, ਕੀ ਮੰਤਰ ਦੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ, ਕੀ ਕਿਸੇ ਸਿਆਣਪ ਤੇ ਪੂਰੀਆਂ ਉੱਤਰ ਸਕਦੀਆਂ ਹਨ।

"ਧਨੁ ਜੋਬਨੁ ਤੇਰਾ ਨਾਮੁ॥"
"ਕਰਮੁ ਤੇਰਾ ਮੇਰੀ ਜਾਤਿ॥"
(ਕਰਮੁ ਧਰਮੁ ਤੇਰੇ ਨਾਮ ਕੀ ਜਾਤਿ॥)

6/515

"ਘਰ ਮੰਦਰ ਖੁਸੀ ਨਾਮ ਕੀ"

ਇੱਕ ਅੱਖਰ ਦਾ ਕਿਹੜਾ ਧਨੁ ਬਣਾਵਾਂਗੇ ਤੇ ਕਿਹੜਾ ਉਸਦਾ ਜੋਬਨ ਬਣਾਵਾਂਗੇ। ਅੱਖਰ ਦੀ ਕੀ ਜਾਤਿ ਬਣਾਵਾਂਗੇ ਅਤੇ ਕਿਸ ਦੀ ਜਾਤਿ ਨਾਲ ਮਿਲਾਵਾਂਗੇ। ਅੱਖਰ ਦੀ ਕਿਸ ਗੱਲ ਵਿੱਚ ਖੁਸ਼ੀ ਤੇ ਕਿਸ ਗੱਲ ਵਿੱਚ ਨਾ ਖੁਸ਼ੀ। ਇਨ੍ਹਾਂ ਗੱਲਾਂ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ, ਕੇਵਲ ਸਿਆਣਪਾਂ ਤੇ ਅੜੇ ਰਹਿਣ ਦੀ ਗੱਲ ਹੈ। ਇੱਕ ਅੱਖਰ ਨੂੰ ਬੋਲੀ ਜਾਣਾ ‘‘ਨਾਮ’’ ਦੀ ਕਿਸੇ ਵੀ ਗੱਲ ਦੀ ਕਸੌਟੀ ਤੇ ਪੂਰਾ ਨਹੀਂ ਉੱਤਰਦਾ। ਜੇਕਰ ਸੱਚੀ ਭਗਤੀ ਕਰਨੀ ਹੈ ਤਾਂ ਫਿਰ ਇਹ ਭੁਲੇਖਾ ਉਤਾਰਨਾ ਹੀ ਪਵੇਗਾ, ਜਾਗਣਾ ਹੀ ਪਵੇਗਾ ਨਹੀਂ ਤਾਂ ਸੁੱਤੇ ਹੀ ਰਹਿ ਜਾਵਾਂਗੇ।

6/516

ਪਿਛਲੇ ਸ਼ਬਦ ਰਾਹੀਂ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਘਰ ਮੰਦਰ ਕੀ ਹੈ, ਘਰ ਨੂੰ ਮੰਦਰ ਬਣਾਉਣਾ ਕੀ

ਹੈ, ਘਰ ਨੂੰ ਗੁਰੂ ਦਾ ਪਰਿਵਾਰ ਬਣਾਉਣਾ ਕੀ ਹੈ, ਪ੍ਰਮਾਤਮਾ ਦੇ ਪਰਿਵਾਰ ਵਾਲਾ ਬਣਨਾ ਕੀ ਹੈ। ਇਹ ਗੱਲ ਸਾਡੇ ਅੰਦਰ ਦ੍ਰਿੜ ਹੋਣੀ ਬਹੁਤ ਜਰੂਰੀ ਹੈ, ਕਿਉਂਕਿ ਤਾਂ ਹੀ ਸਾਨੂੰ ਸਮਝ ਲੱਗੇਗੀ ਕਿ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੀ ਹੈ, ਨਹੀਂ ਤਾਂ ਅਸੀਂ ਭੁਲੇਖੇ ਵਿੱਚ ਹੀ ਰਹਾਂਗੇ ਤੇ ਆਪਣੇ ਮਨ ਦੀ ਬਜਾਇ ਪ੍ਰਮਾਤਮਾ ਨੂੰ ਕਿਤੇ ਬਾਹਰੋਂ ਖੋਜਣ ਦੀ ਚੀਜ਼ ਸਮਝਾਂਗੇ। ਉਸ ਦੀ ਪ੍ਰਾਪਤੀ ਜਦੋਂ ਵੀ ਹੋਣੀ ਹੈ ਮਨ ਦੇ ਵਿੱਚੋਂ ਹੀ ਹੋਣੀ ਹੈ ਤੇ ਘਰ ਨੂੰ ਮੰਦਰ ਬਣਾ ਕੇ ਹੀ ਹੋਣੀ ਹੈ। ਆਓ ਇਸੇ ਗੱਲ ਨੂੰ ਅੱਗੇ ਦਿੱਤੇ ਹੋਏ ਕੁੱਝ ਸ਼ਬਦਾਂ ਦੁਆਰਾ ਹੋਰ ਵੀ ਬਰੀਕੀ ਨਾਲ ਜਾਨਣ ਦੀ ਕੋਸ਼ਿਸ਼ ਕਰੀਏ।

“ਕਰਿ ਕਿਰਪਾ ਜਉ ਸਤਿਗੁਰੁ ਮਿਲਿਓ॥ ਮਨ ਮੰਦਰ ਮਹਿ ਦੀਪਕੁ ਜਲਿਓ॥
ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ॥੭॥
ਕਰਨ ਕਰਾਵਨ ਸਭੁ ਕਿਛੁ ਏਕੈ॥ ਆਪੇ ਬੁਧਿ ਬੀਚਾਰਿ ਬਿਬੇਕੈ॥
ਦੂਰਿ ਨ ਨੇਰੈ ਸਭ ਕੈ ਸੰਗਾ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ॥੮॥੧॥”

(ਅੰਗ ੨੩੫-੨੩੬)

ਇੱਥੇ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ। ਮੇਲ ਮਨ ਦੇ ਵਿੱਚ ਹੀ ਹੋਣਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਅੰਦਰ ਗਿਆਨ ਦੁਆਰਾ ਹੀ ਹੋਣਾ ਹੈ, ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੋਣਾ ਹੈ। ਸਾਰੀ ਬਾਣੀ ਗੁਰੂ ਦੇ ਗਿਆਨ ਦੁਆਰਾ, ਸ਼ਬਦਾਂ ਦੇ ਗਿਆਨ ਦੁਆਰਾ ਪ੍ਰਕਾਸ਼ਮਾਨ ਹੈ, ਉੱਥੇ ਹਰ ਵੇਲੇ ਗੁਰੂ ਦੇ ਗਿਆਨ ਦਾ ਦੀਪਕ ਜਲ ਰਿਹਾ ਹੈ, ਗਿਆਨ ਦੀ ਜੋਤ ਜਗ ਰਹੀ ਹੈ। ਗਿਆਨ ਨੂੰ ਪ੍ਰਗਟ ਕਰਨ ਦਾ ਸਾਧਨ ਗੁਰੂ ਦਾ ਸ਼ਬਦ ਹੈ ਜੋ ਕਿ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਸਮਝ ਰਾਹੀਂ ਪ੍ਰਗਟ ਹੋਇਆ ਹੋਇਆ ਹੈ। ਸ਼ਬਦ ਹੀ ਸਾਡੇ ਸਭ ਦੇ ਅੰਦਰ ਵਰਤ ਰਿਹਾ ਹੈ। ਜਦੋਂ ਗੁਰਬਾਣੀ ਦਾ ਗਿਆਨ ਰੂਪ ਸ਼ਬਦ ਮਨ ਵਿੱਚ ਵੱਸ ਜਾਵੇਗਾ ਤਾਂ ਫਿਰ ਉਹ ਦੀਪਕ ਮਨ ਵਿੱਚ ਜਗ ਜਾਵੇਗਾ, ਉੱਥੇ ਪ੍ਰਗਟ ਹੋ ਜਾਵੇਗਾ। ਜਿਸ ਪ੍ਰਮਾਤਮਾ ਨੇ ਬਾਣੀ ਵਿੱਚ ਗਿਆਨ ਪ੍ਰਗਟ ਕੀਤਾ ਹੋਇਆ ਹੈ ਉਹ ਹੀ ਆਪਣੇ ਸੱਚੇ ਗਿਆਨ ਦੁਆਰਾ ਮਨ ਵਿੱਚ ਪ੍ਰਗਟ ਹੁੰਦਾ ਹੈ। **(ਕਰਿ ਕਿਰਪਾ ਜਉ ਸਤਿਗੁਰੁ ਮਿਲਿਓ॥ਮਨ ਮੰਦਰ ਮਹਿ ਦੀਪਕੁ ਜਲਿਓ॥)** ਸਾਡੇ ਅੰਦਰ ਇਹ ਦੀਪਕ ਜਲਣ ਦੀ ਸੋਝੀ ਕਿਵੇਂ ਪੈਂਦੀ ਹੈ ਭਾਵ ਸਾਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਗਿਆ ਹੈ, ਇਸ ਗੱਲ ਦੀ ਸੋਝੀ ਨਾਲ ਹੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਜੀਤ ਹਾਰ ਕੀ ਸੋਝੀ ਕਰੀ॥ਤਉ ਇਸੁ ਘਰ ਕੀ ਕੀਮਤਿ ਪਰੀ॥੭॥”

ਇਸ ਪੰਗਤੀ ਦੇ ਸਹੀ ਅਰਥ ਜਾਨਣਾ ਕਿਸੇ ਦੀ ਵੀ ਸਮਰੱਥਾ ਤੋਂ ਬਾਹਰ ਹੈ। ਇਸ ਪੰਗਤੀ ਦੇ ਸਹੀ ਅਰਥ ਜਾਨਣਾ, ਪ੍ਰਮਾਤਮਾ ਨੂੰ ਜਾਨਣਾ ਹੀ ਹੈ। ਇਸ ਪੰਗਤੀ ਦੇ ਅਰਥ ਸਮਝਾਉਣ ਲਈ ਦਾਸ ਨੂੰ ਕੁੱਝ ਆਪਣਾ ਨਿੱਜੀ ਤਜ਼ਰਬਾ ਵੀ ਆਪ ਜੀ ਦੇ ਨਾਲ ਸਾਂਝਾ ਕਰਨਾ ਪਵੇਗਾ ਕਿਉਂਕਿ ਉਸ ਤੋਂ ਬਿਨ੍ਹਾਂ ਇਹ ਅਰਥ ਸਮਝ ਨਹੀਂ ਆਉਣਗੇ। ‘‘ਘਰ’’ ਸਾਡਾ ਮਨ ਹੈ ਤੇ ਇਸ ਮਨ ਦੀ ਕੀਮਤ ਕਿਵੇਂ ਪੈਂਦੀ ਹੈ ਇਹ ਅਸੀਂ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ ਕਿ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣਾ ਹੈ। ਇਹ ਗਿਆਨ ਦਾ ਪ੍ਰਕਾਸ਼ ਕੀ ਹੈ, ਕਿਵੇਂ ਹੁੰਦਾ ਹੈ, ਪ੍ਰਮਾਤਮਾ ਆਪਣੇ ਆਪ ਨੂੰ ਸਾਡੇ ਅੰਦਰ ਕਿਵੇਂ ਪ੍ਰਗਟ ਕਰਦਾ ਹੈ, ਸਾਨੂੰ ਸਮਝ ਕਿਵੇਂ ਲੱਗਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ, ਸਭ ਦੇ ਅੰਦਰ ਕਿਸ ਰੂਪ ਵਿੱਚ ਹੈ, ਸਾਡੇ ਨਾਲ ਕੀ ਕੁੱਝ ਹੁੰਦਾ ਹੈ, ਸਾਨੂੰ ਆਪਣੇ ਆਪ ਦੀ ਸਮਝ ਕਿਵੇਂ ਲੱਗਦੀ ਹੈ ਕਿ ਅਸੀਂ ਕੀ ਹਾਂ, ਇਹ ਸਭ ਕੁੱਝ ਜਦੋਂ ਸਾਡੇ ਨਾਲ ਪ੍ਰਤੱਖ ਤੌਰ ਤੇ ਬੀਤਦਾ ਹੈ, ਤਾਂ ਹੀ ਇਸ ਮਨ ਦੀ ਭਾਵ ਮਨ ਰੂਪ ਘਰ ਦੀ ਕੀਮਤ ਸਮਝ ਆਉਂਦੀ ਹੈ ਕਿ ਇਹ ਮਨ ਕਿੰਨਾ ਕੀਮਤੀ ਹੈ ਭਾਵ ਆਪ ਖੁਦ ਪ੍ਰਮਾਤਮਾ ਹੀ ਹੈ। ਇਹ ਕੇਵਲ ਤੇ ਕੇਵਲ ਉਸਦੀ ਕ੍ਰਿਪਾ ਦਾ ਵਿਸ਼ਾ ਹੈ। ਜਦੋਂ ਉਹ ਆਪਣੀ ਕੀਮਤ ਦਿਖਾਉਂਦਾ ਹੈ, ਆਪਣਾ ਵੱਡਾਪਨ ਦਿਖਾਉਂਦਾ ਹੈ, ਆਪਣਾ ਰੁਤਬਾ ਦਿਖਾਉਂਦਾ ਹੈ, ਉਹ ਮਨ ਦੇ ਵਿੱਚ ਆਪ ਹੀ ਦਸਤਕ ਦੇ ਕੇ ਪ੍ਰਗਟ ਹੁੰਦਾ ਹੈ ਤੇ ਮਨੁੱਖ ਨੂੰ ਸਾਬਤ ਕਰਕੇ ਦਿਖਾਉਂਦਾ ਹੈ

6/517

ਕਿ ਮਨ ਦੇ ਵਿੱਚ ਹੁਕਮ ਕਿਸ ਦਾ ਚੱਲਦਾ ਹੈ। ਸਾਡੇ ਮਨ ਦੇ ਵਿੱਚ ਸਾਡੀ ਇਹ ਸੋਚ ਕਿੱਥੋਂ ਆਉਂਦੀ ਹੈ ਜੋ ਸਾਡੇ ਕੋਲੋਂ ਸਭ ਕੁੱਝ ਕਰਵਾਉਂਦੀ ਹੈ। ਸਾਡੇ ਅੰਦਰ ਦਾ ਹੁਕਮ ਸਾਡੀ ‘‘ਸੋਚ’’ ਹੈ ਜਿਸ ਰਾਹੀਂ ਮਨੁੱਖ ਸਭ ਕੁੱਝ ਜਾਣਦਾ ਹੈ, ਸਮਝਦਾ ਹੈ ਤੇ ਸਭ ਕੁੱਝ ਕਰਦਾ ਹੈ। ਪ੍ਰਮਾਤਮਾ ਮਨ ਦੇ ਅੰਦਰ ਪ੍ਰਗਟ ਹੋ ਕੇ ਮਨੁੱਖ ਦਾ ਇਹੀ ਪੜਦਾ ਉਤਾਰਦਾ ਹੈ ਕਿ ਇਹ ‘‘ਸੋਚ’’ ਕੀ

ਹੈ॥ ਇਹ "ਸੋਚ" ਦੀ ਸੋਝੀ ਪੈਣਾ ਹੀ ਪ੍ਰਮਾਤਮਾ ਦੀ ਸੋਝੀ ਪੈਣਾ ਹੈ, ਆਪਣੇ ਆਪ ਦੀ ਸੋਝੀ ਪੈਣਾ ਹੈ। ਪ੍ਰਮਾਤਮਾ ਮਨੁੱਖ ਨੂੰ ਪ੍ਰਤੱਖ ਤੌਰ ਤੇ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ ਕਿ ਹੇ ਮਨੁੱਖ! ਦੇਖ ਤੇਰੇ ਅੰਦਰ ਹੁਕਮ ਕਿਸ ਦਾ ਚੱਲਦਾ ਹੈ। ਉਹ ਮਨੁੱਖ ਨੂੰ ਬੇਵੱਸ ਕਰਕੇ ਦਿਖਾਉਂਦਾ ਹੈ। ਉਹ ਮਨੁੱਖ ਦੀ ਹੋਂਦ ਨੂੰ ਜ਼ੀਰੋ ਕਰਕੇ ਦਿਖਾਉਂਦਾ ਹੈ। ਜਦ ਤੱਕ ਮਨੁੱਖ ਨਾਲ ਇਹ ਸਭ ਕੁੱਝ ਪਰੈਕਟੀਕਲੀ ਨਹੀਂ ਵਾਪਰਦਾ ਮਨੁੱਖ ਕਦੇ ਨਹੀਂ ਮੰਨ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਚੱਲਦਾ ਹੈ ਤੇ ਇਹ ਸਭ ਕੁੱਝ ਮਨੁੱਖ ਨੂੰ ਮੰਨਣ ਲਈ ਮਜ਼ਬੂਰ ਕਰ ਦਿੰਦਾ ਹੈ ਕਿ ਮੇਰੇ ਅੰਦਰ ਮਨ ਦੇ ਵਿਚਾਰ ਮੇਰੇ ਵੱਸ ਨਹੀਂ ਹਨ। ਜੇਕਰ ਤੁਸੀਂ ਖੱਬਾ ਹੱਥ ਹਿਲਾਉਣਾ ਚਾਹੋ ਤਾਂ ਉਹ ਸੱਜਾ ਹੱਥ ਹਿਲਵਾ ਦਿੰਦਾ ਹੈ। ਤੁਸੀਂ ਅੱਗੇ ਤੁਰਨਾ ਚਾਹੋ, ਉਹ ਪਿੱਛੇ ਤੁਰਵਾਈ ਜਾਂਦਾ ਹੈ। ਇਹ ਇੱਕ ਛੋਟੀ ਜਿਹੀ ਝਲਕ ਹੈ। ਸਭ ਕੁੱਝ ਉਹ ਆਪ ਹੀ ਕਰਵਾਉਂਦਾ ਹੈ। ਉਹ ਅੱਖਾਂ ਬੰਦ ਕਰਵਾ ਦੇਵੇ ਤੇ ਮਨੁੱਖ ਲੱਖ ਜ਼ੋਰ ਲਗਾ ਲਵੇ ਤਾਂ ਉਹ ਨਹੀਂ ਖੁੱਲ੍ਹਦੀਆਂ। ਜ਼ੁਬਾਨ ਬੰਦ ਕਰ ਦੇਵੇ ਤਾਂ ਜ਼ੁਬਾਨ ਨਹੀਂ ਖੁਲ੍ਹਦੀ। ਨਾ ਮਨੁੱਖ ਆਪਣੀ ਮਰਜ਼ੀ ਨਾਲ ਉੱਠ ਸਕਦਾ ਹੈ, ਨਾ ਬੈਠ ਸਕਦਾ ਹੈ। ਇਹ ਸਭ ਕੁੱਝ ਸੱਚ ਹੈ। ਪੂਰਨ ਰੂਪ ਵਿੱਚ ਸੱਚ ਹੈ ਤੇ ਜਿਸ ਦੇ ਨਾਲ ਇਹ ਕੁੱਝ ਬੀਤਦਾ ਹੈ ਕੇਵਲ ਉਹ ਹੀ ਇਸ ਗੱਲ ਨੂੰ ਜਾਣ ਸਕਦਾ ਹੈ ਤੇ ਮੰਨ ਸਕਦਾ ਹੈ ਕਿ ਮਨੁੱਖ ਦੇ ਵੱਸ ਵਿੱਚ ਕੁੱਝ ਵੀ ਨਹੀਂ ਹੈ। ਸਾਡੇ ਮਨ ਦੇ ਅੰਦਰ ਦੇ ਗਿਆਨ ਵਿੱਚ ਆਪ ਪ੍ਰਮਾਤਮਾ ਹੈ। ਇਹ ਸਾਰਾ ਗਿਆਨ ਕਿੱਥੋਂ ਆ ਰਿਹਾ ਹੈ, ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ ਜਦ ਤੱਕ ਉਹ ਪ੍ਰਮਾਤਮਾ ਆਪ ਨਾ ਚਾਹੇ। ਉਹ ਗੁਪਤ ਤੌਰ ਤੇ ਮਨ ਦੇ ਵਿੱਚ ਗਿਆਨ ਰਾਹੀਂ, ਸਾਡੇ ਮਨ ਦੀ ਸਮਝ ਰਾਹੀਂ ਵਰਤ ਰਿਹਾ ਹੈ ਤੇ ਇਸੇ ਮਨ ਦੇ ਗਿਆਨ ਰਾਹੀਂ ਉਸਨੇ ਸਾਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ, ਗਿਆਨ ਰਾਹੀਂ ਪੜਦਾ ਪਾਇਆ ਹੋਇਆ ਹੈ।

ਉੱਪਰ ਸ਼ਬਦ ਦੀ ਪੰਗਤੀ ਦੀ ਸੋਝੀ ਤਾਂ ਹੀ ਪੈ ਸਕਦੀ ਹੈ ਜੇ ਉੱਪਰ ਲਿਖੀ ਹੋਈ ਦਾਸ ਦੇ ਨਿੱਜੀ ਤਜ਼ਰਬੇ ਦੀ ਗੱਲ ਦੀ ਸਮਝ ਲੱਗ ਜਾਵੇ ਭਾਵ ਉਸ ਤੇ ਯਕੀਨ ਆ ਜਾਵੇ ਕਿ ਪ੍ਰਮਾਤਮਾ ਆਪਣਾ ਆਪ, ਆਪਣਾ ਰੂਪ ਕਿਸ ਤਰੀਕੇ ਦਿਖਾਉਂਦਾ ਹੈ। ਪੂਰਨ ਯਕੀਨ ਤਾਂ ਹੀ

6/518

ਕੀਤਾ ਜਾ ਸਕਦਾ ਹੈ ਜਦੋਂ ਮਨੁੱਖ ਦੀ ਆਪਣੀ ਉਹ ਅਵੱਸਥਾ ਬਣ ਜਾਵੇ ਭਾਵ ਜਦੋਂ ਪ੍ਰਮਾਤਮਾ ਦੀ ਇਹ ਖੇਡ ਮਨ ਦੇ ਵਿੱਚੋਂ ਸਮਝ ਲੱਗ ਜਾਵੇ ਕਿ ਸਾਡੇ ਅੰਦਰ ਮਨ ਦੀ ਸਮਝ ਰਾਹੀਂ ਹੁਕਮ ਕਿਸ ਦਾ ਵਰਤਦਾ ਹੈ ਭਾਵ ਪ੍ਰਮਾਤਮਾ ਦਾ ਹੀ ਵਰਤਦਾ ਹੈ। ਇਹ ਸੋਝੀ ਮਨ ਦੇ ਵਿਚਾਰਾਂ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਆਪਣੀ ਰਜ਼ਾ ਦੁਆਰਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ। ਕਰੋੜਾਂ-ਕਰੋੜਾਂ ਵਿੱਚੋਂ ਕਿਸੇ ਨੂੰ ਹੀ ਪਾਉਂਦਾ ਹੈ। ਇਸ ਲਈ ਇਸ ਗੱਲ ਨੂੰ ਕੇਵਲ ਲਿਖ ਕੇ ਦੱਸਿਆ ਜਾ ਸਕਦਾ ਹੈ, ਸਮਝਾਉਣਾ ਉਸ ਦੇ ਹੱਥ ਵਿੱਚ ਹੈ ਜਿਸ ਦੇ ਹੱਥ ਵਿੱਚ ਸਾਡੀ ਸਮਝ ਹੈ, ਜੋ ਸਾਡੀ ਸਮਝ ਦਾ ਮਾਲਕ ਹੈ। ਉੱਪਰ ਪੰਗਤੀ ਵਿੱਚ ਜਿੱਤ ਤੇ ਹਾਰ ਦੀ ਗੱਲ ਕੀਤੀ ਹੋਈ ਹੈ। ਇਹ ਮਨ ਦੇ ਅੰਦਰ ਦੀ ਜਿੱਤ ਹਾਰ ਦਾ ਜ਼ਿਕਰ ਹੈ ਜਿਸ ਦੁਆਰਾ ਮਨੁੱਖ ਨੂੰ ਸੋਝੀ ਪੈਂਦੀ ਹੈ ਕਿ ਮਨ ਦੇ ਵਿੱਚ ਕੇਵਲ ਪ੍ਰਮਾਤਮਾ ਆਪ ਹੀ ਹੈ। ਉਹ ਮਨ ਦੇ ਅੰਦਰ ਮਨੁੱਖ ਨੂੰ ਹਰਾ ਕੇ ਦਿਖਾਉਂਦਾ ਹੈ, ਬੇਵੱਸ ਕਰਕੇ ਦਿਖਾਉਂਦਾ ਹੈ ਕਿ ਸਾਡੇ ਅੰਦਰ ਹੁਕਮ ਕਿਸਦਾ ਚੱਲਦਾ ਹੈ। ਮਨੁੱਖ ਇਸ ਮਨ ਨੂੰ ਆਪਣਾ ਸਮਝਦਾ ਹੈ, ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਸਮਝਦਾ ਹੈ ਤੇ ਜੋ ਕੁੱਝ ਵੀ ਮਨੁੱਖ ਕਰਦਾ ਹੈ, ਉਹ ਇਹ ਹੀ ਸਮਝਦਾ ਹੈ ਕਿ ਸਭ ਕੁੱਝ ਮੈਂ ਆਪ ਹੀ ਕਰ ਰਿਹਾ ਹਾਂ, ਆਪਣੀ ਸੋਚ ਦੁਆਰਾ ਕਰ ਰਿਹਾ ਹਾਂ, ਆਪਣੀ ਸਿਆਣਪ ਦੁਆਰਾ ਕਰ ਰਿਹਾ ਹਾਂ ਭਾਵ ਮਨੁੱਖ ਇਹ ਕਦੇ ਨਹੀਂ ਮੰਨਦਾ ਕਿ ਉਸ ਦੇ ਅੰਦਰ ਦੀ ਸੋਝੀ ਉਸਦੀ ਨਹੀਂ ਹੈ। ਕੋਈ ਮੰਨ ਹੀ ਨਹੀਂ ਸਕਦਾ ਕਿਉਂਕਿ ਇਸ ਸੋਚ ਦੁਆਰਾ ਹੀ ਪ੍ਰਮਾਤਮਾ ਨੇ ਸਾਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ, ਸਾਡੀ ਵੱਖਰੀ ਹੋਂਦ ਬਣਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਜਾਣਿਆ ਹੈ।

{ਜੀਅ ਕੀ ਜੋਤਿ ਨ ਜਾਨੈ ਕੋਈ॥ ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥}

(ਅੰਗ ੧੩੫੧)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥}

(ਅੰਗ ੫੯)

{ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੮)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥}

(ਅੰਗ ੬੬੩)

{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥}

(ਅੰਗ ੭)

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥
ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥
ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥੧॥}

(ਅੰਗ ੭੪੬)

ਸਾਡੇ ਮਨ ਦੇ ਅੰਦਰ ਹੀ ਇਹ ਸੋਚਾਂ ਦੀ ਲੜਾਈ ਹੈ ਜਿੱਥੇ ਜਿੱਤ ਹਾਰ ਦਾ ਫੈਸਲਾ ਹੁੰਦਾ ਹੈ। ਇਹ ਉਹ ਵਚਿੱਤਰ ਖੇਡ ਹੈ ਜਿਸ ਨੂੰ ਬਿਆਨ ਕਰਨਾ ਬਹੁਤ ਕਠਿਨ ਹੈ। ਉੱਪਰ ਜੋ ਕੁੱਝ ਗੱਲਾਂ ਦੱਸੀਆਂ ਹਨ ਭਾਵ ਮਨ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਤੋਂ ਬਾਅਦ ਜੋ ਕੁੱਝ ਮਨੁੱਖ ਨਾਲ ਬੀਤਦਾ ਹੈ ਭਾਵ ਜਿਸ ਤਰੀਕੇ ਨਾਲ ਪ੍ਰਮਾਤਮਾ ਨੇ ਆਪਣੇ ਆਪ ਨੂੰ ਦਾਸ ਦੇ ਅੰਦਰ ਪ੍ਰਗਟ ਕੀਤਾ ਹੈ, ਦਾਸ ਨੂੰ ਬੇਵੱਸ ਕਰਕੇ ਦਿਖਾਇਆ ਹੈ ਉਹ ਕੇਵਲ ਨਾਮ ਮਾਤਰ ਹੀ ਦੱਸਿਆ ਹੈ ਭਾਵ ਬਹੁਤ ਮਾਮੂਲੀ ਜਿਹਾ ਹੀ ਦੱਸਿਆ ਹੈ। (ਟਿਪ ਆਫ ਦੀ ਆਇਸ ਬਰਗ)। ਮਨੁੱਖ ਨੂੰ ਸ਼ੁਰੂ- ਸ਼ੁਰੂ ਤੋਂ ਯਕੀਨ ਹੀ ਨਹੀਂ ਆਉਂਦਾ ਕਿ ਇਹ ਮੇਰੇ ਮਨ ਵਿੱਚ ਕੋਈ ਹੋਰ ਵੀ ਹੋ ਸਕਦਾ ਹੈ। ਮਨ ਦੇ ਵਿੱਚ ਹੀ ਗੱਲਾਂ ਹੁੰਦੀਆਂ ਹਨ ਪਰ ਇੱਕ ਦਮ ਯਕੀਨ ਨਹੀਂ ਆਉਂਦਾ ਕਿ ਇਹ

6/519 ਅਤੇ 519-ਅ

ਆਪ ਪ੍ਰਮਾਤਮਾ ਹੋ ਸਕਦਾ ਹੈ। ਉਸਦੇ ਯਕੀਨ ਦਿਵਾਉਣ ਦੇ ਤਰੀਕੇ ਇਤਨੇ ਕੁ ਅਜੀਬ ਹਨ ਤੇ ਸਿਆਣਪ ਭਰੇ ਹਨ ਜਿਨ੍ਹਾਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਬਹੁਤ-ਬਹੁਤ ਜ਼ਿਆਦਾ ਸਿਆਣਾ ਹੈ। ਜਿੰਨੀ ਕੁ ਸਿਆਣਪ ਉਸ ਨੇ ਮਨੁੱਖ ਨੂੰ ਦਿੱਤੀ ਹੋਈ ਹੈ ਇਤਨੀ ਕੁ ਸਿਆਣਪ ਉਸਦੇ ਸਾਹਮਣੇ ਕਿਣਕਾ ਮਾਤਰ ਵੀ ਨਹੀਂ ਹੈ। ਮਨ ਦੀਆਂ ਸੋਚਾਂ, ਜਿਨ੍ਹਾਂ ਨੂੰ ਮਨੁੱਖ ਆਪਣੀਆਂ ਸਮਝਦਾ ਹੈ, ਆਪਣੇ ਵੱਸ ਵਿੱਚ ਸਮਝਦਾ ਹੈ, ਮਨੁੱਖ ਦੇ ਇਸ ਬਲ ਨੂੰ ਮਨ ਦੇ ਵਿੱਚ ਹੀ ਪ੍ਰਮਾਤਮਾ ਤੋੜ ਦਿੰਦਾ ਹੈ, ਬੁਰੀ ਤਰ੍ਹਾਂ ਤੋੜ ਦਿੰਦਾ ਹੈ। ਇਹਨਾਂ ਸੋਚਾਂ ਤੇ ਮਨੁੱਖ ਦਾ ਕੋਈ ਜ਼ੋਰ ਨਹੀਂ ਚੱਲਦਾ, ਇਹ ਸਾਡਾ ਹੁਕਮ ਨਹੀਂ ਮੰਨਦੀਆਂ। ਉਹ ਉਨ੍ਹਾਂ ਨੂੰ ਬਿਲਕੁਲ ਜ਼ੀਰੋ ਕਰਕੇ ਦਿਖਾਉਂਦਾ ਹੈ। ਜੋ ਕੁੱਝ ਮਨੁੱਖ ਆਪਣੀ ਸੋਚ ਦੁਆਰਾ ਕਰਨਾ ਚਾਹੁੰਦਾ ਹੈ ਉਹ ਆਪ ਹੀ ਉਸ ਤੋਂ ਉਲਟ ਕਰੀ ਜਾਂਦਾ ਹੈ ਭਾਵ ਮਨੁੱਖ ਕਰਨਾ ਕੁੱਝ ਹੋਰ ਚਾਹੁੰਦਾ ਹੈ ਤੇ ਕਰੀ ਕੁੱਝ ਹੋਰ ਜਾਂਦਾ ਹੈ। ਜੇ ਕੁੱਝ ਕਰਨਾ ਚਾਹੁੰਦਾ ਹੈ, ਉਹ ਕਰ ਹੀ ਨਹੀਂ ਸਕਦਾ। ਬੈਠਣਾ ਚਾਹੇ ਤੇ ਬੈਠ ਨਹੀਂ ਸਕਦਾ, ਖਲੋਣਾ ਚਾਹੇ ਤੇ ਖਲੋ ਨਹੀਂ ਸਕਦਾ। ਉਹ ਅੰਦਰੋਂ ਆਪ ਹੀ ਮਨੁੱਖ ਨੂੰ ਮਹਿਸੂਸ ਕਰਾਉਂਦਾ ਹੈ ਕਿ ਦੇਖ ਤੇਰੇ ਕੀਤੇ ਕੀ ਹੁੰਦਾ ਹੈ। ਉੱਥੇ ਮਨੁੱਖ ਦੀਆਂ ਸੋਚਾਂ ਹਾਰ ਜਾਂਦੀਆ ਹਨ ਭਾਵ ਮਨੁੱਖ ਦੀ ਆਪਣੀ ਮਰਜੀ ਹਾਰ ਜਾਂਦੀ ਹੈ ਤੇ ਮਰਜੀ ਉਸੇ ਦੀ ਚੱਲਦੀ ਹੈ। ਉਸ ਦੇ ਅੱਗੇ ਕੋਈ ਪੇਸ਼ ਨਹੀਂ ਜਾਂਦੀ। ਉਹ ਇਸ ਤਰੀਕੇ ਪਰੈਕਟੀਕਲੀ ਮਨੁੱਖ ਨੂੰ ਹਰਾ ਕੇ ਦਿਖਾਉਂਦਾ ਹੈ।

{ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥}

(ਅੰਗ - ੭)

ਉਹ ਮਨੁੱਖ ਨੂੰ ਪ੍ਰਤੱਖ ਰੂਪ ਵਿੱਚ, ਪਰੈਕਟੀਕਲੀ ਦਿਖਾ ਦਿੰਦਾ ਹੈ ਕਿ ਮਨੁੱਖ ਦੇ ਮਨ ਦੇ ਅੰਦਰ ਜੋ ਗਿਆਨ ਆਉਂਦਾ ਹੈ, ਵਿਚਾਰਾਂ ਉਠਦੀਆਂ ਹਨ ਉਨ੍ਹਾਂ ਤੇ ਮਨੁੱਖ ਦਾ ਕੋਈ ਜ਼ੋਰ ਨਹੀਂ ਹੈ, ਉਹ ਉਸ ਦੇ ਵੱਸ ਨਹੀਂ ਹਨ। ਉਹ ਆਪਣਾ ਜ਼ੋਰ ਮਨ ਦੇ

ਅੰਦਰ ਹੀ ਚਲਾ ਕੇ ਦਿਖਾਉਂਦਾ ਹੈ। ਪ੍ਰਮਾਤਮਾ ਦੀ ਵੱਖਰੀ ਸੋਚ ਵਾਰ-ਵਾਰ ਜਿੱਤਦੀ ਹੈ ਤੇ ਮਨੁੱਖ ਦੀਆਂ ਸੋਚਾਂ, ਜਿਨ੍ਹਾਂ ਨੂੰ ਉਹ ਹੁਣ ਤੱਕ ਆਪਣੀਆਂ ਸੋਚਾਂ ਸਮਝਦਾ ਆ ਰਿਹਾ ਸੀ ਉਹ ਉਸਦੇ ਅੱਗੇ ਗੋਡੇ ਟੇਕ ਦਿੰਦੀਆਂ ਹਨ ਭਾਵ ਹਾਰ ਜਾਂਦੀਆ ਹਨ। ਮਨੁੱਖ ਦੀ ਭਰਮ ਵਾਲੀ ਸੋਚ ਮਿਟ ਕੇ, ਦੁਚਿੱਤੀ ਮਿਟ ਕੇ ਪ੍ਰਮਾਤਮਾ ਬਾਰੇ ਇਹ ਸੋਚ ਬਣ ਜਾਂਦੀ ਹੈ ਕਿ ਸਭ ਕੁੱਝ ਕੇਵਲ ਪ੍ਰਮਾਤਮਾ ਹੀ ਹੈ ਤੇ ਉਸ ਤੋਂ ਇਲਾਵਾ ਹੋਰ ਕੋਈ ਹੈ ਹੀ ਨਹੀਂ, ਮਨੁੱਖ ਵੀ ਨਹੀਂ।

(ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥)

(ਅੰਗ ੧)

ਉਪਰਲੀਆਂ ਪੰਗਤੀਆਂ ਦੁਆਰਾ ਸਾਨੂੰ ਸਾਡੇ ਮਨ ਬਾਰੇ ਹੀ ਸਮਝਾਇਆ ਹੋਇਆ ਹੈ ਕਿ ਇਹ ਮਨ ਕਿਸ ਦੇ ਵੱਸ ਹੈ। ਸਾਡੇ ਮਨ ਦੇ ਵਿੱਚ ਸੋਚਾਂ ਹੀ ਉਪਜਦੀਆਂ ਹਨ ਜਿਨ੍ਹਾਂ ਦਾ ਸਾਡੇ ਅੰਦਰ ਉਪਜਣਾ ਸਾਡੇ ਵੱਸ ਵਿੱਚ ਨਹੀਂ ਹੈ। ਪਹਿਲੀ ਪੰਗਤੀ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ ਕਿ ਸਾਡੇ ਸੋਚਣ ਦੁਆਰਾ ਸਾਡੇ ਅੰਦਰ ‘‘ਸੋਚਿ’’ ਨਹੀਂ ਉਪਜਦੀ ਭਾਵੇਂ ਅਸੀਂ ਲੱਖਾਂ ਵਾਰੀ ਸੋਚੀ ਜਾਈਏ ਭਾਵ ਸੋਚਣ ਦਾ ਯਤਨ ਕਰੀ ਜਾਈਏ ਕਿ ਮੈਂ ਜੋ ਚਾਹੇ ਉਹ ਸੋਚ ਲਵਾਂ, ਜੋ ਚਾਹੇ ਜਾਣ ਲਵਾਂ, ਜੋ ਚਾਹੇ ਮਨ ਰਾਹੀਂ ਸਮਝ ਲਵਾਂ। (**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥**) ਮਨ ਦੀਆਂ ਸੋਚਾਂ ਸਾਨੂੰ ਪਰੇਸ਼ਾਨ ਵੀ ਕਰਦੀਆਂ ਹਨ, ਸਾਡੇ ਅੰਦਰ ਅਨੇਕਾਂ ਤ੍ਰਿਸ਼ਨਾਵਾਂ ਉਪਜਦੀਆਂ ਹਨ ਜੋ ਸਾਨੂੰ ਦੁਖ ਦਿੰਦੀਆਂ ਹਨ। ਸਾਡੇ ਅੰਦਰ ਅਨੇਕਾਂ ਡਰ ਪਾਉਣ ਵਾਲੇ ਵਿਚਾਰ ਉਪਜਦੇ ਹਨ, ਸੋਚਾਂ ਉਪਜਦੀਆਂ ਹਨ ਜਿਨ੍ਹਾਂ ਤੋਂ ਮਨੁੱਖ ਬਚਣਾ ਚਾਹੁੰਦਾ ਹੈ। ਜੇਕਰ ਇਹ ਮਨ ਦੀਆਂ ਸੋਚਾਂ ਮਨੁੱਖ ਦੇ ਵੱਸ ਹੋਣ ਤਾਂ ਫਿਰ ਉਹ ਉਸ ਦੀ ਮਰਜੀ ਅਨੁਸਾਰ ਉਪਜਣ, ਚੱਲਣ, ਖਤਮ ਹੋ ਜਾਣ ਪਰ ਮਨੁੱਖ ਇਨ੍ਹਾਂ ਸੋਚਾਂ ਤੋਂ ਬੱਚ ਨਹੀਂ ਸਕਦਾ ਜਿਨ੍ਹਾਂ ਨੂੰ ਮਨ ਦੇ ਫੁਰਨੇ ਵੀ ਕਹਿਆ ਜਾਂਦਾ ਹੈ ਜਿਨ੍ਹਾਂ ਤੋਂ ਮਨੁੱਖ ਬਚਣਾ ਚਾਹੁੰਦਾ ਹੈ। ਮਨ ਦੀਆਂ ਇਨਾਂ ਸੋਚਾਂ ਤੋਂ ਬਚਣ ਲਈ ਅਨੇਕਾਂ ਹੀ ਸਮਾਧੀਆਂ ਲਗਾ ਕੇ ਬੈਠ ਜਾਂਦੇ ਹਨ, ਲੰਮੀਆਂ ਸਮਾਧੀਆਂ ਵਿਚ ਬੈਠਦੇ ਹਨ ਜਿਸ ਦੁਆਰਾ ਉਹ ਸਮਝਦੇ ਹਨ ਕਿ ਸਾਡਾ ਮਨ ਚੁੱਪ ਹੋ ਜਾਵੇਗਾ ਭਾਵ ਇਸ ਵਿੱਚ ਪਰੇਸ਼ਾਨ ਕਰਨ ਵਾਲੇ ਵਿਚਾਰ ਆਉਣੇ ਬੰਦ ਹੋ ਜਾਣਗੇ, ਸਾਡੇ ਅੰਦਰ ਤ੍ਰਿਸ਼ਨਾਵਾਂ ਉਪਜਣੀਆਂ ਬੰਦ ਹੋ ਜਾਣਗੀਆਂ, ਸਾਡੇ ਅੰਦਰ ਔਗੁਣਾਂ ਵਾਲੇ ਵਿਚਾਰ ਆਉਣੇ ਬੰਦ ਹੋ ਜਾਣਗੇ। ਇਨ੍ਹਾਂ ਸਰੀਰਕ ਸਮਾਧੀਆਂ ਦੁਆਰਾ ਉਹ ਆਪਣੇ ਵੱਲੋਂ ਪ੍ਰਮਾਤਮਾ ਦੇ ਨਾਲ ਲਿਵ ਲਾਉਣ ਦਾ ਤਰੀਕਾ ਸਮਝਦੇ ਹਨ, ਉਸਦੀ ਭਗਤੀ ਦਾ ਤਰੀਕਾ ਸਮਝਦੇ ਹਨ ਕਿ ਇਸ ਤਰੀਕੇ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਤੇ ਉਹ ਮਨ ਦੀਆਂ ਪਰੇਸ਼ਾਨੀਆਂ ਤੋਂ ਬੱਚ ਸਕਦੇ ਹਨ, ਮਨ ਦੇ ਅੰਦਰ ਮਾੜੇ ਵਿਚਾਰ ਉਪਜਣ ਤੋਂ ਬੱਚ ਸਕਦੇ ਹਨ ਪਰ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹ ਭਗਤੀ ਦਾ ਤਰੀਕਾ ਨਹੀਂ ਹੈ, ਪ੍ਰਮਾਤਮਾ ਦੇ ਨਾਲ ਲਿਵ ਜੋੜਨ ਦਾ ਤਰੀਕਾ ਨਹੀਂ ਹੈ, ਮਨ ਨੂੰ ਚੁੱਪ ਕਰਾਉਣ ਦਾ ਤਰੀਕਾ ਨਹੀਂ ਹੈ। (**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥**)

ਇਹ ਮਨ ਦੀਆਂ ਸੋਚਾਂ ਸਾਡੇ ਵੱਸ ਨਹੀਂ ਹਨ, ਪ੍ਰਮਾਤਮਾ ਦੇ ਵੱਸ ਹਨ ਜੋ ਸਾਡੇ ਅੰਦਰ ਮਨ ਦੀਆਂ ਸੋਚਾਂ ਦੇ ਵਿੱਚ ਹੀ ਵਿਚਰ ਰਹਿਆ ਹੈ ਤੇ ਉਸ ਨੂੰ ਮਨ ਦੀ ਸੋਚ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਸਾਡੇ ਮਨ ਦੀਆਂ ਸੋਚਾਂ, ਸਾਡੇ ਮਨ ਦੇ ਵਿਚਾਰ ਹੀ ਸਾਡੇ ਅੰਦਰ ਦੀ ਸਮਝ ਹੈ ਜਿਸਨੂੰ ਅਸੀਂ ਆਪਣੀ ਸਮਝ ਕਹਿੰਦੇ ਹਾਂ। ਇਹ ਮਨ ਦੀ ਸਮਝ ਹੀ ਸਾਨੂੰ ਭਰਮਾਂ ਵਿੱਚ ਪਾਉਂਦੀ ਹੈ ਕਿ ਇਹ ਮਨੁੱਖੀ ਸਰੀਰ ਮੇਰਾ ਹੈ, ਇਹ ਮਨ ਦੀ ਸਮਝ ਮੇਰੀ ਹੈ, ਮੈਂ ਬਹੁਤ ਸਿਆਣਾ ਹਾਂ, ਮੈਨੂੰ ਭਗਤੀ ਦੇ ਮਾਰਗ ਦੀ ਬੜੀ ਸਮਝ ਹੈ, ਸਰੀਰਕ ਜਪ ਤਪ ਕਰਨੇ ਭਗਤੀ ਦਾ ਮਾਰਗ ਹੈ, ਸਮਾਧੀਆਂ ਵਿੱਚ ਬੈਠ ਕੇ ਲਿਵ ਲਗਾਉਣੀ ਭਗਤੀ ਦਾ ਮਾਰਗ ਹੈ ਭਾਵ ਇਹ ਸਾਰੇ ਭਰਮ ਮਨ ਦੇ ਵਿੱਚੋਂ ਹੀ ਆਉਂਦੇ ਹਨ, ਮਨ ਦੀ ਸਮਝ ਰਾਹੀਂ ਹੀ ਆਉਂਦੇ ਹਨ ਜਿਨ੍ਹਾਂ ਤੇ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ ਭਾਵ ਸਾਨੂੰ ਭਰਮਾਂ ਵਿੱਚ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜਿਸਨੇ ਆਪ ਹੀ ਸਾਰੇ ਸੰਸਾਰ ਨੂੰ ਭਰਮ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ, ਸਭ ਦੇ ਅੰਦਰ ਹਉਮੈ ਵਾਲੀ ਸਮਝ, ਤ੍ਰੈਗੁਣਾਂ ਵਾਲੀ ਸਮਝ, ਮਾਇਆ ਮੋਹ ਵਾਲੀ ਸਮਝ ਪਾਉਣ ਦੁਆਰਾ ਰੱਖਿਆ ਹੋਇਆ ਹੈ। ਭਗਤੀ ਦੇ ਮਾਰਗ ਤੇ ਬਿਲਕੁਲ ਗਲਤ ਹੁੰਦੇ ਹੋਏ ਵੀ ਮਨੁੱਖ ਆਪਣੇ ਆਪ ਨੂੰ ਠੀਕ ਸਮਝਦਾ ਹੈ। ਇਹ ਭਰਮ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ, ਸੰਤ ਆਦਿ ਅਖਵਾਉਣਾ, ਬ੍ਰਹਮ ਗਿਆਨੀ ਅਖਵਾਉਣਾ ਬਹੁਤ ਵੱਡਾ ਭਰਮ ਹੈ ਤੇ ਉਨ੍ਹਾਂ ਨੂੰ ਇਹ ਕੁੱਝ ਸਮਝਣ ਵਾਲੇ ਵੀ ਭਰਮ ਵਿੱਚ ਹੀ ਹਨ ਕਿਉਂਕਿ ਭਰਮ ਸਭ ਦੇ ਅੰਦਰ ਹੈ, ਮਾਇਆ ਵਾਲੀ ਜੁਗਤਿ ਸਭ ਦੇ ਅੰਦਰ ਹੈ, ਹਉਮੈ ਸਭ ਦੇ ਅੰਦਰ ਹੈ, ਤ੍ਰੈਗੁਣਾਂ ਵਾਲੀ ਸਮਝ ਸਭ ਦੇ ਅੰਦਰ ਹੈ ਜਿਸ ਤੋਂ ਬਾਹਰ ਕੋਈ ਵੀ ਨਹੀਂ ਹੈ। ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਮਾਰਗ ਚੌਥੇ ਪਦ ਦਾ ਗਿਆਨ ਹੈ ਭਾਵ ਮਨ ਦੇ ਅੰਦਰ ‘‘ਸਹਜ’’ ਵਾਲੀ ਅਵੱਸਥਾ ਹੈ ਜੋ ਅਵੱਸਥਾ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆ ਸਕਦੀ

ਹੈ ਜੋ ਕੇਵਲ ਗੁਰ ਪਰਸਾਦਿ ਹੈ, ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥
ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੁਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥

ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥}

(ਅੰਗ ੬੮)

ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਵੀ ਸਾਡੇ ਅੰਦਰ ਦੀ ਸੋਚ ਹੈ ਤੇ ਸਾਡੇ ਅੰਦਰ ਦੀ ਸਹਜ ਵਾਲੀ ਭਾਵ ਚਉਥੇ ਪਦ ਦੇ ਗਿਆਨ ਵਾਲੀ ਸਮਝ ਵੀ ਸਾਡੇ ਅੰਦਰ ਦੀ ਸੋਚ ਹੈ ਭਾਵ ਸਾਡੇ ਮਨ ਦੀ ਸਮਝ ਸਾਡੇ ਮਨ ਦੇ ਵਿਚਾਰਾਂ ਦੇ ਹੱਥ ਹੈ ਜੋ ਵਿਚਾਰ, ਜੋ ਸੋਚ ਸਾਡੇ ਵੱਸ ਨਹੀਂ ਹੈ। ਜੋ ਸਾਡੇ ਵਿਚਾਰਾਂ ਦਾ ਮਾਲਕ ਹੈ, ਸੋਚ ਦਾ ਮਾਲਕ ਹੈ, ਉਹੀ ਸਾਡੇ ਅੰਦਰ ਦੇ ਵਿਚਾਰਾਂ ਨੂੰ ਬਦਲ ਸਕਦਾ ਹੈ ਤੇ ਸਹਜਿ ਵਾਲੇ ਵਿਚਾਰ ਬਣਾ ਸਕਦਾ ਹੈ, ਚੌਥੇ ਪਦ ਵਾਲੇ ਵਿਚਾਰ ਬਣਾ ਸਕਦਾ ਹੈ ਜਿਨ੍ਹਾਂ ਵਿਚਾਰਾਂ ਦੁਆਰਾ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਪਾਉਂਦਾ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਡੇ ਮਨ ਦੇ ਵਿਚਾਰਾਂ ਨੂੰ ਬਦਲਣ ਦਾ ਹੀ ਹੈ ਤੇ ਉਹ ਤਾਂ ਹੀ ਬਦਲ ਸਕਦੇ ਹਨ ਜੇਕਰ ਅਸੀਂ ਉਨ੍ਹਾਂ ਦੇ ਵਿਚਾਰਾਂ ਨੂੰ ਮੰਨਾਂਗੇ ਤੇ ਆਪਣੇ ਤ੍ਰੈਗੁਣ ਵਾਲੇ ਵਿਚਾਰਾਂ ਵਿੱਚੋਂ, ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਾਂਗੇ ਜੋ ਵਿਚਾਰ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ, ਭਗਤੀ ਦੇ ਅਸਲ ਮਾਰਗ ਤੋਂ ਦੂਰ ਕਰਦੇ ਹਨ, ਸਰੀਰਕ ਜਪਾਂ ਤਪਾਂ ਆਦਿ ਵਿੱਚ ਪਾਉਂਦੇ ਹਨ ਜੋ ਭਗਤੀ ਦਾ ਮਾਰਗ ਨਹੀਂ ਹੈ। ਮਨ ਦੀਆਂ ਇੱਛਾਵਾਂ ਤੋਂ ਅਸੀਂ ਜੇਕਰ ਛੁਟਕਾਰਾ ਪਾਉਣਾ ਚਾਹੁੰਦੇ ਹਾਂ ਤਾਂ ਉਸ ਲਈ ਇੱਕੋ ਇੱਕ ਸਾਧਨ ਇਹ ਹੈ ਕਿ ਅਸੀਂ ਗੁਰੂ ਦੀ ਮਤਿ ਤੇ ਚੱਲਣ ਦਾ ਉੱਦਮ ਕਰੀਏ, ਭਰਮਾਂ ਨੂੰ ਛੱਡੀਏ ਤੇ ਮਨ ਦੇ ਵਿਚਾਰਾਂ ਦੇ ਮਾਲਕ ਤੱਕ ਪਹੁੰਚੀਏ ਜੋ ਸਾਡੇ ਅੰਦਰ ਹੀ ਹੈ ਤੇ ਆਪਣੀ ਕਿਰਪਾ ਦੁਆਰਾ ਉਹ ਮਨੁੱਖ ਦੀ ਸਮਝ ਨੂੰ ਪੂਰੀ ਤਰ੍ਹਾਂ ਬਦਲ ਦਿੰਦਾ ਹੈ ਤੇ ਤ੍ਰਿਸ਼ਨਾਵਾਂ ਵਿੱਚੋਂ, ਔਗੁਣਾਂ ਵਿੱਚੋਂ ਕੱਢ ਲੈਂਦਾ ਹੈ ਪਰ ਉਸ ਤੱਕ ਪਹੁੰਚਣ ਲਈ ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਗੁਰੂ ਦੀ ਮਤਿ ਅਨੁਸਾਰ ਆਪਣੀ ਮਤਿ ਨੂੰ ਢਾਲਣ ਦਾ ਹੈ ਨਾ ਕਿ ਸਰੀਰਕ ਜਪਾਂ ਤਪਾਂ ਨਾਲ ਜੁੜਨ ਦਾ, ਕੇਵਲ ਸ਼ਬਦਾਂ ਦੀ ਕਥਨੀ ਨਾਲ ਜੁੜੇ ਰਹਿਣ ਦਾ, ਸਮਾਧੀਆਂ ਲਗਾ ਕੇ ਬੈਠੇ ਰਹਿਣ ਦਾ ਜਿਸ ਨੂੰ ਅਸੀਂ ਪ੍ਰਮਾਤਮਾ ਦੇ ਨਾਲ ਲਿਵ ਜੋੜਨ ਦਾ ਤਰੀਕਾ ਸਮਝਦੇ ਹਾਂ। ਉੱਪਰ ਪਹਿਲੇ ਸ਼ਬਦ ਦੀ ਪੰਗਤੀ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ। (**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥**)

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਸਮਝ ਸਕਦੇ ਹਾਂ ਕਿ ਸਾਡੇ ਘਰ ਦੀ ਕੀਮਤ ਕਿਵੇਂ ਪੈਂਦੀ ਹੈ, ਇਸ ਮਨ ਰੂਪ ਘਰ ਦੀ ਕੀਮਤ ਕਿਵੇਂ ਪੈਂਦੀ ਹੈ, ਜੋ ਕੀਮਤ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ, ਮਨ ਦੇ ਵਿੱਚ ਉਸ ਦੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਪੈਂਦੀ ਹੈ। ਸਾਡੇ ਮਨ ਰੂਪ ਘਰ ਦੇ ਵਿੱਚ ਸੋਚਾਂ ਸਾਡੇ ਅੰਦਰ ਕਿੱਥੋਂ ਆਉਂਦੀਆਂ ਹਨ ਭਾਵ ਮਨ ਦੀਆਂ ਸੋਚਾਂ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਮਨ ਦੀ ਕੀਮਤ ਪੈਂਦੀ ਹੈ ਜਦੋਂ ਮਨ ਦੀਆਂ ਸੋਚਾਂ ਰਾਹੀਂ, ਮਨ ਦੇ ਵਿਚਾਰਾਂ ਰਾਹੀਂ, ਮਨ ਦੀ ਸਮਝ ਰਾਹੀਂ ਮਨੁੱਖ ਦੀ ਤ੍ਰੈਗੁਣਾਂ ਵਾਲੀ, ਭਰਮਾਂ ਵਾਲੀ ਸਮਝ ਨੂੰ ਪ੍ਰਮਾਤਮਾ ਆਪਣੀ ਚੌਥੇ ਪਦ ਵਾਲੀ ਸਮਝ ਰਾਹੀਂ ਮਨ ਦੇ ਵਿੱਚ ਹੀ ਹਰਾ ਕੇ ਦਿਖਾਉਂਦਾ ਹੈ ਭਾਵ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਵੱਡਾਪਨ ਪਰਤਖ ਰੂਪ ਵਿੱਚ ਦਿਖਾਉਂਦਾ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਆਪਣੇ ਉੱਚੇ ਗਿਆਨ ਦੁਆਰਾ ਉੱਚਾ ਹੈ,ਨਾਮ ਦੁਆਰਾ ਉੱਚਾ ਹੈ ਜਿਸ ਉੱਚੇ ਗਿਆਨ ਰਾਹੀਂ ਉਸਨੇ ਸਭ ਕੁੱਝ ਬਣਾਇਆ ਹੈ ਤੇ ਆਪਣੇ ਉੱਚੇ ਗਿਆਨ ਰਾਹੀਂ ਹੀ ਸਭ ਨੂੰ ਚਲਾ ਰਹਿਆ ਹੈ। ਹਰ ਆਕਾਰ ਰੂਪ ਵਿੱਚ ਉਸਦਾ ਉੱਚਾ ਗਿਆਨ ਹੀ ਸਮਾਇਆ ਹੋਇਆ ਹੈ, ਉਸਦੀ ਜੋਤਿ ਦੇ ਰੂਪ ਵਿੱਚ ਸਮਾਇਆ ਹੋਇਆ ਹੈ।

ਮਨੁੱਖੀ ਸਮਝ ਨੂੰ ਨੀਵਾਂ ਰੱਖਣ ਵਾਲਾ ਉਹ ਉੱਚੀ ਸਮਝ ਦਾ ਮਾਲਕ ਆਪ ਹੀ ਹੈ ਜੋ ਮਨ ਦੇ ਵਿੱਚ ਆਪਣੀ ਉੱਚੀ ਸਮਝ ਦੁਆਰਾ ਮਨੁਖ ਦੀ ਨੀਵੀਂ ਸਮਝ ਨੂੰ ਆਪ ਹੀ ਹਰਾ ਕੇ ਦਿਖਾਉਂਦਾ ਹੈ ਜਿਸ ਕਰਤੱਵ ਦੁਆਰਾ ਉਹ ਮਨ ਦੇ ਵਿੱਚ ਜਿੱਤ ਹਾਰ ਦੀ ਸੋਝੀ ਉਹ ਆਪ ਹੀ ਕਰਵਾਉਂਦਾ ਹੈ ਭਾਵ ਆਪਣੇ ਦਰਸ਼ਨ ਮਨ ਦੇ ਵਿੱਚੋਂ ਉਹ ਆਪ ਹੀ ਆਪਣੀ ਕ੍ਰਿਪਾ ਦੁਆਰਾ ਕਰਵਾਉਂਦਾ ਹੈ ਤੇ ਉਦੋਂ ਹੀ ਮਨੁੱਖ ਨੂੰ ਇਸ ਘਰ ਦੀ ਭਾਵ ਇਸ ਮਨ ਦੀ ਕੀਮਤ ਦਾ ਪਤਾ ਲੱਗਦਾ ਹੈ ਕਿ ਇਹ ਮਨ

ਅਨਮੋਲ ਹੈ, ਉਹ ਆਪ ਪ੍ਰਮਾਤਮਾ ਇਸ ਵਿੱਚ ਵਰਤ ਰਿਹਾ ਹੈ, ਉਹ ਲਾਲ, ਜਵਾਹਰ, ਮਾਣਕ ਅੰਦਰ ਹੀ ਹੈ, ਗੁਣੀ ਨਿਧਾਨ

ਅੰਦਰ ਹੀ ਬੈਠਾ ਹੈ, ਹਰਿਮੰਦਰ ਸਾਡੇ ਅੰਦਰ ਹੀ ਹੈ, ਸੱਚ ਖੰਡ ਭਾਵ ਸਚੇ ਪ੍ਰਮਾਤਮਾ ਦਾ ਖੰਡ, ਉਸਦਾ ਟਿਕਾਣਾ ਅੰਦਰ ਹੀ ਹੈ, ਉਸਦਾ ਮਹੱਲ ਅੰਦਰ ਹੀ ਹੈ, ਉਸਦੀ ਦਰਗਾਹ ਅੰਦਰ ਹੀ ਹੈ। **(ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ॥)** ਜਦੋਂ ਉਸਦੀ ਮਨ ਰੂਪ ਦਰਗਾਹ ਮਨੁੱਖ ਨੂੰ ਇਸ ਸਰੀਰ ਰਾਹੀਂ ਨਸੀਬ ਹੋ ਜਾਵੇਗੀ, ਤਾਂ ਹੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਆਪਣੇ ਮਨ ਦੇ ਵਿਚੋਂ ਹੀ ਜਾਣਿਆ ਜਾ ਸਕਦਾ ਹੈ ਜਿਥੇ ਉਸਦਾ ਠਿਕਾਣਾ ਸਭ ਦੇ ਅੰਦਰ ਹੀ ਹੈ। ਜੇ ਕੋਈ ਇਹੋ ਜਿਹਾ ਸੋਚੇ ਕਿ ਪ੍ਰਮਾਤਮਾ ਨੂੰ ਬਿਨਾਂ ਆਪਣੇ ਮਨ ਵਿੱਚ ਮਿਲਣ ਤੋਂ ਉਸਨੂੰ ਬਾਹਰ ਕਿਸੇ ਦਰਗਾਹ ਵਿੱਚ ਮਿਲਿਆ ਜਾ ਸਕਦਾ ਹੈ ਤਾਂ ਇਹ ਸਿਰਫ ਇੱਕ ਭੁਲੇਖਾ ਹੈ। ਇਹੋ ਜਿਹਾ ਕਹਿਣ ਵਾਲਿਆਂ ਦੀ ਵੀ ਕਮੀ ਨਹੀਂ ਕਿ ਉਹ ਰੱਬ ਨੂੰ ਮਿਲੇ ਹੋਏ ਹਨ, ਉਸਦੇ ਕਿਸੇ ਦਿਸਣ ਵਾਲੇ, ਆਕਾਰ ਰੂਪ ਖੰਡ ਬ੍ਰਹਿਮੰਡ ਵਿੱਚ ਪਹੁੰਚ ਕੇ ਮਿਲੇ ਹੋਏ ਹਨ ਜਦਕਿ ਆਪਣੇ ਮਨ ਬਾਰੇ ਕੋਈ ਸੋਝੀ ਨਹੀਂ ਹੁੰਦੀ। ਉਹ ਭੁਲੇਖੇ ਪਾਉਣ ਵਾਲਾ ਆਪ ਹੀ ਅੰਦਰ ਬੈਠਾ ਹੈ ਜੋ ਮਨੁੱਖ ਕੋਲੋਂ ਇਹੋ ਜਿਹੀਆ ਗੱਲਾਂ ਕਰਵਾਉਂਦਾ ਹੈ, ਦੁਨੀਆਂ ਨੂੰ ਉਲਝਾ ਕੇ ਰੱਖਦਾ ਹੈ। ਦਾਸ ਇਨ੍ਹਾਂ ਸਾਰੇ ਭੁਲੇਖਿਆਂ ਵਿੱਚੋਂ ਨਿਕਲ ਚੁੱਕਾ ਹੈ। ਸ਼ੁਰੂ ਸ਼ੁਰੂ ਤੋਂ ਪ੍ਰਮਾਤਮਾ ਨੇ ਇਹ ਸਭ ਕੁਝ ਦਾਸ ਕੋਲੋਂ ਕਰਵਾ ਕੇ ਦਿਖਾਇਆ ਹੈ ਤੇ ਸੋਝੀ ਪਾਈ ਹੈ ਕਿ ਮਨੁੱਖ ਭੁਲੇਖੇ ਵਿੱਚ ਕਿਵੇਂ ਆਉਂਦਾ ਹੈ, ਉਸਦੇ ਛਲਾਵੇ ਵਿੱਚ ਕਿਵੇਂ ਆਉਂਦਾ ਹੈ। ਦਾਸ ਨਾਲ ਉਹ ਸਭ ਕੁਝ ਹੋਇਆ ਹੈ ਜੋ ਸੁਪਨੇ ਵਿੱਚ ਵੀ ਨਹੀਂ ਸੋਚਿਆ ਜਾ ਸਕਦਾ। ਦਾਸ ਨੂੰ ਕਰੀਬ ਢਾਈ ਮਹੀਨੇ ਆਪਣੇ ਅੰਦਰ ਦਾ ਯਕੀਨ ਪੱਕਾ ਹੋਣ ਵਿੱਚ ਲੱਗ ਗਏ ਸਨ ਕਿ ਅੰਦਰ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ। ਉਹ ਜਾਣ ਬੁੱਝ ਕੇ ਇਸ ਤਰ੍ਹਾਂ ਕਰਦਾ ਹੈ। ਇੱਕੋ ਵਾਰੀ ਯਕੀਨ ਨਹੀਂ ਦਿਵਾਉਂਦਾ। ਉਸ ਦੇ ਚੋਜ਼ ਬੜੇ ਨਿਰਾਲੇ ਹਨ। ਕਿਉਂਕਿ ਇਸ ਤਰੀਕੇ ਨਾਲ ਪ੍ਰਮਾਤਮਾ ਦਾ ਪ੍ਰਗਟ ਹੋਣਾ ਇੱਕ ਬਿਲਕੁਲ ਹੀ ਅਣਸੁਣੀ ਅਤੇ ਕਿਤੇ ਨਾ ਪੜ੍ਹੀ ਹੋਈ ਗੱਲ ਸੀ, ਇਸ ਲਈ ਸ਼ੁਰੂ-ਸ਼ੁਰੂ ਵਿੱਚ ਉਸ ਦੁਆਰਾ ਉਹੀ ਕੁਝ ਮਹਿਸੂਸ ਕਰਾਉਣਾ ਜ਼ਰੂਰੀ ਸੀ ਜਿਸ ਨਾਲ ਇਹ ਮਹਿਸੂਸ ਹੋਵੇ ਕਿ ਅੰਦਰ ਕੋਈ ਵੱਡੀ ਤਾਕਤ ਵਰਤ ਰਹੀ ਹੈ, ਪ੍ਰਮਾਤਮਾ ਦਾ ਕੋਈ ਭਾਣਾ ਵਰਤ ਰਿਹਾ ਹੈ, ਉਸ ਦੀ ਕੋਈ ਬਖਸ਼ਿਸ਼ ਹੋਈ ਹੋਈ ਹੈ। ਦਾਸ ਦਾ ਆਪਣਾ ਸਰੀਰ ਵੱਸ ਵਿੱਚ ਨਹੀਂ ਸੀ ਰਹਿੰਦਾ। ਮਨ ਦੀ ਪਹਿਲੀ ਸਮਝ ਦੁਆਰਾ ਦਾਸ ਵੀ ਨਾਮ ਨੂੰ ਜਪਣਾ ਉਹੀ ਕੁਝ ਸਮਝਦਾ ਸੀ ਜਿਵੇਂ ਕਿ ਹਰ ਕੋਈ ਕਿਸੇ ਅਖਰ ਦੇ ਬੋਲੀ ਜਾਣ ਨੂੰ ਨਾਮ ਜਪਣਾ ਸਮਝਦਾ ਹੈ। ਦਾਸ ਦੇ ਥੋੜੀ ਦੇਰ ਵਾਹਿਗੁਰੂ ਵਾਹਿਗੁਰੂ ਬੋਲਣ ਨਾਲ ਸਰੀਰ ਦੇ

6/521

ਵਿੱਚ ਇੱਕ ਅਜੀਬ ਜਿਹੀ ਕੰਪਨ ਸ਼ੁਰੂ ਹੋ ਜਾਂਦੀ ਸੀ ਅਤੇ ਸਿਰ ਬੜੀ ਤੇਜ਼ੀ ਨਾਲ ਘੁੰਮਣ ਲੱਗ ਪੈਂਦਾ ਸੀ। ਕਈ ਵਾਰ ਬਿਨ੍ਹਾਂ ਕੁੱਝ ਬੋਲਣ ਤੋਂ ਹੀ ਇਹ ਸਭ ਕੁੱਝ ਹੋਣ ਲੱਗ ਪੈਂਦਾ ਸੀ। ਕਈ ਵਾਰੀ ਆਪੇ ਹੀ ਮੁੱਖੋਂ ਰਾਮ-ਰਾਮ, ਅੱਲਾਹ-ਅੱਲਾਹ, ਰਾਮਈਆ-ਰਾਮਈਆ ਹੋਣਾ ਸ਼ੁਰੂ ਹੋ ਜਾਂਦਾ ਸੀ। ਇਹ ਆਮ ਕਰਕੇ ਸੁਣਿਆ ਹੋਇਆ ਸੀ ਕਿ ਸਰੀਰ ਦੇ ਅੰਦਰ ਕਿਸੇ ਸ਼ਹੀਦ ਸਿੰਘ ਦਾ ਪਹਿਰਾ ਲੱਗ ਜਾਂਦਾ ਹੈ। ਅੰਦਰੋਂ ਵੀ ਇਹੋ ਜਿਹਾ ਹੀ ਮਹਿਸੂਸ ਹੁੰਦਾ ਸੀ ਕਿ ਕੋਈ ਸ਼ਹੀਦੀ ਪਹਿਰਾ ਲੱਗਾ ਹੋਇਆ ਹੈ, ਪ੍ਰਮਾਤਮਾ ਦੀ ਕ੍ਰਿਪਾ ਹੋਈ ਹੋਈ ਹੈ। ਪਰ ਇਸ ਗੱਲ ਦੀ ਸੋਝੀ ਪੈਣ ਵਿੱਚ ਉਸ ਨੇ ਸਮਾਂ ਜਰੂਰ ਲਗਾਇਆ ਪਰ ਭੁਲੇਖਾ ਹੌਲੀ ਹੌਲੀ ਬੜੇ ਹੀ ਕੋਮਲ ਤਰੀਕੇ ਨਾਲ ਕੱਢਿਆ ਬੜੇ ਹੀ ਸਿਆਣੇ ਤਰੀਕਿਆਂ ਨਾਲ ਕੱਢਿਆ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਇਤਨਾ ਕੁ ਜ਼ਿਆਦਾ ਸਿਆਣਾ ਹੈ, ਗਿਆਨਵਾਨ ਹੈ ਜੋ ਕਿ ਅੰਦਾਜ਼ਿਆਂ ਤੋਂ ਵੀ ਪਰ੍ਹੇ ਦੀ ਗੱਲ ਹੈ। ਦਾਸ ਜਦੋਂ ਸਵੇਰੇ ਉੱਠ ਕੇ ਪਾਠ ਕਰਨ ਲਈ ਬੈਠਦਾ ਸੀ ਕੁੱਝ ਦੇਰ ਸਿਰ ਘੁੰਮਣ ਤੋਂ ਬਾਅਦ ਅਚਾਨਕ ਹੀ ਜੋਗ ਆਸਣ ਹੋਣੇ ਸ਼ੁਰੂ ਹੋ ਗਏ ਜੋ ਕਿ ਦਾਸ ਨੇ ਕਦੇ ਨਹੀਂ ਸੀ ਕੀਤੇ। ਇਤਨੇ ਕਮਾਲ ਦੇ ਆਸਣ ਹੁੰਦੇ ਸਨ ਕਿ ਦੇਖਣ ਵਾਲੇ ਦੰਗ ਰਹਿ ਜਾਂਦੇ ਸਨ ਕਿ ਇਹ ਹੋ ਕੀ ਰਿਹਾ ਹੈ। ਹਰ ਕੋਈ ਇਹ ਹੀ ਕਹਿੰਦਾ ਸੀ ਕਿ ਅੰਦਰ ਕੋਈ ਅਦਭੁੱਤ ਤਾਕਤ ਵਰਤ ਰਹੀ ਹੈ। ਉਸ ਤੋਂ ਕੁੱਝ ਚਿਰ ਬਾਅਦ ਅਚਾਨਕ ਹੀ ਪੱਕੇ ਰਾਗਾਂ ਦਾ ਰਿਆਜ਼ ਹੋਣਾ ਸ਼ੁਰੂ ਹੋ ਗਿਆ ਜੋ ਕਿ ਕਰੀਬ ਇੱਕ ਘੰਟਾ ਹਰ ਰੋਜ਼ ਹੁੰਦਾ ਸੀ। ਦਾਸ ਨੂੰ ਰਾਗਾਂ ਬਾਰੇ ਕਉਡੀ ਜਿਤਨਾ ਵੀ ਗਿਆਨ ਨਹੀਂ ਪਰ ਹੈਰਾਨੀ ਦੀ ਗੱਲ ਹੈ ਕਿ ਬੜੇ ਲੈਅ ਵਿੱਚ ਰਿਆਜ਼ ਹੁੰਦੇ ਸਨ। ਇਸੇ ਤਰ੍ਹਾਂ ਦੀਆਂ ਹੋਰ ਅਨੇਕਾਂ ਘਟਨਾਵਾਂ ਹਨ ਜੋ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਬਸ ਇਹੀ ਮਹਿਸੂਸ ਹੁੰਦਾ ਸੀ ਕਿ ਅੰਦਰ ਕੋਈ ਵੱਡੀ ਤਾਕਤ ਵਰਤ ਰਹੀ ਹੈ। ਇਸ ਦੌਰਾਨ ਉਸ ਨੇ ਵੈਦ ਬਣ ਕੇ ਵੀ ਦਿਖਾਇਆ। ਦਾਸ ਕੁੱਝ ਕਮਰ ਦੇ ਇਹੋ ਜਿਹੇ ਰੋਗ ਤੋਂ ਪੀੜਤ ਸੀ ਜਿਸ ਦਾ ਕਾਫੀ ਦੇਰ ਤੋਂ ਇਲਾਜ ਕਰਵਾਉਣ ਦੇ ਬਾਵਜੂਦ ਵੀ ਆਰਾਮ ਨਹੀਂ ਸੀ ਆਉਂਦਾ। ਉਹ ਕਮਾਲ ਦਾ ਵੈਦ ਹੈ। ਉਸ ਨੇ ਕੁੱਝ ਇਹੋ ਜਿਹੀਆਂ ਐਕਸਰਸਾਈਜਸ ਕਰਵਾਈਆਂ ਜੋ ਕਿ ਸਮਝਾਈਆਂ ਨਹੀਂ ਜਾ ਸਕਦੀਆਂ। ਅੱਜ ਕਾਫੀ ਸਾਲ ਹੋ ਚੁੱਕੇ ਹਨ ਤੇ ਦਾਸ ਹੁਣ ਤੱਕ ਠੀਕ ਮਹਿਸੂਸ ਕਰਦਾ ਹੈ। ਉਸੇ ਅਰਸੇ ਦੇ ਦੌਰਾਨ ਦਾਸ ਨੂੰ

ਆਪਣੇ ਅੰਦਰੋਂ ਅਨੇਕਾਂ ਤਰੀਕਿਆਂ ਦੀਆਂ ਸੋਝੀਆਂ ਪੈਂਦੀਆਂ ਸਨ ਜਿਵੇਂ ਕਿ ਪਿਛਲੇ ਜਨਮ ਬਾਰੇ ਕੁੱਝ ਖਾਸ ਗੱਲਾਂ ਦੀ ਸੋਝੀ ਪੈਣੀ, ਅਗਲੇ ਜਨਮ ਬਾਰੇ ਕੁੱਝ ਗੱਲਾਂ

6/522 ਅਤੇ 522-ਅ

ਕਰਨੀਆਂ, ਖਾਲਸਾ ਰਾਜ ਕਦੋਂ ਸ਼ੁਰੂ ਹੋਣਾ ਹੈ। ਦੂਸਰਿਆਂ ਦੀ ਮੁਕਤੀ ਬਾਰੇ ਸੋਝੀ ਪੈਣਾ ਕਿ ਕੌਣ ਮੁਕਤ ਹੋ ਗਿਆ ਹੈ ਅਤੇ ਕਿਸ ਨੇ ਮੁਕਤ ਹੋ ਜਾਣਾ ਹੈ, ਕਿਸ ਦੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੀ ਅਵੱਸਥਾ ਹੈ ਆਦਿ। ਜਿਹੋ ਜਿਹੀ ਦਾਸ ਨੂੰ ਸੋਝੀ ਪੈਂਦੀ ਸੀ ਉਹ ਬਿਲਕੁਲ ਉਸੇ ਤਰ੍ਹਾਂ ਸੱਚ ਮਹਿਸੂਸ ਹੁੰਦਾ ਸੀ, ਪੱਕਾ ਯਕੀਨ ਹੁੰਦਾ ਸੀ ਕਿ ਸਭ ਕੁੱਝ ਇਸੇ ਤਰ੍ਹਾਂ ਹੀ ਸੱਚ ਹੈ ਕਿਉਂਕਿ ਇਹ ਸਭ ਕੁੱਝ ਮੈਨੂੰ ਪ੍ਰਮਾਤਮਾ ਨੇ ਆਪ ਦੱਸਿਆ ਹੈ ਤੇ ਉਸਦਾ ਦੱਸਿਆ ਕਦੇ ਗਲਤ ਨਹੀਂ ਹੋ ਸਕਦਾ। ਉਹ ਬਹੁਤ ਜ਼ਿਆਦਾ ਸਿਆਣਾ ਹੈ ਅਤੇ ਹੌਲੀ ਹੌਲੀ ਉਸਨੇ ਆਪ ਹੀ ਇਹ ਸਾਬਿਤ ਕਰ ਦਿੱਤਾ ਕਿ ਇਹ ਨਿਰੀਆਂ ਭੁਲੇਖੇ ਵਾਲੀਆ ਗੱਲਾਂ ਹੀ ਸਨ। ਦਾਸ ਨੂੰ ਤਾਂ ਹੀ ਇਸ ਗੱਲ ਦੀ ਸੋਝੀ ਪਈ ਕਿ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਤੇ ਉਹ ਇਤਨੇ ਯਕੀਨ ਨਾਲ ਇਹੋ ਜਿਹੀਆਂ ਗੱਲਾਂ ਕਿਵੇਂ ਕਰਦੇ ਹਨ। ਉਹ ਆਪਣੇ ਵੱਲੋਂ ਇਹ ਗੱਲਾਂ ਸੱਚ ਸਮਝ ਕੇ ਹੀ ਕਰਦੇ ਹਨ ਕਿਉਂਕਿ ਅੰਦਰੋਂ ਉਨ੍ਹਾਂ ਨੂੰ ਮਹਿਸੂਸ ਹੀ ਇਹੋ ਕੁੱਝ ਹੁੰਦਾ ਹੈ। ਉਨ੍ਹਾਂ ਦੇ ਵੱਸ ਹੀ ਨਹੀਂ ਹੈ ਕਿ ਉਹ ਇਹੋ ਜਿਹੀਆਂ ਗੱਲਾਂ ਨਾ ਕਰਨ। ਉਹ ਆਪ ਹੀ ਕਰਵਾਉਂਦਾ ਹੈ, ਉਲਝਾਉਂਦਾ ਹੈ, ਇਹ ਉਸਦਾ ਦੁਨੀਆਂ ਨੂੰ ਉਲਝਾ ਕੇ ਰੱਖਣ ਦਾ, ਭੁਲੇਖੇ ਵਿੱਚ ਰੱਖਣ ਦਾ ਤਰੀਕਾ ਹੈ ਜੋ ਕਿ ਬਾਣੀ ਵਿੱਚ ਵਾਰ-ਵਾਰ ਸਪੱਸ਼ਟ ਵੀ ਕੀਤਾ ਹੋਇਆ ਹੈ ਕਿ ਉਹ ਆਪ ਹੀ ਭੁਲੇਖੇ ਪਾਉਂਦਾ ਹੈ। ਮਨੁੱਖ ਦੇ ਵੱਸ ਕੁੱਝ ਨਹੀਂ, ਕੇਵਲ ਕਠਪੁਤਲੀ ਹੈ। ਇੱਕ ਗੱਲ ਪੱਕੀ ਤਰ੍ਹਾਂ ਦ੍ਰਿੜ ਕਰ ਲਉ ਕਿ ਜਿਸ ਗੱਲ ਬਾਰੇ ਬਾਣੀ ਵਿੱਚ ਗੁਰੂ ਸਾਹਿਬ ਨੇ ਆਪ ਹੀ ਉਹਲਾ ਰੱਖਿਆ ਹੋਇਆ ਹੈ ਉਸ ਬਾਰੇ ਕੋਈ ਨਹੀਂ ਜਾਣ ਸਕਦਾ, ਅਗਰ ਜਾਣਦਾ ਹੈ ਤਾਂ ਇਹ ਉਸਦਾ ਭੁਲੇਖਾ ਹੈ। ਜਿਵੇਂ ਕਿ ਬਾਣੀ ਵਿੱਚ ਮਨੁੱਖ ਦੇ ਪਿਛਲੇ ਜੀਵਨ ਬਾਰੇ ਕੋਈ ਗੱਲ ਨਹੀਂ ਕੀਤੀ ਹੋਈ ਬਲਕਿ ਇਹ ਸਮਝਾਇਆ ਹੋਇਆ ਹੈ ਕਿ ਜਿਸ ਨੂੰ ਅਸੀਂ ਆਪਣਾ ਸੰਸਾਰ ਵਿੱਚ ਜੰਮਣਾ ਮਰਨਾ ਸਮਝਦੇ ਹਾਂ ਉਹ ਸਾਡਾ ਭਰਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਗੱਲਾਂ ਹਨ ਜੋ ਸੁਣਨ ਨੂੰ ਮਿਲਦੀਆਂ ਹਨ ਪਰ ਬਾਣੀ ਵਿੱਚ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਹੁੰਦਾ। ਇਹੋ ਜਿਹੀਆ ਗੱਲਾਂ ਤੇ ਕਦੇ ਯਕੀਨ ਨਹੀਂ ਕਰਨਾ ਚਾਹੀਦਾ। ਗੁਰੂ ਤੋਂ ਸਿਆਣਾ ਕੋਈ ਨਹੀਂ ਹੈ ਜੋ ਉਸ ਤੋਂ ਵੀ ਵੱਧ ਕੇ ਗੱਲ ਕਰ ਸਕੇ। ਗੁਰੂ ਤੋਂ, ਪ੍ਰਮਾਤਮਾ ਤੋਂ ਅਗਰ ਕੋਈ ਵੱਡੀ ਗੱਲ ਕਰਦਾ ਹੈ ਤਾਂ ਇਹ ਉਸਦਾ ਭੁਲੇਖਾ ਹੈ। ਸ਼ੁਰੂ-ਸ਼ੁਰੂ ਤੋਂ ਜੋ ਦਾਸ ਦੇ ਮੁੱਖੋਂ ਨਿਕਲਦਾ ਸੀ ਉਹ ਉਸੇ ਤਰ੍ਹਾਂ ਸੱਚ ਹੋ ਜਾਂਦਾ ਸੀ ਅਤੇ ਇਸੇ ਲਈ ਉਸ ਦੀ ਦੱਸੀ ਹੋਈ ਹਰ ਗੱਲ ਤੇ ਯਕੀਨ ਆ ਜਾਂਦਾ ਸੀ ਪਰ ਬਾਅਦ ਵਿੱਚ ਹੌਲੀ ਹੌਲੀ ਉਹ ਸਾਰੇ ਭੁਲੇਖੇ ਆਪ ਹੀ ਕੱਢੀ ਗਿਆ। ਸ਼ੁਰੂ ਦੇ ਕੁੱਝ ਮਹੀਨੇ ਜ਼ਿਆਦਾਤਰ ਭੁਲੇਖੇ ਪੈਣ ਅਤੇ ਨਿਕਲਣ ਵਿੱਚ ਲੰਘੇ। ਉਹ ਮਨੁੱਖ ਨੂੰ ਇਸ ਕਦਰ ਆਪਣੇ ਆਪ ਵਿੱਚ ਮਸਤ ਕਰ ਦਿੰਦਾ ਹੈ ਕਿ ਲੋਕ ਅਤੇ ਘਰ ਵਾਲਿਆਂ ਸਮੇਤ ਉਸਨੂੰ ਉਲਝਿਆ ਹੋਇਆ ਸਮਝਣ ਲੱਗ ਪੈਂਦੇ ਹਨ, ਭਟਕਿਆ ਹੋਇਆ ਸਮਝਣ ਲੱਗ ਪੈਂਦੇ ਹਨ ਪਰ ਇਹ ਤਾਂ ਉਹੀ ਜਾਣਦਾ ਹੈ ਜਿਸ ਦੇ ਨਾਲ ਬੀਤ ਰਹੀ ਹੁੰਦੀ ਹੈ ਤੇ ਉਹ ਕਿਤਨੇ ਕੁ ਅਨੰਦ ਵਿੱਚ ਹੁੰਦਾ ਹੈ। ਉਸਨੂੰ ਬਾਕੀ ਦੀ ਦੁਨੀਆਂ ਉਲਝੀ ਹੋਈ ਲੱਗਦੀ ਹੈ। ਦਾਸ ਤੇ ਇਹ ਸਭ ਕੁੱਝ ਬੀਤ ਚੁੱਕਾ ਹੈ। ਉਹ ਵਕਤ ਵੀ ਆਇਆ ਸੀ ਜਦੋਂ ਦਾਸ ਦੇ ਘਰ ਵਾਲੇ ਅਤੇ ਨਜ਼ਦੀਕੀ ਰਿਸ਼ਤੇਦਾਰ ਇਹ ਸੋਚਣ ਲੱਗ ਪਏ ਸਨ ਕਿ ਇਸ ਦਾ ਕਿਸੇ ਡਾਕਟਰ ਕੋਲੋਂ ਇਲਾਜ ਕਰਵਾਇਆ ਜਾਵੇ ਕਿਉਂਕਿ ਇਸ ਦੀਆਂ ਗੱਲਾਂ ਬੜੀਆਂ ਅਜੀਬ ਹਨ। ਉਹ ਸਭ ਕੁੱਝ ਆਪ ਹੀ ਕਰਵਾਉਂਦਾ ਹੈ। ਉਸ ਨੂੰ ਸਮਝਿਆ ਨਹੀਂ ਜਾ ਸਕਦਾ। ਵਿੱਚ-ਵਿੱਚ ਨਾਲ ਨਾਲ ਇਹ ਸੋਝੀ ਪੈਣੀ ਵੀ ਸ਼ੁਰੂ ਹੋ ਗਈ ਸੀ ਕਿ ਜੋ ਅਰਥ ਅਸੀਂ ਗੁਰਬਾਣੀ ਦੇ ਸਮਝਦੇ ਹਾਂ ਉਨ੍ਹਾਂ ਵਿੱਚ ਬਹੁਤ ਭੁਲੇਖਾ ਹੈ। ਸਾਨੂੰ ਨਾਮ ਦੀ ਸੋਝੀ

6/523

ਨਹੀਂ ਹੈ, ਸਾਧ ਸੰਗਤ ਦੀ ਸੋਝੀ ਨਹੀਂ ਹੈ, ਹਉਮੈ ਦੀ ਸੋਝੀ ਨਹੀਂ ਹੈ, ਅੰਮ੍ਰਿਤ ਵੇਲੇ ਦੀ ਸੋਝੀ ਨਹੀਂ ਹੈ। ਲੇਕਿਨ ਜਦੋਂ ਦਾਸ ਇਹੋ ਜਿਹੀ ਗੱਲ ਕਿਸੇ ਬਾਣੀ ਦੇ ਜਾਨਣ ਵਾਲੇ ਨਾਲ ਕਰਦਾ ਸੀ ਉਸਨੂੰ ਇਹ ਇੱਕ ਮਜ਼ਾਕ ਜਿਹਾ ਹੀ ਲੱਗਦਾ ਸੀ ਕਿ ਜਿਸ ਨੇ ਕਦੇ ਬਾਣੀ ਖਾਸ ਪੜ੍ਹੀ ਹੀ ਨਹੀਂ, ਕਦੇ ਕੋਈ ਜਪ ਤਪ ਨਹੀਂ ਕੀਤਾ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਿਵੇਂ ਕਰ ਸਕਦਾ ਹੈ ਭਾਵ ਨਾ-ਸਮਝ ਹੈ। ਇਸੇ ਕਰਕੇ ਕਈ ਨਰਾਜ ਵੀ ਹੋ ਗਏ ਕਿ ਇਹ ਪੁੱਠੀਆਂ ਗੱਲਾਂ ਕਰਦਾ ਹੈ। ਦਾਸ ਤੇ ਜਦੋਂ ਕ੍ਰਿਪਾ ਹੋਈ ਸੀ ਉਸ ਤੋਂ ਕਰੀਬ ਛੇ ਮਹੀਨੇ ਪਹਿਲੇ ਦਾਸ ਨੇ ਪਹਿਲੀ ਵਾਰ ਪੂਰੀ ਗੁਰਬਾਣੀ ਦਾ ਪਾਠ ਕੀਤਾ ਸੀ। ਕ੍ਰਿਪਾ ਹੋਣ ਤੋਂ ਪਹਿਲੇ ਤਿੰਨ ਵਾਰੀ ਪਾਠ ਦਾ ਭੋਗ ਪਵਾਇਆ ਸੀ। ਦਾਸ ਨੂੰ ਬਸ ਇਤਨੀ ਕੁ ਹੀ ਜਾਣਕਾਰੀ ਸੀ ਗੁਰਬਾਣੀ ਬਾਰੇ। ਅਰਥਾਂ ਦਾ ਕੋਈ

ਗਿਆਨ ਨਹੀਂ ਸੀ ਪਰ ਸਮਝਣ ਵਿੱਚ ਦਿਲਚਸਪੀ ਜਰੂਰ ਸੀ। ਸਿਰਫ ਇਤਨੀ ਹੀ ਸੋਚ ਸੀ ਕਿ ਬਾਣੀ ਪੜ੍ਹਨੀ ਜਰੂਰ ਚਾਹੀਦੀ ਹੈ। ਕੁੱਝ-ਕੁੱਝ ਜੀਵਨ ਜਾਂਚ ਦੀ ਸੋਝੀ ਉਹ ਆਪੇ ਹੀ ਅੰਦਰੋਂ ਪਾਈ ਜਾਂਦਾ ਸੀ ਤੇ ਦਾਸ ਜਿਸ ਨਾਲ ਵੀ ਗੱਲ ਕਰਦਾ ਸੀ ਉਨ੍ਹਾਂ ਨੂੰ ਹੈਰਾਨੀ ਜਰੂਰ ਹੁੰਦੀ ਸੀ ਪਰ ਯਕੀਨ ਨਹੀਂ ਸੀ ਆਉਂਦਾ ਕਿਉਂਕਿ ਦਾਸ ਦਾ ਪਿਛੋਕੜ ਕੋਈ ਜ਼ਿਆਦਾ ਬਾਣੀ ਪੜਨ ਵਾਲਾ ਨਹੀਂ ਸੀ ਅਤੇ ਨਾ ਹੀ ਦਾਸ ਨੇ ਕਦੇ ਕੋਈ ਜਪ ਤਪ ਕੀਤਾ ਸੀ। ਉਸ ਦੀ ਕ੍ਰਿਪਾ ਹੋਣ ਦੇ ਕਰੀਬ ਇੱਕ ਸਾਲ ਬਾਅਦ ਜਦੋਂ ਦਾਸ ਦੇ ਅਨੇਕਾਂ ਹੀ ਵਹਿਮ ਭੁਲੇਖੇ ਉਹ ਅੰਦਰੋਂ ਕੱਢ ਚੁੱਕਾ ਸੀ ਫਿਰ ਉਸ ਨੇ ਉਹ ਗੱਲ ਦੱਸੀ ਜੋ ਦਾਸ ਲਈ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਸੀ। ਆਪਣੇ ਅੰਦਰੋਂ ਹੁਕਮ ਇਹ ਹੋਇਆ ਕਿ ਬਾਣੀ ਨੂੰ ਸਮਝਣ ਵਿੱਚ ਪਿਆ ਹੋਇਆ ਹਰ ਭੁਲੇਖਾ ਅਸੀਂ ਹੀ ਕੱਢਣਾ ਹੈ, ਬਾਣੀ ਦੇ ਅਰਥ ਸਮਝ ਕੇ ਕੱਢਣਾ ਹੈ। ਦਾਸ ਤਾਂ ਕੁੱਝ ਵੀ ਨਹੀਂ ਜਾਣਦਾ ਸੀ ਤੇ ਇਹ ਹੀ ਲੱਗਦਾ ਸੀ ਕਿ ਅਰਥ ਤਾਂ ਅਨੇਕਾਂ ਵਿਦਵਾਨਾਂ ਦੁਆਰਾ ਪਹਿਲਾ ਹੋਏ ਹੀ ਹੋਏ ਹਨ ਤੇ ਇਸ ਲਈ ਅਰਥਾਂ ਵਿੱਚ ਕੋਈ ਬਹੁਤੇ ਭੁਲੇਖੇ ਵਾਲੀ ਗੱਲ ਨਹੀਂ ਜਾਪਦੀ। ਪਰ ਉਸਦਾ ਹੁਕਮ ਕੁੱਝ ਹੋਰ ਸੀ ਤੇ ਇਹ ਫੁਰਮਾਨ ਹੋਇਆ ਕਿ ਭੁਲੇਖੇ ਹੀ ਭੁਲੇਖੇ ਭਰੇ ਪਏ ਹਨ। ਦਾਸ ਨੂੰ ਹੈਰਾਨੀ ਇਸ ਗੱਲ ਤੋਂ ਸੀ ਕਿ ਦਾਸ ਕੋਲ ਇਤਨੀ ਸਮਰੱਥਾ ਕਿੱਥੋਂ ਆਵੇਗੀ ਕਿ ਉਹ ਬਾਣੀ ਦੇ ਅਰਥ ਕਰ ਸਕੇ। ਬਸ ਇਹ ਹੀ ਮਨੁੱਖ ਦਾ ਭੁਲੇਖਾ ਹੈ ਕਿ ਮਨੁੱਖ ਦੀ ਵੀ ਕੋਈ ਸਮਰੱਥਾ ਹੋ ਸਕਦੀ ਹੈ। ਉਹ ਜੋ ਚਾਹੇ ਕਰਵਾ ਸਕਦਾ ਹੈ। ਉਹ ਕਰਨ ਕਰਾਵਨਹਾਰ ਹੈ। ਅਚਾਨਕ ਹੀ ਇਸ ਤੋਂ ਬਾਅਦ ਅਕਾਲ ਪੁਰਖ ਨੇ ਬਾਣੀ ਵਿੱਚ ਦਿੱਤੀ ਹੋਈ "ਮੁੰਦਾਵਣੀ" ਬਾਰੇ ਸਮਝਾਇਆ ਕਿ ਉਹ ਕੀ ਹੈ,

6/524 ਅਤੇ 524-ਅ

ਉਸਦਾ ਮਕਸਦ ਕੀ ਹੈ। ਬਾਣੀ ਵਿੱਚ ਪਾਈ ਹੋਈ "**ਮੁੰਦਾਵਣੀ"** ਭਾਵ ਉਹ "**ਬੁਝਾਰਤ**" ਕੀ ਹੈ। ਇਸ ਦਾ ਜ਼ਿਕਰ ਇਸ ਲੇਖ ਦੇ ਸ਼ੁਰੂ ਵਿੱਚ ਤੇ ਪਿੱਛੇ ਵੀ ਕੀਤਾ ਹੋਇਆ ਹੈ। ਮੁੰਦਾਵਣੀ ਸਮਝਾਉਣ ਤੋਂ ਬਾਅਦ ਦਾਸ ਨੂੰ "ਜਪੁ ਜੀ" ਬਾਣੀ ਦੇ ਅਰਥ ਸਮਝਾਏ ਗਏ ਜੋ ਕਿ ਕੁੱਝ ਹੀ ਦਿਨਾਂ ਵਿੱਚ ਪੂਰੇ ਹੋ ਗਏ। ਉਹ ਅੰਦਰ ਬੈਠਾ ਆਪ ਹੀ ਅਰਥ ਲਿਖਵਾਈ ਜਾਂਦਾ ਹੈ, ਸਮਝਾਈ ਜਾਂਦਾ ਹੈ, ਦਾਸ ਦਾ ਤਾਂ ਕੇਵਲ ਮੂੰਹ ਹੀ ਹਿੱਲਦਾ ਹੈ। ਇਸ ਗੱਲ ਨੂੰ ਕੇਵਲ ਉਹ ਕੁੱਝ ਸੱਜਣ ਹੀ ਸਮਝ ਸਕਦੇ ਹਨ ਜਿਨ੍ਹਾਂ ਨੇ ਆਪਣੇ ਹੱਥਾਂ ਨਾਲ ਇਹ ਸਾਰੇ ਅਰਥ ਲਿਖੇ ਹਨ ਅਤੇ ਹੁਣ ਵੀ ਲਿਖ ਰਹੇ ਹਨ। ਦਾਸ ਦੇ ਨਜ਼ਦੀਕੀ ਜਾਨਣ ਵਾਲੇ ਜੋ ਬਾਣੀ ਦੇ ਅੰਦਰ ਦੀ ਅਸਲੀਅਤ ਨੂੰ ਜਾਨਣਾ ਚਾਹੁੰਦੇ ਹਨ ਉਹ ਸ਼ੁਰੂ ਤੋਂ ਹੀ ਇਹ ਲਿਖਦੇ ਆ ਰਹੇ ਹਨ। ਮੇਰੇ ਤੋਂ ਜ਼ਿਆਦਾ ਹੈਰਾਨੀ ਉਨ੍ਹਾਂ ਨੂੰ ਹੁੰਦੀ ਹੈ। ਹੁਣ ਤੁਹਾਨੂੰ ਇਸ ਗੱਲ ਦੀ ਸੋਝੀ ਪੈ ਸਕਦੀ ਹੈ ਕਿ "**ਛੱਜੂ**" ਝੀਵਰ ਜੀ ਦੇ ਮੁੱਖੋਂ ਗੁਰੂ ਸਾਹਿਬ ਨੇ ਆਪ ਹੀ ਗੀਤਾ ਦੇ ਅਰਥ ਕਿਵੇਂ ਕਰਵਾਏ ਸਨ। ਉਹ ਸਭ ਵਿੱਚ ਆਪ ਹੀ ਬੈਠਾ ਹੈ। "**ਛੱਜੂ**" ਝੀਵਰ ਜੀ ਦੀ ਤਾਂ ਕੇਵਲ ਜ਼ੁਬਾਨ ਹੀ ਹਿੱਲੀ ਸੀ। ਉਹ ਕਿਸੇ ਵੀ ਸਰੀਰ ਵਿੱਚ ਆਪਣੇ ਗਿਆਨ ਦੁਆਰਾ ਪ੍ਰਗਟ ਹੋ ਸਕਦਾ ਹੈ। ਉਹ "ਮਹਾਂ ਮੂਰਖ" ਦੇ ਅੰਦਰ ਵੀ ਗਿਆਨ ਰਾਹੀਂ ਪ੍ਰਗਟ ਹੋ ਸਕਦਾ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਉਹ ਕੀ ਕੁਝ ਕਰ ਸਕਦਾ ਹੈ, ਉਹ ਸਭ ਵਿੱਚ ਵੱਸਿਆ ਹੋਇਆ ਹੈ ਤੇ ਤਾਂ ਹੀ ਉਸਦੀ ਨਾ ਕਥੀ ਜਾਣ ਵਾਲੀ ਕਹਾਣੀ, ਨਾ ਸਮਝ ਆਉਣ ਵਾਲੀ ਗੱਲ ਦੀ ਭਾਵ ਪ੍ਰਮਾਤਮਾ ਦੇ ਭੇਦ ਦੀ ਸਮਝ ਲੱਗਦੀ ਹੈ।

{ਮਹਾ ਮੁਗਧ ਤੇ ਕੀਆ ਗਿਆਨੀ॥ ਗੁਰ ਪੂਰੇ ਕੀ ਅਕਥ ਕਹਾਨੀ॥}

(ਅੰਗ ੧੩੩੮)

ਆਪਣੇ ਨਾਲ ਮੇਲਣ ਦੀ ਬਿਧ ਵੀ ਉਹ ਆਪ ਹੀ ਬਣਾਉਂਦਾ ਹੈ ਜਿਸਦੀ ਕਿ ਸਮਝ ਨਹੀਂ ਲੱਗਦੀ। ਦਾਸ ਸਰਕਾਰੀ ਬੈਂਕ ਵਿੱਚ ਇੱਕ ਅੱਛੇ ਅਹੁਦੇ ਤੇ ਕੰਮ ਕਰਦਾ ਸੀ ਪਰ ਅਚਾਨਕ ਹੀ ਇੱਕ ਇਹੋ ਜਿਹੀ ਘਟਨਾ ਵਾਪਰੀ ਜਿਸਦਾ ਜਿਕਰ ਨਹੀਂ ਕੀਤਾ ਜਾ ਸਕਦਾ। ਦਾਸ ਦੇ ਬਿਨ੍ਹਾਂ ਕਿਸੇ ਕਸੂਰ ਤੋਂ ਉਹ ਨੌਕਰੀ ਜਾਂਦੀ ਰਹੀ ਤੇ ਇਹ ਸਭ ਕੁੱਝ ਸਮਝ ਤੋਂ ਬਾਹਰ ਸੀ।

6/525

ਕੁੱਝ ਬਹੁਤ ਵੱਡਾ ਅਹੁਦਾ ਰੱਖਣ ਵਾਲਿਆਂ ਦੇ ਭੁਲੇਖੇ ਦਾ ਸ਼ਿਕਾਰ ਦਾਸ ਨੂੰ ਬਣਨਾ ਪੈ ਗਿਆ। ਕਿਸੇ ਹੋਰ ਦੇ ਕੀਤੇ ਹੋਏ ਅਪਰਾਧ ਨਾਲ ਦਾਸ ਦਾ ਨਾਮ ਵੀ ਜੋੜ ਦਿੱਤਾ ਗਿਆ। ਦਾਸ ਦੇ ਕੀਤੇ ਗਏ ਅਨੇਕਾਂ ਉਪਾਅ ਕਿਸੇ ਕੰਮ ਨਾ ਆਏ ਤੇ ਨੌਕਰੀ ਤੋਂ ਨਫ਼ਰਤ ਹੀ ਪੈਦਾ ਹੋ ਗਈ ਕਿ ਇਹ ਕਿਹੋ ਜਿਹੀ ਨੌਕਰੀ ਹੈ ਜਿੱਥੇ ਸੱਚ ਦੀ ਕੋਈ ਕਦਰ ਹੀ ਨਹੀਂ ਪੈਂਦੀ। ਕੇਵਲ ਭੁਲੇਖਾ ਤੇ ਝੂਠ ਪ੍ਰਧਾਨ ਹੈ। ਦਾਸ ਨੇ ਸਾਰੇ ਪਾਸਿਉਂ ਹਾਰ ਕੇ ਗੁਰੂ ਦਾ ਲੜ ਫੜ੍ਹਿਆ, ਅੰਮ੍ਰਿਤ ਪਾਨ ਕੀਤਾ, ਗੁਰੂ ਤੇ ਭਰੋਸਾ ਕਰਕੇ ਬੈਠ ਗਿਆ ਤੇ ਬਹੁਤਾ ਸਮਾਂ ਗੁਰਬਾਣੀ ਦੇ ਪਾਠ ਵਿੱਚ ਹੀ ਬੀਤਦਾ ਸੀ। ਪਾਠ ਕਰਦੇ ਕਰਦੇ ਕਈ ਵਾਰੀ ਅੱਥਰੂ ਆ ਜਾਂਦੇ ਸਨ ਜੋ ਕਿ ਪੋਥੀ ਦੇ ਉੱਪਰ ਹੀ ਡਿੱਗ ਪੈਂਦੇ ਸਨ ਤੇ ਦਾਸ ਨੂੰ ਹੋਰ ਦੁੱਖ ਮਹਿਸੂਸ ਹੁੰਦਾ ਸੀ। ਵਾਰ-ਵਾਰ ਮਨ ਵਿੱਚੋਂ ਇਹ ਹੀ ਨਿਕਲਦਾ ਸੀ ਕਿ ਅਗਰ ਪ੍ਰਮਾਤਮਾ "ਤੂੰ" ਹੈ ਤੇ ਫਿਰ ਕਿੱਥੇ ਹੈ। ਬਾਣੀ ਵਾਰ-ਵਾਰ ਸੱਚ ਦੀ ਗੱਲ ਕਰਦੀ ਹੈ ਪਰ ਸੱਚ ਦੀ ਕਦਰ ਕਿਉਂ ਨਹੀਂ ਪੈ ਰਹੀ। ਅਗਰ ਤੂੰ ਅੰਤਰਜਾਮੀ ਹੈ ਤੇ ਫਿਰ ਤੂੰ ਤੇ ਸਭ ਕੁੱਝ ਜਾਣਦਾ ਹੈਂ ਕਿ ਮੇਰਾ ਕੋਈ ਕਸੂਰ ਨਹੀਂ ਹੈ। ਬੇਇਨਸਾਫੀ ਦੀ ਹੱਦ ਹੋ ਰਹੀ ਹੈ। ਦੱਸਣ ਵਾਲਿਆਂ ਨੇ ਕਈ ਸਿਆਣਿਆਂ ਦਾ ਦਰ ਵੀ ਦੱਸਿਆ, ਕਿਸੇ ਡੇਰੇ ਆਦਿ ਤੇ ਜਾਣ ਲਈ ਵੀ ਦੱਸਿਆ ਪਰ ਦਾਸ ਨੂੰ ਕੇਵਲ ਤੇ ਕੇਵਲ ਭਰੋਸਾ ਇੱਕ ਗੁਰੂ ਤੇ ਹੀ ਸੀ, ਉਸ ਤੇ ਅਥਾਹ ਭਰੋਸਾ ਕੀਤਾ ਜਿਵੇਂ ਕਿ ਲੇਖ ਵਿੱਚ ਪਿੱਛੇ ਵੀ ਕੁੱਝ ਜਿਕਰ ਕੀਤਾ ਹੈ। ਦਾਸ ਦੀ ਇਹੋ ਜਿਹੀ ਬਿਰਤੀ ਬਚਪਨ ਤੋਂ ਹੀ ਹੈ ਜਿਸ ਵਿੱਚ ਵੱਡਾ ਹੱਥ ਦਾਸ ਦੇ ਪਿਤਾ ਜੀ ਦਾ ਹੈ ਜਿਨ੍ਹਾਂ ਨੇ ਕੇਵਲ ਗੁਰੂ ਦੇ ਲੜ ਲੱਗਣਾ ਹੀ ਸਿਖਾਇਆ ਸੀ। ਉਹ ਅਕਾਲ ਪੁਰਖ ਮਨੁੱਖ ਦੀ ਰੋਜ਼ੀ ਦਾ ਆਪ ਹੀ ਖਿਆਲ ਰੱਖਦਾ ਹੈ ਤੇ ਆਪ ਹੀ ਕੋਈ ਨਾ ਕੋਈ ਵਸੀਲਾ ਬਣਾਉਂਦਾ ਹੈ। ਸਭ ਤੋਂ ਔਖੀ ਗੱਲ ਭਰੋਸਾ ਰੱਖਣ ਦੀ ਹੈ। ਜੇਕਰ ਭਰੋਸਾ ਡੋਲ ਗਿਆ ਤੇ ਸਮਝੋ ਕਿ ਉਸਦੀ ਕ੍ਰਿਪਾ ਨਹੀਂ ਹੋ ਰਹੀ। ਭਰੋਸਾ ਉਸਦੀ ਕ੍ਰਿਪਾ ਦੁਆਰਾ ਹੀ ਟਿਕ ਸਕਦਾ ਹੈ ਕਿਉਂਕਿ ਉਹ ਆਪ ਹੀ ਅੰਦਰ ਬੈਠਾ ਸਭ ਕੁੱਝ ਕਰਵਾ ਰਿਹਾ ਹੈ। ਸੱਚ ਕਰਕੇ ਜਾਣੋ, ਜਦੋਂ ਅਚਾਨਕ ਹੀ ਦਾਸ ਤੇ ਉਸਦੀ ਕ੍ਰਿਪਾ ਹੋਈ ਤਾਂ ਉਹ ਵੱਡੇ ਅਫਸਰ ਜੋ ਬਹੁਤ ਮਾੜੇ ਲੱਗਦੇ ਸਨ, ਜਿੰਨ੍ਹਾਂ ਦੀ ਗਲਤੀ ਕਰਕੇ,ਨਾ ਸਮਝੀ ਕਰਕੇ ਦਾਸ ਤੇ ਮੁਸੀਬਤ ਆਈ ਸੀ ਫਿਰ ਉਹ ਵੀ ਮਨ ਵਿੱਚ ਚੰਗੇ ਲੱਗਣ ਲੱਗ ਪਏ ਕਿ ਅਗਰ ਪ੍ਰਮਾਤਮਾ ਉਹਨਾਂ ਕੋਲੋਂ ਇਹੋ ਜਿਹੀ ਗਲਤੀ ਨਾ ਕਰਵਾਉਂਦਾ ਤੇ ਦਾਸ ਉੱਤੇ ਇਹ ਕ੍ਰਿਪਾ ਕਿਵੇਂ ਹੁੰਦੀ ਭਾਵ ਇਹ ਕਾਰਨ ਕਿਵੇਂ ਬਣਦਾ, ਇਹ ਬਿਧ ਕਿਵੇਂ ਬਣਦੀ ਸਭ ਕੁੱਝ ਉਹ ਆਪ ਹੀ ਕਰਵਾਉਂਦਾ ਹੈ ਤੇ ਆਪਣੇ ਇਮਤਿਹਾਨ ਵਿੱਚ ਪਾ ਕੇ ਆਪ ਹੀ ਉਸ ਵਿੱਚੋਂ ਕੱਢਦਾ ਹੈ। ਉਸ ਦੀ ਬਿਧ ਬਾਅਦ ਵਿੱਚ ਹੀ ਸਮਝ ਆਉਂਦੀ ਹੈ ਕਿ ਉਸਦੀ ਮਾਰ ਦੇ ਵਿੱਚ ਵੀ ਉਸਦਾ ਪਿਆਰ ਛੁਪਿਆ ਹੁੰਦਾ ਹੈ, ਉਸਦੀ ਦਾਤ ਛੁਪੀ ਹੁੰਦੀ ਹੈ। (**ਕੇਤਿਆ ਦੁਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥**)

6/526

ਇੱਥੇ ਇਸ ਗੱਲ ਦਾ ਥੋੜਾ ਜ਼ਿਕਰ ਫਿਰ ਤੋਂ ਇਸ ਲਈ ਕੀਤਾ ਗਿਆ ਹੈ ਤਾਂ ਜੋ ਗੁਰੂ ਦੇ ਵਿੱਚ ਵਿਸ਼ਵਾਸ ਵਧੇ ਤੇ ਗੁਰੂ ਦੀ ਮਤਿ ਨੂੰ ਛੱਡ ਕੇ ਅਸੀਂ ਹੋਰ ਇੱਧਰ ਉੱਧਰ ਕਦੇ ਨਾ ਭਟਕੀਏ।

"ਗੁਰਮਤਿ" ਨਾਲ ਸੰਬੰਧਿਤ, "ਬਾਣੀ" ਨਾਲ ਸੰਬੰਧਿਤ ਦਾਸ ਦੇ ਕੁੱਝ ਨਿੱਜੀ ਤਜਰਬੇ ਜੋ ਆਪ ਹੀ ਉਹ ਅੰਦਰ ਬੈਠ ਕੇ ਸਮਝਾਉਂਦਾ ਹੈ, ਉਸ ਬਾਰੇ ਥੋੜੇ ਜਿਹੇ ਵਿਚਾਰ ਅੱਗੇ ਚੱਲ ਕੇ ਕਰਾਂਗੇ। ਆਓ ਹੁਣ ਮੁੱਖ ਸ਼ਬਦ ਵੱਲ ਵਾਪਸ ਆਈਏ ਤੇ ਬਾਕੀ ਦੇ ਅਰਥਾਂ ਨੂੰ ਸਮਝਣ ਦਾ ਉਪਰਾਲਾ ਕਰੀਏ।

"ਕਰਨ ਕਰਾਵਨ ਸਭੁ ਕਿਛੁ ਏਕੈ॥ ਆਪੇ ਬੁਧਿ ਬੀਚਾਰਿ ਬਿਬੇਕੈ॥
ਦੂਰਿ ਨ ਨੇਰੈ ਸਭ ਕੈ ਸੰਗਾ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ॥੮॥੧॥"

(ਅੰਗ ੨੩੬)

ਇਨ੍ਹਾਂ ਉੱਪਰ ਦੀਆਂ ਪੰਗਤੀਆਂ ਦੀ ਗੱਲ ਤਾਂ ਹੀ ਸਮਝ ਆਉਂਦੀ ਹੈ ਜਦੋਂ ਉਸ ਪ੍ਰਮਾਤਮਾ ਨੂੰ ਆਪਣੇ ਮਨ ਦੇ ਅੰਦਰੋਂ ਵੇਖ ਲਿਆ ਜਾਂਦਾ ਹੈ ਭਾਵ ਆਪਣੇ ਇਸ ਮਨ ਰੂਪ ਘਰ ਦੀ ਕੀਮਤ ਪੈ ਜਾਂਦੀ ਹੈ ਜਿਵੇਂ ਕਿ ਸ਼ਬਦ ਦੀਆਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੈ।ਉਹ ਪ੍ਰਮਾਤਮਾ ਕਰਨ ਕਰਾਵਣਹਾਰ ਕਿਵੇਂ ਹੈ, ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ

ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਿਆ ਜਾਂਦਾ ਹੈ। ਕਰਨ ਨੂੰ ਤਾਂ ਸਭ ਕੁੱਝ ਮਨੁੱਖ ਆਪ ਹੀ ਕਰਦਾ ਹੈ ਭਾਵ ਇਹ ਹੀ ਸਮਝਦਾ ਹੈ ਕਿ ਜੋ ਕੁੱਝ ਵੀ ਮੈਂ ਕਰ ਰਿਹਾ ਹਾਂ, ਮੈਂ ਆਪਣੀ ਮਰਜੀ ਨਾਲ ਕਰ ਰਿਹਾ ਹਾਂ ਪਰ ਇਹ ਨਹੀਂ ਮੰਨ ਸਕਦਾ ਕਿ ਮੇਰੇ ਕੋਲੋਂ ਇਹ ਸਭ ਕੁੱਝ ਕਰਾਉਣ ਵਾਲਾ ਉਹ ਆਪ ਹੀ ਅੰਦਰ ਬੈਠਾ ਹੈ ਜੋ ਕਿ ਆਪ ਹੀ ਸਾਰਾ ਗਿਆਨ ਦੇ ਰਿਹਾ ਹੈ, ਮਨ ਦੇ ਵਿੱਚ ਸਾਰੀ ਸੋਚ ਦੇ ਰਿਹਾ ਹੈ। ਜਿਵੇਂ ਕਿ ਅਸੀਂ ਸ਼ਬਦ ਦੀਆਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਜਾਣਿਆ ਹੈ ਕਿ ਸਾਡੇ ਅੰਦਰ ਮਨ ਰੂਪ ਮੰਦਰ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਮਨ ਰੂਪ ਘਰ ਦੀ ਕੀਮਤ ਪੈਂਦੀ ਹੈ। (**ਕਰਿ ਕਿਰਪਾ ਜਉ ਸਤਿਗੁਰੁ ਮਿਲਿਓ॥ ਮਨ ਮੰਦਰ ਮਹਿ ਦੀਪਕੁ ਜਲਿਓ॥ ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ॥੭॥**) ਅੰਗ - ੨੩੫ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਉਸਦੀ ਸੋਚ ਉਸ ਕੋਲੋਂ ਕਰਵਾਉਂਦੀ ਹੈ। ਬਸ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਇਸੇ "ਸੋਚ" ਦੀ ਸੋਝੀ ਪੈ ਜਾਂਦੀ ਹੈ ਕਿ ਇਹ ਕਿੱਥੋਂ ਆ ਰਹੀ ਹੈ ਤੇ ਇਹ "ਸੋਚ" ਕਿਸ ਦੀ ਹੈ। ਤਾਂ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਮੈਂ ਕੇਵਲ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝ ਕੇ ਕਰਨ ਵਾਲਾ ਹਾਂ ਪਰ ਕਰਵਾਉਣ ਵਾਲਾ ਉਹ ਆਪ ਹੀ ਇੱਕੋ ਇੱਕ ਹੈ ਤੇ ਹੋਰ ਕੋਈ ਨਹੀਂ ਹੈ।

(ਕਰਨ ਕਰਾਵਨ ਸਭੁ ਕਿਛੁ ਏਕੈ)

ਇਹ "**ਸੋਚ**" ਦੀ ਸਮਝ ਲੱਗਣ ਨਾਲ ਹੀ ਪ੍ਰਮਾਤਮਾ ਦੀ ਉਹ ਮਾਇਆ

6/527

ਦੀ ਜੁਗਤਿ ਦੇ ਭੇਤ ਦਾ ਪਤਾ ਲੱਗਦਾ ਹੈ ਕਿ ਮਨੁੱਖ ਨੂੰ ਪ੍ਰਮਾਤਮਾ ਨੇ ਆਪਣੇ ਨਾਲੋਂ ਕਿਵੇਂ ਵੱਖਰਾ ਕੀਤਾ ਹੋਇਆ ਹੈ ਭਾਵ ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਮਨ ਦੇ ਅੰਦਰੋਂ ਸੁਣ ਲੈਂਦਾ ਹੈ, ਉਸ ਦੇ ਨਾਲ ਗੱਲਾਂ ਕਰ ਲੈਂਦਾ ਹੈ। **{ਸੁਣਿਐ ਜੋਗ ਜੁਗਤਿ ਤਨਿ ਭੇਦ॥}** ਅੰਗ - ੨ ਇਹ ਮਨ ਵਿੱਚ ਸੁਣਨਾ ਕੀ ਹੈ ਇਸ ਗੱਲ ਦੀ ਸੋਝੀ ਜਪੁਜੀ ਬਾਣੀ ਵਿੱਚ ਅੱਗੇ ਚੱਲ ਕੇ ਸਮਝਾਂਗੇ। ਪ੍ਰਮਾਤਮਾ ਨੂੰ ਜਦੋਂ ਮਨੁੱਖ ਆਪਣੇ ਅੰਦਰੋਂ ਸੁਣ ਲੈਂਦਾ ਹੈ ਤਾਂ ਹੀ ਇਸ ਗੱਲ ਤੇ ਯਕੀਨ ਆਉਂਦਾ ਹੈ ਕਿ ਸਾਡੇ ਅੰਦਰ ਜੋ ਬੁੱਧ ਹੈ, ਮਤਿ ਹੈ, ਸਾਡੇ ਅੰਦਰ ਦੇ ਜੋ ਵਿਚਾਰ ਹਨ ਭਾਵ ਜੋ ਸਾਡੇ ਅੰਦਰ ਸੋਚਾਂ ਉਠਦੀਆਂ ਹਨ ਉਹ ਸੋਚਾਂ ਸਾਡੇ ਅੰਦਰ ਉਪਜਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ, ਉਹ ਆਪ ਹੀ ਸਾਡੀ ਮਤਿ ਦੇ ਵਿੱਚ ਬੈਠਾ ਹੈ ਤੇ ਉਹ ਆਪ ਹੀ ਸਾਡੀ ਮਤਿ ਨੂੰ ਬਿਬੇਕ ਵਾਲੀ ਭਾਵ ਗਿਆਨਵਾਨ ਬਣਾ ਸਕਦਾ ਹੈ ਜਿਸ ਬਿਬੇਕ ਬੁਧਿ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਭਾਵ ਸਾਡੇ ਅੰਦਰ ਦਾ ਜੋ ਵੀ ਗਿਆਨ ਹੈ ਉਹ ਸਭ ਪ੍ਰਮਾਤਮਾ ਆਪ ਹੀ ਦੇ ਰਿਹਾ ਹੈ ਤੇ ਜਿਵੇਂ ਉਸਦੀ ਰਜ਼ਾ ਹੈ ਉਸੇ ਤਰ੍ਹਾਂ ਮਨੁੱਖ ਨੂੰ ਚਲਾ ਰਿਹਾ ਹੈ।

(ਆਪੇ ਬੁਧਿ ਬੀਚਾਰਿ ਬਿਬੇਕੈ)

ਪ੍ਰਮਾਤਮਾ ਇੱਕੋ ਇੱਕ ਆਪ ਹੀ ਹੈ ਤੇ ਦੂਜਾ ਹੋਰ ਕੋਈ ਨਹੀਂ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਪਹਿਲਾਂ ਹੀ ਸਪੱਸ਼ਟ ਹੈ। ਉਹ ਫਿਰ ਦੂਰ ਕਿਸ ਤੋਂ ਹੈ ਅਤੇ ਨੇੜੇ ਕਿਸ ਤੋਂ ਹੈ। ਉਹ ਨਾ ਕਿਸੇ ਤੋਂ ਦੂਰ ਹੈ ਅਤੇ ਨਾ ਕਿਸੇ ਤੋਂ ਨੇੜੇ ਹੈ ਭਾਵ ਉਹ ਆਪ ਹੀ ਹੈ ਭਾਵ ਉਹ ਸਭ ਦੇ ਵਿੱਚ ਆਪ ਹੀ ਹੈ, ਸਿਰਫ਼ ਇਸ ਦੀ ਮਨ ਦੇ ਵਿੱਚ ਸੋਝੀ ਪੈਣ ਦੀ ਲੋੜ ਹੈ।

(ਦੂਰਿ ਨ ਨੇਰੈ ਸਭ ਕੈ ਸੰਗਾ)

ਅਸਲ ਵਿੱਚ ਉਹ ਆਪ ਹੀ ਹੈ ਤੇ ਆਪਣੇ ਮੇਲ ਦੁਆਰਾ ਆਪਣੇ ਆਪ ਨੂੰ ਹੀ ਮਿਲਦਾ ਹੈ ਭਾਵ ਜੋ ਗੁਪਤ ਵਰਤ ਰਿਹਾ ਹੁੰਦਾ ਹੈ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਭਾਵ ਆਪਣਾ ਆਪ ਪ੍ਰਗਟ ਕਰ ਦਿੰਦਾ ਹੈ ਜਿਸ ਨਾਲ ਮਨੁੱਖ ਦਾ ਭੁਲੇਖਾ ਦੂਰ ਹੋ ਜਾਂਦਾ ਹੈ ਭਾਵ ਮਨੁੱਖ ਦਾ ਇਹ ਭੁਲੇਖਾ ਦੂਰ ਹੋ ਜਾਂਦਾ ਹੈ ਕਿ ਮੇਰੀ ਕੋਈ ਵੱਖਰੀ ਹੋਂਦ ਨਹੀਂ ਹੈ ਤੇ ਸਭ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ। ਮਨੁੱਖ ਦਾ ਇਹ ਨਿਰਾ ਭੁਲੇਖਾ ਹੀ ਹੈ ਕਿ ਉਹ ਆਪ ਵੀ ਕੁੱਝ ਹੈ। ਹੇਠ ਲਿਖੇ ਸ਼ਬਦਾਂ ਦੀਆਂ ਪੰਗਤੀਆਂ ਤੋਂ ਭਾਵ ਵੀ ਇਹੋ ਕੁੱਝ ਹੀ ਹੈ।

6/528

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ॥
ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ॥
ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ॥
ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ॥੨॥}

(ਅੰਗ ੧੦੯੩)

{ਆਪਸ ਕਉ ਆਪੁ ਮਿਲਾਇਆ॥ ਭ੍ਰਮ ਭੰਜਨ ਹਰਿ ਰਾਇਆ॥
ਆਚਰਜ ਸੁਆਮੀ ਅੰਤਰਜਾਮੀ ਮਿਲੇ ਗੁਣ ਨਿਧਿ ਪਿਆਰਿਆ॥}

(ਅੰਗ ੧੨੭੯)

ਇਹ ਵਿਸ਼ਵਾਸ ਕਰਕੇ ਜਾਣੋ ਕਿ ਜੋ ਜੋ ਕੁੱਝ ਵੀ ਬਾਣੀ ਵਿੱਚ ਲਿਖਿਆ ਹੋਇਆ ਹੈ, ਸਮਝਾਇਆ ਹੋਇਆ ਹੈ ਉਹ ਬਿਲਕੁਲ ਹੂ ਬ ਹੂ ਉਸੇ ਤਰ੍ਹਾਂ ਸੱਚ ਹੈ। ਵਿਸ਼ਵਾਸ ਉਸਦੇ ਦਿਵਾਏ ਹੀ ਆਵੇਗਾ ਕਿਉਂਕਿ ਮਨੁੱਖੀ ਸਮਝ ਨੂੰ ਉਸਨੇ ਆਪ ਹੀ ਭਰਮਾਂ ਵਿੱਚ ਰੱਖਿਆ ਹੋਇਆ ਹੈ ਤੇ ਮਨ ਦੇ ਭਰਮ ਉਸਦੇ ਕੱਢੇ ਬਿਨ੍ਹਾਂ ਨਹੀਂ ਨਿਕਲ ਸਕਦੇ।

ਉਸ ਸੱਚੇ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਇਸ ਤਰ੍ਹਾਂ ਉਸਨੂੰ ਆਪਣੇ ਅੰਦਰੋਂ ਜਾਣ ਕੇ ਹੀ ਪੂਰੀ ਹੁੰਦੀ ਹੈ, ਉਸ ਨਾਲ ਮਿਲ ਕੇ ਪੂਰੀ ਹੁੰਦੀ ਹੈ ਤੇ ਇਸ ਤਰੀਕੇ ਨਾਲ ਮਨੁੱਖ ਫਿਰ ਉਸ ਦੇ ਰੰਗ ਵਿੱਚ ਹੀ ਰੰਗ ਜਾਂਦਾ ਹੈ ਭਾਵ ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦੀ ਸਮਝ ਨਾਲ ਰੰਗਿਆ ਜਾਂਦਾ ਹੈ ਭਾਵ ਉਸ ਦੇ ਨਾਲ ਹੀ ਮਿਲ ਜਾਂਦਾ ਹੈ, ਉਸਦੇ ਸੱਚੇ ਗਿਆਨ ਨਾਲ ਇੱਕ ਹੋ ਜਾਂਦਾ ਹੈ, ਉਸਦੀ ਮਤਿ ਨਾਲ ਇੱਕ ਹੋ ਜਾਂਦਾ ਹੈ ਜੋ ਕਿ ਮਨ ਦੇ ਵਿੱਚ ਹੀ ਉਸਦੇ ਕੋਲੋਂ ਮਿਲਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

(ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ)

ਉੱਪਰ ਮੁੱਖ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਮਨ ਦੇ ਵਿੱਚ ਜਿੱਤ ਹਾਰ ਕਿਵੇਂ ਹੁੰਦੀ ਹੈ। ਹਾਰਦੀ ਮਨੁੱਖੀ ਮਤਿ ਹੈ ਤੇ ਜਿੱਤਦੀ ਗਰੂ ਦੀ ਮਤਿ ਹੈ ਭਾਵ ਹਾਰਦਾ ਮਨ ਦਾ ਭਰਮ ਹੈ ਤੇ ਜਿੱਤਦਾ ਗੁਰੂ ਦਾ ਸੱਚਾ ਗਿਆਨ ਹੈ। ਮਨੁੱਖੀ ਸਮਝ ਨੂੰ ਪ੍ਰਮਾਤਮਾ ਨੇ ਆਪ ਹੀ ਨੀਵੀਂ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਉਹ ਆਪ ਉੱਚੀ ਮਤਿ ਵਿੱਚ ਹੈ ਤੇ ਉਹ ਜਦੋਂ ਵੀ ਕਿਸੇ ਦੇ ਨਾਲ ਮਨ ਦੇ ਵਿੱਚ ਮੇਲ ਕਰਦਾ ਹੈ ਉਹ ਮਨੁੱਖੀ ਸਮਝ ਨੂੰ ਆਪ ਹੀ ਨੀਵਾਂ ਕਰਕੇ ਦਿਖਾਉਂਦਾ ਹੈ ਤੇ ਆਪਣੀ ਉੱਚੀ ਮਤਿ ਦੀ ਕੀਮਤ ਸਮਝਾਉਂਦਾ ਹੈ ਜਿਸ ਉੱਚੀ ਮਤਿ ਦੁਆਰਾ ਪੂਰੀ ਗੁਰਬਾਣੀ ਦੀ ਰਚਨਾ ਹੋਈ ਹੈ, ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ। ਸਾਡੀ ਨੀਵੀਂ ਮਤਿ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਵਾਲੀ ਸਮਝ ਹੈ, ਤ੍ਰੈਗੁਣਾਂ ਵਾਲੀ ਸਮਝ ਹੈ ਤੇ ਉੱਚੀ ਮਤਿ ਦਾ ਮਾਲਕ ਵੀ ਮਨ ਦੇ ਵਿੱਚ ਹੀ ਹੈ ਜੋ ਚਉਥੇ ਪਦ ਦੀ ਗਿਆਨ ਵਾਲੀ ਸਮਝ ਦੇ ਵਿੱਚ ਹੈ, ਸਹਜ ਗਿਆਨ ਵਾਲੀ ਸਮਝ ਦੇ ਵਿੱਚ ਹੈ, ਬਿਬੇਕ ਗਿਆਨ ਵਾਲੀ ਮਨ ਦੀ ਬੁਧਿ ਦੇ ਵਿੱਚ ਹੈ। ਹਾਰਦੀ ਸਾਡੇ ਅੰਦਰ ਦੀ ਮਾਇਆ ਵਾਲੀ ਸਮਝ ਹੀ ਹੈ ਜੋ ਮਾਇਆ ਦੀ ਜੁਗਤਿ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਕਰਕੇ ਜਿੱਤਦਾ ਪ੍ਰਮਾਤਮਾ ਆਪ ਹੈ ਜੋ ਕਿ ਸਭ ਦੇ ਅੰਦਰ ਆਪਣੇ ਉੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਜਿਸਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਇਸ ਗੱਲ ਨੂੰ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥
ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥6॥”

(ਅੰਗ ੧੦੯੬)

ਅਸੀਂ ਲੇਖ ਦੇ ਸ਼ੁਰੂ ਤੋਂ ਹੀ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਕਿ "ਹਉਮੈ" ਕੀ ਹੈ ਜਿਸਨੂੰ ਸਮਝੇ ਬਿਨ੍ਹਾਂ ਨਾ ਹੀ ਨਾਮ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਇਸ ਮਨ ਦੀ ਸਮਝ ਲੱਗ ਸਕਦੀ ਹੈ। ਹਉਮੈ ਵਾਲੀ ਸਮਝ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹ "ਹਉਮੈ" ਹੀ ਸਾਡੇ ਅੰਦਰ ਦੀ "ਮਾਇਆ" ਹੈ ਜੋ ਸਭ ਦੇ ਅੰਦਰ ਹੈ। ਇਹ ਸਾਡੇ ਅੰਦਰ ਦੀ "ਨਾਸਮਝ" ਮਤਿ ਹੈ ਜੋ ਸਾਨੂੰ ਗੁਰੂ ਦੀ ਸੱਚੀ ਸਮਝ ਨਾਲ ਜੁੜਨ ਤੋਂ ਦੂਰ ਰੱਖਦੀ ਹੈ, ਨਾਮ ਨਾਲ ਜੁੜਨ ਤੋਂ ਦੂਰ ਰੱਖਦੀ ਹੈ ਭਾਵ ਸਚੁ ਸਮਝਣ ਤੋਂ ਦੂਰ ਰੱਖਦੀ ਹੈ। "ਸਚੁ" ਦੀ ਸਮਝ ਆਏ ਬਿਨ੍ਹਾਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਆਪਣੇ ਅੰਦਰ ਚੱਲ ਰਹੀ ਪ੍ਰਮਾਤਮਾ ਦੀ ਖੇਡ ਨੂੰ ਸਮਝਿਆ ਜਾ ਸਕਦਾ ਹੈ ਜੋ ਉਸਦੀ ਖੇਡ ਸਾਡੇ ਸਭ ਦੇ ਅੰਦਰ ਚੱਲ ਰਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਦੁਆਰਾ ਹੋਰ ਵੀ ਸਮਝਾਂਗੇ। ਸਾਡੇ ਅੰਦਰ ਦੀ ਇਹ "ਹਉਮੈ" ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਪੜਦਾ ਹੈ, "ਸਚੁ" ਦੇ ਨਾਲ, "ਨਾਮੁ" ਦੇ ਨਾਲ ਪੜਦਾ ਹੈ ਜੋ ਪੜਦਾ ਦੂਰ ਹੋਏ ਬਿਨ੍ਹਾਂ ਆਪਣੇ ਅੰਦਰੋਂ ਪ੍ਰਮਾਤਮਾ ਦੀ ਖੇਡ ਨੂੰ ਨਹੀਂ ਜਾਣਿਆ ਜਾ ਸਕਦਾ ਕਿਉਂਕਿ ਪ੍ਰਮਾਤਮਾ ਆਪਣੀ ਖੇਡ ਮਨ ਦੀ ਹਉਮੈ ਦੁਆਰਾ ਹੀ ਚਲਾ ਰਹਿਆ ਹੈ। (**ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥**) ਇਹ "ਹਉਮੈ" ਸਾਡੇ ਅੰਦਰ ਆਪਣੀ ਖੇਡ ਕਿਸ ਤਰੀਕੇ ਖੇਡਦੀ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਤੇ ਅੱਗੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਤੇ ਇਸ ਖੇਡ ਵਿੱਚੋਂ ਨਿਕਲਿਆ ਕਿਵੇਂ ਜਾ ਸਕਦਾ ਹੈ, ਇਹ ਵੀ ਆਖਰੀ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ। ਪਹਿਲੇ ਅਗਲੀਆਂ ਪੰਗਤੀਆਂ ਰਾਹੀਂ ਖੇਡ ਨੂੰ ਸਮਝਦੇ ਹਾਂ।

"ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥
ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥"

ਪ੍ਰਮਾਤਮਾ ਦੀ ਇਹ ਖੇਡ ਹਉਮੈ ਦੇ ਰੂਪ ਵਿੱਚ ਸਾਡੇ "ਮਨ ਰੂਪ" ਮੰਦਰ ਦੇ ਵਿੱਚ ਵਰਤਦੀ ਹੈ। "ਏਕੁ ਮੰਦਰੁ" ਤੋਂ ਭਾਵ ਹੈ ਸਾਡੇ ਅੰਦਰ ਜੋ ਮਨ ਦੇ ਰੂਪ ਵਿੱਚ "ਮੰਦਰੁ" ਹੈ ਉਹ ਪ੍ਰਮਾਤਮਾ ਦਾ ਆਪਣਾ ਮੰਦਰ ਹੈ। ਸਾਡੇ ਅੰਦਰ ਪ੍ਰਮਾਤਮਾ ਸਾਡੇ ਮਨ ਦੇ ਰੂਪ ਵਿੱਚ ਹੀ ਹੈ ਭਾਵ ਮਨ ਦੇ ਅੰਦਰ ਦੀ ਸਮਝ ਦੇ ਰੂਪ ਵਿੱਚ ਹੀ ਹੈ ਜਿਸ ਮਨ ਨੂੰ ਅਸੀਂ ਆਪਣਾ ਮਨ ਸਮਝਦੇ ਹਾਂ ਜੋ ਕਿ ਸਾਡੀ "ਹਉਮੈ" ਹੈ ਭਾਵ ਨਾਸਮਝੀ ਹੈ। "ਹਉਮੈ" ਦਾ ਮਕਸਦ ਸਾਨੂੰ ਭਰਮਾਂ ਵਿੱਚ ਰੱਖਣ ਦਾ ਹੀ ਹੈ। ਇਸ ਸਰੀਰ ਨੂੰ ਅਸੀਂ ਆਪਣਾ ਸਰੀਰ ਮਨ ਦੀ ਹਉਮੈ ਕਰਕੇ ਹੀ ਸਮਝਦੇ ਹਾਂ, ਮਨ ਦੀ ਅਗਿਆਨਤਾ ਕਰਕੇ ਹੀ ਸਮਝਦੇ ਹਾਂ ਜਿਸ ਕਰਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਪ੍ਰਮਾਤਮਾ ਦੇ ਮੰਦਰ ਨੂੰ ਨਹੀਂ ਜਾਣ ਸਕਦੇ। ਪੂਰੀ ਗੁਰਬਾਣੀ ਜਗ ਦੇ ਵਿੱਚ ਪ੍ਰਮਾਤਮਾ ਦੇ ਇਸ ਮਨ ਰੂਪ ਮੰਦਰ ਵਿੱਚੋਂ ਹੀ ਆਈ ਹੈ। ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸੋਝੀ ਵੀ ਇਸ ਮੰਦਰ ਦੇ ਵਿੱਚੋਂ ਪੈਂਦੀ ਹੈ ਤੇ ਭਗਤੀ ਦੇ ਮਾਰਗ ਤੋਂ ਉਲਟ ਵੀ ਸਾਨੂੰ ਪ੍ਰਮਾਤਮਾ ਆਪ ਹੀ ਚਲਾਉਂਦਾ ਹੈ, ਮਨ ਦੀ ਨਾਸਮਝ ਮਤਿ ਦੁਆਰਾ ਚਲਾਉਂਦਾ ਹੈ, ਭਰਮਾਂ ਵਿੱਚ ਪਾਉਣ ਦੁਆਰਾ ਚਲਾਉਂਦਾ ਹੈ। ਸਾਡੇ ਅੰਦਰ ਦੀ "ਹਉਮੈ" ਭਾਵ ਨਾਸਮਝ ਮਤਿ ਹੀ ਸਾਨੂੰ ਮਾਇਆ ਮੋਹ ਵਿੱਚ ਪਾਉਂਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿਚ ਪਾਉਂਦੀ ਹੈ, ਔਗੁਣਾਂ ਵਿੱਚ ਪਾਉਂਦੀ ਹੈ ਤੇ ਸਾਨੂੰ ਚੋਰ ਬਣਾਉਂਦੀ ਹੈ, ਗੁਰੂ ਪ੍ਰਮਾਤਮਾ ਦੇ ਮੰਦਰ ਦਾ ਚੋਰ ਬਣਾਉਂਦੀ ਹੈ। ਪ੍ਰਮਾਤਮਾ ਦਾ ਮੰਦਰ ਸੱਚੇ ਗਿਆਨ ਦਾ ਮੰਦਰ ਹੈ, ਗੁਰਮਤਿ ਰੂਪ ਸੱਚੀ ਮਤਿ ਦਾ ਮੰਦਰ ਹੈ ਪਰ ਸਾਡੇ ਹਉਮੈ ਵਾਲੇ ਮਾੜੇ ਵਿਚਾਰ, ਔਗੁਣਾਂ ਵਾਲੇ ਮਾੜੇ ਵਿਚਾਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਗੁਰੂ ਦੇ ਘਰ ਵਿੱਚੋਂ ਗੁਣਾਂ ਨੂੰ ਚੁਰਾਉਂਦੇ ਹਨ, ਗੁਰਮਤਿ ਰੂਪ ਸੱਚੇ ਵਿਚਾਰਾਂ ਨੂੰ ਚੁਰਾਉਂਦੇ ਹਨ, ਨਾਮ ਦੀ ਸੱਚੀ ਮਤਿ ਨੂੰ ਚੁਰਾਉਂਦੇ ਹਨ ਭਾਵ ਗੁਰੂ ਦੇ ਚੰਗੇ ਵਿਚਾਰਾਂ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ। ਸਾਡੇ ਇਹ ਔਗੁਣ ਹੀ ਨਾਮ ਦੇ ਚੋਰ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੇ ਇਹ ਚੋਰ ਗੁਰੂ ਪ੍ਰਮਾਤਮਾ ਦੇ ਮੰਦਰ ਦੀਆਂ ਬੁਰਿਆਈਆਂ ਕਰਦੇ ਹਨ ਭਾਵ ਗੁਰੂ ਦੀ ਮਤਿ ਨੂੰ ਨਿੰਦਦੇ ਹਨ, ਗੁਰਮਤਿ ਦੇ ਨਿੰਦਕ ਹਨ ਭਾਵ ਗੁਰੂ ਦੀ ਮਤਿ ਨੂੰ ਨਹੀਂ ਮੰਨਦੇ ਭਾਵ ਆਪਣੇ ਮਾੜੇ ਵਿਚਾਰ ਨਹੀਂ ਛੱਡਦੇ, ਆਪਣੀ ਹਉਮੈ ਨਹੀਂ ਛੱਡਦੇ। (**ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥**) ਸਾਡੇ ਅੰਦਰ ਦੇ ਇਹ ਚੋਰ, ਗੁਰਮਤਿ ਵਾਲੀ ਸਮਝ ਨੂੰ, ਗੁਣਾਂ ਵਾਲੀ ਸਮਝ ਨੂੰ ਚੁਰਾਉਣ ਵਾਲੇ ਚੋਰ, ਨਾਮ ਦੇ ਚੋਰ ਗੁਰਮਤਿ ਦੀ ਨਿੰਦਾ, ਗੁਰੂ ਘਰ ਦੀ ਨਿੰਦਾ ਕਿਸ ਲਈ ਕਰਦੇ ਹਨ, ਕਿਸ ਮਕਸਦ ਲਈ ਕਰਦੇ ਹਨ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ ॥”

ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੰਨਦੇ ਹਾਂ ਭਾਵ ਉਸ ਅਨੁਸਾਰ ਚੱਲਣਾ ਚਾਹੁੰਦੇ ਹਾਂ ਉਸ ਲਈ ਸਾਨੂੰ ਮਾਇਆ ਮੋਹ ਤਿਆਗਣਾ ਪੈਂਦਾ ਹੈ, ਮਨ ਦੀਆਂ ਇੱਛਾਵਾਂ ਤਿਆਗਣੀਆਂ ਪੈਂਦੀਆਂ ਹਨ ਭਾਵ ਸਾਰੇ ਔਗੁਣ ਤਿਆਗਣੇ ਪੈਂਦੇ ਹਨ ਭਾਵ ਇਹ ਮਨ ਦੇ ਚੋਰਾਂ ਨੂੰ ਕਾਬੂ ਕਰਨਾ ਪੈਂਦਾ ਹੈ। ਪ੍ਰਮਾਤਮਾ ਨੇ ਮਨ ਦੀ ਹਉਮੈ ਰਾਹੀਂ ਸਭ ਨੂੰ ਆਪ ਹੀ ਮਾਇਆ ਮੋਹ ਵਿੱਚ ਪਾਇਆ ਹੋਇਆ ਹੈ, ਇਸ ਸਰੀਰ ਦੇ ਸੁੱਖਾਂ ਲਈ ਆਪ ਹੀ ਸੁਆਦ ਪਾਇਆ ਹੋਇਆ ਹੈ, ਸਰੀਰ ਦੀਆਂ ਇੰਦਰੀਆਂ ਰਾਹੀਂ, ਸਰੀਰ ਦੇ ਨੌ ਦਰਵਾਜਿਆਂ ਰਾਹੀਂ ਸਰੀਰ ਦੇ ਸੁੱਖਾਂ ਨਾਲ ਜੋੜਿਆ ਹੋਇਆ ਹੈ। ਸਾਡੀਆਂ ਇਨ੍ਹਾਂ ਇੰਦਰੀਆਂ ਨੂੰ ਹੀ ਉਸ ਪ੍ਰਮਾਤਮਾ ਦੀ ਨਾਰ ਕਿਹਾ ਹੈ। ਦਸਵੀਂ ਨਾਰ ਸਾਡੇ ਮਨ ਦੀ ਨਾ-ਸਮਝ ਮਤਿ ਹੈ ਭਾਵ ਸਾਡੇ ਅੰਦਰ ਦੀ ਹਉਮੈ ਹੈ ਜਿਸ ਸਮਝ ਰਾਹੀਂ ਅਸੀਂ ਆਪਣੇ ਸਰੀਰ ਦੀ ਵਰਤੋਂ ਕਰਦੇ ਹਾਂ ਭਾਵ ਸਰੀਰ ਦੇ ਸੁੱਖਾਂ ਲਈ ਉਪਰਾਲੇ ਕਰਦੇ ਹਾਂ ਜਿੰਨ੍ਹਾਂ ਦੀ ਪ੍ਰਾਪਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਭਾਵ ਚੋਰਾਂ ਨੂੰ ਅਸੀਂ ਆਪਣੇ ਅੰਦਰ ਜਗ੍ਹਾ ਦਿੰਦੇ ਹਾਂ ਜਿਸ ਕਰਕੇ ਅਸੀਂ ਗੁਰੂ ਦੀ ਮਤਿ ਨਾਲ ਨਹੀਂ ਜੁੜ ਸਕਦੇ। ਗੁਰੂ ਦੀ ਮਤਿ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਉਸ “ਇਕ ਪੁਰਖ” ਨੂੰ ਨਹੀਂ ਜਾਣ ਸਕਦੇ, ਉਸ ਦੀ ਸੱਚੀ ਨਾਰ ਨਹੀਂ ਬਣ ਸਕਦੇ, ਉਸ ਦੀ ਸੁਹਾਗਣ ਨਹੀਂ ਬਣ ਸਕਦੇ ਜੋ ਸਾਡੇ ਸਭ ਦਾ ਸੁਹਾਗ ਸਾਡੇ ਅੰਦਰ ਹੀ ਹੈ ਭਾਵ ਉਸ ਪ੍ਰਮਾਤਮਾ ਨੇ ਸਾਨੂੰ ਆਪ ਹੀ ਸਰੀਰ ਦੇ ਸੁਆਦਾਂ ਨਾਲ ਜੋੜਿਆ ਹੋਇਆ ਹੈ, ਮਾਇਆ ਦੇ ਸੁੱਖਾਂ ਨਾਲ ਜੋੜਿਆ ਹੋਇਆ ਹੈ ਜਿਸ ਸੁਆਦ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਹ ਮਾਇਆ ਦੇ ਸੁਆਦ ਛੱਡੇ ਬਿਨ੍ਹਾਂ ਗੁਰਮਤਿ ਤੇ ਨਹੀਂ ਚੱਲਿਆ ਜਾ ਸਕਦਾ, ਹਉਮੈ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ, ਨਾਮ ਨਾਲ ਨਹੀਂ ਜੁੜਿਆ ਜਾ ਸਕਦਾ, ਉਸ “ਇਕੁ ਪੁਰਖ” ਦੀ ਨਾਰ ਨਹੀਂ ਬਣਿਆ ਜਾ ਸਕਦਾ ਭਾਵ ਉਸ ਪ੍ਰਮਾਤਮਾ ਦੀ ਖੇਡ ਨੂੰ ਨਹੀਂ ਸਮਝਿਆ ਜਾ ਸਕਦਾ ਜੋ ਖੇਡ ਉਹ ਸਾਡੇ ਸਭ ਦੇ ਅੰਦਰ ਹਉਮੈ ਵਾਲੀ ਸਮਝ ਪਾਉਣ ਦੁਆਰਾ ਚਲਾ ਰਿਹਾ ਹੈ। ਹਉਮੈ ਵਿੱਚ ਰਹਿੰਦੇ ਹੋਏ ਨਾਮ ਨੂੰ ਨਹੀਂ ਜਾਣਿਆ ਜਾ ਸਕਦਾ, ਨਾਮ ਦੇ ਮਾਲਕ ਨੂੰ ਭਾਵ ਉਸ “ਇਕੁ ਪੁਰਖੁ” ਨੂੰ ਨਹੀਂ ਮਿਲਿਆ ਜਾ ਸਕਦਾ ਜੋ ਸਾਡੇ ਅੰਦਰ ਹੀ ਹੈ ਤੇ ਅੰਦਰ ਬੈਠ ਕੇ ਹੀ ਆਪਣੀ ਖੇਡ ਚਲਾ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਆਪਣੀ ਖੇਡ ਆਪ ਹੀ ਖੇਡ ਰਿਹਾ ਹੈ ਜੋ ਆਪਣੀ ਖੇਡ ਉਸ ਨੇ ਆਪ ਹੀ ਸੰਸਾਰ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ, ਮਨ ਦੀ ਹਉਮੈ ਰਾਹੀਂ ਦੂਰ ਰੱਖਿਆ ਹੋਇਆ ਹੈ। ਹਉਮੈ ਦੀ ਸਮਝ ਆਏ ਬਿਨ੍ਹਾਂ ਭਾਵ ਇਸ ਵਿੱਚੋਂ ਨਿਕਲੇ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਉਸ ਦੀ ਖੇਡ ਨੂੰ ਸਮਝ ਸਕਦਾ ਹੈ। (**ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥ ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ ॥**)

{ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥
ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥
ਜੇਹਾ ਵੇਖਹਿ ਤੇਹਾ ਵੇਖੁ ॥੧॥}

(ਅੰਗ ੪੬੬)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ਰਹਾਉ ਦੂਜਾ॥੧॥੧੨੨॥}

(ਅੰਗ 204-205)

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ ੪੬੬)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥
ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥
ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥
ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥}

(ਅੰਗ ੫੬੦)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥}

(ਅੰਗ ੬੦੦)

{ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥
ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥੫॥
ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ ॥
ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥੬॥
ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥
ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥
ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ ॥
ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ ॥੮॥}

(ਅੰਗ ੭੫੨)

{ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥
ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥
ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥
ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥
ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥}

(ਅੰਗ ੮੧੦)

{ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਣੀਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥
ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥
ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥੪॥
ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥
ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋਪਾਲ ਨੀਸਾਨੁ ਬਜਈਆ ॥੫॥
ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥
ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥੬॥
ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥}

(ਅੰਗ ੮੩੩)

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥
ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥
ਜਿਨ੍ੀ ਅੰਮ੍ਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ ॥੧॥}

(ਅੰਗ ੮੫੪)

{ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥
ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥}

(ਅੰਗ ੯੦੫)

{ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨ੍ੋ ਮੈ ਫੇਰਾ ॥
ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥੩॥
ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥
ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ ॥
ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ ਕਰਉ ਤੁਮ੍ਾਰੀ ॥੫॥}

(ਅੰਗ ੯੭੧)

{ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥
ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥ ਮਨਸਾ ਮਾਰਿ ਮਨੈ ਸਿਉ ਲੂਝੈ ॥
ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥}

(ਅੰਗ ੧੦੨੧)

{ਇਹੁ ਮਨੁ ਭੀਜੈ ਸਬਦਿ ਪਤੀਜੈ ॥
ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥
ਦੁੰਦਰ ਦੂਤ ਭੂਤ ਭੀਹਾਲੇ ॥
ਖਿੰਚੋਤਾਣਿ ਕਰਹਿ ਬੇਤਾਲੇ ॥
ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥}

(ਅੰਗ ੧੦੩੧)

{ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥
ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥੧॥
ਤੂ ਏਕੰਕਾਰੁ ਨਿਰਾਲਮੁ ਰਾਜਾ ॥ ਤੂ ਆਪਿ ਸਵਾਰਹਿ ਜਨ ਕੇ ਕਾਜਾ ॥
ਅਮਰੁ ਅਡੋਲੁ ਅਪਾਰੁ ਅਮੋਲਕੁ ਹਰਿ ਅਸਥਿਰ ਥਾਨਿ ਸੁਹਾਇਆ ॥੨॥
ਦੇਹੀ ਨਗਰੀ ਊਤਮ ਥਾਨਾ ॥ ਪੰਚ ਲੋਕ ਵਸਹਿ ਪਰਧਾਨਾ ॥
ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥੩॥
ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥}

(ਅੰਗ ੧੦੩੯)

{ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥
ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥
ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥
ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥
ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥
ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥}

(ਅੰਗ ੧੧੧੦)

{ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ ॥
ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥}

(ਅੰਗ ੧੧੧੭)

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥}

(ਅੰਗ ੧੧੭੮)

{ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥
ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥}

(ਅੰਗ ੧੧੯੪)

{ਜਪਿ ਮਨ ਨਰਹਰੇ ਨਰਹਰ ਸੁਆਮੀ ਹਰਿ ਸਗਲ ਦੇਵ ਦੇਵਾ
ਸ੍ਰੀ ਰਾਮ ਰਾਮ ਨਾਮਾ ਹਰਿ ਪ੍ਰੀਤਮੁ ਮੋਰਾ ॥੧॥ ਰਹਾਉ ॥
ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥
ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥੧॥}

(ਅੰਗ ੧੨੦੧)

ਮਃ ੧ ॥
{ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ ॥ ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ ॥੨॥

(ਅੰਗ ੧੨੪੪)

ਪਉੜੀ ॥
ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥
ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥
ਨਾਨਕ ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ ॥੧੭॥}

(ਅੰਗ ੧੨੪੪)

{ਹਰਿ ਜਨ ਬੋਲਤ ਸ੍ਰੀਰਾਮ ਨਾਮਾ ਮਿਲਿ ਸਾਧਸੰਗਤਿ ਹਰਿ ਤੋਰ ॥੧॥ ਰਹਾਉ ॥

ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ ਜਿਸੁ ਲਾਗਤ ਹੈ ਨਹੀ ਚੋਰ ॥੧॥}

(ਅੰਗ ੧੨੬੫)

{ਤਿਖ ਬੂਝਿ ਗਈ ਗਈ ਮਿਲਿ ਸਾਧ ਜਨਾ ॥
ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ ॥੧॥ ਰਹਾਉ ॥}

(ਅੰਗ ੧੩੦੫)

{ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ ॥ ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ॥
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥ ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥੧੨॥}

(ਅੰਗ ੧੩੬੨)

{ਹੈ ਹਜੂਰਿ ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥ ਰਹਾਉ ॥}

(ਅੰਗ ੧੧੬੦)

ਉਪਰਲੇ ਸ਼ਬਦਾਂ ਨੂੰ ਧਿਆਨ ਨਾਲ ਵਿਚਾਰਨ ਨਾਲ ਕੋਈ ਵੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਹਉਮੈ ਵਿੱਚ ਤੇ ਨਾਮ ਵਿੱਚ ਕੀ ਫਰਕ ਹੈ। ਜਦ ਤੱਕ ਸਾਡੇ ਅੰਦਰ ਪੰਜ ਚੋਰ ਵੱਸੇ ਹੋਏ ਹਨ ਤਦ ਤੱਕ ਹਰ ਕੋਈ ਹਉਮੈ ਵਾਲੀ ਸਮਝ ਵਿੱਚ ਹੈ ਭਾਵ ਮਨ ਦੀ ਉਸ ਸਮਝ ਵਿੱਚ ਹੈ ਜਿਸ ਸਮਝ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਕਿਉਂਕਿ ਪ੍ਰਮਾਤਮਾ ਦੀ ਭਗਤੀ ਮਨ ਦੇ ਵਿੱਚੋਂ ਮਾੜੇ ਵਿਚਾਰ ਨਿਕਲਣ ਦੁਆਰਾ, ਔਗੁਣਾਂ ਵਾਲੇ ਵਿਚਾਰ ਭਾਵ ਮਨ ਦੇ ਚੋਰ ਨਿਕਲਣ ਦੁਆਰਾ ਹੀ ਹੁੰਦੀ ਹੈ। ਮਨੁੱਖ ਚੰਗੇ ਕਰਮ ਮਨ ਦੇ ਚੋਰ ਨਿਕਲਣ ਦੁਆਰਾ ਹੀ ਕਰ ਸਕਦਾ ਹੈ ਕਿਉਂਕਿ ਚੰਗੇ ਕਰਮ ਕਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ ਜਿਵੇਂ ਕਿ ਅਸੀਂ ਹਰ ਸ਼ਬਦ ਦੁਆਰਾ ਇਹੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਸਮਝਦੇ ਆ ਰਹੇ ਹਾਂ, ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਸਮਝਦੇ ਆ ਰਹੇ ਹਾਂ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਹ ਮਾਰਗ ਸਾਰੇ ਸੰਸਾਰ ਲਈ ਆਪਣੀ ਹਉਮੈ ਛੱਡਣ ਦਾ ਹੈ ਜੋ ਹਉਮੈ ਭਾਵ ਭਰਮਾਂ ਵਾਲੀ ਸਮਝ, ਮਾਇਆ ਮੋਹ ਵਾਲੀ ਸਮਝ ਸਭ ਦੇ ਅੰਦਰ ਇੱਕੋ ਤਰੀਕੇ ਹੀ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਤੇ ਉਸ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਮੰਨਣ ਦਾ ਹੈ ਭਾਵ ਨਾਮ ਜਪਣ ਦਾ ਹੈ ਤਾਂ ਜੋ ਅਸੀਂ ਔਗੁਣਾਂ ਵਿੱਚੋਂ ਨਿਕਲਕੇ ਗੁਣਾਂ ਦੁਆਰਾ ਵਿਚਰੀਏ ਭਾਵ ਸੱਚੇ ਸੁੱਚੇ ਕਰਮ ਕਰੀਏ।

(ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥)

(ਅੰਗ ੫੬੦)

ਨਾਮ ਸਾਡੇ ਅੰਦਰ ਤਾਂ ਹੀ ਵੱਸਦਾ ਹੈ ਜਦੋਂ ਸਾਡੇ ਅੰਦਰੋਂ ਨਾਮ ਦੇ ਚੋਰ ਨਿਕਲ ਜਾਂਦੇ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਿਕਲ ਜਾਂਦੇ ਹਨ ਭਾਵ ਹਉਮੈ ਵਾਲੀ ਮਾੜੀ ਸਮਝ ਨਿਕਲ ਜਾਂਦੀ ਹੈ ਜਿਸ ਦਾ ਕਾਰਨ ਮਨ ਦੀ ਅਗਿਆਨਤਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ, ਭਗਤੀ ਦੀ ਸੱਚੀ ਸਮਝ ਦਾ ਨਾ ਹੋਣਾ ਹੈ। ਗੁਰੂ ਦੇ ਨਾਮ ਦਾ ਮਕਸਦ ਸਾਨੂੰ ਭਗਤੀ ਦੀ ਸੱਚੀ ਸਮਝ ਪਾਉਣ ਨਾਲ ਹੀ ਹੈ, ਮਨ ਦੇ ਭਰਮਾਂ ਵਿੱਚੋਂ ਕੱਢਣ ਨਾਲ ਹੀ ਹੈ। ਸਾਡੀ ਅੰਦਰ ਦੀ ਹਉਮੈ ਹੀ ਸਾਡੇ ਅੰਦਰ ਦੀ ਮਾਇਆ ਹੈ ਜਿਸ ਦਾ ਮਕਸਦ ਸਾਨੂੰ ਭਰਮਾਂ ਵਿੱਚ ਪਾਉਣ ਦਾ ਹੀ ਹੈ, ਸੱਚੀ ਭਗਤੀ ਦੀ ਸਮਝ ਤੋਂ ਦੂਰ ਰੱਖਣ ਦਾ ਹੀ ਹੈ ਤੇ ਪ੍ਰਮਾਤਮਾ ਨੂੰ ਇਸ ਤਰੀਕੇ ਆਪਣੇ ਅੰਦਰੋਂ ਨਾ ਜਾਣਨ ਦੇਣ ਦਾ ਹੀ ਹੈ ਜਿਸ ਤਰੀਕੇ ਪ੍ਰਮਾਤਮਾ ਸਭ ਨੂੰ ਹਉਮੈ ਵਿੱਚ ਰੱਖ ਕੇ ਮਾਇਆ ਮੋਹ ਵਿੱਚ ਰੱਖ ਕੇ ਮਨ ਦੀ ਅਗਿਆਨਤਾ ਵਾਲੀ ਸਮਝ ਰਾਹੀਂ ਆਪਣੀ ਖੇਡ ਚਲਾ ਰਿਹਾ ਹੈ। ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਜੋ ਖੇਡ ਸਾਨੂੰ ਪਹਿਲੇ ਹਉਮੈ ਰਾਹੀਂ ਸਮਝਾਈ ਹੈ ਉਹੀ ਖੇਡ ਮਾਇਆ ਦੀ ਜੁਗਤਿ ਦੁਆਰਾ ਸਮਝਾਈ ਹੋਈ ਹੈ। (**ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥ ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥**)

“ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥”

(ਅੰਗ - ੧੦੯੬)

ਅਸੀਂ ਇਸ ਪੂਰੇ ਸ਼ਬਦ ਨੂੰ ਇਸ ਮਕਸਦ ਲਈ ਸਮਝ ਰਹੇ ਹਾਂ ਤਾਂ ਜੋ ਅਸੀਂ ਮਨ ਦੀ ਜਿੱਤ ਹਾਰ ਨੂੰ ਸਮਝ ਸਕੀਏ ਜੋ ਜਿੱਤ ਹਾਰ ਅਸੀਂ ਇਸ ਤੋਂ ਪਹਿਲੇ ਸ਼ਬਦ ਰਾਹੀਂ ਸਮਝੀ ਹੈ। (**ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥**) ਅੰਗ - ੨੩੫ ਸਾਡੇ ਮਨ ਦੇ ਅੰਦਰ ਜਿੱਤ ਜਾਂ ਹਾਰ ਸਾਡੇ ਮਨ ਦੇ ਵਿੱਚ ਮਨ ਦੀ ਸਮਝ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਹਉਮੈ ਪਾਈ ਹੋਈ ਹੈ, ਮਾਇਆ ਪਾਈ ਹੋਈ ਹੈ ਜਿਸ ਦਾ ਮਕਸਦ ਸਾਨੂੰ ਭਰਮਾਂ ਵਿੱਚ ਰੱਖਣ ਦਾ ਹੈ, ਮਨ ਦੀ ਅਗਿਆਨਤਾ ਵਿੱਚ ਰੱਖਣ ਦਾ ਹੈ। ਸਾਡੇ ਮਨ ਦੀ ਇਹ ਝੂਠੀ ਸਮਝ, ਮਨਮਤਿ ਵਾਲੀ ਸਮਝ, ਤ੍ਰੈ ਗੁਣਾਂ ਵਾਲੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਜੋ ਕਿ ਇੱਕ ਝੂਠ ਹੈ ਭਾਵ ਸੱਚ ਨਹੀਂ। ਇਸੇ ਤਰ੍ਹਾਂ ਜੋ ਕੁੱਝ ਵੀ ਅਸੀਂ ਦੇਖਦੇ ਹਾਂ, ਕੋਈ ਵੀ ਆਕਾਰ ਰੂਪ ਦੇਖਦੇ ਹਾਂ, ਅਸੀਂ ਉਸ ਨੂੰ ਪ੍ਰਮਾਤਮਾ ਦਾ ਰੂਪ ਨਹੀਂ ਮੰਨਦੇ ਭਾਵ ਹਰ ਆਕਾਰ ਰੂਪ ਨੂੰ ਆਪਣੇ ਵਰਗਾ ਹੀ ਪ੍ਰਮਾਤਮਾ ਨਾਲੋਂ ਵੱਖਰਾ ਰੂਪ ਸਮਝਦੇ ਹਾਂ, ਉਸ ਦੀ ਵੱਖਰੀ ਹੋਂਦ ਸਮਝਦੇ ਹਾਂ ਜੋ ਸਾਡੀ ਸਮਝ ਗੁਰੂ ਦੀ ਸਮਝ ਦੇ ਨਾਲ, ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੀ। ਕੋਈ ਇਹ ਗੱਲ ਤਾਂ ਮੁੱਖੋਂ ਬੋਲ ਕੇ ਨਹੀਂ ਕਹਿ ਸਕਦਾ ਕਿ ਗੁਰੂ ਦੀ ਮਤਿ ਸੱਚੀ ਨਹੀਂ ਹੈ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਸਾਨੂੰ ਸਾਡੇ ਅੰਦਰੋਂ ਇਹ ਵਿਸ਼ਵਾਸ ਨਹੀਂ ਆਉਂਦਾ ਭਾਵ ਜੋ ਸਾਨੂੰ ਮਹਿਸੂਸ ਹੁੰਦਾ ਹੈ ਕਿ ਅਸੀਂ ਪ੍ਰਮਾਤਮਾ ਤੋਂ ਵੱਖਰਾ ਰੂਪ ਹਾਂ ਇਹ ਝੂਠ ਹੈ ਜੋ ਝੂਠ ਮਨ ਦੇ ਵਿੱਚ ਸਾਡੀ ਸਮਝ ਹੀ ਸਿਖਾਉਂਦੀ ਹੈ ਭਾਵ ਸਾਡੀ ਸਮਝ ਸਾਨੂੰ ਭਰਮ ਵਿੱਚ ਰੱਖਦੀ ਹੈ ਤੇ ਅਸਲੀਅਤ ਸਮਝਣ ਤੋਂ ਦੂਰ ਰੱਖਦੀ ਹੈ। ਜੋ ਅਸਲੀਅਤ ਸੱਚੁ ਹੈ ਤੇ ਗੁਰੂ ਸਾਨੂੰ ਸੱਚ ਹੀ ਸਮਝਾਉਂਦਾ ਹੈ, ਅਸਲੀਅਤ ਹੀ ਸਮਝਾਉਂਦਾ ਹੈ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਚੁ ਨੂੰ ਨਾ ਮੰਨ ਸਕਣਾ ਝੂਠ ਹੈ ਭਾਵ ਸਾਡੇ ਮਨ ਦੀ ਸਮਝ ਸਾਨੂੰ ਝੂਠ ਸਮਝਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਪਰਗਟ ਹੋਣ ਦੁਆਰਾ ਜਦੋਂ ਜਿੱਤ ਹਾਰ ਹੁੰਦੀ ਹੈ ਉਦੋਂ ਸੱਚ ਦੀ ਜਿੱਤ ਹੁੰਦੀ ਹੈ ਤੇ ਝੂਠ ਦੀ ਹਾਰ ਹੁੰਦੀ ਹੈ। ਸਾਡੇ ਅੰਦਰ ਹਾਰਨ ਵਾਲੀ ਮਤਿ “**ਸ਼ਕਤੀ**” ਦੇ ਰੂਪ ਵਿੱਚ ਹੈ ਭਾਵ ਮਾਇਆ ਦੇ ਰੂਪ ਵਿੱਚ ਹੈ, ਹਉਮੈ ਦੇ ਰੂਪ ਵਿੱਚ ਹੈ ਤੇ ਜਿੱਤਣ ਵਾਲੀ ਮਤਿ ਦੇ ਰੂਪ ਵਿੱਚ “**ਸਿਵ**” ਆਪ ਹੈ ਭਾਵ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਹੀ ਹੈ ਪਰ ਮਾਇਆ ਵਾਲੀ ਮਤਿ ਵਿੱਚ ਰਹਿੰਦੇ ਹੋਏ ਉਸ ਨੂੰ ਕੋਈ ਵੀ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਸਾਡੇ ਅੰਦਰ ਪ੍ਰਮਾਤਮਾ “**ਸਿਵ**” ਦੇ ਰੂਪ ਵਿੱਚ ਹੈ ਜੋ ਕਿ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸੱਚ ਦੇ ਰੂਪ ਵਿੱਚ ਹੈ। ਹਾਰਦੀ ਮਨ ਦੀ ਅਗਿਆਨਤਾ ਹੀ ਹੈ ਤੇ ਜਿੱਤਦਾ ਸੱਚਾ ਗਿਆਨ ਹੀ ਹੈ ਜਿਸ ਸੱਚੀ ਸਮਝ ਦੀ ਜਿੱਤ ਦੁਆਰਾ ਉਹ ਮਨੱਖੀ ਸਮਝ ਨੂੰ ਹਰ

ਭਰਮ ਵਿੱਚੋਂ ਕੱਢ ਲੈਂਦਾ ਹੈ ਤੇ ਮਨੁੱਖ ਨੂੰ ਸਮਝ ਪੈ ਜਾਂਦੀ ਹੈ ਕਿ ਜਿਸ ਰੂਪ ਵਿੱਚ ਪ੍ਰਮਾਤਮਾ ਮੇਰੇ ਅੰਦਰ ਹੈ, ਇਸ ਸਰੀਰ ਦਾ ਮਾਲਕ ਹੈ, ਉਸੇ ਤਰੀਕੇ ਪ੍ਰਮਾਤਮਾ ਹਰ ਆਕਾਰ ਰੂਪ ਵਿੱਚ ਆਪ ਹੀ ਹੈ। ਸਾਡੇ ਅੰਦਰ ਦੀ ਜੋ ਸਮਝ ਹੈ ਉਹ ਮਨ ਦੇ ਵਿੱਚੋਂ ਹੀ ਆਉਂਦੀ ਹੈ। ਮਨ ਦੀ ਸਮਝ ਦੁਆਰਾ ਪ੍ਰਮਾਤਮਾ ਨੇ ਮਨੁੱਖੀ ਮਨ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇੱਕ ਹਿੱਸਾ ਹਉਮੈ ਵਾਲੀ ਸਮਝ ਦਾ ਹੈ, ਮਾਇਆ ਵਾਲੀ, ਤ੍ਰੈਗੁਣਾਂ ਵਾਲੀ ਸਮਝ ਦਾ ਹੈ ਜੋ ਸਮਝ ਮਨੁੱਖ ਨੂੰ ਭਰਮਾਂ ਵਿੱਚ ਰੱਖਦੀ ਹੈ। ਦੂਸਰਾ ਪਾਸਾ ਸੱਚੇ ਗਿਆਨ ਵਾਲੀ ਸਮਝ ਦਾ ਹੈ, ਚੌਥੇ ਪਦ ਵਾਲੀ ਸਮਝ ਦਾ ਹੈ, ਨਾਮ ਵਾਲੀ ਸਮਝ ਦਾ ਹੈ ਜਿਸ ਸਮਝ ਵਿੱਚ ਸਾਡੇ ਅੰਦਰ ਪ੍ਰਮਾਤਮਾ ਗੁਪਤ ਰੂਪ ਵਿੱਚ ਵੱਸਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਉਸ ਦਾ ਦਸਮ ਦੁਆਰ ਹੈ, ਉਸ ਦਾ ਆਪਣਾ ਸਾਡੇ ਅੰਦਰ ਨਿਰੰਕਾਰ ਰੂਪ ਸੱਚੇ ਗਿਆਨ ਦਾ, ਬ੍ਰਹਮ ਗਿਆਨ ਰੂਪ ਮਹਿਲ ਹੈ, ਟਿਕਾਣਾ ਹੈ ਭਾਵ ਉਸ ਦਾ ਸੱਚਾ ਘਰ ਹੈ, ਨਿੱਜ ਘਰ ਹੈ ਜਿਸ ਘਰ ਵਿੱਚੋਂ ਇਸ ਮਨ ਨੂੰ ਸਾਰੀ ਸੋਝੀ ਮਿਲਦੀ ਹੈ। ਮਨੁੱਖ ਨੂੰ ਭਰਮਾਂ ਵਾਲੀ ਮਤਿ ਵਿੱਚ ਉਸਨੇ ਆਪ ਹੀ ਰੱਖਿਆ ਹੋਇਆ ਹੈ, ਮਾਇਆ ਦਾ ਮਾਲਕ ਵੀ ਉਹ ਆਪ ਹੀ ਹੈ। ਇਸੇ ਲਈ ਮਨੁੱਖ ਦਾ ਆਪਣੀ ਸਮਝ ਤੇ ਕੋਈ ਵੱਸ ਨਹੀਂ ਚੱਲਦਾ। ਸਾਡੇ ਅੰਦਰ ਮਨ ਦੇ ਵਿੱਚ ਜੋ ਦੋਨੋਂ ਤਰੀਕਿਆਂ ਦੀ ਸਮਝ ਹੈ, ਇਹ ਸਾਡੇ ਅੰਦਰ "ਸਿਵ ਸਕਤਿ" ਹੈ ਜਿਸ ਤਰੀਕੇ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਵਰਤਦਾ ਹੈ। (**ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥ ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥**)

ਸਾਡੇ ਅੰਦਰ ਜਦੋਂ ਵੀ ਜਿੱਤ ਹਾਰ ਹੋਣੀ ਹੈ ਉਸ ਵਿੱਚ ਹਾਰਦੀ ਸ਼ਕਤੀ ਹੀ ਹੈ ਭਾਵ ਹਾਰਦੀ ਮਨ ਦੀ ਮਾਇਆ ਵਾਲੀ ਸਮਝ ਹੀ ਹੈ ਤੇ ਉਸ ਨੂੰ ਹਰਾਉਣਾ ਆਪ ਸ਼ਿਵ ਨੇ ਹੀ ਹੈ ਜੋ ਉਸ ਸ਼ਕਤੀ ਦਾ ਮਾਲਕ ਹੈ ਤੇ ਜਦ ਤੱਕ ਕਿਸੇ ਦੇ ਅੰਦਰ ਉਹ "ਸ਼ਕਤੀ" ਨੂੰ ਹਰਾਉਂਦਾ ਨਹੀਂ ਤਦ ਤੱਕ ਕੋਈ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿ ਸਾਡੇ ਅੰਦਰ "ਸ਼ਕਤੀ" ਕੀ ਹੈ ਤੇ "ਸ਼ਿਵ" ਕੀ ਹੈ ਭਾਵ ਮਾਇਆ ਕੀ ਹੈ ਤੇ ਮਾਇਆ ਦਾ ਮਾਲਕ ਕੌਣ ਹੈ ਭਾਵ ਪ੍ਰਮਾਤਮਾ ਕੀ ਹੈ, ਹਉਮੈ ਕੀ ਹੈ ਤੇ ਨਾਮ ਕੀ ਹੈ, ਤ੍ਰੈਗੁਣ ਕੀ ਹੈ ਤੇ ਚਉਥਾ ਪਦ ਕੀ ਹੈ। ਧਰਮ ਦੇ ਮਾਰਗ ਨੂੰ ਸਮਝਣ ਵਿੱਚ, ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਕੀ ਹੈ ਤੇ ਸੱਚਾ ਗਿਆਨ ਕੀ ਹੈ ਭਾਵ ਦੋਨਾਂ ਵਿੱਚ ਫ਼ਰਕ ਕੀ ਹੈ। ਇਸ ਗੱਲ ਨੂੰ ਕੇਵਲ ਮਨ ਦੀ ਸਮਝ ਦੇ ਅੰਦਰ "ਸ਼ਿਵ" ਦੇ ਪਰਗਟ ਹੋਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜੋ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਆਪ ਹੀ ਆਪਣੀ ਪਾਈ ਹੋਈ ਮਾਇਆ ਰੂਪ ਸ਼ਕਤੀ ਵਾਲੀ ਮਤਿ ਨੂੰ ਮਨ ਦੇ ਵਿੱਚ ਹੀ ਹਰਾਉਂਦਾ ਹੈ, ਆਪਣਾ ਸੱਚਾ ਨਾਮ ਬਖਸ਼ਣ ਦੁਆਰਾ ਹਰਾਉਂਦਾ ਹੈ ਤੇ ਮਨੁੱਖ ਨੂੰ ਹਉਮੈ ਵਾਲੀ ਨਾਸਮਝ ਮਤਿ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਸ ਨੂੰ ਕੀ ਭਾਉਂਦਾ ਹੈ ਭਾਵ ਕਿਸ ਦੇ ਮਨ ਦੇ ਅੰਦਰ ਉਹ ਆਪਣੀ ਜਿੱਤ ਹਾਰ ਦਿਖਾਉਂਦਾ ਹੈ, ਕਿਸ ਨੂੰ ਮਨ ਦੀ ਸ਼ਕਤੀ ਵਿੱਚੋਂ ਕੱਢਦਾ ਹੈ ਤੇ ਮਨ ਦੇ ਵਿੱਚੋਂ ਆਪਣੇ ਸੱਚੇ ਗਿਆਨ ਰੂਪ ਦੇ ਬ੍ਰਹਮ ਗਿਆਨ ਰੂਪ ਦੇ ਦਰਸ਼ਨ ਕਰਵਾਉਂਦਾ ਹੈ। (**ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਣੀਆ ॥**) ਜਿਸ ਨੂੰ ਪ੍ਰਮਾਤਮਾ ਸ਼ਕਤੀ ਵਿੱਚੋਂ ਕੱਢ ਲੈਂਦਾ ਹੈ ਭਾਵ ਮਨ ਦੇ ਵਿੱਚ ਸ਼ਕਤੀ ਨੂੰ ਹਰਾ ਦਿੰਦਾ ਹੈ ਉਸ ਨੂੰ ਹੀ ਉਹ ਆਪਣੇ ਨਾਲ ਮਿਲਾਉਂਦਾ ਹੈ ਭਾਵ ਮਨ ਦੀ ਅਗਿਆਨਤਾ ਕੱਢਣ ਦੁਆਰਾ ਮਿਲਾਉਂਦਾ ਹੈ ਜਿਵੇਂ ਕਿ ਇਹ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਉਸ ਦੀ ਖੇਡ ਸਮਝ ਆਉਂਦੀ ਹੈ ਭਾਵ ਇਸ ਮਨ ਦੀ ਸਮਝ ਪੈਂਦੀ ਹੈ ਜਿੱਥੇ ਬੈਠ ਕੇ ਪ੍ਰਮਾਤਮਾ ਹਰ ਕਿਸੇ ਦੇ ਅੰਦਰ ਆਪਣੀ ਖੇਡ ਚਲਾ ਰਿਹਾ ਹੈ। ਸ਼ਕਤੀ ਵਿੱਚੋਂ ਪ੍ਰਮਾਤਮਾ ਸਾਨੂੰ ਕਿਸ ਰੂਪ ਵਿੱਚ ਕੱਢਦਾ ਹੈ ਤੇ ਆਪਣੇ ਆਪ ਨਾਲ ਮਿਲਾਉਂਦਾ ਹੈ ਇਹੀ ਗੱਲ ਅਗਲੀਆਂ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਪ੍ਰਮਾਤਮਾ ਜਿਸ ਮਨੁੱਖ ਦੀ ਰੱਖਿਆ ਕਰਦਾ ਹੈ, ਜਿਸਨੂੰ ਬਚਾਉਂਦਾ ਹੈ, ਉਹ ਕਿਵੇਂ ਕਰਦਾ ਹੈ।

"ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥"

ਜਿਸ ਨੂੰ ਪ੍ਰਮਾਤਮਾ ਰੱਖਦਾ ਹੈ ਭਾਵ ਬਚਾਉਂਦਾ ਹੈ ਉਸ ਨੂੰ ਮਨ ਦੇ ਵਿੱਚੋਂ ਹੀ ਬਚਾਉਂਦਾ ਹੈ ਭਾਵ ਮਾਇਆ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ, ਹਉਮੈ ਵਿੱਚੋਂ ਹੀ ਕੱਢਦਾ ਹੈ, ਜਿਸ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਭਰਮਿਆ ਰਹਿੰਦਾ ਹੈ ਤੇ ਔਗੁਣਾਂ ਵਿੱਚ ਪਇਆ ਰਹਿੰਦਾ ਹੈ, ਮਨ ਦੇ ਚੋਰਾਂ ਨਾਲ ਜੁੜਿਆ ਰਹਿੰਦਾ ਹੈ ਜਿੰਨ੍ਹਾਂ ਵਿੱਚ ਰਹਿੰਦੇ ਹੋਏ ਨਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਭਗਤੀ ਦੇ

ਸੱਚੇ ਮਾਰਗ ਦੀ ਸਮਝ ਹੀ ਉਸ ਨੂੰ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਤੇ ਮਨ ਦੇ ਵਿੱਚ ਆਪਣੇ ਨਾਲ ਮੇਲ ਦੁਆਰਾ ਸੱਚੀ ਭਗਤੀ ਦਾ ਮਾਰਗ, ਧਰਮ ਦਾ ਮਾਰਗ, ਨਾਮ ਜਪਣ ਦਾ ਮਾਰਗ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸ ਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸਮਝਾਇਆ ਹੈ। ਇਸੇ ਲਈ ਉਹਨਾਂ ਨੇ ਗੁਰਬਾਣੀ ਰਾਹੀਂ ਭਗਤੀ ਦੇ ਸਾਰੇ ਉਹੋ ਜਿਹੇ ਤਰੀਕਿਆਂ ਦਾ ਖੰਡਨ ਕੀਤਾ ਹੈ, ਅਨੇਕਾਂ ਹੀ ਤਰੀਕਿਆਂ ਦਾ ਖੰਡਨ ਕੀਤਾ ਹੈ ਜਿੰਨ੍ਹਾਂ ਨੂੰ ਸੰਸਾਰ ਭਗਤੀ ਦੇ ਸੱਚੇ ਤਰੀਕੇ ਸਮਝਦਾ ਹੈ ਜਿਸ ਦਾ ਕਾਰਨ ਮਨ ਦੇ ਅੰਦਰ ਨਾਸਮਝ ਮਤਿ ਹੈ, ਭਰਮਾਂ ਵਾਲੀ ਮਤਿ ਹੈ ਭਾਵ ਹਉਮੈ ਹੈ, ਸਾਡੇ ਅੰਦਰ ਦੀ ਮਾਇਆ ਹੈ, ਸ਼ਕਤੀ ਹੈ। ਜਿਸ ਨੂੰ ਪ੍ਰਮਾਤਮਾ ਸ਼ਕਤੀ ਵਿੱਚੋਂ ਕੱਢ ਲੈਂਦਾ ਹੈ ਉਸ ਨੂੰ ਮਨ ਦੇ ਵਿੱਚ ਹੀ "ਸਤਸੰਗਿ" ਬਖਸ਼ਦਾ ਹੈ ਭਾਵ ਮਨ ਦੇ ਵਿੱਚ ਆਪਣੀ ਸੱਚੀ ਮਤਿ ਦਾ ਸੰਗ ਬਖਸ਼ਦਾ ਹੈ। ਸਤਸੰਗਤਿ ਸਾਡੇ ਮਨ ਦੇ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਰਾਹੀਂ ਹੋਰ ਵੀ ਸਮਝਾਂਗੇ। ਸਾਡੇ ਅੰਦਰ ਦਾ "ਸਤਸੰਗਿ" ਜਾਂ "ਸਾਧਸੰਗਿ" ਇੱਕੋ ਹੀ ਗੱਲ ਹੈ ਜੋ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜੋ ਕਿ ਗੁਰੂ ਦੀ ਸੱਚੀ ਮਤਿ ਦੇ ਨਾਲ ਸੰਗ ਕਰਨਾ ਹੈ, ਮੇਲ ਕਰਨਾ ਹੈ, ਮਨ ਦੇ ਵਿਚਾਰਾਂ ਰਾਹੀਂ ਗੁਰੂ ਦੇ ਵਿਚਾਰਾਂ ਨਾਲ ਇੱਕ ਹੋਣਾ ਹੈ, ਸ਼ਬਦ ਦੇ ਵਿਚਾਰਾਂ ਨਾਲ ਸਾਡੀ ਸੁਰਤਿ ਦੇ ਵਿਚਾਰਾਂ ਦਾ ਮੇਲ ਹੋਣਾ ਹੈ। (**ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥**)

ਮਨ ਦੇ ਵਿੱਚ ਸਤਸੰਗਿ ਕਿਵੇਂ ਹੁੰਦਾ ਹੈ ਤੇ ਮਨੁੱਖ ਮਾਇਆ ਮੋਹ ਵਿੱਚੋਂ ਕਿਵੇਂ ਨਿਕਲਦਾ ਹੈ, ਮਨ ਦੀ ਸਮਝ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥"

ਉੱਪਰ ਪੰਗਤੀ ਰਾਹੀਂ ਸਾਡੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ, ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ, ਮਨ ਦੇ ਅੰਦਰ ਦਾ "**ਸਤਸੰਗਿ**" ਹੀ ਸਮਝਾਇਆ ਹੋਇਆ ਹੈ ਜੋ ਕਿ ਪਾਣੀ ਤੇ ਪਾਣੀ ਵਿੱਚੋਂ ਉੱਠਣ ਵਾਲੇ ਬੁਲਬੁਲੇ ਦਾ ਪ੍ਰਮਾਣ ਦੇ ਕੇ ਸਮਝਾਇਆ ਹੋਇਆ ਹੈ ਧਿਆਨ ਨਾਲ ਸਮਝਣ ਦੀ ਲੋੜ ਹੈ। ਜਲ ਵਿੱਚੋਂ ਬੁਲਬੁਲਾ ਕਿਵੇਂ ਉੱਠਦਾ ਹੈ ਤੇ ਕਿਵੇਂ ਬੁਲਬੁਲਾ ਖਤਮ ਹੋ ਕੇ ਫਿਰ ਪਾਣੀ ਵਿੱਚ ਹੀ ਸਮਾਅ ਜਾਂਦਾ ਹੈ ਭਾਵ ਬੁਲਬੁਲੇ ਦੀ ਆਪਣੀ ਹੋਂਦ ਖਤਮ ਹੋ ਜਾਂਦੀ ਹੈ, ਇਹੀ ਅਵੱਸਥਾ ਸਾਡੇ ਮਨ ਦੇ ਵਿੱਚ ਬਣਦੀ ਹੈ ਜਦੋਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਅਨੇਕਾਂ ਸ਼ਬਦਾਂ ਰਾਹੀਂ ਪ੍ਰਮਾਤਮਾ ਨੂੰ ਸਾਡੇ ਅੰਦਰ "**ਅੰਮ੍ਰਿਤ ਜਲ**" ਦੇ ਰੂਪ ਵਿੱਚ ਕਹਿ ਕੇ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਉਸ ਦਾ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ, ਉਸ ਦਾ ਨਿਰੰਕਾਰ ਰੂਪ ਹੈ, ਉਸ ਦਾ ਨਾਮ ਰੂਪ ਹੈ ਜਿਸ ਰੂਪ ਵਿੱਚ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ ਤੇ ਉਸ ਦਾ ਇਹ ਰੂਪ ਸਮਝ ਵਿੱਚ ਆਉਂਦਾ ਹੈ। ਸਾਡੇ ਅੰਦਰ ਜੋ "ਸ਼ਕਤੀ" ਰੂਪ ਮਤਿ ਉਪਜਦੀ ਹੈ ਉਸ ਨੂੰ ਸਾਡੇ ਅੰਦਰ ਉਪਜਾਉਣ ਵਾਲਾ ਉਹ ਅੰਮ੍ਰਿਤੁ ਜਲ ਰੂਪ ਪ੍ਰਮਾਤਮਾ ਆਪ ਹੀ ਹੈ, ਨਾਮੁ ਰੂਪ ਪ੍ਰਮਾਤਮਾ ਆਪ ਹੀ ਹੈ। ਸਾਡੇ ਅੰਦਰ ਜੋ ਮਤਿ ਉਪਜਦੀ ਹੈ, ਭਰਮਾਂ ਵਾਲਾ ਗਿਆਨ ਉਪਜਦਾ ਹੈ, ਉਹ ਇੱਕ ਬੁਲਬੁਲੇ ਦੀ ਤਰ੍ਹਾਂ ਹੈ ਜੋ ਜਲ ਦੇ ਵਿੱਚੋਂ ਹੀ ਉਪਜਦਾ ਹੈ। ਬੁਲਬੁਲੇ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਭਾਵ ਉਹ ਜਲ ਦਾ ਹਿੱਸਾ ਹੀ ਹੈ ਜਿਸ ਨੂੰ ਜਲ ਚਾਹੇ ਜਦੋਂ ਮਰਜੀ ਖਤਮ ਕਰ ਸਕਦਾ ਹੈ, ਉਸ ਦੀ ਹੋਂਦ ਮਿਟਾ ਸਕਦਾ ਹੈ। ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਸ ਦੇ ਅੰਦਰ ਦੀ ਝੂਠੀ ਸਮਝ ਜੋ ਉਹ ਆਪ ਹੀ ਉਪਜਾਉਂਦਾ ਹੈ ਉਹ ਉਸਦਾ ਸ਼ਕਤੀ ਰੂਪ ਹੈ, ਮਾਇਆ ਰੂਪ ਹੈ ਜੋ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਮੈਂ ਹਾਂ, ਇਹ ਮੇਰਾ ਸਰੀਰ ਹੈ, ਮੈਨੂੰ ਭਗਤੀ ਦੀ ਸਮਝ ਹੈ। ਇਹੋ ਜਿਹੀ ਝੂਠੀ ਸਮਝ ਵਿੱਚੋਂ ਉਹ ਮਨੁੱਖ ਨੂੰ ਕੱਢ ਲੈਂਦਾ ਹੈ, ਉਸ ਦੇ ਅੰਦਰ ਦੇ ਬੁਲਬੁਲੇ ਨੂੰ ਖਤਮ ਕਰ ਦਿੰਦਾ ਹੈ ਤੇ ਉਸ ਬੁਲਬੁਲੇ ਨੂੰ ਆਪਣੇ ਜਲ ਦੇ ਨਾਲ ਹੀ ਮਿਲਾ ਲੈਂਦਾ ਹੈ ਭਾਵ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਨੂੰ ਆਪਣੇ ਸੱਚੇ ਗਿਆਨ ਦੀ ਸਮਝ ਨਾਲ ਮਿਲਾ ਲੈਂਦਾ ਹੈ। ਇਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ ਭਾਵ ਪ੍ਰਮਾਤਮਾ ਨਾਲ ਮਨ ਦੇ ਵਿੱਚ ਮੇਲ ਹੈ ਜੋ ਮੇਲ ਸਾਡੀ ਮਾੜੀ ਸਮਝ ਦਾ ਗੁਰੂ ਪ੍ਰਮਾਤਮਾ ਦੀ ਉੱਚੀ ਸਮਝ ਦੇ ਨਾਲ ਹੁੰਦਾ ਹੈ ਜੋ ਸਮਝ ਮਨ ਦੇ ਵਿੱਚ ਉਹ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ, ਮਨ ਦੇ ਵਿੱਚ ਉਹ ਉੱਚੀ ਸਮਝ ਹੀ ਦਿੰਦਾ ਹੈ ਭਾਵ ਉਹ ਮਨ ਦੇ ਵਿੱਚੋਂ ਭਰਮਾਂ ਵਾਲੀ ਸਮਝ ਕੱਢਣ ਦੁਆਰਾ ਵੱਸਦਾ ਹੈ ਤੇ ਮਨ ਦੇ ਵਿੱਚ ਉਸ ਦੇ ਸੱਚੇ ਗਿਆਨ ਵਾਲੀ ਸਮਝ ਭਾਵ ਬ੍ਰਹਮ ਗਿਆਨ ਵਾਲੀ ਸਮਝ ਹੀ ਉਸ ਦਾ ਆਪਣਾ ਨਾਮ ਰੂਪ ਹੈ ਜੋ ਕਿ ਉਸ ਦੇ ਸ਼ਬਦਾਂ ਦੇ ਅੰਦਰ ਦਾ ਗਿਆਨ ਦਾ ਰੂਪ ਹੈ। ਇਹ ਮਨ ਦੀ ਇਹ ਉਹ ਅਵੱਸਥਾ ਹੈ ਜਦੋਂ ਸਾਡੇ ਅੰਦਰ "ਨਾਮ" ਵੱਸਦਾ ਹੈ ਜੋ ਕਿ ਹਉਮੈ ਖ਼ਤਮ ਹੋਣ ਦੁਆਰਾ

ਵੱਸਦਾ ਹੈ, ਮਾਇਆ ਮੋਹ ਖਤਮ ਹੋਣ ਦੁਆਰਾ ਵੱਸਦਾ ਹੈ ਭਾਵ ਮਨ ਦੀ ਨਾ-ਸਮਝ ਭਰਮਾਂ ਵਾਲੀ ਮਤਿ ਨਿਕਲਣ ਦੁਆਰਾ ਵੱਸਦਾ ਹੈ ਤੇ ਪ੍ਰਮਾਤਮਾ ਦੀ ਖੇਡ ਮਨ ਦੇ ਵਿੱਚ ਇਸ ਅਵੱਸਥਾ ਦੁਆਰਾ ਹੀ ਸਮਝ ਆਉਂਦੀ ਹੈ ਜੋ ਖੇਡ ਦੀ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ।

(ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥
ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥)

{ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥
ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ ॥
ਸਤਿਗੁਰ ਤੁਠੈ ਪਾਇਆ ਨਾਨਕ ਸਚਾ ਨਾਉ ॥੯॥}

(ਅੰਗ ੭੧)

{ਝੂਠੁ ਬਾਤ ਸਾ ਸਚੁ ਕਰਿ ਜਾਤੀ ॥
ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥
ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥੩॥
ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥
ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥}

(ਅੰਗ ੧੮੫)

{ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥
ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥
ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥
ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥
ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥}

(ਅੰਗ ੮੧੦)

ਪਿਛਲੇ ਸ਼ਬਦ ਰਾਹੀਂ ਅਸੀਂ ਆਪਣੇ ਮਨ ਦੇ ਅੰਦਰ "ਹਾਰ ਜਿੱਤ" ਕਿਵੇਂ ਹੁੰਦੀ ਹੈ ਇਸ ਗੱਲ ਨੂੰ ਸਮਝਿਆ ਹੈ। ਜਦ ਤੱਕ ਸਾਨੂੰ "ਸਿਵ ਸਕਤਿ" ਦੀ ਸਮਝ ਨਹੀਂ ਪੈਂਦੀ ਤਦ ਤੱਕ ਸਾਨੂੰ ਆਪਣੇ ਮਨ ਦੀ ਸਮਝ ਨਹੀਂ ਪੈ ਸਕਦੀ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਹੀ ਚੱਲਦਾ ਹੈ ਜੋ ਉਸ ਦਾ ਹੁਕਮ ਸਾਡੇ ਅੰਦਰ "ਸਿਵ ਸਕਤਿ" ਵਾਲੀ ਸਮਝ ਪਾਉਣ ਦੁਆਰਾ ਹੀ ਚੱਲਦਾ ਹੈ।

ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁੱਝੇ ਬਿਨ੍ਹਾਂ ਕੋਈ ਵੀ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਹਰ ਕਿਸੇ ਨੂੰ ਕਿਸ ਤਰੀਕੇ ਆਪਣੇ ਹੁਕਮ ਵਿੱਚ ਰੱਖਦਾ ਹੈ ਭਾਵ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਵਿੱਚ ਕਿਸ ਤਰੀਕੇ ਚੱਲ ਰਿਹਾ ਹੈ। ਜਦ ਤੱਕ ਆਪਣੇ ਅੰਦਰੋਂ ਕੋਈ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝ ਲੈਂਦਾ ਤਦ ਤੱਕ ਹਰ ਕੋਈ ਮਨਮੁਖਿ ਹੀ ਰਹਿੰਦਾ ਹੈ ਭਾਵ ਮਨਮਤਿ ਵਾਲੀ ਸਮਝ ਵਿੱਚ ਹੀ ਰਹਿੰਦਾ ਹੈ। ਪ੍ਰਮਾਤਮਾ ਦਾ ਇਹ ਹੁਕਮ ਹੀ ਜੋ ਸਾਡੇ ਅੰਦਰ ਸਾਡੀ ਸਮਝ ਦੇ ਰੂਪ ਵਿੱਚ ਵਰਤਦਾ ਹੈ ਇਹ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਗੁਰਮੁਖਿ ਨਹੀਂ ਬਣ ਸਕਦਾ ਜਿਸ ਰੂਪ ਦੁਆਰਾ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ। ਸਾਡੇ ਅੰਦਰ ਦੀ ਇਹ ਸਿਵ ਸਕਤਿ ਵਾਲੀ ਸਮਝ ਹੀ ਸਾਡੇ ਅੰਦਰ ਦਾ ਮਾਇਆ ਰੂਪ ਬੰਧਨ ਹੈ ਜਿਸ ਬੰਧਨ ਤੋਂ ਮੁਕਤਿ ਹੋਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਉਸ ਨੂੰ ਜਾਣੇ ਬਿਨ੍ਹਾਂ ਉਸ ਪ੍ਰਮਾਤਮਾ ਦੇ ਨਾਲ ਕਿਸੇ ਦੀ ਲਿਵ ਨਹੀਂ ਜੁੜਦੀ ਜੋ ਲਿਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਉਸ ਦੇ ਸੱਚੇ ਗਿਆਨ ਨਾਲ ਜੁੜਦੀ ਹੈ, ਸ਼ਬਦਾਂ ਦੇ ਵਿਚਾਰਾਂ ਨਾਲ ਜੁੜਦੀ ਹੈ, ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਦੇ ਨਾਲ ਜੁੜਦੀ ਹੈ ਜਿਸ ਦੁਆਰਾ ਪ੍ਰਮਾਤਮਾ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਤੇ ਆਪਣੀ ਸੱਚੀ ਭਗਤੀ ਦੇ ਮਾਰਗ ਤੇ ਚਲਾਉਂਦਾ ਹੈ। ‘‘ਸਿਵ ਸਕਤਿ’’ ਨੂੰ ਸਮਝਣ ਲਈ ਅਨੇਕਾਂ ਸ਼ਬਦ ਹਨ ਜਿੰਨ੍ਹਾਂ ਨੂੰ ਅੱਗੇ ਚੱਲ ਕੇ ਸਮਝਾਂਗੇ ਤੇ ਹੇਠ ਦਿੱਤੇ ਸ਼ਬਦ ਰਾਹੀਂ ਉੱਪਰ ਦੱਸੀਆਂ ਗੱਲਾਂ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

‘‘ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥’’

(ਅੰਗ 920)

ਸਾਡੇ ਅੰਦਰ ‘‘ਸਿਵ ਸਕਤਿ’’ ਕਿਸ ਰੂਪ ਵਿੱਚ ਵਿਚਰਦੀ ਹੈ ਭਾਵ ਮਨ ਦੇ ਵਿੱਚ ਵਿਚਰਦੀ ਹੈ ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਜਦ ਤੱਕ ਪ੍ਰਮਾਤਮਾ ਸਾਡੇ ਅੰਦਰ ਦੀ ‘‘ਸਕਤਿ’’ ਨੂੰ ਹਰਾ ਨਹੀਂ ਦਿੰਦਾ ਭਾਵ ਸਾਨੂੰ ਮਾਇਆ ਵਾਲੀ ਨਾ-ਸਮਝ ਮਤਿ ਤੋਂ, ਮਨਮਤਿ ਤੋਂ ਮੁਕਤਿ ਨਹੀਂ ਕਰ ਦਿੰਦਾ ਤਦ ਤੱਕ ਹਰ ਕੋਈ ‘‘ਸਿਵ ਸਕਤਿ’’ ਵਾਲੀ ਅਵੱਸਥਾ ਵਿੱਚ ਹੀ ਹੈ। ‘‘**ਸਕਤਿ**’’ ਸਾਡੇ ਅੰਦਰ ਮਾਇਆ ਦਾ ਤ੍ਰੈਗੁਣ ਰੂਪ ਹੈ ਤੇ ਆਪ ‘‘**ਸਿਵ**’’ ਸਾਡੇ ਅੰਦਰ ਚੌਥੇ ਪਦ ਦੇ ਰੂਪ ਵਿੱਚ ਹੈ। ਜਦ ਤੱਕ ਸਾਡੇ ਅੰਦਰ ਸ਼ਿਵ ਸਕਤਿ ਵਾਲੀ ਅਵੱਸਥਾ ਹੁੰਦੀ ਹੈ ਤਦ ਤੱਕ ਕੋਈ ਨਹੀਂ ਸਮਝ ਸਕਦਾ ਕਿ ਤ੍ਰੈਗੁਣ ਕੀ ਹੈ ਤੇ ਚਉਥਾ ਪਦ ਕੀ ਹੈ ਭਾਵ ਮਾਇਆ ਕੀ ਹੈ ਤੇ ਮਾਇਆ ਦਾ ਮਾਲਕ ਕੀ ਹੈ, ਹਉਮੈ ਕੀ ਹੈ ਤੇ ਨਾਮ ਕੀ ਹੈ। ਸਾਡੇ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ ਜੋ ਉਸ ਦਾ ਹੁਕਮ ਮਨ ਦੇ ਵਿਚਾਰਾਂ ਰਾਹੀਂ ਵਰਤਦਾ ਹੈ, ਮਨ ਦੀ ਸਮਝ ਰਾਹੀਂ ਵਰਤਦਾ ਹੈ। ਪ੍ਰਮਾਤਮਾ ਆਪਣਾ ਇਹ ਹੁਕਮ ਸਾਰੇ ਸੰਸਾਰ ਦੇ ਅੰਦਰ ਸਭ ਨੂੰ ਸਿਵ ਸਕਤਿ ਵਾਲੀ ਅਵੱਸਥਾ ਵਿੱਚ ਰੱਖਣ ਦੁਆਰਾ ਹੀ ਚਲਾ ਰਿਹਾ ਹੈ। ‘‘ਸਿਵ ਸਕਤਿ’’ ਸਾਡੇ ਅੰਦਰ ਦੇ ਵਿਚਾਰ ਹਨ ਜੋ ਵਿਚਾਰ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਉਪਾਉਂਦਾ ਹੈ, ਸਾਡੇ ਅੰਦਰ ਵਿਚਾਰ ਆਪ ਹੀ ਉਪਜਾਉਂਦਾ ਹੈ ਜਿਸ ਦੁਆਰਾ ਉਹ ਸਭ ਨੂੰ ਆਪਣੇ ਹੁਕਮ ਵਿੱਚ ਰੱਖਦਾ ਹੈ। ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਮਨ ਦੇ ਵਿਚਾਰਾਂ ਦੁਆਰਾ ਹੀ ਕਰਦਾ ਹੈ, ਮਨ ਦੀ ਸਮਝ ਰਾਹੀਂ ਹੀ ਕਰਦਾ ਹੈ। ਮਨ ਦੇ ਵਿਚਾਰਾਂ ਰਾਹੀਂ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜਿਸ ਦੁਆਰਾ ਉਹ ਮਨੁੱਖ ਦੀ ਸੰਭਾਲ ਕਰਦਾ ਹੈ ਭਾਵ ਉਹ ਆਪ ਹੀ ਸਾਨੂੰ ਵੇਖਣ ਵਾਲਾ ਹੈ ਪਰ ਉਸ ਦੇ ਹੁਕਮ ਨੂੰ ਕੋਈ ਆਪਣੇ ਆਪ ਨਹੀਂ ਬੁੱਝ ਸਕਦਾ। ਪ੍ਰਮਾਤਮਾ ਆਪਣਾ ਇਹ ਹੁਕਮ ਕਦੇ ਕਿਸੇ ਵਿਰਲੇ ਨੂੰ ਹੀ ਸਮਝਾਉਂਦਾ ਹੈ, ਬੁਝਾਉਂਦਾ ਹੈ ਜਿਸ ਤਰੀਕੇ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਭਾਵ ਆਪਣੀ ਸਮਝ ਵਾਲਾ ਬਣਾਉਂਦਾ ਹੈ, ਚਉਥੇ ਪਦ ਦੀ ਸਮਝ ਵਾਲਾ ਬਣਾਉਂਦਾ ਹੈ, ਨਾਮ ਦੀ ਸਮਝ ਵਾਲਾ ਬਣਾਉਂਦਾ ਹੈ, ਬ੍ਰਹਮ ਗਿਆਨ ਦੀ ਸਮਝ ਵਾਲਾ ਬਣਾਉਂਦਾ ਹੈ, ਜਿਵੇਂ ਉਸ ਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਣਾਇਆ ਹੈ ਜਿਸ ਅਵੱਸਥਾ ਰਾਹੀਂ ਉਹਨਾਂ ਨੇ ਸੰਸਾਰ ਨੂੰ ਸੱਚਾ ਗਿਆਨ ਸਮਝਾਇਆ ਹੈ, ਜਿਸ ਰੂਪ ਰਾਹੀਂ ਉਸ ਮਨੁੱਖੀ ਦੇਹ ਨੂੰ ਸਮਝ ਲੱਗ ਜਾਂਦੀ ਹੈ ਕਿ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪ ਹੀ ਗੁਰੂ ਹੈ। (**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥ ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥**)

ਆਪਣਾ ਹੁਕਮ ਪ੍ਰਮਾਤਮਾ ਕਿਸੇ ਨੂੰ ਕਿਸ ਤਰੀਕੇ ਸਮਝਾਉਂਦਾ ਹੈ, ਕਿਸੇ ਨੂੰ ਆਪਣਾ ਗੁਰਮੁਖਿ ਰੂਪ ਕਿਸ ਤਰੀਕੇ ਬਣਾਉਂਦਾ ਹੈ। ਕਿਸੇ ਦੀ ਲਿਵ ਆਪਣੇ ਨਾਲ ਕਿਸ ਤਰੀਕੇ ਲਗਾਉਂਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥”

(ਅੰਗ ੯੨੦)

ਉਪਰਲੀਆਂ ਪੰਗਤੀਆਂ ਰਾਹੀਂ ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਦਾ ਬੰਧਨ ਕੀ ਹੈ ਜਿਸ ਬੰਧਨ ਵਿੱਚੋਂ ਅਸੀਂ ਨਿਕਲਣਾ ਹੈ। ਬੰਧਨ ਦੀ ਗੱਲ ਤੇ ਬੰਧਨ ਤੋਂ ਮੁਕਤਿ ਹੋਣ ਦੀ ਗੱਲ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਆਉਂਦੀ ਹੈ। ਬੰਧਨ ਸਾਡੇ ਮਨ ਦੀ ਮਾਇਆ ਨੂੰ ਕਿਹਾ ਹੈ, ਸਾਡੇ ਅੰਦਰ ਦੀ ਹਉਮੈ ਨੂੰ ਕਿਹਾ ਹੈ, ਸਾਡੇ ਅੰਦਰ ਦੇ ਭਰਮਾਂ ਨੂੰ ਕਿਹਾ ਹੈ, ਸਾਡੇ ਮਨ ਦੀ ਅਗਿਆਨਤਾ ਨੂੰ ਕਿਹਾ ਹੈ। ਸਭ ਤੋਂ ਭਾਵ ਇੱਕੋ ਹੀ ਹੈ ਜੋ ਕਿ ਸਾਡੇ ਮਨ ਦੀ ਨਾ-ਸਮਝ ਮਤਿ ਦੇ ਨਾਲ ਹੈ। ਇਹੀ ਬੰਧਨ ਸਾਨੂੰ ਉੱਪਰ ਸਾਡੇ ਅੰਦਰ “**ਸਿਵ ਸਕਤਿ**” ਵਾਲੀ ਅਵੱਸਥਾ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ ਜਿਸ ਮਾਇਆ ਵਾਲੀ ਮਨ ਦੀ ਅਵੱਸਥਾ ਵਿੱਚੋਂ ਨਿਕਲਣਾ ਹੀ ਇਸ ਬੰਧਨ ਤੋਂ ਮੁਕਤਿ ਹੋਣਾ ਹੈ। ਇਸ ਬੰਧਨ ਤੋਂ ਮੁਕਤਿ ਹੋਣ ਦੁਆਰਾ ਹੀ ਕਿਸੇ ਨੂੰ ਆਪਣੇ ਮਨ ਦੀ ਸਮਝ ਪੈ ਸਕਦੀ ਹੈ ਕਿ ਇਹ ਮਨ ਕੀ ਹੈ, ਇਸ ਮਨ ਦਾ ਮਾਲਕ ਕੌਣ ਹੈ ਭਾਵ ਆਪ ਪ੍ਰਮਾਤਮਾ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਇਸ ਬੰਧਨ ਤੋਂ ਮੁਕਤਿ ਕਰਦਾ ਹੈ ਉਸ ਨੂੰ ਆਪਣੇ “**ਸਬਦੁ**” ਦੁਆਰਾ ਹੀ ਕਰਦਾ ਹੈ ਭਾਵ ਸ਼ਬਦ ਦੇ ਗਿਆਨ ਦੁਆਰਾ ਹੀ ਕਰਦਾ ਹੈ। ਆਪਣਾ ਸ਼ਬਦਾਂ ਦਾ ਗਿਆਨ ਸਾਡੇ ਮਨ ਦੇ ਅੰਦਰ ਵਸਾਉਣ ਦੁਆਰਾ ਹੀ ਕਰਦਾ ਹੈ। ਸਾਡੇ ਮਨ ਦੇ ਅੰਦਰ ਕੇਵਲ ਗਿਆਨ ਹੀ ਵੱਸ ਸਕਦਾ ਹੈ। ਸ਼ਬਦਾਂ ਦਾ ਗਿਆਨ ਸੱਚਾ ਗਿਆਨ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਮਨ ਦੇ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਹੀ ਕੱਢਦਾ ਹੈ, ਸ਼ਕਤੀ ਵਾਲੇ ਭਾਵ ਮਾਇਆ ਵਾਲੇ, ਹਉਮੈ ਵਾਲੇ ਵਿਚਾਰਾਂ ਵਿੱਚੋਂ ਹੀ ਕੱਢਦਾ ਹੈ। ਸਾਡੇ ਅੰਦਰ ਦੇ ਨਾ-ਸਮਝ ਵਿਚਾਰ ਹੀ ਸਾਡੇ ਅੰਦਰ ਦਾ ਬੰਧਨ ਹਨ ਜਿੰਨ੍ਹਾਂ ਤੋਂ ਮੁਕਤਿ ਹੋਏ ਬਿਨ੍ਹਾਂ ਕੋਈ ਗੁਰਮੁਖਿ ਰੂਪ ਨਹੀਂ ਬਣ ਸਕਦਾ ਤੇ ਨਾ ਹੀ ਕਿਸੇ ਦੀ ਪ੍ਰਮਾਤਮਾ ਦੇ ਨਾਲ ਲਿਵ ਲੱਗ ਸਕਦੀ ਹੈ ਤੇ ਨਾ ਹੀ ਕੋਈ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਸਕਦਾ ਹੈ। ਆਪਣਾ ਹੁਕਮ ਉਹ ਮਨ ਦੇ ਵਿੱਚ ਮਨ ਦੇ ਵਿਚਾਰਾਂ ਰਾਹੀਂ ਉਹ ਆਪ ਹੀ ਬੁਝਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਨ ਦੁਆਰਾ ਬੁਝਾਉਂਦਾ ਹੈ। ਜਿਸ ਦਾ ਹੁਕਮ ਸਾਡੇ ਅੰਦਰ ਚੱਲਦਾ ਹੈ ਉਹ ਆਪਣਾ ਹੁਕਮ ਆਪ ਹੀ ਬੁੱਝਾ ਸਕਦਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਉਸ ਦੇ ਗਿਆਨ ਰੂਪ ਨੂੰ ਜਾਣਿਆ ਜਾ ਸਕਦਾ ਹੈ, ਨਿਰੰਕਾਰ ਰੂਪ ਨੂੰ ਜਾਣਿਆ ਜਾ ਸਕਦਾ ਹੈ, ਮਨ ਦੀ ਸਮਝ ਦੇ ਮਾਲਕ ਨੂੰ ਜਾਣਿਆ ਜਾ ਸਕਦਾ ਹੈ। ਉਸ ਪ੍ਰਮਾਤਮਾ ਨੂੰ ਕੋਈ ਆਪਣੇ ਆਪ ਜਾਣ ਲਵੇ ਇਹ ਨਾਮੁਮਕਿਨ ਹੈ ਭਾਵ ਨਾਮੁਮਕਿਨ ਹੈ, ਨਾਮੁਮਕਿਨ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਭਾਵ ਉਸ ਦੇ ਆਪ ਜਾਣਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਇਹ ਮਨ ਕੀ ਹੈ ਜੋ ਮਨੁੱਖ ਨੂੰ ਆਪਣੇ ਹੁਕਮ ਵਿੱਚ ਚਲਾ ਰਿਹਾ ਹੈ। (**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥ ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥ ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥ ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥**)

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ ੪੬੬)

{ਦੂਜੈ ਭਾਇ ਪੜੈ ਨਹੀ ਬੂਝੈ ॥
ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥}

(ਅੰਗ ੧੨੭)

{ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥
ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥
ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥}

(ਅੰਗ ੨੧)

{ਗੁਰਮੁਖਿ ਮਿਲੈ ਮਿਲਾਏ ਆਪੇ ॥
ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥}

(ਅੰਗ ੧੨੪)

{ਆਪੇ ਕਰਤਾ ਆਪੇ ਭੁਗਤਾ ॥
ਬੰਧਨ ਤੋੜੇ ਸਦਾ ਹੈ ਮੁਕਤਾ ॥
ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥}

(ਅੰਗ ੧੨੫)

{ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥
ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥}

(ਅੰਗ ੧੫੨)

{ਬੰਧਨਿ ਬਾਧਿਓ ਮਾਇਆ ਫਾਸ ॥
ਜਨ ਨਾਨਕ ਛੂਟੈ ਗੁਰ ਪਰਗਾਸ ॥੪॥}

(ਅੰਗ ੧੬੨)

{ਪ੍ਰਭ ਕਿਰਪਾ ਤੇ ਬੰਧਨ ਛੁਟੈ ॥
ਤਉ ਕਿਰਪਾ ਤੇ ਹਉਮੈ ਤੁਟੈ ॥੧॥}

(ਅੰਗ ੧੮੦)

{ਬੰਧਨ ਤੋੜਿ ਬੋਲਾਵੈ ਰਾਮੁ ॥
ਮਨ ਮਹਿ ਲਾਗੈ ਸਾਚੁ ਧਿਆਨੁ ॥ ਮਿਟਹਿ ਕਲੇਸ ਸੁਖੀ ਹੋਇ ਰਹੀਐ ॥
ਐਸਾ ਦਾਤਾ ਸਤਿਗੁਰੁ ਕਹੀਐ ॥੧॥
ਸੋ ਸੁਖਦਾਤਾ ਜਿ ਨਾਮੁ ਜਪਾਵੈ ॥
ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥੧॥ ਰਹਾਉ ॥
ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥
ਸਰਬ ਨਿਧਾਨ ਗੁਰੂ ਤੇ ਪਾਵੈ ॥
ਆਪੁ ਤਿਆਗਿ ਮਿਟੈ ਆਵਣ ਜਾਣਾ ॥
ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥੨॥
ਜਨ ਊਪਰਿ ਪ੍ਰਭ ਭਏ ਦਇਆਲ ॥
ਜਨ ਕੀ ਟੇਕ ਏਕ ਗੋਪਾਲ ॥
ਏਕਾ ਲਿਵ ਏਕੋ ਮਨਿ ਭਾਉ ॥
ਸਰਬ ਨਿਧਾਨ ਜਨ ਕੈ ਹਰਿ ਨਾਉ ॥੩॥
ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥
ਨਿਰਮਲ ਕਰਣੀ ਸਾਚੀ ਰੀਤਿ ॥
ਗੁਰਿ ਪੂਰੈ ਮੇਟਿਆ ਅੰਧਿਆਰਾ ॥
ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥}

(ਅੰਗ ੧੮੩-੧੮੪)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥

ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥}
(ਅੰਗ ੨੦੪-੨੦੫)

{ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥
ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥}
(ਅੰਗ ੨੦੫)

{ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥}
(ਅੰਗ ੨੦੯)

{ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ ॥
ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥੪॥}
(ਅੰਗ ੨੧੩)

{ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥੧॥
ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥
ਬੁਰਾ ਭਲਾ ਨਹੀ ਸੁਝੀ ਹੇ ॥੨॥
ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥
ਮਨ ਬਿਖੈ ਹੀ ਮਹਿ ਲੁਝੀ ਹੇ ॥੩॥
ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥
ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥}
(ਅੰਗ ੨੧੩)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥
ਬੰਧਨ ਨ ਤ੍ਰੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥
ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥
ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥
ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥
ਅੰਧੇ ਗੁਰੂ ਤੇ ਭਰਮੁ ਨ ਜਾਈ ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥

ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥
ਮਾਇਆ ਕਰਿ ਮੂਲੁ ਜੰਤ੍ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥
ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥
ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥
ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥
ਹਉਮੈ ਮਾਇਆ ਸਬਦਿ ਜਲਾਏ ॥
ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥
ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥
ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥
ਨਾਨਕ ਗੁਰਮੁਖਿ ਬੂਝੈ ਕੋਈ ॥੮॥}

(ਅੰਗ ੨੩੧-੨੩੨)

{ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥੭॥}

(ਅੰਗ ੨੪੨)

{ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥
ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥}

(ਅੰਗ ੨੫੨)

{ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥
ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥੧॥}

(ਅੰਗ ੨੫੨)

{ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥
ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥}

(ਅੰਗ ੨੫੫)

{ਬਾਧਿਓ ਆਪਨ ਹਉ ਹਉ ਬੰਧਾ ॥
ਦੋਸੁ ਦੇਤ ਆਗਹ ਕਉ ਅੰਧਾ ॥}

(ਅੰਗ ੨੫੯)

{ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥}

(ਅੰਗ ੨੭੩)

{ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥}

(ਅੰਗ ੨੮੬)

{ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ ॥}

(ਅੰਗ ੨੯੨)

{ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥
ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥}

(ਅੰਗ ੩੦੦)

{ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥}

(ਅੰਗ ੩੪੬)

{ਕਰੇ ਵਖਿਆਣੁ ਜਾਣੈ ਜੇ ਕੋਈ ॥
ਅੰਮ੍ਰਿਤੁ ਪੀਵੈ ਸੋਈ ॥੧॥ ਰਹਾਉ ॥
ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥੨॥}
ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥}

(ਅੰਗ ੩੫੧)

{ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥}

(ਅੰਗ ੩੫੩)

{ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥
ਖੀਨ ਖਰਾਬੁ ਹੋਵੈ ਨਿਤ ਕੰਧੁ ॥}

(ਅੰਗ ੩੫੪)

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥
ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥}

(ਅੰਗ ੩੯੮)

{ਨਿਥਾਵੇ ਕਉ ਗੁਰਿ ਦੀਨੋ ਥਾਨੁ ॥
ਨਿਮਾਨੇ ਕਉ ਗੁਰਿ ਕੀਨੋ ਮਾਨੁ ॥
ਬੰਧਨ ਕਾਟਿ ਸੇਵਕ ਕਰਿ ਰਾਖੇ ॥
ਅੰਮ੍ਰਿਤ ਬਾਨੀ ਰਸਨਾ ਚਾਖੇ ॥੩॥}

(ਅੰਗ ੩੯੫)

{ਜੈਸੇ ਪਸੁ ਹਰਿਆਉ ਤੈਸਾ ਸੰਸਾਰੁ ਸਭ ॥
ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ ॥੪॥}

(ਅੰਗ ੩੯੭)

{ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥}

(ਅੰਗ ੪੦੦)

{ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥
ਸੰਤ ਭਗਤ ਕੀ ਸੰਗਤਿ ਰਾਮੁ ॥
ਬੰਧਨ ਤੋਰੇ ਸਹਜਿ ਧਿਆਨੁ ॥
ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥}

(ਅੰਗ ੪੧੬)

{ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥੬॥}

(ਅੰਗ ੪੩੨)

{ਸਾਜਨ ਐਸੋ ਸੰਤੁ ਸਹਾਈ ॥
ਜਿਸੁ ਭੇਟੇ ਤ੍ਰੂਟਹਿ ਮਾਇਆ ਬੰਧ ਬਿਸਰਿ ਨ ਕਬਹੂੰ ਜਾਈ ॥ਰਹਾਉ॥}

(ਅੰਗ ੪੯੯)

{ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥
ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥੫॥}

(ਅੰਗ ੫੧੯)

{ਕਰਿ ਕਿਰਪਾ ਅਪੁਨਾ ਦਾਸੁ ਕੀਨੋ ਬੰਧਨ ਤੋਰਿ ਨਿਰਾਰੇ ॥
ਜਪਿ ਜਪਿ ਨਾਮੁ ਜੀਵਾ ਤੇਰੀ ਬਾਣੀ ਨਾਨਕ ਦਾਸ ਬਲਿਹਾਰੇ ॥੨॥}

(ਅੰਗ ੫੩੧)

{ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ ਸਭਿ ਜਨ ਕੇ ਬੰਧਨ ਤੋੜੀਐ ॥
ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ ॥੪॥}

(ਅੰਗ ੫੫੦)

{ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥
ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥
ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥
ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥੨॥}

(ਅੰਗ ੫੫੧)

{ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥
ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ ॥੪॥}

(ਅੰਗ ੫੫੯)

{ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥}

(ਅੰਗ ੫੬੦)

{ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥
ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥
ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥੨॥}

(ਅੰਗ ੬੦੨)

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥
ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥}

(ਅੰਗ ੬੦੪)

{ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ ॥
ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ ॥}

(ਅੰਗ ੬੦੮)

{ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥
ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥੨॥}

(ਅੰਗ ੬੧੬)

{ਪ੍ਰਭ ਜੀ ਤੂ ਮੇਰੋ ਸੁਖਦਾਤਾ ॥
ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥ ਰਹਾਉ ॥}

(ਅੰਗ ੬੨੬)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥
ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥}

(ਅੰਗ ੬੩੫)

{ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥
ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥੨॥}

(ਅੰਗ ੬੩੧)

{ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥
ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥
ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ ॥
ਨਾਨਕ ਜੋ ਗੁਰੁ ਸੇਵਹਿ ਆਪਣਾ ਹਉ ਤਿਨ ਬਲਿਹਾਰੈ ਜਾਉ ॥੧॥}

(ਅੰਗ ੬੪੪)

{ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ ॥
ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ ॥੪॥}

(ਅੰਗ ੬੫੪)

{ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ ॥
ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ ॥੧॥
ਸਾਧਸੰਗਿ ਚਿੰਤ ਬਿਰਾਨੀ ਛਾਡੀ ॥
ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ ॥੧॥ ਰਹਾਉ ॥
ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥੨॥}

(ਅੰਗ ੬੭੧)

{ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥
ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ ॥੧॥
ਹੈ ਕੋਊ ਐਸੋ ਹਮਰਾ ਮੀਤੁ ॥
ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ ॥੧॥ ਰਹਾਉ ॥}

(ਅੰਗ ੬੭੪)

{ਕਰਿ ਕਿਰਪਾ ਪਾਰਬ੍ਰਹਮ ਸੁਆਮੀ ਇਹ ਬੰਧਨ ਛੁਟਕਾਰੀ ॥
ਬੂਡਤ ਅੰਧ ਨਾਨਕ ਪ੍ਰਭ ਕਾਢਤ ਸਾਧ ਜਨਾ ਸੰਗਾਰੀ ॥੨॥}

(ਅੰਗ ੬੮੧)

{ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥
ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥੧॥}

(ਅੰਗ ੬੮੩)

{ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥
ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥੨॥}

(ਅੰਗ ੬੯੮)

{ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥
ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥
ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥੧॥
ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥}

(ਅੰਗ ੭੦੨-੭੦੩)

{ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥
ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥}

(ਅੰਗ ੭੧੬)

{ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ ॥
ਸੁਖ ਸੰਪਤਿ ਭੋਗ ਇਸੁ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ ॥੨॥}

(ਅੰਗ ੭੧੬)

{ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥
ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥੨॥}

(ਅੰਗ ੭੯੬)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥}

(ਅੰਗ ੮੦੪)

{ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ ॥
ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ ॥੧॥}

(ਅੰਗ ੮੦੬)

{ਭ੍ਰਮ ਕੇ ਬੰਧਨ ਕਾਟਹੁ ਪਰਮੇਸਰ ਨਾਨਕ ਕੇ ਪ੍ਰਭ ਸਦਾ ਕ੍ਰਿਪਾਲ ॥੨॥}

(ਅੰਗ ੮੦੬)

{ਦਾਸ ਰੇਨੁ ਸੋਈ ਹੋਆ ਜਿਸੁ ਮਸਤਕਿ ਕਰਮਾ ॥
ਕਹੁ ਨਾਨਕ ਬੰਧਨ ਛੂਟੇ ਸਤਿਗੁਰ ਕੀ ਸਰਨਾ ॥੪॥}

(ਅੰਗ ੮੦੯)

{ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ ॥
ਦੀਨ ਦਇਆਲ ਪ੍ਰਭ ਪਾਰਬ੍ਰਹਮ ਤਾ ਕੀ ਨਦਰਿ ਨਿਹਾਲ ॥੧॥}

(ਅੰਗ ੮੧੪)

{ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ॥
ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ ॥੧॥}

(ਅੰਗ ੮੧੫)

{ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥
ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥}

(ਅੰਗ ੮੨੨)

{ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥}

(ਅੰਗ ੮੩੨)

{ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥
ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥੨॥}

(ਅੰਗ ੮੬)

{ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥
ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥੩॥}

(ਅੰਗ ੧੦੧)

{ਮਨਮੁਖੁ ਭੂਲਾ ਠਉਰੁ ਨ ਪਾਏ ॥
ਜਮ ਦਰਿ ਬਧਾ ਚੋਟਾ ਖਾਏ ॥
ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥}

(ਅੰਗ ੧੦੯)

{ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥
ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥}

(ਅੰਗ ੧੧੦)

{ਮੁਕਤੇ ਸੇਵੇ ਮੁਕਤਾ ਹੋਵੈ ॥
ਹਉਮੈ ਮਮਤਾ ਸਬਦੇ ਖੋਵੈ ॥}

(ਅੰਗ ੧੧੬)

{ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥
ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥
ਅੰਤਰਿ ਰਤਨੁ ਮਿਲੈ ਮਿਲਾਇਆ ॥
ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੬-੧੧੭)

{ਬਹੁ ਤਾਲ ਪੂਰੇ ਵਾਜੇ ਵਜਾਏ ॥
ਨਾ ਕੋ ਸੁਣੇ ਨ ਮੰਨਿ ਵਸਾਏ ॥
ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ ॥੬॥
ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥
ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥
ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥
ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥
ਹੋਰਤੁ ਭਗਤਿ ਨ ਪਾਏ ਕੋਈ ॥
ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ ॥੮॥}

(ਅੰਗ ੧੨੨)

{ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥
ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥
ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ ॥੪॥
ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਪਰਸਾਦੀ ਪਰਮ ਪਦੁ ਪਾਏ ॥
ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥}

(ਅੰਗ ੧੨੩)

{ਆਪੇ ਕਰਤਾ ਆਪੇ ਭੁਗਤਾ ॥
ਬੰਧਨ ਤੋੜੇ ਸਦਾ ਹੈ ਮੁਕਤਾ ॥
ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥}

(ਅੰਗ ੧੨੫)

{ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥
ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥
ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥੧॥
ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥
ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥
ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ ॥੨॥
ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥
ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥
ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥
ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥
ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥
ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥
ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥
ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥੫॥
ਹਉਮੈ ਬਾਧਾ ਗੁਰਮੁਖਿ ਛੂਟਾ ॥
ਗੁਰਮੁਖਿ ਆਵਣੁ ਜਾਵਣੁ ਤੂਟਾ ॥
ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥
ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥੮॥
ਸਗਲੀ ਬਣਤ ਬਣਾਈ ਆਪੇ ॥
ਆਪੇ ਕਰੇ ਕਰਾਏ ਥਾਪੇ ॥
ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥}

(ਅੰਗ ੧੩੧)

{ਹਰਖ ਸੋਗ ਦੁਹਹੂੰ ਤੇ ਮੁਕਤੇ ॥
ਸਦਾ ਅਲਿਪਤੁ ਜੋਗ ਅਰੁ ਜੁਗਤੇ ॥
ਦੀਸਹਿ ਸਭ ਮਹਿ ਸਭ ਤੇ ਰਹਤੇ ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥੩॥}

(ਅੰਗ ੧੮੧)

{ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥
ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥}

(ਅੰਗ ੧੮੫)

{ਕਹੁ ਨਾਨਕ ਗੁਰਿ ਖੋਲੇ ਕਪਾਟ ॥
ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥}

(ਅੰਗ ੧੮੮)

{ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ ॥
ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥੪॥}

(ਅੰਗ ੨੧੩)

{ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥
ਰੋਗੁ ਨ ਬਿਆਪੈ ਨਾ ਜਮ ਦੋਖੰ ॥
ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥}

(ਅੰਗ ੨੨੩)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥
ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ ੨੩੨)

{ਜੋ ਇਸੁ ਮਾਰੇ ਸੋਈ ਸੂਰਾ ॥
ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥
ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥
ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥

ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥
ਜੋ ਇਸੁ ਮਾਰੇ ਸੋ ਧਨਵੰਤਾ ॥
ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥
ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥
ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥
ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥
ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥
ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥
ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥
ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥}

(ਅੰਗ ੨੩੭-੨੩੮)

{ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥}

(ਅੰਗ ੨੭੩)

{ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥
ਆਪਿ ਮਿਲਾਇ ਲਏ ਪ੍ਰਭੁ ਸੋਇ ॥

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੯॥}

(ਅੰਗ ੨੯੪-੨੯੫)

{ਨਗਨ ਫਿਰਤ ਜੌ ਪਾਈਐ ਜੋਗੁ ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥
ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥੧॥ ਰਹਾਉ ॥
ਮੂਡ ਮੁੰਡਾਏ ਜੌ ਸਿਧਿ ਪਾਈ ॥
ਮੁਕਤੀ ਭੇਡ ਨ ਗਈਆ ਕਾਈ ॥੨॥
ਬਿੰਦੁ ਰਾਖਿ ਜੌ ਤਰੀਐ ਭਾਈ ॥
ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥
ਕਹੁ ਕਬੀਰ ਸੁਨਹੁ ਨਰ ਭਾਈ ॥
ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥}

(ਅੰਗ ੩੨੪)

{ਸੇ ਮੁਕਤੁ ਸੇ ਮੁਕਤੁ ਭਏ ਜਿਨ੍ ਹਰਿ ਧਿਆਇਆ ਜੀਉ ਤਿਨ ਟੂਟੀ ਜਮ ਕੀ ਫਾਸੀ ॥}

(ਅੰਗ ੩੪੮)

{ਮੁਕਤੋ ਰਾਤਉ ਰੰਗਿ ਰਵਾਂਤਉ ॥
ਰਾਜਨ ਰਾਜਿ ਸਦਾ ਬਿਗਸਾਂਤਉ ॥
ਜਿਸੁ ਤੂੰ ਰਾਖਹਿ ਕਿਰਪਾ ਧਾਰਿ ॥
ਬੂਡਤ ਪਾਹਨ ਤਾਰਹਿ ਤਾਰਿ ॥੩॥
ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥
ਉਲਟ ਭਈ ਘਰੁ ਘਰ ਮਹਿ ਆਣਿਆ ॥
ਅਹਿਨਿਸਿ ਭਗਤਿ ਕਰੇ ਲਿਵ ਲਾਇ ॥ ਨਾਨਕੁ ਤਿਨ ਕੈ ਲਾਗੈ ਪਾਇ ॥੫॥}

(ਅੰਗ ੩੫੨)

{ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥
ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥੨॥}

(ਅੰਗ ੩੯੩)

{ਜਿਸ ਕਾ ਸਭੁ ਕਿਛੁ ਤਿਸ ਕਾ ਹੋਇ ॥
ਤਿਸੁ ਜਨ ਲੇਪੁ ਨ ਬਿਆਪੈ ਕੋਇ ॥੧॥
ਹਰਿ ਕਾ ਸੇਵਕੁ ਸਦ ਹੀ ਮੁਕਤਾ ॥
ਜੋ ਕਿਛੁ ਕਰੈ ਸੋਈ ਭਲ ਜਨ ਕੈ ਅਤਿ ਨਿਰਮਲ ਦਾਸ ਕੀ ਜੁਗਤਾ ॥੧॥ ਰਹਾਉ ॥
ਸਗਲ ਤਿਆਗਿ ਹਰਿ ਸਰਣੀ ਆਇਆ ॥
ਤਿਸੁ ਜਨ ਕਹਾ ਬਿਆਪੈ ਮਾਇਆ ॥੨॥
ਨਾਮੁ ਨਿਧਾਨੁ ਜਾ ਕੇ ਮਨ ਮਾਹਿ ॥
ਤਿਸ ਕਉ ਚਿੰਤਾ ਸੁਪਨੈ ਨਾਹਿ ॥੩॥
ਕਹੁ ਨਾਨਕ ਗੁਰੁ ਪੂਰਾ ਪਾਇਆ ॥
ਭਰਮੁ ਮੋਹੁ ਸਗਲ ਬਿਨਸਾਇਆ ॥੪॥}

(ਅੰਗ ੩੮੮)

{ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥
ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥
ਨਾ ਕੋਈ ਮਰੈ ਨ ਆਵੈ ਜਾਇਆ ॥੪॥}

(ਅੰਗ ੮੮੫)

{ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥
ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥੧॥
ਸੋਇ ਰਹੇ ਮਾਇਆ ਮਦ ਮਾਤੇ ॥
ਜਾਗਤ ਭਗਤ ਸਿਮਰਤ ਹਰਿ ਰਾਤੇ ॥੧॥ ਰਹਾਉ ॥
ਮੋਹ ਭਰਮਿ ਬਹੁ ਜੋਨਿ ਭਵਾਇਆ ॥
ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥
ਬੰਧਨ ਅੰਧ ਕੂਪ ਗ੍ਰਿਹ ਮੇਰਾ ॥
ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥
ਈਹਾ ਸੁਖੁ ਆਗੈ ਗਤਿ ਪਾਈ ॥੪॥}

(ਅੰਗ ੩੯੮)

{ਜਿਨਹਿ ਉਪਾਹਾ ਤਿਨਹਿ ਬਿਨਾਹਾ ॥
ਰੰਗ ਰਸਾ ਜੈਸੇ ਸੁਪਨਾਹਾ ॥
ਸੋਈ ਮੁਕਤਾ ਤਿਸੁ ਰਾਜੁ ਮਾਲੁ ॥
ਨਾਨਕ ਦਾਸ ਜਿਸੁ ਖਸਮੁ ਦਇਆਲੁ ॥੪॥}

(ਅੰਗ ੩੯੨)

{ਜਿਹ ਪੈਡੈ ਲੂਟੀ ਪਨਿਹਾਰੀ ॥
ਸੋ ਮਾਰਗੁ ਸੰਤਨ ਦੂਰਾਰੀ ॥੧॥
ਸਤਿਗੁਰ ਪੂਰੈ ਸਾਚੁ ਕਹਿਆ ॥
ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥੧॥ ਰਹਾਉ ॥
ਜਹ ਲਾਲਚ ਜਾਗਾਤੀ ਘਾਟ ॥
ਦੂਰਿ ਰਹੀ ਉਹ ਜਨ ਤੇ ਬਾਟ ॥੨॥
ਜਹ ਆਵਟੇ ਬਹੁਤ ਘਨ ਸਾਥ ॥
ਪਾਰਬ੍ਰਹਮ ਕੇ ਸੰਗੀ ਸਾਧ ॥੩॥
ਚਿਤ੍ ਗੁਪਤੁ ਸਭ ਲਿਖਤੇ ਲੇਖਾ ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥
ਵਾਜੇ ਤਾ ਕੈ ਅਨਹਦ ਤੂਰਾ ॥੫॥}

(ਅੰਗ ੩੯੩)

{ਬਾਹਰਹੁ ਹਉਮੈ ਕਹੈ ਕਹਾਏ ॥
ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥
ਮਾਇਆ ਮੋਹੁ ਗੁਰ ਸਬਦਿ ਜਲਾਏ ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥}

(ਅੰਗ ੪੧੨)

{ਸਬਦਿ ਮਰੈ ਤਾਂ ਏਕ ਲਿਵ ਲਾਏ ॥
ਅਚਰੁ ਚਰੈ ਤਾਂ ਭਰਮੁ ਚੁਕਾਏ ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥
ਗੁਰਮੁਖਿ ਹੋਇ ਤ ਸਚਿ ਸਮਾਏ ॥੩॥}

(ਅੰਗ ੪੧੨)

{ਜਗੁ ਬੰਦੀ ਮੁਕਤੇ ਹਉ ਮਾਰੀ ॥
ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥

ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ ੪੧੩)

{ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ ॥
ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਹਾ ਸਾਚੋ ਭਾਈ ॥੧॥}

(ਅੰਗ ੪੨੬)

{ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥
ਜੋ ਜਨ ਮਰਿ ਜੀਵੇ ਤਿਨ੍ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ ॥
ਮਨਿ ਹਰਿ ਹਰਿ ਭਾਉ ਗੁਰੁ ਕਰੇ ਪਸਾਉ ਜੀਵਨ ਮੁਕਤੁ ਸੁਖੁ ਹੋਈ ॥
ਜੀਵਣਿ ਮਰਣਿ ਹਰਿ ਨਾਮਿ ਸੁਹੇਲੇ ਮਨਿ ਹਰਿ ਹਰਿ ਹਿਰਦੈ ਸੋਈ ॥
ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ ॥
ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥੧॥}

(ਅੰਗ ੪੪੭)

{ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗਜੀਵਨੁ ਦਾਤਾ ਪਾਇਆ ॥੬॥}

(ਅੰਗ ੪੬੬)

{ਸੋਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥
ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥}

(ਅੰਗ ੪੯੦-੪੯੧)

{ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ ॥
ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੧॥}

(ਅੰਗ ੫੦੯)

ਮਃ ੩ ॥
{ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ ॥
ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ ॥
ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ ॥

ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ ॥੨॥}

(ਅੰਗ ੫੦੯-੫੧੦)

ਪਉੜੀ ॥
{ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ ॥
ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ ॥
ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ ॥
ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥
ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ ॥੪॥}

(ਅੰਗ ੫੧੦)

{ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥
ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥
ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥
ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥
ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥
ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥
ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥
ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥੫॥}

(ਅੰਗ ੫੧੯)

{ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥
ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ ॥੨॥}

(ਅੰਗ ੫੪੨)

{ਮਿਲਿ ਜਲੁ ਜਲਹਿ ਖਟਾਨਾ ਰਾਮ ॥
ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥
ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥
ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥
ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥
ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥੨॥}

(ਅੰਗ ੫੭੮)

{ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥}

(ਅੰਗ ੫੯੭)

{ਸਬਦੁ ਦੀਪਕੁ ਵਰਤੈ ਤਿਹੁ ਲੋਇ ॥
ਜੋ ਚਾਖੈ ਸੋ ਨਿਰਮਲੁ ਹੋਇ ॥
ਨਿਰਮਲ ਨਾਮਿ ਹਉਮੈ ਮਲੁ ਧੋਇ ॥
ਸਾਚੀ ਭਗਤਿ ਸਦਾ ਸੁਖੁ ਹੋਇ ॥੨॥
ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥
ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥
ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥
ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥੩॥
ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥
ਅਨਦਿਨੁ ਦਾਝਹਿ ਸਾਤਿ ਨ ਪਾਇ ॥
ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥
ਨਾਨਕ ਨਾਮਿ ਸਾਂਤਿ ਸੁਖੁ ਪਾਏ ॥੪॥}

(ਅੰਗ ੬੬੪)

{ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ ॥
ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸ ਕੈ ਸਦ ਕੁਰਬਾਨੀ ॥੧॥
ਹਰਿ ਕੇ ਸੰਤ ਸੁਨਹੁ ਜਸੁ ਕਾਨੀ ॥
ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ ਸਭਿ ਕਿਲਵਿਖ ਪਾਪ ਲਹਿ ਜਾਨੀ ॥੧॥ ਰਹਾਉ ॥}

(ਅੰਗ ੬੬੭)

{ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥}

(ਅੰਗ ੬੮੦)

{ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥
ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ ॥
ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥
ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥
ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ ॥
ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥੧॥
ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ ॥
ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ ॥
ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ ॥
ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥
ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥
ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥੨॥
ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥
ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥
ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥
ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ ॥
ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥
ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥੩॥
ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥
ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥
ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ ॥
ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥
ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥
ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥
ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥
ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ ॥
ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥
ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥
ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥
ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥}

(ਅੰਗ ੬੯੦)

{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥

ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥
ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥}

(ਅੰਗ ੭੩੫-੭੩੬)

{ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥
ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥
ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ ॥
ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮ੍ਹਾਲੇ ॥
ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ॥
ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ ॥੩॥}

(ਅੰਗ ੭੭੧)

{ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥
ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥
ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥੨॥
ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥
ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥
ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥੩॥
ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮ੍ਹਾਲੇ ॥
ਹਰਿ ਜਨ ਮਾਇਆ ਮਾਹਿ ਨਿਸਤਾਰੇ ॥
ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ ॥੪॥}

(ਅੰਗ ੭੯੬-੭੯੭)

{ਏਕ ਰੂਪ ਸਗਲੋ ਪਾਸਾਰਾ ॥
ਆਪੇ ਬਨਜੁ ਆਪਿ ਬਿਉਹਾਰਾ ॥੧॥
ਐਸੋ ਗਿਆਨੁ ਬਿਰਲੋ ਈ ਪਾਏ ॥
ਜਤ ਜਤ ਜਾਈਐ ਤਤ ਦ੍ਰਿਸਟਾਏ ॥੧॥ ਰਹਾਉ ॥
ਅਨਿਕ ਰੰਗ ਨਿਰਗੁਨ ਇਕ ਰੰਗਾ ॥

ਆਪੇ ਜਲੁ ਆਪ ਹੀ ਤਰੰਗਾ ॥੨॥
ਆਪ ਹੀ ਮੰਦਰੁ ਆਪਹਿ ਸੇਵਾ ॥
ਆਪ ਹੀ ਪੂਜਾਰੀ ਆਪ ਹੀ ਦੇਵਾ ॥੩॥
ਆਪਹਿ ਜੋਗ ਆਪ ਹੀ ਜੁਗਤਾ ॥
ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥}

(ਅੰਗ ੮੦੩)

{ਜਿਉ ਤੁਮ੍ ਰਾਖਹੁ ਤਿਉ ਰਹਾ ਅਵਰੁ ਨਹੀ ਚਾਰਾ ॥
ਨੀਧਰਿਆ ਧਰ ਤੇਰੀਆ ਇਕ ਨਾਮ ਅਧਾਰਾ ॥੨॥
ਜੋ ਤੁਮ੍ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ ॥
ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ ॥੩॥}

(ਅੰਗ ੮੦੯)

{ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ ॥
ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ ॥੧॥
ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ ॥
ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ ॥੧॥ ਰਹਾਉ ॥
ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ ॥
ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪਧਾਰੀ ॥੨॥
ਨਿੰਦ ਚਿੰਦ ਪਰ ਦੂਖਨਾ ਏ ਖਿਨ ਮਹਿ ਜਾਰੀ ॥
ਦਇਆ ਮਇਆ ਅਰੁ ਨਿਕਟਿ ਪੇਖੁ ਨਾਹੀ ਦੂਰਾਰੀ ॥੩॥
ਤਨ ਮਨ ਸੀਤਲ ਭਏ ਅਬ ਮੁਕਤੇ ਸੰਸਾਰੀ ॥
ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ ॥੪॥}

(ਅੰਗ ੮੧੦)

{ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥
ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥੧॥
ਗੁਰੁ ਪੂਰਾ ਆਰਾਧਿਆ ਬਿਨਸੀ ਮੇਰੀ ਪੀਰ ॥
ਤਨੁ ਮਨੁ ਸਭੁ ਸੀਤਲੁ ਭਇਆ ਪਾਇਆ ਸੁਖੁ ਬੀਰ ॥੧॥ ਰਹਾਉ ॥
ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ ॥
ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ ॥੨॥
ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ ॥
ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ ॥੩॥
ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ ॥
ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ ॥੪॥}

(ਅੰਗ ੮੧੪)

{ਦੁਖ ਹਰਤਾ ਹਰਿ ਨਾਮੁ ਪਛਾਨੋ ॥
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ॥੧॥ ਰਹਾਉ ॥}

(ਅੰਗ ੮੩੦)

{ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥
ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥੧॥
ਰਾਮ ਜਨ ਗੁਰਮਤਿ ਰਾਮੁ ਬੋਲਾਇ ॥
ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥੧॥ ਰਹਾਉ ॥}

(ਅੰਗ ੮੮੦-੮੮੧)

{ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥
ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥
ਕਵਨੁ ਸੁ ਆਵੈ ਕਵਨੁ ਸੁ ਜਾਇ ॥
ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥
ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥
ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥
ਮਨਮੁਖਿ ਬਿਨਸੈ ਆਵੈ ਜਾਇ ॥
ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥}

(ਅੰਗ ੯੩੯)

{ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥
ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਨੁ ਭਇਆ ॥
ਆਵਾ ਗਉਨੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥
ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਨੁ ਵੀਸਰਿਆ ॥
ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥
ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥੨੫॥
ਮਨਮੁਖਿ ਭੂਲੈ ਜਮ ਕੀ ਕਾਣਿ ॥
ਪਰ ਘਰੁ ਜੋਹੈ ਹਾਣੇ ਹਾਣਿ ॥
ਮਨਮੁਖਿ ਭਰਮਿ ਭਵੈ ਬੇਬਾਣਿ ॥
ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥
ਸਬਦੁ ਨ ਚੀਨੈ ਲਵੈ ਕੁਬਾਣਿ ॥
ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥}

(ਅੰਗ ੯੪੦-੯੪੧)

{ਨਉ ਸਰ ਸੁਭਰ ਦਸਵੈ ਪੂਰੇ ॥

ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥
ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥
ਨਾਨਕ ਪਰਖਿ ਲਏ ਸਚੁ ਸੋਇ ॥੫੩॥
ਸਹਜ ਭਾਇ ਮਿਲੀਐ ਸੁਖੁ ਹੋਵੈ ॥
ਗੁਰਮੁਖਿ ਜਾਗੈ ਨੀਦ ਨ ਸੋਵੈ ॥
ਸੁੰਨ ਸਬਦੁ ਅਪਰੰਪਰਿ ਧਾਰੈ ॥
ਕਹਤੇ ਮੁਕਤੁ ਸਬਦਿ ਨਿਸਤਾਰੈ ॥
ਗੁਰ ਕੀ ਦੀਖਿਆ ਸੇ ਸਚਿ ਰਾਤੇ ॥
ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥
ਕੁਬੁਧਿ ਚਵਾਵੈ ਸੋ ਕਿਤੁ ਠਾਇ ॥
ਕਿਉ ਤਤੁ ਨ ਬੂਝੈ ਚੋਟਾ ਖਾਇ ॥
ਜਮ ਦਰਿ ਬਾਧੇ ਕੋਇ ਨ ਰਾਖੈ ॥
ਬਿਨੁ ਸਬਦੈ ਨਾਹੀ ਪਤਿ ਸਾਖੈ ॥
ਕਿਉ ਕਰਿ ਬੂਝੈ ਪਾਵੈ ਪਾਰੁ ॥
ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥
ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥
ਸਤਿਗੁਰੁ ਭੇਟੈ ਮੋਖ ਦੁਆਰ ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥
ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥
ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ ੯੪੩-੯੪੪)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥
ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ ੯੪੮)

{ਬੰਧਚਿ ਬੰਧਨੁ ਪਾਇਆ ॥
ਮੁਕਤੈ ਗੁਰਿ ਅਨਲੁ ਬੁਝਾਇਆ ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥

ਤਬ ਅੰਤਰਿ ਮਜਨੁ ਕੀਨ੍ਹਾ ॥੧॥}

(ਅੰਗ ੯੭੧-੯੭੨)

{ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥
ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥
ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥
ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥
ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥੪॥
ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥
ਰੇ ਨਰ ਇਨ ਬਿਧਿ ਪਾਰਿ ਪਰਾਇ ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥}

(ਅੰਗ ੧੦੦੧-੧੦੦੨)

{ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥}

(ਅੰਗ ੧੦੦੯)

{ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ ॥
ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ ॥
ਗੁਰ ਪਰਸਾਦੀ ਮੁਕਤੁ ਹੋਇ ਸਾਚੇ ਨਿਜ ਤਾੜੀ ॥੬॥}

(ਅੰਗ ੧੦੧੧)

{ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥}

(ਅੰਗ ੧੦੧੯)

{ਸੋਹਨਿ ਭਗਤ ਪ੍ਰਭੂ ਦਰਬਾਰੇ ॥
ਮੁਕਤੁ ਭਏ ਹਰਿ ਦਾਸ ਤੁਮਾਰੇ ॥
ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥੨॥

ਈਸਰੁ ਬ੍ਰਹਮਾ ਦੇਵੀ ਦੇਵਾ ॥
ਇੰਦ੍ ਤਪੇ ਮੁਨਿ ਤੇਰੀ ਸੇਵਾ ॥
ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥੩॥
ਵਿਣੁ ਜਾਣਾਏ ਕੋਇ ਨ ਜਾਣੈ ॥
ਜੋ ਕਿਛੁ ਕਰੇ ਸੁ ਆਪਣ ਭਾਣੈ ॥
ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥੪॥}

(ਅੰਗ ੧੦੩੪)

{ਹਉਮੈ ਮਮਤਾ ਲੋਭ ਬਿਨਾਸਨੁ ॥
ਨਉ ਦਰ ਮੁਕਤੇ ਦਸਵੈ ਆਸਨੁ ॥
ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥}

(ਅੰਗ ੧੦੪੦)

{ਆਪਿ ਕਰੇ ਤੈ ਆਪਿ ਕਰਾਏ ॥
ਗੁਰ ਪਰਸਾਦੀ ਕਿਸੈ ਬੁਝਾਏ ॥
ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥੮॥}

(ਅੰਗ ੧੦੬੨)

{ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥
ਮਮਤਾ ਕਾਟਿ ਸਚਿ ਲਿਵ ਲਾਏ ॥
ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ ॥੧੫॥
ਆਪੇ ਕਰੇ ਕਰਾਏ ਕਰਤਾ ॥
ਸਬਦਿ ਮਰੈ ਸੋਈ ਜਨੁ ਮੁਕਤਾ ॥
ਨਾਨਕ ਨਾਮੁ ਵਸੈ ਮਨ ਅੰਤਰਿ ਨਾਮੋ ਨਾਮੁ ਧਿਆਇਦਾ ॥੧੬॥}

(ਅੰਗ ੧੦੬੩)

{ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥
ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥
ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥}

(ਅੰਗ ੧੦੬੬)

{ਪੰਚ ਦੂਤ ਚਿਤਵਹਿ ਵਿਕਾਰਾ ॥
ਮਾਇਆ ਮੋਹ ਕਾ ਏਹੁ ਪਸਾਰਾ ॥
ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥}

(ਅੰਗ ੧੦੬੮)

{ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥}

(ਅੰਗ ੧੧੫੩)

{ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥
ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥
ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥}

(ਅੰਗ ੧੧੫੬)

{ਸਤਿਗੁਰ ਮਿਲਿਐ ਮਤਿ ਊਤਮ ਹੋਇ ॥
ਮਨੁ ਨਿਰਮਲੁ ਹਉਮੈ ਕਢੈ ਧੋਇ ॥
ਸਦਾ ਮੁਕਤੁ ਬੰਧਿ ਨ ਸਕੈ ਕੋਇ ॥
ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥}

(ਅੰਗ ੧੧੮੮)

{ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥
ਸਾਧਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥੨॥}

(ਅੰਗ ੧੨੧੬)

{ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥
ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥੨॥}

(ਅੰਗ ੧੨੩੧)

{ਮਨੁ ਸਬਦਿ ਮਰੈ ਤਾ ਮੁਕਤੋ ਹੋਵੈ ਹਰਿ ਚਰਣੀ ਚਿਤੁ ਲਾਈ ॥
ਹਰਿ ਸਰੁ ਸਾਗਰੁ ਸਦਾ ਜਲੁ ਨਿਰਮਲੁ ਨਾਵੈ ਸਹਜਿ ਸੁਭਾਈ ॥੫॥
ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥
ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥}

(ਅੰਗ ੧੨੩੩)

{ਜੀਵਤ ਮੁਕਤ ਗੁਰਮਤੀ ਲਾਗੇ ॥
ਹਰਿ ਕੀ ਭਗਤਿ ਅਨਦਿਨੁ ਸਦ ਜਾਗੇ ॥
ਸਤਿਗੁਰੁ ਸੇਵਹਿ ਆਪੁ ਗਵਾਇ ॥
ਹਉ ਤਿਨ ਜਨ ਕੇ ਸਦ ਲਾਗਉ ਪਾਇ ॥੧॥}

(ਅੰਗ ੧੨੬੨)

{ਅਖਲੀ ਊਂਡੀ ਜਲੁ ਭਰ ਨਾਲਿ ॥
ਡੂਗਰੁ ਊਚਉ ਗੜੁ ਪਾਤਾਲਿ ॥
ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥

ਮਾਰਗੁ ਮੁਕਤਾ ਹਉਮੈ ਮਾਰਿ ॥੧॥}

(ਅੰਗ ੧੨੭੪)

{ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥੨॥}

(ਅੰਗ ੧੨੮੩)

{ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥
ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥
ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥
ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥}

(ਅੰਗ ੧੩੦੫)

{ਐਸੋ ਰਾਮ ਰਾਇ ਅੰਤਰਜਾਮੀ ॥
ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥
ਬਸੈ ਘਟਾ ਘਟ ਲੀਪ ਨ ਛੀਪੈ ॥
ਬੰਧਨ ਮੁਕਤਾ ਜਾਤੁ ਨ ਦੀਸੈ ॥੧॥
ਪਾਨੀ ਮਾਹਿ ਦੇਖੁ ਮੁਖੁ ਜੈਸਾ ॥
ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥}

(ਅੰਗ ੧੩੧੮)

{ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ ॥
ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ ॥੨॥
ਚੰਦਨ ਵਾਸੁ ਭੁਇਅੰਗਮ ਵੇੜੀ ਕਿਵ ਮਿਲੀਐ ਚੰਦਨੁ ਲੀਜੈ ॥
ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ ॥੩॥}

(ਅੰਗ ੧੩੨੪)

{ਗੁਰੁ ਪੂਰਾ ਪੂਰੀ ਤਾ ਕੀ ਕਲਾ ॥
ਗੁਰ ਕਾ ਸਬਦੁ ਸਦਾ ਸਦ ਅਟਲਾ ॥
ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥
ਹਰਿ ਰੰਗਿ ਰਾਤਾ ਮਨੁ ਰਾਮ ਗੁਨ ਗਾਵੈ ॥
ਮੁਕਤੋ ਸਾਧੂ ਧੂਰੀ ਨਾਵੈ ॥੧॥ ਰਹਾਉ ॥
ਗੁਰ ਪਰਸਾਦੀ ਉਤਰੇ ਪਾਰਿ ॥
ਭਉ ਭਰਮੁ ਬਿਨਸੇ ਬਿਕਾਰ ॥
ਮਨ ਤਨ ਅੰਤਰਿ ਬਸੇ ਗੁਰ ਚਰਨਾ ॥
ਨਿਰਭੈ ਸਾਧ ਪਰੇ ਹਰਿ ਸਰਨਾ ॥੨॥}

(ਅੰਗ ੧੩੩੯-੧੩੪੦)

{ਸੇਵਾ ਸੁਰਤਿ ਸਬਦਿ ਵੀਚਾਰਿ ॥
ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥
ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ ੧੩੪੩)

{ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ ॥
ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥
ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥
ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥
ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥
ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥}

(ਅੰਗ ੧੩੮੬)

{ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥
ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥
ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥
ਗੁਰ ਰਾਮਦਾਸ ਕਲ੍ਚਰੈ ਤੈ ਸਬਦ ਨੀਸਾਨੁ ਬਜਾਇਅਉ ॥੯॥}

(ਅੰਗ ੧੩੯੭)

{ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥
ਜਪੁ ਤਪੁ ਸੰਜਮੁ ਕਮਾਵੈ ਕਰਮੁ ॥
ਸੀਲ ਸੰਤੋਖ ਕਾ ਰਖੈ ਧਰਮੁ ॥
ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥}

(ਅੰਗ ੧੪੧੧)

{ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥}

(ਅੰਗ ੧੪੨੮)

{ਰੈਣਿ ਅੰਧਾਰੀ ਨਿਰਮਲ ਜੋਤਿ ॥
ਨਾਮ ਬਿਨਾ ਝੂਠੇ ਕੁਚਲ ਕਛੋਤਿ ॥
ਬੇਦੁ ਪੁਕਾਰੈ ਭਗਤਿ ਸਰੋਤਿ ॥
ਸੁਣਿ ਸੁਣਿ ਮਾਨੈ ਵੇਧੈ ਜੋਤਿ ॥੬॥
ਸਾਸਤ੍ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥

ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ ੮੩੧)

{ਸਹਜ ਜਗੋਟਾ ਬੰਧਨ ਤੇ ਛੂਟਾ ॥
ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥
ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥
ਨਾਨਕ ਰਾਮ ਭਗਤਿ ਜਨ ਤਰਣਾ ॥੪॥}

(ਅੰਗ ੮੭੯)

{ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ ॥੩॥
ਕਰਣ ਕਾਰਣ ਸਮਰਥੁ ਸੁਆਮੀ ਨਾਨਕ ਤਿਸੁ ਸਰਣਾਈ ॥੪॥
ਬੰਧਨ ਤੋੜਿ ਚਰਨ ਕਮਲ ਦ੍ਰਿੜਾਏ ਏਕ ਸਬਦਿ ਲਿਵ ਲਾਈ ॥੫॥
ਅੰਧ ਕੂਪ ਬਿਖਿਆ ਤੇ ਕਾਢਿਓ ਸਾਚ ਸਬਦਿ ਬਣਿ ਆਈ ॥੬॥
ਜਨਮ ਮਰਣ ਕਾ ਸਹਸਾ ਚੂਕਾ ਬਾਹੁੜਿ ਕਤਹੁ ਨ ਧਾਈ ॥੭॥
ਨਾਮ ਰਸਾਇਣਿ ਇਹੁ ਮਨੁ ਰਾਤਾ ਅੰਮ੍ਰਿਤੁ ਪੀ ਤ੍ਰਿਪਤਾਈ ॥੮॥
ਸੰਤਸੰਗਿ ਮਿਲਿ ਕੀਰਤਨੁ ਗਾਇਆ ਨਿਹਚਲ ਵਸਿਆ ਜਾਈ ॥੯॥}

(ਅੰਗ ੯੧੫)

{ਛੀਜੈ ਦੇਹ ਖੁਲੈ ਇਕ ਗੰਢਿ ॥
ਛੇਆ ਨਿਤ ਦੇਖਹੁ ਜਗਿ ਹੰਢਿ ॥
ਧੂਪ ਛਾਵ ਜੇ ਸਮ ਕਰਿ ਜਾਣੈ ॥
ਬੰਧਨ ਕਾਟਿ ਮੁਕਤਿ ਘਰਿ ਆਣੈ ॥
ਛਾਇਆ ਛੂਛੀ ਜਗਤੁ ਭੁਲਾਨਾ ॥
ਲਿਖਿਆ ਕਿਰਤੁ ਧੁਰੇ ਪਰਵਾਨਾ ॥
ਛੀਜੈ ਜੋਬਨੁ ਜਰੂਆ ਸਿਰਿ ਕਾਲੁ ॥
ਕਾਇਆ ਛੀਜੈ ਭਈ ਸਿਬਾਲੁ ॥੨੪॥}

(ਅੰਗ ੯੩੨)

{ਬੰਧਚਿ ਬੰਧਨੁ ਪਾਇਆ ॥
ਮੁਕਤੈ ਗੁਰਿ ਅਨਲੁ ਬੁਝਾਇਆ ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥
ਤਬ ਅੰਤਰਿ ਮਜਨੁ ਕੀਨ੍ਹਾ ॥੧॥
ਪਵਨਪਤਿ ਉਨਮਨਿ ਰਹਨੁ ਖਰਾ ॥
ਨਹੀ ਮਿਰਤੁ ਨ ਜਨਮੁ ਜਰਾ ॥੧॥ ਰਹਾਉ ॥
ਉਲਟੀ ਲੇ ਸਕਤਿ ਸਹਾਰੰ ॥

ਪੈਸੀਲੇ ਗਗਨ ਮਝਾਰੰ ॥
ਬੇਧੀਅਲੇ ਚਕ੍ਰ ਭੁਅੰਗਾ ॥
ਭੇਟੀਅਲੇ ਰਾਇ ਨਿਸੰਗਾ ॥੨॥
ਚੂਕੀਅਲੇ ਮੋਹ ਮਇਆਸਾ ॥
ਸਸਿ ਕੀਨੋ ਸੂਰ ਗਿਰਾਸਾ ॥
ਜਬ ਕੁੰਭਕੁ ਭਰਿਪੁਰਿ ਲੀਣਾ ॥
ਤਹ ਬਾਜੇ ਅਨਹਦ ਬੀਣਾ ॥੩॥
ਬਕਤੈ ਬਕਿ ਸਬਦੁ ਸੁਨਾਇਆ ॥
ਸੁਨਤੈ ਸੁਨਿ ਮੰਨਿ ਬਸਾਇਆ ॥
ਕਰਿ ਕਰਤਾ ਉਤਰਸਿ ਪਾਰੰ ॥
ਕਹੈ ਕਬੀਰਾ ਸਾਰੰ ॥੪॥}

(ਅੰਗ ੯੭੧-੯੭੨)

{ਕਾਟੇ ਬੰਧਨ ਠਾਕੁਰਿ ਜਾ ਕੇ ॥
ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥
ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥}

(ਅੰਗ ੧੦੦੪)

{ਲਾਲਾ ਸੋ ਜੀਵਤੁ ਮਰੈ ਮਰਿ ਵਿਚਹੁ ਆਪੁ ਗਵਾਏ ॥
ਬੰਧਨ ਤੂਟਹਿ ਮੁਕਤਿ ਹੋਇ ਤ੍ਰਿਸਨਾ ਅਗਨਿ ਬੁਝਾਏ ॥
ਸਭ ਮਹਿ ਨਾਮੁ ਨਿਧਾਨੁ ਹੈ ਗੁਰਮੁਖਿ ਕੋ ਪਾਏ ॥੫॥
ਲਾਲੇ ਵਿਚਿ ਗੁਣੁ ਕਿਛੁ ਨਹੀ ਲਾਲਾ ਅਵਗਣਿਆਰੁ ॥
ਤੁਧੁ ਜੇਵਡੁ ਦਾਤਾ ਕੋ ਨਹੀ ਤੂ ਬਖਸਣਹਾਰੁ ॥
ਤੇਰਾ ਹੁਕਮੁ ਲਾਲਾ ਮੰਨੇ ਏਹ ਕਰਣੀ ਸਾਰੁ ॥੬॥}

(ਅੰਗ ੧੦੧੧)

{ਜਾਗਤ ਸੂਤਾ ਭਰਮਿ ਵਿਗੂਤਾ ॥
ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥}

(ਅੰਗ ੧੦੧੯)

{ਇਕਿ ਦਰਿ ਸੇਵਹਿ ਦਰਦੁ ਵਵਾਏ ॥
ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥
ਹਉਮੈ ਬੰਧਨ ਸਤਿਗੁਰਿ ਤੋੜੇ ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥੧੬॥}

(ਅੰਗ ੧੦੨੮)

{ਉਪਜਹਿ ਬਿਨਸਹਿ ਬੰਧਨ ਬੰਧੇ ॥
ਹਉਮੈ ਮਾਇਆ ਕੇ ਗਲਿ ਫੰਧੇ ॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥
ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥
ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥
ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥
ਗੁਰਮਤਿ ਸਾਇਰਿ ਪਾਹਣ ਤਾਰੇ ॥
ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥
ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥
ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥
ਗੁਰਮਤਿ ਪੰਚ ਸਖੇ ਗੁਰ ਭਾਈ ॥

ਗੁਰਮਤਿ ਅਗਨਿ ਨਿਵਾਰਿ ਸਮਾਈ ॥
ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥}

(ਅੰਗ ੧੦੪੧)

{ਆਪਿ ਕਰੇ ਤੈ ਆਪਿ ਕਰਾਏ ॥
ਗੁਰ ਪਰਸਾਦੀ ਕਿਸੈ ਬੁਝਾਏ ॥
ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥੮॥}

(ਅੰਗ ੧੦੬੨)

{ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥
ਕਰਿ ਕਿਰਪਾ ਕੀਨੇ ਘਰ ਗੋਲੇ ॥
ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥੧੨॥}

(ਅੰਗ ੧੦੭੨)

{ਹਰਖ ਸੋਗ ਕਾ ਨਗਰੁ ਇਹੁ ਕੀਆ ॥
ਸੇ ਉਬਰੇ ਜੋ ਸਤਿਗੁਰ ਸਰਣੀਆ ॥
ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ ॥੪॥
ਅਨਿਕ ਕਰਮ ਕੀਏ ਬਹੁਤੇਰੇ ॥ ਜੋ ਕੀਜੈ ਸੋ ਬੰਧਨੁ ਪੈਰੇ ॥
ਕੁਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥੫॥}

(ਅੰਗ ੧੦੭੫)

{ਗੁਰ ਉਪਦੇਸਿ ਜਪੀਐ ਮਨਿ ਸਾਚਾ ॥
ਗੁਰ ਉਪਦੇਸਿ ਰਾਮ ਰੰਗਿ ਰਾਚਾ ॥
ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥}

(ਅੰਗ ੧੦੭੭)

{ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥
ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥੩॥}

(ਅੰਗ ੧੧੧੨)

{ਰੋਗੇ ਮਰਤਾ ਰੋਗੇ ਜਨਮੈ ॥
ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥
ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥}

(ਅੰਗ ੧੧੪੦-੧੧੪੧)

{ਬੰਧਨ ਕਾਟਨਹਾਰੁ ਮਨਿ ਵਸੈ ॥
ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥}

(ਅੰਗ ੧੧੪੭)

{ਤੀਰਥਿ ਨਾਇ ਕਹਾ ਸੁਚਿ ਸੈਲੁ ॥
ਮਨ ਕਉ ਵਿਆਪੈ ਹਉਮੈ ਮੈਲੁ ॥
ਕੋਟਿ ਕਰਮ ਬੰਧਨ ਕਾ ਮੂਲੁ ॥
ਹਰਿ ਕੇ ਭਜਨ ਬਿਨੁ ਬਿਰਥਾ ਪ੍ਰੀਤਿ ॥੨॥}

(ਅੰਗ ੧੧੪੯)

{ਗੁਰ ਪਰਸਾਦਿ ਪਰਮ ਪਦੁ ਪਾਇਆ ॥
ਗੁਣ ਗੋਪਾਲ ਦਿਨੁ ਰੈਨਿ ਧਿਆਇਆ ॥
ਤੂਟੇ ਬੰਧਨ ਪੂਰਨ ਆਸਾ ॥
ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥
ਕਹੁ ਨਾਨਕ ਜਾ ਕੇ ਪੂਰਨ ਕਰਮਾ ॥
ਸੋ ਜਨੁ ਆਇਆ ਪ੍ਰਭ ਕੀ ਸਰਨਾ ॥
ਆਪਿ ਪਵਿਤ੍ਰ ਪਾਵਨ ਸਭਿ ਕੀਨੇ ॥
ਰਾਮ ਰਸਾਇਣੁ ਰਸਨਾ ਚੀਨੇ ॥੪॥}

(ਅੰਗ ੧੧੫੦)

{ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥
ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥੩॥}

(ਅੰਗ ੧੨੦੬)

{ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ ਜਿਸੁ ਮਸਤਕਿ ਲੇਖੁ ਲਿਖਾ ॥
ਖੁਲ੍ਹੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ ਦਿਖਾ ॥੧॥
ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਏ ਰਸਨ ਚਖਾ ॥
ਕਹੁ ਨਾਨਕ ਸੁਖ ਸਹਜੁ ਮੈ ਪਾਇਆ ਗੁਰਿ ਲਾਹੀ ਸਗਲ ਤਿਖਾ ॥੨॥}

(ਅੰਗ ੧੨੧੨)

{ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥}

(ਅੰਗ ੧੨੧੮)

{ਬੰਧਨ ਤੋਰਿ ਰਾਮ ਲਿਵ ਲਾਈ ਸੰਤਸੰਗਿ ਬਨਿ ਆਈ ॥
ਜਨਮੁ ਪਦਾਰਥੁ ਭਇਓ ਪੁਨੀਤਾ ਇਛਾ ਸਗਲ ਪੁਜਾਈ ॥੧॥}

(ਅੰਗ ੧੨੨੧)

{ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥
ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥੫॥}

(ਅੰਗ ੧੨੫੫)

{ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ ॥

ਬੰਧਨ ਤੋੜੇ ਮੁਕਤਿ ਘਰਿ ਰਹੈ ॥ ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥}

(ਅੰਗ ੧੨੬੨)

{ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥
ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥}

(ਅੰਗ ੧੨੭੭)

{ਸਾਜਨ ਮੀਤ ਸੁਆਮੀ ਨੇਰੋ ॥
ਪੇਖਤ ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ ਫੇਰੋ ॥੧॥ ਰਹਾਉ ॥
ਨਾਮ ਬਿਨਾ ਜੇਤੋ ਲਪਟਾਇਓ ਕਛੂ ਨਹੀ ਨਾਹੀ ਕਛੁ ਤੇਰੋ ॥
ਆਗੈ ਦ੍ਰਿਸਟਿ ਆਵਤ ਸਭ ਪਰਗਟ ਈਹਾ ਮੋਹਿਓ ਭਰਮ ਅੰਧੇਰੋ ॥੧॥
ਅਟਕਿਓ ਸੁਤ ਬਨਿਤਾ ਸੰਗ ਮਾਇਆ ਦੇਵਨਹਾਰੁ ਦਾਤਾਰੁ ਬਿਸੇਰੋ ॥
ਕਹੁ ਨਾਨਕ ਏਕੈ ਭਾਰੋਸਉ ਬੰਧਨ ਕਾਟਨਹਾਰੁ ਗੁਰੁ ਮੇਰੋ ॥੨॥}

(ਅੰਗ ੧੩੦੨-੧੩੦੩)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥}

(ਅੰਗ ੧੦੦੨)

{ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥}

(ਅੰਗ ੯੩)

ਉੱਪਰ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਸਾਡੇ ਅੰਦਰ ਦਾ ਬੰਧਨ ਕੀ ਹੈ ਤੇ ਉਸ ਤੋਂ ਮੁਕਤਿ ਹੋਣਾ ਕੀ ਹੈ। ਬੜੇ ਸਪੱਸ਼ਟ ਤਰੀਕੇ ਨਾਲ ਅਨੇਕਾਂ ਸ਼ਬਦਾਂ ਰਾਹੀਂ ਗੁਰੂ ਸਾਹਿਬਾਨ ਨੇ ਸਾਨੂੰ ਇਹ ਸਮਝਾਇਆ ਹੋਇਆ ਹੈ। ਜੋ ਸਾਡੇ ਅੰਦਰ ਦਾ ਬੰਧਨ ਹੈ, ਉਸ ਤੋਂ ਹੀ ਅਸੀਂ ਮੁਕਤਿ ਹੋਣਾ ਹੈ ਜੋ ਕਿ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਮੁਕਤਿ ਹੋਣਾ ਹੈ। ਇਹ ਬੰਧਨ ਸਾਡੇ ਮਨ ਦੇ ਵਿੱਚ ਹੈ ਤੇ ਮੁਕਤਿ ਵੀ ਸਾਡੇ ਮਨ ਨੇ ਹੀ ਹੋਣਾ ਹੈ। ਇਹ ਬੰਧਨ

ਸਾਡੇ ਮਨ ਦੀ ਸਮਝ ਦਾ ਹੈ ਜਿਸ ਬੰਧਨ ਨੂੰ ਸ਼ਬਦਾਂ ਰਾਹੀਂ ਅਨੇਕਾਂ ਤਰੀਕਿਆਂ ਨਾਲ ਸਮਝਾਇਆ ਹੋਇਆ ਹੈ। ਕਿਸੇ ਸ਼ਬਦ ਰਾਹੀਂ ਇਸ ਨੂੰ ਮਾਇਆ ਦਾ ਬੰਧਨ ਕਿਹਾ ਹੈ, ਕਿਸੇ ਸ਼ਬਦ ਰਾਹੀਂ ਹਉਮੈ ਦਾ ਬੰਧਨ ਕਿਹਾ ਹੈ। ਕਿਸੇ ਸ਼ਬਦ ਰਾਹੀਂ ਤ੍ਰੈਗੁਣਾਂ ਦਾ ਬੰਧਨ ਕਿਹਾ ਹੈ। ਕਿਸੇ ਸ਼ਬਦ ਰਾਹੀਂ ਮਨ ਦੀ ਅਗਿਆਨਤਾ ਦਾ ਬੰਧਨ ਕਿਹਾ ਹੈ, ਕਿਸੇ ਸ਼ਬਦ ਰਾਹੀਂ ਭਰਮਾਂ ਦਾ ਬੰਧਨ ਕਿਹਾ ਹੈ ਤੇ ਜਿਸ ਸ਼ਬਦ ਦੇ ਪਿੱਛੇ ਅਰਥ ਸਮਝਣ ਦਾ ਉਪਰਾਲਾ ਕੀਤਾ ਹੈ ਉਸ ਵਿੱਚ ਇਸ ਬੰਧਨ ਨੂੰ ਸਾਡੇ ਅੰਦਰ ਸਿਵ ਸ਼ਕਤੀ ਦੇ ਰੂਪ ਵਿੱਚ ਸਾਡੇ ਮਨ ਦਾ ਬੰਧਨ ਦੱਸਿਆ ਹੋਇਆ ਹੈ। ਸਾਰੀ ਗੱਲ ਸਾਡੀ ਸਮਝ ਦੇ ਨਾਲ ਜੁੜੀ ਹੋਈ ਹੈ, ਸਾਡੇ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ। ਸਾਡੇ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ ਜੋ ਉਸ ਦਾ ਹੁਕਮ ਸਾਡੇ ਅੰਦਰ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਹੈ। ਸਾਡੇ ਅੰਦਰ ਤ੍ਰੈਗੁਣਾਂ ਵਾਲੀ, ਹਉਮੈ ਵਾਲੀ, ਮਾਇਆ ਵਾਲੀ ਸਮਝ ਦੇ ਰੂਪ ਵਿੱਚ ਜੋ ਪ੍ਰਮਾਤਮਾ ਦਾ ਹੁਕਮ ਵਰਤਦਾ ਹੈ ਉਹ ਬੰਧਨ ਦੇ ਰੂਪ ਵਿੱਚ ਹੀ ਵਰਤਦਾ ਹੈ ਜਿਸ ਬੰਧਨ ਤੋਂ ਮੁਕਤਿ ਹੋਏ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਦਾ ਹੁਕਮ ਸਭ ਦੇ ਅੰਦਰ ਕਿਸ ਰੂਪ ਵਿੱਚ ਵਰਤਦਾ ਹੈ। ਹਰ ਕੋਈ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਚੱਲ ਰਿਹਾ ਹੈ ਪਰ ਇਸ ਗੱਲ ਨੂੰ ਕੋਈ ਸਮਝ ਨਹੀਂ ਸਕਦਾ ਕਿਉਂਕਿ ਸਾਡੀ ਸਮਝ ਦੇ ਅੰਦਰ ਬੰਧਨ ਪ੍ਰਮਾਤਮਾ ਨੇ ਆਪ ਹੀ ਪਾਇਆ ਹੋਇਆ ਹੈ ਤੇ ਇਸ ਤੋਂ ਮੁਕਤਿ ਵੀ ਉਹ ਆਪ ਹੀ ਕਰ ਸਕਦਾ ਹੈ। ਇਸ ਬੰਧਨ ਤੋਂ ਮੁਕਤੀ ਦਾ ਸਾਧਨ ਪ੍ਰਮਾਤਮਾ ਦਾ ਨਾਮ ਹੈ ਭਾਵ ਉਸ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਮਨ ਦੇ ਭਰਮਾਂ ਤੋਂ, ਮਨ ਦੀ ਅਗਿਆਨਤਾ ਤੋਂ, ਹਉਮੈ ਤੋਂ, ਤ੍ਰੈਗੁਣਾਂ ਵਾਲੀ ਅਵੱਸਥਾ ਤੋਂ, ਮਾਇਆ ਮੋਹ ਤੋਂ ਮੁਕਤਿ ਕਰਨ ਦਾ ਹੀ ਹੈ। ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਨਾਮ ਕੀ ਹੈ ਭਾਵ ਨਾਮ ਦਾ ਮਕਸਦ ਕੀ ਹੈ ਤਦ ਤੱਕ ਅਸੀਂ ਬੰਧਨ ਤੋਂ ਮੁਕਤੀ ਦਾ ਉਪਰਾਲਾ ਨਹੀਂ ਕਰ ਸਕਦੇ ਜਿਵੇਂ ਕਿ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੀ ਹੈ, ਸੱਚੇ ਧਰਮ ਗ੍ਰੰਥਾਂ ਵਿੱਚ ਪ੍ਰਮਾਤਮਾ ਦਾ ਨਾਮ ਹੀ ਹੈ ਜਿੰਨ੍ਹਾਂ ਧਰਮ ਗ੍ਰੰਥਾਂ ਬਾਰੇ ਬਾਣੀ ਵਿੱਚ ਜਿਕਰ ਕੀਤਾ ਹੋਇਆ ਹੈ। ਧਰਮ ਗ੍ਰੰਥ ਸਾਨੂੰ ਮਤਿ ਹੀ ਦਿੰਦੇ ਹਨ, ਸੱਚੀ ਮਤਿ ਹੀ ਦਿੰਦੇ ਹਨ ਜਿਸ ਦੁਆਰਾ ਉਨ੍ਹਾਂ ਦਾ ਮਕਸਦ ਸਾਡੇ ਅੰਦਰ ਦੀ ਨਾ-ਸਮਝੀ ਨੂੰ ਕੱਢਣ ਦਾ ਹੀ ਹੈ ਭਾਵ ਸੱਚ ਸਮਝਾਉਣ ਦਾ ਹੀ ਹੈ। ਸਾਡੇ ਅੰਦਰ ਬੰਧਨ ਭਰਮਾਂ ਦਾ ਹੈ ਭਾਵ ਭਰਮ ਵਾਲੇ ਵਿਚਾਰਾਂ ਦਾ ਹੈ ਜਿੰਨ੍ਹਾਂ ਭਰਮ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਨਾ ਕੋਈ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕਦਾ ਹੈ ਤਾਂ ਜੋ ਉਸ ਅਨੁਸਾਰ ਚੱਲਿਆ ਜਾ ਸਕੇ ਤੇ ਨਾ ਹੀ ਕੋਈ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ, ਅੰਦਰ ਹੀ ਹੈ, ਅੰਦਰ ਹੀ ਹੈ। ਭਰਮਾਂ ਦਾ ਮਾਲਕ ਵੀ ਸਾਡੇ ਅੰਦਰ ਹੀ ਹੈ ਤੇ ਭਰਮਾਂ ਵਿੱਚੋਂ ਕੱਢਣ ਵਾਲਾ ਵੀ ਸਾਡੇ ਅੰਦਰ ਹੀ ਹੈ। ਜਿੰਨ੍ਹਾਂ ਨੂੰ ਉਸ ਨੇ ਭਰਮਾਂ ਵਿੱਚੋਂ ਕੱਢਿਆ ਹੈ, ਮਨ ਦੀ ਅਗਿਆਨਤਾ ਵਿੱਚੋਂ ਕੱਢਿਆ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਸਾਨੂੰ ਸੱਚ ਦਾ ਮਾਰਗ ਸਮਝਾਇਆ ਹੈ। ਸੱਚ ਉਹ ਹੈ ਜੋ ਹਰ ਭਰਮ ਤੋਂ ਰਹਿਤ ਹੈ, ਜਿਸ ਵਿੱਚ ਕੋਈ ਅਗਿਆਨਤਾ ਵਾਲੀ ਗੱਲ ਨਹੀਂ ਹੋ ਸਕਦੀ। ਜੋ ਸਮਝ ਪੂਰਨ ਸੱਚ ਵਾਲੀ ਸਮਝ ਹੈ ਉਹ ਨਾਮ ਵਾਲੀ ਸਮਝ ਹੈ। ਨਾਮ ਵਾਲੀ ਸਮਝ ਬੰਧਨ ਤੋਂ ਮੁਕਤਿ ਹੈ ਜਿਸ ਸਮਝ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸ ਦੀ ਸੱਚੀ ਭਗਤੀ ਦਾ ਮਾਰਗ ਕੀ ਹੈ।ਮਨ ਦੇ ਬੰਧਨ ਤੋਂ ਮੁਕਤਿ ਹੋਏ ਬਿਨ੍ਹਾਂ ਪੂਰਨ ਸੱਚ ਨੂੰ ਕੋਈ ਨਹੀਂ ਜਾਣ ਸਕਦਾ, ਨਾਮ ਨੂੰ ਕੋਈ ਨਹੀਂ ਜਾਣ ਸਕਦਾ, ਨਾਮ ਦੇ ਮਾਲਕ ਨੂੰ ਕੋਈ ਨਹੀਂ ਜਾਣ ਸਕਦਾ ਜਿਸ ਨੇ ਮਨ ਦੀ ਸਮਝ ਰਾਹੀਂ ਆਪ ਹੀ ਸਾਰੇ ਸੰਸਾਰ ਨੂੰ ਬੰਧਨ ਵਿੱਚ ਪਾਇਆ ਹੋਇਆ ਹੈ, ਹਉਮੈ ਦੇ ਬੰਧਨ ਵਿੱਚ, ਮਾਇਆ ਮੋਹ ਦੇ ਬੰਧਨ ਵਿੱਚ, ਤ੍ਰੈਗੁਣਾਂ ਦੇ ਬੰਧਨ ਵਿੱਚ ਬੰਨਿਆ ਹੋਇਆ ਹੈ ਜਿਸ ਬੰਧਨ ਵਿੱਚੋਂ ਕੋਈ ਆਪ ਹੀ ਨਿਕਲ ਜਾਵੇ ਇਹ ਨਾਮੁਮਕਿਨ ਹੈ। ਇਸੇ ਲਈ ਪ੍ਰਮਾਤਮਾ ਨੂੰ ਕੋਈ ਆਪਣੇ ਆਪ ਨਹੀਂ ਜਾਣ ਸਕਦਾ। ਇਹ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ। ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਧਰਮ ਗ੍ਰੰਥਾਂ ਦੀ ਸੱਚੀ ਮਤਿ ਹੈ, ਉਸ ਦਾ ਨਾਮ ਹੈ ਜਿਸ ਨਾਮ ਦਾ ਮਕਸਦ ਆਪਣੇ ਮਨ ਦੀ ਸਮਝ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ, ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਹਉਮੈ ਛੱਡਣ ਦਾ ਹੈ, ਮਾਇਆ ਮੋਹ ਛੱਡਣ ਦਾ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ ਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਵਿਚਾਰਾਂ ਨੂੰ ਮੰਨਾਂਗੇ, ਸ਼ਬਦ ਦੇ ਵਿਚਾਰਾਂ ਨੂੰ ਮੰਨਾਂਗੇ ਭਾਵ ਗੁਰੂ ਦੀ ਮਤਿ ਨੂੰ ਮੰਨਾਂਗੇ ਤੇ ਆਪਣੀ ਮਤਿ ਨੂੰ ਭਾਵ ਮਨਮਤਿ ਨੂੰ ਛੱਡਾਂਗੇ, ਆਪਣੀ ਨਾ-ਸਮਝ ਮਤਿ ਨੂੰ, ਭਰਮਾਂ ਵਾਲੀ ਮਤਿ ਨੂੰ ਛੱਡਾਂਗੇ। ਨਾਮ ਸਾਡੀ ਕਥਨੀ ਦਾ ਮਾਰਗ ਨਹੀਂ ਹੈ ਤੇ ਕਥਨੀ ਕਰੀ ਜਾਣਾ ਕੇਵਲ ਸਾਡਾ ਭਰਮ ਹੈ ਭਾਵ ਸਾਡੇ ਮਨ ਦਾ ਬੰਧਨ ਹੈ, ਅਗਿਆਨਤਾ ਦਾ ਬੰਧਨ ਹੈ ਜਿਸ ਬੰਧਨ ਵਿੱਚੋਂ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਸਾਡੇ ਸਭ ਦੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਉਹ ਸਾਡੀ ਸੁਰਤਿ ਦੇ ਵਿਚਾਰ ਹਨ। ਸਾਡੀ ਸੁਰਤਿ ਵਾਲੇ ਵਿਚਾਰ ਹੀ ਸਾਡੇ ਮਨ ਦਾ ਬੰਧਨ ਹਨ। ਇਸ ਬੰਧਨ ਤੋਂ ਮੁਕਤੀ ਪਾਉਣ ਦਾ ਸਾਧਨ ਸ਼ਬਦ ਦੇ ਵਿਚਾਰ ਹਨ, ਗੁਰੂ ਦੇ ਵਿਚਾਰ ਹਨ। ਸ਼ਬਦ ਦੇ

ਵਿਚਾਰ ਹੀ ਨਾਮ ਹਨ ਜਿੰਨ੍ਹਾਂ ਵਿਚਾਰਾਂ ਨੂੰ ਮੰਨੇ ਬਿਨ੍ਹਾਂ ਅਸੀਂ ਸੁਰਤਿ ਦੇ ਵਿਚਾਰਾਂ ਤੋਂ ਮੁਕਤਿ ਨਹੀਂ ਹੋ ਸਕਦੇ, ਹਉਮੈ ਤੋਂ ਮੁਕਤਿ ਨਹੀਂ ਹੋ ਸਕਦੇ। ਸਾਡੀ ਸੁਰਤਿ ਦੇ ਵਿਚਾਰਾਂ ਦਾ ਤੇ ਸ਼ਬਦ ਦੇ ਵਿਚਾਰਾਂ ਦਾ ਇੱਕ ਹੋ ਜਾਣਾ ਹੀ ਸ਼ਬਦ ਸੁਰਤਿ ਦਾ ਮੇਲ ਹੈ। ਸ਼ਬਦ ਦੇ ਵਿਚਾਰ ਕਦੇ ਬਦਲ ਨਹੀਂ ਸਕਦੇ, ਉਹ ਅਟੱਲ ਹਨ ਜਿੰਨ੍ਹਾਂ ਵਿੱਚ ਪੂਰਨ ਸੱਚ ਹੈ। ਸ਼ਬਦ ਸੁਰਤਿ ਦੇ ਮੇਲ ਲਈ ਬਦਲਣਾ ਸਾਡੀ ਸੁਰਤਿ ਦੇ ਵਿਚਾਰਾਂ ਨੂੰ ਹੀ ਪੈਣਾ ਹੈ ਭਾਵ ਛੱਡਣੇ ਆਪਣੇ ਵਿਚਾਰ ਹੀ ਪੈਣੇ ਹਨ ਜਿੰਨ੍ਹਾਂ ਨੂੰ ਛੱਡੇ ਬਿਨ੍ਹਾਂ ਅਸੀਂ ਬੰਧਨ ਤੋਂ ਮੁਕਤਿ ਨਹੀਂ ਹੋ ਸਕਦੇ। ਮੁਕਤਿ ਸਾਨੂੰ ਸ਼ਬਦ ਦੇ ਵਿਚਾਰਾਂ ਨੇ ਹੀ ਕਰਨਾ ਹੈ ਭਾਵ ਨਾਮ ਨੇ ਹੀ ਕਰਨਾ ਹੈ। ਨਾਮ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਤੇ ਮੁਕਤਿ ਵੀ ਪ੍ਰਮਾਤਮਾ ਨੇ ਆਪ ਹੀ ਕਰਨਾ ਹੈ। ਨਾਮ ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਸਭ ਵਿੱਚ, ਸਭ ਜਗ੍ਹਾ ਵਰਤਦਾ ਹੈ। ਮੁਕਤੀ ਬ੍ਰਹਮ ਗਿਆਨ ਦੇ ਨਾਲ ਹੀ ਮਿਲਣੀ ਹੈ ਜਿਸ ਨੇ ਸਾਨੂੰ ਮਨ ਦੀ ਅਗਿਆਨਤਾ ਤੋਂ ਮੁਕਤਿ ਕਰਨਾ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ, ਧਰਮ ਗ੍ਰੰਥਾਂ ਵਿੱਚ ਵੀ ਬ੍ਰਹਮ ਗਿਆਨ ਹੈ ਭਾਵ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਗਿਆਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਅਸਲ ਵਿੱਚ ਮੁਕਤੀ ਕੀ ਹੈ ਤੇ ਬੰਧਨ ਕੀ ਹੈ ਇਸ ਗੱਲ ਦੀ ਸਮਝ ਹੀ ਕਿਸੇ ਨੂੰ ਪ੍ਰਮਾਤਮਾ ਦੇ ਆਪਣੇ ਪਾਇ ਬਿਨ੍ਹਾਂ ਨਹੀਂ ਪੈਂਦੀ ਜਿਵੇਂ ਕਿ ਸਮਾਜ ਵਿੱਚ ਇਸ ਗੱਲ ਨੂੰ ਪਰਖਿਆ ਜਾ ਸਕਦਾ ਹੈ। ਮੁਕਤੀ ਨੂੰ ਸਮਾਜ ਨੇ ਇਸ ਸਰੀਰ ਦੇ ਬਿਨਸਨ ਨਾਲ ਜੋੜਿਆ ਹੋਇਆ ਹੈ ਕਿ ਸਰੀਰ ਬਿਨਸਨ ਤੋਂ ਬਾਅਦ ਹੁਣ ਮੁਕਤੀ ਕਰਵਾਉਣੀ ਹੈ ਜੋ ਕਿ ਸਾਡੇ ਅੰਦਰ ਦਾ ਵੱਡਾ ਭਰਮ ਹੈ ਭਾਵ ਮਨ ਦੇ ਬੰਧਨ ਦਾ ਨਤੀਜਾ ਹੈ ਜਿਸ ਬੰਧਨ ਵਿੱਚ ਰਹਿੰਦਿਆਂ ਸਾਨੂੰ ਸੱਚ ਦੀ ਸਮਝ ਹੀ ਨਹੀਂ ਪੈਂਦੀ ਕਿ ਸੱਚ ਕੀ ਹੈ। ਸੱਚ ਇਹ ਹੈ ਕਿ ਮੁਕਤੀ ਇਹ ਸਰੀਰ ਵਿੱਚ ਰਹਿੰਦੇ ਹੋਏ ਹੀ ਹੋਣੀ ਹੈ ਨਾ ਕਿ ਸਰੀਰ ਬਿਨਸਨ ਤੋਂ ਬਾਅਦ।

(**ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥**
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥)

(ਅੰਗ ੯੩)

ਮੁਕਤੀ ਤਾਂ ਇਹ ਸਰੀਰ ਦੇ ਰਹਿੰਦਿਆ ਹੀ ਮਿਲ ਸਕਦੀ ਹੈ ਤੇ ਪ੍ਰਮਾਤਮਾ ਨੂੰ ਇਸ ਸਰੀਰ ਦੇ ਰਹਿੰਦੇ ਹੋਏ ਹੀ ਜਾਣਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ, ਆਪਣੇ ਆਪ ਨੂੰ ਜਾਨਣ ਦਾ ਕੋਈ ਹੋਰ ਤਰੀਕਾ ਨਹੀਂ ਹੈ। ਜਿਨ੍ਹਾਂ ਸਰੀਰਾਂ ਨੂੰ ਭਾਵ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਰੀਰਾਂ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੇ ਮਨ ਦੇ ਬੰਧਨ ਤੋਂ ਮੁਕਤ ਕੀਤਾ ਹੈ ਉਨ੍ਹਾਂ ਨੇ ਹੀ ਆਪਣੇ ਸਰੀਰਾਂ ਦੇ ਰਹਿੰਦੇ ਹੋਏ ਸੰਸਾਰ ਨੂੰ ਬੰਧਨ ਤੋਂ ਮੁਕਤੀ ਦਾ ਤਰੀਕਾ ਸਮਝਾਇਆ ਹੈ। ਬੰਧਨ ਮਨ ਦੀ ਸਮਝ ਦੇ ਵਿੱਚ ਹੈ ਤੇ ਬੰਧਨ ਤੋਂ ਮੁਕਤ ਵੀ ਸਮਝ ਦੇ ਰਹਿੰਦੇ ਹੋਏ ਹੋਇਆ ਜਾ ਸਕਦਾ ਹੈ। ਮਨ ਦੇ ਬੰਧਨ ਤੋਂ ਮੁਕਤ ਹੋ ਕੇ ਹੀ ਇਹ ਜਾਣਿਆ ਜਾ ਸਕਦਾ ਹੈ ਕਿ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਜੀਵਨ ਮਰਨ ਤੋਂ ਰਹਿਤ ਹੈ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਸਾਡਾ ਭਰਮ ਹੀ ਹੈ ਭਾਵ ਮਨ ਦਾ ਬੰਧਨ ਹੀ ਹੈ ਜਿਸ ਤੋਂ ਮੁਕਤ ਹੋਇ ਬਿਨ੍ਹਾਂ ਭਾਵ ਆਪਣੇ ਆਪ ਨੂੰ ਜਾਣੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ, ਮੁਕਤੀ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ। ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ, ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਮਨ ਦਾ ਇਹ ਬੰਧਨ ਟੁੱਟੇ ਬਿਨ੍ਹਾਂ ਭਾਵ ਇਸ ਤੋਂ ਮੁਕਤਿ ਹੋਏ ਬਿਨ੍ਹਾਂ ਇਸ ਸੰਸਾਰ ਦੀ ਅਸਲੀਅਤ ਨੂੰ ਨਹੀਂ ਜਾਣਿਆ ਜਾ ਸਕਦਾ, ਸੱਚਾਈ ਨੂੰ ਨਹੀਂ ਜਾਣਿਆ ਜਾ ਸਕਦਾ ਕਿ ਇਹ ਸੰਸਾਰ ਕੀ ਹੈ, ਕਿਵੇਂ ਬਣਿਆ ਹੈ, ਕਿਸ ਨੇ ਬਣਾਇਆ ਹੈ ਤੇ ਕਿਸ ਤਰੀਕੇ ਚੱਲ ਰਿਹਾ ਹੈ ਤੇ ਕੌਣ ਚਲਾ ਰਿਹਾ ਹੈ। ਜਿਸ ਨੂੰ ਪ੍ਰਮਾਤਮਾ ਭਰਮ ਤੋਂ ਮੁਕਤਿ ਕਰਦਾ ਹੈ ਕੇਵਲ ਤੇ ਕੇਵਲ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਰੀਰਾਂ ਵਿੱਚ ਰਹਿੰਦੇ ਹੋਏ ਹੀ ਇਸ ਗੱਲ ਨੂੰ ਸਮਝਿਆ ਹੈ ਤੇ ਸਾਰੇ ਸੰਸਾਰ ਨੂੰ ਸੱਚ ਸਮਝਾਇਆ ਹੈ, ਸੰਸਾਰ ਦੀ ਅਸਲੀਅਤ ਸਮਝਾਈ ਹੈ। ਸੰਸਾਰ ਦੀ ਸੱਚਾਈ ਇਹ ਹੈ ਕਿ ਸਭ ਕੁਛ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਪਰ ਇਸ ਗੱਲ ਤੇ ਮਨੁੱਖ ਨੂੰ ਵਿਸ਼ਵਾਸ ਤਾਂ ਹੀ ਆਉਂਦਾ ਹੈ ਜਦੋਂ ਪ੍ਰਮਾਤਮਾ ਆਪ ਕਿਸੇ ਦੇ ਅੰਦਰ ਭਾਵ ਮਨ ਦੇ ਅੰਦਰ ਪ੍ਰਗਟ ਹੋ ਕੇ ਆਪਣਾ ਸੱਚਾ ਗਿਆਨ ਦੇਣ ਦੁਆਰਾ, ਤੱਤ ਗਿਆਨ ਦੇਣ ਦੁਆਰਾ ਆਪ ਹੀ ਵਿਸ਼ਵਾਸ ਦਿਵਾਉਂਦਾ ਹੈ। (**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ**

ਮੂਲੁ ਪਛਾਨਿਆ ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥) ਅੰਗ-੨੮੫

ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਮਨ ਦੇ ਬੰਧਨ ਤੋਂ ਮੁਕਤਿ ਹੋਣ ਦੁਆਰਾ ਹੀ ਪੈਂਦੀ ਹੈ ਜੋ ਸਮਝ ਸਾਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਾਈ ਹੈ, ਮਨ ਦੇ ਵਿਸ਼ਵਾਸ ਨਾਲ ਪਾਈ ਹੈ ਕਿ ਇਸ ਤੋਂ ਬਿਨ੍ਹਾਂ ਹੋਰ ਕੋਈ ਭਗਤੀ ਦਾ ਮਾਰਗ ਨਹੀਂ ਹੈ। ਅਸੀਂ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜੋ ਮਾਰਗ ਸਦੀਆਂ ਤੋਂ ਅਪਣਾਏ ਜਾ ਰਹੇ ਹਨ ਤੇ ਸੱਚੇ ਮਾਰਗ ਸਮਝਕੇ ਹੀ ਅਪਣਾਈ ਜਾ ਰਹੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਗੁਰਬਾਣੀ ਰਾਹੀਂ ਉਹੋ ਜਿਹੇ ਸਾਰੇ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਭਾਵ ਉਹਨਾਂ ਨੂੰ ਸਾਡਾ ਭਰਮ ਦੱਸਿਆ ਹੋਇਆ ਹੈ ਭਾਵ ਉਹਨਾਂ ਵਿੱਚ ਭਗਤੀ ਦੇ ਮਾਰਗ ਦਾ ਸੱਚ ਨਹੀਂ ਹੈ, ਭਗਤੀ ਦੀ ਸੱਚਾਈ ਨਹੀਂ ਹੈ ਭਾਵ ਇਹਨਾਂ ਤਰੀਕਿਆਂ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਦਾ ਬੰਧਨ ਹੈ ਜਿਸ ਵਿੱਚੋਂ ਨਿਕਲਣ ਦਾ ਸਾਧਨ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਹੈ। ਭਗਤੀ ਦਾ ਮਾਰਗ ਸਮਝਣ ਲਈ ਅਸੀਂ ਅਨੇਕਾਂ ਦੀ ਮਤਿ ਦੇ ਨਾਲ ਜੁੜੇ ਹੋਏ ਹਾਂ ਜੋ ਸਾਨੂੰ ਵੱਖਰੀ ਵੱਖਰੀ ਮਤਿ ਨਾਲ ਜੋੜਦੇ ਹਨ, ਵੱਖਰੀ ਵੱਖਰੀ ਮਰਿਆਦਾ ਨਾਲ ਜੋੜਦੇ ਹਨ ਭਾਵ ਇਹ ਸਭ ਭਰਮ ਦੇ ਬੰਧਨ ਵਿੱਚ ਬੱਝੇ ਹੋਏ ਹਨ ਭਾਵ ਇਹਨਾਂ ਸਾਰਿਆਂ ਨੂੰ ਪ੍ਰਮਾਤਮਾ ਨੇ ਆਪ ਹੀ ਭੁਲਾਇਆ ਹੋਇਆ ਹੈ ਤੇ ਭਗਤੀ ਦੇ ਪੁੱਠੇ ਮਾਰਗ ਤੇ ਪਾਇਆ ਹੋਇਆ ਹੈ। ਝੂਠੀ ਗੱਲ ਨੂੰ ਸੱਚ ਸਮਝਣਾ ਇਹ ਮਨ ਦਾ ਭਰਮ ਹੈ। ਪ੍ਰਮਾਤਮਾ ਇਸ ਸੰਸਾਰ ਦੀ ਖੇਡ ਨੂੰ ਭਰਮ ਦੇ ਬੰਧਨ ਰਾਹੀਂ ਹੀ ਚਲਾ ਰਿਹਾ ਹੈ, ਆਪਣੇ ਹੁਕਮ ਰਾਹੀਂ ਹੀ ਚਲਾ ਰਿਹਾ ਹੈ। ਮਨ ਦੇ ਵਿੱਚੋਂ ਇਹ ਬੰਧਨ ਟੁੱਟੇ ਬਿਨ੍ਹਾਂ ਪ੍ਰਮਾਤਮਾ ਦੇ ਹੁਕਮ ਨੂੰ ਕੋਈ ਨਹੀਂ ਬੁੱਝ ਸਕਦਾ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਜੋ ਕਿ ਕੇਵਲ ਤੇ ਕੇਵਲ ਉਸ ਦੀ ਆਪਣੀ ਰਜ਼ਾ ਹੈ ਕਿ ਉਹ ਕਿਸੇ ਨੂੰ ਆਪਣਾ ਹੁਕਮ ਬੁਝਾਉਂਦਾ ਹੈ। ਆਪਣੇ ਅੰਦਰੋਂ ਉਸ ਦਾ ਹੁਕਮ ਬੁੱਝੇ ਬਿਨ੍ਹਾਂ ਹਰ ਕੋਈ ਮਨਮੁਖਿ ਹੈ ਤੇ ਉਸ ਦਾ ਹੁਕਮ ਬੁੱਝਣ ਦੁਆਰਾ ਹੀ ਕੋਈ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣ ਸਕਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੇ ਨਾਲ ਕਿਸੇ ਦੀ ਲਿਵ ਜੁੜਦੀ ਹੈ, ਮਨ ਦੀ ਸਮਝ ਰਾਹੀਂ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਲਿਵ ਜੁੜਦੀ ਹੈ, ਸ਼ਬਦ ਨਾਲ ਲਿਵ ਜੁੜਦੀ ਹੈ ਜਿਵੇਂ ਕਿ ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ ਸਮਝਿਆ ਹੈ। (**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥**) ਅੰਗ - ੯੨੦

ਉੱਪਰ ਵਾਲੇ ਸ਼ਬਦ ਤੋਂ ਪਹਿਲਾਂ ਅਸੀਂ ਸਿਵ ਸਕਤੀ ਵਾਲੇ ਸ਼ਬਦ ਨੂੰ ਸਮਝਿਆ ਸੀ ਕਿ ਸ਼ਕਤੀ ਸਿਵ ਦੇ ਅੱਗੇ ਹਾਰਦੀ ਹੈ। ਇਹ ਸ਼ਕਤੀ ਸਾਡੇ ਅੰਦਰ ਦੀ ਮਾਇਆ ਹੈ ਭਾਵ ਮਾਇਆ ਰੂਪ ਬੰਧਨ ਹੈ। ਜਿਸ ਦੇ ਮਨ ਵਿੱਚ ਪ੍ਰਮਾਤਮਾ ਇਸ ਬੰਧਨ ਨੂੰ ਤੋੜਦਾ ਹੈ ਉਹ ਆਪ ਹੀ ਤੋੜਦਾ ਹੈ, ਮਨ ਦੀ ਮਾਇਆ ਨੂੰ ਭਾਵ ਭਰਮਾਂ ਵਾਲੀ ਸਮਝ ਨੂੰ ਮਨ ਦੇ ਵਿੱਚ ਆਪ ਹੀ ਹਰਾਉਂਦਾ ਹੈ। ਜਿੱਤਣ ਵਾਲੀ ਮਤਿ ਗੁਰੂ ਦੀ ਮਤਿ ਹੈ, ਪ੍ਰਮਾਤਮਾ ਦੀ ਆਪਣੀ ਮਤਿ ਹੈ, ਸ਼ਬਦ ਦੇ ਵਿਚਾਰਾਂ ਵਾਲੀ ਮਤਿ ਹੈ ਜਿਸ ਮਤਿ ਦੇ ਜਿੱਤੇ ਬਿਨ੍ਹਾਂ ਭਾਵ ਸ਼ਕਤੀ ਦੇ ਹਾਰੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਦੀ ਨਾ ਸਮਝ ਪੈਂਦੀ ਹੈ ਤੇ ਨਾ ਹੀ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ। ਸੱਚੀ ਭਗਤੀ ਦੀ ਸੋਝੀ ਪਏ ਬਿਨ੍ਹਾਂ ਮਨ ਦੇ ਭਰਮਾਂ ਵਿੱਚ ਰਹਿੰਦੇ ਹੋਏ, ਹਉਮੈ ਵਿੱਚ ਰਹਿੰਦੇ ਹੋਏ, ਮਾਇਆ ਮੋਹ ਵਿੱਚ ਰਹਿੰਦੇ ਹੋਏ ਹਰ ਕੋਈ ਉਸ ਦੀ ਖੇਡ ਦਾ ਬੱਝਿਆ ਹੋਇਆ ਹੈ ਜੋ ਖੇਡ ਉਹ ਮਨ ਦੇ ਵਿੱਚ ਪਾਈ ਹੋਈ ਭਰਮਾਂ ਵਾਲੀ ਸਮਝ ਦੁਆਰਾ ਚਲਾ ਰਿਹਾ ਹੈ ਤੇ ਮਨ ਦੇ ਭਰਮਾਂ ਰਾਹੀਂ ਹੀ ਹਰ ਕੋਈ ਆਪਣੀ ਨਾ-ਸਮਝ ਭਗਤੀ ਦੇ ਮਾਰਗ ਨੂੰ ਸੱਚੀ ਭਗਤੀ ਦਾ ਮਾਰਗ ਸਮਝਦੇ ਹਨ, ਆਪਣੀ ਨਾ-ਸਮਝ ਮਤਿ ਨੂੰ ਹੀ ਨਾਮ ਵਾਲੀ ਮਤਿ ਸਮਝਦੇ ਹਨ, ਹਉਮੈ ਵਾਲੀ ਸਮਝ ਨੂੰ ਹੀ ਨਾਮ ਵਾਲੀ ਸਮਝ ਸਮਝਦੇ ਹਨ ਭਾਵ ਹਰ ਕੋਈ ਭਰਮਾਂ ਦੇ ਬੰਧਨ ਵਿੱਚ ਹੀ ਬੱਝਿਆ ਹੋਇਆ ਹੈ। (**ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥ ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥ ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥ ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥ ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥ ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥**) ਅੰਗ - ੧੦੯੬

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਜਦ ਤੱਕ ਮਨੁੱਖ ਬੰਧਨ ਵਿੱਚ ਹੈ ਤਦ ਤੱਕ ਉਸ ਦੇ ਅੰਦਰ ਨਾਮ

ਨਹੀਂ ਹੈ ਕਿਉਂਕਿ ਜਿਸ ਮਨ ਦੇ ਵਿੱਚ ਨਾਮ ਹੁੰਦਾ ਹੈ ਉਸ ਮਨ ਦੇ ਵਿੱਚ ਭਰਮ ਹੋ ਹੀ ਨਹੀਂ ਸਕਦਾ, ਹਉਮੈ ਹੋ ਹੀ ਨਹੀਂ ਸਕਦੀ, ਮਾਇਆ ਮੋਹ ਹੋ ਹੀ ਨਹੀਂ ਸਕਦਾ ਭਾਵ ਅਗਿਆਨਤਾ ਹੋ ਹੀ ਨਹੀਂ ਸਕਦੀ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਭਰਮ ਦੇ ਬੰਧਨ ਵਿੱਚੋਂ ਕੱਢਕੇ ਦਿੰਦਾ ਹੈ ਤੇ ਆਪ ਹੀ ਨਾਮ ਦੇ ਮਾਰਗ ਤੇ ਚਲਾਉਂਦਾ ਹੈ, ਆਪਣਾ ਨਾਮ ਆਪ ਹੀ ਜਪਾਉਂਦਾ ਹੈ ਭਾਵ ਸੱਚ ਦੇ ਮਾਰਗ ਤੇ ਭਗਤੀ ਦੇ ਸੱਚੇ ਮਾਰਗ ਤੇ ਆਪ ਹੀ ਚਲਾਉਂਦਾ ਹੈ। ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜਤਾ ਨਾਲ ਸਮਝਿਆ ਜਾ ਸਕਦਾ ਹੈ।

ਮਾਰੂ ਮਹਲਾ ੫ ॥

“ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥”

(ਅੰਗ - ੧੦੦੨)

ਉੱਪਰ ਸ਼ਬਦ ਰਾਹੀਂ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਇਹ ਸਮਝਾਇਆ ਹੋਇਆ ਹੈ ਕਿ ਨਾਮ ਮਿਲਣਾ ਕੀ ਹੈ ਤੇ ਨਾਮ ਦਾ ਮਨੋਰਥ ਕੀ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਗੁਰੂ ਦੀ ਸਮਝਾਈ ਹੋਈ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿਉਂਕਿ ਗੁਰੂ ਸਾਨੂੰ ਸੱਚ ਹੀ ਸਮਝਾਉਂਦਾ ਹੈ, ਗੁਰੂ ਭਰਮਾਂ ਤੋਂ ਰਹਿਤ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨਾ ਜਾਂ ਪ੍ਰਮਾਤਮਾ ਦੀ ਗੱਲ ਤੇ ਵਿਸ਼ਵਾਸ ਕਰਨਾ ਇੱਕੋ ਹੀ ਗੱਲ ਹੈ। ਆਉ ਪਹਿਲਾਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਸਮਝੀਏ ਕਿ ਮਨੁੱਖ ਦੀ ਬੰਧਨ ਤੋਂ ਖਲਾਸੀ ਕਿਵੇਂ ਹੁੰਦੀ ਹੈ, ਛੁਟਕਾਰਾ ਕਿਵੇਂ ਹੁੰਦਾ ਹੈ। ਸਾਡੇ ਅੰਦਰ ਦਾ ਬੰਧਨ ਕੀ ਹੈ, ਇਹ ਵੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ।

“ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥”

ਸਾਡੇ ਮਨ ਦੇ ਬੰਧਨ ਨੂੰ ਸਾਡੇ ਪੈਰਾਂ ਦੀ ਬੇੜੀ ਕਹਿ ਕੇ ਸਮਝਾਇਆ ਹੋਇਆ ਹੈ ਜਿਸ ਬੇੜੀ ਵਿੱਚ ਹਰ ਕੋਈ ਬੱਝਿਆ ਹੋਇਆ ਹੈ ਭਾਵ ਹਰ ਕੋਈ ਪ੍ਰਮਾਤਮਾ ਦਾ ਬੰਦੀ ਹੈ, ਉਸ ਦੀ ਕੈਦ ਵਿੱਚ ਹੈ ਜਿਸ ਵਿੱਚੋਂ ਆਪਣੇ ਆਪ ਕੋਈ ਨਹੀਂ ਨਿਕਲ ਸਕਦਾ। ਪ੍ਰਮਾਤਮਾ ਦੀ ਕੈਦ ਵਿੱਚ ਸਾਡੇ ਮਨ ਦੇ ਵਿਚਾਰ ਭਾਵ ਉਹ ਵਿਚਾਰ ਹਨ ਜਿੰਨ੍ਹਾਂ ਵਿਚਾਰਾਂ ਰਾਹੀਂ ਪ੍ਰਮਾਤਮਾ ਨੇ ਸਭ ਦੇ ਅੰਦਰ ਭਰਮ ਪਾਇਆ ਹੋਇਆ ਹੈ। ਸਾਡੇ ਅੰਦਰ ਭਰਮ ਵਾਲੇ ਵਿਚਾਰਾਂ ਦੀ ਤੁਲਨਾ “ਆਂਡੇ” ਦੇ ਨਾਲ ਕੀਤੀ ਹੋਈ ਹੈ। ਆਂਡਾ ਕੀ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਆਂਡੇ ਦੇ ਵਿੱਚ ਜੋ ਕੁੱਝ ਵੀ ਹੁੰਦਾ ਹੈ ਉਸ ਦੇ ਸਾਰੇ ਪਾਸੇ ਛਿਲਕਾ ਹੁੰਦਾ ਹੈ ਭਾਵ ਆਂਡੇ ਦੇ ਵਿੱਚ ਜੋ ਕੁੱਝ ਹੁੰਦਾ ਹੈ ਉਹ ਛਿਲਕੇ ਦੇ ਵਿੱਚ ਬੱਝਿਆ ਹੁੰਦਾ ਹੈ, ਛਿਲਕੇ ਦੀ ਕੈਦ ਦੇ ਵਿੱਚ ਹੁੰਦਾ ਹੈ ਜਿਸ ਕੈਦ ਦੇ ਵਿੱਚੋਂ ਛਿਲਕੇ ਦੇ ਅੰਦਰ ਦੀ ਵਸਤੂ ਆਪਣੇ ਆਪ ਨਹੀਂ ਨਿਕਲ ਸਕਦੀ। ਉਸ ਦੇ ਅੰਦਰ ਦੀ ਵਸਤੂ ਤਾਂ ਹੀ ਨਿਕਲ ਸਕਦੀ ਹੈ ਜਦੋਂ ਆਂਡਾ ਟੁੱਟ ਜਾਂਦਾ ਹੈ ਭਾਵ ਜਦੋਂ ਕੋਈ ਆਂਡੇ ਨੂੰ ਤੋੜਦਾ ਹੈ ਤਾਂ ਹੀ ਉਸ ਦੇ ਅੰਦਰ ਦੀ ਵਸਤੂ ਬਾਹਰ ਆਉਂਦੀ ਹੈ ਭਾਵ ਆਪਣੀ ਕੈਦ ਵਿੱਚੋਂ ਛੁਟਦੀ ਹੈ। ਆਂਡੇ ਦੇ ਛਿਲਕੇ ਦੇ ਅੰਦਰ ਜੋ ਕੁੱਝ ਵੀ ਹੈ ਉਸ ਦਾ ਦਾਇਰਾ ਬੱਝਿਆ ਹੋਇਆ ਹੈ ਭਾਵ ਉਹ ਵਸਤੂ ਉਸ ਦਾਇਰੇ ਤੋਂ ਬਾਹਰ ਨਹੀਂ ਨਿਕਲ ਸਕਦੀ। ਸਾਡੇ ਅੰਦਰ ਦੀ ਮਤਿ ਦਾ ਦਾਇਰਾ ਇਹੋ ਕੁੱਝ ਹੀ ਹੈ।

ਪ੍ਰਮਾਤਮਾ ਨੇ ਸਾਡੇ ਮਨ ਦੇ ਵਿਚਾਰਾਂ ਨੂੰ ਇੱਕ ਦਾਇਰੇ ਵਿੱਚ ਬੰਨਿਆ ਹੋਇਆ ਹੈ ਤੇ ਸਾਡੇ ਮਨ ਦੇ ਵਿਚਾਰ ਆਪਣੇ ਆਪ ਉਸ ਦਾਇਰੇ ਤੋਂ ਬਾਹਰ ਨਹੀਂ ਨਿਕਲ ਸਕਦੇ ਭਾਵ ਉਹ ਹਰ ਵੇਲੇ ਕੈਦ ਵਿੱਚ ਹੀ ਰਹਿੰਦੇ ਹਨ। ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ, ਮਾਇਆ ਮੋਹ ਵਾਲੀ ਅਵੱਸਥਾ, ਹਉਮੈ ਵਾਲੀ ਸਮਝ ਦੀ ਅਵੱਸਥਾ ਸਾਡੇ ਮਨ ਦੇ ਅੰਦਰ ਸਾਡੀ ਕੈਦ ਦੀ ਤਰ੍ਹਾਂ ਹੈ ਜੋ ਕੈਦ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਦੇ ਰੂਪ ਵਿੱਚ ਹੈ ਭਾਵ ਸਾਡੇ ਭਰਮਾਂ ਨਾਲ ਭਰੇ ਹੋਏ ਵਿਚਾਰ ਹਨ ਜੋ ਉਸ ਦਾਇਰੇ ਤੋਂ ਬਾਹਰ ਨਹੀਂ ਨਿਕਲ ਸਕਦੇ ਜਿਸ ਤੋਂ ਬਾਹਰ ਨਿਕਲੇ ਬਿਨ੍ਹਾਂ ਨਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਭਗਤੀ ਦੇ ਸੱਚੇ ਮਾਰਗ ਨੂੰ ਸਮਝਿਆ ਜਾ ਸਕਦਾ ਹੈ। ਇਸ ਕੈਦ ਤੋਂ ਛੁਟਕਾਰਾ ਗੁਰੂ ਦਾ ਸੱਚਾ ਗਿਆਨ ਹੈ ਭਾਵ ਚੌਥੇ ਪਦ ਦਾ ਗਿਆਨ ਹੈ ਜੋ ਗਿਆਨ ਧਰਮ ਦੇ ਮਾਰਗ ਦੀ ਸੱਚੀ ਸੋਝੀ ਪਾਉਂਦਾ ਹੈ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਉਸ ਦੇ ਨਾਲ ਮੇਲ ਕਰਵਾਉਂਦਾ ਹੈ। ਇਹ ਚੌਥੇ ਪਦ ਦਾ ਗਿਆਨ **"ਬ੍ਰਹਮ ਗਿਆਨ"** ਹੈ ਜਿਸ ਨੂੰ ਪ੍ਰਮਾਤਮਾ ਨੇ ਆਪਣੇ ਕੋਲ ਹੀ ਰੱਖਿਆ ਹੋਇਆ ਹੈ ਤੇ ਉਸ ਗਿਆਨ ਨੂੰ ਆਪਣੇ ਆਪ ਕੋਈ ਲੈ ਲਵੇ ਇਹ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ ਕਿਉਂਕਿ ਇਸ ਉੱਚੇ ਗਿਆਨ ਨੂੰ ਸਮਝਣ ਤੋਂ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮਾਂ ਵਿੱਚ ਪਾ ਕੇ ਦੂਰ ਰੱਖਿਆ ਹੋਇਆ ਹੈ। ਸਾਡੇ ਅੰਦਰ ਇਹ ਭਰਮ ਦਾ ਆਂਡਾ ਜਦ ਤੱਕ ਟੁੱਟਦਾ ਨਹੀਂ ਤਦ ਤੱਕ ਅਸੀਂ ਭਰਮਾਂ ਵਾਲੀ ਸਮਝ ਤੋਂ ਬਾਹਰ ਨਹੀਂ ਆ ਸਕਦੇ ਭਾਵ ਮਨ ਦੇ ਬੰਧਨ ਤੋਂ ਮੁਕਤਿ ਨਹੀਂ ਹੋ ਸਕਦੇ। ਸਾਡੇ ਅੰਦਰ ਭਰਮ ਦਾ ਆਂਡਾ ਮਨ ਦੇ ਵਿੱਚ "**ਪ੍ਰਗਾਸ**" ਹੋਣ ਦੁਆਰਾ ਹੀ ਟੁੱਟਦਾ ਹੈ। ਮਨ ਦੇ ਵਿੱਚ ਗਿਆਨ ਦਾ ਪਰਗਾਸੁ ਹੀ ਹੁੰਦਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ ਪਰਗਾਸੁ ਕਰਦਾ ਹੈ, ਬ੍ਰਹਮ ਗਿਆਨ ਦਾ ਪਰਗਾਸੁ ਕਰਦਾ ਹੈ, ਗੁਰਮਤਿ ਰੂਪ ਸੱਚੀ ਸਮਝ ਦਾ ਪਰਗਾਸੁ ਕਰਦਾ ਹੈ, ਸ਼ਬਦਾਂ ਦੀ ਸੱਚੀ ਸਮਝ ਦਾ ਪਰਗਾਸੁ ਕਰਦਾ ਹੈ ਉਸ ਦੇ ਅੰਦਰੋਂ ਹੀ ਭਰਮ ਦਾ ਆਂਡਾ ਟੁੱਟਦਾ ਹੈ ਤੇ ਮਨੁੱਖੀ ਮਤਿ ਦੀ ਬੰਧਨ ਤੋਂ ਖਲਾਸੀ ਹੁੰਦੀ ਹੈ। (**ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥**)

ਸਾਡੇ ਅੰਦਰ ਦਾ "ਭਰਮ" ਕੀ ਹੈ ਤੇ "ਸੱਚ" ਕੀ ਹੈ, ਇਸ ਗੱਲ ਦੀ ਸਮਝ ਭਰਮ ਰੂਪ ਆਂਡਾ ਟੁੱਟਣ ਦੁਆਰਾ ਹੀ ਪੈਂਦੀ ਹੈ। ਸੱਚ ਹੀ ਨਾਮ ਹੈ। ਨਾਮ ਵਿੱਚ ਤੇ ਹਉਮੈ ਵਿੱਚ ਕੀ ਫ਼ਰਕ ਹੈ ਇਸ ਦੀ ਸਮਝ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣਾ ਨਾਮ ਦੇਣ ਦੁਆਰਾ ਪਾਉਂਦਾ ਹੈ ਜਿਵੇਂ ਕਿ ਅਗਲੀਆਂ "ਰਹਾਉ" ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"**ਆਵਣ ਜਾਣੁ ਰਹਿਓ ॥**

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥"

ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਨਾਮ ਮਨੁੱਖ ਨੂੰ ਉਦੋਂ ਮਿਲਦਾ ਹੈ ਜਦੋਂ ਉਸ ਦੇ ਅੰਦਰੋਂ ਭਰਮ ਦਾ ਬੰਧਨ ਟੁੱਟ ਜਾਂਦਾ ਹੈ ਤੇ ਬੰਧਨ ਵਿੱਚ ਹਰ ਕੋਈ ਹੈ ਭਾਵ ਨਾਮ ਦੀ ਸਮਝ ਕਿਸੇ ਨੂੰ ਨਹੀਂ ਹੈ। ਨਾਮ ਕਿਸ ਕੋਲੋਂ ਮਿਲਦਾ ਹੈ ਤੇ ਕਿਵੇਂ ਮਿਲਦਾ ਹੈ, ਕਿਸ ਰੂਪ ਵਿੱਚ ਮਿਲਦਾ ਹੈ ਭਾਵ ਨਾਮ ਕੀ ਹੈ ਇਸ ਗੱਲ ਦੀ ਸਮਝ ਵੀ ਨਾਮ ਮਿਲਣ ਤੇ ਹੀ ਪੈਂਦੀ ਹੈ, ਉਸ ਤੋਂ ਪਹਿਲੇ ਨਹੀਂ ਪੈਂਦੀ। ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਕੋਈ ਹੋਰ ਨਹੀਂ ਦੇ ਸਕਦਾ। ਉੱਪਰ ਪੰਗਤੀਆਂ ਰਾਹੀਂ ਸਾਨੂੰ ਗੁਰੂ ਸਾਹਿਬ ਇਹ ਗੱਲ ਕਹਿ ਰਹੇ ਹਨ ਕਿ ਮੈਨੂੰ ਨਾਮ ਗੁਰੂ ਕੋਲੋਂ ਮਿਲਿਆ ਹੈ ਭਾਵ ਪ੍ਰਮਾਤਮਾ ਦੇ ਕੋਲੋਂ ਮਿਲਿਆ ਹੈ ਜੋ ਸ਼ਬਦ ਰੂਪ ਵਿੱਚ ਆਪ ਹੀ ਗੁਰੂ ਹੈ। (**ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥**) ਜਿਸ ਨੂੰ ਨਾਮ ਮਿਲ ਜਾਂਦਾ ਹੈ ਫਿਰ ਉਸ ਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਨਾਮ ਕੇਵਲ ਆਪ ਗੁਰੂ ਪ੍ਰਮਾਤਮਾ ਹੀ ਦਿੰਦਾ ਹੈ। ਜਿਸ ਮਨੁੱਖੀ ਸਰੀਰ ਰਾਹੀਂ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਆਪਣੇ ਆਪ ਨੂੰ ਪਰਗਟ ਕਰਦਾ ਹੈ ਕੇਵਲ ਉਹ ਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ ਭਾਵੇਂ ਉਹ ਭਰਮ ਵਾਲਾ ਗਿਆਨ ਹੈ ਤੇ ਭਾਵੇਂ ਉਹ ਸੱਚਾ ਗਿਆਨ ਹੈ, ਭਾਵੇਂ ਉਹ ਹਉਮੈ ਵਾਲਾ ਗਿਆਨ ਹੈ ਭਾਵੇਂ ਉਹ ਨਾਮ ਵਾਲਾ ਸੱਚਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ। ਜਿਸ ਮਨੁੱਖੀ ਸਰੀਰ ਰਾਹੀਂ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਗੁਰੂ ਰੂਪ ਉਸ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਦਾ ਗੁਰੂ ਰੂਪ ਉਸ ਦੇ ਸੱਚੇ ਗਿਆਨ ਦਾ ਰੂਪ ਹੈ ਭਾਵ ਉਸ ਦਾ ਨਾਮ ਰੂਪ ਹੈ ਜੋ ਕਿ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਤੇ ਧਰਮ ਗ੍ਰੰਥਾਂ ਵਿੱਚ ਪ੍ਰਮਾਤਮਾ ਆਪਣੇ ਇਸੇ ਰੂਪ ਵਿੱਚ ਹੀ ਗੁਰੂ ਹੈ। ਸੱਚੇ ਗਿਆਨ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਭਰਮਾਂ ਵਾਲੀ

ਸਮਝ ਵਿੱਚੋਂ ਕੱਢਣ ਦਾ ਹੀ ਹੈ, ਮਨ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਪਾਉਣ ਦੇ ਨਾਲ ਹੀ ਹੈ, ਸਾਡੀ ਅਸਲੀਅਤ ਸਮਝਾਉਣ ਦੇ ਨਾਲ ਹੀ ਹੈ, ਪ੍ਰਮਾਤਮਾ ਦੀ ਅਸਲੀਅਤ ਸਮਝਾਉਣ ਲਈ ਹੀ ਹੈ। ਜਦ ਤੱਕ ਅਸੀਂ ਭਰਮਾਂ ਵਾਲੇ ਵਿਚਾਰਾਂ ਵਿੱਚ ਰਹਿੰਦੇ ਹਾਂ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਜਿਸ ਕਰਕੇ ਅਸੀਂ ਆਪਣੇ ਸਰੀਰ ਦੇ ਜੰਮਣ ਮਰਨ ਨੂੰ ਆਪਣਾ ਆਵਾ-ਗਉਣ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਅਸਲ ਵਿੱਚ ਸਾਡਾ ਆਵਾ-ਗਉਣ ਸਾਡੇ ਮਨ ਦੇ ਵਿਚਾਰਾਂ ਦੀ ਸਮਝ ਹੈ ਜੋ ਸਾਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਾਉਂਦੀ ਹੈ, ਸਾਨੂੰ ਆਵਾਗਉਣ ਸਮਝਾਉਂਦੀ ਹੈ। ਸੱਚਾਈ ਇਹ ਹੈ ਕਿ ਸੰਸਾਰ ਵਿੱਚ ਸਭ ਕੋਈ, ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਇਸ ਸੰਸਾਰ ਵਿੱਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ। ਸਾਡੇ ਅੰਦਰ ਦਾ ਆਵਾਗਉਣ ਸਾਡੇ ਮਨ ਦੇ ਵਿਚਾਰਾਂ ਵਿੱਚ ਹੀ ਹੈ ਜਿਸ ਦੀ ਸਮਝ ਭਰਮ ਦਾ ਆਂਡਾ ਟੁੱਟਣ ਦੁਆਰਾ ਹੀ ਪੈਂਦੀ ਹੈ, ਮਨ ਦਾ ਬੰਧਨ ਟੁੱਟਣ ਦੁਆਰਾ ਹੀ ਪੈਂਦੀ ਹੈ ਤੇ ਮਨੁੱਖ ਨੂੰ ਵਿਸ਼ਵਾਸ ਆਉਂਦਾ ਹੈ ਕਿ ਮੇਰੀ ਆਪਣੀ ਕੋਈ ਹੋਂਦ ਹੀ ਨਹੀਂ ਹੈ। ਇਹੀ ਗੱਲ ਸਾਨੂੰ ਉੱਪਰ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। (**ਆਵਣ ਜਾਣੁ ਰਹਿਓ ॥**) ਜਦ ਤੱਕ ਸਾਡੇ ਅੰਦਰ ਭਰਮਾਂ ਵਾਲੇ ਵਿਚਾਰ ਹਨ ਇਹ ਵਿਚਾਰ ਸਾਨੂੰ ਮਾਇਆ ਮੋਹ ਵਿੱਚ ਪਾ ਕੇ ਰੱਖਦੇ ਹਨ, ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਨਾਲ ਜੋੜ ਕੇ ਰੱਖਦੇ ਹਨ, ਅਨੇਕਾਂ ਹੀ ਇੱਛਾਵਾਂ ਨਾਲ, ਤ੍ਰਿਸ਼ਨਾਵਾਂ ਨਾਲ ਜੋੜ ਕੇ ਰੱਖਦੇ ਹਨ ਜਿੰਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ। ਬਾਣੀ ਰਾਹੀਂ ਸਾਡੀਆਂ ਇਹਨਾਂ ਤ੍ਰਿਸ਼ਨਾਵਾਂ ਨੂੰ ਹੀ ਸਾਡੇ ਅੰਦਰ ਦੀ ਅਗਨ ਦੱਸਿਆ ਹੈ ਜੋ ਤ੍ਰਿਸ਼ਨਾਵਾਂ ਦੀ ਅੱਗ ਦਾ ਭਾਂਬੜ ਸਾਡੇ ਅੰਦਰ ਹਰ ਵੇਲੇ ਬਲਦਾ ਰਹਿੰਦਾ ਹੈ ਤੇ ਮਨੁੱਖੀ ਮਨ ਨੂੰ ਉਹਨਾਂ ਦੀ ਪੂਰਤੀ ਲਈ ਦੁਖੀ ਰੱਖਦਾ ਹੈ। ਤ੍ਰਿਸ਼ਨਾਵਾਂ ਦੀ ਇਹ ਅੱਗ ਸਾਡੇ ਅੰਦਰ ਧਰਮ ਦੇ ਮਾਰਗ ਦੀ ਸੱਚੀ ਸੋਝੀ ਦਾ ਨਾ ਹੋਣਾ ਹੀ ਹੈ, ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੀ ਹੈ। ਧਰਮ ਦੇ ਸੱਚੇ ਮਾਰਗ ਦੀ ਸੋਝੀ ਮਨ ਦੇ ਵਿੱਚ ਪ੍ਰਮਾਤਮਾ ਦਾ ਨਾਮ ਮਿਲਣ ਦੁਆਰਾ ਹੀ ਪੈਂਦੀ ਹੈ ਜਿਸ ਸੱਚੀ ਸਮਝ ਦੁਆਰਾ ਫਿਰ ਮਨੁੱਖ ਤ੍ਰਿਸ਼ਨਾਵਾਂ ਦੀ ਅੱਗ ਵਿੱਚੋਂ ਨਿਕਲ ਜਾਂਦਾ ਹੈ। ਤ੍ਰਿਸ਼ਨਾਵਾਂ ਦੀ ਅਗਨ ਬੁਝ ਜਾਂਦੀ ਹੈ ਤੇ ਮਨੁੱਖ ਦਾ ਮਨ "**ਸੀਤਲ**" ਹੋ ਜਾਂਦਾ ਹੈ ਭਾਵ ਸ਼ਾਂਤ ਹੋ ਜਾਂਦਾ ਹੈ, ਸੰਤੋਖ ਵਿੱਚ ਆ ਜਾਂਦਾ ਹੈ ਜਿਸ ਦੁਆਰਾ ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ, ਨਾਮ ਜਪਣ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਭਾਵ ਭਗਤੀ ਦਾ ਸੱਚਾ ਮਾਰਗ ਸਾਡੇ ਮਨ ਦੀ ਸੱਚੀ ਸਮਝ ਦੇ ਨਾਲ ਜੁੜਿਆ ਹੋਇਆ ਹੈ, ਨਾਮ ਵਾਲੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਆਪਣਾ ਨਾਮ ਬਖਸ਼ਣ ਦੁਆਰਾ ਪਾਉਂਦਾ ਹੈ, ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦੁਆਰਾ ਪਾਉਂਦਾ ਹੈ, ਬੰਧਨ ਤੋਂ ਆਜ਼ਾਦ ਕਰਨ ਦੁਆਰਾ ਪਾਉਂਦਾ ਹੈ। (**ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥ ਆਵਣ ਜਾਣੁ ਰਹਿਓ ॥ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥**)

{ਵਰਨ ਰੂਪ ਵਰਤਹਿ ਸਭ ਤੇਰੇ ॥

ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ ॥

ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥੧॥

ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥

ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥

ਸਭ ਏਕਾ ਜੋਤਿ ਜਾਣੈ ਜੇ ਕੋਈ ॥

ਸਤਿਗੁਰੁ ਸੇਵਿਐ ਪਰਗਟੁ ਹੋਈ ॥

ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥

ਤਿਸਨਾ ਅਗਨਿ ਜਲੈ ਸੰਸਾਰਾ ॥

ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥

ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥

ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥
ਮਾਇਆ ਮਹਿ ਫਿਰਿ ਚਿਤੁ ਨ ਲਾਏ ॥
ਗੁਰ ਕੈ ਸਬਦਿ ਸਦ ਰਹੈ ਸਮਾਏ ॥
ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥
ਸਚੁ ਸਾਲਾਹੀ ਸਦਾ ਹਜੂਰੇ ॥
ਗੁਰ ਕੈ ਸਬਦਿ ਰਹਿਆ ਭਰਪੂਰੇ ॥
ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥
ਸਚੁ ਮਨ ਅੰਦਰਿ ਰਹਿਆ ਸਮਾਇ ॥
ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥
ਸਚੁ ਸਾਲਾਹੀ ਅਵਰੁ ਨ ਕੋਈ ॥
ਜਿਤੁ ਸੇਵਿਐ ਸਦਾ ਸੁਖੁ ਹੋਈ ॥
ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥}

(ਅੰਗ - ੧੨੦-੧੨੧)

ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦੇਣ ਦੁਆਰਾ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਭਾਵ ਮਨ ਦੇ ਬੰਧਨ ਤੋਂ ਮੁਕਤਿ ਕਰਦਾ ਹੈ ਉਹ ਕਿਸ ਮਕਸਦ ਲਈ ਕਰਦਾ ਹੈ ਇਹੀ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਇਆ ਹੋਇਆ ਹੈ।

"ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥"

ਬਾਣੀ ਵਿੱਚ ਵਾਰ-ਵਾਰ ਸਾਧਸੰਗਿ ਦੀ ਗੱਲ ਆਉਂਦੀ ਹੈ। "**ਸਾਧ ਸੰਗਿ**" ਜਾਂ "**ਸਾਧੂ ਸੰਗੁ**" ਇੱਕੋ ਹੀ ਗੱਲ ਹੈ। ਸਾਧ ਆਪ ਗੁਰੂ ਹੈ। ਸਾਡਾ "**ਗੁਰੂ**" ਗੁਰੂ ਦੇ ਬਚਨ ਹਨ।

{ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥}

ਅੰਗ - ੧੩੦੯

ਸਾਧ ਸੰਗਿ ਜਾਂ ਸਾਧੂ ਸੰਗੁ ਸਾਡਾ ਗੁਰੂ ਦੇ ਬਚਨਾਂ ਨਾਲ ਸੰਗਿ ਹੈ ਭਾਵ ਗੁਰੂ ਦੀ ਸੱਚੀ ਸਮਝ ਦੇ ਨਾਲ ਸੰਗਿ ਹੈ ਜੋ ਸੰਗਿ ਮਨ ਦੇ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਮਨ ਦੇ ਵਿੱਚ ਸਾਧਸੰਗਿ ਦੁਆਰਾ ਸਾਡੇ ਮਨ ਦੀ ਸਮਝ ਗੁਰੂ ਦੇ ਵਿਚਾਰਾਂ ਵਾਲੀ ਬਣ ਜਾਂਦੀ ਹੈ। ਜਿਵੇਂ ਕਿ ਅਸੀਂ ਪਹਿਲੇ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਜਿਸ ਨੂੰ ਪ੍ਰਮਾਤਮਾ ਭਰਮਾਂ ਵਾਲੇ ਵਿਚਾਰਾਂ ਤੋਂ ਮੁਕਤਿ ਕਰਦਾ ਹੈ ਉਹ ਆਪਣਾ ਨਾਮ ਬਖਸ਼ਣ ਦੁਆਰਾ ਕਰਦਾ ਹੈ। ਨਾਮ ਗੁਰੂ ਦੇ ਸੱਚੇ ਵਿਚਾਰ ਹਨ, ਸ਼ਬਦਾਂ ਦੇ ਵਿਚਾਰ ਹਨ। ਮਨ ਦੇ ਵਿੱਚ ਨਾਮ ਦੀ ਪ੍ਰਾਪਤੀ ਹੋਣਾ ਜਾਂ ਸਾਧੂ ਸੰਗੁ ਹੋਣਾ ਇੱਕੋ ਹੀ ਗੱਲ ਹੈ। ਇਹ ਮਨ ਦੇ ਵਿੱਚ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਪ੍ਰਾਪਤੀ ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦੀ ਹੈ। ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥
ਦਰਸਨੁ ਪੇਖਤ ਮੈ ਜੀਓ ॥
ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥੧॥ ਰਹਾਉ ॥
ਤੁਮ੍ਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ ਆਪਿ ਕੀਓ ॥
ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ ॥੨॥
ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥
ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥
ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥
ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥੪॥}

(ਅੰਗ - ੩੮੨)

ਜਦ ਤੱਕ ਸਾਡੇ ਮਨ ਦੇ ਵਿਚਾਰ ਮਾੜੇ ਹਨ ਭਾਵ ਨਾ-ਸਮਝ ਹਨ, ਭਰਮਾਂ ਵਾਲੇ ਹਨ ਤਦ ਤੱਕ ਸਾਡੇ ਉਹ ਵਿਚਾਰ "ਨਿਗਹਾਰ" ਰੂਪ ਹਨ ਜੋ ਹਰ ਵੇਲੇ ਸਾਡੇ ਤੇ ਮਾੜੀ ਨਜ਼ਰ ਰੱਖਦੇ ਹਨ, ਜੰਮਾਂ ਦੀ ਤਰ੍ਹਾਂ ਸਾਨੂੰ ਆਤਮਿਕ ਰੂਪ ਵਿੱਚ ਮਾਰਦੇ ਹਨ ਭਾਵ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਨੂੰ ਭਾਵ ਨਾਮ ਨੂੰ ਨਹੀਂ ਵੱਸਣ ਦਿੰਦੇ। ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣਾ ਨਾਮ ਬਖਸ਼ਦਾ ਹੈ ਭਾਵ ਆਪਣਾ ਸੱਚਾ ਗਿਆਨ ਬਖਸ਼ਦਾ ਹੈ, ਸਾਧਸੰਗਿ ਬਖਸ਼ਦਾ ਹੈ ਉਸ ਨੂੰ ਮਨ ਦੇ ਨਾ-ਸਮਝ ਵਿਚਾਰਾਂ ਵਿੱਚੋਂ, ਮਾੜੇ ਵਿਚਾਰਾਂ ਵਿੱਚੋਂ ਕੱਢ ਲੈਂਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਮਨ ਦੇ ਵਿੱਚੋਂ ਮਾੜੇ ਵਿਚਾਰ ਭਾਵ ਮਾਇਆ ਮੋਹ ਵਾਲੇ ਵਿਚਾਰ, ਔਗੁਣਾਂ ਵਾਲੇ ਵਿਚਾਰ ਨਿਕਲਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੇ ਵਿੱਚ ਸਾਧੂ ਸੰਗੁ ਹੋਣ ਦੁਆਰਾ ਹੀ ਹੁੰਦੀ ਹੈ। ਸਾਡੇ ਅੰਦਰ ਜੋ "**ਨਿਗਹਾਰ**" ਰੂਪ ਵਿਚਾਰ ਹਨ ਜਿੰਨ੍ਹਾਂ ਦਾ ਕਾਰਨ ਸਾਡੇ ਮਨ ਦੇ ਭਰਮ ਹਨ ਭਾਵ ਸੱਚੀ ਭਗਤੀ ਦੀ ਨਾ-ਸਮਝੀ ਹੈ, ਉਹੀ ਸਾਡੇ ਅੰਦਰ ਦੀ "**ਅਟਕ**" ਹੈ ਭਾਵ ਰੋਕ ਹੈ ਜੋ ਵਿਚਾਰ ਸਾਨੂੰ ਭਗਤੀ ਦੇ ਸਹੀ ਮਾਰਗ ਤੇ ਚੱਲਣ ਤੋਂ ਰੋਕਦੇ ਹਨ ਕਿਉਂਕਿ

ਇਹ ਵਿਚਾਰ ਸਾਨੂੰ ਮਾਇਆ ਮੋਹ ਵਿੱਚ ਪਾ ਕੇ ਰੱਖਦੇ ਹਨ ਜਿੰਨ੍ਹਾਂ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਇਹ ਮਾਇਆ ਮੋਹ ਵਾਲੇ, ਤ੍ਰਿਸ਼ਨਾਵਾਂ ਵਾਲੇ ਮਾੜੇ ਵਿਚਾਰਾਂ ਦੀ ਅਟਕ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਜਿਸਨੇ ਸਾਡੇ ਅੰਦਰ ਇਹ ਅਟਕ ਪਾਈ ਹੋਈ ਹੈ ਉਹੀ ਸਾਨੂੰ ਇਸ ਅਟਕ ਵਿੱਚੋਂ ਕੱਢ ਸਕਦਾ ਹੈ ਭਾਵ ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਭਰਮਾਂ ਵਾਲੇ, ਮਾਇਆ ਮੋਹ ਵਾਲੇ, ਭਗਤੀ ਦੀ ਨਾ-ਸਮਝੀ ਵਾਲੇ ਜੰਮ ਰੂਪ ਵਿਚਾਰ ਸਾਡੇ ਅੰਦਰ ਪਾਏ ਹੋਏ ਹਨ ਉਹੀ ਸਾਨੂੰ ਇਨ੍ਹਾਂ ਵਿੱਚੋਂ ਕੱਢ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸ ਨੂੰ ਮਨ ਦੇ ਨਾ-ਸਮਝ ਮਾੜੇ ਵਿਚਾਰਾਂ ਵਿੱਚੋਂ ਹੀ ਕੱਢਦਾ ਹੈ ਜੋ ਸਾਡੇ ਮਨ ਦਾ ਬੰਧਨ ਹੈ। ਸਾਡੇ ਅੰਦਰ ਦੇ ਮਾੜੇ ਵਿਚਾਰਾਂ ਨੂੰ ਚਲਾਉਣ ਵਾਲਾ ਸਾਡਾ ਮਨ ਹੀ ਹੈ ਜੋ ਕਿ "ਕੋਟਵਾਰ" ਹੈ ਜਿਸ ਦੇ ਵੱਸ ਵਿੱਚ ਸਾਡੇ ਇਹ ਵਿਚਾਰ ਹਨ। ਇਹ ਕੋਟਵਾਰ ਸਾਡੇ ਅੰਦਰ ਮਾਇਆ ਦਾ ਹੀ ਰੂਪ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਜਦੋਂ ਪ੍ਰਮਾਤਮਾ ਚਾਹੇ ਉਦੋਂ ਹੀ ਸਾਡੇ ਅੰਦਰ ਦਾ ਕੋਟਵਾਰ ਬੇਵੱਸ ਹੁੰਦਾ ਹੈ। ਕੋਟਵਾਰ ਸਾਡੇ ਅੰਦਰ ਦਾ ਸ਼ਕਤੀ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਹੈ ਤੇ ਉਸ ਨੂੰ ਹਰਾਉਣ ਵਾਲਾ ਉਹ ਆਪ ਹੈ ਜੋ ਸ਼ਕਤੀ ਦਾ ਮਾਲਕ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਭਗਤੀ ਦੇ ਸਹੀ ਮਾਰਗ ਤੇ ਚਲਾਉਂਦਾ ਹੈ ਉਸ ਦੇ ਅੰਦਰੋਂ ਮਾੜੇ ਵਿਚਾਰਾਂ ਵਾਲੀ ਅਟਕ ਉਹ ਆਪ ਹੀ ਦੂਰ ਕਰਦਾ ਹੈ, ਸਾਧੂ ਸੰਗੁ ਕਰਨ ਦੁਆਰਾ ਕਰਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਕਰਦਾ ਹੈ, ਤ੍ਰਿਸ਼ਨਾਵਾਂ ਦੀ ਅਗਨ ਬੁਝਾਉਣ ਦੁਆਰਾ ਕਰਦਾ ਹੈ, ਮਨ ਦੇ ਬੰਧਨਾਂ ਤੋਂ ਖਲਾਸੀ ਕਰਨ ਦੁਆਰਾ ਕਰਦਾ ਹੈ। (**ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥ ਆਵਣ ਜਾਣੁ ਰਹਿਓ ॥ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥ ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥ ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥**)

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥
ਵਿਚਿ ਮਨ ਕੋਟਵਰੀਆ ॥
ਨਿਜ ਮੰਦਰਿ ਪਿਰੀਆ ॥
ਤਹਾ ਆਨਦ ਕਰੀਆ ॥
ਨਹ ਮਰੀਆ ਨਹ ਜਰੀਆ ॥੧॥
ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥
ਬਿਖਨਾ ਘਿਰੀਆ ॥
ਅਬ ਸਾਧੂ ਸੰਗਿ ਪਰੀਆ ॥
ਹਰਿ ਦੁਆਰੈ ਖਰੀਆ ॥
ਦਰਸਨੁ ਕਰੀਆ ॥
ਨਾਨਕ ਗੁਰ ਮਿਰੀਆ ॥
ਬਹੁਰਿ ਨ ਫਿਰੀਆ ॥੨॥}

(ਅੰਗ - ੭੪੬)

ਜਦੋਂ ਮਨੁੱਖੀ ਸਮਝ ਦੀ ਅਟਕ ਖਤਮ ਹੋ ਜਾਂਦੀ ਹੈ ਭਾਵ ਜਦੋਂ ਮਨ ਦੇ ਵਿੱਚ ਸਾਧ ਸੰਗਤਿ ਹੋ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਦੋਂ ਪ੍ਰਮਾਤਮਾ ਦਾ ਨਾਮ ਮਿਲ ਜਾਂਦਾ ਹੈ ਫਿਰ ਮਨੁੱਖ ਕਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦਾ ਹੈ, ਜਿਸ ਮਾਰਗ ਤੇ ਮਨ ਦੀ ਸਮਝ ਦਾ ਮਾਲਕ ਆਪ ਹੀ ਚਲਾਉਂਦਾ ਹੈ ਭਾਵ ਜਿਸ ਤਰੀਕੇ ਆਪਣਾ ਨਾਮ ਦੇਣ ਦੁਆਰਾ ਆਪ ਹੀ ਨਾਮ ਜਪਾਉਂਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥

ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥3॥"

ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਸਾਡੇ ਕਰਮ ਹਨ ਭਾਵ ਸਾਡੀ ਸੰਸਾਰਿਕ ਵਿਚਰਨ ਹੈ। ਸਾਡੇ ਗੁਰਮਤਿ ਅਨੁਸਾਰ ਸੱਚੇ-ਸੁੱਚੇ ਚੰਗੇ ਕਰਮ ਭਗਤੀ ਦਾ ਮਾਰਗ ਹਨ ਤੇ ਮਾੜੇ ਕਰਮ ਭਾਵ ਗੁਰਮਤਿ ਤੋਂ ਉਲਟ ਕਰਮ ਭਗਤੀ ਤੋਂ ਉਲਟ ਮਾਰਗ ਹਨ। ਮਾੜੇ ਕਰਮ ਕਰਨ ਦੁਆਰਾ ਅਸੀਂ ਆਪਣੇ ਉੱਪਰ ਭਾਰ ਚੜਾਉਂਦੇ ਹਾਂ ਜੋ ਭਾਰ ਸਾਨੂੰ ਦੁਖੀ ਕਰਦਾ ਹੈ। ਇਹ ਭਾਰ ਉਤਾਰੇ ਬਿਨ੍ਹਾਂ ਅਸੀਂ ਗੁਰੂ ਦੇ ਨਹੀਂ ਬਣ ਸਕਦੇ ਭਾਵ ਗੁਰਮਤਿ ਵਾਲੇ ਨਹੀਂ ਬਣ ਸਕਦੇ। ਅਸੀਂ ਜੋ ਵੀ ਕਰਮ ਕਰਦੇ ਹਾਂ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ। ਮਨ ਦੇ ਮਾੜੇ ਵਿਚਾਰਾਂ ਵਾਲੀ ਸਮਝ ਦੁਆਰਾ ਭਾਵ ਮਾਇਆ ਮੋਹ ਵਾਲੀ ਸਮਝ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ, ਔਗੁਣ ਕਰਦੇ ਹਾਂ। ਸਾਡੇ ਅੰਦਰ ਦੇ ਇਹ ਮਾੜੇ ਵਿਚਾਰ ਹੀ ਸਾਡੇ ਅੰਦਰ ਦੀ ਅਟਕ ਹੈ ਭਾਵ ਸੱਚੀ ਭਗਤੀ ਦੇ ਮਾਰਗ ਵਿੱਚ ਰੁਕਾਵਟ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਆਪਣੀ ਸੱਚੀ ਮਤਿ ਦਿੰਦਾ ਹੈ ਉਸ ਦੁਆਰਾ ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ ਜੋ ਮਾਰਗ ਚੰਗੇ ਕਰਮ ਕਰਨ ਦਾ ਹੈ ਜਿਹੜੇ ਚੰਗੇ ਕਰਮ ਕਰਨ ਨਾਲ ਮਨੁੱਖ ਫਿਰ ਮਾੜੇ ਕਰਮਾਂ ਦੇ ਭਾਰ ਵਿੱਚੋਂ ਨਿਕਲ ਜਾਂਦਾ ਹੈ ਤੇ ਉਹ ਮਨੁੱਖ "**ਨਿਹਕਰਮ**" ਹੋ ਜਾਂਦਾ ਹੈ। "**ਨਿਹਕਰਮ**" ਹੋਣਾ ਕੀ ਹੈ, ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਜਦੋਂ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਭਾਵ ਮਨ ਦੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ ਫਿਰ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖ ਕੋਲੋਂ ਮਨ ਦੀ ਸਮਝ ਦੁਆਰਾ ਕਰਮ ਕਰਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਉਸ ਸਮਝ ਤੋਂ ਬਾਅਦ ਮਨੁੱਖ ਆਪ ਕਰਮ ਕਰਨ ਵਾਲਾ ਨਹੀਂ ਰਹਿੰਦਾ। ਸਾਨੂੰ ਕਰਮ ਕਰਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣਾ ਨਾਮ ਬਖਸ਼ ਦਿੰਦਾ ਹੈ ਉਸੇ ਮਨੁੱਖ ਨੂੰ ਹੀ ਸਮਝ ਪੈਂਦੀ ਹੈ ਕਿ ਕਰਮ ਕਰਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਮਾੜੇ ਕਰਮ ਵੀ ਉਹ ਆਪ ਹੀ ਕਰਵਾਉਂਦਾ ਹੈ ਤੇ ਚੰਗੇ ਕਰਮ ਵੀ ਉਹ ਆਪ ਹੀ ਕਰਵਾਉਂਦਾ ਹੈ। ਜਿੱਥੇ ਪ੍ਰਮਾਤਮਾ ਆਪਣੀ ਸੱਚੀ ਸਮਝ ਬਖਸ਼ਦਾ ਹੈ ਭਾਵ ਨਾਮ ਬਖਸ਼ਦਾ ਹੈ ਉਸ ਮਨੁੱਖੀ ਸਰੀਰ ਰਾਹੀਂ ਫਿਰ ਉਹ ਕੇਵਲ ਚੰਗੇ ਕਰਮ ਹੀ ਕਰਵਾਉਂਦਾ ਹੈ ਭਾਵ ਆਪ ਹੀ ਆਪਣੀ ਭਗਤੀ ਦੇ ਮਾਰਗ ਤੇ ਚਲਾਉਂਦਾ ਹੈ, ਆਪ ਹੀ ਨਾਮ ਦੇ ਮਾਰਗ ਤੇ ਚਲਾਉਂਦਾ ਹੈ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਆਪ ਹੀ ਆਪਣਾ ਨਾਮ ਜਪਵਾਉਂਦਾ ਹੈ, ਆਪਣੀ ਸੱਚੀ ਮਤਿ ਬਖਸ਼ਣ ਦੁਆਰਾ ਆਪ ਹੀ ਆਪਣੀ ਸੱਚੀ ਮਤਿ ਤੇ ਚਲਾਉਂਦਾ ਹੈ। (**ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥**)

ਮਨੁੱਖ ਦੇ ਮਾੜੇ ਜਾਂ ਚੰਗੇ ਕਰਮ ਮਨ ਦੀ ਕਿਹੋ ਜਿਹੀ ਸਮਝ ਦੁਆਰਾ ਕਰਦਾ ਹੈ ਭਾਵ ਪ੍ਰਮਾਤਮਾ ਮਨੁੱਖੀ ਸਮਝ ਨੂੰ ਮਾੜੀ ਸਮਝ ਵਿੱਚੋਂ ਕੱਢ ਕੇ ਕਿਸ ਤਰੀਕੇ ਚੰਗੀ ਸਮਝ ਵਾਲਾ ਬਣਾਉਂਦਾ ਹੈ ਭਾਵ ਮਾਇਆ ਵਾਲੀ ਸਮਝ ਨੂੰ ਕਿਸ ਤਰੀਕੇ ਨਾਮ ਵਾਲੀ ਸਮਝ ਬਣਾਉਂਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"**ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥3॥**"

"**ਸਾਗਰ**" ਕੀ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਬਾਣੀ ਵਿੱਚ ਵਾਰ-ਵਾਰ ਮਾਇਆ ਮੋਹ ਰੂਪ ਸਾਗਰ ਦੀ ਗੱਲ ਆਉਂਦੀ ਹੈ, ਭਉਜਲ ਸਾਗਰ ਦੀ ਗੱਲ ਆਉਂਦੀ ਹੈ ਜਿਸ ਵਿੱਚੋਂ ਨਿਕਲਣਾ ਹਰ ਕਿਸੇ ਲਈ ਬਹੁਤ ਔਖਾ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਇਹ ਮਾਇਆ ਰੂਪ ਸਾਗਰ ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਜਿਸ ਨੂੰ ਅਗਿਆਨਤਾ ਦਾ ਸਾਗਰ ਵੀ ਕਿਹਾ ਹੈ। ਇਹ ਭਰਮ ਵਾਲੇ ਵਿਚਾਰਾਂ ਦਾ ਸਾਗਰ ਹੈ ਜਿਸ ਸਾਗਰ ਵਿੱਚੋਂ ਨਿਕਲਣ ਦਾ ਤਰੀਕਾ ਸਾਨੂੰ ਬਾਣੀ ਰਾਹੀਂ "**ਨਾਮ**" ਹੀ ਸਮਝਾਇਆ ਹੋਇਆ ਹੈ। ਸਾਡੇ ਅੰਦਰ ਇਹ ਸਾਗਰ ਨਾ-ਸਮਝ ਵਿਚਾਰਾਂ ਦਾ ਹੈ, ਮਾਇਆ ਮੋਹ ਵਾਲੇ ਵਿਚਾਰਾਂ ਦਾ ਹੈ, ਹਉਮੈ ਵਾਲੇ ਵਿਚਾਰਾਂ ਦਾ ਹੈ, ਤ੍ਰੈਗੁਣਾਂ ਵਾਲੀ ਸਮਝ ਦੇ ਵਿਚਾਰਾਂ ਦਾ ਹੈ ਜਿਵੇਂ ਸਾਗਰ ਬਹੁਤ ਵੱਡਾ ਹੁੰਦਾ ਹੈ, ਬਹੁਤ ਗਹਿਰਾ ਹੁੰਦਾ ਹੈ ਉਸੇ ਤਰ੍ਹਾਂ ਦਾ ਹੀ ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰਾਂ ਦਾ ਸਾਗਰ ਹੈ ਜੋ ਬਹੁਤ ਵੱਡਾ ਹੈ ਤੇ ਬਹੁਤ ਗਹਿਰਾ ਹੈ। ਅਸੀਂ ਮਨ ਦੇ ਨਾ-ਸਮਝ ਵਿਚਾਰਾਂ ਰਾਹੀਂ ਇਸ ਸਾਗਰ ਵਿੱਚ ਡੁੱਬੇ ਰਹਿੰਦੇ ਹਾਂ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਭਾਵ ਮਨ ਦੀ ਭਰਮਾਂ ਵਾਲੀ ਮਾੜੀ ਸਮਝ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਜਿਸ ਸਾਗਰ ਵਿੱਚੋਂ ਕੇਵਲ ਸਾਨੂੰ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸ ਨੂੰ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਹੀ ਕੱਢਦਾ ਹੈ, ਤ੍ਰਿਸ਼ਨਾਵਾਂ ਦੇ ਸਾਗਰ ਵਿੱਚੋਂ ਹੀ ਕੱਢਦਾ ਹੈ ਜਿਸ ਵਿੱਚ ਮਨੁੱਖੀ ਸਮਝ ਹਰ ਵੇਲੇ ਡੁੱਬੀ ਰਹਿੰਦੀ ਹੈ, ਭਟਕਦੀ

ਰਹਿੰਦੀ ਹੈ ਤੇ ਉਸ ਨੂੰ ਇਹ ਸਮਝ ਨਹੀਂ ਲੱਗਦੀ ਕਿ ਮੈਂ ਇਸ ਤੋਂ ਪਾਰ ਕਿਵੇਂ ਪਾਉਣਾ ਹੈ, ਮੈਂ ਕੰਢੇ ਤੇ ਕਿਵੇਂ ਪਹੁੰਚਣਾ ਹੈ। ਜਦ ਤੱਕ ਮਨੁੱਖ ਇਸ ਮਾਇਆ ਮੋਹ ਦੇ ਸਾਗਰ ਵਿੱਚ ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜਿਆ ਰਹਿੰਦਾ ਹੈ ਜਿੰਨ੍ਹਾਂ ਦੀ ਪੂਰਤੀ ਲਈ ਉਹ ਮਾੜੇ ਕਰਮ ਕਰਦਾ ਹੈ ਉਹ ਭਗਤੀ ਦੇ ਮਾਰਗ ਤੋਂ ਉਲਟ ਚੱਲਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਕੱਢ ਕੇ ਕੰਢੇ ਤੇ ਲਾ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਸੱਚੇ ਧਰਮ ਦੀ ਸਮਝ ਪੈਂਦੀ ਹੈ, ਧਰਮ ਦੇ ਮਾਰਗ ਦੀ ਸਮਝ ਪੈਂਦੀ ਹੈ ਜੋ ਕਿ ਚੰਗੇ ਕਰਮ ਕਰਨਾ ਹੈ। ਚੰਗੇ ਕਰਮ ਕਰਨਾ ਹੀ ਧਰਮ ਦੇ ਕਰਮ ਕਰਨਾ ਹੈ। ਜਦੋਂ ਮਨੁੱਖ ਨੂੰ ਧਰਮ ਦੀ ਸਮਝ ਪੈਂਦੀ ਹੈ ਫਿਰ ਉਸ ਨੂੰ ਇਹ ਵੀ ਸਮਝ ਪੈ ਜਾਂਦੀ ਹੈ ਕਿ ਧਰਮ ਦੇ ਕਰਮ ਕਰਨ ਵਾਲਾ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਗੁਰੂ ਆਪ ਹੀ ਹੈ ਭਾਵ ਪ੍ਰਮਾਤਮਾ ਆਪ ਹੀ ਹੈ ਜੋ ਆਪਣੇ ਮਨੁੱਖੀ ਰੂਪ ਰਾਹੀਂ ਸਾਰੇ ਕਰਮ ਕਰਵਾਉਂਦਾ ਹੈ। (**ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥**)

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ - ੧੩੮)

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥}

(ਅੰਗ - ੨੦)

{ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥
ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥
ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥}

(ਅੰਗ - ੫੪)

{ਸਖੀ ਮੰਗਲੋ ਗਾਇਆ ਇਛ ਪੁਜਾਇਆ ਬਹੁੜਿ ਨ ਮਾਇਆ ਹੋਹਿਆ ॥
ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ ਪੋਹਿਆ ॥੪॥}

(ਅੰਗ - ੯੧)

{ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥
ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥੩॥}

(ਅੰਗ - ੧੦੧)

{ਸੋਈ ਸਾਜਨ ਮੀਤੁ ਪਿਆਰਾ ॥
ਰਾਮ ਨਾਮੁ ਸਾਧਸੰਗਿ ਬੀਚਾਰਾ ॥

ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥੨॥}

(ਅੰਗ - ੧੦੮)

{ਜਿਉ ਬੋਹਿਥੁ ਭੈ ਸਾਗਰ ਮਾਹਿ ॥
ਅੰਧਕਾਰ ਦੀਪਕ ਦੀਪਾਹਿ ॥
ਅਗਨਿ ਸੀਤ ਕਾ ਲਾਹਸਿ ਦੂਖ ॥
ਨਾਮੁ ਜਪਤ ਮਨਿ ਹੋਵਤ ਸੂਖ ॥੨॥}

(ਅੰਗ - ੧੭੯)

{ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥
ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥੧॥ ਰਹਾਉ ॥}

(ਅੰਗ - ੧੭੮)

{ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥
ਸੇ ਸੀਤਲ ਜਿਨ ਸਤਿਗੁਰੁ ਪਾਇਆ ॥੩॥}

(ਅੰਗ - ੧੯੨)

{ਬਿਖਮ ਸਾਗਰੁ ਤੇਈ ਜਨ ਤਰੇ ॥
ਨਾਨਕ ਜਾ ਕਉ ਨਦਰਿ ਕਰੇ ॥੪॥}

(ਅੰਗ - ੧੯੩)

{ਮਹਾ ਤਪਤਿ ਸਾਗਰ ਸੰਸਾਰ ॥
ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥}

(ਅੰਗ - ੧੯੬)

{ਗੁਰ ਪਰਸਾਦੀ ਸਾਗਰੁ ਤਰਿਆ ॥
ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥੨॥
ਸੋਭਾ ਸੁਰਤਿ ਨਾਮਿ ਭਗਵੰਤੁ ॥
ਪੂਰੇ ਗੁਰ ਕਾ ਨਿਰਮਲ ਮੰਤੁ ॥੩॥
ਚਰਣ ਕਮਲ ਹਿਰਦੇ ਮਹਿ ਜਾਪੁ ॥
ਨਾਨਕੁ ਪੇਖਿ ਜੀਵੈ ਪਰਤਾਪੁ ॥੪॥}

(ਅੰਗ - ੧੯੭)

{ਮਨ ਧਰ ਤਰਬੇ ਹਰਿ ਨਾਮ ਨੌ ॥
ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥
ਕਲਿ ਕਾਲਖ ਅੰਧਿਆਰੀਆ ॥
ਗੁਰ ਗਿਆਨ ਦੀਪਕ ਉਜਿਆਰੀਆ ॥੧॥
ਬਿਖੁ ਬਿਖਿਆ ਪਸਰੀ ਅਤਿ ਘਨੀ ॥

ਉਬਰੇ ਜਪਿ ਜਪਿ ਹਰਿ ਗੁਨੀ ॥੨॥
ਮਤਵਾਰੋ ਮਾਇਆ ਸੋਇਆ ॥
ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥
ਕਹੁ ਨਾਨਕ ਏਕੁ ਧਿਆਇਆ ॥
ਘਟਿ ਘਟਿ ਨਦਰੀ ਆਇਆ ॥੪॥}

(ਅੰਗ - ੨੧੦)

{ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥
ਮਨੁ ਦੇ ਪਾਵਹਿ ਨਾਮੁ ਸੁਹੇਲਾ ॥
ਦੂਜੈ ਭਾਇ ਅਗਿਆਨੁ ਦੁਹੇਲਾ ॥੪॥
ਬਿਨੁ ਦਮ ਕੇ ਸਉਦਾ ਨਹੀ ਹਾਟ ॥
ਬਿਨੁ ਬੋਹਿਥ ਸਾਗਰ ਨਹੀ ਵਾਟ ॥
ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥}

(ਅੰਗ - ੨੨੬)

{ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ ॥
ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ ॥
ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ ॥
ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ ॥੧॥}

(ਅੰਗ - ੩੧੮)

{ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥
ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥
ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥
ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥
ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥੧੧॥}

(ਅੰਗ - ੩੨੦)

{ਸੰਸਾਰ ਸਾਗਰ ਤੇ ਉਧਰੇ ਬਿਖਿਆ ਗੜੁ ਜਿਤਾ ॥
ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥੧੯॥}

(ਅੰਗ - ੩੨੨-੩੨੩)

{ਭਵ ਸਾਗਰ ਸੁਖ ਸਾਗਰ ਮਾਹੀ ॥
ਪੀਵਿ ਰਹੇ ਜਲ ਨਿਖੁਟਤ ਨਾਹੀ ॥੩॥
ਕਹਿ ਕਬੀਰ ਭਜੁ ਸਾਰਿੰਗਪਾਨੀ ॥
ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥੪॥}

(ਅੰਗ - ੩੨੩)

{ਚਾਰਿ ਚਰਨ ਕਹਹਿ ਬਹੁ ਆਗਰ ॥
ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥}

(ਅੰਗ - ੩੨੪)

{ਅਬ ਮੋ ਕਉ ਭਏ ਰਾਜਾ ਰਾਮ ਸਹਾਈ ॥
ਜਨਮ ਮਰਨ ਕਟਿ ਪਰਮ ਗਤਿ ਪਾਈ ॥੧॥ ਰਹਾਉ ॥
ਸਾਧੂ ਸੰਗਤਿ ਦੀਓ ਰਲਾਇ ॥
ਪੰਚ ਦੂਤ ਤੇ ਲੀਓ ਛਡਾਇ ॥
ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥
ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥
ਸਤਿਗੁਰ ਕੀਨੋ ਪਰਉਪਕਾਰੁ ॥
ਕਾਢਿ ਲੀਨ ਸਾਗਰ ਸੰਸਾਰ ॥
ਚਰਨ ਕਮਲ ਸਿਉ ਲਾਗੀ ਪ੍ਰੀਤਿ ॥
ਗੋਬਿੰਦੁ ਬਸੈ ਨਿਤਾ ਨਿਤ ਚੀਤ ॥੨॥
ਮਾਇਆ ਤਪਤਿ ਬੁਝਿਆ ਅੰਗਿਆਰੁ ॥
ਮਨਿ ਸੰਤੋਖੁ ਨਾਮੁ ਆਧਾਰੁ ॥
ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥
ਜਤ ਪੇਖਉ ਤਤ ਅੰਤਰਜਾਮੀ ॥੩॥
ਅਪਨੀ ਭਗਤਿ ਆਪ ਹੀ ਦ੍ਰਿੜਾਈ ॥
ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥
ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥
ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥}

(ਅੰਗ - ੩੩੧)

{ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥
ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥੧॥}

(ਅੰਗ - ੩੩੫)

{ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥
ਦੁਤਰ ਅੰਧ ਬਿਖਮ ਇਹ ਮਾਇਆ ॥
ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥}

(ਅੰਗ - ੩੭੭)

{ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ ॥
ਕਹੁ ਨਾਨਕ ਭਵ ਸਾਗਰੁ ਤਰਿਓ ਭਏ ਪੁਨੀਤ ਸਰੀਰਾ ॥੪॥}

(ਅੰਗ - ੪੦੩)

{ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ ॥
ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ ॥
ਸੰਸਾਰੁ ਸਾਗਰੁ ਤਿਨ੍ੀ ਤਰਿਆ ਜਿਨ੍ੀ ਏਕੁ ਧਿਆਇਆ ॥
ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥
ਜਲਿ ਥਲਿ ਮਹੀਅਲਿ ਰਵਿਆ ਸੁਆਮੀ ਊਚ ਅਗਮ ਅਪਾਰਾ ॥
ਬਿਨਵੰਤਿ ਨਾਨਕ ਟੇਕ ਜਨ ਕੀ ਚਰਣ ਕਮਲ ਅਧਾਰਾ ॥੩॥}

(ਅੰਗ - ੪੬੧)

{ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥
ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥੧॥ ਰਹਾਉ ॥}

(ਅੰਗ - ੪੮੬)

{ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ ॥
ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ ॥}

(ਅੰਗ - ੫੪੫)

{ਆਪੇ ਸਾਗਰੁ ਬੋਹਿਥਾ ਪਿਆਰਾ ਗੁਰੁ ਖੇਵਟੁ ਆਪਿ ਚਲਾਹੁ ॥
ਆਪੇ ਹੀ ਚੜਿ ਲੰਘਦਾ ਪਿਆਰਾ ਕਰਿ ਚੋਜ ਵੇਖੈ ਪਾਤਿਸਾਹੁ ॥
ਆਪੇ ਆਪਿ ਦਇਆਲੁ ਹੈ ਪਿਆਰਾ ਜਨ ਨਾਨਕ ਬਖਸਿ ਮਿਲਾਹੁ ॥੪॥}

(ਅੰਗ - ੬੦੪)

{ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥
ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥
ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥
ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥}

(ਅੰਗ - ੬੧੫)

{ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥
ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ ਜਪਿ ਨਾਨਕ ਹਰਿ ਹਰਿ ਨਾਮਾ ॥੪॥}

(ਅੰਗ - ੬੩੦)

{ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ ॥
ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ ॥੭॥}

(ਅੰਗ - ੬੪੧)

{ਅਗਨਿ ਕੁਟੰਬ ਸਾਗਰ ਸੰਸਾਰ ॥
ਭਰਮ ਮੋਹ ਅਗਿਆਨ ਅੰਧਾਰ ॥੧॥
ਊਚ ਨੀਚ ਸੁਖ ਦੂਖ ॥

ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥
ਮਨਿ ਬਾਸਨਾ ਰਚਿ ਬਿਖੈ ਬਿਆਧਿ ॥
ਪੰਚ ਦੂਤ ਸੰਗਿ ਮਹਾ ਅਸਾਧ ॥੩॥}

(ਅੰਗ - ੬੭੫)

{ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ ॥
ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ ॥
ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ ॥
ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ ॥੨॥}

(ਅੰਗ - ੬੯੧)

{ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥}

(ਅੰਗ - ੭੪੭)

{ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ ॥
ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ ॥}

(ਅੰਗ - ੭੮੨)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥
ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥
ਅਗਨਿ ਸਾਗਰ ਬ੍ਰੂਡਤ ਸੰਸਾਰਾ ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥}

(ਅੰਗ - ੮੦੪)

{ਚਰਣ ਗਹੇ ਸਰਣਿ ਸੁਖਦਾਤੇ ਗੁਰ ਕੈ ਬਚਨਿ ਜਪੇ ਹਰਿ ਜਾਪ ॥
ਸਾਗਰ ਤਰੇ ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ ॥੨॥}

(ਅੰਗ - ੮੨੧)

{ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਣੀ ਗਲਤੁ ਪਇਆ ॥
ਸਰਨਿ ਪਰੇ ਨਾਨਕ ਸੁਆਮੀ ਕੀ ਬਾਹ ਪਕਰਿ ਪ੍ਰਭਿ ਕਾਢਿ ਲਇਆ ॥੨॥}

(ਅੰਗ - ੮੨੬)

{ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਣੀਆ ॥
ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥੭॥
ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥
ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ ॥੮॥}

(ਅੰਗ - ੮੩੫)

{ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥
ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥
ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥
ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥
ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥੧੧॥}

(ਅੰਗ - ੮੫੪)

{ਕਿਨ ਬਿਧਿ ਸਾਗਰੁ ਤਰੀਐ ॥
ਜੀਵਤਿਆ ਨਹ ਮਰੀਐ ॥੧॥ ਰਹਾਉ ॥
ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥
ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥੨॥
ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥੩॥
ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥
ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥੪॥
ਇਨ ਬਿਧਿ ਸਾਗਰੁ ਤਰੀਐ ॥
ਜੀਵਤਿਆ ਇਉ ਮਰੀਐ ॥੧॥ ਰਹਾਉ ਦੂਜਾ ॥}

(ਅੰਗ - ੮੭੭)

{ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ ਪਇਆ ॥
ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ ॥੯॥}

(ਅੰਗ - ੯੦੬)

{ਕਾਇਆ ਸੋਧਿ ਤਰੈ ਭਵ ਸਾਗਰੁ ਆਤਮ ਤਤੁ ਵੀਚਾਰੀ ॥੧੩॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥
ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥}

(ਅੰਗ - ੯੦੮)

{ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥
ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥
ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪॥
ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥}

(ਅੰਗ - ੯੩੮)

{ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥
ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਣੀ ਮਹਾ ਦੁਤਰ ਮਾਇ ॥੩॥
ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥
ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥੪॥
ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥
ਰੇ ਨਰ ਇਨ ਬਿਧਿ ਪਾਰਿ ਪਰਾਇ ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥}

(ਅੰਗ - ੧੦੦੧-੧੦੦੨)

{ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ ॥
ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ ॥੧॥
ਮੇਰੇ ਮਨ ਨਾਮੁ ਹਿਰਦੈ ਧਾਰਿ ॥
ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ ਅਵਰ ਸਗਲ ਵਿਸਾਰਿ ॥੧॥ ਰਹਾਉ ॥}

(ਅੰਗ - ੧੦੦੬-੧੦੦੭)

{ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ ॥
ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ ॥
ਵੰਞੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ ॥੧॥
ਬਾਬਾ ਜਗੁ ਫਾਥਾ ਮਹਾ ਜਾਲਿ ॥
ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥੧॥ ਰਹਾਉ ॥}

(ਅੰਗ - ੧੦੦੯)

{ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ ॥
ਗੁਰ ਕੈ ਸਬਦਿ ਸੰਤੋਖੀਆ ਨਾਨਕ ਬਿਗਸਾ ਨਾਇ ॥੨॥}

(ਅੰਗ - ੧੦੮੭)

{ਦੀਨ ਬਿਨਉ ਸੁਨੁ ਦਇਆਲ ॥
ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥

ਰਾਖੁ ਹੋ ਕਿਰਪਾਲ ॥ ਰਹਾਉ ॥
ਅਨਿਕ ਜਤਨ ਗਵਨੁ ਕਰਉ ॥
ਖਟੁ ਕਰਮ ਜੁਗਤਿ ਧਿਆਨੁ ਧਰਉ ॥
ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧॥
ਸਰਣਿ ਬੰਦਨ ਕਰੁਣਾ ਪਤੇ ॥
ਭਵ ਹਰਣ ਹਰਿ ਹਰਿ ਹਰਿ ਹਰੇ ॥
ਏਕ ਤੂਹੀ ਦੀਨ ਦਇਆਲ ॥
ਪ੍ਰਭ ਚਰਨ ਨਾਨਕ ਆਸਰੋ ॥
ਉਧਰੇ ਭ੍ਰਮ ਮੋਹ ਸਾਗਰ ॥
ਲਗਿ ਸੰਤਨਾ ਪਗ ਪਾਲ ॥੨॥}

(ਅੰਗ - ੧੧੧੯)

ਉੱਪਰ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਸਾਡੇ ਅੰਦਰ ਇਹ ਮਾਇਆ ਰੂਪ ਸਾਗਰ ਕਿਸ ਰੂਪ ਵਿੱਚ ਹੈ ਤੇ ਉਸ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ। ਪਿੱਛੇ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਬੰਧਨ ਕਿਸ ਰੂਪ ਵਿੱਚ ਹੈ ਜੋ ਕਿ ਸਾਡੇ ਅੰਦਰ ਭਰਮਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ ਭਾਵ ਸਾਡੇ ਮਨ ਦੇ ਨਾ-ਸਮਝ ਵਿਚਾਰ ਹਨ ਜਿੰਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਦੂਰ ਰਹਿੰਦੇ ਹਾਂ। ਧਰਮ ਦਾ ਮਾਰਗ, ਭਗਤੀ ਦਾ ਮਾਰਗ, ਸੱਚ ਦਾ ਮਾਰਗ ਹੈ ਤੇ ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਹੈ ਜੋ ਕਿ ਭਰਮਾਂ ਵਾਲੇ, ਅਗਿਆਨਤਾ ਵਾਲੇ ਵਿਚਾਰਾਂ ਦਾ ਸਾਗਰ ਹੈ ਭਾਵ ਮਨਮਤਿ ਵਾਲੇ ਵਿਚਾਰਾਂ ਦਾ ਸਾਗਰ ਹੈ ਭਾਵ ਸਾਡੇ ਅੰਦਰ ਭਰਮਾਂ ਵਾਲੇ ਇਤਨੇ ਕੁ ਵਿਚਾਰ ਹਨ, ਬੇਸ਼ੁਮਾਰ ਵਿਚਾਰ ਹਨ ਜਿੰਨ੍ਹਾਂ ਨੂੰ ਮਾਇਆ ਦਾ ਸਾਗਰ ਕਿਹਾ ਹੈ। ਗੁਰੂ ਦੇ ਸ਼ਬਦਾਂ ਦੇ ਵਿਚਾਰ ਪੂਰੀ ਗੁਰਬਾਣੀ ਵਿੱਚ ਭਰੇ ਹੋਏ ਹਨ ਜਿੰਨ੍ਹਾਂ ਨੂੰ ਸੁੱਖ ਦਾ ਸਾਗਰ ਕਿਹਾ ਹੈ ਜੋ ਕਿ ਸੱਚੇ ਗਿਆਨ ਦਾ ਸਾਗਰ ਹੈ, ਗੁਰਮੁਤਿ ਦੀ ਸੱਚੀ ਸਮਝ ਦਾ ਸਾਗਰ ਹੈ। ਮਾਇਆ ਮੋਹ ਦਾ ਸਾਗਰ ਔਗੁਣਾਂ ਵਾਲੇ ਵਿਚਾਰਾਂ ਦਾ ਸਾਗਰ ਹੈ ਤੇ ਗੁਰੂ ਦਾ ਸਾਗਰ ਸੱਚੇ ਗੁਣਾਂ ਦਾ ਸਾਗਰ ਹੈ। ਭਗਤੀ ਦਾ ਮਾਰਗ ਗੁਣਾਂ ਦੇ ਸਾਗਰ ਵਿੱਚੋਂ ਮਤਿ ਲੈਣ ਨਾਲ ਸਮਝ ਆਉਂਦਾ ਹੈ ਜਿੰਨ੍ਹਾਂ ਦਾ ਮਕਸਦ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ ਭਾਵ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ ਜੋ ਸਾਨੂੰ ਝੂਠੀ ਭਗਤੀ ਦੇ ਮਾਰਗ ਨਾਲ ਜੋੜਦੇ ਹਨ, ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ, ਕਿਸੇ ਅੱਖਰ ਦੇ ਜਪ ਨਾਲ ਜੋੜਦੇ ਹਨ ਜਿਸ ਨੂੰ ਅਸੀਂ ਭਰਮ ਵਿੱਚ ਹੀ ਨਾਮ ਜਪਣਾ ਸਮਝਦੇ ਹਾਂ। ਇਸੇ ਤਰ੍ਹਾਂ ਮਨ ਦੇ ਅਨੇਕਾਂ ਹੀ ਭਰਮਾਂ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਭਗਤੀ ਦੇ ਮਾਰਗ ਬਣਾਏ ਹੋਏ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ ਜਿੰਨ੍ਹਾਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇਹ ਭਰਮ ਵਾਲੇ ਵਿਚਾਰਾਂ ਦਾ ਸਾਗਰ ਹੀ ਸਾਡੇ ਅੰਦਰ ਦਾ ਦੁਤਰ ਸਾਗਰ ਹੈ ਜਿਸ ਤੋਂ ਅਸੀਂ ਤਰਨਾ ਹੈ ਭਾਵ ਪਾਰ ਪਾਉਣਾ ਹੈ, ਜਿਸ ਤੋਂ ਪਾਰ ਪਾਏ ਬਿਨ੍ਹਾਂ ਨਾ ਅਸੀਂ ਭਗਤੀ ਦੇ ਮਾਰਗ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਉਸ ਤੇ ਚੱਲ ਸਕਦੇ ਹਾਂ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਸੱਚ ਤੇ ਚੱਲਣ ਦਾ ਹੈ। ਮਾਇਆ ਮੋਹ ਦੇ ਸਾਗਰ ਵਿੱਚੋਂ ਅਸੀਂ ਸੱਚ ਨਾਲ ਹੀ ਪਾਰ ਉਤਰਨਾ ਹੈ। ਸੱਚ ਹੀ ਨਾਮ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ, ਨਾਮ ਹੀ ਸਮਝਾਉਂਦੀ ਹੈ ਤੇ ਗੁਰੂ ਦਾ ਨਾਮ ਜਪਣ ਨਾਲ ਹੀ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਨਾਲ ਹੀ ਅਸੀਂ ਮਾਇਆ ਮੋਹ ਦੇ ਸਾਗਰ ਵਿੱਚੋਂ ਅਸੀਂ ਸੱਚ ਨਾਲ ਹੀ ਪਾਰ ਉਤਰਨਾ ਹੈ। ਸੱਚ ਹੀ ਨਾਮ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ, ਨਾਮ ਹੀ ਸਮਝਾਉਂਦੀ ਹੈ ਤੇ ਗੁਰੂ ਦਾ ਨਾਮ ਜਪਣ ਨਾਲ ਹੀ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਨਾਲ ਹੀ ਅਸੀਂ ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲ ਸਕਦੇ ਹਾਂ, ਹਉਮੈ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ, ਨਾ-ਸਮਝ ਮਤਿ ਵਿੱਚੋਂ ਨਿਕਲ ਸਕਦੇ ਹਾਂ ਤੇ ਭਗਤੀ ਦੇ ਮਾਰਗ ਨੂੰ ਸਮਝ ਕੇ ਉਸ ਅਨੁਸਾਰ ਚੱਲ ਸਕਦੇ ਹਾਂ ਜਿਸ ਦੁਆਰਾ ਅਸੀਂ ਉਸ "**ਸੁਖ ਸਾਗਰ**" ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ, ਉਸ ਨਿਰੰਕਾਰ ਰੂਪ ਬ੍ਰਹਮ ਗਿਆਨੀ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਹਰ ਵੇਲੇ ਸਾਡੇ ਅੰਦਰ ਹੀ ਹੈ। ਸਾਡੇ ਅੰਦਰ ਮਾਇਆ ਮੋਹ ਪਾਉਣ ਵਾਲਾ ਵੀ ਉਹ ਆਪ ਹੀ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਗੁਰਬਾਣੀ ਦੀ ਰਚਨਾ, ਸੱਚੇ ਧਰਮ ਗ੍ਰੰਥਾਂ ਦੀ ਰਚਨਾ ਉਸ ਨੇ ਆਪ ਹੀ ਕੀਤੀ ਹੈ ਜਿੰਨ੍ਹਾਂ ਦਾ ਮਕਸਦ ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚੋਂ ਕੱਢਣ ਦਾ ਹੀ ਹੈ ਤੇ ਅਸੀਂ ਮਨ ਦੀ ਮਾਇਆ ਵਿੱਚੋਂ ਤਾਂ ਹੀ ਨਿਕਲਾਂਗੇ ਜਦੋਂ ਆਪਣੀ ਨਾ-ਸਮਝ ਮਤਿ ਨੂੰ ਛੱਡਾਂਗੇ ਭਾਵ ਮਨਮਤਿ ਨੂੰ ਛੱਡਾਂਗੇ ਜਿਸ ਨੂੰ ਅਸੀਂ ਭਰਮ ਵਿੱਚ ਹੀ ਸੱਚੀ ਮਤਿ ਸਮਝਦੇ ਹਾਂ। ਭਰਮ ਨੂੰ ਸੱਚ ਸਮਝਣਾ ਹੀ ਅਸਲ ਵਿੱਚ ਭਰਮ ਹੈ। (**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥**) ਅੰਗ - ੬੫੭

ਆਪਣੇ ਭਰਮ ਵਾਲੇ ਵਿਚਾਰਾਂ ਤੋਂ ਮੁਕਤਿ ਹੋਣਾ ਹੀ ਮਾਇਆ ਮੋਹ ਦੇ ਸਾਗਰ ਵਿੱਚੋਂ ਪਾਰ ਉਤਰਨਾ ਹੈ। ਹੁਣ ਅਸੀਂ ਉਸ ਮੁੱਖ ਸ਼ਬਦ ਦੇ ਪਦੇ ਨੂੰ ਬਰੀਕੀ ਨਾਲ ਸਮਝ ਸਕਦੇ ਹਾਂ ਜਿਸ ਵਿੱਚ ਸਾਨੂੰ ਭਰਮ ਤੋਂ ਮੁਕਤਿ ਹੋਣਾ ਹੀ ਸਾਗਰ ਤੋਂ ਪਾਰ ਉਤਰਨਾ ਸਮਝਾਇਆ ਹੋਇਆ ਹੈ, "**ਕੰਢੈ**" ਚੜ੍ਹਨਾ ਸਮਝਾਇਆ ਹੋਇਆ ਹੈ ਜਿਸ ਮਨ ਦੀ ਸਮਝ ਦੁਆਰਾ ਮਨੁੱਖ ਧਰਮ ਵਾਲੇ ਕਰਮ ਕਰਦਾ ਹੈ। (**ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥ ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥ ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥ ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥ ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥3॥**)

ਇਸ ਪੂਰੇ ਸ਼ਬਦ ਵਿੱਚ ਸਾਨੂੰ ਨਾਮ ਮਿਲਣਾ ਕੀ ਹੈ ਭਾਵ ਨਾਮ ਦਾ ਮਕਸਦ ਕੀ ਹੈ ਇਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੀ ਵਿਚਾਰ ਨੂੰ ਸਮਝਿਆ ਹੈ ਤੇ ਇਸ ਗੱਲ ਨੂੰ ਰਹਾਉ ਵਾਲੀ ਪੰਗਤੀ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸਾਨੂੰ ਮੋਹ ਮਾਇਆ ਦੇ ਸਾਗਰ ਤੋਂ ਪਾਰ ਨਾਮ ਹੀ ਪਾਉਂਦਾ ਹੈ ਭਾਵ ਨਾਮ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਸੱਚੇ ਧਰਮ ਦੇ ਮਾਰਗ ਨੂੰ ਸਮਝ ਸਕੀਏ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਹ ਮਨ ਦੇ ਵਿੱਚ ਹੀ ਬਖਸ਼ਦਾ ਹੈ ਤੇ ਉਹ ਕਿਸ ਰੂਪ ਵਿੱਚ ਬਖਸ਼ਦਾ ਹੈ, ਕਿਸ ਜਗ੍ਹਾ ਤੇ ਬਖਸ਼ਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਤੇ ਆਖਰੀ ਪਦੇ ਦੁਆਰਾ ਸਮਝਾਈ ਹੋਈ ਹੈ।

“ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥

ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥”

“ਸਚੁ” ਰੂਪ ਵਿੱਚ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦਾ “ਸਚੁ” ਰੂਪ “ਥਾਨ” ਮਨੁੱਖ ਦੇ ਅੰਦਰ ਮਨੁੱਖ ਦਾ ਮਨ ਹੀ ਹੈ। ਪੂਰੀ ਗੁਰਬਾਣੀ ਵਿੱਚ “ਸਚੁ” ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ “ਸਚੁ ਥਾਨੁ” ਤੋਂ ਹੀ ਆਈ ਹੈ ਤੇ ਜਿਸ ਰੂਪ ਵਿੱਚ ਉਹ ਮਨ ਰੂਪ ਥਾਨ ਤੋਂ ਆਈ ਹੈ ਉਸੇ ਰੂਪ ਵਿੱਚ ਹੀ ਪੂਰੀ ਗੁਰਬਾਣੀ ਪ੍ਰਮਾਤਮਾ ਦਾ “ਸਚੁ ਥਾਨੁ” ਹੈ।

{ਪੋਥੀ ਪਰਮੇਸਰ ਕਾ ਥਾਨੁ ॥

ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ - ੧੨੨੬)

ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਹ ਆਪਣੇ “**ਸਚੁ ਥਾਨੁ**” ਤੇ ਹੀ ਬਖਸ਼ਦਾ ਹੈ। “**ਸਚੁ ਥਾਨੁ**” ਤੇ ਕੇਵਲ ਸੱਚ ਹੀ ਵਰਤਦਾ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਕੇਵਲ ਤੇ ਕੇਵਲ ਸੱਚ ਹੀ ਹੈ ਭਾਵ ਨਾਮ ਹੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ “ਸਚੁ ਥਾਨੁ” ਤੇ ਆਪਣਾ ਨਾਮ ਬਖਸ਼ਿਆ ਹੈ, ਸੱਚ ਬਖਸ਼ਿਆ ਹੈ ਉਹਨਾਂ ਦੀ ਮਨ ਦੇ ਵਿੱਚ ਹੀ ਸਚੁ ਰੂਪ ਪ੍ਰਮਾਤਮਾ ਦੇ ਨਾਲ ਬੈਠਕ ਹੋਈ ਹੈ ਜੋ ਬੈਠਕ ਮਨ ਦੇ ਵਿੱਚ ਮਨ ਦੀ ਸਮਝ ਦੀ ਹੀ ਹੁੰਦੀ ਹੈ। ਆਪਣਾ ਸੱਚ ਪ੍ਰਮਾਤਮਾ ਮਨ ਦੇ ਵਿੱਚ ਸੱਚੀ ਬੈਠਕ ਕਰਨ ਦੁਆਰਾ ਹੀ ਸਮਝਾਉਂਦਾ ਹੈ ਜਿਸ ਬੈਠਕ ਵਿੱਚ ਉਹ ਮਨੁੱਖ ਨੂੰ ਸੱਚ ਹੀ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ ਜਿਵੇਂ ਕਿ ਉਸ ਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੇ ਵਿੱਚ ਉਹਨਾਂ ਦੇ ਨਾਲ “ਸਚੁ ਰੂਪ” ਬੈਠਕ ਕਰਨ ਦੁਆਰਾ ਸਮਝਾਇਆ ਹੈ। ਜੋ ਸੱਚੀ ਸਮਝ ਮਨ ਦੇ ਵਿੱਚੋਂ ਉਹਨਾਂ ਨੂੰ ਪ੍ਰਮਾਤਮਾ ਦੇ ਕੋਲੋਂ ਮਿਲੀ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲੀ ਹੈ, “ਨਾਮੁ” ਦੇ ਰੂਪ ਵਿੱਚ ਮਿਲੀ ਹੈ ਉਹੀ ਸੱਚੀ ਸਮਝ ਉਹਨਾਂ ਨੇ ਪੂਰੀ ਗੁਰਬਾਣੀ ਦੇ ਵਿੱਚ ਪਾਈ ਹੈ। ਇਸੇ ਲਈ ਹਰ ਸ਼ਬਦ ਦੀ ਸਮਝ ਦੂਸਰੇ ਸ਼ਬਦ ਦੀ ਸਮਝ ਦੇ ਨਾਲ ਮੇਲ ਖਾਂਦੀ ਹੈ ਕਿਉਂਕਿ ਸੱਚ ਕਦੇ ਬਦਲ ਨਹੀਂ ਸਕਦਾ, ਸੱਚ ਹਰ ਭਰਮ ਤੋਂ ਰਹਿਤ ਹੈ। ਸੱਚੀ ਮਤਿ ਸਦਾ ਅਟੱਲ ਰਹਿੰਦੀ ਹੈ ਜੋ ਕਦੇ ਬਦਲ ਨਹੀਂ ਸਕਦੀ ਕਿਉਂਕਿ ਮਨ ਦੇ ਵਿੱਚ ਸੱਚੀ ਸਮਝ ਪ੍ਰਮਾਤਮਾ ਆਪ ਹੀ ਦਿੰਦਾ ਹੈ। ਜੋ ਆਪ ਸਚੁ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੈ ਉਹ ਸਮਝ ਫਿਰ ਬਦਲ ਵੀ ਕਿਵੇਂ ਸਕਦੀ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਭਗਤੀ ਦਾ ਮਾਰਗ ਸੱਚ ਰਾਹੀਂ ਸਮਝਾਇਆ ਹੈ ਭਾਵ ਸੱਚੀ ਸਮਝ ਰਾਹੀਂ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਇਆ ਹੈ ਜਿਸ ਵਿਚਾਰ ਤੋਂ ਉੱਪਰ ਕੋਈ ਹੋਰ ਵਿਚਾਰ ਹੋ ਹੀ ਨਹੀਂ ਸਕਦੀ ਭਾਵ ਸੱਚ ਤੋਂ ਉੱਪਰ ਕੁੱਝ ਹੋਰ ਹੋ ਹੀ ਨਹੀਂ ਸਕਦਾ, ਨਾਮ ਤੋਂ ਉੱਪਰ ਕੋਈ ਹੋਰ ਸੱਚ ਹੋ ਹੀ ਨਹੀਂ ਸਕਦਾ।

{ਗਣਿ ਗਣਿ ਜੋਤਕੁ ਕਾਂਡੀ ਕੀਨੀ ॥

ਪੜੈ ਸੁਣਾਵੈ ਤਤੁ ਨ ਚੀਨੀ ॥

ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥

ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ - ੯੦੪)

{ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥}

(ਅੰਗ - ੫)

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ - ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥
ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥
ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥}

(ਅੰਗ - ੧੨੦)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥
ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥
ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥}

(ਅੰਗ - ੭੯੮)

ਜੋ ਪ੍ਰਮਾਤਮਾ ਦੇ ਸਮਝਾਏ ਹੋਏ ਸੱਚ ਨੂੰ ਜਾਣ ਲੈਂਦਾ ਹੈ ਉਸ ਦੇ ਜੀਵਨ ਦਾ "**ਸੁਆਉ**" ਭਾਵ ਮਨੋਰਥ ਕੇਵਲ ਸੱਚ ਤੇ ਚੱਲਣ ਦਾ ਹੀ ਬਣ ਜਾਂਦਾ ਹੈ, ਨਾਮ ਜਪਣ ਵਾਲਾ ਬਣ ਜਾਂਦਾ ਹੈ ਭਾਵ ਗੁਰਮਤਿ ਰੂਪ ਸੱਚੀ ਸਮਝ ਦੁਆਰਾ ਵਿਚਰਨ ਦਾ ਹੀ ਬਣ ਜਾਂਦਾ ਹੈ ਭਾਵ ਇਹੋ ਜਿਹੀ ਸੱਚੀ ਸਮਝ ਵਾਲੇ ਮਨੁੱਖ, ਗੁਰਮਤਿ ਦੀ ਸੱਚੀ ਸਮਝ ਵਾਲੇ ਮਨੁੱਖ ਆਪਣੇ ਜੀਵਨ ਵਿੱਚ ਗੁਰੂ ਪ੍ਰਮਾਤਮਾ ਦੀ ਸਮਝਾਈ ਹੋਈ ਸੱਚੀ ਮਤਿ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਦੇ ਭਾਵ ਉਹ ਕੇਵਲ ਸੱਚ ਨੂੰ ਜਪਦੇ ਹਨ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਦੇ ਹਨ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਜੀਵਨ ਕਾਲ ਵਿੱਚ ਕੇਵਲ ਸੱਚ ਨੂੰ ਅਪਣਾਇਆ ਹੈ ਭਾਵ ਕੇਵਲ ਨਾਮ ਜਪਿਆ ਹੈ ਜਿਸ ਰਾਹੀਂ ਉਹਨਾਂ ਨੇ "ਸਚੁ ਰੂਪ" ਪ੍ਰਮਾਤਮਾ ਦੀ ਉਸਤਤਿ ਕੀਤੀ ਹੈ ਤੇ ਸਾਰੇ ਸੰਸਾਰ ਨੂੰ ਸੱਚ ਤੇ ਚੱਲਣਾ ਸਿਖਾਇਆ ਹੈ ਭਾਵ ਨਾਮ ਜਪਣਾ ਸਿਖਾਇਆ ਹੈ। (**ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥**)

ਪ੍ਰਮਾਤਮਾ ਦੇ "ਸਚੁ ਥਾਨੁ" ਤੋਂ ਉਸ ਦੇ ਨਾਲ ਬੈਠਕ ਹੋਣ ਦੁਆਰਾ ਕੀ ਮਿਲਦਾ ਹੈ ਤੇ ਕਿਸ ਰੂਪ ਵਿੱਚ ਮਿਲਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"**ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥**"

ਪ੍ਰਮਾਤਮਾ ਦੇ "**ਸਚੁ ਥਾਨੁ**" ਤੋਂ ਭਾਵ ਮਨ ਦੀ ਸਮਝ ਦੇ ਵਿੱਚੋਂ ਨਾਮ ਹੀ ਪ੍ਰਾਪਤ ਹੁੰਦਾ ਹੈ ਜਿਵੇਂ ਕਿ ਪੂਰੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਤੇ ਰਹਾਉ ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਪ੍ਰਮਾਤਮਾ ਆਪ "ਸਚੁ" ਰੂਪ ਹੈ ਭਾਵ ਨਾਮ ਰੂਪ ਹੈ ਤੇ ਉਸ ਦੇ ਦਰ ਤੋਂ, ਉਸ ਦੇ ਘਰ ਦੇ ਵਿੱਚੋਂ ਸੱਚ ਹੀ ਮਿਲਦਾ ਹੈ ਭਾਵ ਨਾਮ ਹੀ ਮਿਲਦਾ ਹੈ। ਬਾਣੀ ਰਾਹੀਂ ਵਾਰ-ਵਾਰ ਨਾਮ ਧਨੁ ਦੀ ਗੱਲ ਆਉਂਦੀ ਹੈ ਭਾਵ ਨਾਮ ਦੀ ਪੂੰਜੀ ਦੀ ਗੱਲ ਆਉਂਦੀ ਹੈ। ਪ੍ਰਮਾਤਮਾ ਦੇ ਦਰ ਤੋਂ "ਨਾਮ" ਪੂੰਜੀ ਦੇ ਰੂਪ ਵਿੱਚ ਹੀ ਮਿਲਦਾ ਹੈ ਭਾਵ ਨਾਮ ਰੂਪ ਪੂੰਜੀ ਦੇ ਰੂਪ ਵਿੱਚ ਮਿਲਦਾ ਹੈ। ਇਹੀ ਪੂੰਜੀ ਸੱਚੇ ਗਿਆਨ ਦੀ ਪੂੰਜੀ ਹੈ ਜੋ ਪੂੰਜੀ ਸਾਡੇ ਮਨ ਦੀ ਸੱਚੀ ਸਮਝ ਦੀ ਪੂੰਜੀ ਹੈ, ਸਾਡੀ ਸਮਝ ਦਾ ਸੱਚਾ ਧਨੁ ਹੈ। ਇਹ ਸੱਚਾ ਧਨੁ ਹੀ ਸਾਡੇ ਅੰਦਰ ਦਾ ਉਹ "ਵਖਰ" ਹੈ, ਨਾਮ ਵਖਰ ਹੈ ਜਿਸ ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਕਸਦ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। (**ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥ ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥ ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥**) ਅੰਗ - ੧੧੦੨

ਇਹ ਰਾਸ ਭਾਵ ਪੂੰਜੀ ਭਾਵ ਧਨੁ ਗੁਰੂ ਦੇ ਸੱਚੇ ਗਿਆਨ ਦਾ ਧਨੁ ਹੈ, ਪ੍ਰਮਾਤਮਾ ਦਾ ਆਪਣਾ ਸੱਚਾ ਧਨੁ ਹੈ ਜੋ ਧਨੁ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਭਾਵ ਮਨ ਦੇ ਵਿੱਚ ਮਨੁੱਖੀ ਮਤਿ ਦੇ ਨਾਲ ਬੈਠਕ ਕਰਨ ਦੁਆਰਾ ਉਹ ਕੇਵਲ ਤੇ ਕੇਵਲ ਆਪ ਹੀ ਦੇ ਸਕਦਾ ਹੈ ਜੋ ਇਸ ਧਨੁ ਦਾ ਮਾਲਕ ਹੈ ਭਾਵ ਨਾਮ ਧਨੁ ਦਾ ਮਾਲਕ ਹੈ। ਇਹ ਉਸ ਦੇ ਸੱਚੇ ਗਿਆਨ ਦਾ ਧਨੁ ਹੈ, ਨਾਮ ਧਨੁ ਹੈ, ਬ੍ਰਹਮ ਗਿਆਨ ਰੂਪ ਧਨੁ ਹੈ ਜਿਸ ਧਨੁ ਦੀ ਪ੍ਰਾਪਤੀ ਹੋਣ ਦੁਆਰਾ ਮਨੁੱਖੀ ਸਮਝ ਭਰਮਾਂ ਤੋਂ ਮੁਕਤਿ ਹੋ ਜਾਂਦੀ ਹੈ, ਮਾਇਆ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਮੁਕਤਿ ਹੋ ਜਾਂਦੀ ਹੈ ਤੇ ਉਸ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਲੱਗ ਜਾਂਦੀ ਹੈ, ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਸਾਰੇ ਸੰਸਾਰ ਵਿੱਚ, ਪੂਰੀ ਸ੍ਰਿਸ਼ਟੀ ਵਿੱਚ, ਖੰਡਾਂ ਬ੍ਰਹਿਮੰਡਾਂ ਵਿੱਚ ਕਿਸ ਰੂਪ ਵਿੱਚ ਹੈ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਉਹ ਸਭ ਜਗ੍ਹਾ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਵਿਚਰ ਰਹਿਆ ਹੈ, ਨਾਮ ਦੇ ਰੂਪ ਵਿੱਚ ਹੀ ਵਿਚਰ ਰਹਿਆ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੈ ਜਿਸ ਤੋਂ ਉੱਪਰ ਕੋਈ ਗਿਆਨ ਨਹੀਂ ਹੋ ਸਕਦਾ। ਪ੍ਰਮਾਤਮਾ ਦਾ ਇਹ ਰੂਪ ਉਸ ਦਾ ਨਿਰੰਕਾਰ ਰੂਪ ਹੈ ਜੋ ਆਕਾਰ ਤੋਂ ਰਹਿਤ ਹੈ ਜਿਸ ਨੂੰ ਕੇਵਲ ਸਾਡਾ ਮਨ ਹੀ ਦੇਖ ਸਕਦਾ ਹੈ ਭਾਵ ਜਾਣ ਸਕਦਾ ਹੈ, ਸਮਝ ਸਕਦਾ ਹੈ। ਸਾਡੇ ਮਨ ਦੀ ਸਮਝ ਨਿਰੰਕਾਰ ਰੂਪ ਹੈ ਤੇ ਕੇਵਲ ਮਨ ਦੀ ਸਮਝ ਹੀ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣ ਸਕਦੀ ਹੈ, ਦੇਖ ਸਕਦੀ ਹੈ। ਸਾਡੇ ਮਨ ਦੀ ਸਮਝ ਹੀ ਉਹ ਅੱਖਾਂ ਹਨ ਜਿੰਨ੍ਹਾਂ ਨਾਲ ਪ੍ਰਮਾਤਮਾ ਨੂੰ ਦੇਖਿਆ ਜਾ ਸਕਦਾ ਹੈ ਭਾਵ ਮਨ ਦੇ ਵਿੱਚੋਂ ਜਾਣਿਆ ਜਾ ਸਕਦਾ ਹੈ। ਸਾਡੇ ਮਨ ਦੀਆਂ ਇਹ ਗਿਆਨ ਰੂਪ ਅੱਖਾਂ ਹੀ ਦਿਬ ਦ੍ਰਿਸ਼ਟ ਅੱਖਾਂ ਹਨ ਜੋ ਹਰ ਵੇਲੇ ਪ੍ਰਮਾਤਮਾ ਨੂੰ ਦੇਖਦੀਆਂ ਰਹਿੰਦੀਆਂ ਹਨ ਭਾਵ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਵਿਚਾਰਾਂ ਨਾਲ ਜੁੜੀਆਂ ਰਹਿੰਦੀਆਂ ਹਨ, ਸ਼ਬਦ ਦੇ ਵਿਚਾਰਾਂ ਨਾਲ ਜੁੜੀਆਂ ਰਹਿੰਦੀਆਂ ਹਨ ਜਿੰਨ੍ਹਾਂ ਵਿਚਾਰਾਂ ਦੁਆਰਾ ਮਨੁੱਖ ਆਪਣੇ ਸੁਰਤਿ ਵਾਲੇ ਵਿਚਾਰਾਂ ਵਿੱਚੋਂ ਨਿਕਲਦਾ ਹੈ ਭਾਵ ਭਰਮ ਵਾਲੇ ਵਿਚਾਰਾਂ ਤੋਂ ਮੁਕਤਿ ਹੁੰਦਾ ਹੈ। ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ ਇਸ ਗੱਲ ਦੀ ਸਮਝ ਪੈ ਜਾਂਦੀ ਹੈ। ਸ਼ਬਦ ਦੇ ਵਿਚਾਰਾਂ ਦੀ ਸੱਚੀ ਸਮਝ ਜੋ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ ਉਹ ਮਨੁੱਖ ਦੀ ਗਿਆਨ ਰਾਸਿ ਹੈ ਭਾਵ ਸੱਚੇ ਗਿਆਨ ਦੀ ਪੂੰਜੀ ਹੈ, ਨਾਮ ਧਨੁ ਹੈ। ਇਹ ਧਨੁ ਗੁਰਮਤਿ ਦੀ ਸੱਚੀ ਸਮਝ ਦਾ ਧਨੁ ਹੈ ਜੋ ਧਨੁ ਪੂਰੀ ਗੁਰਬਾਣੀ ਦੇ ਵਿੱਚ ਗੁਰਮਤਿ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਸ ਸੱਚੀ ਸਮਝ ਦੇ ਧਨੁ ਦਾ ਮਕਸਦ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ, ਪਾਪਾਂ ਵਾਲੇ, ਔਗੁਣਾਂ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ, ਮਨ ਦੇ ਲੋਭ ਲਾਲਚ ਵਿੱਚੋਂ, ਵਿਕਾਰਾਂ ਵਿੱਚੋਂ ਕੱਢਣ ਦਾ ਹੈ ਭਾਵ ਗੁਰਮਤਿ ਤੋਂ ਦੂਜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਾਲੇ, ਮਨਮਤਿ ਵਾਲੇ, ਦੁਰਮਤਿ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ ਜਿੰਨ੍ਹਾਂ ਦੇ ਨਿਕਲਣ ਦੁਆਰਾ ਹੀ ਅਸੀਂ ਚੰਗੇ ਕਰਮ ਕਰ ਸਕਦੇ ਹਾਂ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ ਜਿਸ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੇ ਪਿਆਰੇ ਬਣ ਸਕਦੇ ਹਾਂ ਤੇ ਜਮਾਂ ਵਾਲੇ ਮਾੜੇ ਵਿਚਾਰਾਂ ਤੋਂ ਬਚ ਸਕਦੇ ਹਾਂ ਜੋ ਹਰ ਵੇਲੇ ਸਾਨੂੰ ਆਤਮਿਕ ਮੌਤ ਮਾਰਦੇ ਰਹਿੰਦੇ ਹਨ ਤੇ ਧਰਮ ਰਾਜ ਤੇ ਲੇਖੇ ਵਿੱਚ ਪਾਉਂਦੇ ਹਨ ਜੋ ਲੇਖਾ ਸਾਡਾ ਮਨ ਹੀ ਦਿੰਦਾ ਹੈ, ਅਨੇਕਾਂ ਸਜਾਵਾਂ ਭੁਗਤਣ ਦੁਆਰਾ ਦਿੰਦਾ ਹੈ ਜਿੰਨ੍ਹਾਂ ਦਾ ਕਾਰਨ ਸਾਡੇ ਮਨ ਦੇ ਮਾੜੇ ਵਿਚਾਰ ਹਨ

ਭਾਵ ਨਾ-ਸਮਝ ਮਤਿ ਹੈ। ਗੁਰਮਤਿ ਰੂਪ ਰਾਮ ਨਾਮ ਧੰਨ ਦਾ ਮਕਸਦ ਭਾਵ ਗੁਰੂ ਦੀ ਮਤਿ ਦਾ ਮਕਸਦ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਪਾ ਸਕੀਏ ਤੇ ਭਗਤੀ ਦੇ ਸਹੀ ਮਾਰਗ ਤੇ ਚੱਲਣ ਦੁਆਰਾ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ ॥
ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮ੍ਹਾਰੇ ॥੪॥
ਰਸਨਾ ਸਾਦ ਚਖੇ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥
ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥
ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥੭॥
ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ ਮੋ ਕਉ ਹਰਿ ਜਨ ਮੇਲਿ ਪਿਆਰੇ ॥
ਨਾਨਕ ਦਾਸਨਿ ਦਾਸੁ ਕਹਤੁ ਹੈ ਹਮ ਦਾਸਨ ਕੇ ਪਨਿਹਾਰੇ ॥੮॥}

(ਅੰਗ - ੯੮੦-੯੮੧)

ਗੁਰਮਤਿ ਦਾ ਸੱਚਾ ਗਿਆਨ ''ਨਾਮ'' ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਮਨੁੱਖ ਦੀ ਸੱਚੀ ਪੂੰਜੀ ਹੈ, ਸੱਚਾ ਵਖਰ ਹੈ ਭਾਵ ਉਹ ਸੱਚਾ ਸੌਦਾ ਹੈ ਜਿਸ ਵਖਰ ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਇਹ ਸੱਚਾ ਸੌਦਾ ਪ੍ਰਮਾਤਮਾ ਦੇ ਘਰ ਵਿੱਚੋਂ ਹੀ ਮਿਲਦਾ ਹੈ ਜੋ ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੀ ਹੈ ਜਿੱਥੇ ਇਸ ਸੌਦੇ ਦਾ ਮਾਲਕ ਰਹਿੰਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਕੋਲੋਂ ਇਸ ਨਾਮ ਵਖਰ ਦੀ ਪ੍ਰਾਪਤੀ ਕੀਤੀ ਹੈ, ਉਸ ਦੇ ਸੱਚੇ ਗਿਆਨ ਦੀ ਪੂੰਜੀ ਪ੍ਰਾਪਤ ਕੀਤੀ ਹੈ, ਸੱਚੇ ਗਿਆਨ ਦੇ ਧਨੁ ਦੀ, ਨਾਮ ਧਨੁ ਦੀ ਪ੍ਰਾਪਤੀ ਕੀਤੀ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਇਹ ਗਿਆਨ ਦੀ ਪੂੰਜੀ ਪਾਈ ਹੈ, ਸੱਚੇ ਗਿਆਨ ਦਾ ਧਨੁ ਪਾਇਆ ਹੈ। ਪੂਰੀ ਗਰਬਾਣੀ ਵਿੱਚ ਪ੍ਰਮਾਤਮਾ ਆਪ ਇਸ ਸੱਚੇ ਗਿਆਨ ਧਨੁ ਦੇ ਰੂਪ ਵਿੱਚ ਹੀ ਹੈ। ਹਰ ਸ਼ਬਦ ਦੀ ਵਿਚਾਰ ਸੱਚੇ ਗਿਆਨ ਦਾ ਧਨੁ ਹੈ, ਨਾਮ ਵਖਰ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪ ਹੀ ਹੈ। (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**) ਅੰਗ - ੧੨੦

(ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥)

(ਅੰਗ - ੪੫੬)

ਸਾਡੇ ਜੀਵਨ ਦਾ ਮਕਸਦ ਨਾਮ ਵਖਰ ਦੀ ਪ੍ਰਾਪਤੀ ਕਰਨ ਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਉਸ ਗਿਆਨ ਰੂਪ ਪ੍ਰਮਾਤਮਾ ਨੂੰ ਮਿਲਣ ਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ ਜੋ ਕਿ ਉਸਦਾ ਗੁਰੂ ਰੂਪ ਘਰ ਹੈ। ਸਾਨੂੰ ਨਾਮ ਵਖਰ ਦੀ

ਪ੍ਰਾਪਤੀ ਗੁਰੂ ਘਰ ਨਾਲ ਜੁੜ ਕੇ ਹੀ ਹੋ ਸਕਦੀ ਹੈ ਜੋ ਕਿ ਸਾਡਾ ਸੱਚਾ ਉੱਦਮ ਹੈ ਭਾਵ ਕੇਵਲ ਤੇ ਕੇਵਲ ਗੁਰੂ ਦੀ ਮਤਿ ਨਾਲ ਜੁੜਨ ਦੁਆਰਾ ਹੋ ਸਕਦੀ ਹੈ ਭਾਵ ਕੇਵਲ ਨਾਮ ਜਪਣ ਦੁਆਰਾ ਹੋ ਸਕਦੀ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੋ ਸਕਦੀ ਹੈ। ਗੁਰੂ ਦੀ ਮਤਿ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਜੇਕਰ ਪਹਿਲੇ ਉਹਨਾਂ ਦੀ ਮਤਿ ਨੂੰ ਛੱਡਾਂਗੇ ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦੇ ਮਾਰਗ ਸਿੱਖੇ ਹੋਏ ਹਨ, ਅਨੇਕਾਂ ਭਗਤੀ ਦੇ ਤਰੀਕੇ ਸਿੱਖੇ ਹੋਏ ਹਨ, ਵੱਖਰੇ ਵੱਖਰੇ ਨਾਮ ਜਪਣੇ ਸਿੱਖੇ ਹੋਏ ਹਨ ਜਿਹੋ ਜਿਹੇ ਹਰ ਤਰੀਕਿਆਂ ਦਾ ਗੁਰੂ ਦਾ ਆਪਣਾ ਸੱਚਾ ਨਾਮ ਹੀ ਖੰਡਨ ਕਰ ਰਿਹਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਖੰਡਨ ਕਰ ਰਿਹਾ ਹੈ ਭਾਵ ਪ੍ਰਮਾਤਮਾ ਆਪ ਹੀ ਖੰਡਨ ਕਰ ਰਿਹਾ ਹੈ। ਜਿਸ ਪ੍ਰਮਾਤਮਾ ਨੂੰ ਅਸੀਂ ਪਾਉਣਾ ਚਾਹੁੰਦੇ ਹਾਂ ਜੇਕਰ ਉਸ ਦੀ ਸਮਝਾਈ ਹੋਈ ਸਿੱਖਿਆ ਨੂੰ ਛੱਡ ਕੇ ਹੋਰਾਂ ਦੀ ਸਿੱਖਿਆ ਨਾਲ ਜੁੜਾਂਗੇ ਭਾਵ ਭਗਤੀ ਦੇ ਮਾਰਗ ਬਾਰੇ ਭਰਮ ਪਾਉਣ ਵਾਲਿਆਂ ਦੀ ਸਿੱਖਿਆ ਨਾਲ ਜੁੜਾਂਗੇ ਤਾਂ ਫਿਰ ਅਸੀਂ ਗੁਰੂ ਨਾਲ ਕਿਵੇਂ ਜੁੜ ਸਕਦੇ ਹਾਂ ਭਾਵ ਪ੍ਰਮਾਤਮਾ ਨਾਲ ਕਿਵੇਂ ਜੁੜ ਸਕਦੇ ਹਾਂ ਤੇ ਕਿਵੇਂ ਉਸ ਪੂੰਜੀ ਨੂੰ ਪ੍ਰਾਪਤ ਕਰ ਸਕਦੇ ਹਾਂ ਜੋ ਪੂੰਜੀ ਸਾਡਾ ਅਸਲ ਧਨੁ ਹੈ, ਗੁਰੂ ਦੇ ਸੱਚੇ ਗਿਆਨ ਦਾ ਧਨੁ ਹੈ। ਪੂਰੀ ਗੁਰਬਾਣੀ ਸਾਨੂੰ ਇਹ ਸੱਚਾ ਧਨੁ ਵੰਡ ਰਹੀ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਧਨੁ ਵੰਡ ਰਹੀ ਹੈ ਜਿਸ ਧਨੁ ਦੀ ਪ੍ਰਾਪਤੀ ਲਈ ਸਾਰੇ ਸੰਸਾਰ ਲਈ ਇੱਕੋ ਇੱਕ ਤਰੀਕਾ ਆਪਣੀ ਮਤਿ ਛੱਡਣ ਦਾ ਹੈ। ਆਪਣੀ ਮਤਿ ਨੂੰ ਛੱਡਣਾ ਹੀ ਗੁਰੂ ਨੂੰ ਆਪਣਾ ਮਨ ਸੌਂਪਣਾ ਹੈ ਭਾਵ ਪੂਰੀ ਤਰ੍ਹਾਂ ਆਪਣੇ ਵਿਚਾਰਾਂ ਨੂੰ ਛੱਡਣਾ ਹੈ ਜੋ ਭਰਮਾਂ ਨਾਲ ਭਰੇ ਹੋਏ ਹਨ, ਹਉਮੈ ਨਾਲ ਭਰੇ ਹੋਏ ਹਨ, ਅਗਿਆਨਤਾ ਨਾਲ ਭਰੇ ਹੋਏ ਹਨ ਜਿਸ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਉਸ ਗਿਆਨ ਦੇ ਮਾਲਕ ਨੂੰ, ਗਿਆਨ ਧੰਨ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਉਸ ਬ੍ਰਹਮ ਗਿਆਨੀ ਨੂੰ ਨਹੀਂ ਜਾਣਿਆ ਜਾ ਸਕਦਾ। ਸਾਡੇ ਜੀਵਨ ਦਾ ਮਕਸਦ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੁਆਰਾ ਹੀ ਪੂਰਾ ਹੋ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੇ ਭਰਮਾਂ ਤੋਂ ਮੁਕਤਿ ਹੋਏ ਬਿਨ੍ਹਾਂ ਉਸ ਗਿਆਨ ਦੇ ਮਾਲਕ ਨੂੰ ਕੋਈ ਨਹੀਂ ਜਾਣ ਸਕਦਾ ਤੇ ਪੂਰੇ ਮੁੱਖ ਸ਼ਬਦ ਦਾ ਮਕਸਦ ਇਹੀ ਹੈ ਜਿਸ ਨੂੰ ਕਿ ਅਸੀਂ ਸਮਝਣ ਦਾ ਉਪਰਾਲਾ ਕੀਤਾ ਹੈ। (**ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥ ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥ ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥ ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥ ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥ ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥ ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥**) ਅੰਗ - ੧੦੦੨

{ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥
ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥
ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥
ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥੧॥ ਰਹਾਉ ॥
ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥}

(ਅੰਗ - ੬੮੦)

ਉੱਪਰ ਸ਼ਬਦ ਦੀਆਂ ਪੰਗਤੀਆਂ ਦੇ ਵਿੱਚ ਬੜਾ ਹੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਮਨ ਦੇ ਭਰਮਾਂ ਤੋਂ ਮੁਕਤ ਹੋਣਾ ਹੀ ਮਨੁੱਖ ਦੀ ਮੁਕਤੀ ਹੈ ਜਿਸ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਪਹਿਲਾਂ ਇਸ ਭਰਮ ਵਿੱਚੋਂ ਨਿਕਲਣਾ ਹੀ ਜਰੂਰੀ ਹੈ ਕਿ ਮੁਕਤੀ ਕਿਵੇਂ ਮਿਲਣੀ ਹੈ। ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣਾ ਹੀ ਮਨੁੱਖ ਦੀ ਮੁਕਤੀ ਹੈ ਜੋ ਮੁਕਤੀ ਇਸ ਸਰੀਰ ਵਿੱਚ ਰਹਿੰਦੇ ਹੋਏ ਹੀ ਮਿਲ ਸਕਦੀ ਹੈ ਤੇ ਇਸੇ ਲਈ ਇਸ ਸਰੀਰ ਵਿੱਚ ਰਹਿੰਦੇ ਹੋਏ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਸਮਝ ਲੱਗ ਸਕਦੀ ਹੈ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸੰਤ ਰੂਪ ਵਿੱਚ, ਭਗਤ ਰੂਪ ਵਿੱਚ, ਜਨ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਗੁਰੂ ਰੂਪ ਹੈ। ਆਪਣੇ ਆਪ ਨੂੰ ਕੋਈ ਸੰਤ, ਭਗਤ, ਉਸਦਾ ਜਨੁ ਰੂਪ ਤਾਂ ਹੀ ਅਖਵਾ ਸਕਦਾ ਹੈ ਜਦ ਤਕ ਕਿਸੇ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਭਾਵ ਮਨ ਦੇ ਭਰਮਾਂ ਤੋਂ ਮੁਕਤੀ ਨਹੀਂ ਹੋਈ। (**ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥ ਕਹੁ ਨਾਨਕ ਦਇਆਲ**

ਸੁਆਮੀ ਸੰਤੁ ਭਗਤੁ ਜਨੁ ਸੋਈ ॥)

ਪਿਛਲੇ ਸ਼ਬਦ ਰਾਹੀਂ ਅਸੀਂ ਆਪਣੀ ਸੱਚੀ ਪੂੰਜੀ ਨੂੰ ਸਮਝਿਆ ਹੈ ਭਾਵ ਨਾਮ ਧੰਨ ਨੂੰ ਸਮਝਿਆ ਹੈ ਜੋ ਕਿ ਸੱਚੇ ਗਿਆਨ ਦਾ ਧਨੁ ਹੈ, ਗੁਰਮਤਿ ਦੀ ਸੱਚੀ ਸਮਝ ਦਾ ਧਨੁ ਹੈ, ਬ੍ਰਹਮ ਗਿਆਨੀ ਦੀ ਸਮਝ ਵਾਲਾ ਧਨੁ ਹੈ। ਸਾਡੇ ਮਨ ਦੀ ਇਸ ਸੱਚੀ ਸਮਝ ਦੀ ਪੂੰਜੀ ਨੂੰ ਹੀ "**ਵੇਸਾਹੁ**" ਰੂਪ ਪੂੰਜੀ ਕਿਹਾ ਹੈ। "**ਵੇਸਾਹੁ**" ਸਾਡੇ ਅੰਦਰ ਦਾ ਭਰੋਸਾ ਹੈ ਜਿਸ ਸਮਝ ਤੇ ਭਰੋਸਾ ਕੀਤਾ ਜਾ ਸਕਦਾ ਹੈ, ਵਿਸ਼ਵਾਸ ਕੀਤਾ ਜਾ ਸਕਦਾ ਹੈ, ਇਤਬਾਰ ਕੀਤਾ ਜਾ ਸਕਦਾ ਹੈ ਕਿ ਇਸ ਸਮਝ ਤੋਂ ਉੱਪਰ ਕੋਈ ਹੋਰ ਸਮਝ ਨਹੀਂ ਹੋ ਸਕਦੀ। ਸਾਡੇ ਸਭ ਦੇ ਅੰਦਰ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਾਲੀ ਸਮਝ ਹੈ ਭਾਵ ਮਾਇਆ ਵਾਲੀ ਸਮਝ ਹੈ ਜਿਸ ਸਮਝ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਜਿਸ ਗੱਲ ਵਿੱਚ ਭਰਮ ਹੈ ਉਹ ਗੱਲ ਕਦੇ ਵੀ ਗਲਤ ਸਾਬਿਤ ਹੋ ਸਕਦੀ ਹੈ, ਸਦੀਆਂ ਬਾਅਦ ਵੀ ਗਲਤ ਸਾਬਿਤ ਹੋ ਸਕਦੀ ਹੈ। ਸਾਡੀ ਸੱਚੀ ਸਮਝ ਵਾਲੀ ਪੂੰਜੀ ਸਾਡੀ ਨਾਮ ਦੀ ਪੂੰਜੀ ਹੈ ਜੋ ਪੂੰਜੀ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਸ ਵਿਚਾਰ ਨੂੰ ਕਦੇ ਗਲਤ ਸਾਬਿਤ ਨਹੀਂ ਕੀਤਾ ਜਾ ਸਕਦਾ। ਜਦ ਤੱਕ ਸੰਸਾਰ ਰਹੇਗਾ ਸ਼ਬਦ ਦੀ ਵਿਚਾਰ ਸੱਚ ਹੀ ਰਹੇਗੀ ਜਿਸ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ। ਸੱਚੀ ਸਮਝ ਸਦਾ ਕਾਇਮ ਰਹਿਣ ਵਾਲੀ ਸਮਝ ਹੈ ਭਾਵ ਅਟੱਲ ਹੈ। ਸਾਡੇ ਸਭ ਦੇ ਅੰਦਰ ਜੋ ਸਮਝ ਵਰਤਦੀ ਹੈ ਉਹ ਕੱਚੀ ਸਮਝ ਹੈ, ਕੱਚੀ ਮਤਿ ਹੈ। ਕੱਚੀ ਮਤਿ ਦੇ ਰਹਿੰਦੇ ਹੋਏ ਅਸੀਂ ਕਦੇ ਨਹੀਂ ਜਾਣ ਸਕਦੇ ਕਿ ਸਾਡੀ ਅਸਲੀਅਤ ਕੀ ਹੈ, ਸੰਸਾਰ ਦੀ ਅਸਲੀਅਤ ਕੀ ਹੈ। ਸੰਸਾਰ ਦੀ ਅਸਲੀਅਤ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਗੱਲ ਕਦੇ ਬਦਲ ਨਹੀਂ ਸਕਦੀ। ਆਪਣੇ ਆਪ ਨੂੰ ਮਨੁੱਖੀ ਰੂਪ ਸਮਝਣਾ ਸੱਚ ਨਹੀਂ ਹੈ ਕਿਉਂਕਿ ਸਾਡੇ ਅੰਦਰ ਇਸ ਗੱਲ ਦਾ ਵਿਸ਼ਵਾਸ ਹੀ ਨਹੀਂ ਹੈ ਕਿ ਸਾਡੇ ਮਨੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਜਿਸ ਨੂੰ ਸੱਚ ਦੀ ਸਮਝ ਪੈ ਜਾਂਦੀ ਹੈ ਭਾਵ ਜਿਸ ਨੂੰ ਨਾਮ ਧਨੁ ਦੀ ਪ੍ਰਾਪਤੀ ਹੋ ਜਾਂਦੀ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਵਿਸ਼ਵਾਸ ਆਏ ਬਿਨ੍ਹਾਂ ਕੋਈ ਗੁਰੂ ਦੀ ਮਤਿ ਤੇ ਟਿਕ ਨਹੀਂ ਸਕਦਾ ਕਿ ਜੋ ਗੁਰੂ ਕਹਿੰਦਾ ਹੈ, ਉਹੀ ਠੀਕ ਹੈ। ਅਸੀਂ ਜਿਹੋ ਜਿਹੇ ਭਗਤੀ ਦੇ ਮਾਰਗ ਨਾਲ ਜੁੜੇ ਹੋਏ ਹਾਂ ਭਾਵ ਸਰੀਰਕ ਜਪਾਂ ਤਪਾਂ ਆਦਿ ਨਾਲ ਜੁੜੇ ਹੋਏ ਹਾਂ ਤੇ ਹੋਰ ਵੀ ਅਨੇਕਾਂ ਤਰੀਕਿਆਂ ਨਾਲ ਜੁੜੇ ਹੋਏ ਹਾਂ ਜੋ ਕਿ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਜੁੜੇ ਹੋਏ ਹਾਂ ਉਹ ਆਪਣੇ ਆਪਣੇ ਮਨ ਦੇ ਵਿਸ਼ਵਾਸ ਦੁਆਰਾ ਹੀ ਜੁੜੇ ਹੋਏ ਹਾਂ। ਸਾਡੇ ਇਸ ਵਿਸ਼ਵਾਸ ਦੇ ਵਿੱਚ ਸੱਚ ਨਹੀਂ ਹੈ ਭਾਵ ਅਸੀਂ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਵਿੱਚ ਹਾਂ ਭਾਵ ਸਾਡੀ ਮਤਿ ਕੱਚੀ ਹੈ ਤੇ ਅਸੀਂ ਝੂਠੇ ਵਿਸ਼ਵਾਸ ਨਾਲ ਹੀ ਜੁੜੇ ਹੋਏ ਹਾਂ। ਗੁਰੂ ਦੀ ਸੱਚੀ ਸਮਝ, ਨਾਮ ਵਾਲੀ ਸਮਝ, ਨਾਮ ਧਨੁ ਹੈ ਜਿਸ ਤੇ ਪੂਰਨ ਵਿਸ਼ਵਾਸ ਕੀਤਾ ਜਾ ਸਕਦਾ ਹੈ ਤੇ ਉਸ ਦਾ ਮਕਸਦ ਸਾਡੇ ਵਿੱਚੋਂ ਝੂਠਾ ਵਿਸ਼ਵਾਸ ਕੱਢਣ ਦਾ ਹੀ ਹੈ ਤੇ ਇਸ ਲਈ ਅਸੀਂ ਕੇਵਲ ਗੁਰੂ ਦੀ ਸੱਚੀ ਸਮਝ ਦੇ ਨਾਲ ਜੁੜੀਏ ਜੋ ਸਮਝ ਭਰੋਸੇ ਦੇ ਯੋਗ ਹੈ। ਪ੍ਰਮਾਤਮਾ ਨੂੰ ਸਮਝਣ ਵਿੱਚ, ਜਾਨਣ ਵਿੱਚ, ਭਗਤੀ ਦੇ ਮਾਰਗ ਨੂੰ ਸਮਝਣ ਤੇ ਜਾਨਣ ਵਿੱਚ ਕੇਵਲ ਚੌਥੇ ਪਦ ਦੇ ਗਿਆਨ ਤੇ ਹੀ ਭਰੋਸਾ ਕੀਤਾ ਜਾ ਸਕਦਾ ਹੈ ਭਾਵ ਗੁਰੂ ਦੀ ਸਮਝ ਤੇ ਹੀ ਭਰੋਸਾ ਕੀਤਾ ਜਾ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਚੌਥੇ ਪਦ ਦਾ ਗਿਆਨ ਹੈ, ਸਹਜ ਦੀ ਅਵੱਸਥਾ ਵਾਲਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਜਿਸ ਤੇ ਵਿਸ਼ਵਾਸ ਕਰਨ ਨਾਲ ਹੀ ਅਸੀਂ ਸੱਚ ਦੇ ਨਾਲ ਜੁੜ ਸਕਦੇ ਹਾਂ ਭਾਵ ਸੱਚੀ ਸਮਝ ਦੇ ਨਾਲ ਜੁੜ ਸਕਦੇ ਹਾਂ ਜੋ ਸਮਝ ਕਦੇ ਬਦਲ ਨਹੀਂ ਸਕਦੀ ਭਾਵ ਸਦਾ ਥਿਰ ਰਹਿਣ ਵਾਲੀ ਹੈ। ਗੁਰੂ ਨੇ ਜੋ ਵੀ ਬੋਲ ਬੋਲੇ ਹਨ ਉਹ ਸਦਾ ਅਟੱਲ ਰਹਿਣ ਵਾਲੇ ਹਨ ਤੇ ਗੁਰੂ ਦੇ ਬੋਲ ਪ੍ਰਮਾਤਮਾ ਦੇ ਆਪਣੇ ਬੋਲ ਹਨ, ਸ਼ਬਦਾਂ ਦੇ ਰੂਪ ਵਿੱਚ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ ਜਿੰਨ੍ਹਾਂ ਸੱਚੇ ਵਿਚਾਰਾਂ ਦੇ ਰੂਪ ਵਿੱਚ ਪੂਰੀ ਗੁਰਬਾਣੀ ਵਿੱਚ ਸੱਚ ਹੈ, ਨਾਮ ਹੈ ਭਾਵ ਨਾਮ ਧਨੁ ਹੈ। ਅਸੀਂ ਇਸ ਨਾਮ ਧਨੁ ਦੀ ਪ੍ਰਾਪਤੀ ਕਰਨੀ ਹੈ ਜੋ ਪ੍ਰਾਪਤੀ ਸਾਡੇ ਮਨ ਦੀ ਸਮਝ ਨੇ ਕਰਨੀ ਹੈ, ਜਿਸ ਸਮਝ ਤੇ ਭਰੋਸਾ ਕੀਤਾ ਜਾ ਸਕਦਾ ਹੈ। ਇਸੇ ਲਈ ਬਾਣੀ ਵਿੱਚ ਨਾਮ ਰੂਪ ਪੂੰਜੀ ਨੂੰ "ਪੂੰਜੀ ਵੇਸਾਹੁ" ਕਿਹਾ ਹੈ ਭਾਵ ਜਿਸ ਪੂੰਜੀ ਤੇ ਭਰੋਸਾ ਕੀਤਾ ਜਾ ਸਕਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਭਾਵ ਗੁਰੂ ਦੇ ਬਚਨਾਂ ਦੁਆਰਾ ਸਮਝੀਏ, ਗੁਰੂ ਦੇ ਅਟੱਲ ਬਚਨਾਂ ਦੁਆਰਾ ਸਮਝੀਏ ਜੋ ਬਚਨ ਕਦੇ ਬਦਲ ਨਹੀਂ ਸਕਦੇ। ਗੁਰੂ ਦੇ ਬਚਨ ਸਦਾ ਰਹਿਣ ਵਾਲੇ ਹਨ ਕਿਉਂਕਿ ਗੁਰੂ ਦੇ ਬੋਲ ਪੂਰੀ ਤਰ੍ਹਾਂ ਸੱਚ ਹਨ ਜੋ ਹਰ ਭਰਮ ਤੋਂ ਰਹਿਤ ਹਨ ਤੇ ਗੁਰੂ ਦੇ ਬਚਨਾਂ ਦਾ ਮਕਸਦ ਵੀ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ, ਭਰਮਾਂ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ। ਗੁਰੂ ਦੀ ਸੱਚੀ ਮਤਿ ਦਾ ਮਕਸਦ ਸਾਨੂੰ ਕੱਚੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਭਾਵ ਗੁਰਮਤਿ ਦਾ ਮਕਸਦ ਸਾਨੂੰ ਮਨਮਤਿ ਵਿੱਚੋਂ ਕੱਢਣ ਦਾ ਹੀ ਹੈ ਤੇ ਸਾਡਾ ਇਹੀ ਸੱਚਾ ਫਰਜ ਬਣਦਾ ਹੈ ਅਸੀਂ ਗੁਰੂ ਕੋਲੋਂ ਉਹ ਪੂੰਜੀ ਲਈਏ ਜਿਸ ਪੂੰਜੀ ਤੇ ਭਰੋਸਾ ਕੀਤਾ ਜਾ ਸਕਦਾ

ਹੈ, ਜਿਸ ਸੱਚੀ ਮਤਿ ਤੇ ਭਰੋਸਾ ਕੀਤਾ ਜਾ ਸਕਦਾ ਹੈ ਭਾਵ ਕਿਸੇ ਹੋਰ ਦੀ ਮਤਿ ਨਾਲ ਨਾ ਜੁੜੀਏ ਜਿਸ ਦੀ ਮਤਿ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ। ਜੋ ਮਤਿ ਗੁਰਮਤਿ ਤੇ ਪੂਰੀ ਨਹੀਂ ਉਤਰਦੀ ਉਹ ਮਤਿ ਭਰਮਾਂ ਵਾਲੀ ਹੈ ਭਾਵ ਮਾਇਆ ਦੇ ਬੰਧਨ ਵਾਲੀ ਹੈ।

“ਲਾਹਾ ਨਾਮੁ ਰਤਨੁ ਜਪਿ ਸਾਰੁ ॥
ਲਬੁ ਲੋਭੁ ਬੁਰਾ ਅਹੰਕਾਰੁ ॥
ਲਾੜੀ ਚਾੜੀ ਲਾਇਤਬਾਰੁ ॥
ਮਨਮੁਖੁ ਅੰਧਾ ਮੁਗਧੁ ਗਵਾਰੁ ॥
ਲਾਹੇ ਕਾਰਣਿ ਆਇਆ ਜਗਿ ॥
ਹੋਇ ਮਜੂਰੁ ਗਇਆ ਠਗਾਇ ਠਗਿ ॥
ਲਾਹਾ ਨਾਮੁ ਪੂੰਜੀ ਵੇਸਾਹੁ ॥
ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥”

(ਅੰਗ ੯੩੧)

ਬਾਣੀ ਵਿੱਚ ਵਾਰ-ਵਾਰ ਨਾਮ ਦਾ ਲਾਹਾ ਲੈਣ ਦੀ ਗੱਲ ਆਉਂਦੀ ਹੈ ਭਾਵ ਲਾਭ ਖੱਟਣ ਦੀ ਗੱਲ ਆਉਂਦੀ ਹੈ। ਲਾਹਾ ਨਾਮ ਦੇ ਵਿੱਚ ਹੀ ਹੈ ਭਾਵ ਨਾਮ ਦੀ ਪ੍ਰਾਪਤੀ ਹੋਣ ਵਿੱਚ ਹੀ ਹੈ ਤੇ ਲਾਹਾ ਕਿਵੇਂ ਮਿਲਣਾ ਹੈ, ਕਿਸ ਰੂਪ ਵਿੱਚ ਮਿਲਣਾ ਹੈ ਇਸ ਗੱਲ ਨੂੰ ਉੱਪਰ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਲਾਹਾ ਨਾਮੁ ਰਤਨੁ ਜਪਿ ਸਾਰੁ ॥
ਲਬੁ ਲੋਭੁ ਬੁਰਾ ਅਹੰਕਾਰੁ ॥”

ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਨਾਮ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਕਿ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਨਾਮ ਸਾਨੂੰ ਕੁੱਝ ਸਮਝਾਉਣ ਲਈ ਹੈ ਤੇ ਨਾਮ ਦਾ ਲਾਹਾ ਲੈਣਾ ਭਾਵ ਨਾਮ ਦੇ ਰਾਹੀਂ ਲਾਭ ਖੱਟਣਾ ਹੈ। ਗੁਰੂ ਦੇ ਨਾਮ ਰਾਹੀਂ ਲਾਹਾ ਖੱਟਣਾ ਨਾਮ ਨੂੰ ਜਪਣ ਦੇ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਵਿੱਚ ਹੈ। ਨਾਮ ਸਾਨੂੰ ਸੋਝੀ ਪਾਉਂਦਾ ਹੈ ਤੇ ਜਦ ਤੱਕ ਅਸੀਂ ਸੋਝੀ ਨੂੰ ਮੰਨਦੇ ਹੀ ਨਹੀਂ ਤਦ ਤੱਕ ਉਸ ਤੋਂ ਲਾਹਾ ਨਹੀਂ ਲਿਆ ਜਾ ਸਕਦਾ। ਲਾਹਾ ਸਾਨੂੰ “ਨਾਮੁ” ਦੀ ਪ੍ਰਾਪਤੀ ਦੇ ਰੂਪ ਵਿੱਚ ਹੀ ਹੋਣਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦੇ ਰੂਪ ਵਿੱਚ ਹੋਣਾ ਹੈ। ਪ੍ਰਮਾਤਮਾ ਆਪ ਪੂਰੀ ਬਾਣੀ ਵਿੱਚ ਆਪਣੇ ਨਾਮ ਦੇ ਰੂਪ ਵਿੱਚ ਹੈ ਤੇ ਉਸਦੇ ਨਾਮ ਨੂੰ ਜਪਣ ਦੁਆਰਾ ਭਾਵ ਮੰਨਣ ਦੁਆਰਾ ਹੀ ਨਾਮ ਦੇ ਮਾਲਕ ਨਾਲ ਮਿਲਿਆ ਜਾ ਸਕਦਾ ਹੈ। ਗੁਰੂ ਦਾ ਨਾਮ ਰਤਨ ਹੈ ਜੋ ਹਰ ਖੋਟ ਤੋਂ ਰਹਿਤ ਹੈ, ਜਿਸ ਦੀ ਕੀਮਤ ਬਹੁਤ ਉੱਚੀ ਹੈ। ਨਾਮ ਦਾ ਰਤਨ ਸ਼ਬਦਾਂ ਦੇ ਅੰਦਰ ਦੀ ਸਮਝ ਹੈ ਜੋ ਹਰ ਖੋਟ ਤੋਂ ਰਹਿਤ ਹੈ ਭਾਵ ਹਰ ਭਰਮ ਦੀ ਖੋਟ ਤੋਂ ਰਹਿਤ ਹੈ। ਉੱਪਰ ਪੰਗਤੀਆਂ ਰਾਹੀਂ ਸਾਨੂੰ ਨਾਮ ਰਤਨ ਨੂੰ ਜਪਣ ਲਈ ਸਮਝਾਇਆ ਹੋਇਆ ਹੈ। ਨਾਮ ਰਤਨ ਨੂੰ ਜਪਣ ਨਾਲ ਭਾਵ ਸਬਦਾਂ ਦੀ ਵਿਚਾਰ ਨੂੰ ਮੰਨਣ ਨਾਲ ਉਸ ਵਿੱਚੋਂ “ਸਾਰੁ” ਦੀ ਪ੍ਰਾਪਤੀ ਹੁੰਦੀ ਹੈ ਭਾਵ ਤੱਤ ਦੀ ਪ੍ਰਾਪਤੀ ਹੁੰਦੀ ਹੈ, ਅਸਲੀਅਤ ਦੀ ਪ੍ਰਾਪਤੀ ਹੁੰਦੀ ਹੈ। ਇਹ ਤੱਤ ਸੱਚੇ ਗਿਆਨ ਦਾ ਤੱਤ ਹੈ, ਬ੍ਰਹਮ ਗਿਆਨ ਰੂਪ ਤੱਤ ਹੈ। ਹਰ ਸ਼ਬਦ ਦੀ ਵਿਚਾਰ ਭਾਵ ਗੁਰੂ ਦਾ ਨਾਮ ਸਾਨੂੰ ਤੱਤ ਦੀ ਗੱਲ ਹੀ ਸਮਝਾਉਂਦਾ ਹੈ ਜਿਸ ਤੱਤ ਗਿਆਨ ਨੂੰ ਸਮਝਣਾ ਹੈ ਤੇ ਮੰਨਣਾ ਹੈ ਜਿਸ ਨੂੰ ਮੰਨਣ ਵਿੱਚ ਸਾਨੂੰ ਲਾਹੇ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਇਸ ਜੀਵਨ ਵਿੱਚ ਲਾਭ ਮਿਲ ਸਕਦਾ ਹੈ ਜੋ ਲਾਭ ਲੈਣਾ ਸਾਡੇ ਜੀਵਨ ਦਾ ਮਕਸਦ ਹੈ। ਜੋ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਲਾਭ ਲੈਂਦਾ ਹੈ ਉਹ ਲਾਭ ਉਸ ਨੂੰ ਸੱਚੀ ਭਗਤੀ ਦੀ ਸਮਝ ਪੈਣ ਨਾਲ ਮਿਲਦਾ ਹੈ ਕਿ ਪ੍ਰਮਾਤਮਾ ਦੀ ਸੱਚੀ ਭਗਤੀ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਕੀਤੀ ਜਾ ਸਕਦੀ ਹੈ ਤੇ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸਦੇ ਨਾਮ ਰੂਪ ਨਾਲ ਮੇਲ ਹੁੰਦਾ ਹੈ, ਸ਼ਬਦਾਂ ਦੀ ਸੱਚੀ ਸਮਝ ਦੇ ਰੂਪ ਵਿੱਚ, ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੁੰਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਉਸਦਾ ਨਾਮ ਰੂਪ ਹੈ। ਗੁਰੂ ਦਾ “ਨਾਮੁ ਰਤਨੁ” ਜੋ ਸਾਨੂੰ ਸੱਚੀ ਸੋਝੀ ਪਾਉਂਦਾ ਹੈ ਭਾਵ ਜੋ ਗੁਰੂ ਦੇ ਤੱਤ ਦੀ ਗੱਲ ਸਮਝਾਉਂਦਾ ਹੈ ਉਹ

ਸਾਨੂੰ ਮਨ ਦੇ ਵਿਕਾਰਾਂ ਵਿੱਚੋਂ ਨਿਕਲਣ ਦੀ ਗੱਲ ਸਮਝਾਉਂਦਾ ਹੈ ਕਿ ਹੇ ਮਨੁੱਖ ਤੇਰੇ ਲਈ ਲਬ, ਲੋਭ, ਅਹੰਕਾਰ ਬੁਰਾ ਹੈ ਭਾਵ ਇਸ ਨੂੰ ਛੱਡ ਦੇ, ਮਨ ਦੇ ਮਾੜੇ ਵਿਚਾਰਾਂ ਨੂੰ ਛੱਡ ਦੇ, ਔਗੁਣਾਂ ਨੂੰ ਛੱਡ ਦੇ ਕਿਉਂਕਿ ਇਹ ਸਾਨੂੰ ਸਾਡੇ ਜੀਵਨ ਦੇ ਸਹੀ ਮਾਰਗ ਤੇ ਨਹੀਂ ਚੱਲਣ ਦਿੰਦੇ ਭਾਵ ਇਹਨਾਂ ਦੇ ਰਹਿੰਦਿਆਂ ਮਨੁੱਖ ਨਾਮ ਜਪਣ ਵਾਲਾ ਨਹੀਂ ਬਣਦਾ, ਕਿਉਂਕਿ ਮਨ ਦੇ ਵਿੱਚ ਵਿਕਾਰਾਂ ਦੇ ਰਹਿੰਦੇ ਹੋਏ ਮਨੁੱਖ ਮਾੜੇ ਕਰਮ ਕਰਦਾ ਹੈ ਜੋ ਕਿ ਨਾਮ ਤੇ ਚੱਲਣ ਦਾ ਮਾਰਗ ਨਹੀਂ ਹੈ, ਲਾਹਾ ਲੈਣ ਦਾ ਮਾਰਗ ਨਹੀਂ ਹੈ। (**ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥**)

ਨਾਮ ਜਪਣ ਦਾ ਮਕਸਦ ਭਾਵ ਲਾਹਾ ਲੈਣ ਦਾ ਮਕਸਦ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਕਿ ਸਾਡੀ ਸਮਝ ਕਿਹੋ ਜਿਹੀ ਹੈ। ਜਦ ਤੱਕ ਅਸੀਂ ਨਾਮ ਦੀ ਸਮਝ ਦੇ ਨਾਲ ਨਹੀਂ ਜੁੜਦੇ ਤਦ ਤੱਕ ਭਗਤੀ ਦਾ ਸਹੀ ਮਾਰਗ ਸਮਝਣ ਵਿੱਚ ਅਸੀਂ ਮਨ ਦੀ ਅਗਿਆਨਤਾ ਵਿੱਚ ਹੀ ਰਹਿੰਦੇ ਹਾਂ। ਨਾਮ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਚੱਲ ਸਕੀਏ ਭਾਵ ਔਗੁਣ ਤਿਆਗ ਕੇ ਸੱਚੇ ਸੁੱਚੇ ਕਰਮ ਕਰੀਏ।

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ ੪੧੮)

ਨਾਮ ਜਪਣ ਤੋਂ ਬਿਨ੍ਹਾਂ ਸਾਡੇ ਅੰਦਰ ਕਿਹੋ ਜਿਹੀ ਸਮਝ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“**ਲਾੜੀ ਚਾੜੀ ਲਾਇਤਬਾਰੁ ॥**
ਮਨਮੁਖੁ ਅੰਧਾ ਮੁਗਧੁ ਗਵਾਰੁ ॥
ਲਾਹੇ ਕਾਰਣਿ ਆਇਆ ਜਗਿ ॥
ਹੋਇ ਮਜੂਰੁ ਗਇਆ ਠਗਾਇ ਠਗਿ ॥”

ਉੱਪਰ ਪਹਿਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਕਰਕੇ ਸਾਨੂੰ ਮਨਮੁਖਿ, ਅੰਧਾ, ਮੁਗਧ, ਗਵਾਰ ਕਿਹਾ ਹੋਇਆ ਹੈ। ਮਨੁੱਖ ਆਪਣੀ ਨਾ-ਸਮਝ ਮਤਿ ਕਰਕੇ ਹੀ ਅੰਧਾ ਹੈ, ਮੂਰਖ ਹੈ। ਮਨ ਦੀ ਇਸ ਮਾੜੀ ਸਮਝ ਕਰਕੇ ਹੀ ਮਨੁੱਖ ਮਾੜੇ ਕਰਮ ਕਰਦਾ ਹੈ ਭਾਵ ਲਬ, ਲੋਭ, ਅਹੰਕਾਰ ਵਾਲੇ ਵਿਚਾਰਾਂ ਨਾਲ ਜੁੜਿਆ ਰਹਿੰਦਾ ਹੈ ਜਿੰਨ੍ਹਾਂ ਨੂੰ ਨਾਮ ਦੀ ਨਾ-ਸਮਝੀ ਵਾਲੇ ਸਾਡੇ ਬੁਰੇ ਵਿਚਾਰ ਦੱਸਿਆ ਹੈ। ਸਾਡੇ ਅੰਦਰ ਦੀ ਇਸ ਮਾੜੀ ਸਮਝ ਦਾ ਕਾਰਨ ਨਾਲ ਹੀ ਸਮਝਾਇਆ ਹੋਇਆ ਹੈ ਜਿਸਨੂੰ “**ਲਾੜੀ ਚਾੜੀ ਲਾਇਤਬਾਰੁ**” ਕਿਹਾ ਹੈ। ਇਹ “**ਲਾੜੀ**” ਸਾਡੇ ਮਨ ਦੇ ਅੰਦਰ ਦੀ ਮਾਇਆ ਹੈ ਜਿਸ ਨੂੰ ਅਸੀਂ ਆਪਣੇ ਮਨ ਦੇ ਵਿਚਾਰਾਂ ਉੱਪਰ ਬਿਠਾਇਆ ਹੋਇਆ ਹੈ ਭਾਵ ਇਹ ਮਨ ਦੀ ਮਾਇਆ ਸਾਡੇ ਉੱਪਰ ਹਰ ਵੇਲੇ ਚੜ੍ਹੀ ਰਹਿੰਦੀ ਹੈ, ਸਾਡੇ ਮਨ ਦੀ ਸਮਝ ਤੇ ਸਵਾਰ ਰਹਿੰਦੀ ਹੈ ਤੇ ਮਨੁੱਖੀ ਸਮਝ ਨੂੰ ਮਾਇਆ ਮੋਹ ਵਿੱਚ ਰੱਖਦੀ ਹੈ, ਧਰਮ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਰੱਖਦੀ ਹੈ, ਲਬ, ਲੋਭ, ਅਹੰਕਾਰ ਵਿੱਚ ਰੱਖਦੀ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ, ਜਿਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਉਹ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ। ਜੋ ਸਮਝ ਅਸੀਂ ਮੰਨਦੇ ਹਾਂ ਭਾਵ ਜਿਸ ਤੇ ਅਸੀਂ ਇਤਬਾਰ ਕਰਦੇ ਹਾਂ, ਭਰੋਸਾ ਕਰਦੇ ਹਾਂ ਸਾਡੀ ਉਸ ਸਮਝ ਨੂੰ “**ਲਾਇਤਬਾਰੁ**” ਕਿਹਾ ਹੈ ਭਾਵ ਇਹ ਮਾਇਆ ਵਾਲੀ ਸਮਝ ਇਤਬਾਰ ਕਰਨ ਦੇ ਯੋਗ ਨਹੀਂ ਹੈ ਭਾਵ ਸਾਨੂੰ ਮਨ ਦੀ ਆਪਣੀ ਸਮਝ ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿਉਂਕਿ ਪ੍ਰਮਾਤਮਾ ਨੇ ਸਭ ਦੇ ਅੰਦਰ ਇਹ ਮਾਇਆ ਮੋਹ ਦੀ ਸਮਝ ਆਪ ਹੀ ਪਾਈ ਹੋਈ ਹੈ, ਹਉਮੈ ਵਾਲੀ, ਤ੍ਰੈਗੁਣਾਂ ਵਾਲੀ ਅਵੱਸਥਾ ਆਪ ਹੀ ਪਾਈ ਹੋਈ ਹੈ ਤੇ ਨਾਮ ਜਪਣ ਦਾ ਮਕਸਦ ਸਾਨੂੰ ਇਸ ਮਨ ਦੀ ਝੂਠੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਸ ਤੇ ਸਾਨੂੰ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਇਤਬਾਰ ਕਰਨ ਦੇ ਯੋਗ ਗੁਰੂ ਦੀ ਮਤਿ ਹੈ ਜਿਸ ਨੂੰ ਸਾਡੀ ਸੱਚੀ ਪੂੰਜੀ ਕਿਹਾ ਹੈ। ਸਾਡੇ ਅੰਦਰ ਦੀ ਮਾੜੀ ਸਮਝ ਸਾਡਾ ਮਾੜਾ ਧਨੁ ਹੈ ਭਾਵ ਮਾਇਆ ਮੋਹ ਰੂਪ ਧਨੁ ਹੈ ਤੇ ਗੁਰੂ ਦੀ ਸੱਚੀ ਸਮਝ ਸਾਡਾ

ਸੱਚਾ ਧਨੁ ਹੈ ਜਿਸ ਧਨੁ ਤੇ ਅਸੀਂ ਵਿਸ਼ਵਾਸ ਕਰ ਸਕਦੇ ਹਾਂ। ਜੋ ਵੀ ਸਾਡੀ ਸੰਸਾਰ ਵਿੱਚ ਵਿਚਰਨ ਹੁੰਦੀ ਹੈ ਉਹ ਮਨ ਦੇ ਧਨੁ ਨੂੰ ਖਰਚਣ ਦੁਆਰਾ ਹੀ ਹੁੰਦੀ ਹੈ। ਮਾੜਾ ਧਨੁ ਖਰਚਾਂਗੇ ਤਾਂ ਮਾੜੀ ਵਿਚਰਨ ਹੋਵੇਗੀ ਭਾਵ ਮਾੜੀ ਸਮਝ ਨਾਲ ਵਿਚਰਾਂਗੇ ਤਾਂ ਮਾੜੇ ਕਰਮ ਕਰਾਂਗੇ ਤੇ ਜੇਕਰ ਸੱਚਾ ਧਨੁ ਖਰਚਾਂਗੇ ਤਾਂ ਫਿਰ ਗੁਰੂ ਦੇ ਸੱਚੇ ਵਿਚਾਰਾਂ ਨਾਲ ਵਿਚਰਾਂਗੇ ਜਿਸ ਰਾਹੀਂ ਅਸੀਂ ਚੰਗੇ ਕਰਮ ਕਰਾਂਗੇ। ਗੱਲ ਸਾਡੇ ਕਰਮਾਂ ਤੇ ਆ ਕੇ ਹੀ ਨਿਬੜਦੀ ਹੈ ਤੇ ਕਰਮ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜੇ ਹੋਏ ਹਨ। ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਜਦ ਤੱਕ ਅਸੀਂ ''ਲਾਇਤਬਾਰੁ'' ਸਮਝ ਦੇ ਨਾਲ ਜੁੜੇ ਹੋਏ ਹਾਂ ਤਦ ਤੱਕ ਅਸੀਂ ਭਗਤੀ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ। (**ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥ ਲਾੜੀ ਚਾੜੀ ਲਾਇਤਬਾਰੁ ॥ ਮਨਮੁਖੁ ਅੰਧਾ ਮੁਗਧੁ ਗਵਾਰੁ ॥**)

ਸਾਡੇ ਅੰਦਰ ਦੀ ''ਲਾਇਤਬਾਰੁ'' ਮਤਿ ਕੀ ਹੈ ਇਸੇ ਗੱਲ ਨੂੰ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਜਿਸ ਲਾਇਤਬਾਰੁ ਸਮਝ ਦੇ ਵਿੱਚ ਰਹਿੰਦੇ ਹੋਏ ਅਸੀਂ ਲਾਹਾ ਪ੍ਰਾਪਤ ਨਹੀਂ ਕਰ ਸਕਦੇ ਭਾਵ ਪ੍ਰਮਾਤਮਾ ਦਾ ਨਾਮ ਨਹੀਂ ਜਪ ਸਕਦੇ ਭਾਵ ਸੱਚ ਦੇ ਮਾਰਗ ਤੇ ਨਹੀਂ ਚੱਲ ਸਕਦੇ।

“ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ ਗਇਆ ਠਗਾਇ ਠਗਿ ॥”

ਸਾਡੇ ਅੰਦਰ ਠੱਗੀ ਕਿਸ ਦੀ ਚੱਲਦੀ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਵੇਂ ਕਿ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਮਾਇਆ ਨੂੰ ਠੱਗਣੀ ਕਿਹਾ ਹੈ, ਮੋਹ ਠਗਉਰੀ ਵੀ ਕਿਹਾ ਹੈ ਜੋ ਮਨੁੱਖੀ ਸਮਝ ਨੂੰ ਮਾਇਆ ਮੋਹ ਵਾਲੇ ਵਿਚਾਰ ਪਾਉਣ ਦੁਆਰਾ ਠੱਗਦੀ ਹੈ। (**ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹਤ ਕਾ ਜਲੁ ॥ ਰਹਾਉ ॥**) ਅੰਗ - ੭੧੭

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ ੧੩੮-੧੩੯)

{ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥
ਮੋਹ ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ ॥
ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥
ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥੧॥}

(ਅੰਗ ੧੨੪੮)

{ਮਾਇਆ ਛਲੀਆ ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥੪॥}

(ਅੰਗ ੩੯੫)

{ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥

ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥ ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥
ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥
ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥ ਬਲੁ ਅਬਲੁ ਕਿਆ ਇਸ ਤੇ ਹੋਈ ॥੪॥
ਇਹ ਬਸਤੀ ਤਾ ਬਸਤ ਸਰੀਰਾ ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥}

(ਅੰਗ ੪੮੦-੪੮੧)

{ਮਾਤ ਪਿਤਾ ਭਾਈ ਸੁਤੁ ਬਨਿਤਾ ॥
ਚੂਗਹਿ ਚੋਗ ਅਨੰਦ ਸਿਉ ਜੁਗਤਾ ॥
ਉਰਝਿ ਪਰਿਓ ਮਨ ਮੀਠ ਮੁੋਹਾਰਾ ॥
ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥
ਏਕੁ ਹਮਾਰਾ ਅੰਤਰਜਾਮੀ ॥
ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧॥ ਰਹਾਉ ॥
ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥
ਗੁਰਿ ਕਹਿਆ ਇਹ ਝੂਠੀ ਧੋਹੀ ॥
ਮੁਖਿ ਮੀਠੀ ਖਾਈ ਕਉਰਾਇ ॥
ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥
ਲੋਭ ਮੋਹ ਸਿਉ ਗਈ ਵਿਖੋਟਿ ॥
ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥
ਇਹ ਠਗਵਾਰੀ ਬਹੁਤੁ ਘਰ ਗਾਲੇ ॥
ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥
ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥
ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥
ਜਹ ਦੇਖਉ ਤਹ ਮਹਾ ਚੰਡਾਲ ॥
ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥
ਦਸ ਨਾਰੀ ਮੈ ਕਰੀ ਦੁਹਾਗਨਿ ॥
ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥
ਇਨ ਸਨਬੰਧੀ ਰਸਾਤਲਿ ਜਾਇ ॥
ਹਮ ਗੁਰਿ ਰਾਖੇ ਹਰਿ ਲਿਵ ਲਾਇ ॥੫॥
ਅਹੰਮੇਵ ਸਿਉ ਮਸਲਤਿ ਛੋਡੀ ॥
ਗੁਰਿ ਕਹਿਆ ਇਹੁ ਮੂਰਖੁ ਹੋਡੀ ॥
ਇਹੁ ਨੀਘਰੁ ਘਰੁ ਕਹੀ ਨ ਪਾਏ ॥
ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥
ਇਨ ਲੋਗਨ ਸਿਉ ਹਮ ਭਏ ਬੈਰਾਈ ॥

ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥
ਆਏ ਪ੍ਰਭ ਪਹਿ ਅੰਚਰਿ ਲਾਗਿ ॥
ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥
ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥
ਸਗਲ ਦੂਤ ਮੇਰੀ ਸੇਵਾ ਲਾਏ ॥
ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥
ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥}

(ਅੰਗ ੧੩੪੭)

{ਨਾ ਤਨੁ ਤੇਰਾ ਨਾ ਮਨੁ ਤੋਹਿ ॥
ਮਾਇਆ ਮੋਹਿ ਬਿਆਪਿਆ ਧੋਹਿ ॥}

(ਅੰਗ ੮੯੯)

{ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ ॥
ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ ॥}

(ਅੰਗ ੧੩੫੭)

ਸਾਡੇ ਅੰਦਰ ਮਾਇਆ ਦਾ ਛੱਲ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉੱਪਰ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤੇ ਅੱਗੇ ਚੱਲਕੇ ਮਾਇਆ ਵਾਲੇ ਸ਼ਬਦਾਂ ਨੂੰ ਹੋਰ ਵੀ ਬਰੀਕੀ ਨਾਲ ਸਮਝਾਂਗੇ ਕਿਉਂਕਿ ਮਾਇਆ ਨੂੰ ਸਮਝੇ ਬਿਨ੍ਹਾਂ ਅਸੀਂ ਗੁਰਬਾਣੀ ਨੂੰ ਨਹੀਂ ਸਮਝ ਸਕਦੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਨਹੀਂ ਸਮਝ ਸਕਦੇ। ਮਨ ਦੀ ਮਾਇਆ ਦਾ ਮਕਸਦ ਹੀ ਸਾਨੂੰ ਸੱਚੀ ਸਮਝ ਤੋਂ ਦੂਰ ਰੱਖਣ ਦਾ ਹੈ ਭਾਵ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਮਨ ਦੀ ਇਹ ਮਾਇਆ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਪੜਦਾ ਹੈ ਜੋ ਪੜਦਾ ਉਤਰੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਤੇ ਨਾ ਹੀ ਸਾਨੂੰ ਭਗਤੀ ਦਾ ਸੱਚ ਸਮਝ ਆ ਸਕਦਾ ਹੈ ਜੋ ਸੱਚ ਉਹ "**ਸਚੁ ਰੂਪ**" ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਮਨ ਦੇ ਵਿੱਚ ਇਹ ਮਾਇਆ ਰੂਪ ਠੱਗੀ ਸਭ ਦੇ ਅੰਦਰ ਹੀ ਚੱਲ ਰਹੀ ਹੈ। ਇਹ ਠੱਗੀ ਸਾਡੇ ਅੰਦਰੋਂ ਸੱਚੀ ਸਮਝ ਨੂੰ ਠੱਗਦੀ ਹੈ ਭਾਵ ਸਾਡੇ ਅੰਦਰ ਸੱਚੀ ਸਮਝ ਨੂੰ ਵੱਸਣ ਨਹੀਂ ਦਿੰਦੀ ਕਿਉਂਕਿ ਇਹ ਭਰਮਾਂ ਨੂੰ ਹੀ ਸੱਚ ਕਹਿ ਕੇ ਸਮਝਾਉਂਦੀ ਹੈ ਤੇ ਮਨੁੱਖ ਆਪਣੇ ਭਰਮਾਂ ਨੂੰ ਹੀ ਸੱਚ ਸਮਝਦਾ ਹੈ। ਇਹ ਮਾਇਆ ਦੀ ਠੱਗੀ ਬ੍ਰਹਮਾ, ਬਿਸਨ, ਮਹਾਂਦੇਉ ਦੇ ਅੰਦਰੋਂ ਵੀ ਨਹੀਂ ਨਿਕਲੀ ਜਿਵੇਂ ਕਿ ਉੱਪਰ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ। ਸਾਨੂੰ ਮੈਂ ਸਿਖਾਉਣ ਵਾਲੀ ਮਨ ਦੀ ਮਾਇਆ ਹੀ ਹੈ। ਨਾ ਇਹ ਸਰੀਰ ਸਾਡਾ ਹੈ ਤੇ ਨਾ ਇਹ ਮਨ ਸਾਡਾ ਹੈ ਭਾਵ ਪ੍ਰਮਾਤਮਾ ਦਾ ਹੀ ਹੈ ਪਰ ਇਸ ਨੂੰ ਅਸੀਂ ਆਪਣਾ ਸਰੀਰ ਸਮਝਦੇ ਹਾਂ ਭਾਵ ਭਰਮ ਵਿੱਚ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਇਹ ਮਾਇਆ ਦੀ ਠੱਗੀ ਹੀ ਹੈ। (**ਨਾ ਤਨੁ ਤੇਰਾ ਨਾ ਮਨੁ ਤੋਹਿ ॥ ਮਾਇਆ ਮੋਹਿ ਬਿਆਪਿਆ ਧੋਹਿ ॥**) ਅੰਗ - ੮੯੯

ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਸਾਡੇ ਅੰਦਰ ਮਾਇਆ ਦੀ ਠੱਗੀ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਅਸੀਂ ਝੂਠ ਨੂੰ ਹੀ ਸੱਚ ਸਮਝਦੇ ਹਾਂ। ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਪਰ ਹਰ ਕੋਈ ਆਪਣੇ ਮਨੁੱਖੀ ਸਰੀਰ ਨੂੰ ਆਪਣਾ ਹੀ ਸਮਝਦਾ ਹੈ ਭਾਵ ਇਸ ਗੱਲ ਨੂੰ ਸੱਚ ਹੀ ਸਮਝਦਾ ਹੈ, ਆਪਣੇ ਆਪ ਨੂੰ, ਆਪਣੀ ਸਮਝ ਨੂੰ ਠੀਕ ਹੀ ਸਮਝਦਾ ਹੈ ਪਰ ਇਹ ਸਾਡਾ ਭਰਮ ਹੈ ਭਾਵ ਸਾਡੀ ਨਾ-ਸਮਝੀ ਹੈ ਭਾਵ ਇਹ ਸਾਡੇ ਅੰਦਰ ਮਾਇਆ ਦੀ ਠੱਗੀ ਹੈ ਜੋ ਠੱਗੀ ਸਾਡੀ ਸਮਝ ਦੇ ਵਿੱਚ ਹੁੰਦੀ ਹੈ ਤੇ ਇਹ ਠੱਗੀ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ, ਆਪਣਾ ਪੜਦਾ ਰੱਖਣ ਲਈ ਕਰਵਾਉਂਦਾ ਹੈ ਤਾਂ ਜੋ ਉਸ ਨੂੰ ਆਪਣੇ ਆਪ ਕੋਈ ਆਪਣੇ ਅੰਦਰੋਂ ਜਾਣ ਨਾ ਸਕੇ। ਇਸੇ ਤਰ੍ਹਾਂ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਸਾਡੇ ਅੰਦਰ ਅਨੇਕਾਂ ਹੀ ਭਰਮ ਹਨ ਪਰ ਅਸੀਂ ਉਹਨਾਂ ਨੂੰ ਸੱਚ ਸਮਝਦੇ ਹਾਂ ਭਾਵ ਆਪਣੇ ਆਪ ਨੂੰ ਠੀਕ ਸਮਝਦੇ ਹਾਂ। ਗੁਰੂ ਨੇ ਵਾਰ-ਵਾਰ ਸਾਡੇ ਇਹਨਾਂ ਭਰਮਾਂ ਦਾ ਖੰਡਨ ਕੀਤਾ ਹੋਇਆ ਹੈ, ਉਹਨਾਂ ਅਨੇਕਾਂ ਹੀ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਸਹੀ ਤਰੀਕਾ ਸਮਝਦੇ ਹਾਂ ਭਾਵ ਆਪਣੀ ਝੂਠੀ ਸਮਝ ਨੂੰ ਸੱਚੀ ਸਮਝ ਸਮਝਦੇ ਹਾਂ। ਇਹ ਮਾਇਆ ਦੀ ਠੱਗੀ ਹੈ। ਹਰ ਕੋਈ ਆਪਣੀ ਇਸ ਮਾਇਆ ਵਾਲੀ ਸਮਝ ਤੇ ਵਿਸ਼ਵਾਸ ਕਰਦਾ ਹੈ, ਇਤਬਾਰ ਕਰਦਾ ਹੈ ਕਿ ਮੇਰੀ ਭਗਤੀ ਦਾ ਮਾਰਗ ਗਲਤ ਨਹੀਂ ਹੈ। ਸਾਨੂੰ ਉੱਪਰ ਸ਼ਬਦਾਂ ਦੁਆਰਾ ਇਹੀ ਗੱਲ ਸਮਝਾਈ ਹੋਈ ਹੈ ਕਿ ਅਸੀਂ ਆਪਣੀ ਝੂਠੀ ਮਤਿ ਤੇ ਵਿਸ਼ਵਾਸ ਰੱਖਿਆ ਹੋਇਆ ਹੈ, ਮਾਇਆ ਦੀ ਠੱਗੀ ਵਾਲੀ ਸਮਝ ਤੇ ਵਿਸ਼ਵਾਸ ਕੀਤਾ ਹੋਇਆ ਹੈ ਜੋ ਸਮਝ ਲਾਇਤਬਾਰ ਹੈ ਭਾਵ ਇਤਬਾਰ ਕਰਨ ਦੇ ਲਾਇਕ ਨਹੀਂ ਹੈ। ਇਤਬਾਰ ਕਰਨ ਦੇ ਲਾਇਕ, ਵਿਸ਼ਵਾਸ ਕਰਨ ਦੇ ਲਾਇਕ ਕੇਵਲ ਗੁਰੂ ਦੀ ਆਪਣੀ ਦਿੱਤੀ ਹੋਈ ਸਮਝ ਹੈ ਜੋ ਪ੍ਰਮਾਤਮਾ ਦੀ ਹੀ ਦਿੱਤੀ ਹੋਈ ਸਮਝ ਹੈ ਜੋ ਸਮਝ ਪੂਰੀ ਗੁਰਬਾਣੀ ਵਿੱਚ ਨਾਮ ਦੇ ਰੂਪ ਵਿੱਚ ਹੈ ਜਿਸ ਨੂੰ ਜਪਣ ਦੁਆਰਾ ਸਾਨੂੰ ਲਾਹੇ ਦੀ ਪ੍ਰਾਪਤੀ ਹੋ ਸਕਦੀ ਹੈ ਜੋ ਲਾਹਾ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ। ਲਾਹਾ ਸੱਚੇ ਗਿਆਨ ਦੀ ਪ੍ਰਾਪਤੀ ਦੇ ਵਿੱਚ ਹੈ ਜੋ ਪ੍ਰਾਪਤੀ ਮਾਇਆ ਦੀ ਠੱਗੀ ਵਿੱਚੋਂ ਕੱਢਦੀ ਹੈ ਤੇ ਇਸ ਠੱਗੀ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਗੁਰੂ ਦੀ ਮਤਿ ਨੂੰ, ਗੁਰੂ ਦੇ ਨਾਮ ਨੂੰ ਮੰਨਣ ਦਾ ਹੈ, ਜਪਣ ਦਾ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ, ਮਾਇਆ ਦੀ ਠੱਗੀ ਵਿੱਚੋਂ ਨਿਕਲਣ ਦਾ ਹੈ। ਸਭ ਨੂੰ ਪ੍ਰਮਾਤਮਾ ਨੇ ਆਪ ਹੀ ਮਾਇਆ ਵਾਲੀ ਸਮਝ ਦਾ "**ਮਜੂਰ**" ਬਣਾਇਆ ਹੋਇਆ ਹੈ ਕਿਉਂਕਿ ਮਨ ਦੀ ਮਾਇਆ ਹੀ ਸਾਨੂੰ ਮਾਇਆ ਮੋਹ ਵਿੱਚ ਪਾਉਣ ਦੁਆਰਾ ਸੰਸਾਰੀ ਪਦਾਰਥਾਂ ਦੇ ਮੋਹ ਨਾਲ ਜੋੜਦੀ ਹੈ, ਤ੍ਰਿਸ਼ਨਾਵਾਂ ਨਾਲ ਜੋੜਦੀ ਹੈ ਜਿਸ ਕਰਕੇ ਮਨੁੱਖ ਮਾਇਆ ਦੇ ਸੁੱਖਾਂ ਵਿੱਚ ਹੀ ਉਲਝਿਆ ਰਹਿੰਦਾ ਹੈ ਜਿੰਨ੍ਹਾਂ ਸੁੱਖਾਂ ਦੀ ਪ੍ਰਾਪਤੀ ਲਈ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ, ਮਾਇਆ ਦੀ ਮਜੂਰੀ ਕਰਦਾ ਹੈ ਜਿਸ ਕਰਕੇ ਉਹ ਭਗਤੀ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦਾ ਜੋ ਮਾਰਗ ਕੇਵਲ ਤੇ ਕੇਵਲ ਸੱਚੀ ਸੁੱਚੀ ਵਿਚਰਨ ਹੈ ਜੋ ਵਿਚਰਨ ਮਨੁੱਖ ਦੀ ਸਾਫ਼-ਸੁਥਰੀ ਨੀਅਤ ਨਾਲ ਹੁੰਦੀ ਹੈ। ਇਹ ਮਾਇਆ ਮਨੁੱਖ ਦੀ ਨੀਅਤ ਨੂੰ ਮਾੜਾ ਕਰਦੀ ਹੈ ਜਿਸ ਦੁਆਰਾ

ਉਹ ਮਨੁੱਖ ਦੀ ਚੰਗੀ ਸਮਝ ਨੂੰ ਠੱਗਦੀ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੀ ਭਾਵ ਇਹ ਜੀਵਨ ਦਾ ਲਾਹਾ ਲੈਣ ਨਹੀਂ ਦਿੰਦੀ, ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਣ ਦਿੰਦੀ ਜੋ ਮਨੁੱਖ ਦੇ ਜੀਵਨ ਦਾ ਮਕਸਦ ਹੈ। (**ਲਾੜੀ ਚਾੜੀ ਲਾਇਤਬਾਰੁ ॥ ਮਨਮੁਖੁ ਅੰਧਾ ਮੁਗਧੁ ਗਵਾਰੁ ॥ ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ ਗਇਆ ਠਗਾਇ ਠਗਿ ॥**)

ਸਾਡੇ ਅੰਦਰ ਜੋ ਮਾਇਆ ਵਾਲੀ ਠੱਗੀ ਦੀ ਸਮਝ ਹੈ ਉਹ ਲਾਇਤਬਾਰੁ ਹੈ ਤੇ ਇਤਬਾਰ ਕਰਨ ਵਾਲੀ ਸਮਝ ਕਿਹੜੀ ਹੈ ਭਾਵ ਜਿਸ ਸਮਝ ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ, ਭਰੋਸਾ ਕੀਤਾ ਜਾ ਸਕਦਾ ਹੈ ਉਹ ਕਿਹੜੀ ਸਮਝ ਹੈ ਜਿਸ ਦੁਆਰਾ ਸਾਨੂੰ ਲਾਹੇ ਦੀ ਪ੍ਰਾਪਤੀ ਹੋ ਸਕਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"**ਲਾਹਾ ਨਾਮੁ ਪੂੰਜੀ ਵੇਸਾਹੁ ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥**"

ਸਾਨੂੰ ਲਾਹਾ ਕਿਸ ਤਰੀਕੇ ਮਿਲਦਾ ਹੈ ਭਾਵ ਨਾਮ ਜਪਣ ਦੁਆਰਾ ਮਿਲਦਾ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਮਿਲਦਾ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਨਾਮ ਜਪਣ ਦੁਆਰਾ ਸਾਨੂੰ ਗੁਰਮਤਿ ਰੂਪ ਸੱਚੀ ਸਮਝ ਹੀ ਮਿਲਦੀ ਹੈ, ਗੁਰੂ ਦਾ ਸੱਚਾ ਗਿਆਨ ਹੀ ਮਿਲਦਾ ਹੈ। ਇਹ ਸੱਚੇ ਗਿਆਨ ਦੀ ਪੂੰਜੀ ਹੀ ਸਾਡਾ ਨਾਮ ਧੰਨ ਹੈ ਜਿਸ ਤੇ ਭਰੋਸਾ ਕੀਤਾ ਜਾ ਸਕਦਾ ਹੈ, "ਵੇਸਾਹੁ" ਕੀਤਾ ਜਾ ਸਕਦਾ ਹੈ ਜਿਸ ਤੇ ਭਰੋਸਾ ਕਰਨ ਨਾਲ ਹੀ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ ਤੇ ਉਸ ਤੇ ਚੱਲ ਸਕਦੇ ਹਾਂ। ਸਾਡਾ "ਨਾਮ" ਤੇ ਭਰੋਸਾ ਤਾਂ ਹੀ ਟਿਕ ਸਕਦਾ ਹੈ ਜਦੋਂ ਅਸੀਂ ਆਪਣੀ ਨਾ-ਸਮਝ ਮਾਇਆ ਮੋਹ ਵਾਲੀ ਮਤਿ ਤੋਂ ਭਰੋਸਾ ਤੋੜਾਂਗੇ ਜਿਸ ਸਮਝ ਨੂੰ ਲਾਇਤਬਾਰ ਦੱਸਿਆ ਹੈ। ਨਾਮ ਦਾ ਮਕਸਦ, ਨਾਮ ਦੀ ਪੂੰਜੀ ਦਾ ਮਕਸਦ ਸਾਨੂੰ ਮਾਇਆ ਮੋਹ ਵਾਲੀ ਨਾਸਮਝ ਮਤਿ ਵਿੱਚੋਂ ਕੱਢਣ ਦਾ ਹੀ ਹੈ, ਮਨਮਤਿ ਵਿੱਚੋਂ ਕੱਢਣ ਦਾ ਹੀ ਹੈ ਜੋ ਸਮਝ ਸਾਨੂੰ ਅਨੇਕਾਂ ਹੀ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਸਾਡੇ ਮਨ ਦੀ ਗੁਰਮਤਿ ਰੂਪ ਸੱਚੀ ਸਮਝ ਹੀ ਸਾਡੇ ਅੰਦਰ ਦੀ ਸੱਚੀ ਪਤਿ ਹੈ। ਸਾਡੀ ਪਤਿ ਸਾਡੇ ਸੱਚੇ ਕਰਮਾਂ ਵਿੱਚ ਹੈ ਤੇ ਮਨ ਦੀ ਸੱਚੀ ਸਮਝ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ ਭਾਵ ਗੁਰੂ ਦੀ ਸਿੱਖਿਆ ਅਨੁਸਾਰ ਹੀ ਵਿਚਰਦੇ ਹਾਂ, ਮਾਇਆ ਮੋਹ ਤੋਂ ਰਹਿਤ ਹੋ ਕੇ, ਮਾਇਆ ਦੀ ਠੱਗੀ ਵਿੱਚੋਂ ਨਿਕਲਕੇ ਹੀ ਵਿਚਰਦੇ ਹਾਂ ਜੋ ਕਿ ਭਗਤੀ ਦਾ ਅਸਲ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ। "ਸਚਾ ਪਾਤਿਸਾਹੁ" ਭਾਵ ਆਪ ਪ੍ਰਮਾਤਮਾ ਸਾਡੇ ਅੰਦਰ ਇਸ ਸਮਝ ਦੇ ਰੂਪ ਵਿੱਚ ਹੀ ਹੈ ਭਾਵ ਨਾਮ ਦੇ ਰੂਪ ਵਿੱਚ ਹੀ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਸੱਚੀ ਸਮਝ ਦੇ ਰੂਪ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਾਂਗੇ। ਅਸੀਂ ਨਾਮ ਰੂਪ ਪੂੰਜੀ ਨਾਲ ਜੁੜਨ ਦਾ ਉੱਦਮ ਹੀ ਕਰਨਾ ਹੈ ਜੋ ਪੂੰਜੀ ਪੂਰੀ ਗੁਰਬਾਣੀ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੀ ਇਸ ਸੱਚੀ ਪੂੰਜੀ ਦੇ ਰੂਪ ਵਿੱਚ ਹੈ, ਨਾਮ ਧਨੁ ਦੇ ਰੂਪ ਵਿੱਚ ਹੀ ਹੈ ਜੋ ਪ੍ਰਮਾਤਮਾ ਦਾ ਆਪਣਾ ਖਜਾਨਾ ਹੈ। ਅਸੀਂ ਪ੍ਰਮਾਤਮਾ ਦੇ ਇਸ ਖਜਾਨੇ ਨਾਲ ਭਾਵ ਸੱਚੇ ਗਿਆਨ ਦੇ ਧਨੁ ਨਾਲ ਜੁੜਨ ਦਾ ਉੱਦਮ ਹੀ ਕਰਨਾ ਹੈ ਤੇ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਆਪ ਹੀ ਮਨ ਦੇ ਵਿੱਚ ਸੱਚੇ ਗਿਆਨ ਵਾਲੀ ਸਮਝ ਬਖਸ਼ਣ ਦੁਆਰਾ, ਨਾਮ ਬਖਸ਼ਣ ਦੁਆਰਾ ਆਪਣੇ ਖਜਾਨੇ ਵਿੱਚ ਰਲਾ ਲੈਂਦਾ ਹੈ, ਮਨ ਦੇ ਵਿੱਚ ਆਪਣੇ ਮੇਲ ਦੁਆਰਾ ਰਲਾ ਲੈਂਦਾ ਹੈ। (**ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥ ਲਾੜੀ ਚਾੜੀ ਲਾਇਤਬਾਰੁ ॥ ਮਨਮੁਖੁ ਅੰਧਾ ਮੁਗਧੁ ਗਵਾਰੁ ॥ ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ ਗਇਆ ਠਗਾਇ ਠਗਿ ॥ ਲਾਹਾ ਨਾਮੁ ਪੂੰਜੀ ਵੇਸਾਹੁ ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥**)
ਅੰਗ - ੯੩੧

{ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥

ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥

ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥

ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥

ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥
ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥
ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥
ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥}

(ਅੰਗ ੫੭)

{ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥
ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥
ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥
ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥
ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥
ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥੨॥
ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥
ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥
ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥
ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥
ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥
ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥
ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥
ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥
ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥
ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥
ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥
ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥
ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥
ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥
ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥

ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ ॥
ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥
ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ ॥੯॥}

(ਅੰਗ ੬੧-੬੨)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ ੩੩੬)

{ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥}

(ਅੰਗ ੨੨)

{ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥}

(ਅੰਗ ੬੮)

{ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥}

(ਅੰਗ ੧੪੦)

{ਸਾਧੂ ਸੰਗਿ ਸਿਮਰਿ ਗੋਪਾਲ ॥
ਬਿਨੁ ਨਾਵੈ ਝੂਠਾ ਧਨੁ ਮਾਲੁ ॥੧॥ ਰਹਾਉ ॥}

(ਅੰਗ ੧੯੭)

{ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥}

(ਅੰਗ ੨੦੪)

{ਜੋ ਇਸੁ ਮਾਰੇ ਸੋ ਧਨਵੰਤਾ ॥
ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥
ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥}

(ਅੰਗ ੨੩੮)

{ਰਾਮ ਨਾਮ ਬਿਨੁ ਕੋ ਥਿਰੁ ਨਾਹੀ ਜੀਉ ਬਾਜੀ ਹੈ ਸੰਸਾਰਾ ॥

ਦ੍ਰਿੜੁ ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ ॥
ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ ॥
ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥
ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ ॥
ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ ॥੩॥}

(ਅੰਗ ੨੪੬)

{ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥ ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥੧॥}

(ਅੰਗ ੨੫੦-੨੫੧)

{ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥
ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥
ਧਨੁ ਸਾਚਾ ਤੇਊ ਸਚ ਸਾਹਾ ॥ ਹਰਿ ਹਰਿ ਪੂੰਜੀ ਨਾਮ ਬਿਸਾਹਾ ॥
ਧੀਰਜੁ ਜਸੁ ਸੋਭਾ ਤਿਹ ਬਨਿਆ ॥ ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥
ਗੁਰਮੁਖਿ ਜਿਹ ਘਟਿ ਰਹੇ ਸਮਾਈ ॥ ਨਾਨਕ ਤਿਹ ਜਨ ਮਿਲੀ ਵਡਾਈ ॥੩੫॥}

(ਅੰਗ ੨੫੭)

{ਹਰਿ ਹਰਿ ਜਨ ਕੈ ਮਾਲੁ ਖਜੀਨਾ ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥}

(ਅੰਗ ੨੬੫)

{ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥}

(ਅੰਗ ੨੭੩-੨੭੪)

{ਜਬ ਹੋਵਤ ਪ੍ਰਭ ਕੇਵਲ ਧਨੀ ॥}

(ਅੰਗ ੨੯੧)

{ਛਾਡਿ ਸਿਆਨਪ ਸਗਲੀ ਮਨਾ ॥ ਸਾਧਸੰਗਿ ਪਾਵਹਿ ਸਚੁ ਧਨਾ ॥}

(ਅੰਗ ੨੯੯)

{ਭਲੀ ਸੁ ਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰ ਮੰਤ ॥}

(ਅੰਗ ੨੯੦)

{ਜਹ ਅਬਿਗਤੁ ਭਗਤੁ ਤਹ ਆਪਿ ॥
ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥
ਦੁਹੂ ਪਾਖ ਕਾ ਆਪਹਿ ਧਨੀ ॥
ਉਨ ਕੀ ਸੋਭਾ ਉਨਹੂ ਬਨੀ ॥

ਆਪਹਿ ਕਉਤਕ ਕਰੈ ਅਨਦ ਚੋਜ ॥
ਆਪਹਿ ਰਸ ਭੋਗਨ ਨਿਰਜੋਗ ॥
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥
ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥
ਬੇਸੁਮਾਰ ਅਥਾਹ ਅਗਨਤ ਅਤੋਲੈ ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥}

(ਅੰਗ ੨੯੨)

{ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥
ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥
ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥
ਸਰਬ ਇਛਾ ਤਾ ਕੀ ਪੂਰਨ ਹੋਇ ॥
ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥
ਸਭ ਤੇ ਊਚ ਪਾਏ ਅਸਥਾਨੁ ॥
ਬਹੁਰਿ ਨ ਹੋਵੈ ਆਵਨ ਜਾਨੁ ॥
ਹਰਿ ਧਨੁ ਖਾਟਿ ਚਲੈ ਜਨੁ ਸੋਇ ॥
ਨਾਨਕ ਜਿਸਹਿ ਪਰਾਪਤਿ ਹੋਇ ॥੫॥
ਖੇਮ ਸਾਂਤਿ ਰਿਧਿ ਨਵ ਨਿਧਿ ॥
ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥
ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥
ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥
ਇਹੁ ਨਿਧਾਨੁ ਜਪੈ ਮਨਿ ਕੋਇ ॥
ਸਭ ਜੁਗ ਮਹਿ ਤਾ ਕੀ ਗਤਿ ਹੋਇ ॥
ਗੁਣ ਗੋਬਿੰਦ ਨਾਮ ਧੁਨਿ ਬਾਣੀ ॥
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥
ਸਗਲ ਮਤਾਂਤ ਕੇਵਲ ਹਰਿ ਨਾਮ ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥

ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥
ਸੰਤ ਕ੍ਰਿਪਾ ਤੇ ਜਮ ਤੇ ਛੂਟੈ ॥
ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥
ਸਾਧ ਸਰਣਿ ਨਾਨਕ ਤੇ ਆਏ ॥੭॥
ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥
ਦੁਲਭ ਦੇਹ ਤਤਕਾਲ ਉਧਾਰੈ ॥
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥
ਏਕੁ ਨਾਮੁ ਮਨ ਮਾਹਿ ਸਮਾਨੀ ॥
ਦੂਖ ਰੋਗ ਬਿਨਸੇ ਭੈ ਭਰਮ ॥
ਸਾਧ ਨਾਮ ਨਿਰਮਲ ਤਾ ਕੇ ਕਰਮ ॥
ਸਭ ਤੇ ਊਚ ਤਾ ਕੀ ਸੋਭਾ ਬਨੀ ॥
ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥}

(ਅੰਗ ੨੯੫-੨੯੬)

{ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥
ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥
ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥
ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥੨॥}

(ਅੰਗ ੩੦੦-੩੦੧)

{ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ ॥
ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ ॥}

(ਅੰਗ ੩੦੨)

{ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥
ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥
ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥
ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥
ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥੧੫॥}

(ਅੰਗ ੩੦੯)

{ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥

ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥
ਪਵਿਤੁ ਪਾਵਨੁ ਪਰਮ ਬੀਚਾਰੀ ॥
ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥
ਅੰਤਰਿ ਹਰਿ ਨਾਮੁ ਬਾਸਨਾ ਸਮਾਣੀ ॥
ਹਰਿ ਦਰਿ ਸੋਭਾ ਮਹਾ ਉਤਮ ਬਾਣੀ ॥
ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥
ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ ॥੧॥}

(ਅੰਗ ੩੧੭)

{ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ ॥
ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ ॥
ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ ॥
ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ ॥
ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥੬॥}

(ਅੰਗ ੩੧੯)

{ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ ॥
ਨਾਨਕ ਰਾਮ ਨਾਮੁ ਧਨੁ ਕੀਤਾ ਪੂਰੇ ਗੁਰ ਪਰਸਾਦਿ ॥੨॥}

(ਅੰਗ ੩੨੧)

{ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥੧॥
ਮਾਈ ਖਾਟਿ ਆਇਓ ਘਰਿ ਪੂਤਾ ॥
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥
ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥
ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥
ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥
ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥}

(ਅੰਗ ੪੯੫-੪੯੬)

{ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥
ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥

ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥}

(ਅੰਗ ੬੦੦)

{ਮਨਮੁਖਿ ਝੂਠੋ ਝੂਠੁ ਕਮਾਵੈ ॥ ਖਸਮੈ ਕਾ ਮਹਲੁ ਕਦੇ ਨ ਪਾਵੈ ॥
ਦੂਜੈ ਲਗੀ ਭਰਮਿ ਭੁਲਾਵੈ ॥ ਮਮਤਾ ਬਾਧਾ ਆਵੈ ਜਾਵੈ ॥੧॥
ਦੋਹਾਗਣੀ ਕਾ ਮਨ ਦੇਖੁ ਸੀਗਾਰੁ ॥
ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ ॥੧॥ ਰਹਾਓ ॥
ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥ ਗੁਰ ਸਬਦੀ ਸੀਗਾਰੁ ਬਣਾਵੈ ॥
ਸੇਜ ਸੁਖਾਲੀ ਅਨਦਿਨੁ ਹਰਿ ਰਾਵੈ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥੨॥
ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ॥ ਅਪਣਾ ਪਿਰੁ ਰਾਖੈ ਸਦਾ ਉਰ ਧਾਰਿ ॥
ਨੇੜੈ ਵੇਖੈ ਸਦਾ ਹਦੂਰਿ ॥ ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥੩॥
ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥
ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥੪॥}

(ਅੰਗ ੩੬੩)

{ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥
ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥
ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥ ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥
ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥
ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥
ਸਿਧ ਸਾਧਿਕ ਤਰਸਹਿ ਸਭਿ ਲੋਇ ॥ ਪੂਰੈ ਭਾਗਿ ਪਰਾਪਤਿ ਹੋਇ ॥੩॥
ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥
ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥ ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥੪॥}

(ਅੰਗ ੬੬੫-੬੬੬)

{ਇਸੁ ਜਗ ਮਹਿ ਸੰਤੀ ਧਨੁ ਖਟਿਆ ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥
ਸਤਿਗੁਰਿ ਸਚੁ ਦ੍ਰਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ ॥
ਇਤੁ ਧਨਿ ਪਾਇਐ ਭੁਖ ਲਥੀ ਸੁਖੁ ਵਸਿਆ ਮਨਿ ਆਇ ॥
ਜਿੰਨ੍ਹਾ ਕਉ ਧੁਰਿ ਲਿਖਿਆ ਤਿਨੀ ਪਾਇਆ ਆਇ ॥
ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥
ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ ॥
ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ ॥
ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥
ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ ॥੧॥}

(ਅੰਗ ੧੦੯੨)

{ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥
ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥
ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ॥
ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ ॥
ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓ ਪਰਖਾਇ ॥
ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ ਪਲੈ ਪਾਇ ॥
ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥
ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥
ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥
ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ ॥੧॥}

(ਅੰਗ ੧੨੪੯)

{ਸਾਧ ਸਰਨਿ ਚਰਨ ਚਿਤੁ ਲਾਇਆ ॥
ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ ॥੧॥ ਰਹਾਉ ॥
ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ ॥
ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ ॥੧॥
ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥
ਸਾਧਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ ॥੨॥}

(ਅੰਗ ੧੩੦੦)

ਉੱਪਰ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਨਾਮ ਧੰਨ ਨੂੰ ਹੀ ਸਮਝਿਆ ਹੈ, ਸੱਚੀ ਰਾਸਿ ਨੂੰ ਹੀ ਸਮਝਿਆ ਹੈ ਭਾਵ ਆਪਣੀ ਸੱਚੀ ਪੂੰਜੀ ਨੂੰ ਹੀ ਸਮਝਿਆ ਹੈ, ਸੱਚੇ ਧਨੁ ਨੂੰ ਹੀ ਸਮਝਿਆ ਹੈ ਕਿ ਇਹ ਧਨੁ ਕੀ ਹੈ। ਇਹ ਗੁਰਮਤਿ ਰੂਪ ਸੱਚੇ ਗਿਆਨ ਦਾ ਧਨੁ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਦਾ ਧਨੁ ਹੈ ਜਿਸ ਸਮਝ ਤੇ ਭਰੋਸਾ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਸੱਚੀ

ਸਮਝ ਤੋਂ ਉੱਪਰ ਹੋਰ ਕੋਈ ਸਮਝ ਨਹੀਂ ਹੈ ਜੋ ਸਾਨੂੰ ਇਹ ਸਮਝਾ ਸਕੇ ਕਿ ਪ੍ਰਮਾਤਮਾ ਬਾਰੇ ਸੱਚ ਕੀ ਹੈ ਭਾਵ ਪ੍ਰਮਾਤਮਾ ਦਾ ਸੱਚ ਕੀ ਹੈ ਤੇ ਉਸ ਨੂੰ ਪਾਉਣ ਦਾ ਸੱਚ ਕੀ ਹੈ ਭਾਵ ਉਸ ਦੀ ਭਗਤੀ ਕਰਨ ਦਾ ਸੱਚ ਕੀ ਹੈ ਜਿਸ ਭਗਤੀ ਦੇ ਮਾਰਗ ਤੇ ਚੱਲਣ ਦੁਆਰਾ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੀ ਭਗਤੀ ਦਾ ਭੰਡਾਰ ਬਖਸ਼ਦਾ ਹੈ, ਆਪਣੀ ਭਗਤੀ ਦਾ ਖਜਾਨਾ ਬਖਸ਼ਦਾ ਹੈ ਉਹਨਾਂ ਨੂੰ ਆਪਣੇ ਸੱਚੇ ਗਿਆਨ ਦਾ ਖਜਾਨਾ ਹੀ ਬਖਸ਼ਦਾ ਹੈ। ਪ੍ਰਮਾਤਮਾ ਆਪ ਇਸ ਸੱਚੇ ਗਿਆਨ ਦਾ ਖਜਾਨਾ ਹੈ ਜੋ ਖਜਾਨਾ ਉਸ ਦੇ ਸੱਚੇ ਵਿਚਾਰਾਂ ਨਾਲ ਭਰਿਆ ਹੋਇਆ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਭਰਿਆ ਹੋਇਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਖਜਾਨੇ ਵਿੱਚ ਰਲਾਇਆ ਹੈ ਉਹਨਾਂ ਨੂੰ ਹੀ ਭਗਤੀ ਦਾ ਭੰਡਾਰ ਮਿਲਿਆ ਹੈ। ਪੂਰੀ ਗੁਰਬਾਣੀ ਵਿੱਚ ਜਿੰਨ੍ਹਾਂ ਨੇ ਭਗਤੀ ਦਾ ਭੰਡਾਰ ਪਾਇਆ ਹੈ, ਨਾਮ ਧਨ ਰੂਪ ਖਜਾਨਾ ਪਾਇਆ ਹੈ ਉਹਨਾਂ ਨੇ ਇਸ ਖਜਾਨੇ ਦੀ ਪ੍ਰਾਪਤੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਕੀਤੀ ਹੈ ਜੋ ਇਸ ਖਜਾਨੇ ਦਾ ਮਾਲਕ ਹੈ। ਸੱਚੀ ਬਾਣੀ ਦੀ ਰਚਨਾ ਮਨ ਦੇ ਇਸ ਸੱਚੇ ਧਨ ਨਾਲ ਹੀ ਹੋਈ ਹੈ ਜੋ ਧਨ ਉਹ ਸਚੁ ਰੂਪ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਜਿਸ ਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਵਾਲਾ ਬਣਾਉਂਦਾ ਹੈ ਉਸ ਨੂੰ ਆਪਣਾ ਇਹ ਧਨ ਬਖਸ਼ਣ ਦੁਆਰਾ ਹੀ ਬਣਾਉਂਦਾ ਹੈ। ਗੁਰੂ ਦਾ ਇਹ ਸੱਚਾ ਧਨ ਮਨੁੱਖੀ ਸਮਝ ਨੂੰ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ ਭਾਵ ਮਨ ਦੀ ਧਾਰਮਿਕ ਅਗਿਆਨਤਾ ਵਿੱਚੋਂ ਪੂਰੀ ਤਰ੍ਹਾਂ ਕੱਢ ਲੈਂਦਾ ਹੈ। ਜਦ ਤੱਕ ਕਿਸੇ ਨੂੰ ਇਸ ਸੱਚੇ ਧਨ ਦੀ ਪ੍ਰਾਪਤੀ ਨਹੀਂ ਹੁੰਦੀ, ਨਾਮ ਧਨ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਜਦ ਤੱਕ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਤਦ ਤੱਕ ਹਰ ਕਿਸੇ ਦੀ ਸਮਝ ਕੱਚੇ ਧਨ ਵਾਲੀ ਹੈ ਜੋ ਮਤਿ ਮਨੁੱਖ ਨੂੰ ਮਨ ਦੇ ਭਰਮਾਂ ਵਿੱਚ ਰੱਖਦੀ ਹੈ। ਇਹ ਕੱਚਾ ਧਨ ਸਾਡੇ ਅੰਦਰ ਮਾਇਆ ਰੂਪ ਧਨ ਹੈ, ਬਿਖਿਆ ਰੂਪ ਧਨ ਹੈ ਭਾਵ ਮਨਮਤਿ ਰੂਪ ਧਨ ਹੈ, ਦੁਰਮਤਿ ਰੂਪ ਧਨ ਹੈ ਭਾਵ ਨਾ-ਸਮਝ ਵਿਚਾਰਾਂ ਦਾ ਧਨ ਹੈ ਜਿੰਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਸੱਚੇ ਧਾਰਮਿਕ ਮਾਰਗ ਦੀ ਸਮਝ ਨਹੀਂ ਪੈਦੀ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਹ ਕੱਚਾ ਧਨ ਮਨੁੱਖ ਦੀ ਕੱਚੀ ਸਮਝ ਹੈ ਜੋ ਗੁਰੂ ਦੀ ਸੱਚੀ ਸਮਝ ਨੂੰ ਸਮਝਣ ਤੋਂ ਦੂਰ ਰਹਿੰਦੀ ਹੇ। ਇਸ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਧਨਾਸਰੀ ਮਹਲਾ ੩ ॥

“ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥
ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥
ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥ ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥
ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥
ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥
ਸਿਧ ਸਾਧਿਕ ਤਰਸਹਿ ਸਭਿ ਲੋਇ ॥ ਪੂਰੈ ਭਾਗਿ ਪਰਾਪਤਿ ਹੋਇ ॥੩॥
ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥
ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥ ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥੪॥”

(ਅੰਗ ੬੬੫-੬੬੬)

ਜਿਸ ਧਨੁ ਦੇ ਨਾਲ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈ ਸਕਦੀ ਹੈ ਉਹ ਕੇਵਲ ਤੇ ਕੇਵਲ "**ਸੱਚਾ ਧਨੁ**" ਹੈ ਭਾਵ ਨਾਮ ਦਾ ਧਨੁ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਧਨੁ ਹੈ ਜੋ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਗੁਰੂ ਦੀ ਸੱਚੀ ਸਮਝ ਤੋਂ ਬਿਨ੍ਹਾਂ ਭਗਤੀ ਦਾ ਮਾਰਗ ਸਿੱਖਣ ਲਈ ਅਸੀਂ ਜਿਹੋ ਜਿਹੀ ਮਤਿ ਨੂੰ ਮੰਨਦੇ ਹਾਂ ਉਹ ਸਾਡਾ ਕੱਚਾ ਧਨੁ ਹੈ ਭਾਵ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ ਜਿਸ ਕਰਕੇ ਸਾਨੂੰ ਮੂਰਖ ਗਾਵਾਰ ਕਿਹਾ ਗਿਆ ਹੈ। ਕੱਚਾ ਧਨੁ ਸਾਨੂੰ ਮਨਮੁਖਿ ਬਣਾਉਂਦਾ ਹੈ ਭਾਵ ਮਨਮਤਿ ਨਾਲ ਜੋੜਦਾ ਹੈ, ਸਾਨੂੰ ਭੁਲੇਖੇ ਵਿੱਚ ਪਾਉਂਦਾ ਹੈ, ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਸਾਨੂੰ ਅੰਧ ਬਣਾਉਂਦਾ ਹੈ ਭਾਵ ਅਗਿਆਨਤਾ ਵਿੱਚ ਰੱਖਦਾ ਹੈ ਜਿਸ ਕਰਕੇ ਸਾਨੂੰ ਗਾਵਾਰ ਕਿਹਾ ਹੈ। ਇਹ ਧਨੁ ਕੋਈ ਦੁਨਿਆਵੀ ਮਾਇਆ ਦਾ ਧਨੁ ਨਹੀਂ ਹੈ ਬਲਕਿ ਸਾਡੀ ਨਾ-ਸਮਝ ਮਤਿ ਦਾ ਧਨੁ ਹੈ, ਮਨ ਦੀ ਮਾਇਆ ਦਾ ਧਨੁ ਹੈ ਜੋ ਸਾਡੇ ਮਨ ਦੀ ਅਗਿਆਨਤਾ ਦਾ ਧਨੁ ਹੈ, ਝੂਠੀ ਸਮਝ ਦਾ ਧਨੁ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜੋ ਵੀ ਸਾਨੂੰ ਗੁਰਮਤਿ ਦੀ ਸੱਚੀ ਸਮਝ ਦੇ ਉਲਟ ਭਗਤੀ ਦਾ ਮਾਰਗ ਸਮਝਾਉਂਦੇ ਹਨ ਤੇ ਅਸੀਂ ਉਨ੍ਹਾਂ ਦੀ ਮਤਿ ਨੂੰ ਮੰਨਦੇ ਹਾਂ, ਉਨ੍ਹਾਂ ਦੇ ਵਿਚਾਰਾਂ ਨੂੰ ਮੰਨਦੇ ਹਾਂ ਉਹ ਅਸੀਂ ਕੱਚਾ ਧਨੁ ਹੀ ਆਪਣੇ ਅੰਦਰ ਇਕੱਠਾ ਕਰਦੇ ਹਾਂ, ਉਨ੍ਹਾਂ ਦੀ ਕੱਚੀ ਮਤਿ ਨੂੰ ਹੀ ਆਪਣੇ ਅੰਦਰ ਸਿੰਚਦੇ ਹਾਂ ਜੋ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਣ ਵਿੱਚ ਮਨ ਦੀ ਅਗਿਆਨਤਾ ਵਿੱਚ ਹੀ ਪਾਉਂਦੇ ਹਨ, ਭਰਮਾਂ ਵਿੱਚ ਹੀ ਪਾਉਂਦੇ ਹਨ। (**ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥**) ਸਾਡੇ ਇਸ ਕੱਚੇ ਧਨੁ ਨੂੰ ਬਿਖਿਆ ਦਾ ਧਨੁ ਕਿਹਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

"ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥"

ਬਿਖ ਦੀ ਗੱਲ, ਬਿਖਿਆ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਜਿਸ ਨੂੰ ਸਮਝੇ ਬਿਨ੍ਹਾਂ ਅਸੀਂ ਬਾਣੀ ਨੂੰ ਨਹੀਂ ਸਮਝ ਸਕਦੇ। ਇਹ "ਬਿਖਿਆ" ਕੀ ਹੈ ਭਾਵ ਬਿਖਿਆ ਰੂਪ ਧਨੁ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ। "ਬਿਖ" ਜਹਿਰ ਨੂੰ ਕਹਿੰਦੇ ਹਨ ਤੇ ਬਿਖ ਦਾ ਦੂਸਰਾ ਪਾਸਾ ਅੰਮ੍ਰਿਤ ਹੈ। ਅੰਮ੍ਰਿਤ ਕੀ ਹੈ ਭਾਵ ਨਾਮ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਨਾਮ ਹੈ ਉਸ ਤੋਂ ਉਲਟ ਬਿਖ ਹੈ। ਨਾਮ ਸਾਡੇ ਮਨ ਦੀ ਸੱਚੀ ਸਮਝ ਹੈ, ਗੁਰਮਤਿ ਵਾਲੀ ਸੱਚੀ ਸਮਝ ਹੈ ਭਾਵ ਸ਼ਬਦਾਂ ਦੀ ਵਿਚਾਰ ਹੈ। ਜੋ ਸਮਝ ਸ਼ਬਦਾਂ ਦੀ ਵਿਚਾਰ ਤੋਂ ਉਲਟ ਹੈ ਉਹ ਵਿਚਾਰ ਬਿਖ ਹੈ। ਨਾਮ ਗੁਰਮਤਿ ਹੈ ਤੇ ਬਿਖ ਮਨਮਤਿ ਹੈ। ਨਾਮ ਸ਼ਬਦ ਦੀ ਵਿਚਾਰ ਹੈ ਤੇ ਬਿਖ ਸਾਡੀ ਸੁਰਤਿ ਦੇ ਵਿਚਾਰ ਹਨ ਜੋ ਵਿਚਾਰ ਸ਼ਬਦ ਦੇ ਵਿਚਾਰਾਂ ਦੇ ਨਾਲ ਮੇਲ ਨਹੀਂ ਖਾਂਦੇ। ਸਾਡੇ ਸਭ ਦੇ ਅੰਦਰ ਮਾਇਆ ਵਰਤਦੀ ਹੈ, ਹਉਮੈ ਵਾਲੀ ਸਮਝ ਵਰਤਦੀ ਹੈ, ਤ੍ਰੈਗੁਣਾਂ ਵਾਲੀ ਸਮਝ ਵਰਤਦੀ ਹੈ ਜੋ ਮਨ ਦੀ ਸਮਝ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਸਾਡੇ ਅੰਦਰ ਦੀ ਇਹ ਭਰਮਾਂ ਵਾਲੀ ਸਮਝ ਜੋ ਸਾਨੂੰ ਗੁਰਮਤਿ ਦੀ ਸੱਚੀ ਸਮਝ ਤੋਂ ਦੂਰ ਰੱਖਦੀ ਹੈ ਇਹ ਸਾਡੇ ਅੰਦਰ ਦੀ ਬਿਖ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

"ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥
ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥
ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥
ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥੨॥"

(ਅੰਗ ੩੦੦-੩੦੧)

ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਲਾਹਾ ਕਿਸ ਵਿੱਚ ਹੈ। ਲਾਹਾ ਸਾਨੂੰ ਕਿਸ ਤਰੀਕੇ ਮਿਲਦਾ ਹੈ ਇਸ ਗੱਲ ਨੂੰ ਉੱਪਰ ਸ਼ਬਦਾਂ ਰਾਹੀਂ ਵੀ ਸਮਝਾਇਆ ਹੋਇਆ ਹੈ। "ਲਾਹਾ" ਹਰਿ ਧਨੁ ਖੱਟਣ ਵਿੱਚ ਹੈ ਜੋ ਧਨੁ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੀ ਸਮਝ ਦੇ ਵਿੱਚ ਹੈ ਜੋ ਧਨੁ ਖੱਟਣ ਦੁਆਰਾ ਮਨੁੱਖ ਨੂੰ ਲਾਹੇ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਦੀ ਸੱਚੀ ਸਮਝ ਦੁਆਰਾ ਮਨੁੱਖ ਸੱਚੀ ਭਗਤੀ ਦੇ ਮਾਰਗ ਤੇ ਚੱਲਦਾ ਹੈ ਭਾਵ ਮਨ ਦੇ ਹਰ ਭਰਮ ਤੋਂ ਰਹਿਤ ਹੋ ਕੇ ਵਿਚਰਦਾ ਹੈ ਜੋ ਮਨ ਦੇ ਭਰਮ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਨਾਲ ਜੁੜਨ ਨਹੀਂ ਦਿੰਦੇ। "ਨਾਮ" ਤੋਂ ਦੂਸਰਾ ਪਾਸਾ "ਹਉਮੈ" ਦਾ ਹੈ, ਮਾਇਆ ਦਾ ਹੈ ਭਾਵ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਹਉਮੈ ਵਾਲੀ ਸਮਝ ਜਾਂ

ਮਾਇਆ ਵਾਲੀ ਸਮਝ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਭਾਵ ਉਹ ਸਮਝ ਸ਼ਬਦਾਂ ਦੀ ਵਿਚਾਰ ਤੇ ਖਰੀ ਨਹੀਂ ਉਤਰਦੀ। ਸਾਡੇ ਅੰਦਰ ਇਹ "ਹਉਮੈ" "ਮਾਇਆ" ਹੀ ਬਿਖ ਹੈ ਭਾਵ ਜ਼ਹਿਰ ਰੂਪ ਸਮਝ ਹੈ, ਅੰਮ੍ਰਿਤ ਤੋਂ ਪੁੱਠੀ ਸਮਝ ਹੈ ਜੋ ਸਾਨੂੰ ਆਤਮਿਕ ਤੌਰ ਤੇ ਮਾਰਦੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦੁਆਰਾ ਸਾਨੂੰ ਭਗਤੀ ਦੇ ਸਹੀ ਮਾਰਗ ਤੋਂ ਦੂਰ ਰੱਖਦੀ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਦੁਆਰਾ ਹੀ ਵਿਚਰਦਾ ਹੈ ਭਾਵ ਉਹੋ ਜਿਹੇ ਕਰਮ ਕਰਦਾ ਹੈ, ਮਾੜੇ ਕਰਮ ਕਰਦਾ ਹੈ, ਔਗੁਣ ਕਰਦਾ ਹੈ ਜੋ ਸ਼ਬਦਾਂ ਦੀ ਵਿਚਾਰ ਅਨੁਸਾਰ ਨਹੀਂ ਹੁੰਦੇ, ਗੁਰਮਤਿ ਅਨੁਸਾਰ ਨਹੀਂ ਹੁੰਦੇ, "ਨਾਮ ਧਨੁ" ਵਾਲੀ ਸਮਝ ਅਨੁਸਾਰ ਨਹੀਂ ਹੁੰਦੇ। ਮਨ ਦੀ ਇਹੋ ਜਿਹੀ ਮਾੜੀ ਸਮਝ ਦੁਆਰਾ, ਮਨਮਤਿ ਦੁਆਰਾ ਵਿਚਰਨ ਨਾਲ ਅਸੀਂ "ਲਾਹਾ" ਲੈਣ ਦੀ ਬਜਾਏ ਉਲਟਾ "ਤੋਟੇ" ਵਿੱਚ ਜਾਂਦੇ ਹਾਂ ਭਾਵ ਘਾਟੇ ਵਿੱਚ ਜਾਂਦੇ ਹਾਂ ਭਾਵ ਗੁਰੂ ਨਾਲੋਂ ਹੋਰ ਦੂਰ ਹੁੰਦੇ ਹਾਂ, ਪ੍ਰਮਾਤਮਾ ਨਾਲੋਂ ਹੋਰ ਦੂਰ ਹੁੰਦੇ ਹਾਂ। ਪੂਰੇ ਸੰਸਾਰ ਵਿੱਚ ਪ੍ਰਮਾਤਮਾ ਨੇ ਹਉਮੈ ਮਾਇਆ ਵਾਲੀ ਸਮਝ ਪਾਈ ਹੋਈ ਹੈ ਜਿਸ ਕਰਕੇ ਸਾਰਾ ਜਗ ਤੋਟੇ ਵਿੱਚ ਹੀ ਜਾਂਦਾ ਹੈ। ਇਸ ਤੋਟੇ ਦਾ ਕਾਰਨ ਸਾਡੇ ਅੰਦਰ ਸ਼ਬਦਾਂ ਦੇ ਵਿਚਾਰ ਵਾਲੀ ਸਮਝ ਦਾ ਨਾ ਹੋਣਾ ਹੈ ਭਾਵ ਨਾਮ ਵਾਲੀ ਸਮਝ ਦਾ ਨਾ ਹੋਣਾ ਹੈ, ਅੰਮ੍ਰਿਤ ਦਾ ਨਾ ਹੋਣਾ ਹੈ। ਬਿਨ੍ਹਾਂ ਅੰਮ੍ਰਿਤ ਦੇ ਵੱਸੇ ਹਰ ਕੋਈ ਬਿਖ ਵਾਲੀ ਸਮਝ ਵਿੱਚ ਹੀ ਹੈ ਭਾਵ ਬਿਖਿਆ ਦੇ ਨਾਲ ਜੁੜਿਆ ਹੋਇਆ ਹੈ। (**ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥ ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥**)

ਸਾਡੇ ਅੰਦਰੋਂ ਇਹ "ਬਿਖੁ" ਵਾਲੀ ਸਮਝ ਕਿਵੇਂ ਨਿਕਲ ਸਕਦੀ ਹੈ ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"**ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥**
ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥"

ਸਾਡੇ ਅੰਦਰ ਹਉਮੈ ਦੀ ਮੈਲ ਕਿਸ ਰੂਪ ਵਿੱਚ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਇਹ ਮੈਲ ਸਾਡੇ ਅੰਦਰ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ, ਮਨ ਦੇ ਭਰਮਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ ਜਿੰਨ੍ਹਾਂ ਵਿਚਾਰਾਂ ਵਿੱਚ ਰਹਿੰਦਿਆਂ ਮਨੁੱਖ ਵਿਕਾਰਾਂ ਨਾਲ ਜੁੜਿਆ ਰਹਿੰਦਾ ਹੈ ਭਾਵ ਮਾੜੇ ਕਰਮ ਕਰਦਾ ਹੈ। ਸਾਡੇ ਮਨ ਦੀ ਇਹ ਮੈਲ ਹੀ ਸਾਡੇ ਅੰਦਰ ਭਰਮ ਰੂਪ ਦਰਵਾਜਾ ਹੈ ਜਿਸ ਦੇ ਖੁੱਲੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਲ ਨੂੰ ਨਹੀਂ ਜਾਣ ਸਕਦੇ। (**ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ ॥ ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ ॥ ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ ॥**) ਅੰਗ - ੯੫੯

ਮਨ ਦੀ ਇਹ ਹਉਮੈ ਰੂਪ ਮੈਲ, ਮਾਇਆ ਦੀ ਮੈਲ, ਮਨ ਦੀ ਅਗਿਆਨਤਾ ਰੂਪ ਮੈਲ ਜੋ ਸਾਡੇ ਮਨ ਨੂੰ ਅਪਵਿੱਤਰ ਕਰਦੀ ਹੈ ਇਹ ਸਾਡੇ ਅੰਦਰ ਦੀ "ਬਿਖੁ" ਗੁਰੂ ਦੇ ਨਾਮ ਦੁਆਰਾ ਹੀ ਨਿਕਲ ਸਕਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਨਿਕਲ ਸਕਦੀ ਹੈ। ਜੇਕਰ ਅਸੀਂ ਆਪਣੇ ਮਨ ਦੀ ਅਗਿਆਨਤਾ ਰੂਪ ਮੈਲ ਨੂੰ ਗੁਰੂ ਦੇ ਨਾਮ ਦੁਆਰਾ ਮਾਂਜਾਗੇ ਭਾਵ ਗੁਰੂ ਦੇ ਗਿਆਨ ਦੁਆਰਾ ਮਾਂਜਾਗੇ ਤਾਂ ਹੀ ਇਹ ਸਾਡੇ ਮਨ ਦੀ ਮੈਲ ਉੱਤਰ ਸਕਦੀ ਹੈ। ਜੇਕਰ ਅਸੀਂ ਗੁਰੂ ਦੇ ਗਿਆਨ ਨੂੰ ਮੰਨਾਂਗੇ, ਨਾਮ ਨੂੰ ਮੰਨਾਂਗੇ ਭਾਵ ਸ਼ਬਦਾਂ ਦੇ ਵਿਚਾਰਾਂ ਨੂੰ ਮੰਨਾਂਗੇ, ਤਾਂ ਹੀ ਸਾਡੇ ਅੰਦਰੋਂ ਅਗਿਆਨਤਾ ਦੀ ਮੈਲ ਨਿਕਲ ਸਕਦੀ ਹੈ, ਸਾਡੇ ਅੰਦਰੋਂ ਭਰਮਾਂ ਵਾਲੇ ਵਿਚਾਰ ਨਿਕਲ ਸਕਦੇ ਹਨ। ਇਹ ਮੈਲ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੈ ਜੋ ਸਾਨੂੰ ਝੂਠੀ ਸਮਝ ਦੇ ਨਾਲ ਜੋੜਦੀ ਹੈ ਜਿਸ ਸਮਝ ਦੁਆਰਾ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। (**ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥**) ਅੰਗ - ੯੯੨

{ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥
ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥
ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ ੨੩੦)

{ਮਨਮੁਖ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥
ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ ੧੨੯)

{ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥੧॥
ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥}

(ਅੰਗ ੩੮੧)

{ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥
ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥
ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ ਸਹਜਿ ਸਮਾਤਿ ॥੫॥}

(ਅੰਗ ੨੬੭)

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥
ਜਪਿ ਮਨ ਮੇਰੇ ਤੂ ਏਕੋ ਨਾਮੁ ॥ ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥}

(ਅੰਗ ੫੫੮)

{ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥
ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥ ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥੧੭॥
ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥
ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥
ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥
ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥}

(ਅੰਗ ੭੫੫-੭੫੬)

{ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥
ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥
ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥

ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥
ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ ॥
ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥੨॥}

(ਅੰਗ ੭੭੦)

{ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥
ਹਉਮੈ ਗਰਬੁ ਨਿਵਾਰੀਐ ਕਾਮੁ ਕ੍ਰੋਧੁ ਅਹੰਕਾਰੁ ॥
ਲਬੁ ਲੋਭੁ ਪਰਜਾਲੀਐ ਨਾਮੁ ਮਿਲੈ ਆਧਾਰੁ ॥
ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨ ਹੋਇ ॥
ਨਾਨਕ ਇਹ ਬਿਧਿ ਛੁਟੀਐ ਨਦਰਿ ਤੇਰੀ ਸੁਖੁ ਹੋਇ ॥੧॥}

(ਅੰਗ ੭੯੦)

{ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥ ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ ॥
ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ ॥
ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥੧੭॥}

(ਅੰਗ ੭੯੧)

{ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥}

(ਅੰਗ ੮੦੮)

{ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ ॥ ਹਉਮੈ ਮੇਰਾ ਠਾਕਿ ਰਹਾਏ ॥
ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ ॥੧੦॥
ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥ ਆਪੇ ਮੇਲੈ ਗੁਰ ਸਬਦਿ ਵੀਚਾਰਾ ॥
ਆਪੇ ਬਖਸੇ ਸਚੁ ਦ੍ਰਿੜਾਏ ਮਨੁ ਤਨੁ ਸਾਚੈ ਰਾਤਾ ਹੇ ॥੧੧॥
ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ ਗੁਰਮਤਿ ਬੂਝੈ ਕਰਿ ਵੀਚਾਰਾ ॥
ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥੧੨॥}

(ਅੰਗ ੧੦੫੨-੧੦੫੩)

{ਮੈਲਾ ਹਰਿ ਕੇ ਨਾਮ ਬਿਨੁ ਜੀਉ ॥
ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ ॥੧॥ ਰਹਾਉ ॥}

(ਅੰਗ ੧੨੨੪)

{ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ ॥
ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥੨॥
ਕਿਆ ਦ੍ਰਿੜਾਂ ਕਿਆ ਸੰਗ੍ਰਹਿ ਤਿਆਗੀ ਮੈ ਤਾ ਬੂਝ ਨ ਪਾਈ ॥
ਹੋਹਿ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਨਾਮੋ ਹੋਇ ਸਖਾਈ ॥੩॥}

(ਅੰਗ ੧੨੩੪)

{ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥

ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ ॥੨॥}

(ਅੰਗ ੧੨੪੯)

{ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥
ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥ ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥
ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥੮॥
ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥
ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥ ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ ॥
ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ ॥੯॥
ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥੧੦॥
ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ ॥ ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ ॥
ਵੇਖਣੁ ਸੁਨਣਾ ਝੂਠੁ ਹੈ ਮੁਖਿ ਝੂਠਾ ਆਲਾਉ ॥ ਨਾਨਕ ਨਾਮੁ ਸਲਾਹਿ ਤੂ ਹੋਰੁ ਹਉਮੈ ਆਵਉ ਜਾਉ ॥੧੧॥
ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥
ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ ॥ ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ॥
ਜਿਸ ਨੋ ਲਾਏ ਤਿਸੁ ਲਗੈ ਲਗੀ ਤਾ ਪਰਵਾਣੁ ॥ ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ ॥੧੩॥
ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ ॥
ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥
ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ ੧੪੧੦-੧੪੧੧)

ਉੱਪਰ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਆਪਣੇ ਮਨ ਦੀ ਮੈਲ ਨੂੰ ਹੀ ਸਮਝਣ ਦਾ ਉਪਰਾਲਾ ਕੀਤਾ ਹੈ। ਇਹ ਮੈਲ ਸਾਡੇ ਅੰਦਰ ਹਉਮੈ ਦੇ ਰੂਪ ਵਿੱਚ ਹੈ, ਮਾਇਆ ਵਾਲੀ ਸਮਝ ਦੇ ਰੂਪ ਵਿੱਚ ਹੈ, ਮਨਮਤਿ ਦੇ ਰੂਪ ਵਿੱਚ ਹੈ ਜੋ ਸੱਚੀ ਗੁਰਮਤਿ ਨੂੰ ਨਹੀਂ ਸਮਝਦੀ ਭਾਵ ਮਨ ਦੀ "**ਬਿਖੁ**" ਦੇ ਰੂਪ ਵਿੱਚ ਹੈ। ਇਹ ਮੈਲ ਸਾਡੇ ਅੰਦਰ ਮਨ ਦੀ ਨਾ-ਸਮਝ ਮਤਿ ਹੈ ਭਾਵ ਮਨ ਦੀ ਅਗਿਆਨਤਾ ਰੂਪ ਮੈਲ ਹੈ ਜੋ ਕੇਵਲ ਤੇ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਧੁਪ ਸਕਦੀ ਹੈ, ਗੁਰਮਤਿ ਦੀ ਸੱਚੀ ਸਮਝ ਦੁਆਰਾ ਧੁਪ ਸਕਦੀ ਹੈ ਭਾਵ ਗੁਰੂ ਦੇ ਨਾਮ ਦੁਆਰਾ ਧੁਪ ਸਕਦੀ ਹੈ। ਇਹ ਮੈਲ ਸਾਡੇ ਅੰਦਰੋਂ ਤਾਂ ਹੀ ਧੁਪ ਸਕਦੀ ਹੈ ਜਦੋਂ ਅਸੀਂ ਗੁਰੂ ਦੇ ਨਾਮ ਦੀ ਸਮਝ ਨੂੰ ਆਪਣੇ ਅੰਦਰ ਵਸਾਵਾਂਗੇ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਾਂਗੇ। ਗੁਰੂ ਦੀ ਦਿੱਤੀ ਹੋਈ ਸੱਚੀ ਸਮਝ ਹੀ "**ਹਰਿ ਅੰਮ੍ਰਿਤੁ**" ਹੈ ਭਾਵ ਪ੍ਰਮਾਤਮਾ ਦਾ ਅੰਮ੍ਰਿਤ ਹੈ ਜੋ ਕਿ ਸਾਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਇਸ "**ਹਰਿ ਅੰਮ੍ਰਿਤੁ**" ਦੇ ਰੂਪ ਵਿੱਚ ਹੀ "ਹਰਿ" ਆਪ ਹੈ ਜਿਵੇਂ ਕਿ ਉੱਪਰ ਮੁੱਖ ਸ਼ਬਦ ਰਾਹੀਂ ਸਮਝਿਆ ਜਾ ਸਕਦਾ ਹੈ ਜਿਸ ਰਾਹੀਂ ਅਸੀਂ ਆਪਣੇ ਅੰਦਰ ਇਸ ਹਉਮੈ ਦੀ ਮੈਲ ਨੂੰ ਭਾਵ ਬਿਖ ਨੂੰ ਸਮਝਣ ਦਾ ਉਪਰਾਲਾ ਕਰ ਰਹੇ

ਹਾਂ। (**ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥ ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥ ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥**)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨}

(ਅੰਗ ੨੩)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥}

(ਅੰਗ ੧੦੨)

ਗੁਰੂ ਦਾ ਇਹ ਨਾਮ ਅੰਮ੍ਰਿਤ ਸਾਡਾ ਮਨ ਹੀ ਪੀਂਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਪੀਂਦਾ ਹੈ ਜਿਸ ਅੰਮ੍ਰਿਤ ਨੂੰ ਪੀਣ ਦੁਆਰਾ ਹਉਮੈ ਰੂਪ ਮੈਲ, ਬਿਖ ਨਿਕਲਦੀ ਹੈ ਭਾਵ ਮਨ ਦੀ ਅਗਿਆਨਤਾ ਨਿਕਲਦੀ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਜਿਸ ਦੇ ਕਾਰਜ ਸਿੱਧ ਕਰਦਾ ਹੈ ਉਹਨਾਂ ਦੇ ਅੰਦਰੋਂ ਹਉਮੈ ਰੂਪ ਮੈਲ ਕੱਢਣ ਦੁਆਰਾ ਹੀ ਕਰਦਾ ਹੈ, ਆਪਣੇ ਨਾਮ ਦੀ ਸੱਚੀ ਸਮਝ ਬਖਸ਼ਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਹੀ ਕਰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਹ ਧੁਰੋਂ ਹੀ ਦਿੰਦਾ ਹੈ ਭਾਵ ਆਪਣੇ ਅਸਥਾਨ ਤੋਂ ਹੀ ਦਿੰਦਾ ਹੈ ਜੋ ਉਸ ਦਾ ਅਸਥਾਨ, ਉਸ ਦਾ ਦਰ, ਉਸ ਦਾ ਮਹਲ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਇਸੇ ਤਰੀਕੇ ਹੀ ਮੇਲਦਾ ਹੈ। ਜਦ ਤਕ ਸਾਡੇ ਅੰਦਰ ਹਉਮੈ ਰੂਪ ਮੈਲ ਹੈ, ਮਾਇਆ ਰੂਪ ਮੈਲ ਹੈ ਭਾਵ ਬਿਖ ਹੈ ਇਹੋ ਜਿਹੀ ਸਮਝ ਵਿੱਚ ਰਹਿੰਦੇ ਹੋਏ ਸਾਡੇ ਮਨ ਦੇ ਵਿਚ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਜੋ ਵਿਛੋੜਾ ਉਸ ਦਾ ਅੰਮ੍ਰਿਤ ਨਾਮ ਸਾਡੇ ਅੰਦਰ ਵੱਸਣ ਦੁਆਰਾ ਦੂਰ ਹੁੰਦਾ ਹੈ ਭਾਵ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੀ ਸਮਝ ਮਿਲਣ ਦੁਆਰਾ ਹੁੰਦਾ ਹੈ ਜਿਸ ਆਪਣੀ ਸੱਚੀ ਸਮਝ ਦੇ ਨਾਲ, ਬ੍ਰਹਮ ਗਿਆਨ ਰੂਪ ਸਮਝ ਦੇ ਨਾਲ ਭਾਵ ਆਪਣੇ ਨਾਮ ਦੇ ਨਾਲ ਆਪ ਹੀ ਆਪਣੀ ਕਿਰਪਾ ਦੁਆਰਾ ਜੋੜਦਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਏ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਹਉਮੈ ਕਿਸ ਰੂਪ ਵਿੱਚ ਹੈ ਤੇ ਕਿਸ ਰੂਪ ਵਿੱਚ ਵਿਚਰਦੀ ਹੈ, ਮਾਇਆ ਕਿਸ ਰੂਪ ਵਿੱਚ ਵਿਚਰਦੀ ਹੈ ਜੋ ਕਿ ਬਿਖ ਰੂਪ ਵਿੱਚ ਵਿਚਰਦੀ ਹੈ ਭਾਵ ਨਾਸਮਝ ਮਤਿ ਦੁਆਰਾ ਵਿਚਰਦੀ ਹੈ। (**ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥ ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥ ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥**)

ਜਦ ਤੱਕ ਸਾਡੇ ਅੰਦਰ ਮਨ ਦੀ ਮੈਲ ਹੈ ਭਾਵ ਹਉਮੈ ਹੈ, ਮਾਇਆ ਹੈ ਭਾਵ ਭਰਮਾਂ ਵਾਲੀ ਮਤਿ ਹੈ, ਅਗਿਆਨਤਾ ਹੈ, ਬਿਖ ਹੈ ਤਦ ਤੱਕ ਕੋਈ ਵੀ ਭਗਤੀ ਦੇ ਅਸਲ ਮਾਰਗ ਤੇ ਨਹੀਂ ਚੱਲ ਸਕਦਾ ਕਿਉਂਕਿ ਇਸ ਮਨ ਦੀ ਮੈਲ ਦਾ ਮਕਸਦ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਤੋਂ ਦੂਰ ਰੱਖਣ ਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਣ ਦਾ ਹੈ ਭਾਵ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਮਨ ਦੀ ਮੈਲ ਵਿੱਚ ਰਹਿੰਦੇ ਹੋਏ ਆਪਣੇ ਵੱਲੋਂ ਭਗਤੀ ਤਾਂ ਅਨੇਕਾਂ ਹੀ ਅਨੇਕਾਂ ਕਰਦੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਰਦੇ ਹਨ, ਅਨੇਕਾਂ ਤਰੀਕਿਆਂ ਨਾਲ ਕਰਦੇ ਹਨ ਪਰ ਇਹੋ ਜਿਹੀ ਭਗਤੀ ਪ੍ਰਮਾਤਮਾ ਦੇ ਦਰ ਤੇ ਕਬੂਲ ਨਹੀਂ ਹੁੰਦੀ। ਪ੍ਰਮਾਤਮਾ ਦੀ ਸੱਚੀ ਭਗਤੀ ਇਸ ਹਉਮੈ ਦੀ ਮੈਲ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਹੀ ਹੋ ਸਕਦੀ ਹੈ ਜਿਵੇਂ ਕਿ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਪ੍ਰਮਾਤਮਾ ਦੇ, ਨਾਮ ਦੇ ਮਾਲਕ ਦੇ, ਸੱਚ ਦੇ ਮਾਲਕ ਦੇ ਇਸ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੩ ॥

“ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥
ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥
ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥"

(ਅੰਗ ੩੯)

ਸਾਨੂੰ ਬਾਣੀ ਰਾਹੀਂ ਵਾਰ-ਵਾਰ ਇਹ ਗੱਲ ਸਮਝਾਈ ਹੋਈ ਹੈ ਕਿ ਪੂਰੇ ਜਗ ਵਿੱਚ ਹਉਮੈ ਤੋਂ ਬਿਨ੍ਹਾਂ ਕੋਈ ਨਹੀਂ ਹੈ। ਜਿਸ ਨੂੰ ਵੀ ਇਹ ਮਨੁੱਖੀ ਸਰੀਰ ਮਿਲਦਾ ਹੈ ਉਸ ਦੇ ਅੰਦਰ ਸਮਝ ਵੀ ਨਾਲ ਹੀ ਪੈ ਕੇ ਆਉਂਦੀ ਹੈ ਜੋ ਕਿ ਹਰ ਕਿਸੇ ਨੂੰ ਮਨ ਦੇ ਰਾਹੀਂ ਹੀ ਪੈਂਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਪ੍ਰਮਾਤਮਾ ਦੀ ਖੇਡ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਇਹ ਪ੍ਰਮਾਤਮਾ ਦੀ ਆਪਣੀ ਹੀ ਬਣਾਈ ਹੋਈ ਖੇਡ ਹੈ ਜਿਸ ਖੇਡ ਨੂੰ ਉਹ ਮਨੁੱਖੀ ਮਨ ਦੀ ਸਮਝ ਰਾਹੀਂ ਚਲਾ ਰਿਹਾ ਹੈ ਤੇ ਉਸ ਖੇਡ ਦੇ ਮਾਲਕ ਨੇ ਆਪਣੇ ਆਪ ਨੂੰ ਇਸ ਖੇਡ ਤੋਂ ਉਹਲੇ ਰੱਖਿਆ ਹੋਇਆ ਹੈ। ਸਾਡੇ ਅੰਦਰ ਇਹ ਹਉਮੈ ਮੈਲ ਦਾ ਮਕਸਦ ਸਾਨੂੰ "ਦੂਜੈ ਭਾਇ" ਵਿੱਚ ਰੱਖਣ ਦਾ ਹੈ ਭਾਵ ਦੂਸਰੇ ਪਾਸੇ ਪਿਆਰ ਪਾ ਕੇ ਰੱਖਣ ਦਾ ਹੈ। ਸਾਡਾ "ਅਸਲ ਪਿਆਰ" ਗੁਰੂ ਦੇ ਨਾਲ ਪਿਆਰ ਹੈ, ਪ੍ਰਮਾਤਮਾ ਦੇ ਨਾਲ ਪਿਆਰ ਹੈ। ਗੁਰੂ ਦੇ ਨਾਲ ਪਿਆਰ ਪਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਆਪਣੀ ਗੁਰਮਤਿ ਦੇ ਰੂਪ ਵਿੱਚ ਹੈ, ਆਪਣੀ ਸਿੱਖਿਆ ਦੇ ਰੂਪ ਵਿੱਚ ਹੈ। ਗੁਰਮਤਿ ਨਾਲ ਪਿਆਰ, ਗੁਰੂ ਦੀ ਸਿੱਖਿਆ ਦੇ ਨਾਲ ਪਿਆਰ ਹੀ ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਹੈ ਜੋ ਪਿਆਰ ਉਸ ਦੇ ਨਾਲ ਉਸ ਦੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਪੈਂਦਾ ਹੈ। ਗੁਰੂ ਦੀ ਸਿੱਖਿਆ ਨੂੰ ਮੰਨਣ ਲਈ ਭਾਵ ਗੁਰੂ ਦੇ ਨਾਲ ਪਿਆਰ ਪਾਉਣ ਲਈ ਆਪਣੀ ਮਤਿ ਭਾਵ ਆਪਣੀ ਸਮਝ ਛੱਡਣੀ ਪੈਂਦੀ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਹਰ ਵਿਕਾਰ ਤੋਂ ਰਹਿਤ ਹੋਣਾ ਪੈਂਦਾ ਹੈ ਭਾਵ ਮਾਇਆ ਦੇ ਸੁੱਖਾਂ ਦਾ ਮੋਹ ਛੱਡਣਾ ਪੈਂਦਾ ਹੈ। (**ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥ ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥**) ਅੰਗ - ੬੫

{ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥
ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥੨॥}

(ਅੰਗ ੩੪)

{ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥

ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾ ਲਾਗੈ ਨਾਮ ਪਿਆਰੁ ॥
ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ ॥੫॥}

(ਅੰਗ ੩੪)

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥}

(ਅੰਗ ੫੯)

{ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥
ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ ॥੪॥}

(ਅੰਗ ੭੦)

{ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥
ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥}

(ਅੰਗ ੧੨੨)

{ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥}

(ਅੰਗ ੧੧੯੮)

{ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ ॥
ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥੩॥}

(ਅੰਗ ੮੮੧)

{ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ ॥
ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥
ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥}

(ਅੰਗ ੮੪੭)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥}

(ਅੰਗ ੫੭੮)

ਸਾਰੀ ਗੱਲ ਗੁਰੂ ਦੀ ਸਿੱਖਿਆ ਨੂੰ ਮੰਨਣ ਦੀ ਹੈ ਜਿਸ ਦੁਆਰਾ ਮਨੁੱਖ ਦਾ ਪਿਆਰ ਗੁਰੂ ਦੇ ਨਾਲ ਜੁੜਦਾ ਹੈ ਤੇ ਦੂਜੇ ਪਾਸੇ ਪਿਆਰ ਨਹੀਂ ਜੁੜਦਾ। ਅਸੀਂ ਜੋ ਵੀ ਕਰਮ ਗੁਰੂ ਦੀ ਮਤਿ ਅਨੁਸਾਰ ਨਹੀਂ ਕਰਦੇ ਉਹ ਸਾਡਾ ਹਰ ਕਰਮ ਦੂਜੇ ਪਾਸੇ ਪਿਆਰ ਦਿਖਾਉਂਦਾ ਹੈ ਜੋ ਕਿ ਸਾਡਾ ਮਨਮਤਿ ਦੇ ਨਾਲ ਪਿਆਰ ਹੈ, ਮਨ ਦੀ ਮਾੜੀ ਸਮਝ ਦੇ ਨਾਲ ਪਿਆਰ ਹੈ, ਹਉਮੈ ਦੇ ਨਾਲ ਪਿਆਰ ਹੈ। ਜੋ ਸਮਝ ਸਾਡੀ ਦੂਸਰੇ ਪਾਸੇ ਪਿਆਰ ਪਾਉਂਦੀ ਹੈ ਉਸ ਨੂੰ ਹੀ ਉੱਪਰ ਮੁੱਖ ਸਬਦ ਰਾਹੀਂ ਸਾਡੀ "ਮਲੁ" ਦੱਸਿਆ

ਹੈ, ਹਉਮੈ ਦੀ ਮੈਲ ਦੱਸਿਆ ਹੈ, ਮਾਇਆ ਰੂਪ ਮੈਲ ਦੱਸਿਆ ਹੈ ਜਿਸ ਹਉਮੈ ਸਮਝ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਇਹ ਮੈਲ ਹੀ ਸਾਡੇ ਦੁੱਖ ਦਾ ਕਾਰਨ ਹੈ। ਦੁੱਖ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਹੈ ਜੋ ਕਿ ਹਉਮੈ ਦੀ ਮੈਲ ਨਿਕਲੇ ਬਿਨ੍ਹਾਂ ਦੂਰ ਨਹੀਂ ਹੋ ਸਕਦਾ। ਇਸ ਦੁੱਖ ਵਿੱਚੋਂ ਨਿਕਲਣ ਲਈ ਭਾਵ ਸੁੱਖ ਦੀ ਪ੍ਰਾਪਤੀ ਕਰਨ ਲਈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰਨ ਲਈ ਆਪਣੇ ਅੰਦਰੋਂ ਇਸ ਮੈਲ ਨੂੰ, ਹਉਮੈ ਨੂੰ ਧੋਣਾ ਹੀ ਪੈਂਦਾ ਹੈ ਭਾਵ ਕੱਢਣਾ ਹੀ ਪੈਂਦਾ ਹੈ। ਇਹ "ਮਲ" ਸਾਡੀ ਸਮਝ ਦੇ ਅੰਦਰ ਹੈ ਜੋ ਕਿ ਮਨ ਨੂੰ ਧੋਣ ਦੁਆਰਾ ਹੀ ਉੱਤਰ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਮਨ ਦੀ ਨਾ-ਸਮਝੀ ਕਰਕੇ ਇਹ ਸਮਝਦੇ ਹਾਂ ਕਿ ਤੀਰਥਾਂ ਆਦਿ ਤੇ ਜਾ ਕੇ ਇਸਨਾਨ ਕਰਨ ਨਾਲ ਸਾਡੀ ਮੈਲ ਧੁਪ ਜਾਂਦੀ ਹੈ ਭਾਵ ਸਾਡੇ ਅੰਦਰ ਦੇ ਪਾਪ ਧੁਪ ਜਾਂਦੇ ਹਨ। ਜੋ ਵੀ ਅਸੀਂ ਪਾਪ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ ਉਹ ਮਨ ਦੀ ਮਾੜੀ ਸਮਝ ਕਰਕੇ ਹੀ ਕਰਦੇ ਹਾਂ ਜੋ ਕਿ ਮਨ ਦੀ ਮੈਲ ਦੁਆਰਾ ਕਰਦੇ ਹਾਂ। ਤੀਰਥਾਂ ਤੇ ਇਸ਼ਨਾਨ ਕਰਨ ਨਾਲ ਕੇਵਲ ਤਨ ਦੀ ਮੈਲ ਹੀ ਧੁਪ ਸਕਦੀ ਹੈ ਨਾ ਕਿ ਮਨ ਦੀ। ਇਸੇ ਗੱਲ ਲਈ ਸਾਨੂੰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸੁਚੇਤ ਕੀਤਾ ਹੋਇਆ ਹੈ ਭਾਵ ਸਾਡਾ ਇਹ ਭਰਮ ਕੱਢਿਆ ਹੋਇਆ ਹੈ। (**ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥**) ਅੰਗ - ੩੯

ਜਦ ਤੱਕ ਸਾਡੇ ਅੰਦਰ ਹਉਮੈ ਦੀ ਮੈਲ ਹੈ ਭਾਵ ਜਦ ਤੱਕ ਸਾਡੇ ਅੰਦਰ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਦਾ ਭਰਮ ਹੈ ਅਸੀਂ ਅਨੇਕਾਂ ਤਰੀਕਿਆਂ ਨਾਲ ਆਪਣੇ ਵੱਲੋਂ ਭਗਤੀ ਦੇ ਮਾਰਗ ਤੇ ਚੱਲਣ ਦਾ ਉਪਰਾਲਾ ਕਰਦੇ ਹਾਂ ਜਿੰਨ੍ਹਾਂ ਦੁਆਰਾ ਸਾਡੇ ਮਨ ਦੀ ਅਗਿਆਨਤਾ ਨਹੀਂ ਜਾ ਸਕਦੀ ਤੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

"**ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥**
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥"

"ਬਹੁ ਬਿਧਿ ਕਰਮ ਕਮਾਵਦੇ" ਤੋਂ ਭਾਵ ਹੈ ਜਿੰਨ੍ਹਾਂ ਨੂੰ ਅਸੀਂ ਆਪਣੇ ਧਰਮ ਵਾਲੇ ਕਰਮ ਸਮਝਦੇ ਹਾਂ। ਅਸੀਂ ਭਗਤੀ ਦੇ ਮਾਰਗ ਤੇ ਚੱਲਣ ਲਈ ਅਨੇਕਾਂ ਹੀ ਤਰੀਕੇ ਅਪਣਾਏ ਹੋਏ ਹਨ ਜਿੰਨ੍ਹਾਂ ਸਾਰੇ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਭਗਤੀ ਦਾ ਸਾਨੂੰ ਬਾਣੀ ਰਾਹੀਂ ਇੱਕੋ ਇੱਕ ਤਰੀਕਾ ਸੱਚ ਦੁਆਰਾ ਵਿਚਰਨ ਦਾ ਹੀ ਸਮਝਾਇਆ ਹੋਇਆ ਹੈ ਭਾਵ ਗੁਰੁ ਦੀ ਸੱਚੀ ਸਿੱਖਿਆ ਨੂੰ ਮੰਨ ਕੇ ਉਸ ਦੁਆਰਾ ਵਿਚਰਨਾ ਸਮਝਾਇਆ ਹੋਇਆ ਹੈ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਜੋ ਸਭ ਨੇ ਅਨੇਕਾਂ ਤਰੀਕੇ ਬਣਾਏ ਹੋਏ ਹਨ ਉਸ ਹਰ ਤਰੀਕੇ ਨੂੰ ਅਸੀਂ ਆਪਣਾ ਧਰਮ ਵਾਲਾ ਕਰਮ ਹੀ ਸਮਝਦੇ ਹਾਂ, ਸੱਚਾ ਧਰਮ ਸਮਝਦੇ ਹਾਂ ਤੇ ਆਪਣੇ ਉਹਨਾਂ ਤਰੀਕਿਆਂ ਦਾ ਮਾਣ ਕਰਦੇ ਹਾਂ ਤੇ ਅਸੀਂ ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਕਰਦੇ ਹਾਂ, ਸਮਾਜ ਵਿੱਚੋਂ ਮਾਣ ਲੈਂਦੇ ਹਾਂ ਜੋ ਕਿ ਆਪਣੇ ਅੰਦਰ ਦੀ ਮੈਲ ਨੂੰ ਹੋਰ ਦੁੱਗਣਾ ਕਰਨ ਵਾਲੀ ਗੱਲ ਹੈ ਭਾਵ ਆਪਣੀ ਹਉਮੈ ਹੋਰ ਵਧਾਉਣ ਵਾਲੀ ਗੱਲ ਹੈ। (**ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥**) ਸਾਨੂੰ ਆਪਣੀ ਇਹੋ ਜਿਹੀ ਭਗਤੀ ਦਾ ਭਾਵ ਦਿਖਾਵੇ ਵਾਲੀ ਭਗਤੀ ਦਾ ਸਮਾਜ ਦੇ ਵਿੱਚੋਂ ਮਾਣ ਮਿਲਦਾ ਹੈ ਕਿਉਂਕਿ ਹਰ ਕੋਈ ਨਾ-ਸਮਝ ਮਤਿ ਦੁਆਰਾ, ਹਉਮੈ ਵਿੱਚ ਹੋਣ ਦੁਆਰਾ ਇਹੋ ਜਿਹੇ ਭਗਤੀ ਦੇ ਤਰੀਕੇ ਨੂੰ ਹੀ ਭਗਤੀ ਦਾ ਮਾਰਗ ਸਮਝਦਾ ਹੈ। ਜਿਤਨਾ ਸਮਾਜ ਵਿੱਚੋਂ ਸਾਨੂੰ ਮਾਣ ਮਿਲਦਾ ਹੈ ਉਸ ਦੁਆਰਾ ਸਾਡੀ ਮੈਂ ਹੋਰ ਉੱਚੀ ਹੁੰਦੀ ਹੈ ਭਾਵ ਸਾਡੇ ਅੰਦਰ ਦੀ ਮੈਲ ਦੁੱਗਣੀ ਹੋ ਜਾਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ। ਇਹੋ ਜਿਹੀ ਭਗਤੀ ਦੁਆਰਾ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੀ ਕਰਦੇ ਹਾਂ ਪਰ ਅਸਲ ਵਿੱਚ ਸਿਫ਼ਤ ਸਾਡੀ ਆਪਣੀ ਹੀ ਹੁੰਦੀ ਹੈ, ਮਾਣ ਸਾਡਾ ਹੀ ਵੱਧਦਾ ਹੈ। ਜਿਵੇਂ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧}

(ਅੰਗ ੧੩੧੯)

{ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥
ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥

ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥
ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥}

(ਅੰਗ ੫੯)

ਆਸਾ ਮਹਲਾ ੧ ॥
{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

ਸਲੋਕ ਮਹਲਾ ੧ ॥
{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥
ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥ ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

{ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥}

(ਅੰਗ ੧੨੭੭)

ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਵੀ ਸਾਡਾ ਉਹ ਕਰਮ ਸਮਝਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰ ਦੀ ਮੈਲ ਨੂੰ ਕੱਢਣ ਦਾ ਸਾਧਨ ਸਮਝਦੇ ਹਾਂ, ਧਰਮ ਦਾ ਕਰਮ ਸਮਝਦੇ ਹਾਂ ਪਰ ਇਸ ਤਰੀਕੇ ਸਾਡੀ ਮੈਲ ਨਹੀਂ ਉੱਤਰ ਸਕਦੀ।

"**ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥**"

ਧਰਮ ਗ੍ਰੰਥਾਂ ਦੇ ਕੇਵਲ ਪੜੀ ਜਾਣ ਨੂੰ ਅਸੀਂ ਆਪਣਾ ਵੱਡਾ ਧਰਮ ਕਰਮ ਸਮਝਦੇ ਹਾਂ, ਭਗਤੀ ਕਰਨ ਦਾ ਉੱਚਾ ਮਾਰਗ ਸਮਝਦੇ ਹਾਂ। ਪੜ੍ਹਨ ਨਾਲ ਗਿਆਨ ਮਿਲਦਾ ਹੈ। ਸਾਡੇ ਅੰਦਰ ਦੀ ਮੈਲ ਅਗਿਆਨਤਾ ਦੀ ਮਲ ਹੈ ਜੋ ਗੁਰੂ ਦੇ ਗਿਆਨ ਦੁਆਰਾ ਹੀ ਉਤਰ ਸਕਦੀ ਹੈ ਤੇ ਉਤਰੇਗੀ ਤਾਂ ਹੀ ਜੇਕਰ ਅਸੀਂ ਉਸ ਗਿਆਨ ਨੂੰ ਮੰਨਾਂਗੇ ਭਾਵ ਆਪਣੇ ਭਰਮ ਛੱਡਾਂਗੇ। ਗਿਆਨ ਲੈ ਕੇ ਕੇਵਲ ਗਿਆਨੀ ਅਖਵਾਉਣ ਨਾਲ ਸਾਡੇ ਅੰਦਰ ਦੀ ਮੈਲ ਨਹੀਂ ਉਤਰ ਸਕਦੀ। ਜਿਸ ਦੇ ਮਨ ਦੀ ਮੈਲ ਉਤਰ ਜਾਂਦੀ ਹੈ ਉਸ ਨੂੰ ਫਿਰ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਇਹ ਮੈਲ ਹੈ ਕਿਸ ਰੂਪ ਵਿੱਚ ਤੇ ਇਹ ਮੈਲ ਸਾਡੇ ਅੰਦਰ ਕਿਸ ਨੇ ਪਾਈ ਹੋਈ ਹੈ, ਕਿਸ ਤਰੀਕੇ ਪਾਈ ਹੋਈ ਹੈ। ਜਿਸ ਦੀ ਇਹ ਮੈਲ ਉਤਰ ਜਾਂਦੀ ਹੈ ਉਸ ਨੂੰ ਫਿਰ ਇਹ ਵੀ ਸਮਝ ਸਮਝ ਲੱਗ ਜਾਂਦੀ ਹੈ ਕਿ ਗਿਆਨ ਦਾ ਮਾਲਕ ਕੌਣ ਹੈ, ਨਾਮ ਦਾ ਮਾਲਕ ਕੌਣ ਹੈ। ਉਹ ਗਿਆਨ ਦਾ ਮਾਲਕ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ ਜਿਸ ਨੇ ਸਾਡੇ ਅੰਦਰ ਆਪ ਹੀ ਹਉਮੈ ਰੂਪ ਮੈਲ ਪਾਈ ਹੋਈ ਹੈ, ਮਾਇਆ ਰੂਪ ਮੈਲ ਸਾਡੇ ਅੰਦਰ ਅਗਿਆਨਤਾ ਵਾਲੇ ਵਿਚਾਰਾਂ ਰਾਹੀਂ ਪਾਈ ਹੋਈ ਹੈ ਜਿਸ ਮੈਲ ਵਿੱਚੋਂ ਉਹ ਆਪ ਹੀ ਕਿਸੇ ਨੂੰ ਕੱਢ ਸਕਦਾ ਹੈ। ਜਿਸ ਦੀ ਮੈਲ ਨਿਕਲ ਜਾਂਦੀ ਹੈ ਉਸ ਨੂੰ ਫਿਰ ਇਹ ਸਮਝ ਲੱਗ ਜਾਂਦੀ ਹੈ ਕਿ ਅਸਲ ਗਿਆਨੀ ਕੌਣ ਹੈ ਜਿਸ ਨੇ ਆਪ ਹੀ ਧਰਮ ਗ੍ਰੰਥਾਂ ਦੇ ਵਿੱਚ ਆਪਣਾ ਸੱਚਾ ਗਿਆਨ ਪਾਇਆ ਹੋਇਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਉਮੈ ਕਿਸੇ ਦੀ ਵੀ ਦੂਰ ਨਹੀਂ ਹੋ ਸਕਦੀ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਗਿਆਨ ਦਾ ਮਾਲਕ ਹੋਣ ਕਰਕੇ ਹੀ ਪ੍ਰਮਾਤਮਾ ਆਪ ਗੁਰੂ ਹੈ, ਗਿਆਨੀ ਹੈ, ਬ੍ਰਹਮ ਗਿਆਨੀ ਹੈ ਜਿਵੇਂ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਪਰ ਉਸ ਬ੍ਰਹਮ ਗਿਆਨੀ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦੇ ਭਾਵ ਪ੍ਰਮਾਤਮਾ ਆਪ ਹੀ ਕਿਸੇ ਨੂੰ ਵਿਸ਼ਵਾਸ ਨਹੀਂ ਆਉਣ ਦਿੰਦਾ। ਸਾਡੇ ਅੰਦਰ ਦੀ ਇਸ ਮੈਲ ਦਾ ਮਕਸਦ ਹੀ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਾ ਆਉਣ ਦੇਣ ਦਾ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਮਨ ਦੀ ਹਉਮੈ ਵਿੱਚੋਂ ਨਿਕਲੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਗਿਆਨੀ ਕਹਿ ਸਕਦਾ ਹੈ, ਸਮਝ ਸਕਦਾ ਹੈ, ਅਖਵਾ ਸਕਦਾ ਹੈ। ਆਪਣੇ ਆਪ ਨੂੰ ਗਿਆਨੀ ਅਖਵਾਉਣਾ, ਆਪਣੇ ਆਪ ਨੂੰ ਧਰਮ ਦਾ ਗਿਆਤਾ ਥਾਪਣ ਵਾਲੀ ਗੱਲ ਹੈ ਭਾਵ ਆਪਣੇ ਆਪ ਨੂੰ ਉੱਚਾ ਕਰਨ ਵਾਲੀ ਗੱਲ ਹੈ, ਆਪਣਾ ਮਾਣ ਵਧਾਉਣ ਵਾਲੀ ਗੱਲ ਹੈ ਭਾਵ ਆਪਣੇ ਅੰਦਰ ਦੀ ਮੈਲ ਵਧਾਉਣ ਵਾਲੀ ਗੱਲ ਹੈ। ਜਿਹੋ ਜਿਹੇ ਧਰਮ ਦੇ ਮਾਰਗ ਤੇ ਸਭ ਚੱਲਦੇ ਹਨ ਉਹ ਮਾਰਗ ਧਰਮ ਦੇ ਗਿਆਤਾ ਅਖਵਾਉਣ ਵਾਲੇ ਹੀ ਸਮਝਾਉਂਦੇ ਹਨ ਜਿਸ ਕਰਕੇ ਉਹਨਾਂ ਨੂੰ ਮਾਣ ਮਿਲਦਾ ਹੈ ਭਾਵ ਝੂਠਾ ਮਾਣ ਮਿਲਦਾ ਹੈ। ਭਗਤੀ ਦੇ ਮਾਰਗ ਤੇ ਸੱਚਾ ਮਾਣ ਕੇਵਲ ਉਹਨਾਂ ਦਾ ਹੈ ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਸੱਚਾ ਧਰਮ ਦਾ ਮਾਰਗ ਸਮਝਾਇਆ ਹੈ ਤੇ ਉਹਨਾਂ ਨੇ ਗਿਆਨ ਦਾ ਮਾਲਕ ਪ੍ਰਮਾਤਮਾ ਨੂੰ ਕਿਹਾ ਹੈ, ਸ਼ਬਦ ਨੂੰ ਗੁਰੂ ਕਿਹਾ ਹੈ ਜੋ ਹਰ ਸ਼ਬਦ ਦਾ ਮਾਲਕ ਹੈ, ਜੋ ਹਰ ਸ਼ਬਦ ਦੇ ਅੰਦਰ ਗਿਆਨ ਦੇ ਰੂਪ ਵਿੱਚ ਆਪ ਹੀ ਹੈ ਜਿਸ ਦੁਆਰਾ ਉਹ ਬ੍ਰਹਮ ਗਿਆਨੀ ਹੈ। (**ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥**)

{ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥}

(ਅੰਗ ੭੧)

{ਜਹ ਕਰਣੀ ਤਹ ਪੂਰੀ ਮਤਿ ॥
ਕਰਣੀ ਬਾਝਹੁ ਘਟੇ ਘਟਿ ॥੩॥
ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥
ਆਪੁ ਪਛਾਣੈ ਬੂਝੈ ਸੋਇ ॥
ਗੁਰ ਪਰਸਾਦਿ ਕਰੇ ਬੀਚਾਰੁ ॥
ਸੋ ਗਿਆਨੀ ਦਰਗਹ ਪਰਵਾਣੁ ॥੪॥}

(ਅੰਗ ੨੫)

{ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥}

(ਅੰਗ ੬੮)

{ਪਉਣੈ ਪਾਣੀ ਅਗਨੀ ਕਾ ਮੇਲੁ ॥
ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥
ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥
ਮਰਤਾ ਜਾਤਾ ਨਦਰਿ ਨ ਆਇਆ ॥੪॥}

(ਅੰਗ ੧੫੨)

{ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥
ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥}

(ਅੰਗ ੩੩੮)

{ਏਕੁ ਬਗੀਚਾ ਪੇਡ ਘਨ ਕਰਿਆ ॥
ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥੧॥
ਐਸਾ ਕਰਹੁ ਬੀਚਾਰੁ ਗਿਆਨੀ ॥
ਜਾ ਤੇ ਪਾਈਐ ਪਦੁ ਨਿਰਬਾਨੀ ॥
ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥੧॥ ਰਹਾਉ ॥}

(ਅੰਗ ੩੮੫)

{ਜਗੁ ਬੰਦੀ ਮੁਕਤੇ ਹਉ ਮਾਰੀ ॥
ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ ੪੧੩)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥

ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

{ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥
ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥
ਕਰਮ ਕਾਂਡ ਬਹੁ ਕਰਹਿ ਅਚਾਰ ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥
ਬੰਧਨਿ ਬਾਧਿਓ ਮਾਇਆ ਫਾਸ ॥
ਜਨ ਨਾਨਕ ਛੂਟੈ ਗੁਰ ਪਰਗਾਸ ॥੪॥}

(ਅੰਗ ੧੬੨)

{ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥
ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥੧॥}

(ਅੰਗ ਪਪ੧)

{ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥
ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥
ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥}

(ਅੰਗ ਪਪਪ-ਪਪਏ)

{ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ ॥
ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥
ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥
ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥੨॥}

(ਅੰਗ ੭੫)

{ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥}

(ਅੰਗ ੫੦੬)

{ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥੨॥
ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥
ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥੩॥}

(ਅੰਗ ਪਪ੯)

{ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥
ਮਨਮੁਖ ਭਰਮੈ ਸਹਸਾ ਹੋਵੈ ॥
ਅੰਤਰਿ ਚਿੰਤਾ ਨੀਦ ਨ ਸੋਵੈ ॥

ਗਿਆਨੀ ਜਾਗਹਿ ਸਵਹਿ ਸੁਭਾਇ ॥
ਨਾਨਕ ਨਾਮਿ ਰਤਿਆ ਬਲਿ ਜਾਉ ॥੨॥}

(ਅੰਗ ੬੪੬)

{ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥
ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥
ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥}

(ਅੰਗ ੫੯੪)

{ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥}

(ਅੰਗ ੬੫੪-੬੫੫)

{ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਧੁ ਆਪਿ ਬੁਝਾਈ ॥
ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ ॥੩॥
ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥
ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥}

(ਅੰਗ ੬੭੦)

{ਹ੍ਰਿਦੈ ਕਪਟੁ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥੧॥
ਕਾਂਇਆ ਮਾਂਜਸਿ ਕਉਨ ਗੁਨਾਂ ॥
ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥}

(ਅੰਗ ੬੫੬)

{ਰਾਜਨ ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ ॥
ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ ॥੧॥}

(ਅੰਗ ੬੧੩)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥}

(ਅੰਗ ੭੩੨)

{ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥

ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥}

(ਅੰਗ ੭੬੪)

{ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥
ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥}

(ਅੰਗ ੮੦੬)

{ਗੁਣ ਵੀਚਾਰੇ ਗਿਆਨੀ ਸੋਇ ॥
ਗੁਣ ਮਹਿ ਗਿਆਨੁ ਪਰਾਪਤਿ ਹੋਇ ॥
ਗੁਣਦਾਤਾ ਵਿਰਲਾ ਸੰਸਾਰਿ ॥
ਸਾਚੀ ਕਰਣੀ ਗੁਰ ਵੀਚਾਰਿ ॥
ਅਗਮ ਅਗੋਚਰੁ ਕੀਮਤਿ ਨਹੀ ਪਾਇ ॥
ਤਾ ਮਿਲੀਐ ਜਾ ਲਏ ਮਿਲਾਇ ॥
ਗੁਣਵੰਤੀ ਗੁਣ ਸਾਰੇ ਨੀਤ ॥
ਨਾਨਕ ਗੁਰਮਤਿ ਮਿਲੀਐ ਮੀਤ ॥੧੭॥
ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥
ਕਸਿ ਕਸਵਟੀ ਸਹੈ ਸੁ ਤਾਉ ॥
ਨਦਰਿ ਸਰਾਫ ਵੰਨੀ ਸਚੜਾਉ ॥
ਜਗਤੁ ਪਸੂ ਅਹੰ ਕਾਲੁ ਕਸਾਈ ॥
ਕਰਿ ਕਰਤੈ ਕਰਣੀ ਕਰਿ ਪਾਈ ॥
ਜਿਨਿ ਕੀਤੀ ਤਿਨਿ ਕੀਮਤਿ ਪਾਈ ॥
ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥੧੮॥}

(ਅੰਗ ੯੩੧-੯੩੨)

{ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥}

(ਅੰਗ ੯੭੪)

{ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥
ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥
ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥
ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥
ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥}

(ਅੰਗ ੧੦੮੯)

{ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥
ਬੂਝਹੁ ਗਿਆਨੀ ਸਬਦੁ ਬੀਚਾਰਿ ॥
ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥

ਕਰਿ ਕਰਿ ਵੇਖੈ ਕਰਤਾ ਸੋਈ ॥
ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥
ਮਨਮੁਖਿ ਭੂਲੇ ਆਵਹਿ ਜਾਹਿ ॥੧੯॥}

(ਅੰਗ ੮੪੦)

{ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥
ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥
ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥
ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥}

(ਅੰਗ ੮੪੫)

{ਹਿੰਦੂ ਅੰਨ੍ਹਾ ਤੁਰਕੂ ਕਾਣਾ ॥
ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥}

(ਅੰਗ ੮੭੫)

{ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥}

(ਅੰਗ ੮੭੯)

{ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ ॥
ਬਿਸਮਨ ਬਿਸਮ ਭਏ ਬਿਸਮਾਦਾ ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ ॥੧॥ ਰਹਾਉ ॥}

(ਅੰਗ ੮੯੩)

{ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥
ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥
ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥
ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥
ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥
ਕੋਟਿ ਮਧੇ ਕੋ ਜਨੁ ਆਪਾਰੁ ॥੭॥
ਏਕੁ ਬੁਰਾ ਭਲਾ ਸਚੁ ਏਕੈ ॥
ਬੂਝੁ ਗਿਆਨੀ ਸਤਗੁਰ ਕੀ ਟੇਕੈ ॥
ਗੁਰਮੁਖਿ ਵਿਰਲੀ ਏਕੋ ਜਾਣਿਆ ॥
ਆਵਣੁ ਜਾਣਾ ਮੇਟਿ ਸਮਾਣਿਆ ॥੮॥
ਜਿਨ ਕੈ ਹਿਰਦੈ ਏਕੰਕਾਰੁ ॥
ਸਰਬ ਗੁਣੀ ਸਾਚਾ ਬੀਚਾਰੁ ॥
ਗੁਰ ਕੈ ਭਾਣੈ ਕਰਮ ਕਮਾਵੈ ॥

ਨਾਨਕ ਸਾਚੇ ਸਾਚਿ ਸਮਾਵੈ ॥੯॥}

(ਅੰਗ ੯੦੪-੯੦੫)

{ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥
ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥
ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ ॥
ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ ॥
ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥
ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥}

(ਅੰਗ ੯੩੫)

{ਗੁਰਮੁਖਿ ਪਰਚੈ ਬੇਦ ਬੀਚਾਰੀ ॥
ਗੁਰਮੁਖਿ ਪਰਚੈ ਤਰੀਐ ਤਾਰੀ ॥
ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥
ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥
ਗੁਰਮੁਖਿ ਪਾਈਐ ਅਲਖ ਅਪਾਰੁ ॥
ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥}

(ਅੰਗ ੯੪੧)

{ਸੋ ਐਸਾ ਦਾਤਾਰੁ ਮਨਹੁ ਨ ਵੀਸਰੈ ॥
ਘੜੀ ਨ ਮੁਹਤੁ ਚਸਾ ਤਿਸੁ ਬਿਨੁ ਨਾ ਸਰੈ ॥
ਅੰਤਰਿ ਬਾਹਰਿ ਸੰਗਿ ਕਿਆ ਕੋ ਲੁਕਿ ਕਰੈ ॥
ਜਿਸੁ ਪਤਿ ਰਖੈ ਆਪਿ ਸੋ ਭਵਜਲੁ ਤਰੈ ॥
ਭਗਤੁ ਗਿਆਨੀ ਤਪਾ ਜਿਸੁ ਕਿਰਪਾ ਕਰੈ ॥
ਸੋ ਪੂਰਾ ਪਰਧਾਨੁ ਜਿਸ ਨੋ ਬਲੁ ਧਰੈ ॥
ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ ॥
ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ ॥੩॥}

(ਅੰਗ ੯੫੮)

{ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥
ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥
ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥
ਜੋਤੀ ਅੰਤਰਿ ਧਰਿਆ ਪਸਾਰੁ ॥੧॥ ਰਹਾਉ ॥
ਹੀਰਾ ਦੇਖਿ ਹੀਰੇ ਕਰਉ ਆਦੇਸੁ ॥
ਕਹੈ ਕਬੀਰੁ ਨਿਰੰਜਨ ਅਲੇਖੁ ॥੨॥}

(ਅੰਗ ੯੭੨)

{ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ ॥
ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ ਸੋ ਸਦਾ ਸਦਾ ਤੁਧੁ ਧਿਆਵੈ ॥੧॥}

(ਅੰਗ ੯੭੮)

{ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥

ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥
ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥
ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥
ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥
ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥੪॥
ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥
ਰੇ ਨਰ ਇਨ ਬਿਧਿ ਪਾਰਿ ਪਰਾਇ ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥}

(ਅੰਗ ੧੦੦੧-੧੦੦੨)

{ਸੋ ਮਿਲਿਆ ਜਿ ਹਰਿ ਮਨਿ ਭਾਇਆ ॥ ਸੋ ਭੂਲਾ ਜਿ ਪ੍ਰਭੂ ਭੁਲਾਇਆ ॥
ਨਹ ਆਪਹੁ ਮੂਰਖੁ ਗਿਆਨੀ ॥ ਜਿ ਕਰਾਵੈ ਸੁ ਨਾਮੁ ਵਖਾਨੀ ॥
ਤੇਰਾ ਅੰਤੁ ਨ ਪਾਰਾਵਾਰਾ ॥ ਜਨ ਨਾਨਕ ਸਦ ਬਲਿਹਾਰਾ ॥੪॥}

(ਅੰਗ ੧੦੦੪)

{ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥
ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥੭॥
ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ ॥
ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ ॥੮॥}

(ਅੰਗ ੧੦੧੫)

{ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥
ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥
ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥੧੬॥
ਸਤਿਗੁਰ ਤੇ ਪਾਏ ਵੀਚਾਰਾ ॥
ਸੁੰਨ ਸਮਾਧਿ ਸਚੇ ਘਰ ਬਾਰਾ ॥
ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ ॥੧੭॥}

(ਅੰਗ ੧੦੩੮)

{ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥
ਦੂਜਾ ਮੇਟੈ ਏਕੁ ਦਿਖਾਏ ॥
ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ ॥੧੪॥
ਹਉਮੈ ਮੇਟਿ ਸਬਦਿ ਸੁਖੁ ਹੋਈ ॥
ਆਪੁ ਵੀਚਾਰੇ ਗਿਆਨੀ ਸੋਈ ॥
ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥੧੫॥}

(ਅੰਗ ੧੦੪੦)

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥

ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥
ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥
ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥
ਅਪਣੀ ਗਹਣ ਗਤਿ ਆਪੇ ਜਾਣੈ ॥
ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥
ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥
ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥
ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥
ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥
ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥
ਗੁਰ ਸੇਵਾ ਤੇ ਸਭੁ ਕਿਛੁ ਪਾਏ ॥
ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥
ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥
ਸੇਵਕ ਸੇਵਹਿ ਸਬਦਿ ਸਲਾਹਹਿ ॥
ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥
ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ ॥੧੧॥
ਸਬਦੇ ਅਕਥੁ ਕਥੇ ਸਾਲਾਹੇ ॥
ਮੇਰੇ ਪ੍ਰਭ ਸਾਚੇ ਵੇਪਰਵਾਹੇ ॥
ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ ॥੧੨॥
ਮਨਮੁਖੁ ਭੂਲਾ ਠਉਰ ਨ ਪਾਏ ॥
ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥

ਆਪੇ ਆਪਿ ਆਪਿ ਸਾਲਾਹੇ ॥
ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥
ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ ॥੧੪॥
ਬਿਨੁ ਗੁਰ ਦਾਤੇ ਕੋਇ ਨ ਪਾਏ ॥
ਲਖ ਕੋਟੀ ਜੇ ਕਰਮ ਕਮਾਏ ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥
ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥
ਸਾਚੀ ਬਾਣੀ ਸਬਦਿ ਸੁਹਾਏ ॥
ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥}

(ਅੰਗ ੧੦੫੬-੧੦੫੭)

{ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥
ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥
ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥੭॥
ਕਈ ਬੈਕੁੰਠ ਨਾਹੀ ਲਵੈ ਲਾਗੇ ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥੮॥
ਗੁਰ ਕੀ ਸੇਵ ਨ ਜਾਣੈ ਕੋਈ ॥
ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥
ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥੯॥
ਗੁਰ ਕੀ ਮਹਿਮਾ ਬੇਦ ਨ ਜਾਣਹਿ ॥
ਤੁਛ ਮਾਤ ਸੁਣਿ ਸੁਣਿ ਵਖਾਣਹਿ ॥
ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥
ਜਾ ਕੀ ਸੋਇ ਸੁਣੀ ਮਨੁ ਜੀਵੈ ॥
ਰਿਦੈ ਵਸੈ ਤਾ ਠੰਢਾ ਥੀਵੈ ॥
ਗੁਰੁ ਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥਿ ਨ ਪਾਇਣਾ ॥੧੧॥
ਸੰਤਨ ਕੀ ਸਰਣਾਈ ਪੜਿਆ ॥
ਜੀਉ ਪ੍ਰਾਣ ਧਨੁ ਆਗੈ ਧਰਿਆ ॥
ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ ॥੧੨॥
ਨਿਰਗੁਣ ਕਉ ਸੰਗਿ ਲੇਹੁ ਰਲਾਏ ॥
ਕਰਿ ਕਿਰਪਾ ਮੋਹਿ ਟਹਲੈ ਲਾਏ ॥
ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥੧੩॥
ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥
ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥
ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥੧੪॥
ਭਏ ਕ੍ਰਿਪਾਲ ਗੁਸਾਈ ਮੇਰੇ ॥
ਦਰਸਨੁ ਪਾਇਆ ਸਤਿਗੁਰ ਪੂਰੇ ॥
ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ ॥੧੫॥}

(ਅੰਗ ੧੦੭੮)

{ਕੀਮਤਿ ਕੋਇ ਨ ਜਾਣੈ ਦੂਜਾ ॥
ਆਪੇ ਆਪਿ ਨਿਰੰਜਨ ਪੂਜਾ ॥
ਆਪਿ ਸੁ ਗਿਆਨੀ ਆਪਿ ਧਿਆਨੀ ਆਪਿ ਸਤਵੰਤਾ ਅਤਿ ਗਾੜਾ ॥੧੧॥}

(ਅੰਗ ੧੦੮੧)

{ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥
ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥
ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥
ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥
ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥
ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥
ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥੧॥}

(ਅੰਗ ੧੦੯੨-੧੦੯੩)

{ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ ॥
ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ ॥}

(ਅੰਗ ੧੧੦੨)

{ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥
ਸਾਧਿਕ ਸਿਧ ਧਿਆਵਹਿ ਗਿਆਨੀ ॥
ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥}

(ਅੰਗ ੧੦੪)

{ਸੋਈ ਗਿਆਨੀ ਜਿ ਸਿਮਰੈ ਏਕ ॥
ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥
ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥
ਸੋ ਪਤਿਵੰਤਾ ਜਿ ਆਪੁ ਪਛਾਨੀ ॥੨॥
ਗੁਰ ਪਰਸਾਦਿ ਪਰਮ ਪਦੁ ਪਾਇਆ ॥
ਗੁਣ ਗੋਪਾਲ ਦਿਨੁ ਰੈਨਿ ਧਿਆਇਆ ॥
ਤੂਟੇ ਬੰਧਨ ਪੂਰਨ ਆਸਾ ॥
ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥
ਕਹੁ ਨਾਨਕ ਜਾ ਕੇ ਪੂਰਨ ਕਰਮਾ ॥
ਸੋ ਜਨੁ ਆਇਆ ਪ੍ਰਭ ਕੀ ਸਰਨਾ ॥
ਆਪਿ ਪਵਿਤੁ ਪਾਵਨ ਸਭਿ ਕੀਨੇ ॥
ਰਾਮ ਰਸਾਇਣੁ ਰਸਨਾ ਚੀਨੇ ॥੪॥}

(ਅੰਗ ੧੧੫੦)

{ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥
ਮਨਮੁਖਿ ਹਉਮੈ ਪਤਿ ਗਵਾਈ ॥
ਆਪੇ ਕਰਤੈ ਭਗਤਿ ਕਰਾਈ ॥
ਗੁਰਮੁਖਿ ਆਪੇ ਦੇ ਵਡਿਆਈ ॥੫॥}

(ਅੰਗ ੮੩੧)

{ਕੋਟਿ ਗਿਆਨੀ ਕਥਹਿ ਗਿਆਨੁ ॥

ਕੋਟਿ ਧਿਆਨੀ ਧਰਤ ਧਿਆਨੁ ॥
ਕੋਟਿ ਤਪੀਸਰ ਤਪ ਹੀ ਕਰਤੇ ॥
ਕੋਟਿ ਮੁਨੀਸਰ ਮੋਨਿ ਮਹਿ ਰਹਤੇ ॥੭॥
ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥
ਜਤ ਕਤ ਦੇਖਉ ਤੇਰਾ ਵਾਸਾ ॥
ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥}

(ਅੰਗ ੧੧੫੬-੧੧੫੭)

{ਹਰਿ ਜੀਉ ਅੰਤਰਜਾਮੀ ਜਾਨ ॥
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ ॥੧॥ ਰਹਾਉ ॥
ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥੧॥
ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥
ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥੨॥
ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥੩॥
ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ ॥
ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ ॥੪॥
ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੁਲਾਨ ॥
ਸਾਧਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥੫॥}

(ਅੰਗ ੧੨੦੨-੧੨੦੩)

{ਮਾਨੀ ਤੂੰ ਰਾਮ ਕੈ ਦਰਿ ਮਾਨੀ ॥
ਸਾਧਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ ॥੧॥ ਰਹਾਉ ॥
ਧਾਰਿ ਅਨੁਗ੍ਰਹੁ ਅਪਨੀ ਕਰਿ ਲੀਨੀ ਗੁਰਮੁਖਿ ਪੂਰ ਗਿਆਨੀ ॥
ਸਰਬ ਸੂਖ ਆਨੰਦ ਘਨੇਰੇ ਠਾਕੁਰ ਦਰਸ ਧਿਆਨੀ ॥੧॥
ਨਿਕਟਿ ਵਰਤਨਿ ਸਾ ਸਦਾ ਸੁਹਾਗਨਿ ਦਹ ਦਿਸ ਸਾਈ ਜਾਨੀ ॥
ਪ੍ਰਿਅ ਰੰਗ ਰੰਗਿ ਰਤੀ ਨਾਰਾਇਨ ਨਾਨਕ ਤਿਸੁ ਕੁਰਬਾਨੀ ॥੨॥}

(ਅੰਗ ੧੨੨੮)

{ਨ ਭੀਜੈ ਰਾਗੀ ਨਾਦੀ ਬੇਦਿ ॥
ਨ ਭੀਜੈ ਸੁਰਤੀ ਗਿਆਨੀ ਜੋਗਿ ॥
ਨ ਭੀਜੈ ਸੋਗੀ ਕੀਤੈ ਰੋਜਿ ॥
ਨ ਭੀਜੈ ਰੂਪੀ ਮਾਲੀ ਰੰਗਿ ॥
ਨ ਭੀਜੈ ਤੀਰਥਿ ਭਵਿਐ ਨੰਗਿ ॥
ਨ ਭੀਜੈ ਦਾਤੀ ਕੀਤੈ ਪੁੰਨਿ ॥
ਨ ਭੀਜੈ ਬਾਹਰਿ ਬੈਠਿਆ ਸੁੰਨਿ ॥
ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥
ਨ ਭੀਜੈ ਕੇਤੇ ਹੋਵਹਿ ਧੂੜ ॥
ਲੇਖਾ ਲਿਖੀਐ ਮਨ ਕੈ ਭਾਇ ॥
ਨਾਨਕ ਭੀਜੈ ਸਾਚੈ ਨਾਇ ॥੨॥}

(ਅੰਗ ੧੨੩੭)

{ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥
ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥
ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥
ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥
ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥
ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥
ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥}

(ਅੰਗ ੧੨੪੧-੧੨੪੨)

ਪਉੜੀ ॥
{ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥
ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥
ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥
ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥
ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥}

(ਅੰਗ ੧੨੪੨)

{ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥
ਤਿਨ੍ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ ॥੧॥
ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥
ਤਿਨ੍ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ ॥੧॥ ਰਹਾਉ ॥
ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ ॥
ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥੨॥
ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥
ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥੩॥
ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥
ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪॥}

(ਅੰਗ ੧੨੬੪)

{ਬਿਨੁ ਪਿਰ ਕਾਮਣਿ ਕਰੇ ਸੰਗੀਗਾਰੁ ॥
ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥
ਮਨਮੁਖ ਕਾ ਇਹੁ ਬਾਦਿ ਆਚਾਰੁ ॥
ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥
ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥
ਸਬਦੇ ਪਿਰੁ ਰਾਖਿਆ ਉਰ ਧਾਰਿ ॥
ਏਕੁ ਪਛਾਣੈ ਹਉਮੈ ਮਾਰਿ ॥
ਸੋਭਾਵੰਤੀ ਕਹੀਐ ਨਾਰਿ ॥੩॥
ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥
ਮਨਮੁਖ ਲੋਭਿ ਦੂਜੈ ਲੋਭਾਇਆ ॥
ਐਸੇ ਗਿਆਨੀ ਬੂਝਹੁ ਕੋਇ ॥

ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥
ਕਹਿ ਕਹਿ ਕਹਣੁ ਕਹੈ ਸਭੁ ਕੋਇ ॥
ਬਿਨੁ ਮਨ ਮੂਏ ਭਗਤਿ ਨ ਹੋਇ ॥
ਗਿਆਨ ਮਤੀ ਕਮਲ ਪਰਗਾਸੁ ॥
ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥
ਹਉਮੈ ਭਗਤਿ ਕਰੇ ਸਭੁ ਕੋਇ ॥
ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਾਣਾਏ ॥
ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥
ਸੇ ਭਗਤ ਸਤਿਗੁਰ ਮਨਿ ਭਾਏ ॥
ਅਨਦਿਨੁ ਨਾਮਿ ਰਹੇ ਲਿਵ ਲਾਏ ॥
ਸਦ ਹੀ ਨਾਮੁ ਵੇਖਹਿ ਹਜੂਰਿ ॥
ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥
ਆਪੇ ਬਖਸੇ ਦੇਇ ਪਿਆਰੁ ॥
ਹਉਮੈ ਰੋਗੁ ਵਡਾ ਸੰਸਾਰਿ ॥
ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥
ਨਾਨਕ ਸਾਚੇ ਸਾਚਿ ਸਮਾਇ ॥੮॥}

(ਅੰਗ ੧੨੨੭-੧੨੨੮)

{ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ ॥
ਜਿਤੁ ਵੁਠੈ ਅਨੁ ਧਨੁ ਬਹੁਤੁ ਊਪਜੈ ਜਾਂ ਸਹੁ ਕਰੇ ਰਜਾਇ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਜੀਆਂ ਜੁਗਤਿ ਸਮਾਇ ॥
ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥
ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥
ਨਾਨਕ ਜਿਨ ਕਉ ਨਦਰਿ ਕਰੇ ਤਾਂ ਇਹੁ ਧਨੁ ਪਲੈ ਪਾਇ ॥੨॥}

(ਅੰਗ ੧੨੮੨)

{ਰਾਮਾ ਰਮ ਰਾਮੈ ਅੰਤੁ ਨ ਪਾਇਆ ॥
ਹਮ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ ॥੧॥ ਰਹਾਉ ॥
ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥
ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧॥
ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ ॥
ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥੨॥
ਉਸਤਤਿ ਕਰਹਿ ਤੁਮਰੀ ਜਨ ਮਾਧੌ ਗੁਨ ਗਾਵਹਿ ਹਰਿ ਰਾਇਆ ॥
ਤੁਮ੍ ਜਲ ਨਿਧਿ ਹਮ ਮੀਨੇ ਤੁਮਰੇ ਤੇਰਾ ਅੰਤੁ ਨ ਕਤਹੂ ਪਾਇਆ ॥੩॥
ਜਨ ਕਉ ਕ੍ਰਿਪਾ ਕਰਹੁ ਮਧਸੂਦਨ ਹਰਿ ਦੇਵਹੁ ਨਾਮੁ ਜਪਾਇਆ ॥
ਮੈ ਮੂਰਖ ਅੰਧੁਲੇ ਨਾਮੁ ਟੇਕ ਹੈ ਜਨ ਨਾਨਕ ਗੁਰਮੁਖਿ ਪਾਇਆ ॥੪॥}

(ਅੰਗ ੧੩੧੯)

{ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥

ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥}

(ਅੰਗ ੧੩੨੯)

{ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥
ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥
ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥
ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥੩॥
ਮਹਾ ਮੁਗਧ ਤੇ ਕੀਆ ਗਿਆਨੀ ॥
ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥
ਵਡੈ ਭਾਗਿ ਪਾਈਐ ਹਰਿ ਸੇਵ ॥੪॥}

(ਅੰਗ ੧੩੩੯)

{ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ ॥
ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ॥}

(ਅੰਗ ੧੪੧੨)

{ਮਨਮੁਖ ਨਾਮੁ ਨ ਚੇਤਨੀ ਬਿਨੁ ਨਾਵੈ ਦੁਖ ਰੋਇ ॥
ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ ॥
ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ ॥
ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ ॥੨੦॥
ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥
ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥
ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ ॥
ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ ॥
ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ ॥
ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ ॥੨੧॥
ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥
ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ ॥
ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ ॥
ਜਨ ਨਾਨਕੁ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ ॥੨੨॥}

(ਅੰਗ ੧੪੧੪-੧੪੧੫)

{ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥
ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥
ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥
ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥
ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥
ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥
ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥
ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥
ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥
ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥
ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥}

(ਅੰਗ ੧੪੨੭)

ਉੱਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਧਰਮ ਦੀ ਸੱਚੀ ਸਮਝ ਵਾਲਾ ਗਿਆਨੀ ਬਣਨਾ ਕੀ ਹੈ ਜੋ ਕਿ ਉੱਪਰ ਸ਼ਬਦਾਂ ਦੁਆਰਾ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਗਿਆਨੀ ਬਣਨਾ ਕੀ ਹੈ ਤੇ ਗਿਆਨੀ ਬਣਨ ਦਾ ਮਨੋਰਥ ਕੀ ਹੈ ਸਭ ਕੁੱਝ ਸਾਫ਼ ਸਾਫ਼ ਸਮਝਾਇਆ ਹੋਇਆ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਗਿਆਨੀ ਗੁਰੂ ਆਪ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਸੱਚੇ ਗਿਆਨ ਦੁਆਰਾ ਉਹ ਸਾਰੇ ਸੰਸਾਰ ਨੂੰ ਇੱਕੋ ਜਿਹੇ ਧਰਮ ਦੇ ਮਾਰਗ ਦਾ ਗਿਆਨ ਹੀ ਦਿੰਦਾ ਹੈ ਤੇ ਇਹੋ ਜਿਹੇ ਗਿਆਨ ਦੁਆਰਾ ਹੀ ਕੋਈ ਧਰਮ ਦਾ ਗਿਆਨੀ ਬਣ ਸਕਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ "**ਗੁਰੂ ਰੂਪ**" ਗਿਆਨੀ ਬਣਾਇਆ ਹੈ ਉਹਨਾਂ ਨੇ ਹੀ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਗਿਆਨ ਦਾ ਦਾਤਾ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਜਿੰਨ੍ਹਾਂ ਦੇ ਸਰੀਰ ਰਾਹੀਂ ਪ੍ਰਮਾਤਮਾ ਨੇ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪਣਾ ਸੱਚਾ ਗਿਆਨ ਬਖਸ਼ਿਆ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕਰਨ ਦੁਆਰਾ ਸਾਰੇ ਸੰਸਾਰ ਨੂੰ ਸੱਚਾ ਗਿਆਨ ਦਿੱਤਾ ਹੈ ਤੇ ਧਰਮ ਦਾ ਸੱਚਾ ਮਾਰਗ ਸਮਝਾਇਆ ਹੈ। ਗਿਆਨੀ ਕੋਈ ਵੀ ਅਖਵਾ ਸਕਦਾ ਹੈ, ਕਿਸੇ ਤੇ ਕੋਈ ਰੋਕ ਟੋਕ ਨਹੀਂ ਹੈ। ਅਸੀਂ ਅਨੇਕਾਂ ਨੂੰ ਇੱਜਤ ਪਿਆਰ ਵਜੋਂ ਗਿਆਨੀ ਜੀ, ਪੰਡਿਤ ਜੀ ਆਖ ਕੇ ਬੁਲਾਉਂਦੇ ਹਾਂ ਜਿਸ ਵਿੱਚ ਕੋਈ ਭੈੜ ਨਹੀਂ ਹੈ। ਧਰਮ ਦਾ ਗਿਆਨ ਵੰਡਣ ਲਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾਉਣਾ ਚੰਗੀ ਗੱਲ ਨਹੀਂ ਹੈ। ਧਰਮ ਦੇ ਸੱਚੇ ਮਾਰਗ ਦੀ ਸਮਝ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਜਿਸ ਦੇ ਅੰਦਰ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਆਪਣਾ ਸੱਚਾ ਗਿਆਨ ਪਾਇਆ ਹੋਇਆ ਹੈ। ਆਪਣੇ ਆਪ ਨੂੰ ਗੁਰੂ ਦੇ ਗਿਆਨ ਵਾਲਾ ਗਿਆਨੀ ਅਖਵਾਉਣਾ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੀ ਗੱਲ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਬਰਾਬਰੀ ਕਰਦੇ ਹਾਂ। ਗੁਰੂ ਦਾ ਗਿਆਨ ਚੌਥੇ ਪਦ ਦਾ ਗਿਆਨ ਹੈ ਜਿਸ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ, ਮਾਇਆ ਦੀ ਜੁਗਤਿ ਵਿੱਚ ਰਹਿੰਦੇ ਹੋਏ, ਹਉਮੈ ਵਿੱਚ ਰਹਿੰਦੇ ਹੋਏ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਪ੍ਰਮਾਤਮਾ ਨੇ ਚੌਥੇ ਪਦ ਦੇ ਗਿਆਨ ਤੋਂ ਆਪ ਹੀ ਸਭ ਨੂੰ ਸਭ ਦੇ ਅੰਦਰ ਹਉਮੈ ਪਾ ਕੇ ਉਸ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਕਿਉਂਕਿ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦਾ ਪਾਇਆ ਹੋਇਆ ਹਉਮੈ ਰੂਪ ਪੜਦਾ ਸਾਡੇ ਅੰਦਰ ਸਾਨੂੰ ਚੌਥੇ ਪਦ ਤੋਂ

ਭਾਵ ਚੌਥੇ ਪਦ ਦੇ ਗਿਆਨ ਤੋਂ, ਬ੍ਰਹਮ ਗਿਆਨ ਤੋਂ ਦੂਰ ਰੱਖਣ ਲਈ ਹੀ ਹੈ। ਇਸੇ ਲਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ, ਉਸ ਬ੍ਰਹਮ ਗਿਆਨੀ ਨੂੰ ਜਾਣੇ ਬਿਨ੍ਹਾਂ ਕੋਈ ਬ੍ਰਹਮ ਗਿਆਨ ਨੂੰ ਨਹੀਂ ਜਾਣ ਸਕਦਾ ਭਾਵ ਧਰਮ ਦੇ ਸੱਚੇ ਗਿਆਨ ਨੂੰ ਨਹੀਂ ਜਾਣ ਸਕਦਾ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਜੋ ਕਿ ਉਸ ਬ੍ਰਹਮ ਗਿਆਨੀ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਗੁਰਬਾਣੀ ਦੇ ਅੰਦਰ ਦੇ ਬ੍ਰਹਮ ਗਿਆਨ ਨੂੰ ਬਰੀਕੀ ਨਾਲ ਨਹੀਂ ਜਾਣਿਆ ਜਾ ਸਕਦਾ ਜੋ ਬ੍ਰਹਮ ਗਿਆਨ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਬ੍ਰਹਮ ਗਿਆਨ ਨੂੰ ਜਾਣੇ ਬਿਨ੍ਹਾਂ ਧਰਮ ਦੇ ਮਾਰਗ ਦਾ ਗਿਆਨੀ ਅਖਵਾਉਣਾ ਸਾਡਾ ਭਰਮ ਹੀ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ। ਧਰਮ ਦੇ ਮਾਰਗ ਦੇ ਗਿਆਨੀ, ਬ੍ਰਹਮ ਗਿਆਨੀ ਭਾਵ ਧਰਮ ਦੇ ਮਾਰਗ ਦੇ ਵਿਦਵਾਨ, ਧਰਮ ਦੇ ਮਾਰਗ ਦੇ ਪੰਡਿਤ ਅਖਵਾਉਣ ਵਾਲਿਆਂ ਦੇ ਚਰਨਾਂ ਵਿੱਚ ਦਾਸ ਦੀ ਤਹਿ ਦਿਲੋਂ ਬੇਨਤੀ ਹੈ ਕਿ ਉਹ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਣ ਤੋਂ ਬਚਣ ਭਾਵ ਗੁਰੂ ਦੀ ਬਰਾਬਰੀ ਕਰਨ ਤੋਂ ਬਚਣ। ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਉਹਨਾਂ ਨੂੰ ਗੁਰਬਾਣੀ ਰਾਹੀਂ ਅਨੇਕਾਂ ਹੀ ਸਬਦਾਂ ਦੁਆਰਾ ਇਹ ਸਮਝਾਇਆ ਹੋਇਆ ਹੈ ਕਿ ਤੁਸੀਂ ਉਹੋ ਜਿਹਾ ਗਿਆਨ ਭਾਵ ਧਰਮ ਦਾ ਗਿਆਨ ਸੰਸਾਰ ਵਿੱਚ ਨਾ ਵੰਡੋ ਜੋ ਗੁਰੂ ਦੇ ਗਿਆਨ ਤੇ ਪੂਰਾ ਨਹੀਂ ਉਤਰਦਾ, ਗੁਰੂ ਦੀ ਮਤਿ ਤੇ ਪੂਰਾ ਨਹੀਂ ਉਤਰਦਾ। ਇਹ ਗੱਲ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਜਿੰਨ੍ਹਾਂ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ, ਗਹਿਰਾਈ ਨਾਲ ਸਮਝਾਂਗੇ। ਗੁਰਬਾਣੀ ਦੇ ਅੰਦਰ ਦੀ ਸਮਝ ਬਹੁਤ ਗਹਿਰੀ ਹੈ ਜਿਸ ਗਹਿਰਾਈ ਨੂੰ ਕੇਵਲ ਉਸ ਬ੍ਰਹਮ ਗਿਆਨ ਦੇ ਮਾਲਕ ਭਾਵ ਬ੍ਰਹਮ ਗਿਆਨੀ ਦੇ ਨਾਲ ਮਨ ਦੀ ਸਮਝ ਦੇ ਵਿੱਚ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਤੇ ਉਸ ਤੋਂ ਬਾਅਦ ਕੋਈ ਆਪਣੇ ਆਪ ਨੂੰ ਧਰਮ ਦਾ ਗਿਆਨੀ ਅਖਵਾ ਲਵੇ, ਸੰਤ, ਬ੍ਰਹਮ ਗਿਆਨੀ ਆਦਿ ਅਖਵਾ ਲਵੇ, ਧਰਮ ਦਾ ਵਿਦਵਾਨ ਅਖਵਾ ਲਵੇ ਇਹ ਨਾ-ਮੁਮਕਿਨ ਹੈ। ਗੁਰੂ ਸਾਹਿਬਾਨ ਨੇ, ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੇ ਵੀ ਸਾਨੂੰ ਇਹ ਗੱਲ ਸਮਝਾਈ ਹੈ ਕਿ ਪ੍ਰਮਾਤਮਾ ਮੈਂ ਤਾਂ ਮੂਰਖ ਹੀ ਸੀ ਤੇ ਤੂੰ ਆਪ ਹੀ ਮੈਨੂੰ ਉਹ ਗਿਆਨ ਦਿੱਤਾ ਹੈ, ਆਪਣਾ ਨਾਮ ਦਿੱਤਾ ਹੈ ਜਿਸ ਦੁਆਰਾ ਮੈਂ ਬਾਣੀ ਉਚਾਰੀ ਹੈ ਤੇ ਤੂੰ ਆਪ ਹੀ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ। ਇਸ ਗੱਲ ਨਾਲ ਜੁੜੇ ਅਨੇਕਾਂ ਸ਼ਬਦ ਹਨ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

“ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥
ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥
ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥
ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥੩॥
ਮਹਾ ਮੁਗਧ ਤੇ ਕੀਆ ਗਿਆਨੀ ॥
ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥
ਵਡੈ ਭਾਗਿ ਪਾਈਐ ਹਰਿ ਸੇਵ ॥੪॥”

(ਅੰਗ - ੧੩੩੮)

ਉਪਰਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਧੰਨ ਧੰਨ ਪੰਜਵੀਂ ਪਾਤਸ਼ਾਹੀ ਪ੍ਰਮਾਤਮਾ ਨੂੰ ਸੰਬੋਧਨ ਕਰ ਰਹੇ ਹਨ, ਗੁਰੂ ਕਹਿ ਕੇ ਸੰਬੋਧਨ ਕਰ ਰਹੇ ਹਨ। ਗੁਰੂ ਸਾਹਿਬ ਉੱਪਰ ਪੰਗਤੀਆਂ ਰਾਹੀਂ ਸੰਸਾਰ ਨੂੰ ਇਹ ਕਹਿ ਰਹੇ ਹਨ ਭਾਵ ਸਮਝਾ ਰਹੇ ਹਨ ਕਿ ਜਿਸ ਗੁਰੂ ਨੇ ਮੈਨੂੰ ਮਾਇਆ ਮੋਹ ਤੋਂ ਤਾਰਿਆ ਹੈ ਉਸ ਗੁਰੂ ਤੇ ਮੈਂ ਆਪਣਾ ਆਪ ਵਾਰਿਆ ਹੈ ਭਾਵ ਮੈਂ ਆਪਣੀ ਸਮਝ ਨੂੰ ਪ੍ਰਮਾਤਮਾ ਦੀ ਸਮਝ ਤੇ ਵਾਰਿਆ ਹੈ। ਮਾਇਆ ਮੋਹ ਤੋਂ ਤਰਨਾ ਮਨ ਦੀ ਨਾ-ਸਮਝ ਮਤਿ ਤੋਂ ਤਰਨਾ, ਮਨ ਦੀ ਅਗਿਆਨਤਾ ਤੋਂ ਤਰਨਾ ਹੀ ਹੈ ਜਿਸ ਮਨ ਦੀ ਅਗਿਆਨਤਾ ਦੇ ਸਾਗਰ ਵਿੱਚ ਪ੍ਰਾਣੀ ਡੁੱਬਾ ਰਹਿੰਦਾ ਹੈ। ਜਿਸ ਦਾ ਪ੍ਰਮਾਤਮਾ ਸਵਾਰਦਾ ਹੈ ਉਸ ਨੂੰ ਮਾਇਆ ਮੋਹ ਵਿੱਚੋਂ ਤਾਰਨ ਦੁਆਰਾ ਹੀ ਸਵਾਰਦਾ ਹੈ। ਇਹੀ ਮਨੁੱਖ ਦਾ “ਹਲਤੁ ਪਲਤੁ” ਸਵਰਨਾ ਹੈ। “ਹਲਤੁ” ਸਾਡੀ ਮਾਇਆ ਦੀ ਸਮਝ ਵਾਲੀ ਮਤਿ ਹੈ ਭਾਵ ਅਗਿਆਨਤਾ ਹੈ ਤੇ “ਪਲਤੁ” ਸਾਡੀ ਸੱਚੇ ਗਿਆਨ ਵਾਲੀ ਸਮਝ ਹੈ ਜੋ ਕਿ ਪ੍ਰਮਾਤਮਾ ਦਾ ਘਰ ਹੈ ਭਾਵ ਜਿਸ ਦਾ ਹਲਤੁ ਪਲਤੁ ਸਵਰ ਜਾਂਦਾ ਹੈ ਉਸ ਦੇ ਅੰਦਰ ਦੀ ਮਨ ਦੀ ਸਮਝ ਪੂਰਨ ਤੌਰ ਤੇ ਸਉਰ

ਜਾਂਦੀ ਹੈ ਭਾਵ ਉਸ ਮਨੁੱਖੀ ਰੂਪ ਦੀ ਪੂਰਨ ਸਮਝ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ, ਬ੍ਰਹਮ ਗਿਆਨ ਵਾਲੀ ਬਣ ਜਾਂਦੀ ਹੈ, ਨਾਮ ਵਾਲੀ ਬਣ ਜਾਂਦੀ ਹੈ। (**ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥ ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥ ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥ ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥**)

ਪ੍ਰਮਾਤਮਾ ਜਿਸ ਨੂੰ ਮਾਇਆ ਦੇ ਸਾਗਰ ਵਿੱਚੋਂ ਤਾਰਦਾ ਹੈ, ਜਿਸ ਦਾ ਹਲਤੁ ਪਲਤੁ ਸਵਾਰਦਾ ਹੈ, ਉਹ ਕਿਸ ਤਰੀਕੇ ਸਵਾਰਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਹੀ ਇਹ ਸਮਝਾਇਆ ਹੋਇਆ ਹੈ ਕਿ ਮਾਇਆ ਤੋਂ ਤਰਨ ਤੋਂ ਬਾਅਦ ਮਨੁੱਖ ਨੂੰ ਕਿਹੋ ਜਿਹੀ ਸਮਝ ਪੈਂਦੀ ਹੈ।

“**ਮਹਾ ਮੁਗਧ ਤੇ ਕੀਆ ਗਿਆਨੀ ॥**
ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥
ਵਡੈ ਭਾਗਿ ਪਾਈਐ ਹਰਿ ਸੇਵ ॥”

ਜਿਸ ਨੂੰ ਪ੍ਰਮਾਤਮਾ ਮਾਇਆ ਦੇ ਸਾਗਰ ਤੋਂ ਤਾਰਦਾ ਹੈ ਉਸ ਨੂੰ ਮਨ ਦੇ ਵਿੱਚੋਂ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਤਾਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਦ ਤੱਕ ਮਨੁੱਖ ਮਾਇਆ ਵਾਲੀ ਅਵੱਸਥਾ ਵਿੱਚ ਹੈ ਭਾਵ ਹਉਮੈ ਵਿੱਚ ਹੈ ਉਸ ਨੂੰ “**ਮਹਾ ਮੁਗਧ**” ਕਿਹਾ ਹੈ ਭਾਵ “**ਵੱਡੀ ਮੂਰਖਤਾ**” ਵਾਲਾ ਕਿਹਾ ਹੈ, “**ਵੱਡੀ ਅਗਿਆਨਤਾ**” ਵਾਲਾ ਕਿਹਾ ਹੈ ਭਾਵ “**ਵੱਡੇ ਭਰਮਾਂ**” ਵਾਲੀ ਸਮਝ ਵਿੱਚ ਕਿਹਾ ਹੈ। ਮਨ ਦੀ ਇਹੋ ਜਿਹੀ “**ਨਾਸਮਝ ਮਤਿ**” ਨੂੰ ਮੂਰਖਤਾ ਵਾਲੀ ਮਤਿ ਇਸ ਲਈ ਕਿਹਾ ਹੈ ਕਿਉਂਕਿ ਇਸ ਮਤਿ ਵਿੱਚ ਰਹਿੰਦੇ ਹੋਏ ਉਸ ਨੂੰ ਧਰਮ ਦੇ ਮਾਰਗ ਦੇ ਸੱਚੇ ਗਿਆਨ ਦੀ ਸਮਝ ਨਹੀਂ ਹੁੰਦੀ ਹੈ, ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਨਾ ਹੀ ਆਪਣੇ ਅੰਦਰ ਵੱਸ ਰਹੇ ਪ੍ਰਮਾਤਮਾ ਦੀ ਸਮਝ ਹੁੰਦੀ ਹੈ। ਇਹ ਮਾਇਆ ਮੋਹ ਦੀ ਜੁਗਤਿ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਕਰਕੇ ਕਿਸੇ ਦਾ ਆਪਣੀ ਸਮਝ ਤੇ ਵੱਸ ਨਹੀਂ ਚੱਲਦਾ, ਜੋਰ ਨਹੀਂ ਚੱਲਦਾ। ਜਿਸ ਨੇ ਸਾਡੇ ਅੰਦਰ ਇਹ ਮਾਇਆ ਪਾਈ ਹੋਈ ਹੈ, ਅਗਿਆਨਤਾ ਪਾਈ ਹੋਈ ਹੈ ਉਹੀ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੇ ਆਪ ਹੀ ਆਪਣਾ ਗਿਆਨ ਦੇਣ ਦੁਆਰਾ ਮੈਨੂੰ ਮਾਇਆ ਮੋਹ ਵਿੱਚੋਂ ਕੱਢ ਕੇ ਗਿਆਨੀ ਬਣਾਇਆ ਹੈ ਤੇ ਪ੍ਰਮਾਤਮਾ ਨੂੰ ਸੰਬੋਧਨ ਕਰਨ ਦੁਆਰਾ ਕਹਿ ਰਹੇ ਹਨ ਕਿ ਪ੍ਰਮਾਤਮਾ ਤੇਰੇ ਦਿੱਤੇ ਗਿਆਨ ਦੁਆਰਾ ਹੀ ਮੈਂ ਤੇਰੀ ਅਕਥ ਕਹਾਣੀ ਲਿਖੀ ਹੈ ਭਾਵ ਤੇਰੀ ਨਾ ਕਥੀ ਜਾਣ ਵਾਲੀ ਕਥਾ ਕਥੀ ਹੈ ਤੇ ਤੂੰ ਆਪ ਹੀ ਪੂਰਾ ਗੁਰੂ ਹੈਂ, ਪੂਰੇ ਗਿਆਨ ਦੀ ਸਮਝ ਵਾਲਾ ਹੈਂ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਸਭ ਲਈ ਅਕਥ ਹੈ ਤੇ ਉਸ ਦੀ ਅਕਥ ਕਥਾ ਮਨ ਦੇ ਸੱਚੇ ਗਿਆਨ ਦੁਆਰਾ ਹੀ ਕਥੀ ਜਾ ਸਕਦੀ ਹੈ ਜੋ ਆਪਣੀ ਕਥਾ ਮਨ ਦੇ ਵਿੱਚ ਉਹ ਆਪਣਾ ਗਿਆਨ ਦੇਣ ਦੁਆਰਾ ਆਪ ਹੀ ਕਥਾਉਂਦਾ ਹੈ। ਇਸੇ ਲਈ ਪੂਰੀ ਅਕਥ ਕਹਾਣੀ ਉਸ ਪੂਰੇ ਗੁਰੂ ਦੀ ਹੈ ਭਾਵ ਉਸ ਪ੍ਰਮਾਤਮਾ ਦੀ ਆਪਣੀ ਹੀ ਲਿਖਵਾਈ ਹੋਈ ਹੈ, ਮਨੁੱਖੀ ਸਰੀਰ ਰਾਹੀਂ ਪ੍ਰਗਟ ਹੋਣ ਦੁਆਰਾ ਲਿਖਵਾਈ ਹੋਈ ਹੈ, ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਲਿਖਵਾਈ ਹੋਈ ਹੈ ਭਾਵ ਆਪਣਾ ਗੁਰੂ ਰੂਪ ਧਾਰਨ ਕਰਨ ਦੁਆਰਾ ਲਿਖਵਾਈ ਹੋਈ ਹੈ ਜਿਸ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਗਿਆਨੀ ਹੈ। (**ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥**)

ਹੁਣ ਅਗਲੀਆਂ ਪੰਗਤੀਆਂ ਨੂੰ ਸਮਝੋ ਕਿ ਗੁਰੂ ਸਾਹਿਬ ਕਿਸ ਨੂੰ ਗੁਰੂ ਕਹਿ ਰਹੇ ਹਨ।

“ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥”

ਇਹ ਹਰ ਕੋਈ ਜਾਣਦਾ ਹੈ ਕਿ ਸਾਡਾ ਗੁਰੂ ਗੁਰਬਾਣੀ ਹੈ, ਗੁਰੂ ਗ੍ਰੰਥ ਸਾਹਿਬ ਹੈ। ਵਾਰ-ਵਾਰ ਬਾਣੀ ਰਾਹੀਂ ਪ੍ਰਮਾਤਮਾ ਨੂੰ ਗੁਰੂ ਕਿਹਾ ਹੈ। ਉੱਪਰ ਪੰਗਤੀਆਂ ਰਾਹੀਂ ਵੀ ਗੁਰੂ ਸਾਹਿਬ ਪ੍ਰਮਾਤਮਾ ਨੂੰ ਹੀ ਗੁਰਦੇਵ ਕਹਿ ਰਹੇ ਹਨ, ਦੇਵਤਾ ਰੂਪ ਗੁਰੂ ਕਹਿ ਰਹੇ ਹਨ। ਗੁਰੂ ਉਹੀ ਹੈ ਜਿਸ ਨੇ ਗੁਰਬਾਣੀ ਰਾਹੀਂ ਆਪਣਾ ਗਿਆਨ ਦਿੱਤਾ ਹੈ ਜਿਸ ਲਈ ਗੁਰਬਾਣੀ ਵਿੱਚ ਹੀ ਗਿਆਨ ਨੂੰ ਗੁਰੂ ਕਿਹਾ ਹੈ। ਗਿਆਨ ਦਾ ਮਾਲਕ ਆਪ ਪ੍ਰਮਾਤਮਾ ਹੈ ਜੋ ਕਿ ਆਪਣੇ ਗਿਆਨ ਰੂਪ ਵਿੱਚ ਹੀ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ

ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਸ਼ਬਦ ਰੂਪ ਵਿੱਚ ਹੈ, ਸ਼ਬਦਾਂ ਦੇ ਅੰਦਰ ਸਮਝਾਏ ਹੋਏ ਸਚੁ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਨਾਮ ਰੂਪ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਹੀ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਮਨੁੱਖੀ ਦੇਹ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੇ ਪ੍ਰਮਾਤਮਾ ਦਾ ਰੂਪ ਬਣ ਕੇ ਹੀ ਕੀਤੀ ਹੈ ਭਾਵ ਉਹਨਾਂ ਵਿੱਚ ਤੇ ਪ੍ਰਮਾਤਮਾ ਦੇ ਵਿੱਚ ਭੇਦ ਨਹੀਂ ਹੈ। ਇਹ ਭੇਦ ਮਨ ਦੀ ਸਮਝ ਦੁਆਰਾ ਹੀ ਮਿਟਦਾ ਹੈ, ਮਾਇਆ ਦੇ ਸਾਗਰ ਵਿੱਚੋਂ ਤਰਨ ਦੁਆਰਾ ਹੀ ਮਿਟਦਾ ਹੈ। ਜੋ ਆਪਣੇ ਅੰਦਰੋਂ ਉਸ ਗੁਰੂ ਰੂਪ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸ ਨੂੰ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ, ਉਸ ਦੀ ਸੇਵਾ ਦੀ ਸਮਝ ਪੈਂਦੀ ਹੈ ਜਿਸ ਦੁਆਰਾ ਉਹ ਧਰਮ ਦੇ ਸੱਚੇ ਮਾਰਗ ਤੇ ਚੱਲਦੇ ਹਨ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਜੀਵਨ ਵਿੱਚ ਚੱਲ ਕੇ ਦਿਖਾਇਆ ਹੈ। ਵੱਡੇ ਭਾਗਾਂ ਨਾਲ ਹੀ ਕਿਸੇ ਨੂੰ ਪ੍ਰਮਾਤਮਾ ਦੀ ਸੇਵਾ ਕੀ ਹੈ ਇਸ ਗੱਲ ਦੀ ਸਮਝ ਪੈਂਦੀ ਹੈ ਤੇ ਉਸ ਨੂੰ ਹੀ ਪੈਂਦੀ ਹੈ ਜਿਸ ਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਭਗਤੀ ਦਾ ਮਾਰਗ ਸਮਝਾਉਣ ਵਾਲਾ ਆਪਣੀ ਅਕਥ ਕਥਾ ਸਮਝਾਉਣ ਵਾਲਾ, ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ, ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ, ਸ਼ਬਦਾਂ ਦੇ ਰੂਪ ਵਿੱਚ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਆਪ ਹੀ ਗੁਰੂ ਹੈ। (**ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥ ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥**)

{ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥}

(ਅੰਗ - ੭੫੦)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ - ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

ਜੋ ਗੱਲ ਅਸੀਂ ਪੰਜਵੀਂ ਪਾਤਸ਼ਾਹੀ ਦੇ ਸ਼ਬਦ ਦੁਆਰਾ ਸਮਝੀ ਹੈ ਉਸੇ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਦੇ ਹਾਂ।

ਮਾਰੂ ਮਹਲਾ ੧ ॥
“ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥
ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥
ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥
ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥”

(ਅੰਗ - ੧੦੧੫)

ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਪਹਿਲੇ ਤੇ ਇਸ ਗੱਲ ਨੂੰ ਸਮਝੋ ਕਿ ਨਾਮ ਵਖਾਣਾ ਕੀ ਹੈ ਭਾਵ ਨਾਮ ਉਚਾਰਨਾ ਕੀ ਹੈ, ਨਾਮ ਜਪਣਾ ਕੀ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਹਰ ਵੇਲੇ ਤੇਰਾ ਨਾਮ ਜਪਦਾ ਹਾਂ ਕਿਉਂਕਿ ਮੈਂ ਹਰ ਵੇਲੇ ਆਪਣੇ ਸਾਹਿਬ ਦੇ ਭਾਵ ਪ੍ਰਮਾਤਮਾ ਦੇ ਰੰਗ ਵਿੱਚ ਰੱਤਿਆ ਹੋਇਆ ਹਾਂ। ਪ੍ਰਮਾਤਮਾ ਦੇ ਰੰਗ ਵਿੱਚ ਭਾਵ ਨਾਮ ਰੰਗ ਵਿੱਚ ਰੰਗੇ ਜਾਣ ਦੁਆਰਾ ਨਾ ਮੈਂ ਕਿਸੇ ਨੂੰ ਮੂਰਖ ਜਾਣਦਾ ਹਾਂ ਤੇ ਨਾ ਹੀ ਕਿਸੇ ਨੂੰ ਸਿਆਣਾ ਜਾਣਦਾ ਹਾਂ ਕਿਉਂਕਿ ਗੁਰੂ ਸਾਹਿਬ ਮਨ ਦੀ ਸਮਝ ਦੁਆਰਾ ਭਾਵ ਨਾਮ ਦੇ ਰੰਗ ਵਿੱਚ ਰੰਗੇ ਜਾਣ ਦੁਆਰਾ ਇਹ ਸਮਝ ਚੁੱਕੇ ਹਨ, ਉਹਨਾਂ ਨੇ ਜਾਣ ਲਿਆ ਹੈ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਭਾਵੇਂ ਕੋਈ ਮੂਰਖ ਹੈ ਤੇ ਭਾਵੇਂ ਕੋਈ ਸਿਆਣਾ ਹੈ ਉਹ ਆਪਣੀ ਸਮਝ ਦੁਆਰਾ ਹੀ ਮੂਰਖ ਜਾਂ ਸਿਆਣਾ ਹੈ ਤੇ ਇਹ ਸਮਝ ਮਨੁੱਖ ਦੀ ਨਹੀਂ ਹੈ ਭਾਵ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਜੋ ਨਾਮ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ ਉਸ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਦੇ ਅੰਦਰ ਸਮਝ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਕਿਸੇ ਦੀ ਸਮਝ ਆਪਣੇ ਵੱਸ ਵਿੱਚ ਨਹੀਂ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਵੱਖਰੀ ਵੱਖਰੀ ਸਮਝ ਆਪ ਹੀ ਪਾਈ ਹੋਈ ਹੈ ਤੇ ਸਭ ਨੂੰ ਮਨ ਦੀ ਸਮਝ ਦੁਆਰਾ ਉਹ ਆਪ ਹੀ ਚਲਾ ਰਿਹਾ ਹੈ ਭਾਵ ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ। ਜਦ ਤੱਕ ਕਿਸੇ ਦੇ ਅੰਦਰ “ਨਾਮ” ਦੀ ਸਮਝ ਪ੍ਰਮਾਤਮਾ ਆਪ ਨਹੀਂ ਪਾਉਂਦਾ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਸਮਝ ਕਿੱਥੋਂ ਆਉਂਦੀ ਹੈ, ਮਨ ਦੇ ਵਿੱਚ ਗਿਆਨ ਕਿੱਥੋਂ ਆਉਂਦਾ ਹੈ, ਸਾਡੇ ਅੰਦਰ ਗਿਆਨ ਕਿਵੇਂ ਉਪਜਦਾ ਹੈ ਭਾਵ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਉਸ ਦਾ ਨਾਮ ਨਹੀਂ ਸਮਝਿਆ ਜਾ ਸਕਦਾ, ਨਹੀਂ ਜਪਿਆ ਜਾ ਸਕਦਾ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦੇ ਦਿੰਦਾ ਹੈ ਉਹ ਫਿਰ ਹਰ ਵੇਲੇ, ਅਨਦਿਨ ਨਾਮ ਵਾਲੀ ਸਮਝ ਦੁਆਰਾ ਹੀ ਵਿਚਰਦਾ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਹੀ ਵਿਚਰਦਾ ਹੈ ਜੋ ਸੱਚੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਉਸ ਸਮਝ ਤੇ ਚਲਾਉਂਦਾ ਹੈ ਤੇ ਮਨ ਦੀ ਸਮਝ ਦੁਆਰਾ ਉਸ ਨੂੰ ਹਰ ਰੂਪ ਵਿੱਚ ਉਸ ਨੂੰ ਪ੍ਰਮਾਤਮਾ ਦਾ ਰੂਪ ਹੀ ਨਜ਼ਰ ਆਉਂਦਾ ਹੈ, ਮਨ ਦੀ ਸਮਝ ਦਾ ਮਾਲਕ ਹੀ ਨਜ਼ਰ ਆਉਂਦਾ ਹੈ। **(ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥)**

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

ਜੋ ਪ੍ਰਮਾਤਮਾ ਦਾ ਨਾਮ ਜਪਣ ਵਾਲਾ ਹੁੰਦਾ ਹੈ ਭਾਵ ਜੋ ਗੁਰੂ ਪ੍ਰਮਾਤਮਾ ਦੀ ਮਤਿ ਅਨੁਸਾਰ ਚੱਲਣ ਵਾਲਾ ਹੁੰਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਦੇ ਕੋਲੋਂ ਸੱਚਾ ਗਿਆਨ ਮਿਲ ਜਾਂਦਾ ਹੈ, ਜਿਸ ਨੂੰ ਮਨ ਦੇ ਵਿੱਚੋਂ ਮਨ ਦੀ ਸਮਝ ਦੇ ਮਾਲਕ ਦੀ ਸਮਝ ਲੱਗ ਜਾਂਦੀ ਹੈ ਉਹ ਆਪਣੇ ਆਪ ਨੂੰ ਕੀ ਸਮਝਦਾ ਹੈ ਇਹੀ ਗੱਲ ਸਾਨੂੰ ਪਹਿਲੀ ਪਾਤਸ਼ਾਹੀ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾ ਰਹੇ ਹਨ।

“ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥

ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥”

ਧੰਨ ਧੰਨ ਅਕਾਲ ਪੁਰਖ ਰੂਪ ਪਹਿਲੀ ਪਾਤਸ਼ਾਹੀ ਪ੍ਰਮਾਤਮਾ ਨੂੰ ਸੰਬੋਧਨ ਕਰ ਕੇ ਇਹ ਕਹਿ ਰਹੇ ਹਨ ਕਿ ਅਕਾਲ ਪੁਰਖ ਮੇਰੀ ਮਤਿ ਤਾਂ ਨਾ-ਸਮਝ ਸੀ ਜਿਸ ਨੂੰ ਕਿ ਨਾਮ ਦੀ ਸਮਝ ਨਹੀਂ ਸੀ ਪਰ ਮੈਨੂੰ ਮਨ ਦੀ ਮੂਰਖਤਾ ਵਿੱਚੋਂ, ਅਗਿਆਨਤਾ ਵਿੱਚੋਂ ਤੂੰ ਆਪਣਾ ਸੱਚਾ ਗਿਆਨ ਦੇਣ ਦਆਰਾ ਹੀ ਕੱਢਿਆ ਹੈ, ਆਪਣਾ ਨਾਮ ਦੇਣ ਦੁਆਰਾ ਆਪ ਹੀ ਕੱਢਿਆ ਹੈ। ਮੈਂ ਤੇਰੇ ਨਾਮ ਤੋਂ ਭਾਵ ਤੇਰੇ ਉੱਚੇ ਗਿਆਨ ਤੋਂ ਬਲਿਹਾਰੇ ਜਾਂਦਾ ਹਾਂ ਜਿਸ ਗਿਆਨ ਦੁਆਰਾ ਤੂੰ ਮੈਨੂੰ ਭਗਤੀ ਦਾ ਸੱਚਾ ਗਿਆਨ ਬਖਸ਼ਿਆ ਹੈ ਤੇ ਮੈਂ ਉਸ ਗਿਆਨ ਦੁਆਰਾ ਗੁਰਬਾਣੀ ਦੀ ਰਚਨਾ ਕਰ ਰਿਹਾ ਹਾਂ, ਜੋ ਕਿ ਸੰਸਾਰ ਨੂੰ ਤਾਰਨ ਲਈ ਕਰ ਰਿਹਾ ਹਾਂ ਭਾਵ ਸੰਸਾਰ ਨੂੰ ਤੇਰੇ ਦਿੱਤੇ ਹੋਏ ਨਾਮ ਦੁਆਰਾ ਤਾਰ ਰਿਹਾ ਹਾਂ। ਤੂੰ ਆਪ ਹੀ ਦਾਨਾ ਹੈ ਭਾਵ ਸਭ ਕੁੱਝ ਜਾਣਨ ਵਾਲਾ ਹੈ ਤੇ ਆਪ ਹੀ ਆਪਣੇ ਗਿਆਨ ਦੁਆਰਾ ਸਭ ਨੂੰ ਵੇਖਣ ਵਾਲਾ ਹੈ ਭਾਵ ਸਭ ਗਿਆਨ ਦਾ ਮਾਲਕ ਤੂੰ ਆਪ ਹੀ ਹੈ। ਆਪਣਾ ਸੱਚਾ ਗਿਆਨ ਦੇ ਕੇ ਤੂੰ ਆਪ ਹੀ ਮੈਨੂੰ ਆਪਣੀ ਉੱਚੀ ਮਤਿ ਨਾਲ ਰਲਾਇਆ ਹੈ ਭਾਵ ਆਪਣਾ ਰੂਪ ਬਣਾਇਆ ਹੈ। (**ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥**) ਅੰਗ - ੧੦੧੫

ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸ ਨੂੰ ਤਾਰਨ ਲਈ ਹੀ ਬਖਸ਼ਦਾ ਹੈ। ਤਰਨਾ ਤੇ ਅਸੀਂ ਮਨ ਦੀ ਨਾ-ਸਮਝ ਮਤਿ ਤੋਂ ਹੀ ਹੈ, ਮਨ ਦੀ ਮੂਰਖਤਾ ਤੋਂ ਹੀ ਹੈ, ਮਨ ਦੀ ਅਗਿਆਨਤਾ ਤੋਂ ਹੀ ਹੈ ਜੋ ਸਾਡੇ ਅੰਦਰ ਦਾ ਮਾਇਆ ਮੋਹ ਹੈ, ਹਉਮੈ ਹੈ ਭਾਵ ਤ੍ਰੈਗੁਣਾਂ ਵਾਲੀ ਸਮਝ ਹੈ ਜੋ ਕਿ ਸਾਡੇ ਅੰਦਰ ਦੀ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਝੂਠੀ ਭਾਵ ਪੁੱਠੀ ਮਤਿ ਹੈ। ਮਨ ਦੀ ਪੁੱਠੀ ਮਤਿ ਸਾਨੂੰ ਧਰਮ ਦੇ ਪੁੱਠੇ ਮਾਰਗ ਤੇ ਤੋਰਦੀ ਹੈ ਤੇ ਮਨ ਦੀ ਸਿੱਧੀ ਮਤਿ ਸਾਨੂੰ ਧਰਮ ਦੇ ਸਿੱਧੇ ਮਾਰਗ ਤੇ ਤੋਰਦੀ ਹੈ। ਇਹੀ ਸਾਡੇ ਅੰਦਰ ਪੁੱਠੇ ਕਮਲ ਦਾ ਹੋਣਾ ਹੈ ਜਿਸ ਨੂੰ ਕੁੱਝ ਅੱਗੇ ਚੱਲਕੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਮਨ ਦੀ ਪੁੱਠੀ ਮਤਿ ਵਿੱਚ ਰੱਖਿਆ ਹੋਇਆ ਹੈ ਭਾਵ ਪੁੱਠੇ ਕਮਲ ਵਾਲੀ ਮਾੜੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਮਾੜੀ ਸਮਝ ਵਿੱਚੋਂ ਤਰਨਾ ਹੀ ਮਾਇਆ ਮੋਹ ਵਿੱਚੋਂ ਤਰਨਾ ਹੈ। ਤਾਰਨਾ ਸਾਨੂੰ ਗੁਰਮਤਿ ਨੇ ਹੈ ਭਾਵ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਨੇ ਹੈ ਤੇ ਡੁੱਬੇ ਹੋਏ ਅਸੀਂ ਦੁਰਮਤਿ ਦੁਆਰਾ ਹਾਂ ਜਿਸ ਮਨ ਦੀ ਨਾਸਮਝ ਮਤਿ ਭਾਵ ਮਨ ਦੀ ਅਗਿਆਨਤਾ ਕਰਕੇ ਅਸੀਂ ਹਰ ਵੇਲੇ ਮਾਇਆ ਮੋਹ ਦੇ ਸਾਗਰ ਵਿੱਚ ਡੁੱਬੇ ਰਹਿੰਦੇ ਹਾਂ ਜਿਸ ਵਿੱਚੋਂ ਸਾਨੂੰ ਗੁਰੂ ਦਾ ਨਾਮ ਹੀ ਤਾਰ ਸਕਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ, ਬ੍ਰਹਮ ਗਿਆਨ ਹੀ ਤਾਰ ਸਕਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸ ਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਦੇਣ ਦੁਆਰਾ ਆਪ ਤਾਰਦਾ ਹੈ। ਜੋ ਆਪ ਤਰ ਜਾਂਦਾ ਹੈ ਉਹੀ ਦੂਸਰਿਆਂ ਨੂੰ ਤਾਰ ਸਕਦਾ ਹੈ ਭਾਵ ਜਿਸ ਨੇ ਆਪ ਨਾਮ ਜਪਿਆ ਹੈ ਉਹੀ ਦੂਸਰਿਆਂ ਨੂੰ ਨਾਮ ਜਪਾ ਸਕਦਾ ਹੈ। ਪ੍ਰਮਾਤਮਾ ਦਾ “ਗੁਰੂ ਰੂਪ” ਨਾਮ ਦੀ ਸੱਚੀ ਸਮਝ ਦੁਆਰਾ ਤਰਿਆ ਹੋਇਆ ਹੈ ਤੇ ਉਹ ਸਾਰੇ ਸੰਸਾਰ ਨੂੰ ਤਾਰ ਰਿਹਾ ਹੈ, ਸਾਰੇ ਸੰਸਾਰ ਨੂੰ ਨਾਮ ਜਪਾ ਰਿਹਾ ਹੈ ਭਾਵ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸਮਝ ਦੇ ਰਹਿਆ ਹੈ, ਆਪਣੇ ਸੱਚੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸੰਸਾਰ ਨੂੰ ਤਾਰ ਰਿਹਾ ਹੈ, ਸਾਰੇ ਸੰਸਾਰ ਨੂੰ ਆਪਣਾ ਨਾਮ ਜਪਾ ਰਿਹਾ ਹੈ ਜਿਸ ਨਾਮ ਦਾ ਮਕਸਦ, ਸ਼ਬਦਾਂ ਦੀ ਵਿਚਾਰ ਦਾ ਮਕਸਦ ਸੰਸਾਰ ਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ, ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਉਹ ਭਗਤੀ ਦਾ ਸੱਚਾ ਮਾਰਗ ਸਮਝ ਸਕਣ ਤੇ ਉਸ ਅਨੁਸਾਰ ਚੱਲ ਕੇ ਉਸ ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਣ। (**ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥**)

ਨਾਮ ਮਿਲਣ ਦੁਆਰਾ ਮਨੁੱਖ ਨੂੰ ਕਿਹੋ ਜਿਹੀ ਸਮਝ ਪੈਂਦੀ ਹੈ ਤੇ ਨਾਮ ਨੇ ਸੰਸਾਰ ਨੂੰ ਕਿਸ ਤਰੀਕੇ ਤਾਰਨਾ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“**ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥**

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥”

ਜੋ ਗੱਲ ਅਸੀਂ ਇਸ ਪੂਰੇ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਮਝੀ ਸੀ ਉਸੇ ਗੱਲ ਨੂੰ ਉੱਪਰ ਪੰਗਤੀ ਰਾਹੀਂ ਦੁਹਰਾਇਆ ਹੋਇਆ ਹੈ ਜਿਸ ਦੀ ਸਮਝ ਨਾਮ ਮਿਲਣ ਦੁਆਰਾ ਹੀ ਪੈਂਦੀ ਹੈ ਭਾਵ ਮਾਇਆ ਤੋਂ ਤਰਨ ਦੁਆਰਾ ਹੀ ਪੈਂਦੀ ਹੈ ਭਾਵ ਮਨ

ਦੀ ਅਗਿਆਨਤਾ ਨਿਕਲਣ ਦੁਆਰਾ ਹੀ ਪੈਂਦੀ ਹੈ। ਨਾਮ ਮਿਲਣ ਦੁਆਰਾ ਮਨੁੱਖ ਨੂੰ ਜੋ ਸਭ ਤੋਂ ਉੱਚੀ ਸਮਝ ਪੈਂਦੀ ਹੈ ਉਹ ਇਹ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈ ਸਕਦੀ ਹੈ ਭਾਵ ਨਾਮ ਮਿਲਣ ਦੁਆਰਾ ਹੀ ਪੈ ਸਕਦੀ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਗਿਆਨ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ ਤੇ ਮਨ ਦੇ ਵਿੱਚ ਉਸ ਦੇ ਨਾਲ ਮੇਲ ਮਨ ਦੇ ਗਿਆਨ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿ ਪ੍ਰਮਾਤਮਾ ਸਾਡੇ ਅੰਦਰ ਗਿਆਨ ਰੂਪ ਵਿੱਚ ਹੈ ਤੇ ਉਸੇ ਰੂਪ ਵਿੱਚ ਉਹ ਸਭ ਦੇ ਅੰਦਰ ਹੈ, ਹਰ ਵਸਤੂ ਦੇ ਅੰਦਰ ਹੈ।

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

ਪ੍ਰਮਾਤਮਾ ਦੇ ਵਿੱਚ ਅਸੀਂ ਮਨ ਦੇ ਵਿਚਾਰਾਂ ਰਾਹੀਂ ਹੀ ਸਮਾਉਂਦੇ ਹਾਂ, ਆਪਣੀਆਂ ਇੱਛਾਵਾਂ ਮਰਨ ਦੁਆਰਾ ਹੀ ਸਮਾਉਂਦੇ ਹਾਂ। ਸਾਡੇ ਅੰਦਰ ਦੀਆਂ ਇਹ ਇੱਛਾਵਾਂ ਹੀ, ਤ੍ਰਿਸ਼ਨਾਵਾਂ ਹੀ ਸਾਡੇ ਅੰਦਰ ਦਾ ਮਾਇਆ ਮੋਹ ਹੈ ਜਿਸ ਵਿੱਚੋਂ ਸਾਨੂੰ ਪ੍ਰਮਾਤਮਾ ਦਾ ਨਾਮ ਤਾਰਦਾ ਹੈ ਭਾਵ ਭਗਤੀ ਦੀ ਸੱਚੀ ਸਮਝ ਦੇਣ ਦੁਆਰਾ ਤਾਰਦਾ ਹੈ ਕਿ ਇਹਨਾਂ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਤਰੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਭਾਵ ਮਾਇਆ ਮੋਹ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ, ਤ੍ਰਿਸ਼ਨਾਵਾਂ ਹਨ ਤਦ ਤੱਕ ਸਾਡੀ ਸਮਝ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹੈ, ਭਰਮਾਂ ਵਿੱਚ ਹੈ ਤੇ ਅਸੀਂ ਉਹੋ ਜਿਹੀ ਭਗਤੀ ਦੇ ਮਾਰਗ ਨਾਲ ਜੁੜੇ ਰਹਿੰਦੇ ਹਾਂ ਜੋ ਅਸਲ ਭਗਤੀ ਦਾ ਮਾਰਗ ਨਹੀਂ ਹੈ, ਨਾਮ ਜਪਣ ਦਾ ਮਾਰਗ ਨਹੀਂ ਹੈ। ਅਸਲ ਭਗਤੀ ਦਾ ਮਾਰਗ ਨਾਮ ਵਾਲੀ ਸਮਝ ਦੁਆਰਾ ਹੀ ਪੈਂਦਾ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ ਤਰਨ ਦੁਆਰਾ ਹੀ ਪੈਂਦਾ ਹੈ। ਪੂਰੀ ਗੁਰਬਾਣੀ ਸਾਨੂੰ ਇਹੋ ਜਿਹਾ ਨਾਮ ਜਪਣਾ ਸਮਝਾ ਰਹੀ ਹੈ। ਜੋ ਮਨੁੱਖੀ ਰੂਪ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਸਮਾਅ ਕੇ ਇੱਕ ਹੋ ਜਾਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਇੱਕ ਹੋ ਜਾਂਦਾ ਹੈ ਉਹ ਫਿਰ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਜਾਂਦਾ ਹੈ ਭਾਵ ਮਨ ਦੀ ਨਾ-ਸਮਝੀ ਤੋਂ ਮੁਕਤਿ ਹੋ ਜਾਂਦਾ ਹੈ, ਮਨ ਦੀ ਮਾਇਆ ਤੋਂ, ਹਉਮੈ ਤੋਂ ਮੁਕਤਿ ਹੋ ਜਾਂਦਾ ਹੈ ਤੇ ਮਨ ਦੀਆਂ ਇੱਛਾਵਾਂ ਤੋਂ ਮੁਕਤਿ ਹੋ ਕੇ ਵਿਚਰਦਾ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਦਾ ਹੈ, ਗੁਰੂ ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਦਾ ਹੈ ਭਾਵ ਉਹ ਹਰ ਵੇਲੇ ਨਾਮ ਜਪਦਾ ਹੈ। ਪ੍ਰਮਾਤਮਾ ਦੇ "ਗੁਰੂ ਰੂਪ" ਨੇ ਇਸ ਤਰੀਕੇ ਦਾ ਨਾਮ ਜਪਿਆ ਹੈ ਤੇ ਸਾਰੇ ਸੰਸਾਰ ਨੂੰ ਨਾਮ ਜਪਣਾ ਸਮਝਾ ਰਿਹਾ ਹੈ। ਜਿਸ ਤਰੀਕੇ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੇ ਆਪ ਪ੍ਰਮਾਤਮਾ ਨੂੰ ਪਾਇਆ ਹੈ ਉਸੇ ਤਰੀਕੇ ਸੰਸਾਰ ਨੂੰ ਪਾਉਣਾ ਸਮਝਾਇਆ ਹੈ। ਜਿਸ ਰੂਪ ਵਿੱਚ ਉਹਨਾਂ ਨੇ ਆਪ ਪ੍ਰਮਾਤਮਾ ਨੂੰ ਜਾਣਿਆ ਹੈ ਉਹੀ ਰੂਪ ਪ੍ਰਮਾਤਮਾ ਦਾ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸਮਝਾਇਆ ਹੈ, ਗੁਰਬਾਣੀ ਰਾਹੀਂ ਸਮਝਾਇਆ ਹੈ। (**ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥**)

{ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥

ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥}

(ਅੰਗ - ੯੯੨)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥
ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ - ੧੧੫੯)

ਗੁਰੂ ਪ੍ਰਮਾਤਮਾ ਦਾ ਨਾਮੁ "**ਗਿਆਨ ਰਤਨੁ**" ਦੇ ਰੂਪ ਵਿੱਚ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ ਤੇ ਜਿੰਨ੍ਹਾਂ ਨੂੰ ਇਸ "ਗਿਆਨ ਰਤਨੁ" ਰੂਪ "**ਨਾਮੁ**" ਦੀ ਪ੍ਰਾਪਤੀ ਹੋਈ ਹੈ ਉਸ ਰੂਪ ਵਿੱਚ ਹੀ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਮਨ ਵਿੱਚ ਪ੍ਰਗਟ ਕਰਦਾ ਹੈ ਭਾਵ ਪ੍ਰਮਾਤਮਾ ਆਪ "**ਗਿਆਨ ਰਤਨੁ**" ਦੇ ਰੂਪ ਵਿੱਚ ਹੈ ਜੋ ਕਿ ਉਸ ਦਾ ਨਾਮ ਰੂਪ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਦੇ ਪਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਨਾਮ ਦੀ ਪ੍ਰਾਪਤੀ ਦੁਆਰਾ ਮਨੁੱਖ ਨੂੰ ਸਹਜ ਵਾਲੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ ਭਾਵ ਚਉਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਵਡਿਆਈ ਦੀ ਸਮਝ ਭਾਵ ਉਸ ਦੇ ਗੁਣ ਗਾਉਣ ਦੀ ਸਮਝ ਇਸ ਗਿਆਨ ਰਤਨ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ ਜੋ ਵਡਿਆਈ ਕਰਨ ਦੀ ਸਮਝ ਉਹ ਸਤਿਗੁਰੂ ਰੂਪ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਗਿਆਨ ਦੇਣ ਦੁਆਰਾ ਆਪ ਹੀ ਪਾਉਂਦਾ ਹੈ ਤੇ ਇਸੇ ਲਈ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਸਤਿਗੁਰ ਤੋਂ ਬਲਿਹਾਰੇ ਜਾਂਦਾ ਹਾਂ ਜਿਸ ਨੇ ਮੈਨੂੰ ਆਪਣਾ ਨਾਮ ਬਖਸ਼ਣ ਦੁਆਰਾ, ਨਾਮ ਦੇ ਰੂਪ ਵਿੱਚ ਆਪਣਾ ਆਪ ਬਖਸ਼ਣ ਦੁਆਰਾ, "**ਗਿਆਨ ਰਤਨੁ**" ਦੇ ਰੂਪ ਵਿੱਚ ਮੇਰੇ ਅੰਦਰ ਪ੍ਰਗਟ ਹੋਣ ਦੁਆਰਾ ਉਸ ਨੇ ਮੈਨੂੰ ਆਪਣੀ ਵਡਿਆਈ ਕਰਨੀ ਸਿਖਾਈ ਹੈ। ਜਿਹੋ ਜਿਹੀ ਵਡਿਆਈ ਕਰਨੀ ਉਹਨਾਂ ਨੇ ਪ੍ਰਮਾਤਮਾ ਕੋਲੋਂ ਜਾਣੀ ਹੈ ਉਹੋ ਜਿਹੀ ਵਡਿਆਈ ਕਰਨੀ ਹੀ ਉਹਨਾਂ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਕਰਨੀ ਸਮਝਾਈ ਹੈ। (**ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥**) ਅੰਗ ੧੦੬੯

ਨਾਮ ਦਾ ਮਕਸਦ ਕੀ ਹੈ ਭਾਵ ਪ੍ਰਮਾਤਮਾ ਆਪਣਾ ਨਾਮ ਮਨੁੱਖ ਨੂੰ ਕਿਸ ਰੂਪ ਵਿੱਚ ਦਿੰਦਾ ਹੈ ਤੇ ਕਿਸ ਮਕਸਦ ਲਈ ਦਿੰਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥"

ਉੱਪਰ ਸ਼ਬਦ ਰਾਹੀਂ ਧੰਨ ਧੰਨ ਚੌਥੀ ਪਾਤਸ਼ਾਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਨੂੰ ਜੋ ਪ੍ਰਮਾਤਮਾ ਕੋਲੋਂ "ਨਾਮੁ" ਮਿਲਿਆ ਹੈ, ਜਿਸ ਰੂਪ ਵਿੱਚ "ਗਿਆਨ ਰਤਨੁ" ਰੂਪ ਪ੍ਰਮਾਤਮਾ ਮੇਰੇ ਮਨ ਵਿੱਚ ਪ੍ਰਗਟ ਹੋਇਆ ਹੈ ਉਹ ਮੇਰੇ ਅੰਦਰ ਉੱਚੇ ਗਿਆਨ ਦਾ ਪਰਕਾਸ਼ ਕਰਨ ਦੁਆਰਾ ਪਰਗਟ ਹੋਇਆ ਹੈ, ਮੇਰੇ ਅੰਦਰੋਂ ਅਗਿਆਨਤਾ ਦਾ ਹਨੇਰਾ ਮਿਟਾਣ ਲਈ ਹੋਇਆ ਹੈ। ਜਿਸ ਤਰੀਕੇ ਸੂਰਜ ਚੜਨ ਦੁਆਰਾ ਧਰਤੀ ਤੇ ਹਨੇਰਾ ਮਿਟ ਜਾਂਦਾ ਹੈ ਇਸੇ ਤਰ੍ਹਾਂ ਨਾਮ ਦੀ ਤੁਲਨਾ ਸੂਰਜ ਦੇ ਪਰਕਾਸ਼ ਨਾਲ ਕੀਤੀ ਹੋਈ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ "ਗਿਆਨ ਰਤਨੁ" ਦੀ ਪ੍ਰਾਪਤੀ ਦੁਆਰਾ, "ਸ਼ਬਦ ਰਤਨ" ਦੀ ਪ੍ਰਾਪਤੀ ਦੁਆਰਾ, "ਨਾਮ ਰਤਨ" ਦੀ ਪ੍ਰਾਪਤੀ ਦੁਆਰਾ ਮੇਰੇ ਅੰਦਰ ਦੀ ਅਗਿਆਨਤਾ ਇਸ ਤਰੀਕੇ ਮਿਟ ਗਈ ਹੈ ਭਾਵ ਮਨ ਦਾ ਹਨੇਰਾ ਇਸ ਤਰੀਕੇ ਦੂਰ ਹੋ ਗਿਆ ਹੈ ਜਿਸ ਤਰੀਕੇ ਧਰਤੀ ਤੇ ਸੂਰਜ ਦਾ ਪਰਕਾਸ਼ ਹੋਣ ਦੁਆਰਾ ਅੰਧੇਰਾ ਮਿਟ ਜਾਂਦਾ ਹੈ, ਹਨੇਰੀ ਰਾਤ ਮਿਟ ਜਾਂਦੀ ਹੈ ਭਾਵ ਨਾਮ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਦੂਰ ਕਰਨ ਲਈ ਹੀ ਹੈ। (**ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥**)

ਅਗਲੀ ਪੰਗਤੀ ਰਾਹੀਂ ਹੁਣ ਧਿਆਨ ਨਾਲ ਸਮਝੋ ਕਿ "ਸਤਿਗੁਰ" ਕਿਸ ਰੂਪ ਵਿੱਚ ਹੈ। "ਸਤਿਗੁਰ" ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜਿਸ ਨੂੰ ਸਤਿਗੁਰ ਮਿਲਦਾ ਹੈ ਉਹ ਇਸੇ ਰੂਪ ਵਿੱਚ ਮਿਲਦਾ ਹੈ ਜੋ ਰੂਪ ਉਸ ਦਾ ਹੇਠ ਦਿੱਤੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"**ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥10॥**"

ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ "**ਸਤਿਗੁਰ**" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ। ਜਿਸ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਉਹ ਉਸ ਦਾ ਆਪਣਾ ਸਤਿਗੁਰ ਰੂਪ, ਗੁਰੂ ਰੂਪ ਬਣ ਜਾਂਦਾ ਹੈ। ਪੂਰੀ ਗੁਰਬਾਣੀ ਸਤਿਗੁਰ ਰੂਪ ਹੈ, ਗੁਰੂ ਰੂਪ ਹੈ। ਜੋ ਰੂਪ ਸਤਿਗੁਰ ਦਾ ਆਪਣਾ ਹੈ ਉਸੇ ਰੂਪ ਵਿੱਚ ਗੁਰਬਾਣੀ ਸਤਿਗੁਰ ਰੂਪ ਹੈ, ਗੁਰੂ ਰੂਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਆਪ "ਗਿਆਨ ਰਤਨੁ" ਦੇ ਰੂਪ ਵਿੱਚ ਹੈ ਜਿਸ ਰੂਪ ਨੂੰ "ਅਤਿ ਭਾਰੀ" ਰੂਪ ਕਿਹਾ ਹੈ, ਅਤਿ ਵੱਡਾ ਰੂਪ ਕਿਹਾ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰੂ ਪ੍ਰਮਾਤਮਾ ਕਿਸ ਰੂਪ ਵਿੱਚ ਵੱਡਾ ਹੈ ਭਾਵ ਉਸ ਦੀ ਵਡਿਆਈ ਕਿਸ ਰੂਪ ਵਿੱਚ ਹੈ, ਉਸ ਦਾ ਵੱਡਾ ਪਨ ਕਿਸ ਰੂਪ ਵਿੱਚ ਹੈ ਭਾਵ ਉਸ ਦਾ ਉੱਚਾ ਪਨ ਕਿਸ ਰੂਪ ਵਿੱਚ ਹੈ। ਪ੍ਰਮਾਤਮਾ ਆਪਣੇ ਗਿਆਨ ਰਤਨ ਦੇ ਰੂਪ ਵਿੱਚ ਵੱਡਾ ਹੈ ਭਾਵ ਆਪਣੇ ਉੱਚੇ ਗਿਆਨ ਦੁਆਰਾ ਵੱਡਾ ਹੈ, ਆਪਣੇ ਸ਼ੁੱਧ ਗਿਆਨ ਦੁਆਰਾ ਵੱਡਾ ਹੈ ਜੋ ਉਸਦਾ ਸੱਚਾ ਗਿਆਨ "ਰਤਨ" ਦੀ ਤਰ੍ਹਾਂ ਸ਼ੁਧਿ ਹੈ ਭਾਵ ਪੂਰੀ ਤਰ੍ਹਾਂ ਖੋਟ ਤੋਂ ਰਹਿਤ ਹੈ। ਗੁਰੂ ਦਾ ਹਰ ਸ਼ਬਦ ਰਤਨ ਹੈ ਭਾਵ ਹਰ ਸ਼ਬਦ ਦਾ ਗਿਆਨ ਰਤਨ ਦੀ ਤਰ੍ਹਾਂ ਸ਼ੁਧਿ ਹੈ, ਪਵਿੱਤਰ ਹੈ ਜੋ ਭਰਮ ਦੀ ਖੋਟਿ ਤੋਂ ਰਹਿਤ ਹੈ, ਅਗਿਆਨਤਾ ਦੀ ਖੋਟਿ ਤੋਂ ਰਹਿਤ ਹੈ ਭਾਵ ਉਸ ਦੇ ਅੰਦਰ ਪੂਰਨ ਸੱਚ ਹੈ, ਪੂਰਨ ਸੱਚੀ ਸਮਝ ਹੈ ਜਿਸ ਤੋਂ ਸੱਚੀ ਸਮਝ, ਉੱਚੀ ਸਮਝ ਹੋਰ ਕੋਈ ਨਹੀਂ ਹੋ ਸਕਦੀ ਭਾਵ ਨਾਮੁਮਕਿਨ ਹੈ। ਇਹ ਸਮਝ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸਮਝ ਹੈ ਜੋ ਸਮਝ ਉਸ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੱਤੀ ਹੈ। ਉੱਚੀ ਸਮਝ ਦੁਆਰਾ ਉਸਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪਰਗਟ ਹੋ ਕੇ ਗੁਰਬਾਣੀ ਦੀ ਰਚਨਾ ਕਰਵਾਈ ਹੈ। ਪ੍ਰਮਾਤਮਾ ਦੀ ਇਹ ਉੱਚੀ ਤੇ ਸੁੱਚੀ ਸਮਝ ਹੀ ਪ੍ਰਮਾਤਮਾ ਦਾ ਨਾਮ ਹੈ ਜੋ ਕਿ ਗਿਆਨ ਰਤਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦਾ ਇਹ ਨਾਮ ਕਿਸੇ ਨੂੰ ਬੜੇ ਉੱਚੇ ਕਰਮਾਂ ਦੁਆਰਾ ਮਿਲਦਾ ਹੈ ਜੋ ਨਾਮ ਮਿਲਣ ਦੁਆਰਾ ਮਨੁੱਖ ਨੂੰ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਜੋ ਸੁੱਖ ਕੇਵਲ ਤੇ ਕੇਵਲ ਪ੍ਰਮਾਤਮਾ ਦਾ ਨਾਮ ਮਿਲਣ ਦੇ ਵਿੱਚ ਹੈ। ਇਹ ਸੁਖੁ ਸੰਸਾਰ ਦਾ ਅਸਲ ਸੁਖੁ ਹੈ ਜੋ ਸਾਡੇ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ ਮਿਲਦਾ ਹੈ, ਸੱਚੀ ਸਮਝ ਦੇ ਰੂਪ ਵਿੱਚ ਮਿਲਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ, ਸਮਝ ਦਾ ਮਾਲਕ ਆਪ ਹੈ। ਸਾਡੇ ਅੰਦਰ ਦਾ ਦੁੱਖ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ ਤੇ ਵਿਛੋੜੇ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਰੂਪ ਪੜਦਾ ਹੈ ਜਿਸ ਦੇ ਰਹਿੰਦੇ ਹੋਏ ਮਨੁੱਖ ਮਨ ਦੀ ਨਾ-ਸਮਝ ਮਤਿ ਦੁਆਰਾ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਵਿੱਚ ਉਲਝਿਆ ਰਹਿੰਦਾ ਹੈ, ਮਾਇਆ ਮੋਹ ਵਿੱਚ ਫਸਿਆ ਰਹਿੰਦਾ ਹੈ, ਅਨੇਕਾਂ ਔਗੁਣ ਕਰਦਾ ਹੈ ਜਿੰਨ੍ਹਾਂ ਕਰਕੇ ਉਹ ਦੁੱਖਾਂ ਵਿੱਚ ਰਹਿੰਦਾ ਹੈ। ਸਾਡੇ ਅੰਦਰ ਦੇ ਇਹ ਦੁੱਖ ਦੇਣ ਵਾਲੇ ਵਿਚਾਰ ਹੀ, ਨਾ-ਸਮਝ ਮਾਇਆ ਮੋਹ ਵਾਲੇ ਵਿਚਾਰ ਹੀ ਸਾਡੇ ਅੰਦਰ ਦੇ ਜਮ ਹਨ ਜੋ ਸਾਨੂੰ ਆਤਮਿਕ ਮੌਤ ਮਾਰਦੇ ਰਹਿੰਦੇ ਹਨ, ਸਾਨੂੰ ਦੁੱਖ ਦਿੰਦੇ ਰਹਿੰਦੇ ਹਨ, ਮਨ ਦੀ ਟੈਂਨਸ਼ਨ ਵਿੱਚ ਰੱਖਦੇ ਹਨ। ਇਹ ਮਨ ਦੀਆਂ ਟੈਨਸ਼ਨਾਂ ਕੀ ਹਨ ਇਸ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਮਨ ਦੀ ਅਗਿਆਨਤਾ ਹੀ ਸਾਨੂੰ ਆਵਾਗਉਣ ਦੇ ਦੁੱਖ ਵਿੱਚ

ਰੱਖਦੀ ਹੈ, ਜਨਮ ਮਰਨ ਦੇ ਦੁੱਖ ਵਿੱਚ ਰੱਖਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਆਪਣੇ ਆਪ ਨੂੰ ਆਵਾਗਉਣ ਵਿੱਚ ਮਨੁੱਖ ਤਦ ਤੱਕ ਹੀ ਸਮਝਦਾ ਹੈ ਜਦ ਤੱਕ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ ਭਾਵ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਮਝ ਪ੍ਰਮਾਤਮਾ ਦਾ ਨਾਮ ਮਿਲਣ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੀ ਅਗਿਆਨਤਾ ਮਿੱਟਣ ਦੁਆਰਾ ਹੀ ਪੈਂਦੀ ਹੈ। (**ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥ ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥ ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥**)

{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥
ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥
ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥
ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥}

(ਅੰਗ - ੫੯੯)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ - ੪੧)

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥
ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫}

(ਅੰਗ - ੯੨੦)

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥
ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ ॥

ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫}

(ਅੰਗ - ੧੨੯੦)

{ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥
ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥
ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ - ੯੦੪)

{ਹਉਮੈ ਮਾਇਆ ਵਿਚੇ ਪਾਈ ॥
ਮਨਮੁਖ ਭੂਲੇ ਪਤਿ ਗਵਾਈ ॥
ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥
ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥
ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥}

(ਅੰਗ - ੧੦੪੪)

{ਤੂ ਅੰਤਰਜਾਮੀ ਜੀਅ ਸਭਿ ਤੇਰੇ ॥
ਤੂ ਦਾਤਾ ਹਮ ਸੇਵਕ ਤੇਰੇ ॥
ਅੰਮ੍ਰਿਤ ਨਾਮੁ ਕ੍ਰਿਪਾ ਕਰਿ ਦੀਜੈ ਗੁਰਿ ਗਿਆਨ ਰਤਨੁ ਦੀਪਾਇਆ ॥੬॥}

(ਅੰਗ - ੧੦੩੮-੧੦੩੯)

{ਗੜ ਮਹਿ ਹਾਟ ਪਟਣ ਵਾਪਾਰਾ ॥
ਪੂਰੈ ਤੋਲਿ ਤੋਲੈ ਵਣਜਾਰਾ ॥
ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥}

(ਅੰਗ - ੧੦੩੬)

{ਪੰਚ ਤਤੁ ਮਿਲਿ ਕਾਇਆ ਕੀਨੀ ॥
ਤਿਸ ਮਹਿ ਰਾਮ ਰਤਨੁ ਲੈ ਚੀਨੀ ॥
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥
ਸਤ ਸੰਤੋਖਿ ਰਹਹੁ ਜਨ ਭਾਈ ॥
ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥}

(ਅੰਗ - ੧੦੩੦)

{ਭੋਜਨੁ ਸਾਚੁ ਮਿਲੈ ਆਘਾਈ ॥
ਨਾਮ ਰਤਨੁ ਸਾਚੀ ਵਡਿਆਈ ॥
ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥
ਨਾਵਹੁ ਭੁਲੀ ਚੋਟਾ ਖਾਏ ॥
ਬਹੁਤੁ ਸਿਆਣਪ ਭਰਮੁ ਨ ਜਾਏ ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥੮॥}

(ਅੰਗ - ੧੦੨੪-੧੦੨੫)

{ਆਪੇ ਰਤਨੁ ਅਨੂਪੁ ਅਮੋਲੋ ॥
ਆਪੇ ਪਰਖੇ ਪੂਰਾ ਤੋਲੋ ॥
ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੯॥}

(ਅੰਗ - ੧੦੨੦-੧੦੨੧)

{ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥
ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥੧॥ ਰਹਾਉ ॥
ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ ॥੨॥
ਜਿਹ ਘਰ ਮਹਿ ਤੁਧੁ ਰਹਨਾ ਬਸਨਾ ਸੋ ਘਰੁ ਚੀਤਿ ਨ ਆਇਓ ॥੩॥}

(ਅੰਗ - ੧੦੧੭)

{ਸੋ ਸਤਸੰਗਤਿ ਸਬਦਿ ਮਿਲੈ ਜੋ ਗੁਰਮੁਖਿ ਚਲੈ ॥
ਸਚੁ ਧਿਆਇਨਿ ਸੇ ਸਚੇ ਜਿਨ ਹਰਿ ਖਰਚੁ ਧਨੁ ਪਲੈ ॥
ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ ॥
ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ ॥
ਆਪੇ ਮੇਲਿ ਮਿਲਾਇਦਾ ਆਪੇ ਦੇਇ ਵਡਿਆਈ ॥੧੯॥}

(ਅੰਗ - ੯੫੬)

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥
ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ - ੯੫੪)

ਪਉੜੀ ॥

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥

ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ - ੯੫੪)

{ਗੁਰਮੁਖਿ ਰਤਨੁ ਲਹੈ ਲਿਵ ਲਾਇ ॥
ਗੁਰਮੁਖਿ ਪਰਖੈ ਰਤਨੁ ਸੁਭਾਇ ॥
ਗੁਰਮੁਖਿ ਸਾਚੀ ਕਾਰ ਕਮਾਇ ॥
ਗੁਰਮੁਖਿ ਸਾਚੇ ਮਨੁ ਪਤੀਆਇ ॥
ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥
ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥}

(ਅੰਗ - ੯੪੨)

{ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥
ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥੧॥}

(ਅੰਗ - ੯੫੪)

{ਰਤਨ ਜਵੇਹਰ ਨਾਮ ॥
ਸਤੁ ਸੰਤੋਖੁ ਗਿਆਨ ॥
ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥}

(ਅੰਗ - ੮੯੩)

{ਕਉਡੀ ਬਦਲੈ ਤਿਆਗੈ ਰਤਨੁ ॥
ਛੋਡਿ ਜਾਇ ਤਾਹੂ ਕਾ ਜਤਨੁ ॥
ਸੋ ਸੰਚੈ ਜੋ ਹੋਛੀ ਬਾਤ ॥
ਮਾਇਆ ਮੋਹਿਆ ਟੇਢਉ ਜਾਤ ॥੧॥}

(ਅੰਗ - ੮੯੨)

{ਆਤਮ ਰਾਮੁ ਸਰਬ ਮਹਿ ਪੇਖੁ ॥
ਪੂਰਨ ਪੂਰਿ ਰਹਿਆ ਪ੍ਰਭ ਏਕੁ ॥
ਰਤਨੁ ਅਮੋਲੁ ਰਿਦੇ ਮਹਿ ਜਾਨੁ ॥
ਅਪਨੀ ਵਸਤੁ ਤੂ ਆਪਿ ਪਛਾਨੁ ॥੧॥}

(ਅੰਗ - ੮੯੨)

{ਨਾਮ ਰਤਨੁ ਜਿਨਿ ਪਾਇਆ ਦਾਨੁ ॥
ਤਿਸੁ ਜਨ ਹੋਏ ਸਗਲ ਨਿਧਾਨ ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥
ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ - ੮੯੧)

{ਮਹਿਮਾ ਜਾ ਕੀ ਗਹਿਰ ਗੰਭੀਰ ॥
ਹੋਇ ਨਿਹਾਲੁ ਦੇਇ ਜਿਸੁ ਧੀਰ ॥
ਜਾ ਕੇ ਬੰਧਨ ਕਾਟੇ ਰਾਇ ॥
ਸੋ ਨਰੁ ਬਹੁਰਿ ਨ ਜੋਨੀ ਪਾਇ ॥੨॥
ਜਾ ਕੈ ਅੰਤਰਿ ਪ੍ਰਗਟਿਓ ਆਪ ॥
ਤਾ ਕਉ ਨਾਹੀ ਦੂਖ ਸੰਤਾਪ ॥
ਲਾਲੁ ਰਤਨੁ ਤਿਸੁ ਪਾਲੈ ਪਰਿਆ ॥
ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥
ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥
ਏਕੋ ਏਕੁ ਨਿਰੰਜਨ ਪੂਜਾ ॥
ਜਤ ਕਤ ਦੇਖਉ ਆਪਿ ਦਇਆਲ ॥
ਕਹੁ ਨਾਨਕ ਪ੍ਰਭ ਮਿਲੇ ਰਸਾਲ ॥੪॥}

(ਅੰਗ - ੮੮੭)

{ਪਾਰਬ੍ਰਹਮੁ ਜਬ ਹੋਇ ਦਇਆਲ ॥
ਸਾਧੂ ਜਨ ਕੀ ਕਰੈ ਰਵਾਲ ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥
ਰਾਮ ਰਤਨੁ ਵਸੈ ਮਨਿ ਆਇ ॥੨॥
ਸਫਲੁ ਜਨਮੁ ਤਾਂ ਕਾ ਪਰਵਾਣੁ ॥
ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥
ਜਨਮ ਜਨਮ ਕਾ ਸੋਇਆ ਜਾਗੈ ॥੩॥}

(ਅੰਗ - ੮੬੯)

{ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ ਗੁਰਮੁਖਿ ਖੋਜਿ ਲਹਹੁ ਹਰਿ ਰਤਨਾ ॥
ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸੁਆਮੀ
ਤਿਨ ਕੇ ਚਰਣ ਮਲਹੁ ਹਰਿ ਦਸਨਾ ॥੨॥
ਸਬਦੁ ਪਛਾਣਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ ॥
ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ
ਓਹੁ ਘਟੈ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ॥੩॥}

(ਅੰਗ - ੮੬੦)

{ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ ॥
ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥}

(ਅੰਗ - ੮੩੪)

{ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥
ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥
ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥੧॥
ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥
ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥
ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥
ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥੩॥
ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥
ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥੪॥}

(ਅੰਗ - ੮੨੧)

{ਰਾਖਿ ਲੀਏ ਅਪਨੇ ਜਨ ਆਪ ॥
ਕਰਿ ਕਿਰਪਾ ਹਰਿ ਹਰਿ ਨਾਮੁ ਦੀਨੋ ਬਿਨਸਿ ਗਏ ਸਭ ਸੋਗ ਸੰਤਾਪ ॥੧॥ ਰਹਾਉ ॥
ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥
ਕੋਟਿ ਜਨਮ ਕੀ ਤ੍ਰਿਸਨਾ ਨਿਵਰੀ ਰਾਮ ਰਸਾਇਣਿ ਆਤਮ ਧ੍ਰਾਪ ॥੧॥
ਚਰਣ ਗਹੇ ਸਰਣਿ ਸੁਖਦਾਤੇ ਗੁਰ ਕੈ ਬਚਨਿ ਜਪੇ ਹਰਿ ਜਾਪ ॥
ਸਾਗਰ ਤਰੇ ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ ॥੨॥}

(ਅੰਗ - ੮੨੧)

{ਨਦਰੀ ਆਵੈ ਤਿਸੁ ਸਿਉ ਮੋਹੁ ॥
ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥
ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥
ਸਾਧਸੰਗਤਿ ਕੈ ਅੰਚਲਿ ਲਾਵਹੁ ॥੧॥
ਕਿਉ ਤਰੀਐ ਬਿਖਿਆ ਸੰਸਾਰੁ ॥
ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ ਰਹਾਉ ॥
ਪਵਨ ਝੁਲਾਰੇ ਮਾਣਿਆ ਦੇਇ ॥
ਹਰਿ ਕੇ ਭਗਤ ਸਦਾ ਥਿਰੁ ਸੇਇ ॥
ਹਰਖ ਸੋਗ ਤੇ ਰਹਹਿ ਨਿਰਾਰਾ ॥
ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨॥
ਪਾਣਿਆ ਵੇੜੁ ਮਾਣਿਆ ਸਰਬ ਭੁਇਅੰਗਾ ॥
ਹਉਮੈ ਪਚੇ ਦੀਪਕ ਦੇਖਿ ਪਤੰਗਾ ॥
ਸਗਲ ਸੀਗਾਰ ਕਰੇ ਨਹੀ ਪਾਵੈ ॥
ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੩॥
ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥
ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥
ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥
ਜਿਨਿ ਚਾਖਿਆ ਤਿਸੁ ਆਇਆ ਸਾਦੁ ॥
ਜਿਉ ਗੂੰਗਾ ਮਨ ਮਹਿ ਬਿਸਮਾਦੁ ॥
ਆਨਦ ਰੂਪੁ ਸਭੁ ਨਦਰੀ ਆਇਆ ॥
ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥}

(ਅੰਗ - ੮੦੧)

{ਗੁਰਮੁਖਿ ਹਰਿ ਗੁਣ ਗਾਏ ॥
ਹਿਰਦੈ ਰਸਨ ਰਸਾਏ ॥
ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥
ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥
ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥
ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥
ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥
ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥

ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥
ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥
ਹਰਿ ਪ੍ਰਭਿ ਕਾਜੁ ਰਚਾਇਆ ॥
ਗੁਰਮੁਖਿ ਵੀਆਹਣਿ ਆਇਆ ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥}

(ਅੰਗ - ੭੭੪-੭੭੫)

{ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥
ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥
ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥
ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥}

(ਅੰਗ - ੭੬੫)

{ਹਮ ਘਰਿ ਸਾਜਨ ਆਏ ॥
ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥
ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥
ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥

ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥
ਮਨੁ ਤਨੁ ਅੰਮ੍ਰਿਤਿ ਭਿੰਨਾ ॥
ਅੰਤਰਿ ਪ੍ਰੇਮੁ ਰਤੰਨਾ ॥
ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥
ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥
ਆਤਮ ਰਾਮੁ ਸੰਸਾਰਾ ॥
ਸਾਚਾ ਖੇਲੁ ਤੁਮ੍ਹਾਰਾ ॥
ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥
ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥
ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥}

(ਅੰਗ - ੭੬੪)

{ਕਾਇਆ ਕਾਮਣਿ ਅਤਿ ਸੁਆਲ੍ਹਿਉ ਪਿਰੁ ਵਸੈ ਜਿਸੁ ਨਾਲੇ ॥
ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ ॥
ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥੧॥
ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥
ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ ॥੨॥
ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ॥
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ ॥੩॥
ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥
ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥
ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥

ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥
ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥੬॥
ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਉਪਤਿ ਜਿਤੁ ਸੰਸਾਰਾ ॥
ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ ॥
ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ॥੭॥
ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ ॥
ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ ॥
ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ ॥੮॥}

(ਅੰਗ - ੭੫੪)

{ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥
ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥
ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ ॥
ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ ॥੨॥
ਤੂੰ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ ॥
ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ ॥੩॥
ਦੇਹੀ ਹੋਵਗਿ ਖਾਕੁ ਪਵਣੁ ਉਡਾਈਐ ॥
ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ ॥੪॥
ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥
ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥੫॥
ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ ॥
ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥੬॥
ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥
ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥
ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ ॥
ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ ॥੮॥}

(ਅੰਗ - ੭੫੨)

{ਕਰਤ ਬਿਕਾਰ ਦੋਊ ਕਰ ਝਾਰਤ ॥

ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥੨॥}

(ਅੰਗ - ੭੪੩)

{ਲੋਭਿ ਮੋਹਿ ਮਗਨ ਅਪਰਾਧੀ ॥
ਕਰਣਹਾਰ ਕੀ ਸੇਵ ਨ ਸਾਧੀ ॥੧॥
ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥
ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥੧॥ ਰਹਾਉ ॥
ਤੂੰ ਦਾਤਾ ਪ੍ਰਭ ਅੰਤਰਜਾਮੀ ॥
ਕਾਚੀ ਦੇਹ ਮਾਨੁਖ ਅਭਿਮਾਨੀ ॥੨॥
ਸੁਆਦ ਬਾਦ ਈਰਖ ਮਦ ਮਾਇਆ ॥
ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥੩॥
ਦੁਖ ਭੰਜਨ ਜਗਜੀਵਨ ਹਰਿ ਰਾਇਆ ॥
ਸਗਲ ਤਿਆਗਿ ਨਾਨਕੁ ਸਰਣਾਇਆ ॥੪॥}

(ਅੰਗ - ੭੪੦-੭੪੧)

{ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥
ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥
ਲੋਕ ਪਤੀਆਰੈ ਕਛੂ ਨ ਪਾਈਐ ॥
ਸਾਚਿ ਲਗੈ ਤਾ ਹਉਮੈ ਜਾਈਐ ॥੨॥
ਜਿਸ ਨੋ ਲਾਇ ਲਏ ਸੋ ਲਾਗੈ ॥
ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ ॥
ਗੁਰ ਪਰਸਾਦੀ ਨਾਮੁ ਧਿਆਏ ॥੩॥}

(ਅੰਗ - ੭੩੬-੭੩੭)

{ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥
ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ
ਵਾਕਿ ਹਰਿ ਧਨੁ ਲਇਆ ਨ ਜਾਈ ॥੨॥
ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥
ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥੩॥
ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ ਅਗਨੀ
ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥
ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ ॥੪॥

ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ ॥
ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ
ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ ॥੫॥
ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ ॥
ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ ॥੬॥}

(ਅੰਗ - ੭੩੪)

{ਜਪਿ ਮਨ ਰਾਮ ਨਾਮੁ ਨਿਸਤਾਰਾ ॥
ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ ॥੧॥ ਰਹਾਉ ॥
ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥
ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ ॥੧॥
ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਾਸਾਰਾ ॥
ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ ਸੋ ਸਾਹੁ ਸਚਾ ਵਣਜਾਰਾ ॥੨॥}

(ਅੰਗ - ੭੨੦)

{ਮਨ ਮਿਲਿ ਸੰਤ ਜਨਾ ਜਸੁ ਗਾਇਓ ॥
ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ ॥੧॥ ਰਹਾਉ ॥
ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ ॥
ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ ॥੧॥}

(ਅੰਗ - ੭੧੯)

{ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥
ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥੨॥}

(ਅੰਗ - ੭੧੮)

{ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥
ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਬਾਟਿਓ ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥}

(ਅੰਗ - ੭੧੪)

{ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ ॥
ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ ॥
ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ ॥
ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ ॥
ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ ॥

ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ ॥੨॥}

(ਅੰਗ - ੭੦੫)

{ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥
ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥
ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥੧॥
ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥}

(ਅੰਗ - ੭੦੨-੭੦੩)

{ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥
ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ ॥੧॥
ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ ॥ ਰਹਾਉ ॥
ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥}

(ਅੰਗ - ੬੯੬)

{ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥
ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥}

(ਅੰਗ - ੬੯੬)

{ਗੁਰੁ ਸਾਗਰੁ ਰਤਨੀ ਭਰਪੂਰੇ ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥
ਕਿਆ ਬਗੁ ਬਪੁੜਾ ਛਪੜੀ ਨਾਇ ॥
ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥}

(ਅੰਗ - ੬੮੫)

{ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ ਦਾਸ ਅਪੁਨੇ ਕਉ ਨਾਮੁ ਦੇਵਹੁ ॥

ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ ਭੁਜਾ ਗਹਿ ਕੂਪ ਤੇ ਕਾਢਿ ਲੇਵਹੁ ॥ ਰਹਾਉ ॥
ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥
ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥੧॥
ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦ ਉਚਾਰ ਨਹੀ ਅੰਤੁ ਪਾਇਓ ॥
ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ ॥੨॥}

(ਅੰਗ - ੬੮੩)

{ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥
ਹਰਿ ਗੁਨ ਕਹਤੇ ਕਹਨੁ ਨ ਜਾਈ ॥ ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥
ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥}

(ਅੰਗ - ੬੫੯)

{ਅਣਮੜਿਆ ਮੰਦਲੁ ਬਾਜੈ ॥
ਬਿਨੁ ਸਾਵਣ ਘਨਹਰੁ ਗਾਜੈ ॥
ਬਾਦਲ ਬਿਨੁ ਬਰਖਾ ਹੋਈ ॥
ਜਉ ਤਤੁ ਬਿਚਾਰੈ ਕੋਈ ॥੧॥
ਮੋ ਕਉ ਮਿਲਿਓ ਰਾਮੁ ਸਨੇਹੀ ॥
ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥
ਮਿਲਿ ਪਾਰਸ ਕੰਚਨੁ ਹੋਇਆ ॥
ਮੁਖ ਮਨਸਾ ਰਤਨੁ ਪਰੋਇਆ ॥
ਨਿਜ ਭਾਉ ਭਇਆ ਭ੍ਰਮੁ ਭਾਗਾ ॥
ਗੁਰ ਪੂਛੇ ਮਨੁ ਪਤੀਆਗਾ ॥੨॥
ਜਲ ਭੀਤਰਿ ਕੁੰਭ ਸਮਾਨਿਆ ॥
ਸਭ ਰਾਮੁ ਏਕੁ ਕਰਿ ਜਾਨਿਆ ॥
ਗੁਰ ਚੇਲੇ ਹੈ ਮਨੁ ਮਾਨਿਆ ॥
ਜਨ ਨਾਮੈ ਤਤੁ ਪਛਾਨਿਆ ॥੩॥}

(ਅੰਗ - ੬੫੭)

{ਜਬ ਦੇਖਾ ਤਬ ਗਾਵਾ ॥ ਤਉ ਜਨ ਧੀਰਜੁ ਪਾਵਾ ॥੧॥
ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥੧॥ ਰਹਾਉ ॥
ਜਹ ਝਿਲਿ ਮਿਲਿ ਕਾਰੁ ਦਿਸੰਤਾ ॥
ਤਹ ਅਨਹਦ ਸਬਦ ਬਜੰਤਾ ॥

ਜੋਤੀ ਜੋਤਿ ਸਮਾਨੀ ॥
ਮੈ ਗੁਰ ਪਰਸਾਦੀ ਜਾਨੀ ॥੨॥
ਰਤਨ ਕਮਲ ਕੋਠਰੀ ॥
ਚਮਕਾਰ ਬੀਜੁਲ ਤਹੀ ॥
ਨੇਰੈ ਨਾਹੀ ਦੂਰਿ ॥
ਨਿਜ ਆਤਮੈ ਰਹਿਆ ਭਰਪੂਰਿ ॥੩॥
ਜਹ ਅਨਹਤ ਸੂਰ ਉਜ੍ਯਾਰਾ ॥
ਤਹ ਦੀਪਕ ਜਲੈ ਛੰਛਾਰਾ ॥
ਗੁਰ ਪਰਸਾਦੀ ਜਾਨਿਆ ॥
ਜਨੁ ਨਾਮਾ ਸਹਜ ਸਮਾਨਿਆ ॥੪॥}

(ਅੰਗ - ੬੫੬-੬੫੭)

{ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥
ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥
ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥}

(ਅੰਗ - ੬੪੬)

{ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥}

(ਅੰਗ - ੬੩੩)

{ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥
ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥੧॥
ਹਿਰਦੈ ਹਰਿ ਕੇ ਚਰਣ ਵਸਾਈ ॥
ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ ॥ ਰਹਾਉ ॥
ਕਿਆ ਗੁਣ ਤੇਰੇ ਆਖਿ ਵਖਾਣਾ ਕੀਮਤਿ ਕਹਣੁ ਨ ਜਾਈ ॥
ਨਾਨਕ ਭਗਤ ਭਏ ਅਬਿਨਾਸੀ ਅਪੁਨਾ ਪ੍ਰਭੁ ਭਇਆ ਸਹਾਈ ॥੨॥}

(ਅੰਗ - ੬੧੯)

{ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥
ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥
ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥

ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥
ਹਰਿ ਹਰਿ ਨਾਮੁ ਨਿਧਾਨ ਰਸੁ ਪੀਆ ਮਨ ਤਨ ਰਹੇ ਅਘਾਈ ॥
ਜਤ ਕਤ ਪੂਰਿ ਰਹਿਓ ਪਰਮੇਸਰੁ ਕਤ ਆਵੈ ਕਤ ਜਾਈ ॥੨॥
ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥}

(ਅੰਗ - ੬੧੫)

{ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥
ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥੩॥}

(ਅੰਗ - ੬੧੨)

{ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ ॥
ਸਾਧਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੋਪਾਲਾ ॥੪॥}

(ਅੰਗ - ੬੧੧)

{ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥
ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥੪॥
ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥
ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥੫॥}

(ਅੰਗ - ੬੦੭-੬੦੮)

{ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥
ਘਟਿ ਘਟਿ ਰਵਿ ਰਹਿਆ ਬਨਵਾਰੀ ॥
ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥
ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥
ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥
ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥
ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥
ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥}

(ਅੰਗ - ੫੯੭-੫੯੮)

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥

ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ - ੫੯੩)

{ਹਮ ਘਰਿ ਨਾਮੁ ਖਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ ॥
ਸਤਗੁਰੁ ਦਾਤਾ ਜੀਅ ਕਾ ਸਦ ਜੀਵੈ ਦੇਵਣਹਾਰਾ ॥
ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥
ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥
ਇਹੁ ਮਨੂਆ ਸਦਾ ਸੁਖਿ ਵਸੈ ਸਹਜੇ ਕਰੇ ਵਾਪਾਰਾ ॥
ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ - ੫੯੩)

{ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥
ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥
ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ ॥
ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ ॥
ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ ॥
ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ ॥੨॥}

(ਅੰਗ - ੫੪੯)

{ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥
ਦੀਨ ਦਇਆਲ ਭਏ ਪ੍ਰਭ ਅਪਨੇ ਬਹੁੜਿ ਜਨਮਿ ਨਹੀ ਮਾਰਿਓ ॥੧॥ ਰਹਾਉ ॥
ਸਾਧਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ ॥
ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ ॥੧॥
ਚਰਨ ਕਮਲ ਬਸਿਆ ਰਿਦ ਭੀਤਰਿ ਸਾਸਿ ਗਿਰਾਸਿ ਉਚਾਰਿਓ ॥
ਨਾਨਕ ਓਟ ਗਹੀ ਜਗਦੀਸੁਰ ਪੁਨਹ ਪੁਨਹ ਬਲਿਹਾਰਿਓ ॥੨॥}

(ਅੰਗ - ੫੩੪)

{ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ ॥
ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ ॥੩॥}

(ਅੰਗ - ੫੨੪)

{ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥
ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥੫॥
ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥

ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥
ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ ॥
ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ ॥੭॥
ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥}

(ਅੰਗ - ੫੦੫-੫੦੬)

{ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥੧॥
ਬਾਬਾ ਮਾਇਆ ਮੋਹ ਹਿਤੁ ਕੀਨ੍ ॥
ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥
ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥
ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥੨॥
ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ ॥
ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ ॥੩॥}

(ਅੰਗ - ੪੮੨)

{ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥
ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥੧॥ ਰਹਾਉ ॥}

(ਅੰਗ - ੪੯੧)

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥}

(ਅੰਗ - ੪੫੦)

{ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸਿ ਮਾਤੇ ਰਾਮ ਰਾਜੇ ॥
ਗੁਰ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ ॥
ਜੀਵਨ ਗਤਿ ਸੁਆਮੀ ਅੰਤਰਜਾਮੀ ਆਪਿ ਲੀਏ ਲੜਿ ਲਾਏ ॥
ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ ॥
ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ ਤਾ ਕੀ ਮਿਟੈ ਨ ਦਾਤੇ ॥
ਜਲ ਸੰਗਿ ਰਾਤੀ ਮਾਛੁਲੀ ਨਾਨਕ ਹਰਿ ਮਾਤੇ ॥੨॥}

(ਅੰਗ - ੪੫੪)

{ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ ॥
ਹਰਿ ਪੂਜੀ ਹਰਿ ਪੂਜੀ ਚਾਹੀ ਮੇਰੇ ਸਤਿਗੁਰ ਸਾਹਾ ਰਾਮ ॥
ਹਰਿ ਪੂਜੀ ਚਾਹੀ ਨਾਮੁ ਬਿਸਾਹੀ ਗੁਣ ਗਾਵੈ ਗੁਣ ਭਾਵੈ ॥
ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥
ਵਣਜਾਰੇ ਇਕ ਭਾਤੀ ਆਵਹਿ ਲਾਹਾ ਹਰਿ ਨਾਮੁ ਲੈ ਜਾਹੇ ॥
ਨਾਨਕ ਮਨੁ ਤਨੁ ਅਰਪਿ ਗੁਰ ਆਗੈ ਜਿਸੁ ਪ੍ਰਾਪਤਿ ਸੋ ਪਾਏ ॥੩॥
ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥}

(ਅੰਗ - ੪੪੨-੪੪੩)

{ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥
ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥
ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥

ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥
ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ - ੪੩੭)

{ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥
ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥
ਨਿਰਮਲ ਜਲਿ ਨ੍ਾਏ ਜਾ ਪ੍ਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ - ੪੩੬-੪੩੭)

{ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥
ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥}

(ਅੰਗ - ੪੨੬)

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥
ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ ॥
ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ ॥
ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥
ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥
ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥
ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥੩॥
ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥
ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥੪॥
ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥
ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥
ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥
ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥
ਜਿਨ੍ੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥
ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥

ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥}

(ਅੰਗ - ੪੨੫)

{ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥
ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥
ਜੰਮਣ ਮਰਣਾ ਆਖੀਐ ਤਿਨਿ ਕਰਤੈ ਕੀਆ ॥
ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ ॥੬॥
ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ ॥
ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ ॥੭॥
ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ ॥
ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥੮॥}

(ਅੰਗ - ੪੨੦)

{ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥
ਜਉ ਕਿਰਪਾ ਗੋਬਿੰਦ ਭਈ ॥
ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ ਰਹਾਉ ॥}

(ਅੰਗ - ੪੦੨)

{ਪਰਦੇਸੁ ਝਾਗਿ ਸਉਦੇ ਕਉ ਆਇਆ ॥
ਵਸਤੁ ਅਨੂਪ ਸੁਣੀ ਲਾਭਾਇਆ ॥
ਗੁਣ ਰਾਸਿ ਬੰਨ੍ਹਿ ਪਲੈ ਆਨੀ ॥
ਦੇਖਿ ਰਤਨੁ ਇਹੁ ਮਨੁ ਲਪਟਾਨੀ ॥੧॥
ਸਾਹ ਵਾਪਾਰੀ ਦੁਆਰੈ ਆਏ ॥
ਵਖਰੁ ਕਾਢਹੁ ਸਉਦਾ ਕਰਾਏ ॥੧॥ ਰਹਾਉ ॥
ਸਾਹਿ ਪਠਾਇਆ ਸਾਹੈ ਪਾਸਿ ॥
ਅਮੋਲ ਰਤਨ ਅਮੋਲਾ ਰਾਸਿ ॥
ਵਿਸਟੁ ਸੁਭਾਈ ਪਾਇਆ ਮੀਤ ॥
ਸਉਦਾ ਮਿਲਿਆ ਨਿਹਚਲ ਚੀਤ ॥੨॥
ਭਉ ਨਹੀ ਤਸਕਰ ਪਉਣ ਨ ਪਾਨੀ ॥
ਸਹਜਿ ਵਿਹਾਝੀ ਸਹਜਿ ਲੈ ਜਾਨੀ ॥
ਸਤ ਕੈ ਖਟਿਐ ਦੁਖੁ ਨਹੀ ਪਾਇਆ ॥
ਸਹੀ ਸਲਾਮਤਿ ਘਰਿ ਲੈ ਆਇਆ ॥੩॥
ਮਿਲਿਆ ਲਾਹਾ ਭਏ ਅਨੰਦ ॥

ਧੰਨੁ ਸਾਹ ਪੂਰੇ ਬਖਸਿੰਦ ॥
ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ॥
ਸਹਲੀ ਖੇਪ ਨਾਨਕੁ ਲੈ ਆਇਆ ॥੪॥}

(ਅੰਗ - ੩੭੨)

{ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ - ੩੬੮)

{ਸਭ ਤੇਰੀ ਤੂੰ ਸਭਨੀ ਧਿਆਇਆ ॥
ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥}

(ਅੰਗ - ੩੬੫)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥}

(ਅੰਗ - ੩੫੪)

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥
ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥}

(ਅੰਗ - ੩੫੩)

{ਰਾਗ ਰਤਨ ਪਰੀਆ ਪਰਵਾਰ ॥
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥
ਜੇ ਕੋ ਬੂਝੈ ਏਹੁ ਬੀਚਾਰੁ ॥੪॥}

(ਅੰਗ - ੩੫੧)

{ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥੨॥}

(ਅੰਗ - ੩੦੯)

ਪਉੜੀ ॥
{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ - ੩੦੯-੩੧੦)

{ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥
ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥੨॥}

(ਅੰਗ - ੨੯੬)

ਪਉੜੀ ॥
{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥
ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥
ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥
ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥
ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ - ੨੯੬-੨੯੭)

{ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥
ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥}

(ਅੰਗ - ੨੮੬)

{ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ - ੨੩੫)

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥

ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥
ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥
ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥
ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥}

(ਅੰਗ - ੨੩੩)

{ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥
ਜਾ ਹਿਰਦੈ ਵਸਿਆ ਸਚੁ ਸੋਇ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥
ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥
ਤੂੰ ਕਰਤਾ ਮੈ ਅਵਰੁ ਨ ਕੋਇ ॥
ਤੁਝੁ ਸੇਵੀ ਤੁਝ ਤੇ ਪਤਿ ਹੋਇ ॥
ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥
ਨਾਮ ਰਤਨੁ ਸਭ ਜਗ ਮਹਿ ਲੋਇ ॥੫॥
ਗੁਰਮੁਖਿ ਬਾਣੀ ਮੀਠੀ ਲਾਗੀ ॥
ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥
ਸਹਜੇ ਸਚੁ ਮਿਲਿਆ ਪਰਸਾਦੀ ॥
ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥
ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥
ਜਬ ਹਿਰਦੈ ਰਾਮ ਨਾਮ ਗੁਣਤਾਸੁ ॥
ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥
ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥
ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥
ਗੁਰਮੁਖਿ ਮੇਲੇ ਆਪੁ ਗਵਾਏ ॥
ਹਿਰਦੈ ਸਾਚਾ ਨਾਮੁ ਵਸਾਏ ॥
ਨਾਨਕ ਸਹਜੇ ਸਾਚਿ ਸਮਾਏ ॥੮॥੭॥}

(ਅੰਗ - ੨੩੨)

{ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥

ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥੨॥}

(ਅੰਗ - ੨੧੯)

{ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥੧॥ ਰਹਾਉ ॥
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥}

(ਅੰਗ - ੨੧੫)

{ਖੋਜਤ ਖੋਜਤ ਨਿਜ ਘਰੁ ਪਾਇਆ ॥
ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥
ਕਹੁ ਨਾਨਕ ਗੁਰ ਕੈ ਵੇਸਾਹਿ ॥੪॥}

(ਅੰਗ - ੧੯੧)

{ਪਉਣੈ ਪਾਣੀ ਅਗਨੀ ਕਾ ਮੇਲੁ ॥
ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਨੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਨੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥
ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥
ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ - ੧੫੨)

{ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥
ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥
ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥
ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥
ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥
ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥}

(ਅੰਗ - ੧੪੯)

{ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥
ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥
ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥}

(ਅੰਗ - ੧੪੫)

{ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥
ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥
ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥
ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥
ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥
ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥
ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥}

(ਅੰਗ - ੧੪੧)

{ਅੰਤਰਿ ਅਲਖੁ ਨ ਜਾਈ ਲਖਿਆ ॥
ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥੧॥ ਰਹਾਉ ॥}

(ਅੰਗ - ੧੩੦)

{ਮਾਇਆ ਮੋਹੁ ਜਗਤੁ ਸਬਾਇਆ ॥
ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥

ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥
ਦੇਵੀ ਦੇਵਾ ਮੂਲੁ ਹੈ ਮਾਇਆ ॥
ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥
ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥
ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥
ਪੇਈਅੜੈ ਧਨ ਭਰਮਿ ਭੁਲਾਣੀ ॥
ਦੂਜੈ ਲਾਗੀ ਫਿਰਿ ਪਛੋਤਾਣੀ ॥
ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥}

(ਅੰਗ - ੧੨੯)

{ਨਿਰਗੁਣੁ ਸਰਗੁਣੁ ਆਪੇ ਸੋਈ ॥
ਤਤੁ ਪਛਾਣੈ ਸੋ ਪੰਡਿਤੁ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥
ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥
ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥
ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥
ਹਉਮੈ ਕਰੈ ਨਿਹਕਰਮੀ ਨ ਹੋਵੈ ॥
ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥
ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥
ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥
ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥
ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥
ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥

ਰਤਨੁ ਪਦਾਰਥੁ ਘਰ ਤੇ ਪਾਇਆ ॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥
ਆਪਿ ਉਪਾਏ ਤੈ ਆਪੇ ਵੇਖੈ ॥
ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ - ੧੨੮-੧੨੯)

{ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥
ਗੁਰ ਪਰਸਾਦੀ ਘਰ ਹੀ ਮਹਿ ਪਾਈ ॥
ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥
ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥
ਘਰ ਮਹਿ ਧਰਤੀ ਧਉਲੁ ਪਾਤਾਲਾ ॥
ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥
ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥
ਕਾਇਆ ਅੰਦਰਿ ਹਉਮੈ ਮੇਰਾ ॥
ਜੰਮਣ ਮਰਣੁ ਨ ਚੂਕੈ ਫੇਰਾ ॥
ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥
ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥
ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥
ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥
ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥
ਅੰਤਰਿ ਜੋਤਿ ਪਰਗਟੁ ਪਾਸਾਰਾ ॥
ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥
ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥
ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
ਆਪੇ ਵਥੁ ਰਾਖੈ ਆਪੇ ਦੇਇ ॥

ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ - ੧੨੬)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥
ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥
ਅੰਤਰਿ ਰਤਨੁ ਮਿਲੈ ਮਿਲਾਇਆ ॥
ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥
ਆਪੇ ਰੰਗੇ ਰੰਗੁ ਚੜਾਏ ॥
ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥
ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ ॥੬॥
ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥
ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥
ਗੁਰਮੁਖਿ ਥਾਪੇ ਥਾਪਿ ਉਥਾਪੇ ॥
ਗੁਰਮੁਖਿ ਜਾਤਿ ਪਤਿ ਸਭੁ ਆਪੇ ॥
ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥}

(ਅੰਗ - ੧੧੭)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥
ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥
ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥
ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥
ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥੨॥
ਏਕੋ ਵੇਖਾ ਅਵਰੁ ਨ ਬੀਆ ॥
ਗੁਰ ਪਰਸਾਦੀ ਅੰਮ੍ਰਿਤੁ ਪੀਆ ॥
ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥੩॥
ਰਤਨੁ ਪਦਾਰਥੁ ਪਲਰਿ ਤਿਆਗੈ ॥
ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥
ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥
ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥
ਗੁਰ ਕਾ ਸਬਦੁ ਮੰਨਿ ਵਸਾਏ ॥
ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥
ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥
ਸਿਮ੍ਰਿਤਿ ਸਾਸਤ ਬੇਦ ਵਖਾਣੈ ॥
ਭਰਮੇ ਭੂਲਾ ਤਤੁ ਨ ਜਾਣੈ ॥
ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥੭॥
ਆਪਿ ਕਰੇ ਕਿਸੁ ਆਖੈ ਕੋਈ ॥
ਆਖਣਿ ਜਾਈਐ ਜੇ ਭੂਲਾ ਹੋਈ ॥
ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ ॥੮॥੭॥੮॥}

(ਅੰਗ - ੧੧੩-੧੧੪)

{ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥
ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥}

(ਅੰਗ - ੮੩)

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ - ੭੮)

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥
ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥
ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥
ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥
ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥}

(ਅੰਗ - ੫੯)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥

ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥
ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ - ੫੬-੫੭)

{ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥
ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥
ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥
ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥}

(ਅੰਗ - ੪੫)

{ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥}

(ਅੰਗ - ੪੦)

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੈ ਹਰਿ ਬੋਲਿ ॥
ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥

ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥
ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥
ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥
ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ - ੨੨)

{ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥}

(ਅੰਗ - ੨)

{ਸਚਾ ਆਪਿ ਸਵਾਰਣਹਾਰਾ ॥
ਅਵਰ ਨ ਸੂਝਸਿ ਬੀਜੀ ਕਾਰਾ ॥
ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥
ਸਭਨਾ ਸਚੁ ਵਸੈ ਮਨ ਮਾਹੀ ॥
ਗੁਰ ਪਰਸਾਦੀ ਸਹਜਿ ਸਮਾਹੀ ॥
ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥
ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥
ਬਿਨੁ ਸਤਿਗੁਰ ਜੋ ਦੂਜੈ ਲਾਗੇ ॥
ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥

ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥
ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥
ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥
ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥

ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥
ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥}

(ਅੰਗ - ੧੦੬੯-੧੦੭੦)

ਉੱਪਰ ਸਾਰੇ ਸ਼ਬਦਾਂ ਨੂੰ ਧਿਆਨ ਨਾਲ ਸਮਝਣ ਤੋਂ ਬਾਅਦ ਕੀ ਇਸ ਗੱਲ ਨੂੰ ਸਮਝਣ ਵਿੱਚ ਕਿਸੇ ਨੂੰ ਕੋਈ ਭਰਮ ਰਹਿ ਜਾਂਦਾ ਹੈ ਕਿ ਨਾਮ ਕੀ ਹੈ। ਉਪਰਲੇ ਸ਼ਬਦਾਂ ਰਾਹੀਂ ਨਾਮ ਨੂੰ ਨਾਮ ਰਤਨ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ ਤੇ ਇਹਨਾਂ ਸ਼ਬਦਾਂ ਰਾਹੀਂ ਸਾਨੂੰ ਵਾਰ-ਵਾਰ ਇਹ ਗੱਲ ਸਮਝਾਈ ਗਈ ਹੈ ਕਿ ਨਾਮ ਰਤਨ ਗੁਰੂ ਦਾ ਸੱਚਾ ਗਿਆਨ ਹੈ, ਤੱਤ ਗਿਆਨ ਹੈ ਜੋ ਗਿਆਨ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਆਪ ਹੀ ਕਿਸੇ ਨੂੰ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। ਸਾਨੂੰ ਸ਼ਬਦਾਂ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਵਾਰ-ਵਾਰ ਸਮਝਾਇਆ ਹੈ ਕਿ ਨਾਮ ਰਤਨ ਦਾ ਮਕਸਦ ਮਨੁੱਖ ਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਮਨੁੱਖ ਨੂੰ ਸੱਚਾ ਗਿਆਨੀ ਬਣਾਉਣ ਦਾ ਹੈ ਜਿਸ ਸੱਚੇ ਗਿਆਨ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਗਿਆਨ ਦਾ ਮਾਲਕ ਕੌਣ ਹੈ। ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਭਾਵ ਨਾਮ ਰਤਨ ਦੀ ਪ੍ਰਾਪਤੀ ਦੁਆਰਾ ਹੀ ਮਨ ਦੇ ਵਿੱਚੋਂ ਅਗਿਆਨਤਾ ਰੂਪ ਪੜਦਾ ਦੂਰ ਹੁੰਦਾ ਹੈ, ਭਰਮ ਰੂਪ, ਮਾਇਆ ਰੂਪ, ਹਉਮੈ ਰੂਪ, ਤ੍ਰੈਗੁਣਾਂ ਰੂਪ ਪੜਦਾ ਦੂਰ ਹੁੰਦਾ ਹੈ ਤੇ ਮਨੁੱਖ ਨੂੰ ਮਨ ਦੇ ਵਿੱਚ ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ, ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ ਜਿਸ ਪਦ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਸ ਮੇਲ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਧਰਮ ਦੇ ਸੱਚੇ ਮਾਰਗ ਦੀ ਸੋਝੀ ਹੀ ਪਾਉਂਦਾ ਹੈ ਜੋ ਸੋਝੀ ਉਹ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪਾਉਂਦਾ ਹੈ। ਉੱਪਰ ਸ਼ਬਦ ਰਾਹੀਂ ਅਸੀਂ ਧੰਨ ਧੰਨ ਭਗਤ ਨਾਮਦੇਵ ਜੀ ਦੇ ਸ਼ਬਦ ਦੁਆਰਾ ਇਹ ਵੀ ਸਮਝਿਆ ਹੈ ਜਿੱਥੇ ਇਹ ਲਿਖਿਆ ਹੋਇਆ ਹੈ "**ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥**" ਅੰਗ - ੮੭੫

ਇਸ ਪੂਰੇ ਸ਼ਬਦ ਦੇ ਅਰਥ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਕਿ ਹਿੰਦੂ ਸਮਾਜ ਦੇ ਵੀਰਾਂ ਨੂੰ ਮਹਾ ਅਗਿਆਨੀ ਤੇ ਮੁਸਲਮਾਨ ਭਾਈਚਾਰੇ ਨੂੰ ਅਗਿਆਨੀ ਕਿਸ ਲਈ ਕਿਹਾ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ ਅਸਲ ਗਿਆਨੀ ਕੌਣ ਹੈ ਤਾਂ ਫਿਰ ਸਾਨੂੰ ਇਹ ਵੀ ਸਮਝ ਲੱਗ ਜਾਵੇਗੀ ਕਿ ਭਗਤ ਨਾਮਦੇਵ ਜੀ ਨੇ ਉਹਨਾਂ ਲਈ ਇਹ ਲਫਜ਼ ਕਿਸ ਲਈ ਵਰਤੇ ਹਨ। ਭਗਤ ਨਾਮਦੇਵ ਜੀ ਪ੍ਰਮਾਤਮਾ ਦਾ ਆਪਣਾ ਰੂਪ ਹੀ ਹਨ ਭਾਵ ਉਹਨਾਂ ਲਈ ਇਹ ਲਫਜ਼ ਪ੍ਰਮਾਤਮਾ ਨੇ ਆਪ ਹੀ ਵਰਤੇ ਹਨ। ਅਸਲ ਵਿੱਚ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਸਮਝ ਹੀ ਨਹੀਂ ਸਕਦਾ ਕਿ ਗਿਆਨੀ ਕੌਣ ਹੈ ਭਾਵ ਭਗਤੀ ਦੇ ਸੱਚੇ ਮਾਰਗ ਦੀ ਸਮਝ ਕਿਸ ਨੂੰ ਹੈ। ਗਿਆਨੀ ਪ੍ਰਮਾਤਮਾ ਆਪ ਹੈ ਜਿਸ ਨੇ ਆਪ ਹੀ ਸਾਰੇ ਸੰਸਾਰ ਨੂੰ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ, ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਸਮਝਣ ਵਿੱਚ ਮਨ ਦੀ ਮੂਰਖਤਾ ਵਿੱਚ ਰੱਖਿਆ ਹੋਇਆ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਪਹਿਲਾਂ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਤੋਂ ਪਹਿਲਾਂ ਭਾਵ ਪ੍ਰਮਾਤਮਾ ਦਾ ਰੂਪ ਬਣਨ ਤੋਂ ਪਹਿਲਾਂ ਆਪਣੇ ਆਪ ਨੂੰ ਆਪ ਹੀ ਮੂਰਖ ਆਖਿਆ ਹੈ ਜੋ ਕਿ ਸਭ ਦੇ ਅੰਦਰ ਚੌਥੇ ਪਦ ਦੀ ਪ੍ਰਾਪਤੀ ਤੋਂ ਪਹਿਲਾਂ ਤ੍ਰੈਗੁਣਾਂ ਵਾਲੀ ਸਮਝ ਵਾਲੀ ਅਵੱਸਥਾ ਹੁੰਦੀ ਹੈ ਤੇ ਚੌਥੇ ਪਦ ਦੀ ਪ੍ਰਾਪਤੀ ਹੋਣ ਦੁਆਰਾ ਭਾਵ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਪ੍ਰਮਾਤਮਾ ਨੂੰ ਗਿਆਨ ਦਾ ਮਾਲਕ ਆਖਿਆ ਹੈ, ਬ੍ਰਹਮ ਗਿਆਨੀ ਆਖਿਆ ਹੈ। ਆਪਣੇ ਆਪ ਨੂੰ ਕੋਈ ਧਰਮ ਦੇ ਮਾਰਗ ਦਾ ਗਿਆਨੀ, ਧਰਮ ਦੇ ਮਾਰਗ ਦਾ ਪੰਡਿਤ ਕੋਈ ਤਦ ਤੱਕ ਹੀ ਸਮਝ ਸਕਦਾ ਹੈ ਜਦ ਤੱਕ ਉਹ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਨਹੀਂ ਜਾਣ ਲੈਂਦਾ ਜੋ ਪ੍ਰਮਾਤਮਾ ਆਪ "**ਨਾਮ ਰਤਨ**" ਦੇ ਰੂਪ ਵਿੱਚ ਹੈ ਤੇ ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ "**ਨਾਮ ਰਤਨ**" ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਵੇਂ ਕਿ ਅਸੀਂ ਉੱਪਰ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਤੇ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਵੀ ਵਾਰ-ਵਾਰ ਇਸ

ਗੱਲ ਨੂੰ ਸਮਝਾਂਗੇ ਭਾਵ ਭਰਮਾਂ ਵਿੱਚੋਂ ਨਿਕਲਾਂਗੇ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨ ਦੀ ਨਾ-ਸਮਝੀ ਵਿੱਚੋਂ ਕੱਢਣ ਦਾ ਹੀ ਹੈ ਜਿੰਨ੍ਹਾਂ ਭਰਮਾਂ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਮਨੁੱਖ ਦਾ ਸੱਚਾ ਉੱਦਮ ਹੈ ਤੇ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸੋਝੀ ਪਾਉਣ ਦੀ ਕਿਰਪਾ ਕਰਦਾ ਹੈ ਉਸ ਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਦੁਆਰਾ ਹੀ ਕਰਦਾ ਹੈ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਹੀ ਕਰਦਾ ਹੈ, ਮਨ ਦੇ ਵਿੱਚ ਆਪਣਾ "**ਗਿਆਨ ਰਤਨ**" ਰੂਪ ਪ੍ਰਗਟ ਕਰਨ ਦੁਆਰਾ ਹੀ ਕਰਦਾ ਹੈ। ਹੁਣ ਅਸੀਂ ਧੰਨ ਧੰਨ ਧੰਨ ਪ੍ਰਮਾਤਮਾ ਰੂਪ ਬਾਬਾ ਨਾਨਕ ਦੇਵ ਜੀ ਜੋ ਕਿ ਮਨ ਦੀ ਉੱਚੀ ਸਮਝ ਰਾਹੀਂ ਪ੍ਰਮਾਤਮਾ ਦਾ ਆਪਣਾ ਰੂਪ ਹਨ, ਉਨ੍ਹਾਂ ਦੁਆਰਾ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਨੂੰ ਹੁਣ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਜਿਸ ਨੂੰ ਸਮਝਣ ਲਈ ਅਸੀਂ ਨਾਮ ਨੂੰ ਉੱਪਰ ਸ਼ਬਦ ਰਾਹੀਂ, ਨਾਮ ਰਤਨ ਵਾਲੇ ਅਨੇਕਾਂ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਨਾਮ ਨੂੰ ਲੈ ਕੇ ਸਾਡੇ ਅੰਦਰ ਕੋਈ ਭਰਮ ਭੁਲੇਖਾ ਨਾ ਰਹੇ ਜੋ ਭੁਲੇਖਾ ਸਭ ਦੇ ਅੰਦਰ ਬਹੁਤ ਵੱਡਾ ਭੁਲੇਖਾ ਹੈ ਤੇ ਇਹ ਭੁਲੇਖਾ ਸਾਡੇ ਅੰਦਰ ਪਾਇਆ ਵੀ ਉਹਨਾਂ ਦਾ ਹੀ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਦੀ ਉੱਚੀ ਸਮਝ ਰੱਖਣ ਵਾਲੇ ਸਮਝਦੇ ਹਾਂ, ਧਰਮ ਦੇ ਗਿਆਨਵਾਨ ਸਮਝਦੇ ਹਾਂ। ਨਾਮ ਕੇਵਲ ਗੁਰੂ ਦੇ ਕੋਲ ਹੈ ਜੋ ਗੁਰੂ ਦਾ ਸੱਚਾ ਗਿਆਨ ਸਾਨੂੰ ਸਾਡੇ ਮਨ ਦੀ ਮਾਇਆ ਵਿੱਚੋਂ ਤਾਰ ਸਕਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ। ਬਾਬਾ ਨਾਨਕ ਜੀ ਸਾਨੂੰ ਉਸ ਮੁੱਖ ਸ਼ਬਦ ਦੁਆਰਾ ਜਿਸ ਨੂੰ ਅਸੀਂ ਸਮਝਣ ਦਾ ਉਪਰਾਲਾ ਕਰ ਰਹੇ ਹਾਂ, ਉਸ ਸ਼ਬਦ ਦੀ ਅਗਲੀ ਹੇਠ ਦਿੱਤੀ ਪੰਗਤੀ ਰਾਹੀਂ ਇਹੀ ਗੱਲ ਸਮਝਾ ਰਹੇ ਹਨ ਕਿ ਜਿਸ ਤਰੀਕੇ ਪ੍ਰਮਾਤਮਾ ਨੇ ਮੈਨੂੰ ਮਨ ਦੀ ਮੂਰਖਤਾ ਵਿੱਚੋਂ ਕੱਢਿਆ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਿਆ ਹੈ, ਆਪਣਾ ਨਾਮ ਦੇਣ ਦੁਆਰਾ ਕੱਢਿਆ ਹੈ, ਆਪਣਾ ਸੱਚਾ ਗਿਆਨ ਦੇਣ ਦੁਆਰਾ ਕੱਢਿਆ ਹੈ, ਉਸੇ ਤਰੀਕੇ ਮੈਂ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ ਦਿੱਤਾ ਹੋਇਆ ਗਿਆਨ ਸੰਸਾਰ ਨੂੰ ਦੇਣ ਦੁਆਰਾ ਉਹਨਾਂ ਨੂੰ ਮਨ ਦੀ ਅਗਿਆਨਤਾ ਵਿੱਚੋਂ ਤਾਰ ਰਿਹਾ ਹਾਂ। ਆਉ ਇਸ ਗੱਲ ਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਣ ਦਾ ਉਪਰਾਲਾ ਕਰੀਏ।

ਮਾਰੂ ਮਹਲਾ ੧ ॥

"ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥
ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥
ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥
ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥"

(ਅੰਗ - ੧੦੧੫)

ਇਸ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਰਹਾਉ ਵਾਲੀ ਪੰਗਤੀ ਤੱਕ ਅਸੀਂ ਪਿੱਛੇ ਸਮਝ ਚੁੱਕੇ ਹਾਂ ਤੇ ਉਸ ਤੋਂ ਅਗਲੀਆਂ ਪੰਗਤੀਆਂ ਨੂੰ ਹੁਣ ਅਸੀਂ ਸਮਝ ਸਕਦੇ ਹਾਂ ਕਿ ਅਸੀਂ ਗੁਰੂ ਦੇ ਨਾਮ ਦੁਆਰਾ ਕਿਸ ਤਰੀਕੇ ਤਰਨਾ ਹੈ।

"ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥
ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥"

ਉੱਪਰ ਪਹਿਲੀ ਪੰਗਤੀ ਨੂੰ ਉਹੀ ਸਮਝ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਮਿਲ ਜਾਂਦਾ ਹੈ ਭਾਵ ਜਿਸ ਦੀ ਅਗਿਆਨਤਾ ਨਿਕਲ ਜਾਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਭ ਦੇ ਅੰਦਰ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ। ਪ੍ਰਮਾਤਮਾ ਕਿਸੇ ਨੂੰ ਮੂਰਖ ਬਣਾਕੇ ਰੱਖੇ ਜਾਂ ਸਿਆਣਾ ਬਣਾਕੇ ਰੱਖੇ ਇਹ ਉਸਦੀ ਰਜ਼ਾ ਹੈ ਕਿਉਂਕਿ ਸਾਰੇ ਹੀ ਉਸ ਦੇ ਆਪਣੇ ਰੂਪ ਹਨ ਜਿਸ ਗੱਲ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ, ਮਨ ਦੀ ਸਮਝ ਦੇ ਮਾਲਕ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ। ਸਭ ਦੇ ਅੰਦਰ ਜੋਤਿ ਪ੍ਰਮਾਤਮਾ ਦੀ ਹੀ ਵਰਤਦੀ ਹੈ ਜੋ ਸਾਡੇ ਮਨ ਦੇ ਰੂਪ ਵਿੱਚ ਹੈ। ਜਦੋਂ ਮਨੁੱਖ ਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਮਿਲਦਾ ਹੈ ਉਹ ਮਨ ਦੇ ਵਿੱਚ ਹੀ ਮਿਲਦਾ

ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਇਹ ਮਨ ਕੀ ਹੈ ਭਾਵ ਸਾਡੇ ਅੰਦਰ ਦੀ ਜੋਤਿ ਕੀ ਹੈ ਤੇ ਸਾਡੇ ਅੰਦਰ ਦੀ ਜੋਤਿ ਦਾ ਮਕਸਦ ਕੀ ਹੈ। ਮਨ ਦੇ ਵਿੱਚੋਂ ਮਨੁੱਖ ਨੂੰ ਗਿਆਨ ਹੀ ਮਿਲਦਾ ਹੈ, ਮਨ ਦੇ ਵਿੱਚ ਵਿਚਾਰ ਹੀ ਉਪਜਦੇ ਹਨ ਜਿਸ ਰਾਹੀਂ ਮਨੁੱਖ ਨੂੰ ਸਮਝ ਹੀ ਪੈਂਦੀ ਹੈ। ਸਾਡੇ ਅੰਦਰ ਦੀ ਜੋਤਿ ਦਾ ਮਕਸਦ ਇਹੋ ਹੀ ਹੈ। ਸਾਡੇ ਅੰਦਰ ਜੋ ਵੀ ਗਿਆਨ ਆਉਂਦਾ ਹੈ ਉਹ ਮਨ ਰੂਪ "**ਜੋਤਿ**" ਰਾਹੀਂ ਹੀ ਆਉਂਦਾ ਹੈ। ਇਹ ਸਾਡੇ ਅੰਦਰ ਦੀ ਜੋਤਿ ਦੇ ਵੱਸ ਹੈ ਕਿ ਉਹ ਸਾਨੂੰ ਮੂਰਖ ਬਣਾ ਕੇ ਰੱਖਦੀ ਹੈ ਜਾਂ ਸਿਆਣਾ ਬਣਾਕੇ ਰੱਖਦੀ ਹੈ। ਜਦ ਤੱਕ ਸਾਡੇ ਅੰਦਰ ਪ੍ਰਮਾਤਮਾ "**ਗਿਆਨ ਰਤਨੁ**" ਦੇ ਰੂਪ ਵਿੱਚ ਪ੍ਰਗਟ ਨਹੀਂ ਹੁੰਦਾ ਤਦ ਤੱਕ ਕੋਈ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਗਿਆਨ ਪਾਉਣ ਵਾਲਾ ਕੌਣ ਹੈ। ਜਦ ਤੱਕ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣਾ ਆਪ ਨਹੀਂ ਸਮਝਾਉਂਦਾ ਤਦ ਤੱਕ ਮਨੁੱਖ ਇਸ ਮਨ ਦੀ ਸਮਝ ਰਾਹੀਂ ਇਹੀ ਸਮਝਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ, ਇਹ ਸਮਝ ਮੇਰੀ ਹੈ, ਜੋ ਕੁੱਝ ਕਰ ਰਿਹਾਂ ਹਾਂ ਉਹ ਮੈਂ ਹੀ ਕਰ ਰਿਹਾ ਹਾਂ ਭਾਵ ਮੈਂ ਆਪ ਹੀ ਕਰਮ ਕਰਨ ਵਾਲਾ ਹਾਂ ਤੇ ਪ੍ਰਮਾਤਮਾ ਕੀ ਹੈ ਇਸ ਬਾਰੇ ਉਸ ਨੂੰ ਬਿਲਕੁਲ ਵੀ ਸਮਝ ਨਹੀਂ ਪੈਂਦੀ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ, ਇਸ ਮਨ ਦੀ ਸਮਝ ਨੂੰ ਆਪਣੀ ਸਮਝਣਾ ਹੀ ਸਾਡੀ ਮੂਰਖਤਾ ਹੈ ਜਿਸ ਮੂਰਖਤਾ ਵਿੱਚ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਹੀ ਰੱਖਿਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਧਰਮ ਦੇ ਮਾਰਗ ਦਾ ਸਿਆਣਾ ਬਣਾਉਂਦਾ ਹੈ ਭਾਵ ਗਿਆਨਵਾਨ ਬਣਾਉਂਦਾ ਹੈ ਉਸ ਨੂੰ ਮਨ ਦੀ ਮੂਰਖਤਾ ਵਿੱਚੋਂ ਕੱਢ ਕੇ ਹੀ ਬਣਾਉਂਦਾ ਹੈ ਜਿਸ ਰਾਹੀਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਮੂਰਖ ਰੂਪ ਵੀ ਉਸ ਦਾ ਆਪਣਾ ਰੂਪ ਹੈ ਤੇ ਸਿਆਣਾ ਰੂਪ ਵੀ ਉਸ ਦਾ ਆਪਣਾ ਰੂਪ ਹੈ ਕਿਉਂਕਿ ਦੋਨਾਂ ਦੇ ਵਿੱਚ ਜੋਤਿ ਉਸੇ ਦੀ ਹੀ ਵਰਤਦੀ ਹੈ। ਮੂਰਖ ਵੀ ਉਸਦਾ ਆਪਣਾ ਹੀ ਮਨੁੱਖੀ ਰੂਪ ਹੈ ਭਾਵ ਉਹ ਆਪ ਹੀ ਹੈ ਤੇ ਸਿਆਣਾ ਵੀ ਉਸਦਾ ਆਪਣਾ ਹੀ ਮਨੁੱਖੀ ਰੂਪ ਹੈ ਭਾਵ ਸਭ ਕੁੱਝ ਉਹ ਆਪ ਹੀ ਹੈ ਜਿਸ ਦੀ ਸਮਝ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਪੈਂਦੀ ਹੈ ਭਾਵ ਉਸ ਦਾ ਨਾਮ ਮਿਲਣ ਦੁਆਰਾ ਹੀ ਪੈਂਦੀ ਹੈ। ਨਾਮ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਜੋ ਮੂਰਖਤਾ ਗੁਰੂ ਦੇ ਨਾਮ ਨੂੰ ਮੰਨਣ ਦੁਆਰਾ ਨਿਕਲ ਸਕਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਨਿਕਲ ਸਕਦੀ ਹੈ। ਹਰ ਸ਼ਬਦ ਦੀ ਵਿਚਾਰ ਨਾਮ ਹੈ, ਗੁਰੂ ਦਾ ਸੱਚਾ ਗਿਆਨ ਹੈ ਜਿਸ ਸੱਚੀ ਵਿਚਾਰ ਨੂੰ ਮੰਨਣ ਦੁਆਰਾ ਹੀ ਮਨ ਦੀ ਅਗਿਆਨਤਾ ਨਿਕਲ ਸਕਦੀ ਹੈ। ਇਸੇ ਲਈ ਸਭ ਤੋਂ ਵੱਡਾ ਮੂਰਖ ਉਸ ਨੂੰ ਕਿਹਾ ਹੈ ਜੋ ਨਾਮ ਨੂੰ ਮੰਨਦਾ ਨਹੀਂ ਭਾਵ ਜੋ ਸ਼ਬਦ ਦੀ ਮਤਿ ਨੂੰ ਮੰਨਦਾ ਨਹੀਂ। ਸ਼ਬਦਾਂ ਦੀ ਮਤਿ ਦਾ ਮਕਸਦ ਸਾਨੂੰ ਮਨ ਦੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਜੋ ਮਤਿ ਭਰਮਾਂ ਦੀ ਭਰੀ ਹੋਈ ਹੈ, ਅਗਿਆਨਤਾ ਦੀ ਭਰੀ ਹੋਈ ਹੈ, ਮਾਇਆ ਮੋਹ ਦੀ ਭਰੀ ਹੋਈ ਹੈ, ਹਉਮੈ ਦੀ ਭਰੀ ਹੋਈ ਹੈ। ਨਾਮ ਦਾ ਮਕਸਦ ਸਾਨੂੰ ਸਾਡੀ ਹਉਮੈ ਵਿੱਚੋਂ ਕੱਢਣ ਦਾ ਹੀ ਹੈ ਜੋ ਹਉਮੈ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ ਭਾਵ ਸਭ ਤੋਂ ਵੱਡਾ ਮੂਰਖ ਉੱਪਰ ਸ਼ਬਦ ਰਾਹੀਂ ਉਸਨੂੰ ਕਿਹਾ ਹੈ ਜੋ ਮਨਮਤਿ ਨਹੀਂ ਛੱਡਦਾ ਭਾਵ ਆਪਣੀ ਭਰਮਾਂ ਵਾਲੀ ਸਮਝ ਨਹੀਂ ਛੱਡਦਾ ਤੇ ਮਨ ਦੇ ਭਰਮਾਂ ਰਾਹੀਂ ਹੀ ਆਪਣੇ ਆਪ ਨੂੰ ਭਗਤੀ ਦੇ ਗਿਆਨ ਵਾਲਾ ਸਮਝਦਾ ਹੈ ਜਿਸ ਰਾਹੀਂ ਉਹ ਉਹੋ ਜਿਹੀ ਝੂਠੀ ਭਗਤੀ ਦੇ ਮਾਰਗ ਤੇ ਚੱਲਦਾ ਹੈ ਜਿਹੋ ਜਿਹੇ ਅਨੇਕਾਂ ਮਾਰਗਾਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਉੱਦਮ ਭਾਵ ਨਾਮ ਜਪਣ ਦਾ ਉੱਦਮ, ਨਾਮ ਨੂੰ ਮੰਨਣ ਦਾ ਉੱਦਮ ਭਾਵ ਹਉਮੈ ਛੱਡਣ ਦਾ ਉੱਦਮ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਹੀ ਰੱਖਿਆ ਹੋਇਆ ਹੈ ਤੇ ਗੁਰੂ ਦੀ ਮਤਿ ਨੂੰ ਮੰਨੇ ਬਿਨ੍ਹਾਂ ਭਾਵ ਨਾਮ ਨੂੰ ਮੰਨੇ ਬਿਨ੍ਹਾਂ ਨਾ ਕੋਈ ਸੱਚੀ ਭਗਤੀ ਦੇ ਮਾਰਗ ਨੂੰ ਸਮਝਕੇ ਉਸ ਅਨੁਸਾਰ ਚੱਲ ਸਕਦਾ ਹੈ ਤੇ ਨਾ ਹੀ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜੋ ਹਰ ਵੇਲੇ ਸਭ ਦੇ ਅੰਦਰ ਹੀ ਵਰਤ ਰਿਹਾ ਹੈ, ਸਾਡੇ ਮਨ ਰੂਪ "ਜੋਤਿ" ਦੁਆਰਾ ਵਰਤ ਰਿਹਾ ਹੈ। (**ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥**)

{ਨਾ ਕੋ ਮੂਰਖੁ ਨਾ ਕੋ ਸਿਆਣਾ ॥
ਵਰਤੈ ਸਭ ਕਿਛੁ ਤੇਰਾ ਭਾਣਾ ॥
ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥}

(ਅੰਗ - ੯੮)

ਇਸ ਤੋਂ ਪਹਿਲੇ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਸੀ ਕਿ ਸਾਡੇ ਅੰਦਰ ਦੀ ਜੋ ਮੈਲ ਹੈ ਉਹ ਕਿਸ ਰੂਪ ਵਿੱਚ ਹੈ ਕਿਉਂਕਿ ਮਨ ਮੈਲਾ ਹੋਣ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਸਾਡੇ ਅੰਦਰ ਇਹ ਮਨ

ਦੀ ਮੈਲ ਸਾਡੇ ਅੰਦਰ ਦੀ ਹਉਮੈ ਦੇ ਰੂਪ ਵਿੱਚ ਹੈ, ਮਾਇਆ ਦੇ ਰੂਪ ਵਿੱਚ ਹੈ ਜੋ ਕਿ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ, ਮਨ ਦੀ ਅਗਿਆਨਤਾ ਹੈ। ਇਹ ਮਨ ਦੀ ਮੈਲ ਕੇਵਲ ਗੁਰੂ ਦੇ ਨਾਮ ਦੁਆਰਾ ਧੁਪ ਸਕਦੀ ਹੈ ਤੇ ਇਸ ਮੈਲ ਨੂੰ ਧੋਣ ਦਾ ਉਪਰਾਲਾ ਭਾਵ ਸੱਚਾ ਉਪਰਾਲਾ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਨੂੰ ਇਹ ਸਮਝ ਹੋਵੇ ਕਿ ਗੁਰੂ ਦਾ ਨਾਮ ਕਿਸ ਰੂਪ ਵਿੱਚ ਹੈ ਤੇ ਕਿਸ ਮਕਸਦ ਲਈ ਹੈ। ਇਹ ਮਨ ਦੀ ਮੈਲ ਨੂੰ, ਹਉਮੈ ਦੀ ਮੈਲ ਨੂੰ ਧੋਣ ਦਾ ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸਦਾ ਨਾਮ ਹੈ ਭਾਵ ਗੁਰੂ ਦੀ ਸੱਚੀ ਮਤਿ ਹੈ ਜਿਸ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਸਾਡੇ ਮਨ ਦੀ ਮੈਲ ਧੁਪ ਸਕਦੀ ਹੈ। ਸਾਡੇ ਅੰਦਰ ਸਾਡੇ ਮਨ ਨੂੰ ਮੈਲਾ ਕਰਨ ਵਾਲੀ ਸਾਡੀ ਨਾ-ਸਮਝ ਮਤਿ ਹੈ ਭਾਵ ਮਨਮਤਿ ਹੈ। ਸਾਡੇ ਮਨ ਦੀ ਇਸ ਮੈਲ ਨੂੰ ਉਹੀ ਧੋ ਸਕਦਾ ਹੈ ਜਿਸ ਨੂੰ ਗੁਰਮਤਿ ਦੀ ਪੂਰੀ ਸਮਝ ਹੈ ਭਾਵ ਨਾਮ ਦੀ ਸਮਝ ਹੈ ਤੇ ਇਹੋ ਜਿਹੀ ਸਮਝ ਵਾਲਾ ਕੇਵਲ ਗੁਰੂ ਆਪ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਅਸੀਂ ਇੱਧਰੋਂ ਉੱਧਰੋਂ ਭਾਵ ਜੋ ਅਨੇਕਾਂ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲੇ ਅਖਵਾਉਂਦੇ ਹਨ, ਉੱਚੇ ਗਿਆਨ ਵਾਲੇ ਅਖਵਾਉਂਦੇ ਹਨ ਉਹਨਾਂ ਕੋਲੋਂ ਆਪਣੀ ਹਉਮੈ ਦੀ ਮੈਲ ਧੁਆਉਣ ਦਾ ਉਪਰਾਲਾ ਕਰਦੇ ਹਾਂ ਭਾਵ ਉਹਨਾਂ ਕੋਲੋਂ ਭਗਤੀ ਦਾ ਮਾਰਗ ਸਿੱਖਣ ਲਈ ਜਾਂਦੇ ਹਾਂ ਜਿੰਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ ਭਾਵ ਜਿੰਨ੍ਹਾਂ ਨੂੰ ਖੁਦ ਇਸ ਗੱਲ ਦੀ ਸਮਝ ਨਹੀਂ ਹੈ ਕਿ ਇਹ ਮੈਲ ਕੀ ਹੈ ਤੇ ਇਹ ਉਤਰਨੀ ਕਿਵੇਂ ਹੈ। ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦ ਰਾਹੀਂ ਪਹਿਲੇ ਪਦੇ ਤੱਕ ਸਮਝਿਆ ਹੈ ਤੇ ਹੁਣ ਅਸੀਂ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਅਸੀਂ ਗਿਆਨ ਕਿੱਥੋਂ ਲੈਣਾ ਹੈ ਜਿਸ ਦੁਆਰਾ ਸਾਡੇ ਮਨ ਦੀ ਮੈਲ ਧੁਪ ਸਕਦੀ ਹੈ। ਸ਼ਬਦ ਨੂੰ ਰਹਾਉ ਵਾਲੀ ਪੰਗਤੀ ਤੱਕ ਦੁਹਰਾਇਆ ਜਾ ਰਿਹਾ ਹੈ ਜਿਸ ਪੂਰੇ ਸ਼ਬਦ ਰਾਹੀਂ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਹੀ ਪਾਈ ਹੋਈ ਹੈ ਜੋ ਭਗਤੀ ਮਨ ਦੀ ਮੈਲ ਉਤਰਨ ਦੁਆਰਾ ਹੀ ਹੋ ਸਕਦੀ ਹੈ।

ਸਿਰੀਰਾਗੁ ਮਹਲਾ ੩ ॥

“ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥”

(ਅੰਗ - ੩੯)

ਸ਼ਬਦ ਦੇ ਪਹਿਲੇ ਪਦੇ ਨੂੰ ਅਸੀਂ ਪਿੱਛੇ ਸਮਝ ਚੁੱਕੇ ਹਾਂ ਤੇ ਉਸ ਤੋਂ ਬਾਅਦ ਕਿਤਨੇ ਹੀ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਇਹ ਮੈਲ ਜੋ ਕਿ ਨਾਮ ਦੁਆਰਾ ਉਤਰਦੀ ਹੈ ਉਹ ਕਿਸ ਤਰੀਕੇ ਉਤਰਦੀ ਹੈ। ਮਨ ਦੀ ਇਹ ਮੈਲ ਕੇਵਲ ਗੁਰੂ ਦੀ ਸ਼ਰਨ ਵਿੱਚ ਆਉਣ ਦੁਆਰਾ ਧੁਪ ਸਕਦੀ ਹੈ ਭਾਵ ਗੁਰਮਤਿ ਦੀ ਸ਼ਰਨ ਵਿੱਚ ਆਉਣ ਦੁਆਰਾ ਧੁਪ ਸਕਦੀ ਹੈ ਕਿਉਂਕਿ ਉਹ ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸਦੇ ਨਾਮ ਦੇ ਰੂਪ ਵਿੱਚ ਹੈ ਤੇ ਇਹੀ ਗੱਲ ਸਾਨੂੰ ਉੱਪਰ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

“ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥”

ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਤਾਂ ਸਾਡਾ ਗੁਰੂ ਦੇ ਬਚਨ ਹਨ ਤੇ ਗੁਰੂ ਦੇ ਬਚਨਾਂ ਦੀ ਸ਼ਰਨ ਵਿੱਚ ਆਉਣਾ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ। ਹਰ ਸ਼ਬਦ ਦੀ ਵਿਚਾਰ ਰਾਹੀਂ ਸਾਨੂੰ ਜੋ ਕੁੱਝ ਗੁਰੂ ਸਮਝਾਉਂਦਾ ਹੈ ਉਹਨਾਂ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ। ਗੁਰੂ ਦੀ ਸ਼ਰਨ ਵਿੱਚ ਆਉਣਾ ਜਾਂ ਨਾਮ ਦੀ ਸ਼ਰਨ ਵਿੱਚ ਆਉਣਾ ਇੱਕੋ ਹੀ ਗੱਲ ਹੈ। ਗੁਰੂ ਦੀ ਸ਼ਰਨ ਵਿੱਚ ਆਉਣ ਦਾ ਮਕਸਦ ਆਪਣੇ ਮਨ ਨੂੰ ਨਿਰਮਲ ਕਰਨ ਦੇ ਨਾਲ ਹੈ ਜੋ ਮਨ ਹਉਮੈ ਰੂਪ ਮਲੁ ਦੁਆਰਾ ਮੈਲਾ ਹੈ, ਮਨ ਦੀ ਅਗਿਆਨਤਾ ਦੁਆਰਾ ਮੈਲਾ ਹੈ ਜਿਸ ਮੈਲੇ

ਮਨ ਨੂੰ ਭਾਵ ਮਨ ਦੀ ਨਾ-ਸਮਝ ਮਤਿ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਭਾਵ ਮਨ ਦੀ ਮਾੜੀ ਸਮਝ ਦੁਆਰਾ ਮਨੁੱਖ ਉਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦਾ ਹੈ ਜੋ ਭਗਤੀ ਦਾ ਅਸਲ ਮਾਰਗ ਨਹੀਂ ਹੁੰਦਾ। ਭਗਤੀ ਦਾ ਅਸਲ ਮਾਰਗ ਮਨ ਦੀ ਮੈਲ ਨਿਕਲਣ ਦੁਆਰਾ ਹੀ ਸਮਝ ਆਉਂਦਾ ਹੈ ਭਾਵ ਮਨ ਦੇ ਨਿਰਮਲ ਹੋਣ ਦੁਆਰਾ ਹੀ ਸਮਝ ਆਉਂਦਾ ਹੈ ਭਾਵ ਮਨ ਦੇ ਵਿੱਚ ਗੁਰੂ ਦਾ ਸੱਚਾ ਗਿਆਨ ਵੱਸਣ ਦੁਆਰਾ ਹੀ ਸਮਝ ਆਉਂਦਾ ਹੈ। ਪਵਿੱਤਰ ਜਾ ਅਪਵਿੱਤਰ ਸਾਡੇ ਮਨ ਦੀ ਸਮਝ ਹੀ ਹੈ। ਜਦੋਂ ਸਾਡੀ ਨਾ-ਸਮਝ ਮਤਿ ਸੱਚੀ ਸਮਝ ਵਾਲੀ ਮਤਿ ਬਣ ਜਾਂਦੀ ਹੈ ਉਹ ਮਤਿ ਪਵਿੱਤਰ ਬਣ ਜਾਂਦੀ ਹੈ। ਗੁਰੂ ਦੀ ਸ਼ਰਨ ਦੇ ਵਿੱਚ ਆਉਣ ਦਾ ਮਕਸਦ ਆਪਣੀ ਮਾੜੀ ਸਮਝ ਭਾਵ ਅਪਵਿੱਤਰ ਸਮਝ ਨੂੰ ਪਵਿੱਤਰ ਕਰਨ ਦਾ ਹੀ ਹੈ, ਗੁਰਮਤਿ ਦੀ ਸਮਝ ਵਾਲੀ ਸੱਚੀ ਸਮਝ ਬਣਾਉਣ ਨਾਲ ਹੀ ਹੈ। ਜਦ ਤੱਕ ਸਾਡੇ ਮਨ ਦੀ ਸਮਝ ਪਵਿੱਤਰ ਨਹੀਂ ਬਣਦੀ ਤਦ ਤੱਕ ਸਾਡੇ ਅੰਦਰੋਂ ਹਉਮੈ ਰੂਪ ਮੈਲ ਨਹੀਂ ਨਿਕਲਦੀ ਜਿਸ ਕਰਕੇ ਮਨੁੱਖ "ਮਨਮੁਖਿ" ਹੀ ਰਹਿੰਦਾ ਹੈ ਭਾਵ ਆਪਣੀ ਮਤਿ ਨਾਲ ਹੀ ਜੁੜਿਆ ਰਹਿੰਦਾ ਹੈ, ਮਨਮਤਿ ਵਿੱਚ ਹੀ ਰਹਿੰਦਾ ਹੈ। ਆਪਣੀ ਇਹੋ ਜਿਹੀ ਨਾ-ਸਮਝ ਮਤਿ ਦੁਆਰਾ ਮਨੁੱਖ ਜਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦਾ ਹੈ ਉਹੀ ਗੱਲ ਸਾਨੂੰ ਉੱਪਰ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਮਨਮਤਿ ਵਿੱਚ ਰਹਿੰਦੇ ਹੋਏ ਨਾ ਸਾਨੂੰ ਨਾਮ ਦੀ ਸਮਝ ਪੈਂਦੀ ਹੈ ਕਿ ਨਾਮ ਕੀ ਹੈ ਤੇ ਨਾ ਹੀ ਇਹ ਸਮਝ ਪੈਂਦੀ ਹੈ ਕਿ ਨਾਮ ਜਪਣਾ ਕੀ ਹੈ। "ਮਨਮਤਿ" ਵਿੱਚ ਰਹਿੰਦੇ ਹੋਏ ਅਸੀਂ ਕਿਸੇ ਅੱਖਰ ਨੂੰ ਹੀ ਨਾਮ ਸਮਝਦੇ ਹਾਂ ਜਿਵੇਂ ਕਿ "ਹਰਿ ਹਰਿ" ਕਰਨਾ ਜਾਂ "ਰਾਮ ਰਾਮ" ਕਰਨਾ ਜਾਂ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਹੋਰ ਅੱਖਰ ਨੂੰ ਨਾਮ ਸਮਝਣਾ। ਮਨ ਦੀ ਮੈਲ ਕਰਕੇ ਅਸੀਂ ਕਿਸੇ ਅੱਖਰ ਨੂੰ ਨਾਮ ਸਮਝਦੇ ਹਾਂ ਤੇ ਅੱਖਰ ਨੂੰ ਬੋਲੀ ਜਾਣਾ, ਵਾਰ-ਵਾਰ ਅੱਖਰ ਬੋਲੀ ਜਾਣ ਨੂੰ ਨਾਮ ਜਪਣਾ ਸਮਝਦੇ ਹਾਂ ਭਾਵ ਕਿਸੇ ਅੱਖਰ ਦੀ ਕਥਨੀ ਨਾਲ ਜੁੜੇ ਰਹਿੰਦੇ ਹਾਂ। ਕਿਸੇ ਵੀ ਸ਼ਬਦ ਦੀ ਕਥਨੀ ਕਰੀ ਜਾਣ ਨਾਲ ਸਾਡੇ ਮਨ ਦੀ ਮੈਲ ਨਹੀਂ ਧੁਪ ਸਕਦੀ ਕਿਉਂਕਿ ਸਾਡੇ ਅੰਦਰ ਦੀ ਇਹ ਮੈਲ ਸਾਡੇ ਅੰਦਰ ਦੀ ਨਾ-ਸਮਝ ਮਤਿ ਹੈ, ਭਰਮਾਂ ਵਾਲੀ ਮਤਿ ਹੈ, ਅਗਿਆਨਤਾ ਵਾਲੀ ਮਤਿ ਹੈ ਜੋ ਮਨ ਦੀ ਅਗਿਆਨਤਾ ਕਥਨੀ ਨਾਲ ਨਹੀਂ ਜਾ ਸਕਦੀ। ਸਾਡੀ ਮੈਲ ਨਾਮ ਨੇ ਹੀ ਧੋਣੀ ਹੈ ਤੇ ਉਹ ਤਾਂ ਧੁਪੇਗੀ ਜੇਕਰ ਸਾਨੂੰ ਨਾਮ ਦੀ ਸਮਝ ਹੋਵੇਗੀ। ਨਾਮ ਗੁਰੂ ਦੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੇ ਅੰਦਰ ਦੀ ਜੋ ਵਿਚਾਰ ਹੈ ਉਹ ਨਾਮ ਹੈ। ਸ਼ਬਦਾਂ ਦੀ ਵਿਚਾਰ ਨੂੰ ਜਪਣਾ ਨਾਮ ਜਪਣਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਨਾਮ ਜਪਣਾ ਹੈ ਜਿਹੋ ਜਿਹਾ ਨਾਮ ਜਪਣ ਦੁਆਰਾ ਸਾਡੇ ਮਨ ਦੀ ਮੈਲ ਧੁਪਦੀ ਹੈ ਭਾਵ ਮਨ ਦੀ ਅਗਿਆਨਤਾ ਦੂਰ ਹੁੰਦੀ ਹੈ, ਹਉਮੈ ਦੀ ਮੈਲ ਦੂਰ ਹੁੰਦੀ ਹੈ, ਸਾਡੀ ਭਰਮਾਂ ਵਾਲੀ ਸਮਝ ਦੂਰ ਹੁੰਦੀ ਹੈ ਜਿਸ ਦੁਆਰਾ ਸਾਡੇ ਮਨ ਦੀ ਸਮਝ ਗੁਰੂ ਦੇ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ, ਨਿਰਮਲ ਬਣ ਜਾਂਦੀ ਹੈ ਤੇ ਇਹੋ ਜਿਹੀ ਸਮਝ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਜਾਂਦੀ ਹੈ, ਨਾਮ ਜਪਣ ਦੀ ਸਮਝ ਪੈ ਜਾਂਦੀ ਹੈ। (**ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥**)

{ਸਾਚੇ ਨਿਰਮਲ ਮੈਲੁ ਨ ਲਾਗੈ ॥
ਗੁਰ ਕੈ ਸਬਦਿ ਭਰਮ ਭਉ ਭਾਗੈ ॥
ਸੂਰਤਿ ਮੂਰਤਿ ਆਦਿ ਅਨੂਪੁ ॥
ਨਾਨਕੁ ਜਾਚੈ ਸਾਚੁ ਸਰੂਪੁ ॥੮॥}

(ਅੰਗ - ੬੮੬)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥
ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ - ੨੩੨)

{ਗੁਰ ਸਬਦੀ ਰਾਤਾ ਸਚਿ ਸਮਾਇ ॥੫॥

ਸਤਿਗੁਰ ਮਿਲਿਐ ਮਤਿ ਊਤਮ ਹੋਇ ॥
ਮਨੁ ਨਿਰਮਲੁ ਹਉਮੈ ਕਢੈ ਧੋਇ ॥
ਸਦਾ ਮੁਕਤੁ ਬੰਧਿ ਨ ਸਕੈ ਕੋਇ ॥
ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥}

(ਅੰਗ - ੧੧੮੮)

{ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥੧॥
ਗੁਰਮੁਖਿ ਹਰਿ ਹਰਿ ਨਾਮੁ ਜਪੰਨਿ ॥
ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ ॥੧॥ ਰਹਾਉ ॥
ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥੨॥
ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ ॥
ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ ॥੩॥
ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ ॥
ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥੪॥
ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥
ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥੫॥
ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥
ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥
ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥
ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥
ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥
ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ ॥੮॥}

(ਅੰਗ - ੭੫੬-੭੫੭)

{ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥
ਸਹਜੇ ਹੀ ਹਰਿ ਨਾਮਿ ਸਮਾਇਆ ॥
ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ ਜਾਇ ਪੂਛਹੁ ਵੇਦ ਪੁਰਾਣੀ ਹੇ ॥੯॥
ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥
ਗੁਰ ਕੈ ਸਬਦਿ ਭਰਮ ਭਉ ਭਾਗੈ ॥
ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥
ਵਿਚਿ ਹਉਮੈ ਸੇਵਾ ਥਾਇ ਨ ਪਾਏ ॥

ਜਨਮਿ ਮਰੈ ਫਿਰਿ ਆਵੈ ਜਾਏ ॥
ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ ॥੧੧॥}

(ਅੰਗ - ੧੦੭੦-੧੦੭੧)

{ਹਰਿ ਆਪੇ ਮੇਲੇ ਸੇਵ ਕਰਾਏ ॥
ਗੁਰ ਕੈ ਸਬਦਿ ਭਾਉ ਦੂਜਾ ਜਾਏ ॥
ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥
ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥੧॥ ਰਹਾਉ ॥
ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥
ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥
ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥੨॥
ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥
ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥
ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥
ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥
ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥}

(ਅੰਗ - ੧੨੬-੧੨੭)

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥
ਗੁਰ ਕਿੰਚਤ ਕਿਰਪਾ ਕੀਨੀ ॥
ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥
ਮਿਲਿਓ ਜਗਜੀਵਨ ਦਾਤਾ ॥੪॥}

(ਅੰਗ - ੬੫੫)

ਨਾਮ ਕੀ ਹੈ, ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪੂਰੀ ਗੁਰਬਾਣੀ ਵਿੱਚ ਸਾਨੂੰ ਜੋ ਨਾਮ ਸਮਝਾਇਆ ਹੋਇਆ ਹੈ ਤੇ ਨਾਮ ਜਪਣਾ ਸਮਝਾਇਆ ਹੋਇਆ ਹੈ ਉਹ ਕਦੇ ਬਦਲ ਨਹੀਂ ਸਕਦਾ ਭਾਵੇਂ ਜਿਹੜੇ ਮਰਜੀ ਸਬਦ ਰਾਹੀਂ ਸਮਝ ਲਈਏ। ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਕਰਨ ਦੀ ਲੋੜ ਹੈ। ਉੱਪਰ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਨਾਮ ਨੂੰ ਹੀ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਨਾਮ ਕਿਵੇਂ ਮਿਲਦਾ ਹੈ, ਕਿਸ ਤਰੀਕੇ ਮਿਲਦਾ ਹੈ, ਕੌਣ ਦਿੰਦਾ ਹੈ, ਕਿਸ ਜਗ੍ਹਾ ਤੇ ਦਿੰਦਾ ਹੈ ਤੇ ਜਿੰਨ੍ਹਾਂ ਨੂੰ ਨਾਮ ਮਿਲਿਆ ਹੈ ਉਹਨਾਂ ਨੇ ਕਿਸ ਤਰੀਕੇ ਨਾਮ ਜਪਿਆ ਹੈ। ਸਾਡੇ ਅੰਦਰ ਦੀ ਮੈਲ ਦਾ ਮਕਸਦ ਭਾਵ ਹਉਮੈ ਵਾਲੀ ਸਮਝ ਦਾ ਮਕਸਦ ਸਾਨੂੰ ਗੁਰੂ ਦੀ ਮਤਿ ਤੇ ਵਿਸ਼ਵਾਸ ਨਾ ਆਉਣ ਦੇਣਾ ਹੀ ਹੈ ਭਾਵ ਸਾਨੂੰ ਭਰਮਾਂ ਵਿੱਚ ਰੱਖਣ ਨਾਲ ਹੀ ਹੈ। ਭਰਮਾਂ ਵਿੱਚੋਂ ਨਿਕਲਣ ਲਈ ਗੁਰੂ ਦੀ ਗੱਲ ਤੇ ਵਿਸ਼ਵਾਸ ਆਉਣਾ ਜਰੂਰੀ ਹੈ ਜੋ ਵਿਸ਼ਵਾਸ ਪ੍ਰਮਾਤਮਾ ਜਿਸ ਨੂੰ ਦਿਵਾ ਦੇਵੇ ਇਹ ਉਸ ਦੀ ਉਸ ਮਨੁੱਖ ਤੇ ਵੱਡੀ ਕਿਰਪਾ ਹੈ।

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥
ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ - ੨੮੫)

ਵਿਸ਼ਵਾਸ ਆਏ ਬਿਨ੍ਹਾਂ ਅਸੀਂ ਆਪਣੀ ਮਤਿ ਨਾਲ ਹੀ ਜੁੜੇ ਰਹਿੰਦੇ ਹਾਂ ਭਾਵ ਮਨ ਦੇ ਕੱਚੇ ਧਨੁ ਨਾਲ ਜੁੜੇ ਰਹਿੰਦੇ ਹਾਂ ਜੋ ਸਾਨੂੰ ਸੱਚੇ ਧਨੁ ਨਾਲ ਜੁੜਨ ਤੋਂ ਦੂਰ ਰੱਖਦਾ ਹੈ। ਗੁਰੂ ਦੀ ਸ਼ਰਨ ਵਿੱਚ ਆਉਣ ਦਾ ਮਕਸਦ ਗੁਰੂ ਦੇ ਨਾਮ ਧਨੁ ਨਾਲ ਜੁੜਨ ਦਾ ਉਪਰਾਲਾ ਹੈ ਜਿਸ ਨੇ ਸਾਨੂੰ ਮਨ ਦੇ ਕੱਚੇ ਧਨੁ ਵਿੱਚੋਂ ਕੱਢਣਾ ਹੈ। ਸਾਡਾ ਮਨ ਕੱਚੇ ਧਨੁ ਕਰਕੇ ਮੈਲਾ ਹੈ ਤੇ ਇਸ ਨੂੰ ਪਵਿੱਤਰ ਗੁਰੂ ਦਾ ਸੱਚਾ ਧਨੁ ਹੀ ਕਰ ਸਕਦਾ ਹੈ, ਨਾਮ ਧਨੁ ਹੀ ਕਰ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਨਾਮ ਧਨੁ ਹੈ ਜੋ ਧਨੁ ਹਰ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਸ ਦਾ ਮਕਸਦ ਸਾਨੂੰ ਸਾਡੀ ਕੱਚੀ ਮਤਿ ਵਿੱਚੋਂ ਕੱਢਣ ਦਾ ਹੈ, ਗੁਰੂ ਦੀ ਸੱਚੀ ਮਤਿ ਨਾਲ ਜੋੜਨ ਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਚੱਲ ਸਕੀਏ। ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ ਤੇ ਸਾਡੇ ਮਨ ਦਾ ਨਿਰਮਲ ਹੋਣਾ ਕੀ ਹੈ ਭਾਵ ਇਹਨਾਂ ਤੋਂ ਮਕਸਦ ਕੀ ਹੈ। ਮਕਸਦ ਆਪਣੀ ਮਤਿ ਨੂੰ ਬਦਲਣ ਦਾ ਹੀ ਹੈ ਤੇ ਜਦ ਤੱਕ ਸਾਡੀ ਮਤਿ ਨਹੀਂ ਬਦਲਦੀ ਤਦ ਤੱਕ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਉਹਨਾਂ ਕਰਮ ਕਾਂਡਾ ਵਿੱਚ ਹੀ ਪਏ ਰਹਾਂਗੇ ਜੋ ਕਿ ਸਾਡੀ ਮੈਲੀ ਮਤਿ ਦਾ ਨਤੀਜਾ ਹੈ। ਆਉ ਪਹਿਲੇ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਹਾਂ ਕਿ ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ।

{ਸਗਲ ਤਿਆਗਿ ਗੁਰ ਸਰਣੀ ਆਇਆ ॥
ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥੪॥}

(ਅੰਗ - ੧੯੨)

{ਸਗਲ ਤਿਆਗਿ ਗੁਰ ਸਰਣੀ ਆਇਆ ਰਾਖਹੁ ਰਾਖਨਹਾਰੇ ॥

ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ਕਿਆ ਏਹਿ ਜੰਤ ਵਿਚਾਰੇ ॥੧॥}

(ਅੰਗ - ੭੫੦)

{ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥}

(ਅੰਗ - ੫੦੬)

{ਕਹਿ ਕਬੀਰ ਸੋ ਭਰਮੈ ਨਾਹੀ ॥
ਪਗ ਲਗਿ ਰਾਮ ਰਹੈ ਸਰਨਾਂਹੀ ॥੪॥}

(ਅੰਗ - ੬੯੧)

{ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥
ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥੨॥}

(ਅੰਗ - ੭੧੮)

{ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥
ਜਨਮ ਮਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ ॥੧॥
ਜੋ ਤੁਮ੍ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥
ਕਹੁ ਨਾਨਕ ਤਾ ਕੀ ਸਰਣਾਈ ਜਾ ਕਾ ਕੀਆ ਸਗਲ ਜਹਾਨੁ ॥੨॥}

(ਅੰਗ - ੮੨੪)

{ਆਪਹਿ ਮੇਲਿ ਲਏ ॥
ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥੧॥ ਰਹਾਉ ॥
ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥
ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥੧॥
ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥
ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥੨॥}

(ਅੰਗ - ੮੨੯)

{ਜਾਨਉ ਨਹੀ ਭਾਵੈ ਕਵਨ ਬਾਤਾ ॥
ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥
ਤਪਸੀ ਤਪਹਿ ਰਾਤਾ ॥੨॥

ਮੋਨੀ ਮੋਨਿਧਾਰੀ ॥
ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥
ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥}

(ਅੰਗ - ੭੧)

ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ ਇਹ ਗੱਲ ਸਾਨੂੰ ਗੁਰਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਤੇ ਉਪਰਲੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਗੁਰੂ ਦੀ ਸ਼ਰਨ ਵਿੱਚ ਸਾਡੇ ਸਰੀਰ ਨੇ ਨਹੀਂ ਆਉਣਾ, ਸਾਡੀ ਸਮਝ ਨੇ ਆਉਣਾ ਹੈ ਤਾਂ ਜੋ ਗੁਰੂ ਦੀ ਸ਼ਰਨ ਵਿੱਚ ਆ ਕੇ ਉਹ ਕੁੱਝ ਸਿੱਖ ਸਕੀਏ ਜੋ ਸਾਨੂੰ ਗੁਰੂ ਸਿਖਾਉਂਦਾ ਹੈ। ਉੱਪਰ ਪੰਗਤੀਆਂ ਵਿੱਚ ਗੁਰੂ ਦੀ ਸ਼ਰਨ ਵਿੱਚ ਆਉਣ ਲਈ ''ਸਗਲ ਤਿਆਗਿ'' ਦੀ ਗੱਲ ਕੀਤੀ ਹੋਈ ਹੈ। ਬਾਣੀ ਵਿੱਚ ਗੁਰੂ ਨੂੰ ਆਪਣਾ ਮਨ ਤਨ ਧਨ ਸੌਂਪਣ ਦੀ ਗੱਲ ਆਉਂਦੀ ਹੈ ਜੋ ਕਿ ਸਗਲ ਤਿਆਗਿ ਹੀ ਹੈ। ਬਾਣੀ ਵਿੱਚ ਗੁਰੂ ਨੂੰ ਆਪਣਾ ਮਨ ਵੇਚਣ ਦੀ ਗੱਲ ਆਉਂਦੀ ਹੈ। (**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥ ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥ ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥**) ਅੰਗ - ੨੮੬-੨੮੭

(**ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥ ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥ ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥੨॥ ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥੩॥**) ਅੰਗ - ੩੨੭

(ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥)

(ਅੰਗ - ੧੩੮੩)

(ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥੬੪॥)

(ਅੰਗ - ੧੪੨੧)

(ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥)

(ਅੰਗ - ੮੦੦)

(ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥)

(ਅੰਗ - ੮੧੪)

(ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥)

(ਅੰਗ - ੨੦੯)

ਪ੍ਰਮਾਤਮਾ ਨੂੰ ਪਾਉਣ ਲਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਗੁਰੂ ਦੀ ਸ਼ਰਨ ਵਿੱਚ ਆਉਣ ਲਈ, ਗੁਰੂ ਦੀ ਭਗਤੀ ਬਾਰੇ ਆਪਣੀ ਧਾਰਮਿਕ ਆਸਥਾ ਦਿਖਾਉਣ ਲਈ ਮਨੁੱਖ ਅਨੇਕਾਂ ਹੀ ਤਿਆਗ ਕਰਦੇ ਹਨ। ਮਨ ਦੀ ਨਾ-ਸਮਝੀ ਕਰਕੇ ਕੋਈ ਘਰ ਬਾਰ ਤਿਆਗਦਾ ਹੈ, ਕੋਈ ਸੋਹਣੇ ਵਸਤ੍ਰਾਂ ਦਾ ਤਿਆਗ ਕਰਦਾ ਹੈ ਭਾਵ ਅਨੇਕਾਂ ਸੁੱਖਾਂ ਦੇ ਤਿਆਗ ਕਰਦਾ ਹੈ ਜਿਹੋ ਜਿਹੇ ਤਿਆਗ ਕਰਨ ਨਾਲ ਗੁਰੂ ਦੀ ਸ਼ਰਨ ਵਿੱਚ ਨਹੀਂ ਆਇਆ ਜਾ ਸਕਦਾ। ਸਗਲ ਤਿਆਗ ਕਰਨ ਲਈ ਆਪਣੇ ਮਨ ਨੂੰ ਗੁਰੂ ਨੂੰ ਵੇਚਣਾ ਪੈਂਦਾ ਹੈ ਭਾਵ ਆਪਣੀ ਸਮਝ ਨੂੰ ਪੂਰਨ ਰੂਪ ਵਿੱਚ ਗੁਰੂ ਦੇ ਹਵਾਲੇ ਕਰਨਾ ਪੈਂਦਾ ਹੈ। ਇਹੀ ਆਪਣਾ ਆਪ ਤਿਆਗਣਾ ਹੈ ਜੋ ਕਿ ਆਪਣੀ ਨਾ-ਸਮਝ ਮਤਿ ਨੂੰ ਪੂਰਨ ਰੂਪ ਵਿੱਚ ਤਿਆਗਣਾ ਹੈ ਜੋ ਕਿ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਦੁਆਰਾ ਹੀ ਤਿਆਗਿਆ ਜਾ ਸਕਦਾ ਹੈ ਜਿਸ ਤਿਆਗ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਨਾ ਇਹ ਤਨ ਮੇਰਾ ਹੈ, ਨਾ ਇਹ ਮਨ ਮੇਰਾ ਹੈ, ਨਾ ਇਹ ਧਨੁ ਮੇਰਾ ਹੈ ਭਾਵ ਸਭ ਕੁੱਝ ਪ੍ਰਮਾਤਮਾ ਦਾ ਆਪਣਾ ਹੀ ਹੈ। ਇਹੀ ਤਨ ਮਨ ਧਨੁ ਦਾ ਤਿਆਗ ਹੈ ਜਿਸ ਦੀ ਸਮਝ ਆਪਣੀ ਮਤਿ ਨੂੰ ਤਿਆਗਣ ਦੁਆਰਾ ਹੀ ਪੈਂਦੀ ਹੈ। ਆਪਣੀ ਮਤਿ ਤਿਆਗਣ ਦੁਆਰਾ ਹੀ ਪ੍ਰਮਾਤਮਾ ਦੀ ਅਸਲ ਭਗਤੀ ਦੀ ਸਮਝ ਪੈਂਦੀ ਹੈ ਜਿਸ ਸਮਝ ਦੁਆਰਾ ਮਨੁੱਖ ਦੀ ਨੀਅਤ ਸਾਫ਼ ਸੁਥਰੀ ਬਣ ਜਾਂਦੀ ਹੈ ਜਿਸ ਦੁਆਰਾ ਮਨੁੱਖ ਫਿਰ ਕੇਵਲ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਭਾਵ ਉਸਦਾ ਹਰ ਕਰਮ ਗੁਰਮਤਿ ਦੀ ਸ਼ਰਨ ਵਾਲਾ ਹੁੰਦਾ ਹੈ, ਗੁਰਮਤਿ ਦੀ ਸੱਚੀ ਸਮਝ ਵਾਲਾ ਹੁੰਦਾ ਹੈ। ਗੁਰੂ ਦੀ ਸ਼ਰਨ ਵਿੱਚ ਸਾਡੀ ਸਮਝ ਨੇ ਹੀ ਆਉਣਾ ਹੈ। ਗੁਰੂ ਦੀ ਸ਼ਰਨ ਵਿੱਚ ਆਉਣ ਲਈ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਸਮਝਕੇ ਉਸ ਨੂੰ ਮੰਨਣ ਦੀ ਲੋੜ ਹੈ। ਗੁਰੂ ਦੇ ਦਰ ਤੇ ਭਾਵ ਗੁਰੂ ਦੇ ਦੁਆਰੇ ਤੇ ਜਾਣ ਦਾ ਸਾਡਾ ਕੇਵਲ ਇਹੀ ਮਕਸਦ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਸੁਣੀਏ ਤੇ ਉਸ ਨੂੰ ਸਮਝੀਏ ਤੇ ਉਸ ਨੂੰ ਮੰਨੀਏ। ਗੁਰੂ ਦੀ ਮਤਿ ਨੂੰ ਮੰਨਣਾ ਅਸੀਂ ਆਪਣੇ ਕਾਰ ਵਿਹਾਰ ਵਿੱਚ ਹੀ ਹੈ, ਆਪਣੀ ਸੰਸਾਰਿਕ ਵਿਚਰਨ ਵਿੱਚ ਹੀ ਹੈ। ਸਾਡੀ ਮਾੜੀ ਨੀਅਤ ਦਾ ਕਾਰਨ ਸਾਡੇ ਔਗੁਣ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜਿੰਨ੍ਹਾਂ ਦਾ ਕਾਰਨ ਸਾਡੇ ਅੰਦਰ ਭਗਤੀ ਦੀ ਸੱਚੀ ਸਮਝ ਦਾ ਨਾ ਹੋਣਾ ਹੈ, ਗੁਰੂ ਦੀ ਸੱਚੀ ਮਤਿ ਦਾ ਨਾ ਹੋਣਾ ਹੈ ਭਾਵ ਸਾਡੇ ਅੰਦਰ ਦੀ ਮਨਮਤਿ ਹੈ ਤੇ ਆਪਣੀ ਇਸ ਮਨਮਤਿ ਨੂੰ ਛੱਡਣਾ ਹੀ ਸਭ ਤੋਂ ਔਖਾ ਕੰਮ ਹੈ ਜਿਸ ਨੂੰ ਛੱਡਣ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ। ਸਾਡੇ ਅੰਦਰ ਦੀ ਇਸ ਮਾਇਆ ਦਾ ਤਿਆਗ ਹੀ ਭਾਵ ਮਨ ਦੀ ਮਾਇਆ ਵਾਲੀ ਸਮਝ ਦਾ ਤਿਆਗ ਹੀ ਸਭ ਤੋਂ ਔਖਾ ਤਿਆਗ ਹੈ।

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥
ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥

ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥}

(ਅੰਗ - ੮੦੦)

{ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥
ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥
ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥}

(ਅੰਗ - ੮੧੪)

ਬਾਹਰੀ ਮਾਇਆ ਸਾਡੇ ਸਰੀਰ ਦੀ ਸੰਭਾਲ ਲਈ ਹੈ, ਸਾਡੇ ਜੀਵਨ ਦੀ ਸੰਭਾਲ ਲਈ ਹੈ ਜੋ ਕਿ ਸਭ ਦੇ ਲਈ ਜਰੂਰੀ ਹੈ। ਮਾਇਆ ਮਾੜੀ ਨੀਅਤ ਨਾਲ ਵੀ ਕਮਾਈ ਜਾਂਦੀ ਹੈ ਤੇ ਸੱਚੀ ਨੀਅਤ ਨਾਲ ਵੀ ਕਮਾਈ ਜਾ ਸਕਦੀ ਹੈ। ਜੇਕਰ ਅਸੀਂ ਅੰਦਰ ਦੀ ਮਾਇਆ ਦਾ ਤਿਆਗ ਕਰਾਂਗੇ ਭਾਵ ਮਾਇਆ ਮੋਹ ਦਾ ਤਿਆਗ ਕਰਾਂਗੇ ਫਿਰ ਬਾਹਰੀ ਮਾਇਆ ਨੂੰ ਉਸੇ ਤਰੀਕੇ ਹੀ ਕਮਾਵਾਂਗੇ ਜੋ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ ਭਾਵ ਔਗੁਣ ਛੱਡਣ ਦੁਆਰਾ ਕਮਾਵਾਂਗੇ ਭਾਵ ਹਰ ਵੇਲੇ, ਅੱਠੇ ਪਹਿਰ ਗੁਰੂ ਦੀ ਸ਼ਰਨ ਵਿੱਚ ਰਹਾਂਗੇ, ਗੁਰਮਤਿ ਦੀ ਸ਼ਰਨ ਵਿੱਚ ਰਹਾਂਗੇ ਭਾਵ ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਜਪਾਂਗੇ ਜੋ ਕਿ ਗੁਰੂ ਦੀ ਸ਼ਰਨ ਵਿੱਚ ਰਹਿ ਕੇ ਹੀ ਜਪਿਆ ਜਾ ਸਕਦਾ ਹੈ। ਗੁਰੂ ਦੀ ਸ਼ਰਨ ਵਿੱਚ ਸਾਡੇ ਮਨ ਦੀ ਸਮਝ ਨੇ ਹੀ ਆਉਣਾ ਹੈ, ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਨੇ ਗੁਰੂ ਦੇ ਸੱਚੇ ਗਿਆਨ ਦੀ ਸ਼ਰਨ ਵਿੱਚ ਆਉਣਾ ਹੈ। ਗੁਰੂ ਦੀ ਸ਼ਰਨ ਵਿੱਚ ਆ ਕੇ ਹੀ ਧਰਮ ਦੇ ਸੱਚੇ ਗਿਆਨ ਵਾਲਾ ਬਣਿਆ ਜਾ ਸਕਦਾ ਹੈ ਜਿਸ ਗਿਆਨ ਦਾ ਮਕਸਦ ਸਾਨੂੰ ਸੱਚ ਦੇ ਨਾਲ ਜੋੜਨ ਦਾ ਹੈ ਭਾਵ ਨਾਮ ਦੇ ਨਾਲ ਜੋੜਨ ਦਾ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿੱਚ ਅੱਠੇ ਪਹਿਰ ਨਾਮ ਜਪੀਏ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਉੱਪਰ ਸ਼ਬਦਾਂ ਦੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਗੁਰੂ ਦੀ, ਪ੍ਰਮਾਤਮਾ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ ਜਿਸ ਦੀ ਸ਼ਰਨ ਵਿੱਚ ਆਉਣ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਉਹ ਸੱਚਾ ਮਾਰਗ ਹੀ ਪੂਰੀ ਗੁਰਬਾਣੀ ਸਾਨੂੰ ਸਮਝਾ ਰਹੀ ਹੈ, ਗੁਰਮਤਿ ਰੂਪ ਵਿਚਾਰਾਂ ਦੇਣ ਦੁਆਰਾ ਸਮਝਾ ਰਹੀ ਹੈ, ਸ਼ਬਦਾਂ ਦੀਆਂ ਵਿਚਾਰਾਂ ਦੇਣ ਦੁਆਰਾ ਸਮਝਾ ਰਹੀ ਹੈ। ਜੇਕਰ ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਵਾਂਗੇ ਜਾਂ ਗੁਰੂ ਦੇ ਦਰ ਤੇ ਸਵੇਰੇ ਸ਼ਾਮ ਮੱਥੇ ਟੇਕੀ ਜਾਵਾਂਗੇ ਜਾਂ ਗੁਰੂ ਦੀ ਗੱਲ ਨੂੰ ਕੇਵਲ ਸੁਣੀ ਹੀ ਜਾਵਾਂਗੇ ਪਰ ਉਸ ਤੇ ਜਦ ਤੱਕ ਅਮਲ ਨਹੀਂ ਕਰਾਂਗੇ ਤਦ ਤੱਕ ਗੁਰੂ ਦੀ ਸ਼ਰਨ ਵਿੱਚ ਕਿਵੇਂ ਆਇਆ ਜਾ ਸਕਦਾ ਹੈ ਭਾਵ ਗੁਰੂ ਦੀ ਸੱਚੀ ਸਮਝ ਦੇ ਨਾਲ ਕਿਵੇਂ ਜੁੜਿਆ ਜਾ ਸਕਦਾ ਹੈ, ਆਪਣੀ ਨੀਅਤ ਨੂੰ ਰਾਸ ਕਿਵੇਂ ਕੀਤਾ ਜਾ ਸਕਦਾ ਹੈ, ਆਪਣੀ ਮਾੜੀ ਨੀਅਤ ਵਿੱਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਨਾ ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਨਾ ਹੀ ਉਸ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਕੀਤਾ ਜਾ ਸਕਦਾ ਹੈ ਜੋ ਸਾਡੇ ਅੰਦਰ ਸਚੁ ਰੂਪ ਵਿੱਚ ਹੀ ਹੈ। ਉਸ ਗੁਰੂ ਪ੍ਰਮਾਤਮਾ ਦਾ "ਸਚੁ" ਰੂਪ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨ੍ਹਾਂ ਅਸੀਂ ਸ਼ਬਦਾਂ ਦੀ ਵਿਚਾਰ ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ, ਨਾਮ ਧਨੁ ਦੇ ਮਾਲਕ ਨੂੰ ਨਹੀਂ ਜਾਣ ਸਕਦੇ। ਗੁਰੂ ਦੀ ਸ਼ਰਨ ਵਿੱਚ ਆਉਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ, ਪ੍ਰਮਾਤਮਾ ਨੂੰ ਜਾਨਣਾ ਬਹੁਤ ਔਖਾ ਹੈ ਪਰ ਉਸ ਦੇ ਲਈ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰੂ ਦੀ ਸ਼ਰਨ ਵਿੱਚ ਆਉਣਾ ਸਿਖੀਏ ਭਾਵ ਸ਼ਬਦਾਂ ਦੇ ਵਿਚਾਰਾਂ ਨੂੰ ਮੰਨੀਏ ਤੇ ਆਪਣੀ ਸੁਰਤਿ ਦੇ ਵਿਚਾਰਾਂ ਨੂੰ ਛੱਡੀਏ। ਸਾਡੀ ਸੁਰਤਿ ਦੇ ਵਿਚਾਰ ਹੀ ਸਾਡੀ ਮਨਮਤਿ ਹੈ ਜਿਸ ਵਿੱਚੋਂ ਕੇਵਲ ਤੇ ਕੇਵਲ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਭਾਵ ਗੁਰਮਤਿ ਨੂੰ ਮੰਨਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਭਾਵ ਸ਼ਬਦ ਸੁਰਤਿ ਦੇ ਵਿਚਾਰਾਂ ਦਾ ਮੇਲ ਹੋਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸੇ ਗੱਲ ਨੂੰ ਹੀ ਸਮਝਣਾ ਹੈ ਕਿ ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ।

ਗੂਜਰੀ ਮਹਲਾ ੧ ਘਰੁ ੪
ੴ ਸਤਿਗੁਰ ਪ੍ਰਸਾਦਿ ॥

"ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ ॥

ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ ॥੧॥
ਜਪਿ ਮਨ ਨਾਮੁ ਹਰਿ ਸਰਣੀ ॥
ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ ॥੧॥ ਰਹਾਉ ॥
ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥
ਚਲ ਚਿਤ ਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ ॥
ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ ॥੩॥
ਭਰਮਾਤਿ ਭਰਮੁ ਨ ਚੁਕਈ ਜਗੁ ਜਨਮਿ ਬਿਆਧਿ ਖਪੰ ॥
ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥੪॥
ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥
ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥੫॥
ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥
ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ ॥
ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ ॥੭॥
ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥੧॥੫॥”

(ਅੰਗ - ੫੦੫-੫੦੬)

ਸ਼ਬਦ ਦੇ ਪਹਿਲੇ ਪਦੇ ਰਾਹੀਂ ਉਹਨਾਂ ਦੀ ਗੱਲ ਸਮਝਾਈ ਹੋਈ ਹੈ ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਦੀ ਭਗਤੀ ਦਾ ਪਿਆਰ ਹੈ ਤੇ ਜਿਸ ਨੂੰ ਭਗਤੀ ਦੇ ਨਾਲ ਪ੍ਰੇਮ ਹੈ ਉਹੀ ਪ੍ਰਮਾਤਮਾ ਦਾ ਨਾਮ ਅਰਾਧਦਾ ਹੈ ਤੇ ਪ੍ਰਮਾਤਮਾ ਦੇ ਨਾਲ ਆਪਣਾ ਹਿੱਤ ਦਿਖਾਉਂਦਾ ਹੈ ਭਾਵ ਜਿੰਨ੍ਹਾਂ ਨੂੰ ਨਾਮ ਦੀ ਪਿਆਸ ਹੁੰਦੀ ਹੈ ਉਹ ਪ੍ਰਮਾਤਮਾ ਦਾ ਨਾਮ ਕਿਸ ਤਰੀਕੇ ਜਪਦੇ ਹਨ ਇਹ ਗੱਲ ਸਮਝਾਈ ਹੋਈ ਹੈ। ਉਹ ਭਗਤੀ ਨਾਲ ਪ੍ਰੇਮ ਦਿਖਾਉਣ ਲਈ ਪ੍ਰਮਾਤਮਾ ਕੋਲੋਂ ਕੀ ਕੁੱਝ ਮੰਗਦੇ ਹਨ ਜਿਸਦੇ ਮਿਲਣ ਦੁਆਰਾ ਉਹਨਾਂ ਦੀ ਪਿਆਸ ਬੁੱਝਦੀ ਹੈ ਇਹ ਗੱਲ ਸਮਝਾਈ ਹੋਈ ਹੈ। (**ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ ॥ ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ ॥**) ਉਹ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਕਿਸ ਤਰੀਕੇ ਦਿਖਾਉਂਦੇ ਹਨ ਭਾਵ ਸੱਚ ਨਾਲ ਆਪਣੀ ਪ੍ਰੀਤ, ਗੁਰੂ ਦੇ ਨਾਮ ਨਾਲ ਆਪਣੀ ਪ੍ਰੀਤ ਕਿਸ ਤਰੀਕੇ ਦਿਖਾਉਂਦੇ ਹਨ ਤੇ ਉਹਨਾਂ ਨੇ ਸੰਸਾਰ ਨੂੰ ਕਿਹੋ ਜਿਹੀ ਪ੍ਰੀਤ ਕਰਨੀ ਸਿਖਾਈ ਹੈ, ਇਹੀ ਗੱਲ ਸਾਨੂੰ ਅਗਲੀਆਂ ‘‘ਰਹਾਉ’’ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਜਪਿ ਮਨ ਨਾਮੁ ਹਰਿ ਸਰਣੀ ॥
ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ ॥੧॥ ਰਹਾਉ ॥”

ਪ੍ਰਮਾਤਮਾ ਦਾ ਨਾਮ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣ ਦੁਆਰਾ ਹੀ ਜਪਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਕਿਉਂਕਿ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣ ਲਈ ਸਾਨੂੰ ਸੰਸਾਰ ਸਾਗਰ ਤੋਂ ਤਰਨਾ ਪੈਂਦਾ ਹੈ। ਇਹ ਸੰਸਾਰ ਸਾਗਰ ਕੀ ਹੈ, ਭਉਜਲ ਸਾਗਰ ਕੀ ਹੈ ਇਹ ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਡੇ ਅੰਦਰ ਇਹ ਸਾਗਰ ਮਨ ਦੇ ਨਾ-ਸਮਝ ਵਿਚਾਰਾਂ ਦੇ ਰੂਪ ਵਿੱਚ ਹੈ ਜਿਸ ਵਿੱਚੋਂ ਤਰਨ ਦਾ ਤਰੀਕਾ ਗੁਰੂ ਦਾ ਨਾਮ ਹੈ ਭਾਵ ਗੁਰੂ ਦੇ

ਨਾਮ ਦੀ ਸ਼ਰਨ ਵਿੱਚ ਆਉਣਾ ਹੈ। ਗੁਰੂ ਦੇ ਨਾਮ ਦੇ ਨਾਲ ਰਮ ਕੇ ਹੀ ਇਹ ਸੰਸਾਰ ਸਾਗਰ ਤੋਂ ਤਰਿਆ ਜਾ ਸਕਦਾ ਹੈ ਤੇ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ। ਜਦ ਤੱਕ ਮਨੁੱਖ ਮਾਇਆ ਮੋਹ ਦੇ ਸਾਗਰ ਵਿੱਚ ਡੁੱਬਾ ਹੋਇਆ ਹੈ ਤਦ ਤੱਕ ਉਹ ਨਾਮ ਨਾਲ ਨਹੀਂ ਰਮਿਆ ਹੋਇਆ ਭਾਵ ਨਾਮ ਨਹੀਂ ਜਪ ਰਿਹਾ ਭਾਵ ਉਹ ਗੁਰੂ ਦੀ ਸ਼ਰਨ ਵਿੱਚ ਨਹੀਂ ਆਇਆ ਹੋਇਆ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਜਦ ਤੱਕ ਅਸੀਂ ਮਾਇਆ ਮੋਹ ਦੇ ਸਾਗਰ ਵਿੱਚ ਹਾਂ ਤਦ ਤੱਕ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਪੈਂਦੀ ਭਾਵ ਸਾਡਾ ਭਗਤੀ ਨਾਲ ਪ੍ਰੇਮ ਨਹੀਂ ਜੁੜਦਾ, ਪ੍ਰਮਾਤਮਾ ਦੇ ਨਾਲ ਪ੍ਰੇਮ ਨਹੀਂ ਜੁੜਦਾ। ਉੱਪਰ ਰਹਾਉ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ ਜਿਹੋ ਜਿਹਾ ਨਾਮ ਜਪਣ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਪ੍ਰੇਮ ਜੁੜਦਾ ਹੈ। ਭਗਤੀ ਦਾ ਮਾਰਗ ਸਾਡੀ ਕਰਣੀ ਦਾ ਮਾਰਗ ਹੈ ਜਿਵੇਂ ਕਿ ਉੱਪਰ ਵਾਲੀ ਪੰਗਤੀ ਦੁਆਰਾ ਹਰ ਕੋਈ ਸਮਝ ਸਕਦਾ ਹੈ। ਜਦ ਤੱਕ ਅਸੀਂ ਮਾਇਆ ਮੋਹ ਦੇ ਸਾਗਰ ਵਿੱਚ ਹਾਂ ਤਦ ਤੱਕ ਸਾਡੀ ਕਰਨੀ ਚੰਗੀ ਨਹੀਂ ਹੁੰਦੀ ਭਾਵ ਸਾਡੀ ਸੰਸਾਰਿਕ ਵਿਚਰਨ ਚੰਗੀ ਨਹੀਂ ਹੁੰਦੀ। ਜਦ ਤੱਕ ਮਨੁੱਖ ਮਾਇਆ ਦੇ ਸਾਗਰ ਵਿੱਚ ਹੈ ਤਦ ਤੱਕ ਉਹ ਮਾਇਆ ਦੇ ਸੁੱਖਾਂ ਲਈ ਮਾੜੇ ਕਰਮ ਕਰਦਾ ਹੈ ਭਾਵ ਮਾੜੀ ਕਰਨੀ ਕਰਦਾ ਹੈ ਭਾਵ ਮਨ ਦੇ ਵਿੱਚ ਮਾੜੀ ਨੀਅਤ ਰੱਖਦਾ ਹੈ। ਨਾਮ ਜਪਣ ਦਾ ਮਕਸਦ, ਗੁਰੂ ਦੀ ਸ਼ਰਨ ਵਿੱਚ ਆਉਣ ਦਾ ਮਕਸਦ ਸਾਡੀ ਕਰਣੀ ਨੂੰ ਚੰਗਾ ਬਣਾਉਣ ਲਈ ਹੀ ਹੈ। (**ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ ॥ ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ ॥੧॥ ਜਪਿ ਮਨ ਨਾਮੁ ਹਰਿ ਸਰਣੀ ॥ ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ ॥੧॥ ਰਹਾਉ ॥**)

ਨਾਮ ਜਪਣ ਦੁਆਰਾ ਅਸੀਂ ਇਸ ਸੰਸਾਰ ਸਾਗਰ ਤੋਂ ਕਿਵੇਂ ਤਰਨਾ ਹੈ ਭਾਵ ਗੁਰੂ ਦੇ ਸ਼ਬਦ ਨੇ, ਨਾਮ ਨੇ ਸਾਨੂੰ ਇਸ ਸਾਗਰ ਵਿੱਚੋਂ ਕਿਵੇਂ ਤਾਰਨਾ ਹੈ ਤਾਂ ਜੋ ਸਾਡੀ ਕਰਣੀ ਚੰਗੀ ਹੋ ਸਕੇ ਭਾਵ ਅਸੀਂ ਭਗਤੀ ਦੇ ਨਾਲ ਪਿਆਰ ਕਰਨ ਵਾਲੇ ਬਣ ਸਕੀਏ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ, ਨਾਮ ਜਪਣ ਦੁਆਰਾ ਗੁਰੂ ਦੀ ਸ਼ਰਨ ਵਿੱਚ ਆਉਣਾ ਹੀ ਸਮਝਾਇਆ ਹੋਇਆ ਹੈ।

“ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥”

ਉੱਪਰ ਵਾਲੀਆਂ ਪੰਗਤੀਆਂ ਦੇ ਅੰਦਰੂਨੀ ਭਾਵ ਨੂੰ ਸਮਝਣਾ ਕੋਈ ਔਖਾ ਨਹੀਂ ਹੈ ਜਿਸ ਰਾਹੀਂ ਸਾਨੂੰ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ, ਗੁਰੂ ਦੀ ਸ਼ਰਨ ਵਿੱਚ ਆਉਣਾ ਹੀ ਸਮਝਾਇਆ ਹੋਇਆ ਹੈ ਭਾਵ ਸਾਡਾ ਸੱਚਾ ਤਿਆਗ ਸਮਝਾਇਆ ਹੋਇਆ ਹੈ ਜੋ ਤਿਆਗ ਕਰਨ ਦੁਆਰਾ ਗੁਰੂ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ। ਸਾਰੀ ਗੱਲ ਆਪਣੇ ਮਨ ਨੂੰ ਮਾਰਨ ਦੀ ਹੈ ਭਾਵ ਸ਼ਬਦੇ ਮਰਨ ਦੀ ਹੈ। ਸਾਡੇ ਮਨ ਦੇ ਵਿੱਚ ਵੀ ਵਿਚਾਰ ਹਨ ਤੇ ਗੁਰੂ ਦੇ ਸ਼ਬਦ ਵੀ ਸਾਨੂੰ ਵਿਚਾਰ ਹੀ ਦਿੰਦੇ ਹਨ। ਆਪਣੇ ਮਨ ਦੇ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਮਾਰਨਾ ਹੀ ਆਪਣੇ ਮਨ ਨੂੰ ਮਾਰਨਾ ਹੈ ਤੇ ਇਹੀ ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ। ਸ਼ਬਦਾਂ ਦੀ ਵਿਚਾਰ ਨਾਮ ਹੈ ਤੇ ਸ਼ਬਦਾਂ ਦੀ ਵਿਚਾਰ ਦੇ ਨਾਲ ਰਮਣਾ ਹੀ ਭਾਵ ਸ਼ਬਦਾਂ ਦੀਆਂ ਵਿਚਾਰਾਂ ਨੂੰ ਮੰਨਣਾ ਹੀ ਆਪਣੇ ਅੰਦਰ ਦੇ ਮਾੜੇ ਵਿਚਾਰਾਂ ਨੂੰ, ਹਉਮੈ ਵਾਲੇ ਵਿਚਾਰਾਂ ਨੂੰ, ਮਾਇਆ ਮੋਹ ਵਾਲੇ ਵਿਚਾਰਾਂ ਨੂੰ ਮਾਰਨਾ ਹੈ। ਇਹੀ ਨਾਮ ਜਪਣਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੈ। ਜਦ ਤੱਕ ਸਾਡਾ ਮਨ ਨਹੀਂ ਮਰਦਾ ਤਦ ਤੱਕ ਮਨ ਦੇ ਵਿਚਾਰਾਂ ਰਾਹੀਂ ਸਾਡੇ ਅੰਦਰ ਹਰ ਵੇਲੇ ਜੋ ਚਿੰਤਾ ਲੱਗੀ ਰਹਿੰਦੀ ਹੈ ਉਹ ਮਾਇਆ ਦੇ ਸੁੱਖਾਂ ਦੀ ਚਿੰਤਾ ਹੈ, ਮਨ ਦੀਆਂ ਇੱਛਾਵਾਂ ਦੀ, ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਦੀ ਚਿੰਤਾ ਹੈ। ਇਹ ਮਨ ਦੀਆਂ ਇੱਛਾਵਾਂ, ਮਨ ਦੀਆਂ ਚਿੰਤਾਵਾਂ ਹੀ ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਹੈ। ਨਾਮ ਦਾ ਮਕਸਦ, ਗੁਰੂ ਦੇ ਸ਼ਬਦਾਂ ਦਾ ਮਕਸਦ ਸਾਨੂੰ ਇਹਨਾਂ ਮਨ ਦੀਆਂ ਚਿੰਤਾਵਾਂ ਵਿੱਚੋਂ ਕੱਢਣ ਦੇ ਨਾਲ ਹੀ ਹੈ। ਮਨ ਦੀਆਂ ਇਹ ਚਿੰਤਾਵਾਂ ਹੀ ਸਾਡੇ ਅੰਦਰ ਦਾ ਦੁੱਖ ਹੈ ਤੇ ਗੁਰੂ ਦੇ ਨਾਮ ਦਾ ਮਕਸਦ ਸਾਨੂੰ ਇਹਨਾਂ ਮਨ ਦੇ ਦੁੱਖਾਂ ਵਿੱਚੋਂ ਕੱਢਣ ਦਾ ਹੀ ਹੈ। ਜਦ ਤੱਕ ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰਾਂ ਦੀ ਚਿੰਤਾ ਬਣੀ ਰਹਿੰਦੀ ਹੈ ਤਦ ਤੱਕ ਸਾਡੇ ਅੰਦਰ ਨਾਮ ਦੀ ਚਿੰਤਾ ਨਹੀਂ ਹੁੰਦੀ ਭਾਵ ਸ਼ਬਦਾਂ ਦੇ ਵਿਚਾਰਾਂ ਨੂੰ ਮੰਨਣ ਦੀ ਚਿੰਤਾ ਨਹੀਂ ਹੁੰਦੀ ਭਾਵ ਤਦ ਤੱਕ ਅਸੀਂ ਗੁਰੂ ਦੇ ਸ਼ੁੱਭ ਚਿੰਤਕ ਨਹੀਂ ਹੁੰਦੇ ਕਿਉਂਕਿ ਅਸਲ ਵਿੱਚ ਅਸੀਂ ਸ਼ੁੱਭ ਚਿੰਤਕ ਮਾਇਆ ਮੋਹ ਵਾਲੇ ਵਿਚਾਰਾਂ ਦੇ ਹੁੰਦੇ ਹਾਂ। ਇਸ ਮਨ ਦੇ ਮਰਨ ਬਿਨ੍ਹਾਂ ਭਾਵ ਆਪਣੇ ਅੰਦਰ ਨਾਮ ਨੂੰ ਜਪੇ ਬਿਨ੍ਹਾਂ ਅਸੀਂ ਗੁਰਮਤਿ ਦੇ “ਸੁਭ ਚਿੰਤੰ” ਨਹੀਂ ਬਣ ਸਕਦੇ ਭਾਵ ਗੁਰੂ ਦੇ ਨਾਲ ਪਿਆਰ ਜੋੜਨ ਵਾਲੇ ਨਹੀਂ ਬਣਦੇ ਜੋ ਪਿਆਰ ਗੁਰੂ ਦੇ ਨਾਲ ਤਾਂ ਹੀ ਜੁੜ ਸਕਦਾ ਹੈ ਜਦੋਂ ਸਾਡੇ ਅੰਦਰ

ਹਰ ਵੇਲੇ ਸ਼ਬਦਾਂ ਦੀ ਵਿਚਾਰ ਅਨੁਸਾਰ ਭਾਵ ਗੁਰਮਤਿ ਅਨੁਸਾਰ ਵਿਚਰਨ ਦੀ ਚਿੰਤਾ ਲੱਗੀ ਰਹੇ। ਇਹ ਚਿੰਤਾ ਸਾਡੇ ਅੰਦਰ ਦੀ ਸੱਚੀ ਚਿੰਤਾ ਹੈ ਜਿਸ ਚਿੰਤਾ ਵਿੱਚ ਰਹਿੰਦੇ ਹੋਏ ਫਿਰ ਅਸੀਂ ਕਦੇ ਮਾੜੀ ਕਰਨੀ ਨਹੀਂ ਕਰ ਸਕਦੇ ਭਾਵ ਉਹੋ ਜਿਹੀ ਕਰਨੀ ਨਹੀਂ ਕਰ ਸਕਦੇ ਜੋ ਸ਼ਬਦਾਂ ਦੀ ਵਿਚਾਰ ਤੋਂ ਉਲਟ ਹੋਵੇ। (**ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥**) ਸਾਡਾ ਮਨ "**ਮਿਰਤ**" ਕਿਵੇਂ ਬਣਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੁਆਰਾ ਅਸੀਂ ਕਿਵੇਂ "**ਹਰਿ ਰਮਣੰ** " ਕਰਨਾ ਹੈ ਭਾਵ ਕਿਸ ਤਰੀਕੇ ਪ੍ਰਮਾਤਮਾ ਦਾ ਨਾਮ ਜਪਣ ਦੁਆਰਾ, ਸ਼ਬਦ ਦੁਆਰਾ ਇਸ ਮਨ ਨੂੰ ਮਾਰਨਾ ਹੈ ਤੇ ਗੁਰੂ ਦੇ ਸ਼ੁਭ ਚਿੰਤਕ ਬਣਨਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਨਾਮ ਜਪਣਾ ਸਮਝ ਆ ਜਾਵੇ, ਗੁਰੂ ਦੀ ਸਮਝ ਤੇ ਵਿਸ਼ਵਾਸ ਆ ਜਾਵੇ ਕਿ ਜੋ ਨਾਮ ਗੁਰੂ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾ ਰਿਹਾ ਹੈ ਉਹੀ ਅਸਲ ਨਾਮ ਜਪਣਾ ਹੈ ਨਾ ਕਿ ਉਹੋ ਜਿਹਾ ਨਾਮ ਜਿਸ ਨੂੰ ਸਮਝਣ ਵਿੱਚ ਸਭ ਦੇ ਅੰਦਰ ਹੀ ਭਰਮ ਹੈ।

"ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥"

ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਨਾਮ ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਪੂਰੀ ਗੁਰਬਾਣੀ ਦੇ ਅੰਦਰ "ਤਤੁ ਗਿਆਨ" ਦੇ ਰੂਪ ਵਿੱਚ ਹੈ ਜੋ ਗਿਆਨ ਸਾਨੂੰ ਤੱਤ ਦੀ ਗੱਲ ਸਮਝਾਉਂਦਾ ਹੈ ਭਾਵ ਪੂਰਨ ਸੱਚ ਸਮਝਾਉਂਦਾ ਹੈ, ਤੱਤ ਸਾਰ ਦੀ ਗੱਲ ਸਮਝਾਉਂਦਾ ਹੈ ਜਿਸ ਗਿਆਨ ਤੋਂ ਉੱਪਰ ਕੁੱਝ ਸਮਝਣ ਲਈ ਕੋਈ ਹੋਰ ਗਿਆਨ ਨਹੀਂ ਹੋ ਸਕਦਾ। ਇਹ ਗਿਆਨ ਕੇਵਲ ਸਾਡੇ ਮਨ ਦੇ ਸਮਝਣ ਦੀ ਵਸਤੂ ਹੈ ਜੋ ਕਿ ਨਾਮ ਪਦਾਰਥ ਹੈ। (**ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥ ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥**) ਅੰਗ - ੭੫੯ । ਇਹ ਉਹ ਪਦਾਰਥ ਹੈ, ਨਾਮ ਦਾ ਵਖਰ ਹੈ, ਨਾਮ ਦਾ ਧਨੁ ਹੈ ਜਿਸ ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਇਹ ਨਾਮ ਵਖਰ ਸਾਡੀ ਸਮਝ ਦਾ ਵਖਰ ਹੈ ਭਾਵ ਸਾਡੀ ਮਤਿ ਨੇ ਇਸ ਨੂੰ ਪ੍ਰਾਪਤ ਕਰਨਾ ਹੈ। ਸਾਡੀ ਮਤਿ ਦੇ ਅੰਦਰ ਗੁਰੂ ਦੇ ਤਤੁ ਗਿਆਨ ਦਾ ਵੱਸਣਾ ਸਾਡੇ ਅੰਦਰ ਨਾਮ ਦਾ ਵੱਸਣਾ ਹੈ, ਨਾਮ ਨਿਧਾਨ ਦਾ ਵੱਸਣਾ ਹੈ ਭਾਵ ਨਾਮ ਦੇ ਖਜਾਨੇ ਦਾ ਵੱਸਣਾ ਹੈ। ਗੁਰੂ ਦੇ ਕੋਲ ਇਸ ਧਨੁ ਦਾ ਖਜਾਨਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸਾਡੇ ਅੰਦਰ ਸ਼ਬਦਾਂ ਦੀ ਵਿਚਾਰ ਵੱਸਣ ਦੁਆਰਾ ਭਾਵ ਤਤੁ ਗਿਆਨ ਵੱਸਣ ਦੁਆਰਾ ਸਾਡਾ ਕਲਿਆਣ ਹੁੰਦਾ ਹੈ ਭਾਵ ਸਾਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸਾਡਾ ਮਨ ਇਹੋ ਜਿਹੀ ਸੱਚੀ ਸਮਝ ਸਾਡੇ ਅੰਦਰ ਵੱਸਣ ਦੁਆਰਾ ਹੀ "ਮਿਰਤ" ਹੁੰਦਾ ਹੈ ਭਾਵ ਸਾਡੇ ਅੰਦਰ ਦੇ ਉਹ ਅਗਿਆਨਤਾ ਵਾਲੇ ਵਿਚਾਰ, ਮਾਇਆ ਮੋਹ ਵਾਲੇ ਵਿਚਾਰ, ਹਉਮੈ ਵਾਲੇ ਵਿਚਾਰ, ਤ੍ਰੈਗੁਣਾਂ ਦੀ ਸਮਝ ਵਾਲੇ ਵਿਚਾਰ ਜਿੰਨ੍ਹਾਂ ਨੂੰ ਨਾਮ ਜਪਣ ਦੀ ਸਮਝ ਨਹੀਂ ਹੁੰਦੀ ਉਹਨਾਂ ਨੂੰ ਨਾਮ ਦੀ ਸਮਝ ਪੈ ਜਾਂਦੀ ਹੈ, ਨਾਮ ਜਪਣ ਦੀ ਸਮਝ ਪੈ ਜਾਂਦੀ ਹੈ ਜੋ ਨਾਮ ਸਾਡੇ ਮਨ ਨੇ ਜਪਣਾ ਹੈ ਭਾਵ ਸਾਡੇ ਮਨ ਦੀ ਸਮਝ ਨੇ ਮੰਨਣਾ ਹੈ ਤੇ ਮੰਨਣ ਦੁਆਰਾ ਹੀ ਮਨੁੱਖੀ ਸਮਝ ਗੁਰੂ ਦੀ ਸ਼ੁਭ ਚਿੰਤਕ ਬਣਦੀ ਹੈ ਭਾਵ ਸਾਡਾ ਮਨ ਹਰ ਵੇਲੇ ਗੁਰੂ ਦੇ ਦਿੱਤੇ ਹੋਏ, ਸਮਝਾਏ ਹੋਏ ਤਤੁ ਗਿਆਨ ਦੁਆਰਾ ਹੀ ਵਿਚਰਦਾ ਹੈ, ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਵਿਚਰਦਾ ਹੈ। (**ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥ ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥**)

ਜੋ ਧਨੁ ਸਾਨੂੰ ਨਾਮ ਜਪਣ ਦੁਆਰਾ ਮਿਲਦਾ ਹੈ ਭਾਵ ਗੁਰੂ ਦੇ ਤਤੁ ਗਿਆਨ ਦੀ ਸਮਝ ਪੈਣ ਦੁਆਰਾ ਮਿਲਦਾ ਹੈ ਉਹ ਸਾਡੀ ਮਤਿ ਦਾ ਸੱਚਾ ਧਨੁ ਹੈ। ਜਦ ਤੱਕ ਸਾਡੇ ਅੰਦਰ ਨਾਮ ਵਾਲੀ ਮਤਿ ਨਹੀਂ ਵੱਸਦੀ ਤਦ ਤੱਕ ਸਾਡੀ ਜਿਹੋ ਜਿਹੀ ਸਮਝ ਹੈ ਉਹ ਸਾਡੇ ਅੰਦਰ ਦਾ ਮਾੜਾ ਧਨੁ ਹੈ ਭਾਵ ਕੱਚਾ ਧਨੁ ਹੈ, ਸਾਡੀ ਕੱਚੀ ਸਮਝ ਦਾ ਧਨੁ ਹੈ ਜੋ ਮਨ ਦੀ ਸਮਝ ਸਾਨੂੰ ਭਰਮ, ਮੋਹ ਵਿੱਚ ਰੱਖਦੀ ਹੈ ਤੇ ਇਹੀ ਸਾਡੀ ਡੋਲਣ ਵਾਲੀ ਮਤਿ ਹੈ ਜੋ ਮਤਿ ਗੁਰੂ ਦੀ ਸੱਚੀ ਮਤਿ ਤੇ ਨਹੀਂ ਟਿਕਦੀ। ਸਾਡੀ ਮਤਿ ਨੂੰ ਥਿਰ ਰੱਖਣ ਵਾਲੀ ਨਾਮ ਵਾਲੀ ਮਤਿ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਚਲ ਚਿਤ ਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ ॥

ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ ॥"

ਜਦ ਤੱਕ ਸਾਡੇ ਅੰਦਰ ਤਤੁ ਗਿਆਨ ਵਾਲੀ ਸੋਝੀ ਨਹੀਂ ਵੱਸਦੀ ਤਦ ਤੱਕ ਹਰ ਕੋਈ ਮਾਇਆ ਮੋਹ ਵਾਲੀ ਸਮਝ ਵਿੱਚ ਹੈ ਜੋ ਮਨ ਦੀ ਸਮਝ ਡੋਲਦੀ ਰਹਿੰਦੀ ਹੈ ਭਾਵ ਸਾਡੇ ਅੰਦਰ ਇਹ ਸਾਡੇ ਚਿਤ ਨੂੰ ਚੰਚਲ ਬਣਾਕੇ ਰੱਖਦੀ ਹੈ ਜੋ ਮਨ ਤ੍ਰਿਸ਼ਨਾਵਾਂ

ਦੀ ਪੂਰਤੀ ਲਈ ਉੱਡਦਾ ਰਹਿੰਦਾ ਹੈ ਭਾਵ ਉਸ ਨੂੰ ਟਿਕਾ ਨਹੀਂ ਆਉਂਦਾ। ਸਾਡੇ ਅੰਦਰ ਦੀ ਇਹ ''ਚਲ ਚਿਤ'' ਵਾਲੀ ਅਵੱਸਥਾ ਨੂੰ ਸਾਡਾ ''ਵਿਤ'' ਕਿਹਾ ਹੈ ਭਾਵ ਸਾਡੇ ਅੰਦਰ ਦਾ ਧਨੁ ਕਿਹਾ ਹੈ। ਇਹ ਮਾਇਆ ਮੋਹ ਵਾਲੀ ਨਾ-ਸਮਝ ਮਤਿ ਦਾ ਧਨੁ ਹੈ। ਇਸ ਧਨੁ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣਾ ਹੈ ਜੋ ਸਾਡੀ ਸਮਝ ਨੂੰ ਹਰ ਵੇਲੇ ਭਰਮਾਉਂਦਾ ਰਹਿੰਦਾ ਹੈ ਭਾਵ ਗੁਰੂ ਦੇ ਸੱਚੇ ਧਨੁ ਨਾਲ ਜੁੜਨ ਨਹੀਂ ਦਿੰਦਾ। ਪੂਰੇ ਜਗ ਦੇ ਅੰਦਰ ਇਹ ਮਾਇਆ ਮੋਹ ਰੂਪ ਧਨੁ ਸਭ ਦੇ ਮਨ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਮਨੁੱਖੀ ਸਮਝ ਇਸੇ ਧਨੁ ਨਾਲ ਹੀ ਹਿੱਤ ਕਰਦੀ ਹੈ, ਪਿਆਰ ਕਰਦੀ ਹੈ ਭਾਵ ਹਰ ਵੇਲੇ ਮਾਇਆ ਦੇ ਸੁੱਖਾਂ ਨਾਲ ਹੀ ਜੁੜਨਾ ਚਾਹੁੰਦੀ ਹੈ ਤੇ ਇਹ ਧਨੁ ਸਾਨੂੰ ਹਰ ਵੇਲੇ ਮਾਇਆ ਮੋਹ ਵਿੱਚ ਮਗਨ ਰੱਖਦਾ ਹੈ। ਜਦ ਤੱਕ ਮਨੁੱਖ ਇਸ ਚੰਚਲ ਚਿਤ ਨਾਲ ਜੁੜਿਆ ਰਹਿੰਦਾ ਹੈ ਇਹੋ ਜਿਹੀ ਸਮਝ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਸਾਡੇ ਅੰਦਰ ਇਹ ਮਾਇਆ ਮੋਹ ਵਾਲੀ ਸਮਝ, ਭਰਮਾਂ ਵਿੱਚ ਪਾਉਣ ਵਾਲੀ ਸਮਝ ਨਿਕਲਣ ਦੁਆਰਾ ਹੀ ਪੈਂਦੀ ਹੈ। ਮਨ ਦੀ ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਮਨ ਸੱਚ ਤੇ ਅਡੋਲ ਨਹੀਂ ਹੁੰਦਾ, ਗੁਰੂ ਦੀ ਨਾਮ ਵਾਲੀ ਸਮਝ ਤੇ ਅਡੋਲ ਨਹੀਂ ਹੁੰਦਾ ਤੇ ਪ੍ਰਮਾਤਮਾ ਦੀ ਭਗਤੀ ਮਨ ਦੀ ਅਡੋਲਤਾ ਦੁਆਰਾ ਹੀ ਹੁੰਦੀ ਹੈ ਜਦੋਂ ਮਨੁੱਖੀ ਮਨ ਮਾਇਆ ਮੋਹ ਵਿੱਚ ਡੋਲਣੋ ਹੱਟ ਜਾਂਦਾ ਹੈ ਭਾਵ ਜਦੋਂ ਉਸ ਦਾ ਮਨ ਥਿਰ ਹੋ ਜਾਂਦਾ ਹੈ ਭਾਵ ਟਿਕ ਜਾਂਦਾ ਹੈ, ਗੁਰੂ ਦੀ ਸੱਚੀ ਸਮਝ ਤੇ ਟਿਕ ਜਾਂਦਾ ਹੈ। ਸਾਡਾ ਮਨ ਨਾਮ ਦੁਆਰਾ ਹੀ ਥਿਰ ਹੁੰਦਾ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ, ਤਤੁ ਗਿਆਨ ਹੈ ਜੋ ਸਾਨੂੰ ਤਤੁ ਦੀ ਗੱਲ ਹੀ ਸਮਝਾਉਂਦਾ ਹੈ ਭਾਵ ਭਗਤੀ ਦੇ ਮਾਰਗ ਦੀ ਅਸਲੀਅਤ ਸਮਝਾਉਂਦਾ ਹੈ। ਭਗਤੀ ਦੇ ਮਾਰਗ ਦੀ ਅਸਲੀਅਤ ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲਕੇ ਗੁਰੂ ਦੀ ਸੱਚੀ ਮਤਿ ਦੁਆਰਾ ਵਿਚਰਨ ਦਾ ਹੈ ਜੋ ਮਤਿ ਪੂਰੀ ਤਰ੍ਹਾਂ ਸੱਚ ਤੇ ਚੱਲਦੀ ਹੈ, ਗੁਰੂ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਚੱਲਦੀ ਹੈ ਜਿਸ ਮਾਰਗ ਤੇ ਚੱਲਣ ਤੋਂ ਉਹ ਕਦੇ ਡੋਲਦੀ ਨਹੀਂ, ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਲਈ ਗੁਰੂ ਦੀ ਮਤਿ ਤੋਂ ਉਲਟ ਜਾ ਕੇ ਕੋਈ ਮਾੜਾ ਕਰਮ ਨਹੀਂ ਕਰਦੀ। ਨਾਮ ਦਾ ਮਕਸਦ ਸਾਡੇ ਅੰਦਰ ਇਹੋ ਜਿਹੀ ਮਤਿ ਦ੍ਰਿੜ ਕਰਵਾਉਣ ਦਾ ਹੈ ਜੋ ਸਾਡੇ ਅੰਦਰ ਨਾਮ ਦੀ ਦ੍ਰਿੜਤਾ ਹੈ, ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ। ਸਾਨੂੰ ਬਾਣੀ ਵਿੱਚ ਵਾਰ-ਵਾਰ ਇਹੋ ਜਿਹਾ ਨਾਮ ਦ੍ਰਿੜ ਕਰਨਾ ਸਿਖਾਇਆ ਹੋਇਆ ਹੈ ਭਾਵ ਅਸੀਂ ਆਪਣੀ ਮਤਿ ਨੂੰ ਹੀ ਦ੍ਰਿੜ ਕਰਨਾ ਹੈ, ਪੱਕਾ ਕਰਨਾ ਹੈ ਕਿ ਉਹ ਕਦੇ ਗੁਰਮਤਿ ਤੋਂ ਨਾ ਡੋਲੇ, ਭਗਤੀ ਦੇ ਮਾਰਗ ਤੋਂ ਨਾ ਡੋਲੇ। ਗੁਰੂ ਦੇ ''**ਵਾਕ**'' ਸ਼ਬਦ ਦੇ ''**ਵਾਕ**'' ਹਨ ਜੋ ਸਾਨੂੰ ਸੱਚੀ ਸਮਝ ਹੀ ਦਿੰਦੇ ਹਨ ਤੇ ਅਸੀਂ ਗੁਰੂ ਦੀ ਉਸ ਸੱਚੀ ਸਮਝ ਦੇ ਨਾਲ ਹੀ ਆਪਣੀ ਮਤਿ ਨੂੰ ਰੱਤਣਾ ਹੈ। ਇਹੀ ਸਾਡਾ ਨਾਮ ਦੇ ਨਾਲ ਰੰਗੇ ਜਾਣਾ ਹੈ ਜਿਸ ਨੇ ਸਾਡੀ ਮਤਿ ਨੂੰ ਦ੍ਰਿੜ ਕਰਨਾ ਹੈ, ਸਾਡੇ ਅੰਦਰ ਨਾਮ ਦ੍ਰਿੜ ਕਰਨਾ ਹੈ ਜਿਹੋ ਜਿਹੀ ਦ੍ਰਿੜਤਾ ਦੁਆਰਾ ਹੀ ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਇਹੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ, ਨਾਮ ਜਪਣ ਦਾ ਮਾਰਗ ਸਮਝਾਇਆ ਹੋਇਆ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਸਾਨੂੰ ਸਾਡੇ ਅੰਦਰ ਨਾਮ ਵੱਸਣ ਦੁਆਰਾ ਪੈਂਦੀ ਹੈ, ਤਤੁ ਗਿਆਨ ਵੱਸਣ ਦੁਆਰਾ ਪੈਂਦੀ ਹੈ ਤੇ ਉਸ ਸੱਚੀ ਸਮਝ ਦੁਆਰਾ ਆਪਣੇ ਜੀਵਨ ਵਿੱਚ ਵਿਚਰਨ ਦੁਆਰਾ ਹੀ ਭਗਤੀ ਦੇ ਮਾਰਗ ਤੇ ਚੱਲਣਾ ਹੈ ਜੋ ਕਿ ਸੱਚ ਨੂੰ ਸਮਝਕੇ ਉਸ ਸਮਝ ਦੁਆਰਾ ਵਿਚਰਨਾ ਹੈ। (**ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥ ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥ ਚਲ ਚਿਤ ਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ ॥ ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ ॥**)

ਸਾਨੂੰ ਨਾਮ ਦੀ ਸਮਝ ਕਿਉਂ ਨਹੀਂ ਪੈਂਦੀ ਭਾਵ ਅਸੀਂ ਨਾਮ ਨੂੰ 'ਤਤੁ ਗਿਆਨ'' ਕਿਸ ਲਈ ਨਹੀਂ ਸਮਝਦੇ ਭਾਵ ਭਰਮਾਂ ਵਿੱਚ ਕਿਸ ਲਈ ਪੈਂਦੇ ਹਾਂ, ਸਾਡੇ ਅੰਦਰ ਨਾਮ ਨੂੰ ਲੈ ਕੇ ਭਰਮ ਕੌਣ ਪਾਉਂਦਾ ਹੈ ਤੇ ਨਾਮ ਦੀ ਸੱਚੀ ਸੋਝੀ ਕਿਸ ਅਸਥਾਨ ਤੋਂ ਮਿਲ ਸਕਦੀ ਹੈ, ਸਾਨੂੰ ਸੱਚੀ ਭਗਤੀ ਦੀ ਸਮਝ ਕਿਸ ਜਗ੍ਹਾ ਤੋਂ ਪੈ ਸਕਦੀ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

''ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥
ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥੪॥
ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥
ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥''

ਨਾਮ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਲੇਖ ਦੇ ਸ਼ੁਰੂ ਤੋਂ ਲੈ ਕੇ ਸਮਝਦੇ ਆ ਰਹੇ ਹਾਂ ਤੇ ਇਸ ਸ਼ਬਦ ਦੀਆਂ ਪਿਛਲੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਹੈ। ਨਾਮ ਨੂੰ ਸਮਝਣ ਵਿੱਚ, ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਸਾਡੇ ਅੰਦਰ ਭਰਮ ਕੌਣ ਪਾਉਂਦਾ ਹੈ ਤੇ ਕਿਸ ਕਰਕੇ ਪਾਉਂਦਾ ਹੈ ਇਹੀ ਗੱਲ ਸਾਨੂੰ ਉੱਪਰ ਵਾਲੀ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥”

ਬੜੇ ਧਿਆਨ ਨਾਲ ਸਮਝੋ ਕਿ ਅਸੀਂ ਨਾਮ ਕਿੱਥੋਂ ਸਿੱਖਿਆ ਹੈ ਤੇ ਸਾਨੂੰ ਨਾਮ ਕਿਸ ਨੇ ਸਿਖਾਇਆ ਹੈ। ਕੋਈ ਰਾਮ ਰਾਮ ਬੋਲ ਕੇ ਨਾਮ ਜਪਦਾ ਹੈ, ਕੋਈ ਹਰਿ ਹਰਿ ਕਰ ਕੇ ਨਾਮ ਜਪਦਾ ਹੈ, ਕੋਈ ਅੱਲ੍ਹਾ-ਅੱਲ੍ਹਾ ਬੋਲ ਕੇ ਨਾਮ ਜਪਣਾ ਸਮਝਦਾ ਹੈ, ਕੋਈ ਵਾਹਿਗੁਰੂ ਵਾਹਿਗੁਰੂ ਬੋਲਣ ਨੂੰ ਨਾਮ ਸਮਝਦਾ ਹੈ। ਅਸੀਂ ਜਿਸ ਕੋਲੋਂ ਵੀ ਨਾਮ ਸਿੱਖਿਆ ਹੈ, ਨਾਮ ਨੂੰ ਸੱਚ ਜਾਣਕੇ ਹੀ ਸਿੱਖਿਆ ਹੈ ਕਿ ਕਿਸੇ ਅੱਖਰ ਨੂੰ ਬੋਲੀ ਜਾਣਾ, ਕਿਸੇ ਸ਼ਬਦ ਨੂੰ ਬੋਲੀ ਜਾਣਾ ਹੀ ਨਾਮ ਜਪਣਾ ਹੈ। ਸਭ ਨੂੰ ਨਾਮ ਸਮਝਣ ਵਿੱਚ “ਭਰਮੁ” ਹੀ ਹੈ, ਪ੍ਰਮਾਤਮਾ ਦੀ ਸੱਚੀ ਭਗਤੀ ਸਮਝਣ ਵਿੱਚ ਭਰਮ ਹੀ ਹੈ। ਨਾਮ ਦਾ ਮਕਸਦ ਤਾਂ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਤੇ ਜੇਕਰ ਅਸੀਂ ਉਹਨਾਂ ਦੀ ਸਮਝ ਨਾਲ ਜੁੜਾਂਗੇ ਜੋ ਆਪ ਹੀ ਨਾਮ ਨੂੰ ਸਮਝਣ ਵਿੱਚ ਭਰਮ ਵਿੱਚ ਹਨ ਤਾਂ ਫਿਰ ਉਹ ਸਾਨੂੰ ਭਰਮਾਂ ਵਿੱਚ ਹੀ ਪਾਉਣਗੇ। ਜਿੱਥੇ ਕਿੱਥੇ ਦੇਖੋ ਸਾਨੂੰ ਭਰਮਾਂ ਵਿੱਚ ਪਾਉਣ ਵਾਲੇ ਬੈਠੇ ਹਨ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਸੱਚੇ ਗਿਆਤਾ ਸਮਝਦੇ ਹਾਂ ਤੇ ਤਾਂ ਹੀ ਉਹਨਾਂ ਦੀ ਸਮਝ ਨੂੰ ਮੰਨਦੇ ਹਾਂ। ਜੇਕਰ ਕੋਈ ਕਿਸੇ ਨੂੰ ਭਰਮਾਂ ਵਿੱਚ ਪਾਏ ਉਸ ਤਰੀਕੇ ਕਿਸੇ ਦਾ ਭਰਮ ਨਹੀਂ ਨਿਕਲ ਸਕਦਾ। (**ਭਰਮਾਤਿ ਭਰਮੁ ਨ ਚੂਕਈ**) ਸਾਨੂੰ ਕੋਈ ਕਿਸ ਕਰਕੇ, ਕਿਸ ਵਜ੍ਹਾ ਕਰਕੇ ਭਰਮਾਂ ਵਿੱਚ ਪਾਉਂਦਾ ਹੈ ਇਹ ਗੱਲ ਇਸੇ ਪੰਗਤੀ ਵਿੱਚ ਹੀ ਸਮਝਾਈ ਹੋਈ ਹੈ “**ਜਗੁ ਜਨਮਿ ਬਿਆਧਿ ਖਪੰ ॥**” “ਬਿਆਧਿ” ਰੋਗ ਨੂੰ ਕਹਿੰਦੇ ਹਨ। ਪ੍ਰਮਾਤਮਾ ਨੇ ਪੂਰੇ ਜਗ ਦੀ ਸਮਝ ਦੇ ਵਿੱਚ ਆਪ ਹੀ ਹਰ ਕਿਸੇ ਦੇ ਜਨਮ ਤੋਂ, ਮਨ ਦੇ ਵਿੱਚ ਹੋਣ ਵਾਲੇ ਜਨਮ ਤੋਂ ਇਹ ਰੋਗ ਪਾਇਆ ਹੋਇਆ ਹੈ ਜਿਸ ਨੂੰ ਕਿ ਹਉਮੈ ਰੋਗ ਵੀ ਕਿਹਾ ਹੈ। ਮਨ ਦਾ ਇਹ ਰੋਗ ਸਾਡੇ ਅੰਦਰ ਦੀ ਨਾ-ਸਮਝ ਮਤਿ ਦਾ ਰੋਗ ਹੈ ਜੋ ਸਮਝ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਸਾਡੇ ਅੰਦਰ ਦਾ ਜਨਮ ਮਰਨ ਵੀ ਸਾਡੇ ਅੰਦਰ ਦਾ ਇਹ ਰੋਗ ਹੀ ਹੈ ਜਿਸ ਦੁਆਰਾ ਮਨੁੱਖ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ। ਇਸ ਮਨ ਦੀ ਨਾ-ਸਮਝੀ ਦੇ, ਅਗਿਆਨਤਾ ਵਾਲੀ ਸਮਝ ਦੇ ਰੋਗ ਤੋਂ ਬਾਹਰ ਪੂਰੇ ਜਗ ਵਿੱਚ ਕੋਈ ਨਹੀਂ ਹੈ ਜਿਸ ਰੋਗ ਦੁਆਰਾ ਹਰ ਕੋਈ ਖਪਦਾ ਹੈ। ਮਨ ਦਾ ਇਹ ਭਰਮ ਰੂਪ ਰੋਗ ਸਾਨੂੰ ਨਾ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਣ ਦਿੰਦਾ ਹੈ ਤੇ ਨਾ ਹੀ ਉਸ ਤੇ ਚੱਲਣ ਦਿੰਦਾ ਹੈ ਤੇ ਮਨੁੱਖ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਖਪਦਾ ਰਹਿੰਦਾ ਹੈ। ਜਿੰਨ੍ਹਾਂ ਨੇ ਸਾਨੂੰ ਭਰਮਾਂ ਵਿੱਚ ਪਾਇਆ ਹੈ ਉਹ ਖੁਦ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਅਸੀਂ ਨਾਮ ਨੂੰ ਸਮਝਣ ਵਿੱਚ ਭਰਮ ਵਿੱਚ ਹਾਂ, ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਹਾਂ। ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਦਾ, ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥**) ਜਿੱਥੇ ਕਿੱਥੇ ਸਾਨੂੰ ਭਰਮਾਉਣ ਵਾਲੇ ਹੀ ਬੈਠੇ ਹਨ ਭਾਵੇ ਉਹ ਭਰਮ ਵਿੱਚ ਹੀ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਸਮਝਦੇ ਹਨ। ਭਰਮ ਦੇ ਵਿੱਚੋਂ ਸਾਨੂੰ ਕੇਵਲ ਉਹੀ ਕੱਢ ਸਕਦਾ ਹੈ ਜੋ ਆਪ ਭਰਮ ਤੋਂ ਰਹਿਤ ਹੈ ਭਾਵ ਜਿਸ ਨੂੰ ਨਾਮ ਦੀ ਸਮਝ ਹੈ, ਭਗਤੀ ਦੇ ਸੱਚੇ ਮਾਰਗ ਦੀ ਸਮਝ ਹੈ। ਉਹ ਕਿਹੜਾ ਅਸਥਾਨ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥”

ਸਾਨੂੰ ਭਰਮਾਂ ਵਿੱਚੋਂ ਕੱਢਣ ਲਈ ਸੱਚਾ ਅਸਥਾਨ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਜੋ ਕਿ ਉਸਦਾ ਗੁਰੂ ਰੂਪ ਅਸਥਾਨ ਹੈ ਜੋ ਉਸਦੀ ਸੱਚੀ ਸਮਝ ਵਾਲਾ ਰੂਪ, ਤੱਤ ਗਿਆਨ ਦੀ ਸਮਝ ਵਾਲਾ ਰੂਪ, “ਨਾਮ” ਦੀ ਸਮਝ ਵਾਲਾ ਰੂਪ ਮਾਇਆ ਤੋਂ ਰਹਿਤ ਹੈ, ਹਰਿ ਭਰਮ ਤੋਂ ਰਹਿਤ ਹੈ ਜਿਸ ਨੂੰ ਪੂਰਨ ਸੱਚੀ ਸਮਝ ਹੈ ਭਾਵ ਜਿਸ ਦੇ ਕੋਲ ਤਤੁ ਗਿਆਨ ਹੈ ਤੇ ਜਿਸ ਦੀ ਮਤਿ ਦੇ ਵਿੱਚ ਪੂਰਨ ਸੱਚ ਹੈ। ਇਸ ਅਸਥਾਨ ਤੋਂ ਭਗਤੀ ਦਾ ਮਾਰਗ ਸਿਖਣ ਨਾਲ ਹੀ ਸਾਨੂੰ ਨਾਮ ਦੀ ਸੋਝੀ ਪੈ ਸਕਦੀ ਹੈ, ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪੈ ਸਕਦੀ ਹੈ ਜਿਸ ਦੀ ਸਮਝ ਸਾਨੂੰ ਹਰ ਭਰਮ ਵਿੱਚੋਂ ਕੱਢ ਸਕਦੀ ਹੈ, ਮਾਇਆ ਮੋਹ ਵਿੱਚੋਂ, ਹਉਮੈ ਵਿੱਚੋਂ ਕੱਢ ਸਕਦੀ ਹੈ। ਭਗਤੀ ਦਾ ਸੱਚਾ ਮਾਰਗ ਹੀ ਨਾਮ ਦਾ ਤਪ ਕਰਨਾ ਹੈ ਜੋ ਕਿ ਗੁਰੂ ਦੀ ਸੱਚੀ ਮਤਿ ਤੇ ਚੱਲਣ ਦੁਆਰਾ ਹੀ ਹੋ ਸਕਦਾ ਹੈ। ਬਾਣੀ ਵਿੱਚ ਵਾਰ-ਵਾਰ ਜਪ ਤਪ ਕਰਨ ਦੀ ਗੱਲ ਆਉਂਦੀ ਹੈ। ਨਾਮ ਦਾ “ਤਪੁ” ਨਾਮ ਜਪਣ ਦੁਆਰਾ

ਹੀ ਹੋ ਸਕਦਾ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਚੱਲਣਾ ਭਾਵ ਨਾਮ ਜਪਣਾ ਤੇ ਗੁਰੂ ਦੀ ਮਤਿ ਨੂੰ ਸਮਝਕੇ ਉਸ ਨੂੰ ਮੰਨਣਾ ਹੀ ਹੈ। ਗੁਰੂ ਦੀ ਗੱਲ ਨੂੰ ਮੰਨ ਕੇ ਉਸ ਅਨੁਸਾਰ ਵਿਚਰਨਾ ਬਹੁਤ ਔਖਾ ਹੈ ਭਾਵ ਮਾਇਆ ਮੋਹ ਛੱਡਣਾ ਪੈਂਦਾ ਹੈ। ਇਹ ਮਾਇਆ ਮੋਹ ਛੱਡਣ ਦਾ ਔਖਾਪਣ ਸਹਿਣਾ ਸਾਡਾ ਤਪ ਹੈ ਜਿਸ ਲਈ ਸਾਨੂੰ ਤਪਣਾ ਪੈਂਦਾ ਹੈ,ਗੁਰੂ ਦੇ ਦੱਸੇ ਹੋਏ ਭੈਅ ਨੂੰ ਕਬੂਲ ਕਰਨਾ ਪੈਂਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਲਈ ਭਾਵੇਂ ਇਹ ਸਰੀਰ ਤਿਆਗਣਾ ਪਵੇ ਉਹ ਵੀ ਤਿਆਗਣਾ ਪੈਂਦਾ ਹੈ। ਇਹ ਜਪ ਤਪ ਬਹੁਤ ਔਖਾ ਹੈ ਜੋ ਕਿ ਤਾਂ ਹੀ ਹੋ ਸਕਦਾ ਹੈ ਜਦੋਂ ਸਾਡੇ ਅੰਦਰ ਨਾਮ ਦ੍ਰਿੜ ਹੋ ਜਾਂਦਾ ਹੈ ਤੇ ਮਨੁੱਖ ਫਿਰ ਗੁਰਮਤਿ ਤੋਂ ਪਿੱਛੇ ਨਹੀਂ ਹੱਟ ਸਕਦਾ ਜਿਵੇਂ ਕਿ ਅਸੀਂ ਭਗਤਾਂ ਦੇ ਵਿਚਰਨ ਦੁਆਰਾ, ਗੁਰੂ ਸਾਹਿਬਾਨ ਦੇ ਜੀਵਨ ਦੀ ਵਿਚਰਨ ਦੁਆਰਾ ਸਮਝ ਸਕਦੇ ਹਾਂ। ਦਸਵੀਂ ਪਾਤਸ਼ਾਹੀ ਨੇ ਸਾਨੂੰ ਇਹੋ ਜਿਹੇ ਤਪ ਦੀ ਮਿਸਾਲ ਕਾਇਮ ਕਰਕੇ ਦੱਸੀ ਹੈ ਜਿਸ ਲਈ ਉਹਨਾਂ ਨੇ ਆਪਣਾ ਸਰਬੰਸ ਹੀ ਵਾਰ ਦਿੱਤਾ ਹੈ ਤੇ ਇਸ ਤਰੀਕੇ ਉਹਨਾਂ ਨੇ ਪ੍ਰਮਾਤਮਾ ਦੀ ਭਗਤੀ ਨਿਭਾ ਕੇ ਦਿਖਾਈ ਹੈ ਤੇ ਧਰਮ ਦੇ ਮਾਰਗ ਤੇ ਚੱਲ ਕੇ ਦਿਖਾਇਆ ਹੈ। ਧੰਨ ਧੰਨ ਦਸਮ ਪਿਤਾ, ਧੰਨ ਧੰਨ ਦਸਮ ਪਿਤਾ, ਧੰਨ ਧੰਨ ਦਸਮ ਪਿਤਾ। ਗੁਰੂ ਪ੍ਰਮਾਤਮਾ ਦਾ ਹੁਕਮ ਮੰਨਣ ਦੁਆਰਾ ਜਿੰਨ੍ਹਾਂ ਨੇ ਆਪਣੇ ਸਰੀਰਾਂ ਦੀਆਂ ਕੁਰਬਾਨੀਆਂ ਕੀਤੀਆਂ ਹਨ, ਆਪਣੇ ਆਪ ਨੂੰ ਆਰਿਆਂ ਨਾਲ ਚੀਰਾਇਆ ਹੈ, ਖੋਪੜੀਆਂ ਲੁਵਾਈਆਂ ਹਨ, ਆਪਣੇ ਸਰੀਰ ਦਾ ਅੰਗ ਅੰਗ ਕਟਵਾਇਆ ਹੈ ਇਹੋ ਜਿਹਿਆਂ ਨੇ ਸਾਨੂੰ ਤਪ ਕਰਕੇ ਦਿਖਾਇਆ ਹੈ ਜੋ ਤਪ ਕੇਵਲ ਮਨ ਦੀ ਦ੍ਰਿੜਤਾ ਦੁਆਰਾ ਹੁੰਦਾ ਹੈ, ਧਰਮ ਦੇ ਸੱਚੇ ਮਾਰਗ ਦੀ ਦ੍ਰਿੜਤਾ ਦੁਆਰਾ ਹੁੰਦਾ ਹੈ ਭਾਵ ਗੁਰੂ ਦੀ ਸਮਝਾਈ ਹੋਈ ਮਤਿ ਨੂੰ, ਉਸ ਦੀ ਸੱਚੀ ਮਤਿ ਨੂੰ ਭਾਵ ਉਸ ਦੇ ਨਾਮ ਨੂੰ ਆਪਣੇ ਅੰਦਰ ਦ੍ਰਿੜ ਕਰਕੇ ਹੁੰਦਾ ਹੈ। (**ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥ ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥**)

ਨਾਮ ਦਾ ਤਪ ਕਰਨਾ ਬਹੁਤ ਔਖਾ ਹੈ ਤੇ ਇਸ ਔਖੇਪਨ ਨੂੰ ਕਬੂਲ ਕਰਨਾ ਹੀ ਗੁਰੂ ਦੇ ਭੈ ਨੂੰ ਕਬੂਲ ਕਰਨਾ ਹੈ। ਗੁਰੂ ਦੇ ਇਸ ਭੈਅ ਨੂੰ ਕਬੂਲ ਕਰਨਾ ਕਿਤਨਾ ਔਖਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਵਿਚਾਰਿਆ ਜਾ ਸਕਦਾ ਹੈ ਜਿਸ ਦੁਆਰਾ ਸਾਡਾ ਸੱਚਾ ਜਪ ਤਪ ਹੋ ਸਕਦਾ ਹੈ ਪਰ ਕੇਵਲ ਇੱਕ ਅੱਖਰ ਨੂੰ ਨਾਮ ਸਮਝਕੇ ਜਪੀ ਜਾਣਾ ਕੇਵਲ ਸਾਡਾ ਭਰਮ ਹੈ ਜੋ ਕਿ ਸਾਨੂੰ ਭਰਮਾਉਣ ਵਾਲਿਆਂ ਦੀ ਦੇਣ ਹੈ। ਭਗਤੀ ਦੇ ਤੋਲ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਜਿਸ ਲਈ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਪੂਰਨ ਰੂਪ ਵਿੱਚ ਦ੍ਰਿੜ ਕਰਨਾ ਪੈਂਦਾ ਹੈ।

{ਭਉ ਮੁਚੁ ਭਾਰਾ ਵਡਾ ਤੋਲੁ ॥
ਮਨ ਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥
ਭੈ ਬਿਨੁ ਘਾੜਤ ਕਚੁ ਨਿਕਚ ॥
ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥
ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥
ਅੰਧਾ ਅਖਰੁ ਵਾਉ ਦੁਆਉ ॥੩॥}

(ਅੰਗ - ੧੫੧)

ਨਾਮ ਜਪਣ ਦੀ ਸੋਝੀ, ਜਪ ਤਪ ਦੀ ਸੋਝੀ ਸਾਨੂੰ ਕੇਵਲ ਗੁਰੂ ਹੀ ਪਾ ਸਕਦਾ ਹੈ ਕਿਉਂਕਿ ਉਸ ਤੋਂ ਬਿਨ੍ਹਾਂ ਸੱਚੀ ਸੋਝੀ ਕਿਸੇ ਹੋਰ ਦੇ ਕੋਲ ਹੋ ਹੀ ਨਹੀਂ ਸਕਦੀ ਕਿਉਂਕਿ ਉਸ ਪ੍ਰਮਾਤਮਾ ਨੇ ਆਪ ਹੀ ਸਾਰੇ ਜਗ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਉੱਪਰ ਮੁੱਖ ਸ਼ਬਦ ਦੇ ਪਦੇ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਉਹਨਾਂ ਦੀ ਮਤਿ ਨਾਲ ਨਾ ਜੁੜੀਏ ਜੋ ਸਾਨੂੰ ਨਾਮ ਸਮਝਾਉਣ ਵਿੱਚ, ਭਗਤੀ ਸਮਝਾਉਣ ਵਿੱਚ, ਜਪ ਤਪ ਕਰਨ ਲਈ ਭਰਮਾਂ ਵਿੱਚ ਹੀ ਪਾਉਂਦੇ ਹਨ।

"ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥
ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥"

ਇਸ ਤੋਂ ਪਹਿਲੇ ਪਦੇ ਰਾਹੀਂ ਅਸੀਂ ਆਪਣੇ ਅੰਦਰ ਦੇ ਰੋਗ ਨੂੰ ਸਮਝਿਆ ਹੈ ਜਿਸ ਰੋਗ ਵਿੱਚ ਸਾਰਾ ਸੰਸਾਰ ਹੀ ਹੈ। ਸਾਡੇ ਅੰਦਰ ਇਹ ਰੋਗ ਹਉਮੈ ਰੂਪ ਰੋਗ ਹੈ, ਮਾਇਆ ਮੋਹ ਦਾ ਰੋਗ ਹੈ, ਮਨ ਦੀਆਂ ਤ੍ਰਿਸ਼ਨਾਵਾਂ ਦਾ ਰੋਗ ਹੈ। ਸਾਡੇ ਮਨ ਦੇ ਇਸ ਰੋਗ ਨੂੰ ਹੀ, ਦੁੱਖ ਨੂੰ ਹੀ ਉਪਰਲੇ ਪਦੇ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਤੇ ਉਹ ਰੋਗ ਸਾਡੇ ਅੰਦਰੋਂ ਕਿਵੇਂ ਨਿਕਲਣਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਬਾਣੀ ਵਿੱਚ ਵਾਰ-ਵਾਰ ਰੋਗਾਂ ਦੀ ਗੱਲ ਕੀਤੀ ਹੋਈ ਹੈ। ਇਹ ਸਾਡੇ ਮਨ ਦੇ ਰੋਗ ਹਨ ਜਿੰਨ੍ਹਾਂ ਨੂੰ ਹਉਮੈ ਰੋਗ ਕਿਹਾ ਹੈ, ਤ੍ਰਿਸ਼ਨਾ ਰੋਗ ਕਿਹਾ ਹੈ, ਮਾਇਆ ਮੋਹ ਦਾ ਰੋਗ ਕਿਹਾ ਹੈ, ਸਾਡੇ ਦੁੱਖ ਕਿਹਾ ਹੈ, ਸਾਡਾ ਜਨਮ ਮਰਨ ਦਾ ਦੁੱਖ ਕਿਹਾ ਹੈ। ਇਹ ਰੋਗ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ। ਇਹਨਾਂ ਰੋਗਾਂ ਦਾ ਕਾਰਨ ਸਾਡੇ ਉਹ ਵਿਚਾਰ ਹਨ ਜਿੰਨ੍ਹਾਂ ਨੂੰ ਸੱਚਾਈ ਦੀ ਸਮਝ ਨਹੀਂ ਹੈ ਕਿ ਇਸ ਸੰਸਾਰ ਦੀ ਅਸਲੀਅਤ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ,

ਪ੍ਰਮਾਤਮਾ ਦੀ ਅਸਲੀਅਤ ਕੀ ਹੈ, ਭਗਤੀ ਦੇ ਮਾਰਗ ਦੀ ਅਸਲੀਅਤ ਕੀ ਹੈ, ਨਾਮ ਦੀ ਅਸਲੀਅਤ ਕੀ ਹੈ, ਨਾਮ ਜਪਣ ਦੀ ਅਸਲੀਅਤ ਕੀ ਹੈ, ਹਉਮੈ ਕੀ ਹੈ ਤੇ ਇਸ ਵਿੱਚੋਂ ਨਿਕਲਣ ਦਾ ਸਾਧਨ ਕੀ ਹੈ ਭਾਵ ਸਾਰੀ ਗੱਲ ਸਾਡੇ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਇਹ ਰੋਗ ਸਾਡੇ ਮਨ ਦੀ ਅਗਿਆਨਤਾ ਦਾ ਹੈ ਤੇ ਇਸ ਰੋਗ ਦਾ ਇਲਾਜ, ਇਸ ਰੋਗ ਦਾ ਦਾਰੂ ਗੁਰੂ ਦਾ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਜਿਸ ਸੱਚੇ ਗਿਆਨ ਦੁਆਰਾ ਸਾਨੂੰ ਹਰ ਗੱਲ ਦੀ ਸਮਝ ਪੈ ਜਾਂਦੀ ਹੈ ਭਾਵ ਇਸ ਸੰਸਾਰ ਦੀ ਸੱਚਾਈ ਕੀ ਹੈ, ਪ੍ਰਮਾਤਮਾ ਕੀ ਹੈ ਤੇ ਪ੍ਰਮਾਤਮਾ ਦੀ ਭਗਤੀ ਕੀ ਹੈ ਇਸ ਦੀ ਸੱਚਾਈ ਸਮਝ ਲੱਗ ਜਾਂਦੀ ਹੈ। ਧਰਮ ਦੇ ਮਾਰਗ ਦੀ ਸੱਚੀ ਸਮਝ ਨਾ ਪੈਣ ਕਰਕੇ ਅਸੀਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਜਿਸ ਕਰਕੇ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਤੇ ਜਿੰਨ੍ਹਾਂ ਦਾ ਫਿਰ ਦੁੱਖ ਸਹਿੰਦੇ ਹਾਂ। ਮਨ ਦੇ ਭਰਮ ਕਾਰਨ ਹੀ ਅਸੀਂ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦੇ ਹਾਂ ਤੇ ਇਸ ਸਰੀਰ ਦੇ ਮਰਨ ਨੂੰ ਦੁੱਖ ਸਮਝਦੇ ਹਾਂ। ਮਨ ਦੀ ਅਗਿਆਨਤਾ ਨਿਕਲਣ ਦੁਆਰਾ ਮਨੁੱਖ ਜਨਮ ਮਰਨ ਦੇ ਦੁੱਖ ਵਿੱਚੋਂ ਨਿਕਲ ਜਾਂਦਾ ਹੈ ਕਿਉਂਕਿ ਉਸ ਨੂੰ ਆਪਣੇ ਆਪ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਸਰੀਰ ਦੇ ਰੂਪ ਵਿੱਚ, ਹਰ ਸਰੀਰ ਦੇ ਰੂਪ ਵਿੱਚ, ਹਰ ਆਕਾਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਆਪਣੇ ਹਰ ਆਕਾਰ ਰੂਪ ਨੂੰ ਆਪਣੇ ਉੱਚੇ ਗਿਆਨ ਦੁਆਰਾ ਬਣਾਕੇ ਆਪ ਹੀ ਆਪਣੇ ਹਰ ਆਕਾਰ ਰੂਪ ਨੂੰ ਆਪਣੇ ਉੱਚੇ ਗਿਆਨ ਦੁਆਰਾ, ਆਪਣੀ ਉੱਚੀ ਸਾਇੰਸ ਦੇ ਗਿਆਨ ਦੁਆਰਾ ਚਲਾ ਰਿਹਾ ਹੈ ਤੇ ਉਸ ਨੇ ਆਪ ਹੀ ਮਨੁੱਖੀ ਸਮਝ ਨੂੰ ਇਹ ਸਮਝਣ ਤੋਂ ਭਰਮ ਵਿੱਚ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਭਾਵ ਮਾਇਆ ਮੋਹ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਪੂਰਾ ਸੰਸਾਰ ਹੀ ਉਸਨੇ ਆਪ ਦਬਾਇਆ ਹੋਇਆ ਹੈ, ਫਸਾਇਆ ਹੋਇਆ ਹੈ ਜਿਸ ਵਿੱਚੋਂ ਆਪਣੇ ਆਪ ਕੋਈ ਨਹੀਂ ਨਿਕਲ ਸਕਦਾ। ਮਨੁੱਖ ਜੋ ਕੁੱਝ ਸਮਝਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਸਮਝਦਾ ਹੈ ਤੇ ਉਹੋ ਕੁੱਝ ਹੀ ਕਰਦਾ ਹੈ। ਮਨ ਦੀ ਅਗਿਆਨਤਾ ਰਾਹੀਂ ਧਰਮ ਦਾ ਪੁੱਠਾ ਮਾਰਗ ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ, ਕੱਢਣ ਦਾ ਤਰੀਕਾ ਵੀ ਉਸ ਨੇ ਆਪ ਹੀ ਬਣਾਇਆ ਹੈ ਭਾਵ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਬਣਾਇਆ ਹੈ। ਹਰ ਧਰਮ ਗ੍ਰੰਥ ਵਿਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਸੱਚਾ ਗਿਆਨ ਹੈ ਜੋ ਕਿ ਉਸ ਦਾ ‘‘ਨਾਮ’’ ਹੈ ਜਿਸ ਨਾਮ ਦਾ ਮਕਸਦ ਸਾਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੈ, ਭਗਤੀ ਦਾ ਸੱਚਾ ਮਾਰਗ ਸਮਝਾਉਣ ਦਾ ਹੈ ਭਾਵ ਮਨ ਦੇ ਦੁੱਖਾਂ ਵਿੱਚੋਂ ਕੱਢਣ ਦਾ ਹੈ। ਅਸੀਂ ਮਨ ਦੀ ਇਸ ਨਾ-ਸਮਝ ਮਤਿ ਵਿੱਚੋਂ ਹੀ ਉਭਰਨਾ ਹੈ ਭਾਵ ਨਿਕਲਣਾ ਹੈ ਜਿਸ ਲਈ ਅਸੀਂ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਭਾਵ ਗੁਰੂ ਦੀ ਮਤਿ ਦੀ ਸ਼ਰਨ ਵਿੱਚ ਆਉਣਾ ਹੈ ਕਿਉਂਕਿ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਗੁਰੂ ਦੀ ਸੱਚੀ ਸਮਝ ਹੀ ਕੱਢ ਸਕਦੀ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਸ਼ਰਨ ਵਿੱਚ ਭੱਜ ਕੇ ਜਾਣ ਲਈ ਕਿਹਾ ਹੈ ਭਾਵ ਦੌੜ ਕੇ ਜਾਣ ਲਈ ਕਿਹਾ ਹੈ ਭਾਵ ਗੁਰੂ ਦੀ ਸ਼ਰਨ ਵਿੱਚ ਜਾਣ ਲਈ ਸਾਨੂੰ ਦੇਰ ਨਹੀਂ ਕਰਨੀ ਚਾਹੀਦੀ ਭਾਵ ਜੋ ਸਾਨੂੰ ਭਗਤੀ ਦਾ ਮਾਰਗ ਸਮਝਾਉਣ ਵਿੱਚ ਭਰਮਾਂਦੇ ਹਨ, ਭਰਮਾਂ ਵਿੱਚ ਪਾਉਂਦੇ ਹਨ ਜਿਵੇਂ ਕਿ ਅਸੀਂ ਪਿਛਲੇ ਪਦੇ ਦੁਆਰਾ ਸਮਝਿਆ ਹੈ, ਸਾਨੂੰ ਇਹੋ ਜਿਹੇ ਭਰਮ ਪਾਉਣ ਵਾਲਿਆਂ ਦੀ ਮਤਿ ਵਿੱਚੋਂ ਨਿਕਲਣਾ ਚਾਹੀਦਾ ਹੈ, ਜਲਦੀ ਤੋਂ ਜਲਦੀ ਨਿਕਲਣਾ ਚਾਹੀਦਾ ਹੈ ਤੇ ਗੁਰਮਤਿ ਦੀ ਸ਼ਰਨ ਵਿੱਚ ਆਉਣਾ ਚਾਹੀਦਾ ਹੈ ਕਿਉਂਕਿ ਨਾਮ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਤਤੁ ਗਿਆਨ ਦੇ ਰੂਪ ਵਿੱਚ ਹੈ ਜਿਸ ਤਤੁ ਗਿਆਨ ਦੁਆਰਾ ਅਸੀਂ ਇਸ ਸੰਸਾਰ ਦੀ ਅਸਲੀਅਤ ਨੂੰ ਜਾਣ ਸਕਦੇ ਹਾਂ, ਆਪਣੇ ਆਪ ਦੀ, ਭਗਤੀ ਦੀ, ਸੱਚ ਦੀ, ਪ੍ਰਮਾਤਮਾ ਦੀ ਅਸਲੀਅਤ ਨੂੰ ਜਾਣ ਸਕਦੇ ਹਾਂ, ਜਨਮ ਮਰਨ ਦੀ ਅਸਲੀਅਤ ਨੂੰ ਜਾਣ ਸਕਦੇ ਹਾਂ ਤੇ ਦੁੱਖਾਂ ਵਿੱਚੋਂ ਨਿਕਲ ਸਕਦੇ ਹਾਂ। ਅਸੀਂ ਗੁਰੂ ਦੇ ਨਾਮ ਨੂੰ ਆਪਣੇ ਮਨ ਦੇ ਵਿੱਚ ਜਪਣਾ ਹੈ ਭਾਵ ਸਾਡੇ ਮਨ ਨੇ ਹੀ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣਾ ਹੈ ਜਿਸ ਨੂੰ ਮੰਨਣ ਦੁਆਰਾ ਸਾਨੂੰ ਸੱਚਾ ਗਿਆਨ ਹੀ ਮਿਲਦਾ ਹੈ ਜੋ ਗਿਆਨ ਸਾਨੂੰ ਭਰਮਾਂ ਵਿੱਚੋਂ ਕੱਢ ਕੇ ਸੱਚ ਸਮਝਾਉਂਦਾ ਹੈ ਤੇ ਸੱਚ ਤੇ ਚੱਲਣਾ ਸਮਝਾਉਂਦਾ ਹੈ ਭਾਵ ਨਾਮ ਸਮਝਾਉਂਦਾ ਹੈ ਤੇ ਨਾਮ ਵਾਲੀ ਸਮਝ ਤੇ ਚੱਲਣਾ ਸਮਝਾਉਂਦਾ ਹੈ। (**ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥ ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥੪॥ ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥ ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥**)

ਮਨ ਦੇ ਵਿੱਚ ਨਾਮ ਜਪਣ ਦੁਆਰਾ, ਗੁਰੂ ਦੀ ਸ਼ਰਨ ਵਿੱਚ ਆਉਣ ਦੁਆਰਾ ਸਾਨੂੰ ਨਾਮ ਦੇ ਰੂਪ ਵਿੱਚ ਕੀ ਪ੍ਰਾਪਤੀ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

‘‘ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥

ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥”

ਪ੍ਰਮਾਤਮਾ ਦਾ ਨਾਮ ਜਿਸ ਨੂੰ ਵੀ ਮਿਲਦਾ ਹੈ ਉਹ “ਗਿਆਨ ਰਤਨੁ” ਦੇ ਰੂਪ ਵਿੱਚ ਹੀ ਮਿਲਦਾ ਹੈ, ਤਤੁ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ ਜਿਵੇਂ ਕਿ ਅਸੀਂ ਇਸ ਸ਼ਬਦ ਰਾਹੀਂ ਵੀ ਉੱਪਰ ਸਮਝਿਆ ਹੈ ਤੇ ਪਿੱਛੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। (**ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥**) ਅੰਗ - ੧੦੬੯ । ਨਾਮ ਜਿਸ ਨੂੰ ਵੀ ਮਿਲਿਆ ਹੈ ਉਹ ਸਤਿਗੁਰੂ ਕੋਲੋਂ ਹੀ ਮਿਲਿਆ ਹੈ ਭਾਵ ਪ੍ਰਮਾਤਮਾ ਦੇ ਕੋਲੋਂ ਹੀ ਮਿਲਿਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਕੇਵਲ ਗੁਰੂ ਰੂਪ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਹੋਰ ਤਾਂ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਸ ਨੂੰ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ। ਉਹ ਸਮਝ ਕਿਸ ਤਰੀਕੇ ਪਾਉਂਦਾ ਹੈ ਭਾਵ ਕਿਸ ਤਰੀਕੇ ਸਾਡੇ ਅੰਦਰ ਗੁਰਮਤਿ ਵੱਸਦੀ ਹੈ ਤੇ ਕਿਸ ਮਕਸਦ ਲਈ ਵੱਸਦੀ ਹੈ ਇਸ ਗੱਲ ਨੂੰ ਉਪਰਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਸਮਝਿਆ ਜਾ ਸਕਦਾ ਹੈ ਕਿਉਂਕਿ ਇਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ। ਆਓ ਧਿਆਨ ਨਾਲ ਸਮਝੀਏ।

“ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥

ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਸਾਡਾ ਮਨ ਮਾਇਆ ਵਿੱਚ ਡੋਲਦਾ ਰਹਿੰਦਾ ਹੈ ਭਾਵ ਸੱਚ ਤੇ ਨਹੀਂ ਟਿਕਦਾ, ਨਾਮ ਤੇ ਨਹੀਂ ਟਿਕਦਾ, ਗੁਰੂ ਦੀ ਮਤਿ ਤੇ ਨਹੀਂ ਟਿਕਦਾ। ਗੁਰਮਤਿ ਦਾ ਮਕਸਦ ਸਾਡੇ ਮਨ ਨੂੰ ਨਿਹਚਲ ਬਣਾਉਣ ਦੇ ਨਾਲ ਹੈ ਜੋ ਮਤਿ ਕਦੇ ਡੋਲ ਨਹੀਂ ਸਕਦੀ ਭਾਵ ਸੱਚ ਤੇ ਦ੍ਰਿੜ ਰਹਿੰਦੀ ਹੈ। ਗੁਰਮਤਿ ਹੀ ਨਾਮ ਹੈ ਤੇ ਸਾਡੇ ਅੰਦਰ ਗੁਰਮਤਿ ਦਾ ਦ੍ਰਿੜ ਹੋਣਾ ਹੀ ਨਾਮ ਦਾ ਦ੍ਰਿੜ ਹੋਣਾ ਹੈ। ਜਦੋਂ ਸਾਡੇ ਅੰਦਰ ਗੁਰਮਤਿ ਦ੍ਰਿੜ ਹੋ ਜਾਂਦੀ ਹੈ ਫਿਰ ਮਨੁੱਖ ਕਦੇ ਉਹ ਕੰਮ ਨਹੀਂ ਕਰਦਾ ਜਿਸ ਵਿੱਚ ਮਨਮਤਿ ਹੈ ਜੋ ਮਤਿ ਸਾਨੂੰ ਭਰਮਾਂ ਵਿੱਚ ਪਾਉਂਦੀ ਹੈ ਤੇ ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਲਈ ਸਾਡੀ ਮਤਿ ਡੋਲ ਜਾਂਦੀ ਹੈ ਭਾਵ ਗੁਰਮਤਿ ਨੂੰ ਮੰਨਣ ਵਿੱਚ ਡੋਲ ਜਾਂਦੀ ਹੈ। ਗੁਰਮਤਿ ਦਾ ਸਾਡੇ ਅੰਦਰ ਦ੍ਰਿੜ ਹੋ ਜਾਣਾ ਸਾਡੀ ਮਨ ਦੀ ਸਮਝ ਨੂੰ ਹੀ ਨਿਹਚਲ ਕਰਦਾ ਹੈ, ਅਡੋਲ ਕਰਦਾ ਹੈ। ਗੁਰਮਤਿ ਸਾਨੂੰ ਨਿਹਚਲ ਕਿਸ ਤਰੀਕੇ ਬਣਾਉਂਦੀ ਹੈ ਭਾਵ ਸਾਡੇ ਅੰਦਰ ਗੁਰਮਤਿ ਕਿਸ ਤਰੀਕੇ ਵੱਸਦੀ ਹੈ, ਗੁਰੂ ਦਾ ਨਾਮ ਸਾਡੇ ਅੰਦਰ ਕਿਸ ਤਰੀਕੇ ਵੱਸਦਾ ਹੈ ਭਾਵ ਸਾਡੇ ਅੰਦਰੋਂ ਮਨਮਤਿ ਕਿਸ ਤਰੀਕੇ ਨਿਕਲਦੀ ਹੈ, ਅਗਿਆਨਤਾ ਕਿਸ ਤਰੀਕੇ ਨਿਕਲਦੀ ਹੈ ਇਹ ਨਾਲ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਡੇ ਅੰਦਰ ਸਮਝ ਉਹੀ ਵੱਸਦੀ ਹੈ ਜਿਸ ਸਮਝ ਨੂੰ ਸਾਡਾ ਮਨ ਮੰਨ ਲੈਂਦਾ ਹੈ। ਜੋ ਗੱਲ ਨੂੰ ਅਸੀਂ ਮੰਨਣਾ ਹੈ ਉਸ ਨੂੰ ਮਨ ਦੇ ਵਿੱਚ ਹੀ ਮੰਨਣਾ ਹੈ ਭਾਵ ਮੰਨਣ ਲਈ ਸਾਨੂੰ ਕੋਈ ਬੋਲ ਬੋਲਣ ਦੀ ਲੋੜ ਨਹੀਂ ਹੈ। ਇਹ ਗੁਰੂ ਦੀ ਮਤਿ ਨੂੰ ਸਮਝ ਕੇ ਉਸ ਤੇ ਅਮਲ ਕਰਨ ਦਾ ਤਰੀਕਾ ਹੈ। ਜੋ ਗੁਰੂ ਦੀ ਸੱਚੀ ਮਤਿ ਹੈ ਉਸ ਨੂੰ ਮੰਨਣ ਨਾਲ ਸਾਡੇ ਅੰਦਰ “ਸਹਜ” ਆਉਂਦਾ ਹੈ ਭਾਵ ਸਹਜ ਵਾਲੀ ਅਵੱਸਥਾ ਉਪਜਦੀ ਹੈ ਜੋ ਕਿ ਸਾਡੇ ਮਨ ਦੇ ਵਿੱਚ ਵਿਚਾਰਾਂ ਦੇ ਰੂਪ ਵਿੱਚ ਉਪਜਦੀ ਹੈ ਭਾਵ ਸਾਡੇ ਮਨ ਦੇ ਜੋ ਸਹਜ ਵਾਲੇ ਵਿਚਾਰ ਹਨ, ਇਹ ਉਹ ਵਾਲੇ ਵਿਚਾਰ ਹਨ ਜਿਹੜੇ ਗੁਰਮਤਿ ਦੀ ਸੱਚੀ ਸਮਝ ਵਾਲੇ ਸੱਚੇ ਵਿਚਾਰ ਹਨ, ਗੁਰੂ ਦੇ ਸਮਝਾਏ ਹੋਏ ਸੱਚੇ ਵਿਚਾਰ ਹਨ ਜਿੰਨ੍ਹਾਂ ਨੂੰ ਸਾਡਾ ਮਨ ਮੰਨ ਲੈਂਦਾ ਹੈ ਭਾਵ ਜੋ ਵਿਚਾਰ ਸਾਡੇ ਅੰਦਰ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਵੱਸ ਜਾਂਦੇ ਹਨ। ਗੁਰਮਤਿ ਵਾਲੇ ਵਿਚਾਰ, ਸ਼ਬਦਾਂ ਵਾਲੇ ਵਿਚਾਰ ਸਾਡੀ ਸੁਰਤਿ ਦੇ ਵਿੱਚ ਹੀ ਵੱਸਦੇ ਹਨ ਤੇ ਜਿਸ ਦੀ ਸੁਰਤਿ ਵਿੱਚ ਵੱਸਦੇ ਹਨ ਉੱਥੇ ਫਿਰ ਸੁਰਤਿ ਦੇ ਵਿੱਚ ਭਰਮਾਂ ਵਾਲੇ ਵਿਚਾਰ ਨਹੀਂ ਰਹਿ ਜਾਂਦੇ ਭਾਵ ਮਨਮਤਿ ਵਾਲੇ ਵਿਚਾਰ ਨਹੀਂ ਰਹਿ ਜਾਂਦੇ। ਸਾਡੇ ਅੰਦਰ ਮਨ ਇੱਕੋ ਹੀ ਹੈ। ਜਿੱਥੇ ਸੁਰਤਿ ਦੇ ਵਿਚਾਰ ਵੱਸੇ ਹੋਏ ਹਨ ਉੱਥੇ ਹੀ ਸ਼ਬਦਾਂ ਦੇ ਵਿਚਾਰ ਵੱਸਣੇ ਹਨ। ਇਹੀ ਸਾਡੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ, ਸਾਡੇ ਅੰਦਰ “ਸਹਜ” ਵਾਲੀ ਅਵੱਸਥਾ ਹੈ ਭਾਵ ਚੌਥੇ ਪਦ ਵਾਲੀ ਅਵੱਸਥਾ ਹੈ। ਹਰ ਸ਼ਬਦ ਦੀ ਵਿਚਾਰ ਸਹਜ ਗਿਆਨ ਵਾਲੀ ਵਿਚਾਰ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਹੈ ਭਾਵ ਨਾਮ ਦੀ ਵਿਚਾਰ ਹੈ, ਬ੍ਰਹਮ ਗਿਆਨ ਵਾਲੀ ਵਿਚਾਰ ਹੈ ਭਾਵ ਬ੍ਰਹਮ ਦੀ, ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸੱਚੀ ਵਿਚਾਰ ਹੈ ਜੋ ਵਿਚਾਰ ਉਸਨੇ ਧਰਮ ਗ੍ਰੰਥਾਂ ਦੇ ਵਿੱਚ ਆਪ ਹੀ ਪਾਈ ਹੋਈ ਹੈ। ਮਨ ਦੇ ਵਿੱਚ ਇਹੋ ਜਿਹੇ ਵਿਚਾਰਾਂ ਵਾਲਾ ਬਣਨਾ ਨਾਮ ਜਪਣਾ ਹੈ । (**ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥**) ਮਨ ਦੇ ਇਹੋ ਜਿਹੇ ਵਿਚਾਰ ਸਾਡੇ ਮਨ ਦੀ ਮੈਲ ਨੂੰ ਧੋਂਦੇ ਹਨ ਭਾਵ ਸਾਡੇ ਅੰਦਰੋਂ ਅਗਿਆਨਤਾ ਦੀ ਮੈਲ ਨੂੰ, ਹਉਮੈ ਦੀ ਮੈਲ ਨੂੰ ਧੋਂਦੇ ਹਨ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

“ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥”

ਸਾਡੇ ਮਨ ਦੀ ਪਵਿੱਤਰਤਾ, ਅਪਵਿੱਤਰਤਾ ਕੀ ਹੈ, ਮਨ ਦਾ ਮੈਲਾ ਜਾਂ ਨਿਰਮਲ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਉਹੀ ਗੱਲ ਉੱਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ। ਜਿਸ ਦੇ ਅੰਦਰ ਗੁਰਮਤਿ ਦੇ ਸੱਚੇ ਵਿਚਾਰ ਵੱਸਦੇ ਹਨ ਉਹ “**ਗਿਆਨ ਰਤਨੁ**” ਦੇ ਰੂਪ ਵਿੱਚ ਹੀ ਵੱਸਦੇ ਹਨ ਜਿਸ ਤੋਂ ਉੱਚੀ ਤੇ ਸੁੱਚੀ ਮਤਿ ਕੋਈ ਹੋਰ ਨਹੀਂ ਹੋ ਸਕਦੀ। ਗੁਰੂ ਦੇ ਸੱਚੇ ਗਿਆਨ ਦੇ ਵਿਚਾਰਾਂ ਦਾ ਮਕਸਦ ਭਾਵ ਨਾਮ ਦਾ ਮਕਸਦ ਸਾਡੇ ਮਨ ਨੂੰ ਨਿਰਮਲ ਕਰਨ ਦੇ ਨਾਲ ਹੀ ਹੈ ਜੋ ਮੈਲ ਨਿਕਲੇ ਬਿਨ੍ਹਾਂ ਸਾਡਾ ਮਨ “**ਨਿਹਚਲ ਮਤਿ**” ਵਾਲਾ ਨਹੀਂ ਬਣ ਸਕਦਾ ਭਾਵ ਗੁਰਮਤਿ ਤੇ ਅਡੋਲ ਨਹੀਂ ਹੋ ਸਕਦਾ। ਪ੍ਰਮਾਤਮਾ ਦੀ ਭਗਤੀ ਨਿਹਚਲ ਮਤਿ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਸਾਡੇ ਅੰਦਰ ਨਿਹਚਲ ਮਤਿ ਹੀ ਸਾਡੇ ਅੰਦਰ ਦੀ ਨਿਰਮਲ ਮਤਿ ਹੈ ਜਿਸ ਰਾਹੀਂ ਸਾਨੂੰ ਸੱਚ ਦੀ ਸਮਝ ਪੈਂਦੀ ਹੈ, ਸਾਡੇ ਅੰਦਰ “ਸਾਚੁ” ਵੱਸਦਾ ਹੈ ਜੋ “ਸਾਚੁ” “ਗਿਆਨ ਰਤਨੁ” ਵਾਲੀ ਸਮਝ ਦੇ ਰੂਪ ਵਿੱਚ ਵੱਸਦਾ ਹੈ। “ਸਾਚੁ” ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਉਸਦਾ ਇਹ “ਸਾਚੁ” ਰੂਪ ਉਸਦਾ “ ਗਿਆਨ ਰਤਨੁ” ਰੂਪ ਹੈ ਜਿਸ ਰੂਪ ਦੁਆਰਾ ਉਹ ਮਨ ਦੇ ਵਿੱਚ ਆਪਣੀ ਗੁਰਮਤਿ ਰੂਪ ਸੱਚੀ ਸਮਝ ਹੀ ਦਿੰਦਾ ਹੈ, ਮਨ ਦੇ ਵਿੱਚ ਆਪਣਾ ਇਹ ਰੂਪ ਪ੍ਰਗਟ ਕਰਨ ਦੁਆਰਾ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਇਹ ਸਮਝ ਦਿੱਤੀ ਹੈ ਤੇ ਉਹੀ ਸਮਝ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਸਮਝ “ਗਿਆਨ ਰਤਨੁ” ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਤੇ ਧਰਮ ਗ੍ਰੰਥਾਂ ਦੇ ਵਿੱਚ ਪ੍ਰਮਾਤਮਾ ਆਪ ਆਪਣੇ ਇਸ ਰੂਪ ਵਿੱਚ ਹੀ ਹੈ ਜਿਸ ਕਰਕੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਇੱਕੋ ਜਿਹੀ ਸਮਝ ਹੀ ਪਾਉਂਦਾ ਹੈ। ਹਰ ਧਰਮ ਗ੍ਰੰਥ ਵਿੱਚ ਨਾਮ ਹੀ ਹੈ ਜੋ ਕਿ ਉਸਦੇ ਦਿੱਤੇ ਹੋਏ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ। ਜੇਕਰ ਅਸੀਂ ਗੁਰੂ ਦੀ ਸ਼ਰਨ ਵਿੱਚ ਆਵਾਂਗੇ ਫਿਰ ਸਾਨੂੰ ਇਹੋ ਜਿਹੀ ਮਤਿ ਹੀ ਮਿਲੇਗੀ ਜੋ ਆਪਣੇ ਗਿਆਨ ਰਤਨੁ ਦੁਆਰਾ ਸਾਨੂੰ ਮਨ ਦੇ ਭਰਮਾਂ ਵਿੱਚੋਂ ਹੀ ਕੱਢੇਗੀ ਤੇ ਜੇਕਰ ਗੁਰੂ ਦਾ ਦਰ ਭਾਵ ਗੁਰੂ ਦੀ ਸੱਚੀ ਸਮਝ ਨੂੰ ਛੱਡ ਕੇ ਇੱਧਰ ਉਧਰ ਜਾਵਾਂਗੇ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ ਉਹ ਸਾਨੂੰ ਭਰਮਾਂ ਵਿੱਚ ਹੀ ਪਾਉਣਗੇ। ਇਸੇ ਲਈ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਨਾਮ ਦੀ ਸਮਝ ਕੇਵਲ ਗੁਰੂ ਦੇ ਕੋਲ ਹੀ ਹੈ ਤੇ ਕੇਵਲ ਗੁਰੂ ਦੀ ਮਤਿ ਦੇ ਨਾਲ ਹੀ ਜੁੜੋ। ਕੇਵਲ ਗੁਰੂ ਦੀ ਮਤਿ ਨੂੰ ਮੰਨਣਾ ਹੀ ਕੇਵਲ ਨਾਮ ਜਪਣਾ ਹੈ। (**ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥ ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥4॥ ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥ ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥੫॥ ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥ ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥**)

{ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥੩॥}

(ਅੰਗ - ੬੯੨)

{ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥}

(ਅੰਗ - ੧੩੪੯)

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥
ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥}

(ਅੰਗ - ੬੮)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥

ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥
ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥
ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ - ੯੪੭)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ - ੮੬-੮੭)

{ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥
ਵਡਭਾਗੀ ਹਰਿ ਨਾਮੁ ਧਿਆਇਆ ॥
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥
ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥
ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥
ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥੨॥}

(ਅੰਗ - ੯੪)

{ਸਤਿਗੁਰ ਦਾਤੈ ਨਾਮੁ ਦਿੜਾਇਆ ॥
ਵਡਭਾਗੀ ਗੁਰ ਦਰਸਨੁ ਪਾਇਆ ॥
ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥
ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ ॥
ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ ॥
ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ ਗੁਰਮਤਿ ਹਰਿ ਨਾਮਿ ਪਰੀਚੈ ਜੀਉ ॥੪॥}

(ਅੰਗ - ੯੬)

{ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ ॥
ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ ਰਵਾਇਆ ਰਾਮ ॥
ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥
ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥

ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥
ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥}

(ਅੰਗ - ੪੪੩)

{ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥
ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ ॥
ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ ॥
ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥
ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥
ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥
ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥
ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ ॥੨॥}

(ਅੰਗ - ੯੫੦-੯੫੧)

{ਮਨਮੁਖ ਬੋਲਿ ਨ ਜਾਣਨ੍ੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥
ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥
ਆਪੇ ਸ੍ਰਿਸਟਿ ਉਪਾਈਅਨੁ ਆਪਿ ਕਰੇ ਬੀਚਾਰੁ ॥
ਨਾਨਕ ਕਿਸ ਨੋ ਆਖੀਐ ਸਭੁ ਵਰਤੈ ਆਪਿ ਸਚਿਆਰੁ ॥੧॥}

(ਅੰਗ - ੧੨੪੯)

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥}

(ਅੰਗ - ੯੫੨)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੯॥

ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥
ਗੁਰਮਤੀ ਹਰਿ ਹਰਿ ਬੋਲੇ ॥
ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥
ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥
ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ ॥
ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥}

(ਅੰਗ - ੧੪੨੪)

{ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥
ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥}

(ਅੰਗ - ੪੭੪)

ਉੱਪਰ ਵਾਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਕੀ ਹੈ, ਸਾਡੇ ਅੰਦਰ ਸਹਜ ਵਾਲੀ ਅਵੱਸਥਾ ਕੀ ਹੈ ਇਸ ਗੱਲ ਨੂੰ ਸਮਝਿਆ ਹੈ। ਸਾਰੀ ਗੱਲ ਸਾਡੀ ਮਤਿ ਦੇ ਅੰਦਰ ਸੱਚੇ ਗਿਆਨ ਦਾ ਵੱਸਣਾ ਹੈ ਜਿਸ ਦੁਆਰਾ ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਹੈ ਤੇ ਉਸ ਤੇ ਚੱਲਿਆ ਜਾ ਸਕਦਾ ਹੈ। ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਦਾ ਵੱਸਣਾ ਹੀ, ਗੁਰੂ ਦੇ ਸੱਚੇ ਗਿਆਨ ਦਾ ਵੱਸਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਜਿਵੇਂ ਕਿ ਅਸੀਂ ਉੱਪਰ ਮੁੱਖ ਸ਼ਬਦ ਰਾਹੀਂ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

"ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ ॥
ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ ॥੭॥
ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥"

(ਅੰਗ - ੫੦੫-੫੦੬)

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀ ਭਗਤੀ ਨਾਲ ਪਿਆਰ ਪਾਉਣਾ ਕੀ ਹੈ। ਇਸ ਗੱਲ ਨੂੰ ਅਸੀਂ ਇਸ ਸ਼ਬਦ ਦੇ ਸ਼ੁਰੂ ਵਿੱਚ ਵੀ ਸਮਝਿਆ ਹੈ ਤੇ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੇ "**ਭੈ**" ਨਾਲ ਪਿਆਰ ਪਾਉਣਾ ਭਗਤੀ ਨਾਲ ਪਿਆਰ ਪਾਉਣਾ ਹੈ। ਸਾਰੀ ਗੱਲ "**ਭੈ**" ਨੂੰ ਸਮਝਣ ਦੀ ਹੈ ਭਾਵ ਮਨ ਦੀ ਚਿੰਤਾ ਨੂੰ ਸਮਝਣ ਦੀ ਹੈ ਜਿਵੇਂ ਕਿ ਅਸੀਂ ਉੱਪਰ ਪਹਿਲੇ ਸਮਝਿਆ ਹੈ ਕਿ ਅਸੀਂ ਗੁਰੂ ਦੇ ਸ਼ੁਭ ਚਿੰਤਕ ਕਿਵੇਂ ਬਣਨਾ ਹੈ। ਸਾਡੇ ਅੰਦਰ ਚਿੰਤਾ ਭਾਵ ਸਾਡੇ ਅੰਦਰ ਭੈ ਹਰ ਵੇਲੇ ਤ੍ਰਿਸ਼ਨਾਵਾਂ ਦੀ ਪੂਰਤੀ ਦਾ ਲੱਗਾ ਰਹਿੰਦਾ ਹੈ, ਮਾਇਆ ਇਕੱਠੀ ਕਰਨ ਦਾ ਲੱਗਾ ਰਹਿੰਦਾ ਹੈ ਜਿੰਨ੍ਹਾਂ ਦੇ ਤਿਆਗ ਲਈ ਸਾਨੂੰ ਗੁਰੂ ਵਾਰ-ਵਾਰ ਸਮਝਾਉਂਦਾ ਹੈ ਪਰ ਅਸੀਂ ਉਸ "**ਭੈ**" ਵਿੱਚੋਂ ਨਿਕਲ ਨਹੀਂ ਸਕਦੇ ਕਿਉਂਕਿ ਮਾਇਆ ਕਮਾਉਣੀ ਸਾਨੂੰ ਬਹੁਤ ਚੰਗੀ ਲੱਗਦੀ ਹੈ ਭਾਵੇਂ ਉਸ ਲਈ ਸਾਨੂੰ ਜਿਤਨੇ ਮਰਜੀ ਮਾੜੇ ਕਰਮ ਕਰਨੇ ਪੈਣ ਕਿਉਂਕਿ ਸੰਸਾਰਿਕ ਮਾਇਆ ਦਾ ਇਹ ਲੋਭ ਲਾਲਚ ਸਾਡੇ ਅੰਦਰੋਂ ਨਿਕਲਦਾ ਨਹੀਂ। ਸਾਨੂੰ ਆਪਣਾ ਮਾਣ ਉੱਚਾ ਕਰਨ ਦੀ ਬਹੁਤ ਚਿੰਤਾ ਰਹਿੰਦੀ ਹੈ ਕਿ ਸਾਡਾ ਮਾਣ ਕਦੇ ਘਟੇ ਨਾ ਤੇ ਵੱਧਦਾ ਹੀ ਜਾਵੇ ਜਿਸ ਲਈ ਅਸੀਂ ਅਨੇਕਾਂ ਉਪਰਾਲੇ ਕਰਦੇ ਹਾਂ ਕਿ ਸਾਡਾ ਸੰਸਾਰ ਵਿੱਚ ਨਾਮ ਉੱਚਾ ਹੋਵੇ, ਦੁਨੀਆ ਸਾਡੇ ਅੱਗੇ ਪਿੱਛੇ ਫਿਰੇ। ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਨਾਲ

ਸਾਨੂੰ ਵੱਡਾ ਮਾਣ ਮਿਲਦਾ ਹੈ ਤੇ ਇਹ ਮਾਣ ਕਦੇ ਘਟੇ ਨਾ ਇਸ ਦੀ ਚਿੰਤਾ ਵੀ ਸਾਨੂੰ ਲੱਗੀ ਰਹਿੰਦੀ ਹੈ ਬਲਕਿ ਆਪਣੇ ਮਾਣ ਨੂੰ ਹੋਰ ਉੱਚਾ ਕਰਨ ਦੀ ਇੱਛਾ ਹੁੰਦੀ ਹੈ ਤੇ ਇਹ ਵੀ ਸਾਡੇ ਅੰਦਰ ਦੀ ਤ੍ਰਿਸ਼ਨਾ ਹੀ ਹੈ ਜਿਸ ਦੀ ਪੂਰਤੀ ਦੀ ਚਿੰਤਾ ਲੱਗੀ ਰਹਿੰਦੀ ਹੈ। ਇਹ ਸਭ ਸਾਡੇ ਅੰਦਰ ਮਾਇਆ ਮੋਹ ਦੇ ਭਉ ਹਨ ਜਿੰਨ੍ਹਾਂ ਵਿੱਚੋਂ ਨਿਕਲਣਾ ਬਹੁਤ ਮੁਸ਼ਕਿਲ ਹੈ ਕਿਉਂਕਿ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨੀ ਸਭ ਨੂੰ ਚੰਗੀ ਲੱਗਦੀ ਹੈ। ਗੁਰੂ ਦੀ ਮਤਿ ਨੂੰ ਮੰਨੇ ਬਿਨ੍ਹਾਂ ਅਸੀਂ "**ਗੁਰੂ ਦਾ ਭਉ**" ਨਹੀਂ ਕਬੂਲ ਕਰ ਸਕਦੇ ਜੋ "**ਭਉ**" ਅਸੀਂ ਤਾਂ ਹੀ ਕਬੂਲ ਕਰ ਸਕਦੇ ਹਾਂ ਜੇਕਰ ਅਸੀਂ ਮਾਇਆ ਮੋਹ ਵਿੱਚੋਂ ਨਿਕਲਣ ਦੇ "**ਭਉ**" ਨੂੰ ਛੱਡੀਏ। (**ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥ ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥**) ਅੰਗ - ੧੦੮੯

ਤ੍ਰਿਸ਼ਨਾਵਾਂ ਛੱਡਣ ਦੇ ਬਿਨ੍ਹਾਂ ਕੋਈ ਵੀ "**ਗੁਰੂ ਦੇ ਭੈ**" ਵਿੱਚ ਨਹੀਂ ਵੱਸ ਸਕਦਾ ਤੇ ਗੁਰੂ ਦਾ ਭੈ ਕਬੂਲ ਕੀਤੇ ਬਿਨ੍ਹਾਂ ਭਗਤੀ ਨਾਲ ਪਿਆਰ ਨਹੀਂ ਜੁੜ ਸਕਦਾ। "**ਭੈ**" ਗੁਰਮਤਿ ਨੂੰ ਮੰਨਣ ਦਾ ਹੈ ਤੇ ਜੋ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ ਉਹ ਗੁਰੂ ਦਾ "**ਭਉ**" ਕਬੂਲ ਕਰ ਲੈਂਦਾ ਹੈ ਭਾਵ ਉਹ ਤ੍ਰਿਸ਼ਨਾਵਾਂ ਨੂੰ ਛੱਡ ਦਿੰਦਾ ਹੈ ਜਿੰਨ੍ਹਾਂ ਦੀ ਪੂਰਤੀ ਲਈ ਮਨੁੱਖ ਮਾੜੇ ਕਰਮ ਕਰਦਾ ਹੈ। ਭਗਤੀ ਦਾ ਮਾਰਗ ਸੱਚੇ ਸੁੱਚੇ ਕਰਮ ਕਰਨ ਦਾ ਹੈ, ਉੱਤਮ ਕਰਣੀ ਕਰਨ ਦਾ ਹੈ ਜਿਵੇਂ ਕਿ ਅਸੀਂ ਸ਼ਬਦ ਦੁਆਰਾ ਸਮਝਿਆ ਹੈ ਕਿ ਮਨੁੱਖ ਦੀ ਚੰਗੀ ਕਰਣੀ ਤ੍ਰਿਸ਼ਨਾਵਾਂ ਨੂੰ ਤਿਆਗਣ ਦੁਆਰਾ ਹੀ ਹੁੰਦੀ ਹੈ। (**ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥**) ਅੰਗ - ੧੦੮੯

{ਭਉ ਮੁਚੁ ਭਾਰਾ ਵਡਾ ਤੋਲੁ ॥
ਮਨ ਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥
ਭੈ ਬਿਨੁ ਘਾੜਤ ਕਚੁ ਨਿਕਚ ॥
ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥
ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥
ਅੰਧਾ ਅਖਰੁ ਵਾਉ ਦੁਆਉ ॥੩॥}

(ਅੰਗ - ੧੫੧)

{ਹਰਿ ਸਿਮਰਤ ਪੂਰਨ ਪਦੁ ਪਾਇਆ ॥
ਸਾਧਸੰਗਿ ਭੈ ਭਰਮ ਮਿਟਾਇਆ ॥੩॥}

(ਅੰਗ - ੧੯੩)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥
ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥}

(ਅੰਗ - ੧੦੧੦)

{ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥
ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥
ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥
ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥}

(ਅੰਗ - ੧੪੨੭)

ਉਪਰਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਾਡੇ ਅੰਦਰ "**ਭੈ**" ਕਿਸ ਰੂਪ ਵਿੱਚ ਹੈ, ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਮਨ ਦੇ ਇਸ ਭੈ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰੂ ਦੇ ਸੱਚੇ ਭੈ ਨਾਲ ਨਹੀਂ ਜੁੜ ਸਕਦੇ ਭਾਵ ਗੁਰੂ ਦੇ ਸੱਚੇ ਭੈ ਨਾਲ ਸਾਡਾ ਪਿਆਰ ਨਹੀਂ ਪੈ ਸਕਦਾ। "**ਗੁਰੂ ਦੇ ਭੈ**" ਨਾਲ ਪਿਆਰ ਕਰਨਾ ਹੀ ਗੁਰੂ ਦੇ ਨਾਲ ਪਿਆਰ ਕਰਨਾ ਹੈ, ਭਗਤੀ ਦੇ ਨਾਲ ਪਿਆਰ ਕਰਨਾ ਹੈ ਜਿਸ ਪਿਆਰ ਪਾਉਣ ਦਾ ਮਕਸਦ ਭਉਜਲ ਨੂੰ ਤਰਨ ਦਾ ਹੈ ਭਾਵ ਮਾਇਆ ਮੋਹ ਦੇ ਸਾਗਰ ਨੂੰ ਤਰਨ ਦਾ ਹੈ ਜਿਸ ਸਾਗਰ ਵਿੱਚੋਂ ਮਾਇਆ ਮੋਹ ਦਾ ਤਿਆਗ ਕਰਕੇ ਹੀ ਤਰਿਆ ਜਾ ਸਕਦਾ ਹੈ ਭਾਵ ਗੁਰੂ ਦਾ ਭੈ ਮੰਨਣ ਦੁਆਰਾ ਹੀ ਤਰਿਆ ਜਾ ਸਕਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਔਖਾਪਣ ਕਬੂਲ ਕਰਨ ਦੁਆਰਾ ਹੀ ਤਰਿਆ ਜਾ ਸਕਦਾ ਹੈ। ਗੁਰੂ ਦੇ ਇਸ ਭੈ ਨੂੰ ਕਬੂਲ ਕਰਨਾ ਹੀ ਗੁਰੂ ਪ੍ਰਮਾਤਮਾ ਦੇ ਚਰਨਾਂ ਨਾਲ ਆਪਣੇ ਚਿੱਤ ਨੂੰ ਜੋੜਨਾ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸ਼ਬਦਾਂ ਦੀ ਵਿਚਾਰ ਦੇ ਔਖੇਪਨ ਨੂੰ ਮੰਨਣਾ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਔਖਾ ਹੈ।

{ਆਖਣਿ ਅਉਖਾ ਸਾਚਾ ਨਾਉ ॥}

(ਅੰਗ - ੯)

ਸਾਡਾ ਚਿੱਤ ਸਾਡੇ ਅੰਦਰ ਦੀ ਸਮਝ ਹੈ ਤੇ ਜਦੋਂ ਸਾਡੀ ਸਮਝ ਸ਼ਬਦਾਂ ਦੀ ਵਿਚਾਰ ਅਨੁਸਾਰ ਚੱਲਣ ਦਾ ਔਖਾਪਣ ਕਬੂਲ ਕਰ ਲੈਂਦੀ ਹੈ ਫਿਰ ਅਸੀਂ ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲ ਜਾਂਦੇ ਹਾਂ ਤੇ ਸਾਡਾ ਚਿਤ ਗੁਰੂ ਦੀ ਸਮਝ ਦੇ ਨਾਲ ਭਾਵ ਗੁਰੂ ਦੇ ਚਰਨਾਂ ਨਾਲ ਜੁੜ ਜਾਂਦਾ ਹੈ। ਗੁਰੂ ਦੀ ਸੱਚੀ ਸਮਝ ਦੇ ਨਾਲ ਸਾਡਾ ਚਿਤ ਜੁੜਨਾ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ, ਗੁਰਮਤਿ ਦੀ ਸੱਚੀ ਸਮਝ ਦਾ ਵੱਸਣਾ ਹੈ ਜੋ ਸਮਝ ਸਾਡੇ ਮਨ ਦੀ ਸਮਝ ਨੂੰ ਪਵਿੱਤਰ ਕਰਦੀ ਹੈ। ਸਾਡੇ ਮਨ ਦੀ ਸਮਝ ਮਾਇਆ ਮੋਹ ਕਰਕੇ ਅਪਵਿੱਤਰ ਹੈ, ਮਨ ਦੀ ਅਗਿਆਨਤਾ ਦੁਆਰਾ ਅਪਵਿੱਤਰ ਹੈ ਤੇ ਗੁਰੂ ਦਾ ਸੱਚਾ ਗਿਆਨ ਸਾਡੇ ਮਨ ਦੀ ਅਪਵਿੱਤਰਤਾ ਨੂੰ ਕੱਢ ਦਿੰਦਾ ਹੈ, ਮਨ ਦੀ ਮੈਲ ਨੂੰ ਧੋ ਦਿੰਦਾ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਭਾਵ ਮਨ ਦੇ ਵਿੱਚ ਨਾਮ ਵੱਸਣ ਦੁਆਰਾ ਮਨੁੱਖ ਗੁਰੂ ਦੀ ਸ਼ਰਨ ਵਿੱਚ ਆਉਂਦਾ ਹੈ ਜਿਸ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦੀ ਭਗਤੀ ਨਾਲ ਪਿਆਰ ਜੁੜਦਾ ਹੈ ਤੇ ਮਨੁੱਖ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਮਾਇਆ ਮੋਹ ਵਿੱਚੋਂ ਨਿਕਲਕੇ ਗੁਰਮਤਿ ਅਨੁਸਾਰ ਚੱਲਦਾ ਹੈ ਭਾਵ ਹਰ ਵੇਲੇ ਨਾਮ ਜਪਦਾ ਹੈ। (**ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ ॥ ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ ॥**)

ਜਿਹੋ ਜਿਹੀ ਭਗਤੀ ਦੀ ਸਮਝ ਨਾਲ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ, ਪ੍ਰਮਾਤਮਾ ਦੀ ਭਗਤੀ ਨਾਲ ਪਿਆਰ ਜੁੜਦਾ ਹੈ ਜੋ ਕਿ ਨਾਮ ਵੱਸਣ ਦੁਆਰਾ ਜੁੜਦਾ ਹੈ ਉਹ ਨਾਮ ਸਾਡੇ ਅੰਦਰ ਕਿਹੋ ਜਿਹੀ ਸਮਝ ਪਾਉਂਦਾ ਹੈ ਭਾਵ ਸਾਡੇ ਅੰਦਰ ਨਾਮ ਦਾ ਵੱਸਣਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥"

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ "ਨਾਮ ਰਾਸਿ" ਕੀ ਹੈ ਭਾਵ ਨਾਮ ਧਨੁ ਕੀ ਹੈ ਤਾਂ ਜੋ ਸਾਡੇ ਅੰਦਰੋਂ, ਸਭ ਦੇ ਅੰਦਰੋਂ ਇਹ ਭਰਮ ਨਿਕਲ ਜਾਵੇ ਕਿ "ਨਾਮ ਰਾਸਿ" ਕੀ ਹੈ। ਜਿਸ ਨੂੰ ਅਸੀਂ "ਨਾਮ ਰਾਸਿ" ਸਮਝਿਆ ਹੋਇਆ ਹੈ ਉਹ ਕਿਤਨਾ ਵੱਡਾ ਭਰਮ ਹੈ ਤੇ ਕਿੰਨ੍ਹਾਂ ਦਾ ਪਾਇਆ ਹੋਇਆ ਹੈ ਇਹ ਵੀ ਸਮਝ ਲੱਗ ਜਾਵੇਗੀ ਤੇ ਸਮਝ ਤਾਂ ਹੀ ਲੱਗੇਗੀ ਜੇਕਰ ਸਾਨੂੰ ਗੁਰੂ ਦੀ ਸਮਝ ਤੇ ਭਰੋਸਾ ਹੈ ਤੇ ਜੇਕਰ ਉਹਨਾਂ ਦੀ ਸਮਝ ਤੇ ਭਰੋਸਾ ਹੈ ਜਿੰਨ੍ਹਾਂ ਨੇ ਸਾਨੂੰ ਨਾਮ ਸਮਝਾਇਆ ਹੈ, ਨਾਮ ਰਾਸਿ ਸਮਝਾਈ ਹੈ ਫਿਰ ਸਾਡਾ ਗੁਰੂ ਦੇ ਨਾਲ ਭਰੋਸਾ ਨਹੀਂ ਜੁੜ ਸਕਦਾ। ਗੁਰੂ ਦਾ ਮਕਸਦ ਸਾਨੂੰ

ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚ ਨੂੰ ਸਮਝ ਸਕੀਏ, ਭਗਤੀ ਦੀ ਸੱਚਾਈ ਨੂੰ ਸਮਝ ਸਕੀਏ। ਉੱਪਰ ਪੰਗਤੀ ਰਾਹੀਂ ਬੜਾ ਹੀ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਨਾਮ ਰਾਸਿ ਭਾਵ ਨਾਮ ਦਾ ਧਨੁ ਸਾਡੇ ਮਨ ਦਾ ਧਨੁ ਹੈ ਜੋ ਧਨੁ ਸਾਡੇ ਮਨ ਦੇ ਵਿੱਚ ਹੀ ਹੋ ਸਕਦਾ ਹੈ। ਸਾਡੇ ਮਨ ਦੇ ਵਿੱਚ ਕੇਵਲ ਸਾਡੀ ਸਮਝ ਹੀ ਹੁੰਦੀ ਹੈ। ਜਦ ਤੱਕ ਸਾਡੀ ਸਮਝ ਮਾਇਆ ਮੋਹ ਵਾਲੇ ਵਿਚਾਰਾਂ ਵਾਲੀ ਹੈ ਭਾਵ ਸਾਡੇ ਮਨ ਦੀ ਇੱਛਾ ਲਬ ਲੋਭ ਵਿੱਚ ਹੈ ਜੋ ਲਬ ਲੋਭ ਦੀ ਲਹਿਰ ਸਭ ਦੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਉੱਠਦੀ ਰਹਿੰਦੀ ਹੈ ਇਹੋ ਜਿਹੀ ਮਨ ਦੀ ਮਾੜੀ ਸਮਝ ਵਿੱਚ ਕੋਈ ਨਾਮ ਰਾਸਿ ਵਾਲਾ ਨਹੀਂ ਹੈ। "ਨਾਮ ਧਨੁ" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਸਪੱਸ਼ਟ ਕਰਕੇ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਸਾਡੇ ਅੰਦਰ "ਨਾਮ ਰਾਸਿ" ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ। ਗੁਰੂ ਦੇ ਨਾਮ ਦਾ ਮਕਸਦ, ਗੁਰੂ ਦੇ ਸੱਚੇ ਗਿਆਨ ਦਾ ਮਕਸਦ, ਸ਼ਬਦਾਂ ਦੇ ਵਿਚਾਰਾਂ ਦਾ ਮਕਸਦ ਸਾਨੂੰ ਸੱਚੀ ਮਤਿ ਦੇਣ ਨਾਲ ਹੀ ਹੈ, ਸੱਚੀ ਭਗਤੀ ਦਾ ਮਾਰਗ ਸਮਝਾਉਣ ਨਾਲ ਹੀ ਹੈ। ਗੁਰੂ ਦੀ ਸੱਚੀ ਭਗਤੀ ਦੀ ਸਮਝ ਸਾਡੀ ਨਾਮ ਰਾਸਿ ਹੈ ਜਿਸ ਸੱਚੀ ਸਮਝ ਦੁਆਰਾ ਮਨੁੱਖ ਆਪਣੇ ਲਭ ਲੋਭ ਦੀ ਲਹਿਰ ਨੂੰ ਨਿਵਾਰ ਦਿੰਦਾ ਹੈ ਭਾਵ ਆਪਣੇ ਅੰਦਰੋਂ ਕੱਢ ਦਿੰਦਾ ਹੈ। ਮਨ ਦੇ ਅੰਦਰ ਲਬ ਲੋਭ ਦੀ ਲਹਿਰ ਮਨੁੱਖ ਕੋਲੋਂ ਮਾੜੇ ਕਰਮ ਹੀ ਕਰਾਉਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਨਾਮ ਧੰਨ ਗੁਰੂ ਦੇ ਸੱਚੇ ਗਿਆਨ ਦਾ ਧੰਨ ਹੈ ਜੋ ਧੰਨ ਸਾਡੀ ਸਮਝ ਦਾ ਧੰਨ ਹੈ ਜਿਸ ਧੰਨ ਦੀ ਪ੍ਰਾਪਤੀ ਦੁਆਰਾ ਸਾਡੀ ਸੱਚੀ ਸਮਝ ਸਾਨੂੰ ਭਗਤੀ ਦਾ ਸੱਚਾ ਮਾਰਗ ਸਿਖਾਉਂਦੀ ਹੈ ਤੇ ਉਸ ਅਨੁਸਾਰ ਚਲਾਉਂਦੀ ਹੈ, ਸੱਚਾ ਨਾਮ ਸਮਝਾਉਂਦੀ ਹੈ ਤੇ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਦ੍ਰਿੜ ਕਰਨ ਦੁਆਰਾ ਉਸ ਤੇ ਚਲਾਉਂਦੀ ਭਾਵ ਨਾਮ ਜਪਾਉਂਦੀ ਹੈ। (**ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥**)

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥}

(ਅੰਗ - ੧੧੦੨)

ਮਨ ਦੇ ਵਿੱਚੋਂ ਲਬ ਲੋਭ ਦੀ ਲਹਿਰ ਨੂੰ ਕੱਢਣਾ ਭਾਵ ਮਾਇਆ ਮੋਹ ਤਿਆਗਣਾ, ਮਨ ਦੇ ਮਾੜੇ ਵਿਚਾਰਾਂ ਨੂੰ ਤਿਆਗਣਾ ਹੀ ਆਪਣੇ ਮਨ ਨੂੰ ਮਾਰਨਾ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥"

ਇਹ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੇ ਵੱਸ ਹੈ। ਉੱਪਰ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਪ੍ਰਮਾਤਮਾ ਮੇਰੇ ਅੰਦਰ ਤੂੰ ਆਪ ਹੀ ਹੈਂ ਜੋ ਮੇਰੀ ਸਮਝ ਦਾ ਮਾਲਕ ਹੈ ਜਿਸ ਗੱਲ ਦੀ ਸਮਝ ਮਨ ਦੇ ਮਰਨ ਦੁਆਰਾ ਹੀ ਪੈਂਦੀ ਹੈ ਭਾਵ ਮਾਇਆ ਮੋਹ ਵਾਲੇ ਵਿਚਾਰ ਨਿਕਲਣ ਦੁਆਰਾ ਹੀ ਪੈਂਦੀ ਹੈ। ਮੈਨੂੰ ਨਾਮ ਦੀ ਰਾਸਿ ਤੂੰ ਆਪ ਹੀ ਦਿੱਤੀ ਹੈ ਭਾਵ ਆਪਣਾ ਸੱਚਾ ਗਿਆਨ ਤੂੰ ਆਪ ਹੀ ਦਿੱਤਾ ਹੈ ਜਿਸ ਦੁਆਰਾ ਮੇਰਾ ਇਹ ਮਨ ਮਰਿਆ ਹੈ ਭਾਵ ਮੇਰੇ ਅੰਦਰੋਂ ਮਾੜੇ ਵਿਚਾਰ ਨਿਕਲੇ ਹਨ ਤੇ ਤੂੰ ਮੈਨੂੰ ਆਪਣੀ ਭਗਤੀ ਦੇ ਮਾਰਗ ਨਾਲ ਜੋੜਿਆ ਹੈ ਤੇ ਮੈਂ ਇਸ ਤਰੀਕੇ ਤੇਰੀ ਸ਼ਰਨ ਵਿੱਚ ਆਇਆ ਹਾਂ। ਗੁਰੂ ਦੇ ਸੱਚੇ ਗਿਆਨ ਦੀ ਸ਼ਰਨ ਵਿੱਚ ਆਉਣਾ ਹੀ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ ਜਿਸ ਸ਼ਰਨ ਵਿੱਚ ਸਾਡੇ ਮਨ ਦੀ ਸਮਝ ਨੇ ਹੀ ਆਉਣਾ ਹੈ। (**ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ ॥ ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ ॥੭॥ ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥ ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥**) ਅੰਗ - ੫੦੫-੫੦੬

ਉੱਪਰ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ ਤੇ ਗੁਰੂ ਦੀ ਸ਼ਰਨ ਵਿੱਚ ਆਏ ਬਿਨ੍ਹਾਂ ਭਗਤੀ ਦੇ ਮਾਰਗ ਦੀ ਨਾ ਸਮਝ ਪੈਂਦੀ ਹੈ ਤੇ ਨਾ ਹੀ ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਗੁਰੂ ਦੀ ਸ਼ਰਨ ਵਿੱਚ ਨਾਮ ਦੀ ਪ੍ਰਾਪਤੀ ਦੁਆਰਾ ਹੀ ਆਇਆ ਜਾ ਸਕਦਾ ਹੈ ਭਾਵ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਗੁਰੂ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ ਭਾਵ ਮਨ ਦੇ ਵਿੱਚੋਂ ਭਰਮਾਂ ਵਾਲੀ ਸਮਝ, ਮਾਇਆ ਮੋਹ ਵਾਲੀ ਸਮਝ ਨਿਕਲਣ ਦੁਆਰਾ ਹੀ ਆਇਆ ਜਾ ਸਕਦਾ ਹੈ। ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਸ਼ਬਦ ਦੀ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ।

“ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥”

(ਅੰਗ - ੬੯੧)

ਗੁਰੂ ਦੀ ਸ਼ਰਨ ਵਿੱਚ ਆਉਣ ਦਾ ਮਕਸਦ ਆਪਣੀ ਸਮਝ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਨਾ ਸਮਝ ਮਤਿ ਵਿੱਚੋਂ ਨਿਕਲਣ ਦਾ ਹੀ ਹੈ ਜਿਸ ਮਤਿ ਵਿੱਚੋਂ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਗੁਰੂ ਦੀ ਸੱਚੀ ਮਤਿ ਨੂੰ ਮੰਨਣਾ ਹੀ ਗੁਰੂ ਦੇ ਪੈਰੀਂ ਲੱਗਣਾ ਹੈ, ਗੁਰੂ ਦੇ ਚਰਨੀ ਲੱਗਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉੱਪਰ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। (**ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥**)

ਇਸੇ ਗੱਲ ਨੂੰ ਹੇਠ ਦਿੱਤੇ ਧੰਨ ਧੰਨ ਨੌਵੀਂ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥
ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥੨॥”

(ਅੰਗ - ੭੧੮)

ਮਾਇਆ ਸਾਡੇ ਸਭ ਦੇ ਅੰਦਰ ਹੀ ਹੈ ਜਿਸ ਦਾ ਮਕਸਦ ਹੀ ਸਾਡੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਉਲਝਾ ਕੇ ਰੱਖਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹ ਮਾਇਆ ਵਾਲੀ ਸਮਝ ਨੂੰ ਸਾਡੇ ਅੰਦਰ “ਕਾਈ” ਦੀ ਤਰ੍ਹਾਂ ਦੱਸਿਆ ਹੈ ਜੋ ਪਾਣੀ ਦੇ ਵਿੱਚ ਜੰਮਦੀ ਹੈ ਜਿਸ ਦੁਆਰਾ ਪਾਣੀ ਮੈਲਾ ਹੋ ਜਾਂਦਾ ਹੈ, ਗੰਦਾ ਹੋ ਜਾਂਦਾ ਹੈ। ਸਾਡੇ ਮਨ ਦੀ ਸਮਝ ਨੂੰ ਸਾਡੇ ਮਨ ਦੇ ਮਾੜੇ ਵਿਚਾਰ ਗੰਦਾ ਕਰਦੇ ਹਨ, ਮਨ ਦੇ ਵਿੱਚ ਭਰਮਾਂ ਵਾਲੇ ਵਿਚਾਰ ਪਾਉਣ ਦੁਆਰਾ ਚੰਗੇ ਵਿਚਾਰਾਂ ਤੋਂ ਦੂਰ ਰੱਖਦੇ ਹਨ ਭਾਵ ਭਰਮਾਂ ਵਾਲੀ ਸਮਝ ਮਨੁੱਖ ਨੂੰ ਉਲਝਾਈ ਰੱਖਦੀ ਹੈ ਤੇ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲਣ ਦਿੰਦੀ। ਇਸ ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ, ਇਸ ਤੋਂ ਗਤਿ ਪਾਉਣ ਦਾ ਤਰੀਕਾ ਪ੍ਰਮਾਤਮਾ ਦੀ ਸ਼ਰਨ ਭਾਵ ਗੁਰੂ ਦੀ ਸ਼ਰਨ ਵਿੱਚ ਆਉਣਾ ਸਮਝਾਇਆ ਹੋਇਆ ਹੈ ਭਾਵ ਗੁਰੂ ਦੀ ਸੱਚੀ ਸਮਝ ਦੀ ਸ਼ਰਨ ਵਿੱਚ ਆਉਣਾ ਹੀ ਸਮਝਾਇਆ ਹੋਇਆ ਹੈ ਕਿਉਂਕਿ ਸਾਡੀ ਅਗਿਆਨਤਾ ਵਾਲੀ ਮਾੜੀ ਸਮਝ ਵਿੱਚੋਂ ਸਾਨੂੰ ਕੇਵਲ ਗੁਰੂ ਦੀ ਸੱਚੀ ਸਮਝ ਹੀ ਕੱਢ ਸਕਦੀ ਹੈ, ਗੁਰੂ ਦਾ ਸੱਚਾ ਨਾਮ ਹੀ ਕੱਢ ਸਕਦਾ ਭਾਵ ਸਾਨੂੰ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਨਾ ਚਾਹੀਦਾ। ਹਰ ਕੋਈ ਆਪ ਮਾਇਆ ਵਾਲੀ ਸਮਝ ਵਿੱਚ ਹੈ ਤੇ ਜੇਕਰ ਉਸ ਕੋਲੋਂ ਸਮਝ ਲਵਾਂਗੇ ਫਿਰ ਉਹ ਸਾਨੂੰ ਮਾਇਆ ਵਾਲੀ ਸਮਝ ਨਾਲ ਹੀ ਜੋੜੇਗਾ ਭਾਵ ਭਗਤੀ ਦੇ ਮਾਰਗ ਨੂੰ ਸਮਝਾਣ ਵਿੱਚ ਭਰਮਾਂ ਵਿੱਚ ਹੀ ਪਾਵੇਗਾ। (**ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥ ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥**)

{ਸਦਾ ਸਦਾ ਜਪੀਐ ਪ੍ਰਭ ਨਾਮ ॥
ਜਰਾ ਮਰਾ ਕਛੁ ਦੂਖੁ ਨ ਬਿਆਪੈ ਆਗੈ ਦਰਗਹ ਪੂਰਨ ਕਾਮ ॥੧॥ ਰਹਾਉ ॥
ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥
ਜਨਮ ਮਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ ॥੧॥
ਜੋ ਤੁਮ੍ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥
ਕਹੁ ਨਾਨਕ ਤਾ ਕੀ ਸਰਣਾਈ ਜਾ ਕਾ ਕੀਆ ਸਗਲ ਜਹਾਨੁ ॥੨॥}

(ਅੰਗ - ੮੨੪)

ਉੱਪਰ ਵਾਲੇ ਸ਼ਬਦ ਰਾਹੀਂ ਵੀ ਸਾਨੂੰ ਗੁਰੂ ਦੀ ਸ਼ਰਨ ਵਿੱਚ ਆਉਣਾ ਹੀ ਸਿਖਾਇਆ ਹੋਇਆ ਹੈ ਜੋ ਕਿ ਨਾਮ ਜਪਣ ਦੁਆਰਾ ਭਾਵ ਗੁਰਮਤਿ ਨੂੰ ਮੰਨਣ ਦੁਆਰਾ ਹੀ ਆਇਆ ਜਾ ਸਕਦਾ ਹੈ ਜਿਸ ਲਈ ਆਪਾ ਤਿਆਗਣਾ ਪੈਂਦਾ ਹੈ ਭਾਵ ਆਪਣੀ ਮਤਿ ਨੂੰ, ਹਉਮੈ ਨੂੰ ਪੂਰਨ ਰੂਪ ਵਿੱਚ ਤਿਆਗਣਾ ਪੈਂਦਾ ਹੈ। ਆਪਣਾ ਆਪ ਤਿਆਗਣਾ ਹੀ ਜਨਮ ਮਰਨ ਦੀ ਫਾਂਸੀ ਕੱਟਣਾ ਹੈ ਜੋ

ਫਾਂਸੀ ਸਾਨੂੰ ਸਾਡੇ ਮਾੜੇ ਵਿਚਾਰ ਲਗਾਉਂਦੇ ਹਨ ਭਾਵ ਆਤਮਿਕ ਮੌਤ ਮਾਰਦੇ ਹਨ। ਸਾਨੂੰ ਫਾਂਸੀ ਲਗਾਉਣ ਵਾਲੀ ਸਾਡੀ ਮਾੜੀ ਸਮਝ ਹੈ, ਮਾਇਆ ਮੋਹ ਵਾਲੀ ਸਮਝ ਹੈ ਭਾਵ ਮਨ ਦੀ ਅਗਿਆਨਤਾ ਹੈ ਜੋ ਸਾਨੂੰ ਸੱਚੇ ਧਰਮ ਦੇ ਮਾਰਗ ਦੀ ਸੋਝੀ ਤੋਂ ਦੂਰ ਰੱਖ ਕੇ ਮਾੜੇ ਕਰਮ ਕਰਵਾਉਂਦੀ ਹੈ। ਮਨ ਦੀ ਇਸ ਮਾੜੀ ਸਮਝ ਵਿੱਚੋਂ ਨਿਕਲ ਕੇ ਹੀ, ਨਾਮ ਰੂਪ ਖਜਾਨੇ ਦੀ ਪ੍ਰਾਪਤੀ ਹੋਣ ਦੁਆਰਾ ਹੀ, ਜਨਮ ਮਰਨ ਵਿੱਚ ਰੱਖਣ ਵਾਲੀ ਸਮਝ ਵਿੱਚੋਂ ਨਿਕਲ ਕੇ ਹੀ ਮਨੁੱਖੀ ਸਮਝ ਦੇ ਉੱਤੇ ਪ੍ਰਮਾਤਮਾ ਦੀ ਦਰਗਾਹ ਦਾ ਨਿਸ਼ਾਨ ਲੱਗਦਾ ਹੈ ਭਾਵ ਉਹ ਸੱਚੀ ਸਮਝ ਪ੍ਰਮਾਤਮਾ ਆਪਣੀ ਦਰਗਾਹ ਵਿੱਚੋਂ ਆਪ ਹੀ ਦਿੰਦਾ ਹੈ ਜੋ ਦਰਗਾਹ ਉਸਦੀ ਸਾਡਾ ਮਨ ਹੀ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਗੁਰੂ ਦੀ, ਪ੍ਰਮਾਤਮਾ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ ਤੇ ਇਹੋ ਜਿਹੀ ਸੱਚੀ ਸਮਝ ਦੁਆਰਾ ਹੀ ਉਸਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਤੇ ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। (**ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥ ਜਨਮ ਮਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ ॥**) ਪ੍ਰਮਾਤਮਾ ਦੀ ਭਗਤੀ ਇਹੋ ਜਿਹੀ ਸਮਝ ਦੁਆਰਾ ਕਿਸ ਤਰੀਕੇ ਹੁੰਦੀ ਹੈ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਭਗਤੀ ਦਾ ਮਾਰਗ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣ ਦਾ ਹੀ ਹੈ ਭਾਵ ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ ਉਸ ਤਰੀਕੇ ਜੀਵਨ ਜਿਉਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। (**ਜੋ ਤੁਮ੍ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥ ਕਹੁ ਨਾਨਕ ਤਾ ਕੀ ਸਰਣਾਈ ਜਾ ਕਾ ਕੀਆ ਸਗਲ ਜਹਾਨੁ ॥**)

ਅਗਲੇ ਸ਼ਬਦ ਰਾਹੀਂ ਵੀ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਸਮਝਦੇ ਹਾਂ ਤਾਂ ਜੋ ਗੁਰੂ ਦੀ ਸ਼ਰਨ ਵਿੱਚ ਆਉਣ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ।

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯

ੴ ਸਤਿਗੁਰ ਪ੍ਰਸਾਦਿ ॥

“ਆਪਹਿ ਮੇਲਿ ਲਏ ॥
ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥੧॥ ਰਹਾਉ ॥
ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥
ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥੧॥
ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥
ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥੨॥”

(ਅੰਗ - ੮੨੯)

ਇਸ ਸ਼ਬਦ ਦੀ ਸ਼ੁਰੂਆਤ “ਰਹਾਉ” ਵਾਲੀਆਂ ਪੰਗਤੀਆਂ ਦੁਆਰਾ ਹੋਈ ਹੈ ਜਿਸ ਰਾਹੀਂ ਸਾਨੂੰ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੀ ਸਮਝਾਇਆ ਹੋਇਆ ਹੈ। ਜਦ ਤੱਕ ਪ੍ਰਮਾਤਮਾ ਦੇ ਨਾਲ ਕਿਸੇ ਦਾ ਮੇਲ ਨਹੀਂ ਹੁੰਦਾ ਤਦ ਤੱਕ ਕੋਈ ਉਸ ਦੀ ਸ਼ਰਨ ਵਿੱਚ ਨਹੀਂ ਆ ਸਕਦਾ ਤੇ ਉੱਪਰ ਪੰਗਤੀਆਂ ਦੁਆਰਾ ਧੰਨ ਧੰਨ ਪੰਜਵੀਂ ਪਾਤਿਸ਼ਾਹੀ ਅਕਾਲ ਪੁਰਖ ਨੂੰ ਸੰਬੋਧਨ ਕਰਨ ਦੁਆਰਾ ਇਹ ਕਹਿ ਰਹੇ ਹਨ ਕਿ ਪ੍ਰਮਾਤਮਾ ਤੂੰ ਮੈਨੂੰ ਆਪ ਹੀ ਆਪਣੇ ਨਾਲ ਮੇਲਿਆ ਹੈ ਭਾਵ ਤੂੰ ਆਪ ਹੀ ਮੇਰੇ ਮਨ ਦੇ ਅੰਦਰ ਪ੍ਰਗਟ ਹੋਇਆ ਹੈਂ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੀ ਹੈ ਤੇ ਕਿਵੇਂ ਹੁੰਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਨ ਦੇ ਵਿੱਚ ਉਸ ਕੋਲੋਂ ਭਗਤੀ ਦਾ ਸੱਚਾ ਗਿਆਨ ਹੀ ਮਿਲਦਾ ਹੈ, ਗੁਰਮਤਿ ਰੂਪ ਸੱਚੀ ਸਮਝ ਹੀ ਮਿਲਦੀ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਸੱਚੀ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਕੀ ਹੈ, ਮਨੁੱਖ ਦੀ ਆਪਣੀ ਅਸਲੀਅਤ ਕੀ ਹੈ ਤੇ ਭਗਤੀ ਦੀ ਸੱਚਾਈ ਕੀ ਹੈ ਭਾਵ ਮਨੁੱਖ ਦੀ ਸਮਝ ਹੀ ਬਦਲਦੀ ਹੈ ਭਾਵ ਮਨੁੱਖ ਦੀ ਸਮਝ ਗੁਰੂ ਪ੍ਰਮਾਤਮਾ ਦੀ ਸੱਚੀ ਸਮਝ ਦੀ ਸ਼ਰਨ ਵਿੱਚ ਆ ਜਾਂਦੀ ਹੈ ਭਾਵ ਉਸ ਦੇ ਅੰਦਰ ਦੀ ਮਾੜੀ ਸਮਝ ਖਤਮ ਹੋ ਜਾਂਦੀ ਹੈ। ਸਾਡੇ ਅੰਦਰ ਦੁੱਖਾਂ ਦਾ ਕਾਰਨ ਸਾਡੇ ਮਨ ਦੀ ਮਾੜੀ ਸਮਝ ਹੀ ਹੈ ਜਿਸ ਰਾਹੀਂ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਗੁਰੂ ਪ੍ਰਮਾਤਮਾ ਦਾ ਦੋਖੀ ਬਣਦਾ ਹੈ ਭਾਵ ਗੁਰਮਤਿ ਦਾ ਦੋਖੀ ਬਣਦਾ ਹੈ, ਮਨ ਦੀ ਨਾਸਮਝੀ ਦੁਆਰਾ ਗੁਰਮਤਿ ਦੇ ਉਲਟ

ਚੱਲਣ ਦੁਆਰਾ ਗੁਰੂ ਪ੍ਰਮਾਤਮਾ ਦਾ ਦੋਖੀ ਬਣਦਾ ਹੈ। ਸਾਡੇ ਅੰਦਰ ਦੇ ਸਾਰੇ ਨਾਸਮਝ ਵਿਚਾਰ ਗੁਰੂ ਦੇ ਦੋਖੀ ਹਨ, ਗੁਰੂ ਦੀ ਸੱਚੀ ਸਮਝ ਦੇ ਦੋਖੀ ਹਨ ਜੋ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਭਾਵ ਉਸ ਦੀ ਸੱਚੀ ਮਤਿ ਮਿਲਣ ਦੁਆਰਾ ਸਾਡੇ ਅੰਦਰੋਂ ਨਿਕਲ ਜਾਂਦੇ ਹਨ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ, ਪ੍ਰਮਾਤਮਾ ਨੂੰ ਸੰਬੋਧਨ ਕਰਨ ਦੁਆਰਾ ਸਾਨੂੰ ਸਮਝਾ ਰਹੇ ਹਨ ਕਿ ਮੈਂ ਇਸ ਤਰੀਕੇ ਪ੍ਰਮਾਤਮਾ ਦੀ ਸ਼ਰਨ ਵਿੱਚ ਆਇਆ ਹਾਂ ਜੋ ਆਪ ਹੀ ਸਾਰੇ ਸੰਸਾਰ ਦਾ ਗੁਰੂ ਹੈ, ਗਿਆਨ ਦਾ ਮਾਲਕ ਹੈ। (**ਆਪਹਿ ਮੇਲਿ ਲਏ ॥ ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥੧॥ ਰਹਾਉ ॥**)

ਇਸ ਤਰੀਕੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਸਮਝ ਦੀ ਸ਼ਰਨ ਵਿੱਚ ਆਉਣਾ ਹੀ ਸਾਧ ਦੀ ਸ਼ਰਨ ਵਿੱਚ ਆਉਣਾ ਹੈ ਭਾਵ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਕਿਉਂਕਿ "ਸਾਧ" ਰੂਪ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸ ਦਾ ਗੁਰੂ ਰੂਪ ਹੈ, ਸੰਤ ਰੂਪ ਹੈ ਜਿਵੇਂ ਕਿ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਸਾਧ ਦੀ ਸ਼ਰਨ ਵਿੱਚ ਆਉਣਾ ਕੀ ਹੈ ਇਹੀ ਗੱਲ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥
ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥"

ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਆਇਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਉੱਪਰ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣ ਤੋਂ ਬਾਅਦ ਮਨੁੱਖ ਨੂੰ ਜੋ ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਉਹ ਸਮਝ ਕਿਸ ਤਰੀਕੇ ਪਾਉਂਦਾ ਹੈ ਤੇ ਕਿਸ ਮਕਸਦ ਲਈ ਪਾਉਂਦਾ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਭਾਵ ਮਨ ਦੇ ਵਿੱਚ ਇਹੋ ਜਿਹੇ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਗੁਰੂ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਦੀ ਸ਼ਰਨ ਵਿੱਚ ਆਉਣ ਲਈ ਆਪਣੀ ਸਮਝ ਛੱਡਣੀ ਪੈਂਦੀ ਹੈ ਭਾਵ ਆਪਣੀ ਮਤਿ ਤਿਆਗਣੀ ਪੈਂਦੀ ਹੈ ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਗੁਰੂ ਦੀ ਸ਼ਰਨ ਵਿੱਚ ਪੈਣ ਦਾ ਤਰੀਕਾ ਅਭਿਮਾਨ ਤੱਜਣਾ ਸਮਝਾਇਆ ਹੋਇਆ ਹੈ ਤੇ "ਚਿੰਤ ਬਿਰਾਨੀ" ਛੱਡਣਾ ਸਮਝਾਇਆ ਹੋਇਆ ਹੈ। ਇਹ ਸਾਡੇ ਮਨ ਦੇ ਮਾੜੇ ਵਿਚਾਰ ਹੀ ਹਨ ਜਿੰਨ੍ਹਾਂ ਨੂੰ ਅਸੀਂ ਛੱਡਣਾ ਹੈ। ਅਸੀਂ ਅਭਿਮਾਨ ਕਿਸ ਗੱਲ ਦਾ ਕਰਦੇ ਹਾਂ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਅਸੀਂ ਅਨੇਕਾਂ ਤਰੀਕਿਆਂ ਨਾਲ ਅਭਿਮਾਨ ਕਰਦੇ ਹਾਂ। ਅਸੀਂ ਆਪਣੀ ਉੱਚੀ ਸਮਝ ਦਾ ਅਭਿਮਾਨ ਕਰਦੇ ਹਾਂ, ਆਪਣੇ ਤਨ ਦਾ ਅਭਿਮਾਨ ਕਰਦੇ ਹਾਂ ਕਿਉਂਕਿ ਇਹਨਾਂ ਨੂੰ ਅਸੀਂ ਆਪਣਾ ਸਮਝਦੇ ਹਾਂ ਕਿ ਇਹ ਸਰੀਰ ਮੇਰਾ ਹੈ, ਮੈਂ ਬਹੁਤ ਸੋਹਣਾ ਹਾਂ ਜਾਂ ਸੋਹਣੀ ਹਾਂ। ਜਿਸ ਕੋਲ ਕੋਈ ਉੱਚਾ ਗਿਆਨ ਹੁੰਦਾ ਹੈ ਭਾਵੇਂ ਉਸ ਗਿਆਨ ਨਾਲ ਉਹ ਡਾਕਟਰ ਬਣਦਾ ਹੈ, ਇੰਜਨੀਅਰ ਬਣਦਾ ਹੈ, ਟੈਕਨੀਕਲ ਨੌਲੇਜ ਵਾਲਾ ਬਣਦਾ ਹੈ, ਵਿਗਿਆਨਿਕ ਬਣਦਾ ਹੈ, ਵੱਡਾ ਵਕੀਲ ਬਣਦਾ ਹੈ, ਜੱਜ ਬਣਦਾ ਹੈ, ਧਰਮ ਦੇ ਮਾਰਗ ਦਾ ਉੱਚਾ ਗਿਆਨੀ ਅਖਵਾਉਣ ਵਾਲਾ ਬਣਦਾ ਹੈ। ਇਸ ਗੱਲ ਦਾ ਮਾਣ ਹਰ ਕੋਈ ਕਰਦਾ ਹੈ ਤੇ ਇਸੇ ਤਰ੍ਹਾਂ ਕਿਸੇ ਨੂੰ ਆਪਣੇ ਵੱਡੇ ਘਰ ਦਾ ਮਾਣ ਹੈ, ਮਾਇਆ ਦਾ, ਦੌਲਤ ਦਾ ਬੜਾ ਮਾਣ ਹੈ, ਕਿਸੇ ਨੂੰ ਵੱਡਾ ਖਿਡਾਰੀ ਹੋਣ ਦਾ ਮਾਣ ਭਾਵ ਮਾਣ ਕਰਨ ਦੇ ਅਨੇਕਾਂ ਹੀ ਤਰੀਕੇ ਹਨ। ਜਦ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਹੋਂਦ ਹੀ ਝੂਠੀ ਹੈ, ਨਾ ਇਹ ਸਰੀਰ ਉਸ ਦਾ ਆਪਣਾ ਹੈ, ਨਾ ਇਹ ਸਮਝ ਉਸ ਦੀ ਆਪਣੀ ਹੈ, ਨਾ ਧੰਨ ਦੌਲਤ ਆਪਣਾ ਹੈ ਫਿਰ ਉਹ ਮਨੁੱਖ ਕਿਸ ਗੱਲ ਦਾ ਮਾਣ ਕਰ ਸਕਦਾ ਹੈ। ਇਹੋ ਜਿਹਾ ਮਾਣ ਫਿਰ ਉਸ ਨੂੰ ਜ਼ਹਿਰ ਖਾਣ ਦੇ ਬਰਾਬਰ ਲੱਗਦਾ ਹੈ ਭਾਵ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੀ ਝੂਠੀ ਸਮਝ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਭਰਮਾਂ ਵਿੱਚ ਪਾਇਆ ਹੋਇਆ ਹੈ ਜਿਸ ਕਰਕੇ ਮਨੁੱਖ ਝੂਠਾ ਅਭਿਮਾਨ ਕਰਦਾ ਹੈ, ਝੂਠਾ ਘੁਮੰਡ ਕਰਦਾ ਹੈ। ਜਦ ਤੱਕ ਮਨੁੱਖ ਦੀ ਮਤਿ ਨਾਸਮਝੀ ਵਿੱਚ ਹੈ ਤਦ ਤੱਕ ਉਸ ਦੇ ਅੰਦਰ ਮਾਇਆ ਮੋਹ ਹੁੰਦਾ ਹੈ ਤੇ ਉਸ ਨੂੰ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਦੀ ਚਿੰਤਾ ਲੱਗੀ ਰਹਿੰਦੀ ਹੈ, ਮਾਇਆ ਦੇ ਸੁੱਖਾਂ ਦੀ ਚਿੰਤਾ ਲੱਗੀ ਰਹਿੰਦੀ ਹੈ, ਮਾਇਆ ਇਕੱਠੀ ਕਰਨ ਦੀ ਚਿੰਤਾ ਲੱਗੀ ਰਹਿੰਦੀ ਹੈ, ਸਮਾਜ ਵਿੱਚ ਆਪਣਾ ਰੁਤਬਾ ਉੱਚਾ ਕਰਨ ਦੀ ਚਿੰਤਾ ਲੱਗੀ ਰਹਿੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਇਹੋ ਜਿਹੀ ਸਾਡੀ ਚਿੰਤਾ "ਬਿਰਾਨੀ ਚਿੰਤਾ" ਹੈ ਭਾਵ "ਚਿੰਤ ਬਿਰਾਨੀ" ਹੈ ਜੋ ਚਿੰਤਾ ਸਾਡੇ ਲਈ ਬੇਗਾਨੀ ਚਿੰਤਾ ਹੈ ਭਾਵ ਉਹ ਚਿੰਤਾ ਸਾਡੇ ਅੰਦਰ ਸਾਡੀ ਆਪਣੀ ਪਾਈ ਹੋਈ ਨਹੀਂ ਹੈ। ਮਨ ਦੇ ਵਿੱਚ ਪ੍ਰਮਾਤਮਾ ਦੁਆਰਾ ਸੱਚੀ ਸਮਝ ਪਾਉਣ ਦੁਆਰਾ ਫਿਰ ਮਨੁੱਖ

ਆਪਣੀ ਅਸਲੀਅਤ ਨੂੰ ਸਮਝ ਲੈਂਦਾ ਹੈ ਤੇ ਇਸ ਬੇਗਾਨੀ ਚਿੰਤਾ ਵਿੱਚੋਂ ਨਿਕਲ ਜਾਂਦਾ ਹੈ ਤੇ ਤਾਂ ਹੀ ਉਹ ਗੁਰੂ ਦੀ ਸਮਝਾਈ ਹੋਈ ਉਸ ਚਿੰਤਾ ਦੇ ਨਾਲ ਜੁੜਦਾ ਹੈ, ਗੁਰੂ ਦੇ ਉਸ ਭਉ ਨਾਲ ਜੁੜਦਾ ਹੈ ਜਿਸ ਦੁਆਰਾ ਅਸੀਂ ਗੁਰੂ ਦੇ ਸ਼ੁਭ ਚਿੰਤਕ ਬਣਦੇ ਹਾਂ ਭਾਵ ਮਨ ਦੇ ਵਿੱਚ ਸੱਚੀ ਚਿੰਤਾ ਰੱਖਣ ਵਾਲੇ ਬਣਦੇ ਹਾਂ ਜੋ ਕਿ ਸੱਚ ਤੇ ਚੱਲਣ ਦੀ ਚਿੰਤਾ ਹੈ ਭਾਵ ਗੁਰਮਤਿ ਅਨੁਸਾਰ ਚੱਲਣ ਦੀ ਚਿੰਤਾ ਹੈ ਜੋ ਸੱਚੀ ਚਿੰਤਾ ਮਾਇਆ ਮੋਹ ਦੀ ਚਿੰਤਾ ਵਿੱਚੋਂ ਨਿਕਲਕੇ ਹੀ ਲੱਗਦੀ ਹੈ। ਮਨ ਦੇ ਵਿੱਚ ਇਹੋ ਜਿਹਾ ਤਿਆਗ ਕਰਨ ਦੁਆਰਾ ਮਨੁੱਖ ਦੀ ਸਮਝ ਸਾਧ ਦੀ ਸ਼ਰਨ ਵਿੱਚ ਪੈਂਦੀ ਹੈ, ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਂਦੀ ਹੈ ਜੋ ਸਮਝ ਮਨੁੱਖ ਨੂੰ ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦੀ ਹੈ। (**ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥**) ਮਨ ਦੇ ਵਿੱਚ ਇਹੋ ਜਿਹੀ ਸਮਝ ਕਿਵੇਂ ਪੈਂਦੀ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"**ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥**"

ਜਿਸ ਮਨ ਦੀ ਸੱਚੀ ਸਮਝ ਦੁਆਰਾ ਮਨੁੱਖ ਅਭਿਮਾਨ ਛੱਡਦਾ ਹੈ, **"ਚਿੰਤ ਬਿਰਾਨੀ"** ਛੱਡਦਾ ਹੈ ਉਸ ਦੀ ਸਮਝ ਨਾਮ ਜਪਣ ਦੁਆਰਾ ਹੀ ਪੈਂਦੀ ਹੈ ਜੋ ਆਪਣਾ ਨਾਮ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਆਪ ਹੀ ਜਪਾਉਂਦਾ ਹੈ। ਮਨ ਦੇ ਵਿੱਚ ਉਹ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ ਤੇ ਸ਼ਬਦਾਂ ਦੀ ਵਿਚਾਰ ਨੂੰ ਸਮਝਣਾ ਤੇ ਮੰਨਣਾ ਨਾਮ ਜਪਣਾ ਹੈ। ਉਹ ਮਨ ਦੇ ਵਿੱਚ ਸੱਚੀ ਸਮਝ ਇਸੇ ਤਰੀਕੇ ਹੀ ਪਾਉਂਦਾ ਹੈ ਜਿਸ ਦੁਆਰਾ ਸਾਡੇ ਅੰਦਰੋਂ ਉਹ ਸਾਰੇ ਵਿਚਾਰ ਨਿਕਲ ਜਾਂਦੇ ਹਨ ਜੋ ਮਨੁੱਖੀ ਸਮਝ ਨੂੰ ਰੋਗੀ ਬਣਾਉਂਦੇ ਹਨ ਜਿਵੇਂ ਕਿ ਅਸੀਂ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਤੇ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਕਿਸੇ ਗੱਲ ਦਾ ਅਭਿਮਾਨ ਕਰਨਾ ਸਾਡਾ ਰੋਗ ਹੀ ਹੈ, ਚਿੰਤ ਬਿਰਾਨੀ ਸਾਡਾ ਰੋਗ ਹੀ ਹੈ। ਸਾਡਾ ਜੋ ਵੀ ਕਰਮ ਗੁਰਮਤਿ ਦੇ ਉਲਟ ਹੈ ਉਹ ਸਾਨੂੰ ਰੋਗੀ ਹੀ ਬਣਾਉਂਦਾ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਮਤਿ ਦੇ ਦੋਖੀ ਬਣਦੇ ਹਾਂ। ਸਾਡੇ ਰੋਗਾਂ ਦਾ ਕਾਰਨ ਸਾਡੇ ਨਾਮਸਝ ਵਿਚਾਰ ਹਨ, ਭਰਮਾਂ ਵਾਲੇ ਵਿਚਾਰ ਹਨ ਤੇ ਇਹਨਾਂ ਵਿੱਚੋਂ ਨਿਕਲਣ ਦਾ ਸਾਧਨ ਗੁਰੂ ਦੇ ਨਾਮ ਨੂੰ ਜਪਣਾ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਣਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਨੂੰ ਆਪਣਾ ਨਾਮ ਦੇਣ ਦੁਆਰਾ ਉਸ ਦੇ ਅੰਦਰੋਂ ਹਰ ਰੋਗ ਕੱਢ ਦਿੰਦਾ ਹੈ, ਹਰ ਭਰਮ ਵਾਲਾ ਮਾੜਾ ਵਿਚਾਰ ਕੱਢ ਦਿੰਦਾ ਹੈ ਤੇ ਇਹੀ ਗੱਲ ਸਾਨੂੰ ਉੱਪਰ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਮੈਂ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਆਇਆ ਹਾਂ ਤੇ ਮੇਰੇ ਅੰਦਰੋਂ ਸਾਰੇ ਰੋਗ ਨਾਸ ਹੋ ਗਏ ਹਨ। (**ਆਪਹਿ ਮੇਲਿ ਲਏ ॥ ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥੧॥ ਰਹਾਉ ॥ ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥ ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥**)

ਮਨ ਦੇ ਇਹਨਾਂ ਰੋਗਾਂ ਦਾ ਕਾਰਨ ਕੀ ਹੈ ਤੇ ਨਾਮ ਜਪਣ ਦੁਆਰਾ ਉਹ ਰੋਗ ਕਿਵੇਂ ਦੂਰ ਹੁੰਦੇ ਹਨ ਇਹ ਸਾਨੂੰ ਗੁਰੂ ਸਾਹਿਬ ਅਗਲੇ ਪਦੇ ਰਾਹੀਂ ਸਮਝਾ ਰਹੇ ਹਨ ਕਿ ਉਹਨਾਂ ਦੇ ਅੰਦਰੋਂ ਰੋਗ ਕਿਸ ਤਰੀਕੇ ਦੂਰ ਹੋਏ ਹਨ।

"**ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥**

ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥"

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਨਾਮ ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਮਿਲਦਾ ਹੈ ਤੇ ਉਹ ਆਪ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਦਿੱਤਾ ਹੈ। ਜਿਸ ਨੂੰ ਪ੍ਰਮਾਤਮਾ ਧਰਮ ਦੇ ਮਾਰਗ ਦਾ ਗਿਆਨੀ ਬਣਾਉਂਦਾ ਹੈ, ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲਾ ਬਣਾਉਂਦਾ ਹੈ ਉਸਨੂੰ ਉਹ ਆਪਣਾ ਨਾਮ ਦੇਣ ਦੁਆਰਾ ਹੀ ਬਣਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਨਾਮ ਮਿਲਣ ਤੋਂ ਪਹਿਲਾਂ, ਨਾਮ ਜਪਣ ਤੋਂ ਪਹਿਲਾਂ ਮਨੁੱਖ ਦੀ ਅਵੱਸਥਾ ਕੀ ਹੁੰਦੀ ਹੈ ਤੇ ਆਪਣਾ ਨਾਮ ਜਪਾਉਣ ਦੁਆਰਾ ਉਹ ਮਨੁੱਖੀ ਸਮਝ ਨੂੰ ਕਿਸ ਤਰ੍ਹਾਂ ਰੱਖਦਾ ਹੈ ਭਾਵ ਬਚਾਉਂਦਾ ਹੈ, ਆਪਣੀ ਕਿਰਪਾ ਦੁਆਰਾ ਕਿਸ ਤਰੀਕੇ ਬਚਾਉਂਦਾ ਹੈ, ਇਸ ਗੱਲ ਨੂੰ ਸਪੱਸ਼ਟ ਕੀਤਾ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਰੱਖਦਾ ਹੈ, ਜਿਸ ਦੀ ਰੱਖਿਆ ਕਰਦਾ ਹੈ, ਆਵਾ ਗਉਣ ਤੋਂ ਬਚਾਉਂਦਾ ਹੈ, ਉਹ ਮਨ ਦੀ ਮਾੜੀ ਸਮਝ ਤੋਂ ਰੱਖਣ ਦੁਆਰਾ ਹੀ ਕਰਦਾ ਹੈ। ਮਨੁੱਖ ਦੀ ਮਾੜੀ ਸਮਝ ਮਨੁੱਖ ਨੂੰ **"ਮਹਾ ਮੁਗਧ ਅਜਾਨ ਅਗਿਆਨੀ"** ਬਣਾ ਕੇ ਰੱਖਦੀ ਹੈ ਜਿਸ ਮਨ ਦੀ ਸਮਝ ਦੁਆਰਾ ਹਰ ਕੋਈ ਰੋਗੀ ਹੈ ਤੇ ਗੁਰੂ ਦਾ ਦੋਖੀ ਹੈ ਕਿਉਂਕਿ ਮਨ ਦੀ ਇਸ ਸਮਝ ਦੁਆਰਾ ਮਨੁੱਖ

ਮਾਇਆ ਮੋਹ ਵਿੱਚ ਹੀ ਫਸਿਆ ਰਹਿੰਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਮਨ ਦੀ ਅਗਿਆਨਤਾ ਕਰਕੇ ਨਾ ਸਮਝ ਪੈਂਦੀ ਹੈ ਤੇ ਨਾ ਹੀ ਉਸ ਤੇ ਚੱਲਿਆ ਜਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਸ ਮਨੁੱਖ ਨੂੰ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ ਜਿਸ ਅਗਿਆਨਤਾ ਕਰਕੇ ਮਨੁੱਖ ਨੂੰ ਮਹਾ ਮੁਗਧ ਕਿਹਾ ਹੈ ਭਾਵ ਵੱਡਾ ਮੂਰਖ ਕਿਹਾ ਹੈ ਜਿਸ ਕਰਕੇ ਉਹ "**ਅਜਾਨ**" ਹੈ ਭਾਵ ਸੱਚਾਈ ਨੂੰ ਸਮਝਣ ਵਿੱਚ ਨਾਸਮਝ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਮਨ ਦੇ ਵਿੱਚ ਅਗਿਆਨਤਾ ਵਾਲੀ ਸਮਝ ਪਾ ਕੇ ਪ੍ਰਮਾਤਮਾ ਨੇ ਆਪ ਹੀ ਸਾਨੂੰ "**ਅਜਾਨ**" ਰੱਖਿਆ ਹੋਇਆ ਹੈ। "**ਅਜਾਨ**" ਹੋਣ ਕਰਕੇ ਨਾ ਅਸੀਂ ਆਪਣੇ ਆਪ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਜਿਸ ਨੂੰ ਪ੍ਰਮਾਤਮਾ ਮਨ ਦੀ ਇਸ "**ਅਜਾਨ ਮਤਿ**" ਵਿੱਚੋਂ ਕੱਢ ਲੈਂਦਾ ਹੈ ਇਹ ਉਸ ਦੀ ਮਨੁੱਖ ਤੇ ਵੱਡੀ ਕਿਰਪਾ ਹੈ ਜਿਸ ਦੁਆਰਾ ਮਨੁੱਖੀ ਸਮਝ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦੀ ਹੈ, ਭਗਤੀ ਦੇ ਸੱਚੇ ਮਾਰਗ ਨੂੰ ਜਾਣ ਲੈਂਦੀ ਹੈ, ਮਨੁੱਖ ਦੀ ਅਸਲੀਅਤ ਨੂੰ ਜਾਣ ਲੈਂਦੀ ਹੈ, ਸੰਸਾਰ ਦੀ ਅਸਲੀਅਤ ਨੂੰ ਜਾਣ ਲੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪਣੇ ਗਿਆਨ ਰੂਪ ਵਿੱਚ ਸਭ ਦੇ ਅੰਦਰ ਸਮਾਇਆ ਹੋਇਆ ਹੈ। ਮਨ ਦੀ ਇਹ ਅਗਿਆਨਤਾ ਨਿਕਲਣ ਦੁਆਰਾ ਹੀ ਮਨੁੱਖੀ ਸਮਝ ਦੀ ਉਸ ਪੂਰੇ ਗੁਰੂ ਨਾਲ ਭੇਟ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਭੇਟ ਹੁੰਦੀ ਹੈ ਭਾਵ ਮਨ ਦੇ ਵਿਚ ਉਸ ਦੇ ਨਾਲ ਮੇਲ ਹੁੰਦਾ ਹੈ ਜੋ ਮਨ ਦੀ ਸਮਝ ਰਾਹੀਂ ਹੀ ਹੁੰਦਾ ਹੈ। ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਫਿਰ ਉਹ "**ਆਵਨ ਜਾਨ**" ਤੋਂ ਮੁਕਤ ਹੋ ਜਾਂਦਾ ਹੈ ਕਿਉਂਕਿ ਮਨ ਦੀ ਅਗਿਆਨਤਾ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦਾ ਹੈ ਭਾਵ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ, ਆਪਣੇ ਸਰੀਰ ਦੇ ਆਉਣ ਜਾਣ ਨੂੰ ਜਨਮ ਮਰਨ ਸਮਝਦਾ ਹੈ, ਆਵਾਗਉਣ ਸਮਝਦਾ ਹੈ। ਇਹ ਮਨੁੱਖ ਦਾ ਭਰਮ ਹੀ ਹੈ ਜੋ ਭਰਮ ਮਨ ਦੇ ਵਿੱਚ ਆਪਣਾ ਨਾਮ ਦੇਣ ਦੁਆਰਾ, ਆਪਣਾ ਸੱਚਾ ਗਿਆਨ ਦੇਣ ਦੁਆਰਾ, ਮਨ ਦੇ ਵਿੱਚ ਆਪਣੇ ਨਾਲ ਮੇਲ ਕਰਨ ਦੁਆਰਾ ਪ੍ਰਮਾਤਮਾ ਆਪ ਹੀ ਕੱਢਦਾ ਹੈ ਤੇ ਮਨੁੱਖ ਨੂੰ ਹਕੀਕਤ ਦੀ ਸਮਝ ਪੈਂਦੀ ਹੈ। ਉਸ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਮਨ ਦੀ ਇਹੋ ਜਿਹੀ ਸਮਝ ਦੁਆਰਾ ਆਇਆ ਜਾ ਸਕਦਾ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਸਾਨੂੰ ਆਪਣਾ ਸੱਚਾ ਗਿਆਨ ਹੀ ਦੇ ਰਿਹਾ ਹੈ ਜਿਸ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚ ਨੂੰ ਸਮਝ ਸਕੀਏ ਕਿ ਸੱਚਾਈ ਕੀ ਹੈ ਜਿਸ ਸੱਚਾਈ ਦੀ ਸਮਝ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਸਮਝ ਨਹੀਂ ਪੈ ਸਕਦੀ। ਗੁਰੂ ਦੀ ਸੱਚੀ ਸਮਝ ਨੂੰ ਮੰਨਣਾ ਹੀ ਸਾਡਾ ਗੁਰੂ ਦੀ ਸ਼ਰਨ ਵਿੱਚ ਆਉਣ ਦਾ ਸੱਚਾ ਉੱਦਮ ਹੈ ਤੇ ਇਹੀ ਨਾਮ ਜਪਣ ਦਾ ਉੱਦਮ ਹੈ ਜੋ ਉੱਦਮ ਸਿਰੇ ਚੜ੍ਹਨ ਦੁਆਰਾ ਅਸੀਂ ਸੱਚ ਦੇ ਮਾਰਗ ਨੂੰ, ਸੱਚੇ ਗਿਆਨ ਦੇ ਮਾਲਕ ਨੂੰ, ਸਾਡੀ ਸਮਝ ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਭਾਵ ਉਸ ਦੇ ਨਾਲ ਮੇਲ ਕਰ ਸਕਦੇ ਹਾਂ, ਉਸ ਪੂਰੇ ਗੁਰੂ ਦੇ ਨਾਲ ਭੇਟ ਕਰ ਸਕਦੇ ਹਾਂ। (**ਆਪਹਿ ਮੇਲਿ ਲਏ ॥ ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥੧॥ ਰਹਾਉ ॥ ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥ ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥੧॥ ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥ ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥**)

ਗੁਰੂ ਦੀ ਸ਼ਰਨ ਵਿੱਚ ਆਏ ਬਿਨ੍ਹਾਂ ਭਾਵ ਗੁਰੂ ਦੀ ਸੱਚੀ ਸਮਝ ਦੀ ਸ਼ਰਨ ਵਿੱਚ ਆਏ ਬਿਨ੍ਹਾਂ ਸਾਨੂੰ ਸੱਚੀ ਭਗਤੀ ਦੀ ਸਮਝ ਨਹੀਂ ਪੈ ਸਕਦੀ ਤੇ ਆਪਣੀ ਮਤਿ ਦੀ ਸਮਝ ਦੁਆਰਾ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦੁਆਰਾ ਅਸੀਂ ਜਿਹੋ ਜਿਹੀ ਭਗਤੀ ਕਰਦੇ ਹਾਂ ਭਾਵ ਜੋ ਭਗਤੀ ਦੇ ਅਨੇਕਾਂ ਮਾਰਗ ਅਸੀਂ ਆਪਣੀ ਆਪਣੀ ਸਮਝ ਦੁਆਰਾ, ਧਾਰਮਿਕ ਆਸਥਾ ਦੁਆਰਾ ਬਣਾਏ ਹੋਏ ਹਨ ਉਹਨਾਂ ਨੂੰ ਛੱਡੇ ਬਿਨ੍ਹਾਂ ਗੁਰੂ ਦੀ ਸ਼ਰਨ ਵਿੱਚ ਨਹੀਂ ਆਇਆ ਜਾ ਸਕਦਾ। ਛੱਡਣਾ ਅਸੀਂ ਮਨ ਦੇ ਭਰਮਾਂ ਨੂੰ ਹੀ ਹੈ ਤੇ ਸਾਡੇ ਭਰਮ ਤਾਂ ਹੀ ਨਿਕਲਣਗੇ ਜੇਕਰ ਅਸੀਂ ਗੁਰੂ ਦੀ ਸ਼ਰਨ ਵਿੱਚ ਆਵਾਂਗੇ ਭਾਵ ਗੁਰਮਤਿ ਦੀ ਸ਼ਰਨ ਵਿੱਚ ਆਵਾਂਗੇ, ਸ਼ਬਦਾਂ ਦੀ ਮਤਿ ਦੀ ਸ਼ਰਨ ਵਿੱਚ ਆਵਾਂਗੇ। ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਕੇਵਲ ਗੁਰੂ ਦੀ ਸੱਚੀ ਸਮਝ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿਉਂਕਿ ਗੁਰੂ ਦੀ ਸ਼ਰਨ ਵਿੱਚ ਸਾਨੂੰ ਮਨ ਦੇ ਇਸ ਵਿਸ਼ਵਾਸ ਨੇ ਹੀ ਲਿਆਉਣਾ ਹੈ ਕਿ ਜੋ ਭਗਤੀ ਦਾ ਮਾਰਗ ਗੁਰੂ ਸਮਝਾਉਂਦਾ ਹੈ ਕੇਵਲ ਉਹੀ ਠੀਕ ਹੈ ਤੇ ਜਿਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਣ ਤੋਂ ਸਾਨੂੰ ਗੁਰੂ ਮਨਾ ਕਰਦਾ ਹੈ ਉਹ ਮਾਰਗ ਹਕੀਕਤ ਵਿੱਚ ਠੀਕ ਨਹੀਂ ਹੈ ਤੇ ਨਾ ਹੀ ਕਦੇ ਠੀਕ ਸਮਝਣਾ ਚਾਹੀਦਾ ਹੈ।

ਸਿਰੀਰਾਗੁ ਮਹਲਾ ੫ ਘਰੁ ੫ ॥
“ਜਾਨਉ ਨਹੀ ਭਾਵੈ ਕਵਨ ਬਾਤਾ ॥
ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥
ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥
ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥
ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥”

(ਅੰਗ - ੭੧)

ਇਸ ਸ਼ਬਦ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਭ ਕੁੱਝ ਗੁਰੂ ਸਾਹਿਬ ਨੇ ਬੜਾ ਸਪੱਸ਼ਟ ਕਰ ਕੇ ਸਮਝਾਇਆ ਹੋਇਆ ਹੈ ਤਾ ਕੇ ਸਮਝਣ ਵਿੱਚ ਕਿਸੇ ਨੂੰ ਇਹ ਨਾ ਲੱਗੇ ਕਿ ਮੈਨੂੰ ਸਮਝ ਨਹੀਂ ਆਈ। ਸ਼ਬਦ ਰਾਹੀਂ ਸਾਡੇ ਉਹ ਭਗਤੀ ਦੇ ਮਾਰਗ ਹੀ ਗਿਣਵਾਏ ਹੋਏ ਹਨ ਜਿੰਨ੍ਹਾਂ ਨਾਲ ਹਰ ਕੋਈ ਕਿਸੇ ਨਾ ਕਿਸੇ ਤਰੀਕੇ ਜੁੜਿਆ ਹੋਇਆ ਹੈ, ਆਪਣੀ ਆਪਣੀ ਆਸਥਾ ਅਨੁਸਾਰ ਜੁੜਿਆ ਹੋਇਆ ਹੈ ਤੇ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਕਦੇ ਕਿਸੇ ਨੇ ਨਹੀਂ ਪਾਇਆ। ਨਾਲ ਇਹ ਵੀ ਸਮਝਾਇਆ ਹੈ ਕਿ ਇਹੋ ਜਿਹੀ ਭਗਤੀ ਦੇ ਤਰੀਕੇ ਅਪਣਾਉਣ

ਵਾਲੇ ਇਹ ਵੀ ਕਹਿੰਦੇ ਹਨ ਕਿ ਅਸੀਂ ਇਸੇ ਤਰੀਕੇ ਹੀ ਪ੍ਰਮਾਤਮਾ ਨੂੰ ਪਾਇਆ ਹੈ। ਇਹ ਕੇਵਲ ਉਹਨਾਂ ਦਾ ਭਰਮ ਹੀ ਕੱਢਿਆ ਹੋਇਆ ਜੋ ਇਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਪਾਉਣਾ ਸਮਝਦੇ ਹਨ ਤੇ ਉਹ ਦੂਸਰਿਆਂ ਨੂੰ ਵੀ ਇਹ ਕੁੱਝ ਹੀ ਸਮਝਾਉਂਦੇ ਹਨ ਕਿ ਜਿਸ ਤਰੀਕੇ ਅਸੀਂ ਪ੍ਰਮਾਤਮਾ ਨੂੰ ਪਾਇਆ ਹੈ ਉਸੇ ਤਰੀਕੇ ਹੀ ਪ੍ਰਮਾਤਮਾ ਨੂੰ ਹਰ ਕੋਈ ਪਾ ਸਕਦਾ ਹੈ। ਇਸ ਕਰਕੇ ਉਹਨਾਂ ਨੂੰ ਸਮਾਜ ਵਿੱਚੋਂ ਉੱਚੀ ਵਡਿਆਈ ਵੀ ਮਿਲਦੀ ਹੈ। ਉਹਨਾਂ ਦੇ ਪਿੱਛੇ ਲੱਗਣ ਵਾਲਿਆਂ ਨੂੰ ਵੀ ਇਹ ਸਮਝਾਇਆ ਹੈ ਕਿ ਇਹੋ ਜਿਹੀ ਭਗਤੀ ਸਿਖਾਉਣ ਵਾਲਿਆਂ ਦੇ ਪਿੱਛੇ ਨਾ ਲੱਗੋ। ਇਹੋ ਜਿਹੇ ਝੂਠੇ ਭਗਤੀ ਦੇ ਤਰੀਕੇ ਅਪਣਾਉਣ ਵਾਲੇ ਆਪਣੇ ਆਪ ਨੂੰ ਪ੍ਰਮਾਤਮਾ ਦੇ ਭਗਤ ਹੀ ਅਖਵਾਉਂਦੇ ਹਨ ਪਰ ਭਗਤ ਕੇਵਲ ਉਹ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਜਿਵੇਂ ਕਿ ਭਗਤਾਂ ਦਾ, ਗੁਰੂ ਸਾਹਿਬਾਨ ਦਾ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦਾ ਹੋਇਆ ਹੈ। (**ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥**) ਆਪਣੇ ਮੇਲ ਦੁਆਰਾ ਪ੍ਰਮਾਤਮਾ ਆਪਣੀ ਭਗਤੀ ਦਾ ਮਾਰਗ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

“ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥
ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥”

(ਅੰਗ - ੧੦੩੨)

ਬ੍ਰਹਮਾ, ਮਹੇਸ਼, ਬਿਸ਼ਨ ਬਾਰੇ ਬਾਣੀ ਵਿੱਚ ਜਿਕਰ ਅਨੇਕਾਂ ਵਾਰੀ ਆਇਆ ਹੈ ਤੇ ਉੱਪਰ ਪੰਗਤੀਆਂ ਵਿੱਚ “**ਇੰਦ੍ਰ**” ਦਾ ਵੀ ਜਿਕਰ ਹੈ ਜਿੰਨ੍ਹਾਂ ਨੂੰ ਕਰੋੜਾਂ ਹੀ ਲੋਕ ਪ੍ਰਮਾਤਮਾ ਦਾ ਰੂਪ ਜਾਣਕੇ ਪੂਜਦੇ ਹਨ ਤੇ ਉਹੋ ਜਿਹੀ ਭਗਤੀ ਦਾ ਮਾਰਗ ਅਪਣਾਉਂਦੇ ਹਨ ਜਿਹੋ ਜਿਹਾ ਉਹ ਆਪਣੀ ਧਾਰਮਿਕ ਆਸਥਾ ਅਨੁਸਾਰ ਸਮਝਦੇ ਹਨ। ਪਰ ਕੀ ਬਾਣੀ ਸਾਨੂੰ ਕੁੱਝ ਗਲਤ ਸਮਝਾ ਰਹੀ ਹੈ ਕਿ ਇਹ ਸਭ ਪ੍ਰਮਾਤਮਾ ਦਾ ਰੂਪ ਅਖਵਾਉਣ ਵਾਲੇ ਤ੍ਰੈਗੁਣਾਂ ਵਿੱਚ ਹੀ ਰਹੇ ਹਨ ਤੇ ਉਹਨਾਂ ਨੂੰ ਪ੍ਰਮਾਤਮਾ ਦੀ ਭਗਤੀ ਕੀ ਹੈ ਇਸ ਗੱਲ ਦੀ ਸਮਝ ਹੀ ਨਹੀਂ ਆਈ। ਬਾਣੀ ਸਾਨੂੰ 100/100 ਭਾਵ ਸ਼ਤ ਪ੍ਰਤੀਸ਼ਤ ਭਾਵ ਪੂਰਨ ਰੂਪ ਵਿੱਚ ਸੱਚ ਹੀ ਸਮਝਾ ਰਹੀ ਹੈ ਪਰ ਇਸ ਗੱਲ ਨੂੰ ਸਮਝ ਉਹੀ ਸਕਦਾ ਹੈ ਤੇ ਮੰਨ ਸਕਦਾ ਹੈ ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਕਿ ਉਹ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ। ਪ੍ਰਮਾਤਮਾ “**ਨਿਰੰਕਾਰ**” ਰੂਪ ਵਿੱਚ ਹੈ ਤੇ ਹਰ ਆਕਾਰ ਰੂਪ ਦੇ ਵਿੱਚ ਉਹ ਆਪਣੇ ਨਿਰੰਕਾਰ ਰੂਪ ਵਿੱਚ ਹੀ ਹੈ। ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਹੀ ਗੁਰੂ ਹੈ , ਸ਼ਬਦ ਰੂਪ ਵਿੱਚ ਗੁਰੂ ਹੈ। ਉਸ ਗੁਰੂ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਤੋਂ ਬਾਅਦ ਕੋਈ ਆਪਣੇ ਆਕਾਰ ਰੂਪ ਨੂੰ ਗੁਰੂ ਕਹਿ ਲਵੇ, ਵੱਡਾ ਕਹਿ ਲਵੇ, ਇਸ ਆਕਾਰ ਰੂਪ ਵਿੱਚ ਆਪਣੇ ਆਪ ਨੂੰ ਰੱਬ ਕਹਿ ਲਵੇ ਇਹ ਨਾਮੁਮਕਿਨ ਹੈ। ਜਿਸ ਨੇ ਆਪਣੇ ਆਪ ਨੂੰ ਵੱਡਾ ਕਹਿ ਲਿਆ ਉਸ ਦਾ ਸਿੱਧਾ ਮਤਲਬ ਇਹ ਹੈ ਕਿ ਉਸ ਨੇ ਉਸ ਵੱਡੇ ਨੂੰ ਭਾਵ ਪ੍ਰਮਾਤਮਾ ਨਹੀਂ ਜਾਣਿਆ। ਉਹ ਪ੍ਰਮਾਤਮਾ ਅਲਖ ਹੈ ਜੋ ਅਦ੍ਰਿਸ਼ਟ ਹੈ, ਜਿਸ ਦਾ ਕੋਈ ਰੂਪ ਰੇਖ ਨਹੀਂ ਹੈ। ਉਹ ਸਭ ਜਗ੍ਹਾ ਆਪਣੇ ਨਿਰੰਕਾਰ ਰੂਪ ਵਿੱਚ ਭਾਵ “**ਗਿਆਨੁ**” ਰੂਪ ਵਿੱਚ ਹੈ ਜੋ ਉਸ ਦਾ ਰੂਪ ਸਾਡੇ ਅੰਦਰ ਮਨ ਦੇ ਵਿੱਚ ਹੀ ਹੈ। ਜੋ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣ ਲੈਂਦਾ ਹੈ, ਉਸ ਦੀ ਕਿਰਪਾ ਦੁਆਰਾ ਪਛਾਣ ਲੈਂਦਾ ਹੈ, ਉਸ ਨੂੰ ਹੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਤੇ ਸਮਝ ਲੱਗਦੀ ਹੈ ਮੇਰੇ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਭਾਵ ਇਹ ਸਰੀਰ ਮੇਰਾ ਨਹੀਂ ਹੈ, ਇਹ ਸਰੀਰ ਦੀ ਕੋਈ ਵਡਿਆਈ ਨਹੀਂ ਹੈ। ਜਿਸ ਦੀ “**ਵਡਿਆਈ**” ਹੈ ਉਹ ਆਪ ਨਿਰੰਕਾਰ ਰੂਪ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣਾ ਆਪ ਪ੍ਰਗਟ ਕਰਦਾ ਹੈ, ਉਹ ਹੀ ਉਸ ਦਾ ਭਗਤ ਬਣ ਸਕਦਾ ਹੈ ਜਿਸ ਨੂੰ ਭਗਤੀ ਦਾ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਭਗਤੀ ਦਾ ਗਿਆਨ ਦੇਣ ਦੁਆਰਾ ਆਪ ਹੀ ਸਮਝਾਉਂਦਾ ਹੈ ਜਿਸ ਆਪਣੇ ਸੱਚੇ ਗਿਆਨ ਦੁਆਰਾ ਉਹ ਮਨੁੱਖ ਨੂੰ ਭਾਵ ਮਨੁੱਖੀ ਸਮਝ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਜੇਕਰ ਕੋਈ ਆਪਣੇ ਆਪ ਨੂੰ ਭਗਤ ਸਮਝਦਾ ਹੈ, ਭਗਤ ਕਹਾਉਂਦਾ ਹੈ ਇਹ ਫਿਰ ਉਸ ਦੀ ਕੇਵਲ ਅਗਿਆਨਤਾ ਹੈ, ਮਨ ਦਾ ਭਰਮ ਹੈ। ਮਨ ਦੇ ਇਸ ਭਰਮ ਵਿੱਚੋਂ ਪ੍ਰਮਾਤਮਾ ਨੇ ਬ੍ਰਹਮਾ, ਇੰਦ੍ਰ, ਮਹੇਸ਼ ਆਦਿ ਵਰਗਿਆਂ ਨੂੰ ਵੀ ਨਹੀਂ ਕੱਢਿਆ ਜਿਸ ਕਰਕੇ ਉਹਨਾਂ ਨੇ ਆਪਣੇ ਆਪ ਨੂੰ ਵੱਡਾ ਸਮਝਿਆ ਹੈ, ਆਪਣੇ ਆਪ ਨੂੰ ਪ੍ਰਮਾਤਮਾ ਸਮਝਿਆ ਹੈ ਤੇ ਸੰਸਾਰ ਨੂੰ ਵੀ ਪ੍ਰਮਾਤਮਾ ਦੀ ਅਸਲੀਅਤ ਸਮਝਣ ਵਿੱਚ ਭਰਮਾਂ ਵਿੱਚ ਹੀ ਪਾਇਆ ਹੈ। ਆਕਾਰ ਰੂਪ ਨੂੰ ਪ੍ਰਮਾਤਮਾ ਸਮਝਣ ਵਾਲੇ ਤੇ ਆਕਾਰ ਰੂਪ ਨੂੰ ਪੂਜਣ ਵਾਲੇ ਹਰ ਕੋਈ

ਭਰਮ ਵਿੱਚ ਹੀ ਹਨ। ਮਨ ਦੇ ਭਰਮਾਂ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਪ੍ਰਮਾਤਮਾ ਦਾ ਨਿਰੰਕਾਰ ਰੂਪ ਜਾਣੇ ਬਿਨ੍ਹਾਂ, ਇਸ ਮਨ ਨੂੰ ਜਾਣੇ ਬਿਨ੍ਹਾਂ ਕੋਈ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦਾ ਤੇ ਭਰਮਾਂ ਵਿੱਚ ਹੀ ਉਹੋ ਜਿਹੇ ਮਾਰਗਾਂ ਨੂੰ ਭਗਤੀ ਦੇ ਮਾਰਗ ਸਮਝਦਾ ਹੈ ਜਿੰਨ੍ਹਾਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। (**ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥**) ਅੰਗ - ੧੦੩੨

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ
ੴ ਸਤਿਗੁਰ ਪ੍ਰਸਾਦਿ ॥
{ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥
ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥
ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥
ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥
ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥}

(ਅੰਗ - ੩੩੦)

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥
ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥
ਆਪਿ ਕਰਾਏ ਕਰਤਾ ਸੋਈ ॥
ਹੋਰੁ ਕਿ ਕਰੇ ਕੀਤੈ ਕਿਆ ਹੋਈ ॥
ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥੮॥}

(ਅੰਗ - ੧੨੪)

ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੁਣ ਅਸੀਂ ਇਸ ਗੱਲ ਨੂੰ ਕੁੱਝ ਹੋਰ ਆਸਾਨੀ ਨਾਲ ਸਮਝਦੇ ਹਾਂ ਜੋ ਅਸੀਂ ਮੁੱਖ ਸ਼ਬਦ ਰਾਹੀਂ ਸਮਝ ਰਹੇ ਹਾਂ ਕਿ ਅਨੇਕਾਂ ਭਰਮਾਂ ਵਾਲੇ ਤਰੀਕਿਆਂ ਨਾਲ ਆਪਣੇ ਵੱਲੋਂ ਜੋ ਭਗਤੀ ਕਰਨਾ ਸਮਝਦੇ ਹਨ ਉਹ ਆਪਣੇ

ਆਪ ਨੂੰ ਪ੍ਰਮਾਤਮਾ ਦਾ ਭਗਤ ਹੀ ਸਮਝਦੇ ਹਨ ਭਾਵ ਕੋਈ ਵੀ ਆਪਣੀ ਭਗਤੀ ਨੂੰ ਘੱਟ ਨਹੀਂ ਸਮਝਦਾ ਤੇ ਉਹੋ ਜਿਹੀ ਭਗਤੀ ਦੁਆਰਾ ਹੀ ਉਹ ਇਹ ਕਹਿੰਦਾ ਹੈ ਕਿ ਮੈਂ ਪ੍ਰਮਾਤਮਾ ਨੂੰ ਪਾ ਲਿਆ ਹੈ। ਇਹੋ ਜਿਹੀ ਗੱਲ ਉਹੀ ਕਹਿ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ, ਆਪਣੇ ਮਨ ਦੀ, ਨਾਮ ਦੀ ਰੱਤੀ ਭਰ ਵੀ ਸਮਝ ਨਹੀਂ ਹੈ। (**ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥**) ਇਸੇ ਲਈ ਮੁੱਖ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਜੋ ਕਿ "ਰਹਾਉ" ਵਾਲੀਆਂ ਪੰਗਤੀਆਂ ਹਨ ਉਸ ਰਾਹੀਂ ਸੰਸਾਰ ਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਪ੍ਰਮਾਤਮਾ ਨੂੰ ਕਿਹੋ ਜਿਹੀ ਭਗਤੀ ਭਾਉਂਦੀ ਹੈ ਭਾਵ ਸਾਨੂੰ ਭਗਤੀ ਦੇ ਮਾਰਗ ਦੀ ਸਮਝ ਨਹੀਂ ਹੈ ਤੇ ਆਪਣੇ ਮਨ ਦੀ ਸਮਝ ਰਾਹੀਂ ਭਗਤੀ ਦੇ ਮਾਰਗ ਨੂੰ ਖੋਜੋ। ਧਰਮ ਗ੍ਰੰਥਾਂ ਦਾ ਮਕਸਦ, ਪੂਰੀ ਗੁਰਬਾਣੀ ਦਾ ਮਕਸਦ ਧਰਮ ਦਾ ਸੱਚਾ ਮਾਰਗ ਖੋਜਣ ਲਈ ਹੀ ਹੈ ਕਿ ਪ੍ਰਮਾਤਮਾ ਨੂੰ ਕਿਹੋ ਜਿਹਾ ਭਗਤੀ ਦਾ ਮਾਰਗ ਭਾਉਂਦਾ ਹੈ। ਗੁਰਬਾਣੀ ਰਾਹੀਂ ਸਾਨੂੰ ਜੋ ਵਾਰ-ਵਾਰ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੋਇਆ ਹੈ ਉਸ ਤੇ ਸਾਡਾ ਵਿਸ਼ਵਾਸ ਹੀ ਨਹੀਂ ਟਿਕਦਾ ਕਿਉਂਕਿ ਵਿਸ਼ਵਾਸ ਉਹਨਾਂ ਤਰੀਕਿਆਂ ਤੇ ਆਇਆ ਹੋਇਆ ਹੈ ਜੋ ਤਰੀਕੇ ਸਦੀਆਂ ਤੋਂ ਚੱਲਦੇ ਆ ਰਹੇ ਹਨ ਤੇ ਉਹਨਾਂ ਨੂੰ ਅਸੀਂ ਠੀਕ ਸਮਝਿਆ ਹੋਇਆ ਹੈ। ਸੱਚਾ ਮਾਰਗ ਤਾਂ ਹੀ ਖੋਜ ਸਕਾਂਗੇ ਜੇਕਰ ਗੁਰੂ ਦੀ ਮਤਿ ਤੇ ਵਿਸ਼ਵਾਸ ਟਿਕੇਗਾ ਕਿ ਜਿਹੜੇ ਤਰੀਕਿਆਂ ਨਾਲ ਅਸੀਂ ਜੁੜੇ ਹੋਏ ਹਾਂ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਜੁੜੇ ਹੋਏ ਹਾਂ ਉਹ ਭਗਤੀ ਦਾ ਸੱਚਾ ਮਾਰਗ ਨਹੀਂ ਹੈ ਤੇ ਇਹੋ ਜਿਹੇ ਤਰੀਕਿਆਂ ਦੁਆਰਾ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਕਦੇ ਪਾਇਆ ਜਾ ਸਕਦਾ ਹੈ। (**ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥**)

ਹੁਣ ਇਸ ਸ਼ਬਦ ਦੇ ਆਖਰੀ ਪਦੇ ਨੂੰ ਸਮਝੋ ਕਿ ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ।

"ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥

ਨਾਨਕੁ ਗੁਰ ਚਰਣਿ ਪਰਾਤਾ ॥"

ਜਿਹੜਾ ਜਿਹੋ ਜਿਹੇ ਵੀ ਭਗਤੀ ਦੇ ਮਾਰਗ ਤੇ ਲੱਗਿਆ ਹੋਇਆ ਹੈ ਜਿਵੇਂ ਕਿ ਉੱਪਰ ਸ਼ਬਦ ਵਿੱਚ ਗਿਣਾਏ ਹੋਏ ਹਨ, ਕੀ ਉਹਨਾਂ ਤੇ ਚੱਲਣ ਵਾਲੇ ਕਦੇ ਇਹ ਕਹਿ ਸਕਦੇ ਹਨ, ਮੰਨ ਸਕਦੇ ਹਨ ਕਿ ਅਸੀਂ ਗੁਰੂ ਦੀ ਸ਼ਰਨ ਵਿੱਚ ਅਜੇ ਤੱਕ ਨਹੀਂ ਆਏ। ਹਰ ਕੋਈ ਇਹੀ ਸਮਝਦਾ ਹੈ ਕਿ ਅਸੀਂ ਗੁਰੂ ਦੀ ਸ਼ਰਨ ਵਿੱਚ ਆਏ ਹੋਏ ਹਾਂ, ਅਸੀਂ ਗੁਰੂ ਦੇ ਦਰ ਤੇ ਰੋਜ ਮੱਥੇ ਟੇਕਦੇ ਹਾਂ, ਅਸੀਂ ਰੋਜ ਬੜੇ ਪਾਠ ਕਰਦੇ ਹਾਂ, ਅਸੀਂ ਰੋਜ ਸਮਾਧੀਆਂ ਲਗਾ ਕੇ ਅੱਖਰ ਦਾ ਜਾਪ ਕਰਦੇ ਹਾਂ, ਰੋਜ ਸਵੇਰੇ ਸਵੇਰੇ ਕਿਸੇ ਵੇਲੇ ਨੂੰ ਉੱਚਾ ਸਮਝਕੇ ਜਪ ਤਪ ਸ਼ੁਰੂ ਕਰ ਦਿੰਦੇ ਹਾਂ, ਕੋਈ ਗਿਆਨ ਇਕੱਠਾ ਕਰੀ ਜਾਂਦਾ ਹੈ, ਕੋਈ ਧਿਆਨ ਜੋੜ ਕੇ ਬੈਠਾ ਰਹਿੰਦਾ ਹੈ, ਕੋਈ ਤੀਰਥਾਂ ਤੇ ਫਿਰਦਾ ਰਹਿੰਦਾ ਹੈ ਤੇ ਹੋਰ ਵੀ ਅਨੇਕਾਂ ਤਰੀਕੇ ਅਪਣਾਉਂਦਾ ਹੈ ਤੇ ਕੀ ਉਹ ਕਦੇ ਮੰਨ ਸਕਦਾ ਹੈ ਕਿ ਮੈਂ ਗੁਰੂ ਦੀ ਸ਼ਰਨ ਨਹੀਂ ਲਈ, ਮੈਂ ਗੁਰੂ ਦੀ ਓਟ ਨਹੀਂ ਲਈ, ਮੈਂ ਗੁਰੂ ਦੇ ਚਰਨਾਂ ਨਾਲ ਨਹੀਂ ਜੁੜਿਆ ਪਰ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ ਇਸ ਗੱਲ ਨੂੰ ਵੀ ਸਮਝੋ। ਗੁਰੂ ਸਾਹਿਬ ਤੇ ਸਾਨੂੰ ਝੂਠੀ ਗੱਲ ਨਹੀਂ ਸਮਝਾ ਸਕਦੇ ਜੋ ਆਪ ਹੀ ਪ੍ਰਮਾਤਮਾ ਦਾ ਰੂਪ ਹਨ ਜਿੰਨ੍ਹਾਂ ਵਿੱਚ ਕੋਈ ਭੇਦ ਹੀ ਨਹੀਂ ਹੈ। ਗੁਰੂ ਸਾਹਿਬ ਸਾਨੂੰ ਜੋ ਸਮਝਾ ਰਹੇ ਹਨ ਤੇ ਜੇਕਰ ਅਸੀਂ ਉਹਨਾਂ ਦੀ ਗੱਲ ਨੂੰ ਸੱਚੀ ਮੰਨਣ ਲਈ ਤਿਆਰ ਹਾਂ ਫਿਰ ਉਹ ਸਾਨੂੰ ਇਹ ਸਮਝਾ ਰਹੇ ਹਨ ਜਿਸ ਨੂੰ ਸਮਝਣ ਵਿੱਚ ਤਾਂ ਘੱਟੋ ਘੱਟ ਕਿਸੇ ਨੂੰ ਕੋਈ ਭਰਮ ਨਹੀਂ ਹੋ ਸਕਦਾ ਪਰ ਮੰਨਣ ਵਿੱਚ ਭਾਵੇਂ ਹੋ ਸਕਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਜਿਤਨੇ ਵੀ ਤਰੀਕੇ ਅਸੀਂ ਭਗਤੀ ਦੇ ਉੱਪਰ ਸ਼ਬਦ ਰਾਹੀਂ ਪੜੇ ਹਨ, ਇਹੋ ਜਿਹੇ ਤਰੀਕਿਆਂ ਦੁਆਰਾ ਜੇਕਰ ਅਸੀਂ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ ਉਹ ਸਾਡੀ ਇੱਕ ਝੂਠੀ ਦਲੀਲ ਹੈ ਭਾਵ ਸਾਡਾ ਝੂਠਾ ਵਿਸ਼ਵਾਸ ਹੈ ਜਿਸ ਵਿੱਚ ਗੁਰਮਤਿ ਨਹੀਂ ਹੈ। ਇਨ੍ਹਾਂ ਸਾਰੇ ਤਰੀਕਿਆਂ ਦਾ ਜੋ ਤਿਆਗੀ ਬਣਦਾ ਹੈ ਭਾਵ ਜੋ ਇਨ੍ਹਾਂ ਸਾਰੇ ਤਰੀਕਿਆਂ ਨੂੰ ਛੱਡ ਦਿੰਦਾ ਹੈ ਉਹ ਗੁਰੂ ਦੀ ਸ਼ਰਨ ਵਿੱਚ

ਪੈਂਦਾ ਹੈ ਭਾਵ ਗੁਰੂ ਦੀ ਸਮਝ ਦੀ ਸ਼ਰਨ ਵਿੱਚ ਪੈਂਦਾ ਹੈ ਤੇ ਜੋ ਭਗਤੀ ਦੇ ਉਹੋ ਜਿਹੇ ਤਰੀਕਿਆਂ ਨਾਲ ਹੀ ਜੁੜਿਆ ਰਹਿੰਦਾ ਹੈ ਜਿੰਨ੍ਹਾਂ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਉਹ ਗੁਰੂ ਦੀ ਸ਼ਰਨ ਵਿੱਚ ਨਹੀਂ ਆਇਆ। ਗੁਰੂ ਦੀ ਸ਼ਰਨ ਵਿੱਚ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਆਇਆ ਜਾ ਸਕਦਾ ਹੈ। ਗੁਰੂ ਦੀ ਸੱਚੀ ਸਮਝ ਦੀ ਸ਼ਰਨ ਵਿੱਚ ਆਉਣਾ ਹੀ ਗੁਰੂ ਦੇ ਚਰਨਾਂ ਨੂੰ ਮੱਥਾ ਟੇਕਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਗੁਰੂ ਦੀ ਸ਼ਰਨ ਵਿੱਚ ਪੈਂਦਾ ਹੈ ਉਹੀ ਭਗਤੀ ਦੇ ਮਾਰਗ ਨੂੰ ਖੋਜ ਸਕਦਾ ਹੈ ਜਿਵੇਂ ਕਿ ‘‘ਰਹਾਉ’’ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ ਕਿ ਭਗਤੀ ਦੇ ਮਾਰਗ ਨੂੰ ਖੋਜੋ ਭਾਵ ਸਮਝੋ ਕਿ ਭਗਤੀ ਦਾ ਮਾਰਗ ਕੀ ਹੈ। ਸੱਚੀ ਭਗਤੀ ਦੇ ਮਾਰਗ ਨੂੰ ਅਸੀਂ ਤਾਂ ਹੀ ਸਮਝ ਪਾਵਾਂਗੇ ਤੇ ਉਨ੍ਹਾਂ ਅਨੁਸਾਰ ਚੱਲ ਸਕਾਂਗੇ ਜੇਕਰ ਪਹਿਲੇ ਉਹਨਾਂ ਤਰੀਕਿਆਂ ਨੂੰ ਛੱਡਾਂਗੇ ਜੋ ਸੱਚੀ ਭਗਤੀ ਦਾ ਮਾਰਗ ਹੈ ਹੀ ਨਹੀਂ। ਅਸੀਂ ਭਗਤੀ ਦੇ ਦਿਖਾਵਿਆਂ ਨੂੰ ਭਗਤੀ ਦਾ ਮਾਰਗ ਸਮਝਦੇ ਹਾਂ, ਆਪਣੀ ਕਥਨੀ ਨੂੰ ਆਪਣੀ ਭਗਤੀ ਦਾ ਮਾਰਗ ਸਮਝਦੇ ਹਾਂ ਜਦ ਕਿ ਅਸਲ ਭਗਤੀ ਸਾਡੀ ਸੱਚੀ ਸੁਚੀ ਕਰਨੀ ਹੈ, ਸਾਡੀ ਸੰਸਾਰ ਵਿਚ ਸੱਚੀ ਰਹਿਣੀ ਹੈ ਜੋ ਕਿ ਮਨ ਦੇ ਵਿਕਾਰਾਂ ਨੂੰ ਛੱਡ ਕੇ ਗੁਣਾਂ ਅਨੁਸਾਰ ਵਿਚਰਨ ਦੀ ਹੈ ਜੋ ਸੱਚੀ ਭਗਤੀ ਦਾ ਮਾਰਗ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਵੀ ਸਮਝਦੇ ਰਹਾਂਗੇ, ਸ਼ਬਦਾਂ ਦੀ ਗਹਿਰਾਈ ਨੂੰ ਸਮਝਣ ਦੁਆਰਾ ਸਮਝਾਂਗੇ। ਗੁਰਬਾਣੀ ਰਾਹੀਂ ਸਾਨੂੰ ਬਹੁਤ ਕੁੱਝ ਸਮਝਾਇਆ ਹੋਇਆ ਹੈ ਤੇ ਸਭ ਕੁੱਝ ਹੀ ਸਮਝਾਂਗੇ, ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਜੋ ਵਿਸ਼ਵਾਸ ਰੱਖਣ ਦੁਆਰਾ ਹੀ ਗੁਰੂ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ। (**ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥**) ਅੰਗ - ੭੧

ਉੱਪਰ ਸ਼ਬਦਾਂ ਰਾਹੀਂ ਅਸੀਂ ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ ਇਸ ਗੱਲ ਨੂੰ ਸਮਝਿਆ ਹੈ। ਸਾਡੇ ਮਨ ਦੀ ਮੈਲ ਗੁਰੂ ਦੀ ਸ਼ਰਨ ਵਿੱਚ ਆਉਣ ਦੁਆਰਾ ਹੀ ਧੁਪਦੀ ਹੈ। ਗੁਰੂ ਦੀ ਸ਼ਰਨ ਵਿੱਚ ਆਉਣ ਨਾਲ ਗੁਰੂ ਕੋਲੋਂ ਉਸ ਦਾ ਸੱਚਾ ਗਿਆਨ ਹੀ ਮਿਲਦਾ ਹੈ ਜੋ ਸਾਡੇ ਅੰਦਰੋਂ ਅਗਿਆਨਤਾ ਦੀ ਮੈਲ ਨੂੰ ਧੋ ਦਿੰਦਾ ਹੈ। ਸਾਡਾ ਮਨ ਤਾਂ ਹੀ ਨਿਰਮਲ ਹੋ ਸਕਦਾ ਹੈ ਜਦੋਂ ਸਾਡੇ ਅੰਦਰੋਂ ਇਹ ਅਗਿਆਨਤਾ ਦੀ ਮੈਲ ਭਾਵ ਮਨ ਦੀ ਮਾੜੀ ਸਮਝ ਰੂਪ ਮੈਲ, ਹਉਮੈ ਰੂਪ ਮੈਲ ਨਿਕਲ ਜਾਂਦੀ ਹੈ। ਸਾਡੇ ਮਨ ਦੀ ਮੈਲ ਸ਼ਬਦਾਂ ਦੀ ਕਥਨੀ ਨਾਲ ਨਹੀਂ ਧੁਪ ਸਕਦੀ ਕਿਉਂਕਿ ਕਥਨੀ ਕਰੀ ਜਾਣ ਨਾਲ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਭਾਵ ਸਾਡਾ ਕੋਈ ਭਰਮ ਦੂਰ ਨਹੀਂ ਹੁੰਦਾ। ਜੇਕਰ ਅਸੀਂ ਨਾਮ ਨੂੰ ਕੋਈ ਅੱਖਰ ਸਮਝਕੇ ਜਪੀ ਜਾਵਾਂਗੇ ਭਾਵ ਬੋਲ ਬੋਲ ਕੇ ਜਪੀ ਜਾਵਾਂਗੇ ਜਿਸ ਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ ਉਸ ਨਾਲ ਫਿਰ ਸਾਡੇ ਮਨ ਦੀ ਮੈਲ ਕਿਵੇਂ ਧੁਪ ਸਕਦੀ ਹੈ ਭਾਵ ਸਾਡਾ ਮਨ ਨਿਰਮਲ ਕਿਵੇਂ ਬਣ ਸਕਦਾ ਹੈ, ਪਵਿੱਤਰ ਕਿਵੇਂ ਬਣ ਸਕਦਾ ਹੈ। ਹੁਣ ਅਸੀਂ ਪਿੱਛੇ ਜਿਸ ਸ਼ਬਦ ਨੂੰ ਸਮਝ ਰਹੇ ਸੀ ਉਸ ਸ਼ਬਦ ਦੀ ‘‘ਰਹਾਉ’’ ਵਾਲੀ ਪੰਗਤੀ ਨੂੰ ਹੋਰ ਵੀ ਤਸੱਲੀ ਨਾਲ ਸਮਝ ਸਕਦੇ ਹਾਂ ਕਿ ਗੁਰੂ ਸਾਨੂੰ ਕਿਹੇ ਜਿਹਾ ਨਾਮ ਜਪਣਾ ਸਮਝਾਉਂਦਾ ਹੈ, ਕਿਹੋ ਜਿਹਾ ਹਰਿ ਹਰਿ ਕਰਨਾ ਸਮਝਾਉਂਦਾ ਹੈ ਤੇ ਅਸੀਂ ਕਿਹੋ ਜਿਹਾ ਹਰਿ ਹਰਿ ਕਰਦੇ ਹਾਂ। ਹਰਿ ਹਰਿ ਪ੍ਰਮਾਤਮਾ ਦਾ ਨਾਮ ਹੈ ਜੋ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਹਰ ਸ਼ਬਦ ਸਾਨੂੰ ਹਰਿ ਹਰਿ ਕਰਨਾ ਹੀ ਸਿਖਾਉਂਦਾ ਹੈ ਭਾਵ ਨਾਮ ਜਪਣਾ ਹੀ ਸਿਖਾਉਂਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਜਪਿਆ ਜਾ ਸਕਦਾ ਹੈ ਨਾ ਕਿ ਮੁੱਖੋਂ ਹਰਿ ਹਰਿ ਬੋਲੀ ਜਾਣ ਨਾਲ ਭਾਵ ਕਥਨੀ ਕਰੀ ਜਾਣ ਨਾਲ। ਹਰਿ ਹਰਿ ਕਰਨ ਦਾ ਮਕਸਦ ਆਪਣੇ ਮਨ ਦੀ ਮੈਲ ਨੂੰ ਧੋਣ ਨਾਲ ਹੀ ਹੈ ਜੋ ਮੈਲ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ ਜੋ ਕਿ ਹਰਿ ਦੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ। ਪੂਰੀ ਗੁਰਬਾਣੀ ਵਿੱਚ ‘‘ਹਰਿ’’ ਦੀ ਆਪਣੀ ਦਿੱਤੀ ਹੋਈ ਮਤਿ ਹੀ ਹੈ ਜਿਸ ਮਤਿ ਨੂੰ ਮੰਨਣ ਦੁਆਰਾ ਹੀ ਹਰਿ ਨੂੰ ਜਪਿਆ ਜਾ ਸਕਦਾ ਹੈ। ਹਰ ਸ਼ਬਦ ਦੀ ਵਿਚਾਰ ਦੇ ਵਿੱਚ ‘‘ਹਰਿ’’ ਆਪ ਹੀ ਹੈ ਜੋ ਹਰ ਸ਼ਬਦ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਆਪਣੇ ਨਾਮ ਦੇ ਰੂਪ ਵਿੱਚ ਹੈ। ਸ਼ਬਦਾਂ ਦਾ ਵਿਚਾਰੀ ਬਣਕੇ ਵਿਚਰਨਾ ਹਰਿ ਹਰਿ ਕਰਨਾ ਹੈ ਨਾ ਕਿ ਕਿਸੇ ਅੱਖਰ ਦੀ ਕਥਨੀ ਕਰੀ ਜਾਣਾ। ਕਿਸੇ ਅੱਖਰ ਨੂੰ ਕੇਵਲ ਕਥੀ ਜਾਣਾ ਕੇਵਲ ਸਾਡੀ ਮਨਮੁੱਖਤਾ ਹੈ ਭਾਵ ਕੇਵਲ ਮਨਮਤਿ ਹੈ, ਸਾਡੀ ਨਾਸਮਝੀ ਹੈ। (**ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥**) ਅੰਗ - ੩੯

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥
ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥

ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥
ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥
ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥}

(ਅੰਗ - ੨੨)

{ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥
ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ ॥੧॥
ਵਾਹੁ ਵਾਹੁ ਸਹਜੇ ਗੁਣ ਰਵੀਜੈ ॥
ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ॥੧॥ ਰਹਾਉ ॥
ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥
ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥੨॥
ਏ ਮਨ ਮੇਰੇ ਸਦਾ ਰੰਗਿ ਰਾਤੇ ਸਦਾ ਹਰਿ ਕੇ ਗੁਣ ਗਾਉ ॥
ਹਰਿ ਨਿਰਮਲੁ ਸਦਾ ਸੁਖਦਾਤਾ ਮਨਿ ਚਿੰਦਿਆ ਫਲੁ ਪਾਉ ॥੩॥
ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ ॥
ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ ॥੪॥
ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥
ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥੫॥
ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ ॥੬॥
ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥
ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥}

(ਅੰਗ - ੫੬੫)

{ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥
ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ ॥
ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥}

(ਅੰਗ - ੬੭)

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥}

(ਅੰਗ - ੯੯੪)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ ॥੩॥}

(ਅੰਗ - ੨੩)

{ਭਾਈ ਰੇ ਗੁਰਮੁਖਿ ਸਦਾ ਪਤਿ ਹੋਇ ॥
ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ ॥੧॥ ਰਹਾਉ ॥}

(ਅੰਗ - ੨੮)

{ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥
ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥
ਜਪਿ ਮਨ ਨਾਮੁ ਏਕੁ ਅਪਾਰੁ ॥
ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ ॥੧॥ ਰਹਾਉ ॥
ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥
ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥
ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥
ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥}

(ਅੰਗ - ੫੧)

{ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥
ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥੨॥}

(ਅੰਗ - ੨੯੬)

ਪਉੜੀ ॥

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥

ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥
ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥
ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥
ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ - ੨੯੬-੨੯੭)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥}

(ਅੰਗ - ੫੬੫)

{ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥
ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥
ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥}

(ਅੰਗ - ੩੫)

{ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥}

(ਅੰਗ - ੩੩੭)

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ॥
ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ ॥
ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ ॥੧॥}

(ਅੰਗ - ੫੫੫)

{ਕਾਮੁ ਕ੍ਰੋਧੁ ਲੋਭੁ ਤਿਆਗੁ ॥
ਮਨਿ ਸਿਮਰਿ ਗੋਬਿੰਦ ਨਾਮ ॥
ਹਰਿ ਭਜਨ ਸਫਲ ਕਾਮ ॥੧॥ ਰਹਾਉ ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥
ਮਨ ਸੰਤਨਾ ਕੈ ਚਰਨਿ ਲਾਗੁ ॥੧॥}

(ਅੰਗ - ੪੦੮-੪੦੯)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥}

(ਅੰਗ - ੫੭੮)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥੨॥}

(ਅੰਗ - ੭੦੪)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥੧॥}

(ਅੰਗ - ੪੫੩)

{ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥}

(ਅੰਗ - ੪੫੯)

{ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ ॥
ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥
ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥
ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥
ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ ॥
ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ ॥੧॥}

(ਅੰਗ - ੮੪੭)

{ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨੁ ਪਾਏ ॥੧॥}

(ਅੰਗ - ੧੩੧੨)

{ਬਿਨਸੇ ਕਾਮ ਕ੍ਰੋਧ ਅਹੰਕਾਰ ॥
ਤੂਟੇ ਮਾਇਆ ਮੋਹ ਪਿਆਰ ॥
ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥
ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥
ਕਰਨ ਕਰਾਵਨਹਾਰ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ ॥
ਕਰਿ ਕਿਰਪਾ ਅਪਨੀ ਸੇਵਾ ਲਾਇ ॥
ਨਾਨਕ ਦਾਸ ਤੇਰੀ ਸਰਣਾਇ ॥੪॥}

(ਅੰਗ - ੧੧੪੮)

{ਮਨਿ ਤਨਿ ਵਸਿਆ ਹਰਿ ਪ੍ਰਭੁ ਸੋਈ ॥
ਕਲਿ ਕਲੇਸ ਕਿਛੁ ਬਿਘਨੁ ਨ ਹੋਈ ॥

ਸਦਾ ਸਦਾ ਪ੍ਰਭੁ ਜੀਅ ਕੈ ਸੰਗਿ ॥
ਉਤਰੀ ਮੈਲੁ ਨਾਮ ਕੈ ਰੰਗਿ ॥੨॥
ਚਰਨ ਕਮਲ ਸਿਉ ਲਾਗੋ ਪਿਆਰੁ ॥
ਬਿਨਸੇ ਕਾਮ ਕ੍ਰੋਧ ਅਹੰਕਾਰ ॥
ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥
ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥}

(ਅੰਗ - ੧੩੩੯)

{ਸੇ ਧਨਵੰਤ ਸੇਈ ਸਚੁ ਸਾਹਾ ॥
ਹਰਿ ਕੀ ਦਰਗਹ ਨਾਮੁ ਵਿਸਾਹਾ ॥੧॥
ਹਰਿ ਹਰਿ ਨਾਮੁ ਜਪਹੁ ਮਨ ਮੀਤ ॥
ਗੁਰੁ ਪੂਰਾ ਪਾਈਐ ਵਡਭਾਗੀ ਨਿਰਮਲ ਪੂਰਨ ਰੀਤਿ ॥੧॥ ਰਹਾਉ ॥
ਪਾਇਆ ਲਾਭੁ ਵਜੀ ਵਾਧਾਈ ॥
ਸੰਤ ਪ੍ਰਸਾਦਿ ਹਰਿ ਕੇ ਗੁਨ ਗਾਈ ॥੨॥
ਸਫਲ ਜਨਮੁ ਜੀਵਨ ਪਰਵਾਣੁ ॥
ਗੁਰ ਪਰਸਾਦੀ ਹਰਿ ਰੰਗੁ ਮਾਣੁ ॥੩॥
ਬਿਨਸੇ ਕਾਮ ਕ੍ਰੋਧ ਅਹੰਕਾਰ ॥
ਨਾਨਕ ਗੁਰਮੁਖਿ ਉਤਰਹਿ ਪਾਰਿ ॥੪॥}

(ਅੰਗ - ੧੩੩੯)

{ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ - ੨੩੫)

{ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥
ਜਬ ਹਿਰਦੈ ਰਾਮ ਨਾਮ ਗੁਣਤਾਸੁ ॥
ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥
ਜਬ ਹਿਰਦੈ ਰਵਿਆ ਚਰਣ ਨਿਵਾਸੁ ॥}

(ਅੰਗ - ੨੩੨)

{ਪੰਡਿਤ ਪੜਹਿ ਸਾਦੁ ਨ ਪਾਵਹਿ ॥
ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥
ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥
ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ - ੧੧੬-੧੧੭)

{ਜਾ ਕੈ ਮਨਿ ਗੁਰ ਕੀ ਪਰਤੀਤਿ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਭਗਤੁ ਭਗਤੁ ਸੁਨੀਐ ਤਿਹੁ ਲੋਇ ॥
ਜਾ ਕੈ ਹਿਰਦੈ ਏਕੋ ਹੋਇ ॥
ਸਚੁ ਕਰਣੀ ਸਚੁ ਤਾ ਕੀ ਰਹਤ ॥
ਸਚੁ ਹਿਰਦੈ ਸਤਿ ਮੁਖਿ ਕਹਤ ॥
ਸਾਚੀ ਦ੍ਰਿਸਟਿ ਸਾਚਾ ਆਕਾਰੁ ॥
ਸਚੁ ਵਰਤੈ ਸਾਚਾ ਪਾਸਾਰੁ ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥
ਨਾਨਕ ਸੋ ਜਨੁ ਸਚਿ ਸਮਾਤਾ ॥੮॥}

(ਅੰਗ - ੨੮੩)

{ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥
ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥}

(ਅੰਗ - ੮੩)

{ਸਾਧੂ ਕੀ ਹੋਹੁ ਰੇਨੁਕਾ ਅਪਣਾ ਆਪੁ ਤਿਆਗਿ ॥
ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥

ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥}

(ਅੰਗ - ੪੫)

{ਜਾ ਕੈ ਸੰਗਿ ਇਹੁ ਮਨੁ ਨਿਰਮਲੁ ॥
ਜਾ ਕੈ ਸੰਗਿ ਹਰਿ ਹਰਿ ਸਿਮਰਨੁ ॥
ਜਾ ਕੈ ਸੰਗਿ ਕਿਲਬਿਖ ਹੋਹਿ ਨਾਸ ॥
ਜਾ ਕੈ ਸੰਗਿ ਰਿਦੈ ਪਰਗਾਸ ॥੧॥
ਸੇ ਸੰਤਨ ਹਰਿ ਕੇ ਮੇਰੇ ਮੀਤ ॥
ਕੇਵਲ ਨਾਮੁ ਗਾਈਐ ਜਾ ਕੈ ਨੀਤ ॥੧॥ ਰਹਾਉ ॥
ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ ॥
ਜਾ ਕੈ ਉਪਦੇਸਿ ਭਰਮੁ ਭਉ ਨਸੈ ॥
ਜਾ ਕੈ ਕੀਰਤਿ ਨਿਰਮਲ ਸਾਰ ॥
ਜਾ ਕੀ ਰੇਨੁ ਬਾਂਛੈ ਸੰਸਾਰ ॥੨॥}

(ਅੰਗ - ੮੬੩)

{ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥}

(ਅੰਗ - ੧੨੦੮)

{ਤੀਰਥੁ ਹਮਰਾ ਹਰਿ ਕੋ ਨਾਮੁ ॥
ਗੁਰਿ ਉਪਦੇਸਿਆ ਤਤੁ ਗਿਆਨੁ ॥੧॥ ਰਹਾਉ ॥}

(ਅੰਗ - ੧੧੪੨)

{ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥}

(ਅੰਗ - ੫੦੫)

{ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥
ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ ॥
ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ ॥
ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥
ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥
ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥
ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥
ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ ॥੨॥}

(ਅੰਗ - ੯੫੦-੯੫੧)

{ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ ॥
ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ ਰਵਾਇਆ ਰਾਮ ॥
ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥
ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥
ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥
ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥}

(ਅੰਗ - ੪੪੩)

{ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥}

(ਅੰਗ - ੫੦੬)

{ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥
ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥}

(ਅੰਗ - ੫੧)

{ਕਾਮੁ ਕ੍ਰੋਧੁ ਲੋਭੁ ਤਿਆਗੁ ॥
ਮਨਿ ਸਿਮਰਿ ਗੋਬਿੰਦ ਨਾਮ ॥
ਹਰਿ ਭਜਨ ਸਫਲ ਕਾਮ ॥੧॥ ਰਹਾਉ ॥}

(ਅੰਗ - ੪੦੮)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥}

(ਅੰਗ - ੭੩੨)

{ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥
ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥੨॥
ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥

ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥
ਨਿਰਮਲ ਜਲਿ ਨ੍ਾਏ ਜਾ ਪ੍ਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ - ੪੩੬-੪੩੭)

{ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥
ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ ॥
ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ ॥
ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥
ਜਿਸ ਨੋ ਕ੍ਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ ॥
ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ ॥੨॥}

(ਅੰਗ - ੫੧੨)

ਪਉੜੀ ॥
{ਜਿਨਾ ਹੁਕਮੁ ਮਨਾਇਓਨੁ ਤੇ ਪੂਰੇ ਸੰਸਾਰਿ ॥
ਸਾਹਿਬੁ ਸੇਵਨ੍ਿ ਆਪਣਾ ਪੂਰੈ ਸਬਦਿ ਵੀਚਾਰਿ ॥
ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥
ਹਰਿ ਕਾ ਮਹਲੁ ਤਿਨ੍ੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ ॥
ਨਾਨਕ ਗੁਰਮੁਖਿ ਮਿਲਿ ਰਹੇ ਜਪਿ ਹਰਿ ਨਾਮਾ ਉਰ ਧਾਰਿ ॥੧੦॥}

(ਅੰਗ - ੫੧੨)

{ਹ੍ਿਦੈ ਕਪਟੁ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥੧॥}

(ਅੰਗ - ੬੫੬)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ - ੧੧੯੯)

{ਸਿਮ੍ਿਤਿ ਸਾਸਤ੍ ਕਰਹਿ ਵਖਿਆਣ ॥
ਨਾਦੀ ਬੇਦੀ ਪੜ੍ਹਿ ਪੁਰਾਣ ॥
ਪਾਖੰਡ ਦ੍ਿਸਟਿ ਮਨਿ ਕਪਟੁ ਕਮਾਹਿ ॥
ਤਿਨ ਕੈ ਰਮਈਆ ਨੇੜਿ ਨਾਹਿ ॥੨॥}

(ਅੰਗ - ੧੧੯੯)

{ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥
ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥
ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ ॥੪॥}

(ਅੰਗ - ੧੪੧੭-੧੪੧੮)

{ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥
ਭ੍ਰਮ ਕੈ ਭਾਇ ਭਵੈ ਭੇਖਧਾਰੀ ॥੧॥
ਆਸਨੁ ਪਵਨ ਦੂਰਿ ਕਰਿ ਬਵਰੇ ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥੧॥ ਰਹਾਉ ॥}

(ਅੰਗ - ੮੫੬-੮੫੭)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥
ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥}

(ਅੰਗ - ੫੮)

{ਛੋਡਹੁ ਕਾਮ ਕ੍ਰੋਧੁ ਬੁਰਿਆਈ ॥
ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥}

(ਅੰਗ - ੧੦੨੬)

ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ ਤੇ ਅਸੀਂ ਇਸ ਲੇਖ ਦੇ ਵਿੱਚ ਨਾਮ ਹੀ ਸਮਝਦੇ ਆ ਰਹੇ ਹਾਂ ਜਿਸ ਕਰਕੇ ਇਸ ਪੂਰੇ ਲੇਖ ਦਾ ਨਾਮ ਭਾਵ ਇਸ ਪੂਰੀ ਪੁਸਤਕ ਦਾ ਨਾਮ ਵੀ "**ਨਾਮ ਦਰਸ਼ਨ**" ਹੈ। ਲੇਖ ਰਾਹੀਂ ਅਸੀਂ ਭਗਤੀ ਦਾ ਮਾਰਗ ਹੀ ਸਮਝ ਰਹੇ ਹਾਂ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੀ ਸਮਝ ਰਹੇ ਹਾਂ ਤੇ ਗੁਰੂ ਦੀ ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਨਾਮ ਦੇ ਨਾਲ ਹੀ ਜੁੜਿਆ ਹੋਇਆ ਹੈ। ਸਭ ਤੋਂ ਵੱਡਾ ਭਰਮ ਨਾਮ ਨੂੰ ਜਪਣ ਬਾਰੇ ਹੀ ਹੈ ਤੇ ਸੱਚੀ ਭਗਤੀ ਦੀ ਸਮਝ ਕੇਵਲ ਨਾਮ ਜਪਣ ਦੁਆਰਾ ਹੀ ਪੈ ਸਕਦੀ ਹੈ ਕਿਉਂਕਿ ਨਾਮ ਜਪਣ ਦਾ ਮਕਸਦ ਭਰਮਾਂ ਵਿੱਚੋਂ ਨਿਕਲਣ ਦਾ ਹੀ ਹੈ ਤਾਂ ਜੋ ਅਸੀਂ ਉਹੋ ਜਿਹੇ ਭਗਤੀ ਦੇ ਮਾਰਗ ਤੇ ਚੱਲੀਏ ਜਿਹੋ ਜਿਹਾ ਮਾਰਗ ਗੁਰੂ ਸਾਨੂੰ ਆਪਣੇ ਨਾਮ ਦੁਆਰਾ ਸਮਝਾਉਂਦਾ ਹੈ ਭਾਵ ਆਪਣੀ ਮਤਿ ਦੇਣ ਦੁਆਰਾ ਸਮਝਾਉਂਦਾ ਹੈ। "ਨਾਮ" ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਨੂੰ ਹੀ ਅਸੀਂ ਜਪਣਾ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਜਿਸ ਰਾਹੀਂ ਸਾਨੂੰ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ ਤੇ ਹਰ ਕੋਈ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਗੁਰੂ ਦਾ ਨਾਮ ਜਪਣਾ ਕੀ ਹੈ ਮਗਰ ਨਾਮ ਨੂੰ ਸਮਝਣ ਦਾ ਭੁਲੇਖਾ ਬਹੁਤ ਹੀ ਜਿਆਦਾ ਵੱਡਾ ਹੈ ਜਿਸ ਭੁਲੇਖੇ ਨੂੰ ਛੱਡਣਾ ਵੀ ਉਤਨੀ ਹੀ ਵੱਡੀ ਗੱਲ ਹੈ ਜਿਤਨਾ ਵੱਡਾ ਇਹ ਭੁਲੇਖਾ ਹੈ। ਇਹ ਭੁਲੇਖਾ ਹੀ ਸਾਡੇ ਅੰਦਰ ਦੀ ਮਾਇਆ ਹੈ, ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਹੈ ਜਿਸ ਵਿੱਚੋਂ ਤਰਨਾ ਬਹੁਤ ਔਖਾ ਹੈ। ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਤਰਨ ਲਈ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ ਭਾਵ ਆਪਣੀ ਮਤਿ ਛੱਡਣੀ ਪੈਂਦੀ ਹੈ, ਭਰਮਾਂ ਵਾਲੀ ਸਮਝ ਛੱਡਣੀ ਪੈਂਦੀ ਹੈ ਜੋ ਕਿ ਬਹੁਤ ਔਖੀ ਹੈ। ਕਿਸੇ ਅੱਖਰ ਨੂੰ ਨਾਮ ਸਮਝਕੇ ਜਪੀ ਜਾਣਾ ਬੁਹਤ ਸੌਖਾ ਹੈ ਪਰ ਅਸਲ ਵਿੱਚ ਨਾਮ ਜਪਣਾ ਕਿਤਨਾ ਕੁ ਔਖਾ ਹੈ ਉਹ ਅਸੀਂ ਉੱਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝ ਸਕਦੇ ਹਾਂ। ਨਾਮ ਜਪਣ ਲਈ ਮਨੁੱਖ ਨੂੰ ਗੁਰੂ ਦੀ ਹਰ ਗੱਲ ਮੰਨਣੀ ਪੈਂਦੀ ਹੈ। ਜਿਸ ਗੱਲ ਲਈ ਗੁਰੂ ਸਾਨੂੰ ਮਨਾ ਕਰਦਾ ਹੈ ਉਸ ਨੂੰ ਮੰਨਣਾ ਪੈਂਦਾ ਹੈ। ਗੁਰੂ ਸਾਨੂੰ ਬਾਰ ਬਾਰ ਸਮਝਾਉਂਦਾ ਹੈ ਕਿ ਕੇਵਲ ਕਿਸੇ ਅੱਖਰ ਨੂੰ ਬੋਲ ਬੋਲ ਕੇ ਜਪੀ ਜਾਣ ਦਾ ਕੋਈ ਲਾਭ ਨਹੀਂ ਹੈ ਭਾਵੇਂ ਉਹ ਕੋਈ ਵੀ ਅੱਖਰ ਹੋਵੇ ਕਿਉਂਕਿ ਕਿਸੇ ਵੀ ਅੱਖਰ ਦੀ ਕਥਨੀ ਕਰੀ ਜਾਣ ਨਾਲ ਸਾਡੇ ਅੰਦਰ ਦਾ ਕੋਈ ਭਰਮ ਨਹੀਂ ਨਿਕਲਦਾ ਭਾਵ ਸਾਨੂੰ ਕੋਈ ਗਿਆਨ ਨਹੀਂ ਮਿਲਦਾ। ਗੁਰੂ ਸਾਨੂੰ ਵਾਰ-ਵਾਰ ਆਪਣੀ ਬਾਣੀ ਰਾਹੀਂ ਇਹ ਸਮਝਾ ਰਿਹਾ ਹੈ ਕਿ ਔਗੁਣਾਂ ਨੂੰ ਛੱਡਣਾ ਨਾਮ ਜਪਣਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਪਰ ਅਸੀਂ ਫਿਰ ਵੀ ਜੇਕਰ ਇਹ ਕਹੀ ਜਾਈਏ ਕਿ ਅਸੀਂ ਨਾਮ ਜਪ ਰਹੇ ਹਾਂ ਭਾਵ ਗੁਰੂ ਦੇ ਕਹੇ ਅਨੁਸਾਰ ਚੱਲ ਰਹੇ ਹਾਂ, ਗੁਰੂ ਦੀ ਸਿੱਖਿਆ ਅਨੁਸਾਰ ਚੱਲ ਰਹੇ ਹਾਂ ਫਿਰ ਇਹ ਸਾਡਾ ਕਿਤਨਾ ਵੱਡਾ ਭਰਮ ਹੈ। ਬਿਨ੍ਹਾਂ ਗੁਰੂ ਦੀ ਮਤਿ ਨੂੰ ਮੰਨੇ ਆਪਣੇ ਆਪ ਨੂੰ ਕੋਈ ਗੁਰਮਤਿ ਵਾਲਾ ਅਖਵਾਵੇ ਇਹ ਕਿਤਨੀ ਮਾੜੀ ਗੱਲ ਹੈ ਇਸ ਦਾ ਅੰਦਾਜਾ ਹਰ ਕੋਈ ਆਪ ਹੀ ਲਾ ਸਕਦਾ ਹੈ। ਔਗੁਣਾਂ ਦੇ ਤਿਆਗ ਬਿਨ੍ਹਾਂ ਨਾ ਕੋਈ ਗੁਰਮਤਿ ਵਾਲਾ ਬਣ ਸਕਦਾ ਹੈ ਤੇ ਨਾ ਹੀ ਕੋਈ ਆਪਣੀ ਔਗੁਣਾਂ ਵਾਲੀ ਮਾੜੀ ਸਮਝ ਦੁਆਰਾ ਉਸ ਪ੍ਰਮਾਤਮਾ ਦੇ ਵਿੱਚ ਸਮਾਅ ਸਕਦਾ ਹੈ ਜੋ ਪ੍ਰਮਾਤਮਾ ਗੁਰਮਤਿ ਵਾਲੀ ਸਮਝ ਦਾ ਮਾਲਕ ਹੈ, ਜਿਸ ਰੂਪ ਵਿੱਚ ਉਹ ਨਾਮ ਦਾ ਮਾਲਕ ਹੈ। (**ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥ ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥**) ਅੰਗ - ੫੬

ਗੁਰਮਤਿ ਨਾਮ ਹੈ ਤੇ ਜੇਕਰ ਸਾਰਾ ਦਿਨ ਸਮਾਧੀ ਲਗਾ ਕੇ ਗੁਰਮਤਿ ਗੁਰਮਤਿ ਬੋਲੀ ਜਾਈਏ ਤਾਂ ਕੀ ਫਿਰ ਗੁਰਮਤਿ ਸਾਡੇ ਅੰਦਰ ਵੱਸ ਜਾਵੇਗੀ। ਜੇਕਰ ਅਸੀਂ ਨਾਮ ਜਪਣ ਵਾਲਾ ਅਖਵਾਉਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਕਥਨੀ ਦਾ ਭਰੋਸਾ ਛੱਡਣਾ ਹੀ ਪਵੇਗਾ ਤੇ ਕਰਣੀ ਨਾਲ ਜੁੜਨਾ ਪਵੇਗਾ ਭਾਵ ਗੁਰੂ ਦੀ ਮਤਿ ਨੂੰ ਉਸਦੇ ਅਸਲ ਰੂਪ ਵਿੱਚ, ਸੱਚ ਰੂਪ ਵਿੱਚ ਮੰਨਣਾ ਪਵੇਗਾ। ਹੁਣ ਜੇਕਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਫਿਰ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਗੁਰੂ ਸਾਨੂੰ ਵਾਰ-ਵਾਰ ਇਹ ਹੀ ਸਮਝਾਉਂਦਾ ਹੈ ਕਿ ਭਗਤੀ ਦਾ ਮਾਰਗ ਕਥਨੀ ਦਾ ਨਹੀਂ, ਸਾਡੀ ਕਰਨੀ ਦਾ ਮਾਰਗ ਹੈ ਭਾਵ ਕਥਨੀ ਨੂੰ ਹੀ ਆਪਣੀ ਭਗਤੀ ਸਮਝਣਾ ਝੂਠ ਹੈ ਤੇ ਭਗਤੀ ਦਾ ਸੱਚ ਸ਼ਬਦਾਂ ਦੀ ਕਥਨੀ ਨਹੀਂ ਬਲਕਿ ਸ਼ਬਦਾਂ ਦੇ ਅੰਦਰ ਜੋ ਸਾਨੂੰ ਕਰਨੀ ਸਮਝਾਈ ਹੋਈ ਹੈ ਉਸ ਅਨੁਸਾਰ ਵਿਚਰਨ ਦਾ ਮਾਰਗ ਹੈ। (**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥**) ਅੰਗ - ੫੬

ਜਿਵੇਂ ਕਿ ਅਸੀਂ ਪਿੱਛੇ ਮੁੱਖ ਸ਼ਬਦ ਰਾਹੀਂ ਸਮਝਿਆ ਹੈ ਉਸ ਗੱਲ ਨੂੰ ਹੁਣ ਅਸੀਂ ਹੋਰ ਵਿਸ਼ਵਾਸ ਨਾਲ ਸਮਝ ਸਕਦੇ ਹਾਂ ਕਿ ਗੁਰੂ ਸਾਨੂੰ ਕਿਸੇ ਅੱਖਰ ਦੀ ਕਥਨੀ ਕਰੀ ਜਾਣ ਨਾਲ ਜਿਸ ਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ ਉਹ ਕਿਸ ਲਈ ਮਨਾ ਕਰਦਾ

ਹੈ। ਨਾਮ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਭਾਵ ਹਉਮੈ ਰੂਪ ਮੈਲ ਵਿੱਚੋਂ ਕੱਢਣ ਦਾ ਹੈ ਜੋ ਕਿਸੇ ਸ਼ਬਦ ਦੀ, ਕਿਸੇ ਅੱਖਰ ਦੀ ਕਥਨੀ ਦੁਆਰਾ ਨਹੀਂ ਨਿਕਲ ਸਕਦੀ। ਸਾਡੇ ਮਨ ਦੀ ਮੈਲ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ ਤੇ ਤਾਂ ਹੀ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਸਕਦੀ ਹੈ। (**ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥**) ਅੰਗ - ੩੯

ਇਸ ਉੱਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਸਮਝਣਾ ਸ਼ੁਰੂ ਕੀਤਾ ਸੀ ਤੇ "**ਰਹਾਉ**" ਵਾਲੀ ਪੰਗਤੀ ਤੱਕ ਵਿੱਚ-ਵਿੱਚ ਹੋਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਨੂੰ ਸਮਝਿਆ ਹੈ। ਅਸੀਂ ਸ਼ਬਦਾਂ ਦੇ ਵਿੱਚ ਪ੍ਰਮਾਣ ਦੁਆਰਾ ਮਨ ਦੀ ਮੈਲ ਨੂੰ ਸਮਝਿਆ ਹੈ ਜੋ ਕਿ ਗੁਰੂ ਦੇ ਨਾਮ ਦੁਆਰਾ ਹੀ ਧੁਪ ਸਕਦੀ ਹੈ ਜੋ ਮੈਲ ਸਾਡੇ ਅੰਦਰ ਭਰਮਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ, ਹਉਮੈ ਦੇ ਰੂਪ ਵਿੱਚ ਹੈ। ਕੇਵਲ ਅੱਖਰਾਂ ਦੀ ਕਥਨੀ ਨੂੰ ਭਗਤੀ ਸਮਝਣਾ ਕੇਵਲ ਸਾਡੀ ਮਨ ਦੀ ਮੈਲ ਦਾ ਨਤੀਜਾ ਹੈ ਭਾਵ ਮਨ ਦੀ ਨਾਸਮਝੀ ਦਾ ਨਤੀਜਾ ਹੈ ਜਿਸ ਅਗਿਆਨਤਾ ਵਾਲੀ ਸਮਝ ਦੁਆਰਾ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਹੀ ਨਹੀਂ ਪੈਂਦੀ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਜਦ ਤੱਕ ਸਾਡੇ ਅੰਦਰ ਹਉਮੈ ਰੂਪ ਮੈਲ ਹੈ ਤਦ ਤੱਕ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ।

"ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥2॥"

ਪ੍ਰਮਾਤਮਾ ਨੂੰ ਪਾਉਣ ਦੀ ਗੱਲ ਤਾਂ ਹਰ ਕੋਈ ਕਰਦਾ ਹੈ ਤੇ ਇਹ ਵੀ ਹਰ ਕੋਈ ਸਮਝਦਾ ਹੈ, ਕਹਿੰਦਾ ਹੈ ਕਿ ਪ੍ਰਮਾਤਮਾ ਨੂੰ ਉਸ ਦੀ ਭਗਤੀ ਕਰਨ ਦੁਆਰਾ ਹੀ ਪਾਇਆ ਜਾ ਸਕਦਾ ਹੈ। ਉੱਪਰ ਪਦੇ ਰਾਹੀਂ ਪ੍ਰਮਾਤਮਾ ਨੂੰ ਪਾਉਣ ਦੀ ਗੱਲ ਹੀ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ। ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦੇ ਵੱਸਣ ਦੀ ਗੱਲ ਵੀ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਤਰੀਕੇ ਵੱਸਦਾ ਹੈ ਤੇ ਕਿਸ ਰੂਪ ਵਿੱਚ ਵੱਸਦਾ ਹੈ। ਨਾਮ ਨੂੰ ਪ੍ਰਾਪਤ ਕਰਨ ਦੀ ਗੱਲ ਵੀ ਕੀਤੀ ਹੋਈ ਹੈ ਜਿਸ ਦੀ ਪ੍ਰਾਪਤੀ ਦੁਆਰਾ ਪ੍ਰਮਾਤਮਾ ਦੇ ਸਾਡੇ ਅੰਦਰ ਵੱਸਣ ਦੀ ਗੱਲ ਸਮਝਾਈ ਹੋਈ ਹੈ ਭਾਵ ਸਾਨੂੰ ਨਾਮ ਦੀ ਪ੍ਰਾਪਤੀ ਹੋਣੀ ਜਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਣੀ ਇੱਕੋ ਹੀ ਗੱਲ ਹੈ ਕਿਉਂਕਿ ਪ੍ਰਮਾਤਮਾ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਇਸ ਗੱਲ ਨੂੰ ਸਮਝਾਂਗੇ। "**ਹਉਮੈ**" ਸਭ ਦੇ ਅੰਦਰ ਹੈ ਭਾਵ ਹਉਮੈ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਜਿੱਥੇ ਹਉਮੈ ਹੈ ਉੱਥੇ ਨਾਮ ਨਹੀਂ ਹੋ ਸਕਦਾ ਭਾਵ ਜਦ ਤੱਕ ਮਨੁੱਖ ਦੀ ਹਉਮੈ ਦੂਰ ਨਹੀਂ ਹੁੰਦੀ ਤਦ ਤੱਕ ਨਾਮ ਨਹੀਂ ਪਾਇਆ ਜਾ ਸਕਦਾ। ਸਾਡੇ ਅੰਦਰ ਹਉਮੈ ਸਾਡੀ ਮੈਲ ਦੇ ਰੂਪ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰਲੇ ਪਦੇ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਜਦ ਤੱਕ ਸਾਡੇ ਅੰਦਰ ਹਉਮੈ ਰੂਪ ਮੈਲ ਹੈ ਤਦ ਤੱਕ ਸਾਡੇ ਮਨ ਦੀ ਸਮਝ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹੀ ਰਹਿੰਦੀ ਹੈ। ਜਦ ਤੱਕ ਮਨੁੱਖ ਅਗਿਆਨਤਾ ਦੇ ਵਿੱਚ ਹੈ, ਉਸ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਤਾਂ ਨਹੀਂ ਹੁੰਦੀ ਪਰ ਆਪਣੀ ਆਪਣੀ ਸਮਝ ਅਨੁਸਾਰ ਭਗਤੀ ਦੇ ਮਾਰਗ ਤੇ ਹਰ ਕੋਈ ਚੱਲਦਾ ਹੈ ਜਿਸ ਲਈ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਅਗਿਆਨਤਾ ਕਰਕੇ ਸਾਨੂੰ ਉਹ ਭਗਤੀ ਦੇ ਮਾਰਗ ਹੀ ਸੱਚੇ ਲੱਗਦੇ ਹਨ ਜਿਸ ਕਰਕੇ ਅਸੀਂ ਉਹੋ ਜਿਹੇ ਮਾਰਗ ਤੇ ਪੂਰੇ ਵਿਸ਼ਵਾਸ ਨਾਲ ਚੱਲਦੇ ਹਾਂ। ਸਾਡਾ ਇਹ ਝੂਠਾ ਵਿਸ਼ਵਾਸ ਸਾਡੇ ਕੋਲੋਂ ਸਾਡੀ ਨਾਸਮਝ ਮਤਿ ਹੀ ਕਰਾਉਂਦੀ ਹੈ। ਸਾਡੇ ਅੰਦਰ ਦੀ ਇਹ ਨਾਮਸਝ ਮਤਿ ਸਾਡਾ ਕੱਚਾ ਧਨੁ ਹੈ, ਮਾਇਆ ਦਾ ਧਨੁ ਹੈ ਜੋ ਸਾਨੂੰ ਝੂਠੇ ਵਿਸ਼ਵਾਸ ਨਾਲ ਜੋੜਦਾ ਹੈ। ਨਾਮ ਦਾ ਧਨੁ

ਸੱਚੇ ਗਿਆਨ ਦਾ ਧਨੁ ਹੈ ਜੋ ਕਿ ਸੱਚਾ ਧਨੁ ਹੈ ਜਿਸ ਧਨੁ ਦੁਆਰਾ ਸਾਨੂੰ ਸੱਚ ਦੀ ਸਮਝ ਪੈਂਦੀ ਹੈ, ਸੱਚੇ ਮਾਰਗ ਦੀ ਸਮਝ ਪੈਂਦੀ ਹੈ, ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਹੈ ਜਿਸ ਸੱਚੇ ਮਾਰਗ ਤੇ ਚੱਲਕੇ ਭਾਵ ਉਸ ਤੇ ਚੱਲਣ ਦਾ ਉੱਦਮ ਕਰਕੇ ਨਾਮ ਨੂੰ ਪਾਇਆ ਜਾ ਸਕਦਾ ਹੈ, ਆਪਣੇ ਅੰਦਰੋਂ ਉਸ ਗਿਆਨ ਰਤਨ ਰੂਪ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਨਾਮ ਦੇ ਰੂਪ ਵਿੱਚ ਹੀ ਹੈ। ਨਾਮ ਨੂੰ ਪਾਉਣ ਲਈ ਸਾਨੂੰ ਪਹਿਲੇ ਨਾਮ ਦੇ ਮਾਲਕ ਦੀ ਸਮਝਾਈ ਹੋਈ ਮਤਿ ਤੇ ਹੀ ਚੱਲਣਾ ਪੈਂਦਾ ਹੈ ਭਾਵ ਗੁਰੂ ਰੂਪ ਪ੍ਰਮਾਤਮਾ ਦੀ ਸਮਝਾਈ ਹੋਈ ਸੱਚੀ ਮਤਿ ਤੇ ਹੀ ਚੱਲਣਾ ਪੈਂਦਾ ਹੈ ਜਿਸ ਸੱਚੀ ਸਮਝ ਨੇ ਸਾਡੇ ਅੰਦਰੋਂ ਹਉਮੈ ਰੂਪ ਮੈਲ ਨੂੰ ਕੱਢਣਾ ਹੈ, ਭਰਮਾਂ ਵਾਲੇ ਵਿਚਾਰਾਂ ਦੀ ਮੈਲ ਤੋਂ ਕੱਢਣਾ ਹੈ ਭਾਵ ਮਨ ਦੀ ਨਾਸਮਝ ਅਗਿਆਨਤਾ ਵਾਲੀ ਮਤਿ ਵਿੱਚੋਂ ਕੱਢਣਾ ਹੈ ਤਾਂ ਜੋ ਅਸੀਂ ਮਨ ਦੀ ਮੈਲ ਵਿੱਚੋਂ ਨਿਕਲਕੇ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਵਿਚਰਕੇ ਨਾਮ ਨੂੰ ਪਾਉਣ ਦਾ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਉਪਰਾਲਾ ਕਰ ਸਕੀਏ। ਜਦ ਤੱਕ ਸਾਡੇ ਅੰਦਰ ਹਉਮੈ ਦੀ ਮੈਲ ਹੈ ਤਦ ਤੱਕ ਹਰ ਕੋਈ ਮਨਮੁਖਿ ਹੈ ਜੋ ਮਨ ਦੀ ਮੈਲ ਸਾਨੂੰ ਆਤਮਿਕ ਮੌਤ ਮਾਰਦੀ ਹੈ ਭਾਵ ਸਾਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਪੈਣ ਦਿੰਦੀ ਜਿਸ ਨਾਸਮਝੀ ਕਰਕੇ ਮਨੁੱਖ ਗੁਰੂ ਦੀ ਮਤਿ ਦੇ ਉਲਟ ਚੱਲਦਾ ਹੈ, ਅਨੇਕਾਂ ਮਾੜੇ ਕਰਮ ਕਰਦਾ ਹੈ ਭਾਵ ਭਗਤੀ ਦੇ ਮਾਰਗ ਤੋਂ ਉਲਟ ਚੱਲਦਾ ਹੈ ਜਿਸ ਦੁਆਰਾ ਉਹ ਆਪਣੀ ਪਤਿ ਗਵਾਉਂਦਾ ਹੈ, ਪ੍ਰਮਾਤਮਾ ਦੀਆਂ ਨਜਰਾਂ ਵਿੱਚ ਆਪਣੀ ਇੱਜਤ ਗਵਾਉਂਦਾ ਹੈ। ਮਨੁੱਖ ਦੀ ਪਤਿ ਕੇਵਲ ਸੱਚੇ ਸੁੱਚੇ ਕਰਮਾਂ ਦੁਆਰਾ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਭਗਤੀ ਦਾ ਸੱਚਾ ਮਾਰਗ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਮਨੁੱਖ ਨੂੰ ਪਤਿ ਮਿਲਦੀ ਹੈ। (**ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥**)

ਸਾਡੇ ਅੰਦਰੋਂ ਇਹ "ਹਉਮੈ ਮਲ" ਕਿਸ ਰੂਪ ਵਿੱਚ ਹੈ ਤੇ ਕਿਸ ਤਰੀਕੇ ਨਿਕਲਦੀ ਹੈ ਜਿਸ ਦੇ ਨਿਕਲਣ ਦੁਆਰਾ ਹੀ ਨਾਮ ਨੂੰ ਪਾਇਆ ਜਾ ਸਕਦਾ ਹੈ, ਪ੍ਰਮਾਤਮਾ ਦੇ ਵਿੱਚ ਸਮਾਇਆ ਜਾ ਸਕਦਾ ਹੈ, ਉਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ। ਤਰੀਕਾ ਉਹੀ ਹੈ ਜੋ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਗੁਰੂ ਤਾਂ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵੇਂ ਜਿਸ ਸ਼ਬਦ ਰਾਹੀਂ ਮਰਜੀ ਸਮਝ ਲਈਏ। ਗੁਰੂ ਨਾਮ ਧਨੁ ਦਾ ਮਾਲਕ ਹੈ ਭਾਵ ਸੱਚੇ ਗਿਆਨ ਦਾ ਮਾਲਕ ਹੈ ਤੇ ਸੱਚਾ ਗਿਆਨ ਸੱਚ ਹੀ ਸਮਝਾਉਂਦਾ ਹੈ। ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਤੇ ਕੇਵਲ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਆਪਣੇ ਕੱਚੇ ਧਨੁ ਨੂੰ ਸੱਚੇ ਧਨੁ ਵਿੱਚ ਬਦਲਣ ਦੀ ਲੋੜ ਹੈ, ਆਪਣੀ ਕੱਚੀ ਮਤਿ ਨੂੰ ਸੱਚੀ ਮਤਿ ਵਿੱਚ ਬਦਲਣ ਦੀ ਲੋੜ ਹੈ ਭਾਵ ਆਪਣੀ ਮਨਮਤਿ ਛੱਡਕੇ ਗੁਰੂ ਦੀ ਮਤਿ ਨੂੰ ਮੰਨਣ ਦੀ ਲੋੜ ਹੈ, ਹਉਮੈ ਛੱਡਕੇ ਨਾਮ ਨਾਲ ਜੁੜਨ ਦੀ ਲੋੜ ਹੈ। ਹੇਠ ਦਿੱਤੀਆਂ ਪੰਗਤੀਆਂ ਰਾਹੀਂ ਬੜੇ ਸਪੱਸ਼ਟ ਤਰੀਕੇ ਨਾਲ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰੋਂ ਹਉਮੈ ਕਿਸ ਤਰੀਕੇ ਨਿਕਲ ਸਕਦੀ ਹੈ।

"ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥"

ਹਉਮੈ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਸਾਡੇ ਅੰਦਰ ਦੀ ਇਹ ਹਉਮੈ ਹੀ ਸਾਡੇ ਮਨ ਦੇ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ ਪੜਦਾ ਹੈ ਜਿਸ ਪੜਦੇ ਨੂੰ ਹਉਮੈ ਰੂਪ ਦੀਵਾਰ ਵੀ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੈ। ਜਿਸ ਹਉਮੈ ਦਾ ਮਕਸਦ ਹੀ ਸਾਨੂੰ ਸਾਡੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ ਉਸ ਵਿੱਚੋਂ ਕੋਈ ਆਪਣੇ ਆਪ ਨਿਕਲ ਜਾਵੇ ਭਾਵ ਇਸ ਮਨ ਦੀ ਮੈਲ ਨੂੰ ਕੋਈ ਆਪਣੇ ਆਪ ਧੋ ਲਵੇ ਇਹ ਨਾਮੁਮਕਿਨ ਹੈ। ਅਸੀਂ ਕੇਵਲ ਇਸ ਮਨ ਦੀ ਮੈਲ ਵਿੱਚੋਂ ਨਿਕਲਣ ਦਾ ਉੱਦਮ ਹੀ ਕਰ ਸਕਦੇ ਹਾਂ ਤੇ ਉਹ ਉੱਦਮ ਕਰਨਾ ਹੀ ਸਾਡਾ ਫਰਜ ਹੈ ਜੋ ਫਰਜ ਸਾਨੂੰ ਗੁਰਬਾਣੀ ਵਾਰ-ਵਾਰ ਸਮਝਾ ਰਹੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਭਾਵ ਨਾਮ ਦੀ ਪ੍ਰਾਪਤੀ ਕਰਨਾ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ ਭਾਵ ਉਸ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਹਉਮੈ ਵਿੱਚੋਂ ਕੱਢਦਾ ਹੈ ਭਾਵ ਕਿਸ ਦੀ ਹਉਮੈ ਮੈਲ ਧੋਂਦਾ ਹੈ ਜੋ ਮੈਲ ਉਹ ਕਿਸੇ ਦੀ ਮਨ ਦੇ ਵਿੱਚ ਵੱਸਣ ਦੁਆਰਾ ਹੀ ਧੋਂਦਾ ਹੈ। ਜਦੋਂ ਮਨੁੱਖ ਦੀ ਹਉਮੈ ਮੈਲ ਧੁਪ ਜਾਂਦੀ ਹੈ ਉਹ ਫਿਰ ਤਾਂ ਹੀ ਪ੍ਰਮਾਤਮਾ ਵਿੱਚ ਸਮਾਉਂਦਾ ਹੈ ਭਾਵ ਨਾਮ ਦੇ ਵਿੱਚ ਸਮਾਉਂਦਾ ਹੈ। ਇਹ ਮੈਲ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੈ ਜੋ ਮੈਲ ਸਾਡੇ ਅੰਦਰ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ। ਜਿਸ ਦੇ ਅੰਦਰ ਆਪਣਾ ਆਪ ਵਸਾ ਕੇ ਪ੍ਰਮਾਤਮਾ ਮਨ ਦੀ ਮੈਲ ਧੋਂਦਾ ਹੈ ਉਹ ਆਪਣੇ ਸੱਚੇ ਗਿਆਨ ਦੁਆਰਾ ਹੀ ਧੋਂਦਾ ਹੈ ਜੋ ਸੱਚਾ ਗਿਆਨ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਉਹ ਆਪ ਹੀ ਦੇ ਸਕਦਾ ਹੈ ਜਿਸ ਕਰਕੇ ਉਹ ਆਪ ਹੀ ਸਾਡੀ ਇਸ ਹਉਮੈ ਰੂਪ ਮੈਲ

ਨੂੰ ਧੋਂਦਾ ਹੈ ਕਿਉਂਕਿ ਇਹ ਮੈਲ ਕੋਈ ਹੋਰ ਧੋ ਹੀ ਨਹੀਂ ਸਕਦਾ। ਜਿਸ ਨੇ ਸਾਡੇ ਅੰਦਰ ਇਹ ਮੈਲ ਪਾਈ ਹੋਈ ਹੈ ਭਾਵ ਹਉਮੈ ਪਾਈ ਹੋਈ ਹੈ ਉਹ ਹੀ ਸਾਡੇ ਅੰਦਰੋਂ ਇਸ ਨੂੰ ਕੱਢ ਸਕਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਕੱਢ ਸਕਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਜੋ ਸਾਡਾ ਹਉਮੈ ਰੂਪ ਪੜਦਾ ਹੈ, ਹਉਮੈ ਰੂਪ ਦੀਵਾਰ ਹੈ, ਉਹ ਸਾਡੇ ਅੰਦਰ ਦੇ ਅਗਿਆਨਤਾ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ ਜਿੰਨ੍ਹਾਂ ਵਿਚਾਰਾਂ ਵਿੱਚ ਭਗਤੀ ਦਾ ਸੱਚਾ ਮਾਰਗ ਸਮਝਣ ਲਈ, ਪ੍ਰਮਾਤਮਾ ਦੀ ਅਸਲੀਅਤ ਸਮਝਣ ਲਈ ਭਰਮ ਹੀ ਭਰਮ ਭਰੇ ਹੋਏ ਹਨ। ਇਸੇ ਲਈ ਬਾਣੀ ਵਿੱਚ ਸਾਡੇ ਅੰਦਰ ਇਸ ਨੂੰ ਭਰਮ ਗੜ ਕਿਹਾ ਹੈ, ਭਰਮ ਰੂਪ ਕਿਲਾ ਕਿਹਾ ਹੈ ਜਿਸ ਨੂੰ ਤੋੜਨਾ ਬਹੁਤ ਔਖਾ ਹੈ ਭਾਵ ਆਪਣੇ ਆਪ ਇਸ ਨੂੰ ਕੋਈ ਤੋੜ ਲਵੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਨੇ ਆਪਣੇ ਆਪ ਨੂੰ ਇਸ ਭਰਮ ਰੂਪ ਕਿਲੇ ਵਿੱਚ ਹੀ ਛੁਪਾਇਆ ਹੋਇਆ ਹੈ ਜਿਸ ਦੇ ਟੁੱਟੇ ਬਿਨ੍ਹਾਂ ਉਸ ਕਿਲੇ ਦੇ ਮਾਲਕ ਨੂੰ ਜੋ ਹਰ ਵੇਲੇ ਇਸ ਦੇ ਅੰਦਰ ਹੀ ਰਹਿ ਰਿਹਾ ਹੈ ਤੇ ਸਾਡੀ ਕਾਇਆ ਨੂੰ ਚਲਾ ਰਿਹਾ ਹੈ, ਸਾਡੇ ਅੰਦਰ ਵਿਚਾਰ ਪਾਉਣ ਦੁਆਰਾ ਚਲਾ ਰਿਹਾ ਹੈ, ਭਰਮਾਂ ਵਾਲੇ ਵਿਚਾਰ ਪਾਉਣ ਦੁਆਰਾ ਚਲਾ ਰਿਹਾ ਹੈ ਉਸ ਨੂੰ ਆਪਣੇ ਆਪ ਕੋਈ ਨਹੀਂ ਜਾਣ ਸਕਦਾ। ਜਿਸ ਦੇ ਅੰਦਰ ਦਾ ਪ੍ਰਮਾਤਮਾ ਇਹ ਹਉਮੈ ਰੂਪ ਗੜ ਤੋੜਦਾ ਹੈ ਉਸ ਦੇ ਅੰਦਰੋਂ ਉਸ ਦੀ ਹਉਮੈ ਰੂਪ ਮੈਲ ਨੂੰ ਹੀ ਧੋਂਦਾ ਹੈ। ਸਾਡੇ ਅੰਦਰ ਦਾ ਜੋ ਗੜ ਹੈ ਉਹ ਮੈਲ ਦਾ ਬਣਿਆ ਹੋਇਆ ਹੀ ਹੈ ਜੋ ਮੈਲ ਸਭ ਦੇ ਅੰਦਰ ਅਗਿਆਨਤਾ ਰੂਪ ਮੈਲ ਹੈ। ਸਾਡੇ ਸਭ ਦੇ ਅੰਦਰ ਅਗਿਆਨਤਾ ਰੂਪ ਹਨੇਰਾ ਹੈ ਜੋ ਹਨੇਰਾ ਪੜਦੇ ਦੇ ਰੂਪ ਵਿੱਚ ਹੈ। ਹਨੇਰੇ ਵਿਚ ਸਾਨੂੰ ਕੁੱਝ ਵੀ ਸਾਫ਼-ਸਾਫ਼ ਨਜ਼ਰ ਨਹੀਂ ਆਉਂਦਾ ਭਾਵ ਮਨ ਦੀ ਭਰਮਾਂ ਵਾਲੀ ਸਮਝ ਦੁਆਰਾ ਸਾਨੂੰ ਕੁੱਝ ਵੀ ਸਾਫ਼-ਸਾਫ਼ ਸਮਝ ਨਹੀਂ ਆਉਂਦਾ ਕਿ ਸੰਸਾਰ ਦੀ ਸੱਚਾਈ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਪ੍ਰਮਾਤਮਾ ਕੀ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਮਾਰਗ ਕੀ ਹੈ। ਸੱਚਾਈ ਹਨੇਰਾ ਨਿਕਲਣ ਦੁਆਰਾ ਹੀ ਸਮਝ ਆਉਂਦੀ ਹੈ, ਮਨ ਦੇ ਵਿੱਚ ਪ੍ਰਭਾਤ ਚੜ੍ਹਨ ਦੁਆਰਾ ਹੀ ਆਉਣੀ ਸ਼ੁਰੂ ਹੁੰਦੀ ਹੈ ਤੇ ਫਿਰ ਦਿਨ ਚੜ੍ਹਦਾ ਹੈ ਤੇ ਸਭ ਕੁੱਝ ਸਾਫ਼-ਸਾਫ਼ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ। ਸਾਡੇ ਅੰਦਰ ਇਹ ਮਨ ਦਾ ਹਨੇਰਾ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਵਿੱਚੋਂ ਉਹ ਆਪ ਹੀ ਕਿਸੇ ਨੂੰ ਕੱਢ ਸਕਦਾ ਹੈ ਜੋ ਕਿ ਇਸ ਦਾ ਮਾਲਕ ਹੈ। ਜਿਵੇਂ ਬਾਹਰ ਦਾ ਹਨੇਰਾ ਦੀਵਾ ਬਲਣ ਦੁਆਰਾ ਦੂਰ ਹੁੰਦਾ ਹੈ, ਇਸੇ ਤਰ੍ਹਾਂ ਸਾਡੇ ਅੰਦਰ ਅਗਿਆਨਤਾ ਦਾ ਹਨੇਰਾ ਪ੍ਰਮਾਤਮਾ ਆਪਣੇ ਗਿਆਨ ਦਾ ਚਾਨਣ ਕਰਨ ਦੁਆਰਾ ਕੱਢਦਾ ਹੈ ਭਾਵ ਸਾਡੇ ਮਨ ਦੀ ਸਮਝ ਨੂੰ ਹੀ ਬਦਲ ਦਿੰਦਾ ਹੈ, ਸਾਡੀ ਨਾਸਮਝ ਮਤਿ ਨੂੰ ਸੱਚੀ ਸਮਝ ਵਿੱਚ ਬਦਲ ਦਿੰਦਾ ਹੈ, ਸਾਡੀ ਪੁੱਠੀ ਮਤਿ ਨੂੰ ਸਿੱਧੀ ਕਰ ਦਿੰਦਾ ਹੈ, ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰ ਦਿੰਦਾ ਹੈ, ਸਾਡੇ ਅੰਦਰ ਦੀ ਮਨਮਤਿ ਨੂੰ, ਦੁਰਮਤਿ ਨੂੰ ਗੁਰਮਤਿ ਵਿੱਚ ਬਦਲ ਦਿੰਦਾ ਹੈ, ਸਾਡੇ ਸੁਰਤਿ ਦੇ ਵਿਚਾਰਾਂ ਨੂੰ ਸ਼ਬਦਾਂ ਦੇ ਵਿਚਾਰਾਂ ਦੇ ਵਿੱਚ ਬਦਲ ਦਿੰਦਾ ਹੈ ਕਿਉਂਕਿ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਹੀ ਕਰਦਾ ਹੈ ਭਾਵ ਆਪਣਾ ਨਾਮ ਰੂਪ ਗਿਆਨ ਦੇਣ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਉਹ ਸਾਡੇ ਅੰਦਰੋਂ ਹਉਮੈ ਦੀ ਮੈਲ ਨੂੰ ਕੱਢ ਦਿੰਦਾ ਹੈ, ਮਨ ਦੀ ਸਮਝ ਨੂੰ ਪੂਰੀ ਤਰ੍ਹਾਂ ਅਗਿਆਨਤਾ ਵਿੱਚੋਂ ਕੱਢਕੇ, ਹਰ ਭਰਮ ਵਿੱਚੋਂ ਕੱਢਕੇ ਸੱਚੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ, ਬ੍ਰਹਮ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ, ਸਹਜ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ। ਪ੍ਰਮਾਤਮਾ ਆਪ ਸਾਡੇ ਅੰਦਰ ਇਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਜੋ ਉਸਦਾ ਨਿਰੰਕਾਰ ਰੂਪ ਹੈ ਤੇ ਉਸ ਦੇ ਨਾਲ ਮੇਲ ਇਸ ਸੱਚੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਹੁੰਦਾ ਹੈ ਜਿਸ ਦੁਆਰਾ ਸਾਡੀ ਅਗਿਆਨਤਾ ਵਾਲੀ ਸਮਝ ਪ੍ਰਮਾਤਮਾ ਦੇ ਸੱਚੇ ਗਿਆਨ ਵਾਲੀ ਸਮਝ ਦੇ ਵਿੱਚ ਸਮਾਅ ਜਾਂਦੀ ਹੈ। ਇਹੀ ਪ੍ਰਮਾਤਮਾ ਵਿੱਚ ਸਮਾਉਣਾ ਹੈ। ਜੋ ਪ੍ਰਮਾਤਮਾ ਵਿੱਚ ਸਮਾਉਂਦਾ ਹੈ ਉਹ ਮਨ ਦੇ ਵਿੱਚ ਹੀ ਸਮਾਉਂਦਾ ਹੈ ਤੇ ਤਾਂ ਹੀ ਉਸ ਦੇ ਮਨੁੱਖੀ ਰੂਪ ਨੂੰ ਸਮਝ ਲੱਗਦੀ ਹੈ ਕਿ ਸਾਡੇ ਮਨ ਦੇ ਵਿੱਚ ਗਿਆਨ ਕਿੱਥੋਂ ਆਉਂਦਾ ਹੈ ਭਾਵ ਸਾਰੇ ਸੰਸਾਰ ਦੇ ਗਿਆਨ ਦਾ ਸ੍ਰੋਤ ਕੀ ਹੈ, ਗਿਆਨ ਦਾ ਮਾਲਕ ਕੌਣ ਹੈ, ਸਾਡੀ ਸਮਝ ਦਾ ਮਾਲਕ ਕੌਣ ਹੈ, ਇਸ ਸਰੀਰ ਦਾ ਮਾਲਕ ਕੌਣ ਹੈ, ਹਰ ਆਕਾਰ ਰੂਪ ਦਾ ਮਾਲਕ ਕੌਣ ਹੈ ਭਾਵ ਕਿਸ ਤਰੀਕੇ ਪ੍ਰਮਾਤਮਾ ਸਭ ਕੁੱਝ ਆਪ ਹੀ ਹੈ ਤੇ ਕਿਸ ਤਰੀਕੇ ਉਸਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਮਨ ਦੀ ਸਮਝ ਦੇ ਰੂਪ ਵਿੱਚ ਪ੍ਰਗਟ ਹੋ ਕੇ ਆਪ ਹੀ ਗੁਰਬਾਣੀ ਦੀ ਰਚਨਾ ਕਰਵਾਈ ਹੈ, ਸੰਸਾਰ ਨੂੰ ਕਿਸ ਤਰੀਕੇ ਉਸਨੇ ਆਪ ਹੀ ਆਪਣਾ ਸੱਚ ਸਮਝਾਇਆ ਹੈ, ਆਪਣਾ ਬ੍ਰਹਮ ਗਿਆਨ ਦੇਣ ਦੁਆਰਾ ਆਪ ਹੀ ਸਮਝਾਇਆ ਹੈ। ਪ੍ਰਮਾਤਮਾ ਆਪਣੇ ਇਸ ਉੱਚੇ ਗਿਆਨ ਦੇ ਰੂਪ ਵਿੱਚ ਹੀ ਆਪ ਬ੍ਰਹਮ ਗਿਆਨੀ ਹੈ ਜੋ ਆਪਣਾ ਬ੍ਰਹਮ ਗਿਆਨ ਉਹ ਆਪ ਹੀ ਕਿਸੇ ਨੂੰ ਦੇ ਸਕਦਾ ਹੈ ਤੇ ਕਿਸੇ ਨੂੰ ਸਮਝ ਪੈ ਸਕਦੀ ਹੈ ਕਿ ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਹੋਰ ਬ੍ਰਹਮ ਗਿਆਨੀ ਨਹੀਂ ਹੈ। ਜਿਸ ਮਨੁੱਖੀ ਸਰੀਰ ਵਿੱਚ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਕੇਵਲ ਉਹ ਮਨੁੱਖੀ ਸਮਝ ਹੀ ਇਸ ਗੱਲ ਨੂੰ ਸਮਝ ਸਕਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਉਹ ਬ੍ਰਹਮਗਿਆਨੀ ਰੂਪ ਪ੍ਰਮਾਤਮਾ ਆਪ ਹੈ ਜਿਸ ਪ੍ਰਮਾਤਮਾ ਨੇ ਮੇਰੇ ਅੰਦਰ ਆਪਣੇ

ਆਪ ਨੂੰ ਬ੍ਰਹਮ ਗਿਆਨ ਦੇਣ ਦੁਆਰਾ ਪ੍ਰਗਟ ਕੀਤਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਕੋਈ ਭਰਮਾਂ ਦੀ ਮੈਲ ਵਿੱਚੋਂ ਨਹੀਂ ਨਿਕਲ ਸਕਦਾ ਤੇ ਨਾ ਹੀ ਕਿਸੇ ਨੂੰ ਭਗਤੀ ਦੀ ਸੱਚੀ ਸਮਝ ਪੈ ਸਕਦੀ ਹੈ, ਪ੍ਰਮਾਤਮਾ ਦੀ ਸੱਚਾਈ ਦੀ ਸਮਝ ਪੈ ਸਕਦੀ ਹੈ। (**ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥**)

{ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦}

(ਅੰਗ - ੧੦੬੯)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥}

(ਅੰਗ - ੩੫੪)

{ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥
ਝੂਠੈ ਮੋਹਿ ਭਰਮਿ ਭੁਲਾਈ ॥੧॥
ਮੇਰੇ ਸਾਹਿਬ ਹਉ ਕੀਤਾ ਤੇਰਾ ॥
ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥
ਬਹੁਤੇ ਅਉਗਣ ਕੂਕੈ ਕੋਈ ॥
ਜਾ ਤਿਸੁ ਭਾਵੈ ਬਖਸੇ ਸੋਈ ॥੨॥
ਗੁਰ ਪਰਸਾਦੀ ਦੁਰਮਤਿ ਖੋਈ ॥
ਜਹ ਦੇਖਾ ਤਹ ਏਕੋ ਸੋਈ ॥੩॥
ਕਹਤ ਨਾਨਕ ਐਸੀ ਮਤਿ ਆਵੈ ॥
ਤਾਂ ਕੋ ਸਚੇ ਸਚਿ ਸਮਾਵੈ ॥੪॥}

(ਅੰਗ - ੩੫੭)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥}

(ਅੰਗ - ੯੯੨)

{ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ ॥
ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ ॥
ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤ੍ਰੂਟੀ ਭੀਤਾ ਭਰਮ ਗੜਾ ॥
ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥
ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥
ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥੪॥}

(ਅੰਗ - ੪੫੨-੪੫੩)

{ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥
ਗੁਰ ਸਬਦੀ ਖੋਲਾਈਅਨ੍ਹਿ ਹਰਿ ਨਾਮੁ ਜਪਾਨੀ ॥
ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥੧੪॥}

(ਅੰਗ - ੫੧੪)

{ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥
ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥
ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥
ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥}

(ਅੰਗ - ੫੨੨)

{ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥
ਸਤੁ ਸੰਤੋਖੁ ਨਗਰ ਮਹਿ ਕਾਰੀ ॥
ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥

ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥}

(ਅੰਗ - ੧੦੩੭)

{ਘਰੁ ਦਰੁ ਮੰਦਰੁ ਜਾਣੈ ਸੋਈ ॥
ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥੧੨॥}

(ਅੰਗ - ੧੦੩੯)

{ਕਿਉ ਲੀਜੈ ਗਢੁ ਬੰਕਾ ਭਾਈ ॥
ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥}

(ਅੰਗ - ੧੧੬੧-੧੧੬੨)

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥}

(ਅੰਗ - ੧੧੭੮)

{ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥}

(ਅੰਗ - ੩੩੧-੩੩੨)

{ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥
ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥
ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥
ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥
ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥੪੮॥
ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ ॥
ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ ॥
ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ ॥
ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ ॥੪੯॥
ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥
ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥
ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥
ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੫੦॥}

(ਅੰਗ - ੧੪੧੮-੧੪੧੯)

ਇਸ ਗੱਲ ਨੂੰ ਸਮਝਣ ਵਿੱਚ ਤਾਂ ਕਿਸੇ ਨੂੰ ਕੋਈ ਭਰਮ ਨਹੀਂ ਹੋਣਾ ਚਾਹੀਦਾ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ, ਉਸ ਦੇ ਨਾਲ ਸਾਡਾ ਪੜਦਾ ਕਿਸ ਰੂਪ ਵਿੱਚ ਹੈ ਤੇ ਉਸ ਪੜਦੇ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਤੇ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਵੀ ਇਹ ਕੁੱਝ ਸਮਝਦੇ ਰਹਾਂਗੇ ਕਿਉਂਕਿ ਗੁਰੂ ਨੇ ਤਾਂ ਸਾਨੂੰ ਸੱਚ ਹੀ ਸਮਝਾਉਣਾ ਹੈ ਤੇ ਗੁਰੂ ਦੇ ਸਮਝਾਉਣ ਦਾ ਤਰੀਕਾ ਬੜਾ ਗਹਿਰਾ ਹੈ। ਇੱਕ ਗੱਲ ਨੂੰ ਗੁਰੂ ਨੇ ਅਨੇਕਾਂ ਤਰੀਕਿਆਂ ਨਾਲ ਸਮਝਾਇਆ ਹੋਇਆ ਹੈ। ਹਰ ਸ਼ਬਦ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨ ਦੇ ਭਰਮ ਰੂਪ ਪੜਦੇ ਵਿੱਚੋਂ ਕੱਢਣ ਦਾ ਹੀ ਹੈ। ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਤੇ ਜਿੱਥੇ ਸੱਚ ਹੈ ਉੱਥੇ ਭਰਮ ਨਹੀਂ।ਭਰਮ ਸਾਡੇ ਅੰਦਰ ਅਨੇਕਾਂ ਹੀ ਹਨ ਤੇ ਜਿਓਂ-ਜਿਓਂ ਸਾਡੇ ਅੰਦਰੋਂ ਭਰਮ ਨਿਕਲਦੇ ਜਾਣਗੇ ਅਸੀਂ ਸੱਚ ਦੇ ਨੇੜੇ ਲੱਗਦੇ ਜਾਵਾਂਗੇ। ਇਹੀ ਸੱਚ ਦੀ ਖੋਜ ਹੈ, ਨਾਮ ਦੀ ਖੋਜ ਹੈ ਭਾਵ ਪ੍ਰਮਾਤਮਾ ਦੀ ਖੋਜ ਹੈ, ਭਗਤੀ ਦੇ ਸੱਚੇ ਮਾਰਗ ਦੀ ਖੋਜ ਹੈ ਜੋ ਖੋਜ ਕਰਨੀ ਸਾਨੂੰ ਗੁਰਬਾਣੀ ਸਮਝਾਉਂਦੀ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਖੋਜ ਕਰਨੀ ਹੀ ਸਿਖਾਉਂਦੀ ਹੈ। ਹਰ ਸ਼ਬਦ ਦੀ ਵਿਚਾਰ ਗੁਰਮਤਿ ਹੈ ਤੇ ਅਸੀਂ ਭਗਤੀ ਦੇ ਮਾਰਗ ਨੂੰ ਗੁਰਮਤਿ ਦੇ ਨਾਲ ਹੀ ਖੋਜਣਾ ਹੈ ਜੋ ਖੋਜ ਪ੍ਰਮਾਤਮਾ ਦੇ ਮੇਲ ਤੱਕ ਪਹੁੰਚ ਸਕਦੀ ਹੈ, ਨਾਮ ਦੇ ਮਾਲਕ, ਬ੍ਰਹਮ ਗਿਆਨ ਦੇ ਮਾਲਕ ਤੱਕ ਸਾਨੂੰ ਪਹੁੰਚਾ ਸਕਦੀ ਹੈ। ਗੁਰਮਤਿ ਸਾਨੂੰ ਸਮਝਾਉਂਦੀ ਹੈ ਕਿ ਆਪਣੇ ਅੰਦਰੋਂ ਔਗੁਣਾਂ ਨੂੰ ਕੱਢੋ ਜੋ ਸਾਡੇ ਅੰਦਰ ਨਾਮ ਨੂੰ ਚੁਰਾਉਂਦੇ ਹਨ। ਨਾਮ ਗੁਰੂ ਦੇ ਸੱਚੇ ਵਿਚਾਰ ਹਨ ਭਾਵ

ਜਿਸ ਮਨੁੱਖ ਦੇ ਅੰਦਰ ਔਗੁਣ ਹਨ ਉੱਥੇ ਸ਼ਬਦ ਦੇ ਵਿਚਾਰ ਨਹੀਂ ਹਨ। ਆਪਣੇ ਸ਼ਬਦਾਂ ਦੀ ਵਿਚਾਰ ਰਾਹੀਂ ਗੁਰੂ ਸਾਨੂੰ ਜੋ ਗੁਣ ਇਕੱਠੇ ਕਰਨੇ ਸਮਝਾਉਂਦਾ ਹੈ, ਉਹ ਗੁਣ ਸਾਡੇ ਅੰਦਰ ਨਹੀਂ ਹਨ, ਸਾਡੀ ਸਮਝ ਦੇ ਵਿੱਚ ਨਹੀਂ ਵੱਸੇ, ਗੁਰੂ ਦੇ ਸ਼ਬਦਾਂ ਦੀ ਵਿਚਾਰ ਸਾਡੇ ਅੰਦਰ ਨਹੀਂ ਟਿਕੀ, ਗੁਰੂ ਦੇ ਸਮਝਾਏ ਹੋਏ ਗੁਣ ਸਾਡੇ ਅੰਦਰ ਨਹੀਂ ਟਿਕੇ, ਸਾਨੂੰ ਨਾਮ ਸਮਝਾਉਣ ਵਾਲੇ ਤੇ ਉਨ੍ਹਾਂ ਤੇ ਚਲਾਉਣ ਵਾਲੇ ਵਿਚਾਰ ਸਾਡੇ ਅੰਦਰ ਨਹੀਂ ਟਿਕੇ, ਗੁਰੂ ਦੇ ਗੁਣਾਂ ਵਾਲੇ ਵਿਚਾਰ ਸਾਡੇ ਅੰਦਰ ਨਹੀਂ ਟਿਕੇ ਭਾਵ ਉਹ ਚੋਰੀ ਹੋ ਚੁੱਕੇ ਹਨ। ਚੋਰ ਸਾਡੇ ਔਗੁਣ ਹਨ ਭਾਵ ਔਗੁਣਾਂ ਵਾਲੇ , ਮਾਇਆ ਮੋਹ ਵਾਲੇ ਸਾਡੇ ਵਿਚਾਰ ਹਨ। ਜਦੋਂ ਇਹਨਾਂ ਚੋਰਾਂ ਨੂੰ ਅਸੀਂ ਪਕੜ ਲਵਾਂਗੇ ਭਾਵ ਇਹਨਾਂ ਨੂੰ ਨੱਥ ਪਾ ਲਵਾਂਗੇ ਤਾਂ ਹੀ ਸਾਡੇ ਅੰਦਰੋਂ ਨਾਮ ਦੀ ਚੋਰੀ ਹੱਟੇਗੀ ਤੇ ਅਸੀਂ ਉਸ ਨਾਮ ਦੇ ਮਾਲਕ ਤੱਕ ਪਹੁੰਚ ਕਰ ਸਕਾਂਗੇ। ਇਹ ਚੋਰ ਸਾਡੇ ਅੰਦਰੋਂ ਨਾਮ ਧਨੁ ਚੁਰਾਉਂਦੇ ਹਨ ਭਾਵ ਗੁਰਮਤਿ ਦੀ ਸੱਚੀ ਸਮਝ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ। ਨਾਮ ਧਨੁ ਸਾਡੇ ਅੰਦਰ ਤਾਂ ਹੀ ਵੱਸੇਗਾ ਜਦੋਂ ਸਾਨੂੰ ਇਹ ਵਿਸ਼ਵਾਸ ਆ ਜਾਵੇਗਾ ਕਿ ਜਦ ਤੱਕ ਅਸੀਂ ਆਪਣੇ ਚੋਰਾਂ ਨੂੰ ਨਹੀਂ ਫੜਦੇ ਤਦ ਤੱਕ ਅਸੀਂ ਗਰੂ ਦੀ ਸੱਚੀ ਮਤਿ ਨਾਲ ਨਹੀਂ ਜੁੜ ਸਕਦੇ ਭਾਵ ਨਾਮ ਦੀ ਖੋਜ ਨਹੀਂ ਕਰ ਸਕਦੇ, ਪ੍ਰਮਾਤਮਾ ਦੀ ਆਪਣੇ ਅੰਦਰੋਂ ਖੋਜ ਨਹੀਂ ਕਰ ਸਕਦੇ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ, ਸਾਡੇ ਮਨ ਰੂਪ ਗੜ ਦੇ ਵਿੱਚ ਹੀ ਹੈ ਜੋ ਕਿ ਆਪਣੇ "ਰਾਮ ਨਾਮ ਰਤਨ" ਦੇ ਰੂਪ ਵਿੱਚ ਹੈ ਤੇ ਸਭ ਦੇ ਅੰਦਰ ਉਹ ਮਨ ਰੂਪ ਗੜ ਦੇ ਅੰਦਰ ਲੁਕਿਆ ਹੋਇਆ ਹੈ। ਗੁਰਬਾਣੀ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜਣਾ ਹੀ ਸਮਝਾ ਰਹੀ ਹੈ ਜੋ ਪ੍ਰਮਾਤਮਾ ਸਾਨੂੰ ਮਨ ਦੇ ਵਿੱਚੋਂ ਮਨ ਦੀ ਅਗਿਆਨਤਾ ਦੁਆਰਾ ਨਜ਼ਰ ਨਹੀਂ ਆਉਂਦਾ। ਉਸ ਨੂੰ ਆਪਣੇ ਅੰਦਰੋਂ ਖੋਜਣ ਦਾ ਤਰੀਕਾ ਗੁਰੂ ਦਾ ਸੱਚਾ ਗਿਆਨ ਹੈ ਜਿਸ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਦੂਰ ਕਰਨ ਦੇ ਨਾਲ ਹੀ ਹੈ। ਗੁਰੂ ਦਾ ਸੱਚਾ ਗਿਆਨ ਸਾਡੇ ਮਨ ਦੀਆਂ ਉਹ ਅੱਖਾਂ ਹਨ ਜਿਸ ਗਿਆਨ ਦੀਆਂ ਅੱਖਾਂ ਨਾਲ ਹੀ ਕੇਵਲ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਿਆ ਜਾ ਸਕਦਾ ਹੈ, ਵੇਖਿਆ ਜਾ ਸਕਦਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਹਰ ਕੋਈ ਇਸ ਗੱਲ ਨੂੰ ਆਪਣੇ ਆਪ ਆਸਾਨੀ ਨਾਲ ਸਮਝ ਸਕਦਾ ਹੈ ਤੇ ਕੇਵਲ ਗੁਰੂ ਦੀ ਸਮਝਾਈ ਹੋਈ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਕਦੇ ਗਲਤ ਗੱਲ ਨਹੀਂ ਕਹਿ ਸਕਦਾ ਜੋ ਕਿ ਪ੍ਰਤੱਖ ਰੂਪ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦੀ ਸਮਝ ਦੇ ਨਾਲ ਪਿਆਰ ਕਰਨਾ ਹੀ ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਪਿਆਰ ਕਰਨਾ ਹੈ।

ਬਸੰਤੁ ਹਿੰਡੋਲ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

“ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥”

(ਅੰਗ - ੧੧੭੯)

ਉੱਪਰ ਵਾਲੇ ਸ਼ਬਦ ਨੂੰ ਥੋੜਾ ਧਿਆਨ ਨਾਲ ਸਮਝੋ ਕਿ ਜਦ ਤੱਕ ਸਾਡੇ ਅੰਦਰ ਨਾਮ ਦੇ ਪੰਜ ਚੋਰ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਹਨ ਕੀ ਇਹੋ ਜਿਹੇ ਵਿਚਾਰਾਂ ਵਾਲੇ ਮਨੁੱਖ ਦੇ ਅੰਦਰ ਕਦੇ ਨਾਮ ਹੋ ਸਕਦਾ ਹੈ, ਨਾਮ ਧਨੁ ਹੋ ਸਕਦਾ ਹੈ ਤੇ ਕੀ ਉਹ ਮਨੁੱਖ ਆਪਣੇ ਆਪ ਨੂੰ ਗੁਰਮਤਿ ਵਾਲਾ ਅਖਵਾ ਸਕਦਾ ਹੈ ਪਰ ਇੱਕ ਅੱਖਰ ਦਾ ਜਪ ਕਰਨ ਵਾਲੇ ਕੀ ਕਦੇ ਇਸ ਗੱਲ ਨੂੰ ਮੰਨ ਸਕਦੇ ਹਨ ਕਿ ਉਹਨਾਂ ਨੂੰ ਗੁਰਮਤਿ ਦੀ ਸਮਝ ਨਹੀਂ ਹੈ ਤੇ ਉਹਨਾਂ ਨੂੰ ਨਾਮ ਜਪਣ ਦੀ ਸਮਝ ਨਹੀਂ ਹੈ। ਇਹ ਸਾਡੇ ਅੰਦਰ ਦੀ ਅਗਿਆਨਤਾ ਹੈ ਜੋ ਕਿ ਸਾਡਾ ਪ੍ਰਮਾਤਮਾ ਦੇ ਨਾਲ ਪੜਦਾ ਹੈ, ਗੁਰਮਤਿ ਦੀ ਸੱਚੀ ਸਮਝ ਦੇ ਨਾਲ ਮਨ ਦੇ ਵਿੱਚ ਪੜਦਾ ਹੈ। ਪ੍ਰਮਾਤਮਾ ਆਪ ਗੁਰਮਤਿ ਵਾਲੀ ਸਮਝ ਦੇ ਵਿੱਚ ਹੀ ਹੈ, ਗੁਰਮਤਿ ਰੂਪ ਸੱਚੇ ਗਿਆਨ ਦੇ ਦੇ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਨਾਮ ਰੂਪ ਹੈ ਜਿਸ ਆਪਣੇ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਰੂਪ ਵਿੱਚ ਹੈ। ਨਾਮ ਨੂੰ ਪੂਰਨ ਰੂਪ ਵਿੱਚ ਸਮਝਣਾ ਜਾਂ ਗੁਰਬਾਣੀ ਨੂੰ ਪੂਰਨ ਰੂਪ ਵਿੱਚ ਸਮਝਣਾ ਜਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਇੱਕੋ ਹੀ ਗੱਲ ਹੈ। ਮਨ ਦੇ ਵਿੱਚੋਂ ਅਗਿਆਨਤਾ ਵਾਲੀ ਸਮਝ ਰੂਪ ਪੜਦਾ ਨਿਕਲੇ ਬਿਨ੍ਹਾਂ, ਹਉਮੈ ਰੂਪ ਪੜਦਾ ਨਿਕਲੇ ਬਿਨ੍ਹਾਂ ਨਾਮ ਨੂੰ ਨਹੀਂ ਸਮਝਿਆ ਜਾ ਸਕਦਾ, ਧਰਮ ਦੇ ਸੱਚੇ ਮਾਰਗ ਨੂੰ ਨਹੀਂ ਸਮਝਿਆ ਜਾ ਸਕਦਾ ਜੋ ਧਰਮ ਦਾ ਮਾਰਗ, ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜਿਸ ਦੇ ਅੰਦਰ ਧਰਮ ਦੇ ਮਾਰਗ ਨੂੰ ਸਮਝਣ ਤੇ ਸਮਝਾਉਣ ਵਿੱਚ ਜਿਤਨੀ ਜਿਆਦਾ ਅਗਿਆਨਤਾ ਹੈ ਉਸ ਦੀ ਅੰਦਰ ਉਤਨੀ ਹਉਮੈ ਜਿਆਦਾ ਹੈ ਭਾਵ ਉਹਨਾਂ ਦੇ ਮਨ ਦੇ ਅੰਦਰ ਦਾ ਪੜਦਾ ਉਤਨਾ ਹੀ ਮਜਬੂਤ ਹੈ ਜੋ ਪੜਦਾ ਸਾਨੂੰ ਸਚੁ ਰੂਪ ਪ੍ਰਮਾਤਮਾ ਨੂੰ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰੱਖਦਾ ਹੈ, ਗੁਰਮਤਿ ਦੇ ਮਾਲਕ ਤੋਂ ਦੂਰ ਰੱਖਦਾ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣ ਤੋਂ ਦੂਰ ਰੱਖਦਾ ਹੈ। ਮਨ ਦੇ ਭਰਮਾਂ ਵਿੱਚ ਰਹਿੰਦੇ ਹੋਏ ਆਪਣੇ ਵੱਲੋਂ ਜਿਸ ਨੂੰ ਅਸੀਂ ਭਗਤੀ ਸਮਝਦੇ ਹਾਂ ਉਸ ਨੂੰ ਗੁਰੂ ਸਾਹਿਬ ਸਾਡਾ ਪਾਖੰਡ ਕਹਿੰਦੇ ਹਨ। ਸਾਡੇ ਮਨ ਦੇ ਅੰਦਰ ਇਹ ਹਰ ਵੇਲੇ ਮਾਇਆ ਵਾਲੀ ਸਮਝ ਹੀ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਨਾਲ ਜੋੜ ਕੇ ਰੱਖਦੀ ਹੈ ਜਿਸ ਕਰਕੇ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਪੜਦਾ ਹੈ ਤੇ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੀ ਕਿਰਪਾ ਨਾਲ ਉਸ ਨੂੰ ਜਾਣ ਲੈਂਦਾ ਹੈ, ਉਸ ਦੇ “**ਸਾਧੂ ਪੁਰਖੁ**” ਰੂਪ ਨੂੰ ਜਾਣ ਲੈਂਦਾ ਹੈ, ਪ੍ਰਮਾਤਮਾ ਉਸ ਨੂੰ ਫਿਰ ਮਨ ਦੀ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਲੈਂਦਾ ਹੈ ਭਾਵ ਮਨ ਦੇ ਵਿੱਚ ਪੜਦਾ ਦੂਰ ਕਰ ਦਿੰਦਾ ਹੈ ਤੇ ਆਪਣਾ ਸੱਚਾ ਗਿਆਨ ਦੇਣ ਦੁਆਰਾ ਭਗਤੀ ਦਾ ਸੱਚਾ ਮਾਰਗ ਆਪ ਹੀ ਸਮਝਾਉਂਦਾ ਹੈ ਤੇ ਤਾਂ ਹੀ ਕੋਈ ਉਸ ਪ੍ਰਮਾਤਮਾ ਦੇ ਗੁਣ ਗਾ ਸਕਦਾ ਹੈ ਜਿਸ ਸੱਚੀ ਸਮਝ ਦੁਆਰਾ ਮਨੁੱਖ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ, ਔਗੁਣਾਂ ਤੋਂ ਮੁਕਤ ਹੋ ਕੇ ਭਾਵ ਮਨ ਦੇ ਸੰਤੋਖ ਦੁਆਰਾ ਵਿਚਰਦਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਜਿਵੇਂ ਕਿ ਸ਼ਬਦ ਦੇ ਆਖਰੀ ਪਦਿਆਂ ਦੁਆਰਾ ਸਮਝਾਇਆ ਹੋਇਆ ਹੈ। ਜੇਕਰ

ਉਸ ਪ੍ਰਮਾਤਮਾ ਨੂੰ ਅਸੀਂ ਆਪਣੇ ਅੰਦਰੋਂ ਖੋਜਣਾ ਚਾਹੁੰਦੇ ਹਾਂ ਫਿਰ ਉਸ ਲਈ ਸਾਡੇ ਲਈ ਇੱਕੋ ਇੱਕ ਸਾਧਨ ਇਹ ਹੈ ਕਿ ਅਸੀਂ ਨਾਮ ਨੂੰ ਸਮਝੀਏ ਕਿ ਨਾਮ ਜਪਣਾ ਕੀ ਹੈ, ਗੁਰਮਤਿ ਕੀ ਹੈ, ਗੁਰਮਤਿ ਵਾਲਾ ਅਖਵਾਉਣਾ ਕੀ ਹੈ, ਗੁਰੂ ਵਾਲਾ ਬਣਨਾ ਕੀ ਹੈ। ਮਨ ਦੇ ਭਰਮਾਂ ਵਿੱਚ ਰਹਿੰਦੇ ਹੋਏ ਅਸੀਂ ਧਰਮ ਦੇ ਸੱਚੇ ਮਾਰਗ ਨੂੰ, ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਪੜਦੇ ਵਿੱਚ ਹੀ ਰਹਾਂਗੇ ਭਾਵ ਮਨ ਦੀ ਅਗਿਆਨਤਾ ਵਿੱਚ ਹੀ ਰਹਾਂਗੇ, ਹਉਮੈ ਵਿੱਚ ਹੀ ਰਹਾਂਗੇ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਨਾ ਹੀ ਜਾਣਿਆ ਜਾ ਸਕਦਾ ਹੈ। (**ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥ ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥ ਮਾਧੋ ਸਾਧੂ ਜਨ ਦੇਹੁ ਮਿਲਾਇ ॥ ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥ ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥ ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥ ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥ ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥**) ਅੰਗ - ੧੧੭੯

ਇਸੇ ਗੱਲ ਨੂੰ ਹੀ ਅਸੀਂ ਪਿੱਛੇ ਹੇਠ ਦਿੱਤੇ ਮੁੱਖ ਸ਼ਬਦ ਦੁਆਰਾ ਸਮਝਿਆ ਹੈ ਜਿਸ ਰਾਹੀਂ ਸਾਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ।

“ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥
ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥
ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥”

(ਅੰਗ - ੩੯)

ਉੱਪਰ ਵਾਲੇ ਸ਼ਬਦ ਦੇ ਦੂਜੇ ਪਦੇ ਤੱਕ ਦੇ ਅਰਥ ਅਸੀਂ ਪਿੱਛੇ ਸਮਝ ਚੁੱਕੇ ਹਾਂ ਤੇ ਹੁਣ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਭਗਤੀ

ਦੇ ਮਾਰਗ ਤੇ ਕਿਸ ਤਰੀਕੇ ਚੱਲਿਆ ਜਾ ਸਕਦਾ ਹੈ।

“ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥
ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥”

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਭਗਤੀ ਦੇ ਮਾਰਗ ਦੀ ਸੱਚੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਮੇਲ ਕਰਨ ਦੁਆਰਾ ਆਪ ਹੀ ਪਾਉਂਦਾ ਹੈ ਭਾਵ ਮਨ ਦੇ ਵਿੱਚ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਕੱਢਣ ਦੁਆਰਾ ਤੇ ਆਪਣਾ ਸੱਚਾ ਗਿਆਨ ਦੇਣ ਦੁਆਰਾ ਹੀ ਪਾਉਂਦਾ ਹੈ ਤੇ ਇਹੀ ਗੱਲ ਅਸੀਂ ਸ਼ਬਦ ਦੇ ਉਪਰਲੇ ਪਦੇ ਤੋਂ ਪਹਿਲੇ ਪਦੇ ਰਾਹੀਂ ਸਮਝੀ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਭਗਤੀ ਦੀ ਸੱਚੀ ਸਮਝ ਪਾਉਂਦਾ ਹੈ ਫਿਰ ਇਹ ਨਿਸ਼ਚਿਤ ਹੀ ਹੈ ਕਿ ਉਸ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਮੇਰੇ ਅੰਦਰ ਜੋ ਸਮਝ ਆਉਂਦੀ ਹੈ ਉਹ ਮੇਰੀ ਨਹੀਂ ਹੈ। ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਉਸ ਕੋਲੋਂ ਆਪ ਪ੍ਰਮਾਤਮਾ ਹੀ ਕਰਵਾਉਂਦਾ ਹੈ ਕਿਉਂਕਿ ਜੋ ਵੀ ਕਰਮ ਮਨੁੱਖ ਕਰਦਾ ਹੈ ਉਹ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ। ਸਾਡੀ ਭਗਤੀ ਦਾ ਮਾਰਗ ਸਾਡੇ ਕਰਮਾਂ ਦੇ ਨਾਲ ਜੁੜਿਆ ਹੋਇਆ ਹੈ ਤੇ ਸਾਡੇ ਕਰਮ ਸਾਡੀ ਸਮਝ ਦੇ ਨਾਲ ਜੁੜੇ ਹੋਏ ਹਨ। ਜਦ ਤੱਕ ਮਨੁੱਖ ਦੇ ਅੰਦਰ ਦੀ ਸਮਝ ਅਗਿਆਨਤਾ ਦੇ ਵਿੱਚ ਹੈ ਤਦ ਤੱਕ ਉਹ ਮਾਇਆ ਮੋਹ ਵਿੱਚ ਹੀ ਰਹਿੰਦਾ ਹੈ ਭਾਵ ਉਹ ਉਹੋ ਜਿਹੇ ਕਰਮ ਨਹੀਂ ਕਰ ਸਕਦਾ ਜਿਹੋ ਜਿਹੇ ਕਰਮ ਭਗਤੀ ਲਈ ਕਰਨੇ ਬਣਦੇ ਹਨ। ਭਗਤੀ ਲਈ ਸਾਡੇ ਚੰਗੇ ਕਰਮ ਕੀ ਹਨ ਇਸ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਮਨ ਦੀ ਸਮਝ ਰਾਹੀਂ ਚੰਗੇ ਕਰਮ ਆਪ ਹੀ ਕਰਾਉਂਦਾ ਹੈ। ਜਦ ਤੱਕ ਮਨੁੱਖ ਨੂੰ ਇਹ ਸਮਝ ਨਹੀਂ ਪੈਂਦੀ ਕਿ ਸਾਡੇ ਕੋਲੋਂ ਕਰਮ ਕਰਾਉਣ ਵਾਲਾ ਕੌਣ ਹੈ ਤਦ ਤੱਕ ਹਰ ਕੋਈ ਅਗਿਆਨਤਾ ਦੇ ਵਿੱਚ ਹੀ ਹੈ। ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

“ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥”

ਉੱਪਰ ਵਾਲੇ ਪੂਰੇ ਸ਼ਬਦ ਰਾਹੀਂ ਸਾਨੂੰ ਭਗਤੀ ਦਾ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ ਤੇ ਨਾਲ ਉੱਪਰ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੀ ਭਗਤੀ ਹਉਮੈ ਦੀ ਮੈਲ ਵਿੱਚ ਰਹਿੰਦੇ ਹੋਏ ਨਹੀਂ ਹੋ ਸਕਦੀ। (**ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥**)

ਜਦ ਤੱਕ ਮਨੁੱਖ ਮਨ ਦੀ ਮੈਲ ਵਿੱਚ ਹੈ ਭਾਵ ਅਗਿਆਨਤਾ ਵਾਲੀ ਸਮਝ ਵਿੱਚ ਹੈ ਭਾਵ ਮਨਮਤਿ ਵਿੱਚ ਹੈ ਤਦ ਤੱਕ ਉਹ ਕਦੇ ਨਹੀਂ ਸਮਝ ਸਕਦਾ ਕਿ ਮੇਰੀ ਆਪਣੀ ਹੋਂਦ ਇੱਕ ਝੂਠੀ ਹੋਂਦ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਭਾਵ ਉਹ ਸਭ ਕੁੱਝ ਆਪ ਹੀ ਹੈ ਇਸ ਗੱਲ ਨੂੰ ਜਾਣੇ ਬਿਨ੍ਹਾਂ, ਵਿਸ਼ਵਾਸ ਆਏ ਬਿਨ੍ਹਾਂ ਉਸ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ। ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਵੱਡਾ ਹੈ ਜਿਸ ਉੱਚੇ ਗਿਆਨ ਦੁਆਰਾ ਉਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਉਸ ਉੱਚੇ ਗਿਆਨ ਦੁਆਰਾ ਹੀ ਉਹ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਜਿਸ ਗੱਲ ਦੀ ਸਮਝ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਪੈਂਦੀ ਹੈ। ਜਦ ਤੱਕ ਮਨੁੱਖ ਇਹ ਸਮਝਦਾ ਹੈ ਕਿ ਮੈਂ ਆਪਣੇ ਜੀਵਨ ਵਿੱਚ ਜੋ ਕਰਮ ਕੀਤੇ ਹਨ ਉਹ ਮੈਂ ਹੀ ਕੀਤੇ ਹਨ ਤੇ ਅੱਗੋਂ ਮੈਂ ਹੀ ਕਰਨੇ ਹਨ ਫਿਰ ਇਸ ਵਿੱਚ ਵਡਿਆਈ ਕਿਸ ਦੀ ਹੋਈ ਭਾਵ ਮਨੁੱਖ ਦੀ ਆਪਣੀ ਵਡਿਆਈ ਹੋਈ ਜਾਂ ਪ੍ਰਮਾਤਮਾ ਦੀ ? ਜੋ ਸਾਡੇ ਕੋਲੋਂ ਸਾਰੇ ਕਰਮ ਕਰਵਾ ਰਿਹਾ ਹੈ ਜਦ ਤੱਕ ਅਸੀਂ ਉਸ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦੇ ਤਦ ਤੱਕ ਉਸ ਦੀ ਸੱਚੀ ਵਡਿਆਈ ਨਹੀਂ ਹੋ ਸਕਦੀ ਭਾਵ ਅਸੀਂ ਮਨੁੱਖੀ ਦੇਹ ਨੂੰ ਹੀ ਵਡਿਆਉਂਦੇ ਹਾਂ, ਆਪਣੇ ਆਪ ਨੂੰ ਵਡਿਆਉਂਦੇ ਹਾਂ। ਮਨੁੱਖ ਜੇਕਰ ਕਿਸੇ ਵੀ ਕਰਮ ਦੀ ਵਡਿਆਈ ਲੈਂਦਾ ਹੈ ਉਸ ਲਈ ਮਨੁੱਖ ਨੂੰ ਮੂਰਖ ਗਾਵਾਰ ਕਿਹਾ ਹੈ ਕਿਉਂਕਿ ਉਸ ਨੂੰ ਸਮਝ ਹੀ ਨਹੀਂ ਲੱਗਦੀ ਕਿ ਮੇਰੇ ਕੋਲੋਂ ਕਰਮ ਕਰਾਉਣ ਵਾਲਾ ਕੌਣ ਹੈ ਭਾਵ ਉਸ ਨੂੰ ਕਰਮ ਕਰਵਾਉਣ ਵਾਲਾ ਪ੍ਰਮਾਤਮਾ ਵਿਸਰਿਆ ਹੋਇਆ ਹੈ ਭਾਵ ਉਸ ਦੇ ਅੰਦਰ ਗੁਰਮਤਿ ਵਾਲਾ ਸੱਚਾ ਗਿਆਨ ਨਹੀਂ ਵੱਸਿਆ, ਉਸ ਦੀ ਅਗਿਆਨਤਾ ਨਹੀਂ ਨਿਕਲੀ, ਉਸ ਦੀ ਹਉਮੈ ਦੀ ਮੈਲ ਨਹੀਂ ਨਿਕਲੀ ਜਿਸ ਕਰਕੇ

ਉਸ ਦਾ ਪਿਆਰ ਗੁਰੂ ਤੋਂ ਦੂਜੀ ਮਤਿ ਨਾਲ ਜੁੜਿਆ ਹੋਇਆ ਹੈ ਭਾਵ ਅਗਿਆਨਤਾ ਵਾਲੀ ਸਮਝ ਦੇ ਨਾਲ ਜੁੜਿਆ ਹੋਇਆ ਹੈ, ਮਾਇਆ ਮੋਹ ਵਾਲੀ ਸਮਝ ਦੇ ਨਾਲ ਜੁੜਿਆ ਹੋਇਆ ਹੈ। (**ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥**)

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ - ੯)

{ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ - ੯)

ਪ੍ਰਮਾਤਮਾ ਦੀ ਵਡਿਆਈ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਕੀਤੀ ਜਾ ਸਕਦੀ ਹੈ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਕਿਸੇ ਦੇ ਅੰਦਰ ਇਹ ਗੁਣ ਨਹੀਂ ਆਉਂਦਾ ਕਿ ਪ੍ਰਮਾਤਮਾ ਤੋਂ ਬਿਨ੍ਹਾਂ ਹੋਰ ਕੁੱਝ ਵੀ ਨਹੀਂ ਹੈ ਭਾਵ ਪ੍ਰਮਾਤਮਾ ਤੋਂ ਬਿਨ੍ਹਾਂ ਹਰ ਹੋਂਦ ਝੂਠੀ ਹੈ ਤਦ ਤੱਕ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਜਦ ਤੱਕ ਅਸੀਂ ਆਪਣੀ ਮਨੁੱਖੀ ਹੋਂਦ ਸਮਝਦੇ ਹਾਂ ਤਦ ਤੱਕ ਭਾਵੇਂ ਅਸੀਂ ਆਪਣੇ ਵੱਲੋਂ ਭਗਤੀ ਪ੍ਰਮਾਤਮਾ ਦੀ ਹੀ ਕਰਦੇ ਹਾਂ ਪਰ ਵਡਿਆਈ ਸਾਨੂੰ ਮਿਲਦੀ ਹੈ ਭਾਵ ਉੱਚਾ ਅਸੀਂ ਆਪਣੇ ਆਪ ਨੂੰ ਹੀ ਕਰਦੇ ਹਾਂ ਭਾਵ ਗੁਣ ਅਸੀਂ ਆਪਣੇ ਹੀ ਗਾਉਂਦੇ ਹਾਂ ਤੇ ਸਮਾਜ ਵਿੱਚੋਂ ਜੋ ਸਾਨੂੰ ਕਿਸੇ ਭਗਤੀ ਦੀ ਵਡਿਆਈ ਮਿਲਦੀ ਹੈ, ਸਾਡੇ ਗਿਆਨਵਾਨ ਅਖਵਾਉਣ ਦੀ ਵਡਿਆਈ ਮਿਲਦੀ ਹੈ ਉਹ ਸਾਡੇ ਗੁਣ ਹੀ ਗਾਉਂਦੇ ਹਨ ਨਾ ਕਿ ਪ੍ਰਮਾਤਮਾ ਦੇ। ਜਿਸ ਨੂੰ ਅਸੀਂ ਉੱਚਾ ਸਮਝਦੇ ਹਾਂ, ਵੱਡਾ ਸਮਝਦੇ ਹਾਂ ਉਸੇ ਦੀ ਹੀ ਵਡਿਆਈ ਕਰਦੇ ਹਾਂ। ਸਾਨੂੰ ਧਰਤੀ ਬਹੁਤ ਕੁੱਝ ਦਿੰਦੀ ਹੈ ਤੇ ਅਸੀਂ ਉਸ ਲਈ ਧਰਤੀ ਦੀ ਵਡਿਆਈ ਕਰਦੇ ਹਾਂ, ਉਸ ਦੇ ਦਿੱਤੇ ਹੋਏ ਪਦਾਰਥਾਂ ਨੂੰ ਵਡਿਆਉਂਦੇ ਹਾਂ ਪਰ ਜਿਸ ਨੇ ਧਰਤੀ ਬਣਾਈ ਹੈ, ਹਰ ਪਦਾਰਥ ਬਣਾਇਆ ਹੈ, ਹਰ ਤੱਤ ਦੀ ਰਚਨਾ ਕੀਤੀ ਹੈ ਜਦ ਤੱਕ ਉਸ ਨੂੰ ਨਹੀਂ ਜਾਣਿਆ ਤਦ ਤੱਕ ਅਸੀਂ ਉਸ ਦੀ ਸੱਚੀ ਵਡਿਆਈ ਨਹੀਂ ਕਰ ਸਕਦੇ। ਉੱਪਰ ਪੰਗਤੀ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਇਸ ਗੱਲ ਲਈ ਮੂਰਖ ਗਾਵਾਰ ਕਿਹਾ ਹੈ ਕਿ ਅਸੀਂ ਜੇਕਰ ਇਹ ਸਮਝਦੇ ਹਾਂ ਕਿ ਕਰਮ ਮੈਂ ਕਰਦਾ ਹੈ ਭਾਵ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ। ਇਸ ਗੱਲੋਂ ਸਾਨੂੰ ਗੁਰੂ ਸਾਹਿਬ ਨੇ ਮੂਰਖ ਗਾਵਾਰ ਕਹਿ ਕੇ ਪ੍ਰਮਾਤਮਾ ਦੀ ਵਡਿਆਈ ਹੀ ਕੀਤੀ ਹੈ ਕਿ ਪ੍ਰਮਾਤਮਾ ਸਾਰੇ ਕਰਮ ਕਰਵਾਉਣ ਵਾਲਾ ਤੂੰ ਹੀ ਹੈ ਭਾਵ ਇਸ ਵਿੱਚ ਮਨੁੱਖ ਦੀ ਆਪਣੀ ਕੋਈ ਵਡਿਆਈ ਨਹੀਂ ਹੈ ਤੇ ਮਨ ਦੀ ਮੂਰਖਤਾ ਕਰਕੇ ਹੀ ਕੋਈ ਆਪ ਵਡਿਆਈ ਲੈਂਦਾ ਹੈ ਭਾਵ ਤੈਨੂੰ ਜਾਨਣ ਵਿੱਚ ਹਰ ਕੋਈ ਅਗਿਆਨਤਾ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ, ਮਨ ਦੀ ਮੈਲ ਵਿੱਚ ਹੀ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਹੀ ਕੋਈ ਆਪਣੇ ਆਪ ਨੂੰ ਉੱਚਾ ਅਖਵਾ ਸਕਦਾ ਹੈ ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੋਵੇ, ਕਿਸੇ ਤਰੀਕੇ ਨਾਲ ਵੀ ਵੱਡਾ ਅਖਵਾਉਂਦਾ ਹੈ, ਸਮਾਜ ਵਿੱਚੋਂ ਵਡਿਆਈਆਂ ਲੈਂਦਾ ਹੈ। ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਉੱਚੀਆਂ ਵਡਿਆਈਆਂ ਲੈਂਦੇ ਹਨ ਤੇ ਉਹ ਇਹ ਵਡਿਆਈਆਂ ਪ੍ਰਮਾਤਮਾ ਦੀ

ਵਡਿਆਈ ਨੂੰ ਜਾਣੇ ਬਿਨ੍ਹਾਂ ਹੀ ਲੈ ਸਕਦੇ ਹਨ ਤੇ ਉਹ ਆਪਣੀ ਵਡਿਆਈ ਕਿਸ ਲਈ ਸਮਝਦੇ ਹਨ ਇਸ ਨੂੰ ਹੁਣ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥}

(ਅੰਗ - ੧੨੪੬)

ਸ੍ਰੀਰਾਗੁ ਮਹਲਾ ੫ ॥
{ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥
ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥
ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥੧॥
ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥
ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ ॥੧॥ ਰਹਾਉ ॥
ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥
ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥
ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥
ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥}

(ਅੰਗ - ੪੪-੪੫)

{ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥
ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥
ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥
ਭਾਈ ਰੇ ਅਵਰੁ ਨਾਹੀ ਮੈ ਥਾਉ ॥
ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥
ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥
ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ ॥
ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥੨॥

ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥
ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥
ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥
ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥
ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥
ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥
ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥
ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥
ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥
ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮}

(ਅੰਗ - ੫੭-੫੮)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥
{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ - ੭੯੫)

ਸਲੋਕ ਮਹਲਾ ੧ ॥

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥
ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥
ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥
ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥
ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ - ੧੨੩੯)

{ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥}

(ਅੰਗ - ੪੬੩)

ਉੱਪਰ ਵਾਲੀਆਂ ਪੰਗਤੀਆਂ ਆਸਾ ਦੀ ਵਾਰ ਦੇ ਵਿੱਚ "**ਸਲੋਕ**" ਦੇ ਰੂਪ ਵਿੱਚ ਹਨ ਜਿਸ ਪੂਰੇ ਸ਼ਬਦ ਦੇ ਨਾਲ ਜੁੜੇ ਹੋਏ ਹੋਰ ਸਲੋਕ ਵੀ ਹਨ ਤੇ ਪਉੜੀ ਵੀ ਹੈ। ਇਸ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਪੂਰੇ ਸ਼ਬਦ ਵਿੱਚ ਸਾਨੂੰ ਗੁਰੂ ਦੇ ਉੱਚੇ ਗਿਆਨ ਦੀ ਭਾਵ ਪ੍ਰਮਾਤਮਾ ਦੇ ਉੱਚੇ ਗਿਆਨ ਦੀ ਮਹਿਮਾ ਹੀ ਸਮਝਾਈ ਹੋਈ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਉਸ ਨੇ ਮਨੁੱਖੀ ਸਮਝ ਨੂੰ ਕਿਤਨਾ ਨੀਵਾਂ ਗਿਆਨ ਦਿੱਤਾ ਹੋਇਆ ਹੈ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਕਿਤਨੀ ਨੀਵੀਂ ਸਮਝ ਦਿੱਤੀ ਹੈ ਭਾਵ ਕਿਤਨੀ ਵੱਡੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਇਹੀ ਗੱਲ ਸਮਝਾਈ ਹੋਈ ਹੈ ਤਾਂ ਜੋ ਅਸੀਂ ਕੇਵਲ ਗੁਰੂ ਦੀ ਦਿੱਤੀ ਹੋਈ ਸਮਝ ਤੇ ਵਿਸ਼ਵਾਸ ਕਰੀਏ ਨਾ ਕਿ ਉਹਨਾਂ ਦੀ ਸਮਝ ਤੇ ਜੋ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਆਪ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦੇ ਹਨ ਜੋ ਕਿ ਸਦੀਆਂ ਤੋਂ ਹੁੰਦਾ ਆ ਰਿਹਾ ਹੈ ਤੇ ਹੁਣ ਵੀ ਉਸੇ ਤਰ੍ਹਾਂ ਸਭ ਪਾਸੇ ਦੇਖਿਆ ਜਾ ਸਕਦਾ ਹੈ। ਅਗਿਆਨਤਾ ਸਦੀਆਂ ਤੋਂ ਉਸੇ ਤਰ੍ਹਾਂ ਹੀ ਤੁਰੀ ਆ ਰਹੀ ਹੈ ਜਿਸ ਵਿੱਚੋਂ ਕੇਵਲ ਤੇ ਕੇਵਲ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। ਉੱਪਰ ਸਲੋਕ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥"

(ਅੰਗ - ੪੬੩)

ਮਨੁੱਖ ਦੇ ਅੰਦਰ ਹਨੇਰਾ ਕਿਸ ਗੱਲ ਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੇ ਇਸ ਹਨੇਰੇ ਨੂੰ ਗੁਰੂ ਸਾਹਿਬ "**ਘੋਰ ਅੰਧਾਰ**" ਕਹਿ ਰਹੇ ਹਨ ਜਿਸ ਨੂੰ ਬਾਣੀ ਰਾਹੀਂ "**ਅੰਧ ਕੂਪ**" ਵੀ ਕਿਹਾ ਹੈ ਭਾਵ ਸਾਡੇ ਅੰਦਰ ਦਾ ਜੋ ਹਨੇਰਾ ਹੈ ਉਹ ਬਹੁਤ ਵੱਡੀ ਅਗਿਆਨਤਾ ਦੇ ਰੂਪ ਵਿੱਚ ਹੈ ਜਿਸ ਅਗਿਆਨਤਾ ਵਿੱਚੋਂ ਆਪਣੇ ਆਪ ਨਿਕਲਿਆ ਨਹੀਂ ਜਾ ਸਕਦਾ ਭਾਵ ਸਾਨੂੰ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਕਿ ਅਸੀਂ ਕਿਸ ਤਰਫ਼ ਜਾਣਾ ਹੈ। ਇੱਕ ਹਨੇਰੇ ਖੂਹ ਵਿੱਚੋਂ ਨਿਕਲਣ ਦਾ ਕੋਈ ਰਾਹ ਨਹੀਂ ਸੁਝਦਾ। ਰਾਹ ਸਾਨੂੰ ਜੀਵਨ ਦੇ ਸੱਚੇ ਮਾਰਗ ਦਾ ਹੀ ਚਾਹੀਦਾ ਹੈ ਜੋ ਮਾਰਗ ਸਾਨੂੰ ਭਗਤੀ ਦੇ ਸੱਚੇ ਮਾਰਗ ਤੇ ਚਲਾ ਸਕੇ। ਇਹ ਘੋਰ ਹਨੇਰਾ ਸਾਡੀ ਸਮਝ ਦੇ ਵਿੱਚ ਹੈ ਤੇ ਇਹ ਹੀ ਸਾਡੇ ਅੰਦਰ ਦੀ ਹਉਮੈ ਮੈਲ ਹੈ ਜਿਸ ਨੇ ਸਾਡੇ ਮਨ

ਨੂੰ ਮੈਲਾ ਕੀਤਾ ਹੋਇਆ ਹੈ। ਇਹ ਮਨ ਦੀ ਮੈਲ ਭਾਵ ਅਗਿਆਨਤਾ ਦਾ ਹਨੇਰਾ ਕੇਵਲ ਤੇ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਨਿਕਲ ਸਕਦਾ ਹੈ ਤੇ ਇਸ ਮਨ ਦੇ ਹਨੇਰੇ ਵਿੱਚੋਂ ਨਿਕਲਣ ਦਾ ਹੋਰ ਕੋਈ ਸਾਧਨ ਨਹੀਂ ਹੈ। ਉੱਪਰ ਸਲੋਕ ਰਾਹੀਂ ਸਾਡੇ ਇਸ ਮਨ ਦੇ ਹਨੇਰੇ ਦੀ ਤੁਲਨਾ ਚੰਦ ਤੇ ਸੂਰਜ ਦੇ ਪਰਕਾਸ਼ ਨਾਲ ਕਰਕੇ ਸਮਝਾਈ ਹੋਈ ਹੈ ਜਿਸ ਰਾਹੀਂ ਸਾਨੂੰ ਇਸ ਹਨੇਰੇ ਵਿੱਚੋਂ ਨਿਕਲਣ ਦਾ ਮਾਰਗ ਹੀ ਸਮਝਾਇਆ ਹੋਇਆ ਹੈ। ਸੂਰਜ ਵੀ ਧਰਤੀ ਤੇ ਪ੍ਰਕਾਸ਼ ਕਰਦਾ ਹੈ ਤੇ ਚੰਦਰਮਾ ਵੀ ਧਰਤੀ ਤੇ ਪ੍ਰਕਾਸ਼ ਹੀ ਕਰਦਾ ਹੈ। ਚੰਦਰਮਾ ਥੋੜਾ ਪ੍ਰਕਾਸ਼ ਕਰਦਾ ਹੈ ਤੇ ਸੂਰਜ ਵੱਡਾ ਪ੍ਰਕਾਸ਼ ਕਰਦਾ ਹੈ। ਇਹਨਾਂ ਦਾ ਉਦਾਹਰਣ ਸਾਨੂੰ ਕੁੱਝ ਸਮਝਾਉਣ ਲਈ ਹੀ ਦਿੱਤਾ ਹੋਇਆ ਹੈ। ਸਾਡੀ ਮਨ ਦੀ ਅਗਿਆਨਤਾ ਦਾ ਜੋ ਹਨੇਰਾ ਹੈ ਉਸ ਨੂੰ ਕੱਢਣ ਵਾਲੇ ਬਹੁਤ ਹਨ ਭਾਵ ਆਪਣਾ-ਆਪਣਾ ਗਿਆਨ ਦੇਣ ਵਾਲੇ ਬਹੁਤ ਹਨ। ਕਿਸੇ ਨੂੰ ਅਸੀਂ ਛੋਟਾ ਗਿਆਨਵਾਨ ਸਮਝਦੇ ਹਾਂ ਤੇ ਕਿਸੇ ਨੂੰ ਅਸੀਂ ਵੱਡਾ ਗਿਆਨਵਾਨ ਸਮਝਦੇ ਹਾਂ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਸੀਂ ਆਪ ਹੀ ਇਹੋ ਜਿਹੀਆਂ ਪਦਵੀਆਂ ਦਿੰਦੇ ਹਾਂ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹੋ ਜਿਹੇ ਛੋਟੇ ਵੱਡੇ ਸੈਂਕੜੇ ਹਜਾਰਾਂ ਗਿਆਨਵਾਨ ਇਕੱਠੇ ਹੋ ਕੇ ਕਿਸੇ ਦੀ ਅਗਿਆਨਤਾ ਕੱਢ ਦੇਣ ਭਾਵ ਕਿਸੇ ਦੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਕਰ ਦੇਣ ਇਹ ਨਾਮੁਮਕਿਨ ਹੈ। ਗੁਰੂ ਬਿਨ੍ਹਾਂ, ਆਪ ਪ੍ਰਮਾਤਮਾ ਬਿਨ੍ਹਾਂ ਇਹ ਘੋਰ ਅਗਿਆਨਤਾ ਕੋਈ ਨਹੀਂ ਕੱਢ ਸਕਦਾ ਕਿਉਂਕਿ ਸਭ ਦੇ ਅੰਦਰ ਇਹ ਅਗਿਆਨਤਾ ਵਾਲੀ ਸਮਝ ਭਾਵ ਮਾਇਆ ਵਾਲੀ ਜੁਗਤਿ, ਹਉਮੈ ਰੂਪ ਪੜਦਾ, ਤ੍ਰੈਗੁਣਾਂ ਵਾਲੀ ਸਮਝ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਗੁਰੂ ਤੋਂ ਬਿਨ੍ਹਾਂ ਕਿਸੇ ਦੀ ਅਗਿਆਨਤਾ ਕੱਢਣ ਵਾਲਾ ਭਾਵ ਧਰਮ ਦਾ ਗਿਆਨਵਾਨ ਆਪਣੇ ਆਪ ਨੂੰ ਉਹੀ ਸਮਝ ਸਕਦਾ ਹੈ ਜਿਸ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਸਾਡੇ ਅੰਦਰ ਇਹ ਅਗਿਆਨਤਾ ਪਾਈ ਕਿਸ ਨੇ ਹੋਈ ਹੈ ਤੇ ਕਿਸ ਮਕਸਦ ਲਈ ਪਾਈ ਹੋਈ ਹੈ ਭਾਵ ਗਿਆਨ ਦਾ ਸ੍ਰੋਤ ਕੀ ਹੈ ਜਿਸ ਰਾਹੀਂ ਸਭ ਨੂੰ ਮਨ ਦੇ ਵਿੱਚ ਗਿਆਨ ਮਿਲਦਾ ਹੈ ਤੇ ਹਰ ਕੋਈ ਪ੍ਰਮਾਤਮਾ ਨੂੰ ਜਾਨਣ ਵਿੱਚ ਕਿਸ ਲਈ ਅਸਮਰੱਥ ਰਹਿੰਦਾ ਹੈ ਤੇ ਕਿਸ ਲਈ ਪ੍ਰਮਾਤਮਾ ਨੂੰ ਵੱਖਰੇ ਵੱਖਰੇ ਰੂਪ ਵਿੱਚ ਸਮਝਦਾ ਹੈ, ਕਿਸੇ ਵੱਖਰੇ ਆਕਾਰ ਰੂਪ ਵਿੱਚ ਸਮਝਦਾ ਹੈ। ਪ੍ਰਮਾਤਮਾ ਤਾਂ ਇੱਕ ਹੀ ਹੋ ਸਕਦਾ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਦੋ ਨਹੀਂ ਹੋ ਸਕਦੇ ਤੇ ਉਸ ਪ੍ਰਮਾਤਮਾ ਨੂੰ ਜਾਨਣ ਦੇ ਮਾਰਗ ਵੀ ਵੱਖਰੇ-ਵੱਖਰੇ ਨਹੀਂ ਹੋ ਸਕਦੇ ਭਾਵ ਭਗਤੀ ਦੇ ਮਾਰਗ ਵੀ ਵੱਖਰੇ-ਵੱਖਰੇ ਨਹੀਂ ਹੋ ਸਕਦੇ। ਭਗਤੀ ਦੇ ਵੱਖਰੇ-ਵੱਖਰੇ ਮਾਰਗ ਉਹੀ ਸਮਝਾਂਦੇ ਹਨ, ਧਰਮ ਦੀ ਵੱਖਰੀ ਵੱਖਰੀ ਆਸਥਾ ਨਾਲ ਸਾਨੂੰ ਉਹੀ ਜੋੜਦੇ ਹਨ ਜੋ ਖੁਦ ਅਗਿਆਨਤਾ ਵਿੱਚ ਹਨ, ਮਨ ਦੇ ਹਨੇਰੇ ਵਿੱਚ ਹਨ। "ਗੁਰੂ" ਪ੍ਰਮਾਤਮਾ ਦਾ ਰੂਪ ਹੈ ਜਿਸ ਲਈ ਉਹ ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ, ਇੱਕੋ ਜਿਹਾ ਨਾਮ ਸਮਝਾਉਂਦਾ ਹੈ, ਇੱਕੋ ਜਿਹਾ ਸੱਚ ਦਾ ਮਾਰਗ ਸਮਝਾਉਂਦਾ ਹੈ, ਇੱਕੋ ਜਿਹਾ ਪ੍ਰਮਾਤਮਾ ਦਾ ਰੂਪ ਸਮਝਾਉਂਦਾ ਹੈ। ਉੱਪਰ ਸਲੋਕ ਰਾਹੀਂ ਸਾਨੂੰ ਇਸ ਗੱਲ ਲਈ ਸੁਚੇਤ ਕੀਤਾ ਹੈ ਕਿ ਸਾਨੂੰ ਭਗਤੀ ਦਾ ਮਾਰਗ ਕੇਵਲ ਗੁਰੂ ਕੋਲੋਂ ਸਿੱਖਣਾ ਚਾਹੀਦਾ ਹੈ ਨਾ ਕਿ ਉਹਨਾਂ ਦੇ ਪਿੱਛੇ ਲੱਗਣਾ ਚਾਹੀਦਾ ਹੈ ਜੋ ਸਾਨੂੰ ਸੂਰਜ ਚੰਦਰਮੇ ਵਰਗੇ ਸੋਹਣੇ ਲੱਗਦੇ ਹਨ, ਉੱਚੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਲੱਗਦੇ ਹਨ। ਗੁਰੂ ਦੇ ਗਿਆਨ ਦਾ ਮੁਕਾਬਲਾ ਕੌਣ ਕਰ ਸਕਦਾ ਹੈ। (**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥**)

ਸਾਨੂੰ ਭਗਤੀ ਦਾ ਮਾਰਗ ਸਮਝਾਉਣ ਵਾਲੇ ਬਹੁਤ ਹਨ ਤੇ ਜੇਕਰ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਂਦਾ ਹੈ ਕਿ ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੀ ਹੈ ਫਿਰ ਸਾਨੂੰ ਸਮਝ ਕੇਵਲ ਗੁਰੂ ਦੇ ਕੋਲੋਂ ਹੀ ਲੈਣੀ ਚਾਹੀਦੀ ਹੈ। ਗੁਰੂ ਸਾਨੂੰ ਹਰ ਗੱਲ ਸਮਝਾਉਂਦਾ ਹੈ ਤੇ ਇਹ ਵੀ ਸਮਝਾਉਂਦਾ ਹੈ ਕਿ ਸਾਨੂੰ ਕਿਸੇ ਨਾਲ ਗੁੱਸਾ ਨਹੀਂ ਕਰਨਾ ਚਾਹੀਦਾ, ਕਿਸੇ ਨੂੰ ਮਾੜੇ ਬੋਲ ਨਹੀਂ ਬੋਲਣੇ ਚਾਹੀਦੇ ਭਾਵ ਧਰਮ ਦੇ ਮਾਰਗ ਨੂੰ ਲੈ ਕੇ ਕਿਸੇ ਨਾਲ ਵਾਦ ਵਿਰੋਧ ਨਹੀਂ ਕਰਨਾ ਚਾਹੀਦਾ, ਕਿਸੇ ਨਾਲ ਲੜਾਈ ਝਗੜਾ ਨਹੀਂ ਕਰਨਾ ਚਾਹੀਦਾ। ਜਿਸ ਦੀ ਸਮਝਾਈ ਹੋਈ ਗੱਲ ਭਾਵ ਧਾਰਮਿਕ ਮਤਿ ਸਾਨੂੰ ਚੰਗੀ ਨਹੀਂ ਲੱਗਦੀ ਭਾਵ ਜੇਕਰ ਸਮਝਾਉਣ ਵਾਲੇ ਦੀ ਗੱਲ ਗੁਰੂ ਦੀ ਕਸਵੱਟੀ ਤੇ ਖਰੀ ਨਹੀਂ ਉਤਰਦੀ, ਸਾਨੂੰ ਉਸ ਦੇ ਲਈ ਮਾੜੇ ਬੋਲ ਨਹੀਂ ਬੋਲਣੇ ਚਾਹੀਦੇ ਭਾਵ ਉਸ ਦੇ ਨਾਲ ਇੱਜਤ ਦੇ ਨਾਲ ਹੀ ਬੋਲਣਾ ਚਾਹੀਦਾ ਹੈ। ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਆਪ ਹੀ ਸਾਰੇ ਸੰਸਾਰ ਨੂੰ ਭਰਮਾਂ ਵਿੱਚ ਪਾ ਕੇ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ, ਹਰ ਕੋਈ ਉਸ ਦੀ ਖੇਡ ਦਾ ਹਿੱਸਾ ਹੀ ਹੈ ਜਿਸ ਖੇਡ ਨੂੰ ਕੋਈ ਆਪਣੇ ਆਪ ਸਮਝ ਲਵੇ ਇਹ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਚੁੱਪ ਕਰਕੇ ਜੋ ਗੁਰੂ ਸਮਝਾਉਂਦਾ ਹੈ ਉਸ ਅਨੁਸਾਰ ਵਿਚਰਦੇ ਰਹੋ ਇਹੀ ਸੱਚੀ ਭਗਤੀ ਦਾ ਮਾਰਗ ਹੈ। ਗੁਰੂ ਸਾਹਿਬ ਨੇ ਸਾਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੋਈ ਹੈ ਕਿ ਭਾਵੇਂ ਕੋਈ ਸਾਨੂੰ ਜਿਤਨੇ ਮਰਜੀ ਉੱਚੇ ਗਿਆਨ ਵਾਲਾ ਭਾਵ ਉੱਚੇ ਧਾਰਮਿਕ ਗਿਆਨ ਵਾਲਾ ਲੱਗਦਾ ਹੋਵੇ ਪਰ

ਧਰਮ ਦਾ ਮਾਰਗ ਗੁਰੂ ਦੇ ਕੋਲੋਂ ਹੀ ਸਿੱਖੋ। ਇਹੋ ਜਿਹੇ ਅਨੇਕਾਂ ਹੀ ਸ਼ਬਦ ਹਨ ਜਿੰਨ੍ਹਾਂ ਰਾਹੀਂ ਸਾਨੂੰ ਗਹਿਰਾਈ ਨਾਲ ਇਹ ਸਭ ਕੁੱਝ ਸਮਝਾਇਆ ਹੋਇਆ ਹੈ ਤੇ ਲੇਖ ਵਿੱਚ ਅੱਗੇ ਚੱਲਕੇ ਬਹੁਤ ਕੁੱਝ ਸਮਝਾਂਗੇ। ਦਾਸ ਦੀ ਸਭ ਦੇ ਚਰਨਾਂ ਵਿੱਚ ਇਹੀ ਬੇਨਤੀ ਹੈ ਕਿ ਕੇਵਲ ਗੁਰੂ ਦੀ ਮਤਿ ਨਾਲ ਜੁੜੋ ਤੇ ਕਿਸੇ ਨੂੰ ਵੀ ਮਾੜਾ ਨਾ ਕਹੋ, ਕਿਸੇ ਨਾਲ ਝਗੜਾ ਨਾ ਕਰੋ ਭਾਵ ਧਰਮ ਦੇ ਮਾਰਗ ਨੂੰ ਲੈ ਕੇ ਕਿਸੇ ਨਾਲ ਬਹਿਸ ਨਾ ਕਰੋ। ਧਰਮ ਦਾ ਮਾਰਗ ਸਭ ਦੀ ਆਪਣੀ ਆਪਣੀ ਆਸਥਾ ਦਾ ਮਾਰਗ ਹੈ ਭਾਵੇਂ ਉਸ ਆਸਥਾ ਵਿੱਚ ਸੱਚ ਨਾ ਹੋਵੇ ਭਾਵ ਭਰਮ ਹੋਵੇ ਪਰ ਹਰ ਕੋਈ ਆਪਣੀ ਆਸਥਾ ਨੂੰ ਸੱਚ ਹੀ ਸਮਝਦਾ ਹੈ। ਕਿਸੇ ਦੀ ਧਾਰਮਿਕ ਆਸਥਾ ਨੂੰ ਠੇਸ ਪਹੁੰਚਾਣਾ ਮਾੜੀ ਗੱਲ ਹੈ। ਜਿਸ ਤੇ ਪ੍ਰਮਾਤਮਾ ਆਪਣੀ ਸੱਚੀ ਕਿਰਪਾ ਕਰਦਾ ਹੈ ਉਸ ਨੂੰ ਆਪੇ ਹੀ ਭਰਮਾਂ ਵਿੱਚੋਂ ਕੱਢ ਲੈਂਦਾ ਹੈ ਜੋ ਸਾਡੇ ਸਭ ਦੇ ਅੰਦਰ ਆਪ ਹੀ ਸਾਡੀ ਮਾੜੀ ਸਮਝ ਦਾ ਮਾਲਕ ਹੈ।

ਆਉ ਹੁਣ ਮੁੱਖ ਸ਼ਬਦ ਦੇ ਪਦੇ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਸਾਡੇ ਅੰਦਰ ਇਹ ਮਨ ਦੀ ਅਗਿਆਨਤਾ ਸਾਨੂੰ ਕਿਤਨੇ ਦੁੱਖਾਂ ਵਿੱਚ ਪਾਉਂਦੀ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ "ਸੁਖੁ" ਦੀ ਪ੍ਰਾਪਤੀ ਨਹੀਂ ਹੋ ਸਕਦੀ।

"ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥
ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥"

(ਅੰਗ - ੩੯)

ਉਪਰਲੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਪਿੱਛੇ ਸਮਝਿਆ ਹੈ ਕਿ ਸਾਨੂੰ ਮੂਰਖ ਗਾਵਾਰ ਕਿਸ ਲਈ ਕਿਹਾ ਹੈ। ਸਾਨੂੰ ਮਨ ਦੀ ਮੂਰਖਤਾ ਵਿੱਚ ਭਾਵ ਅਗਿਆਨਤਾ ਵਿੱਚ ਰੱਖਣ ਵਾਲੀ ਸਾਡੇ ਅੰਦਰ ਦੀ ਮਾਇਆ ਵਾਲੀ ਸਮਝ ਹੈ, ਮਾਇਆ ਮੋਹ ਹੈ ਜੋ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਸਮਝ ਹੈ, ਉਸ ਦੀ ਆਪਣੀ ਜੁਗਤਿ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਚਲਾ ਰਿਹਾ ਹੈ। ਭਗਤੀ ਦੇ ਮਾਰਗ ਤੇ ਨਾ ਚੱਲਣ ਦੇਣ ਵਾਲੀ, ਭਗਤੀ ਦੇ ਸੱਚੇ ਮਾਰਗ ਦੀ ਸਮਝ ਨਾ ਪੈਣ ਦੇਣ ਵਾਲੀ ਇਹ ਸਾਡੇ ਅੰਦਰ ਦੀ ਮਾਇਆ ਹੀ ਹੈ ਜਿਸ ਨੂੰ ਸਭ ਤੋਂ ਵੱਡਾ ਦੁੱਖ ਕਿਹਾ ਹੈ। ਮਨੁੱਖ ਦਾ ਸਭ ਤੋਂ ਵੱਡਾ ਦੁੱਖ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਹੈ ਜਿਸ ਤੋਂ ਵੱਡਾ ਦੁੱਖ ਸੰਸਾਰ ਵਿੱਚ ਕੋਈ ਹੋਰ ਨਹੀਂ ਹੋ ਸਕਦਾ। ਸਾਡੇ ਅੰਦਰ ਦੀ ਇਹ ਮਾਇਆ ਮਨ ਦੀ ਝੂਠੀ ਸਮਝ ਰਾਹੀਂ ਸਾਨੂੰ ਪ੍ਰਮਾਤਮਾ ਨਾਲੋਂ ਵਿਛੋੜ ਕੇ ਰੱਖਦੀ ਹੈ ਜਿਸ ਕਰਕੇ ਅਸੀਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ। ਮਨ ਦੀ ਮਾਇਆ ਕਰਕੇ ਅਸੀਂ ਤ੍ਰਿਸ਼ਨਾਵਾਂ ਦੀ ਅੱਗ ਵਿੱਚ, ਮਨ ਦੀਆਂ ਟੈਂਨਸ਼ਨ ਦੀ ਅੱਗ ਵਿੱਚ ਸੜਦੇ ਰਹਿੰਦੇ ਹਾਂ ਜੋ ਮਨੁੱਖ ਨੂੰ ਹਰ ਵੇਲੇ ਦੁੱਖਾਂ ਵਿੱਚ ਪਾ ਕੇ ਰੱਖਦੀਆਂ ਹਨ। ਇਸ ਦੁੱਖ ਵਿੱਚੋਂ ਨਿਕਲਣ ਲਈ ਭਾਵ ਸੁੱਖ ਦੀ ਪ੍ਰਾਪਤੀ ਲਈ ਭਾਵ ਪ੍ਰਮਾਤਮਾ ਨੂੰ ਜਾਨਣ ਲਈ, ਉਸ ਨੂੰ ਲਭਣ ਲਈ ਸਭ ਇੱਧਰ-ਉੱਧਰ ਭਟਕ ਭਟਕ ਕੇ ਥੱਕ ਜਾਂਦੇ ਹਨ ਪਰ ਉਹ ਪ੍ਰਮਾਤਮਾ ਨੂੰ ਜਾਣ ਨਹੀਂ ਸਕਦੇ ਭਾਵ ਮਨ ਦੀ ਇਹ ਮਾਇਆ, ਮਨ ਦੀ ਇਹ ਅਗਿਆਨਤਾ ਵਾਲੀ ਸਮਝ ਸਾਨੂੰ ਭਰਮਾਂ ਵਿੱਚ ਇੱਧਰ-ਉੱਧਰ ਭਟਕਾਂਦੀ ਰਹਿੰਦੀ ਹੈ ਜਿੱਥੋਂ ਅਸੀਂ ਪ੍ਰਮਾਤਮਾ ਨੂੰ ਖੋਜਣਾ ਸਮਝਦੇ ਹਾਂ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਉਲਟਾ ਹੋਰ ਦੁੱਖਾਂ ਵਿੱਚ ਹੀ ਪਾਉਂਦੇ ਹਾਂ। ਘਰ ਬਾਰ ਛੱਡ ਕੇ ਕੋਈ ਜੰਗਲਾਂ ਵਿੱਚ ਭਟਕਦਾ ਫਿਰਦਾ ਹੈ, ਕੋਈ ਪਹਾੜਾਂ ਦੀਆਂ ਟੀਸੀਆਂ ਤੇ ਭਟਕਦਾ ਫਿਰਦਾ ਹੈ, ਕੋਈ ਗੁਫ਼ਾਵਾਂ ਵਿੱਚ ਵੜਿਆ ਫਿਰਦਾ ਹੈ, ਕੋਈ ਨੰਗੇ ਸਰੀਰ ਤੁਰੇ ਫਿਰਦੇ ਹਨ, ਕੋਈ ਨੰਗੇ ਪੈਰੀ ਫਿਰੀ ਜਾਂਦੇ ਹਨ, ਕੋਈ ਕਿਸੇ ਤਰੀਕੇ ਆਪਣੇ ਆਪ ਨੂੰ ਦੁੱਖ ਦੇ ਰਿਹਾ ਤੇ ਕੋਈ ਕਿਸੇ ਤਰੀਕੇ ਆਪਣੇ ਆਪ ਨੂੰ ਦੁੱਖ ਦੇ ਰਿਹਾ ਹੈ। ਇਸ ਤਰੀਕੇ ਭਾਵ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਾ ਹੋਣ ਕਰਕੇ ਕਿਸੇ ਦਾ ਦੁੱਖ ਦੂਰ ਨਹੀਂ ਹੋ ਸਕਦਾ ਭਾਵ ਮਨ ਦੀ ਨਾਮਸਝੀ ਵਿੱਚ ਰਹਿੰਦੇ ਹੋਏ ਕਿਸੇ ਦਾ ਦੁੱਖ ਨਹੀਂ ਕੱਟਿਆ ਜਾ ਸਕਦਾ। (**ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥**) ਇਸ "ਦੁਖੁ" ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਭਾਵ "ਸੁਖੁ" ਦੀ ਪ੍ਰਾਪਤੀ ਦਾ ਤਰੀਕਾ ਕੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥"

"ਸੁਖੁ" ਪ੍ਰਮਾਤਮਾ ਦੇ ਨਾਮ ਵਿੱਚ ਹੀ ਹੈ ਭਾਵ ਨਾਮ ਨੂੰ ਆਪਣੇ ਮਨ ਦੇ ਵਿੱਚ ਵਸਾਉਣ ਵਿੱਚ ਹੀ ਹੈ। ਨਾਮ ਨੂੰ ਅਸੀਂ ਆਪਣੇ ਅੰਦਰ ਤਾਂ ਹੀ ਵਸਾਵਾਂਗੇ, ਮਨ ਦੇ ਵਿੱਚ ਤਾਂ ਹੀ ਵਸਾਵਾਂਗੇ ਜੇਕਰ ਸਾਨੂੰ ਨਾਮ ਦੀ ਸਮਝ ਹੋਵੇਗੀ, ਗੁਰਮਤਿ ਦੀ ਸਮਝ ਹੋਵੇਗੀ।

ਨਾਮ ਗੁਰੂ ਦੀ ਮਤਿ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੀ ਮਤਿ ਹੀ ਹੈ। ਗੁਰਮਤਿ ਨੂੰ ਆਪਣੇ ਅੰਦਰ ਵਸਾਉਣਾ ਹੀ ਨਾਮ ਨੂੰ ਆਪਣੇ ਅੰਦਰ ਵਸਾਉਣਾ ਹੈ। ਗੁਰਮਤਿ ਗੁਰੂ ਦਾ ਸੱਚਾ ਗਿਆਨ ਹੈ। ਹਰ ਸ਼ਬਦ ਦੀ ਵਿਚਾਰ ਗੁਰੂ ਦੀ ਮਤਿ ਹੈ ਜੋ ਸਾਨੂੰ ਸੱਚ ਹੀ ਸਮਝਾਉਂਦੀ ਹੈ ਭਾਵ ਨਾਮ ਹੀ ਸਮਝਾਉਂਦੀ ਹੈ ਭਾਵ ਸੱਚਾ ਗਿਆਨ ਹੀ ਦਿੰਦੀ ਹੈ ਜਿਸ ਸੱਚੇ ਗਿਆਨ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ, ਹਉਮੈ ਦੀ ਮੈਲ ਵਿੱਚੋਂ ਕੱਢਣ ਦਾ ਹੀ ਹੈ, ਮਾਇਆ ਵਿੱਚੋਂ ਕੱਢਣ ਦਾ ਹੀ ਹੈ, ਭਗਤੀ ਦਾ ਸੱਚਾ ਮਾਰਗ ਸਮਝਾਉਣ ਨਾਲ ਹੀ ਹੈ ਤਾਂ ਜੋ ਅਸੀਂ ਉਸ ਮਾਰਗ ਤੇ ਚੱਲਕੇ ਪ੍ਰਮਾਤਮਾ ਨੂੰ ਪਾ ਸਕੀਏ ਜਿਸ ਦੁਆਰਾ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੈ ਜਿਸ ਕਰਕੇ ਅਸੀਂ ਅਨੇਕਾਂ ਹੀ ਦੁੱਖ ਸਹਿੰਦੇ ਰਹਿੰਦੇ ਹਾਂ ਤੇ ਸੁਖੁ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ ਜੋ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਹੁੰਦਾ ਹੈ ਭਾਵ ਮਨ ਦੇ ਵਿੱਚ ਨਾਮ ਵੱਸਣ ਦੁਆਰਾ ਹੀ ਹੁੰਦਾ ਹੈ, ਗੁਰਮਤਿ ਵਾਲੀ ਸੱਚੀ ਸਮਝ ਵੱਸਣ ਦੁਆਰਾ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਤੇ ਮਨੁੱਖ ਉਹਨਾਂ ਸਾਰੇ ਦੁੱਖਾਂ ਵਿੱਚੋਂ ਨਿਕਲ ਜਾਂਦਾ ਹੈ, ਇੱਧਰ-ਉੱਧਰ ਭਟਕਣ ਦੇ ਦੁੱਖਾਂ ਵਿੱਚ ਨਿਕਲ ਜਾਂਦਾ ਹੈ ਜਿਸ ਰਾਹੀਂ ਉਹ ਭਰਮ ਵਿੱਚ ਹੀ ਆਪਣੇ ਆਪ ਨੂੰ ਦੁੱਖਾਂ ਵਿੱਚ ਪਾਈ ਰੱਖਦਾ ਹੈ ਤੇ ਅਨੇਕਾਂ ਤ੍ਰਿਸ਼ਨਾਵਾਂ ਦੇ ਦੁੱਖਾਂ ਵਿੱਚੋਂ ਨਿਕਲ ਜਾਂਦਾ ਹੈ ਕਿਉਂਕਿ ਉਸ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਜਾਂਦੀ ਹੈ ਜੋ ਮਾਰਗ ਗੁਰੂ ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਨ ਦਾ ਹੀ ਹੈ, ਮਨ ਦੇ ਸੰਤੋਖ ਵਿੱਚ ਰਹਿਣ ਦਾ ਹੀ ਹੈ। ਇਹ ਦੁੱਖ ਸੁੱਖ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਗੁਰੂ ਦੀ ਸੱਚੀ ਮਤਿ ਨਾਲ ਜੁੜੇ ਬਿਨ੍ਹਾਂ ਭਾਵ ਗੁਰੂ ਦੀ ਸੱਚੀ ਮਤਿ ਨੂੰ ਆਪਣੇ ਅੰਦਰ ਵਸਾਏ ਬਿਨ੍ਹਾਂ ਭਾਵ ਨਾਮ ਨੂੰ ਉਸ ਤਰੀਕੇ ਜਪੇ ਬਿਨ੍ਹਾਂ ਜਿਸ ਤਰੀਕੇ ਨਾਮ ਜਪਣਾ ਸਾਨੂੰ ਗੁਰੂ ਸਿਖਾਉਂਦਾ ਹੈ ਅਸੀਂ ਦੁੱਖਾਂ ਵਿੱਚੋਂ ਨਹੀਂ ਨਿਕਲ ਸਕਦੇ ਤੇ ਉਸ ਸੱਚੇ ਸੁਖੁ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਸੱਚਾ ਸੁਖੁ ਸਾਡੇ ਅੰਦਰ ਗੁਰੂ ਦਾ ਸੱਚਾ ਗਿਆਨ ਵੱਸਣ ਦੁਆਰਾ ਹੀ ਆਉਂਦਾ ਹੈ ਜਿਸ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਉਸ ਦਾ ਨਾਮ ਰੂਪ ਹੈ। (**ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥**)

{ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥ ਰਹਾਉ ॥
ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥੧॥
ਹੈਵਰ ਗੈਵਰ ਰਾਜ ਰੰਗ ॥
ਤਿਆਗਿ ਚਲਿਓ ਹੈ ਮੂੜ ਨੰਗ ॥੨॥
ਚੋਆ ਚੰਦਨ ਦੇਹ ਫੂਲਿਆ ॥
ਸੋ ਤਨੁ ਧਰ ਸੰਗਿ ਰੂਲਿਆ ॥੩॥
ਮੋਹਿ ਮੋਹਿਆ ਜਾਨੈ ਦੂਰਿ ਹੈ ॥
ਕਹੁ ਨਾਨਕ ਸਦਾ ਹਦੂਰਿ ਹੈ ॥੪॥}

(ਅੰਗ - ੨੧੦)

ਸੱਚਾ ਸੁਖੁ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲਣ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੀਆਂ ਆਖਰੀ ਪੰਗਤੀਆਂ ਦੁਆਰਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਤੇ ਅਸੀਂ ਹੋਰ ਸ਼ਬਦਾਂ ਦੁਆਰਾ ਵੀ ਇਹੀ ਮੇਲ ਦਾ ਤਰੀਕਾ ਸਮਝਦੇ ਆ ਰਹੇ ਹਾਂ। ਅਸੀਂ ਮਾਇਆ ਦੀਆਂ ਦਾਤਾਂ ਵਿੱਚ ਹੀ ਅਸਲ ਸੁੱਖ ਸਮਝਦੇ ਹਾਂ ਜੋ ਕਿ ਇੱਕ ਝੂਠਾ ਸੁੱਖ ਹੈ ਜਿਵੇਂ ਕਿ ਉਪਰਲੇ ਸ਼ਬਦ ਰਾਹੀਂ ਹਰ ਕੋਈ ਸਮਝ ਸਕਦਾ ਹੈ ਪਰ ਮਨ ਦਾ ਮਾਇਆ ਮੋਹ ਸਾਨੂੰ ਇਹਨਾਂ ਸੁੱਖਾਂ ਵਿੱਚੋਂ ਨਿਕਲਣ ਨਹੀਂ ਦਿੰਦਾ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਅਸਲ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਪ੍ਰਮਾਤਮਾ ਦੇ ਨਾਲ ਮਨ ਵਿੱਚ ਪੜਦਾ ਹੀ ਸਾਡੇ ਅੰਦਰ ਦਾ "**ਮਾਇਆ ਮੋਹ**" ਹੈ ਭਾਵ ਸਾਡੀ ਨਾਸਮਝ ਮਤਿ ਹੈ ਜੋ ਸਾਨੂੰ ਭਗਤੀ ਦੇ ਮਾਰਗ ਨਾਲ ਨਹੀਂ ਜੁੜਨ ਦਿੰਦੀ। ਭਗਤੀ ਦੇ ਮਾਰਗ ਤੇ ਮਾਇਆ ਮੋਹ ਵਿੱਚੋਂ ਨਿਕਲਕੇ ਹੀ ਚੱਲਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਤਰੀਕੇ ਅਸੀਂ ਅਨੇਕਾਂ ਅਪਣਾਉਂਦੇ ਹਾਂ ਜੋ ਕੇਵਲ ਸਾਡਾ ਭਰਮ ਹੈ ਜਿਸ ਨਾਲ ਅਸੀਂ ਕੇਵਲ ਆਪਣੀ ਖੁਆਰੀ ਹੀ ਕਰਦੇ ਹਾਂ ਭਾਵ ਐਵੇਂ ਆਪਣੇ ਸਰੀਰ ਨੂੰ ਦੁੱਖ ਹੀ ਦਿੰਦੇ ਹਾਂ ਜਿਸ ਦਾ ਕੋਈ ਲਾਭ ਨਹੀਂ। ਘੱਟੋ ਘੱਟ ਇਹਨਾਂ ਦੁੱਖਾਂ ਵਿੱਚੋਂ ਜੋ ਕਿ ਅਸੀਂ ਭਰਮ ਵਿੱਚ ਹੀ ਆਪਣੇ ਆਪ ਨੂੰ ਇਹਨਾਂ ਦੁੱਖਾਂ ਵਿੱਚ ਪਾਉਂਦੇ ਹਾਂ, ਭਗਤੀ ਦੇ ਨਾਸਮਝ ਮਾਰਗ ਤੇ ਚੱਲਣ ਦੁਆਰਾ ਆਪਣੇ ਆਪ ਨੂੰ ਖੁਆਰ ਕਰਦੇ ਹਾਂ, ਗੁਰੂ ਦੀ ਸੱਚੀ ਸਮਝ ਲੈ ਕੇ ਜੇਕਰ ਉਹੋ ਜਿਹੀ ਭਗਤੀ ਦਾ ਮਾਰਗ ਛੱਡ ਦਿੰਦੇ ਹਾਂ ਉਸ ਨਾਲ ਅਸੀਂ ਉਸ ਖੁਆਰੀ ਤੋਂ ਤਾਂ ਬਚ ਹੀ ਸਕਦੇ ਹਾਂ। ਗੁਰੂ ਸਾਨੂੰ ਵਾਰ-ਵਾਰ ਇਸ ਖੁਆਰੀ ਤੋਂ ਬਚਣ ਲਈ ਸਮਝਾਉਂਦਾ ਹੈ ਪਰ ਮਨ ਦੀ ਅਗਿਆਨਤਾ ਕਰਕੇ ਭਾਵ ਧਰਮ ਦੇ ਸੱਚੇ ਮਾਰਗ ਦੀ ਸਮਝ ਨਾ ਹੋਣ ਕਰਕੇ ਅਸੀਂ ਵਿਅਰਥ ਹੀ ਆਪਣੇ ਆਪ ਨੂੰ ਖੁਆਰ ਕਰੀ ਜਾਂਦੇ ਹਾਂ। ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ।

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥

ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥

ਬਿਖਿਆ ਅਜਹੁ ਸੁਰਤਿ ਸੁਖ ਆਸਾ ॥

ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥

ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥

ਸਨਕਾਦਿਕ ਨਾਰਦ ਮੁਨਿ ਸੇਖਾ ॥

ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥

ਇਸੁ ਮਨ ਕਉ ਕੋਈ ਖੋਜਹੁ ਭਾਈ ॥

ਤਨ ਛੂਟੇ ਮਨੁ ਕਹਾ ਸਮਾਈ ॥੪॥

ਗੁਰ ਪਰਸਾਦੀ ਜੈਦੇਉ ਨਾਮਾਂ ॥

ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥

ਇਸੁ ਮਨ ਕਉ ਨਹੀ ਆਵਨ ਜਾਨਾ ॥

ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥

ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥

ਇਸ ਮਨ ਕਾ ਕੋਈ ਜਾਨੈ ਭੇਉ ॥

ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥
ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

ਸੱਚਾ ਸੁਖੁ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਵਿਚ ਹੈ ਜੋ ਸੁਖੁ ਮਾਇਆ ਮੋਹ ਵਿੱਚੋਂ ਨਿਕਲਕੇ ਹੀ ਮਿਲਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਪਦੇ ਰਾਹੀਂ ਸਮਝਿਆ ਹੈ। (**ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥**)

ਸੁਖੁ ਦੀ ਪ੍ਰਾਪਤੀ ਨਾਮ ਦੀ ਪ੍ਰਾਪਤੀ ਦੇ ਵਿੱਚ ਹੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੀ ਪ੍ਰਾਪਤੀ ਦੇ ਵਿੱਚ ਹੀ ਹੈ ਤੇ ਪ੍ਰਮਾਤਮਾ ਦੀ ਸੱਚੀ ਭਗਤੀ ਉਸ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥
ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥"

"ਨਾਮ" ਦੀ ਪ੍ਰਾਪਤੀ ਦੇ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੀ ਹੁੰਦਾ ਹੈ ਜਿਵੇਂ ਕਿ ਉੱਪਰ "ਪਹਿਲੀ" ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। ਆਪਣਾ ਨਾਮ ਪ੍ਰਮਾਤਮਾ ਕਿਸੇ ਨੂੰ ਆਪ ਹੀ ਦਿੰਦਾ ਹੈ ਜੋ ਨਾਮ ਦਾ ਮਾਲਕ ਹੈ ਭਾਵ ਸੱਚੇ ਗਿਆਨ ਦਾ ਮਾਲਕ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਆਪਣਾ ਨਾਮ ਉਹ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਦਿੰਦਾ ਹੈ ਭਾਵ ਆਪਣੀ ਸੱਚੀ ਬਾਣੀ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। ਮਨ ਦੇ ਵਿੱਚ ਇਹੋ ਜਿਹੀ ਸੱਚੀ ਸਮਝ ਪੈਣ ਦੁਆਰਾ ਹੀ ਕਿਸੇ ਦਾ ਮਨ ਪ੍ਰਮਾਤਮਾ ਦੀ ਭਗਤੀ ਦੇ ਨਾਲ ਰੱਤਿਆ ਜਾਂਦਾ ਹੈ। ਭਗਤੀ ਦੇ ਨਾਲ, ਨਾਮ ਦੇ ਨਾਲ ਸਾਡੇ ਮਨ ਦੀ ਸਮਝ ਹੀ ਰੱਤੀ ਜਾਂਦੀ ਹੈ ਜਿਸ ਸਮਝ ਨੂੰ "ਸਚੁ ਬਾਣੀ" ਦੀ ਸਮਝ ਪੈ ਜਾਂਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈ ਜਾਂਦੀ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਮਨੁੱਖ ਨੂੰ ਆਪਣੇ ਨਿਜ ਘਰ ਦੀ ਪ੍ਰਾਪਤੀ ਹੁੰਦੀ ਹੈ, ਨਿਜ ਥਾਉ ਦੀ ਪ੍ਰਾਪਤੀ ਹੁੰਦੀ ਹੈ ਜੋ ਮਨੁੱਖ ਦਾ ਅਸਲ ਘਰ ਹੈ। ਮਨੁੱਖ ਦਾ ਅਸਲ ਘਰ ਪ੍ਰਮਾਤਮਾ ਦਾ ਘਰ ਹੀ ਹੈ ਜੋ ਸਾਡੇ ਅੰਦਰ ਗੁਰਮਤਿ ਰੂਪ ਸਮਝ ਦਾ ਘਰ ਹੈ, ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, ਨਾਮ ਦਾ ਘਰ ਹੈ। ਇਹ ਘਰ ਸਾਡੇ ਸਭ ਦੇ ਮਨ ਦੇ ਵਿੱਚ ਹੀ ਹੈ। ਜਦੋਂ ਮਨੁੱਖ ਇਸ ਨਿਜ ਘਰ ਵਿੱਚ ਪਹੁੰਚ ਜਾਂਦਾ ਹੈ ਉਸ ਦਾ ਅਸਲ ਜਨਮ ਇਸ ਘਰ ਦੇ ਵਿੱਚੋਂ ਹੀ ਹੁੰਦਾ ਹੈ ਜਿਸ ਘਰ ਵਿੱਚੋਂ ਸੱਚੀ ਸਮਝ ਉਪਜਦੀ ਹੈ ਜੋ ਮਨੁੱਖ ਨੂੰ ਸਭ ਕੁੱਝ ਸੱਚ ਹੀ ਸਮਝਾਉਂਦੀ ਹੈ ਤੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਹੋਂਦ ਕੇਵਲ ਇੱਕ ਝੂਠੀ ਹੋਂਦ ਹੈ। ਜਦ ਤੱਕ ਮਨੁੱਖ ਨਿਜ ਘਰ ਵਿੱਚ ਨਹੀਂ ਪਹੁੰਚਦਾ ਇਸ ਤੋਂ ਪਹਿਲੇ ਉਹ "ਮਾਇਆ" ਦੇ ਘਰ ਵਿੱਚ ਹੀ ਵੱਸਦਾ ਹੈ ਜਿਸ ਘਰ ਵਿੱਚੋਂ ਜੋ ਸਮਝ ਮਿਲਦੀ ਹੈ ਉਹ ਮਨੁੱਖ ਨੂੰ ਭਰਮਾਂ ਵਿੱਚ ਹੀ ਪਾਉਂਦੀ ਹੈ ਜਿਸ ਕਰਕੇ ਮਨੁੱਖ ਆਪਣੀ ਵੱਖਰੀ ਹੋਂਦ ਸਮਝਦਾ ਹੈ ਤੇ ਆਪਣੇ ਆਪ ਨੂੰ ਜੀਵਨ ਮਰਨ ਵਿੱਚ ਸਮਝਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸ ਨੂੰ "ਨਿਜ ਘਰ" ਦੇ ਵਿੱਚੋਂ ਹੀ ਬਖਸ਼ਦਾ ਹੈ ਜਿਸ ਘਰ ਵਿੱਚੋਂ ਸੱਚ ਹੀ ਮਿਲਦਾ ਹੈ ਜੋ ਸੱਚੀ ਬਾਣੀ ਦੀ ਸਮਝ ਦੇ ਰੂਪ ਵਿੱਚ ਮਿਲਦਾ ਹੈ। ਪੂਰੀ ਗੁਰਬਾਣੀ ਸੱਚੀ ਬਾਣੀ ਹੈ ਜੋ ਕਿ ਪ੍ਰਮਾਤਮਾ ਦੇ ਇਸ ਘਰ ਵਿੱਚੋਂ ਹੀ ਆਈ ਹੈ ਤੇ ਪੂਰੀ ਗੁਰਬਾਣੀ ਦਾ ਮਕਸਦ, ਨਾਮ ਦਾ ਮਕਸਦ ਭਗਤੀ ਦਾ ਸੱਚਾ ਮਾਰਗ ਸਮਝਾਉਣ ਨਾਲ ਹੀ ਹੈ, ਪ੍ਰਮਾਤਮਾ ਦਾ ਸੱਚ ਸਮਝਾਉਣ ਨਾਲ ਹੀ ਹੈ। ਪੂਰੀ ਗੁਰਬਾਣੀ ਵਿੱਚ ਇਹ "ਸਚੁ" ਹੀ ਦਰਜ ਹੈ ਜੋ ਪ੍ਰਮਾਤਮਾ ਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਉਹਨਾਂ ਦੇ ਅੰਦਰ ਪ੍ਰਗਟ ਹੋਣ ਦੁਆਰਾ ਆਪ ਹੀ ਸਮਝਾਇਆ ਹੈ ਭਾਵ ਮਨ ਦੇ ਵਿੱਚ ਮੇਲ ਕਰਨ ਦੁਆਰਾ ਹੀ ਸਮਝਾਇਆ ਹੈ। ਜਿੰਨ੍ਹਾਂ ਨੇ ਭਗਤੀ ਦਾ ਸੱਚਾ ਮਾਰਗ ਜਾਣਿਆ ਹੈ, ਨਾਮ ਨੂੰ ਜਾਣਿਆ ਹੈ ਉਹ ਪ੍ਰਮਾਤਮਾ ਤੋਂ ਹੀ ਬਲਿਹਾਰੇ ਗਏ ਹਨ ਜੋ ਸੱਚ ਦਾ ਮਾਲਕ ਹੈ, ਨਾਮ ਦਾ ਮਾਲਕ ਹੈ। ਇਹ ਕੇਵਲ ਤੇ ਕੇਵਲ ਉਸ ਦੀ ਰਜ਼ਾ

ਹੈ ਕਿ ਉਹ ਕਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ ਤੇ ਆਪਣੀ "ਸਚੁ ਬਾਣੀ" ਸਮਝਾਉਂਦਾ ਹੈ। (**ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥**) ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੁੰਦੀ ਹੈ ਜੋ ਸਮਝ ਅਗਿਆਨਤਾ ਤੋਂ ਪੂਰੀ ਤਰ੍ਹਾਂ ਰਹਿਤ ਹੁੰਦੀ ਹੈ, ਮਾਇਆ ਮੋਹ ਤੋਂ ਪੂਰੀ ਤਰ੍ਹਾਂ ਰਹਿਤ ਹੁੰਦੀ ਹੈ, ਹਉਮੈ ਦੀ ਮੈਲ ਤੋਂ ਪੂਰੀ ਤਰ੍ਹਾਂ ਰਹਿਤ ਹੁੰਦੀ ਹੈ ਜਿਵੇਂ ਕਿ ਅਸੀਂ ਇਸੇ ਸ਼ਬਦ ਦੇ ਵਿੱਚ ਪਹਿਲੇ ਹੀ ਦੂਸਰੇ ਪਦੇ ਰਾਹੀਂ ਸਮਝਿਆ ਹੈ। (**ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥**) ਜਿਸ ਨੂੰ ਵੀ ਭਗਤੀ ਦਾ ਸੱਚਾ ਮਾਰਗ ਸਮਝ ਆਇਆ ਹੈ ਉਸ ਨੂੰ ਪ੍ਰਮਾਤਮਾ ਨੇ ਆਪ ਹੀ ਮਨ ਦੇ ਵਿੱਚ ਮੇਲ ਕਰਨ ਦੁਆਰਾ ਸਮਝਾਇਆ ਹੈ ਭਾਵ ਹਰ ਭਰਮ ਵਿੱਚੋਂ ਕੱਢਕੇ ਹੀ ਸਮਝਾਇਆ ਹੈ ਤੇ ਇਸੇ ਲਈ ਬਾਣੀ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਭਗਤੀ ਦੀ ਸਮਝ ਸੰਸਾਰ ਨੂੰ ਨਹੀਂ ਹੈ, ਬ੍ਰਹਮਾ, ਇੰਦਰ, ਮਹੇਸ਼ ਆਦਿ ਨੂੰ ਵੀ ਨਹੀਂ ਪਈ ਹੈ ਜਿੰਨ੍ਹਾਂ ਤੋਂ ਸਿੱਖਿਆ ਲੈਣ ਵਾਲਿਆਂ ਦਾ ਕੋਈ ਅੰਤ ਨਹੀਂ ਹੈ ਭਾਵ ਉਹਨਾਂ ਨੂੰ ਪੂਜਣ ਵਾਲੇ ਅਨੇਕਾਂ ਹੀ ਅਨੇਕਾਂ ਹਨ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚ ਹੀ ਹੈ। ਭਗਤੀ ਦੀ ਸਮਝ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ, ਨਿਜ ਘਰ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਜਦੋਂ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਨੂੰ ਸੱਚਾ ਸਮਝਣਾ ਝੂਠ ਹੈ। ਇਹ ਕਹਿਣ ਨੂੰ ਤਾਂ ਕੋਈ ਵੀ ਕਹਿ ਦਿੰਦਾ ਹੈ ਕਿ ਕਣ-ਕਣ ਵਿੱਚ ਪ੍ਰਮਾਤਮਾ ਹੈ ਭਾਵ ਹਰ ਵਸਤੂ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਉਹ ਪ੍ਰਮਾਤਮਾ ਸਭ ਦੇ ਅੰਦਰ ਆਪਣੇ ਕਿਸ ਰੂਪ ਵਿੱਚ ਹੈ ਇਸ ਦਾ ਵਿਸ਼ਵਾਸ ਉਸ ਪ੍ਰਮਾਤਮਾ ਦਾ ਆਪਣੇ ਅੰਦਰੋਂ "ਨਿਰੰਕਾਰ" ਰੂਪ ਦੇਖ ਕੇ ਹੀ ਆਉਂਦਾ ਹੈ ਜੋ ਉਸ ਦਾ "ਗਿਆਨੁ" ਰੂਪ ਹੈ। ਕੋਈ ਵੀ ਆਕਾਰ ਰੂਪ ਨਾ ਗਿਆਨ ਤੋਂ ਬਿਨ੍ਹਾਂ ਬਣਿਆ ਹੈ ਤੇ ਨਾ ਹੀ ਕਿਸੇ ਗਿਆਨ ਤੋਂ ਬਿਨ੍ਹਾਂ ਕੋਈ ਟਿਕਦਾ ਹੈ ਤੇ ਹਰ ਆਕਾਰ ਰੂਪ ਬਿਨਸਦਾ ਵੀ ਕਿਸੇ ਗਿਆਨ ਦੁਆਰਾ ਹੀ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਜਾਨਣ ਤੋਂ ਬਾਅਦ ਫਿਰ ਕੋਈ ਆਪਣੇ ਆਪ ਨੂੰ ਵੱਡਾ ਅਖਵਾ ਜਾਵੇ ਭਾਵ ਆਪਣੀ ਕੋਈ ਵੱਖਰੀ ਹੋਂਦ ਸਮਝ ਲਵੇ ਜਾਂ ਕਿਸੇ ਵੀ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝ ਲਵੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਕਣ-ਕਣ ਦੇ ਵਿੱਚ ਹੀ ਹੈ, ਇਹ ਪੂਰਨ ਸੱਚ ਹੈ ਪਰ ਇਸ ਗੱਲ ਤੇ ਵਿਸ਼ਵਾਸ ਕਿਸੇ ਨੂੰ ਤਾਂ ਹੀ ਆਵੇਗਾ ਜਦੋਂ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇਗਾ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ,ਭਗਤੀ ਦੀ ਸੱਚੀ ਸਮਝ ਤੋਂ ਬਾਅਦ ਹੀ ਉਸ ਪ੍ਰਮਾਤਮਾ ਦੇ ਸੱਚੇ ਗੁਣ ਗਾਏ ਜਾ ਸਕਦੇ ਹਨ ਜਿਵੇਂ ਕਿ ਨਾਲ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥
ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥"

ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਜਾਣਿਆ ਹੈ ਤੇ ਅਗਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈਣ ਤੋਂ ਬਾਅਦ,ਪ੍ਰਮਾਤਮਾ ਦੇ ਘਰ ਵਿੱਚ ਪਹੁੰਚਣ ਤੋਂ ਬਾਅਦ ਮੇਰਾ ਮਨ ਤੇ ਮੇਰੀ ਰਸਨਾ ਪ੍ਰਮਾਤਮਾ ਦੀ ਭਗਤੀ ਨਾਲ ਰਤੀ ਗਈ ਹੈ, ਨਾਮ ਨਾਲ ਰਤੀ ਗਈ ਹੈ। ਭਗਤੀ ਦੀ ਸੱਚੀ ਸਮਝ ਮਨ ਦੇ ਵਿੱਚ ਹੀ ਪੈਂਦੀ ਹੈ ਤੇ ਉਸ ਤੋਂ ਬਾਅਦ ਜੋ ਰਸਨਾ ਬੋਲਦੀ ਹੈ ਉਹ ਸੱਚ ਹੀ ਬੋਲਦੀ ਹੈ ਭਾਵ ਪ੍ਰਮਾਤਮਾ ਬਾਰੇ ਜੋ ਕੁੱਝ ਵੀ ਬੋਲਦੀ ਹੈ ਉਸ ਵਿੱਚ ਸੱਚ ਹੀ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੀ ਰਸਨਾ ਦੁਆਰਾ ਜੋ ਕੁੱਝ ਬੋਲ ਕੇ ਲਿਖਿਆ ਹੈ, ਲਿਖਵਾਇਆ ਹੈ ਉਹ ਸੱਚ ਹੀ ਲਿਖਵਾਇਆ ਹੈ। ਪ੍ਰਮਾਤਮਾ ਦੇ ਗੁਣ ਭਾਵ ਸੱਚੇ ਗੁਣ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ ਪੂਰੀ ਤਰ੍ਹਾਂ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਵਿਚਰਦਾ ਹੈ। ਗੁਰਮਤਿ ਦੀ ਸੱਚੀ ਸਮਝ ਦੁਆਰਾ ਸੰਸਾਰ ਵਿੱਚ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਜਿਸ ਸੱਚੀ ਸਮਝ ਦੁਆਰਾ ਮਨੁੱਖ ਕਦੇ ਕੋਈ ਮਾੜਾ ਕਰਮ ਨਹੀਂ ਕਰਦਾ ਭਾਵ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਕੇ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦਾ ਹੈ। ਗੁਰੂ ਦੀ ਸੱਚੀ ਸਮਝ ਨੂੰ ਨਾ ਵਿਸਰਨਾ ਭਾਵ ਹਰ ਵੇਲੇ ਚੇਤੇ ਰੱਖਣਾ ਨਾਮ ਨੂੰ ਨਾ ਵਿਸਰਨਾ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ

ਮਨੁੱਖ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਵਿੱਚ ਹੀ ਸਮਾਇਆ ਰਹਿੰਦਾ ਹੈ ਭਾਵ ਉਸਦੀ ਸੱਚੀ ਸਮਝ ਵਿੱਚ ਹੀ ਸਮਾਇਆ ਰਹਿੰਦਾ ਹੈ ਕਿਉਂਕਿ ਮਨ ਦੇ ਵਿੱਚ ਇਹ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਪਾਉਂਦਾ ਹੀ ਰਹਿੰਦਾ ਹੈ। ਉਹ ਮਨੁੱਖੀ ਸਮਝ ਨੂੰ ਫਿਰ ਕਦੇ ਗੁਰਮਤਿ ਵਾਲੀ ਸੱਚੀ ਸਮਝ ਤੋਂ ਬਾਹਰ ਨਹੀਂ ਜਾਣ ਦਿੰਦਾ ਭਾਵ ਉਸ ਨੂੰ ਹਉਮੈ ਦੀ ਮੈਲ ਤੋਂ ਪੂਰੀ ਤਰ੍ਹਾਂ ਮੁਕਤ ਕਰ ਦਿੰਦਾ ਹੈ, ਮਾਇਆ ਦੇ ਬੰਧਨ ਤੋਂ ਮੁਕਤਿ ਕਰ ਦਿੰਦਾ ਹੈ, ਭਰਮਾਂ ਵਾਲੀ ਸਮਝ ਵਿੱਚੋਂ ਸਦਾ ਲਈ ਕੱਢ ਦਿੰਦਾ ਹੈ। (**ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥ ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥**)

ਭਗਤੀ ਦਾ ਸੱਚਾ ਮਾਰਗ ਇੱਕੋ ਹੀ ਹੈ ਤੇ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਭਾਵ ਨਾਮ ਜਪਣ ਦਾ ਹੈ। ਨਾਮ ਜਪਣ ਦਾ ਮਕਸਦ ਸੱਚ ਨੂੰ ਸਮਝਣ ਦਾ ਹੀ ਹੈ ਤਾਂ ਜੋ ਸਾਨੂੰ ਭਗਤੀ ਦੀ ਸਮਝ ਪੈ ਸਕੇ ਤੇ ਅਸੀਂ ਉਸ ਅਨੁਸਾਰ ਵਿਚਰ ਸਕੀਏ। ਨਾਮ ਨੂੰ ਸਮਝਣ ਦਾ ਭਰਮ ਮਿਟੇ ਬਿਨ੍ਹਾਂ ਅਸੀਂ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਹੀ ਨਹੀਂ ਸਕਦੇ ਭਾਵ ਮਨ ਦੀ ਅਗਿਆਨਤਾ ਦੇ ਵਿੱਚੋਂ ਨਿਕਲ ਹੀ ਨਹੀਂ ਸਕਦੇ। ਅਸੀਂ ਪਿੱਛੇ ਸ਼ਬਦਾਂ ਰਾਹੀਂ ਨਾਮ ਨੂੰ ਸਮਝਣ ਬਾਰੇ ਕਾਫ਼ੀ ਉਪਰਾਲਾ ਕੀਤਾ ਹੈ ਤੇ ਨਾਮ ਧਨ ਨੂੰ ਵੀ ਬਰੀਕੀ ਨਾਲ ਸਮਝਿਆ ਹੈ। ਨਾਮ ਦੀ ਗੱਲ ਤਾਂ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਜੇਕਰ ਇੱਕ ਅੱਖਰ ਹੀ ਨਾਮ ਹੋਵੇ ਭਾਵ ਜੇਕਰ ਅਸੀਂ ਇੱਕ ਅੱਖਰ ਨੂੰ ਹੀ ਜਪਣਾ ਹੁੰਦਾ ਤਾਂ ਫਿਰ ਗੁਰੂ ਸਾਹਿਬਾਨ ਦਾ ਇਤਨੀ ਵੱਡੀ ਗੁਰਬਾਣੀ ਰਚਨ ਦਾ ਮਕਸਦ ਹੀ ਕੀ ਰਹਿ ਗਿਆ ਕਿਉਂਕਿ ਅਸੀਂ ਕੇਵਲ ਇੱਕ ਅੱਖਰ ਨੂੰ ਜਪੀ ਜਾਣਾ ਹੀ ਆਪਣੀ ਭਗਤੀ ਸਮਝਿਆ ਹੋਇਆ ਹੈ ਤੇ ਬਾਕੀ ਦੀ ਸਾਰੀ ਗੁਰਬਾਣੀ ਨੂੰ ਅਸੀਂ ਕੇਵਲ ਪੜ੍ਹਦੇ ਸੁਣਦੇ ਹੀ ਹਾਂ ਤੇ ਉਸ ਤੋਂ ਅੱਗੇ ਨਹੀਂ ਵੱਧਦੇ। ਬਾਣੀ ਵਿੱਚ ਬਹੁਤ ਕੁੱਝ ਲਿਖਿਆ ਹੋਇਆ ਹੈ ਤੇ ਸਭ ਕੁੱਝ ਸਾਨੂੰ ਸਮਝਾਉਣ ਲਈ ਹੀ ਹੈ। ਅਸੀਂ ਇੱਕ ਅੱਖਰ ਦੇ ਜਪ ਨੂੰ ਜਪੀ ਜਾਣਾ ਹੀ ਸਭ ਤੋਂ ਵੱਡੀ ਗੱਲ ਸਮਝਿਆ ਹੋਇਆ ਹੈ ਜਿਸ ਕਰਕੇ ਸਾਨੂੰ ਗੁਰੂ ਦੀਆਂ ਹੋਰ ਸਮਝਾਈਆਂ ਗੱਲਾਂ ਵੱਡੀਆਂ ਨਹੀਂ ਲੱਗਦੀਆਂ ਜਿਸ ਕਰਕੇ ਅਸੀਂ ਉਹਨਾਂ ਨੂੰ ਕੋਈ ਬਹੁਤੀ ਤਰਜੀਹ ਨਹੀਂ ਦਿੰਦੇ ਕਿਉਂਕਿ ਅਸੀਂ ਇੱਕ ਅੱਖਰ ਦੇ ਜਪ ਨੂੰ ਹੀ ਜਾਂ ਬਾਣੀ ਨੂੰ ਪੜ੍ਹਨ ਸੁਣਨ ਨੂੰ ਹੀ ਆਪਣਾ ਵੱਡਾ ਗੁਣ ਸਮਝਦੇ ਹਾਂ। ਗੁਣੀ ਬਣਨਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਗੁਣ ਹੀ ਸਿਖਾਉਂਦੀ ਹੈ, ਗੁਣੀ ਬਣਨਾ ਹੀ ਸਿਖਾਉਂਦੀ ਹੈ। ਹਰ ਸ਼ਬਦ ਦੀ ਵਿਚਾਰ ਨਾਮ ਹੈ ਭਾਵ ਨਾਮ ਦਾ ਮਕਸਦ ਸਾਨੂੰ ਸ਼ਬਦਾਂ ਦੀ ਵਿਚਾਰ ਦੁਆਰਾ ਸਾਨੂੰ ਗੁਣੀ ਬਣਾਉਣ ਨਾਲ ਹੈ ਜੋ ਗੁਣ ਸਾਡੇ ਅੰਦਰ ਤਾਂ ਹੀ ਆ ਸਕਦੇ ਹਨ ਜਦੋਂ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਸਮਝਾਂਗੇ ਤੇ ਉਸ ਵਿਚਾਰ ਨੂੰ ਮੰਨਾਂਗੇ। ਕੇਵਲ ਕਥਨੀ ਕਰੀ ਜਾਣਾ ਕੋਈ ਗੁਣ ਨਹੀਂ ਹੈ ਜਿਵੇਂ ਕਿ ਆਮ ਕਰ ਕੇ ਬਹੁਤ ਵੱਡਾ ਭੁਲੇਖਾ ਬਣਿਆ ਹੋਇਆ ਹੈ। ਆਮ ਕਰਕੇ ਅੱਖਰ ਦਾ ਜਪ ਕਰਨ ਵਾਲੇ ਤੇ ਇਹੋ ਜਿਹਿਆ ਜਪ ਸਿਖਾਉਣ ਵਾਲੇ ਇਹ ਕਹਿੰਦੇ ਹਨ ਕਿ ਇਹੋ ਜਿਹਾ ਜਪ ਕਰੀ ਜਾਣ ਨਾਲ ਮਨੁੱਖ ਦੇ ਅੰਦਰ ਆਪੇ ਹੀ ਗੁਣ ਆ ਜਾਂਦੇ ਹਨ, ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਭਾਵ ਬਾਣੀ ਨੂੰ ਪੜ੍ਹੀ ਸੁਣੀ ਜਾਣ ਨਾਲ ਮਨੁੱਖ ਆਪੇ ਹੀ ਗੁਣੀ ਬਣ ਜਾਂਦਾ ਹੈ। ਇਹ ਸਾਡਾ ਬਹੁਤ ਵੱਡਾ ਭਰਮ ਹੈ। ਬਾਣੀ ਸਾਨੂੰ ਇਹ ਸਮਝਾਉਂਦੀ ਹੈ ਕਿ ਪਹਿਲੇ ਜੋ ਮਨੁੱਖ ਗੁਣੀ ਬਣਦਾ ਹੈ ਭਾਵ ਗੁਣ ਗ੍ਰਹਿਣ ਕਰਦਾ ਹੈ ਭਾਵ ਪਹਿਲੇ ਔਗੁਣਾਂ ਦਾ ਤਿਆਗ ਕਰਦਾ ਹੈ, ਭਰਮਾਂ ਵਾਲੀ ਸਮਝ ਦਾ ਤਿਆਗ ਕਰਦਾ ਹੈ ਉਸ ਨੂੰ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ ਪਰ ਅਸੀਂ ਜਿਹੋ ਜਿਹੀਆਂ ਗੱਲਾਂ ਕਰਦੇ ਹਾਂ ਉਹ ਗੁਰੂ ਦੀ ਮਤਿ ਤੋਂ ਉਲਟ ਕਰਦੇ ਹਾਂ। ਇਹਨਾਂ ਗੱਲਾਂ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਉਹੋ ਜਿਹੇ ਗੁਣੀ ਬਣੀਏ ਜਿੰਨ੍ਹਾਂ ਗੁਣਾਂ ਨੂੰ ਅਪਣਾਉਣ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ ਤੇ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ।

ਆਸਾ ਮਹਲਾ ੩ ॥

“ਸਬਦਿ ਮੁਆ ਵਿਚਹੁ ਆਪੁ ਗਵਾਇ ॥
ਸਤਿਗੁਰੁ ਸੇਵੇ ਤਿਲੁ ਨ ਤਮਾਇ ॥
ਨਿਰਭਉ ਦਾਤਾ ਸਦਾ ਮਨਿ ਹੋਇ ॥
ਸਚੀ ਬਾਣੀ ਪਾਏ ਭਾਗਿ ਕੋਇ ॥੧॥
ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥

ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥
ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥
ਗੁਣ ਤੇ ਨਾਮੁ ਪਰਾਪਤਿ ਹੋਇ ॥੨॥
ਗੁਣ ਅਮੋਲਕ ਪਾਏ ਨ ਜਾਹਿ ॥
ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥
ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥
ਸਦਾ ਗੁਣਦਾਤਾ ਮੰਨਿ ਵਸਾਇਆ ॥੩॥
ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥
ਦਰਿ ਸਾਚੈ ਸਾਚੇ ਗੁਣ ਗਾਉ ॥
ਆਪੇ ਦੇਵੈ ਸਹਜਿ ਸੁਭਾਇ ॥
ਨਾਨਕ ਕੀਮਤਿ ਕਹਣੁ ਨ ਜਾਇ ॥੪॥"

(ਅੰਗ - ੩੬੧)

ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਸੱਚੀ ਬਾਣੀ ਦਾ ਕੀ ਮਕਸਦ ਹੈ ਭਾਵ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਕਿਸ ਮਕਸਦ ਲਈ ਕੀਤੀ ਹੈ, ਇਹ ਗੱਲ ਹੀ ਸਮਝਾਈ ਹੋਈ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਗੁਰੂ ਦਾ ਹਰ ਸ਼ਬਦ ਸਾਨੂੰ ਸਿੱਖਿਆ ਦੇਣ ਲਈ ਹੀ ਹੈ ਤੇ ਗੁਰੂ ਸਾਨੂੰ ਸਿੱਖਿਆ ਕਿਸ ਮਕਸਦ ਲਈ ਦਿੰਦਾ ਹੈ ਇਹ ਗੱਲ ਹੀ ਸਮਝਾਈ ਹੋਈ ਹੈ। ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਕਿ ਸ਼ਬਦ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। ਗੁਰਬਾਣੀ ਦਾ ਮਕਸਦ ਸਾਨੂੰ ਰੱਬ ਦੇ ਨਾਲ ਮਿਲਾਉਣ ਦਾ ਹੀ ਹੈ ਜੋ ਮੇਲ ਉਸ ਦੇ ਨਾਲ ਨਾਮ ਦੀ ਪ੍ਰਾਪਤੀ ਹੋਣ ਦੁਆਰਾ ਹੁੰਦਾ ਹੈ। ਨਾਮ ਦੇ ਮਾਲਕ ਦੇ ਨਾਲ ਮੇਲ ਕਰਨ ਲਈ ਉਸ ਦੀ ਦਿੱਤੀ ਹੋਈ ਸਿੱਖਿਆ ਨੂੰ ਮੰਨਣਾ ਪੈਂਦਾ ਹੈ ਜੋ ਸਿੱਖਿਆ ਉਹ ਨਾਮ ਦੇ ਰੂਪ ਵਿੱਚ ਹੀ ਦਿੰਦਾ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਉਸ ਦੀ ਇਹ ਸਿੱਖਿਆ ਭਾਵ ਨਾਮ ਰੂਪ ਸਿੱਖਿਆ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਦੇਣ ਵਾਲਾ ਪ੍ਰਮਾਤਮਾ ਆਪ ਹੈ ਤੇ ਉਸ ਪ੍ਰਮਾਤਮਾ ਤੱਕ ਪਹੁੰਚਣ ਦਾ ਮਾਰਗ ਉਸ ਦੀ ਦਿੱਤੀ ਹੋਈ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੈ। ਇੱਕੋ ਕੀਮਤ ਉਸ ਪ੍ਰਮਾਤਮਾ ਨੂੰ ਪਾਉਣ ਦੀ ਇਹੀ ਹੈ ਕਿ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨੀਏ। ਸ਼ਬਦਾਂ ਦੀ ਵਿਚਾਰ ਨੂੰ ਮੰਨਣ ਲਈ ਆਪਣਾ ਆਪ ਮਾਰਨਾ ਪੈਂਦਾ ਹੈ ਭਾਵ ਆਪਣੇ ਵਿਚਾਰ ਛੱਡਣੇ ਪੈਂਦੇ ਹਨ, ਆਪਣੀ ਸਮਝ ਛੱਡਣੀ ਪੈਂਦੀ ਹੈ, ਆਪਣੀ ਮੈਂ, ਹਉਮੈ ਛੱਡਣੀ ਪੈਂਦੀ ਹੈ ਭਾਵ ਆਪਣਾ ਮਨ ਪੂਰਨ ਰੂਪ ਵਿੱਚ ਗੁਰੂ ਨੂੰ ਸੌਂਪਣਾ ਪੈਂਦਾ ਹੈ। ਗੁਰੂ "**ਸ਼ਬਦ**" ਹੈ ਤੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਆਪਣਾ ਮਨ ਗੁਰੂ ਨੂੰ ਸੌਂਪਣਾ ਹੈ, ਆਪਣਾ ਆਪ ਤਿਆਗਣਾ ਹੈ। ਆਉ ਇਸ ਗੱਲ ਨੂੰ ਉਪਰਲੇ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝੀਏ।

"ਸਬਦਿ ਮੁਆ ਵਿਚਹੁ ਆਪੁ ਗਵਾਇ ॥
ਸਤਿਗੁਰੁ ਸੇਵੇ ਤਿਲੁ ਨ ਤਮਾਇ ॥
ਨਿਰਭਉ ਦਾਤਾ ਸਦਾ ਮਨਿ ਹੋਇ ॥
ਸਚੀ ਬਾਣੀ ਪਾਏ ਭਾਗਿ ਕੋਇ ॥"

ਸ਼ਬਦ ਮਰਨਾ ਕੀ ਹੈ ਇਸੇ ਗੱਲ ਨੂੰ ਹੀ ਅਸੀਂ ਉੱਪਰ ਸਮਝਿਆ ਹੈ ਤੇ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਹਉਮੈ ਦਾ ਖ਼ਤਮ ਹੋ ਜਾਣਾ, ਸਾਡੀ ਆਪਣੀ ਮਤਿ ਦਾ ਪੂਰੀ ਤਰ੍ਹਾਂ ਸਾਡੇ ਅੰਦਰੋਂ ਨਿਕਲ ਜਾਣਾ, ਸਾਡੇ ਅੰਦਰੋਂ ਪੂਰੀ ਅਗਿਆਨਤਾ ਵਾਲੀ ਸਮਝ ਦਾ ਦੂਰ ਹੋ ਜਾਣਾ, ਸਾਡੇ ਅੰਦਰੋਂ ਹਰ ਭਰਮ ਵਾਲਾ ਵਿਚਾਰ ਨਿਕਲ ਜਾਣਾ ਇਹ ਸ਼ਬਦ ਦੁਆਰਾ

ਮਰਨਾ ਹੈ। ਮਰਨਾ ਸਾਡੀ ਸਮਝ ਨੇ ਹੀ ਹੈ ਭਾਵ ਮਾੜੀ ਸਮਝ ਨੇ ਹੀ ਹੈ ਜਿਸ ਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੈ, ਨਾਮ ਜਪਣ ਦੀ ਸਮਝ ਨਹੀਂ ਹੈ। ਹਰ ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ ਤੇ ਜੇਕਰ ਅਸੀਂ ਸ਼ਬਦਾਂ ਦੀ ਸਮਝ ਨੂੰ ਮੰਨ ਲਵਾਂਗੇ ਤਾਂ ਫਿਰ ਆਪਣੀ ਹਰ ਮਾੜੀ ਸਮਝ ਜੋ ਸ਼ਬਦ ਦੀ ਸਮਝ ਅਨੁਸਾਰ ਨਹੀਂ ਹੈ ਉਸ ਸਮਝ ਨੂੰ ਛੱਡ ਦੇਵਾਂਗੇ। ਸਾਡਾ ਆਪਾ ਸਾਡੇ ਮਨ ਦੀ ਸਮਝ ਕਰਕੇ ਹੀ ਹੈ ਤੇ ਅਸੀਂ ਜੋ ਕੁੱਝ ਆਪਣੇ ਆਪ ਨੂੰ ਸਮਝਦੇ ਹਾਂ ਉਹ ਆਪਣੀ ਸਮਝ ਕਰਕੇ ਹੀ ਸਮਝਦੇ ਹਾਂ ਜੋ ਸਾਡੀ ਸਮਝ ਭਰਮਾਂ ਦੇ ਨਾਲ ਭਰੀ ਹੋਈ ਹੈ। ਸ਼ਬਦਾਂ ਦੀ ਸਮਝ ਸਾਨੂੰ ਅਸਲੀਅਤ ਹੀ ਸਮਝਾਉਂਦੀ ਹੈ ਤੇ ਜਦੋਂ ਅਸਲੀਅਤ ਨੂੰ ਮੰਨ ਲਵਾਂਗੇ ਫਿਰ ਅਸੀਂ ਆਪਣੇ ਆਪ ਨੂੰ ਉਹੋ ਕੁੱਝ ਹੀ ਸਮਝਾਂਗੇ ਜੋ ਸੱਚ ਹੈ, ਜੋ ਅਸਲੀਅਤ ਹੈ। ਭਗਤੀ ਦੇ ਮਾਰਗ ਦੀ ਅਸਲੀਅਤ ਕੀ ਹੈ, ਨਾਮ ਜਪਣ ਦੀ ਅਸਲੀਅਤ ਕੀ ਹੈ, ਪ੍ਰਮਾਤਮਾ ਦੀ ਅਸਲੀਅਤ ਕੀ ਹੈ, ਉਸ ਨੂੰ ਪਾਉਣ ਦੀ ਅਸਲੀਅਤ ਕੀ ਹੈ ਇਸ ਗੱਲ ਨੂੰ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਮਨੁੱਖ ਦੀ ਅਸਲੀਅਤ ਕੀ ਹੈ ਤੇ ਅਸੀਂ ਆਪਣੇ ਆਪ ਨੂੰ ਸਮਝਦੇ ਕੀ ਹਾਂ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਭ ਕੁੱਝ ਪ੍ਰਮਾਤਮਾ ਆਪ ਹੈ ਜਿਸ ਗੱਲ ਦੀ ਸਮਝ ਸ਼ਬਦ ਦੁਆਰਾ ਮੰਨਣ ਤੇ ਹੀ ਆਉਂਦੀ ਹੈ, ਆਪਾ ਮਿਟਾ ਕੇ ਹੀ ਆਉਂਦੀ ਹੈ। ਇਹੀ ਸਾਡਾ ਜਿਉਂਦੇ ਹੋਏ ਮਰਨਾ ਹੈ ਭਾਵ ਇਸ ਸਰੀਰ ਦੇ ਰਹਿੰਦੇ ਹੋਏ ਹੀ ਮਰਨਾ ਹੈ, ਸਾਡਾ ਅਸਲ ਮਰਨਾ ਹੈ। (**ਸਬਦਿ ਮੁਆ ਵਿਚਹੁ ਆਪੁ ਗਵਾਇ ॥**)

{ਬਾਬਾ ਮਾਇਆ ਰਚਨਾ ਧੋਹੁ ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥
ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥
ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥
ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥}

(ਅੰਗ - ੧੫)

{ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥
ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥}

(ਅੰਗ - ੩੧)

{ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ ॥
ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ ॥
ਜਨਮ ਮਰਣ ਕੀ ਮਲੁ ਕਟੀਐ ਗੁਰ ਦਰਸਨੁ ਦੇਖਿ ਨਿਹਾਲ ॥੨॥
ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ ॥
ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ ॥
ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ ॥੩॥
ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥
ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥
ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ ॥੪॥}

(ਅੰਗ - ੪੫)

{ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ ॥

ਜੀਵਤ ਸੁੰਨਿ ਸਮਾਨਿਆ ਗੁਰ ਸਾਖੀ ਜਾਗੀ ॥੧॥ ਰਹਾਉ ॥}

(ਅੰਗ - ੮੫੭)

{ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥
ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥
ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥
ਮੇਰੇ ਮਨ ਪ੍ਰਭ ਸਰਣਾਈ ਪਾਇ ॥
ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥}

(ਅੰਗ - ੪੬)

{ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥}

(ਅੰਗ - ੬੮)

{ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ ॥

ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ ॥
ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥
ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ ॥
ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ ਸਾਚੇ ਤੇ ਪਤਿ ਪਾਵੈ ॥੫॥}

(ਅੰਗ - ੭੬)

{ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥}

(ਅੰਗ - ੭੯)

{ਤਿਸਨਾ ਅਗਨਿ ਜਲੈ ਸੰਸਾਰਾ ॥
ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥
ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥
ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥
ਮਾਇਆ ਮਹਿ ਫਿਰਿ ਚਿਤੁ ਨ ਲਾਏ ॥
ਗੁਰ ਕੈ ਸਬਦਿ ਸਦ ਰਹੈ ਸਮਾਏ ॥
ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥
ਸਚੁ ਸਾਲਾਹੀ ਸਦਾ ਹਜੂਰੇ ॥
ਗੁਰ ਕੈ ਸਬਦਿ ਰਹਿਆ ਭਰਪੂਰੇ ॥
ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥
ਸਚੁ ਮਨ ਅੰਦਰਿ ਰਹਿਆ ਸਮਾਇ ॥
ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥
ਸਚੁ ਸਾਲਾਹੀ ਅਵਰੁ ਨ ਕੋਈ ॥
ਜਿਤੁ ਸੇਵਿਐ ਸਦਾ ਸੁਖੁ ਹੋਈ ॥
ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥}

(ਅੰਗ - ੧੨੦-੧੨੧)

{ਅਗਨਿ ਪਾਣੀ ਬੋਲੈ ਭੜਵਾਉ ॥
ਜਿਹਵਾ ਇੰਦ੍ਰੀ ਏਕੁ ਸੁਆਉ ॥
ਦਿਸਟਿ ਵਿਕਾਰੀ ਨਾਹੀ ਭਉ ਭਾਉ ॥

ਆਪੁ ਮਾਰੇ ਤਾ ਪਾਏ ਨਾਉ ॥੨॥
ਸਬਦਿ ਮਰੈ ਫਿਰਿ ਮਰਣੁ ਨ ਹੋਇ ॥
ਬਿਨੁ ਮੂਏ ਕਿਉ ਪੂਰਾ ਹੋਇ ॥
ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥
ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥}

(ਅੰਗ - ੧੫੩)

{ਕਾ ਕੀ ਮਾਈ ਕਾ ਕੋ ਬਾਪ ॥
ਨਾਮ ਧਾਰੀਕ ਝੂਠੇ ਸਭਿ ਸਾਕ ॥੧॥
ਕਾਹੇ ਕਉ ਮੂਰਖ ਭਖਲਾਇਆ ॥
ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥੧॥ ਰਹਾਉ ॥
ਏਕਾ ਮਾਟੀ ਏਕਾ ਜੋਤਿ ॥
ਏਕੋ ਪਵਨੁ ਕਹਾ ਕਉਨੁ ਰੋਤਿ ॥੨॥
ਮੇਰਾ ਮੇਰਾ ਕਰਿ ਬਿਲਲਾਹੀ ॥
ਮਰਣਹਾਰੁ ਇਹੁ ਜੀਅਰਾ ਨਾਹੀ ॥੩॥
ਕਹੁ ਨਾਨਕ ਗੁਰਿ ਖੋਲੇ ਕਪਾਟ ॥
ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥}

(ਅੰਗ - ੧੮੮)

{ਹਉਮੈ ਕਰਤ ਭੇਖੀ ਨਹੀ ਜਾਨਿਆ ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
ਹਉ ਹਉ ਕਰਤ ਨਹੀ ਸਚੁ ਪਾਈਐ ॥
ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥
ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥
ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥
ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥
ਨਿਰਭਉ ਕੈ ਘਰਿ ਤਾੜੀ ਲਾਵੈ ॥੫॥
ਹਉ ਹਉ ਕਰਿ ਮਰਣਾ ਕਿਆ ਪਾਵੈ ॥
ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥

ਜੇਤੀ ਹੈ ਤੇਤੀ ਕਿਹੁ ਨਾਹੀ ॥
ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥
ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥}

(ਅੰਗ - ੨੨੬-੨੨੭)

ਸਲੋਕੁ ॥
{ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥
ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥੨॥}

(ਅੰਗ - ੨੯੬)

ਪਉੜੀ ॥
{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥
ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥
ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥
ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥
ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ - ੨੯੬-੨੯੭)

{ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥
ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥
ਹਰਿ ਪ੍ਰਭੁ ਆਪਿ ਦਇਆਲ ਹੋਹਿ ਤਾਂ ਸਤਿਗੁਰੁ ਮਿਲਿਆ ਆਇ ॥
ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥੧॥}

(ਅੰਗ - ੩੧੩)

ਆਸਾ ਮਹਲਾ ੧ ਪੰਚਪਦੇ ॥
{ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥
ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥
ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥
ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥
ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥
ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥

ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥
ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥
ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥
ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥
ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥
ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥}

(ਅੰਗ - ੩੫੪)

{ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ ॥
ਦੂਜੈ ਭਾਇ ਆਤਮ ਸੰਘਾਰਹਿ ॥
ਮੇਰਾ ਮੇਰਾ ਕਰਿ ਕਰਿ ਵਿਗੂਤਾ ॥
ਆਤਮੁ ਨ ਚੀਨ੍ਹੈ ਭਰਮੈ ਵਿਚਿ ਸੂਤਾ ॥੧॥
ਮਰੁ ਮੁਇਆ ਸਬਦੇ ਮਰਿ ਜਾਇ ॥
ਉਸਤਤਿ ਨਿੰਦਾ ਗੁਰਿ ਸਮ ਜਾਣਾਈ ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ ॥੧॥ ਰਹਾਉ ॥
ਨਾਮ ਵਿਹੂਣ ਗਰਭ ਗਲਿ ਜਾਇ ॥
ਬਿਰਥਾ ਜਨਮੁ ਦੂਜੈ ਲੋਭਾਇ ॥
ਨਾਮ ਬਿਹੂਣੀ ਦੁਖਿ ਜਲੈ ਸਬਾਈ ॥
ਸਤਿਗੁਰਿ ਪੂਰੈ ਬੂਝ ਬੁਝਾਈ ॥੨॥
ਮਨੁ ਚੰਚਲੁ ਬਹੁ ਚੋਟਾ ਖਾਇ ॥
ਏਥਹੁ ਛੁੜਕਿਆ ਠਉਰ ਨ ਪਾਇ ॥
ਗਰਭ ਜੋਨਿ ਵਿਸਟਾ ਕਾ ਵਾਸੁ ॥
ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥੩॥
ਅਪੁਨੇ ਸਤਿਗੁਰ ਕਉ ਸਦਾ ਬਲਿ ਜਾਈ ॥
ਗੁਰਮੁਖਿ ਜੋਤੀ ਜੋਤਿ ਮਿਲਾਈ ॥
ਨਿਰਮਲ ਬਾਣੀ ਨਿਜ ਘਰਿ ਵਾਸਾ ॥
ਨਾਨਕ ਹਉਮੈ ਮਾਰੇ ਸਦਾ ਉਦਾਸਾ ॥੪॥}

(ਅੰਗ - ੩੬੨)

{ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥
ਪੂਰੈ ਭਾਗਿ ਗੁਰ ਸੇਵਾ ਹੋਇ ॥
ਸੋ ਬੂਝੈ ਜਿਸੁ ਆਪਿ ਬੁਝਾਏ ॥
ਗੁਰ ਪਰਸਾਦੀ ਸੇਵ ਕਰਾਏ ॥੧॥
ਗਿਆਨ ਰਤਨਿ ਸਭ ਸੋਝੀ ਹੋਇ ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥
ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥
ਪੂਰੇ ਗੁਰ ਤੇ ਸੋਝੀ ਪਾਏ ॥
ਅੰਤਰਿ ਮਹਲੁ ਗੁਰ ਸਬਦਿ ਪਛਾਣੈ ॥
ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ ॥੨॥
ਜੰਮਣੁ ਮਰਣਾ ਹੈ ਸੰਸਾਰੁ ॥
ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥
ਪਰ ਨਿੰਦਾ ਬਹੁ ਕੂੜੁ ਕਮਾਵੈ ॥
ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥੩॥
ਸਤਸੰਗਤਿ ਮਿਲਿ ਸਭ ਸੋਝੀ ਪਾਏ ॥
ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥
ਭਾਣਾ ਮੰਨੇ ਸਦਾ ਸੁਖੁ ਹੋਇ ॥
ਨਾਨਕ ਸਚਿ ਸਮਾਵੈ ਸੋਇ ॥੪॥}

(ਅੰਗ - ੩੬੩-੩੬੪)

{ਆਇਆ ਮਰਣੁ ਧੁਰਾਹੁ ਹਉਮੈ ਰੋਈਐ ॥
ਗੁਰਮੁਖਿ ਨਾਮੁ ਧਿਆਇ ਅਸਥਿਰੁ ਹੋਈਐ ॥੧॥
ਗੁਰ ਪੂਰੇ ਸਾਬਾਸਿ ਚਲਣੁ ਜਾਣਿਆ ॥
ਲਾਹਾ ਨਾਮੁ ਸੁ ਸਾਰੁ ਸਬਦਿ ਸਮਾਣਿਆ ॥੧॥ ਰਹਾਉ }

(ਅੰਗ - ੩੬੯)

{ਜੀਵਤ ਮਰਣਾ ਤਾਰੇ ਤਰਣਾ ॥
ਜੈ ਜਗਦੀਸ ਪਰਮ ਗਤਿ ਸਰਣਾ ॥
ਹਉ ਬਲਿਹਾਰੀ ਸਤਿਗੁਰ ਚਰਣਾ ॥
ਗੁਰੁ ਬੋਹਿਥੁ ਸਬਦਿ ਭੈ ਤਰਣਾ ॥੩॥}

(ਅੰਗ - ੪੧੩)

{ਜੰਮਣ ਮਰਣਾ ਆਖੀਐ ਤਿਨਿ ਕਰਤੈ ਕੀਆ ॥
ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ ॥੬॥}

(ਅੰਗ - ੪੨੦)

{ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ ॥
ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥੧॥
ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥
ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥੧॥ ਰਹਾਉ ॥
ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ ॥
ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਭ੍ਰਮੁ ਕੂਰਾ ॥੨॥}

(ਅੰਗ - ੪੨੨)

{ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ ॥
ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ ॥੩॥
ਬਿਨੁ ਨਾਵੈ ਸੁਖੁ ਨ ਪਾਈਐ ਨਾ ਦੁਖੁ ਵਿਚਹੁ ਜਾਇ ॥
ਇਹੁ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਰਮਿ ਭੁਲਾਇ ॥੪॥
ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ ॥
ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ ॥੫॥
ਸੋਹਾਗਣੀ ਮਹਲੁ ਪਾਇਆ ਵਿਚਹੁ ਆਪੁ ਗਵਾਇ ॥
ਗੁਰ ਸਬਦੀ ਸੀਗਾਰੀਆ ਅਪਣੇ ਸਹਿ ਲਈਆ ਮਿਲਾਇ ॥੬॥
ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥
ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ ॥੭॥
ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ ॥
ਨਾਨਕ ਨਾਮਿ ਸਮਾਣੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥੮॥}

(ਅੰਗ - ੪੩੦)

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥
ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥
ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ ॥
ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ ॥
ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ ॥
ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ ॥

ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ ॥੬॥}

(ਅੰਗ - ੪੪੧)

{ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥
ਜੋ ਜਨ ਮਰਿ ਜੀਵੇ ਤਿਨ੍ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ ॥
ਮਨਿ ਹਰਿ ਹਰਿ ਭਾਉ ਗੁਰੁ ਕਰੇ ਪਸਾਉ ਜੀਵਨ ਮੁਕਤੁ ਸੁਖੁ ਹੋਈ ॥
ਜੀਵਣਿ ਮਰਣਿ ਹਰਿ ਨਾਮਿ ਸੁਹੇਲੇ ਮਨਿ ਹਰਿ ਹਰਿ ਹਿਰਦੈ ਸੋਈ ॥
ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ ॥
ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥੧॥
ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ ॥
ਹਰਿ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਇਹੁ ਜੀਅੜਾ ਰਖਿਆ ਨ ਜਾਇ ਜੀਉ ॥
ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ ਜਿਸ ਕੀ ਵਸਤੁ ਸੋ ਲੈ ਜਾਇ ਜੀਉ ॥
ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ ਦਾਰੂ ਲਾਇ ਜੀਉ ॥
ਜਿਸ ਕੀ ਵਸਤੁ ਪ੍ਰਭੁ ਲਏ ਸੁਆਮੀ ਜਨ ਉਬਰੇ ਸਬਦੁ ਕਮਾਇ ਜੀਉ ॥
ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ ॥੨॥
ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥
ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ ਹਰਿ ਦਰਗਹ ਪੈਧੇ ਜਾਨਿ ਜੀਉ ॥
ਹਰਿ ਦਰਗਹ ਪੈਧੇ ਹਰਿ ਨਾਮੈ ਸੀਧੇ ਹਰਿ ਨਾਮੈ ਤੇ ਸੁਖੁ ਪਾਇਆ ॥
ਜਨਮ ਮਰਣ ਦੋਵੈ ਦੁਖ ਮੇਟੇ ਹਰਿ ਰਾਮੈ ਨਾਮਿ ਸਮਾਇਆ ॥
ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ ॥
ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥੩॥
ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥
ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥
ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥
ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਬਿਨੁ ਨਾਵੈ ਅਵਰੁ ਨ ਕੋਇ ਜੀਉ ॥
ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥੪॥}

(ਅੰਗ - ੪੪੭)

{ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥
ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ ॥
ਹਰਿ ਧੂੜੀ ਨ੍ਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ ॥
ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ ॥

ਮਿਟੇ ਦੂਖ ਕਲਿਆਣ ਕੀਰਤਨ ਬਹੁੜਿ ਜੋਨਿ ਨ ਪਾਵਾ ॥
ਬਿਨਵੰਤਿ ਨਾਨਕ ਗੁਰ ਸਰਣਿ ਤਰੀਐ ਆਪਣੇ ਪ੍ਰਭ ਭਾਵਾ ॥੪॥}

(ਅੰਗ - ੪੫੩)

{ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ ॥
ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ ॥
ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥
ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ ॥
ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ ॥
ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ ॥੨॥}

(ਅੰਗ - ੪੫੮)

{ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥
ਚਲ ਚਿਤ ਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ ॥
ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ ॥੩॥
ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥
ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥੪॥
ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥
ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥੫॥
ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥
ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ ॥
ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ ॥੭॥
ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥}

(ਅੰਗ - ੫੦੫-੫੦੬)

{ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ ਦੂਜੀ ਨਾਹੀ ਜਾਇ ॥
ਜੇ ਬਹੁਤੇਰਾ ਲੋਚੀਐ ਵਿਣੁ ਕਰਮੈ ਨ ਪਾਇਆ ਜਾਇ ॥
ਜਿਨ੍ਹਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥
ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥
ਜਿਨ੍ਹਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥

ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੨॥}

(ਅੰਗ - ੫੧੬)

ਮਃ ੫ ॥

{ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥੨॥}

(ਅੰਗ - ੫੨੦)

ਪਉੜੀ ॥

{ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥
ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥
ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ ॥
ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ ॥
ਤਿਸੁ ਸਿਉ ਲਾਇਨ੍ਹਿ ਰੰਗੁ ਜਿਸ ਦੀ ਸਭ ਧਾਰੀਆ ॥
ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ॥
ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ ॥
ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ ॥੯॥}

(ਅੰਗ - ੫੨੦)

{ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ ॥
ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥}

(ਅੰਗ - ੫੪੫)

{ਇਹੁ ਜਗਤੁ ਜੀਵਤੁ ਮਰੈ ਜਾ ਇਸ ਨੋ ਸੋਝੀ ਹੋਇ ॥
ਜਾ ਤਿਨ੍ਹਿ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ ॥
ਨਾਨਕ ਨਦਰਿ ਕਰੇ ਜੇ ਆਪਣੀ ਸਤਿਗੁਰੁ ਮੇਲੈ ਸੋਇ ॥
ਗੁਰ ਪ੍ਰਸਾਦਿ ਜੀਵਤੁ ਮਰੈ ਤਾ ਫਿਰਿ ਮਰਣੁ ਨ ਹੋਇ ॥੨॥}

(ਅੰਗ - ੫੫੪)

{ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥
ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥
ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥੨॥}

(ਅੰਗ - ੫੫੫)

{ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥

ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ ॥
ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ ॥
ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥
ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ ॥
ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧॥
ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥
ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥
ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ॥
ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥੩॥
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥
ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥
ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥
ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ ॥
ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥੪॥}

(ਅੰਗ - ੫੭੯-੫੮੦)

{ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥
ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ ॥
ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ ॥
ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥੧॥
ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥
ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥
ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ ॥

ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥
ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥੨॥
ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥
ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥
ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥
ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥੩॥
ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ ॥
ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥
ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥
ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥੪॥
ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥
ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ ॥
ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰ ਬਾਰੇ ॥
ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ ॥੫॥
ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥
ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥
ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥
ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥
ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ ॥
ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ ॥
ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ ॥
ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ ॥੭॥
ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ ॥
ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ ॥
ਬਣੀਅਰਿ ਨਾਮਿ ਸੁੋਹਾਗਣੀ ਸਚੁ ਸਵਾਰਣਹਾਰੋ ॥
ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥੮॥}

(ਅੰਗ - ੫੮੦-੫੮੧)

{ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ ॥
ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ ॥
ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ ॥
ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ ॥

ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ ॥
ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ ॥੧॥}

(ਅੰਗ - ੫੮੧)

{ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥
ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥੧॥
ਭੀ ਸਾਲਾਹਿਹੁ ਸਾਚਾ ਸੋਇ ॥
ਜਾ ਕੀ ਨਦਰਿ ਸਦਾ ਸੁਖੁ ਹੋਇ ॥ ਰਹਾਉ ॥
ਵਡਾ ਕਰਿ ਸਾਲਾਹਣਾ ਹੈ ਭੀ ਹੋਸੀ ਸੋਇ ॥
ਸਭਨਾ ਦਾਤਾ ਏਕੁ ਤੂ ਮਾਣਸ ਦਾਤਿ ਨ ਹੋਇ ॥
ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ ॥੨॥
ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ ॥
ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ ॥
ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥੩॥
ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥}

(ਅੰਗ - ੫੯੫)

{ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥
ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥੧॥
ਮਨ ਰੇ ਰਾਮ ਜਪਹੁ ਸੁਖੁ ਹੋਈ ॥
ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥
ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥
ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥
ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥
ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥
ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥
ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥
ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥}

(ਅੰਗ - ੫੯੮-੫੯੯)

{ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ ॥
ਹਮ ਦੀਨ ਤੁਮ ਜੁਗੁ ਜੁਗੁ ਦਾਤੇ ਸਬਦੇ ਦੇਹਿ ਬੁਝਾਈ ॥੧॥
ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥
ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥
ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥
ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥
ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥੪॥}

(ਅੰਗ - ੬੦੩੬੦੪)

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥
ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥}

(ਅੰਗ - ੬੦੪)

{ਮੇਰੇ ਮਨ ਸਾਧ ਸਰਣਿ ਛੁਟਕਾਰਾ ॥
ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ ਫਿਰਿ ਆਵਤ ਬਾਰੋ ਬਾਰਾ ॥ ਰਹਾਉ ॥
ਓਹੁ ਜੁ ਭਰਮੁ ਭੁਲਾਵਾ ਕਹੀਅਤ ਤਿਨ ਮਹਿ ਉਰਝਿਓ ਸਗਲ ਸੰਸਾਰਾ ॥
ਪੂਰਨ ਭਗਤੁ ਪੁਰਖ ਸੁਆਮੀ ਕਾ ਸਰਬ ਥੋਕ ਤੇ ਨਿਆਰਾ ॥੨॥}

(ਅੰਗ - ੬੧੧)

{ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ ॥
ਚਾਰਿ ਪਦਾਰਥ ਨਵ ਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ ਭੁਖੀ ॥੧॥}

(ਅੰਗ - ੬੧੭)

{ਹਿਰਦੈ ਨਾਮੁ ਵਸਾਇਹੁ ॥
ਘਰਿ ਬੈਠੇ ਗੁਰੂ ਧਿਆਇਹੁ ॥

ਗੁਰਿ ਪੂਰੈ ਸਚੁ ਕਹਿਆ ॥
ਸੋ ਸੁਖੁ ਸਾਚਾ ਲਹਿਆ ॥੧॥
ਅਪੁਨਾ ਹੋਇਓ ਗੁਰੁ ਮਿਹਰਵਾਨਾ ॥
ਅਨਦ ਸੂਖ ਕਲਿਆਣ ਮੰਗਲ ਸਿਉ ਘਰਿ ਆਏ ਕਰਿ ਇਸਨਾਨਾ ॥ ਰਹਾਉ ॥
ਸਾਚੀ ਗੁਰ ਵਡਿਆਈ ॥
ਤਾ ਕੀ ਕੀਮਤਿ ਕਹਣੁ ਨ ਜਾਈ ॥
ਸਿਰਿ ਸਾਹਾ ਪਾਤਿਸਾਹਾ ॥
ਗੁਰ ਭੇਟਤ ਮਨਿ ਓਮਾਹਾ ॥੨॥
ਸਗਲ ਪਰਾਛਤ ਲਾਥੇ ॥
ਮਿਲਿ ਸਾਧਸੰਗਤਿ ਕੈ ਸਾਥੇ ॥
ਗੁਣ ਨਿਧਾਨ ਹਰਿ ਨਾਮਾ ॥
ਜਪਿ ਪੂਰਨ ਹੋਏ ਕਾਮਾ ॥੩॥
ਗੁਰਿ ਕੀਨੋ ਮੁਕਤਿ ਦੁਆਰਾ ॥
ਸਭ ਸ੍ਰਿਸਟਿ ਕਰੈ ਜੈਕਾਰਾ ॥
ਨਾਨਕ ਪ੍ਰਭੁ ਮੇਰੈ ਸਾਥੇ ॥
ਜਨਮ ਮਰਣ ਭੈ ਲਾਥੇ ॥੪॥}

(ਅੰਗ - ੬੨੧)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥
ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥

ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥}

(ਅੰਗ - ੬੩੫-੬੩੬)

{ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥
ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥
ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥
ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥੧॥}

(ਅੰਗ - ੬੫੧)

{ਸਾਚੁ ਧਰਮੁ ਨਹੀ ਭਾਵੈ ਡੀਠਾ ॥
ਝੂਠ ਧੋਹ ਸਿਉ ਰਚਿਓ ਮੀਠਾ ॥
ਦਾਤਿ ਪਿਆਰੀ ਵਿਸਰਿਆ ਦਾਤਾਰਾ ॥
ਜਾਣੈ ਨਾਹੀ ਮਰਣੁ ਵਿਚਾਰਾ ॥੨॥
ਵਸਤੁ ਪਰਾਈ ਕਉ ਉਠਿ ਰੋਵੈ ॥
ਕਰਮ ਧਰਮ ਸਗਲਾ ਈ ਖੋਵੈ ॥
ਹੁਕਮੁ ਨ ਬੂਝੈ ਆਵਣ ਜਾਣੇ ॥
ਪਾਪ ਕਰੈ ਤਾ ਪਛੋਤਾਣੇ ॥੩॥}

(ਅੰਗ - ੬੭੬)

{ਆਨੰਦ ਮੂਲੁ ਅਨਾਥ ਅਧਾਰੀ ॥
ਗੁਰਮੁਖਿ ਭਗਤਿ ਸਹਜਿ ਬੀਚਾਰੀ ॥
ਭਗਤਿ ਵਛਲ ਭੈ ਕਾਟਣਹਾਰੇ ॥
ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥

ਅਨਿਕ ਜਤਨ ਕਰਿ ਕਾਲੁ ਸੰਤਾਏ ॥
ਮਰਣੁ ਲਿਖਾਇ ਮੰਡਲ ਮਹਿ ਆਏ ॥
ਜਨਮੁ ਪਦਾਰਥੁ ਦੁਬਿਧਾ ਖੋਵੈ ॥
ਆਪੁ ਨ ਚੀਨਸਿ ਝੂਮਿ ਝੂਮਿ ਰੋਵੈ ॥੬॥}

(ਅੰਗ - ੬੮੫-੬੮੬)

{ਸਹਜਿ ਮਿਲੈ ਮਿਲਿਆ ਪਰਵਾਣੁ ॥
ਨਾ ਤਿਸੁ ਮਰਣੁ ਨ ਆਵਣੁ ਜਾਣੁ ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥
ਜਹ ਦੇਖਾ ਤਹ ਅਵਰੁ ਨ ਕੋਇ ॥੧॥
ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥
ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥}

(ਅੰਗ - ੬੮੬)

{ਪਾਧਾਣੂ ਸੰਸਾਰੁ ਗਾਰਬਿ ਅਟਿਆ ॥
ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥
ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥
ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥
ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥
ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ ॥੧॥}

(ਅੰਗ - ੭੦੫)

{ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ ॥
ਭਉ ਜਨਮ ਮਰਣਾ ਮੇਟਿਓ ਗੁਰ ਸਬਦੀ ਹਰਿ ਅਸਥਿਰੁ ਸੇਵਿ ਸੁਖਿ ਸਮਘਾ ॥੧॥
ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ ॥
ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ ਸਿਰੁ ਵੇਚਿ ਲੀਓ ਮੁਲਿ ਮਹਘਾ ॥੧॥ ਰਹਾਉ ॥}

(ਅੰਗ - ੭੩੧)

{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥
ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥
ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥}

(ਅੰਗ - ੭੩੫-੭੩੬)

{ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥੧॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ ਰਹਾਉ ॥
ਤਹ ਗੀਤ ਨਾਦ ਅਖਾਰੇ ਸੰਗਾ ॥
ਊਹਾ ਸੰਤ ਕਰਹਿ ਹਰਿ ਰੰਗਾ ॥੨॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥
ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥
ਗੁਹਜ ਕਥਾ ਇਹ ਗੁਰ ਤੇ ਜਾਣੀ ॥
ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥}

(ਅੰਗ - ੭੩੯)

{ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥
ਰਸਨਾ ਜਾਪੁ ਜਪਉ ਬਨਵਾਰੀ ॥੧॥
ਸਫਲ ਮੂਰਤਿ ਦਰਸਨ ਬਲਿਹਾਰੀ ॥
ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ ਰਹਾਉ ॥

ਸਾਧਸੰਗਿ ਜਨਮ ਮਰਣ ਨਿਵਾਰੀ ॥
ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥
ਕਾਮ ਕ੍ਰੋਧ ਲੋਭ ਮੋਹ ਤਜਾਰੀ ॥
ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥
ਕਹੁ ਨਾਨਕ ਇਹੁ ਤਤੁ ਬੀਚਾਰੀ ॥
ਰਾਮ ਨਾਮ ਜਪਿ ਪਾਰਿ ਉਤਾਰੀ ॥੪॥}

(ਅੰਗ - ੭੪੦)

{ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥}

(ਅੰਗ - ੭੪੯)

{ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥
ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥
ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥}

(ਅੰਗ - ੭੪੯-੭੫੦)

{ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥
ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥
ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥
ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥
ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥
ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥
ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥
ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥
ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ ॥
ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥

ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥੭॥
ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥
ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥
ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ ॥
ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੮॥}

(ਅੰਗ - ੭੫੩-੭੫੪)

{ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥
ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥
ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥੧॥ ਰਹਾਉ ॥
ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥
ਸੁਖੁ ਨ ਪਾਇਨ੍ਹਿ ਮੂਲਿ ਨਾਮ ਵਿਛੁੰਨਿਆ ॥੨॥
ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥
ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥੩॥
ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥
ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥੪॥
ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥
ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥੫॥}

(ਅੰਗ - ੭੬੧-੭੬੨)

{ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥
ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥}

(ਅੰਗ - ੭੬੭-੭੬੮)

{ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥}

(ਅੰਗ - ੭੮੩)

{ਹਉ ਨਿਮਖ ਨ ਛੋਡਾ ਜੀ ਹਰਿ ਪ੍ਰੀਤਮ ਪ੍ਰਾਨ ਅਧਾਰੋ ॥
ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ ॥
ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ ॥

ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ ॥
ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ ॥
ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ ॥੩॥
ਮੈ ਖੋਜਤ ਖੋਜਤ ਜੀ ਹਰਿ ਨਿਹਚਲੁ ਸੁ ਘਰੁ ਪਾਇਆ ॥
ਸਭਿ ਅਧ੍ਰੁਵ ਡਿਠੇ ਜੀਉ ਤਾ ਚਰਨ ਕਮਲ ਚਿਤੁ ਲਾਇਆ ॥
ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥
ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥
ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ ॥
ਨਾਨਕ ਸਰਨਿ ਕ੍ਰਿਪਾ ਨਿਧਿ ਸੁਆਮੀ ਵਡਭਾਗੀ ਹਰਿ ਹਰਿ ਗਾਇਆ ॥੪॥}

(ਅੰਗ - ੭੮੪-੭੮੫)

{ਹਰਿ ਸਾਲਾਹੀ ਸਦਾ ਸਦਾ ਤਨੁ ਮਨੁ ਸਉਪਿ ਸਰੀਰੁ ॥
ਗੁਰ ਸਬਦੀ ਸਚੁ ਪਾਇਆ ਸਚਾ ਗਹਿਰ ਗੰਭੀਰੁ ॥
ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ ॥
ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥
ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥}

(ਅੰਗ - ੭੯੯)

{ਮਨ ਕੀ ਪਰਤੀਤਿ ਮਨ ਤੇ ਪਾਈ ॥
ਪੂਰੇ ਗੁਰ ਤੇ ਸਬਦਿ ਬੁਝਾਈ ॥
ਜੀਵਣ ਮਰਣੁ ਕੋ ਸਮਸਰਿ ਵੇਖੈ ॥
ਬਹੁੜਿ ਨ ਮਰੈ ਨਾ ਜਮੁ ਪੇਖੈ ॥੨॥
ਘਰ ਹੀ ਮਹਿ ਸਭਿ ਕੋਟ ਨਿਧਾਨ ॥
ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥
ਸਦ ਹੀ ਲਾਗਾ ਸਹਜਿ ਧਿਆਨ ॥
ਅਨਦਿਨੁ ਗਾਵੈ ਏਕੋ ਨਾਮ ॥੩॥}

(ਅੰਗ - ੭੯੮)

{ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤਸੰਗਤਿ ਜਿਨਾ ਵਾਸੋ ॥
ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥
ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥
ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥੩॥
ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥

ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥੪॥}

(ਅੰਗ - ੮੦੨)

{ਹਰਿਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥
ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ ॥
ਰਸਿ ਭੋਗਣ ਅਤਿ ਰੂਪ ਰਸ ਮਾਤੇ ਇਨ ਸੰਗਿ ਸੂਖੁ ਨ ਪਾਇਆ ॥
ਧੰਨਿ ਧੰਨਿ ਹਰਿ ਸਾਧ ਜਨ ਸਖੀਏ ਨਾਨਕ ਜਿਨੀ ਨਾਮੁ ਧਿਆਇਆ ॥੨॥
ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ ॥
ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨ ਕਮਲ ਲਿਵ ਲਾਈਐ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲੁ ਸਰਣੀ ਪਾਈਐ ॥
ਪ੍ਰੇਮ ਬਿਛੋਹੁ ਨ ਮੋਹੁ ਬਿਆਪੈ ਨਾਨਕ ਹਰਿ ਏਕੁ ਧਿਆਈਐ ॥੩॥
ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਜਿ ਸੁਭਾਏ ॥
ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ ॥
ਸਖੀ ਸਹੇਲੀ ਰਾਮ ਰੰਗਿ ਰਾਤੀ ਮਨ ਤਨ ਇਛ ਪੁਜਾਏ ॥
ਨਾਨਕ ਅਚਰਜੁ ਅਚਰਜ ਸਿਉ ਮਿਲਿਆ ਕਹਣਾ ਕਛੂ ਨ ਜਾਏ ॥੪॥}

(ਅੰਗ -੮੦੩)

{ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥
ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥੧॥
ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ ॥
ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ ॥੧॥ ਰਹਾਉ ॥
ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥
ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ ॥੨॥}

(ਅੰਗ - ੮੦੯)

{ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥
ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥੩॥
ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥
ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥੪॥}

(ਅੰਗ - ੮੧੪)

{ਸਦਾ ਸਦਾ ਜਪੀਐ ਪ੍ਰਭ ਨਾਮ ॥
ਜਰਾ ਮਰਾ ਕਛੁ ਦੂਖੁ ਨ ਬਿਆਪੈ ਆਗੈ ਦਰਗਹ ਪੂਰਨ ਕਾਮ ॥੧॥ ਰਹਾਉ ॥
ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥

ਜਨਮ ਮਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ ॥੧॥
ਜੋ ਤੁਮ੍ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥
ਕਹੁ ਨਾਨਕ ਤਾ ਕੀ ਸਰਣਾਈ ਜਾ ਕਾ ਕੀਆ ਸਗਲ ਜਹਾਨੁ ॥੨॥}

(ਅੰਗ - ੮੨੪)

{ਦੋਵੈ ਥਾਵ ਰਖੇ ਗੁਰ ਸੂਰੇ ॥
ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥
ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥
ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ ॥੧॥
ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥
ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥੨॥}

(ਅੰਗ - ੯੨੫-੯੨੬)

{ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥
ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥
ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥
ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਇ ॥
ਆਪੇ ਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ ॥
ਜੰਮਣੁ ਮਰਣਾ ਕਟਿਆ ਜੋਤੀ ਜੋਤਿ ਮਿਲਾਇ ॥੧॥}

(ਅੰਗ - ੮੪੯)

{ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥
ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥
ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥
ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥
ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥੧੧॥}

(ਅੰਗ - ੮੫੪)

{ਹਰਿ ਗੁਣ ਰਮਤ ਭਏ ਆਨੰਦ ॥
ਪਾਰਬ੍ਰਹਮ ਪੂਰਨ ਬਖਸੰਦ ॥
ਕਰਿ ਕਿਰਪਾ ਜਨ ਸੇਵਾ ਲਾਏ ॥
ਜਨਮ ਮਰਣ ਦੁਖ ਮੇਟਿ ਮਿਲਾਏ ॥੨॥
ਕਰਮ ਧਰਮ ਇਹੁ ਤਤੁ ਗਿਆਨੁ ॥
ਸਾਧਸੰਗਿ ਜਪੀਐ ਹਰਿ ਨਾਮੁ ॥
ਸਾਗਰ ਤਰਿ ਬੋਹਿਥ ਪ੍ਰਭ ਚਰਣ ॥

ਅੰਤਰਜਾਮੀ ਪ੍ਰਭ ਕਾਰਣ ਕਰਣ ॥੩॥
ਰਾਖਿ ਲੀਏ ਅਪਨੀ ਕਿਰਪਾ ਧਾਰਿ ॥
ਪੰਚ ਦੂਤ ਭਾਗੇ ਬਿਕਰਾਲ ॥
ਜੂਐ ਜਨਮੁ ਨ ਕਬਹੂ ਹਾਰਿ ॥
ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥}

(ਅੰਗ - ੮੬੬)

{ਭਵ ਸਾਗਰ ਬੋਹਿਥ ਹਰਿ ਚਰਣ ॥
ਸਿਮਰਤ ਨਾਮੁ ਨਾਹੀ ਫਿਰਿ ਮਰਣ ॥
ਹਰਿ ਗੁਣ ਰਮਤ ਨਾਹੀ ਜਮ ਪੰਥ ॥
ਮਹਾ ਬੀਚਾਰ ਪੰਚ ਦੂਤਹ ਮੰਥ ॥੧॥}

(ਅੰਗ - ੮੬੭)

{ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥
ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥
ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥੧॥
ਨ ਜਾਣਾ ਹਰੇ ਮੇਰੀ ਕਵਨ ਗਤੇ ॥
ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥੧॥ ਰਹਾਉ ॥
ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥
ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥
ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥
ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥
ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥}

(ਅੰਗ - ੮੭੬)

{ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥੧॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥
ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥

ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥
ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥
ਨਾ ਕੋਈ ਮਰੈ ਨ ਆਵੈ ਜਾਇਆ ॥੪॥}

(ਅੰਗ - ੮੮੫)

{ਰਾਜਾ ਰਾਮ ਕੀ ਸਰਣਾਇ ॥
ਨਿਰਭਉ ਭਏ ਗੋਬਿੰਦ ਗੁਨ ਗਾਵਤ ਸਾਧਸੰਗਿ ਦੁਖੁ ਜਾਇ ॥੧॥ ਰਹਾਉ ॥
ਜਾ ਕੈ ਰਾਮੁ ਬਸੈ ਮਨ ਮਾਹੀ ॥
ਸੋ ਜਨੁ ਦੁਤਰੁ ਪੇਖਤ ਨਾਹੀ ॥
ਸਗਲੇ ਕਾਜ ਸਵਾਰੇ ਅਪਨੇ ॥
ਹਰਿ ਹਰਿ ਨਾਮੁ ਰਸਨ ਨਿਤ ਜਪਨੇ ॥੧॥
ਜਿਸ ਕੈ ਮਸਤਕਿ ਹਾਥੁ ਗੁਰੁ ਧਰੈ ॥ ਸੋ ਦਾਸੁ ਅਦੇਸਾ ਕਾਹੇ ਕਰੈ ॥
ਜਨਮ ਮਰਣ ਕੀ ਚੂਕੀ ਕਾਣਿ ॥
ਪੂਰੇ ਗੁਰ ਊਪਰਿ ਕੁਰਬਾਣ ॥੨॥
ਗੁਰੁ ਪਰਮੇਸਰੁ ਭੇਟਿ ਨਿਹਾਲ ॥
ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ ॥
ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥
ਸਾਧਸੰਗਿ ਸੋ ਭਵਜਲੁ ਤਰੈ ॥੩॥
ਅੰਮ੍ਰਿਤੁ ਪੀਵਹੁ ਸਾਧ ਪਿਆਰੇ ॥
ਮੁਖ ਊਜਲ ਸਾਚੈ ਦਰਬਾਰੇ ॥
ਅਨਦ ਕਰਹੁ ਤਜਿ ਸਗਲ ਬਿਕਾਰ ॥
ਨਾਨਕ ਹਰਿ ਜਪਿ ਉਤਰਹੁ ਪਾਰਿ ॥੪॥}

(ਅੰਗ - ੮੯੯)

{ਮਨਮੁਖ ਮੁਗਧ ਕਰਹਿ ਚਤੁਰਾਈ ॥
ਨਾਤਾ ਧੋਤਾ ਥਾਇ ਨ ਪਾਈ ॥
ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥

ਮਨਮੁਖ ਅੰਧੇ ਕਿਛੂ ਨ ਸੂਝੈ ॥
ਮਰਣੁ ਲਿਖਾਇ ਆਏ ਨਹੀ ਬੂਝੈ ॥
ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥੩॥
ਸਚੁ ਕਰਣੀ ਸਬਦੁ ਹੈ ਸਾਰੁ ॥
ਪੂਰੈ ਗੁਰਿ ਪਾਈਐ ਮੋਖ ਦੁਆਰੁ ॥
ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥੪॥}

(ਅੰਗ - ੧੧੪)

{ਜਿਉ ਆਇਆ ਤਿਉ ਜਾਵਹਿ ਬਉਰੇ ਜਿਉ ਜਨਮੇ ਤਿਉ ਮਰਣੁ ਭਇਆ ॥
ਜਿਉ ਰਸ ਭੋਗ ਕੀਏ ਤੇਤਾ ਦੁਖੁ ਲਾਗੈ ਨਾਮੁ ਵਿਸਾਰਿ ਭਵਜਲਿ ਪਇਆ ॥੧॥}

(ਅੰਗ - ੯੦੬)

{ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ ॥੩॥
ਕਰਣ ਕਾਰਣ ਸਮਰਥੁ ਸੁਆਮੀ ਨਾਨਕ ਤਿਸੁ ਸਰਣਾਈ ॥੪॥
ਬੰਧਨ ਤੋੜਿ ਚਰਨ ਕਮਲ ਦ੍ਰਿੜਾਏ ਏਕ ਸਬਦਿ ਲਿਵ ਲਾਈ ॥੫॥
ਅੰਧ ਕੂਪ ਬਿਖਿਆ ਤੇ ਕਾਢਿਓ ਸਾਚ ਸਬਦਿ ਬਣਿ ਆਈ ॥੬॥
ਜਨਮ ਮਰਣ ਕਾ ਸਹਸਾ ਚੂਕਾ ਬਾਹੁੜਿ ਕਤਹੁ ਨ ਧਾਈ ॥੭॥
ਨਾਮ ਰਸਾਇਣਿ ਇਹੁ ਮਨੁ ਰਾਤਾ ਅੰਮ੍ਰਿਤੁ ਪੀ ਤ੍ਰਿਪਤਾਈ ॥੮॥
ਸੰਤਸੰਗਿ ਮਿਲਿ ਕੀਰਤਨੁ ਗਾਇਆ ਨਿਹਚਲ ਵਸਿਆ ਜਾਈ ॥੯॥
ਪੂਰੈ ਗੁਰਿ ਪੂਰੀ ਮਤਿ ਦੀਨੀ ਹਰਿ ਬਿਨੁ ਆਨ ਨ ਭਾਈ ॥੧੦॥}

(ਅੰਗ - ੯੧੫)

{ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥
ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥}

(ਅੰਗ - ੯੧੯)

{ਸੋ ਸੁਆਮੀ ਪ੍ਰਭੁ ਰਖਕੋ ਅੰਚਲਿ ਤਾ ਕੈ ਲਾਗੁ ਜੀਉ ॥

ਭਜੁ ਸਾਧੂ ਸੰਗਿ ਦਇਆਲ ਦੇਵ ਮਨ ਕੀ ਮਤਿ ਤਿਆਗੁ ਜੀਉ ॥
ਇਕ ਓਟ ਕੀਜੈ ਜੀਉ ਦੀਜੈ ਆਸ ਇਕ ਧਰਣੀਧਰੈ ॥
ਸਾਧਸੰਗੇ ਹਰਿ ਨਾਮ ਰੰਗੇ ਸੰਸਾਰੁ ਸਾਗਰੁ ਸਭੁ ਤਰੈ ॥
ਜਨਮ ਮਰਣ ਬਿਕਾਰ ਛੂਟੇ ਫਿਰਿ ਨ ਲਾਗੈ ਦਾਗੁ ਜੀਉ ॥
ਬਲਿ ਜਾਇ ਨਾਨਕੁ ਪੁਰਖ ਪੂਰਨ ਥਿਰੁ ਜਾ ਕਾ ਸੋਹਾਗੁ ਜੀਉ ॥੩॥}

(ਅੰਗ - ੯੨੬-੯੨੭)

{ਘਰ ਦਰ ਫਿਰਿ ਥਾਕੀ ਬਹੁਤੇਰੇ ॥
ਜਾਤਿ ਅਸੰਖ ਅੰਤ ਨਹੀ ਮੇਰੇ ॥
ਕੇਤੇ ਮਾਤ ਪਿਤਾ ਸੁਤ ਧੀਆ ॥
ਕੇਤੇ ਗੁਰ ਚੇਲੇ ਫੁਨਿ ਹੂਆ ॥
ਕਾਚੇ ਗੁਰ ਤੇ ਮੁਕਤਿ ਨ ਹੂਆ ॥
ਕੇਤੀ ਨਾਰਿ ਵਰੁ ਏਕੁ ਸਮਾਲਿ ॥
ਗੁਰਮੁਖਿ ਮਰਨੁ ਜੀਵਨੁ ਪ੍ਰਭ ਨਾਲਿ ॥
ਦਹ ਦਿਸ ਢੂਢਿ ਘਰੈ ਮਹਿ ਪਾਇਆ ॥
ਮੇਲੁ ਭਇਆ ਸਤਿਗੁਰੂ ਮਿਲਾਇਆ ॥੨੧॥}

(ਅੰਗ - ੯੩੨)

ਸਲੋਕੁ ॥
{ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥
ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥੧॥}

(ਅੰਗ - ੯੪੮)

ਮਃ ੩ ॥
{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥
ਗੁਰ ਪਰਸਾਦੀ ਹਉਮੈ ਛੂਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ - ੯੪੮)

ਮਃ ੩ ॥
{ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ॥
ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ॥
ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ ਤਰੇਇ ॥
ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥੩॥}

(ਅੰਗ - ੯੪੮)

ਪਉੜੀ ॥

{ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥
ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥
ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥}

(ਅੰਗ - ੯੪੮)

{ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ ॥
ਤਿਨ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥}

(ਅੰਗ - ੯੫੦)

{ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥
ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥
ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥
ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥
ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ ॥
ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਣਾ ॥
ਹਰਿ ਨਾਮੁ ਜਪੈ ਆਪਿ ਉਧਰੈ ਓਸੁ ਪਿਛੈ ਡੁਬਦੇ ਭੀ ਤਰਣਾ ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜੋ ਦੇਇ ਸੁ ਸਹਣਾ ॥੧॥}

(ਅੰਗ - ੯੫੩)

{ਗੁਰਿ ਪੂਰੈ ਮੇਲਾਇਆ ਜਨਮ ਮਰਣ ਦੁਖੁ ਜਾਇ ॥
ਜਨ ਨਾਨਕ ਪਾਇਆ ਅਗਮ ਰੂਪੁ ਅਨਤ ਨ ਕਾਹੂ ਜਾਇ ॥੧॥}

(ਅੰਗ - ੯੫੮)

{ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥
ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥
ਅੰਤਰਜਾਮੀ ਅਗਮ ਪੁਰਖੁ ਇਕ ਦ੍ਰਿਸਟਿ ਦਿਖਾਏ ॥
ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥
ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ ॥
ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥
ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥
ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥੨੧॥}

(ਅੰਗ - ੯੬੬)

{ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ ॥
ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ ॥੧॥
ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥
ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥੧॥ ਰਹਾਉ ॥
ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ ॥
ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ ॥੨॥
ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ ॥

ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ ॥੩॥
ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ ॥
ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥੪॥
ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥
ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥੫॥}

(ਅੰਗ - ੯੯੨)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥}

(ਅੰਗ - ੯੯੯)

{ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥
ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥
ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥੫॥
ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥
ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥
ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥
ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥
ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥
ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥
ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥੮॥}

(ਅੰਗ - ੧੦੦੯-੧੦੧੦)

{ਪੂਰਬ ਜਨਮ ਕੋ ਲੇਖੁ ਨ ਮਿਟਈ ਜਨਮਿ ਮਰੈ ਕਾ ਕਉ ਦੋਸੁ ਧਰੇ ॥
ਬਿਨੁ ਗੁਰ ਬਾਦਿ ਜੀਵਣੁ ਹੋਰੁ ਮਰਣਾ ਬਿਨੁ ਗੁਰਸਬਦੈ ਜਨਮੁ ਜਰੇ ॥੯॥
ਖੁਸੀ ਖੁਆਰ ਭਏ ਰਸ ਭੋਗਣ ਫੋਕਟ ਕਰਮ ਵਿਕਾਰ ਕਰੇ ॥
ਨਾਮੁ ਬਿਸਾਰਿ ਲੋਭਿ ਮੂਲੁ ਖੋਇਓ ਸਿਰਿ ਧਰਮ ਰਾਇ ਕਾ ਡੰਡੁ ਪਰੇ ॥੧੦॥}

(ਅੰਗ - ੧੦੧੪)

{ਜੋ ਸੂਰਾ ਤਿਸ ਹੀ ਹੋਇ ਮਰਣਾ ॥
ਜੋ ਭਾਗੈ ਤਿਸੁ ਜੋਨੀ ਫਿਰਣਾ ॥
ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥

ਕਰਿ ਕਰਿ ਵੇਖੈ ਅਪਣੇ ਜਚਨਾ ॥
ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥੮॥}

(ਅੰਗ - ੧੦੧੯)

{ਦੂਜੀ ਦੁਰਮਤਿ ਅੰਨੀ ਬੋਲੀ ॥
ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥
ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥
ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
ਤੁਝ ਹੀ ਕੀਆ ਜੰਮਣ ਮਰਣਾ ॥
ਗੁਰ ਤੇ ਸਮਝ ਪੜੀ ਕਿਆ ਡਰਣਾ ॥
ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥
ਨਿਜ ਘਰਿ ਬੈਸਿ ਰਹੇ ਭਉ ਖਾਇਆ ॥
ਧਾਵਤ ਰਾਖੇ ਠਾਕਿ ਰਹਾਇਆ ॥
ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥
ਮਰਣੁ ਲਿਖਾਇ ਮੰਡਲ ਮਹਿ ਆਏ ॥
ਕਿਉ ਰਹੀਐ ਚਲਣਾ ਪਰਥਾਏ ॥
ਸਚਾ ਅਮਰੁ ਸਚੇ ਅਮਰਾ ਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥
ਆਪਿ ਉਪਾਇਆ ਜਗਤੁ ਸਬਾਇਆ ॥
ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥
ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥
ਐਥੈ ਗੋਇਲੜਾ ਦਿਨ ਚਾਰੇ ॥
ਖੇਲੁ ਤਮਾਸਾ ਧੁੰਧੂਕਾਰੇ ॥
ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥
ਤਿਨ ਕਉ ਤਖਤਿ ਮਿਲੀ ਵਡਿਆਈ ॥

ਨਿਰਭਉ ਮਨਿ ਵਸਿਆ ਲਿਵ ਲਾਈ ॥
ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥
ਸਾਚੀ ਨਗਰੀ ਤਖਤੁ ਸਚਾਵਾ ॥
ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥
ਗਣਤ ਗਣੀਐ ਸਹਸਾ ਜੀਐ ॥
ਕਿਉ ਸੁਖੁ ਪਾਵੈ ਦੂਐ ਤੀਐ ॥
ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥
ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥
ਸਾਚਾ ਰਵਿ ਰਹਿਆ ਮਨੁ ਰਾਤਾ ॥
ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥
ਜੀਭ ਰਸਾਇਣਿ ਸਾਚੈ ਰਾਤੀ ॥
ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥
ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥
ਰਖਿ ਰਖਿ ਪੈਰ ਧਰੇ ਪਉ ਧਰਣਾ ॥
ਜਤ ਕਤ ਦੇਖਉ ਤੇਰੀ ਸਰਣਾ ॥
ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥
ਅੰਤ ਕਾਲਿ ਕੋ ਬੇਲੀ ਨਾਹੀ ॥
ਗੁਰਮੁਖਿ ਜਾਤਾ ਤੁਧੁ ਸਾਲਾਹੀ ॥
ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥}

(ਅੰਗ - ੧੦੨੨-੧੦੨੩)

{ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥
ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥
ਗੁਰ ਕੀ ਦਾਤਿ ਨ ਮੇਟੈ ਕੋਈ ॥
ਜਿਸੁ ਬਖਸੇ ਤਿਸੁ ਤਾਰੇ ਸੋਈ ॥
ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥੧੨॥
ਗੁਰ ਤੇ ਭੂਲੇ ਆਵਹੁ ਜਾਵਹੁ ॥
ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥
ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥
ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥

ਸੋ ਜਾਣੈ ਜਿਨਿ ਦਾਤੈ ਦੀਏ ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥੧੪॥
ਹਉਮੈ ਮਮਤਾ ਕਰਦਾ ਆਇਆ ॥
ਆਸਾ ਮਨਸਾ ਬੰਧਿ ਚਲਾਇਆ ॥
ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥੧੫॥}

(ਅੰਗ - ੧੦੩੦-੧੦੩੧)

{ਰਜ ਤਮ ਸਤ ਕਲ ਤੇਰੀ ਛਾਇਆ ॥
ਜਨਮ ਮਰਣ ਹਉਮੈ ਦੁਖੁ ਪਾਇਆ ॥
ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ ॥੧੧॥}

(ਅੰਗ - ੧੦੩੮)

{ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥
ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥
ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥
ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥
ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥੨੬॥}

(ਅੰਗ - ੧੪੨੪)

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥
ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥}

(ਅੰਗ - ੧੫)

{ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥
ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥੧॥}

(ਅੰਗ - ੪੮)

{ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥}

(ਅੰਗ - ੮੬)

{ਮਨਸਾ ਧਾਰਿ ਜੋ ਘਰ ਤੇ ਆਵੈ ॥
ਸਾਧਸੰਗਿ ਜਨਮੁ ਮਰਣੁ ਮਿਟਾਵੈ ॥
ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ ॥੨॥}

(ਅੰਗ - ੧੦੩-੧੦੪)

{ਪਾਪ ਪੁੰਨ ਕੀ ਸਾਰ ਨ ਜਾਣੀ ॥
ਦੂਜੈ ਲਾਗੀ ਭਰਮਿ ਭੁਲਾਣੀ ॥

ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥
ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥
ਹਉਮੈ ਮਾਰਿ ਮੰਨਿ ਵਸਾਇਆ ॥
ਗੁਰ ਚਰਣੀ ਸਦਾ ਚਿਤੁ ਲਾਇਆ ॥
ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥
ਜੀਵਣੁ ਮਰਣਾ ਸਭੁ ਤੁਧੈ ਤਾਈ ॥
ਜਿਸੁ ਬਖਸੇ ਤਿਸੁ ਦੇ ਵਡਿਆਈ ॥
ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥}

(ਅੰਗ - ੧੧੦)

{ਮਨਮੁਖ ਅੰਧੇ ਕਿਛੂ ਨ ਸੂਝੈ ॥
ਮਰਣੁ ਲਿਖਾਇ ਆਏ ਨਹੀ ਬੂਝੈ ॥
ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥੩॥
ਸਚੁ ਕਰਣੀ ਸਬਦੁ ਹੈ ਸਾਰੁ ॥
ਪੂਰੈ ਗੁਰਿ ਪਾਈਐ ਮੋਖ ਦੁਆਰੁ ॥
ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥੪॥}

(ਅੰਗ - ੧੧੪)

{ਕਾਇਆ ਅੰਦਰਿ ਹਉਮੈ ਮੇਰਾ ॥
ਜੰਮਣ ਮਰਣੁ ਨ ਚੂਕੈ ਫੇਰਾ ॥
ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥}

(ਅੰਗ - ੧੨੬)

{ਇਕਨਾ ਮਰਣੁ ਨ ਚਿਤਿ ਆਸ ਘਣੇਰਿਆ ॥
ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ ॥
ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ ॥
ਜਮਰਾਜੈ ਨਿਤ ਨਿਤ ਮਨਮੁਖ ਹੇਰਿਆ ॥
ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥
ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥
ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ ॥
ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ ॥੧੧॥}

(ਅੰਗ - ੧੪੩)

{ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ ॥੧॥ ਰਹਾਉ ॥
ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ ॥
ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ ਪਾਚੇ ॥੨॥}

(ਅੰਗ - ੧੬੯)

{ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥
ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥੨॥}

(ਅੰਗ - ੧੯੧)

{ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥
ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥
ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥
ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥
ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥੧੬॥}

(ਅੰਗ - ੩੨੨)

{ਨਿਹਚਲੁ ਏਕੁ ਸਦਾ ਸਚੁ ਸੋਈ ॥
ਪੂਰੇ ਗੁਰ ਤੇ ਸੋਝੀ ਹੋਈ ॥
ਹਰਿ ਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ ॥੧॥
ਅੰਦਰਿ ਰੰਗੁ ਸਦਾ ਸਚਿਆਰਾ ॥
ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥
ਨਉ ਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ ॥੨॥
ਰਈਅਤਿ ਰਾਜੇ ਦੁਰਮਤਿ ਦੋਈ ॥
ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥
ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ ॥੩॥
ਆਵਣੁ ਜਾਣਾ ਰਖੈ ਨ ਕੋਈ ॥
ਜੰਮਣੁ ਮਰਣੁ ਤਿਸੈ ਤੇ ਹੋਈ ॥
ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ ॥੪॥
ਸਚੁ ਸੰਜਮੁ ਸਤਿਗੁਰੂ ਦੁਆਰੈ ॥
ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥
ਹਉਮੈ ਮੋਹੁ ਉਪਜੈ ਸੰਸਾਰਾ ॥
ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ ॥੬॥

ਸਚਾ ਅਮਰੁ ਸਬਦਿ ਸੁਹਾਇਆ ॥
ਪੰਚ ਸਬਦ ਮਿਲਿ ਵਾਜਾ ਵਾਇਆ ॥
ਸਦਾ ਕਾਰਜੁ ਸਚਿ ਨਾਮਿ ਸੁਹੇਲਾ ਬਿਨੁ ਸਬਦੈ ਕਾਰਜੁ ਕੇਹਾ ਹੇ ॥੭॥
ਖਿਨ ਮਹਿ ਹਸੈ ਖਿਨ ਮਹਿ ਰੋਵੈ ॥
ਦੂਜੀ ਦੁਰਮਤਿ ਕਾਰਜੁ ਨ ਹੋਵੈ ॥
ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥੮॥
ਜੀਵਨ ਮੁਕਤਿ ਗੁਰਸਬਦੁ ਕਮਾਏ ॥
ਹਰਿ ਸਿਉ ਸਦ ਹੀ ਰਹੈ ਸਮਾਏ ॥
ਗੁਰ ਕਿਰਪਾ ਤੇ ਮਿਲੈ ਵਡਿਆਈ ਹਉਮੈ ਰੋਗੁ ਨ ਤਾਹਾ ਹੇ ॥੯॥
ਰਸ ਕਸ ਖਾਏ ਪਿੰਡੁ ਵਧਾਏ ॥
ਭੇਖ ਕਰੈ ਗੁਰਸਬਦੁ ਨ ਕਮਾਏ ॥
ਅੰਤਰਿ ਰੋਗੁ ਮਹਾ ਦੁਖੁ ਭਾਰੀ ਬਿਸਟਾ ਮਾਹਿ ਸਮਾਹਾ ਹੇ ॥੧੦॥
ਬੇਦ ਪੜਹਿ ਪੜਿ ਬਾਦੁ ਵਖਾਣਹਿ ॥
ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥
ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥
ਮਨਮੁਖ ਅੰਧੇ ਸਾਦੁ ਨ ਪਾਵਹਿ ॥
ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥
ਮਨਮੁਖ ਦੇਹੀ ਭਰਮੁ ਭਤਾਰੋ ॥
ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥
ਕੰਚਨ ਦੇਹੀ ਸਬਦੁ ਭਤਾਰੋ ॥
ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥
ਆਪੇ ਦੇਵੈ ਦੇਵਣਹਾਰਾ ॥
ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥
ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ ॥੧੫॥
ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥
ਸਚਾ ਸਾਹਿਬੁ ਠਾਕੁਰੁ ਮੇਰਾ ॥
ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥}

(ਅੰਗ - ੧੦੫੭-੧੦੫੮)

{ਮਨਹਠਿ ਕਰਮ ਕਰੇ ਸੋ ਛੀਜੈ ॥
ਬਹੁਤੇ ਭੇਖ ਕਰੇ ਨਹੀ ਭੀਜੈ ॥
ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥
ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥
ਮਰਣ ਜੀਵਣ ਕੀ ਸੋਝੀ ਪਾਏ ॥
ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ॥੧੨॥
ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥
ਆਵਣ ਜਾਣਾ ਸਬਦੁ ਪਛਾਣੁ ॥
ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥}

(ਅੰਗ - ੧੦੫੯)

{ਸਬਦਿ ਮਰਹਿ ਸੇ ਮਰਣੁ ਸਵਾਰਹਿ ॥
ਹਰਿ ਕੇ ਗੁਣ ਹਿਰਦੈ ਉਰ ਧਾਰਹਿ ॥
ਜਨਮੁ ਸਫਲੁ ਹਰਿ ਚਰਣੀ ਲਾਗੇ ਦੂਜਾ ਭਾਉ ਚੁਕਾਇਆ ॥੩॥
ਹਰਿ ਜੀਉ ਮੇਲੇ ਆਪਿ ਮਿਲਾਏ ॥
ਗੁਰ ਕੈ ਸਬਦੇ ਆਪੁ ਗਵਾਏ ॥
ਅਨਦਿਨੁ ਸਦਾ ਹਰਿ ਭਗਤੀ ਰਾਤੇ ਇਸੁ ਜਗ ਮਹਿ ਲਾਹਾ ਪਾਇਆ ॥੪॥
ਤੇਰੇ ਗੁਣ ਕਹਾ ਮੈ ਕਹਣੁ ਨ ਜਾਈ ॥
ਅੰਤੁ ਨ ਪਾਰਾ ਕੀਮਤਿ ਨਹੀ ਪਾਈ ॥
ਆਪੇ ਦਇਆ ਕਰੇ ਸੁਖਦਾਤਾ ਗੁਣ ਮਹਿ ਗੁਣੀ ਸਮਾਇਆ ॥੫॥
ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥
ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥
ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥੬॥
ਕਰਮੁ ਹੋਵੈ ਤਾ ਸਤਿਗੁਰੁ ਪਾਏ ॥
ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥}

(ਅੰਗ - ੧੦੬੭)

{ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ ॥
ਨਾਨਕ ਤਿਨਾ ਖਾਕੁ ਜਿਨਾ ਯਕੀਨਾ ਹਿਕ ਸਿਉ ॥੧॥}

(ਅੰਗ - ੧੦੯੯)

{ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥}

(ਅੰਗ - ੧੧੦੮)

{ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥
ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥
ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥
ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥
ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥੩॥}

(ਅੰਗ - ੧੧੧੦)

{ਜੀਵਤ ਮਰੈ ਮਰਿ ਮਰਣੁ ਸਵਾਰੈ ॥
ਗੁਰ ਕੈ ਸਬਦਿ ਸਾਚੁ ਉਰ ਧਾਰੈ ॥੧॥ ਰਹਾਉ ॥
ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥
ਮਨੁ ਨਿਰਮਲੁ ਸਦ ਗੁਣੀ ਗਹੀਰਾ ॥
ਜੰਮੈ ਮਰੈ ਨ ਆਵੈ ਜਾਇ ॥
ਗੁਰ ਪਰਸਾਦੀ ਸਾਚਿ ਸਮਾਇ ॥੨॥}

(ਅੰਗ - ੧੧੭੪)

ਸਲੋਕ ਮਹਲਾ ੧ ॥
{ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥
ਦੁਖੁ ਦੁਖੁ ਅਗੈ ਆਖੀਐ ਪੜਿ੍ ਪੜਿ੍ ਕਰਹਿ ਪੁਕਾਰ ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥
ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥੧॥}

ਮਹਲਾ ੧ ॥
{ਨਾਨਕ ਦੁਨੀਆ ਭਸੁ ਰੰਗੁ ਭਸੂ ਹੂ ਭਸੁ ਖੇਹ ॥
ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ ॥
ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ ॥
ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ ॥੨॥}

ਪਉੜੀ ॥
{ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥
ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥

ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥}

(ਅੰਗ - ੧੨੪੦)

{ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ ॥
ਮਹਾ ਦੁਗੰਧਤ ਵਾਸੁ ਸਠ ਕਾ ਛਾਰੁ ਤਨ ॥
ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ ॥
ਹਰਿਹਾਂ ਹਰਿਚੰਦਉਰੀ ਪੇਖਿ ਕਾਹੇ ਸਚੁ ਮਾਨਈ ॥੨੦॥}

(ਅੰਗ - ੧੩੬੩)

{ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥
ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥
ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਖ੍ਰਿਧਾ ਗਈ ॥
ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਖ੍ ਦ੍ਰਿਸ੍ਟਿ ਕਾਰਣ ਕਰਣੰ ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥}

(ਅੰਗ - ੧੪੦੨)

{ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥
ਗਿਆਨ ਹੀਣੰ ਅਗਿਆਨ ਪੂਜਾ ॥
ਅੰਧ ਵਰਤਾਵਾ ਭਾਉ ਦੂਜਾ ॥੨੨॥
ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥
ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥}

(ਅੰਗ - ੧੪੧੨)

{ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥
ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ ॥
ਜੰਮਣੁ ਮਰਣੁ ਨ ਚੁਕਈ ਰੰਗੁ ਲਗਾ ਦੂਜੈ ਭਾਇ ॥
ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥੧੭॥
ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥
ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥
ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥੧੮॥}

(ਅੰਗ - ੧੪੧੪)

{ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥
ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੩੩॥}

(ਅੰਗ - ੧੩੬੬)

ਉੱਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਮਨੁੱਖ ਦਾ ਅਸਲ ਜਨਮ ਕੀ ਹੈ ਤੇ ਜਨਮ ਮਰਨ ਕੀ ਹੈ। ਜਦ ਤੱਕ ਅਸੀਂ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਿਆ ਹੋਇਆ ਹੈ ਤਦ ਤੱਕ ਸਾਡਾ ਅਸਲ ਜਨਮ ਨਹੀਂ ਹੋਇਆ। ਮਨੁੱਖ ਦਾ ਅਸਲ ਜਨਮ ਉਦੋਂ ਹੁੰਦਾ ਹੈ ਜਦੋਂ ਮਨੁੱਖ ਪ੍ਰਮਾਤਮਾ ਦੇ ਘਰ ਵਿੱਚ ਜਨਮ ਲੈਂਦਾ ਹੈ। ਪ੍ਰਮਾਤਮਾ ਦੇ ਘਰ ਵਿੱਚ ਜਨਮ ਹੋਣ ਦੇ ਨਾਲ ਮਨੁੱਖ ਨੂੰ ਆਪਣੇ ਆਪ ਦੀ ਅਸਲੀਅਤ ਹੀ ਸਮਝ ਆਉਂਦੀ ਹੈ ਕਿ ਮਨੁੱਖ ਅਸਲ ਵਿੱਚ ਕੀ ਹੈ। ਪ੍ਰਮਾਤਮਾ ਦੇ ਘਰ ਵਿੱਚ ਸਾਡਾ ਜਨਮ ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ ਭਾਵ ਮਨ ਦੀ ਸਮਝ ਰਾਹੀਂ ਹੀ ਹੁੰਦਾ ਹੈ ਜੋ ਸਮਝ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੀ ਹੈ ਜੋ ਉਸ ਦਾ ਨਾਮ ਰੂਪ ਘਰ ਹੈ। ਨਾਮ ਰੂਪ ਘਰ ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਘਰ ਹੈ ਜਿਸ ਘਰ ਵਿੱਚ ਪਹੁੰਚਕੇ ਮਨੁੱਖ ਹਉਮੈ ਵਿੱਚੋਂ ਨਿਕਲ ਜਾਂਦਾ ਹੈ, ਮਨ ਦੀ ਮਾਇਆ ਵਾਲੇ ਘਰ ਵਿੱਚੋਂ ਨਿਕਲ ਜਾਂਦਾ ਹੈ। ਮਾਇਆ ਰੂਪ ਘਰ ਸਾਡੇ ਅੰਦਰ ਭਰਮਾਂ ਵਾਲੀ ਸਮਝ ਵਾਲਾ ਘਰ ਹੈ ਜਿਸ ਘਰ ਦੇ ਵਿੱਚੋਂ ਭਰਮ ਉਪਜਦੇ ਹਨ, ਹਉਮੈ ਵਾਲੇ ਵਿਚਾਰ ਉਪਜਦੇ ਹਨ ਜੋ ਵਿਚਾਰ ਸਾਨੂੰ ਸਾਡੀ ਅਸਲੀਅਤ ਸਮਝਣ ਤੋਂ ਦੂਰ ਰੱਖਦੇ ਹਨ, ਸਾਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਦੇ ਹਨ ਭਾਵ ਚੌਥੇ ਪਦ ਤੋਂ ਦੂਰ ਰੱਖਦੇ ਹਨ, ਨਾਮ ਦੀ ਸੱਚੀ ਸਮਝ ਪੈਣ ਤੋਂ ਦੂਰ ਰੱਖਦੇ ਹਨ ਭਾਵ ਸਾਨੂੰ ਆਪਣੇ ਆਪ ਦੀ, ਪ੍ਰਮਾਤਮਾ ਦੀ, ਸੰਸਾਰ ਦੀ, ਭਗਤੀ ਦੀ ਅਸਲੀਅਤ ਸਮਝਣ ਤੋਂ ਮਨ ਦੀ ਅਗਿਆਨਤਾ ਵਿੱਚ ਰੱਖਦੇ ਹਨ। ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਮਨ ਦੀ ਇਸ ਅਗਿਆਨਤਾ ਕਰਕੇ ਹੀ ਸਮਝਦੇ ਹਾਂ ਜੋ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਤੇ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ। ਮਨ ਦੇ ਇਸ ਨਾਸਮਝ ਵਿਚਾਰਾਂ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਉਹ ਸਾਡੇ ਅੰਦਰ ਦਾ ਜਨਮ ਮਰਨ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਰਾਹੀਂ ਸਮਝਿਆ ਹੈ। ਉੱਪਰ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਵੀ ਸਮਝਿਆ ਹੈ ਕਿ ਮਨੁੱਖ ਨਿਤ ਨਿਤ ਜੰਮਦਾ ਮਰਦਾ ਹੈ। ਸਾਡੇ ਅੰਦਰ ਨਿਤ ਨਿਤ ਇਹ ਵਿਚਾਰ ਆਉਂਦੇ ਜਾਂਦੇ ਰਹਿੰਦੇ ਹਨ ਭਾਵ ਅਸੀਂ ਅਨੇਕਾਂ ਵਾਰ ਜੰਮਦੇ ਮਰਦੇ ਰਹਿੰਦੇ ਹਾਂ। ਉੱਪਰ ਸਮਝਾਏ ਹੋਏ ਸ਼ਬਦਾਂ ਵਿੱਚੋਂ ਅਸੀਂ ਕੁੱਝ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ "**ਮਰਨਾ**" ਸਮਝ ਰਹੇ ਹਾਂ ਜੋ ਅਸੀਂ ਆਪਣੇ ਜੀਵਨ ਵਿੱਚ ਹੀ ਮਰਨਾ ਹੈ, ਇਸ ਸਰੀਰ ਵਿੱਚ ਰਹਿੰਦੇ ਹੋਏ ਹੀ ਮਰਨਾ ਹੈ, ਜਿਉਂਦੇ ਹੋਏ ਮਰਨਾ ਹੈ ਜੋ ਕਿ ਗੁਰੂ ਦੇ ਸ਼ਬਦ ਦੁਆਰਾ ਸਾਡੀ ਨਾਸਮਝ ਮਤਿ ਦਾ ਮਰਨਾ ਹੈ, ਹਉਮੈ ਦਾ ਮਰਨਾ ਹੈ। ਗੁਰੂ ਦੇ ਸ਼ਬਦ ਦੁਆਰਾ ਸਾਨੂੰ ਗਿਆਨ ਹੀ ਮਿਲਦਾ ਹੈ ਭਾਵ ਸੱਚਾ ਗਿਆਨ ਮਿਲਦਾ ਹੈ ਜੋ ਸਾਨੂੰ ਸੱਚ ਹੀ ਸਮਝਾਉਂਦਾ ਹੈ। ਸ਼ਬਦਾਂ ਦਾ ਮਕਸਦ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੀ ਹੈ ਜੋ ਸਾਡੇ ਅੰਦਰ ਨਿਤ ਨਿਤ ਉਪਜਦੇ ਰਹਿੰਦੇ ਹਨ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਤੇ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦੇ ਹਾਂ ਭਾਵ ਆਪਣੇ ਮਨੁੱਖੀ ਸਰੀਰ ਦੇ ਜਨਮ ਨੂੰ ਆਪਣਾ ਅਸਲ ਜਨਮ ਸਮਝਦੇ ਹਾਂ ਤੇ ਇਸ ਸਰੀਰ ਦੇ ਬਿਨਸਨ ਨੂੰ ਆਪਣਾ ਮਰਨ ਸਮਝਦੇ ਹਾਂ। ਅਸਲ ਵਿੱਚ ਮਨੁੱਖ ਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ ਜਿਸ ਕਰਕੇ ਮਨੁੱਖੀ ਸਰੀਰ ਦੇ ਜਨਮ ਮਰਨ ਨੂੰ ਆਪਣਾ ਜਨਮ ਮਰਨ ਸਮਝਣਾ ਮਨੁੱਖ ਦਾ ਭਰਮ ਹੈ ਜੋ ਭਰਮ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੀ ਬਿਨਸ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਵੇਂ ਕਿ ਉੱਪਰ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ। ਮਨ ਦੇ ਵਿੱਚ ਮੇਲ ਦੁਆਰਾ ਪ੍ਰਮਾਤਮਾ ਸੱਚ ਹੀ ਸਮਝਾਉਂਦਾ ਹੈ ਤੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਤੇ ਸਚੁ ਇਹ ਹੈ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਗੁਰੂ ਦੇ ਸ਼ਬਦ ਸਾਨੂੰ ਵਾਰ-ਵਾਰ ਇਹ ਸਮਝਾਉਂਦੇ ਹਨ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਕਿਸੇ ਨੂੰ ਆਪਣੇ ਆਪ ਇਸ ਗੱਲ ਤੇ ਵਿਸ਼ਵਾਸ ਆ ਜਾਵੇ ਇਹ ਨਾਮੁਮਕਿਨ ਹੈ ਕਿਉਂਕਿ ਪ੍ਰਮਾਤਮਾ ਦੀ ਪਾਈ ਹੋਈ ਸਾਡੇ ਅੰਦਰ ਮਾਇਆ ਰੂਪ ਜੁਗਤਿ, ਹਉਮੈ ਰੂਪ ਜੁਗਤਿ, ਤ੍ਰੈਗੁਣਾਂ ਵਾਲੀ ਜੁਗਤਿ ਉਸਦੀ ਪਰਫੈਕਟ ਜੁਗਤਿ ਹੈ ਜਿਸ ਨੂੰ ਕੋਈ ਭੇਦ ਨਹੀਂ ਸਕਦਾ ਭਾਵ ਆਪਣੇ ਆਪ ਕੋਈ ਜਾਣ ਨਹੀਂ ਸਕਦਾ, ਕੋਈ ਸਮਝ ਨਹੀਂ ਸਕਦਾ ਭਾਵ ਉਸ ਵਿੱਚੋਂ ਕੋਈ ਨਿਕਲ ਨਹੀਂ ਸਕਦਾ। ਜਿਸ ਨੂੰ ਵੀ ਪ੍ਰਮਾਤਮਾ ਆਪਣੀ ਇਸ ਮਨ ਦੇ ਵਿੱਚ ਪਾਈ ਹੋਈ ਜੁਗਤਿ ਵਿੱਚੋਂ ਕੱਢਦਾ ਹੈ ਉਹ ਆਪ ਹੀ ਕੱਢਦਾ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਇਹ ਹਉਮੈ ਕੀ ਹੈ ਤੇ ਨਾਮ ਕੀ ਹੈ ਭਾਵ ਦੋਨਾਂ ਵਿੱਚ ਫਰਕ ਕੀ ਹੈ। ਹਉਮੈ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ ਤੇ ਨਾਮ ਸਾਡੇ ਅੰਦਰ ਦੀ ਪੂਰਨ ਸੱਚੇ ਗਿਆਨ ਵਾਲੀ ਸਮਝ ਹੈ ਜੋ ਸਮਝ ਪ੍ਰਮਾਤਮਾ ਦੇ ਆਪਣੇ ਬਿਨ੍ਹਾਂ ਕੋਈ ਦੇ ਨਹੀਂ ਸਕਦਾ, ਜੋ ਸਮਝ ਉਹ ਕਿਸੇ ਦੇ ਅੰਦਰ ਪ੍ਰਗਟ ਹੋਣ ਦੁਆਰਾ ਆਪ ਹੀ ਦਿੰਦਾ ਹੈ ਤੇ ਇਹ ਸਮਝ ਕੋਈ ਕਿਤੋਂ ਲੈ ਨਹੀਂ ਸਕਦਾ ਭਾਵ ਕਿਸੇ ਮਨੁੱਖ ਨੂੰ ਅਗਰ ਇਹ ਸੱਚੀ ਸਮਝ ਪੈਂਦੀ ਹੈ, ਇਹ ਸਮਝ ਉਹ ਆਪ ਹੀ ਦਿੰਦਾ ਹੈ ਜਿਵੇਂ ਕਿ ਉਸ

ਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੇ ਵਿੱਚ ਉਹਨਾਂ ਦੇ ਨਾਲ ਮੇਲ ਕਰਨ ਦੁਆਰਾ ਆਪ ਹੀ ਦਿੱਤੀ ਹੈ ਤੇ ਜਿਹੋ ਜਿਹੀ ਸਮਝ ਭਾਵ ਸੱਚੀ ਸਮਝ ਉਹਨਾਂ ਨੂੰ ਪ੍ਰਮਾਤਮਾ ਦੇ ਕੋਲੋਂ ਮਿਲੀ ਹੈ ਉਹ ਪੂਰੀ ਗੁਰਬਾਣੀ ਵਿੱਚ ਹੂ ਬ ਹੂ ਉਸੇ ਤਰ੍ਹਾਂ ਦਰਜ ਹੈ,ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਦਰਜ ਹੈ ਭਾਵ ਨਾਮ ਦੇ ਰੂਪ ਵਿੱਚ ਦਰਜ ਹੈ। ਇਸੇ ਲਈ ਗੁਰਬਾਣੀ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਬਾਣੀ ਹੈ ਤੇ ਉਸ ਦੇ ਅੰਦਰ ਦਾ ਸੱਚਾ ਗਿਆਨ, ਬ੍ਰਹਮ ਗਿਆਨ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜੋ ਗਿਆਨ ਗੁਰਬਾਣੀ ਦੇ ਕੋਲ ਹੈ, ਭਗਤੀ ਦੇ ਮਾਰਗ ਨੂੰ ਸਮਝਣ ਲਈ, ਸੱਚ ਨੂੰ ਸਮਝਣ ਲਈ ਗੁਰਬਾਣੀ ਕੋਲੋ ਗਿਆਨ ਲੈਣਾ ਜਾਂ ਪ੍ਰਮਾਤਮਾ ਕੋਲੋਂ ਗਿਆਨ ਲੈਣਾ ਇੱਕੋ ਹੀ ਗੱਲ ਹੈ। ਬਾਣੀ ਸਾਨੂੰ ਸ਼ਬਦੇ ਮਰਨਾ ਸਮਝਾਉਂਦੀ ਹੈ ਜੋ ਸਾਡਾ ਇਸ ਸਰੀਰ ਵਿੱਚ ਰਹਿੰਦੇ ਹੋਏ ਹੀ ਅਸਲ ਮਰਨਾ ਹੈ। ਸ਼ਬਦੇ ਮਰਨ ਦੁਆਰਾ ਮਨੁੱਖ ਫਿਰ ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਜਾਂਦਾ ਹੈ ਜੋ ਕਿ ਸਾਡੀ ਅਗਿਆਨਤਾ ਵਾਲੀ ਸਮਝ ਦੇ ਮਰਨ ਦਾ ਨਤੀਜਾ ਹੈ। ਸ਼ਬਦ ਦੀ ਸਮਝ ਦੁਆਰਾ ਭਾਵ ਸ਼ਬਦੇ ਮਰਨ ਦੁਆਰਾ ਮਨੁੱਖ ਦਾ ਆਪਾ ਹੀ ਮਿਟਦਾ ਹੈ ਭਾਵ ਮਨੁੱਖ ਦੀ ਉਹ ਸਮਝ ਹੀ ਮਿਟਦੀ ਹੈ ਜੋ ਸਾਨੂੰ ਆਪੇ ਨਾਲ ਜੋੜਦੀ ਹੈ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ ਭਾਵ ਮਨੁੱਖ ਦੀ ਅਗਿਆਨਤਾ ਹੀ ਮਿਟਦੀ ਹੈ ਜਿਸ ਅਗਿਆਨਤਾ ਨੂੰ ਮੇਟਣ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਹੈ ਜੋ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਅਸੀਂ ਸ਼ਬਦਾਂ ਦੇ ਗਿਆਨ ਨਾਲ ਜੁੜਨ ਦਾ ਸੱਚਾ ਉੱਦਮ ਹੀ ਕਰਨਾ ਹੈ ਭਾਵ ਆਪਣੀ ਅਗਿਆਨਤਾ ਨੂੰ ਮਾਰਨ ਦਾ ਉੱਦਮ ਹੀ ਕਰਨਾ ਹੈ ਜਿਸ ਸੱਚੇ ਉੱਦਮ ਦੁਆਰਾ ਅਸੀਂ ਪ੍ਰਮਾਤਮਾ ਦੀ ਸਮਝਾਈ ਹੋਈ ਸੱਚੀ ਭਗਤੀ ਨੂੰ ਸਮਝ ਸਕਦੇ ਹਾਂ ਤੇ ਉਸ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਨ ਨਾਲ ਉਸ ਸ਼ਬਦਾਂ ਦਾ ਗਿਆਨ ਦੇਣ ਵਾਲੇ ਸ਼ਬਦ ਰੂਪ ਗੁਰੂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਭਾਵ ਗੁਰੂ ਦੇ ਨਾਲ ਮੇਲ ਕਰਨ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ। ਹੁਣ ਅਸੀਂ ਮੁੱਖ ਸ਼ਬਦ ਦੇ ਪਹਿਲੇ ਪਦੇ ਨੂੰ ਸਮਝ ਸਕਦੇ ਹਾਂ ਕਿ ਸ਼ਬਦੇ ਮਰਨਾ ਕੀ ਹੈ ਤੇ ਵਿੱਚੋਂ ਆਪਾ ਗਵਾਉਣਾ ਕੀ ਹੈ ਤੇ ਆਪਾ ਗੁਆਉਣ ਦਾ ਮਕਸਦ ਕੀ ਹੈ।

“ਸਬਦਿ ਮੁਆ ਵਿਚਹੁ ਆਪੁ ਗਵਾਇ ॥
ਸਤਿਗੁਰੁ ਸੇਵੇ ਤਿਲੁ ਨ ਤਮਾਇ ॥
ਨਿਰਭਉ ਦਾਤਾ ਸਦਾ ਮਨਿ ਹੋਇ ॥
ਸਚੀ ਬਾਣੀ ਪਾਏ ਭਾਗਿ ਕੋਇ ॥੧॥”

(ਅੰਗ – ੩੬੧)

ਸ਼ਬਦ ਦੇ ਉਪਰਲੇ ਪਦੇ ਰਾਹੀਂ ਸ਼ਬਦੇ ਮਰਨ ਦਾ ਮਕਸਦ ਕੀ ਹੈ ਤੇ ਉਸ ਦੇ ਨਾਲ ਪ੍ਰਾਪਤੀ ਕੀ ਹੁੰਦੀ ਹੈ ਇਸ ਗੱਲ ਨੂੰ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸੱਚੀ ਬਾਣੀ ਭਾਵ ਗੁਰਬਾਣੀ ਸੰਸਾਰ ਵਿੱਚ ਕਿਸ ਤਰੀਕੇ ਆਈ ਹੈ। ਸ਼ਬਦ ਦੀ ਪਹਿਲੀ ਪੰਗਤੀ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਅਸੀਂ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝ ਸਕੀਏ। ਸ਼ਬਦੇ ਮਰਨ ਦਾ ਮਕਸਦ ਭਾਵ ਆਪਣਾ ਆਪ ਤਿਆਗਣ ਦਾ ਮਕਸਦ ਭਾਵ ਆਪਣੀ ਭਰਮਾਂ ਵਾਲੀ ਸਮਝ ਨੂੰ ਤਿਆਗਣ ਦਾ ਮਕਸਦ, ਹਉਮੈ ਨੂੰ ਤਿਆਗਣ ਦਾ ਮਕਸਦ ਗੁਰੂ ਦੀ ਸੱਚੀ ਭਗਤੀ ਨੂੰ ਸਮਝਣ ਦਾ ਹੀ ਹੈ, ਗੁਰੂ ਦੀ, ਪ੍ਰਮਾਤਮਾ ਦੀ ਸੇਵਾ ਨੂੰ ਸਮਝਣ ਦਾ ਹੀ ਹੈ ਭਾਵ ਭਗਤੀ ਦੇ ਮਾਰਗ ਤੇ ਚਲਣ ਦਾ ਹੀ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਤਿਗੁਰੁ ਸੇਵੇ ਤਿਲੁ ਨ ਤਮਾਇ॥”

ਸਤਿਗੁਰੁ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਕਿ ਗੁਰੂ ਦੇ ਸ਼ਬਦਾਂ ਦੁਆਰਾ ਸਮਝਾਏ ਹੋਏ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ ਭਾਵ ਗੁਰੂ ਦੇ ਸ਼ਬਦਾਂ ਅਨੁਸਾਰ, ਮਤਿ ਅਨੁਸਾਰ ਵਿਚਰਨ ਦੁਆਰਾ ਹੀ ਹੁੰਦੀ ਹੈ। ਗੁਰੂ ਦੀ ਸੇਵਾ, ਗੁਰੂ ਦੀ ਭਗਤੀ, ਗੁਰੂ ਦਾ ਨਾਮ ਜਪਣਾ, ਧਰਮ ਦੇ ਮਾਰਗ ਤੇ ਚੱਲਣਾ ਇੱਕੋ ਹੀ ਗੱਲ ਹੈ ਜੋ ਕਿ ਆਪਣੇ ਅੰਦਰੋਂ ਮਾਇਆ ਮੋਹ ਨਿਕਲਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਕਰੀਏ। ਸੱਚੇ ਸੁੱਚੇ ਕਰਮ ਕਰਨ ਲਈ, ਸੱਚੀ ਸੁੱਚੀ ਕਿਰਤ ਕਰਨ ਲਈ ਮਨੁੱਖ ਨੂੰ ਪੂਰੀ ਤਰ੍ਹਾਂ ਲੋਭ ਲਾਲਚ ਛੱਡਣਾ ਪੈਂਦਾ ਹੈ ਜਿੰਨ੍ਹਾਂ ਦੇ ਰਹਿੰਦਿਆਂ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ। ਸਤਿਗੁਰੁ ਦੀ ਸੇਵਾ ਕਰਨ ਵਾਲੇ ਵਿੱਚ ਇੱਕ

ਤਿਲ ਜਿੰਨਾਂ ਵੀ ਲਾਲਚ ਨਹੀਂ ਹੁੰਦਾ ਜੋ ਕਿ ਸ਼ਬਦੇ ਮਰਨ ਦੁਆਰਾ ਭਾਵ ਸ਼ਬਦ ਦੀ ਸਮਝ ਦੁਆਰਾ ਆਪਣੀ ਨਾਸਮਝ ਮਤਿ ਨੂੰ ਛੱਡਣ ਦੁਆਰਾ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦੇ ਭਗਤੀ ਦਾ ਮਾਰਗ ਲੋਭ ਲਾਲਚ ਵਿੱਚੋਂ ਨਿਕਲ ਕੇ ਚੰਗੇ ਕਰਮ ਕਰਨ ਦਾ ਹੈ। ਗੁਰੂ ਦੇ ਸ਼ਬਦ ਦੁਆਰਾ ਮਰਨ ਨਾਲ ਮਨੁੱਖ ਨੂੰ ਭਗਤੀ ਦੀ ਸੱਚੀ ਸਮਝ ਹੀ ਪੈਂਦੀ ਹੈ, ਨਾਮ ਜਪਣ ਦੀ ਸਮਝ ਹੀ ਪੈਂਦੀ ਹੈ। (**ਸਤਿਗੁਰੁ ਸੇਵੇ ਤਿਲੁ ਨ ਤਮਾਇ॥**) ਮਨ ਦੇ ਵਿੱਚ ਸੱਚੀ ਭਗਤੀ ਦੀ ਸਮਝ ਸ਼ਬਦੇ ਮਰਨ ਦੁਆਰਾ ਹੀ ਪੈਂਦੀ ਹੈ ਤੇ ਉਹ ਸਮਝ ਕੌਣ ਪਾਉਂਦਾ ਹੈ ਤੇ ਕਿਸ ਰੂਪ ਵਿੱਚ ਪਾਉਂਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਿਰਭਉ ਦਾਤਾ ਸਦਾ ਮਨਿ ਹੋਇ ॥
ਸਚੀ ਬਾਣੀ ਪਾਏ ਭਾਗਿ ਕੋਇ ॥੧॥”

ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਆਪਣੇ ਆਪ ਸ਼ਬਦ ਦੁਆਰਾ ਕੋਈ ਨਹੀਂ ਮਰ ਸਕਦਾ, ਆਪਣੇ ਆਪ ਮਾਇਆ ਦੀ ਜੁਗਤਿ ਵਿੱਚੋਂ, ਹਉਮੈ ਵਿੱਚੋਂ, ਤ੍ਰੈਗੁਣਾਂ ਵਿੱਚੋਂ ਕੋਈ ਵੀ ਨਹੀਂ ਨਿਕਲ ਸਕਦਾ ਕਿਉਂਕਿ ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦਾ ਹੈ, ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਹੁੰਦਾ ਹੈ ਜੋ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਕਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ। ਸ਼ਬਦ ਮਰਨ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ “ਦਾਤਾ” ਸਦਾ ਤੋਂ ਸਭ ਦੇ ਮਨ ਵਿੱਚ ਆਪ ਹੀ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਿਰਭਉ ਰੂਪ ਨਾਲ ਜੋੜਦਾ ਹੈ ਉਸ ਨੂੰ ਆਪਣੇ ਸ਼ਬਦਾਂ ਦਾ ਸੱਚਾ ਗਿਆਨ ਦੇਣ ਦੁਆਰਾ ਹੀ ਜੋੜਦਾ ਹੈ, ਗੁਰਮਤਿ ਰੂਪ ਸੱਚੀ ਸਮਝ ਦੇਣ ਦੁਆਰਾ ਹੀ ਜੋੜਦਾ ਹੈ ਜੋ ਸੱਚੀ ਸਮਝ ਮਨ ਦੀ ਸਮਝ ਨੂੰ ਨਿਰਭਉ ਬਣਾ ਦਿੰਦੀ ਹੈ ਭਾਵ ਉਸ ਦੇ ਅੰਦਰੋਂ ਮਾਇਆ ਮੋਹ ਦਾ ਭਉ ਨਿਕਲ ਜਾਂਦਾ ਹੈ, ਜਨਮ ਮਰਨ ਦਾ ਭਉ ਨਿਕਲ ਜਾਂਦਾ ਹੈ ਜਿਸ ਦੇ ਨਿਕਲਣ ਦੁਆਰਾ ਹੀ ਉਹ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ, ਆਪਣੇ ਅੰਦਰੋਂ ਲੋਭ ਲਾਲਚ ਨੂੰ ਦੂਰ ਕਰਦਾ ਹੈ। ਇਸੇ ਤਰ੍ਹਾਂ ਮਨੁੱਖ ਦੀ ਸਮਝ ਦੇ ਅੰਦਰ ਅਨੇਕਾਂ ਭਉ ਵਸੇ ਰਹਿੰਦੇ ਹਨ ਜਿੰਨ੍ਹਾਂ ਦੇ ਕਾਰਨ ਸਾਡੇ ਅੰਦਰ ਦੀ ਮਾਇਆ ਹੈ, ਮਨ ਦੀ ਨਾਸਮਝ ਮਤਿ ਹੈ, ਤ੍ਰਿਸ਼ਨਾਵਾਂ ਹਨ। ਅਸੀਂ ਭਗਤੀ ਦੇ ਅਨੇਕਾਂ ਹੀ ਤਰੀਕੇ ਅਪਣਾਏ ਹੋਏ ਹਨ ਜਿੰਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਪਰ ਭਗਤੀ ਦੀ ਸੱਚੀ ਸਮਝ ਆਏ ਬਿਨ੍ਹਾਂ ਅਸੀਂ ਉਹਨਾਂ ਤਰੀਕਿਆਂ ਤੇ ਚੱਲਣ ਦਾ ਹੀ ਭਉ ਆਪਣੇ ਅੰਦਰ ਵਸਾਈ ਰੱਖਦੇ ਹਾਂ। ਭਗਤੀ ਦੀ ਸੱਚੀ ਸਮਝ ਆਉਣ ਨਾਲ ਫਿਰ ਸਾਡੇ ਅੰਦਰ ਦੀ ਇਹ ਸਮਝ ਫਿਰ ਇਹੋ ਜਿਹੇ ਹਰ ਭਉ ਵਿੱਚੋਂ ਨਿਕਲ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਅਨੇਕਾਂ ਨੂੰ ਮਨ ਦੀ ਨਾਸਮਝੀ ਕਰਕੇ ਭਗਤੀ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ, ਸੰਤ, ਸਾਧ, ਬ੍ਰਹਮ ਗਿਆਨੀ ਆਦਿ ਥਾਪ ਲੈਂਦੇ ਹਾਂ ਭਾਵ ਧਰਮ ਦੇ ਵਿਦਵਾਨ ਥਾਪ ਲੈਂਦੇ ਹਾਂ ਤੇ ਉਹਨਾਂ ਦੀਆਂ ਗੱਲਾਂ ਨੂੰ ਮੰਨਣ ਦਾ ਭਉ ਸਾਡੇ ਅੰਦਰ ਵੱਸਿਆ ਰਹਿੰਦਾ ਹੈ ਭਾਵ ਮਨ ਦੇ ਭਉ ਕਰਕੇ ਅਸੀਂ ਉਹਨਾਂ ਨੂੰ ਗਲਤ ਨਹੀਂ ਕਹਿ ਸਕਦੇ ਪਰ ਜੋ ਮਨੁੱਖ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਭਗਤੀ ਦੇ ਸੱਚ ਨੂੰ ਜਾਣ ਲੈਂਦਾ ਹੈ ਉਹ ਫਿਰ ਇਹੋ ਜਿਹੇ ਹਰ ਭਉ ਵਿੱਚੋਂ ਨਿਕਲ ਜਾਂਦਾ ਹੈ ਤੇ ਉਸ ਦੇ ਅੰਦਰ ਕੇਵਲ ਸੱਚ ਤੇ ਚੱਲਣ ਦਾ ਭਉ ਰਹਿ ਜਾਂਦਾ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਬਾਣੀ ਰਾਹੀਂ ਝੂਠੀ ਭਗਤੀ ਕਰਨ ਵਾਲਿਆਂ ਨੂੰ ਤੇ ਝੂਠੀ ਭਗਤੀ ਸਮਝਾਉਣ ਵਾਲਿਆਂ ਨੂੰ ਅਨੇਕਾਂ ਸ਼ਬਦਾਂ ਰਾਹੀਂ ਨਿੰਦਿਆ ਹੈ ਕਿਉਂਕਿ ਉਹਨਾਂ ਨੂੰ ਸੱਚ ਦੀ ਸਮਝ ਹੈ। ਉਹਨਾਂ ਨੇ ਆਪਣੇ ਸੱਚ ਦੁਆਰਾ ਭਾਵ ਸੱਚੀ ਸਮਝ ਦੁਆਰਾ ਝੂਠ ਨੂੰ ਹੀ ਨਿੰਦਿਆ ਹੈ ਜਿਸ ਨਿੰਦਿਆ ਦੁਆਰਾ ਉਹਨਾਂ ਨੇ ਉਹਨਾਂ ਦਾ ਭਲਾ ਹੀ ਕੀਤਾ ਹੈ ਤਾਂ ਜੋ ਉਹ ਝੂਠੀ ਸਮਝ ਵਿੱਚੋਂ ਨਿਕਲ ਸਕਣ ਤੇ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕਣ। ਗੁਰੂ ਤਾਂ ਸਭ ਦਾ ਭਲਾ ਹੀ ਮਨਾਉਂਦਾ ਹੈ। ਗੁਰੂ ਆਪ ਭਉ ਤੋਂ ਰਹਿਤ ਹੈ ਤੇ ਦੂਸਰਿਆਂ ਨੂੰ ਝੂਠੇ ਭਉ ਵਿੱਚੋਂ ਕੱਢਦਾ ਹੈ। ਭਗਤ “ਨਾਮ ਦੇਵ” ਜੀ ਨੇ ਆਪ ਹਿੰਦੂ ਮਤਿ ਵਾਲਾ ਹੁੰਦੇ ਹੋਏ ਹਿੰਦੂ ਸਮਾਜ ਨੂੰ ਅੰਨ੍ਹਾ ਕਿਹਾ ਹੈ ਤੇ ਤੁਰਕ ਸਮਾਜ ਨੂੰ ਕਾਣਾ ਕਿਹਾ ਹੈ ਕਿਉਂਕਿ ਉਹ ਨਿਰਭਉ ਹਨ ਤੇ ਉਹਨਾਂ ਨੇ ਇਹ ਗੱਲ ਪੂਰੇ ਸਮਾਜ ਨੂੰ ਸੱਚੀ ਭਗਤੀ ਸਮਝਾਉਣ ਲਈ ਹੀ ਕਹੀ ਹੈ ਭਾਵ ਸਮਾਜ ਦਾ ਭਲਾ ਹੀ ਕੀਤਾ ਹੈ। ਉਸ “ਨਿਰਭਉ” ਰੂਪ ਪ੍ਰਮਾਤਮਾ ਦੇ ਨਾਲ ਜੁੜੇ ਬਿਨ੍ਹਾਂ ਕੋਈ ਵੀ ਮਨੁੱਖੀ ਸਮਝ ਨਿਰਭਉ ਨਹੀਂ ਹੋ ਸਕਦੀ ਜੋ ਨਿਰਭਉ ਰੂਪ ਹੋਏ ਬਿਨ੍ਹਾਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਜਿਸ ਨੂੰ ਪ੍ਰਮਾਤਮਾ ਆਪਣੇ ਨਿਰਭਉ ਰੂਪ ਨਾਲ ਜੋੜਦਾ ਹੈ ਇਹ ਨਾਲ ਹੀ ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਸਾਨੂੰ ਕੀ ਮਿਲਦਾ ਹੈ, ਕਿਸ ਚੀਜ ਦੀ ਪ੍ਰਾਪਤੀ ਹੁੰਦੀ ਹੈ। ਪ੍ਰਾਪਤੀ ਇਹ ਹੈ ਜੋ ਹੇਠ ਦਿੱਤੀ

ਪੰਗਤੀ ਦੁਆਰਾ ਸਮਝਾਈ ਹੋਈ ਹੈ ਜੋ ਮਨੁੱਖ ਨੂੰ ਨਿਰਭਉ ਬਣਾਉਂਦੀ ਹੈ।

“ਨਿਰਭਉ ਦਾਤਾ ਸਦਾ ਮਨਿ ਹੋਇ ॥
ਸਚੀ ਬਾਣੀ ਪਾਏ ਭਾਗਿ ਕੋਇ ॥”

ਪੂਰੀ ਗੁਰਬਾਣੀ ਸੱਚੀ ਬਾਣੀ ਹੈ ਤੇ “ਬਾਣੀ” ਇਸ ਲਈ ਸੱਚੀ ਹੈ ਕਿਉਂਕਿ ਉਹ ਸਚੁ ਰੂਪ ਪ੍ਰਮਾਤਮਾ ਦੇ ਕੋਲੋਂ ਆਈ ਹੈ। ਜਿਸ ਦੇ ਮਨ ਦੇ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ ਉਸ ਨੂੰ ਉਹ ਆਪਣਾ ਸੱਚ ਹੀ ਸਮਝਾਉਂਦਾ ਹੈ। ਆਪਣਾ ਸੱਚ ਉਹ ਆਪਣੀ ਸੱਚੀ ਬਾਣੀ ਰਾਹੀਂ ਸਮਝਾਉਂਦਾ ਹੈ ਭਾਵ ਆਪਣੇ ਸੱਚੇ ਬੋਲ ਬੋਲਣ ਦੁਆਰਾ ਸਮਝਾਉਂਦਾ ਹੈ। ਪ੍ਰਮਾਤਮਾ ਮਨ ਦੇ ਵਿੱਚ “ਨਿਰੰਕਾਰ” ਰੂਪ ਦੇ ਵਿੱਚ ਹੈ ਤੇ ਆਪਣੇ ਬੋਲ ਉਹ ਮਨ ਦੇ ਵਿੱਚ ਬੋਲਣ ਦੁਆਰਾ ਹੀ ਸਮਝਾਉਂਦਾ ਹੈ। ਸਾਡੇ ਮਨ ਦੇ ਵਿੱਚ ਕੇਵਲ ਸਮਝ ਹੀ ਉਪਜਦੀ ਹੈ ਤੇ ਹੋਰ ਕੁੱਝ ਨਹੀਂ ਉਪਜਦਾ। ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ ਇਹ ਸਾਡੇ ਅੰਦਰ ਸਭ ਪ੍ਰਮਾਤਮਾ ਦੇ ਬੋਲ ਹੀ ਹਨ, ਉਸ ਦੇ ਲਿਖੇ ਹੋਏ ਲੇਖ ਹੀ ਹਨ ਜੋ ਲੇਖ ਅਸੀਂ ਆਪਣੇ ਅੰਦਰੋਂ ਹਰ ਵੇਲੇ ਪੜ੍ਹਦੇ ਰਹਿੰਦੇ ਹਾਂ। ਪ੍ਰਮਾਤਮਾ ਦੇ ਜੋ ਇਹ ਲੇਖ ਹਨ ਇਹਨਾਂ ਨੂੰ ਕੋਈ ਮੇਟ ਨਹੀਂ ਸਕਦਾ, ਬਦਲ ਨਹੀਂ ਸਕਦਾ, ਇਹਨਾਂ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ। ਸਾਡੇ ਅੰਦਰ ਦੇ ਇਹ ਲੇਖ ਹੀ ਸਾਡੇ ਅੰਦਰ ਦੀ ਸਮਝ ਹੈ ਜੋ ਕਿ ਪ੍ਰਮਾਤਮਾ ਦੇ ਸਾਡੇ ਅੰਦਰ ਆਪਣੇ ਨਿਰੰਕਾਰ ਰੂਪ ਦੁਆਰਾ ਬੋਲੇ ਹੋਏ ਬੋਲ ਹਨ ਜੋ ਉਸ ਦੇ ਬੋਲ ਅਸੀਂ ਹਰ ਵੇਲੇ ਆਪਣੇ ਅੰਦਰੋਂ ਮਨ ਦੀ ਸਮਝ ਰਾਹੀਂ ਸੁਣਦੇ ਰਹਿੰਦੇ ਹਾਂ, ਉਸ ਦੇ ਲਿਖੇ ਹੋਏ ਲੇਖ ਮਨ ਦੇ ਵਿੱਚੋਂ ਪੜ੍ਹਦੇ ਰਹਿੰਦੇ ਹਾਂ। ਸਾਡੇ ਅੰਦਰ ਦੀ ਜੋ ਮਾਇਆ ਰੂਪ ਜੁਗਤਿ ਹੈ, ਹਉਮੈ ਰੂਪ, ਤ੍ਰੈ ਗੁਣ ਰੂਪ ਜੁਗਤਿ ਹੈ ਉਹ ਸਾਡੇ ਅੰਦਰ ਦੀ ਸਮਝ ਹੀ ਹੈ ਜੋ ਸਾਡੇ ਅੰਦਰ ਪ੍ਰਮਾਤਮਾ ਦੇ ਬੋਲੇ ਹੋਏ ਬੋਲ ਹੀ ਹਨ, ਉਸ ਦੇ ਲਿਖੇ ਹੋਏ ਲੇਖ ਹੀ ਹਨ ਭਾਵ ਸਾਡੇ ਅੰਦਰ ਉਸ ਦੀ ਬੋਲੀ ਹੋਈ ਬਾਣੀ ਹੀ ਹੈ ਜਿਸ ਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਾਨੂੰ ਆਪਣਾ ਸੱਚ ਸਮਝਣ ਤੋਂ, ਸਮਝਾਉਣ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਉਸ ਨੇ ਆਪ ਹੀ ਸਾਰੇ ਸੰਸਾਰ ਨੂੰ ਭਰਮਾਂ ਵਿੱਚ ਰੱਖਿਆ ਹੋਇਆ ਹੈ, ਮਨ ਦੀ ਸਮਝ ਰਾਹੀਂ ਭਰਮਾਂ ਵਿੱਚ ਰੱਖਿਆ ਹੋਇਆ ਹੈ ਜਿੰਨ੍ਹਾਂ ਭਰਮਾਂ ਵਿੱਚ ਰਹਿੰਦੇ ਹੋਏ ਨਾ ਸਾਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ, ਨਾ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਮਨ ਦੇ ਭਰਮਾਂ ਕਰਕੇ ਹੀ ਮਨੁੱਖ ਭਗਤੀ ਦੇ ਅਨੇਕਾਂ ਤਰੀਕਿਆਂ ਨਾਲ ਜੁੜ ਜਾਂਦਾ ਹੈ ਤੇ ਮਨ ਦੇ ਭਰਮਾਂ ਕਰਕੇ ਉਹਨਾਂ ਨੂੰ ਆਪਣਾ ਸੱਚਾ ਮਾਰਗ ਹੀ ਸਮਝਦਾ ਹੈ ਭਾਵ ਉਹਨਾਂ ਉੱਪਰ ਹੀ ਦ੍ਰਿੜਤਾ ਨਾਲ ਚੱਲਦਾ ਹੈ ਭਾਵ ਮਨ ਦੀ ਮਾਇਆ ਸਾਡੇ ਅੰਦਰ ਸੱਚ ਦਾ ਅਸਰ ਨਹੀਂ ਹੋਣ ਦਿੰਦੀ ਭਾਵ ਸੱਚ ਤੋਂ ਦੂਰ ਰੱਖਦੀ ਹੈ। ਗੁਰੂ ਸਾਨੂੰ ਬਾਣੀ ਰਾਹੀਂ ਸੱਚ ਸਮਝਾਉਂਦਾ ਹੈ, ਭਗਤੀ ਦਾ ਆਪਣਾ ਸੱਚਾ ਮਾਰਗ ਸਮਝਾਉਂਦਾ ਹੈ ਪਰ ਸਾਡੇ ਅੰਦਰ ਦੀ ਹਉਮੈ ਉਸ ਤੇ ਵਿਸ਼ਵਾਸ ਨਹੀਂ ਆਉਣ ਦਿੰਦੀ ਭਾਵ ਸਾਡੇ ਅੰਦਰ ਦੀ ਝੂਠੀ ਸਮਝ ਸਾਨੂੰ ਸੱਚ ਨਾਲ ਜੁੜਨ ਨਹੀਂ ਦਿੰਦੀ ਕਿਉਂਕਿ ਮਨ ਦੇ ਭਰਮਾਂ ਵਾਲੀ ਸਮਝ ਨੂੰ ਹੀ ਸੱਚ ਸਮਝਦੇ ਹਾਂ। ਇਹ ਸਾਡੀ ਅੰਦਰ ਦੀ ਮਾਇਆ ਰੂਪ ਜੁਗਤਿ ਦਾ ਮਕਸਦ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਣ ਦਾ ਹੈ ਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਾਨੂੰ ਭਰਮਾਂ ਵਾਲੇ ਵਿਚਾਰ ਹੀ ਸੱਚ ਲੱਗਣ ਜਿਸ ਕਰਕੇ ਕੋਈ ਆਪਣੇ ਆਪ ਇਨ੍ਹਾਂ ਭਰਮਾਂ ਵਿੱਚੋਂ ਨਹੀਂ ਨਿਕਲ ਸਕਦਾ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਹੀ ਹੈ ਜੋ ਕਿ ਸੱਚ ਹੈ ਕਿਉਂਕਿ ਗੁਰੂ ਕਦੇ ਝੂਠੀ ਗੱਲ ਨਹੀਂ ਸਮਝਾਉਂਦਾ ਪਰ ਸਾਡੀ ਝੂਠੀ ਸਮਝ ਸੱਚ ਤੇ ਵਿਸ਼ਵਾਸ ਨਹੀਂ ਆਉਣ ਦਿੰਦੀ ਕਿਉਂਕਿ ਇਹ ਸਾਨੂੰ ਝੂਠਾ ਵਿਸ਼ਵਾਸ ਦਿਵਾਉਂਦੀ ਹੈ। ਗੁਰੂ ਸਾਨੂੰ ਵਾਰ-ਵਾਰ ਸਮਝਾ ਰਿਹਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਵਿੱਚ ਅਸੀਂ ਖੁਦ ਵੀ ਆਉਂਦੇ ਹਾਂ ਪਰ ਸਾਡੇ ਅੰਦਰ ਦੀ ਝੂਠੀ ਸਮਝ ਸਾਨੂੰ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜਨ ਨਹੀਂ ਦਿੰਦੀ ਕਿਉਂਕਿ ਉਸ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਜਦੋਂ ਮਨੁੱਖ ਉਹ ਕੁੱਝ ਚਾਹੁੰਦਾ ਹੈ ਜੋ ਗੁਰੂ ਦੀ ਮਤਿ ਸਮਝਾਉਂਦੀ ਹੈ ਭਾਵ ਜਦੋਂ ਮਨੁੱਖੀ ਸਮਝ ਗੁਰੂ ਦੀ ਸਮਝ ਵਾਲੀ ਬਣ ਜਾਂਦੀ ਹੈ ਫਿਰ ਉਹ ਮਨੁੱਖੀ ਸਮਝ ਸੱਚ ਬੋਲਦੀ ਹੈ ਭਾਵ ਉਸ ਮਨੁੱਖ ਦੀ ਬਾਣੀ ਸੱਚੀ ਬਣ ਜਾਂਦੀ ਹੈ। ਉੱਪਰ ਸ਼ਬਦ ਦੀ ਪੰਗਤੀ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਗੁਰੂ ਦੀ ਬਾਣੀ ਕਿਵੇਂ ਸੱਚੀ ਬਾਣੀ ਹੈ। “ਸੱਚੀ ਬਾਣੀ” ਕੇਵਲ ਉੱਥੋਂ ਹੀ ਆ ਸਕਦੀ ਹੈ ਜਿੱਥੇ ਸੱਚ ਵੱਸਦਾ ਹੈ ਭਾਵ ਪ੍ਰਮਾਤਮਾ ਆਪ ਵੱਸਦਾ ਹੈ। ਸਾਡੇ ਅੰਦਰ “ਸਚੁ ਰੂਪ” ਪ੍ਰਮਾਤਮਾ ਆਪ ਹੈ ਜਿਸ ਦਾ ਟਿਕਾਣਾ ਸਾਡੇ ਮਨ ਦੇ ਵਿੱਚ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ “ਸੱਚੀ ਬਾਣੀ” ਸਮਝਾਈ ਹੈ ਉਹ ਮਨ ਦੇ ਵਿੱਚੋਂ ਹੀ ਸਮਝਾਈ ਹੈ ਜੋ ਸੱਚੀ ਬਾਣੀ ਮਨੁੱਖੀ ਸਮਝ ਨੂੰ ਹਰ ਭਰਮ ਵਿੱਚੋਂ ਕੱਢ ਦਿੰਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਕੀ ਹੈ, ਕਿੱਥੇ ਵੱਸਦਾ ਹੈ, ਕਿਸ ਰੂਪ ਦੁਆਰਾ ਵਰਤਦਾ ਹੈ ਜਿਸ ਆਪਣੇ ਰੂਪ ਦੁਆਰਾ ਉਹ ਸਭ ਜਗ੍ਹਾ ਸਮਾਇਆ ਹੋਇਆ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਮਨੁੱਖ ਦੇ ਅੰਦਰ ਵੱਸਿਆ ਹੋਇਆ ਹੈ ਉਸੇ

ਰੂਪ ਵਿੱਚ ਉਹ ਹਰ ਵਸਤੂ ਦੇ ਵਿੱਚ ਵੱਸਿਆ ਹੋਇਆ ਹੈ ਜੋ ਕਿ ਉਸ ਦਾ "**ਜੋਤਿ ਰੂਪ**" ਹੈ ਭਾਵ "**ਗਿਆਨੁ**" ਰੂਪ ਹੈ। ਜਿਸ ਨੂੰ ਪਹਿਲੇ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਉਹੀ ਫਿਰ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹੈ ਕਿ ਜੋ ਕੁੱਝ ਗੁਰਬਾਣੀ ਰਾਹੀਂ ਸੱਚੀ ਬਾਣੀ ਆਈ ਹੈ ਉਸ ਵਿੱਚ ਪੂਰਨ ਸੱਚ ਹੀ ਹੈ। ਸਚੁ ਰੂਪ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਉਸ ਦੀ ਸੱਚੀ ਬਾਣੀ ਨੂੰ ਨਾ ਕੋਈ ਜਾਣ ਸਕਦਾ ਹੈ, ਨਾ ਪੂਰਨ ਰੂਪ ਵਿੱਚ ਸਮਝ ਸਕਦਾ ਹੈ ਤੇ ਨਾ ਹੀ ਕੋਈ ਉਸ ਤੇ ਪੂਰਨ ਵਿਸ਼ਵਾਸ ਕਰ ਸਕਦਾ ਹੈ। ਵਿਸ਼ਵਾਸ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ। ਕੀ ਕੋਈ ਹੋਰ ਪ੍ਰਮਾਤਮਾ ਤੋਂ ਉੱਚੀ ਸਮਝ ਵਾਲਾ ਹੋ ਸਕਦਾ ਹੈ, ਸੱਚੀ ਸਮਝ ਵਾਲਾ ਹੋ ਸਕਦਾ ਹੈ ਜੋ ਸਾਨੂੰ ਸੱਚੇ ਧਰਮ ਦਾ ਮਾਰਗ ਸਮਝਾ ਸਕਦਾ ਹੋਵੇ, ਇਸ ਗੱਲ ਦੀ ਸਮਝ ਉਸ "**ਸਚੁ ਰੂਪ**" ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ ਤੇ ਮਨ ਦੇ ਵਿੱਚ ਉਹ ਜੋ ਕੁੱਝ ਸਮਝਾਉਂਦਾ ਹੈ ਉਹ ਮਨ ਦੇ ਵਿੱਚ ਆਪਣੀ ਸੱਚੀ ਬਾਣੀ ਬੋਲਣ ਦੁਆਰਾ ਹੀ ਸਮਝਾਉਂਦਾ ਹੈ ਜਿਸ ਸੱਚੀ ਬਾਣੀ ਵਿੱਚ ਕੋਈ ਝੂਠੀ ਗੱਲ ਹੋਵੇ ਭਾਵ ਜਿਸ ਤੇ ਵਿਸ਼ਵਾਸ ਨਾ ਕੀਤਾ ਜਾ ਸਕੇ ਇਹ ਨਾਮੁਮਕਿਨ ਹੈ। "ਸੱਚੀ ਬਾਣੀ" ਆਪਣੇ ਸੱਚ ਦੁਆਰਾ ਹੀ ਸੱਚੀ ਹੈ, ਨਾਮ ਦੁਆਰਾ ਹੀ ਸੱਚੀ ਹੈ, ਉਸ ਸੱਚ ਰੂਪ ਪ੍ਰਮਾਤਮਾ ਦੁਆਰਾ ਪਾਈ ਹੋਈ ਸੱਚੀ ਸਮਝ ਦੁਆਰਾ ਹੀ ਸੱਚੀ ਹੈ। ਕੋਈ ਵਿਰਲਾ ਭਾਗਾਂ ਵਾਲਾ ਹੀ ਪ੍ਰਮਾਤਮਾ ਦੀ ਸੱਚੀ ਬਾਣੀ ਨੂੰ ਪਾ ਸਕਦਾ ਹੈ ਜਿਵੇਂ ਕਿ "**ਸੱਚੀ ਬਾਣੀ**" ਨੂੰ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਇਸ ਨੂੰ ਆਪਣੀ ਸਮਝ ਦੇ ਵਿੱਚ ਪਾਇਆ ਹੈ ਤੇ ਗੁਰਬਾਣੀ ਰਾਹੀਂ ਇਸ ਸੱਚੀ ਬਾਣੀ ਨੂੰ ਉਚਾਰਿਆ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ, ਨਾਮ ਰੂਪ ਸੱਚੀ ਸਮਝ ਦੇਣ ਦੁਆਰਾ, ਸ਼ਬਦਾਂ ਰਾਹੀਂ ਸੱਚਾ ਗਿਆਨ ਦੇਣ ਦੁਆਰਾ ਸਾਰੇ ਸੰਸਾਰ ਨੂੰ ਪ੍ਰਮਾਤਮਾ ਦੀ ਸੱਚੀ ਸਮਝ ਦਿੱਤੀ ਹੈ ਜਿਸ ਸੱਚੀ ਸਮਝ ਦਾ ਮਕਸਦ ਸਾਨੂੰ ਮਨ ਦੀ ਹਉਮੈ ਵਿੱਚੋਂ ਕੱਢਣ ਦਾ ਹੀ ਹੈ ਭਾਵ ਆਪਣੀ ਹਉਮੈ ਨੂੰ ਮਾਰਨ ਦਾ ਹੀ ਹੈ। ਇਹੋ ਜਿਹੇ ਸੱਚੇ ਗਿਆਨ ਦੀ ਸਮਝ ਦੁਆਰਾ, ਸ਼ਬਦਾਂ ਦੇ ਸੱਚੇ ਗਿਆਨ ਦੀ ਸਮਝ ਦੁਆਰਾ ਆਪਣੀ ਭਰਮਾਂ ਵਾਲੀ ਸਮਝ ਨੂੰ ਮਾਰਨਾ ਆਪਣੇ ਆਪ ਨੂੰ ਸ਼ਬਦਾਂ ਦੁਆਰਾ ਮਾਰਨਾ ਹੈ, ਜਿੰਨ੍ਹਾਂ ਭਰਮਾਂ ਦੇ ਨਿਕਲਣ ਦੁਆਰਾ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਮੇਰਾ ਆਪਾ ਇੱਕ ਝੂਠ ਹੈ, ਮਨੁੱਖੀ ਹੋਂਦ ਨੂੰ ਸਮਝਣਾ ਇੱਕ ਝੂਠ ਹੈ ਭਾਵ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਜੋ ਇਸ ਸਰੀਰ ਨੂੰ ਬਣਾ ਕੇ ਆਪ ਹੀ ਚਲਾ ਰਿਹਾ ਹੈ ਤੇ ਮਨੁੱਖੀ ਸਮਝ ਨੂੰ ਉਸ ਨੇ ਆਪ ਹੀ ਭਰਮਾਂ ਵਿੱਚ ਰੱਖਿਆ ਹੋਇਆ ਹੈ, ਸੱਚਾਈ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਮਨ ਦੀ ਇਹੋ ਜਿਹੀ ਸੱਚੀ ਸਮਝ ਦੁਆਰਾ ਹੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪੂਰੇ ਵਿਸ਼ਵਾਸ ਰਾਹੀਂ ਇਹ ਆਖਿਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੈ। ਆਪਾ ਮਿਟੇ ਬਿਨ੍ਹਾਂ ਇਸ ਗੱਲ ਤੇ ਵਿਸ਼ਵਾਸ ਨਹੀਂ ਆ ਸਕਦਾ। (**ਸਬਦਿ ਮੁਆ ਵਿਚਹੁ ਆਪੁ ਗਵਾਇ ॥ ਸਤਿਗੁਰੁ ਸੇਵੇ ਤਿਲੁ ਨ ਤਮਾਇ ॥ ਨਿਰਭਉ ਦਾਤਾ ਸਦਾ ਮਨਿ ਹੋਇ ॥ ਸਚੀ ਬਾਣੀ ਪਾਏ ਭਾਗਿ ਕੋਇ ॥੧॥**)

ੴ ਸਤਿਗੁਰ ਪ੍ਰਸਾਦਿ ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ ॥

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥

ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥

ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥

ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥}

(ਅੰਗ - ੪੮੫)

ਗਉੜੀ ਕਬੀਰ ਜੀ ॥
{ਜਿਹ ਮਰਨੈ ਸਭੁ ਜਗਤੁ ਤਰਾਸਿਆ ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥
ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥
ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ - ੩੨੭)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ
ੴ ਸਤਿਗੁਰ ਪ੍ਰਸਾਦਿ ॥
{ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥
ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥
ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥
ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥
ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥
ਇਹ ਮਨਿ ਲੀਣ ਭਏ ਸੁਖਦੇਉ ॥੮॥

ਜੀਉ ਏਕੁ ਅਰੁ ਸਗਲ ਸਰੀਰਾ ॥
ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

{ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥}

(ਅੰਗ - ੧੩)

{ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥
ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥੭॥
ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈਂ ॥
ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ॥੮॥}

(ਅੰਗ - ੧੨੭੩)

ਮਃ ੨ ॥

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ - ੧੩੮)

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥

ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ - ੧੩੮-੧੩੯)

{ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥
ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥
ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥}

(ਅੰਗ - ੯੮੮)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥
ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ - ੨੮੫)

ਬਿਲਾਵਲੁ ਮਹਲਾ ੫ ॥

{ਗੋਬਿੰਦ ਗੋਬਿੰਦ ਗੋਬਿੰਦ ਮਈ ॥
ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥
ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥}

(ਅੰਗ - ੮੨੨)

ਸਿਰੀਰਾਗੁ ਮਹਲਾ ੩ ਘਰੁ ੧ ॥

{ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥
ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥
ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥

ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥
ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥
ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ ॥
ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥
ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥
ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥
ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥੨॥
ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥
ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥
ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥
ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥
ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥
ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥
ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥੫॥੩॥੩੬॥}

(ਅੰਗ - ੨੭)

ਸਿਰੀਰਾਗੁ ਮਹਲਾ ੩ ॥
{ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥
ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥
ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥
ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥
ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥
ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥
ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥
ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥
ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥

ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥
ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥
ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥
ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ - ੩੪-੩੫)

ਉਪਰਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਕਿ ਪ੍ਰਮਾਤਮਾ ਨੂੰ ਤਦ ਤੱਕ ਕੋਈ ਨਹੀਂ ਜਾਣ ਸਕਦਾ ਜਦ ਤੱਕ ਮਨੁੱਖ ਦੀ ਸਮਝ ਦੇ ਅੰਦਰ ਭਰਮ ਹਨ, ਹਉਮੈ ਹੈ, ਸਹਸਾ ਹੈ ਜੋ ਕਿ ਸਾਡੇ ਅੰਦਰ ਦੀ ਸਮਝ ਹੈ। ਸਾਡੇ ਅੰਦਰ ਦੀ ਇਹ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦਾ ਉਹ ਪੜਦਾ ਹੈ ਜੋ ਪੜਦਾ ਖੁੱਲੇ ਬਿਨ੍ਹਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਗੁਰੂ ਦੇ ਸ਼ਬਦਾਂ ਦਾ ਮਕਸਦ ਭਾਵ ਸੱਚੀ ਬਾਣੀ ਦਾ ਮਕਸਦ ਸਾਨੂੰ ਮਨ ਦੇ ਇਸ ਪੜਦੇ ਵਿੱਚੋਂ ਕੱਢਣ ਦਾ ਹੀ ਹੈ, ਹਉਮੈ ਵਿੱਚੋਂ ਕੱਢਣ ਦਾ ਹੀ ਹੈ। ਗੁਰੂ ਦਾ ਹਰ ਸ਼ਬਦ ਨਾਮ ਹੈ ਤੇ ਨਾਮ ਜਪਣ ਦਾ ਮਕਸਦ ਸਾਨੂੰ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢ ਕੇ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਾਉਣ ਨਾਲ ਹੀ ਹੈ ਤਾਂ ਜੋ ਅਸੀਂ ਉਸ ਮਾਰਗ ਤੇ ਚੱਲਕੇ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦਾ ਉੱਦਮ ਕਰਕੇ, ਨਾਮ ਜਪਣ ਦਾ ਉੱਦਮ ਕਰਕੇ ਉਸ ਪ੍ਰਮਾਤਮਾ ਨਾਲ ਮੇਲ ਕਰ ਸਕੀਏ, ਗੁਰਮਤਿ ਵਾਲੀ ਸੱਚੀ ਸਮਝ ਦੁਆਰਾ, ਸਬਦਾਂ ਦੀ ਸੱਚੀ ਸਮਝ ਦੁਆਰਾ ਉਸ ਦੇ ਵਿੱਚ ਸਮਾਅ ਸਕੀਏ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਜਿੰਨ੍ਹਾਂ ਨੇ ਵੱਡੇ ਭਾਗਾਂ ਨਾਲ ਪ੍ਰਮਾਤਮਾ ਕੋਲੋਂ ਸੱਚੀ ਬਾਣੀ ਪ੍ਰਾਪਤ ਕੀਤੀ ਹੈ ਉਹ ਕਿਸ ਮਕਸਦ ਲਈ ਪ੍ਰਾਪਤ ਕੀਤੀ ਹੈ ਤੇ ਸੰਸਾਰ ਨੂੰ ਕਿਸ ਮਕਸਦ ਲਈ ਸੱਚੀ ਬਾਣੀ ਦੇ ਸ਼ਬਦਾਂ ਦੇ ਰੂਪ ਵਿੱਚ ਸਿੱਖਿਆ ਦਿੱਤੀ ਹੈ।

“ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥

ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥”

ਸੱਚੀ ਬਾਣੀ ਦਾ ਮਕਸਦ ਸਾਨੂੰ ਸੱਚੀ ਭਗਤੀ ਸਮਝਾਉਣ ਦਾ ਹੀ ਹੈ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਭਗਤੀ ਲਈ ਸਾਨੂੰ ਕਿਸੇ ਵੱਖਰੀ-ਵੱਖਰੀ ਵਿਚਾਰਧਾਰਾ ਦੀ ਲੋੜ ਨਹੀਂ ਹੈ, ਕਿਸੇ ਵੱਖਰੇ-ਵੱਖਰੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ, ਕੋਈ ਵੱਖਰਾ-ਵੱਖਰਾ ਨਾਮ ਜਪਣ ਦੀ ਲੋੜ ਨਹੀਂ ਹੈ। ਪ੍ਰਮਾਤਮਾ ਦੀ ਭਗਤੀ ਦਾ ਮਕਸਦ ਤਾਂ ਪ੍ਰਮਾਤਮਾ ਨੂੰ ਜਾਨਣ ਦਾ ਹੈ ਭਾਵ ਉਸ ਦੇ ਨਾਲ ਮੇਲ ਕਰਨ ਦਾ ਹੈ, ਉਸ ਦੇ ਵਿੱਚ ਸਮਾਉਣ ਦਾ ਹੈ। ਪ੍ਰਮਾਤਮਾ ਦੇ ਵਿੱਚ ਗੁਰੂ ਦੇ ਸ਼ਬਦ ਦੁਆਰਾ ਹੀ ਸਮਾਇਆ ਜਾ ਸਕਦਾ ਹੈ ਜੋ ਕਿ ਮਨ ਦੇ ਵਿਚਾਰਾਂ ਰਾਹੀਂ ਹੀ ਸਮਾਇਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਵਿਚਾਰ ਤਾਂ ਸਾਡੇ ਅੰਦਰ ਹਰ ਵੇਲੇ ਉਪਜਦੇ ਰਹਿੰਦੇ ਹਨ ਤੇ ਉਹ ਸਾਡੀ ਸੁਰਤਿ ਦੇ ਵਿਚਾਰ ਹਨ, ਭਰਮਾਂ ਵਾਲੇ ਵਿਚਾਰ ਹਨ ਜੋ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਨਾਲ ਨਹੀਂ ਜੁੜਨ ਦਿੰਦੇ। ਸਾਡੀ ਸੁਰਤਿ ਦੇ ਵਿਚਾਰ ਸਾਨੂੰ ਵੱਖਰੀ-ਵੱਖਰੀ ਵਿਚਾਰਧਾਰਾ ਨਾਲ ਜੋੜ ਕੇ ਰੱਖਦੇ ਹਨ, ਵੱਖਰੀ ਧਾਰਮਿਕ ਆਸਥਾ ਦੇ ਨਾਲ ਜੋੜ ਕੇ ਰੱਖਦੇ ਹਨ ਤੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ, ਵੱਖਰੀ-ਵੱਖਰੀ ਧਾਰਮਿਕ ਆਸਥਾ ਰੱਖਣ ਵਾਲੇ ਧਾਰਮਿਕ ਵਿਦਵਾਨਾਂ ਦੇ ਵਿਚਾਰਾਂ ਨਾਲ ਜੋੜ ਕੇ ਰੱਖਦੇ ਹਨ ਭਾਵ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੇ ਹਨ, ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਪਾ ਕੇ ਰੱਖਦੇ ਹਨ। ਸਬਦੁ ਰੂਪ ਵਿੱਚ ਪ੍ਰਮਾਤਮਾ ਆਪ ਗੁਰੂ ਹੈ ਤੇ ਉਹ ਸੱਚਾ ਗੁਰੂ ਸਾਰੇ ਸੰਸਾਰ ਨੂੰ ਕੇਵਲ ਇੱਕ ਵਿਚਾਰਧਾਰਾ ਨਾਲ ਜੋੜ ਕੇ ਰੱਖਦਾ ਹੈ ਤੇ ਵੱਖਰੀ-ਵੱਖਰੀ ਵਿਚਾਰਧਾਰਾ ਨਾਲ ਨਹੀਂ ਜੋੜਦਾ ਬਲਕਿ ਸਾਨੂੰ ਸਾਡੀ ਵੱਖਰੀ-ਵੱਖਰੀ ਵਿਚਾਰਧਾਰਾ ਵਿੱਚੋਂ ਕੱਢਦਾ ਹੈ ਜੋ ਵਿਚਾਰਧਾਰਾ ਸਾਨੂੰ ਅਨੇਕਾਂ ਭਰਮਾਂ ਵਿੱਚ ਪਾਉਂਦੀਆਂ ਹਨ, ਭਗਤੀ ਦੇ ਵੱਖਰੇ-ਵੱਖਰੇ ਮਾਰਗ ਸਮਝਾਉਣ ਦੁਆਰਾ ਪਾਉਂਦੀਆਂ ਹਨ, ਉਹਨਾਂ ਵਿੱਚੋਂ ਕੱਢਦਾ ਹੈ। ਭਗਤੀ ਦਾ ਸੱਚਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਔਗੁਣਾਂ ਨੂੰ ਤਿਆਗਕੇ ਗੁਣਾਂ ਦੁਆਰਾ ਵਿਚਰਨ ਦਾ ਹੈ, ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੋ ਕੁੱਝ ਹੀ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਗੁਰਬਾਣੀ ਰਾਹੀਂ ਸਾਨੂੰ ਸੱਚੀ ਭਗਤੀ ਦਾ ਮਾਰਗ ਉਹਨਾਂ ਨੇ ਹੀ ਸਮਝਾਇਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਆਪ ਆਪਣੀ “**ਸੱਚੀ ਬਾਣੀ**” ਦੇਣ ਦੁਆਰਾ ਸਮਝਾਇਆ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਦੁਆਰਾ ਜਾਣਿਆ ਹੈ। ਪੂਰੀ ਸੱਚੀ ਬਾਣੀ ਸਬਦਾਂ ਦਾ ਭੰਡਾਰ ਹੈ ਜਿੰਨ੍ਹਾਂ ਸ਼ਬਦਾਂ ਨੂੰ ਜਪਣ ਦੁਆਰਾ ਪ੍ਰਮਾਤਮਾ ਦੇ ਵਿੱਚ ਸਮਾਇਆ ਜਾ ਸਕਦਾ ਹੈ। ਪ੍ਰਮਾਤਮਾ “**ਪੂਰਾ ਗੁਰੂ**” ਹੈ ਕਿਉਂਕਿ ਉਹ ਆਪਣੇ ਗਿਆਨ ਰਾਹੀਂ ਪੂਰਾ ਹੈ। ਗੁਰੂ ਕੇਵਲ ਇੱਕ ਸ਼ਬਦ ਦੁਆਰਾ ਪੂਰਾ ਗੁਰੂ ਨਹੀਂ ਹੈ, ਹਰ ਸ਼ਬਦ ਦੀ ਵਿਚਾਰ ਮਿਲ ਕੇ ਗੁਰੂ ਨੂੰ ਪੂਰਾ ਗੁਰੂ ਬਣਾਉਂਦੀ ਹੈ ਭਾਵ ਗੁਰੂ ਦੇ ਹਰ ਸ਼ਬਦ ਨੂੰ ਅਸੀਂ ਜਪਣਾ ਹੈ ਭਾਵ ਉਸ ਨੂੰ ਸਮਝਕੇ ਮੰਨਣਾ ਹੈ, ਉਸ ਤੇ ਅਮਲ ਕਰਨਾ ਹੈ। ਸਾਡਾ ਪੂਰੇ ਗੁਰੂ ਨਾਲ ਮੇਲ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਹਰ ਸ਼ਬਦ ਦੀ ਵਿਚਾਰ ਤੇ ਪੂਰਾ ਉਤਰਾਂਗੇ। ਜਿੰਨ੍ਹਾਂ ਦੇ ਅੰਦਰ ਨਾਮ ਨੂੰ ਸਮਝਣ ਦਾ ਭਰਮ ਹੈ ਉਹ ਕਿਸੇ ਇੱਕ ਸ਼ਬਦ ਨੂੰ ਬੋਲ ਬੋਲ ਕੇ ਜਪੀ ਜਾਣ ਨੂੰ ਹੀ ਨਾਮ ਜਪਣਾ ਸਮਝਦੇ ਹਨ, ਕਿਸੇ ਅੱਖਰ ਰੂਪ ਸ਼ਬਦ ਨੂੰ ਜਪੀ ਜਾਣ ਨੂੰ ਜਾਂ ਕੇਵਲ

ਗੁਰੂ ਗੁਰੂ ਬੋਲੀ ਜਾਣ ਨੂੰ ਹੀ ਸ਼ਬਦ ਨੂੰ ਜਪਣਾ ਸਮਝਦੇ ਹਨ ਜੋ ਕਿ ਇੱਕ ਵੱਡਾ ਭਰਮ ਹੈ। ਅਸੀਂ ਗੁਰੂ ਦੇ ਸ਼ਬਦਾਂ ਰਾਹੀਂ ਉਸ ਗੁਰੂ ਰੂਪ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ ਤੇ ਗੁਰਬਾਣੀ ਵਿੱਚ ਹਰ ਸ਼ਬਦ ਸਾਡਾ ਗੁਰੂ ਹੈ ਭਾਵ ਹਰ ਸ਼ਬਦ ਦੇ ਗਿਆਨ ਰਾਹੀਂ, ਪੂਰੀ ਗੁਰਬਾਣੀ ਦੇ ਗਿਆਨ ਰਾਹੀਂ ਗੁਰੂ ਪੂਰਾ ਗੁਰੂ ਹੈ, ਪੂਰੇ ਗਿਆਨ ਰਾਹੀਂ ਗੁਰੂ ਪੂਰਾ ਗੁਰੂ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਗਿਆਨ ਹੀ ਦਿੰਦੀ ਹੈ ਭਾਵ ਸਾਨੂੰ ਕੁੱਝ ਨਾ ਕੁੱਝ ਸਮਝਾਉਂਦੀ ਹੈ। ਹਰ ਸ਼ਬਦ ਦੀ ਮਤਿ ਨੂੰ ਮੰਨਣ ਦੁਆਰਾ ਹੀ ਅਸੀਂ ਮਨ ਦੀ ਸੱਚੀ ਸਮਝ ਦੁਆਰਾ ਗੁਰੂ ਦੇ ਸ਼ਬਦ ਵਿੱਚ ਸਮਾਅ ਸਕਦੇ ਹਾਂ, ਪੂਰੇ ਗੁਰੂ ਦੇ ਵਿੱਚ, ਪ੍ਰਮਾਤਮਾ ਦੇ ਵਿੱਚ ਸਮਾਅ ਸਕਦੇ ਹਾਂ ।

{ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥
ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥
ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥}

(ਅੰਗ - ੧੦੧੨)

{ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ ॥
ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ ॥੨॥
ਹਰਿ ਹਰਿ ਜਪਨੁ ਜਪਉ ਦਿਨੁ ਰਾਤੀ ਜਪਿ ਹਰਿ ਹਰਿ ਹਰਿ ਉਰਿ ਧਾਰੀ ॥
ਹਰਿ ਹਰਿ ਹਰਿ ਅਉਖਧੁ ਜਗਿ ਪੂਰਾ ਜਪਿ ਹਰਿ ਹਰਿ ਹਉਮੈ ਮਾਰੀ ॥੩॥}

(ਅੰਗ - ੬੬੬)

{ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥
ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ ਜਪਿ ਨਾਨਕ ਹਰਿ ਹਰਿ ਨਾਮਾ ॥੪॥}

(ਅੰਗ - ੬੩੦)

{ਗੁਰੁ ਪੂਰਾ ਮੇਰਾ ਗੁਰੁ ਪੂਰਾ ॥
ਰਾਮ ਨਾਮੁ ਜਪਿ ਸਦਾ ਸੁਹੇਲੇ ਸਗਲ ਬਿਨਾਸੇ ਰੋਗ ਕੂਰਾ ॥੧॥ ਰਹਾਉ ॥}

(ਅੰਗ - ੯੦੧)

{ਪੂਰੇ ਗੁਰ ਕਾ ਸੁਨਿ ਉਪਦੇਸੁ ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥
ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥
ਆਸ ਅਨਿਤ ਤਿਆਗਹੁ ਤਰੰਗ ॥
ਸੰਤ ਜਨਾ ਕੀ ਧੂਰਿ ਮਨ ਮੰਗ ॥
ਆਪੁ ਛੋਡਿ ਬੇਨਤੀ ਕਰਹੁ ॥
ਸਾਧਸੰਗਿ ਅਗਨਿ ਸਾਗਰੁ ਤਰਹੁ ॥
ਹਰਿ ਧਨ ਕੇ ਭਰਿ ਲੇਹੁ ਭੰਡਾਰ ॥
ਨਾਨਕ ਗੁਰ ਪੂਰੇ ਨਮਸਕਾਰ ॥੧॥}

(ਅੰਗ - ੨੯੫)

{ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥
ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥੨॥
ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ ਭੇਦਿ ਫੁਨਿ ਸਾਚੇ ॥
ਅਹਿਨਿਸਿ ਨਾਮਿ ਰਤੇ ਸੇ ਸੂਚੇ ਮਰਿ ਜਨਮੇ ਸੇ ਕਾਚੇ ॥੩॥
ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਗੁਰਮਤਿ ਜਾਨਿਆ ਸੋਈ ॥੪॥}

(ਅੰਗ - ੫੯੬-੫੯੭)

ਹੁਣ ਅਸੀਂ ਮੁੱਖ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਦੁਬਾਰਾ ਤੋਂ ਸਮਝਦੇ ਹਾਂ।

"ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥
ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥"

ਗੁਰੂ ਕਿਸ ਰੂਪ ਵਿੱਚ ਪੂਰਾ ਹੈ ਇਸ ਗੱਲ ਨੂੰ ਅਸੀਂ ਉੱਪਰ ਸਮਝਿਆ ਹੈ। ਗੁਰੂ ਆਪਣੀ ਗੁਰਮਤਿ ਦੁਆਰਾ ਪੂਰਾ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਪੂਰਾ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚਾ ਗਿਆਨ ਹੀ ਦਿੰਦਾ ਹੈ। ਸਾਨੂੰ ਸਮਝਣ ਦੀ ਇਹ ਲੋੜ ਹੈ ਕਿ ਸਾਡੇ ਲਈ ਗੁਣ ਕੀ ਹੈ ਤੇ ਔਗੁਣ ਕੀ ਹੈ। ਗੁਰੂ ਸਾਨੂੰ ਜੋ ਕੁੱਝ ਵੀ ਸਮਝਾਉਂਦਾ ਹੈ ਉਸ ਨੂੰ ਮੰਨਣਾ ਸਾਡਾ ਗੁਣ ਹੈ। ਆਪਣੇ ਹਰ ਸ਼ਬਦ ਰਾਹੀਂ ਗੁਰੂ ਸਾਨੂੰ ਗੁਣ ਹੀ ਦਿੰਦਾ ਹੈ ਤੇ ਜਿਸ ਗੱਲ ਲਈ ਸਾਨੂੰ ਗੁਰੂ ਮਨਾ ਕਰਦਾ ਹੈ ਉਹ ਸਾਡਾ ਔਗੁਣ ਹੈ ਭਾਵ ਸਾਡਾ ਜੋ ਵੀ ਕਰਮ ਗੁਰਮਤਿ ਦੇ ਉਲਟ ਹੈ ਉਹ ਸਾਡਾ ਔਗੁਣ ਹੈ ਤੇ ਜੋ ਸਾਡਾ ਕਰਮ ਗੁਰਮਤਿ ਦੇ ਅਨੁਸਾਰ ਹੈ ਉਹ ਸਾਡਾ ਗੁਣ ਹੈ। ਜੇਕਰ ਸਾਨੂੰ ਗੁਰੂ ਇਹ ਸਮਝਾਉਂਦਾ ਹੈ ਕਿ ਜਿਹੋ ਜਿਹੀ ਭਗਤੀ ਦੇ ਮਾਰਗ ਤੇ ਸੰਸਾਰ ਲੱਗਿਆ ਹੋਇਆ ਹੈ ਉਸ ਵਿੱਚ ਸੱਚੀ ਭਗਤੀ ਨਹੀਂ ਹੈ ਤੇ ਸਾਨੂੰ ਉਹ ਮਾਰਗ ਤਿਆਗਣ ਲਈ ਕਹਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਫਿਰ ਉਹੋ ਜਿਹੇ ਮਾਰਗ ਨੂੰ ਤਿਆਗਣਾ ਸਾਡਾ ਗੁਣ ਹੈ ਤੇ ਨਾ ਤਿਆਗਣਾ ਸਾਡਾ ਔਗੁਣ ਹੈ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਗੁਣੀ ਬਣਾਉਣ ਨਾਲ ਹੀ ਹੈ ਤੇ ਅਸੀਂ ਗੁਣੀ ਤਾਂ ਹੀ ਬਣਾਗੇ ਜੇ ਗੁਰੂ ਦੇ ਹਰ ਸ਼ਬਦ ਨੂੰ ਮੰਨਾਂਗੇ ਭਾਵ ਪੂਰੇ ਗੁਰੂ ਦੀ ਪੂਰੀ ਗੱਲ ਨੂੰ ਮੰਨਾਂਗੇ। ਭਗਤੀ ਦਾ ਮਾਰਗ ਹੈ ਹੀ ਗੁਣਾਂ ਦੁਆਰਾ ਵਿਚਰਨ ਦਾ ਤੇ ਔਗੁਣਾਂ ਦੇ ਤਿਆਗ ਦਾ। ਆਪਣੇ ਹਰ ਔਗੁਣ ਨੂੰ ਤਿਆਗਣਾ, ਇਹੀ ਗੁਣੀ ਬਣਨਾ ਹੈ ਤੇ ਸ਼ਬਦ ਦੀ ਹਰ ਵਿਚਾਰ ਨੂੰ ਮੰਨਣਾ ਹੀ ਸ਼ਬਦ ਦੀ ਵਿਚਾਰ ਵਿੱਚ ਸਮਾਉਣਾ ਹੈ। ਸ਼ਬਦ ਦੀ ਹਰ ਵਿਚਾਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਅਸੀਂ ਆਪਣੇ ਮਨ ਦੀ ਭਾਵ ਸੁਰਤਿ ਦੀ ਹਰ ਵਿਚਾਰ ਨੂੰ ਸ਼ਬਦ ਦੀ ਵਿਚਾਰ ਨਾਲ ਮਿਲਾਉਣਾ ਹੈ ਜਿਸ ਦੁਆਰਾ ਮਨ ਦੇ ਵਿਚਾਰਾਂ ਰਾਹੀਂ ਉਸ ਪ੍ਰਮਾਤਮਾ ਦੇ ਵਿੱਚ ਸਮਾਇਆ ਜਾ ਸਕਦਾ ਹੈ। ਭਗਤੀ ਦਾ ਮਾਰਗ ਸੱਚ ਤੇ ਚੱਲਣ ਦਾ ਹੀ ਹੈ ਤੇ ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਜਿਸ ਦਾ ਮਕਸਦ ਸਾਨੂੰ ਸਾਡੇ ਝੂਠੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ ਭਾਵ ਨਾਸਮਝ ਵਿਚਾਰਾਂ ਵਿੱਚੋਂ ਕੱਢਣ ਦਾ ਹੈ। ਸਾਡਾ ਹਰ ਨਾਸਮਝ ਵਿਚਾਰ ਸਾਡਾ ਔਗੁਣ ਹੈ ਜਿਸ ਦਾ ਕਾਰਨ ਸਾਡੀ ਹਉਮੈ ਹੈ, ਸਾਡੀ ਅਗਿਆਨਤਾ ਹੈ ਜਿਸ ਵਿੱਚੋਂ ਸਾਨੂੰ ਗੁਰੂ ਦੇ ਸੱਚੇ ਵਿਚਾਰ ਹੀ ਕੱਢ ਸਕਦੇ ਹਨ, ਸੱਚ ਹੀ ਕੱਢ ਸਕਦਾ ਹੈ, ਨਾਮ ਹੀ ਕੱਢ ਸਕਦਾ ਹੈ। ਜਿੱਥੇ ਸੱਚ ਨਹੀਂ ਉੱਥੇ ਝੂਠ ਹੈ ਭਾਵ ਜਿੱਥੇ ਸੱਚੀ ਮਤਿ ਨਹੀਂ ਉੱਥੇ ਝੂਠੀ ਮਤਿ ਹੈ। ਸੱਚ ਗੁਣ ਹੈ ਤੇ ਝੂਠ ਔਗੁਣ ਹੈ। ਅਸੀਂ ਮਨ ਦੇ ਹਰ ਝੂਠ ਵਿੱਚੋਂ ਨਿਕਲਣਾ ਹੈ ਜਿੰਨ੍ਹਾਂ ਦਾ ਕਾਰਨ ਸਾਡੇ ਅੰਦਰ ਦੀ ਨਾਸਮਝ ਮਤਿ ਹੈ। ਪ੍ਰਮਾਤਮਾ ਦੇ ਵਿੱਚ ਸਮਾਉਣਾ ਬਹੁਤ ਔਖਾ ਹੈ, ਹਰ ਸ਼ਬਦ ਦਾ ਵਿਚਾਰੀ ਬਣਨਾ ਬਹੁਤ ਔਖਾ ਹੈ ਭਾਵ ਪੂਰੇ ਗੁਰੂ ਦੀ ਪੂਰੀ ਮਤਿ ਤੇ ਉਤਰਨਾ ਬਹੁਤ ਔਖਾ ਹੈ ਜਿਸ ਕਰਕੇ ਪ੍ਰਮਾਤਮਾ ਨੂੰ ਪਾਉਣਾ ਬਹੁਤ ਔਖਾ ਹੈ, ਉਸ ਦਾ ਨਾਮ ਜਪਣਾ ਬਹੁਤ ਔਖਾ ਹੈ ਕਿਉਂਕਿ ਹਰ ਸ਼ਬਦ ਦੀ ਵਿਚਾਰ ਨਾਮ ਹੈ ਤੇ ਹਰ ਸ਼ਬਦ ਦੀ ਵਿਚਾਰ ਤੇ ਪੂਰਾ ਉਤਰਨਾ ਬਹੁਤ ਔਖਾ ਹੈ। ਅਸੀਂ ਕੇਵਲ ਉੱਦਮ ਹੀ ਕਰ ਸਕਦੇ ਹਾਂ ਤੇ ਉਹ ਕੁੱਝ ਹੀ ਸਾਨੂੰ ਕਰਨਾ ਚਾਹੀਦਾ ਹੈ। ਅਸੀਂ ਹਰ ਸ਼ਬਦ ਦੇ ਵਿੱਚੋਂ ਉਸ ਦੇ ਸੱਚੇ ਵਿਚਾਰਾਂ ਨੂੰ ਲੈਣਾ ਹੈ ਤੇ ਆਪਣੇ ਮਾੜੇ ਵਿਚਾਰਾਂ ਨੂੰ ਛੱਡਣਾ ਹੈ ਭਾਵ ਮਨ ਦੇ ਭਰਮਾਂ ਵਿੱਚੋਂ ਨਿਕਲਣਾ ਹੈ ਜਿੰਨ੍ਹਾਂ ਵਿੱਚੋਂ ਨਿਕਲਣ ਦੁਆਰਾ ਹੀ ਉਸ ਸ਼ਬਦ ਰੂਪ ਪ੍ਰਮਾਤਮਾ ਵਿੱਚ ਸਮਾਇਆ ਜਾ ਸਕਦਾ ਹੈ। (**ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥**) ਅੰਗ ੩੬੧

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥
ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥
ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ - ੫੬-੫੭)

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ - ੪੧੨)

{ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥
ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥
ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥}

(ਅੰਗ - ੧੩੪੩)

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥
ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥
ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥}

(ਅੰਗ - ੮੦੦)

{ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥}

(ਅੰਗ - ੮੧੪)

ਗੁਣਾਂ ਔਗੁਣਾਂ ਨੂੰ ਸਮਝੇ ਬਿਨ੍ਹਾਂ ਨਾਮ ਨੂੰ ਵੀ ਨਹੀਂ ਸਮਝਿਆ ਜਾ ਸਕਦਾ ਤੇ ਨਾ ਹੀ ਗੁਣਾਂ ਨੂੰ ਅਪਣਾਏ ਬਿਨ੍ਹਾਂ ਭਾਵ ਮਨ ਦੀ ਮਤਿ ਛੱਡੇ ਬਿਨ੍ਹਾਂ ਨਾਮ ਵਾਲਾ ਬਣਿਆ ਜਾ ਸਕਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਕੇਵਲ ਗੁਰੂ ਦੀ ਦਿੱਤੀ ਹੋਈ ਸਮਝ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਨਾਮ ਦੀ ਪ੍ਰਾਪਤੀ ਕਿਸ ਤਰੀਕੇ ਹੁੰਦੀ ਹੈ, ਨਾਮ ਜਪਣਾ ਕੀ ਹੈ।

"ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥
ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥
ਗੁਣ ਤੇ ਨਾਮੁ ਪਰਾਪਤਿ ਹੋਇ ॥੨॥"

ਇਸ ਪੂਰੇ ਸ਼ਬਦ ਵਿੱਚ ਸਾਨੂੰ ਸ਼ਬਦ ਦੁਆਰਾ ਮਰਨਾ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਉੱਪਰ ਵਾਲੇ ਪਦੇ ਤੋਂ ਪਹਿਲਿਆਂ ਪਦਿਆਂ ਦੁਆਰਾ ਸਮਝਿਆ ਹੈ। ਹਰ ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ, ਸਾਨੂੰ ਗੁਣੀ ਬਣਾਉਣ ਲਈ ਹੀ ਹੈ ਭਾਵ ਸਾਡੇ ਅੰਦਰੋਂ ਸਾਡੇ ਔਗੁਣ ਕੱਢਣ ਲਈ ਹੀ ਹੈ ਤੇ ਸਾਡੇ ਅੰਦਰੋਂ ਔਗੁਣ ਤਾਂ ਹੀ ਨਿਕਲਣਗੇ ਜੇਕਰ ਅਸੀਂ ਪਹਿਲਾਂ ਇਸ ਗੱਲ ਨੂੰ ਸਮਝਾਂਗੇ ਕਿ ਗੁਰੂ ਦੀਆਂ ਨਜਰਾਂ ਵਿੱਚ ਔਗੁਣ ਕੀ ਹੈ ਤੇ ਗੁਣ ਕੀ ਹੈ। ਅਸੀਂ ਗੁਣਾਂ ਦੇ ਗਾਹਕ ਤਾਂ ਹੀ ਬਣਾਂਗੇ ਜੇਕਰ ਅਸੀਂ ਉਨ੍ਹਾਂ ਦੀ ਲੋੜ ਸਮਝਾਂਗੇ। ਬਸ ਇੱਥੇ ਹੀ ਸਾਰਾ ਭੇਦ ਹੈ ਕਿ ਅਸੀਂ ਗੁਣਾਂ ਦਾ ਗਾਹਕ ਕਿਉਂ ਨਹੀਂ ਬਣਦੇ। ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੇ ਔਗੁਣ ਹਨ ਤੇ ਇਸ ਤੋਂ ਅੱਗੇ ਅਸੀਂ ਨਹੀਂ ਵੱਧਦੇ ਭਾਵ ਇਸ ਗੱਲ ਨੂੰ ਨਹੀਂ ਸਮਝਦੇ ਕਿ ਉਸ ਹਰ ਗੱਲ ਵਿੱਚ ਸਾਡਾ ਔਗੁਣ ਹੈ ਜੋ ਸਾਡੀ ਗੱਲ ਗੁਰੂ ਦੀ ਮਤਿ ਤੇ ਨਹੀਂ ਟਿਕਦੀ ਭਾਵ ਸਾਡਾ ਜੋ ਵੀ ਕਰਮ, ਸਾਡਾ ਜੋ ਵੀ ਬੋਲ ਗੁਰੂ ਦੀ ਮਤਿ ਦੇ ਉਲਟ ਹੈ, ਉਹ ਸਾਡਾ ਔਗੁਣ ਹੈ, ਉਸ ਵਿੱਚ ਸੱਚ ਨਹੀਂ ਹੈ। ਝੂਠ ਕਦੇ ਸੱਚ ਤੇ ਪੂਰਾ ਨਹੀਂ ਉਤਰ ਸਕਦਾ। ਮਨਮਤਿ ਝੂਠ ਹੈ, ਗੁਰਮਤਿ ਸੱਚ ਹੈ। ਹਉਮੈ ਝੂਠ ਹੈ, ਨਾਮ ਸੱਚ ਹੈ। ਅਸੀਂ ਕਿਸੇ ਅੱਖਰ ਨੂੰ ਹੀ ਨਾਮ ਸਮਝਦੇ ਹਾਂ ਜੋ ਕੇਵਲ ਮਨਮਤਿ ਹੈ, ਹਉਮੈ ਹੈ, ਝੂਠ ਹੈ ਤੇ ਅੱਖਰ ਦੇ ਜਪ ਕਰਨ ਨੂੰ ਆਪਣਾ ਗੁਣ ਸਮਝਦੇ ਹਾਂ ਤੇ ਨਾਲ ਇਹ ਵੀ ਕਹਿੰਦੇ ਹਾਂ ਕਿ ਅੱਖਰ ਦਾ ਜਪ ਕਰੀ ਜਾਣ ਨਾਲ ਮਨੁੱਖ ਦੇ ਸਾਰੇ ਔਗੁਣ ਆਪੇ ਹੀ ਨਿਕਲ ਜਾਂਦੇ ਹਨ ਤੇ ਇਸ ਗੱਲ ਦਾ ਪ੍ਰਚਾਰ ਵੀ ਬਹੁਤ ਕੀਤਾ ਜਾਂਦਾ ਹੈ। ਬਾਣੀ ਭਾਵੇਂ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਕਿਸੇ ਅੱਖਰ ਦਾ ਜਪ ਕਰੀ ਜਾਣਾ ਨਾਮ ਜਪਣਾ ਨਹੀਂ ਹੈ ਤੇ ਨਾ ਹੀ ਇਸ ਤਰੀਕੇ ਕਿਸੇ ਦੇ ਅੰਦਰੋਂ ਔਗੁਣ ਨਿਕਲ ਸਕਦੇ

ਹਨ ਪਰ ਫਿਰ ਵੀ ਇਹੋ ਜਿਹਾ ਜਪ ਕਰਨ ਵਾਲੇ ਇਹੀ ਕਹਿੰਦੇ ਹਨ ਕਿ ਅਸੀਂ ਠੀਕ ਹਾਂ, ਅਸੀਂ ਸੱਚੇ ਹਾਂ।

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥}

(ਅੰਗ - ੭੩੨)

ਬਾਣੀ ਦਾ ਫੁਰਮਾਨ ਤਾਂ ਬਹੁਤ ਸਪੱਸ਼ਟ ਹੈ ਪਰ ਫਿਰ ਵੀ ਅਸੀਂ ਵਿਸ਼ਵਾਸ ਆਪਣੀ ਮਤਿ ਤੇ ਹੀ ਕਰਦੇ ਹਾਂ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ ਤੇ ਧਿਆਨ ਨਾਲ ਸੋਚੋ ਕਿ ਫਿਰ ਕੀ ਇਹ ਸਾਡਾ ਗੁਣ ਹੋਇਆ ਜਿਸਨੂੰ ਅਸੀਂ ਆਪਣਾ ਭਗਤੀ ਦਾ ਗੁਣ ਸਮਝਦੇ ਹਾਂ। ਕਿਸੇ ਅੱਖਰ ਨੂੰ ਮੁੱਖੋਂ ਬੋਲਣਾ ਮਾੜਾ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਹਰ ਅੱਖਰ ਚੰਗਾ ਹੈ, ਜਿਤਨੀ ਵਾਰੀ ਮਰਜੀ ਦਿਨ ਵਿੱਚ ਹਰਿ ਹਰਿ, ਰਾਮ ਰਾਮ, ਵਾਹਿਗੁਰੂ ਵਾਹਿਗੁਰੂ, ਅੱਲ੍ਹਾ-ਅੱਲ੍ਹਾ ਬੋਲੀਏ ਪਰ ਇਸਨੂੰ ਗੁਰੂ ਦੁਆਰਾ ਸਮਝਾਇਆ ਹੋਇਆ ਨਾਮ ਕਹਿਣਾ ਕਿ ਗੁਰਬਾਣੀ ਨੇ ਸਾਨੂੰ ਇਹੀ ਨਾਮ ਜਪਣਾ ਸਿਖਾਇਆ ਹੈ ਜਿਸ ਨੂੰ ਬੋਲ ਬੋਲ ਕੇ ਆਪੇ ਹੀ ਔਗੁਣ ਨਿਕਲ ਜਾਂਦੇ ਹਨ ਫਿਰ ਕੀ ਅਸੀਂ ਗੁਰੂ ਦੇ ਨਾਲ ਇਨਸਾਫ ਕਰ ਰਹੇ ਹਾਂ। ਕੀ ਇਹ ਗੁਰੂ ਦੀ ਇਤਨੀ ਉੱਚੀ ਸਮਝ ਨੂੰ ਛੋਟਾ ਕਰਨ ਵਾਲੀ ਗੱਲ ਨਹੀਂ ਹੈ ਭਾਵ ਗੁਰੂ ਦੀ ਮਤਿ ਦੇ ਉਲਟ ਚੱਲ ਕੇ ਕੀ ਇਹ ਸਾਡਾ ਗੁਣ ਹੋਇਆ ਜਾਂ ਔਗੁਣ ਹੋਇਆ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਜੋ ਵਿਸ਼ਵਾਸ ਬਣਾਉਣ ਲਈ ਪਹਿਲਾਂ ਉਨ੍ਹਾਂ ਨਾਲੋਂ ਵਿਸ਼ਵਾਸ ਤੋੜਨਾ ਪੈਂਦਾ ਹੈ ਜਿੰਨ੍ਹਾਂ ਨੇ ਸਾਨੂੰ ਇਹ ਸਭ ਕੁੱਝ ਸਿਖਾਇਆ ਹੋਇਆ ਹੈ ਤੇ ਅਸੀਂ ਉਨ੍ਹਾਂ ਨੂੰ ਧਰਮ ਦੇ ਮਾਰਗ ਤੇ ਬਹੁਤ ਉੱਚਾ ਮੰਨਿਆ ਹੋਇਆ ਹੈ। ਗੁਰੂ ਤੋਂ ਉੱਚੀ ਸਮਝ ਹੋਰ ਕਿਸ ਦੀ ਸਮਝ ਹੋ ਸਕਦੀ ਹੈ। ਆਓ ਉਪਰਲੀ ਪੰਗਤੀ ਨੂੰ ਫਿਰ ਤੋਂ ਧਿਆਨ ਨਾਲ ਸਮਝੀਏ।

“ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥”

(ਅੰਗ - ੭੩੨)

ਕਿਸੇ ਅੱਖਰ ਨੂੰ ਨਾਮ ਸਮਝਕੇ ਜੋ ਅਸੀਂ ਨਿਤ ਭਾਵ ਹਰ ਰੋਜ਼ ਜਪਦੇ ਹਾਂ, ਉਸ ਨਾਲ ਅਸੀਂ “ਕਪਟੁ” ਕਿਸਦੇ ਨਾਲ ਕਮਾਉਂਦੇ ਹਾਂ ਭਾਵ ਕਪਟੁ ਕਿਸਦੇ ਨਾਲ ਕਰਦੇ ਹਾਂ, ਧੋਖਾ ਕਿਸਦੇ ਨਾਲ ਕਰਦੇ ਹਾਂ। “ਕਪਟੁ” ਅਸੀਂ ਉਸ ਦੇ ਨਾਲ ਕਮਾਉਂਦੇ ਹਾਂ ਜਿਸ ਦੇ ਲਈ ਆਪਣੇ ਵੱਲੋਂ ਨਾਮ ਜਪਦੇ ਹਾਂ। ਨਾਮ ਅਸੀਂ ਗੁਰੂ ਲਈ, ਪ੍ਰਮਾਤਮਾ ਲਈ, ਆਪਣੀ ਭਗਤੀ ਕਰਨ ਲਈ ਜਪਦੇ ਹਾਂ ਫਿਰ ਅਸੀਂ ਕਪਟੁ ਕਿਸ ਦੇ ਨਾਲ ਕਮਾਇਆ ਭਾਵ ਅਸੀਂ ਪ੍ਰਮਾਤਮਾ ਦੇ ਨਾਲ ਧੋਖਾ ਕੀਤਾ ਕਿ ਅਸੀਂ ਤੇਰੀ ਭਗਤੀ ਕਰ ਰਹੇ ਹਾਂ ਭਾਵ ਅਸੀਂ ਉਹੋ ਜਿਹਾ ਨਾਮ ਜਪਿਆ ਜੋ ਨਾਮ ਨਹੀਂ ਹੈ। ਨਾਮ ਦਾ ਮਕਸਦ ਤਾਂ ਗੁਰੂ ਕੋਲੋਂ ਮਤਿ ਲੈ ਕੇ ਉਸਦੀ ਮਤਿ ਨੂੰ ਸਮਝ ਕੇ ਉਸਨੂੰ ਮੰਨਣ ਦਾ ਹੈ ਜਿਸ ਦੁਆਰਾ ਸਾਡਾ ਹਿਰਦਾ ਸ਼ੁੱਧ ਹੋ ਸਕਦਾ ਹੈ ਜੋ ਮਨ ਦੀ ਨਾ ਸਮਝ ਮਾੜੀ ਮਤਿ ਕਰਕੇ ਅਸ਼ੁੱਧ ਹੈ, ਔਗੁਣਾਂ ਕਰਕੇ ਅਸ਼ੁੱਧ ਹੈ। ਕੇਵਲ ਕਿਸੇ ਅੱਖਰ ਦੀ ਕਥਨੀ ਕਰੀ ਜਾਣ ਨਾਲ ਹਿਰਦਾ ਸ਼ੁੱਧ ਹੋ ਹੀ ਨਹੀਂ ਸਕਦਾ ਤੇ ਉਹ ਕੇਵਲ ਗੁਰੂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ। (**ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥**)

ਹਿਰਦਾ ਅਸੀਂ ਕਿਸ ਮਕਸਦ ਲਈ “ਸੁਧੁ” ਕਰਨਾ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥”

ਭਗਤੀ ਦਾ ਮਾਰਗ ਸਾਡੇ ਕਰਮ ਕਿਹੋ ਜਿਹੇ ਹਨ, ਇਸ ਗੱਲ ਦੇ ਨਾਲ ਜੁੜਿਆ ਹੋਇਆ ਹੈ। ਅਸੀਂ ਹਰ ਰੋਜ਼ ਅਨੇਕਾਂ ਕਰਮ ਕਰਦੇ ਹਾਂ ਪਰ ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ, ਅਸੀਂ ਇਸ ਗੱਲ ਵੱਲ ਧਿਆਨ ਨਹੀਂ ਦਿੰਦੇ ਕਿਉਂਕਿ ਅਸੀਂ ਨਾਮ ਜਪਣਾ ਕੁੱਝ ਹੋਰ ਗੱਲ ਸਮਝਦੇ ਹਾਂ ਤੇ ਕਰਮ ਕਰਨੇ ਕੁੱਝ ਹੋਰ ਗੱਲ ਸਮਝਦੇ ਹਾਂ। ਇੱਥੇ ਹੀ ਵੱਡਾ ਭਰਮ ਹੈ। ਅਸੀਂ ਕਿਹੋ ਜਿਹੇ ਨਾਮ ਜਪਣ ਵਾਲੇ ਹਾਂ ਇਸ ਗੱਲ ਦਾ ਪ੍ਰਗਟਾਵਾ ਸਾਡੇ ਕਰਮ ਕਰਦੇ ਹਨ। ਜੋ ਹਰਿ ਹਰਿ ਜਪਣ ਵਾਲਾ ਹੈ ਭਾਵ ਜੋ ਗੁਰੂ ਦੀ ਮਤਿ ਨੂੰ ਮੰਨਣ ਵਾਲਾ ਹੈ ਉਹ ਕਦੇ ਮਾੜੇ ਕਰਮ ਨਹੀਂ ਕਰ ਸਕਦਾ, ਉਹ ਪੂਰੀ ਤਰ੍ਹਾਂ ਹਰ ਔਗੁਣ ਤੋਂ ਰਹਿਤ ਹੋ ਕੇ ਵਿਚਰਦਾ ਹੈ, ਸੱਚੀ ਸੁੱਚੀ ਕਿਰਤ ਕਰਦਾ ਹੈ, ਪੂਰੀ ਤਰ੍ਹਾਂ ਗੁਰੂ ਦੀ ਮਤਿ ਨੂੰ ਮੰਨਦਾ ਹੈ, ਆਪਣੀ ਕਿਰਤ ਵਿੱਚ ਹੀ ਨਾਮ ਜਪਦਾ ਹੈ ਭਾਵ ਸੱਚ

ਤੇ ਚੱਲਦਾ ਹੈ, ਸੁਕ੍ਰਿਤ ਕਰਨੀ ਕਰਦਾ ਹੈ ਭਾਵ ਉਸਨੂੰ ਸਮਝ ਹੁੰਦੀ ਹੈ ਕਿ ਚੰਗੇ ਕਰਮ ਕਰਨੇ ਹੀ ਨਾਮ ਜਪਣਾ ਹੈ ਤੇ ਮਾੜੇ ਕਰਮ ਕਰਨੇ ਨਾਮ ਦੇ ਉਲਟ ਚੱਲਣਾ ਹੈ ਭਾਵ ਹਉਮੈ ਹੈ, ਮਨਮਤਿ ਹੈ। "ਸੁਖੁ" ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਚੰਗੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ ਨਾ ਕਿ ਕਿਸੇ ਅੱਖਰ ਦਾ ਜਪ ਕਰੀ ਜਾਣ ਨਾਲ ਜਿਨ੍ਹੰ ਕਿ ਸਾਡਾ ਗੁਰੂ ਨਾਲ ਕਪਟੁ ਦੱਸਿਆ ਹੈ। ਇਹ "ਕਪਟੁ" ਸਾਡੇ ਕੋਲੋਂ ਸਾਡੇ ਮਨ ਦੀ ਸਮਝ ਹੀ ਕਰਵਾਉਂਦੀ ਹੈ ਭਾਵ ਸਾਡੇ ਅੰਦਰ ਦਾ ਮਾਇਆ ਦਾ ਛਲ ਕਰਵਾਉਂਦਾ ਹੈ। ਇਹ ਮਾਇਆ ਸਾਰੇ ਸੰਸਾਰ ਨੂੰ ਛਲਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਮਾਇਆ ਸਾਨੂੰ ਮਨ ਦੀ ਅਗਿਆਨਤਾ ਵਿੱਚ ਰੱਖ ਕੇ ਹੀ ਸਾਡੇ ਨਾਲ ਕਪਟੁ ਕਰਦੀ ਹੈ। ਗੁਰੂ ਦਾ ਨਾਮ ਸਾਨੂੰ ਇਸ ਮਨ ਦੇ ਕਪਟੁ ਵਿੱਚੋਂ ਕੱਢਣ ਲਈ ਹੀ ਹੈ ਤਾਂ ਜੋ ਅਸੀਂ ਉਸ ਤਰੀਕੇ ਨਾਮ ਜਪੀਏ, ਹਰਿ ਹਰਿ ਕਰੀਏ ਜਿਹੋ ਜਿਹਾ ਜਪ ਸਾਨੂੰ ਗੁਰੂ ਸਮਝਾਉਂਦਾ ਹੈ ਭਾਵ ਸੱਚੇ ਸੁੱਚੇ ਕਰਮ ਕਰੀਏ ਜੋ ਭਗਤੀ ਦਾ ਅਸਲ ਮਾਰਗ ਹੈ ਜਿਸ ਤੇ ਚੱਲਣ ਦੁਆਰਾ ਹੀ ਉਸ "**ਸੁਖੁ**" ਰੂਪ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। ਜਿਹੋ ਜਿਹੇ ਨਾਮ ਨਾਲ ਹਰ ਕੋਈ ਜੁੜਿਆ ਹੋਇਆ ਹੈ, ਉਸ ਤਰੀਕੇ ਸੁਪਨੇ ਵਿੱਚ ਵੀ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਉਸ ਤਰੀਕੇ ਕੋਈ ਪ੍ਰਮਾਤਮਾ ਨੂੰ ਪਾ ਲਵੇ ਇਹ ਨਾਮੁਮਕਿਨ ਹੈ। (**ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥**)

{ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹਤ ਕਾ ਜਲੁ ॥ ਰਹਾਉ ॥
ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥
ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥
ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥}

(ਅੰਗ - ੭੧੭)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥
ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ ਰਹਾਉ ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥
ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥੪॥}

(ਅੰਗ - ੪੯੧)

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥}

(ਅੰਗ - ੬੫)

{ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥

ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥
ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥}

(ਅੰਗ - ੫੬੫)

ਗੁਰੂ ਦੇ ਨਾਮ ਦਾ ਮਕਸਦ ਸਾਨੂੰ ਗੁਣੀ ਬਣਾਉਣ ਲਈ ਹੈ ਤਾਂ ਜੋ ਅਸੀਂ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕੀਏ ਭਾਵ ਨਾਮ ਜਪ ਸਕੀਏ ਜੋ ਨਾਮ ਔਗੁਣ ਤਿਆਗਣ ਦੁਆਰਾ ਹੀ ਜਪਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਪਦੇ ਰਾਹੀਂ ਸਮਝ ਰਹੇ ਹਾਂ। ਗੁਣੀ ਬਣਨ ਲਈ ਸਾਡੇ ਲਈ ਗੁਣਾਂ ਔਗੁਣਾਂ ਵਿੱਚ ਫਰਕ ਸਮਝਣਾ ਜਰੂਰੀ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਰਾਹੀਂ ਸਮਝਣ ਦਾ ਉਪਰਾਲਾ ਕੀਤਾ ਹੈ। ਮਨ ਦੀ ਮਾਇਆ ਦੇ ਕਪਟੁ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਣਾਂ ਵਾਲੇ ਨਹੀਂ ਬਣ ਸਕਦੇ। ਨਾਮ ਦਾ ਮਕਸਦ ਸਾਨੂੰ ਮਨ ਦੇ ਕਪਟੁ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਨੂੰ ਗੁਣੀ ਬਣਾਉਣ ਨਾਲ ਹੀ ਹੈ।

“ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥
ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥
ਗੁਣ ਤੇ ਨਾਮੁ ਪਰਾਪਤਿ ਹੋਇ ॥”

ਗੁਰੂ ਦਾ ਨਾਮ ਜਪਣਾ ਔਖਾ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨਾ ਔਖਾ ਹੈ ਤੇ ਉਹ ਕਿਸ ਲਈ ਔਖਾ ਹੈ, ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਡੇ ਲਈ ਸਭ ਤੋਂ ਜੋ ਔਖਾ ਕਦਮ ਹੈ, ਉਹ ਗੁਣਾਂ ਦਾ ਗਾਹਕ ਬਣਨਾ ਹੀ ਹੈ। ਗੁਰੂ ਆਪਣੇ ਸ਼ਬਦ ਰਾਹੀਂ ਸੰਸਾਰ ਨੂੰ ਗੁਣ ਹੀ ਵੇਚ ਰਿਹਾ ਹੈ। ਗੁਰੂ ਗੁਣਾਂ ਦਾ ਭੰਡਾਰ ਹੈ ਜਿਸ ਦੀ ਗੁਰੂ ਕੋਲ ਕੋਈ ਕਮੀ ਨਹੀਂ ਹੈ। ਅਸੀਂ ਗੁਰੂ ਦੇ ਭੰਡਾਰ ਵਿੱਚੋਂ ਜਿਤਨੇ ਚਾਹੇ ਗੁਣ ਲੈ ਸਕਦੇ ਹਾਂ। ਗੁਰੂ ਹਰ ਗੁਣ ਦੇਣ ਨੂੰ ਤਿਆਰ ਹੈ ਬਲਕਿ ਉਹ ਗੁਣ ਦੇਣ ਨਾਲ ਖੁਸ਼ੀ ਮਹਿਸੂਸ ਕਰਦਾ ਹੈ। ਗੁਰੂ ਨੇ ਇਨ੍ਹਾਂ ਗੁਣਾਂ ਦੀ ਕੀਮਤ ਵੀ ਰੱਖੀ ਹੋਈ ਹੈ ਜੋ ਕੀਮਤ ਦੇਣੀ ਸਭ ਤੋਂ ਔਖੀ ਗੱਲ ਹੈ। ਗੁਰੂ ਆਪਣੇ ਗੁਣਾਂ ਦਾ ਵਾਪਾਰ ਕਰਦਾ ਹੈ ਜਿੰਨ੍ਹਾਂ ਰਾਹੀਂ ਉਹ ਨਾਮ ਦਾ ਵਾਪਾਰ ਕਰਦਾ ਹੈ। ਹਰ ਸ਼ਬਦ ਦੀ ਵਿਚਾਰ ਨਾਮ ਹੈ ਜਿੰਨ੍ਹਾਂ ਵਿਚਾਰਾਂ ਰਾਹੀਂ ਗੁਰੂ ਗੁਣ ਹੀ ਸਮਝਾਉਂਦਾ ਹੈ ਜੋ ਗੁਣ ਲੈਣ ਲਈ ਸ਼ਬਦ ਦੀਆਂ ਵਿਚਾਰਾਂ ਨੂੰ ਮੰਨਣਾ ਪੈਂਦਾ ਹੈ ਜਿੰਨ੍ਹਾਂ ਨੂੰ ਮੰਨਣ ਲਈ ਆਪਣੀ ਸਮਝ ਛੱਡਣੀ ਪੈਂਦੀ ਹੈ, ਆਪਣੀ ਮਤਿ ਛੱਡਣੀ ਪੈਂਦੀ ਹੈ ਭਾਵ ਗੁਰਮਤਿ ਲੈਣ ਲਈ ਮਨਮਤਿ ਛੱਡਣੀ ਪੈਂਦੀ ਹੈ, ਨਾਮ ਵਾਲੀ ਸਮਝ ਲੈਣ ਲਈ ਹਉਮੈ ਛੱਡਣੀ ਪੈਂਦੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਜੋ ਗੁਣਾਂ ਨਾਲ ਭਰਪੂਰ ਹੈ ਉਹ ਗੁਣ ਲੈਣ ਲਈ ਅਗਿਆਨਤਾ ਛੱਡਣੀ ਪੈਂਦੀ ਹੈ, ਭਰਮਾਂ ਵਾਲੇ ਵਿਚਾਰ ਛੱਡਣੇ ਪੈਂਦੇ ਹਨ ਜਿੰਨ੍ਹਾਂ ਨਾਸਮਝ ਵਿਚਾਰਾਂ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਹੈ। ਸਾਡੇ ਭਰਮਾਂ ਵਾਲੇ ਨਾਸਮਝ ਵਿਚਾਰ ਸਾਡੇ ਔਗੁਣ ਹਨ ਤੇ ਗੁਰੂ ਦੇ ਸੱਚੇ ਵਿਚਾਰ ਗੁਣਾਂ ਵਾਲੇ ਹਨ। ਗੁਰੂ ਕੋਲੋਂ ਗੁਣ ਲੈਣੇ ਬਹੁਤ ਔਖੇ ਹਨ ਜਿਸ ਲਈ ਸਾਨੂੰ ਆਪਣੀ ਮਤਿ ਪੂਰਨ ਰੂਪ ਵਿੱਚ ਛੱਡਣੀ ਪੈਂਦੀ ਹੈ ਤੇ ਇਹੀ ਆਪਣਾ ਮਨ ਗੁਰੂ ਨੂੰ ਸੌਂਪਣਾ ਹੈ, ਆਪਣਾ ਮਨ ਗੁਰੂ ਨੂੰ ਵੇਚਣਾ ਹੈ। ਪ੍ਰਮਾਤਮਾ ਕੋਲੋਂ ਨਾਮ ਵਾਲੀ ਸਮਝ ਲੈ ਕੇ ਉਸ ਤੇ ਚੱਲਣ ਦੀ ਇਹੀ ਕੀਮਤ ਹੈ ਜੋ ਕੀਮਤ ਚੁਕਾਏ ਬਿਨ੍ਹਾਂ ਅਸੀਂ ਗੁਣਾਂ ਵਾਲੇ ਨਹੀਂ ਬਣ ਸਕਦੇ, ਨਾਮ ਦੀ ਸਮਝ ਵਾਲੇ ਨਹੀਂ ਬਣ ਸਕਦੇ ਤੇ ਨਾ ਹੀ ਨਾਮ ਜਪਣ ਵਾਲੇ ਬਣ ਸਕਦੇ ਹਾਂ, ਨਾ ਹੀ ਪ੍ਰਮਾਤਮਾ ਦੀ ਭਗਤੀ ਵਾਲੇ ਬਣ ਸਕਦੇ ਹਾਂ। (**ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥**)

ਬਿਨ੍ਹਾਂ ਗੁਣਾਂ ਵਾਲੇ ਬਣੇ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ ਤੇ ਨਾ ਹੀ ਉਸਦਾ ਨਾਮ ਜਪ ਸਕਦੇ ਹਾਂ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਤੇ ਨਾਲ ਇਹ ਵੀ ਸਮਝਾਇਆ ਹੋਇਆ ਹੈ ਕਿ ਅਸੀਂ ਗੁਣ ਕਿੱਥੋਂ ਲੈਣੇ ਹਨ।

“ਸਾਚੀ ਬਾਣੀ ਸੂਚਾ ਹੋਇ ॥
ਗੁਣ ਤੇ ਨਾਮੁ ਪਰਾਪਤਿ ਹੋਇ ॥”

ਮਨੁੱਖ ਦਾ ਸੁੱਚਾ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸੁੱਚੇ ਅਸੀਂ ਮਨ ਦੀ ਮੈਲ

ਤੋਂ ਹੀ ਹੋਣਾ ਹੈ ਤੇ ਸਾਡੇ ਮਨ ਦੀ ਮੈਲ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਮੋਹ ਹੈ ਭਾਵ ਸਾਡੀ ਨਾਸਮਝ ਮਤਿ ਹੈ, ਅਗਿਆਨਤਾ ਹੈ ਜੋ ਗੁਰੂ ਦੇ ਸੱਚੇ ਗਿਆਨ ਦੇ ਨਾਲ ਹੀ ਧੁਪ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਦੀ ਪੂਰੀ ਸੱਚੀ ਬਾਣੀ ਦਾ ਮਕਸਦ ਸਾਡੇ ਮਨ ਨੂੰ ਸੁੱਚਾ ਬਣਾਉਣ ਲਈ ਹੀ ਹੈ ਜੋ ਮਾੜੀ ਸਮਝ ਕਰਕੇ ਮੈਲਾ ਹੈ ਜਿਸ ਮਾੜੀ ਸਮਝ ਕਰਕੇ ਅਸੀਂ ਔਗੁਣ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ। "**ਸੁਚਾ ਮਨ**" ਭਾਵ "**ਸੁਚੀ ਸਮਝ**" ਵਾਲਾ ਉਹੀ ਬਣ ਸਕਦਾ ਹੈ ਜੋ ਗੁਰੂ ਦੀ ਸੱਚੀ ਮਤਿ ਨੂੰ, ਸੁੱਚੀ ਮਤਿ ਨੂੰ ਮੰਨ ਲੈਂਦਾ ਹੈ ਤੇ ਆਪਣੀ ਨਾਸਮਝ ਮਾੜੀ ਮਤਿ ਨੂੰ ਛੱਡ ਦਿੰਦਾ ਹੈ। ਗੁਰੂ ਦੀ ਸੱਚੀ ਮਤਿ ਸਾਨੂੰ ਸੱਚ ਨਾਲ ਜੋੜਦੀ ਹੈ ਤੇ ਝੂਠੀ ਮਤਿ ਝੂਠ ਨਾਲ ਜੋੜਦੀ ਹੈ। ਸੱਚ ਵਿੱਚ ਗੁਣ ਹੈ ਤੇ ਝੂਠ ਵਿੱਚ ਔਗੁਣ ਹੈ। ਝੂਠੀ ਮਤਿ ਸਾਡੇ ਮਨ ਨੂੰ ਮੈਲਾ ਬਣਾਉਂਦੀ ਹੈ ਤੇ ਗੁਰੂ ਦੀ ਸੱਚੀ ਮਤਿ ਸਾਨੂੰ ਸੁੱਚਾ ਬਣਾਉਂਦੀ ਹੈ। ਮਾੜੀ ਸਮਝ ਸਾਨੂੰ ਔਗੁਣਾਂ ਵਾਲਾ ਬਣਾਉਂਦੀ ਹੈ ਤੇ ਗੁਰੂ ਦੀ ਸੱਚੀ ਸਮਝ ਸਾਨੂੰ ਗੁਣਾਂ ਵਾਲਾ ਬਣਾਉਂਦੀ ਹੈ। ਸਾਰੀ ਗੱਲ ਆਪਣੀ ਮਨਮਤਿ ਛੱਡ ਕੇ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਤੇ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। (**ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥**)

ਹੁਣ ਧਿਆਨ ਨਾਲ ਸਮਝੋ ਕਿ ਨਾਮੁ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਭਾਵ ਪਹਿਲਾਂ ਔਗੁਣ ਛੱਡਣੇ ਪੈਂਦੇ ਹਨ, ਗੁਣ ਇਕੱਠੇ ਕਰਨੇ ਪੈਂਦੇ ਹਨ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਣਾ ਪੈਂਦਾ ਹੈ ਤੇ ਫਿਰ ਨਾਮੁ ਦੀ ਪ੍ਰਾਪਤੀ ਹੁੰਦੀ ਹੈ। ਨਾਮੁ ਦੀ ਪ੍ਰਾਪਤੀ ਹੋਣਾ ਜਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਹੜੇ ਸਾਨੂੰ ਇਹ ਸਮਝਾਉਂਦੇ ਹਨ ਕਿ ਕਿਸੇ ਅੱਖਰ ਦਾ ਜਪ ਕਰੀ ਜਾਵੋ ਭਾਵ ਇਸਨੂੰ ਹੀ ਨਾਮ ਜਪਣਾ ਸਮਝਾਉਂਦੇ ਹਨ ਤੇ ਨਾਲ ਇਹ ਵੀ ਕਹਿੰਦੇ ਹਨ ਕਿ ਗੁਣ ਆਪਣੇ ਆਪ ਹੀ ਆ ਜਾਂਦੇ ਹਨ ਭਾਵ ਪਹਿਲੇ ਨਾਮ ਮਿਲਦਾ ਹੈ ਤੇ ਬਾਅਦ ਵਿੱਚ ਗੁਣ ਮਿਲਦੇ ਹਨ ਫਿਰ ਕੀ ਉਹ ਗੁਰੂ ਦੀ ਗੱਲ ਤੇ ਪੂਰਾ ਉਤਰ ਸਕਦੇ ਹਨ ਭਾਵ ਉਹ ਨਾਮ ਨੂੰ ਸਮਝਣ ਵਿੱਚ ਆਪ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ। ਉਹ ਭਰਮਾਂ ਵਿੱਚ ਰਹਿੰਦੇ ਹੋਏ ਹੀ ਆਪਣੇ ਆਪ ਨੂੰ ਗੁਣਾਂ ਵਾਲਾ ਸਮਝਦੇ ਹਨ ਭਾਵ ਆਪਣੀ ਕਥਨੀ ਨੂੰ ਹੀ ਗੁਣ ਸਮਝਦੇ ਹਨ ਤੇ ਕਥਨੀ ਦਾ ਹੀ ਪ੍ਰਚਾਰ ਕਰਦੇ ਹਨ। ਜੇਕਰ ਅਸੀਂ ਇਹੋ ਕੁੱਝ ਹੀ ਕਰਨਾ ਹੈ ਭਾਵ ਇਸੇ ਨੂੰ ਹੀ ਆਪਣਾ ਗੁਣ ਸਮਝੀ ਜਾਣਾ ਹੈ ਫਿਰ ਗੁਰੂ ਦੇ ਸਮਝਾਏ ਹੋਏ ਗੁਣਾਂ ਦੀ ਕਦਰ ਹੀ ਕੀ ਰਹਿ ਗਈ, ਗੁਰੂ ਦੀ ਮਤਿ ਦੀ ਕਦਰ ਹੀ ਕੀ ਰਹਿ ਗਈ। ਜੇਕਰ ਅਸੀਂ ਸਾਰਾ ਦਿਨ ਆਪਣੀ ਕਿਰਤ ਵਿੱਚ, ਕਰਨੀ ਵਿੱਚ ਝੂਠ ਵੀ ਬੋਲੀ ਜਾਂਦੇ ਹਾਂ ਭਾਵ ਜੇਕਰ ਅਸੀਂ ਕਿਰਤ ਮਾੜੀ ਕਰਨੀ ਹੈ, ਦੂਸਰਿਆਂ ਦਾ ਹੱਕ ਖਾਣਾ ਹੈ, ਰਿਸ਼ਵਤ ਲੈ ਕੇ ਗਲਤ ਕੰਮ ਕਰਨੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨਾਲ ਹੀ ਜੁੜੇ ਰਹਿੰਦੇ ਹਾਂ, ਮਾਇਆ ਮੋਹ ਵਿੱਚ ਹੀ ਰਹਿੰਦੇ ਹਾਂ ਭਾਵ ਅਨੇਕਾਂ ਔਗੁਣ ਕਰੀ ਜਾਂਦੇ ਹੋਏ ਵੀ ਆਪਣੇ ਆਪ ਨੂੰ ਇਸ ਗੱਲ ਲਈ ਗੁਣੀ ਅਖਵਾਉਣਾ ਕਿ ਅਸੀਂ ਬੜੇ ਪਾਠ ਕਰਦੇ ਹਾਂ, ਬੜਾ ਨਾਮ ਜਪਦੇ ਹਾਂ ਤਾਂ ਫਿਰ ਕੀ ਅਸੀਂ ਆਪਣੇ ਆਪ ਨੂੰ ਇਨ੍ਹਾਂ ਦਿਖਾਵਿਆਂ ਨਾਲ ਗੁਣੀ ਅਖਵਾ ਸਕਦੇ ਹਾਂ ਜਿਵੇਂ ਕਿ ਹਰ ਕੋਈ ਅਖਵਾਉਂਦਾ ਹੈ ਤੇ ਇਸੇ ਤਰ੍ਹਾਂ ਹੀ ਦੂਸਰਿਆਂ ਨੂੰ ਗੁਣੀ ਬਣਨਾ ਸਿਖਾਉਂਦਾ ਹੈ। ਕੀ ਸੱਚੀ ਬਾਣੀ ਸਾਨੂੰ ਇਹੋ ਜਿਹਾ ਗੁਣੀ ਬਣਨਾ ਸਿਖਾਉਂਦੀ ਹੈ ਭਾਵ ਇਸ ਵੱਡੇ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਸੱਚੇ ਗੁਣੀ ਬਣੀਏ ਜਿਹੋ ਜਿਹਾ ਗੁਣੀ ਬਣਨਾ ਸਾਨੂੰ ਧੰਨ ਧੰਨ ਧੰਨ ਗੁਰਬਾਣੀ ਗੁਰੂ ਸਮਝਾ ਰਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪ੍ਰਤੱਖ ਰੂਪ ਹੈ। (**ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥ ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥**) ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਆਪਣੀ ਮਤਿ ਛੱਡੇ ਬਿਨ੍ਹਾਂ ਗੁਰੂ ਦੇ ਗੁਣਾਂ ਨੂੰ ਗ੍ਰਹਿਣ ਨਹੀਂ ਕੀਤਾ ਜਾ ਸਕਦਾ।

"ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥"

(ਅੰਗ - ੧੦੧੩)

ਪੂਰੀ ਬਾਣੀ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਸਾਡੇ ਪੜ੍ਹਨ ਲਈ ਹੀ ਹੈ ਜਿਸਨੂੰ ਪੜ੍ਹਨਾ ਪਾਠ ਕਰਨਾ ਹੈ। ਪਾਠ ਕਰਨ ਦਾ ਮਕਸਦ ਕੀ ਹੈ, ਇਹ ਉੱਪਰ ਪੰਗਤੀਆਂ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ।ਜੇਕਰ ਕੋਈ ਮਨੁੱਖ ਪਾਠ ਪੜ੍ਹਨ ਤੋਂ ਬਾਅਦ ਵੀ ਮੁੱਖੋਂ ਝੂਠ ਬੋਲਦਾ ਹੈ ਭਾਵ ਝੂਠ ਬੋਲਣਾ ਨਹੀਂ ਛੱਡਦਾ ਫਿਰ ਉਹ ਨਿਗੁਰਾ ਹੀ ਰਹਿੰਦਾ ਹੈ ਭਾਵ

ਜੋ ਉਸਦੀ ਮਤਿ ਪਾਠ ਪੜ੍ਹਨ ਤੋਂ ਪਹਿਲਾਂ ਸੀ ਉਸ ਦੀ ਮਤਿ ਉਹ ਦੀ ਉਹ ਹੀ ਰਹੀ ਭਾਵ ਉਸਦੀ ਮਤਿ ਨਹੀਂ ਬਦਲੀ, ਉਸਨੇ ਆਪਣੀ ਝੂਠ ਬੋਲਣ ਵਾਲੀ ਮਤਿ ਨਹੀਂ ਛੱਡੀ। ਆਪਣੀ ਮਾੜੀ ਮਤਿ ਕਰਕੇ ਉਹ ਪਾਠ ਪੜ੍ਹਨ ਤੋਂ ਪਹਿਲਾਂ ਵੀ ਨਿਗੁਰਾ ਸੀ ਤੇ ਪਾਠ ਪੜ੍ਹਨ ਤੋਂ ਬਾਅਦ ਵੀ ਨਿਗੁਰਾ ਹੀ ਰਹਿਆ ਭਾਵ ਗੁਰੂ ਵਾਲਾ ਕੋਈ ਤਾਂ ਹੀ ਬਣ ਸਕਦਾ ਹੈ ਜਦੋਂ ਕੋਈ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ ਤੇ ਆਪਣੀ ਮਤਿ ਛੱਡ ਦਿੰਦਾ ਹੈ। ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਝੂਠ ਬੋਲਣ ਤੋਂ ਮਨਾ ਕਰਦਾ ਹੈ, ਔਗੁਣ ਕਰਨ ਤੋਂ, ਮਾੜੇ ਕਰਮ ਕਰਨ ਤੋਂ ਮਨਾ ਕਰਦਾ ਹੈ। ਝੂਠ ਬੋਲਣਾ ਔਗੁਣ ਹੈ ਤੇ ਕੇਵਲ ਪਾਠ ਕਰੀ ਜਾਣਾ ਸਾਡੀ ਕਥਨੀ ਹੈ। ਕੇਵਲ ਕਥਨੀ ਕਰੀ ਜਾਣ ਨਾਲ, ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ, ਪਾਠ ਕਰੀ ਜਾਣ ਨਾਲ ਅਸੀਂ ਗੁਣੀ ਨਹੀਂ ਬਣ ਸਕਦੇ ਪਰ ਹਰ ਕੋਈ ਇਸੇ ਗੱਲ ਨਾਲ ਹੀ ਆਪਣੇ ਆਪ ਨੂੰ ਗੁਣੀ ਅਖਵਾਉਂਦਾ ਹੈ ਕਿ ਉਹ ਹਰ ਰੋਜ਼ ਪਾਠ ਕਰਦਾ ਹੈ, ਬੜੇ ਪਾਠ ਕਰਦਾ ਹੈ, ਬੜੀਆਂ ਬਾਣੀਆਂ ਦਾ ਪਾਠ ਕਰਦਾ ਹੈ। ਪ੍ਰਚਾਰ ਵੀ ਇਸੇ ਗੱਲ ਦਾ ਹੀ ਕੀਤਾ ਜਾਂਦਾ ਹੈ ਕਿ ਵੱਧ ਤੋਂ ਵੱਧ ਪਾਠ ਕਰੋ ਤੇ ਗੁਰੂ ਵਾਲੇ ਬਣੋ। ਗੁਰੂ ਵਾਲੇ ਕੇਵਲ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ, ਔਗੁਣ ਛੱਡਣ ਦੁਆਰਾ ਭਾਵ ਆਪਣੀ ਮਾੜੀ ਮਤਿ ਛੱਡਣ ਦੁਆਰਾ ਹੀ ਬਣਿਆ ਜਾ ਸਕਦਾ ਹੈ। (**ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥**) ਜੋ ਆਪਣੀ ਮਤਿ ਨਹੀਂ ਛੱਡਦਾ, ਔਗੁਣ ਨਹੀਂ ਛੱਡਦਾ, ਝੂਠ ਬੋਲਣਾ ਨਹੀਂ ਛੱਡਦਾ ਉਹ ਮਨੁੱਖ ਨਾਮ ਜਪਣ ਵਾਲਾ ਨਹੀਂ ਹੁੰਦਾ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ।

“ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥”

ਕੇਵਲ ਪਾਠ ਕਰੀ ਜਾਣਾ ਵੀ ਸਾਡੀ ਕਥਨੀ ਹੈ ਤੇ ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲੀ ਜਾਣਾ ਵੀ ਸਾਡੀ ਕਥਨੀ ਹੈ। ਇਹ ਨਾਮ ਜਪਣਾ ਨਹੀਂ ਹੈ। ਜੋ ਪਾਠ ਪੜ੍ਹਨ ਦੁਆਰਾ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨ ਲੈਂਦਾ ਹੈ ਭਾਵ ਜੇਕਰ ਗੁਰੂ ਨੇ ਝੂਠ ਛੱਡਣ ਲਈ ਸਮਝਾਇਆ ਹੈ ਤੇ ਉਹ ਝੂਠ ਬੋਲਣਾ ਛੱਡ ਦਿੰਦਾ ਹੈ ਫਿਰ ਉਸਨੇ ਨਾਮ ਜਪ ਲਿਆ ਹੈ, ਉਸਨੇ ਔਗੁਣ ਛੱਡ ਦਿੱਤਾ ਹੈ। ਇਸੇ ਤਰ੍ਹਾਂ ਗੁਰੂ ਸਾਨੂੰ ਸ਼ਬਦਾਂ ਰਾਹੀਂ ਬਹੁਤ ਕੁੱਝ ਸਮਝਾਉਂਦਾ ਹੈ ਤੇ ਜੋ ਗੁਰੂ ਦੀ ਗੱਲ ਨੂੰ ਮੰਨ ਲੈਂਦਾ ਹੈ ਉਹ ਉਸਦਾ ਨਾਮ ਜਪ ਲੈਂਦਾ ਹੈ, ਉਸਦੀ ਮਤਿ ਨੂੰ ਜਪ ਲੈਂਦਾ ਹੈ ਤੇ ਆਪਣੀ ਮਤਿ ਛੱਡ ਦਿੰਦਾ ਹੈ। ਬਿਨ੍ਹਾਂ ਗੁਰੂ ਦੀ ਗੱਲ ਨੂੰ ਮੰਨਣ ਤੋਂ ਭਾਵ ਬਿਨ੍ਹਾਂ ਨਾਮ ਜਪਣ ਤੋਂ ਕੋਈ “ਸੁਖੁ” ਦੀ ਪ੍ਰਾਪਤੀ ਨਹੀਂ ਕਰ ਸਕਦਾ ਤੇ ਨਾ ਹੀ ਕੋਈ ਉਸ ਪ੍ਰਮਾਤਮਾ ਦੇ ਦਰ ਤੇ ਸੋਭਦਾ ਹੈ ਭਾਵ ਪ੍ਰਮਾਤਮਾ ਨੂੰ ਚੰਗਾ ਨਹੀਂ ਲੱਗਦਾ। ਪ੍ਰਮਾਤਮਾ ਦੇ ਦਰ ਤੇ ਕੇਵਲ ਗੁਣੀ ਬਣ ਕੇ ਹੀ ਸੋਭਾ ਮਿਲਦੀ ਹੈ, ਔਗੁਣ ਛੱਡਣ ਦੁਆਰਾ ਹੀ ਸੋਭਾ ਮਿਲਦੀ ਹੈ ਨਾ ਕਿ ਕੇਵਲ ਪਾਠ ਪੜ੍ਹੀ ਜਾਣ ਨਾਲ ਜਾਂ ਕਿਸੇ ਅੱਖਰ ਦੀ ਕਥਨੀ ਕਰੀ ਜਾਣ ਨਾਲ ਤੇ ਆਪਣੀ ਕਥਨੀ ਨੂੰ ਹੀ ਆਪਣਾ ਗੁਣ ਸਮਝੀ ਜਾਣਾ ਕੇਵਲ ਵੱਡਾ ਭਰਮ ਹੈ, ਹੋਰ ਕੁੱਝ ਵੀ ਨਹੀਂ। (**ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥**)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ – ੬੫)

{ਪ੍ਰਥਮੇ ਛੋਡੀ ਪਰਾਈ ਨਿੰਦਾ ॥
ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥
ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥
ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥

ਨਾਮ ਧਿਆਏ ਹਰਿ ਹਰਿ ਹਰੇ ॥
ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥
ਸਰਬ ਮਹਿ ਪੂਰਨ ਭਗਵਾਨ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥
ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥
ਕਹੁ ਨਾਨਕ ਤਾ ਕੀ ਪੂਰੀ ਪਈ ॥੪॥}

(ਅੰਗ - ੧੧੪੭)

{ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥}

(ਅੰਗ - ੪੮੮)

ਜਿਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ, ਉਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ ॥

“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥
ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥
ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥”

(ਅੰਗ – ੧੪੦)

ਪ੍ਰਮਾਤਮਾ ਦੀ ਭਗਤੀ ਕਿਸੇ ਗਿਣਤੀ ਮਿਣਤੀ ਦਾ ਮਾਰਗ ਨਹੀਂ ਹੈ ਤੇ ਨਾ ਹੀ ਕਿਸੇ ਖਾਸ ਸਮੇ ਨਾਲ ਜੁੜਨ ਦਾ ਮਾਰਗ ਹੈ। ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਪੂਰੀ ਤਰ੍ਹਾਂ ਸਮਝਾਂਗੇ। ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਵਿੱਚੋਂ ਅਸੀਂ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਸਾਨੂੰ ਗੁਰੂ ਸਾਹਿਬ ਮੂਰਖ ਕਿਸ ਲਈ ਕਹਿ ਰਹੇ ਹਨ।

“ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥”

ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ, ਧਰਮ ਗ੍ਰੰਥਾਂ ਵਿੱਚ ਨਾਮ ਹੀ ਹੈ ਤੇ ਜੋ ਵੀ ਅਸੀਂ ਧਰਮ ਗ੍ਰੰਥਾਂ ਵਿੱਚੋਂ ਪਾਠ ਪੜਦੇ ਹਾਂ ਜਾਂ ਗੁਰਬਾਣੀ ਦਾ ਪਾਠ ਕਰਦੇ ਹਾਂ ਉਹ ਅਸੀਂ ਨਾਮ ਹੀ ਪੜਦੇ ਹਾਂ ਜੋ ਨਾਮ ਧਰਮ ਗ੍ਰੰਥਾਂ ਵਿੱਚ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ ਜਿਸ ਗੁਰੂ ਦੀ ਮਤਿ ਨੂੰ ਅਸੀਂ ਆਪਣੇ ਅੰਦਰ ਬੁੱਝਣਾ ਹੈ, ਸਮਝਣਾ ਹੈ, ਵਿਚਾਰਨਾ ਹੈ ਭਾਵ ਜੋ ਗੁਰੂ ਨੇ ਸਾਨੂੰ ਸਮਝਾਇਆ ਹੈ, ਜੋ ਨਾਮ ਅਸੀਂ ਪੜਿਆ ਹੈ ਉਸ ਨੂੰ ਅਸੀਂ ਆਪਣੇ ਅੰਦਰ ਵਿਚਾਰਨਾ ਹੈ ਭਾਵ ਉਸ ਦਾ ਵਿਚਾਰੀ ਬਣਨਾ ਹੈ। ਗੁਰੂ ਸਾਨੂੰ ਇਹ ਵਿਚਾਰ ਦਿੰਦਾ ਹੈ ਕਿ ਅਸੀਂ ਲਬ, ਲੋਭ, ਅਹੰਕਾਰ ਨੂੰ ਛੱਡਣਾ ਹੈ ਜੋ ਕਿ ਧਰਮ ਗ੍ਰੰਥਾਂ ਨੂੰ ਪੜਨ ਦਾ ਤੇ ਵਿਚਾਰੀ ਬਣਨ ਦਾ ਮਕਸਦ ਹੈ। ਜੇ ਅਸੀਂ ਕੇਵਲ ਧਰਮ ਗ੍ਰੰਥਾਂ ਨੂੰ ਪੜੀ ਹੀ ਜਾਂਦੇ ਹਾਂ ਭਾਵ ਕੇਵਲ ਪਾਠ ਹੀ ਕਰੀ ਜਾਂਦੇ ਹਾਂ ਤੇ ਗੁਰੂ ਦੀ ਸਮਝਾਈ ਹੋਈ ਗੱਲ ਨੂੰ, ਗੁਰੂ ਦੀ ਦਿੱਤੀ ਹੋਈ ਮਤਿ ਨੂੰ ਆਪਣੇ ਅੰਦਰ ਵਿਚਾਰਦੇ ਨਹੀਂ ਭਾਵ ਮੰਨਦੇ ਨਹੀਂ ਭਾਵ ਲਬ, ਲੋਭ, ਅਹੰਕਾਰ ਛੱਡਦੇ ਨਹੀਂ ਫਿਰ ਅਸੀਂ ਧਰਮ ਗ੍ਰੰਥਾਂ ਨੂੰ ਪੜ ਕੇ ਵੀ ਮੂਰਖ ਹੀ ਰਹੇ ਭਾਵ ਮੂਰਖ ਉਹ ਹੈ ਜਿਸ ਦੇ ਅੰਦਰ ਔਗੁਣ ਹਨ। ਜੇਕਰ ਕੋਈ ਇਸੇ ਗੱਲ ਲਈ ਆਪਣੇ ਆਪ ਨੂੰ ਸਿਆਣਾ ਅਖਵਾਈ ਜਾਵੇ, ਗੁਣੀ ਅਖਵਾਈ ਜਾਵੇ ਕਿ ਉਹ ਧਰਮ ਗ੍ਰੰਥਾਂ ਨੂੰ ਬਹੁਤ ਪੜ੍ਹਦਾ ਹੈ, ਬੜੇ ਪਾਠ ਕਰਦਾ ਹੈ ਤੇ ਬਿਨ੍ਹਾਂ ਵਿਕਾਰ ਛੱਡੇ ਕੀ ਉਸ ਨੂੰ ਗੁਣੀ ਕਿਹਾ ਜਾ ਸਕਦਾ ਹੈ। ਅਸੀਂ ਕੇਵਲ ਆਪਣੀ ਕਥਨੀ ਦੁਆਰਾ ਹੀ ਆਪਣੇ ਆਪ ਨੂੰ ਗੁਣੀ ਅਖਵਾਈ ਜਾਂਦੇ ਹਾਂ ਤੇ ਸਾਨੂੰ ਸਮਝਾਉਣ ਵਾਲੇ ਵੀ ਇਹੀ ਕੁੱਝ ਸਮਝਾਉਂਦੇ ਹਨ ਭਾਵ ਵੱਧ ਤੋਂ ਵੱਧ ਸ਼ਬਦਾਂ ਦੀ ਕਥਨੀ ਕਰਨ ਨਾਲ ਜੋੜਦੇ ਹਨ, ਕਿਸੇ ਅੱਖਰ ਦੀ ਕਥਨੀ ਕਰਨ ਨਾਲ ਜੋੜਦੇ ਹਨ ਜਿਸ ਨੂੰ ਉਹ ਨਾਮ ਕਹਿੰਦੇ ਹਨ ਪਰ ਜਦ ਤੱਕ ਕੋਈ ਆਪਣੇ ਮਾੜੇ ਵਿਚਾਰ ਨਹੀਂ ਛੱਡਦਾ, ਮਨਮਤਿ, ਦੁਰਮਤਿ ਨਹੀਂ ਛੱਡਦਾ ਕੀ ਉਹ ਨਾਮ ਵਾਲਾ ਅਖਵਾ ਸਕਦਾ ਹੈ। ਗੁਰੂ ਸਾਹਿਬ ਤੇ ਇਹੋ ਜਿਹਿਆਂ ਨੂੰ ਮੂਰਖ ਹੀ ਕਹਿ ਰਹੇ ਹਨ ਤੇ ਅਸੀਂ ਜੋ ਵੀ ਆਪਣੇ ਆਪ ਨੂੰ ਸਮਝੀਏ ਜਾਂ ਸਮਝਾਈਏ ਉਹ ਆਪਣੀ ਸਾਡੀ ਆਪਣੀ ਸਮਝ ਹੈ ਜੋ ਗੁਰੂ ਦੀ ਸਮਝ ਤੇ ਨਹੀਂ ਟਿਕਦੀ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ, ਨਾਮ ਨੂੰ ਸਮਝਣ ਵਿੱਚ, ਧਰਮ ਗ੍ਰੰਥਾਂ ਦੀ ਲਿਖਤ ਨੂੰ ਸਮਝਣ ਵਿੱਚ ਭਰਮ ਹੀ ਭਰਮ ਹਨ ਜਿਸ ਵਿੱਚੋਂ ਗੁਰੂ ਸਾਹਿਬ ਸਾਨੂੰ ਕੱਢ ਰਹੇ ਹਨ ਤਾਂ ਜੋ ਸਾਡਾ ਗੁਰੂ ਨਾਲ ਸਾਡਾ ਸੱਚਾ ਪਿਆਰ ਜੁੜੇ। (**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ**

ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥)

{ਜਗੁ ਬੰਦੀ ਮੁਕਤੇ ਹਉ ਮਾਰੀ ॥
ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥
ਜਗੁ ਦੁਖੀਆ ਸੁਖੀਆ ਜਨੁ ਕੋਇ ॥
ਜਗੁ ਰੋਗੀ ਭੋਗੀ ਗੁਣ ਰੋਇ ॥
ਜਗੁ ਉਪਜੈ ਬਿਨਸੈ ਪਤਿ ਖੋਇ ॥
ਗੁਰਮੁਖਿ ਹੋਵੈ ਬੂਝੈ ਸੋਇ ॥੭॥}

(ਅੰਗ - ੪੧੩)

{ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥
ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥
ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥}

(ਅੰਗ - ੬੨)

{ਕਿਲਬਿਖ ਮੇਟੇ ਸਬਦਿ ਸੰਤੋਖੁ ॥
ਨਾਮੁ ਅਰਾਧਨ ਹੋਆ ਜੋਗੁ ॥
ਸਾਧਸੰਗਿ ਹੋਆ ਪਰਗਾਸੁ ॥
ਚਰਨ ਕਮਲ ਮਨ ਮਾਹਿ ਨਿਵਾਸੁ ॥੧॥
ਜਿਨਿ ਕੀਆ ਤਿਨਿ ਲੀਆ ਰਾਖਿ ॥
ਪ੍ਰਭੁ ਪੂਰਾ ਅਨਾਥ ਕਾ ਨਾਥੁ ॥
ਜਿਸਹਿ ਨਿਵਾਜੇ ਕਿਰਪਾ ਧਾਰਿ ॥
ਪੂਰਨ ਕਰਮ ਤਾ ਕੇ ਆਚਾਰ ॥੨॥}

(ਅੰਗ - ੧੩੪੦)

{ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥
ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥
ਜਹ ਜਹ ਦੇਖਾ ਤਹ ਤਹ ਸੋਈ ॥

ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ - ੧੩੪੩)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥
ਗੁਰ ਕਿੰਚਤ ਕਿਰਪਾ ਕੀਨੀ ॥
ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥
ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ - ੬੫੫)

ਗੁਰੂ ਨੇ ਬਾਣੀ ਸਾਰੇ ਸੰਸਾਰ ਲਈ ਕਿਸ ਲਈ ਲਿਖੀ ਹੈ ਭਾਵ ਕਿਸ ਮਕਸਦ ਲਈ ਲਿਖੀ ਹੈ ਜਦ ਤੱਕ ਸਾਡਾ ਇਹ ਭਰਮ ਨਹੀਂ ਨਿਕਲਦਾ ਤਦ ਤੱਕ ਅਸੀਂ ਸ਼ਬਦਾਂ ਦੀ ਕਥਨੀ ਦੇ ਨਾਲ ਜੁੜੇ ਰਹਾਂਗੇ ਤੇ ਆਪਣੀ ਕਥਨੀ ਨੂੰ ਅਸੀਂ ਆਪਣਾ ਗੁਣ ਸਮਝਦੇ ਹਾਂ ਤੇ ਆਪਣੀ ਕਥਨੀ ਦੁਆਰਾ ਹੀ ਗੁਰੂ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦੇ ਹਾਂ। ਗੁਰੂ ਦੇ ਅੱਖਰ ਸਾਨੂੰ ਕੁੱਝ ਸਮਝਾਉਣ ਲਈ ਹੀ ਹਨ ਨਾ ਕਿ ਕੇਵਲ ਅੱਖਰਾਂ ਨੂੰ ਬੋਲੀ ਜਾਣਾ ਹੀ ਸਾਡਾ ਫਰਜ ਹੈ ਜਿਵੇਂ ਕਿ ਸਭ ਪਾਸੇ ਚਰਚਾ ਕੀਤੀ ਜਾਂਦੀ ਹੈ। ਜੋ ਕੁੱਝ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝਿਆ ਹੈ ਭਾਵ ਸਾਨੂੰ ਮੂਰਖ ਕਿਸ ਲਈ ਕਿਹਾ ਹੈ, ਉਹੀ ਗੱਲ ਸਾਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਈ ਹੋਈ ਹੈ ਕਿ ਗੁਰੂ ਦੇ ਅੱਖਰਾਂ ਵਿੱਚੋਂ ਗੁਣ ਲਏ ਬਿਨ੍ਹਾਂ ਆਪਣੇ ਆਪ ਨੂੰ ਗੁਣੀ ਅਖਵਾਉਣਾ ਕਿਤਨੀ ਮਾੜੀ ਗੱਲ ਹੈ।

ਮਃ ੧ ॥

“ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥
ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥”

(ਅੰਗ - ੧੨੪੬)

ਇਸ ਪੂਰੇ ਸ਼ਬਦ ਦੇ ਅਰਥ ਕੁੱਝ ਅੱਗੇ ਚੱਲਕੇ ਸਮਝਾਂਗੇ। ਸ਼ਬਦ ਰਾਹੀਂ ਸਾਨੂੰ ਸਾਡਾ ਅਸਲ ਫਰਜ ਹੀ ਸਮਝਾਇਆ ਹੋਇਆ ਹੈ ਕਿ ਬਾਣੀ ਨੂੰ ਪੜ੍ਹਨ ਦਾ ਸਾਡਾ ਕਿਹੋ ਜਿਹਾ ਫਰਜ ਹੈ। ਬਾਣੀ ਅੱਖਰਾਂ ਦਾ ਭੰਡਾਰ ਹੈ ਤੇ ਆਪਣੇ ਹਰ ਅੱਖਰ ਰਾਹੀਂ ਗੁਰੂ ਸਾਨੂੰ ਕੁੱਝ ਸਮਝਾਉਂਦਾ ਹੀ ਹੈ। ਗੁਰਬਾਣੀ ਦਾ ਹਰ ਸ਼ਬਦ ਰੂਪ ਅੱਖਰ ਨਾਮ ਹੀ ਹੈ ਤੇ ਅਸੀਂ ਬਾਣੀ ਦੇ ਹਰ ਅੱਖਰ ਨੂੰ ਜਪਣਾ ਹੈ ਭਾਵ ਹਰ ਅੱਖਰ ਦੀ ਸਮਝ ਨੂੰ, ਹਰ ਅੱਖਰ ਦੇ ਦਿੱਤੇ ਹੋਏ ਗਿਆਨ ਨੂੰ ਅਸੀਂ ਜਪਣਾ ਹੈ ਭਾਵ ਮੰਨਣਾ ਹੈ। ਹਰ ਅੱਖਰ ਸਾਨੂੰ ਕੋਈ ਭੇਦ ਸਮਝਾਉਂਦਾ ਹੈ, ਭਗਤੀ ਕਰਨ ਦਾ ਭੇਦ ਸਮਝਾਉਂਦਾ ਹੈ, ਭਗਤੀ ਦੇ ਗੁਣ ਸਮਝਾਉਂਦਾ ਹੈ ਜੋ ਗੁਣ ਅੱਖਰਾਂ ਦੀ ਸਮਝ ਨੂੰ ਮੰਨਣ ਦੁਆਰਾ ਆਉਂਦੇ ਹਨ। ਜੋ ਅੱਖਰਾਂ ਦੀ ਸਮਝਾਈ ਹੋਈ ਗੱਲ ਨੂੰ ਮੰਨ ਲੈਂਦਾ ਹੈ ਭਾਵ ਮਾਇਆ ਦੇ ਰਸਾਂ ਵਿੱਚੋਂ ਨਿਕਲ ਜਾਂਦਾ ਹੈ, ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲ ਜਾਂਦਾ ਹੈ ਉਸ ਨੂੰ ਸਿਆਣਾ ਮਨੁੱਖ ਕਿਹਾ ਹੈ ਤੇ ਜੋ ਕੇਵਲ ਅੱਖਰਾਂ ਨੂੰ ਕੇਵਲ ਪੜ੍ਹੀ ਹੀ ਜਾਂਦੇ ਹਨ ਪਰ ਅੱਖਰਾਂ ਵਿੱਚੋਂ ਕੋਈ ਗੁਣ ਨਹੀਂ ਲੈਂਦੇ ਤੇ ਅੱਖਰਾਂ ਦੇ ਪੜ੍ਹਨ ਦਾ ਹੀ ਗਰਬ ਕਰਦੇ ਹਨ ਭਾਵ ਅੱਖਰਾਂ ਦੇ ਪੜ੍ਹਨ ਨੂੰ ਹੀ ਗੁਣ ਸਮਝਦੇ ਹਨ ਭਾਵ ਕਥਨੀ ਨੂੰ ਹੀ ਗੁਣ ਸਮਝਦੇ ਹਨ ਉਹਨਾਂ ਨੂੰ ਵੱਡੇ ਮੂਰਖ ਕਿਹਾ ਹੈ, ਬੇਅਕਲ ਕਿਹਾ ਹੈ ਭਾਵ ਸੱਚੀ ਭਗਤੀ ਦੀ ਨਾਸਮਝੀ ਵਾਲੇ ਕਿਹਾ ਹੈ, ਘੋਰ ਅਗਿਆਨਤਾ ਵਾਲੇ ਕਿਹਾ ਹੈ, ਪੁੱਠੇ ਕਮਲ ਵਾਲੇ ਕਿਹਾ ਹੈ ਭਾਵ ਪੁੱਠੀ ਮਤਿ ਵਾਲੇ ਕਿਹਾ ਹੈ ਜਿੰਨ੍ਹਾਂ ਨੂੰ ਸੱਚੀ ਭਗਤੀ ਦੇ ਮਾਰਗ ਦੀ ਸਮਝ ਨਹੀਂ ਹੈ ਤੇ ਕੇਵਲ ਅੱਖਰਾਂ ਦੀ ਕਥਨੀ ਨੂੰ ਹੀ ਭਗਤੀ ਸਮਝਦੇ ਹਨ, ਆਪਣਾ ਗੁਣ ਸਮਝਦੇ ਹਨ। (**ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥ ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥ ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥**)

{ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ॥
ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ॥੪॥
ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥
ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥੫॥}

(ਅੰਗ - ੩੪੦)

ਗਉੜੀ ਮਹਲਾ ੧ ॥

{ਸੇਵਾ ਏਕ ਨ ਜਾਨਸਿ ਅਵਰੇ ॥
ਪਰਪੰਚ ਬਿਆਧਿ ਤਿਆਗੈ ਕਵਰੇ ॥
ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥
ਐਸਾ ਰਾਮ ਭਗਤੁ ਜਨੁ ਹੋਈ ॥
ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥

ਊਂਧੋ ਕਵਲੁ ਸਗਲ ਸੰਸਾਰੈ ॥
ਦੁਰਮਤਿ ਅਗਨਿ ਜਗਤ ਪਰਜਾਰੈ ॥
ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥
ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥
ਮਿਰਗੁ ਮਰੈ ਸਹਿ ਅਪੁਨਾ ਕੀਨਾ ॥
ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥
ਕਾਮੁ ਚਿਤੈ ਕਾਮਣਿ ਹਿਤਕਾਰੀ ॥
ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥
ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥
ਪਰ ਘਰਿ ਚੀਤੁ ਮਨਮੁਖਿ ਡੋਲਾਇ ॥
ਗਲਿ ਜੇਵਰੀ ਧੰਧੈ ਲਪਟਾਇ ॥
ਗੁਰਮੁਖਿ ਛੂਟਸਿ ਹਰਿ ਗੁਣ ਗਾਇ ॥੫॥
ਜਿਉ ਤਨੁ ਬਿਧਵਾ ਪਰ ਕਉ ਦੇਈ ॥
ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥
ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥੬॥
ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥
ਬੇਦ ਪੁਰਾਣ ਪੜੈ ਸੁਣਿ ਥਾਟਾ ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥
ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥
ਜਿਉ ਮੀਨਾ ਜਲ ਮਾਹਿ ਉਲਾਸਾ ॥
ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥੮॥੧੧॥}

(ਅੰਗ - ੨੨੫-੨੨੬)

ਅਸੀਂ ਪਿੱਛੇ ਮੁੱਖ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਅਸੀਂ ਸੱਚੀ ਬਾਣੀ ਨੂੰ ਪੜ੍ਹਨ ਦੁਆਰਾ ਆਪਣੇ ਆਪ ਨੂੰ ਸੁੱਚਾ ਕਿਵੇਂ ਕਰਨਾ ਹੈ। ਸੁੱਚੇ ਅਸੀਂ ਆਪਣੇ ਆਪ ਨੂੰ ਮਨ ਦੀ ਜੂਠ ਕੱਢਣ ਦੁਆਰਾ ਹੀ ਕਰਨਾ ਹੈ ਜੋ ਸਾਡੇ ਮਨ ਦੀ ਸਮਝ ਔਗੁਣਾਂ ਦੁਆਰਾ ਜੂਠੀ ਹੈ ਤੇ ਸਾਡੀ ਸਮਝ ਨੂੰ ਸੁੱਚਾ ਗੁਣਾਂ ਨੇ ਕਰਨਾ ਹੈ। ਆਪਣੇ ਅੰਦਰ ਔਗੁਣਾਂ ਦੇ ਰਹਿੰਦੇ ਹੋਏ ਹੀ ਕੋਈ ਆਪਣੇ ਆਪ ਨੂੰ ਗੁਣਾਂ ਵਾਲਾ ਸਮਝਦਾ ਹੈ ਫਿਰ ਇਹ ਸਿਵਾਇ ਭਰਮ ਤੋਂ ਕੀ ਹੋ ਸਕਦਾ ਹੈ। ਜਦ ਤੱਕ ਅਸੀਂ ਗੁਰੂ ਦੀ ਮਤਿ ਵੱਲੋਂ ਮੂੰਹ ਫੇਰਿਆ ਹੋਇਆ ਹੈ ਭਾਵ ਆਪਣੀ ਸਮਝ ਨੂੰ ਗੁਰੂ ਦੀ ਸਮਝ ਨਾਲੋਂ ਦੂਸਰੇ ਪਾਸੇ ਕੀਤਾ ਹੋਇਆ ਹੈ ਤਦ ਤੱਕ ਸਾਡੇ ਮਨ ਦੀ ਜੂਠ ਕਿਵੇਂ ਨਿਕਲ ਸਕਦੀ ਹੈ। ਸਾਡੇ ਅੰਦਰ ਦੀ ਇਹ ਜੂਠ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜੋ ਅਗਿਆਨਤਾ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ। ਜਦ ਤੱਕ ਅਸੀਂ ਜੂਠ ਦੇ ਕਾਰਨ ਨੂੰ ਨਹੀਂ ਸਮਝਦੇ ਤਦ ਤੱਕ ਉਸ ਦੇ ਹੱਲ ਨੂੰ ਵੀ ਨਹੀਂ ਸਮਝ ਸਕਦੇ। ਜੂਠ ਮਨਮਤਿ ਹੈ ਤੇ ਇਸ ਨੂੰ ਕੱਢਣ ਦਾ ਹੱਲ ਗੁਰਮਤਿ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸ ਗੱਲ ਨੂੰ ਅਕਾਲ ਪੁਰਖ ਰੂਪ ਧੰਨ ਧੰਨ ਪਹਿਲੀ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕ ਮਹਲਾ ੧ ॥

“ਜੂਠਿ ਨ ਰਾਗੀਂ ਜੂਠਿ ਨ ਵੇਦੀਂ ॥
ਜੂਠਿ ਨ ਚੰਦ ਸੂਰਜ ਕੀ ਭੇਦੀ ॥
ਜੂਠਿ ਨ ਅੰਨੀ ਜੂਠਿ ਨ ਨਾਈ ॥
ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥
ਜੂਠਿ ਨ ਧਰਤੀ ਜੂਠਿ ਨ ਪਾਣੀ ॥
ਜੂਠਿ ਨ ਪਉਣੈ ਮਾਹਿ ਸਮਾਣੀ ॥
ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥
ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥”

(ਅੰਗ - ੧੨੪੦)

ਮਹਲਾ ੧ ॥
“ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ ॥
ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ ॥
ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥
ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥
ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥
ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥੨॥”

(ਅੰਗ - ੧੨੪੦)

ਪਉੜੀ ॥
“ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ॥
ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ॥
ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ ॥
ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ॥
ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ॥੭॥”

(ਅੰਗ - ੧੨੪੦)

ਸਲੋਕ ਮਹਲਾ ੧ ॥
“ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥
ਦੁਖੁ ਦੁਖੁ ਅਗੈ ਆਖੀਐ ਪੜਿ੍ ਪੜਿ੍ ਕਰਹਿ ਪੁਕਾਰ ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥
ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥੧॥”

(ਅੰਗ - ੧੨੪੦)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਇਸ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਜੂਠ ਕਿਸ ਗੱਲ ਦੀ ਹੈ ਤੇ ਉਹ ਜੂਠ ਦੂਰ ਕਿਵੇਂ ਹੁੰਦੀ ਹੈ। ਉੱਪਰ ਪਹਿਲੇ ਸਲੋਕ ਵਿਚ ਸਾਨੂੰ ਉਹਨਾਂ ਚੀਜਾਂ ਦਾ ਹਵਾਲਾ ਦਿੱਤਾ ਹੋਇਆ ਹੈ ਜੋ ਚੀਜਾਂ ਜੂਠ ਤੋਂ ਰਹਿਤ ਹਨ। ਜੋ ਵੀ ਚੀਜ ਜੂਠ ਤੋਂ ਰਹਿਤ ਹੈ ਭਾਵ ਜੋ ਵੀ ਚੀਜ ਸੁੱਚੀ ਹੈ ਉਹ ਆਪਣੇ ਗੁਣਾਂ ਕਰਕੇ ਸੁੱਚੀ ਹੈ। ਅਸੀਂ ਜੇਕਰ ਕਿਸੇ ਸੁੱਚੀ ਚੀਜ ਨਾਲ ਕਥਨੀ ਕਰਨ ਦੁਆਰਾ ਜੁੜੀਏ ਜਾਂ ਕਿਸੇ ਗੁਣਾਂ ਵਾਲੀ ਚੀਜ ਨਾਲ ਆਪਣੇ ਸਰੀਰ ਰਾਹੀਂ ਜੁੜੀਏ ਤਾਂ ਉਸ ਨਾਲ ਸਾਡੇ ਮਨ ਦੀ ਜੂਠ ਨਹੀਂ ਉਤਰ ਸਕਦੀ। ਹਰ ਵਸਤੂ ਆਪਣੇ ਗੁਣਾਂ ਦੁਆਰਾ ਸੁੱਚੀ ਹੈ ਤੇ ਜੇਕਰ ਅਸੀਂ ਵੀ ਸੁੱਚਾ ਬਣਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਅੰਦਰ ਉਹੋ ਜਿਹੇ ਗੁਣ ਲਿਆਉਣੇ ਪੈਣਗੇ ਜਿੰਨ੍ਹਾਂ ਗੁਣਾਂ ਦੁਆਰਾ ਕੋਈ ਚੀਜ ਚੰਗੀ ਬਣਦੀ ਹੈ, ਸੁੱਚੀ ਬਣਦੀ ਹੈ ਤੇ ਕਿਸੇ ਦੀ ਕੀਮਤ ਪੈਂਦੀ ਹੈ।

ਗੁਰੂ ਸੁੱਚਾ ਹੈ ਜੋ ਆਪਣੇ ਸੱਚੇ ਗਿਆਨ ਦੁਆਰਾ ਸੁੱਚਾ ਹੈ ਜਿਸ ਦੇ ਅੰਦਰ ਕੋਈ ਔਗੁਣ ਨਹੀਂ ਹੈ। ਜੇਕਰ ਅਸੀਂ ਸਾਰਾ ਦਿਨ ਗੁਰੂ ਦੇ ਕੋਲ ਬੈਠੇ ਰਹੀਏ, ਸਾਰਾ ਦਿਨ ਗੁਰੂ ਦੇ ਸ਼ਬਦਾਂ ਨੂੰ ਕਥੀ ਸੁਣੀ ਜਾਈਏ ਉਸ ਨਾਲ ਸਾਡੇ ਅੰਦਰੋਂ ਔਗੁਣਾਂ ਦੀ ਮੈਲ ਨਹੀਂ ਨਿਕਲ ਸਕਦੀ ਜਿਸ ਦਾ ਕਾਰਨ ਸਾਡੇ ਅੰਦਰ ਦੀ ਮਾੜੀ ਸਮਝ ਹੈ, ਮਨਮਤਿ ਹੈ, ਦੁਰਮਤਿ ਹੈ। ਜਦ ਤੱਕ ਅਸੀਂ ਆਪਣੀ ਮਤਿ ਨਹੀਂ ਛੱਡਦੇ, ਆਪਣੇ ਔਗੁਣ ਨਹੀਂ ਛੱਡਦੇ ਤਦ ਤੱਕ ਅਸੀਂ ਗੁਰੂ ਦੇ ਵਿਚਾਰਾਂ ਵਾਲੇ, ਸ਼ਬਦ ਦੇ ਵਿਚਾਰਾਂ ਵਾਲੇ ਨਹੀਂ ਬਣਦੇ ਤਦ ਤੱਕ ਅਸੀਂ ਗੁਰੂ ਵਾਲੇ ਨਹੀਂ ਬਣਦੇ ਭਾਵ ਨਿਗੁਰੇ ਹੀ ਰਹਿੰਦੇ ਹਾਂ। ਗੁਰੂ ਵਾਲੇ ਗੁਣਾਂ ਦੁਆਰਾ ਹੀ ਬਣਿਆ ਜਾ ਸਕਦਾ ਹੈ ਭਾਵ ਔਗੁਣ ਛੱਡਕੇ ਹੀ ਬਣਿਆ ਜਾ ਸਕਦਾ ਹੈ। ਜਿਸ ਨੇ ਗੁਰੂ ਦੇ ਗੁਣਾਂ ਤੋਂ ਮੂੰਹ ਫੇਰਿਆ ਹੋਇਆ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਤੋਂ ਮੂੰਹ ਫੇਰਿਆ ਹੋਇਆ ਹੈ ਉਸ ਦਾ ਮੂੰਹ ਜੂਠਾ ਹੈ ਭਾਵ ਉਸ ਦੀ ਸਮਝ ਔਗੁਣਾਂ ਵਾਲੀ ਹੈ, ਮਨ ਦੀ ਜੂਠ ਵਾਲੀ ਹੈ ਭਾਵ ਉਹ ਮਨ ਸੁੱਚਾ ਨਹੀਂ ਹੈ। (**ਜੂਠਿ ਨ ਰਾਗੀ ਜੂਠਿ ਨ ਵੇਦੀ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥ ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥**)

{ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥}

(ਅੰਗ - ੧੦੧੩)

{ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥
ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥
ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥੪॥
ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥
ਰੇ ਨਰ ਇਨ ਬਿਧਿ ਪਾਰਿ ਪਰਾਇ ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥੨॥੧੧॥}

(ਅੰਗ - ੧੦੦੧-੧੦੦੨)

{ਗੁਰ ਕੀ ਸਿਖ ਕੋ ਵਿਰਲਾ ਲੇਵੈ ॥
ਨਾਨਕ ਜਿਸੁ ਆਪਿ ਵਡਿਆਈ ਦੇਵੈ ॥੨॥}

(ਅੰਗ - ੫੦੯)

ਪਉੜੀ ॥

{ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥
ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥
ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥
ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥
ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥੩॥}

(ਅੰਗ - ੫੦੯)

{ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥
ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥
ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥}

(ਅੰਗ - ੧੧੭)

{ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ ॥
ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ ॥
ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ ॥
ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ ॥
ਸੁਖਾ ਸਿਰਿ ਸਦਾ ਸੁਖੁ ਹੋਇ ਜਾ ਵਿਚਹੁ ਆਪੁ ਗਵਾਇ ॥
ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵ ਲਾਇ ॥
ਚਿੰਤਾ ਮੂਲਿ ਨ ਹੋਵਈ ਹਰਿ ਨਾਮਿ ਰਜਾ ਆਘਾਇ ॥
ਨਾਨਕ ਨਾਮ ਬਿਨਾ ਨਹ ਛੂਟੀਐ ਹਉਮੈ ਪਚਹਿ ਪਚਾਇ ॥੨॥}

(ਅੰਗ - ੫੯੯)

{ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥
ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥
ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ ॥੬॥}

(ਅੰਗ - ੬੩੫)

{ਸੇ ਵਡਭਾਗੀ ਜਿਨੀ ਏਕੋ ਜਾਤਾ ਸਚੇ ਰਹੇ ਸਮਾਈ ॥੯॥
ਆਪਿ ਸਰੂਪੁ ਸਿਆਣਾ ਆਪੇ ਕੀਮਤਿ ਕਹਣੁ ਨ ਜਾਈ ॥੧੦॥
ਆਪੇ ਦੁਖੁ ਸੁਖੁ ਪਾਏ ਅੰਤਰਿ ਆਪੇ ਭਰਮਿ ਭੁਲਾਈ ॥੧੧॥
ਵਡਾ ਦਾਤਾ ਗੁਰਮੁਖਿ ਜਾਤਾ ਨਿਗੁਰੀ ਅੰਧ ਫਿਰੈ ਲੋਕਾਈ ॥੧੨॥}

(ਅੰਗ - ੯੧੨)

{ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥
ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥
ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥

ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥੩॥
ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥
ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥}

(ਅੰਗ - ੧੧੩੮-੧੧੩੯)

{ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥
ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥
ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥੬॥}

(ਅੰਗ - ੧੨੭੫)

ਜੋ ਵੀ ਗੁਣਾਂ ਵਾਲਾ ਬਣਦਾ ਹੈ ਉਹ ਔਗੁਣ ਤਿਆਗਣ ਦੁਆਰਾ ਹੀ ਬਣ ਸਕਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਪੂਰਨ ਰੂਪ ਵਿੱਚ ਗੁਣੀ ਬਣਾਉਂਦਾ ਹੈ ਉਹ ਆਪਣੇ ਮੇਲ ਦੁਆਰਾ ਹੀ ਬਣਾਉਂਦਾ ਹੈ ਤੇ ਤਾਂ ਹੀ ਕੋਈ ਗੁਰੂ ਵਾਲਾ ਬਣ ਸਕਦਾ ਹੈ। ਗੁਰਮਤਿ ਵਾਲਾ ਬਣਨਾ ਹੀ ਗੁਰੂ ਵਾਲਾ ਬਣਨਾ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਨੂੰ ਪੂਜਣਾ ਜਾਂ ਗੁਣਾਂ ਨੂੰ ਪੂਜਣਾ ਇੱਕੋ ਹੀ ਗੱਲ ਹੈ। ਅਸੀਂ ਗੁਰੂ ਦੀ ਮਤਿ ਨੂੰ ਪੂਜਣਾ ਹੈ ਜੋ ਕਿ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਪੂਜਣਾ ਹੀ ਹੈ। ਗੁਣਾਂ ਨੂੰ ਤਾਂ ਹੀ ਪੂਜਿਆ ਜਾ ਸਕਦਾ ਹੈ ਜੇ ਅਸੀਂ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮੰਨਾਂਗੇ ਭਾਵ ਪਹਿਲਾਂ ਆਪਣੇ ਔਗੁਣ ਛੱਡਾਂਗੇ। ਗੁਣਾਂ ਅਨੁਸਾਰ ਵਿਚਰਨਾ ਹੀ ਗੁਣਾਂ ਦੀ ਪੂਜਾ ਹੈ। ਇਸ ਗੱਲ ਨੂੰ ਅਸੀਂ ਹੇਠ ਦਿੱਤੇ ਸ਼ਬਦ ਦੁਆਰਾ ਲੇਖ ਵਿੱਚ ਪਹਿਲੇ ਵੀ ਸਮਝਿਆ ਹੈ ਤੇ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਗੁਣਾਂ ਦੀ ਪੂਜਾ ਹੀ ਪ੍ਰਮਾਤਮਾ ਦੀ ਇੱਕੋ ਇੱਕ ਭਗਤੀ ਹੈ, ਉਸ ਦਾ ਨਾਮ ਜਪਣਾ ਹੈ ਜੋ ਨਾਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ।

ਗਉੜੀ ਮਃ ੫ ॥

“ਕਵਨ ਰੂਪੁ ਤੇਰਾ ਆਰਾਧਉ ॥

ਕਵਨ ਜੋਗ ਕਾਇਆ ਲੇ ਸਾਧਉ ॥੧॥

ਕਵਨ ਗੁਨੁ ਜੋ ਤੁਝੁ ਲੈ ਗਾਵਉ ॥

ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥

ਕਵਨ ਸੁ ਪੂਜਾ ਤੇਰੀ ਕਰਉ ॥

ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥

ਕਵਨ ਤਪੁ ਜਿਤੁ ਤਪੀਆ ਹੋਇ ॥

ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥

ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥

ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥

ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥

ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥”

(ਅੰਗ - ੧੮੬-੧੮੭)

ਉੱਪਰ ਸ਼ਬਦ ਰਾਹੀਂ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਲਈ ਮਨੁੱਖ ਦਾ ਹਰ ਭਰਮ ਕੱਢਿਆ ਹੋਇਆ ਹੈ। ਗੁਰੂ ਜੀ ਨੇ ਆਪ ਹੀ ਸਵਾਲ ਕੀਤੇ ਹੋਏ ਹਨ ਤੇ ਆਪ ਹੀ ਹਰ ਸਵਾਲ ਦਾ ਜਵਾਬ ਦਿੱਤਾ ਹੋਇਆ ਹੈ। ਸਵਾਲ ਸਾਡੇ ਸਾਰਿਆਂ ਵੱਲੋਂ ਹਨ ਕਿ ਅਸੀਂ ਪ੍ਰਮਾਤਮਾ ਨੂੰ ਕਿਵੇਂ ਅਰਾਧਣਾ ਹੈ, ਕਿਵੇਂ ਕਾਇਆ ਦੇ ਨਾਲ ਸਾਧਨਾ ਕਰਨੀ ਹੈ, ਕਿਵੇਂ ਜੋਗ ਕਰਨਾ ਹੈ, ਉਹ ਕਿਹੜੇ ਗੁਣ ਹਨ ਜਿੰਨ੍ਹਾਂ ਗੁਣਾਂ ਨਾਲ ਪ੍ਰਮਾਤਮਾ ਨੂੰ ਗਾਉਣਾ ਹੈ, ਉਹ ਕਿਹੜੇ ਬੋਲ ਹਨ ਭਾਵ ਅਸੀਂ ਕਿਹੋ ਜਿਹੇ ਬੋਲ ਬੋਲਣੇ ਹਨ ਜੋ ਬੋਲ ਬੋਲਣ ਦੁਆਰਾ ਪ੍ਰਮਾਤਮਾ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ। ਉਹ ਪ੍ਰਮਾਤਮਾ ਦੀ ਕਿਹੜੀ ਪੂਜਾ ਹੈ ਜੋ ਪੂਜਾ ਸਾਨੂੰ ਕਰਨੀ ਚਾਹੀਦੀ ਹੈ ਤੇ ਉਹ ਕਿਹੜਾ ਤਰੀਕਾ ਹੈ ਜਿਸ ਤਰੀਕੇ ਭਵਜਲ ਸਾਗਰ ਨੂੰ ਤਰਿਆ ਜਾ ਸਕਦਾ ਹੈ। ਉਹ ਕਿਹੜਾ ਤਪ ਹੈ ਜਿਸ ਦੁਆਰਾ ਮਨੁੱਖ ਤਪਸਵੀ ਅਖਵਾ ਸਕਦਾ ਹੈ ਤੇ ਸਭ ਤੋਂ ਵੱਡੀ ਗੱਲ ਉਹ ਕਿਹੜਾ ਨਾਮ ਹੈ ਜਿਸ ਨੂੰ ਜਪਣ ਦੁਆਰਾ ਮਨੁੱਖ ਦੀ ਹਉਮੈ ਮਲ ਦੂਰ ਹੋ ਜਾਂਦੀ ਹੈ। ਧੰਨ ਧੰਨ ਧੰਨ ਗੁਰਬਾਣੀ ਹਰ ਗੱਲ ਦਾ ਜਵਾਬ ਭਾਵ ਭਗਤੀ ਦਾ ਸਾਰ, ਨਾਮ ਜਪਣ ਦਾ ਸਾਰ ਇੱਕੋ ਪੰਗਤੀ ਰਾਹੀਂ ਸਮਝਾ ਰਹੀ ਹੈ ਜੋ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ। ਪ੍ਰਮਾਤਮਾ ਸਾਰੇ ਸੰਸਾਰ ਦਾ ਇੱਕੋ ਹੀ ਹੈ ਤੇ ਸਾਰੇ ਸੰਸਾਰ ਲਈ ਉਸ ਦੀ ਭਗਤੀ ਦਾ ਤਰੀਕਾ ਵੀ ਇੱਕੋ ਹੀ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਕੋਈ ਵੀ ਜਾਣ ਸਕਦਾ ਹੈ। ਉਹ ਸਭ ਦੇ ਅੰਦਰ ਇੱਕੋ ਜਿਹੇ ਤਰੀਕੇ ਦੁਆਰਾ ਹੀ ਵਰਤਦਾ ਹੈ ਜੋ ਕਿ ਮਨ ਦੇ ਵਿੱਚ ਮਨ ਦੀ ਸਮਝ ਦੇਣ ਦੁਆਰਾ ਵਿਚਰਦਾ ਹੈ। ਉਸ ਦੀ ਭਗਤੀ ਦਾ ਤਰੀਕਾ ਕੀ ਹੈ, ਨਾਮ ਜਪਣ ਦਾ ਤਰੀਕਾ ਕੀ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਉਹ ਇਸ ਤਰੀਕੇ ਨਾਲ ਸਮਝਾਇਆ ਹੋਇਆ ਹੈ।

“ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥

ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥

ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥

ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥”

ਬਾਣੀ ਰਾਹੀਂ ਸਾਨੂੰ ਵਾਰ-ਵਾਰ ਗੁਰੂ ਦਾ ਗਿਆਨ ਲੈਣ ਲਈ ਸਮਝਾਇਆ ਹੋਇਆ ਹੈ ਭਾਵ ਗੁਰੂ ਕੋਲੋਂ ਸਮਝ ਲੈਣ ਲਈ ਸਮਝਾਇਆ ਹੋਇਆ ਹੈ, ਗੁਰੂ ਦੇ ਨਾਲ ਆਪਣਾ ਧਿਆਨ ਜੋੜਨ ਲਈ ਸਮਝਾਇਆ ਹੋਇਆ ਹੈ। ਗੁਰੂ ਕੋਲੋਂ ਅਸੀਂ ਜੋ ਵੀ

ਗਿਆਨ ਲੈਂਦੇ ਹਾਂ ਉਹ ਗਿਆਨ ਸਾਡੇ ਅੰਦਰ ਤਾਂ ਹੀ ਵੱਸ ਸਕਦਾ ਹੈ ਜਦੋਂ ਉਹ ਗਿਆਨ ਸਾਡੇ ਧਿਆਨ ਵਿੱਚ ਆ ਜਾਵੇ ਭਾਵ ਸਾਡਾ ਧਿਆਨ ਉਹੋ ਜਿਹਾ ਹੋ ਜਾਵੇ ਜਿਹੋ ਜਿਹਾ ਗਿਆਨ ਲੈਣਾ ਸਾਨੂੰ ਗੁਰੂ ਸਮਝਾਉਂਦਾ ਹੈ ਭਾਵ ਸਾਡਾ ਧਿਆਨ ਗੁਰੂ ਦੇ ਗਿਆਨ ਵਾਲਾ ਬਣ ਜਾਵੇ ਭਾਵ ਸਾਡੇ ਮਨ ਦੇ ਵਿਚਾਰਾਂ ਵਿੱਚ ਗੁਰੂ ਦੇ, ਸ਼ਬਦ ਦੇ ਵਿਚਾਰ ਵੱਸ ਜਾਣ। ਗੁਰੂ ਸਾਨੂੰ ਵਾਰ-ਵਾਰ ਔਗੁਣ ਛੱਡਣ ਲਈ ਸਮਝਾਉਂਦਾ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਹਉਮੈ ਛੱਡਣ ਲਈ ਸਮਝਾਉਂਦਾ ਹੈ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦਾ ਹੈ ਭਾਵ ਸਾਨੂੰ ਗੁਣੀ ਬਣਨਾ ਸਿਖਾਉਂਦਾ ਹੈ ਤਾਂ ਜੋ ਸਾਡੀ ਸੰਸਾਰਿਕ ਵਿਚਰਨ ਗੁਣਾਂ ਵਾਲੀ ਬਣੇ, ਚੰਗੀ ਬਣੇ ਜੋ ਚੰਗੀ ਵਿਚਰਨ ਔਗੁਣਾਂ ਨੂੰ ਤਿਆਗ ਕੇ ਹੀ ਬਣ ਸਕਦੀ ਹੈ। ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਦੀ ਵਿਚਾਰ ਰਾਹੀਂ ਇਹੋ ਜਿਹਾ ਗੁਣੀ ਬਣਨਾ ਹੀ ਸਿਖਾਉਂਦਾ ਹੈ, ਸੱਚੇ "**ਗਿਆਨ ਧਿਆਨ**" ਵਾਲਾ ਬਣਨਾ ਸਿਖਾਉਂਦਾ ਹੈ। ਚੰਗੇ ਗੁਣ ਸਾਡੇ ਮਨ ਦੇ ਚੰਗੇ ਵਿਚਾਰ ਹਨ ਜੋ ਚੰਗੇ ਵਿਚਾਰ ਅਸੀਂ ਗੁਰੂ ਕੋਲੋਂ ਲੈਂਦੇ ਹਾਂ। ਗੁਰੂ ਦੇ ਚੰਗੇ ਵਿਚਾਰਾਂ ਨੂੰ ਮੰਨਣਾ ਹੀ ਭਾਵ ਉਹਨਾਂ ਤੇ ਅਮਲ ਕਰਨਾ ਹੀ ਗੁਣਾਂ ਦੀ ਪੂਜਾ ਹੈ ਤੇ ਗੁਣਾਂ ਦੀ ਪੂਜਾ ਕਰਨੀ ਹੀ ਸਾਡੇ ਜੀਵਨ ਦੀ "**ਸਗਲ ਘਾਲ**" ਹੈ ਭਾਵ ਇਸ ਤੋਂ ਬਾਅਦ ਫਿਰ ਕਿਸੇ ਹੋਰ ਘਾਲਣਾ ਘਾਲਣ ਦੀ ਲੋੜ ਨਹੀਂ ਰਹਿੰਦੀ ਭਾਵ ਕਿਸੇ ਹੋਰ ਸਰੀਰਕ ਜਪ ਤਪ ਦੀ ਲੋੜ ਨਹੀਂ ਰਹਿੰਦੀ ਜੋ ਜਪ ਤਪ ਆਦਿ ਕਰਨਾ ਭਗਤੀ ਦੇ ਸੱਚੇ ਮਾਰਗ ਦੀ ਨਾਸਮਝ ਹੋਣਾ ਹੀ ਹੈ। ਭਗਤੀ ਦਾ ਸੱਚਾ ਮਾਰਗ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆਉਂਦਾ ਹੈ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਗੁਣਾਂ ਦੀ ਪੂਜਾ ਉਹੀ ਕਰ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪਣੇ ਮੇਲ ਦੁਆਰਾ ਹਰ ਔਗੁਣ ਵਿੱਚੋਂ ਕੱਢ ਲੈਂਦਾ ਹੈ। ਸਾਡਾ ਸੱਚਾ ਉੱਦਮ ਔਗੁਣਾਂ ਨੂੰ ਛੱਡ ਕੇ ਗੁਣਾਂ ਨੂੰ ਅਪਣਾਉਣ ਦਾ ਹੀ ਹੈ ਜੋ ਕਿ ਭਗਤੀ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਹੈ। ਪ੍ਰਮਾਤਮਾ ਮਨੁੱਖ ਦੀ ਇਹੋ ਜਿਹੀ ਭਗਤੀ ਨੂੰ ਹੀ ਮੰਨਦਾ ਹੈ ਤੇ ਹੋਰ ਭਗਤੀ ਦੇ ਤਰੀਕੇ ਜੋ ਸਭ ਨੇ ਆਪਣੀ-ਆਪਣੀ ਮਤਿ ਦੁਆਰਾ, ਆਪਣੀ-ਆਪਣੀ ਧਾਰਮਿਕ ਆਸਥਾ ਦੁਆਰਾ ਬਣਾਏ ਹੋਏ ਹਨ ਉਹ ਤਰੀਕੇ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਨਹੀਂ ਹੁੰਦੇ ਜਿਸ ਕਰਕੇ ਬਾਣੀ ਰਾਹੀਂ ਵਾਰ-ਵਾਰ ਸ਼ਬਦਾਂ ਦੁਆਰਾ ਉਨ੍ਹਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ। (**ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥**)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥}

(ਅੰਗ - ੪੧੮)

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥}

(ਅੰਗ - ੫੯੮)

{ਹਮ ਗੁਣ ਨਾਹੀ ਕਿਆ ਬੋਲਹ ਬੋਲ ॥

ਤੂ ਸਭਨਾ ਦੇਖਹਿ ਤੋਲਹਿ ਤੋਲ ॥
ਜਿਉ ਭਾਵੈ ਤਿਉ ਰਾਖਹਿ ਰਹਣਾ ਗੁਰਮੁਖਿ ਏਕੋ ਜਾਤਾ ਹੇ ॥੫॥
ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥
ਅਵਗਣ ਛੋਡਿ ਗੁਣ ਮਾਹਿ ਸਮਾਏ ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥
ਜਹ ਦੇਖਾ ਤਹ ਏਕੋ ਸੋਈ ॥
ਦੂਜੀ ਦੁਰਮਤਿ ਸਬਦੇ ਖੋਈ ॥
ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ ॥੭॥}

(ਅੰਗ - ੧੦੫੧)

{ਆਪਿ ਭੁਲਾਏ ਕਿਸੁ ਕਹਉ ਜਾਇ ॥
ਗੁਰੁ ਮੇਲੇ ਬਿਰਥਾ ਕਹਉ ਮਾਇ ॥
ਅਵਗਣ ਛੋਡਉ ਗੁਣ ਕਮਾਇ ॥
ਗੁਰ ਸਬਦੀ ਰਾਤਾ ਸਚਿ ਸਮਾਇ ॥੫॥
ਸਤਿਗੁਰ ਮਿਲਿਐ ਮਤਿ ਊਤਮ ਹੋਇ ॥
ਮਨੁ ਨਿਰਮਲੁ ਹਉਮੈ ਕਢੈ ਧੋਇ ॥
ਸਦਾ ਮੁਕਤੁ ਬੰਧਿ ਨ ਸਕੈ ਕੋਇ ॥
ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥}

(ਅੰਗ - ੧੧੮੮)

ਸਾਰੀ ਗੁਰਬਾਣੀ ਸਾਨੂੰ ਸੱਚ ਹੀ ਸਮਝਾ ਰਹੀ ਹੈ ਤੇ ਜੋ ਸੱਚ ਹੈ ਉੱਥੇ ਨਾਮ ਹੈ, ਉੱਥੇ ਗੁਰਮਤਿ ਹੈ, ਉੱਥੇ ਗੁਣ ਹੈ ਤੇ ਜਿੱਥੇ ਸੱਚ ਨਹੀਂ ਉੱਥੇ ਔਗੁਣ ਹੈ ਭਾਵ ਮਨਮਤਿ ਹੈ।ਪ੍ਰਮਾਤਮਾ ਦੀ ਪੂਜਾ ਸੱਚੀ ਮਤਿ ਦੇ ਨਾਲ ਹੀ ਹੁੰਦੀ ਹੈ ਭਾਵ ਸਾਡੇ ਅੰਦਰ ਸੱਚ ਵੱਸਣ ਨਾਲ ਹੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਦੀ ਹਰ ਕਰਨੀ ਚੰਗੀ ਬਣ ਜਾਂਦੀ ਹੈ। ਅੰਦਰ ਸੱਚ ਵੱਸਣ ਤੋਂ ਬਿਨ੍ਹਾਂ ਭਾਵ ਗੁਣਾਂ ਵਾਲੀ ਸਮਝ ਵੱਸਣ ਤੋਂ ਬਿਨ੍ਹਾਂ ਜੋ ਵੀ ਆਪਣੇ ਵੱਲੋਂ ਭਗਤੀ ਕਰਕੇ ਦਿਖਾਉਂਦੇ ਹਨ ਭਾਵ ਮਨਮਤਿ ਦੁਆਰਾ ਜਿਹੋ ਜਿਹੀ ਭਗਤੀ ਕਰਦੇ ਹਨ, ਇਸੇ ਲਈ ਉਸ ਨੂੰ ਬਾਣੀ ਰਾਹੀਂ ਸੱਚੀ ਪੂਜਾ ਨਹੀਂ ਕਿਹਾ ਬਲਕਿ ਪਾਖੰਡ ਦੀ ਪੂਜਾ ਕਿਹਾ ਹੈ, ਔਗੁਣਾਂ ਦੀ ਪੂਜਾ ਕਿਹਾ ਹੈ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਾਂ ਕਿਉਂਕਿ ਉਹੋ ਜਿਹੀ ਦਿਖਾਵੇ ਵਾਲੀ ਭਗਤੀ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਨਹੀਂ ਹੁੰਦੀ।

(ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥
ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥
ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥

ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਨੁ ॥
ਘਰਿ ਬਾਹਰਿ ਏਕੋ ਕਰਿ ਜਾਨੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਨੁ ॥
ਨਾਨਕ ਨਦਰੀ ਨਦਰਿ ਪਛਾਨੁ ॥੮॥)

(ਅੰਗ - ੧੩੪੩)

ਹੁਣ ਅਸੀਂ ਮੁੱਖ ਸ਼ਬਦ ਦੀਆਂ ਉਹਨਾਂ ਪੰਗਤੀਆਂ ਨੂੰ ਹੋਰ ਬਰੀਕੀ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੀ ਸੱਚੀ ਬਾਣੀ ਨੇ ਸਾਨੂੰ ਕਿਸ ਤਰੀਕੇ ਸੁੱਚਾ ਬਣਾਉਣਾ ਹੈ ਤੇ ਜਦ ਤੱਕ ਮਨੁੱਖ ਸੁੱਚਾ ਨਹੀਂ ਹੁੰਦਾ ਭਾਵ ਗੁਣਾਂ ਵਾਲਾ ਨਹੀਂ ਬਣਦਾ ਤਦ ਤੱਕ ਉਸ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪ੍ਰਮਾਤਮਾ ਗੁਣਾਂ ਦਾ ਖਜਾਨਾ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਹੀ ਰੂਪ ਹੈ। ਗੁਰਬਾਣੀ ਗੁਣਾਂ ਦਾ ਖਜਾਨਾ ਹੈ ਜਿਸ ਖਜਾਨੇ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਡੇ ਮਨ ਦੀ ਸਮਝ ਨੂੰ ਸੁੱਚਾ ਬਣਾਉਣ ਦੇ ਨਾਲ ਹੀ ਹੈ। ਸੁੱਚੇ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਗੁਣਾਂ ਦੇ ਖਜਾਨੇ ਵਿੱਚੋਂ ਗੁਣਾਂ ਨੂੰ ਲਵਾਂਗੇ ਭਾਵ ਗੁਣਾਂ ਦੇ ਗਾਹਕ ਬਣਾਂਗੇ ਜੋ ਗਾਹਕ ਕਥਨੀ ਦੁਆਰਾ ਨਹੀਂ ਬਣਿਆ ਜਾ ਸਕਦਾ ਭਾਵ ਕਰਨੀ ਦੁਆਰਾ ਹੀ ਬਣਿਆ ਜਾ ਸਕਦਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ। (**ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥ ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥**)

ਅਸੀਂ ਜਿਸ ਤਰੀਕੇ ਸੁੱਚਾ ਹੋਣਾ ਸਮਝਦੇ ਹਾਂ ਭਾਵ ਆਪਣੇ ਆਪ ਨੂੰ ਸੁੱਚਾ ਬਣਾਉਂਦੇ ਹਾਂ ਉਹ ਸਾਡਾ ਕਿਤਨਾ ਕੁ ਵੱਡਾ ਭਰਮ ਹੈ, ਨਾਸਮਝੀ ਹੈ ਉਸ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੧ ॥

"ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥"

(ਅੰਗ - ੪੭੨)

ਪੂਰੇ ਸ਼ਬਦ ਦੇ ਅਰਥ ਅੱਗੇ ਚੱਲਕੇ ਸਮਝਾਂਗੇ ਤੇ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝਦੇ ਹਾਂ ਕਿ ਸੁੱਚੇ ਅਸੀਂ ਕਿਸ ਤਰੀਕੇ ਬਣਨਾ ਹੈ ਤੇ ਅਸੀਂ ਕਿਸ ਤਰੀਕੇ ਬਣਦੇ ਹਾਂ ਭਾਵ ਨਾਸਮਝੀ ਦੁਆਰਾ ਉਸ ਤਰੀਕੇ ਸੁੱਚਾ ਬਣਨਾ ਸਮਝਦੇ ਹਾਂ ਜਿਸ ਤਰੀਕੇ ਦਾ ਘੋਰ ਖੰਡਨ ਕੀਤਾ ਹੋਇਆ ਹੈ ਤੇ ਸਾਨੂੰ ਅਸਲ ਜੂਠ ਦੀ ਸਮਝ ਨਾ ਹੋਣ ਕਰਕੇ ਗੁਰੂ ਸਾਹਿਬ ਨੇ ਮਾੜੀ ਸਮਝ ਵਾਲਿਆਂ ਨੂੰ ਸ਼ਰਮਿੰਦਾ ਕੀਤਾ ਹੋਇਆ ਹੈ। ਸਾਡੇ ਅੰਦਰ ਦੀ ਜੂਠ ਕੀ ਹੈ ਤੇ ਉਸ ਜੂਠ ਦਾ ਕਾਰਨ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜੂਠ ਸਾਡੇ ਅੰਦਰ ਦੀ ਮਾੜੀ ਸਮਝ ਦੇ ਰੂਪ ਵਿੱਚ ਹੈ ਤੇ ਮਾੜੀ ਸਮਝ ਸਾਡੇ ਕੋਲੋਂ ਔਗੁਣ ਕਰਾਉਂਦੀ ਹੈ, ਮਾੜੇ ਕਰਮ ਕਰਾਉਂਦੀ ਹੈ। ਸਾਡੇ ਅੰਦਰ ਦੀ ਇਸ ਔਗੁਣਾਂ ਦੀ ਜੂਠ ਨੂੰ ਇਸਤਰੀ ਦੇ ਅੰਦਰ ਦੀ ਸਰੀਰ ਦੀ ਗੰਦਗੀ ਦੇ ਨਾਲ ਪ੍ਰਮਾਣ ਦੇਣ ਦੁਆਰਾ ਸਮਝਾਇਆ ਹੋਇਆ ਹੈ। ਔਰਤਾਂ ਨੂੰ ਮਹਾਂਵਾਰੀ ਆਉਂਦੀ ਹੈ ਭਾਵ ਸਿਰਨਾਵਣੀ

ਆਉਂਦੀ ਹੈ ਜੋ ਕਿ ਗੰਦੇ ਖੂਨ ਦੇ ਰੂਪ ਵਿੱਚ ਆਉਂਦੀ ਹੈ ਜਿੰਨ੍ਹਾਂ ਨੂੰ ਮਹਾਂਵਾਰੀ ਪੀਰਿਅਡਸ ਕਿਹਾ ਜਾਂਦਾ ਹੈ। ਇਸ ਪੀਰਿਅਡ ਦੇ ਦੌਰਾਨ ਔਰਤਾਂ ਨੂੰ ਤਕਲੀਫ ਸਹਿਣੀ ਪੈਂਦੀ ਹੈ ਜੋ ਕਿ ਕੁਦਰਤ ਦਾ ਬਣਾਇਆ ਹੋਇਆ ਇੱਕ ਤਰੀਕਾ ਹੈ ਤੇ ਉਸ ਦੌਰਾਨ ਬੀਬੀਆਂ ਭੈਣਾਂ ਨੂੰ ਖੁਆਰ ਹੋਣਾ ਪੈਂਦਾ ਹੈ ਭਾਵ ਦੁੱਖ ਸਹਿਣਾ ਪੈਂਦਾ ਹੈ। ਅੰਦਰ ਦੀ ਇਸ ਗੰਦਗੀ ਨੂੰ ਜੂਠ ਮੰਨਿਆ ਜਾਂਦਾ ਹੈ, ਅਪਵਿੱਤਰਤਾ ਮੰਨਿਆ ਜਾਂਦਾ ਹੈ ਤੇ ਮਨੁੱਖ ਦੇ ਮਨ ਦੇ ਅੰਦਰ ਦੀ ਜੂਠ ਨੂੰ ਭਾਵ ਮਨ ਦੀ ਔਗੁਣਾਂ ਵਾਲੀ ਬਿਰਤੀ ਨੂੰ ਇਹੋ ਜਿਹੀ ਜੂਠ ਦੇ ਬਰਾਬਰ ਕਿਹਾ ਹੈ, ਇਹੋ ਜਿਹੀ ਗੰਦਗੀ ਦੇ ਬਰਾਬਰ ਕਿਹਾ ਹੈ। ਗੁਰੂ ਜੀ ਸਮਝਾ ਰਹੇ ਹਨ ਕਿ ਜੋ ਮਨੁੱਖ ਔਗੁਣਾਂ ਵਾਲੇ ਹਨ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਣ ਵਾਲੇ ਹਨ ਉਹਨਾਂ ਦੇ ਮੁੱਖ ਅੰਦਰ ਇਹੋ ਜਿਹੀ ਗੰਦਗੀ ਹਰ ਵੇਲੇ ਵੱਸੀ ਰਹਿੰਦੀ ਹੈ ਜੋ ਮਨੁੱਖ ਨੂੰ ਹਰ ਵੇਲੇ ਖੁਆਰ ਕਰਦੀ ਹੈ, ਹਰ ਰੋਜ਼ ਖੁਆਰ ਕਰਦੀ ਹੈ ਭਾਵ ਉਸ ਦੇ ਆਤਮਿਕ ਜੀਵਨ ਨੂੰ ਖੁਆਰ ਕਰਦੀ ਹੈ। ਇਹੋ ਜਿਹੇ ਮਨੁੱਖ ਮਾਇਆ ਮੋਹ ਨਾਲ ਜੁੜੇ ਰਹਿੰਦੇ ਹਨ, ਤ੍ਰਿਸ਼ਨਾਵਾਂ ਨਾਲ ਜੁੜੇ ਰਹਿੰਦੇ ਹਨ ਜਿੰਨ੍ਹਾਂ ਦੀ ਪੂਰਤੀ ਲਈ ਉਹ ਅਨੇਕਾਂ ਮਾੜੇ ਕਰਮ ਕਰਦੇ ਹਨ, ਲੋਭ ਲਾਲਚ ਕਰਦੇ ਹਨ ਤੇ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਦੁਆਰਾ ਖੁਆਰ ਹੁੰਦੇ ਹਨ, ਦੁਖੀ ਹੁੰਦੇ ਹਨ ਤੇ ਆਪਣਾ ਆਤਮਿਕ ਜੀਵਨ ਬਰਬਾਦ ਕਰਦੇ ਹਨ। (**ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥**) ਇਹ ਜੂਠ ਸਾਡੇ ਮਨ ਨੂੰ ਅਪਵਿੱਤਰ ਕਰਦੀ ਹੈ ਜਿਸ ਤੋਂ ਅਸੀਂ ਪਵਿੱਤਰ ਹੋਣਾ ਹੈ ਭਾਵ ਜਿਸ ਜੂਠ ਤੋਂ ਅਸੀਂ ਆਪਣੇ ਆਪ ਨੂੰ ਸੁੱਚਾ ਬਣਾਉਣਾ ਹੈ। ਮਨ ਦੀ ਜੂਠ ਮਨ ਨੂੰ ਧੋਣ ਦੁਆਰਾ ਹੀ ਨਿਕਲ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਜੂਠ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਭਾਵ ਅਗਿਆਨਤਾ ਵਾਲੀ ਸਮਝ ਹੈ ਜਿਸ ਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੈ। ਸਾਡੇ ਅੰਦਰ ਦੀ ਔਗੁਣਾਂ ਦੀ ਮੈਲ ਗੁਰੂ ਦੇ ਗੁਣਾਂ ਦੁਆਰਾ ਹੀ ਧੁੱਪ ਸਕਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਧੁੱਪ ਸਕਦੀ ਹੈ ਜੋ ਗੁਰੂ ਦਾ ਸੱਚਾ ਗਿਆਨ ਸਾਨੂੰ ਗੁਣ ਹੀ ਸਮਝਾਉਂਦਾ ਹੈ, ਔਗੁਣ ਛੱਡਣ ਲਈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ। ਮਨ ਦੀ ਇਸ ਮੈਲ ਨੂੰ ਸਾਡੇ ਅੰਦਰੋਂ ਗੁਰੂ ਦਾ ਗਿਆਨ ਹੀ ਧੋ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਗੁਰੂ ਦਾ ਗਿਆਨ ਸਾਡੇ ਮਨ ਦੀ ਮੈਲ ਤਾਂ ਹੀ ਧੋਵੇਗਾ ਜੇਕਰ ਅਸੀਂ ਗੁਰੂ ਦੇ ਗਿਆਨ ਨੂੰ ਮੰਨਾਂਗੇ, ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਣਾਵਾਂਗੇ, ਗੁਰੂ ਦੀ ਗੱਲ ਨੂੰ ਮੰਨਾਂਗੇ ਤੇ ਉਹਨਾਂ ਔਗੁਣਾਂ ਨੂੰ ਛੱਡਾਂਗੇ ਜਿੰਨ੍ਹਾਂ ਨੂੰ ਛੱਡਣ ਲਈ ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ। (**ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥**) ਅੰਗ - ੯੯੨

{ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ ॥
ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ ॥੬॥}

(ਅੰਗ - ੫੧੦)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥

ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}

(ਅੰਗ - ੬੮੭)

{ਪੂਜਿ ਸਿਲਾ ਤੀਰਥ ਬਨ ਵਾਸਾ ॥
ਭਰਮਤ ਡੋਲਤ ਭਏ ਉਦਾਸਾ ॥
ਮਨਿ ਮੈਲੈ ਸੂਚਾ ਕਿਉ ਹੋਇ ॥
ਸਾਚਿ ਮਿਲੈ ਪਾਵੈ ਪਤਿ ਸੋਇ ॥੬॥
ਆਚਾਰਾ ਵੀਚਾਰੁ ਸਰੀਰਿ ॥
ਆਦਿ ਜੁਗਾਦਿ ਸਹਜਿ ਮਨੁ ਧੀਰਿ ॥
ਪਲ ਪੰਕਜ ਮਹਿ ਕੋਟਿ ਉਧਾਰੇ ॥
ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥}

(ਅੰਗ - ੬੮੬)

ਵਡਹੰਸੁ ਮਹਲਾ ੩ ਘਰੁ ੧
ੴ ਸਤਿਗੁਰ ਪ੍ਰਸਾਦਿ ॥
{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥
ਜਪਿ ਮਨ ਮੇਰੇ ਤੂ ਏਕੋ ਨਾਮੁ ॥
ਸਤਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ - ੫੫੮)

ਮੈਲ ਤਾਂ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਦੀ ਹੈ, ਹਉਮੈ ਦੀ ਹੈ, ਮਾਇਆ ਮੋਹ ਦੀ ਹੈ ਪਰ ਜਿਸ ਤਰੀਕੇ ਹਰ ਕੋਈ ਆਪਣੀ ਇਹ ਮੈਲ ਨੂੰ ਉਤਾਰਨਾ ਚਾਹੁੰਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥"

(ਅੰਗ - ੪੭੨)

ਜਿਸ ਤਰੀਕੇ ਆਮ ਕਰਕੇ ਭਗਤੀ ਕਰਨ ਦਾ ਤਰੀਕਾ ਸਮਝਿਆ ਜਾਂਦਾ ਹੈ ਭਾਵ ਆਪਣੇ ਆਪ ਨੂੰ ਸੁੱਚਾ ਬਣਾਉਣ ਦਾ ਤਰੀਕਾ ਸਮਝਿਆ ਜਾਂਦਾ ਹੈ ਉਹ ਤਰੀਕਾ ਹੀ ਉੱਪਰ ਸਮਝਾਇਆ ਹੋਇਆ ਹੈ। ਜੋ ਪ੍ਰਮਾਤਮਾ ਦੀ ਆਪਣੇ ਵੱਲੋਂ ਭਗਤੀ ਕਰਦੇ ਹਨ

ਉਹ ਹਰ ਰੋਜ਼ ਨਾ ਧੋ ਕੇ ਭਾਵ ਸਰੀਰ ਦਾ ਇਸ਼ਨਾਨ ਕਰਕੇ ਚੋਕੜੀਆਂ ਲਗਾ ਕੇ ਬੈਠ ਜਾਂਦੇ ਹਨ, ਆਪਣੇ ਰੋਜ਼ ਦੇ ਬਣਾਏ ਹੋਏ ਰੁਟੀਨ ਦੇ ਅਨੁਸਾਰ ਬੈਠ ਜਾਂਦੇ ਹਨ ਤੇ ਆਪਣੀ ਕਥਨੀ ਦੁਆਰਾ ਭਾਵ ਪਾਠ ਪੜ੍ਹਨ, ਸੁਣਨ ਆਦਿ ਦੁਆਰਾ, ਕਿਸੇ ਅੱਖਰ ਦਾ ਜਪ ਕਰਨ ਦੁਆਰਾ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ ਤੇ ਉਸ ਦਾ ਨਾਮ ਜਪਣਾ ਸਮਝਦੇ ਹਨ ਭਾਵ ਕੇਵਲ ਕਥਨੀ ਹੀ ਕਰਦੇ ਹਨ ਤੇ ਕੇਵਲ ਆਪਣੇ ਤਨ ਨੂੰ ਹੀ ਸੁੱਚਾ ਬਣਾਉਂਦੇ ਹਨ ਪਰ ਮਨ ਨੂੰ ਸੁੱਚਾ ਨਹੀਂ ਬਣਾਉਂਦੇ ਭਾਵ ਮਨ ਦੀ ਜੂਠ ਨਹੀਂ ਕੱਢਦੇ, ਮਨਮਤਿ ਦੀ ਮੈਲ ਨਹੀਂ ਕੱਢਦੇ, ਮਾਇਆ ਮੋਹ, ਹਉਮੈ ਦੀ ਮੈਲ ਨਹੀਂ ਕੱਢਦੇ ਭਾਵ ਮਨ ਦੀ ਅਗਿਆਨਤਾ ਨਹੀਂ ਛੱਡਦੇ ਤੇ ਭਗਤੀ ਦੇ ਸਹੀ ਮਾਰਗ ਨੂੰ ਨਹੀਂ ਸਮਝਦੇ ਜੋ ਭਗਤੀ ਦਾ ਮਾਰਗ ਹੈ ਹੀ ਸਾਡੀ ਗੁਣਾਂ ਵਾਲੀ ਕਰਨੀ ਜੋ ਗੁਣ ਅਸੀਂ ਆਪਣੀ ਵਿਚਰਨ ਵਿੱਚ ਦਿਖਾਉਣੇ ਹਨ, ਆਪਣੀ ਕਰਨੀ ਵਿੱਚ ਦਿਖਾਉਣੇ ਹਨ, ਆਪਣੀ ਕਿਰਤ ਵਿੱਚ ਦਿਖਾਉਣੇ ਹਨ ਜਿਸ ਦੁਆਰਾ ਉਸ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਹਰ ਕੋਈ ਕਥਨੀ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦਾ ਹੈ ਜਦ ਕਿ ਭਗਤੀ ਦਾ ਮਾਰਗ ਸਾਡੀ ਸੁਕ੍ਰਿਤ ਕਰਨੀ ਦਾ ਮਾਰਗ ਹੈ। ਕਥਨੀ ਕਰਨ ਦੁਆਰਾ ਜਿਤਨੇ ਮਰਜੀ ਆਪਣੇ ਵੱਲੋਂ ਬੋਲ ਬੋਲ ਕੇ ਪ੍ਰਮਾਤਮਾ ਦੇ ਗੁਣ ਗਾਈ ਜਾਈਏ ਪਰ ਜੇਕਰ ਆਪਣੇ ਕਾਰ ਵਿਹਾਰ ਵਿੱਚ ਅਸੀਂ ਝੂਠ ਹੀ ਬੋਲਦੇ ਹਾਂ, ਦੂਸਰਿਆਂ ਦਾ ਹੱਕ ਖਾਂਦੇ ਹਾਂ ਫਿਰ ਕੀ ਉਸ ਨੂੰ ਅਸੀਂ ਆਪਣੇ ਗੁਣ ਕਹਾਂਗੇ ਤੇ ਸਾਨੂੰ ਗੁਣੀ ਕਹਾਉਣ ਦਾ ਕੋਈ ਹੱਕ ਬਣਦਾ ਹੈ। ਧਰਮ ਗ੍ਰੰਥ, ਗੁਰਬਾਣੀ ਸਾਨੂੰ ਵਾਰ-ਵਾਰ ਆਪਣੀ ਵਿਚਰਨ ਵਿੱਚ ਗੁਣੀ ਬਣਨਾ ਸਿਖਾਉਂਦੇ ਹਨ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਜਿਸ ਵਿੱਚ ਸੱਚਾ ਸੁੱਖ ਹੈ। ਨਾ ਆਪ ਤ੍ਰਿਸ਼ਨਾਵਾਂ ਦੀ ਅਗਨ ਵਿੱਚ ਸੜੀਏ, ਦੁਖੀ ਹੋਈਏ ਤੇ ਨਾ ਹੀ ਕਿਸੇ ਦਾ ਮਾੜਾ ਕਰਨ ਦੁਆਰਾ ਕਿਸੇ ਨੂੰ ਦੁੱਖ ਦੇਈਏ। ਆਪਣੀ ਕਿਰਤ ਵਿੱਚ, ਸੰਸਾਰਿਕ ਵਿਚਰਨ ਵਿੱਚ ਗੁਣੀ ਬਣਕੇ ਵਿਚਰਨਾ ਹੀ ਗੁਰੂ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਸਾਰੀ ਗੱਲ ਆਪਣੇ ਮਨ ਨੂੰ ਸਮਝਾਉਣ ਦੀ ਹੈ ਜੋ ਮਨ ਔਗੁਣਾਂ ਦਾ ਭਰਿਆ ਹੋਇਆ ਹੈ, ਭਰਮਾਂ ਵਾਲੇ ਵਿਚਾਰਾਂ ਦਾ ਭਰਿਆ ਹੋਇਆ ਹੈ। ਗੁਰੂ ਦੀ ਮਤਿ ਸਾਨੂੰ ਭਰਮਾਂ ਵਿੱਚੋਂ ਕੱਢ ਕੇ ਸੱਚ ਨਾਲ ਹੀ ਜੋੜਦੀ ਹੈ ਤੇ ਸਾਡੇ ਮਨ ਨੂੰ ਸੁੱਚਾ ਕੇਵਲ ਸੱਚ ਹੀ ਕਰ ਸਕਦਾ ਹੈ ਤੇ ਕੋਈ ਹੋਰ ਨਹੀਂ ਕਰ ਸਕਦਾ ਤੇ ਸੱਚ ਕੇਵਲ ਗੁਰੂ ਦੇ ਕੋਲ ਹੈ। ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਤੇ ਜਿੱਥੇ ਸੱਚ ਹੈ ਉੱਥੇ ਭਰਮ ਨਹੀਂ। ਸੱਚ ਨਾਮ ਹੈ ਭਰਮ ਹਉਮੈ ਹੈ। ਸੱਚ ਸੱਚਾ ਗਿਆਨ ਹੈ ਤੇ ਭਰਮ ਅਗਿਆਨਤਾ ਹੈ। ਸੱਚ ਗੁਣ ਹੈ ਤੇ ਭਰਮ ਔਗੁਣ ਹੈ। ਸੱਚ ਗੁਰਮਤਿ ਹੈ ਤੇ ਭਰਮ ਮਨਮਤਿ ਹੈ। ਬਿਨ੍ਹਾਂ ਗੁਰਮਤਿ ਨੂੰ ਮੰਨੇ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ ਭਾਵ ਮਨ ਦੀ ਜੂਠ ਛੱਡੇ ਬਿਨ੍ਹਾਂ ਸੁੱਚੇ ਨਹੀਂ ਬਣਿਆ ਜਾ ਸਕਦਾ ਤੇ ਸੁੱਚੇ ਬਣੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਜਾ ਸਕਦੀ। (**ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥ ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥**)

ਗੁਰੂ ਸਾਨੂੰ ਆਪਣੀ ਬਾਣੀ ਰਾਹੀਂ ਬਹੁਤ ਕੁੱਝ ਸਮਝਾਉਂਦਾ ਹੈ ਪਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਜਿਸ ਦਾ ਕਾਰਨ ਸਾਡੇ ਮਨ ਦਾ ਭਰਮ ਹੈ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਭਾਵ ਸਾਡਾ ਭਰਮ ਨਹੀਂ ਨਿਕਲਿਆ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਕਿਸੇ ਅੱਖਰ ਨੂੰ ਬੋਲੀ ਜਾਣਾ ਨਾਮ ਜਪਣਾ ਨਹੀਂ ਹੈ ਪਰ ਸਾਨੂੰ ਵਿਸ਼ਵਾਸ ਨਹੀਂ ਆਉਂਦਾ ਭਾਵ ਸਾਡਾ ਭਰਮ ਨਹੀਂ ਨਿਕਲਿਆ। ਸਾਡੀ ਮਤਿ ਇਹਨਾਂ ਭਰਮਾਂ ਦੀ ਭਰੀ ਹੋਈ ਹੈ ਜਿੰਨ੍ਹਾਂ ਭਰਮਾਂ ਦਾ ਕੋਈ ਅੰਤ ਨਹੀਂ ਹੈ ਤੇ ਇਹ ਭਰਮ ਹੀ ਸਾਨੂੰ ਗੁਰੂ ਦੀ ਮਤਿ ਨਾਲ ਜੁੜਨ ਨਹੀਂ ਦਿੰਦੇ। ਗੁਰੂ ਸਾਨੂੰ ਗੁਣ ਹੀ ਸਮਝਾਉਂਦਾ ਹੈ ਤੇ ਜੋ ਸਮਝ ਸਾਨੂੰ ਗੁਣਾਂ ਨਾਲ ਨਹੀਂ ਜੁੜਨ ਦਿੰਦੀ ਉਹ ਸਾਡਾ ਔਗੁਣ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਮਨੁੱਖ ਦੇ ਅੰਦਰ ਕਿਤਨੇ ਕੁ ਔਗੁਣ ਹਨ ਤੇ ਉਹਨਾਂ ਔਗੁਣਾਂ ਦਾ ਕਾਰਨ ਕੀ ਹੈ ਤੇ ਉਹਨਾਂ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ।

ਗਉੜੀ ਚੇਤੀ ਮਹਲਾ ੧ ॥

“ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥
ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥

ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥
ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥
ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥
ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥
ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥
ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥
ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥"

(ਅੰਗ - ੧੫੬)

ਸੰਸਾਰ ਵਿੱਚ ਅਸੀਂ ਜੋ ਕੁੱਝ ਵੀ ਦੇਖਦੇ ਹਾਂ ਉਹ ਵਸਤੂ ਕਿਸੇ ਗੁਣ ਦੁਆਰਾ ਹੀ ਬਣੀ ਹੈ ਤੇ ਕਿਸੇ ਗੁਣ ਦੁਆਰਾ ਹੀ ਉਹ ਚੱਲ ਰਹੀ ਹੈ। ਜਦ ਤੱਕ ਅਸੀਂ ਗੁਣਾਂ ਦੇ ਮੂਲ ਤਕ ਨਹੀਂ ਪਹੁੰਚਦੇ ਤਦ ਤੱਕ ਅਸੀਂ ਜੋ ਕੁੱਝ ਵੀ ਸੰਸਾਰ ਨੂੰ ਸਮਝਦੇ ਹਾਂ ਉਹ ਸਾਡਾ ਔਗੁਣ ਹੈ। ਆਉ ਪਹਿਲਾਂ ਸ਼ਬਦ ਦੇ ਪਹਿਲੇ ਪਦੇ ਨੂੰ ਸਮਝਦੇ ਹਾਂ ਕਿ ਪ੍ਰਮਾਤਮਾ ਕਿਤਨਾ ਵੱਡਾ ਗੁਣੀ ਹੈ ਤੇ ਉਸ ਨੇ ਸੰਸਾਰ ਨੂੰ ਕਿਤਨੇ ਵੱਡੇ ਭਰਮਾਂ ਵਿੱਚ ਰੱਖਿਆ ਹੋਇਆ ਹੈ।

"ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥"

ਬਾਣੀ ਰਾਹੀਂ ਸਾਨੂੰ ਅਨੇਕਾਂ ਵਾਰੀ ਇਹ ਗੱਲ ਸਮਝਾਈ ਗਈ ਹੈ ਕਿ ਨਾ ਹੀ ਕੋਈ ਸਾਡੀ ਮਾਂ ਹੈ ਤੇ ਨਾ ਹੀ ਕੋਈ ਸਾਡਾ ਪਿਉ ਹੈ ਤੇ ਸਾਰਿਆ ਦਾ ਮਾਂ ਪਿਉ ਪ੍ਰਮਾਤਮਾ ਆਪ ਹੈ। (**ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥ ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥**) ਅੰਗ - ੬੫੩

{ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥
ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥
ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥
ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥੧॥}

(ਅੰਗ - ੮੭੬)

ਉੱਪਰ ਮੁੱਖ ਸ਼ਬਦ ਰਾਹੀਂ ਸਾਨੂੰ ਇਸ ਗੱਲ ਤੇ ਵਿਸ਼ਵਾਸ ਕਿਉਂ ਨਹੀਂ ਆਉਂਦਾ ਕਿ ਸਭ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਇਹੀ ਗੱਲ ਸਮਝਾਈ ਹੋਈ ਹੈ। ਹਰ ਕੋਈ ਮਨੁੱਖੀ ਰੂਪ ਇਹੀ ਸਮਝਦਾ ਹੈ ਕਿ ਮੈਨੂੰ ਪੈਦਾ ਕਰਨ ਵਾਲੇ ਮੇਰੇ ਮਾਂ ਬਾਪ ਹਨ ਤੇ ਮੈਂ ਸਰੀਰ ਦੇ ਰਾਹੀਂ ਪੈਦਾ ਹੋਇਆ ਹਾਂ ਤੇ ਇਹ ਸਰੀਰ ਮੇਰਾ ਹੈ। ਜਿਸ ਤਰੀਕੇ ਸਰੀਰ ਦੇ ਰੂਪ ਵਿੱਚ ਮੇਰੇ ਮਾਂ ਬਾਪ ਹਨ, ਉਸੇ ਤਰੀਕੇ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ। ਜਦ ਤੱਕ ਅਸੀਂ ਇਹੀ ਕੁੱਝ ਸਮਝਦੇ ਹਾਂ ਤਦ ਤੱਕ ਅਸੀਂ ਅਸਲੀਅਤ ਨੂੰ ਨਹੀਂ ਸਮਝਦੇ ਕਿ ਅਸੀਂ ਕੌਣ ਹਾਂ ਕਿਉਂਕਿ ਅਸੀਂ ਆਪਣੇ ਆਪ ਨੂੰ ਉਹੋ ਕੁੱਝ ਸਮਝਦੇ ਹਾਂ ਜੋ ਅਸੀਂ ਨਹੀਂ ਹਾਂ। ਜਦ ਤੱਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਲੈਂਦਾ ਤਦ ਤੱਕ ਇਸ ਗੱਲ ਨੂੰ ਕੋਈ ਨਹੀਂ ਮੰਨ ਸਕਦਾ, ਕੋਈ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦਾ ਕਿ ਮਨੁੱਖੀ ਰੂਪ ਦੇ ਵਿੱਚ ਕੌਣ ਹੈ ਤੇ ਅਸੀਂ ਕਿਸ ਕਰਕੇ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ

ਹਾਂ। ਮਨੁੱਖੀ ਸਰੀਰ ਦਾ ਜਨਮ ਮਾਤਾ ਤੇ ਪਿਤਾ ਰਾਹੀਂ ਹੀ ਹੁੰਦਾ ਹੈ ਜੋ ਕਿ ਪੂਰਨ ਸੱਚਾਈ ਹੈ ਪਰ ਸਾਰੀ ਗੱਲ ਇਸ ਗੱਲ ਨੂੰ ਸਮਝਣ ਦੀ ਹੈ ਕਿ ਅਸੀਂ ਕਿਸ ਲਈ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਕਿ ਇਹ ਸਰੀਰ ਸਾਡਾ ਹੈ। ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਅਸੀਂ ਕਿਸ ਕਰਕੇ ਆਪਣੇ ਆਪ ਨੂੰ "**ਮੈਂ**" ਸਮਝਦੇ ਹਾਂ ਤਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਅਸੀਂ ਕਿੱਥੋਂ ਆਏ ਹਾਂ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਸਾਨੂੰ "ਮੈਂ" ਸਮਝਾਉਣ ਵਾਲੀ, ਸਾਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਾਉਣ ਵਾਲੀ ਸਾਡੇ ਅੰਦਰ ਦੀ ਸਮਝ ਹੀ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਕੌਣ ਹਾਂ ਤੇ ਕਿੱਥੋਂ ਆਏ ਹਾਂ ਭਾਵ ਅਸੀਂ ਮਨੁੱਖ ਹਾਂ ਤੇ ਮਨੁੱਖੀ ਸਰੀਰ ਰਾਹੀਂ ਆਏ ਹਾਂ। ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਜਿਸ ਨੇ ਆਪ ਹੀ ਮਨ ਦੀ ਸਮਝ ਰਾਹੀਂ ਸਾਨੂੰ ਪੜਦੇ ਵਿੱਚ ਰੱਖਿਆ ਹੋਇਆ ਹੈ ਭਾਵ ਉਸ ਨੇ ਆਪਣੇ ਆਪ ਦੀ ਅਸਲੀਅਤ ਛੁਪਾਈ ਹੋਈ ਹੈ। ਉੱਪਰ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਸਾਡਾ ਜਨਮ ਕਿਸ ਤਰੀਕੇ ਹੁੰਦਾ ਹੈ ਭਾਵ ਅਸੀਂ ਕਿਸ ਤਰੀਕੇ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਇਹੀ ਗੱਲ ਸਮਝਾਈ ਹੋਈ ਹੈ। "**ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥**" ਸਾਡਾ ਜਨਮ ਇਸ ਤਰੀਕੇ ਕਹਿ ਕੇ ਸਮਝਾਇਆ ਹੋਇਆ ਹੈ "**ਅਗਨਿ ਬਿੰਬ ਜਲ ਭੀਤਰਿ ਨਿਪਜੇ**"। ਇਸ ਰਾਹੀਂ ਸਾਡੇ ਮਨ ਦੇ ਅੰਦਰ ਦੀ ਸਮਝ ਸਾਡੇ ਅੰਦਰ ਕਿਵੇਂ ਆਉਂਦੀ ਹੈ ਤੇ ਕਿੱਥੋਂ ਆਉਂਦੀ ਹੈ ਇਹੀ ਗੱਲ ਸਮਝਾਈ ਹੋਈ ਹੈ। ਅਗਨ ਕੀ ਹੈ ਤੇ ਜਲ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਨ ਦੀ ਅਗਨ ਸਾਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਦੀ ਹੈ ਜੋ ਕਿ ਸਾਡੇ ਅੰਦਰ ਦੀ ਹਉਮੈ ਰੂਪ ਅਗਨ ਹੈ, ਮਾਇਆ ਮੋਹ ਵਾਲੀ ਸਮਝ ਹੈ। ਜਲ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ ਜੋ ਕਿ ਉਸ ਦਾ ਅੰਮ੍ਰਿਤ ਜਲ ਰੂਪ ਹੈ ਜਿਸ ਜਲ ਦੁਆਰਾ ਸਾਡੇ ਅੰਦਰੋਂ ਅਗਨ ਬੁਝਦੀ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਿਵ ਸ਼ਕਤੀ ਦਾ ਮੇਲ ਸਮਝਿਆ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਵਰਤਦਾ ਹੈ ਉਸੇ ਤਰੀਕੇ ਹੀ ਇਹ ਅਗਨ ਤੇ ਜਲ ਸਾਡੇ ਅੰਦਰ ਦੀ ਸਮਝ ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰੋਂ ਜੋ ਵੀ ਸਾਨੂੰ ਸਮਝ ਪੈਂਦੀ ਹੈ ਉਹ ਅੰਮ੍ਰਿਤ ਜਲ ਰੂਪ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਅੰਮ੍ਰਿਤ ਨਾਮ ਰੂਪ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜਲ ਦੇ ਵਿੱਚੋਂ ਜਿਵੇਂ ਬਿੰਬ ਉਪਜਦੇ ਹਨ ਇਸੇ ਤਰ੍ਹਾਂ ਸਾਡੇ ਅੰਦਰੋਂ ਵਿਚਾਰ ਉਪਜਦੇ ਹਨ ਜਿੰਨ੍ਹਾਂ ਵਿਚਾਰਾਂ ਰਾਹੀਂ ਪ੍ਰਮਾਤਮਾ ਆਪ ਹੀ ਸਾਨੂੰ ਅਗਨ ਰੂਪ ਸਮਝ ਦੇ ਨਾਲ ਜੋੜ ਕੇ ਰੱਖਦਾ ਹੈ, ਮਾਇਆ ਮੋਹ ਵਾਲੀ ਸਮਝ ਦੇ ਨਾਲ ਜੋੜ ਕੇ ਰੱਖਦਾ ਹੈ, ਤ੍ਰਿਸ਼ਨਾਵਾਂ ਵਾਲੀ ਸਮਝ ਦੇ ਨਾਲ ਜੋੜ ਕੇ ਰੱਖਦਾ ਹੈ ਭਾਵ ਭਰਮਾਂ ਵਿੱਚ ਪਾ ਕੇ ਰੱਖਦਾ ਹੈ ਜਿਸ ਦੁਆਰਾ ਮਨੁੱਖ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਮੇਰੀ ਅਸਲੀਅਤ ਕੀ ਹੈ। ਅੰਮ੍ਰਿਤ ਜਲ ਦਾ ਰੂਪ ਹੁੰਦੇ ਹੋਏ ਵੀ, ਪ੍ਰਮਾਤਮਾ ਦਾ ਰੂਪ ਹੁੰਦੇ ਹੋਏ ਵੀ ਆਪਣੀ ਅਸਲੀਅਤ ਨੂੰ ਨਹੀਂ ਸਮਝ ਸਕਦਾ। ਮਨ ਦੀ ਸਮਝ ਰਾਹੀਂ ਜੋ ਸਾਡੇ ਅੰਦਰ ਵਿਚਾਰ ਉਪਜਦੇ ਹਨ ਉਹਨਾਂ ਰਾਹੀਂ ਹੀ ਸਾਡਾ ਜਨਮ ਹੁੰਦਾ ਹੈ ਜੋ ਮਨ ਦੇ ਵਿਚਾਰ ਸਾਨੂੰ ਇਹ ਸਮਝਾਉਂਦੇ ਹਨ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ ਤੇ ਜਿੰਨ੍ਹਾਂ ਨੇ ਮੇਰਾ ਸਰੀਰ ਪੈਦਾ ਕੀਤਾ ਹੈ ਉਹ ਮੇਰੇ ਮਾਂ ਬਾਪ ਹਨ। ਮਨੁੱਖ ਦਾ ਇਸ ਸੰਸਾਰ ਵਿੱਚ ਆਉਣ ਦਾ ਮਕਸਦ ਕੀ ਹੈ ਭਾਵ ਮਨੁੱਖੀ ਰੂਪ ਇਸ ਸੰਸਾਰ ਵਿੱਚ ਕਿਹੜੇ ਕੰਮ ਲਈ ਆਇਆ ਹੈ ਇਸ ਗੱਲ ਦੀ ਸਾਨੂੰ ਸਾਡੇ ਅੰਦਰੋਂ ਸਮਝ ਨਹੀਂ ਪੈਂਦੀ ਕਿਉਂਕਿ ਇਹ ਸਮਝ ਸਾਨੂੰ ਪ੍ਰਮਾਤਮਾ ਆਪ ਹੀ ਨਹੀਂ ਪੈਣ ਦਿੰਦਾ ਭਾਵ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦਾ ਹੈ। ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਜਿਸ ਖੇਡ ਨੂੰ ਉਹ ਮਨੁੱਖੀ ਸਰੀਰ ਰਾਹੀਂ ਚਲਾ ਰਿਹਾ ਹੈ। ਜੇਕਰ ਮਨੁੱਖ ਨੂੰ ਇਹ ਸਮਝ ਲੱਗ ਜਾਵੇ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਆਪ ਪ੍ਰਮਾਤਮਾ ਦਾ ਰੂਪ ਹੀ ਹਾਂ ਭਾਵ ਜੇਕਰ ਸਭ ਨੂੰ ਇਹ ਵਿਸ਼ਵਾਸ ਆ ਜਾਵੇ ਕਿ ਸਰੀਰ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਤਾਂ ਫਿਰ ਇਹ ਸੰਸਾਰ ਦੀ ਖੇਡ ਨਹੀਂ ਚੱਲ ਸਕਦੀ। ਇਹ ਖੇਡ ਤਾਂ ਹੀ ਚੱਲ ਸਕਦੀ ਹੈ ਜਦੋਂ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਇਹ ਸੰਸਾਰ ਪ੍ਰਮਾਤਮਾ ਨੇ ਬਹੁਤ ਵੱਡਾ ਬਣਾਇਆ ਹੈ ਜਿਸ ਦੀ ਸੰਭਾਲ ਵੀ ਉਹ ਆਪ ਹੀ ਕਰਦਾ ਹੈ, ਮਨੁੱਖੀ ਸਰੀਰਾਂ ਰਾਹੀਂ ਕਰਦਾ ਹੈ ਪਰ ਮਨੁੱਖ ਇਸ ਨੂੰ ਸਮਝ ਨਹੀਂ ਸਕਦਾ। ਹਰ ਕੰਮ ਲਈ ਗਿਆਨ ਦੀ ਲੋੜ ਹੈ ਤੇ ਗਿਆਨ ਦਾ ਸ੍ਰੋਤ ਕੇਵਲ ਪ੍ਰਮਾਤਮਾ ਇੱਕੋ ਇੱਕ ਆਪ ਹੀ ਹੈ। ਅਸੀਂ ਬਚਪਨ ਤੋਂ ਲੈ ਕੇ ਸਕੂਲਾਂ ਵਿੱਚੋਂ ਜੋ ਸਿੱਖਿਆ ਲੈਣੀ ਸ਼ੁਰੂ ਕਰਦੇ ਹਾਂ ਉਹ ਸਿੱਖਿਆ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ। ਉਹ ਆਪ ਹੀ ਇੰਜਨੀਅਰਿੰਗ ਸਮਝਾਉਣ ਵਾਲਾ ਹੈ, ਉਹ ਆਪ ਹੀ ਡਾਕਟਰੀ ਸਮਝਾਉਣ ਵਾਲਾ ਹੈ ਭਾਵ ਜੇਕਰ ਉਸ ਨੇ ਬਿਮਾਰੀਆਂ ਬਣਾਈਆਂ ਹਨ ਤਾਂ ਉਹਨਾਂ ਦਾ ਇਲਾਜ ਵੀ ਉਹ ਆਪ ਹੀ ਸਮਝਾਉਂਦਾ ਹੈ। ਉਹ ਆਪ ਹੀ ਸਾਇੰਟਿਸਟ ਹੈ ਜੋ ਨਵੇਂ ਨਵੇਂ ਤਰੀਕੇ ਇਸ ਸੰਸਾਰ ਨੂੰ ਚਲਾਉਣ ਲਈ ਆਪ ਹੀ ਬਣਾਉਂਦਾ ਹੈ। ਸੰਸਾਰ ਨੂੰ ਚਲਾਉਣ ਲਈ ਮਾਇਆ ਦੀ ਲੋੜ ਹੈ ਜਿਸ ਮਾਇਆ ਦੀ ਉਤਪਤੀ ਉਹ ਆਪ ਹੀ ਕਰਦਾ ਹੈ ਭਾਵ ਇਸ ਸਰੀਰ ਦੀਆਂ ਜਰੂਰਤਾਂ ਉਹ ਆਪ ਹੀ ਪੂਰੀਆਂ ਕਰਦਾ ਹੈ। ਇਸ ਸ੍ਰਿਸ਼ਟੀ ਨੂੰ ਚਲਾਉਣ ਲਈ ਅਨੇਕਾਂ ਗੱਲਾਂ ਦੀ ਲੋੜ ਹੈ, ਅਨੇਕਾਂ ਕੰਮਾਂ ਦੀ ਲੋੜ ਹੈ ਤੇ ਉਹ ਹਰ ਕੰਮ ਕਰਨ

ਵਾਲਾ ਪ੍ਰਮਾਤਮਾ ਆਪ ਹੀ ਹੈ, ਕੋਈ ਹੋਰ ਨਹੀਂ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਜੋ ਕੁੱਝ ਹੋਰ ਹੈ ਤਾਂ ਉਹ ਮਨੁੱਖ ਦਾ ਭਰਮ ਹੈ ਤੇ ਭਰਮ ਪਾਉਣ ਵਾਲਾ ਵੀ ਉਹ ਆਪ ਹੀ ਹੈ। ਭਰਮ ਵੀ ਸਾਡੇ ਮਨ ਦਾ ਗਿਆਨ ਹੀ ਹੈ ਜੋ ਭਰਮ ਨਿਕਲੇ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਮਨੁੱਖ ਕੀ ਹੈ, ਕਿੱਥੋਂ ਆਇਆ ਹੈ ਤੇ ਸੰਸਾਰ ਵਿੱਚ ਕਿਸ ਕੰਮ ਲਈ ਆਇਆ ਹੈ। (**ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥**) ਇਹ ਪ੍ਰਮਾਤਮਾ ਦੀ ਰਚੀ ਹੋਈ ਖੇਡ ਹੈ ਜਿਸ ਖੇਡ ਨੂੰ ਉਸ ਨੇ ਆਪ ਹੀ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਅਸੀਂ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕਰ ਸਕਦੇ ਹਾਂ।

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥
ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥
ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥
ਆਪ ਹੀ ਕਰਤਾ ਬੀਠੁਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥
ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥
ਅਮਰੁ ਹੋਇ ਸਦ ਆਕੁਲ ਰਹੈ ॥੪॥}

(ਅੰਗ - ੧੩੫੧)

ਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਗਿਆ ਹੈ ਕਿ ਨਾ ਕੋਈ ਮਰਦਾ ਹੈ ਨਾ ਕੋਈ ਜੰਮਦਾ ਹੈ, ਨਾ ਕੋਈ ਆਉਂਦਾ ਹੈ ਨਾ ਕੋਈ ਜਾਂਦਾ ਹੈ। ਹਉਮੈ ਹੀ ਆਉਂਦੀ ਜਾਂਦੀ ਹੈ ਭਾਵ ਸਾਡਾ ਜਨਮ ਮਰਨ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। (**ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥**) ਅੰਗ - ੯੯੫ । ਗੁਰੂ ਜੋ ਵੀ ਕਹਿੰਦਾ ਹੈ ਸਾਨੂੰ ਸਮਝਾਉਣ ਲਈ ਹੀ ਕਹਿੰਦਾ ਹੈ ਤੇ ਗੁਰੂ ਕਦੇ ਗਲਤ ਨਹੀਂ ਹੋ ਸਕਦਾ, ਗੁਰੂ ਕਦੇ ਝੂਠ ਨਹੀਂ ਬੋਲ ਸਕਦਾ। ਗੁਰੂ ਜੋ ਕੁੱਝ ਕਹਿੰਦਾ ਹੈ ਉਸ ਵਿੱਚ ਪੂਰਨ ਸੱਚ ਹੈ ਭਾਵ ਇਹ ਗੁਰੂ ਦਾ ਗੁਣ ਹੈ ਕਿ ਉਹ ਸੱਚ ਬੋਲਦਾ ਹੈ। ਝੂਠੇ ਅਸੀਂ ਹਾਂ ਜਿੰਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਉਹ ਕਦੇ ਜਨਮ ਮਰਨ ਵਿੱਚ ਨਹੀਂ ਹੋ ਸਕਦਾ। ਇਹ ਤਾਂ ਉਸ ਦੀ ਬਣਾਈ ਹੋਈ ਇੱਕ ਖੇਡ ਹੈ ਜੋ ਸਾਡੇ ਲਈ ਇੱਕ ਭਰਮ ਹੈ। ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਆਉਣਾ ਭਾਵ ਨਾ ਮੰਨਣਾ ਝੂਠ ਹੈ, ਸਾਡਾ ਔਗੁਣ ਹੈ ਜਿਸ ਦਾ ਕਾਰਨ ਸਾਡਾ ਭਰਮ ਹੈ। ਮਨੁੱਖੀ ਸਮਝ ਭਰਮਾਂ ਨਾਲ ਭਰੀ ਹੋਈ ਹੈ ਤੇ ਗੁਰੂ ਦੀ ਸਮਝ ਗੁਣਾਂ ਨਾਲ ਭਰੀ ਹੋਈ ਹੈ ਭਾਵ ਸੱਚ ਨਾਲ ਭਰੀ ਹੋਈ ਹੈ। ਗੁਰੂ ਦੇ ਗੁਣਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਤੇ ਮਨੁੱਖ ਦੇ ਔਗੁਣਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ "ਰਹਾਉ" ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"**ਮੇਰੇ ਸਾਹਿਬਾ ਕਉਨੁ ਜਾਣੈ ਗੁਣ ਤੇਰੇ ॥**
ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥"

ਗੁਣਾਂ ਔਗੁਣਾਂ ਦੇ ਭੇਦ ਨੂੰ ਸਮਝਣਾ ਬਹੁਤ ਹੀ ਗਹਿਰਾਈ ਦੀ ਗੱਲ ਹੈ। ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਪ੍ਰਮਾਤਮਾ ਦੇ ਗੁਣਾਂ ਦਾ ਖਲੇਰਾ ਕਿਤਨਾ ਕੁ ਵੱਡਾ ਹੈ ਤਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਹਰ ਵਸਤੂ ਗੁਣਾਂ ਨਾਲ ਕਿਸ ਤਰੀਕੇ ਭਰਪੂਰ ਹੈ। ਜਿੱਥੋਂ ਤੱਕ ਵੀ ਮਨੁੱਖੀ ਨਜ਼ਰ ਜਾਂਦੀ ਹੈ ਸਭ ਪਾਸੇ ਪ੍ਰਮਾਤਮਾ ਦਾ ਪਸਾਰਾ ਹੀ ਹੈ ਤੇ ਪਸਾਰੇ ਦੇ ਵਿੱਚ ਅਨੇਕਾਂ ਹੀ ਖੰਡ ਬ੍ਰਹਿਮੰਡ ਹਨ,ਅਨੇਕਾਂ ਚੰਦ ਸੂਰਜ ਹਨ, ਅਣਗਿਣਤ ਤਾਰੇ ਹਨ, ਅਨੇਕਾਂ ਹੀ ਪਹਾੜ, ਸਮੁੰਦਰ ਹਨ,

ਅਨੇਕਾਂ ਹੀ ਜੀਵ ਜੰਤੂ ਹਨ, ਅਨੇਕਾਂ ਹੀ ਤਰੀਕਿਆਂ ਦੀ ਬਨਸਪਤੀ ਹੈ। ਹਰ ਚੀਜ ਦੇ ਅੰਦਰ ਅਨੇਕਾਂ ਗੁਣ ਹਨ। ਕਿਸੇ ਗੁਣ ਦੁਆਰਾ ਹੀ ਕੋਈ ਵਸਤੂ ਬਣਦੀ ਹੈ ਤੇ ਗੁਣਾਂ ਦੁਆਰਾ ਹੀ ਉਹ ਕੰਮ ਕਰਦੀ ਹੈ। ਪ੍ਰਮਾਤਮਾ ਆਪਣੇ ਕਿਸ ਰੂਪ ਵਿੱਚ ਗੁਣੀ ਹੈ, ਕਿਸ ਰੂਪ ਵਿੱਚ ਉਹ ਗੁਣਾਂ ਦਾ ਖਜਾਨਾ ਹੈ ਇਸ ਗੱਲ ਨੂੰ ਜਾਣੇ ਬਿਨ੍ਹਾਂ ਭਾਵ ਪ੍ਰਮਾਤਮਾ ਦੇ ਗੁਣੀ ਰੂਪ ਨੂੰ ਜਾਣੇ ਬਿਨ੍ਹਾਂ ਕੋਈ ਉਸ ਦੇ ਗੁਣਾਂ ਨੂੰ ਨਹੀਂ ਸਮਝ ਸਕਦਾ। ਪ੍ਰਮਾਤਮਾ ਦਾ ਗੁਣੀ ਰੂਪ ਭਾਵ ਗੁਣਾਂ ਦਾ ਮੂਲ ਉਸ ਦਾ ਨਿਰੰਕਾਰ ਰੂਪ ਹੈ, ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਬ੍ਰਹਮ ਗਿਆਨ ਇਤਨਾ ਕੁ ਵੱਡਾ ਗੁਣ ਹੈ ਜੋ ਹਰ ਗੁਣ ਦਾ ਮੂਲ ਹੈ ਭਾਵ ਬ੍ਰਹਮ ਗਿਆਨ ਰਾਹੀਂ ਜੋ ਸਮਝ ਉਪਜਦੀ ਹੈ ਉਹ ਹੀ ਹਰ ਗੁਣ ਨੂੰ ਜਨਮ ਦਿੰਦੀ ਹੈ। ਪ੍ਰਮਾਤਮਾ ਦੀ ਇਹ ਪੂਰਨ ਰਚਨਾ ਸਾਇੰਟਿਫਿਕ ਤਰੀਕੇ ਨਾਲ ਹੋਈ ਹੈ ਤੇ ਹਰ ਚੀਜ ਸਾਇੰਟਿਫਿਕਲੀ ਭਾਵ ਵਿਗਿਆਨਕ ਤੌਰ ਤੇ ਹੀ ਚੱਲ ਰਹੀ ਹੈ ਤੇ ਕਿਸੇ ਸਾਇੰਟਿਫਿਕ ਕਿਰਿਆ ਦੁਆਰਾ ਹੀ ਕੋਈ ਆਕਾਰ ਰੂਪ ਬਿਨਸ ਜਾਂਦਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਹੈ ਜਿਸ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਉਸਨੂੰ ਚਲਾ ਰਹਿਆ ਹੈ। ਬ੍ਰਹਮ ਗਿਆਨ ਹੀ ਪ੍ਰਮਾਤਮਾ ਦਾ ਨਾਮ ਰੂਪ ਹੈ ਜਿਸ ਦੁਆਰਾ ਉਹ ਹਰ ਆਕਾਰ ਰੂਪ ਨੂੰ ਬਣਾ ਕੇ ਉਸਨੂੰ ਚਲਾ ਰਹਿਆ ਹੈ। ਪ੍ਰਮਾਤਮਾ ਆਪਣੇ ਜਿਸ ਰੂਪ ਰਾਹੀਂ ਮਨੁੱਖੀ ਸਰੀਰ ਨੂੰ ਚਲਾ ਰਿਹਾ ਹੈ ਉਸ ਦਾ ਉਹ ਰੂਪ ਸਾਡੇ ਅੰਦਰ ਹੀ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ, ਨਿਰੰਕਾਰ ਰੂਪ ਹੈ। ਪ੍ਰਮਾਤਮਾ ਨੇ ਆਪਣੇ ਇਸ ਰੂਪ ਦੁਆਰਾ ਹੀ ਭਾਵ ਉੱਚੇ ਗਿਆਨ ਦੁਆਰਾ ਹੀ ਸਾਇੰਟਿਫਿਕ ਗਿਆਨ ਦੀ ਰਚਨਾ ਕੀਤੀ ਹੈ ਤੇ ਹਰ ਵਸਤੂ ਪੂਰੀ ਤਰ੍ਹਾਂ ਸਾਇੰਟਿਫਿਕਲੀ ਚੱਲ ਰਹੀ ਹੈ। ਪ੍ਰਮਾਤਮਾ ਦੇ ਇਸ ਰੂਪ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕਿਤਨੇ ਕੁ ਗੁਣਾਂ ਦਾ ਮਾਲਕ ਹੈ ਤੇ ਕਿਸ ਤਰੀਕੇ ਮਾਲਕ ਹੈ। ਹਰ ਵਸਤੂ ਗੁਣਾਂ ਨਾਲ ਭਰੀ ਹੋਈ ਹੈ ਤੇ ਕੀ ਉਹ ਗੁਣ ਗਿਣੇ ਜਾ ਸਕਦੇ ਹਨ ਭਾਵ ਨਹੀਂ ਗਿਣੇ ਜਾ ਸਕਦੇ। ਪ੍ਰਮਾਤਮਾ ਨੇ, ਗੁਣਾਂ ਦੇ ਮਾਲਕ ਨੇ ਸਾਰੇ ਪਸਾਰੇ ਦੀ ਰਚਨਾ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਕੀਤੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਤੋਂ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥
ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥}

(ਅੰਗ - ੧੦੬੬)

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥
ਵਿਚਿ ਮਨ ਕੋਟਵਰੀਆ ॥
ਨਿਜ ਮੰਦਰਿ ਪਿਰੀਆ ॥
ਤਹਾ ਆਨਦ ਕਰੀਆ ॥
ਨਹ ਮਰੀਆ ਨਹ ਜਰੀਆ ॥੧॥}

(ਅੰਗ - ੭੪੬)

ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਉਸ ਦਾ ਨਾਮ ਰੂਪ ਹੈ ਤੇ ਇਸ ਸ੍ਰਿਸ਼ਟੀ ਦੀ ਰਚਨਾ ਉਸਨੇ ਨਾਮ ਦੁਆਰਾ ਹੀ ਕੀਤੀ ਹੈ। ਨਾਮ ਪ੍ਰਮਾਤਮਾ ਦਾ ਸਭ ਤੋਂ ਉੱਚਾ ਗੁਣ ਹੈ ਜਿਸ ਗੁਣ ਰਾਹੀਂ ਉਸ ਨੇ ਹਰ ਵਸਤੂ ਨੂੰ ਗੁਣਾਂ ਨਾਲ ਭਰਪੂਰ ਕੀਤਾ ਹੈ, ਜੈਨੇਟਿਕਲੀ ਕੀਤਾ ਹੈ, ਕੈਮੀਕਲੀ ਕੀਤਾ ਹੈ, ਸਾਇੰਟਿਫਿਕਲੀ ਕੀਤਾ ਹੈ।

{ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ - ੨੮੪)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਹਰ ਆਕਾਰ ਰੂਪ ਦੇ ਵਿੱਚ ਉਹ ਆਪ ਹੀ ਆਪਣੇ ਨਿਰੰਕਾਰ ਰੂਪ ਵਿੱਚ ਹੈ, ਜੋਤਿ ਰੂਪ ਵਿੱਚ ਹੈ ਜੋ ਕਿ ਉਸ ਦਾ ਸਭ ਦੇ ਅੰਦਰ ਆਪਣਾ ਸਾਇੰਟਿਫਿਕ ਗਿਆਨ ਰੂਪ ਹੈ ਜਿਸ ਰੂਪ ਦੁਆਰਾ ਉਸਨੇ ਹਰ ਵਸਤੂ ਨੂੰ ਆਪ ਹੀ ਬਣਾਇਆ ਹੈ ਤੇ ਆਪ ਹੀ ਚਲਾ ਰਿਹਾ ਹੈ ਤੇ ਹਰ ਵਸਤੂ ਦੇ ਅੰਦਰੋਂ ਉਸ ਦੇ ਗੁਣ ਉਹ ਆਪ ਹੀ ਪ੍ਰਗਟ ਕਰ ਰਿਹਾ ਹੈ ਜਿਸ ਨੂੰ ਕਿ ਸਮਝਿਆ ਨਹੀਂ ਜਾ ਸਕਦਾ। ਕਿਸੇ ਵੀ ਵਸਤੂ ਨੂੰ ਪ੍ਰਮਾਤਮਾ ਤੋਂ ਦੂਸਰਾ ਰੂਪ ਸਮਝਣਾ ਸਾਡਾ ਔਗੁਣ ਹੈ ਜਿਸ ਦਾ ਕਾਰਨ ਸਾਡੇ ਮਨ ਦਾ ਭਰਮ ਹੈ। ਇਸੇ ਲਈ ਸਾਨੂੰ ਉੱਪਰ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੈ ਕਿ ਪ੍ਰਮਾਤਮਾ ਤੇਰੇ ਗੁਣਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਤੇ ਮਨੁੱਖ ਦੇ ਔਗੁਣਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਹ ਗੱਲ ਸਾਨੂੰ ਗੁਰੂ ਸਾਹਿਬ ਹੀ ਸਮਝਾ ਰਹੇ ਹਨ ਜੋ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦੇ ਨਾਲ ਇੱਕ ਹੋ ਕੇ ਪ੍ਰਮਾਤਮਾ ਦੇ ਗੁਣਾਂ ਨੂੰ ਜਾਣਦੇ ਹਨ ਤੇ ਮਨੁੱਖ ਦੇ ਔਗੁਣਾਂ ਨੂੰ ਵੀ ਜਾਣਦੇ ਹਨ। ਬ੍ਰਹਮ ਗਿਆਨ ਗੁਣਾਂ ਨਾਲ ਭਰਪੂਰ ਹੈ ਤੇ ਅਗਿਆਨਤਾ ਔਗੁਣਾਂ ਨਾਲ ਭਰਪੂਰ ਹੈ। ਨਾਮ ਗੁਣਾਂ ਨਾਲ ਭਰਪੂਰ ਹੈ ਹਉਮੈ ਔਗੁਣਾਂ ਨਾਲ ਭਰਪੂਰ ਹੈ। ਗੁਰਮਤਿ ਗੁਣਾਂ ਨਾਲ ਭਰਪੂਰ ਹੈ, ਮਨਮਤਿ ਔਗੁਣਾਂ ਨਾਲ ਭਰਪੂਰ ਹੈ ਭਾਵ ਗੁਰੂ ਦੀ ਸੱਚੀ ਸਮਝ ਗੁਣਾਂ ਨਾਲ ਭਰਪੂਰ ਹੈ ਤੇ ਮਨੁੱਖ ਦੀ ਝੂਠੀ ਸਮਝ ਔਗੁਣਾਂ ਨਾਲ ਭਰਪੂਰ ਹੈ ਭਾਵ ਗਿਣਤੀ ਤੋਂ ਪਰੇ ਹੈ। (**ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥**)

ਪ੍ਰਮਾਤਮਾ ਨੇ ਆਪਣੇ ਗੁਣਾਂ ਦਾ ਖਲੇਰਾ ਆਪਣੀ ਸ੍ਰਿਸ਼ਟੀ ਦੇ ਅੰਦਰ ਕਿਸ ਰੂਪ ਵਿੱਚ ਕੀਤਾ ਹੋਇਆ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"**ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥**

ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥"

ਸ੍ਰਿਸ਼ਟੀ ਉੱਤੇ ਕਿਤਨੇ ਕੁ ਬਿਰਖ ਹਨ ਜਿੰਨ੍ਹਾਂ ਨੂੰ ਹਰ ਕੋਈ ਵੇਖਦਾ ਹੈ ਤੇ ਸਮਝਦਾ ਹੈ ਕਿ ਇਹ ਗਿਣਤੀ ਤੋਂ ਬਾਹਰ ਹਨ ਤੇ ਇਸੇ ਤਰ੍ਹਾਂ ਕਿਤਨੇ ਕੁ ਪਸ਼ੂ ਹਨ ਜਿੰਨ੍ਹਾਂ ਨਾਲ ਸ੍ਰਿਸ਼ਟੀ ਭਰੀ ਪਈ ਹੈ ਉਹ ਵੀ ਗਿਣਤੀ ਤੋਂ ਬਾਹਰ ਹੈ। ਇਸੇ ਤਰ੍ਹਾਂ ਕਿਤਨੇ ਕੁ ਨਾਗ ਦੇ ਕੁੱਲ ਵਾਲੇ ਜੀਵ ਹਨ ਭਾਵ ਜਮੀਨ ਤੇ ਰੇਂਗਣ ਵਾਲੇ ਜੀਵ ਹਨ ਭਾਵ ਰੈਪਟਾਈਲਸ ਹਨ, ਕੀੜੇ ਮਕੌੜੇ ਆਦਿ ਹਨ ਕੀ ਉਹਨਾਂ ਦੀ ਕੋਈ ਗਿਣਤੀ ਕਰ ਸਕਦਾ ਹੈ ਕਿ ਉਹ ਕਿਤਨੇ ਕੁ ਹਨ ਤੇ ਇਸੇ ਤਰ੍ਹਾਂ ਕਿਤਨੇ ਕੁ ਉੱਡਣ ਵਾਲੇ ਪੰਛੀ ਹਨ ਭਾਵ ਅਣਗਿਣਤ ਹਨ। ਇਹਨਾਂ ਸਾਰਿਆਂ ਦੀ ਰਚਨਾ ਕਿਸ ਨੇ ਕੀਤੀ ਹੈ, ਕਿਸ ਤਰੀਕੇ ਕੀਤੀ ਹੈ ਤੇ ਹਰ ਕਿਸੇ ਦੇ ਅੰਦਰ ਅਨੇਕਾਂ ਗੁਣ ਕਿਸ ਨੇ ਭਰੇ ਹਨ ਤੇ ਕਿਸ ਤਰੀਕੇ ਭਰੇ ਹਨ ਇਹਨਾਂ ਨੂੰ ਸਮਝਣਾ ਤੇ ਇਹਨਾਂ ਦੀ ਗਿਣਤੀ ਕਰਨੀ ਸਮਝ ਤੋਂ ਪਰੇ ਦੀ ਗੱਲ ਹੈ। ਇਹ ਸਭ ਪ੍ਰਮਾਤਮਾ ਦੇ ਗੁਣ ਹੀ ਹਨ ਜਿਸ ਦੀ ਸਮਝ ਉਸ ਪ੍ਰਮਾਤਮਾ ਦੇ ਗੁਣੀ ਰੂਪ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਤੇ ਉਸ ਤੋਂ ਬਾਅਦ ਫਿਰ ਹਰ ਵਸਤੂ ਵਿੱਚ, ਹਰ ਜੀਵ ਵਿੱਚ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਨਜ਼ਰ ਆਉਂਦਾ ਹੈ, ਉਸ ਦਾ ਗੁਣੀ ਰੂਪ ਹੀ ਨਜ਼ਰ ਆਉਂਦਾ ਹੈ ਤੇ ਕਿਸੇ ਵੀ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਸਾਡਾ ਔਗੁਣ ਹੈ ਜਿੰਨ੍ਹਾਂ ਔਗੁਣਾਂ ਨੂੰ ਗਿਣਿਆ ਨਹੀਂ ਜਾ ਸਕਦਾ ਜਿਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਸਾਡੇ ਅੰਦਰ ਦੀ ਨਾਮਸਝ ਮਤਿ ਹੈ ਜੋ ਭਰਮਾਂ ਦੀ ਭਰੀ ਹੋਈ ਹੈ, ਔਗੁਣਾਂ ਦੀ ਭਰੀ ਹੋਈ ਹੈ। (**ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥**)

ਜੋ ਕੁੱਝ ਵੀ ਅਸੀਂ ਇਸ ਸੰਸਾਰ ਵਿੱਚ ਦੇਖਦੇ ਹਾਂ ਉਹ ਸਭ ਕੁੱਝ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਮਨੁੱਖ ਦਾ ਕੰਮ ਭਾਵ ਜਿਸ ਕੰਮ ਲਈ ਪ੍ਰਮਾਤਮਾ ਨੇ ਮਨੁੱਖ ਨੂੰ ਬਣਾਇਆ ਹੈ ਉਹ ਵਸਤੂਆਂ ਦੀ, ਜੀਵਾਂ ਦੀ ਸੰਭਾਲ ਲਈ ਬਣਾਇਆ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਵਿੱਚ ਸਮਝਿਆ ਹੈ ਕਿ ਮਨੁੱਖ ਸੰਸਾਰ ਵਿੱਚ ਕਿਸ ਕੰਮ ਲਈ ਆਇਆ ਹੈ। ਜੇਕਰ ਸੰਭਾਲ ਕਰਨ ਦੀ ਬਜਾਇ ਅਸੀਂ ਉਲਟਾ ਨੁਕਸਾਨ ਕਰਦੇ ਹਾਂ ਭਾਵ ਸੰਸਾਰ ਵਿੱਚ ਮਾੜੇ ਕਰਮ ਕਰਦੇ ਹਾਂ, ਸ੍ਰਿਸ਼ਟੀ ਦੀਆਂ ਵਸਤੂਆਂ ਦਾ, ਜੀਵਾਂ ਦਾ ਨੁਕਸਾਨ ਕਰਦੇ ਹਾਂ ਉਹ ਫਿਰ ਕਿਤਨਾ ਵੱਡਾ ਔਗੁਣ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"**ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥**

ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥"

ਮਨੁੱਖੀ ਰੂਪ ਦਾ ਫਰਜ ਸੰਸਾਰ ਵਿੱਚ ਹਰ ਵਸਤੂ ਦੀ ਸੰਭਾਲ ਕਰਨ ਲਈ ਹੈ ਭਾਵ ਜਿਸ ਮਕਸਦ ਲਈ ਪ੍ਰਮਾਤਮਾ ਨੇ ਕੋਈ ਚੀਜ ਬਣਾਈ ਹੈ ਉਸ ਨੂੰ ਉਸੇ ਮਕਸਦ ਲਈ ਵਰਤਿਆ ਜਾਵੇ। ਜੋ ਵਸਤੂ ਪ੍ਰਮਾਤਮਾ ਨੇ ਮਨੁੱਖੀ ਭੋਜਨ ਲਈ ਬਣਾਈ ਹੈ ਉਸ ਨੂੰ ਭੋਜਨ ਲਈ ਸਹੀ ਤਰੀਕੇ ਵਰਤਿਆ ਜਾਵੇ ਭਾਵ ਉਸ ਵਸਤੂ ਦੀ ਮਾੜੀ ਵਰਤੋਂ ਨਾ ਕੀਤੀ ਜਾਵੇ, ਉਸ ਨੂੰ ਵਿਅਰਥ ਨਾ ਗਵਾਇਆ ਜਾਵੇ। ਅਨੇਕਾਂ ਜੀਵ ਜੰਤੂ ਹਨ, ਪੇੜ੍ਹ ਪੌਦੇ ਹਨ ਜਿੰਨ੍ਹਾਂ ਦੀ ਸੰਭਾਲ ਕਰਨਾ ਵੀ ਮਨੁੱਖੀ ਫਰਜ ਹੈ ਭਾਵ ਜਿਸ ਮਕਸਦ ਲਈ ਜੋ ਵਸਤੂ ਬਣੀ ਹੈ ਉਸ ਦੀ ਵਰਤੋਂ ਉਸੇ ਤਰੀਕੇ ਕੀਤੀ ਜਾਵੇ। ਪ੍ਰਮਾਤਮਾ ਨੇ ਇਸ ਸੰਸਾਰ ਨੂੰ ਬਹੁਤ ਹੀ ਰੰਗ ਬਿਰੰਗਾ ਬਣਾਇਆ ਹੈ ਤਾਂ ਜੋ ਇਸ ਸੰਸਾਰ ਵਿੱਚ ਮਨੁੱਖ ਨੂੰ ਰਹਿਣਾ ਚੰਗਾ ਲੱਗੇ, ਉਸ ਦਾ ਸੰਸਾਰ ਦੇ ਨਾਲ ਪਿਆਰ ਜੁੜੇ ਤੇ ਉਹ ਇਸ ਰੰਗ ਨੂੰ ਖਰਾਬ ਨਾ ਕਰੇ, ਸੰਸਾਰ ਦੀ ਰੰਗਤ ਨੂੰ ਖਰਾਬ ਨਾ ਕਰੇ। ਮਨੁੱਖ ਜੋ ਕੁੱਝ ਕਰਦਾ ਹੈ ਉਹ ਆਪਣੇ ਕਰਮਾਂ ਦੁਆਰਾ ਹੀ ਕਰਦਾ ਹੈ। ਜੇਕਰ ਅਸੀਂ ਸ੍ਰਿਸ਼ਟੀ ਦੀ ਸੰਭਾਲ ਸਹੀ ਤਰੀਕੇ ਨਾਲ ਕਰਨੀ ਹੈ ਉਸ ਲਈ ਸਾਨੂੰ ਚੰਗੇ ਕਰਮ ਹੀ ਕਰਨੇ ਪੈਣਗੇ। ਅਸੀਂ ਜੋ ਵੀ ਮਾੜਾ ਕਰਮ ਕਰਾਂਗੇ ਉਸ ਨਾਲ ਅਸੀਂ ਕਿਸੇ ਨਾ ਕਿਸੇ ਦਾ ਨੁਕਸਾਨ ਹੀ ਕਰਾਂਗੇ। ਸ੍ਰਿਸ਼ਟੀ ਵਿੱਚ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਤੇ ਅਸੀਂ ਜੋ ਵੀ ਕਿਸੇ ਆਕਾਰ ਰੂਪ ਦਾ ਨੁਕਸਾਨ ਕਰਦੇ ਹਾਂ ਉਹ ਪ੍ਰਮਾਤਮਾ ਦਾ ਨੁਕਸਾਨ ਹੀ ਕਰਦੇ ਹਾਂ ਜਿਸ ਦੀ ਕਿ ਮਨੁੱਖ ਨੂੰ ਸਮਝ ਨਹੀਂ ਹੈ। (**ਪ੍ਰਭਾਤੀ ॥ ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥ ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥ ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥**) ਅੰਗ - ੧੩੪੯-੧੩੫੦

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥}

(ਅੰਗ - ੧੪੨੭)

ਹੁਣ ਸਭ ਤੋਂ ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਪ੍ਰਮਾਤਮਾ ਨੇ ਸੰਸਾਰ ਲਈ ਧਰਮ ਦਾ ਮਾਰਗ, ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਕਿਸ ਲਈ ਬਣਾਇਆ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਹ ਭਗਤੀ ਦਾ ਮਾਰਗ ਹਰ ਸੰਸਾਰ ਵਾਸੀ ਨੂੰ ਉਸ ਦਾ ਫਰਜ ਸਮਝਾਉਣ ਲਈ ਹੈ ਕਿ ਉਹ ਇਸ ਸੰਸਾਰ ਵਿੱਚ ਕਿਸ ਲਈ ਆਇਆ ਹੈ। ਹਰ ਸੰਸਾਰ ਵਾਸੀ ਪ੍ਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਨੂੰ ਸੱਚੇ ਸੁੱਚੇ ਢੰਗ ਨਾਲ ਚਲਾਉਣ ਲਈ ਹੀ ਆਇਆ ਹੈ ਤਾਂ ਜੋ ਪ੍ਰਮਾਤਮਾ ਦੀ ਸ੍ਰਿਸ਼ਟੀ ਸਦਾ ਫੁੱਲਦੀ ਫਲਦੀ ਰਹੇ। ਜਦੋਂ ਕੋਈ ਵੀ ਮਨੁੱਖ ਸੱਚੀ ਭਗਤੀ ਦੇ ਮਾਰਗ ਤੋਂ ਭਾਵ ਆਪਣੇ ਸੱਚੇ ਫਰਜ਼ ਤੋਂ ਖੁੰਜ ਜਾਂਦਾ ਹੈ ਭਾਵ ਭਰਮ ਵਿੱਚ ਪੈ ਜਾਂਦਾ ਹੈ ਉਹ ਫਿਰ ਮਾੜੇ ਕਰਮ ਕਰਦਾ ਹੈ ਜਿਸ ਰਾਹੀਂ ਉਹ ਮਨੁੱਖਤਾ ਦਾ ਵੀ ਨੁਕਸਾਨ ਕਰਦਾ ਹੈ ਤੇ ਹੋਰ ਵੀ ਮਾੜੇ ਕਰਮ ਕਰਦਾ ਹੈ ਜਿੰਨ੍ਹਾਂ ਰਾਹੀਂ ਸ੍ਰਿਸ਼ਟੀ ਨੂੰ ਨੁਕਸਾਨ ਪਹੁੰਚਦਾ ਹੈ। ਭਗਤੀ ਦੇ ਮਾਰਗ ਲਈ ਭਗਤੀ ਦੀ ਅਸਲੀਅਤ ਨੂੰ ਸਮਝੇ ਬਿਨ੍ਹਾਂ ਕਿ ਭਗਤੀ ਦਾ ਮਕਸਦ ਕੀ ਹੈ, ਕੋਈ ਵੀ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ। ਭਗਤੀ ਦੇ ਸੱਚੇ ਮਾਰਗ ਦੀ ਸਮਝ ਨਾ ਹੋਣਾ ਬਹੁਤ ਵੱਡਾ ਭਰਮ ਹੈ ਜਿਸਨੂੰ ਸੰਸਾਰੀਆਂ ਨੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ-ਵੱਖਰੇ ਤਰੀਕਿਆਂ ਨਾਲ ਜੋੜਿਆ ਹੋਇਆ ਹੈ ਤੇ ਇਸੇ ਲਈ ਧੰਨ ਧੰਨ ਗੁਰਬਾਣੀ ਉਹਨਾਂ ਸਾਰੇ ਤਰੀਕਿਆਂ ਦਾ ਖੰਡਨ ਕਰਦੀ ਹੈ ਤੇ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਚੰਗੇ ਕਰਮ ਕਰਨਾ ਹੀ ਭਗਤੀ ਹੈ ਜਿਸ ਰਾਹੀਂ ਅਸੀਂ ਕਿਸੇ ਨੂੰ ਦੁੱਖ ਨ ਪਹੁੰਚਾਈਏ, ਕਿਸੇ ਦਾ ਮਾੜਾ ਨਾ ਕਰੀਏ, ਸ੍ਰਿਸ਼ਟੀ ਨੂੰ ਨੁਕਸਾਨ ਨਾ ਪਹੁੰਚਾਈਏ। ਸਭ ਦੇ ਮਨ ਦੇ ਅੰਦਰ ਭਰਮ ਵੀ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਭਰਮ ਵਿੱਚ ਰਹਿੰਦੇ ਹੋਏ ਹਰ ਕੋਈ ਆਪਣੀ ਸਮਰੱਥਾ ਤੋਂ ਜਿਆਦਾ ਸੁੱਖ ਭਾਲਦਾ ਹੈ, ਵਡਿਆਈਆਂ ਭਾਲਦਾ ਹੈ, ਆਪਣੇ ਆਪ ਨੂੰ ਉੱਚਾ ਕਰਨਾ ਚੰਗਾ ਲੱਗਦਾ ਹੈ। ਪ੍ਰਮਾਤਮਾ ਨੇ ਭਗਤੀ ਦੇ ਸੱਚੇ ਮਾਰਗ ਤੇ ਚੱਲਣਾ ਆਪ ਹੀ ਔਖਾ ਬਣਾਇਆ ਹੋਇਆ ਹੈ ਕਿਉਂਕਿ ਇਹ ਉਸ ਦੀ ਬਣਾਈ ਹੋਈ ਖੇਡ ਹੈ ਜੋ ਖੇਡ ਉਹ ਮਨ ਦੀ ਸਮਝ ਰਾਹੀਂ ਆਪ ਆਪਣੇ ਆਪ ਨੂੰ ਪੜਦੇ ਵਿੱਚ ਰੱਖ ਕੇ ਚਲਾ ਰਿਹਾ ਹੈ। ਧਰਮ ਗ੍ਰੰਥਾਂ ਦੀ ਰਚਨਾ ਉਸ ਨੇ ਇਸੇ ਲਈ ਕੀਤੀ ਹੈ ਤਾਂ ਜੋ ਮਨੁੱਖ ਭਰਮਾਂ ਵਿੱਚੋਂ ਨਿਕਲੇ ਤੇ ਉਹੋ ਜਿਹੀ ਭਗਤੀ ਨਾਲ ਜੁੜੇ ਜਿਸ ਨਾਲ ਸੰਸਾਰ ਦਾ ਭਲਾ ਹੋਵੇ ਜੋ ਭਲਾ ਕੇਵਲ ਮਨੁੱਖ ਦੇ ਚੰਗੇ ਕਰਮ ਕਰਨ ਦੁਆਰਾ ਹੀ ਹੋ ਸਕਦਾ ਹੈ, ਔਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨ ਦੁਆਰਾ ਹੀ ਹੋ ਸਕਦਾ ਹੈ। ਧਰਮ ਗ੍ਰੰਥਾਂ ਨੂੰ ਸਮਝਣ ਦੀ ਸਮਰੱਥਾ ਤੇ ਉਨ੍ਹਾਂ ਅਨੁਸਾਰ ਚੱਲਣ ਦੀ ਸਮਰੱਥਾ ਪ੍ਰਮਾਤਮਾ ਨੇ ਕੇਵਲ ਮਨੁੱਖੀ ਸਮਝ ਵਿੱਚ ਹੀ ਪਾਈ ਹੈ। ਜੇਕਰ ਅਸੀਂ ਧਰਮ ਗ੍ਰੰਥਾਂ ਦੀ ਕਥਨੀ ਨੂੰ ਹੀ ਆਪਣੇ ਗੁਣ ਸਮਝੀ ਜਾਵਾਂਗੇ, ਸਰੀਰਕ ਜਪਾਂ ਤਪਾਂ ਨੂੰ ਹੀ ਗੁਣ ਸਮਝੀ ਜਾਵਾਂਗੇ, ਸਮਾਧੀਆਂ ਵਿੱਚ ਬੈਠੇ ਰਹਿਣ ਨੂੰ ਹੀ ਭਗਤੀ ਦਾ ਗੁਣ ਸਮਝੀ ਜਾਵਾਂਗੇ, ਸਵੇਰੇ ਸ਼ਾਮ ਧਾਰਮਿਕ ਸਥਾਨਾਂ ਤੇ ਮੱਥੇ ਟੇਕੀ ਜਾਣ ਨੂੰ ਹੀ ਤੇ ਕੇਵਲ ਸ਼ਬਦਾਂ ਨੂੰ ਸੁਣੀ ਜਾਣ ਨੂੰ ਹੀ ਆਪਣਾ ਗੁਣ ਸਮਝੀ ਜਾਵਾਂਗੇ ਫਿਰ ਆਪਣੀ ਕਰਨੀ ਵਿੱਚ ਗੁਣ ਕਿੱਥੋਂ ਲਿਆਵਾਂਗੇ ਭਾਵ ਚੰਗੇ ਕਰਮ ਕਿਵੇਂ ਕਰਾਂਗੇ ਜਿੰਨ੍ਹਾਂ ਚੰਗੇ ਕਰਮਾਂ ਦੁਆਰਾ ਹੀ ਅਸੀਂ ਇਸ ਸੰਸਾਰ ਦਾ ਭਲਾ ਕਰ ਸਕਦੇ ਹਾਂ। ਹਰ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਕਿਸੇ ਦਾ ਨੁਕਸਾਨ ਕਰਨ ਨਾਲ ਕੀ ਅਸੀਂ ਪ੍ਰਮਾਤਮਾ ਦੇ ਗੁਣ ਗਾ ਸਕਦੇ ਹਾਂ। ਗੁਣੀ ਬਣਕੇ ਵਿਚਰਨਾ ਹੀ ਭਾਵ ਚੰਗੇ ਕਰਮ ਕਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਜਿਹੋ ਜਿਹੀ ਵਿਚਰਨ ਦੁਆਰਾ ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ। ਗੁਰੂ ਪ੍ਰਮਾਤਮਾ ਦੇ ਸਮਝਾਏ ਹੋਏ ਗੁਣਾਂ ਨੂੰ ਉੱਚਾ ਕਰਨਾ, ਵੱਡਾ ਕਰਨਾ ਭਾਵ ਉਹਨਾਂ ਤੇ ਅਮਲ ਕਰਨਾ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ। ਜੋ ਕਥਨੀ ਨੂੰ ਭਗਤੀ ਸਮਝਕੇ ਆਪਣੇ ਆਪ ਨੂੰ ਉੱਚਾ ਕਰਦੇ ਹਨ, ਆਪ ਵਡਿਆਈਆਂ ਲੈਂਦੇ ਹਨ ਫਿਰ ਇਹ ਗੁਣ ਹੋਇਆ ਜਾਂ ਔਗੁਣ ਹੋਇਆ। ਆਪਣੇ ਆਪ ਨੂੰ ਵਡਿਆਣਾ, ਵਡਿਆਈ ਲੈਣਾ, ਉੱਚਾ ਕਰਨਾ ਸੱਚ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਤੇ ਝੂਠ ਨੂੰ ਉੱਚਾ ਕਰਨ ਵਾਲੀ ਗੱਲ ਹੈ ਭਾਵ ਮਨਮਤਿ ਨੂੰ ਉੱਚਾ ਕਰਨ ਦੀ ਗੱਲ ਹੈ ਗੁਰਮਤਿ ਨੂੰ ਨੀਵਾਂ ਕਰਨ ਵਾਲੀ ਗੱਲ ਹੈ। ਗੁਰਮਤਿ ਨੂੰ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਨੀਵਾਂ ਕਰਨਾ ਪ੍ਰਮਾਤਮਾ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਕਿਉਂਕਿ ਪ੍ਰਮਾਤਮਾ ਆਪ ਗੁਰਬਾਣੀ ਦੇ ਵਿੱਚ, ਧਰਮ ਗ੍ਰੰਥਾਂ ਦੇ ਵਿੱਚ ਆਪਣੇ ਇਸ ਸੱਚੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਜਿਸ ਰਾਹੀਂ ਉਸ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਮਾਰਗ ਕੇਵਲ ਤੇ ਕੇਵਲ ਚੰਗੇ ਕਰਮ ਕਰਨ ਦਾ ਹੈ ਨਾ ਕਿ ਸਰੀਰਕ ਕਿਰਿਆਵਾਂ ਕਰਨ ਦਾ ਤੇ ਹੋਰ ਅਨੇਕਾਂ ਇਹੋ ਜਿਹੇ ਕਰਮ ਕਾਂਡ ਕਰਨ ਦਾ ਜੋ ਕਿ ਕੇਵਲ ਭਗਤੀ ਦਾ ਦਿਖਾਵਾ ਹੈ ਤੇ ਗੁਰੂ ਦੀਆਂ ਨਜ਼ਰਾਂ

ਵਿੱਚ ਔਗੁਣ ਹੈ। ਗੁਰੂ ਦੇ ਗੁਣ ਗਾਉਣ ਦਾ ਮਾਰਗ ਕੀ ਹੈ ਇਹੀ ਗੱਲ ਸਾਨੂੰ ਉੱਪਰ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥"

ਉੱਪਰ ਪੰਗਤੀਆਂ ਰਾਹੀਂ ਮਨੁੱਖ ਦੇ ਮਾੜੇ ਕਰਮ ਹੀ ਸਮਝਾਏ ਹੋਏ ਹਨ ਜੋ ਕੰਮ ਮਨੁੱਖ ਲਈ ਮਾੜਾ ਦਸਿਆ ਹੈ ਭਾਵ ਇਹ ਉਹ ਕਰਮ ਨਹੀਂ ਹਨ, ਉਹ ਕੰਮ ਨਹੀਂ ਹਨ ਜਿੰਨ੍ਹਾਂ ਕੰਮਾਂ ਲਈ ਮਨੁੱਖ ਸੰਸਾਰ ਵਿੱਚ ਆਇਆ ਹੈ। ਅਸੀਂ ਕਿਸੇ ਵੀ ਘਰ ਵਿੱਚ ਚੋਰੀ ਕਰਦੇ ਹਾਂ, ਕਿਸੇ ਵੀ ਜਗ੍ਹਾ ਤੇ ਚੋਰੀ ਕਰਦੇ ਹਾਂ, ਹਰ ਘਰ ਪ੍ਰਮਾਤਮਾ ਦਾ ਹੀ ਹੈ। ਹਟ, ਪਟਣ, ਮੰਦਰ ਸਭ ਪ੍ਰਮਾਤਮਾ ਦੇ ਆਪਣੇ ਹੀ ਹਨ ਭਾਵ ਅਸੀਂ ਜਿੱਥੇ ਵੀ ਚੋਰੀ ਕਰਦੇ ਹਾਂ ਉਹ ਪ੍ਰਮਾਤਮਾ ਦੇ ਘਰ ਵਿੱਚੋਂ ਹੀ ਚੋਰੀ ਕਰਦੇ ਹਾਂ ਭਾਵ ਪ੍ਰਮਾਤਮਾ ਦੇ ਹੀ ਦੇਣਦਾਰ ਬਣਦੇ ਹਾਂ, ਪ੍ਰਮਾਤਮਾ ਦੇ ਹੀ ਚੋਰ ਬਣਦੇ ਹਾਂ। ਇਹੀ ਨਾਮ ਦੇ ਚੋਰ ਬਣਨਾ ਹੈ, ਸੱਚ ਦੇ ਚੋਰ ਬਣਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਮਤਿ ਸਾਨੂੰ ਸੱਚ ਹੀ ਸਮਝਾਉਂਦੀ ਹੈ ਕਿ ਚੋਰੀ ਕਰਨਾ ਮਾੜਾ ਕੰਮ ਹੈ। ਸੱਚ ਨੂੰ ਨਾ ਮੰਨਣਾ ਭਾਵ ਸੱਚ ਦੇ ਉਲਟ ਚੱਲਣਾ ਸੱਚ ਦੇ ਘਰ ਵਿੱਚ ਚੋਰੀ ਹੈ। ਸੱਚ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਸੱਚ ਦਾ ਚੋਰ ਪ੍ਰਮਾਤਮਾ ਦਾ ਚੋਰ ਹੈ। ਮਾੜੇ ਕਰਮ ਉਹੀ ਕਰਦਾ ਹੈ ਜੋ ਸੱਚ ਦਾ ਚੋਰ ਹੈ, ਗੁਰੂ ਦੇ ਨਾਮ ਦਾ ਚੋਰ ਹੈ। ਉਹ ਸਚੁ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ ਜੋ ਅੰਦਰ ਬੈਠਾ ਸਭ ਕੁੱਝ ਦੇਖ ਰਿਹਾ ਹੈ ਤੇ ਉਸ ਤੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ। ਅਸੀਂ ਜਿਹੋ ਜਿਹੀ ਮਰਜੀ ਜਗ੍ਹਾ ਤੇ ਚੋਰੀ ਕਰ ਲਈਏ ਜੋ ਕਿਸੇ ਦੀ ਨਜ਼ਰ ਵਿੱਚ ਨਹੀਂ ਆਉਂਦਾ ਪਰ ਪ੍ਰਮਾਤਮਾ ਕੋਲੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ ਤੇ ਸਾਨੂੰ ਇਹ ਸਮਝਾਇਆ ਹੈ ਕਿ ਅਸੀਂ ਮਾੜੇ ਕਰਮ ਨਾ ਕਰੀਏ ਜੋ ਕਿ ਸਾਡੇ ਸੰਸਾਰਿਕ ਫਰਜ ਦੇ ਉਲਟ ਹੈ ਭਾਵ ਧਰਮ ਦੇ ਮਾਰਗ ਦੇ ਉਲਟ ਹੈ। ਸਾਡਾ ਸੰਸਾਰਿਕ ਫਰਜ ਇਸ ਸੰਸਾਰ ਨੂੰ ਚੰਗਾ ਬਣਾਉਣ ਦਾ ਹੈ, ਸੁਖੀ ਬਣਾਉਣ ਦਾ ਹੈ ਨਾ ਕਿ ਕਿਸੇ ਨੂੰ ਦੁਖੀ ਕਰਨ ਦਾ ਹੈ। ਭਗਤੀ ਦਾ ਸੱਚਾ ਮਾਰਗ ਇਹੀ ਹੈ ਜੋ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। (**ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥**)

ਪ੍ਰਮਾਤਮਾ ਸਭ ਜਗ੍ਹਾ ਮੌਜੂਦ ਹੈ ਤੇ ਜਿੱਥੇ ਵੀ ਕੋਈ ਬੈਠਾ ਹੈ, ਜਿਹੋ ਜਿਹੀ ਕਿਰਤ ਵੀ ਕੋਈ ਕਰਦਾ ਹੈ ਉਸ ਦੀ ਹਰ ਕਰਣੀ ਵਿੱਚ ਸੱਚ ਝੂਠ ਦੀ ਪਰਖ ਹੁੰਦੀ ਹੈ ਭਾਵ ਭਗਤੀ ਦੇ ਮਾਰਗ ਤੇ, ਗੁਣਾਂ ਅਵਗੁਣਾਂ ਦੇ ਉੱਤੇ ਕੌਣ ਚੱਲਦਾ ਹੈ ਇਸ ਦੀ ਪਰਖ ਹਰ ਵੇਲੇ ਪ੍ਰਮਾਤਮਾ ਕਰਦਾ ਰਹਿੰਦਾ ਹੈ ਜਿਸ ਦੀ ਪਰਖ ਤੋਂ ਬਾਹਰ ਕੋਈ ਨਹੀਂ ਹੈ ਕਿਉਂਕਿ ਭਗਤੀ ਦਾ ਮਾਰਗ ਹੈ ਹੀ ਗੁਣਾਂ ਅਵਗੁਣਾਂ ਦੀ ਪਰਖ ਦਾ ਫਰਕ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥
ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥"

ਅਸੀਂ ਭਗਤੀ ਦੇ ਮਾਰਗ ਨੂੰ ਕੀ ਸਮਝਦੇ ਹਾਂ ਤੇ ਅਸਲ ਵਿੱਚ ਭਗਤੀ ਦਾ ਮਾਰਗ ਕੀ ਹੈ ਉੱਪਰ ਪਦੇ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ। ਅਸੀਂ ਭਗਤੀ ਦੇ ਅਸਥਾਨਾਂ ਨੂੰ ਤੀਰਥ ਅਸਥਾਨਾਂ ਨਾਲ ਜੋੜਿਆ ਹੋਇਆ ਹੈ ਜੋ ਅਸਥਾਨ ਅਨੇਕਾਂ ਹੀ ਹਨ। ਸਾਰੀ ਧਰਤੀ ਤੇ ਅਨੇਕਾਂ ਤੀਰਥ ਅਸਥਾਨ ਹਨ, ਅਨੇਕਾਂ ਤਟ, ਤੀਰਥ ਹਨ ਜਿੰਨ੍ਹਾਂ ਜਗ੍ਹਾਂ ਤੇ ਜਾ ਕੇ ਅਸੀਂ ਭਗਤੀ ਦਾ ਮਾਰਗ ਸਿੱਖਦੇ ਹਾਂ ਜਾਂ ਬੈਠ ਕੇ ਭਗਤੀ ਕਰਦੇ ਹਾਂ। ਅਨੇਕਾਂ ਹੀ ਅਦਾਰੇ ਬਣੇ ਹੋਏ ਹਨ, ਆਪਣੀ ਆਪਣੀ ਆਸਥਾ ਅਨੁਸਾਰ ਅਨੇਕਾਂ ਹੀ ਟਿਕਾਣੇ ਸੰਸਾਰੀਆਂ ਨੇ ਬਣਾਏ ਹੋਏ ਹਨ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਟਿਕਾਣੇ ਸਮਝਦੇ ਹਾਂ। (**ਤਟ ਤੀਰਥ ਹਮ ਨਵ ਖੰਡ ਦੇਖੇ**) ਭਗਤੀ ਦਾ ਮਾਰਗ ਕਿਸੇ ਭਗਤੀ ਦੇ ਟਿਕਾਣੇ ਨਾਲ ਜੁੜਿਆ ਹੋਇਆ ਨਹੀਂ ਹੈ ਬਲਕਿ ਜਿੱਥੇ ਵੀ ਕੋਈ ਹੈ, ਜਿਹੋ ਜਿਹੀ ਕਿਰਤ ਵਿੱਚ ਵੀ ਕੋਈ ਲੱਗਾ ਹੋਇਆ ਹੈ ਉਹ ਹਰ ਜਗ੍ਹਾ ਪ੍ਰਮਾਤਮਾ ਦੀ ਭਗਤੀ ਦਾ ਸਥਾਨ ਹੀ ਹੈ। ਅਸੀਂ ਆਪਣੀ ਆਪਣੀ ਹੱਟੀਆਂ ਤੇ ਬੈਠਦੇ ਹਾਂ, ਦੁਕਾਨਾਂ ਤੇ ਬੈਠਦੇ ਹਾਂ ਉਹ ਕਿਰਤ ਕਰਨ ਲਈ ਹੀ ਬੈਠਦੇ ਹਾਂ। ਸੰਸਾਰ ਦੇ ਵਿੱਚ ਅਨੇਕਾਂ ਹੀ "**ਪਟਣ**" ਹਨ ਭਾਵ ਸ਼ਹਿਰ ਹਨ ਤੇ ਹਰ ਸ਼ਹਿਰ ਵਿੱਚ ਬਾਜਾਰ ਹੁੰਦੇ ਹਨ ਜਿੱਥੇ ਹਰ ਕੋਈ ਅਨੇਕਾਂ ਹੀ ਤਰੀਕਿਆਂ ਨਾਲ ਕਿਰਤ ਕਰਦਾ ਹੈ। ਇਹ ਹਰ ਅਸਥਾਨ ਪ੍ਰਮਾਤਮਾ ਦੀ ਭਗਤੀ ਦਾ ਅਸਥਾਨ ਹੀ ਹੈ ਤੇ ਸਾਡੀ ਹਰ ਕਿਰਤ ਵਿੱਚ ਪ੍ਰਮਾਤਮਾ ਸਾਨੂੰ ਪਰਖਦਾ ਹੈ ਕਿਉਂਕਿ ਉਹ ਹਰ ਵੇਲੇ ਸਭ ਦੇ ਅੰਦਰ ਹੀ ਹੈ ਤੇ ਹਰ ਵੇਲਾ ਉਸ ਦੀ ਭਗਤੀ ਦਾ ਵੇਲਾ

ਹੀ ਹੈ, ਉਹ ਹਰ ਜਗ੍ਹਾ ਹੈ ਤੇ ਉਸ ਦੀ ਭਗਤੀ ਜਿੱਥੇ ਵੀ ਕੋਈ ਬੈਠਾ ਹੈ, ਜਿਸ ਜਗ੍ਹਾ ਤੇ ਵੀ ਬੈਠਾ ਹੈ ਉਹ ਉੱਥੇ ਹੀ ਉਸ ਦੀ ਭਗਤੀ ਕਰਦਾ ਹੈ ਜਾਂ ਭਗਤੀ ਦੇ ਉਲਟ ਚੱਲਦਾ ਹੈ ਉਸ ਦੀ ਪਰਖ ਪ੍ਰਮਾਤਮਾ ਹਰ ਪਲ ਕਰਦਾ ਹੈ। ਪ੍ਰਮਾਤਮਾ ਹਰ ਵੇਲੇ ਆਪਣੀ ਤੱਕੜੀ ਲੈ ਕੇ ਸਾਡੇ ਅੰਦਰ ਹੀ ਬੈਠਾ ਹੈ। ਪ੍ਰਮਾਤਮਾ ਦੀ ਇਹ ਤੱਕੜੀ ਸਾਡੇ ਅੰਦਰ ਸਾਡੇ ਵਿਚਾਰਾਂ ਦੇ ਰੂਪ ਵਿੱਚ ਹੈ। ਮਨ ਦੇ ਵਿੱਚ ਇਹ ਉਹ ਤੱਕੜੀ ਹੈ ਜਿਸ ਦੇ ਉੱਪਰ ਪ੍ਰਮਾਤਮਾ ਆਪ ਤੋਲ ਕੇ ਵੇਖਦਾ ਹੈ ਕਿ ਕੌਣ ਕਿਤਨਾ ਕੁ ਉਸ ਦੀ ਭਗਤੀ ਦਾ ਤੋਲ ਤੁਲਦਾ ਹੈ। ਮਨ ਦੇ ਵਿੱਚ ਹੀ ਸਾਡੇ ਮਨਮਤਿ ਵਾਲੇ ਵਿਚਾਰ ਹਨ ਤੇ ਮਨ ਦੇ ਵਿੱਚ ਹੀ ਗੁਰਮਤਿ ਵਾਲੇ ਵਿਚਾਰ ਵੱਸਦੇ ਹਨ। ਮਨਮਤਿ ਵਾਲੇ, ਹਉਮੈ ਵਾਲੇ ਵਿਚਾਰ ਸਾਨੂੰ ਭਗਤੀ ਦੇ ਝੂਠ ਦੇ ਨਾਲ ਜੋੜਦੇ ਹਨ ਤੇ ਗੁਰਮਤਿ ਵਾਲੇ ਵਿਚਾਰ ਸਾਨੂੰ ਭਗਤੀ ਦੇ ਸੱਚ ਦੇ ਨਾਲ ਜੋੜਦੇ ਹਨ। ਭਗਤੀ ਦਾ ਤੋਲ ਉਹੀ ਤੁਲ ਸਕਦਾ ਹੈ ਜੋ ਸੱਚ ਤੇ ਪੂਰਾ ਉਤਰਦਾ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦੇ ਹਾਂ। ਗੁਰਮਤਿ ਵਾਲੇ ਵਿਚਾਰ ਸਾਨੂੰ ਸੱਚੀ ਭਗਤੀ ਦੇ ਮਾਰਗ ਤੇ ਚਲਾਉਂਦੇ ਹਨ ਭਾਵ ਅਸੀਂ ਆਪਣੀ ਕਿਰਤ ਵਿੱਚ, ਆਪਣੇ ਕਾਰ ਵਿਹਾਰ ਵਿੱਚ ਸੱਚ ਤੋਂ ਚੱਲਣ ਤੇ ਨਹੀਂ ਡੋਲਦੇ ਤੇ ਮਨਮਤਿ ਵਾਲੇ ਵਿਚਾਰਾਂ ਦੁਆਰਾ, ਮਾਇਆ ਮੋਹ ਵਾਲੇ ਵਿਚਾਰਾਂ ਦੁਆਰਾ ਅਸੀਂ ਸੱਚ ਤੋਂ ਚੱਲਣ ਤੇ ਡੋਲ ਜਾਂਦੇ ਹਾਂ ਭਾਵ ਮਾੜੀ ਕਿਰਤ ਕਰਦੇ ਹਾਂ। ਜੋ ਵਣਜ ਅਸੀਂ ਸੰਸਾਰ ਵਿੱਚ ਕਰਨ ਲਈ ਆਏ ਹਾਂ ਭਾਵ ਨਾਮ ਦੀ ਵਣਜ ਕਰਨ ਲਈ ਆਏ ਹਾਂ ਉਹ ਵਣਜ ਅਸੀਂ ਆਪਣੇ ਕਾਰ ਵਿਹਾਰ ਵਿੱਚ ਹੀ ਕਰਨੀ ਹੈ। ਸੱਚ ਤੇ ਚੱਲਣ ਦੁਆਰਾ ਅਸੀਂ ਸੱਚੀ ਵਣਜ ਕਰਦੇ ਹਾਂ ਤੇ ਝੂਠ ਤੇ ਚੱਲਣ ਦੁਆਰਾ ਅਸੀਂ ਝੂਠੀ ਵਣਜ ਕਰਦੇ ਹਾਂ। ਅਸੀਂ ਵਣਜ ਸੱਚ ਦੀ ਹੀ ਕਰਨੀ ਹੈ ਭਾਵ ਨਾਮ ਦੀ ਹੀ ਕਰਨੀ ਹੈ ਜਿਸ ਵਣਜ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਉਹ ਵਣਜ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਸੱਚ ਦੀ ਸਮਝਾਈ ਹੋਈ ਸੱਚੀ ਸਮਝ ਦੁਆਰਾ ਵਿਚਰਾਂਗੇ ਭਾਵ ਆਪਣੇ ਜੀਵਨ ਵਿੱਚ ਨਾਮ ਨੂੰ ਮੰਨਣ ਦਾ ਉੱਦਮ ਕਰਾਂਗੇ, ਨਾਮ ਨੂੰ ਜਪਣ ਦਾ ਉੱਦਮ ਕਰਾਂਗੇ। ਸੱਚ ਦੇ ਤੋਲ ਤੇ, ਗੁਰਮਤਿ ਵਾਲੀ ਸਮਝ ਦੇ ਤੋਲ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਤੇ ਇਸੇ ਲਈ ਸੱਚ ਦੇ ਮਾਲਕ ਨਾਲ ਮੇਲ ਕਰਨਾ ਔਖਾ ਹੈ ਕਿਉਂਕਿ ਮਨ ਦਾ ਮਾਇਆ ਮੋਹ ਸਾਨੂੰ ਸੱਚ ਨਾਲ ਜੁੜਨ ਨਹੀਂ ਦਿੰਦਾ ਭਾਵ ਭਗਤੀ ਦੇ ਸੱਚੇ ਮਾਰਗ ਨਾਲ ਜੁੜਨ ਨਹੀਂ ਦਿੰਦਾ ਤੇ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦਾ ਹੈ। ਨਾਮ ਦੀ ਵਣਜ ਦਾ ਮਾਰਗ ਗੁਣਾਂ ਦਾ ਮਾਰਗ ਹੈ ਜੋ ਵਣਜ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ ਤੇ ਔਗੁਣਾਂ ਵਿੱਚ ਰਹਿੰਦੇ ਹੋਏ ਨਹੀਂ ਹੋ ਸਕਦੀ। ਜਿੱਥੇ ਸੱਚ ਹੈ ਭਾਵ ਜਿੱਥੇ ਗੁਰੂ ਦੀ ਸੱਚੀ ਮਤਿ ਹੈ ਉੱਥੇ ਗੁਣ ਹੈ ਤੇ ਸਾਡਾ ਜੋ ਵੀ ਕਰਮ ਸੱਚ ਦੇ ਤੋਲ ਤੇ ਪੂਰਾ ਨਹੀਂ ਉਤਰਦਾ ਉਹ ਔਗੁਣ ਹੈ। ਪ੍ਰਮਾਤਮਾ ਦੀ ਭਗਤੀ ਹਰ ਵੇਲੇ ਹੀ ਅਸੀਂ ਕਰਦੇ ਹਾਂ ਭਾਵੇਂ ਉਹ ਗੁਣਾਂ ਵਾਲੀ ਭਗਤੀ ਹੈ, ਭਾਵੇਂ ਔਗੁਣਾਂ ਵਾਲੀ ਭਗਤੀ ਹੈ। ਸਾਡੇ ਅੰਦਰ ਵਿਚਾਰ ਹਰ ਵੇਲੇ ਚੱਲਦੇ ਰਹਿੰਦੇ ਹਨ ਜੋ ਸਾਨੂੰ ਗੁਣਾਂ ਔਗੁਣਾਂ ਵਿੱਚ ਰੱਖਦੇ ਹਨ ਤੇ ਅਸੀਂ ਔਗੁਣਾਂ ਵਾਲੇ ਵਿਚਾਰਾਂ ਨੂੰ ਤਿਆਗਕੇ ਭਾਵ ਗੁਣਾਂ ਵਾਲੇ ਵਿਚਾਰਾਂ ਦੁਆਰਾ ਹੀ ਸੱਚੀ ਭਗਤੀ ਦੇ ਮਾਰਗ ਨਾਲ ਜੁੜ ਸਕਦੇ ਹਾਂ, ਨਾਮ ਦੇ ਨਾਲ ਜੁੜ ਸਕਦੇ ਹਾਂ, ਨਾਮ ਦੀ ਵਣਜ ਦੇ ਨਾਲ ਜੁੜ ਸਕਦੇ ਹਾਂ। (**ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥**)

ਸੂਹੀ ਮਹਲਾ ੧ ॥

{ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥
ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥}

(ਅੰਗ - ੭੩੦-੭੩੧)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥}

(ਅੰਗ - ੪੧੮)

ਜਿਸ ਵਣਜ ਲਈ ਅਸੀਂ ਸੰਸਾਰ ਵਿੱਚ ਆਏ ਹਾਂ ਅਸੀਂ ਆਪਣੇ ਜੀਵਨ ਦਾ ਫਰਜ ਇਸ ਵਣਜ ਦੁਆਰਾ ਹੀ ਪੂਰਾ ਕਰਨਾ ਹੈ। ਇਸ ਸੰਸਾਰ ਵਿੱਚ ਅਸੀਂ ਚੰਗੇ ਕਰਮ ਕਰਨ ਲਈ ਆਏ ਹਾਂ ਭਾਵ ਸ੍ਰਿਸ਼ਟੀ ਦੀ ਸੰਭਾਲ ਲਈ ਆਏ ਹਾਂ, ਸ੍ਰਿਸ਼ਟੀ ਦੇ ਭਲੇ ਲਈ ਆਏ ਹਾਂ। ਭਲਾ ਜਾਂ ਬੁਰਾ ਸਾਡੇ ਕਰਮਾਂ ਨਾਲ ਹੀ ਤਹਿ ਹੁੰਦਾ ਹੈ। ਜੋ ਸੱਚੀ ਵਣਜ ਕਰਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਉੱਦਮ ਕਰਦਾ ਹੈ ਉਹੀ ਪ੍ਰਮਾਤਮਾ ਦੇ ਨਾਲ ਮੇਲ ਦਾ ਫ਼ਲ ਪ੍ਰਾਪਤ ਕਰਦਾ ਹੈ ਜੋ ਫ਼ਲ ਉਸ ਨੂੰ ਨਾਮ ਦੇ ਮਾਰਗ ਤੇ ਚੱਲਣ ਦਾ ਉੱਦਮ ਕਰਨ ਦੁਆਰਾ "**ਨਾਮ**" ਦੇ ਫ਼ਲ ਦੇ ਰੂਪ ਵਿੱਚ ਹੀ ਮਿਲਦਾ ਹੈ।

ਬਸੰਤੁ ਮਹਲਾ ੧ ॥

{ਆਪੇ ਕੁਦਰਤਿ ਕਰੇ ਸਾਜਿ ॥
ਸਚੁ ਆਪਿ ਨਿਬੇੜੇ ਰਾਜੁ ਰਾਜਿ ॥
ਗੁਰਮਤਿ ਊਤਮ ਸੰਗਿ ਸਾਥਿ ॥
ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥
ਮਤ ਬਿਸਰਸਿ ਰੇ ਮਨ ਰਾਮ ਬੋਲਿ ॥
ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥
ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥
ਗੁਰ ਸੇਵ ਤਰੇ ਤਜਿ ਮੇਰ ਤੋਰ ॥
ਨਰ ਨਿੰਦਕ ਲੋਭੀ ਮਨਿ ਕਠੋਰ ॥
ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥
ਗੁਰੁ ਤੁਠਾ ਬਖਸੇ ਭਗਤਿ ਭਾਉ ॥
ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥
ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥
ਗੁਰਸਿਖ ਪਿਆਰੇ ਦਿਨਸੁ ਰਾਤਿ ॥

ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥
ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ - ੧੧੭੦)

{ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥}

(ਅੰਗ - ੧੪੯)

ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਮਨੁੱਖ ਦਾ ਮੇਲ ਪ੍ਰਮਾਤਮਾ ਦੇ ਨਾਲ ਕਿਸ ਕਰਕੇ ਨਹੀਂ ਹੁੰਦਾ ਤੇ ਸੱਚੀ ਭਗਤੀ ਦੇ ਮਾਰਗ ਤੇ ਕੋਈ ਕਿਸ ਕਰਕੇ ਨਹੀਂ ਚੱਲ ਸਕਦਾ ਭਾਵ ਇਹ ਸੰਸਾਰ ਵਿੱਚ ਆਉਣ ਦਾ ਆਪਣਾ ਫਰਜ ਕੋਈ ਕਿਸ ਕਰਕੇ ਪੂਰਾ ਨਹੀਂ ਕਰ ਸਕਦਾ ਭਾਵ ਸੱਚੀ ਵਣਜ ਮਨੁੱਖ ਕਿਸ ਲਈ ਨਹੀਂ ਕਰ ਸਕਦਾ ਤੇ ਉਸਦਾ ਉਪਾਵ ਕੀ ਹੈ।

"ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥"

ਹੁਣ ਧਿਆਨ ਨਾਲ ਸਮਝੋ ਕਿ ਉੱਪਰ ਪਹਿਲੀ ਪੰਗਤੀ ਰਾਹੀਂ ਮਨੁੱਖ ਦੇ ਕਿਤਨੇ ਕੁ ਔਗੁਣ ਦੱਸੇ ਹੋਏ ਹਨ। ਉਤਨੇ ਕੁ ਔਗੁਣ ਦੱਸੇ ਹੋਏ ਹਨ ਜਿਤਨਾ ਸਮੁੰਦਰ ਵਿੱਚ ਪਾਣੀ ਭਰਿਆ ਹੁੰਦਾ ਹੈ ਭਾਵ ਸਾਡੇ ਅੰਦਰ ਜੋ ਔਗੁਣ ਹਨ ਉਹ ਗਿਣਤੀ ਤੋਂ ਬਾਹਰ ਹਨ ਜਿਵੇਂ ਕਿ ਅਸੀਂ ਸ਼ਬਦ ਦੇ ਸ਼ੁਰੂ ਦੇ ਵਿੱਚ ਸਮਝਿਆ ਹੈ। ਪ੍ਰਮਾਤਮਾ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ, ਇਸ ਸੰਸਾਰ ਦੀ ਰਚਨਾ ਕਿਵੇਂ ਹੋਈ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਜੰਮਣ ਮਰਨ ਕੀ ਹੈ, ਹਉਮੈ ਕੀ ਹੈ, ਨਾਮ ਕੀ ਹੈ, ਤ੍ਰੈ ਗੁਣ ਕੀ ਹੈ, ਚੌਥਾ ਪਦ ਕੀ ਹੈ, ਜਮ ਕੀ ਹਨ, ਜਮਾਂ ਦੀ ਮਾਰ ਕੀ ਹੈ, ਸਵਰਗ ਕੀ ਹੈ, ਨਰਕ ਕੀ ਹੈ, ਜੂਨਾਂ ਕੀ ਹਨ ਤੇ ਇਸ ਦੇ ਨਾਲ ਜੁੜੇ ਹੋਏ ਭਾਵ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਨਾਲ ਜੁੜੇ ਹੋਏ ਅਨੇਕਾਂ ਹੀ ਅਨੇਕਾਂ ਭਰਮ ਹਨ। ਹਰ ਵਸਤੂ ਕਿਤਨੇ ਕੁ ਗੁਣਾਂ ਵਾਲੀ ਹੈ ਤੇ ਉਹਨਾਂ ਗੁਣਾਂ ਦਾ ਮੂਲ ਕੌਣ ਹੈ, ਮਨੁੱਖ ਦੇ ਅੰਦਰ ਗੁਣ ਪਾਉਣ ਵਾਲਾ ਕੌਣ ਹੈ, ਸਮਝ ਪਾਉਣ ਵਾਲਾ ਕੌਣ ਹੈ, ਭਰਮ ਕਿੱਥੋਂ ਆਉਂਦਾ ਹੈ ਤੇ ਸੱਚ ਕਿੱਥੋਂ ਆਉਂਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਇਹੋ ਜਿਹੇ ਮਨੁੱਖ ਦੇ ਅੰਦਰ ਅਨੇਕਾਂ ਹੀ ਅਨੇਕਾਂ ਭਰਮ ਹਨ ਜੋ ਸਾਨੂੰ ਸੱਚ ਦੀ ਸਮਝ ਨਹੀਂ ਪੈਣ ਦਿੰਦੇ ਭਾਵ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੇ ਹਨ, ਪ੍ਰਮਾਤਮਾ ਦੇ ਗੁਣਾਂ ਨੂੰ ਜਾਨਣ ਤੋਂ, ਸਮਝਣ ਤੋਂ ਤੇ ਉਹਨਾਂ ਦੁਆਰਾ ਵਿਚਰਨ ਤੋਂ ਦੂਰ ਰੱਖਦੇ ਹਨ। ਸਾਡਾ ਜੋ ਵੀ ਵਿਚਾਰ ਸਾਨੂੰ ਅਸਲੀਅਤ ਸਮਝਣ ਤੋਂ ਦੂਰ ਕਰਦਾ ਹੈ, ਪ੍ਰਮਾਤਮਾ ਦੇ ਗੁਣਾਂ ਨੂੰ ਸਮਝਣ ਤੋਂ ਦੂਰ ਰੱਖਦਾ ਹੈ ਉਹ ਸਾਡਾ ਔਗੁਣ ਹੈ। ਮਨੁੱਖ ਇਹਨਾਂ ਔਗੁਣਾਂ ਦਾ ਭਰਿਆ ਹੋਇਆ ਹੈ ਭਾਵ ਮਨ ਦੇ ਭਰਮਾਂ ਦਾ ਭਰਿਆ ਹੋਇਆ ਹੈ। "**ਗੁਣ**" ਰੂਪ ਪ੍ਰਮਾਤਮਾ ਆਪ ਹੈ ਤੇ ਸਾਡਾ ਜੋ ਵੀ ਮਨ ਦਾ ਵਿਚਾਰ ਉਸ ਗੁਣ ਰੂਪ ਪ੍ਰਮਾਤਮਾ ਨੂੰ ਸਮਝਣ ਤੋਂ ਸਾਨੂੰ ਦੂਰ ਕਰਦਾ ਹੈ ਉਹ ਸਾਡਾ ਔਗੁਣ ਹੈ। ਉਹ "**ਗੁਣ**" ਰੂਪ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਮਨੁੱਖ ਔਗੁਣਾਂ ਵਾਲੇ ਵਿਚਾਰਾਂ ਨਾਲ ਭਰਿਆ ਰਹਿੰਦਾ ਹੈ। (**ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥**) ਅੰਗ - ੯। ਜਦ ਤੱਕ ਉਸ ਗੁਣਾਂ ਦੇ ਮਾਲਕ ਪ੍ਰਮਾਤਮਾ ਦੇ ਨਾਲ ਕਿਸੇ ਦਾ ਮੇਲ ਨਹੀਂ ਹੋ ਜਾਂਦਾ ਤਦ ਤੱਕ ਮਨੁੱਖ ਔਗੁਣਾਂ ਦਾ ਭਰਿਆ ਹੋਇਆ ਹੀ ਰਹਿੰਦਾ ਹੈ। ਆਪਣੇ ਆਪ ਨੂੰ ਇੱਕ ਮਨੁੱਖ ਕਹਿਣਾ ਭਾਵ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਵੀ ਸਾਡਾ ਔਗੁਣ ਹੈ। ਕਿਸੇ ਵੀ ਮਨੁੱਖੀ ਸਰੀਰ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਸਾਡਾ ਔਗੁਣ ਹੈ। ਕਿਸੇ ਵੀ ਵਸਤੂ ਨੂੰ, ਆਕਾਰ ਰੂਪ ਨੂੰ, ਪੇੜਾਂ, ਪੌਦਿਆਂ ਨੂੰ, ਜੀਵ ਜੰਤੂਆਂ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਸਾਡਾ ਔਗੁਣ ਹੈ। ਆਪਣੇ ਘਰ ਨੂੰ ਆਪਣਾ ਕਹਿਣਾ ਸਾਡਾ ਔਗੁਣ ਹੀ ਹੈ। ਮਾਇਆ ਨੂੰ ਆਪਣਾ ਸਮਝਣਾ ਸਾਡਾ ਔਗੁਣ ਹੀ ਹੈ। ਜਦ ਤੱਕ ਅਸੀਂ ਹਰ ਇੱਕ ਰੂਪ ਵਿੱਚ ਪ੍ਰਮਾਤਮਾ ਨੂੰ ਨਹੀਂ ਦੇਖਦੇ ਤਦ ਤੱਕ ਅਸੀਂ ਔਗੁਣਾਂ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਗੁਣੀ ਨਹੀਂ ਬਣ ਸਕਦੇ। ਗੁਣੀ ਸਾਡੇ ਵਿਚਾਰਾਂ ਨੇ ਹੀ ਬਣਨਾ ਹੈ ਜਿੰਨ੍ਹਾਂ ਨੂੰ ਗੁਣੀ ਉਹ ਗੁਣਾਂ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਬਣਾਉਂਦਾ ਹੈ। ਜਿਸ ਨੇ ਸਾਨੂੰ ਔਗੁਣਾਂ ਦੇ ਨਾਲ ਭਰਿਆ ਹੋਇਆ ਹੈ, ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਨਾਲ ਭਰਿਆ ਹੋਇਆ ਹੈ ਉਹੀ ਸਾਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ਕੇ ਗੁਣੀ ਬਣਾ ਸਕਦਾ ਹੈ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਗੁਣੀ ਹੈ, ਨਾਮ ਦੇ ਰੂਪ ਵਿੱਚ ਗੁਣੀ ਹੈ ਤੇ ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਨਾਮ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ। ਜੋ ਰੂਪ ਪ੍ਰਮਾਤਮਾ

ਦਾ ਮਨੁੱਖ ਆਪਣੇ ਅੰਦਰ ਵੇਖਦਾ ਹੈ ਉਹੀ ਰੂਪ ਪ੍ਰਮਾਤਮਾ ਦਾ ਸਭ ਵਿੱਚ ਨਜ਼ਰ ਆਉਂਦਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਹਰ ਆਕਾਰ ਰੂਪ ਨੂੰ ਪ੍ਰਮਾਤਮਾ ਨੇ ਆਪਣੇ ਨਿਰੰਕਾਰ ਰੂਪ ਨਾਲ ਬਣਾਇਆ ਹੈ ਭਾਵ ਨਾਮ ਰੂਪ ਨਾਲ, ਬ੍ਰਹਮ ਗਿਆਨ ਰੂਪ ਨਾਲ ਬਣਾਇਆ ਹੈ ਤੇ ਉਸੇ ਨਿਰੰਕਾਰ ਰੂਪ ਵਿੱਚ ਹੀ ਹਰ ਆਕਾਰ ਰੂਪ ਵਿੱਚ ਸਮਾਇਆ ਹੋਇਆ ਹੈ ਜਿਸ ਪ੍ਰਮਾਤਮਾ ਦੇ ਰੂਪ ਨੂੰ ਕੇਵਲ ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। (**ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥ ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥ ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥ ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥**) ਅੰਗ - ੧੧੫੨

ਜਦ ਤੱਕ ਪ੍ਰਮਾਤਮਾ ਸਭ ਵਿੱਚ ਨਜ਼ਰ ਨਹੀਂ ਆਉਂਦਾ ਤਦ ਤੱਕ ਮਨੁੱਖ ਗੁਣੀ ਨਹੀਂ ਬਣ ਸਕਦਾ ਤੇ ਉਹ ਔਗੁਣਾਂ ਦਾ ਭਰਿਆ ਹੋਇਆ ਹੀ ਰਹਿੰਦਾ ਹੈ। ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਅਨੇਕਾਂ ਹੀ ਅਨੇਕਾਂ ਭਰਮ ਹਨ, ਦੁਚਿੱਤੀ ਹੈ, ਦੁਬਿਧਾ ਹੈ, ਮਨਮਤਿ ਹੈ, ਦੁਰਮਤਿ ਹੈ, ਸਹਸਾ ਹੈ ਤੇ ਅਕਾਲ ਪੁਰਖ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ ਭਾਵ ਹਰ ਔਗੁਣ ਵਿੱਚੋਂ ਕੱਢ ਲੈਂਦਾ ਹੈ ਤੇ ਮਨੁੱਖ ਦੀ ਸਮਝ ਨੂੰ ਸੱਚ ਦੇ ਨਾਲ ਜੋੜ ਦਿੰਦਾ ਹੈ ਜੋ ਸਮਝ ਪ੍ਰਮਾਤਮਾ ਬਾਰੇ, ਉਸ ਦੀ ਭਗਤੀ ਬਾਰੇ ਜੋ ਕੁੱਝ ਵੀ ਸਮਝਾਉਂਦੀ ਹੈ ਉਹ ਸੱਚ ਹੀ ਸਮਝਾਉਂਦੀ ਹੈ, ਗੁਣ ਹੀ ਸਮਝਾਉਂਦੀ ਹੈ ਜਿਵੇਂ ਕਿ ਗੁਰਬਾਣੀ ਰਾਹੀਂ ਸਾਨੂੰ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਾਇਆ ਹੈ। ਉਹਨਾਂ ਨੇ ਹਰ ਸ਼ਬਦ ਰਾਹੀਂ ਸਾਨੂੰ ਗੁਣ ਹੀ ਸਮਝਾਏ ਹਨ ਜਿੰਨ੍ਹਾਂ ਗੁਣਾਂ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢਣ ਦਾ ਹੀ ਹੈ ਜਿੰਨ੍ਹਾਂ ਔਗੁਣਾਂ ਦਾ ਕਾਰਨ ਸਾਡੇ ਮਨ ਦੇ ਭਰਮ ਹਨ, ਸਾਡੇ ਅੰਦਰ ਦੀ ਅਗਿਆਨਤਾ ਹੈ। ਜਿਹੜੇ ਸਾਡੇ ਔਗੁਣ ਹਨ ਭਾਵ ਸਾਡੇ ਭਰਮਾਂ ਵਾਲੇ ਵਿਚਾਰ ਹਨ ਜੋ ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਦੂਰ ਕਰਕੇ ਮਾਇਆ ਮੋਹ ਵਿੱਚ ਪਾਉਂਦੇ ਹਨ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਪਾਉਂਦੇ ਹਨ ਭਾਵ ਜੋ ਵਿਚਾਰ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਇਹਨਾਂ ਮਾੜੇ ਵਿਚਾਰਾਂ ਨੂੰ ਹੀ ਸਾਡੇ ਅੰਦਰ ਦੇ "ਪੱਥਰ" ਕਿਹਾ ਹੈ ਜੋ ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚ ਡੁਬੋਈ ਰੱਖਦੇ ਹਨ। ਇਨ੍ਹਾਂ ਪੱਥਰਾਂ ਨੂੰ ਤਾਰਨ ਦਾ ਤਰੀਕਾ ਗੁਰਮਤਿ ਦੀ ਸੱਚੀ ਸਮਝ ਹੈ, ਗੁਰੂ ਦੇ ਸੱਚੇ ਗੁਣ ਹਨ ਜੋ ਸਾਨੂੰ ਇਹਨਾਂ ਔਗੁਣਾਂ ਵਾਲੇ ਵਿਚਾਰਾਂ ਵਿੱਚੋਂ ਕੱਢ ਸਕਦੇ ਹਨ, ਤਾਰ ਸਕਦੇ ਹਨ ਭਾਵ ਮਨ ਦੇ ਮਾਇਆ ਮੋਹ ਵਾਲੇ ਸਾਗਰ ਵਿੱਚੋਂ ਤਾਰ ਸਕਦੇ ਹਨ। ਪ੍ਰਮਾਤਮਾ ਕਿਸ ਨੂੰ ਇਹਨਾਂ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢਦਾ ਹੈ, ਤਾਰਦਾ ਹੈ ਭਾਵ ਔਗੁਣਾਂ ਵਿੱਚੋਂ ਕੱਢਕੇ ਗੁਣੀ ਬਣਾਉਂਦਾ ਹੈ ਇਹ ਕੇਵਲ ਤੇ ਕੇਵਲ ਉਸ ਦੀ ਦਇਆ ਹੈ, ਗੁਰ ਪਰਸਾਦਿ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਇਹਨਾਂ ਔਗੁਣਾਂ ਵਿੱਚੋਂ ਕੱਢਦਾ ਹੈ ਉਹੀ ਆਪਣੇ ਅੰਦਰੋਂ ਉਸ ਗੁਣਾਂ ਦੇ ਮਾਲਕ ਨੂੰ ਜਾਣ ਸਕਦਾ ਹੈ ਤੇ ਫਿਰ ਇਹੋ ਜਿਹੀ ਸਮਝ ਦੁਆਰਾ ਹੀ ਸਭ ਜਗ੍ਹਾ ਤੇ ਸਭ ਵਿੱਚ ਉਹ ਗੁਣ ਰੂਪ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਜੋ ਸਭ ਜਗ੍ਹਾ ਆਪਣੇ ਗੁਣਾਂ ਦੁਆਰਾ ਹੀ ਭਰਪੂਰ ਹੈ। (**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥**)

ਮਨੁੱਖ ਔਗੁਣਾਂ ਦਾ ਭਰਿਆ ਹੋਇਆ ਕਿਸ ਲਈ ਹੈ, ਮਨੁੱਖ ਗੁਣੀ ਕਿਸ ਲਈ ਨਹੀਂ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਕੇਵਲ ਗੁਰਬਾਣੀ ਦੀ ਲਿਖਤ ਤੇ ਭਰੋਸਾ ਕਰਨ ਦੀ ਲੋੜ ਹੈ ਕਿ ਜੋ ਗੁਰੂ ਕਹਿ ਰਿਹਾ ਹੈ ਉਹ ਸਾਰੇ ਸੰਸਾਰ ਲਈ ਪੂਰਨ ਸੱਚ ਹੀ ਹੈ।

"ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥"

(ਅੰਗ - ੧੪੦੬)

ਜੋ ਕੁੱਝ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਉਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਜਦ ਤੱਕ ਮਨੁੱਖ "**ਏਕੁ ਗੁਣੁ**" ਨੂੰ ਨਹੀਂ ਸਮਝਦਾ ਤਾਂ ਤੱਕ ਮਨੁੱਖ ਔਗੁਣਾਂ ਦਾ ਭਰਿਆ ਹੋਇਆ ਹੀ ਰਹਿੰਦਾ ਹੈ। "**ਏਕੁ ਗੁਣੁ**" ਤੋਂ ਭਾਵ ਹੈ ਇੱਕੋ ਇੱਕ "**ਗੁਣੁ**" ਭਾਵ ਇੱਕੋ ਇੱਕ ਆਪ ਪ੍ਰਮਾਤਮਾ ਜੋ ਸਭ ਜਗ੍ਹਾ ਆਪਣੇ ਗੁਣਾਂ ਦੇ ਰੂਪ ਵਿੱਚ ਭਰਪੂਰ ਹੈ ਭਾਵ

ਹਰ ਵਸਤੂ ਵਿੱਚ ਗੁਣ ਪਾਉਣ ਵਾਲਾ "**ਇਕੁ ਗੁਣੁ**" ਹੀ ਹੈ ਭਾਵ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜੋ ਸਭ ਜਗ੍ਹਾ ਆਪਣੇ "**ਗੁਣੁ ਰੂਪ**" ਵਿੱਚ ਹੈ। ਜਿਸ ਮਨੁੱਖ ਦੇ ਅੰਦਰ "**ਏਕੁ ਗੁਣੁ**" ਭਾਵ ਪ੍ਰਮਾਤਮਾ ਪ੍ਰਗਟ ਨਹੀਂ ਹੁੰਦਾ ਤਦ ਤੱਕ ਮਨੁੱਖ ਔਗੁਣਾਂ ਦਾ ਭਰਿਆ ਹੋਇਆ ਹੀ ਰਹਿੰਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਸਾਡੇ ਅੰਦਰ ਔਗੁਣ ਕਿੱਥੋਂ ਆਉਂਦੇ ਹਨ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। "**ਏਕੁ ਗੁਣੁ**" ਰੂਪ ਪ੍ਰਮਾਤਮਾ ਆਪਣੇ "**ਅੰਮ੍ਰਿਤ**" ਰੂਪ ਦੁਆਰਾ ਗੁਣਾਂ ਦਾ ਮਾਲਕ ਹੈ ਤੇ ਜਿਸ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਆਪਣੇ ਅੰਮ੍ਰਿਤ ਰੂਪ ਦੁਆਰਾ ਹੀ ਪ੍ਰਗਟ ਕਰਦਾ ਹੈ, ਨਾਮ ਰੂਪ ਦੁਆਰਾ ਹੀ ਪ੍ਰਗਟ ਕਰਦਾ ਹੈ ਜੋ ਰੂਪ ਉਸ ਦਾ ਸੱਚੇ ਗਿਆਨ ਦਾ ਰੂਪ ਹੈ ਜਿਸ ਰੂਪ ਨੂੰ ਮਨ ਦੇ ਵਿੱਚ ਪ੍ਰਗਟ ਕਰਨ ਦੁਆਰਾ ਉਹ ਆਪਣੇ ਸੱਚੇ ਗੁਣ ਹੀ ਸਮਝਾਉਂਦਾ ਹੈ ਤੇ ਮਨੁੱਖ ਨੂੰ ਹਰ ਔਗੁਣ ਵਿੱਚੋਂ ਕੱਢ ਲੈਂਦਾ ਹੈ। ਜਦ ਤੱਕ ਸਾਡੇ ਅੰਦਰ "**ਅੰਮ੍ਰਿਤ**" ਰੂਪ ਪ੍ਰਮਾਤਮਾ ਪ੍ਰਗਟ ਨਹੀਂ ਹੁੰਦਾ ਤਦ ਤੱਕ ਮਨੁੱਖ ਨੂੰ ਆਪਣੇ ਅੰਦਰੋਂ ਜੋ ਸਮਝ ਪੈਂਦੀ ਹੈ ਉਹ "**ਬਿਖੁ**" ਵਾਲੀ ਸਮਝ ਪੈਂਦੀ ਹੈ ਭਾਵ ਮਾਇਆ ਮੋਹ ਵਾਲੀ ਸਮਝ ਪੈਂਦੀ ਹੈ ਜਿਸ ਬਿਖੁ ਵਾਲੀ ਸਮਝ ਵਿੱਚ, ਤ੍ਰੈਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਰੱਖਿਆ ਹੋਇਆ ਹੈ। ਇਹ "**ਬਿਖ**" ਸਾਡੇ ਮਨ ਦਾ ਭੋਜਨ ਹੈ, ਸਾਡੀ ਸਮਝ ਦਾ ਭੋਜਨ ਹੈ ਜੋ ਭੋਜਨ ਮਨ ਦੇ ਵਿੱਚੋਂ ਸਾਡਾ ਮਨ ਬਿਖਿਆ ਵਾਲੇ ਵਿਚਾਰਾਂ ਦੇ ਰੂਪ ਵਿੱਚ ਪ੍ਰਾਪਤ ਕਰਦਾ ਰਹਿੰਦਾ ਹੈ ਜੋ ਵਿਚਾਰ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਉਪਜਾਉਂਦਾ ਹੈ। ਜਦ ਤੱਕ ਮਨੁੱਖ ਪ੍ਰਮਾਤਮਾ ਦੇ "**ਅੰਮ੍ਰਿਤ**" ਨਾਲ ਨਹੀਂ ਜੁੜਦਾ, ਮਨ ਦੇ ਅੰਮ੍ਰਿਤ ਭੋਜਨ ਨਾਲ ਨਹੀਂ ਜੁੜਦਾ ਭਾਵ ਉਸ ਦੇ ਸੱਚੇ ਗਿਆਨ ਵਾਲੀ ਸਮਝ ਦੇ ਨਾਲ ਨਹੀਂ ਜੁੜਦਾ ਤਾਂ ਤੱਕ ਮਨੁੱਖੀ ਸਮਝ "**ਬਿਖੁ**" ਵਾਲੇ ਵਿਚਾਰਾਂ ਨਾਲ ਹੀ ਜੁੜੀ ਰਹਿੰਦੀ ਹੈ ਜੋ ਮਨੁੱਖ ਨੂੰ ਔਗੁਣਾਂ ਨਾਲ ਜੋੜ ਕੇ ਰੱਖਦੀ ਹੈ ਕਿਉਂਕਿ ਸਾਡੇ ਅੰਦਰ ਦਾ ਉਹ ਹਰ ਵਿਚਾਰ ਔਗੁਣ ਹੈ ਜੋ "**ਅੰਮ੍ਰਿਤੁ**" ਰੂਪ ਵਿਚਾਰਾਂ ਦੇ ਨਾਲ ਮੇਲ ਨਹੀਂ ਖਾਂਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ "**ਅੰਮ੍ਰਿਤੁ**" ਨਾਮ ਹੈ ਜੋ ਗੁਣਾਂ ਵਾਲੇ ਵਿਚਾਰਾਂ ਦੇ ਨਾਲ ਭਰਪੂਰ ਹੈ। ਹਰ ਸ਼ਬਦ ਦੀ ਮਤਿ ਸਾਨੂੰ ਗੁਣ ਹੀ ਸਮਝਾਉਂਦੀ ਹੈ ਤੇ ਜਦ ਤੱਕ ਅਸੀਂ ਸ਼ਬਦਾਂ ਦੀ ਮਤਿ ਨੂੰ ਛੱਡਿਆ ਹੋਇਆ ਹੈ ਭਾਵ ਉਹਨਾਂ ਨੂੰ ਨਹੀਂ ਮੰਨਿਆਂ ਤਾਂ ਤੱਕ ਅਸੀਂ ਗੁਰੂ ਦੇ ਗੁਣਾਂ ਨੂੰ ਨਹੀਂ ਅਪਣਾਇਆ ਭਾਵ ਅਸੀਂ ਆਪਣੇ ਅੰਦਰ ਦੀ ਬਿਖ ਨੂੰ ਨਹੀਂ ਛੱਡਿਆ ਜਿਸ ਕਰਕੇ ਅਸੀਂ ਔਗੁਣਾਂ ਦੇ ਨਾਲ ਭਰੇ ਰਹਿੰਦੇ ਹਾਂ। "**ਏਕੁ ਗੁਣੁ**" ਨੂੰ ਜਾਣੇ ਬਿਨ੍ਹਾਂ ਮਨੁੱਖ ਔਗੁਣਾਂ ਦਾ ਭਰਿਆ ਹੋਇਆ ਹੀ ਰਹਿੰਦਾ ਹੈ ਜਿਸ ਕਰਕੇ ਹਰ ਕੋਈ ਆਪਣੇ ਆਪ ਨੂੰ ਹੀ ਗੁਣੀ ਸਮਝਦਾ ਹੈ, ਚੰਗੀ ਸਮਝ ਵਾਲਾ ਸਮਝਦਾ ਹੈ ਜੋ ਕਿ ਸਾਡਾ ਔਗੁਣ ਹੈ। ਉਸ ਗੁਣਾਂ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਗੁਣੀ ਸਮਝ ਲਵੇ, ਧਰਮ ਦੇ ਮਾਰਗ ਦਾ ਗੁਣੀ ਸਮਝ ਲਵੇ, ਸੰਤ, ਬ੍ਰਹਮ ਗਿਆਨੀ ਆਦਿ ਸਮਝ ਲਵੇ ਇਹ ਨਾਮੁਮਕਿਨ ਹੈ। (**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥**) ਸਾਡੇ ਅੰਦਰ ਦੀ ਇਹ "ਬਿਖੁ" ਕੀ ਹੈ ਜਿਸ ਨੂੰ ਅਸੀਂ ਖਾਂਦੇ ਹਾਂ ਤੇ ਮਨ ਦੀ ਇਹ ਬਿਖੁ ਸਾਨੂੰ ਅੰਮ੍ਰਿਤ ਤੋਂ ਕਿਸ ਤਰੀਕੇ ਦੂਰ ਰੱਖਦੀ ਹੈ ਭਾਵ ਗੁਣਾਂ ਤੋਂ ਕਿਸ ਤਰੀਕੇ ਦੂਰ ਰੱਖਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥"

"ਬਿਖੁ" ਜ਼ਹਿਰ ਨੂੰ ਕਹਿੰਦੇ ਹਨ ਤੇ ਸਾਡੇ ਅੰਦਰ ਇਹ ਜ਼ਹਿਰ ਮਾਇਆ ਮੋਹ ਦੇ ਰੂਪ ਵਿੱਚ ਹੈ। ਮਾਇਆ ਮੋਹ ਸਾਡੇ ਅੰਦਰ ਕਿਸ ਤਰੀਕੇ ਅਸਰ ਕਰਦੀ ਹੈ ਭਾਵ ਇਹ ਬਿਖੁ ਸਾਨੂੰ ਕਿਸ ਰੂਪ ਵਿੱਚ ਮਾਰਦਾ ਹੈ ਇਸ ਗੱਲ ਨੂੰ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ। ਮਨ ਦਾ ਇਹ ਮਾਇਆ ਮੋਹ ਰੂਪ ਜ਼ਹਿਰ ਸਾਨੂੰ ਆਤਮਿਕ ਮੌਤ ਹੀ ਮਾਰਦਾ ਹੈ ਜੋ ਆਤਮਿਕ ਮੌਤ ਉਹ ਸਾਨੂੰ ਭਰਮਾਂ ਵਾਲੀ ਸਮਝ ਵਿੱਚ ਪਾਉਣ ਦੁਆਰਾ ਮਾਰਦਾ ਹੈ ਤੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੇ ਮਾਰਗ ਤੋਂ ਭੁਲਾਉਂਦਾ ਹੈ ਜਿਸ ਕਰਕੇ ਅਸੀਂ ਔਗੁਣ ਕਰਦੇ ਹਾਂ ਭਾਵ ਔਗੁਣਾਂ ਦਾ ਮੂਲ ਸਾਡੇ ਅੰਦਰ ਦੇ ਭਰਮ ਹਨ, ਭਰਮਾਂ ਵਾਲੇ ਵਿਚਾਰ ਹਨ। ਇਹ ਭਰਮਾਂ ਵਾਲੇ ਵਿਚਾਰ ਸਾਨੂੰ ਸੱਚ ਦੇ ਨਾਲ ਨਹੀਂ ਜੁੜਨ ਦਿੰਦੇ, ਗੁਰਮਤਿ ਦੀ ਸੱਚਾਈ ਦੇ ਨਾਲ ਨਹੀਂ ਜੁੜਨ ਦਿੰਦੇ ਭਾਵ ਅੰਮ੍ਰਿਤ ਨਾਮ ਦੇ ਨਾਲ ਨਹੀਂ ਜੁੜਨ ਦਿੰਦੇ। ਇਹ ਭਰਮਾਂ ਵਾਲੇ ਵਿਚਾਰ ਝੂਠੀ ਗੱਲ ਨੂੰ ਸੱਚੀ ਗੱਲ ਬਣਾਕੇ ਸਮਝਾਉਂਦੇ ਹਨ ਭਾਵ ਝੂਠ ਤੇ ਹੀ ਵਿਸ਼ਵਾਸ ਦਿਵਾਉਂਦੇ ਹਨ ਤੇ ਸੱਚੀ ਭਗਤੀ ਦੇ ਮਾਰਗ ਤੋਂ ਉਲਝਾ ਕੇ ਰੱਖਦੇ ਹਨ ਭਾਵ ਗੁਰੂ ਦੇ ਗੁਣਾਂ ਨਾਲ ਨਹੀਂ ਜੁੜਨ ਦਿੰਦੇ ਬਲਕਿ ਨਾਸਮਝ ਵਿਚਾਰਾਂ ਨੂੰ ਹੀ ਗੁਣ ਸਮਝਾਉਂਦੇ ਹਨ। ਜੋ ਗੁਣ ਨਹੀਂ ਉਹ ਔਗੁਣ ਹੈ। ਅਸੀਂ ਜਿਹੋ ਜਿਹੀ ਭਗਤੀ ਨੂੰ ਆਪਣੀ ਸੱਚੀ ਭਗਤੀ ਸਮਝਦੇ ਹਾਂ ਉਹ ਅਸਲ ਵਿੱਚ ਸੱਚੀ ਭਗਤੀ ਨਹੀਂ ਹੁੰਦੀ, ਜਿਸ ਨੂੰ ਅਸੀਂ ਨਾਮ ਸਮਝਦੇ ਹਾਂ ਉਹ ਅਸਲ ਵਿੱਚ ਨਾਮ ਨਹੀਂ ਹੰਦਾ ਭਾਵ ਅਸੀਂ ਆਪਣੇ ਭਰਮਾਂ ਵਾਲੇ ਵਿਚਾਰਾਂ ਨੂੰ ਹੀ ਗੁਣ ਸਮਝਦੇ ਹਾਂ ਜੋ ਕਿ ਅਸਲ ਵਿੱਚ

ਔਗੁਣ ਹਨ। ਇਸੇ ਤਰ੍ਹਾਂ ਸੱਚੀ ਭਗਤੀ ਦੀ ਸਮਝ ਨਾ ਹੋਣ ਕਰਕੇ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਫਸੇ ਰਹਿੰਦੇ ਹਾਂ ਤੇ ਉਹਨਾਂ ਨੂੰ ਛੱਡਣ ਵਿੱਚ ਭਗਤੀ ਨਹੀਂ ਸਮਝਦੇ ਜੋ ਕਿ ਭਗਤੀ ਦਾ ਅਸਲ ਮਾਰਗ ਹੈ, ਨਾਮ ਜਪਣ ਦਾ ਅਸਲ ਮਾਰਗ ਹੈ। ਇਹ ਸਭ ਸਾਡੇ ਔਗੁਣ ਹੀ ਹਨ ਜਿੰਨ੍ਹਾਂ ਦਾ ਮੂਲ ਸਾਡੇ ਅੰਦਰ ਭਰਮਾਂ ਵਾਲੇ ਵਿਚਾਰ ਹਨ ਭਾਵ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਹੈ ਜਿਸ ਨੇ ਸਾਰੇ ਜਗਤ ਨੂੰ ਹੀ ਭੁਲਾਇਆ ਹੋਇਆ ਹੈ। ਮਨ ਦੇ ਭਰਮਾਂ ਕਰਕੇ ਹੀ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਤੇ ਹੋਰ ਵੀ ਸਾਰਿਆਂ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜਦ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਾਡੀ ਸੁਰ ਨਾਲ, ਦਾਰਾ ਨਾਲ ਪ੍ਰੀਤ ਇਸ ਲਈ ਜੁੜਦੀ ਹੈ ਕਿ ਅਸੀਂ ਉਹਨਾਂ ਨੂੰ ਆਪਣਾ ਸਮਝਦੇ ਹਾਂ ਜਿੰਨ੍ਹਾਂ ਨੂੰ ਆਪਣਾ ਪਿਆਰ ਦਿਖਾਉਣ ਲਈ, ਉਹਨਾਂ ਦੇ ਸੁੱਖਾਂ ਲਈ ਅਨੇਕਾਂ ਮਾੜੇ ਕਰਮ ਕਰਦੇ ਹਾਂ ਜਿਸ ਕਰਕੇ ਸਾਡੀ ਗੁਰੂ ਨਾਲੋਂ ਪ੍ਰੀਤ ਟੁੱਟਦੀ ਹੈ। ਮਨ ਦੇ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਮਨੁੱਖ ਔਗੁਣਾਂ ਵਿੱਚੋਂ ਨਹੀਂ ਨਿਕਲ ਸਕਦਾ। ਸਾਡੇ ਅੰਦਰ ਦੇ ਇਹ ਭਰਮਾਂ ਵਾਲੇ ਵਿਚਾਰ ਹੀ ਸਾਡੇ ਅੰਦਰ ਦੀ ਬਿਖੁ ਹੈ ਜੋ ਸਾਨੂੰ ਅੰਮ੍ਰਿਤ ਰੂਪ ਵਿਚਾਰਾਂ ਨਾਲ ਭਾਵ ਸੱਚੀ ਗੁਰਮਤਿ ਨਾਲ ਨਹੀਂ ਜੁੜਨ ਦਿੰਦੀ ਤੇ ਸਾਨੂੰ ਆਤਮਿਕ ਮੌਤ ਮਾਰਦੀ ਹੈ। (**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥**)

ਜਦ ਤੱਕ ਮਨੁੱਖ ਭਰਮਾਂ ਵਾਲੀ ਸਮਝ ਵਿੱਚ ਹੈ ਤਾਂ ਤੱਕ ਉਸ ਨੂੰ ਭਗਤੀ ਦਾ ਸੱਚਾ ਮਾਰਗ ਸਮਝ ਨਹੀਂ ਆਉਂਦਾ। ਭਗਤੀ ਦੇ ਸੱਚੇ ਮਾਰਗ ਦੀ ਸਮਝ ਕੇਵਲ ਗੁਰੂ ਨੂੰ, ਪ੍ਰਮਾਤਮਾ ਨੂੰ ਆਪ ਹੀ ਹੈ ਕਿ ਉਸ ਨੂੰ ਕਿਸ ਤਰੀਕੇ ਭਗਤੀ ਦੇ ਮਾਰਗ ਤੇ ਚੱਲ ਕੇ ਪਾਇਆ ਜਾ ਸਕਦਾ ਹੈ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰਾਹੀਂ ਉਹ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ, ਮਨ ਦੇ ਭਰਮਾਂ ਵਿੱਚੋਂ ਕੱਢਣ ਦੁਆਰਾ ਸਮਝਾਉਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥

ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥”

ਜਿੰਨ੍ਹਾਂ ਨੇ ਸਾਨੂੰ ਗੁਰਬਾਣੀ ਸਮਝਾਈ ਹੈ ਉਹਨਾਂ ਨੇ ਪ੍ਰਮਾਤਮਾ ਦਾ ਗੁਰੂ ਰੂਪ ਬਣਕੇ ਹੀ ਸਮਝਾਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਜਿੰਨ੍ਹਾਂ ਨੇ ਭਗਤੀ ਦਾ ਮਾਰਗ ਪ੍ਰਮਾਤਮਾ ਦੇ ਕੋਲੋਂ ਸਿੱਖਿਆ ਹੈ ਉਹਨਾਂ ਨੂੰ ਹੀ ਇਸ ਗੱਲ ਦੀ ਸਮਝ ਪਈ ਹੈ ਕਿ ਗੁਰੂ ਕੇਵਲ ਆਪ ਪ੍ਰਮਾਤਮਾ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਮਾਰਗ ਹੀ ਸਮਝਾਉਂਦਾ ਹੈ। ਜਿੰਨ੍ਹਾਂ ਸਰੀਰਾਂ ਨੇ ਪ੍ਰਮਾਤਮਾ ਦੇ ਕੋਲੋਂ ਭਗਤੀ ਦਾ ਮਾਰਗ ਸਿੱਖਿਆ ਹੈ ਉਹਨਾਂ ਨੂੰ ਹੀ ਇਸ ਗੱਲ ਦੀ ਸਮਝ ਪਈ ਹੈ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਤੇ ਮਨੁੱਖੀ ਸਰੀਰਾਂ ਰਾਹੀਂ ਹੀ ਉਹ ਆਪਣਾ ਗੁਰੂ ਰੂਪ ਧਾਰਦਾ ਹੈ। ਜਿੰਨ੍ਹਾਂ ਸਰੀਰਾਂ ਦੀ ਮਨ ਦੇ ਵਿੱਚ ਉਸ ਗੁਰੂ ਰੂਪ ਪ੍ਰਮਾਤਮਾ ਦੇ ਨਾਲ ਸੰਗਤਿ ਹੋਈ ਹੈ ਭਾਵ ਮੇਲ ਹੋਇਆ ਹੈ, ਉਹਨਾਂ ਨੇ ਹੀ ਭਗਤੀ ਦੇ ਸੱਚੇ ਮਾਰਗ ਨੂੰ ਜਾਣਿਆ ਹੈ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ “**ਉਤਮ ਪੰਥ**” ਸਮਝਾਇਆ ਹੈ। **“ਇਕੁ ਉਤਮ ਪੰਥੁ”** ਤੋਂ ਭਾਵ ਹੈ ਕਿ ਭਗਤੀ ਦੇ ਮਾਰਗ ਦਾ ਚੰਗਾ ਪੰਥ, ਉੱਤਮ ਪੰਥੁ “**ਇਕੁ**” ਹੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ “**ਉਤਮ ਪੰਥੁ**” ਸਮਝਾਇਆ ਹੈ, ਉਨ੍ਹਾਂ ਦੇ ਨਾਲ ਮਨ ਦੇ ਵਿੱਚ ਆਪਣੀ ਸੰਗਤ ਕਰਨ ਦੁਆਰਾ ਹੀ ਸਮਝਾਇਆ ਹੈ। ਉਸ ਦੇ ਨਾਲ ਮੇਲ ਦੁਆਰਾ ਮਨੁੱਖੀ ਸਮਝ ਜਮਾਂ ਦੇ ਡਰ ਵਿੱਚੋਂ ਨਿਕਲ ਜਾਂਦੀ ਹੈ ਭਾਵ ਜਦ ਤੱਕ ਮਨੁੱਖ ਦੀ ਸਮਝ ਜਮਾਂ ਦੇ ਡਰ ਨਾਲ ਜੁੜੀ ਹੋਈ ਹੈ ਤਦ ਤੱਕ ਉਹ “ਉਤਮ ਪੰਥੁ” ਤੇ ਭਾਵ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ ਭਾਵ ਭਗਤੀ ਦੇ ਚੰਗੇ ਮਾਰਗ ਤੇ ਨਹੀਂ ਚੱਲ ਸਕਦਾ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਹ ਜਮਾਂ ਦਾ ਡਰ ਕੀ ਹੈ ਇਸ ਨੂੰ ਅਸੀਂ ਪਿੱਛੇ ਵੀ ਕੁੱਝ ਸਮਝਿਆ ਹੈ ਤੇ ਹੋਰ ਵੀ ਸਮਝਣ ਦੀ ਲੋੜ ਹੈ। ਇਹ ਜਮ ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰ ਹਨ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਤੋਂ ਦੂਰ ਕਰਦੇ ਹਨ ਤੇ ਸਾਨੂੰ ਔਗੁਣਾਂ ਦੇ ਨਾਲ ਜੋੜਦੇ ਹਨ ਭਾਵ ਸਾਨੂੰ ਆਤਮਿਕ ਮੌਤ ਮਾਰਦੇ ਹਨ। ਮਾਇਆ ਮੋਹ ਦਾ ਮਕਸਦ ਹੀ ਸਾਨੂੰ ਮਾਇਆ ਦੇ ਭਉ ਵਿੱਚ ਪਾ ਕੇ ਰੱਖਣ ਦਾ ਹੈ, ਮਾਇਆ ਦੀਆਂ ਦਾਤਾਂ ਦੇ ਭਉ ਵਿੱਚ ਪਾ ਕੇ ਰੱਖਣ ਦਾ ਹੈ, ਮਾਇਆ ਦੇ ਸੁੱਖਾਂ ਦੇ ਭਉ ਵਿੱਚ ਰੱਖਣ ਦਾ ਹੈ ਜਿਸ ਕਰਕੇ ਸਭ ਨੂੰ ਮਾਇਆ ਦੀਆਂ ਦਾਤਾਂ ਹੀ ਭਾਉਂਦੀਆਂ ਹਨ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਇਹ ਜਮਾਂ ਵਾਲੇ ਵਿਚਾਰ ਭਾਵ ਡਰ ਪਾਉਣ ਵਾਲੇ ਵਿਚਾਰ, ਸਾਨੂੰ ਆਤਮਿਕ ਮੌਤ ਮਾਰਨ ਵਾਲੇ ਵਿਚਾਰ ਸਾਡੇ ਮਨ ਦੀਆਂ ਇੱਛਾਵਾਂ ਹਨ, ਤ੍ਰਿਸ਼ਨਾਵਾਂ ਹਨ ਜਿੰਨ੍ਹਾਂ ਦੀ ਪੂਰਤੀ ਦਾ ਭਉ, ਪ੍ਰਾਪਤੀ ਦਾ ਭਉ ਮਨੁੱਖ ਨੂੰ ਹਰ ਵੇਲੇ ਸਤਾਉਂਦਾ ਰਹਿੰਦਾ ਹੈ, ਇਹ ਜਮ ਸਾਨੂੰ ਹਰ ਵੇਲੇ ਡਰਾਉਦੇ ਰਹਿੰਦੇ ਹਨ। ਜਦ ਤੱਕ ਇਹਨਾਂ ਜਮਾਂ ਦਾ ਡਰ ਸਾਡੇ ਅੰਦਰੋਂ ਨਹੀਂ ਨਿਕਲਦਾ ਤਦ ਤੱਕ ਅਸੀਂ ਗੁਰੂ ਦੀ ਮਤਿ ਨਾਲ ਨਹੀਂ ਜੁੜ ਸਕਦੇ ਭਾਵ ਗੁਰੂ ਦੇ ਸਮਝਾਏ ਹੋਏ ਭਗਤੀ ਦੇ ਸੱਚੇ ਮਾਰਗ ਨਾਲ ਨਹੀਂ ਜੁੜ ਸਕਦੇ ਜੋ ਮਾਰਗ ਹੈ ਹੀ ਮਾਰਿਆ ਮੋਹ ਨੂੰ ਤਿਆਗਣ ਦਾ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਤਿਆਗਣ ਦਾ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀਆਂ ਹਨ, ਅਨੇਕਾਂ ਔਗੁਣ ਕਰਾਉਂਦੀਆਂ ਹਨ। ਇਹਨਾਂ ਮਾਇਆ ਮੋਹ ਵਾਲੇ ਵਿਚਾਰਾਂ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਤਾਂ ਜੋ ਅਸੀਂ ਸੱਚ ਦੇ ਨਾਲ ਨਾ ਜੁੜ ਸਕੀਏ ਭਾਵ ਔਗੁਣਾਂ ਵਿੱਚੋਂ ਨਿਕਲਕੇ ਗੁਰੂ ਦੇ ਗੁਣਾਂ ਨਾਲ ਨਾ ਜੁੜ ਸਕੀਏ ਭਾਵ ਹਉਮੈ ਵਿੱਚੋਂ ਨਿਕਲਕੇ ਨਾਮ ਵਾਲੀ ਸਮਝ ਦੇ ਨਾਲ ਨਾ ਜੁੜ ਸਕੀਏ। ਜਦ ਤੱਕ ਸਾਡੇ ਅੰਦਰੋਂ ਮਾਇਆ ਮੋਹ ਵਾਲੇ ਵਿਚਾਰਾਂ ਦਾ ਭਾਵ ਜਮਾਂ ਦਾ ਡਰ ਨਹੀਂ ਨਿਕਲਦਾ, ਭੈ ਨਹੀਂ ਨਿਕਲਦਾ ਤਦ ਤੱਕ ਸਾਡੇ ਅੰਦਰ ਗੁਰੂ ਦਾ ਭੈ ਨਹੀਂ ਵੱਸਦਾ ਭਾਵ ਗੁਰਮਤਿ ਤੇ ਪੂਰਾ ਉਤਰਨ ਦਾ ਭੈ ਨਹੀਂ ਵੱਸਦਾ ਜੋ ਭੈ ਵੱਸੇ ਬਿਨ੍ਹਾਂ ਅਸੀਂ ਉੱਤਮ ਪੰਥ ਤੇ ਨਹੀਂ ਚੱਲ ਸਕਦੇ ਜੋ ਉੱਤਮ ਪੰਥ ਸਾਨੂੰ ਗੁਰਬਾਣੀ ਸਮਝਾ ਰਹੀ ਹੈ। ਉੱਪਰ ਪੰਗਤੀਆਂ ਰਾਹੀਂ ਧੰਨ ਧੰਨ “ਕੀਰਤਿ” ਭਾਟ ਜੀ ਅਰਦਾਸ ਦੇ ਰੂਪ ਵਿੱਚ ਇਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣ ਲਈ ਹੀ ਸਮਝਾ ਰਹੇ ਹਨ, ਧੰਨ ਧੰਨ ਗੁਰੂ ਰਾਮਦਾਸ ਜੀ ਅੱਗੇ ਜੋ ਪ੍ਰਮਾਤਮਾ ਦਾ ਗੁਰੂ ਰੂਪ ਹਨ ਉਹਨਾਂ ਕੋਲੋਂ ਉਹਨਾਂ ਦੀ ਸ਼ਰਨ ਮੰਗ ਰਹੇ ਹਨ। ਗੁਰੂ ਦੀ ਮਤਿ ਦੀ ਸ਼ਰਨ ਵਿੱਚ ਰਹਿਣਾ ਗੁਰੂ ਦੀ ਸ਼ਰਨ ਵਿੱਚ ਰਹਿਣਾ ਹੈ। ਗੁਰੂ ਦੀ ਸ਼ਰਨ ਮੰਗਣੀ ਹੀ ਪ੍ਰਮਾਤਮਾ ਦੀ ਸ਼ਰਨ ਮੰਗਣੀ ਹੈ ਜਿਸ ਸ਼ਰਨ ਵਿੱਚ ਆਉਣ ਦਾ ਮਕਸਦ ਮਾਇਆ ਮੋਹ ਵਿੱਚੋਂ ਨਿਕਲਕੇ ਉੱਤਮ ਪੰਥੁ ਤੇ

ਚੱਲਣਾ ਹੀ ਹੈ। (**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥**)

ਹੁਣ ਅਸੀਂ ਮੁੱਖ ਸ਼ਬਦ ਦੇ ਪਦੇ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਸਾਨੂੰ ਔਗੁਣਾਂ ਦਾ ਭਰਿਆ ਹੋਇਆ ਕਿਸ ਲਈ ਕਿਹਾ ਹੈ। (**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥**) ਸਾਡੇ ਅੰਦਰ ਦੇ ਔਗੁਣਾਂ ਵਾਲੇ ਵਿਚਾਰ ਹੀ ਸਾਡੇ ਅੰਦਰ ਦੇ ਪੱਥਰ ਹਨ ਜੋ ਸਾਨੂੰ ਹਰ ਵੇਲੇ ਮਾਇਆ ਮੋਹ ਦੇ ਸਾਗਰ ਵਿੱਚ ਡੁੱਬੋਈ ਰੱਖਦੇ ਹਨ ਭਾਵ ਸਾਨੂੰ ਡੁਬੋਣ ਦੁਆਰਾ ਮਾਰਦੇ ਹਨ, ਆਤਮਿਕ ਮੌਤ ਮਾਰਦੇ ਹਨ, ਜਮਾਂ ਦੀ ਮਾਰ ਮਾਰਦੇ ਹਨ। ਸਾਡੇ ਅੰਦਰ ਇਹ ਪੱਥਰ ਰੂਪ ਵਿਚਾਰ ਕਿਸ ਰੂਪ ਵਿੱਚ ਹਨ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥

ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥”

ਜਿਹੜੇ ਸਾਡੇ ਮਨ ਦੇ ਨਾਸਮਝ ਵਿਚਾਰ ਸਾਨੂੰ ਪੱਥਰਾਂ ਦੀ ਤਰ੍ਹਾਂ ਡੁੱਬੋ ਕੇ ਮਾਰਦੇ ਹਨ, ਜਮਾਂ ਦੀ ਮਾਰ ਮਾਰਦੇ ਹਨ ਉਹਨਾਂ ਵਿਚਾਰਾਂ ਨੂੰ ਹੀ ਸਾਡੇ ਅੰਦਰ ਦੀ ਕਾਤੀ, ਛੁਰੀ ਦੱਸਿਆ ਹੈ ਜੋ ਛੁਰੀ ਉਹ ਸਾਡੇ ਅੰਦਰ ਫੇਰਦੇ ਹਨ, ਮਨ ਦੇ ਵਿਚਾਰਾਂ ਵਿੱਚ ਫੇਰਦੇ ਹਨ ਭਾਵ ਸਾਡੇ ਮਨ ਦੇ ਵਿਚਾਰਾਂ ਨੂੰ ਵੰਡਦੇ ਹਨ ਜਿਸ ਤਰੀਕੇ ਉਹ ਸਾਨੂੰ ਆਤਮਿਕ ਮੌਤ ਮਾਰਦੇ ਹਨ ਤੇ ਸਾਡੇ ਅੰਦਰ ਨੂੰ ਇਸ ਤਰੀਕੇ ਸਾੜਦੇ ਹਨ ਜਿਵੇਂ ਕਿ ਅੱਗ ਸਾੜਦੀ ਹੈ ਭਾਵ ਸਾਨੂੰ ਬਹੁਤ ਜਿਆਦਾ ਕਸ਼ਟ ਦਿੰਦੇ ਹਨ। ਸਾਨੂੰ ਮਾਰਨ ਵਾਲੇ ਭਾਵ ਦੁੱਖ ਦੇਣ ਵਾਲੇ ਸਾਡੇ ਅੰਦਰ ਦੇ ਇਹ ਵਿਚਾਰ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਹਨ, ਮਾਇਆ ਮੋਹ ਵਾਲੇ ਵਿਚਾਰ ਹਨ ਜਿੰਨ੍ਹਾਂ ਵਿਚਾਰਾਂ ਦੀ ਪੂਰਤੀ ਲਈ ਅਸੀਂ ਕਿਤਨੇ ਕੁ ਔਗੁਣ ਕਰਦੇ ਹਾਂ ਜਿੰਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਤੇ ਇਹ ਸਾਰੇ ਵਿਚਾਰ ਸਾਨੂੰ ਗੁਰੂ ਦੇ ਗੁਣਾਂ ਨਾਲ ਨਹੀਂ ਜੁੜਨ ਦਿੰਦੇ, ਗੁਰਮਤਿ ਨਾਲ, ਨਾਮ ਨਾਲ ਨਹੀਂ ਜੁੜਨ ਦਿੰਦੇ ਤੇ ਸਾਨੂੰ ਭਰਮਾਂ ਵਿੱਚ ਉਲਝਾਈ ਰੱਖਦੇ ਹਨ। ਮਨ ਦੀਆਂ ਇੱਛਾਵਾਂ ਦੀ, ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਕਰਕੇ ਸਾਨੂੰ ਬਹੁਤ ਦੁੱਖ ਮਹਿਸੂਸ ਹੁੰਦਾ ਹੈ, ਟੈਨਸ਼ਨ ਹੁੰਦੀ ਹੈ ਤੇ ਸਾਡਾ ਅੰਦਰ ਇਸ ਤਰ੍ਹਾਂ ਸੜਦਾ ਹੈ ਜਿਵੇਂ ਕੋਈ ਅੱਗ ਵਿੱਚ ਸੜਦਾ ਹੈ, ਸਾਨੂੰ ਮਨ ਦੇ ਵਿੱਚ ਇਹੋ ਜਿਹਾ ਦੁੱਖ ਮਹਿਸੂਸ ਹੁੰਦਾ ਹੈ ਜਿਵੇਂ ਕਿਸੇ ਦੇ ਸਰੀਰ ਦੇ ਉੱਤੇ ਛੁਰੀਆਂ ਚੱਲਦੀਆਂ ਹਨ। ਹਰ ਕੋਈ “ਸੁਖੁ” ਚਾਹੁੰਦਾ ਹੈ ਕਿ ਉਹ ਦਿਨ ਰਾਤ ਸੁੱਖ ਵਿੱਚ ਰਹੇ ਭਾਵ ਉਸ ਨੂੰ ਕਦੇ ਦੁੱਖ ਨਾ ਲੱਗੇ। ਇਹ ਸੁਖੁ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ ਜਿਸ ਮੇਲ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਹੀ ਪੈਂਦੀ ਹੈ ਜਿਸ ਮੇਲ ਦੁਆਰਾ ਮਨੁੱਖ ਦੀ ਸਮਝ ਨੂੰ ਪ੍ਰਮਾਤਮਾ ਤ੍ਰਿਸ਼ਨਾਵਾਂ ਵਿੱਚੋਂ ਕੱਢ ਲੈਂਦਾ ਹੈ, ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ ਜਿੰਨ੍ਹਾਂ ਕਰਕੇ ਮਨੁੱਖ ਟੈਨਸ਼ਨਾਂ ਦੇ ਵਿੱਚ ਰਹਿੰਦਾ ਹੈ ਜੋ ਸਾਨੂੰ ਦੁੱਖ ਦਿੰਦੀਆਂ ਹਨ। ਪ੍ਰਮਾਤਮਾ ਦੇ ਨਾਲ ਮੇਲ ਭਾਵ ਸੁਖੁ ਦੀ ਪ੍ਰਾਪਤੀ ਉਸ ਪ੍ਰਮਾਤਮਾ ਦਾ ਆਪਣੇ ਅੰਦਰੋਂ ਉਸ ਦਾ ਹੁਕਮ ਪਛਾਨਣ ਦੁਆਰਾ ਹੀ ਹੁੰਦੀ ਹੈ ਜੋ ਉਸ ਦਾ ਹੁਕਮ ਹਰ ਵੇਲੇ ਸਭ ਦੇ ਅੰਦਰ ਹੀ ਚੱਲ ਰਿਹਾ ਹੈ ਪਰ ਇਹ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਕਿਸ ਨੂੰ ਆਪਣਾ ਹੁਕਮ ਬੁਝਾਉਂਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੇ “ਹੁਕਮੁ” ਰੂਪ ਵਿੱਚ ਹੀ ਹੈ। ਸਾਡੇ ਅੰਦਰ ਜੋ ਵੀ ਸਮਝ ਉਪਜਦੀ ਹੈ ਉਹ ਪ੍ਰਮਾਤਮਾ ਦਾ ਹੁਕਮ ਹੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਛਾਨਣਾ ਜਾਂ ਉਸ ਦੇ ਹੁਕਮ ਨੂੰ ਬੁੱਝਣਾ, ਪਹਿਚਾਨਣਾ ਇੱਕੋ ਹੀ ਗੱਲ ਹੈ। ਮਾਇਆ ਮੋਹ ਵੀ ਉਸ ਦਾ ਹੁਕਮ ਹੈ ਤੇ ਨਾਮ ਵੀ ਉਸ ਦਾ ਹੁਕਮ ਹੈ ਜੋ ਉਸ ਦੇ ਚੌਥੇ ਪਦ ਦੇ ਗਿਆਨ ਵਾਲਾ, ਭਗਤੀ ਦੇ ਸੱਚੇ ਮਾਰਗ ਵਾਲਾ ਹੁਕਮ ਹੈ। ਜਿੰਨ੍ਹਾਂ ਨੇ ਉਸ ਦੇ ਹੁਕਮ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ, ਜਾਣਿਆ ਹੈ ਉਹਨਾਂ ਨੇ ਹੀ ਪ੍ਰਮਾਤਮਾ ਦਾ ਹੁਕਮ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸੁਣਾਇਆ ਹੈ। ਉਸ ਦੇ ਹੁਕਮ ਨੂੰ ਮੰਨਣਾ ਬਹੁਤ ਔਖਾ ਹੈ ਜਿਸ ਨੂੰ ਮੰਨਣ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ, ਹਉਮੈ ਛੱਡਣੀ ਪੈਂਦੀ ਹੈ ਭਾਵ ਆਪਣੀ ਨਾਸਮਝ ਮਤਿ ਛੱਡਣੀ ਪੈਂਦੀ ਹੈ ਜੋ ਸਾਨੂੰ ਤ੍ਰਿਸ਼ਨਾਵਾਂ ਵਿੱਚ ਪਾ ਕੇ ਰੱਖਦੀ ਹੈ ਤੇ ਸੁਖੁ ਦੀ ਪ੍ਰਾਪਤੀ ਕਰਨ ਤੋਂ ਦੂਰ ਰੱਖਦੀ ਹੈ ਭਾਵ ਔਗੁਣਾਂ ਵਿੱਚ ਪਾ ਕੇ ਰੱਖਦੀ ਹੈ ਤੇ ਉਸ ਗੁਣ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰਨ ਤੋਂ ਦੂਰ ਰੱਖਦੀ ਹੈ, ਸੱਚੇ ਸੁਖੁ ਦੀ ਪ੍ਰਾਪਤੀ ਕਰਨ ਤੋਂ ਦੂਰ ਰੱਖਦੀ ਹੈ। (**ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥**)

ਸਲੋਕ ਮਃ ੧ ॥

{ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥
ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥
ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥
ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥
ਜੇਹਾ ਵੇਖਹਿ ਤੇਹਾ ਵੇਖੁ ॥੧॥}

(ਅੰਗ - ੪੬੬)

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ - ੧)

ਪਿਛਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਗੁਣਾਂ ਅਵਗੁਣਾਂ ਦੇ ਭੇਦ ਨੂੰ ਹੀ ਸਮਝਿਆ ਹੈ ਤੇ ਇਹ ਸਭ ਕੁੱਝ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਗੁਣ ਕੇਵਲ ਉੱਥੇ ਹਨ ਜਿਸ ਦੇ ਅੰਦਰ ਗੁਰਮਤਿ ਵਾਲੀ ਸਮਝ ਹੈ ਤੇ ਗੁਰਮਤਿ ਵਾਲੀ ਸਮਝ ਤੋਂ ਬਿਨ੍ਹਾਂ ਸਾਡੇ ਅੰਦਰ ਜੋ ਵੀ ਸਮਝ ਹੈ, ਵਿਚਾਰ ਹਨ ਉਹ ਨਾਸਮਝ ਵਿਚਾਰ ਸਾਡੇ ਔਗੁਣ ਹਨ। ਜਿੱਥੇ ਗੁਰਮਤਿ ਵਾਲੀ ਸਮਝ ਹੈ, ਉੱਥੇ ਨਾਮ ਵਾਲੀ ਸਮਝ ਹੈ ਭਾਵ ਗੁਣਾਂ ਵਾਲੀ ਸਮਝ ਹੈ। ਨਾਮ ਵਾਲੀ ਸਮਝ ਤੋਂ ਬਿਨ੍ਹਾਂ ਜੋ ਵੀ ਸਮਝ ਹੈ ਉਹ ਹਉਮੈ ਵਾਲੀ ਸਮਝ ਹੈ ਭਾਵ ਔਗੁਣਾਂ ਵਾਲੀ ਸਮਝ ਹੈ। ਜਦ ਤੱਕ ਸਾਡੇ ਅੰਦਰ ਹਉਮੈ ਵਾਲੀ ਸਮਝ ਹੈ ਇਹ ਸਮਝ ਸਾਡੀ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਨਾਮ ਵਾਲੀ ਸਮਝ ਦੁਆਰਾ ਹੁੰਦਾ ਹੈ ਭਾਵ ਗੁਣਾਂ ਵਾਲੀ ਸਮਝ ਦੁਆਰਾ ਹੁੰਦਾ ਹੈ, ਹਉਮੈ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਹੁੰਦਾ ਹੈ। ਹਉਮੈ ਵਾਲੀ ਸਮਝ ਸਾਡੇ ਮਨ ਨੂੰ ਜੂਠਾ ਕਰਦੀ ਹੈ ਤੇ ਨਾਮ ਵਾਲੀ ਸਮਝ ਸਾਡੇ ਮਨ ਨੂੰ ਸੁੱਚਾ ਕਰਦੀ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਫਿਰ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਹਉਮੈ ਵਾਲੀ ਸਮਝ ਨੂੰ ਛੱਡੀਏ ਤੇ ਨਾਮ ਵਾਲੀ ਸਮਝ ਨੂੰ ਅਪਣਾਈਏ ਭਾਵ ਔਗੁਣਾਂ ਵਾਲੀ ਮਨਮਤਿ ਨੂੰ ਛੱਡੀਏ ਤੇ ਗੁਰਮਤਿ ਵਾਲੀ, ਨਾਮ ਵਾਲੀ ਭਾਵ ਗੁਣਾਂ ਵਾਲੀ ਸਮਝ ਨੂੰ ਮੰਨੀਏ ਜਿਸ ਦੁਆਰਾ ਅਸੀਂ ਆਪਣੇ ਮਨ ਦੀ ਜੂਠ ਨੂੰ

ਤਿਆਗਕੇ ਸੁੱਚੇ ਬਣ ਸਕਦੇ ਹਾਂ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਅਸਲ ਤਰੀਕਾ ਹੈ, ਨਾਮ ਦੀ ਪ੍ਰਾਪਤੀ ਦਾ ਅਸਲ ਤਰੀਕਾ ਹੈ ਜਿਵੇਂ ਕਿ ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ ਸਮਝਿਆ ਹੈ ਕਿ ਸੱਚੀ ਬਾਣੀ ਨੇ ਸਾਨੂੰ ਕਿਸ ਤਰੀਕੇ ਸੁੱਚਾ ਬਣਾਉਣਾ ਹੈ। (**ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥ ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥**) ਅੰਗ - ੩੬੧ ਜੋ ਨਾਮ ਨੂੰ ਪ੍ਰਾਪਤ ਕਰ ਲੈਂਦਾ ਹੈ ਉਸ ਦੇ ਅੰਦਰ ਨਾਮ ਦੀ ਪ੍ਰਾਪਤੀ ਦੁਆਰਾ ਪ੍ਰਮਾਤਮਾ ਹੀ ਵੱਸਦਾ ਹੈ ਜੋ ਗੁਣਾਂ ਦਾ ਦਾਤਾ ਹੈ। ਆਪਣੇ ਆਪ ਕੋਈ ਗੁਰੂ ਦੇ ਸਾਰੇ ਗੁਣ ਪ੍ਰਾਪਤ ਕਰ ਲਵੇ ਇਹ ਮਨੁੱਖੀ ਸਮਝ ਦੇ ਵੱਸ ਨਹੀਂ ਹੈ ਜਿਸ ਲਈ ਮਨੁੱਖ ਕੇਵਲ ਉੱਦਮ ਹੀ ਕਰ ਸਕਦਾ ਹੈ ਤੇ ਮਨੁੱਖ ਨੂੰ ਗੁਣਾਂ ਦੀ ਦਾਤਿ ਆਪਣੇ ਮੇਲ ਦੁਆਰਾ ਪ੍ਰਮਾਤਮਾ ਆਪ ਹੀ ਆਪਣੀ ਕਿਰਪਾ ਦੁਆਰਾ ਬਖਸ਼ਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“**ਗੁਣ ਅਮੋਲਕ ਪਾਏ ਨ ਜਾਹਿ ॥**
ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥
ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥
ਸਦਾ ਗੁਣਦਾਤਾ ਮੰਨਿ ਵਸਾਇਆ ॥”

ਗੁਰੂ ਦੇ ਗੁਣ ਸਭ ਦੇ ਲਈ “ਅਮੋਲਕ” ਹਨ ਭਾਵ ਜਿੰਨ੍ਹਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ ਤੇ ਨਾ ਹੀ ਇਹਨਾਂ ਨੂੰ ਮੁੱਲ ਖਰੀਦਿਆ ਜਾ ਸਕਦਾ ਹੈ। ਜਦ ਤੱਕ ਕਿਸੇ ਦੇ ਅੰਦਰ ਗੁਣ ਨਹੀਂ ਵੱਸਦੇ ਤਦ ਤੱਕ ਕਿਸੇ ਦਾ ਮਨ ਨਿਰਮਲ ਨਹੀਂ ਹੋ ਸਕਦਾ। ਪੂਰੀ ਬਾਣੀ ਵਿੱਚ ਗੁਣ ਭਰੇ ਹੋਏ ਹਨ। ਗੁਰੂ ਦਾ ਹਰ ਸ਼ਬਦ ਸਾਨੂੰ ਗੁਣ ਹੀ ਸਮਝਾਉਂਦਾ ਹੈ। ਜਦ ਤੱਕ ਸਾਨੂੰ ਸ਼ਬਦ ਦੇ ਅੰਦਰ ਜੋ ਕੁੱਝ ਸਮਝਾਇਆ ਹੁੰਦਾ ਹੈ ਉਸ ਦੀ ਸਾਨੂੰ ਸਮਝ ਨਹੀਂ ਲੱਗਦੀ ਤਦ ਤੱਕ ਅਸੀਂ ਗੁਣ ਨੂੰ ਸਮਝ ਹੀ ਨਹੀਂ ਸਕਦੇ। ਹਰ ਸ਼ਬਦ ਦੀ ਵਿਚਾਰ ਬੜੀ ਗਹਿਰੀ ਹੈ ਜੋ ਵਿਚਾਰ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ। ਚੌਥੇ ਪਦ ਦੀ ਹਰ ਵਿਚਾਰ ਨੂੰ ਤ੍ਰੈ ਗੁਣਾਂ ਵਾਲੀ ਵਿਚਾਰ ਦੇ ਵਿੱਚ ਰਹਿੰਦੇ ਹੋਏ ਸਮਝਿਆ ਹੀ ਨਹੀਂ ਜਾ ਸਕਦਾ। ਸ਼ਬਦਾਂ ਦੀ ਵਿਚਾਰ ਅਮੋਲਕ ਹੈ ਤੇ ਪ੍ਰਮਾਤਮਾ ਖੁਦ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। “ਅਮੋਲਕ” ਅਸਲ ਵਿੱਚ “ਬ੍ਰਹਮ ਗਿਆਨ” ਹੀ ਹੈ ਜੋ ਰੂਪ ਪ੍ਰਮਾਤਮਾ ਦਾ ਆਪਣਾ ਹੀ ਨਾਮ ਰੂਪ ਹੈ। ਆਪਣੇ ਆਪ ਕੋਈ ਤ੍ਰੈ ਗੁਣਾਂ ਦੀ ਸਮਝ ਦੇ ਨਾਲ ਸ਼ਬਦਾਂ ਦੇ ਗਿਆਨ ਨਾਲ ਪੂਰਨ ਰੂਪ ਵਿੱਚ ਜੁੜ ਜਾਵੇ ਇਹ ਨਹੀਂ ਹੋ ਸਕਦਾ ਤੇ ਇਸੇ ਲਈ ਹੀ ਗੁਰੂ ਦੇ ਗੁਣਾਂ ਨੂੰ, ਪ੍ਰਮਾਤਮਾ ਦੇ ਗੁਣਾਂ ਨੂੰ ਕੋਈ ਆਪਣੇ ਆਪ ਪਾ ਲਵੇ, ਪੂਰੀ ਤਰ੍ਹਾਂ ਜਾਣ ਲਵੇ ਇਹ ਮੁਮਕਿਨ ਨਹੀਂ ਹੈ। ਗੁਰੂ ਦੇ ਸੱਚੇ ਸ਼ਬਦਾਂ ਦੇ ਵਿੱਚ ਸਮਾਏ ਬਿਨ੍ਹਾਂ ਪ੍ਰਮਾਤਮਾ ਦੇ ਗੁਣਾਂ ਨੂੰ ਨਹੀਂ ਪਾਇਆ ਜਾ ਸਕਦਾ ਤੇ ਨਾ ਹੀ ਕਿਸੇ ਦਾ ਮਨ ਬਿਨ੍ਹਾਂ ਗੁਣਾਂ ਦੇ ਪਵਿੱਤਰ ਹੋ ਸਕਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਮਨੁੱਖ ਨੂੰ ਗੁਰੂ ਦੇ ਸੱਚੇ ਗੁਣਾਂ ਤੋਂ ਦੂਰ ਹੀ ਰੱਖਦੀ ਹੈ ਜਿਸ ਕਰਕੇ ਮਨੁੱਖੀ ਸਮਝ ਔਗੁਣਾਂ ਦੇ ਵਿੱਚ ਰਹਿੰਦੀ ਹੈ ਭਾਵ ਭਰਮਾਂ ਵਾਲੇ ਵਿਚਾਰਾਂ ਵਿੱਚ ਰਹਿੰਦੀ ਹੈ। (**ਗੁਣ ਅਮੋਲਕ ਪਾਏ ਨ ਜਾਹਿ ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥**) ਹਰ ਸ਼ਬਦ ਦੀ ਵਿਚਾਰ “ਨਾਮ” ਹੈ ਜੋ ਵਿਚਾਰ ਗੁਣਾਂ ਨਾਲ ਭਰਪੂਰ ਹੈ ਤੇ ਮਨੁੱਖ ਨੂੰ ਭਰਮਾਂ ਵਿੱਚੋਂ, ਔਗੁਣਾਂ ਵਿੱਚੋਂ ਕੱਢਦੀ ਹੈ। ਜਿਸ ਦੇ ਅੰਦਰ ਸ਼ਬਦਾਂ ਦੀ ਵਿਚਾਰ ਵੱਸ ਜਾਂਦੀ ਹੈ ਭਾਵ ਜਿਸ ਦੀ ਸੁਰਤਿ ਦੇ ਵਿਚਾਰ ਸ਼ਬਦਾਂ ਦੀ ਵਿਚਾਰ ਵਿੱਚ ਸਮਾਅ ਜਾਂਦੇ ਹਨ ਉਹੀ ਮਨੁੱਖ ਨਾਮ ਧਿਆਉਣ ਵਾਲਾ ਹੁੰਦਾ ਹੈ, ਗੁਣਾਂ ਵਾਲਾ ਹੁੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

“ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥ ਸਦਾ ਗੁਣਦਾਤਾ ਮੰਨਿ ਵਸਾਇਆ ॥”

ਇਹੋ ਜਿਹਾ ਨਾਮ ਧਿਆਉਣ ਵਾਲੇ ਨੂੰ ਵਡਭਾਗੀ ਕਿਹਾ ਹੈ ਜੋ ਕਿ ਵਿਰਲਾ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਨਾਮ ਦਾ ਵੱਸਣਾ ਜਾਂ ਗੁਣਾਂ ਦੇ ਦਾਤੇ ਦਾ ਵੱਸਣਾ ਇੱਕੋ ਹੀ ਗੱਲ ਹੈ। ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਣਾਂ ਦਾ ਦਾਤਾ ਸਦਾ ਤੋਂ ਪ੍ਰਮਾਤਮਾ ਆਪ ਹੀ ਹੈ ਭਾਵ ਸਦਾ ਤੋਂ ਕਿਸੇ ਨੂੰ ਗੁਣਾਂ ਦੀ ਦਾਤਿ ਦੇਣ ਵਾਲਾ ਉਹ ਆਪ ਹੀ ਹੈ ਕਿਉਂਕਿ ਉਹ ਇੱਕੋ ਇੱਕ ਆਪ ਹੀ “ਗੁਣੁ” ਰੂਪ ਹੈ ਭਾਵ ਗੁਣਾਂ ਦਾ ਮਾਲਕ ਹੈ। ਉਸ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਹੋਰ ਗੁਣ ਵਾਲਾ ਨਹੀਂ ਹੈ। ਜਿਸ ਮਨੁੱਖੀ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਜਿਸ ਦੇ ਅੰਦਰ ਆਪ ਵੱਸਦਾ ਹੈ ਉਸ ਦੇ ਅੰਦਰ ਉਹ ਆਪ ਹੀ ਆਪਣੇ ਗੁਣ ਦਿੰਦਾ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਤੇ

ਉਸੇ ਮਨੁੱਖੀ ਸਰੀਰ ਨੂੰ ਇਹ ਸਮਝ ਪੈਂਦੀ ਹੈ ਕਿ ਗੁਣਾਂ ਦਾ ਮੂਲ ਕੌਣ ਹੈ, ਗਿਆਨ ਦਾ ਮੂਲ ਕੌਣ ਹੈ ਤੇ ਸੰਸਾਰ ਨੂੰ ਅਗਿਆਨਤਾ ਵਿੱਚ, ਔਗੁਣਾਂ ਵਿੱਚ, ਨਾਸਮਝ ਮਤਿ ਵਿੱਚ ਰੱਖਣ ਵਾਲਾ ਵੀ ਉਹ ਆਪ ਹੀ ਹੈ। ਸੰਸਾਰ ਨੂੰ ਭਰਮਾਂ ਵਿੱਚ ਪਾ ਕੇ ਰੱਖਣਾ ਵੀ ਪ੍ਰਮਾਤਮਾ ਦਾ ਆਪਣਾ ਗੁਣ ਹੈ, ਉਸ ਦੀ ਆਪਣੀ ਕਲਾ ਹੈ ਜਿਸ ਦੁਆਰਾ ਉਹ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਕੋਲੋਂ ਗੁਣਾਂ ਦੀ ਦਾਤਿ ਪ੍ਰਾਪਤ ਕੀਤੀ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਗੁਣਾਂ ਦੀ ਦਾਤਿ ਦਿੱਤੀ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਦਿੱਤੀ ਹੈ ਜਿਸ ਦਾ ਮਕਸਦ ਸੰਸਾਰ ਨੂੰ ਔਗੁਣਾਂ ਵਿੱਚੋਂ ਕੱਢਣ ਦਾ ਹੀ ਹੈ ਜਿੰਨ੍ਹਾਂ ਦਾ ਕਾਰਨ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਹੈ, ਹਉਮੈ ਹੈ। (**ਗੁਣ ਅਮੋਲਕ ਪਾਏ ਨ ਜਾਹਿ ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥ ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥ ਸਦਾ ਗੁਣਦਾਤਾ ਮੰਨਿ ਵਸਾਇਆ ॥**)

ਨਾਮ ਧਿਆਉਣ ਵਾਲੇ ਵਡਭਾਗੀ ਕਿਹੋ ਜਿਹੇ ਹੁੰਦੇ ਹਨ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਹੋਰ ਸਪੱਸ਼ਟ ਕੀਤੀ ਹੋਈ ਹੈ।

“ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥
ਦਰਿ ਸਾਚੈ ਸਾਚੇ ਗੁਣ ਗਾਉ ॥
ਆਪੇ ਦੇਵੈ ਸਹਜਿ ਸੁਭਾਇ ॥
ਨਾਨਕ ਕੀਮਤਿ ਕਹਣੁ ਨ ਜਾਇ ॥”

ਉੱਪਰ ਪਦੇ ਰਾਹੀਂ ਸਾਨੂੰ ਨਾਮ ਧਿਆਉਣ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਕਿ ਨਾਮ ਧਿਆਉਣਾ ਕੀ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰੂ ਪ੍ਰਮਾਤਮਾ ਕਿਸ ਤੋਂ ਬਲਿਹਾਰੇ ਜਾਂਦਾ ਹੈ। ਜਿੰਨ੍ਹਾਂ ਨੂੰ ਉਹ ਵਡਭਾਗੀ ਬਣਾਉਂਦਾ ਹੈ ਭਾਵ ਨਾਮ ਧਿਆਉਣ ਵਾਲੇ ਬਣਾਉਂਦਾ ਹੈ ਉਹਨਾਂ ਤੋਂ ਹੀ ਉਹ ਬਲਿਹਾਰੇ ਜਾਂਦਾ ਹੈ ਭਾਵ ਉਹਨਾਂ ਦਾ ਹੀ ਉਸ ਦੀ ਦਰਗਾਹ ਵਿੱਚ ਮਾਣ ਹੁੰਦਾ ਹੈ, ਸੱਚਖੰਡ ਵਿੱਚ ਮਾਣ ਹੁੰਦਾ ਹੈ ਜੋ ਉਸ ਦਾ “**ਖੰਡ**” ਨਿਰੰਕਾਰ ਰੂਪ ਵਿੱਚ ਹੈ ਤੇ ਸਭ ਦੇ ਅੰਦਰ ਹੀ ਹੈ। ਗੁਰੂ ਪ੍ਰਮਾਤਮਾ ਉਸ ਤੋਂ ਬਲਿਹਾਰੇ ਜਾਂਦਾ ਹੈ ਜੋ ਆਪਣੇ ਅੰਦਰ ਗੁਰੂ ਦੇ ਗੁਣਾਂ ਨੂੰ ਇਕੱਠਾ ਕਰਦਾ ਹੈ ਭਾਵ ਨਾਮ ਜਪਣਾ, ਆਪਣੇ ਅੰਦਰ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਆਪਣੀ ਸਮਝ ਦੇ ਵਿੱਚ ਇਕੱਠਾ ਕਰਨਾ ਹੀ ਹੈ ਤੇ ਜਦ ਤੱਕ ਕਿਸੇ ਦੇ ਅੰਦਰ ਔਗੁਣ ਹਨ, ਕੀ ਉਹ ਆਪਣੇ ਅੰਦਰ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਆਪਣੀ ਸਮਝ ਦੇ ਵਿੱਚ ਇਕੱਠਾ ਕਰ ਸਕਦਾ ਹੈ। ਬਾਣੀ ਵਿੱਚ ਭਗਤੀ ਦੇ ਭੰਡਾਰ ਦੀ ਗੱਲ ਆਉਂਦੀ ਹੈ ਜੋ ਭਗਤੀ ਦਾ ਭੰਡਾਰ ਪ੍ਰਮਾਤਮਾ ਆਪਣੇ ਭਗਤਾਂ ਨੂੰ ਦਿੰਦਾ ਹੈ ਜਿਸ ਦੁਆਰਾ ਉਹਨਾਂ ਨੇ ਆਪਣੇ ਜੀਵਨ ਵਿੱਚ ਭਗਤੀ ਕੀਤੀ ਹੈ ਤੇ ਸੰਸਾਰ ਨੂੰ ਭਗਤੀ ਦਾ ਭੰਡਾਰ ਦਿੱਤਾ ਹੈ ਭਾਵ ਭਗਤੀ ਤੇ ਚੱਲਣ ਦਾ ਮਾਰਗ ਸਮਝਾਇਆ ਹੈ। ਆਪਣੇ ਅੰਦਰ ਗੁਰੂ ਦੇ ਗੁਣਾਂ ਨੂੰ ਇਕੱਠਾ ਕਰਨ ਜਾਂ ਭਗਤੀ ਦਾ ਭੰਡਾਰ ਬਣਾਉਣਾ ਇੱਕੋ ਹੀ ਗੱਲ ਹੈ ਕਿਉਂਕਿ ਭਗਤੀ ਗੁਣਾਂ ਦੁਆਰਾ ਹੀ ਹੁੰਦੀ ਹੈ ਤੇ ਔਗੁਣ ਤਿਆਗਣ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਦਾ ਹਰ ਸ਼ਬਦ ਗੁਣ ਸਮਝਾਉਂਦਾ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸ਼ਬਦਾਂ ਦਾ ਭੰਡਾਰ ਹੀ ਦਿੰਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਸ਼ਬਦ ਦਿੰਦਾ ਹੈ ਉਸ ਦੇ ਨਾਲ ਉਸਨੂੰ ਸ਼ਬਦਾਂ ਦੀ ਵਿਚਾਰ ਵੀ ਸਮਝਾਉਂਦਾ ਹੈ ਜੋ ਵਿਚਾਰ ਬਹੁਤ ਗਹਿਰਾਈ ਵਿੱਚ ਹੁੰਦੀ ਹੈ ਜਿਸ ਦੀ ਗਹਿਰਾਈ ਨੂੰ ਪ੍ਰਮਾਤਮਾ ਆਪ ਹੀ ਜਾਣਦਾ ਹੈ ਤੇ ਆਪ ਹੀ ਸਮਝਾ ਸਕਦਾ ਹੈ। ਉਸ ਦੇ ਸ਼ਬਦਾਂ ਦੀ ਵਿਚਾਰ ਨੂੰ ਬੁੱਝਣਾ ਹੀ ਭਾਵ ਉਹਨਾਂ ਦੀ ਗਹਿਰਾਈ ਨੂੰ ਬੁੱਝਣਾ ਹੀ ਸ਼ਬਦਾਂ ਦੇ ਅੰਦਰ ਦੀ ਬੁਝਾਰਤ ਨੂੰ ਬੁੱਝਣਾ ਹੈ ਜੋ ਬੁਝਾਰਤ ਉਹ ਆਪ ਹੀ ਸਮਝਾ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਉਸ ਦੀ ਪਾਈ ਹੋਈ ਆਪਣੀ ਬੁਝਾਰਤ ਹੀ ਹੈ ਜਿਸ ਦੀ ਚਰਚਾ ਅਸੀਂ ਪਿੱਛੇ ਲੇਖ ਵਿੱਚ ਕੀਤੀ ਹੈ। ਸ਼ਬਦਾਂ ਦੇ ਅੰਦਰ ਦੀ ਬੁਝਾਰਤ ਨੂੰ ਬੁੱਝੇ ਬਿਨ੍ਹਾਂ ਸ਼ਬਦ ਦੇ ਅੰਦਰ ਦੇ ਭਾਵ ਦੀ ਬਰੀਕੀ ਨੂੰ ਤ੍ਰੈ ਗੁਣਾਂ ਵਾਲੀ ਸਮਝ ਦੁਆਰਾ ਨਹੀਂ ਸਮਝਿਆ ਜਾ ਸਕਦਾ ਤੇ ਸ਼ਬਦਾਂ ਦੇ ਅੰਦਰ ਦੀ ਸਮਝ ਹੀ ਉਹ ਗੁਣ ਹੈ ਜਿਸ ਗੁਣ ਨੂੰ ਅਸੀਂ ਸ਼ਬਦ ਦੇ ਵਿੱਚੋਂ ਲੈਣਾ ਹੈ ਤੇ ਆਪਣੇ ਅੰਦਰ ਸ਼ਬਦਾਂ ਦੇ ਗੁਣਾਂ ਨੂੰ ਇਕੱਠਾ ਕਰਨਾ ਹੈ। ਗੁਰਬਾਣੀ ਵਿੱਚ ਅਨੇਕਾਂ ਹੀ ਸ਼ਬਦ ਹਨ ਜੋ ਸਾਨੂੰ ਵੱਖਰੇ-ਵੱਖਰੇ ਢੰਗ ਨਾਲ, ਵੱਖਰੀ ਵੱਖਰੀ ਬੁਝਾਰਤ ਪਾਉਣ ਨਾਲ ਗੁਣ ਹੀ ਸਮਝਾਉਂਦੇ ਹਨ ਤੇ ਅਸੀਂ ਗੁਰਬਾਣੀ ਦੇ ਵਿੱਚੋਂ ਹਰ ਗੁਣ ਨੂੰ ਜਾਨਣਾ ਹੈ ਤੇ ਉਸ ਨੂੰ ਮੰਨਣਾ ਹੈ। ਜਦ ਤੱਕ ਅਸੀਂ ਗੁਰੂ ਦੇ ਗੁਣਾਂ ਨੂੰ ਮੰਨਾਂਗੇ ਨਹੀਂ ਤਦ ਤੱਕ ਉਹਨਾਂ ਨੂੰ ਇਕੱਠਾ ਕਿਵੇਂ ਕਰਾਂਗੇ। ਸਾਨੂੰ ਅਨੇਕਾਂ ਸ਼ਬਦਾਂ ਰਾਹੀਂ ਅਸਾਨ ਤਰੀਕੇ ਨਾਲ ਵੀ ਸਮਝਾਇਆ ਹੋਇਆ ਹੈ ਜਿਸ ਨੂੰ ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ ਤੇ ਮੰਨ ਵੀ ਸਕਦੇ

ਹਾਂ ਭਾਵ ਗੁਰੂ ਕੋਲੋਂ ਗੁਣ ਲੈ ਸਕਦੇ ਹਾਂ ਜੋ ਸਾਡੇ ਲਈ ਸੱਚਾ ਉੱਦਮ ਹੈ।ਜੋ ਇਸ ਸੱਚੇ ਉੱਦਮ ਨਾਲ ਜੁੜਦਾ ਹੈ ਭਾਵ ਮਨ ਦੇ ਭਰਮਾਂ ਵਿੱਚੋਂ ਨਿਕਲਦਾ ਹੈ ਤੇ ਆਪਣੇ ਅੰਦਰ ਗੁਣ ਇਕੱਠੇ ਕਰਨ ਦਾ ਉੱਦਮ ਕਰਦਾ ਹੈ ਉਹੀ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਦਾ ਹੈ ਤੇ ਪ੍ਰਮਾਤਮਾ ਉਸੇ ਤੇ ਹੀ ਆਪਣੀ ਕਿਰਪਾ ਕਰਦਾ ਹੈ। ਪ੍ਰਮਾਤਮਾ ਦੇ ਦਰ ਤੇ ਪਹੁੰਚਕੇ ਹੀ ਭਾਵ ਨਾਮ ਦੀ ਪ੍ਰਾਪਤੀ ਹੋਣ ਦੁਆਰਾ ਹੀ ਪ੍ਰਮਾਤਮਾ ਦੇ ਸੱਚੇ ਗੁਣ ਗਾਏ ਜਾ ਸਕਦੇ ਹਨ ਕਿਉਂਕਿ ਆਪਣੇ ਦਰ ਤੇ ਪ੍ਰਮਾਤਮਾ ਆਪ ਹੀ ਮਨੁੱਖ ਨੂੰ ਹਰ ਔਗੁਣ ਵਿੱਚੋਂ ਕੱਢ ਲੈਂਦਾ ਹੈ ਤੇ ਉਸ ਨੂੰ ਆਪਣੇ ਗੁਣਾਂ ਦਾ ਭੰਡਾਰ ਬਖਸ਼ਦਾ ਹੈ। ਗੁਣਾਂ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ। (**ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥ ਦਰਿ ਸਾਚੈ ਸਾਚੇ ਗੁਣ ਗਾਉ ॥**) ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਨਾ ਉਸ ਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਤੇ ਨਾ ਹੀ ਉਸ ਦੇ ਗੁਣ ਗਾਏ ਜਾ ਸਕਦੇ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਕੁੱਝ ਅਸੀਂ ਉਪਰਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਆਪਣੇ ਗੁਣ ਪ੍ਰਮਾਤਮਾ ਆਪਣੇ ਦਰ ਤੇ ਕਿਸ ਤਰੀਕੇ ਦਿੰਦਾ ਹੈ ਜਿਸ ਦੁਆਰਾ ਮਨੁੱਖ ਦੀ ਸਮਝ ਵਿੱਚ ਗੁਣ ਇਕੱਠੇ ਹੁੰਦੇ ਹਨ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਆਪੇ ਦੇਵੈ ਸਹਜਿ ਸੁਭਾਇ ॥ ਨਾਨਕ ਕੀਮਤਿ ਕਹਣੁ ਨ ਜਾਇ ॥”

ਬਾਣੀ ਵਿੱਚ ਅਨੇਕਾਂ ਵਾਰ “ਸਹਜਿ ਸੁਭਾਇ” ਦੀ ਗੱਲ ਆਉਂਦੀ ਹੈ ਜਿਸ ਨੂੰ ਅਸੀਂ ਕੁੱਝ ਪਿੱਛੇ ਵੀ ਸਮਝਿਆ ਹੈ ਤੇ ਹੋਰ ਵੀ ਸਮਝਣ ਦੀ ਲੋੜ ਹੈ। “ਸੁਭਾਅ” ਕੀ ਹੈ, ਕਿਸ ਨੂੰ ਕਹਿੰਦੇ ਹਨ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਹਰ ਮਨੁੱਖ ਦਾ ਸੁਭਾਅ ਆਪਣਾ ਆਪਣਾ ਹੁੰਦਾ ਹੈ ਜੋ ਕਿ ਉਸ ਦੇ ਆਪਣੇ ਅੰਦਰ ਦੀ ਸਮਝ ਹੈ, ਮਨ ਦੇ ਵਿਚਾਰ ਹਨ ਤੇ ਹਰ ਕੋਈ ਆਪਣੇ ਆਪਣੇ ਸੁਭਾਅ ਦੁਆਰਾ ਹੀ ਵਿਚਰਦਾ ਹੈ। ਹਰ ਕਿਸੇ ਦੇ ਅੰਦਰ ਸੁਭਾਅ ਬਣਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਹੀ ਵਿਚਰਦੀ ਹੈ ਜੋ ਅਨੇਕਾਂ ਰੂਪ ਦੁਆਰਾ ਵਿਚਰਦੀ ਹੈ ਤੇ ਮਨੁੱਖ ਦੇ ਵੱਖਰੇ-ਵੱਖਰੇ ਸੁਭਾਅ ਬਣਾਉਂਦੀ ਹੈ ਭਾਵ ਮਨ ਦੇ ਵਿੱਚੋਂ ਜਿਸ ਨੂੰ ਜਿਹੋ ਜਿਹੀ ਸਮਝ ਮਿਲਦੀ ਹੈ, ਵਿਚਾਰ ਮਿਲਦੇ ਹਨ ਉਹੋ ਜਿਹਾ ਹੀ ਮਨੁੱਖ ਦਾ ਸੁਭਾਅ ਬਣ ਜਾਂਦਾ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵੱਸਥਾ ਦਾ ਮਕਸਦ ਹੀ ਸਾਡੇ ਮਨ ਦੇ ਸੁਭਾਅ ਨੂੰ ਭਰਮਾਂ ਵਿੱਚ ਰੱਖਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥ ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥**) ਅੰਗ - ੬੮

ਸਿਰੀਰਾਗੁ ਮਹਲਾ ੩ ॥

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥

ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥

ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਿਸੰਗਤਿ ਮੇਲਾਇ ॥੧॥

ਭਾਈ ਰੇ ਗੁਰਮਤਿ ਸਾਚਿ ਰਹਾਉ ॥

ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥}

(ਅੰਗ - ੩੦)

ਤ੍ਰੈਗੁਣਾਂ ਵਿੱਚ ਰਹਿੰਦਿਆਂ ਹੋਇਆਂ, ਮਾਇਆ ਵਿੱਚ ਰਹਿੰਦਿਆਂ ਹੋਇਆਂ ਅਸੀਂ ਜਿਹੋ ਜਿਹੀ ਮਤਿ ਨਾਲ ਜੁੜੇ ਰਹਿੰਦੇ ਹਾਂ ਭਾਵ ਜਿਹੋ ਜਹਾ ਸਾਡਾ ਸੁਭਾਅ ਹੁੰਦਾ ਹੈ ਉਹ ਭਰਮਾਂ ਦਾ ਭਰਿਆ ਹੋਇਆ ਹੁੰਦਾ ਹੈ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ ਜਿਸ ਦੁਆਰਾ ਉਹ ਆਪਣੀ ਖੇਡ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਜਿਸਨੂੰ ਆਪਣੀ ਗੁਣਾਂ ਵਾਲੀ ਸਮਝ ਬਖਸ਼ਦਾ ਹੈ ਉਸਦਾ ਸੁਭਾਉ ਹੀ ਬਦਲਦਾ ਹੈ ਭਾਵ ਉਸਨੂੰ ਤ੍ਰੈਗੁਣਾਂ ਵਿੱਚੋਂ ਹੀ ਕੱਢਦਾ ਹੈ ਤੇ ਜਿਸਨੂੰ ਪ੍ਰਮਾਤਮਾ ਤ੍ਰੈਗੁਣਾਂ ਦੀ ਸਮਝ ਵਿੱਚੋਂ ਕੱਢਦਾ ਹੈ ਉਸਨੂੰ ਪ੍ਰਮਾਤਮਾ ਚੌਥੇ ਪਦ ਵਾਲਾ ਗਿਆਨ ਹੀ ਬਖਸ਼ਦਾ ਹੈ ਜੋ ਸੱਚਾ ਗਿਆਨ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ ਭਾਵ ਮਨੁੱਖ ਦਾ ਸੁਭਾਅ ਬਦਲਕੇ ਚਉਥੇ ਪਦ ਦੇ ਗਿਆਨ ਵਾਲਾ ਸੁਭਾਅ ਬਣਾ ਦਿੰਦਾ ਹੈ। ਚੌਥੇ ਪਦ ਵਾਲਾ ਗਿਆਨ ਪੂਰਨ ਗੁਣਾਂ ਵਾਲਾ ਗਿਆਨ ਹੈ ਜੋ ਮਨੁੱਖ ਨੂੰ ਹਰ ਔਗੁਣ ਵਿੱਚੋਂ ਕੱਢ ਲੈਂਦਾ ਹੈ, ਮਨ ਦੀ ਹਰ ਮਾੜੀ ਸਮਝ ਵਿੱਚੋਂ

ਕੱਢ ਲੈਂਦਾ ਹੈ ਜਿਸ ਸਮਝ ਵਿੱਚ ਰਹਿੰਦਿਆਂ ਹੋਇਆ ਮਨੁੱਖ ਨੂੰ ਸੱਚੀ ਭਗਤੀ ਦੀ ਸਮਝ ਹੀ ਨਹੀਂ ਪੈਂਦੀ। ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਚਉਥੇ ਪਦ ਵਿੱਚ ਪਹੁੰਚਕੇ ਹੀ ਪੈਂਦੀ ਹੈ। ਚਉਥਾ ਪਦ ਸਾਡੇ ਅੰਦਰ "**ਸਹਜੁ**" ਦੀ ਅਵੱਸਥਾ ਦਾ ਪਦ ਹੈ। ਪ੍ਰਮਾਤਮਾ ਆਪ ਸਾਡੇ ਅੰਦਰ ਇਸ "ਸਹਜ" ਵਾਲੀ ਅਵੱਸਥਾ ਵਿੱਚ ਵਿਚਰਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਗੁਣ ਬਖਸ਼ਦਾ ਹੈ ਉਹ ਆਪ ਹੀ ਦਿੰਦਾ ਹੈ, ਨਾਮ ਦੇ ਰੂਪ ਵਿੱਚ ਭਾਵ ਨਾਮ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਸ ਸੱਚੀ ਤੇ ਉੱਚੀ ਸਮਝ ਦੁਆਰਾ ਮਨੁੱਖ ਦਾ ਸੁਭਾਅ "ਸਹਜ" ਵਾਲਾ ਬਣ ਜਾਂਦਾ ਹੈ। (**ਆਪੇ ਦੇਵੈ ਸਹਜਿ ਸੁਭਾਇ ॥**)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥}

(ਅੰਗ - ੬੮)

{ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ ॥
ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ ॥
ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ ॥੬॥
ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ ॥
ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ ॥
ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ ॥੭॥}

(ਅੰਗ - ੬੫)

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥}

(ਅੰਗ - ੬੯)

{ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥

ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ - ੯੧-੯੨)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥
ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥
ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥
ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ - ੯੪੭)

{ਦੂਜੀ ਦੁਰਮਤਿ ਅੰਨੀ ਬੋਲੀ ॥
ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥
ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥}

(ਅੰਗ - ੧੦੨੨)

ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜੋ ਭਰਮਾਂ ਵਾਲੀ ਅਵੱਸਥਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਚਉਥੇ ਪਦ ਦੀ ਅਵੱਸਥਾ ਹੈ ਜੋ ਸਾਡੇ ਅੰਦਰ ''ਸਹਜ'' ਵਾਲੀ ਅਵੱਸਥਾ ਹੈ। ਤ੍ਰੈ ਗੁਣਾਂ ਵਾਲੀ ਅਵੱਸਥਾ ਵੀ ਸਾਡਾ ਸੁਭਾਉ ਹੈ ਤੇ ਚੌਥੇ ਪਦ ਦੀ ਅਵੱਸਥਾ ਵੀ ਸਾਡਾ ਸੁਭਾਉ ਹੈ ਭਾਵ ਚਉਥਾ ਪਦ ਸਾਡੇ ਮਨ ਦੀ ਸਮਝ ਨੂੰ ਹੀ ਬਦਲਦਾ ਹੈ ਜਿਸ ਸਮਝ ਵਿੱਚ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਦੇ ਨਾਲ ਲਿਵ ਇਸ ਚੌਥੇ ਪਦ ਵਿੱਚ ਜਾ ਕੇ ਹੀ ਜੁੜਦੀ ਹੈ ਜੋ ਲਿਵ ਲੱਗਣ ਦੁਆਰਾ

ਪ੍ਰਮਾਤਮਾ ਕੋਲੋਂ ਉਸ ਦੀ ਸੱਚੀ ਸਮਝ ਹੀ ਮਿਲਦੀ ਹੈ, ਗੁਣਾਂ ਵਾਲੀ ਸਮਝ ਹੀ ਮਿਲਦੀ ਹੈ ਜਿਵੇਂ ਕਿ ਉੱਪਰ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਸਾਡਾ ਗੁਣਾਂ ਵਾਲੀ ਸਮਝ ਦੁਆਰਾ ਹੀ ਹੁੰਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਦੇ ਗੁਣ ਕਿਤਨੇ ਕੁ ਅਮੋਲਕ ਹਨ ਜਿੰਨ੍ਹਾਂ ਦੀ ਕੀਮਤ ਨਹੀਂ ਪਾਈ ਜਾ ਸਕਦੀ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਆਪੇ ਦੇਵੈ ਸਹਜਿ ਸੁਭਾਇ ॥ ਨਾਨਕ ਕੀਮਤਿ ਕਹਣੁ ਨ ਜਾਇ ॥”

ਜਦ ਤੱਕ ਪ੍ਰਮਾਤਮਾ ਆਪ ਆਪਣੇ ਗੁਣਾਂ ਦਾ ਖਜਾਨਾ ਕਿਸੇ ਨੂੰ ਨਹੀਂ ਬਖਸ਼ਦਾ, ਨਾਮ ਰੂਪ ਖਜਾਨਾ ਕਿਸੇ ਨੂੰ ਨਹੀਂ ਦਿੰਦਾ ਭਾਵ ਜਦ ਤੱਕ ਕਿਸੇ ਨੂੰ ਆਪਣੇ ਇਸ ਖਜਾਨੇ ਵਿੱਚ ਨਹੀਂ ਰਲਾਉਂਦਾ, ਕਿਸੇ ਨੂੰ ਚਉਥੇ ਪਦ ਵਾਲਾ ਗਿਆਨ ਨਹੀਂ ਬਖਸ਼ਦਾ, ਸਹਜ ਵਾਲੀ ਅਵੱਸਥਾ ਨਹੀਂ ਬਖਸ਼ਦਾ, ਸਹਜਿ ਵਾਲਾ ਸੁਭਾਉ ਨਹੀਂ ਬਖਸ਼ਦਾ ਤਦ ਤੱਕ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਦੇ ਗੁਣ ਕਿਤਨੇ ਕੁ ਕੀਮਤੀ ਹਨ ਭਾਵ ਉਹ ਕਿਸ ਕਰਕੇ ਅਮੋਲਕ ਹਨ ਜਿਵੇਂ ਕਿ ਅਸੀਂ ਸ਼ਬਦ ਵਿੱਚ ਉੱਪਰ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ। ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਜਿੰਨ੍ਹਾਂ ਗੁਣਾਂ ਵਾਲੀ ਸਮਝ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ ਕੀ ਸੰਸਾਰ ਵਿੱਚ ਇਸ ਤੋਂ ਕੀਮਤੀ ਕੋਈ ਹੋਰ ਚੀਜ ਹੋ ਸਕਦੀ ਹੈ। ਪੂਰੀ ਸ੍ਰਿਸ਼ਟੀ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਗੁਣਾਂ ਦੇ ਗਿਆਨ ਦੁਆਰਾ ਹੀ ਕੀਤੀ ਹੈ। ਪ੍ਰਮਾਤਮਾ ਦਾ ਬ੍ਰਹਮ ਗਿਆਨ ਭਾਵ ਉਸ ਦਾ ਨਾਮ ਰੂਪ ਗਿਆਨ ਇਤਨੇ ਕੁ ਗੁਣਾਂ ਦੇ ਨਾਲ ਭਰਪੂਰ ਹੈ ਜਿੰਨ੍ਹਾਂ ਗੁਣਾਂ ਦੁਆਰਾ, ਆਪਣੇ ਨਾਮ ਦੁਆਰਾ ਉਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। ਸ੍ਰਿਸ਼ਟੀ ਦੀ ਰਚਨਾ ਦੇ ਵਿੱਚ ਕਿਤਨੇ ਕੁ ਗੁਣ ਹਨ ਕੀ ਉਹਨਾਂ ਗੁਣਾਂ ਨੂੰ ਕੋਈ ਜਾਣ ਸਕਦਾ ਹੈ। ਪ੍ਰਮਾਤਮਾ ਦਾ ਬਣਾਇਆ ਹੋਇਆ ਹਰ ਆਕਾਰ ਰੂਪ ਗੁਣਾਂ ਨਾਲ ਭਰਪੂਰ ਹੈ। ਆਪਣੇ ਮਨੁੱਖੀ ਸਰੀਰ ਨੂੰ ਹੀ ਦੇਖ ਲਵੋ ਕਿ ਇਸ ਸਰੀਰ ਵਿੱਚ ਜੋ ਕੁੱਝ ਵੀ ਪ੍ਰਮਾਤਮਾ ਨੇ ਪਾਇਆ ਹੋਇਆ ਹੈ ਤੇ ਜਿਸ ਤਰੀਕੇ ਨਾਲ ਸਰੀਰ ਚੱਲਦਾ ਹੈ ਉਸ ਦੇ ਵਿੱਚ ਕਿਤਨੇ ਕੁ ਗੁਣ ਹਨ। ਇਸੇ ਤਰ੍ਹਾਂ ਸ੍ਰਿਸ਼ਟੀ ਤੇ ਕਿਤਨੇ ਕੁ ਜੀਵ ਹਨ, ਕਿਤਨੀ ਕੁ ਬਨਸਪਤੀ ਹੈ ਤੇ ਕੀ ਉਹਨਾਂ ਦੇ ਅੰਦਰ ਦੇ ਗੁਣ ਕੋਈ ਗਿਣ ਸਕਦਾ ਹੈ ਜਾਂ ਉਹਨਾਂ ਦੀ ਕੀਮਤ ਨੂੰ ਸਮਝ ਸਕਦਾ ਹੈ। ਕਿਤਨੇ ਕੁ ਖੰਡ, ਬ੍ਰਹਿਮੰਡ ਹਨ, ਕਿਤਨੇ ਕੁ ਸੂਰਜ-ਤਾਰੇ ਹਨ ਤੇ ਹਰ ਆਕਾਰ ਰੂਪ ਕਿਹੋ ਜਿਹੇ ਗੁਣਾਂ ਦੁਆਰਾ ਬਣਿਆ ਹੈ, ਕਿੰਨ੍ਹਾਂ ਗੁਣਾਂ ਨਾਲ ਉਹ ਕੰਮ ਕਰ ਰਿਹਾ ਹੈ ਕੀ ਉਹਨਾਂ ਦਾ ਕੋਈ ਅੰਦਾਜਾ ਵੀ ਲਗਾ ਸਕਦਾ ਹੈ। ਪ੍ਰਮਾਤਮਾ ਦੇ ਗੁਣ ਕਿਤਨੇ ਕੁ ਕੀਮਤੀ ਹਨ ਉਹ ਬਿਆਨ ਤੋਂ ਬਾਹਰ ਹਨ। ਉਸ ਗੁਣਾਂ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਉਸ ਦੇ ਗੁਣਾਂ ਦਾ ਕੋਈ ਅੰਦਾਜਾ ਵੀ ਨਹੀਂ ਲਗਾ ਸਕਦਾ। (**ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥ ਦਰਿ ਸਾਚੈ ਸਾਚੇ ਗੁਣ ਗਾਉ ॥ ਆਪੇ ਦੇਵੈ ਸਹਜਿ ਸੁਭਾਇ ॥ ਨਾਨਕ ਕੀਮਤਿ ਕਹਣੁ ਨ ਜਾਇ ॥**)

ਪੂਰੀ ਗਰਬਾਣੀ ਵਿੱਚ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਲਈ ਤੇ ਉਸ ਤੇ ਚੱਲਣ ਲਈ ਗੁਣਾਂ ਦੀ ਹੀ ਲੋੜ ਹੈ। ਜਦ ਤੱਕ ਅਸੀਂ ਗੁਰਬਾਣੀ ਦੇ ਗੁਣਾਂ ਦੀ ਕੀਮਤ ਨੂੰ ਨਹੀਂ ਸਮਝਦੇ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਵਾਲੇ ਵਿਚਾਰਾਂ ਨੂੰ ਨਹੀਂ ਮੰਨਦੇ ਤਦ ਤੱਕ ਅਸੀਂ ਉਸ ਦੇ ਗੁਣਾਂ ਦੀ ਕੀਮਤ ਕੀ ਪਾਉਣੀ ਹੈ ਜਿਸ ਦੀ ਕੀਮਤ ਪਾਏ ਬਿਨ੍ਹਾਂ ਅਸੀਂ ਉਸ ਗੁਣਾਂ ਦੇ ਮਾਲਕ ਤੱਕ ਪਹੁੰਚ ਕਿਵੇਂ ਕਰ ਸਕਦੇ ਹਾਂ। ਸ਼ਬਦਾਂ ਦੀ ਸਮਝ ਨੂੰ ਮੰਨੇ ਬਿਨ੍ਹਾਂ ਸ਼ਬਦਾਂ ਦੀ ਕੀਮਤ ਨਹੀਂ ਪੈਂਦੀ ਭਾਵ ਗੁਰੂ ਪ੍ਰਮਾਤਮਾ ਦੀ ਕੀਮਤ ਨਹੀਂ ਪੈਂਦੀ। ਅਸੀਂ ਆਪਣੀ ਕਥਨੀ ਦੁਆਰਾ ਹੀ ਸ਼ਬਦ ਦੀ ਕੀਮਤ ਪਾਉਂਦੇ ਹਾਂ ਜੋ ਕਿ ਸਾਡਾ ਭਰਮ ਹੈ ਭਾਵ ਸਾਡਾ ਔਗੁਣ ਹੈ ਜਿਸਨੂੰ ਅਸੀਂ ਆਪਣਾ ਗੁਣ ਸਮਝਦੇ ਹਾਂ। ਗੁਣ ਉਹ ਹੈ ਜੋ ਸਾਨੂੰ ਸ਼ਬਦ ਸਮਝਾਉਂਦਾ ਹੈ ਤੇ ਗੁਣ ਦੀ ਕੀਮਤ ਗੁਣ ਨੂੰ ਮੰਨਣ ਦੁਆਰਾ ਹੀ ਪੈਂਦੀ ਹੈ। ਗੁਰੂ ਆਪਣੇ ਸ਼ਬਦਾਂ ਦੁਆਰਾ ਸਾਨੂੰ ਚੰਗੀ ਕਰਨੀ ਦਾ ਮਾਰਗ ਸਮਝਾਉਂਦਾ ਹੈ ਜੋ ਕਿ ਭਗਤੀ ਦਾ ਮਾਰਗ ਹੈ ਪਰ ਅਸੀਂ ਕਥਨੀ ਨੂੰ ਭਗਤੀ ਸਮਝਦੇ ਹਾਂ ਤੇ ਦੂਸਰਿਆਂ ਨੂੰ ਵੀ ਇਹੀ ਕੁੱਝ ਸਮਝਾਉਂਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ ਜੋ ਕਿ ਸਾਡਾ ਗੁਣ ਨਹੀਂ ਹੋ ਸਕਦਾ।

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥
ਗੁਰ ਕਿੰਚਤ ਕਿਰਪਾ ਕੀਨੀ ॥
ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥
ਮਿਲਿਓ ਜਗਜੀਵਨ ਦਾਤਾ ॥੪॥}

(ਅੰਗ - ੬੫੫)

ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣ ਨਾਲ ਸਾਡੀ ਆਪਣੀ ਹੀ ਕੀਮਤ ਪੈਂਦੀ ਹੈ, ਸਮਾਜ ਵਿੱਚੋਂ ਵਡਿਆਈਆਂ ਮਿਲਣ ਦੁਆਰਾ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਯਾਦ ਕਰ ਸਕਦੇ ਹਾਂ ਕਿ ਅਸੀਂ ਕੀਮਤ ਪਾਉਣੀ ਕਿਸ ਦੀ ਹੈ ਤੇ ਪਾਉਂਦੇ ਕਿਸ ਦੀ ਹਾਂ।

ਆਸਾ ਮਹਲਾ ੧ ॥
"ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥

ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥੪॥੨॥”

(ਅੰਗ - ੯)

ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਪਹਿਲੇ ਹੀ ਸਮਝ ਚੁੱਕੇ ਹਾਂ ਪਰ ਫਿਰ ਤੋਂ ਜੋ ਸਮਝਣ ਦੀ ਲੋੜ ਹੈ ਉਹ ਇਹ ਹੈ ਕਿ ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹ ਕੇ ਕੀਮਤ ਕਿਸ ਦੀ ਪਾਉਣੀ ਹੈ ਭਾਵ ਕੀਮਤ ਕਿਸ ਦੀ ਵਧਾਉਣੀ ਹੈ। ਗੁਰੂ ਦਾ ਹਰ ਸ਼ਬਦ ਕੀਮਤੀ ਹੈ ਤੇ ਉਸ ਦੀ ਕੀਮਤ ਉਸ ਦੇ ਅੰਦਰ ਦੇ ਗੁਣ ਹਨ ਜੋ ਗੁਣ ਉਸ ਦੇ ਅੰਦਰ ਦੀ ਸਮਝ ਹੈ, ਸੱਚੀ ਸਮਝ ਹੈ ਜਿਸ ਸੱਚੀ ਸਮਝ ਨੇ ਸਾਨੂੰ ਗੁਣੀ ਬਣਾਉਣਾ ਹੈ। ਪ੍ਰਮਾਤਮਾ ਆਪਣੇ ਗੁਣਾਂ ਦੁਆਰਾ ਵੱਡਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਜੋ ਵੱਡਾਪਨ ਉਸ ਦਾ ਨਾਮ ਹੈ, ਉਸਦਾ ਸੱਚਾ ਗਿਆਨ ਹੈ, ਸੱਚੀ ਸਮਝ ਹੈ ਜੋ ਸਮਝ ਹਰ ਤਰੀਕੇ ਦਾ ਗੁਣ ਸਿਖਾਉਂਦੀ ਹੈ। ਪ੍ਰਮਾਤਮਾ ਨੇ ਹਰ ਵਸਤੂ ਦੇ ਅੰਦਰ ਜੋ ਗੁਣ ਪਾਏ ਹੋਏ ਹਨ ਉਹ ਆਪਣੀ ਉੱਚੀ ਸਾਇੰਟਿਫਿਕ ਸਮਝ ਦੁਆਰਾ ਪਾਏ ਹੋਏ ਹਨ। ਧਰਮ ਦੇ ਮਾਰਗ ਤੇ ਚੱਲਣ ਲਈ ਗੁਣ ਕੀ ਹਨ ਇਸ ਦੀ ਸਮਝ ਪ੍ਰਮਾਤਮਾ ਨੇ ਸਾਨੂੰ ਧਰਮ ਗ੍ਰੰਥਾਂ ਦੁਆਰਾ ਪਾਈ ਹੋਈ ਹੈ। ਸ਼ਬਦਾਂ ਦੀ ਕੀਮਤ ਉਹਨਾਂ ਦੇ ਅੰਦਰ ਦੀ ਸਮਝ ਹੈ ਜੋ ਸਾਨੂੰ ਗੁਣ ਸਿਖਾਉਂਦੀ ਹੈ ਭਾਵ ਗੁਣਾਂ ਦੁਆਰਾ ਵਿਚਰਨਾ ਸਿਖਾਉਂਦੀ ਹੈ। ਅਸੀਂ ਪ੍ਰਮਾਤਮਾ ਦੇ ਨਾਲ ਤਾਂ ਹੀ ਮੇਲ ਕਰ ਸਕਦੇ ਹਾਂ ਭਾਵ ਉਸ ਗੁਣਾਂ ਦੇ ਮਾਲਕ ਨੂੰ, ਉਸ ਦੇ ਵੱਡੇਪਨ ਨੂੰ ਤਾਂ ਹੀ ਜਾਣ ਸਕਦੇ ਹਾਂ ਜੇਕਰ ਅਸੀਂ ਉਸ ਦੇ ਸਮਝਾਏ ਹੋਏ ਗੁਣਾਂ ਨੂੰ ਮੰਨਾਂਗੇ ਤੇ ਉਸ ਵੱਡੇ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਅਸੀਂ ਜਿਸ ਤਰੀਕੇ ਪ੍ਰਮਾਤਮਾ ਦੀ ਕੀਮਤ ਪਾਉਂਦੇ ਹਾਂ, ਸ਼ਬਦਾਂ ਦੀ ਕੀਮਤ ਪਾਉਂਦੇ ਹਾਂ ਉਹ ਉਹਨਾਂ ਦੀ ਕਥਨੀ ਦੁਆਰਾ ਪਾਉਂਦੇ ਹਾਂ। ਗੁਰਮਤਿ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਨਾਲ ਨਹੀਂ ਜੋੜਦੀ ਬਲਕਿ ਗੁਣਾਂ ਨੂੰ ਅਪਣਾਉਣ ਲਈ ਜੋੜਦੀ ਹੈ ਪਰ ਅਸੀਂ ਸ਼ਬਦ ਦੀ ਮਤਿ ਨੂੰ ਮੰਨਣ ਦੀ ਬਜਾਏ ਆਪਣੀ ਸੁਰਤਿ ਦੀ ਮਤਿ ਨਾਲ ਜੁੜਦੇ ਹਾਂ ਭਾਵ ਮਨਮਤਿ ਦੇ ਨਾਲ ਜੁੜਦੇ ਹਾਂ ਭਾਵ ਕਥਨੀ ਨੂੰ ਹੀ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝਦੇ ਹਾਂ। ਆਪਣੀ ਸੁਰਤਿ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਭਾਵ ਹਉਮੈ ਵਾਲੀ ਸਮਝ ਨਾਲ ਜੁੜਨ ਦੁਆਰਾ, ਭਰਮਾਂ ਵਾਲੀ ਸਮਝ ਨਾਲ ਜੁੜਨ ਦੁਆਰਾ ਅਸੀਂ ਆਪਣੀ ਸੁਰਤਿ ਨੂੰ ਹੀ ਕਮਾਉਂਦੇ ਹਾਂ ਭਾਵ ਆਪਣੀ ਮੈਂ ਹੀ ਉੱਚੀ ਕਰਦੇ ਹਾਂ, ਆਪਣੀ ਹਉਮੈ ਹੀ ਉੱਚੀ ਕਰਦੇ ਹਾਂ। ਪੜ੍ਹਦੇ, ਬੋਲਦੇ ਤਾਂ ਅਸੀਂ ਸ਼ਬਦ ਹਾਂ ਪਰ ਕੇਵਲ ਕਥਨੀ ਕਰੀ ਜਾਣ ਨਾਲ ਭਾਵ ਮਨਮਤਿ ਵਾਲੀ ਭਗਤੀ ਕਰੀ ਜਾਣ ਨਾਲ, ਸਰੀਰਕ ਜਪ, ਤਪ ਆਦਿ ਵਾਲੀ ਭਗਤੀ ਕਰੀ ਜਾਣ ਨਾਲ, ਕਿਸੇ ਅੱਖਰ ਦਾ ਬੋਲ ਬੋਲ ਕੇ ਜਪ ਕਰੀ ਜਾਣ ਨਾਲ ਅਸੀਂ ਸ਼ਬਦ ਦੀ ਕਮਾਈ ਨਹੀਂ ਕਰਦੇ, ਆਪਣੇ ਅੰਦਰ ਸ਼ਬਦ ਦੀ ਮਤਿ ਨੂੰ ਉੱਚਾ ਨਹੀਂ ਕਰਦੇ ਬਲਕਿ ਆਪਣੀ ਸੁਰਤਿ ਦੀ ਮਤਿ ਨੂੰ ਹੀ ਉੱਚਾ ਕਰਦੇ ਹਾਂ ਭਾਵ ਆਪਣੀ ਸੁਰਤਿ ਦੀ ਕਮਾਈ ਕਰਦੇ ਹਾਂ, ਆਪਣੀ ਮੈਂ ਹੀ ਉੱਚੀ ਕਰਦੇ ਹਾਂ। ਸ਼ਬਦ ਦਾ ਮਕਸਦ ਉਸ ਵਿੱਚੋਂ ਗੁਣ ਲੈਣ ਨਾਲ ਹੈ ਜਿਸ ਦੁਆਰਾ ਸ਼ਬਦ ਦੀ ਕੀਮਤ ਪੈਂਦੀ ਹੈ ਪਰ ਕੇਵਲ ਕਥਨੀ ਕਰੀ ਜਾਣ ਨਾਲ ਸਾਡੀ ਆਪਣੀ ਕੀਮਤ ਪੈਂਦੀ ਹੈ ਕਿਉਂਕਿ ਸਾਨੂੰ ਇਹੋ ਜਿਹੀ ਭਗਤੀ ਦਾ ਹੀ ਸਮਾਜ ਵਿੱਚੋਂ ਮਾਣ ਸਤਿਕਾਰ ਮਿਲਦਾ ਹੈ। ਕੋਈ ਸਾਨੂੰ ਗਿਆਨੀ ਕਹਿ ਕੇ ਮਾਣ ਦਿੰਦਾ ਹੈ, ਕੋਈ ਧਿਆਨ ਲਗਾ ਕੇ ਬੈਠਣ ਨਾਲ ਸਾਨੂੰ ਧਿਆਨੀ ਕਹਿ ਕੇ ਭਾਵ ਭਗਤੀ ਦੇ ਧਿਆਨ ਵਾਲਾ ਕਹਿ ਕੇ ਮਾਣ ਦਿੰਦਾ ਹੈ ਤੇ ਇਸੇ ਤਰ੍ਹਾਂ ਕੋਈ ਗੁਰੂ ਵਰਗਾ ਉੱਚਾ ਅਖਵਾਉਂਦੇ ਹਨ ਭਾਵ ਸੰਤ ਆਦਿ ਅਖਵਾਉਂਦੇ ਹਨ ਤੇ ਕਈ ਸਾਨੂੰ ਰੱਬ ਦੇ ਨਾਲ ਮਿਲਾਉਣ ਦੀਆਂ ਗੱਲਾਂ ਕਰਦੇ ਹਨ ਜਿੰਨ੍ਹਾਂ ਕਰਕੇ ਉਹਨਾਂ ਨੂੰ ਉੱਚਾ ਮਾਣ ਮਿਲਦਾ ਹੈ ਭਾਵ ਸਮਾਜ ਵਿੱਚ ਉਹਨਾਂ ਦੀ ਆਪਣੀ ਕੀਮਤ ਪੈਂਦੀ ਹੈ ਜਿਸ ਵਿੱਚ ਗੁਰੂ ਪ੍ਰਮਾਤਮਾ ਦੀ ਕੀਮਤ ਨਹੀਂ ਪੈਂਦੀ, ਸ਼ਬਦ ਦੀ ਕੀਮਤ ਨਹੀਂ ਪੈਂਦੀ ਭਾਵ ਸ਼ਬਦ ਦੇ ਸਮਝਾਏ ਹੋਏ ਗੁਣਾਂ ਦੀ ਕੀਮਤ ਨਹੀਂ ਪੈਂਦੀ। ਇਹੋ ਜਿਹੀ ਕਥਨੀ ਵਾਲੀ ਭਗਤੀ ਦੁਆਰਾ, ਸਰੀਰਕ ਜਪਾਂ ਤਪਾਂ ਦੁਆਰਾ ਪ੍ਰਮਾਤਮਾ ਦੀ ਇੱਕ ਤਿਲ ਜਿੰਨੀ ਵਡਿਆਈ ਵੀ ਨਹੀਂ ਹੁੰਦੀ ਤੇ ਵਡਿਆਈ ਸਾਡੀ ਆਪਣੀ ਹੁੰਦੀ ਹੈ। ਜਿਹੋ ਜਿਹੀ ਭਗਤੀ ਦੁਆਰਾ ਅਸੀਂ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ ਫਿਰ ਕੀ ਇਹੋ ਜਿਹੀ ਭਗਤੀ ਨੂੰ ਕੀ ਅਸੀਂ ਆਪਣੇ ਗੁਣ ਕਹਿ ਸਕਦੇ ਹਾਂ, ਆਪਣੇ ਆਪ ਨੂੰ ਗੁਣਾਂ ਵਾਲੇ ਕਹਿ ਸਕਦੇ ਹਾਂ ਤੇ ਪ੍ਰਮਾਤਮਾ ਦੇ ਗੁਣ ਗਾ ਸਕਦੇ ਹਾਂ ਪਰ ਸਮਝਦਾ ਹਰ ਕੋਈ ਇਹੋ ਕੁੱਝ ਹੀ ਹੈ। ਗੁਣਾਂ ਵਾਲਾ ਬਣਨਾ ਬਹੁਤ ਔਖਾ ਹੈ ਭਾਵ ਗੁਰੂ ਦੇ ਗੁਣ ਗਾਉਣੇ ਬਹੁਤ ਔਖੇ ਹਨ। ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮੰਨ ਕੇ ਗੁਣਾਂ ਵਾਲੀ ਕਰਨੀ ਕਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਜਿਹੋ ਜਿਹੇ ਗੁਣ ਗਾਉਣੇ ਸਾਨੂੰ ਬਾਣੀ ਸਮਝਾ ਰਹੀ ਹੈ। (**ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ**

ਵਡਿਆਈ ॥)

ਪ੍ਰਮਾਤਮਾ ਦੀ ਵਡਿਆਈ, ਪ੍ਰਮਾਤਮਾ ਦਾ ਵੱਡਾਪਨ ਦੇਖਣ ਦੁਆਰਾ ਹੀ ਕੀਤੀ ਜਾ ਸਕਦੀ ਹੈ ਕਿ ਉਹ ਕਿਤਨਾ ਕੁ ਵੱਡਾ ਹੈ। ਉਹ ਆਪਣੇ ਗੁਣਾਂ ਦੁਆਰਾ ਹੀ ਵੱਡਾ ਹੈ। ਪੂਰੀ ਗੁਰਬਾਣੀ ਵਿੱਚ ਵੀ ਪ੍ਰਮਾਤਮਾ ਦਾ ਵੱਡਾਪਨ ਉਸ ਵਿੱਚ ਪਾਏ ਹੋਏ ਉਸਦੇ ਗੁਣਾਂ ਦੁਆਰਾ ਹੀ ਹੈ। ਉਸ ਵੱਡੇ ਦੀ ਵਡਿਆਈ ਉਸ ਦੇ ਗੁਣਾਂ ਨੂੰ ਵੱਡਾ ਕਰਨ ਦੁਆਰਾ ਹੀ ਹੁੰਦੀ ਹੈ ਭਾਵ ਗੁਣਾਂ ਦੁਆਰਾ ਵਿਚਰਨ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਉਹਨਾਂ ਨੇ ਹੀ ਕੀਤੀ ਹੈ ਜਿੰਨ੍ਹਾਂ ਨੇ ਉਸ ਦੇ ਵੱਡੇਪਨ ਨੂੰ ਦੇਖਿਆ ਹੈ, ਉਸ ਦੇ ਵਿੱਚ ਸਮਾਉਣ ਦੁਆਰਾ ਦੇਖਿਆ ਹੈ ਤੇ ਪ੍ਰਮਾਤਮਾ ਨੂੰ ਵੇਖੇ ਬਿਨ੍ਹਾਂ ਕੇਵਲ ਸੁਣਨ ਦੁਆਰਾ ਹੀ ਅਸੀਂ ਉਸ ਨੂੰ ਵੱਡਾ ਕਹਿੰਦੇ ਹਾਂ ਭਾਵ ਸਭ ਸੁਣੀਆਂ ਸੁਣਾਈਆਂ ਗੱਲਾਂ ਹੀ ਕਰਦੇ ਹਾਂ ਤੇ ਜੋ ਇਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦੇ ਹਨ ਉਹ ਕੇਵਲ ਸੁਣੀਆਂ ਸੁਣਾਈਆਂ ਗੱਲਾਂ ਨੂੰ ਹੀ ਮੰਨਦੇ ਹਨ ਭਾਵ ਉਨ੍ਹਾਂ ਨੂੰ ਅਸਲੀਅਤ ਦੀ ਸਮਝ ਨਹੀਂ ਹੈ ਤੇ ਇਹੋ ਜਿਹੀ ਭਗਤੀ ਦੁਆਰਾ ਉਹ ਆਪਣੀ ਹੀ ਕੀਮਤ ਪਾਉਂਦੇ ਹਨ ਭਾਵ ਆਪਣੇ ਆਪ ਨੂੰ ਹੀ ਉੱਚਾ ਕਰਦੇ ਹਨ ਤੇ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਉਹ ਪ੍ਰਮਾਤਮਾ ਦਾ ਕਹਿਣ ਨਹੀਂ ਕਹਿ ਸਕਦਾ ਭਾਵ ਉਸ ਨੂੰ ਅਸਲ ਭਗਤੀ ਦੀ ਸਮਝ ਹੀ ਨਹੀਂ ਹੈ। (**ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥**)

{ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ ॥
ਜੇ ਕੋ ਵਡਾ ਕਹਾਇ ਵਡਾਈ ਖਾਵੈ ॥
ਸਾਚੇ ਸਾਹਿਬ ਤੋਟਿ ਨ ਦਾਤੀ ਸਗਲੀ ਤਿਨਹਿ ਉਪਾਈ ਹੇ ॥੧੦॥
ਵਡੀ ਵਡਿਆਈ ਵੇਪਰਵਾਹੇ ॥
ਆਪਿ ਉਪਾਏ ਦਾਨੁ ਸਮਾਹੇ ॥
ਆਪਿ ਦਇਆਲੁ ਦੂਰਿ ਨਹੀ ਦਾਤਾ ਮਿਲਿਆ ਸਹਜਿ ਰਜਾਈ ਹੇ ॥੧੧॥
ਇਕਿ ਸੋਗੀ ਇਕਿ ਰੋਗਿ ਵਿਆਪੇ ॥
ਜੋ ਕਿਛੁ ਕਰੇ ਸੁ ਆਪੇ ਆਪੇ ॥
ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ ॥੧੨॥
ਇਕਿ ਨਾਗੇ ਭੂਖੇ ਭਵਹਿ ਭਵਾਏ ॥
ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥
ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ॥੧੩॥
ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥
ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ ॥੧੪॥
ਗੁਰਮਤਿ ਛੋਡਹਿ ਉਝੜਿ ਜਾਈ ॥
ਮਨਮੁਖਿ ਰਾਮੁ ਨ ਜਪੈ ਅਵਾਈ ॥
ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥੧੫॥
ਹੁਕਮੇ ਆਵੈ ਹੁਕਮੇ ਜਾਵੈ ॥
ਬੂਝੈ ਹੁਕਮੁ ਸੋ ਸਾਚਿ ਸਮਾਵੈ ॥

ਨਾਨਕ ਸਾਚੁ ਮਿਲੈ ਮਨਿ ਭਾਵੈ ਗੁਰਮੁਖਿ ਕਾਰ ਕਮਾਈ ਹੇ ॥੧੬॥}

(ਅੰਗ - ੧੦੨੫)

ਭਗਤੀ ਦੇ ਮਾਰਗ ਤੇ ਆਪ ਵਡਿਆਈਆਂ ਲੈਣੀਆਂ ਕਿਤਨੀ ਕੁ ਮਾੜੀ ਗੱਲ ਹੈ, ਇਸ ਗੱਲ ਨੂੰ ਉੱਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਸ਼ਬਦ ਰਾਹੀਂ ਸ਼ਬਦ ਦੀ ਕਮਾਈ ਕਰਨੀ ਕੀ ਹੈ, ਇਹ ਵੀ ਸਮਝਾਇਆ ਹੋਇਆ ਹੈ। ਸਾਰਾ ਭੇਦ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਮਨਮਤਿ ਤੇ ਗੁਰਮਤਿ ਨੂੰ ਸਮਝਣ ਵਿੱਚ ਹੀ ਜੁੜਿਆ ਹੋਇਆ ਹੈ। ਜੇਕਰ ਮਨਮਤਿ ਨੂੰ ਹੀ ਅਸੀਂ ਗੁਰਮਤਿ ਸਮਝੀ ਜਾਵਾਂਗੇ ਇਸ ਵਿੱਚ ਵਡਿਆਈ ਮਨਮਤਿ ਦੀ ਹੀ ਕਰਾਂਗੇ ਨਾ ਕਿ ਗੁਰਮਤਿ ਦੀ। ਮਨਮਤਿ ਵਿੱਚ ਔਗੁਣ ਹਨ ਜੋ ਕਿ ਭਰਮਾਂ ਦੀ ਭਰੀ ਹੋਈ ਹੈ ਤੇ ਗੁਰਮਤਿ ਵਿੱਚ ਸੱਚ ਹੈ ਜੋ ਕਿ ਗੁਣਾਂ ਨਾਲ ਭਰੀ ਹੋਈ ਹੈ। ਮਨਮਤਿ ਨੂੰ ਉੱਚਾ ਕਰਨਾ ਔਗੁਣਾਂ ਨੂੰ ਉੱਚਾ ਕਰਨਾ ਹੈ ਤੇ ਗੁਰਮਤਿ ਨੂੰ ਉੱਚਾ ਕਰਨਾ ਗੁਣਾਂ ਨੂੰ ਉੱਚਾ ਕਰਨਾ ਹੈ ਭਾਵ ਮਨਮਤਿ ਨੂੰ ਵਡਿਆਣਾ ਔਗੁਣਾਂ ਦੀ ਵਡਿਆਈ ਕਰਨੀ ਹੈ। ਇਸੇ ਲਈ ਸਾਨੂੰ ਇਹੋ ਜਿਹੀਆਂ ਵਡਿਆਈਆਂ ਲੈਣ ਤੋਂ ਮਨਾ ਕੀਤਾ ਹੋਇਆ ਹੈ ਕਿਉਂਕਿ ਇਹ ਸੱਚੀ ਭਗਤੀ ਤੋਂ ਉਲਟ ਮਾਰਗ ਹੈ ਜਿਸ ਨੂੰ ਕਿ ਗੁਣ ਨਹੀਂ ਕਿਹਾ ਜਾ ਸਕਦਾ। ਸੱਚੀ ਵਡਿਆਈ ਕੇਵਲ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ।

ਧਰਮ ਦੇ ਮਾਰਗ ਦੀਆਂ ਝੂਠੀਆਂ ਵਡਿਆਈਆਂ ਸਾਡੇ ਲਈ ਕਿਤਨੀਆਂ ਮਾੜੀਆਂ ਹਨ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥"

(ਅੰਗ - ੧੨੯੦)

ਵਡਿਆਈਆਂ ਸਾਨੂੰ ਕਿਸ ਰੂਪ ਵਿੱਚ ਮਿਲਦੀਆਂ ਹਨ, ਸਾਨੂੰ ਵੱਡਾ ਲੋਕੀ ਕਿਸ ਤਰੀਕੇ ਕਹਿੰਦੇ ਹਨ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੀ ਹੈ। ਇਹ ਵਡਿਆਈਆਂ ਸਾਨੂੰ ਦੁਨੀਆਂ ਕੋਲੋਂ ਮਿਲਦੀਆਂ ਹਨ ਭਾਵ ਸਮਾਜ ਵਿੱਚੋਂ ਹੀ ਮਿਲਦੀਆਂ ਹਨ ਤੇ ਵਡਿਆਈਆਂ ਸਭ ਨੂੰ ਚੰਗੀਆਂ ਲੱਗਦੀਆਂ ਹਨ ਕਿਉਂਕਿ ਸੱਚੀ ਭਗਤੀ ਨੂੰ ਸਮਝਣ ਵਿੱਚ, ਸੱਚੀ ਵਡਿਆਈ ਨੂੰ ਸਮਝਣ ਵਿੱਚ ਭਰਮ ਸਭ ਦੇ ਅੰਦਰ ਹੀ ਹੈ ਜਿਸ ਕਰਕੇ ਕੋਈ ਵਡਿਆਈਆਂ ਦਿੰਦੇ ਹਨ ਤੇ ਕੋਈ ਵਡਿਆਈ ਲੈਂਦੇ ਹਨ। ਪਰ ਇਹ ਵਡਿਆਈਆਂ ਸਾਡੇ ਲਈ ਕਿਤਨੀਆਂ ਕੁ ਮਾੜੀਆਂ ਹਨ ਇਹੀ ਗੱਲ ਉੱਪਰ ਸਮਝਾਈ ਹੋਈ ਹੈ। ਇਹੋ ਜਿਹੀਆਂ ਵਡਿਆਈਆਂ ਨੂੰ ਅੱਗ ਵਿੱਚ ਸਾੜਨ ਲਈ ਕਿਹਾ ਹੋਇਆ ਹੈ ਜੋ ਸਾਡੇ ਲਈ ਗੁਰੂ ਦਾ ਹੁਕਮ ਹੀ ਹੈ, ਸ਼ਬਦ ਦਾ ਹੁਕਮ ਹੀ ਹੈ। ਗੁਰੂ ਦੇ ਹੁਕਮ ਨੂੰ ਮੰਨਣਾ ਗੁਣ ਹੈ ਤੇ ਨਾ ਮੰਨਣਾ ਔਗੁਣ ਹੈ ਜਿਸ ਨੂੰ ਕਿ ਹਰ ਕੋਈ ਸਮਝ ਸਕਦਾ ਹੈ। ਵਡਿਆਈਆਂ ਲੈਣ ਵਾਲੇ ਹੁਣ ਆਪੇ ਹੀ ਸਮਝ ਲੈਣ ਕਿ ਜਿਹੋ ਜਿਹੀ ਦਿਖਾਵੇ ਵਾਲੀ ਭਗਤੀ ਦੁਆਰਾ ਕਥਨੀ ਕਰੀ ਜਾਣ ਨਾਲ ਜਾਂ ਸਰੀਰਕ ਜਪ ਤਪ ਆਦਿ ਕਰੀ ਜਾਣ ਨਾਲ ਤੇ ਹੋਰ ਉਹੋ ਜਿਹੇ ਅਨੇਕਾਂ ਤਰੀਕਿਆਂ ਨਾਲ ਜਿੰਨ੍ਹਾਂ ਭਗਤੀ ਦੇ ਤਰੀਕਿਆਂ ਦਾ ਗੁਰਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ, ਉਨ੍ਹਾਂ ਦੁਆਰਾ ਸਮਾਜ ਵਿੱਚੋਂ ਜੋ ਵਡਿਆਈਆਂ ਮਿਲਦੀਆਂ ਹਨ ਉਹਨਾਂ ਵਡਿਆਈਆਂ ਨੂੰ ਅਸੀਂ ਕਿਵੇਂ ਸਾੜ ਸਕਦੇ ਹਾਂ, ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਜਦੋਂ ਇਹੋ ਜਿਹੇ ਸਾਰੇ ਤਰੀਕੇ ਛੱਡ ਦਿਉਗੇ, ਨਾ ਸਮਝੀ ਵਾਲੀ ਭਗਤੀ ਕਰਨੀ ਛੱਡ ਦਿਉਗੇ, ਇਸ ਤਰੀਕੇ ਝੂਠੀ ਵਡਿਆਈ ਮਿਲਣੀ ਆਪੇ ਹੀ ਬੰਦ ਹੋ ਜਾਵੇਗੀ ਭਾਵ ਵਡਿਆਈਆਂ ਆਪੇ ਹੀ ਸੜ ਜਾਣਗੀਆਂ। ਜਦ ਤੱਕ ਅਸੀਂ ਇਹਨਾਂ ਵਡਿਆਈਆਂ ਨੂੰ ਨਹੀਂ ਸਾੜਦੇ ਤਦ ਤੱਕ ਇਹ ਝੂਠੀਆਂ ਵਡਿਆਈਆਂ ਸਾਡੇ ਮਨ ਨੂੰ ਸਾੜਦੀਆਂ ਰਹਿੰਦੀਆਂ ਹਨ ਜਿਸ ਨੂੰ ਕਿ ਸਮਝਣ ਦੀ ਲੋੜ ਹੈ ਕਿ ਇਹ ਸਾਡੇ ਮਨ ਨੂੰ ਕਿਸ ਤਰੀਕੇ ਸਾੜਦੀਆਂ ਹਨ। ਜਿਸ ਨੂੰ ਝੂਠੀ ਭਗਤੀ ਦੀਆਂ ਵਡਿਆਈਆਂ ਮਿਲਦੀਆਂ ਹਨ ਉਸ ਦੇ ਅੰਦਰ ਇਹ ਗੱਲ ਦ੍ਰਿੜ ਹੋ ਜਾਂਦੀ ਹੈ ਕਿ ਉਸ ਦੀ ਭਗਤੀ ਸੱਚੀ ਹੈ ਭਾਵ ਉਹ ਸੱਚ ਦੇ ਮਾਰਗ ਤੇ ਚੱਲ ਰਿਹਾ ਹੈ ਭਾਵ ਉਹ ਆਪਣੀ ਭਗਤੀ ਤੇ ਪੂਰਾ ਉਤਰ ਰਿਹਾ ਹੈ। ਭਗਤੀ ਦਾ ਮਾਰਗ ਅਸਲ ਵਿੱਚ ਕੀ ਹੈ ਇਸ ਨੂੰ ਅਸੀਂ ਪਿੱਛੇ ਸਮਝਦੇ ਹੀ ਆ ਰਹੇ ਹਾਂ ਜੋ ਕਿ ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗਣ ਦਾ ਮਾਰਗ ਹੈ ਜਿੰਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਤੇ ਅਨੇਕਾਂ ਤ੍ਰਿਸ਼ਨਾਵਾਂ ਵਿੱਚ ਸੜਦੇ ਰਹਿੰਦੇ ਹਾਂ। ਜੇਕਰ ਸਾਨੂੰ ਭਗਤੀ ਦੀ ਸਹੀ ਸਮਝ ਹੋਵੇ ਫਿਰ ਅਸੀਂ ਨਾਮ ਨੂੰ ਨਾ ਵਿਸਰੀਏ। ਜਦ ਤੱਕ ਮਨੁੱਖ ਭਗਤੀ ਦੀ ਨਾਸਮਝ ਮਤਿ

ਵਿੱਚ ਹੈ ਉਹ ਤ੍ਰਿਸ਼ਨਾਵਾਂ ਵਿੱਚ ਸੜਦਾ ਰਹਿੰਦਾ ਹੈ ਤੇ ਉਸ ਨੂੰ ਨਾਮ ਵਿਸਰਿਆ ਹੁੰਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਵਿਸਰੀ ਹੁੰਦੀ ਹੈ, ਭਗਤੀ ਦਾ ਸੱਚਾ ਮਾਰਗ ਵਿਸਰਿਆ ਹੁੰਦਾ ਹੈ ਜੋ ਕਿ ਤ੍ਰਿਸ਼ਨਾਵਾਂ ਦੀ ਅੱਗ ਵਿੱਚੋਂ ਨਿਕਲਕੇ ਮਨ ਦੇ ਸੰਤੋਖ ਦੁਆਰਾ ਸੱਚੇ ਸੁੱਚੇ ਕਰਮ ਕਰਨ ਦਾ ਹੈ, ਸੱਚੀ ਸੁੱਚੀ ਕਿਰਤ ਕਰਨ ਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮੰਨ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਜੋ ਸਾਡਾ ਅਸਲ ਗੁਣ ਹੈ। ਦੁਨੀਆਂ ਦੀਆਂ ਵਡਿਆਈਆਂ ਸਾਨੂੰ ਭਰਮਾਂ ਵਿੱਚ ਹੀ ਪਾਉਂਦੀਆਂ ਹਨ ਭਾਵ ਸਾਡੇ ਅੰਦਰ ਝੂਠੀ ਭਗਤੀ ਦਾ ਮਾਰਗ ਹੀ ਦ੍ਰਿੜ ਕਰਦੀਆਂ ਹਨ, ਸਾਡੇ ਅੰਦਰ ਮਨਮਤਿ ਹੀ ਦ੍ਰਿੜ ਕਰਦੀਆਂ ਹਨ ਤੇ ਇਹੋ ਜਿਹੀ ਕੋਈ ਵੀ ਝੂਠੀ ਵਡਿਆਈ ਸਾਡੇ ਨਾਲ ਨਹੀਂ ਚੱਲਦੀ ਭਾਵ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਸਾਡਾ ਸਾਥ ਨਹੀਂ ਦਿੰਦੀ। ਸਾਡਾ ਸਾਥ ਕੇਵਲ ਗੁਰੂ ਦੀ ਮਤਿ ਹੀ ਦੇ ਸਕਦੀ ਹੈ, ਗੁਰੂ ਦਾ ਨਾਮ ਹੀ ਦੇ ਸਕਦਾ ਹੈ, ਗੁਰੂ ਦੀ ਸੱਚੀ ਸਮਝ ਹੀ ਦੇ ਸਕਦੀ ਹੈ, ਗੁਰੂ ਦੇ ਸੱਚੇ ਗੁਣ ਹੀ ਦੇ ਸਕਦੇ ਹਨ। (**ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥ ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥**) ਝੂਠਾ ਮਾਣ ਲੈਣਾ ਸਾਡੀ ਬੜੀ ਵੱਡੀ ਤ੍ਰਿਸ਼ਨਾ ਹੈ ਜਿਸ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਅਸੀਂ ਪ੍ਰਮਾਤਮਾ ਦੇ ਦਰ ਤੇ ਮਾੜੇ ਬਣਦੇ ਹਾਂ ਜਿਸ ਤੋਂ ਬਚਣ ਦੀ ਲੋੜ ਹੈ। ਝੂਠਾ ਮਾਣ ਲੈਣ ਲਈ ਸਾਨੂੰ ਖੁਆਰ ਹੀ ਹੋਣਾ ਪੈਂਦਾ ਹੈ ਜਿਸ ਤੋਂ ਬਚਣਾ ਹੀ ਚੰਗਾ ਹੈ। ਆਪਣੇ ਆਪ ਨੂੰ ਵੱਡਾ ਅਖਵਾਉਣਾ ਸਾਡੀ ਤ੍ਰਿਸ਼ਨਾ ਕਿਸ ਰੂਪ ਵਿੱਚ ਹੁੰਦੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਗੂਜਰੀ ਮਹਲਾ ੩ ॥

“ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥
ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ ਰਹਾਉ ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥
ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥੪॥”

(ਅੰਗ - ੪੯੧)

ਉੱਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਜੋ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ, ਸੰਤ ਆਦਿ ਅਖਵਾਉਂਦੇ ਹਨ ਉਹ ਸਰੀਰਕ ਜਪ ਤਪ ਨੂੰ ਹੀ, ਸ਼ਬਦਾਂ ਦੀ ਕਥਨੀ ਕਰਨ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ ਤੇ ਕਿਸੇ ਅੱਖਰ ਦਾ ਜਪ ਕਰਨ ਨੂੰ ਹੀ ਨਾਮ ਜਪਣਾ ਸਮਝਦੇ ਹਨ ਜਿਸ ਦਾ ਉਹਨਾਂ ਨੂੰ ਮਾਣ ਮਿਲਦਾ ਹੈ, ਵਡਿਆਈ ਮਿਲਦੀ ਹੈ। ਇਸ ਵਡਿਆਈ ਦਾ ਕਾਰਨ ਕੀ ਹੈ ਭਾਵ ਝੂਠੀ ਵਡਿਆਈ ਦਾ ਕਾਰਨ, ਝੂਠੀ ਭਗਤੀ ਦਾ ਕਾਰਨ ਕੀ ਹੈ ਇਹੀ ਗੱਲ ਉੱਪਰ ਸ਼ਬਦ ਰਾਹੀਂ ਸਪੱਸ਼ਟ ਕੀਤੀ ਹੋਈ ਹੈ। ਜੋ ਆਪਣੀ ਇਹੋ ਜਿਹੀ ਭਗਤੀ ਦੁਆਰਾ ਆਪਣੇ ਆਪ ਨੂੰ ਸੰਤ ਆਦਿ ਅਖਵਾਉਂਦੇ ਹਨ ਉਹ ਆਪਣੇ ਬਾਹਰੀ ਦਿਖਾਵੇ ਦੁਆਰਾ ਹੀ ਅਖਵਾਉਂਦੇ ਹਨ ਭਾਵ ਭਗਤੀ ਦੇ ਦਿਖਾਵੇ ਦੁਆਰਾ ਹੀ ਅਖਵਾਉਂਦੇ ਹਨ ਜਿਸ ਭਗਤੀ ਦੇ ਦਿਖਾਵੇ ਦਾ ਕਾਰਨ ਉਹਨਾਂ ਦੇ ਅੰਦਰ ਦਾ “ਕਪਟੁ” ਹੈ। ਇਹ ਸਭ ਦੇ ਅੰਦਰ ਮਾਇਆ ਦਾ “ਕਪਟੁ” ਹੈ, ਮਾਇਆ ਦਾ “ਛਲ” ਹੈ ਜਿਸ ਤੋਂ ਬਿਨ੍ਹਾਂ ਕੋਈ ਵੀ ਨਹੀਂ ਹੈ। ਇਹ ਮਾਇਆ ਦਾ ਕਪਟੁ ਹੀ ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਦੁਬਿਧਾ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। ਹਉਮੈ ਦਾ ਮਕਸਦ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੀ ਹੈ ਜੋ ਸਾਨੂੰ ਦਿਖਾਵੇ ਵਾਲੀ ਭਗਤੀ ਨਾਲ ਜੋੜਦੀ ਹੈ। ਦਿਖਾਵੇ ਵਾਲੀ ਭਗਤੀ ਦੇ ਨਾਲ ਕਿਸੇ ਦੀ ਤ੍ਰਿਸ਼ਨਾ ਦੂਰ ਹੋ ਜਾਵੇ ਇਹ ਨਹੀਂ ਹੋ ਸਕਦਾ। ਮਨੁੱਖ ਅਨੇਕਾਂ ਹੀ ਤ੍ਰਿਸ਼ਨਾਵਾਂ ਦਾ ਭਰਿਆ ਹੋਇਆ ਹੈ ਤੇ ਆਪਣੇ ਆਪ ਨੂੰ ਵੱਡਾ ਅਖਵਾਉਣਾ ਵੀ ਸਾਡੀ ਤ੍ਰਿਸ਼ਨਾ

ਹੀ ਹੈ। ਅਸੀਂ ਸਮਾਜ ਵਿੱਚ ਆਪਣੇ ਆਪ ਨੂੰ ਵੱਡਾ ਅਖਵਾ ਸਕਦੇ ਹਾਂ ਪਰ ਪ੍ਰਮਾਤਮਾ ਦੇ ਦਰ ਤੇ ਇਹੋ ਜਿਹੀ ਭਗਤੀ ਦੁਆਰਾ ਵੱਡਾ ਨਹੀਂ ਅਖਵਾ ਸਕਦੇ ਜਿਸ ਦੁਆਰਾ ਸਾਡੀ ਪ੍ਰਮਾਤਮਾ ਦੇ ਨਾਲ ਮੇਲ ਦੀ ਤ੍ਰਿਸ਼ਨਾ ਨਹੀਂ ਮਿਟ ਸਕਦੀ ਜੋ ਤ੍ਰਿਸ਼ਨਾ ਸਭ ਦੇ ਅੰਦਰ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਤ੍ਰਿਸ਼ਨਾ ਦੀ ਪੂਰਤੀ ਲਈ ਸੱਚੀ ਭਗਤੀ ਦੇ ਮਾਰਗ ਤੇ ਚੱਲਣਾ ਪੈਂਦਾ ਹੈ ਤੇ ਉਹੋ ਜਿਹਾ ਰਾਮ ਰਾਮ ਜਪਣਾ ਪੈਂਦਾ ਹੈ ਭਾਵ ਉੱਦਮ ਕਰਨਾ ਪੈਂਦਾ ਹੈ ਜਿਹੋ ਜਿਹਾ ਰਾਮ ਰਾਮ ਕਰਨਾ ਸਾਨੂੰ ਬਾਣੀ ਵਾਰ-ਵਾਰ ਸਮਝਾ ਰਹੀ ਹੈ ਤੇ ਸਾਰੇ ਧਰਮ ਗ੍ਰੰਥ ਵੀ ਸਾਨੂੰ ਇੱਕੋ ਜਿਹਾ ਰਾਮ ਰਾਮ ਕਰਨਾ ਹੀ ਸਿਖਾਉਂਦੇ ਹਨ ਜੋ ਰਾਮ ਰਾਮ ਅਸੀਂ ਕਥਨੀ ਦੁਆਰਾ ਨਹੀਂ ਬਲਕਿ ਆਪਣੀ ਕਰਨੀ ਦੁਆਰਾ ਕਰਨਾ ਹੈ, ਗੁਰੂ ਦੇ ਗੁਣਾਂ ਨੂੰ ਲੈ ਕੇ ਉਹਨਾਂ ਦੁਆਰਾ ਵਿਚਰਨਾ ਹੀ ਹੈ ਭਾਵ ਸੱਚੇ ਸੁੱਚੇ ਕਰਮ ਕਰਨਾ ਹੀ ਰਾਮ ਰਾਮ ਕਰਨਾ ਹੈ ਜਿਹੋ ਜਿਹਾ ਰਾਮ ਰਾਮ ਕਰਨ ਲਈ ਕਿਸੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ, ਵੱਡਾ ਅਖਵਾਉਣ ਦੀ ਲੋੜ ਨਹੀਂ ਹੈ ਤੇ ਕੇਵਲ ਹਉਮੈ ਛੱਡਣ ਦੀ ਲੋੜ ਹੈ ਭਾਵ ਆਪਣੀ ਨਾਸਮਝ ਮਤਿ ਛੱਡਣ ਦੀ ਲੋੜ ਹੈ, "**ਮਾਇਆ ਦੇ ਕਪਟ**" ਵਿੱਚੋਂ ਨਿਕਲਣ ਦੀ ਲੋੜ ਹੈ ਭਾਵ ਅਗਿਆਨਤਾ ਵਿੱਚੋਂ ਨਿਕਲਕੇ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦੀ ਲੋੜ ਹੈ। ਗੁਰੂ ਦਾ ਸੱਚਾ ਗਿਆਨ ਹੀ ਉਸ ਦਾ ਨਾਮ ਹੈ ਜਿਸ ਨੂੰ ਅਸੀਂ ਜਪਣਾ ਹੈ ਜੋ ਕਿ ਸਾਡੇ ਮਨ ਦੀ ਸਮਝ ਨੇ ਜਪਣਾ ਹੈ ਨਾ ਕਿ ਇਸ ਸਰੀਰ ਨੇ ਜਿਸ ਨੂੰ ਅਸੀਂ ਵਿਅਰਥ ਹੀ ਖੁਆਰ ਕਰਦੇ ਰਹਿੰਦੇ ਹਾਂ ਜਿਸ ਖੁਆਰੀ ਤੋਂ ਬਚਣ ਦੀ ਲੋੜ ਹੈ ਤੇ ਗੁਰੂ ਦੀ ਨਰਾਜਗੀ ਤੋਂ ਬਚਣ ਦੀ ਲੋੜ ਹੈ ਤਾਂ ਜੋ ਉਸ ਦੀ ਅਸਲ ਖੁਸ਼ੀ ਲੈ ਸਕੀਏ। ਗੁਰੂ ਦੀ ਖੁਸ਼ੀ ਲੈਣ ਲਈ ਸੰਸਾਰਿਕ ਵਡਿਆਈਆਂ ਨੂੰ ਛੱਡਣ ਦੀ ਲੋੜ ਹੈ। (**ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ ਰਹਾਉ ॥ ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥ ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥ ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥ ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥੪॥**) ਅੰਗ - ੪੯੧

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥}

(ਅੰਗ - ੧੩੯੫-੧੩੯੬)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥}

(ਅੰਗ - ੭੩੫-੭੩੬)

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥

ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥
ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ - ੮੫੨)

{ਭੂਲੇ ਸਿਖ ਗੁਰੂ ਸਮਝਾਏ ॥
ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥
ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥
ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥
ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥}

(ਅੰਗ - ੧੦੩੨)

ਵਡਿਆਈਆਂ ਲੈਣੀਆਂ ਸਭ ਨੂੰ ਚੰਗੀਆਂ ਲੱਗਦੀਆਂ ਹਨ ਜਿਸ ਨਾਲ ਮਨੁੱਖ ਨੂੰ ਖੁਸ਼ੀ ਮਿਲਦੀ ਹੈ ਪਰ ਮਨੁੱਖ ਦੀ ਅਸਲ ਖੁਸ਼ੀ ਕੀ ਹੈ ਇਸ ਗੱਲ ਦੀ ਉਹਨਾਂ ਨੂੰ ਸਮਝ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸਲੋਕ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੫ ॥
"ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥੨॥"

(ਅੰਗ - ੩੧੯)

ਮਨੁੱਖ ਦੀ ਅਸਲ ਖੁਸ਼ੀ "**ਘਰ ਮੰਦਰ**" ਦੇ ਵਿੱਚ ਹੈ ਜੋ ਮਨੁੱਖ ਦਾ ਅਸਲ ਘਰ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ

ਸਮਝਿਆ ਹੈ ਘਰ ਮੰਦਰ ਸਾਡਾ ਮਨ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ ਤਦ ਤੱਕ ਸਾਡਾ ਮਨ ਸਾਡਾ ਘਰ ਹੀ ਹੈ ਪਰ ਇਹ ਘਰ ਮੰਦਰ ਨਹੀਂ ਬਣਿਆ। ਸਾਡਾ ਘਰ ਮੰਦਰ ਉਦੋਂ ਬਣਦਾ ਹੈ ਜਦੋਂ ਇਸ ਨੂੰ ਮੰਦਰ ਬਣਾਉਣ ਵਾਲਾ ਪ੍ਰਮਾਤਮਾ ਸਾਡੇ ਚਿਤ ਦੇ ਵਿੱਚ ਆ ਜਾਂਦਾ ਹੈ। ਸਾਡਾ ਮਨ ਪ੍ਰਮਾਤਮਾ ਦਾ ਹੀ ਮੰਦਰ ਹੈ ਪਰ ਜਦ ਤੱਕ ਉਹ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਇਹ ਮਨ ਰੂਪ ਸਾਡਾ ਘਰ ਮੰਦਰ ਨਹੀਂ ਬਣਦਾ। ਘਰ ਮੰਦਰ ਹੀ ਮਨੁੱਖ ਦਾ ਅਸਲ ਘਰ ਹੈ, ਪ੍ਰਮਾਤਮਾ ਦਾ ਘਰ ਹੈ, ਸਾਡਾ ਨਿਜ ਘਰ ਹੈ ਜਿਸ ਘਰ ਵਿੱਚ ਅਸੀਂ ਜਾਣਾ ਚਾਹੁੰਦੇ ਹਾਂ। ਇਸ ਘਰ ਵਿੱਚ ਪਹੁੰਚਕੇ ਹੀ ਮਨੁੱਖ ਨੂੰ ਆਪਣੀ ਅਸਲੀਅਤ ਦੀ ਸਮਝ ਪੈਂਦੀ ਹੈ। ਇਸ ਤੋਂ ਪਹਿਲੇ ਅਸੀਂ ਮਾਇਆ ਦੇ ਘਰ ਵਿੱਚ ਹੀ ਰਹਿੰਦੇ ਹਾਂ ਭਾਵ ਤ੍ਰੈਗੁਣਾਂ ਵਾਲੀ ਸਮਝ ਦੇ ਵਿੱਚ ਹੀ ਰਹਿੰਦੇ ਹਾਂ, ਹਉਮੈ ਦੇ ਘਰ ਦੇ ਵਿੱਚ ਹੀ ਰਹਿੰਦੇ ਹਾਂ। ਇਹ ਘਰ ਸਾਡੀ ਸਮਝ ਦਾ ਘਰ ਹੈ ਜਿਸ ਘਰ ਵਿੱਚੋਂ ਸਾਨੂੰ ਸਭ ਸੋਝੀ ਪੈਂਦੀ ਹੈ। ਜਦ ਤੱਕ ਅਸੀਂ ਇਸ ਮਾਇਆ ਰੂਪ ਘਰ ਵਿੱਚ ਹਾਂ ਤਦ ਤੱਕ ਮਨੁੱਖੀ ਸਮਝ ਭਰਮਾਂ ਵਾਲੇ ਵਿਚਾਰਾਂ ਨਾਲ ਹੀ ਭਰੀ ਰਹਿੰਦੀ ਹੈ ਜੋ ਭਰਮਾਂ ਵਾਲੇ ਵਿਚਾਰ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਉਸ ਨੂੰ ਕੋਈ ਸਮਝ ਨਹੀਂ ਸਕਦਾ ਕਿਉਂਕਿ ਮਾਇਆ ਰੂਪ ਘਰ ਵਿੱਚ ਸਾਨੂੰ ਰੱਖਣ ਦਾ ਮਕਸਦ ਹੀ ਪ੍ਰਮਾਤਮਾ ਦਾ ਸਾਨੂੰ ਭਰਮਾਂ ਵਿੱਚ ਪਾਉਣਾ ਹੈ। ਮਨ ਦੇ ਭਰਮਾਂ ਕਰਕੇ ਹੀ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਜੋ ਕਿ ਸਾਡਾ ਝੂਠਾ ਜਨਮ ਮਰਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਦਾ ਅਸਲ ਜਨਮ ਉਦੋਂ ਹੁੰਦਾ ਹੈ ਜਦੋਂ ਸਾਡਾ ਇਹ ਮਨ ਰੂਪ ਘਰ ਮੰਦਰ ਬਣ ਜਾਂਦਾ ਹੈ ਭਾਵ ਇਹ ਪ੍ਰਮਾਤਮਾ ਦਾ ਘਰ ਬਣ ਜਾਂਦਾ ਹੈ, ਪ੍ਰਮਾਤਮਾ ਦਾ ਮੰਦਰ ਬਣ ਜਾਂਦਾ ਹੈ ਜਿਸ ਘਰ ਮੰਦਰ ਵਿੱਚੋਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਉਸ ਦੀ ਮਨੁੱਖੀ ਹੋਂਦ ਇੱਕ ਝੂਠ ਹੀ ਹੈ ਤੇ ਉਹ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਦੋਂ ਮਨੁੱਖ ਨੂੰ ਪ੍ਰਮਾਤਮਾ ਦੇ ਕੋਲੋਂ ਇਹੋ ਜਿਹੀ ਸਮਝ ਪੈਂਦੀ ਹੈ ਕਿ ਉਸ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ, ਕੀ ਇਸ ਤੋਂ ਵੱਡੀ ਖੁਸ਼ੀ ਕੋਈ ਸੰਸਾਰ ਵਿੱਚ ਕੋਈ ਹੋਰ ਖੁਸ਼ੀ ਹੋ ਸਕਦੀ ਹੈ ਭਾਵ ਨਾਮੁਮਕਿਨ ਹੈ। ਮਨੁੱਖ ਦਾ ਮਨ ਖੁਸ਼ੀਆਂ ਨਾਲ ਭਰ ਜਾਂਦਾ ਹੈ ਤੇ ਸਦਾ ਭਰਿਆ ਹੀ ਰਹਿੰਦਾ ਹੈ ਜੋ ਖੁਸ਼ੀਆਂ ਮਨ ਦੇ ਵਿੱਚ ਪ੍ਰਮਾਤਮਾ ਆਪ ਬਖਸ਼ਦਾ ਹੈ ਤੇ ਉਹ ਮਨੁੱਖ ਦਾ ਹਰ ਡਰ ਕੱਢ ਦਿੰਦਾ ਹੈ, ਜਨਮ ਮਰਨ ਦਾ ਡਰ ਕੱਢ ਦਿੰਦਾ ਹੈ, ਜੰਮਾਂ ਦਾ ਡਰ ਕੱਢ ਦਿੰਦਾ ਹੈ, ਕਿਸੇ ਵੀ ਮਨੁੱਖੀ ਰੂਪ ਕੋਲੋਂ ਡਰਨ ਦਾ ਭਉ ਕੱਢ ਦਿੰਦਾ ਹੈ ਭਾਵ ਉਹ ਮਨੁੱਖ ਨੂੰ ਨਿਰਭਉ ਬਣਾ ਦਿੰਦਾ ਹੈ। ਮਨੁੱਖ ਨੂੰ ਫਿਰ ਮਾਇਆ ਦਾ ਡਰ ਨਹੀਂ ਸਤਾਉਂਦਾ ਕਿ ਮਾਇਆ ਕਿੱਥੋਂ ਆਉਣੀ ਹੈ। ਉਹ ਸਮੇਂ ਅਨੁਸਾਰ, ਜਰੂਰਤ ਅਨੁਸਾਰ ਮਨੁੱਖ ਦੀਆਂ ਜਰੂਰਤਾਂ ਦੀ ਪੂਰਤੀ ਦਾ ਸਾਧਨ ਆਪ ਹੀ ਬਣਾਉਂਦਾ ਹੈ ਤੇ ਮਨੁੱਖ ਹਰ ਵੇਲੇ ਖੇੜੇ ਵਿੱਚ ਹੀ ਰਹਿੰਦਾ ਹੈ। ਉਹ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਮਨੁੱਖੀ ਰੂਪ ਨੂੰ ਪੂਰਨ ਤਸੱਲੀ ਦੇ ਕੇ ਰੱਖਦਾ ਹੈ ਤੇ ਉਸ ਦੇ ਮਨੁੱਖੀ ਰੂਪ ਨੂੰ ਇਸ ਤੋਂ ਵੱਡਾ ਭਰੋਸਾ ਕੌਣ ਦੇ ਸਕਦਾ ਹੈ ਜੋ ਪ੍ਰਮਾਤਮਾ ਇਸ ਸ੍ਰਿਸ਼ਟੀ ਦਾ ਮਾਲਕ ਹੈ, ਜੋ ਸਭ ਵਿੱਚ ਆਪ ਹੀ ਵਰਤ ਰਿਹਾ ਹੈ। ਮਨ ਦੇ ਵਿੱਚ ਹਰ ਸਮਝ ਉਹ ਆਪ ਹੀ ਪਾਉਂਦਾ ਹੈ ਤੇ "ਘਰ ਮੰਦਰ" ਬਣਨ ਤੋਂ ਬਾਅਦ ਉਹ ਧਰਮ ਦੇ ਮਾਰਗ ਦੀ ਪੂਰਨ ਤੌਰ ਤੇ ਸੱਚੀ ਸਮਝ ਆਪ ਪਾਉਂਦਾ ਹੈ ਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਵਿਚਾਰਾਂ ਚੱਲਦੀਆਂ ਰਹਿੰਦੀਆਂ ਹਨ, ਉਸ ਦੇ ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਹਨ ਤੇ ਕੀ ਇਸ ਤੋਂ ਵੱਡੀ ਖੁਸ਼ੀ ਕੋਈ ਹੋ ਸਕਦੀ ਹੈ ਕਿ ਕੋਈ ਪ੍ਰਮਾਤਮਾ ਦੇ ਨਾਲ ਗੱਲਾਂ ਕਰਦਾ ਹੋਵੇ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਪ੍ਰਮਾਤਮਾ ਨਾਲ ਇਸੇ ਤਰੀਕੇ ਹੀ ਸਾਂਝ ਪਾਈ ਹੈ ਤੇ ਇਸੇ ਸਾਂਝ ਦੁਆਰਾ ਹੀ ਉਹਨਾਂ ਨੇ ਇਸ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਇਸੇ ਲਈ ਉਹਨਾਂ ਨੇ ਸਾਨੂੰ ਝੂਠੀਆਂ ਵਡਿਆਈਆਂ ਦੀ ਖੁਸ਼ੀ ਲੈਣ ਤੋਂ ਮਨਾ ਕੀਤਾ ਹੈ ਕਿਉਂਕਿ ਉਹ ਅਸਲ ਖੁਸ਼ੀਆਂ ਨਹੀਂ ਹਨ ਜਿੰਨ੍ਹਾਂ ਖੁਸ਼ੀਆਂ ਵਿਚ ਉਲਝਕੇ ਅਸੀਂ ਅਸਲ ਖੁਸ਼ੀ ਤੋਂ ਵਾਂਝੇ ਰਹਿ ਜਾਂਦੇ ਹਾਂ। ਪ੍ਰਮਾਤਮਾ ਦੇ ਨਾਲ ਮੇਲ ਦੀ ਖੁਸ਼ੀ ਉਸੇ ਨੂੰ ਪ੍ਰਾਪਤ ਹੁੰਦੀ ਹੈ ਜੋ ਪ੍ਰਮਾਤਮਾ ਦੀ ਪਹਿਲੇ ਆਪ ਸੱਚੀ ਵਡਿਆਈ ਕਰਦਾ ਹੈ ਭਾਵ ਉਸ ਦੀ ਸਮਝਾਈ ਹੋਈ ਗੁਰਮਤਿ ਨੂੰ ਉੱਚਾ ਕਰਦਾ ਹੈ ਭਾਵ ਗੁਰੂ ਦੇ ਗੁਣਾਂ ਨੂੰ ਉੱਚਾ ਕਰਦਾ ਹੈ ਤੇ ਗੁਰੂ ਦੇ ਗੁਣਾਂ ਨੂੰ ਉੱਚਾ ਕਰਨਾ ਗੁਰੂ ਨੂੰ ਵਡਿਆਉਣਾ ਹੈ। ਆਪਣੀ ਵਡਿਆਈ ਕਰਵਾਉਣ ਨਾਲ ਗੁਰੂ ਦੀ ਵਡਿਆਈ ਨਹੀਂ ਹੋ ਸਕਦੀ। ਸਾਨੂੰ ਦੁਨੀਆਂ ਦੀਆਂ ਵਡਿਆਈਆਂ ਨਾਲ ਖੁਸ਼ੀ ਮਿਲਦੀ ਹੈ ਤੇ ਜੋ ਸਾਨੂੰ ਵਡਿਆਈਆਂ ਦਿੰਦੇ ਹਨ ਉਹ ਸਾਨੂੰ ਆਪਣੇ ਮਿਤ ਲੱਗਦੇ ਹਨ ਭਾਵ ਸਾਨੂੰ ਚੰਗੇ ਲੱਗਦੇ ਹਨ ਪਰ ਗੁਰੂ ਜੀ ਸਾਨੂੰ ਸਮਝਾ ਰਹੇ ਹਨ ਕਿ ਉਹ ਸਾਡੇ ਮਿਤ ਨਹੀਂ ਬਲਕਿ "ਕੁਮਿਤ" ਹਨ ਕਿਉਂਕਿ ਉਹ ਸਾਨੂੰ ਝੂਠੀਆਂ ਵਡਿਆਈਆਂ ਦਿੰਦੇ ਹਨ, ਸਾਡੀ ਝੂਠੀ ਭਗਤੀ ਨੂੰ ਸਲਾਹੁੰਦੇ ਹਨ। ਝੂਠੀਆਂ ਵਡਿਆਈਆਂ ਦੇਣ ਵਾਲਿਆਂ ਨੂੰ ਵੀ ਗੁਰੂ ਸਾਹਿਬ ਨੇ ਸਮਝਾਇਆ ਹੋਇਆ ਹੈ ਕਿ ਝੂਠੀ ਭਗਤੀ ਵਾਲਿਆਂ ਨੂੰ ਵਡਿਆਈਆਂ ਦੇਣੀਆਂ ਗਲਤ ਹਨ ਕਿਉਂਕਿ ਜੇਕਰ ਅਸੀਂ ਉਹੋ ਜਿਹਿਆਂ ਦੇ ਮਿਤ ਬਣਾਂਗੇ ਤਾਂ ਫਿਰ ਅਸੀਂ ਕੁਮਿਤ ਕਿਹਦੇ ਬਣੇ ਭਾਵ ਅਸੀਂ ਕੁਮਿਤ ਗੁਰੂ ਦੇ ਬਣੇ, ਗੁਰੂ ਦੇ ਬਚਨਾਂ ਦੇ ਹੀ ਅਸੀਂ ਕੁਮਿਤ ਬਣੇ ਭਾਵ ਅਸੀਂ ਸੱਚ ਦੇ ਕੁਮਿਤ ਬਣੇ ਤੇ ਝੂਠ ਦੇ ਮਿਤ ਬਣੇ। (**ਘਰ ਮੰਦਰ ਖੁਸੀਆ ਤਹੀ ਜਹ ਤੂ**

ਆਵਹਿ ਚਿਤਿ ॥ ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥)

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥

ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥

ਦੇਨਿ੍ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥

ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥

ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥

ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥

ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ - ੧੨੮੬)

ਇਸ ਉੱਪਰ ਵਾਲੇ ਸ਼ਬਦ ਦੇ ਅਰਥ ਕੁੱਝ ਗਹਿਰੇ ਹਨ ਤੇ ਆਪਣੀ ਝੂਠੀ ਭਗਤੀ ਦਾ ਜੋ ਮਾਣ ਕਰਦੇ ਹਨ ਤੇ ਲੈਂਦੇ ਹਨ ਤੇ ਜੋ ਉਹਨਾਂ ਨੂੰ ਮਾਣ ਦਿੰਦੇ ਹਨ ਉਹਨਾਂ ਨੂੰ ਸ਼ਬਦ ਰਾਹੀਂ ਸ਼ਰਮਸਾਰ ਕੀਤਾ ਹੋਇਆ ਹੈ ਤਾਂ ਜੋ ਉਹ ਝੂਠੀਆਂ ਵਡਿਆਈਆਂ ਲੈਣ ਤੋਂ ਦੇਣ ਤੋਂ ਬਚਣ। ਝੂਠੀ ਭਗਤੀ ਵਾਲੇ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਅਖਵਾਉਂਦੇ ਹਨ ਤੇ ਧਰਮ ਦਾ ਅਸਲ ਠੇਕੇਦਾਰ ਕੌਣ ਹੈ ਤੇ ਕਿਸ ਕਰਕੇ ਹੈ, ਇਸ ਦੀ ਸਮਝ ਵੀ ਉੱਪਰ ਵਾਲੇ ਸ਼ਬਦ ਰਾਹੀਂ ਪਾਈ ਹੋਈ ਹੈ ਜਿਸ ਦੇ ਪੂਰੇ ਅਰਥ ਲੇਖ ਵਿੱਚ ਅੱਗੇ ਜਾ ਕੇ ਸਮਝਾਂਗੇ। ਆਪਣੇ ਮਨ ਨੂੰ ਜਾਣੇ ਬਿਨ੍ਹਾਂ ਭਾਵ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ, ਪ੍ਰਮਾਤਮਾ ਦੇ ਘਰ ਦੇ ਵਿੱਚ ਪਹੁੰਚੇ ਬਿਨ੍ਹਾਂ ਕਿਸੇ ਨੂੰ ਸੱਚੀ ਭਗਤੀ ਦੀ ਸਮਝ ਪੈ ਹੀ ਨਹੀਂ ਸਕਦੀ ਤੇ ਇਸੇ ਲਈ ਗੁਰਬਾਣੀ ਰਾਹੀਂ ਗੁਰੂ ਸਾਹਿਬ ਸਾਨੂੰ ਵਾਰ-ਵਾਰ ਸਮਝਾਉਂਦੇ ਹਨ ਕਿ ਭਗਤੀ ਦੀ ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੀ ਹੈ ਤੇ ਇਸ ਲਈ ਗੁਰੂ ਕੋਲੋਂ ਹੀ ਭਗਤੀ ਦਾ ਮਾਰਗ ਸਿੱਖੋ ਨਾ ਕਿ ਉਹਨਾਂ ਦੇ ਕੋਲੋਂ ਜਿੰਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਭਗਤੀ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ ਤੇ ਅਸੀਂ ਉਹਨਾਂ ਦੀਆਂ ਵਡਿਆਈਆਂ ਵਿੱਚ ਹੀ ਲੱਗੇ ਰਹਿੰਦੇ ਹਾਂ ਤੇ ਉਹਨਾਂ ਨੂੰ ਧੰਨ ਧੰਨ ਕਹਿੰਦੇ ਰਹਿੰਦੇ ਹਾਂ। ਉਹਨਾਂ ਦੀਆਂ ਫੋਟੋ ਆਦਿ ਵੀ ਘਰ ਵਿੱਚ ਟੰਗ ਕੇ ਰੱਖਦੇ ਹਾਂ ਤੇ ਉਹਨਾਂ ਦੇ ਅੱਗੇ ਵੀ ਮੱਥੇ ਟੇਕੀ ਜਾਂਦੇ ਹਾਂ, ਧੂਫ਼-ਬੱਤੀਆਂ ਦੇਈ ਜਾਂਦੇ ਹਾਂ। ਇਹ ਸਭ ਸਾਡੇ ਵਹਿਮ ਵਾਲੇ ਡਰ ਹਨ ਭਾਵ ਐਵੇਂ ਹੀ ਡਰੀ ਜਾਂਦੇ ਹਾਂ ਤੇ ਉਹੋ ਜਿਹਿਆਂ ਨੂੰ ਪੂਜੀ ਜਾਂਦੇ ਹਾਂ ਤੇ ਉਹਨਾਂ ਦੀਆਂ ਦੱਸੀਆਂ ਹੋਈਆਂ ਗੱਲਾਂ ਨੂੰ ਮੰਨੀ ਜਾਂਦੇ ਹਾਂ ਜਿੰਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਭਗਤੀ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ। ਸਾਨੂੰ ਇਹ ਸਭ ਕੁੱਝ ਸਮਝਾਉਣ ਲਈ ਗੁਰਬਾਣੀ ਵਿੱਚ ਅਨੇਕਾਂ ਹੀ ਸ਼ਬਦ ਹਨ, ਗਹਿਰੇ ਭਾਵ ਵਾਲੇ ਸ਼ਬਦ ਹਨ ਜਿੰਨ੍ਹਾਂ ਨੂੰ ਲੇਖ ਵਿੱਚ ਅੱਗੇ ਜਾ ਕੇ ਵਾਰੀ ਵਾਰੀ ਬਰੀਕੀ ਨਾਲ ਸਮਝਦੇ ਰਹਾਂਗੇ ਜਿੰਨ੍ਹਾਂ ਰਾਹੀਂ ਗੁਰੂ ਸਾਹਿਬ ਨੇ ਸੰਸਾਰ ਦੇ ਭਰਮ ਹੀ ਕੱਢੇ ਹਨ। ਭਰਮ ਆਉਂਦੇ ਵੀ ਮਨ ਦੇ ਵਿੱਚੋਂ ਹੀ ਹਨ ਤੇ ਨਿਕਲਦੇ ਵੀ ਮਨ ਦੇ ਵਿੱਚੋਂ ਹੀ ਹਨ। ਜਿਸ ਨੇ ਸਾਨੂੰ ਭਰਮਾਂ ਵਿੱਚ ਪਾਇਆ ਹੋਇਆ ਹੈ ਉਹ ਆਪ ਹੀ ਸਾਨੂੰ ਇਹਨਾਂ ਵਿੱਚੋਂ ਕੱਢ ਸਕਦਾ ਹੈ। ਜਿੰਨ੍ਹਾਂ ਨੂੰ ਉਸ ਨੇ ਭਰਮਾਂ ਵਿੱਚੋਂ ਕੱਢਿਆ ਹੈ ਉਹੀ ਗੁਰਬਾਣੀ ਰਾਹੀਂ ਸਾਡੇ ਭਰਮ ਕੱਢ ਰਹੇ ਹਨ ਤੇ ਭਰਮ ਸਾਡੇ ਤਾਂ ਹੀ ਨਿਕਲਣਗੇ ਜੇਕਰ ਗੁਰੂ ਦੀ ਮਤਿ ਨੂੰ ਮੰਨਾਂਗੇ ਨਾ ਕਿ ਉਹਨਾਂ ਦੀ ਮਤਿ ਨੂੰ ਜੋ ਕਿ ਆਪ ਹੀ ਭਰਮਾਂ ਦੇ ਭਰੇ ਹੋਏ ਹਨ ਤੇ ਨਾਸਮਝੀ ਵਾਲੀ ਭਗਤੀ ਦੁਆਰਾ ਹੀ ਗੁਰਮਤਿ ਦੇ ਠੇਕੇਦਾਰ ਬਣੇ ਬੈਠੇ ਹਨ, ਭਗਤੀ ਸਿਖਾਉਣ ਦੇ ਠੇਕੇਦਾਰ ਬਣੇ ਬੈਠੇ ਹਨ, ਵਡਿਆਈਆਂ ਦੇ ਮੋਹ ਵਿਚ ਫਸੇ ਬੈਠੇ ਹਨ, ਮਾਇਆ ਮੋਹ ਵਿੱਚ ਫਸੇ ਬੈਠੇ ਹਨ।

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥

ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥

ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥

ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥

ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥}

(ਅੰਗ - ੯੫੨)

{ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥
ਮਨ ਮੰਦਰ ਮਹਿ ਦੀਪਕੁ ਜਲਿਓ ॥
ਜੀਤ ਹਾਰ ਕੀ ਸੋਝੀ ਕਰੀ ॥
ਤਉ ਇਸੁ ਘਰ ਕੀ ਕੀਮਤਿ ਪਰੀ ॥੭॥
ਕਰਨ ਕਰਾਵਨ ਸਭੁ ਕਿਛੁ ਏਕੈ ॥
ਆਪੇ ਬੁਧਿ ਬੀਚਾਰਿ ਬਿਬੇਕੈ ॥
ਦੂਰਿ ਨ ਨੇਰੈ ਸਭ ਕੈ ਸੰਗਾ ॥
ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥}

(ਅੰਗ - ੨੩੫-੨੩੬)

ਨਾਸਮਝੀ ਵਾਲੀ ਭਗਤੀ ਕਰਨ ਵਾਲੇ ਜੋ ਦੁਨੀਆਂ ਦੀਆਂ ਵਡਿਆਈਆਂ ਲੈਂਦੇ ਹਨ ਉਹ ਆਪਣੇ ਆਪ ਨੂੰ ਜੋ ਉੱਚਾ ਥਾਪਦੇ ਹਨ, ਆਪਣੇ ਆਪ ਨੂੰ ਭਗਤੀ ਦੀ ਸਮਝ ਰੱਖਣ ਵਾਲੇ ਪ੍ਰਧਾਨ ਸਮਝਦੇ ਹਨ ਕਿ ਸਾਡੇ ਵਰਗੀ ਭਗਤੀ ਦੀ ਸਮਝ ਕਿਸੇ ਕੋਲ ਨਹੀਂ ਹੈ, ਇਹੋ ਜਿਹੀ ਉੱਚੀ ਸਮਝ ਕਿਸੇ ਕੋਲ ਨਹੀਂ ਹੈ ਪਰ ਅਸਲ ਭਗਤੀ ਦੇ ਮਾਰਗ ਦਾ ਪ੍ਰਧਾਨ ਕੌਣ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥
ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥}

(ਅੰਗ - ੪੫)

ਉੱਪਰ ਪੰਗਤੀਆਂ ਰਾਹੀਂ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਵਡਿਆਈ ਕਿਸ ਦੀ ਹੈ, ਇਹੀ ਗੱਲ ਸਮਝਾਈ ਹੋਈ ਹੈ। ਗੱਲ ਉਹੀ ਹੈ ਜਿਵੇਂ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਧਰਮ ਦੇ ਮਾਰਗ ਦਾ "**ਪੂਰਾ ਪਰਧਾਨੁ**" ਉਹੀ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਭਾਵ ਜਿਸ ਦੇ ਅੰਦਰ ਉਹ ਆਪ ਪ੍ਰਗਟ ਹੋ ਜਾਂਦਾ ਹੈ ਜਿਵੇਂ ਕਿ ਉਹ ਭਗਤਾਂ ਦੇ ਅੰਦਰ, ਗੁਰੂ ਸਾਹਿਬਾਨ ਦੇ ਅੰਦਰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਗਟ ਹੋਇਆ ਹੈ। ਜਿਸ ਦੇ ਅੰਦਰ ਪ੍ਰਮਾਤਮਾ ਵੱਸਦਾ ਹੈ ਉਸ ਦੇ ਅੰਦਰ ਉਹ ਆਪਣੀ ਸੱਚੀ ਭਗਤੀ ਦਾ ਗਿਆਨ ਹੀ ਦਿੰਦਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਹੋਰ ਵੀ ਇਸ ਗੱਲ ਨੂੰ ਸਮਝਾਂਗੇ। ਭਗਤੀ ਦੇ ਮਾਰਗ ਦਾ "ਪੂਰਾ ਪਰਧਾਨੁ" ਕੇਵਲ ਤੇ ਕੇਵਲ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਇਸੇ ਲਈ ਪ੍ਰਮਾਤਮਾ ਦੇ ਗੁਰੂ ਰੂਪ ਦੀ ਵਡਿਆਈ ਸੱਚੀ ਵਡਿਆਈ ਹੈ। ਜਿੰਨ੍ਹਾਂ ਸਰੀਰਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹਨਾਂ ਨੇ ਭਗਤੀ ਦਾ ਪੂਰਨ ਸੱਚਾ ਗਿਆਨ ਹੀ ਦਿੱਤਾ ਹੈ ਜਿਸ ਗਿਆਨ ਵਿੱਚ ਕੋਈ ਖੋਟ ਨਹੀਂ ਹੈ ਭਾਵ ਕੋਈ ਭਰਮ ਨਹੀਂ ਹੈ, ਕੋਈ ਅਗਿਆਨਤਾ ਨਹੀਂ ਹੈ ਤੇ ਪੂਰਨ ਸੱਚ ਹੈ। ਇਸੇ ਲਈ ਉਹਨਾਂ ਮਹਾਂਪੁਰਖਾਂ ਦੀ ਵਡਿਆਈ ਸੱਚੀ ਵਡਿਆਈ ਹੈ। ਉਹ ਮਹਾਂਪੁਰਖ ਪ੍ਰਮਾਤਮਾ ਦਾ ਹੀ ਰੂਪ ਹਨ ਤੇ ਉਹਨਾਂ ਦੀ ਵਡਿਆਈ ਪ੍ਰਮਾਤਮਾ ਦੀ ਹੀ ਵਡਿਆਈ ਹੈ, ਸੱਚ ਦੀ ਵਡਿਆਈ ਹੀ ਹੈ, ਸੱਚੇ ਗਿਆਨ ਦੀ ਵਡਿਆਈ ਹੀ ਹੈ, ਗੁਰੂ ਦੀ ਸੱਚੀ ਸਮਝ ਦੀ ਵਡਿਆਈ ਹੀ ਹੈ, ਗੁਰੂ ਦੇ ਸੱਚੇ ਗੁਣਾਂ ਦੀ ਵਡਿਆਈ ਹੀ ਹੈ। ਜਿਸ ਦੇ ਅੰਦਰ ਪ੍ਰਮਾਤਮਾ ਨਹੀਂ ਵੱਸਦਾ ਭਾਵ ਜੋ ਪ੍ਰਮਾਤਮਾ ਨੂੰ ਨਹੀਂ ਜਾਣਦੇ, ਉਹ ਜੋ ਵਡਿਆਈਆਂ ਲੈਂਦੇ ਹਨ ਉਹ ਸੱਚੀ ਵਡਿਆਈ ਨਹੀਂ ਹੈ। ਇਹੋ ਜਿਹੀਆਂ ਵਡਿਆਈਆਂ ਕੋਈ ਕੰਮ ਨਹੀਂ ਆਉਂਦੀਆਂ ਕਿਉਂਕਿ ਇਹ ਸਾਨੂੰ ਸੱਚ ਦੇ ਮਾਰਗ ਤੋਂ ਉਲਟਾ ਦੂਰ ਕਰਦੀਆਂ ਹਨ ਤੇ ਸਾਡੇ ਅੰਦਰ ਜੋ ਮਾਇਆ ਰੂਪ ਮਤਿ ਵਰਤਦੀ ਹੈ, ਨਾਸਮਝ ਮਤਿ ਵਰਤਦੀ ਹੈ, ਭਰਮਾਂ ਵਾਲੀ ਮਤਿ ਵਰਤਦੀ ਹੈ, ਇਹ ਵਡਿਆਈਆਂ ਸਾਡੇ ਅੰਦਰ ਇਹੋ ਜਿਹੀ ਮਤਿ ਨੂੰ ਹੋਰ ਪੱਕਾ ਕਰਦੀਆਂ ਹਨ। ਸਾਡੇ ਅੰਦਰ ਮਾਇਆ ਵਾਲੀ ਸਮਝ ਦਾ ਰੰਗ ਫਿੱਕਾ ਹੈ ਜੋ ਰਹਿਣ ਵਾਲਾ ਨਹੀਂ ਹੁੰਦਾ ਭਾਵ ਬਿਨਸ ਜਾਂਦਾ ਹੈ। ਪੱਕਾ ਰੰਗ ਕੇਵਲ ਗੁਰੂ ਦੀ ਸਮਝ ਦਾ ਹੈ ਜਿਸ ਨੂੰ ਬਾਣੀ ਵਿੱਚ

ਲਾਲ ਰੰਗ ਦੱਸਿਆ ਹੋਇਆ ਹੈ ਜੋ ਰੰਗ ਸਦਾ ਪੱਕਾ ਹੀ ਰਹਿੰਦਾ ਹੈ ਤੇ ਕਦੇ ਨਹੀਂ ਬਿਨਸਦਾ। ਗੁਰੂ ਦੀ ਮਤਿ ਪੱਕੇ ਰੰਗ ਵਾਲੀ ਹੈ, ਗੂੜੇ ਰੰਗ ਵਾਲੀ ਹੈ ਜੋ ਮਤਿ ਸਾਨੂੰ ਸੱਚ ਸਮਝਾਉਂਦੀ ਹੈ ਤੇ ਸੱਚ ਕਦੇ ਨਹੀਂ ਬਿਨਸਦਾ, ਸਦਾ ਅਟੱਲ ਰਹਿੰਦਾ ਹੈ। ਸੱਚ ਦੀ ਗੱਲ ਪੱਕੀ ਹੁੰਦੀ ਹੈ ਤੇ ਸਦਾ ਪੱਕੀ ਹੀ ਰਹਿੰਦੀ ਹੈ। ਝੂਠ ਨਹੀਂ ਟਿਕ ਸਕਦਾ ਆਖਿਰ ਬਿਨਸ ਹੀ ਜਾਂਦਾ ਹੈ, ਜਦੋਂ ਸੱਚ ਸਾਹਮਣੇ ਆਉਂਦਾ ਹੈ ਤਾਂ ਝੂਠ ਬਿਨਸ ਜਾਂਦਾ ਹੈ, ਸੱਚ ਅੱਗੇ ਝੂਠ ਟਿਕ ਨਹੀਂ ਸਕਦਾ, ਗੁਰਮਤਿ ਅੱਗੇ ਮਨਮਤਿ ਟਿਕ ਨਹੀਂ ਸਕਦੀ। ਸੱਚੀ ਵਡਿਆਈ ਕੇਵਲ ਤੇ ਕੇਵਲ ਗੁਰੂ ਦੀ ਹੈ ਜਿਸਦੇ ਅੰਦਰ ਸੱਚ ਹੈ ਜੋ ਆਪਣੇ ਸਚੁ ਰੂਪ ਸੱਚੇ ਗਿਆਨ ਦੁਆਰਾ ਹੀ ਅਸਲ ਵਿੱਚ ਧਰਮ ਦੇ ਮਾਰਗ ਦਾ "**ਪੂਰਾ ਪਰਧਾਨੁ**" ਹੈ ਭਾਵ ਉਸ ਨੂੰ ਭਗਤੀ ਦੇ ਮਾਰਗ ਦੀ ਪੂਰੀ ਸਮਝ ਹੈ ਜਿਸ ਕਰਕੇ ਉਹ ਪੂਰਾ ਗੁਰੂ ਹੈ, ਸਤਿਗੁਰੂ ਹੈ। (**ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥ ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥ ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥**)

ਭਗਤੀ ਦੇ ਸੱਚੇ ਮਾਰਗ ਤੋਂ ਭੁਲਾਉਣ ਵਾਲੀ ਸਾਨੂੰ ਸਾਡੇ ਅੰਦਰ ਦੀ ਮਾਇਆ ਹੀ ਹੈ ਜਿਸ ਮਨ ਦੀ ਮਾਇਆ ਦੇ ਨਿਕਲੇ ਬਿਨ੍ਹਾਂ ਹਰ ਕੋਈ ਭਰਮ ਵਾਲੀ ਭਗਤੀ ਨਾਲ ਹੀ ਜੁੜਿਆ ਰਹਿੰਦਾ ਹੈ। ਮਨ ਦੀ ਮਾਇਆ ਵਿੱਚੋਂ ਕੱਢਣ ਲਈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਲਈ ਕੇਵਲ ਗੁਰੂ ਦੀ ਮਤਿ ਹੈ ਜਿਸ ਮਤਿ ਦੁਆਰਾ ਅਸੀਂ ਆਪਣੇ ਮਨ ਨੂੰ ਸਮਝਾਉਣ ਦੁਆਰਾ ਮਨ ਦੀ ਮਾਇਆ ਵਿੱਚੋਂ ਨਿਕਲ ਸਕਦੇ ਹਾਂ ਤੇ ਭਗਤੀ ਦੇ ਸੱਚੇ ਮਾਰਗ ਨਾਲ ਜੁੜ ਸਕਦੇ ਹਾਂ। ਭਰਮਾਂ ਵਾਲੀ ਭਗਤੀ ਨਾਲ ਜੁੜਕੇ ਅਸੀਂ ਜੋ ਵਡਿਆਈਆਂ ਲੈਂਦੇ ਹਾਂ, ਜਿਸ ਦਾ ਅਸੀਂ ਮਾਣ ਕਰਦੇ ਹਾਂ ਉਹ ਮਾਣ ਸਾਡੇ ਮਨ ਨੂੰ ਉਲਟਾ ਮੈਲਾ ਕਰਦਾ ਹੈ ਤੇ ਭਗਤੀ ਦਾ ਮਾਰਗ ਤਾਂ ਮਨ ਦੀ ਮੈਲ ਕੱਢਣ ਲਈ ਹੈ। ਇਹ ਮੈਲ ਸਾਡੇ ਅੰਦਰ ਭਰਮਾਂ ਵਾਲੇ ਵਿਚਾਰਾਂ ਦੀ ਹੈ, ਅਗਿਆਨਤਾ ਦੀ ਹੈ ਜੋ ਕੇਵਲ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ॥

“ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥
ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੂਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥
ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥
ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥
ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥
ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥
ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥
ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥
ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥

ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥"

(ਅੰਗ - ੬੦)

ਇਸ ਪੂਰੇ ਸ਼ਬਦ ਨੂੰ ਕੁੱਝ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਸ਼ਬਦ ਰਾਹੀਂ ਸਾਨੂੰ ਉਹ ਭਗਤੀ ਦੇ ਤਰੀਕੇ ਹੀ ਸਮਝਾਏ ਹੋਏ ਹਨ ਜਿੰਨ੍ਹਾਂ ਦਾ ਕਾਰਨ ਸਾਡੇ ਅੰਦਰ ਦੀ ਮਾਇਆ ਹੈ ਭਾਵ ਭਰਮਾਂ ਵਾਲੀ ਮਤਿ ਹੈ ਜੋ ਸਾਨੂੰ ਉਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੋੜਦੀ ਹੈ ਜੋ ਅਸਲ ਵਿੱਚ ਭਗਤੀ ਹੈ ਹੀ ਨਹੀਂ ਪਰ ਅਸੀਂ ਉਸ ਨੂੰ ਆਪਣੀ ਸੱਚੀ ਭਗਤੀ ਸਮਝਦੇ ਹਾਂ। ਸਾਡੇ ਅੰਦਰ ਦੀ ਮਾਇਆ ਦਾ ਮਕਸਦ ਹੀ ਇਹੋ ਕੁੱਝ ਹੀ ਹੈ ਤੇ ਉਹ ਆਪਣੇ ਮਕਸਦ ਤੇ ਪੂਰਾ ਉਤਰਦੀ ਹੈ। ਸ਼ਬਦ ਦੀਆਂ ਕੁੱਝ ਪੰਗਤੀਆਂ ਨੂੰ ਅਸੀਂ ਇੱਥੇ ਸਮਝਦੇ ਹਾਂ ਤਾਂ ਜੋ ਆਪਣੀ ਝੂਠੀ ਭਗਤੀ ਦਾ ਮਾਣ ਕਰਨ ਤੋਂ ਬਚੀਏ, ਝੂਠੀਆਂ ਵਡਿਆਈਆਂ ਲੈਣ ਤੋਂ ਬਚੀਏ ਜਿੰਨ੍ਹਾਂ ਨੂੰ ਗੁਰੂ ਸਾਹਿਬ ਨੇ ਸਾਡੇ ਲਈ ਮਾੜੀਆਂ ਦੱਸਿਆ ਹੈ। ਜੋ ਸਾਡੇ ਲਈ ਮਾੜਾ ਹੈ ਤੇ ਅਸੀਂ ਫਿਰ ਵੀ ਜੇਕਰ ਉਹ ਕੁੱਝ ਕਰਦੇ ਹਾਂ ਉਹ ਸਾਡਾ ਔਗੁਣ ਹੀ ਬਣਦਾ ਹੈ ਜਦ ਕਿ ਵਡਿਆਈਆਂ ਅਸੀਂ ਆਪਣੇ ਵੱਲੋਂ ਗੁਣੀ ਬਣਕੇ ਲੈਂਦੇ ਹਾਂ। ਅਸੀਂ ਸੰਸਾਰ ਨੂੰ ਭਰਮਾਂ ਵਿੱਚ ਰੱਖ ਸਕਦੇ ਹਾਂ ਕਿ ਅਸੀਂ ਭਗਤੀ ਵਾਲੇ ਹਾਂ ਪਰ ਕੀ ਕੋਈ ਗੁਰੂ ਨੂੰ ਵੀ ਭਰਮ ਵਿੱਚ ਰੱਖ ਸਕਦਾ ਹੈ ਜੋ ਭਗਤੀ ਦਾ ਮਾਲਕ ਹੈ, ਭਗਤੀ ਦੀ ਸਿੱਖਿਆ ਦੇਣ ਦਾ ਮਾਲਕ ਹੈ। ਪਹਿਲਾਂ ਸ਼ਬਦ ਦੇ ਚੌਥੇ ਪਦੇ ਨੂੰ ਸਮਝਦੇ ਹਾਂ।

"ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥"

ਧਰਮ ਗ੍ਰੰਥਾਂ ਵਿੱਚ, ਗੁਰਬਾਣੀ ਵਿੱਚ ਅੱਖਰ ਹੀ ਹਨ। ਹਰ ਸ਼ਬਦ ਅੱਖਰਾਂ ਦੇ ਰੂਪ ਵਿੱਚ ਹੀ ਹੈ ਤੇ ਅਸੀਂ ਅੱਖਰਾਂ ਦੀ, ਸ਼ਬਦਾਂ ਦੀ ਕਥਨੀ ਕਰਨ ਨੂੰ ਹੀ ਭਾਵ ਵਾਰ-ਵਾਰ ਪੜ੍ਹੀ ਜਾਣ ਨੂੰ ਹੀ ਆਪਣੀ ਭਗਤੀ ਸਮਝਦੇ ਹਾਂ ਜਿਸ ਨੂੰ ਸਾਡੀ ਭੁੱਲ ਦੱਸਿਆ ਹੋਇਆ ਹੈ ਭਾਵ ਕੇਵਲ ਅੱਖਰਾਂ ਨੂੰ ਪੜ੍ਹੀ ਜਾਣਾ ਤੇ ਉਸੇ ਨੂੰ ਭਗਤੀ ਸਮਝਣਾ ਸਾਡੀ ਭੁੱਲ ਹੈ ਜਿਸ ਰਾਹੀਂ ਅਸੀਂ ਕੇਵਲ ਭਗਤੀ ਦਾ ਭੇਖ ਕਰਦੇ ਹਾਂ ਭਾਵ ਦਿਖਾਵਾ ਕਰਦੇ ਹਾਂ ਤੇ ਆਪਣੇ ਇਸ ਭਗਤੀ ਦੇ ਦਿਖਾਵੇ ਦਾ ਅਸੀਂ ਬਹੁਤ "ਅਭਿਮਾਨੁ" ਕਰਦੇ ਹਾਂ, ਬੜਾ ਘੁਮੰਡ ਕਰਦੇ ਹਾਂ ਤੇ ਇਸੇ ਤਰ੍ਹਾਂ ਅਸੀਂ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦਾ ਬੜਾ ਗੁਮਾਨ ਕਰਦੇ ਹਾਂ ਕਿ ਅਸੀਂ ਤੀਰਥਾਂ ਤੇ ਬਹੁਤ ਜਾਂਦੇ ਹਾਂ ਜਿਸ ਨੂੰ ਅਸੀਂ ਆਪਣੀ ਭਗਤੀ ਦਾ ਮਾਰਗ ਸਮਝਦੇ ਹਾਂ ਤੇ ਇਸ ਗੱਲ ਦਾ ਗੁਮਾਨ ਕਰਦੇ ਹਾਂ। ਇਸ ਝੂਠੀ ਭਗਤੀ ਦਾ ਗੁਮਾਨ ਕਰਨਾ ਸਾਡੇ ਅੰਦਰ ਦੀ ਮੈਲ ਹੈ। ਇਸ ਮੈਲ ਦਾ ਕਾਰਨ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ ਭਾਵ ਮਾਇਆ ਹੈ ਜੋ ਸਾਨੂੰ ਭੁੱਲ ਵਿੱਚ ਰੱਖਣ ਕਰਕੇ ਝੂਠੀ ਭਗਤੀ ਦਾ ਘੁਮੰਡ ਕਰਾਉਂਦੀ ਹੈ ਜਿਸ ਗੁਮਾਨ ਦਾ ਬਾਣੀ ਰਾਹੀਂ ਅਨੇਕਾਂ ਵਾਰ ਖੰਡਨ ਕੀਤਾ ਹੋਇਆ ਹੈ। ਇਹ ਝੂਠਾ ਮਾਣ ਲੈਣ ਦੁਆਰਾ ਕੋਈ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ। (**ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥**)

ਹੁਣ ਸ਼ਬਦ ਦੀ "ਰਹਾਉ" ਵਾਲੀ ਪੰਗਤੀ ਨੂੰ ਸਮਝਦੇ ਹਾਂ ਕਿ ਹਰ ਕੋਈ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਕਿਸ ਕਰਕੇ ਭੁੱਲਿਆ ਹੋਇਆ ਹੈ ਜਿਸ ਭੁੱਲ ਕਰਕੇ ਮਨੁੱਖ ਇਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੁੜਦਾ ਹੈ ਜੋ ਤਰੀਕੇ ਸ਼ਬਦ ਰਾਹੀਂ ਗਿਣਵਾਏ ਹੋਏ ਹਨ ਭਾਵ ਜਿੰਨ੍ਹਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਤੇ ਸਾਡੀ ਭੁੱਲ ਦੱਸਿਆ ਹੋਇਆ ਹੈ।

"ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥"

ਜੋ ਆਪਣੀ ਭਗਤੀ ਦੇ ਮਾਰਗ ਨੂੰ ਭਾਵ ਭਰਮਾਂ ਵਾਲੀ ਭਗਤੀ ਨੂੰ ਅਸਲ ਭਗਤੀ ਸਮਝਦੇ ਹਨ ਤੇ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ, ਆਪਣੀ ਭਗਤੀ ਦਾ ਗੁਮਾਨ ਕਰਦੇ ਹਨ ਉੱਪਰ ਪੰਗਤੀ ਰਾਹੀਂ ਉਹਨਾਂ ਨੂੰ ਹੀ ਬਾਬਾ ਕਹਿ ਕੇ ਸੰਬੋਧਨ ਕੀਤਾ ਹੋਇਆ ਹੈ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਬਾਬੇ ਸਮਝਦੇ ਹਨ। ਉਹਨਾਂ ਵੱਡੇ ਅਖਵਾਉਣ ਵਾਲਿਆਂ ਨੂੰ ਸਮਝਾਇਆ ਇਹ ਹੋਇਆ ਹੈ ਕਿ ਭਾਈ ਇਹ ਤੁਹਾਡੇ ਅੰਦਰ ਮਾਇਆ ਹੀ ਵਰਤਦੀ ਹੈ ਜਿਸ ਮਾਇਆ ਦਾ ਮਕਸਦ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਭੁਲਾਉਣ ਦਾ ਹੈ ਭਾਵ ਤੁਸੀਂ ਜਿਹੋ ਜਿਹੀ ਭਗਤੀ ਕਰ ਰਹੇ ਹੋ ਉਹ ਮਨ ਦੀ ਭੁੱਲ ਰਾਹੀਂ ਹੀ ਕਰ ਰਹੇ ਹੋ ਭਾਵ

ਤੁਹਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ। ਆਪਣੇ ਵੱਲੋਂ ਤਾਂ ਇਹੋ ਜਿਹੇ ਆਪਣੇ ਆਪ ਨੂੰ ਪ੍ਰਮਾਤਮਾ ਦੇ ਭਗਤ ਅਖਵਾਉਂਦੇ ਹਨ ਪਰ ਗੁਰੂ ਸਾਹਿਬ ਇਹੋ ਜਿਹਿਆਂ ਨੂੰ ਆਪਣੀ ਭੁਹਾਗਣ ਦੱਸ ਰਹੇ ਹਨ, ਕੁਰਾਹੇ ਪਈ ਹੋਈ ਨਾਰ ਦੱਸ ਰਹੇ ਹਨ ਜਿਸ ਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੈ ਭਾਵ ਭਗਤੀ ਦੇ ਮਾਰਗ ਤੋਂ ਭਟਕੀ ਹੋਈ ਨਾਰ ਹੈ ਜਿਹੋ ਜਿਹੀ ਨਾਰ ਪਤੀ ਦੇ ਨਾਲ ਮੇਲ ਨਹੀਂ ਕਰ ਸਕਦੀ। ਹਰ ਮਨੁੱਖ ਉਸ ਪ੍ਰਮਾਤਮਾ ਦੀ ਨਾਰ ਹੀ ਹੈ ਜੋ ਸਭ ਦਾ ਖਸਮ ਉਹ ਇੱਕੋ ਇੱਕ ਆਪ ਹੀ ਹੈ। ਭਗਤੀ ਦੇ ਮਾਰਗ ਤੇ ਭਟਕੇ ਹੋਏ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। (**ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥**) ਅਸੀਂ ਮਨ ਦੀ ਮਾਇਆ ਵਿੱਚ ਕਿਸ ਲਈ ਰਹਿੰਦੇ ਹਾਂ ਭਾਵ ਇਸ ਵਿੱਚੋਂ ਨਿਕਲਣ ਦਾ ਸਾਧਨ ਕੀ ਹੈ, ਭਰਮਾਂ ਵਾਲੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ, ਇਹ ਨਾਲ ਹੀ ਇਸ ਤੋਂ ਪਹਿਲੀ ਉੱਪਰ ਵਾਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜਿਸ ਤਰੀਕੇ ਸਾਨੂੰ ਸੱਚੀ ਭਗਤੀ ਦੀ ਸਮਝ ਪੈ ਸਕਦੀ ਹੈ ਪਰ ਅਸੀਂ ਉਸ ਤਰੀਕੇ ਨੂੰ ਅਪਣਾਉਂਦੇ ਨਹੀਂ।

“ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥”

ਸਾਡੇ ਅੰਦਰ ਠੱਗੀ ਮਾਇਆ ਦੀ ਹੀ ਚੱਲ ਰਹੀ ਹੈ ਭਾਵ ਮਾਇਆ ਦਾ ਛਲ ਹੀ ਚੱਲ ਰਿਹਾ ਹੈ, ਮਾਇਆ ਦਾ ਕਪਟੁ ਹੀ ਚੱਲ ਰਿਹਾ ਹੈ ਜਿਸ ਨੇ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਅਗਿਆਨਤਾ ਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ ਭਾਵ ਭਰਮਾਂ ਵਾਲੀ ਭਗਤੀ ਵਿੱਚ ਪਾ ਕੇ ਰੱਖਣ ਦਾ ਹੈ ਤਾਂ ਜੋ ਨਾ ਕੋਈ ਸੱਚੀ ਭਗਤੀ ਨੂੰ ਸਮਝ ਸਕੇ, ਉਸ ਤੇ ਚੱਲ ਸਕੇ ਤੇ ਨਾ ਹੀ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੇ। ਇਹ ਮਾਇਆ ਦੀ ਠੱਗੀ ਉਸ ਮਨ ਵਿੱਚ ਚੱਲਦੀ ਹੈ ਜਿੰਨ੍ਹਾਂ ਨੇ ਆਪਣੇ ਅੰਦਰੋਂ “**ਗਿਆਨ ਪਦਾਰਥੁ**” ਗਵਾਇਆ ਹੋਇਆ ਹੈ। “**ਗਿਆਨ ਪਦਾਰਥੁ”** ਗੁਰੂ ਦੇ ਸੱਚੇ ਗਿਆਨ ਦਾ ਪਦਾਰਥ ਹੈ ਜੋ ਕੇਵਲ ਗੁਰੂ ਦੇ ਕੋਲ ਹੀ ਹੈ। ਗੁਰੂ ਦਾ ਇਹ “**ਗਿਆਨ ਪਦਾਰਥੁ**” ਹੀ ਉਸ ਦਾ “ਨਾਮੁ ਪਦਾਰਥ” ਹੈ ਜੋ ਪੂਰੀ ਗੁਰਬਾਣੀ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਇਹ ਗਿਆਨ ਪਦਾਰਥ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਜਿਸ ਮਨੁੱਖ ਦੇ ਅੰਦਰ ਗੁਰਮਤਿ ਦਾ ਸੱਚਾ ਗਿਆਨ ਨਹੀਂ ਹੈ ਉਹ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਦੇ ਵਿੱਚ ਮਨ ਦੀ ਅਗਿਆਨਤਾ ਵਿੱਚ ਹੀ ਹੈ ਭਾਵ ਮਾਇਆ ਦੀ ਠੱਗੀ ਦੇ ਵਿੱਚ ਹੀ ਹੈ। (**ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥**)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ - ੭੫੯)

ਜਿੰਨ੍ਹਾਂ ਨੇ ਗੁਰੂ ਦੇ ਗਿਆਨ ਨੂੰ ਗਵਾਇਆ ਹੋਇਆ ਹੈ ਭਾਵ ਜਿੰਨ੍ਹਾਂ ਨੇ ਗੁਰਮਤਿ ਦੀ ਸਮਝ ਨੂੰ ਨਹੀਂ ਮੰਨਿਆ, ਗੁਰੂ ਦੇ ਨਾਮ ਨੂੰ ਨਹੀਂ ਜਪਿਆ ਭਾਵ ਮਨ ਦੀ ਮਾਇਆ ਵਿੱਚੋਂ ਨਹੀਂ ਨਿਕਲੇ ਉਹਨਾਂ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ, ਇਹੀ ਗੱਲ ਉੱਪਰ ਵਾਲੀ ਪੰਗਤੀ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥”

ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਤੇ ਗੁਰੂ ਦੀ ਗੱਲ ਤੇ ਵਿਸ਼ਵਾਸ ਕਰੋ ਕਿ “ਮਨਮੁਖਿ” ਕਿਸ ਨੂੰ ਕਿਹਾ ਹੈ। ਬੜਾ ਸਪੱਸ਼ਟ ਹੈ ਕਿ ਜਿਸ ਦੇ ਅੰਦਰ ਗੁਰੂ ਦਾ ਸੱਚਾ ਗਿਆਨ ਨਹੀਂ ਹੈ ਭਾਵ ਜਿਸ ਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਨਹੀਂ ਹੈ, ਜੋ ਮਨ ਦੀ ਮਾਇਆ ਵਿੱਚੋਂ ਨਹੀਂ ਨਿਕਲਿਆ ਭਾਵ ਭਰਮਾਂ ਵਿੱਚ ਹੀ ਹੈ ਜਿਸ ਵਿੱਚ ਸਾਰਾ ਸੰਸਾਰ ਹੀ ਹੈ ਉਹ ਮਨਮੁਖਿ ਹੈ। ਇੱਕ ਗੱਲ ਨੂੰ ਮਨ ਵਿੱਚ ਵਸਾ ਲਵੋ ਕਿ “ਗੁਰਮੁਖ” ਵਾਲੀ ਅਵੱਸਥਾ ਕੇਵਲ ਗੁਰੂ ਦੀ ਹੈ ਜਿੱਥੇ ਪ੍ਰਮਾਤਮਾ ਹਰ ਵੇਲੇ ਪ੍ਰਗਟ ਹੈ ਜੋ ਹਰ ਭਰਮ ਤੋਂ ਰਹਿਤ ਹੈ, ਅਗਿਆਨਤਾ ਤੋਂ ਰਹਿਤ ਹੈ, ਮਾਇਆ ਮੋਹ ਤੋਂ ਰਹਿਤ ਹੈ। ਸਾਡੇ ਮਨ ਦਾ ਮੁੱਖ ਸਾਡੇ ਮਨ ਦੀ ਸਮਝ ਹੈ ਭਾਵ ਸਾਡਾ ਮਨ ਜੋ ਕੁੱਝ ਅੰਦਰੋਂ ਬੋਲਦਾ ਹੈ, ਜੋ ਕੁੱਝ ਸਾਨੂੰ ਸਮਝਾਉਂਦਾ ਹੈ ਸਾਡੇ ਮਨ ਦੀ ਸਮਝ ਉਹੋ ਜਿਹੀ ਹੀ

ਬਣਦੀ ਹੈ ਭਾਵ ਅਸੀਂ ਮਨ ਦੀ ਸਮਝ ਰਾਹੀਂ ਭਾਵ ਮਾਇਆ ਵਾਲੀ ਸਮਝ ਰਾਹੀਂ ਹਰ ਵੇਲੇ "**ਮਨਮੁਖਿ**" ਵਾਲੀ ਅਵੱਸਥਾ ਵਿੱਚ ਰਹਿੰਦੇ ਹਾਂ। ਸਾਡੇ ਮਨ ਦਾ ਮੁੱਖ ਸਾਨੂੰ ਅਗਿਆਨਤਾ ਵਿੱਚ ਰੱਖਦਾ ਹੈ ਤੇ ਗੁਰੂ ਦਾ ਮੁੱਖ ਸਾਨੂੰ ਸੱਚਾ ਗਿਆਨ ਸਮਝਾਉਂਦਾ ਹੈ। ਗੁਰੂ ਜੋ ਵੀ ਆਪਣੇ ਮੁੱਖੋਂ ਬੋਲਦਾ ਹੈ ਉਸ ਵਿੱਚ ਪੂਰਨ ਸੱਚ ਹੁੰਦਾ ਹੈ ਭਾਵ ਉਸ ਵਿੱਚ ਸੱਚੀ ਸਮਝ ਹੁੰਦੀ ਹੈ। "ਗੁਰਮੁਖਿ" ਰੂਪ ਗੁਰੂ ਆਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। (**ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥**) ਅੰਗ - 2 । "**ਗੁਰਮੁਖਿ ਰੂਪ**" ਪ੍ਰਮਾਤਮਾ ਦਾ ਆਪਣੇ ਸੱਚੇ ਗਿਆਨ ਦਾ ਰੂਪ ਹੈ ਜਿਸ ਰੂਪ ਵਿੱਚ ਉਹ ਆਪ ਹੀ ਧਰਮ ਗ੍ਰੰਥਾਂ ਦੇ ਵਿੱਚ ਹੈ, ਗੁਰਬਾਣੀ ਦੇ ਵਿੱਚ ਹੈ ਤੇ ਆਪਣੇ ਉਸੇ ਰੂਪ ਵਿੱਚ ਹੀ ਉਹ ਸਭ ਜਗ੍ਹਾ ਸਮਾਇਆ ਹੋਇਆ ਹੈ। ਅੱਗੇ ਚੱਲ ਕੇ "**ਗੁਰਮੁਖਿ**" ਰੂਪ ਨੂੰ ਹੋਰ ਵੀ ਬਰੀਕੀ ਨਾਲ ਸਮਝਾਂਗੇ। ਜਿਹੋ ਜਿਹੀ ਭਗਤੀ ਦੇ ਮਾਰਗ ਤੇ ਹਰ ਕੋਈ ਲੱਗਾ ਹੋਇਆ ਹੈ, ਮਨ ਦੇ ਭਰਮਾਂ ਕਰਕੇ ਹੀ ਲੱਗਾ ਹੋਇਆ ਹੈ ਤੇ ਹਰ ਕੋਈ ਆਪਣੀ ਭਗਤੀ ਨੂੰ ਠੀਕ ਹੀ ਸਮਝਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਗੁਰਮੁਖਿ ਰੂਪ ਸਮਝਦੇ ਹਨ ਤੇ ਇੱਕ ਦੂਸਰੇ ਨੂੰ ਗੁਰਮੁਖਿ ਕਹਿੰਦੇ, ਕਹਾਉਂਦੇ ਹਨ ਭਾਵ ਇੱਕ ਦੂਸਰੇ ਨੂੰ ਮਾਣ ਦਿੰਦੇ ਹਨ। ਗੁਰਮੁਖਿ ਕਹਿਣ, ਕਹਾਉਣ ਨਾਲ ਕੋਈ ਫਰਕ ਨਹੀਂ ਪੈਂਦਾ ਕੋਈ ਜੋ ਚਾਹੇ ਅਖਵਾ ਸਕਦਾ ਹੈ, ਜੋ ਅਖਵਾਉਣ ਨਾਲ ਖੁਸ਼ੀ ਮਿਲਦੀ ਹੈ, ਇੱਜਤ ਮਿਲਦੀ ਹੈ ਅਖਵਾ ਸਕਦਾ ਹੈ ਪਰ ਅਸਲ ਗੱਲ ਇਹ ਸਮਝਣ ਦੀ ਹੈ ਗੁਰੂ ਦੀਆਂ ਨਜ਼ਰਾਂ ਵਿੱਚ ਅਸੀਂ ਕੀ ਹਾਂ। ਉਸ ਦੀਆਂ ਨਜ਼ਰਾਂ ਵਿੱਚ ਹਰ ਕੋਈ ਮਨਮੁਖਿ ਹੀ ਹੈ ਤੇ ਹਰ ਕਿਸੇ ਨੂੰ ਮਨਮੁਖਿ ਰੂਪ ਬਣਾਉਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ। ਸਭ ਦੇ ਅੰਦਰ ਮਾਇਆ ਪਾਉਣ ਵਾਲਾ ਉਹ ਆਪ ਹੀ ਹੈ ਭਾਵ ਹਰ ਕੋਈ ਪ੍ਰਮਾਤਮਾ ਦੇ ਭੁਲਾਉਣ ਕਰਕੇ ਹੀ ਭੁੱਲਿਆ ਹੋਇਆ ਹੈ ਜਿਸ ਭੁੱਲ ਵਿੱਚ ਰਹਿੰਦਿਆਂ ਉਹ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਣ ਦਿੰਦਾ। ਮਨ ਦੀ ਇਸ ਭੁੱਲ ਵਿੱਚੋਂ ਅਗਰ ਕੋਈ ਕਿਸੇ ਨੂੰ ਕੱਢ ਸਕਦਾ ਹੈ ਭਾਵ ਮਨੁੱਖ ਦੀ ਨਾਮਸਝ ਮਤਿ ਨੂੰ ਜੇ ਕੋਈ ਸਮਝਾ ਸਕਦਾ ਹੈ ਉਹ ਕੇਵਲ ਤੇ ਕੇਵਲ ਗੁਰੂ ਹੈ ਜੋ ਹਰ ਭਰਮ ਤੋਂ ਬਾਹਰ ਹੈ, ਅਗਿਆਨਤਾ ਤੋਂ ਬਾਹਰ ਹੈ ਜੋ ਸੱਚੇ ਗਿਆਨ ਦਾ ਮਾਲਕ ਹੈ। ਗੁਰੂ ਕੋਲੋਂ ਸੱਚਾ ਗਿਆਨ ਲਏ ਬਿਨ੍ਹਾਂ ਹਰ ਕੋਈ ਸੰਸਾਰ ਵਿੱਚ ਮਨ ਦੀ ਅਗਿਆਨਤਾ ਵਿੱਚ ਹੀ ਆਉਂਦਾ ਹੈ ਤੇ ਅਗਿਆਨਤਾ ਵਿੱਚ ਹੀ ਚਲਾ ਜਾਂਦਾ ਹੈ ਭਾਵ ਸੱਚ ਦੀ ਸਮਝ ਪਏ ਬਿਨ੍ਹਾਂ ਹਰ ਕੋਈ ਸੰਸਾਰ ਵਿੱਚ ਆ ਜਾ ਰਿਹਾ ਹੈ ਤੇ ਉਸ ਦਾ ਆਉਣ ਜਾਣ ਸਮਝਣਾ ਭਾਵ ਜੰਮਣ ਮਰਨ ਸਮਝਣਾ ਵੀ ਇੱਕ ਭਰਮ ਹੈ। ਜਦ ਤੱਕ ਮਨੁੱਖ ਅਗਿਆਨਤਾ ਵਿੱਚ ਹੈ ਉਹ ਮਨ ਦੀ ਅਗਿਆਨਤਾ ਕਰਕੇ ਆਵਾਗਉਣ ਵਿੱਚ ਹੀ ਪਿਆ ਰਹਿੰਦਾ ਹੈ ਕਿਉਂਕਿ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਉਸ ਨੂੰ ਸਮਝ ਹੀ ਨਹੀਂ ਪੈਂਦੀ ਕਿ ਮਨੁੱਖ ਦੀ ਅਸਲੀਅਤ ਕੀ ਹੈ ਤੇ ਸੰਸਾਰ ਵਿੱਚ ਉਸ ਦਾ ਜੀਵਨ ਭਰਮ ਵਿੱਚ ਹੀ ਬੀਤ ਜਾਂਦਾ ਹੈ ਭਾਵ ਉਸ ਦੇ ਅੰਦਰੋਂ ਮਾਇਆ ਦੀ ਠੱਗੀ ਨਹੀਂ ਨਿਕਲਦੀ। (**ਮਨਮੁਖਿ ਭੂਲੈ ਭੂਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥ ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧੦॥**)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥}

(ਅੰਗ - ੭੫੯)

ਸਾਨੂੰ ਗਿਆਨ ਦੇਣ ਵਾਲੇ ਤਾਂ ਬਹੁਤ ਹਨ ਜੋ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਪਰ ਗੁਰੂ ਸਾਹਿਬ ਨੇ ਸਾਨੂੰ ਉੱਪਰ ਪੰਗਤੀਆਂ ਰਾਹੀਂ ਸਮਝਾਇਆ ਹੈ ਕਿ ਸਾਨੂੰ ਗੁਰੂ ਤੋਂ ਬਿਨ੍ਹਾਂ ਸੱਚੀ ਭਗਤੀ ਦਾ ਮਾਰਗ ਕੋਈ ਨਹੀਂ ਸਿਖਾ ਸਕਦਾ ਕਿਉਂਕਿ ਸੱਚੇ ਗਿਆਨ ਦਾ ਮਾਲਕ ਗੁਰੂ ਆਪ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਗੁਰਮੁਖਿ ਰੂਪ ਹੈ। (**ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥**) ਜਿਸ ਦੀ ਆਪਣੀ ਅਗਿਆਨਤਾ ਨਹੀਂ ਨਿਕਲੀ ਤੇ ਫਿਰ ਵੀ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਵੇ ਤੇ ਦੂਸਰਿਆਂ ਨੂੰ ਭਗਤੀ ਦਾ ਮਾਰਗ ਸਮਝਾਵੇ ਤੇ ਵਡਿਆਈਆਂ ਲਵੇ ਫਿਰ ਗੁਰੂ ਸਾਹਿਬ ਇਸ ਗੱਲ ਨੂੰ ਉਹਨਾਂ ਦਾ ਗੁਣ ਸਮਝਣਗੇ ਜਾਂ ਔਗੁਣ ਸਮਝਣਗੇ। ਕਿਸੇ ਨੂੰ ਝੂਠੀ ਭਗਤੀ ਦੇ ਨਾਲ ਜੋੜਨਾ ਸਾਡਾ ਔਗੁਣ ਹੈ ਜਿਸ ਤੋਂ ਬਚਣ ਦੀ ਲੋੜ ਹੈ। ਪਹਿਲੇ ਅਸੀਂ ਮੁੱਖ ਸ਼ਬਦ ਦੇ ਚੌਥੇ ਪਦੇ ਨੂੰ ਸਮਝਿਆ ਹੈ ਤੇ ਉਸ ਦੀ ਆਖਰੀ ਪੰਗਤੀ ਨੂੰ ਅਜੇ ਸਮਝਣਾ ਹੈ।

"ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥"

ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਪਹਿਲੇ ਸਮਝਿਆ ਹੈ ਕਿ ਆਪਣੀ ਭਰਮ ਵਾਲੀ ਸਮਝ ਦੀ ਭਗਤੀ ਦੁਆਰਾ ਹੀ ਹਰ ਕੋਈ ਆਪਣੀ ਭਗਤੀ ਦਾ ਘੁਮੰਡ ਕਰਦਾ ਹੈ। ਇਹੋ ਜਿਹਾ ਘੁਮੰਡ ਕਰਨ ਵਾਲਿਆਂ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਸਾਨੂੰ ਉੱਪਰ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਜੋ ਆਪਣੀ ਭਗਤੀ ਦਾ ਘੁਮੰਡ ਕਰਦੇ ਹਨ ਉਹ ਆਪਣੇ ਆਪ ਨੂੰ ਉੱਚੀ ਭਗਤੀ ਵਾਲਾ ਸਮਝਕੇ ਹੀ ਕਰਦੇ ਹਨ ਕਿ ਅਸੀਂ ਭਗਤੀ ਵਿੱਚ ਬਹੁਤ ਅੱਗੇ ਲੰਘੇ ਹੋਏ ਹਾਂ ਜਿਸ ਕਰਕੇ ਸਾਨੂੰ ਸਮਾਜ ਵਿੱਚੋਂ ਵਡਿਆਈਆਂ ਮਿਲਦੀਆਂ ਹਨ। ਇਹੋ ਜਿਹੇ ਮਨੁੱਖ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਉਸ ਨੂੰ "**ਰਾਜਾ ਸੁਲਤਾਨੁ**" ਕਿਹਾ ਹੈ ਤੇ ਕਿਸ ਲਈ ਕਿਹਾ ਹੈ, ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਇਹੋ ਜਿਹੇ ਭਗਤੀ ਦੇ ਘੁਮੰਡ ਕਰਨ ਵਾਲਿਆਂ ਨੂੰ, ਭਰਮ ਵਾਲੀ ਭਗਤੀ ਕਰਨ ਵਾਲਿਆਂ ਨੂੰ ਜੇਕਰ ਕੋਈ ਮਨੁੱਖ ਸਮਝਾਣਾ ਚਾਹੇ ਤਾਂ ਇਹ ਉਸ ਦੀ ਗੱਲ ਨੂੰ ਨਹੀਂ ਸੁਣਦੇ ਕਿ ਅਸੀਂ ਗਲਤ ਹੋ ਸਕਦੇ ਹਾਂ। ਇਹੋ ਜਿਹਿਆਂ ਨੂੰ ਗੱਲ ਸਮਝਾਉਣੀ ਭਾਵ ਸੱਚੀ ਭਗਤੀ ਸਮਝਾਉਣੀ ਭਾਵ ਉਹਨਾਂ ਦੀ ਭਗਤੀ ਨੂੰ ਝੂਠਾ ਕਹਿਣਾ ਇਤਨਾ ਔਖਾ ਹੈ ਜਿਵੇਂ ਕਿਸੇ ਰਾਜੇ ਨੂੰ, ਸੁਲਤਾਨ ਨੂੰ ਗਲਤ ਕਹਿਣਾ ਔਖਾ ਹੈ ਭਾਵ ਰਾਜੇ ਅਖਵਾਉਣ ਵਾਲੇ ਆਪਣੇ ਆਪ ਨੂੰ ਠੀਕ ਹੀ ਸਮਝਦੇ ਹਨ ਤੇ ਅਖਵਾਉਂਦੇ ਹਨ ਭਾਵ ਆਪਣੀ ਮਰਜੀ ਕਰਦੇ ਹਨ ਤੇ ਦੂਸਰਿਆਂ ਤੇ ਰੋਹਬ ਹੀ ਦਿਖਾਉਂਦੇ ਹਨ। ਇਹੋ ਜਿਹਿਆਂ ਨੂੰ ਅਗਰ ਕੋਈ ਗਲਤ ਸਾਬਿਤ ਕਰ ਸਕਦਾ ਹੈ ਭਾਵ ਸਮਝਾ ਸਕਦਾ ਹੈ ਤੇ ਉਹ ਕੇਵਲ ਗੁਰੂ ਆਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਸਭ ਦੇ ਅੰਦਰ ਹੀ ਹੈ। ਜਿਸ ਨੇ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾਇਆ ਹੋਇਆ ਹੈ ਉਹੀ ਉਸ ਨੂੰ ਭਰਮਾਂ ਵਿੱਚੋਂ ਕੱਢ ਸਕਦਾ ਹੈ ਤੇ ਭਗਤੀ ਦਾ ਸੱਚਾ ਮਾਰਗ ਸਮਝਾ ਸਕਦਾ ਹੈ ਜੋ ਮਾਰਗ ਸਮਝ ਆਉਣ ਤੋਂ ਬਾਅਦ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸੱਚੀ ਵਡਿਆਈ ਵਿੱਚ ਤੇ ਝੂਠੀ ਵਡਿਆਈ ਵਿੱਚ ਕੀ ਫਰਕ ਹੈ। (**ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥ ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥**)

ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਗੁਰੂ ਤੋਂ ਬਿਨ੍ਹਾਂ ਹਰ ਕੋਈ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭੁੱਲਿਆ ਹੋਇਆ ਹੀ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭੁਲਾਇਆ ਹੋਇਆ ਹੈ ਤੇ ਮਨ ਦੇ ਭਰਮਾਂ ਰਾਹੀਂ, ਮਨ ਦੀ ਮਾਇਆ ਰਾਹੀਂ ਸਭ ਨੂੰ ਆਪਣੇ ਆਪ ਤੋਂ ਮਨ ਦੀ ਭਰਮਾਂ ਵਾਲੀ ਸਮਝ ਰਾਹੀਂ ਵੱਖਰਾ ਕੀਤਾ ਹੋਇਆ ਹੈ। ਜਦੋਂ ਪ੍ਰਮਾਤਮਾ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਸ ਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਦੁਆਰਾ ਹੀ ਸਮਝਾਉਂਦਾ ਹੈ, ਮਨ ਦੇ ਵਿੱਚ ਆਪਣੇ ਮੇਲ ਦੁਆਰਾ ਹੀ ਸਮਝਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਜੋ ਕਿ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਿਆ ਜਾ ਸਕਦਾ ਹੈ।

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥"

ਇੱਕ ਗੱਲ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਰੂਪ ਵਿੱਚ ਜੋ ਕਿ ਪ੍ਰਮਾਤਮਾ ਆਪ ਹੀ ਹੈ, ਕੀ ਉਹ ਕਦੇ ਸੰਸਾਰ ਨੂੰ ਝੂਠੀ ਗੱਲ ਸਮਝਾ ਸਕਦਾ ਹੈ। ਜੋ ਪ੍ਰਮਾਤਮਾ ਹੈ ਹੀ "**ਸਚੁ**" ਰੂਪ ਕੀ ਉਹ ਸੰਸਾਰ ਨਾਲ ਝੂਠ ਬੋਲ ਸਕਦਾ ਹੈ, ਕੀ ਉਸ ਦੀ ਸੱਚੀ ਬਾਣੀ ਕੋਈ ਝੂਠੀ ਗੱਲ ਕਰ ਸਕਦੀ ਹੈ ਭਾਵ ਨਾਮੁਮਕਿਨ ਹੈ। ਸੰਸਾਰ ਦੀ ਰਚਨਾ ਕਰਨ ਵਾਲਾ "ਨਿਰੰਕਾਰ" ਗੁਰਬਾਣੀ ਰਾਹੀਂ ਸਾਨੂੰ ਜੋ ਕੁੱਝ ਵੀ ਸਮਝਾ ਰਿਹਾ ਹੈ ਉਹ ਉਸੇ ਤਰ੍ਹਾਂ "ਪੂਰਨ ਸੱਚ" ਹੈ, "**ਪੂਰਨ ਸੱਚ**" ਹੈ, "**ਪੂਰਨ ਸੱਚ**" ਹੈ ਜਿਸ ਗੱਲ ਤੇ ਵਿਸ਼ਵਾਸ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੀ ਆ ਸਕਦਾ ਹੈ। "**ਸੱਚ**" ਕਰਕੇ ਜਾਣੋ ਹਰ ਕਿਸੇ ਨੂੰ ਪ੍ਰਮਾਤਮਾ ਨੇ ਮਨ ਦੀ ਸਮਝ ਰਾਹੀਂ ਆਪ ਹੀ ਭੁਲਾਇਆ ਹੋਇਆ ਹੈ ਤੇ ਮਨ ਦੀ ਭੁੱਲ ਤੋਂ ਬਾਹਰ "ਕੋਈ ਨਹੀਂ ਹੈ", "**ਕੋਈ ਨਹੀਂ ਹੈ", "ਕੋਈ ਨਹੀਂ ਹੈ**" ਜੋ ਆਪਣੇ ਆਪ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕੇ। (**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥**) ਜਿਸ ਨੂੰ ਪ੍ਰਮਾਤਮਾ ਮਨ ਦੀ ਭੁੱਲ ਵਿੱਚੋਂ ਕੱਢਦਾ ਹੈ ਉਸ ਨੂੰ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉੱਪਰ ਪੰਗਤੀ ਰਾਹੀਂ ਧੰਨ ਧੰਨ ਬਾਬਾ ਨਾਨਕ ਜੀ ਸਾਨੂੰ ਇਹ ਕਹਿ ਰਹੇ ਹਨ ਕਿ ਪ੍ਰਮਾਤਮਾ ਨੇ ਮੈਨੂੰ ਗੁਰਮਤਿ ਦੀ ਸਮਝ ਪਾਉਣ ਦੁਆਰਾ ਆਪ ਹੀ ਸਮਝਾਇਆ ਹੈ ਜਿਸ ਰਾਹੀਂ ਉਸ ਨੇ ਮੈਨੂੰ ਹਰ ਭਰਮ ਵਿੱਚੋਂ ਕੱਢਿਆ ਹੈ ਤੇ ਮੈਨੂੰ ਗੁਰਮਤਿ ਦੀ ਸੱਚੀ ਸਮਝ ਪਾਈ ਹੈ, ਆਪਣੀ ਸੱਚੀ ਬਾਣੀ ਦੀ ਸਮਝ ਪਾਈ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪ ਸਮਝਾਉਂਦਾ ਹੈ ਜੋ ਕਿ ਉਹ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ ਉਸ ਦਾ ਹੀ ਮਨ ਦੇ ਵਿੱਚ ਮਨ ਦੀ ਸਮਝ

ਰਾਹੀਂ ਪ੍ਰਮਾਤਮਾ ਦੇ ਨਾਲ ਪਿਆਰ ਜੁੜਦਾ ਹੈ। ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਗੁਰਮਤਿ ਨਾਲ ਪਿਆਰ ਹੀ ਪ੍ਰਮਾਤਮਾ ਦੇ ਨਾਲ ਪਿਆਰ ਹੈ ਜੋ ਆਪ ਹੀ ਪੂਰੇ ਸੰਸਾਰ ਦਾ ਗੁਰੂ ਹੈ। ਜਿਸ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ ਆਪਣਾ ਗੁਰੂ ਰੂਪ ਹੀ ਪ੍ਰਗਟ ਕਰਦਾ ਹੈ ਜੋ ਰੂਪ ਉਸਦਾ ਸ਼ਬਦ ਰੂਪ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਗਿਆਨ ਰੂਪ ਹੈ। ਗੁਰਮਤਿ ਦੀ ਸੱਚੀ ਸਮਝ ਦੁਆਰਾ ਪ੍ਰਮਾਤਮਾ ਜੋ ਕੁੱਝ ਸਮਝਾਉਂਦਾ ਹੈ ਉਹ ਸੱਚ ਹੀ ਸਮਝਾਉਂਦਾ ਹੈ ਤੇ ਸਚੁ ਰੂਪ ਹੀ ਉਸ ਦਾ ਆਪਣਾ ਰੂਪ ਹੈ ਜੋ ਕਿ ਉਸਦਾ ਨਾਮ ਰੂਪ ਹੈ। ਜਿਸ ਨੂੰ ਪ੍ਰਮਾਤਮਾ ਇੱਕ ਵਾਰੀ ਆਪਣੇ ਸੱਚ ਨਾਲ ਜੋੜ ਲੈਂਦਾ ਹੈ ਭਾਵ ਆਪਣੇ ਆਪ ਨਾਲ ਜੋੜ ਲੈਂਦਾ ਹੈ ਉਸ ਨੂੰ ਫਿਰ ਸਚੁ ਰੂਪ ਪ੍ਰਮਾਤਮਾ ਕਦੇ ਨਹੀਂ ਵਿਸਰਦਾ, ਨਾਮ ਕਦੇ ਨਹੀਂ ਵਿਸਰਦਾ, ਗੁਰਮਤਿ ਦੀ ਸੱਚੀ ਸਮਝ ਕਦੇ ਨਹੀ ਵਿਸਰਦੀ ਭਾਵ ਫਿਰ ਉਹ ਉਸੇ ਅਨੁਸਾਰ ਹੀ ਵਿਚਰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਹ "ਸਬਦੁ" ਰੂਪ ਪ੍ਰਮਾਤਮਾ ਆਪ ਹੀ ਮੇਲਦਾ ਹੈ ਜੋ ਕਿ ਸਭ ਲਈ ਅਪਾਰੁ ਹੈ ਜਿਸ ਦਾ ਕੋਈ ਆਪਣੇ ਆਪ ਪਾਰ ਨਹੀਂ ਪਾ ਸਕਦਾ। ਉਹ ਜਿਸ ਨੂੰ ਆਪ ਆਪਣੇ ਨਾਲ ਮੇਲਦਾ ਹੈ ਉਸ ਦਾ ਹੀ ਉਸ ਦੇ ਨਾਲ ਮੇਲ ਹੋ ਸਕਦਾ ਹੈ ਜਿਵੇਂ ਕਿ ਭਗਤਾਂ ਦਾ, ਗੁਰੂ ਸਾਹਿਬਾਨ ਦਾ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦਾ ਹੋਇਆ ਹੈ ਜਿੰਨ੍ਹਾਂ ਨੇ ਸਾਰੇ ਸੰਸਾਰ ਨੂੰ ਗੁਰਮਤਿ ਰੂਪ ਸੱਚਾ ਗਿਆਨ ਦਿੱਤਾ ਹੈ ਜਿਸ ਦਾ ਮਕਸਦ ਮਨੁੱਖੀ ਸਮਝ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਾਇਆ ਵਾਲੀ, ਹਉਮੈ ਵਾਲੀ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਮਨੁੱਖ ਭਰਮਾਂ ਵਾਲੀ ਭਗਤੀ ਵਿੱਚੋਂ ਨਿਕਲੇ ਜਿੰਨ੍ਹਾਂ ਭਰਮਾਂ ਵਿੱਚ ਮਨੁੱਖ ਸਦੀਆਂ ਤੋਂ ਪਿਆ ਹੋਇਆ ਹੈ ਤੇ ਮਨ ਦੇ ਭਰਮਾਂ ਰਾਹੀਂ ਉਸ ਨੇ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿੰਨ੍ਹਾਂ ਦਾ ਗੁਰਮਤਿ ਵਾਰ-ਵਾਰ ਖੰਡਨ ਕਰਦੀ ਹੈ ਤਾਂ ਜੋ ਅਸੀਂ ਉਸ ਖੁਆਰੀ ਤੋਂ ਬਚੀਏ ਜੋ ਖੁਆਰੀ ਅਸੀਂ ਆਪਣੀ ਵਿਅਰਥ ਦੀ ਭਗਤੀ ਵਿੱਚ ਕਰਦੇ ਹਾਂ ਜਿਸ ਦਾ ਸਾਨੂੰ ਕੋਈ ਲਾਭ ਨਹੀਂ ਮਿਲਦਾ। ਪ੍ਰਮਾਤਮਾ ਦੇ ਨਾਲ ਮੇਲ ਦਾ ਲਾਭ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਨਾਲ ਜੁੜਨ ਦੁਆਰਾ ਹੀ ਮਿਲ ਸਕਦਾ ਹੈ ਜਿਸ ਦੇ ਨਾਲ ਜੁੜਨ ਲਈ ਸਾਨੂੰ ਉਹਨਾਂ ਦੀ ਮਤਿ ਛੱਡਣੀ ਪਵੇਗੀ ਜੋ ਸਾਨੂੰ ਸਦੀਆਂ ਤੋਂ ਭਰਮਾਂ ਵਿੱਚ ਪਾਉਂਦੇ ਆ ਰਹੇ ਹਨ ਤੇ ਭਰਮ ਹੁਣ ਵੀ ਉਸੇ ਤਰ੍ਹਾਂ ਹੀ ਚੱਲ ਰਹੇ ਹਨ। ਹਰ ਪਾਸੇ ਭਰਮ ਹੀ ਭਰਮ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚ ਨਾਲ ਨਹੀਂ ਜੁੜ ਸਕਦੇ, ਗੁਰੂ ਦੇ ਨਾਮ ਨਾਲ ਨਹੀਂ ਜੁੜ ਸਕਦੇ ਜਿਸ ਨਾਮ ਦਾ ਮਕਸਦ ਹੀ ਸਾਨੂੰ ਸੱਚ ਸਮਝਾਉਣ ਦਾ ਹੈ ਤੇ ਭਰਮਾਂ ਵਿੱਚੋਂ ਕੱਢਣ ਦਾ ਹੈ। (**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥ ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥**)

ਸਾਨੂੰ ਸੱਚੀ ਵਡਿਆਈ ਗੁਰੂ ਪ੍ਰਮਾਤਮਾ ਦਾ ਨਾਮ ਜਪਣ ਦੁਆਰਾ ਹੀ ਮਿਲਦੀ ਹੈ ਪਰ ਜਦ ਤੱਕ ਸਾਨੂੰ ਨਾਮ ਦੀ ਸਮਝ ਹੀ ਨਹੀਂ ਪੈਂਦੀ ਤਦ ਤੱਕ ਅਸੀਂ ਨਾਮ ਦੀ ਕਥਨੀ ਦੁਆਰਾ ਹੀ ਵਡਿਆਈ ਲੈਂਦੇ ਹਾਂ ਜਦ ਕਿ ਨਾਮ ਦੀ ਕਰਨੀ ਕਰਨ ਦੁਆਰਾ ਜੋ ਕਿਸੇ ਨੂੰ ਵਡਿਆਈ ਮਿਲਦੀ ਹੈ ਉਹ ਸੱਚੀ ਵਡਿਆਈ ਹੈ। ਗੁਰੂ ਸਾਹਿਬਾਨ ਨੇ, ਭਗਤਾਂ ਨੇ ਪ੍ਰਮਾਤਮਾ ਦਾ ਸੱਚਾ ਨਾਮ ਜਪਿਆ ਹੈ ਜੋ ਉਹਨਾਂ ਨੇ ਆਪਣੀ ਸੱਚੀ ਸੁੱਚੀ ਕਰਨੀ ਦੁਆਰਾ ਜਪਿਆ ਹੈ ਜਿਸ ਕਰਕੇ ਉਹਨਾਂ ਦੀ ਵਡਿਆਈ ਸੱਚੀ ਹੈ ਭਾਵ ਉਹਨਾਂ ਨੇ ਆਪਣੇ ਜੀਵਨ ਵਿੱਚ ਸੱਚ ਤੇ ਚੱਲਕੇ ਨਾਮ ਜਪਿਆ ਹੈ ਤੇ ਸੱਚ ਤੇ ਚੱਲਣ ਦੁਆਰਾ ਹੀ ਨਾਮ ਜਪਣਾ ਸਾਰੇ ਸੰਸਾਰ ਨੂੰ ਸਮਝਾਇਆ ਹੈ, ਗੁਰਬਾਣੀ ਰਾਹੀਂ ਸਮਝਾਇਆ ਹੈ ਜੋ ਨਾਮ ਜਪਣਾ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰ ਸਕਦੇ ਹਾਂ ਕਿ ਨਾਮ ਜਪਣ ਨਾਲ ਸੱਚੀ ਵਡਿਆਈ ਕਿਸ ਤਰੀਕੇ ਮਿਲਦੀ ਹੈ।

"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥

ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥"

(ਅੰਗ - ੧੩੫-੧੩੬)

ਉੱਪਰ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦਾ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ ਕਿ ਅਸੀਂ ਕਿਸ ਤਰੀਕੇ ਪ੍ਰਮਾਤਮਾ ਦਾ ਨਾਮ ਜਪੀਏ ਜਿਸ ਤਰੀਕੇ ਪ੍ਰਮਾਤਮਾ ਨੂੰ ਭਾਵ ਉਸ ਨਾਮ ਦੇ ਦਾਤੇ ਨੂੰ ਪਾਇਆ ਜਾ ਸਕਦਾ ਹੈ, ਉਸ ਦੇ ਨਾਲ ਮਿਲਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਇਹੋ ਜਿਹਾ ਨਾਮ ਜਪਣ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝਾਉਂਦਾ ਹੈ। ਤੀਰਥਾਂ ਆਦਿ ਤੇ ਜਾ ਕੇ ਲੋਕ ਇਸ਼ਨਾਨ ਕਰਦੇ ਹਨ ਤੇ ਉਸ ਵਿੱਚ ਆਪਣਾ ਧਰਮ ਨਿਭਾਉਣਾ ਸਮਝਦੇ ਹਨ। ਕਿਸੇ ਖਾਸ ਮਹੀਨੇ ਦੇ ਇਸ਼ਨਾਨ ਨੂੰ ਉੱਚਾ ਇਸ਼ਨਾਨ ਮੰਨਿਆ ਜਾਂਦਾ ਹੈ ਜਿਵੇਂ ਕਿ ਪੁਰਾਣੀ ਮਾਨਤਾ ਅਨੁਸਾਰ ਮਾਘ ਦੇ ਮਹੀਨੇ ਦੇ ਇਸ਼ਨਾਨ ਨੂੰ ਭਾਵ ਮਾਘੀ ਦੇ ਇਸ਼ਨਾਨ ਨੂੰ ਉੱਚਾ ਇਸ਼ਨਾਨ ਮੰਨਿਆ ਜਾਂਦਾ ਹੈ ਜਿਸ ਕਰਕੇ ਅਨੇਕਾਂ ਹੀ ਅਨੇਕਾਂ ਆਪਣੀ ਧਾਰਮਿਕ ਆਸਥਾ ਅਨੁਸਾਰ ਤੀਰਥਾਂ ਤੇ ਮਾਘੀ ਦਾ ਇਸ਼ਨਾਨ ਕਰਨ ਜਾਂਦੇ ਹਨ ਪਰ ਸਾਡੇ ਲਈ ਅਸਲ ਉੱਚਾ ਇਸ਼ਨਾਨ ਕੀ ਹੈ ਜਿਸ ਦੁਆਰਾ ਅਸੀਂ ਆਪਣੀ ਸੱਚੀ ਧਾਰਮਿਕ ਆਸਥਾ ਪ੍ਰਗਟ ਕਰ ਸਕਦੇ ਹਾਂ, ਉੱਪਰ ਸ਼ਬਦ ਰਾਹੀਂ ਸਾਨੂੰ ਇਹ ਗੱਲ ਸਮਝਾਈ ਹੋਈ ਹੈ ਜਿਸ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਨੂੰ ਇਹੋ ਜਿਹੇ ਸਰੀਰਕ ਇਸ਼ਨਾਨ ਕਰਨ ਦੁਆਰਾ ਸਮਾਜ ਚੰਗਾ ਕਹਿੰਦਾ ਹੈ ਕਿ ਇਹ ਧਰਮ ਦੇ ਕਰਮ ਕਰਨ ਵਾਲਾ ਮਨੁੱਖ ਹੈ ਜਿਸ ਕਰਕੇ ਸਾਨੂੰ ਸਮਾਜ ਵਿੱਚੋਂ ਵਡਿਆਈ ਮਿਲਦੀ ਹੈ ਤੇ ਉਹੋ ਜਿਹੇ ਇਸ਼ਨਾਨ ਕਰਨ ਲਈ ਭਾਵ ਧਰਮ ਕਰਮ ਕਰਨ ਲਈ ਸਾਨੂੰ ਹੌਂਸਲਾ ਮਿਲਦਾ ਹੈ ਜਿਸ ਕਰਕੇ ਸਾਡਾ ਧਰਮੀ ਅਖਵਾਉਣ ਦਾ ਮਾਣ ਵੱਧਦਾ ਹੈ ਤੇ ਆਪਣੇ ਇਸ ਮਾਣ ਦਾ ਹਰ ਕੋਈ ਗੁਮਾਨ ਕਰਦਾ ਹੈ ਕਿ ਮੈਂ ਬੜੇ ਚੰਗੇ ਧਰਮ ਕਰਮ ਕਰਨ ਵਾਲਾ ਮਨੁੱਖ ਹਾਂ। ਇਹਨਾਂ ਵਡਿਆਈਆਂ ਨੂੰ ਸਾਡੀਆਂ ਝੂਠੀਆਂ ਵਡਿਆਈਆਂ ਦੱਸਿਆ ਹੋਇਆ ਹੈ ਤੇ ਸਾਡੀ ਸੱਚੀ ਵਡਿਆਈ ਕਿਸ ਵਿੱਚ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਫਰਕ ਨਾਮ ਨੂੰ ਸਮਝਣ ਦਾ ਹੀ ਹੈ ਭਾਵ ਗੁਰੂ ਦੀ ਮਤਿ ਨੂੰ ਸਮਝਣ ਦਾ ਹੀ ਹੈ, ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਦਾ ਹੀ ਹੈ, ਸੱਚੇ ਇਸ਼ਨਾਨ ਨੂੰ ਸਮਝਣ ਦਾ ਹੀ ਹੈ ਜੋ ਸਮਝ ਨਾਮ ਦਾ ਇਸ਼ਨਾਨ ਕਰਨ ਦੁਆਰਾ ਹੀ ਪੈਂਦੀ ਹੈ। ਆਉ ਪਹਿਲਾਂ ਸ਼ਬਦ ਦੀਆਂ ਉਪਰਲੀਆਂ ਦੋ ਪੰਗਤੀਆਂ ਨੂੰ ਸਮਝੀਏ।

"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥"

ਤੀਰਥਾਂ ਆਦਿ ਤੇ ਜਾ ਕੇ ਲੋਕੀ ਸਾਧੂਆਂ ਦੀ ਸੰਗਤਿ ਵਿੱਚ ਬੈਠ ਕੇ ਇਸ਼ਨਾਨ ਕਰਦੇ ਹਨ ਤੇ ਉਹਨਾਂ ਦੀ ਚਰਨ ਧੂੜ ਵੀ ਲੈਂਦੇ ਹਨ ਭਾਵ ਉਹਨਾਂ ਨੂੰ ਉੱਚਾ ਮੰਨ ਕੇ ਪੂਜਦੇ ਹਨ। ਸਾਨੂੰ ਉੱਪਰ ਪੰਗਤੀਆਂ ਰਾਹੀਂ ਸਾਧੂ ਦੀ ਧੂੜ ਦਾ ਹੀ ਇਸ਼ਨਾਨ ਕਰਨਾ ਸਿਖਾਇਆ ਹੈ ਭਾਵ ਅਸੀਂ ਸਾਧੂ ਕੋਲੋਂ ਉਸ ਦੀ ਧੂੜ ਲੈ ਕੇ ਭਾਵ ਚਰਨਾਂ ਦੀ ਧੂੜ ਲੈ ਕੇ ਉਸ ਧੂੜ ਨਾਲ ਇਸ਼ਨਾਨ ਕਰਨਾ ਹੈ। ਸਾਧੂ ਕੋਲੋਂ ਧੂੜ ਅਸੀਂ ਤਾਂ ਹੀ ਲੈ ਸਕਾਂਗੇ ਜੇਕਰ ਪਹਿਲਾਂ ਸਾਨੂੰ ਇਹ ਪਤਾ ਹੋਵੇ ਕਿ ਉਹ ਸਾਧੂ ਕਿਹੜਾ ਹੈ ਜਿਸ ਦੇ ਕੋਲੋਂ ਅਸੀਂ ਧੂੜ ਲੈਣੀ ਹੈ ਤੇ ਉਸ ਦੀ ਧੂੜ ਕਿਸ ਰੂਪ ਵਿੱਚ ਹੈ ਜਿਸ ਧੂੜ ਨਾਲ ਅਸੀਂ ਇਸ਼ਨਾਨ ਕਰਨਾ ਹੈ ਤੇ ਉਹ ਇਸ਼ਨਾਨ ਕਿਸ ਲਈ ਕਰਨਾ ਹੈ ਤੇ ਸਾਡੇ ਸਰੀਰ ਦੇ ਕਿਸ ਹਿੱਸੇ ਨੇ ਉਹ ਇਸ਼ਨਾਨ ਕਰਨਾ ਹੈ। ਇਸ਼ਨਾਨ ਕਰਨ ਦਾ ਮਕਸਦ ਤਾਂ ਮੈਲ ਉਤਾਰਨ ਲਈ ਹੀ ਹੁੰਦਾ ਹੈ ਤੇ ਹੋਰ ਕੋਈ ਨਹੀਂ ਹੁੰਦਾ ਪਰ ਆਪਣੀ ਜਿਸ ਮੈਲ ਨੂੰ ਅਸੀਂ ਉਤਾਰਨਾ ਹੈ ਉਹ ਮੈਲ ਸਾਡੇ ਅੰਦਰ ਕਿੱਥੇ ਲੱਗੀ ਹੋਈ ਹੈ ਜੋ ਸਾਧੂ ਦੀ ਧੂੜ ਨਾਲ ਉਤਰਦੀ ਹੈ ਪਹਿਲਾਂ ਉਸ ਮੈਲ ਦਾ ਵੀ ਪਤਾ ਹੋਣਾ ਜਰੂਰੀ ਹੈ ਵਰਨਾ ਸਾਡਾ ਇਸ਼ਨਾਨ ਕੀਤਾ ਕਿਹੜੇ ਕੰਮ ਆਵੇਗਾ ਜੇਕਰ ਮੈਲ ਉੱਥੇ ਦੀ ਉੱਥੇ ਹੀ ਰਹੀ ਜਿਸ ਨੂੰ ਉਤਾਰਨ ਲਈ ਅਸੀਂ ਇਸ਼ਨਾਨ ਕਰਨਾ ਹੈ ਭਾਵ ਸਾਡੇ ਲਈ ਉਸ ਸਾਧੂ ਦੀ ਸਮਝ ਹੋਣਾ ਵੀ ਜਰੂਰੀ ਹੈ ਜਿਸ ਦੇ ਕੋਲੋਂ ਅਸੀਂ ਧੂੜੀ ਲੈਣੀ ਹੈ ਤੇ ਉਸ ਧੂੜੀ ਨਾਲ ਇਸ਼ਨਾਨ ਕਿਸ ਤਰੀਕੇ ਕਰਨਾ ਹੈ, ਇਸ ਦੀ ਸਮਝ ਹੋਣੀ ਵੀ ਜਰੂਰੀ ਹੈ। ਬਾਣੀ ਰਾਹੀਂ ਸਾਨੂੰ ਸਭ ਕੁੱਝ ਸਮਝਾਇਆ ਹੋਇਆ ਹੈ ਤੇ ਕੇਵਲ ਤੇ ਕੇਵਲ ਬਾਣੀ ਨੂੰ, ਬਾਣੀ ਦੇ ਹਰ ਸ਼ਬਦ ਨੂੰ ਧਿਆਨ ਨਾਲ ਵਿਚਾਰਨ ਦੀ ਭਾਵ ਸਮਝਣ ਦੀ ਤੇ ਮੰਨਣ ਦੀ ਲੋੜ ਹੈ। ਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਗੱਲ ਸਮਝਾਈ ਹੋਈ ਹੈ ਕਿ ਸਾਧੂ ਰੂਪ ਆਪ ਹੀ ਗੁਰਬਾਣੀ ਹੈ, ਆਪ ਹੀ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਦਾ ਸਾਧੂ ਰੂਪ ਹੀ ਉਸ ਦਾ ਸੰਤ ਰੂਪ ਹੈ, ਉਸ ਦਾ ਭਗਤ ਰੂਪ ਹੈ, ਜਨ

ਰੂਪ ਹੈ, ਦਾਸ ਰੂਪ ਹੈ ਭਾਵ ਸਾਧ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਕੁੱਝ ਸਮਝਿਆ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਹੋਰ ਵੀ ਸਮਝਿਆ ਜਾ ਸਕਦਾ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਇਸ ਗੱਲ ਨੂੰ ਦ੍ਰਿੜ ਕਰਾਂਗੇ। ਪ੍ਰਮਾਤਮਾ ਦਾ ਸਾਧ ਰੂਪ ਭਾਵ ਗੁਰਬਾਣੀ ਗੁਰੂ ਰੂਪ ਸਾਨੂੰ ਹਰ ਸ਼ਬਦ ਰਾਹੀਂ ਆਪਣੀ ਚਰਨ ਧੂੜ ਹੀ ਵੰਡ ਰਿਹਾ ਹੈ ਜੋ ਚਰਨ ਧੂੜ ਅਸੀਂ ਗੁਰੂ ਕੋਲੋਂ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਲੈਣੀ ਹੈ ਜਿਸ ਧੂੜ ਦੁਆਰਾ ਗੁਰੂ ਸਾਨੂੰ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਗਿਆਨ ਦਾ ਮਕਸਦ ਸਾਡੇ ਮਨ ਦੀ ਮੈਲ ਧੋਣ ਦੇ ਨਾਲ ਹੈ ਜੋ ਮੈਲ ਸਾਡੇ ਸਭ ਦੇ ਅੰਦਰ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ, ਜੋ ਮੈਲ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ, ਸਾਨੂੰ ਤ੍ਰੈਗੁਣਾਂ ਵਿੱਚ ਰੱਖਕੇ, ਹਉਮੈ ਵਿੱਚ ਰੱਖਕੇ, ਮਾਇਆ ਮੋਹ ਵਿੱਚ ਰੱਖਕੇ ਪਾਈ ਹੋਈ ਹੈ। ਸਾਡੇ ਅੰਦਰ ਹਰ ਭਰਮ ਵਾਲਾ ਵਿਚਾਰ, ਹਰ ਮਨਮਤਿ ਵਾਲਾ ਵਿਚਾਰ ਜੋ ਸ਼ਬਦ ਦੀ ਵਿਚਾਰ ਤੇ ਪੂਰਾ ਨਹੀਂ ਉਤਰਦਾ ਉਹ ਸਾਡੇ ਮਨ ਨੂੰ ਮੈਲਾ ਕਰਦਾ ਹੈ ਤੇ "**ਸਾਧ ਰੂਪ**" ਗੁਰੂ ਕੋਲੋਂ ਉਸ ਦੀ ਚਰਨ ਧੂੜ ਲੈ ਕੇ ਆਪਣੇ ਮਨ ਦੀ ਇਸ ਮੈਲ ਨੂੰ ਕੱਢਣਾ ਹੈ ਭਾਵ ਧੋਣਾ ਹੈ ਭਾਵ ਆਪਣੇ ਮਨ ਨੂੰ ਪਵਿੱਤਰ ਕਰਨਾ ਹੈ, ਭਰਮਾਂ ਦੀ ਮੈਲ ਤੋਂ ਪਵਿੱਤਰ ਕਰਨਾ ਹੈ। ਮਨ ਦੀ ਪਵਿੱਤਰਤਾ-ਅਪਵਿੱਤਰਤਾ ਕੀ ਹੈ ਭਾਵ ਸੁੱਚ-ਜੂਠ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਾਧੂ ਧੂੜ ਨਾਲ ਇਸ਼ਨਾਨ ਕਰਨਾ ਕੀ ਹੈ, ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

"ਅਹੰਬੁਧਿ ਮਨ ਪੂਰਿ ਬਿਧਾਈ ॥
ਸਾਧ ਧੂਰਿ ਕਰਿ ਸੁਧ ਮੰਜਾਈ ॥੧॥
ਅਨਿਕ ਜਲਾ ਜੇ ਧੋਵੈ ਦੇਹੀ ॥
ਮੈਲੁ ਨ ਉਤਰੈ ਸੁਧੁ ਨ ਤੇਹੀ ॥੨॥"

(ਅੰਗ - ੨੦੦)

ਸਾਧ ਦੀ ਧੂੜ ਕਿਸ ਲਈ ਹੈ ਇਸ ਗੱਲ ਨੂੰ ਉਪਰਲੀਆਂ ਪੰਗਤੀਆਂ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਇਸ ਧੂੜ ਦਾ ਮਕਸਦ ਸਾਡੇ ਮਨ ਦੀ ਬੁੱਧੀ ਨੂੰ ਭਾਵ ਸਾਡੇ ਮਨ ਦੀ ਸਮਝ ਨੂੰ ਮਾਂਜਣ ਦੇ ਨਾਲ ਹੈ ਭਾਵ ਸਾਡੇ ਮਨ ਦੀ ਮੈਲ ਨੂੰ ਧੋਣ ਦੇ ਨਾਲ ਹੈ ਜੋ ਮੈਲ ਸਾਡੇ ਅੰਦਰ "**ਅਹੰਬੁਧਿ**" ਦੇ ਰੂਪ ਵਿੱਚ ਹੈ ਭਾਵ ਹਉਮੈ ਵਾਲੀ ਬੁੱਧੀ ਦੇ ਰੂਪ ਵਿੱਚ ਹੈ, ਮੈਂ ਵਾਲੀ ਬੁੱਧੀ ਦੇ ਰੂਪ ਵਿੱਚ ਹੈ ਭਾਵ ਮਨਮਤਿ ਦੇ ਰੂਪ ਵਿੱਚ ਹੈ। "**ਮਨਮਤਿ**" ਉਹ ਹੈ ਜਿੱਥੇ "**ਗੁਰਮਤਿ**" ਨਹੀਂ ਹੈ। ਜਦੋਂ ਕਿਸੇ ਬਰਤਨ ਤੇ ਥਿੰਦਾਈ ਚੜ੍ਹ ਜਾਂਦੀ ਹੈ ਉਦੋਂ ਅਸੀਂ ਉਸ ਬਰਤਨ ਨੂੰ ਉਸ ਦੀ ਥਿੰਦਾਈ ਉਤਾਰਨ ਲਈ ਉਸ ਨੂੰ ਸੁਆਹ ਦੇ ਨਾਲ ਮਾਂਜਦੇ ਹਾਂ ਜਿਵੇਂ ਕਿ ਹੁਣ ਵੀ ਘਰਾਂ ਦੇ ਵਿੱਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਪੁਰਾਣੇ ਸਮੇਂ ਵਿੱਚ ਬਰਤਨਾਂ ਨੂੰ ਘਰਾਂ ਦੇ ਵਿੱਚ ਸੁਆਹ ਦੇ ਨਾਲ ਹੀ ਮਾਂਜਿਆ ਜਾਂਦਾ ਸੀ, ਉਸ ਸੁਵਾਹ ਦੇ ਨਾਲ ਮਾਂਜਿਆ ਜਾਂਦਾ ਸੀ ਜੋ ਸਵਾਹ ਲੱਕੜਾਂ ਨੂੰ ਬਾਲਣ ਤੋਂ ਬਾਅਦ ਜਾਂ ਗੋਹੇ ਦੀ ਅੱਗ ਜਲਾਉਣ ਤੋਂ ਬਾਅਦ ਬਚਦੀ ਹੈ। ਬਰਤਨਾਂ ਦੇ ਉੱਤੇ ਜੋ ਥਿੰਦਾਈ ਹੁੰਦੀ ਹੈ ਉਹ ਬਰਤਨਾਂ ਨੂੰ ਮੈਲਾ ਕਰਦੀ ਹੈ ਜੋ ਬਰਤਨ ਫਿਰ ਖਾਣਾ ਪਰੋਸਣ ਦੇ ਲਾਇਕ ਨਹੀਂ ਰਹਿੰਦੇ ਜਿਸ ਕਰਕੇ ਉਹਨਾਂ ਨੂੰ ਮਾਂਜਿਆ ਜਾਂਦਾ ਹੈ ਤਾਂ ਜੋ ਉਹਨਾਂ ਵਿੱਚ ਖਾਣਾ ਪਰੋਸਿਆ ਜਾ ਸਕੇ ਭਾਵ ਖਾਣੇ ਨੂੰ ਸੁੱਚਾ ਰੱਖਿਆ ਜਾ ਸਕੇ ਤਾਂ ਜੋ ਬਰਤਨਾਂ ਦੀ ਮੈਲ ਖਾਣੇ ਨੂੰ ਨਾ ਲੱਗੇ, ਖਾਣੇ ਨੂੰ ਮੈਲਾ ਨਾ ਕਰੇ। ਇਸੇ ਤਰ੍ਹਾਂ ਸਾਡੇ ਅੰਦਰ ਜੋ ਮੈਲ ਮਨ ਨੂੰ ਮੈਲਾ ਕਰਦੀ ਹੈ ਭਾਵ ਸਾਡੀ ਸਮਝ ਦੇ ਉੱਤੇ ਜੋ ਥਿੰਦਾਈ ਚੜਾਉਂਦੀ ਹੈ ਉਹ ਸਾਡੀ "ਅਹੰਬੁਧਿ" ਹੈ ਜਿਸ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ। ਮਨ ਦੀ ਇਹ ਮੈਲ ਉਤਰੇ ਬਿਨ੍ਹਾਂ ਅਸੀਂ ਗੁਰੂ ਦਾ ਸੱਚਾ ਭੋਜਨ ਨਹੀਂ ਛਕ ਸਕਦੇ ਜੋ ਉਸ ਦਾ ਭੋਜਨ ਨਾਮ ਦੇ ਰੂਪ ਵਿੱਚ ਹੈ, ਗੁਰੂ ਦੀ ਮਤਿ ਦੇ ਰੂਪ ਵਿੱਚ ਹੈ ਭਾਵ ਸਾਧੂ ਧੂੜ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ "ਸਾਧੂ ਧੂੜ" ਹੀ ਹੈ ਭਾਵ ਨਾਮ ਰੂਪ ਭੋਜਨ ਹੀ ਹੈ, ਅੰਮ੍ਰਿਤ ਭੋਜਨ ਹੀ ਹੈ ਜੋ ਪੂਰੀ ਗੁਰਬਾਣੀ ਵਿੱਚ ਗੁਰੂ ਦੀ ਚਰਣ ਧੂੜ ਦੇ ਰੂਪ ਵਿੱਚ ਹੈ। ਜਦ ਤੱਕ ਸਾਡੇ ਅੰਦਰ ਅਹੰਬੁਧਿ ਰੂਪ ਮੈਲ ਹੈ ਇਸ ਦੇ ਰਹਿੰਦਿਆਂ ਅਸੀਂ ਜੋ ਵੀ ਗੁਰੂ ਕੋਲੋਂ ਭੋਜਨ ਲੈਂਦੇ ਹਾਂ ਭਾਵ ਉਸ ਦੀ ਗੁਰਮਤਿ ਨੂੰ ਲੈਂਦੇ ਹਾਂ ਭਾਵ ਸ਼ਬਦਾਂ ਦੇ ਵਿਚਾਰਾਂ ਨੂੰ ਲੈਂਦੇ ਹਾਂ ਇਹ ਉਹਨਾਂ ਵਿਚਾਰਾਂ ਦੀ ਸ਼ੁੱਧੀ ਨੂੰ ਸਾਡੇ ਮਨ ਨਾਸਮਝਿ ਮਤਿ ਰੂਪ ਮੈਲ, ਹਉਮੈ ਰੂਪ ਮੈਲ ਖਰਾਬ ਕਰ ਦਿੰਦੀ ਹੈ ਭਾਵ ਸਾਡੇ ਮਨ ਦੀ ਸਮਝ ਨੂੰ ਖਰਾਬ ਕਰ ਦਿੰਦੀ ਹੈ। ਸਾਡੇ ਮਨ ਦੀ ਮੈਲ ਤਾਂ ਹੀ ਉਤਰ ਸਕਦੀ ਹੈ ਜਦੋਂ ਅਸੀਂ ਇਸ ਆਪਣੀ ਅਹੰਬੁਧਿ ਰੂਪ ਮੈਲ ਨੂੰ ਗੁਰੂ ਦੀ ਧੂੜ ਨਾਲ ਭਾਵ ਗੁਰਮਤਿ ਰੂਪ ਸੱਚੇ ਗਿਆਨ ਨਾਲ ਮਾਂਜਾਗੇ, ਧੋਵਾਂਗੇ ਭਾਵ ਇਹ ਮਨ ਦੀ

ਮੈਲ ਤਾਂ ਹੀ ਧੁਪੇਗੀ ਜਦੋਂ ਅਸੀਂ ਗੁਰੂ ਦੀ ਸਮਝ ਨੂੰ ਮੰਨਾਂਗੇ ਤੇ ਆਪਣੀ ਸਮਝ ਨੂੰ ਛੱਡਾਂਗੇ। ਜਿਹੜੇ ਭਗਤੀ ਦੇ ਮਾਰਗ ਤੇ ਆਪਣੇ ਮਨ ਦੀ ਸਮਝ ਦੇ ਨਾਲ ਚੱਲਦੇ ਹਨ, ਅਹੰਬੁਧਿ ਦੇ ਨਾਲ ਚੱਲਦੇ ਹਨ, ਉਹ ਜਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦੇ ਹਨ ਉਹ ਆਪਣੀ ਭਗਤੀ ਨੂੰ ਠੀਕ ਹੀ ਕਹਿੰਦੇ ਹਨ ਭਾਵ ਆਪਣੇ ਆਪ ਨੂੰ ਗੁਰਮਤਿ ਦੀ ਸੱਚੀ ਸਮਝ ਵਾਲਾ ਹੀ ਦੱਸਦੇ ਹਨ ਭਾਵ ਆਪਣੀ ਮਨਮਤਿ ਨੂੰ ਗੁਰਮਤਿ ਦਾ ਰੂਪ ਹੀ ਦਿੰਦੇ ਹਨ। ਇਸ ਤੋਂ ਭਾਵ ਇਹ ਹੋਇਆ ਕਿ ਉਹਨਾਂ ਨੇ ਗੁਰੂ ਦਾ ਭੋਜਨ ਜਿਸ ਮੈਲੇ ਮਨ ਰੂਪ ਭਾਂਡੇ ਵਿੱਚ ਛਕਿਆ ਉਹਨਾਂ ਨੇ ਉਸ ਭੋਜਨ ਨੂੰ ਹੀ ਮੈਲਾ ਕਰ ਦਿੱਤਾ ਭਾਵ ਮਨਮਤਿ ਨੇ ਗੁਰਮਤਿ ਨੂੰ ਮੈਲਾ ਕਰ ਦਿੱਤਾ ਭਾਵ ਮਨਮਤਿ ਦੀ ਮੈਲ ਗੁਰਮਤਿ ਦੇ ਉੱਤੇ ਚੜ੍ਹਾ ਦਿੱਤੀ। ਜੋ ਇੱਕ ਅੱਖਰ ਨੂੰ ਨਾਮ ਸਮਝਕੇ ਜਪਦੇ ਹਨ ਤੇ ਸਰੀਰਕ ਜਪ ਤਪ ਆਦਿ ਕਰਦੇ ਹਨ ਕੀ ਉਹ ਕਦੇ ਮਨ ਸਕਦੇ ਹਨ ਕਿ ਸਾਡੇ ਅੰਦਰ ਅਹੰਬੁਧਿ ਹੈ, ਮਨਮਤਿ ਹੈ ਭਾਵ ਅਸੀਂ ਗੁਰਮਤਿ ਵਾਲੇ ਨਹੀਂ ਹਾਂ। ਇਸ ਦਾ ਕਾਰਨ ਸਾਡੇ ਅੰਦਰ ਆਪਣੀ ਮੈਲੀ ਮਤਿ ਹੈ ਜੋ ਮਨ ਦੀ ਮੈਲ ਸਾਡੇ ਅੰਦਰ ਮਾਇਆ ਰੂਪ ਮੈਲ ਹੈ, ਹਉਮੈ ਰੂਪ ਮੈਲ ਹੈ, ਤ੍ਰੈਗੁਣਾਂ ਵਾਲੀ ਸਮਝ ਦੀ ਮੈਲ ਹੈ ਜੋ ਨਾਸਮਝਿ ਮਤਿ ਸਾਡੀ ਭਰਮਾਂ ਦੀ ਭਰੀ ਹੋਈ ਮਤਿ ਹੈ ਜੋ ਝੂਠ ਨੂੰ ਹੀ ਸੱਚ ਸਮਝਾਉਂਦੀ ਹੈ ਭਾਵ ਸੱਚ ਨੂੰ ਝੂਠਾ ਸਾਬਤ ਕਰ ਦਿੰਦੀ ਹੈ ਭਾਵ ਸੱਚ ਤੇ ਝੂਠ ਦੀ ਮੈਲ ਚੜਾ ਦਿੰਦੀ ਹੈ। ਮਨ ਦੀ ਮੈਲ ਕੀ ਹੈ ਇਸ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਇਹ ਮਨ ਦੀ ਮੈਲ ਨਹੀਂ ਉਤਰਦੀ ਅਸੀਂ ਭਰਮਾਂ ਵਿੱਚ ਹੀ ਆਪਣੇ ਆਪ ਨੂੰ ਸੱਚੀ ਭਗਤੀ ਵਾਲੇ ਸਮਝਦੇ ਹਾਂ ਭਾਵ ਮਨਮਤਿ ਵਿੱਚ ਰਹਿੰਦੇ ਹੋਏ ਹੀ ਆਪਣੇ ਆਪ ਨੂੰ ਗੁਰਮਤਿ ਦੀ ਸਮਝ ਵਾਲੇ ਸਮਝਦੇ ਹਾਂ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਕੁੱਝ ਗਹਿਰੇ ਭਾਵ ਦੁਆਰਾ ਸਮਝਾ ਰਹੇ ਹਨ ਜਿਸ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰਮਤਿ ਦੇ ਅਸਲ ਮਕਸਦ ਨੂੰ ਸਮਝ ਸਕੀਏ ਜਿਸ ਦਾ ਮਕਸਦ ਆਪਣੀ ਨਾਸਮਝ ਮਤਿ ਨੂੰ ਭਾਵ ਪੁੱਠੀ ਮਤਿ ਨੂੰ ਸਿੱਧੀ ਕਰਨ ਦੇ ਨਾਲ ਹੀ ਹੈ ਕਿਉਂਕਿ ਸੰਸਾਰ ਨੂੰ ਪ੍ਰਮਾਤਮਾ ਨੇ ਆਪ ਹੀ ਪੁੱਠੀ ਮਤਿ ਵਿੱਚ ਰੱਖਿਆ ਹੋਇਆ ਹੈ ਭਾਵ ਅਗਿਆਨਤਾ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਨੂੰ ਸੱਚੇ ਗਿਆਨ ਦੀ ਸਮਝ ਨਹੀਂ ਪੈਂਦੀ ਤੇ ਆਪਣੀ ਅਗਿਆਨਤਾ ਤੇ ਹੀ, ਭਰਮਾਂ ਵਾਲੀ ਭਗਤੀ ਕਰਨ ਵਿੱਚ ਹੀ ਮਾਣ ਕਰਦੇ ਹਨ ਭਾਵ ਗੁਰਮਤਿ ਦੇ ਉਲਟ ਚੱਲਦੇ ਹੋਏ ਵੀ ਆਪਣੇ ਆਪ ਨੂੰ ਗੁਰਮਤਿ ਵਾਲਾ ਅਖਵਾਉਂਦੇ ਹਨ।

ਗਉੜੀ ਮਹਲਾ ੫ ॥

“ਜਨ ਕੀ ਧੂਰਿ ਮਨ ਮੀਠ ਖਟਾਨੀ ॥

ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥੧॥ ਰਹਾਉ ॥

ਅਹੰਬੁਧਿ ਮਨ ਪੂਰਿ ਬਿਧਾਈ ॥

ਸਾਧ ਧੂਰਿ ਕਰਿ ਸੁਧ ਮੰਜਾਈ ॥੧॥

ਅਨਿਕ ਜਲਾ ਜੇ ਧੋਵੈ ਦੇਹੀ ॥

ਮੈਲੁ ਨ ਉਤਰੈ ਸੁਧੁ ਨ ਤੇਹੀ ॥੨॥

ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥

ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥੩॥

ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥

ਪ੍ਰੇਮ ਭਗਤਿ ਨਾਨਕ ਗੁਣ ਗਾਉ ॥”

(ਅੰਗ - ੧੯੯-੨੦੦)

ਉੱਪਰ ਸ਼ਬਦ ਰਾਹੀਂ ਮਨੁੱਖ ਦੀ ਭਰਮਾਂ ਵਾਲੀ ਮਤਿ ਵਿੱਚ ਤੇ ਗੁਰੂ ਦੀ ਸੱਚੀ ਮਤਿ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਤੇ ਇਹ ਸਮਝਾਇਆ ਹੋਇਆ ਹੈ ਕਿ ਭਰਮ ਵਾਲੀ ਮਤਿ ਵਿੱਚ ਰਹਿੰਦਿਆਂ ਸਾਡੇ ਮਨ ਦੀ ਸੋਚ ਭਾਵ ਸਾਡੇ ਮਨ ਦੀ ਸਮਝ ਪੁੱਠੇ ਪਾਸੇ ਚੱਲਦੀ ਹੈ ਭਾਵ ਸੱਚ ਦੇ ਉਲਟ ਚੱਲਦੀ ਹੈ, ਗੁਰਮਤਿ ਦੇ ਉਲਟ ਚੱਲਦੀ ਹੈ ਪਰ ਮਨੁੱਖ ਨੂੰ ਪੁੱਠਾ ਪਾਸਾ ਹੀ ਸਹੀ ਪਾਸਾ ਨਜ਼ਰ ਆਉਂਦਾ ਹੈ। ਆਪਣੇ ਆਪ ਕਦੇ ਨਹੀਂ ਕੋਈ ਸਮਝ ਸਕਦਾ ਕਿ ਮੈਂ ਭਰਮਾਂ ਵਿੱਚ ਹਾਂ ਕਿਉਂਕਿ ਇਹ ਸਾਡੇ ਵੱਸ ਹੀ ਨਹੀਂ ਹੈ। ਸਾਡੇ ਅੰਦਰ ਜੋ ਸਮਝ ਹੈ ਉਹ ਸਾਡੀ ਨਹੀਂ ਹੈ ਪਰ ਪ੍ਰਮਾਤਮਾ ਦੀ ਪਾਈ ਹੋਈ ਹੈ ਪਰ ਅਸੀਂ ਇਸ ਨੂੰ ਆਪਣੀ ਸਮਝ ਹੀ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ ਪਰ ਅਸੀਂ ਇਸ ਗੱਲ ਨੂੰ ਤਦ ਤੱਕ ਨਹੀਂ ਮੰਨ ਸਕਦੇ ਜਦ ਤੱਕ ਮਨ ਦੇ ਵਿੱਚੋਂ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਕਿਸੇ ਦਾ ਭਰਮ ਨਹੀਂ ਕੱਢਦਾ। ਬਾਣੀ ਵਿੱਚ ਵਾਰ-ਵਾਰ ਸਾਡੇ ਅੰਦਰ ਪੁੱਠੇ ਕਮਲ ਦੇ ਹੋਣ ਦੀ ਤੇ ਸਿੱਧੇ ਕਮਲ ਦੇ ਹੋਣ ਦੀ ਗੱਲ ਆਉਂਦੀ ਹੈ। ਕਮਲ ਸਾਡੇ ਮਨ ਨੂੰ ਕਿਹਾ ਹੈ ਤੇ ਪੁੱਠਾ ਕਮਲ ਸਾਡੇ ਮਨ ਦੀ ਪੁੱਠੀ ਸਮਝ ਹੈ ਜੋ ਸਾਨੂੰ ਸੱਚ ਤੋਂ ਪੁੱਠੇ ਪਾਸੇ ਤੋਰਦੀ ਹੈ ਤੇ ਸਿੱਧਾ ਕਮਲ ਉਹ ਹੈ ਜਦੋਂ ਸਾਡੀ ਪੁੱਠੀ ਮਤਿ ਪਲਟ ਕੇ ਸਿੱਧੀ ਹੋ ਜਾਂਦੀ ਹੈ। ਇਹ ਸਿੱਧੀ ਮਤਿ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ, ਸੱਚੇ ਗਿਆਨ ਵਾਲੀ ਸਮਝ ਹੈ, ਨਾਮ ਵਾਲੀ ਸਮਝ ਹੈ, ਬ੍ਰਹਮ ਗਿਆਨ ਵਾਲੀ ਸਮਝ ਹੈ। ਪੁੱਠਾ ਕਮਲ ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੈ ਤੇ ਸਿੱਧਾ ਕਮਲ ਸਾਡੇ ਅੰਦਰ ਨਾਮ ਵਾਲੀ ਸਮਝ ਹੈ। ਗੁਰੂ ਦੇ ਕੋਲ ਚੌਥੇ ਪਦ ਵਾਲਾ ਗਿਆਨ ਹੈ ਭਾਵ ਮਨ ਦੇ ਸਿੱਧੇ ਕਮਲ ਵਾਲਾ ਗਿਆਨ ਹੈ ਜਿਸ ਗਿਆਨ ਦਾ ਮਕਸਦ ਸਾਡੇ ਮਨ ਦੀ ਸਮਝ ਨੂੰ ਪੁੱਠੇ ਮਾਰਗ ਤੋਂ ਹਟਾ ਕੇ ਸਿੱਧੇ ਮਾਰਗ ਤੇ ਪਾਉਣ ਦਾ ਹੈ। ਗੁਰਬਾਣੀ ਰਾਹੀਂ ਸਾਨੂੰ ਵਾਰ ਵਾਰ ਸ਼ਬਦਾਂ ਰਾਹੀਂ ਸਾਡੇ ਪੁੱਠੇ ਮਾਰਗ ਵਿੱਚ ਤੇ ਸਿੱਧੇ ਮਾਰਗ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਸਿੱਧਾ ਮਾਰਗ ਭਗਤੀ ਦਾ ਸੱਚਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ ਜੋ ਸਾਨੂੰ ਮਾਇਆ ਮੋਹ ਵਿੱਚੋਂ ਕੱਢ ਕੇ, ਔਗੁਣਾਂ ਵਿੱਚੋਂ ਕੱਢ ਕੇ ਗੁਣਾਂ ਨਾਲ ਜੋੜਦਾ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਗੁਣੀ ਬਣ ਕੇ ਵਿਚਰੀਏ ਜੋ ਕਿ ਭਗਤੀ ਦਾ ਸਿੱਧਾ ਮਾਰਗ ਹੈ ਤੇ ਭਗਤੀ ਦੇ ਸਿੱਧੇ ਮਾਰਗ ਨੂੰ ਛੱਡ ਕੇ ਅਸੀਂ ਆਪਣੇ ਜੀਵਨ ਵਿੱਚ ਜੋ ਵੀ ਕਰਮ ਕਰਦੇ ਹਾਂ ਉਹ ਭਗਤੀ ਦਾ ਪੁੱਠਾ ਮਾਰਗ ਹੈ ਤੇ ਮਨ ਦੀ ਨਾਸਮਝੀ ਕਰਕੇ ਅਸੀਂ ਆਪਣੇ ਵੱਲੋਂ ਅਨੇਕਾਂ ਭਗਤੀ ਦੇ ਮਾਰਗ ਬਣਾਏ ਹੋਏ ਹਨ ਜੋ ਕਿ ਭਗਤੀ ਦਾ ਪੁੱਠਾ ਮਾਰਗ ਹੀ ਹੈ ਭਾਵ ਸਾਡੇ ਅੰਦਰ ਦੀ ਪੁੱਠੀ ਮਤਿ ਸਾਨੂੰ ਭਗਤੀ ਦੇ ਪੁੱਠੇ ਮਾਰਗ ਨਾਲ ਜੋੜਦੀ ਹੈ ਪਰ ਉਸ ਪੁੱਠੇ ਮਾਰਗ ਨੂੰ ਸਿੱਧਾ ਮਾਰਗ ਹੀ ਸਮਝਾਉਂਦੀ ਹੈ ਤਾਂ ਜੋ ਅਸੀਂ ਪੁੱਠੇ ਮਾਰਗ ਤੇ ਹੀ ਚੱਲਦੇ ਰਹੀਏ ਭਾਵ ਸਾਨੂੰ ਆਪਣੇ ਅੰਦਰੋਂ ਸਾਡੀ ਪੁੱਠੀ ਸਮਝ ਵਿਸ਼ਵਾਸ ਹੀ ਇਹ ਦਿਵਾਉਂਦੀ ਹੈ ਕਿ ਅਸੀਂ ਸਿੱਧੇ ਮਾਰਗ ਤੇ ਚੱਲ ਰਹੇ ਹਾਂ। ਸਾਡੇ ਮਨ ਦਾ ਇਹ ਝੂਠਾ ਵਿਸ਼ਵਾਸ ਹੀ ਸਾਡਾ ਭਰਮ ਹੈ ਜਿਸ ਵਿੱਚੋਂ ਨਿਕਲਣਾ ਅਤਿ ਦਾ ਔਖਾ ਹੈ ਕਿਉਂਕਿ ਇਹ ਸਮਝ ਸਾਡੇ ਵੱਸ ਨਹੀਂ ਹੈ। ਜਿਸ ਨੇ ਸਾਡੇ ਅੰਦਰ ਦਾ ਕਮਲ ਪੁੱਠਾ ਕੀਤਾ ਹੋਇਆ ਹੈ ਉਹੀ ਇਸ ਨੂੰ ਸਿੱਧਾ ਕਰ ਸਕਦਾ ਹੈ। ਧਰਮ ਗ੍ਰੰਥਾਂ ਦੀ ਰਚਨਾ, ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਇਸੇ ਲਈ ਕੀਤੀ ਹੈ ਕਿ

ਅਸੀਂ ਆਪਣੀ ਨਾਸਮਝ ਪੁੱਠੀ ਮਤਿ ਨੂੰ ਜਿਸ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ ਉਸ ਸਮਝ ਨੂੰ ਧਰਮ ਗ੍ਰੰਥ ਪੜ੍ਹਨ ਦੁਆਰਾ, ਸਮਝਣ ਦੁਆਰਾ ਤੇ ਮੰਨਣ ਦੁਆਰਾ ਸਿੱਧੀ ਕਰਨ ਦਾ ਉਪਰਾਲਾ ਕਰੀਏ ਭਾਵ ਆਪਣੀ ਮਨਮਤਿ ਨੂੰ ਗੁਰਮਤਿ ਵਾਲੀ ਸਮਝ ਬਣਾਉਣ ਦਾ ਉਪਰਾਲਾ ਕਰੀਏ, ਆਪਣੀ ਹਉਮੈ ਵਾਲੀ ਸਮਝ ਨੂੰ ਨਾਮ ਵਾਲੀ ਸਮਝ ਬਣਾਉਣ ਦਾ ਉਪਰਾਲਾ ਕਰੀਏ ਤਾਂ ਜੋ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਕੇ ਉਸ ਅਨੁਸਾਰ ਵਿਚਰ ਸਕੀਏ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੀਏ ਜੋ ਸਾਡੇ ਜੀਵਨ ਦਾ ਅਸਲ ਮਨੋਰਥ ਹੈ। ਪਿਛਲੇ ਮੁੱਖ ਸ਼ਬਦ ਦੇ ਅਰਥ ਸਮਝਣ ਤੋਂ ਪਹਿਲਾਂ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਪੁੱਠੇ ਕਮਲ ਤੇ ਸਿੱਧੇ ਕਮਲ ਵਿੱਚ ਫਰਕ ਸਮਝੀਏ ਜੋ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਸੇਵਾ ਏਕ ਨ ਜਾਨਸਿ ਅਵਰੇ ॥
ਪਰਪੰਚ ਬਿਆਧਿ ਤਿਆਗੈ ਕਵਰੇ ॥
ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥
ਐਸਾ ਰਾਮ ਭਗਤੁ ਜਨੁ ਹੋਈ ॥
ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥
ਊਂਧੋ ਕਵਲੁ ਸਗਲ ਸੰਸਾਰੈ ॥
ਦੁਰਮਤਿ ਅਗਨਿ ਜਗਤ ਪਰਜਾਰੈ ॥
ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥”

(ਅੰਗ - ੨੨੫)

ਉੱਪਰ ਰਹਾਉ ਵਾਲੀਆਂ ਪੰਗਤੀਆਂ ਨੂੰ ਤੇ ਉਸ ਤੋਂ ਅਗਲੇ ਪਦੇ ਨੂੰ ਸਮਝਣ ਦੁਆਰਾ ਹੀ ਇਹ ਪਤਾ ਚੱਲ ਜਾਂਦਾ ਹੈ ਕਿ ਸਾਡੇ ਅੰਦਰ ਪੁੱਠਾ ਕਮਲ ਕੀ ਹੈ ਭਾਵ ਕਿਸ ਰੂਪ ਵਿੱਚ ਹੈ ਜੋ ਕਿ ਸੰਸਾਰ ਵਿੱਚ ਸਭ ਦੇ ਅੰਦਰ ਇਸੇ ਰੂਪ ਵਿੱਚ ਹੀ ਹੈ ਤੇ ਪੁੱਠੇ ਕਮਲ ਵਿੱਚੋਂ ਉਭਰਨ ਦਾ ਤਰੀਕਾ ਕੀ ਹੈ ਭਾਵ ਪੁੱਠੇ ਕਮਲ ਨੂੰ ਸਿੱਧਾ ਕਰਨ ਦਾ ਤਰੀਕਾ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਪੁੱਠੇ ਕਮਲ ਦਾ ਸਿੱਧਾ ਹੋਣਾ ਹੀ ਆਪਣੇ ਅੰਦਰ ਦੀ ਮਲ ਨੂੰ ਧੋਣਾ ਹੈ ਜਿਸ ਨੂੰ ਧੋਣ ਦੁਆਰਾ ਹੀ ਕੋਈ ਪ੍ਰਮਾਤਮਾ ਦਾ ਭਗਤ ਬਣ ਸਕਦਾ ਹੈ, ਉਸ ਦਾ ਜਨ ਬਣ ਸਕਦਾ ਹੈ ਤੇ ਤਾਂ ਹੀ ਕੋਈ ਹਰਿ ਗੁਣ ਗਾ ਸਕਦਾ ਹੈ। ਸਾਡੇ ਅੰਦਰ ਇਹ ਪੁੱਠਾ ਕਮਲ ਸਾਡੀ ਦੁਰਮਤਿ ਦੇ ਰੂਪ ਵਿੱਚ ਹੈ ਭਾਵ ਮਾੜੀ ਸਮਝ ਦੇ ਰੂਪ ਵਿੱਚ ਹੈ। “ਦੁਰਮਤਿ” ਗੁਰਮਤਿ ਦੇ ਨਾਲੋਂ ਪੁੱਠੀ ਮਤਿ ਹੈ ਜੋ ਸਾਡੇ ਕੋਲੋਂ ਗੁਰਮਤਿ ਦੇ ਉਲਟ ਕੰਮ ਕਰਾਉਂਦੀ ਹੈ। ਸਾਡੇ ਅੰਦਰ ਦੀ ਮਤਿ ਸਾਨੂੰ ਸਮਝਾਉਣ ਲਈ ਹੀ ਹੈ ਤੇ ਜੇਕਰ ਉਹ ਸਮਝਾਏਗੀ ਹੀ ਪੁੱਠਾ ਤਾਂ ਫਿਰ ਅਸੀਂ ਪੁੱਠੇ ਮਾਰਗ ਤੇ ਹੀ ਚੱਲਾਂਗੇ ਭਾਵ ਭਗਤੀ ਦੇ ਪੁੱਠੇ ਮਾਰਗ ਤੇ ਹੀ ਚੱਲਾਂਗੇ। ਸਾਡੇ ਅੰਦਰ ਦੀ ਮਾੜੀ ਮਤਿ ਸਾਨੂੰ ਤ੍ਰਿਸ਼ਨਾਵਾਂ ਦੀ ਅਗਨਿ ਵਿੱਚ ਰੱਖਦੀ ਹੈ ਜਿਸ ਅਗਨਿ ਤੋਂ ਬਾਹਰ ਸੰਸਾਰ ਵਿੱਚ ਕੋਈ ਨਹੀਂ ਹੈ। ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਮਨੁੱਖ ਮਾੜੇ ਕਰਮ ਕਰਦਾ ਹੈ ਭਾਵ ਗੁਰਮਤਿ ਦੇ ਉਲਟ ਚੱਲਦਾ ਹੈ ਭਾਵ ਭਗਤੀ ਦੇ ਉਲਟ ਚੱਲਦਾ ਹੈ। ਇਸ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਉਹ ਹੀ ਉਭਰਦਾ ਹੈ ਭਾਵ ਨਿਕਲਦਾ ਹੈ ਭਾਵ ਮਾਇਆ ਮੋਹ ਵਾਲੇ ਸਾਗਰ ਵਿੱਚੋਂ ਨਿਕਲਦਾ ਹੈ ਜੋ ਆਪਣੇ ਅੰਦਰ ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਦਾ ਹੈ ਜਿਸ ਦੁਆਰਾ ਉਹ ਆਪਣੀ ਮਾੜੀ ਸਮਝ ਨੂੰ ਜੋ ਸਾਨੂੰ ਪੁੱਠੇ ਪਾਸੇ ਤੋਰਦੀ ਹੈ ਉਸ ਨੂੰ ਛੱਡ ਦਿੰਦਾ ਹੈ। ਆਪਣੀ ਮਾੜੀ ਮਤਿ ਨੂੰ ਛੱਡਣਾ ਹੀ ਆਪਣੇ ਅੰਦਰ ਦੀ ਮਲ ਨੂੰ ਧੋਣਾ ਹੈ। ਮਾੜੀ ਮਤਿ ਸਾਨੂੰ ਅਨੇਕਾਂ ਭਰਮਾਂ ਵਿੱਚ ਪਾਉਂਦੀ ਹੈ ਤੇ ਸ਼ਬਦ ਦੇ ਵਿਚਾਰ ਸਾਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢ ਕੇ ਸੱਚੇ ਵਿਚਾਰਾਂ ਵਾਲੇ ਬਣਾਉਂਦੇ ਹਨ ਤੇ ਸਾਨੂੰ ਸੱਚੀ ਭਗਤੀ ਦੇ ਮਾਰਗ ਤੇ ਚਲਾਉਂਦੇ ਹਨ। ਸੱਚੀ ਭਗਤੀ ਦੇ ਮਾਰਗ ਤੇ ਚੱਲਣਾ ਹੀ ਹਰਿ ਗੁਣ ਗਾਉਣੇ ਹਨ ਜੋ ਗੁਣ ਮਨ ਦੀ ਮੈਲ ਧੁਪਣ ਦੁਆਰਾ ਹੀ ਗਾਏ ਜਾ ਸਕਦੇ ਹਨ ਤੇ ਤਾਂ ਹੀ ਕੋਈ ਰਾਮ ਭਗਤ ਬਣ ਸਕਦਾ ਹੈ, ਉਸ ਰਾਮ ਦਾ ਜਨ ਬਣ ਸਕਦਾ ਹੈ। ਮਨ ਦੀ ਮੈਲ ਨਿਕਲੇ ਬਿਨ੍ਹਾਂ ਉਸ ਪ੍ਰਮਾਤਮਾ ਦੀ ਸੇਵਾ ਨਹੀਂ ਹੋ ਸਕਦੀ ਕਿਉਂਕਿ ਉਸ ਦੀ ਸੇਵਾ ਦੀ ਸਮਝ ਹੀ ਮਨ ਦੀ ਮੈਲ ਨਿਕਲਣ ਦੁਆਰਾ ਭਾਵ ਭਰਮਾਂ ਵਾਲੀ ਸਮਝ ਨਿਕਲਣ ਦੁਆਰਾ ਪੈਂਦੀ ਹੈ। ਜੋ ਉਸ ਗੁਰੂ ਪ੍ਰਮਾਤਮਾ ਦੀ ਭਗਤੀ ਵਾਲੇ ਹਨ, ਸੇਵਾ ਵਾਲੇ ਹਨ ਉਹ ਫਿਰ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰੇ ਨਹੀਂ ਸਮਝਦੇ ਭਾਵ ਉਸੇ ਦਾ ਹੀ ਰੂਪ ਬਣ ਜਾਂਦੇ ਹਨ ਜਿਵੇਂ ਕਿ ਸ਼ਬਦ ਦੇ ਪਹਿਲੇ

ਪਦੇ ਰਾਹੀਂ ਤੇ ਅਗਲੀਆਂ ''ਰਹਾਉ'' ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਿਸ ਦੇ ਅੰਦਰ ਦਾ ਕਮਲ ਪ੍ਰਮਾਤਮਾ ਸਿੱਧਾ ਕਰਦਾ ਹੈ ਉਹ ਆਪ ਹੀ ਕਰਦਾ ਹੈ ਜਿਵੇਂ ਕਿ ਸ਼ਬਦ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਤੇ ਜਿਸ ਨੂੰ ਉਸ ਦੀ ਸੇਵਾ ਦੀ ਸਮਝ ਲੱਗ ਜਾਂਦੀ ਹੈ ਉਹ ਫਿਰ ਕੌੜੇ ਬੋਲ ਤਿਆਗ ਦਿੰਦਾ ਹੈ। ਕੌੜੇ ਬੋਲ ਸਾਡੇ ਉਹ ਬੋਲ ਹਨ ਜੋ ਬੋਲ ਅਸੀਂ ਗੁਰਮਤਿ ਦੇ ਉਲਟ ਬੋਲਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ। ਆਪਣੇ ਆਪ ਨੂੰ ਮਨੁੱਖ ਸਮਝਣਾ ਜਾਂ ਕਹਿਣਾ ਵੀ ਸਾਡਾ ਕੌੜਾ ਬੋਲ ਹੀ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸਮਝਿਆ ਹੈ ਇਸ ਸ੍ਰਿਸ਼ਟੀ ਵਿੱਚ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਕਿਸੇ ਵੀ ਰੂਪ ਨੂੰ ਪ੍ਰਮਾਤਮਾ ਤੋਂ ਦੂਸਰਾ ਰੂਪ ਕਹਿਣਾ ਸਾਡਾ ਕੌੜਾ ਬੋਲ ਹੈ ਭਾਵ ਸੱਚ ਦੇ ਉਲਟ ਹੈ। ਸਾਡਾ ਜੋ ਵੀ ਬੋਲ ਭਾਵ ਸਾਡਾ ਜੋ ਵੀ ਕਰਮ ਸੱਚ ਦੇ ਉਲਟ ਹੈ ਉਹ ਕੌੜਾ ਬੋਲ ਹੈ ਤੇ ਸਾਡਾ ਉਹ ਹਰ ਬੋਲ ਮਿੱਠਾ ਬੋਲ ਹੈ ਜੋ ਸੱਚ ਤੇ ਖਰਾ ਉਤਰਦਾ ਹੈ ਭਾਵ ਗੁਰਮਤਿ ਦੇ ਅਨੁਸਾਰ ਹੈ। ਇਹ ਕੌੜੇ ਬੋਲ ਬੋਲਣਾ ਸਾਡੇ ਮਨ ਦਾ ਰੋਗ ਹੈ ਜੋ ਰੋਗ ਸ੍ਰਿਸ਼ਟੀ ਵਿੱਚ ਸਭ ਦੇ ਅੰਦਰ ਹੀ ਹੈ ਭਾਵ ਪੂਰੇ ਸੰਸਾਰ ਵਿੱਚ ਹੈ ਕਿਉਂਕਿ ਸਭ ਦੇ ਅੰਦਰ ਹੀ ਪੁੱਠਾ ਕਮਲ ਹੈ ਭਾਵ ਭਰਮਾਂ ਵਾਲੀ ਪੁਠੀ ਮਤਿ ਹੈ। ਭਰਮਾਂ ਵਾਲੀ ਮਤਿ ਵਿੱਚ ਰਹਿੰਦੇ ਹੋਏ ਅਸੀਂ ਪੁੱਠੇ ਬੋਲ ਹੀ ਬੋਲਦੇ ਹਾਂ ਭਾਵ ਪ੍ਰਮਾਤਮਾ ਦੇ ਰੂਪ ਨੂੰ ਉਸ ਤੋਂ ਦੂਸਰਾ ਰੂਪ ਸਮਝਦੇ ਹਾਂ, ਗੁਰਮਤਿ ਤੋਂ ਉਲਟ ਚੱਲਦੇ ਹਾਂ। ਜਦ ਤੱਕ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਅਸੀਂ ਕੌੜੇ ਬੋਲ ਨਹੀਂ ਤਿਆਗ ਸਕਦੇ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਕਿਰਪਾ ਹੈ, ਉਸ ਦਾ ਪਿਆਰ ਹੈ ਕਿ ਕਿਸੇ ਦੇ ਕੌੜੇ ਬੋਲ ਛੁੜਵਾ ਕੇ ਉਸ ਦੇ ਬੋਲ ਮਿੱਠੇ ਕਰ ਦੇਵੇ ਭਾਵ ਉਸ ਨੂੰ ਹਰ ਵਸਤੂ ਵਿੱਚ ਪ੍ਰਮਾਤਮਾ ਨਜ਼ਰ ਆਉਣਾ ਸ਼ੁਰੂ ਹੋ ਜਾਵੇ ਤੇ ਉਸ ਨੂੰ ਕੋਈ ਪ੍ਰਮਾਤਮਾ ਤੋਂ ਦੂਸਰਾ ਨਾ ਲੱਗੇ ਤੇ ਉਸਨੂੰ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਪੈ ਜਾਵੇ ਭਾਵ ਉਸ ਦਾ ਹਰ ਬੋਲ ਮਿੱਠਾ ਹੋ ਜਾਵੇ ਭਾਵ ਮਨੁੱਖ ਦਾ ਹਰ ਕਰਮ ਗੁਰਮਤਿ ਅਨੁਸਾਰ ਹੋ ਜਾਵੇ। ਜਦੋਂ ਪਹਿਲੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਜਾਣਦਾ ਹੈ ਤਾਂ ਹੀ ਉਸ ਨੂੰ ਸਭ ਵਿੱਚ ਪ੍ਰਮਾਤਮਾ ਨਜ਼ਰ ਆ ਸਕਦਾ ਹੈ। ਜਦ ਤੱਕ ਸਾਡੇ ਅੰਦਰ ਦਾ ਕਮਲ ਪੁੱਠਾ ਹੈ ਤਦ ਤੱਕ ਸਾਡੀ ਸਮਝ ਪੁੱਠੀ ਹੈ ਜੋ ਸਾਨੂੰ ਪੁੱਠੀ ਗੱਲ ਸਮਝਾਉਂਦੀ ਹੈ ਭਾਵ ਸਭ ਕੁੱਝ ਪ੍ਰਮਾਤਮਾ ਹੁੰਦੇ ਹੋਏ ਵੀ ਉਸ ਦਾ ਪੁੱਠਾ ਰੂਪ ਸਮਝਾਉਂਦੀ ਹੈ ਭਾਵ ਉਸ ਤੋਂ ਦੂਸਰਾ ਰੂਪ ਸਮਝਾਉਂਦੀ ਹੈ। (**ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ ਬਿਆਧਿ ਤਿਆਗੈ ਕਵਰੇ ॥ ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥ ਐਸਾ ਰਾਮ ਭਗਤੁ ਜਨੁ ਹੋਈ ॥ ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥ ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰਸਬਦੁ ਬੀਚਾਰੈ ॥੨॥**)

{ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥
ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥੧॥}

(ਅੰਗ - ੭੮੪)

ਸਾਡੇ ਅੰਦਰ ਪੁੱਠੇ ਕਮਲ ਦਾ ਸਿੱਧਾ ਹੋਣਾ ਜਾਂ ਸਾਡੇ ਅੰਦਰ ਕਮਲ ਦਾ ਪਰਗਾਸ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

''ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥''

(ਅੰਗ - ੬੩੯)

ਉਪਰਲੇ ਸ਼ਬਦ ਦੇ ਪਦੇ ਦੁਆਰਾ ਅਸੀਂ ਇਨ੍ਹਾਂ ਗੱਲਾਂ ਨੂੰ ਸਮਝ ਸਕਦੇ ਹਾਂ ਕਿ ਗੁਰੂ ਦੇ ਚਰਨਾਂ ਦੀ ਸੇਵਾ ਕਰਨੀ ਕੀ ਹੈ, ਸੰਤ

ਸਭਾ ਕੀ ਹੈ, ਆਪਣੇ ਮਨ ਨੂੰ ਮਾਂਜਣਾ ਕੀ ਹੈ, ਸਾਡੇ ਅੰਦਰ ਨਾਮ ਦਾ ਵੱਸਣਾ ਕੀ ਹੈ ਤੇ ਸਾਡੇ ਅੰਦਰ ਕਮਲ ਦਾ ਪ੍ਰਗਾਸ ਹੋਣਾ ਕੀ ਹੈ। ਸਾਰੀ ਗੱਲ ਉਹੀ ਹੈ ਜੋ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹਨਾਂ ਸਾਰੀਆਂ ਗੱਲਾਂ ਦਾ ਮਕਸਦ ਆਪਣੀ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਹੀ ਹੈ, ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੀ ਹੈ, ਮਨ ਦੇ ਅਗਿਆਨਤਾ ਰੂਪ ਹਨੇਰੇ ਵਿੱਚੋਂ ਨਿਕਲਣ ਦਾ ਹੀ ਹੈ ਤਾਂ ਜੋ ਅਸੀਂ ਮਨ ਦੇ ਉਸ ਭਉ ਵਿੱਚੋਂ ਨਿਕਲ ਸਕੀਏ ਜੋ ਭਉ ਸਾਡੇ ਅੰਦਰ ਮਾਇਆ ਮੋਹ ਨੂੰ ਛੱਡਣ ਦਾ ਹੈ। ਗੁਰੂ ਦੀ ਸੱਚੀ ਮਤਿ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਇਹੀ ਸਮਝਾਉਂਦੀ ਹੈ ਕਿ ਆਪਣੀ ਉਹ ਮਤਿ ਛੱਡੋ ਭਾਵ ਨਾਸਮਝ ਮਤਿ ਛੱਡੋ ਜਿਸ ਨੇ ਤੁਹਾਡੇ ਅੰਦਰ ਮਾਇਆ ਦਾ ਭਉ ਪਾਇਆ ਹੋਇਆ ਹੈ। ਉੱਪਰ ਪੰਗਤੀਆਂ ਰਾਹੀਂ ਸਾਨੂੰ "**ਸਚੇ**" ਚਰਣ ਸ੍ਰੇਵਨ ਲਈ ਸਮਝਾਇਆ ਹੈ ਜਿਸ ਨੂੰ ਸਮਝਣ ਦੀ ਲੋੜ ਹੈ। ਜੇਕਰ ਸੱਚੇ ਚਰਣ ਹੁੰਦੇ ਹਨ ਤਾਂ ਫਿਰ ਕੋਈ ਝੂਠੇ ਚਰਣ ਵੀ ਜਰੂਰ ਹੁੰਦੇ ਹਨ। ਸੱਚੇ ਚਰਣ ਗੁਰੂ ਦੀ ਮਤਿ ਹੈ ਜੋ ਸਾਨੂੰ ਸੱਚ ਹੀ ਸਮਝਾਉਂਦੀ ਹੈ। ਸਾਨੂੰ ਮਤਿ ਦੇਣ ਵਾਲੇ ਹੋਰ ਵੀ ਬਹੁਤ ਹਨ ਭਾਵ ਭਗਤੀ ਦਾ ਮਾਰਗ ਸਮਝਾਉਣ ਵਾਲੇ ਹੋਰ ਵੀ ਬਹੁਤ ਹਨ ਜੋ ਜਗ੍ਹਾ ਜਗ੍ਹਾ ਬੈਠੇ ਹੋਏ ਹਨ ਤੇ ਆਪਣੇ ਆਪ ਨੂੰ ਸੱਚੀ ਭਗਤੀ ਵਾਲਾ ਸਮਝਕੇ ਆਪਣੀ ਆਪਣੀ ਮਤਿ ਦਿੰਦੇ ਹਨ। ਜਿਸ ਦੀ ਵੀ ਮਤਿ ਗੁਰੂ ਦੀ ਸੱਚੀ ਮਤਿ ਉੱਤੇ ਪੂਰੀ ਨਹੀਂ ਉਤਰਦੀ ਉਸ ਦੀ ਮਤਿ ਨੂੰ ਮੰਨਣਾ ਝੂਠੇ ਚਰਣ ਸ੍ਰੇਵਨ ਵਾਲੀ ਗੱਲ ਹੈ। ਸਾਨੂੰ ਗੁਰੂ ਸਾਹਿਬ ਹਦਾਇਤ ਦੇ ਰਹੇ ਹਨ, ਹੁਕਮ ਦੇ ਰਹੇ ਹਨ ਕਿ ਸਾਨੂੰ ਕੇਵਲ ਸੱਚੇ ਚਰਨਾਂ ਦੀ ਸੇਵਾ ਕਰਨੀ ਚਾਹੀਦੀ ਹੈ ਭਾਵ ਕੇਵਲ ਗੁਰੂ ਦੀ ਮਤਿ ਹੀ ਮੰਨਣੀ ਚਾਹੀਦੀ ਹੈ ਜੋ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਾ ਸਕਦੀ ਹੈ ਜਿਸ ਨੂੰ ਮੰਨਣ ਦੁਆਰਾ ਸਾਡੇ ਅੰਦਰ ਦਾ "**ਭ੍ਰਮ ਭਉ**" ਨਾਸ ਹੋ ਸਕਦਾ ਹੈ। ਗੁਰੂ ਹੀ ਆਪ ਸੰਤ ਰੂਪ ਹੈ ਤੇ ਪੂਰੀ ਗੁਰਬਾਣੀ ਉਸ ਦੀ ਸੰਤ ਸਭਾ ਹੈ ਜਿਸ "**ਸਭਾ**" ਵਿੱਚ ਬੈਠ ਕੇ ਉਹ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾ ਰਿਹਾ ਹੈ, ਭਰਮਾਂ ਵਿੱਚੋਂ, ਭਉ ਵਿੱਚੋਂ ਨਿਕਲਣਾ ਸਮਝਾ ਰਿਹਾ ਹੈ ਜਿੰਨ੍ਹਾਂ ਵਿੱਚੋਂ ਨਿਕਲਣਾ ਹੀ ਆਪਣੇ ਮਨ ਨੂੰ ਮਾਂਜਣਾ ਹੈ ਭਾਵ ਆਪਣੇ ਮਨ ਦੀ ਅਗਿਆਨਤਾ ਵਾਲੇ ਨਾਸਮਝ ਵਿਚਾਰਾਂ ਨੂੰ ਗੁਰੂ ਦੇ ਸੱਚੇ ਗਿਆਨ ਵਾਲੇ ਵਿਚਾਰਾਂ ਦੇ ਨਾਲ ਮਾਂਜਣਾ ਹੈ ਜਿਸ ਦੁਆਰਾ ਸਾਡੇ ਅੰਦਰੋਂ ਅਗਿਆਨਤਾ ਦੀ ਮੈਲ ਨਿਕਲਦੀ ਹੈ। ਇਹੀ ਸਾਡੇ ਅੰਦਰ ਪ੍ਰਮਾਤਮਾ ਦੇ ਨਾਮ ਦਾ ਨਿਵਾਸ ਹੋਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ, ਬ੍ਰਹਮ ਗਿਆਨ ਦਾ ਵੱਸਣਾ ਹੈ ਜਿਸ ਰੂਪ ਵਿੱਚ ਆਪ ਪ੍ਰਮਾਤਮਾ ਹੈ। ਜੋ ਰੂਪ ਗੁਰਬਾਣੀ ਦਾ ਹੈ, ਉਹੀ ਰੂਪ ਪ੍ਰਮਾਤਮਾ ਦਾ ਹੈ, ਨਾਮ ਦਾ ਹੈ। ਸਾਡੇ ਅੰਦਰ ਇਸ ਅਗਿਆਨਤਾ ਦਾ ਨਾਸ ਹੋਣਾ ਹੀ ਭਾਵ ਮਨ ਦੇ ਹਨੇਰੇ ਦਾ ਮਿਟਣਾ ਹੀ ਸਾਡੇ ਅੰਦਰ ਕਮਲ ਦਾ ਪ੍ਰਗਾਸ ਹੋਣਾ ਹੈ, ਕਮਲ ਦਾ ਖਿੜਨਾ ਹੈ ਭਾਵ ਸਾਡੀ ਸੁੱਤੀ ਹੋਈ ਸਮਝ ਦਾ ਖਿੜਨਾ ਹੈ, ਜਾਗਣਾ ਹੈ। ਅਗਿਆਨਤਾ ਵਿੱਚ ਸਾਡੀ ਸਭ ਦੀ ਸਮਝ ਸੰਸਾਰ ਦੀ ਅਸਲੀਅਤ ਨੂੰ ਸਮਝਣ ਵਿੱਚ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸਮਝਣ ਵਿੱਚ ਸੁੱਤੀ ਹੋਈ ਹੈ ਤੇ ਸੁੱਤੀ ਹੋਈ ਸਮਝ ਨੂੰ ਸੱਚ ਦੀ ਸਮਝ ਨਹੀਂ ਪੈਂਦੀ ਜਿਵੇਂ ਕਿ ਜਦੋਂ ਮਨੁੱਖ ਸੁੱਤਾ ਹੁੰਦਾ ਹੈ ਉਹ ਉਦੋਂ ਸੁਪਨਾ ਹੀ ਦੇਖਦਾ ਹੈ ਤੇ ਜੋ ਕੁੱਝ ਉਹ ਸੁਪਨੇ ਵਿੱਚ ਦੇਖਦਾ ਹੈ ਉਸ ਨੂੰ ਸੱਚ ਹੀ ਸਮਝਦਾ ਹੈ। ਸੁਪਨੇ ਵਿੱਚ ਮਨੁੱਖ ਝੂਠ ਨੂੰ ਹੀ ਸੱਚ ਸਮਝਦਾ ਹੈ ਭਾਵ ਉਸ ਤੋਂ ਪੁੱਠਾ ਸਮਝਦਾ ਹੈ। ਇਹੀ ਸਾਡੇ ਅੰਦਰ ਦੀ ਅਗਿਆਨਤਾ ਤੇ ਸੱਚੇ ਗਿਆਨ ਵਾਲੀ ਸਮਝ ਵਿੱਚ ਫਰਕ ਹੈ, ਪੁੱਠੇ ਕਮਲ ਤੇ ਸਿੱਧੇ ਕਮਲ ਵਿੱਚ ਫਰਕ ਹੇ, ਬੰਦ ਕਮਲ ਵਿੱਚ ਤੇ ਖਿੜੇ ਹੋਏ ਕਮਲ ਵਿੱਚ ਫਰਕ ਹੈ। ਭਗਤੀ ਦਾ ਮਾਰਗ ਸਾਡੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਸੱਚੀ ਸਮਝ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ ਤੇ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਪੈਂਦੀ ਹੈ (**ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥ ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥ ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥ ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥**)

ਸਾਡੇ ਅੰਦਰ ਕਮਲ ਦਾ ਪਰਗਾਸ ਹੋਣਾ ਹੀ ਸਾਡੇ ਅੰਦਰ ਅੰਮ੍ਰਿਤ ਦੀ ਪ੍ਰਾਪਤੀ ਹੋਣਾ ਹੈ ਭਾਵ ਨਾਮ ਦੀ ਪ੍ਰਾਪਤੀ ਹੋਣਾ ਹੈ ਜਿਸ ਕਮਲ ਪ੍ਰਗਾਸ ਦਾ ਮਕਸਦ, ਅੰਮ੍ਰਿਤ ਦਾ ਮਕਸਦ ਸਾਨੂੰ ਮਨ ਦੇ ਹਰ ਔਗੁਣ ਵਿੱਚੋਂ, ਮਨ ਦੀ ਭਰਮਾਂ ਵਾਲੀ ਮਾੜੀ ਸਮਝ ਵਿੱਚੋਂ ਕੱਢਣ ਦਾ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ ਜਿੰਨ੍ਹਾਂ ਮਾੜੇ ਵਿਚਾਰਾਂ ਦਾ ਸਾਡੇ ਅੰਦਰ ਹੋਣਾ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥
ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥
ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥"

(ਅੰਗ - ੨੨)

ਉਪਰਲੇ ਸ਼ਬਦ ਰਾਹੀਂ ਸਾਨੂੰ ਇਸ ਗੱਲ ਦੀ ਸਮਝ ਵੀ ਪੈ ਰਹੀ ਹੈ ਕਿ ਸਾਡਾ ਜਿਉਂਦੇ ਹੋਏ ਮਰਨਾ ਕੀ ਹੈ। ਸਾਡਾ ਅਸਲ ਮਰਨਾ ਉਹੀ ਹੈ ਜੋ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਸਾਡੇ ਅੰਦਰੋਂ ਮੈਂ ਵਾਲੀ ਸਮਝ ਦਾ, ਹਉਮੈ ਵਾਲੀ ਸਮਝ ਦਾ ਭਾਵ ਮਨ ਦੇ ਅੰਦਰ ਮਾਇਆ ਮੋਹ ਵਾਲੀ ਸਮਝ ਦਾ, ਮਨ ਦੀ ਅਗਿਆਨਤਾ ਦਾ ਨਿਕਲਣਾ ਹੀ ਸਾਡਾ ਜਿਉਂਦੇ ਹੋਏ ਮਰਨਾ ਹੈ ਤੇ ਸਾਡਾ ਅਸਲ ਜਿਉਣਾ ਭਾਵ ਆਤਮਿਕ ਤੌਰ ਤੇ ਜਿਉਣਾ ਉਸ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ ਜਦੋਂ ਮਨੁੱਖ ਨੂੰ ਆਪਣੀ ਅਸਲੀਅਤ ਦੀ ਸਮਝ ਪੈਂਦੀ ਹੈ। ਜਦ ਤੱਕ ਮਨੁੱਖ ਆਤਮਿਕ ਤੌਰ ਤੇ ਮਰਿਆ ਹੁੰਦਾ ਹੈ ਭਾਵ ਜਦ ਤੱਕ ਮਨੁੱਖ ਨੂੰ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਨਹੀਂ ਹੁੰਦੀ ਉਹ ਮਾੜੇ ਕਰਮ ਕਰਦਾ ਹੈ। ਚਾਰੇ ਅਗਨ ਸਾਡੇ ਅੰਦਰ ਦੇ ਉਹ ਵਿਚਾਰ ਹਨ ਜਿੰਨ੍ਹਾਂ ਨੇ ਸਾਨੂੰ ਸਾਰੇ ਪਾਸਿਓਂ ਘੇਰਿਆ ਹੋਇਆ ਹੈ, ਮਨ ਦੀਆਂ ਤ੍ਰਿਸ਼ਨਾਵਾਂ ਦੇ ਰੂਪ ਵਿੱਚ ਘੇਰਿਆ ਹੋਇਆ ਹੈ, ਤ੍ਰਿਸ਼ਨਾਵਾਂ ਦੀ ਅਗਨਿ ਦੇ ਰੂਪ ਵਿੱਚ ਘੇਰਿਆ ਹੋਇਆ ਹੈ। ਮਨੁੱਖ ਜੋ ਵੀ ਮਾੜੇ ਕਰਮ ਕਰਦਾ ਹੈ, ਔਗੁਣ ਕਰਦਾ ਹੈ ਉਹ ਇਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਕਰਦਾ ਹੈ। ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਨੁੱਖ ਜੋ ਔਗੁਣ ਕਰਦਾ ਹੈ ਉਹ ਔਗੁਣਾਂ ਵਾਲੇ ਵਿਚਾਰ ਹੀ ਸਾਡੇ ਅੰਦਰ ਦੀ ਅਗਨਿ ਹੈ ਜਿੰਨ੍ਹਾਂ ਨੂੰ ਸਾਡੇ ਅੰਦਰ ਅੱਗ ਦਾ ਦਰਿਆ ਵੀ ਕਹਿਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

{ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥}

(ਅੰਗ - ੧੪੭)

ਇਸ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਡੇ ਔਗੁਣ ਹੀ ਗਿਣਵਾਏ ਹੋਏ ਹਨ ਜਿੰਨ੍ਹਾਂ ਨੂੰ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਵਰਤਦੇ ਹਾਂ। ਇਹ ਔਗੁਣ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਗਿਣਾਏ ਹੋਏ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਸਾਰੇ ਔਗੁਣ ਆ ਜਾਂਦੇ ਹਨ ਜਿੰਨ੍ਹਾਂ ਵਿੱਚ ਰਹਿੰਦਿਆਂ ਮਨੁੱਖ ਸੱਚਾ ਆਤਮਿਕ ਜੀਵਨ ਨਹੀਂ ਜੀ ਸਕਦਾ ਭਾਵ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦਾ। ਇਹ ਸਾਡੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਕਿਉਂਕਿ ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ। ਗੁਰੂ ਦੀ ਸਮਝ ਸਾਨੂੰ ਇਹਨਾਂ ਵਿੱਚੋਂ ਨਿਕਲਣ ਲਈ ਹੀ ਸਮਝਾਉਂਦੀ ਹੈ ਤੇ ਜੋ ਇਹਨਾਂ ਵਿੱਚੋਂ ਨਿਕਲ ਜਾਂਦਾ ਹੈ ਉਸ ਦਾ ਫਿਰ ਜਿਉਂਦੇ ਹੋਏ ਮਰਨ ਹੋ ਜਾਂਦਾ ਹੈ ਜੋ ਕਿ ਗੁਰਮੁਖਿ ਵਾਲੀ ਅਵੱਸਥਾ ਦੁਆਰਾ ਹੀ ਹੁੰਦਾ ਹੈ ਭਾਵ ਗੁਰਮਤਿ ਦਾ ਸੱਚਾ ਗਿਆਨ ਆਪਣੇ ਅੰਦਰ ਵੱਸਣ ਦੁਆਰਾ ਹੀ ਹੁੰਦਾ ਹੈ। ਗੁਰਮਤਿ ਰੂਪ ਸੱਚਾ ਗਿਆਨ ਹੀ ਪ੍ਰਮਾਤਮਾ ਦਾ "**ਹਰਿ ਜਲੁ**" ਹੈ ਭਾਵ ਉਸ ਦਾ ਅੰਮ੍ਰਿਤ ਜਲ ਹੈ ਜੋ ਜਲ ਉਹ ਸਾਡੇ ਅੰਦਰ ਮਨ ਦੀ ਸਮਝ ਵਿੱਚ ਆਪ ਹੀ ਪਾਉਂਦਾ ਹੈ ਜਿਸ ਸਮਝ ਦੁਆਰਾ ਮਨੁੱਖ ਹਰ ਔਗੁਣ ਵਿੱਚੋਂ ਨਿਕਲ ਜਾਂਦਾ ਹੈ। ਸਾਡੇ ਅੰਦਰ ਇਹ ਅੰਮ੍ਰਿਤ ਜਲ ਹੀ ਪ੍ਰਮਾਤਮਾ ਦਾ ਨਾਮ ਹੈ ਜੋ ਨਾਮ ਮਿਲਣ ਦੁਆਰਾ ਸਾਡੇ ਅੰਦਰ ਕਮਲ ਪ੍ਰਗਾਸ ਹੋ ਜਾਂਦਾ ਹੈ। ਪ੍ਰਮਾਤਮਾ ਇਸ ਤਰੀਕੇ ਮਨੁੱਖੀ ਸਮਝ ਨੂੰ ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਉਸ ਦੀ ਸਮਝ ਨੂੰ ਸ਼ਬਦਾਂ ਦੀ ਸਮਝ ਨਾਲ ਭਰ ਦਿੰਦਾ ਹੈ ਤੇ ਇਹੀ ਸਾਡੇ ਅੰਦਰ ਅੰਮ੍ਰਿਤ ਦਾ ਭਰਿਆ ਜਾਣਾ ਹੈ ਜਿਸ ਅੰਮ੍ਰਿਤ ਨਾਲ ਭਾਵ ਸੱਚੀ ਸਮਝ ਨਾਲ ਪ੍ਰਮਾਤਮਾ ਮਨੁੱਖੀ ਸਮਝ ਨੂੰ ਪੂਰੀ ਤਰ੍ਹਾਂ ਰਜਾ ਦਿੰਦਾ ਹੈ ਭਾਵ ਉਸਦੀ ਸਮਝ ਵਿੱਚ ਫਿਰ ਕੋਈ ਕਮੀ ਨਹੀਂ ਰਹਿ ਜਾਂਦੀ ਭਾਵ ਉਹ ਪੂਰੀ ਤਰ੍ਹਾਂ ਔਗੁਣਾਂ ਵਿੱਚੋਂ ਨਿਕਲਕੇ ਗੁਣਾਂ ਵਾਲੀ ਸਮਝ ਬਣ ਜਾਂਦੀ ਹੈ। (**ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥**) ਜਿਹੋ ਜਿਹੀ ਸਮਝ ਦੁਆਰਾ ਸਾਡੇ ਅੰਦਰ ਕਮਲ ਦਾ ਪਰਗਾਸ ਹੋਣਾ ਹੈ, ਅੰਮ੍ਰਿਤ ਜਲ ਦੀ ਪ੍ਰਾਪਤੀ ਹੋਣੀ ਹੈ ਉਸ ਦੀ ਪ੍ਰਾਪਤੀ ਲਈ ਅਸੀਂ ਆਪਣਾ ਮੀਤ ਕਿਸਨੂੰ ਬਣਾਉਣਾ ਹੈ ਭਾਵ ਸਮਝ ਕਿਸ ਦੇ ਕੋਲੋਂ ਲੈਣੀ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥"

"ਮੀਤ" ਸਾਡਾ ਉਹੀ ਹੈ ਜੋ ਸਾਨੂੰ ਸੱਚੀ ਮਤਿ ਦੇ ਸਕੇ ਜਿਸ ਮਤਿ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢਣ ਦਾ ਹੋਵੇ ਜਿਸ ਦੁਆਰਾ ਅਸੀਂ ਗੁਣੀ ਬਣ ਸਕੀਏ ਤੇ ਉਸ ਪ੍ਰਮਾਤਮਾ ਦੇ ਨਾਲ ਮੇਲ ਕਰ ਸਕੀਏ ਜਿਸ ਦੇ ਨਾਲ ਮੇਲ ਔਗੁਣਾਂ ਵਿੱਚੋਂ ਨਿਕਲਕੇ ਹੀ ਹੁੰਦਾ ਹੈ ਭਾਵ ਅਸਲ ਰੂਪ ਵਿੱਚ ਗੁਣੀ ਬਣਕੇ ਹੀ ਹੁੰਦਾ ਹੈ ਜੋ ਗੁਣ ਅਸੀਂ ਆਪਣੇ ਅੰਦਰ ਧਾਰਨ ਕਰਨੇ ਹਨ, ਔਗੁਣ ਛੱਡਣ ਦੁਆਰਾ ਧਾਰਨ ਕਰਨੇ ਹਨ ਭਾਵ ਆਪਣੀ ਨਾਸਮਝ ਮਤਿ ਛੱਡਣ ਦੁਆਰਾ ਧਾਰਨ ਕਰਨੇ ਹਨ, ਹਉਮੈ ਛੱਡਣ ਦੁਆਰਾ

ਧਾਰਨ ਕਰਨੇ ਹਨ, ਆਪਣੇ ਅੰਦਰ ਦੀ ਅਗਨਿ ਨਿਵਾਰਨ ਦੁਆਰਾ ਧਾਰਨ ਕਰਨੇ ਹਨ। ਇਸੇ ਲਈ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਸਤਿਗੁਰੂ ਨੂੰ ਆਪਣਾ ਮੀਤ ਬਣਾਵੋ ਭਾਵ ਸਤਿਗੁਰੂ ਦੀ ਸੱਚੀ ਸਮਝ ਨੂੰ ਆਪਣੀ ਸਮਝ ਦਾ ਮੀਤ ਬਣਾਵੋ ਭਾਵ ਇਹ ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਸਾਨੂੰ ਸੱਚ ਸਮਝਾ ਸਕਦੀ ਹੈ ਤੇ ਸਚੁ ਰੂਪ ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ। ਭਗਤੀ ਦਾ ਮਾਰਗ ਸਮਝਣ ਲਈ ਅਸੀਂ ਕਿਤਨੇ ਕੁ ਮੀਤ ਬਣਾਏ ਹੋਏ ਹਨ ਇਹ ਹਰ ਕੋਈ ਆਪਣੇ ਆਪ ਸਮਝ ਸਕਦਾ ਹੈ। ਕੀ ਇਹੋ ਜਿਹੇ ਮੀਤ ਸਾਨੂੰ ਇਹ ਸਮਝਾਉਂਦੇ ਹਨ ਕਿ ਪਹਿਲੇ ਔਗੁਣ ਛੱਡੋ ਤੇ ਫਿਰ ਨਾਮ ਮਿਲੇਗਾ, ਸੱਚ ਮਿਲੇਗਾ। ਇਹ ਸਾਨੂੰ ਪੁੱਠੇ ਪਾਸੇ ਹੀ ਤੋਰਦੇ ਹਨ ਜੋ ਕਿ ਇਹ ਸਮਝਾਉਂਦੇ ਹਨ ਕਿ ਪਹਿਲੇ ਕਿਸੇ ਅੱਖਰ ਨੂੰ ਜਪੀ ਜਾਵੋ ਜਿਸ ਨੂੰ ਉਹ ਨਾਮ ਸਮਝਾਉਂਦੇ ਹਨ ਤੇ ਔਗੁਣ ਆਪੇ ਹੀ ਨਿਕਲ ਜਾਣਗੇ। ਇਹੋ ਜਿਹੀ ਸਮਝ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਜਿਸ ਦੇ ਸਿੱਧਾ ਹੋਏ ਬਿਨ੍ਹਾਂ ਭਗਤੀ ਦੀ ਸੱਚੀ ਸਮਝ ਨਹੀਂ ਪੈ ਸਕਦੀ। ਸੱਚਾ ਮੀਤ ਸਾਡਾ ਕੇਵਲ ਗੁਰੂ ਹੈ ਜੋ ਸਾਨੂੰ ਸੱਚ ਸਮਝਾ ਸਕਦਾ ਹੈ ਤੇ ਸਚੁ ਰੂਪ ਪ੍ਰਮਾਤਮਾ ਨਾਲ ਮਿਲਾ ਸਕਦਾ ਹੈ, ਅੰਮ੍ਰਿਤ ਦੇ ਮਾਲਕ ਨਾਲ ਮਿਲਾ ਸਕਦਾ ਹੈ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ। ਉਸ ਦੀ ਦਰਗਾਹ "ਸਚੁ" ਰੂਪ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਹੈ ਤੇ ਸਾਡੇ ਅੰਦਰ ਉਸ ਦੀ ਦਰਗਾਹ ਸਾਡਾ ਮਨ ਹੀ ਹੈ। ਜਦੋਂ ਕਮਲ ਦਾ ਪਰਗਾਸ ਹੋਣਾ ਹੈ ਉਹ ਮਨ ਦੇ ਵਿੱਚ ਹੀ ਹੋਣਾ ਹੈ ਤੇ ਸਾਡੇ ਅੰਦਰ ਪ੍ਰਮਾਤਮਾ ਦੀ ਦਰਗਾਹ ਕਮਲ ਪ੍ਰਕਾਸ਼ ਦੇ ਰੂਪ ਵਿੱਚ ਹੀ ਹੈ, ਅੰਮ੍ਰਿਤ ਨਾਮ ਦੇ ਰੂਪ ਵਿੱਚ ਹੀ ਹੈ, ਸੱਚ ਦੇ ਰੂਪ ਵਿੱਚ ਹੀ ਹੈ ਜੋ ਉਸ ਦਾ ਬ੍ਰਹਮ ਗਿਆਨ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਸੱਚ ਰੂਪ ਹੀ ਹੈ ਜਿਸ ਕਰਕੇ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਅਸਥਾਨ ਹੈ ਭਾਵ ਉਸ ਦੀ ਦਰਗਾਹ ਹੀ ਹੈ ਤੇ ਗੁਰਬਾਣੀ ਤੋਂ ਵੱਡਾ ਕੋਈ ਸਾਡਾ ਮੀਤ ਨਹੀਂ ਹੋ ਸਕਦਾ ਤੇ ਗੁਰਬਾਣੀ ਦੀ ਸਮਝ ਨਾਲ ਜੁੜੇ ਬਿਨ੍ਹਾਂ ਭਾਵ ਗੁਰਬਾਣੀ ਦੀ ਸੱਚੀ ਸਮਝ ਨਾਲ ਜੁੜੇ ਬਿਨ੍ਹਾਂ ਨਾ ਅਸੀਂ ਸੱਚ ਤੇ ਚੱਲ ਸਕਦੇ ਹਾਂ ਤੇ ਨਾ ਹੀ ਉਸ ਸਚੁ ਰੂਪ ਪ੍ਰਮਾਤਮਾ ਦੀ ਦਰਗਾਹ ਵਿੱਚ ਜਾ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ, ਗੁਰਬਾਣੀ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ। (**ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥ ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥**)

ਜੋ ਸਤਿਗੁਰੁ ਦੀ ਮਤਿ ਨਾਲ ਜੁੜਦਾ ਹੈ ਉਹੀ ਨਾਮ ਦੀ ਪ੍ਰਾਪਤੀ ਕਰ ਸਕਦਾ ਹੈ ਤੇ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਸਕਦਾ ਹੈ, ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਮਾਣ ਪ੍ਰਾਪਤ ਕਰ ਸਕਦਾ ਹੈ ਤੇ ਮਨ ਦੇ ਅੰਦਰ ਪਰਗਾਸ ਭਾਵ ਕਮਲ ਪਰਗਾਸ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਹੁੰਦਾ ਹੈ। ਜਿਸ ਪ੍ਰਮਾਤਮਾ ਨੇ ਆਪ ਗੁਰਬਾਣੀ ਉਚਾਰੀ ਹੈ ਉਸ ਦੀ ਮਤਿ ਨੂੰ ਛੱਡ ਕੇ ਜੇਕਰ ਕਿਸੇ ਹੋਰ ਦੀ ਮਤਿ ਨਾਲ ਜੁੜਾਂਗੇ ਫਿਰ ਕੋਈ ਉਸ ਪ੍ਰਮਾਤਮਾ ਨੂੰ ਕਿਵੇਂ ਪਾ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥
ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥
ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥
ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥
ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥"

(ਅੰਗ - ੨੬)

ਪਹਿਲੇ ਅਸੀਂ ਹੇਠ ਵਾਲੇ ਪਦੇ ਨੂੰ ਸਮਝਦੇ ਹਾਂ ਤਾਂ ਜੋ ਅਸੀਂ ਆਪਣੇ ਅੰਦਰ ਇਸ ਗੱਲ ਨੂੰ ਦ੍ਰਿੜ ਕਰ ਸਕੀਏ ਕਿ ਸਤਿਗੁਰੁ ਨਾਲ ਜੁੜਨਾ ਕੀ ਹੈ, ਸਤਿਗੁਰੁ ਦੀ ਸੇਵਾ ਕਰਨੀ ਕੀ ਹੈ। ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। ਸ਼ਬਦ ਦਾ ਵਿਚਾਰੀ ਬਣਨਾ ਸਤਿਗੁਰੁ ਦੀ ਸੇਵਾ ਹੈ ਭਾਵ ਜੋ ਸ਼ਬਦ ਦੀ ਵਿਚਾਰ ਸਾਨੂੰ ਸਮਝਾਉਂਦੀ

ਹੈ ਉਸ ਵਿਚਾਰ ਨੂੰ ਮੰਨ ਕੇ ਉਸ ਦੁਆਰਾ ਵਿਚਰਨਾ ਗੁਰੂ ਦੀ ਸੇਵਾ ਕਰਨਾ ਹੈ। ਗੁਰੂ "**ਸ਼ਬਦ**" ਹੈ ਤੇ ਅਸੀਂ ਸੇਵਾ ਵੀ ਸ਼ਬਦ ਦੀ ਹੀ ਕਰਨੀ ਹੈ ਜੋ ਸ਼ਬਦ ਦੀ ਸੇਵਾ ਸ਼ਬਦ ਦੀ ਗੱਲ ਨੂੰ ਮੰਨ ਕੇ ਹੀ ਹੋ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਅਸੀਂ ਗੁਰੂ ਦੀ ਸੇਵਾ ਸਰੀਰਕ ਰੂਪ ਵਿੱਚ ਜਰੂਰ ਕਰਦੇ ਹਾਂ, ਧਰਮ ਅਸਥਾਨਾਂ ਤੇ ਜਾ ਕੇ ਕਰਦੇ ਹਾਂ ਜੋ ਕਿ ਚੰਗੀ ਗੱਲ ਹੈ। ਗੁਰੂ ਦੇ ਅਸਥਾਨ ਦੀ ਸੰਭਾਲ ਕਰਨਾ ਸਾਡਾ ਫਰਜ ਹੈ, ਗੁਰੂ ਦੇ ਸਰੂਪ ਦੀ ਸੰਭਾਲ ਕਰਨਾ ਵੀ ਸਾਡਾ ਫਰਜ ਹੈ ਕਿਉਂਕਿ ਜੇ ਸਰੂਪ ਦੀ ਸੰਭਾਲ ਕਰਾਂਗੇ ਫਿਰ ਤਾਂ ਹੀ ਉਸ ਵਿੱਚੋਂ ਉਹ ਗਿਆਨ ਲੈ ਸਕਾਂਗੇ ਜੋ ਗਿਆਨ ਉਸ ਸਰੂਪ ਦੇ ਰਾਹੀਂ ਮਿਲਣਾ ਹੈ ਜੋ ਕਿ ਸਰੂਪ ਦੇ ਵਿੱਚੋਂ ਹੀ ਮਿਲ ਸਕਦਾ ਹੈ। ਜਿਸ ਧਾਰਮਿਕ ਅਸਥਾਨ ਤੇ ਸਰੂਪ ਸਜਾਇਆ ਜਾਂਦਾ ਹੈ ਉਸ ਦੀ ਸੰਭਾਲ ਕਰਨਾ ਭਾਵ ਸਾਫ ਸਫਾਈ ਕਰਨਾ ਤੇ ਉਸ ਦਰ ਤੇ ਆਉਣ ਵਾਲਿਆਂ ਦੇ ਲਈ ਰਹਿਣ ਦਾ ਇੰਤਜਾਮ ਕਰਨਾ, ਉਹਨਾਂ ਦੇ ਖਾਣੇ ਦਾ ਪ੍ਰਬੰਧ ਕਰਨਾ ਆਦਿ ਵੀ ਸਾਡਾ ਸੱਚਾ ਫਰਜ ਹੈ ਭਾਵ ਗੁਰੂ ਦੀ ਸੇਵਾ ਹੈ। ਸਾਡੀ ਇਹੋ ਜਿਹੀ ਸੇਵਾ ਤਾਂ ਹੀ ਸਫਲ ਹੋਵੇਗੀ ਜੇ ਅਸੀਂ ਗੁਰੂ ਦੇ ਵਿਚਾਰਾਂ ਦੀ ਸੇਵਾ ਕਰਾਂਗੇ ਜਿੰਨ੍ਹਾਂ ਵਿਚਾਰਾਂ ਦੀ ਸੇਵਾ ਕਰਨਾ ਹੀ ਭਾਵ ਗੁਰੂ ਦੇ ਵਿਚਾਰਾਂ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਕਰਨ ਦਾ ਸੱਚਾ ਮਾਰਗ ਹੈ। ਗੁਰੂ ਦੇ ਸੱਚੇ ਵਿਚਾਰਾਂ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ ਤੇ ਇਸੇ ਲਈ ਸਾਨੂੰ ਉੱਪਰ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਜੋ ਆਪਣੇ ਗੁਰੂ ਦੀ ਸੇਵਾ ਕਰਨ ਵਾਲੇ ਹੁੰਦੇ ਹਨ ਉਹ ਸੰਸਾਰ ਵਿੱਚ ਕੋਈ ਵਿਰਲੇ ਹੀ ਹੁੰਦੇ ਹਨ। ਗੁਰੂ ਦੀ ਸੇਵਾ ਕਰਨੀ ਕੀ ਹੈ ਭਾਵ ਜੋ ਵਿਰਲੇ ਹੁੰਦੇ ਹਨ ਉਹ ਗੁਰੂ ਦੀ ਸੇਵਾ ਕਿਸ ਤਰੀਕੇ ਕਰਦੇ ਹਨ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। ਉਹ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਦੇ ਹਨ ਭਾਵ ਉਹਨਾਂ ਨੂੰ ਪੂਜਦੇ ਹਨ। ਉਹ ਆਪਣੇ ਅੰਦਰ ਦੀ ਹਉਮੈ ਨੂੰ ਮਾਰਦੇ ਹਨ ਭਾਵ ਆਪਣੀ ਮਾੜੀ ਸਮਝ ਨੂੰ ਤਿਆਗਦੇ ਹਨ ਜੋ ਮਨੁੱਖ ਨੂੰ ਮਮਤਾ ਨਾਲ ਜੋੜ ਕੇ ਰੱਖਦੀ ਹੈ ਭਾਵ ਮਾਇਆ ਮੋਹ ਵਿੱਚ ਪਾਉਂਦੀ ਹੈ ਜਿਸ ਵਿੱਚ ਪੈ ਕੇ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ। ਮਾੜੇ ਕਰਮ ਕਰਨ ਨਾਲ ਗੁਰੂ ਦੀ ਸੇਵਾ ਨਹੀਂ ਹੁੰਦੀ ਭਾਵ ਹਉਮੈ ਮਮਤਾ ਛੱਡ ਕੇ ਮਨੁੱਖ ਜੋ ਚੰਗੇ ਕਰਮ ਕਰਦਾ ਹੈ ਇਹ ਗੁਰੂ ਦੀ ਸੇਵਾ ਕਰਨਾ ਹੈ। ਹਉਮੈ ਮਮਤਾ ਛੱਡਣਾ ਹੀ ਆਪਣੇ ਅੰਦਰ "ਹਰਿ" ਨੂੰ ਵਸਾਉਣਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਹੀ ਆਪਣੇ ਅੰਦਰ ਹਰਿ ਨੂੰ ਵਸਾਉਣਾ ਹੈ। ਹਰ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹਰਿ ਆਪ ਹੈ ਤੇ ਸ਼ਬਦ ਦਾ ਵਿਚਾਰੀ ਬਣਨਾ ਹੀ ਆਪਣੇ ਅੰਦਰ ਹਰਿ ਨੂੰ ਵਸਾਉਣਾ ਹੈ, ਗੁਰੂ ਦੇ ਨਾਮ ਨੂੰ ਵਸਾਉਣਾ ਹੈ, ਗੁਰੂ ਦੀ ਸੇਵਾ ਵਾਲਾ ਬਣਨਾ ਹੈ। (**ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥**)

ਬਾਣੀ ਸਾਨੂੰ ਵਾਰ-ਵਾਰ ਹਰਿ ਹਰਿ ਕਰਨਾ ਸਿਖਾਉਂਦੀ ਹੈ ਭਾਵ ਨਾਮ ਜਪਣਾ ਸਿਖਾਉਂਦੀ ਹੈ ਤੇ ਹਰਿ ਹਰਿ ਉਹੀ ਕਰਦਾ ਹੈ ਜੋ ਹਰਿ ਨੂੰ ਆਪਣੇ ਅੰਦਰ ਵਸਾਉਂਦਾ ਹੈ ਭਾਵ ਹਉਮੈ ਮਮਤਾ ਤਿਆਗਦਾ ਹੈ। (**ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥ ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥ ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥**) ਅੰਗ - ੫੬੫ । (**ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥ ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥**) ਅੰਗ - ੨੨੩

ਜੋ ਗੁਰੂ ਦੀ ਸੇਵਾ ਕਰਨ ਵਾਲਾ ਹੈ ਉਹੀ ਨਾਮ ਦੇ ਨਾਲ ਪਿਆਰ ਰੱਖਣ ਵਾਲਾ ਹੈ ਭਾਵ ਪ੍ਰਮਾਤਮਾ ਦਾ ਨਾਮ ਜਪਣ ਵਾਲਾ ਹੈ ਭਾਵ ਸਾਰੀ ਗੱਲ ਆਪਣੀ ਹਉਮੈ ਛੱਡਣ ਦੀ ਹੈ ਭਾਵ ਅਗਿਆਨਤਾ ਵਾਲੀ ਸਮਝ ਛੱਡਣ ਦੀ ਹੈ ਜਿਸ ਨੂੰ ਛੱਡੇ ਬਿਨ੍ਹਾਂ ਨਾ ਕੋਈ ਗੁਰੂ ਦੀ ਸੇਵਾ ਕਰਨ ਵਾਲਾ ਬਣ ਸਕਦਾ ਹੈ ਤੇ ਨਾ ਹੀ ਕੋਈ ਨਾਮ ਵਾਲਾ ਬਣ ਸਕਦਾ ਹੈ ਤੇ ਨਾ ਹੀ ਕੋਈ ਸੱਚੇ ਸੁਖ ਦੀ ਪ੍ਰਾਪਤੀ ਕਰ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲਾ ਬਣ ਸਕਦਾ ਹੈ। (**ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥ ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥ ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥**) ਹੁਣ ਅਸੀਂ ਇਸ ਤੋਂ ਪਹਿਲੇ ਵਾਲੇ ਪਦੇ ਨੂੰ ਸਮਝਦੇ ਹਾਂ ਕਿ ਜੋ ਸਤਿਗੁਰੂ ਦੀ ਸੇਵਾ ਕਰਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਦਾ ਹੈ ਉਹੀ "ਨਾਮ ਨਿਧਾਨੁ" ਦੀ ਪ੍ਰਾਪਤੀ ਕਰਦਾ ਹੈ ਭਾਵ ਉਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਕਮਲ ਪਰਗਾਸ ਹੋਣ ਦੁਆਰਾ ਹੀ ਹੁੰਦਾ ਹੈ ਜਿਸ ਦੁਆਰਾ ਹੀ ਕੋਈ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਪਾ ਸਕਦਾ ਹੈ ਜੋ ਕਿ ਮਨੁੱਖ ਦਾ ਸੱਚਾ ਮਾਣ ਹੈ ਜੋ ਮਾਣ ਆਪਣਾ ਮਾਣ ਛੱਡਣ ਦੁਆਰਾ ਹੀ ਮਿਲਦਾ ਹੈ। (**ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥ ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥ ਮਨੁ ਨਿਰਮਲੁ ਹਰਿ ਰਵਿ**

ਰਹਿਆ ਪਾਇਆ ਦਰਗਹਿ ਮਾਨੁ ॥) ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਇਸ ਗੱਲ ਨੂੰ ਨਾਲ ਹੀ ਸਮਝ ਸਕਦੇ ਹਾਂ ਕਿ ਸਾਡੇ ਅੰਦਰ ਕਮਲ ਦਾ ਪਰਗਾਸ ਹੋਣਾ ਹੀ ਸਾਡੇ ਅੰਦਰ ਦਾ "**ਸਹਜਿ ਧਿਆਨੁ**" ਹੈ ਭਾਵ ਸਾਡੇ ਮਨ ਦਾ ਧਿਆਨ ਸਹਜ ਵਾਲੀ ਅਵੱਸਥਾ ਦਾ ਹੋ ਜਾਂਦਾ ਹੈ। ਸਹਜ ਵਾਲਾ ਧਿਆਨ ਗੁਰਮਤਿ ਦੀ ਪੂਰਨ ਰੂਪ ਵਿੱਚ ਸਮਝ ਵਾਲਾ ਧਿਆਨ ਹੈ ਜੋ ਕਿ ਚੌਥੇ ਪਦ ਦੇ ਗਿਆਨ ਵਾਲਾ ਧਿਆਨ ਹੈ ਭਾਵ ਸਾਡੇ ਅੰਦਰ ਦਾ "**ਗਿਆਨ ਧਿਆਨ**" ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਇਹ ਸਹਜ ਧਿਆਨ ਵਾਲੀ ਅਵੱਸਥਾ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਪੂਰਨ ਤੌਰ ਵਿੱਚ ਕੱਢ ਲੈਂਦੀ ਹੈ ਭਾਵ ਮਨੁੱਖ ਦਾ ਹਰ ਭਰਮ ਦੂਰ ਹੋ ਜਾਂਦਾ ਹੈ। ਬਾਣੀ ਵਿੱਚ ਵਾਰ-ਵਾਰ ਸਹਜ ਦੀ ਅਵੱਸਥਾ ਦੀ ਗੱਲ ਆਉਂਦੀ ਹੈ ਜਿਸ ਦਾ ਮਕਸਦ ਸਾਨੂੰ ਪੂਰਨ ਗੁਰਮਤਿ ਵਾਲੀ ਸਮਝ ਦੇ ਨਾਲ ਜੋੜਨ ਦਾ ਹੀ ਹੁੰਦਾ ਹੈ ਭਾਵ ਮਨ ਦੇ ਭਰਮਾਂ ਨੂੰ ਤਿਆਗਣ ਦਾ ਹੀ ਹੁੰਦਾ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਦੇ ਵਿੱਚੋਂ ਨਿਕਲਣ ਦਾ ਹੀ ਹੁੰਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦੀ ਹੈ ਜਦੋਂ ਮਨੁੱਖ ਦਾ ਧਿਆਨ ਭਾਵ ਮਨੁੱਖ ਦੀ ਸਮਝ ਸਹਜ ਵਾਲੀ ਸਮਝ ਬਣ ਜਾਂਦੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ "ਸਹਜ" ਦੇ ਰੂਪ ਵਿੱਚ ਹੀ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਧਿਆਨ ਜੋੜਨਾ ਸਹਜ ਧਿਆਨ ਦੀ ਅਵੱਸਥਾ ਹੈ, ਗਿਆਨ ਧਿਆਨ ਦੀ ਅਵੱਸਥਾ ਹੈ। ਮਨ ਦੇ ਵਿੱਚ ਕਮਲ ਦਾ ਪਰਗਾਸ ਹੋਣਾ ਜਾਂ ਸਹਜ ਧਿਆਨ ਵਾਲਾ ਬਣਨਾ ਇੱਕੋ ਹੀ ਗੱਲ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ। ਜਦ ਤੱਕ ਅਸੀਂ ਮਨ ਦੀ ਅਗਿਆਨਤਾ ਵਿੱਚ ਹਾਂ ਇਹ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਵਿਛੋੜਾ ਹੈ ਤੇ ਅਗਿਆਨਤਾ ਵਿੱਚੋਂ ਨਿਕਲਕੇ ਸੱਚੇ ਗਿਆਨ ਵਾਲਾ ਬਣਨਾ ਇਹ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਮੇਲ ਕਰਨ ਦਾ ਤਰੀਕਾ ਸਾਨੂੰ ਬਾਣੀ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਤੇ ਇਹੀ ਕੁੱਝ ਅੱਗੇ ਚੱਲਕੇ ਹਰ ਸ਼ਬਦ ਦੁਆਰਾ ਸਮਝਾਂਗੇ। ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਤੇ ਅਨੇਕਾਂ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ, ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ। ਇਹ ਸਭ ਮਨ ਦੀ ਅਗਿਆਨਤਾ ਹੀ ਹੈ ਜਿਸ ਅਗਿਆਨਤਾ ਦੀ ਸਮਝ ਮਨ ਦੇ ਵਿੱਚ ਕਮਲ ਪਰਗਾਸ ਹੋਣ ਦੁਆਰਾ ਹੀ ਲੱਗਦੀ ਹੈ ਕਿ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪ ਹੀ ਇਤਨੀ ਵੱਡੀ ਅਗਿਆਨਤਾ ਵਿੱਚ ਕਿਸ ਤਰੀਕੇ ਰੱਖਿਆ ਹੋਇਆ ਹੈ ਜਿਸ ਅਗਿਆਨਤਾ ਕਰਕੇ ਹੀ ਮਨੁੱਖ ਭਗਤੀ ਦੇ ਉਸ ਮਾਰਗ ਤੇ ਚੱਲਦਾ ਹੈ ਭਾਵ ਆਪਣੀ ਭਗਤੀ ਸਮਝਦਾ ਹੈ ਜੋ ਭਗਤੀ ਦਾ ਮਾਰਗ ਹੈ ਹੀ ਨਹੀਂ। ਮਨ ਦੀ ਅਗਿਆਨਤਾ ਦਾ ਮਕਸਦ ਹੀ ਸਾਨੂੰ ਉਲਝਾਕੇ ਰੱਖਣ ਦਾ ਹੈ ਤੇ ਉਹ ਆਪਣੇ ਭਰਮਾਂ ਨੂੰ ਹੀ ਸੱਚ ਸਮਝਦਾ ਹੈ। ਇਹੀ ਸਾਡੇ ਅੰਦਰ ਪੁੱਠੀ ਮਤਿ ਦਾ ਨਤੀਜਾ ਹੈ ਭਾਵ ਅਸੀਂ ਅਗਿਆਨਤਾ ਨੂੰ ਆਪਣਾ ਸੱਚਾ ਗਿਆਨ ਸਮਝਦੇ ਹਾਂ ਤੇ ਭਰਮ ਨੂੰ ਸੱਚ ਸਮਝਦੇ ਹਾਂ ਜੋ ਕਿ ਇੱਕ ਦੂਸਰੇ ਤੋਂ ਉਲਟ ਗੱਲਾਂ ਹਨ। ਇਹੀ ਪੁੱਠੇ ਕਮਲ ਤੇ ਸਿੱਧੇ ਕਮਲ ਵਿੱਚ ਫਰਕ ਹੈ। ਜਦ ਤੱਕ ਮਨੁੱਖ ਨੂੰ ਸੱਚਾਈ ਦੀ ਸਮਝ ਨਹੀਂ ਪੈਂਦੀ ਤਦ ਤੱਕ ਉਹ ਆਪਣੀ ਝੂਠੀ ਸਮਝ ਦੁਆਰਾ ਝੂਠੀ ਭਗਤੀ ਦਾ ਹੀ ਅਭਿਮਾਨ ਕਰਦਾ ਹੈ, ਘੁਮੰਡ ਕਰਦਾ ਹੈ। ਮਨੁੱਖ ਦਾ ਇਹ ਘੁਮੰਡ ਮਨ ਦੇ ਵਿੱਚ ਕਮਲ ਦਾ ਪਰਗਾਸ ਹੋਣ ਦੁਆਰਾ ਹੀ ਟੁੱਟਦਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਮੇਰੀ ਸਮਝ ਨੂੰ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਜਦੋਂ ਉਹ ਮਨੁੱਖ ਦੇ ਅੰਦਰ ਪ੍ਰਗਟ ਹੁੰਦਾ ਹੈ ਉਹ ਤਾਂ ਹੀ ਕਦੇ ਕਿਸੇ ਨੂੰ ਆਪਣਾ "ਰਸੁ" ਦਿੰਦਾ ਹੈ ਭਾਵ "ਹਰਿ ਰਸੁ" ਦਿੰਦਾ ਹੈ। ਉਸ ਦਾ ਇਹ ਹਰਿ ਰਸੁ ਸੱਚੇ ਗਿਆਨ ਦੀ ਸਮਝ ਵਾਲਾ ਰਸੁ ਹੈ ਜੋ ਰਸੁ ਚੱਖਣ ਤੋਂ ਬਾਅਦ ਹੀ ਸਾਡੇ ਮਨ ਦੀ ਅਗਿਆਨਤਾ ਦੂਰ ਹੁੰਦੀ ਹੈ। ਇਹ ਰਸੁ ਸਾਡੇ ਮਨ ਦੇ ਚੱਖਣ ਦਾ ਰਸੁ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ "ਹਰਿ ਰਸੁ" ਭਰਿਆ ਹੋਇਆ ਹੈ, ਅੰਮ੍ਰਿਤ ਰਸੁ ਭਰਿਆ ਹੋਇਆ ਹੈ, ਨਾਮ ਰਸੁ ਭਰਿਆ ਹੋਇਆ ਹੈ ਜਿਸ ਦਾ ਮਕਸਦ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰਨ ਦਾ ਹੀ ਹੈ, ਸਾਡੇ ਅੰਦਰ ਦੇ ਕਮਲ ਨੂੰ ਪਰਗਾਸ ਕਰਨ ਦਾ ਹੀ ਹੈ ਭਾਵ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਉਹ ਭਰਮ ਤਾਂ ਹੀ ਨਿਕਲਣਗੇ ਜੇਕਰ ਅਸੀਂ "ਹਰਿ ਰਸੁ" ਨੂੰ ਚੱਖਾਂਗੇ ਭਾਵ ਪ੍ਰਮਾਤਮਾ ਦੇ ਇਸ ਸੱਚੇ ਭੋਜਨ ਨੂੰ, ਨਾਮ ਰੂਪ ਭੋਜਨ ਨੂੰ ਮਨ ਦੇ ਵਿੱਚ ਛਕਾਂਗੇ ਭਾਵ ਗੁਰੂ ਦੀ ਸਮਝ ਨੂੰ ਮੰਨਾਂਗੇ ਤੇ ਆਪਣੀ ਸਮਝ ਨੂੰ ਛੱਡਾਂਗੇ। ਮਨ ਦੀ ਨਾਮਸਝੀ ਕਰਕੇ ਹੀ ਅਸੀਂ ਆਪਣੀ ਉਹੋ ਜਿਹੀ ਭਗਤੀ ਦਾ ਘੁਮੰਡ ਕਰਦੇ ਹਾਂ ਜੋ ਅਸਲ ਵਿੱਚ ਭਗਤੀ ਹੈ ਹੀ ਨਹੀਂ। ਸੱਚੀ ਭਗਤੀ ਦੀ ਸਮਝ ਹੀ ਕਮਲ ਦੇ ਪਰਗਾਸ ਹੋਣ ਦੁਆਰਾ ਪੈਂਦੀ ਹੈ ਭਾਵ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਪੈਂਦੀ ਹੈ। (**ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥**)

{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥

ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥}

(ਅੰਗ - ੪੧)

ਹੁਣ ਧਿਆਨ ਨਾਲ ਸਮਝੋ, ਕੀ ਕਿਸੇ ਦੀ ਅਗਿਆਨਤਾ ਮਿਟੇ ਬਿਨ੍ਹਾਂ ਕੋਈ ਪ੍ਰਮਾਤਮਾ ਦੇ ਨਾਲ ਮਿਲ ਸਕਦਾ ਹੈ ਤੇ ਜਿਸ ਗਿਆਨ ਦੇ ਨਾਲ ਸਾਡੀ ਅਗਿਆਨਤਾ ਨਿਕਲਣੀ ਹੈ ਕੀ ਉਹ ਸੱਚਾ ਗਿਆਨ ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਕੋਲ ਹੋ ਸਕਦਾ ਹੈ ਭਾਵ ਨਾਮੁਮਕਿਨ ਹੈ ਪਰ ਫਿਰ ਵੀ ਅਸੀਂ ਜੇਕਰ ਉਹੋ ਜਿਹਿਆਂ ਕੋਲੋਂ ਗਿਆਨ ਲਵਾਂਗੇ, ਭਗਤੀ ਦਾ ਮਾਰਗ ਸਿਖਾਂਗੇ ਜੋ ਖੁਦ ਮਨ ਦੀ ਅਗਿਆਨਤਾ ਵਿੱਚ ਹਨ, ਜਿੰਨ੍ਹਾਂ ਨੂੰ ਇਹ ਸਮਝ ਨਹੀਂ ਹੈ ਕਿ ਪੁੱਠਾ ਕਮਲ ਕੀ ਹੁੰਦਾ ਹੈ ਤੇ ਸਿੱਧਾ ਕਮਲ ਕੀ ਹੁੰਦਾ ਹੈ, ਸਾਡੇ ਅੰਦਰ ਕਮਲ ਦਾ ਪਰਗਾਸ ਕੀ ਹੁੰਦਾ ਹੈ, ਕੀ ਉਹ ਸਾਨੂੰ ਉਹ ਸੱਚਾ ਗਿਆਨ ਦੇ ਸਕਦੇ ਹਨ ਜਿਸ ਨਾਲ ਸਾਡੀ ਅਗਿਆਨਤਾ ਦੂਰ ਹੋ ਸਕੇ ਤੇ ਸਾਨੂੰ ਸੱਚੀ ਭਗਤੀ ਦੀ ਸਮਝ ਪੈ ਸਕੇ ਤੇ ਸਾਡੇ ਤੇ ਪ੍ਰਮਾਤਮਾ ਦੀ ਕਿਰਪਾ ਹੋ ਸਕੇ ਤੇ ਅਸੀਂ ਉਸ ਪ੍ਰਮਾਤਮਾ ਨੂੰ ਜਾਣ ਸਕੀਏ। ਪ੍ਰਮਾਤਮਾ ਦੀ ਬਹੁਤ ਵੱਡੀ ਕਿਰਪਾ ਇਹ ਸਮਝੋ ਕਿ ਜਿਸ ਨੂੰ ਉਹ ਗੁਰਬਾਣੀ ਦੀ ਮਤਿ ਦੇ ਨਾਲ ਜੋੜੇਗਾ ਉਹ ਮਨੁੱਖ ਫਿਰ ਉਹੋ ਜਿਹਿਆਂ ਦੀ ਮਤਿ ਨਾਲ ਨਹੀਂ ਜੁੜੇਗਾ ਜੋ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਤੇ ਆਪਣਾ ਹੀ ਮਾਣ ਵਧਾਉਂਦੇ ਹਨ। ਸਿੱਖਿਆ ਗੁਰੂ ਕੋਲੋਂ ਹੀ ਲੈਣੀ ਚਾਹੀਦੀ ਹੈ ਜਿਸ ਲਈ ਗੁਰੂ ਦੀ ਸਮਝ ਤੇ ਵਿਸ਼ਵਾਸ ਰੱਖਣਾ ਸਾਡਾ ਪਹਿਲਾ ਫਰਜ ਹੈ। ਜੇਕਰ ਅਸੀਂ ਪਹਿਲੇ ਫਰਜ ਨੂੰ ਹੀ ਭੁੱਲ ਜਾਵਾਂਗੇ ਫਿਰ ਸਾਡਾ ਕੁਰਾਹੇ ਪੈਣਾ ਕਿਵੇਂ ਰੁਕ ਸਕਦਾ ਹੈ। ਸਾਡੇ ਅੰਦਰ ਦੀ ਅਗਿਆਨਤਾ ਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਦੂਰ ਕਰ ਸਕਦਾ ਹੈ। ਜਿਸ ਤਰੀਕੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥
ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥
ਅੰਤਰਿ ਜੋਤਿ ਪਰਗਟੁ ਪਾਸਾਰਾ ॥
ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥”

(ਅੰਗ - ੧੨੬)

ਸਭ ਤੋਂ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਡੇ ਘਰ ਦੇ ਵਿੱਚ ਅਗਿਆਨਤਾ ਰੂਪ ਹਨੇਰਾ ਕਿਸ ਕਰਕੇ ਹੈ। ਘਰ ਸਾਡਾ ਮਨ ਹੈ ਜਿਵੇਂ ਕਿ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੈ। ਇਹ ਘਰ ਸਾਡਾ ਸਮਝ ਰੂਪ ਘਰ ਹੈ ਜਿਸ ਘਰ

ਵਿੱਚੋਂ ਸਾਨੂੰ ਗਿਆਨ ਮਿਲਦਾ ਹੈ। ਜਦ ਤੱਕ ਇਸ ਘਰ ਨੂੰ ਅਸੀਂ ਆਪਣਾ ਸਮਝਿਆ ਹੋਇਆ ਹੈ ਤਦ ਤੱਕ ਸਾਡੇ ਘਰ ਵਿੱਚ "**ਅਨੇਰਾ**" ਹੈ ਭਾਵ ਮਨ ਦੇ ਵਿੱਚ ਅਨੇਰਾ ਹੈ। ਹਨੇਰੇ ਵਿੱਚ ਸਾਨੂੰ ਕੁੱਝ ਵੀ ਸਾਫ਼ ਨਹੀਂ ਦਿਖਦਾ। ਹਨੇਰਾ ਮਿਟਣ ਦੁਆਰਾ ਹੀ ਸੱਚਾਈ ਸਾਹਮਣੇ ਆਉਂਦੀ ਹੈ। ਅਸਲ ਵਿੱਚ ਇਹ ਮਨ ਰੂਪ ਘਰ ਪ੍ਰਮਾਤਮਾ ਦਾ ਆਪਣਾ ਹੈ ਪਰ ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਅਸੀਂ ਇਸ ਘਰ ਨੂੰ ਆਪਣਾ ਸਮਝਦੇ ਹਾਂ ਭਾਵ ਇਹ ਕਹਿੰਦੇ ਹਾਂ ਕਿ ਇਹ ਘਰ ਮੇਰਾ ਹੈ ਭਾਵ ਇਹ ਮਨ ਦੀ ਸਮਝ ਮੇਰੀ ਹੈ। ਹਉਮੈ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਨਹੀਂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਹਉਮੈ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚ, ਮਨ ਦੇ ਹਨੇਰੇ ਵਿੱਚ ਰੱਖਣ ਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲੋਂ ਸਾਡਾ ਪੜਦਾ ਬਣਾ ਕੇ ਰੱਖਣ ਦਾ ਹੈ ਜੋ ਪ੍ਰਮਾਤਮਾ ਸਾਡੇ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, "ਨਾਮ" ਦੇ ਰੂਪ ਵਿੱਚ ਹੈ। ਹਉਮੈ ਦਾ ਮਕਸਦ ਹੀ ਸਾਨੂੰ ਨਾਮ ਨਾਲੋਂ ਦੂਰ ਰੱਖਣ ਦਾ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਨਾਮ ਨਹੀਂ ਹੈ ਤੇ ਜਿਸ ਦੇ ਅੰਦਰ ਨਾਮ ਹੈ ਉੱਥੇ ਹਉਮੈ ਨਹੀਂ ਹੋ ਸਕਦੀ। ਫਰਕ ਕੇਵਲ ਮਨ ਦੀ ਅਗਿਆਨਤਾ ਤੇ ਸੱਚੇ ਗਿਆਨ ਦੇ ਵਿੱਚ ਹੀ ਹੈ। ਸਾਡੇ ਮਨ ਦੇ ਵਿੱਚ ਹਨੇਰਾ ਕਰਨ ਵਾਲੀ ਸਾਡੇ ਅੰਦਰ ਦੀ ਹਉਮੈ ਹੈ ਜਿਸ ਦਾ ਮਕਸਦ ਸਾਨੂੰ ਗੁਰਮਤਿ ਵੱਲੋਂ ਪਿਆਰ ਹਟਾ ਕੇ ਦੂਜੇ ਪਾਸੇ ਪਿਆਰ ਜੋੜਨ ਦਾ ਹੈ। ਇਸੇ ਲਈ ਬਾਣੀ ਵਿੱਚ ਸਮਝਾਇਆ ਹੈ ਕਿ ਹਉਮੈ ਦਾ ਨਾਮ ਨਾਲ ਵਿਰੋਧ ਹੈ ਜਿਸ ਵਿਰੋਧਤਾ ਦਾ ਕਾਰਨ ਇਹ ਹੈ ਕਿ ਹਉਮੈ ਵਾਲੀ ਸਮਝ ਨੂੰ ਗੁਰਮਤਿ ਵਾਲੀ ਸਮਝ ਚੰਗੀ ਨਹੀਂ ਲੱਗਦੀ ਕਿਉਂਕਿ ਗੁਰਮਤਿ ਸਾਨੂੰ ਮਾਇਆ ਮੋਹ ਛੱਡਣ ਲਈ ਸਮਝਾਉਂਦੀ ਹੈ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦੀ ਹੈ, ਔਗੁਣ ਛੱਡਣ ਲਈ ਸਮਝਾਉਂਦੀ ਹੈ ਭਾਵ ਸੱਚ ਤੇ ਚੱਲਣ ਲਈ ਸਮਝਾਉਂਦੀ ਹੈ ਜੋ ਹਉਮੈ ਵਿੱਚ ਰਹਿੰਦਿਆਂ ਚੰਗਾ ਨਹੀਂ ਲੱਗਦਾ ਤੇ ਹਉਮੈ ਵਾਲੀ ਸਮਝ ਗੁਰੂ ਦੀ ਸੱਚੀ ਸਮਝ ਦਾ ਵਿਰੋਧ ਕਰਦੀ ਹੈ ਤੇ ਇਸ ਵਿਰੋਧਤਾ ਦੇ ਕਾਰਨ ਹੀ ਸਾਡਾ ਨਾਮ ਨਾਲ ਪਿਆਰ ਨਹੀਂ ਜੁੜਦਾ, ਗੁਰਮਤਿ ਨਾਲ ਪਿਆਰ ਨਹੀਂ ਜੁੜਦਾ ਤੇ ਪਿਆਰ ਆਪਣੀ ਸਮਝ ਨਾਲ ਹੀ ਜੁੜਦਾ ਹੈ ਭਾਵ ਮਾਇਆ ਮੋਹ ਵਾਲੀ ਸਮਝ ਨਾਲ ਹੀ ਜੁੜਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਹਉਮੈ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਭਾਵ ਮਨ ਦੀ ਨਾਸਮਝੀ ਤੋਂ ਬਿਨ੍ਹਾਂ ਕੋਈ ਵੀ ਨਹੀਂ ਹੈ। ਸੱਚੀ ਸਮਝ ਉਹ ਹੈ ਜੋ ਗੁਰਮਤਿ ਵਾਲੀ ਸਮਝ ਹੈ ਤੇ ਗੁਰਮਤਿ ਵਾਲੀ ਸਮਝ ਸਾਨੂੰ ਸੱਚਾ ਗਿਆਨ ਹੀ ਦਿੰਦੀ ਹੈ ਜਿਸ ਦਾ ਮਕਸਦ ਸਾਡੇ ਅੰਦਰੋਂ ਅਗਿਆਨਤਾ ਵਾਲੀ ਸਮਝ ਕੱਢਣ ਦਾ ਹੀ ਹੈ, ਹਉਮੈ ਕੱਢਣ ਦਾ ਹੀ ਹੈ ਭਾਵ ਮਨ ਦਾ ਹਨੇਰਾ ਦੂਰ ਕਰਨ ਦਾ ਹੀ ਹੈ। ਹੁਣ ਅਸੀਂ ਸ਼ਬਦ ਦੀ ਪਹਿਲੀਆਂ ਦੋ ਪੰਗਤੀਆਂ ਨੂੰ ਸਮਝ ਸਕਦੇ ਹਾਂ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। (**ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥**)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥}

(ਅੰਗ - ੨੦੪-੨੦੫)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥}

(ਅੰਗ - ੫੬੦)

ਸਾਡੇ ਅੰਦਰ ਦੀ ਇਹ "**ਹਉਮੈ**" ਕੀ ਹੈ ਇਸ ਗੱਲ ਨੂੰ ਉਪਰਲੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਹਉਮੈ ਨੂੰ ਸਾਡਾ "**ਵੱਡਾ ਗੁਬਾਰੁ**" ਦੱਸਿਆ ਹੈ ਭਾਵ ਸਾਡੀ ਵੱਡੀ ਅਗਿਆਨਤਾ ਦੱਸਿਆ ਹੈ ਤੇ ਹਉਮੈ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਨਹੀਂ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਿਆ ਜਾ ਸਕਦਾ ਹੈ ਜੋ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਇਸ ਗੱਲ ਨੂੰ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ। ਜੇਕਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਤਾਂ ਫਿਰ ਕੀ ਅਸੀਂ ਗੁਰੂ ਦੀ ਗੱਲ ਨੂੰ ਗਲਤ ਕਹਾਂਗੇ ਭਾਵ ਗੁਰੂ ਨੂੰ ਸੱਚ ਹੀ ਮੰਨਾਂਗੇ ਕਿ ਸੰਸਾਰ ਵਿੱਚ ਹਰ ਕੋਈ ਵੱਡੀ ਅਗਿਆਨਤਾ ਵਿੱਚ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ ਤੇ ਮਨ ਦੀ ਇਹ ਅਗਿਆਨਤਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਪੜਦਾ ਹੈ ਜੋ ਪੜਦਾ ਹਟੇ ਬਿਨ੍ਹਾਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਮਨ ਦੀ ਇਸ ਅਗਿਆਨਤਾ ਰੂਪ ਸਮਝ ਨੂੰ ਹੀ ਸਾਡੇ ਅੰਦਰ ਦਾ ਤਾਲਾ ਦੱਸਿਆ ਹੈ ਜਿਸ ਤਾਲੇ ਨੂੰ ਖੋਲਣ ਦੀ ਕੁੰਜੀ ਪ੍ਰਮਾਤਮਾ ਨੇ ਕੇਵਲ ਤੇ ਕੇਵਲ ਗੁਰੂ ਨੂੰ ਦਿੱਤੀ ਹੋਈ ਹੈ ਜੋ ਕਿ ਉਸ ਦਾ ਆਪਣਾ ਹੀ ਰੂਪ ਹੈ। ਇਹ ਵੀ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜਦ ਤੱਕ ਮਨੁੱਖ ਦੇ ਅੰਦਰ ਹਉਮੈ ਹੈ, ਨਾ ਹੀ ਉਸ ਨੂੰ ਗੁਰੂ ਦੀ ਸੇਵਾ ਦੀ ਸਮਝ ਹੈ ਤੇ ਨਾ ਹੀ ਪ੍ਰਮਾਤਮਾ ਦੀ ਭਗਤੀ ਦੀ ਸਮਝ ਹੈ ਪਰ ਜਿੱਥੇ ਕਿੱਥੇ ਦੇਖੋ, ਕੀ ਕੋਈ ਕਦੇ ਮੰਨ ਸਕਦਾ ਹੈ ਕਿ ਮੈਨੂੰ ਭਗਤੀ ਦੀ ਸਮਝ ਨਹੀਂ ਹੈ, ਮੈਨੂੰ ਨਾਮ ਦੀ ਸਮਝ ਨਹੀਂ ਹੈ, ਮੈਨੂੰ ਸੇਵਾ ਦੀ ਸਮਝ ਨਹੀਂ ਹੈ ਪਰ ਕੀ ਕਦੇ ਗੁਰੂ ਵੀ ਗਲਤ ਹੋ ਸਕਦਾ ਹੈ ਜੋ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾ ਰਿਹਾ ਹੈ, ਸਾਫ਼ ਸਾਫ਼ ਲਫਜ਼ਾਂ ਵਿੱਚ ਸਮਝਾ ਰਿਹਾ ਹੈ ਕਿ ਗੁਰੂ ਤੋਂ ਬਿਨ੍ਹਾਂ ਨਾ ਕਿਸੇ ਨੂੰ ਸੇਵਾ ਦੀ ਸਮਝ ਹੈ, ਨਾ ਭਗਤੀ ਦੀ ਸਮਝ ਹੈ, ਨਾ ਨਾਮ ਦੀ ਸਮਝ ਹੈ ਕਿਉਂਕਿ ਗੁਰੂ ਆਪ ਹੀ ਸੱਚੇ ਗਿਆਨ ਦਾ ਮਾਲਕ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਾਰੇ ਸੰਸਾਰ ਨੂੰ ਉਸ ਪ੍ਰਮਾਤਮਾ ਨੇ ਆਪ ਹੀ ਵੱਡੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ। ਜੋ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਉਸ ਦਾ ਨਾਮ ਜਪਣ ਵਾਲੇ ਸਮਝਦੇ ਹਨ ਉਹ ਇਹ ਵੀ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਉਹਨਾਂ ਵਿੱਚ ਹਉਮੈ ਹੈ। ਇਹਨਾਂ ਗੱਲਾਂ ਨੂੰ ਨਾ ਮੰਨਣਾ ਵੀ ਹਉਮੈ ਹੈ ਭਾਵ ਸਾਡੀ ਵੱਡੀ ਅਗਿਆਨਤਾ ਹੈ। ਹੁਣ ਧਿਆਨ ਨਾਲ ਸਮਝੋ ਕਿ ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਦੇ ਹਾਂ, ਕੀ ਉਹ ਨਾਮ ਵਾਲੇ ਹੋ ਸਕਦੇ ਹਨ ਕਿਉਂਕਿ ਹਉਮੈ ਤੋਂ ਬਿਨ੍ਹਾਂ ਕੋਈ ਨਹੀਂ ਹੈ ਤੇ ਜਿੱਥੇ ਹਉਮੈ ਹੈ ਉੱਥੇ ਨਾਮ ਨਹੀਂ ਹੋ ਸਕਦਾ। ਇਹ ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ ਜੋ ਕਦੇ ਗਲਤ ਨਹੀਂ ਹੋ ਸਕਦਾ। ਸਾਡੇ ਮਨ ਦੇ ਵਿੱਚ ਤਾਲਾ ਅਗਿਆਨਤਾ ਦਾ ਹੀ ਲੱਗਾ ਹੋਇਆ ਹੈ ਭਾਵ ਸਾਡੇ ਮਨ ਦਾ ਤਾਲਾ ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੀ ਹੈ, ਭਰਮਾਂ ਵਾਲੀ ਸਮਝ ਹੀ ਹੈ ਜਿਸ ਮਨ ਦੇ ਤਾਲੇ ਨੂੰ ਖੋਲਣ ਦੀ ਕੁੰਜੀ ਕੇਵਲ ਗੁਰੂ ਦੇ ਕੋਲ ਹੈ ਤੇ ਕਿਸੇ ਹੋਰ ਦੇ ਕੋਲ ਇਸ ਕੁੰਜੀ ਦਾ ਹੋਣਾ ਨਾਮੁਮਕਿਨ ਹੈ। ਮਨ ਦਾ ਇਹ ਤਾਲਾ ਖੁੱਲੇ ਬਿਨ੍ਹਾਂ ਭਾਵ ਮਨ ਦੀ ਹਉਮੈ ਨਿਕਲੇ ਬਿਨ੍ਹਾਂ ਭਾਵ ਮਨ ਦੀ ਅਗਿਆਨਤਾ ਦੂਰ ਹੋਏ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਨਾਮ ਨੂੰ ਜਾਣ ਸਕਦਾ ਹੈ ਜੋ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਸਾਡੇ ਸਭ ਦੇ ਅੰਦਰ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਸਭ ਤੋਂ ਉੱਚੇ ਗਿਆਨ ਦੇ ਰੂਪ ਵਿੱਚ ਹੈ।

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥
ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥
ਮੂਲ ਦੁਆਰੈ ਬੰਧਿਆ ਬੰਧੁ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥
ਪਛਮ ਦੁਆਰੈ ਸੂਰਜੁ ਤਪੈ ॥
ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥
ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥
ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥}

(ਅੰਗ - ੧੧੫੯)

ਉਪਰਲੇ ਸ਼ਬਦ ਰਾਹੀਂ ਸਾਨੂੰ ਅਕਾਲ ਪੁਰਖ ਰੂਪ ਧੰਨ ਧੰਨ ਭਗਤ ਕਬੀਰ ਜੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾ ਰਹੇ ਹਨ ਤੇ ਇਸ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਪੂਰੀ ਤਰ੍ਹਾਂ ਸਮਝਾਂਗੇ। ਉੱਪਰ ਸ਼ਬਦ ਵਿੱਚ ਸਾਨੂੰ ਇਹ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਦੀ ਸਮਝ ਦੇ ਵਿੱਚ ਹੀ ਹੈ। ਜਦ ਤੱਕ ਸਾਡੀ ਸਮਝ ਅਗਿਆਨਤਾ ਵਾਲੀ ਹੈ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਤੇ ਜਦੋਂ ਸਾਡੀ ਸਮਝ ਬ੍ਰਹਮਗਿਆਨ ਵਾਲੀ ਹੋ ਜਾਂਦੀ ਹੈ ਸਾਨੂੰ ਤਾਂ ਹੀ ਇਹ ਸਮਝ ਪੈਂਦੀ ਹੈ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਉਸ ਦਾ ਬ੍ਰਹਮ ਗਿਆਨ ਰੂਪ ਹੀ ਉਸ ਦਾ ਨਾਮ ਰੂਪ ਹੈ। ਇਹ ਸਮਝ ਸਾਨੂੰ ਉਸ ਪਦ ਤੇ ਪਹੁੰਚਕੇ ਲੱਗਦੀ ਹੈ ਜਿਸ ਪਦ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ ਜੋ ਕਿ ਉਸ ਦਾ "**ਨਿਜ ਪਦ**" ਹੈ ਭਾਵ ਆਪਣਾ ਪਦ ਹੈ। ਮਨ ਦੇ ਵਿੱਚ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਉਸ "**ਨਿਜ ਪਦ**" ਦੇ ਮਾਲਕ ਭਾਵ ਪ੍ਰਮਾਤਮਾ ਦੇ ਨਾਲ ਮਨੁੱਖੀ ਸਮਝ ਦਾ ਮਨ ਦੇ ਵਿੱਚ ਧਿਆਨ ਜੁੜਦਾ ਹੈ ਜਿਸ ਸਮਝ ਦੁਆਰਾ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਸਮਝ ਪਾਉਂਦਾ ਹੈ ਤੇ ਆਪਣੀ ਸੱਚੀ ਸਮਝ ਤੇ ਭਾਵ ਨਾਮ ਵਾਲੀ ਸਮਝ ਤੇ ਆਪ ਹੀ ਦ੍ਰਿੜ ਕਰ ਕੇ ਚਲਾਉਂਦਾ ਹੈ, ਆਪਣਾ ਨਾਮ ਆਪ ਹੀ ਦ੍ਰਿੜ ਕਰਵਾਉਂਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਆਪ ਹੀ ਚਲਾਉਂਦਾ ਹੈ। (**ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥**)

ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਹਰ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਲਈ ਅਗਿਆਨਤਾ ਵਿੱਚ ਹੀ ਹੈ ਭਾਵ ਹਉਮੈ ਵਿੱਚ ਹੀ ਹੈ ਜਿਸ ਹਉਮੈ ਨੇ ਸਾਡੇ ਅੰਦਰ ਅਗਿਆਨਤਾ ਰੂਪ ਹਨੇਰਾ ਕੀਤਾ ਹੋਇਆ ਹੈ ਤੇ ਅਨੇਰਾ ਮਨ ਦੇ ਵਿੱਚ ਸੱਚੇ ਗਿਆਨ ਦਾ ਚਾਨਣ ਹੋਣ ਦੁਆਰਾ ਹੀ ਨਿਕਲ ਸਕਦਾ ਹੈ ਜੋ ਚਾਨਣ ਕਰਨ ਦਾ ਦੀਵਾ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਜੋ ਪੂਰੀ ਗੁਰਬਾਣੀ ਵਿੱਚ ਦੀਵੇ ਦੇ ਰੂਪ ਵਿੱਚ ਹੀ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰਬਾਣੀ ਦੇ ਰੂਪ ਵਿੱਚ ਹੈ। ਗੁਰੂ ਦੇ ਸੱਚੇ ਗਿਆਨ ਨਾਲ ਜੁੜੇ ਬਿਨ੍ਹਾਂ ਕੋਈ ਵੀ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦਾ ਭਾਵ ਗੁਰੂ ਦੇ ਨਾਮ ਨਾਲ ਜੁੜੇ ਬਿਨ੍ਹਾਂ ਕੋਈ ਵੀ ਹਉਮੈ ਵਿੱਚੋਂ ਨਹੀਂ ਨਿਕਲ ਸਕਦਾ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ। (**ਘਰ ਹੀ**

ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥) ਅੰਗ - ੧੨੬ । ਹੁਣ ਅਸੀਂ ਇਸ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਮਨ ਦਾ ਹਨੇਰਾ ਮਿਟਣ ਦੁਆਰਾ, ਹਉਮੈ ਮਿਟਣ ਦੁਆਰਾ ਭਾਵ ਮਨ ਦੇ ਵਿੱਚ ਸੱਚੇ ਗਿਆਨ ਦਾ ਪਰਕਾਸ਼ ਹੋਣ ਦੁਆਰਾ ਭਾਵ ਸਾਡੀ ਅਗਿਆਨਤਾ ਵਾਲੀ ਸਮਝ ਦੇ ਵਿੱਚ ਚਾਨਣ ਹੋਣ ਦੁਆਰਾ ਸਾਨੂੰ ਫਿਰ ਕਿਹੋ ਜਿਹੀ ਸਮਝ ਪੈਂਦੀ ਹੈ।

"ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥"

ਉਪਰਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ ਮਨੁੱਖ ਅਨਦਿਨ ਭਾਵ ਹਰ ਵੇਲੇ ਨਾਮ ਕਿਵੇਂ ਧਿਆਉਂਦਾ ਹੈ। ਮਨੁੱਖ ਨਾਮ ਉਦੋਂ ਹੀ ਧਿਆਉਂਦਾ ਹੈ ਜਦੋਂ ਉਸ ਦੀ ਹਉਮੈ ਮਿਟ ਜਾਂਦੀ ਹੈ ਭਾਵ ਮਨ ਦੀ ਅਗਿਆਨਤਾ ਮਿਟ ਜਾਂਦੀ ਹੈ। ਮਨ ਦੀ ਅਗਿਆਨਤਾ ਮਿਟਣ ਦੁਆਰਾ ਮਨੁੱਖ ਨੂੰ ਜੋ ਵੀ ਸਮਝ ਪੈਂਦੀ ਹੈ, ਸੱਚੇ ਗਿਆਨ ਦੀ ਸਮਝ ਪੈਂਦੀ ਹੈ, ਉਹ ਨਾਮ ਹੈ। ਆਪਣੇ ਆਪ ਕੋਈ ਨਾਮ ਨੂੰ ਜਾਣ ਲਵੇ ਭਾਵ ਆਪਣੀ ਹਉਮੈ ਮੇਟ ਲਵੇ ਇਹ ਨਾਮੁਮਕਿਨ ਹੈ। ਨਾਮ ਨੂੰ ਉਹੀ ਜਾਣ ਸਕਦਾ ਹੈ ਜਿੱਥੇ "ਸਬਦੁ" ਰੂਪ ਗੁਰੂ ਭਾਵ ਪ੍ਰਮਾਤਮਾ ਜੋ ਕਿ "ਸੁਖਦਾਤਾ" ਹੈ, ਹਰਿ ਸੁੱਖ ਦੀ ਦਾਤਿ ਦੇਣ ਵਾਲਾ ਹੈ ਉਹ ਆਪਣੇ ਆਪ ਨੂੰ ਕਿਸੇ ਦੇ ਮਨ ਦੇ ਵਿੱਚ "ਪਰਗਟੁ" ਕਰਦਾ ਹੈ। ਜਦ ਤੱਕ "ਸਬਦੁ" ਰੂਪ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਪਰਗਟੁ ਨਹੀਂ ਕਰਦਾ ਭਾਵ ਮਨ ਦੀ ਸਮਝ ਰਾਹੀਂ ਆਪਣਾ ਰੂਪ ਨਹੀਂ ਦਿਖਾਉਂਦਾ, ਆਪਣਾ ਬ੍ਰਹਮ ਗਿਆਨ ਰੂਪ ਨਹੀਂ ਦਿਖਾਉਂਦਾ ਤਦ ਤੱਕ ਨਾ ਕੋਈ ਇਸ ਗੱਲ ਨੂੰ ਜਾਣ ਸਕਦਾ ਹੈ ਕਿ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਕਿਸ ਤਰੀਕੇ ਪਰਗਟੁ ਕਰਦਾ ਹੈ, ਕਿਸ ਰੂਪ ਵਿੱਚ ਪਰਗਟੁ ਕਰਦਾ ਹੈ ਤੇ ਕਿਸ ਮਕਸਦ ਲਈ ਪਰਗਟੁ ਕਰਦਾ ਹੈ। ਇਹ ਸੰਸਾਰ ਦਾ ਸਭ ਤੋਂ ਵੱਡਾ ਅਸਚਰਜ ਹੈ ਜਿਸ ਦੀ ਅਸਚਰਜਤਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਵੀ ਹੈ ਤੇ ਦਾਸ ਨੇ ਆਪਣਾ ਕੁੱਝ ਨਿੱਜੀ ਤਜਰਬਾ ਵੀ ਸਮਝਾਇਆ ਹੈ ਪਰ ਇਸ ਗੱਲ ਤੇ ਕਿਸੇ ਲਈ ਵੀ ਵਿਸ਼ਵਾਸ ਕਰਨਾ ਬਹੁਤ ਬਹੁਤ ਔਖਾ ਹੈ। ਬਾਣੀ ਵਿੱਚ ਅਨੇਕਾਂ ਵਾਰੀ ਪ੍ਰਮਾਤਮਾ ਦੀ ਕਿਸੇ ਦੇ ਅੰਦਰ ਪਰਗਟ ਹੋਣ ਦੀ ਗੱਲ ਕੀਤੀ ਹੋਈ ਹੈ ਪਰ ਉਹ ਕਿਸ ਤਰੀਕੇ ਪਰਗਟ ਹੁੰਦਾ ਹੈ ਇਸ ਗੱਲ ਦੀ ਨਾ ਸਮਝ ਪੈਂਦੀ ਹੈ ਤੇ ਨਾ ਹੀ ਕਿਸੇ ਨੂੰ ਆਪਣੇ ਆਪ ਵਿਸ਼ਵਾਸ ਆਉਂਦਾ ਹੈ। ਵਿਸ਼ਵਾਸ ਕੇਵਲ ਤਾਂ ਹੀ ਆਉਂਦਾ ਹੈ ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਇਹ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਆਪਣੇ ਆਪ ਨੂੰ ਭਾਵ ਆਪਣੇ ਨਿਰੰਕਾਰ ਰੂਪ ਦੇ ਦਰਸ਼ਨ ਮਨ ਦੇ ਵਿੱਚ ਕਿਸ ਨੂੰ ਕਰਵਾਉਣਾ ਚਾਹੁੰਦਾ ਹੈ।

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥
ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ - ੨੮੫)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥
ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥

ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥
ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥}

(ਅੰਗ - ੧੦੩੨)

ਪੂਰੀ ਗੁਰਬਾਣੀ ਪ੍ਰਮਾਤਮਾ ਨੇ ਮਨ ਦੇ ਵਿੱਚ ਵੱਖਰੇ-ਵੱਖਰੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪਰਗਟ ਕਰਕੇ ਹੀ ਲਿਖਵਾਈ ਹੈ ਜਿਸ ਤਰੀਕੇ ਉਸ ਨੇ ਮਨੁੱਖੀ ਸਮਝ ਨੂੰ ਹਉਮੈ ਵਿੱਚੋਂ ਕੱਢਿਆ ਹੈ ਤੇ ਉਸ ਦੇ ਅੰਦਰ ਨਾਮ ਵਾਲੀ ਸਮਝ ਪਾਈ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਪਾਈ ਹੈ ਜਿਸ ਰਾਹੀਂ ਉਹਨਾਂ ਨੇ ਸਾਰੇ ਸੰਸਾਰ ਨੂੰ ਬ੍ਰਹਮ ਗਿਆਨ ਦਿੱਤਾ ਹੈ, ਨਾਮ ਦੀ ਸਮਝ ਦਿੱਤੀ ਹੈ। ਇਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ, "**ਸੁਖਦਾਤਾ**" ਦੇ ਨਾਲ ਮੇਲ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਸੁੱਖ ਦੀ ਦਾਤਿ ਬਖਸ਼ਦਾ ਹੈ ਉਹ ਮਨੁੱਖ ਦੀ ਹਉਮੈ ਮਿਟਾ ਕੇ ਨਾਮ ਦੀ ਦਾਤਿ ਹੀ ਬਖਸ਼ਦਾ ਹੈ। ਸਾਡੇ ਅੰਦਰ ਦੁੱਖ ਕੀ ਹੈ ਤੇ ਸੁੱਖ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ। ਹਉਮੈ ਵਾਲੀ ਸਮਝ ਸਾਨੂੰ ਤ੍ਰਿਸ਼ਨਾਵਾਂ ਵਿੱਚ ਰੱਖਦੀ ਹੈ ਜੋ ਸਾਨੂੰ ਦੁੱਖ ਦਿੰਦੀਆਂ ਹਨ ਤੇ ਜਿਸ ਨੂੰ ਪ੍ਰਮਾਤਮਾ ਨਾਮ ਦੀ ਦਾਤਿ ਬਖਸ਼ ਦਿੰਦਾ ਹੈ ਉਸ ਨੂੰ ਤ੍ਰਿਸ਼ਨਾਵਾਂ ਵਿੱਚੋਂ ਕੱਢ ਕੇ ਮਨ ਦਾ ਸੰਤੋਖ ਬਖਸ਼ ਦਿੰਦਾ ਹੈ ਜਿਸ ਵਿੱਚ ਸੁੱਖ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਮਨੁੱਖ ਦੇ ਅੰਦਰ ਅਨੇਕਾਂ ਹੀ ਭਉ ਵੱਸੇ ਰਹਿੰਦੇ ਹਨ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਹਰ ਭਉ ਵਿੱਚੋਂ ਕੱਢ ਕੇ ਨਿਰਭਉ ਬਣਾ ਦਿੰਦਾ ਹੈ। ਸਾਡੇ ਅੰਦਰ ਅਨੇਕਾਂ ਹੀ ਭਉ ਹਨ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਜਦੋਂ ਮਨੁੱਖ ਦੀ ਸਮਝ ਦੇ ਅੰਦਰ ਨਾਮ ਵਾਲੀ ਸਮਝ ਵੱਸ ਜਾਂਦੀ ਹੈ ਫਿਰ ਉਸ ਦੇ ਅੰਦਰ ਕੇਵਲ ਸੱਚ ਤੇ ਚੱਲਣ ਦਾ ਭਉ ਹੀ ਰਹਿ ਜਾਂਦਾ ਹੈ ਜਿਸ ਭਉ ਨੂੰ ਮੰਨਣ ਵਿੱਚ ਦੁੱਖ ਮਹਿਸੂਸ ਨਹੀਂ ਹੁੰਦਾ ਭਾਵ ਉਹ ਮਨੁੱਖ ਪ੍ਰਮਾਤਮਾ ਦੇ ਭਾਣੇ ਨੂੰ ਮਿੱਠਾ ਮੰਨ ਕੇ ਕਬੂਲ ਕਰਦਾ ਹੈ ਕਿਉਂਕਿ ਉਹ ਸੱਚਾਈ ਨੂੰ ਸਮਝ ਲੈਂਦਾ ਹੈ ਕਿ ਜੋ ਕੁੱਝ ਹੋਣਾ ਸੀ ਉਹੋ ਕੁੱਝ ਹੋਇਆ ਹੈ ਭਾਵ ਪ੍ਰਮਾਤਮਾ ਦੀ ਰਜਾ ਵਿੱਚ ਹੀ ਹੋਇਆ ਹੈ ਤੇ ਜੋ ਕੁੱਝ ਹੋਣਾ ਹੈ ਉਹ ਪ੍ਰਮਾਤਮਾ ਦੀ ਰਜਾ ਵਿੱਚ ਹੀ ਹੋਣਾ ਹੈ। ਇਹ ਮਨ ਦਾ ਸੰਤੋਖ ਹੀ ਹੈ ਜੋ ਮਨ ਦੇ ਵਿੱਚ ਮਨੁੱਖ ਨੂੰ ਦੁੱਖ ਨਹੀਂ ਲੱਗਣ ਦਿੰਦਾ, ਤਤੀ ਵਾਉ ਨਹੀਂ ਲੱਗਣ ਦਿੰਦਾ।

{ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥
ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥
ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ ਰਹਾਉ ॥
ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥
ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥੨॥}

(ਅੰਗ - ੮੧੯)

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥

ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥
ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥
ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥
ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥
ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥੨॥
ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥
ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥੩॥
ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥
ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥}

(ਅੰਗ - ੨੧੮)

{ਜੋ ਸਿਮਰੰਦੇ ਸਾਂਈਐ ॥
ਨਰਕਿ ਨ ਸੇਈ ਪਾਈਐ ॥
ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥੨॥}

(ਅੰਗ - ੧੩੨)

ਇਹਨਾਂ ਉਪਰਲੇ ਸ਼ਬਦਾਂ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜਿੰਨ੍ਹਾਂ ਨੂੰ ਕੁੱਝ ਬਰੀਕੀ ਨਾਲ ਅੱਗੇ ਚੱਲਕੇ ਸਮਝਾਂਗੇ ਤੇ ਨਰਕ ਸੁਰਗ ਕੀ ਹਨ, ਇਸ ਗੱਲ ਨੂੰ ਵੀ ਅੱਗੇ ਚੱਲਕੇ ਸ਼ਬਦਾਂ ਰਾਹੀਂ ਸਮਝਾਂਗੇ। ਸਾਰੀ ਗੱਲ ਸਾਡੇ ਅੰਦਰ ਦੀ ਸਮਝ ਦੇ ਨਾਲ ਜੁੜੀ ਹੋਈ ਹੈ ਭਾਵ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ ਜੋ ਸਾਨੂੰ ਦੁੱਖਾਂ ਵਿੱਚ ਪਾ ਕੇ ਰੱਖਦੇ ਹਨ। ਮਨ ਦੀ ਅਗਿਆਨਤਾ ਵਾਲੀ ਸਮਝ ਸਾਨੂੰ ਦੁੱਖਾਂ ਵਿੱਚ ਪਾਉਂਦੀ ਹੈ ਤੇ ਗੁਰੂ ਦਾ ਸੱਚਾ ਗਿਆਨ ਸਾਨੂੰ ਇਹਨਾਂ ਦੁੱਖਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਜੋ ਸੱਚਾ ਗਿਆਨ ਸਾਨੂੰ ਸੁਖਦਾਤਾ ਆਪ ਮਨ ਦੇ ਵਿੱਚ ਆਪਣਾ ਸਬਦੁ ਰੂਪ ਪ੍ਰਗਟ ਕਰਨ ਦੁਆਰਾ ਦਿੰਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਪਦੇ ਦੁਆਰਾ ਸਮਝਿਆ ਹੈ। (**ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥ ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥**) ਅੰਗ - ੧੨੬

ਮਨ ਦੇ ਵਿੱਚ ਪ੍ਰਮਾਤਮਾ ਆਪਣਾ ਨਾਮ ਕਿਸ ਤਰੀਕੇ ਦਿੰਦਾ ਹੈ ਭਾਵ ਆਪਣਾ ਸੱਚਾ ਗਿਆਨ ਕਿਸ ਤਰੀਕੇ ਦਿੰਦਾ ਹੈ ਜਿਸ ਤਰੀਕੇ ਉਹ ਮਨੁੱਖ ਦੀ ਹਉਮੈ ਦੂਰ ਕਰਦਾ ਹੈ, ਅਗਿਆਨਤਾ ਦੂਰ ਕਰਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕਿਸ ਤਰੀਕੇ ਹੁੰਦਾ ਹੈ।

“ਅੰਤਰਿ ਜੋਤਿ ਪਰਗਟੁ ਪਾਸਾਰਾ ॥
ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥”

(ਅੰਗ - ੧੨੬)

ਪ੍ਰਮਾਤਮਾ ਜਿਸ ਦੇ ਅੰਦਰ ਵੀ ਆਪਣੇ ਆਪ ਨੂੰ ਪਰਗਟ ਕਰਦਾ ਹੈ ਉਹ ਆਪਣੀ “**ਜੋਤਿ**” ਰਾਹੀਂ ਹੀ ਪਰਗਟ ਕਰਦਾ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਹੈ, ਹਰ ਆਕਾਰ ਰੂਪ ਵਿੱਚ ਹੈ। ਮਨੁੱਖ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਸਾਡੇ ਅੰਦਰ ਸਾਡਾ ਮਨ ਹੈ ਜਿਸ ਮਨ ਰਾਹੀਂ ਮਨੁੱਖ ਨੂੰ ਸਾਰੀ ਸਮਝ ਪੈਂਦੀ ਹੈ ਭਾਵ ਜਦੋਂ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਪਰਗਟੁ ਕਰਦਾ ਹੈ, ਸਬਦੁ ਰੂਪ ਵਿੱਚ ਹੀ ਪਰਗਟੁ ਕਰਦਾ ਹੈ ਜੋ ਆਪਣਾ ਰੂਪ ਉਹ ਸਾਡੀ ਸਮਝ ਦੇ ਅੰਦਰ ਹੀ ਪਰਗਟ ਕਰਦਾ ਹੈ ਤੇ ਮਨ ਦੀ ਸਮਝ ਰਾਹੀਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਪ੍ਰਮਾਤਮਾ ਪਰਗਟੁ ਹੋਇਆ ਹੈ ਭਾਵ ਇਸ ਗੱਲ

ਨੂੰ ਕੇਵਲ ਉਹ ਮਨੁੱਖੀ ਸਰੀਰ ਹੀ ਸਮਝ ਸਕਦਾ ਹੈ ਤੇ ਇਸ ਗੱਲ ਨੂੰ ਕਿਸੇ ਨੂੰ ਸਮਝਾਉਣਾ ਬਹੁਤ ਔਖਾ ਹੈ ਕਿਉਂਕਿ ਹਰ ਕੋਈ ਮਨ ਦੀ ਸਮਝ ਨੂੰ ਆਪਣੀ ਸਮਝ ਹੀ ਮੰਨਦਾ ਹੈ ਤੇ ਆਪਣੀ ਸਮਝ ਨੂੰ ਆਪਣੀ ਸਮਝ ਮੰਨਣਾ ਹੀ ਹਉਮੈ ਹੈ ਭਾਵ ਸਾਡੀ ਅਗਿਆਨਤਾ ਹੈ ਜੋ ਅਗਿਆਨਤਾ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ, ਆਪਣੀ ਜੋਤਿ ਰਾਹੀਂ ਪਰਗਟੁ ਹੋ ਕੇ ਆਪ ਹੀ ਕੱਢਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਾਰੇ ਪਸਾਰੇ ਵਿੱਚ ਉਹ ਆਪ ਹੀ ਹੈ ਜੋ ਕਿ ਉਹ ਆਪਣੀ ਜੋਤਿ ਦੇ ਰੂਪ ਵਿੱਚ ਹੈ ਭਾਵ ਨਿਰੰਕਾਰ ਰੂਪ ਵਿੱਚ ਹੈ, ਬ੍ਰਹਮ ਗਿਆਨ ਰੂਪ ਵਿੱਚ ਹੈ, ਆਪਣੀ ਸਾਇੰਸ ਵਾਲੀ ਸਮਝ ਦੇ ਰੂਪ ਵਿੱਚ ਹੈ। ਪੂਰੇ ਪਸਾਰੇ ਰਾਹੀਂ ਪ੍ਰਮਾਤਮਾ ਆਪ ਹੀ ਪਰਗਟੁ ਹੈ, ਆਪਣੇ ਸੱਚੇ ਗਿਆਨ ਰਾਹੀਂ, ਬ੍ਰਹਮ ਗਿਆਨ ਰਾਹੀਂ ਪ੍ਰਗਟ ਹੈ ਭਾਵ ਜੋ ਕੁੱਝ ਪ੍ਰਮਾਤਮਾ ਨੇ ਬਣਾਇਆ ਹੈ ਉਹ ਉਸ ਨੇ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਬਣਾਇਆ ਹੈ ਤੇ ਉਸ ਦੇ ਬ੍ਰਹਮ ਗਿਆਨ ਦੁਆਰਾ ਹੀ ਹਰ ਵਸਤੂ ਟਿਕੀ ਹੋਈ ਹੈ ਤੇ ਚੱਲ ਰਹੀ ਹੈ। ਜੋ ਰੂਪ ਪ੍ਰਮਾਤਮਾ ਦਾ ਆਪਣੇ ਅੰਦਰੋਂ ਨਜ਼ਰ ਆਉਂਦਾ ਹੈ ਉਹੀ ਰੂਪ ਉਸ ਦਾ ਸਾਰੇ ਪਸਾਰੇ ਵਿੱਚ ਨਜ਼ਰ ਆਉਂਦਾ ਹੈ। (**ਅੰਤਰਿ ਜੋਤਿ ਪਰਗਟੁ ਪਾਸਾਰਾ ॥**)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪਰਗਟੁ ਕਰਦਾ ਹੈ ਉਸ ਦੇ ਅੰਦਰ ਹਉਮੈ ਦੇ ਹਨੇਰੇ ਨੂੰ ਕਿਸ ਤਰੀਕੇ ਦੂਰ ਕਰਦਾ ਹੈ ਭਾਵ ਆਪਣਾ ਨਾਮ ਕਿਸ ਤਰੀਕੇ ਦਿੰਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਕੇਵਲ ਗੁਰੂ ਦੀ ਸਮਝ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਤੇ ਨਾਲ ਹੀ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ।

"ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥"

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਜਿਸ ਮਨੁੱਖੀ ਸਰੀਰ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪਰਗਟੁ ਕਰਦਾ ਹੈ ਉੱਥੇ ਉਹ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ, ਭਗਤੀ ਦਾ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ। ਗੁਰੂ ਦੀ "**ਸਾਖੀ**" ਭਾਵ ਗੁਰੂ ਦੀ "**ਸਿੱਖਿਆ**" ਗੁਰੂ ਦਾ ਸੱਚਾ ਗਿਆਨ ਹੀ ਹੈ ਜਿਸ ਦਾ ਮਕਸਦ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਣ ਦਾ ਹੀ ਹੈ, ਹਉਮੈ ਵਾਲੀ ਸਮਝ ਵਿੱਚੋਂ, ਮਾਇਆ ਮੋਹ ਵਾਲੀ ਸਮਝ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ। ਮਨ ਦੀ ਇਹ ਅਗਿਆਨਤਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਪੜਦਾ ਹੈ ਜੋ ਪੜਦਾ ਪ੍ਰਮਾਤਮਾ ਮਨ ਦੇ ਵਿੱਚ ਪਰਗਟੁ ਹੋ ਕੇ ਪ੍ਰਮਾਤਮਾ ਆਪ ਹੀ ਉਤਾਰਦਾ ਹੈ, ਦੂਰ ਕਰਦਾ ਹੈ। ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਹੀ ਸਾਡੇ ਅੰਦਰ ਕਮਲ ਦਾ ਖਿੜਨਾ ਹੈ ਜਿਸ ਸੱਚੀ ਸਮਝ ਦੁਆਰਾ ਮਨੁੱਖ ਸਦਾ ਹੀ ਉਸ "**ਸੁਖੁ**" ਰੂਪ ਪ੍ਰਮਾਤਮਾ ਨੂੰ ਪਾ ਲੈਂਦਾ ਹੈ, ਸੁਖੁ ਦੇ ਦਾਤੇ ਨੂੰ ਪਾ ਲੈਂਦਾ ਹੈ। ਮਨ ਦੇ ਵਿੱਚ ਇਹ ਸੱਚੇ ਗਿਆਨ ਦਾ ਪਰਕਾਸ਼ ਹੀ ਪ੍ਰਮਾਤਮਾ ਦੇ ਨਾਲ ਸਾਡਾ ਜੋਤਿ ਦੇ ਵਿੱਚ ਜੋਤਿ ਦਾ ਰਲਣਾ ਹੈ। ਜਦ ਤੱਕ ਅਸੀਂ ਹਉਮੈ ਵਾਲੀ ਸਮਝ ਦੇ ਵਿੱਚ ਹਾਂ, ਉਹ ਸਮਝ ਸਾਨੂੰ ਜੋਤਿ ਰੂਪ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚੋਂ ਹੀ ਮਿਲ ਰਹੀ ਹੈ ਪਰ ਅਸੀਂ ਇਸ ਗੱਲ ਨੂੰ ਸਮਝ ਨਹੀਂ ਸਕਦੇ ਕਿਉਂਕਿ ਸਾਡੇ ਅੰਦਰ ਦੀ ਮਨ ਰੂਪ "**ਜੋਤਿ**" ਹੀ ਸਾਨੂੰ ਭਰਮਾਂ ਵਿੱਚ ਪਾਉਂਦੀ ਹੈ, ਮਨ ਦੀ ਅਗਿਆਨਤਾ ਵਿੱਚ ਰੱਖਦੀ ਹੈ ਭਾਵ ਹਉਮੈ ਵਾਲੀ ਸਮਝ ਵਿੱਚ, ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਮਾਇਆ ਦੇ ਛਲ ਵਿੱਚ ਰੱਖਦੀ ਹੈ ਜਿਸ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਜਦੋਂ ਪ੍ਰਮਾਤਮਾ ਮਨ ਰੂਪ "**ਜੋਤਿ**" ਰਾਹੀਂ ਆਪਣੇ ਆਪ ਨੂੰ ਮਨ ਦੇ ਵਿੱਚੋਂ ਪਰਗਟੁ ਕਰਦਾ ਹੈ ਉਹ ਮਨ ਦੀ ਜੋਤਿ ਰਾਹੀਂ ਹੀ ਉਹ ਸਮਝ ਪਾਉਂਦਾ ਹੈ ਜਿਸ ਰਾਹੀਂ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਉਸ ਪ੍ਰਮਾਤਮਾ ਦੀ ਪਾਈ ਹੋਈ ਸੱਚੀ ਸਮਝ ਦੇ ਵਿੱਚ ਰਲ ਜਾਂਦੀ ਹੈ ਤੇ ਫਿਰ ਕੇਵਲ ਸੱਚੀ ਸਮਝ ਹੀ ਬਣੀ ਰਹਿੰਦੀ ਹੈ ਭਾਵ ਫਿਰ ਮਨੁੱਖੀ ਸਮਝ ਅਗਿਆਨਤਾ ਵਾਲੀ ਸਮਝ ਵਿੱਚੋਂ ਸਦਾ ਲਈ

ਨਿਕਲ ਜਾਂਦੀ ਹੈ। ਮਨ ਦੀ ਸੱਚੀ ਸਮਝ ਰਾਹੀਂ ਪ੍ਰਮਾਤਮਾ ਫਿਰ ਆਪਣੀ ਸੱਚੀ ਸਿੱਖਿਆ ਹੀ ਦਿੰਦਾ ਹੈ ਜੋ ਸੱਚੀ ਸਿੱਖਿਆ ਹੀ "ਗੁਰ ਸਾਖੀ" ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਹੈ ਜੋ ਸਿੱਖਿਆ ਪੂਰੀ ਗੁਰਬਾਣੀ ਦੇ ਵਿੱਚ ਦਰਜ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਜਿੱਥੇ ਉਹ ਹਰ ਵੇਲੇ ਪਰਗਟ ਹੈ ਜਿੱਥੋਂ ਅਸੀਂ ਜਿਸ ਵੇਲੇ ਚਾਹੀਏ ਉਸ ਦੀ ਸੱਚੀ ਸਿੱਖਿਆ ਲੈ ਸਕਦੇ ਹਾਂ ਭਾਵ ਉਸ ਵਿੱਚੋਂ ਸੱਚਾ ਗਿਆਨ ਲੈ ਸਕਦੇ ਹਾਂ ਜੋ ਸੱਚਾ ਗਿਆਨ ਸਾਨੂੰ ਮਨ ਦੇ ਹਨੇਰੇ ਵਿੱਚੋਂ ਕੱਢ ਸਕਦਾ ਹੈ ਭਾਵ ਹਉਮੈ ਵਿੱਚੋਂ ਕੱਢ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਇੱਕੋ ਇੱਕ ਮਾਰਗ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਹੈ, ਮਨਮਤਿ ਵਿੱਚੋਂ ਨਿਕਲਣ ਦਾ ਹੈ, ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਹੈ, ਮਨ ਦੀ ਮਾਇਆ ਵਿੱਚੋਂ ਨਿਕਲਣ ਦਾ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ ਜਿਸ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਗੁਰੂ ਦੀ ਸਿੱਖਿਆ ਹੀ ਕੱਢ ਸਕਦੀ ਹੈ, ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ। ਮਨ ਦੀ ਅਗਿਆਨਤਾ ਵਿੱਚੋਂ ਅਸੀਂ ਤਾਂ ਹੀ ਨਿਕਲਾਂਗੇ ਜੇ ਸਿੱਖਿਆ ਕੇਵਲ ਗੁਰੂ ਕੋਲੋਂ ਲਵਾਂਗੇ ਭਾਵ ਭਗਤੀ ਦਾ ਮਾਰਗ, ਨਾਮ ਦਾ ਮਾਰਗ, ਸੇਵਾ ਦਾ ਮਾਰਗ ਕੇਵਲ ਗੁਰੂ ਕੋਲੋਂ ਸਿੱਖਾਂਗੇ ਤੇ ਜੇਕਰ ਉਹੋ ਜਿਹਿਆਂ ਕੋਲੋਂ ਭਗਤੀ ਦਾ ਮਾਰਗ ਸਿੱਖਾਂਗੇ ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਪ੍ਰਗਟ ਨਹੀਂ ਹੋਇਆ ਤੇ ਨਾ ਹੀ ਇਸ ਗੱਲ ਦੀ ਕਿਸੇ ਨੂੰ ਸਮਝ ਹੈ ਕਿ ਉਸ ਦਾ ਪਰਗਟ ਹੋਣਾ ਕੀ ਹੈ ਤੇ ਅਗਿਆਨਤਾ ਵਿੱਚ ਤੇ ਸੱਚੇ ਗਿਆਨ ਵਿੱਚ ਫਰਕ ਕੀ ਹੈ, ਉਸ ਨਾਲ ਸਾਡੀ ਅਗਿਆਨਤਾ ਵੱਧ ਤਾਂ ਸਕਦੀ ਹੈ ਭਾਵ ਹਉਮੈ ਵੱਧ ਤਾਂ ਸਕਦੀ ਹੈ, ਸਾਡੇ ਭਰਮ ਵੱਧ ਤਾਂ ਸਕਦੇ ਹਨ ਪਰ ਘੱਟ ਨਹੀਂ ਸਕਦੇ। ਪ੍ਰਮਾਤਮਾ ਨਾਲ ਸਾਡਾ ਵਿਛੋੜਾ ਮਨ ਦੀ ਹਉਮੈ ਕਰਕੇ ਹੈ, ਅਗਿਆਨਤਾ ਕਰਕੇ ਹੈ ਤੇ ਜਿਤਨੀ ਆਪਣੇ ਅੰਦਰ ਅਗਿਆਨਤਾ ਵਧਾਵਾਂਗੇ ਉਤਨੀ ਹੀ ਪ੍ਰਮਾਤਮਾ ਦੇ ਨਾਲੋਂ ਦੂਰੀ ਵਧਾਵਾਂਗੇ ਜਿਸ ਰਾਹੀਂ ਸਾਡੇ ਮਨ ਦਾ ਪੁੱਠਾ ਕਮਲ ਕਦੇ ਸਿੱਧਾ ਨਹੀਂ ਹੋ ਸਕਦਾ ਤੇ ਸਿੱਧਾ ਹੋਏ ਬਿਨ੍ਹਾਂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ ਭਾਵ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਜੋ ਵੀ ਸਿੱਖਿਆ ਲੈਣੀ ਹੈ ਉਹ ਕੇਵਲ ਗੁਰੂ ਕੋਲੋਂ ਹੀ ਲਈਏ ਭਾਵ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਕਰੀਏ ਤੇ ਭਰਮਾਂ ਵਿੱਚ ਨਾ ਪਈਏ। ਕੇਵਲ ਗੁਰੂ ਕੋਲੋਂ ਗਿਆਨ ਲੈਣਾ ਹੀ ਕੇਵਲ ਨਾਮ ਜਪਣਾ ਹੈ। ਵਾਰ-ਵਾਰ ਸ਼ਬਦਾਂ ਰਾਹੀਂ ਸਾਨੂੰ ਗੁਰੂ ਇਹੀ ਕੁੱਝ ਸਮਝਾ ਰਿਹਾ ਹੈ ਕੇਵਲ ਗੁਰੂ ਦੀ ਸਮਝ ਤੇ ਵਿਸ਼ਵਾਸ ਕਰਨ ਦੀ ਲੋੜ ਹੈ। (**ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥ ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥ ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥ ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥**)

{ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥}

(ਅੰਗ - ੧੩)

{ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥੩॥}

(ਅੰਗ - ੬੯੨)

{ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥}

(ਅੰਗ - ੧੩੪੯)

ਜਦ ਤੱਕ ਕਿਸੇ ਅੰਦਰ ਕਮਲ ਦਾ ਪਰਗਾਸ ਨਹੀਂ ਹੁੰਦਾ ਭਾਵ ਕਿਸੇ ਦੇ ਅੰਦਰ ਸੱਚੇ ਗਿਆਨ ਦਾ ਪਰਕਾਸ਼ ਨਹੀਂ ਹੁੰਦਾ ਤਦ ਤੱਕ ਕੋਈ ਨਾਮ ਵਾਲਾ ਨਹੀਂ ਬਣ ਸਕਦਾ ਤੇ ਨਾ ਹੀ ਕਿਸੇ ਨੂੰ ਸੱਚੀ ਭਗਤੀ ਦੀ ਸਮਝ ਪੈ ਸਕਦੀ ਹੈ ਭਾਵ ਸੱਚੀ ਭਗਤੀ ਦੀ ਸਮਝ ਕੇਵਲ ਗੁਰੂ ਕੋਲੋਂ ਹੀ ਲੈਣੀ ਚਾਹੀਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥
ਮਨਮੁਖ ਲੋਭਿ ਦੂਜੈ ਲੋਭਾਇਆ ॥
ਐਸੇ ਗਿਆਨੀ ਬੂਝਹੁ ਕੋਇ ॥
ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥
ਕਹਿ ਕਹਿ ਕਹਣੁ ਕਹੈ ਸਭੁ ਕੋਇ ॥
ਬਿਨੁ ਮਨ ਮੂਏ ਭਗਤਿ ਨ ਹੋਇ ॥
ਗਿਆਨ ਮਤੀ ਕਮਲ ਪਰਗਾਸੁ ॥
ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥
ਹਉਮੈ ਭਗਤਿ ਕਰੇ ਸਭੁ ਕੋਇ ॥
ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਾਣਾਏ ॥
ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥
ਸੇ ਭਗਤ ਸਤਿਗੁਰ ਮਨਿ ਭਾਏ ॥
ਅਨਦਿਨੁ ਨਾਮਿ ਰਹੇ ਲਿਵ ਲਾਏ ॥
ਸਦ ਹੀ ਨਾਮੁ ਵੇਖਹਿ ਹਜੂਰਿ ॥
ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥
ਆਪੇ ਬਖਸੇ ਦੇਇ ਪਿਆਰੁ ॥
ਹਉਮੈ ਰੋਗੁ ਵਡਾ ਸੰਸਾਰਿ ॥
ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥
ਨਾਨਕ ਸਾਚੇ ਸਾਚਿ ਸਮਾਇ ॥੮॥”

(ਅੰਗ - ੧੨੨੭-੧੨੨੮)

ਉੱਪਰ ਸ਼ਬਦ ਦੇ ਪਹਿਲੇ ਪਦੇ ਨੂੰ ਹੀ ਧਿਆਨ ਨਾਲ ਸਮਝੋਗੇ ਤੇ ਸਮਝ ਪੈਂਦੀ ਹੈ ਕਿ ਗੁਰੂ ਤੋਂ ਬਿਨ੍ਹਾਂ ਐਸਾ ਹੋਰ ਕੋਈ ਨਹੀਂ ਹੈ ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੈ। ਗੁਰੂ ਨੂੰ ਹੀ ਸੱਚੀ ਭਗਤੀ ਦੇ ਮਾਰਗ ਦੀ ਸਮਝ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ “**ਗੁਰਮੁਖਿ**” ਰੂਪ ਹੈ ਤੇ ਉਹ ਮਨ ਦੀ ਸੱਚੀ ਸਮਝ ਦੁਆਰਾ ਕੇਵਲ ਗੁਰਮਤਿ ਦੇ ਸੱਚੇ ਮਾਰਗ ਤੇ ਹੀ ਚੱਲਦਾ ਹੈ ਤੇ ਦੂਸਰਿਆਂ ਨੂੰ ਚਲਾ ਸਕਦਾ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ “**ਮਨਮੁਖਿ**” ਹੈ ਭਾਵ ਆਪਣੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਜਿਸ ਕਰਕੇ ਉਸ ਨੂੰ ਗੁਰਮਤਿ ਦੀ ਪੂਰੀ ਸੱਚੀ ਸਮਝ ਨਹੀਂ ਪੈਂਦੀ ਤੇ ਉਹ ਗੁਰਮਤਿ ਦੇ ਦੂਜੇ ਪਾਸੇ ਚੱਲਦਾ ਹੈ ਭਾਵ ਗੁਰਮਤਿ ਤੋਂ ਉਲਟ ਚੱਲਦਾ ਹੈ। ਗੁਰਮਤਿ ਤੋਂ ਦੂਸਰਾ ਪਾਸਾ ਮਾਇਆ ਮੋਹ ਦਾ ਹੈ ਜੋ ਪਾਸਾ ਮਨੁੱਖ ਨੂੰ ਮਾਇਆ ਦੇ ਪਦਾਰਥਾਂ ਲਈ ਲੁਭਾਉਂਦਾ ਹੈ ਜਿਸ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਭਗਤੀ ਦੇ ਮਾਰਗ ਤੋਂ ਦੂਜੇ ਪਾਸੇ ਚੱਲਦਾ ਹੈ ਭਾਵ ਉਲਟ ਚੱਲਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਉਹ ਆਪਣੇ ਮੇਲ ਦੁਆਰਾ ਹੀ ਸਮਝਾਉਂਦਾ

ਹੈ ਤੇ ਇਸੇ ਲਈ ਕੇਵਲ ਗੁਰੂ ਨੂੰ ਹੀ ਸੱਚੀ ਭਗਤੀ ਦੀ ਸਮਝ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। (**ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥**) ਹੁਣ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਅਸੀਂ ਭਗਤੀ ਦਾ ਮਾਰਗ ਕਿਸ ਕੋਲੋਂ ਸਮਝਣਾ ਹੈ।

“ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗਿਆਨੀ ਕੌਣ ਹੈ ਭਾਵ ਭਗਤੀ ਦਾ ਸੱਚਾ ਗਿਆਨ ਕਿਸ ਦੇ ਕੋਲ ਹੈ, ਇਸ ਗੱਲ ਦੀ ਪਰਖ ਕਰਨੀ ਸਮਝਾਈ ਹੋਈ ਹੈ ਭਾਵ ਸਾਨੂੰ ਸਮਝਾਇਆ ਹੋਇਆ ਹੈ ਕਿ “ਗਿਆਨੀ” ਕੌਣ ਹੁੰਦੇ ਹਨ। ਜੋ ਗਿਆਨੀ ਹੁੰਦਾ ਹੈ ਉਸ ਨੂੰ ਫਿਰ ਇਹ ਸਮਝ ਹੁੰਦੀ ਹੈ ਕਿ ਜਦ ਤੱਕ ਕੋਈ ਮੁਕਤਿ ਨਹੀਂ ਹੁੰਦਾ ਤਦ ਤੱਕ ਕੋਈ ਗਿਆਨੀ ਨਹੀਂ ਬਣ ਸਕਦਾ। ਮੁਕਤੀ ਅਸੀਂ ਕਿਸ ਚੀਜ ਤੋਂ ਲੈਣੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਮੁਕਤੀ ਅਸੀਂ ਮਨ ਦੀ ਹਉਮੈ ਤੋਂ ਹੀ ਲੈਣੀ ਹੈ, ਮਾਇਆ ਮੋਹ ਤੋਂ ਹੀ ਲੈਣੀ ਹੈ, ਮਨ ਦੀ ਅਗਿਆਨਤਾ ਤੋਂ ਹੀ ਲੈਣੀ ਹੈ ਭਾਵ ਮਨ ਦੀ ਸਮਝ ਤੋਂ ਹੀ ਲੈਣੀ ਹੈ ਜੋ ਸਮਝ ਭਰਮਾਂ ਦੀ ਭਰੀ ਹੋਈ ਹੈ ਤੇ ਮੁਕਤੀ ਕੇਵਲ ਉਸੇ ਦੀ ਹੀ ਹੁੰਦੀ ਹੈ ਜਿਸ ਦੇ ਅੰਦਰ ਪ੍ਰਮਾਤਮਾ ਪਰਗਟੁ ਹੋ ਜਾਂਦਾ ਹੈ ਭਾਵ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ, ਉਸ ਪ੍ਰਮਾਤਮਾ ਦੇ ਨਾਲ ਭੇਟ ਹੋ ਜਾਂਦੀ ਹੈ ਜੋ ਆਪ ਹੀ ਗੁਰੂ ਰੂਪ ਹੈ। ਪ੍ਰਮਾਤਮਾ ਦੇ ਨਾਲ ਭੇਟ ਹੋਣ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ “**ਗੁਰੂ ਰੂਪ**” ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਮਨ ਦੇ ਵਿੱਚ ਆਪ ਹੀ ਆਪਣਾ ਸੱਚਾ ਗਿਆਨ ਦਿੰਦਾ ਹੈ ਜਿਸ ਸੱਚੇ ਗਿਆਨ ਦੁਆਰਾ ਮਨੁੱਖ ਹਰ ਭਰਮ ਤੋਂ ਮੁਕਤਿ ਹੁੰਦਾ ਹੈ ਤੇ ਪ੍ਰਮਾਤਮਾ ਦਾ ਸੱਚਾ ਗਿਆਨੀ ਬਣਦਾ ਹੈ ਜੋ ਗਿਆਨੀ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ। ਇਸ ਗੱਲ ਨੂੰ ਕੋਈ ਉਹੀ ਬੁੱਝ ਸਕਦਾ ਹੈ ਜੋ ਆਪਣੇ ਅੰਦਰੋਂ ਉਸ “**ਗੁਰੂ ਰੂਪ**” ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਗਿਆਨ ਦੇ ਮਾਲਕ ਨੂੰ ਭਾਵ ਅਸਲ ਗਿਆਨੀ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਜੋ ਮਨੁਖ ਨੂੰ ਹਰ ਭਰਮ ਤੋਂ ਆਪ ਹੀ ਮੁਕਤਿ ਕਰਦਾ ਹੈ। (**ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥ ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥**)

ਹੁਣ ਧਿਆਨ ਨਾਲ ਵਿਚਾਰਨ ਦੀ ਗੱਲ ਇਹ ਹੈ ਕਿ ਅਸੀਂ ਕਿਹੜੇ ਗਿਆਨੀ ਕੋਲੋਂ ਭਗਤੀ ਦਾ ਮਾਰਗ ਸਿੱਖਣਾ ਹੈ ਭਾਵ ਉਸ ਗਿਆਨੀ ਕੋਲੋਂ ਸਿੱਖਣਾ ਹੈ ਜੋ ਗਿਆਨੀ ਪ੍ਰਮਾਤਮਾ ਨੂੰ ਜਾਣਦਾ ਹੈ ਭਾਵ ਜੋ ਪ੍ਰਮਾਤਮਾ ਦਾ “ਗੁਰੂ ਰੂਪ” ਗਿਆਨੀ ਹੈ ਜਾਂ ਕਿਸੇ ਹੋਰ ਗਿਆਨੀ ਕੋਲੋਂ ਸਮਝਣਾ ਹੈ ਜੋ ਬਿਨ੍ਹਾਂ ਪ੍ਰਮਾਤਮਾ ਨੂੰ ਜਾਣੇ ਹੀ, ਬਿਨ੍ਹਾਂ ਭਰਮਾਂ ਤੋਂ ਮੁਕਤਿ ਹੋਏ ਹੀ ਆਪਣੇ ਆਪ ਨੂੰ ਧਰਮ ਦੇ ਗਿਆਨੀ, ਸੰਤ, ਬ੍ਰਹਮ ਗਿਆਨੀ ਆਦਿ ਸਮਝਦੇ ਹਨ। ਗਿਆਨੀ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਗੁਰੂ ਸਾਹਿਬ ਸਾਨੂੰ ਇਹੀ ਸਮਝਾ ਰਹੇ ਹਨ ਕਿ ਭਗਤੀ ਦਾ ਮਾਰਗ ਕੇਵਲ ਗੁਰੂ ਕੋਲੋਂ ਸਿੱਖੋ ਭਾਵ ਸੱਚੇ ਗਿਆਨੀ ਕੋਲੋਂ ਸਿੱਖੋ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਹੈ। ਗੁਰੂ ਤੋਂ ਬਿਨ੍ਹਾਂ ਦੂਸਰੇ ਗਿਆਨੀ ਸਾਨੂੰ ਕਿਹੋ ਜਿਹੀ ਭਗਤੀ ਦਾ ਮਾਰਗ ਸਿਖਾਉਂਦੇ ਹਨ ਤੇ ਗੁਰੂ ਰੂਪ ਸੱਚਾ ਗਿਆਨੀ ਕਿਹੋ ਜਿਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ, ਕਿਹੋ ਜਿਹਾ ਨਾਮ ਸਮਝਾਉਂਦਾ ਹੈ ਇਸੇ ਗੱਲ ਨੂੰ ਹੀ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਤੇ ਨਾਲ ਇਹ ਵੀ ਸਪੱਸ਼ਟ ਹੋ ਜਾਵੇਗਾ ਕਿ ਸਾਡੇ ਅੰਦਰ “**ਕਮਲ ਪਰਗਾਸੁ**” ਕਿਸ ਤਰੀਕੇ ਹੁੰਦਾ ਹੈ ਤੇ ਸਾਡੇ ਅੰਦਰ ਨਾਮ ਕਿਵੇਂ ਵੱਸਦਾ ਹੈ।

“ਕਹਿ ਕਹਿ ਕਹਣੁ ਕਹੈ ਸਭੁ ਕੋਇ ॥
ਬਿਨੁ ਮਨ ਮੂਏ ਭਗਤਿ ਨ ਹੋਇ ॥
ਗਿਆਨ ਮਤੀ ਕਮਲ ਪਰਗਾਸੁ ॥
ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥”

ਜਿਹੋ ਜਿਹਾ ਭਗਤੀ ਦਾ ਮਾਰਗ ਅਸੀਂ ਭਗਤੀ ਦੇ ਗਿਆਨੀ, ਪੰਡਿਤ ਆਦਿ ਅਖਵਾਉਣ ਵਾਲਿਆਂ ਕੋਲੋਂ ਸਮਝਿਆ ਹੋਇਆ ਹੈ ਉਹ ਸਾਨੂੰ ਕਿਹੋ ਜਿਹੀ ਭਗਤੀ ਦਾ ਮਾਰਗ ਸਮਝਾਉਂਦੇ ਹਨ ਉਹ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਤੇ ਗੁਰੂ ਰੂਪ ਗਿਆਨੀ ਜਿਹੋ ਜਿਹਾ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਹ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਭਗਤੀ ਦਾ ਭੇਦ ਸਾਡੀ ਕਥਨੀ ਤੇ ਕਰਨੀ ਵਿੱਚ ਹੀ ਹੈ। ਪਹਿਲੀ ਪੰਗਤੀ ਰਾਹੀਂ ਸਾਡੀ ਕਥਨੀ ਹੀ ਸਮਝਾਈ ਹੋਈ ਹੈ ਤੇ ਹਰ ਕੋਈ

ਆਪਣੀ ਕਥਨੀ ਨੂੰ ਹੀ, ਸ਼ਬਦਾਂ ਦੀ, ਧਰਮ ਗ੍ਰੰਥਾਂ ਦੀ ਕਥਨੀ ਨੂੰ ਹੀ ਭਾਵ ਧਰਮ ਗ੍ਰੰਥਾਂ ਦੇ ਪੜ੍ਹੀ ਜਾਣ ਨੂੰ ਹੀ ਭਗਤੀ ਦਾ ਮਾਰਗ ਸਮਝਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਜੋ ਜਿਆਦਾ ਤੋਂ ਜਿਆਦਾ ਕਥਨੀ ਕਰਦੇ ਹਨ ਉਹਨਾਂ ਨੂੰ ਉੱਚੀ ਭਗਤੀ ਵਾਲੇ ਮੰਨਿਆ ਜਾਂਦਾ ਹੈ। ਨਾਮ ਜਪਣਾ ਵੀ ਉਹ ਕਥਨੀ ਹੀ ਸਮਝਦੇ ਹਨ ਤੇ ਹਰ ਵੇਲੇ ਕਥਨੀ ਕਰੀ ਜਾਂਦੇ ਹਨ। ਇਹ ਸਭ ਕੁੱਝ ਜੇਕਰ ਉਹਨਾਂ ਨੂੰ ਕਿਸੇ ਨੇ ਸਮਝਾਇਆ ਹੈ ਤੇ ਉਹ ਤਾਂ ਹੀ ਇਹ ਕੁੱਝ ਕਰਦੇ ਹਨ ਤੇ ਦੂਸਰਿਆਂ ਨੂੰ ਵੀ ਇਹੀ ਕੁੱਝ ਸਮਝਾਉਂਦੇ ਹਨ। ਇਹ ਸਭ ਕੁੱਝ ਸਮਝਾਉਣ ਵਾਲੇ ਕੌਣ ਹਨ ਤੇ ਇਹੋ ਜਿਹੀ ਭਗਤੀ ਦਾ ਪ੍ਰਚਾਰ ਕਰਨ ਵਾਲੇ ਕੌਣ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਵੱਡੇ ਵੱਡੇ ਧਰਮ ਦੇ ਗਿਆਨੀ ਅਖਵਾਉਣ ਵਾਲੇ ਇਹ ਕੁੱਝ ਹੀ ਸਮਝਾਉਂਦੇ ਹਨ ਤੇ ਹਰ ਕੋਈ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਦਾ ਹੈ ਜਿਵੇਂ ਕਿ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹ ਅਸਲ ਭਗਤੀ ਦਾ ਮਾਰਗ ਨਹੀਂ ਹੈ। (**ਕਹਿ ਕਹਿ ਕਹਣੁ ਕਹੈ ਸਭੁ ਕੋਇ ॥**) ਅਸਲ ਭਗਤੀ ਦਾ ਮਾਰਗ ਕੀ ਹੈ ਇਹ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ "ਗੁਰੂ ਰੂਪ" ਸੱਚੇ ਗਿਆਨੀ ਨੇ ਸਮਝਾਇਆ ਹੋਇਆ ਹੈ।

"ਬਿਨੁ ਮਨ ਮੂਏ ਭਗਤਿ ਨ ਹੋਇ ॥"

ਬੜਾ ਸਪੱਸ਼ਟ ਹੈ ਕਿ ਜਦ ਤੱਕ ਮਨੁੱਖ ਦਾ ਮਨ ਨਹੀਂ ਮਰਦਾ ਤਦ ਤੱਕ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਮਨ ਦਾ ਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਨ ਦੇ ਵਿੱਚ ਕੇਵਲ ਸਮਝ ਹੀ ਹੁੰਦੀ ਹੈ ਤੇ ਹੋਰ ਕੁੱਝ ਨਹੀਂ ਹੁੰਦਾ। ਸਭ ਦੇ ਅੰਦਰ ਸਮਝ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜੋ ਕਿ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਮਾਇਆ ਮੋਹ ਹੈ, ਹਉਮੈ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਹੈ, ਮਨਮਤਿ ਹੈ, ਦੁਰਮਤਿ ਹੈ, ਸਾਡੇ ਅੰਦਰ ਦਾ ਪੁੱਠਾ ਕਮਲ ਹੈ, ਬੰਦ ਕਮਲ ਹੈ। ਇਹ ਸਭ ਕੁੱਝ ਸਾਡੇ ਮਨ ਨੂੰ ਸੰਸਾਰ ਦੀ ਅਸਲੀਅਤ ਸਮਝਣ ਤੋਂ, ਆਪਣੇ ਆਪ ਨੂੰ ਤੇ ਪ੍ਰਮਾਤਮਾ ਨੂੰ ਸਮਝਣ ਤੋਂ ਤੇ ਸੱਚੀ ਭਗਤੀ ਦੀ ਸਮਝ ਤੋਂ ਦੂਰ ਰੱਖਣ ਦਾ ਪ੍ਰਮਾਤਮਾ ਦਾ ਆਪਣਾ ਹੀ ਸਾਡੇ ਅੰਦਰ ਪਾਇਆ ਹੋਇਆ ਸਾਡੀ ਸਮਝ ਨੂੰ ਆਪਣੇ ਵੱਸ ਵਿੱਚ ਰੱਖਣ ਦਾ ਢੰਗ ਹੈ, ਉਸ ਦੀ ਆਪਣੀ ਪਾਈ ਹੋਈ ਜੁਗਤਿ ਹੈ ਜਿਸ ਜੁਗਤਿ ਰਾਹੀਂ ਉਹ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ ਜਿਸ ਖੇਡ ਨੂੰ ਮਨੁੱਖ ਆਪਣੇ ਆਪ ਸਮਝ ਹੀ ਨਹੀਂ ਸਕਦਾ। ਆਪਣੇ ਅੰਦਰੋਂ ਮਨ ਦੀ ਨਾਸਮਝ ਮਤਿ ਨੂੰ ਭਾਵ ਮਨ ਦੀ ਅਗਿਆਨਤਾ ਨੂੰ ਮਾਰਨਾ ਹੀ, ਹਉਮੈ ਨੂੰ ਮਾਰਨਾ ਹੀ, ਮਾਇਆ ਮੋਹ ਨੂੰ ਮਾਰਨਾ ਹੀ ਆਪਣੇ ਮਨ ਨੂੰ ਮਾਰਨਾ ਹੈ ਜੋ ਸਾਡੇ ਮਨ ਦੀ ਸਮਝ ਗੁਰੂ ਦੀ ਸੱਚੀ ਸਮਝ ਨੂੰ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੀ ਮਰ ਸਕਦੀ ਹੈ ਤੇ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਭਗਤੀ ਦੀ ਸੱਚੀ ਸਮਝ ਪੈਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ। (**ਬਿਨੁ ਮਨ ਮੂਏ ਭਗਤਿ ਨ ਹੋਇ**) ਸਾਡਾ ਮਨ ਕਿਵੇਂ ਮਰਦਾ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

"ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥"

ਹੁਣ ਉੱਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਜਿਸ ਨੂੰ ਪ੍ਰਮਾਤਮਾ "**ਗਿਆਨੀ**" ਬਣਾਉਂਦਾ ਹੈ ਉਹ ਕਿਸ ਤਰੀਕੇ ਬਣਾਉਂਦਾ ਹੈ। ਜਿਸ ਦੇ ਅੰਦਰ ਕਮਲ ਦਾ "**ਪਰਗਾਸੁ**" ਹੁੰਦਾ ਹੈ ਉਹ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਕਮਲ ਪਰਗਾਸ ਸਾਡੇ ਮਨ ਦੇ ਵਿੱਚ ਹੀ ਹੋਣਾ ਹੈ ਤੇ ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ, ਹਉਮੈ ਹੈ ਤਦ ਤੱਕ ਸਾਡੇ ਅੰਦਰ ਦਾ ਕਮਲ ਬੰਦ ਹੈ ਭਾਵ ਸਾਡੇ ਮਨ ਦੀ ਸਮਝ ਬਝੀ ਹੋਈ ਹੈ ਭਾਵ ਬੰਧਨ ਵਿੱਚ ਹੈ ਇਹ ਸਾਡੇ ਅੰਦਰ ਅਗਿਆਨਤਾ ਰੂਪ ਬੰਧਨ ਹੈ, ਭਰਮ ਵਾਲੇ ਵਿਚਾਰਾਂ ਦੇ ਰੂਪ ਵਿੱਚ ਬੰਧਨ ਹੈ ਜਿਸ ਬੰਧਨ ਤੋਂ ਮੁਕਤਿ ਮਨੁੱਖੀ ਸਮਝ ਨੂੰ ਗੁਰੂ ਦਾ ਸੱਚਾ ਗਿਆਨ ਹੀ ਕਰਦਾ ਹੈ ਤੇ ਗੁਰੂ ਆਪ ਇਸੇ ਕਰਕੇ ਹੀ ਮੁਕਤਿ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ। ਜਿਵੇਂ ਬੰਦ ਕਮਲ ਖੁੱਲ ਜਾਂਦਾ ਹੈ, ਖਿੜ ਜਾਂਦਾ ਹੈ ਫਿਰ ਉਸ ਦੀਆਂ ਜੋ ਪੱਤੀਆਂ ਬੁਝੀਆਂ ਹੁੰਦੀਆਂ ਹਨ, ਬੰਦ ਹੁੰਦੀਆਂ ਹਨ ਉਹ ਫਿਰ ਖੁੱਲ ਜਾਂਦੀਆਂ ਹਨ ਭਾਵ ਅਜ਼ਾਦ ਹੋ ਜਾਂਦੀਆਂ ਹਨ ਭਾਵ ਬੰਧਨ ਤੋਂ ਮੁਕਤ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਮਨ ਦੇ ਵਿੱਚ ਸਾਡੇ ਮਨ ਦੇ ਵਿਚਾਰ ਭਰਮ ਵਾਲੇ ਵਿਚਾਰਾਂ ਨਾਲ ਬੱਝੇ ਹੋਏ ਹਨ ਤੇ ਉਹ ਆਪਣੇ ਆਪ ਭਰਮ ਵਾਲੇ ਵਿਚਾਰਾਂ ਵਿੱਚੋਂ ਨਹੀਂ ਨਿਕਲ ਸਕਦੇ ਕਿਉਂਕਿ ਇਸ ਮਨ ਦੇ ਬੰਧਨ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਬੰਧਨ ਵਿੱਚੋਂ ਖੋਲਦਾ ਹੈ ਉਹ ਆਪ ਹੀ ਖੋਲਦਾ ਹੈ ਤੇ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਹੀ ਖੋਲਦਾ ਹੈ ਜਿਵੇਂ ਕਿ ਉਸ ਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਇਸ ਬੰਧਨ ਤੋਂ ਮੁਕਤਿ ਕੀਤਾ ਹੈ, ਉਹਨਾਂ ਦੀ ਮਤਿ ਦੇ ਅੰਦਰ ਆਪਣਾ ਸੱਚਾ ਗਿਆਨ ਦੇਣ

ਦੁਆਰਾ, ਆਪਣੇ ਸੱਚੇ ਗਿਆਨ ਦਾ ਪਰਗਾਸ ਕਰਨ ਦੁਆਰਾ ਉਹਨਾਂ ਦੇ ਅੰਦਰ ਦਾ ਕਮਲ ਪਰਗਾਸ ਕੀਤਾ ਹੈ ਭਾਵ ਮਨ ਦੇ ਵਿਚਾਰਾਂ ਨੂੰ ਆਜ਼ਾਦ ਕੀਤਾ ਹੈ ਜੋ ਵਿਚਾਰ ਭਰਮਾਂ ਤੋਂ ਆਜ਼ਾਦ ਹੋਣ ਲਈ ਮਨ ਦੇ ਵਿੱਚ ਪ੍ਰਮਾਤਮਾ ਦੇ ਉੱਚੇ ਗਿਆਨ ਤੱਕ ਪਹੁੰਚ ਕਰ ਸਕਦੇ ਹਨ, ਜੋ ਪ੍ਰਮਾਤਮਾ ਗਿਆਨ ਦੇ ਮਾਲਕ ਦੇ ਰੂਪ ਵਿੱਚ ਸਾਡੇ ਸਭ ਦੇ ਅੰਦਰ ਹੀ ਹੈ। ਮਨ ਦੇ ਇਸ ਉੱਚੇ ਗਿਆਨ ਦੁਆਰਾ ਹੀ ਕੋਈ ਉਸ ਪ੍ਰਮਾਤਮਾ ਦਾ ਗਿਆਨੀ ਰੂਪ ਬਣਦਾ ਹੈ, ਉਸ ਦਾ ਗੁਰੂ ਰੂਪ ਬਣਦਾ ਹੈ ਜਿਸ ਸੱਚੇ ਗਿਆਨ ਦੁਆਰਾ ਭਾਵ ਸੱਚੇ ਗਿਆਨ ਦੀ ਮਤਿ ਵਾਲਾ ਬਣਨ ਦੁਆਰਾ ਉਸ ਦਾ ਮਨ ਮਰਦਾ ਹੈ ਭਾਵ ਉਸ ਦੇ ਅੰਦਰ ਦੀ ਅਗਿਆਨਤਾ ਮਰਦੀ ਹੈ, ਹਉਮੈ ਮਰਦੀ ਹੈ ਤੇ ਮਨ ਦੀ ਇਹੋ ਜਿਹੀ ਉੱਚੀ ਸਮਝ ਦੁਆਰਾ ਪ੍ਰਮਾਤਮਾ ਆਪ ਹੀ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਜੋ ਭਗਤੀ ਦਾ ਮਾਰਗ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਦਾ ਮਾਰਗ ਹੈ ਜੋ ਮਾਰਗ ਸਾਨੂੰ "**ਗੁਰਬਾਣੀ ਗੁਰੂ**", "**ਸ਼ਬਦ ਗੁਰੂ**" ਵਾਰ-ਵਾਰ ਸਮਝਾ ਰਿਹਾ ਹੈ। ਮਨ ਦੇ ਵਿੱਚ ਕਮਲ ਪਰਗਾਸ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਨਾਮ ਰੂਪ ਹੈ। ਪ੍ਰਮਾਤਮਾ ਆਪ ਨਾਮ ਰੂਪ ਹੈ, ਨਾਮ ਦਾ ਮਾਲਕ ਹੈ ਤੇ ਇਸੇ ਲਈ ਉਹ ਆਪਣਾ ਨਾਮ ਕੇਵਲ ਆਪ ਹੀ ਦਿੰਦਾ ਹੈ ਤੇ ਮਨ ਦੇ ਵਿੱਚ ਆਪਣਾ ਨਾਮ ਦੇਣ ਦੁਆਰਾ ਆਪਣੇ ਨਾਮ ਰੂਪ ਵਿੱਚ ਹੀ ਉਹ ਮਨੁੱਖ ਦੇ ਅੰਦਰ ਵੱਸਦਾ ਹੈ, ਮਨੁੱਖ ਦੀ ਸਮਝ ਦੇ ਅੰਦਰ ਵੱਸਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ "ਨਾਮੁ" ਕੀ ਹੈ ਤੇ "ਨਾਮੁ" ਜਪਣਾ ਕੀ ਹੈ। ਜਿੰਨ੍ਹਾਂ ਦੇ ਅੰਦਰ ਨਾਮ ਵੱਸਿਆ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਨਾਮ ਪਾਇਆ ਹੈ ਭਾਵ ਉਸ ਦਾ ਸੱਚਾ ਗਿਆਨ ਪਾਇਆ ਹੈ, ਬ੍ਰਹਮ ਗਿਆਨ ਪਾਇਆ ਹੈ ਜੋ ਬ੍ਰਹਮ ਗਿਆਨ ਸਾਨੂੰ ਸਾਡੀ ਕਥਨੀ ਦਾ ਮਾਰਗ ਭਾਵ ਸੱਚੀ ਸੁੱਚੀ ਕਰਨੀ ਦਾ ਮਾਰਗ ਸਮਝਾਉਂਦਾ ਹੈ। ਕਥਨੀ ਦਾ ਮਾਰਗ ਕੇਵਲ ਭਗਤੀ ਦਾ ਮਾਰਗ ਸਮਝਣ ਲਈ ਹੈ ਭਾਵ ਕਥਨੀ ਵੀ ਸਾਡੇ ਲਈ ਜਰੂਰੀ ਹੈ ਪਰ ਕੇਵਲ ਕਥਨੀ ਨੂੰ ਆਪਣੀ ਭਗਤੀ ਦਾ ਮਾਰਗ ਸਮਝਣਾ ਸਾਡੀ ਅਗਿਆਨਤਾ ਹੈ, ਸਾਡਾ ਭਰਮ ਹੈ। ਨਾਮ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਤੇ ਅਸੀਂ ਨਾਮ ਨੂੰ ਸਮਝਣ ਵਿੱਚ ਹੀ ਭਰਮ ਵਿੱਚ ਹਾਂ ਭਾਵ ਨਾਮ ਨੂੰ ਤੇ ਨਾਮ ਦਾ ਮਕਸਦ ਸਮਝਣ ਵਿੱਚ ਹੀ ਸਾਡੇ ਅੰਦਰ ਭਰਮ ਹੈ ਜੋ ਭਰਮ ਸਾਡੇ ਅੰਦਰੋਂ ਕਮਲ ਦਾ ਪਰਗਾਸੁ ਹੋਣ ਦੁਆਰਾ ਹੀ ਨਿਕਲਦਾ ਹੈ। (**ਕਹਿ ਕਹਿ ਕਹਣੁ ਕਹੈ ਸਭੁ ਕੋਇ ॥ ਬਿਨੁ ਮਨ ਮੂਏ ਭਗਤਿ ਨ ਹੋਇ ॥ ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥**)

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ - ੬੫੫)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥
ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥}

(ਅੰਗ - ੫੬)

ਸਾਡੀ ਕਥਨੀ ਵਾਲੀ ਭਗਤੀ ਕਿਸੇ ਲੇਖੇ ਵਿੱਚ ਨਹੀਂ ਪੈਂਦੀ ਕਿਉਂਕਿ ਕਥਨੀ ਕਰਨ ਦੁਆਰਾ ਮਨੁੱਖ ਆਪ ਵਡਿਆਈਆਂ ਲੈਂਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਉਲਟ ਚੱਲਦਾ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਅਗਿਆਨਤਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਹਉਮੈ ਭਗਤਿ ਕਰੇ ਸਭੁ ਕੋਇ ॥
ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਾਣਾਏ ॥
ਬਿਰਥੀ ਭਗਤਿ ਸਭੁ ਜਨਮੁ ਗਵਾਏ ॥"

ਇਸ ਤੋਂ ਪਹਿਲੇ ਪਦੇ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਹਰ ਕੋਈ ਆਪਣੀ ਕਥਨੀ ਦੁਆਰਾ ਭਗਤੀ ਕਰਦਾ ਹੈ ਤੇ ਉਪਰਲੀ ਪੰਗਤੀ ਰਾਹੀਂ ਗੁਰੂ ਸਾਹਿਬ ਇਹ ਕਹਿ ਰਹੇ ਹਨ ਕਿ ਹਰ ਕੋਈ ਭਗਤੀ ਕਰਨ ਵਾਲਾ ਹਉਮੈ ਵਿੱਚ ਹੀ ਭਗਤੀ ਕਰਦਾ ਹੈ ਭਾਵ ਜੋ ਕਥਨੀ ਨੂੰ ਆਪਣੀ ਭਗਤੀ ਸਮਝਦੇ ਹਨ ਉਹ ਹਉਮੈ ਵਿੱਚ ਹੀ ਹਨ ਭਾਵ ਮਨ ਦੀ ਅਗਿਆਨਤਾ ਵਿੱਚ ਹੀ ਹਨ ਜਿਸ ਵਿੱਚ ਰਹਿੰਦੇ ਹੋਏ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ। "ਕਥਨੀ" ਵਾਲੀ ਭਗਤੀ ਕਰਨ ਵਾਲਾ ਕੋਈ ਨਹੀਂ ਮੰਨ ਸਕਦਾ ਕਿ ਉਸ ਦੀ ਭਗਤੀ ਝੂਠੀ ਹੈ ਭਾਵ ਉਹ ਆਪਣੀ ਭਗਤੀ ਨੂੰ ਸੱਚ ਹੀ ਸਮਝਦਾ ਹੈ। ਝੂਠ ਨੂੰ ਸੱਚ ਸਮਝਣਾ ਹੀ ਹਉਮੈ ਹੈ, ਭਰਮ ਹੈ ਭਾਵ ਸਾਡੀ ਨਾਸਮਝੀ ਹੈ। ਕਥਨੀ ਵਾਲੀ ਭਗਤੀ ਕਰਨ ਨਾਲ ਸਾਡਾ ਗੁਰੂ ਦੇ ਨਾਲ ਮਨ ਨਹੀਂ ਭਿੱਜਦਾ ਤੇ ਨਾ ਹੀ ਕਿਸੇ ਨੂੰ "**ਸੁਖੁ**" ਦੀ ਪ੍ਰਾਪਤੀ ਹੋ ਸਕਦੀ ਹੈ ਜੋ "**ਸੁਖੁ**" ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ। ਮਨ ਦਾ ਭਿੱਜਣਾ ਕੀ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਗੁਰੂ ਕੋਲੋਂ ਸਾਨੂੰ ਉਸ ਦੀ ਸੱਚੀ ਸਮਝ ਹੀ ਮਿਲਦੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦੀ ਹੈ, ਨਾਮ ਦੇ ਰੂਪ ਵਿੱਚ ਮਿਲਦੀ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਸਾਡੇ ਅੰਦਰ "**ਸੋਕਾ**" ਹੈ, ਸਾਡਾ ਮਨ ਸੁੱਕਿਆ ਹੋਇਆ ਹੈ ਤੇ ਜਿਵੇਂ ਸੁੱਕੇ ਹੋਏ ਪੇੜ ਨੂੰ ਕੋਈ ਫ਼ਲ ਨਹੀਂ ਲੱਗਦਾ ਭਾਵ ਉਸ ਦੇ ਜੀਵਨ ਦਾ ਮਕਸਦ ਪੂਰਾ ਨਹੀਂ ਹੁੰਦਾ, ਇਸੇ ਤਰ੍ਹਾਂ ਸਾਡੇ ਹਉਮੈ ਵਾਲੇ ਵਿਚਾਰ ਇੱਕ ਸੁੱਕੇ ਹੋਏ ਪੇੜ ਦੀ ਤਰ੍ਹਾਂ ਹਨ ਜਿੰਨ੍ਹਾਂ ਨੂੰ ਹਰਾ ਹੋਣ ਦੇ ਲਈ ਜਲ ਦੀ ਲੋੜ ਹੈ ਤੇ ਗੁਰੂ ਆਪਣੇ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਸਾਨੂੰ ਆਪਣਾ ਅੰਮ੍ਰਿਤੁ ਜਲ ਹੀ ਪਿਲਾਉਂਦਾ ਹੈ ਜਿਸ ਜਲ

ਨੂੰ ਸਾਡੇ ਮਨ ਦੀ ਸਮਝ ਨੇ ਹੀ ਪੀਣਾ ਹੈ, ਹਉਮੈ ਵਾਲੀ ਸਮਝ ਨੇ ਹੀ ਪੀਣਾ ਹੈ ਜਿਸ ਨਾਸਮਝ ਮਤਿ ਨੂੰ ਭਗਤੀ ਦੀ ਸਮਝ ਹੀ ਨਹੀਂ ਹੈ। ਫਲ ਉਹੋ ਜਿਹੀ ਮਤਿ ਨੂੰ ਲੱਗਦਾ ਹੈ ਭਾਵ "**ਸੁਖੁ**" ਦੀ ਪ੍ਰਾਪਤੀ ਉਹੋ ਜਿਹੀ ਮਤਿ ਨੂੰ ਹੁੰਦੀ ਹੈ ਜੋ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਲੈਂਦੀ ਹੈ ਤੇ ਫਿਰ ਮਨੁੱਖ ਉਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦਾ ਹੈ ਜੋ ਸ਼ਬਦਾਂ ਦੀ ਵਿਚਾਰ ਸਾਨੂੰ ਸਮਝਾਉਂਦੀ ਹੈ, ਗੁਰੂ ਦੀ ਮਤਿ ਸਾਨੂੰ ਸਮਝਾਉਂਦੀ ਹੈ। ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਗੁਰੂ ਦੇ ਸੱਚੇ ਗਿਆਨ ਨਾਲ ਤਾਂ ਹੀ ਭਿੱਜੇਗੀ ਜੇਕਰ ਅਸੀਂ ਗੁਰੂ ਦੇ ਗਿਆਨ ਨੂੰ ਮੰਨਾਂਗੇ ਭਾਵ ਆਪਣੀ ਨਾਸਮਝ ਮਤਿ ਛੱਡਾਂਗੇ ਤੇ "**ਕਥਨੀ**" ਦੇ ਮਾਰਗ ਤੋਂ "**ਕਰਣੀ**" ਦੇ ਮਾਰਗ ਤੱਕ ਪਹੁੰਚਾਂਗੇ ਜੋ ਭਗਤੀ ਦਾ ਅਸਲ ਮਾਰਗ ਹੈ ਜੋ ਮਾਇਆ ਮੋਹ ਵਾਲੇ ਵਿਚਾਰ ਛੱਡ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਮੇਲ ਦੀ ਭਾਵ "ਸੁਖੁ" ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਫ਼ਲ ਦੀ ਪ੍ਰਾਪਤੀ ਹੋ ਸਕਦੀ ਹੈ। (**ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥**)

ਸਾਡੀ ਸੁੱਕੀ ਹੋਈ ਸਮਝ ਦਾ ਹਰਾ ਹੋਣਾ ਕੀ ਹੈ ਇਸ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥}

(ਅੰਗ - ੧੦੨)

ਰਾਮਕਲੀ ਮਹਲਾ ੫ ॥
"ਗਊ ਕਉ ਚਾਰੇ ਸਾਰਦੂਲੁ ॥
ਕਉਡੀ ਕਾ ਲਖ ਹੂਆ ਮੂਲੁ ॥
ਬਕਰੀ ਕਉ ਹਸਤੀ ਪ੍ਰਤਿਪਾਲੇ ॥
ਅਪਨਾ ਪ੍ਰਭੁ ਨਦਰਿ ਨਿਹਾਲੇ ॥੧॥
ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥
ਬਰਨਿ ਨ ਸਾਕਉ ਬਹੁ ਗੁਨ ਤੇਰੇ ॥੧॥ ਰਹਾਉ ॥
ਦੀਸਤ ਮਾਸੁ ਨ ਖਾਇ ਬਿਲਾਈ ॥
ਮਹਾ ਕਸਾਬਿ ਛੁਰੀ ਸਟਿ ਪਾਈ ॥
ਕਰਣਹਾਰ ਪ੍ਰਭੁ ਹਿਰਦੈ ਵੂਠਾ ॥
ਫਾਥੀ ਮਛੁਲੀ ਕਾ ਜਾਲਾ ਤੂਟਾ ॥੨॥

ਸੂਕੇ ਕਾਸਟ ਹਰੇ ਚਲੂਲ ॥
ਊਚੈ ਥਲਿ ਫੂਲੇ ਕਮਲ ਅਨੂਪ ॥
ਅਗਨਿ ਨਿਵਾਰੀ ਸਤਿਗੁਰ ਦੇਵ ॥
ਸੇਵਕੁ ਅਪਨੀ ਲਾਇਓ ਸੇਵ ॥੩॥
ਅਕਿਰਤਘਣਾ ਕਾ ਕਰੇ ਉਧਾਰੁ ॥
ਪ੍ਰਭੁ ਮੇਰਾ ਹੈ ਸਦਾ ਦਇਆਰੁ ॥
ਸੰਤ ਜਨਾ ਕਾ ਸਦਾ ਸਹਾਈ ॥
ਚਰਨ ਕਮਲ ਨਾਨਕ ਸਰਣਾਈ ॥੪॥"

(ਅੰਗ - ੮੯੮)

ਉੱਪਰ ਵਾਲੇ ਸ਼ਬਦ ਦੇ ਭਾਵ ਕੁੱਝ ਗਹਿਰੇ ਹਨ ਜਿਸ ਰਾਹੀਂ ਸਾਨੂੰ ਭਗਤੀ ਦਾ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ। ਪੂਰੇ ਸ਼ਬਦ ਨੂੰ ਕੁੱਝ ਅੱਗੇ ਚੱਲਕੇ ਸਮਝਾਂਗੇ ਤੇ ਹੁਣ ਸੁੱਕੇ ਕਾਸਟ ਦਾ ਹਰਾ ਹੋਣਾ ਕੀ ਹੈ ਜੋ ਉੱਪਰ ਸ਼ਬਦ ਵਿੱਚ ਸਮਝਾਇਆ ਹੋਇਆ ਹੈ ਉਸ ਪਦੇ ਨੂੰ ਸਮਝਦੇ ਹਾਂ।

"ਸੂਕੇ ਕਾਸਟ ਹਰੇ ਚਲੂਲ ॥
ਊਚੈ ਥਲਿ ਫੂਲੇ ਕਮਲ ਅਨੂਪ ॥
ਅਗਨਿ ਨਿਵਾਰੀ ਸਤਿਗੁਰ ਦੇਵ ॥
ਸੇਵਕੁ ਅਪਨੀ ਲਾਇਓ ਸੇਵ ॥"

ਉੱਪਰ ਸ਼ਬਦ ਰਾਹੀਂ ਸਾਨੂੰ ਕਮਲ ਦੇ ਫੁੱਲ ਦਾ ਪ੍ਰਮਾਣ ਦੇ ਕੇ ਸਾਡੇ ਮਨ ਦੇ ਵਿੱਚ ਕਮਲ ਦੇ ਪੌਦੇ ਨੂੰ ਫ਼ਲ ਕਿਵੇਂ ਲੱਗਦਾ ਹੈ, ਕਮਲ ਕਿਵੇਂ ਹਰਾ ਹੁੰਦਾ ਹੈ ਇਹ ਗੱਲ ਸਮਝਾਈ ਹੋਈ ਹੈ। ਕਮਲ ਹਮੇਸ਼ਾ ਨੀਵੀਂ ਜਗ੍ਹਾ ਤੇ ਫੁੱਲਦਾ ਹੈ, ਹਰਾ ਹੁੰਦਾ ਹੈ ਭਾਵ ਜਲ ਦੇ ਵਿੱਚ ਰਹਿ ਕੇ ਹਰਾ ਹੁੰਦਾ ਹੈ। ਜੇਕਰ ਕਮਲ ਦਾ ਬੂਟਾ ਉੱਚੀ ਜਗ੍ਹਾ ਤੇ ਹੋਵੇ ਭਾਵ ਉੱਥੇ ਪਾਣੀ ਨਾ ਹੋਵੇ ਤਾਂ ਫਿਰ ਉਹ ਬੂਟਾ ਸੁੱਕ ਜਾਂਦਾ ਹੈ। ਇਸੇ ਤਰ੍ਹਾਂ ਸਾਡੇ ਅੰਦਰ ਸਾਡੀ ਮਤਿ "**ਅੰਮ੍ਰਿਤੁ ਜਲ**" ਵਿੱਚ ਨਹੀਂ ਵੱਸਦੀ ਤੇ ਉਸ ਜਗ੍ਹਾ ਤੇ ਵਸੀ ਹੋਈ ਹੈ ਜਿੱਥੇ ਪਾਣੀ ਦੀ ਪਹੁੰਚ ਨਹੀਂ ਹੁੰਦੀ ਜਿਸ ਕਰਕੇ ਸਾਡੇ ਅੰਦਰ ਕਮਲ ਦਾ ਬੂਟਾ ਸੁੱਕਿਆ ਰਹਿੰਦਾ ਹੈ। ਕਮਲ ਸਾਡਾ ਮਨ ਹੈ ਭਾਵ ਸਾਡੇ ਮਨ ਦੀ ਸਮਝ ਹੈ ਜਿਸ ਨੂੰ ਸਾਡੀ ਹਉਮੈ ਨੇ ਸੁਕਾਇਆ ਹੋਇਆ ਹੈ। ਜਲ ਦਾ ਮਾਲਕ ਸਾਡੇ ਅੰਦਰ ਹੈ ਜੋ "**ਅੰਮ੍ਰਿਤ**" ਜਲ ਦੇ ਨਾਲ ਭਰਪੂਰ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਨਾਲ ਭਰਪੂਰ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਭਰਪੂਰ ਹੈ ਤੇ ਆਪਣਾ ਅੰਮ੍ਰਿਤ ਜਲ ਦੇਣ ਦੁਆਰਾ ਉਹ ਕਿਸੇ ਵੀ ਸੁੱਕੇ ਹੋਏ ਬੂਟੇ ਨੂੰ ਹਰਾ ਕਰ ਸਕਦਾ ਹੈ ਭਾਵ ਹਉਮੈ ਵਾਲੇ ਵਿਚਾਰਾਂ ਨੂੰ ਨਾਮ ਵਾਲੇ ਵਿਚਾਰਾਂ ਵਿੱਚ ਬਦਲ ਸਕਦਾ ਹੈ ਭਾਵ ਭਗਤੀ ਦੀ ਨਾਸਮਝ ਮਤਿ ਨੂੰ ਸੱਚੀ ਭਗਤੀ ਦੀ ਸਮਝ ਵਾਲਾ ਬਣਾ ਸਕਦਾ ਹੈ ਭਾਵ ਕਮਲ ਦੇ ਜੀਵਨ ਨੂੰ ਸਫ਼ਲ ਕਰ ਸਕਦਾ ਹੈ। (**ਸੂਕੇ ਕਾਸਟ ਹਰੇ ਚਲੂਲ ॥ ਊਚੈ ਥਲਿ ਫੂਲੇ ਕਮਲ ਅਨੂਪ ॥**) ਸਾਡੇ ਅੰਦਰ ਸੁੱਕੀ ਹੋਈ ਮਤਿ ਨੂੰ ਪ੍ਰਮਾਤਮਾ ਕਿਸ ਤਰੀਕੇ ਹਰੀ ਕਰਦਾ ਹੈ, ਫ਼ਲ ਵਾਲੀ ਬਣਾਉਂਦਾ ਹੈ ਭਾਵ ਆਪਣੀ ਸੱਚੀ ਭਗਤੀ ਦੀ ਸਮਝ ਵਾਲੀ ਬਣਾਉਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤੀ ਹੋਈ ਹੈ।

"ਅਗਨਿ ਨਿਵਾਰੀ ਸਤਿਗੁਰ ਦੇਵ ॥
ਸੇਵਕੁ ਅਪਨੀ ਲਾਇਓ ਸੇਵ ॥"

ਸਾਡੀ ਸੁੱਕੀ ਹੋਈ ਮਤਿ ਭਾਵ ਸੁੱਕੀ ਹੋਈ ਲੱਕੜ ਵਰਗੀ ਮਤਿ ਜਿਸ ਨੂੰ ਭਗਤੀ ਦੀ ਸਮਝ ਨਹੀਂ ਹੈ ਉਹ ਤ੍ਰਿਸ਼ਨਾਵਾਂ ਦੀ ਅਗਨਿ ਦੀ ਭਰੀ ਹੋਈ ਹੁੰਦੀ ਹੈ, ਮਾਇਆ ਮੋਹ ਦੀ ਭਰੀ ਹੁੰਦੀ ਹੈ ਜਿਸ ਵਿੱਚ ਰਹਿੰਦੇ ਹੋਏ ਆਪਾਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਤੇ ਆਪਣੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ, ਅਗਿਆਨਤਾ ਹੈ। ਆਪਣਾ ਅੰਮ੍ਰਿਤ ਜਲ ਪਾਉਣ ਦੁਆਰਾ ਜੋ ਜਲ ਮਨ ਦੇ ਵਿੱਚ ਪ੍ਰਮਾਤਮਾ ਸਾਡੀ ਸਮਝ ਦੇ ਉੱਤੇ ਪਾਉਂਦਾ ਹੈ ਉਹ ਸਮਝ ਫਿਰ ਹਰ ਭਰਮ ਵਿੱਚੋਂ ਨਿਕਲ

ਜਾਂਦੀ ਹੈ। ਪ੍ਰਮਾਤਮਾ ਦਾ ਇਹ "**ਨਾਮ ਜਲ**" ਸੱਚੇ ਗਿਆਨ ਦਾ ਜਲ ਹੈ ਜਿਸ ਜਲ ਦੇ ਨਾਲ ਉਹ ਸਾਡੀ ਨਾਸਮਝ ਮਤਿ ਨੂੰ ਪੂਰੀ ਤਰ੍ਹਾਂ ਭਿਉਂ ਦਿੰਦਾ ਹੈ ਭਾਵ ਉਸ ਦਾ ਸੋਕਾ ਪੂਰਨ ਰੂਪ ਵਿੱਚ ਕੱਢ ਦਿੰਦਾ ਹੈ, ਤ੍ਰਿਸ਼ਨਾਵਾਂ ਵਾਲੀ ਸਮਝ ਪੂਰੀ ਤਰ੍ਹਾਂ ਕੱਢ ਦਿੰਦਾ ਹੈ। ਸਾਡੇ ਅੰਦਰ ਦੀ ਇਹ ਅਗਨਿ "**ਸਤਿਗੁਰ ਦੇਵ**" ਹੀ ਨਿਵਾਰ ਸਕਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਸਾਡੀ ਇਹ ਅਗਨਿ ਨਹੀਂ ਨਿਵਾਰ ਸਕਦਾ ਤੇ ਨਾ ਹੀ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਾ ਸਕਦਾ ਜਿਸ ਦੁਆਰਾ ਕੋਈ ਗੁਰੂ ਦਾ ਸੇਵਕ ਬਣ ਸਕਦਾ ਹੈ, ਉਸ ਦੀ ਸੱਚੀ ਸੇਵਾ ਕਰ ਸਕਦਾ ਹੈ, ਉਸ ਦੀ ਸੱਚੀ ਭਗਤੀ ਕਰ ਸਕਦਾ ਹੈ, ਉਸ ਦਾ ਸੱਚਾ ਨਾਮ ਜਪ ਸਕਦਾ ਹੈ ਤੇ ਫ਼ਲ ਦੀ ਪ੍ਰਾਪਤੀ ਵਾਲਾ ਬਣ ਸਕਦਾ ਹੈ। (**ਸੂਕੇ ਕਾਸਟ ਹਰੇ ਚਲੂਲ ॥ ਊਚੈ ਥਲਿ ਫੂਲੇ ਕਮਲ ਅਨੂਪ ॥ ਅਗਨਿ ਨਿਵਾਰੀ ਸਤਿਗੁਰ ਦੇਵ ॥ ਸੇਵਕੁ ਅਪਨੀ ਲਾਇਓ ਸੇਵ ॥**)

{ਤਿਸੁ ਭਾਣਾ ਸੂਕੇ ਕਾਸਟ ਹਰਿਆ ॥
ਤਿਸੁ ਭਾਣਾ ਤਾਂ ਥਲ ਸਿਰਿ ਸਰਿਆ ॥
ਤਿਸੁ ਭਾਣਾ ਤਾਂ ਸਭਿ ਫਲ ਪਾਏ ॥
ਚਿੰਤ ਗਈ ਲਗਿ ਸਤਿਗੁਰ ਪਾਏ ॥੩॥
ਹਰਾਮਖੋਰ ਨਿਰਗੁਣ ਕਉ ਤੂਠਾ ॥
ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ ॥
ਪਾਰਬ੍ਰਹਮ ਗੁਰ ਭਏ ਦਇਆਲਾ ॥
ਨਾਨਕ ਦਾਸ ਦੇਖਿ ਭਏ ਨਿਹਾਲਾ ॥੪॥}

(ਅੰਗ - ੧੧੪੧)

ਉਪਰਲੇ ਸ਼ਬਦ ਦੇ ਪ੍ਰਮਾਣ ਦੁਆਰਾ ਅਸੀਂ ਗੁਰੂ ਦੇ ਨਾਲ ਆਪਣੇ ਮਨ ਦਾ ਭਿੱਜਣਾ ਹੀ ਸਿੱਖਿਆ ਹੈ, ਗੁਰੂ ਦੇ ਅੰਮ੍ਰਿਤ ਜਲ ਨਾਲ ਭਿੱਜਣਾ ਕੀ ਹੈ ਇਸ ਗੱਲ ਨੂੰ ਸਮਝਿਆ ਹੈ ਤੇ ਹੁਣ ਅਸੀਂ ਮੁੱਖ ਸ਼ਬਦ ਦੀਆਂ ਪਿੱਛੇ ਸਮਝਾਈਆਂ ਪੰਗਤੀਆਂ ਨੂੰ ਹੋਰ ਵੀ ਬਰੀਕੀ ਨਾਲ ਸਮਝ ਸਕਦੇ ਹਾਂ ਕਿਉਂਕਿ ਗੁਰੂ ਦੇ ਨਾਲ ਮਨ ਭਿੱਜਣ ਤੋਂ ਬਿਨ੍ਹਾਂ ਮਨੁੱਖ ਹਉਮੈ ਵਿੱਚ ਹੀ ਰਹਿੰਦਾ ਹੈ ਜਿਸ ਦੁਆਰਾ ਗੁਰੂ ਦੀ ਭਗਤੀ ਦੀ ਸੱਚੀ ਸਮਝ ਹੀ ਨਹੀਂ ਪੈਂਦੀ ਤੇ ਮਨੁੱਖ ਆਪਣੀ ਕਥਨੀ ਨੂੰ ਹੀ ਗੁਰੂ ਦੀ ਭਗਤੀ ਸਮਝਦਾ ਹੈ। (**ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥**) ਅੰਗ - ੧੨੭੭ । ਗੁਰੂ ਦੇ ਨਾਲ ਮਨ ਭਿੱਜੇ ਬਿਨ੍ਹਾਂ ਅਸੀਂ ਜੋ ਵੀ ਆਪਣੇ ਵੱਲੋਂ ਭਗਤੀ ਕਰਦੇ ਹਾਂ ਉਹ ਵਿਅਰਥ ਹੀ ਕਰਦੇ ਹਾਂ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥

ਜਿਹੋ ਜਿਹੀ ਕਥਨੀ ਵਾਲੀ ਭਗਤੀ ਅਸੀਂ ਕਰਦੇ ਹਾਂ ਉਹ ਵਿਅਰਥ ਜਾਂਦੀ ਹੈ ਤੇ ਕਿਸ ਲਈ ਜਾਂਦੀ ਹੈ ਇਸ ਗੱਲ ਨੂੰ ਉੱਪਰ ਪਹਿਲੀ ਪੰਗਤੀ ਰਾਹੀਂ ਸਮਝਿਆ ਜਾ ਸਕਦਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ, ਗੁਰੂ ਦਾ ਫੁਰਮਾਨ ਬੜਾ ਸਪੱਸ਼ਟ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਉਹ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਉਸ ਨੂੰ ਫਿਰ ਇਹ ਵੀ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਭਾਵ ਉਹ ਪ੍ਰਮਾਤਮਾ ਦਾ ਆਪਣਾ ਰੂਪ ਹੀ ਹੈ ਤੇ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਵੱਸਿਆ ਹੋਇਆ ਹੈ ਜੋ ਗਿਆਨ ਦਾ ਮਾਲਕ ਹੈ। ਜਦ ਤੱਕ ਮਨੁੱਖ ਵਿੱਚ ਇਹ ਗੁਣ ਨਹੀਂ ਆਉਂਦਾ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ, ਉਹ ਫਿਰ ਇਹ ਕਦੀ ਨਹੀਂ ਕਹਿ ਸਕਦਾ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ ਤੇ ਫਿਰ ਉਹ ਕਥਨੀ ਨੂੰ ਵੀ ਭਗਤੀ ਨਹੀਂ ਸਮਝਦਾ ਭਾਵ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਭਗਤੀ ਦਾ ਅਸਲ ਮਾਰਗ ਮਨੁੱਖ ਦੀ ਕਰਣੀ ਹੈ ਜੋ ਸੱਚੀ ਭਗਤੀ ਦਾ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਕਥਨੀ ਅਸੀਂ ਕਿਸੇ ਨੂੰ ਸੁਣਾਉਣ ਲਈ ਕਰਦੇ ਹਾਂ ਤੇ ਸਾਡੇ ਕੋਲੋਂ ਕਥਨੀ ਕਰਵਾਉਣ ਵਾਲਾ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਫਿਰ ਅਸੀਂ ਆਪਣੀ ਕਥਨੀ ਕਿਸ ਨੂੰ ਸੁਣਾਈ ਜੋ ਸਭ ਕੁੱਝ ਪਹਿਲੇ ਜਾਣਦਾ ਹੀ ਹੈ। ਕਥਨੀ ਕੇਵਲ

ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਾਉਣ ਲਈ ਹੈ ਨਾ ਕਿ ਆਪਣੇ ਆਪ ਵਿੱਚ ਹੀ ਭਗਤੀ ਹੈ। ਭਗਤੀ ਦੀ ਸੱਚੀ ਸਮਝ ਆਉਣ ਦੁਆਰਾ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਆਉਂਦੀ ਹੈ ਕਿ ਉਸ ਦਾ ਅਸਲ ਜਨਮ ਕੀ ਹੈ। ਜਦ ਤੱਕ ਮਨੁੱਖ ਹਉਮੈ ਵਿੱਚ ਹੈ ਤਦ ਤੱਕ ਉਸ ਦਾ ਉਹ ਜਨਮ ਨਹੀਂ ਹੁੰਦਾ ਜੋ ਸਾਡਾ ਸੱਚਾ ਜਨਮ ਹੈ। ਸਾਡਾ ਸੱਚਾ ਜਨਮ ਉਦੋਂ ਹੁੰਦਾ ਹੈ ਜਦੋਂ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਜਨਮ ਲੈਂਦੇ ਹਾਂ ਜੋ ਉਸ ਦਾ ਘਰ ਸਾਡੇ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਦਾ ਘਰ ਸੱਚੇ ਗਿਆਨ ਦਾ ਘਰ ਹੈ, ਸਹਜ ਦਾ ਘਰ ਹੈ, ਨਿਜ ਘਰ ਹੈ, ਚੌਥੇ ਪਦ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, ਨਾਮ ਦਾ ਘਰ ਹੈ। ਨਾਮ ਦੇ ਘਰ ਵਿੱਚ ਸਾਡਾ ਜਨਮ ਹਉਮੈ ਮਿਟਣ ਦੁਆਰਾ ਹੀ ਹੁੰਦਾ ਹੈ। ਇਹ ਜਨਮ ਸਾਡੀ ਸਮਝ ਦਾ ਹੀ ਹੁੰਦਾ ਹੈ। ਸਾਡੀ ਅਗਿਆਨਤਾ ਵਾਲੀ ਸਮਝ ਸਾਡਾ ਹਉਮੈ ਦੇ ਘਰ ਵਿੱਚ ਜਨਮ ਹੈ ਜੋ ਸਾਨੂੰ ਜਨਮ ਮਰਨ ਵਿੱਚ ਰੱਖਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਸਾਡੇ ਅੰਦਰ ਹਉਮੈ ਰੂਪ ਘਰ ਦਾ ਮਰਨ ਨਹੀਂ ਹੁੰਦਾ ਭਾਵ ਜਦ ਤੱਕ ਸਾਡੀ ਹਉਮੈ ਨਹੀਂ ਮਰਦੀ, ਅਗਿਆਨਤਾ ਨਹੀਂ ਮਰਦੀ ਤਦ ਤੱਕ ਸਾਡਾ ਸੱਚੇ ਗਿਆਨ ਦੇ ਘਰ ਵਿੱਚ ਜਨਮ ਨਹੀਂ ਹੁੰਦਾ ਭਾਵ ਸਾਡੇ ਮਨ ਦੇ ਵਿਚਾਰ ਜਦੋਂ ਬ੍ਰਹਮ ਗਿਆਨ ਵਾਲੇ ਬਣ ਜਾਂਦੇ ਹਨ ਭਾਵ ਜਦੋਂ ਸਾਡੇ ਅੰਦਰ ਵਿਚਾਰ ਬ੍ਰਹਮ ਰੂਪ ਘਰ ਦੇ ਵਿੱਚੋਂ ਉਪਜਦੇ ਹਨ ਇਹ ਸਾਡਾ ਸੱਚਾ ਜਨਮ ਹੈ ਜਿਸ ਜਨਮ ਰਾਹੀਂ ਸਾਨੂੰ ਇਹ ਸਮਝ ਪੈਂਦੀ ਹੈ ਕਿ ਸਾਡਾ ਮਾਂ-ਪਿਉ ਆਪ ਪ੍ਰਮਾਤਮਾ ਹੀ ਹੈ ਜੋ ਸਭ ਨੂੰ ਆਪ ਹੀ ਪੈਦਾ ਕਰਨ ਵਾਲਾ ਹੈ ਭਾਵ ਆਪ ਹੀ ਸਭ ਦਾ ਮਨੁੱਖੀ ਰੂਪ ਬਣਾਉਣ ਵਾਲਾ ਹੈ ਤੇ ਆਪ ਹੀ ਸਭ ਵਿੱਚ ਸਮਝ ਪਾਉਣ ਵਾਲਾ ਹੈ ਜੋ ਸਭ ਕੁੱਝ ਆਪ ਹੀ ਹੈ। ਸਾਡੀ ਭਗਤੀ ਉਹ ਸਫ਼ਲ ਹੁੰਦੀ ਹੈ ਜੋ ਭਗਤੀ ਅਸੀਂ ਗੁਰੂ ਕੋਲੋਂ ਮਤਿ ਲੈ ਕੇ ਕਰਦੇ ਹਾਂ ਭਾਵ ਜਿਹੋ ਜਿਹੀ ਭਗਤੀ ਗੁਰੂ ਸਮਝਾਉਂਦਾ ਹੈ ਉਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਕਰਦੇ ਹਾਂ ਜੋ ਕਿ ਸਾਡੀ ਸੱਚੀ ਸੁੱਚੀ ਵਿਚਰਨ ਦਾ ਹੈ ਤੇ ਇਹੋ ਜਿਹੀ ਭਗਤੀ ਹੀ ਸਾਡੀ ਸਫ਼ਲ ਹੋ ਸਕਦੀ ਹੈ। ਸਭ ਹਉਮੈ ਵਾਲੀ ਭਗਤੀ ਵਿੱਚ ਹੀ ਲੱਗੇ ਹੋਏ ਹਨ ਭਾਵ ਮਨਮਤਿ ਵਾਲੀ ਭਗਤੀ ਵਿੱਚ ਹੀ ਲੱਗੇ ਹੋਏ ਹਨ ਤੇ ਇਸੇ ਲਈ ਸਭ ਆਪਣਾ ਅਸਲ ਜਨਮ ਗਵਾ ਲੈਂਦੇ ਹਨ ਭਾਵ ਪ੍ਰਮਾਤਮਾ ਦੇ ਘਰ ਤੱਕ ਨਹੀਂ ਪਹੁੰਚਦੇ, ਨਿਜ ਘਰ ਤੱਕ ਨਹੀਂ ਪਹੁੰਚਦੇ, ਆਪਣੇ ਅੰਦਰੋਂ ਸੱਚੇ ਘਰ ਨੂੰ ਨਹੀਂ ਜਾਣ ਸਕਦੇ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਸੱਚਾ ਘਰ ਹੈ ਜਿਸ ਘਰ ਵਿੱਚੋਂ ਸ਼ਬਦਾਂ ਦੀ ਵਿਚਾਰ ਲੈ ਕੇ ਤੇ ਉਸ ਤੇ ਅਮਲ ਕਰਕੇ ਅਸੀਂ ਉਸ ਪ੍ਰਮਾਤਮਾ ਦੇ ਘਰ ਵਿੱਚ ਜਨਮ ਲੈਣ ਦਾ ਸੱਚਾ ਉੱਦਮ ਕਰ ਸਕਦੇ ਹਾਂ। (**ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥ ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥**)

{ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ - ੯)

ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਇਹੀ ਗੱਲ ਸਪੱਸ਼ਟ ਕੀਤੀ ਹੋਈ ਹੈ ਕਿ ਪ੍ਰਮਾਤਮਾ ਨੂੰ ਉਹ ਭਗਤ ਭਾਉਂਦੇ ਹਨ ਜਿੰਨ੍ਹਾਂ ਨੂੰ ਉਹ ਭਗਤੀ ਦਾ ਮਾਰਗ ਆਪ ਸਮਝਾਉਂਦਾ ਹੈ, ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹਰ ਵੇਲੇ ਹਾਜਰ ਹਜੂਰਿ ਦੇਖਦੇ ਹਨ ਤੇ ਉਹਨਾਂ ਨੂੰ ਇਹ ਕਿਸ ਤਰੀਕੇ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਆਪ ਹੀ "ਨਾਮੁ" ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਸੇ ਭਗਤ ਸਤਿਗੁਰ ਮਨਿ ਭਾਏ ॥
ਅਨਦਿਨੁ ਨਾਮਿ ਰਹੇ ਲਿਵ ਲਾਏ ॥
ਸਦ ਹੀ ਨਾਮੁ ਵੇਖਹਿ ਹਜੂਰਿ ॥
ਗੁਰ ਕੈ ਸਬਦਿ ਰਹਿਆ ਭਰਪੂਰਿ ॥"

ਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਸਮਝਾਇਆ ਹੋਇਆ ਹੈ ਕਿ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਫਿਰ ਪ੍ਰਮਾਤਮਾ ਨੂੰ ਹਰ ਵੇਲੇ ਆਪਣੇ ਅੰਦਰੋਂ ਹਾਜਰ ਹਜੂਰਿ ਵੇਖਦਾ ਹੈ ਜੋ ਕਿ ਉਹ ਉਸ ਨੂੰ ਮਨ ਦੇ ਵਿੱਚੋਂ ਹੀ ਦੇਖਦਾ ਹੈ। ਉੱਪਰ ਸ਼ਬਦ ਰਾਹੀਂ ਇਹ ਸਮਝੋ ਕਿ ਉਹ ਪ੍ਰਮਾਤਮਾ ਦਾ ਕੀ ਰੂਪ ਹੈ ਜਿਸ ਰੂਪ ਨੂੰ ਉਸ ਦੇ ਭਗਤ ਹਰ ਵੇਲੇ ਆਪਣੇ ਅੰਦਰ ਹਜੂਰਿ ਵੇਖਦੇ ਹਨ। ਉਹ ਹਰ ਵੇਲੇ ਆਪਣੇ ਅੰਦਰੋਂ "ਨਾਮੁ" ਨੂੰ ਹਜੂਰਿ ਵੇਖਦੇ ਹਨ ਤੇ ਫਿਰ ਦੱਸੋ ਕਿ ਨਾਮੁ ਕੀ ਹੋਇਆ ਭਾਵ "ਨਾਮ" ਆਪ ਹੀ ਪ੍ਰਮਾਤਮਾ ਹੈ ਜਿਸ ਗੱਲ ਨੂੰ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਸਦ ਹੀ ਨਾਮੁ**

ਵੇਖਹਿ ਹਜੂਰਿ ॥) ਜੋ ਗੱਲ ਗੁਰੂ ਸਾਨੂੰ ਵਾਰ-ਵਾਰ ਸਮਝਾ ਰਿਹਾ ਹੈ ਪਰ ਫਿਰ ਵੀ ਅਸੀਂ ਮੰਨਣ ਨੂੰ ਤਿਆਰ ਨਹੀਂ ਹੁੰਦੇ ਤੇ ਗੱਲ ਉਹਨਾਂ ਦੀ ਮੰਨਦੇ ਹਾਂ ਜਿੰਨ੍ਹਾਂ ਨੇ ਸਾਨੂੰ ਇਹ ਸਮਝਾਇਆ ਹੈ ਕਿ ਨਾਮ ਇੱਕ "ਅੱਖਰ" ਹੈ। ਕੀ ਪ੍ਰਮਾਤਮਾ ਕੇਵਲ ਇੱਕ ਅੱਖਰ ਦਾ ਜੋੜ ਹੈ ਤੇ ਹੋਰ ਕੁੱਝ ਵੀ ਨਹੀਂ। ਸਾਰੀ ਸ੍ਰਿਸ਼ਟੀ ਦੇ ਮਾਲਕ ਨੂੰ ਅਸੀਂ ਇੱਕ ਅੱਖਰ ਦੇ ਰੂਪ ਵਿੱਚ ਬਣਾਇਆ ਹੋਇਆ ਹੈ, ਸਮਝਿਆ ਹੋਇਆ ਜੋ ਕਿ ਨਾਮ ਨੂੰ ਸਮਝਣ ਵਿੱਚ ਵੱਡਾ ਭਰਮ ਹੈ। ਪ੍ਰਮਾਤਮਾ ਇਤਨਾ ਛੋਟਾ ਨਹੀਂ ਜਿਵੇਂ ਕਿ ਅਸੀਂ ਉਸ ਨੂੰ ਇੱਕ ਅੱਖਰ ਸਮਝਿਆ ਹੋਇਆ ਹੈ ਜੋ ਕਿ ਇਤਨੇ ਵੱਡੇ ਖੰਡਾ ਬ੍ਰਹਿਮੰਡਾ ਦਾ ਮਾਲਕ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ ਭਾਵ ਗੁਰੂ ਨੇ ਆਪ ਹੀ ਸਾਡੇ ਭਰਮ ਕੱਢੇ ਹੋਏ ਹਨ ਪਰ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਹੀ ਨਹੀਂ ਕਰਦੇ ਜਿਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਮੋਹ ਵਾਲੀ ਜੁਗਤਿ ਹੀ ਹੈ।

ਸੋਰਠਿ ਮਹਲਾ ੫ ॥

"ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥
ਹਰਿ ਆਰਾਧਿ ਨ ਜਾਨਾ ਰੇ ॥
ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥"

(ਅੰਗ - ੬੧੨)

ਇਸ ਪੂਰੇ ਸ਼ਬਦ ਰਾਹੀਂ ਪ੍ਰਮਾਤਮਾ ਦੀ ਮਹਿਮਾ ਹੀ ਸਮਝਾਈ ਹੋਈ ਹੈ ਕਿ ਉਹ ਕਿਤਨਾ ਕੁ ਵੱਡਾ ਹੈ ਜੋ ਕਿ ਆਪਣੇ ਨਾਮ ਰੂਪ ਕਰਕੇ ਵੱਡਾ ਹੈ। ਪੂਰੇ ਸ਼ਬਦ ਦੇ ਅਰਥ ਕੁੱਝ ਅੱਗੇ ਚੱਲਕੇ ਸਮਝਾਂਗੇ। ਇਸ ਸ਼ਬਦ ਰਾਹੀਂ ਮਨੁੱਖ ਦਾ ਇਹ ਭਰਮ ਕੱਢਿਆ ਹੋਇਆ ਹੈ ਕਿ ਜੋ ਪ੍ਰਮਾਤਮਾ ਇਤਨਾ ਵੱਡਾ ਹੈ ਜਿਸ ਦੇ ਵੱਡੇਪਨ ਦਾ ਅੰਤ ਹੀ ਨਹੀਂ ਜਾਣਿਆ ਜਾ ਸਕਦਾ ਅਸੀਂ ਉਸ ਦੇ ਵੱਡੇਪਨ ਨੂੰ ਇੱਕ ਹੱਦ ਬੰਦੀ ਵਿੱਚ ਬੰਨ ਦਿੱਤਾ ਹੈ ਭਾਵ ਉਸ ਦੀ ਇੱਕ "ਮਿਤਿ" ਤਹਿ ਕਰ ਦਿੱਤੀ ਹੈ ਕਿ ਪ੍ਰਮਾਤਮਾ ਕੇਵਲ ਇਤਨਾ ਕੁ ਵੱਡਾ ਹੀ ਹੈ ਭਾਵ ਅਸੀਂ ਉਸ ਦੀ "**ਮਿਤਿ**" ਨੂੰ, ਉਸਦੇ ਦਾਇਰੇ ਨੂੰ, ਉਸਦੇ ਬਹੁਤ ਵੱਡੇ ਪਸਾਰੇ ਨੂੰ ਇੱਕ ਅੱਖਰ ਜਿੰਨ੍ਹੀ "ਮਿਤਿ" ਬਣਾ ਦਿੱਤਾ ਹੈ ਭਾਵ ਪ੍ਰਮਾਤਮਾ ਦੀ ਹੋਂਦ ਨੂੰ ਬਹੁਤ ਛੋਟਾ ਬਣਾ ਦਿੱਤਾ ਹੈ ਕਿ ਪ੍ਰਮਾਤਮਾ ਇੱਕ ਅੱਖਰ ਹੀ ਹੈ ਤੇ ਇਸ ਤੋਂ ਵੱਡਾ ਨਹੀਂ ਹੈ। ਉਸ ਦੀ "**ਮਿਤਿ**" ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਵਿੱਚ ਥਾਪੀ ਹੋਈ ਹੈ। ਕਿਸੇ ਨੇ ਉਸ ਦੀ ਮਿਤਿ "**ਹਰਿ**" ਰੂਪ ਅੱਖਰ ਵਿੱਚ ਬਣਾਈ ਹੋਈ ਹੈ, ਕਿਸੇ ਨੇ "**ਗੁਰੁ**" ਰੂਪ ਵਿੱਚ ਬਣਾਈ ਹੋਈ ਹੈ, ਕਿਸੇ ਨੇ "**ਰਾਮੁ**" ਰੂਪ ਅੱਖਰ ਵਿੱਚ ਉਸ ਦੀ ਮਿਤਿ ਥਾਪੀ ਹੋਈ ਹੈ, ਕਿਸੇ ਨੇ ਵਾਹਿਗੁਰੂ ਅੱਖਰ ਵਿੱਚ ਉਸ ਦੀ ਹੱਦ ਬੰਦੀ ਕੀਤੀ ਹੋਈ ਹੈ ਕਿ ਇਹੋ ਜਿਹੇ ਅੱਖਰ ਬੋਲੀ ਜਾਣਾ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਜਿਸ ਦੀ ਵਡਿਆਈ ਦਾ ਕੋਈ ਅੰਤ ਹੀ ਨਹੀਂ ਹੈ ਭਾਵ ਅਸੀਂ ਪ੍ਰਮਾਤਮਾ ਦੀ ਵਡਿਆਈ ਨੂੰ ਬਹੁਤ ਛੋਟਾ ਕਰ ਦਿੱਤਾ ਹੈ ਤੇ ਇਸੇ ਲਈ ਸਾਨੂੰ ਕਿਸੇ ਅੱਖਰ ਦਾ ਜਪ ਕਰੀ ਜਾਣ ਲਈ ਮੂਰਖ ਕਿਹਾ ਹੈ, ਨਾਮ ਨੂੰ ਸਮਝਣ ਵਿੱਚ ਭਰਮ ਵਾਲੇ ਕਿਹਾ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਦਾ ਨਾਮ ਜਪਣਾ ਸਮਝ ਨਹੀਂ ਆਇਆ ਤੇ ਉਹ ਇਹੋ ਜਿਹਾ ਜਪ ਕਰੀ ਜਾਣ ਨੂੰ ਹੀ ਆਪਣੀ ਭਗਤੀ ਸਮਝਦੇ ਹਨ ਜਿਸ ਕਰਕੇ ਉਹਨਾਂ ਨੂੰ ਰਾਮ ਦੇ ਦਾਸ ਜਾਣਿਆ ਜਾਂਦਾ ਹੈ, ਪ੍ਰਮਾਤਮਾ ਦੀ ਭਗਤੀ ਵਾਲਾ ਹੀ ਜਾਣਿਆ ਜਾਂਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਕਿ ਇਹੋ ਜਿਹਾ ਜਪ ਕਰਨ ਵਾਲਿਆਂ ਨੂੰ ਸੱਚੀ ਭਗਤੀ ਵਾਲੇ ਹੀ ਸਮਝਿਆ ਜਾਂਦਾ ਹੈ ਤੇ ਗੁਰੂ ਸਾਹਿਬ ਸਾਨੂੰ ਇਹ

ਸਮਝਾ ਰਹੇ ਹਨ ਕਿ ਕਿਸੇ ਅੱਖਰ ਦਾ ਜਪ ਕਰੀ ਜਾਣਾ ਨਾਮ ਜਪਣਾ ਨਹੀਂ ਹੈ ਕਿਉਂਕਿ ਨਾਮ ਤੇ ਅਸਲ ਵਿੱਚ ਪ੍ਰਮਾਤਮਾ ਆਪ ਹੈ ਜਿਸ ਦਾ ਨਾਮ ਬਹੁਤ ਉੱਚਾ ਹੈ ਜਿਸ ਨਾਮ ਦੇ ਨਾਲ ਪ੍ਰਮਾਤਮਾ ਨੇ ਖੰਡਾ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ। ਇਹੋ ਜਿਹਾ ਨਾਮ ਜਪਣ ਵਾਲਿਆਂ ਨੂੰ ਇਹ ਕਹਿ ਕੇ ਸੰਬੋਧਨ ਕੀਤਾ ਹੈ ਕਿ ਇਹਨਾਂ ਨੇ "**ਇਕ ਗੁਨੁ**" ਨਹੀਂ ਜਾਣਿਆ ਭਾਵ ਉਸ ਗੁਣਾਂ ਦੇ ਮਾਲਕ ਨੂੰ ਨਹੀਂ ਜਾਣਿਆ ਜੋ ਇੱਕੋ ਇੱਕ ਆਪ ਪ੍ਰਮਾਤਮਾ ਹੀ ਹੈ। ਜੋ ਸਾਰੇ ਸੰਸਾਰ ਨੂੰ ਪਾਲ ਰਿਹਾ ਹੈ ਉਸ ਨੂੰ ਅਸੀਂ ਇੱਕ ਬਹੁਤ ਛੋਟੀ ਵਡਿਆਈ ਵਿੱਚ ਬੰਨਿਆ ਹੋਇਆ ਹੈ। ਜੋ ਪ੍ਰਮਾਤਮਾ ਸਭ ਦੇ ਅੰਦਰ ਹੀ ਹੈ ਤੇ ਸਭ ਜਗ੍ਹਾ ਭਰਪੂਰ ਹੈ ਉਸ ਨੂੰ ਅਸੀਂ ਕੇਵਲ ਇੱਕ ਅੱਖਰ ਦੇ ਜਪ ਰਾਹੀਂ ਬਹੁਤ ਛੋਟਾ ਬਣਾਇਆ ਹੋਇਆ ਹੈ। ਪ੍ਰਮਾਤਮਾ ਦੀ ਇਹੋ ਜਿਹੀ ਛੋਟੀ ਵਡਿਆਈ ਉਹੀ ਕਰ ਸਕਦੇ ਹਨ ਜਿੰਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਆਪਣੇ ਤੋਂ ਦੂਰ ਸਮਝਿਆ ਹੋਇਆ ਹੈ ਭਾਵ ਉਹਨਾਂ ਨੇ ਉਸ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹੋ ਜਿਹਿਆਂ ਨੂੰ ਭਾਵ ਕਿਸੇ ਅੱਖਰ ਨੂੰ ਨਾਮ ਸਮਝਣ ਵਾਲਿਆਂ ਨੂੰ ਗੁਰੂ ਅਗੇ ਬੇਨਤੀ ਕਰਨੀ ਚਾਹੀਦੀ ਹੈ ਕਿ ਮੈਨੂੰ ਆਪਣਾ ਉਹੋ ਜਿਹਾ ਉਪਦੇਸ਼ ਦੇਵੋ ਜਿਸ ਰਾਹੀਂ ਮੇਰੀ ਮੂਰਖਤਾ ਦੂਰ ਹੋ ਜਾਵੇ ਤੇ ਮੈਨੂੰ ਨਾਮ ਦੀ ਸਮਝ ਪੈ ਜਾਵੇ। ਗੁਰਮਤਿ ਦੇ ਉਲਟ ਅਸੀਂ ਜੋ ਵੀ ਆਪਣੇ ਵੱਲੋਂ ਮਨ ਦੀ ਨਾਸਮਝੀ ਰਾਹੀਂ ਭਗਤੀ ਸਮਝਦੇ ਹਾਂ ਉਹ ਸਾਡਾ ਗੁਣ ਨਹੀਂ ਔਗੁਣ ਹੈ ਜਿਸ ਕਰਕੇ ਅਸੀਂ ਗੁਰਮਤਿ ਦੇ ਉਲਟ ਚੱਲ ਕੇ ਗੁਰੂ ਦੇ ਅਪਰਾਧੀ ਬਣਦੇ ਹਾਂ। ਜਦੋਂ ਮਨੁੱਖ ਸੱਚੇ ਦਿਲੋਂ ਇਹ ਚਾਹੇ ਕਿ ਉਹ ਗੁਰੂ ਦਾ ਉਪਦੇਸ਼ ਮੰਨਣਾ ਚਾਹੁੰਦਾ ਹੈ ਪ੍ਰਮਾਤਮਾ ਫਿਰ ਉਸ ਅਪਰਾਧੀ ਨੂੰ ਤਾਰ ਲੈਂਦਾ ਹੈ ਭਾਵ ਮਾਇਆ ਮੋਹ ਵਾਲੀ ਨਾਸਮਝ ਮਤਿ ਵਿੱਚੋਂ ਕੱਢ ਲੈਂਦਾ ਹੈ। ਜਿਸ ਨੂੰ ਪ੍ਰਮਾਤਮਾ ਨਾਸਮਝ ਮਤਿ ਵਿੱਚੋਂ ਤਾਰ ਲੈਂਦਾ ਹੈ ਉਹ ਫਿਰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਤੇ ਪ੍ਰਮਾਤਮਾ ਕੋਲੋਂ ਹੀ ਮਨ ਦੇ ਵਿੱਚ ਸੁਣਦਾ ਹੈ ਜਿਸ ਸੁਣਨ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਸੱਚੀ ਭਗਤੀ ਦੀ ਸਮਝ ਆਪ ਹੀ ਪਾਉਂਦਾ ਹੈ, ਆਪਣਾ ਨਾਮ ਆਪ ਹੀ ਸਮਝਾਉਂਦਾ ਹੈ ਭਾਵ ਆਪਣਾ ਆਪ ਉਹ ਆਪ ਹੀ ਸਮਝਾਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਨਾਮ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਦੇ ਗੁਣਾਂ ਦਾ ਕੋਈ ਅੰਤ ਹੀ ਨਹੀਂ ਹੈ, ਉਸ ਦੀ ਵਡਿਆਈਆਂ ਦਾ ਕੋਈ ਅੰਤ ਹੀ ਨਹੀਂ ਹੈ। ਜੋ ਮਨ ਦੇ ਵਿੱਚ ਉਸ ਕੋਲੋਂ ਸੁਣਦਾ ਹੈ ਉਸ ਨੂੰ ਹੀ ਇਹ ਸਮਝ ਪੈਂਦੀ ਹੈ ਕਿ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਜਿਸ ਸਰੀਰ ਰਾਹੀਂ ਉਹ ਮਨੁੱਖੀ ਸਮਝ ਨੂੰ ਤਾਰਦਾ ਹੈ ਉਸ ਮਨੁੱਖੀ ਸਰੀਰ ਰਾਹੀਂ ਉਹ ਆਪਣਾ ਗੁਰੂ ਰੂਪ ਧਾਰਨ ਕਰਦਾ ਹੈ। ਜਦ ਤੱਕ ਮਨੁੱਖ ਮਨ ਦੀ ਅਗਿਆਨਤਾ ਤੋਂ ਨਹੀਂ ਤਰਦਾ ਭਾਵ ਜਦ ਤੱਕ ਉਸ ਨੂੰ ਮਨ ਦੇ ਵਿੱਚੋਂ ਸੱਚਾ ਗਿਆਨ ਨਹੀਂ ਮਿਲਦਾ ਤਦ ਤੱਕ ਉਹ ਗਰਭ ਵਾਲੀ ਅਵੱਸਥਾ ਵਿੱਚ ਹੀ ਹੁੰਦਾ ਹੈ ਤੇ ਉਸ ਤੋਂ ਬਾਅਦ ਦੁਬਾਰਾ ਗਰਭ ਵਾਲੀ ਅਵੱਸਥਾ ਵਿੱਚ ਨਹੀਂ ਆਉਂਦਾ। ਗਰਭ ਵਾਲੀ ਅਵੱਸਥਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। (**ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥ ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥ ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥ ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥ ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥ ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥ ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥ ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥**)

"**ਨਾਮੁ**" ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਮਝ ਕੇਵਲ ਤੇ ਕੇਵਲ ਉਸ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ ਜੋ ਨਾਮ ਨੂੰ ਆਪਣੇ ਅੰਦਰੋਂ ਹਰ ਵੇਲੇ "**ਹਜੂਰਿ**" ਦੇਖਦੇ ਹਨ। ਨਾਮੁ ਆਪਣੇ "**ਸਬਦਿ**" ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਸੱਚੇ ਗਿਆਨ ਦੇ ਰੂਪ ਵਿੱਚ ਉਹ ਸਭ ਜਗ੍ਹਾ ਭਰਪੂਰ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਪਿੱਛੇ ਮੁੱਖ ਸ਼ਬਦ ਦੁਆਰਾ ਹੀ ਸਾਨੂੰ ਸਮਝਾਇਆ ਹੋਇਆ ਹੈ। ਜੋ ਆਪਣੇ ਅੰਦਰੋਂ ਨਾਮ ਨੂੰ ਦੇਖ ਲੈਂਦੇ ਹਨ, ਉਹਨਾਂ ਦੀ ਹੀ ਨਾਮ ਦੇ ਨਾਲ ਲਿਵ ਜੁੜਦੀ ਹੈ ਭਾਵ ਮਨੁੱਖੀ ਸਮਝ ਦੀ ਲਿਵ ਹਰ ਵੇਲੇ ਗੁਰਮਤਿ ਰੂਪ ਸੱਚੇ ਗਿਆਨ ਨਾਲ ਜੁੜੀ ਰਹਿੰਦੀ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਦਾ ਸੱਚਾ ਭਗਤ ਬਣਦਾ ਹੈ ਜੋ ਭਗਤ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਤੇ ਉਸ ਨੂੰ ਉਹ ਆਪ ਹੀ ਆਪਣੀ ਸੱਚੀ ਭਗਤੀ ਦੇ ਮਾਰਗ ਤੇ ਚਲਾਉਂਦਾ ਹੈ। (**ਸੇ ਭਗਤ ਸਤਿਗੁਰ ਮਨਿ ਭਾਏ ॥ ਅਨਦਿਨੁ ਨਾਮਿ ਰਹੇ ਲਿਵ ਲਾਏ ॥ ਸਦ ਹੀ ਨਾਮੁ ਵੇਖਹਿ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥**)

ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸ ਦੀ ਹੀ ਹਉਮੈ ਦੂਰ ਹੁੰਦੀ ਹੈ ਭਾਵ ਮਨ ਦੀ ਅਗਿਆਨਤਾ ਦੂਰ ਹੁੰਦੀ ਹੈ ਜੋ ਮਨੁੱਖ ਦਾ ਸਭ ਤੋਂ ਵੱਡਾ ਰੋਗ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥

ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥"

ਬਾਣੀ ਵਿੱਚ ਵਾਰ-ਵਾਰ ਸਾਨੂੰ ਪ੍ਰਮਾਤਮਾ ਦੀ ਬਖਸ਼ਿਸ਼ ਸਮਝਾਈ ਹੋਈ ਹੈ ਕਿ ਉਹ ਮਨੁੱਖ ਨੂੰ ਕਿਸ ਤਰੀਕੇ ਬਖਸ਼ਦਾ ਹੈ। ਜਿਸ ਨੂੰ ਪ੍ਰਮਾਤਮਾ ਬਖਸ਼ਦਾ ਹੈ ਉਸ ਨੂੰ ਹੀ ਉਹ ਆਪਣਾ ਸੱਚਾ ਪਿਆਰ ਦਿੰਦਾ ਹੈ। ਉੱਪਰ ਵਾਲੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਜਿਸ ਨੂੰ ਪ੍ਰਮਾਤਮਾ ਬਖਸ਼ਦਾ ਹੈ, ਆਪਣਾ ਪਿਆਰ ਦਿੰਦਾ ਹੈ, ਉਹ ਕਿਸ ਤਰੀਕੇ ਦਿੰਦਾ ਹੈ। ਪ੍ਰਮਾਤਮਾ ਦੀ ਬਖਸ਼ਿਸ਼ ਇਸ ਤਰੀਕੇ ਹੁੰਦੀ ਹੈ ਜਦੋਂ ਉਹ ਮਨੁੱਖ ਨੂੰ ਉਸ ਦੇ ਸਭ ਤੋਂ ਵੱਡੇ ਰੋਗ ਵਿੱਚੋਂ ਕੱਢ ਲੈਂਦਾ ਹੈ ਜਿਸ ਰੋਗ ਕਰਕੇ ਸਾਰਾ ਸੰਸਾਰ ਹੀ ਰੋਗੀ ਹੈ ਤੇ ਇਹ ਰੋਗ ਸਾਡੇ ਅੰਦਰ ਦੀ "**ਹਉਮੈ**" ਹੈ ਭਾਵ ਮਨ ਦੀ ਅਗਿਆਨਤਾ ਹੈ। ਸਾਡੇ ਇਸ ਰੋਗ ਦਾ ਦਾਰੂ, "**ਅਉਖਧ**" ਨਾਮ ਹੈ ਜਿਸ ਅਉਖਧ ਦੁਆਰਾ ਇਹ ਰੋਗ ਜਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਬਖਸ਼ਦਾ ਹੈ ਉਸ ਨੂੰ ਆਪਣਾ ਨਾਮ ਹੀ ਦਿੰਦਾ ਹੈ ਜੋ ਨਾਮ ਉਹ ਆਪਣੇ ਪਿਆਰ ਦੇ ਰੂਪ ਵਿੱਚ ਦਿੰਦਾ ਹੈ, ਜੋ ਪਿਆਰ ਉਸ ਦਾ ਮਨ ਦੇ ਵਿੱਚ ਸੱਚੇ ਗਿਆਨ ਵਾਲੀ ਸਮਝ ਹੈ, ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ, ਜਿਸ ਸਮਝ ਦੁਆਰਾ ਮਨੁੱਖ ਹਉਮੈ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ ਭਾਵ ਹਉਮੈ ਰੋਗ ਤੋਂ ਮੁਕਤਿ ਹੋ ਜਾਂਦਾ ਹੈ, ਮਨ ਦੀ ਅਗਿਆਨਤਾ ਦੇ ਰੋਗ ਤੋਂ ਮੁਕਤਿ ਹੋ ਜਾਂਦਾ ਹੈ, ਤ੍ਰੈਗੁਣਾਂ ਵਾਲੀ ਸਮਝ ਤੋਂ, ਮਾਇਆ ਮੋਹ ਵਾਲੀ ਸਮਝ ਤੋਂ ਮੁਕਤਿ ਹੋ ਜਾਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਮਨ ਦੇ ਵਿੱਚ ਆਪਣੀ ਭਗਤੀ ਦੀ ਸੱਚੀ ਸਮਝ ਹੀ ਪਾਉਂਦਾ ਹੈ, ਆਪਣੇ ਸ਼ਬਦਾਂ ਦੇ ਵਿਚਾਰਾਂ ਰਾਹੀਂ ਪਾਉਂਦਾ ਹੈ ਜੋ ਸੱਚੇ ਗਿਆਨ ਵਾਲੇ ਵਿਚਾਰ ਭਾਵ ਗੁਰੂ ਦੇ ਤੱਤ ਗਿਆਨ ਵਾਲੇ ਵਿਚਾਰ ਮਨੁੱਖ ਨੂੰ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢ ਲੈਂਦੇ ਹਨ, ਸੁਰਤਿ ਦੇ ਨਾਸਮਝ ਵਿਚਾਰਾਂ ਵਿੱਚੋਂ ਕੱਢ ਲੈਂਦੇ ਹਨ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਆਪਣੇ ਪਾਏ ਹੋਏ ਤੱਤ ਗਿਆਨ ਵਾਲੇ ਵਿਚਾਰ ਹੀ ਹਨ ਜਿੰਨ੍ਹਾਂ ਦਾ ਮਕਸਦ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਭਾਵ ਹਉਮੈ ਵਿੱਚੋਂ ਕੱਢਣ ਦਾ ਹੀ ਹੈ। ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਇਹ "**ਹਉਮੈ ਰੋਗ**" ਪਾਇਆ ਹੋਇਆ ਹੈ ਉਸ ਗੁਰੂ ਰੂਪ ਪ੍ਰਮਾਤਮਾ ਦੀ ਕਿਰਪਾ ਨਾਲ ਹੀ ਇਹ ਰੋਗ ਜਾ ਸਕਦਾ ਹੈ। ਪ੍ਰਮਾਤਮਾ ਆਪ ਨਾਮ ਦੇ ਰੂਪ ਵਿੱਚ ਹੈ, ਸੱਚ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਮਨ ਦੇ ਸੱਚੇ ਵਿਚਾਰਾਂ ਰਾਹੀਂ ਮਨੁੱਖੀ ਸਮਝ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਵਿੱਚ ਸਮਾਅ ਜਾਂਦੀ ਹੈ ਭਾਵ ਸਾਡੇ ਮਨਮਤਿ ਵਾਲੇ ਵਿਚਾਰ ਗੁਰਮਤਿ ਵਾਲੇ ਵਿਚਾਰਾਂ ਵਿੱਚ ਸਮਾਅ ਜਾਂਦੇ ਹਨ ਤੇ ਇਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਮਨੁੱਖ ਦੇ ਉੱਤੇ ਪ੍ਰਮਾਤਮਾ ਦੀ ਸਭ ਤੋਂ ਵੱਡੀ ਬਖਸ਼ਿਸ਼ ਹੈ। (**ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥ ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥**)

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ ॥

"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥

ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥

ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥
ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥
ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥
ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥
ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥
ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥"

(ਅੰਗ -੬੮੭-੬੮੮)

ਉੱਪਰ ਵਾਲੇ ਸ਼ਬਦ ਵਿੱਚ ਵੀ ਸਾਡੇ ਮਨ ਦਾ ਰੋਗ ਕਿਵੇਂ ਦੂਰ ਹੁੰਦਾ ਹੈ, ਇਹ ਗੱਲ ਸਮਝਾਈ ਹੋਈ ਹੈ। ਰੋਗ ਹਉਮੈ ਦਾ ਹੀ ਹੈ ਜਿਸ ਰੋਗ ਨੂੰ ਦੂਰ ਕਰਨ ਦਾ ਦਾਰੂ ਨਾਮ ਹੈ। ਸਾਡੇ ਅੰਦਰ ਦਾ ਰੋਗ ਸਾਡੇ ਮਨ ਦੀ ਮੈਲ ਦੇ ਰੂਪ ਵਿੱਚ ਹੈ ਜੋ ਮੈਲ ਸਾਰੇ ਸੰਸਾਰ ਦੇ ਮਨੁੱਖਾਂ ਦੇ ਅੰਦਰ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਸ ਮੈਲ ਦਾ ਦਾਰੂ ਸੱਚ ਹੈ ਭਾਵ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ। ਮਨ ਦੀ ਮੈਲ ਸਾਨੂੰ ਝੂਠ ਸਿਖਾਉਂਦੀ ਹੈ ਭਾਵ ਝੂਠੀ ਮਤਿ ਵਿੱਚ ਰੱਖਦੀ ਹੈ ਭਾਵ ਮਨਮਤਿ ਵਿੱਚ ਰੱਖਦੀ ਹੈ ਤੇ ਮਨਮਤਿ ਦਾ ਦਾਰੂ ਗੁਰਮਤਿ ਹੈ ਕਿਉਂਕਿ ਗੁਰਮਤਿ ਸਾਨੂੰ ਸੱਚ ਸਮਝਾਉਂਦੀ ਹੈ। **"ਗੁਰਮਤਿ" "ਨਾਮ"** ਹੈ ਤੇ ਪੂਰੀ ਗੁਰਮਤਿ ਗੁਰਬਾਣੀ ਦੇ ਵਿੱਚ "ਗੁਰ ਵਾਕੁ" ਦੇ ਰੂਪ ਵਿੱਚ ਹੈ ਭਾਵ ਗੁਰੂ ਦੇ ਬਚਨਾਂ ਦੇ ਰੂਪ ਵਿੱਚ ਹੈ ਜੋ ਗੁਰੂ ਦੇ "ਵਾਕੁ" ਸਾਨੂੰ ਸੱਚ ਸਮਝਾਉਂਦੇ ਹਨ ਜਿੰਨ੍ਹਾਂ ਦਾ ਮਕਸਦ ਸਾਡੇ ਅੰਦਰ ਗਿਆਨ ਦਾ ਚਾਨਣ ਕਰਨ ਨਾਲ ਹੈ, ਜਿਸ ਦਾ ਮਕਸਦ ਸਾਡੇ ਅੰਦਰੋਂ ਅਗਿਆਨਤਾ ਦਾ ਹਨੇਰਾ ਕੱਢਣ ਨਾਲ ਹੀ ਹੈ ਭਾਵ ਸਾਡੇ ਅੰਦਰ ਦੀ ਮੈਲ ਕੱਢਣ ਨਾਲ ਹੀ ਹੈ ਭਾਵ ਹਉਮੈ ਰੂਪ ਮੈਲ ਕੱਢਣ ਨਾਲ ਹੀ ਹੈ ਭਾਵ ਸਾਡੇ ਮਨ ਦਾ ਰੋਗ ਦੂਰ ਕਰਨ ਨਾਲ ਹੀ ਹੈ ਤੇ ਉਹ ਰੋਗ ਤਾਂ ਹੀ ਦੂਰ ਹੋਵੇਗਾ ਜਦੋਂ ਅਸੀਂ ਗੁਰੂ ਦੇ ਗਿਆਨ ਨੂੰ ਮੰਨਾਂਗੇ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਾਂਗੇ। ਗੁਰੂ ਦਾ ਨਾਮ "**ਦਾਰੂ**" ਹੈ ਤੇ ਜੇ ਉਸ ਦਾਰੂ ਨੂੰ ਭਾਵ ਗੁਰੂ ਦੇ ਨਾਮ ਨੂੰ ਅਸੀਂ ਆਪਣੀ ਕਥਨੀ ਬਣਾਈ ਰੱਖਾਂਗੇ ਤਾਂ ਫਿਰ ਕੀ ਕਿਸੇ ਦਾ ਇਹ ਰੋਗ ਨਿਕਲ ਸਕਦਾ ਭਾਵ ਨਹੀਂ ਨਿਕਲ ਸਕਦਾ। ਇਹ ਰੋਗ ਸਾਡੇ ਮਨ ਦਾ ਹੈ ਭਾਵ ਮਨ ਦੀ ਸਮਝ ਦਾ ਹੈ, ਭਰਮਾਂ ਵਾਲੀ ਸਮਝ ਦਾ ਹੈ ਤੇ ਜਦ ਤੱਕ ਸਾਡੇ ਮਨ ਦੀ ਸਮਝ ਰੂਪ ਮੈਲ ਦੂਰ ਨਹੀਂ ਹੁੰਦੀ ਤਦ ਤੱਕ ਅਸੀਂ ਇਸ ਦਾਰੂ ਨੂੰ ਵਰਤਿਆ ਹੀ ਨਹੀਂ। ਸਾਡੇ ਮਨ ਦੀ ਮੈਲ ਇਸ ਦਾਰੂ ਨੂੰ ਵਰਤਣ ਦੁਆਰਾ ਹੀ ਜਾ ਸਕਦੀ ਹੈ ਭਾਵ ਗੁਰੂ ਦੇ ਬਚਨਾਂ ਨੂੰ ਮੰਨਣ ਦੁਆਰਾ ਹੀ ਜਾ ਸਕਦੀ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਜਾ ਸਕਦੀ ਹੈ, ਮਨ ਦੇ ਅੰਦਰ ਗੁਰੂ ਦਾ ਸੱਚਾ ਗਿਆਨ ਵਸਾਉਣ ਦੁਆਰਾ ਹੀ ਜਾ ਸਕਦੀ ਹੈ।

{ਕਥਨੀ ਕਹਿ ਭਰਮੁ ਨ ਜਾਈ ॥

ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ - ੬੫੫)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

ਪੂਰਾ ਗੁਰੂ ਸਾਡਾ ਤੀਰਥ ਹੈ ਜੋ ਤੀਰਥ ਨਾਮ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਤੀਰਥ ਦਾ ਇਸ਼ਨਾਨ ਕਰਨ ਨਾਲ ਮਨੁੱਖ ਦੇ ਮਨ ਦੀ ਮੈਲ ਦੂਰ ਹੋ ਜਾਂਦੀ ਹੈ ਭਾਵ ਮਨ ਦਾ ਰੋਗ ਦੂਰ ਹੋ ਜਾਂਦਾ ਹੈ। ਸਾਰੇ ਸੰਸਾਰ ਲਈ ਇਹ ਹਉਮੈ ਰੂਪ ਮਨ ਦਾ ਰੋਗ ਦੂਰ ਕਰਨ ਲਈ ਨਾਮ ਇੱਕੋ ਹੀ ਹੈ ਜੋ ਕਿ ਗੁਰੂ ਦਾ ਸੱਚਾ ਗਿਆਨ ਹੈ ਜਿਸ ਸੱਚੇ ਗਿਆਨ ਨੇ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨਾ ਹੈ ਤੇ ਸਾਡੇ ਅੰਦਰੋਂ ਅਗਿਆਨਤਾ ਰੂਪ ਰੋਗ ਦੂਰ ਕਰਨਾ ਹੈ। ਰੋਗ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਤੇ ਉਸ ਦਾ ਦਾਰੂ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਇਹ ਕੁੱਝ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। (**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥**) ਸ਼ਬਦ ਦੇ ਅਗਲੇ ਪਦਿਆਂ ਰਾਹੀਂ ਵੀ ਸਾਡੀ ਨਾਸਮਝ ਮਤਿ ਵਿੱਚ ਤੇ ਗੁਰੂ ਦੀ ਸੱਚੀ ਮਤਿ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਤੇ ਉਹ ਫਰਕ ਦੂਰ ਕਰਨ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ ਜੋ ਤਰੀਕਾ ਗੁਰਮਤਿ ਨੂੰ ਮੰਨਣ ਦਾ ਹੀ ਹੈ ਭਾਵ ਨਾਮ ਨੂੰ ਉਸ ਤਰੀਕੇ ਜਪਣ ਦਾ ਹੈ ਜਿਸ ਤਰੀਕੇ ਜਪਣ ਨਾਲ ਸਾਡੇ ਮਨ ਦਾ ਰੋਗ ਦੂਰ ਹੋ ਜਾਂਦਾ ਹੈ। ਪੂਰੇ ਸ਼ਬਦ ਦੀ ਵਿਆਖਿਆ ਅੱਗੇ ਚੱਲਕੇ ਸਮਝਾਂਗੇ। ਪੂਰੀ ਗੁਰਬਾਣੀ ਰਾਹੀਂ ਸਾਨੂੰ ਮਨ ਦਾ ਰੋਗ ਦੂਰ ਕਰਨਾ ਹੀ ਸਮਝਾਇਆ ਹੋਇਆ ਹੈ ਜੋ ਰੋਗ ਸਭ ਦੇ ਅੰਦਰ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੀ ਹੈ ਭਾਵ ਹਉਮੈ ਦੇ ਰੂਪ ਵਿੱਚ ਹੀ ਹੈ ਜੋ ਰੋਗ ਸਾਡੀ ਕਥਨੀ ਨਾਲ ਨਹੀਂ ਸਾਡੀ ਕਰਨੀ ਨਾਲ ਹੀ ਜਾ ਸਕਦਾ ਹੈ ਭਾਵ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਜਾ ਸਕਦਾ ਹੈ, ਗੁਰੂ ਦੇ ਵਿਚਾਰਾਂ ਨੂੰ ਆਪਣੀ ਕਰਨੀ ਵਿੱਚ ਲਿਆਉਣ ਦੁਆਰਾ ਹੀ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ।

ਮਲਾਰ ਮਹਲਾ ੧ ॥
{ਦੁਖ ਮਹੁਰਾ ਮਾਰਣ ਹਰਿ ਨਾਮੁ ॥
ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥
ਨਿਤ ਨਿਤ ਲੇਹੁ ਨ ਛੀਜੈ ਦੇਹ ॥
ਅੰਤ ਕਾਲਿ ਜਮੁ ਮਾਰੈ ਠੇਹ ॥੧॥
ਐਸਾ ਦਾਰੂ ਖਾਹਿ ਗਵਾਰ ॥
ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥
ਰਾਜੁ ਮਾਲੁ ਜੋਬਨੁ ਸਭੁ ਛਾਂਵ ॥
ਰਥਿ ਫਿਰੰਦੈ ਦੀਸਹਿ ਥਾਵ ॥
ਦੇਹ ਨ ਨਾਉ ਨ ਹੋਵੈ ਜਾਤਿ ॥
ਓਥੈ ਦਿਹੁ ਐਥੈ ਸਭ ਰਾਤਿ ॥੨॥
ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥
ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥
ਹੋਮ ਜਗ ਅਰੁ ਪਾਠ ਪੁਰਾਣ ॥
ਜੋ ਤਿਸੁ ਭਾਵੈ ਸੋ ਪਰਵਾਣ ॥੩॥
ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥
ਜਿਨ ਕਉ ਲਿਖਿਆ ਏਹੁ ਨਿਧਾਨੁ ॥
ਸੇ ਧਨਵੰਤ ਦਿਸਹਿ ਘਰਿ ਜਾਇ ॥
ਨਾਨਕ ਜਨਨੀ ਧੰਨੀ ਮਾਇ ॥੪॥}

(ਅੰਗ - ੧੨੫੬-੧੨੫੭)

ਉੱਪਰ ਵਾਲੇ ਸ਼ਬਦ ਰਾਹੀਂ ਅਸੀਂ ਨਾਮ ਰੂਪ ਦਾਰੂ ਦੀ ਵਰਤਣ ਕਿਵੇਂ ਕਰਨੀ ਹੈ ਭਾਵ ਨਾਮ ਰੂਪ ਅਉਖਧ ਕਿਵੇਂ ਖਾਣੀ ਹੈ ਸਾਨੂੰ ਇਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਸਾਡੇ ਮਨ ਦਾ ਰੋਗ ਦੂਰ ਹੋ ਸਕਦਾ ਹੈ ਜੋ ਮਨ ਦਾ ਰੋਗ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦਾ ਹੈ ਭਾਵ ਮਨ ਦੇ ਰੋਗ ਨੂੰ ਦੂਰ ਕਰਨ ਦਾ ਮਕਸਦ ਵਿਕਾਰਾਂ ਤੋਂ ਬਚਣ ਦਾ ਹੈ ਜਿੰਨ੍ਹਾਂ ਵਿਕਾਰਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਭਗਤੀ ਦੇ ਮਾਰਗ ਤੋਂ ਉਲਟ ਚੱਲਦੇ ਹਾਂ। ਪੂਰੇ ਸ਼ਬਦ ਦੀ ਵਿਆਖਿਆ ਅੱਗੇ ਚੱਲ ਕੇ ਸਮਝਾਂਗੇ ਤੇ ਪੂਰੇ ਸ਼ਬਦ ਦਾ ਸਾਰ ਕੀ ਹੈ ਇਸ ਗੱਲ ਨੂੰ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਅਸੀਂ ਨਾਮ ਰੂਪ ਅਉਖਧ ਨੂੰ ਕਿਸ ਤਰੀਕੇ ਖਾਣਾ ਹੈ, ਕਿਸ ਮਕਸਦ ਲਈ ਖਾਣਾ ਹੈ। (**ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥**) ਸਾਡੇ ਅੰਦਰ ਦਾ ਰੋਗ ਸਾਡੀ ਨਾਸਮਝ ਮਤਿ ਦਾ ਹੈ, ਮਨਮਤਿ ਦਾ ਹੈ ਜਿਸ ਮਤਿ ਵਿੱਚ ਰਹਿੰਦਿਆਂ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ, ਗੁਰਮਤਿ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਜੋ ਮਾਰਗ ਮਨ ਦੇ ਵਿਕਾਰਾਂ ਨੂੰ ਛੱਡ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ। ਗੁਰੂ ਦਾ ਨਾਮ ਰੂਪ ਦਾਰੂ ਗੁਰੂ ਦੀ ਸੱਚੀ ਸਮਝ ਦਾ ਦਾਰੂ ਹੈ, ਗੁਰਮਤਿ ਦੀ ਸੱਚੀ ਸਮਝ ਦਾ ਦਾਰੂ ਹੈ ਜੋ ਦਾਰੂ ਅਸੀਂ ਤਾਂ ਹੀ ਖਾ ਸਕਦੇ ਹਾਂ ਜੇਕਰ ਗੁਰੂ ਦੀ ਮਤਿ ਨੂੰ ਮੰਨਾਂਗੇ ਭਾਵ ਉਸ ਤੇ ਅਮਲ ਕਰਾਂਗੇ ਭਾਵ ਮਨ ਦੇ ਵਿਕਾਰ ਛੱਡਾਂਗੇ, ਮਾੜੇ ਵਿਚਾਰ ਛੱਡਾਂਗੇ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ।

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਾਡੇ ਅੰਦਰ ਕਮਲ ਦਾ ਪਰਗਾਸੁ ਹੋਣਾ ਕੀ ਹੈ ਇਸ ਗੱਲ ਨੂੰ ਸਮਝਿਆ ਹੈ ਤੇ ਬੜੇ ਸਪੱਸ਼ਟ ਤਰੀਕੇ ਨਾਲ ਸਮਝਿਆ ਹੈ ਕਿ ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਹੋਣਾ ਭਾਵ ਸਾਡੇ ਅੰਦਰ ਅਗਿਆਨਤਾ ਦਾ

ਨਾਸ ਹੋਣਾ ਕਮਲ ਦਾ ਪਰਗਾਸੁ ਹੋਣਾ ਹੈ। ਅਸੀਂ ‘‘ਨਾਮੁ’’ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਗੁਰੂ ਦਾ ਨਾਮ ਸੱਚਾ ਗਿਆਨ ਹੈ ਜਿਸ ਸੱਚੇ ਗਿਆਨ ਦਾ ਮਕਸਦ ਸਾਡੇ ਅੰਦਰ ਦੀ ਅਗਿਆਨਤਾ ਨੂੰ ਦੂਰ ਕਰਨ ਦਾ ਹੈ ਤੇ ਸਾਡੇ ਅੰਦਰ ਸੱਚੇ ਗਿਆਨ ਦਾ ਉਪਜਣਾ ਹੀ ਸਾਡੇ ਅੰਦਰ ਦੀ ਹਉਮੈ ਦਾ ਮਰਨਾ ਹੈ ਤੇ ਫਿਰ ਸਾਡੇ ਅੰਦਰ ਹਉਮੈ ਦਾ ਮਰਨਾ, ਸਾਡੇ ਅੰਦਰ ਨਾਮ ਦਾ ਹੋਣਾ ਜਾਂ ਸਾਡੇ ਅੰਦਰ ਕਮਲ ਦਾ ਪਰਗਾਸੁ ਹੋਣਾ, ਇਸ ਵਿੱਚ ਕੀ ਫਰਕ ਰਹਿ ਗਿਆ ਭਾਵ ਇੱਕੋ ਹੀ ਗੱਲ ਹੈ। ਜੇਕਰ ਅਸੀਂ ਹਉਮੈ ਦੇ ਮਾਰਨ ਨੂੰ ਕੁੱਝ ਹੋਰ ਸਮਝਦੇ ਹਾਂ, ਨਾਮ ਨੂੰ ਕੁੱਝ ਹੋਰ ਸਮਝਦੇ ਹਾਂ ਤੇ ਕਮਲ ਦੇ ਪਰਗਾਸੁ ਨੂੰ ਕੁੱਝ ਹੋਰ ਸਮਝਦੇ ਹਾਂ ਫਿਰ ਇਹ ਸਾਡਾ ਭਰਮ ਹੀ ਹੈ। ਸਾਡੇ ਅੰਦਰ ਕਮਲ ਪਰਗਾਸੁ ਹੋਣਾ, ਨਾਮ ਦੀ ਪ੍ਰਾਪਤੀ ਹੋਣਾ ਭਾਵ ਸਾਡੇ ਅੰਦਰ ਹਉਮੈ ਦਾ ਮਰਨਾ ਹੀ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਾਨੂੰ ਇਹ ਸਮਝ ਪੈ ਜਾਵੇਗੀ ਕੀ ਇਹ ਸਭ ਇੱਕੋ ਹੀ ਗੱਲ ਹੈ ਪਰ ਮਨ ਦੇ ਭਰਮਾਂ ਵਿੱਚ ਰਹਿੰਦੇ ਹੋਏ ਅਸੀਂ ਇਹਨਾਂ ਗੱਲਾਂ ਨੂੰ ਕੁੱਝ ਹੋਰ ਸਮਝਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਪੂਰੀ ਗੁਰਬਾਣੀ ਨੂੰ ਸਮਝ ਸਕਣਾ, ਪੂਰਨ ਰੂਪ ਵਿੱਚ ਸਮਝ ਸਕਣਾ ਸਾਡੇ ਲਈ ਬੁਝਾਰਤ ਹੀ ਹੈ ਜਿਸ ਨੂੰ ਆਪਣੀ ਅਗਿਆਨਤਾ ਵਾਲੀ ਸਮਝ ਨਾਲ ਬੁੱਝਣਾ ਨਾਮੁਮਕਿਨ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਤੇ ਸਾਡੇ ਮਨ ਦੇ ਵਿੱਚ ਵੀ ਪ੍ਰਮਾਤਮਾ ਦਾ ਹੀ ਅਸਥਾਨ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੈ ਉਸੇ ਰੂਪ ਵਿੱਚ ਉਹ ਪੂਰੀ ਗੁਰਬਾਣੀ ਦੇ ਵਿੱਚ ਹੈ, ਸਾਡੇ ਅੰਦਰ ਹੀ ਤ੍ਰੈਗੁਣ ਹੈ ਤੇ ਸਾਡੇ ਅੰਦਰ ਹੀ ਚੌਥਾ ਪਦ ਹੈ। ਆਪਣੀ ਤ੍ਰੈਗੁਣਾਂ ਵਾਲੀ ਸਮਝ ਰਾਹੀਂ ਅਸੀਂ ਗੁਰੂ ਦੀ ਗੱਲ ਨੂੰ ਕਿਸੇ ਹੱਦ ਤੱਕ ਹੀ ਸਮਝ ਸਕਦੇ ਹਾਂ ਭਾਵ ਉਸ ਹੱਦ ਨੂੰ ਪਾਰ ਨਹੀਂ ਕਰ ਸਕਦੇ ਕਿਉਂਕਿ ਇਹ ਬੰਧਨ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਪਾਇਆ ਹੋਇਆ ਹੈ। ਉਸ ਨੇ ਆਪ ਹੀ ਸਾਡੀ ਸਮਝ ਨੂੰ ਕਿਸੇ ਹੱਦ ਤੱਕ ਬੰਨਿਆ ਹੋਇਆ ਹੈ। ਮਨ ਦੇ ਵਿੱਚ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਮਨ ਦੀ ਸਮਝ ਉਸ ਹੱਦ ਨੂੰ ਪਾਰ ਕਰਦੀ ਹੈ ਭਾਵ ਬੰਧਨ ਮੁਕਤਿ ਹੁੰਦੀ ਹੈ। ਪ੍ਰਮਾਤਮਾ ਸਾਡੇ ਅੰਦਰ ਜੋ ਧਰਮ ਦਾ ਸੱਚਾ ਗਿਆਨ ਦਿੰਦਾ ਹੈ ਉਹ ਚੌਥੇ ਪਦ ਦੀ ਸਮਝ ਦਆਰਾ ਹੀ ਦਿੰਦਾ ਹੈ। ਚੌਥੇ ਪਦ ਦੀ ਸਮਝ ਨੂੰ ਚੌਥੇ ਪਦ ਵਿੱਚ ਪਹੁੰਚਕੇ ਹੀ ਸਮਝਿਆ ਜਾ ਸਕਦਾ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਪੂਰੇ ਸੰਸਾਰ ਵਿੱਚ ਉਹ ਸਮਝ ਕੋਈ ਹੋਰ ਨਹੀਂ ਦੇ ਸਕਦਾ। ਕੇਵਲ ਗੁਰੂ ਦੇ ਕੋਲ ਉਹ ਚੌਥੇ ਪਦ ਵਾਲੀ ਸਮਝ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦੀ ਚੌਥੇ ਪਦ ਵਾਲੀ ਸਮਝ ਹੀ ਗੁਰੂ ਦਾ ਨਾਮ ਹੈ ਜੋ ਕਿ ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਸ਼ਬਦਾਂ ਦੇ ਨਾਲ ਭਰੀ ਹੋਈ ਹੈ ਤੇ ਹਰ ਸ਼ਬਦ ਸਾਨੂੰ ਵਿਚਾਰ ਹੀ ਦਿੰਦਾ ਹੈ। ਸ਼ਬਦਾਂ ਦੀ ਕੁੱਝ ਵਿਚਾਰ ਨੂੰ ਅਸੀਂ ਸਮਝ ਲੈਂਦੇ ਹਾਂ ਭਾਵ ਕਿਸੇ ਹੱਦ ਤੱਕ ਸਮਝ ਲੈਂਦੇ ਹਾਂ ਕਿਉਂਕਿ ਅਸੀਂ ਮਾਇਆ ਦੇ ਬੰਧਨ ਵਿੱਚ ਹਾਂ। ਸ਼ਬਦਾਂ ਦੇ ਅੰਦਰ ਜੋ ਚੌਥੇ ਪਦ ਦੀ ਵਿਚਾਰ ਹੈ ਸਾਡੀ ਸਮਝ ਉਹਨਾਂ ਵਿਚਾਰਾਂ ਤੱਕ ਨਹੀਂ ਪਹੁੰਚਦੀ ਤੇ ਇਸੇ ਲਈ ਪੂਰੀ ਗੁਰਬਾਣੀ ਸਾਰੇ ਸੰਸਾਰ ਲਈ ਬੁਝਾਰਤ ਹੈ। ਗੁਰਬਾਣੀ ਨੂੰ ਬੁਝਾਰਤ ਬਣਾਉਣ ਵਾਲਾ ਉਸ ਦੇ ਅੰਦਰ ਚੌਥੇ ਪਦ ਦਾ ਗਿਆਨ ਹੈ ਤੇ ਚੌਥੇ ਪਦ ਦਾ ਗਿਆਨ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਕੋਲ ਹੈ ਤੇ ਇਸੇ ਲਈ ਜਿਸ ਨੂੰ ਉਹ ਆਪ ਆਪਣੀ ਪਾਈ ਹੋਈ ਬੁਝਾਰਤ ਬੁੱਝਾਵੇਗਾ ਉਹੀ ਉਸ ਦੀ ਬੁਝਾਰਤ ਨੂੰ ਬੁੱਝ ਸਕਦਾ ਹੈ। ਜਿੰਨ੍ਹਾਂ ਨੂੰ ਉਸ ਨੇ ਆਪਣੀ ਬੁਝਾਰਤ ਬੁੱਝਾਈ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਇਹ ਬੁਝਾਰਤ ਪਾਈ ਹੈ ਤੇ ਜਿਸ ਨੂੰ ਉਹ ਆਪ ਮਨ ਦੇ ਵਿੱਚ ਬੁਝਾਰਤ ਸਮਝਾਏਗਾ ਉਹੀ ਉਸ ਦੀ ਬੁਝਾਰਤ ਨੂੰ ਗੁਰਬਾਣੀ ਵਿੱਚੋਂ ਬੁੱਝ ਸਕਦਾ ਹੈ ਭਾਵ ਗੁਰਬਾਣੀ ਨੂੰ ਪੂਰਨ ਰੂਪ ਵਿੱਚ ਸਮਝ ਸਕਦਾ ਹੈ। ਤ੍ਰੈਗੁਣਾਂ ਦੀ ਅਵੱਸਥਾ ਵਿੱਚ ਰਹਿੰਦੇ ਹੋਏ ਕੋਈ ਆਪਣੇ ਆਪ ਪੂਰਨ ਰੂਪ ਵਿੱਚ ਗੁਰਬਾਣੀ ਨੂੰ ਸਮਝ ਲਵੇ ਭਾਵ ਉਸ ਦੀ ਗਹਿਰਾਈ ਨੂੰ ਸਮਝ ਲਵੇ ਇਹ ਨਾਮੁਮਕਿਨ ਹੈ। ਪੂਰੀ ਗੁਰਬਾਣੀ ਨੂੰ ਸਮਝ ਲੈਣਾ ਜਾਂ ਪ੍ਰਮਾਤਮਾ ਨੂੰ ਸਮਝ ਲੈਣਾ ਇੱਕੋ ਹੀ ਗੱਲ ਹੈ ਕਿਉਂਕਿ ਪ੍ਰਮਾਤਮਾ ਆਪ ਹੈ ਹੀ ਸੱਚੇ ਗਿਆਨ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ, ਜੋ ਪ੍ਰਮਾਤਮਾ ਦਾ ਆਪਣਾ ਰੂਪ ਪੂਰੀ ਗੁਰਬਾਣੀ ਦੇ ਵਿੱਚ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਗੁਰਬਾਣੀ ਰੂਪ ਪੋਥੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਜੋ ਕਿ ਉਸ ਦਾ ਸੱਚ ਰੂਪ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਗੁਰਬਾਣੀ ਨੂੰ ਪੂਰਨ ਰੂਪ ਵਿੱਚ ਨਹੀਂ ਜਾਣਿਆ ਜਾ ਸਕਦਾ। ਸਾਰਾ ਸੰਸਾਰ ਹਉਮੈ ਵਿੱਚ ਹੈ ਭਾਵ ਹਉਮੈ ਰੋਗ ਵਿੱਚ ਹੈ। ਇਹ ਰੋਗ ਵੀ ਸਾਡੇ ਅੰਦਰ ਦਾ ਤ੍ਰੈਗੁਣ ਰੋਗ ਹੈ, ਮਾਇਆ ਰੋਗ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਵੀ ਸਮਝਦੇ ਰਹਾਂਗੇ। ਗੁਰਬਾਣੀ ਦੇ ਵਿੱਚ ਬਹੁਤ ਗਹਿਰਾਈਆਂ ਛੁਪੀਆਂ ਹੋਈਆਂ ਹਨ ਤੇ ਅਸੀਂ ਅੱਗੇ ਚੱਲਕੇ ਹਰ ਗਹਿਰਾਈ ਨੂੰ ਸਮਝਣਾ ਹੈ ਜੋ ਆਪਣੀਆਂ ਪਾਈਆਂ ਹੋਈਆਂ ਗਹਿਰਾਈਆਂ ਪ੍ਰਮਾਤਮਾ ਆਪ ਹੀ ਸਮਝਾ ਸਕਦਾ ਹੈ ਤੇ ਹੋਰ ਕੋਈ ਨਹੀਂ ਸਮਝਾ ਸਕਦਾ। ਮਨੁੱਖੀ ਸਮਝ ਦੀ ਉਹ ਔਕਾਤ ਹੀ ਨਹੀਂ ਹੈ ਕਿ ਉਹ ਸਮਝ ਪ੍ਰਮਾਤਮਾ ਨੂੰ ਜਾਣ ਸਕੇ,

ਉਸ ਦੀ ਵਡਿਆਈਆਂ ਨੂੰ ਜਾਣ ਸਕੇ ਜੋ ਸਭ ਕੁੱਝ ਆਪ ਹੀ ਹੈ, ਆਪ ਹੀ ਹੈ, ਆਪ ਹੀ ਹੈ। ਜੇਕਰ ਅਸੀਂ ਹੁਣ ਤੱਕ ਗੁਰਬਾਣੀ ਨੂੰ ਨਹੀਂ ਸਮਝ ਸਕੇ ਭਾਵ ਸ਼ਬਦਾਂ ਦੀ ਵਿਚਾਰ ਦੀ ਅਸਲੀਅਤ ਨੂੰ ਨਹੀਂ ਸਮਝ ਸਕੇ ਇਸ ਉੱਤੇ ਸਾਡਾ ਵੱਸ ਵੀ ਨਹੀਂ ਹੈ ਕਿਉਂਕਿ ਅਸੀਂ ਹਉਮੈ ਦੇ ਬੰਧਨ ਵਿੱਚੋਂ ਆਪਣੇ ਆਪ ਨਹੀਂ ਨਿਕਲ ਸਕਦੇ ਪਰ ਪ੍ਰਮਾਤਮਾ ਨੇ ਆਪ ਹੀ ਗੁਰਬਾਣੀ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਇਸ ਵਿੱਚੋਂ ਨਿਕਲਣ ਦਾ ਉੱਦਮ ਤੁਸੀਂ ਜਰੂਰ ਕਰੋ। ਜੇਕਰ ਉਹ ਸਾਨੂੰ ਉੱਦਮ ਕਰਨ ਲਈ ਸਮਝਾਉਂਦਾ ਹੈ ਇਹ ਵੀ ਉਸ ਦੀ ਰਜਾ ਹੈ ਭਾਵ ਇਸ ਵਿੱਚ ਕੁੱਝ ਭੇਦ ਜਰੂਰ ਹੈ ਕਿ ਅਸੀਂ ਇਹ ਉੱਦਮ ਜਰੂਰ ਕਰੀਏ ਕਿ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨਾਲ ਨਾ ਜੁੜੀਏ ਜਿੰਨ੍ਹਾਂ ਦੀ ਮਤਿ ਸਾਨੂੰ ਭਗਤੀ ਦੇ ਉਹੋ ਜਿਹੇ ਮਾਰਗ ਨਾਲ ਜੋੜਦੀ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੈ ਭਾਵ ਗੁਰੂ ਦੀ ਸਮਝ ਤੇ ਪੂਰਨ ਵਿਸ਼ਵਾਸ ਟਿਕਾਈਏ ਤੇ ਭਰਮਾਂ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰੀਏ। ਅਨੇਕਾਂ ਸ਼ਬਦਾਂ ਦੇ ਵਿਚਾਰਾਂ ਨੂੰ ਅਸੀਂ ਆਪਣੀ ਤ੍ਰੈਗੁਣਾਂ ਵਾਲੀ ਸਮਝ ਨਾਲ ਆਸਾਨੀ ਨਾਲ ਸਮਝ ਸਕਦੇ ਹਾਂ ਤੇ ਉਹ ਕੁੱਝ ਮੰਨਣ ਵਿੱਚ ਸਾਨੂੰ ਕੋਈ ਭਰਮ ਨਹੀਂ ਹੋਣਾ ਚਾਹੀਦਾ। ਪਿੱਛੇ ਅਸੀਂ ਕੁੱਝ ਸ਼ਬਦਾਂ ਵਿੱਚ ਕੁੱਝ ਗੱਲਾਂ ਨੂੰ ਬੜੀ ਆਸਾਨੀ ਨਾਲ ਸਮਝ ਆਉਣ ਵਾਲੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਾਨੂੰ ਇਹ ਆਸਾਨੀ ਨਾਲ ਸਮਝ ਲੱਗ ਜਾਵੇਗੀ ਕਿ ਜੋ ਸਾਡੇ ਅੰਦਰ ਜੋ ਹਉਮੈ ਦਾ ਤਿਆਗ ਹੈ ਭਾਵ ਆਪਣੀ ਭਰਮਾਂ ਵਾਲੀ ਸਮਝ ਦਾ ਤਿਆਗ ਹੈ, ਮਨ ਦੀ ਅਗਿਆਨਤਾ ਦਾ ਤਿਆਗ ਹੈ ਉਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ, ਸਾਡੇ ਅੰਦਰ "**ਕਮਲ**" ਦਾ "**ਪਰਗਾਸ**" ਹੋਣਾ ਹੈ ਤੇ ਸਾਡੇ ਅੰਦਰ ਪ੍ਰਮਾਤਮਾ ਦਾ ਪਰਗਟ ਹੋਣਾ ਹੈ ਭਾਵ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਮਨ ਦੇ ਭਰਮਾਂ ਵਿੱਚੋਂ ਨਿਕਲੀਏ ਭਾਵ ਗੁਰੂ ਦੀ ਸਮਝ ਤੇ ਵਿਸ਼ਵਾਸ ਕਰਕੇ ਉਸ ਨੂੰ ਮੰਨੀਏ ਭਾਵ ਉਸ ਤੇ ਅਮਲ ਕਰੀਏ।

{ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥
ਹਉਮੈ ਮਾਰਿ ਕਮਲੁ ਪਰਗਾਸਾ ॥
ਅਨਹਦੁ ਵਾਜੈ ਨਿਜ ਘਰਿ ਵਾਸਾ ॥
ਨਾਮਿ ਰਤੇ ਘਰ ਮਾਹਿ ਉਦਾਸਾ ॥੩॥
ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥
ਜੁਗੁ ਜੁਗੁ ਭਗਤੀ ਆਖਿ ਵਖਾਣੀ ॥
ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥
ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥}

(ਅੰਗ - ੧੬੧-੧੬੨)

{ਜਗੁ ਮੋਹਿ ਬਾਧਾ ਬਹੁਤੀ ਆਸਾ ॥
ਗੁਰਮਤੀ ਇਕਿ ਭਏ ਉਦਾਸਾ ॥
ਅੰਤਰਿ ਨਾਮੁ ਕਮਲੁ ਪਰਗਾਸਾ ॥
ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥}

(ਅੰਗ - ੪੧੨)

{ਬੁਧਵਾਰਿ ਬੁਧਿ ਕਰੈ ਪ੍ਰਗਾਸ ॥
ਹਿਰਦੈ ਕਮਲ ਮਹਿ ਹਰਿ ਕਾ ਬਾਸ ॥
ਗੁਰ ਮਿਲਿ ਦੋਊ ਏਕ ਸਮ ਧਰੈ ॥
ਉਰਧ ਪੰਕ ਲੈ ਸੂਧਾ ਕਰੈ ॥੪॥}

(ਅੰਗ - ੩੪੪)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥

ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥
ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ - ੧੫੩)

ਬਿਲਾਵਲੁ ਮਹਲਾ ੫ ॥
{ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ ॥
ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ ॥੧॥
ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥
ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ ॥
ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥
ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥
ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥
ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥
ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥}

(ਅੰਗ - ੮੧੧)

ਛੰਤ ॥
{ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥
ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥
ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥
ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥
ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥
ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥
ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥
ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥
ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥
ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥
ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥੩॥
ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥

ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥
ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥
ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥}

(ਅੰਗ - ੮੪੫)

ਬਿਲਾਵਲੁ ॥
{ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥
ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥੧॥
ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥੧॥ ਰਹਾਉ ॥
ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥
ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ ॥੨॥
ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥
ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥੩॥}

(ਅੰਗ - ੮੫੭)

ਗੋਂਡ ਮਹਲਾ ੫ ॥
{ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥
ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥
ਭੂਲੇ ਕਉ ਗੁਰਿ ਮਾਰਗਿ ਪਾਇਆ ॥
ਅਵਰ ਤਿਆਗਿ ਹਰਿ ਭਗਤੀ ਲਾਇਆ ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥
ਗੁਰ ਪੂਰੇ ਕੀ ਬੇਅੰਤ ਵਡਾਈ ॥੨॥
ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥
ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥
ਗੁਰੁ ਕਰਤਾ ਗੁਰੁ ਕਰਣੈ ਜੋਗੁ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥

ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥}

(ਅੰਗ - ੮੬੪)

{ਦਰਸਨ ਕਉ ਜਾਈਐ ਕੁਰਬਾਨੁ ॥
ਚਰਨ ਕਮਲ ਹਿਰਦੈ ਧਰਿ ਧਿਆਨੁ ॥
ਧੂਰਿ ਸੰਤਨ ਕੀ ਮਸਤਕਿ ਲਾਇ ॥
ਜਨਮ ਜਨਮ ਕੀ ਦੁਰਮਤਿ ਮਲੁ ਜਾਇ ॥੧॥
ਜਿਸੁ ਭੇਟਤ ਮਿਟੈ ਅਭਿਮਾਨੁ ॥
ਪਾਰਬ੍ਰਹਮੁ ਸਭੁ ਨਦਰੀ ਆਵੈ ਕਰਿ ਕਿਰਪਾ ਪੂਰਨ ਭਗਵਾਨ ॥੧॥ ਰਹਾਉ ॥}

(ਅੰਗ - ੮੬੭)

ਉਪਰਲੇ ਕੁੱਝ ਸ਼ਬਦਾਂ ਨੂੰ ਵਿਚਾਰਨ ਨਾਲ ਹੀ ਇਹ ਸਮਝ ਪੈ ਜਾਂਦੀ ਹੈ ਕਿ ਸਾਡੇ ਅੰਦਰ ਨਾਮ ਦਾ ਵੱਸਣਾ, ਕਮਲ ਪਰਗਾਸੁ ਹੋਣਾ ਜਾਂ ਪ੍ਰਮਾਤਮਾ ਦਾ ਸਾਡੇ ਅੰਦਰ ਪਰਗਟੁ ਹੋਣਾ ਇੱਕੋ ਹੀ ਗੱਲ ਹੈ ਜੋ ਪ੍ਰਾਪਤੀ ਮਨੁੱਖ ਦੀ ਹਉਮੈ ਦੂਰ ਹੋਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੀ ਅਗਿਆਨਤਾ ਦੂਰ ਹੋਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਵਿੱਚੋਂ ਚੌਥੇ ਪਦ ਦਾ ਗਿਆਨ ਮਿਲਣ ਦੁਆਰਾ ਹੀ ਹੁੰਦੀ ਹੈ ਜੋ ਆਪਣਾ ਸੱਚਾ ਗਿਆਨ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ ਤੇ ਇਸੇ ਲਈ ਸੱਚੇ ਗਿਆਨ ਦੇ ਰੂਪ ਵਿੱਚ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਗੁਰਬਾਣੀ ਗੁਰੂ ਕੋਲੋਂ ਗਿਆਨ ਲੈਣ ਦੀ ਬਜਾਇ ਜੇ ਕੋਈ ਕਿਸੇ ਹੋਰ ਦੇ ਕੋਲੋਂ ਗਿਆਨ ਲੈਂਦਾ ਹੈ ਉਹ ਪ੍ਰਮਾਤਮਾ ਦੇ ਨਾਲ ਮੇਲ ਕਰ ਸਕੇ ਭਾਵ ਉਸ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਾਮੁਮਕਿਨ ਹੈ।

{ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥}

(ਅੰਗ - ੧੧੧੧)

{ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥
ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥}

(ਅੰਗ - ੨੭)

{ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥
ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥੧॥}

(ਅੰਗ - ੪੪)

{ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥
ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥}

(ਅੰਗ - ੯੪੬)

ਹੁਣ ਅਸੀਂ ਹੇਠ ਦਿੱਤੇ ਸ਼ਬਦਾਂ ਨੂੰ ਵਾਰੀ ਵਾਰੀ ਸਮਝਦੇ ਹਾਂ ਤੇ ਆਪਣੇ ਅੰਦਰ ਇਸ ਗੱਲ ਨੂੰ ਦ੍ਰਿੜ ਕਰਦੇ ਹਾਂ ਕਿ ਸਾਨੂੰ ਜੋ ਵੀ ਗਿਆਨ ਲੈਣਾ ਚਾਹੀਦਾ ਹੈ ਉਹ ਗੁਰੂ ਦੇ ਕੋਲੋਂ ਹੀ ਲੈਣਾ ਚਾਹੀਦਾ ਹੈ ਜਿਸ ਗੁਰਬਾਣੀ ਰੂਪ ਗੁਰੂ ਦੇ ਅੰਦਰ ਪ੍ਰਮਾਤਮਾ ਸਦਾ ਹੀ ਪਰਗਟੁ ਹੈ, ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪਰਗਟੁ ਹੈ ਜੋ ਸੱਚਾ ਗਿਆਨ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ, ਹਉਮੈ ਵਿੱਚੋਂ ਕੱਢ ਸਕਦਾ ਹੈ ਜਿਸ ਵਜ੍ਹਾ ਕਰਕੇ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਪੜਦਾ ਹੈ। ਸਾਨੂੰ ਇਸ ਮਨ ਦੇ ਪੜਦੇ ਵਿੱਚੋਂ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਸਮਝ ਹੀ ਕੱਢ ਸਕਦੀ ਹੈ ਜਿਸ ਸੱਚੀ ਸਮਝ ਦੁਆਰਾ ਗੁਰਬਾਣੀ ਪ੍ਰਮਾਤਮਾ

ਦਾ ਰੂਪ ਹੈ, ਸੱਚੀ ਸਮਝ ਦੇ ਮਾਲਕ ਦਾ ਰੂਪ ਹੈ।

“ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥
ਹਉਮੈ ਮਾਰਿ ਕਮਲੁ ਪਰਗਾਸਾ ॥
ਅਨਹਦੁ ਵਾਜੈ ਨਿਜ ਘਰਿ ਵਾਸਾ ॥
ਨਾਮਿ ਰਤੇ ਘਰ ਮਾਹਿ ਉਦਾਸਾ ॥੩॥
ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥
ਜੁਗੁ ਜੁਗੁ ਭਗਤੀ ਆਖਿ ਵਖਾਣੀ ॥
ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥
ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥”

(ਅੰਗ - ੧੬੧-੧੬੨)

ਸਤਿਗੁਰੁ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਤਿਗੁਰੁ ਦੇ ਵਿਚਾਰਾਂ ਨੂੰ ਮੰਨਣਾ ਤੇ ਉਸ ਅਨੁਸਾਰ ਵਿਚਰਨਾ ਹੀ ਸਤਿਗੁਰੁ ਦੀ ਸੇਵਾ ਹੈ ਜੋ ਸੇਵਾ ਗੁਰੂ ਦੀ ਮਨ ਦੇ ਵਿੱਚ ਪ੍ਰਮਾਤਮਾ ਦਾ ਦਾਸ ਬਣਨ ਦੁਆਰਾ ਹੀ ਹੁੰਦੀ ਹੈ ਤੇ ਗੁਰੂ ਦੀ ਸੇਵਾ ਕਰਨ ਦਾ ਸਦਾ ਤੋਂ ਇਹੀ ਤਰੀਕਾ ਰਿਹਾ ਹੈ ਕਿ ਉਸ ਦੀ ਸੇਵਾ ਮਨ ਦੇ ਵਿੱਚ ਉਸ ਦਾ ਦਾਸ ਬਣਕੇ ਹੀ ਕੀਤੀ ਜਾ ਸਕਦੀ ਹੈ। ਜਦੋਂ ਅਸੀਂ ਸ਼ਬਦ ਦੇ ਵਿਚਾਰੀ ਬਣਾਂਗੇ ਫਿਰ ਅਸੀਂ ਗੁਰੂ ਦੇ ਦਾਸ ਕਿਸ ਰੂਪ ਵਿੱਚ ਬਣਾਂਗੇ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਸਾਡੇ ਅੰਦਰ ਸਾਡੀ ਸੁਰਤਿ ਵਾਲੇ ਵਿਚਾਰ ਹਨ ਤੇ ਸ਼ਬਦ ਦੇ ਵਿਚਾਰਾਂ ਦਾ ਦਾਸ ਸਾਡੀ ਸੁਰਤਿ ਦੇ ਵਿਚਾਰਾਂ ਨੇ ਹੀ ਬਣਨਾ ਹੈ ਭਾਵ ਗੁਰੂ ਦੀ ਸੱਚੀ ਸਮਝ ਦਾ ਦਾਸ ਸਾਡੇ ਮਨ ਦੀ ਝੂਠੀ ਸਮਝ ਨੇ ਹੀ ਬਣਨਾ ਹੈ ਭਾਵ ਸਾਡੇ ਅੰਦਰ ਦੀ ਨਾਮਸਝ ਮਤਿ ਨੇ ਗੁਰੂ ਦੀ ਸੱਚੀ ਸਮਝ ਦੇ ਅੱਗੇ ਝੁਕਣਾ ਹੈ, ਉਸ ਦੀ ਸੇਵਾ ਕਰਨ ਵਾਲੀ ਸੱਚੀ ਸਮਝ ਬਣਨਾ ਹੈ ਭਾਵ ਜੋ ਗੁਰੂ ਦੀ ਸਮਝ ਕਹਿੰਦੀ ਹੈ ਉਸ ਨੂੰ ਝੁਕ ਕੇ ਮੰਨਣਾ ਹੈ ਭਾਵ “ਗੁਰਮਤਿ” ਦਾ ਸੇਵਕ ਬਣ ਕੇ ਰਹਿਣਾ ਹੈ। ਗੁਰੂ ਦੀ ਸਮਝ ਨਾਮ ਵਾਲੀ ਸਮਝ ਹੈ ਤੇ ਸਾਡੇ ਅੰਦਰ ਹਉਮੈ ਵਾਲੀ ਸਮਝ ਹੈ ਤੇ ਇਸ ਲਈ ਆਪਣੀ ਹਉਮੈ ਨੂੰ ਛੱਡਣਾ ਹੀ ਗੁਰੂ ਦਾ ਦਾਸ ਬਣਨਾ ਹੈ। ਗੁਰੂ ਦੀ ਸਮਝ ਸੱਚੇ ਗਿਆਨ ਵਾਲੀ ਹੈ ਜਿਸ ਨੂੰ ਮੰਨਣ ਦੁਆਰਾ ਸਾਡੀ ਹਉਮੈ ਵਾਲੀ ਸਮਝ ਹੀ ਮਰਦੀ ਹੈ ਤੇ ਸਾਡੇ ਅੰਦਰ ਗੁਰੂ ਦੀ ਸੱਚੀ ਸਮਝ ਦਾ ਵੱਸਣਾ ਹੀ ਸਾਡੇ ਅੰਦਰ ਕਮਲ ਦਾ ਪਰਗਾਸੁ ਹੋਣਾ ਹੈ ਜਿਸ ਸੱਚੀ ਸਮਝ ਦੁਆਰਾ ਗੁਰੂ ਪ੍ਰਮਾਤਮਾ ਦੀ ਸੱਚੀ ਸੇਵਾ ਕੀਤੀ ਜਾ ਸਕਦੀ ਹੈ, ਗੁਰੂ ਦੀ ਭਗਤੀ ਕੀਤੀ ਜਾ ਸਕਦੀ ਹੈ, ਉਸ ਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ। (**ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥**) ਸਾਡੀ ਹਉਮੈ ਮਰੇ ਬਿਨ੍ਹਾਂ, ਸਾਡੇ ਅੰਦਰ ਕਮਲ ਪਰਗਾਸੁ ਹੋਏ ਬਿਨ੍ਹਾਂ ਅਸੀਂ ਨਾਮ ਵਾਲੇ ਨਹੀਂ ਬਣ ਸਕਦੇ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥”

ਬਾਣੀ ਵਿੱਚ ਸ਼ਬਦਾਂ ਰਾਹੀਂ ਸਾਡੇ ਅੰਦਰ “**ਅਨਹਦ ਨਾਦ**” ਦੀ ਗੱਲ ਆਉਂਦੀ ਹੈ, “**ਅਨਹਦ ਤੂਰੇ**” ਵੱਜਣ ਦੀ ਗੱਲ ਆਉਂਦੀ ਹੈ ਤੇ ਅਸੀਂ ਇਹਨਾਂ ਗੱਲਾਂ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਸਾਡੇ ਅੰਦਰ ਜੋ ਵੀ ਸਮਝ ਉਪਜਦੀ ਹੈ ਉਹ ਪ੍ਰਮਾਤਮਾ ਦਾ ਅਨਹਦ ਨਾਦ ਹੈ, ਉਸ ਦੇ ਅਨਹਦ ਵਾਜੇ ਹਨ ਜੋ ਬਿਨ੍ਹਾਂ ਕਿਸੇ ਆਵਾਜ਼ ਤੋਂ ਵੱਜਦੇ ਹਨ। ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਕਮਲ ਪਰਗਾਸੁ ਕਰਦਾ ਹੈ ਉਦੋਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਦਾ ਅਨਹਦ ਨਾਦ ਕੀ ਹੈ ਤੇ ਸਾਡੇ ਅੰਦਰ ਇਹ ਅਨਹਦ ਕੌਣ ਵਜਾਉਂਦਾ ਹੈ। ਕਮਲ ਪਰਗਾਸੁ ਹੋਣ ਦੁਆਰਾ ਜਦੋਂ ਮਨੁੱਖ ਨੂੰ ਮਨ ਦੇ ਅੰਦਰ ਪ੍ਰਮਾਤਮਾ ਆਪਣਾ ਸੱਚਾ ਗਿਆਨ ਦਿੰਦਾ ਹੈ ਇਹ ਉਸ ਦਾ “**ਅਨਹਦ**” ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਇਹ “**ਅਨਹਦ**” ਸੁਣਿਆ ਹੈ ਉਹਨਾਂ ਨੇ ਹੀ ਅਨਹਦ ਬਾਣੀ ਦੀ ਰਚਨਾ ਕੀਤੀ ਹੈ ਜਿਸ ਕਰਕੇ ਗੁਰਬਾਣੀ ਅਨਹਦ ਬਾਣੀ ਹੈ। ਜੋ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਇਹ ਅਨਹਦ ਸੁਣਦਾ ਹੈ, ਜਿਸ ਦੇ ਅੰਦਰ ਪ੍ਰਮਾਤਮਾ ਆਪ ਆਪਣਾ ਅਨਹਦ ਵਜਾਉਂਦਾ ਹੈ ਉਸ ਦਾ ਹੀ ਪ੍ਰਮਾਤਮਾ ਦੇ ਘਰ ਵਿੱਚ ਵਾਸਾ ਹੁੰਦਾ ਹੈ ਜੋ ਉਸ ਦਾ ਘਰ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਉਸ ਦਾ “ਨਿਜ

ਘਰ'' ਹੈ। ਇਹ ਪ੍ਰਮਾਤਮਾ ਦਾ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦਾ ਘਰ ਹੈ। ਆਪਣੇ ਇਸ ਘਰ ਦੇ ਵਿੱਚੋਂ ਪ੍ਰਮਾਤਮਾ ਜੋ ਅਨਹਦ ਸੁਣਾਉਂਦਾ ਹੈ ਭਾਵ ਸੱਚਾ ਗਿਆਨ ਦਿੰਦਾ ਹੈ ਉਹੀ ਉਸ ਦਾ ਨਾਮ ਹੈ ਜੋ ਨਾਮ ਉਸ ਦਾ ਪੂਰੀ ਗੁਰਬਾਣੀ ਦੇ ਵਿੱਚ ਹੈ, ਅਨਹਦ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਨਾਮ ਨਾਲ ਉਹ ਹੀ ਰੱਤਿਆ ਜਾ ਸਕਦਾ ਹੈ ਜੋ ਮਨ ਦੇ ਵਿੱਚ ਉਸ ਦਾ ਅਨਹਦ ਸੁਣਦਾ ਹੈ। ਮਨ ਦੇ ਵਿੱਚ ਇਹ ਅਨਹਦ ਨਾਦ ਵੱਜਣ ਦੁਆਰਾ ਪ੍ਰਮਾਤਮਾ ਕੋਲੋਂ ਉਸਦਾ ਜੋ ਸੱਚਾ ਗਿਆਨ ਮਿਲਦਾ ਹੈ, ਬ੍ਰਹਮ ਗਿਆਨ ਮਿਲਦਾ ਹੈ, ਉਹੀ ਪ੍ਰਮਾਤਮਾ ਦਾ ਨਾਮ ਹੈ ਜੋ ਨਾਮ ਵਾਲੀ ਸੱਚੀ ਸਮਝ ਹੀ ਸਾਨੂੰ ਮਾਇਆ ਮੋਹ ਵਿੱਚੋਂ ਕੱਢਦੀ ਹੈ ਭਾਵ ਮਨੁੱਖ ਦੇ ਮਨ ਨੂੰ ਮਾਇਆ ਮੋਹ ਤੋਂ ਉਦਾਸ ਕਰਦੀ ਹੈ ਜਿਸ ਤੋਂ ਉਦਾਸ ਹੋ ਕੇ ਹੀ ਪ੍ਰਮਾਤਮਾ ਦਾ ਨਾਮ ਜਪਿਆ ਜਾਂਦਾ ਹੈ, ਨਾਮ ਦੇ ਨਾਲ ਰੱਤਿਆ ਜਾ ਸਕਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ, ਸਤਿਗੁਰੁ ਦਾ ਸੇਵਕ ਬਣਿਆ ਜਾ ਸਕਦਾ ਹੈ, ਉਸ ਪ੍ਰਮਾਤਮਾ ਦਾ ਦਾਸ ਬਣਿਆ ਜਾ ਸਕਦਾ ਹੈ। (**ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥ ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥**)

ਗੁਰੂ ਪ੍ਰਮਾਤਮਾ ਦੇ ਸੇਵਕ ਕਿਹੋ ਜਿਹੇ ਹੁੰਦੇ ਹਨ, ਨਾਮ ਰੱਤੇ ਕਿਹੋ ਜਿਹੇ ਹੁੰਦੇ ਹਨ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥
ਜੁਗੁ ਜੁਗੁ ਭਗਤੀ ਆਖਿ ਵਖਾਣੀ ॥
ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥
ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥"

ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਿਆ ਹੈ, ਨਾਮ ਜਪਣਾ ਸਮਝਿਆ ਹੈ, ਗੁਰੂ ਦੀ ਸੇਵਾ ਕਰਨਾ ਸਮਝਿਆ ਹੈ। ਸਭ ਤੋਂ ਭਾਵ ਇੱਕੋ ਇੱਕ ਇਹੀ ਹੀ ਹੈ ਕਿ ਮਨੁੱਖ ਨੂੰ ਪਹਿਲੇ ਭਗਤੀ ਦੀ ਸੱਚੀ ਸਮਝ ਹੋਵੇ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹ ਤਤੁ ਸਾਰ ਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਸੇਵਾ ਕਰਨ ਵਾਲੇ ਕਿਹੋ ਜਿਹੇ ਹੁੰਦੇ ਹਨ। ਸਾਰਾ ਭੇਦ ਕੱਚੀ ਬਾਣੀ ਤੇ ਸੱਚੀ ਬਾਣੀ ਵਿੱਚ ਹੈ। ਗੁਰਬਾਣੀ ਸੱਚੀ ਬਾਣੀ ਹੈ ਤੇ ਸੱਚੀ ਬਾਣੀ ਵਿੱਚ ਤੇ ਕੱਚੀ ਬਾਣੀ ਵਿੱਚ ਕੀ ਭੇਦ ਹੈ ਬਸ ਇਹੀ ਸਮਝਣ ਦੀ ਲੋੜ ਹੈ। ਸੱਚੀ ਬਾਣੀ ਉਹ ਹੈ ਜੋ ਉਸ ਸਚੁ ਰੂਪ ਪ੍ਰਮਾਤਮਾ ਕੋਲੋਂ ਆਈ ਹੈ ਜਿਸ ਬਾਣੀ ਰਾਹੀਂ ਉਹ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਤੇ ਉਸ ਮਾਰਗ ਤੇ ਚੱਲਣਾ ਸਮਝਾਉਂਦਾ ਹੈ। ਸੱਚੀ ਬਾਣੀ ਉਹ ਬੋਲ ਸਕਦਾ ਹੈ ਤੇ ਉਸ ਅਨੁਸਾਰ ਚੱਲ ਸਕਦਾ ਹੈ ਜੋ ਸੱਚੀ ਬਾਣੀ ਨੂੰ ਪਹਿਲੇ ਮਨ ਦੇ ਵਿੱਚ ਸਚੁ ਰੂਪ ਪ੍ਰਮਾਤਮਾ ਕੋਲੋਂ ਸਮਝਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਿਆ ਹੈ ਤੇ ਮੁੱਖੋਂ ਸੱਚੀ ਬਾਣੀ ਉਚਾਰੀ ਹੈ। ਸੱਚੀ ਬਾਣੀ ਸੱਚ ਹੀ ਸਮਝਾਉਂਦੀ ਹੈ ਭਾਵ ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦੀ ਹੈ ਜੋ ਬਾਣੀ ਪੂਰੀ ਤਰ੍ਹਾਂ ਭਰਮਾਂ ਤੋਂ ਰਹਿਤ ਹੈ ਭਾਵ ਇਸ ਦੇ ਅੰਦਰ ਸੱਚਾ ਗਿਆਨ ਹੈ, ਮਨ ਦੇ ਸਿੱਧੇ ਕਮਲ ਵਾਲਾ, ਗਿਆਨ ਹੈ। ਇਹ ਸੱਚਾ ਗਿਆਨ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਭਾਵ ਜਿਸ ਨੂੰ ਸੱਚੀ ਭਗਤੀ ਦੀ ਸਮਝ ਹੈ ਉਸ ਦੀ ਹੀ ਬਾਣੀ ਸੱਚੀ ਹੋ ਸਕਦੀ ਹੈ ਭਾਵ ਸੱਚੀ ਬਾਣੀ ਦੀ ਸੱਚੀ ਸਮਝ ਹੋ ਸਕਦੀ ਹੈ, ਸੱਚੀ ਬਾਣੀ ਦੇ ਸੱਚੇ ਮਨੋਰਥ ਦੀ ਸਮਝ ਹੋ ਸਕਦੀ ਹੈ। ਜਗ੍ਹਾ ਜਗ੍ਹਾ ਤੋਂ ਭਾਵ ਵੱਖਰੇ-ਵੱਖਰੇ ਸਰੀਰਾਂ ਰਾਹੀਂ ਜਿਸ ਨੂੰ ਪ੍ਰਮਾਤਮਾ ਨੇ ਆਪ ਆਪਣੀ ਭਗਤੀ ਦਾ ਮਾਰਗ ਸਿਖਾਇਆ ਹੈ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਆਪਣੀ ਸੱਚੀ ਬਾਣੀ ਸਮਝਾਈ ਹੈ ਉਹਨਾਂ ਨੇ ਹੀ ਆਪਣੇ ਮੁੱਖੋਂ ਸੱਚੀ ਬਾਣੀ ਉਚਾਰੀ ਹੈ ਤੇ ਉਸ ਤੇ ਅਮਲ ਕੀਤਾ ਹੈ ਭਾਵ ਪ੍ਰਮਾਤਮਾ ਆਪ ਹੀ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਿਆ ਹੈ, ਇਹੋ ਜਿਹੀ ਸਮਝ ਉਸ ਦੀ ਹੀ ਹੁੰਦੀ ਹੈ ਜਿੰਨ੍ਹਾਂ ਦੀ ਹਉਮੈ ਮਰ ਜਾਂਦੀ ਹੈ, ਜਿੰਨ੍ਹਾਂ ਦੇ ਅੰਦਰ ਕਮਲ ਪਰਗਾਸੁ ਹੋ ਜਾਂਦਾ ਹੈ, ਜੋ ਆਪਣੇ ਅੰਦਰੋਂ ਅਨਹਦ ਨਾਦ ਸੁਣਦੇ ਹਨ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਮ ਵਿੱਚ ਰੱਤ ਲੈਂਦਾ ਹੈ, ਆਪਣੇ ਸੱਚੇ ਗਿਆਨ ਵਿੱਚ ਰੱਤ ਲੈਂਦਾ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਪੂਰੀ ਤਰ੍ਹਾਂ ਕੱਢ ਲੈਂਦਾ ਹੈ। ਜਗ੍ਹਾ ਜਗ੍ਹਾ ਤੋਂ ਭਾਵ ਲੰਬੇ ਸਮੇ ਤੋਂ ਜਦ ਤੱਕ ਵੀ ਸੰਸਾਰ ਵਿੱਚ ਪ੍ਰਮਾਤਮਾ ਨੇ ਕਿਸੇ ਨੂੰ ਆਪਣਾ ਭਗਤ ਬਣਾਇਆ ਹੈ ਉਹ ਇਸੇ ਤਰੀਕੇ ਹੀ ਬਣਾਇਆ ਹੈ ਤੇ ਇਸੇ ਲਈ ਉਸ ਦੇ ਹਰ ਭਗਤ ਦੀ, ਗੁਰੂ ਸਾਹਿਬਾਨ ਦੀ ਬਾਣੀ ਸੱਚੀ ਹੈ ਭਾਵ ਜਿਸ ਦੇ ਵਿੱਚ ਕਦੇ ਕੋਈ ਖੋਟ ਨਹੀਂ ਨਿਕਲ ਸਕਦਾ ਤੇ ਇਸੇ ਲਈ ਭਗਤਾਂ ਦੀ ਬਾਣੀ ਵਿੱਚ ਤੇ ਗੁਰੂ ਸਾਹਿਬਾਨ

ਦੀ ਬਾਣੀ ਵਿੱਚ ਕੋਈ ਫਰਕ ਨਹੀਂ ਹੈ ਭਾਵ ਸਭ ਨੇ ਇੱਕੋ ਜਿਹਾ ਸੱਚ ਹੀ ਸਮਝਾਇਆ ਹੈ, ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਇਆ ਹੈ ਜੋ ਸੱਚ ਸਦਾ ਟਿਕਣ ਵਾਲਾ ਹੈ ਕਿਉਂਕਿ ਸੱਚ ਵਿੱਚ ਕਦੇ ਖੋਟ ਨਹੀਂ ਹੁੰਦਾ ਭਾਵ ਭਰਮ ਰੂਪ ਖੋਟ ਨਹੀਂ ਹੁੰਦਾ। ਸੱਚੀ ਬਾਣੀ ਰਾਹੀਂ ਬੋਲੇ ਹੋਏ ਬੋਲ ਅਡੋਲ ਹਨ ਤੇ ਇਹ ਬੋਲ ਸਾਡੇ ਲਈ ਤਾਂ ਹੀ ਅਡੋਲ ਬਣਦੇ ਹਨ ਜੇਕਰ ਇਹ ਬੋਲ ਸਾਡੀ ਸਮਝ ਦੇ ਵਿੱਚ ਵੱਸ ਜਾਣ। ਸਾਡੀ ਸਮਝ ਨੂੰ ਅਡੋਲ ਸੱਚ ਹੀ ਬਣਾ ਸਕਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਬਣਾ ਸਕਦਾ ਹੈ ਜੋ ਸੱਚੀ ਸਮਝ ਫਿਰ ਮਾਇਆ ਮੋਹ ਵਿੱਚ ਨਹੀਂ ਡੋਲਦੀ ਭਾਵ ਭਰਮਾਂ ਵਿੱਚ ਨਹੀਂ ਪੈਂਦੀ। ਮਾਇਆ ਮੋਹ ਵਾਲੀ, ਭਰਮਾਂ ਵਾਲੀ ਸਮਝ ਸਾਨੂੰ ਭਗਤੀ ਦੇ ਮਾਰਗ ਤੋਂ ਭੁਲਾਉਂਦੀ ਹੈ ਤੇ ਸੱਚੀ ਸਮਝ ਸਾਨੂੰ ਨਹੀਂ ਭੁਲਾਉਂਦੀ ਭਾਵ ਸਾਨੂੰ ਭਗਤੀ ਦੇ ਮਾਰਗ ਤੇ ਦ੍ਰਿੜ ਕਰਦੀ ਹੈ ਭਾਵ ਸਾਡੇ ਅੰਦਰ ਨਾਮ ਦ੍ਰਿੜ ਕਰਦੀ ਹੈ। ਅਸੀਂ ਜੇਕਰ ਸੱਚੀ ਬਾਣੀ ਨੂੰ ਪੜ੍ਹੀ ਜਾਈਏ ਭਾਵ ਕਥਨੀ ਕਰੀ ਜਾਈਏ ਫਿਰ ਗੁਰੂ ਦੀ ਸੱਚੀ ਸਮਝ ਭਾਵ ਸੱਚ ਤੇ ਚੱਲਣਾ ਸਮਝਾਉਣ ਵਾਲੀ ਸਮਝ ਸਾਡੀ ਸਮਝ ਵਿੱਚ ਕਿਵੇਂ ਵੱਸੇਗੀ ਭਾਵ ਉਹ ਸਾਨੂੰ ਮਾਇਆ ਮੋਹ ਵਿੱਚੋਂ ਕਿਵੇਂ ਕੱਢੇਗੀ , ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕਿਵੇਂ ਕੱਢੇਗੀ। ਜਦ ਤੱਕ ਮਨੁੱਖ ਦੀ ਸਮਝ ਮਾਇਆ ਮੋਹ ਵਿੱਚ, ਭਰਮਾਂ ਵਿੱਚ ਡੋਲਦੀ ਹੈ ਤਦ ਤੱਕ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਭਗਤੀ ਦੇ ਮਾਰਗ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਜਦੋਂ ਮਨੁੱਖ ਦੇ ਅੰਦਰ ਸੱਚੀ ਬਾਣੀ ਵਾਲੀ ਸੱਚੀ ਸਮਝ ਵੱਸ ਜਾਂਦੀ ਹੈ ਤੇ ਮਨੁੱਖ ਸੱਚ ਤੇ ਅਡੋਲ ਹੋ ਕੇ ਚੱਲਦਾ ਹੈ। ਸੱਚ ਤੇ ਅਡੋਲ ਹੋ ਕੇ ਚੱਲਣਾ ਹੀ ਸਤਿਗੁਰੁ ਦੀ ਸੇਵਾ ਹੈ, ਉਸ ਦੀ ਭਗਤੀ ਹੈ, ਉਸ ਦਾ ਨਾਮ ਜਪਣਾ ਹੈ। ਭਗਤਾਂ ਨੇ ਪ੍ਰਮਾਤਮਾ ਦਾ ਨਾਮ ਇਸ ਤਰੀਕੇ ਜਪਿਆ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਮਨੁੱਖ ਹਰ ਵੇਲੇ ਸੱਚ ਨਾਲ ਹੀ ਜੁੜਿਆ ਰਹਿੰਦਾ ਹੈ ਭਾਵ ਉਹ ਅਨਦਿਨ ਪ੍ਰਮਾਤਮਾ ਦਾ ਨਾਮ ਜਪਦਾ ਹੈ ਕਿਉਂਕਿ ਉਹ ਸੱਚ ਤੋਂ ਕਦੇ ਨਹੀ ਡੋਲਦਾ। ਮਨ ਦੇ ਵਿਚ ਇਹੋ ਜਿਹੀ ਸਮਝ ਵਾਲੇ ਹਰ ਵੇਲੇ ਨਾਮ ਨਾਲ ਰੱਤੇ ਰਹਿੰਦੇ ਹਨ ਜੋ ਫਿਰ ਤ੍ਰਿਸ਼ਨਾਵਾਂ ਵਿੱਚੋਂ ਨਿਕਲ ਜਾਂਦੇ ਹਨ ਤੇ ਮਨ ਦੀ ਸ਼ੁੱਧਤਾ ਦੁਆਰਾ, ਮਨ ਦੇ ਸੰਤੋਖ ਦੁਆਰਾ ਵਿਚਰਦੇ ਹਨ। ਜਦ ਤੱਕ ਕੋਈ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤਿ ਨਹੀਂ ਹੁੰਦਾ ਤਦ ਤੱਕ ਉਹ ਮਨੁੱਖ ਨਿਰਬਾਣ ਨਹੀਂ ਹੋ ਸਕਦਾ। ਪ੍ਰਮਾਤਮਾ ਦਾ ਜੱਸ ਨਿਰਬਾਣ ਹੋ ਕੇ ਹੀ ਗਾਇਆ ਜਾ ਸਕਦਾ ਹੈ, ਉਸ ਦਾ "**ਨਿਰਬਾਣ ਕੀਰਤਨ**" ਕੀਤਾ ਜਾ ਸਕਦਾ ਹੈ ਭਾਵ ਪੂਰਨ ਤੌਰ ਤੇ ਸੱਚ ਤੇ ਚੱਲਣਾ ਹੀ ਪ੍ਰਮਾਤਮਾ ਦੀ ਭਗਤੀ ਹੈ, ਉਸਦਾ ਕੀਰਤਨ ਕਰਨਾ ਹੈ ਭਾਵ ਉਸਦਾ ਜੱਸ ਗਾਉਣਾ ਹੈ ਜੋ ਉਸ ਦਾ ਜੱਸ ਅਸੀਂ ਸੱਚੀ ਸੁੱਚੀ ਵਿਚਰਨ ਦੁਆਰਾ ਕਰਨਾ ਹੈ। ਮਨੁੱਖ ਦੀ ਸੱਚੀ ਸੁੱਚੀ ਵਿਚਰਨ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ ਜਿੰਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਨੁੱਖ ਮਾੜੇ ਕਰਮ ਕਰਦਾ ਹੈ, ਜਿਸ ਵਿੱਚ ਰਹਿੰਦਿਆਂ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਪ੍ਰਮਾਤਮਾ ਦਾ ਜੱਸ ਨਹੀਂ ਗਾਇਆ ਜਾ ਸਕਦਾ। ਉਸ ਪ੍ਰਮਾਤਮਾ ਦਾ ਜੱਸ ਗਾਉਣਾ, ਉਸ ਦੇ ਗੁਣ ਗਾਉਣੇ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ ਜੋ ਸੱਚੀ ਕਰਨੀ ਮਨੁੱਖ ਸੱਚੀ ਬਾਣੀ ਦੀ ਸੱਚੀ ਸਮਝ ਦੁਆਰਾ ਹੀ ਕਰ ਸਕਦਾ ਹੈ, ਧਰਮ ਗ੍ਰੰਥਾਂ ਦੀ ਸੱਚੀ ਸਮਝ ਤੇ ਚੱਲਣ ਦੁਆਰਾ ਹੀ ਕਰ ਸਕਦਾ ਹੈ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਸਦਾ ਤੋਂ ਇੱਕੋ ਜਿਹਾ ਹੀ ਹੈ ਜੋ ਕਦੇ ਬਦਲ ਨਹੀਂ ਸਕਦਾ ਕਿਉਂਕਿ ਸੱਚੀ ਭਗਤੀ ਦਾ ਮਾਰਗ ਸਮਝਾਉਣ ਵਾਲਾ, ਧਰਮ ਗ੍ਰੰਥਾਂ ਦੀ ਰਚਨਾ ਕਰਨ ਵਾਲਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜੋ ਸਦਾ ਤੋਂ ਇੱਕੋ ਹੀ ਹੈ। (**ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥ ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥ ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥**)

ਮਨੁੱਖ ਮਨ ਦੀ ਨਿਰਬਾਣ ਅਵੱਸਥਾ ਵਿੱਚ ਕਿਸ ਤਰੀਕੇ ਆਉਂਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਪ੍ਰਭਾਤੀ ਮਹਲਾ ੧ ॥

"ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥
ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥੧॥
ਤੂਹੈ ਹੈ ਵਾਹੁ ਤੇਰੀ ਰਜਾਇ ॥
ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥੧॥ ਰਹਾਉ ॥
ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥

ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥੨॥
ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥
ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥"

(ਅੰਗ - ੧੩੨੯)

ਇਸ ਪੂਰੇ ਸ਼ਬਦ ਦੇ ਅਰਥ ਲੇਖ ਵਿੱਚ ਅੱਗੇ ਚੱਲਕੇ ਸਮਝਾਂਗੇ ਜਿਸ ਰਾਹੀਂ ਸਾਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਮਾਰਗ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆ ਸਕਦਾ ਹੈ। ਸ਼ਬਦ ਦੇ ਆਖਰੀ ਦੋ ਪਦਿਆਂ ਨੂੰ ਸਮਝਦੇ ਹਾਂ ਤਾਂ ਜੋ ਅਸੀਂ ਸਮਝ ਸਕੀਏ ਕਿ ਮਨੁੱਖ ਦਾ ਨਿਰਬਾਣ ਹੋਣਾ ਕੀ ਹੈ ਤੇ ਗਿਰਹੀ ਉਦਾਸੀ ਹੋਣਾ ਕੀ ਹੈ।

"ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥
ਮਨਿ ਵੀਚਾਰਿ ਦੇਖੁ "ਬ੍ਰਹਮ ਗਿਆਨੀ" ਕਉਨੁ ਗਿਰਹੀ ਕਉਨੁ ਉਦਾਸੀ ॥੩॥
ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥"

ਪਹਿਲੇ ਉੱਪਰ ਵਾਲੇ ਪਦੇ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਕਿਰਪਾ ਸਾਡੇ ਤੇ ਕਿਸ ਤਰੀਕੇ ਹੁੰਦੀ ਹੈ। ਪੂਰੀ ਗੁਰਬਾਣੀ ਦੀ ਰਚਨਾ, ਸੱਚੀ ਬਾਣੀ ਦੀ ਰਚਨਾ ਸਾਨੂੰ ਕੁੱਝ ਸਮਝਾਉਣ ਲਈ ਹੀ ਕੀਤੀ ਗਈ ਹੈ। ਗੁਰੂ ਜੋ ਕੁੱਝ ਵੀ ਸਾਨੂੰ ਸਮਝਾਉਂਦਾ ਹੈ ਉਹ ਸਾਡੇ ਮਨ ਦੀ ਸੁਰਤਿ ਨੂੰ ਸਮਝ ਵਾਲਾ ਬਣਾਉਣ ਲਈ ਹੀ ਸਮਝਾਉਂਦਾ ਹੈ ਭਾਵ ਅਸੀਂ ਆਪਣੇ ਮਨ ਦੀ ਸੁਰਤਿ ਨੂੰ ਗੁਰੂ ਦੀ ਸੁਰਤਿ ਵਾਲਾ ਬਣਾਈਏ ਭਾਵ ਆਪਣੇ ਮਨ ਦੀ ਸਮਝ ਨੂੰ ਗੁਰੂ ਦੀ ਸਮਝ ਵਾਲਾ ਬਣਾਈਏ ਭਾਵ ਜਿਹੋ ਜਿਹਾ ਮਾਰਗ ਸਾਨੂੰ ਗੁਰੂ ਸਮਝਾਉਂਦਾ ਹੈ ਅਸੀਂ ਉਸ ਮਾਰਗ ਤੇ ਚੱਲੀਏ ਭਾਵ ਗੁਰੂ ਦੇ ਸਮਝਾਏ ਹੋਏ ਮਾਰਗ ਤੇ ਚੱਲਣ ਦਾ ਉੱਦਮ ਕਰੀਏ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਹ ਇਸੇ ਤਰੀਕੇ ਹੀ ਕਰਦਾ ਹੈ ਜੋ ਉਸ ਦੀ ਮਤਿ ਅਨੁਸਾਰ ਉਸ ਤੇ ਚੱਲਣ ਦਾ ਉੱਦਮ ਕਰਦਾ ਹੈ। ਗੁਰੂ ਸਾਨੂੰ ਇਸੇ ਲਈ ਸਮਝਾਉਂਦਾ ਹੈ ਕਿਉਂਕਿ ਸਾਡੇ ਅੰਦਰ ਉਹ ਸਮਝ ਨਹੀਂ ਹੈ ਜਿਸ ਸਮਝ ਦੁਆਰਾ ਅਸੀਂ ਆਪਣੇ ਆਪ ਧਰਮ ਦੇ ਸਹੀ ਮਾਰਗ ਤੇ ਚੱਲ ਸਕੀਏ। ਜੋ ਮਨੁੱਖ ਗੁਰੂ ਦੇ ਸਮਝਾਏ ਹੋਏ ਮਾਰਗ ਤੇ ਚੱਲਣ ਦਾ ਉੱਦਮ ਕਰਦਾ ਹੈ ਪ੍ਰਮਾਤਮਾ ਆਪਣੀ ਕਿਰਪਾ ਉਸੇ ਤੇ ਹੀ ਕਰਦਾ ਹੈ ਤੇ ਆਪਣੀ ਕਿਰਪਾ ਦੁਆਰਾ ਉਹ ਮਨੁੱਖ ਦੀ ਸਮਝ ਨੂੰ ਉਲਟ ਦਿੰਦਾ ਹੈ ਭਾਵ ਉਸ ਦੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰ ਦਿੰਦਾ ਹੈ, ਉਸ ਦੇ ਅੰਦਰ ਸੱਚੇ ਗਿਆਨ ਵਾਲੀ ਸਮਝ ਦਾ ਪਰਗਾਸੁ ਕਰ ਦਿੰਦਾ ਹੈ ਜਿਸ ਮਨ ਦੇ ਪਰਕਾਸ਼ ਦੁਆਰਾ ਮਨੁੱਖ ਨੂੰ ਸੱਚ ਦੀ ਸਮਝ ਪੈਂਦੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ ਜੋ ਕਿ ਸਾਡੇ ਅੰਦਰ ਹੀ ਹੈ। ਮਨੁੱਖ ਨੂੰ ਤਾਂ ਹੀ ਸਮਝ ਲੱਗਦੀ ਹੈ ਕਿ ਸਾਡੇ ਵਿਚਾਰਾਂ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਸਾਨੂੰ ਸਾਡੇ ਅੰਦਰੋਂ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਹੀ ਨਜ਼ਰ ਆਉਂਦਾ ਹੈ ਜੋ ਵਿਚਾਰ ਉਹ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪਰਕਾਸ਼ ਕਰਨ ਦੁਆਰਾ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਸ ਕਰਕੇ ਉਹ ਆਪ ਹੀ ਬ੍ਰਹਮ ਗਿਆਨੀ ਹੈ। ਮਨ ਦੇ ਵਿਚਾਰਾਂ ਰਾਹੀਂ ਉਹ ਬ੍ਰਹਮ ਗਿਆਨੀ ਸਾਨੂੰ ਆਪਣੇ ਅੰਦਰੋਂ ਹੀ ਦਿੱਸਦਾ ਹੈ, ਮਨ ਦੀਆਂ ਅੱਖਾਂ ਰਾਹੀਂ ਹੀ ਦਿੱਸਦਾ ਹੈ। ਸਾਡੇ ਅੰਦਰ ਦੀ ਬ੍ਰਹਮ ਗਿਆਨ ਵਾਲੀ ਸਮਝ, ਬ੍ਰਹਮ ਗਿਆਨ ਵਾਲੇ ਵਿਚਾਰ ਹੀ ਸਾਡੀਆਂ ਉਹ ਅੱਖਾਂ ਹਨ ਜਿੰਨ੍ਹਾਂ ਰਾਹੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਭਾਵ ਬ੍ਰਹਮ ਗਿਆਨੀ ਰੂਪ ਨੂੰ ਦੇਖਿਆ ਜਾ ਸਕਦਾ ਹੈ। ਮਨ ਦੇ ਵਿੱਚ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਬ੍ਰਹਮ ਗਿਆਨੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਨਿਰੰਕਾਰ ਰੂਪ ਵਿੱਚ ਹੈ ਜਿਸ ਦਾ ਕੋਈ ਆਕਾਰ ਰੂਪ ਨਹੀਂ ਹੈ ਭਾਵ ਉਹ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਇਹੀ ਪ੍ਰਮਾਤਮਾ ਦਾ ਨਾਮ ਰੂਪ ਹੈ। ਉਸ ਬ੍ਰਹਮ ਗਿਆਨੀ ਨੂੰ ਭਾਵ ਪ੍ਰਮਾਤਮਾ ਨੂੰ ਮਨ ਦੇ ਵਿਚਾਰਾਂ ਰਾਹੀਂ ਜਦੋਂ ਕੋਈ ਆਪਣੇ ਅੰਦਰੋਂ ਦੇਖ ਲੈਂਦਾ ਹੈ, ਉਸ ਨੂੰ ਆਪਣੇ ਅੰਦਰੋਂ ਦੇਖਣਾ ਹੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ ਤੇ ਮਨੁੱਖ ਨੂੰ ਫਿਰ ਇਹ ਤਾਂ ਹੀ ਸਮਝ ਪੈਂਦੀ ਹੈ ਕਿ ਸਭ ਦੇ

ਅੰਦਰ ਪ੍ਰਮਾਤਮਾ ਆਪ ਹੀ ਹੈ ਭਾਵ ਸਭ ਦੇ ਅੰਦਰ ਗਿਆਨ ਪਾਉਣ ਵਾਲਾ, ਮਨ ਦੀ ਸਮਝ ਪਾਉਣ ਵਾਲਾ, ਮਨ ਦੇ ਵਿੱਚ ਵਿਚਾਰ ਪਾਉਣ ਵਾਲਾ ਉਹ ਆਪ ਹੀ ਹੈ। ਜਦ ਤੱਕ ਮਨੁੱਖ ਉਸ ''ਬ੍ਰਹਮ ਗਿਆਨੀ'' ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਨਹੀਂ ਲੈਂਦਾ ਤਦ ਤੱਕ ਹਰ ਕੋਈ ਹਉਮੈ ਵਾਲੀ ਸਮਝ ਵਿੱਚ ਹੀ ਹੁੰਦਾ ਹੈ, ਤ੍ਰੈਗੁਣਾਂ ਵਾਲੀ, ਮਾਇਆ ਮੋਹ ਵਾਲੀ ਸਮਝ ਵਿੱਚ ਹੁੰਦਾ ਹੈ ਜੋ ਮਨ ਦੀ ਸਮਝ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਆਪਣੀ ਵੱਖਰੀ ਹੋਂਦ ਸਮਝਦਾ ਹੈ, ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦਾ ਹੈ ਜਿਸ ਕਰਕੇ ਕੋਈ ਆਪਣੇ ਆਪ ਨੂੰ ਗਿਰਹੀ ਸਮਝਦਾ ਹੈ, ਕੋਈ ਉਦਾਸੀ ਸਮਝਦਾ ਹੈ ਤੇ ਵੱਖਰੇ-ਵੱਖਰੇ ਭਗਤੀ ਦੇ ਮਾਰਗ ਸਮਝਦਾ ਹੈ। ਉਸ ਬ੍ਰਹਮ ਗਿਆਨੀ ਪ੍ਰਮਾਤਮਾ ਨੂੰ ਆਪਣੇ ਅੰਦਰ ਦੇਖਣ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਨਾ ਕੋਈ ਗਿਰਹੀ ਹੈ ਤੇ ਨਾ ਕੋਈ ਉਦਾਸੀ ਹੈ ਭਾਵ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਇਸ ਤਰ੍ਹਾਂ ਉਸ ਬ੍ਰਹਮ ਗਿਆਨੀ ਨੂੰ ਆਪਣੇ ਅੰਦਰੋਂ ਦੇਖੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਕਹਿ ਸਕਦਾ ਹੈ ਜੋ ਸਾਡੇ ਕੋਲੋਂ ਸਾਡੇ ਅੰਦਰ ਦੀ ਨਾਸਮਝ ਮਤਿ ਹੀ ਅਖਵਾਉਂਦੀ ਹੈ ਤੇ ਜਦ ਤੱਕ ਪ੍ਰਮਾਤਮਾ ਕਿਸੇ ਦੀ ਇਹ ਨਾਸਮਝ ਮਤਿ ਉਲਟਦਾ ਨਹੀਂ ਭਾਵ ਸਿੱਧੀ ਨਹੀਂ ਕਰਦਾ ਤਦ ਤੱਕ ਇਹ ਸਮਝੋ ਕਿ ਉਸ ਪ੍ਰਮਾਤਮਾ ਦੀ ਕਿਰਪਾ ਨਹੀਂ ਹੋਈ ਜਿਸ ਕਿਰਪਾ ਦੁਆਰਾ ਉਸ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਜਿਸ ਦੀ ਉਹ ਸਮਝ ਨੂੰ ਉਲਟਦਾ ਹੈ ਉਸ ਦੇ ਅੰਦਰ ਆਪਣੇ ਸੱਚੇ ਗਿਆਨ ਦਾ ਪਰਕਾਸ਼ ਕਰਨ ਦੁਆਰਾ ਹੀ ਉਲਟਦਾ ਹੈ ਤੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ''**ਬ੍ਰਹਮ ਗਿਆਨੀ**'' ਪ੍ਰਮਾਤਮਾ ਆਪ ਹੀ ਹੈ। ਆਪਣੀ ਸੱਚੀ ਬਾਣੀ ਦੀ ਸਮਝ ਉਹ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਪਾਉਂਦਾ ਹੈ ਤੇ ਉਸ ਦਾ ਬ੍ਰਹਮ ਗਿਆਨ ਰੂਪ ਹੀ ਉਸਦਾ ਨਾਮ ਰੂਪ ਹੈ ਜੋ ਕਿ ਉਸ ਦਾ ਸਚੁ ਰੂਪ ਹੈ। ਸੰਸਾਰ ਵਿੱਚ ਸੱਚੀ ਬਾਣੀ ਭਾਵ ਗੁਰਬਾਣੀ ''**ਬ੍ਰਹਮ ਗਿਆਨ**'' ਦੇ ਰੂਪ ਵਿੱਚ ਹੀ ਆਈ ਹੈ ਜੋ ਕਿ ਉਸ ਬ੍ਰਹਮ ਗਿਆਨੀ ਦੇ ਕੋਲੋਂ ਹੀ ਆਈ ਹੈ ਜਿਸ ਕਰਕੇ ਸੱਚੀ ਬਾਣੀ ਹਰ ਭਰਮ ਤੋਂ ਰਹਿਤ ਹੈ ਤੇ ਉਹ ਸੰਸਾਰ ਨੂੰ ਇੱਕੋ ਜਿਹੀ ਭਗਤੀ ਹੀ ਸਮਝਾਉਂਦੀ ਹੈ। (**ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥ ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥**)

{ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥}

(ਅੰਗ - ੨੭੩-੨੭੪)

ਉੱਪਰ ਵਾਲੇ ਸ਼ਬਦ ਦੁਆਰਾ ਹਰ ਕੋਈ ਇਸ ਗੱਲ ਨੂੰ ਬਿਨ੍ਹਾਂ ਕਿਸੇ ਭਰਮ ਤੋਂ ਸਮਝ ਸਕਦਾ ਹੈ ਕਿ ਬ੍ਰਹਮ ਗਿਆਨੀ ਕੌਣ ਹੈ ਭਾਵ ਆਪ ਪ੍ਰਮਾਤਮਾ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਸਾਰੀ ਸਾਇੰਸ ਦੀ ਰਚਨਾ ਕੀਤੀ ਹੈ, ਹਰ ਆਕਾਰ ਦੀ ਰਚਨਾ ਕੀਤੀ ਹੈ ਤੇ ਆਪਣੇ ਆਪ ਨੂੰ ਕੋਈ ਬ੍ਰਹਮ ਗਿਆਨੀ ਉਹ ਹੀ ਕਹਿ ਸਕਦਾ ਹੈ ਜਿਸ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਬ੍ਰਹਮ ਗਿਆਨੀ ਰੂਪ ਨੂੰ ਨਹੀਂ ਜਾਣਿਆ ਜੋ ਆਪ ਹੀ ਗਿਆਨ ਦਾ ਮਾਲਕ ਹੈ ਜਿਸ ਆਪਣੇ ਸੱਚੇ ਗਿਆਨ ਦੁਆਰਾ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪਰਗਟ ਹੋਣ ਦੁਆਰਾ ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਇਸੇ ਲਈ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਆਪਣੇ ਆਪ ਨੂੰ ਗੁਰੂ ਜਾਂ ਬ੍ਰਹਮ ਗਿਆਨੀ ਨਹੀਂ ਕਹਿਆ ਬਲਕਿ ਪ੍ਰਮਾਤਮਾ ਨੂੰ ਕਹਿਆ ਹੈ, ਸ਼ਬਦ ਰੂਪ ਨੂੰ ਗੁਰੂ ਕਹਿਆ ਹੈ ਜੋ ਸ਼ਬਦ ਰੂਪ ਗੁਰੂ ਕੋਈ ਸਰੀਰ ਨਹੀਂ ਬਲਕਿ ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ।

ਜੋ ਉਸ ਬ੍ਰਹਮ ਗਿਆਨੀ ਨੂੰ, ਪ੍ਰਮਾਤਮਾ ਨੂੰ ਭਾਵ ਉਸ ਦੇ ਨਿਰੰਕਾਰ ਰੂਪ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ, ਜਾਣ ਲੈਂਦਾ ਹੈ ਉਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਬ੍ਰਹਮ ਗਿਆਨ ਵਾਲੇ ਸੱਚੇ ਵਿਚਾਰ ਦੇਣ ਦੁਆਰਾ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਕਿ ਉਹ ਸੱਚੀ ਭਗਤੀ ਦਾ ਮਾਰਗ ਕੀ ਹੈ ਜੋ ਮਾਰਗ ਸਾਰੇ ਸੰਸਾਰ ਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥"

ਹੁਣ ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਨਿਰਬਾਣੁ ਹੋਣਾ ਕੀ ਹੈ। ਆਪਣੇ ਆਪ ਕੋਈ "ਨਿਰਬਾਣੁ" ਹੋ ਜਾਵੇ ਇਹ ਨਾਮੁਮਕਿਨ ਹੈ। ਅਸੀਂ ਨਿਰਬਾਣੁ ਕਿਸ ਕਰਕੇ ਨਹੀਂ ਹਾਂ ਭਾਵ ਸਾਨੂੰ ਸੱਚੀ ਭਗਤੀ ਦੀ ਸਮਝ ਕਿਸ ਕਰਕੇ ਨਹੀਂ ਹੈ ਇਸ ਗੱਲ ਨੂੰ ਸਮਝਣਾ ਜਰੂਰੀ ਹੈ। ਜਦੋਂ ਮਨੁੱਖ ਉਸ ਬ੍ਰਹਮ ਗਿਆਨੀ "ਪ੍ਰਮਾਤਮਾ" ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਉਹ ਉਸ ਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਦੇਖਦਾ ਹੈ ਜਿਵੇਂ ਕਿ ਅਸੀਂ ਪਿਛਲੇ ਪਦੇ ਦੁਆਰਾ ਸਮਝਿਆ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਵਿਚਾਰ ਕਿੱਥੋਂ ਆਉਂਦੇ ਹਨ ਭਾਵ ਸਾਡੇ ਅੰਦਰ ਵਿਚਾਰ ਕੌਣ ਪਾਉਂਦਾ ਹੈ, ਸਾਡੇ ਅੰਦਰ ਮਨ ਦਾ ਸੋਚ ਕੌਣ ਪਾਉਂਦਾ ਹੈ, ਸਾਡੇ ਅੰਦਰ ਦੀਆਂ ਇੱਛਾਵਾਂ ਕੌਣ ਪਾਉਂਦਾ ਹੈ, ਤ੍ਰਿਸ਼ਨਾਵਾਂ ਕੌਣ ਪਾਉਂਦਾ ਹੈ ਭਾਵ ਸਾਡੇ ਅੰਦਰ ਜੋ ਵੀ ਆਸ਼ਾਵਾਂ ਪਾਉਂਦਾ ਹੈ ਉਹ ਆਪ ਪ੍ਰਮਾਤਮਾ ਹੈ ਤੇ ਉਹ ਆਪ ਹੀ ਸਾਨੂੰ ਇਹਨਾਂ ਵਿੱਚੋਂ ਕੱਢ ਸਕਦਾ ਹੈ। ਸਾਡੇ ਅੰਦਰ ਦਾ ਮਨ ਇਹਨਾਂ ਇੱਛਾਵਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਜੋ ਇੱਛਾਵਾਂ ਸਾਡੀ ਸਮਝ ਦੇ ਵਿੱਚ ਹੀ ਉਪਜਦੀਆਂ ਹਨ ਤੇ ਸਾਡੇ ਅੰਦਰ ਦੀ ਸਮਝ ਇਹਨਾਂ ਨੂੰ ਹੀ ਚੰਗਾ ਸਮਝਦੀ ਹੈ ਕਿਉਂਕਿ ਇਹ ਸਾਨੂੰ ਲੁਭਾਉਂਦੀਆਂ ਹਨ, ਮਾਇਆ ਮੋਹ ਵਿੱਚ ਪਾ ਕੇ ਲੁਭਾਉਂਦੀਆਂ ਹਨ। ਜਦੋਂ ਮਨ ਦੇ ਵਿੱਚ ਪ੍ਰਮਾਤਮਾ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਫਿਰ ਮਨੁੱਖੀ

ਸਮਝ ਨੂੰ ਉਹ ਇੱਛਾਵਾਂ ਤਿਆਗਣੀਆਂ ਹੀ ਪੈਂਦੀਆਂ ਹਨ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਕਿਉਂਕਿ ਇਹ ਇੱਛਾਵਾਂ ਸਾਨੂੰ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲਣ ਦਿੰਦੀਆਂ। ਆਪਣੇ ਮਨ ਦੀਆਂ ਇੱਛਾਵਾਂ ਵਾਲੀ ਸਮਝ ਸਾਨੂੰ ਭਗਤੀ ਦੇ ਮਾਰਗ ਤੋਂ ਭਾਵ ਸੱਚ ਦੇ ਮਾਰਗ ਤੋਂ ਦੂਰ ਰੱਖਦੀਆਂ ਹਨ ਜਿਸ ਕਰਕੇ ਉਹ ਸਾਡੀ ਸਮਝ ਨੂੰ ਮਾੜੀ ਸਮਝ ਬਣਾਉਂਦੀਆਂ ਹਨ ਭਾਵ ਮਨੁੱਖੀ ਸਮਝ ਨੂੰ ਮਨਮਤਿ ਵਾਲੀ ਸਮਝ ਵਾਲਾ ਬਣਾਉਂਦੀਆਂ ਹਨ ਜੋ ਗੁਰਮਤਿ ਵਾਲੀ ਸਮਝ ਦੇ ਨਾਲ ਮੇਲ ਨਹੀਂ ਖਾਂਦੀ ਤੇ ਸਾਨੂੰ ਭਰਮਾਂ ਵਾਲੀ ਭਗਤੀ ਵਿੱਚ ਪਾ ਕੇ ਰੱਖਦੀਆਂ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਭਰਮ ਸਾਡੇ ਮਨ ਦੇ ਵਿੱਚੋਂ ਹੀ ਉਪਜਦੇ ਹਨ ਜੋ ਭਰਮਾਂ ਵਾਲੇ ਵਿਚਾਰ ਸਾਨੂੰ ਤ੍ਰਿਸ਼ਨਾਵਾਂ ਛੱਡੇ ਬਿਨ੍ਹਾਂ ਹੀ ਆਪਣੇ ਆਪ ਨੂੰ ਭਗਤੀ ਵਾਲਾ ਸਮਝਾਉਂਦੇ ਹਨ। ਇਸ ਭਰਮਾਂ ਵਾਲੀ ਸਮਝ ਨੂੰ ਛੱਡਣਾ ਹੀ ਆਪਣਾ ਮਨ ਗੁਰੂ ਨੂੰ ਸੌਂਪਣਾ ਹੈ ਕਿਉਂਕਿ ਗੁਰੂ ਨੂੰ ਆਪਣਾ ਮਨ ਸੌਂਪੇ ਬਿਨ੍ਹਾਂ ਪ੍ਰਮਾਤਮਾ ਦੀ ਸੱਚੀ ਭਗਤੀ ਨਾਲ ਨਹੀਂ ਜੁੜਿਆ ਜਾ ਸਕਦਾ ਭਾਵ ਨਿਰਬਾਣੁ ਨਹੀਂ ਹੋਇਆ ਜਾਂਦਾ। ਮਨ ਦੀਆਂ ਇੱਛਾਵਾਂ ਤੋਂ, ਤ੍ਰਿਸ਼ਨਾਵਾਂ ਤੋਂ "**ਰਹਿਤ**" ਹੋਣਾ ਹੀ ਭਗਤੀ ਦੇ ਮਾਰਗ ਤੇ ਚੱਲਣ ਲਈ ਨਿਰਬਾਣੁ ਹੋਣਾ ਹੈ ਜੋ ਕਿ ਸਾਡੇ ਮਨ ਦੀ ਸਮਝ ਨੇ ਹੋਣਾ ਹੈ ਤੇ ਮਨ ਦੇ ਵਿੱਚ ਨਿਰਬਾਣੁ ਹੋਣ ਦੁਆਰਾ ਭਾਵ ਸਾਡੇ ਅੰਦਰ ਗੁਰੂ ਦੀ ਸੱਚੀ ਸਮਝ ਵੱਸਣ ਦੁਆਰਾ ਫਿਰ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦਾ ਜੋ ਕਿ ਭਗਤੀ ਦਾ ਸੱਚਾ ਮਾਰਗ ਹੈ। ਆਪਣੀਆਂ ਤ੍ਰਿਸ਼ਨਾਵਾਂ ਦਾ ਤਿਆਗ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਜਾਨਣ ਦਾ ਮੁੱਲ ਹੈ, ਕੀਮਤ ਹੈ ਜੋ ਕੀਮਤ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਚਾਨਣ ਲਈ ਚੁਕਾਉਣੀ ਹੈ। ਸੱਚੀ ਭਗਤੀ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਭਾਵ ਜੋ ਅਸੀਂ ਮੁੱਲ ਚੁਕਾਉਣਾ ਹੈ ਉਹ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੀ ਚੁਕਾਉਣਾ ਹੈ। ਪ੍ਰਮਾਤਮਾ ਨੂੰ ਜਾਨਣ ਲਈ ਭਾਵ ਉਸ ਦੇ ਸੱਚੇ ਮਾਰਗ ਤੇ ਚੱਲਣ ਲਈ ਭਾਵ ਨਾਮ ਜਪਣ ਲਈ ਮਨ ਦੀਆਂ ਇੱਛਾਵਾਂ ਤਿਆਗਣੀਆਂ ਹੀ ਪੈਂਦੀਆਂ ਹਨ, ਆਪਣੇ ਮਨ ਦੀ ਮਾਇਆ ਮੋਹ ਵਾਲੀ ਸਮਝ, ਸਾਨੂੰ ਔਗੁਣਾਂ ਵਿੱਚ ਰੱਖਣ ਵਾਲੀ ਸਮਝ ਛੱਡਣੀ ਹੀ ਪੈਂਦੀ ਹੈ ਤੇ ਇਹ ਕੁੱਝ ਛੱਡਣਾ ਹੀ ਆਪਣਾ ਮਨ ਸਤਿਗੁਰੁ ਨੂੰ ਵੇਚਣਾ ਹੈ, ਪ੍ਰਮਾਤਮਾ ਨੂੰ ਵੇਚਣਾ ਹੈ ਜਿਸ ਵੇਚਣ ਦਾ ਲਾਭ ਬਹੁਤ ਉੱਚਾ ਹੈ ਭਾਵ ਇਸਦੇ ਬਦਲੇ ਸਾਨੂੰ ਪ੍ਰਮਾਤਮਾ ਦਾ ਮੇਲ ਮਿਲਦਾ ਹੈ। (**ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥**) ਪ੍ਰਮਾਤਮਾ ਦੇ ਨਾਲ ਮੇਲ ਦੀ ਕੀਮਤ ਚੁਕਾਉਣੀ ਇਸੇ ਲਈ ਹੀ ਔਖੀ ਹੈ ਭਾਵ ਨਾਮ ਨੂੰ ਪ੍ਰਾਪਤ ਕਰਨਾ ਬਹੁਤ ਔਖਾ ਹੈ ਕਿਉਂਕਿ ਉਸ ਦੇ ਲਈ ਬਹੁਤ ਵੱਡਾ ਮੁੱਲ ਚੁਕਾਉਣਾ ਪੈਂਦਾ ਹੈ। ਮਾਇਆ ਮੋਹ ਵਾਲੀ ਚੰਚਲ ਮਤਿ ਤੋਂ "ਨਿਰਬਾਣੁ" ਹੋਣਾ ਬਹੁਤ ਔਖਾ ਹੈ ਕਿਉਂਕਿ ਇਸ ਲਈ ਮਾਇਆ ਮੋਹ ਵਾਲੀ ਮਤਿ ਛੱਡਣੀ ਪੈਂਦੀ ਹੈ ਤੇ ਆਪਣੀ ਮਾਇਆ ਮੋਹ ਵਾਲੀ ਚੰਚਲ ਮਤਿ ਨੂੰ ਤਿਆਗਣਾ ਹੀ ਭਗਤੀ ਦਾ ਮੁੱਲ ਹੈ, ਪ੍ਰਮਾਤਮਾ ਨੂੰ ਪਾਉਣ ਦਾ ਮੁੱਲ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

{ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥
ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥
ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥
ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥
ਰਾਮ ਭਗਤਿ ਬੈਠੇ ਘਰਿ ਆਇਆ ॥੨॥
ਕਹੁ ਕਬੀਰ ਚੰਚਲ ਮਤਿ ਤਿਆਗੀ ॥
ਕੇਵਲ ਰਾਮ ਭਗਤਿ ਨਿਜ ਭਾਗੀ ॥੩॥}

(ਅੰਗ - ੩੨੭)

ਜੋ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਮੁੱਲ ਚੁਕਾਉਣਾ ਹੈ ਭਾਵ ਮਨ ਵੇਚਣ ਦੁਆਰਾ ਚੁਕਾਉਣਾ ਹੈ ਇਸੇ ਗੱਲ ਨੂੰ ਹੀ ਉਪਰਲੇ ਸ਼ਬਦ ਰਾਹੀਂ ਅਕਾਲ ਪੁਰਖ ਰੂਪ ਧੰਨ ਧੰਨ ਭਗਤ ਕਬੀਰ ਜੀ ਨੇ ਸਾਰੇ ਸੰਸਾਰ ਨੂੰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੋਇਆ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਹੀ ਹੈ ਜਿਸ ਲਈ ਆਪਣੀ ਚੰਚਲ ਮਤਿ ਨੂੰ ਤਿਆਗਣੀ ਹੀ ਪੈਂਦੀ ਹੈ ਜੋ ਮਤਿ ਸਾਨੂੰ ਸੱਚੀ ਭਗਤੀ ਤੇ ਨਹੀਂ ਚੱਲਣ ਦਿੰਦੀ ਤੇ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ, ਤ੍ਰਿਸ਼ਨਾਵਾਂ ਵਿੱਚ ਪਾ ਕੇ ਰੱਖਦੀ ਹੈ ਤੇ ਗੁਰੂ ਦੀ ਸਮਝਾਈ ਹੋਈ ਸੱਚੀ ਭਗਤੀ ਦੇ ਨਾਲ ਨਹੀਂ ਜੁੜਨ ਦਿੰਦੀ। ਤ੍ਰਿਸ਼ਨਾਵਾਂ ਤੋਂ ਰਹਿਤ ਸਾਰੇ ਸੰਸਾਰ

ਵਿੱਚ ਕੋਈ ਨਹੀਂ ਹੈ, ਮਾਇਆ ਮੋਹ ਸਭ ਦੇ ਅੰਦਰ ਹੈ, ਹਉਮੈ ਸਭ ਦੇ ਅੰਦਰ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਵੀ ਰੱਖਦਾ ਹੈ ਤੇ ਭਾਵੇਂ ਕੋਈ ਕਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣ ਵਿੱਚ ਆਪਣੇ ਆਪ ਨੂੰ ਹੀ ਠੀਕ ਸਮਝਦਾ ਹੈ ਪਰ ਭਗਤੀ ਦਾ ਸੱਚਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਮਾਇਆ ਮੋਹ ਤਿਆਗਣ ਦਾ ਹੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰੀਏ। ਗੁਰੂ ਸਾਨੂੰ ਭਗਤੀ ਦਾ ਮਾਰਗ ਵਾਰ-ਵਾਰ ਸ਼ਬਦਾਂ ਰਾਹੀਂ ਇਹੋ ਹੀ ਸਮਝਾਉਂਦਾ ਹੈ ਤੇ ਗੁਰੂ ਸਾਨੂੰ ਜੋ ਕੁੱਝ ਸਮਝਾਉਂਦਾ ਹੈ ਉਹ ਸੱਚ ਹੈ ਤੇ ਜੋ ਗੁਰੂ ਦੇ ਸੱਚ ਨੂੰ ਮੰਨਦਾ ਹੈ ਉਹੀ ਧਰਮ ਦੇ ਮਾਰਗ ਤੇ ਚੱਲ ਸਕਦਾ ਹੈ ਭਾਵ ਗੁਰਮਤਿ ਤੇ ਪੂਰਾ ਉਤਰ ਸਕਦਾ ਹੈ।

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥
ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ - ੧੧੮੮)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥
ਨਾਨਕ ਗੁਰਮੁਖਿ ਰਹੈ ਸਮਾਇ ॥੮॥}

(ਅੰਗ - ੨੨੯)

{ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ - ੫੬)

{ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ - ੧੩੪੩)

ਮਨ ਦੀ ਸਮਝ ਤਿਆਗੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਮੰਨੇ ਬਿਨ੍ਹਾਂ ਭਾਵ ਜੋ ਗੁਰੂ ਦੀ ਮਤਿ ਸਾਨੂੰ ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦੀ ਹੈ ਉਸਨੂੰ ਛੱਡੇ ਬਿਨ੍ਹਾਂ ਕੋਈ ਨਿਰਬਾਣੁ ਨਹੀਂ ਹੋ ਸਕਦਾ ਤੇ ਨਾ ਹੀ ਭਗਤੀ ਦੇ ਅਸਲ ਮਾਰਗ ਤੇ ਚੱਲ ਸਕਦਾ ਹੈ ਭਾਵ ਪ੍ਰਮਾਤਮਾ ਦੀ ਭਗਤੀ ਦੇ ਨਾਲ ਜੁੜਨ ਲਈ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਆਪਣੀ ਮਤਿ ਨੂੰ ਨਿਰਬਾਣੁ ਬਣਾਉਣ ਦਾ ਉੱਦਮ ਕਰੀਏ ਭਾਵ ਮਨ ਦੀਆਂ ਇੱਛਾਵਾਂ ਨੂੰ ਛੱਡਣ ਦਾ ਉੱਦਮ ਕਰੀਏ। ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਡੀਆਂ ਇੱਛਾਵਾਂ ਦੀ ਪੂਰਤੀ ਲਈ ਹੀ ਹਨ ਭਾਵ ਇਹਨਾਂ ਔਗੁਣਾਂ ਨੂੰ ਛੱਡੇ ਬਿਨ੍ਹਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਮਨੁੱਖ ਪ੍ਰਮਾਤਮਾ ਦੇ ਦਰ ਤੇ ਨਿਰਬਾਣੁ ਬਣਕੇ ਹੀ ਪ੍ਰਵਾਨ ਹੁੰਦਾ ਹੈ ਭਾਵ ਔਗੁਣ ਛੱਡ ਕੇ ਹੀ ਪਰਵਾਨ ਹੁੰਦਾ ਹੈ।

"ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥"

ਉਪਰਲੀ ਪੰਗਤੀ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਕਿ ਮਨੁੱਖੀ ਸਮਝ ਨਿਰਬਾਣੁ ਕਿਵੇਂ ਹੁੰਦੀ ਹੈ ਤੇ ਉਸ ਨੂੰ ਕੌਣ ਨਿਰਬਾਣੁ ਕਰਦਾ ਹੈ ਭਾਵ ਪ੍ਰਮਾਤਮਾ ਆਪ ਹੀ ਕਰਦਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਜਦੋਂ ਮਨੁੱਖ "ਨਿਰਬਾਣੁ" ਹੋ ਜਾਂਦਾ ਹੈ ਉਹ ਮਨ ਦੀ ਨਾਸਮਝੀ ਤੋਂ ਮੁਕਤਿ ਹੋ ਜਾਂਦਾ ਹੈ ਤੇ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਉਸ ਦੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹਰ ਕਿਸੇ ਦੇ ਅੰਦਰ ਉਹ ਆਪ ਹੀ ਹੈ। ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਜਿਸ ਨੇ ਮੈਨੂੰ ਨਿਰਬਾਣੁ ਕੀਤਾ ਹੈ ਉਹ ਇਸ ਮਨੁੱਖੀ ਰੂਪ ਵਿੱਚ ਆਪ ਹੀ ਹੈ ਤੇ ਮਨੁੱਖੀ ਸਰੀਰ ਜੋ ਕੁੱਝ ਕਰਦਾ ਹੈ ਉਹ ਪ੍ਰਮਾਤਮਾ ਆਪ ਹੀ ਕਰਦਾ ਹੈ ਭਾਵ ਮਨੁੱਖ ਇਸ ਗੱਲ ਨੂੰ ਮੰਨ ਲੈਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਭ ਦੇ ਅੰਦਰ ਉਹ ਆਪ ਹੀ ਹੈ ਤੇ ਸਭ ਕੋਲੋਂ ਕਰਮ ਕਰਵਾਉਣ ਵਾਲਾ ਉਹ ਆਪ ਹੀ ਹੈ। ਜਿਸ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਗਿਰਹੀ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਤੇ ਉਦਾਸੀ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਪ੍ਰਮਾਤਮਾ ਦੇ ਦਰ ਤੇ ਮਨੁੱਖ ਇਹੋ ਜਿਹੀ ਸਮਝ ਦੁਆਰਾ ਹੀ ਪ੍ਰਵਾਨ ਹੁੰਦਾ ਹੈ। ਆਪਣੇ ਆਪ ਇਸ ਗੱਲ ਨੂੰ ਕੋਈ ਨਹੀਂ ਮੰਨ ਸਕਦਾ ਕਿ ਮੇਰੇ ਅੰਦਰ ਪ੍ਰਮਾਤਮਾ ਹੀ ਹੈ ਜੋ ਸਭ ਕੁੱਝ ਕਰਵਾ ਰਿਹਾ ਹੈ ਤੇ ਜਦੋਂ ਪ੍ਰਮਾਤਮਾ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਆਪਣੇ ਨਿਰਬਾਣੁ ਪਦ ਨਾਲ ਜੋੜਦਾ ਹੈ ਤਾਂ ਹੀ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਤੇ ਇਸ ਗੱਲ ਨੂੰ ਮੰਨਦਾ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ। ਕਿਸੇ ਦੇ ਕਹੇ ਤੇ ਕਿਸੇ ਨੂੰ ਇਹ ਵਿਸ਼ਵਾਸ ਨਹੀਂ ਆ ਸਕਦਾ ਤੇ ਆਪਣੇ ਅੰਦਰ ਹੋਣ ਦਾ ਵਿਸ਼ਵਾਸ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ ਜਦੋਂ ਉਹ ਕਿਸੇ ਨੂੰ ਆਪਣਾ "**ਬ੍ਰਹਮ ਗਿਆਨੀ**" ਰੂਪ ਮਨ ਦੀ ਸਮਝ ਰਾਹੀਂ ਦਿਖਾਉਂਦਾ ਹੈ, ਭਰਮਾਂ ਵਾਲੀ ਮਤਿ ਨੂੰ ਉਲਟ ਕੇ ਸਿੱਧੀ ਕਰਨ ਦੁਆਰਾ ਦਿਵਾਉਂਦਾ ਹੈ। (**ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥ ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥**)

{ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥
ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥
ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥}

(ਅੰਗ - ੫੯)

{ਅਨਹਦੁ ਵਾਜੈ ਸਹਜਿ ਸੁਹੇਲਾ ॥
ਸਬਦਿ ਅਨੰਦ ਕਰੇ ਸਦ ਕੇਲਾ ॥
ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ ॥੧॥
ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ ॥
ਜੋ ਲੋੜੀਦਾ ਸੋਈ ਪਾਇਆ ॥
ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ ॥੨॥
ਆਪੇ ਰਾਜਨੁ ਆਪੇ ਲੋਗਾ ॥
ਆਪਿ ਨਿਰਬਾਣੀ ਆਪੇ ਭੋਗਾ ॥
ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ ॥੩॥
ਜੇਹਾ ਡਿਠਾ ਮੈ ਤੇਹੋ ਕਹਿਆ ॥
ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥
ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥੪॥}

(ਅੰਗ - ੯੭)

{ਸੇ ਵਡਭਾਗੀ ਜਿਨਿ ਤੁਮ ਜਾਣੇ ॥
ਸਭ ਕੈ ਮਧੇ ਅਲਿਪਤ ਨਿਰਬਾਣੇ ॥

ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ ਜੀਉ ॥੩॥}

(ਅੰਗ - ੧੦੨)

ਮਾਝ ਮਹਲਾ ੫ ॥

{ਤੂੰ ਪੇਡੁ ਸਾਖ ਤੇਰੀ ਫੂਲੀ ॥
ਤੂੰ ਸੂਖਮੁ ਹੋਆ ਅਸਥੂਲੀ ॥
ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥
ਤੂੰ ਸੂਤੁ ਮਣੀਏ ਭੀ ਤੂੰਹੈ ॥
ਤੂੰ ਗੰਠੀ ਮੇਰੁ ਸਿਰਿ ਤੂੰਹੈ ॥
ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ ॥੨॥
ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥
ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ॥
ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥੩॥
ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥
ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥
ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ ॥੪॥}

(ਅੰਗ - ੧੦੨)

{ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ ॥
ਗੁਰੁ ਹਰਿ ਰੰਗਿ ਰਤੜਾ ਸਦਾ ਨਿਰਬਾਣੀ ਜੀਉ ॥
ਵਡਭਾਗੀ ਮਿਲੁ ਸੁਘੜ ਸੁਜਾਣੀ ਜੀਉ ॥
ਮੇਰਾ ਮਨੁ ਤਨੁ ਹਰਿ ਰੰਗਿ ਭਿੰਨਾ ॥੨॥}

(ਅੰਗ - ੧੭੩)

{ਤਿਨ ਊਪਰਿ ਜਾਈਐ ਕੁਰਬਾਣੁ ॥
ਨਾਨਕ ਜਿਨਿ ਜਪਿਆ ਨਿਰਬਾਣੁ ॥੨॥}

(ਅੰਗ - ੨੦੦)

{ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥}

(ਅੰਗ - ੨੦੬)

ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਮਹਲਾ ੯ ॥

{ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥}

(ਅੰਗ - ੨੧੯)

{ਜਿਹਬਾ ਏਕ ਉਸਤਤਿ ਅਨੇਕ ॥
ਸਤਿ ਪੁਰਖ ਪੂਰਨ ਬਿਬੇਕ ॥
ਕਾਹੂ ਬੋਲ ਨ ਪਹੁਚਤ ਪ੍ਰਾਨੀ ॥
ਅਗਮ ਅਗੋਚਰ ਪ੍ਰਭ ਨਿਰਬਾਨੀ ॥
ਨਿਰਾਹਾਰ ਨਿਰਵੈਰ ਸੁਖਦਾਈ ॥
ਤਾ ਕੀ ਕੀਮਤਿ ਕਿਨੈ ਨ ਪਾਈ ॥
ਅਨਿਕ ਭਗਤ ਬੰਦਨ ਨਿਤ ਕਰਹਿ ॥
ਚਰਨ ਕਮਲ ਹਿਰਦੈ ਸਿਮਰਹਿ ॥
ਸਦ ਬਲਿਹਾਰੀ ਸਤਿਗੁਰ ਅਪਨੇ ॥
ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥}

(ਅੰਗ - ੨੮੭)

{ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥
ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥
ਜਹ ਨਿਰੰਜਨ ਨਿਰੰਕਾਰ ਨਿਰਬਾਨ ॥
ਤਹ ਕਉਨ ਕਉ ਮਾਨ ਕਉਨ ਅਭਿਮਾਨ ॥
ਜਹ ਸਰੂਪ ਕੇਵਲ ਜਗਦੀਸ ॥
ਤਹ ਛਲ ਛਿਦ੍ਰ ਲਗਤ ਕਹੁ ਕੀਸ ॥
ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥
ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥
ਕਰਨ ਕਰਾਵਨ ਕਰਨੈਹਾਰੁ ॥
ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥}

(ਅੰਗ - ੨੯੧)

{ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ ॥
ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ ॥
ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ ॥
ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ ॥੧॥}

(ਅੰਗ - ੩੧੮)

{ਏਕੁ ਬਗੀਚਾ ਪੇਡ ਘਨ ਕਰਿਆ ॥
ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥੧॥
ਐਸਾ ਕਰਹੁ ਬੀਚਾਰੁ ਗਿਆਨੀ ॥
ਜਾ ਤੇ ਪਾਈਐ ਪਦੁ ਨਿਰਬਾਨੀ ॥
ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥੧॥ ਰਹਾਉ ॥
ਸਿੰਚਨਹਾਰੇ ਏਕੈ ਮਾਲੀ ॥
ਖਬਰਿ ਕਰਤੁ ਹੈ ਪਾਤ ਪਤ ਡਾਲੀ ॥੨॥
ਸਗਲ ਬਨਸਪਤਿ ਆਣਿ ਜੜਾਈ ॥
ਸਗਲੀ ਫੂਲੀ ਨਿਫਲ ਨ ਕਾਈ ॥੩॥
ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥
ਨਾਨਕ ਦਾਸ ਤਰੀ ਤਿਨਿ ਮਾਇਆ ॥੪॥}

(ਅੰਗ - ੩੮੫)

ਆਸਾ ਮਹਲਾ ੫ ॥
{ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥
ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥
ਹੁਕਮੁ ਬੂਝਿ ਰੰਗ ਰਸ ਮਾਣੇ ॥
ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥
ਨਾਮਿ ਰਤਾ ਸੋਈ ਨਿਰਬਾਣੁ ॥੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥
ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥}

(ਅੰਗ - ੩੮੫)

{ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥
ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ ॥੧॥
ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ ॥
ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ ॥੧॥ ਰਹਾਉ ॥}

(ਅੰਗ - ੪੨੧)

{ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥੩॥}

(ਅੰਗ - ੪੪੫)

{ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥
ਆਪਾ ਪਦੁ ਨਿਰਬਾਨੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥
ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥}

(ਅੰਗ - ੪੭੫)

ਇਸ ਉੱਪਰ ਵਾਲੇ ਸ਼ਬਦ ਦੇ ਅਰਥ ਗਹਿਰਾਈ ਵਿੱਚ ਹਨ ਜਿਸ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਤੇ ਪੂਰੇ ਸ਼ਬਦ ਨੂੰ ਕੁੱਝ ਅੱਗੇ ਚੱਲ ਕੇ ਸਮਝਾਂਗੇ ਤੇ ਸਾਡੇ ਅੰਦਰ ਸੁੰਨਿ ਦੀ ਅਵੱਸਥਾ ਕੀ ਹੈ ਇਸ ਨੂੰ ਵੀ ਸਮਝਾਂਗੇ।

{ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥
ਗੁਰਬਾਣੀ ਨਿਰਬਾਨੁ ਸਬਦਿ ਪਛਾਣਿਆ ॥੭॥}

(ਅੰਗ - ੭੫੨)

{ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥
ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥
ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਨੁ ॥
ਹਰਿ ਰਸਿ ਫਲਿ ਰਾਤੇ ਨਾਨਕਾ ਕਰਮਿ ਸਚਾ ਨੀਸਾਨੁ ॥੨॥}

(ਅੰਗ - ੫੫੦)

{ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥
ਮਨ ਆਦਿ ਗੁਣ ਆਦਿ ਵਖਾਣਿਆ ॥
ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥
ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਨੁ ਲਿਵ ਲੀਨੁ ਪਾਇਆ ॥੨॥}

(ਅੰਗ - ੧੧੦੬)

{ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥
ਰੂੜੋ ਗੂੜੋ ਗਹਿਰ ਗੰਭੀਰੋ ਊਚੋ ਅਗਮ ਅਪਾਰੇ ॥੩॥
ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥
ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥੪॥}

(ਅੰਗ - ੬੧੩-੬੧੪)

ਧਨਾਸਰੀ ਮਹਲਾ ੫ ॥

{ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥

ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥
ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥
ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥
ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥}

(ਅੰਗ - ੬੮੦)

ਸੂਹੀ ਮਹਲਾ ੫ ॥
{ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿੰਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥}

(ਅੰਗ - ੭੪੭-੭੪੮)

{ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥
ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥
ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥
ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥
ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥
ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥੩॥}

(ਅੰਗ - ੮੪੪)

{ਰੇ ਮਨ ਓਟ ਲੇਹੁ ਹਰਿ ਨਾਮਾ ॥
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥੧॥ ਰਹਾਉ ॥
ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ ॥
ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ ॥੧॥}

(ਅੰਗ - ੯੦੧)

{ਸਾਧੋ ਕਉਨ ਜੁਗਤਿ ਅਬ ਕੀਜੈ ॥
ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥੧॥ ਰਹਾਉ ॥

ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ ॥
ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ ॥੧॥}

(ਅੰਗ - ੯੦੨)

{ਅਨਹਦ ਸਬਦੁ ਵਜੈ ਦਿਨੁ ਰਾਤੀ ॥
ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥
ਤਉ ਜਾਨੀ ਜਾ ਸਬਦਿ ਪਛਾਨੀ ॥
ਏਕੋ ਰਵਿ ਰਹਿਆ ਨਿਰਬਾਨੀ ॥੭॥
ਸੁੰਨ ਸਮਾਧਿ ਸਹਜਿ ਮਨੁ ਰਾਤਾ ॥
ਤਜਿ ਹਉ ਲੋਭਾ ਏਕੋ ਜਾਤਾ ॥
ਗੁਰ ਚੇਲੇ ਅਪਨਾ ਮਨੁ ਮਾਨਿਆ ॥
ਨਾਨਕ ਦੂਜਾ ਮੇਟਿ ਸਮਾਨਿਆ ॥੮॥}

(ਅੰਗ - ੯੦੪)

{ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ ॥
ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ ॥
ਗੁਰਮੁਖਾ ਮਨਿ ਪਰਤੀਤਿ ਹੈ ਗੁਰਿ ਪੂਰੈ ਨਾਮਿ ਸਮਾਣੀ ॥੧॥}

(ਅੰਗ - ੯੯੬)

{ਸਾਚਾ ਧਨੁ ਸਾਚੀ ਵਡਿਆਈ ॥
ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥
ਕਰਿ ਕਿਰਪਾ ਜਿਸੁ ਰਾਖਨਹਾਰਾ ॥
ਤਾ ਕਾ ਸਗਲ ਮਿਟੈ ਅੰਧਿਆਰਾ ॥੩॥
ਪਾਰਬ੍ਰਹਮ ਸਿਉ ਲਾਗੋ ਧਿਆਨ ॥
ਪੂਰਨ ਪੂਰਿ ਰਹਿਓ ਨਿਰਬਾਨ ॥
ਭ੍ਰਮ ਭਉ ਮੇਟਿ ਮਿਲੇ ਗੋਪਾਲ ॥
ਨਾਨਕ ਕਉ ਗੁਰ ਭਏ ਦਇਆਲ ॥੪॥}

(ਅੰਗ - ੧੧੪੮)

ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧
ੴ ਸਤਿਗੁਰ ਪ੍ਰਸਾਦਿ ॥
{ਰੇ ਜਿਹਬਾ ਕਰਉ ਸਤ ਖੰਡ ॥
ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥੧॥
ਰੰਗੀ ਲੇ ਜਿਹਬਾ ਹਰਿ ਕੈ ਨਾਇ ॥
ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥੧॥ ਰਹਾਉ ॥

ਮਿਥਿਆ ਜਿਹਬਾ ਅਵਰੇਂ ਕਾਮ ॥
ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥
ਅਸੰਖ ਕੋਟਿ ਅਨ ਪੂਜਾ ਕਰੀ ॥
ਏਕ ਨ ਪੂਜਸਿ ਨਾਮੈ ਹਰੀ ॥੩॥
ਪ੍ਰਣਵੈ ਨਾਮਦੇਉ ਇਹੁ ਕਰਣਾ ॥
ਅਨੰਤ ਰੂਪ ਤੇਰੇ ਨਾਰਾਇਣਾ ॥੪॥੧॥}

(ਅੰਗ - ੧੧੯੩)

ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਬਿਨੁ ਦੇਖੇ ਉਪਜੈ ਨਹੀ ਆਸਾ ॥

ਜੋ ਦੀਸੈ ਸੋ ਹੋਇ ਬਿਨਾਸਾ ॥

ਬਰਨ ਸਹਿਤ ਜੋ ਜਾਪੈ ਨਾਮੁ ॥

ਸੋ ਜੋਗੀ ਕੇਵਲ ਨਿਹਕਾਮੁ ॥੧॥

ਪਰਚੈ ਰਾਮੁ ਰਵੈ ਜਉ ਕੋਈ ॥

ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥

ਸੋ ਮੁਨਿ ਮਨ ਕੀ ਦੁਬਿਧਾ ਖਾਇ ॥

ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥

ਮਨ ਕਾ ਸੁਭਾਉ ਸਭੁ ਕੋਈ ਕਰੈ ॥

ਕਰਤਾ ਹੋਇ ਸੁ ਅਨਭੈ ਰਹੈ ॥੨॥

ਫਲ ਕਾਰਨ ਫੂਲੀ ਬਨਰਾਇ ॥

ਫਲੁ ਲਾਗਾ ਤਬ ਫੂਲੁ ਬਿਲਾਇ ॥

ਗਿਆਨੈ ਕਾਰਨ ਕਰਮ ਅਭਿਆਸੁ ॥

ਗਿਆਨੁ ਭਇਆ ਤਹ ਕਰਮਹ ਨਾਸੁ ॥੩॥

ਘ੍ਰਿਤ ਕਾਰਨ ਦਧਿ ਮਥੈ ਸਇਆਨ ॥

ਜੀਵਤ ਮੁਕਤ ਸਦਾ ਨਿਰਬਾਨ ॥

ਕਹਿ ਰਵਿਦਾਸ ਪਰਮ ਬੈਰਾਗ ॥

ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥}

(ਅੰਗ - ੧੧੬੭)

ਉੱਪਰ ਵਾਲੇ ਸ਼ਬਦ ਰਾਹੀਂ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ, ਕੁੱਝ ਗਹਿਰਾਈ ਵਿੱਚ ਸਮਝਾਇਆ ਹੋਇਆ ਹੈ ਜਿਸ ਦੁਆਰਾ ਮਨੁੱਖ ਨਿਰਬਾਣ ਹੁੰਦਾ ਹੈ ਤੇ ਪਾਰਸ ਪਰਸਣਾ ਕੀ ਹੈ ਇਹ ਵੀ ਨਾਲ ਸਮਝਾਇਆ ਹੋਇਆ ਹੈ। ਪੂਰੇ ਸ਼ਬਦ ਨੂੰ ਲੇਖ ਵਿੱਚ ਅੱਗੇ ਚੱਲਕੇ ਸਮਝਾਂਗੇ।

{ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ ॥

ਜਨ ਨਾਨਕ ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥੪॥}

(ਅੰਗ - ੧੧੭੯)

ਬਸੰਤੁ ਮਹਲਾ ੫ ॥

{ਤਿਸੁ ਤੂ ਸੇਵਿ ਜਿਨਿ ਤੂ ਕੀਆ ॥

ਤਿਸੁ ਅਰਾਧਿ ਜਿਨਿ ਜੀਉ ਦੀਆ ॥

ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ ॥

ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥੧॥

ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥
ਸੋ ਪਾਏ ਇਹੁ ਪਦੁ ਨਿਰਬਾਣੀ ॥੧॥ ਰਹਾਉ ॥
ਦੂਜੀ ਸੇਵਾ ਜੀਵਨੁ ਬਿਰਥਾ ॥
ਕਛੂ ਨ ਹੋਈ ਹੈ ਪੂਰਨ ਅਰਥਾ ॥
ਮਾਣਸ ਸੇਵਾ ਖਰੀ ਦੁਹੇਲੀ ॥
ਸਾਧ ਕੀ ਸੇਵਾ ਸਦਾ ਸੁਹੇਲੀ ॥੨॥
ਜੇ ਲੋੜਹਿ ਸਦਾ ਸੁਖੁ ਭਾਈ ॥
ਸਾਧੂ ਸੰਗਤਿ ਗੁਰਹਿ ਬਤਾਈ ॥
ਊਹਾ ਜਪੀਐ ਕੇਵਲ ਨਾਮ ॥
ਸਾਧੂ ਸੰਗਤਿ ਪਾਰਗਰਾਮ ॥੩॥
ਸਗਲ ਤਤ ਮਹਿ ਤਤੁ ਗਿਆਨੁ ॥
ਸਰਬ ਧਿਆਨ ਮਹਿ ਏਕੁ ਧਿਆਨੁ ॥
ਹਰਿ ਕੀਰਤਨ ਮਹਿ ਊਤਮ ਧੁਨਾ ॥
ਨਾਨਕ ਗੁਰ ਮਿਲਿ ਗਾਇ ਗੁਨਾ ॥੪॥}

(ਅੰਗ - ੧੧੮੨)

{ਕਰਿ ਕਿਰਪਾ ਜੋ ਅਪੁਨਾ ਕੀਨੋ ਤਾ ਕੀ ਊਤਮ ਬਾਣੀ ॥
ਸਾਧਸੰਗਿ ਨਾਨਕ ਨਿਸਤਰੀਐ ਜੋ ਰਾਤੇ ਪ੍ਰਭ ਨਿਰਬਾਣੀ ॥੨॥}

(ਅੰਗ - ੧੨੨੦)

{ਸਤਿ ਪੁਰਖੁ ਸਤਿ ਅਸਥਾਨੁ ॥
ਊਚ ਤੇ ਊਚ ਨਿਰਮਲ ਨਿਰਬਾਨੁ ॥
ਅਪੁਨਾ ਕੀਆ ਜਾਨਹਿ ਆਪਿ ॥
ਆਪੇ ਘਟਿ ਘਟਿ ਰਹਿਓ ਬਿਆਪਿ ॥
ਕ੍ਰਿਪਾ ਨਿਧਾਨ ਨਾਨਕ ਦਇਆਲ ॥
ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥}

(ਅੰਗ - ੧੨੩੬)

ਮਲਾਰ ਮਹਲਾ ੩ ਘਰੁ ੨
ੴ ਸਤਿਗੁਰ ਪ੍ਰਸਾਦਿ ॥
{ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥

ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥
ਜਾ ਕਉ ਬਖਸੇ ਮੇਲੇ ਸੋਇ ॥
ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥}

(ਅੰਗ - ੧੨੬੧)

ਪਉੜੀ ॥

{ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥
ਹਰਿ ਕਥਾ ਸੁਣਾਵਹੁ ਮੇਰੇ ਗੁਰਸਿਖਹੁ ਮੇਰੇ ਹਰਿ ਪ੍ਰਭ ਅਕਥ ਕਹਾਣੀ ॥
ਕਿਉ ਪਾਈਐ ਕਿਉ ਦੇਖੀਐ ਮੇਰਾ ਹਰਿ ਪ੍ਰਭੁ ਸੁਘੜੁ ਸੁਜਾਣੀ ॥
ਹਰਿ ਮੇਲਿ ਦਿਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ ॥
ਤਿਨ ਵਿਟਹੁ ਨਾਨਕੁ ਵਾਰਿਆ ਜੋ ਜਪਦੇ ਹਰਿ ਨਿਰਬਾਣੀ ॥੧੦॥}

(ਅੰਗ - ੧੩੧੭)

{ਮਾਇਆ ਮੋਹਿ ਸਗਲ ਜਗੁ ਛਾਇਆ ॥
ਕਾਮਣਿ ਦੇਖਿ ਕਾਮਿ ਲੋਭਾਇਆ ॥
ਸੁਤ ਕੰਚਨ ਸਿਉ ਹੇਤੁ ਵਧਾਇਆ ॥
ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥

ਐਸਾ ਜਾਪੁ ਜਪਉ ਜਪਮਾਲੀ ॥
ਦੁਖ ਸੁਖ ਪਰਹਰਿ ਭਗਤਿ ਨਿਰਾਲੀ ॥੧॥ ਰਹਾਉ ॥
ਗੁਣ ਨਿਧਾਨ ਤੇਰਾ ਅੰਤੁ ਨ ਪਾਇਆ ॥
ਸਾਚ ਸਬਦਿ ਤੁਝ ਮਾਹਿ ਸਮਾਇਆ ॥
ਆਵਾ ਗਉਨੁ ਤੁਧੁ ਆਪਿ ਰਚਾਇਆ ॥
ਸੇਈ ਭਗਤ ਜਿਨ ਸਚਿ ਚਿਤੁ ਲਾਇਆ ॥੨॥
ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥
ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥
ਸਗਲ ਸਰੋਵਰ ਜੋਤਿ ਸਮਾਣੀ ॥
ਆਨਦ ਰੂਪ ਵਿਟਹੁ ਕੁਰਬਾਣੀ ॥੩॥
ਭਾਉ ਭਗਤਿ ਗੁਰਮਤੀ ਪਾਏ ॥
ਹਉਮੈ ਵਿਚਹੁ ਸਬਦਿ ਜਲਾਏ ॥
ਧਾਵਤੁ ਰਾਖੈ ਠਾਕਿ ਰਹਾਏ ॥
ਸਚਾ ਨਾਮੁ ਮੰਨਿ ਵਸਾਏ ॥੪॥
ਬਿਸਮ ਬਿਨੋਦ ਰਹੇ ਪਰਮਾਦੀ ॥
ਗੁਰਮਤਿ ਮਾਨਿਆ ਏਕ ਲਿਵ ਲਾਗੀ ॥
ਦੇਖਿ ਨਿਵਾਰਿਆ ਜਲ ਮਹਿ ਆਗੀ ॥
ਸੋ ਬੂਝੈ ਹੋਵੈ ਵਡਭਾਗੀ ॥੫॥
ਸਤਿਗੁਰੁ ਸੇਵੇ ਭਰਮੁ ਚੁਕਾਏ ॥
ਅਨਦਿਨੁ ਜਾਗੈ ਸਚਿ ਲਿਵ ਲਾਏ ॥
ਏਕੋ ਜਾਣੈ ਅਵਰੁ ਨ ਕੋਇ ॥
ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥
ਸੇਵਾ ਸੁਰਤਿ ਸਬਦਿ ਵੀਚਾਰਿ ॥
ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥
ਸਚੀ ਰਹਤ ਸਚਾ ਸੁਖੁ ਪਾਏ ॥੭॥
ਸੁਖਦਾਤਾ ਦੁਖੁ ਮੇਟਣਹਾਰਾ ॥
ਅਵਰੁ ਨ ਸੂਝਸਿ ਬੀਜੀ ਕਾਰਾ ॥
ਤਨੁ ਮਨੁ ਧਨੁ ਹਰਿ ਆਗੈ ਰਾਖਿਆ ॥
ਨਾਨਕੁ ਕਹੈ ਮਹਾ ਰਸੁ ਚਾਖਿਆ ॥੮॥}

(ਅੰਗ - ੧੩੪੨)

{ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥
ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥}

(ਅੰਗ - ੧੩੪੫)

{ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥
ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥
ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥
ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥
ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥
ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥}

(ਅੰਗ - ੧੩੫੦)

ਇਸ ਪੂਰੇ ਸ਼ਬਦ ਦੇ ਅਰਥ ਅੱਗੇ ਚੱਲ ਕੇ ਸਮਝਾਂਗੇ।

{ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥
ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ ॥
ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ ॥
ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥
ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥}

(ਅੰਗ - ੧੪੦੧)

ਉੱਪਰ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ ਕਿ "**ਨਿਰਬਾਣੁ**" ਹੋਣਾ ਕੀ ਹੈ ਭਾਵ ਨਿਰਬਾਣੁ ਪਦ ਕੀ ਹੈ ਤੇ ਪ੍ਰਮਾਤਮਾ ਦੀ ਭਗਤੀ ਨਿਰਬਾਣੁ ਹੋਣ ਦੁਆਰਾ ਹੀ ਹੋ ਸਕਦੀ ਹੈ ਕਿਉਂਕਿ ਭਗਤੀ ਦੀ ਸੱਚੀ ਸਮਝ ਹੀ ਨਿਰਬਾਣੁ ਪਦ ਵਿੱਚ ਪਹੁੰਚ ਕੇ ਹੁੰਦੀ ਹੈ। ਨਿਰਬਾਣੁ ਪਦ ਵਿੱਚ ਪ੍ਰਮਾਤਮਾ ਆਪ ਹੈ ਤੇ ਨਿਰਬਾਣੁ ਪਦ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਭਾਵ ਉਸ ਦੇ ਸੱਚੇ ਗਿਆਨ ਦੀ ਪ੍ਰਾਪਤੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ ਭਾਵ ਬ੍ਰਹਮ ਗਿਆਨੀ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਬ੍ਰਹਮ ਗਿਆਨ ਬਖਸ਼ਦਾ ਹੈ ਉਸ ਵਿੱਚ ਹੀ ਉਸਦਾ ਨਿਰਬਾਣੁ ਪਦ ਹੈ, ਉਸ ਵਿਚ ਹੀ ਉਸਦਾ ਨਾਮੁ ਹੈ ਜਿਸ ਸੱਚੀ ਸਮਝ ਦੁਆਰਾ ਮਨੁੱਖ ਆਪਣੇ ਜੀਵਨ ਵਿੱਚ ਭਗਤੀ ਦੇ ਸੱਚੇ ਮਾਰਗ ਤੇ ਵਿਚਰਦਾ ਹੈ ਭਾਵ ਹਰ ਵੇਲੇ ਨਾਮ ਜਪਦਾ ਹੈ, ਅਨਦਿਨ ਨਾਮ ਜਪਦਾ ਹੈ ਜਿਵੇਂ ਕਿ ਉਪਰਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਪੂਰੀ ਬਾਣੀ ਸਾਨੂੰ ਇਹੋ ਜਿਹਾ ਨਾਮ ਜਪਣਾ ਹੀ ਸਮਝਾ ਰਹੀ ਹੈ ਭਾਵ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾ ਰਹੀ ਹੈ ਜੋ ਨਾਮ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਗੁਰਬਾਣੀ ਸੱਚੀ ਬਾਣੀ ਹੈ, ਪ੍ਰਮਾਤਮਾ ਦੀ ਆਪਣੀ ਬਾਣੀ ਹੈ ਜਿਸ ਕਰਕੇ ਉਹ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਹੀ ਸਮਝਾ ਰਹੀ ਹੈ। ਪਿੱਛੇ ਮੁੱਖ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰਬਾਣੀ ਕਿਸ ਲਈ ਸੱਚੀ ਬਾਣੀ ਹੈ। ਬਾਣੀ ਵਿੱਚ ਕੱਚੀ ਬਾਣੀ ਦੀ ਗੱਲ ਵੀ ਆਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਵੀ ਹੈ। ਜਦ ਤੱਕ ਸਚੁ ਰੂਪ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੇ ਆਪ ਨੂੰ ਪਰਗਟੁ ਨਹੀਂ ਕਰਦਾ ਤਦ ਤੱਕ ਉਸ ਮਨੁੱਖ ਦੀ ਬਾਣੀ ਸੱਚੀ ਨਹੀਂ ਹੋ ਸਕਦੀ ਕਿਉਂਕਿ ਮਨੁੱਖ ਦੀ ਸੱਚੀ ਬਾਣੀ ਤਾਂ ਹੀ ਹੋ ਸਕਦੀ ਹੈ ਜੇਕਰ ਮਨ ਦੇ ਵਿੱਚ ਸਮਝ ਸੱਚੀ ਹੋਵੇ ਭਾਵ ਚੌਥੇ ਪਦ ਦੇ ਗਿਆਨ ਵਾਲੀ ਹੋਵੇ। ਚੌਥੇ ਪਦ ਵਾਲੀ ਸਮਝ ਤੋਂ ਬਿਨ੍ਹਾਂ ਹਰ ਕਿਸੇ ਦੀ ਸਮਝ ਕੱਚੀ ਹੈ ਜਿਸ ਦਾ ਕਾਰਨ ਸਾਡੇ ਅੰਦਰ ਧਰਮ ਦੇ ਸੱਚੇ ਮਾਰਗ ਦੀ ਸਮਝ ਨਾ ਹੋਣਾ ਹੈ ਭਾਵ ਸਾਡੇ

ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਹੋਣਾ ਹੈ, ਹਉਮੈ ਦਾ ਹੋਣਾ ਹੈ, ਮਾਇਆ ਮੋਹ ਦਾ ਹੋਣਾ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ ਭਾਵ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਹਰ ਕਿਸੇ ਦੀ ਸਮਝ ਭਰਮਾਂ ਵਿੱਚ ਹੈ, ਅਗਿਆਨਤਾ ਵਿੱਚ ਹੈ ਜੋ ਸਾਡੀ ਸਮਝ ਨੂੰ ਕੱਚਾ ਬਣਾਉਂਦੀ ਹੈ। ਕੱਚੀ ਸਮਝ ਨਾਲ ਸਾਡੀ ਬਾਣੀ ਵੀ ਕੱਚੀ ਹੋਵੇਗੀ ਭਾਵ ਅਸੀਂ ਕੱਚੀ ਭਗਤੀ ਵਾਲੇ ਬੋਲ ਬੋਲਾਂਗੇ ਭਾਵ ਕੱਚੀ ਸਮਝ ਦੁਆਰਾ ਵਿਚਰਾਂਗੇ ਤੇ ਗੁਰਮਤਿ ਵਾਲੇ ਸੱਚੇ ਵਿਚਾਰਾਂ ਤੇ ਪੂਰੇ ਨਹੀਂ ਉਤਰਾਂਗੇ ਤੇ ਇਸੇ ਲਈ ਕੱਚੀ ਬਾਣੀ ਸੱਚੀ ਬਾਣੀ ਦੇ ਨਾਲ ਮੇਲ ਨਹੀਂ ਖਾਂਦੀ। ਸੱਚੀ ਬਾਣੀ ਸ਼ਬਦ ਦੇ ਵਿਚਾਰ ਹਨ ਤੇ ਕੱਚੀ ਬਾਣੀ ਸਾਡੀ ਸੁਰਤਿ ਦੇ ਵਿਚਾਰ ਹਨ ਜੋ ਸਾਡੇ ਵਿਚਾਰ ਸ਼ਬਦ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ। ਸਾਡੀ ਸੁਰਤਿ ਦੇ ਵਿਚਾਰ ਸਾਡੀ ਕੱਚੀ ਮਤਿ ਹੈ ਭਾਵ ਮਨਮਤਿ ਹੈ ਜੋ ਮਤਿ ਗੁਰਮਤਿ ਨਾਲ ਮੇਲ ਨਹੀਂ ਖਾਂਦੀ। ਕੱਚੀ ਮਤਿ ਭਾਵ ਮਨਮਤਿ ਸਾਡੇ ਅੰਦਰ ਪੁੱਠਾ ਕਮਲ ਹੈ ਤੇ ਗੁਰੂ ਦੀ ਸੱਚੀ ਮਤਿ ਭਾਵ ਗੁਰਮਤਿ ਸਿੱਧੇ ਕਮਲ ਵਾਲੀ ਅਵੱਸਥਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਕੇਵਲ ਗੁਰੂ ਦੀ ਸੱਚੀ ਮਤਿ ਕੋਲ ਹੀ ਹੈ ਤੇ ਕਿਸੇ ਹੋਰ ਕੋਲ ਨਹੀਂ ਹੋ ਸਕਦੀ ਕਿਉਂਕਿ ਗੁਰੂ ਤੋਂ ਬਿਨ੍ਹਾਂ ਹਰ ਕੋਈ ਕੱਚੀ ਮਤਿ ਵਾਲਾ ਹੈ, ਕੱਚੀ ਸਮਝ ਵਾਲਾ ਹੈ ਭਾਵ ਕੱਚੀ ਬਾਣੀ ਵਾਲਾ ਹੈ। ਗੁਰੂ ਦੀ ਸੱਚੀ ਬਾਣੀ ਤੇ ਮਨੁੱਖ ਦੀ ਕੱਚੀ ਬਾਣੀ ਵਿੱਚ ਮਨ ਦੀ ਸਮਝ ਦਾ ਹੀ ਫਰਕ ਹੈ। ਗੁਰੂ ਦੀ ਸੱਚੀ ਬਾਣੀ ਹਰ ਭਰਮ ਤੋਂ ਰਹਿਤ ਹੈ ਜਿਸ ਕਰਕੇ ਉਹ ਸੱਚੇ ਗਿਆਨ ਵਾਲੀ ਹੈ ਤੇ ਮਨੁੱਖ ਦੀ ਕੱਚੀ ਬਾਣੀ ਭਰਮਾਂ ਦੀ ਭਰੀ ਹੋਈ ਹੈ ਜਿਸ ਕਰਕੇ ਉਹ ਅਗਿਆਨਤਾ ਵਾਲੀ ਹੈ। ਸੱਚੀ ਕੱਚੀ ਦਾ ਭੇਦ ਸਮਝੇ ਬਿਨ੍ਹਾਂ ਅਸੀਂ ਸੱਚੀ ਭਗਤੀ ਦੇ ਮਾਰਗ ਨਾਲ ਜੁੜ ਹੀ ਨਹੀਂ ਸਕਦੇ। ਗੁਰੂ ਦੀ ਸੱਚੀ ਮਤਿ ਨੇ ਸਾਨੂੰ ਸੱਚ ਹੀ ਸਮਝਾਉਣਾ ਹੈ ਤੇ ਕੱਚੀ ਮਤਿ ਵਾਲਿਆਂ ਨੇ ਸਾਨੂੰ ਕੱਚ ਨਿਕੱਚ ਹੀ ਸਮਝਾਉਣਾ ਹੈ ਭਾਵ ਸੱਚ ਤੋਂ ਉਲਟ ਹੀ ਸਮਝਾਉਣਾ ਹੈ ਜੋ ਉਨ੍ਹਾਂ ਦਾ ਦਿੱਤਾ ਹੋਇਆ ਗਿਆਨ ਸੱਚ ਤੇ ਨਹੀਂ ਟਿਕ ਸਕਦਾ। ਗੁਰੂ ਸਾਹਿਬ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਇਹ ਗੱਲ ਸਮਝਾ ਰਹੇ ਹਨ ਕਿ ਭਗਤੀ ਦਾ ਮਾਰਗ ਸਿੱਖਣ ਲਈ ਕੇਵਲ ਗੁਰੂ ਦੀ ਸੱਚੀ ਮਤਿ ਨਾਲ ਜੁੜੋ ਭਾਵ ਕੇਵਲ ਨਾਮ ਜਪੋ। ਗੁਰੂ ਦੀ ਸੱਚੀ ਮਤਿ ਨਾਮ ਵਾਲੀ ਸਮਝ ਹੈ ਤੇ ਮਨੁੱਖ ਦੀ ਕੱਚੀ ਸਮਝ ਹਉਮੈ ਵਾਲੀ ਸਮਝ ਹੈ ਜਿੰਨ੍ਹਾਂ ਦਾ ਆਪਸ ਵਿੱਚ ਮੇਲ ਨਹੀਂ ਹੈ। ਗੁਰੂ ਤੋਂ ਬਿਨ੍ਹਾਂ ਹਰ ਕਿਸੇ ਦੀ ਅਵੱਸਥਾ ਹਉਮੈ ਵਾਲੀ ਹੈ ਭਾਵ ਹਰ ਕੋਈ ਕੱਚੀ ਮਤਿ ਵਾਲਾ ਹੈ ਤੇ ਸਾਨੂੰ ਮੱਤਾਂ ਦੇਣ ਵਾਲੇ ਬਹੁਤ ਹਨ, ਭਗਤੀ ਦਾ ਮਾਰਗ ਸਮਝਾਉਣ ਵਾਲੇ ਬਹੁਤ ਹਨ, ਨਾਮ ਸਮਝਾਉਣ ਵਾਲੇ ਬਹੁਤ ਹਨ ਜੋ ਸਾਨੂੰ ਗੁਰਮਤਿ ਦੀ ਸੱਚੀ ਸਮਝ ਤੋਂ ਉਲਟ ਸਮਝ ਦੇ ਨਾਲ ਹੀ ਜੋੜਦੇ ਹਨ ਭਾਵ ਸਾਨੂੰ ਪੁੱਠੇ ਪਾਸੇ ਤੋਰਦੇ ਹਨ ਜੋ ਕਿ ਸਾਡੇ ਅੰਦਰ ਪੁੱਠੀ ਮਤਿ ਦਾ ਨਤੀਜਾ ਹੈ ਭਾਵ ਪੁੱਠੇ ਕਮਲ ਦਾ ਨਤੀਜਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਸਿੱਧੇ ਕਮਲ ਵਾਲੀ ਸੱਚੀ ਸਮਝ ਦੁਆਰਾ ਭਾਵ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਹੋ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸੱਚੀ ਕੱਚੀ ਦਾ ਭੇਦ ਸਮਝੇ ਬਿਨ੍ਹਾਂ, ਨਾਮ ਤੇ ਹਉਮੈ ਵਿੱਚ ਫਰਕ ਸਮਝੇ ਬਿਨ੍ਹਾਂ ਅਸੀਂ ਸੱਚੀ ਭਗਤੀ ਦੇ ਪਾਸੇ ਨਾ ਤੁਰ ਸਕਦੇ ਹਾਂ ਤੇ ਨਾ ਹੀ ਇਸ ਤਰੀਕੇ ਕਦੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਹੈ ਹੀ ਸਾਡੇ ਅੰਦਰ ਸਿੱਧੇ ਕਮਲ ਦੇ ਰੂਪ ਵਿੱਚ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ। ਗੁਰੂ ਦੀ ਸੱਚੀ ਬਾਣੀ ਸਾਨੂੰ ਕਿਹੋ ਜਿਹੀ ਭਗਤੀ ਦਾ ਮਾਰਗ ਸਮਝਾਉਂਦੀ ਹੈ ਤੇ ਕੱਚੀ ਬਾਣੀ ਵਾਲੇ ਸਾਨੂੰ ਕਿਹੋ ਜਿਹੀ ਭਗਤੀ ਦੇ ਮਾਰਗ ਨਾਲ ਜੋੜਦੇ ਹਨ ਇਸ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਸਾਨੂੰ ਵਿਸ਼ਵਾਸ ਆ ਜਾਵੇ ਕਿ ਸੱਚੀ ਬਾਣੀ ਤੇ ਕੱਚੀ ਬਾਣੀ ਵਿੱਚ ਕੀ ਭੇਦ ਹੈ।

“ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥”

(ਅੰਗ - ੯੨੦)

“ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥"

(ਅੰਗ - ੯੨੦)

ਉੱਪਰ ਪਹਿਲੇ ਸ਼ਬਦ ਰਾਹੀਂ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕਿਹੜੀ ਬਾਣੀ ਨਾਲ ਜੁੜਨ ਲਈ ਸਮਝਾ ਰਹੇ ਹਨ। ਉਹ ਸਾਨੂੰ ਸੱਚੀ ਬਾਣੀ ਗਾਉਣ ਲਈ ਸਮਝਾ ਰਹੇ ਹਨ ਭਾਵ ਗੁਰੂ ਨੂੰ ਉਹ ਪਿਆਰਾ ਲੱਗਦਾ ਹੈ, ਗੁਰੂ ਦਾ ਸਿੱਖ ਉਹ ਹੈ ਜੋ ਉਸ ਦੀ ਸੱਚੀ ਬਾਣੀ ਨੂੰ ਗਾਉਂਦਾ ਹੈ। ਗੁਰਬਾਣੀ ਨੂੰ ਗਾਉਣਾ ਕੀ ਹੈ ਇਸ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਬਾਣੀ ਦੀ ਕੇਵਲ ਕਥਨੀ ਕਰੀ ਜਾਣਾ ਗੁਰਬਾਣੀ ਨੂੰ ਗਾਉਣਾ ਨਹੀਂ ਹੈ। ਗੁਰਬਾਣੀ ਨੂੰ ਅਸਲ ਰੂਪ ਵਿੱਚ ਤਾਂ ਹੀ ਗਾਇਆ ਜਾ ਸਕਦਾ ਹੈ ਜਦੋਂ ਗੁਰੂ ਦੀ ਸਮਝਾਈ ਹੋਈ ਸਿੱਖਿਆ ਨੂੰ ਅਸੀਂ ਮੰਨਦੇ ਹਾਂ ਭਾਵ ਆਪਣੇ ਹਿਰਦੇ ਵਿੱਚ ਵਸਾਉਂਦੇ ਹਾਂ ਭਾਵ ਗੁਰੂ ਦੀ ਸਿੱਖਿਆ ਨੂੰ ਮਨ ਵਿੱਚ ਵਸਾਉਂਦੇ ਹਾਂ ਭਾਵ ਉਸ ਤੇ ਅਮਲ ਕਰਦੇ ਹਾਂ। ਗੁਰੂ ਦੀ ਬਾਣੀ ਤੋਂ ਉੱਪਰ ਹੋਰ ਕੋਈ ਬਾਣੀ ਨਹੀਂ ਹੋ ਸਕਦੀ ਜੋ ਕਿ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਪੂਰੀ ਗੁਰਬਾਣੀ ਦੇ ਵਿੱਚ ਅੰਮ੍ਰਿਤ ਜਲ ਹੈ ਜਿਸ ਅੰਮ੍ਰਿਤ ਨੂੰ ਸਾਡੇ ਮਨ ਨੇ ਪੀਣਾ ਹੈ। ਅੰਮ੍ਰਿਤ ਨੂੰ ਅਸੀਂ ਕਿਸ ਤਰੀਕੇ ਪੀਣਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਅੰਮ੍ਰਿਤ ਸਾਡੇ ਮਨ ਨੇ ਪੀਣਾ ਹੈ ਜਿਸ ਨੂੰ ਪੀਣ ਦੁਆਰਾ ਹੀ ਗੁਰਬਾਣੀ ਸਾਡੇ ਅੰਦਰ ਵੱਸਦੀ ਹੈ, ਗੁਰੂ ਸਾਡੇ ਅੰਦਰ ਵੱਸਦਾ ਹੈ ਜੋ ਕਿ ਆਪਣੀ ਸੱਚੀ ਸਿੱਖਿਆ ਦੇ ਰੂਪ ਵਿੱਚ ਵੱਸਦਾ ਹੈ। ਗੁਰੂ ਦਾ ਇਹ ਅੰਮ੍ਰਿਤ ਪੀਣਾ ਹੀ ਪ੍ਰਮਾਤਮਾ ਨੂੰ ਜਪਣਾ ਹੈ, ਪ੍ਰਮਾਤਮਾ ਦੇ ਰੰਗ ਵਿੱਚ ਰਹਿਣਾ ਹੈ ਭਾਵ ਹਰ ਵੇਲੇ ਗੁਰਮਤਿ ਦੀ ਸਮਝ ਵਾਲੇ ਬਣਕੇ ਰਹਿਣਾ ਹੈ ਭਾਵ ਕੇਵਲ ਗੁਰਮਤਿ ਅਨੁਸਾਰ ਹੀ ਵਿਚਰਨਾ ਹੈ ਤੇ ਇਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ। ਅਸੀਂ ਪ੍ਰਮਾਤਮਾ ਦੀ ਸੱਚੀ ਬਾਣੀ ਨੂੰ ਇਸ ਤਰੀਕੇ ਗਾਉਣਾ ਹੈ ਤੇ ਸਾਨੂੰ ਸਦਾ ਗੁਰੂ ਦੀ ਮਤਿ ਨਾਲ ਜੁੜੇ ਰਹਿਣਾ ਹੀ ਸਮਝਾਇਆ ਹੈ ਭਾਵ ਅਸੀਂ ਗੁਰਬਾਣੀ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨਾਲ ਨਾ ਜੁੜੀਏ। ਅਸੀਂ ਇਹ ਸੱਚਾ ਉੱਦਮ ਹੀ ਕਰਨਾ ਹੈ ਤੇ ਜਿਸ ਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਵੇ ਗੁਰਬਾਣੀ ਉਸ ਦੇ ਅੰਦਰ ਹੀ ਵੱਸਦੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਉਸ ਦੇ ਅੰਦਰ ਹੀ ਵੱਸਦਾ ਹੈ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਮਨ ਦੇ ਅੰਦਰ ਪਰਗਟ ਹੋਣ ਦੁਆਰਾ ਕਰਦਾ ਹੈ ਜੋ ਕਿਰਪਾ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਤੇ ਹੋਈ ਹੈ ਤੇ ਉਹਨਾਂ ਦੇ ਅੰਦਰ ਗੁਰਬਾਣੀ ਵੱਸੀ ਹੈ ਜੋ ਗੁਰਬਾਣੀ ਉਹਨਾਂ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਵਸਾਈ ਹੈ, ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਵਸਾਈ ਹੈ। ਗੁਰਬਾਣੀ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਸਾਡੇ ਅੰਦਰ ਗੁਰਬਾਣੀ ਦਾ ਸੱਚਾ ਗਿਆਨ ਵੱਸਣਾ ਜਾਂ ਪ੍ਰਮਾਤਮਾ ਦਾ ਵੱਸਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਕਰਕੇ ਉਹ ਸੱਚੀ ਬਾਣੀ ਹੈ ਜਿਸ ਵਿੱਚ ਪੂਰਨ ਸੱਚ ਹੈ। ਇਸੇ ਲਈ ਸੱਚੀ ਬਾਣੀ ਤੋਂ ਉੱਪਰ ਕੋਈ ਹੋਰ ਬਾਣੀ ਨਹੀਂ ਹੋ ਸਕਦੀ ਕਿਉਂਕਿ ਸਚੁ ਰੂਪ ਪ੍ਰਮਾਤਮਾ ਦੇ ਗਿਆਨ ਤੋਂ ਬਿਨ੍ਹਾਂ ਕੋਈ ਹੋਰ ਉੱਚਾ ਗਿਆਨ ਹੋਵੇ ਇਹ ਮੁਮਕਿਨ ਹੀ ਨਹੀਂ ਹੈ। ਸੱਚੀ ਬਾਣੀ ਦੇ ਨਾਲ ਜੁੜੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਨੂੰ ਮੰਨੇ ਬਿਨ੍ਹਾਂ, ਗੁਰੂ ਦਾ ਅੰਮ੍ਰਿਤ ਪੀਵੇ ਬਿਨ੍ਹਾਂ ਕੋਈ ਭਗਤੀ ਦੇ ਮਾਰਗ ਨੂੰ ਜਾਣ ਲਵੇ ਤੇ ਉਸ ਤੇ ਚੱਲੇ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਗੁਰੂ ਸਾਹਿਬ ਸਾਨੂੰ ਬੜਾ ਸਪੱਸ਼ਟ ਸਮਝਾ ਰਹੇ ਹਨ ਕਿ ਕੇਵਲ ਸੱਚੀ ਬਾਣੀ ਦੀ ਮਤਿ ਨਾਲ ਹੀ ਜੁੜੋ ਭਾਵ ਭਰਮਾਂ ਵਾਲਿਆਂ ਦੀ ਮਤਿ ਨਾਲ ਨਾ ਜੁੜੋ ਜੋ ਸਾਨੂੰ ਸੱਚਾ ਮਾਰਗ ਨਹੀਂ ਸਮਝਾ ਸਕਦੇ ਬਲਕਿ ਪੁੱਠੇ ਪਾਸੇ ਹੀ ਤੋਰਦੇ ਹਨ। (**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥**)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥

ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥}

(ਅੰਗ - ੧੦੨)

{ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥
ਬੋਲਾਇਆ ਬੋਲੀ ਖਸਮ ਦਾ ॥
ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥
ਤੇਰਿਆ ਭਗਤਾ ਭੁਖ ਸਦ ਤੇਰੀਆ ॥
ਹਰਿ ਲੋਚਾ ਪੂਰਨ ਮੇਰੀਆ ॥
ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥
ਤੁਧੁ ਜੇਵਡੁ ਅਵਰੁ ਨ ਭਾਲਿਆ ॥
ਤੂੰ ਦੀਪ ਲੋਅ ਪਇਆਲਿਆ ॥
ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥}

(ਅੰਗ - ੭੪)

{ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ ॥
ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ॥
ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ ॥
ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥
ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ॥
ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥੫੬॥}

(ਅੰਗ - ੧੪੨੦)

ਸੱਚੀ ਬਾਣੀ ਸਾਨੂੰ ਕਿਹੋ ਜਿਹਾ ਨਾਮ ਜਪਣਾ ਸਮਝਾਉਂਦੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉੱਪਰ ਵਾਲੇ ਸ਼ਬਦਾਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ ਤੇ ਕੱਚੀ ਬਾਣੀ ਵਾਲੇ ਸਾਨੂੰ ਕਿਹੋ ਜਿਹਾ ਨਾਮ ਜਪਣਾ ਸਿਖਾਉਂਦੇ ਹਨ ਉਹ ਨਾਲ ਹੀ ਅਗਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ।

"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥"

(ਅੰਗ - ੯੨੦)

ਸੱਚੀ ਬਾਣੀ ਦੀ ਸਿੱਖਿਆ ਸਾਨੂੰ ਕਰਣੀ ਦੇ ਮਾਰਗ ਨਾਲ ਜੋੜਦੀ ਹੈ ਭਾਵ ਨਾਮ ਜਪਣਾ ਸਾਡੀ ਕਰਨੀ ਦਾ ਮਾਰਗ ਹੈ ਤੇ ਕੱਚੀ ਬਾਣੀ ਵਾਲੇ ਸਾਨੂੰ ਕਿਸੇ ਅੱਖਰ ਦੀ ਕਥਨੀ ਦੇ ਨਾਲ ਜੋੜਦੇ ਹਨ ਭਾਵੇਂ ਉਹ ਅੱਖਰ ਕੋਈ ਵੀ ਹੋਵੇ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਭ ਨੇ ਵੱਖਰੇ-ਵੱਖਰੇ ਅੱਖਰਾਂ ਨੂੰ ਨਾਮ ਬਣਾਇਆ ਹੋਇਆ ਹੈ। ਜੇਕਰ ਅਸੀਂ ਕਥਨੀ ਹੀ ਕਰਨੀ ਹੈ ਫਿਰ ਜਿਹੜੇ ਮਰਜ਼ੀ ਅੱਖਰ ਨੂੰ ਨਾਮ ਬਣਾਕੇ ਬੋਲੀ ਜਾਈਏ ਕੀ ਫਰਕ ਪੈਂਦਾ ਹੈ। ਉਪਰਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝ ਹੀ ਚੁੱਕੇ ਹਾਂ। ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸਤਿਗੁਰੂ ਤੋਂ ਬਿਨ੍ਹਾਂ ਹੋਰ ਜੋ ਵੀ ਬਾਣੀ ਹੈ ਉਹ ਕੱਚੀ ਬਾਣੀ ਹੈ। ਸੰਸਾਰ ਵਿੱਚ ਅਨੇਕਾਂ ਹੀ ਹਨ ਜਿੰਨ੍ਹਾਂ ਨੇ ਸਾਨੂੰ ਭਗਤੀ ਦਾ ਮਾਰਗ ਸਮਝਾਇਆ ਹੈ ਤੇ ਪੁਸਤਕਾਂ ਵੀ ਲਿਖੀਆਂ ਹਨ ਜਿੰਨ੍ਹਾਂ ਵਿੱਚੋਂ ਉਹਨਾਂ ਨੂੰ ਮੰਨਣ ਵਾਲੇ ਭਗਤੀ ਦਾ ਮਾਰਗ ਸਿੱਖਦੇ ਹਨ ਤੇ ਉਹਨਾਂ ਦੀ ਬਾਣੀ ਨੂੰ ਸੱਚੀ ਬਾਣੀ ਜਾਣਕੇ ਹੀ ਮੰਨਦੇ ਹਨ। ਗੁਰਬਾਣੀ ਦੀ ਰਚਨਾ ਦਾ ਮਕਸਦ ਸਾਨੂੰ ਕੱਚੀਆਂ ਬਾਣੀਆਂ ਵਿੱਚੋਂ ਕੱਢਣ ਦਾ ਹੀ ਹੈ। ਸਦੀਆਂ ਤੋਂ ਸੰਸਾਰ ਕੱਚੀਆਂ ਬਾਣੀਆਂ ਨਾਲ ਜੁੜਿਆ ਹੋਇਆ ਚੱਲਦਾ ਆ ਰਿਹਾ ਹੈ। ਪ੍ਰਮਾਤਮਾ ਦਾ ਕਿਸੇ ਦੇ ਅੰਦਰ ਪਰਗਟ ਹੋਣਾ ਕੀ ਹੈ ਇਸ ਗੱਲ ਦੀ ਕਿਸੇ ਨੂੰ ਸਮਝ ਨਹੀਂ ਹੈ ਜੋ ਸਮਝ ਕੇਵਲ ਗੁਰੂ ਦੇ ਕੋਲ ਹੈ। ਅਨੇਕਾਂ ਹੀ ਅਨੇਕਾਂ ਨੂੰ ਅਸੀਂ ਇਸੇ ਲਈ ਭਗਤੀ ਦੇ ਮਾਰਗ ਤੇ ਉੱਚਾ ਮੰਨ ਲੈਂਦੇ ਹਾਂ ਕਿਉਂਕਿ ਸਾਨੂੰ ਇਸ ਗੱਲ ਦੀ ਸਮਝ ਹੀ ਨਹੀਂ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੁੰਦਾ ਹੈ ਤੇ ਅਸੀਂ ਭਰਮ ਵਿੱਚ ਹੀ ਉਹਨਾਂ ਨੂੰ ਸੱਚੀ ਭਗਤੀ ਵਾਲਾ ਮੰਨ ਲੈਂਦੇ ਹਾਂ, ਪ੍ਰਮਾਤਮਾ ਦੇ ਨਾਲ ਮਿਲੇ ਹੋਏ ਮੰਨ ਲੈਂਦੇ ਹਾਂ ਤੇ ਉਹਨਾਂ ਦੀ ਮਤਿ ਨੂੰ ਹੀ ਸੱਚੀ ਮਤਿ ਮੰਨ ਲੈਂਦੇ ਹਾਂ ਤੇ ਜਿਹੋ ਜਿਹੀ ਮਤਿ ਉਹ ਦਿੰਦੇ ਹਨ ਭਾਵ ਜਿਹੋ ਜਿਹਾ ਭਗਤੀ ਦਾ ਮਾਰਗ ਉਹ ਸਮਝਾਉਂਦੇ ਹਨ ਉਸ ਅਨੁਸਾਰ ਹੀ ਉਸ ਤੇ ਚੱਲਦੇ ਹਾਂ। ਇਹ ਸਾਡੇ ਅੰਦਰ ਦੀ ਧਾਰਮਿਕ ਆਸਥਾ ਹੈ ਜਿਸ ਤੇ ਮਨੁੱਖ ਦਾ ਵੱਸ ਨਹੀਂ ਹੈ ਜੋ ਕਿ ਸਾਡੇ ਅੰਦਰ ਦੀ ਮਾਇਆ ਹੀ ਸਾਡੇ ਕੋਲੋਂ ਕਰਵਾਉਂਦੀ ਹੈ ਭਾਵ ਭਰਮਾਂ ਦੀ ਭਰੀ ਹੋਈ ਸਮਝ ਹੀ ਸਾਡੇ ਕੋਲੋਂ ਕਰਵਾਉਂਦੀ ਹੈ। ਅਸੀਂ ਜਿੰਨ੍ਹਾਂ ਨੂੰ ਉੱਚਾ ਮੰਨਦੇ ਹਾਂ ਉਹਨਾਂ ਨੂੰ ਮੰਨਣ ਵਾਲੇ ਇਸੇ ਤਰ੍ਹਾਂ ਸਦੀਆਂ ਤੱਕ ਮੰਨੀ ਜਾਂਦੇ ਹਨ ਤੇ ਉਹਨਾਂ ਦੁਆਰਾ ਲਿਖੀਆਂ ਹੋਈਆਂ ਪੁਸਤਕਾਂ ਨੂੰ ਵੀ ਸੱਚੀ ਬਾਣੀ ਹੀ ਸਮਝਦੇ ਹਾਂ। ਇਹ ਧਾਰਮਿਕ ਆਸਥਾ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ। ਜਿਸ ਨੂੰ ਅਸੀਂ ਧਰਮ ਦੇ ਮਾਰਗ ਤੇ ਇਤਨਾ ਉੱਚਾ ਮੰਨਿਆ ਹੋਵੇ ਤੇ ਮੰਨਣ ਵਾਲਿਆਂ ਨੂੰ ਕੋਈ ਇਹ ਸਮਝਾਵੇ ਕਿ ਉਹਨਾਂ ਨੇ ਆਪਣੇ ਕਾਲ ਵਿੱਚ ਨਾਸਮਝੀ ਵਾਲੀ ਭਗਤੀ ਕੀਤੀ ਹੈ ਤੇ ਨਾਸਮਝੀ ਵਾਲੀ ਭਗਤੀ ਹੀ ਸਮਝਾਈ ਹੈ, ਉਹਨਾਂ ਲਈ ਇਹ ਮੰਨਣਾ ਕਿਤਨਾ ਕੁ ਔਖਾ ਹੁੰਦਾ ਹੈ ਇਸ ਦਾ ਅੰਦਾਜਾ ਕੋਈ ਵੀ ਲਗਾ ਸਕਦਾ ਹੈ। ਗੁਰੂ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਪਰ ਫਿਰ ਵੀ ਇਹੋ ਜਿਹੇ ਗੁਰੂ ਦੀ ਮਤਿ ਨਾਲ ਸਹਿਮਤ ਨਹੀਂ ਹੁੰਦੇ ਭਾਵ ਆਪਣੇ ਸਿਰਮੌਰ ਦੀ ਹੀ ਮਤਿ ਨੂੰ ਉੱਚਾ ਮੰਨਦੇ ਹਨ ਕਿ ਉਸ ਦੀ ਮਤਿ ਗਲਤ ਨਹੀਂ ਹੋ ਸਕਦੀ। ਗੁਰੂ ਸਾਨੂੰ ਸਦੀਆਂ ਤੋਂ ਜੋ ਨਾਮ ਜਪਣਾ ਸਮਝਾ ਰਿਹਾ ਹੈ ਉਹ ਅਸਾਨੀ ਨਾਲ ਸਮਝ ਆ ਜਾਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਗੁਰੂ ਨੂੰ ਸਮਝਾਉਂਦੇ ਹੋਏ ਸਦੀਆਂ ਹੀ ਬੀਤ ਗਈਆਂ ਪਰ ਜੋ ਇੱਕ ਅੱਖਰ ਨੂੰ ਨਾਮ ਸਮਝਦੇ ਹਨ ਉਹਨਾਂ ਨੇ ਗੁਰੂ ਦੀ ਗੱਲ ਨੂੰ ਹੁਣ ਤੱਕ ਨਹੀਂ ਮੰਨਿਆ ਭਾਵ ਭਰਮ ਉਸੇ ਤਰ੍ਹਾਂ ਚੱਲਦੇ ਆ ਰਹੇ ਹਨ। ਇਹ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਮੋਹ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਸਾਡੇ ਅੰਦਰ ਦਾ ਪੁੱਠਾ ਕਮਲ ਹੈ ਜਿਸ ਦਾ ਮਕਸਦ ਹੀ ਸਾਨੂੰ ਸੱਚ ਨਾਲੋਂ ਦੂਰ ਰੱਖਣ ਦਾ ਹੈ ਭਾਵ ਕੱਚੀ ਮਤਿ ਨਾਲ ਜੋੜਕੇ ਰੱਖਣ ਦਾ ਹੈ ਪਰ ਇਸ ਕੱਚੀ ਮਤਿ ਨੂੰ ਛੱਡੇ ਬਿਨ੍ਹਾਂ ਸੱਚੀ ਮਤਿ ਨਾਲ ਨਹੀਂ ਜੁੜਿਆ ਜਾ ਸਕਦਾ। ਸਾਨੂੰ ਉੱਪਰ ਸ਼ਬਦ ਰਾਹੀਂ ਸਪੱਸ਼ਟ ਸਮਝਾਇਆ ਹੈ ਕਿ ਜਿੰਨ੍ਹਾਂ ਨੇ ਸਾਨੂੰ ਕਿਸੇ ਅੱਖਰ ਦਾ ਜਪ ਕਰਨਾ ਸਮਝਾਇਆ ਹੈ, ਇਹੋ ਜਿਹਾ ਕਹਿਣ ਵਾਲੇ ਵੀ ਕੱਚੇ ਹਨ, ਉਹਨਾਂ ਦੀ ਗੱਲ ਨੂੰ ਸੁਣਨ ਵਾਲੇ ਵੀ ਕੱਚੇ ਹਨ ਤੇ ਉਹਨਾਂ ਦੀ ਗੱਲ ਤੇ ਅਮਲ ਕਰਨ ਵਾਲੇ ਵੀ ਕੱਚੇ ਹਨ। ਉਹ ਕੇਵਲ ਇੱਕ ਅੱਖਰ ਨੂੰ ਬੋਲੀ ਜਾਂਦੇ ਹਨ ਭਾਵ ਆਪਣੀ ਰਸਨਾ ਨਾਲ ਬੋਲੀ ਜਾਂਦੇ ਹਨ ਪਰ ਗੁਰੂ ਨੇ ਸਾਨੂੰ ਸਮਝਾਇਆ ਕੀ ਹੈ ਭਾਵ ਆਪਣੇ ਸ਼ਬਦਾਂ ਰਾਹੀਂ ਸਿੱਖਿਆ ਕੀ ਦਿੱਤੀ ਹੈ ਤੇ ਕੀ ਕਰਨ ਲਈ ਦਿੱਤੀ ਹੈ ਇਸ ਗੱਲ ਨੂੰ ਨਹੀਂ ਸਮਝਦੇ ਭਾਵ ਆਪਣੀ ਰਸਨਾ ਨਾਲ ਕੇਵਲ ਕਥਨੀ ਕਰੀ ਜਾਂਦੇ ਹਨ ਪਰ ਕਰਣੀ ਨੂੰ ਨਹੀਂ ਸਮਝਦੇ। (**ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥**) ਸਾਨੂੰ

ਇਹ ਕੁੱਝ ਸਮਝਾਉਣ ਵਾਲੇ ਇਹ ਕੁੱਝ ਭਾਵ ਭਗਤੀ ਦਾ ਪੁੱਠਾ ਮਾਰਗ ਸਮਝਾਉਣ ਵਾਲੇ ਕਿਸ ਕਰਕੇ ਸਮਝਾਉਂਦੇ ਹਨ ਭਾਵ ਉਹਨਾਂ ਨੂੰ ਸੱਚੀ ਭਗਤੀ ਦੀ ਸਮਝ ਕਿਸ ਲਈ ਨਹੀਂ ਹੈ, ਨਾਮ ਜਪਣ ਦੀ ਸਮਝ ਕਿਸ ਲਈ ਨਹੀਂ ਹੈ ਤੇ ਉਹਨਾਂ ਦੀ ਗੱਲ ਨੂੰ ਮੰਨਣ ਵਾਲੇ ਉਹਨਾਂ ਨੂੰ ਕਿਸ ਲਈ ਮੰਨਦੇ ਹਨ, ਉਹਨਾਂ ਦੀ ਭਗਤੀ ਨੂੰ ਕਿਸ ਕਰਕੇ ਸੱਚੀ ਭਗਤੀ ਸਮਝਦੇ ਹਨ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥

ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥”

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਜੁਗਤਿ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਹਉਮੈ ਹੈ, ਸਾਡੀ ਅੰਦਰ ਦੀ ਪੁੱਠੀ ਸਮਝ ਹੈ ਭਾਵ ਪੁੱਠਾ ਕਮਲ ਹੈ ਜੋ ਸਾਨੂੰ ਗੁਰੂ ਦੀ ਸਿੱਧੀ ਸਮਝ ਤੋਂ ਦੂਰ ਰੱਖਦਾ ਹੈ ਭਾਵ ਸਾਡੇ ਅੰਦਰ ਦੀ ਮਾਇਆ ਦਾ ਮਕਸਦ ਹੀ ਸਾਨੂੰ ਭਾਵ ਪੂਰੇ ਸੰਸਾਰ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਸਾਡੀ ਵੱਖਰੀ-ਵੱਖਰੀ ਧਾਰਮਿਕ ਆਸਥਾ, ਮਨੁੱਖ ਮਨੁੱਖ ਵਿੱਚ ਭੇਦ ਸਮਝਣਾ, ਉੱਚ ਨੀਚ ਸਮਝਣਾ ਇਹ ਸਭ ਸਾਡੇ ਅੰਦਰ ਦੀ ਮਾਇਆ ਹੀ ਹੈ ਜੋ ਸਾਨੂੰ ਸਚੁ ਰੂਪ ਪ੍ਰਮਾਤਮਾ ਨਾਲ ਮੇਲ ਤੋਂ ਦੂਰ ਰੱਖਦੀ ਹੈ, ਅਨੇਕਾਂ ਤਰੀਕਿਆਂ ਨਾਲ ਭਰਮ ਪਾਉਣ ਦੁਆਰਾ ਦੂਰ ਰੱਖਦੀ ਹੈ। ਸੰਸਾਰ ਵਿੱਚ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਹੀ ਤਰੀਕੇ ਬਣੇ ਹੋਏ ਹਨ, ਅਨੇਕਾਂ ਹੀ ਆਪਣੀ ਆਪਣੀ ਆਸਥਾ ਅਨੁਸਾਰ ਧਰਮ ਦਾ ਮਾਰਗ ਸਮਝਾਉਂਦੇ ਹਨ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦੇ ਤਰੀਕੇ ਸਮਝਾਉਂਦੇ ਹਨ, ਵੱਖਰੇ-ਵੱਖਰੇ ਨਾਮ ਜਪਣ ਦੇ ਤਰੀਕੇ ਸਮਝਾਉਂਦੇ ਹਨ, ਵੱਖਰੇ-ਵੱਖਰੇ ਭਗਤੀ ਦੇ ਤਰੀਕੇ ਸਮਝਾਉਂਦੇ ਹਨ, ਸਰੀਰਕ ਜਪ ਤਪ ਆਦਿ ਕਰਨੇ ਸਮਝਾਉਂਦੇ ਹਨ, ਵੱਖਰੇ-ਵੱਖਰੇ ਤਰੀਕੇ ਦੇ ਭੋਜਨ ਨਾਲ ਜੋੜਦੇ ਹਨ ਤੇ ਹੋਰ ਵੀ ਅਨੇਕਾਂ ਹੀ ਤਰੀਕੇ ਪ੍ਰਮਾਤਮਾ ਨੂੰ ਪਾਉਣ ਦੇ ਸਮਝਾਉਂਦੇ ਹਨ ਜੋ ਪ੍ਰਮਾਤਮਾ ਸਭ ਦੇ ਲਈ ਇੱਕੋ ਜਿਹਾ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਇਸੇ ਲਈ ਇਹੋ ਜਿਹੇ ਹਰ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇਹ “**ਮਨ ਦੀ ਮਾਇਆ**” ਕਿਸੇ ਦੇ ਵੱਸ ਨਹੀਂ ਹੈ ਤੇ ਇਹ ਮਨ ਦੀ ਮਾਇਆ ਕੀ ਹੈ ਇਸ ਦੀ ਵੀ ਸੰਸਾਰ ਵਿਚ ਗੁਰੂ ਤੋਂ ਬਿਨ੍ਹਾਂ ਕਿਸੇ ਨੂੰ ਵੀ ਸਮਝ ਨਹੀਂ ਹੈ। ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਭਾਵ ਜਿਸ ਤੇ ਪ੍ਰਮਾਤਮਾ ਆਪਣੀ ਇਹ ਮੇਲ ਦੀ ਕਿਰਪਾ ਕਰ ਦਿੰਦਾ ਹੈ ਕੇਵਲ ਉਹ ਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਇਹ “**ਮਾਇਆ**” ਕੀ ਹੈ ਤੇ ਸਾਡੇ ਅੰਦਰ ਇਹ ਮਾਇਆ ਵਾਲੀ ਸਮਝ ਪਾਉਣ ਵਾਲਾ ਕੌਣ ਹੈ। ਇਹ ਮਾਇਆ ਹੀ ਸਾਡੇ ਅੰਦਰ ਦਾ ਬੰਧਨ ਹੈ ਤੇ ਜਿਸ ਨੇ ਸਾਡੇ ਅੰਦਰ ਇਹ ਬੰਧਨ ਪਾਇਆ ਹੋਇਆ ਹੈ ਉਹੀ ਸਾਨੂੰ ਇਸ ਬੰਧਨ ਵਿੱਚੋਂ ਕੱਢ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਇਸ “**ਮਾਇਆ ਬੰਧਨ**” ਵਿੱਚੋਂ ਕੱਢਦਾ ਹੈ ਉਸ ਨੂੰ ਮਨ ਦੇ ਵਿੱਚ ਆਪਣਾ ਨਾਮ ਬਖਸ਼ਣ ਦੁਆਰਾ ਹੀ ਕੱਢਦਾ ਹੈ ਤੇ ਤਾਂ ਹੀ ਕੋਈ ਜਾਣ ਸਕਦਾ ਹੈ ਕਿ “ਨਾਮੁ” ਕੀ ਹੈ ਤੇ “**ਮਾਇਆ**” ਕੀ ਹੈ ਭਾਵ ਸਾਡੇ ਅੰਦਰ ਦਾ ਬੰਧਨ ਕੀ ਹੈ ਤੇ ਇਸ ਬੰਧਨ ਵਿੱਚੋਂ ਨਿਕਲਣ ਦਾ ਮਾਰਗ ਕੀ ਹੈ। ਸਾਡੇ ਅੰਦਰ ਦੀ ਇਹ ਮਾਇਆ ਰੂਪ ਸਮਝ ਭਾਵ ਭਰਮਾਂ ਵਾਲੀ ਸਮਝ ਸਾਡੀ ਕੱਚੀ ਮਤਿ ਹੈ ਜੋ ਸਾਡੀ ਬਾਣੀ ਨੂੰ ਕੱਚੀ ਬਾਣੀ ਬਣਾਉਂਦੀ ਹੈ ਜਿਸ ਦੁਆਰਾ ਅਸੀਂ ਕੱਚੀਆਂ ਗੱਲਾਂ ਕਰਦੇ ਹਾਂ ਪਰ ਉਹਨਾਂ ਨੂੰ ਸੱਚੀਆਂ ਗੱਲਾਂ ਸਮਝਦੇ ਹਾਂ। ਕਿਸੇ ਗੱਲ ਨੂੰ ਅਸੀਂ ਤਾਂ ਹੀ ਮੰਨ ਸਕਦੇ ਹਾਂ ਜੇਕਰ ਉਹ ਗੱਲ ਸਾਨੂੰ ਸੱਚੀ ਲੱਗੇ। ਕੱਚੀ ਗੱਲ ਨੂੰ ਸੱਚੀ ਸਮਝਣਾ ਹੀ ਸਾਡਾ ਭਰਮ ਹੈ ਜੋ ਕਿ ਸਾਡੇ ਅੰਦਰ ਦੀ ਮਾਇਆ ਹੈ। ਮਨ ਦੀ ਮਾਇਆ ਨੇ ਸਾਨੂੰ ਅਨੇਕਾਂ ਹੀ ਤਰੀਕਿਆਂ ਨਾਲ ਭਰਮਾਇਆ ਹੋਇਆ ਹੈ, ਵੱਖਰੀ-ਵੱਖਰੀ ਧਾਰਮਿਕ ਆਸਥਾ ਨਾਲ ਜੋੜਿਆ ਹੋਇਆ ਹੈ, ਵੱਖਰੇ-ਵੱਖਰੇ ਭਗਤੀ ਦੇ ਤਰੀਕਿਆਂ ਨਾਲ ਜੋੜਿਆ ਹੋਇਆ ਹੈ ਜਿਸ ਵਿੱਚੋਂ ਆਪਣੇ ਆਪ ਨਿਕਲਣਾ ਮਨੁੱਖੀ ਸਮਝ ਦੀ ਸਮਰੱਥਾ ਤੋਂ ਬਾਹਰ ਹੈ। ਇਸ ਮਾਇਆ ਵਿੱਚੋਂ ਨਿਕਲਣ ਦਾ ਸਾਡੇ ਕੋਲ ਸੱਚਾ ਸਾਧਨ ਇੱਕੋ ਇੱਕ ਗੁਰੂ ਦੀ ਸੱਚੀ ਬਾਣੀ ਹੈ ਜੋ ਸਾਨੂੰ ਸੱਚੀ ਸਮਝ ਦਿੰਦੀ ਹੈ ਤੇ ਗੁਰੂ ਦੀ ਸੱਚੀ ਸਮਝ ਹੀ ਸਾਨੂੰ ਮਾਇਆ ਵਾਲੀ ਸਮਝ ਵਿੱਚੋਂ ਕੱਢ ਸਕਦੀ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਸਕਦੀ ਹੈ ਭਾਵ ਸਾਡੇ ਕੱਚੇ ਬੋਲਾਂ ਨੂੰ ਸਾਡੇ ਸੱਚੇ ਬੋਲ ਬਣਾ ਸਕਦੀ ਹੈ। ਅਸੀਂ ਜੋ ਵੀ ਕਰਮ ਮਨ ਦੀ ਆਪਣੀ ਸਮਝ ਦੁਆਰਾ ਕਰਦੇ ਹਾਂ, ਆਪਣੇ ਵੱਲੋਂ ਭਗਤੀ ਵਾਲੇ ਕਰਮ ਕਰਦੇ ਹਾਂ ਉਹ ਸਾਡੀ ਭਗਤੀ ਦੇ ਕੱਚੇ ਬੋਲ ਹਨ ਤੇ ਜੋ ਕਰਮ ਅਸੀਂ ਸੱਚੀ ਬਾਣੀ ਦੀ ਸਮਝ ਦੁਆਰਾ ਕਰਦੇ ਹਾਂ ਉਹ ਸਾਡੀ ਭਗਤੀ ਦੇ ਸੱਚੇ ਬੋਲ ਹਨ। ਭਗਤੀ ਦਾ ਮਾਰਗ ਸਾਡੇ ਮਨ ਦੇ ਬੋਲਾਂ ਨਾਲ ਹੀ ਜੁੜਿਆ ਹੋਇਆ ਹੈ। ਸਾਡੇ ਕੱਚੇ ਬੋਲ ਭਾਵ ਕੱਚੀ ਸਮਝ ਵਾਲੇ ਬੋਲ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਤੇ ਸੱਚੇ ਬੋਲ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਬੋਲ ਸਾਡੇ ਕੋਲੋਂ ਸੱਚੇ ਕਰਮ ਕਰਵਾਉਂਦੇ ਹਨ। ਕੇਵਲ

ਕਥਨੀ ਦਾ ਮਾਰਗ ਸਾਡੇ ਕੱਚੇ ਬੋਲ ਹਨ ਤੇ ਸੱਚੀ ਕਰਨੀ ਦਾ ਮਾਰਗ ਸਾਡੇ ਸੱਚੇ ਬੋਲ ਹਨ। ਸੰਸਾਰ ਵਿੱਚ ਸਾਡੀ ਵਿਚਰਨ ਹੀ ਸਾਡੇ ਭਗਤੀ ਦੇ ਬੋਲ ਹਨ ਭਾਵ ਸਾਡੇ ਮਾੜੇ ਕਰਮ ਸਾਡੇ ਮਾੜੇ ਬੋਲ ਹਨ ਤੇ ਚੰਗੇ ਕਰਮ ਸਾਡੇ ਚੰਗੇ ਬੋਲ ਹਨ ਜੋ ਕਿ ਸਾਡੀ ਸਮਝ ਦੇ ਨਾਲ ਜੁੜੇ ਹੋਏ ਹਨ। ਜੇਕਰ ਸਮਝ ਗੁਰੂ ਕੋਲੋਂ ਲਵਾਂਗੇ ਤੇ ਉਹ ਸਾਨੂੰ ਚੰਗੇ ਕਰਮ ਕਰਨੇ ਹੀ ਸਿਖਾਉਂਦਾ ਹੈ ਜੋ ਚੰਗੇ ਕਰਮ ਸਾਡੇ ਪ੍ਰਮਾਤਮਾ ਅੱਗੇ ਸਾਡੀ ਚੰਗੀ ਭਾਵ ਸੱਚੀ ਭਗਤੀ ਦੇ ਬੋਲ ਹਨ। ਜਦ ਤੱਕ ਅਸੀਂ ਕੱਚੀ ਬਾਣੀ ਵਿੱਚੋਂ ਨਹੀਂ ਨਿਕਲਦੇ ਤਦ ਤੱਕ ਸੱਚੀ ਬਾਣੀ ਨਾਲ ਨਹੀਂ ਜੁੜ ਸਕਦੇ ਜੋ ਕਿ ਸਭ ਲਈ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਔਖਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਔਖਾ ਹੈ ਭਾਵ ਆਪਣੀ ਮਤਿ ਨੂੰ ਛੱਡਣਾ ਔਖਾ ਹੈ, ਭਰਮਾਂ ਵਿੱਚੋਂ ਨਿਕਲਣਾ ਔਖਾ ਹੈ, ਮਾਇਆ ਮੋਹ ਛੱਡਣਾ ਔਖਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲਣਾ ਔਖਾ ਹੈ, ਨਾਮ ਜਪਣਾ ਔਖਾ ਹੈ। (**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**)

ਧਰਮ ਦੇ ਗਿਆਤਾ ਅਖਵਾਉਣ ਵਾਲੇ ਬਹੁਤ ਹਨ, ਪੰਡਿਤ, ਗਿਆਨੀ, ਮੁੱਲਾਂ, ਕਾਜੀ, ਸਾਧੂ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਣ ਵਾਲੇ ਬਹੁਤ ਹਨ ਜੋ ਸਾਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦਾ ਮਾਰਗ ਸਮਝਾਉਂਦੇ ਹਨ, ਆਪਣੀ ਆਪਣੀ ਧਾਰਮਿਕ ਮਰਿਆਦਾ ਸਮਝਾਉਂਦੇ ਹਨ ਤੇ ਸਾਨੂੰ ਅਨੇਕਾਂ ਭਰਮਾਂ ਵਿੱਚ ਪਾਉਂਦੇ ਹਨ ਕਿਉਂਕਿ ਮਾਇਆ ਤੋਂ ਰਹਿਤ ਕੋਈ ਨਹੀਂ ਹੈ ਭਾਵ ਤ੍ਰੈਗੁਣਾਂ ਤੋਂ ਰਹਿਤ ਕੋਈ ਨਹੀਂ ਹੈ ਤੇ ਤ੍ਰੈਗੁਣਾਂ ਵਿੱਚ ਰਹਿੰਦਿਆਂ ਸੱਚੀ ਭਗਤੀ ਦੀ ਸਮਝ ਕਿਸੇ ਨੂੰ ਨਹੀਂ ਪੈਂਦੀ। ਧਰਮ ਦਾ ਸੱਚਾ ਵਿਦਵਾਨ ਉਹੀ ਹੈ, ਗਿਆਨੀ ਉਹੀ ਹੈ ਭਾਵ ਪੰਡਿਤ ਉਹੀ ਹੈ ਜੋ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਜਾਂਦਾ ਹੈ ਜਦੋਂ ਉਸ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ ਤੇ ਉਸ ਦੀ ਭਗਤੀ ਦਾ ਮਾਰਗ ਵੀ ਸਭ ਲਈ ਇੱਕੋ ਹੀ ਹੈ ਭਾਵ ਉਸ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਭਗਤੀ ਦਾ ਮਾਰਗ ਕਥਨੀ ਦਾ ਨਹੀਂ ਬਲਕਿ ਕਰਨੀ ਦਾ ਮਾਰਗ ਹੈ ਜੋ ਸੱਚੀ ਕਰਨੀ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ, ਧਰਮ ਗ੍ਰੰਥਾਂ ਦੀ ਸੱਚੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ ਤੇ ਇਸ ਗੱਲ ਨੂੰ ਪ੍ਰਮਾਤਮਾ ਰੂਪ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਕੇਵਲ ਗੁਰੂ ਦੀ ਸੱਚੀ ਸਮਝ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ।

ਮਲਾਰ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

“ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥

ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥

ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥

ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥

ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥

ਮਾਇਆ ਮਮਤਾ ਕਰਤੈ ਲਾਈ ॥

ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥

ਗੁਰ ਪਰਸਾਦੀ ਬੂਝਹੁ ਭਾਈ ॥

ਸਦਾ ਰਹਹੁ ਹਰਿ ਕੀ ਸਰਣਾਈ ॥੨॥

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥

ਅਨਦਿਨੁ ਏਕੋ ਨਾਮੁ ਵਖਾਣੈ ॥

ਸਤਿਗੁਰ ਕੀ ਓਹੁ ਦੀਖਿਆ ਲੇਇ ॥

ਸਤਿਗੁਰ ਆਗੈ ਸੀਸੁ ਧਰੇਇ ॥

ਸਦਾ ਅਲਗੁ ਰਹੈ ਨਿਰਬਾਣੁ ॥

ਸੋ ਪੰਡਿਤੁ ਦਰਗਹ ਪਰਵਾਣੁ ॥੩॥

ਸਭਨਾਂ ਮਹਿ ਏਕੋ ਏਕੁ ਵਖਾਣੈ ॥

ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥

ਜਾ ਕਉ ਬਖਸੇ ਮੇਲੇ ਸੋਇ ॥

ਐਥੈ ਓਥੈ ਸਦਾ ਸੁਖੁ ਹੋਇ ॥੪॥

ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥"

(ਅੰਗ - ੧੨੬੧)

ਧਰਮ ਦੇ ਮਾਰਗ ਦਾ ਅਸਲ ਮਕਸਦ ਪ੍ਰਮਾਤਮਾ ਨੂੰ ਜਾਨਣ ਦਾ ਹੈ ਭਾਵ ਜੋ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਉਹਨਾਂ ਦੀ ਭਗਤੀ ਦਾ ਅਸਲ ਮਕਸਦ ਪ੍ਰਮਾਤਮਾ ਨੂੰ ਜਾਨਣ ਦਾ ਹੀ ਹੈ ਤੇ ਪ੍ਰਮਾਤਮਾ ਦੇ ਦਰ ਤੇ ਉਹੀ ਕਬੂਲ ਹੁੰਦਾ ਹੈ, ਪ੍ਰਵਾਨ ਹੁੰਦਾ ਹੈ ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਪ੍ਰਮਾਤਮਾ ਨੂੰ ਜਾਨਣ ਲਈ ਆਪਣੇ ਮਨ ਨੂੰ ਜਾਨਣਾ ਪੈਂਦਾ ਹੈ ਕਿ ਇਹ ਮਨ ਕੀ ਹੈ ਕਿਉਂਕਿ ਮਾਇਆ ਵਾਲੀ ਸਮਝ ਸਾਨੂੰ ਮਨ ਦੇ ਵਿੱਚੋਂ ਹੀ ਆਉਂਦੀ ਹੈ ਤੇ ਇਸ ਮਾਇਆ ਵਿੱਚੋਂ ਨਿਕਲਣ ਲਈ ਜੋ ਸੱਚਾ ਮਾਰਗ ਹੈ ਉਹ ਗੁਰੂ ਕੋਲੋਂ ਸਿੱਖਿਆ ਲੈ ਕੇ ਉਸ ਨੂੰ ਮੰਨਣ ਦਾ ਹੈ ਤੇ ਫਿਰ ਤਾਂ ਹੀ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਭਾਵ ਇਸ ਮਨ ਨੂੰ ਜਾਣ ਸਕਦਾ ਹੈ ਜੋ ਕਿ ਪ੍ਰਮਾਤਮਾ ਦਾ ਹੀ ਰੂਪ ਹੈ। ਸਾਨੂੰ ਉੱਪਰ ਸ਼ਬਦ ਰਾਹੀਂ ਇਹ ਕੁੱਝ ਹੀ ਸਮਝਾਇਆ ਹੋਇਆ ਹੈ ਕਿ ਭਗਤੀ ਕਰਨ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਮਨ ਦੀ ਮਾਇਆ ਵਿੱਚੋਂ ਨਿਕਲਣ ਦਾ ਭਾਵ ਮਨ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਣ ਦਾ ਉੱਦਮ ਕਰੀਏ ਕਿਉਂਕਿ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਰੁਕਾਵਟ ਭਾਵ ਪ੍ਰਮਾਤਮਾ ਨਾਲ ਸਾਡਾ ਪੜਦਾ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ ਹੀ ਹੈ ਜੋ ਭਰਮਾਂ ਵਾਲੇ ਵਿਚਾਰਾਂ ਦੇ ਨਾਲ ਭਰੀ ਹੋਈ ਹੈ। ਜੋ ਆਪਣੇ ਆਪ ਨੂੰ "**ਪੰਡਿਤ**" ਅਖਵਾਉਂਦੇ ਹਨ ਭਾਵ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਭਾਵੇ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਉਹਨਾਂ ਨੂੰ ਹੀ ਉਪਰਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਕਿ ਪਹਿਲੇ ਆਪ ਧਰਮ ਦੇ ਵਿਦਵਾਨ ਬਣਨਾ ਸਿੱਖੋ ਤਾਂ ਜੋ ਅਸੀਂ ਕਿਸੇ ਨੂੰ ਧਰਮ ਦੇ ਸੱਚੇ ਮਾਰਗ ਨਾਲ ਜੋੜ ਸਕੀਏ ਭਾਵ ਪਹਿਲਾਂ ਆਪ ਭਰਮਾਂ ਵਿੱਚੋਂ ਨਿਕਲੀਏ ਤੇ ਭਗਤੀ ਦਾ ਮਾਰਗ ਸਮਝਾਉਣ ਲਈ ਕਿਸੇ ਨੂੰ ਭਰਮਾਂ ਵਿੱਚ ਨਾ ਪਾਈਏ। ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਨੂੰ ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਤੇ ਰਹਾਉ ਵਾਲੀ ਪੰਗਤੀ ਰਾਹੀਂ ਕੀ ਸਮਝਾਇਆ ਹੋਇਆ ਹੈ ਇਸ ਨੂੰ ਪੜ੍ਹ ਕੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਧਰਮ ਦਾ ਵਿਦਵਾਨ ਬਣਨ ਦਾ ਤਰੀਕਾ ਕੀ ਹੈ। (**ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥ ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥ ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥**) ਗਰਬਾਣੀ ਰਾਹੀਂ ਸਾਨੂੰ ਜਿਹੋ ਜਿਹੇ ਗਿਆਨੀ ਬਣਨਾ ਸਿਖਾਇਆ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜੋ "ਗਿਆਨੀ" ਬਣਨਾ ਹੈ ਉਹੀ "ਪੰਡਿਤ" ਬਣਨਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਬਣਿਆ ਜਾ ਸਕਦਾ ਹੈ ਭਾਵ ਇਸ ਮਨ ਨੂੰ ਜਾਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਉਸਦਾ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ। ਇਹ ਮਨ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਮਨ ਦਾ ਮਕਸਦ ਸਭ ਨੂੰ ਸਮਝ ਪਾਉਣ ਨਾਲ ਹੀ ਹੈ ਤੇ ਮਨ ਦੀ ਸਮਝ ਦੁਆਰਾ ਹੀ ਹਰ ਕੋਈ ਵਿਚਰਦਾ ਹੈ। ਮਨ ਦੀ ਸਮਝ ਦੁਆਰਾ ਹੀ ਹਰ ਕੋਈ ਧਾਰਮਿਕ ਆਸਥਾ ਵਾਲਾ ਬਣਦਾ ਹੈ। ਮਨ ਦੀ ਸਮਝ ਹੀ ਇਹ ਸੋਝੀ ਪਾਉਂਦੀ ਹੈ ਕਿ ਜਿੰਨ੍ਹਾਂ ਮਨੁੱਖਾਂ ਦੇ ਘਰ ਵਿੱਚ ਮੇਰਾ ਜਨਮ ਹੋਇਆ ਹੈ ਭਾਵ ਸਰੀਰਕ ਜਨਮ ਹੋਇਆ ਹੈ ਉਹੀ ਮੇਰੇ ਮਾਈ ਬਾਪ ਹਨ ਤੇ ਜਿਸ ਧਾਰਮਿਕ ਆਸਥਾ ਵਾਲੇ ਉਹ ਹਨ ਉਸੇ ਧਾਰਮਿਕ ਆਸਥਾ ਵਾਲਾ ਮੈਨੂੰ ਹੋਣਾ ਚਾਹੀਦਾ ਹੈ ਭਾਵ ਅਸੀਂ ਵੱਖਰੀ-ਵੱਖਰੀ ਧਾਰਮਿਕ ਆਸਥਾ ਵਾਲੇ ਇਸ ਸਰੀਰ ਦੇ ਜਨਮ ਨਾਲ ਹੀ ਬਣ ਜਾਂਦੇ ਹਾਂ ਤੇ ਉਸੇ ਧਾਰਮਿਕ ਆਸਥਾ ਤੇ ਦ੍ਰਿੜ ਹੋ ਜਾਂਦੇ ਹਾਂ। ਕਈ ਧਾਰਮਿਕ ਪਰਿਵਰਤਨ ਵੀ ਕਰਦੇ ਹਨ ਜੋ ਪਰਿਵਰਤਨ ਉਹ ਮਨ ਦੀ ਸਮਝ ਬਦਲਣ ਦੁਆਰਾ ਹੀ ਕਰਦੇ ਹਨ ਭਾਵ ਮਨੁੱਖ ਆਪਣੀ ਸਮਝ ਦਾ ਬੱਝਿਆ ਹੋਇਆ ਹੈ ਤੇ ਇਹ ਸਮਝ ਮਨੁੱਖ ਦੇ ਵੱਸ ਨਹੀਂ ਹੈ। ਹਰ ਕਿਸੇ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਹੀ ਚੰਗੀ ਲੱਗਦੀ ਹੈ ਤੇ ਦੂਸਰਿਆਂ ਦੀ ਧਾਰਮਿਕ ਆਸਥਾ ਨਹੀਂ ਭਾਉਂਦੀ ਪਰ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਭ ਲਈ ਇੱਕੋ ਹੀ ਹੈ ਜੋ ਕਿ ਚੰਗੀ ਕਰਨੀ ਦਾ ਮਾਰਗ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਹਿੰਦੂ ਕੈ ਘਰਿ ਹਿੰਦੂ ਆਵੈ ॥

ਸੂਤੁ ਜਨੇਊ ਪੜਿ ਗਲਿ ਪਾਵੈ ॥
ਸੂਤੁ ਪਾਇ ਕਰੇ ਬੁਰਿਆਈ ॥
ਨਾਤਾ ਧੋਤਾ ਥਾਇ ਨ ਪਾਈ ॥
ਮੁਸਲਮਾਨੁ ਕਰੇ ਵਡਿਆਈ ॥
ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥
ਰਾਹੁ ਦਸਾਇ ਓਥੈ ਕੋ ਜਾਇ ॥
ਕਰਣੀ ਬਾਝਹੁ ਭਿਸਤਿ ਨ ਪਾਇ ॥
ਜੋਗੀ ਕੈ ਘਰਿ ਜੁਗਤਿ ਦਸਾਈ ॥
ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥
ਮੁੰਦ੍ਰਾ ਪਾਇ ਫਿਰੈ ਸੰਸਾਰਿ ॥
ਜਿਥੈ ਕਿਥੈ ਸਿਰਜਣਹਾਰੁ ॥
ਜੇਤੇ ਜੀਅ ਤੇਤੇ ਵਾਟਾਊ ॥
ਚੀਰੀ ਆਈ ਢਿਲ ਨ ਕਾਊ ॥
ਏਥੈ ਜਾਣੈ ਸੁ ਜਾਇ ਸਿਵਾਣੈ ॥
ਹੋਰੁ ਫਕੜੁ ਹਿੰਦੂ ਮੁਸਲਮਾਣੈ ॥
ਸਭਨਾ ਕਾ ਦਰਿ ਲੇਖਾ ਹੋਇ ॥
ਕਰਣੀ ਬਾਝਹੁ ਤਰੈ ਨ ਕੋਇ ॥
ਸਚੋ ਸਚੁ ਵਖਾਣੈ ਕੋਇ ॥
ਨਾਨਕ ਅਗੈ ਪੁਛ ਨ ਹੋਇ ॥੨॥”

(ਅੰਗ - ੯੫੧-੯੫੨)

ਪਉੜੀ ॥
“ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥”

(ਅੰਗ - ੯੫੨)

ਜਿਸ ਪ੍ਰਮਾਤਮਾ ਨੂੰ ਪਾਉਣਾ ਹੈ ਉਹ ਤਾਂ ਸਭ ਦੇ ਅੰਦਰ ਹੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲਕੇ ਸੱਚੀ ਕਰਨੀ ਦਾ ਮਾਰਗ ਹੈ। ਪ੍ਰਮਾਤਮਾ ਦੇ ਦਰ ਤੇ ਲੇਖਾ ਸਭ ਦਾ ਹੁੰਦਾ ਹੈ ਜਿਸ ਲੇਖੇ ਵਿੱਚੋਂ ਉਹੀ ਲੰਘ ਸਕਦਾ ਹੈ ਜਿਸ ਦੀ ਕਰਨੀ ਚੰਗੀ ਹੁੰਦੀ ਹੈ। ਸੱਚੀ ਕਰਣੀ ਕੇਵਲ ਸੱਚ ਨੂੰ ਮੰਨਣ ਦੁਆਰਾ ਹੁੰਦੀ ਹੈ ਜੋ ਸੱਚ ਗੁਰੂ ਸਾਨੂੰ ਹਰ ਸ਼ਬਦ ਰਾਹੀਂ ਸਮਝਾਉਂਦਾ ਹੈ। ਅਸੀਂ ਭਾਵੇਂ ਜਿਤਨੇ ਮਰਜੀ ਵੱਖਰੇ-ਵੱਖਰੇ ਭੇਸ ਬਣਾ ਲਈਏ ਭਾਵ ਵੱਖਰੇ ਵੱਖਰੇ ਭਗਤੀ ਦੇ ਤਰੀਕੇ ਬਣਾ ਲਈਏ, ਵੱਖਰੀ-ਵੱਖਰੀ ਮਰਿਆਦਾ ਬਣਾ ਲਈਏ ਪਰ ਪ੍ਰਮਾਤਮਾ ਦਾ ਦਰ ਪਾਉਣ ਲਈ, ਉਸ

ਅੱਲ੍ਹਾ ਦਾ ਦਰ ਪਾਉਣ ਲਈ, ਉਸ ਰਾਮ ਦਾ ਦਰ ਪਾਉਣ ਲਈ, ਵਾਹਿਗੁਰੂ ਦਾ ਦਰ ਪਾਉਣ ਲਈ, ਉਸ ਗਾਡ ਦਾ ਦਰ ਪਾਉਣ ਲਈ, ਉਸ ਦੇ ਲੇਖੇ ਤੇ ਪੂਰਾ ਉਤਰਨ ਲਈ ਕੇਵਲ ਤੇ ਕੇਵਲ ਸਾਡੀ ਕਰਨੀ ਹੀ ਕੰਮ ਆਉਣੀ ਹੈ ਜੋ ਸੱਚੀ ਕਰਨੀ ਮਾਇਆ ਮੋਹ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ ਭਾਵ ਗੁਰੂ ਦਾ ਨਾਮ ਦ੍ਰਿੜ ਕਰਨ ਦੁਆਰਾ ਹੀ ਹੋ ਸਕਦੀ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਮਾਇਆ ਮੋਹ ਵਿੱਚੋਂ ਕੋਈ ਵਿਰਲਾ ਹੀ ਨਿਕਲ ਸਕਦਾ ਹੈ ਤੇ ਇਸ ਕਰਕੇ ਕੋਈ ਵਿਰਲਾ ਹੀ ਭਾਗਾਂ ਵਾਲਾ ਉਸ ਪ੍ਰਮਾਤਮਾ ਨੂੰ ਪਾ ਸਕਦਾ ਹੈ। ਪ੍ਰਮਾਤਮਾ ਇੱਕ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕ ਹੀ ਹੈ। (**ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤੁ ਜਨੇਊ ਪੜਿ ਗਲਿ ਪਾਵੈ ॥ ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥ ਮੁਸਲਮਾਨੁ ਕਰੇ ਵਡਿਆਈ ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥ ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥ ਜੋਗੀ ਕੈ ਘਰਿ ਜੁਗਤਿ ਦਸਾਈ ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥ ਮੁੰਦ੍ਰਾ ਪਾਇ ਫਿਰੈ ਸੰਸਾਰਿ ॥ ਜਿਥੈ ਕਿਥੈ ਸਿਰਜਣਹਾਰੁ ॥ ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥ ਏਥੈ ਜਾਣੈ ਸੁ ਜਾਇ ਸਿਵਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥ ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥ ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥ ਪਉੜੀ ॥ ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥ ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥ ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥ ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥**)

ਪਿੱਛੇ ਮੁੱਖ ਸ਼ਬਦ ਰਾਹੀਂ ਜੋ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾਉਂਦੇ ਹਨ ਭਾਵੇਂ ਉਹ ਕੋਈ ਵੀ ਧਾਰਮਿਕ ਆਸਥਾ ਰੱਖਦੇ ਹੋਣ ਉਹਨਾਂ ਨੂੰ ਧਰਮ ਦੇ ਵਿਦਵਾਨ ਬਣਨ ਦਾ ਇੱਕੋ ਹੀ ਤਰੀਕਾ ਸਮਝਾਇਆ ਹੈ ਜੋ ਕਿ ਇਸ ਮਨ ਨੂੰ ਜਾਨਣ ਦਾ ਹੈ। ਇਹ ਮਨ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਸਮਝ ਨਾ ਹੋਣ ਕਰਕੇ ਹੀ ਅਸੀਂ ਇਸ ਗੱਲ ਵਿੱਚ ਫਰਕ ਨਹੀਂ ਕਰ ਸਕਦੇ ਭਾਵ ਨਹੀਂ ਸਮਝ ਸਕਦੇ ਕਿ ਗਿਰਹੀ ਕੌਣ ਹੈ, ਉਦਾਸੀ ਕੌਣ ਹੈ, ਇਹ ਚੰਚਲ ਮਨ ਕੀ ਹੈ ਤੇ ਬੈਰਾਗੀ ਮਨ ਕੀ ਹੈ, ਇਹ ਮਨ ਸਾਡਾ ਆਪਣਾ ਹੈ ਜਾਂ ਕਿਸੇ ਹੋਰ ਦਾ ਹੈ ਭਾਵ ਪ੍ਰਮਾਤਮਾ ਦਾ ਹੈ ਤੇ ਮਨ ਨੂੰ ਜਾਣੇ ਬਿਨ੍ਹਾਂ ਨਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਇਸ ਮਨ ਨੂੰ ਮਮਤਾ ਕਿਸ ਨੇ ਲਗਾਈ ਹੈ ਭਾਵ ਮਨ ਦੇ ਵਿੱਚ ਮਾਇਆ ਕਿਸ ਨੇ ਪਾਈ ਹੈ, ਮਨ ਦੇ ਵਿੱਚ ਗਿਆਨ ਕਿਸ ਨੇ ਪਾਇਆ ਹੈ। ਆਪਣੇ ਆਪ ਨੂੰ ਪੰਡਿਤ ਅਖਵਾਉਣ ਵਾਲਿਆਂ ਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਕਿ ਇਸ ਮਨ ਨੂੰ ਸਮਝੋ ਕਿ ਇਹ ਮਨ ਕੀ ਹੈ ਭਾਵ ਇਸ ਮਨ ਦੀ ਸਮਝ ਕੀ ਹੈ ਤੇ ਕਿੱਥੋਂ ਆਉਂਦੀ ਹੈ ਕਿਉਂਕਿ ਮਨ ਨੂੰ ਜਾਣੇ ਬਿਨ੍ਹਾਂ ਧਰਮ ਦਾ ਵਿਦਵਾਨ ਨਹੀਂ ਬਣਿਆ ਜਾ ਸਕਦਾ। (**ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥ ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥**) ਹੁਣ ਅਗਲੀ ਰਹਾਉ ਵਾਲੀ ਪੰਗਤੀ ਨੂੰ ਸਮਝੋ ਕਿ ਵਿਦਵਾਨ ਅਖਵਾਉਣ ਵਾਲਿਆਂ ਨੂੰ ਕੀ ਸਮਝਾਇਆ ਹੈ।

“ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥

ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥”

ਅਰਥ ਬੜੇ ਸਪੱਸ਼ਟ ਹਨ ਤੇ ਅਸਾਨੀ ਨਾਲ ਸਮਝੇ ਜਾ ਸਕਦੇ ਹਨ। ਸਾਡਾ ਅਸਲ ਮਕਸਦ ਤਾਂ ਇਸ ਮਨ ਨੂੰ ਜਾਨਣ ਦਾ ਹੈ ਜਿਸ ਨੂੰ ਸਮਝੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਦੀ ਅਸਲੀਅਤ ਸਮਝ ਨਹੀਂ ਆ ਸਕਦੀ। ਮਨ ਨੂੰ ਸਮਝਣ ਲਈ ਅਸੀਂ ਗੁਰੂ ਕੋਲੋਂ ਸਮਝ ਹੀ ਲੈਣੀ ਹੈ ਜਿਸ ਨੂੰ ਮਨ ਦੀ ਸਮਝ ਹੈ ਕਿ ਇਹ ਮਨ ਕੀ ਹੈ। ਬਾਣੀ ਸਾਨੂੰ ਸਮਝਾਉਂਦੀ ਹੈ ਕਿ ਇਸ ਮਨ ਨੂੰ ਖੋਜੋ ਤੇ ਕਿਵੇਂ ਖੋਜਣਾ ਹੈ ਇਹ ਵੀ ਬਹੁਤ ਸਮਝਾਇਆ ਹੈ। ਇਸ ਮਨ ਨੂੰ ਖੋਜਣ ਲਈ ਮਨ ਦੀ ਨਾਸਮਝੀ ਛੱਡਣੀ ਪੈਂਦੀ ਹੈ ਤੇ ਉਹ ਕੁੱਝ ਕਰਨਾ ਪੈਂਦਾ ਹੈ ਜੋ ਗੁਰੂ ਸਾਨੂੰ ਕਰਨ ਲਈ ਸਮਝਾਉਂਦਾ ਹੈ। ਇਸ ਮਨ ਨੂੰ ਗੁਰੂ ਦੇ ਨਾਮ ਨਾਲ ਖੋਜਿਆ ਜਾ ਸਕਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਖੋਜਿਆ ਜਾ ਸਕਦਾ ਹੈ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਔਗੁਣਾਂ ਵਿੱਚੋ ਨਿਕਲੋ, ਮਨ ਦੇ ਭਰਮਾਂ ਵਿੱਚੋਂ ਨਿਕਲੋ ਜਿੰਨ੍ਹਾਂ ਨੇ ਤੁਹਾਡੀ ਮਨ ਦੀ ਸਮਝ ਨੂੰ ਖਰਾਬ ਕੀਤਾ ਹੋਇਆ ਹੈ ਕਿਉਂਕਿ ਇਸ ਮਨ ਨੂੰ ਉਸ ਸਮਝ ਨਾਲ ਜਾਣਿਆ ਜਾ ਸਕਦਾ ਹੈ ਜੋ ਸਮਝ ਸਾਨੂੰ ਗੁਰੂ ਦੀ ਮਤਿ ਦਿੰਦੀ ਹੈ। ਗੁਰੂ ਦੀ ਮਤਿ ਸਾਨੂੰ ਔਗੁਣ ਛੱਡਣ ਲਈ ਹੀ ਸਮਝਾਉਂਦੀ ਹੈ ਤੇ ਅਸੀਂ ਗੁਰੂ ਦੀ ਮਤਿ ਦੁਆਰਾ ਹੀ ਇਸ ਗੱਲ ਨੂੰ ਖੋਜ ਸਕਦੇ ਹਾਂ ਕਿ ਉਹ ਕਿਹੜੇ ਭਰਮ ਹਨ, ਕਿਹੜੇ

ਮਾੜੇ ਵਿਚਾਰ ਹਨ ਭਾਵ ਸਾਡੇ ਅੰਦਰ ਦੇ ਵਿਕਾਰਾਂ ਦਾ ਮੂਲ ਕੀ ਹੈ ਜਿੰਨ੍ਹਾਂ ਵਿਕਾਰਾਂ ਨੂੰ ਅਸੀਂ ਆਪਣੇ ਅੰਦਰੋਂ ਖੋਜਣਾ ਹੈ, ਸਮਝਣਾ ਹੈ ਤਾਂ ਜੋ ਉਹਨਾਂ ਵਿਕਾਰਾਂ ਨੂੰ ਆਪਣੇ ਅੰਦਰੋਂ ਅਸੀਂ ਕੱਢ ਸਕੀਏ। ਇਹ ਵਿਕਾਰਾਂ ਵਾਲੇ ਵਿਚਾਰ ਹੀ ਸਾਡੇ ਅੰਦਰ ਦੇ ਉਹ ਚੋਰ ਹਨ ਜੋ ਸਾਡੇ ਅੰਦਰੋਂ ਨਾਮ ਨੂੰ ਚੁਰਾਉਂਦੇ ਹਨ। ਪ੍ਰਮਾਤਮਾ ਆਪ ਨਾਮ ਦੇ ਰੂਪ ਵਿੱਚ ਹੈ ਤੇ ਜਦ ਤੱਕ ਅਸੀਂ ਨਾਮ ਦੇ ਚੋਰਾਂ ਨੂੰ ਨਹੀਂ ਫੜਦੇ ਭਾਵ ਉਨ੍ਹਾਂ ਨੂੰ ਗੁਰੂ ਦੀ ਮਤਿ ਦੁਆਰਾ ਸਮਝਕੇ ਨਹੀਂ ਫੜਦੇ ਤਦ ਤੱਕ ਅਸੀਂ ਨਾਮ ਨੂੰ ਕਿਵੇਂ ਜਾਣ ਸਕਦੇ ਹਾਂ, ਪ੍ਰਮਾਤਮਾ ਨੂੰ ਕਿਵੇਂ ਜਾਣ ਸਕਦੇ ਹਾਂ ਭਾਵ ਮਨ ਨੂੰ ਕਿਵੇਂ ਜਾਣ ਸਕਦੇ ਹਾਂ ਜਿਸ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ। ਇਸ ਗੱਲ ਨੂੰ ਅਸੀਂ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰ ਸਕਦੇ ਹਾਂ।

ਬਸੰਤੁ ਹਿੰਡੋਲ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

“ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥”

(ਅੰਗ - ੧੧੭੮)

ਪਹਿਲਾਂ ਸ਼ਬਦ ਦੇ ਉਪਰਲੇ ਵਾਲੇ ਪਦੇ ਨੂੰ ਸਮਝੋ ਕਿ ਅਸੀਂ ਖੋਜਣਾ ਕਿਸ ਨੂੰ ਹੈ ਭਾਵ ਪ੍ਰਾਪਤੀ ਕਿਸ ਦੀ ਕਰਨੀ ਹੈ ਤੇ ਉਸ ਨੂੰ ਖੋਜਣ ਦੁਆਰਾ ਸਾਨੂੰ ਕੀ ਮਿਲਦਾ ਹੈ। ਖੋਜਣਾ ਤਾਂ ਅਸੀਂ ਪ੍ਰਮਾਤਮਾ ਨੂੰ ਹੀ ਹੈ ਭਾਵ ਮਨ ਨੂੰ ਹੀ ਹੈ ਤੇ ਜਿਸ ਨੂੰ ਅਸੀਂ ਖੋਜਣਾ ਹੈ ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਅੰਦਰ “ਰਾਮ ਨਾਮੁ ਰਤਨ” ਦੇ ਰੂਪ ਵਿੱਚ ਹੀ ਹੈ। ਜਿਸ ਨੂੰ ਅਸੀਂ ਖੋਜਣਾ ਹੈ ਭਾਵ “**ਰਾਮ ਨਾਮੁ ਰਤਨ**” ਨੂੰ, ਜਿਸ ਨੂੰ ਅਸੀਂ ਖੋਜਣਾ ਹੈ ਉਹ ਸਾਡੇ ਸਰੀਰ ਰੂਪ ਮੰਦਿਰ ਵਿੱਚ ਭਾਵ ਮਨ ਰੂਪ ਮੰਦਰ ਵਿੱਚ ਲੁਕਿਆ ਹੋਇਆ ਹੈ। ਖੋਜਿਆ ਉਸੇ ਚੀਜ ਨੂੰ ਜਾਂਦਾ ਹੈ ਜਿਸ ਦੀ ਸਾਨੂੰ ਲੋੜ ਹੁੰਦੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ ਭਾਵ ਉਸ ਪ੍ਰਮਾਤਮਾ ਨੂੰ ਅਸੀਂ ਆਪਣੇ ਅੰਦਰੋਂ ਖੋਜਣਾ ਹੈ, ਮਨ ਦੇ ਵਿੱਚੋਂ ਖੋਜਣਾ ਹੈ। ਉਸ “ਰਾਮ ਨਾਮੁ ਰਤਨ” ਰੂਪ ਪ੍ਰਮਾਤਮਾ ਨੂੰ ਸਤਿਗੁਰੂ ਦੇ ਨਾਲ ਮੇਲ ਦੁਆਰਾ ਹੀ ਖੋਜਿਆ ਜਾ ਸਕਦਾ ਹੈ ਭਾਵ ਸਤਿਗੁਰੂ ਦੇ ਨਾਲ ਮੇਲ ਕਰਨਾ ਹੀ ਆਪਣੇ ਅੰਦਰੋਂ ਰਾਮ ਨਾਮੁ ਰਤਨ ਨੂੰ ਖੋਜਣਾ ਹੈ। ਪੂਰੀ ਗੁਰਬਾਣੀ ਸਤਿਗੁਰੂ ਰੂਪ ਹੈ ਤੇ ਗੁਰਬਾਣੀ ਦੇ ਨਾਲ ਮੇਲ ਸਤਿਗੁਰੂ ਦੇ ਨਾਲ ਮੇਲ ਹੈ। ਸਾਡਾ ਸਤਿਗੁਰੂ ਦੇ ਨਾਲ ਮੇਲ ਤਾਂ ਹੀ ਹੋ ਸਕਦਾ ਹੈ ਜੇਕਰ ਸਾਡਾ ਸਤਿਗੁਰੂ ਦੇ ਵਿਚਾਰਾਂ ਦੇ ਨਾਲ ਮੇਲ ਹੋਵੇ, ਸਤਿਗੁਰੂ ਦੇ ਬਚਨਾਂ ਦੇ ਨਾਲ ਮੇਲ ਹੋਵੇ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ “**ਰਾਮ ਨਾਮੁ ਰਤਨ**” ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਜਦੋਂ ਅਸੀਂ ਸਤਿਗੁਰੂ ਦੇ ਵਿਚਾਰਾਂ ਨਾਲ ਮੇਲ ਕਰ ਲਵਾਂਗੇ ਤਾਂ ਫਿਰ ਅਸੀਂ ਆਪਣੀ ਕੋਠੜੀ ਦੇ ਅੰਦਰੋਂ ਭਾਵ ਮਨ ਦੇ ਅੰਦਰੋਂ ਰਾਮ ਨਾਮੁ ਰਤਨ ਨੂੰ ਖੋਜ ਲਵਾਂਗੇ ਭਾਵ ਆਪਣੇ ਅੰਦਰੋਂ, ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਖੋਜ ਲਵਾਂਗੇ ਜੋ ਸਾਡੇ ਅੰਦਰ ਹੀ ਹੈ। ਸਤਿਗੁਰੂ ਦੇ ਨਾਲ ਮੇਲ ਸਾਡੀ ਸੁਰਤਿ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਨਾਲ ਮੇਲ ਹੈ ਤੇ ਇਹ ਹੀ ਜੋਤੀ ਜੋਤਿ ਸਮਾਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥ ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥**) ਉਸ ਪ੍ਰਮਾਤਮਾ ਦੇ ਨਾਲ, ਰਾਮ ਨਾਮੁ ਰਤਨ ਦੇ ਨਾਲ ਅਸੀਂ ਮੇਲ ਕਿਸ ਮਕਸਦ ਲਈ ਕਰਨਾ

ਹੈ, ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਮਕਸਦ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਦੇ ਨਾਲ ਹੀ ਹੈ।

"ਮਾਧੋ ਸਾਧੂ ਜਨ ਦੇਹੁ ਮਿਲਾਇ ॥

ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥"

ਉੱਪਰ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਤੇ ਪ੍ਰਮਾਤਮਾ ਅੱਗੇ ਸਾਡੀ ਸੱਚੀ ਬੇਨਤੀ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਤੂੰ ਮੈਨੂੰ ਆਪਣੇ ਸਾਧੂ ਜਨ ਦੇ ਨਾਲ ਮਿਲਾ ਦੇ। "**ਸਾਧੂ ਜਨ**" ਉਸ ਦਾ ਗੁਰੂ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ "**ਸਾਧੂ ਜਨ**" ਰੂਪ ਦੇ ਵਿੱਚ ਹੀ ਹੈ ਜਿਸ ਦੇ ਮੇਲ ਦੁਆਰਾ ਹੀ ਮਨੁੱਖ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ। ਜੋ ਰੂਪ ਪ੍ਰਮਾਤਮਾ ਦਾ ਆਪਣਾ ਹੈ ਉਹੀ ਉਸ ਦੇ "**ਸਾਧੂ ਜਨ**" ਦਾ ਹੈ। ਪ੍ਰਮਾਤਮਾ ਆਪ "**ਬ੍ਰਹਮ ਗਿਆਨ**" ਦੇ ਰੂਪ ਵਿੱਚ ਹੈ, "**ਰਾਮ ਨਾਮੁ ਰਤਨ**" ਦੇ ਰੂਪ ਵਿੱਚ ਹੈ ਤੇ ਇਹੀ ਰੂਪ ਉਸਦੇ "**ਸਾਧੂ ਜਨ**" ਦਾ ਹੈ। ਪ੍ਰਮਾਤਮਾ ਦਾ "**ਸਾਧੂ ਜਨ**" ਰੂਪ ਉਹੀ ਹੁੰਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ "**ਬ੍ਰਹਮ ਗਿਆਨ**" ਦੇ ਰੂਪ ਵਿੱਚ ਪ੍ਰਗਟ ਕਰਦਾ ਹੈ, "**ਰਾਮ ਨਾਮ**" ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। ਮਨ ਦੇ ਵਿੱਚ ਬ੍ਰਹਮ ਗਿਆਨ ਦੇ ਦਰਸ਼ਨ ਹੋਣੇ ਭਾਵ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਦੇ ਦਰਸ਼ਨ ਹੋਣੇ, ਬ੍ਰਹਮ ਗਿਆਨ ਦੀ ਸੋਝੀ ਪੈਣੀ ਪ੍ਰਮਾਤਮਾ ਦੇ ਦਰਸ਼ਨ ਹਨ ਜੋ ਦਰਸ਼ਨ ਸਾਡੇ ਮਨ ਦੀ ਸਮਝ ਹੀ ਕਰਦੀ ਹੈ ਜੋ ਦਰਸ਼ਨ ਕਰਨ ਦੁਆਰਾ ਮਨੁੱਖ ਦੀ ਔਗੁਣਾਂ ਵਾਲੀ, ਭਰਮਾਂ ਵਾਲੇ ਮਾੜੇ ਵਿਚਾਰਾਂ ਵਾਲੀ ਸਮਝ ਦੂਰ ਹੋ ਜਾਂਦੀ ਹੈ, ਮਨ ਦੇ ਵਿੱਚੋਂ ਪਾਪਾਂ ਵਾਲੇ ਵਿਚਾਰ ਨੱਸ ਜਾਂਦੇ ਹਨ ਤੇ ਮਨੁੱਖ ਦੀ ਸਮਝ ਪਵਿੱਤਰ ਹੋ ਜਾਂਦੀ ਹੈ ਜੋ ਪਾਪਾਂ ਵਾਲੇ ਵਿਚਾਰਾਂ ਕਰਕੇ ਅਪਵਿੱਤਰ ਹੁੰਦੀ ਹੈ। ਮਨ ਦੀ ਇਹੋ ਜਿਹੀ ਪਵਿੱਤਰ ਸਮਝ ਹੀ ਭਗਤੀ ਦੇ ਮਾਰਗ ਵਾਲੀ ਸਮਝ ਹੈ ਤੇ ਮਨ ਦੇ ਵਿੱਚ ਇਹੀ "**ਪਰਮ ਪਦੁ**" ਹੈ ਭਾਵ ਸਭ ਤੋਂ ਉੱਚਾ ਪਦ ਹੈ ਜੋ ਕਿ ਸੱਚੇ ਗਿਆਨ ਦਾ ਪਦ ਹੈ, ਸੱਚੀ ਭਗਤੀ ਦੀ ਸਮਝ ਵਾਲਾ ਪਦ ਹੈ ਜਿਸ ਪਦ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿੱਚ ਉਸ ਦੇ ਦਰਸ਼ਨ ਹੋਣ ਦੁਆਰਾ ਹੀ ਹੁੰਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਇਸ "**ਪਰਮ ਪਦੁ**" ਦੇ ਰੂਪ ਵਿੱਚ ਹੀ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਇਹ ਪਰਮ ਪਦੁ ਬਖਸ਼ਦਾ ਹੈ ਉਸ ਦੀ ਮਾੜੀ ਸਮਝ ਨੂੰ, ਪਾਪਾਂ ਵਾਲੀ, ਔਗੁਣਾਂ ਵਾਲੀ ਸਮਝ ਨੂੰ ਕੱਢ ਕੇ ਆਪਣੀ ਸੱਚੀ ਸਮਝ ਵਿੱਚ ਰਲਾ ਲੈਂਦਾ ਹੈ। (**ਮਾਧੋ ਸਾਧੂ ਜਨ ਦੇਹੁ ਮਿਲਾਇ ॥ ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥**) ਪਰਮ ਪਦੁ ਦੀ ਪ੍ਰਾਪਤੀ ਦੁਆਰਾ ਮਨੁੱਖ ਦੀ ਪਾਪਾਂ ਵਾਲੀ ਸਮਝ ਕਿਸ ਤਰੀਕੇ ਦੂਰ ਹੁੰਦੀ ਹੈ, ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥"

ਖੋਜ ਤਾਂ ਅਸੀਂ ਆਪਣੇ ਅੰਦਰੋਂ "**ਰਾਮ ਨਾਮ**" ਦੀ ਕਰਨੀ ਹੈ ਭਾਵ ਪ੍ਰਮਾਤਮਾ ਦੀ ਕਰਨੀ ਹੈ, ਇਸ ਮਨ ਦੀ ਕਰਨੀ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਿਆ ਹੈ। ਅਸੀਂ "**ਰਾਮ ਨਾਮ ਧਨੁ**" ਨੂੰ ਆਪਣੇ ਅੰਦਰੋਂ ਤਾਂ ਹੀ ਖੋਜ ਸਕਦੇ ਹਾਂ ਜੇਕਰ ਪਹਿਲੇ ਉਹਨਾਂ ਚੋਰਾਂ ਨੂੰ ਪਕੜਾਂਗੇ ਜੋ ਸਾਡੇ ਅੰਦਰੋਂ ਰਾਮ ਨਾਮ ਧਨੁ ਨੂੰ ਚੁਰਾਉਂਦੇ ਹਨ। ਇਹ ਨਾਮ ਧਨੁ ਦੇ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਅਸੀਂ ਇਹਨਾਂ ਪੰਜ ਚੋਰਾਂ ਨੂੰ ਆਪਣੇ ਅੰਦਰੋਂ ਭਾਵ ਨਾਮ ਧਨੁ ਦੇ ਚੋਰਾਂ ਨੂੰ ਆਪਣੇ ਅੰਦਰੋਂ ਨਹੀਂ ਫੜਦੇ ਤਦ ਤੱਕ ਅਸੀਂ ਆਪਣੇ ਅੰਦਰੋਂ ਰਾਮ ਨਾਮ ਧਨੁ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਾਂ। "ਰਾਮ ਨਾਮ ਧਨੁ" ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਸ ਨੂੰ ਅਸੀਂ ਆਪਣੇ ਅੰਦਰੋਂ ਖੋਜਣ ਹੈ ਤੇ ਉਸ ਨੂੰ ਆਪਣੇ ਅੰਦਰੋਂ ਤਾਂ ਹੀ ਖੋਜ ਸਕਾਂਗੇ ਭਾਵ ਜਾਣ ਸਕਾਂਗੇ ਜੇਕਰ ਪਹਿਲੇ ਨਾਮ ਦੇ ਚੋਰਾਂ ਨੂੰ ਖੋਜ ਕੇ ਉਹਨਾਂ ਨੂੰ ਪਕੜਾਂਗੇ। ਗੁਰਮਤਿ ਅਨੁਸਾਰ ਇਹਨਾਂ ਚੋਰਾਂ ਨੂੰ ਖੋਜਣਾ ਗੁਰਮਤਿ ਦੀ ਸਮਝ ਦੁਆਰਾ ਖੋਜਣਾ ਹੀ ਹੈ। ਜੇਕਰ ਗੁਰਮਤਿ ਦੀ ਸਮਝ ਨੂੰ ਅਸੀਂ ਆਪਣੀ ਸਮਝ ਬਣਾਵਾਂਗੇ ਭਾਵ ਉਸ ਤੇ ਅਮਲ ਕਰਾਂਗੇ ਤਾਂ ਹੀ ਇਹਨਾਂ ਚੋਰਾਂ ਨੂੰ ਪਕੜ ਸਕਾਂਗੇ ਭਾਵ ਇਹਨਾਂ ਨੂੰ ਆਪਣੇ ਅੰਦਰੋਂ ਕੱਢ ਸਕਾਂਗੇ, ਇਹਨਾਂ ਨੂੰ ਵੱਸ ਵਿੱਚ ਰੱਖ ਸਕਾਂਗੇ। ਜਦ ਤੱਕ ਇਹ ਚੋਰ ਸਾਡੇ ਅੰਦਰ ਹਨ ਤਦ ਤੱਕ ਇਹ ਸਾਡੇ ਅੰਦਰੋਂ ਨਾਮ ਧਨੁ ਨੂੰ ਚੁਰਾਉਂਦੇ ਹਨ ਤੇ ਸਾਡੇ ਅੰਦਰ ਦੇ ਧਨੁ ਨੂੰ ਸਾਬਤ ਨਹੀਂ ਰਹਿਣ ਦਿੰਦੇ। ਨਾਮ ਧਨੁ ਸੱਚੇ ਗਿਆਨ ਦਾ ਧਨੁ ਹੈ ਤੇ ਸੱਚਾ ਗਿਆਨ ਤਾਂ ਹੀ ਸਾਬਤ ਰਹੇਗਾ ਭਾਵ ਪੂਰਾ ਰਹੇਗਾ ਜੇਕਰ ਉਸ ਵਿੱਚੋਂ ਚੋਰੀ ਨਹੀਂ ਹੋਵੇਗੀ।

ਪ੍ਰਮਾਤਮਾ ਆਪਣੇ ਸਾਬਤੁ ਧਨੁ ਦੇ ਰੂਪ ਵਿੱਚ ਹੈ ਤੇ ਜਦ ਤੱਕ ਇਹ ਧਨੁ ਸਾਡੇ ਅੰਦਰ ਸਾਬਤ ਨਹੀਂ ਹੁੰਦਾ, ਸਾਡੇ ਗਿਆਨ ਦੀ ਪੂੰਜੀ ਸਾਬਤ ਨਹੀਂ ਹੁੰਦੀ ਤਦ ਤੱਕ ਅਸੀਂ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਉਭਰ ਨਹੀਂ ਸਕਦੇ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲ ਨਹੀਂ ਸਕਦੇ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਨਹੀਂ ਸਕਦੇ, ਉਸ ਨਾਮ ਧਨੁ ਦੇ ਮਾਲਕ ਨੂੰ ਆਪਣੇ ਅੰਦਰੋਂ ਨਹੀਂ ਖੋਜ ਸਕਦੇ ਜੋ ਸਾਡੇ ਅੰਦਰ ਹੀ ਹੈ ਤੇ ਸਾਡੇ ਅੰਦਰ ਹੀ ਲੁਕਿਆ ਹੋਇਆ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ। ਸਾਡੇ ਅੰਦਰ ਦੀ ਸਾਬਤ ਪੂੰਜੀ ਸਾਬਤ ਰਾਸਿ ਕੀ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਇਹ ਸਾਡੇ ਅੰਦਰ ਨਾਮ ਦੀ ਪੂੰਜੀ ਹੈ, ਨਾਮ ਦਾ ਧਨੁ ਹੈ ਜੋ ਕਿ ਗਿਆਨ ਦਾ ਧਨੁ ਹੈ ਭਾਵ ਸਾਡੇ ਅੰਦਰ ਦੀ ਸਮਝ ਦਾ ਧਨੁ ਹੈ। ਸਾਡੀ ਸਮਝ ਦੇ ਅੰਦਰ ਚੰਗੇ ਵਿਚਾਰ ਵੀ ਹੁੰਦੇ ਹਨ ਜੋ ਗੁਰਮਤਿ ਅਨੁਸਾਰ ਹੁੰਦੇ ਹਨ ਤੇ ਮਾੜੇ ਵਿਚਾਰ ਵੀ ਹੁੰਦੇ ਹਨ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ। ਜਦੋਂ ਸਾਡੇ ਅੰਦਰ ਦੇ ਵਿਚਾਰ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਭਾਵ ਸ਼ਬਦਾਂ ਦੀ ਵਿਚਾਰ ਦੇ ਅਨੁਸਾਰ ਹੋ ਜਾਂਦੇ ਹਨ, ਇਹ ਸਾਡੇ ਅੰਦਰ ਨਾਮ ਦੀ ਸਾਬਤ ਪੂੰਜੀ ਹੈ, ਸਾਬਤ ਰਾਸਿ ਹੈ ਕਿਉਂਕਿ ਸ਼ਬਦਾਂ ਦੀ ਸਚੀ ਵਿਚਾਰ ਹੀ ਨਾਮ ਹੈ ਭਾਵ ਨਾਮ ਧੰਨ ਹੈ, ਨਾਮ ਰਾਸਿ ਹੈ। (**ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥**) ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣ ਦਾ ਤਰੀਕਾ ਭਾਵ ਆਪਣੇ ਮਨ ਨੂੰ ਖੋਜਣ ਦਾ ਤਰੀਕਾ ਆਪਣੇ ਅੰਦਰੋਂ ਮਾੜੇ ਵਿਚਾਰਾਂ ਨੂੰ ਕੱਢਣ ਦਾ ਹੀ ਹੈ ਭਾਵ ਆਪਣੇ ਔਗੁਣਾਂ ਨੂੰ ਛੱਡਣ ਦਾ ਹੀ ਹੈ ਭਾਵ ਸੱਚੀ ਭਗਤੀ ਨਾਲ ਜੁੜਨ ਦਾ ਹੀ ਹੈ ਜੋ ਵਿਕਾਰਾਂ ਵਿੱਚੋਂ ਨਿਕਲਕੇ ਗੁਣਾਂ ਦੁਆਰਾ ਹੀ ਹੋ ਸਕਦੀ ਹੈ ਤੇ ਇਸ ਤੋਂ ਇਲਾਵਾ ਅਸੀਂ ਭਗਤੀ ਦੇ ਜੋ ਵੀ ਤਰੀਕੇ ਅਪਣਾਉਂਦੇ ਹਾਂ ਉਹ ਕੇਵਲ ਭਗਤੀ ਦਾ ਪਾਖੰਡ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਮਾਇਆ ਹੈ ਭਾਵ ਮਨ ਦੀ ਅਗਿਆਨਤਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥

ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥”

ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਤਾਂ ਅਨੇਕਾਂ ਹੀ ਕਰਦੇ ਹਨ ਪਰ ਅਸਲ ਤਰੀਕਾ ਕੀ ਹੈ ਉਹ ਤਰੀਕਾ ਹੀ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਭਾਵ ਜੋ ਆਪਣੇ ਅੰਦਰ ਦੇ ਚੋਰਾਂ ਨੂੰ ਪਕੜਨ ਦਾ ਹੈ ਭਾਵ ਆਪਣੇ ਅੰਦਰੋਂ ਵਿਕਾਰਾਂ ਨੂੰ ਕੱਢਣ ਦਾ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਅਗਿਆਨਤਾ ਹੈ ਭਾਵ ਜੋ ਧਰਮ ਦੇ ਮਾਰਗ ਤੇ ਚੱਲਣ ਦੀ ਅਗਿਆਨਤਾ ਵਿੱਚ ਹੈ ਉਸ ਦੇ ਅੰਦਰ ਪੰਜੇ ਚੋਰ ਵੱਸੇ ਰਹਿੰਦੇ ਹਨ ਭਾਵ ਉਸ ਨੂੰ ਧਰਮ ਦਾ ਗਿਆਨ ਨਹੀਂ ਹੈ। ਸਾਡੇ ਜੀਵਨ ਦਾ ਮਕਸਦ ਪ੍ਰਮਾਤਮਾ ਨੂੰ ਪਾਉਣ ਦਾ ਹੈ ਤੇ ਜਿਸ ਨੂੰ ਨਾ ਪਾਉਣ ਦਾ ਕਾਰਨ ਸਾਡੇ ਅੰਦਰ ਦੀ ਨਾਸਮਝ ਮਤਿ ਹੈ। ਸਾਡੀ ਨਾਸਮਝ ਮਤਿ ਸਾਨੂੰ ਸੱਚੇ ਧਰਮ ਦੇ ਮਾਰਗ ਤੇ ਚੱਲਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਤਰੀਕਾ ਗੁਰੂ ਦੀ ਗੱਲ ਨੂੰ ਮੰਨ ਕੇ ਔਗੁਣ ਛੱਡਣ ਦਾ ਹੈ ਭਾਵ ਮਾੜੇ ਕਰਮ ਛੱਡਣ ਦਾ ਹੈ ਭਾਵ ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਉਸ ਦੀ ਭਗਤੀ ਕਰਨੀ ਚਾਹੁੰਦੇ ਹਾਂ ਫਿਰ ਉਸ ਦੇ ਲਈ ਇੱਕੋ ਇੱਕ ਤਰੀਕਾ ਆਪਣੇ ਔਗੁਣ ਤਿਆਗਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ। ਅਸੀਂ ਸੱਚੇ ਕਰਮ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਡੇ ਕੋਲ ਧਰਮ ਦੇ ਮਾਰਗ ਤੇ ਚੱਲਣ ਲਈ “**ਸਾਬਤੁ ਰਾਸਿ**” ਹੈ ਭਾਵ ਪੂਰਨ ਨਾਮ ਧਨੁ ਹੈ ਭਾਵ ਪੂਰਨ ਗੁਰਮਤਿ ਦੇ ਸੱਚੇ ਗਿਆਨ ਦੀ ਸੋਝੀ ਹੈ। ਇਹ ਪੂਰਨ ਨਾਮ ਦੀ ਰਾਸਿ ਗੁਰੂ ਦੇ ਸੱਚੇ ਗਿਆਨ ਦੀ ਰਾਸਿ ਹੈ ਜਿਸ ਸੱਚੇ ਗਿਆਨ ਦੀ ਰਾਸਿ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਮਨ ਦੇ ਹਨੇਰੇ ਵਿੱਚੋਂ ਕੱਢਣ ਦਾ ਹੈ। ਜਿਸ ਦੀ ਮਨ ਦੀ ਅਗਿਆਨਤਾ ਨਿਕਲ ਜਾਂਦੀ ਹੈ ਉਸ ਨੂੰ ਹੀ ਗੁਰਮਤਿ ਦੀ ਸੱਚੀ ਸਮਝ ਪੈਂਦੀ ਹੈ ਤੇ ਉਹ ਆਪਣੇ ਅੰਦਰੋਂ ਸਾਰੇ ਵਿਕਾਰਾਂ ਨੂੰ ਕੱਢਦਾ ਹੈ ਤੇ ਸੱਚੇ ਸੁੱਚੇ ਕਰਮ ਕਰਦਾ ਹੈ ਜੋ ਪ੍ਰਮਾਤਮਾ ਦੀ ਭਗਤੀ ਦਾ ਅਸਲ ਤਰੀਕਾ ਹੈ। ਜਿੰਨ੍ਹਾਂ ਨੂੰ ਭਗਤੀ ਦਾ ਅਸਲ ਤਰੀਕਾ ਸਮਝ ਨਹੀਂ ਹੈ ਉਹ ਆਪਣੇ ਵੱਲੋਂ ਭਗਤੀ ਦੇ ਅਨੇਕਾਂ ਤਰੀਕੇ ਅਪਣਾਉਂਦੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ, ਆਪਣੀ-ਆਪਣੀ ਸਮਝ ਅਨੁਸਾਰ ਅਪਣਾਉਂਦੇ ਹਨ ਤੇ ਇਹੋ ਜਿਹੇ ਹਰ ਤਰੀਕੇ ਨੂੰ ਸਾਡਾ ਪਾਖੰਡ ਦੱਸਿਆ ਹੋਇਆ ਹੈ ਜੋ ਪਾਖੰਡ ਸਭ ਪਾਸੇ ਦੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹੋ ਜਿਹੇ ਪਾਖੰਡ ਕਰਨ ਵਾਲੇ ਥੱਕ ਜਾਂਦੇ ਹਨ ਪਰ ਉਹ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਉਹਨਾਂ ਦੇ ਪਾਖੰਡ ਦਾ ਕਾਰਨ ਉਹਨਾਂ ਦੇ ਅੰਦਰ ਦਾ ਭਰਮ ਹੈ, ਉਹਨਾਂ ਦੇ ਹਿਰਦੇ ਦੇ ਅੰਦਰ ਦੀ ਮਾਇਆ ਹੈ। ਸਭ ਦੇ ਅੰਦਰ “**ਮਾਇਆ**” ਹੀ ਹੈ ਭਾਵ ਅਗਿਆਨਤਾ ਹੀ ਹੈ ਤੇ ਜੋ ਵੀ ਅਸੀਂ ਭਗਤੀ ਦੇ ਪਾਖੰਡ ਕਰਦੇ ਹਾਂ ਉਸ ਨਾਲ ਆਪਣੀ ਅਗਿਆਨਤਾ ਹੀ ਵਧਾਉਂਦੇ ਹਾਂ ਭਾਵ ਅੰਦਰ ਦੀ ਮਾਇਆ ਨੂੰ ਮਾਇਆ ਨਾਲ ਵਧਾਉਂਦੇ ਹਾਂ ਕਿਉਂਕਿ ਸਾਨੂੰ ਪਾਖੰਡ ਵਾਲੀ ਭਗਤੀ ਨਾਲ ਸੰਸਾਰ ਵਿੱਚੋਂ ਮਾਣ ਮਿਲਦਾ

ਹੈ ਜਿਸ ਕਰਕੇ ਸਾਡੇ ਅੰਦਰ ਦੀ ਮਾਇਆ ਹੋਰ ਵੱਧਦੀ ਹੈ ਭਾਵ ਸਾਡੇ ਅੰਦਰ ਅਗਿਆਨਤਾ ਹੋਰ ਦ੍ਰਿੜ ਹੁੰਦੀ ਹੈ। ਇਹੀ ਸਾਡੀ ਹਉਮੈ ਦਾ ਵੱਧਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਉਸੇ ਦਾ ਹੀ ਹੁੰਦਾ ਹੈ ਜੋ ਭਗਤੀ ਦਾ ਪਾਖੰਡ ਨਹੀਂ ਕਰਦਾ ਤੇ ਭਗਤੀ ਦੇ ਸੱਚੇ ਮਾਰਗ ਨੂੰ ਅਪਣਾਉਂਦਾ ਹੈ ਭਾਵ ਗੁਰਮਤਿ ਅਨੁਸਾਰ ਚੱਲਦਾ ਹੈ ਤੇ ਮਨ ਦੇ ਇਹ ਪੰਜੇ ਚੋਰਾਂ ਨੂੰ ਆਪਣੇ ਅੰਦਰੋਂ ਕੱਢਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਦਾ ਹੈ। ਗੁਰਮਤਿ ਦਾ ਮਕਸਦ ਸਾਨੂੰ ਸੱਚਾ ਗਿਆਨ ਦੇਣ ਨਾਲ ਹੀ ਹੈ, ਭਗਤੀ ਦਾ ਸੱਚਾ ਗਿਆਨ ਦੇਣ ਨਾਲ ਹੀ ਹੈ ਤੇ ਜੋ ਗੁਰੂ ਕੋਲੋਂ ਗੁਰਮਤਿ ਲੈਂਦਾ ਹੈ ਉਹ ਮਨ ਦੀ ਅਗਿਆਨਤਾ ਵਿੱਚੋਂ ਹੀ ਨਿਕਲਦਾ ਹੈ, ਮਨ ਦੇ ਹਨੇਰੇ ਵਿੱਚੋਂ ਹੀ ਨਿਕਲਦਾ ਹੈ ਜਿਸ ਦੁਆਰਾ ਉਹ ਸਾਧੂ ਪੁਰਖ ਨੂੰ ਭਾਵ ਆਪਣੇ ਪਤੀ ਰੂਪ ਪੁਰਖ ਨੂੰ ਪਾਉਂਦਾ ਹੈ ਭਾਵ ਮਨ ਦੇ ਵਿੱਚ ਉਸ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸ "**ਸਾਧੂ ਪੁਰਖ**" ਦੇ ਨਾਲ ਮੇਲ ਹੁੰਦਾ ਹੈ ਜੋ ਪ੍ਰਮਾਤਮਾ "**ਸਾਧੂ ਪੁਰਖੁ**" ਦੇ ਰੂਪ ਵਿੱਚ ਆਪ ਹੀ ਗੁਰੂ ਹੈ ਜਿਵੇਂ ਕਿ ਅਸੀਂ ਰਹਾਉ ਵਾਲੀ ਪੰਗਤੀ ਦੁਆਰਾ ਵੀ ਸਮਝਿਆ ਹੈ। ਪ੍ਰਮਾਤਮਾ ਅੱਗੇ ਮੇਲ ਦੀ ਪ੍ਰਾਪਤੀ ਲਈ ਸਾਡੀ ਅਰਦਾਸ ਇਹੀ ਹੈ ਕਿ ਸਾਡਾ ਉਸ ਦੇ "**ਸਾਧੂ ਰੂਪ**" ਨਾਲ ਮੇਲ ਹੋ ਜਾਵੇ ਜਿਸ ਰੂਪ ਵਿੱਚ ਉਹ ਆਪ ਹੀ ਗੁਰੂ ਹੈ, ਸੱਚੇ ਗਿਆਨ ਦਾ ਮਾਲਕ ਹੈ ਜਿਸ ਦਾ ਮਕਸਦ ਮਨੁੱਖੀ ਸਮਝ ਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਉਹ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕੇ ਤੇ ਵਿਕਾਰਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰੇ ਜੋ ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਹੈ, ਸਾਡਾ ਇੱਕੋ ਇੱਕ ਸੱਚਾ ਉੱਦਮ ਹੈ। ਮਨ ਦੀ ਅਗਿਆਨਤਾ ਵਿੱਚੋਂ ਪੂਰਨ ਰੂਪ ਵਿੱਚ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪ ਹੀ ਕੱਢਦਾ ਹੈ ਪਰ ਉਸ ਲਈ ਉੱਦਮ ਅਸੀਂ ਹੀ ਕਰਨਾ ਹੈ, ਅਗਿਆਨਤਾ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ, ਗੁਰੂ ਦੀ ਮਤਿ ਨੂੰ ਮੰਨਣ ਦਾ ਉੱਦਮ ਅਸੀਂ ਹੀ ਕਰਨਾ ਹੈ, ਆਪਣੇ ਅੰਦਰ ਦੇ ਚੋਰਾਂ ਨੂੰ ਕੱਢਣ ਦਾ ਉੱਦਮ ਅਸੀਂ ਹੀ ਕਰਨਾ ਹੈ ਭਾਵ ਚੰਗੇ ਕਰਮ ਕਰਨ ਦਾ ਉੱਦਮ ਅਸੀਂ ਹੀ ਕਰਨਾ ਹੈ ਭਾਵ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ, ਸੱਚਾ ਨਾਮ ਜਪਣ ਦਾ ਉੱਦਮ ਭਾਵ ਗੁਰੂ ਦੀ ਮਤਿ ਨੂੰ ਮੰਨਣ ਦਾ ਉੱਦਮ ਅਸੀਂ ਹੀ ਕਰਨਾ ਹੈ ਜਿਸ ਉੱਦਮ ਤੋਂ ਬਿਨ੍ਹਾਂ ਭਗਤੀ ਦਾ ਹਰ ਮਾਰਗ ਕੇਵਲ ਪਾਖੰਡ ਹੈ ਜਿਸ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਹੀ ਮਨੁੱਖ ਦਾ ਸੱਚਾ ਫਰਜ ਹੈ। ਪ੍ਰਮਾਤਮਾ ਆਪਣੇ ਨਾਲ ਮੇਲ ਦਾ ਫ਼ਲ ਉਸੇ ਨੂੰ ਹੀ ਦਿੰਦਾ ਹੈ ਭਾਵ ਮਨੁੱਖੀ ਸਮਝ ਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਫ਼ਲ ਆਪ ਹੀ ਦਿੰਦਾ ਹੈ ਜੋ ਫ਼ਲ ਉਸ ਦਾ ਸੱਚੇ ਗਿਆਨ ਦੇ ਰੂਪ ਵਿੱਚ ਹੈ ਪਰ ਉਸ ਦੇ ਲਈ ਉੱਦਮ ਅਸੀਂ ਕਰਨਾ ਹੈ ਭਾਵ ਮਨ ਦੀ ਮਾਇਆ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ। ਮਨ ਦੀ ਮਾਇਆ ਭਾਵ ਅਗਿਆਨਤਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਪੜਦਾ ਹੈ ਜੋ ਪੜਦਾ ਦੂਰ ਹੋਣ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, **"ਸਾਧੂ ਪੁਰਖੁ ਪੁਰਖਪਤਿ"** ਦੇ ਨਾਲ ਮੇਲ ਹੁੰਦਾ ਹੈ। ਜਦ ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਹੀ ਅਗਿਆਨਤਾ ਦੇ ਰੂਪ ਵਿੱਚ ਹੈ ਤੇ ਉਸ ਪੜਦੇ ਵਿੱਚੋਂ ਨਿਕਲਣ ਲਈ ਇੱਕੋ ਇੱਕ ਸਾਧਨ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਸੱਚੀ ਮਤਿ ਹੈ ਜੋ ਮਤਿ ਸਾਨੂੰ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢ ਸਕਦੀ ਹੈ ਤੇ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ। ਸਾਰੀ ਮਨੁੱਖਤਾ ਦੇ ਅੰਦਰ ਪ੍ਰਮਾਤਮਾ ਇੱਕੋ ਜਿਹੇ ਤਰੀਕੇ ਨਾਲ ਹੀ ਵਰਤ ਰਿਹਾ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਮਨ ਦੇ ਪੰਜੇ ਚੋਰਾਂ ਨੂੰ ਭਾਵ ਮਨ ਦੇ ਸਾਰੇ ਵਿਕਾਰਾਂ ਨੂੰ ਛੱਡਣ ਦਾ ਹੈ ਭਾਵ ਗੁਰੂ ਦੀ, ਧਰਮ ਗ੍ਰੰਥਾਂ ਦੀ ਮਤਿ ਨੂੰ ਮੰਨਣਦਾ ਹੈ ਤੇ ਸੱਚੇ ਸੁੱਚੇ ਕਰਮ ਕਰਨ ਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਨੂੰ ਪਾ ਸਕੇ। ਇਸ ਤੋਂ ਬਿਨ੍ਹਾਂ ਪੂਰੇ ਸੰਸਾਰ ਵਿੱਚ ਜੋ ਵੀ ਕੁੱਝ ਆਪਣੀ-ਆਪਣੀ ਮਤਿ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਅਪਣਾਉਂਦਾ ਹੈ ਜੋ ਤਰੀਕੇ ਅਨੇਕਾਂ ਹੀ ਹਨ ਉਹ ਸਭ ਭਗਤੀ ਦਾ ਪਾਖੰਡ ਹੀ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਅਗਿਆਨਤਾ ਹੈ ਭਾਵ ਗੁਰੂ ਦੀ ਸੱਚੀ ਮਤਿ ਦਾ ਨਾ ਹੋਣਾ ਹੈ, ਗੁਰਮਤਿ ਦਾ ਨਾ ਹੋਣਾ ਹੈ।
(ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥ ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥)

{ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥

ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥੮॥}

(ਅੰਗ - ੧੩੪੩)

ਸਿਰੀਰਾਗੁ ਮਹਲਾ ੧ ॥
{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥
ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥
ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥

ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥}

(ਅੰਗ - ੫੬-੫੭)

ਪ੍ਰਮਾਤਮਾ ਨੂੰ ਕੋਈ ਆਪਣੇ ਆਪ ਜਾਣ ਲਵੇ, ਉਸ ਦੇ ਸਾਧ ਰੂਪ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ ਭਾਵ ਇਹ ਪ੍ਰਮਾਤਮਾ ਦੀ ਕਿਰਪਾ ਦਾ ਮਾਰਗ ਹੈ ਤੇ ਆਪਣੀ ਕਿਰਪਾ ਉਹ ਉਸ ਤੇ ਹੀ ਕਰਦਾ ਹੈ ਜੋ ਪਹਿਲੇ ਉਸ ਦੀ ਮਤਿ ਨੂੰ ਮੰਨਣ ਦਾ ਸੱਚਾ ਉੱਦਮ ਕਰਦਾ ਹੈ ਭਾਵ ਮਨ ਦੇ ਵਿਕਾਰਾਂ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰਦਾ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥”

(ਅੰਗ - ੧੧੭੮)

ਉਪਰਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ। ਉਸ ਦੇ ਪੂਰਨ ਰੂਪ ਵਿੱਚ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਕਿਸੇ ਦਾ ਪ੍ਰਮਾਤਮਾ ਦੇ “**ਸਾਧੁ ਰੂਪ**” ਨਾਲ ਮੇਲ ਹੋ ਜਾਂਦਾ ਹੈ। ਪ੍ਰਮਾਤਮਾ ਦਾ ਸਾਧੂ ਰੂਪ ਉਸ ਦਾ ਸੱਚੇ ਗਿਆਨ ਦਾ ਰੂਪ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ, ਗੁਰੂ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ “ਸਾਧੁ ਰੂਪ” ਹੀ ਹੈ ਭਾਵ ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੀ ਹੈ। ਮਨ ਦੇ ਵਿੱਚ ਬ੍ਰਹਮ ਗਿਆਨ ਦੀ ਸਮਝ ਦੇ ਨਾਲ ਸਾਡਾ ਪ੍ਰਮਾਤਮਾ ਦੇ “**ਸਾਧੁ ਰੂਪ**” ਦੇ ਨਾਲ ਮੇਲ ਹੈ, ਜਿਸ ਮੇਲ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਆਪਣੀ ਭਗਤੀ ਦਾ ਸੱਚਾ ਗਿਆਨ ਹੀ ਦਿੰਦਾ ਹੈ ਤੇ ਮਨ ਦੇ ਵਿਕਾਰਾਂ ਵਿੱਚੋਂ ਕੱਢਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਭਾਵ ਭਗਤੀ ਦੀ ਸਮਝ ਨਹੀਂ ਹੈ ਤਦ ਤੱਕ ਹੀ ਕਿਸੇ ਦੇ ਅੰਦਰ ਵਿਕਾਰ ਰਹਿ ਸਕਦੇ ਹਨ ਜਿੰਨ੍ਹਾਂ ਦੇ ਰਹਿੰਦਿਆਂ ਮਨੁੱਖੀ ਮਨ ਸ਼ਾਂਤ ਨਹੀਂ ਹੋ ਸਕਦਾ ਭਾਵ ਮਾਇਆ ਦੇ ਸੁੱਖਾਂ ਵਿੱਚ ਦੌੜਦਾ ਹੈ, ਡੋਲਦਾ ਹੈ ਜਿਸ ਕਰਕੇ ਉਹ ਅਨੇਕਾਂ ਮਾੜੇ ਕਰਮ ਕਰਦਾ ਹੈ। ਮਾੜੇ ਕਰਮ ਕਰਦੇ ਹੋਏ ਆਪਣੇ ਵੱਲੋਂ ਜੋ ਵੀ ਕੋਈ ਭਗਤੀ ਦਾ ਮਾਰਗ ਅਪਣਾਉਂਦਾ ਹੈ, ਵੱਖਰੀ-ਵੱਖਰੀ ਮਤਿ ਅਨੁਸਾਰ ਅਨੇਕਾਂ ਹੀ ਭਗਤੀ ਦੇ ਆਪਣੇ ਬਣਾਏ ਹੋਏ ਤਰੀਕੇ ਅਪਣਾਉਂਦਾ ਹੈ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਤੇ ਵਿਕਾਰਾਂ ਨੂੰ ਛੱਡਣ ਦੀ ਬਜਾਇ ਕਿਸੇ ਅੱਖਰ ਨੂੰ ਨਾਮ ਸਮਝ ਕੇ ਕਥੀ ਜਾਂਦਾ ਹੈ, ਸ਼ਬਦਾਂ ਦੀ ਕਥਨੀ ਦਾ ਮਾਰਗ ਅਪਣਾਉਂਦਾ ਹੈ ਉਸ ਨੂੰ ਉਹ ਪ੍ਰਮਾਤਮਾ ਦੇ ਗੁਣ ਗਾਉਣਾ ਸਮਝਦਾ ਹੈ ਜੋ ਕਿ ਕੇਵਲ ਸਾਡਾ ਭਰਮ ਹੈ। ਪ੍ਰਮਾਤਮਾ ਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ ਦੇ ਅੰਦਰ ਸੰਤੋਖ ਆ ਜਾਂਦਾ ਹੈ ਭਾਵ ਮਨੁੱਖੀ ਸਮਝ ਟਿਕ ਜਾਂਦੀ ਹੈ, ਮਾਇਆ ਮੋਹ ਵਿੱਚੋਂ ਨਿਕਲ ਜਾਂਦੀ ਹੈ ਭਾਵ ਗੁਰਮਤਿ ਵਾਲੀ ਬਣ ਜਾਂਦੀ ਹੈ, ਹਰ ਔਗੁਣ ਤੋਂ ਰਹਿਤ ਹੋ ਜਾਂਦੀ ਹੈ। ਮਨ ਦੇ ਸੰਤੋਖ ਦੁਆਰਾ ਫਿਰ ਮਨੁੱਖ ਗੁਰੂ ਦੇ ਭਾਣੇ ਅਨੁਸਾਰ ਹੀ ਵਿਚਰਦਾ ਹੈ ਭਾਵ ਜੋ ਗੁਰੂ ਨੂੰ ਭਾਉਂਦਾ ਹੈ, ਉਹ ਕੁੱਝ ਹੀ ਕਰਦਾ ਹੈ ਭਾਵ ਗੁਰੂ ਦੀ ਮਤਿ ਤੋਂ ਬਾਹਰ ਨਹੀਂ ਜਾਂਦਾ ਜਿਸ ਲਈ ਕਿਸੇ ਕਥਨੀ ਦੀ ਲੋੜ ਨਹੀਂ ਹੈ ਭਾਵ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਪੜ੍ਹ ਕੇ, ਸਮਝ ਕੇ, ਮੰਨ ਕੇ ਉਸ ਤੇ ਚੱਲਣ ਦੀ ਲੋੜ ਹੈ ਭਾਵ ਸੱਚੀ ਕਰਨੀ ਦੀ ਲੋੜ ਹੈ। ਸਾਡੀ ਸੱਚੀ ਕਰਨੀ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਜੋ ਕਿ ਮਨ ਦੇ ਸੰਤੋਖ ਦੁਆਰਾ ਹੀ ਗਾਏ ਜਾ ਸਕਦੇ ਹਨ ਜੋ ਸੰਤੋਖ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆਉਂਦਾ ਹੈ ਤੇ ਮਨੁੱਖ ਨੂੰ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਗੁਣਾਂ ਨਾਲ ਭਰਪੂਰ ਹੈ। (**ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥ ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥**)

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥}

(ਅੰਗ - ੪੬੬-੪੬੭)

ਉੱਪਰ ਪਿੱਛੇ ਮੁੱਖ ਸ਼ਬਦ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜਣਾ ਹੀ ਸਮਝਿਆ ਹੈ ਜੋ ਸਾਡੇ ਸਭ ਦੇ ਅੰਦਰ ਗੁਪਤ

ਰੂਪ ਵਿੱਚ ਹੀ ਹੈ ਤੇ ਉਸ ਨੇ ਆਪ ਹੀ ਆਪਣੇ ਆਪ ਨੂੰ ਗੁਪਤ ਰੂਪ ਵਿੱਚ ਰੱਖਿਆ ਹੋਇਆ ਹੈ, ਮਨ ਦੇ ਵਿੱਚ ਹੀ ਆਪਣੇ ਆਪ ਨੂੰ ਛੁਪਾਇਆ ਹੋਇਆ ਹੈ ਭਾਵ ਉਸ ਸੱਚੇ ਗਿਆਨ ਰੂਪ ਪ੍ਰਮਾਤਮਾ ਨੇ ਮਨੁੱਖੀ ਸਮਝ ਨੂੰ ਅਗਿਆਨਤਾ ਵਿੱਚ ਪਾ ਕੇ ਆਪ ਹੀ ਆਪਣੇ ਆਪ ਨੂੰ ਸਾਡੇ ਮਨ ਦੇ ਵਿੱਚ ਲੁਕਾਇਆ ਹੋਇਆ ਹੈ ਜਿਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ ਜੋ ਆਪ ਹੀ ਗਿਆਨ ਦਾ ਮਾਲਕ ਹੈ। ਪ੍ਰਮਾਤਮਾ ਨੂੰ ਜਾਨਣਾ ਜਾਂ ਆਪਣੇ ਮਨ ਦੀ ਸਮਝ ਨੂੰ ਜਾਨਣਾ ਇੱਕੋ ਹੀ ਗੱਲ ਹੈ ਕਿਉਂਕਿ ਸਾਡੇ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਇਸੇ ਲਈ ਇਸ ਤੋਂ ਪਹਿਲੇ ਸ਼ਬਦ ਰਾਹੀਂ ਜੋ ਆਪਣੇ ਆਪ ਨੂੰ ਪੰਡਿਤ ਅਖਵਾਉਂਦੇ ਹਨ ਭਾਵ ਧਰਮ ਦਾ ਵਿਦਵਾਨ ਅਖਵਾਉਂਦੇ ਹਨ ਉਹਨਾਂ ਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਜੇਕਰ ਧਰਮ ਦੇ ਵਿਦਵਾਨ ਅਖਵਾਉਣਾ ਹੈ ਤੇ ਪਹਿਲੇ ਇਸ ਮਨ ਨੂੰ ਸਮਝੋ, ਉਸ ਸੱਚੇ ਗਿਆਨ ਦੇ ਮਾਲਕ ਨੂੰ ਸਮਝੋ ਜਿਸ ਕੋਲੋਂ ਸੱਚਾ ਗਿਆਨ ਮਿਲੇ ਬਿਨ੍ਹਾਂ ਕੋਈ ਸੱਚਾ ਗਿਆਨੀ ਨਹੀਂ ਬਣ ਸਕਦਾ ਜੋ ਸੱਚਾ ਗਿਆਨੀ ਸਾਡੇ ਮਨ ਦੀ ਸਮਝ ਨੇ ਹੀ ਬਣਨਾ ਹੈ ਜਿਸ ਸਮਝ ਦਾ ਮਾਲਕ ਆਪ ਪ੍ਰਮਾਤਮਾ ਹੀ ਹੈ। ਸੱਚਾ ਗਿਆਨ ਮਿਲਣ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਸੱਚਾ ਗਿਆਨੀ ਕੌਣ ਹੈ, ਕਿ ਬ੍ਰਹਮ ਗਿਆਨੀ ਕੌਣ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਮਨ ਦੇ ਵਿੱਚ ਬ੍ਰਹਮ ਗਿਆਨੀ ਦੇ ਨਾਲ ਹੀ ਮੇਲ ਹੁੰਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਇਸੇ ਲਈ ਧਰਮ ਦਾ ਵਿਦਵਾਨ ਜਿਸ ਨੂੰ ਵੀ ਪ੍ਰਮਾਤਮਾ ਨੇ ਬਣਾਇਆ ਹੈ ਉਸ ਨੂੰ ਉਸ ਦੇ ਮਨ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਬਣਾਇਆ ਹੈ ਤੇ ਇਸੇ ਲਈ ਉਹਨਾਂ ਨੇ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਨਹੀਂ ਆਖਿਆ, ਆਪਣੇ ਆਪ ਨੂੰ ਬ੍ਰਹਮ ਗਿਆਨੀ ਨਹੀਂ ਆਖਿਆ, ਆਪਣੇ ਆਪ ਨੂੰ ਸੰਤ ਨਹੀਂ ਆਖਿਆ ਭਾਵ ਪ੍ਰਮਾਤਮਾ ਨੂੰ ਹੀ ਆਖਿਆ ਹੈ ਜੋ ਸੱਚੇ ਗਿਆਨ ਦਾ ਮਾਲਕ ਹੈ। ਬ੍ਰਹਮ ਗਿਆਨ ਦੀ ਸਮਝ ਭਾਵੇਂ ਮਨੁੱਖੀ ਸਰੀਰ ਰਾਹੀਂ ਹੀ ਮਿਲਦੀ ਹੈ ਪਰ ਮਨ ਦੇ ਵਿੱਚੋਂ ਉਸ ਬ੍ਰਹਮ ਗਿਆਨੀ ਦੇ ਸਮਝਾਉਣ ਦੁਆਰਾ ਹੀ ਮਿਲਦੀ ਹੈ ਜਿਸ ਕਰਕੇ ਉਹ ਪ੍ਰਮਾਤਮਾ ਆਪ ਹੀ ਗੁਰੂ ਹੈ, ਸਾਧ ਹੈ, ਸੰਤ ਹੈ, ਬ੍ਰਹਮ ਗਿਆਨੀ ਹੈ ਭਾਵ ਧਰਮ ਦਾ ਵਿਦਵਾਨ ਹੈ। ਇਸ ਮਨ ਦੀ ਸਮਝ ਆਏ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਨਾ ਕੋਈ ਉਸ ਧਰਮ ਦੇ ਵਿਦਵਾਨ ਨੂੰ ਜਾਣ ਸਕਦਾ ਹੈ ਤੇ ਨਾ ਹੀ ਕਿਸੇ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਪੈ ਸਕਦੀ ਹੈ ਜੋ ਸੱਚੀ ਸਮਝ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਧਰਮ ਦੀ ਰਚਨਾ ਕਰਨ ਵਾਲਾ ਧਰਮ ਦਾ ਵਿਦਵਾਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਦਿੱਤੀ ਹੈ। ਇਸੇ ਲਈ ਸਾਨੂੰ ਬਾਣੀ ਨੇ ਸਮਝਾਇਆ ਹੈ ਕਿ ਇਸ ਮਨ ਨੂੰ ਖੋਜੋ ਤੇ ਮਨੁੱਖ ਨੂੰ ਜੋ ਵੀ ਸੱਚੀ ਪ੍ਰਾਪਤੀ ਹੋਣੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਣੀ ਹੈ ਉਹ ਮਨ ਦੇ ਵਿੱਚੋਂ ਹੀ ਹੋਣੀ ਹੈ ਤੇ ਮਨ ਦੀ ਅਗਿਆਨਤਾ ਮਿਟਣ ਦੁਆਰਾ ਹੀ ਹੋਣੀ ਹੈ, ਭਰਮਾਂ ਵਾਲੀ ਸਮਝ ਮਿਟਣ ਦੁਆਰਾ ਹੀ ਹੋਣੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਮਿਟਣ ਦੁਆਰਾ ਹੀ ਹੋਣੀ ਹੈ, ਮਾਇਆ ਮੋਹ ਵਾਲੀ ਸਮਝ ਮਿਟਣ ਦੁਆਰਾ ਹੀ ਹੋਣੀ ਹੈ, ਹਉਮੈ ਮਿਟਣ ਦੁਆਰਾ ਹੀ ਹੋਣੀ ਹੈ, ਮਨ ਦੀ ਦੁਬਿਧਾ ਮਿਟਣ ਦੁਆਰਾ ਹੀ ਹੋਣੀ ਹੈ, ਮਨ ਦੀ ਸਹਿਸਾ ਮਿਟਣ ਦੁਆਰਾ ਹੀ ਹੋਣੀ ਹੈ, ਮਨ ਦੀ ਦੁਚਿੱਤੀ ਮਿਟਣ ਦੁਆਰਾ ਹੀ ਹੋਣੀ ਹੈ, ਦੁਰਮਤਿ ਮਿਟਣ ਦੁਆਰਾ ਹੀ ਹੋਣੀ ਹੈ, ਮਨ ਦੇ ਅੰਦਰ ਦਾ ਪੁੱਠਾ ਕਮਲ ਸਿੱਧਾ ਹੋਣ ਦੁਆਰਾ ਹੀ ਹੋਣੀ ਹੈ ਭਾਵ ਸਾਡੇ ਅੰਦਰ ਦੀ ਪੁੱਠੀ ਮਤਿ ਸਿੱਧੀ ਹੋਣ ਦੁਆਰਾ ਹੀ ਹੋਣੀ ਹੈ ਭਾਵ ਮਨਮਤਿ ਨਿਕਲਣ ਦੁਆਰਾ ਹੀ ਹੋਣੀ ਹੈ ਤੇ ਇਹਨਾਂ ਸਾਰੀਆਂ ਗੱਲਾਂ ਦਾ ਨਿਚੋੜ ਇੱਕੋ ਹੀ ਹੈ ਕਿ ਸਾਨੂੰ ਇਹ ਪ੍ਰਾਪਤੀ ਸਾਡੇ ਅੰਦਰ ਗੁਰਮਤਿ ਵੱਸਣ ਦੁਆਰਾ ਹੀ ਹੋਣੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਵੱਸਣ ਦੁਆਰਾ ਹੀ ਹੋਣੀ ਹੈ ਭਾਵ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨਣ ਦੁਆਰਾ ਹੀ ਹੋਣੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਧਰਮ ਦੇ ਵਿਦਵਾਨ ਅਖਵਾਉਣ ਵਾਲੇ ਬਹੁਤ ਹਨ। ਹੇਠ ਦਿੱਤੇ ਸ਼ਬਦ ਦੁਆਰਾ ਜੋ ਆਪਣੇ ਆਪ ਨੂੰ ਮੁਨੀ ਅਖਵਾਉਂਦੇ ਹਨ ਭਾਵ ਧਰਮ ਦੇ ਮਾਰਗ ਤੇ ਗਿਆਤਾ ਅਖਵਾਉਂਦੇ ਹਨ ਉਹਨਾਂ ਨੂੰ ਵੀ ਇਹੀ ਸਮਝਾਇਆ ਹੋਇਆ ਕਿ ਇਸ ਮਨ ਨੂੰ ਖੋਜੋ ਤਾਂ ਜੋ ਤੁਹਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਲੱਗ ਸਕੇ।

ਭੈਰਉ ਮਹਲਾ ੩ ॥

“ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥
ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥

ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥
ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥
ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥
ਆਦਿ ਪੁਰਖੁ ਨਿਰੰਜਨ ਦੇਉ ॥੬॥"

(ਅੰਗ - ੧੧੨੮-੧੨੨੯)

ਇਹ ਸਾਰਾ ਸ਼ਬਦ ਸਾਡੇ ਮਨ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਗੁਰੂ ਸਾਹਿਬ ਨੇ ਇਹ ਸ਼ਬਦ ਇਸੇ ਲਈ ਉਚਾਰਿਆ ਹੋਇਆ ਹੈ ਕਿ ਇਸ ਮਨ ਨੂੰ ਸਮਝੋ ਕਿ ਇਹ ਮਨ ਕੀ ਹੈ। ਇਸ ਮਨ ਦੇ ਬਾਰੇ ਉਹੀ ਸਮਝਾ ਸਕਦਾ ਹੈ ਜੋ ਇਸ ਮਨ ਨੂੰ ਜਾਣਦਾ ਹੈ। ਗੁਰੂ ਸਾਹਿਬ ਸੰਸਾਰ ਨਾਲ ਝੂਠ ਤਾਂ ਨਹੀਂ ਬੋਲ ਸਕਦੇ ਭਾਵ ਝੂਠੀ ਗੱਲ ਨਹੀਂ ਸਮਝਾ ਸਕਦੇ ਤੇ ਇਹ ਕਹਿਣਾ ਵੀ ਪਾਪ ਹੈ ਕਿ ਗੁਰਬਾਣੀ ਸਾਨੂੰ ਸੱਚ ਨਹੀਂ ਸਮਝਾਉਂਦੀ ਤੇ ਫਿਰ ਸੱਚੀ ਬਾਣੀ ਨੂੰ ਅਸੀਂ ਸੱਚ ਕਿਵੇਂ ਮੰਨਿਆ। ਪੂਰਾ ਸ਼ਬਦ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾ ਰਿਹਾ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ ਪਰ ਪ੍ਰਮਾਤਮਾ ਮਨ ਦੇ ਵਿੱਚੋਂ ਦਿੱਸਦਾ ਉਸ ਨੂੰ ਹੀ ਹੈ ਜਿਸ ਦੇ ਮਨ ਦੀ ਦੁਬਿਧਾ ਮਰ ਜਾਂਦੀ ਹੈ, ਜਿਸ ਦੇ ਅੰਦਰ ਦੀ ਮਮਤਾ ਮਿਟ ਜਾਂਦੀ ਹੈ ਭਾਵ ਭਰਮਾਂ ਵਾਲੀ ਸਮਝ ਮਿਟ ਜਾਂਦੀ ਹੈ। ਸਾਡੇ ਅੰਦਰ ਜੋ ਵੀ ਸਮਝ ਆ ਰਹੀ ਹੈ ਉਹ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਤੇ ਆਪਣੀ ਸੱਚੀ ਭਗਤੀ ਦਾ ਹੁਕਮ ਕੀ ਹੈ ਇਹ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਬੁਝਾਉਂਦਾ ਹੈ ਜਿਸ ਦੁਆਰਾ ਮਨੁੱਖ ਮਨ ਦੇ ਸੱਚੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ, ਉਸ ਦੇ ਨਿਰੰਕਾਰ ਰੂਪ ਵਿੱਚ ਸਮਾਅ ਜਾਂਦਾ ਹੈ ਜੋ ਉਸ ਦੇ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ, ਨਾਮ ਦਾ ਰੂਪ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੀ ਨਾਮ ਦੀ ਪ੍ਰਾਪਤੀ ਹੈ, ਨਉ ਨਿਧੀਆਂ ਦੇ ਖਜਾਨੇ ਦੀ ਪ੍ਰਾਪਤੀ ਹੈ ਜੋ ਕਿ ਸੱਚੇ ਗਿਆਨ ਵਾਲੇ ਵਿਚਾਰਾਂ ਦੀ ਪ੍ਰਾਪਤੀ ਹੈ, ਗੁਰੂ ਦੇ ਹਰ ਸ਼ਬਦ ਦੀ ਵਿਚਾਰ ਦੀ ਸਮਝ ਹੋਣ ਦੀ ਪ੍ਰਾਪਤੀ ਹੈ ਜੋ ਪ੍ਰਾਪਤੀ ਇਸ ਮਨ ਨੂੰ ਖੋਜਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ। ਸ਼ਬਦ ਦੇ ਆਖਰੀ ਪਦੇ ਰਾਹੀਂ ਗੁਰੂ ਸਾਹਿਬ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾ ਰਹੇ ਹਨ, ਬੜੇ ਸਿੱਧੇ ਸਿੱਧੇ ਲਫਜਾਂ ਵਿੱਚ ਸਮਝਾ ਰਹੇ ਹਨ ਕਿ ਜਿਸ ਨੂੰ ਇਸ ਮਨ ਦਾ ਭੇਦ ਸਮਝ ਆ ਜਾਂਦਾ ਹੈ ਉਸ ਨੂੰ ਹੀ ਇਹ ਭੇਦ ਸਮਝ ਆਉਂਦਾ ਹੈ ਕਿ ਇਸ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। (**ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥**) ਆਪਣੇ ਮਨ ਨੂੰ ਖੋਜਣਾ ਜਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜਣਾ ਇੱਕੋ ਹੀ ਗੱਲ ਹੈ ਤੇ ਪੂਰੇ ਸ਼ਬਦ ਰਾਹੀਂ ਇਸ ਮਨ ਨੂੰ ਖੋਜਣਾ ਹੀ ਸਮਝਾਇਆ ਹੋਇਆ ਹੈ ਜੋ ਕਿ ਆਪਣੀ ਭਰਮਾਂ ਵਾਲੀ ਨਾਸਮਝਿ ਮਤਿ ਨੂੰ ਛੱਡਣ ਦਾ ਹੀ ਹੈ ਜਿਵੇਂ ਕਿ ਸ਼ਬਦ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। (**ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥ ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥ ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥ ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥ ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥ ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥ ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥**)

ਜੋ ਗੱਲ ਅਸੀਂ ਉੱਪਰ ਸ਼ਬਦ ਰਾਹੀਂ ਸਮਝੀ ਹੈ ਭਾਵ ਮਨ ਨੂੰ ਖੋਜਣਾ ਸਮਝਿਆ ਹੈ ਉਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲਾਂ ਦੁਆਰਾ ਹੇਠ ਦਿੱਤੇ ਸ਼ਬਦ ਰਾਹੀਂ ਸਮਝਦੇ ਹਾਂ। ਮਨ ਦੇ ਰੂਪ ਵਿੱਚ ਪ੍ਰਮਾਤਮਾ

ਆਪ ਹੈ ਤੇ ਇਸ ਮਨ ਦੀ ਖੋਜ ਕਰਵਾਉਣ ਵਾਲਾ ਵੀ ਉਹ ਆਪ ਹੈ ਭਾਵ ਖੋਜ ਕਰਨੀ ਸਮਝਾਉਣ ਵਾਲਾ ਵੀ ਉਹ ਆਪ ਹੈ ਤੇ ਉਸ ਦੀ ਖੋਜ ਕਰਨ ਦਾ ਤਰੀਕਾ ਉਹੀ ਰਹੇਗਾ ਭਾਵੇਂ ਗੁਰਬਾਣੀ ਦੇ ਜਿਸ ਸ਼ਬਦ ਰਾਹੀਂ ਮਰਜ਼ੀ ਸਮਝ ਲਵੋ। ਹਰ ਸ਼ਬਦ ਸਾਨੂੰ ਸੱਚ ਹੀ ਸਮਝਾਉਂਦਾ ਹੈ ਪਰ ਸੱਚ ਤੇ ਵਿਸ਼ਵਾਸ ਕਰਨਾ ਔਖਾ ਹੈ ਕਿਉਂਕਿ ਸਾਡੀ ਭਰਮਾਂ ਵਾਲੀ ਸਮਝ ਸਾਨੂੰ ਸੱਚ ਦੇ ਨਾਲ ਜੁੜਨ ਨਹੀਂ ਦਿੰਦੀ ਭਾਵ ਸੱਚ ਤੇ ਵਿਸ਼ਵਾਸ ਨਹੀਂ ਆਉਣ ਦਿੰਦੀ। ਜਿਸ ਨੂੰ ਸੱਚ ਤੇ ਵਿਸ਼ਵਾਸ ਹੈ ਉਹ ਫਿਰ ਕੇਵਲ ਗੁਰੂ ਦੀ ਸਮਝ ਦੇ ਨਾਲ ਹੀ ਜੁੜੇਗਾ ਤੇ ਕਿਸੇ ਹੋਰ ਦੀ ਸਮਝ ਦੇ ਨਾਲ ਨਹੀਂ ਜੁੜੇਗਾ। ਆਪਣੇ ਆਪ ਕੋਈ ਸੱਚ ਦੇ ਨਾਲ ਨਹੀਂ ਜੁੜ ਸਕਦਾ ਪਰ ਉਸ ਲਈ ਉੱਦਮ ਅਸੀਂ ਹੀ ਕਰਨਾ ਹੈ ਤੇ ਘੱਟੋ ਘੱਟ ਇਤਨਾ ਉੱਦਮ ਤੇ ਕਰ ਹੀ ਸਕਦੇ ਹਾਂ ਕਿ ਅਸੀਂ ਗੁਰੂ ਦੀ ਸਮਝ ਤੋਂ ਉੱਚੀ ਸਮਝ ਵਾਲਾ ਕਿਸੇ ਹੋਰ ਨੂੰ ਨਾ ਸਮਝੀਏ ਜਿਸ ਗੱਲ ਲਈ ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ। ਪਿਛਲੇ ਸ਼ਬਦ ਰਾਹੀਂ ਸਾਨੂੰ ਇਹ ਕੁੱਝ ਹੀ ਸਮਝਾਇਆ ਹੈ ਕਿ ਆਪਣੇ ਆਪ ਨੂੰ ਭਗਤੀ ਦੀ ਉੱਚੀ ਸਮਝ ਰੱਖਣ ਵਾਲੇ ਭਰਮਾਂ ਵਿੱਚ ਹੀ ਹਨ, ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਹੀ ਹਨ ਤੇ ਜੋ ਉਹਨਾਂ ਦੇ ਪਿੱਛੇ ਲੱਗਦੇ ਹਨ ਉਹ ਭਰਮਾਂ ਵਿੱਚ ਹੀ ਪੈਂਦੇ ਹਨ ਤੇ ਗੁਰੂ ਦੀ ਸਮਝ ਤੋਂ ਉਲਟ ਚੱਲਦੇ ਹਨ। ਹੇਠ ਦਿੱਤੇ ਸ਼ਬਦ ਰਾਹੀਂ ਵੀ ਸਾਨੂੰ ਇਸ ਮਨ ਦੀ ਹੀ ਖੋਜ ਕਰਨੀ ਸਿਖਾਈ ਹੋਈ ਹੈ ਤੇ ਇਸ ਪੂਰੇ ਸ਼ਬਦ ਨੂੰ ਕੁੱਝ ਅੱਗੇ ਚੱਲਕੇ ਸਮਝਾਂਗੇ ਪਰ ਇਤਨਾ ਜਰੂਰ ਸਮਝ ਲਈਏ ਕਿ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਬੜਾ ਉੱਚਾ ਸਮਝਦੇ ਹਾਂ ਉਹਨਾਂ ਨੇ ਵੀ ਇਸ ਮਨ ਨੂੰ ਨਹੀਂ ਜਾਣਿਆ ਭਾਵ ਪ੍ਰਮਾਤਮਾ ਨੂੰ ਨਹੀਂ ਜਾਣਿਆ ਵਰਨਾ ਉਹ ਆਪਣੇ ਆਪ ਨੂੰ ਉੱਚੇ ਗਿਆਨਵਾਨ ਕਿਉਂ ਅਖਵਾਉਂਦੇ ਜਾਂ ਸਮਝਦੇ। ਜਿੰਨ੍ਹਾਂ ਨੇ ਮਨ ਨੂੰ ਜਾਣਿਆ ਹੈ ਉਹਨਾਂ ਬਾਰੇ ਵੀ ਬਾਣੀ ਦੇ ਵਿੱਚ ਹੀ ਲਿਖਿਆ ਹੋਇਆ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਕੋਲੋਂ ਸੱਚੀ ਭਗਤੀ ਦਾ ਮਾਰਗ ਸਿੱਖਿਆ ਹੈ ਤੇ ਦੂਸਰਿਆਂ ਨੂੰ ਵੀ ਸਮਝਾਇਆ ਹੈ।

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

“ਸੁਖੁ ਮਾਂਗਤ ਦੁਖੁ ਆਗੈ ਆਵੈ ॥

ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥

ਬਿਖਿਆ ਅਜਹੁ ਸੁਰਤਿ ਸੁਖ ਆਸਾ ॥

ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥

ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥

ਸਨਕਾਦਿਕ ਨਾਰਦ ਮੁਨਿ ਸੇਖਾ ॥

ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥

ਇਸੁ ਮਨ ਕਉ ਕੋਈ ਖੋਜਹੁ ਭਾਈ ॥

ਤਨ ਛੂਟੇ ਮਨੁ ਕਹਾ ਸਮਾਈ ॥੪॥

ਗੁਰ ਪਰਸਾਦੀ ਜੈਦੇਉ ਨਾਮਾਂ ॥

ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥

ਇਸੁ ਮਨ ਕਉ ਨਹੀ ਆਵਨ ਜਾਨਾ ॥

ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥

ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥

ਇਸ ਮਨ ਕਾ ਕੋਈ ਜਾਨੈ ਭੇਉ ॥

ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥
ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥"

(ਅੰਗ - ੩੩੦)

ਇਸ ਪੂਰੇ ਸ਼ਬਦ ਨੂੰ ਅਸੀਂ ਅੱਗੇ ਚੱਲ ਕੇ ਵਿਚਾਰਾਂਗੇ ਤੇ ਇਸ ਗੱਲ ਤੇ ਵਿਸ਼ਵਾਸ ਕਰੋ ਕਿ ਇਸ ਮਨ ਨੂੰ ਜਾਣੇ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਨਾ ਆਪਣੇ ਆਪ ਨੂੰ ਸਮਝ ਸਕਦਾ ਹੈ ਤੇ ਨਾ ਹੀ ਇਸ ਸੰਸਾਰ ਦੀ ਸੱਚਾਈ ਨੂੰ ਸਮਝ ਸਕਦਾ ਹੈ। ਉੱਪਰ ਸ਼ਬਦ ਵਿੱਚ ਸਾਡੇ ਮਨ ਦੀ ਅਗਿਆਨਤਾ ਨੂੰ ਹੀ "**ਬਿਖਿਆ**" ਕਹਿ ਕੇ ਸਮਝਾਇਆ ਹੋਇਆ ਹੈ। "**ਬਿਖ**" ਕੀ ਹੈ ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਬਿਖ ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਦੀ ਬਿਖਿਆ ਹੈ ਜੋ ਸਾਨੂੰ ਤ੍ਰਿਸ਼ਨਾਵਾਂ ਵਿੱਚ ਰੱਖਦੀ ਹੈ ਤੇ ਭਗਤੀ ਦੇ ਮਾਰਗ ਤੋਂ ਉਲਟ ਚਲਾਉਂਦੀ ਹੈ। ਮਨ ਦੇ ਵਿੱਚ ਬਿਖਿਆ ਦੇ ਰਹਿੰਦੇ ਹੋਏ ਕੋਈ "ਸੁਖ" ਦੀ ਆਸ ਕਰੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਆਸ ਕਰੇ ਇਹ ਮਨੁੱਖ ਦੀ ਇੱਕ ਝੂਠੀ ਉਮੀਦ ਹੈ ਜਿਵੇਂ ਕਿ ਰਹਾਉ ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ ਤੇ ਪਹਿਲੇ ਪਦੇ ਰਾਹੀਂ ਵੀ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਦ ਤੱਕ ਸਾਡੇ ਅੰਦਰ "ਦੁਖ" ਹੈ ਭਾਵ ਬਿਖਿਆ ਵਾਲੀ ਸਮਝ ਹੈ ਜੋ ਸਾਨੂੰ ਔਗੁਣਾਂ ਵਿੱਚ ਪਾ ਕੇ ਰੱਖਦੀ ਹੈ, ਤ੍ਰਿਸ਼ਨਾਵਾਂ ਦੇ ਦੁੱਖ ਵਿੱਚ ਪਾ ਕੇ ਰੱਖਦੀ ਹੈ ਸਾਡੇ ਮਨ ਦੇ ਇਹ ਨਾਸਮਝ ਵਿਚਾਰ ਹੀ ਸਾਡੇ ਅੰਦਰ ਦਾ "**ਦੁਖ**" ਹਨ ਜੋ ਕਿ "**ਸੁਖ**" ਦੀ ਪ੍ਰਾਪਤੀ ਵਿੱਚ ਅੱਗੇ ਆਉਂਦੇ ਹਨ ਭਾਵ ਰੁਕਾਵਟ ਬਣਦੇ ਹਨ। "ਸੁਖ" ਸਾਡੇ ਅੰਦਰ ਗੁਰਮਤਿ ਦੇ ਸੱਚੇ ਵਿਚਾਰਾਂ ਦੀ ਸਮਝ ਹੈ ਜੋ ਸੱਚੇ ਵਿਚਾਰ ਸਾਨੂੰ ਤ੍ਰਿਸ਼ਨਾਵਾਂ ਤੋਂ ਮੁਕਤਿ ਕਰਦੇ ਹਨ। ਇਹਨਾਂ ਗੁਰਮਤਿ ਰੂਪ ਸੱਚੇ ਵਿਚਾਰਾਂ ਦੇ ਰੂਪ ਵਿੱਚ, ਗੁਣਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੀ ਭਾਵ "ਸੁਖ" ਵਾਲੇ ਵਿਚਾਰਾਂ ਦੇ ਰੂਪ ਵਿੱਚ ਹੀ ਪ੍ਰਮਾਤਮਾ ਸਾਡੇ ਅੰਦਰ ਆਪ ਹੈ ਜਿਸ ਦੇ ਮੇਲ ਦੁਆਰਾ ਹੀ ਭਾਵ ਉਸ ਦੀ ਦਿੱਤੀ ਹੋਈ ਸਮਝ ਦੁਆਰਾ ਹੀ ਸਾਨੂੰ "ਸੁਖ" ਦੀ ਪ੍ਰਾਪਤੀ ਹੁੰਦੀ ਹੈ। ਬਿਖਿਆ ਵਾਲੇ ਵਿਚਾਰਾਂ ਵਿੱਚੋਂ ਨਿਕਲੇ ਬਿਨ੍ਹਾਂ ਸੁਖ ਦੀ ਪ੍ਰਾਪਤੀ ਦੀ ਆਸ ਕਰਨਾ ਭਾਵ ਪ੍ਰਮਾਤਮਾ ਕੋਲੋਂ ਸੁੱਖ ਮੰਗਣਾ ਸਾਨੂੰ ਸ਼ੋਭਾ ਨਹੀਂ ਦਿੰਦਾ ਭਾਵ ਸਾਡੀ ਫ਼ਜੂਲ ਦੀ ਮੰਗ ਹੈ। ਸੁਖ ਦੀ ਪ੍ਰਾਪਤੀ ਜਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ ਜਿਵੇਂ ਕਿ ਰਹਾਉ ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ ਤੇ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥ ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥**)

ਸੁਖੁ ਦੀ ਪ੍ਰਾਪਤੀ ਲਈ ਅਸੀਂ ਕੀ ਕੁੱਝ ਕਰਨਾ ਹੈ ਇਹੀ ਅੱਗੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਜਿਸ ਦੀ ਪ੍ਰਾਪਤੀ ਲਈ ਅਸੀਂ ਆਪਣੇ ਮਨ ਨੂੰ ਖੋਜਣਾ ਹੈ ਜਿਵੇਂ ਕਿ ਸੱਚੇ ਭਗਤਾਂ ਨੇ ਖੋਜਿਆ ਹੈ, ਭਗਤ ਜੈਦੇਵ ਜੀ ਤੇ ਭਗਤ ਨਾਮ ਦੇਵ ਜੀ ਨੇ ਖੋਜਿਆ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਦੀ ਭਗਤੀ ਦੇ ਨਾਲ ਪ੍ਰੇਮ ਕਰਨ ਦੁਆਰਾ ਖੋਜਿਆ ਹੈ ਭਾਵ ਜਾਣਿਆ ਹੈ ਤੇ ਭਗਤੀ ਨਾਲ ਪ੍ਰੇਮ ਕਰਨਾ ਕੀ ਹੈ ਇਸ ਗੱਲ ਨੂੰ ਅਸੀਂ ਸਮਝਦੇ ਹੀ ਆ ਰਹੇ ਹਾਂ। ਗੁਰੂ ਸਾਨੂੰ ਜਿਹੋ ਜਿਹੀ ਭਗਤੀ ਕਰਨੀ ਸਮਝਾਉਂਦਾ ਹੈ ਉਸ ਦੀ ਸਮਝ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੀ ਭਗਤੀ ਨਾਲ ਪ੍ਰੇਮ ਕਰਨਾ ਹੈ ਤੇ ਆਪਣਾ ਪ੍ਰੇਮ ਦਿਖਾਉਣ ਲਈ ਭਾਵ ਗੁਰੂ ਦੀ ਗੱਲ ਮੰਨਣ ਲਈ ਆਪਣੀ ਭਰਮਾਂ ਵਾਲੀ ਸਮਝ ਛੱਡਣੀ ਹੀ ਪੈਂਦੀ ਹੈ। ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜਿੰਨ੍ਹਾਂ ਨੇ ਆਪਣਾ ਭਰਮ ਛੱਡਿਆ ਹੈ ਭਾਵ ਭਰਮਾਂ ਵਾਲੀ ਸਮਝ ਛੱਡੀ ਹੈ ਉਹਨਾਂ ਨੇ ਹੀ ਆਪਣੇ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਪਹਿਚਾਣਿਆ ਹੈ। ਇਸ ਮਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਭਾਵ "**ਸੁਖਦੇਉ**" ਹੈ ਇਸ ਗੱਲ ਨੂੰ ਉਹੀ ਜਾਣ ਸਕਦਾ ਹੈ ਜੋ ਇਸ ਮਨ ਦਾ ਭੇਦ ਜਾਣ ਲੈਂਦਾ ਹੈ ਜਿਵੇਂ ਕਿ ਉਸ ਦੇ ਸੱਚੇ ਭਗਤਾਂ ਨੇ ਜਾਣਿਆ ਹੈ। ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਤਾਂ ਵੱਡਾ ਅਨੇਕਾਂ ਨੇ ਦਿਖਾਇਆ ਹੈ, ਅਖਵਾਇਆ ਹੈ ਜਿਵੇਂ ਕਿ ਉਹਨਾਂ ਦੇ ਨਾਮ ਸ਼ਬਦ ਵਿੱਚ ਗਿਣਵਾਏ ਹੋਏ ਹਨ ਪਰ ਉਹਨਾਂ ਨੇ ਆਪਣੇ ਅੰਦਰੋਂ ਮਨ ਨੂੰ ਨਹੀਂ ਜਾਣਿਆ, ਪ੍ਰਮਾਤਮਾ ਨੂੰ ਨਹੀਂ ਜਾਣਿਆ। ਆਪ ਵਡਿਆਈਆਂ ਕੋਈ ਤਾਂ ਹੀ ਲੈ ਸਕਦਾ ਹੈ ਜਦ ਤੱਕ ਕੋਈ ਉਸ ਵਡਿਆਈਆਂ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਭਾਵ ਇਸ ਮਨ ਨੂੰ ਕੋਈ ਖੋਜ ਨਹੀਂ ਲੈਂਦਾ। (**ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥ ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥ ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ**

ਸਾਚੁ ਕਰਿ ਜਾਨਾ ॥੨॥ ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥ ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥ ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥ ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥ ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥ ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥ ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥)

ਹੁਣ ਅਸੀਂ ਉਸ ਮੁੱਖ ਸ਼ਬਦ ਵੱਲ ਵਾਪਿਸ ਆਉਂਦੇ ਹਾਂ ਜਿਸ ਨੂੰ ਸਮਝਣ ਲਈ ਅਸੀਂ ਮਨ ਦਾ ਖੋਜਣਾ ਸਮਝਿਆ ਹੈ, ਮਨ ਨੂੰ ਜਾਨਣਾ ਸਮਝਿਆ ਹੈ ਜਿਸ ਨੂੰ ਖੋਜੇ ਬਿਨ੍ਹਾਂ, ਜਾਣੇ ਬਿਨ੍ਹਾਂ ਧਰਮ ਦੇ ਮਾਰਗ ਦਾ ਸੱਚਾ ਵਿਦਵਾਨ ਬਣਨਾ, ਸੱਚੀ ਭਗਤੀ ਦੀ ਸਮਝ ਵਾਲਾ ਬਣਨਾ ਨਾਮੁਮਕਿਨ ਹੈ।

ਮਲਾਰ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

“ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥
ਜਾ ਕਉ ਬਖਸੇ ਮੇਲੇ ਸੋਇ ॥
ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥

ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥"

(ਅੰਗ - ੧੨੬੧)

ਇਸ ਉੱਪਰ ਵਾਲੇ ਸ਼ਬਦ ਦੇ ਪਹਿਲੇ ਪਦੇ ਨੂੰ ਅਸੀਂ ਪਿੱਛੇ ਸਮਝ ਚੁੱਕੇ ਹਾਂ ਤੇ "ਰਹਾਉ" ਵਾਲੀਆਂ ਪੰਗਤੀਆਂ ਨੂੰ ਸਮਝਣ ਲਈ ਅਸੀਂ ਇਸ ਮਨ ਨੂੰ ਵਿਚਾਰਨ ਬਾਰੇ ਸਮਝਿਆ ਹੈ ਭਾਵ ਇਸ ਮਨ ਨੂੰ ਜਾਨਣ ਬਾਰੇ ਸਮਝਿਆ ਹੈ ਕਿਉਂਕਿ ਇਸ ਮਨ ਨੂੰ ਜਾਣੇ ਬਿਨ੍ਹਾਂ ਜੋ ਵੀ ਕੋਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਸਮਝਦਾ ਹੈ ਉਹ ਭਰਮ ਵਿੱਚ ਹੀ ਸਮਝਦਾ ਹੈ। ਉੱਪਰ ਸ਼ਬਦ ਰਾਹੀਂ ਗੁਰੂ ਸਾਹਿਬ ਧਰਮ ਦਾ ਵਿਦਵਾਨ ਅਖਵਾਉਣ ਵਾਲਿਆ ਦਾ ਭਰਮ ਹੀ ਕੱਢ ਰਹੇ ਹਨ ਤੇ ਉਹਨਾਂ ਨੂੰ ਸਮਝਾ ਰਹੇ ਹਨ ਜੇਕਰ ਧਰਮ ਦੀ ਸੱਚੀ ਸਮਝ ਵਾਲਾ ਬਣਨਾ ਹੈ, ਪ੍ਰਮਾਤਮਾ ਨੂੰ ਜਾਨਣ ਵਾਲਾ ਬਣਨਾ ਹੈ ਫਿਰ ਇਸ ਨੂੰ ਵਿਚਾਰੋ ਕਿ ਇਹ ਮਨ ਕੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਗਿਆਨ ਦਾ ਸ੍ਰੋਤ ਹੈ। ਲੇਕਿਨ ਜੋ ਆਪਣੇ ਆਪ ਨੂੰ ਭਾਵ ਆਪਣੇ ਮਨ ਨੂੰ ਭਾਵ ਪ੍ਰਮਾਤਮਾ ਜਾਣੇ ਬਿਨ੍ਹਾਂ ਹੀ ਧਰਮ ਦਾ ਵਿਦਵਾਨ ਅਖਵਾਉਂਦੇ ਹਨ ਉਹ ਧਰਮ ਗ੍ਰੰਥਾਂ ਦੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ ਤੇ ਇਹੀ ਕੁੱਝ ਦੂਸਰਿਆਂ ਨੂੰ ਸਮਝਾਉਂਦੇ ਹਨ ਤੇ ਇਹੋ ਜਿਹੇ ਵਿਦਵਾਨ ਅਖਵਾਉਣ ਵਾਲਿਆਂ ਨੂੰ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਕੇਵਲ ਧਰਮ ਗ੍ਰੰਥਾਂ ਨੂੰ ਵਾਰ-ਵਾਰ ਪੜ੍ਹੀ ਜਾਣ ਦਾ ਕੀ ਲਾਭ ਹੈ ਜੇਕਰ ਅਸੀਂ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਵਿਚਾਰਨਾ ਹੀ ਨਹੀਂ ਭਾਵ ਗੁਰੂ ਦੀ ਗੱਲ ਨੂੰ ਸਮਝਣਾ ਹੀ ਨਹੀਂ ਭਾਵ ਮੰਨਣਾ ਹੀ ਨਹੀਂ, ਮਾਇਆ ਮੋਹ ਛੱਡਣਾ ਹੀ ਨਹੀਂ, ਮਨ ਦੇ ਭਰਮ ਛੱਡਣੇ ਹੀ ਨਹੀਂ ਫਿਰ ਕਥਨੀ ਕਰੀ ਜਾਣਾ ਕੇਵਲ ਇੱਕ ਭਾਰ ਚੁੱਕਣ ਵਾਲੀ ਗੱਲ ਹੈ ਭਾਵ ਆਪਣੇ ਆਪ ਨੂੰ ਔਖਾ ਕਰਨ ਵਾਲੀ ਗੱਲ ਹੈ ਜੋ ਕਿਸੇ ਲੇਖੇ ਨਹੀਂ ਹੈ। ਜਿਤਨੇ ਆਪਣੇ ਆਪ ਨੂੰ ਬਹੁਤਾ ਗਿਆਨਵਾਨ ਕਹਿੰਦੇ ਹਨ ਉਹ ਸਾਨੂੰ ਵੱਧ ਤੋਂ ਵੱਧ ਸ਼ਬਦਾਂ ਦੀ ਕਥਨੀ ਕਰਨੀ ਹੀ ਸਮਝਾਉਂਦੇ ਹਨ, ਵੱਧ ਤੋਂ ਵੱਧ ਪਾਠ ਕਰੀ ਜਾਣਾ ਸਮਝਾਉਂਦੇ ਹਨ ਜੋ ਕਥਨੀ ਕਰੀ ਜਾਣ ਨਾਲ ਸਾਡੀ ਮਤਿ ਤੇ ਕੋਈ ਅਸਰ ਨਹੀਂ ਹੁੰਦਾ, ਸਾਡੀ ਮਤਿ ਵਿੱਚ ਕੋਈ ਬਦਲਾਵ ਨਹੀਂ ਆਉਂਦਾ ਭਾਵ ਜੋ ਮਤਿ ਸਾਡੀ ਪਾਠ ਪੜ੍ਹਨ ਤੋਂ ਪਹਿਲੇ ਹੁੰਦੀ ਹੈ ਉਹੀ ਮਤਿ ਪਾਠ ਪੜ੍ਹਨ ਤੋਂ ਬਾਅਦ ਰਹਿੰਦੀ ਹੈ ਭਾਵ ਫਿਰ ਗੁਰੂ ਦੀ ਦਿੱਤੀ ਹੋਈ ਮਤਿ ਕਿਸ ਲੇਖੇ ਭਾਵ ਮਨੁੱਖ ਦੇ ਕਿਹੜੇ ਕੰਮ ਆਈ, ਸੰਸਾਰ ਦੇ ਭਲੇ ਲਈ ਕਿਹੜੇ ਕੰਮ ਆਈ ਭਾਵ ਅਸੀਂ ਕੇਵਲ ਭਾਰ ਚੁੱਕ ਕੇ ਔਖੇ ਹੀ ਹੋਏ। (**ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥**) ਸੰਸਾਰ ਦੇ ਕੰਮ ਅਸੀਂ ਤਾਂ ਹੀ ਆਵਾਂਗੇ, ਭਲੇ ਦੇ ਕੰਮ ਤਾਂ ਹੀ ਕਰਾਂਗੇ ਭਾਵ ਗੁਰੂ ਦੀ ਮਤਿ ਦੇਣ ਦਾ ਮਕਸਦ ਤਾਂ ਹੀ ਪੂਰਾ ਕਰਾਂਗੇ ਜੇਕਰ ਗੁਰੂ ਦੀ ਸਮਝ ਨੂੰ ਮੰਨ ਕੇ ਆਪਣੇ ਔਗੁਣ ਛੱਡਾਂਗੇ ਜਿੰਨ੍ਹਾਂ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਸੰਸਾਰ ਨੂੰ ਦੁਖੀ ਕਰਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਦੁਆਰਾ ਦੁਖੀ ਕਰਦੇ ਹਾਂ ਤੇ ਬਾਅਦ ਵਿੱਚ ਆਪ ਵੀ ਦੁਖੀ ਹੁੰਦੇ ਹਾਂ। ਗੁਰੂ ਸਾਨੂੰ ਵਾਰ-ਵਾਰ ਔਗੁਣ ਤਿਆਗਣ ਲਈ ਕਹਿੰਦਾ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਤੇ ਆਪ ਵੀ ਦੁੱਖਾਂ ਤੋਂ ਬਚੀਏ ਭਾਵ ਤ੍ਰਿਸ਼ਨਾਵਾਂ ਨੂੰ ਤਿਆਗੀਏ, ਸਾਡੀਆਂ ਤ੍ਰਿਸ਼ਨਾਵਾਂ ਦੂਸਰਿਆਂ ਨੂੰ ਵੀ ਦੁੱਖ ਦਿੰਦੀਆਂ ਹਨ ਤੇ ਸਾਨੂੰ ਵੀ ਦੁੱਖਾਂ ਵਿੱਚ ਪਾਉਂਦੀਆਂ ਹਨ। ਵਾਰ-ਵਾਰ ਸ਼ਬਦਾਂ ਰਾਹੀਂ ਅਸੀਂ ਇਹੋ ਜਿਹੀ ਭਗਤੀ ਦਾ ਮਾਰਗ ਹੀ ਸਮਝਦੇ ਆ ਰਹੇ ਹਾਂ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਕੇਵਲ ਕਥਨੀ ਦਾ। ਹੇਠ ਦਿੱਤੇ ਸ਼ਬਦਾਂ ਦੇ ਕੁੱਝ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਭਗਤੀ ਦਾ ਮਾਰਗ ਕੀ ਹੈ ਭਾਵ ਪਾਠ ਕਰਨ ਦਾ ਮਕਸਦ ਕੀ ਹੈ।

"ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥"

(ਅੰਗ - ੧੦੧੩)

ਪਾਠ ਅਸੀਂ ਕਿਸ ਮਕਸਦ ਲਈ ਪੜ੍ਹਨਾ ਹੈ, ਗੁਰੂ ਵਾਲਾ ਅਸੀਂ ਕਿਸ ਤਰੀਕੇ ਬਣਨਾ ਹੈ, ਨਾਮ ਅਸੀਂ ਕਿਸ ਤਰੀਕੇ ਜਪਣਾ ਹੈ, "ਸੁਖ" ਦੀ ਪ੍ਰਾਪਤੀ ਅਸੀਂ ਕਿਸ ਤਰੀਕੇ ਕਰਨੀ ਹੈ, ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਭ ਕੁੱਝ ਸਪੱਸ਼ਟ ਸਮਝ ਆ ਰਿਹਾ ਹੈ ਤੇ ਕੇਵਲ ਮੰਨਣ ਦੀ ਲੋੜ ਹੈ ਕਿ ਗੁਰੂ ਸਾਨੂੰ ਸੱਚ ਹੀ ਸਮਝਾ ਰਿਹਾ ਹੈ ਭਾਵ ਨਾਸਮਝ ਅਸੀਂ ਹੀ ਹਾਂ ਜੋ ਪਾਠ ਪੜ੍ਹਨ ਦਾ ਮਕਸਦ ਨਹੀਂ ਸਮਝਦੇ। ਗੁਰੂ ਸਾਨੂੰ ਝੂਠ ਬੋਲਣਾ ਛੱਡਣ ਲਈ ਸਮਝਾਉਂਦਾ ਹੈ ਤੇ ਝੂਠ ਬੋਲਣ ਦੁਆਰਾ ਅਸੀਂ ਅਨੇਕਾਂ ਦਾ ਹੱਕ ਖਾਂਦੇ ਹਾਂ ਭਾਵ ਮਾੜਾ ਕਰਮ ਕਰਦੇ ਹਾਂ। ਬੜਾ ਸਪੱਸ਼ਟ ਸਮਝਾਇਆ ਹੈ ਕਿ ਗੁਰੂ ਵਾਲੇ ਅਸੀਂ ਤਾਂ ਹੀ ਬਣ ਸਕਦੇ ਹਾਂ

ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨੀਏ, ਝੂਠ ਬੋਲਣੇ ਛੱਡੀਏ ਭਾਵ ਮਾੜੇ ਕਰਮ ਕਰਨੇ ਛੱਡੀਏ, ਸੰਸਾਰ ਦਾ ਮਾੜਾ ਕਰਨਾ ਛੱਡੀਏ। ਜੇਕਰ ਪਾਠ ਪੜ੍ਹਨ ਤੋਂ ਬਾਅਦ ਸਾਡੀ ਮਤਿ ਨਹੀਂ ਬਦਲੀ ਭਾਵ ਉਹੋ ਹੀ ਰਹੀ ਜੋ ਪਾਠ ਪੜ੍ਹਨ ਤੋਂ ਪਹਿਲੇ ਸੀ ਫਿਰ ਪਾਠ ਪੜ੍ਹਨ ਤੋਂ ਪਹਿਲਾਂ ਵੀ ਅਸੀਂ ਨਿਗੁਰੇ ਸੀ ਤੇ ਪਾਠ ਪੜ੍ਹਨ ਤੋਂ ਬਾਅਦ ਵੀ ਅਸੀਂ ਨਿਗੁਰੇ ਹੀ ਰਹੇ ਭਾਵ ਗੁਰੂ ਵਾਲਾ ਉਹੀ ਬਣ ਸਕਦਾ ਹੈ ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ। ਗੁਰੂ ਦੀ ਗੱਲ ਨੂੰ ਮੰਨਣਾ ਹੀ ਨਾਮ ਜਪਣਾ ਹੈ ਤੇ ਜੋ ਗੁਰੂ ਦੀ ਗੱਲ ਨੂੰ ਨਹੀਂ ਮੰਨਦਾ, ਝੂਠ ਬੋਲਣੇ ਨਹੀਂ ਛੱਡਦਾ ਉਹ ਨਾਮ ਜਪਣ ਵਾਲਾ ਨਹੀਂ ਹੈ ਜਿਸ ਕਰਕੇ ਉਹ ਸੁਖੁ ਦੀ ਪ੍ਰਾਪਤੀ ਨਹੀਂ ਕਰ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦਾ ਤੇ ਨਾ ਹੀ ਉਹ ਗੁਰੂ ਦੇ ਦਰ ਤੇ ਸੋਭਦਾ ਹੈ। ਗੁਰੂ ਦੇ ਦਰ ਤੇ ਉਹੀ ਸੋਭਦਾ ਹੈ ਜੋ ਗੁਰੂ ਦੀ ਗੱਲ ਤੇ ਅਮਲ ਕਰਦਾ ਹੈ। ਕੋਈ ਕੇਵਲ ਪਾਠ ਕਰੀ ਜਾਣ ਨਾਲ ਹੀ ਜਾਂ ਮੁੱਖੋਂ ਗੁਰੂ ਗੁਰੂ ਬੋਲੀ ਜਾਣ ਨਾਲ ਹੀ ਕੋਈ ਆਪਣੇ ਆਪ ਨੂੰ ਗੁਰੂ ਵਾਲਾ ਸਮਝੇ ਤੇ ਇਸੇ ਨੂੰ ਹੀ ਆਪਣਾ ਗੁਣ ਸਮਝੇ ਜਾਂ ਪ੍ਰਮਾਤਮਾ ਦੇ ਗੁਣ ਗਾਉਣੇ ਸਮਝੇ ਫਿਰ ਇਹ ਕੇਵਲ ਮਨੁੱਖ ਦਾ ਭਰਮ ਹੈ, ਮਾਇਆ ਹੈ, ਸਾਡੀ ਹਉਮੈ ਹੈ ਹੋਰ ਕੁੱਝ ਨਹੀਂ। ਜੇ ਅਸੀਂ ਪ੍ਰਮਾਤਮਾ ਨਾਲ ਮੇਲ ਕਰਨਾ ਚਾਹੁੰਦੇ ਹਾਂ ਭਾਵ ਇਸ ਮਨ ਨੂੰ ਜਾਣਨਾ ਚਾਹੁੰਦੇ ਹਾਂ ਫਿਰ ਗੁਰੂ ਵਾਲਾ ਬਣਨ ਲਈ ਸਾਨੂੰ ਮਨ ਦੀ ਮਾੜੀ ਸਮਝ ਛੱਡਣੀ ਹੀ ਪਵੇਗੀ, ਪਾਠ ਪੜ੍ਹਨ ਦੇ ਮਕਸਦ ਨੂੰ ਸਮਝਣਾ ਹੀ ਪਵੇਗਾ ਭਾਵ ਔਗੁਣ ਛੱਡਣੇ ਹੀ ਪੈਣਗੇ ਤੇ ਹੋਰ ਕੋਈ ਤਰੀਕਾ ਨਹੀਂ ਹੈ। **(ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥)**

ਹੇਠ ਦਿੱਤੇ ਸ਼ਬਦ ਰਾਹੀਂ ਵੀ ਸਾਨੂੰ ਪਾਠ ਪੜ੍ਹਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ, ਨਾਮ ਜਪਣਾ ਹੀ ਸਿਖਾਇਆ ਹੋਇਆ ਹੈ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

ਮਃ ੧ ॥

“ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥
ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥
ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥”

(ਅੰਗ - ੧੪੦)

ਪਉੜੀ ॥

“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥
ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥
ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥”

(ਅੰਗ - ੧੪੦)

ਆਉ ਪਹਿਲੇ ਉੱਪਰ ਵਾਲੇ ਸਲੋਕ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਉਹੋ ਜਿਹੇ ਆਗੂਆਂ ਬਾਰੇ ਸਮਝਾਇਆ ਹੋਇਆ ਹੈ ਭਾਵ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਬਾਰੇ ਸਮਝਾਇਆ ਹੋਇਆ ਹੈ ਜੋ ਸਾਨੂੰ ਆਪਣੇ ਵੱਲੋਂ ਧਰਮ ਦੀ ਸਿੱਖਿਆ ਹੀ ਦਿੰਦੇ

ਹਨ ਪਰ ਸਾਨੂੰ ਉਹੋ ਜਿਹੀ ਸਿੱਖਿਆ ਦਿੰਦੇ ਹਨ ਭਾਵ ਉਹੋ ਜਿਹੇ ਭਗਤੀ ਦੇ ਮਾਰਗ ਨਾਲ ਜੋੜਦੇ ਹਨ ਜੋ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ ਹੀ ਨਹੀਂ ਭਾਵ ਸਾਨੂੰ ਪੁੱਠੇ ਮਾਰਗ ਨਾਲ ਜੋੜਦੇ ਹਨ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਭਾਵ ਮਨ ਨੂੰ ਸਮਝੇ ਬਿਨ੍ਹਾਂ ਹਰ ਕੋਈ ਸਾਨੂੰ ਭਰਮਾਂ ਵਿੱਚ ਹੀ ਪਾਉਂਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਭਾਵੇਂ ਕੋਈ ਥੋੜੇ ਭਰਮਾਂ ਵਿੱਚ ਪਾਵੇ ਤੇ ਭਾਵੇਂ ਕੋਈ ਬਹੁਤੇ ਭਰਮਾਂ ਵਿੱਚ ਪਾਵੇ, ਪਾਉਂਦੇ ਸਾਰੇ ਭਰਮਾਂ ਵਿੱਚ ਹੀ ਹਨ। ਥੋੜੇ ਭਰਮ ਪਾਉਣ ਵਾਲਿਆਂ ਨੂੰ ਅਸੀਂ ਛੋਟਾ ਆਗੂ ਥਾਪਦੇ ਹਾਂ ਤੇ ਬਹੁਤੇ ਭਰਮ ਪਾਉਣ ਵਾਲਿਆਂ ਨੂੰ ਅਸੀਂ ਵੱਡਾ ਆਗੂ ਥਾਪਦੇ ਹਾਂ ਭਾਵ ਸੰਤ ਬਾਬੇ ਆਦਿ ਥਾਪਦੇ ਹਾਂ ਜੋ ਸਾਨੂੰ ਭਰਮਾਂ ਵਿੱਚ ਪਾਉਣ ਦਾ ਮਾਣ ਲੈਂਦੇ ਹਨ। ਸੰਸਾਰ ਵਿੱਚ ਅਨੇਕਾਂ ਹੀ ਧਰਮ ਅਸਥਾਨ ਹਨ ਜਿੱਥੇ ਸੱਚੇ ਧਰਮ ਗ੍ਰੰਥਾਂ ਦਾ ਪਰਕਾਸ਼ ਹੁੰਦਾ ਹੈ ਜੋ ਧਰਮ ਗ੍ਰੰਥ ਸੱਚ ਦਾ ਮਾਰਗ ਸਮਝਾਉਂਦੇ ਹਨ ਤੇ ਉਨ੍ਹਾਂ ਧਾਰਮਿਕ ਅਸਥਾਨਾਂ ਨੂੰ ਚਲਾਉਣ ਲਈ ਤੇ ਉਨ੍ਹਾਂ ਅਸਥਾਨਾਂ ਦੇ ਪ੍ਰਬੰਧ ਲਈ ਆਗੂ ਹੋਣੇ ਵੀ ਜਰੂਰੀ ਹਨ ਜੋ ਕਿ ਚੰਗੀ ਗੱਲ ਹੈ ਪਰ ਸੱਚਾ ਆਗੂ ਉਹੀ ਹੈ ਜੋ ਦੂਸਰਿਆਂ ਨੂੰ ਕੇਵਲ ਤੇ ਕੇਵਲ ਗੁਰੂ ਦੀ ਮਤਿ ਦੇ ਨਾਲ ਜੋੜੇ ਤੇ ਆਪਣੀ ਮਤਿ ਨਾਲ ਨਾ ਜੋੜੇ। ਗੁਰਮਤਿ ਨੂੰ ਉੱਚਾ ਕਰਨਾ ਗੁਰੂ ਨੂੰ ਉੱਚਾ ਕਰਨਾ ਹੈ ਤੇ ਆਪਣੀ ਮਤਿ ਨੂੰ ਉੱਚਾ ਕਰਨਾ ਆਪਣੇ ਆਪ ਨੂੰ ਉੱਚਾ ਕਰਨਾ ਹੈ। ਧਰਮ ਅਸਥਾਨਾਂ ਦੇ ਆਗੂਆਂ ਦਾ, ਪ੍ਰਬੰਧਕਾਂ ਦੇ ਇਹ ਫਰਜ ਬਣਦਾ ਹੈ ਕਿ ਜੇਕਰ ਕੋਈ ਗੁਰਮਤਿ ਦੇ ਉਲਟ ਪਰਚਾਰ ਕਰਦਾ ਹੈ ਤੇ ਉਨ੍ਹਾਂ ਨੂੰ ਗਲਤ ਪਰਚਾਰ ਕਰਨ ਤੋਂ ਰੋਕਣ ਜਿਸ ਦੇ ਲਈ ਗੁਰਮਤਿ ਨੂੰ ਬਰੀਕੀ ਨਾਲ ਸਮਝਣ ਦੀ, ਵਿਚਰਨ ਦੀ ਲੋੜ ਹੈ। ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਸਾਨੂੰ ਭਗਤੀ ਦਾ ਸੱਚਾ ਮਾਰਗ ਗੁਰੂ ਸਾਹਿਬ ਨੇ ਅਨੇਕਾਂ ਹੀ ਸ਼ਬਦਾਂ ਦੁਆਰਾ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਜਿਸ ਨੂੰ ਸਮਝਣ ਵਿੱਚ ਕੋਈ ਭਰਮ ਨਹੀਂ ਰਹਿ ਜਾਂਦਾ ਤੇ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਟਿਕਾਉਣ ਦੀ ਲੋੜ ਹੈ। ਆਉ ਪਹਿਲੇ ਸਲੋਕ ਦੀਆਂ ਪਹਿਲੀਆਂ ਪੰਗਤੀਆਂ ਨੂੰ ਸਮਝੀਏ।

ਮਃ ੧ ॥

“ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥

ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥”

ਉਪਰਲੀਆਂ ਪੰਗਤੀਆਂ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਸਾਨੂੰ ਇਹ ਵਿਸ਼ਵਾਸ ਆ ਜਾਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਗੱਲ ਸਾਨੂੰ ਗੁਰਬਾਣੀ ਵਾਰ-ਵਾਰ ਸ਼ਬਦਾਂ ਰਾਹੀਂ ਸਮਝਾ ਰਹੀ ਹੈ ਤੇ ਇਹ ਪੂਰਨ ਸੱਚ ਹੈ ਕਿਉਂਕਿ ਗੁਰੂ ਕਦੇ ਝੂਠੀ ਗੱਲ ਨਹੀਂ ਕਹਿੰਦਾ, ਉਹ ਪੂਰਨ ਸੱਚ ਰੂਪ ਹੈ, ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਸ ਗੱਲ ਨੂੰ ਉਹੀ ਜਾਣ ਸਕਦਾ ਹੈ ਭਾਵ ਵਿਸ਼ਵਾਸ ਕਰ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਮਨ ਨੂੰ ਜਾਣ ਲੈਂਦਾ ਹੈ ਤੇ ਸਮਝ ਪੈਂਦੀ ਹੈ ਕਿ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੈ ਭਾਵ ਮਨੁੱਖ ਆਪਣੇ ਆਪ ਨੂੰ ਉਹ ਸਮਝਦਾ ਹੈ ਭਾਵ ਆਪਣਾ ਮਨੁੱਖੀ ਰੂਪ ਸਮਝਦਾ ਹੈ ਜੋ ਕਿ ਅਸਲ ਵਿਚ ਉਹ ਨਹੀਂ ਹੈ। ਕਿਸੇ ਨੂੰ ਕੁੱਝ ਉਹੀ ਕਹਿ ਸਕਦਾ ਹੈ, ਆਖ ਸਕਦਾ ਹੈ, ਸਮਝ ਸਕਦਾ ਹੈ ਜਿਸ ਦੀ ਕੋਈ ਆਪਣੀ ਹੋਂਦ ਹੋਵੇ, ਆਪਣੀ ਕੋਈ ਹੈਸੀਅਤ ਹੋਵੇ। ਸਾਨੂੰ ਸਾਡਾ ਮਨੁੱਖੀ ਰੂਪ ਸਮਝਾਉਣ ਵਾਲੀ , “ਮੈਂ” ਸਮਝਾਉਣ ਵਾਲੀ ਸਾਡੇ ਮਨ ਦੀ ਸਮਝ ਹੀ ਹੈ, ਸਾਡੇ ਅੰਦਰ ਦੀ ਮਾਇਆ ਹੀ ਹੈ, ਹਉਮੈ ਹੀ ਹੈ ਜੋ ਸਾਨੂੰ ਸਮਝਾਉਂਦੀ ਹੈ ਕਿ ਇਸ ਮਨੁੱਖੀ ਰੂਪ ਵਿੱਚ ਮੈਂ ਹਾਂ, ਇਹ ਸਰੀਰ ਮੇਰਾ ਹੈ, ਇਹ ਮਨ ਦੀ ਸਮਝ ਮੇਰੀ ਹੈ ਭਾਵ ਮੇਰੇ ਅੰਦਰ ਦਾ ਗਿਆਨ ਮੇਰਾ ਹੈ। ਜੋ ਮਨੁੱਖੀ ਹਸਤੀ ਬਣੀ ਹੀ ਨਹੀਂ ਭਾਵ ਹੈ ਹੀ ਨਹੀਂ ਉਸ ਦੀ ਹਸਤੀ ਕਦੇ ਬਣ ਵੀ ਨਹੀਂ ਸਕਦੀ ਕਿਉਂਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਉਸ ਨੇ ਆਪ ਹੀ ਸਦਾ ਲਈ ਰਹਿਣਾ ਹੈ ਭਾਵ ਨਾ ਮਨੁੱਖ ਹੈ ਤੇ ਨਾ ਹੀ ਮਨੁੱਖੀ ਹੋਂਦ ਕਦੇ ਬਣ ਸਕਦੀ ਹੈ। (**ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥**) ਜੋ ਸਾਨੂੰ ਭਗਤੀ ਦਾ ਗਿਆਨ ਦਿੰਦੇ ਹਨ ਉਹ ਕਿਵੇਂ ਦਿੰਦੇ ਹਨ ਤੇ ਕਿਹੋ ਜਿਹਾ ਦਿੰਦੇ ਹਨ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥”

ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚੇ ਥਾਪਦੇ ਹਾਂ ਭਾਵ ਜੋ ਸਾਨੂੰ ਧਰਮ ਦਾ ਗਿਆਨ ਦਿੰਦੇ ਹਨ ਉਹ ਕਿਸ ਤਰੀਕੇ ਦਿੰਦੇ ਹਨ। ਜੇ ਮਨੁੱਖ ਦੀ ਆਪਣੀ ਹੋਂਦ ਹੀ ਨਹੀਂ ਹੈ ਫਿਰ ਜੋ ਕੁੱਝ ਵੀ ਮਨੁੱਖ ਕਰਦਾ ਹੈ ਉਹ ਆਪ ਕਰਨ ਵਾਲਾ ਕਿਵੇਂ ਹੋ ਸਕਦਾ ਹੈ। ਪ੍ਰਮਾਤਮਾ ਨੇ ਮਨੁੱਖ ਨੂੰ ਆਪ ਬਣਾਇਆ ਹੈ ਤੇ ਉਸ ਨੂੰ ਇਹ ਆਪ ਹੀ ਸਮਝਾਇਆ ਹੈ ਕਿ ਤੂੰ ਇੱਕ ਮਨੁੱਖ ਹੈਂ। ਮਨੁੱਖੀ ਸਰੀਰ ਰਾਹੀਂ ਅਸਲ ਵਿੱਚ ਸਭ ਕੁੱਝ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਜੋ ਕੁੱਝ ਮਨੁੱਖ ਕਰ ਰਿਹਾ ਹੈ ਉਸ ਦਾ ਕੀਤਾ ਹੋਇਆ ਹੀ ਕਰ ਰਿਹਾ ਹੈ ਭਾਵ ਮਨੁੱਖੀ ਸਰੀਰ ਰਾਹੀਂ ਪ੍ਰਮਾਤਮਾ

ਸਭ ਕੁੱਝ ਆਪ ਹੀ ਕਰ ਰਿਹਾ ਹੈ। ਮਨੁੱਖ ਉਹੀ ਕੁੱਝ ਕਰਦਾ ਹੈ ਜੋ ਉਸ ਦੀ ਸਮਝ ਉਸ ਦੇ ਕੋਲੋਂ ਕਰਵਾਉਂਦੀ ਹੈ ਤੇ ਇਹ ਸਮਝ ਮਨੁੱਖ ਦੀ ਆਪਣੀ ਨਹੀਂ ਹੈ ਭਾਵ ਮਨ ਦੀ ਸਮਝ ਰਾਹੀਂ ਆਪਣੇ ਮਨੁੱਖੀ ਰੂਪ ਕੋਲੋਂ ਪ੍ਰਮਾਤਮਾ ਆਪ ਹੀ ਸਭ ਕੁੱਝ ਕਰਵਾਉਂਦਾ ਹੈ। ਜੋ ਮਨੁੱਖ ਮੁੱਖੋਂ ਬੋਲਦਾ ਹੈ ਭਾਵ ਕਥਦਾ ਹੈ ਉਹ ਪ੍ਰਮਾਤਮਾ ਦਾ ਕਹਿਆ ਹੋਇਆ ਹੀ ਕਥਦਾ ਹੈ ਕਿਉਂਕਿ ਜੋ ਸਾਡੇ ਮਨ ਦੀ ਸਮਝ ਸਾਨੂੰ ਕਹਿਣ ਲਈ ਸਮਝਾਉਂਦੀ ਹੈ ਅਸੀਂ ਉਹੋ ਕੁੱਝ ਹੀ ਕਥਦੇ ਹਾਂ ਭਾਵ ਮੁੱਖੋਂ ਬੋਲਦੇ ਹਾਂ। ਅਸੀਂ ਭਗਤੀ ਦੇ ਮਾਰਗ ਨੂੰ ਮਨ ਦੀ ਸਮਝ ਰਾਹੀਂ ਹੀ ਸਮਝਦੇ ਹਾਂ ਤੇ ਉਹੀ ਕੁੱਝ ਦੂਸਰਿਆਂ ਨੂੰ ਸਮਝਾਉਂਦੇ ਹਾਂ। ਜੋ ਕੁੱਝ ਪਹਿਲੇ ਸਾਡੀ ਮਤਿ ਦੇ ਵਿੱਚ ਭਰਿਆ ਜਾਂਦਾ ਹੈ ਉਹੀ ਕੁੱਝ ਅਸੀਂ ਬੋਲ ਬੋਲ ਕੇ ਦੂਜਿਆਂ ਦੀ ਮਤਿ ਦੇ ਵਿੱਚ ਭਰਦੇ ਹਾਂ ਭਾਵ ਜਿਹੋ ਜਿਹੀ ਸਮਝ ਸਾਡੇ ਅੰਦਰ ਆਪ ਪ੍ਰਮਾਤਮਾ ਭਰਦਾ ਹੈ ਉਸ ਨੂੰ ਅਸੀਂ ਸੱਚੀ ਭਗਤੀ ਦਾ ਮਾਰਗ ਸਮਝਕੇ ਦੂਸਰਿਆਂ ਨੂੰ ਆਖ ਆਖ ਕੇ ਸਮਝਾਉਂਦੇ ਹਾਂ ਭਾਵ ਆਪਣੀ ਸਮਝ ਨੂੰ ਦੂਜਿਆਂ ਦੀ ਸਮਝ ਦੇ ਵਿੱਚ ਭਰਦੇ ਹਾਂ, ਅਨੇਕਾਂ ਦੇ ਅੰਦਰ ਭਰਦੇ ਹਾਂ, ਵਾਰ ਵਾਰ ਭਰਦੇ ਹਾਂ, ਦੂਸਰਿਆਂ ਨੂੰ ਨਾਸਮਝ ਮੰਨ ਕੇ ਭਰਦੇ ਹਾਂ ਕਿ ਸਾਡੇ ਕੋਲ ਸੱਚਾ ਗਿਆਨ ਹੈ ਤੇ ਦੂਸਰੇ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਅਣਜਾਣ ਹਨ ਭਾਵ ਅਗਿਆਨਤਾ ਵਿੱਚ ਹਨ ਤੇ ਅਸੀਂ ਆਪਣੀ ਸਮਝ ਨੂੰ ਉੱਚੇ ਗਿਆਨ ਵਾਲੀ ਮੰਨ ਕੇ ਦੂਸਰਿਆਂ ਦੇ ਵਿੱਚ ਭਰ ਭਰ ਕੇ ਉਹਨਾਂ ਦੀ ਅਗਿਆਨਤਾ ਨੂੰ ਧੋਂਦੇ ਹਾਂ ਭਾਵ ਜੋ ਸਾਡੀ ਆਪਣੀ ਭਰਮਾਂ ਵਾਲੀ ਸਮਝ ਹੈ ਉਸ ਨੂੰ ਅਸੀਂ ਸੱਚੀ ਸਮਝ ਮੰਨ ਕੇ ਦੂਸਰਿਆਂ ਦੇ ਅੰਦਰ ਭਰਮਾਂ ਵਾਲੀ ਸਮਝ ਹੀ ਭਰਦੇ ਹਾਂ। ਸਾਡੇ ਅੰਦਰ ਭਰਮਾਂ ਵਾਲੀ ਸਮਝ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਇਸ ਤਰੀਕੇ ਉਸ ਨੇ ਸੰਸਾਰ ਨੂੰ ਆਪ ਹੀ ਭਰਮਾਂ ਵਿੱਚ ਪਾਉਣ ਦਾ ਤਰੀਕਾ ਬਣਾਇਆ ਹੋਇਆ ਹੈ। "**ਮਨ ਦੀ ਮਾਇਆ**" ਉਸ ਨੇ ਭਰਮਾਂ ਵਿੱਚ ਪਾਉਣ ਲਈ ਹੀ ਬਣਾਈ ਹੋਈ ਹੈ ਤੇ ਮਨ ਦੀ ਮਾਇਆ ਰਾਹੀਂ ਉਹ ਸੰਸਾਰ ਵਿੱਚ ਭਰਮ ਆਪ ਹੀ ਫੈਲਾਉਂਦਾ ਹੈ। ਸਭ ਦੇ ਅੰਦਰ ਉਸ ਨੇ ਮੋਹ ਠਗਉਲੀ ਪਾਈ ਹੋਈ ਹੈ ਜਿਸ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਰੱਖਣ ਦਾ ਹੈ। ਇਹ ਉਸ ਦੀ ਆਪਣੀ ਸਭ ਦੇ ਅੰਦਰ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਰਾਹੀਂ ਉਸ ਨੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਣ ਵਿੱਚ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸਮਝਣ ਵਿੱਚ, ਆਪ ਹੀ ਭਰਮਾਂ ਵਿੱਚ ਪਾਇਆ ਹੋਇਆ ਹੈ ਤੇ ਆਪਣੀ ਭਰਮਾਂ ਵਾਲੀ ਸਮਝ ਨੂੰ ਹੀ ਮਨੁੱਖ ਸੱਚੀ ਸਮਝ ਮੰਨਦਾ ਹੈ ਜਿਸ ਗੱਲ ਦੀ ਸਮਝ ਕੇਵਲ ਤੇ ਕੇਵਲ ਮਨ ਦੀ ਸਮਝ ਪੈਣ ਦੁਆਰਾ ਹੀ ਲੱਗ ਸਕਦੀ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਲੱਗ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸ ਮਨ ਨੂੰ ਜਾਨਣ ਤੋਂ ਬਾਅਦ ਹੀ ਮਨੁੱਖ ਨੂੰ ਸਮਝ ਆਉਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੇ ਭਰਮਾਂ ਰਾਹੀਂ ਹੀ ਮਨੁੱਖ ਇਹ ਸਮਝਦਾ ਹੈ ਕਿ ਇਹ ਸਰੀਰ ਮੇਰਾ ਹੈ, ਮੇਰੇ ਮਨ ਦੇ ਅੰਦਰ ਸਮਝ ਮੇਰੀ ਹੈ, ਇਹ ਗਿਆਨ ਮੇਰਾ ਹੈ ਜਿਸ ਕਰਕੇ ਮੈਂ ਧਰਮ ਦਾ ਆਗੂ ਆਪ ਹੀ ਹਾਂ। ਧਰਮ ਦੇ ਸੱਚੇ ਮਾਰਗ ਦੀ ਸਮਝ ਕੇਵਲ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈ ਸਕਦੀ ਹੈ ਜੋ ਸਮਝ ਉਹ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਸਰੀਰਾਂ ਦੇ ਰਾਹੀਂ ਪਾਈ ਹੈ ਜਿਸ ਰਾਹੀਂ ਉਹ ਆਪ ਹੀ ਗੁਰੂ ਹੈ ਭਾਵ ਧਰਮ ਦਾ ਸੱਚਾ ਆਗੂ ਹੈ ਤੇ ਉਸ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਕੋਈ ਧਰਮ ਦਾ ਆਗੂ ਕਹਿ ਸਕਦਾ ਹੈ ਜੋ ਆਪਣੇ ਆਪ ਨੂੰ ਆਗੂ ਕਹਿਣ ਵਾਲੇ, ਧਰਮ ਦਾ ਵਿਦਵਾਨ ਕਹਿਣ ਵਾਲੇ ਸੰਸਾਰ ਵਿੱਚ ਜਗ੍ਹਾ ਜਗ੍ਹਾ ਭਰੇ ਹੋਏ ਹਨ ਪਰ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਉਹਨਾਂ ਦੇ ਰਾਹੀਂ ਪ੍ਰਮਾਤਮਾ ਆਪ ਹੀ ਸੰਸਾਰ ਨੂੰ ਭਰਮਾਂ ਵਿੱਚ ਪਾ ਰਿਹਾ ਹੈ। (**ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥ ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥**)

ਉਪਰਲੀਆਂ ਪੰਗਤੀਆਂ ਨੂੰ ਸਮਝਣ ਲਈ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{"ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥"}

(ਅੰਗ - ੮੫੨)

ਭਗਤੀ ਦੇ ਮਾਰਗ ਤੇ ਜਿਸ ਨੇ ਵੀ ਆਪਣੇ ਆਪ ਨੂੰ ਉੱਚਾ ਅਖਵਾ ਲਿਆ ਸਮਝੋ ਕਿ ਉਸ ਨੂੰ ਭਗਤੀ ਦੀ ਸਮਝ ਹੀ ਨਹੀਂ ਆਈ। ਜਿੱਥੇ "**ਮੈਂ**" ਹੁੰਦੀ ਹੈ ਉੱਥੇ **"ਤੂੰ"** ਨਹੀਂ ਹੁੰਦਾ। ਬ੍ਰਹਮਾ, ਬਿਸਨੁ, ਮਹਾਦੇਉ ਨੂੰ ਤ੍ਰੈਗੁਣਾਂ ਵਿਚ ਕਿਹਾ ਹੈ ਭਾਵ ਸੱਚੀ ਭਗਤੀ ਦੇ ਮਾਰਗ ਤੋਂ ਭੁੱਲੇ ਹੋਏ ਕਿਹਾ ਹੈ, ਹਉਮੈ ਵਿੱਚ ਕਿਹਾ ਹੈ, ਮਾਇਆ ਮੋਹ ਵਿੱਚ ਕਿਹਾ ਹੈ ਭਾਵ ਮਨ ਦੇ ਭਰਮਾਂ ਵਿੱਚ ਕਿਹਾ ਹੈ, ਮਨ ਦੀ ਅਗਿਆਨਤਾ ਵਿੱਚ ਕਿਹਾ ਹੈ ਜਿਸ ਅਵੱਸਥਾ ਵਿੱਚ ਰਹਿੰਦੇ ਹੋਏ ਭਗਤੀ ਦੇ ਮਾਰਗ ਦੀ ਕਿਸੇ ਨੂੰ ਵੀ ਸੱਚੀ ਸਮਝ ਨਹੀਂ ਹੁੰਦੀ। ਜਿਸ ਨੂੰ ਸੱਚੀ ਭਗਤੀ ਦੀ ਸਮਝ ਹੁੰਦੀ ਹੈ ਉਸ ਨੂੰ ਫਿਰ ਆਪਣੇ ਮਨ ਦੀ ਵੀ ਸਮਝ ਹੁੰਦੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਨੂੰ ਮਨ ਦੀ ਸਮਝ ਹੁੰਦੀ ਹੈ, ਉਸ ਨੂੰ ਹੀ ਪ੍ਰਮਾਤਮਾ ਦੀ ਸਮਝ ਹੁੰਦੀ ਹੈ ਤੇ ਜਿਸਨੂੰ ਪ੍ਰਮਾਤਮਾ ਦੀ ਸਮਝ ਹੁੰਦੀ ਹੈ ਉਸ ਨੂੰ ਇਹ ਵੀ ਸਮਝ ਹੁੰਦੀ ਹੈ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ ਤੇ ਸੱਚੀ ਭਗਤੀ ਦੀ ਸਮਝ ਕਿਵੇਂ ਆਉਂਦੀ ਹੈ ਤੇ ਕੌਣ ਸਮਝਾਉਂਦਾ ਹੈ ਭਾਵ ਭਗਤੀ ਦੀ ਸਮਝ ਦਾ ਮੂਲ ਪ੍ਰਮਾਤਮਾ ਆਪ ਹੈ ਜੋ ਗਿਆਨ ਦਾ ਮੂਲ ਹੈ। ਮਨ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਕਰਕੇ ਹੀ ਬ੍ਰਹਮਾ, ਬਿਸਨੁ ਅਤੇ ਮਹਾਦੇਉ ਨੇ ਆਪਣੇ ਆਪ ਨੂੰ ਹੀ ਪ੍ਰਮਾਤਮਾ ਕਿਹਾ ਹੈ। ਪ੍ਰਮਾਤਮਾ ਤੇ ਇੱਕੋ ਹੀ ਹੈ ਜੋ ਕਿ ਨਿਰੰਕਾਰ ਰੂਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਬ੍ਰਹਮਾ, ਬਿਸਨੁ ਤੇ ਮਹਾਦੇਉ ਆਕਾਰ ਰੂਪ ਹਨ ਤੇ ਨਾਲੇ ਵੱਖਰੇ ਵੱਖਰੇ ਰੂਪ ਹਨ ਤੇ ਅਸੀਂ ਹਰ ਰੂਪ ਨੂੰ ਵੱਖਰਾ ਵੱਖਰਾ ਪ੍ਰਮਾਤਮਾ ਸਮਝਦੇ ਹਾਂ ਭਾਵ ਆਕਾਰ ਨੂੰ ਹੀ ਪ੍ਰਮਾਤਮਾ ਸਮਝਦੇ ਹਾਂ। ਜੇਕਰ ਉਹਨਾਂ ਨੇ ਆਪਣੇ ਆਪ ਨੂੰ ਹੀ ਪ੍ਰਮਾਤਮਾ ਕਿਹਾ ਹੈ ਫਿਰ ਇਸ ਤੋਂ ਵੱਡਾ ਭਰਮ ਕੀ ਹੋ ਸਕਦਾ ਹੈ, ਇਸ ਤੋਂ ਵੱਡੀ ਅਗਿਆਨਤਾ ਕੀ ਹੋ ਸਕਦੀ ਹੈ। ਉੱਪਰ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਉਹਨਾਂ ਨੇ ਸੰਸਾਰ ਦੇ ਵਿੱਚ "**ਹਉਮੈ ਮੋਹੁ**" ਵਧਾਇਆ। ਪ੍ਰਮਾਤਮਾ ਸਭ ਦੇ ਅੰਦਰ ਹੀ ਹੈ ਜੋ ਕਿ ਉਸ ਦਾ ਗੁਪਤ ਰੂਪ ਹੈ, ਜੋਤਿ ਰੂਪ ਹੈ। ਬ੍ਰਹਮਾ, ਬਿਸਨੁ, ਮਹਾਦੇਉ ਦੇ ਅੰਦਰ ਜੋਤਿ ਵੀ ਉਸੇ ਦੀ ਹੀ ਵਰਤੀ ਹੈ ਭਾਵ ਉਸ ਨੇ ਆਪ ਹੀ ਉਹਨਾਂ ਨੂੰ ਭਰਮਾਂ ਵਿੱਚ ਪਾ ਕੇ ਰੱਖਿਆ ਹੈ ਤੇ ਉਹਨਾਂ ਕੋਲੋਂ ਆਪ ਹੀ ਇਹ ਅਖਵਾਇਆ ਹੈ ਕਿ ਮੈਂ ਪ੍ਰਮਾਤਮਾ ਹਾਂ। ਇਹਨਾਂ ਸਾਰਿਆਂ ਨੂੰ ਮੰਨਣ ਵਾਲਿਆਂ ਨੇ ਉਹਨਾਂ ਨੂੰ ਪ੍ਰਮਾਤਮਾ ਕਰਕੇ ਮੰਨਿਆ ਹੈ ਤੇ ਅੱਜ ਵੀ ਮੰਨ ਰਹੇ ਹਨ ਕਿਉਂਕਿ ਤ੍ਰੈਗੁਣਾਂ ਤੋਂ ਬਾਹਰ ਕੋਈ ਵੀ ਨਹੀਂ ਹੈ। ਜਿੰਨ੍ਹਾਂ ਨੇ ਉਹਨਾਂ ਨੂੰ ਪ੍ਰਮਾਤਮਾ ਸਮਝਿਆ ਹੈ, ਉਹਨਾਂ ਦੇ ਇਸ ਤਰ੍ਹਾਂ ਸਮਝਣ ਨਾਲ ਧਰਮ ਦੇ ਮਾਰਗ ਨੂੰ ਸਮਝਣ ਵਿੱਚ, ਪ੍ਰਮਾਤਮਾ ਦੇ ਅਸਲੀ ਰੂਪ ਨੂੰ ਸਮਝਣ ਵਿੱਚ ਸੰਸਾਰ ਦੇ ਅੰਦਰ ਕਿਤਨੀ ਕੁ ਅਗਿਆਨਤਾ ਵਧੀ ਹੈ ਇਸ ਦਾ ਅੰਦਾਜਾ ਹਰ ਕੋਈ ਆਪ ਹੀ ਲਗਾ ਸਕਦਾ ਹੈ। ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਤ੍ਰੈਗੁਣਾਂ ਦਾ ਭਾਵ ਮਨ ਦੀ ਮਾਇਆ ਦਾ, ਹਉਮੈ ਦਾ ਮਕਸਦ ਹੀ ਸੰਸਾਰ ਨੂੰ ਭਰਮਾਂ ਵਿੱਚ ਰੱਖਣ ਦਾ ਹੈ ਤਾਂ ਜੋ ਪ੍ਰਮਾਤਮਾ ਦੀ ਅਸਲੀਅਤ ਸਮਝਣ ਵਿੱਚ ਤੇ ਉਸ ਨੂੰ ਪਾਉਣ ਵਿੱਚ ਸੰਸਾਰ ਭਰਮ ਵਿੱਚ ਹੀ ਰਹੇ। ਜਿੰਨ੍ਹਾਂ ਨੂੰ ਪ੍ਰਮਾਤਮਾ ਪਹਿਲੇ ਉੱਚਾ ਬਣਾਉਂਦਾ ਹੈ ਉਹ ਆਪ ਹੀ ਬਣਾਉਂਦਾ ਹੈ, ਆਪਣੀ ਜੁਗਤਿ ਦੁਆਰਾ ਬਣਾਉਂਦਾ ਹੈ ਜਿਸ ਤਰੀਕੇ ਉਹ ਆਪ ਹੀ ਭਰਮਾਂ ਵਾਲੀ ਭਗਤੀ ਦਾ ਪਸਾਰਾ ਕਰਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਹਰ ਕਿਸੇ ਨੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਨਾ ਕਿਸੇ ਨੂੰ ਭਾਵ ਕਿਸੀ ਮਨੁੱਖੀ ਦੇਹ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੁੰਦਾ ਹੈ, ਧਰਮ ਦਾ ਸਿਰਮੌਰ ਮੰਨਿਆ ਹੁੰਦਾ ਹੈ ਤੇ ਜੋ ਕੁੱਝ ਉਹ ਸਮਝਾਉਂਦੇ ਹਨ ਉਸੇ ਨੂੰ ਹੀ ਉਹ ਸੱਚੀ ਭਗਤੀ ਦਾ ਮਾਰਗ ਸਮਝਦੇ ਹਨ ਜਿਹੋ ਜਿਹੇ ਭਗਤੀ ਦੇ ਮਾਰਗਾਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਨਾ ਕਿ ਕਿਸੇ ਭਗਤੀ ਦੇ ਦਿਖਾਵੇ ਦਾ। ਗੁਰੂ ਨੂੰ ਛੱਡ ਕੇ ਅਸੀਂ ਜਿਸ ਦੀ ਵੀ ਮਤਿ ਨਾਲ ਜੁੜਦੇ ਹਾਂ ਭਾਵ ਭਗਤੀ ਦਾ ਮਾਰਗ ਸਿੱਖਣ ਲਈ ਜੁੜਦੇ ਹਾਂ ਉਹ ਸਾਨੂੰ ਭਰਮਾਂ ਵਿੱਚ ਹੀ ਪਾਉਂਦਾ ਹੈ ਤੇ ਇਸੇ ਤਰ੍ਹਾਂ ਸੰਸਾਰ ਵਿੱਚ ਸਦੀਆਂ ਤੋਂ ਭਰਮ ਫੈਲਦੇ ਆ ਰਹੇ ਹਨ। ਜੋ ਕੁੱਝ ਬ੍ਰਹਮਾ, ਬਿਸਨੁ, ਮਹਾਦੇਉ ਨੂੰ ਪ੍ਰਮਾਤਮਾ ਮੰਨਣ ਦੁਆਰਾ ਸੰਸਾਰੀਆਂ ਨੇ ਭਗਤੀ ਦਾ ਮਾਰਗ ਸਿੱਖਿਆ ਹੈ, ਉਹੀ ਮਾਰਗ ਪੰਡਿਤ ਅਖਵਾਉਣ ਵਾਲਿਆਂ ਨੇ ਭਾਵ ਵਿਦਵਾਨ ਅਖਵਾਉਣ ਵਾਲਿਆਂ ਨੇ ਪੜ੍ਹਿਆ ਹੈ ਭਾਵ ਸਮਝਿਆ ਹੈ ਤੇ ਉਹੀ ਕੁੱਝ ਮੋਨੀ ਅਖਵਾਉਣ ਵਾਲਿਆਂ ਨੇ ਪੜ੍ਹਿਆ ਹੈ ਜਿਸ ਕਰਕੇ ਉਹ ਵੀ ਭੁੱਲੇ ਹੋਏ ਹੀ ਹਨ ਤੇ ਉਹਨਾਂ ਦਾ ਚਿਤ ਸੱਚੀ ਭਗਤੀ ਦੇ ਮਾਰਗ ਤੋਂ ਦੂਜੇ ਪਾਸੇ ਲੱਗਾ ਹੋਇਆ ਹੈ ਭਾਵ ਉਹਨਾਂ ਨੂੰ ਸੱਚੀ ਸਮਝ ਨਹੀਂ ਪਈ ਹੈ। ਇਸੇ ਤਰ੍ਹਾਂ ਜੋਗੀ ਜੰਗਮ ਸਨਿਆਸੀ ਆਦਿ ਭੁੱਲੇ ਹੋਏ ਹਨ ਜੋ ਕਿ ਸਦੀਆਂ ਤੋਂ ਅਕਾਰ ਰੂਪ ਨੂੰ ਹੀ ਪੂਜਦੇ ਆ ਰਹੇ ਹਨ ਤੇ ਉਹਨਾਂ ਨੇ ਆਪਣੀ ਆਪਣੀ ਵੱਖਰੀ ਮਰਿਆਦਾ ਬਣਾਈ ਹੋਈ ਹੈ ਜਿਸ ਮਰਿਆਦਾ ਅਨੁਸਾਰ ਚੱਲਣ ਵਿੱਚ ਹੀ ਉਹ ਭਗਤੀ ਸਮਝਦੇ ਹਨ ਪਰ ਇਹਨਾਂ ਸਾਰਿਆਂ ਨੂੰ ਭਾਵ ਕਿਸੇ ਨੂੰ ਵੀ "**ਤਤੁ**" ਦੀ ਸਮਝ ਨਹੀਂ ਹੈ। ਭਗਤੀ ਦੇ "ਤਤੁ" ਵਾਲੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਜਿਸਨੂੰ "**ਗੁਰੂ**" ਦੀ ਸਮਝ ਹੈ ਉਸ ਨੂੰ ਇਹ ਵੀ ਸਮਝ ਹੁੰਦੀ ਹੈ "ਗੁਰੂ ਰੂਪ" ਵਿੱਚ ਪ੍ਰਮਾਤਮਾ ਕੇਵਲ ਆਪ ਹੀ ਹੈ ਜੋ ਆਪਣੇ ਨਿਰੰਕਾਰ ਰੂਪ ਵਿੱਚ ਗੁਰੂ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਗੁਰੂ

ਹੈ ਜੋ ਕਿ ਆਪ ਹੀ ਬ੍ਰਹਮ ਗਿਆਨੀ ਹੈ। ਗੁਰੂ ਤੋਂ ਬਿਨ੍ਹਾਂ ਭਗਤੀ ਦਾ ਮਾਰਗ ਸਿਖਾਉਣ ਲਈ ਹਰ ਕੋਈ ਭਰਮਾਂ ਵਿੱਚ ਹੀ ਪਾਉਂਦਾ ਹੈ ਭਾਵੇਂ ਅਸੀਂ ਕਿਸੇ ਨੂੰ ਵੀ ਭਾਵ ਕਿਸੇ ਆਕਾਰ ਰੂਪ ਨੂੰ ਜਿਤਨਾ ਮਰਜੀ ਵੱਡਾ ਥਾਪਿਆ ਹੋਵੇ ਭਾਵੇਂ ਉਸ ਨੂੰ ਪ੍ਰਮਾਤਮਾ ਹੀ ਥਾਪਿਆ ਹੋਵੇ। (**ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥ ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥ ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥**)

ਪ੍ਰਮਾਤਮਾ ਨੂੰ ਜਾਨਣਾ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਤੇ ਜਿਸ ਤੇ ਉਹ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਉਹ ਆਪਣਾ ਤਤੁ ਗਿਆਨ ਹੀ ਦਿੰਦਾ ਹੈ ਭਾਵ ਆਪਣਾ ਨਾਮ ਹੀ ਦਿੰਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਹੀ ਪੂਰੀ ਸਮਝ ਵਾਲਾ ਬਣ ਸਕਦਾ ਹੈ ਭਾਵ ਤ੍ਰੈਗੁਣਾਂ ਵਿੱਚੋਂ ਨਿਕਲ ਸਕਦਾ ਹੈ, ਭਰਮਾਂ ਵਾਲੀ ਸਮਝ ਵਿੱਚੋਂ, ਭਰਮਾਂ ਵਾਲੀ ਭਗਤੀ ਵਿੱਚੋਂ ਨਿਕਲ ਸਕਦਾ ਹੈ, ਮਨਮੁਖਿ ਵਾਲੀ ਅਵੱਸਥਾ ਵਿੱਚੋਂ ਨਿਕਲ ਸਕਦਾ ਹੈ, ਮਨ ਦੇ ਔਗੁਣ ਰੂਪ ਦੁੱਖਾਂ ਵਿੱਚੋਂ, ਤ੍ਰਿਸ਼ਨਾਵਾਂ ਰੂਪ ਦੁੱਖਾਂ ਵਿੱਚੋਂ ਨਿਕਲ ਸਕਦਾ ਹੈ ਜਿਸ ਵਿੱਚੋਂ ਕੇਵਲ ਗੁਰੂ ਦੇ ਨਾਮ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਉਸ ਦਾ ਹੀ ਜਨਮ ਲੇਖੇ ਲੱਗਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਹਰ ਕੋਈ ਆਪਣਾ ਇਹ ਜਨਮ ਗਵਾ ਦਿੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। (**ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥ ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥**)

ਬ੍ਰਹਮਾ, ਬਿਸਨੁ, ਮਹੇਸ ਆਦਿ ਤੋਂ ਹੋਰ ਵੱਡਾ ਧਰਮ ਦਾ ਆਗੂ ਤੇ ਹੋਰਾਂ ਦੇ ਵੀ ਜਿੰਨ੍ਹਾਂ ਦੇ ਉੱਪਰ ਸ਼ਬਦ ਵਿੱਚ ਨਾਮ ਗਿਣਾਏ ਹੋਏ ਹਨ, ਉਹ ਸਭ ਸਾਡੇ ਧਰਮ ਦੇ ਆਗੂ ਹੀ ਗਿਣੇ ਜਾਂਦੇ ਹਨ ਜਿੰਨ੍ਹਾਂ ਕੋਲੋਂ ਅਸੀਂ ਧਰਮ ਦਾ ਮਾਰਗ ਸਮਝਣ ਲਈ ਖੁਸ਼ੀ ਮਹਿਸੂਸ ਕਰਦੇ ਹਾਂ ਤੇ ਇਸੇ ਲਈ ਉਹਨਾਂ ਨੂੰ ਪੂਜਦੇ ਹਾਂ। ਹੁਣ ਅਸੀਂ ਇਸ ਤੋਂ ਪਹਿਲੇ ਸ਼ਬਦ ਵੱਲ ਵਾਪਿਸ ਆਉਂਦੇ ਹਾਂ ਜਿੱਥੇ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਧਰਮ ਦੇ ਆਗੂ ਭਾਵ ਨਾਸਮਝ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਕਿਹੋ ਜਿਹੇ ਹੁੰਦੇ ਹਨ।

ਸਲੋਕੁ ਮਃ ੧ ॥

"ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥
ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥
ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥"

(ਅੰਗ - ੧੪੦)

ਪਉੜੀ ॥

"ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥
ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥"

(ਅੰਗ - ੧੪੦)

ਉੱਪਰ ਵਾਲੇ ਸਲੋਕ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਸਮਝ ਚੁੱਕੇ ਹਾਂ ਭਾਵ ਇਹ ਸਮਝ ਚੁੱਕੇ ਹਾਂ ਭਾਵ "**ਭਰਿਆ ਭਰਿ ਭਰਿ ਧੋਵਾਂ**" ਤੋਂ ਭਾਵ ਇਹ ਹੈ ਕਿ ਅਸੀਂ ਆਪਣੀ ਨਾਮਸਝਿ ਮਤਿ ਨੂੰ ਦੂਜਿਆਂ ਦੀ ਮਤਿ ਵਿੱਚ ਭਰਦੇ ਹਾਂ ਕਿਉਂਕਿ ਅਸੀਂ ਇਸੇ ਨੂੰ ਹੀ ਦੂਜਿਆਂ ਦੀ ਮਤਿ ਨੂੰ ਧੋਣਾ ਸਮਝਦੇ ਹਾਂ ਕਿ ਅਸੀਂ ਦੂਸਰਿਆਂ ਨੂੰ ਸੱਚੀ ਸਿੱਖਿਆ ਦੇ ਰਹੇ ਹਾਂ।ਧਰਮ ਦੇ ਇਹੋ ਜਿਹੇ ਆਗੂ ਬਣਨ ਦੁਆਰਾ ਭਾਵ ਗੁਰਮਤਿ ਦੇ ਉਲਟ ਸਿੱਖਿਆ ਦੇਣ ਦੁਆਰਾ ਅਸਲੀਅਤ ਵਿੱਚ ਅਸੀਂ ਕੀ ਕਰਦੇ ਹਾਂ, ਇਸ ਦਾ ਜਵਾਬ ਵੀ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਦਿੱਤਾ ਹੋਇਆ ਹੈ ਤੇ ਪ੍ਰਮਾਤਮਾ ਦੇ ਦਰ ਤੇ ਸਾਨੂੰ ਇਹੋ ਜਿਹਾ ਆਗੂ ਬਣਨ ਦਾ ਕੀ ਨਤੀਜਾ ਮਿਲਦਾ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥"

ਉੱਪਰ ਵਾਲੇ ਪੂਰੇ ਸ਼ਬਦ ਦੀਆਂ ਪਹਿਲੀਆਂ ਜੋ ਦੋ ਪੰਗਤੀਆਂ ਅਸੀਂ ਪਹਿਲੇ ਸਮਝੀਆਂ ਹਨ ਉਹਨਾਂ ਨੂੰ ਆਪਣੇ ਆਪ ਸਮਝ ਪਾਉਣਾ ਕਿਸੇ ਦੇ ਵੀ ਵੱਸ ਵਿੱਚ ਨਹੀਂ ਹੈ ਕਿਉਂਕਿ ਇਹ ਮਨ ਦੀ ਗੱਲ ਹੈ ਤੇ ਮਨ ਨੂੰ ਸਮਝੇ ਬਿਨ੍ਹਾਂ ਉਨ੍ਹਾਂ ਪਹਿਲੀਆਂ ਪੰਗਤੀਆਂ ਨੂੰ ਆਪਣੇ ਆਪ ਨਹੀਂ ਸਮਝਿਆ ਜਾ ਸਕਦਾ ਪਰ ਗੁਰਬਾਣੀ ਸਾਡਾ ਭਰਮ ਨਾਲ ਹੀ ਕੱਢ ਦਿੰਦੀ ਹੈ, ਸ਼ਬਦ ਦੀਆਂ ਅਗਲੀਆਂ ਪੰਗਤੀਆਂ ਜਾਂ ਅਗਲੇ ਪਦਿਆਂ ਰਾਹੀਂ ਕੱਢ ਦਿੰਦੀ ਹੈ। ਅਸੀਂ ਜੋ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਮਝਿਆ ਹੈ, ਉੱਪਰ ਵਾਲੀਆਂ ਪੰਗਤੀਆਂ ਰਾਹੀਂ ਉਸੇ ਗੱਲ ਨੂੰ ਸਪੱਸ਼ਟ ਕੀਤਾ ਹੋਇਆ ਹੈ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਕਿਹੜੀ ਗੱਲ ਨੂੰ ਸਮਝਿਆ ਹੈ। ਸਾਡੇ ਜੋ ਧਰਮ ਦੇ ਵਿਦਵਾਨ ਅਖਵਾਉਂਦੇ ਹਨ "ਸਲੋਕ ਰਾਹੀਂ" ਉਹਨਾਂ ਦੀ ਹੀ ਗੱਲ ਕੀਤੀ ਹੋਈ ਹੈ ਭਾਵ ਉਹਨਾਂ ਦਾ ਭਰਮ ਹੀ ਕੱਢਿਆ ਹੋਇਆ ਹੈ ਕਿ ਧਰਮ ਦੇ ਸੱਚੇ ਮਾਰਗ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਉਹ ਆਪਣੇ ਆਪ ਨੂੰ ਗੁਰੂ ਵਰਗੇ ਸਿਆਣਾ ਅਖਵਾਉਣ ਤੋਂ ਬਚਣ ਤੇ ਦੂਸਰਿਆਂ ਨੂੰ ਵੀ ਉਹੋ ਜਿਹੀ ਭਗਤੀ ਦਾ ਮਾਰਗ ਨਾ ਸਮਝਾਉਣ ਜੋ ਮਾਰਗ ਗੁਰੂ ਦੀ ਸਮਝ ਨਾਲ ਮੇਲ ਨਹੀਂ ਖਾਂਦਾ। ਅਸੀਂ ਵਾਰ-ਵਾਰ ਸਮਝਿਆ ਹੈ ਕਿ ਗੁਰੂ ਆਪ ਪ੍ਰਮਾਤਮਾ ਹੈ ਜੋ ਚੌਥੇ ਪਦ ਦੇ ਗਿਆਨ ਵਿੱਚ ਹੈ। ਚੌਥੇ ਪਦ ਦਾ ਗਿਆਨ "**ਗੁਰੂ ਰੂਪ**" ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਕਿਸੇ ਨੂੰ ਮਿਲ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਭਾਵ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ ਭਾਵ ਤ੍ਰੈਗੁਣਾਂ ਵਿੱਚੋਂ ਨਿਕਲੇ ਬਿਨ੍ਹਾਂ ਅਗਰ ਕੋਈ ਇਹ ਸਮਝੇ ਕਿ ਉਸ ਨੂੰ ਗੁਰਬਾਣੀ ਦੀ ਸਮਝ ਲੱਗ ਗਈ ਹੈ, ਇਹ ਆਪਣੇ ਆਪ ਵਿੱਚ ਹੀ ਇੱਕ ਵੱਡਾ ਭਰਮ ਹੈ। ਪ੍ਰਮਾਤਮਾ ਆਪ "**ਗੁਰਬਾਣੀ**" ਦੇ ਰੂਪ ਵਿੱਚ ਹੈ ਜੋ ਕਿ ਪ੍ਰਮਾਤਮਾ ਦਾ "**ਬ੍ਰਹਮ ਗਿਆਨ**" ਰੂਪ ਹੈ। ਗੁਰਬਾਣੀ ਦੇ ਅੰਦਰ ਦੀ ਅਸਲੀਅਤ ਨੂੰ ਜਾਨਣਾ ਭਾਵ ਗੁਰਬਾਣੀ ਦੇ ਅੰਦਰ ਦੇ ਸੱਚੇ ਗਿਆਨ ਨੂੰ ਜਾਨਣਾ ਜਾਂ ਪ੍ਰਮਾਤਮਾ ਨੂੰ ਜਾਨਣਾ ਇੱਕੋ ਹੀ ਗੱਲ ਹੈ, ਇੱਕੋ ਹੀ ਗੱਲ ਹੈ, ਇੱਕੋ ਹੀ ਗੱਲ ਹੈ। ਜੇਕਰ ਕੋਈ ਇਹ ਕਹੇ ਕਿ ਉਸ ਨੂੰ ਗੁਰਬਾਣੀ ਦੀ ਪੂਰੀ ਸਮਝ ਹੈ ਫਿਰ ਇਸ ਤੋਂ ਭਾਵ ਹੈ ਕਿ ਉਸ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਿਆ ਹੈ ਭਾਵ ਆਪਣੇ ਅੰਦਰੋਂ ਉਸ ਬ੍ਰਹਮ ਗਿਆਨੀ ਨੂੰ ਜਾਣ ਲਿਆ ਹੈ ਜੋ ਬ੍ਰਹਮ ਗਿਆਨ ਕੇਵਲ ਤੇ ਕੇਵਲ ਉਹ ਆਪ ਹੀ ਦੇ ਸਕਦਾ ਹੈ। ਜੇਕਰ ਕੋਈ ਆਪਣੇ ਆਪ ਗੁਰਬਾਣੀ ਨੂੰ ਜਾਣ ਲਵੇ ਫਿਰ ਤ੍ਰੈਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਫਰਕ ਹੀ ਕੀ ਰਹਿ ਗਿਆ ਭਾਵ ਮਨ ਦੇ ਪੁੱਠੇ ਕਮਲ ਤੇ ਸਿੱਧੇ ਕਮਲ ਵਿੱਚ ਫਰਕ ਹੀ ਕੀ ਰਹਿ ਗਿਆ, ਪ੍ਰਮਾਤਮਾ ਦੀ ਸਾਡੇ ਅੰਦਰ ਪਾਈ ਹੋਈ ਮਾਇਆ ਦੀ ਜੁਗਤਿ ਦਾ ਮਕਸਦ ਹੀ ਕੀ ਰਹਿ ਗਿਆ। ਗੁਰਬਾਣੀ ਵਿੱਚ ਬੜਾ ਕੁੱਝ ਇਸ ਤਰੀਕੇ ਲਿਖਿਆ ਹੋਇਆ ਹੈ ਜਿਸ ਨੂੰ ਤ੍ਰੈਗੁਣਾਂ ਵਾਲੀ ਸਮਝ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਜੇਕਰ ਅਸੀਂ ਉਤਨੀ ਹੀ ਗੱਲ ਨੂੰ ਮੰਨ ਲਈਏ ਤਾਂ ਅਸੀਂ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਕਰ ਸਕਦੇ ਹਾਂ ਪਰ ਅਨੇਕਾਂ ਨੇ ਆਪਣੀ ਸਿਆਣਪ ਦਿਖਾਉਣ ਲਈ ਗੁਰਬਾਣੀ ਦੇ ਅਰਥ ਕਰਨ ਵਿੱਚ ਆਪਣੀ ਆਪਣੀ ਸਮਝ ਪਾਈ ਹੋਈ ਹੈ ਭਾਵ ਗੁਰਬਾਣੀ ਨੂੰ ਸਮਝਣ ਵਿੱਚ ਹੋਰ ਉਲਝਣਾਂ ਪਾਈਆਂ ਹੋਈਆਂ ਹਨ ਜੋ ਸਾਨੂੰ ਅਸਲੀਅਤ ਸਮਝਣ ਲਈ ਉਲਟਾ ਉਲਝਾਉਂਦੀਆਂ ਹੀ ਹਨ। ਅਨੇਕਾਂ ਹੀ ਜੋ ਅਸੀਂ ਭਗਤੀ ਦੇ ਮਾਰਗ ਬਣਾਏ ਹੋਏ ਹਨ ਉਸ ਵਿੱਚ ਕੇਵਲ ਮਨਮਤਿ ਹੈ ਭਾਵ ਗੁਰਮਤਿ ਨਹੀਂ। ਅਸੀਂ ਅਨੇਕਾਂ ਹੀ ਮਰਿਆਦਾਵਾਂ ਬਣਾਈਆਂ ਹੋਈਆਂ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਈਆਂ ਹੋਈਆਂ ਹਨ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ ਭਾਵ ਸਭ ਪਾਸੇ ਮਨਮਤਿ ਹੀ ਹੈ। ਪੂਰੀ ਗੁਰਬਾਣੀ ਸਾਨੂੰ ਸਾਡੀ ਮਰਿਆਦਾ ਹੀ ਸਮਝਾ ਰਹੀ ਹੈ ਭਾਵ ਸਾਡੇ ਜੀਵਨ ਦਾ ਸੱਚਾ ਮਾਰਗ ਹੀ ਸਮਝਾ ਰਹੀ ਹੈ ਤੇ ਉਸ ਸੱਚੇ ਮਾਰਗ ਤੇ ਚੱਲਣਾ ਹੀ ਮਨੁੱਖ ਦੀ

ਸੱਚੀ ਮਰਿਆਦਾ ਹੈ ਜੋ ਮਰਿਆਦਾ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਜਿਸ ਲਈ ਕੋਈ ਵੱਖਰੀ-ਵੱਖਰੀ ਮਰਿਆਦਾ ਦੀ ਲੋੜ ਨਹੀਂ ਹੈ। ਬਾਣੀ ਸਪੱਸ਼ਟ ਤਰੀਕੇ ਨਾਲ ਸਮਝਾਉਂਦੀ ਹੈ ਕਿ ਕਿਸੇ ਵੇਲੇ ਨੂੰ, ਕਿਸੇ ਸਮੇਂ ਨੂੰ ਭਾਵ ਕਿਸੇ ਖਾਸ ਵੇਲੇ ਨੂੰ ਭਗਤੀ ਦਾ ਵੇਲਾ ਮੰਨਣਾ ਕੇਵਲ ਸਾਡਾ ਭਰਮ ਹੈ ਪਰ ਫਿਰ ਵੀ ਵੇਲੇ ਦੀ ਮਰਿਆਦਾ ਨੂੰ ਬਹੁਤ ਉੱਚੀ ਮਰਿਆਦਾ ਬਣਾਇਆ ਹੋਇਆ ਹੈ ਜਿੰਨ੍ਹਾਂ ਗੱਲਾਂ ਦਾ ਪ੍ਰਚਾਰ ਸਾਡੇ ਧਰਮ ਦੇ ਆਗੂ ਅਖਵਾਉਣ ਵਾਲੇ ਹੀ ਕਰਦੇ ਹਨ ਤੇ ਅਨੇਕਾਂ ਹੀ ਉਹਨਾਂ ਗੱਲਾਂ ਦਾ ਅੱਗੋਂ ਹੋਰ ਪ੍ਰਚਾਰ ਕਰਦੇ ਹਨ ਜਿੰਨ੍ਹਾਂ ਦਾ ਸੱਚੀ ਭਗਤੀ ਨਾਲ ਕੋਈ ਮਕਸਦ ਨਹੀਂ। ਮਨੁੱਖ ਦਾ ਕਿਹੋ ਜਿਹਾ ਪਹਿਰਾਵਾ ਹੋਣਾ ਚਾਹੀਦਾ ਹੈ, ਕਿਹੋ ਜਿਹਾ ਖਾਣ ਪਾਣ ਹੋਣਾ ਚਾਹੀਦਾ ਹੈ ਗੁਰਬਾਣੀ ਸਾਨੂੰ ਇਹ ਸਮਝਾਉਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਲਈ ਇਹਨਾਂ ਗੱਲਾਂ ਦੀ ਕੋਈ ਅਹਿਮੀਅਤ ਨਹੀਂ ਹੈ ਭਾਵ ਪ੍ਰਮਾਤਮਾ ਇਹਨਾਂ ਗੱਲਾਂ ਨੂੰ ਨਹੀਂ ਵਿਚਾਰਦਾ। ਉਹ ਕੇਵਲ ਮਨੁੱਖ ਦੇ ਅੰਦਰ ਦੇ ਸੱਚ ਨੂੰ ਪਰਖਦਾ ਹੈ, ਮਨੁੱਖ ਦੀ ਨੀਅਤ ਨੂੰ ਪਰਖਦਾ ਹੈ ਜੋ ਨੀਅਤ ਕੇਵਲ ਸੱਚ ਨੂੰ ਮੰਨਣ ਦੁਆਰਾ ਹੀ ਚੰਗੀ ਬਣ ਸਕਦੀ ਹੈ। ਗੁਰੂ ਸਾਨੂੰ ਸੱਚ ਹੀ ਸਮਝਾਉਂਦਾ ਹੈ ਤੇ ਜੋ ਗੱਲ ਅਸੀਂ ਗੁਰੂ ਦੀ ਨਹੀਂ ਮੰਨਦੇ ਇਸ ਦਾ ਮਤਲਬ ਹੈ ਕਿ ਸਾਡੀ ਨੀਅਤ ਵਿੱਚ ਖੋਟ ਹੈ, ਮੈਲ ਹੈ, ਅਗਿਆਨਤਾ ਦੀ ਖੋਟ ਹੈ। ਖੋਟੀ ਨੀਅਤ ਵਾਲਾ, ਖੋਟੀ ਸਮਝ ਵਾਲਾ ਭਾਵ ਮਨ ਦੀ ਖੋਟੀ ਰਾਸਿ ਵਾਲਾ ਮਨੁੱਖ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦਾ। ਭਗਤੀ ਦਾ ਮਾਰਗ ਆਪਣੀ ਨੀਅਤ ਰਾਸ ਕਰਨ ਦਾ ਹੈ ਭਾਵ ਚੰਗੀ ਕਰਨ ਦਾ ਹੈ ਤੇ ਨੀਅਤ ਕਿਸੇ ਦੀ ਤਾਂ ਹੀ ਚੰਗੀ ਬਣਦੀ ਹੈ ਜੇਕਰ ਉਹ ਗੁਰੂ ਦੀ ਗੱਲ ਨੂੰ ਪੂਰਨ ਰੂਪ ਵਿੱਚ ਮੰਨਦਾ ਹੈ ਭਾਵ ਉਸ ਤੇ ਅਮਲ ਕਰਨ ਦਾ ਸੱਚਾ ਉੱਦਮ ਕਰਦਾ ਹੈ ਤੇ ਉਹੋ ਜਿਹੇ ਭਰਮ ਵਾਲੇ ਵਿਚਾਰਾਂ ਵਿੱਚੋਂ ਨਿਕਲਦਾ ਹੈ ਜੋ ਸਾਨੂੰ ਭਗਤੀ ਦੇ ਪੁੱਠੇ ਮਾਰਗ ਤੇ ਤੋਰਦੇ ਹਨ। ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਇਹੀ ਤਰੀਕਾ ਹੈ ਤੇ ਹੋਰ ਕੋਈ ਨਹੀਂ।

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ - ੧੩੮੩)

{ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥੧॥}

(ਅੰਗ - ੫੯੪)

{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥}

(ਅੰਗ - ੧੪੧)

ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਧਰਮ ਦੇ ਆਗੂ ਅਖਵਾਉਣ ਵਾਲਿਆਂ ਨੂੰ ਗੁਰੂ ਸਾਹਿਬ ਕੀ ਸਮਝਾ ਰਹੇ ਹਨ। ਪਹਿਲੀ ਗੱਲ ਤਾਂ ਇਹ ਸਮਝੋ ਕਿ ਜੋ ਆਪਣੇ ਆਪ ਨੂੰ ਧਰਮ ਦੇ ਪ੍ਰਚਾਰਕ ਸਮਝਦੇ ਹਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਕੀ ਉਹ ਕਦੇ ਮੰਨ ਸਕਦਾ ਹੈ ਕਿ ਉਸ ਨੂੰ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ ਭਾਵ ਉਹ ਧਰਮ ਦੇ ਮਾਰਗ ਦਾ ਝੂਠਾ ਪ੍ਰਚਾਰ ਕਰਦਾ ਹੈ। ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਧਰਮ ਦੇ ਮਾਰਗ ਦੀ ਸਮਝ ਭਾਵ ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕਿਸੇ ਦੇ ਕੋਲ ਨਹੀਂ ਹੈ ਭਾਵ ਸਾਨੂੰ ਭਗਤੀ ਦਾ ਮਾਰਗ ਕੇਵਲ ਗੁਰੂ ਹੀ ਬੁੱਝਾ ਸਕਦਾ ਹੈ ਤੇ ਗੁਰੂ ਵਾਲੀ ਪੂਰਨ ਸੱਚੀ ਭਗਤੀ ਦੀ ਸਮਝ ਵਾਲਾ ਉਹ ਹੀ ਬਣ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣੀ ਸੱਚੀ ਭਗਤੀ ਦਾ ਮਾਰਗ ਬੁਝਾਉਂਦਾ ਹੈ। ਗੁਰੂ ਨੇ ਪ੍ਰਮਾਤਮਾ ਕੋਲੋਂ ਸੱਚੀ ਭਗਤੀ ਦਾ ਮਾਰਗ ਬੁੱਝਿਆ ਹੋਇਆ ਹੈ ਤੇ ਇਸੇ ਲਈ ਭਗਤੀ ਦਾ ਮਾਰਗ ਕੇਵਲ ਗੁਰੂ ਹੀ ਬੁੱਝਾ ਸਕਦਾ ਹੈ ਭਾਵ ਭਗਤੀ ਦਾ ਸੱਚਾ ਮਾਰਗ ਸਮਝਾਉਣ ਲਈ ਸੱਚਾ ਆਗੂ ਕੇਵਲ ਗੁਰੂ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਸੱਚੇ ਧਰਮ ਗ੍ਰੰਥ ਦੀ ਰਚਨਾ,

ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ ਜਿਸ ਕਰਕੇ ਸੱਚੇ ਧਰਮ ਗ੍ਰੰਥ ਹੀ ਸਾਡੇ ਧਰਮ ਦੇ ਸੱਚੇ ਆਗੂ ਹਨ ਜਿੰਨ੍ਹਾਂ ਨੇ ਭਗਤੀ ਦਾ ਸੱਚਾ ਮਾਰਗ ਬੁੱਝਿਆ ਹੋਇਆ ਹੈ। ਭਗਤੀ ਦਾ ਸੱਚਾ ਮਾਰਗ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ ਤੇ ਧਰਮ ਗ੍ਰੰਥਾਂ ਵਿੱਚ ਜੋ ਸੱਚਾ ਗਿਆਨ ਹੈ ਉਹ ਸੱਚਾ ਗਿਆਨ ਹੀ ਸਾਡਾ ਆਗੂ ਹੈ, ਧਰਮ ਦਾ ਆਗੂ ਹੈ। ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਗੁਰੂ ਰੂਪ ਵਿੱਚ ਆਪ ਹੀ ਸਾਰੇ ਸੰਸਾਰ ਦਾ ਆਗੂ ਹੈ। ਗੁਰੂ ਦਾ ਪੂਰਾ ਗਿਆਨ ਸਮਝ ਆਏ ਬਿਨ੍ਹਾਂ ਧਰਮ ਦਾ ਆਗੂ ਨਹੀਂ ਬਣਿਆ ਜਾ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕਿਸੇ ਨੂੰ ਧਰਮ ਦਾ ਸੱਚਾ ਮਾਰਗ ਨਹੀਂ ਸਮਝਾਇਆ ਜਾ ਸਕਦਾ। ਧਰਮ ਦੇ ਮਾਰਗ ਦਾ ਸੱਚਾ ਗਿਆਨ ਮਨੁੱਖ ਨੂੰ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ ਭਾਵ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਹੀ ਕਰਦਾ ਹੈ ਤੇ ਸਿੱਧੇ ਕਮਲ ਵਾਲੀ ਸਮਝ ਵਿੱਚ ਪਹੁੰਚ ਕੇ ਹੀ ਧਰਮ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਤੇ ਉਸ ਤੇ ਚੱਲਿਆ ਜਾ ਸਕਦਾ ਹੈ ਤੇ ਕਿਸੇ ਨੂੰ ਸਮਝਾਇਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਜਦ ਤੱਕ ਸਾਡੇ ਅੰਦਰ ਦਾ ਪੁੱਠਾ ਕਮਲ ਸਿੱਧਾ ਨਹੀਂ ਹੁੰਦਾ ਨਾ ਕੋਈ ਭਗਤੀ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਉਸ ਤੇ ਚੱਲ ਸਕਦਾ ਹੈ ਤੇ ਇਸ ਗੱਲ ਨੂੰ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਜਦ ਤੱਕ ਕਿਸੇ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਤਦ ਤੱਕ ਸਭ ਕੋਈ ਹਉਮੈ ਵਿੱਚ ਹੈ, ਤ੍ਰੈਗੁਣਾਂ ਵਿੱਚ ਹੈ, ਮਾਇਆ ਮੋਹ ਵਾਲੀ ਸਮਝ ਵਿੱਚ ਹੈ ਜਿਸ ਅਵੱਸਥਾ ਵਿੱਚ ਰਹਿੰਦੇ ਹੋਏ ਹਰ ਕੋਈ ਮਨ ਦੀ ਅਗਿਆਨਤਾ ਰਾਹੀਂ ਅੰਨ੍ਹਾ ਹੈ। ਮਨ ਦੇ ਇਸ ਅੰਧੇਪਨ ਵਿੱਚ ਰਹਿੰਦੇ ਹੋਏ ਜਦ ਤੱਕ ਕਿਸੇ ਨੂੰ ਆਪ ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਲੱਗਦੀ ਉਹ ਦੂਸਰਿਆਂ ਨੂੰ ਕੀ ਸਮਝਾ ਸਕਦਾ ਹੈ ਭਾਵ ਉਹ ਧਰਮ ਦਾ ਆਗੂ ਕਿਵੇਂ ਬਣ ਸਕਦਾ ਹੈ ਜਾਂ ਅਖਵਾ ਸਕਦਾ ਹੈ। ਭਗਤੀ ਦਾ ਮਾਰਗ ਭਰਮਾਂ ਵਿੱਚੋਂ ਨਿਕਲਣ ਦਾ ਹੈ ਤੇ ਜਿਸ ਦੇ ਆਪਣੇ ਭਰਮ ਨਹੀਂ ਨਿਕਲੇ ਉਹ ਦੂਸਰਿਆਂ ਦੇ ਭਰਮ ਕੀ ਕੱਢੇਗਾ ਪਰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸੰਸਾਰ ਵਿੱਚ ਧਰਮ ਦੇ ਪ੍ਰਚਾਰਕ ਅਨੇਕਾਂ ਹੀ ਹਨ ਜੋ ਸਭ ਨੂੰ ਆਪਣੀ ਆਪਣੀ ਸਮਝ ਦੁਆਰਾ ਸਮਝਾਉਂਦੇ ਹਨ ਤੇ ਜੋ ਕੁੱਝ ਵੀ ਸਮਝਾਉਂਦੇ ਹਨ ਉਹ ਆਪਣੇ ਆਪ ਨੂੰ ਠੀਕ ਸਮਝਕੇ ਹੀ ਸਮਝਾਉਂਦੇ ਹਨ, ਆਪਣੇ ਆਪ ਨੂੰ ਧਰਮ ਗ੍ਰੰਥਾਂ ਦੀ ਸਮਝ ਵਾਲਾ ਮੰਨ ਕੇ,ਗੁਰਮਤਿ ਦੀ ਸਮਝ ਵਾਲਾ ਮੰਨ ਕੇ ਹੀ ਸਮਝਾਉਂਦੇ ਹਨ ਕਿ ਮੈਨੂੰ ਗੁਰਮਤਿ ਦੀ ਸੱਚੀ ਸਮਝ ਹੈ, ਮੈਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਹੈ ਤੇ ਉਹਨਾਂ ਦੀਆਂ ਗੱਲਾਂ ਸੁਣਨ ਵਾਲੇ ਉਹਨਾਂ ਨੂੰ ਸੱਚੇ ਆਗੂ ਹੀ ਸਮਝਦੇ ਹਨ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹੋ ਜਿਹੇ ਨਾਸਮਝ ਆਗੂ ਆਪ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹੁੰਦੇ ਹਨ ਤੇ ਦੂਸਰਿਆਂ ਵਿੱਚ ਭਾਵ ਜਿੰਨ੍ਹਾਂ ਨੂੰ ਉਹ ਸਮਝਾਉਂਦੇ ਹਨ ਉਹਨਾਂ ਵਿੱਚ ਆਪਣੀ ਅਗਿਆਨਤਾ ਵਾਲੇ ਵਿਚਾਰ ਹੀ ਭਰਦੇ ਹਨ, ਅਗਿਆਨਤਾ ਵਾਲੀ ਸਮਝ ਦੇ ਨਾਲ ਭਰਦੇ ਹਨ ਜਿਸ ਰਾਹੀਂ ਉਹ ਇਹ ਸਮਝਦੇ ਹਨ ਕਿ ਅਸੀਂ ਦੂਸਰਿਆਂ ਦੀ ਅਗਿਆਨਤਾ ਦੂਰ ਕਰ ਰਹੇ ਹਾਂ ਭਾਵ ਉਹਨਾਂ ਦੀ ਨਾਸਮਝ ਮਤਿ ਨੂੰ ਧੋ ਰਹੇ ਹਾਂ ਪਰ ਅਸਲ ਵਿੱਚ ਉਹ ਉਲਟ ਕਰ ਰਹੇ ਹੁੰਦੇ ਭਾਵ ਆਪਣੀ ਅਗਿਆਨਤਾ ਉਹਨਾਂ ਦੇ ਅੰਦਰ ਭਰਦੇ ਹਨ। ਮਨੁੱਖੀ ਮਨ ਦੀ ਅਗਿਆਨਤਾ ਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਧੋ ਸਕਦਾ ਹੈ ਅਗਿਆਨਤਾ ਵਾਲੀ ਸਮਝ ਹੀ ਮਨੁੱਖ ਦੇ ਅੰਦਰ ਦੀ ਮੈਲ ਹੈ ਜਿਸਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਧੋ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਇਹੋ ਜਿਹੇ ਨਾਸਮਝ ਆਗੂ ਜੋ ਸਭ ਨੂੰ ਆਪਣੇ ਵੱਲੋਂ ਭਗਤੀ ਦਾ ਮਾਰਗ ਦੱਸਦੇ ਹਨ ਭਾਵ ਸਮਝਾਉਂਦੇ ਹਨ ਉਹ ਉਹਨਾਂ ਦੀ ਮਤਿ ਨੂੰ ਆਪਣੀ ਮਤਿ ਦੇ ਨਾਲ ਜੋੜ ਕੇ ਉਹਨਾਂ ਦੀ ਮਤਿ ਨੂੰ ਵੀ ਖਰਾਬ ਕਰਦੇ ਹਨ ਭਾਵ ਉਹ ਆਪ ਤਾਂ ਅਗਿਆਨਤਾ ਦੇ ਠੱਗੇ ਹੋਏ ਹਨ, ਮਾਇਆ ਵਾਲੀ ਸਮਝ ਨਾਲ ਠੱਗੇ ਹੋਏ ਹਨ ਤੇ ਦੂਸਰਿਆਂ ਦੀ ਮਤਿ ਨੂੰ ਵੀ ਠੱਗਦੇ ਹਨ ਭਾਵ ਉਹਨਾਂ ਦੇ ਅੰਦਰ ਮਾਇਆ ਦੀ ਮੈਲ ਭਰਦੇ ਹਨ, ਹਉਮੈ ਦੀ ਮੈਲ ਭਰਦੇ ਹਨ। ਜੋ ਆਪ ਮਨ ਦੀ ਠੱਗੀ ਵਿੱਚੋਂ ਨਹੀਂ ਨਿਕਲਿਆ, ਮੋਹ ਠਗਉਲੀ ਵਿੱਚੋਂ ਨਹੀਂ ਨਿਕਲਿਆ ਉਹ ਦੂਸਰਿਆਂ ਨੂੰ ਠੱਗੀ ਵਿੱਚੋਂ ਕੀ ਕੱਢੇਗਾ ਭਾਵ ਉਸ ਨੂੰ ਮਾਇਆ ਦੀ ਠੱਗੀ ਨਾਲ ਹੀ ਜੋੜੇਗਾ। (**ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥ ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥ ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥**) ਜਿਹੜੇ ਆਪਣੇ ਵੱਲੋਂ ਭਗਤੀ ਦਾ ਪ੍ਰਚਾਰ ਕਰਦੇ ਹਨ ਉਹ ਆਪਣੇ ਵੱਲੋਂ ਸੱਚੇ ਬਣਕੇ ਹੀ ਕਰਦੇ ਹਨ ਤੇ ਇਹ ਕੁੱਝ ਕਰਨ ਦੁਆਰਾ ਉਹ ਇਹ ਸਮਝਦੇ ਹਨ ਕਿ ਅਸੀਂ ਗੁਰੂ ਦੀ ਵਡਿਆਈ ਦਾ ਪ੍ਰਚਾਰ ਕਰ ਰਹੇ ਹਾਂ ਤੇ ਇਸ ਤਰੀਕੇ ਆਪ ਵੀ ਪ੍ਰਮਾਤਮਾ ਦੀ ਵਡਿਆਈ ਕਰ ਰਹੇ ਹਾਂ ਭਾਵ ਬੜਾ ਚੰਗਾ ਕਰਮ ਕਰ ਰਹੇ ਹਾਂ ਜਿਸ ਕਰਕੇ ਉਹ ਮਨ ਦੇ ਵਿੱਚ ਇਹ ਆਸ ਵੀ ਰੱਖਦੇ ਹਨ ਕਿ ਸਾਡੇ ਇਹੋ ਜਿਹਾ ਕਰਨ ਦੁਆਰਾ ਗੁਰੂ ਪ੍ਰਮਾਤਮਾ ਖੁਸ਼ ਹੁੰਦਾ ਹੈ ਤੇ ਉਹ ਸਾਡੇ ਉੱਤੇ ਆਪਣੀ ਕਿਰਪਾ ਕਰੇਗਾ ਭਾਵ ਇਸ ਤਰੀਕੇ ਉਹ ਇਹ ਸਮਝਦੇ ਹਨ ਕਿ

ਅਸੀਂ ਪ੍ਰਮਾਤਮਾ ਦੇ ਨੇੜੇ ਲੱਗ ਰਹੇ ਹਾਂ ਤੇ ਇਹੋ ਜਿਹਾ ਕਰਨ ਦੁਆਰਾ ਸਮਾਜ ਵਿੱਚੋਂ ਉਹਨਾਂ ਨੂੰ ਵਡਿਆਈਆਂ ਵੀ ਮਿਲਦੀਆਂ ਹਨ, ਉਹਨਾਂ ਦੀ ਸੋਭਾ ਉੱਚੀ ਹੁੰਦੀ ਹੈ ਤੇ ਮਾਇਆ ਵੀ ਮਿਲਦੀ ਹੈ ਜਿਸ ਰਾਹੀਂ ਉਹ ਪ੍ਰਸੰਨਤਾ ਵੀ ਮਹਿਸੂਸ ਕਰਦੇ ਹਨ। ਨਾਸਮਝ ਮਤਿ ਦੁਆਰਾ ਗੁਰਮਤਿ ਦੀ ਸਮਝ ਦੇ ਉਲਟ ਪ੍ਰਚਾਰ ਕਰਨਾ ਕਿਤਨਾ ਕੁ ਗਲਤ ਹੈ ਤੇ ਉਸ ਦੇ ਕਾਰਨ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਵਡਿਆਈ ਦੀ ਬਜਾਏ ਕੀ ਮਿਲਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥”

ਅਸੀਂ ਸਮਾਜ ਨੂੰ ਭੁਲਾ ਸਕਦੇ ਹਾਂ ਤੇ ਭੁਲਾ ਕੇ ਵੀ ਸੱਚੇ ਅਖਵਾ ਸਕਦੇ ਹਾਂ ਪਰ ਕੀ ਕੋਈ ਉਸ ਪ੍ਰਮਾਤਮਾ ਨੂੰ ਭੁਲੇਖੇ ਵਿੱਚ ਰੱਖ ਸਕਦਾ ਹੈ ਕਿ ਸੱਚੀ ਗੁਰਮਤਿ ਕੀ ਹੈ ਜੋ ਕਿ ਆਪ ਹੀ ਗੁਰਮਤਿ ਦਾ ਮਾਲਕ ਹੈ, ਗੁਰਮਤਿ ਦੀ ਰਚਨਾ ਕਰਨ ਵਾਲਾ ਹੈ। ਪ੍ਰਮਾਤਮਾ ਦੇ ਦਰ ਤੇ ਇਹੋ ਜਿਹੇ ਭਰਮ ਪਾਉਣ ਵਾਲਿਆਂ ਨੂੰ ਬੇਇੱਜਤ ਹੀ ਹੋਣਾ ਪੈਂਦਾ ਹੈ ਤੇ ਉਸ ਦੇ ਦਰ ਤੋਂ ਵਡਿਆਈ ਮਿਲਣੀ ਤਾਂ ਦੂਰ ਦੀ ਗੱਲ ਹੈ। ਗੁਰੂ ਸਾਹਿਬ ਉੱਪਰ ਪੰਗਤੀ ਰਾਹੀਂ ਸਾਨੂੰ ਇਹ ਸਮਝਾ ਰਹੇ ਹਨ ਕਿ ਇਹ ਝੂਠੀ ਭਗਤੀ ਦਾ ਪ੍ਰਚਾਰ ਕਰਨ ਵਾਲਿਆਂ ਦੇ ਮੂੰਹ ਤੇ ਪ੍ਰਮਾਤਮਾ ਦੇ ਦਰ ਤੇ ਜੁੱਤੀਆਂ ਪੈਂਦੀਆਂ ਹਨ। ਇਹ ਜੁੱਤੀਆਂ ਪੈਣੀਆਂ ਕੀ ਹਨ ਇਸ ਨੂੰ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦਾ ਦਰ ਨਿਰੰਕਾਰ ਰੂਪ ਹੈ ਭਾਵ ਸੱਚੇ ਗਿਆਨ ਦਾ ਦਰ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਸੱਚਾ ਦਰ ਹੀ ਹੈ ਤੇ ਉਸ ਦੀਆਂ ਜੁੱਤੀਆਂ ਵੀ ਇਸੇ ਦਰ ਤੋਂ ਪੈਂਦੀਆਂ ਹਨ ਜੋ ਕਿ ਨਿਰਗੁਣ ਰੂਪ ਵਿੱਚ ਹੀ ਪੈਂਦੀਆਂ ਹਨ ਜਿੰਨ੍ਹਾਂ ਜੁੱਤੀਆਂ ਦਾ ਕੋਈ ਆਕਾਰ ਰੂਪ ਨਹੀਂ ਹੁੰਦਾ। ਗੁਰਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਝੂਠੀ ਭਗਤੀ ਕਰਨ ਵਾਲਿਆਂ ਨੂੰ ਤੇ ਝੂਠੀ ਭਗਤੀ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਮਾੜੇ ਲਫ਼ਜ ਕਹਿ ਕੇ ਸੰਬੋਧਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਿਵੇਂ ਕਿ ਕਿਸੇ ਸ਼ਬਦ ਰਾਹੀਂ ਖੋਤਾ ਕਹਿ ਕੇ ਸੰਬੋਧਨ ਕੀਤਾ ਹੋਇਆ ਹੈ, ਮੂਰਖ ਗਾਵਾਰ ਕਹਿ ਕੇ ਸੰਬੋਧਨ ਕੀਤਾ ਹੈ, ਝੂਠਾ, ਕੂੜਿਆਰ ਕਹਿ ਕੇ ਸੰਬੋਧਨ ਕੀਤਾ ਹੈ, ਮੱਤਹੀਣ ਕਹਿ ਕੇ ਸੰਬੋਧਨ ਕੀਤਾ ਹੈ ਤੇ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਮਾੜੇ ਲਫ਼ਜ ਵਰਤੇ ਗਏ ਹਨ। ਇਹ ਸਾਰੇ ਮਾੜੇ ਲਫ਼ਜ ਝੂਠੀ ਭਗਤੀ ਕਰਨ ਵਾਲਿਆਂ ਲਈ ਪ੍ਰਮਾਤਮਾ ਦੀਆਂ ਜੁੱਤੀਆਂ ਹੀ ਹਨ ਜਿਸ ਰਾਹੀਂ ਉਹ ਉਹਨਾਂ ਨੂੰ ਬੇਇੱਜਤ ਕਰਕੇ ਸਮਝਾਉਂਦਾ ਹੈ ਭਾਵ ਉਨ੍ਹਾਂ ਨੂੰ ਆਪਣੀ ਝਾੜ ਪਾਉਂਦਾ ਹੈ ਕਿ ਸੱਚ ਦੇ ਉਲਟ ਨਾ ਚਲੋ। ਗੁਰੂ ਸਭ ਦਾ ਭਲਾ ਹੀ ਕਰਦਾ ਹੈ ਤੇ ਉਹ ਸਾਡੇ ਸਾਰੇ ਔਗੁਣ ਬਖਸ਼ ਲੈਂਦਾ ਹੈ ਤੇ ਗੁਰੂ ਦੀ ਇਸ ਝਿੜਕ ਨੂੰ ਸਾਨੂੰ ਸਿਰ ਮੱਥੇ ਮੰਨਣਾ ਚਾਹੀਦਾ ਹੈ ਤੇ ਅੱਗੇ ਤੋਂ ਝੂਠੀ ਭਗਤੀ ਦੇ ਦਿਖਾਵੇ ਤੋਂ ਤੇ ਝੂਠੀ ਭਗਤੀ ਦੇ ਪ੍ਰਚਾਰ ਤੋਂ ਬਚਣਾ ਚਾਹੀਦਾ ਹੈ। ਪ੍ਰਮਾਤਮਾ ਦੇ ਕੋਲੋਂ ਕੁੱਝ ਛੁਪਿਆ ਹੋਇਆ ਨਹੀਂ ਹੈ ਕਿਉਂਕਿ ਭਰਮਾਂ ਵਿੱਚ ਉਸ ਨੇ ਸਭ ਨੂੰ ਆਪ ਹੀ ਪਾਇਆ ਹੋਇਆ ਹੈ ਤੇ ਭਰਮਾਂ ਵਿੱਚੋਂ ਨਿਕਲਣ ਦਾ ਉਪਰਾਲਾ ਵੀ ਉਸ ਨੇ ਆਪ ਹੀ ਕੀਤਾ ਹੋਇਆ ਹੈ, ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਕੀਤਾ ਹੋਇਆ ਹੈ। ਇਸ ਸਰੀਰ ਦੇ ਰਾਹੀਂ ਦਾਸ ਦੀ ਇਹੋ ਜਿਹੇ ਸਾਰੇ ਪ੍ਰਚਾਰਕਾਂ ਦੇ ਅੱਗੇ ਤਹਿ ਦਿਲੋਂ ਬੇਨਤੀ ਹੈ ਕਿ ਉਹ ਗੁਰੂ ਦੀ ਮਤਿ ਨੂੰ ਆਪਣੇ ਦਿਲੋਂ ਸਮਝਣ ਦਾ ਉਪਰਾਲਾ ਕਰਨ ਤੇ ਦੁਨਿਆਵੀਂ ਮਾਣ ਵਿੱਚੋਂ, ਦੁਨਿਆਵੀਂ ਮਾਇਆ ਵਿੱਚੋਂ ਨਿਕਲਣ ਦਾ ਉਪਰਾਲਾ ਕਰਨ ਜੋ ਸਾਡੇ ਆਤਮਿਕ ਜੀਵਨ ਨੂੰ ਖਰਾਬ ਕਰਦੇ ਹਨ ਜਿਸ ਕਰਕੇ ਸਾਨੂੰ ਪ੍ਰਮਾਤਮਾ ਦੇ ਦਰ ਤੇ ਬੇਇੱਜਤ ਹੋਣਾ ਪੈਂਦਾ ਹੈ। (**ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥ ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥ ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥ ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥**)

{ਅਮੁਲ ਗੁਣ ਅਮੁਲ ਵਾਪਾਰ ॥

ਅਮੁਲ ਵਾਪਾਰੀਏ ਅਮੁਲ ਭੰਡਾਰ ॥

ਅਮੁਲ ਆਵਹਿ ਅਮੁਲ ਲੈ ਜਾਹਿ ॥

ਅਮੁਲ ਭਾਇ ਅਮੁਲਾ ਸਮਾਹਿ ॥

ਅਮੁਲੁ ਧਰਮੁ ਅਮੁਲੁ ਦੀਬਾਣੁ ॥

ਅਮੁਲੁ ਤੁਲੁ ਅਮੁਲੁ ਪਰਵਾਣੁ ॥

ਅਮੁਲੁ ਬਖਸੀਸ ਅਮੁਲੁ ਨੀਸਾਣੁ ॥

ਅਮੁਲੁ ਕਰਮੁ ਅਮੁਲੁ ਫੁਰਮਾਣੁ ॥

ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ - ੫-੬)

ਉੱਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝ ਚੁੱਕੇ ਹਾਂ ਜਿਸ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਪ੍ਰਮਾਤਮਾ ਦੀ ਭਗਤੀ ਕੇਵਲ ਗੁਣੀ ਬਣਕੇ ਹੋ ਸਕਦੀ ਹੈ ਭਾਵ ਹਰ ਔਗੁਣ ਤਿਆਗ ਕੇ ਹੋ ਸਕਦੀ ਹੈ। ਗੁਰਮਤਿ ਦੇ ਉਲਟ ਚੱਲ ਕੇ ਅਸੀਂ ਜੋ ਵੀ ਆਖਣ ਆਖਦੇ ਹਾਂ ਇਹੋ ਜਿਹਾ ਆਖਣ ਵਾਲਿਆਂ ਦੇ ਪ੍ਰਮਾਣ ਹੀ ਉੱਪਰ ਸ਼ਬਦ ਰਾਹੀਂ ਦਿੱਤੇ ਹੋਏ ਹਨ ਤੇ ਇਹੋ ਜਿਹੇ ਤਰੀਕਿਆਂ ਦੁਆਰਾ ਕਦੇ ਨਾ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਕਦੇ ਕੋਈ ਇਹੋ ਜਿਹੇ ਆਖਣ ਦੁਆਰਾ ਪ੍ਰਮਾਤਮਾ ਨੂੰ ਪਾ ਸਕਦਾ ਹੈ ਭਾਵ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੇਵਲ ਤੇ ਕੇਵਲ ਗੁਣੀ ਬਣਕੇ ਵਿਚਰਨ ਦਾ ਹੈ। ਜਿਤਨੇ ਵੀ ਸਾਨੂੰ ਉੱਪਰ ਭਗਤੀ ਕਰਨ ਵਾਲਿਆਂ ਦੇ ਨਾਮ ਗਿਣਵਾਏ ਹੋਏ ਹਨ ਉਹਨਾਂ ਨੇ ਨਾਸਮਝੀ ਵਾਲੀ ਭਗਤੀ ਹੀ ਕੀਤੀ ਹੈ ਤੇ ਉਹੋ ਜਿਹੀ ਭਗਤੀ ਦਾ ਪਰਚਾਰ ਕਰਨ ਦੁਆਰਾ ਹੀ ਸੰਸਾਰ ਵਿੱਚ ਵਡਿਆਈਆਂ ਲਈਆਂ ਹਨ ਤੇ ਆਪ ਆਪਣੇ ਆਪ ਨੂੰ ਵੱਡਾ ਕਹਿ ਕੇ ਝੂਠੀਆਂ ਵਡਿਆਈਆਂ ਹੀ ਲਈਆਂ ਹਨ। ਜਿਸ ਨੂੰ ਪ੍ਰਮਾਤਮਾ ਵੱਡਾ ਕਰਦਾ ਹੈ ਉਸਨੂੰ ਆਪਣੀ ਸੱਚੀ ਵਡਿਆਈ ਕਰਵਾਉਣ ਵਾਲਾ ਬਣਾਉਂਦਾ ਹੈ, ਉਸ ਨੂੰ ਆਪ ਹੀ ਵੱਡਾ ਕਰਦਾ ਹੈ, ਉਸ ਦੀ ਮਤਿ ਨੂੰ ਹੀ ਵੱਡਾ ਕਰਦਾ ਹੈ ਭਾਵ ਆਪਣੀ ਵੱਡੀ ਮਤਿ ਦੇ ਨਾਲ ਰਲਾਉਂਦਾ ਹੈ, ਆਪਣੇ ਸੱਚੇ ਨਾਮ ਵਾਲੀ ਸਮਝ ਦੇ ਨਾਲ ਰਲਾਉਂਦਾ ਹੈ, ਬ੍ਰਹਮ ਗਿਆਨ ਵਾਲੀ ਉੱਚੀ ਸਮਝ ਦੇ ਨਾਲ ਰਲਾਉਂਦਾ ਹੈ ਤੇ ਉਹ ਹੀ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜਿਸ ਨੂੰ ਜਾਨਣ ਦਾ ਮਾਰਗ ਕੇਵਲ ਗੁਰੂ ਕੋਲੋਂ ਗੁਣ ਲੈ ਕੇ ਭਾਵ ਸਾਰੇ ਔਗੁਣ ਛੱਡ ਕੇ ਉਸ ਦੁਆਰਾ ਵਿਚਰਨ ਦਾ ਹੈ। ਇਹੋ ਜਿਹੀ ਸੱਚੀ ਭਗਤੀ ਤੋਂ ਬਿਨ੍ਹਾਂ ਜੋ ਵੀ ਕੋਈ ਆਪਣੀ ਮਤਿ ਵਾਲੀ ਭਗਤੀ ਨਾਲ ਪ੍ਰਮਾਤਮਾ ਦਾ ਆਖਣ ਆਖਦਾ ਹੈ ਤੇ ਆਪਣੇ ਆਪ ਨੂੰ ਗੁਰਮਤਿ ਵਾਲਾ ਕਹਿੰਦਾ ਹੈ ਇਹ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ, ਗੁਰਮਤਿ ਨੂੰ ਵਿਗਾੜਨ ਵਾਲੀ ਗੱਲ ਹੈ ਭਾਵ ਗੁਰੂ ਦੀ ਸੱਚੀ ਸਮਝ ਨੂੰ ਵਿਗਾੜਨ ਵਾਲੀ ਗੱਲ ਹੈ ਜਿਸ ਕਰਕੇ ਇਹੋ ਜਿਹੀ ਭਗਤੀ ਕਰਨ ਵਾਲਿਆਂ ਨੂੰ ਵੱਡਾ ਗਵਾਰ ਕਿਹਾ ਹੈ। ਗੁਰੂ ਦੇ ਬੋਲ ਸਾਨੂੰ ਸੱਚ ਹੀ ਸਮਝਾਉਂਦੇ

ਹਨ, ਨਾਮ ਹੀ ਸਮਝਾਉਂਦੇ ਹਨ ਪਰ ਅਸੀਂ ਗੁਰੂ ਦੇ ਬੋਲਾਂ ਦਾ ਮਤਲਬ ਹੋਰ ਹੋਰ ਹੀ ਕੱਢ ਲੈਂਦੇ ਹਾਂ, ਆਪਣੀ ਮਤਿ ਅਨੁਸਾਰ ਕੱਢ ਲੈਂਦੇ ਹਾਂ ਤੇ ਆਪਣੀ ਮਤਿ ਨੂੰ ਹੀ ਸੱਚੀ ਸਮਝ ਮੰਨਦੇ ਹਾਂ ਤੇ ਆਪਣੀ ਨਾਸਮਝੀ ਦਾ ਹੀ ਪ੍ਰਚਾਰ ਕਰਦੇ ਹਾਂ। ਸਾਨੂੰ ਗੁਰੂ ਦੇ ਬੋਲਾਂ ਨੂੰ ਵਿਗਾੜਨ ਤੋਂ ਬਚਣਾ ਚਾਹੀਦਾ ਹੈ, ਗੁਰੂ ਆਪ ਪ੍ਰਮਾਤਮਾ ਹੈ ਤੇ ਉਸ ਦੇ ਸੱਚੇ ਬੋਲਾਂ ਨੂੰ ਵਿਗਾੜ ਕੇ ਉਸ ਦੇ ਦਰ ਤੋਂ ਕੋਈ ਮਾਣ ਲੈਣ ਦੀ ਇੱਛਾ ਰੱਖੇ ਇਹ ਕੇਵਲ ਸਾਡਾ ਵੱਡਾ ਭਰਮ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ। (**ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥ ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥**)

ਹੁਣ ਅਸੀਂ ਇਸ ਤੋਂ ਪਿਛਲੇ ਸ਼ਬਦ ਦੀ ਪਉੜੀ ਨੂੰ ਸਮਝਦੇ ਹਾਂ ਜਿਸ ਪਉੜੀ ਤੇ ਸਲੋਕ ਰਾਹੀਂ ਸਾਨੂੰ ਇਹ ਸਮਝਾਇਆ ਗਿਆ ਹੈ ਕਿ ਸਾਨੂੰ ਭਰਮਾਂ ਵਾਲੀ ਭਗਤੀ ਦਾ ਪ੍ਰਚਾਰ ਨਹੀਂ ਕਰਨਾ ਚਾਹੀਦਾ ਜਿਸ ਰਾਹੀਂ ਅਸੀਂ ਦੂਜਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਾਂ ਭਾਵ ਉਹਨਾਂ ਦਾ ਭਾਰ ਵੀ ਆਪਣੇ ਸਿਰ ਪਾਉਂਦੇ ਹਾਂ ਤੇ ਪ੍ਰਮਾਤਮਾ ਦੇ ਦਰ ਤੇ ਵੀ ਮਾੜਾ ਬਣਦੇ ਹਾਂ।

ਪਉੜੀ ॥
“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥
ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥
ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥”

(ਅੰਗ - ੧੪੦)

ਇਸ ਪਉੜੀ ਰਾਹੀਂ ਜੋ ਧਰਮ ਦਾ ਪ੍ਰਚਾਰ ਕਰਦੇ ਹਨ ਉਹ ਕਿਹੋ ਜਿਹਾ ਪ੍ਰਚਾਰ ਕਰਦੇ ਹਨ ਭਾਵ ਦੂਸਰਿਆਂ ਨੂੰ ਕੀ ਕੁੱਝ ਸਮਝਾਉਂਦੇ ਹਨ ਤੇ ਕੀ ਕੁੱਝ ਸਮਝਾਉਣਾ ਚਾਹੀਦਾ ਹੈ ਇਸ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਪਉੜੀ ਦੇ ਅਰਥ ਅਸੀਂ ਪਿੱਛੇ ਪਹਿਲੇ ਸਮਝ ਹੀ ਚੁੱਕੇ ਹਾਂ ਜਿਸ ਕਰਕੇ ਜਿਆਦਾ ਵਿਆਖਿਆ ਦੀ ਲੋੜ ਨਹੀਂ ਹੈ। ਭਗਤੀ ਦੇ ਮਾਰਗ ਨੂੰ ਅਸੀਂ ਥਿਤਾਂ-ਵਾਰਾਂ ਆਦਿ ਨਾਲ ਜੋੜਦੇ ਹਾਂ, ਕਿਸੇ ਖਾਸ ਸਮੇਂ ਨਾਲ ਜੋੜਦੇ ਹਾਂ, ਇਹ ਸਭ ਕੁੱਝ ਸਾਨੂੰ ਭਗਤੀ ਦਾ ਪ੍ਰਚਾਰ ਕਰਨ ਵਾਲੇ ਹੀ ਸਮਝਾਉਂਦੇ ਹਨ ਕਿ ਭਗਤੀ ਲਈ ਆਹ ਵੇਲਾ ਚੰਗਾ ਹੈ, ਐਸ ਮਹੀਨੇ ਮੱਸਿਆ ਹੈ, ਐਸ ਮਹੀਨੇ ਪੂਰਨਮਾਸ਼ੀ ਹੈ, ਸੰਗਰਾਂਦ ਹੈ ਆਦਿ ਆਦਿ ਜੋ ਕਿ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਭ ਨੇ ਬਣਾਏ ਹੋਏ ਹਨ। ਗੁਰੂ ਤਾਂ ਸਾਨੂੰ ਇਹੋ ਜਿਹੇ ਵਿਚਾਰਾਂ ਵਿੱਚੋਂ ਕੱਢਦਾ ਹੈ ਤੇ ਇਹ ਸਭ ਸਾਨੂੰ ਪ੍ਰਚਾਰਕ ਹੀ ਸਮਝਾਉਂਦੇ ਹਨ ਜਿਸ ਨੂੰ ਉਹ ਸੱਚੀ ਭਗਤੀ ਦਾ ਮਾਰਗ ਕਹਿੰਦੇ ਹਨ। ਸਾਨੂੰ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਭਾਵ ਪੜ੍ਹਨ ਨੂੰ ਹੀ ਭਗਤੀ ਦਾ ਮਾਰਗ ਸਮਝਣਾ ਇਹ ਪ੍ਰਚਾਰਕ ਹੀ ਸਮਝਾਉਂਦੇ ਹਨ ਤੇ ਸਾਨੂੰ ਗਿਣਤੀਆਂ ਮਿਣਤੀਆਂ ਵਿੱਚ ਪਾਉਂਦੇ ਹਨ ਕਿ ਜਿਤਨੇ ਜਿਆਦਾ ਕੋਈ ਪਾਠ ਕਰੇਗਾ ਉਤਨੀ ਹੀ ਉਸ ਦੀ ਭਗਤੀ ਸਫ਼ਲ ਹੋਵੇਗੀ ਪਰ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਧਰਮ ਗ੍ਰੰਥਾਂ ਦਾ ਭਾਵੇਂ ਕੋਈ ਜਿਤਨਾ ਵੀ ਪੜ੍ਹਿਆਂ ਹੋਵੇ ਜਦ ਤੱਕ ਉਹ ਲਬੁ ਲੋਭੁ ਅਹੰਕਾਰੁ ਨਹੀਂ ਛੱਡਦਾ ਤਦ ਤੱਕ ਉਹ ਮੂਰਖ ਹੀ ਹੈ ਭਾਵ ਧਰਮ ਗ੍ਰੰਥਾਂ ਦੇ ਪੜ੍ਹਨ ਦਾ ਮਕਸਦ ਹੀ ਔਗੁਣਾਂ ਨੂੰ ਛੱਡਣ ਦਾ ਹੈ ਭਾਵ ਮਨ ਦੀ ਨਾਸਮਝ ਮਾੜੀ ਮਤਿ ਨੂੰ ਛੱਡਣ ਦਾ ਹੈ ਤਾਂ ਜੋ ਅਸੀਂ ਕਰਮ ਚੰਗੇ ਕਰੀਏ ਭਾਵ ਕੋਈ ਮਾੜਾ ਕਰਮ ਨਾ ਕਰੀਏ ਤੇ ਇਹੀ ਸੱਚੀ ਭਗਤੀ ਦਾ ਮਾਰਗ ਹੈ ਪਰ ਇਹ ਪ੍ਰਚਾਰਕ ਸਾਨੂੰ ਵੱਖਰੇ-ਵੱਖਰੇ ਭਗਤੀ ਦੇ ਮਾਰਗ ਸਮਝਾਉਣ ਦੁਆਰਾ, ਕਥਨੀ ਨਾਲ ਜੋੜਨ ਦੁਆਰਾ, ਕਿਸੇ ਅੱਖਰ ਦੀ ਕਥਨੀ ਨੂੰ ਨਾਮ ਸਮਝਾਉਣ ਦੁਆਰਾ ਆਪ ਵੀ ਇਸ ਵਿੱਚ ਆਪਣੀ ਸੱਚੀ ਭਗਤੀ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਕੁੱਝ ਹੀ ਸਮਝਾਉਂਦੇ ਹਨ ਭਾਵ ਆਪ ਵੀ ਗੁਰਮਤਿ ਦੇ ਉਲਟ ਚੱਲਦੇ ਹਨ ਤੇ ਦੂਸਰਿਆਂ ਨੂੰ ਵੀ ਗੁਰਮਤਿ ਦੇ ਉਲਟ ਚੱਲਣਾ ਸਿਖਾਉਂਦੇ ਹਨ ਤੇ ਇਸੇ ਲਈ ਗੁਰੂ ਸਾਹਿਬ ਨੇ ਇਹੋ ਜਿਹਿਆਂ ਨੂੰ ਸਮਝਾਉਣ ਲਈ ਮਾੜੇ ਲਫ਼ਜ ਵਰਤੇ ਹਨ ਤਾਂ ਜੋ ਉਹ ਇਹ ਕੁੱਝ ਕਰਨਾ ਛੱਡ ਦੇਣ। (**ਮਾਹਾ ਰੁਤੀ ਸਭ ਤੂੰ ਘੜੀ**

ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥) ਅਗਲੀ ਪੰਗਤੀ ਰਾਹੀਂ ਭਗਤੀ ਦਾ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ।

“ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥”

ਧਰਮ ਗ੍ਰੰਥਾਂ ਦੇ ਵਿੱਚ ਨਾਮ ਹੀ ਹੈ ਭਾਵ ਹਰ ਸ਼ਬਦ ਨਾਮ ਹੀ ਹੈ। ਅਸੀਂ ਸ਼ਬਦਾਂ ਨੂੰ ਪੜ੍ਹਨਾ ਹੈ ਭਾਵ ਧਰਮ ਗ੍ਰੰਥਾਂ ਨੂੰ ਪੜ੍ਹਨਾ ਹੈ, ਨਾਮ ਨੂੰ ਪੜ੍ਹਨਾ ਹੈ ਤੇ ਉਸ ਨਾਮ ਦੇ ਅੰਦਰ ਦੀ , ਉਸ ਸ਼ਬਦਾਂ ਦੇ ਅੰਦਰ ਦੀ ਗੱਲ ਨੂੰ ਸਮਝਣਾ ਹੈ, ਬੁੱਝਣਾ ਹੈ ਕਿ ਆਪਣੇ ਨਾਮ ਰਾਹੀਂ ਗੁਰੂ ਨੇ ਸਾਨੂੰ ਕੀ ਸਮਝਾਇਆ ਹੈ, ਕੀ ਬੁਝਾਇਆ ਹੈ ਭਾਵ ਸਾਨੂੰ ਕੀ ਸਿੱਖਿਆ ਦਿੱਤੀ ਹੈ ਭਾਵ ਕੀ ਗੁਰਮਤਿ ਵਾਲੀ ਵਿਚਾਰ ਦਿੱਤੀ ਹੈ। ਗੁਰਮਤਿ ਵਾਲੀ ਵਿਚਾਰ ਸਾਨੂੰ ਕੀ ਸਮਝਾਉਂਦੀ ਹੈ ਇਸ ਗੱਲ ਨੂੰ ਅਸੀਂ ਵਾਰ-ਵਾਰ ਸਮਝਦੇ ਹੀ ਆ ਰਹੇ ਹਾਂ ਜੋ ਕਿ ਔਗੁਣਾਂ ਨੂੰ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਜੋ ਗੁਰਮਤਿ ਦੇ ਵਿਚਾਰਾਂ ਨੂੰ ਮੰਨਦਾ ਹੈ ਉਹੀ ਪ੍ਰਮਾਤਮਾ ਦੇ ਨਾਮ ਨੂੰ ਮੰਨਦਾ ਹੈ ਤੇ ਉਸ ਦਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਹੀ ਨਾਮ ਧੰਨ ਖੱਟਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਧੰਨ ਖੱਟਦਾ ਹੈ ਜਿੰਨ੍ਹਾਂ ਗੱਲਾਂ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਮਝ ਚੁੱਕੇ ਹਾਂ ਤੇ ਇਹੀ ਕੁੱਝ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਸ਼ਬਦ ਨੂੰ ਸਮਝ ਹੀ ਚੁੱਕੇ ਹਾਂ। (**ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥ ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥ ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥**)

ਸਾਨੂੰ ਭਰਮਾਉਣ ਵਾਲੇ ਵਿਦਵਾਨ ਕਿਹੋ ਜਿਹੇ ਹੁੰਦੇ ਹਨ ਭਾਵ ਧਰਮ ਦੇ ਪੰਡਿਤ ਅਖਵਾਉਣ ਵਾਲੇ ਕਿਹੋ ਜਿਹੇ ਹੁੰਦੇ ਹਨ, ਇਸੇ ਗੱਲ ਨੂੰ ਹੀ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੁਣ ਅਸੀਂ ਉਸ ਸ਼ਬਦ ਨੂੰ ਸਮਝਦੇ ਹਾਂ ਜਿਸ ਸ਼ਬਦ ਦਾ ਅਸੀਂ ਕੁੱਝ ਹਿੱਸਾ ਪਿੱਛੇ ਸਮਝਿਆ ਹੈ ਤੇ ਅੱਗੇ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਧਰਮ ਦੇ ਮਾਰਗ ਦਾ ਸੱਚਾ ਪੰਡਿਤ ਬਣਨਾ ਸਿਖਾਇਆ ਹੋਇਆ ਹੈ।

“ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥

ਸੋ ਪੰਡਿਤੁ ਦਰਗਹ ਪਰਵਾਨੁ ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥
ਜਾ ਕਉ ਬਖਸੇ ਮੇਲੇ ਸੋਇ ॥
ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥"

(ਅੰਗ - ੧੨੬੯)

ਇਸ ਉੱਪਰ ਵਾਲੇ ਸ਼ਬਦ ਨੂੰ ਅਸੀਂ ਕੁੱਝ ਪਿੱਛੇ ਰਹਾਉ ਵਾਲੀਆਂ ਪੰਗਤੀਆਂ ਤੱਕ ਸਮਝਿਆ ਕਿ ਇਹ ਮਨ ਕੀ ਹੈ। ਮਨ ਨੂੰ ਜਾਣੇ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਧਰਮ ਗ੍ਰੰਥਾਂ ਵਿੱਚ ਸੱਚਾ ਗਿਆਨ ਕਿੱਥੋਂ ਆਇਆ ਹੈ ਤੇ ਕਿਵੇਂ ਆਇਆ ਹੈ। ਜਿੱਥੋਂ ਸਾਡੇ ਅੰਦਰ ਮਾਇਆ ਵਾਲੀ ਸਮਝ ਆਉਂਦੀ ਹੈ ਉੱਥੋਂ ਹੀ ਧਰਮ ਗ੍ਰੰਥ ਆਏ ਹਨ ਪਰ ਇਸ ਗੱਲ ਨੂੰ ਸਮਝ ਉਹੀ ਸਕਦਾ ਹੈ ਜਿਸ ਦੇ ਮਨ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਆਪਣੇ ਆਪ ਨੂੰ ਪਰਗਟ ਕੀਤਾ ਹੈ। ਪ੍ਰਮਾਤਮਾ ਦੇ ਸਾਡੇ ਅੰਦਰ ਪਰਗਟ ਹੋਏ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਇਹ ਮਨ ਕੀ ਹੈ ਤੇ ਸੰਸਾਰ ਦੇ ਵਿੱਚ ਸਾਰੇ ਗਿਆਨ ਦਾ ਸ੍ਰੋਤ ਕੀ ਹੈ। ਧਰਮ ਗ੍ਰੰਥਾਂ ਦੇ ਵਿੱਚ ਪ੍ਰਮਾਤਮਾ ਨੇ ਭਾਵ ਹਰ ਸੱਚੇ ਧਰਮ ਗ੍ਰੰਥ ਵਿੱਚ ਪ੍ਰਮਾਤਮਾ ਨੇ ਗਿਆਨ ਆਪ ਹੀ ਪਾਇਆ ਹੈ, ਕਿਸੇ ਨਾ ਕਿਸੇ ਸਰੀਰ ਰਾਹੀਂ ਆਪ ਹੀ ਇਹ ਗਿਆਨ ਪਾਇਆ ਹੈ ਪਰ ਉਹ ਮਨੁੱਖੀ ਸਰੀਰ ਤਦ ਤੱਕ ਮਨ ਦੇ ਗਿਆਨ ਨੂੰ ਆਪਣਾ ਗਿਆਨ ਸਮਝਦਾ ਹੈ ਜਦ ਤੱਕ ਪ੍ਰਮਾਤਮਾ ਮਨ ਦੇ ਵਿੱਚੋਂ ਆਪ ਪਰਗਟ ਹੋ ਕੇ ਨਹੀਂ ਦਿਖਾਂਦਾ ਭਾਵ ਮਨੁੱਖੀ ਸਰੀਰ ਨੂੰ ਹਕੀਕਤ ਵਿੱਚ ਕਠਪੁਤਲੀ ਬਣਾ ਕੇ ਨਹੀਂ ਦਿਖਾਂਦਾ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ "ਜਿਤ ਹਾਰ" ਦੀ ਸੋਝੀ ਕਿਸ ਤਰੀਕੇ ਪਾਉਂਦਾ ਹੈ। ਇਹ ਸੰਸਾਰ ਦਾ ਇੱਕੋ ਇੱਕ ਅਜੂਬਾ ਹੈ ਭਾਵ ਕਰਾਮਾਤ ਹੈ ਜਿਸ ਨੂੰ ਪ੍ਰਮਾਤਮਾ ਨੇ ਸਾਇੰਸ ਵਾਲੀ ਸਮਝ ਤੋਂ ਵੀ ਬਾਹਰ ਰੱਖਿਆ ਹੋਇਆ ਹੈ। ਉਹ ਵਰਤਦਾ ਤੇ ਆਪਣੀ ਸਾਇੰਸ ਦੇ ਨਾਲ ਹੀ ਹੈ ਤੇ ਪਰਗਟ ਵੀ ਆਪਣੇ ਆਪ ਨੂੰ ਆਪਣੀ ਸਾਇੰਸ ਦੁਆਰਾ ਹੀ ਕਰਦਾ ਹੈ ਪਰ ਪ੍ਰਮਾਤਮਾ ਜੋ ਆਪਣੀ ਸਾਇੰਸ ਦੀ ਸਮਝ ਮਨੁੱਖੀ ਸਮਝ ਨੂੰ ਦਿੱਤੀ ਹੈ ਉਸ ਰਾਹੀਂ ਹੋਰ ਸਭ ਕੁੱਝ ਸਮਝਿਆ ਜਾ ਸਕਦਾ ਹੈ ਪਰ ਉਹ ਆਪਣੇ ਆਪ ਨੂੰ ਮਨੁੱਖੀ ਮਨ ਦੇ ਵਿੱਚ ਜਿਹੜੀ ਸਾਇੰਸ ਨਾਲ ਪਰਗਟ ਕਰਦਾ ਹੈ ਉਹ ਸਮਝ ਪ੍ਰਮਾਤਮਾ ਨੇ ਕੇਵਲ ਤੇ ਕੇਵਲ ਆਪਣੇ ਕੋਲ ਹੀ ਰੱਖੀ ਹੋਈ ਹੈ ਤੇ ਇਸੇ ਲਈ ਪ੍ਰਮਾਤਮਾ ਦਾ ਕਿਸੇ ਦੇ ਅੰਦਰ ਪਰਗਟ ਹੋਣਾ ਕੀ ਹੈ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ। ਇਸੇ ਲਈ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਕਿ ਸੰਸਾਰ ਵਿੱਚ ਪ੍ਰਮਾਤਮਾ ਦਾ ਕਿਸੇ ਦੇ ਅੰਦਰ ਪਰਗਟ ਹੋਣਾ ਹੀ ਕੇਵਲ ਇੱਕ ਕਰਾਮਾਤ ਹੈ ਤੇ ਹੋਰ ਕੋਈ ਕਰਾਮਾਤ ਨਹੀਂ ਹੈ ਭਾਵ ਹੋਰ ਸਭ ਕੁੱਝ ਸਾਇੰਸ ਦੁਆਰਾ ਹੀ ਹੁੰਦਾ ਹੈ ਜਿਸ ਸਾਇੰਸ ਨੂੰ ਸਮਝਿਆ ਜਾ ਸਕਦਾ ਹੈ ਤੇ ਬਾਣੀ ਇਸੇ ਲਈ ਹੋਰ ਹਰ ਕਰਾਮਾਤ ਦਾ ਖੰਡਨ ਕਰਦੀ ਹੈ। ਪ੍ਰਮਾਤਮਾ ਹੈ ਹੀ ਸਾਇੰਸ ਦਾ ਮਾਲਕ ਤੇ ਆਪਣੀ ਸਾਇੰਸ ਰਾਹੀਂ ਉਹ ਕੁੱਝ ਵੀ ਕਰ ਸਕਦਾ ਹੈ। ਉਸ ਦੀ ਸਾਇੰਸ ਹੀ ਉਸ ਦੀ ਕਲਾ ਹੈ ਜਿਸ ਕਲਾ ਦੁਆਰਾ ਉਹ ਸਭ ਜਗ੍ਹਾ ਵਰਤ ਰਿਹਾ ਹੈ। ਉਹ ਆਪਣੀ ਕਲਾ ਦੁਆਰਾ ਹੀ ਕਿਸੇ ਦੇ ਅੰਦਰ ਆਪਣੇ ਆਪ ਨੂੰ ਪਰਗਟ ਕਰਦਾ ਹੈ ਤੇ ਉਹੀ ਕੇਵਲ ਉਸ ਦੀ ਕਲਾ ਨੂੰ ਸਮਝ ਸਕਦਾ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਪੂਰੀ ਸਾਇੰਸ ਦੀ ਰਚਨਾ ਉਸਨੇ ਆਪਣੇ ਬ੍ਰਹਮ ਗਿਆਨ ਦੁਆਰਾ ਕੀਤੀ ਹੈ ਜਿਸ ਆਪਣੀ ਉੱਚੀ ਸਾਇੰਸ ਦੁਆਰਾ ਸੰਸਾਰ ਦੀ ਰਚਨਾ ਕਰਕੇ ਉਸਨੂੰ ਚਲਾ ਰਹਿਆ ਹੈ। ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੀ ਉਸਦਾ ਨਾਮ ਰੂਪ ਹੈ ਜਿਸ ਆਪਣੇ ਨਾਮ ਰੂਪ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ।ਪ੍ਰਮਾਤਮਾ ਦਾ ਆਪਣਾ ਇਹ ਉੱਚੀ ਸਾਇੰਸ ਵਾਲਾ ਗਿਆਨ ਹੀ ਉਸ ਦੀ ਕਲਾ ਹੈ ਜੋ ਸਭ ਜਗ੍ਹਾ

ਵਰਤ ਰਹੀ ਹੈ, ਹਰ ਆਕਾਰ ਰੂਪ ਦੇ ਅੰਦਰ ਵਰਤ ਰਹੀ ਹੈ। ਆਪਣੀ ਸਾਇੰਸ ਦੀ ਕਲਾ ਦੇ ਨਾਲ ਹੀ ਉਸ ਨੇ ਮਨੁੱਖੀ ਸਮਝ ਨੂੰ ਮਾਇਆ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ ਜਿਸ ਦੀ ਸਮਝ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਹੀ ਪੈ ਸਕਦੀ ਹੈ ਭਾਵ ਇਸ ਮਨ ਦੀ ਸਮਝ ਪੈਣ ਦੁਆਰਾ ਹੀ ਪੈ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਕੋਈ ਆਪਣੇ ਆਪ ਜਾਣ ਲਵੇ ਕਿ ਮਾਇਆ ਕੀ ਹੈ, ਹਉਮੈ ਕੀ ਹੈ, ਤ੍ਰੈਗੁਣ ਕੀ ਹੈ ਜਿੰਨ੍ਹਾਂ ਦਾ ਜਿਕਰ ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ। ਜਦੋਂ ਕਿਸੇ ਨੂੰ ਪ੍ਰਮਾਤਮਾ ਦੀ ਸਮਝ ਲੱਗਦੀ ਹੈ ਭਾਵ ਮਨ ਦੀ ਸਮਝ ਲੱਗਦੀ ਹੈ ਤੇ ਤਾਂ ਹੀ ਆਪਣੇ ਅੰਦਰ ਦੀ "**ਮਾਇਆ ਮਮਤਾ**" ਦੀ ਸਮਝ ਲੱਗ ਸਕਦੀ ਹੈ ਕਿ ਇਹ ਕਿੱਥੋਂ ਆਉਂਦੀ ਹੈ ਤੇ ਸਾਡੇ ਅੰਦਰ ਇਹ ਕੌਣ ਪਾਉਂਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਸੱਚ ਕਰ ਕੇ ਜਾਣੋ, ਸੱਚ ਕਰ ਕੇ ਜਾਣੋ, ਸੱਚ ਕਰ ਕੇ ਜਾਣੋ ਕਿ ਜੋ ਕੁੱਝ ਵੀ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ, ਉਹ ਹੁ ਬ ਹੂ ਸੱਚ ਹੈ ਪਰ ਮਨ ਦੀ ਸਮਝ ਪਏ ਬਿਨ੍ਹਾਂ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤੇ ਸਾਨੂੰ ਵਿਸ਼ਵਾਸ ਨਾ ਆਉਣ ਦਾ ਕਾਰਨ ਸਾਡੇ ਅੰਦਰ ਦੀ ਮਾਇਆ ਮਮਤਾ ਹੀ ਹੈ ਜਿਸ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਇਸ ਮਨ ਦੀ ਸਮਝ ਨਾ ਆਉਣ ਦੇਣ ਦਾ ਹੈ ਭਾਵ ਸਾਡੀ ਪ੍ਰਮਾਤਮਾ ਦੇ ਨਾਲੋਂ ਦੂਰੀ ਬਣਾਕੇ ਰੱਖਣ ਦਾ ਹੈ, ਉਸ ਦੇ ਨਾਲ ਪੜਦਾ ਬਣਾਕੇ ਰੱਖਣ ਦਾ ਹੈ।

“ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥”

ਬਾਣੀ ਵਿੱਚ ਵਾਰ-ਵਾਰ ਹੁਕਮ ਬੁੱਝਣ ਦੀ ਗੱਲ ਆਉਂਦੀ ਹੈ, ਗੁਰੂ ਦੀ ਸ਼ਰਨ ਵਿੱਚ ਆਉਣ ਦੀ ਗੱਲ ਆਉਂਦੀ ਹੈ। ਹੁਣ ਧਿਆਨ ਨਾਲ ਸਮਝੋ ਕਿ ਜਦ ਤੱਕ ਕੋਈ ਇਸ ਮਨ ਨੂੰ ਨਹੀਂ ਸਮਝਦਾ ਭਾਵ ਜਦ ਤੱਕ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਮਾਇਆ ਮਮਤਾ ਕੀ ਹੈ ਤਦ ਤੱਕ ਅਸੀਂ ਇਹਨਾਂ ਗੱਲਾਂ ਨੂੰ ਕਿਵੇਂ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਤਰੀਕੇ ਚੱਲ ਰਿਹਾ ਹੈ ਤੇ ਉਸ ਨੂੰ ਬੁੱਝਣਾ ਕੀ ਹੈ। ਸਾਡੇ ਅੰਦਰ ਜੋ ਵੀ ਸਮਝ ਉਪਜ ਰਹੀ ਹੈ ਇਹ ਸਾਡੇ ਅੰਦਰ ਦੀ “ਮਾਇਆ ਮਮਤਾ” ਹੈ ਭਾਵ ਹਉਮੈ ਹੈ ਭਾਵ ਤ੍ਰੈਗੁਣ ਹੈ। ਪ੍ਰਮਾਤਮਾ ਸਭ ਦੇ ਅੰਦਰ ਇਸੇ ਤਰੀਕੇ ਹੀ ਆਪਣਾ ਹੁਕਮ ਚਲਾ ਰਿਹਾ ਹੈ। ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ ਕਿ ਪ੍ਰਮਾਤਮਾ ਦੇ ਹੁਕਮ ਤੋਂ ਬਾਹਰ ਕੋਈ ਨਹੀਂ ਹੈ। ਇਹ ਗੱਲ ਹਰ ਕੋਈ ਕਹਿ ਤਾਂ ਦਿੰਦਾ ਹੈ ਪਰ ਉਸ ਦਾ ਹੁਕਮ ਚੱਲ ਕਿਸ ਤਰੀਕੇ ਰਿਹਾ ਹੈ ਇਸ ਦੀ ਸਮਝ ਮਨੁੱਖ ਨੂੰ ਤਾਂ ਹੀ ਆ ਸਕਦੀ ਹੈ ਜਦੋਂ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਤਰੀਕੇ ਚੱਲ ਰਿਹਾ ਹੈ ਭਾਵ ਜਦੋਂ ਉਹ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਮਨ ਦੇ ਵਿੱਚੋਂ ਬੁੱਝ ਲੈਂਦਾ ਹੈ, ਆਪਣੇ ਮਨ ਨੂੰ ਜਾਣ ਲੈਂਦਾ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਾਡੇ ਕੋਲੋਂ ਸਾਡੇ ਮਨ ਦੀ ਸਮਝ ਹੀ ਕਰਵਾਉਂਦੀ ਹੈ ਤੇ ਜਦੋਂ ਕੋਈ ਆਪਣੇ ਅੰਦਰੋਂ ਇਸ ਮਨ ਨੂੰ ਬੁੱਝ ਲੈਂਦਾ ਹੈ ਉਸ ਨੂੰ ਇਹੀ ਸਮਝ ਲੱਗਦੀ ਹੈ ਕਿ ਇਹ ਸਮਝ ਮੇਰੀ ਨਹੀਂ ਹੈ ਭਾਵ ਸਾਡੇ ਅੰਦਰ ਸਮਝ ਪ੍ਰਮਾਤਮਾ ਆਪ ਪਾ ਰਿਹਾ ਹੈ, ਸਾਡੇ ਅੰਦਰ ਦੀ ਸਮਝ ਹੀ ਪ੍ਰਮਾਤਮਾ ਦਾ ਹੁਕਮ ਹੈ ਜੋ ਉਸ ਦਾ ਹੁਕਮ ਹਰ ਵੇਲੇ ਚੱਲ ਰਿਹਾ ਹੈ ਪਰ ਉਸ ਦੇ ਹੁਕਮ ਨੂੰ ਤਾਂ ਹੀ ਬੁੱਝਿਆ ਜਾ ਸਕਦਾ ਹੈ ਜਦੋਂ ਉਹ ਕਿਸੇ ਨੂੰ ਆਪ ਬੁਝਾਣਾ ਚਾਹੇ। ਸਾਡੇ ਅੰਦਰ ਦਾ ਹੁਕਮ ਉਸ ਦਾ ਪਾਇਆ ਹੋਇਆ ਗਿਆਨ ਹੈ ਤੇ ਪ੍ਰਮਾਤਮਾ ਦਾ ਗਿਆਨ ਹੀ ਉਸ ਦੀ ਸਾਇੰਸ ਹੈ। ਹਰ ਆਕਾਰ ਰੂਪ ਗਿਆਨ ਨਾਲ ਹੀ ਚੱਲ ਰਿਹਾ ਹੈ ਭਾਵ ਪ੍ਰਮਾਤਮਾ ਦੀ ਸਾਇੰਸ ਨਾਲ ਹੀ ਚੱਲ ਰਿਹਾ ਹੈ ਭਾਵ ਇਹ ਸਾਇੰਸ ਹੀ ਪ੍ਰਮਾਤਮਾ ਦਾ ਹੁਕਮ ਹੈ ਜੋ ਸਭ ਜਗ੍ਹਾ ਵਰਤ ਰਿਹਾ ਹੈ ਤੇ ਉਸ ਹੁਕਮ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਉਸ ਦੇ “ਹੁਕਮ” ਨੂੰ ਕੋਈ ਨਹੀਂ ਬੁੱਝ ਸਕਦਾ। ਇਹ ਸੰਸਾਰ ਉਸ ਦੇ ਹੁਕਮ ਨਾਲ ਹੀ ਬਣਿਆ ਹੈ, ਹੁਕਮ ਨਾਲ ਹੀ ਚੱਲ ਰਿਹਾ ਹੈ ਤੇ ਉਸ ਦੇ ਹੁਕਮ ਨਾਲ ਹੀ ਆਕਾਰ ਰੂਪ ਬਿਨਸ ਜਾਂਦਾ ਹੈ ਭਾਵ ਸਭ ਜਗ੍ਹਾ ਪ੍ਰਮਾਤਮਾ ਆਪਣੀ ਸਾਇੰਸ ਦੁਆਰਾ ਹੀ ਵਿਚਰ ਰਿਹਾ ਹੈ ਜੋ ਸਾਇੰਸ ਰੂਪ ਉਸ ਦਾ ਬ੍ਰਹਮ ਗਿਆਨ ਹੈ ਭਾਵ ਉਸ ਦਾ ਨਾਮ ਹੈ ਜਿਸ ਨਾਮ ਨਾਲ ਉਸ ਨੇ ਸਭ ਕੁੱਝ ਬਣਾਇਆ ਹੈ ਤੇ ਸਭ ਕੁੱਝ ਚਲਾ ਰਿਹਾ ਹੈ ਭਾਵ ਪ੍ਰਮਾਤਮਾ ਦੇ ਨਾਮ ਦੇ ਰੂਪ ਵਿੱਚ ਹੀ ਉਸ ਦਾ ਸਭ ਜਗ੍ਹਾ ਹੁਕਮ ਵਰਤ ਰਿਹਾ ਹੈ। ਧਰਮ ਗ੍ਰੰਥਾਂ ਵਿੱਚ ਵੀ ਪ੍ਰਮਾਤਮਾ ਦਾ ਨਾਮ ਹੈ ਜੋ ਕਿ ਉਸ ਦਾ ਸੱਚਾ ਗਿਆਨ ਹੈ ਤੇ ਉਹ ਸੱਚਾ ਗਿਆਨ ਹੀ ਉਸ ਦਾ ਹੁਕਮ ਹੈ ਜਿਸ ਨੂੰ ਅਸੀਂ ਮੰਨਣਾ ਹੈ। ਧਰਮ ਗ੍ਰੰਥਾਂ ਦੇ ਵਿੱਚ ਉਸ ਦਾ ਸੱਚਾ ਗਿਆਨ ਭਾਵ ਉਸ ਦਾ ਹੁਕਮ ਸਾਨੂੰ ਸੱਚੇ ਧਰਮ ਦਾ ਮਾਰਗ ਸਮਝਾਉਂਦਾ ਹੈ ਜੋ ਸੱਚਾ ਮਾਰਗ ਸਾਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਮਝ ਨਹੀਂ ਲੱਗ ਸਕਦਾ। ਹੁਣ ਸੰਸਾਰ ਵਿੱਚ ਮਨੁੱਖੀ ਸਮਝ ਦਾ ਇਹ ਸਵਾਲ ਹੋ ਸਕਦਾ ਹੈ, ਇਸ ਲੇਖ ਨੂੰ ਪੜ੍ਹਨ ਵਾਲਿਆਂ ਦਾ ਸਵਾਲ ਹੋ ਸਕਦਾ ਹੈ ਕਿ ਪ੍ਰਮਾਤਮਾ ਸਭ ਨੂੰ ਧਰਮ ਦੇ ਸੱਚੇ ਗਿਆਨ ਦੀ ਸਮਝ ਕਿਉਂ ਨਹੀਂ ਪਾਉਂਦਾ। ਪ੍ਰਮਾਤਮਾ ਚੌਥੇ ਪਦ ਵਿੱਚ ਹੈ ਜਿਸ ਚੌਥੇ ਪਦ ਦੇ ਗਿਆਨ ਰਾਹੀਂ ਉਸ ਨੇ ਸੰਸਾਰ ਨੂੰ ਤ੍ਰੈਗੁਣਾਂ ਵਿੱਚ ਰੱਖ ਕੇ ਭਰਮ ਰੂਪ ਪੜਦਾ ਪਾਇਆ ਹੋਇਆ ਹੈ। ਜੇਕਰ ਪ੍ਰਮਾਤਮਾ ਸਭ ਨੂੰ ਚੌਥੇ ਪਦ ਦਾ ਗਿਆਨ ਦਿੰਦਾ ਹੈ ਤੇ ਫਿਰ ਉਸ ਦਾ ਕਿਸੇ ਕੋਲੋਂ ਵੀ ਪੜਦਾ ਨਹੀਂ ਰਹਿੰਦਾ ਭਾਵ ਹਰ ਕੋਈ ਪ੍ਰਮਾਤਮਾ ਦੇ ਭੇਦ ਨੂੰ ਜਾਣ ਲੈਂਦਾ ਹੈ ਪਰ ਪ੍ਰਮਾਤਮਾ ਇਹ ਕੁੱਝ ਨਹੀਂ ਚਾਹੁੰਦਾ ਤੇ ਸੰਸਾਰ ਕੋਲੋਂ ਪੜਦਾ ਰੱਖਣਾ ਉਸ ਲਈ ਇਸ ਸੰਸਾਰ ਦੀ ਖੇਡ ਨੂੰ ਚਲਾਉਣ ਲਈ ਜਰੂਰੀ ਹੈ। ਇਹ ਉਸ ਦੀ ਆਪਣੀ ਸਮਝ ਹੈ, ਆਪਣੀ ਰਜ਼ਾ ਹੈ ਕਿ ਉਹ ਸੰਸਾਰ ਨੂੰ ਕਿਸ ਤਰੀਕੇ ਚਲਾਉਣਾ ਚਾਹੁੰਦਾ ਹੈ। ਸਭ ਲਈ ਧਰਮ ਗ੍ਰੰਥਾਂ ਦਾ ਮਾਰਗ ਵੀ ਜਰੂਰੀ ਹੈ ਤੇ ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਵੀ ਪ੍ਰਮਾਤਮਾ ਨੇ ਇਹ ਸਮਝ ਸਭ ਦੇ ਵਿੱਚ ਪਾਈ ਹੋਈ ਹੈ ਕਿ ਮਾੜਾ ਕਰਮ ਕਰਨ ਵਿੱਚ ਤੇ ਚੰਗਾ ਕਰਮ ਕਰਨ ਵਿੱਚ ਕੀ ਫਰਕ ਹੈ। ਬਾਣੀ ਸਾਨੂੰ ਵਾਰ-ਵਾਰ ਔਗੁਣ ਛੱਡਣ ਲਈ ਸਮਝਾਉਂਦੀ ਹੈ, ਮਾੜੇ ਕਰਮ ਛੱਡਣ ਲਈ ਸਮਝਾਉਂਦੀ ਹੈ ਤੇ ਇਹੀ ਧਰਮ ਦਾ ਮਾਰਗ ਹੈ। ਗੁਰੂ ਦੀਆਂ ਬਰੀਕੀ ਵਾਲੀਆਂ ਗੱਲਾਂ ਭਾਵੇਂ ਅਸੀਂ ਨਹੀਂ ਸਮਝ ਸਕਦੇ ਕਿਉਂਕਿ ਉਹਨਾਂ ਬਰੀਕੀ ਗੱਲਾਂ ਰਾਹੀਂ ਹੀ ਪ੍ਰਮਾਤਮਾ ਨੇ ਆਪਣਾ ਪੜਦਾ ਰੱਖਿਆ ਹੋਇਆ ਹੈ ਭਾਵ ਚੌਥੇ ਪਦ ਵਾਲੀ ਸਮਝ ਦੁਆਰਾ

ਤ੍ਰੈਗੁਣਾਂ ਵਾਲੀ ਸਮਝ ਤੋਂ ਆਪਣਾ ਪੜਦਾ ਬਣਾਇਆ ਹੋਇਆ ਹੈ। ਸਮਝਣ ਦੀ ਗੱਲ ਇਹ ਹੈ ਜੇਕਰ ਸੰਸਾਰ ਦੇ ਵਿੱਚ ਪ੍ਰਮਾਤਮਾ ਆਪਣਾ ਆਪ ਜਿਤਾਣਾ ਚਾਹੇ ਕਿ ਪ੍ਰਮਾਤਮਾ ਕੀ ਹੈ ਫਿਰ ਉਸ ਦੇ ਕੋਲ ਕੀ ਤਰੀਕਾ ਹੈ ਜਿਸ ਤਰੀਕੇ ਉਹ ਆਪਣਾ ਆਪ ਪਰਗਟ ਕਰ ਸਕੇ। ਉਸ ਨੇ ਕੇਵਲ ਮਨੁੱਖੀ ਸਮਝ ਨੂੰ ਹੀ ਇਸ ਕਾਬਲ ਬਣਾਇਆ ਹੈ ਤੇ ਮਨੁੱਖੀ ਸਮਝ ਵਿੱਚ ਹੀ ਉਸ ਨੇ ਆਪਣਾ ਤ੍ਰੈਗੁਣ ਤੇ ਚੌਥੇ ਪਦ ਦਾ ਭੇਦ ਪਾਇਆ ਹੈ। ਚੌਥੇ ਪਦ ਨੂੰ ਜਾਨਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ ਤੇ ਚੌਥੇ ਪਦ ਰਾਹੀਂ ਹੀ ਪੂਰਨ ਰੂਪ ਵਿੱਚ ਧਰਮ ਦੇ ਸੱਚੇ ਮਾਰਗ ਦੀ ਸਮਝ ਆ ਸਕਦੀ ਹੈ ਕਿਉਂਕਿ ਪ੍ਰਮਾਤਮਾ ਹੈ ਹੀ ਸੱਚੇ ਗਿਆਨ ਦੇ ਰੂਪ ਵਿੱਚ। ਧਰਮ ਦੇ ਸੱਚੇ ਗਿਆਨ ਨੂੰ ਪ੍ਰਮਾਤਮਾ ਨੇ ਚੌਥੇ ਪਦ ਦੇ ਗਿਆਨ ਨਾਲ ਜੋੜਿਆ ਹੋਇਆ ਹੈ ਜਿਸ ਪਦ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ ਭਾਵ ਮਨੁੱਖੀ ਸਮਝ ਦੇ ਵਿੱਚ ਆਪ ਹੈ। ਧਰਮ ਦਾ ਮਾਰਗ ਪ੍ਰਮਾਤਮਾ ਨੇ ਆਪ ਹੀ ਔਖਾ ਬਣਾਇਆ ਹੋਇਆ ਹੈ ਜਿਸ ਮਾਰਗ ਤੇ ਚੱਲਣਾ ਬਹੁਤ ਔਖਾ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਬਹੁਤ ਔਖਾ ਹੈ ਤੇ ਧਰਮ ਦੇ ਮਾਰਗ ਨੂੰ ਸਮਝਣਾ ਵੀ ਔਖਾ ਹੈ, ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਔਖਾ ਹੈ ਜਿਸ ਵਿੱਚੋਂ ਪ੍ਰਮਾਤਮਾ ਆਪ ਹੀ ਕਿਸੇ ਨੂੰ, ਵਿਰਲੇ ਨੂੰ ਕੱਢਦਾ ਹੈ। ਆਪਣੇ ਸੱਚੇ ਗਿਆਨ ਰਾਹੀਂ ਹੀ ਉਸ ਨੇ ਤ੍ਰੈਗੁਣਾਂ ਵਾਲੀ ਸਮਝ ਦੁਆਰਾ ਸਭ ਤੋਂ ਆਪਣਾ ਪੜਦਾ ਬਣਾਇਆ ਹੋਇਆ ਹੈ। ਧਰਮ ਦੇ ਮਾਰਗ ਨੂੰ ਸੰਸਾਰ ਵਿੱਚ ਸਭ ਤੋਂ ਉੱਚਾ ਮਾਰਗ ਮੰਨਿਆ ਜਾਂਦਾ ਹੈ ਜਿਸ ਉੱਚੇ ਮਾਰਗ ਦੀ ਸਮਝ ਲੱਗਣਾ ਹੀ ਪ੍ਰਮਾਤਮਾ ਦੀ ਸਮਝ ਲੱਗਣਾ ਹੈ ਤੇ ਇਸੇ ਲਈ ਪ੍ਰਮਾਤਮਾ ਨੇ ਸੱਚੇ ਮਾਰਗ ਵਿੱਚ ਭਾਵ ਸੱਚੀ ਸਮਝ ਵਿੱਚ ਤੇ ਮਨੁੱਖ ਦੀ ਨੀਵੀਂ ਸਮਝ ਵਿੱਚ ਫਰਕ ਰੱਖਿਆ ਹੋਇਆ ਹੈ। ਪ੍ਰਮਾਤਮਾ ਜਦੋਂ ਵੀ ਆਪਣਾ ਆਪ ਜਤਾਉਣਾ ਚਾਹੁੰਦਾ ਹੈ ਉਹ ਮਨੁੱਖ ਦੀ ਨੀਵੀਂ ਸਮਝ ਨੂੰ ਉੱਚੀ ਸਮਝ ਬਣਾਉਣ ਦੁਆਰਾ ਹੀ ਆਪਣਾ ਆਪ ਜਿਤਾਉਂਦਾ ਹੈ ਭਾਵ ਇਸ ਸੰਸਾਰ ਦੀ ਸੱਚਾਈ ਸਮਝਾਉਂਦਾ ਹੈ ਕਿ ਇਹ ਸੰਸਾਰ ਕੀ ਹੈ, ਇਸ ਨੂੰ ਕਿਸ ਨੇ ਰਚਿਆ ਹੈ ਤੇ ਕਿਵੇਂ ਰਚਿਆ ਹੈ। ਸਾਡੀ ਨੀਵੀਂ ਸਮਝ ਸਾਡੇ ਅੰਦਰ ਦੀ ਮਾਇਆ ਵਾਲੀ ਸਮਝ ਹੈ ਜਿਸ ਸਮਝ ਵਿੱਚ ਰੱਖ ਕੇ ਪ੍ਰਮਾਤਮਾ ਆਪ ਹੀ ਆਪਣਾ ਹੁਕਮ ਚਲਾ ਰਿਹਾ ਹੈ ਪਰ ਉਸ ਦੇ ਹੁਕਮ ਨੂੰ ਤਦ ਹੀ ਸਮਝਿਆ ਜਾ ਸਕਦਾ ਹੈ ਜਦ ਉਹ ਸਾਡੇ ਅੰਦਰ ਦੀ ਨੀਵੀਂ ਸਮਝ ਨੂੰ ਆਪਣੀ ਉੱਚੀ ਸਮਝ ਦੇ ਨਾਲ ਜੋੜ ਲੈਂਦਾ ਹੈ ਭਾਵ ਤ੍ਰੈਗੁਣਾਂ ਦੇ ਬੰਧਨ ਵਿੱਚੋਂ ਕੱਢ ਲੈਂਦਾ ਹੈ। ਪ੍ਰਮਾਤਮਾ ਦੀ ਉੱਚੀ ਸਮਝ ਉਸ ਦੀ ਨਾਮ ਵਾਲੀ ਸਮਝ ਹੈ, ਸੱਚੇ ਗਿਆਨ ਵਾਲੀ ਸਮਝ ਹੈ ਜਿਸ ਰਾਹੀਂ ਉਹ ਆਪਣਾ ਪੂਰਨ ਸੱਚ ਸਮਝਾਉਂਦਾ ਹੈ ਕਿ ਪ੍ਰਮਾਤਮਾ ਕੀ ਹੈ, ਇਹ ਸੰਸਾਰ ਕੀ ਹੈ, ਇਹ ਮਨੁੱਖ ਕੀ ਹੈ ਭਾਵ ਉਹ ਸਭ ਕੁੱਝ ਆਪ ਹੀ ਹੈ ਜਿਸ ਨੇ ਆਪ ਹੀ ਸਾਰੇ ਸੰਸਾਰ ਨੂੰ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ। ਉਸ ਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੀ ਸ਼ਰਨ ਵਿੱਚ ਆਉਣਾ ਹੀ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ, ਗੁਰੂ ਦੀ ਸ਼ਰਨ ਵਿੱਚ ਆਉਣਾ ਹੈ, ਨਾਮ ਦੀ ਸ਼ਰਨ ਵਿੱਚ ਆਉਣਾ ਹੈ ਜਿਸ ਰਾਹੀਂ ਮਨੁੱਖ ਇਸ ਸੰਸਾਰ ਦੀ ਅਸਲੀਅਤ ਨੂੰ ਸਮਝਦਾ ਹੈ ਤੇ ਉਸ ਦੀ ਅਸਲੀਅਤ ਨੂੰ ਜਾਣੇ ਬਿਨ੍ਹਾਂ ਕੋਈ ਉਸ ਦੀ ਸੱਚੀ ਭਗਤੀ ਵਾਲਾ ਨਹੀਂ ਅਖਵਾ ਸਕਦਾ। ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਤੇ ਜੋ ਉਸ ਦੇ ਅਸੂਲ ਤੋਂ ਬਾਹਰ ਚੱਲਦਾ ਹੈ ਭਾਵ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ ਆਪਣੇ ਆਪ ਨੂੰ ਭਗਤੀ ਦੀ ਸੱਚੀ ਮਤਿ ਵਾਲਾ ਸਮਝਦਾ ਹੈ ਉਸ ਨੂੰ ਇਸੇ ਲਈ ਮੂਰਖ ਕਿਹਾ ਗਿਆ ਹੈ ਭਾਵ ਮਨਮਤਿ ਵਿੱਚ ਕਿਹਾ ਗਿਆ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕੋਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਸਮਝੇ ਇਹ ਉਸ ਦੀ ਅਗਿਆਨਤਾ ਹੈ ਹੋਰ ਕੁੱਝ ਵੀ ਨਹੀਂ, ਸਾਡੀ ਨੀਵੀਂ ਸਮਝ ਹੈ ਭਾਵ ਸਾਡੇ ਅੰਦਰ ਦੀ ਮਾਇਆ ਮਮਤਾ ਹੈ ਜਿਸ ਵਿੱਚੋਂ ਕਿਸੇ ਨੂੰ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ। (**ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥**)

ਪ੍ਰਮਾਤਮਾ ਦਾ ਹੁਕਮ ਸਭ ਜਗ੍ਹਾ ਕਿਸ ਤਰੀਕੇ ਵਰਤ ਰਿਹਾ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੧ ॥

“ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥"

(ਅੰਗ - ੪੬੪)

ਕੁਦਰਤਿ ਤੋਂ ਭਾਵ ਹੈ ਪ੍ਰਮਾਤਮਾ ਦੀ ਕਲਾ ਜਿਸ ਤਰੀਕੇ ਉਹ ਸੰਸਾਰ ਨੂੰ ਚਲਾ ਰਿਹਾ ਹੈ ਭਾਵ ਸੰਸਾਰ ਦੇ ਵਿੱਚ ਆਪਣੀ ਕਲਾ ਵਰਤਾ ਰਿਹਾ ਹੈ। ਸਾਰਾ ਸੰਸਾਰ ਤਾਂ ਕਿਸੇ ਉੱਚੀ ਸਾਇੰਸ ਨਾਲ ਚੱਲ ਰਿਹਾ ਹੈ ਤੇ ਇਹ ਸਾਇੰਸ ਕਿੱਥੋਂ ਆਈ ਹੈ ਤੇ ਕਿਸ ਨੇ ਬਣਾਈ ਹੈ, ਇਹੀ ਸੰਸਾਰ ਦਾ ਸਭ ਤੋਂ ਵੱਡਾ ਅਸਚਰਜ ਹੈ ਜਿਸ ਨੂੰ ਕੋਈ ਸਮਝ ਨਹੀਂ ਸਕਦਾ। ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ।

"ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥"

ਜੋ ਕੁੱਝ ਅਸੀਂ ਦੇਖਦੇ ਹਾਂ ਉਹ ਅਸੀਂ "ਕੁਦਰਤਿ" ਨਾਲ ਵੇਖਦੇ ਹਾਂ ਤੇ ਜੋ ਕੁੱਝ ਸੁਣਦੇ ਹਾਂ ਉਹ ਵੀ "ਕੁਦਰਤਿ" ਨਾਲ ਸੁਣਦੇ ਹਾਂ। ਜੋ ਕੁੱਝ ਅਸੀਂ ਦੇਖਦੇ ਹਾਂ ਉਹ ਆਪਣੀਆਂ ਅੱਖਾਂ ਨਾਲ ਦੇਖਦੇ ਹਾਂ ਤੇ ਜੋ ਕੁੱਝ ਸੁਣਦੇ ਹਾਂ ਉਹ ਅਸੀਂ ਕੰਨਾਂ ਦੇ ਨਾਲ ਸੁਣਦੇ ਹਾਂ। ਇਹ ਸਭ ਕੁੱਝ ਜਿਸ ਵਿਧੀ ਨਾਲ ਹੁੰਦਾ ਹੈ ਉਹ ਪ੍ਰਮਾਤਮਾ ਦੀ ਕਲਾ ਹੈ। ਸਾਇੰਸ ਇਸ ਗੱਲ ਨੂੰ ਸਮਝਦੀ ਹੈ ਭਾਵ ਅਸੀਂ ਸਾਇੰਸ ਵਾਲੀ ਸਮਝ ਦੁਆਰਾ ਇਹ ਜਾਣ ਸਕਦੇ ਹਾਂ ਕਿ ਸਾਡੀ ਅੱਖਾਂ ਦੀ ਰਚਨਾ ਕਿਹੋ ਜਿਹੀ ਹੈ ਤੇ ਅਸੀਂ ਕਿਸ ਤਰੀਕੇ ਅੱਖਾਂ ਨਾਲ ਦੇਖਦੇ ਹਾਂ। ਜਦੋਂ ਕਿਸੇ ਦੀ ਅੱਖਾਂ ਦੀ ਰੋਸ਼ਨੀ ਖਰਾਬ ਹੋ ਜਾਂਦੀ ਹੈ ਭਾਵ ਕੋਈ ਨੁਕਸ ਪੈਂਦਾ ਹੈ ਉਸ ਗੱਲ ਦੀ ਵੀ ਸਾਨੂੰ ਸਮਝ ਪੈ ਜਾਂਦੀ ਹੈ ਤੇ ਅਸੀਂ ਉਸ ਗੱਲ ਨੂੰ ਡਾਕਟਰੀ ਸਾਇੰਸ ਨਾਲ ਠੀਕ ਕਰ ਲੈਂਦੇ ਹਾਂ, ਡਾਕਟਰੀ ਗਿਆਨ ਨਾਲ ਠੀਕ ਕਰ ਲੈਂਦੇ ਹਾਂ। ਨਾ ਇਹ ਅੱਖਾਂ ਮਨੁੱਖ ਨੇ ਆਪ ਬਣਾਈਆਂ ਹਨ ਤੇ ਨਾ ਹੀ ਕੰਨ ਆਪ ਬਣਾਏ ਹਨ ਬਲਕਿ ਇਹ ਸਰੀਰ ਦੇ ਪੈਦਾ ਹੋਣ ਨਾਲ ਲੱਗੇ ਲਗਾਏ ਆਉਂਦੇ ਹਨ। ਸਰੀਰ ਦੇ ਨਾਲ ਜੋ ਵੀ ਸਾਡੇ ਅੰਗ ਲੱਗੇ ਹੁੰਦੇ ਹਨ ਉਹ ਕਿਸੇ ਕਲਾ ਨਾਲ ਹੀ ਲੱਗੇ ਹੁੰਦੇ ਹਨ ਭਾਵ ਇਹ ਸਰੀਰ ਪ੍ਰਮਾਤਮਾ ਦੀ ਕਲਾ ਨਾਲ ਹੀ ਬਣਦਾ ਹੈ ਤੇ ਉਸ ਦੀ ਕਲਾ ਨਾਲ ਹੀ ਚੱਲ ਰਿਹਾ ਹੈ। ਪ੍ਰਮਾਤਮਾ ਦੀ ਕਲਾ ਉਸ ਦੀ ਰਚੀ ਹੋਈ ਸਾਇੰਸ ਹੈ ਜਿਸ ਸਾਇੰਸ ਦੇ ਅੰਦਰ ਬਹੁਤ ਉੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਬ੍ਰਹਮ ਗਿਆਨ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਜਿਸ ਦਾ ਆਪਣਾ ਕੋਈ ਆਕਾਰ ਨਹੀਂ ਹੈ ਪਰ ਹਰ ਆਕਾਰ ਰੂਪ ਦੀ ਰਚਨਾ ਇਸ ਨਿਰੰਕਾਰ ਰੂਪ ਨਾਲ ਹੋਈ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥}

(ਅੰਗ - ੧੦੬੬)

ਹਰ ਅੰਗ ਦੇ ਵਿੱਚ ਪ੍ਰਮਾਤਮਾ ਦੀ ਭਾਵ ਉਸਦੇ ਨਿਰੰਕਾਰ ਰੂਪ ਦੀ ਕਲਾ ਹੀ ਵਰਤ ਰਹੀ ਹੈ, ਉਸ ਦੀ ਕੁਦਰਤਿ ਹੀ ਵਰਤ ਰਹੀ ਹੈ ਭਾਵ ਸਭ ਦੇ ਵਿੱਚ ਪ੍ਰਮਾਤਮਾ ਦੇ ਉੱਚੇ ਗਿਆਨ ਦੀ ਕਲਾ ਹੀ ਵਰਤ ਰਹੀ ਹੈ ਜੋ ਉਸ ਦੀ ਕਲਾ ਉਸ ਦੇ ਨਾਮ ਦੇ ਰੂਪ ਵਿੱਚ ਹੈ ਜੋ ਕਿ ਇਸੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਜਦੋਂ ਸਾਡਾ ਸਰੀਰ ਬਣਦਾ ਹੈ ਇਸ ਦੇ ਨਾਲ ਸਾਡੇ ਮਨ ਦੀ ਰਚਨਾ ਵੀ ਹੁੰਦੀ ਹੈ, ਸਾਡੇ ਅੰਦਰ ਦਿਮਾਗ ਦੀ ਰਚਨਾ ਵੀ ਨਾਲ ਹੀ ਹੁੰਦੀ ਹੈ। ਵੇਖਣ ਵਿੱਚ ਸਾਡਾ ਦਿਮਾਗ ਆਕਾਰ ਰੂਪ ਵਿੱਚ ਹੁੰਦਾ ਹੈ ਤੇ ਉਸ ਦਿਮਾਗ ਦੇ ਵਿੱਚੋਂ ਜੋ ਉਪਜਦਾ ਹੈ ਉਹ ਨਿਰੰਕਾਰ ਰੂਪ ਹੁੰਦਾ ਹੈ ਭਾਵ ਉਹ ਗਿਆਨ ਜੋ ਸਾਡੇ ਅੰਦਰ ਉਪਜਦਾ ਹੈ ਉਹ ਨਿਰੰਕਾਰ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ। ਜੇਕਰ ਸਾਡਾ ਸਰੀਰ ਬਣਾਉਣ ਵਿੱਚ, ਸਰੀਰ ਦਾ ਮੂਲ ਰੂਪ ਬਣਾਉਣ ਵਿੱਚ ਸਾਡਾ ਕੋਈ ਹੱਥ ਨਹੀਂ ਹੈ ਫਿਰ ਇਸ ਮਨ ਦੀ ਸਮਝ ਉੱਤੇ ਭਾਵ ਮਨ ਦੀ ਸਮਝ ਬਣਾਉਣ ਵਿੱਚ ਕੀ ਸਾਡਾ ਕੋਈ ਹੱਥ ਹੋ ਸਕਦਾ ਹੈ। ਇਹ ਸਭ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਕਲਾ ਹੈ। ਸਾਡੇ ਮਨ ਦੇ ਅੰਦਰ ਭਉ ਉਪਜਦਾ ਹੈ, ਮਾਇਆ ਮੋਹ ਵਾਲੇ ਵਿਚਾਰ ਉਪਜਦੇ ਹਨ ਜੋ ਮਨੁੱਖ ਨੂੰ ਤ੍ਰਿਸ਼ਨਾਵਾਂ ਰਾਹੀਂ ਦੁਖੀ ਰੱਖਦੇ ਹਨ ਤੇ ਸੁੱਖ ਦੇਣ ਵਾਲੇ ਵਿਚਾਰ ਵੀ ਮਨ ਦੇ ਵਿੱਚੋਂ ਹੀ ਉਪਜਦੇ ਹਨ ਤੇ ਇਸੇ ਲਈ ਦੁੱਖ ਸੁੱਖ ਮਨੁੱਖ ਦੇ ਵੱਸ ਨਹੀਂ ਹਨ ਕਿਉਂਕਿ ਸਾਡੇ ਮਨ ਦੇ ਵਿਚਾਰਾਂ ਵਿੱਚ ਪ੍ਰਮਾਤਮਾ ਦੀ ਕਲਾ ਹੀ ਵਰਤਦੀ ਹੈ ਜੋ ਉਸ ਦੀ ਸੱਚੀ ਸਾਇੰਸ ਦੁਆਰਾ ਹੀ ਵਰਤਦੀ ਹੈ। ਸਾਡਾ

ਦਿਮਾਗ ਨਾੜੀਆਂ ਦਾ ਗੁੱਛਾ ਹੈ ਜਿੰਨ੍ਹਾਂ ਰਾਹੀਂ ਮਨ ਦੇ ਵਿੱਚ ਵਿਚਾਰ ਉਪਜਦੇ ਹਨ। ਜੇਕਰ ਕਿਸੇ ਦੇ ਅੰਦਰ ਵਿਚਾਰ ਉਪਜਣ ਦਾ ਨੁਕਸ ਪੈਂਦਾ ਹੈ ਉਸ ਨੂੰ ਡਾਕਟਰੀ ਗਿਆਨ ਦੁਆਰਾ ਠੀਕ ਕੀਤਾ ਜਾ ਸਕਦਾ ਹੈ ਪਰ ਜੇ ਅਸੀਂ ਇਹ ਕਹੀਏ ਕਿ ਅਸੀਂ ਕਿਸੇ ਦੇ ਮੂਲ ਵਿਚਾਰ ਹੀ ਬਦਲ ਦੇਈਏ, ਮਨ ਦੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰ ਬਦਲ ਦੇਈਏ ਇਹ ਨਹੀਂ ਹੋ ਸਕਦਾ। ਸਾਡੇ ਅੰਦਰ ਵਿਚਾਰ ਪ੍ਰਮਾਤਮਾ ਦੀ ਕਲਾ ਦੁਆਰਾ ਵਰਤਦੇ ਹਨ ਤੇ ਇਹ ਉਸ ਦੀ ਕਲਾ ਹੈ ਕਿ ਉਸਨੇ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਦਿੱਤੀ ਹੋਈ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਅਸੀਂ ਸਾਇੰਸ ਦੀਆਂ ਗੱਲਾਂ ਨੂੰ ਸਮਝ ਸਕਦੇ ਹਾਂ ਪਰ ਸਾਇੰਸ ਦਾ ਮੂਲ ਕੀ ਹੈ, ਗਿਆਨ ਦਾ ਮੂਲ ਕੀ ਹੈ ਇਸ ਗੱਲ ਨੂੰ ਨਹੀਂ ਸਮਝ ਸਕਦੇ। ਗਿਆਨ ਦਾ ਮੂਲ ਸਾਡੇ ਅੰਦਰ ਹੀ ਹੈ ਜਿਸ ਨੂੰ ਕੇਵਲ ਤੇ ਕੇਵਲ ਚੌਥੇ ਪਦ ਵਾਲੇ ਗਿਆਨ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਮਨੁੱਖ ਨੂੰ ਪ੍ਰਮਾਤਮਾ ਤ੍ਰੈ ਗੁਣਾਂ ਵਾਲੀ ਅਵੱਸਥਾ ਉਹ ਹੋਰ ਸਭ ਕੁੱਝ ਸਮਝਾ ਦਿੰਦਾ ਹੈ ਭਾਵ ਅਨੇਕਾਂ ਗਿਆਨ ਦਿੰਦਾ ਹੈ, ਸਾਇੰਟਿਫਿਕ ਗਿਆਨ ਦਿੰਦਾ ਹੈ ਪਰ ਆਪਣੀ ਕਲਾ ਦੀ ਸਮਝ ਨਹੀਂ ਲੱਗਣ ਦਿੰਦਾ ਕਿ ਉਸ ਦੀ ਕਲਾ ਕਿਵੇਂ ਵਰਤਦੀ ਹੈ। ਆਪਣੀ ਕਲਾ ਦਾ ਭੇਦ ਪ੍ਰਮਾਤਮਾ ਨੇ ਆਪਣੇ ਕੋਲ ਹੀ ਰੱਖਿਆ ਹੋਇਆ ਹੈ ਜੋ ਉਸ ਦੀ ਕਲਾ ਦਾ ਭੇਦ ਕੋਈ ਚੌਥੇ ਪਦ ਦੇ ਗਿਆਨ ਦੁਆਰਾ ਹੀ ਜਾਣ ਸਕਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਉਸ ਦੀ ਕਲਾ ਨੂੰ ਸਮਝਿਆ ਹੈ ਜੋ ਆਪਣੀ ਕਲਾ ਉਹ ਆਪ ਹੀ ਸਮਝਾ ਸਕਦਾ ਹੈ, ਮਨ ਦੇ ਵਿੱਚ ਪਰਗਟ ਹੋ ਕੇ ਹੀ ਕਿਸੇ ਨੂੰ ਆਪਣੀ ਕਲਾ ਸਮਝਾਉਂਦਾ ਹੈ ਤੇ ਉਸ ਦੀ ਕਲਾ ਦੀ ਸਮਝ ਆਏ ਬਿਨ੍ਹਾਂ ਹਰ ਕੋਈ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰੱਥ ਹੀ ਹੈ ਭਾਵ ਭਰਮਾਂ ਵਿੱਚ ਹੀ ਹੈ ਭਾਵ ਤ੍ਰੈਗੁਣਾਂ ਵਿੱਚ ਹੀ ਹੈ ਜਿਸ ਰਾਹੀਂ ਉਹ ਆਪਣੇ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਅਸੀਂ ਜੋ ਵੀ ਆਪਣੇ ਆਸੇ ਪਾਸੇ ਦੇਖਦੇ ਹਾਂ, ਜੋ ਵੀ ਆਕਾਸ਼ ਪਾਤਾਲ ਦੇਖਦੇ ਹਾਂ, ਖੰਡ ਬ੍ਰਹਿਮੰਡ ਦੇਖਦੇ ਹਾਂ ਭਾਵ ਜੋ ਵੀ ਆਕਾਰ ਦੇਖਦੇ ਹਾਂ ਸਭ ਵਿੱਚ ਪ੍ਰਮਾਤਮਾ ਦੀ ਇੱਕੋ ਕਲਾ ਹੀ ਵਰਤ ਰਹੀ ਹੈ, ਉਸ ਦਾ ਇੱਕੋ ਨਾਮ ਹੀ ਵਰਤ ਰਿਹਾ ਹੈ ਭਾਵ ਉਸ ਦਾ ਬ੍ਰਹਮਗਿਆਨ ਹੀ ਵਰਤ ਰਿਹਾ ਹੈ ਜੋ ਕਿ ਉਸ ਦਾ ਸਾਇੰਟਿਫਿਕ ਗਿਆਨ ਹੈ ਭਾਵ ਤਤੁ ਗਿਆਨ ਹੈ। (**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥**)

ਪ੍ਰਮਾਤਮਾ ਦੀ ਕਲਾ ਸਾਡੇ ਅੰਦਰ ਕਿਸ ਤਰੀਕੇ ਵਰਤਦੀ ਹੈ ਤੇ ਉਸਦੀ ਕਲਾ ਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਇਸ ਗੱਲ ਨੂੰ ਧੰਨ ਧੰਨ ਅਕਾਲ ਪੁਰਖ ਭਗਤ ਬੇਣੀ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਰਾਮਕਲੀ ਬਾਣੀ ਬੇਣੀ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

“ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥
ਸੰਤਹੁ ਤਹਾ ਨਿਰੰਜਨ ਰਾਮੁ ਹੈ ॥
ਗੁਰ ਗਮਿ ਚੀਨੈ ਬਿਰਲਾ ਕੋਇ ॥
ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥
ਤਹ ਬਾਜੇ ਸਬਦ ਅਨਾਹਦ ਬਾਣੀ ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥
ਸਾਖੀ ਜਾਗੀ ਗੁਰਮੁਖਿ ਜਾਣੀ ॥੨॥
ਉਪਜੈ ਗਿਆਨੁ ਦੁਰਮਤਿ ਛੀਜੈ ॥
ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥

ਏਸੁ ਕਲਾ ਜੋ ਜਾਣੈ ਭੇਉ ॥
ਭੇਟੈ ਤਾਸੁ ਪਰਮ ਗੁਰਦੇਉ ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥
ਜਾਗਤੁ ਰਹੈ ਸੁ ਕਬਹੁ ਨ ਸੋਵੈ ॥
ਤੀਨਿ ਤਿਲੋਕ ਸਮਾਧਿ ਪਲੋਵੈ ॥
ਬੀਜ ਮੰਤ੍ਰੁ ਲੈ ਹਿਰਦੈ ਰਹੈ ॥
ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥
ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥
ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥
ਕਰ ਪਲਵ ਸਾਖਾ ਬੀਚਾਰੇ ॥
ਅਪਨਾ ਜਨਮੁ ਨ ਜੂਐ ਹਾਰੇ ॥
ਅਸੁਰ ਨਦੀ ਕਾ ਬੰਧੈ ਮੂਲੁ ॥
ਪਛਿਮ ਫੇਰਿ ਚੜਾਵੈ ਸੂਰੁ ॥
ਅਜਰੁ ਜਰੈ ਸੁ ਨਿਝਰੁ ਝਰੈ ॥
ਜਗੰਨਾਥ ਸਿਉ ਗੋਸਟਿ ਕਰੈ ॥੭॥
ਚਉਮੁਖ ਦੀਵਾ ਜੋਤਿ ਦੁਆਰ ॥
ਪਲੂ ਅਨਤ ਮੂਲੁ ਬਿਚਕਾਰਿ ॥
ਸਰਬ ਕਲਾ ਲੇ ਆਪੇ ਰਹੈ ॥
ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥
ਮਸਤਕਿ ਪਦਮੁ ਦੁਆਲੈ ਮਣੀ ॥
ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥
ਪੰਚ ਸਬਦ ਨਿਰਮਾਇਲ ਬਾਜੇ ॥
ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥
ਬੇਣੀ ਜਾਚੈ ਤੇਰਾ ਨਾਮੁ ॥੯॥”

(ਅੰਗ - ੯੭੪)

ਉੱਪਰ ਵਾਲੇ ਸ਼ਬਦ ਵਿੱਚ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦੀ ਕਲਾ ਕਿਸ ਰੂਪ ਵਿੱਚ ਵਰਤਦੀ ਹੈ ਭਾਵ ਉਸ ਦੀ ਜੁਗਤਿ ਕਿਸ ਤਰੀਕੇ ਵਰਤਦੀ ਹੈ ਜਿਸ ਤਰੀਕੇ ਉਹ ਸਾਡੇ ਮਨ ਦੀ ਸਮਝ ਨੂੰ ਉਹ ਆਪਣੇ ਵੱਸ ਵਿੱਚ ਰੱਖਦਾ ਹੈ, ਉਹ ਕਲਾ ਹੀ ਸਮਝਾਈ ਹੋਈ ਹੈ ਤੇ ਨਾਲ ਹੀ ਇਹ ਵੀ ਸਮਝਾਇਆ ਹੋਇਆ ਹੈ ਕਿ ਜਦ ਤੱਕ ਕੋਈ ਉਸ ਪ੍ਰਮਾਤਮਾ ਦੀ ਕਲਾ ਨੂੰ ਸਮਝ ਨਹੀਂ ਲੈਂਦਾ

ਤਦ ਤੱਕ ਉਸ ਪ੍ਰਮਾਤਮਾ ਦੇ ਨਾਲ ਕਿਸੇ ਦਾ ਮੇਲ ਨਹੀਂ ਹੋ ਸਕਦਾ ਜੋ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਮਨ ਦੇ ਵਿੱਚ ਹੀ ਉਹ ਆਪਣੀ ਕਲਾ ਸਮਝਾਉਂਦਾ ਹੈ। ਮਨ ਦੇ ਵਿੱਚ ਉਸ ਦੀ ਕਲਾ ਦੀ ਸਮਝ ਪੈਣੀ ਹੀ ਇਸ ਮਨ ਦੀ ਸਮਝ ਪੈਣੀ ਹੈ ਕਿ ਇਹ ਮਨ ਕੀ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਨ੍ਹਾਂ ਨੇ ਪ੍ਰਮਾਤਮਾ ਦੀ ਕਲਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਕਿ ਗੁਰਬਾਣੀ ਦੀ ਰਚਨਾ ਵੀ ਉਸਦੀ ਕਲਾ ਦੁਆਰਾ ਹੀ ਹੋਈ ਹੈ ਭਾਵ ਉਸਦੇ ਸਾਇੰਟਿਫਿਕ ਗਿਆਨ ਦੁਆਰਾ ਹੀ ਹੋਈ ਹੈ, ਉਸ ਸਾਇੰਸ ਦੇ ਮਾਲਕ ਦੁਆਰਾ ਹੀ ਹੋਈ ਹੈ ਜੋ ਆਪਣੀ ਇਸ ਕਲਾ ਦੁਆਰਾ ਸਾਰੇ ਸੰਸਾਰ ਨੂੰ ਆਪ ਹੀ ਬਣਾ ਕੇ ਉਸ ਨੂੰ ਚਲਾ ਰਿਹਾ ਹੈ ਪਰ ਇਸ ਦੀ ਸਮਝ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਪੈ ਸਕਦੀ ਹੈ। ਉੱਪਰ ਵਾਲੇ ਸ਼ਬਦ ਨੂੰ ਕੁੱਝ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ।

ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਜਿਸ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਧਰਮ ਗ੍ਰੰਥਾਂ ਦੀ ਰਚਨਾ ਪ੍ਰਮਾਤਮਾ ਨੇ ਆਪਣੀ ਕਲਾ ਦੀ ਜੁਗਤਿ ਦੁਆਰਾ ਹੀ ਕੀਤੀ ਹੈ।

“ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥”

ਇਸ ਗੱਲ ਨੂੰ ਤਾਂ ਹਰ ਕੋਈ ਸਮਝ ਸਕਦਾ ਹੈ ਕਿ ਵੇਦ ਕੀ ਹਨ, ਪੁਰਾਣ ਕੀ ਹਨ, ਕਤੇਬ ਭਾਵ ਕੁਰਾਨ ਕੀ ਹੈ ਭਾਵ ਇਹ ਧਰਮ ਗ੍ਰੰਥ ਹਨ ਜੋ ਸਾਨੂੰ ਪ੍ਰਮਾਤਮਾ ਦੀ ਭਾਵ ਖੁਦਾ ਦੀ ਭਗਤੀ ਦਾ ਸੱਚਾ ਮਾਰਗ ਸਮਝਾਉਂਦੇ ਹਨ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਜੋ ਵੀ ਸੰਸਾਰ ਵਿੱਚ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ ਉਹ ਆਪ ਹੀ ਪ੍ਰਮਾਤਮਾ ਨੇ ਕੀਤੀ ਹੈ। ਪ੍ਰਮਾਤਮਾ ਦੀ ਜਿਸ ਕਲਾ ਦੁਆਰਾ ਵੇਦ ਆਏ ਹਨ ਉਸੇ ਕਲਾ ਦੁਆਰਾ ਪੁਰਾਣ ਆਏ ਹਨ ਤੇ ਉਸੇ ਕਲਾ ਦੁਆਰਾ ਕੁਰਾਨ ਆਏ ਹਨ ਤੇ ਉਸੇ ਕਲਾ ਦੁਆਰਾ ਹੀ ਗੁਰਬਾਣੀ ਆਈ ਹੈ ਜਿਸ ਦੀ ਸਮਝ ਕੇਵਲ ਤਾਂ ਹੀ ਲੱਗ ਸਕਦੀ ਹੈ ਜਦੋਂ ਮਨੁੱਖ ਨੂੰ ਆਪਣੇ ਮਨ ਦੀ ਸਮਝ ਲੱਗ ਜਾਂਦੀ ਹੈ ਕਿ ਇਹ ਮਨ ਕੀ ਹੈ ਭਾਵ ਪ੍ਰਮਾਤਮਾ ਆਪ ਹੀ ਹੈ ਤੇ ਸੰਸਾਰ ਵਿੱਚ ਜੋ ਵੀ ਕਿਸੇ ਅੰਦਰ ਵਿਚਾਰ ਆਉਂਦੇ ਹਨ ਉਹ ਕਿੱਥੋਂ ਆਉਂਦੇ ਹਨ। ਸਾਰੇ ਧਰਮ ਗ੍ਰੰਥਾਂ ਦੇ ਅੰਦਰ ਵਿਚਾਰ ਹੀ ਹਨ ਜੋ ਕਿ ਸ਼ਬਦਾਂ ਦੇ ਰੂਪ ਵਿੱਚ ਹਨ। ਜਦ ਤੱਕ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਸਾਡੇ ਵਿਚਾਰਾਂ ਦਾ ਮਾਲਕ ਕੌਣ ਹੈ ਤਦ ਤੱਕ ਉਸ ਪ੍ਰਮਾਤਮਾ ਦੀ ਕਲਾ ਨੂੰ ਕੋਈ ਨਹੀਂ ਜਾਣ ਸਕਦਾ ਜੋ ਉਸਦੀ ਕਲਾ ਸਾਡੇ ਅੰਦਰ ਹੀ ਵਰਤ ਰਹੀ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਹੀ ਵਰਤ ਰਹੀ ਹੈ। ਸਾਡੇ ਮਨ ਦੇ ਵਿਚਾਰ ਸਾਨੂੰ ਗਿਆਨ ਹੀ ਦਿੰਦੇ ਹਨ। ਸਾਡੇ ਮਨ ਦੇ ਵਿਚਾਰ ਸਾਨੂੰ ਕਿਹੋ ਜਿਹਾ ਗਿਆਨ ਦਿੰਦੇ ਹਨ ਇਹ ਵਿਚਾਰਾਂ ਦੇ ਮਾਲਕ ਦੀ ਮਰਜੀ ਹੈ। ਪੂਰੇ ਸੰਸਾਰ ਨੂੰ ਉਸਨੇ ਤ੍ਰੈਗੁਣਾਂ ਵਾਲੇ ਵਿਚਾਰਾਂ ਵਿੱਚ ਰੱਖਿਆ ਹੋਇਆ ਹੈ ਜਿੰਨ੍ਹਾਂ ਤ੍ਰੈਗੁਣਾਂ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਭਾਵ ਹਉਮੈ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ ਕਿ ਇਹ ਮਨ ਦੀ ਸਮਝ ਮੇਰੀ ਹੈ ਤੇ ਸਾਡੇ ਮਨ ਦੇ ਵਿਚਾਰ ਹੀ ਸਾਨੂੰ ਇਹ ਸਮਝਾਉਂਦੇ ਹਨ ਕਿ ਇਹ ਮਨੁੱਖੀ ਸਰੀਰ ਮੇਰਾ ਹੈ। ਜੋ ਕੁੱਝ ਵੀ ਸਾਨੂੰ ਆਸੇ ਪਾਸੇ ਦਿੱਸਦਾ ਹੈ ਉਹ ਹਰ ਆਕਾਰ ਰੂਪ ਦੀ ਆਪਣੀ ਆਪਣੀ ਵੱਖਰੀ ਹੋਂਦ ਹੈ ਪਰ ਇਹ ਸਭ ਕੁੱਝ ਸਾਡਾ ਭਰਮ ਹੈ ਤੇ ਉਸ ਪ੍ਰਮਾਤਮਾ ਦੀ ਕਲਾ ਹੈ ਭਾਵ ਉਸਦੀ ਉੱਚੀ ਸਾਇੰਟਿਫਿਕ ਸਮਝ ਹੈ, ਉਸਦਾ ਉੱਚਾ ਸਾਇੰਟਿਫਿਕ ਗਿਆਨ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਹੈ, ਉਸ ਦਾ ਨਾਮ ਹੈ। ਆਪਣੇ ਇਸ ਉੱਚੇ ਗਿਆਨ ਦੁਆਰਾ ਹੀ ਉਹ ਆਪਣੀ ਕਲਾ ਵਰਤਾ ਰਿਹਾ ਹੈ। ਉਸ ਦੀ ਕਲਾ ਦੀ ਸਮਝ ਮਨ ਦੇ ਵਿੱਚੋਂ ਹੀ ਸਮਝ ਲੱਗ ਸਕਦੀ ਹੈ ਜੋ ਸਮਝ ਉਹ ਕਿਸੇ ਨੂੰ ਤ੍ਰੈਗੁਣਾਂ ਵਾਲੇ ਬੰਧਨ ਵਿੱਚੋਂ ਕੱਢਕੇ ਪਾਉਂਦਾ ਹੈ ਤੇ ਕਿਸੇ ਨੂੰ ਆਪਣਾ “**ਬ੍ਰਹਮ ਗਿਆਨ ਰੂਪੁ**” ਮਨ ਦੇ ਵਿੱਚ ਹੀ ਦਿਖਾਉਂਦਾ ਹੈ ਕਿ ਉਹ ਕਿਤਨੇ ਕੁ ਉੱਚੇ ਗਿਆਨ ਦਾ ਮਾਲਕ ਹੈ। ਜੋ ਗਿਆਨ ਦਾ ਮਾਲਕ ਹੈ ਉਹੀ ਆਪਣੀ ਭਗਤੀ ਦਾ ਸੱਚਾ ਗਿਆਨ ਦੇ ਸਕਦਾ ਹੈ ਤੇ ਹੋਰ ਕੋਈ ਦੇ ਵੀ ਕਿਵੇਂ ਸਕਦਾ ਹੈ। ਅਸੀਂ ਜੋ ਕੁੱਝ ਵੀ ਪ੍ਰਮਾਤਮਾ ਨੂੰ ਸਮਝਦੇ ਹਾਂ ਮਨ ਦੀ ਸਮਝ ਰਾਹੀਂ ਹੀ ਸਮਝਦੇ ਹਾਂ ਤੇ ਸਮਝ ਦਾ ਮਾਲਕ ਕੇਵਲ ਤੇ ਕੇਵਲ ਉਹ ਆਪ ਹੈ। ਸੰਸਾਰ ਨੂੰ ਵੱਖਰੀ-ਵੱਖਰੀ ਧਾਰਮਿਕ ਆਸਥਾ ਵਿੱਚ ਉਸਨੇ ਆਪ ਹੀ ਵੰਡਿਆ ਹੋਇਆ ਹੈ, ਵੱਖਰੀ-ਵੱਖਰੀ ਸਮਝ ਦੇਣ ਦੁਆਰਾ ਵੰਡਿਆ ਹੋਇਆ ਹੈ। ਕਿਸੇ ਨੂੰ ਉਸਨੇ ਆਪਣਾ ਰੂਪ “**ਪ੍ਰਮਾਤਮਾ**” ਕਹਿ ਕੇ ਸਮਝਾਇਆ ਹੋਇਆ ਹੈ, ਕਿਸੇ ਨੂੰ “**ਅੱਲ੍ਹਾ**” ਕਹਿ ਕੇ ਸਮਝਾਇਆ ਹੋਇਆ ਹੈ, ਕਿਸੇ ਨੂੰ “**ਗਾਡ**” ਕਹਿ ਕੇ ਸਮਝਾਇਆ ਹੋਇਆ ਹੈ, ਕਿਸੇ ਨੂੰ “ਅਕਾਲ ਪੁਰਖ” ਕਹਿ ਕੇ ਸਮਝਾਇਆ ਹੋਇਆ ਹੈ, ਕਿਸੇ ਨੂੰ “**ਰਾਮ**” ਕਹਿ ਕੇ ਸਮਝਾਇਆ ਹੋਇਆ ਹੈ, ਕਿਸੇ ਨੂੰ “ਰਹੀਮ” ਕਹਿ ਕੇ ਸਮਝਾਇਆ ਹੋਇਆ ਹੈ, ਕਿਸੇ ਨੂੰ “**ਵਾਹਿਗੁਰੂ**” ਕਹਿ ਕੇ ਸਮਝਾਇਆ ਹੋਇਆ ਹੈ। ਇਹ ਉਸਦੀ ਆਪਣੀ ਮੌਜ ਹੈ ਕਿ ਉਹ ਆਪਣੇ ਇਸ ਸੰਸਾਰ ਦੀ ਰਚਨਾ ਨੂੰ ਰਚਕੇ ਉਹ ਕਿਸ ਤਰੀਕੇ ਚਲਾਉਣਾ ਚਾਹੁੰਦਾ ਹੈ ਭਾਵ ਉਹ

ਆਪਣੀ ਖੇਡ ਕਿਸ ਤਰੀਕੇ ਖੇਡਣਾ ਚਾਹੁੰਦਾ ਹੈ। ਉਸਦੀ ਇਹ ਖੇਡ ਬਹੁਤ ਵੱਡੀ ਹੈ ਤੇ ਆਪਣੀ ਖੇਡ ਚਲਾਉਣ ਦੇ ਅਨੇਕਾਂ ਢੰਗ ਉਸਨੇ ਆਪ ਹੀ ਬਣਾਏ ਹੋਏ ਹਨ ਭਾਵ ਅਨੇਕਾਂ ਕਲਾਂ ਉਸਨੇ ਆਪ ਹੀ ਘੜੀਆਂ ਹੋਈਆਂ ਹਨ ਤੇ ਉਸਦੀ ਹਰ ਕਲਾ ਦੇ ਪਿੱਛੇ ਉਸਦਾ ਉੱਚਾ ਸਾਇੰਟਿਫਿਕ ਗਿਆਨ ਹੈ। ਹਰ ਵਸਤੂ ਉਸਦੇ ਸਾਇੰਟਿਫਿਕ ਗਿਆਨ ਨਾਲ ਹੀ ਬਣੀ ਹੈ ਭਾਵ ਬ੍ਰਹਮ ਗਿਆਨ ਨਾਲ ਹੀ ਬਣੀ ਹੈ, ਬ੍ਰਹਮ ਗਿਆਨ ਨਾਲ ਹੀ ਚਲ ਰਹੀ ਹੈ ਤੇ ਬ੍ਰਹਮ ਗਿਆਨ ਨਾਲ ਹੀ ਬਿਨਸ ਜਾਂਦੀ ਹੈ। ਕਦੇ ਨਾ ਬਿਨਸਨ ਵਾਲਾ ਭਾਵ ਕਦੇ ਨਾ ਮਰਨ ਵਾਲਾ ਭਾਵ ਸਦਾ ਰਹਿਣ ਵਾਲਾ ਕੇਵਲ ਤੇ ਕੇਵਲ ‘‘ਬ੍ਰਹਮ ਗਿਆਨ’’ ਹੈ ਭਾਵ ਪ੍ਰਮਾਤਮਾ ਦਾ ਨਾਮ ਹੈ ਜਿਸ ਰੂਪ ਵਿੱਚ ਉਹ ਆਪ ਹੈ ਤੇ ਆਪਣੇ ਇਸ ਰੂਪ ਦੁਆਰਾ ਹੀ ਉਹ ਆਪਣੀ ਕਲਾ ਵਰਤਾ ਰਿਹਾ ਹੈ। ਉਸ ਦੀ ਇਸ ਕਲਾ ਦੁਆਰਾ ਹੀ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ ਜਿਸ ਰਾਹੀਂ ਉਸਨੇ ਸੱਚ ਹੀ ਸਮਝਾਇਆ ਹੋਇਆ ਹੈ ਭਾਵ ਉਸਨੇ ਜਿਸ ਸਰੀਰ ਰਾਹੀਂ ਵੀ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ ਉਹ ਹਰ ਸਰੀਰ ਉਸ ਦਾ ਆਪਣਾ ਸਰੀਰ ਹੀ ਹੈ ਜਿਸਦੀ ਸਮਝ ਕੇਵਲ ਉਸਦੀ ਕਲਾ ਨੂੰ ਆਪਣੇ ਅੰਦਰੋਂ ਬੁੱਝਣ ਦੁਆਰਾ ਹੀ ਪੈ ਸਕਦੀ ਹੈ ਤੇ ਉਸ ਮਨੁੱਖੀ ਰੂਪ ਨੂੰ ਇਹ ਸਮਝ ਲੱਗ ਸਕਦੀ ਹੈ ਕਿ ਮੇਰੇ ਅੰਦਰ ਇਤਨਾ ਉੱਚਾ ਗਿਆਨ ਦੇਣ ਵਾਲਾ ਕੌਣ ਹੈ ਤੇ ਜਦ ਤੱਕ ਉਹ ਕਿਸੇ ਨੂੰ ਆਪਣੀ ਕਲਾ ਨਹੀਂ ਦਿਖਾਉਂਦਾ ਤਦ ਤੱਕ ਮਨੁੱਖ ਭਰਮ ਵਿੱਚ ਹੀ ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਗਿਆਨ ਹੀ ਸਮਝਦਾ ਹੈ। ਵੇਦਾਂ ਦੀ ਰਚਨਾ ਬ੍ਰਹਮਾ ਦੇ ਸਰੀਰ ਰਾਹੀਂ ਹੋਈ ਹੈ ਪਰ ਬ੍ਰਹਮਾ ਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਮੇਰੇ ਕੋਲ ਇਤਨਾ ਉੱਚਾ ਗਿਆਨ ਕਿੱਥੋਂ ਆਇਆ ਹੈ ਜਿਸ ਕਰਕੇ ਉਸਨੇ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਦੱਸਿਆ ਹੈ ਕਿਉਂਕਿ ਬ੍ਰਹਮਾ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪਰਗਟ ਨਹੀਂ ਕੀਤਾ ਭਾਵ ਬ੍ਰਹਮਾ ਨੂੰ ਮਨ ਦੀ ਸਮਝ ਨਹੀਂ ਪਾਈ ਭਾਵੇ ਮਨ ਦੇ ਵਿੱਚ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਸੀ ਤੇ ਇਸੇ ਲਈ ਬ੍ਰਹਮਾ ਨੇ ਆਪਣੇ ਆਪ ਨੂੰ ਹੀ ਉੱਚਾ ਥਾਪਿਆ, ਪ੍ਰਮਾਤਮਾ ਰੂਪ ਥਾਪਿਆ ਪਰ ਗੁਰਬਾਣੀ ਸਾਨੂੰ ਇਹ ਸਮਝਾ ਰਹੀ ਹੈ ਕਿ ਬ੍ਰਹਮਾ ਇਸੇ ਲਈ ਤ੍ਰੈਗੁਣਾਂ ਵਿੱਚ ਰਹਿਆ ਕਿਉਂਕਿ ਉਸਨੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਭਾਵ ਉਹ ਚੌਥੇ ਪਦ ਤੱਕ ਨਹੀਂ ਪਹੁੰਚਿਆ ਜਿਸ ਚੌਥੇ ਪਦ ਤੋਂ ਧਰਮ ਦਾ ਸੱਚਾ ਗਿਆਨ ਆਉਂਦਾ ਹੈ ਤੇ ਇਹ ਸਮਝ ਲੱਗਦੀ ਹੈ ਕਿ ਗਿਆਨ ਦਾ ਮਾਲਕ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਤੇ ਉਸਦੇ ਉੱਚੇ ਗਿਆਨ ਦੀ ਕਲਾ ਹੀ ਸਭ ਜਗ੍ਹਾ ਵਰਤ ਰਹੀ ਹੈ ਤੇ ਆਪਣੇ ਇਸ ਉੱਚੇ ਗਿਆਨ ਦੀ ਕਲਾ ਦੁਆਰਾ ਹੀ ਉਸਨੇ ਮਨੁੱਖੀ ਸਮਝ ਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ ਜਿਸ ਰਾਹੀਂ ਉਹ ਆਪਣੀ ਇਸ ਸੰਸਾਰ ਦੀ ਖੇਡ ਨੂੰ ਗੁਪਤ ਰੂਪ ਵਿੱਚ ਚਲਾ ਰਿਹਾ ਹੈ, ਬੇਪਰਵਾਹ ਹੋ ਕੇ ਚਲਾ ਰਿਹਾ ਹੈ ਪਰ ਉਸਨੂੰ ਕੋਈ ਆਪਣੇ ਆਪ ਸਮਝ ਲਵੇ, ਉਸਦੀ ਕਲਾ ਨੂੰ ਆਪਣੇ ਆਪ ਜਾਣ ਲਵੇ ਇਹ ਨਾਮੁਮਕਿਨ ਹੈ। ਗੁਰਬਾਣੀ ਗ੍ਰੰਥ ਦੀ ਰਚਨਾ ਪ੍ਰਮਾਤਮਾ ਨੇ ਆਪਣੀ ਕਲਾ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਖਾਉਣ ਦੁਆਰਾ ਕੀਤੀ ਹੈ ਜਿਸ ਕਰਕੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਇਸ ਦੇਹ ਨੂੰ ਗੁਰੂ ਨਹੀਂ ਆਖਿਆ ਭਾਵ ਸ਼ਬਦ ਨੂੰ ਗੁਰੂ ਆਖਿਆ ਹੈ ਕਿਉਂਕਿ ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿੱਚ ਹੀ ਵਿਚਰਦਾ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ, ਨਾਮ ਦਾ ਰੂਪ ਹੈ ਤੇ ਆਪਣੇ ਇਸ ਰੂਪ ਵਿੱਚ ਉਹ ਗੁਰਬਾਣੀ ਦੇ ਵਿੱਚ ਆਪ ਹੀ ਗੁਰੂ ਹੈ। ਇਸੇ ਤਰ੍ਹਾਂ ਹੀ ਉਹ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਉਹ ਆਪ ਹੀ ਆਪਣਾ ਸੱਚਾ ਗਿਆਨ ਦੇਣ ਦੁਆਰਾ ਗੁਰੂ ਹੈ ਤੇ ਇਸੇ ਲਈ ਹੀ ਸਾਨੂੰ ਬਾਣੀ ਦੁਆਰਾ ਸਮਝਾਇਆ ਗਿਆ ਹੈ ਕਿ ਹਰ ਸੱਚੇ ਧਰਮ ਗ੍ਰੰਥ ਵਿੱਚ ਨਾਮ ਹੀ ਹੈ ਭਾਵ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸੱਚਾ ਗਿਆਨ ਹੀ ਹੈ ਜੋ ਕਿ ਸੰਸਾਰ ਨੂੰ ਧਰਮ ਦੇ ਸੱਚੇ ਮਾਰਗ ਤੇ ਚੱਲਣ ਦੀ ਸੱਚੀ ਸਮਝ ਹੀ ਪਾਉਂਦੇ ਹਨ ਜਿਸ ਸੱਚੀ ਸਮਝ ਨੂੰ ਜਪਣਾ ਹੀ ਹਰ ਧਰਮ ਗ੍ਰੰਥ ਦੇ ਰਾਹੀਂ ਨਾਮ ਜਪਣਾ ਹੈ। (**ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥**)

ਪ੍ਰਭਾਤੀ ॥

{“ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥

ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥"}

(ਅੰਗ - ੧੩੪੯-੧੩੫੦)

ਉੱਪਰ ਵਾਲੇ ਸ਼ਬਦ ਨੂੰ ਪੜ੍ਹਨਾ ਤਾਂ ਸਭ ਨੂੰ ਚੰਗਾ ਲੱਗਦਾ ਹੈ ਪਰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਦੇ ਰੂਪ ਨੂੰ ਵੇਖਣਾ ਬਹੁਤ ਔਖਾ ਹੈ। ਜੇਕਰ ਸਮਝ ਲੱਗ ਜਾਵੇ ਤਾਂ ਫਿਰ "**ਧਰਮ**" ਨੂੰ ਲੈ ਕੇ ਇੱਕ ਦੂਸਰੇ ਨਾਲ ਝਗੜਾ ਕਿਉਂ ਹੋਵੇ। ਜਦ ਤੱਕ ਮਨੁੱਖ ਦਾ ਭਰਮ ਨਹੀਂ ਨਿਕਲਦਾ ਨਾ ਸਭ ਵਿੱਚ ਇੱਕ ਪ੍ਰਮਾਤਮਾ ਨਜ਼ਰ ਆਉਂਦਾ ਹੈ, ਨਾ ਹੀ ਸੰਸਾਰ ਦਾ ਉਹ "**ਧਰਮ**" ਨਜ਼ਰ ਆਉਂਦਾ ਹੈ ਜੋ ਧਰਮ ਸਾਰੇ ਸੰਸਾਰ ਲਈ ਇੱਕੋ ਹੀ ਹੈ। ਪ੍ਰਮਾਤਮਾ ਦਾ ਨਾਮ ਵੀ ਇੱਕੋ ਹੀ ਹੈ ਤੇ ਸਾਰੇ ਸੰਸਾਰ ਦਾ "**ਧਰਮ**" ਵੀ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਭਾਵ ਗੁਰੂ ਦੀ ਸੱਚੀ ਸਮਝ ਦੁਆਰਾ ਵਿਚਰਨ ਦਾ ਹੀ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਇਹ ਕੁੱਝ ਹੀ ਸਮਝਾਉਂਦਾ ਹੈ ਭਾਵ ਇਕੋ ਜਿਹਾ ਨਾਮ ਜਪਣਾ ਸਮਝਾਉਂਦਾ ਹੈ ਭਾਵ ਇੱਕੋ ਜਿਹੀ ਗੁਰਮਤਿ ਹੀ ਸਮਝਾਉਂਦਾ ਹੈ। ਮਨ ਦਾ ਭਰਮ ਨਿਕਲੇ ਬਿਨ੍ਹਾਂ ਨਾ ਕੋਈ ਉਸ ਪ੍ਰਮਾਤਮਾ ਨੂੰ ਸਮਝ ਸਕਦਾ ਹੈ ਤੇ ਨਾ ਹੀ ਉਸਦੀ "ਕੁਦਰਤਿ" ਨੂੰ ਸਮਝ ਸਕਦਾ ਹੈ ਭਾਵ ਪ੍ਰਮਾਤਮਾ ਦੀ ਕਲਾ ਨੂੰ ਸਮਝਣ ਲਈ ਕੇਵਲ ਤੇ ਕੇਵਲ ਭਰਮਾਂ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਹਰ "**ਧਰਮ ਗ੍ਰੰਥ**" ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਉਪਰਾਲਾ ਹੀ ਕਰਦਾ ਹੈ। ਅਸੀਂ ਭਰਮਾਂ ਵਿੱਚ ਉਦੋਂ ਪੈਂਦੇ ਹਾਂ ਜਦੋਂ ਅਸੀਂ ਧਰਮ ਗ੍ਰੰਥਾਂ ਦੀ ਸਮਝ ਨੂੰ ਛੱਡਕੇ ਉਹੋ ਜਿਹਿਆਂ ਦੀ ਸਮਝ ਪਿੱਛੇ ਲੱਗ ਜਾਂਦੇ ਹਾਂ ਜੋ ਸਾਨੂੰ ਵੱਖਰੇ-ਵੱਖਰੇ ਧਰਮ ਸਮਝਾਉਂਦੇ ਹਨ ਤੇ ਵੱਖਰੇ-ਵੱਖਰੇ ਧਰਮ ਦੇ ਮਾਰਗ ਸਮਝਾਉਂਦੇ ਹਨ, ਵੱਖਰੀ-ਵੱਖਰੀ ਧਾਰਮਿਕ ਮਰਿਆਦਾ ਸਮਝਾਉਂਦੇ ਹਨ ਤੇ ਸੰਸਾਰ ਵਿੱਚ ਭਾਈਚਾਰਾ ਵਧਾਉਣ ਦੀ ਬਜਾਇ ਉਲਟਾ ਆਪਸ ਵਿੱਚ ਵੈਰ ਵਿਰੋਧ ਪਾਉਂਦੇ ਹਨ, ਸਮਾਜ ਨੂੰ ਸੁਖੀ ਬਣਾਉਣ ਦੀ ਬਜਾਇ ਉਲਟਾ ਦੁਖੀ ਕਰਦੇ ਹਨ। ਇਹ ਸਭ ਕੁੱਝ ਧਰਮ ਦੇ ਸੱਚੇ ਮਾਰਗ ਦੀ ਸਮਝ ਦਾ ਨਾ ਹੋਣਾ ਹੀ ਹੈ।

ਉਪਰਲੇ ਸ਼ਬਦ ਦੇ ਆਖਰੀ ਪਦੇ ਨੂੰ ਸਮਝਣ ਨਾਲ ਹੀ ਇਹ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਨੂੰ ਅਸੀਂ ਕਿਸ ਜਗ੍ਹਾ ਤੋਂ ਜਾਨਣਾ ਹੈ ਜਿਸ ਤਰੀਕੇ ਸਾਨੂੰ ਇਹ ਸਮਝ ਲੱਗ ਸਕਦੀ ਹੈ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੀ ਹੈ

"ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥"

(ਅੰਗ - ੧੩੪੯)

ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਪ੍ਰਮਾਤਮਾ ਜਿਸਦੇ ਅੰਦਰ ਵੀ ਹੈ ਉਹ ਇੱਕੋ ਰੂਪ ਵਿੱਚ ਹੀ ਹੋ ਸਕਦਾ ਹੈ ਭਾਵੇਂ ਉਸ ਪ੍ਰਮਾਤਮਾ ਨੂੰ ਅਸੀਂ ਕੁੱਝ ਵੀ ਕਹਿ ਕੇ ਜਾਣੀਏ। ਉਸ "ਅਲਹੁ" ਦਾ ਬੰਦਾ ਉਹੀ ਆਖਿਆ ਜਾ ਸਕਦਾ ਹੈ ਜੋ ਉਸ ਅਲਹੁ ਦੇ ਹੁਕਮ ਨੂੰ ਆਪਣੇ ਅੰਦਰੋਂ ਪਛਾਣ ਲੈਂਦਾ ਹੈ। ਉਸ ਦਾ ਹੁਕਮ ਸਭ ਦੇ ਲਈ ਇੱਕੋ ਹੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜੋ ਸਭ ਨੂੰ ਬਣਾਉਣ ਵਾਲਾ ਹੈ ਉਸ ਦਾ ਹੁਕਮ ਵੀ ਸਭ ਲਈ ਇੱਕੋ ਜਿਹਾ ਹੀ ਹੈ। ਉਸਦਾ ਹੁਕਮ ਸਭ ਲਈ ਸੱਚ ਤੇ ਚੱਲਣ ਦਾ ਹੀ ਹੈ ਭਾਵੇਂ ਕੋਈ ਮਨ ਦੀ ਸਮਝ ਰਾਹੀਂ ਭਾਵ ਮਨ ਦੀ ਤ੍ਰੈਗੁਣਾਂ ਵਾਲੀ ਸਮਝ ਰਾਹੀਂ, ਮਾਇਆ ਵਾਲੀ ਸਮਝ ਰਾਹੀਂ ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਜਿਸ ਮਾਇਆ ਵਾਲੀ ਸਮਝ ਦਾ ਮਕਸਦ ਹੀ ਸਾਰੇ ਸੰਸਾਰ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਆਪਣੀ ਵੱਖਰੀ-ਵੱਖਰੀ ਧਾਰਮਿਕ ਆਸਥਾ ਰੱਖਣਾ ਵੀ ਸਾਡੇ ਅੰਦਰ ਦਾ ਭਰਮ ਹੀ ਹੈ ਭਾਵ ਉਸਦੀ ਕੁਦਰਤ ਹੀ ਹੈ, ਉਸਦੀ ਕਲਾ ਦੀ ਜੁਗਤਿ ਹੀ ਹੈ। ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹਰ ਕਿਸੇ ਨੂੰ ਇੱਕੋ ਜਿਹੇ ਮਾਇਆ ਮੋਹ ਵਿੱਚ ਪਾ ਕੇ ਹੀ ਰੱਖਦੀ ਹੈ, ਸਾਰੇ ਸੰਸਾਰ

ਨੂੰ ਤ੍ਰਿਸ਼ਨਾਵਾਂ ਵਿੱਚ ਪਾ ਕੇ ਰੱਖਦੀ ਹੈ ਜਿੰਨ੍ਹਾਂ ਦੀ ਪ੍ਰਾਪਤੀ ਸਭ ਨੂੰ ਚੰਗੀ ਲੱਗਦੀ ਹੈ ਭਾਵ ਮਿੱਠੀ ਲੱਗਦੀ ਹੈ ਜਿਸ ਕਰਕੇ ਉੱਪਰ ਸ਼ਬਦ ਰਾਹੀਂ ਇਸਨੂੰ ਮਿੱਠਾ ਗੁੜ ਕਿਹਾ ਹੈ ਜੋ "ਮਿੱਠਾ ਗੁੜ" ਉਸਨੇ ਸਾਰੇ ਸੰਸਾਰ ਲਈ ਮਿੱਠਾ ਬਣਾਇਆ ਹੋਇਆ ਹੈ ਜੋ ਹਰ ਕਿਸੇ ਨੂੰ ਮਿੱਠਾ ਲੱਗਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਮਨ ਦੇ ਵਿੱਚ ਇਹ ਮਿੱਠਾ ਗੁੜ ਹੀ ਭਾਵ ਮਾਇਆ ਮੋਹ ਹੀ ਸਭ ਦੇ ਮਨ ਦੇ ਵਿੱਚ ਉਹ ਪੜਦਾ ਹੈ ਜਿਸ ਕਰਕੇ ਉਹ ਪ੍ਰਮਾਤਮਾ, ਅੱਲ੍ਹਾ, ਗਾਡ, ਅਕਾਲ ਪੁਰਖ ਸਭ ਦੇ ਲਈ "ਅਲਖੁ" ਹੈ ਭਾਵ ਉਸਨੂੰ ਆਪਣੇ ਅੰਦਰੋਂ ਕੋਈ ਦੇਖ ਨਹੀਂ ਸਕਦਾ। ਉਸਨੂੰ ਦੇਖ ਉਹੀ ਸਕਦਾ ਹੈ ਜਿਸਨੂੰ ਪ੍ਰਮਾਤਮਾ ਮਾਇਆ ਮੋਹ ਰੂਪ ਮਿੱਠੇ ਗੁੜ ਵਿੱਚੋਂ ਕੱਢ ਲੈਂਦਾ ਹੈ, ਭਰਮਾਂ ਵਾਲੀ ਨਾਸਮਝਿ ਮਤਿ ਵਿੱਚੋਂ ਕੱਢ ਲੈਂਦਾ ਹੈ। ਜਿਸ ਗੁਰੂ ਨੇ ਭਾਵ ਪ੍ਰਮਾਤਮਾ ਨੇ ਜੋ ਸਾਰੇ ਸੰਸਾਰ ਦਾ ਆਪ ਹੀ ਗੁਰੂ ਹੈ ਉਸਨੇ ਸਭ ਦੇ ਅੰਦਰ ਆਪ ਹੀ ਇਹ ਮਿੱਠਾ ਗੁੜ ਪਾਇਆ ਹੋਇਆ ਹੈ ਤੇ ਉਹੀ ਇਸ ਵਿੱਚੋਂ ਕਿਸੇ ਨੂੰ ਕੱਢ ਸਕਦਾ ਹੈ। ਇਹ "ਮਾਇਆ ਰੂਪ" ਮਿੱਠਾ ਗੁੜ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਨਾਲ ਨਹੀਂ ਜੁੜਨ ਦਿੰਦਾ ਭਾਵ ਮਨੁੱਖ ਨੂੰ ਭਰਮਾਂ ਵਿੱਚ ਉਲਝਾ ਕੇ ਰੱਖਦਾ ਹੈ। ਵੱਖਰੀ-ਵੱਖਰੀ ਧਾਰਮਿਕ ਆਸਥਾ ਵੀ ਸਾਡੇ ਮਨ ਦੇ ਭਰਮ ਹੀ ਹਨ, ਵੱਖਰੇ ਵੱਖਰੇ ਭਗਤੀ ਦੇ ਤਰੀਕੇ, ਵੱਖਰੀ ਵੱਖਰੀ ਮਰਿਆਦਾ, ਵੱਖਰੇ-ਵੱਖਰੇ ਉਸ ਅੱਲ੍ਹਾ ਨੂੰ ਜਾਨਣ ਦੇ ਤਰੀਕੇ, ਰਾਮ ਨੂੰ ਜਾਨਣ ਦੇ ਤਰੀਕੇ, ਅਕਾਲ ਪੁਰਖ ਨੂੰ ਜਾਨਣ ਦੇ ਤਰੀਕੇ ਸਭ ਮਨ ਦੇ ਭਰਮ ਹੀ ਹਨ ਜੋ ਤਰੀਕੇ ਸਭ ਨੂੰ ਆਪਣੀ-ਆਪਣੀ ਆਸਥਾ ਅਨੁਸਾਰ ਮਿੱਠੇ ਲੱਗਦੇ ਹਨ। ਜਿਸਨੂੰ ਪ੍ਰਮਾਤਮਾ ਮਨ ਦੀ ਇਸ "ਸ਼ੰਕਾ" ਵਿੱਚੋਂ ਕੱਢ ਲੈਂਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ, "ਮਾਇਆ" ਦੀ ਜੁਗਤਿ ਵਿੱਚੋਂ ਕੱਢ ਲੈਂਦਾ ਹੈ ਉਹੀ ਆਪਣੇ ਅੰਦਰੋਂ ਉਸ ਸੰਸਾਰ ਦੇ ਗੁਰੂ ਨੂੰ ਜਾਣ ਸਕਦਾ ਹੈ ਤੇ ਸਮਝ ਲੱਗਦੀ ਹੈ ਕਿ ਉਹ ਸਭਦੇ ਅੰਦਰ ਇੱਕੋ ਹੀ ਰੂਪ ਵਿੱਚ ਹੈ ਤੇ ਸਾਰੇ ਸੰਸਾਰ ਲਈ ਉਸਨੂੰ ਪਾਉਣ ਦਾ ਤਰੀਕਾ ਵੀ ਇੱਕੋ ਹੀ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਕਰ ਰਿਹਾ ਹੈ ਭਾਵ ਸਾਰੀ ਕਲਾ ਉਸਦੀ ਹੀ ਹਰ ਥਾਂ ਵਰਤ ਰਹੀ ਹੈ ਤੇ ਉਸਦੀ "ਕੁਦਰਤਿ" ਕੀ ਹੈ ਇਸ ਦੀ ਸਮਝ ਉਸਨੂੰ ਆਪਣੇ ਅੰਦਰੋਂ ਵੇਖਣ ਦੁਆਰਾ ਹੀ ਆ ਸਕਦੀ ਹੈ, ਆਪਣੇ ਮਨ ਨੂੰ ਜਾਨਣ ਦੁਆਰਾ ਹੀ ਆ ਸਕਦੀ ਹੈ। ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਤੇ ਹਰ ਕੋਈ ਇੱਕੋ ਜਿਹੇ ਪ੍ਰਮਾਤਮਾ ਦੇ ਗਿਆਨ ਦੁਆਰਾ ਹੀ, ਉਸਦੀ ਇੱਕੋ ਜਿਹੀ ਕਲਾ ਦੁਆਰਾ ਹੀ ਸੰਸਾਰ ਵਿੱਚ ਆਇਆ ਹੈ ਜਿਵੇਂ ਕਿ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਪ੍ਰਮਾਤਮਾ ਨੇ, ਅੱਲ੍ਹਾ ਨੇ "**ਨੂਰੁ ਉਪਾਇਆ**"। "**ਨੂਰੁ**" ਤੋਂ ਭਾਵ ਹੁੰਦਾ ਹੈ "**ਗਿਆਨ ਦਾ ਪ੍ਰਕਾਸ਼**" ਭਾਵ ਸਭ ਤੋਂ ਪਹਿਲਾ ਪ੍ਰਮਾਤਮਾ ਨੇ ਉਸ ਗਿਆਨ ਨੂੰ ਪੈਦਾ ਕੀਤਾ ਭਾਵ ਆਪਣੇ ਗਿਆਨ ਦੇ ਅੰਦਰ ਉਹੋ ਜਿਹੀ ਸਮਝ ਪੈਦਾ ਕੀਤੀ, ਉਹੋ ਜਿਹੀ ਸਾਇੰਟਿਫਿਕ ਸਮਝ ਪੈਦਾ ਕੀਤੀ, ਉਹੋ ਜਿਹੀ ਕਲਾ ਪੈਦਾ ਕੀਤੀ ਭਾਵ "**ਕੁਦਰਤਿ**" ਰੂਪ ਕਲਾ ਪੈਦਾ ਕੀਤੀ ਜਿਸ ਕਲਾ ਦੁਆਰਾ ਮਨੁੱਖੀ ਰੂਪ ਨੂੰ ਬਣਾਇਆ ਜਾ ਸਕਦਾ ਹੈ। ਉਸ ਇੱਕ ਨੂਰ ਤੋਂ ਹੀ ਭਾਵ ਉਸੇ ਉੱਚੇ ਗਿਆਨ ਤੋਂ ਹੀ ਸਾਰੇ ਜਗ ਦੀ ਉਤਪਤੀ ਕੀਤੀ ਭਾਵ ਹਰ ਮਨੁੱਖੀ ਰੂਪ ਦੀ ਉਤਪਤੀ ਕੀਤੀ ਤੇ ਇਸੇ ਲਈ ਕੋਈ ਮਨੁੱਖ ਭਲਾ ਤੇ ਕੋਈ ਮਨੁੱਖ ਮੰਦਾ ਕਿਵੇਂ ਹੋ ਸਕਦਾ ਹੈ ਭਾਵ ਹਰ ਮਨੁੱਖੀ ਰੂਪ "ਇੱਕੋ ਇੱਕ" ਰਚਨਕਾਰ ਦੀ ਰਚਨਾ ਹੈ ਭਾਵੇ ਉਸ ਸਾਰੇ ਸੰਸਾਰ ਦੇ "ਰਚਨਕਾਰ" ਨੂੰ ਅਸੀਂ ਕਿਸੇ ਵੀ ਨਾਮ ਨਾਲ ਜਾਣੀਏ ਭਾਵ ਉਸਨੂੰ ਕਿਸੇ ਵੀ ਨਾਮ ਨਾਲ ਸੰਬੋਧਨ ਕਰੀਏ। (**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥**)

ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਹਰ ਕੋਈ ਇੱਕੋ ਇੱਕ ਪ੍ਰਮਾਤਮਾ ਦਾ ਹੀ ਬਣਾਇਆ ਹੋਇਆ ਰੂਪ ਹੈ ਤੇ ਅਸੀਂ ਫਿਰ ਵੀ ਕਿਸੇ ਮਨੁੱਖ ਨੂੰ ਮਾੜਾ ਚੰਗਾ ਉਸਦੀ ਧਾਰਮਿਕ ਆਸਥਾ ਅਨੁਸਾਰ ਸਮਝਦੇ ਹਾਂ। ਆਪਣੀ ਧਾਰਮਿਕ ਆਸਥਾ ਸਭ ਨੂੰ ਚੰਗੀ ਲੱਗਦੀ ਹੈ ਤੇ ਦੂਸਰੇ ਦੀ ਧਾਰਮਿਕ ਆਸਥਾ ਨੂੰ ਅਸੀਂ ਮਾੜਾ ਕਹਿੰਦੇ ਹਾਂ ਜੋ ਸਮਾਜ ਵਿੱਚ ਅਨੇਕਾਂ ਝਗੜਿਆਂ ਦਾ ਕਾਰਨ ਬਣਦਾ ਹੈ। ਇਸ ਗੱਲ ਦੀ ਨਾ ਸਮਝ ਹੋਣਾ ਸਾਡੇ ਮਨ ਦਾ ਭਰਮ ਹੈ ਭਾਵ ਸਾਡੇ ਅੰਦਰ ਦਾ ਉਹ ਮਿੱਠਾ ਗੁੜ ਹੈ ਜਿਸਨੂੰ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਪਾਇਆ ਹੋਇਆ ਹੈ ਤੇ ਉਨ੍ਹਾਂ ਭਰਮਾਂ ਵਿੱਚੋਂ ਨਿਕਲਣ ਲਈ ਹੀ ਭਾਵ ਉਨ੍ਹਾਂ ਭਰਮਾਂ ਵਿੱਚ ਕੱਢਣ ਲਈ ਹੀ ਪ੍ਰਮਾਤਮਾ ਨੇ ਵੱਖਰੇ-ਵੱਖਰੇ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ ਭਾਵ ਜਿਸਨੇ ਸਾਡੇ ਅੰਦਰ ਵੱਖਰੀ-ਵੱਖਰੀ ਧਾਰਮਿਕ ਆਸਥਾ ਪਾਈ ਹੈ ਉਸਨੇ ਨਾਲ ਹੀ ਵੱਖਰੇ-ਵੱਖਰੇ ਧਾਰਮਿਕ ਗ੍ਰੰਥਾਂ ਦੁਆਰਾ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੀ ਸੋਝੀ ਵੀ ਪਾਈ ਹੈ ਕਿ ਤੁਸੀਂ ਵੱਖਰੀ-ਵੱਖਰੀ ਧਾਰਮਿਕ ਆਸਥਾ ਵਿੱਚ ਰਹਿੰਦੇ ਹੋਏ ਵੀ ਇੱਕੋ ਜਿਹੇ ਸੱਚ ਦੇ ਮਾਰਗ ਤੇ ਚੱਲੋ ਜਿਸਤੇ ਚੱਲ ਕੇ ਤੁਸੀਂ ਉਸ ਅੱਲ੍ਹਾ ਨੂੰ ਭਾਵ ਸ੍ਰਿਸ਼ਟੀ ਦੇ ਇੱਕੋ ਇਕ ਰਚਨਕਾਰ ਨੂੰ ਆਪਣੇ ਅੰਦਰੋਂ ਜਾਣ ਸਕਦੇ ਹੋ, ਪ੍ਰਮਾਤਮਾ ਨੂੰ ਜਾਣ ਸਕਦੇ ਹੋ, ਅਕਾਲ ਪੁਰਖ ਨੂੰ, ਗਾਡ ਨੂੰ ਜਾਣ ਸਕਦੇ ਹੋ। ਸਾਨੂੰ ਭਰਮਾਂ ਵਿੱਚ ਪਾਉਣ ਵਾਲੇ ਬਹੁਤ ਹਨ ਜੋ ਸਾਨੂੰ ਵੱਖਰੀ-ਵੱਖਰੀ

ਧਾਰਮਿਕ ਆਸਥਾ ਨਾਲ ਜੋੜਦੇ ਹਨ ਤੇ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਕਿਸੇ ਦੇ ਭਰਮ ਭੁਲਾਵੇ ਵਿੱਚ ਨਾ ਆਓ ਤੇ ਹਰ ਮਨੁੱਖੀ ਰੂਪ ਨੂੰ ਇੱਕ ਪ੍ਰਮਾਤਮਾ ਦਾ ਰੂਪ ਕਰਕੇ ਜਾਣੋ ਜੋ ਸਭ ਦੇ ਅੰਦਰ ਇੱਕੋ ਰੂਪ ਵਿੱਚ ਹੀ ਵਿਚਰ ਰਿਹਾ ਹੈ। (**ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥**)

ਆਪਣੀ ਜਿਸ ਕਲਾ ਦੁਆਰਾ ਪ੍ਰਮਾਤਮਾ ਨੇ ਮਨੁੱਖੀ ਸਰੀਰ ਦੀ ਰਚਨਾ ਕੀਤੀ ਹੈ ਉਹ ਕਲਾ ਹੀ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥”

ਗੁਰੂ ਪ੍ਰਮਾਤਮਾ ਨੇ ਆਪਣੀ ਕਲਾ ਨੂੰ ਇੱਕ ਘੁਮਿਆਰ ਦੀ ਕਲਾ ਦੇ ਨਾਲ ਤੁਲਨਾ ਕਰਕੇ ਸਮਝਾਇਆ ਹੈ।ਘੁਮਿਆਰ ਭਾਂਡੇ ਬਣਾਉਂਦਾ ਹੈ ਤੇ ਹਰ ਭਾਂਡੇ ਲਈ ਮਿੱਟੀ ਇੱਕੋ ਜਿਹੀ ਵਰਤਦਾ ਹੈ ਤੇ ਭਾਂਡਿਆਂ ਨੂੰ ਵੱਖਰੀ-ਵੱਖਰੀ ਸ਼ਕਲ ਦਿੰਦਾ ਹੈ ਤੇ ਉਨ੍ਹਾਂ ਨੂੰ ਬੜੇ ਹੀ ਖੂਬਸੂਰਤ ਢੰਗ ਨਾਲ ਬਣਾਉਂਦਾ ਹੈ ਤੇ ਕਿਸੇ ਮਕਸਦ ਲਈ ਬਣਾਉਂਦਾ ਹੈ ਤਾਂ ਜੋ ਉਸਨੂੰ ਖਰੀਦਣ ਵਾਲੇ ਦਾ ਮਕਸਦ ਪੂਰਾ ਹੋਵੇ ਭਾਵ ਉਹ ਉਸਦੇ ਕੰਮ ਆਵੇ। ਇਸੇ ਤਰ੍ਹਾਂ ਪ੍ਰਮਾਤਮਾ ਨੇ ਮਨੁੱਖ ਦੀ ਰਚਨਾ ਇੱਕੋ ਜਿਹੀ ਮਿਟੀ ਦੁਆਰਾ ਭਾਵ ਇੱਕੋ ਜਿਹੇ ਪੰਜਾਂ ਤੱਤਾਂ ਦੁਆਰਾ ਕੀਤੀ ਹੈ, ਆਪਣੇ ਉੱਚੇ ਗਿਆਨ ਦੀ ਕਲਾ ਦੁਆਰਾ ਕੀਤੀ ਹੈ। ਉਸਨੇ ਮਨੁੱਖੀ ਸਰੀਰਾਂ ਨੂੰ ਵੱਖਰਾ-ਵੱਖਰਾ ਰੂਪ ਦਿੱਤਾ ਹੈ ਭਾਵ ਬੜੇ-ਬੜੇ ਸੋਹਣੇ ਰੂਪ ਦਿੱਤੇ ਹਨ। ਉਸਨੇ ਮਨੁੱਖੀ ਸਰੀਰ ਨੂੰ ਆਪਣੀ ਬੜੀ ਉੱਚੀ ਕਲਾ ਦੁਆਰਾ ਸਾਜਿਆ ਹੈ ਭਾਵ ਉਸਨੇ ਸਾਜਣ ਵਿੱਚ ਕੋਈ ਕਮੀ ਨਹੀਂ ਛੱਡੀ, ਕੋਈ “ਪੋਚ” ਭਾਵ ਉਨਤਾਈ ਨਹੀਂ ਛੱਡੀ ਭਾਵ ਪੂਰੀ ਪਰਫੈਕਸ਼ਨ ਦੇ ਨਾਲ ਬਣਾਇਆ ਹੈ ਭਾਵ ਪੰਜਾਂ ਤੱਤਾਂ ਨੂੰ ਪੂਰੀ ਉੱਚੀ ਸਮਝ ਦੇ ਨਾਲ ਆਪਸ ਵਿੱਚ ਰਲਾਇਆ ਹੈ ਤੇ ਆਪਣੀ ਉੱਚੀ ਕਲਾ ਦੁਆਰਾ ਤੱਤਾਂ ਨੂੰ ਆਪਸ ਵਿੱਚ ਮਿਲਾ ਕੇ ਇਸ ਸਰੀਰ ਦੀ ਰਚਨਾ ਕੀਤੀ ਹੈ ਤੇ ਇਸ ਸਰੀਰ ਨੂੰ ਬਣਾਉਣ ਦੇ ਵਿੱਚ ਭਾਵ ਵਧੀਆ ਤੋਂ ਵਧੀਆ ਬਣਾਉਣ ਵਿੱਚ ਕੋਈ ਕਮੀ ਨਹੀਂ ਛੱਡੀ ਜਿਵੇਂ ਘੁਮਿਆਰ ਆਪਣੇ ਭਾਂਡੇ ਬਣਾਉਣ ਵਿੱਚ ਕੋਈ ਕਮੀ ਨਹੀਂ ਛੱਡਦਾ। ਜਿਵੇਂ ਘੁਮਿਆਰ ਦਾ ਬਣਾਇਆ ਭਾਂਡਾ ਆਪਣਾ ਮਕਸਦ ਪੂਰਾ ਕਰਦਾ ਹੈ ਇਸੇ ਤਰ੍ਹਾਂ ਇਸ ਸਰੀਰ ਦਾ ਹਰ ਅੰਗ ਭਾਵ ਮਨੁੱਖੀ ਸਰੀਰ ਦਾ ਹਰ ਅੰਗ ਆਪਣਾ ਮਕਸਦ ਪੂਰਾ ਕਰਦਾ ਹੈ ਭਾਵ ਇਸ ਸਰੀਰ ਨੂੰ ਚਲਾਉਣ ਵਿੱਚ ਹਰ ਅੰਗ ਆਪਣਾ-ਆਪਣਾ ਫਰਜ ਪੂਰਾ ਕਰਦਾ ਹੈ। ਸਰੀਰ ਦੇ ਵਿੱਚ ਅਨੇਕਾਂ ਹੀ ਅੰਗ ਹਨ ਅਨੇਕਾਂ ਹੀ ਨਾੜੀਆਂ ਹਨ ਤੇ ਹਰ ਅੰਗ ਕਿਸੇ ਗਿਆਨ ਦੁਆਰਾ ਹੀ ਕੰਮ ਕਰਦਾ ਹੈ ਭਾਵ ਸਾਡਾ ਸਰੀਰ ਸਾਇੰਟਿਫਿਕ ਗਿਆਨ ਦਾ ਭਰਿਆ ਹੋਇਆ ਹੈ। ਅਗਰ ਕਿਸੇ ਅੰਗ ਵਿੱਚ ਕੋਈ ਖਰਾਬੀ ਆਉਂਦੀ ਹੈ ਤੇ ਉਸਨੂੰ ਠੀਕ ਵੀ ਕਿਸੇ ਗਿਆਨ ਦੁਆਰਾ ਕੀਤਾ ਜਾਂਦਾ ਹੈ। ਇਸ ਸਰੀਰ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਵੈਦਾਂ, ਹਕੀਮਾਂ ਨੂੰ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਉੱਚਾ ਡਾਕਟਰੀ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਇਸ ਸਰੀਰ ਨੂੰ ਪੂਰੀ ਪਰਫੈਕਸ਼ਨ ਨਾਲ ਬਣਾਉਣ ਦਾ ਤੇ ਚਲਾਉਣ ਦਾ ਸਾਧਨ ਉਹੀ ਬਣਾ ਸਕਦਾ ਹੈ ਜਿਸ ਦੀ ਆਪਣੀ ਕਲਾ ਪਰਫੈਕਟ ਹੈ। ਸਾਡੇ ਸਰੀਰ ਦਾ ਰਚਨਕਾਰ ਆਪ ਪਰਫੈਕਟ ਹੈ ਤੇ ਇਸੇ ਲਈ ਸਾਡੇ ਸਰੀਰ ਦੀ ਰਚਨਾ ਪਰਫੈਕਟ ਹੈ। ਜਿਸਨੇ ਇਸ ਸਰੀਰ ਨੂੰ ਰਚਿਆ ਹੈ ਤੇ ਉਸਦੇ ਅੰਦਰ ਸਮਝ ਵੀ ਉਸਨੇ ਆਪ ਹੀ ਪਾਈ ਹੈ ਫਿਰ ਇਹ ਸਰੀਰ ਕਿਸਦਾ ਹੋਇਆ, ਇਸ ਸਰੀਰ ਦਾ ਮਾਲਕ ਕੌਣ ਹੋਇਆ ਭਾਵ ਇਸ ਸਰੀਰ ਦੇ ਰੂਪ ਵਿੱਚ ਕੌਣ ਹੋਇਆ ਭਾਵ ਮਨੁੱਖ ਦਾ ਹੋਇਆ ਜਾਂ ਪ੍ਰਮਾਤਮਾ ਦਾ ਹੋਇਆ। ਇਹ ਸਰੀਰ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਤੇ ਇਸ ਦੇ ਵਿੱਚ ਆਪਣੀ ਸਮਝ ਪਾ ਕੇ ਆਪ ਹੀ ਇਸਨੂੰ ਚਲਾ ਰਿਹਾ ਹੈ ਜਿਸ ਕਰਕੇ ਇਸ ਮਨੁੱਖੀ ਰੂਪ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੀ ਸਮਝ ਰਾਹੀਂ ਸਾਨੂੰ ਭਰਮਾਂ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ ਭਾਵ ਅਸੀਂ ਭਰਮ ਵਿੱਚ ਹੀ ਇਹ ਕਹਿੰਦੇ ਹਾਂ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਮੈਂ ਹਾਂ, ਇਹ ਸਮਝ ਮੇਰੀ ਹੈ। ਇਹ ਸਭ ਸਾਡਾ ਭਰਮ ਹੀ ਹੈ ਜਿਸ ਨੇ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। (**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥**)ਇਸ ਸਰੀਰ ਨੂੰ ਬਣਾ ਕੇ ਚਲਾਉਣ ਵਾਲਾ ਸਾਡੇ ਅੰਦਰ ਹੀ ਹੈ ਜਿਵੇਂ ਕਿ ਇਸ ਤੋਂ ਅਗਲੇ ਪਦਿਆਂ ਰਾਹੀਂ ਸਮਝਾਇਆ ਹੋਇਆ ਹੈ ਤੇ ਉਸਨੂੰ ਆਪਣੇ ਅੰਦਰੋਂ ਕਿਵੇਂ ਵੇਖਿਆ ਜਾ ਸਕਦਾ ਹੈ ਇਹ ਨਾਲ ਹੀ ਸਮਝਾਇਆ ਹੋਇਆ ਹੈ ਤੇ ਅਗਲੇ ਪਦਿਆਂ ਨੂੰ ਅਸੀਂ ਪਹਿਲੇ ਹੀ ਸ਼ਬਦ ਦੇ ਸ਼ੁਰੂ ਵਿੱਚ ਸਮਝ ਚੁੱਕੇ ਹਾਂ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਵੇਖਣ ਦਾ ਤਰੀਕਾ ਮਨ

ਦੇ ਭਰਮਾਂ ਵਿੱਚੋਂ ਨਿਕਲਣ ਰਾਹੀਂ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੀ ਹੈ ਤੇ ਸਾਰੇ ਸੰਸਾਰ ਲਈ ਤਰੀਕਾ ਇਹ ਇੱਕੋ ਹੀ ਹੈ ਤੇ ਅੱਲ੍ਹਾ ਵੀ ਇੱਕੋ ਹੀ ਹੈ। ਜੋ ਵੀ ਅਸੀਂ ਆਪਸ ਵਿੱਚ ਭੇਦ ਕਰਦੇ ਹਾਂ ਭਾਵ ਮਨੁੱਖ-ਮਨੁੱਖ ਦੇ ਵਿੱਚ ਭੇਦ ਕਰਦੇ ਹਾਂ ਉਹ ਕੇਵਲ ਮਨ ਦੇ ਭਰਮ ਹਨ ਹੋਰ ਕੁੱਝ ਵੀ ਨਹੀਂ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸੇ ਦੀ ਕਲਾ ਹੀ ਵਰਤ ਰਹੀ ਹੈ ਜਿਸ ਕਲਾ ਨੂੰ ਸਮਝਣ ਤੋਂ ਉਸਨੇ ਆਪ ਹੀ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਦਾ ਪੜਦਾ ਪਾਇਆ ਹੋਇਆ ਹੈ। ਉਸਦੀ ਕਲਾ ਨੂੰ ਮਨ ਦੇ ਵਿੱਚ ਉਸਦਾ "**ਨੂਰ**" ਉਪਜਣ ਦੁਆਰਾ ਹੀ ਭਾਵ ਉਸ ਦਾ ਸੱਚਾ ਗਿਆਨ ਉਪਜਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜੋ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਉਹ "**ਨੂਰ**" ਕੀ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਕਲਾ ਵਰਤਾਉਂਦਾ ਹੈ।

"ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
ਝੁਲੈ ਸੁ ਛਤ੍ਰ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥
ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥
ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥
ਕਉਣੁ ਹਾਰੇ ਕਿਨਿ ਉਵਟੀਐ ॥੨॥"

(ਅੰਗ - ੯੬੬-੯੬੭)

ਇਸ ਪੂਰੇ ਸ਼ਬਦ ਨੂੰ ਲੇਖ ਦੇ ਵਿੱਚ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਉੱਪਰ ਪਦੇ ਵਿੱਚ "ਨੂਰੁ" ਦੀ ਗੱਲ ਕੀਤੀ ਹੋਈ ਹੈ ਜਿਸ "ਨੂਰੁ" ਦੀ ਪ੍ਰਾਪਤੀ ਹੋਏ ਬਿਨ੍ਹਾਂ ਮਨ ਦੇ ਵਿੱਚੋਂ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਕੀਤੇ ਜਾ ਸਕਦੇ। ਇਹ "ਨੂਰੁ" ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਹੈ ਜੋ ਪ੍ਰਾਪਤੀ ਦਸਵੇਂ ਦੁਆਰ ਤੋਂ ਹੁੰਦੀ ਹੈ ਤੇ ਅੱਗੇ ਚੱਲਕੇ ਇਸ ਪੂਰੇ ਪਦੇ ਨੂੰ ਪੂਰੀ ਤਰ੍ਹਾਂ ਸਮਝਾਂਗੇ। ਇਸ "ਨੂਰੁ" ਦੀ ਪ੍ਰਾਪਤੀ ਹੋਏ ਬਿਨ੍ਹਾਂ ਪ੍ਰਮਾਤਮਾ ਦੀ ਕਲਾ ਨੂੰ ਨਹੀਂ ਜਾਣਿਆ ਜਾ ਸਕਦਾ।

ਪ੍ਰਮਾਤਮਾ ਦੀ ਕੁਦਰਤਿ ਕੀ ਹੈ ਭਾਵ ਉਸਦੀ ਕਲਾ ਕੀ ਹੈ ਜਿਸ ਦੁਆਰਾ ਉਸਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਇਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਉਸ ਪਿਛਲੇ ਸ਼ਬਦ ਨੂੰ ਹੁਣ ਅੱਗੇ ਹੋਰ ਵਿਚਾਰਦੇ ਹਾਂ।

ਮਃ ੧ ॥

"ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥"

(ਅੰਗ - ੪੬੪)

ਇਸ ਉੱਪਰ ਵਾਲੇ ਸ਼ਬਦ ਦੀਆਂ ਪਹਿਲੀਆਂ ਤਿੰਨ ਪੰਗਤੀਆਂ ਨੂੰ ਅਸੀਂ ਪਹਿਲੇ ਸਮਝਿਆ ਹੈ ਤੇ "**ਕੁਦਰਤਿ**" ਨੂੰ ਸਮਝਣ ਲਈ ਹੀ ਇਸ ਤੋਂ ਬਾਅਦ ਵਾਲੇ ਸ਼ਬਦ ਨੂੰ ਸਮਝਿਆ ਹੈ। ਹੁਣ ਇਸ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਅਸੀਂ ਸਮਝਦੇ ਹਾਂ। ਇਸ ਸ੍ਰਿਸ਼ਟੀ ਤੇ ਜੋ ਕੁੱਝ ਵੀ ਹੁੰਦਾ ਹੈ ਉਸ ਹਰ ਕਰਨੀ ਦੇ ਵਿੱਚ ਕੁਦਰਤਿ ਹੀ ਵਰਤਦੀ ਹੈ ਭਾਵ ਪ੍ਰਮਾਤਮਾ ਦੀ ਸਾਇੰਟਿਫਿਕ ਕਲਾ ਹੀ ਵਰਤਦੀ ਹੈ ਭਾਵ ਜੋ ਕੁੱਝ ਸੰਸਾਰ ਵਿੱਚ ਹੁੰਦਾ ਹੈ ਉਹ ਸਾਇੰਟਿਫਿਕ ਤਰੀਕੇ ਨਾਲ ਹੀ ਹੁੰਦਾ ਹੈ। ਅਸੀਂ ਆਪਣੇ ਜੀਵਨ ਵਿੱਚ ਖਾਂਦੇ ਵੀ ਹਾਂ, ਪੀਂਦੇ ਵੀ ਹਾਂ, ਪਹਿਨਦੇ ਵੀ ਹਾਂ ਤੇ ਹਰ ਗੱਲ ਲਈ ਸਮਝ ਦੀ ਲੋੜ ਹੈ। ਜੋ ਵੀ ਖਾਣਾ ਬਣਨਾ ਹੈ, ਜਿਸ ਵਸਤੂ ਤੋਂ ਖਾਣਾ ਬਣਾਉਣਾ ਹੈ ਉਸ ਲਈ ਗਿਆਨ ਦੀ ਲੋੜ ਹੈ ਕਿ ਸਾਨੂੰ ਕਿਹੋ ਜਿਹਾ ਖਾਣਾ ਖਾਣਾ ਚਾਹੀਦਾ ਹੈ ਤੇ ਕਿਹੋ ਜਿਹਾ ਖਾਣਾ ਨਹੀਂ ਖਾਣਾ ਚਾਹੀਦਾ ਭਾਵ ਸਾਨੂੰ ਸਾਡੀ ਸਿਹਤ ਲਈ ਕਿਹੋ ਜਿਹਾ ਖਾਣਾ ਖਾਣਾ ਚਾਹੀਦਾ ਹੈ ਭਾਵ ਸਾਨੂੰ ਵਾਰ-ਵਾਰ ਇਸ ਗੱਲ ਦੀ ਪਹਿਚਾਣ ਕਰਨੀ ਪੈਂਦੀ ਹੈ ਕਿਹੋ ਜਿਹਾ ਖਾਣਾ ਬਣਾਈਏ ਤੇ ਕਿਹੋ ਜਿਹਾ ਖਾਣਾ ਨਾ ਬਣਾਈਏ। ਇਸੇ ਤਰ੍ਹਾਂ ਹੀ ਸਾਡਾ ਪੀਣਾ ਕਿਹੋ ਜਿਹਾ ਹੋਵੇ ਇਹ ਵੀ ਸਾਡੀ ਸਮਝ ਨਾਲ ਜੁੜਿਆ ਹੋਇਆ ਹੈ ਭਾਵ ਹਰ ਕੰਮ ਵਿੱਚ ਸਾਨੂੰ ਸਮਝ ਦੀ ਲੋੜ ਪੈਂਦੀ ਹੈ, ਹਰ ਗੱਲ ਨੂੰ ਪਰਖਣ ਦੀ ਲੋੜ ਪੈਂਦੀ ਹੈ ਭਾਵ ਚੰਗੀ ਸਮਝ ਦੀ ਲੋੜ ਪੈਂਦੀ ਹੈ ਕਿਉਂਕਿ ਚੰਗੀ ਸਮਝ ਹੀ ਭਾਵ ਸਾਇੰਟਿਫਿਕ ਸਮਝ ਹੀ ਸਾਨੂੰ ਚੰਗੇ ਮਾੜੇ ਵਿੱਚ ਫਰਕ ਸਮਝਾਉਂਦੀ ਹੈ ਜਿਵੇਂ ਕਿ ਡਾਕਟਰ ਦੀ ਸਮਝ ਸਾਨੂੰ ਮਾੜੇ ਚੰਗੇ ਖਾਣੇ ਪੀਣੇ ਵਿੱਚ ਫਰਕ ਸਮਝਾਉਂਦੀ ਹੈ ਕਿ ਸਾਡੇ ਲਈ ਕੀ ਚੰਗਾ ਹੈ, ਕੀ ਮਾੜਾ ਹੈ। ਇਸੇ ਤਰ੍ਹਾਂ ਆਪਣੇ ਸਰੀਰ ਤੇ ਅਸੀਂ ਜੋ ਕੱਪੜੇ ਪਹਿਨਦੇ ਹਾਂ ਉਹ ਸਰੀਰ ਦੀ ਜਰੂਰਤ ਅਨੁਸਾਰ ਪਹਿਨਦੇ ਹਾਂ। ਅਨੇਕਾਂ ਰੁੱਤਾਂ ਆਉਂਦੀਆਂ ਜਾਂਦੀਆਂ ਹਨ ਭਾਵ ਕਦੇ ਗਰਮੀ ਹੈ, ਕਦੇ ਸਰਦੀ ਹੈ ਤੇ ਕਿਸ ਵੇਲੇ ਸਾਨੂੰ ਕਿਹੋ ਜਿਹੇ ਕੱਪੜਿਆਂ ਦੀ ਲੋੜ ਹੈ ਇਸ ਲਈ ਸਾਨੂੰ ਸਹੀ ਸਮਝ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਸਰੀਰ ਦੀ ਸੰਭਾਲ ਕਰ ਸਕੀਏ। ਅਸੀਂ ਆਪਣੇ ਸਰੀਰ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਭਾਵੇਂ ਉਹ ਖਾਣ ਦੀ ਹੈ, ਭਾਵੇਂ ਪੀਣ ਦੀ ਹੈ, ਭਾਵੇਂ ਪਹਿਨਣ ਦੀ ਹੈ ਉਨ੍ਹਾਂ ਚੀਜਾਂ ਦੀ ਪੈਦਾਵਾਰ ਲਈ ਭਾਵ ਉਨ੍ਹਾਂ ਦੀ ਪ੍ਰਾਪਤੀ ਲਈ ਵੀ ਸਾਨੂੰ ਸਮਝ ਦੀ ਲੋੜ ਹੈ, ਸਾਇੰਟਿਫਿਕ ਗਿਆਨ ਦੀ ਲੋੜ ਹੈ ਕਿ ਇਨ੍ਹਾਂ ਜਰੂਰਤਾਂ ਦੀ ਪੂਰਤੀ ਕਿਸ ਤਰੀਕੇ ਕੀਤੀ ਜਾਵੇ। ਇਹ ਸਭ ਕੁੱਝ ਜੋ ਸੰਸਾਰ ਵਿਚ ਹੋ ਰਿਹਾ ਹੈ ਇਹ ਕਿਸੇ ਉੱਚੇ ਗਿਆਨ ਦੁਆਰਾ ਹੀ ਹੋ ਰਿਹਾ ਹੈ ਭਾਵ ਹਰ ਕੰਮ ਵਿਚ ਪ੍ਰਮਾਤਮਾ ਦੀ ਕੁਦਰਤਿ ਹੀ ਵਰਤ ਰਹੀ ਹੈ। (**ਕੁਦਰਤਿ ਖਾਣਾ ਪੀਣਾ ਪੈਨ੍ਹਣੁ**) ਆਪਣੇ ਜੀਵਨ ਵਿਚ ਅਸੀਂ ਅਨੇਕਾਂ ਤਰੀਕਿਆਂ ਦੁਆਰਾ ਪਿਆਰ ਦਿਖਾਉਂਦੇ ਹਾਂ ਭਾਵੇਂ ਉਹ ਪਿਆਰ ਕਿਸੇ ਵਸਤੂ ਨਾਲ ਹੋਵੇ, ਜੀਵ ਜੰਤੂਆਂ ਨਾਲ ਹੋਵੇ, ਭਾਵੇਂ ਉਹ ਪਿਆਰ ਮਨੁੱਖੀ ਸਰੀਰਾਂ ਨਾਲ ਹੋਵੇ। ਅਸੀਂ ਜਿਸਦੇ ਨਾਲ ਵੀ ਪਿਆਰ ਕਰਦੇ ਹਾਂ ਉਹ ਜੋ ਸਾਡੀ ਸਮਝ ਨੂੰ ਚੰਗਾ ਲੱਗਦਾ ਹੈ ਤਾਂ ਹੀ ਕਰਦੇ ਹਾਂ ਤੇ ਸਾਡੇ ਮਨ ਦੀ ਸਮਝ ਸਾਡੀ ਨਹੀਂ ਹੈ ਭਾਵ ਜਿਸ ਵਿਚ ਪ੍ਰਮਾਤਮਾ ਦੀ ਕਲਾ ਹੀ ਵਰਤ ਰਹੀ ਹੈ, ਉਸ ਦੀ ਕੁਦਰਤਿ ਹੀ ਵਰਤ ਰਹੀ ਹੈ। (**ਕੁਦਰਤਿ ਸਰਬ ਪਿਆਰੁ ॥**)

ਸੰਸਾਰ ਵਿੱਚ ਜੀਵਾਂ ਦੀਆਂ ਅਨੇਕਾਂ ਹੀ ਜਾਤੀਆਂ ਹਨ ਭਾਵ ਜੀਵਾਂ ਦੇ ਅਨੇਕਾਂ ਹੀ ਰੂਪ ਹਨ, ਅਨੇਕਾਂ ਹੀ ਪ੍ਰਕਾਰ ਦੀਆਂ ਜਿਨਸਾਂ ਹਨ ਭਾਵ ਬਨਸਪਤੀਆਂ ਦੇ ਰੂਪ ਹਨ, ਅਨੇਕਾਂ ਹੀ ਰੰਗ ਹਨ ਭਾਵ ਧਰਤੀ ਅਨੇਕਾਂ ਰੰਗਾਂ ਨਾਲ ਭਰੀ ਹੋਈ ਹੈ। ਇਹ ਸਾਰੀ ਉਤਪਤੀ ਪ੍ਰਮਾਤਮਾ ਦੀ ਗਿਆਨ ਰੂਪ "**ਕਲਾ**" ਦੁਆਰਾ ਹੋਈ ਹੈ, ਉਸਦੇ ਬ੍ਰਹਮ ਗਿਆਨ ਦੀ ਕਲਾ ਦੁਆਰਾ ਹੋਈ ਹੈ, ਉਸਦੇ ਨਾਮ ਦੀ ਕਲਾ ਦੁਆਰਾ ਹੀ ਹੋਈ ਹੈ ਤੇ ਇਸੇ ਤਰ੍ਹਾਂ ਜੋ ਵੀ ਹਰ ਵਸਤੂ ਵਿੱਚ ਜੀਅ ਹੈ ਭਾਵ ਜੋ ਉਸਦੇ ਅੰਦਰ ਦੀ ਜੋਤਿ ਹੈ ਜਿਸ ਦੁਆਰਾ ਕੋਈ ਵੀ ਵਸਤੂ ਆਪਣੇ ਆਕਾਰ ਰੂਪ ਵਿੱਚ ਟਿਕੀ ਰਹਿੰਦੀ ਹੈ ਜਾਂ ਉਹ ਕੁੱਝ ਕਰਦੀ ਹੈ ਜਿਸ ਮਕਸਦ ਲਈ ਵਸਤੂਆਂ ਦੀ ਉਤਪਤੀ ਹੋਈ ਹੈ ਇਹ ਕੁੱਝ ਉਸਦੇ ਅੰਦਰ ਦੀ ਜੋਤਿ ਹੀ ਕਰਾਉਂਦੀ ਹੈ ਭਾਵ ਪ੍ਰਮਾਤਮਾ ਦੀ ਸਾਇੰਟਿਫਿਕ ਕਲਾ ਹੀ ਕਰਵਾਉਂਦੀ ਹੈ ਭਾਵ ਹਰ ਵਸਤੂ ਪ੍ਰਮਾਤਮਾ ਦੀ ਸਾਇੰਟਿਫਿਕ ਕਲਾ ਨਾਲ ਬਣੀ ਹੈ ਤੇ ਉਸਦੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਸਾਇੰਟਿਫਿਕ ਕਲਾ ਦੁਆਰਾ ਹੀ ਹਰ ਵਸਤੂ ਕੰਮ ਕਰ ਰਹੀ ਹੈ। ਸਭ ਦੇ ਅੰਦਰ, ਹਰ ਵਸਤੂ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਹੈ ਜਿਸ ਦੁਆਰਾ ਹਰ ਆਕਾਰ ਰੂਪ ਟਿਕਿਆ ਰਹਿੰਦਾ ਹੈ ਤੇ ਆਪਣੇ ਮਕਸਦ ਨੂੰ ਪੂਰਾ ਕਰਦਾ ਹੈ। ਸਭ ਦੇ ਅੰਦਰ ਦੀ ਜੋਤਿ ਪ੍ਰਮਾਤਮਾ ਦੀ ਕਲਾ ਹੀ ਹੈ ਜੋ ਹਰ ਆਕਾਰ ਰੂਪ ਦੇ ਅੰਦਰ ਦਾ ਸਾਇੰਟਿਫਿਕ ਗਿਆਨ ਹੈ। ਪ੍ਰਮਾਤਮਾ ਨੇ ਆਪਣਾ ਜੈਨੇਟਿਕ ਸਿਸਟਮ ਜੋ ਜੀਵਾਂ ਦੇ ਅੰਦਰ ਪਾਇਆ ਹੋਇਆ ਹੈ ਇਹ ਉਸਦੀ ਸਾਇੰਟਿਫਿਕ ਕਲਾ ਹੀ ਹੈ। ਉਸਦੀ ਸਾਇੰਟਿਫਿਕ ਕਲਾ ਦੁਆਰਾ ਭਾਵ ਜੈਨੇਟਿਕ ਸਿਸਟਮ ਦੁਆਰਾ ਪੌਦਿਆਂ , ਪੇੜਾਂ ਦੇ ਵਿੱਚੋਂ ਬੀਜ ਬਣਦੇ ਹਨ ਤੇ ਉਨ੍ਹਾਂ ਬੀਜਾਂ ਦੁਆਰਾ ਫਿਰ ਹੋਰ ਪੇੜ ਪੌਦੇ ਉੱਗ ਪੈਂਦੇ ਹਨ ਭਾਵ ਉਸਨੇ ਸਭ ਦੇ ਅੰਦਰ ਆਪਣੀ ਕਮਾਲ ਦੀ ਸਾਇੰਟਿਫਿਕ ਕਲਾ ਪਾਈ ਹੋਈ ਹੈ ਜੋ ਆਪੇ

ਹੀ ਕੰਮ ਕਰੀ ਜਾ ਰਹੀ ਹੈ। ਸਭ ਪਾਸੇ ਪ੍ਰਮਾਤਮਾ ਦੀ ਕੁਦਰਤਿ ਹੀ ਵਰਤ ਰਹੀ ਹੈ ਭਾਵ ਉਸਦਾ ਸਾਇੰਟਿਫਿਕ ਗਿਆਨ ਹੀ ਵਰਤ ਰਿਹਾ ਹੈ। (**ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥**)

ਆਓ ਹੁਣ ਅਗਲੀ ਪੰਗਤੀ ਨੂੰ ਸਮਝੀਏ ਕਿ ਪ੍ਰਮਾਤਮਾ ਦੀ "ਕੁਦਰਤਿ" ਮਨੁੱਖ ਦੇ ਅੰਦਰ ਮਨ ਦੇ ਵਿੱਚ ਹਰ ਵੇਲੇ ਕਿਸ ਤਰੀਕੇ ਵਰਤ ਰਹੀ ਹੈ ਜਿੱਥੋਂ ਉਸ ਦੀ ਕੁਦਰਤ ਨੂੰ ਜਾਣਿਆ ਜਾ ਸਕਦਾ।

"ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥"

ਉਪਰਲੀ ਪੰਗਤੀ ਸਾਡੇ ਮਨ ਦੀ ਸਮਝ ਨਾਲ ਜੁੜੀ ਹੋਈ ਹੈ ਭਾਵ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ। ਜਦੋਂ ਕੋਈ ਪ੍ਰਮਾਤਮਾ ਦੀ ਕੁਦਰਤਿ ਨੂੰ ਭਾਵ ਉਸਦੀ ਕਲਾ ਨੂੰ ਜਾਣਦਾ ਹੈ ਉਹ ਮਨ ਦੇ ਵਿੱਚੋਂ ਹੀ ਜਾਣਦਾ ਹੈ ਤੇ ਤਾਂ ਹੀ ਮਨੁੱਖੀ ਸਮਝ ਨੂੰ ਇਹ ਅਹਿਸਾਸ ਹੁੰਦਾ ਹੈ, ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਦੀ ਕੁਦਰਤਿ ਕੀ ਹੈ, ਉਸਦੀ ਉਹ ਕਲਾ ਕੀ ਹੈ ਜਿਸ ਕਲਾ ਦੁਆਰਾ ਉਹ ਆਪਣੀ ਸ੍ਰਿਸ਼ਟੀ ਨੂੰ ਆਪ ਬਣਾ ਕੇ ਆਪ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦੀ ਕੁਦਰਤਿ ਨੂੰ ਜਾਣੇ ਬਿਨ੍ਹਾਂ ਹਰ ਕੋਈ ਮਨ ਦੀ ਸਮਝ ਨੂੰ ਆਪਣੀ ਸਮਝ ਹੀ ਸਮਝਦਾ ਹੈ। ਇਸ ਮਨ ਦੀ ਸਮਝ ਨਾ ਆਉਣਾ ਵੀ ਪ੍ਰਮਾਤਮਾ ਦੀ ਕੁਦਰਤਿ ਹੈ ਜੋ ਉਸਦੀ ਕੁਦਰਤਿ ਸਭ ਦੇ ਅੰਦਰ ਵਰਤ ਰਹੀ ਹੈ ਪਰ ਉਸਦੀ ਕਲਾ ਨੂੰ ਕੋਈ ਸਮਝ ਨਹੀਂ ਸਕਦਾ। ਮਨੁੱਖ ਮਨ ਦੀ ਸਮਝ ਦੁਆਰਾ ਚੰਗੇ ਕਰਮ ਵੀ ਕਰਦਾ ਹੈ ਤੇ ਮਾੜੇ ਕਰਮ ਵੀ ਕਰਦਾ ਹੈ। ਮਨੁੱਖ ਨੂੰ ਚੰਗੇ ਕਰਮ ਕਰਨ ਦਾ ਮਾਣ ਵੀ ਮਿਲਦਾ ਹੈ ਭਾਵ ਅਨੇਕਾਂ ਗੱਲਾਂ ਦਾ ਮਾਣ ਵੀ ਮਿਲਦਾ ਹੈ ਭਾਵੇਂ ਸੱਚਾ ਮਾਣ ਮਿਲਦਾ ਹੈ ਭਾਵੇਂ ਝੂਠਾ ਮਾਣ ਮਿਲਦਾ ਹੈ ਤੇ ਉਸ ਮਾਣ ਨੂੰ ਮਨੁੱਖ ਆਪਣਾ ਮਾਣ ਸਮਝਦਾ ਹੈ ਤੇ ਮਨੁੱਖ ਆਪਣੇ ਮਾਣ ਦਾ ਅਭਿਮਾਨ ਕਰਦਾ ਹੈ ਭਾਵ ਆਪਣਾ ਰੁਤਬਾ ਉੱਚਾ ਕਰਦਾ ਹੈ। ਪਰ ਜਦੋਂ ਮਨੁੱਖ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੀ ਕਲਾ ਨੂੰ ਜਾਣ ਲੈਂਦਾ ਹੈ ਜੋ ਆਪਣੀ ਕਲਾ ਕਿਸੇ ਨੂੰ ਪ੍ਰਮਾਤਮਾ ਮਨ ਦੇ ਵਿੱਚ ਮੇਲ ਕਰਨ ਦੁਆਰਾ ਆਪ ਹੀ ਦਿਖਾਉਂਦਾ ਹੈ, ਆਪ ਹੀ ਮਨ ਦੇ ਵਿੱਚ ਸਮਝਾਉਂਦਾ ਹੈ ਕਿ ਉਸਦੀ ਕਲਾ ਕੀ ਹੈ ਜਿਸ ਕਲਾ ਦੁਆਰਾ ਉਸਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੀ ਉਸ ਕਲਾ ਦੁਆਰਾ ਆਪ ਹੀ ਇਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਤੇ ਉਸਦੀ ਕਲਾ ਦੁਆਰਾ ਹੀ ਆਕਾਰ ਰੂਪ ਸਮੇਂ ਅਨੁਸਾਰ ਬਿਨਸ ਜਾਂਦੇ ਹਨ ਜਿਵੇਂ ਮਨੁੱਖੀ ਸਰੀਰ ਬਿਨਸ ਜਾਂਦਾ ਹੈ। ਉਸਦੀ ਕਲਾ ਦੁਆਰਾ ਹੀ ਸਰੀਰ ਦੇ ਵਿੱਚ ਬੁਢਾਪਾ ਆਉਣਾ ਸ਼ੁਰੂ ਹੋ ਜਾਂਦਾ ਹੈ, ਅੰਗਾਂ ਵਿੱਚ ਕਮਜੋਰੀ ਆਉਣੀ ਸ਼ੁਰੂ ਹੋ ਜਾਂਦੀ ਹੈ ਤੇ ਇਹ ਸਰੀਰ ਉਸਦੇ ਮਿੱਥੇ ਹੋਏ ਸਮੇਂ ਅਨੁਸਾਰ ਬਿਨਸ ਜਾਂਦਾ ਹੈ ਜੋ ਸਮਾਂ ਉਹ ਆਪ ਹੀ ਜਾਣਦਾ ਹੈ ਪਰ ਮਨੁੱਖ ਨੂੰ ਇਸਦੀ ਸਮਝ ਨਹੀਂ ਪਾਉਂਦਾ। ਜੇਕਰ ਸਭ ਨੂੰ ਇਸ ਸਰੀਰ ਦੇ ਬਿਨਸਨ ਦੀ ਖਬਰ ਪੈ ਜਾਵੇ ਤਾਂ ਉਸ ਨਾਲ ਮਨੁੱਖ ਦੀਆਂ ਪ੍ਰੇਸ਼ਾਨੀਆਂ ਵੱਧਣਗੀਆਂ ਭਾਵ ਮਨੁੱਖਾਂ ਦੀਆਂ ਪ੍ਰੇਸ਼ਾਨੀਆਂ ਘੱਟ ਹੋਣ ਦੀ ਬਜਾਇ ਉਲਟਾ ਵੱਧਣਗੀਆਂ ਕਿਉਂਕਿ ਮਨੁੱਖ ਦੇ ਅੰਦਰ ਜਦ ਤੱਕ ਜਿਉਣ ਦੀ ਆਸ ਹੁੰਦੀ ਹੈ ਤਦ ਤੱਕ ਹੀ ਉਸਨੂੰ ਦੂਸਰਿਆਂ ਨਾਲ ਮੋਹ ਪਾਉਣਾ ਚੰਗਾ ਲੱਗਦਾ ਹੈ, ਇਸ ਸੰਸਾਰ ਵਿੱਚ ਰਹਿਣਾ ਚੰਗਾ ਲੱਗਦਾ ਹੈ ਤੇ ਮਾਇਆ ਮੋਹ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਪਾਇਆ ਹੋਇਆ ਹੈ ਜਿਸ ਦੁਆਰਾ ਉਹ ਆਪਣੇ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ, ਆਪਣੀ ਕਲਾ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਦੀ ਕਲਾ ਨੂੰ ਜਾਣੇ ਬਿਨ੍ਹਾਂ ਹੀ ਕੋਈ ਮਾਨ ਅਭਿਮਾਨ ਕਰਦਾ ਹੈ, ਇਸ ਸਰੀਰ ਦਾ ਤੇ ਆਪਣੀ ਸਮਝ ਦਾ ਮਾਨ ਅਭਿਮਾਨ ਕਰਦਾ ਹੈ ਤੇ ਉਸਦੀ ਕਲਾ ਨੂੰ ਜਾਨਣ ਤੋਂ ਬਾਅਦ ਕੋਈ ਮਾਨ ਅਭਿਮਾਨ ਕਰ ਜਾਵੇ ਇਹ ਨਾ ਮੁਮਕਿਨ ਹੈ। ਉਸਦੀ ਕਲਾ ਨੂੰ ਜਾਣੇ ਬਿਨ੍ਹਾਂ ਮਨੁੱਖ ਮਨ ਦੀ ਨਾਸਮਝੀ ਕਰਕੇ ਭਾਵ ਮਨ ਦੇ ਭਰਮਾਂ ਕਰਕੇ, ਭਗਤੀ ਦੇ ਮਾਰਗ ਦੀ ਸੱਚੀ ਸਮਝ ਨਾ ਹੋਣ ਕਰਕੇ ਹੀ ਅਨੇਕਾਂ ਬਦੀਆਂ ਕਰਦਾ ਹੈ ਤੇ ਆਪਣੇ ਅੰਦਰੋਂ ਉਸਦੀ ਕਲਾ ਨੂੰ ਜਾਨਣ ਤੋਂ ਬਾਅਦ ਨੇਕੀਆਂ ਦੇ ਮਾਰਗ ਤੇ ਹੀ ਉਹ ਚੱਲਦਾ ਹੈ ਜਿਸ ਮਾਰਗ ਤੇ ਉਹ ਆਪਣੀ ਕਲਾ ਦੁਆਰਾ ਆਪ ਹੀ ਚਲਾਉਂਦਾ ਹੈ। (**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥**) ਜਦੋਂ ਮਨੁੱਖ ਉਸ ਪ੍ਰਮਾਤਮਾ ਦੀ ਕਲਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਫਿਰ ਤਾਂ ਹੀ ਇਹ ਸਮਝ ਪੈਂਦੀ ਹੈ ਕਿ ਜਿਸ ਕਲਾ ਦੁਆਰਾ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਵਰਤ ਰਿਹਾ ਹੈ ਆਪਣੀ ਉਸ ਕਲਾ ਦੁਆਰਾ ਹੀ ਉਹ ਹਰ ਜਗ੍ਹਾ ਵਰਤ ਰਿਹਾ ਹੈ। ਉਸਦੀ ਕਲਾ ਹੀ ਉਸ ਪ੍ਰਮਾਤਮਾ ਦਾ ਹੁਕਮ ਹੈ ਜੋ ਉਸਦਾ ਹੁਕਮ ਸਾਰੀ ਸ੍ਰਿਸ਼ਟੀ ਆਪਣੇ ਆਪ ਹੀ ਮੰਨ ਰਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥”

ਇਸ ਗੱਲ ਨੂੰ ਤਾਂ ਹਰ ਕੋਈ ਸਮਝ ਸਕਦਾ ਹੈ ਕਿ ਪੰਜਾਂ ਤੱਤਾਂ ਦੀ ਰਚਨਾ ਕਿਵੇਂ ਹੋਈ ਹੈ ਭਾਵ ਪਵਨ ਦੀ, ਪਾਣੀ ਦੀ, ਅਗਨੀ ਦੀ, ਧਰਤੀ ਦੀ, ਆਕਾਸ਼ ਦੀ ਰਚਨਾ ਕਿਵੇਂ ਹੋਈ ਹੋਵੇਗੀ ਭਾਵ ਕਿਸੇ ਬਹੁਤ ਉੱਚੇ ਗਿਆਨ ਦੁਆਰਾ ਹੀ ਹੋਈ ਹੋਵੇਗੀ ਭਾਵ ਕਿਸੇ ਸਾਇੰਟਿਫਿਕ ਗਿਆਨ ਦੁਆਰਾ ਹੋਈ ਹੋਵੇਗੀ ਕਿਉਂਕਿ ਜੋ ਵੀ ਅਸੀਂ ਦੇਖਦੇ ਹਾਂ ਉਹ ਸਭ ਕੁੱਝ ਸਾਇੰਸ ਹੀ ਵਰਤ ਰਹੀ ਹੈ, ਹਰ ਕੰਮ ਸਾਇੰਟਿਫਿਕ ਢੰਗ ਨਾਲ ਹੀ ਹੋ ਰਿਹਾ ਹੈ ਹਵਾ ਵੀ ਸਾਇੰਟਿਫਿਕਲੀ ਚੱਲ ਰਹੀ ਹੈ, ਪਾਣੀ ਵੀ ਸਾਇੰਟਿਫਿਕਲੀ ਕੰਮ ਕਰ ਰਿਹਾ ਹੈ, ਅਗਨੀ ਵੀ ਸਾਇੰਟਿਫਿਕਲੀ ਕੰਮ ਕਰਦੀ ਹੈ, ਧਰਤੀ ਵੀ ਸਾਇੰਟਫਿਕਲੀ ਕੰਮ ਕਰਦੀ ਹੈ ਭਾਵ ਜੋ ਕੁੱਝ ਧਰਤੀ ਦੇ ਅੰਦਰ ਹੈ ਉਹ ਵੀ ਸਾਇੰਟਿਫਿਕਲੀ ਕੰਮ ਕਰਦਾ ਹੈ, ਜੋ ਧਰਤੀ ਦੇ ਉੱਪਰ ਮਿੱਟੀ ਹੈ ਉਹ ਵੀ ਸਾਇੰਟਿਫਿਕਲੀ ਕੰਮ ਕਰਦੀ ਹੈ। ਇਹ ਧਰਤੀ ਹਰ ਵੇਲੇ ਆਕਾਸ਼ ਦੇ ਵਿੱਚ ਘੁੰਮਦੀ ਹੈ, ਦੋ ਦਾਅਰਿਆਂ ਦੇ ਵਿੱਚ ਘੁੰਮਦੀ ਹੈ, ਸੂਰਜ ਦੇ ਇਰਦ ਗਿਰਦ ਘੁੰਮਦੀ ਹੈ ਭਾਵ ਸਭ ਕੁੱਝ ਸਾਇੰਟਿਫਿਕਲੀ ਹੋ ਰਿਹਾ ਹੈ। ਇਤਨੀ ਵੱਡੀ ਸਾਇੰਟਿਫਿਕ ਨੋਲਿਜ ਹੀ ਪ੍ਰਮਾਤਮਾ ਦੀ ਉਹ ਕਲਾ ਹੈ, ਉਸਦੀ ਕੁਦਰਤਿ ਹੈ ਜਿਸ ਕੁਦਰਤਿ ਦੇ ਰੂਪ ਵਿੱਚ ਉਹ ਆਪ ਹੈ। ਆਪਣੀ ਇਸ ਸਾਇੰਟਿਫਿਕ ਨੋਲਿਜ ਭਾਵ ਵਿਗਿਆਨਕ ਗਿਆਨ ਜੋ ਕਿ ਬ੍ਰਹਮ ਗਿਆਨ ਹੈ, ਇਸ ਬ੍ਰਹਮ ਗਿਆਨ ਦੁਆਰਾ ਉਸਨੇ ਇਸ ਸੰਸਾਰ ਦੀ ਰਚਨਾ ਕੀਤੀ ਹੈ ਤੇ ਆਪ ਹੀ ਉਸਨੂੰ ਆਪਣੀ ਕਲਾ ਦੁਆਰਾ ਚਲਾ ਰਿਹਾ ਹੈ। ਇਸ ਕਲਾ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ ਭਾਵ ਬ੍ਰਹਮਗਿਆਨੀ ਪ੍ਰਮਾਤਮਾ ਆਪ ਹੈ ਜੋ ਇਸ ਸ੍ਰਿਸ਼ਟੀ ਦਾ ਕਰਤਾ ਹੈ। ਪ੍ਰਮਾਤਮਾ ਦੀ ਇਹ ਰਚਨਾ “ਪਾਕੁ” ਹੈ ਭਾਵ ਪਵਿੱਤਰ ਹੈ ਭਾਵ ਉਸ ਵਿੱਚ ਕੋਈ ਖੋਟ ਨਹੀਂ ਹੈ। ਪ੍ਰਮਾਤਮਾ ਦੀ ਰਚਨਾ ਪਾਕੁ ਕਿਸ ਲਈ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਇਹ ਰਚਨਾ ਉਸਦੇ ਨਾਮ ਦੁਆਰਾ ਪਵਿੱਤਰ ਹੈ। “**ਪਾਕੀ ਨਾਈ ਪਾਕੁ**” ਪ੍ਰਮਾਤਮਾ ਦਾ ਨਾਮ ਉਸਦਾ “**ਬ੍ਰਹਮ ਗਿਆਨ**” ਹੈ ਜਿਸ ਉੱਚੇ ਗਿਆਨ ਦੇ ਅੰਦਰ ਪੂਰਨ ਸ਼ੁੱਧਤਾ ਹੈ ਭਾਵ ਉਸ ਗਿਆਨ ਦੇ ਅੰਦਰ ਕਿਸੇ ਕਿਸਮ ਦੀ ਅਗਿਆਨਤਾ ਨਹੀਂ ਹੈ ਭਾਵ ਪ੍ਰਮਾਤਮਾ ਨੇ ਜੋ ਰਚਨਾ ਕੀਤੀ ਹੈ ਉਸਦੀ ਰਚਨਾ ਕਰਨ ਵਿੱਚ ਉਸਨੇ ਕੋਈ ਅਗਿਆਨਤਾ ਨਹੀਂ ਵਰਤੀ ਜਿਸ ਕਰਕੇ ਉਸਦੀ ਪੂਰੀ ਰਚਨਾ ਵਿੱਚ ਕੋਈ ਖੋਟ ਨਹੀਂ ਹੈ ਭਾਵ ਉਸਦੀ ਰਚਨਾ ਪੂਰੀ ਤਰ੍ਹਾਂ ਪਰਫੈਕਟ ਹੈ ਜਿਸ ਵਿੱਚ ਕੋਈ ਕਮੀ ਹੋ ਹੀ ਨਹੀਂ ਸਕਦੀ। ਸਾਇੰਟਿਫਿਕ ਰਚਨਾ ਉਹ ਹੁੰਦੀ ਹੈ ਜਿਸ ਵਿੱਚ ਕਿਸੇ ਅਗਿਆਨਤਾ ਦਾ, ਕਿਸੇ ਨਾ ਸਮਝੀ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਉਸਦਾ ਬ੍ਰਹਮਗਿਆਨ ਹੈ ਜਿਸ ਕਰਕੇ ਸਾਇੰਸ ਪੂਰੀ ਤਰ੍ਹਾਂ ਪਰਫੈਕਸ਼ਨ ਨਾਲ ਵਰਤ ਰਹੀ ਹੈ। ਆਪਣੀ ਸਾਇੰਟਿਫਿਕ ਨੋਲਿਜ ਨਾਲ ਪ੍ਰਮਾਤਮਾ ਨੇ ਜਿਸ ਵਸਤੂ ਨੂੰ ਜਿਹੜੇ ਮਕਸਦ ਲਈ ਬਣਾਇਆ ਹੈ ਉਹ ਆਪਣੇ ਮਕਸਦ ਤੇ ਉਸੇ ਤਰ੍ਹਾਂ ਪੂਰੀ ਉਤਰ ਰਹੀ ਹੈ। ਪੌਣ ਆਪਣਾ ਮਕਸਦ ਪੂਰਾ ਕਰ ਰਹੀ ਹੈ, ਪਾਣੀ ਆਪਣਾ ਮਕਸਦ ਪੂਰਾ ਕਰ ਰਿਹਾ ਹੈ, ਅਗਨੀ ਆਪਣਾ ਮਕਸਦ ਪੂਰਾ ਕਰ ਰਹੀ ਹੈ, ਧਰਤੀ ਆਪਣਾ ਮਕਸਦ ਪੂਰਾ ਕਰ ਰਹੀ ਹੈ, ਆਕਾਸ਼ ਆਪਣਾ ਮਕਸਦ ਪੂਰਾ ਕਰ ਰਿਹਾ ਹੈ ਭਾਵ ਪ੍ਰਮਾਤਮਾ ਦੀ ਰਚਨਾ ਬਿਲਕੁਲ ਪਰਫੈਕਟਲੀ ਕੰਮ ਕਰ ਰਹੀ ਹੈ ਭਾਵ ਪੂਰੀ ਪਵਿੱਤਰਤਾ ਨਾਲ ਕੰਮ ਕਰ ਰਹੀ ਹੈ ਜੋ ਕਿ ਪ੍ਰਮਾਤਮਾ ਦੀ ਨਾਮ ਵਾਲੀ ਸਮਝ ਕਰਕੇ ਪਵਿੱਤਰ ਹੈ। (**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥**)

ਜਿਸ ਆਪਣੀ ਕਲਾ ਦੁਆਰਾ ਪ੍ਰਮਾਤਮਾ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਭਾਵ ਸਾਇੰਟਿਫਿਕ ਗਿਆਨ ਨਾਲ ਚਲਾ ਰਿਹਾ ਹੈ, ਹਰ ਵਸਤੂ ਦੇ ਅੰਦਰ ਜੋ ਉਹ ਸਾਇੰਟਿਫਿਕ ਸਮਝ ਹੈ ਇਹੀ ਹਰ ਵਸਤੂ ਦੇ ਅੰਦਰ, ਹਰ ਆਕਾਰ ਰੂਪ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਹੈ ਜੋ ਹੁਕਮ ਉਸਦਾ ਹਰ ਕੋਈ ਮੰਨ ਰਿਹਾ ਹੈ ਪਰ ਉਸਦੇ ਹੁਕਮ ਨੂੰ ਕੋਈ ਸਮਝ ਨਹੀਂ ਸਕਦਾ। ਸਭ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਦੀ ਗੱਲ ਕੀਤੀ ਹੋਈ ਹੈ। ਇਹ ਜੋਤਿ ਹੀ ਸਭ ਦੇ ਅੰਦਰ ਸਭ ਨੂੰ ਪ੍ਰਮਾਤਮਾ ਦੇ ਹੁਕਮ ਵਿੱਚ ਰੱਖਦੀ ਹੈ। ਮਨੁੱਖੀ ਸਮਝ ਵੀ ਹਰ ਵੇਲੇ ਪ੍ਰਮਾਤਮਾ ਦੇ ਹੁਕਮ ਦੇ ਅੰਦਰ ਹੀ ਹੈ ਜੋ ਉਸ ਦਾ ਹੁਕਮ ਸਾਡੇ ਸਭ ਦੇ ਅੰਦਰ ਤ੍ਰੈਗੁਣਾਂ ਦੀ ਸਮਝ ਦੇ ਰੂਪ ਵਿੱਚ ਹੈ। ਕੇਵਲ ਇੱਕ ਮਨੁੱਖੀ ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਇਸ ਹੁਕਮ ਨੂੰ ਆਪਣੇ ਅੰਦਰੋਂ ਬੁੱਝਿਆ ਜਾ ਸਕਦਾ ਹੈ। ਪ੍ਰਮਾਤਮਾ ਨੇ ਆਪਣਾ ਇਹ ਹੁਕਮ ਬੁੱਝਣ ਲਈ ਆਪ ਹੀ ਇਸ ਹੁਕਮ ਨੂੰ ਬੁੱਝਣ ਦਾ ਤਰੀਕਾ ਬਣਾਇਆ ਹੋਇਆ ਹੈ। ਉਹ ਤਰੀਕਾ ਹੀ ਸਾਨੂੰ ਪੂਰੀ ਗੁਰਬਾਣੀ ਸਮਝਾ ਰਹੀ ਹੈ। ਪ੍ਰਮਾਤਮਾ ਦਾ ਉਹ ਹੁਕਮ ਧਰਮ ਦੇ ਸੱਚੇ ਮਾਰਗ ਦੇ ਰੂਪ ਵਿੱਚ ਹੈ ਜੋ ਉਸਦਾ ਹੁਕਮ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸਮਝਾਇਆ ਹੋਇਆ ਹੈ। ਜੋ ਪ੍ਰਮਾਤਮਾ ਦੇ ਉਸ ਸੱਚੇ ਹੁਕਮ ਨੂੰ ਬੁੱਝਦਾ ਹੈ ਭਾਵ ਉਸਦੇ ਸਮਝਾਏ ਹੋਏ ਸੱਚੇ ਧਰਮ ਦੇ ਮਾਰਗ ਨੂੰ ਮੰਨਦਾ ਹੈ ਉਹੀ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ “ਤ੍ਰੈਗੁਣ” ਰੂਪ ਹੁਕਮ

ਨੂੰ ਬੁੱਝ ਸਕਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਤੋਂ ਬਾਅਦ ਭਾਵ ਉਸਦੀ ਕਲਾ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਹੀ ਉਹ ਗੁਰੂ ਦੇ ਸੱਚੇ ਹੁਕਮ ਦੇ ਨਾਲ ਜੁੜ ਸਕਦਾ ਹੈ ਜਿਸ ਦੁਆਰਾ ਉਹ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਭਾਵ ਉਸਦੇ ਹੁਕਮ ਅੰਦਰ ਚੱਲ ਸਕਦਾ ਹੈ ਜੋ ਆਪਣਾ ਹੁਕਮ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਆਪਣੇ ਹੁਕਮ ਵਿੱਚ ਚਲਾਉਂਦਾ ਹੈ। ਪ੍ਰਮਾਤਮਾ ਦਾ ਆਪਣੇ ਅੰਦਰੋਂ ਇਹ ਹੁਕਮ ਬੁੱਝਣ ਦੁਆਰਾ ਹੀ ਭਾਵ ਉਸਦੀ ਕਲਾ ਨੂੰ ਬੁੱਝਣ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਜਿਸ ਤਰੀਕੇ ਪ੍ਰਮਾਤਮਾ ਦਾ ਹੁਕਮ ਮੇਰੇ ਅੰਦਰ ਵਰਤ ਰਿਹਾ ਹੈ ਭਾਵ ਮਨ ਦੇ ਗਿਆਨ ਰਾਹੀਂ ਵਰਤ ਰਿਹਾ ਹੈ ਉਸੇ ਤਰ੍ਹਾਂ ਪ੍ਰਮਾਤਮਾ ਦਾ ਹੁਕਮ ਭਾਵ ਉਸਦੇ ਗਿਆਨ ਦੁਆਰਾ ਉਸਦਾ ਹੁਕਮ ਸਾਰੇ ਸੰਸਾਰ ਵਿੱਚ ਹਰ ਵਸਤੂ ਦੇ ਅੰਦਰ ਵਰਤ ਰਿਹਾ ਹੈ ਭਾਵ ਹਰ ਆਕਾਰ ਰੂਪ ਦੇ ਵਿੱਚ ਵਰਤ ਰਿਹਾ ਹੈ ਤੇ ਮਨੁੱਖ ਨੂੰ ਤਾਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਭਾਵ ਹਰ ਆਕਾਰ ਰੂਪ ਦੀ ਰਚਨਾ ਉਸਨੇ ਆਪ ਹੀ ਆਪਣੇ ਉੱਚੇ ਸਾਇੰਟਿਫਿਕ ਗਿਆਨ ਦੁਆਰਾ ਕੀਤੀ ਹੈ ਤੇ ਆਪ ਹੀ ਆਪਣੇ ਸਾਇੰਟਿਫਿਕ ਗਿਆਨ ਦੁਆਰਾ ਆਪਣੇ ਹਰ ਆਕਾਰ ਰੂਪ ਨੂੰ ਵੇਖ ਰਿਹਾ ਹੈ ਭਾਵ ਉਸਨੂੰ ਚਲਾ ਰਿਹਾ ਹੈ ਤੇ ਸਭ ਦੇ ਅੰਦਰ ਉਹ ਆਪਣੀ ਕਲਾ ਦੇ ਰੂਪ ਵਿੱਚ ਹਰ ਵੇਲੇ ਮੌਜੂਦ ਹੈ ਭਾਵ ਉਸਦੀ ਕਲਾ ਹਰ ਵੇਲੇ ਵਰਤ ਰਹੀ ਹੈ। (**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥**)

ਉੱਪਰ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਹਰ ਚੀਜ ਪ੍ਰਮਾਤਮਾ ਦੇ ਹੁਕਮ ਵਿੱਚ ਕਿਸ ਤਰੀਕੇ ਚੱਲਦੀ ਹੈ। ਇਸੇ ਲਈ ਸਾਨੂੰ ਬਾਣੀ ਦੁਆਰਾ ਸਮਝਾਇਆ ਹੈ ਕਿ ਪ੍ਰਮਾਤਮਾ ਦੀ ਬਣਾਈ ਹੋਈ ਹਰ ਹੋਂਦ ਹੀ ਉਸ ਨੂੰ ਜਪਦੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਜੋ ਪ੍ਰਮਾਤਮਾ ਨੂੰ ਜਪਣਾ ਹੈ ਉਹੀ ਪ੍ਰਮਾਤਮਾ ਦੀ ਭਗਤੀ ਕਰਨਾ ਹੈ ਤੇ ਬਾਣੀ ਰਾਹੀਂ ਸਾਨੂੰ ਇਹ ਵੀ ਸਮਝਾਇਆ ਗਿਆ ਹੈ ਕਿ ਪਵਨ, ਪਾਣੀ, ਬੈਸੰਤਰ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਜਿਸਨੂੰ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ ॥

“ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥
ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥”

(ਅੰਗ - ੯੪੮)

ਉੱਪਰ ਸ਼ਬਦ ਰਾਹੀਂ ਕਿਤਨਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪਉਣੁ, ਪਾਣੀ, ਬੈਸੰਤਰ ਪ੍ਰਮਾਤਮਾ ਦੀ ਭਗਤੀ ਕਰ ਰਹੇ ਹਨ ਤੇ ਉਹ ਭਗਤੀ ਕਿਸ ਤਰੀਕੇ ਕਰਦੇ ਹਨ ਭਾਵ ਭਗਤੀ ਦਾ ਮਾਰਗ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਜਿਸਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਉਹ ਵੀ ਸਮਝ ਸਕਦੇ ਹਨ ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਤੇ ਸੰਸਾਰ ਨੂੰ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦਾ ਮਾਰਗ ਸਮਝਾਉਂਦੇ ਹਨ, ਨਾਮ ਜਪਣਾ ਸਮਝਾਉਂਦੇ ਹਨ ਜੋ ਕਿ ਉਹ ਕਿਸੇ ਅੱਖਰ ਦੀ ਕਥਨੀ ਕਰਨ ਦੁਆਰਾ ਸਮਝਾਉਂਦੇ ਹਨ, ਵੱਖਰੇ-ਵੱਖਰੇ ਅੱਖਰਾਂ ਨੂੰ ਬੋਲਣ ਨਾਲ ਵੱਖਰਾ-ਵੱਖਰਾ ਤਰੀਕਾ ਸਮਝਾਉਂਦੇ ਹਨ। ਹੁਣ ਧਿਆਨ ਨਾਲ ਸਮਝੋ ਪਉਣੁ, ਪਾਣੀ, ਬੈਸੰਤਰ ਦੀ ਧਾਰਮਿਕ ਆਸਥਾ ਕਿਹੋ ਜਿਹੀ ਹੈ ਭਾਵ ਉਹ ਕਿਹੜੇ ਅੱਖਰ ਨੂੰ ਜਪਦੇ ਹਨ ਤੇ ਕਿਹੜੀ ਰਸਨਾ ਨਾਲ ਜਪਦੇ ਹਨ। ਇਸ ਗੱਲ ਦਾ ਸੱਚਾ ਜਵਾਬ ਕਿਸੇ ਦੇ ਕੋਲ ਨਹੀਂ ਹੈ ਪਰ ਫਿਰ ਵੀ ਹਰ ਕੋਈ ਆਪਣੇ ਆਪ ਨੂੰ ਕਿਸੇ ਨਾ ਕਿਸੇ ਤਰੀਕੇ ਸੱਚਾ ਸਾਬਿਤ

ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਸਾਰੀਆਂ ਭਗਤੀ ਦੀਆਂ ਸਿਆਣਪਾ ਹਨ ਜਿੰਨ੍ਹਾਂ ਸਿਆਣਪਾ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ।

{ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥}

(ਅੰਗ - ੧)

ਇਸ ਗੱਲ ਨੂੰ ਤਾਂ ਇਹ ਲੋਕ ਭਾਵ ਸਾਨੂੰ ਨਾਮ ਜਪਣਾ ਸਮਝਾਉਣ ਵਾਲੇ ਮੰਨਦੇ ਹਨ ਕਿ ਪ੍ਰਮਾਤਮਾ ਦੇ ਨਾਲ ਕਿਸੇ ਦੀ ਸਿਆਣਪ ਨਹੀਂ ਚੱਲਦੀ ਪਰ ਸਿਆਣਪਾ ਛੱਡਦਾ ਵੀ ਕੋਈ ਨਹੀਂ। ਸਾਡੀ ਜੋ ਵੀ ਮਤਿ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਹ ਕੁਮਤਿ ਹੈ ਤੇ ਅਗਰ ਫਿਰ ਵੀ ਅਸੀਂ ਕੁਮਤਿ ਨੂੰ ਨਹੀਂ ਛੱਡਦੇ ਤੇ ਆਪਣੀ ਮਤਿ ਨੂੰ ਹੀ ਠੀਕ ਸਮਝਦੇ ਹਾਂ ਉਹ ਕੇਵਲ ਸਾਡੀ ਸਿਆਣਪ ਹੈ, ਭਗਤੀ ਦੀ ਚਤੁਰਾਈ ਹੈ ਜਿਸ ਚਤੁਰਾਈ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤੇ ਉਸਦੀ ਭਗਤੀ ਵਾਲੇ ਅਖਵਾਉਣਾ ਚਾਹੁੰਦੇ ਹਾਂ। ਇਹ ਕੇਵਲ ਸਾਡੇ ਅੰਦਰ ਦੇ ਭਰਮ ਹੀ ਹਨ, ਸਾਡੇ ਅੰਦਰ ਦੀ ਮਾਇਆ ਦੀ ਜੁਗਤਿ ਹੈ, ਮਾਇਆ ਦੀ ਕਲਾ ਹੈ ਜੋ ਸਾਡੇ ਕੋਲੋਂ ਇਹੋ ਕੁੱਝ ਕਰਵਾਉਂਦੀ ਹੈ। ਪ੍ਰਮਾਤਮਾ ਦੀ ਇਸ ਮਾਇਆ ਦੀ ਕਲਾ ਦਾ ਮਕਸਦ ਹੀ ਮਨੁੱਖ ਨੂੰ ਭਗਤੀ ਦੀ ਸੱਚੀ ਸਮਝ ਤੋਂ ਦੂਰ ਰੱਖਣ ਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਣ ਦਾ ਹੈ ਕਿਉਂਕਿ ਭਗਤੀ ਦੀ ਸੱਚੀ ਸਮਝ ਵਿੱਚ ਤੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ ਭਾਵ ਇੱਕੋ ਹੀ ਗੱਲ ਹੈ। ਜਿੱਥੇ ਭਗਤੀ ਦਾ ਸੱਚਾ ਗਿਆਨ ਹੈ ਉਸੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਦੇ ਵਿੱਚ ਭਗਤੀ ਦਾ ਸੱਚਾ ਗਿਆਨ ਹੈ ਤੇ ਉਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

"ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥"

(ਅੰਗ - ੪੫੬)

ਇਨ੍ਹਾਂ ਪੰਗਤੀਆਂ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਕਿ ਪ੍ਰਮਾਤਮਾ ਕੀ ਹੈ। ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰਦੇ ਹਾਂ ਕਿ ਪ੍ਰਮਾਤਮਾ ਆਪਣੇ ਕਿਸ ਰੂਪ ਵਿੱਚ ਸਭ ਜਗ੍ਹਾ ਸਮਾਇਆ ਹੋਇਆ ਹੈ ਭਾਵ ਆਪਣੀ ਕਲਾ ਕਿਸ ਰੂਪ ਵਿੱਚ ਵਰਤਾ ਰਿਹਾ ਹੈ ਜੋ ਰੂਪ ਅਸੀਂ ਉਸਦਾ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਜੋ ਕਿ ਉਸਦਾ ਬ੍ਰਹਮਗਿਆਨ ਰੂਪ ਹੈ। ਪ੍ਰਮਾਤਮਾ ਹਰ ਜਗ੍ਹਾ ਆਪਣੀ ਕਲਾ ਆਪਣੇ ਗਿਆਨ ਰੂਪ ਦੁਆਰਾ ਹੀ ਵਰਤਾ ਰਿਹਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਹੈ ਆਪਣੇ ਉਸੇ ਰੂਪ ਵਿੱਚ ਹੀ ਉਹ ਜਲ ਥਲ ਵਿੱਚ ਸਮਾਇਆ ਹੋਇਆ ਹੈ ਭਾਵ ਸ੍ਰਿਸ਼ਟੀ ਦੇ ਹਰ ਆਕਾਰ ਵਿੱਚ ਸਮਾਇਆ ਹੋਇਆ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੇ "ਗਿਆਨ ਅੰਜਨ" ਦੇ ਰੂਪ ਵਿੱਚ ਹੈ ਭਾਵ ਗਿਆਨ ਵਾਲੀ ਉੱਚੀ ਸਮਝ ਦੇ ਰੂਪ ਵਿੱਚ ਹੈ ਜਿਸ ਦੁਆਰਾ ਉਹ ਆਪਣੀ ਭਗਤੀ ਦਾ ਸੱਚਾ ਗਿਆਨ ਦਿੰਦਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੀ ਭਗਤੀ ਦਾ ਸੱਚਾ ਗਿਆਨ ਦਿੱਤਾ ਹੈ ਉਨ੍ਹਾਂ ਦੀ ਸਮਝ ਦੇ ਅੰਦਰ ਆਪਣਾ ਗਿਆਨ ਰੂਪ "ਅੰਜਨ" ਆਪ ਹੀ ਪਾਇਆ ਹੈ। ਭਗਤੀ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਆਪਣੇ ਇਸੇ ਰੂਪ ਵਿੱਚ ਉਹ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਸਭ ਜਗ੍ਹਾ ਸਮਾਇਆ ਹੋਇਆ ਹੈ। ਪ੍ਰਮਾਤਮਾ ਦਾ ਦਿੱਤਾ ਹੋਇਆ ਭਗਤੀ ਦਾ ਇਹ ਸੱਚਾ ਗਿਆਨ ਹੀ ਉਸਦਾ ਨਾਮੁ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ ਤੇ ਸੱਚੇ ਗਿਆਨ ਦਾ ਮਕਸਦ ਭਾਵ ਨਾਮੁ ਦਾ ਮਕਸਦ ਮਨੁੱਖੀ ਸਮਝ ਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ, ਮਾਇਆ ਦੇ ਭਉ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਕਾਫ਼ੀ ਆਸਾਨੀ ਨਾਲ ਹਰ ਕੋਈ ਸਮਝ ਸਕਦਾ ਹੈ ਪਰ ਫਿਰ ਵੀ ਅਸੀਂ ਜੇਕਰ

ਨਹੀਂ ਸਮਝਦੇ ਭਾਵ ਨਹੀਂ ਮੰਨਦੇ ਤਾਂ ਫਿਰ ਇਹ ਸਾਡੀ ਸਿਆਣਪ ਹੈ ਭਾਵ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ ਜਿਸਦਾ ਮਕਸਦ ਹੀ ਸਾਨੂੰ ਭਗਤੀ ਦੀ ਸੱਚੀ ਸਮਝ ਵਾਲੇ ਗਿਆਨ ਦੇ ਨਾਲ ਨਾ ਜੁੜਨ ਦੇਣ ਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਨਾ ਜੁੜਨ ਦੇਣ ਦਾ ਹੈ ਕਿਉਂਕਿ ਭਗਤੀ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਇਸੇ ਲਈ ਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਗਿਆ ਹੈ ਕਿ ਸੱਚੀ ਭਗਤੀ ਦੀ ਸਮਝ ਕੇਵਲ ਉਸਨੂੰ ਹੀ ਲੱਗਦੀ ਹੈ ਜਿਸਦਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈਣਾ ਜਾਂ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ। ਇਸੇ ਲਈ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਦੇ ਵਿੱਚ ਹੀ ਹੈ। ਇਸੇ ਲਈ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੀ ਮਾਇਆ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜੋ ਮਨੁੱਖ ਨੂੰ ਭਗਤੀ ਦਾ ਸੱਚਾ ਮਾਰਗ ਸਮਝਣ ਤੋਂ ਉਲਝਾ ਕੇ ਰੱਖਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਦੀ ਹੈ। ਸਾਡੇ ਅੰਦਰ ਦੀ ਮਾਇਆ ਦਾ ਮਕਸਦ ਭਾਵ ਮਾਇਆ ਦੀ ਜੁਗਤਿ ਦਾ ਮਕਸਦ, ਮਾਇਆ ਰੂਪ ਕਲਾ ਦਾ ਮਕਸਦ ਪ੍ਰਮਾਤਮਾ ਦੀ ਕਲਾ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਦੂਰ ਰੱਖਣ ਦਾ ਹੀ ਹੈ । ਜੋ ਧਰਮ ਦੇ ਸੱਚੇ ਮਾਰਗ ਨੂੰ ਜਾਣ ਲੈਂਦਾ ਹੈ, ਉਹੀ ਪ੍ਰਮਾਤਮਾ ਦੇ ਗਿਆਨ ਦੀ ਕਲਾ ਨੂੰ ਸਮਝ ਸਕਦਾ ਹੈ ਜੋ ਕਲਾ ਉਸਦੀ ਸਭ ਜਗ੍ਹਾ ਤੇ ਸਭ ਵਿੱਚ ਵਰਤ ਰਹੀ ਹੈ, ਹਰ ਵੇਲੇ ਵਰਤ ਰਹੀ ਹੈ। ਹਰ ਜਗ੍ਹਾ ਪ੍ਰਮਾਤਮਾ ਦੇ ਨਾਮ ਦੀ ਕਲਾ ਹੀ ਵਰਤ ਰਹੀ ਹੈ। (**ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥**)

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥”

(ਅੰਗ - ੧੨੦)

ਅਸੀਂ ਉੱਪਰ ਵਾਲੀਆਂ ਪੰਗਤੀਆਂ ਨੂੰ ਪਿੱਛੇ ਸਮਝਿਆ ਵੀ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਸ਼ਬਦ ਹੀ ਹਨ, ਹਰ ਧਰਮ ਗ੍ਰੰਥ ਵਿੱਚ ਸ਼ਬਦ ਹੀ ਹਨ ਤੇ ਹਰ ਸ਼ਬਦ ਦਾ ਮਕਸਦ ਸਾਨੂੰ ਕੁੱਝ ਸਮਝਾਉਣ ਲਈ ਹੀ ਹੁੰਦਾ ਹੈ ਭਾਵ ਗਿਆਨ ਦੇਣ ਲਈ ਹੀ ਹੁੰਦਾ ਹੈ। ਗੁਰੂ ਦੇ ਸ਼ਬਦ ਸਾਨੂੰ ਜੋ ਸਮਝ ਪਾਉਂਦੇ ਹਨ ਉਹ ਪ੍ਰਮਾਤਮਾ ਉਸ ਸਮਝ ਦੇ ਅੰਦਰ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਅੰਦਰ ਹੈ ਜੋ ਸੱਚਾ ਗਿਆਨ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ ਭਾਵ ਜਿਸ ਮਨੁੱਖ ਦੇ ਅੰਦਰ ਭਗਤੀ ਦੀ ਸਮਝ ਵਾਲਾ ਸੱਚਾ ਗਿਆਨ ਹੈ ਉਸ “ਸੱਚੇ ਗਿਆਨ” ਦੇ ਰੂਪ ਵਿੱਚ ਉਸਦੇ ਅੰਦਰ ਪ੍ਰਮਾਤਮਾ ਆਪ ਹੈ ਭਾਵ ਉਸਦੀ ਸਮਝ ਦੇ ਅੰਦਰ ਪ੍ਰਮਾਤਮਾ ਆਪ ਹੈ। ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਹੀ ਨਾਮ ਹੈ ਜੋ ਕਿ ਬ੍ਰਹਮਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਆਪਣੀ ਸੱਚੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਮਨ ਦੀ ਸਮਝ ਰਾਹੀਂ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਜਿੰਨ੍ਹਾਂ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ ਇਸੇ ਲਈ ਉਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ ਜਿਸ ਕਰਕੇ ਉਹ ਸਾਨੂੰ ਸ਼ਬਦਾਂ ਦੀ ਕਥਨੀ ਦੇ ਨਾਲ ਜੋੜਦੇ ਹਨ। ਸ਼ਬਦਾਂ ਦੀ ਲਿਖਤ ਨੂੰ ਪੜ੍ਹੀ ਜਾਣ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ ਪਰ ਭਗਤੀ ਦਾ ਅਸਲ ਮਾਰਗ ਸਾਡੀ ਕਰਨੀ ਦਾ ਹੈ ਤੇ ਸ਼ਬਦਾਂ ਦੀ ਸੱਚੀ ਸਮਝ ਸਾਨੂੰ ਸਾਡੀ ਕਰਨੀ ਹੀ ਸਮਝਾਉਂਦੀ ਹੈ। ਗੁਰੂ ਵਿੱਚ ਤੇ ਆਮ ਮਨੁੱਖ ਵਿੱਚ ਸਮਝ ਦਾ ਹੀ ਫਰਕ ਹੈ। ਗੁਰੂ ਦੀ ਸਮਝ ਸੱਚੇ ਗਿਆਨ ਵਾਲੀ ਹੈ ਤੇ ਮਨੁੱਖੀ ਸਮਝ ਮਾਇਆ ਵਾਲੀ ਹੈ ਜਿਸ ਸਮਝ ਦਾ ਮਕਸਦ ਹੀ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਭਾਵ ਸ਼ਬਦਾਂ ਦੀ ਸੱਚੀ ਸਮਝ ਤੋਂ ਦੂਰ ਰੱਖਣ ਦਾ ਹੈ ਜਿਸ ਸੱਚੀ ਸਮਝ ਦੇ ਵਿੱਚ ਪ੍ਰਮਾਤਮਾ ਆਪ ਹੈ। ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਹੀ ਬ੍ਰਹਮ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਇਹੀ ਉਸਦਾ ਨਾਮੁ ਵਾਲਾ ਰੂਪ ਹੈ ਜਿਸ ਰਾਹੀਂ ਉਹ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ। (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**)

ਜੋ ਭਗਤੀ ਦੇ ਸੱਚੇ ਮਾਰਗ ਨੂੰ ਜਾਣ ਲੈਂਦਾ ਹੈ ਭਾਵ ਮਨ ਦੇ ਭਰਮਾਂ ਵਿੱਚੋਂ ਨਿਕਲ ਜਾਂਦਾ ਹੈ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹੀ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਸਮਝ ਸਕਦਾ ਹੈ ਜਿਵੇਂ ਕਿ ਅਸੀਂ ਪਿਛਲੇ ਮੁੱਖ ਸ਼ਬਦ ਰਾਹੀਂ ਸਮਝ ਰਹੇ ਹਾਂ।

ਪਉੜੀ ॥

“ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥
ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥”

(ਅੰਗ - ੯੪੮)

ਭਗਤੀ ਦੇ ਸਹੀ ਮਾਰਗ ਤੇ ਚੱਲਣ ਲਈ ਭਾਵ ਪ੍ਰਮਾਤਮਾ ਦੀ ਸੱਚੀ ਸਿਫ਼ਤ ਜਿੰਨ੍ਹਾਂ ਨੂੰ ਕਰਨੀ ਆਉਂਦੀ ਹੈ ਉਨ੍ਹਾਂ ਨੂੰ ਆਪਣੀ ਸਿਫ਼ਤ ਕਰਨੀ ਭਾਵ ਨਾਮ ਜਪਣ ਦਾ ਮਾਰਗ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਆਪਣੀ ਮਤਿ ਦੇਣ ਦੁਆਰਾ ਹੀ ਸਮਝਾਉਂਦਾ ਹੈ। ਜਿਸਨੂੰ ਪ੍ਰਮਾਤਮਾ ਆਪਣੀ ਸੱਚੀ ਮਤਿ ਦਿੰਦਾ ਹੈ ਉਹ ਆਪਣੇ ਨਾਮੁ ਦੇ ਰੂਪ ਵਿੱਚ ਹੀ ਦਿੰਦਾ ਹੈ ਜੋ ਨਾਮੁ ਪ੍ਰਮਾਤਮਾ ਕੇਵਲ ਆਪ ਹੀ ਆਪਣੀ ਬਖਸ਼ਿਸ਼ ਦੇ ਰੂਪ ਵਿੱਚ ਦਿੰਦਾ ਹੈ। ਪ੍ਰਮਾਤਮਾ ਆਪ ਇਸ ਨਾਮੁ ਦੇ ਰੂਪ ਵਿੱਚ ਹੀ ਹੈ ਜਿਸ ਨਾਮੁ ਦੁਆਰਾ ਭਾਵ ਸੱਚੇ ਗਿਆਨ ਦੁਆਰਾ ਪ੍ਰਮਾਤਮਾ ਸਦਾ ਹੀ ਥਿਰ ਰਹਿਣ ਵਾਲਾ ਹੈ, ਆਪਣੇ ਨਾਮੁ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਆਪਣੇ ਸਾਇੰਟਿਫਿਕ ਰੂਪ ਵਿੱਚ ਉਹ ਸਦਾ ਹੀ ਥਿਰ ਹੈ, ਸਭ ਜਗ੍ਹਾ ਤੇ ਥਿਰ ਹੈ (**ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥**) ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਕਿਸ ਤਰੀਕੇ ਸਭ ਦੇ ਵਿੱਚ ਥਿਰ ਹੈ ਭਾਵ ਟਿਕਿਆ ਹੋਇਆ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥”

ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀ ਭਗਤੀ ਦਾ ਭਾਵ ਪ੍ਰਮਾਤਮਾ ਦੀ ਸਿਫ਼ਤ ਕਰਨ ਦਾ, ਪ੍ਰਮਾਤਮਾ ਦਾ ਨਾਮ ਜਪਣ ਦਾ ਉਹ ਕਿਹੜਾ ਤਰੀਕਾ ਹੈ ਜਿਸ ਦੁਆਰਾ ਪਉਣ, ਪਾਣੀ, ਬੈਸੰਤਰ ਪ੍ਰਮਾਤਮਾ ਦੀ ਸੱਚੀ ਭਗਤੀ ਕਰ ਰਹੇ ਹਨ। ਇਹ ਸਭ ਪ੍ਰਮਾਤਮਾ ਦੇ “**ਹੁਕਮ**” ਵਿੱਚ ਚੱਲ ਰਹੇ ਹਨ ਭਾਵ ਇੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਜਿਹੋ ਜਿਹਾ ਆਪਣਾ ਸੱਚਾ ਗਿਆਨ ਪਾਇਆ ਹੋਇਆ ਹੈ ਇਹ ਬਿਲਕੁਲ ਉਸੇ ਤਰ੍ਹਾਂ ਹੀ ਉਸ ਗਿਆਨ ਅਨੁਸਾਰ ਚੱਲਕੇ ਆਪਣਾ ਫਰਜ ਨਿਭਾ ਰਹੇ ਹਨ ਭਾਵ ਜਿਹੋ ਜਿਹਾ ਹੁਕਮ ਪ੍ਰਮਾਤਮਾ ਨੇ ਇਨ੍ਹਾਂ ਨੂੰ ਮੰਨਣ ਲਈ ਦਿੱਤਾ ਹੈ ਭਾਵ ਇਨ੍ਹਾਂ ਦੇ ਅੰਦਰ ਪਾਇਆ ਹੈ ਇਹ ਬਿਲਕੁਲ ਉਸੇ ਤਰ੍ਹਾਂ ਸਾਇੰਟਿਫਿਕ ਗਿਆਨ ਨੂੰ ਮੰਨ ਰਹੇ ਹਨ ਭਾਵ ਉਸ ਵਿੱਚ ਆਪਣੀ ਕੋਈ ਸਮਝ ਨਹੀਂ ਵਰਤਦੇ ਤੇ ਆਪਣੇ ਸੱਚੇ ਮਾਰਗ ਤੋਂ ਕਦੇ ਨਹੀਂ ਭਟਕਦੇ। ਪ੍ਰਮਾਤਮਾ ਦੇ ਸੱਚੇ ਹੁਕਮ ਨੂੰ ਪੂਰਨ ਰੂਪ ਵਿੱਚ ਮੰਨਣਾ ਹੀ ਪ੍ਰਮਾਤਮਾ ਦੀ ਭਗਤੀ ਹੈ, ਉਸਦਾ ਨਾਮ ਜਪਣਾ ਹੈ ਭਾਵ ਉਸਦੀ ਸਿਫ਼ਤਿ ਸਾਲਾਹ ਕਰਨਾ ਹੈ। ਜਿਸ ਕੋਲੋਂ ਪ੍ਰਮਾਤਮਾ ਆਪਣੀ ਸੱਚੀ ਸਿਫ਼ਤਿ ਕਰਵਾਉਂਦਾ ਹੈ, ਉਸਨੂੰ ਆਪਣਾ ਹੁਕਮ ਆਪ ਹੀ ਬੁਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਹਰ ਆਕਾਰ ਰੂਪ ਦੇ ਵਿੱਚ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ। ਜੋ ਪ੍ਰਮਾਤਮਾ ਦੇ ਹੁਕਮ ਨੂੰ ਮੰਨਦਾ ਹੈ ਉਹੀ ਪ੍ਰਮਾਤਮਾ ਦੇ ਭਉ ਨੂੰ ਮੰਨਦਾ ਹੈ, ਉਸਦੇ ਡਰ ਨੂੰ ਮੰਨਦਾ ਹੈ। ਹੁਣ ਧਿਆਨ ਨਾਲ ਸਮਝਣ ਦੀ ਇਹ ਗੱਲ ਹੈ ਕਿ ਉਹ ਕਿਹੜਾ “**ਭਉ**” ਹੈ ਭਾਵ ਵੱਡਾ ਭਉ ਹੈ ਜਿਸ ਭਉ ਵਿੱਚ ਪਉਣ, ਪਾਣੀ, ਬੈਸੰਤਰ ਨੂੰ ਦੱਸਿਆ ਹੈ ਜੋ ਪ੍ਰਮਾਤਮਾ ਦੇ ਹੁਕਮ ਨੂੰ ਮੰਨਦੇ ਹਨ। ਇਨ੍ਹਾਂ ਦੇ ਅੰਦਰ ਦੇ “**ਭਉ**” ਨੂੰ ਸਮਝਣਾ ਭਾਵ ਪਉਣ, ਪਾਣੀ, ਬੈਸੰਤਰ ਦੇ ਅੰਦਰ “**ਭਉ**” ਕਿਸ ਗੱਲ ਦਾ ਹੈ ਇਸ ਗੱਲ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ ਭਾਵ ਤ੍ਰੈਗੁਣਾਂ ਵਾਲੀ

ਸਮਝ ਵਿੱਚ ਰਹਿੰਦਿਆਂ ਸਮਝਣਾ ਨਾਮੁਮਕਿਨ ਹੈ। ਇਨ੍ਹਾਂ ਦੇ ਅੰਦਰ ਭਉ ਕਿਸ ਗੱਲ ਦਾ ਹੈ ਇਸ ਗੱਲ ਨੂੰ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਭਾਵ ਚੌਥੇ ਪਦ ਵਾਲੀ ਸਮਝ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ‘‘ਭਉ’’ ਕੀ ਹੈ ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਸਮਝਿਆ ਹੈ। ਭਉ ਸਾਡੇ ਸਭ ਦੇ ਅੰਦਰ ਹੈ ਜੋ ਕਿ ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਛੱਡਣ ਦਾ ਭਉ ਹੈ ਕਿਉਂਕਿ ਮਾਇਆ ਸਭ ਨੂੰ ਚੰਗੀ ਲੱਗਦੀ ਹੈ, ਮਾਇਆ ਦੇ ਸੁੱਖ ਸਭ ਨੂੰ ਭਾਉਂਦੇ ਹਨ, ਤ੍ਰਿਸ਼ਨਾਵਾਂ ਦੀ ਪੂਰਤੀ ਸਭ ਨੂੰ ਭਾਉਂਦੀ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਭਾਵ ਮਾਇਆ ਮੋਹ ਸਭ ਨੂੰ ਛੱਡਣਾ ਬਹੁਤ ਔਖਾ ਲੱਗਦਾ ਹੈ ਤੇ ਮਨ ਦੇ ਇਸ ਭੈ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਆਪਣੇ ਅੰਦਰ ਗੁਰੂ ਦੇ ਭਉ ਨੂੰ ਨਹੀਂ ਵੱਸਾ ਸਕਦੇ ਭਾਵ ਗੁਰਮਤਿ ਤੇ ਚੱਲਣ ਦੇ, ਸੱਚ ਤੇ ਚੱਲਣ ਦੇ ਭਉ ਨੂੰ ਆਪਣੇ ਅੰਦਰ ਨਹੀਂ ਵੱਸਾ ਸਕਦੇ ਜਿਸ ਭਉ ਦੇ ਸਾਡੇ ਅੰਦਰ ਵੱਸੇ ਬਿਨ੍ਹਾਂ ਅਸੀਂ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ। ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਵਾਰ ਸਮਝਿਆ ਹੈ।

{ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥
ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ - ੧੦੮੯)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥}

(ਅੰਗ - ੧੦੧੦)

ਪ੍ਰਮਾਤਮਾ ਦੀ ਸੱਚੀ ਭਗਤੀ ਉਸਦਾ ਪਾਇਆ ਹੋਇਆ ਭਉ ਮੰਨਣ ਦੁਆਰਾ ਹੀ ਹੁੰਦੀ ਹੈ ਜੋ ਭਉ ਉਸਨੇ ਗੁਰਬਾਣੀ ਰਾਹੀਂ ਸੱਚ ਤੇ ਚੱਲਣ ਦਾ ਪਾਇਆ ਹੋਇਆ ਹੈ ਭਾਵ ਗੁਰਮਤਿ ਤੇ ਪੂਰਾ ਉਤਰਨ ਲਈ ਪਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੀ ਭਗਤੀ ਉਸਦੀ ਗੁਰਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਦੁਆਰਾ ਹੀ ਹੋ ਸਕਦੀ ਹੈ। ਗੁਰਮਤਿ ਨੂੰ ਮੰਨਣਾ ਹੀ ਪ੍ਰਮਾਤਮਾ ਦੇ ‘‘ਹੁਕਮ’’ ਨੂੰ ਮੰਨਣਾ ਹੈ ਭਾਵ ਉਸਦੇ ਸੱਚੇ ਭਉ ਨੂੰ ਮੰਨਣਾ, ਉਸਦੇ ਨਾਮ ਨੂੰ ਮੰਨਣਾ, ਉਸਦੇ ਹੁਕਮ ਨੂੰ ਮੰਨਣਾ ਇੱਕੋ ਹੀ ਗੱਲ ਹੈ ਜੋ ਕਿ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਇੱਕੋ ਇੱਕ ਮਾਰਗ ਹੈ, ਸਭ ਲਈ ਇੱਕੋ ਇੱਕ ਮਾਰਗ ਹੈ। ਹੁਣ ਧਿਆਨ ਨਾਲ ਸਮਝੋ ਕਿ ਪੌਣ-ਪਾਣੀ ਬੈਸੰਤਰ ਨੂੰ ਕਿਸਦਾ ਭਉ ਹੈ। ਜੋ ਪ੍ਰਮਾਤਮਾ ਦੇ ਹੁਕਮ ਵਿੱਚ ਚੱਲਣਾ ਹੈ ਭਾਵ ਜੋ ਪ੍ਰਮਾਤਮਾ ਦੇ ਹੁਕਮ ਤੇ ਪੂਰਾ ਉਤਰਨਾ ਹੈ ਉਹੀ ਉਸਦੇ ਭਉ ਨੂੰ ਕਬੂਲ ਕਰਨਾ ਹੈ, ਪ੍ਰਮਾਤਮਾ ਦੇ ਭਉ ਵਿੱਚ ਰਹਿਣਾ ਹੈ, ਸੱਚ ਤੇ ਚੱਲਣ ਦੇ ਭਉ ਵਿੱਚ ਰਹਿਣਾ ਹੈ, ਨਾਮ ਜਪਣ ਦੇ ਭਉ ਵਿੱਚ ਰਹਿਣਾ ਹੈ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ। ‘‘**ਪਉਣੁ ਪਾਣੀ ਬੈਸੰਤਰੋ**’’ ਕੋਈ ਮੁੱਖੋਂ ਬੋਲ ਬੋਲ ਕੇ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੇ ਭਾਵ ਕਥਨੀ ਵਾਲੀ ਭਗਤੀ ਨਹੀਂ ਕਰਦੇ ਬਲਕਿ ਉਨ੍ਹਾਂ ਦੀ ਕਰਨੀ ਸ਼ੁੱਧ ਹੈ, ਚੰਗੀ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦਾ ਹੁਕਮ ਮੰਨਦੇ ਹਨ, ਉਸਦਾ ਨਾਮ ਜਪਦੇ ਹਨ, ਉਸਦਾ ਭਉ ਮੰਨਦੇ ਹਨ। ਜਿਸਨੂੰ ਪ੍ਰਮਾਤਮਾ ਆਪਣੇ ਭਉ ਵਿੱਚ ਰੱਖਦਾ ਹੈ ਉਸਨੂੰ ਹੋਰ ਹਰ ਭਉ ਵਿੱਚੋਂ ਨਿਰਭਉ ਬਣਾਕੇ ਰੱਖਦਾ ਹੈ ਜੋ ਨਿਰਭਉ ਰੂਪ ਉਸਦਾ ਆਪਣਾ ਰੂਪ ਹੈ। ਸੱਚਾ ਗਿਆਨ, ਸਾਇੰਟਿਫਿਕ ਗਿਆਨ ‘‘ਨਿਰਭਉ’’ ਗਿਆਨ ਹੈ ਜੋ ਕਿਸੇ ਦਾ ਭਉ ਨਹੀਂ ਮੰਨਦਾ। ਪੌਣ-ਪਾਣੀ ਬੈਸੰਤਰ ਨਿਰਭਉ ਹੋ ਕੇ ਵਿਚਰਦੇ ਹਨ, ਪੂਰੇ ਸਾਇੰਟਿਫਿਕ ਗਿਆਨ ਦੁਆਰਾ ਵਿਚਰਦੇ ਹਨ ਜਿੰਨ੍ਹਾਂ ਨੂੰ ਕੋਈ ਆਪਣੇ ਮਾਰਗ ਤੋਂ ਨਹੀਂ ਹਟਾ ਸਕਦਾ ਭਾਵ ਉਨਾਂ ਦੇ ਅੰਦਰ ਦੀ ਸਾਇੰਟਿਫਿਕ ਸਮਝ ਕਦੇ ਬਦਲ ਨਹੀਂ ਸਕਦੀ। ਜਿਹੋ ਜਿਹਾ ਹੁਕਮ ਪ੍ਰਮਾਤਮਾ ਨੇ ‘‘ਪਉਣ’’ ਦੇ ਅੰਦਰ ਪਾਇਆ ਹੈ ਉਹ ‘‘ਨਿਰਭਉ’’ ਹੋ ਕੇ ਵਿਚਰਦੀ ਹੈ ਭਾਵ ਕਿਸੇ ਦੇ ਭਉ ਵਿੱਚ ਨਹੀਂ ਆਉਂਦੀ। ਅਗਰ ਹਵਾ ਹਨੇਰੀ ਦਾ ਰੂਪ ਬਣਕੇ ਚੱਲਦੀ ਹੈ ਤੇ ਉਸਦੇ ਨਾਲ ਅਨੇਕਾਂ ਦਾ ਨੁਕਸਾਨ ਵੀ ਹੁੰਦਾ ਹੈ ਪਰ ਹਵਾ ਨਿਰਭਉ ਹੈ, ਉਹ ਆਪਣਾ ਮਾਰਗ ਨਹੀਂ ਛੱਡਦੀ। ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਉਸਦੇ ਸੱਚੇ ਗਿਆਨ ਦਾ ਰੂਪ ਹੈ ਜਿਸ ਕਰਕੇ ਉਹ ਬੇਪਰਵਾਹ ਹੈ। ਇਹ ਹਵਾ ਨੂੰ ਹੀ ਸਮਝ ਹੈ ਕਿ ਜੇਕਰ ਤੇਜ਼ ਹਵਾ ਚੱਲਣ ਨਾਲ ਕਿਸੇ ਦਾ ਨੁਕਸਾਨ ਹੁੰਦਾ ਹੈ ਤੇ ਉਸਦੇ ਨਾਲ ਅਨੇਕਾਂ ਦਾ ਫਾਇਦਾ ਵੀ ਹੁੰਦਾ ਹੈ, ਬਾਰਿਸ਼ ਵੀ ਆਉਂਦੀ ਹੈ ਭਾਵ ਜੋ ਹਵਾ ਦੇ ਅੰਦਰ ਪਾਏ ਹੋਏ ਗੁਣ ਹਨ ਇਹ ਪ੍ਰਮਾਤਮਾ ਆਪ ਹੀ ਜਾਣਦਾ ਹੈ ਤੇ ਉਸਨੇ ਆਪਣੀ ਸ੍ਰਿਸ਼ਟੀ ਨੂੰ ਕਿਸ ਤਰੀਕੇ ਚਲਾਉਣਾ ਹੈ, ਕਿਸ ਤਰੀਕੇ ਉਸਦੀ ਸੰਭਾਲ ਕਰਨੀ ਹੈ, ਕਿਸ ਤਰੀਕੇ ਸ੍ਰਿਸ਼ਟੀ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ ਇਹ ਪ੍ਰਮਾਤਮਾ ਆਪ ਹੀ ਜਾਣਦਾ ਹੈ। ਇਹੀ ਗੱਲ ਪਾਣੀ ਦੀ

ਹੈ ਤੇ ਇਹੀ ਗੱਲ ਅਗਨੀ ਦੀ ਹੈ। ਉਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਜਿਹੋ ਜਿਹਾ ਸਾਇੰਟਿਫਿਕ ਗਿਆਨ ਪਾ ਛੱਡਿਆ ਹੈ ਭਾਵ ਆਪਣਾ ਹੁਕਮ ਪਾ ਛੱਡਿਆ ਹੈ ਭਾਵ ਆਪਣਾ ਹੁਕਮ ਮਨਾਉਣ ਦਾ ਭਉ ਪਾ ਛੱਡਿਆ ਹੈ ਉਨ੍ਹਾਂ ਨੇ ਉਹੀ ਕੁੱਝ ਕਰਨਾ ਹੈ ਭਾਵ ਨਿਰਭਉ ਹੋ ਕੇ ਵਿਚਰਨਾ ਹੈ, ਬੇਪਰਵਾਹ ਹੋ ਕੇ ਵਿਚਰਨਾ ਹੈ ਭਾਵ ਆਪਣੇ ਸੱਚੇ ਮਾਰਗ ਤੋਂ, ਉਨ੍ਹਾਂ ਦੇ ਅੰਦਰ ਸਾਇੰਟਿਫਿਕਲੀ ਪ੍ਰਮਾਤਮਾ ਦੇ ਤੈਅ ਕੀਤੇ ਹੋਏ ਮਾਰਗ ਤੋਂ ਉਹ ਕਦੇ ਨਹੀਂ ਭਟਕਦੇ। ਪ੍ਰਮਾਤਮਾ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਚੱਲਣਾ ਹੀ, ਉਸਦੇ ਹੁਕਮ ਨੂੰ ਮੰਨਣਾ ਹੀ, ਉਸਦੇ ਭਉ ਨੂੰ ਕਬੂਲ ਕਰਨਾ ਹੀ ਇੱਕੋ ਇੱਕ ਪ੍ਰਮਾਤਮਾ ਦੀ ਭਗਤੀ ਦਾ ਸੱਚਾ ਮਾਰਗ ਹੈ। ਇਨ੍ਹਾਂ ਸਭ ਦੇ ਅੰਦਰ ਹੁਕਮ ਇੱਕੋ ਇੱਕ ਪ੍ਰਮਾਤਮਾ ਦੀ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦਾ ਹੀ ਹੈ। ਸਭ ਦੇ ਅੰਦਰ ਹੁਕਮ ਇੱਕੋ ਇੱਕ ਪ੍ਰਮਾਤਮਾ ਦਾ ਹੀ ਵਰਤਦਾ ਹੈ ਤੇ ਮਨੁੱਖ ਦੇ ਅੰਦਰ ਵੀ ਉਸ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਪਰ ਮਨੁੱਖ ਉਸਦੇ ਹੁਕਮ ਨੂੰ ਸਮਝ ਨਹੀਂ ਸਕਦਾ ਕਿਉਂਕਿ ਉਸਨੇ ਆਪ ਹੀ ਮਨੁੱਖੀ ਸਮਝ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਸਾਡੇ ਅੰਦਰ ਤ੍ਰੈਗੁਣਾਂ ਵਾਲਾ ਹੁਕਮ ਵੀ ਉਸੇ ਦਾ ਹੀ ਵਰਤ ਰਿਹਾ ਹੈ ਪਰ ਉਸਨੂੰ ਬੁੱਝਿਆ ਤਾਂ ਹੀ ਜਾ ਸਕਦਾ ਹੈ ਜਦੋਂ ਅਸੀਂ ਬੁੱਝਣ ਦੇ ਉਸ ਤਰੀਕੇ ਤੇ ਚੱਲਣ ਦਾ ਉੱਦਮ ਕਰੀਏ ਜੋ ਤਰੀਕਾ ਉਸਨੇ ਉਸ ਦਾ ਹੁਕਮ ਬੁੱਝਣ ਲਈ ਸਾਨੂੰ ਪ੍ਰਮਾਤਮਾ ਨੇ ਗੁਰਬਾਣੀ ਰਾਹੀਂ ਆਪ ਹੀ ਸਮਝਾਇਆ ਹੋਇਆ ਹੈ। ਉਸਨੇ ਗੁਰਬਾਣੀ ਰਾਹੀਂ ਜੋ ਤਰੀਕਾ ਸਮਝਾਇਆ ਹੋਇਆ ਹੈ ਉਹ ਆਪਣੇ ਹੁਕਮ ਦੇ ਰੂਪ ਵਿੱਚ ਹੀ ਸਮਝਾਇਆ ਹੋਇਆ ਹੈ ਭਾਵ ਆਪਣੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੀ ਸਮਝਾਇਆ ਹੋਇਆ ਹੈ ਤੇ ਜੇਕਰ ਪਹਿਲੇ ਉਸਦਾ ਸੱਚਾ ਹੁਕਮ ਮੰਨਾਂਗੇ ਭਾਵ ਭਗਤੀ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਾਂਗੇ ਤੇ ਤਾਂ ਹੀ ਅਸੀਂ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝ ਸਕਦੇ ਹਾਂ ਤੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਕਰ ਸਕਦੇ ਹਾਂ ਭਾਵ "**ਸੁਖ**" ਦੀ ਪ੍ਰਾਪਤੀ ਕਰ ਸਕਦੇ ਹਾਂ। (**ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥ ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥ ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥**)

ਜੋ ਕੁੱਝ ਅਸੀਂ ਸੱਚੀ ਭਗਤੀ ਦਾ ਮਾਰਗ ਉਪਰਲੇ ਸ਼ਬਦ ਰਾਹੀਂ ਸਮਝਿਆ ਹੈ ਉਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਣ ਵਿੱਚ ਕੋਈ ਭਰਮ ਨਾ ਰਹੇ ਤੇ ਗੁਰੂ ਦੇ ਸਮਝਾਏ ਹੋਏ ਮਾਰਗ ਨੂੰ ਸੱਚ ਕਰਕੇ ਜਾਣੀਏ, ਗੁਰੂ ਤੇ ਵਿਸ਼ਵਾਸ ਕਰਕੇ ਜਾਣੀਏ ਤੇ ਉਹੋ ਜਿਹਿਆਂ ਦੇ ਪਾਏ ਹੋਏ ਭਰਮਾਂ ਵਿੱਚੋਂ ਨਿਕਲੀਏ ਜੋ ਸਾਨੂੰ ਕੇਵਲ ਕਥਨੀ ਦੇ ਮਾਰਗ ਨਾਲ ਜੋੜਦੇ ਹਨ, ਸਰੀਰਕ ਜਪਾਂ ਤਪਾਂ ਦੇ ਮਾਰਗ ਨਾਲ ਜੋੜਦੇ ਹਨ ਤੇ ਹੋਰ ਵੀ ਅਨੇਕਾਂ ਭਰਮਾਂ ਵਿੱਚ ਪਾਉਂਦੇ ਹਨ ਜਿੰਨ੍ਹਾਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਨਾ ਹੀ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ, ਨਾ ਹੀ ਉਸ ਤੇ ਚੱਲ ਸਕਦੇ ਹਾਂ ਤੇ ਨਾ ਹੀ ਉਹੋ ਜਿਹਿਆਂ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਕਦੇ ਪਾ ਸਕਦੇ ਹਾਂ।

“ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥
ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥”

(ਅੰਗ – ੫੪੦)

ਬਾਣੀ ਰਾਹੀਂ ਸਾਨੂੰ ਵਾਰ-ਵਾਰ “**ਹਰਿ ਹਰਿ**” ਨਾਮ ਧਿਆਉਣ ਲਈ ਕਿਹਾ ਗਿਆ ਹੈ, “ਹਰਿ ਹਰਿ” ਕਰਨ ਦੁਆਰਾ ਪ੍ਰਮਾਤਮਾ ਦਾ ਜਸ ਗਾਉਣ ਲਈ ਕਿਹਾ ਗਿਆ ਹੈ ਜਿਸਨੂੰ ਕਿ ਅਸੀਂ ਆਪਣੇ ਮੁੱਖੋਂ ਬੋਲ ਬੋਲ ਕੇ ਭਾਵ ਕਿਸੇ ਅੱਖਰ ਦੀ ਕਥਨੀ ਕਰਨ ਦੁਆਰਾ ਹਰਿ ਹਰਿ ਕਰਨਾ ਸਮਝਦੇ ਹਾਂ। ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਹਰ ਆਕਾਰ ਰੂਪ ਭਾਵ ਸ੍ਰਿਸ਼ਟੀ ਵਿੱਚ ਜੋ ਵੀ ਆਕਾਰ ਰੂਪ ਹੈ ਭਾਵੇਂ ਉਹ ਪਹਾੜ ਹਨ, ਪੱਥਰ ਹਨ, ਵਣੁ-ਤ੍ਰਿਣ, ਧਰਤੀ, ਪਾਤਾਲੁ, ਆਕਾਸੁ, ਪਉਣ, ਪਾਣੀ, ਬੈਸੰਤਰ ਹਰ ਕੋਈ ਪ੍ਰਮਾਤਮਾ ਦਾ ਨਾਮੁ ਧਿਆ ਰਿਹਾ ਹੈ, “ਹਰਿ ਹਰਿ” ਕਰਨ ਦੁਆਰਾ ਪ੍ਰਮਾਤਮਾ ਦਾ ਜੱਸ ਗਾ ਰਿਹਾ ਹੈ ਭਾਵ ਸ੍ਰਿਸ਼ਟੀ ਦੀ ਪੂਰੀ ਰਚਨਾ ਪ੍ਰਮਾਤਮਾ ਨੂੰ “ਜਪ” ਰਹੀ ਹੈ। ਅਸਲ ਵਿੱਚ ਹਰ ਕੋਈ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਚੱਲ ਰਿਹਾ ਹੈ ਜੋ ਪ੍ਰਮਾਤਮਾ ਦਾ ਹੁਕਮ ਉਸ ਦੀ ਰਚੀ ਹੋਈ ਸਾਇੰਸ ਦੁਆਰਾ ਸਭ ਦੇ ਅੰਦਰ ਵਰਤ ਰਿਹਾ ਹੈ। ਉਸਦਾ ਹੁਕਮ ਮੰਨਣ ਲਈ “ਕਰਨੀ” ਦੀ ਲੋੜ ਹੈ ਨਾ ਕਿ “ਕਥਨੀ” ਦੀ। ਜਿਸ ਚੀਜ ਦਾ ਕੋਈ ਮੁੱਖ ਹੀ ਨਹੀਂ ਹੁੰਦਾ ਜਿਵੇਂ ਕਿ ਮਿੱਟੀ ਦਾ, ਪੱਥਰ ਦਾ ਕੋਈ ਮੁੱਖ ਹੀ ਨਹੀਂ ਹੈ ਜੋ ਬੋਲ ਹੀ ਨਹੀਂ ਸਕਦੇ ਉਹ ਫਿਰ ਪ੍ਰਮਾਤਮਾ ਦਾ ਨਾਮੁ ਕਿਸ ਤਰੀਕੇ ਜਪ ਰਹੇ ਹਨ ਭਾਵ ਆਪਣੀ ਕਰਨੀ ਦੁਆਰਾ ਜਪ ਰਹੇ ਹਨ। ਜਿਹੋ ਜਿਹੀ ਕਰਨੀ ਕਰਨ ਦਾ ਹੁਕਮ ਪ੍ਰਮਾਤਮਾ ਨੇ ਉਨ੍ਹਾਂ ਦੇ ਅੰਦਰ ਪਾਇਆ ਹੋਇਆ ਹੈ ਉਹ ਆਪਣੀ ਕਰਨੀ ਤੇ ਪੂਰਾ ਉਤਰ ਰਹੇ ਹਨ ਭਾਵ ਅੱਠੇ ਪਹਿਰ, ਦਿਨ ਰਾਤ, ਹਰ ਵੇਲੇ ਪ੍ਰਮਾਤਮਾ ਦਾ ਨਾਮੁ ਜਪ ਰਹੇ ਹਨ। ਪੰਛੀ ਅਨੇਕਾਂ ਤਰੀਕਿਆਂ ਦੀਆਂ ਬੋਲੀਆਂ ਬੋਲਦੇ ਹਨ, ਇਸੇ ਤਰ੍ਹਾਂ ਜਾਨਵਰ ਵੱਖਰੀ ਵੱਖਰੀ ਬੋਲੀਆਂ ਦੁਆਰਾ ਬੋਲਦੇ ਹਨ ਤੇ ਕੀ ਆਪਣੀ ਕਥਨੀ ਦੁਆਰਾ ਉਹ ਸਭ “ਹਰਿ ਹਰਿ” ਹੀ ਬੋਲਦੇ ਹਨ ਭਾਵ ਕਥਨੀ ਨੂੰ ਨਾਮੁ ਜਪਣਾ ਸਮਝਣਾ ਮਨੁੱਖ ਦਾ ਵੱਡਾ ਭਰਮ ਹੈ। ਜਿਹੋ ਜਿਹੀ “ਕਰਨੀ” ਦਾ ਮਾਰਗ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਨੇ ਪਾਇਆ ਹੋਇਆ ਹੈ ਉਸਦੀ ਉਹ ਰਚਨਾ ਉਸੇ ਤਰੀਕੇ ਹੀ ਵਿਚਰ ਰਹੀ ਹੈ, ਸੰਸਾਰ ਵਿੱਚ ਆਪਣਾ ਸੱਚਾ ਫਰਜ਼ ਨਿਭਾ ਰਹੀ ਹੈ ਭਾਵ ਉਸ ਪ੍ਰਮਾਤਮਾ ਦਾ ਹੁਕਮ ਮੰਨ ਰਹੀ ਹੈ, ਉਸਦਾ ਨਾਮੁ ਜਪ ਰਹੀ ਹੈ। ਮਨੁੱਖ ਨੇ ਉਸ ਪ੍ਰਮਾਤਮਾ ਦੇ ਸੱਚੇ ਹੁਕਮ ਨੂੰ ਕਿਸ ਤਰੀਕੇ ਮੰਨਣਾ ਹੈ ਇਹੀ ਸਾਨੂੰ ਬਾਣੀ ਸਮਝਾ ਰਹੀ ਹੈ ਤੇ ਜੋ ਉਸਦੇ ਹੁਕਮ ਨੂੰ ਮੰਨਦਾ ਹੈ ਭਾਵ ਉਸਦੇ ਹੁਕਮ ਅਨੁਸਾਰ ਕਰਨੀ ਕਰਦਾ ਹੈ ਉਹ ਮਨੁੱਖ ਹਰਿ ਹਰਿ ਨਾਮ ਜਪਦਾ ਹੈ ਭਾਵ ਉਹ ਆਪਣਾ ਮਨ ਗੁਰੂ ਦੀ ਭਗਤੀ ਨਾਲ ਜੋੜਦਾ ਹੈ ਤੇ ਪ੍ਰਮਾਤਮਾ ਦੇ ਦਰ ਤੇ ਇਹੋ ਜਿਹੀ ਸੱਚੀ ਭਗਤੀ ਕਰਨ ਵਾਲਿਆਂ ਨੂੰ ਭਾਵ ਇਹੋ ਜਿਹਾ “ਹਰਿ ਹਰਿ” ਕਰਨ ਵਾਲਿਆਂ ਨੂੰ ਮਾਣ ਮਿਲਦਾ ਹੈ। (**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥ ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥ ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥ ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥**)

ਭਗਤੀ ਦੇ ਬੋਲ ਬੋਲਣੇ ਕੀ ਹੁੰਦੇ ਹਨ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ, ਅੱਲ੍ਹਾ ਦੇ ਹੇਠ ਦਿਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੧ ॥
“ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥
ਡਕੈ ਢੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥
ਅੰਧੀ ਢੂਕਿ ਮੁਈ ਦੇਵਾਨੀ ॥
ਖਸਮਿ ਮਿਟੀ ਫਿਰਿ ਭਾਨੀ ॥
ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥
ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥
ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥
ਅੰਧਾ ਕਿਸ ਨੋ ਬੁਕਿ ਸੁਣਾਵੈ ॥
ਖਸਮੈ ਮੂਲਿ ਨ ਭਾਵੈ ॥
ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥
ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥
ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥
ਮਖੰ਀ ਮਿਠੈ ਮਰਣਾ ॥
ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥”

(ਅੰਗ - ੧੨੮੬)

ਉੱਪਰ ਪੂਰੇ ਸ਼ਬਦ ਰਾਹੀਂ ਸਾਨੂੰ ਜਾਨਵਰਾਂ ਤੇ ਪੰਛੀਆਂ ਦਾ ਹਵਾਲਾ ਦੇ ਕੇ ਪ੍ਰਮਾਤਮਾ ਦਾ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ। ਪੂਰੇ ਸ਼ਬਦ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਨਾਮੁ ਜਪਣਾ ਸਾਡੀ ਕਰਨੀ ਦਾ ਮਾਰਗ ਹੀ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਮਾੜੀ ਕਰਨੀ ਤੇ ਚੰਗੀ ਕਰਨੀ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਨਾਮੁ ਉਹ ਜਪਦਾ ਹੈ ਜੋ ਕਿਸੇ ਦਾ ਮਾੜਾ ਨਹੀਂ ਕਰਦਾ। ਚਿੜੀ ਜਿਹੋ ਜਿਹਾ ਜੀਵਨ ਜਿਉਂਦੀ ਹੈ ਤੇ ਅੱਕ ਦਾ ਟਿੱਡਾ ਜਿਹੋ ਜਿਹਾ ਜੀਵਨ ਜਿਉਂਦਾ ਹੈ ਇਹੋ ਜਿਹਿਆਂ ਨੂੰ ਨਾਮ ਜਪਣਾ ਵਾਲਾ ਦੱਸਿਆ ਹੋਇਆ ਹੈ, ਖੁਦਾਇ ਖੁਦਾਇ ਕਰਨ ਵਾਲੇ ਦੱਸਿਆ ਹੋਇਆ ਹੈ। ਨਾ ਚਿੜੀ ਮੁੱਖੋ ਖੁਦਾਇ ਖੁਦਾਇ ਬੋਲਦੀ ਤੇ ਨਾ ਟਿੱਡਾ ਮੁੱਖੋਂ ਖੁਦਾਇ ਖੁਦਾਇ ਬੋਲਦਾ ਹੈ। ਚਿੜੀ ਤਾਂ ਮੁੱਖੋਂ ਚੀਂ ਚੀਂ ਬੋਲਦੀ ਹੈ ਜੋ ਉਸਦੀ ਬੋਲੀ ਹੈ ਭਾਵ ਨਾਮ ਜਪਣਾ ਮੁੱਖੋਂ ਕਥਨੀ ਕਰਨ ਦਾ ਮਾਰਗ ਨਹੀਂ ਹੈ ਬਲਕਿ ਸਾਡੀ ਚੰਗੀ ਕਰਨੀ ਦਾ ਮਾਰਗ ਹੈ। (**ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥ ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥**) (**ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥ ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥**) ਪੂਰੇ ਸ਼ਬਦ ਦੇ ਅਰਥ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ।

ਪਿਛਲੇ ਸ਼ਬਦ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪੂਰੀ ਸ੍ਰਿਸ਼ਟੀ ਵਿੱਚ ਪ੍ਰਮਾਤਮਾ ਦੀ ਕਲਾ ਵਰਤ ਰਹੀ ਹੈ, ਉਸਦੀ ਕੁਦਰਤਿ ਵਰਤ ਰਹੀ ਹੈ ਤੇ ਬਾਣੀ ਸਾਨੂੰ ਇਹ ਸਮਝਾਉਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ, ਸਭ ਜਗ੍ਹਾ ਪ੍ਰਮਾਤਮਾ ਦਾ ਨਾਮੁ ਹੀ ਹੈ ਤੇ ਬਾਣੀ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਸਭ ਜਗ੍ਹਾ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੈ। ਉੱਪਰ ਪਿੱਛੇ ਮੁੱਖ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਸ੍ਰਿਸ਼ਟੀ ਦੀ ਰਚਨਾ ਪ੍ਰਮਾਤਮਾ ਨੇ, ਅੱਲ੍ਹਾ ਨੇ ਆਪਣੇ ਨੂਰ ਦੁਆਰਾ ਕੀਤੀ ਹੈ ਤੇ ਬਾਣੀ ਹੀ ਸਾਨੂੰ ਇਹ ਸਮਝਾਉਂਦੀ ਹੈ ਸਾਰੇ ਆਕਾਰ ਰੂਪ ਦੀ ਰਚਨਾ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੁਆਰਾ ਹੋਈ ਹੈ। ਬਾਣੀ ਹੀ ਸਾਨੂੰ ਇਹ ਸਮਝਾਉਂਦੀ ਹੈ ਸਭ ਜਗ੍ਹਾ ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ

ਹੈ। ਸਭ ਪਾਸੇ ਤਾਂ ਸਾਨੂੰ ਪ੍ਰਮਾਤਮਾ ਦੀ "ਸਾਇੰਸ" ਹੀ ਨਜ਼ਰ ਆਉਂਦੀ ਹੈ ਜੋ ਪੂਰੀ ਤਰ੍ਹਾਂ ਆਪਣੇ ਸਿਸਟਮ ਨਾਲ ਚੱਲ ਰਹੀ ਹੈ ਭਾਵ ਸਾਨੂੰ ਸਾਇੰਸ ਰਾਹੀਂ ਹਰ ਗੱਲ ਦਾ ਜਵਾਬ ਮਿਲ ਜਾਂਦਾ ਹੈ ਕਿ ਕੋਈ ਵੀ ਕੰਮ ਕਿਸ ਤਰੀਕੇ ਹੁੰਦਾ ਹੈ। ਜੇਕਰ ਬਿਜਲੀ ਚਮਕਦੀ ਹੈ ਤੇ ਅਸੀਂ ਉਸਨੂੰ ਸਾਇੰਸ ਦੁਆਰਾ ਸਮਝ ਸਕਦੇ ਹਾਂ ਕਿ ਬਿਜਲੀ ਕਿਉਂ ਚਮਕਦੀ ਹੈ। ਜੇਕਰ ਵਰਖਾ ਹੁੰਦੀ ਹੈ ਤਾਂ ਅਸੀਂ ਇਸ ਗੱਲ ਨੂੰ ਸਾਇੰਟਿਫਿਕਲੀ ਸਮਝ ਸਕਦੇ ਹਾਂ ਕਿ ਵਰਖਾ ਕਿਉਂ ਹੁੰਦੀ ਹੈ। ਜੇਕਰ ਤੂਫਾਨ ਆਉਂਦਾ ਹੈ ਤਾਂ ਅਸੀਂ ਇਸ ਗੱਲ ਨੂੰ ਸਾਇੰਟਿਫਿਕਲੀ ਸਮਝ ਸਕਦੇ ਹਾਂ ਕਿ ਤੂਫਾਨ ਕਿਵੇਂ ਆਇਆ ਹੈ ਤੇ ਜੇਕਰ ਅਗਲੇ ਕੁੱਝ ਸਮੇਂ ਵਿੱਚ ਤੂਫਾਨ ਆਉਣਾ ਹੋਵੇ ਜਾਂ ਮੌਸਮ ਬਦਲਣਾ ਹੋਵੇ, ਉਸ ਨੂੰ ਸਾਇੰਸ ਦੁਆਰਾ ਪਹਿਲੇ ਹੀ ਬੁੱਝ ਲੈਂਦੇ ਹਾਂ। ਇਸੇ ਤਰ੍ਹਾਂ ਭੂਚਾਲ ਕਿਵੇਂ ਆਉਂਦੇ ਹਨ ਇਸ ਗੱਲ ਦੀ ਵੀ ਸਾਇੰਸ ਦੁਆਰਾ ਸਮਝ ਪੈ ਜਾਂਦੀ ਹੈ ਤੇ ਇਸੇ ਤਰੀਕੇ ਹੋਰ ਵੀ ਅਨੇਕਾਂ ਗੱਲਾਂ ਹਨ ਜਿੰਨ੍ਹਾਂ ਦੀ ਸਾਨੂੰ ਪੁਰਾਤਨ ਸਮੇਂ ਵਿੱਚ ਕੋਈ ਸਮਝ ਨਹੀਂ ਸੀ ਲੱਗਦੀ ਪਰ ਹੁਣ ਲੱਗ ਜਾਂਦੀ ਹੈ। ਪੁਰਾਤਨ ਸਮੇਂ ਵਿੱਚ ਅਸੀਂ ਇਹ ਸਮਝਦੇ ਸੀ ਕਿ ਧਰਤੀ ਕਿਸੇ ਜਗ੍ਹਾ ਖੜੀ ਹੈ, ਚੰਦਰਮਾ ਵੀ ਖੜਾ ਹੈ, ਸੂਰਜ ਵੀ ਖੜਾ ਹੈ ਭਾਵ ਆਕਾਸ਼ ਵਿੱਚ ਕੀ ਕੁੱਝ ਹੈ ਤੇ ਕਿਸ ਤਰੀਕੇ ਹੁੰਦਾ ਹੈ ਕਿਸੇ ਨੂੰ ਕੁੱਝ ਸਮਝ ਨਹੀਂ ਸੀ ਪੈਂਦੀ ਕਿ ਇਹ ਸ੍ਰਿਸ਼ਟੀ ਕਿਸ ਤਰੀਕੇ ਚੱਲ ਰਹੀ ਹੈ ਜਿਸ ਕਰਕੇ ਅਨੇਕਾਂ ਹੀ ਘਟਨਾਵਾਂ ਨੂੰ ਕਰਾਮਾਤਾਂ ਸਮਝਿਆ ਜਾਂਦਾ ਸੀ ਤੇ ਇਨ੍ਹਾਂ ਕਰਾਮਾਤਾਂ ਨੂੰ ਧਾਰਮਿਕ ਗੱਲਾਂ ਨਾਲ ਜੋੜ ਦਿੱਤਾ ਜਾਂਦਾ ਸੀ ਤੇ ਕਈਆਂ ਨੂੰ ਕਰਾਮਾਤੀ ਮਨੁੱਖ ਸਮਝ ਲਿਆ ਜਾਂਦਾ ਸੀ ਕਿ ਇਨ੍ਹਾਂ ਨੂੰ ਕਰਾਮਾਤਾਂ ਦੀ ਸਮਝ ਹੈ ਜਿਸ ਕਰਕੇ ਉਨ੍ਹਾਂ ਨੂੰ ਪੂਜਿਆ ਜਾਂਦਾ ਸੀ। ਪਰ ਹੁਣ ਸਾਇੰਟਿਫਿਕ ਗਿਆਨ ਨੇ ਉਹੋ ਜਿਹੇ ਅਨੇਕਾਂ ਭੇਦ ਖੋਲ ਦਿੱਤੇ ਹਨ ਜਿਸ ਕਰਕੇ ਉਹ ਸਾਨੂੰ ਹੁਣ ਕਰਾਮਾਤਾਂ ਨਹੀਂ ਲੱਗਦੀਆਂ। ਕਰਾਮਾਤਾਂ ਅਸਲ ਵਿੱਚ ਤਾਂ ਹੁੰਦੀਆਂ ਹੀ ਨਹੀਂ ਭਾਵ ਸਭ ਕੁੱਝ ਸਾਇੰਟਿਫਿਕਲੀ ਹੀ ਹੁੰਦਾ ਹੈ ਤੇ ਜਿਉਂ ਜਿਉਂ ਸਾਇੰਟਿਫਿਕ ਨੋਲਿਜ ਵੱਧਦੀ ਜਾ ਰਹੀ ਹੈ ਅਨੇਕਾਂ ਭੇਦ ਖੁੱਲਦੇ ਜਾ ਰਹੇ ਹਨ। ਸਾਇੰਸ ਸਾਨੂੰ ਹਰ ਭੇਦ ਸਮਝਾ ਸਕਦੀ ਹੈ ਤੇ ਇਹ ਸਮਰੱਥਾ ਪ੍ਰਮਾਤਮਾ ਨੇ ਭਾਵ ਸਾਇੰਸ ਨੂੰ ਸਮਝਣ ਦੀ ਸਮਰੱਥਾ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਵੀ ਸਭ ਵਿੱਚ ਪਾਈ ਹੋਈ ਹੈ ਕਿ ਉਹ ਸਾਇੰਸ ਨੂੰ ਸਮਝ ਸਕਦੇ ਹਨ ਪਰ ਪ੍ਰਮਾਤਮਾ ਆਪ ਕੀ ਹੈ ਜੋ ਕਿ ਸਾਡੀ ਸਮਝ ਦੇ ਅੰਦਰ ਹੀ ਹੈ, ਇਸ ਗੱਲ ਨੂੰ ਸਮਝਣ ਦੀ ਸਮਰੱਥਾ ਪ੍ਰਮਾਤਮਾ ਨੇ ਮਨੁੱਖੀ ਸਮਝ ਨੂੰ ਨਹੀਂ ਪਾਈ ਤੇ ਉਹ ਸਾਇੰਸ ਦੇ ਮਾਲਕ ਨੂੰ ਸਮਝ ਸਕਣ, ਹਰ ਗਿਆਨ ਦੇ ਮਾਲਕ ਨੂੰ ਸਮਝ ਸਕਣ ਕਿ ਇਸ ਸ੍ਰਿਸ਼ਟੀ ਦੀ ਸਾਇੰਟਿਫਿਕ ਰਚਨਾ ਕਰਨ ਵਾਲਾ ਕੌਣ ਹੈ ਭਾਵ ਕਿਸੇ ਵੀ ਸਾਇੰਸ ਦੁਆਰਾ, ਉੱਚੀ ਤੋਂ ਉੱਚੀ ਸਾਇੰਟਿਫਿਕ ਸਮਝ ਦੁਆਰਾ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਸਮਝ ਪਾਉਣ ਵਾਲਾ ਕੌਣ ਹੈ ਭਾਵ ਗਿਆਨ ਦਾ ਮਾਲਕ ਕੌਣ ਹੈ। ਸਾਰੀ ਸ੍ਰਿਸ਼ਟੀ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਮਾਇਆ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸਨੂੰ ਸਾਇੰਟਿਫਿਕਲੀ ਨਹੀਂ ਸਮਝਿਆ ਜਾ ਸਕਦਾ। ਇਸ ਗੱਲ ਦੀ ਸਮਝ ਕਿਸੇ ਨੂੰ ਪ੍ਰਮਾਤਮਾ ਭਾਵ ਉਹ ਸਾਇੰਸ ਦਾ ਮਾਲਕ, ਉਹ ਅੱਲ੍ਹਾ, ਅਕਾਲਪੁਰਖ ਆਪ ਹੀ ਪਾ ਸਕਦਾ ਹੈ ਜੋ ਕਿ ਉਹ ਮਨ ਦੇ ਵਿੱਚ ਆਪ ਪ੍ਰਗਟ ਹੋਣ ਦੁਆਰਾ ਹੀ ਪਾਉਂਦਾ ਹੈ ਜਿਸ ਤਰੀਕੇ ਪ੍ਰਮਾਤਮਾ ਆਪਣਾ ਆਪ ਕਿਸੇ ਨੂੰ ਜਣਾਉਂਦਾ ਹੈ ਕਿ ਉਹ ਕੀ ਹੈ, ਉਹ ਸ੍ਰਿਸ਼ਟੀ ਦਾ ਮਾਲਕ ਕਿਸ ਤਰੀਕੇ ਹੈ। ਪ੍ਰਮਾਤਮਾ ਦਾ ਕਿਸੇ ਦੇ ਅੰਦਰ ਪ੍ਰਗਟ ਹੋਣਾ ਹੀ ਕੇਵਲ ਤੇ ਕੇਵਲ ਸੰਸਾਰ ਦੀ ਇੱਕੋ ਇੱਕ "ਕਰਾਮਾਤਿ" ਹੈ ਜੋ ਕਰਾਮਾਤਿ ਉਹ ਆਪ ਹੀ ਕਰਦਾ ਹੈ ਤੇ ਹੋਰ ਕੋਈ ਨਹੀਂ ਕਰ ਸਕਦਾ ਹੈ ਤੇ ਇਸ ਕਰਾਮਾਤਿ ਤੋਂ ਬਿਨਾਂ, ਕਿਸੇ ਵੀ ਹੋਰ ਗੱਲ ਵਿੱਚ ਕੋਈ ਕਰਾਮਾਤਿ ਸਮਝਣਾ ਕੇਵਲ ਭਰਮ ਹੈ, ਭਰਮ ਹੈ, ਭਰਮ ਹੈ ਜੋ ਭਰਮ ਕਿਸੇ ਦਾ ਪ੍ਰਮਾਤਮਾ ਉਹ ਸਾਇੰਸ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਕੱਢ ਸਕਦਾ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਨੂੰ ਇਸੇ ਲਈ ਸਮਝਾਇਆ ਹੈ ਕਿ ਪ੍ਰਮਾਤਮਾ ਦੀ ਇਸ ਕਰਾਮਾਤਿ ਤੋਂ ਬਿਨ੍ਹਾਂ ਕਿਸੇ ਹੋਰ ਗੱਲ ਵਿੱਚ ਕਰਾਮਾਤਿ ਸਮਝਣੀ ਗਲਤ ਹੈ ਜਿਸ ਕਰਕੇ ਕਰਾਮਾਤਾਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕੁ ਮਃ ੩ ॥

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥}

(ਅੰਗ - ੫੯੩)

ਮਃ ੩ ॥
{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ - ੬੫੦)

ਅਨੇਕਾਂ ਇਤਿਹਾਸਕਾਰਾਂ ਨੇ, ਕਥਾਕਾਰਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਨੂੰ ਵੀ ਦੁਨਿਆਵੀਂ ਕਰਾਮਾਤਾਂ ਨਾਲ ਜੋੜਿਆ ਹੋਇਆ ਹੈ ਜਿੰਨ੍ਹਾਂ ਗੁਰੂ ਸਾਹਿਬਾਨ ਨੇ ਖੁਦ ਹੀ ਕਰਾਮਾਤਾਂ ਦਾ ਖੰਡਨ ਕੀਤਾ ਹੋਇਆ ਹੈ। ਅਸੀਂ ਕਿਸੇ ਨੂੰ "ਕਰਾਮਾਤੀ" ਦੱਸਕੇ ਆਪਣੇ ਵੱਲੋਂ ਉਸਦੀ ਵਡਿਆਈ ਕਰਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ। ਵਡਿਆਈ ਤਾਂ ਅਸੀਂ ਗੁਰਮਤਿ ਦੀ ਕਰਨੀ ਹੈ ਤੇ ਇਸੇ ਵਿੱਚ ਹੀ ਗੁਰੂ ਦੀ ਵਡਿਆਈ ਹੈ। ਗੁਰਮਤਿ ਦੇ ਉਲਟ ਗੱਲਾਂ ਕਰਨੀਆਂ ਗੁਰਮਤਿ ਦੀ ਨਿਰਾਦਰੀ ਹੈ, ਗੁਰੂ ਦੀ ਨਿਰਾਦਰੀ ਹੈ ਤੇ ਇਸ ਤੋਂ ਬਚਣਾ ਚਾਹੀਦਾ ਹੈ। ਅਜਿਹੀਆਂ ਗੱਲਾਂ ਉਹੀ ਤਾਂ ਹੀ ਕਰ ਸਕਦਾ ਹੈ ਜਦ ਤੱਕ ਕਿਸੇ ਨੇ ਪ੍ਰਮਾਤਮਾ ਨੂੰ ਜਾਣਿਆ ਨਹੀਂ, ਉਸ ਨਾਮੁ ਦੇ ਮਾਲਕ ਨੂੰ ਜਾਣਿਆ ਨਹੀਂ, ਬ੍ਰਹਮ ਗਿਆਨ ਦੇ ਮਾਲਕ ਨੂੰ ਜਾਣਿਆ ਨਹੀਂ, ਉਸਦੇ "ਨਿਰੰਕਾਰ" ਰੂਪ ਨੂੰ ਜਾਣਿਆ ਨਹੀਂ ਜਿਸ ਨਿਰੰਕਾਰ ਰੂਪ ਵਿੱਚ ਉਹ ਸਾਇੰਟਿਫਿਕ ਗਿਆਨ ਦਾ ਮਾਲਕ ਹੈ ਤੇ ਹਰ ਆਕਾਰ ਰੂਪ ਦੇ ਅੰਦਰ ਪ੍ਰਮਾਤਮਾ ਆਪਣੇ ਇਸ ਨਿਰੰਕਾਰ ਰੂਪ ਵਿੱਚ ਭਾਵ ਸਾਇੰਟਿਫਿਕ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ ਜੋ ਕਿ ਉਸਦਾ ਸਭ ਦੇ ਅੰਦਰ ਆਪਣਾ "ਜੋਤਿ" ਰੂਪ ਹੈ। ਆਪਣੇ ਨਿਰੰਕਾਰ ਰੂਪ ਦੁਆਰਾ ਹੀ ਉਸਨੇ ਆਪਣੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਉਸਦਾ ਹਰ ਆਕਾਰ ਰੂਪ ਉਸਦੇ ਸਾਇੰਟਿਫਿਕ ਹੁਕਮ ਨੂੰ ਮੰਨ ਰਿਹਾ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਜੋ ਰੂਪ ਉਸਦਾ ਗੁਪਤ ਰੂਪ ਹੈ ਉਸ ਰੂਪ ਰਾਹੀਂ ਉਹ ਆਪਣੇ ਹਰ ਆਕਾਰ ਰੂਪ ਵਿੱਚ ਵਿਆਪਕ ਹੈ, ਆਪਣੇ ਸ਼ਬਦ ਰੂਪ ਵਿੱਚ ਵਿਆਪਕ ਹੈ, ਨਾਮੁ ਰੂਪ ਵਿੱਚ ਵਿਆਪਕ ਹੈ ਭਾਵ ਆਪਣੇ ਗਿਆਨ ਰੂਪ ਵਿੱਚ ਵਿਆਪਕ ਹੈ ਉਸਦੇ ਜਿਸ ਰੂਪ ਨੂੰ ਕੇਵਲ ਤੇ ਕੇਵਲ ਮਨ ਦੇ ਵਿੱਚੋਂ ਹੀ ਮਨ ਦੀ ਸਮਝ ਰਾਹੀਂ ਦੇਖਿਆ ਜਾ ਸਕਦਾ ਹੈ ਭਾਵ ਦਿਬ ਦ੍ਰਿਸ਼ਟਿ ਦੁਆਰਾ ਦੇਖਿਆ ਜਾ ਸਕਦਾ ਹੈ ਜੋ ਆਪਣਾ ਰੂਪ ਕਦੇ ਹੀ ਕਿਸੇ ਵਿਰਲੇ ਨੂੰ ਉਹ ਆਪਣੀ ਕ੍ਰਿਪਾ ਦੁਆਰਾ ਦਿਖਾਉਂਦਾ ਹੈ, ਅਰਬਾਂ ਖਰਬਾਂ ਵਿੱਚੋਂ ਕਿਸੇ ਨੂੰ ਦਿਖਾਉਂਦਾ ਹੈ ਤੇ ਆਪਣਾ ਅਸਲ ਰੂਪ ਸਮਝਾਉਂਦਾ ਹੈ ਜਿਸ ਰਾਹੀਂ ਮਨੁੱਖ ਨੂੰ ਸਭ ਜਗ੍ਹਾ ਸ੍ਰਿਸ਼ਟੀ ਦਾ ਇੱਕੋ ਇੱਕ ਕਰਤਾ ਹੀ ਨਜ਼ਰ ਆਉਂਦਾ ਹੈ ਭਾਵੇਂ ਉਸ ਕਰਤੇ ਨੂੰ ਕੋਈ ਕਿਸੇ ਵੀ ਨਾਮੁ ਨਾਲ ਸੰਬੋਧਨ ਕਰੇ ਭਾਵੇਂ ਪ੍ਰਮਾਤਮਾ ਕਹਿ ਕੇ ਕਰੇ, ਗੋਪਾਲ ਕਹਿ ਕੇ ਕਰੇ, ਗੋਬਿੰਦ ਕਹਿ ਕੇ ਕਰੇ, ਬੀਠੁਲ ਕਹਿ ਕੇ ਕਰੇ, ਵਾਹਿਗੁਰੂ ਕਹਿ ਕੇ ਕਰੇ, ਭਾਵੇਂ ਰਾਮ ਕਹਿ ਕੇ ਕਰੇ, ਭਾਵੇਂ ਅਕਾਲ ਪੁਰਖ ਕਹਿ ਕੇ ਕਰੇ, ਅੱਲ੍ਹਾ ਕਹਿ ਕੇ ਕਰੇ, ਗਾਡ ਕਹਿ ਕੇ ਕਰੇ ਕੀ ਫਰਕ ਪੈਂਦਾ ਹੈ ਭਾਵ ਇੱਕੋ ਹੀ ਗੱਲ ਹੈ। ਉਹ ਸੱਚ ਹੈ ਜੋ ਆਪਣੇ ਸੱਚੇ ਗਿਆਨ ਦੁਆਰਾ ਸੱਚ ਹੈ, ਸੱਚੀ ਸਾਇੰਸ ਦੁਆਰਾ ਸੱਚ ਹੈ। ਉਸਦੀ ਸਾਇੰਸ ਪੂਰਨ ਸੱਚ ਤੇ ਹੀ ਚੱਲਦੀ ਹੈ ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੀ ਕਿ ਕੋਈ ਪ੍ਰਮਾਤਮਾ ਨੂੰ ਕਿਸ ਨਾਮ ਨਾਲ ਪੁਕਾਰਦਾ ਹੈ ਤੇ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੈ। ਧਰਮ ਗ੍ਰੰਥਾਂ ਦੇ ਵਿੱਚ ਉਹ ਆਪਣੀ ਗੁਰਮਤਿ ਦੁਆਰਾ ਸੱਚ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਸੱਚ ਹੈ ਤੇ ਜੋ ਉਸਦੇ ਸਮਝਾਏ ਹੋਏ ਸੱਚ ਨੂੰ ਮੰਨਦਾ ਹੈ ਉਹ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਉੱਦਮ ਕਰਦਾ ਹੈ। ਸੱਚ ਕੋਈ "ਕਿਸ ਧਰਮ ਗ੍ਰੰਥ" ਦੁਆਰਾ ਸਮਝਣਾ ਚਾਹੁੰਦਾ ਹੈ, ਇਹ ਸਭ ਦੀ ਆਪਣੀ ਆਪਣੀ ਧਾਰਮਿਕ ਆਸਥਾ ਹੈ। ਸਾਰੇ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਉਂਦੇ ਹਨ ਭਾਵੇਂ ਉਹ ਸੱਚ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਸਮਝ ਲਈਏ, ਵੇਦਾਂ ਵਿੱਚੋਂ ਸਮਝ ਲਈਏ, ਕੁਰਾਨਾਂ ਵਿੱਚੋਂ ਸਮਝ ਲਈਏ, ਸਾਸ਼ਤਰਾਂ ਵਿੱਚੋਂ ਸਮਝ ਲਈਏ, ਗੀਤਾ ਵਿੱਚੋਂ ਸਮਝ ਲਈਏ, ਕੁਰਾਣ ਵਿੱਚੋਂ ਸਮਝ ਲਈਏ, ਬਾਈਬਲ ਵਿੱਚੋਂ ਸਮਝ ਲਈਏ, ਕੀ ਫਰਕ ਪੈਂਦਾ ਹੈ। ਹਰ ਧਰਮ ਗ੍ਰੰਥ ਦੇ ਵਿੱਚ ਸੱਚ ਪਾਉਣ ਵਾਲਾ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਣ ਵਾਲਾ ਭਾਵ ਨਾਮੁ ਪਾਉਣ ਵਾਲਾ ਉਹ ਸ੍ਰਿਸ਼ਟੀ ਦਾ ਰਚਨਕਾਰ ਆਪ ਹੀ ਹੈ ਜੋ "ਗਿਆਨ" ਦਾ ਮਾਲਕ ਹੈ। ਧਰਮ ਦੇ ਮਾਰਗ ਨੂੰ ਲੈ ਕੇ ਭਾਵ ਧਾਰਮਿਕ ਆਸਥਾ ਨੂੰ ਲੈ ਕੇ ਧਾਰਮਿਕ ਝਗੜੇ ਉਹੀ

ਪਾ ਸਕਦਾ ਹੈ ਜਿਸਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਨਹੀਂ ਹੈ ਭਾਵ ਸੱਚ ਦੀ ਸਮਝ ਨਹੀਂ ਹੈ, ਨਾਮ ਦੀ ਸਮਝ ਨਹੀਂ ਹੈ। ਜਦ ਤੱਕ ਕਿਸੇ ਦੇ ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ ਭਾਵ ਹਉਮੈ ਦੂਰ ਨਹੀਂ ਹੁੰਦੀ ਉਹ ਧਰਮ ਦੇ ਸੱਚੇ ਮਾਰਗ ਨੂੰ ਸਮਝ ਹੀ ਨਹੀਂ ਸਕਦਾ ਜੋ ਧਰਮ ਦਾ ਸੱਚਾ ਮਾਰਗ ਸੱਚ ਤੇ ਚੱਲਣ ਦਾ ਹੈ ਤੇ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ। ਧਰਮ ਗ੍ਰੰਥਾਂ ਦਾ ਅਸਲ ਮਾਰਗ ਸਾਨੂੰ ਸੱਚ ਸਮਝਾਉਣ ਦੇ ਨਾਲ ਹੈ ਤਾਂ ਜੋ ਵੱਖਰੀ-ਵੱਖਰੀ ਧਾਰਮਿਕ ਆਸਥਾ ਨੂੰ ਲੈ ਕੇ ਸਾਡਾ ਸਮਾਜ ਵਿੱਚ, ਸੰਸਾਰ ਵਿੱਚ ਕਿਸੇ ਨਾਲ ਝਗੜਾ ਨਾ ਹੋਵੇ ਭਾਵ ਕੋਈ ਧਾਰਮਿਕ ਕੱਟੜਤਾ ਦੇ ਨਾਲ ਨਾ ਜੁੜੇ ਤੇ ਸੰਸਾਰ ਸੰਚਾਰੂ ਢੰਗ ਨਾਲ ਚੱਲੇ। ਲੇਕਿਨ ਧਰਮ ਦੀ ਸੱਚੀ ਸਿੱਖਿਆ ਨਾ ਸਮਝਣਾ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਾ ਨਿਕਲਣਾ ਸਾਨੂੰ ਉਲਟਾ ਧਾਰਮਿਕ ਕੱਟੜਤਾ ਵਿੱਚ ਪਾਉਂਦਾ ਹੈ ਜੋ ਕਿ ਧਰਮ ਗ੍ਰੰਥਾਂ ਦੇ ਮੂਲ ਸਿਧਾਂਤ ਦੇ ਹੀ ਉਲਟ ਹੈ। ''ਧਾਰਮਿਕ ਕੱਟੜਤਾ'' ਸੰਸਾਰ ਦੇ ਵਿੱਚ ਸਭ ਤੋਂ ਵੱਧ ਝਗੜੇ ਪਾਉਂਦੀ ਹੈ ਤੇ ਸਮਾਜ ਦਾ ਜਿਤਨਾ ਨੁਕਸਾਨ ਸਦੀਆਂ ਤੋਂ ਧਾਰਮਿਕ ਕੱਟੜਤਾ ਨੇ ਕਰਵਾਇਆ ਹੈ ਉਨ੍ਹਾਂ ਹੋਰ ਗੱਲਾਂ ਦੁਆਰਾ ਨਹੀਂ ਹੋਇਆ। ਸ੍ਰਿਸ਼ਟੀ ਦਾ ਰਚਨਕਾਰ ਇੱਕੋ ਹੀ ਹੈ ਭਾਵ ਇੱਕ ਤੋਂ ਜਿਆਦਾ ਨਹੀਂ ਹੋ ਸਕਦਾ ਭਾਵ ਸ੍ਰਿਸ਼ਟੀ ਦਾ ਰਚਨਕਾਰ ਇੱਕੋ ਹੀ ਹੈ ਤੇ ਕੋਈ ਹੋਰ ਵੱਖਰਾ ਰਚਨਕਾਰ ਨਹੀਂ ਹੋ ਸਕਦਾ ਫਿਰ ਅਸੀਂ ਧਾਰਮਿਕ ਝਗੜਿਆਂ ਵਿੱਚ ਕਿਸ ਲਈ ਪੈਂਦੇ ਹਾਂ, ਉਸ ਰਚਨਕਾਰ ਦੇ ਵੱਖਰੇ-ਵੱਖਰੇ ਰੂਪ ਕਿਸ ਲਈ ਸਮਝਦੇ ਹਾਂ। ਇਹ ਕੇਵਲ ਤੇ ਕੇਵਲ ਮਨ ਦੀ ਅਗਿਆਨਤਾ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਨਾ ਧਰਮ ਦਾ ਸੱਚਾ ਮਾਰਗ ਸਮਝ ਆ ਸਕਦਾ ਹੈ ਤੇ ਨਾ ਹੀ ਕੋਈ ਧਰਮ ਦੀ ਸੱਚੀ ਆਸਥਾ ਨਾਲ ਜੁੜ ਸਕਦਾ ਹੈ ਜੋ ਸੱਚੀ ਧਾਰਮਿਕ ਆਸਥਾ ਕੇਵਲ ਸੱਚ ਤੇ ਚੱਲਣ ਦੀ ਹੈ। ਗੁਰਬਾਣੀ ਸਾਰੇ ਸੰਸਾਰ ਲਈ ਸਾਨੂੰ ਇਹੀ ਧਰਮ ਦਾ ਮਾਰਗ ਸਮਝਾ ਰਹੀ ਹੈ ਤੇ ਨਾਲ ਇਹ ਵੀ ਸੋਝੀ ਪਾ ਰਹੀ ਹੈ ਕਿ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਸੱਚ ਤੇ ਚੱਲਣਾ ਹੀ ਧਰਮ ਦਾ ਮਾਰਗ ਹੈ।

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥
ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ - ੧੧੯੮)

{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯}

(ਅੰਗ - ੯੧੯)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥}

(ਅੰਗ - ੮੩੧)

{ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥}

(ਅੰਗ - ੧੨੫੩)

{ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥}

(ਅੰਗ - ੮੭੪)

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}

(ਅੰਗ - ੧੩੫੦)

ਸਲੋਕੁ ਮਃ ੧ ॥

{ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥}

(ਅੰਗ - ੧੪੦)

ਮਾਰੂ ਮਹਲਾ ੫ ॥

{ਅਲਹ ਅਗਮ ਖੁਦਾਈ ਬੰਦੇ ॥
ਛੋਡਿ ਖਿਆਲ ਦੁਨੀਆ ਕੇ ਧੰਧੇ ॥
ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ ॥੧॥
ਸਚੁ ਨਿਵਾਜ ਯਕੀਨ ਮੁਸਲਾ ॥
ਮਨਸਾ ਮਾਰਿ ਨਿਵਾਰਿਹੁ ਆਸਾ ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥
ਸਰਾ ਸਰੀਅਤਿ ਲੇ ਕੰਮਾਵਹੁ ॥
ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥
ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥੪॥
ਮਕਾ ਮਿਹਰ ਰੋਜਾ ਪੈ ਖਾਕਾ ॥
ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥੫॥
ਸਚੁ ਕਮਾਵੈ ਸੋਈ ਕਾਜੀ ॥
ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥
ਸਭੇ ਵਖਤ ਸਭੇ ਕਰਿ ਵੇਲਾ ॥
ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ ॥

ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥੮॥
ਅਵਲਿ ਸਿਫਤਿ ਦੂਜੀ ਸਾਬੂਰੀ ॥
ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥
ਸਗਲੀ ਜਾਨਿ ਕਰਹੁ ਮਉਦੀਫਾ ॥
ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥
ਹਕੁ ਹਲਾਲੁ ਬਖੋਰਹੁ ਖਾਣਾ ॥
ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ ॥
ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥
ਮੁਸਲਮਾਣੁ ਮੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥
ਜਾ ਕਉ ਮਿਹਰ ਮਿਹਰ ਮਿਹਰਵਾਨਾ ॥
ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ ॥੧੪॥
ਕੁਦਰਤਿ ਕਾਦਰ ਕਰਣ ਕਰੀਮਾ ॥
ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥}

(ਅੰਗ - ੧੦੮੩-੧੦੮੪)

ਬਸੰਤ ਬਾਣੀ ਭਗਤਾਂ ਕੀ ॥
ਕਬੀਰ ਜੀ ਘਰ ੧
ੴ ਸਤਿਗੁਰ ਪ੍ਰਸਾਦਿ ॥
{ਮਉਲੀ ਧਰਤੀ ਮਉਲਿਆ ਅਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥
ਰਾਜਾ ਰਾਮੁ ਮਉਲਿਆ ਅਨਤ ਭਾਇ ॥
ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥

ਦੁਤੀਆ ਮਉਲੇ ਚਾਰਿ ਬੇਦ ॥
ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥
ਸੰਕਰੁ ਮਉਲਿਓ ਜੋਗ ਧਿਆਨ ॥
ਕਬੀਰ ਕੋ ਸੁਆਮੀ ਸਭ ਸਮਾਨ ॥੩॥}

(ਅੰਗ - ੧੧੯੩)

ਰਾਮਕਲੀ ਮਹਲਾ ੫ ॥
{ਕਾਰਨ ਕਰਨ ਕਰੀਮ ॥
ਸਰਬ ਪ੍ਰਤਿਪਾਲ ਰਹੀਮ ॥
ਅਲਹ ਅਲਖ ਅਪਾਰ ॥
ਖੁਦਿ ਖੁਦਾਇ ਵਡ ਬੇਸੁਮਾਰ ॥੧॥
ਓਂ ਨਮੋ ਭਗਵੰਤ ਗੁਸਾਈ ॥
ਖਾਲਕੁ ਰਵਿ ਰਹਿਆ ਸਰਬ ਠਾਈ ॥੧॥ ਰਹਾਉ ॥
ਜਗੰਨਾਥ ਜਗਜੀਵਨ ਮਾਧੋ ॥
ਭਉ ਭੰਜਨ ਰਿਦ ਮਾਹਿ ਅਰਾਧੋ ॥
ਰਿਖੀਕੇਸ ਗੋਪਾਲ ਗੁੋਵਿੰਦ ॥
ਪੂਰਨ ਸਰਬਤ੍ਰ ਮੁਕੰਦ ॥੨॥
ਮਿਹਰਵਾਨ ਮਉਲਾ ਤੂਹੀ ਏਕ ॥
ਪੀਰ ਪੈਕਾਂਬਰ ਸੇਖ ॥
ਦਿਲਾ ਕਾ ਮਾਲਕੁ ਕਰੇ ਹਾਕੁ ॥
ਕੁਰਾਨ ਕਤੇਬ ਤੇ ਪਾਕੁ ॥੩॥
ਨਾਰਾਇਣ ਨਰਹਰ ਦਇਆਲ ॥
ਰਮਤ ਰਾਮ ਘਟ ਘਟ ਆਧਾਰ ॥
ਬਾਸੁਦੇਵ ਬਸਤ ਸਭ ਠਾਇ ॥
ਲੀਲਾ ਕਿਛੁ ਲਖੀ ਨ ਜਾਇ ॥੪॥
ਮਿਹਰ ਦਇਆ ਕਰਿ ਕਰਨੈਹਾਰ ॥
ਭਗਤਿ ਬੰਦਗੀ ਦੇਹਿ ਸਿਰਜਣਹਾਰ ॥
ਕਹੁ ਨਾਨਕ ਗੁਰਿ ਖੋਏ ਭਰਮ ॥
ਏਕੋ ਅਲਹੁ ਪਾਰਬ੍ਰਹਮ ॥੫॥}

(ਅੰਗ - ੮੯੬)

ਰਾਮਕਲੀ ਮਹਲਾ ੫ ॥
{ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥

ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥
ਕਿਰਪਾ ਧਾਰਿ ਰਹੀਮ ॥੧॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥}

(ਅੰਗ - ੮੮੫)

{ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥}

(ਅੰਗ - ੭੪੭-੭੪੮)

{ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥
ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥੨॥
ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥੩॥}

(ਅੰਗ - ੪੮੩)

{ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥
ਕਾਜੀ ਤੈ ਕਵਨ ਕਤੇਬ ਬਖਾਨੀ ॥
ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥}

(ਅੰਗ - ੪੭੭)

{ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥}

(ਅੰਗ - ੪੬੪)

ਉੱਪਰ ਕਿਤਨੇ ਹੀ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਹਰ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵ ਸਾਡੇ ਜੀਵਨ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ। ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਅਸੀਂ ਭਾਵੇਂ

ਕਿਹੜਾ ਵੀ ਧਰਮ ਗ੍ਰੰਥ ਪੜ੍ਹ ਲਈਏ, ਕੀ ਫਰਕ ਪੈਂਦਾ ਹੈ। ਸਾਰੀ ਗੱਲ ਧਰਮ ਗ੍ਰੰਥਾਂ ਦੇ ਮਕਸਦ ਨੂੰ ਸਮਝਣ ਦੀ ਹੈ ਭਾਵ ਉਨ੍ਹਾਂ ਦੇ ਅੰਦਰ ਕੀ ਸੱਚੀ ਸਿੱਖਿਆ ਨੂੰ ਸਮਝਣ ਦੀ ਹੈ ਜੋ ਸੱਚੀ ਸਿੱਖਿਆ ਸਾਨੂੰ ਸੱਚ ਤੇ ਚੱਲਣਾ ਹੀ ਸਮਝਾਉਂਦੀ ਹੈ ਭਾਵ ਨਾਮ ਜਪਣਾ ਹੀ ਸਮਝਾਉਂਦੀ ਹੈ। ਜੋ ਆਪਣੇ ਆਪ ਨੂੰ ਧਰਮ ਦੀ ਉੱਚੀ ਸਮਝ ਵਾਲੇ ਅਖਵਾਉਂਦੇ ਹਨ ਭਾਵੇਂ ਕੋਈ ਪੰਡਿਤ ਅਖਵਾਉਂਦਾ ਹੈ ਭਾਵੇਂ ਕੋਈ ਕਾਜ਼ੀ ਅਖਵਾਉਂਦਾ ਹੈ ਭਾਵੇਂ ਕੋਈ ਗਿਆਨੀ ਅਖਵਾਉਂਦਾ ਹੈ, ਬ੍ਰਹਮ ਗਿਆਨੀ ਅਖਵਾਉਂਦਾ ਹੈ, ਸੰਤ ਅਖਵਾਉਂਦਾ ਹੈ ਇਹ ਸਾਰੇ ਆਪਣੇ ਆਪ ਨੂੰ ਕਿਸੇ ਖਾਸ ਧਰਮ ਗ੍ਰੰਥ ਦੀ ਉੱਚੀ ਸਮਝ ਵਾਲੇ ਅਖਵਾਉਂਦੇ ਹਨ ਤੇ ਸਾਰੇ ਆਪਣੇ-ਆਪਣੇ ਧਰਮ ਗ੍ਰੰਥ ਦੀ ਵਡਿਆਈ ਉੱਚੀ ਕਰਦੇ ਹਨ ਕਿ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਜਾਨਣ ਵਾਲੇ ਹਾਂ। ਜੋ ਧਰਮ ਦੇ ਸੱਚੇ ਮਾਰਗ ਨੂੰ ਜਾਨਣ ਵਾਲਾ ਹੁੰਦਾ ਹੈ ਉਸਨੂੰ ਇਹ ਵੀ ਸਮਝ ਹੁੰਦੀ ਹੈ ਕਿ ਹਰ ਧਰਮ ਗ੍ਰੰਥ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰਚਿਆ ਹੋਇਆ ਹੈ ਜਿਸ ਕਰਤੇ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਇਆ ਹੈ ਪਰ ਧਰਮ ਗ੍ਰੰਥਾਂ ਦੇ ਸੱਚ ਨੂੰ ਨਾ ਜਾਨਣ ਵਾਲੇ ਆਪਣੀ ਵੱਖਰੀ-ਵੱਖਰੀ ਧਾਰਮਿਕ ਆਸਥਾ ਕਰਕੇ ਵੱਖਰੇ ਵੱਖਰੇ ਧਰਮ ਦੇ ਮਾਰਗ ਬਣਾ ਲੈਂਦੇ ਹਨ, ਇਹ ਸਭ ਸਾਡਾ ਭਰਮ ਹੈ। ਗੁਰਬਾਣੀ ਦੀ ਰਚਨਾ ਭਾਵ ਗੁਰੂ ਰੂਪ "**ਗ੍ਰੰਥ ਸਾਹਿਬ ਜੀ**" ਦੀ ਰਚਨਾ ਇਸ ਸ੍ਰਿਸ਼ਟੀ ਦੇ ਕਰਤੇ ਨੇ ਸੰਸਾਰ ਨੂੰ ਇਨ੍ਹਾਂ ਭਰਮਾਂ ਵਿੱਚੋਂ ਕੱਢਣ ਲਈ ਹੀ ਕੀਤੀ ਹੈ ਤਾਂ ਜੋ ਅਸੀਂ ਧਾਰਮਿਕ ਝਗੜਿਆਂ ਵਿੱਚ ਨਾ ਪਈਏ। ਸਾਨੂੰ ਸਾਰੀ ਸ੍ਰਿਸ਼ਟੀ ਦਾ ਇੱਕੋ ਹੀ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਜਿਸ ਮਾਰਗ ਤੇ ਅਸੀਂ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜੇ ਹੋਏ ਹੀ ਚੱਲ ਸਕਦੇ ਹਾਂ, ਕੀ ਫਰਕ ਪੈਂਦਾ ਹੈ। ਇਸੇ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਜੋ ਹਿੰਦੂ ਅਖਵਾਉਂਦਾ ਹੈ ਉਹ ਸੱਚਾ ਹਿੰਦੂ ਹੋ ਕੇ ਵਿਚਰੇ, ਜੋ ਮੁਸਲਮਾਨ ਅਖਵਾਉਂਦਾ ਹੈ ਉਹ ਸੱਚਾ ਮੁਸਲਮਾਨ ਹੋ ਕੇ ਵਿਚਰੇ ਤੇ ਇਹੀ ਫੁਰਮਾਨ ਸਾਰੇ ਸੰਸਾਰ ਲਈ ਹੈ ਕਿ ਭਾਵੇਂ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖੋ ਕੋਈ ਫਰਕ ਨਹੀਂ ਪੈਂਦਾ ਪਰ ਸੰਸਾਰ ਵਿੱਚ ਸੱਚੇ ਇਨਸਾਨ ਬਣਕੇ ਵਿਚਰੋ ਭਾਵ "**ਇਨਸਾਨੀਅਤ**" ਨੂੰ ਹੀ ਸਾਰੇ ਸੰਸਾਰ ਦਾ ਸੱਚਾ ਧਰਮ ਸਮਝਾਇਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ ਕਿਉਂਕਿ ਬਾਣੀ ਸਾਰੇ ਸੰਸਾਰ ਨੂੰ ਇੱਕੋ ਜਿਹੇ ਧਰਮ ਦੇ ਮਾਰਗ ਤੇ ਚਲਾਉਣਾ ਹੀ ਸਿਖਾ ਰਹੀ ਹੈ ਜਿਸ ਮਾਰਗ ਤੇ ਚੱਲਣ ਦੁਆਰਾ ਕੋਈ ਇੱਕ ਮਨੁੱਖ ਦੂਸਰੇ ਦਾ ਮਾੜਾ ਨਹੀਂ ਕਰ ਸਕਦਾ, ਕਿਸੇ ਨਾਲ ਨਫ਼ਰਤ ਕਰਨਾ ਤਾਂ ਦੂਰ ਦੀ ਗੱਲ ਹੈ ਭਾਵ ਧਰਮ ਦੇ ਸੱਚੇ ਮਾਰਗ ਦੀ ਨਾਸਮਝੀ ਕਰਕੇ ਹੀ ਕੋਈ ਕਿਸੇ ਨਾਲ ਇਸ ਗੱਲ ਤੋਂ ਨਫ਼ਰਤ ਕਰ ਸਕਦਾ ਹੈ ਕਿ ਉਸਦੀ ਧਾਰਮਿਕ ਆਸਥਾ ਮੇਰੇ ਨਾਲੋਂ ਵੱਖਰੀ ਹੈ। ਗੁਰਬਾਣੀ ਸਾਨੂੰ ਵਾਰ-ਵਾਰ ਔਗੁਣ ਛੱਡਣ ਲਈ ਸਮਝਾਉਂਦੀ ਹੈ ਭਾਵ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦੀ ਹੈ। ਜੋ ਗੁਣਾਂ ਵਾਲਾ ਮਨੁੱਖ ਹੈ ਉਹ ਕਿਸੇ ਨਾਲੋਂ ਇਸ ਗੱਲ ਕਰਕੇ ਨਫ਼ਰਤ ਨਹੀਂ ਕਰ ਸਕਦਾ ਕਿ ਦੂਸਰਾ ਮੇਰੇ ਨਾਲੋਂ ਵੱਖਰੀ ਧਾਰਮਿਕ ਆਸਥਾ ਰੱਖਦਾ ਹੈ। ਅਗਰ ਸੰਸਾਰ ਵਿੱਚ ਜੇਕਰ ਕੋਈ ਮਾੜਾ ਹੈ ਤੇ ਉਹ ਔਗੁਣਾਂ ਕਰਕੇ ਮਾੜਾ ਹੈ ਤੇ ਜੇਕਰ ਕੋਈ ਚੰਗਾ ਹੈ ਉਹ ਗੁਣਾਂ ਕਰਕੇ ਚੰਗਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ। ਜੇਕਰ ਨਫ਼ਰਤ ਕਰਨੀ ਹੀ ਹੈ ਤਾਂ ਆਪਣੇ ਔਗੁਣਾਂ ਨਾਲ ਕਰੋ ਤੇ ਆਪਣੇ ਔਗੁਣਾਂ ਨਾਲ ਨਫ਼ਰਤ ਕਰਨੀ ਹੀ ਸੱਚ ਨਾਲ ਪਿਆਰ ਕਰਨਾ ਹੈ ਭਾਵ ਸੱਚੀ ਧਾਰਮਿਕ ਆਸਥਾ ਨਾਲ ਪਿਆਰ ਕਰਨਾ ਹੈ, ਧਰਮ ਗ੍ਰੰਥਾਂ ਦੇ ਸਮਝਾਏ ਹੋਏ ਸੱਚ ਨਾਲ ਪਿਆਰ ਕਰਨਾ ਹੈ। ਧਰਮ ਗ੍ਰੰਥਾਂ ਦੇ ਸਮਝਾਏ ਹੋਏ "ਸੱਚ" ਦੇ ਰੂਪ ਵਿੱਚ ਹੀ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੈ ਜੋ ਉਸਦਾ "ਨਾਮੁ" ਰੂਪ ਹੈ। ਸੱਚ ਸਾਨੂੰ ਗੁਣ ਹੀ ਸਿਖਾਉਂਦਾ ਹੈ ਤੇ ਜਿਸ ਦੀ ਸਮਝ ਵਿੱਚ ਸਚੁ ਹੁੰਦਾ ਹੈ ਉਸਦੀ ਸਮਝ ਵਿੱਚ ਗੁਣ ਹੀ ਹੁੰਦੇ ਹਨ ਤੇ ਔਗੁਣ ਨਹੀਂ ਹੁੰਦੇ। ਇਸੇ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਕਿ ਗੁਣਾਂ ਦੀ ਪੂਜਾ ਕਰੋ ਕਿਉਂਕਿ ਗੁਣਾਂ ਦੀ ਪੂਜਾ ਹੀ ਉਸ ਸ੍ਰਿਸ਼ਟੀ ਦੇ ਕਰਤੇ ਦੀ ਪੂਜਾ ਹੈ ਤੇ ਗੁਣਾਂ ਦੀ ਪੂਜਾ ਔਗੁਣ ਤਿਆਗ ਕੇ ਹੀ ਹੁੰਦੀ ਹੈ ਤੇ ਔਗੁਣ ਅਸੀਂ ਤਾਂ ਹੀ ਤਿਆਗਾਂਗੇ ਜੇਕਰ ਔਗੁਣ ਸਾਨੂੰ ਭੈੜੇ ਲੱਗਣਗੇ ਭਾਵ ਔਗੁਣਾਂ ਤੋਂ ਨਫ਼ਰਤ ਕਰਾਂਗੇ। ਪੂਰੀ ਸ੍ਰਿਸ਼ਟੀ ਵਿੱਚ ਧਰਮ ਤੇ ਚੱਲਣ ਦਾ ਮਾਰਗ ਸੱਚ ਨੂੰ ਅਪਣਾਉਣ ਦਾ ਹੀ ਹੈ ਜਿਸ ਰਾਹੀਂ ਸਾਰਾ ਸੰਸਾਰ ਸੰਚਾਰੂ ਰੂਪ ਨਾਲ ਚੱਲ ਸਕਦਾ ਹੈ ਤੇ ਇਹ ਸੰਸਾਰ ਸੰਚਾਰੂ ਢੰਗ ਨਾਲ ਚੱਲੇ, ਇਹੀ ਹਰ ਸੱਚੇ ਧਰਮ ਗ੍ਰੰਥ ਦਾ ਮਕਸਦ ਹੈ। ਜੋ ਔਗੁਣ ਨਹੀਂ ਤਿਆਗਦੇ ਉਹੀ ਦੂਸਰਿਆਂ ਨਾਲ ਨਫ਼ਰਤ ਕਰਦੇ ਹਨ, ਦੂਸਰੇ ਧਰਮ ਗ੍ਰੰਥਾਂ ਦੀ ਨਿਖੇਧੀ ਕਰਦੇ ਹਨ ਤੇ ਜਿਸ ਧਰਮ ਗ੍ਰੰਥ ਨੂੰ ਉਹ ਆਪ ਮੰਨਦੇ ਹਨ ਉਸਨੂੰ ਚੰਗਾ ਕਹਿੰਦੇ ਹਨ। ਇਹ ਸਭ ਸਾਡੇ ਅੰਦਰ ਦੀ ਅਗਿਆਨਤਾ ਹੈ, ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚ ਨਾਲ ਨਹੀਂ ਜੁੜ ਸਕਦੇ ਭਾਵ ਆਪਣੇ ਸੱਚੇ ਧਰਮ ਦੇ ਮਾਰਗ ਨਾਲ ਨਹੀਂ ਜੁੜ ਸਕਦੇ। ਜੇਕਰ ਕੋਈ "ਗੁਰਬਾਣੀ" ਨੂੰ ਪੜ੍ਹਨ ਵਾਲਾ ਇਹ ਸਮਝੇ ਕਿ ਮੇਰੀ ਧਾਰਮਿਕ ਆਸਥਾ ਸੱਚੀ ਹੈ ਤੇ ਦੂਸਰੇ ਦੀ ਧਾਰਮਿਕ ਆਸਥਾ ਝੂਠੀ ਹੈ, ਇਸ ਗੱਲ ਨੂੰ ਸਮਝਣ ਲਈ ਅਸੀਂ ਗੁਰੂ ਸਾਹਿਬ ਦੇ ਇਤਿਹਾਸ ਨੂੰ ਪੜ੍ਹਕੇ ਉਸ ਵਿੱਚੋਂ ਸਿੱਖਿਆ ਲੈ ਸਕਦੇ ਹਾਂ। ਨੌਂਵੀ ਪਾਤਸ਼ਾਹੀ ਦੇ ਸਮੇਂ ਭਾਵ ਧੰਨ

ਧੰਨ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਸਮੇਂ ਉਨ੍ਹਾਂ ਨੇ ਹਿੰਦੂ ਧਰਮ ਵਿੱਚ ਆਸਥਾ ਰੱਖਣ ਵਾਲਿਆਂ ਲਈ ਆਪਣੇ ਸਰੀਰ ਦੀ ਕੁਰਬਾਨੀ ਕੀਤੀ ਸੀ ਜਦੋਂ ਔਰੰਗਜੇਬ ਦੇ ਰਾਜ ਵਿੱਚ ਉਸਦੇ ਹਾਕਮ ਜੋ ਹਿੰਦੂ ਭਾਈਚਾਰੇ ਨੂੰ ਜਬਰਦਸਤੀ ਮੁਸਲਿਮ ਧਾਰਮਿਕ ਆਸਥਾ ਮਨਵਾਉਣ ਲਈ ਪ੍ਰੇਸ਼ਾਨ ਕਰਦੇ ਸਨ ਤਾਂ ਧੰਨ ਧੰਨ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਹਿੰਦੂ ਧਰਮ ਦੀ ਰਾਖੀ ਲਈ ਆਪਣੀ ਜਾਨ ਵੀ ਵਾਰ ਦਿੱਤੀ ਸੀ ਤੇ ਉਨ੍ਹਾਂ ਦਾ ਹੁਕਮ ਮੰਨ ਕੇ ਹੋਰ ਵੀ ਅਨੇਕਾਂ ਨੇ ਆਪਣੇ ਸਰੀਰਾਂ ਦੀ ਕੁਰਬਾਨੀ ਦਿੱਤੀ ਸੀ। ਗੱਲ ਸੱਚ ਦੀ ਰਾਖੀ ਦੀ ਹੀ ਹੈ। ਕੋਈ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਉਸਦੀ ਧਾਰਮਿਕ ਆਸਥਾ ਨੂੰ ਜਬਰਦਸਤੀ ਬਦਲਣਾ ਝੂਠ ਹੈ ਭਾਵ ਸੱਚ ਦੇ ਉਲਟ ਹੈ। ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿੱਚ ਜਿਵੇਂ ਕਿ ਧੰਨ ਧੰਨ ਦਸਵੀਂ ਪਾਤਸ਼ਾਹੀ ਦੇ ਇਤਿਹਾਸ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਸੱਚ ਬਚਾਉਣ ਲਈ ਹੀ ਲੜਾਈਆਂ ਲੜੀਆਂ ਹਨ ਤੇ ਪਰਿਵਾਰ ਦੀਆਂ ਕੁਰਬਾਨੀਆਂ ਦਿੱਤੀਆਂ ਹਨ, ਆਪਣੇ ਨਾਲ ਜੁੜੇ ਅਨੇਕਾਂ ਸਿੰਘਾਂ ਦੀਆਂ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿੱਚ ਮੁਸਲਮਾਨ ਵੀਰਾਂ ਦਾ ਸਾਥ ਵੀ ਦਿੱਤਾ ਹੈ ਤੇ ਉਹੋ ਜਿਹੇ ਹਿੰਦੂ ਰਾਜਿਆਂ ਦੀ ਮੁਖਾਲਫਤ ਭਾਵ ਵਿਰੋਧਤਾ ਵੀ ਕੀਤੀ ਹੈ ਜੋ ਸੱਚ ਦੇ ਉਲਟ ਚੱਲਦੇ ਸਨ। ਜੋ ਵੀ ਧਰਮ ਦੇ ਸੱਚੇ ਮਾਰਗ ਦੇ ਉਲਟ ਚੱਲਦਾ ਹੈ ਭਾਵ ਮਾੜੇ ਕਰਮ ਕਰਦਾ ਹੈ ਉਹ ਸੱਚ ਦੇ ਉਲਟ ਚੱਲਦਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਹੋਵੇ। ‘‘ਧਰਮੀ’’ ਮਨੁੱਖ ਦੀ ਜਾਂ ਅਧਰਮੀ ਮਨੁੱਖ ਦੀ ਪਹਿਚਾਣ ਉਸਦੇ ਅੰਦਰ ਸੱਚ ਜਾਂ ਝੂਠ ਦੇ ਦੁਆਰਾ ਹੀ ਹੁੰਦੀ ਹੈ ਕਿ ਉਹ ਕਰਮ ਕਿਹੋ ਜਿਹੇ ਕਰਦਾ ਹੈ। ਸੱਚਾ ਮਨੁੱਖ ਸੱਚੇ ਕਰਮ ਕਰਦਾ ਹੈ ਤੇ ਝੂਠਾ ਮਨੁੱਖ ਮਾੜੇ ਕਰਮ ਕਰਦਾ ਹੈ। ਸੱਚਾ ਮਨੁੱਖ ਆਪਣੇ ਚੰਗੇ ਕਰਮਾਂ ਦੁਆਰਾ ਧਰਮ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਦਾ ਹੈ ਤੇ ਮਾੜੇ ਕਰਮ ਕਰਨ ਵਾਲਾ ਭਾਵ ਅਧਰਮੀ ਮਨੁੱਖ ਧਰਮ ਦੇ ਮਾਰਗ ਤੋਂ ਉਲਟ ਚੱਲਦਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਵਾਲਾ ਅਖਵਾਉਂਦਾ ਹੈ। ਹਰ ਧਾਰਮਿਕ ਗ੍ਰੰਥ ਦਾ ਮਕਸਦ ਸਾਨੂੰ ਇਨਸਾਨੀਅਤ ਸਿਖਾਉਣ ਨਾਲ ਹੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਚੰਗੇ ਕਰਮ ਕਰੀਏ। ਚੰਗੇ ਕਰਮ ਕਰਨਾ ਸੱਚ ਦਾ ਮਾਰਗ ਹੈ ਤੇ ਮਾੜੇ ਕਰਮ ਕਰਨਾ ਝੂਠ ਦਾ ਮਾਰਗ ਹੈ। ਸੱਚੇ ਕਰਮ ਕਰਨਾ ਗੁਰਮਤਿ ਦਾ ਮਾਰਗ ਹੈ ਤੇ ਮਾੜੇ ਕਰਮ ਕਰਨਾ ਮਨਮਤਿ ਦਾ ਮਾਰਗ ਹੈ। ਹਰ ਧਰਮ ਗ੍ਰੰਥ ਸਾਨੂੰ ਗੁਰਮਤਿ ਹੀ ਸਿਖਾਉਂਦਾ ਹੈ ਤਾਂ ਜੋ ਅਸੀਂ ਮਨਮਤਿ ਛੱਡੀਏ। ਆਪਣੀ ਧਾਰਮਿਕ ਆਸਥਾ ਨੂੰ ਉੱਚਾ ਦੱਸਣਾ, ਉੱਚਾ ਸਮਝਣਾ ਮਨਮਤਿ ਹੈ ਜਿਸ ਰਾਹੀਂ ਅਸੀਂ ਸਮਾਜ ਵਿੱਚ ਫੇੜ ਪਾਉਣ ਦਾ ਕੰਮ ਕਰਦੇ ਹਾਂ, ਝਗੜੇ ਪਾਉਣ ਦਾ ਕੰਮ ਕਰਦੇ ਹਾਂ। ਅਨੇਕਾਂ ਹੀ ਜੋ ਆਪਣੀ-ਆਪਣੀ ਧਾਰਮਿਕ ਆਸਥਾ ਨੂੰ ਉੱਚਾ ਸਮਝਦੇ ਹਨ ਤੇ ਦੂਸਰਿਆਂ ਦੀ ਧਾਰਮਿਕ ਆਸਥਾ ਨੂੰ ਨੀਵਾਂ ਸਮਝਦੇ ਹਨ, ਮਾੜਾ ਦੱਸਦੇ ਹਨ ਉਹ ਦੂਸਰਿਆਂ ਨੂੰ ਉਨ੍ਹਾਂ ਦੀ ਧਾਰਮਿਕ ਆਸਥਾ ਨਾਲੋਂ ਤੋੜਣ ਲਈ ਅਨੇਕਾਂ ਜੁਗਤੀਆਂ ਵਰਤਦੇ ਹਨ, ਲੋਭ ਲਾਲਚ ਆਦਿ ਵੀ ਦਿੰਦੇ ਹਨ ਜਿਸ ਨਾਲ ਸੰਸਾਰ ਵਿੱਚ ਝਗੜੇ ਹੀ ਵੱਧਦੇ ਹਨ ਭਾਵ ਇਹ ਸੱਚ ਦੇ ਮਾਰਗ ਦੇ ਉਲਟ ਹੈ ਭਾਵ ਬਿਲਕੁਲ ਧਾਰਮਿਕ ਨਾਸਮਝੀ ਹੈ, ਵੱਡੀ ਨਾਸਮਝੀ ਹੈ ਤੇ ਇਸੇ ਲਈ ਹੀ ਗੁਰੂ ਸਾਹਿਬਾਨਾਂ ਨੇ ਆਪਣੇ ਜੀਵਨ ਵਿੱਚ ਇਹੋ ਜਿਹਾ ਕਰਨ ਵਾਲਿਆਂ ਦੀ ਵਿਰੋਧਤਾ ਕੀਤੀ ਹੈ। ਧਾਰਮਿਕ ਆਸਥਾ ਸਭ ਦੇ ਅੰਦਰ ਦੀ ਆਪਣੀ ਆਪਣੀ ਇੱਛਾ ਹੈ ਤੇ ਜਿਸਦੀ ਜੋ ਇੱਛਾ ਹੈ ਉਸਦੀ ਇੱਛਾ ਨੂੰ ਦਬਾਉਣਾ ਗਲਤ ਹੈ।ਅਸੀਂ ਦੂਸਰੇ ਦੀ ਇੱਛਾ ਨੂੰ ਆਪਣੀ ਇੱਛਾ ਪੂਰੀ ਕਰਨ ਲਈ ਦਬਾਉਂਦੇ ਹਾਂ ਭਾਵ ਇਹ ਵੀ ਇੱਕ ਸਾਡੇ ਅੰਦਰ ਦੀ ਤ੍ਰਿਸ਼ਨਾ ਹੈ ਜਿਸਦੀ ਪੂਰਤੀ ਲਈ ਅਸੀਂ ਇਹ ਮਾੜਾ ਕਰਮ ਕਰਦੇ ਹਾਂ ਭਾਵ ਸੱਚੇ ਧਰਮ ਦੇ ਮਾਰਗ ਤੋਂ ਉਲਟ ਚੱਲਦੇ ਹਾਂ ਭਾਵ ਸੱਚ ਦੇ ਉਲਟ ਚੱਲਦੇ ਹਾਂ। ‘‘ਸੱਚ’’ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ, ਅੱਲ੍ਹਾ ਆਪ ਹੈ, ਵਾਹਿਗੁਰੂ ਆਪ ਹੈ, ਗਾਡ ਆਪ ਹੈ ਤੇ ਸੱਚ ਦੇ ਉਲਟ ਚੱਲਣਾ ਉਸ ਮਾਲਕ ਦੇ ਉਲਟ ਚੱਲਣਾ ਹੈ ਜਿਸਨੇ ਇਸ ਸੰਸਾਰ ਦੀ ਰਚਨਾ ਕੀਤੀ ਹੈ। ਸੱਚ ਦੇ ਉਲਟ ਚੱਲਕੇ ਉਸ ‘‘ਸੱਚ’’ ਰੂਪ ਮਾਲਕ ਨੂੰ ਕੋਈ ਖੁਸ਼ ਕਰ ਸਕੇ ਜਾਂ ਉਸਨੂੰ ਪਾ ਸਕੇ ਇਹ ਨਾਮੁਮਕਿਨ ਹੈ। ਜੋ ਇਸ ਸੰਸਾਰ ਵਿੱਚ ਝਗੜੇ ਪਾਉਂਦੇ ਹਨ ਉਹ ਉਸ ਮਾਲਕ ਨੂੰ ਕਦੇ ਚੰਗੇ ਨਹੀਂ ਲੱਗ ਸਕਦੇ। ਸੰਸਾਰ ਵਿੱਚ ਜਿਆਦਾ ਮਨੁੱਖਤਾ ‘‘ਬਾਈਬਲ’’ ਧਰਮ ਗ੍ਰੰਥ ਨਾਲ ਜੁੜੀ ਹੋਈ ਹੈ। ਬਾਈਬਲ ਦੇ ਪੜ੍ਹਨ ਵਾਲੇ ‘‘ਸੱਚ’’ ਨੂੰ ਹੀ ਗਾਡ ਕਹਿੰਦੇ ਹਨ ਭਾਵ ‘‘ਟਰੁੱਥ’’, ਸੱਚਾਈ ਨੂੰ ਗਾਡ ਕਹਿੰਦੇ ਹਨ ਜੋ ਕਿ ਬਿਲਕੁਲ ਸੱਚੀ ਗੱਲ ਹੈ, ਵੱਡੀ ਸੱਚਾਈ ਹੈ। ਗੁਰਬਾਣੀ ਗ੍ਰੰਥ ਵੀ ਸਾਨੂੰ ਇਹੋ ਕੁੱਝ ਹੀ ਸਮਝਾਉਂਦਾ ਹੈ ਕਿ ‘‘ਸੱਚ’’ ਰੂਪ ਵਿੱਚ ਪ੍ਰਮਾਤਮਾ ਆਪ ਹੈ ਭਾਵ ‘‘ਟਰੁੱਥ’’ ਹੀ ਭਾਵ ‘‘ਸੱਚਾਈ’’ ਹੀ ਪ੍ਰਮਾਤਮਾ ਹੈ। ਇਸਾਈ ਭਾਈਚਾਰਾ ਇਸੇ ਲਈ ਸੱਚ ਤੇ ਚੱਲਣ ਨੂੰ ਅਹਿਮੀਅਤ ਦਿੰਦਾ ਹੈ ਤੇ ਇਸੇ ਲਈ ਉਨ੍ਹਾਂ ਦੇ ਮੁਲਕਾਂ ਵਿੱਚ ਸੱਚ ਦੀ ਜਿਆਦਾ ਕਦਰ ਹੈ ਜੋ ਕਿ ਬਹੁਤ ਹੀ ਚੰਗੀ ਗੱਲ ਹੈ। ਮਨੁੱਖਤਾ ਦੀ ਭਲਾਈ ਲਈ ਸੱਚ ਹੀ ਕੰਮ ਆਉਂਦਾ ਹੈ। ਸਾਰੀ ਗੱਲ ਸੱਚ ਨੂੰ ਸਮਝਣ ਦੀ ਹੈ ਕਿ ਸੱਚ ਕਿਸ ਰੂਪ ਵਿੱਚ ਹੈ ਤੇ ਸੱਚ ਦਾ ਮਕਸਦ ਕੀ ਹੈ।ਸੱਚ ਹੀ ਨਾਮ ਹੈ ਤੇ ਜੇਕਰ ਅਸੀਂ ਸੱਚ ਰੂਪ ਨਾਮ ਨੂੰ ਕੇਵਲ ਇੱਕ ਅੱਖਰ ਦੇ ਰੂਪ ਵਿੱਚ ਕਥੀ ਜਾਣਾ ਹੀ ਸਮਝਾਂਗੇ ਤੇ ਫਿਰ ਉਹ ਅਸਲ ਸੱਚ ਸਾਡੇ ਕਿਸ ਕੰਮ ਆਇਆ ਜੋ ਸੱਚ ਸਾਨੂੰ ਧਰਮ ਗ੍ਰੰਥਾਂ ਦੇ ਸ਼ਬਦਾਂ ਦੇ ਅੰਦਰ

ਦੀ ਸਮਝ ਦੇ ਰੂਪ ਵਿੱਚ ਮਿਲਦਾ ਹੈ। ਸੱਚ ਨੇ ਤਾਂ ਹੀ ਸਾਡੇ ਕੰਮ ਆਉਣਾ ਹੈ ਜੇਕਰ ਸੱਚ ਸਾਡੀ ਕਰਨੀ ਵਿੱਚ ਆਵੇ। ਇਸਾਈ ਭਾਈਚਾਰਾ ਸੱਚ ਨੂੰ ਬਿਹਤਰ ਸਮਝਦਾ ਹੈ ਭਾਵ ਸੱਚ ਦੇ ਮਕਸਦ ਨੂੰ ਸਮਝਦਾ ਹੈ ਕਿ ਸੱਚ ਕਿਸ ਲਈ ਹੈ। ਪੂਰੀ ਤਰ੍ਹਾਂ ਕੋਈ ਸੱਚ ਨਾਲ ਜੁੜ ਸਕੇ ਭਾਵ ਆਪਣੇ ਆਪ ਜੁੜ ਸਕੇ ਇਹ ਨਾਮੁਮਕਿਨ ਹੈ। ਧਰਮ ਦੇ ਮਾਰਗ ਤੇ ਪੂਰੀ ਤਰ੍ਹਾਂ ਭਾਵ ਸੱਚ ਦੇ ਮਾਰਗ ਤੇ ਪੂਰੀ ਤਰ੍ਹਾਂ ਕੋਈ ਤਾਂ ਹੀ ਚੱਲ ਸਕਦਾ ਹੈ ਜੇਕਰ ਆਪਣੇ ਅੰਦਰੋਂ ਪੂਰਨ ਰੂਪ ਵਿੱਚ "ਸੱਚ" ਦੀ ਸਮਝ ਪਵੇ ਜੋ ਸਮਝ ਮਨ ਦੇ ਅੰਦਰ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਪਾਉਂਦਾ ਹੈ ਤੇ ਕੋਈ ਪੂਰੀ ਤਰ੍ਹਾਂ ਸੱਚ ਦੇ ਮਾਰਗ ਤੇ ਚੱਲ ਸਕਦਾ ਹੈ ਭਾਵ ਹਰ ਭਰਮ ਤੋਂ ਮੁਕਤ ਹੋ ਕੇ ਵਿਚਰਦਾ ਹੈ ਤੇ ਕਿਸੇ ਹੋਰ ਦੀ ਧਾਰਮਿਕ ਆਸਥਾ ਨੂੰ ਉਹ ਮਾੜਾ ਨਹੀਂ ਸਮਝਦਾ ਭਾਵ ਸਭ ਨੂੰ ਇੱਕੋ ਜਿਹਾ ਸਮਝਦਾ ਹੈ। "ਇਸਾਈ" ਭਾਈਚਾਰੇ ਵਾਲੇ ਵੀ ਆਪਣੀ ਧਾਰਮਿਕ ਆਸਥਾ ਨੂੰ ਉੱਚਾ ਸਮਝਦੇ ਹਨ ਭਾਵ ਉਹ ਭਰਮਾਂ ਵਿੱਚ ਹੀ ਹਨ ਤੇ ਇਨ੍ਹਾਂ ਭਰਮਾਂ ਕਰਕੇ ਹੀ ਉਹ ਦੂਸਰਿਆਂ ਨੂੰ ਆਪਣੀ ਧਾਰਮਿਕ ਆਸਥਾ ਪਰਿਵਰਤਨ ਕਰਨ ਲਈ ਭਾਵ ਬਦਲਣ ਲਈ ਪ੍ਰੇਰਦੇ ਹਨ ਜਿਸ ਵਿੱਚ ਸੱਚ ਨਹੀਂ ਹੈ। ਭਾਰਤ ਵਰਸ਼ ਮੁਲਕ ਦੇ ਉੱਤੇ ਇਸਾਈ ਭਾਈਚਾਰੇ ਨੇ ਲੰਬਾ ਸਮਾਂ ਰਾਜ ਕੀਤਾ ਹੈ ਜਿਸ ਦੌਰਾਨ ਉਨ੍ਹਾਂ ਨੇ ਅਨੇਕਾਂ ਮਾੜੇ ਕੰਮ ਵੀ ਕੀਤੇ ਹਨ, ਅਨੇਕਾਂ ਜੁਲਮ ਵੀ ਕੀਤੇ ਹਨ ਜਿਵੇਂ ਕਿ "ਜਲ੍ਹਿਆਂ ਵਾਲੇ ਬਾਗ" ਦੀ ਘਟਨਾ ਹੈ ਤੇ ਇਹੋ ਜਿਹੀਆਂ ਹੋਰ ਅਨੇਕਾਂ ਘਟਨਾਵਾਂ ਹਨ ਜਿੰਨ੍ਹਾਂ ਦਾ ਇਤਿਹਾਸ ਗਵਾਹ ਹੈ। ਇਹ ਸਭ ਕੁੱਝ ਉਨ੍ਹਾਂ ਨੇ ਆਪਣਾ ਰੁਤਬਾ ਵਧਾਉਣ ਲਈ ਕੀਤਾ ਹੈ, ਸੱਚ ਨੂੰ ਦਬਾਉਣ ਦੁਆਰਾ ਭਾਵ ਸੱਚਾਈ ਨੂੰ ਦਬਾਉਣ ਦੁਆਰਾ ਕੀਤਾ ਹੈ ਫਿਰ ਉਨ੍ਹਾਂ ਨੇ "ਸੱਚ" ਨੂੰ ਕੀ ਮੰਨਿਆ ਭਾਵ ਸੱਚ ਦੀ ਕੀ ਕਦਰ ਪਾਈ ਭਾਵ "ਧਰਮ" ਦੀ ਕੀ ਕਦਰ ਪਾਈ। ਆਪਣੀਆਂ ਤ੍ਰਿਸ਼ਨਾਵਾਂ ਪੂਰੀਆਂ ਕਰਨ ਲਈ, ਆਪਣੀ ਹਕੂਮਤ ਦੇ ਨਸ਼ੇ ਵਿੱਚ ਜੋ ਕਿ ਮਾਇਆ ਮੋਹ ਦਾ ਨਸ਼ਾ ਹੀ ਹੈ ਉਸ ਵਿੱਚ ਅਸੀਂ ਅਨੇਕਾਂ ਹੀ ਮਾੜੇ ਕੰਮ ਕਰਦੇ ਹਾਂ ਜੋ ਕਿ ਸੱਚ ਦੇ ਉਲਟ ਹੈ। ਪੂਰਨ ਸੱਚ ਨੂੰ ਸਮਝਣਾ ਜਾਂ ਗਾਡ ਨੂੰ ਸਮਝਣਾ, ਅੱਲ੍ਹਾ ਨੂੰ ਸਮਝਣਾ, ਪ੍ਰਮਾਤਮਾ ਨੂੰ ਸਮਝਣਾ, ਅਕਾਲ ਪੁਰਖ ਨੂੰ ਸਮਝਣਾ ਇੱਕੋ ਹੀ ਗੱਲ ਹੈ। ਜੋ ਪੂਰਨ ਸੱਚ ਨੂੰ ਸਮਝ ਲੈਂਦਾ ਹੈ ਭਾਵ ਸੱਚ ਦੇ ਮਾਲਕ ਨੂੰ ਜਾਣ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝੇ ਭਾਵ ਕਿਸੇ ਮਨੁੱਖੀ ਰੂਪ ਨੂੰ ਧਰਮ ਦਾ ਵਿਦਵਾਨ ਸਮਝੇ ਇਹ ਨਹੀਂ ਹੋ ਸਕਦਾ। ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਸਭਨੇ ਕਿਸੇ ਨਾ ਕਿਸੇ ਮਨੁੱਖੀ ਰੂਪ ਨੂੰ ਹੀ ਧਰਮ ਦਾ ਵਿਦਵਾਨ ਸਮਝ ਕੇ ਉਸਨੂੰ ਉੱਚਾ ਥਾਪਿਆ ਹੁੰਦਾ ਹੈ ਜਿਵੇਂ ਕਿ ਅਸੀਂ ਸਭ ਪਾਸੇ ਵੇਖ ਸਕਦੇ ਹਾਂ। ਉਨ੍ਹਾਂ ਬਾਰੇ ਸਾਨੂੰ ਗੁਰਬਾਣੀ ਰਾਹੀਂ ਕੀ ਸਮਝਾਇਆ ਹੋਇਆ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਸਾਨੂੰ ਇਹੋ ਜਿਹੇ ਵੱਡੇ ਵਿਦਵਾਨ ਅਖਵਾਉਣ ਵਾਲੇ ਹੀ ਸਾਡੇ ਅੰਦਰ ਆਪਣੀ ਆਪਣੀ ਧਾਰਮਿਕ ਆਸਥਾ ਨੂੰ ਹੋਰ ਦ੍ਰਿੜ ਕਰਦੇ ਹਨ। ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਭਾਵ "ਸੰਤ" ਆਦਿ ਅਖਵਾਉਣ ਵਾਲੇ ਇਸਾਈ ਭਾਈਚਾਰੇ ਵਿੱਚ ਵੀ ਅਨੇਕਾਂ ਹਨ ਤੇ ਜੇਕਰ ਕੋਈ ਆਪਣੇ ਆਪ ਨੂੰ ਭਾਵ ਮਨੁੱਖੀ ਰੂਪ ਨੂੰ "ਸੰਤ" ਸਮਝਦਾ ਹੈ ਇਹ ਉਨ੍ਹਾਂ ਦਾ ਵੀ ਭਰਮ ਹੀ ਹੈ ਤੇ ਇਹੋ ਜਿਹਾ ਅਖਵਾਉਣ ਨਾਲ ਵੱਖਰੀ ਧਾਰਮਿਕ ਆਸਥਾ ਹੀ ਮਜਬੂਤ ਹੁੰਦੀ ਹੈ ਜਿਸ ਵਿੱਚ ਸੱਚ ਨਹੀਂ ਹੈ। ਜਿੱਥੇ ਸੱਚ ਨਹੀਂ ਹੈ ਭਾਵ ਜਿਸ ਗੱਲ ਵਿੱਚ ਸੱਚਾਈ ਨਹੀਂ ਹੈ ਉਸ ਗੱਲ ਵਿੱਚ ਪ੍ਰਮਾਤਮਾ ਦੀ ਰਜ਼ਾ ਨਹੀਂ ਹੈ। ਕਿਸੇ ਨੂੰ ਪ੍ਰਮਾਤਮਾ ਦਾ ਰੂਪ ਮੰਨਣਾ, ਗਾਡ ਦਾ ਰੂਪ ਮੰਨਣਾ ਉਸ ਗਾਡ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਜਿਸ ਗਾਡ ਨੇ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ ਜੋ "**ਨਿਰੰਕਾਰ**" ਰੂਪ ਹੈ ਜਿਸਦਾ ਆਪਣਾ ਕੋਈ ਰੂਪ ਰੇਖ ਨਹੀਂ ਹੈ ਜੋ ਹਰ ਆਕਾਰ ਰੂਪ ਦੇ ਅੰਦਰ ਆਪਣੇ ਨਿਰੰਕਾਰ ਰੂਪ ਵਿੱਚ ਵਿਚਰਦਾ ਹੈ। "**ਗਾਡ**" ਨਿਰੰਕਾਰ ਰੂਪ ਹੈ ਜਿਸਦਾ ਆਪਣਾ ਕੋਈ ਆਕਾਰ ਨਹੀਂ ਹੈ ਜੋ ਗਾਡ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਮਨੁੱਖੀ ਸਰੀਰ ਨੂੰ, ਆਕਾਰ ਰੂਪ ਨੂੰ ਸੰਤ ਸਮਝਣਾ, ਗਾਡ ਸਮਝਣਾ ਸੱਚ ਨਹੀਂ ਹੈ। "**ਸੱਚ**" ਨੂੰ ਕੇਵਲ ਮਨ ਦੀਆਂ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਭਾਵ ਗਿਆਨ ਦੀਆਂ ਅੱਖਾਂ ਨਾਲ ਹੀ ਦੇਖਿਆ ਜਾ ਸਕਦਾ ਹੈ ਭਾਵ ਆਪਣੇ ਅੰਦਰੋਂ ਹੀ ਦੇਖਿਆ ਜਾ ਸਕਦਾ ਹੈ ਤੇ ਸਮਝ ਲੱਗਦੀ ਹੈ ਕਿ ਸਾਰੇ ਸੰਸਾਰ ਦਾ ਸੰਤ ਇੱਕੋ ਹੀ ਹੈ ਜੋ ਨਿਰੰਕਾਰ ਰੂਪ ਵਿੱਚ ਹੈ। ਹਰ ਧਰਮ ਗ੍ਰੰਥ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ "ਸੰਤ" ਰੂਪ ਹੈ ਜੋ ਕਿ ਉਸਦਾ "**ਬ੍ਰਹਮ ਗਿਆਨ**" ਰੂਪ ਹੈ ਉਸਦਾ ਨਾਮ ਰੂਪ ਹੈ ਉਸਦੇ ਜਿਸ ਰੂਪ ਦਾ ਕੋਈ ਰੂਪ ਰੇਖ ਨਹੀਂ ਹੈ ਭਾਵ ਆਕਾਰ ਰੂਪ ਨਹੀਂ ਹੈ ਭਾਵ ਉਹ ਨਿਰੰਕਾਰ ਰੂਪ ਹੈ। "ਬਾਈਬਲ" ਗ੍ਰੰਥ ਵਿੱਚ ਵੀ ਉਹੀ ਸੰਤ ਹੈ ਜੋ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਹੈ। ਉਸ ਸੱਚੇ ਸੰਤ ਨੂੰ ਭਾਵ ਗਾਡ ਨੂੰ ਜਦੋਂ ਕੋਈ ਆਪਣੇ ਅੰਦਰੋਂ ਦੇਖ ਲੈਂਦਾ ਹੈ ਫਿਰ ਕੋਈ ਆਪਣੇ ਆਪ ਨੂੰ ਸੰਤ ਨਹੀਂ ਅਖਵਾ ਸਕਦਾ ਤੇ ਨਾ ਹੀ ਕਿਸੇ ਨੂੰ ਕਿਸੇ ਵੱਖਰੀ ਧਾਰਮਿਕ ਆਸਥਾ ਨਾਲ ਜੋੜ ਸਕਦਾ ਹੈ ਕਿਉਂਕਿ ਫਿਰ ਉਸਨੂੰ ਹਰ ਧਾਰਮਿਕ ਆਸਥਾ ਰੱਖਣ ਵਾਲੇ ਵਿੱਚ ਇੱਕੋ ਇੱਕ ਗਾਡ ਦਾ ਹੀ ਰੂਪ ਨਜ਼ਰ ਆਉਂਦਾ ਹੈ, ਇੱਕੋ ਇੱਕ ਅੱਲ੍ਹਾ ਦਾ, ਪ੍ਰਮਾਤਮਾ ਦਾ, ਅਕਾਲ ਪੁਰਖ ਦਾ ਰੂਪ ਹੀ ਨਜ਼ਰ ਆਉਂਦਾ ਹੈ। (**ਪ੍ਰਭਾਤੀ ॥ ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ**

॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥ ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥ ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥) ਅੰਗ - ੧੩੪੯

ਮਨੁੱਖ ਮਨੁੱਖ ਵਿੱਚ ਤਾਂ ਕੋਈ ਫਰਕ ਨਹੀਂ ਹੈ ਭਾਵ ਸਭ ਵਿੱਚ ਇੱਕੋ ਇੱਕ ਅੱਲ੍ਹਾ ਆਪ ਹੀ ਹੈ, ਪ੍ਰਮਾਤਮਾ ਆਪ ਹੀ ਹੈ ਪਰ ਮਨ ਦੀ ਅਗਿਆਨਤਾ ਕਰਕੇ ਅਸੀਂ ਮਨੁੱਖ ਮਨੁੱਖ ਵਿੱਚ ਫਰਕ ਸਮਝਦੇ ਹਾਂ ਤੇ ਆਪਣੀ ਵੱਖਰੀ ਵੱਖਰੀ ਧਾਰਮਿਕ ਆਸਥਾ ਨੂੰ ਇੱਕ ਦੂਜੇ ਨਾਲੋਂ ਚੰਗੀ ਸਮਝਦੇ ਹਾਂ। ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਸੰਸਾਰ ਵਿੱਚ ਹਰ ਕੋਈ ਭਰਮਾਂ ਵਾਲੀ ਸਮਝ ਵਿੱਚ ਹੀ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨ੍ਹਾਂ ਸਭ ਵਿੱਚ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਅਸੀਂ ਨਹੀਂ ਦੇਖ ਸਕਦੇ ਜੋ ਕਿ ਸਭ ਵਿੱਚ ਆਪ ਹੀ ਹੈ, ਹਰ ਧਾਰਮਿਕ ਆਸਥਾ ਰੱਖਣ ਵਾਲੇ ਵਿੱਚ ਉਹ ਆਪ ਹੀ ਹੈ। ਆਓ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ "ਅੱਲ੍ਹਾ" ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

"ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥
ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥
ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥
ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥"

(ਅੰਗ - ੯੦੨-੯੦੩)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਗਹਿਰੇ ਹਨ ਤੇ ਅਸੀਂ ਕੁੱਝ ਅੱਗੇ ਚੱਲਕੇ ਸਮਝਾਂਗੇ। ਇਸ ਸ਼ਬਦ ਰਾਹੀਂ ਸਾਨੂੰ ਸੱਚੀ ਭਗਤੀ

ਦਾ ਮਾਰਗ ਕਿਸ ਲਈ ਸਮਝ ਨਹੀਂ ਆਉਂਦਾ ਤੇ ਅਸੀਂ ਆਪਣੀ ਧਾਰਮਿਕ ਆਸਥਾ ਨੂੰ ਦੂਸਰੇ ਦੀ ਧਾਰਮਿਕ ਆਸਥਾ ਨਾਲੋਂ ਕਿਸ ਲਈ ਚੰਗਾ ਸਮਝਦੇ ਹਾਂ ਇਸ ਦੀ ਵਜ੍ਹਾ ਹੀ ਸਮਝਾਈ ਹੋਈ ਹੈ। ਸ਼ਬਦ ਵਿੱਚ ਦੋ ''ਰਹਾਉ'' ਵਾਲੀਆਂ ਪੰਗਤੀਆਂ ਹਨ ਜਿੰਨ੍ਹਾਂ ਨੂੰ ਪੜੋਗੇ ਤੇ ਸਮਝ ਲੱਗ ਜਾਵੇਗੀ ਕਿ ਉਹ ਵਜ੍ਹਾ ਕੀ ਹੈ ਜੋ ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਦੂਰ ਕਰਦੀ ਹੈ, ਸਾਡੇ ਅੰਦਰ ਵੱਖਰੀ-ਵੱਖਰੀ ਧਾਰਮਿਕ ਆਸਥਾ ਨੂੰ ਮਜਬੂਤ ਕਰਦੀ ਹੈ। ਇਹ ਵਜ੍ਹਾ ਸਾਡੇ ਅੰਦਰ ਦੀ ''ਕਲਿ'' ਹੈ। ''ਕਲਿ'' ਦਾ ਜ਼ਿਕਰ ਗੁਰਬਾਣੀ ਵਿੱਚ ਵਾਰ-ਵਾਰ ਆਉਂਦਾ ਹੈ ਤੇ ''ਕਲਿ'' ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਦੁਆਰਾ ਹੋਰ ਵੀ ਸਮਝਾਂਗੇ। ਇਹ ''ਕਲਿ'' ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ ਭਾਵ ਤ੍ਰੈਗੁਣਾਂ ਵਾਲੀ, ਮਾਇਆ ਵਾਲੀ, ਹਉਮੈ ਵਾਲੀ, ਮਨ ਦੇ ਪੁੱਠੇ ਕਮਲ ਵਾਲੀ ਸਮਝ ਹੈ ਜੋ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾਡ ਨੂੰ, ਵਾਹਿਗੁਰੂ ਨੂੰ ਜਾਨਣ ਤੋਂ ਦੂਰ ਰੱਖਦੀ ਹੈ। ਇਹ ਕਲਿ ਸਾਡੇ ਮਨ ਦੇ ਵਿੱਚ ਸਾਡੀ ਸਮਝ ਉੱਤੇ ਕਾਲਖ ਮਲਦੀ ਹੈ, ਅਗਿਆਨਤਾ ਦਾ ਹਨੇਰਾ ਪਾਉਂਦੀ ਹੈ ਜਿਸ ਮਨ ਦੇ ਹਨੇਰੇ ਵਿੱਚ ਰਹਿੰਦੇ ਹੋਏ ਅਸੀਂ ਸੱਚਾਈ ਨੂੰ ਜਾਨਣ ਤੋਂ ਦੂਰ ਰਹਿੰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਨ ਦੀ ਇਸ ''ਕਲਿ'' ਵਿੱਚੋਂ ਭਾਵ ਅਗਿਆਨਤਾ ਰੂਪ ਹਨੇਰੇ ਵਿੱਚੋਂ ਸਾਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਗੁਰੂ ਦੇ ਸ਼ਬਦਾਂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਭਾਵ ਕਲਿ ਦੇ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਕਲਿ ਕਾਲਖ ਅੰਧਿਆਰੀਆ ॥
ਗੁਰ ਗਿਆਨ ਦੀਪਕ ਉਜਿਆਰੀਆ ॥੧}

(ਅੰਗ - ੨੧੦)

ਸਭ ਨੂੰ ਆਪਣੀ ਧਾਰਮਿਕ ਆਸਥਾ ਕਿਸ ਲਈ ਚੰਗੀ ਲੱਗਦੀ ਹੈ ਤੇ ਦੂਸਰਿਆਂ ਦੀ ਧਾਰਮਿਕ ਆਸਥਾ ਕਿਸ ਲਈ ਚੰਗੀ ਨਹੀਂ ਲੱਗਦੀ ਭਾਵ ਸਮਾਜ ਦੇ ਵਿੱਚ ਰਹਿੰਦੇ ਹੋਏ ਸਾਡੇ ਧਾਰਮਿਕ ਝਗੜੇ ਕਿਸ ਕਰਕੇ ਹੁੰਦੇ ਹਨ, ਇਸ ਗੱਲ ਨੂੰ ਸ਼ਬਦ ਦੇ ਆਖਰੀ ਪਦਿਆਂ ਰਾਹੀਂ ਸਮਝਾਇਆ ਹੋਇਆ ਹੈ। ਇਸ ਨਫ਼ਰਤ ਦੀ ਵਜ੍ਹਾ ਭਾਵ ਧਾਰਮਿਕ ਝਗੜਿਆਂ ਦੀ ਵਜ੍ਹਾ ਸਾਡੇ ਅੰਦਰ ਦੀ ''ਕਲਿ'' ਹੈ ਭਾਵ ਮਨ ਦੀ ਅਗਿਆਨਤਾ ਹੈ ਜੋ ਸਾਨੂੰ ਸੱਚਾ ਮਾਰਗ ਸਮਝਣ ਤੋਂ ਦੂਰ ਰੱਖਦੀ ਹੈ ਜੋ ਸੱਚਾ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ ਪਰ ਮਨ ਦੀ ਨਾਸਮਝੀ ਕਰਕੇ ਅਸੀਂ ਆਪਣੀ ਆਪਣੀ ਆਸਥਾ ਅਨੁਸਾਰ ਧਰਮ ਦੇ ਮਾਰਗ ਨੂੰ ਵੱਖਰਾ-ਵੱਖਰਾ ਸਮਝਦੇ ਹਾਂ, ਵੱਖਰਾ-ਵੱਖਰਾ ਨਾਮ ਜਪਣਾ ਸਮਝਦੇ ਹਾਂ ਜਦਕਿ ਨਾਮ ਸਾਰੇ ਸੰਸਾਰ ਲਈ ਇੱਕੋ ਹੀ ਹੈ, ਸੱਚ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਸੱਚ ਤੇ ਚੱਲਣਾ ਹੀ ਇਸ ਧਰਤੀ ਦੇ ਰਚਣਹਾਰ ਦਾ ਨਾਮੁ ਜਪਣਾ ਹੈ। ਨਾ ਹੀ ਸ੍ਰਿਸ਼ਟੀ ਦੇ ਰਚਣਹਾਰ ਦੋ ਜਾਂ ਇਸ ਤੋਂ ਜਿਆਦਾ ਹੋ ਸਕਦੇ ਹਨ ਤੇ ਨਾ ਹੀ ਉਸਦਾ ''ਨਾਮ'' ਵੱਖਰਾ-ਵੱਖਰਾ ਹੋ ਸਕਦਾ ਹੈ। ਨੀਚੇ ਵਾਲੇ ਪਦਿਆਂ ਰਾਹੀਂ ਗੁਰੂ ਸਾਹਿਬ ਨੇ ਸੰਸਾਰ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ।

''ਕਲਿ ਪਰਵਾਣੁ ਕਤੇਬ ਕੁਰਾਣੁ ॥
ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥
ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਵੁ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥''

(ਅੰਗ - ੯੦੩)

ਸੰਸਾਰ ਦੇ ਵਿੱਚ ਵੱਖਰੇ-ਵੱਖਰੇ ਸਮੇਂ ਤੇ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ ਤੇ ਹਰ ਧਰਮ ਗ੍ਰੰਥ ਦਾ ਰਚਨਹਾਰ ਉਹ ਸੰਸਾਰ ਦਾ ਮਾਲਕ, ਸੰਸਾਰ ਦਾ ਰਚਨਹਾਰ ਭਾਵ ਸ੍ਰਿਸ਼ਟੀ ਦਾ ਕਰਤਾ ਇੱਕੋ ਹੀ ਹੈ ਜੋ ਗਿਆਨ ਦਾ ਮਾਲਕ ਹੈ ਜਿਵੇਂ ਕਿ ਅਸੀਂ ਪਿੱਛੇ

ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੇ। ਵੇਦ, ਸਾਸ਼ਤਰ ਆਦਿ ਬਹੁਤ ਪੁਰਾਣੇ ਧਰਮ ਗ੍ਰੰਥ ਹਨ ਤੇ ਜਿੰਨ੍ਹਾਂ ਸਰੀਰਾਂ ਰਾਹੀਂ ਇਨ੍ਹਾਂ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ ਉਹ ਪੁਰਾਣੇ ਭਾਰਤ ਵਰਸ਼ ਦੇ ਵਸਨੀਕ ਸਨ ਤੇ ਇਸੇ ਲਈ ਭਾਰਤ ਵਰਸ਼ ਤੇ ਆਸ ਪਾਸ ਰਹਿਣ ਵਾਲੇ ਭਾਵ ਇਨ੍ਹਾਂ ਧਰਮ ਗ੍ਰੰਥਾਂ ਨੂੰ ਮੰਨਣ ਵਾਲੇ ਆਪਣੀ ਧਾਰਮਿਕ ਆਸਥਾ ਇਨ੍ਹਾਂ ਧਰਮ ਗ੍ਰੰਥਾਂ ਅਨੁਸਾਰ ਸਮਝਦੇ ਰਹੇ ਹਨ ਤੇ ਅੱਜ ਵੀ ਸਮਝਦੇ ਹਨ ਜਿਸਨੂੰ ਸਮਝਣ ਵਿੱਚ ਬੁਰਾਈ ਨਹੀਂ ਹੈ। ਬੁਰਾਈ ਜਾਂ ਚੰਗਿਆਈ ਤਾਂ ਧਰਮ ਗ੍ਰੰਥਾਂ ਦੀ ਸਿੱਖਿਆ ਨੂੰ ਸਮਝਣ ਜਾਂ ਨਾ ਸਮਝਣ ਵਿੱਚ ਹੈ ਤੇ ਮੰਨਣ ਜਾਂ ਨਾ ਮੰਨਣ ਵਿੱਚ ਹੈ। ਇਸੇ ਤਰ੍ਹਾਂ ਸਮਾਂ ਪਾ ਕੇ ਸ੍ਰਿਸ਼ਟੀ ਦੇ ਰਚਨਹਾਰ ਨੇ "**ਕੁਰਾਨ**" ਧਰਮ ਗ੍ਰੰਥ ਦੀ ਰਚਨਾ ਕੀਤੀ ਤਾਂ ਜੋ ਸੰਸਾਰ ਵਿੱਚ ਧਰਮ ਦੇ ਮਾਰਗ ਨੂੰ ਹੋਰ ਦੂਰ ਤੱਕ ਫੈਲਾਇਆ ਜਾਵੇ। ਜੋ "**ਕੁਰਾਨ ਧਰਮ ਗ੍ਰੰਥ**" ਨੂੰ ਪੜਨ ਦੇ ਨਾਲ ਜੁੜੇ ਉਨ੍ਹਾਂ ਦੀ ਧਾਰਮਿਕ ਆਸਥਾ ਬਦਲ ਗਈ ਤੇ ਆਪਣੇ ਆਪ ਨੂੰ ਉਨ੍ਹਾਂ ਨੇ "ਮੁਸਲਿਮ" ਸਮਝਿਆ ਜਿਸ ਕਰਕੇ ਸਮਾਜ ਦੇ ਵਿੱਚ ਮੁਸਲਿਮ ਭਾਈਚਾਰੇ ਦਾ ਵਿਸਥਾਰ ਹੋਇਆ। ਵੇਦਾਂ, ਸ਼ਾਸਤਰਾਂ ਆਦਿ ਦੀ ਵਿਚਾਰ ਨੂੰ ਮੰਨਣ ਵਾਲਿਆਂ ਨੇ ਆਪਣੇ ਆਪ ਨੂੰ ਹਿੰਦੂ ਵਿਚਾਰਧਾਰਾ ਵਾਲੇ ਮੰਨਿਆ ਤੇ ਕੁਰਾਨ ਗ੍ਰੰਥ ਦੇ ਵਿਚਾਰਾਂ ਨੂੰ ਪੜਨ ਵਾਲਿਆਂ ਨੇ ਆਪਣੇ ਆਪਨੂੰ ਮੁਸਲਿਮ ਵਿਚਾਰਧਾਰਾ ਵਾਲੇ ਮੰਨਿਆ। ਧਰਮ ਗ੍ਰੰਥ ਭਾਵੇਂ ਕੋਈ ਵੀ ਹੋਵੇ ਉਸਦਾ ਰਚਨਹਾਰ ਕੇਵਲ ਤੇ ਕੇਵਲ ਇਕ ਹੈ ਭਾਵ ਉਹੀ ਹੈ ਜਿਸਨੇ ਇਸ ਸ੍ਰਿਸ਼ਟੀ ਨੂੰ ਰਚਿਆ ਹੈ।

ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਦੇਣ ਵਾਲਾ ਜਦੋਂ ਇੱਕੋ ਇੱਕ ਉਹ ਆਪ ਹੈ ਫਿਰ ਉਹ ਵੱਖਰੀ-ਵੱਖਰੀ ਧਰਮ ਦੀ ਸਿੱਖਿਆ ਕਿਸ ਲਈ ਦੇਵੇਗਾ ਭਾਵ ਹਰ ਧਰਮ ਗ੍ਰੰਥ ਦੇ ਵਿੱਚ ਸਿੱਖਿਆ ਸੱਚੀ ਹੀ ਹੈ ਜੋ ਸਾਨੂੰ ਸੱਚ ਤੇ ਚੱਲਣਾ ਸਿਖਾਉਂਦੀ ਹੈ ਤਾਂ ਜੋ ਸੱਚ ਸ੍ਰਿਸ਼ਟੀ ਦੇ ਵਿੱਚ ਦੂਰ ਦੂਰ ਤੱਕ ਫੈਲੇ ਭਾਵ ਹਰ ਕੋਈ ਸੱਚ ਤੇ ਚੱਲੇ ਤੇ ਕੋਈ ਕਿਸੇ ਦਾ ਮਾੜਾ ਨਾ ਕਰੇ ਭਾਵ ਉਸ ਰਚਨਹਾਰ ਦੀ ਸ੍ਰਿਸ਼ਟੀ ਸੰਚਾਰੂ ਢੰਗ ਨਾਲ ਚੱਲੇ ਤੇ ਸਮਾਜ ਵਿੱਚ ਲੜਾਈ ਝਗੜੇ ਨਾ ਹੋਣ। ਮਨੁੱਖ ਜੋ ਵੀ ਸਮਝਦਾ ਹੈ ਉਹ ਮਨ ਦੀ ਸਮਝ ਦੁਆਰਾ ਸਮਝਦਾ ਹੈ ਤੇ ਹਰ ਸਮਝ ਉਸ ਸ੍ਰਿਸ਼ਟੀ ਦੇ ਰਚਨਹਾਰ ਦੀ ਆਪਣੀ ਪਾਈ ਹੋਈ ਹੀ ਸਮਝ ਹੀ ਹੈ ਜੋ ਸੰਸਾਰ ਨੂੰ "ਕਲਿ" ਦੇ ਵਿੱਚ ਰੱਖਦੀ ਹੈ ਭਾਵ ਮਨ ਦੀ ਅਗਿਆਨਤਾ ਦੇ ਵਿੱਚ ਰੱਖਦੀ ਹੈ। ਇਹ ਸੰਸਾਰ ਉਸ ਰਚਨਹਾਰ ਨੇ ਆਪਣੀ ਇੱਕ ਖੇਡ ਬਣਾਈ ਹੋਈ ਹੈ ਜਿਸ ਖੇਡ ਨੂੰ ਉਹ ਆਪ ਹੀ ਚਲਾ ਰਿਹਾ ਹੈ ਤੇ ਇਹ ਖੇਡ ਤਾਂ ਹੀ ਚੱਲ ਸਕਦੀ ਹੈ ਜੇਕਰ ਉਸਦੀ ਖੇਡ ਨੂੰ ਕੋਈ ਸਮਝ ਨਾ ਸਕੇ। ਹਰ ਸਮਝ ਦੇ ਵਿੱਚ, ਹਰ ਆਕਾਰ ਰੂਪ ਦੇ ਵਿੱਚ ਅਸਲ ਵਿੱਚ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵ ਸਭ ਕੁੱਝ ਉਹ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਸ੍ਰਿਸ਼ਟੀ ਵਿੱਚ ਹੋਰ ਕੋਈ ਵੀ ਨਹੀਂ ਹੈ। ਅਗਰ ਕੋਈ ਇਕੱਲਾ ਜਣਾ ਹੋਵੇ ਭਾਵ ਇੱਕੋ ਇੱਕ ਹੋਵੇ ਤੇ ਫਿਰ ਉਹ ਕੋਈ ਖੇਡ ਖੇਡਣੀ ਚਾਹੇ, ਉਹ ਕਿਵੇਂ ਖੇਡ ਸਕਦਾ ਹੇ। ਖੇਡ ਉਹ ਹੁੰਦੀ ਹੈ ਜਿਸ ਵਿੱਚ ਇੱਕ ਜਿੱਤਦਾ ਹੈ ਤੇ ਦੂਸਰਾ ਹਾਰਦਾ ਹੈ ਤੇ ਪ੍ਰਮਾਤਮਾ ਹੈ ਹੀ ਇੱਕੋ ਇੱਕ ਆਪ ਫਿਰ ਉਸਨੇ ਇਹ ਖੇਡ ਖੇਡਣ ਲਈ ਆਪ ਹੀ ਆਪਣਾ ਰੂਪ ਮਨੁੱਖੀ ਰੂਪ ਵਿੱਚ ਬਣਾਇਆ ਹੋਇਆ ਹੈ, ਮਨੁੱਖੀ ਸਮਝ ਰਾਹੀਂ ਬਣਾਇਆ ਹੋਇਆ ਹੈ। ਉਹ ਬਹੁਤ ਹੀ ਜਿਆਦਾ ਸਿਆਣਾ ਹੈ ਤੇ ਉਸਦੀ ਸਿਆਣਪ ਦਾ ਕੋਈ ਅੰਤ ਹੀ ਨਹੀਂ ਹੈ।ਜਦ ਤੱਕ ਕੋਈ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਨਹੀਂ ਸਮਝਦਾ, ਅੱਲ੍ਹਾ ਤੋਂ ਵੱਖਰਾ ਨਹੀਂ ਸਮਝਦਾ ਤਦ ਤੱਕ ਇਹ ਖੇਡ ਪ੍ਰਮਾਤਮਾ ਕਿਸ ਤਰੀਕੇ ਖੇਡੇ। ਸਾਡੇ ਅੰਦਰ ਦੀ ਜੋ "ਕਲਿ" ਹੈ ਭਾਵ ਜੋ ਅਗਿਆਨਤਾ ਹੈ ਉਸਦਾ ਮਕਸਦ ਹੀ ਸਾਨੂੰ ਅਕਾਲ ਪੁਰਖ ਤੋਂ ਆਪਣੇ ਆਪ ਨੂੰ ਵੱਖਰਾ ਸਮਝਣ ਦਾ ਹੈ, ਗਾਡ ਤੋਂ ਵੱਖਰਾ ਸਮਝਣ ਦਾ ਹੈ ਭਾਵ ਸ੍ਰਿਸ਼ਟੀ ਦੇ ਰਚਨਹਾਰ ਤੋਂ ਆਪਣੇ ਆਪ ਨੂੰ ਵੱਖਰਾ ਸਮਝਣ ਦਾ ਹੈ। ਪ੍ਰਮਾਤਮਾ ਇਹ ਆਪਣੀ ਖੇਡ ਮਨ ਦੀ ਸਮਝ ਰਾਹੀਂ ਹੀ ਖੇਡ ਰਿਹਾ ਹੈ, ਸੰਸਾਰ ਦੇ ਹਰ ਮਨੁੱਖੀ ਰੂਪ ਨਾਲ ਖੇਡ ਰਿਹਾ ਹੈ। ਮਨ ਦੀ ਸਮਝ ਦੇ ਵਿੱਚ ਹੀ ਉਹ ਆਪ ਹੈ ਤੇ ਮਨ ਦੀ ਸਮਝ ਕਰਕੇ ਹੀ ਕੋਈ ਆਪਣੇ ਆਪ ਨੂੰ ਮਨੁੱਖ ਸਮਝਦਾ ਹੈ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਮਨ ਦੇ ਸੱਚੇ ਗਿਆਨ ਦੇ ਰੂਪ ਵਿੱਚ ਉਹ ਆਪ ਹੈ ਤੇ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਉਹ ਆਪ ਹੀ ਮਨੁੱਖੀ ਰੂਪ ਹੈ। ਸੰਸਾਰ ਦੇ ਵਿੱਚ ਅਨੇਕਾਂ ਹੀ ਉਹ ਕਰਮ ਹਨ ਜੋ ਕਰਮ ਸ੍ਰਿਸ਼ਟੀ ਨੂੰ ਚਲਾਉਣ ਲਈ ਜਰੂਰੀ ਹਨ ਭਾਵ ਸ੍ਰਿਸ਼ਟੀ ਦੀ ਸੰਭਾਲ ਕਰਨ ਲਈ ਜਰੂਰੀ ਹਨ। ਮਨੁੱਖ ਸ੍ਰਿਸ਼ਟੀ ਦੀ ਸੰਭਾਲ ਲਈ ਅਨੇਕਾਂ ਹੀ ਕਰਮ ਕਰਦਾ ਹੈ ਪਰ ਅਸਲ ਵਿੱਚ ਸੰਭਾਲ ਕਰਨ ਵਾਲਾ ਉਹ ਆਪ ਹੀ ਹੈ ਜੋ ਸੰਭਾਲ ਉਹ ਆਪਣੇ ਮਨੁੱਖੀ ਰੂਪ ਰਾਹੀਂ ਮਨ ਦੀ ਸਮਝ ਦੁਆਰਾ ਕਰਾ ਰਿਹਾ ਹੈ ਭਾਵ ਆਪਣੀ ਖੇਡ ਨੂੰ ਚਲਾ ਰਿਹਾ ਹੈ। ਇਸ ਸੰਸਾਰ ਦੀ ਖੇਡ ਨੂੰ ਚਲਾਉਣ ਲਈ ਧਰਮ ਦਾ ਮਾਰਗ ਵੀ ਜਰੂਰੀ ਹੈ ਤਾਂ ਜੋ ਇਹ ਖੇਡ ਸੰਚਾਰੂ ਢੰਗ ਨਾਲ ਚੱਲੇ। ਇਸ ਖੇਡ ਨੂੰ ਸੰਸਾਰ ਵਿੱਚ ਜੂਏ ਦੀ ਖੇਡ ਤਰ੍ਹਾਂ ਵੀ ਕਿਹਾ ਗਿਆ ਹੈ, ਇੱਕ ਚੋਪੜ ਦੀ ਖੇਡ ਤਰ੍ਹਾਂ ਵੀ ਕਿਹਾ ਗਿਆ ਹੈ ਜੋ ਖੇਡ ਖੇਡਣ ਵਿੱਚ ਚੰਗੀ ਲੱਗਦੀ ਹੈ ਤੇ ਤਾਂ ਹੀ ਕੋਈ ਉਸ ਖੇਡ ਨੂੰ ਖੇਡਦਾ ਹੈ। "ਖੇਡ" ਦੇ ਵਿੱਚ ਜਿੱਤ ਹਾਰ ਵੀ ਹੁੰਦੀ ਹੈ। ਇਹ ਪ੍ਰਮਾਤਮਾ ਦੀ ਖੇਡ ਬਹੁਤ ਹੀ ਨਿਰਾਲੀ ਹੈ ਜਿਸ ਖੇਡ ਵਿੱਚ ਮਨੁੱਖ ਦਾ

ਜਿੱਤਣਾ ਬਹੁਤ ਹੀ ਔਖਾ ਹੈ। ਇਸ ਖੇਡ ਨੂੰ ਅਸੀਂ ਤਾਂ ਹੀ ਜਿੱਤ ਸਕਦੇ ਹਾਂ ਜਦੋਂ ਸਾਨੂੰ ਇਹ ਖੇਡ ਜਿੱਤਣ ਦੀ ਸਮਝ ਪਵੇ ਜਿਸਨੂੰ ਜਿੱਤਣ ਦੇ ਲਈ ਪ੍ਰਮਾਤਮਾ ਨੇ ਆਪ ਹੀ ਸੰਸਾਰ ਲਈ ਇੱਕੋ ਇੱਕ ਤਰੀਕਾ ਬਣਾਇਆ ਹੈ ਜੋ ਕਿ ਧਰਮ ਦੇ ਮਾਰਗ ਤੇ ਪੂਰਾ ਉਤਰਨ ਦਾ ਹੈ। ਇਸੇ ਲਈ ਖੇਡ ਨੂੰ ਕੋਈ ਵਿਰਲਾ ਹੀ ਜਿੱਤ ਸਕਦਾ ਹੈ ਕਿਉਂਕਿ ਕੋਈ ਵਿਰਲਾ ਹੀ ਧਰਮ ਦੇ ਸੱਚੇ ਮਾਰਗ ਤੇ ਪੂਰਾ ਉਤਰ ਸਕਦਾ ਹੈ। ਇਸ ਖੇਡ ਨੂੰ ਜਿੱਤਣ ਦਾ ਇਨਾਮ ਵੀ ਪ੍ਰਮਾਤਮਾ ਨੇ ਬਹੁਤ ਵੱਡਾ ਰੱਖਿਆ ਹੋਇਆ ਹੇ ਜੋ ਕਿ ਉਸਦੇ ਨਾਲ ਮੇਲ ਦਾ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਹੈ, ਉਸ ਸ੍ਰਿਸ਼ਟੀ ਦੇ ਰਚਨਹਾਰ ਨੂੰ ਜਾਨਣ ਦਾ ਹੈ। ਉਹ ਰਚਨਹਾਰ ਆਪ "ਬ੍ਰਹਮ ਗਿਆਨ" ਦੇ ਰੂਪ ਵਿੱਚ ਹੈ ਤੇ ਆਪਣੇ ਉਸ "ਬ੍ਰਹਮ ਗਿਆਨ" ਰੂਪ ਨੂੰ ਉਸਨੇ ਆਪ ਹੀ ਮਨੁੱਖੀ ਸਮਝ ਤੋਂ ਵੱਖਰਾ ਕੀਤਾ ਹੋਇਆ ਹੈ ਜੋ ਉਸਦਾ ਵੱਖਰਾ ਕਰਨ ਦਾ ਤਰੀਕਾ ਮਨ ਦੀ ਅਗਿਆਨਤਾ ਹੀ ਹੈ। ਅਸੀਂ ਆਪਣੇ ਇਸ ਜੀਵਨ ਦੀ ਖੇਡ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਹੀ ਖੇਡਣੀ ਹੈ ਜੋ ਕਿ ਉਸ ਪ੍ਰਮਾਤਮਾ ਦੇ ਨਾਲ ਖੇਡਣੀ ਹੈ ਭਾਵ ਉਸਦੇ ਸਮਝਾਏ ਹੋਏ ਧਰਮ ਦੇ ਸੱਚੇ ਮਾਰਗ ਤੇ ਚੱਲਣ ਦੁਆਰਾ ਖੇਡਣੀ ਹੈ, ਉਸਦੇ ਸੱਚੇ ਗਿਆਨ ਦੇ ਨਾਲ ਮਨ ਦੀ ਅਗਿਆਨਤਾ ਨੂੰ ਦੂਰ ਕਰਨ ਦੁਆਰਾ ਖੇਡਣੀ ਹੈ। ਹਰ ਧਰਮ ਗ੍ਰੰਥ ਦੇ ਵਿੱਚ ਉਸਦਾ ਸੱਚਾ ਗਿਆਨ ਹੀ ਹੈ ਤੇ ਅਸੀਂ ਆਪਣੇ ਜੀਵਨ ਦੀ ਖੇਡ ਨੂੰ ਤਾਂ ਹੀ ਜਿੱਤ ਸਕਦੇ ਹਾਂ ਜੇਕਰ ਅਸੀਂ ਆਪਣੀ ਅਗਿਆਨਤਾ ਨੂੰ ਜਿੱਤੀਏ ਭਾਵ ਆਪਣੇ ਮਨ ਦੀ ਸਮਝ ਨੂੰ ਜਿੱਤੀਏ ਜੋ ਮਨ ਦੀ ਸਮਝ ਸਾਨੂੰ ਧਰਮ ਦੇ ਮਾਰਗ ਤੋਂ ਉਲਟ ਚਲਾਉਂਦੀ ਹੈ ਭਾਵ ਮਾਇਆ ਮੋਹ ਵਿੱਚ ਰੱਖਣ ਦੁਆਰਾ, ਤ੍ਰਿਸ਼ਨਾਵਾਂ ਵਿੱਚ ਰੱਖਣ ਦੁਆਰਾ ਮਨੁੱਖ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ, ਔਗੁਣਾਂ ਵਿੱਚ ਪਾ ਕੇ ਰੱਖਦੀ ਹੈ ਭਾਵ ਗੁਣਾਂ ਤੋਂ ਉਲਟ ਚਲਾਉਂਦੀ ਹੈ।

{ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥}

(ਅੰਗ - ੧੧੮੫)

ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੀ ਕਲਿ ਵਿੱਚ ਭਾਵ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਰਾਹੀਂ ਉਹ ਆਪ ਸਭ ਤੋਂ ਵੱਖਰਾ ਬਣਿਆ ਹੋਇਆ ਹੈ ਭਾਵ ਉਸਨੇ ਆਪ ਹੀ ਸਭ ਤੋਂ ਪਰਦਾ ਰੱਖਿਆ ਹੋਇਆ ਹੈ। ਸਾਡੇ ਜੀਵਨ ਦਾ ਸੱਚਾ ਮਨੋਰਥ ਮਨ ਦੀ "ਕਲਿ" ਵਿੱਚੋਂ ਨਿਕਲਣ ਦਾ ਹੀ ਹੈ ਤਾਂ ਜੋ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਚੱਲ ਸਕੀਏ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਸੱਚੇ ਮਾਰਗ ਤੇ ਚੱਲਣ ਦਾ ਉੱਦਮ ਕਰਨ ਦੁਆਰਾ ਹੀ ਅਸੀਂ ਆਪਣੇ ਜੀਵਨ ਦੀ ਖੇਡ ਨੂੰ ਜਿੱਤ ਸਕਦੇ ਹਾਂ ਤੇ ਉਸ ਖੇਡ ਦੇ ਮਾਲਕ ਦੀ ਖੇਡ ਨੂੰ ਆਪਣੇ ਅੰਦਰੋਂ ਬੁੱਝ ਸਕਦੇ ਹਾਂ। ਮਨ ਦੀ ਕਲਿ ਵਿੱਚ ਰਹਿੰਦੇ ਹੋਏ ਅਸੀਂ ਵੱਖਰੀ-ਵੱਖਰੀ ਧਾਰਮਿਕ ਆਸਥਾ ਨਾਲ ਜੁੜੇ ਰਹਿੰਦੇ ਹਾਂ ਜਿਵੇਂ ਕਿ ਉੱਪਰ ਮੁੱਖ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਕਲਿ ਪਰਵਾਣੁ ਕਤੇਬ ਕੁਰਾਣੁ ॥
ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥
ਕਰਿ ਕਰਤਾ ਤੂ ਏਕੋ ਜਾਣੁ ॥੭॥"

(ਅੰਗ - 903)

ਸਾਡੇ ਅੰਦਰ ਦੀ "ਕਲਿ" ਕੀ ਹੈ ਇਸਨੂੰ ਅਸੀਂ ਸਮਝਿਆ ਹੀ ਹੈ ਜਿਸ ਮਨ ਦੀ ਕਲਿ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਕਲਿ ਨੂੰ ਸਮਝੇ ਬਿਨ੍ਹਾਂ ਅਸੀਂ ਉੱਪਰ ਵਾਲੀਆਂ ਪੰਗਤੀਆਂ ਨੂੰ ਬਿਲਕੁਲ ਵੀ ਨਹੀਂ ਸਮਝ ਸਕਦੇ ਕਿ ਇਨ੍ਹਾਂ ਰਾਹੀਂ ਸਾਨੂੰ ਕੀ ਸਮਝਾਇਆ ਹੋਇਆ ਹੈ। ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ ਕਿ ਪਹਿਲੇ ਉਹਨਾਂ ਧਰਮ ਗ੍ਰੰਥਾਂ ਦੀ ਰਚਨਾ ਹੋਈ ਜਿੰਨ੍ਹਾਂ ਦੀ ਵਿਚਾਰ ਧਾਰਾ ਨਾਲ ਅਸੀਂ ਹਿੰਦੂ ਵਿਚਾਰ ਧਾਰਾ ਨਾਲ ਜੁੜੇ ਭਾਵ ਉਸ ਵਿਚਾਰ ਧਾਰਾ ਨਾਲ ਸਾਡੀ ਆਸਥਾ ਜੁੜੀ। ਫਿਰ ਕਤੇਬ ਕੁਰਾਣੁ ਧਰਮ ਗ੍ਰੰਥ ਦੀ ਰਚਨਾ ਹੋਈ ਤੇ ਉਸ ਵਿਚਾਰ ਧਾਰਾ ਨਾਲ ਜੋ ਜੁੜੇ ਉਨ੍ਹਾਂ ਨੇ ਆਪਣੇ ਆਪ ਨੂੰ ਮੁਸਲਿਮ ਵਿਚਾਰ ਧਾਰਾ ਦੇ ਨਾਲ ਜੋੜਿਆ। ਮਨ ਦੀ "ਕਲਿ" ਤੋਂ ਬਿਨ੍ਹਾਂ ਸੰਸਾਰ ਦੇ ਵਿੱਚ ਕੋਈ ਵੀ ਨਹੀਂ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਜੋ ਲੋਕ ਕਤੇਬ ਕੁਰਾਣੁ ਦੀ ਵਿਚਾਰਧਾਰਾ ਨਾਲ ਜੁੜੇ ਉਨ੍ਹਾਂ ਨੂੰ ਫਿਰ ਉਹ

ਹੀ ਵਿਚਾਰਧਾਰਾ ਚੰਗੀ ਲੱਗੀ ਤੇ ਉਹ ਵਿਚਾਰਧਾਰਾ ਨਹੀਂ ਚੰਗੀ ਲੱਗੀ ਜਿਸ ਵਿਚਾਰਧਾਰਾ ਦੇ ਨਾਲ ਹਿੰਦੂ ਵਿਚਾਰਧਾਰਾ ਜੁੜੀ ਹੋਈ ਸੀ ਭਾਵ ਉਨ੍ਹਾਂ ਨੂੰ ਦੂਸਰੀਆਂ ਪੋਥੀਆਂ ਦੀ ਵਿਚਾਰਧਾਰਾ ਨਹੀਂ ਚੰਗੀ ਲੱਗੀ, ਹਿੰਦੂ ਮੱਤ ਵਾਲੀ ਵਿਚਾਰਧਾਰਾ ਚੰਗੀ ਨਹੀਂ ਲੱਗੀ ਤੇ ਉਸ ਵਿਚਾਰਧਾਰਾ ਨਾਲ ਜੋੜਨ ਵਾਲੇ ਪੰਡਿਤ ਆਦਿ ਚੰਗੇ ਨਹੀਂ ਲੱਗੇ ਭਾਵ ਉਨ੍ਹਾਂ ਦੀ ਵਿਚਾਰਧਾਰਾ ਨੂੰ ਫਿਰ ਉਨ੍ਹਾਂ ਨੇ ਕਬੂਲ ਨਹੀਂ ਕੀਤਾ। ਹਿੰਦੂ ਧਰਮ ਗ੍ਰੰਥਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਉਸ ਪ੍ਰਮਾਤਮਾ ਦੇ ਨਾਮ ਨੂੰ "ਰਾਮ ਨਾਮ" ਦੇ ਰੂਪ ਵਿੱਚ ਜਾਣਦੇ ਸੀ ਕਿ ਪ੍ਰਮਾਤਮਾ ਦਾ ਨਾਮੁ "ਰਾਮ" ਹੈ ਤੇ ਕਤੇਬ ਕੁਰਾਨੁ ਦੀ ਵਿਚਾਰਧਾਰਾ ਨਾਲ ਜੁੜਨ ਵਾਲਿਆਂ ਨੇ ਨਾਮ ਨੂੰ ਬਦਲ ਕੇ "ਰਹਮਾਨੁ" ਬਣਾ ਲਿਆ। ਜਿਸ ਦਾ ਕਾਰਨ ਮਨ ਦੀ "ਕਲਿ" ਹੈ ਜੋ ਸਾਨੂੰ ਵੱਖਰੀ-ਵੱਖਰੀ ਧਾਰਮਿਕ ਆਸਥਾ ਨਾਲ ਜੋੜਦੀ ਹੈ ਤੇ ਸ੍ਰਿਸ਼ਟੀ ਦਾ ਰਚਣਹਾਰ ਜੋ ਇੱਕ ਹੀ ਹੈ ਉਸ ਰਚਣਹਾਰ ਨੂੰ ਵੀ ਅਸੀਂ ਵੱਖਰਾ-ਵੱਖਰਾ ਸਮਝਦੇ ਹਾਂ, ਉਸਦਾ ਵੱਖਰਾ ਵੱਖਰਾ ਨਾਮ ਸਮਝਦੇ ਹਾਂ ਤੇ ਉਸਨੂੰ ਵੱਖਰੇ ਵਖਰੇ ਢੰਗ ਨਾਲ ਜਪਦੇ ਹਾਂ। (**ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥**)

ਹੁਣ ਉੱਪਰ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਸਮਝੋ ਕਿ "ਨਾਮੁ" ਕੀ ਹੈ ਜਿਸ ਨਾਮੁ ਨੂੰ ਨਾ ਸਮਝ ਆਉਣ ਦਾ ਕਾਰਨ ਸਾਡੇ ਅੰਦਰ ਦੀ "ਕਲਿ" ਹੈ ਭਾਵ ਅਗਿਆਨਤਾ ਹੈ ਜਿਸ ਅਗਿਆਨਤਾ ਤੋਂ ਰਹਿਤ ਕੋਈ ਵੀ ਨਹੀਂ ਹੈ ਤੇ ਇਸੇ ਕਰਕੇ ਕਿਸੇ ਨੂੰ ਨਾਮੁ ਦੀ ਸਮਝ ਨਹੀਂ ਹੈ। ਨਾਮੁ ਸਾਰੇ ਸੰਸਾਰ ਲਈ ਇੱਕੋ ਹੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਕਰਿ ਕਰਤਾ ਤੂ ਏਕੋ ਜਾਣੁ ॥੭॥"

ਉੱਪਰ ਪੰਗਤੀ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਨਾਮੁ ਨੂੰ "ਕਰਤਾ" ਕਰਕੇ ਜਾਣੋ ਭਾਵ ਨਾਮੁ ਉਹ ਹੈ ਜਿਸਨੇ ਇਸ ਸ੍ਰਿਸ਼ਟੀ ਨੂੰ ਰਚਿਆ ਹੈ ਭਾਵ ਹਰ ਆਕਾਰ ਰੂਪ ਨੂੰ ਰਚਿਆ ਹੈ ਜਿਸ ਵਿੱਚ ਹਰ ਮਨੁੱਖੀ ਰੂਪ ਵੀ ਆਉਂਦਾ ਹੈ ਭਾਵੇਂ ਕੋਈ ਮਨੁੱਖ ਪੂਰੇ ਸੰਸਾਰ ਵਿੱਚ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਇਹ ਤਾਂ ਹੋ ਨਹੀਂ ਸਕਦਾ ਕਿ ਹਿੰਦੂ ਧਾਰਮਿਕ ਆਸਥਾ ਵਾਲਿਆਂ ਦਾ ਕਰਤਾ ਕੋਈ ਹੋਰ ਹੈ, ਮੁਸਲਮਾਨ ਵੀਰਾਂ ਦਾ ਕਰਤਾ ਕੋਈ ਹੋਰ ਹੈ, ਬਾਈਬਲ ਦੀ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਦਾ ਕਰਤਾ ਕੋਈ ਹੋਰ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਦਾ ਕਰਤਾ ਕੋਈ ਹੋਰ ਹੈ। "ਨਾਮੁ" ਦੇ ਰੂਪ ਵਿੱਚ ਇੱਕੋ ਇੱਕ ਇਸ ਸ੍ਰਿਸ਼ਟੀ ਦਾ ਕਰਤਾ ਉਹ ਆਪ ਹੈ ਜੋ ਸੱਚ ਰੂਪ ਦੇ ਵਿੱਚ ਹੈ। ਉਸਦਾ ਸੱਚ ਰੂਪ ਹੀ ਉਸਦਾ ਨਾਮੁ ਰੂਪ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਸੱਚੇ ਗਿਆਨ ਦਾ ਮਕਸਦ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਸਮਝਾਉਣ ਦਾ ਹੀ ਹੈ ਭਾਵੇਂ ਉਹ ਸੱਚ ਜਿਹੜੇ ਮਰਜ਼ੀ ਸੱਚੇ ਧਰਮ ਗ੍ਰੰਥ ਰਾਹੀਂ ਸਮਝ ਲਈਏ ਭਾਵ ਉਸ ਕਰਤੇ ਦਾ ਨਾਮੁ ਇੱਕੋ ਹੀ ਹੈ ਜੋ ਸਦਾ ਤੋਂ ਹੀ ਇੱਕੋ ਹੀ ਹੈ ਤੇ ਜੋ ਨਾ ਕਦੇ ਬਦਲਿਆ ਹੈ ਤੇ ਨਾ ਕਦੇ ਬਦਲ ਸਕਦਾ ਹੈ। ਸ੍ਰਿਸ਼ਟੀ ਦਾ ਕਰਤਾ ਆਪ ਹੀ "ਨਾਮੁ" ਦੇ ਰੂਪ ਵਿੱਚ ਹੈ ਤੇ ਫਿਰ ਉਹ ਬਦਲ ਕਿਵੇਂ ਸਕਦਾ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਅਸੀਂ ਕਿਸੇ ਵੀ ਅੱਖਰ ਨਾਲ ਸੰਬੋਧਨ ਕਰੀਏ ਭਾਵ ਆਪਣੀ-ਆਪਣੀ ਆਸਥਾ ਅਨੁਸਾਰ ਜਿਸ ਮਰਜ਼ੀ ਅੱਖਰ ਨਾਲ ਕਹਿ ਕੇ ਸੰਬੋਧਨ ਕਰੀਏ ਉਸ ਰਚਨਹਾਰ ਨੂੰ ਕੀ ਫਰਕ ਪੈਂਦਾ ਹੈ। ਉਸਨੂੰ ਰਾਮ ਕਹੀਏ, ਰਹਮਾਨੁ ਕਹੀਏ, ਗਾਡ ਕਹੀਏ, ਅਕਾਲ ਪੁਰਖ ਕਹੀਏ ਜਾਂ ਕਿਸੇ ਵੀ ਹੋਰ ਨਾਮ ਨਾਲ ਪੁਕਾਰੀਏ ਉਸਨੂੰ ਕੀ ਫਰਕ ਪੈਂਦਾ ਹੈ। ਇਸੇ ਤਰ੍ਹਾਂ ਗੁਰਬਾਣੀ ਰੂਪ ਗ੍ਰੰਥ ਨੂੰ, ਧਰਮ ਗ੍ਰੰਥ ਨੂੰ ਪੜ੍ਹਨ ਵਾਲਿਆਂ ਨੇ ਉਸ ਕਰਤੇ ਦਾ ਨਾਮ ਬਦਲਕੇ "ਵਾਹਿਗੁਰੂ" ਅੱਖਰ ਕਰ ਦਿੱਤਾ ਹੈ ਭਾਵ ਵੱਖਰਾ ਨਾਮ ਬਣਾ ਲਿਆ ਹੈ। ਅਸੀਂ ਅੱਖਰ ਤਾਂ ਬਦਲ ਸਕਦੇ ਹਾਂ ਪਰ ਕਿ ਅਸੀਂ ਉਸ ਰਚਨਹਾਰ ਨੂੰ ਵੀ ਬਦਲ ਸਕਦੇ ਹਾਂ ਭਾਵ ਕੀ ਅਸੀਂ ਸੱਚ ਨੂੰ ਵੀ ਬਦਲ ਸਕਦੇ ਹਾਂ ਭਾਵ ਕਿਸੇ ਧਾਰਮਿਕ ਆਸਥਾ ਵਾਲਿਆਂ ਲਈ ਸੱਚ ਹੋਰ ਹੈ ਕਿ ਕਿਸੇ ਧਾਰਮਿਕ ਆਸਥਾ ਵਾਲਿਆਂ ਲਈ ਸੱਚ ਹੋਰ ਹੈ। ਗੁਰਬਾਣੀ ਗ੍ਰੰਥ ਪੜਨ ਵਾਲੇ ਵੀ ਮਨ ਦੀ "ਕਲਿ" ਤੋਂ ਬਾਹਰ ਨਹੀਂ ਹਨ ਜਿਸ ਕਰਕੇ ਉਹ ਵੀ ਨਾਮ ਨੂੰ ਕੋਈ ਅੱਖਰ ਹੀ ਸਮਝਦੇ ਹਨ ਜਿਸ ਕਰਕੇ ਉਨ੍ਹਾਂ ਨੇ ਵੱਖਰਾ ਅੱਖਰ ਬਣਾ ਲਿਆ ਹੈ ਜਿਵੇਂ ਕਿ ਕੁਰਾਨ ਦੇ ਪੜ੍ਹਨ ਵਾਲਿਆਂ ਵੱਖਰਾ ਬਣਾ ਲਿਆ ਹੈ। ਜੇਕਰ ਕਰਤਾ ਉਹ ਆਪ "ਨਾਮੁ" ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਫਿਰ ਉਸ ਕਰਤੇ ਨੂੰ ਜਾਣੇ ਬਿਨ੍ਹਾਂ ਕੀ ਕੋਈ ਨਾਮ ਨੂੰ ਜਾਣ ਸਕਦਾ ਹੈ ਭਾਵ ਨਹੀਂ ਜਾਣ ਸਕਦਾ। ਨਾਮ ਨੂੰ ਉਨ੍ਹਾਂ ਨੇ ਹੀ ਜਾਣਿਆ ਹੈ ਜਿੰਨ੍ਹਾਂ ਨੇ ਕਰਤੇ ਨੂੰ ਜਾਣਿਆ ਹੈ। ਜੋ ਉਸ ਕਰਤੇ ਨੂੰ ਜਾਣ ਲੈਂਦਾ ਹੈ ਉਸਨੂੰ ਹੀ ਸਮਝ ਲੱਗ ਸਕਦੀ ਹੈ ਕਿ ਨਾਮ ਦੇ ਰੂਪ ਵਿੱਚ ਕਰਤਾ ਆਪ ਹੈ ਜੋ ਨਾਮੁ ਰੂਪ ਉਸਦਾ ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜਿਸ ਬ੍ਰਹਮਗਿਆਨ ਦੁਆਰਾ ਸੱਚ ਦੀ ਸਮਝ ਹੀ ਪੈਂਦੀ ਹੈ, ਸ੍ਰਿਸ਼ਟੀ ਦੇ ਰਚਨਹਾਰ ਦੀ ਸਮਝ ਪੈਂਦੀ ਹੈ ਭਾਵ ਉਸਦੇ

ਨਾਮੁ ਦੀ ਸਮਝ ਪੈਂਦੀ ਹੈ ਜਿਵੇਂ ਕਿ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ ਤੇ ਗੁਰਬਾਣੀ ਗ੍ਰੰਥ ਰਾਹੀਂ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਦਾ ਮਾਰਗ ਸਮਝਾਇਆ ਹੈ, ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਇਆ ਹੈ ਭਾਵ ਇੱਕੋ ਜਿਹਾ ਨਾਮ ਜਪਣਾ ਹੀ ਸਮਝਾਇਆ ਹੈ ਤੇ ਸੰਸਾਰ ਦੇ ਸੱਚੇ ਧਰਮ ਗ੍ਰੰਥਾਂ ਦਾ ਸੱਚ ਹੀ ਸਮਝਾਇਆ ਹੋਇਆ ਹੈ ਤਾਂ ਜੋ ਸੱਚੇ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਕੋਈ ਭਰਮ ਵਿੱਚ ਨਾ ਰਹੇ, ਸੰਸਾਰ ਵਿੱਚ ਝਗੜੇ ਨਾ ਪੈਣ ਤਾਂ ਜੋ ਸਮਾਜ ਵਿੱਚ ਸਾਰੇ ਸੁਖੀ ਜੀਵਨ ਦੁਆਰਾ ਵੱਸਣ ਤੇ ਇਹੀ ਧਰਮ ਦੇ ਮਾਰਗ ਦਾ ਭਾਵ ਸੱਚ ਤੇ ਚੱਲਣ ਦਾ ਅਸਲ ਮਕਸਦ ਹੈ ਜੋ ਮਕਸਦ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਸਾਰੇ ਸੰਸਾਰ ਲਈ ਨਾਮ ਜਪਣਾ ਇੱਕੋ ਜਿਹਾ ਹੀ ਹੈ ਜਿਸ ਲਈ ਕਿਸੇ ਅੱਖਰ ਨੂੰ ਜਪਣ ਦੀ ਭਾਵ ਕਿਸੇ ਅੱਖਰ ਨੂੰ ਬੋਲੀ ਜਾਣ ਦੀ ਲੋੜ ਨਹੀਂ ਹੈ ਤੇ ਕੇਵਲ ਸੱਚ ਨੂੰ ਮੰਨਣ ਦੀ ਲੋੜ ਹੈ ਤਾਂ ਜੋ ਸਾਰੇ ਸੰਸਾਰ ਵਿੱਚ ਸਭ ਦੀ ਕਰਨੀ ਚੰਗੀ ਹੋਵੇ ਜੋ ਧਰਮ ਦਾ ਮਾਰਗ ਸਭ ਲਈ ਇੱਕੋ ਜਿਹਾ ਹੀ ਹੈ। (**ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥**) ਆਪਣਾ ਨਾਮੁ ਉਹ ਕਰਤਾ ਭਾਵ ਸ੍ਰਿਸ਼ਟੀ ਦਾ ਰਚਨਹਾਰ ਜੇਕਰ ਕਿਸੇ ਨੂੰ ਦਿੰਦਾ ਹੈ ਤੇ ਉਹ ਆਪ ਹੀ ਦਿੰਦਾ ਹੈ ਜਿਸ ਤੋਂ ਵੱਡਾ ਪ੍ਰਮਾਤਮਾ ਦਾ ‘‘ਕਰਮੁ’’ ਕਿਸੇ ਮਨੁੱਖ ਤੇ ਹੋਰ ਨਹੀਂ ਹੋ ਸਕਦਾ ਕਿਉਂਕਿ ਨਾਮੁ ਦਾ ਮਿਲਣਾ ਜਾਂ ਕਰਤੇ ਦਾ ਆਪ ਮਿਲਣਾ ਇੱਕੋ ਹੀ ਗੱਲ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੯॥”

(ਅੰਗ - ੯੦੩)

ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਉਹ ਆਪਣੀ ਉਸ ਧਾਰਮਿਕ ਆਸਥਾ ਦੁਆਰਾ ਉਸ ਸ੍ਰਿਸ਼ਟੀ ਦੇ ਕਰਤੇ ਦੀ ਆਪਣੇ ਵੱਲੋਂ ਵਡਿਆਈ ਹੀ ਕਰਦਾ ਹੈ। ਉਸ ਸਿਰਜਣਹਾਰ ਦੀ ਵਡਿਆਈ ਕਰਨ ਲਈ ਹਰ ਕਿਸੇ ਨੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਉਸ ਸਿਰਜਣਹਾਰ ਦੀ ਵਡਿਆਈ ਕਰਨ ਦੇ ਤਰੀਕੇ ਬਣਾਏ ਹੋਏ ਹਨ। ਹਿੰਦੂ ਵੀਰ ਆਪਣੀ ਧਾਰਮਿਕ ਆਸਥਾ ਅਨੁਸਾਰ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਵਡਿਆਉਂਦੇ ਹਨ। ਕੋਈ ਘਰ ਵਿੱਚ ਬੈਠ ਕੇ ਪਾਠ ਪੂਜਾ ਆਦਿ ਕਰਨ ਦੁਆਰਾ ਵਡਿਆਉਂਦਾ ਹੈ, ਕੋਈ ਸਰੀਰਕ ਜਪ ਤਪ ਦੁਆਰਾ ਵਡਿਆਉਂਦਾ ਹੈ, ਕੋਈ ਜੋਗੀਆਂ ਦਾ ਮਾਰਗ ਅਪਣਾਉਣ ਦੁਆਰਾ ਵਡਿਆਉਂਦਾ ਹੈ, ਕੋਈ ਜੰਗਲਾਂ ਵਿੱਚ ਆਸਣ ਲਗਾਕੇ ਬੈਠਦਾ ਹੈ, ਕੋਈ ਨਦੀਆਂ ਦੇ ਇਸ਼ਨਾਨ ਕਰਨ ਦੁਆਰਾ ਭਾਵ ਤੀਰਥਾਂ ਤੇ ਇਸ਼ਨਾਨ ਕਰਨ ਦੁਆਰਾ ਉਸ ਸ੍ਰਿਸ਼ਟੀ ਦੇ ਕਰਤੇ ਦੀ ਵਡਿਆਈ ਕਰਦਾ ਹੈ, ਕੋਈ ਵਰਤ ਰੱਖਣ ਦੁਆਰਾ ਉਸਦੀ ਵਡਿਆਈ ਕਰਨਾ ਸਮਝਦਾ ਹੈ, ਕੋਈ ਪਹਾੜਾਂ ਦੀਆਂ ਗੁਫ਼ਾਵਾਂ ਵਿੱਚ ਸਮਾਧੀਆਂ ਲਗਾਉਣ ਦੁਆਰਾ ਤੇ ਕੋਈ ਪਹਾੜਾਂ ਦੀਆਂ ਟੀਸੀਆਂ ਤੇ ਬੈਠ ਕੇ ਜਪ ਤਪ ਕਰਨ ਦੁਆਰਾ ਉਸ ਅਕਾਲ ਪੁਰਖ ਦੀ ਵਡਿਆਈ ਕਰਨਾ ਸਮਝਦਾ ਹੈ ਜੋ ਕਰਤਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਸੇ ਤਰ੍ਹਾਂ ਮੁਸਲਮਾਨ ਭਾਈਚਾਰਾ ਆਪਣੀ ਵੱਖਰੀ ਭਾਵਨੀ ਅਨੁਸਾਰ ਉਸ ਸ੍ਰਿਸ਼ਟੀ ਦੇ ਕਰਤੇ ਦੀ ਵਡਿਆਈ ਕਰਨਾ ਸਮਝਦੇ ਹਨ। ਜਿਵੇਂ ਹਿੰਦੂ ਵੀਰ ਵਰਤ ਆਦਿ ਰੱਖਦੇ ਹਨ ਉਸੇ ਤਰੀਕੇ ਮੁਸਲਮਾਨ ਭਾਈਚਾਰੇ ਵਾਲੇ ਰੋਜ਼ੇ ਰੱਖਣ ਦੁਆਰਾ ਉਸ ਅੱਲ੍ਹਾ ਦੀ ਵਡਿਆਈ ਕਰਨੀ ਸਮਝਦੇ ਹਨ ਜੋ ਅੱਲ੍ਹਾ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ ਤੇ ਸ੍ਰਿਸ਼ਟੀ ਦਾ ਹਰ ਪ੍ਰਾਣੀ ਉਸ ਅੱਲ੍ਹਾ ਦਾ ਆਪਣਾ ਹੀ ਰੂਪ ਹੈ, ਸਭ ਵਿੱਚ ਉਹ ਅੱਲ੍ਹਾ ਆਪ ਹੀ ਹੈ। ਉਸ ਸ੍ਰਿਸ਼ਟੀ ਦੇ ਕਰਤਾ ਨੂੰ, ਅੱਲ੍ਹਾ ਨੂੰ ਜਦੋਂ ਵੀ ਕਿਸੇ ਨੇ ਜਾਨਣਾ ਹੈ ਮਨ ਦੇ ਵਿੱਚੋਂ ਹੀ ਜਾਨਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਲਈ ਆਪਣੇ ਸਰੀਰ ਨੂੰ ਕਿਸੇ ਦੁੱਖਾਂ ਵਿੱਚ ਪਾਉਣ ਦੀ ਲੋੜ ਨਹੀਂ ਹੈ। ਉਸਨੂੰ ਪਾਉਣ ਲਈ ਕੇਵਲ ਤੇ ਕੇਵਲ ਆਪਣੇ ਅੰਦਰ ਦੀਆਂ ਤ੍ਰਿਸ਼ਨਾਵਾਂ ਨੂੰ ਤਿਆਗਣ ਦੀ ਲੋੜ ਹੈ ਭਾਵ ਆਪਣੇ ਮਨ ਨੂੰ ਔਖਾ ਕਰਨ ਦੀ ਲੋੜ ਹੈ ਜਿਸਨੂੰ ਔਖਾ ਕੀਤੇ ਬਿਨ੍ਹਾਂ ਸੱਚ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਜੋ ਉਸ ਸ੍ਰਿਸ਼ਟੀ ਦੇ ਕਰਤੇ ਨੂੰ, ਅੱਲ੍ਹਾ ਨੂੰ, ਰਾਮ ਨੂੰ, ਵਾਹਿਗੁਰੂ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਇੱਕ ਤਰੀਕਾ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਪਰ ਆਪਣੀ ਵੱਖਰੀ-ਵੱਖਰੀ ਧਾਰਮਿਕ ਆਸਥਾ ਕਰਕੇ ਅਸੀਂ ਅਨੇਕਾਂ ਹੀ ਇਹੋ ਜਿਹੇ ਤਰੀਕੇ ਅਪਣਾਏ ਹੋਏ ਹਨ ਜਿੰਨ੍ਹਾਂ ਤਰੀਕਿਆਂ ਦੁਆਰਾ ਅਸੀਂ ਵਿਅਰਥ ਹੀ ਆਪਣੇ ਸਰੀਰ ਨੂੰ ਦੁੱਖ ਦਿੰਦੇ ਹਾਂ ਜਿਸ ਦਾ ਕਾਰਨ ਸਾਡੇ ਅੰਦਰ ਦੀ ‘‘ਕਲਿ’’ ਹੈ ਭਾਵ ਉਸ ਕਰਤੇ ਦੀ ਸੱਚੀ ਭਗਤੀ ਨੂੰ ਨਾ ਸਮਝ ਸਕਣ ਦੀ ਅਗਿਆਨਤਾ ਹੈ। ਇਸ ਮਨ ਦੀ ਅਗਿਆਨਤਾ ਵਿੱਚੋਂ ਕਿਸੇ ਨੂੰ ਅੱਲ੍ਹਾ ਆਪ ਹੀ ਕੱਢ ਸਕਦਾ ਹੈ, ਆਪਣਾ ਨਾਮ ਦੇਣ ਦੁਆਰਾ ਕੱਢ ਸਕਦਾ ਹੈ ਭਾਵ ਆਪਣੀ ਸੱਚੀ ਭਗਤੀ ਦਾ ਗਿਆਨ

ਦੇਣ ਦੁਆਰਾ ਕੱਢਦਾ ਹੈ ਜਿਸ ਦੁਆਰਾ ਉਸ ਸ੍ਰਿਸ਼ਟੀ ਦੇ ਕਰਤੇ ਦੀ ਵਡਿਆਈ ਕਰਨ ਦੀ ਸਮਝ ਪੈਂਦੀ ਹੈ ਕਿ ਉਸਦੀ ਸੱਚੀ ਭਗਤੀ ਦਾ ਮਾਰਗ ਕੀ ਹੈ, ਉਸ ਅੱਲ੍ਹਾ ਦੀ ਇਬਾਦਤ ਕਰਨ ਦਾ ਸੱਚਾ ਮਾਰਗ ਕੀ ਹੈ। ਪ੍ਰਮਾਤਮਾ ਜਿਸ ਨੂੰ ਆਪਣਾ ਨਾਮੁ ਦਿੰਦਾ ਹੈ ਉਹ ਆਪਣੇ ਘਰ ਦੇ ਵਿੱਚੋਂ ਹੀ ਦਿੰਦਾ ਹੈ ਜੋ ਅੱਲ੍ਹਾ ਦਾ ਘਰ, ਅਕਾਲਪੁਰਖ ਦਾ ਘਰ, ਗਾਡ ਦਾ ਘਰ ਸਾਡੇ ਅੰਦਰ ਹੀ ਹੈ ਭਾਵ ਸਾਡੇ ਮਨ ਦੇ ਵਿੱਚ ਹੀ ਹੈ। ਮਨੁੱਖ ਦੇ ਉੱਤੇ ਉਸ ਕਰਤੇ ਦੀ ਸਭ ਤੋਂ ਵੱਡੀ ਕ੍ਰਿਪਾ ਇਹੀ ਹੈ ਕਿ ਉਹ ਕਿਸੇ ਮਨੁੱਖ ਨੂੰ ਆਪਣਾ ਨਾਮੁ ਦੇ ਦੇਵੇ ਜੋ ਨਾਮੁ ਮਿਲਣ ਦੁਆਰਾ ਹੀ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਸਭ ਕੁੱਝ ਉਹ ਆਪ ਹੀ ਹੈ, ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ, ਹਰ ਧਾਰਮਿਕ ਆਸਥਾ ਵਿੱਚ ਉਹ ਆਪ ਹੀ ਹੈ ਭਾਵ ਜੋ ਰਾਮ ਹੈ ਉਹੀ ਅੱਲ੍ਹਾ ਹੈ, ਉਹੀ ਗਾਡ ਹੈ, ਉਹੀ ਅਕਾਲ ਪੁਰਖ ਹੈ। ਨਾਮੁ ਦੀ ਸਮਝ ਨਾ ਹੋਣ ਕਰਕੇ ਅਸੀਂ ਉਨ੍ਹਾਂ ਕੋਲੋਂ ਨਾਮੁ ਲੈਂਦੇ ਹਾਂ ਜਿੰਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ। ਨਾਮੁ ਵੰਡਣ ਵਾਲੇ ਬਹੁਤ ਹਨ, ਭਗਤੀ ਦਾ ਗਿਆਨ ਦੇਣ ਵਾਲੇ ਬਹੁਤ ਹਨ। ਨਾਮੁ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸ ਰਾਮ ਦਾ, ਅੱਲ੍ਹਾ ਦਾ ਆਪਣਾ ਹੀ ਰੂਪ ਹੈ, ਗੁਰੂ ਦਾ ਸੱਚਾ ਗਿਆਨ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ ਭਾਵ ਧਰਮ ਗ੍ਰੰਥ ਉਸ ਸਿਰਜਣਹਾਰ ਦੇ ਆਪਣੇ ਹੀ ਘਰ ਹਨ ਜਿੱਥੋਂ ਸਾਨੂੰ ਸੱਚਾ ਨਾਮੁ ਮਿਲ ਸਕਦਾ ਹੈ ਭਾਵ ਅਕਾਲ ਪੁਰਖ ਦੀ ਭਗਤੀ ਦਾ ਸੱਚਾ ਗਿਆਨ ਮਿਲ ਸਕਦਾ ਹੈ ਤੇ ਉਸ ਅੱਲ੍ਹਾ ਦੇ ਘਰ ਨੂੰ ਛੱਡਕੇ, ਉਸ ਸੱਚੇ ਗੁਰੂ ਦੇ ਘਰ ਨੂੰ ਛੱਡਕੇ ਜੇਕਰ ਅਸੀਂ ਕਿਸੇ ਹੋਰ ਕੋਲੋਂ ਨਾਮੁ ਮੰਗਦੇ ਹਾਂ ਭਾਵ ਭਗਤੀ ਦੀ ਸਿੱਖਿਆ ਲੈਂਦੇ ਹਾਂ ਫਿਰ ਅਸੀਂ ਉਸ ਅਕਾਲਪੁਰਖ ਦੇ ਕੋਲੋਂ ਓਲਾਮਾ ਹੀ ਲੈਂਦੇ ਹਾਂ ਭਾਵ ਉਸ ਸਿਰਜਨਹਾਰ ਦੀ ਨਰਾਜ਼ਗੀ ਹੀ ਲੈਂਦੇ ਹਾਂ। ਨਾਮੁ ਦਾ ਮਕਸਦ ਸਾਨੂੰ ਮਨ ਦੀ ‘‘ਕਲਿ’’ ਵਿੱਚੋਂ ਕੱਢਣ ਦਾ ਹੈ ਤੇ ਸਾਨੂੰ ਕਲਿ ਵਿੱਚੋਂ ਉਹੀ ਕੱਢ ਸਕਦਾ ਹੈ ਜੋ ਆਪ ‘‘ਕਲਿ’’ ਤੋਂ ਬਾਹਰ ਹੈ ਤੇ ਉਹ ਕੇਵਲ ਗੁਰੂ ਹੈ ਭਾਵ ਸੱਚੇ ਧਰਮ ਗ੍ਰੰਥ ਹਨ ਜੋ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਸਕਦੇ ਹਨ ਤੇ ਉਸ ਸਿਰਜਨਹਾਰ ਦੀ ਸੱਚੀ ਇਬਾਦਤ ਦਾ ਮਾਰਗ ਸਮਝਾ ਸਕਦੇ ਹਨ ਭਾਵ ਸਾਨੂੰ ਗੁਰੂ ਦੀ ਮਤਿ ਨੂੰ ਛੱਡਕੇ ਕਿਸੇ ਹੋਰ ਮਨੁੱਖੀ ਮਤਿ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। ਆਪਣੀਆਂ ਮੱਤਾਂ ਦੇਣ ਵਾਲੇ ਬਹੁਤ ਹਨ ਜੋ ਜਗ੍ਹਾ ਜਗ੍ਹਾ ਬੈਠੇ ਹਨ, ਵੱਖਰੀ-ਵੱਖਰੀ ਧਾਰਮਿਕ ਆਸਥਾ ਨਾਲ ਜੋੜਦੇ ਹਨ ਭਾਵ ਸਮਾਜ ਦੇ ਵਿੱਚ ਉਹ ਧਰਮ ਦੇ ਮਾਰਗ ਨੂੰ ਸਮਝਾਉਣ ਵਿੱਚ ਭਰਮ ਹੀ ਫੈਲਾਉਂਦੇ ਹਨ ਜਿਸ ਕਰਕੇ ਸਮਾਜ ਵਿੱਚ ਧਾਰਮਿਕ ਆਸਥਾ ਨੂੰ ਲੈ ਕੇ ਇੱਕ ਦੂਜੇ ਨਾਲ ਨਫ਼ਰਤ ਹੀ ਵੱਧਦੀ ਹੈ। ਜਿਸਨੂੰ ਸੱਚੀ ਭਗਤੀ ਦੇ ਮਾਰਗ ਦੀ ਸਮਝ ਹੈ ਉਹੋ ਜਿਹੀ ਸਮਝ ਦੇ ਨਾਲ ਸਮਾਜ ਵਿੱਚ ਪਿਆਰ ਵੱਧਦਾ ਹੈ ਤੇ ਇੱਕ ਦੂਸਰੇ ਨਾਲੋਂ ਨਫ਼ਰਤ ਦੂਰ ਹੁੰਦੀ ਹੈ। (**ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥ ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥ ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥**)

ਧਰਮ ਦਾ ਵਿਦਵਾਨ ਕੇਵਲ ਗੁਰੂ ਹੈ ਜੋ ਉਸਦਾ ਗੁਰੂ ਰੂਪ ਸੱਚੇ ਧਰਮ ਗ੍ਰੰਥਾਂ ਦੇ ਰੂਪ ਵਿੱਚ ਹੈ। ਇਸੇ ਲਈ ਗੁਰਬਾਣੀ ਰਾਹੀਂ ਜੋ ਆਪਣੇ ਆਪ ਨੂੰ ਵਿਦਵਾਨ ਅਖਵਾਉਂਦੇ ਹਨ ਉਨ੍ਹਾਂ ਨੂੰ ਸੱਚਾ ਵਿਦਵਾਨ ਬਣਨ ਲਈ ਸਿਖਾਇਆ ਹੈ ਭਾਵ ਧਰਮ ਦੇ ਮਾਰਗ ਦਾ ਸੱਚਾ ਪੰਡਿਤ ਬਣਨਾ ਸਿਖਾਇਆ ਹੈ। ਸੱਚਾ ਧਰਮ ਦਾ ਵਿਦਵਾਨ ਉਹ ਹੈ ਜੋ ਇਸ ਮਨ ਨੂੰ ਜਾਣਦਾ ਹੈ ਜਿਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਇਹ ‘‘ਕਲਿ’’ ਕਿੱਥੋਂ ਆਉਂਦੀ ਹੈ ਭਾਵ ਸਾਡੇ ਅੰਦਰ ਅਗਿਆਨਤਾ ਕਿੱਥੋਂ ਆਉਂਦੀ ਹੈ ਭਾਵ ਮਾਇਆ ਮਮਤਾ ਕਿੱਥੋਂ ਆਉਂਦੀ ਹੈ। ਇਸ ਮਨ ਨੂੰ ਜਾਣੇ ਬਿਨ੍ਹਾਂ ਨਾ ਕੋਈ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਭਾਵ ਅੱਲ੍ਹਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਉਸ ਅੱਲ੍ਹਾ ਦੀ ਸੱਚੀ ਭਗਤੀ ਨੂੰ ਜਾਣ ਸਕਦਾ ਹੈ। ਸੱਚਾ ਪੰਡਿਤ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਸ਼ਬਦ ਦੁਆਰਾ ਉਸਦੀ ‘‘ਰਹਾਉ’’ ਵਾਲੀ ਪੰਗਤੀ ਤੱਕ ਸਮਝਿਆ ਹੈ ਤੇ ਹੁਣ ਅੱਗੇ ਦੇ ਪਦਿਆਂ ਨੂੰ ਸਮਝਦੇ ਹਾਂ ਕਿ ਧਰਮ ਦਾ ਸੱਚਾ ਵਿਦਵਾਨ ਬਣਨਾ ਕੀ ਹੈ।

ਮਲਾਰ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

‘‘ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥

ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥

ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥

ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥
ਜਾ ਕਉ ਬਖਸੇ ਮੇਲੇ ਸੋਇ ॥
ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥”

(ਅੰਗ - ੧੨੬੧)

ਉੱਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ‘‘ਰਹਾਉ’’ ਵਾਲੀ ਪੰਗਤੀ ਤੱਕ ਸਮਝਿਆ ਹੈ। ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਨੂੰ ਇਹ ਸਮਝਾਇਆ ਹੋਇਆ ਹੈ ਕਿ ਇਸ ਗੱਲ ਨੂੰ ਸਮਝੋ ਕਿ ਇਸ ਮਨ ਦੇ ਵਿੱਚ ਜੋ ਮਮਤਾ ਆਉਂਦੀ ਹੈ ਭਾਵ ਜੋ ਮਮਤਾ ਵਾਲੇ ਵਿਚਾਰ ਆਉਂਦੇ ਹਨ, ਮੈਂ ਵਾਲੇ ਵਿਚਾਰ ਆਉਂਦੇ ਹਨ ਇਹ ਕਿੱਥੋਂ ਆਉਂਦੇ ਹਨ ਕਿਉਂਕਿ ਮਨ ਨੂੰ ਜਾਣੇ ਬਿਨ੍ਹਾਂ ਮਨ ਦੀ ਸਮਝ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਧਰਮ ਦਾ ਮਾਰਗ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਮਨ ਦੀ ਮਮਤਾ ਨੂੰ ਸਮਝੇ ਬਿਨ੍ਹਾਂ ਇਸ ਮਨ ਨੂੰ ਨਹੀਂ ਸਮਝਿਆ ਜਾ ਸਕਦਾ। ਸਾਡੇ ਅੰਦਰ ਇਹ ਮਮਤਾ ਕਿੱਥੋਂ ਆਉਂਦੀ ਹੈ, ਕਿਸ ਤਰੀਕੇ ਆਉਂਦੀ ਹੈ ਇਹੀ ਗੱਲ ਸਾਨੂੰ ਦੂਸਰੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥”

ਮਾਇਆ ਮਮਤਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ ਕਿਉਂਕਿ ਮਾਇਆ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਮਾਇਆ ਮਮਤਾ ਨੂੰ ਸਮਝੇ ਬਿਨ੍ਹਾਂ ਨਾ ਬਾਣੀ ਦੀ ਸਮਝ ਲੱਗ ਸਕਦੀ ਹੈ, ਨਾ ਇਸ ਮਨ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਕੋਈ ਆਪਣੇ ਅੰਦਰੋਂ ਉਸ ਅਕਾਲ ਪੁਰਖ ਦੇ ਹੁਕਮ ਨੂੰ ਸਮਝ ਸਕਦਾ ਹੈ ਜਿਸ ਹੁਕਮ ਵਿੱਚ ਹਰ ਕੋਈ ਚੱਲ ਰਿਹਾ ਹੈ। ਇਹ ਮਾਇਆ ਮਮਤਾ ਸਾਡੇ ਅੰਦਰ ਦੀ ਸਮਝ ਹੀ ਹੈ ਜਿਸ ਦਾ ਮਕਸਦ ਸਾਨੂੰ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਸਮਝ ਆਉਣ ਦੇਣਾ ਹੈ ਭਾਵ ਇਹ ਸਾਡੇ ਮਨ ਦੇ ਅੰਦਰ ਦਾ ਪਰਦਾ ਹੈ, ਮਾਇਆ ਰੂਪ ਪਰਦਾ ਹੈ, ਹਉਮੈ ਰੂਪ ਪਰਦਾ ਹੈ, ਤ੍ਰੈਗੁਣਾਂ ਰੂਪ ਪਰਦਾ ਹੈ ਜਿਸਦਾ ਮਕਸਦ ਹੀ ਸਾਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਣ ਦਾ ਹੈ, ਮਨ ਦੀ ਅਗਿਆਨਤਾ ਵਿੱਚ ਰੱਖਣ ਦਾ ਹੈ ਭਾਵ ਮਨ ਦੀ "ਕਲਿ" ਵਿੱਚ ਰੱਖਣ ਦਾ ਹੈ। ਇਹੋ ਜਿਹੀ ਸਮਝ ਵਿੱਚ ਪ੍ਰਮਾਤਮਾ ਨੇ ਭਾਵ ਇਸ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ ਜਿਸ ਕਰਕੇ ਇਹ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਨੂੰ ਆਪਣੇ ਹੁਕਮ ਵਿੱਚ ਕਿਸ ਤਰੀਕੇ ਚਲਾ ਰਿਹਾ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਇਹ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਹੈ ਜਿਸ ਹੁਕਮ ਨੂੰ ਹਰ ਕੋਈ ਮੰਨ ਰਿਹਾ ਹੈ ਪਰ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਕੋਈ ਬੁੱਝ ਨਹੀਂ ਸਕਦਾ ਭਾਵ ਜਾਣ ਨਹੀਂ ਸਕਦਾ ਕਿ ਉਸ ਸ੍ਰਿਸ਼ਟੀ ਦੇ ਸਿਰਜਣਹਾਰ ਦਾ, ਅੱਲ੍ਹਾ ਦਾ ਹੁਕਮ ਸਭ ਦੇ ਅੰਦਰ ਕਿਸ ਤਰੀਕੇ ਵਰਤ ਰਿਹਾ ਹੈ। ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ ਨਾ ਕੋਈ ਇਸ ਮਨ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ। ਆਪਣੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹਰ ਵੇਲੇ ਚੱਲ ਰਹੇ ਉਸਦੇ ਹੁਕਮ ਨੂੰ, ਮਾਇਆ ਰੂਪ ਹੁਕਮ ਨੂੰ. ਹਉਮੈ ਵਾਲੀ ਸਮਝ ਵਿੱਚ ਰੱਖਣ ਵਾਲੇ ਹੁਕਮ ਨੂੰ ਕੇਵਲ ਤੇ ਕੇਵਲ ਕੋਈ ਉਸ ਗੁਰੂ ਰੂਪ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਬੁੱਝ ਸਕਦਾ ਹੈ। ਜੋ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ ਉਸਦੀ ਹੀ ਹਉਮੈ ਦੂਰ ਹੁੰਦੀ ਹੈ ਤੇ ਮਨ ਦੇ ਵਿੱਚ ਹੀ ਉਹ ਕਰਤਾ ਕਿਸੇ ਨੂੰ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪਾਉਂਦਾ ਹੈ ਤੇ ਕਿਸੇ ਨੂੰ ਆਪਣਾ ਪੰਡਿਤ ਰੂਪ ਬਣਾਉਂਦਾ ਹੈ ਭਾਵ ਸੱਚੀ ਭਗਤੀ ਦਾ ਮਾਰਗ ਜਾਨਣ ਵਾਲਾ ਸੱਚਾ ਵਿਦਵਾਨ ਬਣਾਉਂਦਾ ਹੈ ਜੋ ਮਨੁੱਖੀ ਰੂਪ ਆਪਣੀ ਸੱਚੀ ਸਮਝ ਦੁਆਰਾ ਗੁਰੂ ਦੀ ਸੱਚੀ ਸਮਝ ਵਾਲੀ ਸ਼ਰਨ ਵਿੱਚ ਹੀ ਰਹਿੰਦਾ ਹੈ ਭਾਵ ਉਹ ਸੱਚੀ ਭਗਤੀ ਦੇ ਮਾਰਗ ਤੇ ਹੀ ਚੱਲਦਾ ਹੈ ਤੇ ਦੂਸਰਿਆਂ ਨੂੰ ਵੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਭਾਵ ਆਪ ਨਾਮੁ ਜਪਦਾ ਹੈ ਤੇ ਦੂਸਰਿਆਂ ਨੂੰ ਵੀ ਨਾਮੁ ਜਪਣਾ ਸਮਝਾਉਂਦਾ ਹੈ। (**ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥੨॥**)

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ - ੧)

{ਜਨੁ ਲਾਗਾ ਹਰਿ ਏਕੈ ਨਾਇ ॥
ਤਿਸ ਕੀ ਆਸ ਨ ਬਿਰਥੀ ਜਾਇ ॥
ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥
ਇਸ ਤੇ ਊਪਰਿ ਨਹੀ ਬੀਚਾਰੁ ॥
ਜਾ ਕੈ ਮਨਿ ਬਸਿਆ ਨਿਰੰਕਾਰੁ ॥

ਬੰਧਨ ਤੋਰਿ ਭਏ ਨਿਰਵੈਰ ॥
ਅਨਦਿਨੁ ਪੂਜਹਿ ਗੁਰ ਕੇ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥}

(ਅੰਗ - ੨੯੨-੨੯੩)

ਆਪਣੇ ਅੰਦਰੋਂ ਉਸ ਕਰਤੇ ਦਾ ਹੁਕਮ ਬੁਝੈ ਬਿਨ੍ਹਾਂ ਕੋਈ ਧਰਮ ਦਾ ਵਿਦਵਾਨ ਨਹੀਂ ਬਣ ਸਕਦਾ ਭਾਵ ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ, ਮਾਇਆ ਵਿੱਚ ਰਹਿੰਦੇ ਹੋਏ, ਹਉਮੈ ਵਿੱਚ ਰਹਿੰਦੇ ਹੋਏ ਧਰਮ ਦਾ ਵਿਦਵਾਨ ਕੋਈ ਨਹੀਂ ਬਣ ਸਕਦਾ ਤੇ ਨਾ ਹੀ ਕਿਸੇ ਨੂੰ ਨਾਮੁ ਦੀ ਸਮਝ ਲੱਗ ਸਕਦੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥"

(ਅੰਗ - ੧੨੬੧)

"**ਤ੍ਰੈਗੁਣ**" ਕੀ ਹਨ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਭਾਵ ਰਜ ਗੁਣ, ਤਮ ਗਣ, ਸਤਿ ਗੁਣ ਇਹ ਸਾਡੇ ਅੰਦਰ ਦੇ ਤ੍ਰੈਗੁਣ ਹਨ ਭਾਵ ਸਾਡੇ ਮਨ ਦੇ ਵਿਚਾਰ ਹਨ ਤੇ ਮਨੁੱਖ ਨੂੰ ਜੋ ਵੀ ਸਮਝ ਪੈਂਦੀ ਹੈ ਮਨ ਦੇ ਇਨ੍ਹਾਂ ਵਿਚਾਰਾਂ ਰਾਹੀਂ ਹੀ ਪੈਂਦੀ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਨੇ ਹਰ ਮਨੁੱਖ ਨੂੰ ਤ੍ਰੈਗੁਣਾਂ ਵਿੱਚ ਹੀ ਰੱਖਿਆ ਹੋਇਆ ਹੈ ਤੇ ਇਹ ਤ੍ਰੈਗੁਣਾਂ ਵਾਲੀ ਸਮਝ ਹੀ ਸਾਡੇ ਅੰਦਰ ਦੀ ਮਾਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥"

(ਅੰਗ - ੧੧੨੩)

ਉੱਪਰ ਵਾਲਾ ਸ਼ਬਦ ਅਕਾਲ ਪੁਰਖ ਰੂਪ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰਿਆ ਹੋਇਆ ਸ਼ਬਦ ਹੈ ਭਾਵ ਧਰਮ ਦੇ ਸੱਚੇ ਵਿਦਵਾਨ ਦਾ ਉਚਾਰਿਆ ਹੋਇਆ ਸ਼ਬਦ ਹੈ ਜਿਸ ਦੇ ਉਚਾਰਨ ਲਈ ਮਨ ਦੇ ਵਿੱਚ ਸੱਚੇ ਗਿਆਨ ਦੀ ਭਾਵ ਭਗਤੀ ਦੇ ਮਾਰਗ ਦੀ ਸੱਚੀ ਸਮਝ ਦੀ ਹੀ ਲੋੜ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਜਾਨਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ, ਕੋਈ "**ਏਕ ਆਧੁ**" ਹੀ ਹੁੰਦਾ ਹੈ ਜਿਸ ਦੁਆਰਾ ਉਹ ਅਕਾਲਪੁਰਖ ਦਾ "**ਜਨੁ**" ਅਖਵਾਉਂਦਾ ਹੈ ਭਾਵ ਉਹ ਅਕਾਲਪੁਰਖ ਦਾ ਰੂਪ ਬਣਦਾ ਹੈ ਤੇ ਜੋ ਉਸ ਪ੍ਰਮਾਤਮਾ ਦਾ ਜਨੁ ਬਣਦਾ ਹੈ ਉਹ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਬਣਦਾ ਹੈ ਭਾਵ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਬਣਦਾ ਹੈ ਜੋ ਚੌਥੇ ਪਦ ਵਾਲੀ ਸਮਝ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਕਿਸੇ ਨੂੰ ਧਰਮ ਦਾ ਵਿਦਵਾਨ ਬਣਾਉਂਦਾ ਹੈ। ਆਪਣੇ ਜਨੁ ਨੂੰ ਸੱਚੀ ਭਗਤੀ ਦੀ ਸਮਝ ਮਨ ਦੇ ਵਿੱਚੋਂ ਅੱਲ੍ਹਾ ਆਪ ਹੀ ਪਾਉਂਦਾ ਹੈ ਤੇ ਉਸਦੀ ਸੱਚੀ ਭਗਤੀ ਦਾ ਮਾਰਗ ਉਸਦੇ ਜਨੁ ਕੀ ਸਮਝਾਉਂਦੇ ਹਨ ਇਹ ਨਾਲ ਹੀ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ।ਜੋ ਮਨੁੱਖ ਆਪਣੇ ਅੰਦਰੋਂ ਹਰ ਔਗੁਣ ਨੂੰ ਤਿਆਗਦਾ ਹੈ ਇਹੀ ਸੱਚੀ

ਭਗਤੀ ਦਾ ਮਾਰਗ ਹੈ ਭਾਵ ਔਗੁਣ ਤਿਆਗ ਕੇ ਸੰਸਾਰ ਵਿੱਚ ਸੱਚੇ ਸੁੱਚੇ ਕਰਮ ਕਰਨਾ ਹੀ ਸਾਰੇ ਸੰਸਾਰ ਲਈ ਇੱਕੋ ਇੱਕ ਸੱਚੀ ਭਗਤੀ ਦਾ ਮਾਰਗ ਹੈ। ਜੋ ਇਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਕਰਦਾ ਹੈ ਉਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਪਦੁ ਨੂੰ, ‘‘ਹਰਿ ਪਦੁ’’ ਨੂੰ ਆਪਣੇ ਅੰਦਰੋਂ ਪਛਾਣਦਾ ਹੈ।ਪ੍ਰਮਾਤਮਾ ਸਭ ਦੇ ਅੰਦਰ ਆਪਣੇ ਇਸ ਉੱਚੇ ਪਦੁ ਦੇ ਰੂਪ ਵਿੱਚ ਹੀ ਹੈ ਜੋ ਪਦੁ ਉਸਦਾ ਸੱਚੇ ਗਿਆਨ ਦਾ ਪਦੁ ਹੈ, ਚੌਥੇ ਪਦੁ ਦੇ ਗਿਆਨ ਦਾ ਪਦੁ ਹੈ, ਨਾਮੁ ਦਾ ਪਦੁ ਹੈ ਭਾਵ ‘‘ਬ੍ਰਹਮ ਗਿਆਨ’’ ਦਾ ਪਦੁ ਹੈ ਜਿਸ ਪਦੁ ਦੇ ਨਾਲ ਉਹ ਮਨੁੱਖ ਦੀ ਨਾਸਮਝ ਮਤਿ ਨੂੰ ਆਪਣੀ ਮਤਿ ਦੇ ਨਾਲ ਜੋੜਕੇ ਸੱਚੀ ਭਗਤੀ ਵਾਲੀ ਸਮਝ ਵਾਲਾ ਬਣਾ ਦਿੰਦਾ ਹੈ ਜਿਸ ਤਰੀਕੇ ਉਹ ਕਿਸੇ ਨੂੰ ਆਪਣਾ ‘‘ਜਨੁ’’ ਬਣਾਉਂਦਾ ਹੈ, ਧਰਮ ਦੀ ਸਮਝ ਵਾਲਾ ਵਿਦਵਾਨ ਬਣਾਉਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ‘‘ਜਨੁ’’ ਬਣਾਇਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਧਰਮ ਦਾ ਸੱਚਾ ਗਿਆਨ ਦਿੱਤਾ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਸਮਝਾਇਆ ਹੈ ਜੋ ਕਿ ਔਗੁਣਾਂ ਨੂੰ ਛੱਡਕੇ ਗੁਣਾਂ ਦੁਆਰਾ ਵਿਚਰਨ ਦਾ ਹੈ। (**ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥**)

ਜੋ ਆਪਣੇ ਅੰਦਰੋਂ ‘‘ਹਰਿ ਪਦੁ’’ ਨੂੰ ਪਹਿਚਾਣਦਾ ਹੈ ਭਾਵ ਉਸ ਅੱਲ੍ਹਾ ਦਾ ਜਨੁ ਕੋਈ ਕਿਸ ਤਰੀਕੇ ਬਣਦਾ ਹੈ ਭਾਵ ਉਸਨੂੰ ਮਨ ਦੀ ਸਮਝ ਕਿਸ ਤਰੀਕੇ ਪੈਂਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥”

ਜਿਵੇਂ ਕਿ ਅਸੀਂ ਵਾਰ-ਵਾਰ ਸਮਝਿਆ ਹੈ ਭਗਤੀ ਦੀ ਸੱਚੀ ਸਮਝ ਹੋਣਾ ਜਾਂ ਨਾ ਹੋਣਾ ਮਨੁੱਖ ਦੇ ਵੱਸ ਨਹੀਂ ਹੈ ਕਿਉਂਕਿ ਸਭ ਦੇ ਅੰਦਰ ਪ੍ਰਮਾਤਮਾ ਨੇ ਆਪਣੀ ਮਾਇਆ ਦੀ ਜੁਗਤਿ ਪਾਈ ਹੋਈ ਹੈ ਤੇ ਇਸ ਜੁਗਤਿ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਜੋ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਹੈ ਇਹੀ ਸਾਡੇ ਅੰਦਰ ਦੀ ‘‘ਮਾਇਆ’’ ਹੈ ਤੇ ਇਹੀ ਸਾਡੇ ਅੰਦਰ ਦੀ ‘‘ਹਉਮੈ’’ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਅਸੀਂ ਇਸ ਗੱਲ ਨੂੰ ਵੀ ਸ਼ਬਦਾਂ ਰਾਹੀਂ ਵਾਰ-ਵਾਰ ਸਮਝਿਆ ਹੈ ਕਿ ਮਾਇਆ ਮੋਹ ਵਿੱਚ ਰਹਿੰਦੇ ਹੋਏ, ਤ੍ਰੈਗੁਣਾਂ ਵਿੱਚ ਰਹਿੰਦੇ ਹੋਏ, ਹਉਮੈ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਜਿਸ ਦਾ ਕਾਰਨ ਸਾਡੇ ਮਨ ਦੀ ਨਾਸਮਝੀ ਹੈ ਭਾਵ ਨਾਸਮਝ ਮਤਿ ਹੈ ਜਿਸ ਉੱਤੇ ਮਨੁੱਖ ਦਾ ਕੋਈ ਵੱਸ ਨਹੀਂ ਹੈ। ਜਿਸਦਾ ਵੱਸ ਹੈ ਭਾਵ ਜਿਸਦੇ ਵੱਸ ਵਿੱਚ ਸਾਡੀ ਸਮਝ ਹੈ ਉਹ ਸਾਡੇ ਅੰਦਰ ਹੀ ਹੈ ਜੋ ਕਿ ‘‘ਚੌਥੇ ਪਦੁ’’ ਵਿੱਚ ਹੈ। ਸਾਡੇ ਅੰਦਰ ਦਾ ਇਹ ਚੌਥਾ ਪਦ ਹੀ ‘‘ਹਰਿ ਪਦ’’ ਹੈ, ‘‘ਪਰਮ ਪਦੁ’’ ਹੈ ਭਾਵ ਸਭ ਤੋਂ ‘‘ਉੱਚਾ ਪਦੁ’’ ਹੈ। ਇਸ ਪਦੁ ਵਿੱਚ ਸਾਡੇ ਅੰਦਰ ਪ੍ਰਮਾਤਮਾ ਆਪ ਹੈ ਜੋ ਸੰਸਾਰ ਦੀ ਸਭ ਤੋਂ ਉੱਚੀ ਸਮਝ ਦਾ ਪਦੁ ਹੈ ਜਿਸ ਸਮਝ ਦੇ ਨਾਲ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਕਿ ਉਹ ਪ੍ਰਮਾਤਮਾ ਕੀ ਹੈ ਤੇ ਕਿਸ ਰੂਪ ਵਿੱਚ ਉਹ ਉੱਚਾ ਹੈ ਜੋ ਰੂਪ ਉਸਦਾ ਨਿਰੰਕਾਰ ਰੂਪ ਹੈ ਆਪਣੇ ਜਿਸ ‘‘ਨਿਰੰਕਾਰ’’ ਰੂਪ ਦੁਆਰਾ ਉਸਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਅਕਾਲਪੁਰਖ ਦਾ ਇਹ ਨਿਰੰਕਾਰ ਰੂਪ ਉਸਦਾ ਉੱਚਾ ਸਾਇੰਟਿਫਿਕ ਗਿਆਨ ਹੈ ਜਿਸ ਸਾਇੰਟਿਫਿਕ ਗਿਆਨ ਦੁਆਰਾ ਉਹ ਕੁੱਝ ਵੀ ਕਰ ਸਕਦਾ ਹੈ। ਆਪਣੇ ਉਸ ਸਾਇੰਟਿਫਿਕ ਗਿਆਨ ਦੁਆਰਾ ਹੀ ਭਾਵ ਬ੍ਰਹਮ ਗਿਆਨ ਦੁਆਰਾ ਹੀ ਉਸਨੇ ਮਨੁੱਖੀ ਸਮਝ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਕੇ ਆਪਣੇ ਆਪ ਨਾਲੋਂ ਵੱਖਰਾ ਕੀਤਾ ਹੋਇਆ ਹੈ, ਚੌਥੇ ਪਦ ਤੋਂ ਵੱਖਰਾ ਕੀਤਾ ਹੋਇਆ ਹੈ। ਆਪਣੇ ਚੌਥੇ ਪਦ ਦੇ ਨਾਲ ਕਦੇ ਉਹ ਕਿਸੇ ਵਿਰਲੇ ਨੂੰ ਹੀ ਮਿਲਾਉਂਦਾ ਹੈ ਜਿਸ ਦੁਆਰਾ ਕੋਈ ਉਸਦਾ ‘‘ਜਨੁ’’ ਬਣ ਸਕਦਾ ਹੈ ਭਾਵ ਧਰਮ ਦੇ ਮਾਰਗ ਦਾ ਸੱਚਾ ਵਿਦਵਾਨ ਬਣ ਸਕਦਾ ਹੈ ਜੋ ਧਰਮ ਦਾ ਮਾਰਗ ਉਹ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ, ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਗੁਰੂ ਹੈ। ਇਸੇ ਲਈ ਧਰਮ ਦਾ ਸੱਚਾ ਵਿਦਵਾਨ, ਧਰਮ ਦਾ ਸੱਚਾ ਪੰਡਿਤ, ਧਰਮ ਦਾ ਸੱਚਾ ਗਿਆਨੀ, ਬ੍ਰਹਮ ਗਿਆਨੀ ਪ੍ਰਮਾਤਮਾ ਆਪ ਹੀ ਹੈ ਤੇ ਇਸ ਗੱਲ ਦੀ ਸਮਝ ਕੇਵਲ ਉਸਨੂੰ ਹੀ ਪੈ ਸਕਦੀ ਹੈ ਜਿਸਨੂੰ ਉਹ ਮਨ ਦੀ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਤੇ ਆਪਣੇ ਚੌਥੇ ਪਦ ਦੇ ਨਾਲ ਮਿਲਾ ਲੈਂਦਾ ਹੈ। (**ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥ ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥ ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥**)

ਪ੍ਰਮਾਤਮਾ ਦਾ ਕੋਈ ਏਕੁ ਆਧੁ ਜਨੁ ਭਾਵ ਸੰਸਾਰ ਵਿੱਚ ਕੋਈ ਵਿਰਲਾ ਜਨ ਕਿਤਨਾ ਕੁ ਵਿਰਲਾ ਹੁੰਦਾ ਹੈ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਉਚਾਰੇ ਹੋਏ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥”

(ਅੰਗ - ੧੩੦੧-੧੩੦੨)

ਉੱਪਰ ਸ਼ਬਦ ਰਾਹੀਂ ਉਸ ਮਨੁੱਖ ਦੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜੋ ਮਨ ਦੀ ਸਮਝ ਰਾਹੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸੰਸਾਰ ਵਿੱਚ ਅਸੀਂ ਜੋ ਕੁੱਝ ਵੀ ਵੇਖ ਰਹੇ ਹਾਂ ਉਹ ਸਭ ਅੱਲ੍ਹਾ ਦਾ ਹੀ ਰੂਪ ਹੈ ਭਾਵ ਹਰ ਰੂਪ ਉਸ ਸਿਰਜਣਹਾਰ ਦਾ ਹੀ ਰੂਪ ਹੈ ਜਿਸਨੇ ਇਸ ਸ੍ਰਿਸ਼ਟੀ ਨੂੰ ਬਣਾਇਆ ਹੈ। ਸ੍ਰਿਸ਼ਟੀ ਦਾ ਹਰ ਆਕਾਰ ਰੂਪ ਗੁਣਾਂ ਨਾਲ ਭਰਿਆ ਹੋਇਆ ਹੈ। ਇੱਕ ਪੇੜ ਦੇ ਅੰਦਰ ਕਿਤਨੇ ਕੁ ਗੁਣ ਹੁੰਦੇ ਹਨ ਇਸ ਗੱਲ ਦੀ ਸਮਝ ਹੀ ਨਹੀਂ ਲੱਗਦੀ ਤੇ ਇਹ ਸ੍ਰਿਸ਼ਟੀ ਕਿਤਨੀ ਕੁ ਵੱਡੀ ਹੈ, ਕਿਤਨੇ ਕੁ ਖੰਡ ਬ੍ਰਹਿਮੰਡ ਹਨ ਤੇ ਉਨ੍ਹਾਂ ਖੰਡਾਂ ਬ੍ਰਹਿਮੰਡਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ ਭਾਵ ਉਸ ਪ੍ਰਮਾਤਮਾ ਦੇ ਗੁਣਾਂ ਦਾ ਬਿਆਨ ਹੀ ਨਹੀਂ ਕੀਤਾ ਜਾ ਸਕਦਾ ਜਿਸਦੇ ਗੁਣਾਂ ਦਾ ਕੋਈ ਅੰਤ ਹੀ ਨਹੀਂ। ਇਹੋ ਜਿਹੀ ਸਮਝ ਉਸਨੂੰ ਹੀ ਪੈਂਦੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਉਹ “ਗਾਡ” ਆਪ ਹੀ ਹੈ। ਪ੍ਰਮਾਤਮਾ ਨੂੰ ਜੋ ਹਰ ਰੂਪ ਵਿੱਚ ਉਸਦਾ ਰੂਪ ਹੀ ਜਾਣ ਲੈਂਦਾ ਹੈ ਭਾਵ ਪ੍ਰਮਾਤਮਾ ਦੇ ਅਸਲ ਰੂਪ ਨੂੰ ਇਸ ਤਰੀਕੇ ਵਿਚਾਰਦਾ ਹੈ ਭਾਵ ਆਪ ਸਮਝਦਾ ਹੈ ਤੇ ਦੂਸਰਿਆਂ ਨੂੰ ਸਮਝਾਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਉਹ ਕੋਈ ਲੱਖਾਂ ਲੱਖਾਂ ਲੱਖਾਂ, ਕਈ ਕ੍ਰੋੜਾਂ ਭਾਵ ਅਰਬਾਂ ਖਰਬਾਂ ਮਨੁੱਖਾਂ ਵਿਚੋਂ ਕੋਈ ਵਿਰਲਾ ਹੀ ਹੁੰਦਾ ਹੈ। ਬਾਣੀ ਵਿੱਚ ਵਾਰ-ਵਾਰ ਇਹ ਗੱਲ ਆਉਂਦੀ ਹੈ ਕਿ ਕੋਈ ਵਿਰਲਾ ਹੀ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਵਿਰਲੇ ਨੂੰ ਹੀ ਉਸਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ, ਕਿਸੇ ਵਿਰਲੇ ਨੂੰ ਹੀ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਤੇ ਕੋਈ ਵਿਰਲਾ ਹੀ ਉਸਦਾ ਨਾਮੁ ਜਪਦਾ ਹੈ। ਇਹ ਕੇਵਲ ਤੇ ਕੇਵਲ ਉਸ ਅਕਾਲ ਪੁਰਖ ਦੀ ਆਪਣੀ ਰਜ਼ਾ ਹੈ ਕਿ ਇਤਨੇ ਵੱਡੇ ਸੰਸਾਰ ਵਿੱਚ ਇੱਥੇ ਅਰਬਾਂ ਖਰਬਾਂ ਮਨੁੱਖ ਰਹਿੰਦੇ ਹਨ ਉਸ ਵਿੱਚੋਂ ਉਹ ਕਿਸ ਨੂੰ ਆਪਣੀ ਕ੍ਰਿਪਾ ਕਰਨ ਦੁਆਰਾ ਵਿਰਲਾ ਮਨੁੱਖ ਬਣਾਉਂਦਾ ਹੈ। ਜੋ ਵਿਰਲੇ ਹੁੰਦੇ ਹਨ ਉਨ੍ਹਾਂ ਦੀ ਗੱਲ ਵੀ ਸੰਸਾਰ ਤੋਂ ਵੱਖਰੀ ਹੁੰਦੀ ਹੈ ਕਿਉਂਕਿ ਉਨ੍ਹਾਂ ਦੀ ਸਮਝ ਸੰਸਾਰ ਦੀ ਸਮਝ ਨਾਲੋਂ ਵੱਖਰੀ ਬਣ ਜਾਂਦੀ ਹੈ। ਉਹ ਪ੍ਰਮਾਤਮਾ ਦੀ ਅਸਲੀਅਤ ਬਾਰੇ ਹੀ ਗੱਲ ਕਰਦੇ ਹਨ ਤੇ ਉਹ ਸੱਚ ਹੁੰਦੀ ਹੈ ਪਰ ਉਨ੍ਹਾਂ ਦੀ ਗੱਲ ਨੂੰ ਕੋਈ ਮੰਨਣ ਨੂੰ ਤਿਆਰ ਨਹੀਂ ਹੁੰਦਾ। ਕਿਸੇ ਨੂੰ ਜਿਤਨਾ ਮਰਜ਼ੀ ਕਹਿ ਲਉ ਕਿ ਤੂੰ ਪ੍ਰਮਾਤਮਾ ਦਾ ਹੀ ਰੂਪ ਹੈ, ਅੱਲ੍ਹਾ ਦਾ ਹੀ ਰੂਪ ਹੈ ਪਰ ਇਸ ਗੱਲ ਤੇ ਕੋਈ ਵਿਸ਼ਵਾਸ ਨਹੀਂ ਕਰਦਾ। ਮਨ ਦਾ ਭਰਮ ਨਿਕਲੇ ਬਿਨ੍ਹਾਂ ਉਹ ਕਹਿਣ ਵਾਲੇ ਨੂੰ ਤਾਂ ਪਾਗਲ ਮੰਨ ਲਵੇਗਾ ਪਰ ਆਪ ਇਹ ਨਹੀਂ ਮੰਨ ਸਕਦਾ ਕਿ ਮੈਂ ਆਪ ਹੀ ਪ੍ਰਮਾਤਮਾ ਦੇ ਰੂਪ ਵਿੱਚ ਹੋ ਸਕਦਾ ਹਾਂ। ਜਦ ਤੱਕ ਮਨੁੱਖ ਦੇ ਅੰਦਰ ਦੀ ਸਮਝ ਨਹੀਂ ਬਦਲਦੀ ਭਾਵ ਜਦ ਤੱਕ ਕਿਸੇ ਨੂੰ ਪ੍ਰਮਾਤਮਾ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਹੀਂ ਕੱਢਦਾ ਭਾਵ ਆਪਣੇ ਚੌਥੇ ਪਦ ਦੇ ਗਿਆਨ ਨਾਲ ਨਹੀਂ ਜੋੜਦਾ ਤਦ ਤੱਕ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਮੇਰੇ ਰੂਪ ਵਿੱਚ ਵੀ ਇਸ ਸ੍ਰਿਸ਼ਟੀ ਦਾ ਸਿਰਜਣਹਾਰ ਆਪ ਹੀ ਹੈ। (**ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥**)

ਸਭ ਕੁੱਝ ਇੱਕੋ ਇੱਕ ਪ੍ਰਮਾਤਮਾ ਨੂੰ ਹੀ ਜਾਨਣਾ ਕਿ ਪ੍ਰਮਾਤਮਾ ਤੋਂ ਬਿਨ੍ਹਾਂ ਹੋਰ ਕੋਈ ਹੋਂਦ ਸੱਚੀ ਨਹੀਂ ਹੈ ਇਹ ਕਿਤਨੀ ਕੁ ਵੱਡੀ ਹੈਰਾਨੀ ਵਾਲੀ ਗੱਲ ਹੈ, ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥”

ਕਿਤਨੀ ਵਾਰੀ “ਬਿਸਮ” ਲਿਖਿਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਜਾਨਣਾ ਸੰਸਾਰ ਦੀ ਸਭ ਤੋਂ ਵੱਡੀ ਹੈਰਾਨੀਂ ਵਾਲੀ ਗੱਲ ਹੈ। ਜੇਕਰ ਤੁਸੀਂ ਆਪਣੇ ਹੱਥ ਵਿੱਚ ਅਗਰ ਮੋਬਾਇਲ ਪਕੜਿਆ ਹੋਇਆ ਹੈ ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ

ਕਰਕੇ ਜਾਣੋ ਇਹ ਮੋਬਾਇਲ ਵੀ ਪ੍ਰਮਾਤਮਾ ਦਾ ਹੀ ਰੂਪ ਹੈ। ਤੁਸੀਂ ਆਪਣੇ ਸਰੀਰ ਉੱਪਰ ਜੋ ਵੀ ਕੱਪੜੇ ਪਹਿਨੇ ਹੋਏ ਹਨ ਇਨ੍ਹਾਂ ਵਿੱਚ ਆਪ ਪ੍ਰਮਾਤਮਾ ਹੀ ਹੈ। ਸਭ ਕੁੱਝ ਉਸ ਪ੍ਰਮਾਤਮਾ ਦੇ ਉੱਚੇ ਗਿਆਨ ਦੁਆਰਾ ਬਣਿਆ ਹੈ ਤੇ ਹਰ ਵਸਤੂ ਵਿੱਚ ਜੋ ਵੀ ਗੁਣ ਹੈ ਉਹ ਉਸ ਪ੍ਰਮਾਤਮਾ ਦਾ ਹੀ ਪਾਇਆ ਹੋਇਆ ਹੈ। ਆਪਣੇ ਗੁਣਾਂ ਕਰਕੇ ਹੀ ਕੱਪੜਾ ਤੁਹਾਡੇ ਸਰੀਰ ਨੂੰ ਢੱਕ ਰਿਹਾ ਹੈ ਤੇ ਪ੍ਰਮਾਤਮਾ ਦੇ ਗਿਆਨ ਦੁਆਰਾ ਹੀ ਤੁਹਾਡਾ ਮੋਬਾਇਲ ਬਣਿਆ ਹੈ ਤੇ ਇਸਦੇ ਅੰਦਰ ਪਾਈ ਹੋਈ ਉਸਦੀ ਸਾਇੰਟਿਫਿਕ ਸਮਝ ਦੁਆਰਾ ਹੀ ਇਹ ਕੰਮ ਕਰ ਰਿਹਾ ਹੈ। ਹਰ ਸਰਗੁਣ ਰੂਪ ਭਾਵ ਆਕਾਰ ਰੂਪ ਤੇ ਉਸਦੇ ਅੰਦਰ ਦਾ ਨਿਰਗੁਣ ਰੂਪ ਭਾਵ ਨਿਰੰਕਾਰ ਰੂਪ ਭਾਵ ਹਰ ਵਸਤੂ ਦੇ ਅੰਦਰ ਦਾ ਗਿਆਨ ਰੂਪ ਜਿਸ ਗਿਆਨ ਦੁਆਰਾ ਉਹ ਵਸਤੂ ਚੱਲਦੀ ਹੈ ਉਸ ਰੂਪ ਵਿੱਚ ਉਹ ਗਿਆਨ ਦਾ ਮਾਲਕ ਆਪ ਹੀ ਹੈ।

{ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥
ਅਪੁਨੀ ਕੀਮਤਿ ਆਪੇ ਪਾਏ ॥
ਹਰਿ ਬਿਨੁ ਦੂਜਾ ਨਾਹੀ ਕੋਇ ॥
ਸਰਬ ਨਿਰੰਤਰਿ ਏਕੋ ਸੋਇ ॥
ਓਤਿ ਪੋਤਿ ਰਵਿਆ ਰੂਪ ਰੰਗ ॥
ਭਏ ਪ੍ਰਗਾਸ ਸਾਧ ਕੈ ਸੰਗ ॥
ਰਚਿ ਰਚਨਾ ਅਪਨੀ ਕਲ ਧਾਰੀ ॥
ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥}

(ਅੰਗ - ੨੮੭-੨੮੮)

ਸਾਨੂੰ ਗੁਰੂ ਹੀ ਸਮਝਾ ਰਿਹਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਫਿਰ ਇਹ ਤਾਂ ਗਲਤ ਨਹੀਂ ਹੋ ਸਕਦਾ ਭਾਵ ਗੁਰੂ ਕਿਸੇ ਭਰਮ ਵਿੱਚ ਨਹੀਂ ਹੈ ਪਰ ਭਰਮ ਵਿੱਚ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪ ਹੀ ਰੱਖਿਆ ਹੋਇਆ ਹੈ, ਆਪਣੀ ਕਲਾ ਦੁਆਰਾ ਰੱਖਿਆ ਹੋਇਆ ਹੈ। ਉਸਦੀ ਕਲਾ ਕਿਸ ਤਰ੍ਹਾਂ ਵਰਤਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਜਾਣਿਆ ਹੀ ਹੈ। ਸਾਡੇ ਅੰਦਰ ਜੋ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਭਾਵ ਜੋ ਮਾਇਆ ਵਾਲੀ ਜੁਗਤਿ ਹੈ ਇਹ ਉਸਦੀ "ਕਲਾ" ਹੀ ਹੈ ਜਿਸ ਦੁਆਰਾ ਉਸਨੇ ਹਰ ਕਿਸੇ ਨੂੰ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਉਸ ਪ੍ਰਮਾਤਮਾ ਨੂੰ ਕੋਈ ਸਮਝ ਨਹੀਂ ਸਕਦਾ ਜੋ ਸਭ ਕੁੱਝ ਆਪ ਹੀ ਹੈ। (**ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥**)

ਇਸ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਇਹੋ ਕੁੱਝ ਹੀ ਸਮਝਾਇਆ ਹੋਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। (**ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥**) ਮਨ ਦੇ ਵਿੱਚ ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੋਏ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

ਹੁਣ ਅਸੀਂ ਪਿਛਲੇ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਇਹ ਵਿਸ਼ਵਾਸ ਕਰਕੇ ਜਾਣੀਏ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

"ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥"

ਸਾਨੂੰ ਸੰਸਾਰ ਦੀ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਦੀ ਸਮਝ ਕਿਸ ਤਰੀਕੇ ਪੈਂਦੀ ਹੈ ਇਹ ਉੱਪਰ ਵਾਲੀ ਪੰਗਤੀ ਵਿੱਚ ਨਾਲ ਹੀ ਸਮਝਾਇਆ ਹੋਇਆ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਸੱਚੀ ਸਮਝ ਪਾਉਂਦਾ ਹੈ ਉਸਦੀ ਸਮਝ ਨੂੰ ਆਪਣੀ ਸੱਚੀ ਸਮਝ ਦੇ ਨਾਲ ਹੀ ਰੰਗਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। ਸਾਡੀ ਜੋ ਤ੍ਰੈਗੁਣਾਂ ਵਾਲੀ ਸਮਝ ਹੈ ਇਹ ਕੱਚੇ ਰੰਗ ਵਾਲੀ

ਸਮਝ ਹੈ ਜਿਸਨੂੰ ਫਿੱਕਾ ਰੰਗ ਵੀ ਕਿਹਾ ਗਿਆ ਹੈ ਜੋ ਰੰਗ ਟਿਕਣ ਵਾਲਾ ਨਹੀਂ ਹੈ ਭਾਵ ਇਹ ਸਾਡੇ ਅੰਦਰ ਦੀ ਕੱਚੀ ਮਤਿ ਹੈ, ਭਰਮਾਂ ਵਾਲੀ ਮਤਿ ਹੈ। ਸੱਚੀ ਮਤਿ ਦੇ ਅੱਗੇ ਭਰਮਾਂ ਵਾਲੀ ਮਤਿ ਬਿਨਸ ਜਾਂਦੀ ਹੈ। ਪ੍ਰਮਾਤਮਾ ਦੀ ਸੱਚੀ ਸਮਝ ਦਾ ਰੰਗ ਲਾਲ ਰੰਗ ਹੈ ਜੋ ਪੱਕਾ ਰੰਗ ਹੈ। ਲਾਲ ਰੰਗ ਕੀ ਹੈ ਇਸ ਗੱਲ ਨੂੰ ਹੋਰ ਸ਼ਬਦਾਂ ਰਾਹੀਂ ਵੀ ਸਮਝਾਇਆ ਹੋਇਆ ਹੈ, ਇਹ ਨਾਮੁ ਦਾ ਰੰਗ ਹੈ ਜੋ ਰੰਗ ਸਾਡੀ ਸਮਝ ਦੇ ਉੱਤੇ ਇੱਕ ਵਾਰੀ ਚੜ੍ਹ ਜਾਵੇ ਤੇ ਫਿਰ ਕਦੇ ਨਹੀਂ ਉਤਰਦਾ। ਜਦੋਂ ਪ੍ਰਮਾਤਮਾ ਕਿਸੇ ਦੀ ਸਮਝ ਨੂੰ ਆਪਣੇ ਲਾਲ ਰੰਗ ਦੇ ਨਾਲ ਰੰਗਦਾ ਹੈ ਤਾਂ ਹੀ ਉਸ ਰਚਨਹਾਰ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਫਿਰ ਸਭ ਦੇ ਵਿੱਚ ਉਹ ਇੱਕੋ ਇੱਕ ਹੀ ਨਜ਼ਰ ਆਉਂਦਾ ਹੈ ਜਿਸ ਤੋਂ ਵੱਡੀ ਹੈਰਾਨੀ ਵਾਲੀ ਗੱਲ ਸੰਸਾਰ ਵਿੱਚ ਕੋਈ ਹੋਰ ਹੋ ਵੀ ਨਹੀਂ ਸਕਦੀ। (**ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥**) ਜਿਸਨੂੰ ਪ੍ਰਮਾਤਮਾ ਆਪਣਾ ਸੰਤ ਰੂਪ ਬਣਾਉਂਦਾ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ ਉਸ ਦੇ ਮਨ ਦੀ ਸਮਝ ਨੂੰ ਆਪਣੇ ਲਾਲ ਰੰਗ ਵਾਲੀ ਸਮਝ ਦੇ ਨਾਲ ਰੰਗਣ ਦੁਆਰਾ ਹੀ ਪਾਉਂਦਾ ਹੈ ਭਾਵ ਆਪਣੇ ਆਪ ਨੂੰ ਉਸਦੇ ਅੰਦਰ ਪ੍ਰਗਟ ਕਰਨ ਦੁਆਰਾ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ, ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਣਾਇਆ ਹੈ ਤੇ ਇਸ ਗੱਲ ਨੂੰ ਅਗਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

“ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥”

ਪ੍ਰਮਾਤਮਾ ਦਾ “ਰਸੁ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ “ਰਸੁ” ਪ੍ਰਮਾਤਮਾ ਦਾ “ਅੰਮ੍ਰਿਤ ਰਸ” ਹੈ, “ਹਰਿ ਰਸ” ਹੈ ਭਾਵ ਨਾਮੁ ਰਸ ਹੈ ਭਾਵ ਸੱਚੇ ਗਿਆਨ ਦਾ ਰਸ ਹੈ, ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਦੇ ਗਿਆਨ ਦਾ ਰਸ ਹੈ ਜੋ ਰਸ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੀ ਸਮਝ ਦੇ ਰੂਪ ਵਿੱਚ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਆਪ ਹੀ ਪਰਗਟ ਹੋਣ ਦੁਆਰਾ ਪਿਆਉਂਦਾ ਹੈ ਜੋ “ਰਸ” ਪੀਣ ਦੁਆਰਾ ਮਨੁੱਖ ਦੀ ਸਮਝ ਸੰਤ ਰੂਪ ਬਣ ਜਾਂਦੀ ਹੈ ਭਾਵ ਪ੍ਰਮਾਤਮਾ ਦਾ ਹੀ ਰੂਪ ਬਣ ਜਾਂਦੀ ਹੈ। “ਸੰਤ” ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਤੇ ਜਿਸ ਮਨੁੱਖੀ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਮਨ ਦੀ ਸੱਚੀ ਸਮਝ ਦੁਆਰਾ ਪ੍ਰਮਾਤਮਾ ਦਾ ਸੰਤ ਰੂਪ ਬਣ ਜਾਂਦਾ ਹੈ ਭਾਵ ਗੁਰੂ ਰੂਪ ਬਣ ਜਾਂਦਾ ਹੈ। ਗੁਰੂ ਰੂਪ, ਸੰਤ ਰੂਪ ਅਸਲ ਵਿੱਚ ਇਹ ਸਰੀਰ ਨਹੀਂ ਹੈ ਲੇਕਿਨ ਸ਼ਬਦ ਰੂਪ ਹੈ ਜੋ ਮਨ ਦੇ ਵਿੱਚ ਸੱਚੇ ਗਿਆਨ ਦਾ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਮਨ ਦੇ ਵਿੱਚ ਪਰਗਟ ਕਰਦਾ ਹੈ ਇਸੇ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ, ਉਸਦਾ ਸੰਤ ਰੂਪ ਹੈ, ਜੋ ਕਿ ਉਸਦਾ ਸ਼ਬਦ ਰੂਪ ਹੈ। ਸੰਤ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਰਹਿ ਜਾਂਦਾ ਭਾਵ ਇੱਕੋ ਹੀ ਰੂਪ ਹੈ ਕਿਉਂਕਿ ਮਨ ਦੀ ਸਮਝ ਇੱਕੋ ਜਿਹੀ ਬਣ ਜਾਂਦੀ ਹੈ।

{ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥}

(ਅੰਗ - ੬੮੦)

ਜਿਸਨੂੰ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ ਰਸ ਪਿਆਉਂਦਾ ਹੈ ਭਾਵ ਸੱਚੀ ਗੁਰਮਤਿ ਸਮਝਾਉਂਦਾ ਹੈ ਉਸ ਮਨੁੱਖੀ ਸਮਝ ਨੂੰ ਹਰ ਭਰਮ ਤੋਂ ਹੀ ਮੁਕਤ ਕਰਦਾ ਹੈ ਜਿਸ ਰਾਹੀਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਧਰਮ ਦੇ ਮਾਰਗ ਦਾ ਸੱਚਾ ਗਿਆਨੀ ਭਾਵ ਸੰਤ ਉਹ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪ ਹੀ ਸਭ ਵਿੱਚ ਤੇ ਸਭ ਜਗ੍ਹਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਸਮਾਇਆ ਹੋਇਆ ਹੈ। ਸਾਡੇ ਅੰਦਰ ਦੇ ਇਸ “ਰਸ” ਦੀ ਤੁਲਨਾ ਇੱਕ ਗੂੰਗੇ ਮਨੁੱਖ ਦੇ ਨਾਲ ਕੀਤੀ ਹੋਈ ਹੈ। ਜਦੋਂ ਕੋਈ ਗੂੰਗਾ ਮਠਿਆਈ ਖਾਂਦਾ ਹੈ ਭਾਵ ਕੋਈ ਸਵਾਦ ਵਸਤੂ ਖਾਂਦਾ ਹੈ ਉਹ ਉਸਦੇ ਸਵਾਦ ਨੂੰ ਬਿਆਨ ਤਾਂ ਨਹੀਂ ਕਰ ਸਕਦਾ ਪਰ ਉਸਨੂੰ ਖੁਸ਼ੀ ਜਰੂਰ ਮਿਲਦੀ ਹੈ। ਸਾਡਾ ਮਨ ਇੱਕ ਗੂੰਗੇ ਮਨੁੱਖ ਦੀ ਤਰ੍ਹਾਂ ਹੀ ਹੈ ਜੋ ਬੋਲ ਨਹੀਂ ਸਕਦਾ ਪਰ ਗੱਲ ਨੂੰ ਸਮਝ ਜਰੂਰ ਸਕਦਾ ਹੈ। ਜਦੋਂ ਪ੍ਰਮਾਤਮਾ ਦੇ ਗਿਆਨ ਦਾ ਰਸ ਮਿਲਦਾ ਹੈ ਉਸਨੂੰ ਮਨ ਹੀ ਸਮਝਦਾ ਹੈ ਤੇ ਮਨ ਉਸਦੀ ਖੁਸ਼ੀ ਮਹਿਸੂਸ ਕਰਦਾ ਹੈ। ਇਹ ਖੁਸ਼ੀ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਦੇਖਣ ਦੀ ਹੈ ਤੇ ਹੈਰਾਨੀ ਵੀ ਮਨ ਦੇ ਵਿੱਚ ਹੀ ਹੁੰਦੀ ਹੈ। ਮਨ ਦੇ ਅੰਦਰ ਦੀ ਇਹ ਖੁਸ਼ੀ ਕਿਤਨੀ ਕੁ ਵੱਡੀ ਹੁੰਦੀ ਹੈ ਤੇ ਹੈਰਾਨੀ ਕਿਤਨੀ ਵੱਡੀ ਹੁੰਦੀ ਹੈ ਇਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਪਹਿਲਾਂ ਮਨੁੱਖ ਚਿੰਤਾਵਾਂ ਨਾਲ ਭਰਿਆ ਹੁੰਦਾ ਹੈ, ਅਨੇਕਾਂ ਦੁੱਖਾਂ ਨਾਲ

ਭਰਿਆ ਹੁੰਦਾ ਹੈ, ਭਰਮਾਂ ਨਾਲ ਭਰਿਆ ਹੁੰਦਾ ਹੈ, ਮਾਇਆ ਮੋਹ ਨਾਲ ਭਰਿਆ ਹੁੰਦਾ ਹੈ ਜਿੰਨ੍ਹਾਂ ਵਿੱਚੋਂ ਪ੍ਰਮਾਤਮਾ ਮੁਕਤ ਕਰ ਦਿੰਦਾ ਹੈ ਤੇ ਭਗਤੀ ਦਾ ਸੱਚਾ ਮਾਰਗ ਵੀ ਉਹ ਆਪ ਹੀ ਸਮਝਾਉਂਦਾ ਹੈ ਤੇ ਸੱਚੀ ਸਮਝ ਪੈਣ ਦੁਆਰਾ ਮਨੁੱਖ ਸੱਚ ਤੇ ਚੱਲਣ ਵਿੱਚ ਹੀ ਖੁਸ਼ੀ ਮਹਿਸੂਸ ਕਰਦਾ ਹੈ, ਆਨੰਦ ਮਹਿਸੂਸ ਕਰਦਾ ਹੈ। (**ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥ ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥ ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥**)

ਉੱਪਰ ਸ਼ਬਦ ਰਾਹੀਂ ਅਸੀਂ ਪ੍ਰਮਾਤਮਾ ਦਾ "ਸੰਤ" ਰੂਪ ਸਮਝਿਆ ਹੈ ਜੋ ਕਿ ਕੋਈ ਵਿਰਲਾ ਹੀ ਹੁੰਦਾ ਹੈ ਭਾਵ ਸੰਸਾਰ ਵਿੱਚ ਅਰਬਾਂ ਖਰਬਾਂ ਵਿੱਚੋਂ ਕੋਈ ਵਿਰਲਾ ਹੀ ਹੁੰਦਾ ਹੈ ਤੇ ਉਹੀ ਹੁੰਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ ਤੇ ਇਹੀ ਗੱਲ ਅਸੀਂ ਇਸ ਤੋਂ ਪਿਛਲੇ ਸ਼ਬਦ ਰਾਹੀਂ ਸਮਝੀ ਸੀ ਕਿ ਪ੍ਰਮਾਤਮਾ ਦਾ "ਜਨੁ" ਕੋਈ ਵਿਰਲਾ ਹੀ ਹੁੰਦਾ ਹੈ ਤੇ ਉਹੀ ਹੁੰਦਾ ਹੈ ਜਿਸਨੂੰ ਪ੍ਰਮਾਤਮਾ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਭਾਵ ਜੋ ਆਪਣੇ ਅੰਦਰੋਂ ਚੌਥੇ ਪਦ ਨੂੰ ਜਾਣ ਲੈਂਦਾ ਹੈ ਜੋ ਸੱਚੇ ਗਿਆਨ ਦਾ ਪਦ ਹੈ ਜਿਸ ਪਦ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ ਜਿਵੇਂ ਕਿ ਇਸ ਤੋਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ। ਜਿਸਨੂੰ ਵੀ ਪ੍ਰਮਾਤਮਾ ਧਰਮ ਦਾ ਵਿਦਵਾਨ ਬਣਾਉਂਦਾ ਹੈ, ਆਪਣਾ ਸੰਤ ਰੂਪ ਬਣਾਉਂਦਾ ਹੈ ਉਸਨੂੰ ਇਸੇ ਤਰੀਕੇ ਹੀ ਬਣਾਉਂਦਾ ਹੈ ਭਾਵ ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਦੇਣ ਦੁਆਰਾ ਹੀ ਬਣਾਉਂਦਾ ਹੈ ਜੋ ਗਿਆਨ ਮਿਲਣ ਦੁਆਰਾ ਫਿਰ ਇਹ ਸਮਝ ਪੈ ਜਾਂਦੀ ਹੈ ਕਿ ਧਰਮ ਦਾ ਵਿਦਵਾਨ ਕੌਣ ਹੈ ਭਾਵ ਗਿਆਨ ਦਾ ਮਾਲਕ ਕੌਣ ਹੈ ਭਾਵ ਪ੍ਰਮਾਤਮਾ ਆਪ ਹੈ। ਜਦ ਤੱਕ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਤਦ ਤੱਕ ਸੱਚਾ ਪੰਡਿਤ ਨਹੀਂ ਬਣਿਆ ਜਾ ਸਕਦਾ ਭਾਵ ਸੱਚਾ ਵਿਦਵਾਨ ਨਹੀਂ ਬਣਿਆ ਜਾ ਸਕਦਾ ਪਰ ਆਪਣੇ ਆਪਨੂੰ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਬਹੁਤ ਹਨ, ਪੰਡਿਤ, ਸੰਤ, ਗਿਆਨੀ, ਬ੍ਰਹਮਗਿਆਨੀ ਅਖਵਾਉਣ ਵਾਲੇ ਬਹੁਤ ਹਨ, ਉਸਦੇ ਜਨ ਅਖਵਾਉਣ ਵਾਲੇ ਬਹੁਤ ਹਨ ਤੇ ਇਸੇ ਲਈ ਉਨ੍ਹਾਂ ਦਾ ਭਰਮ ਕੱਢਣ ਲਈ ਸਾਨੂੰ ਸੱਚੇ ਪੰਡਿਤ ਬਣਨਾ ਸਿਖਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ ਤੇ ਹੁਣ ਉਸ ਸ਼ਬਦ ਦੇ ਬਾਕੀ ਹਿੱਸੇ ਨੂੰ ਵੀ ਸਮਝਦੇ ਹਾਂ ਤਾਂ ਜੋ ਅਸੀਂ ਕਿਸੇ ਨੂੰ ਸੱਚੇ ਧਰਮ ਦੇ ਮਾਰਗ ਦੇ ਉਲਟ ਕੁੱਝ ਨਾ ਸਮਝਾਈਏ ਭਾਵ ਪਹਿਲੇ ਧਰਮ ਦੇ ਮਾਰਗ ਨੂੰ ਆਪ ਸਮਝੀਏ ਫਿਰ ਤਾਂ ਹੀ ਦੂਸਰਿਆਂ ਨੂੰ ਸਮਝਾਉਣ ਵਾਲੇ ਬਣੀਏ।

ਮਲਾਰ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

"ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥

ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥
ਜਾ ਕਉ ਬਖਸੇ ਮੇਲੇ ਸੋਇ ॥
ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥"

(ਅੰਗ - ੧੨੬੧)

"ਪੰਡਿਤ" ਬਣਨਾ ਕੀ ਹੈ ਇਸ ਤੋਂ ਸਪੱਸ਼ਟ ਗੁਰੂ ਸਾਹਿਬ ਸਾਨੂੰ ਹੋਰ ਕੀ ਸਮਝਾਉਣ। ਬੜਾ ਸਪੱਸ਼ਟ ਸਮਝਾਇਆ ਹੋਇਆ ਕਿ ਧਰਮ ਦਾ ਵਿਦਵਾਨ ਉਹੀ ਹੈ ਜੋ ਆਪਣੇ ਅੰਦਰੋਂ ਭਾਵ ਆਪਣੀ ਸਮਝ ਦੇ ਵਿੱਚੋਂ ਤ੍ਰੈਗੁਣਾਂ ਦੀ ਪੰਡ ਨੂੰ ਉਤਾਰਦਾ ਹੈ। ਇਹ ਤ੍ਰੈਗੁਣਾਂ ਦੀ ਪੰਡ ਸਾਡੇ ਅੰਦਰ ਭਰਮ ਵਾਲੇ ਵਿਚਾਰਾਂ ਦੀ ਪੰਡ ਹੈ ਭਾਵ ਮਨੁੱਖੀ ਸਮਝ ਮਨ ਦੀ ਮਾਇਆ ਦੇ ਵਿੱਚ ਰਹਿੰਦੇ ਹੋਏ, ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਭਰਮ ਵਾਲੇ ਵਿਚਾਰਾਂ ਨਾਲ ਭਰੀ ਰਹਿੰਦੀ ਹੈ ਜਿਸਦੇ ਰਹਿੰਦਿਆਂ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਮਨੁੱਖ ਪ੍ਰਮਾਤਮਾ ਦਾ ਸੱਚਾ ਨਾਮ ਨਹੀਂ ਜਪੁ ਸਕਦਾ ਭਾਵ ਉਹ ਚੌਥੇ ਪਦ ਦੇ ਗਿਆਨ ਦੀ ਸੱਚਾਈ ਨੂੰ ਨਹੀਂ ਸਮਝ ਸਕਦਾ ਤੇ ਉਹੀ ਮਨੁੱਖ ਨਾਮੁ ਜਪਦਾ ਹੈ ਜੋ ਤ੍ਰੈਗੁਣਾਂ ਦੀ ਅਵੱਸਥਾ ਵਿੱਚੋਂ ਨਿਕਲ ਜਾਂਦਾ ਹੈ। ਜਿਸਦੇ ਅੰਦਰ ਨਾਮੁ ਹੁੰਦਾ ਹੈ ਉਸਦੇ ਅੰਦਰ ਭਗਤੀ ਦੇ ਮਾਰਗ ਦੀ ਸੱਚੀ ਸਮਝ ਹੁੰਦੀ ਹੈ ਜੋ ਸਮਝ ਪੈਂਦੀ ਹੀ ਤ੍ਰੈਗੁਣਾਂ ਵਿੱਚੋਂ ਨਿਕਲਣ ਦੁਆਰਾ ਹੈ ਭਾਵ ਚੌਥੇ ਪਦ ਵਿੱਚ ਪਹੁੰਚ ਕੇ ਪੈਂਦੀ ਹੈ, ਜੋ ਸਮਝ ਮਨ ਦੇ ਵਿੱਚ ਚੌਥੇ ਪਦ ਦਾ ਮਾਲਕ ਭਾਵ ਅਕਾਲਪੁਰਖ ਆਪ ਹੀ ਪਾਉਂਦਾ ਹੈ। ਜਿਸਨੂੰ ਨਾਮੁ ਦੀ ਸਮਝ ਪੈ ਜਾਂਦੀ ਹੈ ਉਹ ਫਿਰ "ਅਨਦਿਨੁ" ਭਾਵ ਹਰ ਵੇਲੇ ਨਾਮੁ ਹੀ ਜਪਦਾ ਹੈ ਭਾਵ ਗੁਰੂ ਦੀ ਮਤਿ ਨੂੰ ਹੀ ਜਪਦਾ ਹੈ ਭਾਵ ਆਪਣੇ ਜੀਵਨ ਵਿੱਚ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਵਿਚਰਦਾ ਹੈ। (**ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥ ਅਨਦਿਨੁ ਏਕੋ ਨਾਮੁ ਵਖਾਣੈ ॥**) ਪ੍ਰਮਾਤਮਾ ਦਾ ਪੰਡਿਤ ਬਣਨ ਲਈ, ਉਸਦੀ ਦਰਗਾਹ ਵਿੱਚ ਪ੍ਰਵਾਨ ਹੋਣ ਲਈ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਨਿਕਲਣ ਲਈ ਭਾਵ ਨਾਮੁ ਵਾਲੀ ਸਮਝ ਲੈਣ ਲਈ ਅਸੀਂ ਕੀ ਕਰਨਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥"

ਸਾਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੇਵਲ ਗੁਰੂ ਹੀ ਕੱਢ ਸਕਦਾ ਹੈ ਜਿਸਨੂੰ ਨਾਮੁ ਦੀ ਸਮਝ ਹੈ ਭਾਵ ਜਿਸਦੇ ਕੋਲ ਚੌਥੇ ਪਦ ਦਾ ਗਿਆਨ ਹੈ। ਗੁਰੂ ਕੋਲੋਂ ਸਾਨੂੰ ਸਿੱਖਿਆ ਹੀ ਮਿਲਦੀ ਹੈ ਜਿਸ ਸਿੱਖਿਆ ਦੁਆਰਾ ਉਹ ਸਾਨੂੰ ਨਾਮ ਸਮਝਾਉਂਦਾ ਹੈ। ਗੁਰੂ ਦੀ ਸਿੱਖਿਆ ਨੂੰ ਮੱਥਾ ਟੇਕਣਾ ਗੁਰੂ ਅੱਗੇ ਆਪਣਾ ਸੀਸ ਨਿਵਾਉਣਾ ਹੈ ਕਿਉਂਕਿ ਗੁਰੂ ਆਪਣੀ ਸਿੱਖਿਆ ਦੇ ਰੂਪ ਵਿੱਚ ਹੀ ਗੁਰੂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੀ ਗੱਲ ਨੂੰ ਮੰਨਣਾ ਉਸਦੇ ਅੱਗੇ ਸੀਸ ਨਿਵਾਉਣਾ ਹੈ। (**ਸਤਿਗੁਰ ਕੀ ਓਹੁ ਦੀਖਿਆ ਲੇਇ ॥ ਸਤਿਗੁਰ ਆਗੈ ਸੀਸੁ ਧਰੇਇ ॥**)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥
ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ - ੮੭੮)

ਸਲੋਕੁ ਮਃ ੩ ॥
{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ - ੫੯੪)

ਗੁਰੂ ਕੋਲੋਂ ਦੀਖਿਆ ਲੈਣੀ ਕੀ ਹੈ, ਉਸਦੇ ਅੱਗੇ ਸੀਸ ਨਿਵਾਉਣਾ ਕੀ ਹੈ ਇਸ ਗੱਲ ਨੂੰ ਉਪਰਲੀਆਂ ਪੰਗਤੀਆਂ ਦੇ ਪਰਮਾਣ ਰਾਹੀਂ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਗੁਰੂ ਆਪਣੀ ਦੀਖਿਆ ਰਾਹੀਂ ਆਪਣੇ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ ਤੇ ਜੋ ਸ਼ਬਦਾਂ ਦੀ ਵਿਚਾਰ ਨੂੰ ਮੰਨਦਾ ਹੈ ਉਹੀ ਮਨ ਦੀ "ਹਉਮੈ" ਵਿੱਚੋਂ ਨਿਕਲਦਾ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ, ਮਨ ਦੀ ਮੈਲ ਵਿੱਚੋਂ ਨਿਕਲਦਾ ਹੈ ਤੇ ਤਾਂ ਹੀ ਉਸਦਾ ਗੁਰੂ ਦੇ ਨਾਮ ਨਾਲ ਪਿਆਰ ਜੁੜਦਾ ਹੈ। ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਇਸ ਤਰੀਕੇ ਮੰਨਣ ਵਾਲਾ ਮਨੁੱਖ ਹੀ ਗੁਰੂ ਦੀ "ਦੀਖਿਆ" ਲੈਂਦਾ ਹੈ ਤੇ ਆਪਣੀ ਦੀਖਿਆ ਰਾਹੀਂ ਗੁਰੂ ਔਗੁਣ ਛੱਡਣੇ ਹੀ ਸਮਝਾਉਂਦਾ ਹੈ ਭਾਵ ਸੱਚੀ ਕਰਨੀ ਦਾ ਮਾਰਗ ਹੀ ਸਮਝਾਉਂਦਾ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਵਾਲਾ ਹੀ ਧਰਮ ਦਾ ਸੱਚਾ ਵਿਦਵਾਨ ਬਣ ਸਕਦਾ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਪੱਸ਼ਟ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥"

"ਨਿਰਬਾਣੁ" ਰਹਿਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਮਨ ਦੀਆਂ ਇੱਛਾਵਾਂ ਤੋਂ ਮੁਕਤ ਹੋਣਾ, ਮਨ ਦੀ ਹਉਮੈ ਵਾਲੀ ਸਮਝ ਨੂੰ ਛੱਡਣਾ ਭਾਵ ਆਪਣੀ ਮਨਮਤਿ ਛੱਡਣਾ ਹੀ ਨਿਰਬਾਣੁ ਹੋਣਾ ਹੈ ਤੇ ਨਿਰਬਾਣੁ ਹੋਏ ਬਿਨ੍ਹਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਕਿਉਂਕਿ ਨਿਰਬਾਣੁ ਹੋਏ ਬਿਨ੍ਹਾਂ ਭਾਵ ਮਾਇਆ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਔਗੁਣਾਂ ਵਿੱਚੋਂ ਨਹੀਂ ਨਿਕਲ ਸਕਦੇ ਤੇ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਾੜੇ ਕਰਮ ਕਰਦੇ ਹਾਂ ਭਾਵ ਸੱਚੀ ਭਗਤੀ ਦੇ ਮਾਰਗ ਤੋਂ ਉਲਟ ਚੱਲਦੇ ਹਾਂ। ਅਸੀਂ ਨਿਰਬਾਣੁ ਤਾਂ ਹੀ ਹੋ ਸਕਦੇ ਹਾਂ ਜੇਕਰ ਅਸੀਂ "ਅਲਗੁ" ਰਹਾਂਗੇ ਭਾਵ ਵੱਖਰੇ ਰਹਾਂਗੇ। ਗੁਰੂ ਦੀ ਦੀਖਿਆ ਦਾ ਮਕਸਦ ਸਾਨੂੰ ਸਾਡੀ ਸਮਝ ਨਾਲੋਂ ਵੱਖਰਾ ਕਰਨ ਦਾ ਹੀ ਹੈ ਭਾਵ ਤ੍ਰੈਗੁਣਾਂ ਵਾਲੀ ਸਮਝ ਤੋਂ ਵੱਖਰਾ ਕਰਨ ਦਾ ਹੀ ਹੈ ਭਾਵ ਚੌਥੇ ਪਦ ਦੀ ਸਮਝ ਦੇ ਨਾਲ ਜੋੜਕੇ ਸਾਨੂੰ ਮਾਇਆ ਮੋਹ ਵਾਲੀ ਸਮਝ ਤੋਂ ਵੱਖਰਾ ਕਰਨ ਦਾ ਹੀ ਹੈ ਤੇ ਵੱਖਰੇ ਅਸੀਂ ਤਾਂ ਹੀ ਹੋਵਾਂਗੇ ਜੇਕਰ ਗੁਰੂ ਦੀ ਸਿੱਖਿਆ ਨੂੰ ਮੰਨਾਂਗੇ। ਗੁਰੂ ਦੀ ਮਤਿ ਸੰਸਾਰ ਨਾਲੋਂ ਵੱਖਰੀ ਹੈ। ਉਸ ਵੱਖਰੀ ਮਤਿ ਨਾਲ ਭਾਵ ਉੱਚੀ ਮਤਿ ਨਾਲ ਅਸੀਂ ਤਾਂ ਹੀ ਰਲਾਂਗੇ ਜੇਕਰ ਪਹਿਲੇ ਅਸੀਂ ਆਪਣੀ ਮਤਿ ਛੱਡਾਂਗੇ, ਆਪਣੀ ਨੀਵੀਂ ਮਤਿ ਛੱਡਾਂਗੇ। "ਗੁਰਮਤਿ" ਗੁਰੂ ਦੀ ਵੱਖਰੀ ਤੇ ਉੱਚੀ ਮਤਿ ਹੈ ਜੋ ਸੱਚੀ ਮਤਿ ਹੈ ਭਾਵ ਨਾਮੁ ਵਾਲੀ ਮਤਿ ਹੈ ਤੇ ਮਨੁੱਖ ਦੀ ਮਤਿ "ਮਨਮਤਿ" ਹੈ ਜਿਸ ਮਨਮਤਿ ਨੂੰ ਛੱਡੇ ਬਿਨ੍ਹਾਂ ਅਸੀਂ ਮਨਮਤਿ ਤੋਂ ਵੱਖਰੇ ਨਹੀਂ ਹੋ ਸਕਦੇ ਭਾਵ ਗੁਰੂ ਦੀ ਮਤਿ ਦੇ ਨਾਲ ਨਹੀਂ ਰਲ ਸਕਦੇ। ਸਾਡੀ ਸੁਰਤਿ ਦੇ ਵਿਚਾਰ ਕੁੱਝ ਹੋਰ ਹਨ ਤੇ ਸ਼ਬਦ ਦੇ ਵਿਚਾਰ ਹੋਰ ਹਨ ਭਾਵ ਸ਼ਬਦ ਦੇ ਵਿਚਾਰ ਸਾਡੀ ਸੁਰਤਿ ਦੇ ਵਿਚਾਰਾਂ ਨਾਲੋਂ ਵੱਖਰੇ ਹਨ। "ਸੁਰਤਿ" ਦੇ ਵਿਚਾਰ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ ਤੇ ਝੂਠੀ ਭਗਤੀ ਦੇ

ਮਾਰਗ ਨਾਲ ਜੋੜਦੇ ਹਨ ਤੇ "ਸ਼ਬਦ" ਦੇ ਵਿਚਾਰ ਸਾਨੂੰ ਭਰਮਾਂ ਵਿੱਚੋਂ ਕੱਢਦੇ ਹਨ ਤੇ ਸੱਚੀ ਭਗਤੀ ਦੇ ਮਾਰਗ ਨਾਲ ਜੋੜਦੇ ਹਨ। ਅਸੀਂ "ਸ਼ਬਦਿ ਸੁਰਤਿ" ਦਾ ਮੇਲ ਹੀ ਕਰਨਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜਦੋਂ ਸਾਡੀ ਸੁਰਤਿ ਦੇ ਵਿੱਚ ਸ਼ਬਦ ਵਾਲੇ ਵਿਚਾਰ ਵੱਸ ਜਾਣ। ਸਾਡੀ "ਸੁਰਤਿ" ਵਾਲੇ ਵਿਚਾਰ ਸਾਡੀ ਤ੍ਰੈਗੁਣਾਂ ਵਾਲੀ ਸਮਝ ਹੈ ਤੇ ਗੁਰੂ ਦੇ ਸ਼ਬਦਾਂ ਦੀ ਵਿਚਾਰ ਚੌਥੇ ਪਦ ਵਾਲੀ ਸਮਝ ਹੈ। ਸਾਡੀ ਸੁਰਤਿ ਦੇ ਵਿਚਾਰ ਸਾਡੀ "ਹਉਮੈ" ਹੈ ਤੇ ਗੁਰੂ ਦੇ ਸ਼ਬਦਾਂ ਦੀ ਵਿਚਾਰ "ਨਾਮੁ" ਹੈ। ਜਦੋਂ ਮਨੁੱਖ ਦੀ ਸਮਝ ਸ਼ਬਦ ਦੇ ਵਿਚਾਰਾਂ ਵਾਲੀ ਬਣ ਜਾਂਦੀ ਹੈ ਉਹ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਬਣ ਸਕਦੀ ਹੈ ਭਾਵ ਚੌਥੇ ਪਦ ਦੀ ਸਮਝ ਦੁਆਰਾ ਹੀ ਬਣ ਸਕਦੀ ਹੈ, ਨਾਮ ਵਾਲੀ ਸਮਝ ਦੁਆਰਾ ਹੀ ਬਣ ਸਕਦੀ ਹੈ ਜੋ ਆਪਣੇ ਚੌਥੇ ਪਦ ਵਾਲੀ ਸਮਝ ਨਾਲ, ਨਾਮ ਵਾਲੀ ਸਮਝ ਨਾਲ ਪ੍ਰਮਾਤਮਾ ਆਪ ਹੀ ਕਿਸੇ ਨੂੰ ਜੋੜਦਾ ਹੈ ਤੇ ਮਨੁੱਖੀ ਸਮਝ ਨੂੰ ਤ੍ਰੈਗੁਣਾਂ ਵਾਲੀ ਸਮਝ ਤੋਂ ਵੱਖਰਾ ਕਰਦਾ ਹੈ। ਜਿਸਨੂੰ ਪ੍ਰਮਾਤਮਾ ਇੱਕ ਵਾਰੀ ਵੱਖਰਾ ਕਰ ਲੈਂਦਾ ਹੈ ਉਸਦੀ ਸਮਝ ਸਦਾ ਲਈ ਵੱਖਰੀ ਹੀ ਰਹਿੰਦੀ ਹੈ ਭਾਵ ਫਿਰ ਉਹ ਪ੍ਰਮਾਤਮਾ ਦਾ ਮਨੁੱਖੀ ਰੂਪ ਸਦਾ ਨਿਰਬਾਣੁ ਹੋ ਕੇ ਹੀ ਵਿਚਰਦਾ ਹੈ, ਸਦਾ ਸੱਚੀ ਭਗਤੀ ਦੇ ਮਾਰਗ ਤੇ ਹੀ ਚੱਲਦਾ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਕੋਈ ਸੱਚਾ ਪੰਡਿਤ ਬਣਦਾ ਹੈ ਭਾਵ ਧਰਮ ਦੀ ਸੱਚੀ ਸਮਝ ਰੱਖਣ ਵਾਲਾ "ਨਿਰਬਾਣੁ" ਬਣਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਵਾਲਾ ਹੋਵੇ। ਪ੍ਰਮਾਤਮਾ ਦੇ ਦਰ ਤੇ ਇਹੋ ਜਿਹੇ ਵਿਦਵਾਨ ਹੀ ਪ੍ਰਵਾਨ ਹੁੰਦੇ ਹਨ। (**ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥ ਅਨਦਿਨੁ ਏਕੋ ਨਾਮੁ ਵਖਾਣੈ ॥ ਸਤਿਗੁਰ ਕੀ ਓਹੁ ਦੀਖਿਆ ਲੇਇ ॥ ਸਤਿਗੁਰ ਆਗੈ ਸੀਸੁ ਧਰੇਇ ॥ ਸਦਾ ਅਲਗੁ ਰਹੈ ਨਿਰਬਾਣੁ ॥ ਸੋ ਪੰਡਿਤੁ ਦਰਗਹ ਪਰਵਾਣੁ ॥**)

ਪਉੜੀ ॥

{ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥

ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥

ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥

ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥

ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥

ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥

ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥

ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥}

(ਅੰਗ - ੧੪੫)

ਪ੍ਰਮਾਤਮਾ ਦੇ "ਸੱਚੇ ਭਗਤ" ਭਾਵ ਜਿੰਨ੍ਹਾਂ ਨੂੰ ਭਗਤੀ ਦੀ ਸੱਚੀ ਸਮਝ ਹੈ ਉਹ ਸੰਸਾਰ ਨਾਲੋਂ ਵੱਖਰੇ ਕਿਸ ਤਰੀਕੇ ਰਹਿੰਦੇ ਹਨ ਇਸ ਗੱਲ ਨੂੰ ਉਪਰਲੇ ਸ਼ਬਦ ਦੇ ਪਰਮਾਣ ਰਾਹੀਂ ਸਮਝਿਆ ਜਾ ਸਕਦਾ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਪ੍ਰਮਾਤਮਾ ਦੇ ਸੱਚੇ ਭਗਤਾਂ ਦਾ "ਵੱਖਰਾਪਣ" ਮਨ ਦੇ ਵਿਚ ਸੱਚੀ ਸਮਝ ਦਾ ਹੋਣਾ ਹੀ ਹੈ ਭਾਵ ਉਹ ਕਿਸੇ ਭਰਮ ਵਿੱਚ ਨਹੀਂ ਹੁੰਦੇ ਤੇ ਭਗਤੀ ਨੂੰ ਸਮਝਣ ਦੇ ਵਿੱਚ ਜੋ ਵੀ ਭਰਮ ਹੁੰਦੇ ਹਨ ਉਹ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਨਿਕਲਦੇ ਹਨ। ਪ੍ਰਮਾਤਮਾ ਦਾ ਭਗਤ ਭਾਵ ਭਗਤੀ ਦੀ ਸੱਚੀ ਸਮਝ ਰੱਖਣ ਵਾਲਾ ਭਾਵ ਧਰਮ ਦੇ ਮਾਰਗ ਦਾ ਸੱਚਾ ਵਿਦਵਾਨ ਉਹੀ ਬਣਦਾ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਸੱਚੀ ਭਗਤੀ ਦੀ ਸਮਝ ਵਾਲੇ ਕਿਹੋ ਜਿਹੇ ਹੁੰਦੇ ਹਨ ਤੇ ਨਾਸਮਝੀ ਵਾਲੇ ਕਿਹੋ ਜਿਹੇ ਹੁੰਦੇ ਹਨ ਇਹ ਗੱਲ ਹੀ ਸਮਝਾਈ ਹੋਈ ਹੈ। ਭਗਤਾਂ ਦਾ ਵੱਖਰਾਪਨ ਭਾਵ ਸੰਸਾਰ ਨਾਲੋਂ ਵੱਖਰਾਪਨ ਉਨ੍ਹਾਂ ਦਾ ਭਗਤੀ ਦੀ ਸੱਚੀ ਸਮਝ ਵਾਲਾ ਹੋਣਾ ਹੀ ਹੈ ਜੋ ਸੱਚੀ ਸਮਝ ਸੈਸਾਰੀਆਂ ਨੂੰ ਨਹੀਂ ਪੈਂਦੀ। "ਸੈਸਾਰੀ" ਉਹੀ ਹੁੰਦੇ ਹਨ ਜੋ ਪ੍ਰਮਾਤਮਾ ਨੂੰ ਨਹੀਂ ਜਾਣਦੇ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਨ। ਭਗਤੀ ਵਾਲਾ ਉਹੀ ਹੁੰਦਾ ਹੈ ਜਿਸਨੂੰ ਸਭ ਦੇ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਤੇ ਉਹ ਤਾਂ ਹੀ ਨਜ਼ਰ ਆ ਸਕਦਾ ਹੈ ਜਦੋਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ

ਸ਼ਬਦ ਵਿੱਚ ਸਾਨੂੰ ਸੱਚਾ ਪੰਡਿਤ ਬਣਨਾ ਸਿਖਾਇਆ ਹੋਇਆ ਹੈ ਜੋ ਸੱਚਾ ਪੰਡਿਤ ਭਗਤੀ ਦੇ ਮਾਰਗ ਨੂੰ ਸਮਝਦਾ ਹੈ।

“ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥”

ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਰੱਖਣ ਵਾਲੇ ਜੋ ਸਮਝਦੇ ਹਨ ਫਿਰ ਦੂਸਰਿਆਂ ਨੂੰ ਵੀ ਭਗਤੀ ਦਾ ਮਾਰਗ ਸਮਝਾਉਂਦੇ ਹਨ ਤਾਂ ਫਿਰ ਕੀ ਉਹ ਸ਼ਬਦ ਦੇ ਉੱਪਰ ਵਾਲੇ ਪਦੇ ਤੇ ਪੂਰਾ ਉਤਰ ਸਕਦੇ ਹਨ ਭਾਵ ਨਹੀਂ ਉਤਰ ਸਕਦੇ। ਧਰਮ ਦਾ ਪੰਡਿਤ ਉਹ ਹੈ ਜੋ ਸਭ ਦੇ ਵਿੱਚ ਇੱਕੋ ਇੱਕ ਪ੍ਰਮਾਤਮਾ ਨੂੰ ਵੇਖਦਾ ਹੈ ਤੇ ਉਹੀ ਕੁੱਝ ਦੂਸਰਿਆਂ ਨੂੰ ਸਮਝਾਉਂਦਾ ਹੈ। ਇਹੀ ਤ੍ਰੈਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਭੇਦ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ। ਤ੍ਰੈਗੁਣਾਂ ਵਿੱਚੋਂ ਨਿਕਲੇ ਬਿਨ੍ਹਾਂ, ਨਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਸਕਦਾ ਹੈ ਭਾਵ ਜਾਣ ਸਕਦਾ ਹੈ ਤੇ ਨਾ ਹੀ ਉਹ ਇਹ ਗੱਲ ਦੂਸਰੇ ਨੂੰ ਸਮਝਾ ਸਕਦਾ ਹੈ। ਜੋ ਇਸ ਗੱਲ ਨੂੰ ਹੀ ਨਹੀਂ ਜਾਣਦਾ ਕਿ ਮੈਂ ਜਿਸਦੀ ਭਗਤੀ ਕਰਨੀ ਹੈ ਉਹ ਕੌਣ ਹੈ ਭਾਵ ਪ੍ਰਮਾਤਮਾ ਕੀ ਹੈ ਤਾਂ ਫਿਰ ਉਸਦੀ ਭਗਤੀ ਕੀ ਹੋਈ। ਜਦ ਤਕ ਮਨੁੱਖ ਨੂੰ ਇਹ ਸਮਝ ਨਹੀਂ ਪੈਂਦੀ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤਦ ਤੱਕ ਉਸਦੇ ਅੰਦਰ ਭਗਤੀ ਦਾ ਪਹਿਲਾ ਗੁਣ ਹੀ ਨਹੀਂ ਆਉਂਦਾ ਜਿਸ ਭਗਤੀ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਆਪਣੇ ਗੁਣ ਗਾਉਣੇ ਤਾਂ ਉਹ ਗੁਣਾਂ ਦਾ ਮਾਲਿਕ ਆਪ ਹੀ ਸਿਖਾਉਂਦਾ ਹੈ ਭਾਵ ਮਨੁੱਖੀ ਸਮਝ ਨੂੰ ਭਰਮਾਂ ਵਿੱਚੋਂ ਕੱਢਕੇ ਸਮਝਾਉਂਦਾ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਕੇ ਸਿਖਾਉਂਦਾ ਹੈ ਜਿਸ ਤਰੀਕੇ ਉਹ ਕਿਸੇ ਨੂੰ ਧਰਮ ਦਾ ਸੱਚਾ ਪੰਡਿਤ, ਸੱਚਾ ਵਿਦਵਾਨ ਬਣਾਉਂਦਾ ਹੈ। (**ਸਭਨਾਂ ਮਹਿ ਏਕੋ ਏਕੁ ਵਖਾਣੈ ॥ ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥**)

{ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ - ੯)

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥}

(ਅੰਗ - ੯)

ਪ੍ਰਮਾਤਮਾ ਦੇ ਨਾਲ ਮੇਲ ਤੋਂ ਬਿਨ੍ਹਾਂ ਉਸਦਾ “ਪੰਡਿਤੁ” ਨਹੀਂ ਬਣਿਆ ਜਾ ਸਕਦਾ ਤੇ ਉਸਦੇ ਨਾਲ ਆਪਣੇ ਆਪ ਕੋਈ ਮਿਲ ਲਵੇ ਇਹ ਨਾਮੁਮਕਿਨ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਕ੍ਰਿਪਾ ਦਾ ਵਿਸ਼ਾ ਹੈ ਕਿ ਉਹ ਕਿਸਨੂੰ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਾ ਕਉ ਬਖਸੇ ਮੇਲੇ ਸੋਇ ॥
ਐਥੈ ਓਥੈ ਸਦਾ ਸੁਖੁ ਹੋਇ ॥”

ਪ੍ਰਮਾਤਮਾ ਦੀ ਬਖਸ਼ਿਸ਼ ਕਿਸੇ ਤੇ ਕਿਵੇਂ ਹੁੰਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਜੋ ਕਿ ਤ੍ਰੈਗੁਣਾਂ ਵਾਲੀ ਸਮਝ ਦੇ ਵਿੱਚੋਂ ਨਿਕਲਕੇ ਹੀ ਹੁੰਦਾ ਹੈ ਭਾਵ ਚੌਥੇ ਪਦ ਦੇ ਵਿੱਚ ਪਹੁੰਚਕੇ ਹੀ ਹੁੰਦਾ ਹੈ ਭਾਵ ਬ੍ਰਹਮ ਗਿਆਨ ਦੇ ਪਦ ਵਿੱਚ ਪਹੁੰਚਕੇ ਹੀ ਹੁੰਦਾ ਹੈ। ਨਾ ਤ੍ਰੈਗੁਣ ਮਨੁੱਖ ਦੇ ਵੱਸ ਹੈ ਨਾ ਚੌਥਾ ਪਦ ਮਨੁੱਖ ਦੇ ਆਪਣੇ ਵੱਸ ਹੈ ਭਾਵ ਇਹ ਕੇਵਲ ਤੇ ਕੇਵਲ ਉਸਦੀ ਬਖਸ਼ਿਸ਼ ਦਾ ਮੁੱਦਾ ਹੈ ਜੋ ਸਾਡੇ ਮਨ ਦਾ ਮਾਲਕ ਹੈ ਭਾਵ ਸਾਡੀ ਸਮਝ ਦਾ ਮਾਲਕ ਹੈ। ਜਿਸਨੂੰ ਪ੍ਰਮਾਤਮਾ ਬਖਸ਼ਦਾ ਹੈ ਉਸਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਭਾਵ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਕੇ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਵਾਲੀ ਸਮਝ ਦੇ ਨਾਲ ਜੋੜ ਲੈਂਦਾ ਹੈ ਤੇ ਮਨੁੱਖ ਨੂੰ ਤਾਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪਣੇ “ਨਿਰੰਕਾਰ” ਰੂਪ ਵਿੱਚ ਸਭ ਦੇ ਅੰਦਰ ਵੱਸਿਆ ਹੋਇਆ ਹੈ, ਸਮਾਇਆ ਹੋਇਆ ਹੈ। (**ਜਾ ਕਉ ਬਖਸੇ ਮੇਲੇ ਸੋਇ ॥**)

“**ਐਥੈ ਓਥੈ ਸਦਾ ਸੁਖੁ ਹੋਇ ॥**”

ਇਸ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਮਨੁੱਖ

ਦਾ ਅਸਲ ਜਨਮ ਮਰਨ ਕੀ ਹੈ ਇਹ ਸਭ ਕੁੱਝ ਸਾਡੀ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਜਦ ਤੱਕ ਅਸੀਂ ਭਰਮਾਂ ਵਾਲੀ ਸਮਝ ਵਿੱਚ ਹਾਂ ਤਦ ਤੱਕ ਅਸੀਂ ਇਸ ਗੱਲ ਨੂੰ ਕਦੇ ਨਹੀਂ ਸਮਝ ਸਕਦੇ ਕਿ ਸਾਡੀ ਸਮਝ ਦਾ ਮਾਲਕ ਕੌਣ ਹੈ ਭਾਵ ਮਨੁੱਖ ਦੀ ਅਸਲੀਅਤ ਕੀ ਹੈ ਭਾਵ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ। "ਐਥੈ ਓਥੈ" ਦਾ ਭੇਦ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਸਾਡਾ ਮਨ ਸਾਡਾ ਘਰ ਹੈ ਜੋ ਸਾਡਾ ਘਰ ਸਾਡੀ ਸਮਝ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਘਰ ਇਹ ਮਨ ਹੀ ਹੈ ਤੇ ਜਦ ਤੱਕ ਅਸੀਂ ਇਸ ਮਨ ਰੂਪ ਘਰ ਨੂੰ ਪ੍ਰਮਾਤਮਾ ਦਾ ਘਰ ਨਹੀਂ ਸਮਝਦੇ ਤਦ ਤੱਕ ਇਹ ਘਰ ਸਾਡਾ ਹੈ। ਮਨ ਦੇ ਵਿੱਚ ਹੀ ਤ੍ਰੈਗੁਣਾਂ ਵਾਲੀ ਸਮਝ ਹੈ ਤੇ ਮਨ ਦੇ ਵਿੱਚ ਹੀ ਚੌਥੇ ਪਦ ਵਾਲੀ ਸਮਝ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ, ਹਉਮੈ ਵਿੱਚ ਹਾਂ ਤਦ ਤੱਕ ਇਸ ਘਰ ਵਿੱਚ ਅਸੀਂ ਰਹਿ ਰਹੇ ਹਾਂ ਭਾਵ ਅਸੀਂ "ਐਥੇ" ਰਹਿ ਰਹੇ ਹਾਂ ਜਿਸ ਘਰ ਦੀ ਸਮਝ "ਓਥੈ" ਪਹੁੰਚ ਕੇ ਲੱਗਦੀ ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਲੱਗਦੀ ਹੈ ਜੋ ਘਰ ਉਸ ਦਾ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿੱਥੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਵਾਲਾ ਵੀ "ਸੁਖੁ" ਰੂਪ ਪ੍ਰਮਾਤਮਾ ਆਪ ਹੈ ਭਾਵ ਉਹ ਘਰ ਵੀ ਪ੍ਰਮਾਤਮਾ ਦਾ ਹੀ ਹੈ ਤੇ ਚੌਥੇ ਪਦ ਵਾਲਾ ਘਰ ਵੀ ਉਸ "ਸੁਖੁ" ਰੂਪ ਪ੍ਰਮਾਤਮਾ ਦਾ ਹੀ ਹੈ ਭਾਵ ਦੋਨਾਂ ਘਰਾਂ ਵਿੱਚ ਉਹ "ਸੁਖੁ" ਰੂਪ ਪ੍ਰਮਾਤਮਾ ਆਪ ਹੀ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਉਸਦੇ ਘਰ ਵਿੱਚ ਪਹੁੰਚਕੇ ਹੀ ਲੱਗਦੀ ਹੈ ਕਿ ਤ੍ਰੈਗੁਣਾਂ ਵਾਲੀ ਸਮਝ ਵਿੱਚ ਵੀ ਪ੍ਰਮਾਤਮਾ ਆਪ ਹੈ ਤੇ ਚੌਥੇ ਪਦ ਵਾਲੀ ਸਮਝ ਵਿੱਚ ਵੀ ਉਹ ਆਪ ਹੈ ਤੇ ਪ੍ਰਮਾਤਮਾ ਸਦਾ ਤੋਂ ਆਪਣੇ ਮਨੁੱਖੀ ਰੂਪ ਨੂੰ ਇਸੇ ਤਰੀਕੇ ਚਲਾਉਂਦਾ ਆ ਰਿਹਾ ਹੈ ਭਾਵ ਤ੍ਰੈਗੁਣਾਂ ਵਿੱਚ ਰੱਖਕੇ ਹੀ ਚਲਾਉਂਦਾ ਆ ਰਿਹਾ ਹੈ ਪਰ ਉਸਦੇ ਨਾਲ ਮੇਲ ਹੋਏ ਬਿਨ੍ਹਾਂ, ਉਸਦੀ ਕ੍ਰਿਪਾ ਹੋਏ ਬਿਨ੍ਹਾਂ ਕੋਈ ਇਸ ਗੱਲ ਨੂੰ ਜਾਣ ਨਹੀਂ ਸਕਦਾ ਕਿ ਹਰ ਵੇਲੇ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਵਰਤ ਰਿਹਾ ਹੈ, ਸਾਨੂੰ ਤ੍ਰੈਗੁਣਾਂ ਵਾਲੀ ਸਮਝ ਪਾ ਕੇ ਵਰਤ ਰਿਹਾ ਹੈ। (**ਜਾ ਕਉ ਬਖਸੇ ਮੇਲੇ ਸੋਇ ॥ ਐਥੈ ਓਥੈ ਸਦਾ ਸੁਖੁ ਹੋਇ ॥**)

ਜਦ ਤੱਕ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਤਦ ਤੱਕ ਅਸੀਂ ਭਗਤੀ ਦੇ ਅਨੇਕਾਂ ਤਰੀਕੇ ਅਪਣਾਉਂਦੇ ਹਾਂ ਜਿਵੇਂ ਕਿ ਸਾਨੂੰ ਭਗਤੀ ਦੇ ਵਿਦਵਾਨ ਅਖਵਾਉਣ ਵਾਲੇ ਸਿਖਾਉਂਦੇ ਹਨ, ਪ੍ਰਮਾਤਮਾ ਦੇ ਗੁਣ ਗਾਉਣੇ ਸਿਖਾਉਂਦੇ ਹਨ, ਧਰਮ ਗ੍ਰੰਥਾਂ ਦੀ ਕਥਨੀ ਕਰੀ ਜਾਣ ਨੂੰ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਸਿਖਾਉਂਦੇ ਹਨ ਪਰ ਜਦੋਂ ਮਨੁੱਖ ਆਪਣੇ ਅੰਦਰੋਂ ਭਗਤੀ ਦੇ ਮਾਲਕ ਨੂੰ ਜਾਣ ਲੈਂਦਾ ਹੈ ਉਹ ਫਿਰ ਉਨ੍ਹਾਂ ਸਾਰੇ ਤਰੀਕਿਆਂ ਵਿੱਚੋਂ ਨਿਕਲ ਜਾਂਦਾ ਹੈ ਜਿੰਨ੍ਹਾਂ ਨੂੰ ਉਹ ਮਨ ਦੀ ਨਾਸਮਝੀ ਕਰਕੇ ਆਪਣੇ ਵੱਲੋਂ ਸੱਚੀ ਭਗਤੀ ਦਾ ਮਾਰਗ ਸਮਝਦੇ ਹਨ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥"

ਪ੍ਰਮਾਤਮਾ ਨੂੰ ਪਾਉਣ ਦੀ ਕੀ "ਬਿਧਿ" ਹੈ ਭਾਵ ਕਿਹੜਾ ਤਰੀਕਾ ਹੈ, ਕਿਹੜੀ ਜੁਗਤਿ ਹੈ, ਇਸ ਦੀ ਸਮਝ ਗੁਰੂ ਦੇ ਕੋਲ ਹੀ ਹੈ ਤੇ ਗੁਰੂ ਦਾ ਮਕਸਦ ਵੀ ਸਾਨੂੰ ਇਹ "ਬਿਧਿ" ਸਮਝਾਉਣ ਦਾ ਹੀ ਹੈ। ਧਰਮ ਗ੍ਰੰਥਾਂ ਦੀ ਰਚਨਾ ਪ੍ਰਮਾਤਮਾ ਨੇ ਇਸੇ ਗੱਲ ਲਈ ਕੀਤੀ ਹੈ ਕਿ ਉਹ ਉਸ "ਜੁਗਤਿ" ਨੂੰ ਜਾਨਣ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਤ੍ਰੈਗੁਣਾਂ ਦੇ ਵਿੱਚੋਂ ਮੁਕਤ ਹੋਣ ਦਾ ਹੈ ਭਾਵ ਮਨ ਦੀ ਮਾਇਆ ਵਿੱਚੋਂ ਮੁਕਤ ਹੋਣ ਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਮੁਕਤ ਹੋਣ ਦਾ ਹੈ ਜਿਸ ਤੋਂ ਮੁਕਤ ਹੋਏ ਬਿਨ੍ਹਾਂ ਨਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਮੁਕਤੀ ਦਾ ਤਰੀਕਾ ਜਾਣ ਸਕਦਾ ਹੈ। ਤ੍ਰੈਗੁਣਾਂ ਤੋਂ ਮੁਕਤ ਹੋਣ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਦੇ ਵਿਚਾਰਾਂ ਨੂੰ ਮੰਨਣ ਦਾ ਹੈ ਭਾਵ ਆਪਣੀ ਮਤਿ ਛੱਡਣ ਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਨੂੰ ਮੁਕਤ ਗੁਰੂ ਦੇ ਸੱਚੇ ਗਿਆਨ ਨੇ ਹੀ ਕਰਨਾ ਹੈ ਤੇ ਮੁਕਤ ਅਸੀਂ ਆਪਣੀ ਭਰਮਾਂ ਵਾਲੀ ਸਮਝ ਤੋਂ ਹੀ ਹੋਣਾ ਹੈ ਜਿਸ ਭਰਮਾਂ ਵਾਲੀ ਸਮਝ ਨੂੰ ਆਪਣੇ ਆਪ ਸੱਚੀ ਭਗਤੀ ਦੇ ਮਾਰਗ ਦੀ ਸਮਝ ਨਹੀਂ ਪੈਂਦੀ ਪਰ ਆਪਣੀ ਸਮਝ ਛੱਡੇ ਬਿਨ੍ਹਾਂ ਭਾਵ ਗੁਰੂ ਦੀ ਸਮਝ ਮੰਨੇ ਬਿਨ੍ਹਾਂ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ, ਸਰੀਰਕ ਜਪ ਤਪ ਆਦਿ ਬਣਾਏ ਹੋਏ ਹਨ , ਸ਼ਬਦਾਂ ਦੀ ਕਥਨੀ ਕਰੀ ਜਾਣ ਨੂੰ ਹੀ ਅਸੀਂ ਭਗਤੀ ਸਮਝਦੇ ਹਾਂ ਤੇ ਕਿਸੇ ਅੱਖਰ ਦੀ ਕਥਨੀ ਕਰਨ ਨੂੰ ਹੀ ਨਾਮੁ ਜਪਣਾ ਸਮਝਦੇ ਹਾਂ ਤੇ ਇਸੇ ਤਰ੍ਹਾਂ ਅਸੀਂ ਆਪਣੀ-ਆਪਣੀ

ਆਸਥਾ ਅਨੁਸਾਰ ਅਨੇਕਾਂ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਜਿੰਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇਨ੍ਹਾਂ ਸਰੀਰਕ ਤਰੀਕਿਆਂ ਨਾਲ ਸਾਡੇ ਮਨ ਨੂੰ ਕੀ ਸਮਝ ਪੈਂਦੀ ਹੈ ਜਿਸ ਦੁਆਰਾ ਸਾਡੇ ਮਨ ਦੇ ਭਰਮ ਦੂਰ ਹੋਣ। ਭਰਮ ਤਾਂ ਕੇਵਲ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਦੂਰ ਹੁੰਦੇ ਹਨ ਜੋ ਸਿੱਖਿਆ ਸਾਨੂੰ ਇਹ ਸਮਝਾਉਂਦੀ ਹੈ ਕਿ ਇਹੋ ਜਿਹੇ ਤਰੀਕੇ ਵਿਅਰਥ ਹਨ ਤੇ ਸਾਡਾ ਭਰਮ ਤਾਂ ਹੀ ਨਿਕਲੇਗਾ ਜੇਕਰ ਅਸੀਂ ਇਨ੍ਹਾਂ ਤਰੀਕਿਆਂ ਨੂੰ ਛੱਡਾਂਗੇ ਤੇ ਪ੍ਰਮਾਤਮਾ ਨੂੰ ਜਾਨਣ ਦਾ ਭਾਵ ਉਸਦੀ ਭਗਤੀ ਕਰਨ ਦਾ ਉਹ ਤਰੀਕਾ ਅਪਣਾਵਾਂਗੇ ਜੋ ਤਰੀਕਾ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਉਹ ਤਰੀਕਾ ਆਪਣੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਦਾ ਹੈ, ਮਾਇਆ ਮੋਹ, ਹਉਮੈ ਛੱਡਣ ਦਾ ਹੈ, ਔਗੁਣ ਛੱਡਣ ਦਾ ਹੈ ਭਾਵ ਗੁਣੀ ਬਣਕੇ ਸੰਸਾਰ ਵਿੱਚ ਵਿਚਰਨ ਦਾ ਹੈ ਜਿਸ ਤਰੀਕੇ ਕੋਈ ਅੱਠੇ ਪਹਿਰ ਗੁਰਮਤਿ ਤੇ ਚੱਲਣ ਦੁਆਰਾ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਭਾਵ ਅੱਠੇ ਪਹਿਰ ਉਸਦਾ ਨਾਮ ਜਪਦਾ ਹੈ। ਇਸ ਤਰੀਕੇ ਗੁਣ ਉਹੀ ਗਾ ਸਕਦਾ ਹੈ ਜਿਸਨੂੰ ਪਹਿਲੇ ਪ੍ਰਮਾਤਮਾ ਤ੍ਰੈਗੁਣਾਂ ਤੋਂ ਮੁਕਤ ਕਰਦਾ ਹੈ ਤੇ ਕਿਸੇ ਨੂੰ ਆਪਣਾ ਧਰਮ ਦਾ ਵਿਦਵਾਨ ਬਣਾਉਂਦਾ ਹੈ ਭਾਵ ਧਰਮ ਦੇ ਮਾਰਗ ਤੇ ਚੱਲਣ ਵਾਲਾ ਬਣਾਉਂਦਾ ਹੈ। ਜਿੰਨ੍ਹਾਂ ਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈ ਜਾਂਦੀ ਹੈ ਉਹ ਫਿਰ ਧਰਮ ਗ੍ਰੰਥਾਂ ਦੀ ਕੇਵਲ ਕਥਨੀ ਕਰੀ ਜਾਣ ਨੂੰ ਹੀ ਭਗਤੀ ਨਹੀਂ ਸਮਝਦੇ ਕਿਉਂਕਿ ਕਥਨੀ ਕਰੀ ਜਾਣ ਨਾਲ ਸਾਡੇ ਅੰਦਰੋਂ ਭਰਮ ਨਹੀਂ ਨਿਕਲਦੇ ਭਾਵ ਅਸੀਂ ਭਰਮਾਂ ਵਾਲੇ ਵਿਚਾਰਾਂ ਤੋਂ ਮੁਕਤ ਨਹੀਂ ਹੁੰਦੇ। ਮੁਕਤ ਤਾਂ ਅਸੀਂ ਤਾਂ ਹੋਵਾਂਗੇ ਜਦੋਂ ਸ਼ਬਦਾਂ ਦੀ ਕਥਨੀ ਨੂੰ ਅਸੀਂ ਆਪਣੀ ਕਰਨੀ ਵਿੱਚ ਬਦਲਾਂਗੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ। ਕੇਵਲ ਕਥਨੀ ਕਰੀ ਜਾਣਾ "ਕੂਕਨ" ਵਾਲੀ ਗੱਲ ਹੈ ਜਿਸ ਨਾਲ ਕੋਈ ਲਾਭ ਨਹੀਂ ਮਿਲਦਾ। (**ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥ ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥ ਅਨਦਿਨੁ ਹਰਿ ਗੁਣ ਗਾਵੈ ਸੋਇ ॥ ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥**)

{ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥
ਗੁਰ ਕਿੰਚਤ ਕਿਰਪਾ ਕੀਨੀ ॥
ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥
ਮਿਲਿਓ ਜਗਜੀਵਨ ਦਾਤਾ ॥੪॥}

(ਅੰਗ - ੬੫੫)

ਸਲੋਕੁ ਮਃ ੧ ॥

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ - ੪੬੭)

{ਸਭਿ ਜਪ ਸਭਿ ਤਪ ਸਭ ਚਤੁਰਾਈ ॥
ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥

ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ - ੪੧੨)

ਸਲੋਕੁ ਮਃ ੩ ॥

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥
ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥}

(ਅੰਗ - ੫੦੯)

ਉੱਪਰ ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਧਰਮ ਦੇ ਮਾਰਗ ਨੂੰ ਜਾਨਣ ਵਾਲਾ "ਸੱਚਾ ਪੰਡਿਤ" ਕੌਣ ਹੁੰਦਾ ਹੈ ਭਾਵ ਵਿਦਵਾਨ ਕੌਣ ਹੁੰਦਾ ਹੈ ਜੋ ਸਾਨੂੰ ਧਰਮ ਦਾ, ਭਗਤੀ ਦਾ ਸੱਚਾ ਮਾਰਗ ਸਮਝਾ ਸਕਦਾ ਹੈ ਜੋ ਕਿ ਗੁਰੂ ਦਾ ਆਪਣਾ ਹੀ ਰੂਪ ਹੈ ਜਿਸਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਿੱਚੋਂ ਕੱਢਕੇ ਆਪਣੇ ਚੌਥੇ ਪਦ ਨਾਲ ਜੋੜਿਆ ਹੋਇਆ ਹੈ। ਭਗਤੀ ਦੇ ਮਾਰਗ ਦੀ ਸਿੱਖਿਆ ਦੇਣ ਵਾਲੇ, ਸਾਨੂੰ ਨਾਮੁ ਸਿਖਾਉਣ ਵਾਲੇ ਜੋ ਆਪਣੇ ਆਪ ਨੂੰ ਧਰਮ ਦੇ ਪੰਡਿਤ ਅਖਵਾਉਂਦੇ ਹਨ ਉਹ ਅਨੇਕਾਂ ਹੀ ਹਨ ਪਰ ਅਸਲ ਭਗਤੀ ਦਾ ਮਾਰਗ ਕੀ ਹੈ ਉਹ ਸਮਝ ਉਨ੍ਹਾਂ ਦੇ ਕੋਲ ਨਹੀਂ ਹੁੰਦੀ ਤੇ ਸੰਸਾਰ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ। ਸਾਨੂੰ ਗੁਰੂ ਸਾਹਿਬ ਵਾਰ-ਵਾਰ ਸ਼ਬਦਾਂ ਰਾਹੀਂ ਇਹ ਸਮਝਾ ਰਹੇ ਹਨ ਕਿ ਇਨ੍ਹਾਂ ਦੇ ਭਰਮਾਂ ਵਿੱਚ ਨਾ ਆਈਏ ਤੇ ਧਰਮ ਦਾ ਸੱਚਾ ਮਾਰਗ ਕੇਵਲ ਗੁਰੂ ਕੋਲੋਂ ਹੀ ਸਿੱਖੀਏ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਇਹ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਆਪਣਾ ਆਪ ਇਸ ਤਰੀਕੇ ਜਣਾਉਂਦੇ ਹਨ ਜਿਵੇਂ ਕਿ ਧਰਮ ਦੀ ਸੱਚੀ ਸਮਝ ਦੇ ਉਹ ਹੀ ਮਾਲਕ ਹਨ ਜਿਸ ਲਈ ਉਹ ਦੂਸਰਿਆਂ ਦੀ ਗੱਲ ਨਹੀਂ ਸੁਣਦੇ ਭਾਵ ਉਨ੍ਹਾਂ ਨੇ ਧਰਮ ਦੇ ਮਾਰਗ ਤੇ ਕਬਜਾ ਕੀਤਾ ਹੋਇਆ ਹੈ ਜੋ ਕਿ ਉਨ੍ਹਾਂ ਦਾ ਭਰਮ ਹੈ। ਆਓ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅੱਲ੍ਹਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਗਉੜੀ ਗੁਆਰੇਰੀ ਮਹਲਾ ੫ ॥
"ਅਗਲੇ ਮੁਏ ਸਿ ਪਾਛੈ ਪਰੇ ॥
ਜੋ ਉਬਰੇ ਸੇ ਬੰਧਿ ਲਕੁ ਖਰੇ ॥
ਜਿਹ ਧੰਧੇ ਮਹਿ ਓਇ ਲਪਟਾਏ ॥
ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥
ਓਹ ਬੇਲਾ ਕਛੁ ਚੀਤਿ ਨ ਆਵੈ ॥
ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥
ਆਸਾ ਬੰਧੀ ਮੂਰਖ ਦੇਹ ॥
ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥
ਮੀਠੀ ਕਰਿ ਕਰਿ ਬਿਖਿਆ ਖਾਇ ॥੨॥
ਹਉ ਬੰਧਉ ਹਉ ਸਾਧਉ ਬੈਰੁ ॥
ਹਮਰੀ ਭੂਮਿ ਕਉਨੁ ਘਾਲੈ ਪੈਰੁ ॥
ਹਉ ਪੰਡਿਤੁ ਹਉ ਚਤੁਰੁ ਸਿਆਣਾ ॥
ਕਰਣੈਹਾਰੁ ਨ ਬੁਝੈ ਬਿਗਾਨਾ ॥੩॥
ਅਪੁਨੀ ਗਤਿ ਮਿਤਿ ਆਪੇ ਜਾਨੈ ॥
ਕਿਆ ਕੋ ਕਹੈ ਕਿਆ ਆਖਿ ਵਖਾਨੈ ॥
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥
ਅਪਨਾ ਭਲਾ ਸਭ ਕਾਹੂ ਮੰਗਨਾ ॥੪॥
ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥
ਅੰਤੁ ਨਾਹੀ ਕਿਛੁ ਪਾਰਾਵਾਰੁ ॥
ਦਾਸ ਅਪਨੇ ਕਉ ਦੀਜੈ ਦਾਨੁ ॥

ਕਬਹੂ ਨ ਵਿਸਰੈ ਨਾਨਕ ਨਾਮੁ ॥੫॥"

(ਅੰਗ - ੧੭੮)

ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਉਹ ਕੁੱਝ ਸਮਝਾਇਆ ਹੋਇਆ ਹੈ ਜਿਸ ਤਰੀਕੇ ਅਸੀਂ ਸੰਸਾਰ ਵਿੱਚ ਵਿਚਰਦੇ ਹਾਂ ਜਿਸ ਵਿੱਚ ਰਹਿੰਦਿਆਂ ਅਸੀਂ ਪ੍ਰਮਾਤਮਾ ਦੀ ਭਗਤੀ ਨਹੀਂ ਕਰਦੇ ਬਲਕਿ ਉਸਦੇ ਉਲਟ ਚੱਲਦੇ ਹਾਂ ਜਿਵੇਂ ਕਿ ਨਾਲ ਹੀ ਰਹਾਉ ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਇਸ ਪੂਰੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਨ੍ਹਾਂ ਦੇ ਪਿੱਛੇ ਨਾ ਲੱਗੀਏ ਜੋ ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਉਲਟ ਚਲਾਉਂਦੇ ਹਨ ਪਰ ਆਪਣੇ ਆਪਨੂੰ ਧਰਮ ਦੇ ਠੇਕੇਦਾਰ ਅਖਵਾਉਂਦੇ ਹਨ। ਪਹਿਲਾ ਪਹਿਲੇ ਪੱਦੇ ਨੂੰ ਤੇ ਰਹਾਉ ਵਾਲੀ ਪੰਗਤੀ ਨੂੰ ਸਮਝਦੇ ਹਾਂ।

"ਅਗਲੇ ਮੁਏ ਸਿ ਪਾਛੈ ਪਰੇ ॥
ਜੋ ਉਬਰੇ ਸੇ ਬੰਧਿ ਲਕੁ ਖਰੇ ॥
ਜਿਹ ਧੰਧੇ ਮਹਿ ਓਇ ਲਪਟਾਏ ॥
ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥
ਓਹ ਬੇਲਾ ਕਛੁ ਚੀਤਿ ਨ ਆਵੈ ॥
ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥"

ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਉੱਪਰ ਵਾਲੇ ਪਦੇ ਨੂੰ ਕੋਈ ਸਮਝ ਲਵੇ ਇਹ ਨਾਮੁਮਕਿਨ ਹੈ ਕਿਉਂਕਿ ਇਹ ਸਾਡੇ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਗੱਲ ਹੈ ਜੋ ਵਿਚਾਰ ਸਾਨੂੰ ਭਗਤੀ ਦੇ ਮਾਰਗ ਨਾਲੋਂ ਉਲਟ ਚਲਾਉਂਦੇ ਹਨ। ਇਥੇ ਸਾਨੂੰ ਮਨ ਦੀਆਂ ਤ੍ਰਿਸ਼ਨਾਵਾਂ ਸਮਝਾਈਆਂ ਹੋਈਆਂ ਹਨ, ਮਨ ਦੀਆਂ ਇੱਛਾਵਾਂ ਸਮਝਾਈਆਂ ਹੋਈਆਂ ਹਨ ਜੋ ਇੱਛਾਵਾਂ ਮਨੁੱਖ ਦੀਆਂ ਮੁੱਕ ਨਹੀਂ ਸਕਦੀਆਂ ਬਲਕਿ ਵੱਧਦੀਆਂ ਹੀ ਰਹਿੰਦੀਆਂ ਹਨ। ਸਾਡੇ ਅੰਦਰ ਤ੍ਰਿਸ਼ਨਾਵਾਂ ਸਾਡੇ ਮਨ ਦੇ ਵਿਚਾਰਾਂ ਰਾਹੀਂ ਹੀ ਉਪਜਦੀਆਂ ਹਨ। ਜਦੋਂ ਮਨੁੱਖ ਦੀ ਕੋਈ ਪਹਿਲੀ ਤ੍ਰਿਸ਼ਨਾ ਪੂਰੀ ਹੋ ਜਾਂਦੀ ਹੈ ਭਾਵ ਜਦੋਂ ਕੋਈ ਤ੍ਰਿਸ਼ਨਾ ਮਰ ਜਾਂਦੀ ਹੈ ਉਹ ਤ੍ਰਿਸ਼ਨਾ ਪਿੱਛੇ ਪੈ ਜਾਂਦੀ ਹੈ ਭਾਵ ਪਿੱਛੇ ਰਹਿ ਜਾਂਦੀ ਹੈ ਤੇ ਉਸ ਤੋਂ ਵੱਡੀਆਂ ਤ੍ਰਿਸ਼ਨਾਵਾਂ ਮਨ ਵਿੱਚ ਹੋਰ ਉਪਜ ਜਾਂਦੀਆਂ ਹਨ ਤੇ ਸਾਡੇ ਮਨ ਨੂੰ ਪ੍ਰੇਸ਼ਾਨ ਕਰਦੀਆਂ ਹਨ ਕਿ ਇਹ ਤ੍ਰਿਸ਼ਨਾਵਾਂ ਪੂਰੀਆਂ ਹੋਣ ਭਾਵ ਜੇਕਰ ਪਹਿਲੀਆਂ ਤ੍ਰਿਸ਼ਨਾਵਾਂ ਪੂਰੀਆਂ ਹੋ ਜਾਣ ਫਿਰ ਉਸ ਤੋਂ ਵੱਡੀਆਂ ਨਵੀਆਂ-ਨਵੀਆਂ ਤ੍ਰਿਸ਼ਨਾਵਾਂ ਮਨ ਦੇ ਵਿੱਚ ਉਪਜਦੀਆਂ ਹੀ ਰਹਿੰਦੀਆਂ ਹਨ ਭਾਵ ਮਨੁੱਖ ਦਾ ਮਾਇਆ ਮੋਹ ਵੱਧਦਾ ਹੀ ਜਾਂਦਾ ਹੈ ਤੇ ਮਨੁੱਖ ਕਦੇ ਰੱਜਦਾ ਨਹੀਂ। ਜਿਵੇਂ ਕਿ ਪਹਿਲੇ ਕਿਸੇ ਦੀ ਇਹ ਇੱਛਾ ਹੁੰਦੀ ਹੈ ਕਿ ਉਸ ਨੂੰ ਸਕੂਟਰ ਮਿਲ ਜਾਵੇ ਤੇ ਜਦੋਂ ਸਕੂਟਰ ਮਿਲ ਜਾਂਦਾ ਹੈ ਤੇ ਫਿਰ ਇੱਛਾ ਜਾਗਦੀ ਹੈ ਕਿ ਕਾਰ ਮਿਲ ਜਾਵੇ ਭਾਵ ਮਨ ਦੀਆਂ ਤ੍ਰਿਸ਼ਨਾਵਾਂ, ਮਨ ਦੀਆਂ ਪ੍ਰੇਸ਼ਾਨੀਆਂ ਮੁੱਕਦੀਆਂ ਨਹੀਂ। ਇਹ ਮਨ ਦੀਆਂ ਪ੍ਰੇਸ਼ਾਨੀਆਂ ਵਾਲੇ ਵਿਚਾਰ ਹਰ ਵੇਲੇ ਲੱਕ ਬੰਨ੍ਹ ਕੇ ਖਲੋਂਤੇ ਰਹਿੰਦੇ ਹਨ ਕਿ ਸਾਡੀ ਹਰ ਇੱਛਾ ਪੂਰੀ ਹੋਵੇ ਭਾਵ ਮਨੁੱਖ ਦੇ ਮਨ ਵਿੱਚ ਇਹ ਤ੍ਰਿਸ਼ਨਾਵਾਂ ਸੰਤੋਖ ਨਹੀਂ ਆਉਣ ਦਿੰਦੀਆਂ। ਤ੍ਰਿਸ਼ਨਾਵਾਂ ਦਾ ਕੋਈ ਅੰਤ ਨਹੀਂ ਹੈ। ਕਿਸੇ ਦੇ ਅੰਦਰ ਕੋਈ ਤ੍ਰਿਸ਼ਨਾ ਹੈ ਤੇ ਕਿਸੇ ਦੇ ਅੰਦਰ ਕੋਈ ਤ੍ਰਿਸ਼ਨਾ ਹੈ ਭਾਵ ਹਰ ਕੋਈ ਇਨ੍ਹਾਂ ਦੁੱਖਾਂ ਦਾ ਭਰਿਆ ਹੋਇਆ ਹੈ। ਜਿਹੜੀਆਂ ਤ੍ਰਿਸ਼ਨਾਵਾਂ ਪੂਰੀਆਂ ਹੁੰਦੀਆਂ ਹਨ ਉਨ੍ਹਾਂ ਦੀ ਪੂਰਤੀ ਲਈ ਮਨੁੱਖ ਜਿਹੋ ਜਿਹੇ ਧੰਦੇ ਕਰਦਾ ਹੈ ਭਾਵ ਉਨ੍ਹਾਂ ਨੂੰ ਪੂਰੀਆਂ ਕਰਨ ਲਈ ਜਿਹੋ ਜਿਹੇ ਕਰਮ ਕਰਦਾ ਭਾਵ ਮਾੜੇ ਕਰਮ ਕਰਦਾ ਹੈ ਤੇ ਉਨ੍ਹਾਂ ਦੀ ਪੂਰਤੀ ਤੋਂ ਬਾਅਦ ਜੋ ਮਨ ਦੇ ਵਿੱਚ ਉਸਤੋਂ ਵੱਡੀਆਂ ਤ੍ਰਿਸ਼ਨਾਵਾਂ ਉਪਜ ਜਾਂਦੀਆਂ ਹਨ ਉਨ੍ਹਾਂ ਦੀ ਪ੍ਰਾਪਤੀ ਲਈ ਪਹਿਲੇ ਨਾਲੋਂ ਵੀ ਦੁਗਣੇ ਉਹੋ ਜਿਹੇ ਕਰਮ ਕਰਨੇ ਪੈਂਦੇ ਹਨ ਭਾਵ ਪਹਿਲੇ ਤੋਂ ਵੀ ਦੁਗਣੀ ਮਾਇਆ ਕਮਾਉਣੀ ਪੈਂਦੀ ਹੈ ਜਿੰਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਮਾੜੇ ਕਰਮ ਵੀ ਜਿਆਦਾ ਕਰਨੇ ਪੈਂਦੇ ਹਨ ਜੋ ਕਿ ਪ੍ਰਮਾਤਮਾ ਦੀ ਭਗਤੀ ਤੋਂ ਉਲਟ ਮਾਰਗ ਹੈ ਕਿਉਂਕਿ ਤ੍ਰਿਸ਼ਨਾਵਾਂ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀਆਂ ਹਨ ਜਿਵੇਂ ਕਿ ਅਸੀਂ ਵਾਰ-ਬਵਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੀ ਸੱਚੀ ਭਗਤੀ ਮਨ ਦੇ "ਸੰਤੋਖੁ" ਦੁਆਰਾ ਹੀ ਹੁੰਦੀ ਹੈ ਜਿਸ ਸਮਝ ਦੁਆਰਾ ਮਨੁੱਖ ਮਾੜੇ ਕਰਮ ਨਹੀਂ ਕਰਦਾ। ਗੁਰੂ ਸਾਨੂੰ ਇਹੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜਿਸ ਮਾਰਗ ਤੇ ਮਨ ਦੀਆਂ ਇੱਛਾਵਾਂ ਨੂੰ ਤਿਆਗਕੇ ਹੀ ਚੱਲਿਆ ਜਾ ਸਕਦਾ ਹੈ। (**ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥ ਜਿਹ ਧੰਧੇ ਮਹਿ ਓਇ ਲਪਟਾਏ ॥ ਉਨ ਤੇ ਦੁਗੁਣ ਦਿੜੀ ਉਨ ਮਾਏ ॥**)

ਰਾਗੁ ਗਉੜੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥

ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥੧॥

ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥ ਬੁਰਾ ਭਲਾ ਨਹੀ ਸੁਝੀ ਹੇ ॥੨॥

ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥

ਮਨ ਬਿਖੈ ਹੀ ਮਹਿ ਲੁਝੀ ਹੇ ॥੩॥

ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥

ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥}

(ਅੰਗ - ੨੧੩)

ਉਪਰਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਤ੍ਰਿਸ਼ਨਾਵਾਂ ਮਨੁੱਖ ਦੀਆਂ ਮੁੱਕ ਨਹੀਂ ਸਕਦੀਆਂ ਤੇ ਤ੍ਰਿਸ਼ਨਾਵਾਂ ਦੇ ਰਹਿੰਦਿਆਂ, ਮਾਇਆ ਮੋਹ ਦੇ ਰਹਿੰਦਿਆਂ ਕੋਈ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

“ਓਹ ਬੇਲਾ ਕਛੁ ਚੀਤਿ ਨ ਆਵੈ ॥

ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥”

ਉੱਪਰ ਸਾਨੂੰ ਸਾਡੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ। ਮਨ ਦੀਆਂ ਤ੍ਰਿਸ਼ਨਾਵਾਂ ਦੁਆਰਾ ਅਸੀਂ ਮਾਇਆ ਹੀ ਇਕੱਠੀ ਕਰਦੇ ਹਾਂ ਜਿਸਨੂੰ ਕਮਾਉਣ ਲਈ ਅਸੀਂ ਅਨੇਕਾਂ ਮਾੜੇ ਕੰਮ ਵੀ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ। ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਲੱਗਾ ਹੋਇਆ ਹੈ ਤਦ ਤੱਕ ਉਸਨੂੰ ਉਹ ਵੇਲਾ ਭੁੱਲਿਆ ਹੋਇਆ ਹੈ ਜਿਹੜਾ ਵੇਲਾ ਸਾਡੇ ਕੰਮ ਆਉਣਾ ਹੈ। ਸਾਨੂੰ ਵੇਲਾ ਉਹੀ ਕੰਮ ਆਉਣਾ ਹੈ ਜਿਸ ਵੇਲੇ ਸਾਨੂੰ ਪ੍ਰਮਾਤਮਾ ਯਾਦ ਆਵੇ ਭਾਵ ਪ੍ਰਮਾਤਮਾ ਦੀ ਮਤਿ ਯਾਦ ਆਵੇ। ਜੋ ਹਰ ਵੇਲੇ ਮਾਇਆ ਮੋਹ ਵਿੱਚ ਫਸਿਆ ਹੁੰਦਾ ਹੈ ਜਿਸ ਮਾਇਆ ਨੇ ਬਿਨਸ ਜਾਣਾ ਹੈ ਭਾਵ ਜਿਸਨੇ ਸਾਡਾ ਸਾਥ ਨਹੀਂ ਦੇਣਾ, ਪ੍ਰਮਾਤਮਾ ਨੂੰ ਪਾਉਣ ਲਈ ਸਾਥ ਨਹੀਂ ਦੇਣਾ ਤੇ ਮਾਇਆ ਦੇ ਸੁੱਖਾਂ ਨਾਲ ਜੁੜਕੇ ਉਸਨੂੰ ਫਿਰ ਹਰ ਵੇਲੇ ਗੁਰੂ ਦੀ ਮਤਿ ਭੁੱਲੀ ਹੁੰਦੀ ਹੈ ਭਾਵ ਭਗਤੀ ਦਾ ਵੇਲਾ ਭੁੱਲਿਆ ਹੁੰਦਾ ਹੈ ਭਾਵ ਮਾਇਆ ਮੋਹ ਨਾਲ ਜੁੜ ਕੇ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ। (**ਓਹ ਬੇਲਾ ਕਛੁ ਚੀਤਿ ਨ ਆਵੈ ॥ ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥**)

{ਵੇਲਾ ਵਖਤ ਸਭਿ ਸੁਹਾਇਆ ॥

ਜਿਤੁ ਸਚਾ ਮੇਰੇ ਮਨਿ ਭਾਇਆ ॥

ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥

ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥

ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥

ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥}

(ਅੰਗ - ੧੧੫)

“ਵੇਲਾ” ਸਭ ਨੂੰ ਉਹੀ ਚੰਗਾ ਲੱਗਦਾ ਹੈ ਜਿਸ ਵੇਲੇ ਸਾਨੂੰ ਸੁੱਖ ਮਿਲਦਾ ਹੈ ਤੇ ਸੁੱਖ ਸਾਨੂੰ ਮਾਇਆ ਮੋਹ ਵਿੱਚ ਹੀ ਮਿਲਦਾ ਹੈ, ਤ੍ਰਿਸ਼ਨਾਵਾਂ ਦੀ ਪੂਰਤੀ ਵਿੱਚ ਮਿਲਦਾ ਹੈ। ਭਗਤੀ ਦਾ ਵੇਲਾ ਉਹ ਹੈ ਜਦੋਂ ਸਾਨੂੰ ਸੱਚ ਚੰਗਾ ਲੱਗੇ ਭਾਵ ਗੁਰਮਤਿ ਅਨੁਸਾਰ ਵਿਚਰਨਾ ਚੰਗਾ ਲੱਗੇ ਜਿਸ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ ਜਿਸ ਕਰਕੇ ਉਹ ਵੇਲਾ ਸਾਨੂੰ ਚੰਗਾ ਨਹੀਂ ਲੱਗਦਾ ਭਾਵ ਜਿਸ

ਵੇਲੇ ਮਾਇਆ ਮੋਹ ਛੱਡਣਾ ਪਵੇ ਉਹ ਵੇਲਾ ਸਾਨੂੰ ਚੰਗਾ ਨਹੀਂ ਲੱਗਦਾ ਜੋ ਅਸਲ ਵਿੱਚ ਸਾਡੇ ਮਨ ਦੇ ਅੰਦਰ ਭਗਤੀ ਦਾ ਵੇਲਾ ਹੈ। ਸਾਡੇ ਲਈ ਵੇਲਾ ਕਿਹੜਾ ਚੰਗਾ ਹੈ ਭਾਵ ਭਗਤੀ ਦਾ ਵੇਲਾ ਕਿਹੜਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਆਸਾ ਮਹਲਾ ੫ ॥

{ਬਾਂਛਤ ਨਾਹੀ ਸੁ ਬੇਲਾ ਆਈ ॥
ਬਿਨੁ ਹੁਕਮੈ ਕਿਉ ਬੂਝੈ ਬੂਝਾਈ ॥੧॥
ਠੰਢੀ ਤਾਤੀ ਮਿਟੀ ਖਾਈ ॥
ਓਹੁ ਨ ਬਾਲਾ ਬ੍ਰਿਧਾ ਭਾਈ ॥੧॥ ਰਹਾਉ ॥
ਨਾਨਕ ਦਾਸ ਸਾਧ ਸਰਣਾਈ ॥
ਗੁਰ ਪ੍ਰਸਾਦਿ ਭਉ ਪਾਰਿ ਪਰਾਈ ॥੨॥}

(ਅੰਗ - ੩੭੮)

ਉੱਪਰ ਵਾਲੇ ਸ਼ਬਦ ਦੇ ਅਰਥ ਬੜੇ ਗਹਿਰਾਈ ਵਿੱਚ ਹਨ ਤੇ ਅੱਗੇ ਚੱਲਕੇ ਸਮਝਾਂਗੇ ਕਿ ਮਨੁੱਖ ਵਾਸਤੇ ਵੇਲਾ ਕਿਹੜਾ ਚੰਗਾ ਹੈ ਜਿਸ ਵੇਲੇ ਪ੍ਰਮਾਤਮਾ ਨੂੰ ਪਾ ਲਿਆ ਜਾਂਦਾ ਹੈ। ਜਿਸ ਵੇਲੇ ਪ੍ਰਮਾਤਮਾ ਨੂੰ ਪਾ ਲਿਆ ਜਾਂਦਾ ਹੈ ਉਹੀ ਮਨੁੱਖ ਲਈ "**ਅੰਮ੍ਰਿਤ**" ਵੇਲਾ ਹੈ ਜੋ ਵੇਲਾ ਮਨੁੱਖ ਦੇ ਜੀਵਨ ਵਿੱਚ ਕਦੇ ਵੀ ਆ ਸਕਦਾ ਹੈ, ਪ੍ਰਮਾਤਮਾ ਦੀ ਕਿਰਪਾ ਦੁਆਰਾ ਆ ਸਕਦਾ ਹੈ। ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ।

ਹੁਣ ਅਸੀਂ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਹੀ ਸਾਨੂੰ ਭਗਤੀ ਦੇ ਮਾਰਗ ਤੋਂ ਦੂਰ ਕਰਦੀਆਂ ਹਨ ਭਾਵ ਗੁਰਮਤਿ ਵਾਲੀ ਸਮਝ ਤੋਂ ਉਲਟ ਚਲਾਉਂਦੀਆਂ ਹਨ, ਨਾਮੁ ਦੇ ਮਾਰਗ ਤੋਂ ਉਲਟ ਚਲਾਉਦੀਆਂ ਹਨ।

"ਆਸਾ ਬੰਧੀ ਮੂਰਖ ਦੇਹ ॥
ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥
ਮੀਠੀ ਕਰਿ ਕਰਿ ਬਿਖਿਆ ਖਾਇ ॥੨॥"

ਅਸੀਂ ਇਸ ਸ਼ਬਦ ਦੇ ਪਹਿਲੇ ਪਦੇ ਨੂੰ ਸਮਝਿਆ ਹੈ ਕਿ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਨਾਲ ਬੱਝਿਆ ਰਹਿੰਦਾ ਹੈ ਤੇ ਉਸ ਪਦੇ ਦੇ ਅਰਥ ਸਮਝਣੇ ਸਾਨੂੰ ਮੁਸ਼ਕਿਲ ਲੱਗਦੇ ਹਨ। ਉੱਪਰ ਵਾਲੇ ਇਸ ਦੂਸਰੇ ਪਦੇ ਰਾਹੀਂ ਪਹਿਲੇ ਪਦੇ ਦੇ ਅਰਥ ਸਪੱਸ਼ਟ ਕੀਤੇ ਹੋਏ ਹਨ ਤੇ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਮਨੁੱਖ ਮਨ ਦੀਆਂ ਇੱਛਾਵਾਂ ਵਿੱਚ ਬੱਝਿਆ ਹੋਇਆ ਹੈ, ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਬੱਝਿਆ ਹੋਇਆ ਹੈ ਜਿਸ ਲਈ ਮਨੁੱਖ ਨੂੰ ਮੂਰਖ ਆਖਿਆ ਹੈ ਭਾਵ ਭਗਤੀ ਦੀ ਨਾਸਮਝੀ ਵਾਲਾ ਆਖਿਆ ਹੈ। (**ਆਸਾ ਬੰਧੀ ਮੂਰਖ ਦੇਹ ॥**) ਸਾਨੂੰ ਮੂਰਖ ਕਿਸ ਲਈ ਕਿਹਾ ਹੈ ਇਹੀ ਗੱਲ ਗੁਰੂ ਸਾਹਿਬ ਨੇ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਕਾਮ ਕ੍ਰੋਧ ਲਪਟਿਓ ਅਸਨੇਹ ॥"

ਮਨ ਦੀਆਂ ਇੱਛਾਵਾਂ, ਤ੍ਰਿਸ਼ਨਾਵਾਂ ਕਿਤਨੀਆਂ ਕੁ ਹੁੰਦੀਆਂ ਹਨ ਤੇ ਹਰ ਕਿਸੇ ਵਿੱਚ ਬਹੁਤ ਹੁੰਦੀਆਂ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਇਹੀ ਸਾਡੇ ਅੰਦਰ ਮਾਇਆ ਮੋਹ ਦਾ ਬੰਧਨ ਹੈ ਜਿਸ ਕਰਕੇ ਸਾਡੇ ਅੰਦਰ ਭਗਤੀ ਦੇ ਸੱਚੇ ਮਾਰਗ ਦੀ ਸਮਝ ਦਾ ਨਾ ਹੋਣਾ ਹੈ, ਗੁਰਮਤਿ ਦੀ ਸਮਝ ਨਾ ਹੋਣਾ ਹੈ, ਨਾਮੁ ਜਪਣ ਦੀ ਸਮਝ ਦਾ ਨਾ ਹੋਣਾ ਹੈ। ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਅਸੀਂ ਧਰਮ ਦੇ ਮਾਰਗ ਤੋਂ ਉਲਟ ਜਾਂਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਭਾਵ ਔਗੁਣ ਕਰਦੇ ਹਾਂ ਜਿਵੇਂ ਕਿ ਉੱਪਰ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਜਦ ਤੱਕ ਸਾਨੂੰ ਆਪਣੇ ਔਗੁਣਾਂ ਨਾਲ ਪਿਆਰ ਹੈ ਤਦ

ਤੱਕ ਸਾਨੂੰ ਗੁਣਾਂ ਨਾਲ ਪਿਆਰ ਨਹੀਂ ਤੇ ਬਿਨ੍ਹਾਂ ਗੁਣ ਕੀਤੇ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਜਾ ਸਕਦੀ, ਉਸਦਾ ਨਾਮੁ ਨਹੀਂ ਜਪਿਆ ਜਾ ਸਕਦਾ। (**ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥**)

ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਪ੍ਰਮਾਤਮਾ ਦੇ ਦਰ ਤੇ ਸਾਨੂੰ ਕਿਸ ਲਈ ਮਾੜਾ ਜਾਂ ਚੰਗਾ ਸਮਝਿਆ ਜਾਂਦਾ ਹੈ।

“ਸਿਰ ਊਪਰਿ ਠਾਢੋ ਧਰਮ ਰਾਇ ॥
ਮੀਠੀ ਕਰਿ ਕਰਿ ਬਿਖਿਆ ਖਾਇ ॥੨॥”

ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚੋਂ ਕੁੱਝ ਵੀ ਛੁਪਿਆ ਨਹੀਂ ਹੁੰਦਾ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਧਰਮ ਦਾ ਰਾਜਾ ਉਹ ਆਪ ਹੀ ਹੈ ਜੋ ਹਰ ਵੇਲੇ ਸਾਡੇ ਸਿਰ ਤੇ ਖੜਾ ਹੈ ਭਾਵ ਸਾਨੂੰ ਦੇਖ ਰਿਹਾ ਹੈ। “ਧਰਮ ਰਾਇ” ਨੂੰ ਇਹ ਪਤਾ ਹੈ ਕਿ ਉਸਦੀ ਭਗਤੀ ਦਾ ਮਾਰਗ ਕੀ ਹੈ ਜੋ ਆਪਣੀ ਭਗਤੀ ਦਾ ਮਾਰਗ ਉਸਨੇ ਧਰਮ ਗ੍ਰੰਥਾਂ ਰਾਹੀਂ ਆਪ ਹੀ ਸੰਸਾਰ ਨੂੰ ਸਿਖਾਇਆ ਹੋਇਆ ਹੈ। “ਧਰਮਰਾਜ” ਭਾਵ ਪ੍ਰਮਾਤਮਾ ਸਾਨੂੰ ਆਪਣੀ ਮਤਿ ਰਾਹੀਂ, ਆਪਣੇ ਸ਼ਬਦਾਂ ਰਾਹੀਂ ਵਾਰ-ਵਾਰ ਇਹ ਸਮਝਾਉਂਦਾ ਹੈ ਕਿ ਬਿਖਿਆ ਖਾਣ ਤੋਂ ਬਚੋ ਭਾਵ ਜ਼ਹਿਰ ਖਾਣ ਤੋਂ ਬਚੋ ਤੇ ਮਾਇਆ ਮੋਹ ਨੂੰ ਸਾਡੇ ਲਈ ਜ਼ਹਿਰ ਦੱਸਿਆ ਹੈ। ਮਾਇਆ ਮੋਹ ਸਾਡੇ ਅੰਦਰ ਦੀ ਸਮਝ ਹੈ ਜੋ ਸਾਨੂੰ ਤ੍ਰਿਸ਼ਨਾਵਾਂ ਵਿੱਚ ਪਾਉਂਦੀ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ, ਔਗੁਣ ਕਰਦੇ ਹਾਂ ਜਿਵੇਂ ਕਿ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। “ਬਿਖਿਆ” ਵਿੱਚੋਂ ਨਿਕਲਣ ਦਾ ਸਾਧਨ ਗੁਰੂ ਦਾ ਅੰਮ੍ਰਿਤ ਹੈ, ਉਸਦਾ ਨਾਮੁ ਹੈ ਭਾਵ ਗੁਰੂ ਦੀ ਸੱਚੀ ਸਮਝ ਹੈ ਤੇ ਅਸੀਂ “ਬਿਖਿਆ” ਭਾਵ “ਮਨਮਤਿ” ਤਾਂ ਹੀ ਛੱਡਾਂਗੇ ਜੇ ਗੁਰੂ ਦੀ ਮਤਿ ਨੂੰ ਮੰਨਾਂਗੇ। ਮਨਮਤਿ ਸਾਡੇ ਕੋਲੋਂ ਮਾੜੇ ਕੰਮ ਕਰਾਉਂਦੀ ਹੈ ਤੇ ਗੁਰਮਤਿ ਸਾਨੂੰ ਸੱਚੇ ਕਰਮ ਕਰਨੇ ਸਮਝਾਉਂਦੀ ਹੈ ਜੋ ਕਿ ਸੱਚੀ ਭਗਤੀ ਦਾ ਮਾਰਗ ਹੈ ਜਿਸ ਮਾਰਗ ਤੇ ਚੱਲਣ ਲਈ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਮਨ ਦੀ ਮਾਇਆ ਮੋਹ ਵਾਲੀ ਸਮਝ ਛੱਡਣੀ ਪੈਂਦੀ ਹੈ ਤੇ ਤਾਂ ਹੀ ਅਸੀਂ “ਧਰਮਰਾਇ” ਦੇ ਲੇਖੇ ਵਿੱਚੋਂ ਨਿਕਲ ਸਕਦੇ ਹਾਂ।ਲੇਖਾ ਦੇਣਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। (**ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥ ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥**)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥
ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥}

(ਅੰਗ – ੬੩੫)

ਉਪਰਲੇ ਮੁੱਖ ਸ਼ਬਦ ਦੇ ਪਦਿਆ ਰਾਹੀਂ ਅਸੀਂ ਸੱਚੀ ਭਗਤੀ ਦਾ ਮਾਰਗ ਸਮਝਿਆ ਹੈ ਜਿਹੋ ਜਿਹਾ ਮਾਰਗ ਸਾਨੂੰ ਗੁਰੂ ਵਾਰ ਵਾਰ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਭਾਵ ਸਾਡੇ ਧਰਮ ਗ੍ਰੰਥ ਸਾਨੂੰ ਇਹੋ ਜਿਹਾ ਮਾਰਗ ਹੀ ਸਮਝਾਉਂਦੇ ਹਨ ਪਰ ਧਰਮ ਦਾ ਮਾਰਗ ਸਮਝਾਉਣ ਵਾਲੇ ਜੋ ਸਭ ਜਗ੍ਹਾ ਫੈਲੇ ਹੋਏ ਹਨ ਉਹ ਸਾਨੂੰ ਕਿਹੋ ਜਿਹਾ ਭਗਤੀ ਦਾ ਮਾਰਗ ਸਮਝਾਉਂਦੇ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਰੱਖਣ ਵਾਲੇ ਅਖਵਾਉਂਦੇ ਹਨ ਉਨ੍ਹਾਂ ਦਾ ਭਰਮ ਹੀ ਸ਼ਬਦ ਦੇ ਅਗਲੇ ਪਦੇ ਰਾਹੀਂ

ਕੱਢਿਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਹਉ ਬੰਧਉ ਹਉ ਸਾਧਉ ਬੈਰੁ ॥
ਹਮਰੀ ਭੂਮਿ ਕਉਨੁ ਘਾਲੈ ਪੈਰੁ ॥
ਹਉ ਪੰਡਿਤੁ ਹਉ ਚਤੁਰੁ ਸਿਆਣਾ ॥
ਕਰਣੈਹਾਰੁ ਨ ਬੁਝੈ ਬਿਗਾਨਾ ॥”

ਪਹਿਲੇ ਇਸ ਗੱਲ ਨੂੰ ਸਮਝੋ ਕਿ ਉੱਪਰ ਵਾਲੇ ਇਸ ਪਦੇ ਰਾਹੀਂ ਕਿੰਨ੍ਹਾਂ ਦੀ ਗੱਲ ਕੀਤੀ ਹੋਈ ਭਾਵ ਉਨ੍ਹਾਂ ਦੀ ਗੱਲ ਕੀਤੀ ਹੋਈ ਹੈ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ “ਪੰਡਿਤੁ” ਸਮਝਦੇ ਹਨ ਭਾਵ ਧਰਮ ਦੇ ਵਿਦਵਾਨ ਸਮਝਦੇ ਹਨ, ਸਿਆਣੇ ਸਮਝਦੇ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਇਹ ਸਾਨੂੰ ਕਿਹੋ ਜਿਹੀ ਭਗਤੀ ਨਾਲ ਜੋੜਦੇ ਹਨ, ਇਹ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਭਗਤੀ ਦਾ ਮਾਰਗ ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲਣ ਦਾ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ, ਹਉਮੈ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ ਲੇਕਿਨ ਇਹ “ਧਰਮ ਦੇ ਪੰਡਿਤੁ” ਅਖਵਾਉਣ ਵਾਲੇ ਸਾਨੂੰ ਮਾਇਆ ਮੋਹ ਦੇ ਬੰਧਨ ਵਿੱਚੋਂ ਕੱਢਣ ਦੀ ਬਜਾਇ, ਮਨ ਦੀ ਨਾਸਮਝੀ ਕੱਢਣ ਦੀ ਬਜਾਇ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦੀ ਬਜਾਇ ਮਨਮਤਿ ਵਿੱਚੋਂ ਕੱਢਣ ਦੀ ਬਜਾਇ ਭਾਵ ਹਉਮੈ ਵਿੱਚੋਂ ਕੱਢਣ ਦੀ ਬਜਾਇ ਉਲਟਾ ਹਉਮੈ ਵਾਲੇ ਬੰਧਨ ਵਿੱਚ ਪਾਉਂਦੇ ਹਨ ਜਿਸ ਬੰਧਨ ਵਿੱਚ ਪਾਉਣ ਦੁਆਰਾ ਉਹ ਗੁਰੂ ਰੂਪ ਨਾਲ ਭਾਵ ਪ੍ਰਮਾਤਮਾ ਨਾਲ ਆਪਣਾ “ਬੈਰੁ” ਲੈ ਰਹੇ ਹਨ ਭਾਵ ਗੁਰਮਤਿ ਦੇ ਨਾਲ ਵੈਰ ਕਮਾਉਂਦੇ ਹਨ ਭਾਵ ਗੁਰਮਤਿ ਦੇ ਨਾਲ ਵੈਰ ਲੈਂਦੇ ਹਨ ਭਾਵ ਧਰਮਰਾਇ ਨਾਲ ਵੈਰ ਕਮਾਉਂਦੇ ਹਨ ਜੋ ਗੁਰਮਤਿ ਦਾ ਮਾਲਕ ਹੈ। (**ਹਉ ਬੰਧਉ ਹਉ ਸਾਧਉ ਬੈਰੁ ॥**) ਜੋ ਸਾਨੂੰ ਪੁੱਠੀ ਭਗਤੀ ਦੇ ਮਾਰਗ ਤੇ ਪਾਉਂਦੇ ਹਨ ਭਾਵ ਜੋ ਗੁਰੂ ਦੇ ਨਾਲ ਵੈਰ ਕਮਾਉਂਦੇ ਹਨ ਪਰ ਉਹ ਆਪਣੇ ਆਪਨੂੰ ਭਗਤੀ ਦੇ ਮਾਰਗ ਤੇ ਕਿਤਨਾ ਉੱਚਾ ਸਮਝਦੇ ਹਨ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਹਮਰੀ ਭੂਮਿ ਕਉਨੁ ਘਾਲੈ ਪੈਰੁ ॥”

ਜਿਹੜਾ ਵੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦਾ ਹੈ ਉਹ ਫਿਰ ਇਹ ਸਮਝਣ ਲੱਗ ਪੈਂਦਾ ਹੈ ਕਿ ਇਸ ਧਰਮ ਦੇ ਮਾਰਗ ਦੀ ਸਮਝ ਦਾ ਮੈਂ ਮਾਲਕ ਬਣ ਗਿਆ ਹਾਂ ਭਾਵ ਇਹ ਮੇਰੀ ਆਪਣੀ ਸਮਝ ਹੈ ਜਿਸ ਸਮਝ ਦੁਆਰਾ ਮੈਂ ਉੱਚਾ ਬਣਿਆ ਹਾਂ। ਜਿਸ ਤਰੀਕੇ ਕੋਈ ਕਿਸੀ ਭੂਮੀ ਦਾ, ਜਗ੍ਹਾ ਦਾ ਮਾਲਕ ਹੁੰਦਾ ਹੈ ਕਿ ਇਹ ਭੂਮੀ ਮੇਰੀ ਹੈ ਭਾਵ ਇਹ ਮੇਰੀ ਮਲਕੀਅਤ ਹੈ ਉਸੇ ਤਰ੍ਹਾਂ ਇਹ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਆਪਣੀ ਧਰਮ ਦੀ ਉੱਚੀ ਸਮਝ ਨੂੰ ਆਪਣੀ ਮਲਕੀਅਤ ਸਮਝਦੇ ਹਨ ਕਿ ਜੋ ਮੇਰੇ ਕੋਲ ਧਰਮ ਦੀ ਸਮਝ ਹੈ ਉਹ ਮੇਰੀ ਆਪਣੀ ਹੈ। ਜੇਕਰ ਕੋਈ ਇਨ੍ਹਾਂ ਨੂੰ ਸਮਝਾਉਣਾ ਚਾਹੇ ਭਾਵ ਇਨ੍ਹਾਂ ਦੀ ਮਲਕੀਅਤ ਨੂੰ ਗਲਤ ਸਾਬਿਤ ਕਰਨਾ ਚਾਹੇ ਕਿ ਤੁਸੀਂ ਠੀਕ ਨਹੀਂ ਹੋ ਤੇ ਫਿਰ ਇਹ ਦੂਸਰੇ ਦੀ ਮਤਿ ਨੂੰ ਨਹੀਂ ਮੰਨਦੇ ਭਾਵ ਧਰਮ ਦੀ ਸਮਝ ਤੇ ਆਪਣਾ ਹੀ ਕਬਜਾ ਸਮਝਦੇ ਹਨ। (**ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਨੁ ਘਾਲੈ ਪੈਰੁ ॥**)

ਆਪਣੇ ਆਪ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਦਾ ਮਾਲਕ ਉਹੀ ਕਹਿ ਸਕਦਾ ਹੈ ਜਿਸਨੂੰ ਧਰਮ ਦੇ ਅਸਲ ਵਿਦਵਾਨ ਦੀ ਭਾਵ ਸਾਰੇ ਸੰਸਾਰ ਦੇ ਗੁਰੂ ਦੀ ਸਮਝ ਨਹੀਂ ਹੁੰਦੀ ਜੋ ਕਿ ਆਪ ਪ੍ਰਮਾਤਮਾ ਹੈ ਜਿਵੇਂ ਕਿ ਇਨ੍ਹਾਂ ਵਿਦਵਾਨ ਅਖਵਾਉਣ ਵਾਲਿਆਂ ਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਭਾਵ ਇਨ੍ਹਾਂ ਦਾ ਭਰਮ ਕੱਢਿਆ ਹੋਇਆ ਹੈ।

“ਹਉ ਪੰਡਿਤੁ ਹਉ ਚਤੁਰੁ ਸਿਆਣਾ ॥
ਕਰਣੈਹਾਰੁ ਨ ਬੁਝੈ ਬਿਗਾਨਾ ॥”

ਇਹ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਆਪਣੇ ਆਪ ਨੂੰ ਕਿਸ ਕਰਕੇ ਵਿਦਵਾਨ ਅਖਵਾਉਂਦੇ ਹਨ ਉਪਰਲੀਆਂ ਪੰਗਤੀਆਂ ਰਾਹੀਂ ਇਹ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਕੀ ਕੋਈ ਇਹੋ ਜਿਹਾ ਧਰਮ ਦਾ ਵਿਦਵਾਨ ਅਖਵਾਉਣ ਵਾਲਾ ਵੇਖਿਆ ਹੈ ਜੋ ਇਹ ਕਹੇ ਕਿ ਮੈਂ ਇਆਣਾ ਹਾਂ ਭਾਵ ਇੱਕ ਦੂਜੇ ਨਾਲੋਂ ਜਿਆਦਾ ਸਿਆਣਾ ਸਮਝਦੇ ਹਨ, ਚਤੁਰੁ ਸਮਝਦੇ ਹਨ ਤੇ ਉਸ ਸਿਆਣਪ ਨੂੰ ਆਪਣੀ ਸਿਆਣਪ ਸਮਝਦੇ ਹਨ। “ਹਉ ਪੰਡਿਤੁ” ਤੋਂ ਭਾਵ ਹੈ ਕਿ ਮੈਂ ਆਪ ਹੀ ਵਿਦਵਾਨ ਬਣਿਆ

ਹਾਂ ਭਾਵ ਮੇਰੇ ਅੰਦਰ ਦੀ ਸਮਝ ਮੇਰੀ ਹੈ, ਮੇਰੇ ਅੰਦਰ ਦੀ ਧਾਰਮਿਕ ਸਿਆਣਪ ਮੇਰੀ ਹੈ, ਇਹ ਗਿਆਨ ਮੇਰਾ ਹੈ ਭਾਵ ਇਸ ਗਿਆਨ ਦਾ ਮੈਂ ਮਾਲਕ ਹਾਂ। ਇਹ ਉੱਚੀ ਸਮਝ ਮੇਰੀ ਹੈ ਜਿਸ ਕਰਕੇ ਮੇਰੀ ਸਮਝ ਵਿੱਚ ਕੋਈ ਦੂਸਰਾ ਦਖ਼ਲ ਨਹੀਂ ਦੇ ਸਕਦਾ ਭਾਵ ਉਹ ਇਸ ਗੱਲ ਦਾ ਬੜਾ ਮਾਨ ਕਰਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਦੇ ਉੱਚੇ-ਉੱਚੇ ਕਥਾ ਵਾਚਕ ਅਖਵਾਉਣ ਵਾਲੇ ਬਹੁਤ ਹਨ ਜੋ ਆਪਣੀ-ਆਪਣੀ ਕਥਾ ਦਾ ਮਾਣ ਵੀ ਕਰਦੇ ਹਨ ਤੇ ਉਨ੍ਹਾਂ ਨੂੰ ਮਾਣ ਦੇਣ ਵਾਲੇ ਵੀ ਬਹੁਤ ਹੁੰਦੇ ਹਨ ਭਾਵ ਉਨ੍ਹਾਂ ਨੂੰ ਉੱਚੀ ਸਮਝ ਦਾ ਹੀ ਮਾਣ ਦਿੰਦੇ ਹਨ। ਜੋ ਹੋਰ ਜਿਆਦਾ ਉੱਚੀ ਸਮਝ ਵਾਲੇ ਅਖਵਾਉਂਦੇ ਹਨ ਉਹ ਸੰਤ ਆਦਿ ਅਖਵਾਉਣ ਲੱਗ ਜਾਂਦੇ ਹਨ, ਆਪਣੇ ਵੱਡੇ-ਵੱਡੇ ਡੇਰੇ ਬਣਾ ਲੈਂਦੇ ਹਨ ਤੇ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਆਪਣੀ-ਆਪਣੀ ਮਤਿ ਦੁਆਰਾ ਵੱਖਰਾ-ਵੱਖਰਾ ਧਾਰਮਿਕ ਗਿਆਨ ਦਿੰਦੇ ਹਨ, ਵੱਖਰੇ-ਵੱਖਰੇ ਭਗਤੀ ਦੇ ਤਰੀਕਿਆਂ ਨਾਲ ਜੋੜਦੇ ਹਨ, ਵੱਖਰੀ-ਵੱਖਰੀ ਧਾਰਮਿਕ ਮਰਿਆਦਾ ਸਮਝਾਉਂਦੇ ਹਨ। ਇਹੋ ਜਿਹੀਆਂ ਸਾਰੀਆਂ ਸਿਆਣਪਾਂ ਦਿਖਾਉਣ ਵਾਲਾ ਭਾਵ ਆਪਣੇ ਆਪਨੂੰ ਉੱਚਾ ਕਹਿਣ ਵਾਲਾ, ਆਪਣੀ ਸਮਝ ਤੇ ਘੁਮੰਡ ਕਰਨ ਵਾਲਾ ਉਹੀ ਹੁੰਦਾ ਹੈ ਜਿਸਨੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਦੇਖਿਆ ਜਿਸ ਪ੍ਰਮਾਤਮਾ ਨੇ ਇਸ ਮਨੁੱਖੀ ਸਰੀਰ ਨੂੰ ਬਣਾਇਆ ਹੈ ਤੇ ਆਪ ਹੀ ਮਨ ਦੀ ਸਮਝ ਦੁਆਰਾ ਇਸ ਸਰੀਰ ਨੂੰ ਚਲਾ ਰਿਹਾ ਹੈ ਭਾਵ ਇਹੋ ਜਿਹੇ ਧਰਮ ਦੇ ਮਾਰਗ ਦੇ ਵਿਦਵਾਨ ਅਖਵਾਉਣ ਵਾਲੇ ਸਾਰੇ ਆਪਣੇ ਆਪ ਨੂੰ ਉੱਚਾ ਦਿਖਾਉਣ ਵਾਲੇ ਤ੍ਰੈਗੁਣਾਂ ਵਿੱਚ ਹੀ ਹਨ ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਧਰਮ ਦਾ ਸੱਚਾ ਗਿਆਨ ਦੇਣ ਵਾਲਾ ਕੌਣ ਹੇ ਜੋ ਸਾਰੇ ਸੰਸਾਰ ਨੂੰ ਭਗਤੀ ਦਾ ਇੱਕੋ ਜਿਹਾ ਮਾਰਗ ਹੀ ਸਮਝਾਉਂਦਾ ਹੈ ਤੇ ਹਰ ਧਰਮ ਗ੍ਰੰਥ ਦੀ ਰਚਨਾ ਉਸ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਹੈ, ਉਸ ਕਰਣਹਾਰ ਦੀ ਆਪਣੀ ਹੀ ਹੈ ਤੇ ਉਸਨੇ ਹੀ ਆਪ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ "ਗੁਰਬਾਣੀ ਧਰਮ ਗ੍ਰੰਥ" ਦੀ ਰਚਨਾ ਕੀਤੀ ਹੈ।

ਉਸ ਸ੍ਰਿਸ਼ਟੀ ਦੇ ਮਾਲਕ ਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ ਹਰ ਕੋਈ ਉਸ ਪ੍ਰਮਾਤਮਾ ਤੋਂ ਬਿਗਾਨਾ ਹੀ ਬਣਿਆ ਰਹਿੰਦਾ ਹੈ ਭਾਵ ਵੱਖਰਾ ਹੀ ਬਣਿਆ ਰਹਿੰਦਾ ਹੈ। ਧਰਮ ਦੇ ਸੱਚੇ ਮਾਰਗ ਨੂੰ ਉਹੀ ਜਾਣ ਸਕਦਾ ਹੈ ਜੋ ਉਸ ਕਰਣਹਾਰ ਦੇ ਨਾਲ ਇੱਕ ਹੋ ਜਾਂਦਾ ਹੈ, ਮਨ ਦੀ ਸਮਝ ਰਾਹੀਂ ਇੱਕ ਹੋ ਜਾਂਦਾ ਹੈ, ਤ੍ਰੈਗੁਣਾਂ ਵਿੱਚੋਂ ਨਿਕਲਕੇ ਚੌਥੇ ਪਦ ਵਾਲੀ ਸਮਝ ਨਾਲ ਇੱਕ ਹੋ ਜਾਂਦਾ ਹੈ। ਧਰਮ ਦਾ ਸੱਚਾ ਗਿਆਨ ਚੌਥੇ ਪਦ ਵਿੱਚੋ ਹੀ ਆਉਂਦਾ ਹੈ ਭਾਵ ਦਸਵੇਂ ਦੁਆਰ ਵਿੱਚੋਂ ਹੀ ਆਉਂਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੁੰਦਾ ਹੈ ਤੇ ਚੌਥੇ ਪਦ ਦੇ ਨਾਲ ਜੁੜਨ ਤੋਂ ਬਾਅਦ ਭਾਵ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਗਿਆਨ ਦਾ ਮਾਲਕ ਕਹਿ ਲਵੇ, ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲਾ ਕਹਿ ਲਵੇ ਇਹ ਨਾਮੁਮਕਿਨ ਹੈ, ਇਹ ਨਾ ਮੁਮਕਿਨ ਹੈ, ਇਹ ਨਾ ਮੁਮਕਿਨ ਹੈ। (**ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਨੁ ਘਾਲੈ ਪੈਰੁ ॥ ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥**) ਮਨ ਦੀ ਸਮਝ ਆਏ ਬਿਨ੍ਹਾਂ ਭਾਵ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਭਾਵ ਤ੍ਰੈਗੁਣਾਂ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਧਰਮ ਦੇ ਮਾਰਗ ਦਾ ਸੱਚਾ ਵਿਦਵਾਨ ਨਹੀਂ ਬਣ ਸਕਦਾ ਜਿਵੇਂ ਕਿ ਗੁਰੂ ਸਾਹਿਬ ਨੇ ਸਾਨੂੰ ਉਸ ਸ਼ਬਦ ਰਾਹੀਂ ਸਮਝਾਇਆ ਹੈ ਜੋ ਸ਼ਬਦ ਅਸੀਂ ਇਸ ਤੋਂ ਪਹਿਲੇ ਸਮਝਿਆ ਹੈ ਜਿਸ ਸ਼ਬਦ ਨੂੰ ਮਨ ਦੀ ਤਸੱਲੀ ਲਈ ਫਿਰ ਤੋਂ ਪੜ੍ਹਿਆ ਜਾ ਸਕਦਾ ਹੈ ਤਾਂ ਜੋ ਸਾਨੂੰ ਇਹ ਸੱਚ ਲੱਗੇ ਜੋ ਅਸੀਂ ਉਪਰਲੇ ਸ਼ਬਦ ਰਾਹੀਂ ਸਮਝਿਆ ਹੈ ਜਿਸ ਵਿੱਚ ਗੁਰੂ ਸਾਹਿਬ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਪੰਡਿਤ ਬਣਨ ਦੀ ਸੱਚਾਈ ਸਮਝਾਈ ਹੈ। ਗੁਰੂ ਕੇਵਲ ਸੱਚਾਈ ਹੀ ਸਮਝਾਉਂਦਾ ਹੈ ਇਹ ਸੱਚਾਈ ਨੂੰ ਸਮਝਣ ਤੋਂ ਸਾਨੂੰ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ ਹੀ ਦੂਰ ਰੱਖਦੀ ਹੈ ਭਾਵ ਮਨ ਦੇ ਭਰਮ ਹੀ ਦੂਰ ਰੱਖਦੇ ਹਨ ਤੇ ਸਾਡਾ ਸੱਚਾ ਉੱਦਮ ਇਹੋ ਹੀ ਹੈ ਕਿ ਅਸੀਂ ਗੁਰੂ ਦੇ ਚੌਥੇ ਪਦ ਦੀ ਸਮਝ ਨੂੰ ਸੱਚ ਸਮਝਕੇ ਉਸ ਤੇ ਵਿਸ਼ਵਾਸ ਕਰੀਏ ਤੇ ਭਰਮਾਂ ਵਿੱਚੋਂ ਨਿਕਲੀਏ। ਨਾ ਆਪ ਭਰਮਾਂ ਵਾਲੀ ਭਗਤੀ ਵਿੱਚ ਪਈਏ, ਨਾ ਆਪ ਆਪਣੇ ਭਰਮਾਂ ਕਰਕੇ ਆਪਣੇ ਆਪ ਨੂੰ ਉੱਚਾ ਕਰੀਏ ਤੇ ਨਾ ਹੀ ਦੂਸਰਿਆਂ ਨੂੰ ਭਰਮਾਂ ਵਿੱਚ ਪਾਈਏ।

ਮਲਾਰ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥

ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥

ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥੩॥
ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥
ਜਾ ਕਉ ਬਖਸੇ ਮੇਲੇ ਸੋਇ ॥
ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥}

(ਅੰਗ - ੧੨੬੧)

ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ "ਪੰਡਿਤੁ" ਅਖਵਾਉਂਦੇ ਹਨ ਤੇ ਦੂਸਰਿਆਂ ਨੂੰ ਆਪਣੀ ਮਤਿ ਦੇ ਨਾਲ ਜੋੜਦੇ ਹਨ, ਦੂਸਰੇ ਉਨ੍ਹਾਂ ਨੂੰ ਸੱਚੇ ਵਿਦਵਾਨ ਸਮਝ ਕੇ ਹੀ ਉਨ੍ਹਾਂ ਨਾਲ ਜੁੜਦੇ ਹਨ ਕਿਉਂਕਿ ਉਨ੍ਹਾਂ ਦਾ ਸਮਝਾਉਣ ਦਾ ਤਰੀਕਾ ਹੀ ਇਹੋ ਜਿਹਾ ਹੁੰਦਾ ਹੈ ਭਾਵ ਉਹ ਆਪਣੇ ਆਪ ਨੂੰ ਦੂਸਰਿਆਂ ਦੇ ਸਾਹਮਣੇ ਦਿਖਾਉਂਦੇ ਹੀ ਇਸ ਤਰੀਕੇ ਹਨ ਕਿ ਉਹ ਧਰਮ ਦੇ ਮਾਰਗ ਦੀ ਬੜੀ ਉੱਚੀ ਸਮਝ ਰੱਖਦੇ ਹਨ ਭਾਵ ਗੁਰੂ ਵਰਗੀ ਸਮਝ ਰੱਖਦੇ ਹਨ ਪਰ ਗੁਰੂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਹ ਕਿਹੋ ਜਿਹੇ ਹੁੰਦੇ ਹਨ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਹੁਣ ਅਸੀਂ ਪਿਛਲੇ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਪ੍ਰਮਾਤਮਾ ਦੇ ਸਾਡੇ ਅੰਦਰ ਪਾਏ ਹੋਏ ਭਰਮ ਕਰਕੇ ਹੀ ਆਪਣੇ ਆਪ ਨੂੰ ਉੱਚਾ ਸਮਝਦੇ ਹਾਂ ਭਾਵ "ਤ੍ਰੈਗੁਣਾਂ" ਵਾਲੀ ਅਵੱਸਥਾ ਕਰਕੇ ਹੀ ਉੱਚਾ ਸਮਝਦੇ ਹਾਂ।

"ਅਪੁਨੀ ਗਤਿ ਮਿਤਿ ਆਪੇ ਜਾਨੈ ॥

ਕਿਆ ਕੋ ਕਹੈ ਕਿਆ ਆਖਿ ਵਖਾਨੈ ॥
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥
ਅਪਨਾ ਭਲਾ ਸਭ ਕਾਹੂ ਮੰਗਨਾ ॥"

ਉੱਪਰ ਪਦੇ ਰਾਹੀਂ ਸਾਨੂੰ ਸੱਚੀ ਭਗਤੀ ਦਾ ਹੀ ਮਾਰਗ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦਿਆਂ ਰਾਹੀਂ ਸਮਝਿਆ ਹੈ ਜੋ ਭਗਤੀ ਦਾ ਮਾਰਗ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਦੁਆਰਾ ਜੁੜਿਆ ਹੋਇਆ ਹੈ ਜਿੰਨ੍ਹਾਂ ਤ੍ਰਿਸ਼ਨਾਵਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। (**ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥**) ਜਿਵੇਂ ਕਿ ਅਸੀਂ ਵਾਰ-ਵਾਰ ਸਮਝਿਆ ਹੈ ਕਿ ਭਗਤੀ ਦਾ ਮਾਰਗ ਔਗੁਣਾਂ ਨੂੰ ਤਿਆਗ ਕੇ ਚੱਲਣ ਦਾ ਹੈ। ਭਗਤੀ ਦੇ ਅਸਲ ਮਾਰਗ ਤੇ ਚੱਲਣ ਨਾਲ ਹੀ ਇਸ ਸੰਸਾਰ ਦਾ ਭਲਾ ਹੁੰਦਾ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ। ਪ੍ਰਮਾਤਮਾ ਨੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਆਪ ਇਸ ਲਈ ਸਮਝਾਇਆ ਹੋਇਆ ਹੈ ਇਸ ਮਾਰਗ ਨੂੰ ਉਹ ਆਪ ਹੀ ਜਾਣਦਾ ਹੈ ਜਿਸਨੇ ਇਹ ਸ੍ਰਿਸ਼ਟੀ ਰਚੀ ਹੈ। ਕਿਸੇ ਵੀ ਕੰਮ ਲਈ, ਕਿਸੇ ਵੀ ਕਰਮ ਲਈ ਮਨ ਦੀ ਸਮਝ ਦੀ ਲੋੜ ਹੈ ਤੇ ਭਗਤੀ ਵਾਲੇ ਕਰਮ ਕਰਨ ਲਈ ਸਾਨੂੰ ਕਿਹੋ ਜਿਹੀ ਸਮਝ ਦੀ ਲੋੜ ਹੈ ਇਸਦੀ ਗਤਿ ਮਿਤਿ ਪ੍ਰਮਾਤਮਾ ਆਪ ਹੀ ਜਾਣਦਾ ਹੈ ਭਾਵ ਇਸਦੀ ਸਮਝ ਕੇਵਲ ਉਸਦੇ ਕੋਲ ਹੀ ਹੈ। ਜਿਸਨੂੰ ਪ੍ਰਮਾਤਮਾ ਆਪਣੀ ਗਤਿ ਮਿਤਿ ਸਮਝਾਉਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਆਪ ਹੀ ਸਮਝਾਉਣ ਵਾਲਾ ਹੈ ਤੇ ਆਪ ਹੀ ਜਾਨਣ ਵਾਲਾ ਹੈ ਭਾਵ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜੋ ਪ੍ਰਮਾਤਮਾ ਨੂੰ ਜਾਣ ਲੈਂਦੇ ਹਨ ਇਸੇ ਲਈ ਉਹ ਆਪਣੇ ਆਪ ਨੂੰ ਉੱਚਾ ਨਹੀਂ ਕਹਿੰਦੇ ਤੇ ਉਨ੍ਹਾਂ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਆਪਣੀ ਸੱਚੀ ਭਗਤੀ ਦੀ ਸਮਝ ਪ੍ਰਮਾਤਮਾ ਆਪ ਹੀ ਕਿਸੇ ਨੂੰ ਦੇ ਸਕਦਾ ਹੈ ਤੇ ਉਸ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਬਾਰੇ, ਪ੍ਰਮਾਤਮਾ ਬਾਰੇ ਕੋਈ ਕੀ ਕਹਿ ਸਕਦਾ ਹੈ, ਕੀ ਜਾਣ ਸਕਦਾ ਹੈ, ਕੀ ਕਿਸੇ ਨੂੰ ਸਮਝਾ ਸਕਦਾ ਹੈ ਭਾਵ ਕੀ ਕੋਈ ਉਸਦਾ ਵਖਿਆਨ ਕਰ ਸਕਦਾ ਹੈ।ਇਹ ਗੱਲ ਪੰਡਿਤ ਅਖਵਾਉਣ ਵਾਲਿਆਂ ਨੂੰ ਹੀ ਸਮਝਾਈ ਹੈ ਜੋ ਆਪਣੇ ਆਪ ਨੂੰ ਉੱਚਾ ਤੇ ਸਿਆਣਾ ਸਮਝਦੇ ਹਨ ਕਿਉਂਕਿ ਆਪਣੇ ਆਪ ਨੂੰ ਸਿਆਣਾ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ ਕਹਿ ਸਕਦੇ ਹਨ, ਭਗਤੀ ਦੀ ਸਮਝ ਵਾਲੇ ਕਹਿ ਸਕਦੇ ਹਨ। (**ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥**) ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਫਿਰ ਪ੍ਰਮਾਤਮਾ ਨਾਲੋਂ ਵੱਖਰਾ ਨਹੀਂ ਰਹਿ ਜਾਂਦਾ। ਉਸ ਮਨੁੱਖੀ ਸਰੀਰ ਦੇ ਰਾਹੀਂ ਜੋ ਵੀ ਫਿਰ ਉਹ ਕਿਸੇ ਨੂੰ ਸਮਝਾਉਂਦਾ ਹੈ ਭਾਵ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਹ ਸੱਚ ਹੀ ਸਮਝਾਉਂਦਾ ਹੈ। ਇਹ ਸਮਝਾਉਣ ਵਾਲਾ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੁੰਦਾ ਹੈ ਜਿਸ ਗੱਲ ਦੀ ਸਮਝ ਕੇਵਲ ਉਸ ਮਨੁੱਖੀ ਰੂਪ ਨੂੰ ਹੀ ਹੁੰਦੀ ਹੈ ਕਿਉਂਕਿ ਉਸਨੂੰ ਪ੍ਰਮਾਤਮਾ ਤ੍ਰੈਗੁਣਾਂ ਵਿੱਚੋਂ ਕੱਢ ਲੈਂਦਾ ਹੈ ਤੇ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਜਿੱਥੇ ਜਿੱਥੇ ਵੀ ਕੋਈ ਲੱਗਾ ਹੋਇਆ ਹੈ ਉਹ ਪ੍ਰਮਾਤਮਾ ਦਾ ਲਾਇਆ ਹੋਇਆ ਹੀ ਲੱਗਾ ਹੋਇਆ ਹੈ ਭਾਵ ਉਸਨੇ ਆਪ ਹੀ ਸਭ ਨੂੰ ਭਰਮਾਂ ਵਿੱਚ ਰੱਖਿਆ ਹੋਇਆ ਹੈ। ਮਨ ਦੇ ਭਰਮਾਂ ਵਿੱਚ ਰਹਿੰਦੇ ਹੋਏ, ਮਾਇਆ ਮੋਹ ਵਿੱਚ ਰਹਿੰਦੇ ਹੋਏ ਹਰ ਕੋਈ ਤ੍ਰਿਸ਼ਨਾਵਾਂ ਵਿੱਚ ਰਹਿੰਦਾ ਹੈ ਜਿਸ ਦੁਆਰਾ ਹਰ ਕਿਸੇ ਨੂੰ ਆਪਣਾ ਭਲਾ ਹੀ ਚੰਗਾ ਲੱਗਦਾ ਹੈ ਜੋ ਕਿ ਭਗਤੀ ਦਾ ਮਾਰਗ ਨਹੀਂ ਹੈ। ਭਗਤੀ ਦਾ ਮਾਰਗ ਤਾਂ ਸਰਬੱਤ ਦਾ ਭਲਾ ਕਰਨ ਦਾ ਹੈ ਭਾਵ ਸਾਰੇ ਸੰਸਾਰ ਦਾ ਭਲਾ ਕਰਨ ਦਾ ਹੈ ਤੇ ਜੋ ਕੇਵਲ ਆਪਣਾ ਭਲਾ ਚਾਹੁੰਦਾ ਹੈ ਉਹ ਫਿਰ ਸਰਬੱਤ ਦੇ ਭਲੇ ਨਾਲ ਨਹੀਂ ਜੁੜ ਸਕਦਾ। ਸਰਬੱਤ ਦੇ ਭਲੇ ਲਈ ਸਾਰੇ ਔਗੁਣ ਤਿਆਗਣੇ ਪੈਂਦੇ ਹਨ ਭਾਵ ਆਪਣੀਆਂ ਤ੍ਰਿਸ਼ਨਾਵਾਂ ਤਿਆਗਣੀਆਂ ਪੈਂਦੀਆਂ ਹਨ ਤਾਂ ਜੋ ਅਸੀਂ ਸਾਰਿਆਂ ਦੇ ਭਲੇ ਲਈ ਵਿਚਰੀਏ ਤੇ ਇਹੀ ਭਗਤੀ ਦਾ ਸੱਚਾ ਮਾਰਗ ਹੈ। ਧਰਮ ਦਾ ਸੱਚਾ ਵਿਦਵਾਨ ਆਪ ਗੁਰੂ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ। ਆਪਣੇ ਆਪ ਨੂੰ ਚਤੁਰ ਸਿਆਣੇ ਸਮਝਣ ਵਾਲੇ ਵਿਦਵਾਨ ਸਭ ਨੂੰ ਆਪਣੀ-ਆਪਣੀ ਮਤਿ ਨਾਲ ਹੀ ਜੋੜਦੇ ਹਨ। ਆਪਣੀ-ਆਪਣੀ ਧਾਰਮਿਕ ਆਸਥਾ ਨਾਲ ਹੀ ਜੋੜਦੇ ਹਨ। (**ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥**) ਜੋ ਪ੍ਰਮਾਤਮਾ ਨੂੰ ਜਾਣ ਲੈਂਦੇ ਹਨ ਉਹ ਫਿਰ ਪ੍ਰਮਾਤਮਾ ਦੇ ਕੋਲੋਂ ਸੱਚੀ ਭਗਤੀ ਦੀ ਸਮਝ ਦਾ ਦਾਨ ਹੀ ਮੰਗਦੇ ਹਨ ਭਾਵ ਨਾਮੁ ਹੀ ਮੰਗਦੇ ਹਨ ਜਿਸ ਦੁਆਰਾ ਉਹ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਉਂਦੇ ਹਨ ਤੇ ਆਪਣੇ ਆਪ ਨੂੰ ਉੱਚਾ ਨਹੀਂ ਸਮਝਦੇ ਤੇ ਪ੍ਰਮਾਤਮਾ ਨੂੰ ਹੀ ਉੱਚਾ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਇਹੀ ਸਮਝਾਉਂਦੇ ਹਨ ਜਿਸ ਦੁਆਰਾ ਉਹ ਉਸ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਦੇ ਹਨ ਤੇ ਸੰਸਾਰ ਨੂੰ ਸੱਚੀ ਵਡਿਆਈ ਕਰਨੀ ਸਮਝਾਉਂਦੇ ਹਨ, ਆਪ ਸੱਚ ਤੇ ਚੱਲਦੇ

ਹਨ ਭਾਵ ਆਪ ਨਾਮ ਜਪਦੇ ਹਨ ਤੇ ਸੰਸਾਰ ਨੂੰ ਨਾਮੁ ਜਪਣਾ ਸਿਖਾਉਂਦੇ ਹਨ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥
ਅੰਤੁ ਨਾਹੀ ਕਿਛੁ ਪਾਰਾਵਾਰੁ ॥
ਦਾਸ ਅਪਨੇ ਕਉ ਦੀਜੈ ਦਾਨੁ ॥
ਕਬਹੂ ਨ ਵਿਸਰੈ ਨਾਨਕ ਨਾਮੁ ॥”

“ਨਾਮੁ” ਸੰਸਾਰ ਦੇ ਵਿੱਚ ਅੱਜ ਤੱਕ ਜਿਸਨੂੰ ਵੀ ਮਿਲਿਆ ਹੈ ਉਹ ਪ੍ਰਮਾਤਮਾ ਦੇ ਕੋਲੋਂ ਹੀ ਮਿਲਿਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਨੂੰ ਨਾਮੁ ਉਹੀ ਦੇ ਸਕਦਾ ਹੈ ਜੋ ਨਾਮੁ ਦਾ ਮਾਲਕ ਹੈ ਤੇ ਇਸ ਗੱਲ ਦੀ ਸਮਝ ਉਸੇ ਨੂੰ ਹੀ ਲੱਗਦੀ ਹੈ ਜਿਸਨੂੰ ਪ੍ਰਮਾਤਮਾ ਆਪਣਾ ਦਾਸ ਬਣਾ ਲੈਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਕਿਸੇ ਨੂੰ ਦਾਨ ਉਹੀ ਦੇ ਸਕਦਾ ਹੈ ਜੋ ਉਸ ਚੀਜ ਦਾ ਮਾਲਕ ਹੁੰਦਾ ਹੈ। ਜੋ ਆਪਣੇ ਆਪਨੂੰ ਧਰਮ ਦਾ ਵਿਦਵਾਨ ਅਖਵਾਉਂਦੇ ਹਨ ਉਹ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਦੂਸਰਿਆਂ ਨੂੰ ਨਾਮੁ ਵੀ ਦਿੰਦੇ ਹਨ ਭਾਵ ਕੀ ਉਹ ਨਾਮੁ ਦੇ ਮਾਲਕ ਹਨ ਜਿਸ ਕਰਕੇ ਉਹ ਦੂਸਰਿਆਂ ਨੂੰ ਨਾਮ ਵੰਡਦੇ ਹਨ ਤੇ ਵੱਖਰੇ-ਵੱਖਰੇ ਨਾਮੁ ਵੰਡਣ ਵਾਲੇ ਬਹੁਤ ਹਨ। ਕਿਸੇ ਨੂੰ ਨਾਮੁ ਉਹੀ ਦੇ ਸਕਦਾ ਹੈ, ਉਹੀ ਨਾਮੁ ਜਪਣਾ ਸਮਝਾ ਸਕਦਾ ਹੈ ਜੋ ਉਸ ਨਾਮ ਦੇ ਦਾਨੀ ਨੂੰ ਨਹੀਂ ਜਾਣਦਾ ਜਿਸਦੇ ਦਾਨ ਨਾਲ ਸਾਨੂੰ ਇਹ ਸਰੀਰ ਮਿਲਿਆ ਹੈ, ਮਨ ਦੀ ਸਮਝ ਮਿਲੀ ਹੈ, ਇਤਨੀ ਵੱਡੀ ਸ੍ਰਿਸ਼ਟੀ ਵੇਖਣ ਨੂੰ ਮਿਲੀ ਹੈ, ਇਤਨਾ ਕੁੱਝ ਖਾਣ ਤੇ ਪਹਿਨਣ ਲਈ ਮਿਲਿਆ ਹੈ। ਸਭ ਪਾਸੇ ਉਸ ਦਾਤੇ ਦਾ ਦਾਨ ਹੀ ਖਿਲਰਿਆ ਹੋਇਆ ਹੈ, ਸਭ ਪਾਸੇ ਉਸਦਾ ਨਾਮੁ ਹੀ ਨਾਮੁ ਵੱਸਿਆ ਹੋਇਆ ਹੈ ਜਿਸਦੀ ਸਮਝ ਮਨ ਦੇ ਵਿੱਚ ਉਸਦਾ ਨਾਮ ਦਾਨੁ ਮਿਲਣ ਦੁਆਰਾ ਹੀ ਪੈਂਦੀ ਹੈ। ਜੋ ਮਨ ਦੇ ਵਿੱਚ ਪਰਗਟ ਹੋ ਕੇ ਆਪਣਾ ਨਾਮੁ ਦਿੰਦਾ ਹੈ ਉਹ ਆਪ ਹੀ ਆਪਣਾ ਨਾਮੁ ਜਪਣਾ ਸਿਖਾਉਂਦਾ ਹੈ ਭਾਵ ਜੋ ਆਪ ਆਪਣੀ ਭਗਤੀ ਦੀ ਸਮਝ ਦਿੰਦਾ ਹੈ, ਉਹ ਆਪ ਹੀ ਉਸ ਤੇ ਚਲਾਉਂਦਾ ਹੈ, ਆਪਣਾ ਦਾਸ ਬਣਾਉਣ ਦੁਆਰਾ ਚਲਾਉਂਦਾ ਹੈ। ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਨ ਉਹ ਦਾਸ ਕਿਸ ਗੱਲ ਦੇ ਹੋਏ। ਜਿਸਨੂੰ ਪ੍ਰਮਾਤਮਾ ਆਪਣਾ ਦਾਸ ਬਣਾਉਂਦਾ ਹੈ ਉਸ ਨੂੰ ਮਨ ਦੀ ਸਮਝ ਰਾਹੀਂ ਹੀ ਬਣਾਉਂਦਾ ਹੈ ਜਿਸ ਸਮਝ ਨੂੰ ਇਹ ਪਤਾ ਹੁੰਦਾ ਹੈ ਕਿ ਗਿਆਨ ਕਿੱਥੋਂ ਆਉਂਦਾ ਹੈ, ਗਿਆਨ ਦਾ ਮਾਲਕ ਕੌਣ ਹੈ, ਨਾਮੁ ਦਾ ਮਾਲਕ ਕੌਣ ਹੈ ਜੋ ਆਪਣੇ ਨਾਮੁ ਦਾ ਦਾਨ ਆਪ ਹੀ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਸਾਰੇ ਸੰਸਾਰ ਨੂੰ ਆਪਣੇ ਨਾਮੁ ਦਾ ਦਾਨ ਵੰਡ ਰਹੀ ਹੈ ਤੇ ਕੋਈ ਵੀ ਲੈ ਸਕਦਾ ਹੈ। ਦੂਸਰੇ ਧਰਮ ਗ੍ਰੰਥਾਂ ਵਿੱਚ ਵੀ ਨਾਮੁ ਹੈ ਤੇ ਜਿੱਥੋਂ ਕੋਈ ਚਾਹੇ ਲੈ ਸਕਦਾ ਹੈ। ਨਾਮ “ਸਚੁ” ਹੈ ਹਰ ਸੱਚਾ ਧਰਮ ਗ੍ਰੰਥ ਸਾਨੂੰ ਸਚੁ ਹੀ ਸਮਝਾਉਂਦਾ ਹੈ ਭਾਵ ਸਚੁ ਤੇ ਚੱਲਣ ਦਾ ਮਾਰਗ ਹੀ ਸਮਝਾਉਂਦਾ ਹੈ। (**ਗਉੜੀ ਗੁਆਰੇਰੀ ਮਹਲਾ ੫ ॥ ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥ ਜਿਹ ਧੰਧੇ ਮਹਿ ਓਇ ਲਪਟਾਏ ॥ ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥ ਓਹ ਬੇਲਾ ਕਛੁ ਚੀਤਿ ਨ ਆਵੈ ॥ ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥ ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥ ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥ ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਨੁ ਘਾਲੈ ਪੈਰੁ ॥ ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥੩॥ ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥੪॥ ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥ ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂ ਨ ਵਿਸਰੈ ਨਾਨਕ ਨਾਮੁ ॥**)

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਤੇ ਭਗਤੀ ਦਾ ਮਕਸਦ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਭਗਤੀ ਦੇ ਮਾਰਗ ਦਾ ਮਕਸਦ ਸੰਸਾਰ ਨੂੰ ਸੁਖੀ ਰੱਖਣ ਨਾਲ ਹੀ ਹੈ ਭਾਵ ਸਰਬੱਤ ਦਾ ਭਲਾ ਕਰਨ ਲਈ ਹੀ ਹੈ। ਜਦੋਂ ਮਨੁੱਖ ਕੇਵਲ ਆਪਣੇ ਭਲੇ ਲਈ ਸੋਚਦਾ ਹੈ ਫਿਰ ਸੰਸਾਰ ਦਾ ਭਲਾ ਕਰਨਾ ਔਖਾ ਹੁੰਦਾ ਹੈ। ਭਗਤੀ ਦੇ ਸਹੀ ਮਾਰਗ ਤੇ ਚੱਲਣ ਲਈ ਇਸੇ ਲਈ ਬਾਣੀ ਸਾਨੂੰ ਵਾਰ-ਵਾਰ ਇਹ ਸਮਝਾਉਂਦੀ ਹੈ ਕਿ ਮਾਇਆ ਮੋਹ ਛੱਡੋ ਭਾਵ ਆਪਣੀ ਸਮਝ ਛੱਡੋ ਤੇ ਗੁਰੂ ਦੀ ਸਮਝ ਅਨੁਸਾਰ ਵਿਚਰੋ ਭਾਵ ਆਪਣੀਆਂ ਤ੍ਰਿਸ਼ਨਾਵਾਂ ਨੂੰ ਛੱਡੋ ਜੋ ਸਾਰੇ ਔਗੁਣਾਂ ਦਾ ਮੂਲ ਹਨ, ਸਾਨੂੰ ਕਾਮ, ਕ੍ਰੋਧ, ਲੋਭ, ਮੋਹ ਨਾਲ ਜੋੜਦੀਆਂ ਹਨ ਜਿੰਨ੍ਹਾਂ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ। ਮਾੜੇ ਕਰਮ ਅਸੀਂ ਆਪਣੇ ਭਲੇ ਲਈ ਕਰਦੇ ਹਾਂ, ਲੋਭ ਲਾਲਚ ਆਦਿ ਆਪਣੇ ਭਲੇ ਲਈ ਕਰਦੇ ਹਾਂ ਪਰ ਇਸ ਤਰੀਕੇ ਦੂਸਰਿਆਂ ਨਾਲ ਮਾੜਾ ਕਰਦੇ ਹਾਂ ਫਿਰ ਇਸ ਤਰੀਕੇ ਅਸੀਂ ਸਰਬੱਤ ਦਾ ਭਲਾ ਕਿਵੇਂ ਕਰ ਸਕਦੇ ਹਾਂ। ਅਸੀਂ ਪ੍ਰਮਾਤਮਾ ਕੋਲੋਂ, ਗੁਰੂ ਕੋਲੋਂ ਸਰਬੱਤ ਦਾ ਭਲਾ ਮੰਗਦੇ ਹਾਂ ਪਰ ਆਪ ਦੂਸਰਿਆਂ ਦਾ ਮਾੜਾ ਕਰਦੇ ਹਾਂ ਭਾਵ ਅਸੀਂ ਕਥਨੀ ਕੁੱਝ ਹੋਰ ਕਰਦੇ ਹਾਂ ਤੇ ਕਰਨੀ ਕੁੱਝ ਹੋਰ ਕਰਦੇ ਹਾਂ। ਸਭ ਦੇ ਅੰਦਰ ਆਪ ਪ੍ਰਮਾਤਮਾ ਹੀ ਹੈ, ਗੁਰੂ ਆਪ ਹੀ ਹੈ ਤੇ ਜੋ ਗੁਰੂ ਦੇ ਆਖੇ ਲੱਗ ਕੇ ਸੰਸਾਰ ਦਾ ਭਲਾ ਕਰਦਾ ਹੈ ਉਸਦਾ ਭਲਾ ਪ੍ਰਮਾਤਮਾ ਵੱਲੋਂ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਦੀ ਮਰਜੀ ਨਾਲ ਹੀ ਹੁੰਦਾ ਹੈ। ਜੋ ਗੁਰੂ ਪ੍ਰਮਾਤਮਾ ਦੀ ਮਰਜੀ ਨਹੀਂ ਮੰਨਦਾ ਭਾਵ ਗੁਰੂ ਦੇ ਆਖੇ ਨਹੀਂ ਲੱਗਦਾ ਉਹ ਫਿਰ ਗੁਰੂ ਦੀ ਰਜ਼ਾ ਦੇ ਉਲਟ ਚੱਲਦਾ ਹੈ, ਗੁਰੂ ਦੇ ਭਾਣੇ ਦੇ ਉਲਟ ਚੱਲਦਾ ਹੈ, ਨਾਮੁ ਤੋਂ ਉਲਟ ਚੱਲਦਾ ਹੈ, ਭਗਤੀ ਦੇ ਮਾਰਗ ਤੋਂ ਉਲਟ ਚੱਲਦਾ ਹੈ, ਗੁਰੂ ਦੀ ਸੇਵਾ ਦੇ ਮਾਰਗ ਤੋਂ ਉਲਟ ਚੱਲਦਾ ਹੈ ਜੋ ਕਿ ਉਹ ਔਗੁਣ ਕਰਨ ਦੁਆਰਾ ਚੱਲਦਾ ਹੈ। ਔਗੁਣਾਂ ਦਾ ਤਿਆਗ ਕੀਤੇ ਬਿਨ੍ਹਾਂ ਅਸੀਂ ਸੰਸਾਰ ਨੂੰ ਸੁਖੀ ਨਹੀਂ ਕਰ ਸਕਦੇ ਭਾਵ ਗੁਰੂ ਦੀ ਗੱਲ ਨੂੰ ਮੰਨੇ ਬਿਨ੍ਹਾਂ ਅਸੀਂ ਸੰਸਾਰ ਦਾ ਭਲਾ ਨਹੀਂ ਕਰ ਸਕਦੇ। ਆਓ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਦੇ ਹਾਂ ਕਿ ਸੰਸਾਰ ਸੁਖੀ ਕਿਸ ਤਰੀਕੇ ਹੋ ਸਕਦਾ ਹੈ। ਪਹਿਲੇ ਹੇਠ ਦਿੱਤੇ ਸ਼ਬਦ ਨੂੰ ਸਮਝਦੇ ਹਾਂ ਜਿਸ ਰਾਹੀਂ ਧੰਨ ਧੰਨ ਬਾਬਾ ਨਾਨਕ ਸੰਸਾਰ ਨੂੰ ਸੁਖੀ ਕਰਨ ਦਾ ਤਰੀਕਾ ਸਮਝਾ ਰਹੇ ਹਨ।

ਆਸਾ ਮਹਲਾ ੧ ॥
“ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥
ਗੁਰਮੁਖਿ ਮਹਲੀ ਮਹਲੁ ਪਛਾਨੁ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥
ਐਸੇ ਪ੍ਰੇਮ ਭਗਤਿ ਵੀਚਾਰੀ ॥
ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥
ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥
ਤੀਨ ਭਵਨ ਨਿਹਕੇਵਲ ਗਿਆਨੁ ॥
ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥
ਸਾਚਾ ਹਰਖੁ ਨਾਹੀ ਤਿਸੁ ਸੋਗੁ ॥
ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥
ਪੰਚ ਸਮਾਈ ਸੁਖੀ ਸਭੁ ਲੋਗੁ ॥੩॥
ਸਗਲੀ ਜੋਤਿ ਤੇਰਾ ਸਭੁ ਕੋਈ ॥
ਆਪੇ ਜੋੜਿ ਵਿਛੋੜੇ ਸੋਈ ॥
ਆਪੇ ਕਰਤਾ ਕਰੇ ਸੁ ਹੋਈ ॥੪॥
ਢਾਹਿ ਉਸਾਰੇ ਹੁਕਮਿ ਸਮਾਵੈ ॥
ਹੁਕਮੋ ਵਰਤੈ ਜੋ ਤਿਸੁ ਭਾਵੈ ॥

ਗੁਰ ਬਿਨੁ ਪੂਰਾ ਕੋਇ ਨ ਪਾਵੈ ॥੫॥
ਬਾਲਕ ਬਿਰਧਿ ਨ ਸੁਰਤਿ ਪਰਾਨਿ ॥
ਭਰਿ ਜੋਬਨਿ ਬੂਡੈ ਅਭਿਮਾਨਿ ॥
ਬਿਨੁ ਨਾਵੈ ਕਿਆ ਲਹਸਿ ਨਿਦਾਨਿ ॥੬॥
ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥
ਭਰਮਿ ਭੁਲਾਨਾ ਫਿਰਿ ਪਛੁਤਾਨਾ ॥
ਗਲਿ ਫਾਹੀ ਬਉਰਾ ਬਉਰਾਨਾ ॥੭॥
ਬੂਡਤ ਜਗੁ ਦੇਖਿਆ ਤਉ ਡਰਿ ਭਾਗੇ ॥
ਸਤਿਗੁਰਿ ਰਾਖੇ ਸੇ ਵਡਭਾਗੇ ॥
ਨਾਨਕ ਗੁਰ ਕੀ ਚਰਣੀ ਲਾਗੇ ॥੮॥੬॥"

(ਅੰਗ - ੪੧੪)

ਉੱਪਰ ਵਾਲੇ ਸ਼ਬਦ ਦੇ ਪਹਿਲੇ ਪਦੇ ਰਾਹੀਂ ਭਗਤੀ ਦੇ ਮਾਰਗ ਦਾ ਮੂਲ ਸਮਝਾਇਆ ਹੋਇਆ ਹੈ ਕਿ ਭਗਤੀ ਦੇ ਮਾਰਗ ਤੇ ਅਸੀਂ ਚੱਲਣਾ ਕਿਸ ਤਰੀਕੇ ਹੈ। ਭਗਤੀ ਦੇ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲੇ ਭਗਤੀ ਦੇ ਮਾਰਗ ਨੂੰ ਸਿੱਖਣ ਦੀ ਲੋੜ ਹੈ। ਭਗਤੀ ਦਾ ਸੱਚਾ ਮਾਰਗ ਸਾਨੂੰ ਉਹੀ ਸਮਝਾ ਸਕਦਾ ਹੈ ਜੋ ਉਸ ਭਗਤੀ ਦੀ ਸਮਝ ਦੇ ਮਾਲਕ ਨੂੰ ਜਾਣਦਾ ਹੈ ਭਾਵ ਪ੍ਰਮਾਤਮਾ ਨੂੰ ਜਾਣਦਾ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਜਿਸਨੂੰ ਪ੍ਰਮਾਤਮਾ ਆਪਣੇ ਮੇਲ ਦੁਆਰਾ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਹੀ ਉਸਦਾ "ਗੁਰਮੁਖਿ" ਰੂਪ ਬਣਦਾ ਹੈ। ਜੋ ਵੀ ਉਸਦਾ "ਗੁਰਮੁਖਿ" ਰੂਪ ਬਣਦਾ ਹੈ ਉਹ ਮਨ ਦੇ ਵਿੱਚ ਭਗਤੀ ਦੇ ਮਾਰਗ ਦੀ ਸੱਚੀ ਸਮਝ ਦੁਆਰਾ ਹੀ ਬਣਦਾ ਹੈ ਭਾਵ ਭਗਤੀ ਦੇ ਸੱਚੇ ਗਿਆਨ ਦੁਆਰਾ ਹੀ ਬਣਦਾ ਹੈ ਭਾਵ ਨਾਮੁ ਦੀ ਸਮਝ ਦੁਆਰਾ ਹੀ ਬਣਦਾ ਹੈ। ਜਿਸ ਜਿਸ ਸਰੀਰ ਰਾਹੀਂ ਪ੍ਰਮਾਤਮਾ ਨੇ ਆਪਣੀ ਭਗਤੀ ਦਾ ਸੱਚਾ ਗਿਆਨ ਦਿੱਤਾ ਹੈ ਉਸਦਾ "ਸੱਚਾ ਗਿਆਨੁ" ਹੀ ਭਾਵ "ਬ੍ਰਹਮੁ ਗਿਆਨੁ" ਹੀ ਉਨ੍ਹਾਂ ਦੇ ਅੰਦਰ ਦਾ ਗੁਰੂ ਰੂਪ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਨ੍ਹਾਂ ਨੇ ਆਪਣਾ ਸੱਚਾ ਗਿਆਨ ਭਾਵ ਗੁਰੂ ਰੂਪ "ਬ੍ਰਹਮ ਗਿਆਨੁ" ਹੀ ਪੂਰੀ ਗੁਰਬਾਣੀ ਵਿੱਚ ਪਾਇਆ ਹੈ। ਪੂਰੀ ਗੁਰਬਾਣੀ ਇਸੇ ਲਈ ਸਾਡਾ ਗੁਰੂ ਹੈ ਜਿਸ ਵਿੱਚ ਸਾਰੇ ਗਿਆਨ ਦਾ ਮਾਲਕ ਉਹ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ "ਗੁਰਮੁਖਿ ਰੂਪ" ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ। ਪ੍ਰਮਾਤਮਾ ਦੇ "ਗੁਰਮੁਖਿ" ਰੂਪ ਕੋਲੋਂ ਸੱਚਾ ਗਿਆਨ ਹੀ ਮਿਲਦਾ ਹੈ। ਅਸੀਂ ਆਪਣੇ ਧਿਆਨ ਨੂੰ ਭਾਵ ਆਪਣੇ ਮਨ ਦੀ ਸਮਝ ਨੂੰ "ਗੁਰਮੁਖਿ" ਗਿਆਨ ਵਾਲਾ ਬਣਾਉਣਾ ਹੈ ਤੇ ਸਾਡਾ ਧਿਆਨ ਗੁਰੂ ਦੇ ਸੱਚੇ ਗਿਆਨ ਵਾਲਾ ਤਾਂ ਹੀ ਬਣੇਗਾ ਜਦੋਂ ਅਸੀਂ ਆਪਣੇ ਧਿਆਨ ਦੇ ਵਿੱਚ ਭਾਵ ਆਪਣੇ ਮਨ ਦੀ ਸਮਝ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਨੂੰ ਮੰਨ ਲਵਾਂਗੇ। ਮਨ ਦੀ ਇਹੋ ਜਿਹੀ ਸਮਝ ਹੀ ਕਿਸੇ ਨੂੰ "ਗੁਰਮੁਖਿ" ਰੂਪ ਬਣਾਉਂਦੀ ਹੈ ਤੇ ਇਹੋ ਜਿਹੀ ਗੁਰਮੁਖਿ ਰੂਪ ਸਮਝ ਵਾਲਾ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਿਲ ਨੂੰ ਪਛਾਣਦਾ ਹੈ ਜੋ ਪਛਾਣ ਮਨ ਦੇ ਵਿੱਚ ਮਹਿਲ ਦਾ ਮਾਲਕ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ। (**ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥**)

ਪ੍ਰਮਾਤਮਾ ਦੇ ਮਹਲੁ ਦੀ ਪਛਾਣ ਮਨ ਦੇ ਵਿੱਚ ਉਸਦੇ "ਗੁਰਮੁਖਿ" ਰੂਪ ਨੂੰ ਕਿਸ ਤਰੀਕੇ ਹੁੰਦੀ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥"

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿਉਂਕਿ "ਗੁਰਮੁਖਿ" ਦੀ ਗੱਲ ਗੁਰਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਫਿਰ ਗੁਰਮੁਖਿ ਕੌਣ ਹੈ ਇਸ ਗੱਲ ਨੂੰ ਸਮਝਣਾ ਬਹੁਤ ਜਰੂਰੀ ਹੈ ਤੇ "ਸਬਦੁ ਨਿਸਾਨੁ" ਦੀ ਗੱਲ ਵੀ ਅਨੇਕਾਂ ਸ਼ਬਦਾਂ ਵਿੱਚ ਆਉਂਦੀ ਹੈ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੀ ਪੰਗਤੀ ਰਾਹੀਂ ਜਾਣਿਆ

ਹੈ ਕਿ ਇਹ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਿਲ ਨੂੰ ਜਾਨਣ ਵਾਲੀ ਅਵੱਸਥਾ ਹੈ। ਇਹ ਆਪਣੇ ਅੰਦਰੋਂ "ਸਬਦੁ" ਰੂਪ ਗੁਰੂ ਨੂੰ ਜਾਨਣ ਦੀ ਅਵੱਸਥਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪ ਹੀ ਗੁਰੂ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਹਰ ਸ਼ਬਦ ਸਾਨੂੰ ਸੱਚਾ ਗਿਆਨ ਹੀ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਦਿੰਦਾ ਹੈ ਜੋ ਕਿ ਉਸਦਾ ਨਾਮੁ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣਾ "ਸਬਦੁ ਨੀਸਾਨੁ" ਲਗਾਉਂਦਾ ਹੈ ਉਸ ਮਨੁੱਖੀ ਸਮਝ ਦੇ ਅੰਦਰ, ਉਸ ਮਨ ਦੇ ਅੰਦਰ ਇਹ "ਨੀਸਾਨੁ" ਲੱਗ ਜਾਂਦਾ ਹੈ ਕਿ ਇਹ ਮਨ ਸਬਦੁ ਰੂਪ ਹੈ ਭਾਵ ਪ੍ਰਮਾਤਮਾ ਦਾ ਆਪਣਾ ਰੂਪ ਹੈ, ਪ੍ਰਮਾਤਮਾ ਦਾ ਆਪਣਾ ਮਹਿਲ ਹੈ ਜਿਸ ਮਹਿਲ ਵਿੱਚੋਂ ਉਹ ਆਪਣਾ ਸੱਚਾ ਗਿਆਨ ਬਖਸ਼ਦਾ ਹੈ, ਆਪਣਾ ਨਾਮੁ ਬਖਸ਼ਦਾ ਹੈ। ਜਦ ਤੱਕ ਸਾਡੇ ਅੰਦਰ "ਸਬਦੁ ਰੂਪ ਨੀਸਾਨੁ" ਨਹੀਂ ਲੱਗਦਾ ਅਸੀਂ ਆਪਣੀ ਸੁਰਤਿ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ ਭਾਵ ਮਨ ਦੀ ਸਮਝ ਨੂੰ ਆਪਣੀ ਸਮਝ ਸਮਝਦੇ ਹਾਂ ਜੋ ਸਮਝ ਸਾਨੂੰ ਭਰਮਾਂ ਵਾਲੇ ਵਿਚਾਰਾਂ ਵਿੱਚ ਰੱਖਦੀ ਹੈ, ਮਾਇਆ ਮੋਹ ਵਿੱਚ, ਤ੍ਰੈਗੁਣਾਂ ਵਿੱਚ, ਹਉਮੈ ਵਿੱਚ ਰੱਖਦੀ ਹੈ। "ਸਬਦੁ ਨੀਸਾਨੁ" ਸਾਡੀ "ਸੁਰਤਿ" ਦੇ ਵਿੱਚ ਹੀ ਲੱਗਦਾ ਹੈ, ਸਾਡੀ ਸਮਝ ਦੇ ਵਿੱਚ ਹੀ ਲੱਗਦਾ ਹੈ ਜੋ ਸਾਡੇ ਅੰਦਰ ਦੀ "ਹਉਮੈ" ਵਾਲੀ ਸਮਝ ਨੂੰ "ਸਬਦੁ" ਵਾਲੀ ਸਮਝ ਵਿੱਚ ਬਦਲ ਦਿੰਦਾ ਹੈ, ਨਾਮੁ ਵਾਲੀ ਸਮਝ ਵਿੱਚ ਬਦਲ ਦਿੰਦਾ ਹੈ ਭਾਵ ਮਨ ਦੇ ਵਿੱਚੋਂ ਹਰ ਭਰਮ ਨੂੰ ਕੱਢ ਦਿੰਦਾ ਹੈ ਤੇ ਸਾਡੇ ਅੰਦਰ ਦੀ "ਮੈਂ" ਨੂੰ "ਤੂੰ" ਦੇ ਵਿੱਚ ਬਦਲ ਦਿੰਦਾ ਹੈ। ਸਾਡੀ ਸੁਰਤਿ ਦੇ ਵਿੱਚ "ਸਬਦੁ ਨੀਸਾਨੁ" ਲੱਗਣ ਤੋਂ ਪਹਿਲਾਂ ਸਾਨੂੰ ਇਸ ਗੱਲ ਦੀ ਬਿਲਕੁਲ ਸਮਝ ਨਹੀਂ ਹੁੰਦੀ ਕਿ ਪ੍ਰਮਾਤਮਾ ਕੀ ਹੈ, ਅਸੀਂ ਕੀ ਹਾਂ ਤੇ ਸਾਰੇ ਸੰਸਾਰ ਦੀ ਅਸਲੀਅਤ ਕੀ ਹੈ ਤੇ ਪ੍ਰਮਾਤਮਾ ਸਭ ਦੇ ਵਿੱਚ ਕਿਸ ਤਰੀਕੇ ਆਪਣੀ "ਜੋਤਿ" ਦੁਆਰਾ ਸਮਾਇਆ ਹੋਇਆ ਹੈ। ਸਾਡੇ ਅੰਦਰ ਦੀ ਸੁਰਤਿ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਹੈ ਇਸ ਜੋਤਿ ਰਾਹੀਂ ਮਨੁੱਖ ਨੂੰ ਸਾਰਾ ਗਿਆਨ ਮਿਲਦਾ ਹੈ। ਭਰਮਾਂ ਵਾਲੇ ਵਿਚਾਰ ਵੀ ਜੋਤਿ ਰਾਹੀਂ ਹੀ ਆਉਂਦੇ ਹਨ ਤੇ "ਸਬਦੁ ਰੂਪ" ਸੱਚਾ ਗਿਆਨ ਵੀ ਮਨ ਦੀ ਜੋਤਿ ਰਾਹੀਂ ਹੀ ਮਿਲਦਾ ਹੈ। ਸਾਡੀ ਸੁਰਤਿ ਦੇ ਵਿੱਚ "ਸਬਦੁ ਰੂਪ" ਗੁਰੂ ਦਾ, ਪ੍ਰਮਾਤਮਾ ਦਾ ਪ੍ਰਗਟ ਹੋਣਾ ਹੀ "ਸਬਦੁ ਸੁਰਤਿ" ਦਾ ਮੇਲ ਹੈ ਜੋ ਮੇਲ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਦਾ ਸਬਦੁ ਦੇ ਸੱਚੇ ਗਿਆਨ ਵਾਲੀ ਸਮਝ ਦੇ ਨਾਲ ਮੇਲ ਹੈ। ਇਹੀ ਸਾਡੇ ਅੰਦਰ ਜੋਤਿ ਦੇ ਵਿੱਚ ਜੋਤਿ ਦਾ ਰਲਣਾ ਹੈ ਜੋ ਮੇਲ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਜਿਸਨੂੰ ਪ੍ਰਮਾਤਮਾ ਆਪਣਾ "ਗੁਰਮੁਖਿ" ਰੂਪ ਬਣਾਉਂਦਾ ਹੈ ਉਹ ਇਸੇ ਤਰੀਕੇ ਹੀ ਬਣਾਉਂਦਾ ਹੈ ਜਿਸਦੇ ਅੰਦਰ ਦਾ ਧਿਆਨ ਉਹ ਸੱਚੇ ਗਿਆਨ ਵਾਲਾ ਬਣਾ ਦਿੰਦਾ ਹੈ ਭਾਵ ਮਨੁੱਖੀ ਸਮਝ ਨੂੰ ਹਰ ਅਗਿਆਨਤਾ ਵਿੱਚੋਂ ਕੱਢ ਕੇ ਸੱਚੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ ਭਾਵ ਸੱਚੀ ਭਗਤੀ ਦੀ ਸਮਝ ਵਾਲਾ ਬਣਾ ਦਿੰਦਾ ਹੈ ਜੋ ਸੱਚੀ ਸਮਝ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਾ ਸਕਦੀ ਹੈ। ਇਹ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ "ਗੁਰਮੁਖਿ" ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੀ ਹੈ। (**ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥**)

{ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥}

(ਅੰਗ - ੨)

{ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥
ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥
ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥}

(ਅੰਗ - ੩੬੫)

{ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥
ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥੧॥ ਰਹਾਉ ॥}

(ਅੰਗ - ੧੭)

{ਮਨ ਰੇ ਸਚੁ ਮਿਲੈ ਭਉ ਜਾਇ ॥

ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ ॥੧॥ ਰਹਾਉ ॥}

(ਅੰਗ - ੧੮)

{ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ ॥
ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ ॥
ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥੪॥}

(ਅੰਗ - ੧੮)

{ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥}

(ਅੰਗ - ੧੮)

ਸਿਰੀਰਾਗੁ ਮਹਲਾ ੧ ॥

{ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥
ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ ॥
ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ ॥੧॥
ਮੂੜੇ ਰਾਮੁ ਜਪਹੁ ਗੁਣ ਸਾਰਿ ॥
ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥
ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥
ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥
ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥
ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥
ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥
ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥
ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥}

(ਅੰਗ - ੧੯)

ਇਸ ਉੱਪਰ ਵਾਲੇ ਸ਼ਬਦ ਦੀ ਵਿਚਾਰ ਅੱਗੇ ਚੱਲਕੇ ਕਰਾਂਗੇ। ਉੱਪਰ ਸ਼ਬਦ ਦੁਆਰਾ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ, ਗੁਰਮੁਖਿ ਬਣਨਾ ਹੀ ਸਮਝਾਇਆ ਹੋਇਆ ਹੈ।

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥
ਮਨ ਰੇ ਸਬਦਿ ਤਰਹੁ ਚਿਤੁ ਲਾਇ ॥

ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ ਰਹਾਉ ॥}

(ਅੰਗ - ੧੯)

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥
ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥
ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥
ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥
ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥
ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥
ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥}

(ਅੰਗ - ੨੦)

ਇਸ ਉੱਪਰ ਵਾਲੇ ਸ਼ਬਦ ਨੂੰ ਵੀ ਅੱਗੇ ਚੱਲਕੇ ਸਮਝਾਂਗੇ।

ਸਿਰੀਰਾਗੁ ਮਹਲਾ ੧ ॥

{ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥
ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥
ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥
ਜੀਅਰੇ ਰਾਮ ਜਪਤ ਮਨੁ ਮਾਨੁ ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥
ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥
ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥

ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥
ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥
ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥
ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥
ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥}

(ਅੰਗ - ੨੦)

{ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥
ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥
ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥
ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥
ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥
ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥
ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥
ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥}

(ਅੰਗ - ੨੧-੨੨)

{ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥
ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥}

(ਅੰਗ - ੨੬)

{ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥
ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥
ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥
ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥
ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥
ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ ॥}

(ਅੰਗ - ੨੭)

{ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥
ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥
ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥
ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥
ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥}

(ਅੰਗ - ੨੯)

ਸਿਰੀਰਾਗੁ ਮਹਲਾ ੩ ॥
{ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥
ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥
ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥੧॥
ਭਾਈ ਰੇ ਇਕ ਮਨਿ ਨਾਮੁ ਧਿਆਇ ॥
ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ ॥੧॥ ਰਹਾਉ ॥
ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥
ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥੨॥
ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥
ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥
ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥੩॥
ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥
ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥}

(ਅੰਗ - ੩੧)

{ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥
ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥
ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥
ਭਾਈ ਰੇ ਗੁਰਮੁਖਿ ਬੂਝੈ ਕੋਇ ॥
ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥੧॥ ਰਹਾਉ ॥}

(ਅੰਗ - ੩੨-੩੩)

ਸਿਰੀਰਾਗੁ ਮਹਲਾ ੩ ॥
{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥
ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥
ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥

ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥
ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥
ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥
ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ ॥
ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥
ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥
ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥੨॥
ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥
ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥
ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥
ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥
ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥
ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥
ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥
ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥੪॥}

(ਅੰਗ - ੩੫-੩੬)

ਵਡਹੰਸੁ ਮਹਲਾ ੩ ॥
{ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥
ਗੁਰਮੁਖਿ ਸਾਚੇ ਲਗੈ ਧਿਆਨੁ ॥੧॥
ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥
ਸਦਾ ਨਿਬਹੈ ਚਲੈ ਤੇਰੈ ਨਾਲਿ ॥ ਰਹਾਉ ॥
ਗੁਰਮੁਖਿ ਜਾਤਿ ਪਤਿ ਸਚੁ ਸੋਇ ॥
ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥੨॥
ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥
ਗੁਰਮੁਖਿ ਆਪਿ ਵਡਾਈ ਦੇਵੈ ਸੋਇ ॥੩॥
ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥
ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪॥}

(ਅੰਗ - ੫੫੯-੫੬੦)

ਪੂਰੀ ਬਾਣੀ ਪ੍ਰਮਾਤਮਾ ਦਾ "**ਗੁਰਮੁਖਿ ਰੂਪ**" ਹੈ ਤੇ ਉੱਪਰ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ "ਗੁਰਮੁਖਿ" ਬਣਨਾ ਕੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਕੀ ਹੈ। ਇਹ ਕੁੱਝ ਉੱਪਰ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਕੇਵਲ ਗੁਰਬਾਣੀ ਦੇ ਸ਼ਬਦਾਂ ਦੇ ਨਾਲ ਜੁੜਨ ਨਾਲ ਭਾਵ ਸ਼ਬਦਾਂ ਦੀ ਕਥਨੀ ਦੇ ਨਾਲ ਜੁੜਨ ਨਾਲ, ਕੇਵਲ ਗਿਆਨ ਲੈਣ ਜਾਂ ਸਮਝਾਉਣ ਨਾਲ ਕੋਈ "**ਗੁਰਮੁਖਿ**" ਨਹੀਂ ਬਣ ਜਾਂਦਾ ਭਾਵ ਗੁਰਬਾਣੀ ਸਾਨੂੰ

ਮਨਮੁਖਿ ਤੋਂ ਗੁਰਮੁਖਿ ਬਣਨਾ ਸਿਖਾ ਰਹੀ ਹੈ ਭਾਵ ਮਨਮਤਿ ਵਾਲੀ ਸਮਝ ਵਿੱਚੋਂ ਨਿਕਲ ਕੇ ਗੁਰਮੁਖਿ ਵਾਲੀ ਸਮਝ ਵਾਲਾ ਬਣਨਾ ਸਿਖਾ ਰਹੀ ਹੈ, ਹਉਮੈ ਵਾਲੀ ਸਮਝ ਵਿੱਚੋਂ ਨਿਕਲਕੇ ਨਾਮੁ ਵਾਲੀ ਸਮਝ ਵਾਲਾ ਬਣਨਾ ਸਿਖਾ ਰਹੀ ਹੈ ਭਾਵ ਅਗਿਆਨਤਾ ਵਿੱਚੋਂ ਨਿਕਲਕੇ ਸੱਚੇ ਗਿਆਨ ਵਾਲੀ ਸਮਝ ਵਾਲਾ ਬਣਨਾ ਸਿਖਾ ਰਹੀ ਹੈ, ਬ੍ਰਹਮ ਗਿਆਨ ਵਾਲੀ ਸਮਝ ਵਾਲਾ ਬਣਨਾ ਸਿਖਾ ਰਹੀ ਹੈ। ਪੂਰੀ ਗੁਰਬਾਣੀ ਵਿੱਚ ਨਾਮੁ ਹੈ, ਬ੍ਰਹਮ ਗਿਆਨ ਹੈ ਜਿਸ ਕਰਕੇ ਗੁਰਬਾਣੀ ਪ੍ਰਮਾਤਮਾ ਦਾ "ਗੁਰਮੁਖਿ" ਰੂਪ ਹੈ। ਸਭ ਜਗ੍ਹਾ ਪ੍ਰਮਾਤਮਾ ਆਪਣੇ ਨਾਮ ਦੁਆਰਾ, ਬ੍ਰਹਮ ਗਿਆਨ ਦੁਆਰਾ ਭਾਵ ਆਪਣੇ "ਗੁਰਮੁਖਿ" ਰੂਪ ਦੁਆਰਾ ਹੀ ਪਸਰਿਆ ਹੋਇਆ ਹੈ।

{ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥
ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥
ਗੁਰ ਤੇ ਸਾਂਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ ਰਹਾਉ ॥
ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥
ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥
ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥}

(ਅੰਗ - ੧੧੭)

"ਗੁਰਮੁਖਿ" ਰੂਪ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਭਾਵ ਉਸਦਾ "ਬ੍ਰਹਮ ਗਿਆਨੁ" ਰੂਪ ਹੈ ਤੇ ਜਿਸਦੇ ਧਿਆਨ ਦੇ ਅੰਦਰ ਪ੍ਰਮਾਤਮਾ ਦਾ ਸੱਚਾ ਗਿਆਨ ਵੱਸ ਜਾਂਦਾ ਹੈ ਉਹ ਫਿਰ ਮਨ ਦੇ ਨਿਰੰਕਾਰ ਰੂਪ ਰਾਹੀਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਉਸਦੀ ਸਮਝ ਵਾਲਾ ਬਣ ਜਾਂਦਾ ਹੈ ਜਿਸ ਤਰੀਕੇ ਕੋਈ "ਗੁਰਮੁਖਿ" ਰੂਪ ਬਣਦਾ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਪਹਿਲੇ ਪਦੇ ਨੂੰ ਜਿਸਨੂੰ ਉੱਪਰ ਸਮਝਿਆ ਹੈ ਹੁਣ ਵਿਸ਼ਵਾਸ ਨਾਲ ਸਮਝ ਸਕਦੇ ਹਾਂ ਕਿ "ਗੁਰਮੁਖਿ" ਬਣਨਾ ਕੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਉਸਦੀ ਦਿੱਤੀ ਹੋਈ ਸਮਝ ਦੇ ਨਾਲ ਇੱਕ ਹੋ ਕੇ ਹੀ ਬਣਿਆ ਜਾ ਸਕਦਾ ਹੈ। (**ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥**) ਮਨ ਦੀ "ਗਿਆਨੁ ਧਿਆਨੁ" ਵਾਲੀ ਅਵੱਸਥਾ ਵਿੱਚ ਹੀ ਕੋਈ "ਗੁਰਮੁਖਿ" ਰੂਪ ਬਣਦਾ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਿਲ ਨੂੰ ਪਛਾਣ ਸਕਦਾ ਹੈ। "ਗਿਆਨੁ ਧਿਆਨੁ" ਦੀ ਗੱਲ ਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਆਉਂਦੀ ਹੈ। ਜਿੱਥੇ ਵੀ "ਗਿਆਨੁ ਧਿਆਨੁ" ਦੀ ਗੱਲ ਕੀਤੀ ਹੁੰਦੀ ਹੈ ਉੱਥੇ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਹੀ ਕੀਤੀ ਹੁੰਦੀ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੀ ਗੱਲ ਹੀ ਕੀਤੀ ਹੁੰਦੀ ਹੈ। ਜਿਸਦੇ ਅੰਦਰ "ਗਿਆਨੁ ਧਿਆਨੁ" ਦੀ ਅਵੱਸਥਾ ਹੁੰਦੀ ਹੈ ਉਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੁੰਦੀ ਹੈ। ਇਸ ਅਵੱਸਥਾ ਦੇ ਵਿੱਚ ਹੀ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ। "ਗਿਆਨੁ ਧਿਆਨੁ" ਵਾਲਾ ਰੂਪ ਮਨ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰਾਹੀਂ ਉਹ ਮਨ ਦੇ ਵਿੱਚ ਆਪਣਾ ਪੂਰਨ ਸੱਚ ਸਮਝਾਉਂਦਾ ਹੈ, ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ, ਆਪਣਾ ਨਾਮੁ ਸਮਝਾਉਂਦਾ ਹੈ।

ਪੂਰੀ ਗੁਰਬਾਣੀ ਦੀ ਰਚਨਾ ਮਨ ਦੇ ਵਿੱਚ "ਗਿਆਨੁ ਧਿਆਨੁ" ਵਾਲੀ ਅਵੱਸਥਾ ਵਿੱਚੋਂ ਹੀ ਆਈ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸਾਡੇ ਅੰਦਰ ਦੀ "ਗਿਆਨੁ ਧਿਆਨੁ" ਵਾਲੀ ਅਵੱਸਥਾ ਹੀ ਪ੍ਰਮਾਤਮਾ ਦਾ "ਗੁਰਮੁਖਿ ਰੂਪ" ਹੈ ਜਿਸ ਕਰਕੇ ਗੁਰਬਾਣੀ ਪ੍ਰਮਾਤਮਾ ਦਾ "ਗੁਰਮੁਖਿ ਰੂਪ" ਹੈ ਜੋ ਸਾਰੇ ਸੰਸਾਰ ਨੂੰ ਤੱਤ ਦੀ ਗੱਲ ਸਮਝਾਉਂਦੀ ਹੈ, ਤੱਤ ਗਿਆਨ ਦੀ ਗੱਲ ਕਰਦੀ ਹੈ ਭਾਵ ਸੰਸਾਰ ਨੂੰ ਪੂਰਨ ਸੱਚਾਈ ਸਮਝਾਉਂਦੀ ਹੈ ਜਿਸ ਵਿੱਚ ਕੋਈ ਭਰਮ ਵਾਲੀ ਗੱਲ ਨਹੀਂ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ - ੧੨੪੩)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥
ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥
ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥੪॥}

(ਅੰਗ - ੧੨੩੯)

{ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥
ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥
ਸਗਲ ਸਰੋਵਰ ਜੋਤਿ ਸਮਾਣੀ ॥
ਆਨਦ ਰੂਪ ਵਿਟਹੁ ਕੁਰਬਾਣੀ ॥੩॥}

(ਅੰਗ - ੧੩੪੨)

{ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥
ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥}

(ਅੰਗ - ੨੦੭)

ਉਪਰਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ "ਗਿਆਨੁ ਧਿਆਨੁ" ਵਾਲੀ ਅਵੱਸਥਾ ਕੀ ਹੈ। ਇਸ ਅਵੱਸਥਾ ਵਿੱਚ ਪ੍ਰਮਾਤਮਾ ਆਪ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਗੁਰਬਾਣੀ ਦੀ ਰਚਨਾ ਹੋਈ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਵਡਿਆਈ ਕੀਤੀ ਹੈ, ਗੁਰਬਾਣੀ ਦੀ ਰਚਨਾ ਕਰਨ ਦੁਆਰਾ ਕੀਤੀ ਹੈ ਉਹ ਮਨ ਦੀ ਇਸ ਅਵੱਸਥਾ ਦੁਆਰਾ ਹੀ ਕੀਤੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ "ਸੰਤ" ਰੂਪ ਬਣਾਇਆ ਹੈ ਉਹ ਮਨ ਦੀ ਇਸ ਅਵੱਸਥਾ ਦੁਆਰਾ ਹੀ ਬਣਾਇਆ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਗੱਲਾਂ ਬਾਤਾਂ ਹੁੰਦੀਆਂ ਹਨ ਜਿਵੇਂ ਕਿ ਉੱਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ। ਇਹ ਪੂਰਨ ਸੱਚਾਈ ਹੈ। ਜਿੰਨ੍ਹਾਂ ਦੇ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਲਿਖਵਾਈ ਹੈ ਉਨ੍ਹਾਂ ਦੇ ਨਾਲ ਮਨ ਦੇ ਵਿੱਚ ਗੱਲਾਂ ਕਰਨ ਦੁਆਰਾ ਹੀ ਪਹਿਲੇ ਸਮਝਾਈ ਹੈ ਤੇ ਫਿਰ ਲਿਖਵਾਈ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਗੱਲਾਂ ਕਰਨਾ ਸੰਸਾਰ ਦਾ ਇੱਕੋ ਇੱਕ ਸਭ ਤੋਂ ਵੱਡਾ ਅਸਚਰਜ ਹੈ ਜਿਸਨੂੰ ਕਿ ਬਿਆਨ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਇਸ ਗੱਲ ਨੂੰ ਸਮਝਣਾ ਪ੍ਰਮਾਤਮਾ ਨੇ ਸਾਇੰਸ ਦੀ ਸਮਝ ਵਿੱਚ ਰੱਖਿਆ ਹੈ ਭਾਵ ਪ੍ਰਮਾਤਮਾ ਨੇ ਸਾਇੰਟਿਫਿਕ ਗਿਆਨ ਦੀ ਉਹ ਪਹੁੰਚ ਹੀ ਨਹੀਂ ਰੱਖੀ ਕਿ ਕੋਈ ਇਸ ਗੱਲ ਨੂੰ ਸਮਝ ਸਕੇ ਕਿ ਸਾਡੇ ਮਨ ਦੀ ਸਮਝ ਵਿੱਚ ਕੌਣ ਹੈ, ਸਮਝ ਪਾਉਣ ਵਾਲਾ ਕੌਣ ਹੈ ਭਾਵ ਉਸਨੇ ਸੰਸਾਰ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਕਿਵੇਂ ਰੱਖਿਆ ਹੋਇਆ ਹੈ ਤੇ ਉਸਨੂੰ ਚੌਥੇ ਪਦ ਦੀ ਸਮਝ ਵਿੱਚ ਉਹ ਕਿਵੇਂ ਬਦਲ ਦਿੰਦਾ ਹੈ ਭਾਵ ਉਹ ਕਿਸੇ ਦੇ ਅੰਦਰ ਆਪਣੇ ਆਪ ਨੂੰ ਕਿਵੇਂ ਪ੍ਰਗਟ ਕਰਦਾ ਹੈ, ਕਿਸ ਤਰੀਕੇ ਆਪਣਾ ਆਪ ਸਮਝਾਉਂਦਾ ਹੈ, ਕਿਸ ਤਰੀਕੇ ਉਹ ਮਨ ਦੇ ਵਿੱਚ ਹੀ ਆਪਣੇ ਮਨੁੱਖੀ ਰੂਪ ਦੇ ਨਾਲ ਗੱਲਾਂ ਕਰਦਾ ਹੈ। ਉਹ ਬਹੁਤ ਹੀ ਜਿਆਦਾ ਵੱਡਾ ਹੈ, ਬਹੁਤ ਹੀ ਉੱਚੇ ਗਿਆਨ ਵਾਲਾ ਹੈ, ਉਹ ਸਭ ਕੁੱਝ ਕਰ ਸਕਦਾ ਹੈ। ਜੋ ਇਤਨੀ ਵੱਡੀ ਸ੍ਰਿਸ਼ਟੀ ਨੂੰ ਬਣਾਕੇ , ਬੇਅੰਤ ਖੰਡਾਂ ਬ੍ਰਹਿਮੰਡਾਂ ਨੂੰ ਬਣਾਕੇ ਇਤਨੇ ਸੰਚਾਰੂ ਢੰਗ ਨਾਲ ਚਲਾ ਰਿਹਾ ਹੈ ਉਸ ਲਈ ਮਨੁੱਖੀ ਸਮਝ ਨੂੰ ਆਪਣੇ ਵੱਸ ਵਿੱਚ ਰੱਖਣਾ ਕੀ ਵੱਡੀ ਗੱਲ ਹੈ ਭਾਵ ਉਸ ਲਈ ਇਹ ਬਹੁਤ ਹੀ ਮਾਮੂਲੀ ਗੱਲ ਹੈ। ਇਸ ਗੱਲ ਤੇ ਕੋਈ ਵਿਸ਼ਵਾਸ ਤਾਂ ਹੀ ਕਰ ਸਕਦਾ ਹੈ ਜਦੋਂ ਕੋਈ ਉਸਦੇ ਨਾਲ ਮਨ ਦੇ ਵਿੱਚ ਗੱਲਾਂ ਕਰ ਲੈਂਦਾ ਹੈ ਜੋ ਗੱਲਾਂ ਉਹ ਹਰ ਵੇਲੇ ਕਰਦਾ ਹੀ ਰਹਿੰਦਾ ਹੈ, ਆਪਣੀ ਰਜ਼ਾ ਮੁਤਾਬਿਕ ਕਰਦਾ ਹੀ ਰਹਿੰਦਾ ਹੈ। ਉਸਦੀ ਗੱਲ ਵਿੱਚ ਪੂਰਨ ਸੱਚ ਹੁੰਦਾ ਹੈ ਤੇ ਇਸੇ ਲਈ ਜਿਤਨੇ ਸਰੀਰਾਂ ਰਾਹੀਂ ਵੀ ਪ੍ਰਮਾਤਮਾ ਨੇ ਗੁਰਬਾਣੀ ਲਿਖਵਾਈ ਹੈ ਉਨ੍ਹਾਂ ਦੇ ਹਰ ਸ਼ਬਦ ਵਿੱਚ ਇੱਕੋ ਜਿਹੀ ਸੱਚੀ ਵਿਚਾਰ ਹੀ ਸਮਝਾਈ ਹੈ, ਇਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ, ਇੱਕੋ ਜਿਹਾ ਨਾਮੁ ਜਪਣਾ

ਹੀ ਸਮਝਾਇਆ ਹੈ। ਦਾਸ ਦੀ ਕੀ ਔਕਾਤ ਕਿ ਉਹ ਆਪਣੇ ਆਪ ਗੁਰਬਾਣੀ ਦੇ ਇੱਕ ਸ਼ਬਦ ਦੇ ਅਰਥ ਵੀ ਸਮਝ ਸਕੇ। ਧੰਨ ਅਕਾਲ-ਪੁਰਖ,ਧੰਨ ਅਕਾਲ-ਪੁਰਖ,ਧੰਨ ਅਕਾਲ-ਪੁਰਖ ਜੋ ਇਸ ਨਿਮਾਣੇ ਜਿਹੇ ਮਨੁੱਖੀ ਸਰੀਰ ਰਾਹੀਂ ਸੰਸਾਰ ਨੂੰ ਆਪਣੀ ਬਾਣੀ ਦਾ ਸੱਚ ਸਮਝਾ ਰਿਹਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਕਿਸੇ ਨੂੰ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਕਿ ਗੁਰਬਾਣੀ ਦਾ ਦਾਤਾ ਕੌਣ ਹੈ। ਜੋ ਗੁਰਬਾਣੀ ਦਾ ਦਾਤਾ ਹੈ ਉਹੀ ਆਪ ਸੰਤ ਹੈ, ਆਪਣੇ ਬ੍ਰਹਮ ਗਿਆਨ ਰਾਹੀਂ ਸੰਤ ਹੈ ਭਾਵ ਗੁਰੂ ਹੈ, ਸਾਧ ਹੈ, ਬ੍ਰਹਮਗਿਆਨੀ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ, ਮਨ ਦੇ ਵਿੱਚ ਉਸਦੇ ਨਾਲ ਗੱਲਾਂ ਕਰਨ ਤੋਂ ਬਾਅਦ ਕੋਈ ਆਪਣੇ ਆਪ ਨੂੰ ਸੰਤ, ਬ੍ਰਹਮ ਗਿਆਨੀ ਆਦਿ ਸਮਝ ਲਵੇ, ਧਰਮ ਦਾ ਵਿਦਵਾਨ ਸਮਝ ਲਵੇ ਇਹ ਕੇਵਲ ਮਨ ਦਾ ਭਰਮ ਹੈ, ਮਾਇਆ ਮੋਹ ਹੈ, ਹਉਮੈ ਹੈ, ਵੱਡੀ ਅਗਿਆਨਤਾ ਹੈ ਤੇ ਇਹੀ ਗੱਲ ਆਪਣੇ ਆਪ ਨੂੰ "ਗੁਰਮੁਖਿ" ਸਮਝਣ ਦੀ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਪਦੇ ਦੁਆਰਾ ਸਮਝਿਆ ਹੈ। ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਖੇਡ ਹੈ ਜੋ ਖੇਡ ਉਹ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਕੇ ਹੀ ਚਲਾ ਰਿਹਾ ਹੈ। ਹਰ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਕਿਸ ਮਨੁੱਖੀ ਰੂਪ ਰਾਹੀਂ ਉਹ ਕੀ ਕੁੱਝ ਕਰਨਾ ਚਾਹੁੰਦਾ ਹੈ ਇਹ ਉਸ ਦੀ ਆਪਣੀ ਰਜ਼ਾ ਹੈ। ਸੰਸਾਰ ਵਿੱਚ ਭਰਮ ਫੈਲਾਉਣ ਵਾਲਾ ਵੀ ਉਹ ਆਪ ਹੀ ਹੈ ਜੋ ਭਰਮ ਫੈਲਾਉਣ ਲਈ ਉਸਨੇ ਆਪ ਹੀ ਅਨੇਕਾਂ ਰੂਪ ਧਾਰਨ ਕੀਤੇ ਹੋਏ ਹਨ। ਭਰਮਾਂ ਵਿੱਚੋਂ ਕੱਢਣ ਦਾ ਉਪਰਾਲਾ ਵੀ ਉਸਨੇ ਆਪ ਹੀ ਕੀਤਾ ਹੋਇਆ ਹੈ, ਗੁਰਬਾਣੀ ਦੀ ਰਚਨਾ ਕਰਨ ਦੁਆਰਾ ਕੀਤਾ ਹੋਇਆ ਹੈ। ਮਨੁੱਖ ਆਪਣੇ ਆਪ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲਾ ਅਖਵਾਉਣ ਦੇ ਨਾਲ ਸੰਸਾਰ ਤੋਂ ਮਾਨ ਲੈਂਦਾ ਹੈ ਤੇ ਮਾਇਆ ਵੀ ਲੈਂਦਾ ਹੈ ਜਿਸ ਵਿੱਚ ਉਹ ਸੁੱਖ ਮਹਿਸੂਸ ਕਰਦਾ ਹੈ ਜੋ ਸੁੱਖ ਉਸਨੂੰ ਅਸਲ ਸੁੱਖ ਦੇ ਮਾਰਗ ਤੋਂ ਦੂਰ ਲੈ ਜਾਂਦਾ ਹੈ। ਅਸਲ ਸੁੱਖ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਜਿਹੋ ਜਿਹੇ ਸੁੱਖ ਦੀ ਕਲਪਨਾ ਕੋਈ ਖਵਾਬ ਵਿੱਚ ਵੀ ਨਹੀਂ ਕਰ ਸਕਦਾ ਕਿ ਇਹ ਕਿਤਨਾ ਕੁ ਵੱਡਾ ਸੁੱਖ ਹੁੰਦਾ ਹੈ ਪਰ ਇਸ ਸੁੱਖ ਦੀ ਪ੍ਰਾਪਤੀ ਲਈ ਪ੍ਰਮਾਤਮਾ ਨੇ ਕੀਮਤ ਵੀ ਬਹੁਤ ਹੀ ਉੱਚੀ ਰੱਖੀ ਹੋਈ ਹੈ ਜੋ ਕਿ ਮਾਇਆ ਮੋਹ ਛੱਡਣ ਦੀ ਹੈ, ਆਪਣੀ ਮਤਿ ਛੱਡਣ ਦੀ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਭਾਵ ਉਹ ਕੁੱਝ ਕਰਨ ਦੀ ਹੈ ਜੋ ਕੁੱਝ ਕਰਨ ਲਈ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ। ਗੁਰੂ ਦੀ ਮਤਿ ਸਾਨੂੰ ਹਰ ਸ਼ਬਦ ਰਾਹੀਂ ਕਿਹੋ ਜਿਹੀ ਭਗਤੀ ਦਾ ਮਾਰਗ ਸਮਝਾ ਰਹੀ ਹੈ, ਕਿਹੋ ਜਿਹਾ ਨਾਮੁ ਜਪਣਾ ਸਮਝਾ ਰਹੀ ਹੈ ਇਸ ਗੱਲ ਨੂੰ ਸਮਝਣਾ ਇਤਨਾ ਔਖਾ ਵੀ ਨਹੀਂ ਹੈ ਜਿਤਨਾ ਔਖਾ ਅਸੀਂ ਇਸਨੂੰ ਬਣਾਇਆ ਹੋਇਆ ਹੈ। ਇਸਦਾ ਕਾਰਨ ਕੇਵਲ ਗੁਰੂ ਦੀ ਗੱਲ ਤੇ ਸਾਡੇ ਵਿਸ਼ਵਾਸ ਦਾ ਨਾ ਟਿਕਣਾ ਹੈ ਕਿਉਂਕਿ ਸਾਨੂੰ ਉਨ੍ਹਾਂ ਦੀ ਗੱਲ ਤੇ ਵਿਸ਼ਵਾਸ ਹੈ ਜਿੰਨ੍ਹਾਂ ਨੂੰ ਭਗਤੀ ਦੇ ਮਾਰਗ ਤੇ ਅਸੀਂ ਉੱਚਾ ਮੰਨ ਬੈਠੇ ਹਾਂ ਭਾਵ ਧਰਮ ਦੇ ਵਿਦਵਾਨ ਮੰਨ ਬੈਠੇ ਹਾਂ। ਇਹ ਸਭ ਕੁੱਝ ਸਾਡੇ ਕੋਲੋਂ ਮਨ ਦਾ ਭਰਮ ਹੀ ਕਰਵਾਉਂਦਾ ਹੈ, ਮਨ ਦੀ ਅਗਿਆਨਤਾ ਹੀ ਕਰਵਾਉਂਦੀ ਹੈ ਤੇ ਇਨ੍ਹਾਂ ਗੱਲਾਂ ਨੂੰ ਅੱਗੇ ਚੱਲਕੇ ਗੁਰੂ ਦੇ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ ਕਿ ਅਸੀਂ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਕਿਸ ਲਈ ਭਰਮਾਂ ਵਿੱਚ ਪੈਂਦੇ ਹਾਂ। ਅਸੀਂ ਪਿੱਛੇ ਵੀ ਇਸ ਗੱਲ ਨੂੰ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ ਜਿੰਨ੍ਹਾਂ ਰਾਹੀਂ ਇਹੋ ਕੁੱਝ ਕਾਫ਼ੀ ਗਹਿਰਾਈ ਦੁਆਰਾ ਸਮਝਾਇਆ ਹੋਇਆ ਹੈ। ਭਗਤੀ ਦੇ ਗਿਆਨ ਵਾਲਾ ਆਪਣੇ ਆਪ ਨੂੰ ਕੋਈ ਵੀ ਅਖਵਾ ਸਕਦਾ ਹੈ ਪਰ "ਗਿਆਨੁ ਧਿਆਨੁ" ਵਾਲਾ ਬਣਨਾ ਕੀ ਹੈ ਇਸ ਗੱਲ ਨੂੰ ਕੇਵਲ ਤੇ ਕੇਵਲ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਿਸ ਦੁਆਰਾ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਜੋ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਭਾਵ ਆਪਣਾ ਗੁਰੂ ਰੂਪ, ਸੰਤ ਰੂਪ ਬਣਾਉਣ ਦੁਆਰਾ ਸਮਝਾਇਆ ਹੈ ਜਿਸ "ਗੁਰੂ" ਰੂਪ ਵਿੱਚ, "ਸਾਧ" ਰੂਪ ਵਿੱਚ,"ਸੰਤ" ਰੂਪ ਵਿੱਚ "ਬ੍ਰਹਮ ਗਿਆਨੀ" ਰੂਪ ਵਿੱਚ ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾ ਰਿਹਾ ਹੈ, ਗੁਰੂ ਪ੍ਰਮਾਤਮਾ ਦੇ ਨਾਲ ਪ੍ਰੇਮ ਪਾਉਣਾ ਸਿਖਾ ਰਿਹਾ ਹੈ, "ਗੁਰਮੁਖਿ" ਬਣਨਾ ਸਿਖਾ ਰਿਹਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ "ਰਹਾਉ" ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਐਸੇ ਪ੍ਰੇਮ ਭਗਤਿ ਵੀਚਾਰੀ ॥ ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥"

ਇਸ ਤੋਂ ਪਹਿਲੇ ਪਦੇ ਰਾਹੀਂ ਅਸੀਂ ਗਿਆਨ ਧਿਆਨ ਵਾਲੀ ਅਵੱਸਥਾ ਸਮਝੀ ਹੈ, ਗੁਰਮੁਖਿ ਬਣਨ ਵਾਲੀ ਅਵੱਸਥਾ ਸਮਝੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ ਸਮਝੀ ਹੈ। ਭਗਤੀ ਦਾ ਮਾਰਗ ਸਾਡੇ ਅੰਦਰ ਸਾਡੀ ਸਮਝ ਦੇ ਵਿੱਚ ਵਿਚਾਰਨ

ਦਾ ਮਾਰਗ ਹੈ ਤੇ ਗੁਰੂ ਦੇ ਗਿਆਨ ਦਾ ਮਕਸਦ ਇਹੀ ਹੈ ਕਿ ਅਸੀਂ ਗੁਰੂ ਦੇ ਗਿਆਨ ਨੂੰ ਆਪਣੇ ਧਿਆਨ ਦੇ ਵਿੱਚ ਵਿਚਾਰੀਏ। ਗੁਰੂ ਦਾ ਗਿਆਨ ਸਾਨੂੰ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਸਾਡੇ ਅੰਦਰ ਦਾ ਧਿਆਨੁ ਗੁਰੂ ਦੇ ਗਿਆਨੁ ਵਾਲਾ ਤਾਂ ਹੀ ਬਣੇਗਾ ਜਦੋਂ ਅਸੀਂ ਗੁਰੂ ਦੇ ਗਿਆਨ ਨੂੰ ਆਪਣੇ ਧਿਆਨ ਦੇ ਵਿੱਚ ਵਿਚਾਰਾਂਗੇ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਆਪਣੀ ਸੁਰਤਿ ਦੇ ਵਿਚਾਰਾਂ ਵਿੱਚ ਵਿਚਾਰਾਂਗੇ। ਜਦੋਂ ਮਨੁੱਖ ਮਨ ਦੇ ਇਹੋ ਜਿਹੇ ਸੱਚੇ ਵਿਚਾਰਾਂ ਨਾਲ ਜੁੜਦਾ ਹੈ ਇਹੀ ਗੁਰੂ ਦੇ ਨਾਲ ਪ੍ਰੇਮ ਪਾਉਣ ਵਾਲੀ ਗੱਲ ਹੈ ਭਾਵ ਗੁਰੂ ਦੇ ਵਿਚਾਰਾਂ ਦੇ ਨਾਲ ਪ੍ਰੇਮ, ਗੁਰੂ ਦੇ ਬਚਨਾਂ ਦੇ ਨਾਲ ਪ੍ਰੇਮ, ਗੁਰੂ ਦੀ ਮਤਿ ਦੇ ਨਾਲ ਪ੍ਰੇਮ ਹੀ ਗੁਰੂ ਦੇ ਨਾਲ ਪ੍ਰੇਮ ਹੈ। ਜੋ "ਗੁਰਮੁਖਿ" ਰੂਪ ਬਣਦਾ ਹੈ ਉਹ ਇਹੋ ਜਿਹੇ ਭਗਤੀ ਵਾਲੇ ਵਿਚਾਰਾਂ ਨਾਲ ਬਣਦਾ ਹੈ ਭਾਵ ਮਨ ਦੀ ਇਹੋ ਜਿਹੀ ਸਮਝ ਨਾਲ ਬਣਦਾ ਹੈ ਜੋ ਸਮਝ ਗੁਰੂ ਦੀ ਸਮਝ ਦੇ ਨਾਲ ਇੱਕ ਹੋ ਜਾਂਦੀ ਹੈ।

ਸ਼ਬਦਾਂ ਦੇ ਵਿਚਾਰਾਂ ਵਿੱਚ ਜੋ ਗਿਆਨ ਹੈ, ਜੋ ਸਮਝ ਹੈ ਉਹੀ "ਨਾਮੁ" ਹੈ ਤੇ ਉਸੇ ਨਾਮੁ ਦੇ ਰੂਪ ਵਿੱਚ ਹੀ ਉਹ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉਹੀ ਗੱਲ ਸਾਨੂੰ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। "ਮਨ ਰੂਪ ਮਹਿਲ" ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਆਪਣੇ ਮਹਿਲ ਵਿੱਚੋਂ ਹੀ ਉਹ ਆਪਣਾ ਨਾਮੁ ਦਿੰਦਾ ਹੈ, ਭਗਤੀ ਦੀ ਸੱਚੀ ਸਮਝ ਵਾਲਾ ਸੱਚਾ ਗਿਆਨ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਦਾ "ਗੁਰਮੁਖਿ" ਰੂਪ ਬਣਦਾ ਹੈ ਭਾਵ ਉਸੇ ਦਾ ਹੀ ਰੂਪ ਬਣਦਾ ਹੈ ਤੇ ਮਨ ਦੇ ਵਿੱਚ ਸ਼ਬਦਾਂ ਦੇ ਸੱਚੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੀ ਭਗਤੀ ਦੇ ਨਾਲ ਮਨੁੱਖੀ ਸਮਝ ਦਾ ਪ੍ਰੇਮ ਜੁੜਿਆ ਰਹਿੰਦਾ ਹੈ। (**ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥ ਐਸੇ ਪ੍ਰੇਮ ਭਗਤਿ ਵੀਚਾਰੀ ॥ ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥**)

ਬਾਣੀ ਵਿੱਚ ਵਾਰ-ਵਾਰ ਪ੍ਰਮਾਤਮਾ ਦਾ ਦਿਨ ਰਾਤ, ਅੱਠੇ ਪਹਿਰ ਨਾਮ ਜਪਣ ਦੀ ਗੱਲ ਆਉਂਦੀ ਹੈ। ਸਾਡੇ ਅੰਦਰ ਅੱਠੇ ਪਹਿਰ ਭਗਤੀ ਦੇ ਸੱਚੇ ਮਾਰਗ ਦੀ ਸਮਝ ਦਾ ਵੱਸਿਆ ਰਹਿਣਾ ਹੀ, ਗੁਰੂ ਦੇ ਸੱਚੇ ਗਿਆਨ ਦਾ ਵੱਸਿਆ ਰਹਿਣਾ ਹੀ ਪ੍ਰਮਾਤਮਾ ਦਾ ਅੱਠੇ ਪਹਿਰ ਨਾਮ ਜਪਣਾ ਹੈ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥

ਤੀਨ ਭਵਨ ਨਿਹਕੇਵਲ ਗਿਆਨੁ ॥

ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥”

ਪ੍ਰਮਾਤਮਾ ਦਾ “ਨਾਮੁ” ਹਰ ਵੇਲੇ ਤਾਂ ਹੀ ਜਪਿਆ ਜਾ ਸਕਦਾ ਹੈ ਜਦੋਂ ਸਾਡਾ ਮਨ ਨਿਰਮਲ ਹੋ ਜਾਂਦਾ ਹੈ। ਸਾਡਾ ਮਨ ਮੈਲਾ ਕਿਸ ਕਰਕੇ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਮੈਲ ਸਾਡੀ ਨਾਸਮਝ ਮਤਿ ਹੈ, ਹਉਮੈ ਵਾਲੀ ਮਤਿ ਹੈ ਭਾਵ ਮਨ ਦੀ ਅਗਿਆਨਤਾ ਹੈ ਭਾਵ ਸਾਡੇ ਅੰਦਰ ਦੀ ਮਾਇਆ ਹੈ ਜੋ ਸਾਡੇ ਮਨ ਦੀ ਸਮਝ ਨੂੰ ਮੈਲਾ ਕਰਦੀ ਹੈ ਤੇ ਸੱਚ ਨੂੰ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ, ਭਗਤੀ ਦਾ ਸੱਚਾ ਮਾਰਗ ਸਮਝਣ ਲਈ ਅਗਿਆਨਤਾ ਵਿੱਚ ਰੱਖਦੀ ਹੈ ਜਿਸ ਕਰਕੇ ਮਨੁੱਖ ਨੂੰ ਨਾ ਨਾਮ ਬਾਰੇ ਸੱਚੀ ਸਮਝ ਪੈਂਦੀ ਹੈ ਤੇ ਨਾ ਹੀ ਨਾਮ ਜਪਿਆ ਜਾ ਸਕਦਾ ਹੈ। ਮਨੁੱਖ ਦੀ ਸਮਝ ਤਾਂ ਹੀ ਨਿਰਮਲ ਹੁੰਦੀ ਹੈ ਜਦੋਂ ਉਹ ਮਨ ਦੇ ਵਿੱਚ ਉਸ ਥਾਂ ਤੇ ਪਹੁੰਚ ਜਾਂਦਾ ਹੈ ਜੋ “ਸੁਥਾਨੁ” ਹੈ ਭਾਵ ਜਿਸ ਥਾਂ ਤੇ ਪ੍ਰਮਾਤਮਾ ਦਾ ਆਪਣਾ ਟਿਕਾਣਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦਾ ਟਿਕਾਣਾ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਸਥਾਨ ਤੋਂ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਉਸ ਕੋਲੋਂ ਸੱਚਾ ਗਿਆਨ ਹੀ ਮਿਲਦਾ ਹੈ ਜੋ ਸਾਡੇ ਅੰਦਰ ਅਗਿਆਨਤਾ ਦੀ ਮੈਲ ਨੂੰ ਕੱਢਕੇ ਸਾਡੇ ਮਨ ਦੀ ਸਮਝ ਨੂੰ ਸੱਚੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ ਭਾਵ ਸਾਡੇ ਮਨ ਨੂੰ ਨਿਰਮਲ ਬਣਾ ਦਿੰਦਾ ਹੈ। ਮਨੁੱਖ ਵੀ ਆਪਣੀ ਨਾਸਮਝੀ ਦੁਆਰਾ ਇਸ ਮਨ ਦੇ ਵਿੱਚ ਹੀ ਆਪਣਾ ਟਿਕਾਣਾ ਸਮਝਦਾ ਹੈ ਭਾਵ ਜਦ ਤੱਕ ਅਸੀਂ ਇਸ ਮਨ ਨੂੰ ਭਾਵ ਮਨ ਦੀ ਸਮਝ ਨੂੰ ਆਪਣੀ ਸਮਝ ਕਹਿੰਦੇ ਹਾਂ ਤਦ ਤੱਕ ਸਾਡਾ ਮਨ ਸਾਡੇ ਲਈ ਤੀਨ ਭਵਨ ਹੈ। ਬਾਣੀ ਵਿੱਚ ਵਾਰ-ਵਾਰ ਤ੍ਰਿਭਵਣ ਦੀ ਗੱਲ ਆਉਂਦੀ ਹੈ। ਤੀਨ ਭਵਨ ਜਾਂ ਤ੍ਰਿਭਵਣ ਇੱਕੋ ਹੀ ਗੱਲ ਹੈ ਤੇ ਇਸ ਗੱਲ ਨੂੰ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਪ੍ਰਮਾਤਮਾ ਦਾ ਘਰ ਵੀ ਸਾਡਾ ਮਨ ਹੈ ਤੇ ਮਨੁੱਖ ਦਾ ਘਰ ਵੀ ਉਸਦਾ ਮਨ ਹੈ। ਜਦ ਤੱਕ ਅਸੀਂ ਇਸ ਮਨ ਨੂੰ ਆਪਣਾ ਸਮਝਿਆ ਹੋਇਆ ਹੈ ਤਦ ਤੱਕ ਇਹ ਸਾਡਾ ਘਰ ਹੈ ਜਿਸ ਘਰ ਵਿੱਚੋਂ ਸਾਨੂੰ “ਤ੍ਰੈਗੁਣਾਂ” ਵਾਲੀ ਸਮਝ ਮਿਲਦੀ ਹੈ ਜਿਸ ਕਰਕੇ ਇਹ ਸਾਡਾ ਤੀਨ ਭਵਨ ਹੈ, “ਤ੍ਰਿਭਵਣ” ਹੈ। ਜਦੋਂ ਵੀ ਅਸੀਂ ਪ੍ਰਮਾਤਮਾ ਦੇ ਘਰ ਨੂੰ ਜਾਨਣਾ ਹੈ ਉਹ ਇਸ ਤ੍ਰੈਗੁਣਾਂ ਵਾਲੇ ਘਰ ਵਿੱਚੋਂ ਹੀ ਜਾਨਣਾ ਹੈ ਤੇ ਅਸੀਂ ਪ੍ਰਮਾਤਮਾ ਨੂੰ ਤਾਂ ਹੀ ਜਾਣ ਸਕਦੇ ਹਾਂ ਜਦੋਂ ਉਹ ਸਾਡੇ ਇਸ ਘਰ ਨੂੰ “ਨਿਹਕੇਵਲ” ਬਣਾ ਦਿੰਦਾ ਹੈ ਭਾਵ ਤ੍ਰਿਸ਼ਨਾਵਾਂ ਤੋਂ ਮੁਕਤ ਕਰਕੇ ਸੱਚੀ ਭਗਤੀ ਦੀ ਸਮਝ ਵਾਲਾ ਬਣਾ ਦਿੰਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਕੇ ਸੱਚੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ ਭਾਵ ਇਸ ਮਨ ਨੂੰ ਨਿਰਮਲ ਬਣਾ ਦਿੰਦਾ ਹੈ। ਸਾਡੇ ਮਨ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ, ਤ੍ਰੈਗੁਣਾਂ ਵਿੱਚ ਵੀ ਹੁਕਮ ਉਸੇ ਦਾ ਹੀ ਵਰਤ ਰਿਹਾ ਹੈ ਪਰ ਪ੍ਰਮਾਤਮਾ ਆਪਣੀ ਭਗਤੀ ਦੇ ਮਾਰਗ ਤੇ ਚਲਾਉਣ ਵਾਲਾ ਹੁਕਮ ਮਨ ਦੇ ਵਿੱਚ ਹੀ ਸਮਝਾਉਂਦਾ ਹੈ ਜੋ ਆਪ ਹੀ ਸੱਚਾ ਗੁਰੂ ਹੈ। ਪ੍ਰਮਾਤਮਾ ਦਾ ਆਪਣੇ ਅੰਦਰੋਂ ਹੁਕਮ ਪਛਾਨਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਪ੍ਰਮਾਤਮਾ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦਾ ਸੱਚਾ ਹੁਕਮ ਮੰਨਦਾ ਹੈ। ਇਹੀ ਮਨੁੱਖ ਦੀ “ਗਿਆਨ ਧਿਆਨ” ਵਾਲੀ ਅਵੱਸਥਾ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ “ਹੁਕਮੁ” ਹੀ ਹੈ ਜੋ ਉਸਦਾ ਹੁਕਮ ਨਾਮੁ ਦੇ ਰੂਪ ਵਿੱਚ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਜਾਣਿਆ ਹੈ ਭਾਵ ਪ੍ਰਮਾਤਮਾ ਦੇ “ਸੁਥਾਨੁ” ਤੋਂ ਜਾਣਿਆ ਹੈ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਆਪ ਉਸਦਾ ਹੁਕਮ ਮੰਨ ਕੇ ਦਿਖਾਇਆ ਹੈ ਤੇ ਸੰਸਾਰ ਨੂੰ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ ਹੁਕਮ ਸੁਣਾਇਆ ਹੈ ਜਿਸ ਹੁਕਮ ਨੂੰ ਅਸੀਂ ਦਿਨ ਰਾਤ ਮੰਨਣਾ ਹੈ ਭਾਵ ਹਰ ਵੇਲੇ ਅੱਠੇ ਪਹਿਰ ਉਸਦਾ ਨਾਮ ਜਪਣਾ ਹੈ, ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਜਪਣਾ ਹੈ ਤਾਂ ਕਿ ਅਸੀਂ ਆਪਣੇ ਪੂਰੇ ਜੀਵਨ ਵਿੱਚ ਜੋ ਵੀ ਕਰਮ ਕਰੀਏ ਉਹ ਗੁਰੂ ਦੇ ਹੁਕਮ ਅਨੁਸਾਰ ਭਾਵ ਗੁਰਮਤਿ ਅਨੁਸਾਰ ਕਰੀਏ। (**ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥ ਤੀਨ ਭਵਨ ਨਿਹਕੇਵਲ ਗਿਆਨੁ ॥ ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥**) ਜੋ ਮਨੁੱਖ ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਜਪਦਾ ਹੈ ਭਾਵ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਨੂੰ ਵਸਾਉਣ ਦੁਆਰਾ “ਨਿਹਕੇਵਲ” ਰਹਿੰਦਾ ਹੈ ਉਹ

ਪ੍ਰਮਾਤਮਾ ਦਾ ਨਾਮ ਕਿਸ ਤਰੀਕੇ ਜਪਦਾ ਹੈ, ਪ੍ਰਮਾਤਮਾ ਦੀ ਭਗਤੀ ਕਿਸ ਤਰੀਕੇ ਕਰਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਪ੍ਰਮਾਤਮਾ ਦਾ ਨਾਮੁ ਜਪਣ ਦਾ, ਉਸਦੀ ਭਗਤੀ ਕਰਨ ਦਾ ਅਸਲ ਮਨੋਰਥ ਸਮਝ ਸਕੀਏ ਭਾਵ ਭਗਤੀ ਦੇ ਮਕਸਦ ਨੂੰ ਸਮਝ ਸਕੀਏ ਜੋ ਭਗਤੀ ਦਾ ਮਾਰਗ ਭਾਵ ਨਾਮ

“ਸਾਚਾ ਹਰਖੁ ਨਾਹੀ ਤਿਸੁ ਸੋਗੁ ॥
ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥
ਪੰਚ ਸਮਾਈ ਸੁਖੀ ਸਭੁ ਲੋਗੁ ॥੩॥”

ਉੱਪਰ ਪਹਿਲੀ ਪੰਗਤੀ ਨੂੰ ਤੇ ਨਾਲ ਹੀ ਅਗਲੀ ਪੰਗਤੀ ਨੂੰ ਸਮਝੋ ਕਿ ਜੋ ਗੁਰੂ ਦੀ ਮਤਿ ਤੇ ਚੱਲਣ ਵਾਲੇ ਹੁੰਦੇ ਹਨ ਉਹ ਕਿਹੋ ਜਿਹੇ ਹੁੰਦੇ ਹਨ। ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਦਾ ਨਾਮ ਜਪਣਾ ਔਖਾ ਹੈ ਕਿਉਂਕਿ ਮਨੁੱਖ ਦੇ ਅੰਦਰ ਹਰ ਵੇਲੇ ਮਾਇਆ ਦੀ ਚਿੰਤਾ ਰਹਿੰਦੀ ਹੈ। ਇਸ ਮਾਇਆ ਦੀ ਚਿੰਤਾ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਮਾਇਆ ਮੋਹ ਛੱਡੇ ਬਿਨ੍ਹਾਂ ਗੁਰਮਤਿ ਤੇ ਨਹੀਂ ਚੱਲਿਆ ਜਾ ਸਕਦਾ। ਮਨੁੱਖ ਨੂੰ ਉਹੋ ਕੁੱਝ ਹੀ ਚੰਗਾ ਲੱਗਦਾ ਹੈ ਜਿਸ ਵਿੱਚ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਜਦ ਤੱਕ ਸਾਨੂੰ ਮਾਇਆ ਦਾ ‘‘ਸੋਗੁ’’ ਛੱਡਣ ਵਿੱਚ, ਮਾਇਆ ਦੀ ਚਿੰਤਾ ਛੱਡਣ ਵਿੱਚ ਖੁਸ਼ੀ ਮਹਿਸੂਸ ਨਹੀਂ ਹੁੰਦੀ ਤਦ ਤੱਕ ਅਸੀਂ ਨਾਮ ਜਪਣ ਵਾਲੇ ਨਹੀਂ ਬਣ ਸਕਦੇ ਭਾਵ ਪ੍ਰਮਾਤਮਾ ਦਾ ਨਾਮ ਉਹ ਜਪਦਾ ਹੈ ਜੋ ਮਾਇਆ ਮੋਹ ਛੱਡਣ ਵਿੱਚ ਸੱਚੀ ਖੁਸੀ ਮਹਿਸੂਸ ਕਰਦਾ ਹੈ ਭਾਵ ਉਸਨੂੰ ਦਿਲੋਂ ਇਹ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਗੁਰਮਤਿ ਤੇ ਚੱਲਣਾ ਹੀ ਸਭ ਤੋਂ ਚੰਗੀ ਗੱਲ ਹੈ ਭਾਵ ਉਸਨੂੰ ਭਗਤੀ ਦਾ ਔਖਾ ਮਾਰਗ ਕਬੂਲ ਕਰਨ ਵਿੱਚ ਸੱਚੀ ਖੁਸ਼ੀ ਮਹਿਸੂਸ ਹੁੰਦੀ ਹੈ। (**ਸਾਚਾ ਹਰਖੁ ਨਾਹੀ ਤਿਸੁ ਸੋਗੁ ॥**) ਭਗਤੀ ਦੇ ਮਾਰਗ ਤੇ ਚੱਲਣ ਲਈ ਮਨੁੱਖ ਨੂੰ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਹਰ ਔਗੁਣ ਤਿਆਗਣਾ ਪੈਂਦਾ ਹੈ, ਆਪਣਾ ਆਪ ਤਿਆਗਣਾ ਪੈਂਦਾ ਹੈ ਭਾਵ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਭਗਤੀ ਦਾ ਮਾਰਗ ਕਿਤਨਾ ਔਖਾ ਹੈ ਤੇ ਜੋ ਇਸ ਔਖੇਪਣ ਨੂੰ ਹੱਸ ਕੇ ਕਬੂਲ ਕਰਦਾ ਹੈ ਉਹੀ ਭਗਤੀ ਦੇ ਮਾਰਗ ਤੇ ਚੱਲ ਸਕਦਾ ਹੈ। ਜਦੋਂ ਤੋਂ ਸੰਸਾਰ ਬਣਿਆ ਹੈ ਤਦ ਤੋਂ ਭਗਤੀ ਦਾ ਮਾਰਗ ਸਭ ਲਈ ਇੱਕੋ ਹੀ ਹੈ ਜੋ ਮਾਰਗ ਆਪਣੇ ਔਖੇਪਣ ਕਰਕੇ ਹੀ ਨਿਰਾਲਾ ਹੈ।

{ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥}

(ਅੰਗ - ੯੧੮)

{ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥
ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ - ੨੨੯)

ਜੋ ਭਗਤੀ ਦੇ ਸੱਚੇ ਮਾਰਗ ਨੂੰ ਕਬੂਲ ਕਰਦੇ ਹਨ ਭਾਵ ਉਸ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ ਉਹ ਕਿਸ ਤਰੀਕੇ ਕਰਦੇ ਹਨ ਭਾਵ ਕਿਸ ਸਮਝ ਦੁਆਰਾ ਕਰਦੇ ਹਨ ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥”

ਇਸ ਸ਼ਬਦ ਵਿੱਚ ਪਹਿਲੇ ਅਸੀਂ ਉਪਰਲੇ ਪਦਿਆਂ ਨੂੰ ਸਮਝਿਆ ਹੈ ਤੇ ਇਸ ਸ਼ਬਦ ਵਿੱਚ ਉਨ੍ਹਾਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਭਾਵ "ਗੁਰਮੁਖਿ" ਵਾਲੀ ਅਵੱਸਥਾ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਿਲ ਨੂੰ ਪਛਾਣਿਆ ਹੈ ਭਾਵ ਜਿੰਨ੍ਹਾਂ ਦੇ ਮਨ ਦੀ ਅਵੱਸਥਾ "ਗਿਆਨ ਧਿਆਨ" ਵਾਲੀ ਬਣੀ ਹੈ ਉਸ ਮਨ ਦੀ ਅਵੱਸਥਾ ਰਾਹੀਂ ਉਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਸੱਚੀ ਭਗਤੀ ਦੇ ਮਾਰਗ ਨੂੰ ਜਾਣਿਆ ਹੈ। ਉੱਪਰ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਨਾਮੁ ਦੀ ਭਾਵ ਸੱਚੀ ਭਗਤੀ ਦੀ ਸਮਝ ਕਿਸ ਤਰੀਕੇ ਪਾਉਂਦਾ ਹੈ। ਸਭ ਤੋਂ ਪਹਿਲੇ ਇਸ ਗੱਲ ਨੂੰ ਸਮਝੋ ਕਿ ਉਪਰਲੀਆਂ ਪੰਗਤੀਆਂ ਰਾਹੀਂ "ਅੰਮ੍ਰਿਤੁ" ਕਿਸਨੂੰ ਕਿਹਾ ਹੈ। "ਅੰਮ੍ਰਿਤੁ" "ਗਿਆਨੁ" ਨੂੰ ਕਿਹਾ ਹੈ। "ਅੰਮ੍ਰਿਤ" ਸਾਡੇ ਮਨ ਦਾ ਭੋਜਨ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਭੋਜਨ ਹੈ ਜੋ ਸਾਡੇ ਮਨ ਦੀ ਸਮਝ ਰਾਹੀਂ ਖਾਣ ਦਾ ਭੋਜਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। "ਅੰਮ੍ਰਿਤੁ ਗਿਆਨੁ" ਭੋਜਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ "ਬ੍ਰਹਮਗਿਆਨੁ" ਰੂਪ ਹੈ, ਉਸਦਾ "ਨਾਮੁ" ਰੂਪ ਹੈ। ਇਹ ਸੱਚਾ ਗਿਆਨ ਸੰਸਾਰ ਦਾ ਸਭ ਤੋਂ ਉੱਚਾ "ਰਸੁ" ਹੈ, ਸਭ ਤੋਂ ਮਿੱਠਾ ਰਸ ਹੈ ਜੋ ਸਾਡੇ ਅੰਦਰ ਸਮਝ ਦੀ ਖੁਰਾਕ ਹੈ ਜਿਸ ਭੋਜਨ ਨੂੰ ਛਕਣ ਦੁਆਰਾ ਮਨੁੱਖ ਨੂੰ ਸੱਚਾ ਆਤਮਿਕ ਗਿਆਨ ਮਿਲਦਾ ਹੈ। ਜੋ "ਅੰਮ੍ਰਿਤੁ ਗਿਆਨੁ" ਦਾ ਮਾਲਕ ਹੈ ਉਹ ਮਨ ਦੇ ਵਿੱਚ ਇਹ "ਮਹਾ ਰਸੁ" ਆਪ ਹੀ ਪਿਆਉਂਦਾ ਹੈ, ਸਾਡੀ ਸਮਝ ਨੂੰ ਪਿਆਉਂਦਾ ਹੈ ਜੋ ਰਸ ਪਿਆਉਣ ਦੁਆਰਾ ਉਹ ਮਨ ਦੇ ਵਿੱਚ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਪਾਉਂਦਾ ਹੈ। (**ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥**) ਆਪਣਾ ਮਹਾ ਰਸੁ ਪਿਆਉਣ ਦੁਆਰਾ, ਆਪਣੇ ਸੱਚੇ ਗਿਆਨ ਦਾ ਰਸ ਪਿਆਉਣ ਦੁਆਰਾ, ਆਪਣੇ ਬ੍ਰਹਮਗਿਆਨ ਦਾ ਰਸ ਪਿਆਉਣ ਦੁਆਰਾ ਭਾਵ ਆਪਣਾ ਨਾਮ ਰਸ ਪਿਆਉਣ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਆਪਣੀ ਸੱਚੀ ਭਗਤੀ ਦੀ ਸਮਝ ਕਿਸ ਰੂਪ ਵਿੱਚ ਪਾਉਂਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਪੰਚ ਸਮਾਣੀ ਸੁਖੀ ਸਭੁ ਲੋਗੁ ॥੩॥"

ਉੱਪਰ ਦੀ ਪੰਗਤੀ ਰਾਹੀਂ ਸਾਨੂੰ ਭਗਤੀ ਦਾ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਅਸੀਂ ਇਸ ਤੋਂ ਪਿਛਲੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਿਆ ਸੀ ਕਿ ਭਗਤੀ ਦਾ ਮਾਰਗ ਉਹ ਹੈ ਜਿਸ ਵਿੱਚ ਸਭ ਦਾ ਭਲਾ ਹੋਵੇ ਭਾਵ ਸਰਬੱਤ ਦਾ ਭਲਾ ਹੋਵੇ ਭਾਵ ਜਿਸ ਭਗਤੀ ਰਾਹੀਂ ਸਾਰਾ ਸੰਸਾਰ ਸੁੱਖ ਮਹਿਸੂਸ ਕਰੇ। ਪਹਿਲੇ ਤਾਂ ਇਸ ਗੱਲ ਨੂੰ ਸਮਝੀਏ ਕਿ ਸੰਸਾਰ ਦੁਖੀ ਕਿੰਨ੍ਹਾਂ ਗੱਲਾਂ ਕਰਕੇ ਹੁੰਦਾ ਹੈ। ਸੰਸਾਰ ਵਿੱਚ ਇੱਕ ਦੁੱਖ ਤਾਂ ਉਹ ਹੈ ਜੋ ਕੁਦਰਤੀ ਤੌਰ ਤੇ ਆਉਂਦਾ ਹੈ ਤੇ ਮਨੁੱਖ ਦਾ ਉਸ ਤੇ ਕੋਈ ਵੱਸ ਨਹੀਂ ਹੁੰਦਾ ਪਰ ਸੰਸਾਰ ਵਿੱਚ ਬਹੁਤੇ ਦੁੱਖ ਮਨੁੱਖ ਹੀ ਮਨੁੱਖ ਨੂੰ ਦਿੰਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਸਾਡੇ ਅੰਦਰ ਦੇ ਪੰਜ ਵਿਕਾਰਾਂ ਨੂੰ ਪੰਜ ਦੋਖੀ ਦੱਸਿਆ ਹੈ ਭਾਵ ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੇ ਅੰਦਰ ਦੇ ਉਹ ਵਿਕਾਰ ਹਨ, ਉਹ ਔਗੁਣ ਹਨ ਜਿੰਨ੍ਹਾਂ ਰਾਹੀਂ ਅਸੀਂ ਮਨੁੱਖਾਂ ਨੂੰ ਦੁੱਖ ਦਿੰਦੇ ਹਾਂ ਭਾਵ ਮਾੜੇ ਕਰਮ ਕਰਨ ਦੁਆਰਾ ਦੂਸਰਿਆਂ ਨੂੰ ਦੁਖੀ ਕਰਦੇ ਹਾਂ। ਸਾਡੇ ਅੰਦਰ ਦੀ ਕਾਮ ਵਾਸ਼ਨਾ ਕਰਕੇ ਅਸੀਂ ਸੰਸਾਰ ਨੂੰ ਕਿਤਨਾ ਕੁ ਦੁਖੀ ਕਰਦੇ ਹਾਂ ਇਸਨੂੰ ਹਰ ਕੋਈ ਸਮਝ ਸਕਦਾ ਹੈ। ਸਾਡੀਆਂ ਬੀਬੀਆਂ, ਭੈਣਾਂ, ਬੱਚੀਆਂ ਇਸ ਦਾ ਕਿਤਨਾ ਕੁ ਸ਼ਿਕਾਰ ਹੁੰਦੀਆਂ ਹਨ ਤੇ ਇਸ ਨਾਲ ਮਨੁੱਖਤਾ ਕਿੰਨੀ ਕੁ ਸ਼ਰਮਸਾਰ ਹੁੰਦੀ ਹੈ ਤੇ ਇਸ ਮਾੜੇ ਕਰਮ ਦੁਆਰਾ ਅਸੀਂ ਸੰਸਾਰ ਨੂੰ ਕਿਤਨਾ ਕੁ ਦੁਖੀ ਕਰਦੇ ਹਾਂ ਇਸ ਗੱਲ ਦਾ ਅੰਦਾਜ਼ਾ ਸਭ ਨੂੰ ਹੈ। ਇਸੇ ਤਰ੍ਹਾਂ ਸਾਡੇ ਅੰਦਰ ਦੇ ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਇਨ੍ਹਾਂ ਰਾਹੀਂ ਅਸੀਂ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਦੇ ਹਾਂ ਭਾਵ ਆਪਣਾ ਚੰਗਾ ਕਰਨ ਲਈ ਭਾਵ ਆਪਣੇ ਸੁੱਖ ਲਈ ਦੂਸਰਿਆਂ ਨੂੰ ਦੁੱਖ ਦਿੰਦੇ ਹਾਂ। ਝੂਠ ਬੋਲਣ ਦੁਆਰਾ, ਲੋਭ ਲਾਲਚ ਕਰਨ ਦੁਆਰਾ ਅਸੀਂ ਦੂਸਰਿਆਂ ਦਾ ਕਿਤਨਾ ਕੁ ਮਾੜਾ ਕਰਦੇ ਹਾਂ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਪਰ ਹਰ ਕੋਈ ਇਸ ਗੱਲ ਨੂੰ ਨਹੀਂ ਸਮਝਦਾ ਕਿ ਇਹ ਭਗਤੀ ਦੇ ਮਾਰਗ ਤੋਂ ਉਲਟ ਹੈ ਕਿਉਂਕਿ ਭਗਤੀ ਦੇ ਮਾਰਗ ਨੂੰ ਅਸੀਂ ਕੁੱਝ ਹੋਰ ਹੀ ਸਮਝਿਆ ਹੋਇਆ ਹੈ। ਰੋਜ ਧਰਮ ਅਸਥਾਨਾਂ ਤੇ ਜਾ ਕੇ ਮੱਥੇ ਟੇਕੋ ਪਰ ਆਪਣੇ ਕੰਮਾਂ ਕਾਰਾਂ ਵਿੱਚ ਦੂਸਰਿਆਂ ਦਾ ਹੱਕ ਖਾਓ ਫਿਰ ਸੰਸਾਰ ਦਾ ਭਲਾ ਜਾਂ ਨੁਕਸਾਨ ਕਿਸ ਗੱਲ ਵਿੱਚ ਹੋਇਆ। ਉਹ ਮੱਥੇ ਟੇਕਣ ਵਾਲਾ ਮਨੁੱਖ ਭਲਾ ਕਿਵੇਂ ਹੋ ਸਕਦਾ ਹੈ ਜੇਕਰ ਉਹ ਆਪਣੇ ਅਹੁਦੇ ਦਾ ਨਾਇਜ ਫਾਇਦਾ ਉਠਾਉਂਦਾ ਹੈ ਭਾਵ ਰਿਸ਼ਵਤਾਂ ਲੈਂਦਾ ਹੈ। ਰਿਸ਼ਵਤਖੋਰਾਂ ਦਾ ਕੋਈ ਅੰਤ ਨਹੀਂ ਹੈ ਜਿਸ ਦੁਆਰਾ ਉਹ ਦੂਸਰਿਆਂ ਨੂੰ ਕਿਤਨਾ ਕੁ ਦੁੱਖ ਦਿੰਦੇ ਹਨ ਜੋ ਦੂਸਰਿਆਂ ਦਾ ਦੁੱਖ ਉਨ੍ਹਾਂ ਨੂੰ ਇਸ ਲਈ ਮਹਿਸੂਸ ਨਹੀਂ ਹੁੰਦਾ ਕਿਉਂਕਿ ਉਸ ਵਿੱਚ ਉਨ੍ਹਾਂ ਦਾ ਆਪਣਾ

ਸੁੱਖ ਛੁਪਿਆ ਹੁੰਦਾ ਹੈ, ਮਾਇਆ ਮੋਹ ਛੁਪਿਆ ਹੁੰਦਾ ਹੈ। ਇਸੇ ਲਈ ਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਹੈ ਕਿ ਮਾਇਆ ਮੋਹ ਛੱਡੇ ਬਿਨ੍ਹਾਂ, ਤ੍ਰਿਸ਼ਨਾਵਾਂ ਛੱਡੇ ਬਿਨ੍ਹਾਂ, ਔਗੁਣ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਜੋ ਭਗਤੀ ਦਾ ਮਾਰਗ ਹੈ ਹੀ ਸੱਚੀ ਸੁੱਚੀ ਵਿਚਰਨ ਦਾ ਭਾਵ ਕੋਈ ਮਾੜਾ ਕਰਮ ਨਾ ਕਰੇ। ਦੂਸਰਿਆਂ ਨੂੰ ਦੁੱਖ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਪੂਰੀਆਂ ਕਰਨ ਲਈ ਹੀ ਦਿੰਦੇ ਹਾਂ ਜਿਸ ਕਰਕੇ ਅਸੀਂ ਮਾੜੇ ਕੰਮ ਕਰਦੇ ਹਾਂ। ਭਗਤੀ ਦਾ ਮਾਰਗ ਤਾਂ ਸਭ ਨੂੰ ਸੁਖੀ ਰੱਖਣ ਦਾ ਮਾਰਗ ਹੈ ਭਾਵ ਅਸੀਂ ਕਿਸੇ ਨੂੰ ਦੁੱਖ ਨਾ ਦੇਈਏ। ਜੇਕਰ ਸੰਸਾਰ ਵਿੱਚ ਹਰ ਮਨੁੱਖ ਇਹੋ ਜਿਹੀ ਸਮਝ ਵਾਲਾ ਬਣ ਜਾਵੇ ਕਿ ਮੈਂ ਗੁਰੂ ਦੀ ਮਤਿ ਨੂੰ ਮੰਨਣਾ ਹੈ ਭਾਵ ਮੈਂ ਨਾਮੁ ਜਪਣਾ ਹੈ ਭਾਵ ਮੈਂ ਸਾਰੇ ਔਗੁਣ ਤਿਆਗਣੇ ਹਨ, ਮੈਂ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਨੂੰ ਛੱਡਣਾ ਹੈ ਫਿਰ ਤਾਂ ਹੀ ਹਰ ਕੋਈ ਸੁਖੀ ਰਹਿ ਸਕਦਾ ਹੈ। ਸਾਰੇ ਸੰਸਾਰ ਲਈ ਭਗਤੀ ਦਾ ਇਹੋ ਹੀ ਇੱਕੋ ਇੱਕ ਸੱਚਾ ਮਾਰਗ ਹੈ ਤੇ ਹਰ ਧਰਮ ਗ੍ਰੰਥ ਸਾਨੂੰ ਇਹੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ, ਇਹੋ ਜਿਹਾ ਨਾਮ ਜਪਣਾ ਹੀ ਸਿਖਾਉਂਦਾ ਹੈ ਤਾਂ ਜੋ ਅਸੀਂ ਉੱਚੇ ਆਚਰਨ ਵਾਲੇ ਬਣੀਏ ਤੇ ਕੋਈ ਮਾੜਾ ਕੰਮ ਨਾ ਕਰੀਏ ਭਾਵ ਸੱਚਾ ਸੁੱਚਾ ਜੀਵਨ ਬਤੀਤ ਕਰੀਏ। ਸਰਬੱਤ ਦਾ ਭਲਾ ਕਰਨ ਦਾ ਇਹੋ ਤਰੀਕਾ ਹੈ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ। ਕਥਨੀ ਨਾਲ ਤਾਂ ਅਸੀਂ ਸਰਬੱਤ ਦਾ ਭਲਾ ਮੰਗਦੇ ਹਾਂ ਤੇ ਸਾਡੀ ਆਪਣੀ ਕਰਨੀ ਕਿਹੋ ਜਿਹੀ ਹੈ, ਇਸ ਗੱਲ ਨੂੰ ਵਿਚਾਰਨ ਦੀ ਲੋੜ ਹੈ। (**ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥**)

ਉੱਪਰ ਪੰਗਤੀਆਂ ਰਾਹੀਂ "ਅੰਮ੍ਰਿਤੁ ਗਿਆਨੁ" ਦੀ ਗੱਲ ਕੀਤੀ ਗਈ ਹੈ ਜੋ ਕਿ ਸਾਡੇ ਮਨ ਦੇ ਪੀਣ ਦਾ ਰਸੁ ਹੈ ਜੋ ਰਸੁ ਪੀਤੇ ਬਿਨ੍ਹਾਂ ਨਾ ਕੋਈ ਭਗਤੀ ਦੇ ਮਾਰਗ ਨੂੰ ਸਮਝ ਸਕਦਾ ਹੈ, ਨਾਮੁ ਜਪਣਾ ਸਮਝ ਸਕਦਾ ਹੈ ਤੇ ਨਾ ਹੀ ਕੋਈ ਨਾਮੁ ਜਪ ਸਕਦਾ ਹੈ। ਨਾਮੁ ਜਪਣ ਦਾ ਮਾਰਗ ਤਾਂ ਸੰਸਾਰ ਨੂੰ ਸੁਖੀ ਕਰਨ ਦਾ ਮਾਰਗ ਹੈ ਤੇ ਜਿਹੋ ਜਿਹਾ ਨਾਮੁ ਸਾਨੂੰ ਜਪਣਾ ਸਿਖਾਇਆ ਜਾਂਦਾ ਹੈ ਭਾਵ ਕਿਸੇ ਅੱਖਰ ਦੀ ਕਥਨੀ ਸਮਝਾਈ ਜਾਂਦੀ ਹੈ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਸਮਝਾਈ ਜਾਂਦੀ ਹੈ ਤੇ ਜੇਕਰ ਸਾਰਾ ਦਿਨ ਬੈਠਕੇ ਕਥਨੀ ਕਰੀ ਜਾਈਏ ਫਿਰ ਕੀ ਉਸਦੇ ਨਾਲ ਕਿਸੇ ਦਾ ਭਲਾ ਹੋ ਸਕੇਗਾ। ਭਲਾ ਤਾਂ ਅਸੀਂ ਕਿਸੇ ਦਾ ਤਾਂ ਹੀ ਕਰਾਂਗੇ ਜੇਕਰ ਗੁਰੂ ਦੀ ਮਤਿ ਨੂੰ ਮੰਨਾਂਗੇ ਭਾਵ ਉਸ ਤੇ ਅਮਲ ਕਰਾਂਗੇ। ਘਰ ਬੈਠੇ ਅਸੀਂ ਆਪਣੇ ਵੱਲੋਂ ਨਾਮੁ ਜਪੀ ਜਾਈਏ ਤੇ ਆਪਣੇ ਕੰਮਾਂ ਕਾਰਾਂ ਵਿੱਚ ਲੋਕਾਂ ਨਾਲ ਠੱਗੀਆਂ ਮਾਰੀਏ,ਇਹ ਕਿਹੋ ਜਿਹੀ ਭਗਤੀ ਹੋਈ। ਦੁਕਾਨਾਂ ਤੇ ਬੈਠ ਕੇ ਅਸੀਂ ਨਾਮੁ ਸੁਣੀ ਜਾਂਦੇ ਹਾਂ ਤੇ ਜਦ ਕੋਈ ਗਾਹਕ ਆਉਂਦਾ ਹੈ ਤੇ ਉਸਨੂੰ ਜੇਕਰ ਝੂਠ ਬੋਲ ਬੋਲ ਕੇ ਠੱਗਦੇ ਹਾਂ ਇਹ ਫਿਰ ਇਹ ਕਿਹੋ ਜਿਹਾ ਨਾਮੁ ਜਪਣਾ ਹੋਇਆ ਭਾਵ ਅਸੀਂ ਦੂਸਰਿਆਂ ਨੂੰ ਆਪਣੇ ਸੁੱਖ ਲਈ ਦੁੱਖ ਦਿੱਤਾ। ਭਗਤੀ ਦੇ ਸੱਚੇ ਮਾਰਗ ਤੇ ਮਨੁੱਖ ਉਦੋਂ ਹੀ ਚੱਲ ਸਕਦਾ ਹੈ ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਕਿਸੇ ਨੂੰ ਦੁੱਖ ਦੇਣਾ ਪ੍ਰਮਾਤਮਾ ਦਾ ਦੋਖੀ ਬਣਨਾ ਹੈ, ਗੁਰਮਤਿ ਦਾ ਦੋਖੀ ਬਣਨਾ ਹੈ। ਜਿਸਨੂੰ ਪ੍ਰਮਾਤਮਾ ਆਪਣਾ "ਅੰਮ੍ਰਿਤੁ ਗਿਆਨੁ" ਰਸ ਪਿਲਾਉਂਦਾ ਹੈ ਉਹ ਆਪਣੇ ਮੇਲ ਦੁਆਰਾ ਹੀ ਪਿਲਾਉਂਦਾ ਹੈ ਫਿਰ ਤਾਂ ਹੀ ਭਗਤੀ ਦੀ ਸੱਚੀ ਸਮਝ ਪੈਂਦੀ ਹੈ।

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥
ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥}

(ਅੰਗ - ੧੦੩੨)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥}

(ਅੰਗ - ੧੦੨)

ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ ਫਿਰ ਉਹ ਕਿਸੇ ਦਾ ਮਾੜਾ ਕਿਵੇਂ ਕਰ ਸਕਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਗਲੀ ਜੋਤਿ ਤੇਰਾ ਸਭੁ ਕੋਈ ॥
ਆਪੇ ਜੋੜਿ ਵਿਛੋੜੇ ਸੋਈ ॥
ਆਪੇ ਕਰਤਾ ਕਰੇ ਸੁ ਹੋਈ ॥੪॥"

ਜਦ ਤੱਕ ਮਨੁੱਖ ਨੂੰ ਆਪਣੇ ਅੰਦਰ ਦੀ "ਜੋਤਿ" ਦੀ ਸਮਝ ਨਹੀਂ ਪੈਂਦੀ ਤਦ ਤੱਕ ਮਨੁੱਖ ਨੂੰ ਨਾ ਆਪਣੇ ਆਪਦੀ ਸਮਝ ਨਹੀਂ ਪੈਂਦੀ ਕਿ ਮੇਰੀ ਅਸਲੀਅਤ ਕੀ ਹੈ ਤੇ ਨਾ ਹੀ ਇਸ ਗੱਲ ਤੇ ਵਿਸ਼ਵਾਸ ਆ ਸਕਦਾ ਹੈ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਆਪਣੀ ਜੋਤਿ ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰ ਦੀ "ਜੋਤਿ" ਹੀ ਸਾਡੇ ਅੰਦਰ ਦਾ ਧਿਆਨ ਹੈ, ਸਾਡੇ ਅੰਦਰ ਦਾ ਗਿਆਨ ਹੈ। ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਗਿਆਨ ਧਿਆਨ ਵਾਲੀ ਅਵੱਸਥਾ ਦੁਆਰਾ ਜਾਣਿਆ ਜਾਂਦਾ ਹੈ ਜਿਸ ਅਵੱਸਥਾ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖ ਨੂੰ ਆਪਣੇ ਅੰਦਰੋਂ ਜੋ ਵੀ ਗਿਆਨ ਮਿਲਦਾ ਹੈ ਉਹ ਮਨ ਦੀ ਜੋਤਿ ਰਾਹੀਂ ਹੀ ਮਿਲਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਵਰਤ ਰਿਹਾ ਹੈ। ਆਪਣੀ ਸੱਚੀ ਭਗਤੀ ਦਾ ਮਾਰਗ ਵੀ ਪ੍ਰਮਾਤਮਾ ਮਨ ਰੂਪ "ਜੋਤਿ" ਰਾਹੀਂ ਹੀ ਸਮਝਾਉਂਦਾ ਹੈ ਜੋ ਮਾਰਗ ਹੈ ਹੀ ਚੰਗੇ ਕਰਮ ਕਰਨ ਦਾ ਜਿਸ ਦੁਆਰਾ ਸੰਸਾਰ ਵਿੱਚ ਹਰ ਕੋਈ ਸੁਖੀ ਰਹੇ ਜਿਵੇਂ ਕਿ ਅਸੀਂ ਪਿਛਲ ਪਦੇ ਰਾਹੀਂ ਸਮਝਿਆ ਹੈ। ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਫਿਰ ਉਸ ਨੂੰ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਕਿਸੇ ਨੂੰ ਦੁੱਖ ਦੇਣਾ ਪ੍ਰਮਾਤਮਾ ਨੂੰ ਦੁੱਖ ਦੇਣਾ ਹੀ ਹੈ ਭਾਵ ਗੁਰੂ ਪ੍ਰਮਾਤਮਾ ਨੂੰ ਨਾਰਾਜ ਕਰਨਾ ਹੀ ਹੈ। (**ਸਗਲੀ ਜੋਤਿ ਤੇਰਾ ਸਭੁ ਕੋਈ ॥**)

{ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥}

(ਅੰਗ - ੧੩੪੯-੧੩੫੦)

ਅਸੀਂ ਆਪਣੇ ਅੰਦਰ ਦੀ ਜੋਤਿ ਨੂੰ ਭਾਵ ਪ੍ਰਮਾਤਮਾ ਨੂੰ ਕਿਉਂ ਨਹੀਂ ਜਾਣ ਸਕਦੇ ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਆਪੇ ਜੋੜਿ ਵਿਛੋੜੇ ਸੋਈ ॥

ਆਪੇ ਕਰਤਾ ਕਰੇ ਸੁ ਹੋਈ ॥”

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੇ ਸਾਨੂੰ ਸਭ ਨੂੰ ਆਪ ਹੀ ਆਪਣੇ ਨਾਲੋਂ ਕਿਸ ਤਰੀਕੇ ਵਿਛੋੜਿਆ ਹੋਇਆ ਹੈ ਭਾਵ ਸਾਨੂੰ ਆਪਣੇ ਆਪ ਨਾਲੋਂ ਕਿਸ ਤਰੀਕੇ ਵੱਖਰਾ ਕੀਤਾ ਹੋਇਆ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪਣੀ ਜੋਤਿ ਦੁਆਰਾ ਹੀ ਵਰਤਦਾ ਹੈ ਤੇ ਆਪਣੀ ਜੋਤਿ ਰਾਹੀਂ ਹੀ ਉਸਨੇ ਸਭ ਨੂੰ ਆਪਣੇ ਆਪ ਨਾਲੋਂ ਵਿਛੋੜਿਆ ਹੋਇਆ ਹੈ ਭਾਵ ਵੱਖਰਾ ਕੀਤਾ ਹੋਇਆ ਹੈ। “ਜੋਤਿ” ਸਾਡੇ ਮਨ ਦੀ ਸਮਝ ਹੈ, ਸਾਡੇ ਮਨ ਦਾ ਗਿਆਨ ਹੈ ਤੇ ਪ੍ਰਮਾਤਮਾ ਨੇ ਸਭ ਨੂੰ ਸਾਡੇ ਮਨ ਦੀ ਸਮਝ ਰਾਹੀਂ, ਮਨ ਦੇ ਗਿਆਨ ਰਾਹੀਂ ਹੀ ਆਪਣੇ ਆਪ ਨਾਲੋਂ ਵਿਛੋੜਿਆ ਹੋਇਆ ਹੈ। ਸਾਡੇ ਮਨ ਦੇ ਵਿੱਚੋਂ ਹੀ ਭਰਮਾਂ ਵਾਲੇ ਵਿਚਾਰ ਉਪਜਦੇ ਹਨ, ਤ੍ਰੈਗੁਣਾਂ ਵਾਲੇ, ਹਉਮੈ ਵਾਲੇ, ਮਾਇਆ ਮੋਹ ਵਾਲੇ ਵਿਚਾਰ ਉਪਜਦੇ ਹਨ ਤੇ ਮਨ ਦੇ ਵਿੱਚੋਂ ਹੀ ਸੱਚੇ ਗਿਆਨ ਵਾਲੇ ਵਿਚਾਰ ਉਪਜਦੇ ਹਨ ਭਾਵ ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਉਪਜਦੇ ਹਨ। ਸਾਡੇ ਅੰਦਰ ਭਰਮਾਂ ਵਾਲੇ ਵਿਚਾਰ ਪਾਉਣ ਵਾਲਾ ਭਾਵ ਤ੍ਰੈਗੁਣਾਂ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਸਾਡੇ ਅੰਦਰ ਦੀ ਜੋਤਿ ਹੈ। ਸਾਡੇ ਮਨ ਦੇ ਵਿਚਾਰਾਂ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੇ ਗਿਆਨ ਦੀ ਕਲਾ ਦੁਆਰਾ ਆਪਣੇ ਆਪ ਨਾਲ ਜੋੜਿਆ ਹੋਇਆ ਹੈ ਜਿਸ ਕਲਾ ਦੁਆਰਾ ਜੋੜਨ ਦੇ ਨਾਲ ਉਸਨੇ ਆਪ ਹੀ ਸਾਨੂੰ ਆਪਣੇ ਆਪ ਨਾਲੋਂ ਵਿਛੋੜਿਆ ਹੋਇਆ ਹੈ। ਸਾਨੂੰ ਆਪਣੇ ਆਪ ਨਾਲੋਂ ਵਿਛੋੜਣ ਵਾਲਾ ਸਾਡੇ ਅੰਦਰ ਦਾ ਚੌਥਾ ਪਦ ਹੀ ਹੈ ਭਾਵ ਪ੍ਰਮਾਤਮਾ ਆਪ ਹੀ ਹੈ ਭਾਵ ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਵਾਲਾ, ਉਨ੍ਹਾਂ ਅੰਦਰ ਵਿਚਾਰ ਪਾਉਣ ਵਾਲਾ ਸਾਡੇ ਅੰਦਰ ਦਾ ਚੌਥਾ ਪਦ ਹੀ ਹੈ ਭਾਵ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਚੌਥੇ ਪਦ ਦੇ ਗਿਆਨ ਦੇ ਅਧੀਨ ਕੰਮ ਕਰਦੀ ਹੈ। ਚੌਥੇ ਪਦ ਵਾਲੇ ਵਿਚਾਰ ਤੇ ਤ੍ਰੈਗੁਣਾਂ ਵਾਲੇ ਵਿਚਾਰ ਇੱਕੋ ਜਗ੍ਹਾ ਤੋਂ ਉਪਜਦੇ ਹਨ, ਆਪਸ ਵਿੱਚ ਜੁੜੇ ਹੋਏ ਹਨ ਪਰ ਤ੍ਰੈਗੁਣਾਂ ਦੀ ਅਵੱਸਥਾ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਇਹ ਵਿਚਾਰ ਪਾਉਣ ਵਾਲਾ ਕੌਣ ਹੈ। ਸਾਡੇ ਅੰਦਰ ਦੇ ਤ੍ਰੈਗੁਣਾਂ ਦੇ ਵਿਚਾਰਾਂ ਦਾ ਮਾਲਕ ਚੌਥਾ ਪਦ ਹੀ ਹੈ ਭਾਵ ਪ੍ਰਮਾਤਮਾ ਹੀ ਹੈ ਜਿਸਨੇ ਸਾਡੇ ਤ੍ਰੈਗੁਣਾਂ ਵਾਲੇ ਵਿਚਾਰਾਂ ਨੂੰ ਆਪ ਹੀ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਭਾਵ ਆਪ ਹੀ ਉਨ੍ਹਾਂ ਵਿੱਚ ਭਰਮ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਇਹ ਸਮਝਦਾ ਹੈ ਕਿ ਮੈਂ ਵੱਖਰਾ ਹਾਂ ਤੇ ਪ੍ਰਮਾਤਮਾ ਵੱਖਰਾ ਹੈ ਭਾਵ ਕੁੱਝ ਹੋਰ ਹੈ ਜੋ ਸਾਡੀ ਸਮਝ ਤੋਂ ਬਾਹਰ ਹੈ ਜਿਸ ਕਰਕੇ ਅਸੀਂ ਆਪਣੀ ਮਨੁੱਖੀ ਹੋਂਦ ਨੂੰ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦੇ ਹਾਂ। ਇਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਜੋ ਵਿਛੋੜਾ ਸਾਨੂੰ ਸਾਡੇ ਮਨ ਦੀ ਸਮਝ ਹੀ ਸਮਝਾਉਂਦੀ ਹੈ ਜੋ ਸਮਝ ਸਾਡੀ ਆਪਣੀ ਨਹੀਂ ਹੈ। ਸਾਡੇ ਅੰਦਰ ਦੀ ਸਮਝ ਨੂੰ ਪ੍ਰਮਾਤਮਾ ਨੇ ਆਪਣੀ ਉੱਚੀ ਚੌਥੇ ਪਦ ਵਾਲੀ ਸਮਝ ਦੇ ਨਾਲ ਜੋੜਕੇ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਆਪਣੇ ਆਪ ਨਾਲੋਂ ਵਿਛੋੜਿਆ ਹੋਇਆ ਹੈ ਭਾਵ ਚੌਥੇ ਪਦ ਦੇ ਗਿਆਨ ਨਾਲੋਂ ਵਿਛੋੜਿਆ ਹੋਇਆ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਚੌਥੇ ਪਦ ਦੇ ਗਿਆਨ ਰਾਹੀਂ ਹੀ ਆਉਂਦੀ ਹੈ ਤੇ ਜਦੋਂ ਪ੍ਰਮਾਤਮਾ ਕਿਸੇ ਤੇ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਮਨ ਦੀ ਜੋਤਿ ਰਾਹੀਂ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ ਦਿੰਦਾ ਹੈ ਭਾਵ ਮਨੁੱਖ ਦਾ ਧਿਆਨ ਸੱਚੇ ਗਿਆਨ ਵਾਲਾ ਬਣਾ ਦਿੰਦਾ ਹੈ ਜਿਸ ਰਾਹੀਂ ਉਸਨੂੰ ਆਪਣੇ ਅੰਦਰ ਦੀ “ਜੋਤਿ” ਦੀ ਸਮਝ ਪੈਂਦੀ ਹੈ ਕਿ ਮਨ ਦੇ ਵਿੱਚ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਮਨ ਦੇ ਵਿੱਚ ਹੀ ਇਹ ਵਿਛੋੜਾ ਦੂਰ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਫਿਰ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਜੋ ਕੁੱਝ ਮਨੁੱਖ ਕਰ ਰਿਹਾ ਹੈ ਉਹ ਪ੍ਰਮਾਤਮਾ ਆਪ ਹੀ ਮਨੁੱਖੀ ਸਰੀਰ ਰਾਹੀਂ ਕਰ ਰਿਹਾ ਹੈ। ਜਦੋਂ ਸਭ ਦੇ ਅੰਦਰ ਪ੍ਰਮਾਤਮਾ ਨਜ਼ਰ ਆ ਜਾਂਦਾ ਹੈ ਫਿਰ ਮਨੁੱਖ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦੁਆਰਾ ਕਿਸੇ ਦਾ ਮਾੜਾ ਨਹੀਂ ਕਰਦਾ ਜੋ ਸੱਚੀ ਭਗਤੀ ਦਾ ਮਾਰਗ ਮਨ ਦੇ ਵਿੱਚ ਸੰਸਾਰ ਦਾ ਕਰਤਾ ਆਪ ਹੀ ਸਮਝਾਉਂਦਾ ਹੈ। (**ਸਗਲੀ ਜੋਤਿ ਤੇਰਾ ਸਭੁ ਕੋਈ ॥ ਆਪੇ ਜੋੜਿ ਵਿਛੋੜੇ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥**)

{ਨਾ ਓਹੁ ਮਰੈ ਨ ਹੋਵੈ ਸੋਗੁ ॥

ਦੇਂਦਾ ਰਹੈ ਨ ਚੁਕੈ ਭੋਗੁ ॥

ਗੁਣੁ ਏਹੋ ਹੋਰੁ ਨਾਹੀ ਕੋਇ ॥

ਨਾ ਕੋ ਹੋਆ ਨਾ ਕੋ ਹੋਇ ॥੩॥

ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥੪॥}

(ਅੰਗ - ੩੪੯)

ਪ੍ਰਮਾਤਮਾ ਜਿਸਨੂੰ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਭਾਵ ਆਪਣੇ ਗੁਣ ਗਾਉਣੇ ਸਮਝਾਉਂਦਾ ਹੈ ਉਸਨੂੰ ਆਪਣੇ ਨਾਲ ਮੇਲ ਦੁਆਰਾ ਹੀ ਸਮਝਾਉਂਦਾ ਹੈ। ਪ੍ਰਮਾਤਮਾ ਦੇ ਗੁਣ ਗਾਉਣ ਲਈ ਮਨੁੱਖ ਦਾ ਪਹਿਲਾ ਗੁਣ ਹੀ ਇਹ ਹੈ ਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਭਾਵ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਕਿਸੇ ਵੀ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਜਾਣਕੇ ਉਸ ਆਕਾਰ ਰੂਪ ਦੀ ਵਡਿਆਈ ਕਰਨ ਦੁਆਰਾ ਉਸ ਪ੍ਰਮਾਤਮਾ ਦੀ ਵਡਿਆਈ ਨਹੀਂ ਹੋ ਸਕਦੀ ਜੋ ਹਰ ਆਕਾਰ ਦੇ ਰੂਪ ਵਿੱਚ ਆਪ ਹੀ ਹੈ। ਜਦ ਤੱਕ ਸਾਨੂੰ ਪ੍ਰਮਾਤਮਾ ਦੀ ਵਡਿਆਈ ਦੀ ਸਮਝ ਹੀ ਨਹੀਂ ਕਿ ਉਹ ਕਿਤਨਾ ਕੁ ਵੱਡਾ ਹੈ ਤੇ ਕਿਸ ਤਰੀਕੇ ਵੱਡਾ ਹੈ ਫਿਰ ਉਸਦੀ ਵਡਿਆਈ ਕਿਵੇਂ ਕੀਤੀ ਜਾ ਸਕਦੀ ਹੈ ਭਾਵ ਉਸਦੇ ਗੁਣ ਕਿਵੇਂ ਗਾਏ ਜਾ ਸਕਦੇ ਹਨ ਜਿਸ ਨੇ ਹਰ ਵਸਤੂ ਵਿੱਚ ਆਪ ਹੀ ਗੁਣ ਪਾਏ ਹੋਏ ਹਨ। ਉਸ ਗੁਣਾਂ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਸਭ ਜਗ੍ਹਾ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਤੇ ਜਦ ਤੱਕ ਮਨੁੱਖ ਉਸਦੇ ਹੁਕਮ ਨੂੰ ਨਹੀਂ ਸਮਝਦਾ ਕਿ ਪ੍ਰਮਾਤਮਾ ਦਾ ਸਭ ਜਗ੍ਹਾ ਹੁਕਮ ਕਿਵੇਂ ਵਰਤਦਾ ਹੈ ਤਦ ਤੱਕ ਉਸਦੀ ਵਡਿਆਈ ਨੂੰ ਨਹੀਂ ਜਾਣਿਆ ਜਾ ਸਕਦਾ। ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮੁ ਨੂੰ ਬੁੱਝ ਲੈਂਦਾ ਹੈ ਕਿ ਸਾਡੇ ਅੰਦਰ ਉਸਦਾ ਹੁਕਮ ਕਿਸ ਤਰੀਕੇ ਵਰਤ ਰਿਹਾ ਹੈ ਫਿਰ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਦਾ ਹੁਕਮ ਸਭ ਜਗ੍ਹਾ ਕਿਸ ਤਰੀਕੇ ਵਰਤ ਰਿਹਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਢਾਹਿ ਉਸਾਰੇ ਹੁਕਮਿ ਸਮਾਵੈ ॥
ਹੁਕਮੋ ਵਰਤੈ ਜੋ ਤਿਸੁ ਭਾਵੈ ॥
ਗੁਰ ਬਿਨੁ ਪੂਰਾ ਕੋਇ ਨ ਪਾਵੈ ॥੫॥"

ਇਸ ਤੋਂ ਪਿਛਲੇ ਪਦੇ ਰਾਹੀਂ ਅਸੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਜੋਤਿ ਵਿਛੋੜੇ ਦੀ ਗੱਲ ਸਮਝੀ ਹੈ। ਸਾਡੇ ਅੰਦਰ ਦਾ ਵਿਛੋੜਾ ਕਿਵੇਂ ਦੂਰ ਹੁੰਦਾ ਹੈ, ਇਹੀ ਗੱਲ ਸਾਨੂੰ ਉੱਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੈ। ਇਸ ਗੱਲ ਦੀ ਸਮਝ ਉਸਨੂੰ ਹੀ ਪੈ ਸਕਦੀ ਹੈ ਜੋ ਆਪਣੇ ਅੰਦਰ ਦੀ "ਜੋਤਿ" ਨੂੰ ਭਾਵ ਆਪਣੇ ਅੰਦਰ ਦੀ ਮਨ ਦੀ ਸਮਝ ਨੂੰ ਜਾਣ ਲੈਂਦਾ ਹੈ ਭਾਵ ਮਨ ਦੇ ਵਿਚਾਰਾਂ ਨੂੰ ਜਾਣ ਲੈਂਦਾ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਨੇ ਮਨ ਦੇ ਭਰਮ ਵਾਲੇ ਵਿਚਾਰਾਂ ਰਾਹੀਂ ਹੀ ਸਭ ਨੂੰ ਆਪਣੇ ਨਾਲੋਂ ਵੱਖਰਾ ਕੀਤਾ ਹੋਇਆ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਉਹ ਆਪਣੇ ਆਪ ਨੂੰ ਕਿਸੇ ਦੇ ਨਾਲ ਜੋੜਦਾ ਹੈ ਭਾਵ ਆਪਣੇ ਨਾਲ ਮਿਲਾਉਂਦਾ ਹੈ। ਸਾਡੇ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜਿਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਦੇ ਅੰਦਰ ਇਸ ਸਮਝ ਦਾ ਮਾਲਕ ਕੌਣ ਹੈ ਇਸਨੂੰ ਜਾਣੇ ਬਿਨ੍ਹਾਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝਿਆ ਜਾ ਸਕਦਾ, ਨਹੀਂ ਜਾਣਿਆ ਜਾ ਸਕਦਾ ਜੋ ਉਸਦਾ ਹੁਕਮ ਸਾਡੇ ਅੰਦਰ ਹਰ ਵੇਲੇ ਵਰਤ ਰਿਹਾ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਤਰੀਕੇ ਵਰਤਦਾ ਹੈ ਤੇ ਕਿਸ ਤਰੀਕੇ ਉਸਦੇ ਹੁਕਮ ਵਿੱਚ ਸਮਾਇਆ ਜਾ ਸਕਦਾ ਹੈ, ਇਹੀ ਗੱਲ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਢਾਹਿ ਉਸਾਰੇ ਹੁਕਮਿ ਸਮਾਵੈ ॥"

ਉੱਪਰ ਪੰਗਤੀ ਵਿੱਚ "ਢਾਹਿ ਉਸਾਰੇ" ਦੁਆਰਾ ਸਾਡੇ ਮਨ ਦੇ ਅੰਦਰ ਸਾਡੇ ਵਿਚਾਰਾਂ ਦੀ ਅਵੱਸਥਾ ਸਮਝਾਈ ਹੋਈ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੇ ਵਿੱਚ ਸਾਡੇ ਵਿਚਾਰਾਂ ਰਾਹੀਂ ਹੀ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ, ਹਉਮੈ ਵਾਲੀ ਅਵੱਸਥਾ, ਮਾਇਆ ਮੋਹ ਵਾਲੀ ਅਵੱਸਥਾ ਭਾਵ ਮਨ ਦੀ

ਅਗਿਆਨਤਾ ਕਰਕੇ ਹੀ ਹੈ, ਮਨ ਦੇ ਵਿੱਚ ਭਰਮਾਂ ਵਾਲੇ ਵਿਚਾਰਾਂ ਕਰਕੇ ਹੀ ਹੈ ਜਿਸਨੂੰ ਸਾਡੇ ਅੰਦਰ ਦਾ ਭਰਮ ਗੜ ਵੀ ਕਿਹਾ ਹੈ। ਜਦ ਤੱਕ ਸਾਡੇ ਅੰਦਰ ਦਾ ਇਹ ਭਰਮ ਗੜ ਨਹੀਂ ਟੁੱਟਦਾ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਜਿਸਨੇ ਸਾਡੇ ਅੰਦਰ ਭਰਮ ਗੜ ਬਣਾਇਆ ਹੋਇਆ ਹੈ ਉਹੀ ਇਸ ਭਰਮ ਗੜ ਨੂੰ ਢਾਹ ਸਕਦਾ ਹੈ ਤੇ ਉਸਨੂੰ ਨਵੇਂ ਸਿਰੇ ਉਸਾਰ ਸਕਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਦੇ ਅੰਦਰੋਂ ਭਰਮਾਂ ਵਾਲੇ ਵਿਚਾਰ ਕੱਢਕੇ ਗੁਰਮਤਿ ਵਾਲੇ ਸੱਚੇ ਵਿਚਾਰਾਂ ਦਾ ਗੜ ਉਸਾਰ ਦਿੰਦਾ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਆਪ ਇਸ ਸੱਚੇ ਗਿਆਨ ਦੇ ਮਹਿਲ ਰੂਪ ਵਿੱਚ ਹੀ ਰਹਿੰਦਾ ਹੈ ਭਾਵ ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ ਆਪਣੇ ਸੱਚੇ ਗਿਆਨ ਰੂਪ ਮਹਿਲ ਦੇ ਵਿੱਚ ਵਸਾ ਲੈਂਦਾ ਹੈ ਜਿਵੇਂ ਕਿ ਅਸੀਂ ਇਸ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ ਕਿ ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਉਸਦੇ ਮਹਿਲ ਨੂੰ ਆਪਣੇ ਅੰਦਰੋਂ ਪਛਾਣ ਲੈਂਦਾ ਹੈ। ਪ੍ਰਮਾਤਮਾ ਆਪਣਾ ਹੁਕਮ ਆਪਣੇ ਮਹਿਲ ਦੇ ਵਿੱਚੋਂ ਹੀ ਚਲਾਉਂਦਾ ਹੈ ਜਿਸਦੀ ਸਮਝ ਉਸਦੇ ਮਹਿਲ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਜੋ ਉਸਦਾ ਮਹਲ ਨਿਰੰਕਾਰ ਰੂਪ ਵਿੱਚ ਹੈ ਤੇ ਸਭ ਦੇ ਅੰਦਰ ਹੀ ਹੈ। ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ ਤੇ ਉਸਦੇ ਹੁਕਮ ਦੀ ਸਮਝ ਮਨ ਦੇ ਵਿੱਚੋਂ ਤਾਂ ਹੀ ਪੈਂਦੀ ਹੈ ਜਦੋਂ ਉਹ ਸਾਡੀ ਭਰਮਾਂ ਵਾਲੀ ਮਤਿ ਨੂੰ ਬਦਲ ਕੇ ਗੁਰਮਤਿ ਵਾਲੀ ਸਮਝ ਬਣਾ ਦਿੰਦਾ ਹੈ ਭਾਵ ਸੱਚੀ ਗੁਰਮਤਿ ਵਾਲੀ ਸਮਝ ਬਣਾ ਦਿੰਦਾ ਹੈ ਜਿਸ ਸਮਝ ਰਾਹੀਂ ਪ੍ਰਮਾਤਮਾ ਆਪਣੀ ਭਗਤੀ ਦਾ ਸੱਚਾ ਹੁਕਮ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਤੇ ਮਨੁੱਖੀ ਸਮਝ ਫਿਰ ਉਸਦੇ ਹੁਕਮ ਵਿੱਚ ਹੀ ਸਮਾਈ ਰਹਿੰਦੀ ਹੈ ਭਾਵ ਫਿਰ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਪ੍ਰਮਾਤਮਾ ਦਾ ਹੁਕਮ ਹੁੰਦਾ ਹੈ।

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੁਕਮ ਹੀ ਹੈ। ਜੋ ਮਨ ਦੇ ਵਿੱਚ ਪਹਿਲਾਂ ਪ੍ਰਮਾਤਮਾ ਦੇ ਹੁਕਮ ਵਿੱਚ ਸਮਾਏ ਹਨ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸੰਸਾਰ ਨੂੰ ਪ੍ਰਮਾਤਮਾ ਦਾ ਹੁਕਮ ਸੁਣਾਇਆ ਹੈ ਭਾਵ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ। ਸਭ ਜਗ੍ਹਾ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ, ਸਾਰੀ ਸ੍ਰਿਸ਼ਟੀ ਵਿੱਚ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ। ਜਿਸ ਤਰੀਕੇ ਮਨੁੱਖ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਵਰਤ ਰਿਹਾ ਹੈ ਉਸੇ ਤਰੀਕੇ ਹੀ ਉਸਦਾ ਹੁਕਮ ਹਰ ਆਕਾਰ ਦੇ ਵਿੱਚ ਵਰਤ ਰਿਹਾ ਹੈ। ਪ੍ਰਮਾਤਮਾ ਦਾ ਹੁਕਮ ਉਸਦਾ ਗਿਆਨ ਹੈ ਭਾਵ ਉਸਦਾ ਸਾਇੰਟਿਫਿਕ ਗਿਆਨ ਹੈ ਤੇ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਦਾ ਸਾਇੰਟਿਫਿਕ ਗਿਆਨ ਹੀ ਵਰਤ ਰਿਹਾ ਹੈ, ਉਸਦੀ ਸਾਇੰਟਿਫਿਕ ਕਲਾ ਹੀ ਵਰਤ ਰਹੀ ਹੈ। ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਉਹੋ ਜਿਹਾ ਉਸਦਾ ਹੁਕਮ ਹੀ ਉਸ ਵਸਤੂ ਦੇ ਅੰਦਰ ਵਰਤਦਾ ਹੈ ਭਾਵ ਜਿਹੋ ਜਿਹਾ ਕਿਸੇ ਆਕਾਰ ਰੂਪ ਕੋਲੋਂ ਪ੍ਰਮਾਤਮਾ ਕੰਮ ਲੈਣਾ ਚਾਹੁੰਦਾ ਹੈ ਉਹੋ ਜਿਹਾ ਉਸਦੇ ਅੰਦਰ ਉਸਨੇ ਆਪਣਾ ਸਾਇੰਟਿਫਿਕ ਗਿਆਨ ਪਾਇਆ ਹੋਇਆ ਹੈ ਜੋ ਕਿ ਉਸਦਾ ਹੁਕਮ ਹੈ। ਸਭ ਕੁੱਝ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਚੱਲ ਰਿਹਾ ਹੈ ਪਰ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝੇ ਬਿਨ੍ਹਾਂ, ਉਸਦੇ ਹੁਕਮ ਵਿੱਚ ਸਮਾਏ ਬਿਨ੍ਹਾਂ ਉਸਦੇ "ਹੁਕਮ" ਨੂੰ ਕੋਈ ਨਹੀਂ ਸਮਝ ਸਕਦਾ। ਆਪਣੇ ਹੁਕਮ ਦੇ ਰੂਪ ਵਿੱਚ ਹੀ ਭਾਵ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ "ਨਿਰੰਕਾਰ" ਰੂਪ ਹੈ, ਉਸਦਾ "ਨਾਮੁ" ਰੂਪ ਹੈ ਜਿਸ ਰੂਪ ਦੁਆਰਾ ਉਹ ਸਭ ਜਗ੍ਹਾ ਵਰਤ ਰਿਹਾ ਹੈ। ਉਸ "ਪ੍ਰਮਾਤਮਾ" ਨੂੰ ਜਾਨਣਾ, ਉਸਦੇ "ਹੁਕਮ ਰੂਪ" ਨੂੰ ਜਾਨਣਾ ਇੱਕੋ ਹੀ ਗੱਲ ਹੈ ਤੇ ਉਸਨੂੰ ਜਾਨਣ ਲਈ ਕੇਵਲ ਤੇ ਕੇਵਲ ਇੱਕ ਗੁਰੂ ਦੀ ਮਤਿ ਹੈ, ਇੱਕ ਗੁਰੂ ਦੀ ਸਮਝ ਹੈ ਜਿਸ ਨਾਲ ਜੁੜ ਕੇ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਆਪਣੇ ਅੰਦਰੋਂ ਉਸਦੇ ਹੁਕਮ ਨੂੰ ਜਾਣਿਆ ਜਾ ਸਕਦਾ ਹੈ।
(**ਢਾਹਿ ਉਸਾਰੇ ਹੁਕਮਿ ਸਮਾਵੈ ॥ ਹੁਕਮੋ ਵਰਤੈ ਜੋ ਤਿਸੁ ਭਾਵੈ ॥ ਗੁਰ ਬਿਨੁ ਪੂਰਾ ਕੋਇ ਨ ਪਾਵੈ ॥੫॥**)

ਸਾਡੇ ਅੰਦਰ ਢਾਹਿ ਉਸਾਰੇ ਵਾਲੀ ਅਵੱਸਥਾ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਕੋਈ ਭੀਖਕੁ ਭੀਖਿਆ ਖਾਇ ॥
ਕੋਈ ਰਾਜਾ ਰਹਿਆ ਸਮਾਇ ॥
ਕਿਸ ਹੀ ਮਾਨੁ ਕਿਸੈ ਅਪਮਾਨੁ ॥
ਢਾਹਿ ਉਸਾਰੇ ਧਰੇ ਧਿਆਨੁ ॥
ਤੁਝ ਤੇ ਵਡਾ ਨਾਹੀ ਕੋਇ ॥

ਕਿਸੁ ਵੇਖਾਲੀ ਚੰਗਾ ਹੋਇ ॥੧॥
ਮੈ ਤਾਂ ਨਾਮੁ ਤੇਰਾ ਆਧਾਰੁ ॥
ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥}

(ਅੰਗ - ੩੫੪)

{ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥
ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥੧੭॥
ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ ॥
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ ॥੧੮॥}

(ਅੰਗ - ੪੩੩)

{ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥
ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ ॥
ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ ॥
ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥
ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥
ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥੩॥}

(ਅੰਗ - ੫੭੯)

{ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ ॥
ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ ॥
ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ ॥੪॥੩॥੫॥}

(ਅੰਗ - ੭੨੯)

{ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ ॥
ਦਇਆ ਕਰਹਿ ਪ੍ਰਭ ਮੇਲਿ ਲੈਹਿ ਖਿਨ ਮਹਿ ਢਾਹਿ ਉਸਾਰਿ ॥
ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ ॥
ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ ॥੩੫॥}

(ਅੰਗ - ੯੩੪)

{ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥
ਸਰ ਭਰਿ ਸੋਧੈ ਭੀ ਭਰਿ ਪੋਧੈ ਸਮਰਥ ਵੇਪਰਵਾਹੈ ॥
ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥

ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ ॥੪੧॥}

(ਅੰਗ - ੯੩੫)

ਉੱਪਰ ਵਾਲੇ ਸ਼ਬਦਾਂ ਵਿੱਚੋਂ ਅਸੀਂ ਕੁੱਝ ਸ਼ਬਦਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਤਾਂ ਜੋ ਅਸੀਂ ਆਪਣੇ ਮਨ ਦੀ ਢਾਹ ਉਸਾਰ ਕੀ ਹੈ ਇਸ ਗੱਲ ਨੂੰ ਵਿਸ਼ਵਾਸ ਨਾਲ ਸਮਝ ਸਕੀਏ, ਆਪਣੇ ਮਨ ਨੂੰ ਜਾਣ ਸਕੀਏ ਕਿ ਪ੍ਰਮਾਤਮਾ ਨੇ ਕਿਸ ਤਰੀਕੇ ਸਭ ਨੂੰ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ ਤੇ ਕਿਸ ਤਰੀਕੇ ਨਾਲ ਸਾਡਾ ਵਿਛੋੜਾ ਦੂਰ ਹੋ ਸਕਦਾ ਹੈ। ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਸਾਡੇ ਅੰਦਰ ਦੀ ਅਗਿਆਨਤਾ ਹੈ ਤੇ ਉਸ ਵਿੱਚੋਂ ਨਿਕਲਣ ਦਾ ਸਾਧਨ ਕੇਵਲ ਗੁਰੂ ਦਾ ਨਾਮੁ ਹੈ ਭਾਵ ਕੇਵਲ ਗੁਰੂ ਦਾ ਸੱਚਾ ਗਿਆਨ ਹੈ ਜੋ ਸੱਚਾ ਗਿਆਨ ਗੁਰੂ ਕੋਲੋਂ ਹੀ ਮਿਲ ਸਕਦਾ ਹੈ ਤੇ ਹੋਰ ਕਿਸੇ ਕੋਲੋਂ ਨਹੀਂ ਮਿਲ ਸਕਦਾ ਜਿਵੇਂ ਕਿ ਅਸੀਂ ਪਿਛਲੇ ਪਦੇ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਬਾਲਕ ਬਿਰਧਿ ਨ ਸੁਰਤਿ ਪਰਾਨਿ ॥
ਭਰਿ ਜੋਬਨਿ ਬੂਡੈ ਅਭਿਮਾਨਿ ॥
ਬਿਨੁ ਨਾਵੈ ਕਿਆ ਲਹਸਿ ਨਿਦਾਨਿ ॥੬॥”

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਜਾਂ ਨਾ ਜਾਨਣਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਜਿਵੇਂ ਇੱਕ ਬੱਚੇ ਦੀ ਸਮਝ ਤੇ ਕਿਸੇ ਬਿਰਧ ਦੀ ਸਮਝ ਕਿਸੇ ਗੱਲ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੀ ਜੋ ਕਿ ਉਨ੍ਹਾਂ ਦੇ ਵੱਸ ਨਹੀਂ ਹੈ, ਇਸੇ ਤਰ੍ਹਾਂ ਪ੍ਰਮਾਤਮਾ ਨੂੰ ਜਾਨਣ ਲਈ ਸਾਡੀ ਸਮਝ ਇਹੋ ਜਿਹੀ ਹੀ ਹੈ ਜੋ ਕਿ ਆਪਣੇ ਵੱਸ ਨਹੀਂ ਹੈ। ਜਦੋਂ ਮਨੁੱਖ ਜਵਾਨੀ ਵਾਲੀ ਅਵੱਸਥਾ ਵਿੱਚ ਹੁੰਦਾ ਹੈ ਉਹ ਗੱਲ ਨੂੰ ਸਮਝ ਸਕਦਾ ਹੈ ਭਾਵ ਗੁਰੂ ਦੀ ਮਤਿ ਨੂੰ ਜਿਤਨਾ ਹੋ ਸਕੇ ਉਸਨੂੰ ਸਮਝਕੇ ਉਸ ਅਨੁਸਾਰ ਚੱਲ ਸਕਦਾ ਹੈ ਪਰ ਉਹ ਆਪਣੀ ਸਮਝ ਦਾ ਘੁਮੰਡ ਨਹੀਂ ਛੱਡਦਾ ਭਾਵ ਆਪਣੀ ਸਮਝ ਨੂੰ ਹੀ ਠੀਕ ਸਮਝਦਾ ਹੈ ਜੋ ਸਮਝ ਉਸਨੂੰ ਮਾਇਆ ਮੋਹ ਵਿੱਚ ਰੱਖਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੋੜ ਕੇ ਰੱਖਦੀ ਹੈ ਤੇ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਲਈ ਵਿਚਰਦਾ ਹੈ ਤੇ ਮਾਇਆ ਦਾ ਹੀ ਘੁਮੰਡ ਕਰਦਾ ਹੈ। ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਮਾਇਆ ਦਾ ਘੁਮੰਡ ਛੱਡਣ ਦੇ ਨਾਲ ਜੁੜਿਆ ਹੋਇਆ ਹੈ, ਆਪਣੇ ਮਨ ਦੀ ਸਮਝ ਛੱਡਣ ਦੇ ਨਾਲ ਜੁੜਿਆ ਹੋਇਆ ਹੈ, ਦੁਨਿਆਵੀ ਮਾਨ ਛੱਡਣ ਦੇ ਨਾਲ ਜੁੜਿਆ ਹੋਇਆ ਹੈ ਭਾਵ ਗੁਰੂ ਦੇ ਨਾਮੁ ਦੇ ਨਾਲ ਜੁੜਿਆ ਹੋਇਆ ਹੈ, ਗੁਰੂ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ ਜਿਸਨੂੰ ਮੰਨੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਭਾਵ ਮਨੁੱਖ ਦਾ ਜੀਵਨ ਵਿਅਰਥ ਹੀ ਜਾਂਦਾ ਹੈ। (**ਬਾਲਕ ਬਿਰਧਿ ਨ ਸੁਰਤਿ ਪਰਾਨਿ ॥ ਭਰਿ ਜੋਬਨਿ ਬੂਡੈ ਅਭਿਮਾਨਿ ॥ ਬਿਨੁ ਨਾਵੈ ਕਿਆ ਲਹਸਿ ਨਿਦਾਨਿ ॥**)

ਮਨੁੱਖੀ ਜੀਵਨ ਮਨ ਦੀ ਭਰਮਾਂ ਵਾਲੀ ਸਮਝ ਨਾ ਨਿਕਲਣ ਦੁਆਰਾ ਹੀ ਵਿਅਰਥ ਜਾਂਦਾ ਹੈ ਭਾਵ ਨਾਮੁ ਨੂੰ ਨਾ ਸਮਝਣ ਦੁਆਰਾ, ਨਾ ਮੰਨਣ ਦੁਆਰਾ ਹੀ ਵਿਅਰਥ ਜਾਂਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥
ਭਰਮਿ ਭੁਲਾਨਾ ਫਿਰਿ ਪਛੁਤਾਨਾ ॥
ਗਲਿ ਫਾਹੀ ਬਉਰਾ ਬਉਰਾਨਾ ॥੭॥"

ਅਸੀਂ ਜਿਸ ਚੀਜ ਦਾ ਘੁਮੰਡ ਕਰਦੇ ਹਾਂ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਦੁਆਰਾ ਸਮਝਿਆ ਹੈ, ਸਾਨੂੰ ਉਹੀ ਗੱਲ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ ਤੇ ਸਾਡੇ ਘੁਮੰਡ ਕਰਨ ਦੀ ਵਜ੍ਹਾ ਵੀ ਸਮਝਾਈ ਹੋਈ ਹੈ। ਅਸੀਂ ਦੁਨਿਆਵੀਂ ਪਦਾਰਥਾਂ ਭਾਵ ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਦਾ ਮਾਣ ਕਰਦੇ ਹਾਂ, "ਅਨੁ ਧਨੁ" ਦਾ ਮਾਣ ਕਰਦੇ ਹਾਂ ਤੇ ਇਨ੍ਹਾਂ ਨੂੰ ਆਪਣੀ ਮਲਕੀਅਤ ਸਮਝਦੇ ਹਾਂ ਕਿ ਇਹ ਅਨੁ ਮੇਰਾ ਹੈ ਭਾਵ ਮੈਂ ਇਸਦਾ ਮਾਲਕ ਹਾਂ, ਇਹ ਧਨੁ ਮੇਰਾ ਹੈ ਭਾਵ ਮੈਂ ਇਸਦਾ ਮਾਲਕ ਹਾਂ। ਇਨ੍ਹਾਂ ਗੱਲਾਂ ਦਾ ਮਾਣ ਮਨੁੱਖ ਤਾਂ ਹੀ ਕਰ ਸਕਦਾ ਹੈ ਜੇਕਰ ਉਹ ਅਨੁ ਧਨੁ ਦੇ ਮਾਲਕ ਨੂੰ ਨਹੀਂ ਜਾਣਦਾ ਭਾਵ ਪ੍ਰਮਾਤਮਾ ਨੂੰ ਨਹੀਂ ਜਾਣਦਾ। "**ਅਨੁ ਧਨੁ**" ਦੇ ਮਾਲਕ ਦੀ ਸਮਝ ਮਨ ਦੇ "**ਸਹਜ**" ਦੁਆਰਾ ਹੀ ਪੈਂਦੀ ਹੈ ਭਾਵ ਸਹਜ ਪਦ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ਚੀਜ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਫਿਰ ਉਸ ਤੋਂ ਬਾਅਦ ਮਨੁੱਖ ਕਿਸੇ ਤਰ੍ਹਾਂ ਦਾ ਘੁਮੰਡ ਨਹੀਂ ਕਰਦਾ, ਕਿਸੇ ਵਸਤੂ ਦੀ ਆਪਣੀ ਮਲਕੀਅਤ ਨਹੀਂ ਸਮਝਦਾ। ਸਹਜ ਦੀ ਅਵੱਸਥਾ ਮਿਲੇ ਬਿਨ੍ਹਾਂ ਭਾਵ ਪ੍ਰਮਾਤਮਾ ਦਾ ਨਾਮੁ ਮਿਲੇ ਬਿਨ੍ਹਾਂ, ਚੌਥੇ ਪਦ ਦਾ ਗਿਆਨ ਮਿਲੇ ਬਿਨ੍ਹਾਂ ਕੋਈ ਮਨ ਦੇ ਭਰਮਾਂ ਵਿੱਚੋਂ ਨਹੀਂ ਨਿਕਲ ਸਕਦਾ ਤੇ ਮਨ ਦੇ ਭਰਮਾਂ ਕਰਕੇ ਹੀ ਮਨੁੱਖ ਆਪਣੇ ਆਪਨੂੰ ਅਨੁ ਧਨੁ ਦਾ ਮਾਲਕ ਸਮਝਦਾ ਹੈ। ਮਨ ਦੇ ਭਰਮਾਂ ਕਰਕੇ ਹੀ ਮਨੁੱਖ ਨੂੰ ਪਛਤਾਉਣਾ ਪੈਂਦਾ ਹੈ ਭਾਵ ਉਸਦਾ ਜੀਵਨ ਵਿਅਰਥ ਜਾਂਦਾ ਹੈ। ਮਨ ਦੇ ਇਹ ਭਰਮਾਂ ਵਾਲੇ ਵਿਚਾਰ ਹੀ ਭਾਵ ਸਾਡੇ ਅੰਦਰ ਦੀ ਇਹ ਮਾਇਆ ਹੀ ਸਾਡੇ ਗੱਲ ਦੀ ਫਾਹੀ ਹੈ ਭਾਵ ਸਾਡੇ ਮਨ ਦੀ ਸੱਚੀ ਸਮਝ ਦੀ ਫਾਹੀ ਹੈ ਜੋ ਕਿ ਸਾਡੇ ਮਨ ਨੂੰ ਬਉਰਾ ਬਣਾ ਕੇ ਰੱਖਦੀ ਹੈ, ਮਨੁੱਖ ਨੂੰ ਝੱਲਾ ਬਣਾ ਕੇ ਰੱਖਦੀ ਹੈ ਜਿਸ ਕਰਕੇ ਉਹ ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਵਿੱਚ ਝੱਲਾ ਹੋਇਆ ਰਹਿੰਦਾ ਹੈ ਤੇ ਗੁਰੂ ਦੀ ਮਤਿ ਨੂੰ ਮੰਨਣ ਤੋਂ ਭਾਵ ਨਾਮੁ ਜਪਣ ਤੋਂ ਦੂਰ ਰਹਿੰਦਾ ਹੈ। ਸਾਡਾ ਅਸਲ "ਅਨੁ ਧਨੁ" ਸਾਡੇ ਅੰਦਰ ਦੀ ਗੁਰਮਤਿ ਵਾਲੀ ਸਮਝ ਹੈ, ਨਾਮ ਵਾਲੀ ਸਮਝ ਹੈ ਤੇ ਅੱਗੇ ਚੱਲਕੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ ਜਿਵੇਂ ਕਿ ਪਿੱਛੇ ਵੀ ਸਮਝਿਆ ਹੈ। ਮਨ ਦੇ ਅਨੁ ਧਨੁ ਦੀ ਸਮਝ "**ਸਹਜ**" ਵਾਲੀ ਅਵੱਸਥਾ ਵਿੱਚ ਪਹੁੰਚ ਕੇ ਹੀ ਲੱਗਦੀ ਹੈ ਭਾਵ ਚੌਥੇ ਪਦ ਵਿੱਚ ਪਹੁੰਚ ਕੇ ਹੀ ਲੱਗਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਲੱਗਦੀ ਹੈ। (**ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥ ਭਰਮਿ ਭੁਲਾਨਾ ਫਿਰਿ ਪਛੁਤਾਨਾ ॥ ਗਲਿ ਫਾਹੀ ਬਉਰਾ ਬਉਰਾਨਾ ॥**)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ - ੯੨)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥}

(ਅੰਗ - ੬੮)

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥
ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ - ੧੧੨੩)

ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਭਾਵ ਸਾਡੇ ਅੰਦਰ ਦੀ ਮਾਇਆ, ਤ੍ਰੈਗੁਣਾਂ ਦੀ ਅਵੱਸਥਾ ਹੀ ਸਾਡੇ ਗੱਲ ਦੀ ਫਾਹੀ ਹੈ ਜੋ ਸਭ ਨੂੰ ਆਤਮਿਕ ਮੌਤ ਮਾਰਦੀ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲਣ ਦਿੰਦੀ ਤੇ ਜਿਸਨੂੰ ਪ੍ਰਮਾਤਮਾ ਮਨ ਦੀ ਇਸ ਅਵੱਸਥਾ ਤੋਂ ਰੱਖ ਲੈਂਦਾ ਹੈ ਭਾਵ ਬਚਾ ਲੈਂਦਾ ਹੈ ਉਹੀ ਗੁਰੂ ਦੇ ਨਾਲ ਜੁੜ ਸਕਦਾ ਹੈ ਭਾਵ ਗੁਰੂ ਦੀ ਸਿੱਖਿਆ ਦੇ ਨਾਲ ਜੁੜ ਸਕਦਾ ਹੈ ਜਿਸ ਸਮਝ ਦੁਆਰਾ ਮਨੁੱਖ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਬੂਡਤ ਜਗੁ ਦੇਖਿਆ ਤਉ ਡਰਿ ਭਾਗੇ ॥
ਸਤਿਗੁਰਿ ਰਾਖੇ ਸੇ ਵਡਭਾਗੇ ॥
ਨਾਨਕ ਗੁਰ ਕੀ ਚਰਣੀ ਲਾਗੇ ॥੮॥੬॥"

ਉੱਪਰ ਵਾਲੇ ਪਦੇ ਰਾਹੀਂ ਉਨ੍ਹਾਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਵਡਭਾਗੇ ਬਣਾਉਂਦਾ ਹੈ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਨ ਜਿਵੇਂ ਕਿ ਗੁਰੂ ਸਾਹਿਬਾਨ ਨੇ, ਭਗਤਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਉਨ੍ਹਾਂ ਨੂੰ ਪ੍ਰਮਾਤਮਾ ਨੇ ਵਡਭਾਗੇ ਬਣਾਇਆ ਹੈ ਭਾਵ ਉਨ੍ਹਾਂ ਨੂੰ ਮਾਇਆ ਮੋਹ ਵਾਲੀ ਸਮਝ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ "**ਸਹਜ**" ਵਾਲੀ ਅਵੱਸਥਾ ਬਖਸ਼ਕੇ ਬਣਾਇਆ ਹੈ। ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਰਾ ਜਗ ਕਿਸ ਵਜ੍ਹਾ ਕਰਕੇ ਡੁੱਬਿਆ ਹੋਇਆ ਹੈ ਭਾਵ ਮਾਇਆ ਮੋਹ ਦੇ ਸਾਗਰ ਵਿੱਚ ਕਿਸ ਤਰੀਕੇ ਡੁੱਬਿਆ ਹੋਇਆ ਹੈ। ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ, ਭਰਮਾਂ ਵਾਲੀ ਸਮਝ ਜੋ ਸਾਡੇ ਗੱਲ ਦੀ ਫਾਹੀ ਹੈ ਉਸਨੇ ਹੀ ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚ ਡਬੋਇਆ ਹੋਇਆ ਹੈ, ਅਗਿਆਨਤਾ ਵਾਲੇ ਵਿਚਾਰਾਂ ਦੇ ਸਾਗਰ ਵਿੱਚ ਡਬੋਇਆ ਹੋਇਆ ਹੈ, ਮਨ ਦੇ ਔਗੁਣਾਂ ਵਾਲੇ ਵਿਚਾਰਾਂ ਕਰਕੇ ਡਬੋਇਆ ਹੋਇਆ ਹੈ ਜਿੰਨ੍ਹਾਂ ਦੇ ਵਿੱਚ ਰਹਿੰਦੇ ਹੋਏ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ, ਮਾਇਆ ਇਕੱਠੀ ਕਰਨ ਲਈ ਕਰਦਾ ਹੈ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦਾ ਹੈ ਭਾਵ ਆਪਣੀ ਨਾਸਮਝ ਮਤਿ ਦੁਆਰਾ, ਮਨਮਤਿ ਦੁਆਰਾ ਵਿਚਰਦਾ ਹੈ। ਜਿਸਨੂੰ ਪ੍ਰਮਾਤਮਾ ਇਸ ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ ਭਾਵ ਜਿਸਨੂੰ ਰੱਖ ਲੈਂਦਾ ਹੈ, ਜਿਸਨੂੰ ਇਸ ਤੋਂ ਬਚਾ ਲੈਂਦਾ ਹੈ ਉਹ ਫਿਰ ਕੋਈ ਮਾੜਾ ਕਰਮ ਕਰੇ ਇਹ ਨਹੀਂ ਹੋ ਸਕਦਾ, ਉਹ ਫਿਰ ਮਾੜੇ ਕਰਮ ਕਰਨ ਤੋਂ ਡਰਦਾ ਹੈ, ਔਗੁਣ ਕਰਨ ਤੋਂ ਭੱਜਦਾ ਹੈ ਭਾਵ ਗੁਰੂ ਦੀ ਮਤਿ ਤੋਂ ਉਲਟ ਚੱਲਣ ਤੋਂ ਡਰਦਾ ਹੈ ਭਾਵ ਫਿਰ ਉਹੀ ਕੁੱਝ ਕਰਦਾ ਹੈ ਜੋ ਗੁਰਮਤਿ ਅਨੁਸਾਰ ਹੁੰਦਾ ਹੈ, ਜੋ ਗੁਰਮਤਿ ਦਾ ਮਾਰਗ, ਨਾਮੁ ਜਪਣ ਦਾ ਮਾਰਗ ਮਨ ਦੇ ਵਿੱਚ ਪ੍ਰਮਾਤਮਾ ਕਿਸੇ ਨੂੰ ਵੱਡੇ ਭਾਗਾਂ ਵਾਲਾ ਬਣਾਕੇ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ ਭਾਵ ਆਪਣੀ ਸੱਚੀ ਭਗਤੀ ਦੇ ਮਾਰਗ ਤੇ ਚਲਾਉਂਦਾ ਹੈ, ਆਪਣਾ ਨਾਮੁ ਆਪ ਹੀ ਜਪਾਉਂਦਾ ਹੈ। ਜਿਸਨੂੰ ਗੁਰੂ ਪ੍ਰਮਾਤਮਾ ਆਪਣੇ ਚਰਨਾਂ ਨਾਲ ਜੋੜਦਾ ਹੈ ਉਸਨੂੰ ਇਸੇ ਤਰੀਕੇ ਮਾਇਆ ਮੋਹ ਵਾਲੀ ਸਮਝ ਵਿੱਚੋਂ ਕੱਢਕੇ ਹੀ ਜੋੜਦਾ ਹੈ। ਗੁਰਮਤਿ ਦੀ ਸੱਚੀ ਸਮਝ "ਗੁਰੂ ਦੇ ਚਰਨ" ਹਨ ਜਿੰਨ੍ਹਾਂ

ਚਰਨਾਂ ਨਾਲ ਮਨੁੱਖੀ ਸਮਝ ਮਨ ਦੇ ਵਿੱਚ ਹੀ ਜੁੜਦੀ ਹੈ ਤੇ ਅੱਠੇ ਪਹਿਰ ਜੁੜੀ ਹੀ ਰਹਿੰਦੀ ਹੈ ਭਾਵ ਹਰ ਵੇਲੇ ਗੁਰੂ ਦੇ ਹੁਕਮ ਵਿੱਚ ਸਮਾਈ ਰਹਿੰਦੀ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਇਸ ਤੋਂ ਪਹਿਲੇ ਪਦਿਆਂ ਰਾਹੀਂ ਜਾਣਿਆ ਹੈ। ਗੁਰੂ "ਸ਼ਬਦ" ਹੈ ਤੇ ਸ਼ਬਦਾਂ ਦੀ ਵਿਚਾਰ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਗੁਰੂ ਦੇ ਚਰਨ ਹਨ ਜਿੰਨ੍ਹਾਂ ਨੂੰ ਅਸੀਂ ਆਪਣੀ ਮਨ ਦੀ ਸਮਝ ਦੇ ਵਿੱਚ ਵਸਾਉਣਾ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਵਸਾਉਣਾ ਹੈ। ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਤੇ ਇਹੀ ਗੱਲ ਅਸੀਂ ਇਸ ਪੂਰੇ ਸ਼ਬਦ ਰਾਹੀਂ ਸਮਝੀ ਹੈ। (**ਆਸਾ ਮਹਲਾ ੧ ॥ ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥ ਐਸੇ ਪ੍ਰੇਮ ਭਗਤਿ ਵੀਚਾਰੀ ॥ ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥ ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥ ਤੀਨ ਭਵਨ ਨਿਹਕੇਵਲ ਗਿਆਨੁ ॥ ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥ ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥ ਸਗਲੀ ਜੋਤਿ ਤੇਰਾ ਸਭੁ ਕੋਈ ॥ ਆਪੇ ਜੋੜਿ ਵਿਛੋੜੇ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥੪॥ ਢਾਹਿ ਉਸਾਰੇ ਹੁਕਮਿ ਸਮਾਵੈ ॥ ਹੁਕਮੋ ਵਰਤੈ ਜੋ ਤਿਸੁ ਭਾਵੈ ॥ ਗੁਰ ਬਿਨੁ ਪੂਰਾ ਕੋਇ ਨ ਪਾਵੈ ॥੫॥ ਬਾਲਕ ਬਿਰਧਿ ਨ ਸੁਰਤਿ ਪਰਾਨਿ ॥ ਭਰਿ ਜੋਬਨਿ ਬੂਡੈ ਅਭਿਮਾਨਿ ॥ ਬਿਨੁ ਨਾਵੈ ਕਿਆ ਲਹਸਿ ਨਿਦਾਨਿ ॥੬॥ ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥ ਭਰਮਿ ਭੁਲਾਨਾ ਫਿਰਿ ਪਛੁਤਾਨਾ ॥ ਗਲਿ ਫਾਹੀ ਬਉਰਾ ਬਉਰਾਨਾ ॥੭॥ ਬ੍ਰਹਮ ਜਗੁ ਦੇਖਿਆ ਤਉ ਡਰਿ ਭਾਗੇ ॥ ਸਤਿਗੁਰਿ ਰਾਖੇ ਸੇ ਵਡਭਾਗੇ ॥ ਨਾਨਕ ਗੁਰ ਕੀ ਚਰਣੀ ਲਾਗੇ ॥੮॥੬॥**) ਅੰਗ - ੪੧੪

ਭਗਤੀ ਦਾ ਸੱਚਾ ਮਾਰਗ ਸਾਡੀ ਕਰਨੀ ਦਾ ਮਾਰਗ ਹੈ ਜੋ ਸੱਚੀ ਕਰਨੀ ਔਗੁਣਾਂ ਨੂੰ ਤਿਆਗਣ ਦੁਆਰਾ ਹੀ ਹੁੰਦੀ ਹੈ ਤੇ ਸੱਚੀ ਕਰਨੀ ਦਾ ਮਕਸਦ ਭਾਵ ਭਗਤੀ ਦਾ ਅਸਲ ਮਨੋਰਥ ਇਹੀ ਹੈ ਕਿ ਅਸੀਂ ਸੰਸਾਰ ਦੇ ਭਲੇ ਲਈ ਵਿਚਰੀਏ, ਸਰਬੱਤ ਦੇ ਭਲੇ ਲਈ ਵਿਚਰੀਏ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਜਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸੱਚ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਸੱਚ ਦਾ ਮਕਸਦ ਹੀ ਸਾਨੂੰ ਸੱਚੀ ਕਰਨੀ ਸਮਝਾਉਣ ਦਾ ਹੈ ਤੇ ਸੱਚੀ ਕਰਨੀ ਤੋਂ ਬਿਨ੍ਹਾਂ ਅਸੀਂ ਜੋ ਵੀ ਆਪਣੇ ਵੱਲੋਂ ਭਗਤੀ ਦੇ ਤਰੀਕੇ ਸਮਝਦੇ ਹਾਂ ਭਾਵ ਸਰੀਰਕ ਜਪ ਤਪ ਆਦਿ ਸਮਝਦੇ ਹਾਂ ਇਸੇ ਲਈ ਉਹੋ ਜਿਹੇ ਹਰ ਤਰੀਕੇ ਨੂੰ ਮਨੁੱਖਤਾ ਦਾ ਪਾਖੰਡ ਦੱਸਿਆ ਹੈ ਭਾਵ ਪਾਖੰਡ ਦੀ ਪੂਜਾ ਦੱਸਿਆ ਹੈ ਜੋ ਕਿ ਸੱਚ ਦੀ ਪੂਜਾ ਨਹੀਂ ਹੈ ਜਿਹੋ ਜਿਹੇ ਭਗਤੀ ਦੇ ਤਰੀਕਿਆਂ ਦੁਆਰਾ ਮਨੁੱਖ ਆਪਣੇ ਆਪ ਨੂੰ ਖੁਆਰ ਹੀ ਕਰਦਾ ਹੈ ਭਾਵ ਆਪਣਾ ਜੀਵਨ ਵਿਅਰਥ ਹੀ ਗਵਾਉਂਦਾ ਹੈ, ਮਨ ਦੇ ਭਰਮਾਂ ਕਰਕੇ ਸਰੀਰ ਨੂੰ ਦੁਖੀ ਹੀ ਕਰਦਾ ਹੈ।

{ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ - ੧੩੪੩)

ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਜਿਸ ਸੱਚ ਰਾਹੀਂ ਗੁਰੂ ਸਾਨੂੰ ਔਗੁਣ ਛੱਡਕੇ ਗੁਣਾਂ ਦੀ ਪੂਜਾ ਕਰਨਾ ਸਿਖਾਉਂਦਾ ਹੈ ਜੋ ਪੂਜਾ ਪ੍ਰਮਾਤਮਾ ਦੀ ਸੱਚੀ ਪੂਜਾ ਹੈ, ਉਸਦੇ ਸੱਚੇ ਗੁਣ ਗਾਉਣੇ ਹਨ। ਪ੍ਰਮਾਤਮਾ ਦੀ ਇਹ ਪੂਜਾ ਸਾਰੇ ਸੰਸਾਰ ਲਈ ਇੱਕੋ ਜਿਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ।

ਗਉੜੀ ਮਃ ੫ ॥
{ਕਵਨ ਰੂਪੁ ਤੇਰਾ ਆਰਾਧਉ ॥
ਕਵਨ ਜੋਗ ਕਾਇਆ ਲੇ ਸਾਧਉ ॥੧॥
ਕਵਨ ਗੁਨੁ ਜੋ ਤੁਝੁ ਲੈ ਗਾਵਉ ॥
ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥

ਕਵਨ ਸੁ ਪੂਜਾ ਤੇਰੀ ਕਰਉ ॥
ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥
ਕਵਨ ਤਪੁ ਜਿਤੁ ਤਪੀਆ ਹੋਇ ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥
ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥
ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ - ੧੮੬-੧੮੭)

ਭਗਤੀ ਦਾ ਮਾਰਗ ਸੰਸਾਰ ਦਾ ਭਲਾ ਕਰਨ ਦਾ ਮਾਰਗ ਹੈ ਜੋ ਭਲਾ ਗੁਣਾਂ ਦੀ ਪੂਜਾ ਕਰਨ ਦੁਆਰਾ ਹੋ ਸਕਦਾ ਹੈ ਭਾਵ ਔਗੁਣ ਛੱਡਣ ਦੁਆਰਾ ਹੀ ਹੋ ਸਕਦਾ ਹੈ। ਕਿਤੇ ਜੰਗਲਾਂ ਵਿੱਚ ਤੁਰੀ ਜਾਣ ਨਾਲ ਜਾਂ ਕਿਤੇ ਡੇਰੇ ਬਣਾਉਣ ਨਾਲ ਜਾਂ ਕਿਤੇ ਸਮਾਧੀਆਂ ਲਗਾ ਕੇ ਬੈਠੇ ਰਹਿਣ ਨਾਲ ਅਸੀ ਸਮਾਜ ਦਾ ਭਲਾ ਤੇ ਕੀ ਕਰਨਾ ਹੈ ਉਲਟਾ ਸੰਸਾਰ ਤੇ ਬੋਝ ਹੀ ਪਾਉਂਦੇ ਹਾਂ। ਇਸੇ ਲਈ ਸਾਨੂੰ ਇਹੋ ਜਿਹੇ ਭਗਤੀ ਦੇ ਮਾਰਗ ਤਿਆਗਣ ਲਈ ਸਮਝਾਇਆ ਹੋਇਆ ਹੈ ਕਿਉਂਕਿ ਇਸ ਰਾਹੀਂ ਅਸੀਂ ਸੰਸਾਰ ਦਾ ਭਲਾ ਨਹੀਂ ਕਰਦੇ ਤੇ ਕੇਵਲ ਆਪਣੀ ਖੁਆਰੀ ਕਰਦੇ ਹਾਂ। ਸਾਨੂੰ ਇਹ ਖੁਆਰੀ ਤੋਂ ਬਚਣ ਲਈ ਸਮਝਾਇਆ ਹੋਇਆ ਹੈ ਭਾਵ ਇਸ ਖੁਆਰੀ ਤੋਂ ਬਚਾਕੇ ਗੁਰੂ ਸਾਡਾ ਭਲਾ ਹੀ ਕਰ ਰਿਹਾ ਹੈ। ਗੁਰੂ ਸਰਬੱਤ ਦਾ ਭਲਾ ਹੀ ਚਾਹੁੰਦਾ ਹੈ ਤੇ ਉਨ੍ਹਾਂ ਭਰਮਿਆਂ ਹੋਇਆਂ ਦਾ ਵੀ ਭਲਾ ਹੀ ਚਾਹੁੰਦਾ ਹੈ ਜੋ ਮਨ ਦੇ ਭਰਮਾਂ ਕਰਕੇ, ਭਗਤੀ ਦੇ ਸੱਚੇ ਮਾਰਗ ਦੀ ਸਮਝ ਨਾ ਹੋਣ ਕਰਕੇ ਵਿਅਰਥ ਵਿੱਚ ਹੀ ਆਪਣੇ ਆਪ ਨੂੰ ਖੁਆਰ ਕਰਦੇ ਰਹਿੰਦੇ ਹਨ ਤੇ ਨਾਲ ਆਪਣੇ ਪਰਿਵਾਰ ਨੂੰ ਵੀ ਖੁਆਰ ਕਰਦੇ ਹਨ, ਘਰ-ਬਾਰ ਛੱਡਣ ਦੁਆਰਾ ਖੁਆਰ ਕਰਦੇ ਹਨ ਤੇ ਆਪਣੇ ਅਸਲ ਫਰਜ ਤੋਂ ਭਟਕ ਜਾਂਦੇ ਹਨ। ਆਪਣੇ ਪਰਿਵਾਰ ਨੂੰ ਸਹੀ ਤਰੀਕੇ ਪਾਲਣਾ ਮਨੁੱਖ ਦਾ ਵੱਡਾ ਫਰਜ ਹੈ। ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਸੰਸਾਰ ਵਿੱਚ ਆਪਣੇ ਹਰ ਫਰਜ ਤੇ ਪੂਰਾ ਉਤਰਨਾ ਹੀ ਨਾਮੁ ਜਪਣਾ ਹੈ ਜਿਸ ਫਰਜ ਵਿੱਚ ਪਰਿਵਾਰ ਦੀ ਪਾਲਣਾ ਕਰਨਾ ਮੁੱਖ ਫਰਜ ਹੈ। ਅੱਗੇ ਚੱਲਕੇ ਸਭ ਕੁੱਝ ਬਰੀਕੀ ਨਾਲ ਸਮਝਾਂਗੇ। ਸਾਡੀ ਸੱਚੀ ਸੁੱਚੀ ਗਿਰਸਤ ਦਾ ਮਾਰਗ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੀ ਹੈ, ਉਸਦਾ ਨਾਮੁ ਜਪਣਾ ਹੀ ਹੈ ਜਿਸ ਗਿਰਸਤ ਦੇ ਮਾਰਗ ਤੇ ਚੱਲਦੇ ਹੋਏ ਅਸੀਂ ਕਿਸੇ ਸੰਸਾਰੀ ਨੂੰ ਦੁੱਖ ਨਾ ਦੇਈਏ ਇਹ ਵੀ ਸਾਡਾ ਫਰਜ ਹੈ। ਇਸ ਗੱਲ ਨੂੰ ਅਸੀਂ ਹੇਠ ਦਿੱਤੇ ਸ਼ਬਦ ਦੁਆਰਾ ਕੁੱਝ ਅੱਗੇ ਚੱਲਕੇ ਸਮਝਾਂਗੇ।

ਆਸਾ ਮਹਲਾ ੧ ਪੰਚਪਦੇ ॥

{ਮੋਹੁ ਕੁਟੰਬੁ ਮੋਹੁ ਸਭ ਕਾਰ ॥
ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥
ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥
ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥
ਸਚੁ ਨਾਮੁ ਜਾ ਨਵ ਨਿਧਿ ਪਾਈ ॥
ਰੋਵੈ ਪੂਤੁ ਨ ਕਲਪੈ ਮਾਈ ॥੨॥
ਏਤੁ ਮੋਹਿ ਡੂਬਾ ਸੰਸਾਰੁ ॥
ਗੁਰਮੁਖਿ ਕੋਈ ਉਤਰੈ ਪਾਰਿ ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ ॥
ਮੋਹੇ ਲਾਗਾ ਜਮ ਪੁਰਿ ਜਾਹਿ ॥੪॥

ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥
ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥
ਨਦਰਿ ਕਰੇ ਤਾ ਏਹੁ ਮੋਹੁ ਜਾਇ ॥
ਨਾਨਕ ਹਰਿ ਸਿਉ ਰਹੈ ਸਮਾਇ ॥੬॥੨੩॥}

(ਅੰਗ - ੩੫੬)

ਉੱਪਰ ਵਾਲੇ ਸ਼ਬਦ ਨੂੰ ਅੱਗੇ ਚੱਲਕੇ ਸਮਝਾਂਗੇ ਤੇ ਨਾਲ ''ਚਾਰ ਪਦਾਰਥ'' ਵੀ ਸਮਝਾਂਗੇ ਜਿੰਨ੍ਹਾਂ ਨੂੰ ਸਮਝਣ ਵਿੱਚ ਸਭ ਦੇ ਅੰਦਰ ਵੱਡਾ ਭਰਮ ਹੀ ਹੈ। ਗੁਰਬਾਣੀ ਦੀ ਹਰ ਗੱਲ ਨੂੰ ਬਰੀਕੀ ਨਾਲ ਸਮਝਾਂਗੇ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੇ ਸਮਝਾਏ ਹੋਏ ਸੱਚ ਤੇ ਭਾਵ ਗੁਰੂ ਦੀ ਸੱਚੀ ਸਮਝ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿਉਂਕਿ ਸਾਨੂੰ ਭਰਮਾਂ ਵਿੱਚ ਪਾਉਣ ਵਾਲੇ ਅਨੇਕਾਂ ਹੀ ਹਨ। ਗੁਰੂ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ। ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਹੁੰਦਾ ਜਿੱਥੇ ਸੱਚ ਹੈ ਉੱਥੇ ਭਰਮ ਨਹੀਂ ਹੁੰਦਾ। ਗੁਰੂ ਕੋਲ ਸੱਚ ਹੈ ਤੇ ਇਸੇ ਲਈ ਗੁਰੂ ਹਰ ਭਰਮ ਤੋਂ ਰਹਿਤ ਹੈ। ਗੁਰੂ ਦੀ ਸਮਝ ਵਿੱਚ ਤੇ ਮਨੁੱਖੀ ਸਮਝ ਵਿੱਚ ਇਸੇ ਗੱਲ ਦਾ ਹੀ ਫਰਕ ਹੈ। ਗੁਰੂ ਦੀ ਸਮਝ ਚੌਥੇ ਪਦ ਵਾਲੀ ਹੈ ਤੇ ਮਨੁੱਖੀ ਸਮਝ ਤ੍ਰੈਗੁਣਾਂ ਵਾਲੀ ਹੈ। ਚੌਥੇ ਪਦ ਵਾਲੀ ਸਮਝ ਵਿੱਚ ਭਾਵ ਸੱਚ ਵਾਲੀ ਸਮਝ ਵਿੱਚ ਤੇ ਮਨੁੱਖ ਦੀ ਤ੍ਰੈਗੁਣਾਂ ਵਾਲੀ ਸਮਝ ਵਿੱਚ ਗਿਆਨ ਦਾ ਹੀ ਫਰਕ ਹੈ। ਗੁਰੂ ਆਪਣੇ ਸੱਚੇ ਗਿਆਨ ਵਾਲੀ ਸਮਝ ਦੁਆਰਾ ਹੀ ਸੱਚਾ ਗੁਰੂ ਹੈ ਜਿਸ ਕਰਕੇ ਉਹ ਸੱਚ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦੀ ਮਤਿ ਤੇ ਭਰੋਸਾ ਰੱਖਣਾ ਸਾਡਾ ਗੁਰੂ ਦੇ ਨਾਲ ਜੁੜਨ ਦਾ ਪਹਿਲਾ ਸੱਚਾ ਫਰਜ ਹੈ ਭਾਵ ਅਸੀਂ ਜੋ ਕੁੱਝ ਵੀ ਸਮਝਣਾ ਹੈ ਉਹ ਗੁਰੂ ਕੋਲੋਂ ਹੀ ਸਮਝੀਏ ਤੇ ਉਨ੍ਹਾਂ ਦੀ ਮਤਿ ਤੇ ਭਰੋਸਾ ਨਾ ਟਿਕਾਈਏ ਜੋ ਆਪ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ। ਗੁਰੂ ਸਾਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਸਮਝਾ ਰਿਹਾ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਮਾਰਗ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਪਿਛਲੇ ਸ਼ਬਦ ਰਾਹੀਂ ਵੀ ਇਹੋ ਕੁੱਝ ਸਮਝਿਆ ਹੈ ਕਿ ਭਗਤੀ ਦਾ ਮਾਰਗ ਔਗੁਣਾਂ ਨੂੰ ਤਿਆਗਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਜਿਸ ਦੁਆਰਾ ਅਸੀਂ ਸੰਸਾਰ ਵਿੱਚ ਕਿਸੇ ਨੂੰ ਦੁਖੀ ਨਾ ਕਰੀਏ ਭਾਵ ਸੰਸਾਰ ਦੇ ਸੁੱਖ ਲਈ, ਭਲੇ ਲਈ ਵਿਚਰੀਏ। (**ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥**) ਜੋ ਭਗਤੀ ਦਾ ਮਾਰਗ ਅਸੀਂ ਇਸ ਸ਼ਬਦ ਰਾਹੀਂ ਸਮਝਿਆ ਹੈ ਇਹੀ ਭਗਤੀ ਦਾ ਮਾਰਗ ਹੁਣ ਅਸੀਂ ਧੰਨ ਧੰਨ ਪੰਜਵੀਂ ਪਾਤਸਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਭਗਤੀ ਦਾ ਮਾਰਗ ਕੁੱਝ ਗਹਿਰੇ ਢੰਗ ਨਾਲ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਰਾਮਕਲੀ ਮਹਲਾ ੫ ॥
''ਗਊ ਕਉ ਚਾਰੇ ਸਾਰਦੂਲੁ ॥
ਕਉਡੀ ਕਾ ਲਖ ਹੂਆ ਮੂਲੁ ॥
ਬਕਰੀ ਕਉ ਹਸਤੀ ਪ੍ਰਤਿਪਾਲੇ ॥
ਅਪਨਾ ਪ੍ਰਭੁ ਨਦਰਿ ਨਿਹਾਲੇ ॥੧॥
ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥
ਬਰਨਿ ਨ ਸਾਕਉ ਬਹੁ ਗੁਨ ਤੇਰੇ ॥੧॥ ਰਹਾਉ ॥
ਦੀਸਤ ਮਾਸੁ ਨ ਖਾਇ ਬਿਲਾਈ ॥
ਮਹਾ ਕਸਾਬਿ ਛੁਰੀ ਸਟਿ ਪਾਈ ॥
ਕਰਣਹਾਰ ਪ੍ਰਭੁ ਹਿਰਦੈ ਵੂਠਾ ॥
ਫਾਥੀ ਮਛੁਲੀ ਕਾ ਜਾਲਾ ਤੂਟਾ ॥੨॥

ਸੂਕੇ ਕਾਸਟ ਹਰੇ ਚਲੂਲ ॥
ਊਚੈ ਥਲਿ ਫੂਲੇ ਕਮਲ ਅਨੂਪ ॥
ਅਗਨਿ ਨਿਵਾਰੀ ਸਤਿਗੁਰ ਦੇਵ ॥
ਸੇਵਕੁ ਅਪਨੀ ਲਾਇਓ ਸੇਵ ॥੩॥
ਅਕਿਰਤਘਣਾ ਕਾ ਕਰੇ ਉਧਾਰੁ ॥
ਪ੍ਰਭੁ ਮੇਰਾ ਹੈ ਸਦਾ ਦਇਆਰੁ ॥
ਸੰਤ ਜਨਾ ਕਾ ਸਦਾ ਸਹਾਈ ॥
ਚਰਨ ਕਮਲ ਨਾਨਕ ਸਰਣਾਈ ॥੪॥"

(ਅੰਗ - ੮੯੮)

ਭਗਤੀ ਦਾ ਮਾਰਗ ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ, ਹਰ ਸ਼ਬਦ ਰਾਹੀਂ ਸਮਝਦੇ ਆ ਰਹੇ ਹਾਂ ਉਹ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦਾ ਹੈ ਜਿੰਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਦੂਸਰਿਆਂ ਨੂੰ ਦੁੱਖ ਪਹੁੰਚਾਉਂਦੇ ਹਾਂ। ਉਪਰਲੇ ਸ਼ਬਦ ਰਾਹੀਂ ਸਾਨੂੰ ਆਪਣੀਆਂ ਤ੍ਰਿਸ਼ਨਾਵਾਂ ਨੂੰ ਵੱਸ ਵਿੱਚ ਰੱਖਣਾ ਹੀ ਸਮਝਾਇਆ ਹੋਇਆ ਹੈ ਭਾਵ ਆਪਣੇ ਮਨ ਨੂੰ ਸੰਜਮ ਵਿੱਚ ਰੱਖਣਾ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ, ਕਿਸੇ ਨੂੰ ਦੁੱਖ ਨਾ ਦੇਈਏ ਬਲਕਿ ਉਲਟਾ ਦੂਸਰਿਆਂ ਨੂੰ ਸੁੱਖ ਦੇਣ ਦਾ ਉਪਰਾਲਾ ਕਰੀਏ। ਉੱਪਰ ਪੰਗਤੀਆਂ ਰਾਹੀਂ ਸਾਨੂੰ ਇਹੀ ਕੁੱਝ ਸਮਝਾਇਆ ਹੋਇਆ ਹੈ ਭਾਵ ਸੱਚੀ ਭਗਤੀ ਕਰਨਾ ਹੀ ਸਮਝਾਇਆ ਹੋਇਆ ਹੈ। ਸ਼ੇਰ ਤੇ ਗਊ ਦਾ ਹਵਾਲਾ ਦੇ ਕੇ ਸਮਝਾਇਆ ਹੋਇਆ ਹੈ।

"ਗਊ ਕਉ ਚਾਰੇ ਸਾਰਦੂਲੁ ॥
ਕਉਡੀ ਕਾ ਲਖ ਹੂਆ ਮੂਲੁ ॥"

"ਸਾਰਦੂਲ" ਸ਼ੇਰ ਨੂੰ ਕਹਿੰਦੇ ਹਨ ਤੇ ਸ਼ੇਰ ਜੰਗਲ ਦੇ ਵਿੱਚ ਗਊਆਂ ਨੂੰ ਮਾਰਦੇ ਹਨ ਭਾਵ ਉਨ੍ਹਾਂ ਨੂੰ ਦੁੱਖ ਦਿੰਦੇ ਹਨ। ਜੇਕਰ ਕੋਈ ਸ਼ੇਰ ਗਊ ਮਾਰਨ ਦੀ ਬਜਾਇ ਉਲਟਾ ਉਸਦਾ ਰਾਖਾ ਬਣਕੇ ਵਰਤੇ ਭਾਵ ਗਊ ਨੂੰ ਆਪ ਜੰਗਲ ਵਿੱਚ ਚਰਾਵੇ ਉਸ ਨਾਲ ਗਊ ਨੂੰ ਕਿਤਨਾ ਕੁ ਸੁੱਖ ਮਿਲਦਾ ਹੈ ਇਸਨੂੰ ਹਰ ਕੋਈ ਸਮਝ ਸਕਦਾ ਹੈ। ਸ਼ੇਰ ਜੰਗਲ ਦਾ ਰਾਜਾ ਹੁੰਦਾ ਹੈ ਤੇ ਇਸੇ ਤਰ੍ਹਾਂ ਸਮਾਜ ਵਿੱਚ ਵੀ ਰਾਜੇ ਹੁੰਦੇ ਹਨ ਜਿੰਨ੍ਹਾਂ ਦਾ ਹੁਕਮ ਚੱਲਦਾ ਹੈ। ਜੇਕਰ ਉਹ ਰਾਜੇ ਆਪਣੀ ਪਰਜਾ ਨੂੰ ਮਾਰਦੇ ਹਨ, ਉਨ੍ਹਾਂ ਨੂੰ ਦੁਖੀ ਕਰਦੇ ਹਨ ਫਿਰ ਉਹ ਭਗਤੀ ਦੇ ਮਾਰਗ ਤੋਂ ਉਲਟ ਜਾਂਦੇ ਹਨ ਭਾਵ ਆਪਣੇ ਸੁੱਖਾਂ ਦੇ ਲਈ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਦੇ ਲਈ ਉਹ ਦੂਸਰਿਆਂ ਨੂੰ ਦੁੱਖ ਦਿੰਦੇ ਹਨ ਤੇ ਜੇਕਰ ਦੁੱਖ ਦੇਣ ਦੀ ਬਜਾਇ ਆਪਣੀ ਪਰਜਾ ਨੂੰ ਸੁਖੀ ਰੱਖਣ ਤਾਂ ਹੀ ਸਭ ਨੂੰ ਚੰਗਾ ਲੱਗਦਾ ਹੈ ਜਿਸ ਲਈ ਆਪਣੇ ਸੁੱਖਾਂ ਦਾ ਤਿਆਗ ਕਰਨਾ ਪੈਂਦਾ ਹੈ ਜਿਵੇਂ ਕਿ ਸ਼ੇਰ ਤੇ ਗਊ ਦਾ ਹਵਾਲਾ ਦੇ ਕੇ ਸਮਝਾਇਆ ਹੈ। ਜੇਕਰ ਸ਼ੇਰ ਗਊ ਨੂੰ ਨਹੀਂ ਖਾਂਦਾ ਇਸ ਦੇ ਲਈ ਉਸਨੂੰ ਆਪਣੀ ਤ੍ਰਿਸ਼ਨਾ ਮਾਰਨੀ ਪੈਂਦੀ ਹੈ, ਆਪਣਾ ਸੁੱਖ ਛੱਡਣਾ ਪੈਂਦਾ ਹੈ ਜਿਸ ਨੂੰ ਛੱਡੇ ਬਿਨ੍ਹਾਂ ਦੂਸਰਿਆਂ ਨੂੰ ਸੁਖੀ ਨਹੀਂ ਰੱਖਿਆ ਜਾ ਸਕਦਾ। ਜਦੋਂ ਮਨੁੱਖ ਦੇ ਅੰਦਰ ਦੀ ਬ੍ਰਿਤੀ, ਉਸਦੇ ਅੰਦਰ ਦੀ ਇੱਛਾ ਦੂਸਰਿਆਂ ਨੂੰ ਦੁੱਖ ਦੇਣ ਵਾਲੀ ਹੁੰਦੀ ਹੈ ਮਨ ਦੀ ਉਹੋ ਜਿਹੀ ਇੱਛਾ ਨੂੰ ਕਉਡੀ ਦੇ ਬਰਾਬਰ ਕਿਹਾ ਹੈ ਤੇ ਜਦੋਂ ਮਨੁੱਖ ਆਪਣੀਆਂ ਮਾੜੀਆਂ ਇੱਛਾਵਾਂ ਨੂੰ ਛੱਡਕੇ ਕਿਸੇ ਨੂੰ ਸੁੱਖ ਦੇਣ ਵਾਲੀਆਂ ਇੱਛਾਵਾਂ ਵਾਲਾ ਬਣ ਜਾਂਦਾ ਹੈ ਫਿਰ ਮਨੁੱਖ ਦੀ ਇਹੋ ਜਿਹੀ ਸਮਝ ਲੱਖਾਂ ਦੀ ਕੀਮਤ ਵਾਲੀ ਬਣ ਜਾਂਦੀ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀਆਂ ਇਹੋ ਜਿਹੀਆਂ ਇੱਛਾਵਾਂ ਰੱਖਣ ਦੁਆਰਾ ਹੁੰਦੀ ਹੈ ਤੇ ਮਾੜੀਆਂ ਇੱਛਾਵਾਂ ਛੱਡਣ ਦੁਆਰਾ ਹੁੰਦੀ ਹੈ। ਮਾੜੀਆਂ ਇੱਛਾਵਾਂ ਕਰਕੇ ਮਨੁੱਖ ਕਉਡੀ ਦਾ ਹੁੰਦਾ ਹੈ ਭਾਵ ਮਾੜਾ ਇਨਸਾਨ ਹੁੰਦਾ ਹੈ ਤੇ ਚੰਗੀਆਂ ਇੱਛਾਵਾਂ ਦੁਆਰਾ ਭਾਵ ਚੰਗੇ ਕਰਮ ਕਰਨ ਦੁਆਰਾ ਉਸ ਦੀ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਸਮਝ ਉੱਚੀ ਹੋ ਜਾਂਦੀ ਹੈ। (**ਗਊ ਕਉ ਚਾਰੇ ਸਾਰਦੂਲੁ ॥ ਕਉਡੀ ਕਾ ਲਖ ਹੂਆ ਮੂਲੁ ॥**)

ਮਨੁੱਖ ਕਉਡੀ ਤੋਂ ਲੱਖਪਤੀ ਕਿਵੇਂ ਬਣਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਮਹਲਾ ੫ ॥

{ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਅ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥
ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ ਰਹਾਉ ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧॥
ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥੨॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥੩॥੩॥}

(ਅੰਗ - ੪੮੭-੪੮੮)

ਇਸ ਪੂਰੇ ਸ਼ਬਦ ਦੀ ਵਿਆਖਿਆ ਅੱਗੇ ਚੱਲਕੇ ਸਮਝਾਂਗੇ। ਉੱਪਰ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਧੰਨ ਧੰਨ ਨਾਮਦੇਵ ਜੀ ਨੂੰ ਪ੍ਰਮਾਤਮਾ ਨੇ "ਲਾਖੀਣਾ" ਕਿਸ ਤਰੀਕੇ ਬਣਾਇਆ ਹੈ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਆਪਣੇ ਆਪ ਕੋਈ ਲਾਖੀਣਾ ਨਹੀਂ ਬਣ ਸਕਦਾ ਤੇ ਜਿਸਨੂੰ ਪ੍ਰਮਾਤਮਾ ਲਾਖੀਣਾ ਬਣਾਉਂਦਾ ਹੈ ਉਸਨੂੰ ਆਪਣੇ ਨਾਲ ਮੇਲਣ ਦੁਆਰਾ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਣਾਇਆ ਹੈ। ਆਪਣੇ ਨਾਲ ਮੇਲ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਉੱਚਾ ਗਿਆਨ ਭਾਵ ਚੌਥੇ ਪਦ ਵਾਲਾ ਗਿਆਨ ਹੀ ਬਖਸ਼ਦਾ ਹੈ ਜਿਸ ਮਨ ਦੀ ਸਮਝ ਦੁਆਰਾ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ, ਮਾਇਆ ਮੋਹ ਦੂਰ ਹੁੰਦਾ ਹੈ ਤੇ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਮਨੁੱਖ ਦੀ ਆਪਣੀ ਹੋਂਦ ਝੂਠ ਹੈ। ਸਭ ਦੇ ਅੰਦਰ ਪ੍ਰਮਾਤਮਾ ਨੇ ਇਹ ਝੂਠੀ ਸਮਝ ਹੀ ਪਾਈ ਹੋਈ ਹੈ ਜਿਸ ਸਮਝ ਨੂੰ ਕਉਡੀ ਦੇ ਬਰਾਬਰ ਕਿਹਾ ਹੈ, ਜਿਸ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਤ੍ਰਿਸ਼ਨਾਵਾਂ ਦਾ ਭਰਿਆ ਰਹਿੰਦਾ ਹੈ ਜਿਸ ਕਰਕੇ ਉਹ ਅਨੇਕਾਂ ਮਾੜੇ ਕਰਮ ਕਰਦਾ ਹੈ ਭਾਵ ਭਗਤੀ ਦੇ ਮਾਰਗ ਤੋਂ ਉਲਟ ਚੱਲਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਮੇਲ ਦੁਆਰਾ ਭਗਤੀ ਦੀ ਸੱਚੀ ਸਮਝ ਪਾਉਂਦਾ ਹੈ ਉਹ ਭਗਤੀ ਦੀ ਉੱਚੀ ਸਮਝ ਮਨੁੱਖ ਨੂੰ ਲਾਖੀਣਾ ਬਣਾਉਂਦੀ ਹੈ। ਮਨ ਦੀ ਇਹ ਸਮਝ ਹੀ ਮਨੁੱਖ ਦਾ ਨਾਮੁ ਧੰਨ ਹੈ ਜੋ ਸੰਸਾਰ ਦਾ ਸਭ ਤੋਂ ਉੱਚਾ ਧੰਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਇਹ ਮਨੁੱਖੀ ਸਮਝ ਦੇ ਵਿੱਚ ਭਗਤੀ ਦੇ ਮਾਰਗ ਦੇ ਸੱਚੇ ਗਿਆਨ ਦਾ ਧੰਨ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਭਗਤੀ ਦੇ ਸੱਚੇ ਗਿਆਨ ਵਾਲੀ ਸਮਝ ਸਾਨੂੰ ਕਿਹੋ ਜਿਹੇ ਭਗਤੀ ਦੇ ਮਾਰਗ ਨਾਲ ਜੋੜਦੀ ਹੈ। (**ਗਉ ਕਉ ਚਾਰੇ ਸਾਰਦੂਲੁ ॥ ਕਉਡੀ ਕਾ ਲਖ ਹੂਆ ਮੂਲੁ ॥**) ਜਿਹੋ ਜਿਹੀ ਭਗਤੀ ਦਾ ਮਾਰਗ ਅਸੀਂ ਇਨ੍ਹਾਂ ਪੰਗਤੀਆਂ ਰਾਹੀਂ ਸਮਝਿਆ ਹੈ ਉਹੀ ਭਗਤੀ ਦਾ ਮਾਰਗ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਬਕਰੀ ਕਉ ਹਸਤੀ ਪ੍ਰਤਿਪਾਲੇ ॥

ਅਪਨਾ ਪ੍ਰਭੁ ਨਦਰਿ ਨਿਹਾਲੇ ॥੧॥”

“ਹਸਤੀ” ਹਾਥੀ ਨੂੰ ਕਹਿੰਦੇ ਹਨ ਜੋ ਕਾਫੀ ਵੱਡਾ ਜਾਨਵਰ ਹੈ ਤੇ ਬੱਕਰੀ ਉਸ ਤੋਂ ਬਹੁਤ ਛੋਟਾ ਜਾਨਵਰ ਹੈ। ਹਾਥੀ ਦੀ ਪਹੁੰਚ ਉੱਚੀ ਹੁੰਦੀ ਹੈ ਭਾਵ ਉਹ ਵੱਡੇ ਵੱਡੇ ਪੇੜਾਂ ਤੋਂ ਪੱਤੇ ਟਾਹਣੀਆਂ ਤੋੜ ਸਕਦਾ ਹੈ ਜਿੱਥੇ ਬੱਕਰੀ ਦੀ ਪਹੁੰਚ ਨਹੀਂ ਜਾ ਸਕਦੀ। ਜੇਕਰ ਹਾਥੀ ਚਾਹੇ ਉਹ ਆਪਣੇ ਭੋਜਨ ਵਿੱਚੋਂ ਬੱਕਰੀ ਨੂੰ ਵੀ ਭੋਜਨ ਦੇ ਸਕਦਾ ਹੈ ਭਾਵ ਆਪਣੇ ਨਾਲ ਨਾਲ ਉਸਨੂੰ ਵੀ ਪਾਲ ਸਕਦਾ ਹੈ, ਆਪਣੇ ਬੱਚਿਆਂ ਦੇ ਨਾਲ ਨਾਲ ਬੱਕਰੀ ਨੂੰ ਵੀ ਪਾਲ ਸਕਦਾ ਹੈ ਜੋ ਕਿ ਉਸਦੇ ਪਰਿਵਾਰ ਦੀ ਨਹੀਂ ਹੈ। ਸਾਰੀ ਗੱਲ ਮਨ ਦੀ ਇੱਛਾ ਦੀ ਹੈ ਭਾਵ ਜੇਕਰ ਸਾਡੇ ਕੋਲ ਕਿਸੇ ਗੱਲ ਦੀ ਸਮਰੱਥਾ ਹੈ ਤਾਂ ਅਸੀਂ ਉਸ ਸਮਰੱਥਾ ਨਾਲ ਦੂਸਰਿਆਂ ਦਾ ਭਲਾ ਵੀ ਕਰ ਸਕਦੇ ਹਾਂ, ਕਿਸੇ ਮਾੜੇ ਦਾ, ਲੋੜਵੰਦ ਦਾ ਭਲਾ ਵੀ ਕਰ ਸਕਦੇ ਹਾਂ। ਇਹ ਸੱਚੀ ਭਗਤੀ ਦਾ ਮਾਰਗ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਘਾਲਿ ਖਾਇ ਕਿਛੁ ਹਥਹੁ ਦੇਇ ॥

ਨਾਨਕ ਰਾਹੁ ਪਛਾਣਹਿ ਸੇਇ ॥੧॥}

(ਅੰਗ - ੧੨੪੫)

ਇਹੋ ਜਿਹੀ ਭਗਤੀ ਦੇ ਮਾਰਗ ਤੇ ਉਹੀ ਚੱਲਦਾ ਹੈ ਜਿਸ ਤੇ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੁੰਦੀ ਹੈ ਭਾਵ ਉਸ ਮਨੁੱਖ ਦੇ ਜੀਵਨ ਨੂੰ ਉਹ ਆਪ ਹੀ ਰਾਹ ਦਿਖਾਉਂਦਾ ਹੈ, ਉਸਦੇ ਜੀਵਨ ਦੀ ਸੰਭਾਲ ਕਰਦਾ ਹੈ। (**ਗਊ ਕਉ ਚਾਰੇ ਸਾਰਦੂਲੁ ॥ ਕਉਡੀ ਕਾ ਲਖ ਹੂਆ ਮੂਲੁ ॥ ਬਕਰੀ ਕਉ ਹਸਤੀ ਪ੍ਰਤਿਪਾਲੇ ॥ ਅਪਨਾ ਪ੍ਰਭੁ ਨਦਰਿ ਨਿਹਾਲੇ ॥੧॥**) ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨ੍ਹਾਂ ਉਸਦੀ ਇਹੋ ਜਿਹੀ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਤੇ ਇਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਜੋ ਆਪਣੇ ਗੁਣ ਗਾਉਣੇ ਉਹ ਮਨ ਦੇ ਵਿਚ ਆਪ ਹੀ ਸਿਖਾਉਂਦਾ ਹੈ। ਮਨ ਦੇ ਵਿੱਚ ਸੱਚੀ ਸਮਝ ਵਾਲਾ ਹਰ ਵਿਚਾਰ ਜਿਸ ਰਾਹੀਂ ਪ੍ਰਮਾਤਮਾ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਹ ਗੁਣ ਹੈ ਤੇ ਹਰ ਗੁਣਾਂ ਵਾਲੇ ਵਿਚਾਰਾਂ ਨਾਲ ਮਨੁੱਖ ਔਗੁਣਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਦਾ ਹੈ, ਭਰਮਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਦਾ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਦਾ ਹੈ ਜੋ ਮਾੜੇ ਵਿਚਾਰ ਮਨੁੱਖ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਭਾਵ ਭਗਤੀ ਦੇ ਮਾਰਗ ਤੋਂ, ਗੁਰਮਤਿ ਦੇ ਮਾਰਗ ਤੋਂ ਉਲਟ ਚਲਾਉਂਦੇ ਹਨ। ਆਪਣੇ ਗੁਣ ਪ੍ਰਮਾਤਮਾ ਮਨ ਦੇ ਵਿੱਚ ਗੁਰਮਤਿ ਵਾਲੇ ਵਿਚਾਰ ਦੇਣ ਦੁਆਰਾ ਹੀ ਸਿਖਾਉਂਦਾ ਹੈ ਤੇ ਗੁਰਮਤਿ ਵਾਲਾ ਹਰ ਵਿਚਾਰ ਸਾਡਾ ਗੁਣ ਹੈ ਜੋ ਸਾਨੂੰ ਮਨਮਤਿ ਵਾਲੇ ਵਿਚਾਰਾਂ ਵਿੱਚੋਂ ਕੱਢਦਾ ਹੈ। ਮਨਮਤਿ ਵਾਲਾ ਸਾਡਾ ਹਰ ਵਿਚਾਰ ਸਾਡਾ ਔਗੁਣ ਹੈ। ਗੁਰਮਤਿ ਵਾਲੇ ਵਿਚਾਰ ਗੁਣਾਂ ਦੇ ਭਰੇ ਹੋਏ ਹਨ ਜੋ ਮਨੁੱਖ ਨੂੰ ਹਰ ਔਗੁਣ ਵਿੱਚੋਂ ਕੱਢ ਲੈਂਦੇ ਹਨ ਤੇ ਤਾਂ ਹੀ ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। (**ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਬਰਨਿ ਨ ਸਾਕਉ ਬਹੁ ਗੁਨ ਤੇਰੇ ॥੧॥ ਰਹਾਉ ॥**)

ਜਿਹੋ ਜਿਹਾ ਭਗਤੀ ਦਾ ਮਾਰਗ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ ਉਹੀ ਭਗਤੀ ਦਾ ਮਾਰਗ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਦੀਸਤ ਮਾਸੁ ਨ ਖਾਇ ਬਿਲਾਈ ॥

ਮਹਾ ਕਸਾਬਿ ਛੁਰੀ ਸਟਿ ਪਾਈ ॥”

“ਬਿਲਾਈ” ਬਿੱਲੀ ਨੂੰ ਕਹਿੰਦੇ ਹਨ ਜਿਸਨੂੰ ਚੂਹਾ ਖਾਣਾ ਬਹੁਤ ਚੰਗਾ ਲੱਗਦਾ ਹੈ ਪਰ ਜੇਕਰ ਬਿੱਲੀ ਨੂੰ ਸਾਹਮਣੇ ਮਾਸ ਦਿਸ ਰਿਹਾ ਹੋਵੇ, ਚੂਹਾ ਦਿਸ ਰਿਹਾ ਹੋਵੇ ਤੇ ਫਿਰ ਵੀ ਜੇਕਰ ਉਸਨੂੰ ਖਾਣ ਦਾ ਲਾਲਚ ਬਿੱਲੀ ਦੇ ਅੰਦਰ ਨਹੀਂ ਉਪਜਦਾ ਇਹ ਕਿਤਨੀ ਵੱਡੀ ਤ੍ਰਿਸ਼ਨਾ ਦਾ ਤਿਆਗ ਹੈ। ਬਿੱਲੀ ਚੂਹਿਆਂ ਦਾ ਪ੍ਰਮਾਣ ਦੇ ਕੇ ਸਾਨੂੰ ਭਗਤੀ ਦਾ ਮਾਰਗ ਹੀ ਸਮਝਾਇਆ ਹੈ ਜੋ ਮਾਰਗ ਤ੍ਰਿਸ਼ਨਾਵਾਂ ਨੂੰ ਛੱਡਣ ਦਾ ਹੈ, ਲੋਭ ਲਾਲਚ ਛੱਡਣ ਦਾ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ। ਜੇਕਰ ਅਸੀਂ ਇਸ ਗੱਲ ਨੂੰ ਆਪਣੇ ਜੀਵਨ ਵਿੱਚ ਵਿਚਾਰੀਏ ਫਿਰ ਸੱਚ ਤੇ ਚੱਲਣ ਦਾ ਇਹੀ ਮਾਰਗ ਹੈ। ਅਸੀਂ ਆਪਣੇ ਜੀਵਨ ਵਿੱਚ ਉਹੋ ਜਿਹੇ ਅਹੁਦਿਆਂ ਤੇ ਵਿਚਰਦੇ ਹਾਂ, ਕੰਮ ਕਰਦੇ ਹਾਂ ਜਿੰਨ੍ਹਾਂ ਅਹੁਦਿਆਂ ਦਾ ਅਸੀਂ ਨਜਾਇਜ ਫ਼ਾਇਦਾ ਵੀ ਉਠਾ ਸਕਦੇ ਹਾਂ ਤੇ ਅਨੇਕਾਂ

ਹੀ ਇਨ੍ਹਾਂ ਅਹੁਦਿਆਂ ਦਾ ਫ਼ਾਇਦਾ ਉਠਾਉਂਦੇ ਹਨ ਤੇ ਕਈ ਨਜਾਇਜ ਫ਼ਾਇਦਾ ਨਹੀਂ ਉਠਾਉਂਦੇ ਭਾਵ ਸੱਚ ਤੇ ਚੱਲਦੇ ਹਨ। ਜੋ ਲੋਭ ਲਾਲਚ ਵਿੱਚ ਫਸ ਜਾਂਦਾ ਹੈ ਉਹ ਰਿਸ਼ਵਤ ਲੈਂਦਾ ਹੈ, ਆਪਣੇ ਆਪਣੇ ਅਹੁਦਿਆਂ ਅਨੁਸਾਰ ਉਸਦਾ ਨਜਾਇਜ ਫ਼ਾਇਦਾ ਚੁੱਕਦਾ ਹੈ। ਅਗਰ ਅਸੀਂ ਕਿਸੇ ਦੇ ਅੱਗੇ ਰਿਸ਼ਵਤ ਦੇ ਪੈਸੇ ਰੱਖ ਦੇਈਏ ਤੇ ਫਿਰ ਵੀ ਕੋਈ ਲੋਭ ਲਾਲਚ ਵਿੱਚ ਨਾ ਆਵੇ ਜਿਸ ਤਰੀਕੇ ਬਿੱਲੀ ਚੂਹੇ ਨੂੰ ਦੇਖਕੇ ਲਾਲਚ ਵਿੱਚ ਨਾ ਆਵੇ ਭਾਵ ਚੂਹੇ ਨੂੰ ਨਾ ਖਾਵੇ ਤੇ ਅਸੀਂ ਵੀ ਸਾਹਮਣੇ ਪਈ ਰਿਸ਼ਵਤ ਨਾ ਖਾਈਏ ਇਹ ਆਪਣੇ ਅੰਦਰ ਦੇ ਲੋਭ ਲਾਲਚ ਨੂੰ ਵੱਸ ਵਿੱਚ ਰੱਖਣਾ ਹੈ ਭਾਵ ਤ੍ਰਿਸ਼ਨਾ ਨੂੰ ਵੱਸ ਵਿੱਚ ਰੱਖਣਾ ਹੈ ਜਿਸ ਦੁਆਰਾ ਅਸੀਂ ਮਾੜਾ ਕਰਮ ਕਰਨ ਤੋਂ ਬੱਚਦੇ ਹਾਂ ਭਾਵ ਸੱਚ ਦੇ ਨਾਲ ਜੁੜੇ ਰਹਿੰਦੇ ਹਾਂ ਭਾਵ ਗੁਰੂ ਦੀ ਮਤਿ ਦੇ ਨਾਲ ਜੁੜੇ ਰਹਿੰਦੇ ਹਾਂ। ਇਸੇ ਤਰੀਕੇ ਸਾਰੇ ਜੀਵਨ ਵਿੱਚ, ਸਾਡੇ ਕਾਰ ਵਿਹਾਰ ਵਿੱਚ, ਸਾਡੀ ਸੰਸਾਰਿਕ ਵਿਚਰਨ ਵਿੱਚ ਅਨੇਕਾਂ ਹੀ ਮੌਕੇ ਆਉਂਦੇ ਹਨ, ਵਾਰ-ਵਾਰ ਆਉਂਦੇ ਹਨ ਜੋ ਸਾਨੂੰ ਲੋਭ ਲਾਲਚ ਵਿੱਚ ਪਾਉਂਦੇ ਹਨ ਤੇ ਜੋ ਆਪਣੇ ਅੰਦਰ ਦੇ ਲੋਭ ਲਾਲਚ ਨੂੰ ਵੱਸ ਵਿੱਚ ਰੱਖਦਾ ਹੈ ਤੇ ਕੋਈ ਮਾੜਾ ਕਰਮ ਨਹੀਂ ਕਰਦਾ, ਕਿਸੇ ਦਾ ਹੱਕ ਨਹੀਂ ਖਾਂਦਾ ਉਹ ਸੱਚੇ ਕਰਮ ਕਰਦਾ ਹੈ ਭਾਵ ਧਰਮ ਦੇ ਮਾਰਗ ਤੇ ਚੱਲਦਾ ਹੈ। (**ਦੀਸਤ ਮਾਸੁ ਨ ਖਾਇ ਬਿਲਾਈ ॥**) ਲੋਭ ਲਾਲਚ ਵਿੱਚ ਆ ਕੇ ਕਿਸੇ ਦਾ ਹੱਕ ਖਾਣ ਵਾਲੇ ਨੂੰ ਹੀ "ਮਹਾ ਕਸਾਬਿ" ਕਿਹਾ ਹੈ ਭਾਵ ਵੱਡਾ ਕਸਾਈ ਕਿਹਾ ਹੈ। ਜੋ ਦੂਸਰਿਆਂ ਦਾ ਹੱਕ ਖਾਣਾ ਛੱਡ ਦਿੰਦਾ ਹੈ ਭਾਵ ਆਪਣੀ ਤ੍ਰਿਸ਼ਨਾ ਤੇ ਕਾਬੂ ਪਾ ਲੈਂਦਾ ਹੈ ਉਹ ਕਸਾਈ ਆਪਣੀ ਛੁਰੀ ਸੁੱਟ ਦਿੰਦਾ ਹੈ। ਛੁਰੀ ਸਾਡੇ ਅੰਦਰ ਦੀ ਲੋਭ ਲਾਲਚ ਵਾਲੀ ਬਿਰਤੀ ਹੈ ਜਿਸਨੂੰ ਛੱਡਣਾ ਹੀ ਛੁਰੀ ਨੂੰ ਸੁੱਟਣਾ ਹੈ। (**ਦੀਸਤ ਮਾਸੁ ਨ ਖਾਇ ਬਿਲਾਈ ॥ ਮਹਾ ਕਸਾਬਿ ਛੁਰੀ ਸਟਿ ਪਾਈ ॥**) ਇਹ ਛੁਰੀ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਨਿਤਪ੍ਰਤਿ ਇਸਨਾਨੁ ਸਰੀਰੰ ॥
ਦੁਇ ਧੋਤੀ ਕਰਮ ਮੁਖਿ ਖੀਰੰ ॥
ਰਿਦੈ ਛੁਰੀ ਸੰਧਿਆਨੀ ॥
ਪਰ ਦਰਬੁ ਹਿਰਨ ਕੀ ਬਾਨੀ ॥੨॥}

(ਅੰਗ - ੧੩੫੧)

ਉਪਰਲੀਆਂ ਪੰਗਤੀਆਂ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਇਹ ਛੁਰੀ ਸਾਡੇ ਅੰਦਰ ਲੋਭ ਲਾਲਚ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ ਜਿਸ ਦੁਆਰਾ ਅਸੀਂ ਦੂਸਰਿਆਂ ਦੇ ਵਿਚਾਰਾਂ ਨੂੰ ਮਾਰਦੇ ਹਾਂ ਭਾਵ ਉਨ੍ਹਾਂ ਨੂੰ ਦੁੱਖ ਦਿੰਦੇ ਹਾਂ ਭਾਵ ਦੂਸਰਿਆਂ ਦੇ ਧੰਨ ਨੂੰ ਚੁਰਾਉਂਦੇ ਹਾਂ, ਦੂਸਰਿਆਂ ਦਾ ਮਾੜਾ ਕਰਦੇ ਹਾਂ, ਆਪਣਾ ਲੋਭ ਲਾਲਚ ਪੂਰਾ ਕਰਦੇ ਹਾਂ।

ਮਃ ੧ ॥

{ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥

ਮਲੇਛ ਧਾਨੁ ਲੇ ਪੂਜਹਿ ਪੁਰਾਨੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥
ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥
ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥੨॥}

(ਅੰਗ - ੪੭੧-੪੭੨)

{ਪੂਜਾ ਤਿਲਕ ਕਰਤ ਇਸਨਾਨਾਂ ॥
ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥
ਬੇਦੁ ਪੜੈ ਮੁਖਿ ਮੀਠੀ ਬਾਣੀ ॥
ਜੀਆਂ ਕੁਹਤ ਨ ਸੰਗੈ ਪਰਾਣੀ ॥੩॥
ਕਹੁ ਨਾਨਕ ਜਿਸੁ ਕਿਰਪਾ ਧਾਰੈ ॥
ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥੪॥੧੦੭॥}

(ਅੰਗ - ੨੦੧)

ਸਾਡੇ ਅੰਦਰ ਦੇ ਮਾੜੇ ਵਿਚਾਰ, ਔਗੁਣਾਂ ਵਾਲੇ ਵਿਚਾਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਸਾਡੇ ਅੰਦਰ ਦੀ ਉਹ ਛੁਰੀ ਹੈ ਜਿਸ ਦੁਆਰਾ ਅਸੀਂ ਦੂਸਰਿਆਂ ਦਾ ਮਾੜਾ ਕਰਦੇ ਹਾਂ। ਜਦ ਤੱਕ ਮਨੁੱਖ ਇਸ ਛੁਰੀ ਨੂੰ ਨਹੀਂ ਸੁੱਟਦਾ ਤਦ ਤੱਕ ਉਹ ਕਿਸੇ ਦਾ ਮਾੜਾ ਕਰਨ ਤੋਂ ਨਹੀਂ ਰਹਿ ਸਕਦਾ ਭਾਵ ਉਹ ਧਰਮ ਦੇ ਮਾਰਗ ਤੇ ਨਹੀਂ ਚੱਲ ਸਕਦਾ। ਇਹ ਛੁਰੀ ਨੂੰ ਸੁੱਟੇ ਬਿਨ੍ਹਾਂ ਕਿਸੇ ਦਾ ਹਿਰਦਾ ਸ਼ੁੱਧ ਨਹੀਂ ਹੋ ਸਕਦਾ ਤੇ ਹਿਰਦਾ ਸ਼ੁੱਧ ਹੋਏ ਬਿਨ੍ਹਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਹਿਰਦਾ ਸ਼ੁੱਧ ਆਪਣੇ ਅੰਦਰ ਬ੍ਰਹਮ ਵਿਚਾਰਨ ਦੁਆਰਾ ਹੁੰਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਵੱਸਣ ਦੁਆਰਾ ਹੁੰਦਾ ਹੈ, ਨਾਮੁ ਵੱਸਣ ਦੁਆਰਾ ਹੁੰਦਾ ਹੈ ਜੋ ਕਿ ਕੇਵਲ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਉਪਰਲੇ ਸ਼ਬਦ ਦੇ ਆਖਰੀ ਪੱਦੇ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। (**ਕਹੁ ਨਾਨਕ ਜਿਸੁ ਕਿਰਪਾ ਧਾਰੈ ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥**)

ਹਿਰਦੇ ਦੀ ਸ਼ੁੱਧੀ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਜੋ ਸ਼ੁੱਧੀ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਉਹ ਆਪ ਹੀ ਕਰਦਾ ਹੈ, ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਕੱਢਣ ਦੁਆਰਾ ਕਰਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਦੀਸਤ ਮਾਸੁ ਨ ਖਾਇ ਬਿਲਾਈ ॥
ਮਹਾ ਕਸਾਬਿ ਛੁਰੀ ਸਟਿ ਪਾਈ ॥
ਕਰਣਹਾਰ ਪ੍ਰਭੁ ਹਿਰਦੈ ਵੂਠਾ ॥
ਫਾਥੀ ਮਛੁਲੀ ਕਾ ਜਾਲਾ ਤੂਟਾ ॥੨॥”

ਉਪਰਲੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਪਹਿਲੇ ਸਮਝਿਆ ਹੈ। ਆਪਣੇ ਅੰਦਰ ਦੀ ਛੁਰੀ ਨੂੰ “ਕਸਾਬਿ” ਭਾਵ ਮਾੜੇ ਵਿਚਾਰਾਂ ਵਾਲਾ ਮਨੁੱਖ ਆਪਣੇ ਅੰਦਰੋਂ ਬਾਹਰ ਕਿਸ ਤਰੀਕੇ ਸੁੱਟਦਾ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ, ਮਾਇਆ ਮੋਹ ਵਿੱਚੋਂ ਮਨੁੱਖ ਕਿਸ ਤਰੀਕੇ ਨਿਕਲਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਰਣਹਾਰ ਪ੍ਰਭੁ ਹਿਰਦੈ ਵੂਠਾ ॥
ਫਾਥੀ ਮਛੁਲੀ ਕਾ ਜਾਲਾ ਤੂਟਾ ॥੨॥”

ਜਿਸਨੂੰ ਵੀ ਪ੍ਰਮਾਤਮਾ ਮਾਇਆ ਮੋਹ ਤੋਂ ਮੁਕਤ ਕਰਦਾ ਹੈ ਉਸਨੂੰ ਮਨ ਦੀ ਨਾਸਮਝ ਮਤਿ ਤੋਂ ਹੀ ਮੁਕਤ ਕਰਦਾ ਹੈ ਤੇ ਆਪਣੀ ਭਗਤੀ ਦਾ ਸੱਚਾ ਮਾਰਗ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਵਿੱਚ, ਹਉਮੈ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੇ ਇਸ ਬੰਧਨ ਦੇ ਵਿੱਚ ਰੱਖਿਆ ਹੋਇਆ ਹੈ। ਸਾਡੇ ਅੰਦਰ ਦਾ ਇਹ ਮਾਇਆ ਮੋਹ ਵਾਲਾ ਬੰਧਨ ਉਸ ਜਾਲ ਦੀ ਤਰ੍ਹਾਂ ਹੈ ਜਿਸ ਜਾਲ ਵਿੱਚ ਮੱਛੀ ਫਸ ਜਾਂਦੀ ਹੈ ਤੇ ਫਿਰ ਉਸ ਜਾਲ ਵਿੱਚੋਂ ਆਪਣੇ ਆਪ ਨਹੀਂ ਨਿਕਲ ਸਕਦੀ। ਜਿਸਨੇ ਮੱਛੀ ਨੂੰ ਆਪਣੇ ਜਾਲ ਵਿੱਚ ਫਸਾਇਆ ਹੁੰਦਾ ਹੈ ਉਹ ਆਪ ਹੀ ਇਸਨੂੰ ਉਸ ਵਿੱਚੋਂ ਕੱਢ ਸਕਦਾ ਹੈ ਤੇ ਮੱਛੀ ਨੂੰ ਆਜਾਦ ਕਰ ਸਕਦਾ ਹੈ। ਸਾਡੇ ਅੰਦਰ ਇਹ ਮਾਇਆ ਦਾ ਜਾਲ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਤੇ ਉਹ ਆਪ ਹੀ ਕਿਸੇ ਨੂੰ ਇਸ ਵਿੱਚੋਂ ਕੱਢਦਾ ਹੈ, ਇਸ ਜਾਲ ਨੂੰ ਤੋੜਦਾ ਹੈ ਜੋ ਕਿ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਤੋੜਦਾ ਹੈ। ਉਹ ਸਾਨੂੰ ਭਰਮਾਂ ਵਾਲੀ ਸਮਝ ਦੇ ਵਿੱਚੋਂ ਹੀ ਕੱਢਦਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਤ੍ਰਿਸ਼ਨਾਵਾਂ ਵਿੱਚ ਉਲਝਿਆ ਰਹਿੰਦਾ ਹੈ ਤੇ ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਮਾੜੇ ਕਰਮ ਕਰਦਾ ਹੈ, ਦੂਸਰਿਆਂ ਦਾ ਹੱਕ ਖਾਂਦਾ ਹੈ ਭਾਵ ਆਪਣੇ ਸੁੱਖ ਲਈ ਦੂਸਰਿਆਂ ਨੂੰ ਦੁੱਖ ਦਿੰਦਾ ਹੈ ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਭਾਵ ਸੱਚੀ ਭਗਤੀ ਦੇ ਮਾਰਗ ਦੀ ਸਮਝ ਪ੍ਰਮਾਤਮਾ ਮਨ ਵਿੱਚ ਵੱਸਣ ਦੁਆਰਾ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਕਿਸੇ ਦਾ ਮਾੜਾ ਨਹੀਂ ਕਰਦਾ, ਉਸਨੂੰ ਸਭ ਦੇ ਅੰਦਰ ਪ੍ਰਮਾਤਮਾ ਦੀ ਹੋਂਦ ਹੀ ਦਿੱਸਦੀ ਹੈ ਭਾਵ ਸੰਸਾਰ ਦੇ ਭਲੇ ਲਈ ਹੀ ਵਿਚਰਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਭਾਵ ਸੱਚੀ ਭਗਤੀ ਦੇ ਮਾਰਗ ਤੇ ਹੀ ਚੱਲਦਾ ਹੈ। (**ਦੀਸਤ ਮਾਸੁ ਨ ਖਾਇ ਬਿਲਾਈ ॥ ਮਹਾ ਕਸਾਬਿ ਛੁਰੀ ਸਟਿ ਪਾਈ ॥ ਕਰਣਹਾਰ ਪ੍ਰਭੁ ਹਿਰਦੈ ਵੂਠਾ ॥ ਫਾਥੀ ਮਛੁਲੀ ਕਾ ਜਾਲਾ ਤੂਟਾ ॥੨॥**) ਪ੍ਰਮਾਤਮਾ ਦੀ ਭਗਤੀ, ਉਸਦੀ ਸੇਵਾ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਹੁੰਦੀ ਹੈ ਜਦੋਂ ਮਨੁੱਖ ਦੀਆਂ ਤ੍ਰਿਸ਼ਨਾਵਾਂ ਮਿਟ ਜਾਂਦੀਆਂ ਹਨ ਤੇ ਮਨੁੱਖ ਕਿਸੇ ਦਾ ਮਾੜਾ ਕਰਨ ਦੀ ਬਜਾਇ ਚੰਗਾ ਕਰਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੂਕੇ ਕਾਸਟ ਹਰੇ ਚਲੂਲ ॥
ਊਚੈ ਥਲਿ ਫੂਲੇ ਕਮਲ ਅਨੂਪ ॥
ਅਗਨਿ ਨਿਵਾਰੀ ਸਤਿਗੁਰ ਦੇਵ ॥
ਸੇਵਕੁ ਅਪਨੀ ਲਾਇਓ ਸੇਵ ॥੩॥”

ਸੂਕੇ ਕਾਸਟ ਦਾ ਹਰਾ ਹੋਣਾ ਕੀ ਹੈ ਅਸੀਂ ਇਸ ਗੱਲ ਨੂੰ ਪਿਛੇ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਸੁਕੀ

“ਕਾਸਟ” ਸੁਕੀ ਹੋਈ ਲੱਕੜੀ ਹੁੰਦੀ ਹੈ ਭਾਵ ਸੁਕਿਆ ਹੋਇਆ ਪੇੜ ਹੁੰਦਾ ਹੈ, ਸੁੱਕਾ ਹੋਇਆ ਬੂਟਾ ਹੁੰਦਾ ਹੈ ਜਿਸਨੂੰ ਕੋਈ ਫ਼ਲ ਨਹੀਂ ਲੱਗਦਾ ਭਾਵ ਉਸ ਬੂਟੇ ਦੇ ਜੰਮਣ ਦਾ, ਉਸਦੇ ਉੱਗਣ ਦਾ ਅਸਲ ਮਨੋਰਥ ਪੂਰਾ ਨਹੀਂ ਹੁੰਦਾ। ਮਨੋਰਥ ਦੀ ਪੂਰਤੀ ਤਾਂ ਹੀ ਹੁੰਦੀ ਹੈ ਜਦੋਂ ਬੂਟਾ ਹਰਾ ਹੋ ਜਾਂਦਾ ਹੈ। ਜਦੋਂ ਬੂਟਾ ਹਰਾ ਹੁੰਦਾ ਹੈ ਉਹ ਪਾਣੀ ਦੇ ਨਾਲ ਹੀ ਹਰਾ ਹੁੰਦਾ ਹੈ। ਸਾਡੇ ਅੰਦਰ ਦੀ ਸੁੱਕੀ “ਕਾਸਟ” ਸਾਡੀ ਅੰਦਰ ਦੀ ਉਹ ਸਮਝ ਹੈ, ਸਾਡੇ ਅੰਦਰ ਦਾ ਉਹ ਮਾਇਆ ਮੋਹ ਹੈ ਜਿਸ ਸਮਝ ਦੁਆਰਾ ਸਾਨੂੰ ਉਸ ਫ਼ਲ ਦੀ ਪ੍ਰਾਪਤੀ ਨਹੀਂ ਹੋ ਸਕਦੀ ਜੋ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ। ਸਾਡੇ ਅੰਦਰ ਦਾ ਸੁੱਕਾਪਣ ਸਾਡੇ ਅੰਦਰ ਗੁਰਮਤਿ ਵਾਲੇ ਵਿਚਾਰਾਂ ਦਾ ਸੋਕਾ ਹੈ ਤੇ ਸਾਡੇ ਮਨ ਦੀ ਸਮਝ ਨੂੰ ਹਰਾ ਗੁਰਮਤਿ ਵਾਲੇ ਵਿਚਾਰਾਂ ਦੀ ਸੱਚੀ ਸਮਝ ਨੇ ਹੀ ਕਰਨਾ ਹੈ। ਗੁਰਮਤਿ ਵਾਲੇ ਸੱਚੇ ਵਿਚਾਰ ਭਾਵ ਗੁਰੂ ਦਾ ਨਾਮ ਉਹ ਅੰਮ੍ਰਿਤ ਜਲ ਹੈ ਜਿਸਨੇ ਸਾਡੀ ਗੁਰਮਤਿ ਵੱਲੋਂ ਸੁੱਕੀ ਹੋਈ ਮਤਿ ਨੂੰ ਹਰਾ ਕਰਨਾ ਹੈ। ਜਿਸਨੇ ਸਾਡੇ ਅੰਦਰ ਦੀ ਸੁੱਕੀ ਹੋਈ ਮਤਿ ਨੂੰ ਭਾਵ ਮਨਮਤਿ ਨੂੰ ਹਰਾ ਕਰਨਾ ਹੈ ਉਹ ਜਲ ਵੀ ਸਾਡੇ ਅੰਦਰ ਹੀ ਹੈ, ਜੋ ਕਿ ਅੰਮ੍ਰਿਤ ਜਲ ਹੈ। ਇਸ “ਅੰਮ੍ਰਿਤ” ਜਲ ਦਾ ਮਾਲਕ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਵੱਸਣ ਦੁਆਰਾ ਮਨ ਦੇ ਸੁੱਕੇ ਹੋਏ ਵਿਚਾਰਾਂ ਨੂੰ, ਮਾਇਆ ਮੋਹ ਵਾਲੇ ਵਿਚਾਰਾਂ ਨੂੰ ਉਹੋ ਜਿਹੇ ਹਰੇ ਕਰ ਦਿੰਦਾ ਹੈ ਜਿਵੇਂ ਕਿ ਕੋਈ ਸੁੱਕਾ ਹੋਇਆ ਬੂਟਾ ਪੱਤੇ ਫੁੱਟਣ ਦੇ ਨਾਲ ਹਰਾ ਹੋ ਜਾਂਦਾ ਹੈ। ਪ੍ਰਮਾਤਮਾ ਜਦੋਂ ਸਾਡੇ ਮਨ ਨੂੰ ਆਪਣੇ ਅੰਮ੍ਰਿਤ ਜਲ ਨਾਲ ਸਿੰਜਦਾ ਹੈ ਉਹ ਗੁਰਮਤਿ ਰੂਪ ਸੱਚੇ ਗਿਆਨ ਦੁਆਰਾ ਹੀ ਸਿੰਜਦਾ ਹੈ ਜਿਸ ਦੁਆਰਾ ਸਾਡੇ ਅੰਦਰੋਂ ਗੁਰਮਤਿ ਰੂਪ ਸੱਚੇ ਵਿਚਾਰ ਉਪਜਦੇ ਹਨ ਜੋ ਸਾਡੇ ਅੰਦਰ ਦੀ ਸੁੱਕੀ ਹੋਈ ਮਤਿ ਨੂੰ, ਨਾਮਸਝ ਮਤਿ ਨੂੰ ਹਰਾ ਕਰ ਦਿੰਦੇ ਹਨ ਜੋ ਮਤਿ ਫ਼ਲ ਦੀ ਪ੍ਰਾਪਤੀ ਕਰ ਸਕਦੀ ਹੈ। ਪ੍ਰਮਾਤਮਾ ਦਾ ਇਹ ਨਾਮੁ ਰੂਪ ਜਲ ਉੱਚੀ ਤੇ ਸੱਚੀ ਸਮਝ ਵਾਲਾ ਗਿਆਨ ਹੈ ਜਿਸ ਉੱਚੇ ਗਿਆਨ ਦੁਆਰਾ ਸਾਡੇ ਅੰਦਰ ਦਾ ਕਮਲ ਖਿਲਦਾ ਹੈ, ਸਾਡੇ ਅੰਦਰ ਦੀ ਪੁੱਠੀ ਮਤਿ ਸਿੱਧੀ ਹੁੰਦੀ ਹੈ ਭਾਵ ਨੀਵੀਂ ਮਤਿ ਉੱਚੀ ਹੁੰਦੀ ਹੈ, ਉੱਚੇ ਗਿਆਨ ਵਾਲੀ ਹੁੰਦੀ ਹੈ। ਸਾਡੇ ਅੰਦਰ ਦੀ ਇਹੋ ਜਿਹੀ ਸਮਝ ਸੁੰਦਰ ਸਮਝ ਹੈ, ਚੰਗੀ ਸਮਝ ਹੈ ਜਿਸ ਸੱਚੀ ਸਮਝ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ। “ਕਮਲ ਅਨੂਪ” ਦੇ ਰੂਪ ਵਿੱਚ ਹੀ ਸਾਡੇ ਅੰਦਰ ਆਪ ਪ੍ਰਮਾਤਮਾ ਹੈ ਜਿਸ ਰੂਪ ਦੁਆਰਾ ਉਹ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਪ੍ਰਮਾਤਮਾ ਦੇ “ਕਮਲ” ਰੂਪ ਨੂੰ ਅੱਗੇ ਚੱਲਕੇ ਹੋਰ ਵੀ ਸਮਝਾਂਗੇ। (**ਸੂਕੇ ਕਾਸਟ ਹਰੇ ਚਲੂਲ ॥ ਊਚੈ ਥਲਿ ਫੂਲੇ ਕਮਲ ਅਨੂਪ ॥**) ਸਾਡੇ ਅੰਦਰ ਪ੍ਰਮਾਤਮਾ ਆਪਣਾ ਕਮਲ ਰੂਪ ਕਿਸ ਲਈ ਪ੍ਰਗਟ ਕਰਦਾ ਹੈ ਭਾਵ ਸਾਡੇ ਅੰਦਰ ਕਮਲ ਦਾ ਖਿਲਣਾ ਕੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅਗਨਿ ਨਿਵਾਰੀ ਸਤਿਗੁਰ ਦੇਵ ॥

ਸੇਵਕੁ ਅਪਨੀ ਲਾਇਓ ਸੇਵ ॥੩॥”

ਪੂਰੇ ਸ਼ਬਦ ਰਾਹੀਂ ਸਾਨੂੰ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਹਿਲੇ ਪਦਿਆਂ ਰਾਹੀਂ ਸਮਝਿਆ ਹੈ। ਸ਼ੇਰ ਤੇ ਗਊ ਦੇ ਪ੍ਰਮਾਣ ਦੁਆਰਾ ਸਮਝਿਆ ਹੈ, ਹਾਥੀ ਤੇ ਬੱਕਰੀ ਦੇ ਪ੍ਰਮਾਣ ਦੁਆਰਾ ਸਮਝਿਆ ਹੈ, ਬਿੱਲੀ ਤੇ ਚੂਹੇ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਾਇਆ ਹੋਇਆ ਹੈ ਜੋ ਮਾਰਗ ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗਣ ਦਾ ਹੀ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਭਗਤੀ ਦੇ ਮਾਰਗ ਲਈ ਸੱਚੀ ਸਮਝ ਦੀ ਲੋੜ ਹੈ ਜਿਵੇਂ ਕਿ ਅਸੀਂ ਇਸ ਪਦੇ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਜੋ ਸਮਝ ਮਨ ਦੇ ਵਿੱਚ ਕਮਲ ਰੂਪ ਫੁੱਲ ਖਿੜਣ ਦੁਆਰਾ ਪੈਂਦੀ ਹੈ ਭਾਵ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦੀ ਸਮਝ ਪਾਉਣ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਮਾਇਆ ਮੋਹ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ। ਮਨ ਦੀ “ਅਗਨਿ” ਭਾਵ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਕੱਢਦਾ ਹੈ ਜਿੰਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਮਨੁੱਖ ਮਾੜੇ ਕਰਮ ਕਰਦਾ ਹੈ। ਮਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਕਰਨ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਆਪਣਾ ਸੇਵਕ ਬਣਾਉਂਦਾ ਹੈ, ਆਪਣੀ ਸੇਵਾ ਵਾਲਾ ਬਣਾਉਂਦਾ ਹੈ, ਆਪਣੀ ਭਗਤੀ ਵਾਲਾ, ਆਪਣਾ ਨਾਮ ਜਪਣ ਵਾਲਾ ਬਣਾਉਂਦਾ ਹੈ ਭਾਵ ਗੁਰਮਤਿ ਦੇ ਮਾਰਗ ਤੇ ਚੱਲਣ ਵਾਲਾ ਬਣਾਉਂਦਾ ਹੈ ਜੋ ਮਾਰਗ ਚੰਗੇ ਕਰਮ ਕਰਨ ਦਾ ਹੈ ਤੇ ਸੰਸਾਰ ਦੇ ਭਲੇ ਲਈ ਵਿਚਰਨ ਦਾ ਹੈ। (**ਸੂਕੇ ਕਾਸਟ ਹਰੇ ਚਲੂਲ ॥ ਊਚੈ ਥਲਿ ਫੂਲੇ ਕਮਲ ਅਨੂਪ ॥ ਅਗਨਿ ਨਿਵਾਰੀ ਸਤਿਗੁਰ ਦੇਵ ॥ ਸੇਵਕੁ ਅਪਨੀ ਲਾਇਓ ਸੇਵ ॥**)

ਪਉੜੀ ॥

{ਸੇਵ ਕੀਤੀ ਸੰਤੋਖੀਣੀਂ ਜਿਨ੍ਹੀ ਸਚੋ ਸਚੁ ਧਿਆਇਆ ॥

ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥}

(ਅੰਗ - ੪੬੬-੪੬੭)

ਹੁਣ ਅਸੀਂ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਜਿਸ ਦਾ ਪ੍ਰਮਾਤਮਾ ਉਧਾਰੁ ਕਰਦਾ ਹੈ, ਉਹ ਕਿਸ ਤਰੀਕੇ ਕਰਦਾ ਹੈ।

"ਅਕਿਰਤਘਣਾ ਕਾ ਕਰੇ ਉਧਾਰੁ ॥
ਪ੍ਰਭੁ ਮੇਰਾ ਹੈ ਸਦਾ ਦਇਆਰੁ ॥
ਸੰਤ ਜਨਾ ਕਾ ਸਦਾ ਸਹਾਈ ॥
ਚਰਨ ਕਮਲ ਨਾਨਕ ਸਰਣਾਈ ॥"

ਪ੍ਰਮਾਤਮਾ ਦਾ ਸੇਵਕ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਇਸ ਸ਼ਬਦ ਦੇ ਇਸ ਤੋਂ ਪਹਿਲੇ ਪੱਦੇ ਰਾਹੀਂ ਸਮਝਿਆ ਹੈ। ਪ੍ਰਮਾਤਮਾ ਜਿਸਦਾ ਉਧਾਰੁ ਕਰਦਾ ਹੈ ਉਸਨੂੰ ਆਪਣਾ ਸੇਵਕ ਬਣਾਉਣ ਦੁਆਰਾ ਹੀ ਕਰਦਾ ਹੈ ਭਾਵ ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦੀ ਸਮਝ ਪਾਉਣ ਦੁਆਰਾ ਹੀ ਕਰਦਾ ਹੈ ਭਾਵ ਮਨ ਦੀ ਨਾਸਮਝ ਮਤਿ ਦਾ ਉਧਾਰੁ ਕਰਦਾ ਹੈ, ਉਸ ਵਿੱਚੋਂ ਕੱਢ ਲੈਂਦਾ ਹੈ ਜਿਸ ਦੁਆਰਾ ਮਨੁੱਖ ਫਿਰ ਕੋਈ ਮਾੜਾ ਕਰਮ ਨਹੀਂ ਕਰਦਾ ਭਾਵ ਉਸਨੂੰ ਪ੍ਰਮਾਤਮਾ ਤ੍ਰਿਸ਼ਨਾਵਾਂ ਤੋਂ ਮੁਕਤ ਕਰ ਦਿੰਦਾ ਹੈ। ਜਦ ਤੱਕ ਕੋਈ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਕਰਕੇ ਮਾੜੇ ਕਰਮ ਕਰਦਾ ਹੈ ਉਹ "ਅਕਿਰਤਘਣ" ਹੈ। ਅਕਿਰਤਘਣ ਉਹ ਹੁੰਦਾ ਹੈ ਜੋ ਕਿਸੇ ਦੇ ਉਪਕਾਰ ਨੂੰ ਭੁੱਲ ਜਾਂਦਾ ਹੈ। ਪ੍ਰਮਾਤਮਾ ਨੇ ਸੰਸਾਰ ਲਈ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ, ਗੁਰਬਾਣੀ ਦੀ ਰਚਨਾ ਕੀਤੀ ਹੈ ਜਿਸ ਰਾਹੀਂ ਉਸਨੇ ਸੰਸਾਰ ਤੇ ਵੱਡਾ ਉਪਕਾਰ ਕੀਤਾ ਹੈ, ਧਰਮ ਦਾ ਸੱਚਾ ਮਾਰਗ ਸਮਝਾਉਣ ਦੁਆਰਾ ਉਪਕਾਰ ਕੀਤਾ ਹੈ। ਜੋ ਪ੍ਰਮਾਤਮਾ ਦੇ ਇਸ ਉਪਕਾਰ ਨੂੰ ਨਹੀਂ ਜਾਣਦਾ ਭਾਵ ਸੱਚੇ ਮਾਰਗ ਨੂੰ ਨਹੀਂ ਮੰਨਦਾ, ਤ੍ਰਿਸ਼ਨਾਵਾਂ ਨਹੀਂ ਛੱਡਦਾ, ਮਾਇਆ ਮੋਹ ਨਹੀਂ ਛੱਡਦਾ ਭਾਵ ਗੁਰਮਤਿ ਦੇ ਉਲਟ ਚੱਲਦਾ ਹੈ, ਮਾੜੇ ਕਰਮ ਕਰਦਾ ਹੈ ਉਹ ਗੁਰੂ ਦਾ "ਅਕਿਰਤਘਣ" ਹੈ। ਉਹ ਪ੍ਰਮਾਤਮਾ ਬਹੁਤ ਦਿਆਲੂ ਹੈ ਤੇ ਅਕਿਰਤਘਣਾ ਦਾ ਵੀ ਉਧਾਰੁ ਕਰ ਦਿੰਦਾ ਹੈ ਜੋ ਉਧਾਰੁ ਉਹ ਮਨ ਦੇ ਵਿੱਚ ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਕਰਦਾ ਹੈ ਤੇ ਧਰਮ ਗ੍ਰੰਥਾਂ ਦੁਆਰਾ ਸਮਝਾਈ ਹੋਈ ਮਤਿ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ ਜਿਵੇਂ ਕਿ ਸ਼ਬਦਾਂ ਰਾਹੀਂ ਸਾਨੂੰ ਵਾਰ-ਵਾਰ ਇਹ ਸਮਝਾਇਆ ਹੈ ਕਿ ਔਗੁਣ ਕਰਨੇ ਛੱਡੋ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗੋ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਭਾਵ ਜਿਸਦੇ ਮਨ ਦੇ ਵਿੱਚ ਉਹ ਆਪ ਆਪਣੇ ਕਮਲ ਦਾ ਪ੍ਰਗਾਸ ਕਰਦਾ ਹੈ ਭਾਵ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਉਸਦਾ ਹੀ ਪ੍ਰਮਾਤਮਾ ਉਧਾਰੁ ਕਰਦਾ ਹੈ ਤੇ ਮਨੁੱਖ ਨੂੰ ਹਰ ਭਰਮ ਵਿੱਚੋਂ, ਤ੍ਰਿਸ਼ਨਾ ਵਿੱਚੋਂ ਕੱਢ ਲੈਂਦਾ ਹੈ ਜਿਸ ਤਰੀਕੇ ਉਹ ਪ੍ਰਮਾਤਮਾ ਕਿਸੇ ਨੂੰ ਆਪਣਾ ਸੰਤ ਜਨ ਬਣਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੇ ਸੰਤ ਜਨ ਬਣਾਇਆ ਹੈ ਤੇ ਉਨ੍ਹਾਂ ਦਾ ਸਦਾ ਸਹਾਈ ਉਹ ਆਪ ਹੀ ਬਣਕੇ ਰਹਿੰਦਾ ਹੈ ਤੇ ਉਨ੍ਹਾਂ ਨੂੰ ਆਪਣੇ ਚਰਨ ਕਮਲ ਦੀ ਸ਼ਰਨ ਵਿੱਚ ਰੱਖਦਾ ਹੈ ਭਾਵ ਆਪਣੇ ਸੱਚੇ ਗਿਆਨ ਦੀ, ਗੁਰਮਤਿ ਦੇ ਸੱਚੇ ਗਿਆਨ ਦੀ ਸ਼ਰਨ ਵਿੱਚ ਰੱਖਦਾ ਹੈ। ਗੁਰਬਾਣੀ ਦੀ ਰਚਨਾ ਉਨ੍ਹਾਂ ਸਰੀਰਾਂ ਰਾਹੀਂ ਹੀ ਹੋਈ ਹੈ ਜਿੰਨ੍ਹਾਂ ਨੂੰ ਉਸਨੇ ਆਪਣੇ ਸੰਤ ਜਨ ਬਣਾਇਆ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਸੰਤ ਰੂਪ ਹੈ, ਉਸਦਾ ਗੁਰੂ ਰੂਪ ਹੈ ਕਿਉਂਕਿ ਸਾਰਾ ਗਿਆਨ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਦਿੱਤਾ ਹੈ, ਆਪਣੀ ਕ੍ਰਿਪਾ ਦੁਆਰਾ ਦਿੱਤਾ ਹੈ ਜਿਸ ਰਾਹੀਂ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸ਼ਬਦਾਂ ਰਾਹੀਂ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਇਆ ਹੈ ਜੋ ਮਾਰਗ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ ਭਾਵ ਸੰਸਾਰ ਦੇ ਭਲੇ ਲਈ ਵਰਤਣ ਦਾ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦਿਆਂ ਰਾਹੀਂ ਸਮਝਿਆ ਹੈ। (**ਰਾਮਕਲੀ ਮਹਲਾ ੫ ॥ ਗਊ ਕਉ ਚਾਰੇ ਸਾਰਦੂਲੁ ॥ ਕਉਡੀ ਕਾ ਲਖ ਹੂਆ ਮੂਲੁ ॥ ਬਕਰੀ ਕਉ ਹਸਤੀ ਪ੍ਰਤਿਪਾਲੇ ॥ ਅਪਨਾ ਪ੍ਰਭੁ ਨਦਰਿ ਨਿਹਾਲੇ ॥੧॥ ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਬਰਨਿ ਨ ਸਾਕਉ ਬਹੁ ਗੁਨ ਤੇਰੇ ॥੧॥ ਰਹਾਉ ॥**

ਦੀਸਤ ਮਾਸੁ ਨ ਖਾਇ ਬਿਲਾਈ ॥ ਮਹਾ ਕਸਾਬਿ ਛੁਰੀ ਸਟਿ ਪਾਈ ॥ ਕਰਣਹਾਰ ਪ੍ਰਭੁ ਹਿਰਦੈ ਵੂਠਾ ॥ ਫਾਥੀ ਮਛੁਲੀ ਕਾ ਜਾਲਾ ਤੂਟਾ ॥੨॥ ਸੂਕੇ ਕਾਸਟ ਹਰੇ ਚਲੂਲ ॥ ਊਚੈ ਥਲਿ ਫੂਲੇ ਕਮਲ ਅਨੂਪ ॥ ਅਗਨਿ ਨਿਵਾਰੀ ਸਤਿਗੁਰ ਦੇਵ ॥ ਸੇਵਕੁ ਅਪਨੀ ਲਾਇਓ ਸੇਵ ॥੩॥ ਅਕਿਰਤਘਣਾ ਕਾ ਕਰੇ ਉਧਾਰੁ ॥ ਪ੍ਰਭੁ ਮੇਰਾ ਹੈ ਸਦਾ ਦਇਆਰੁ ॥ ਸੰਤ ਜਨਾ ਕਾ ਸਦਾ ਸਹਾਈ ॥ ਚਰਨ ਕਮਲ ਨਾਨਕ ਸਰਣਾਈ ॥)

ਉੱਪਰ ਪਿਛਲੇ ਸ਼ਬਦਾਂ ਰਾਹੀਂ ਅਸੀਂ ਭਗਤੀ ਦੇ ਮਾਰਗ ਨੂੰ ਸਮਝਿਆ ਹੈ ਜੋ ਮਾਰਗ ਸੰਸਾਰ ਵਿੱਚ ਸਾਡੀ ਸੱਚੀ ਸੁੱਚੀ ਵਿਚਰਨ ਦਾ ਹੈ ਜਿਸ ਮਾਰਗ ਤੇ ਚੱਲਣ ਲਈ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣਾ ਪੈਂਦਾ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਭਾਵ ਸੰਸਾਰ ਦੇ ਭਲੇ ਲਈ ਵਿਚਰੀਏ। ਸੰਸਾਰ ਦੇ ਭਲੇ ਵਾਲਾ ਬਣਨ ਲਈ ਆਪਣੇ ਮਨ ਨੂੰ ਸਮਝਾਉਣ ਦੀ ਹੀ ਲੋੜ ਹੈ ਕਿਉਂਕਿ ਅਸੀਂ ਜੋ ਵੀ ਚੰਗਾ ਜਾਂ ਮਾੜਾ ਕਰਮ ਕਰਦੇ ਹਾਂ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦੇ ਹਾਂ। ਜੇਕਰ ਸਾਡੇ ਵਿਚਾਰ ਬੁਰੇ ਹਨ ਫਿਰ ਅਸੀਂ ਦੂਸਰਿਆਂ ਦਾ ਬੁਰਾ ਕਰਾਂਗੇ ਤੇ ਜੇਕਰ ਸਾਡੇ ਵਿਚਾਰ ਭਲੇ ਹਨ ਫਿਰ ਅਸੀਂ ਦੂਸਰਿਆਂ ਦੇ ਭਲੇ ਲਈ ਵਿਚਰਾਂਗੇ ਭਾਵ ਕਿਸੇ ਦਾ ਬੁਰਾ ਨਹੀਂ ਕਰਾਂਗੇ। ਸਾਡਾ ਮਾੜਾ ਜਾਂ ਚੰਗਾ ਰੂਪ ਸਾਡੇ ਮਨ ਦੇ ਵਿਚਾਰ ਹੀ ਬਣਾਉਂਦੇ ਹਨ। ਜਦ ਤੱਕ ਸਾਡੇ ਅੰਦਰ ਦੇ ਬੁਰੇ ਵਿਚਾਰ ਭਲੇ ਨਹੀਂ ਬਣਦੇ ਤਦ ਤੱਕ ਅਸੀਂ ਭਗਤੀ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ। ਇਸ ਗੱਲ ਨੂੰ ਧੰਨ ਧੰਨ ਸ਼ੇਖ ਫਰੀਦ ਜੀ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

“ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥”

(ਅੰਗ - ੧੩੮੧-੧੩੮੨)

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਬੁਰੇ ਭਲੇ ਵਿੱਚ ਕੀ ਫਰਕ ਹੈ। ਉੱਪਰ ਪੰਗਤੀ ਰਾਹੀਂ ਸਾਡੇ ਮਨ ਦੀ ਗੱਲ ਕੀਤੀ ਹੋਈ ਹੈ ਤੇ ਅਗਲੀ ਪੰਗਤੀ ਰਾਹੀਂ ਸਰੀਰ ਦੇ ਰੋਗ ਦੀ ਗੱਲ ਕੀਤੀ ਹੋਈ ਹੈ ਜੋ ਰੋਗ ਨਾ ਲੱਗਣ ਦੁਆਰਾ ਮਨੁੱਖ ਨੂੰ ਸਭ ਕੁੱਝ ਪੱਲੇ ਪੈ ਜਾਂਦਾ ਹੈ ਭਾਵ ਮਨੁੱਖ ਦੇ ਜੀਵਨ ਦਾ ਮਨੋਰਥ ਪੂਰਾ ਹੋ ਜਾਂਦਾ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਸ ਮਾਰਗ ਤੇ ਚੱਲਣ ਦੁਆਰਾ ਸਭ ਕੁੱਝ ਪੱਲੇ ਪੈਂਦਾ ਹੈ ਭਾਵ ਜੋ ਭਗਤੀ ਵਿਅਰਥ ਨਹੀਂ ਜਾਂਦੀ, ਲੇਖੇ ਵਿੱਚ ਪੈਂਦੀ ਹੈ। ਭਗਤੀ ਦੇ ਮਾਰਗ ਤੇ ਚੱਲਣ ਲਈ ਬੁਰਾ ਜਾਂ ਭਲਾ ਸਾਡਾ ਮਨ ਹੀ ਹੈ ਤੇ ਜਦ ਤੱਕ ਆਪਣੇ ਮਨ ਨੂੰ ਅਸੀਂ ਭਲੇ ਵਿਚਾਰਾਂ ਵਾਲਾ ਨਹੀਂ ਬਣਾਉਂਦੇ ਤਦ ਤੱਕ ਸਾਡਾ ਮਨ ਬੁਰਾ ਹੈ ਭਾਵ ਬੁਰੇ ਵਿਚਾਰਾਂ ਵਾਲਾ ਹੈ, ਮਾੜੇ ਵਿਚਾਰਾਂ ਵਾਲਾ ਹੈ। ਜੇਕਰ ਸਾਡੇ ਮਨ ਦੇ ਵਿੱਚ ਗੁੱਸਾ ਹੈ ਫਿਰ ਸਾਡਾ ਮਨ ਬੁਰਾ ਹੈ ਭਾਵ ਸਾਡੇ ਅੰਦਰ ਗੁੱਸੇ ਵਾਲੇ ਵਿਚਾਰ, ਕ੍ਰੋਧ ਵਾਲੇ ਵਿਚਾਰ ਬੁਰੇ ਵਿਚਾਰ ਹਨ। ਮਨ ਦਾ ਕ੍ਰੋਧ ਸਾਡੇ ਕੋਲੋਂ ਮਾੜੇ ਕਰਮ ਹੀ ਕਰਵਾਉਂਦਾ ਹੈ ਤੇ ਇਸੇ ਲਈ ਬਾਣੀ ਵਿੱਚ ਵਾਰ-ਵਾਰ ਮਨ ਦਾ ਕ੍ਰੋਧ ਤਿਆਗਣ ਲਈ ਸਮਝਾਇਆ ਹੈ ਤੇ ਇਹੋ ਜਿਹਾ ਸਮਝਾਉਣ ਨਾਲ ਗੁਰੂ ਸਾਡਾ ਭਲਾ ਹੀ ਕਰਦਾ ਹੈ ਭਾਵ ਗੁਰੂ ਚਾਹੁੰਦਾ ਹੈ ਕਿ ਅਸੀਂ ਬੁਰੇ ਵਿਚਾਰ ਛੱਡਕੇ ਚੰਗੇ ਵਿਚਾਰਾਂ ਵਾਲੇ ਬਣੀਏ। ਅਸੀਂ ਆਪਣੇ ਮਨ ਦਾ ਪਹਿਲੇ ਆਪ ਭਲਾ ਕਰਾਂਗੇ ਭਾਵ ਪਹਿਲੇ ਆਪ ਭਲੇ ਵਿਚਾਰਾਂ ਵਾਲੇ ਬਣਾਗੇ ਫਿਰ ਤਾਂ ਹੀ ਅਸੀਂ ਚੰਗੇ ਕਰਮ ਕਰ ਸਕਦੇ ਹਾਂ ਕਿਉਂਕਿ ਮਨ ਦਾ ਕ੍ਰੋਧ ਸਾਡੇ ਕੋਲੋਂ ਮਾੜੇ ਕਰਮ ਹੀ ਕਰਵਾਉਂਦਾ ਹੈ। ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੰਨ ਕੇ ਭਲੇ ਵਿਚਾਰਾਂ ਦੁਆਰਾ ਵਿਚਰਾਂਗੇ ਫਿਰ ਅਸੀਂ ਕਿਸੇ ਦਾ ਮਾੜਾ ਨਹੀਂ ਕਰਾਂਗੇ। ਮਨ ਦੇ ਮਾੜੇ ਵਿਚਾਰ ਹੀ, ਸਾਡੇ ਨਾਸਮਝ ਵਿਚਾਰ ਹੀ , ਗੁਰੂ ਦੀ ਮਤਿ ਦੇ ਉਲਟ ਚੱਲਣ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਰੋਗ ਹਨ ਜੋ ਰੋਗ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਏ ਹੋਏ ਹਨ। ਬਾਣੀ ਸਾਡੇ ਸਰੀਰ ਦੇ ਬਾਹਰੀ ਰੋਗਾਂ ਦੀ ਗੱਲ ਨਹੀਂ ਕਰਦੀ। ਸਾਡੇ ਸਰੀਰ ਦਾ ਰੋਗ ਸਾਡੇ ਅੰਦਰ ਦੀ ਮਾੜੀ ਸਮਝ ਹੈ ਜਿਸਨੂੰ ਸਾਡਾ “ਹਉਮੈ” ਰੋਗ ਕਿਹਾ ਹੈ, “ਤ੍ਰਿਸ਼ਨਾ” ਰੋਗ ਕਿਹਾ ਹੈ ਜੋ ਸਾਡੇ ਮਨ ਨੂੰ ਰੋਗੀ ਬਣਾਉਂਦੇ ਹਨ ਤੇ ਮਨੁੱਖ ਜੋ ਵੀ ਮਾੜੇ ਕਰਮ ਕਰਦਾ ਹੈ ਉਹ ਮਨ ਦੇ ਰੋਗ ਕਰਕੇ ਹੀ ਕਰਦਾ ਹੈ। ਗੁਰੂ ਸਾਨੂੰ ਵਾਰ-ਵਾਰ ਮਾੜੇ ਵਿਚਾਰਾਂ ਵਾਲੇ ਰੋਗਾਂ ਤੋਂ ਮੁਕਤ ਹੋਣਾ ਹੀ ਸਿਖਾਉਂਦਾ ਹੈ ਜਿੰਨ੍ਹਾਂ ਤੋਂ ਮੁਕਤ ਹੋ ਕੇ ਅਸੀਂ ਸੰਸਾਰ ਵਿੱਚ ਚੰਗੇ ਕਰਮ ਕਰਨ ਦੁਆਰਾ ਵਿਚਰਦੇ ਹਾਂ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਦੇ ਹਾਂ ਭਾਵ ਚੰਗੇ ਕਰਮ ਕਰਦੇ ਹਾਂ। ਸਾਡਾ ਹਰ ਚੰਗਾ ਕਰਮ ਸਾਡੇ ਪੱਲੇ ਪੈਂਦਾ ਹੈ ਭਾਵ ਲੇਖੇ ਲੱਗਦਾ ਹੈ ਭਾਵ ਸਾਡੀ ਸੱਚੀ ਭਗਤੀ ਵਾਲਾ ਕਰਮ ਗਿਣਿਆ ਜਾਂਦਾ ਹੈ ਭਾਵ ਪ੍ਰਮਾਤਮਾ ਦੀ ਦਰਗਾਹ ਵਿੱਚ, ਅੱਲਾਹ ਦੀ ਦਰਗਾਹ ਵਿੱਚ, ਅਕਾਲ ਪੁਰਖ ਦੀ ਦਰਗਾਹ ਵਿੱਚ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਦਰਗਾਹ ਵਿੱਚ ਕਬੂਲ ਹੁੰਦਾ ਹੈ। (**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥**)

ਭਗਤੀ ਦਾ ਮਾਰਗ ਤਾਂ ਇੱਕੋ ਹੀ ਹੈ ਜਿਸ ਮਾਰਗ ਨੂੰ ਭਾਵੇਂ ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਈਏ। ਭਗਤੀ ਦਾ ਮਾਰਗ ਆਪਣੀਆਂ ਤ੍ਰਿਸ਼ਨਾਵਾਂ ਤਿਆਗਣ ਦਾ ਹੀ ਹੈ, ਆਪਣੀ ਹਉਮੈ ਛੱਡਣ ਦਾ ਹੀ ਹੈ, ਮਾਇਆ ਮੋਹ ਛੱਡਣ ਦਾ ਹੀ ਹੈ ਭਾਵ ਪੂਰੀ ਤਰ੍ਹਾਂ ਆਪਣੀ ਸਮਝ ਨੂੰ ਛੱਡਣ ਦਾ ਹੀ ਹੈ ਤੇ ਗੁਰੂ ਦੀ ਸਮਝ ਨੂੰ ਪੂਰਨ ਰੂਪ ਵਿੱਚ ਮੰਨਣ ਦਾ ਹੀ ਹੈ। ਇਹੀ ਗੁਰੂ ਦਾ ਨਾਮੁ ਜਪਣਾ ਹੈ ਜਿਸ ਕਰਕੇ ਨਾਮੁ ਜਪਣਾ ਔਖਾ ਹੈ ਤੇ ਇਹ ਔਖਾਪਣ ਕਬੂਲ ਕੀਤੇ ਬਿਨ੍ਹਾਂ ਨਾ ਹੀ ਸੱਚੀ ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਦੇ ਨਾਲ ਮਿਲਣ ਦਾ ਸੱਚਾ ਉੱਦਮ ਕੀਤਾ ਜਾ ਸਕਦਾ ਹੈ। ਜਿਹੋ ਜਿਹਾ ਭਗਤੀ ਦਾ ਮਾਰਗ ਅਸੀਂ ਸ਼ੇਖ ਫਰੀਦ ਜੀ ਦੇ ਉੱਪਰ ਵਾਲੇ ਸ਼ਬਦ ਦੁਆਰਾ ਸਮਝਿਆ ਹੈ ਉਸੇ ਗੱਲ ਨੂੰ ਉਨ੍ਹਾਂ ਦੇ ਸਰੀਰ ਰਾਹੀਂ ਪ੍ਰਮਾਤਮਾ ਦੁਆਰਾ ਉਚਾਰੇ ਹੋਏ ਦੂਸਰੇ ਸ਼ਬਦ ਦੁਆਰਾ ਸਮਝਦੇ ਹਾਂ ਜਿੱਥੇ ਭਗਤੀ ਦੇ ਮਾਰਗ ਤੇ ਚੱਲਣ ਦਾ ਔਖਾਪਣ ਹੀ ਸਮਝਾਇਆ ਹੋਇਆ ਹੈ।

“ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥”

(ਅੰਗ - ੧੩੭੯)

ਉੱਪਰ ਸ਼ਬਦ ਰਾਹੀਂ ਸਾਨੂੰ ਆਪਣੇ ਘਰ ਵਿੱਚ ਜਾਣ ਦਾ ਮਾਰਗ ਹੀ ਸਮਝਾਇਆ ਹੋਇਆ ਹੈ। ਸਾਡਾ ਆਪਣੇ ਘਰ ਭਾਵ ਨਿਜ ਘਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਤੇ “ਨਿਜ ਘਰ” ਸਾਡਾ ਅਸਲ ਘਰ ਹੈ ਭਾਵ ਪ੍ਰਮਾਤਮਾ ਦਾ ਘਰ ਹੈ ਜਿਸ ਘਰ ਤੋਂ ਅਸੀਂ ਵਿਛੜੇ ਹੋਏ ਹਾਂ। ਇਹ ਨਿਜ ਘਰ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ “ਚੌਥੇ ਪਦ” ਦਾ ਘਰ ਹੈ, “ਸੱਚੁ” ਦਾ ਘਰ ਹੈ ਭਾਵ “ਬ੍ਰਹਮ ਗਿਆਨ” ਰੂਪ ਘਰ ਹੈ, ਨਿਰੰਕਾਰ ਰੂਪ ਘਰ ਹੈ ਜਿਸ ਘਰ ਤੋਂ ਅਸੀਂ ਵਿਛੜੇ ਹੋਏ ਹਾਂ, ਮਨ ਦੇ ਵਿਚ ਹੀ ਵਿਛੜੇ ਹੋਏ ਹਾਂ, ਮਨ ਦੇ ਵਿਚਾਰਾਂ ਰਾਹੀਂ ਭਾਵ ਮਨ ਦੀ ਅਗਿਆਨਤਾ ਰਾਹੀਂ, ਮਾਇਆ ਮੋਹ ਦੀ ਜੁਗਤਿ ਰਾਹੀਂ, “ਹਉਮੈ” ਵਾਲੀ ਸਮਝ ਰਾਹੀਂ, “ਤ੍ਰੈਗੁਣਾਂ” ਵਾਲੀ ਅਵੱਸਥਾ ਦੁਆਰਾ ਵਿਛੜੇ ਹੋਏ ਹਾਂ। ਆਪਣੇ ਨਿਜ ਘਰ ਵਿੱਚ ਪਹੁੰਚਣਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ। ਅਸੀਂ ਇਸ ਆਪਣੇ ਘਰ ਵਿੱਚ ਕਿਵੇਂ ਪਹੁੰਚਣਾ ਹੈ ਇਸ ਗੱਲ ਦੀ ਸਮਝ ਹੀ ਸਾਨੂੰ ਉੱਪਰ ਸ਼ਬਦ ਰਾਹੀਂ ਪਾਈ ਹੋਈ ਹੈ। ਆਪਣੇ ਅਸਲ ਘਰ ਵਿੱਚ ਜਾਣ ਦਾ ਮਾਰਗ ਇੱਕੋ ਹੀ ਹੈ ਜੋ ਕਿ ਗੁਰੂ ਦੀ ਮਤਿ ਨੂੰ ਮੰਨਣ ਦਾ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ ਭਾਵ ਨਾਮ ਜਪਣਾ ਬਹੁਤ ਔਖਾ ਹੈ ਭਾਵ ਮਾਇਆ ਮੋਹ ਛੱਡਣਾ ਬਹੁਤ ਔਖਾ ਹੈ, ਮਨ ਦੀਆਂ ਇੱਛਾਵਾਂ ਨੂੰ ਛੱਡਣਾ, ਮਾਇਆ ਦੇ ਸੁੱਖਾਂ ਨੂੰ ਛੱਡਣਾ ਬਹੁਤ ਔਖਾ ਹੈ। ਗੁਰੂ ਦੀ ਮਤਿ ਨੂੰ ਸਾਡੇ ਲਈ ਮੰਨਣਾ ਇਸ ਤਰ੍ਹਾਂ ਔਖਾ ਹੈ ਜਿਵੇਂ ਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਅਸੀਂ ਜੇਕਰ ਮੰਨੀਏ ਉਹ ਸਾਡੇ ਅੰਦਰ ਦੀ ਸਮਝ ਨੂੰ ਮੁੱਕੀਆਂ ਮਾਰਦੇ ਹਨ ਭਾਵ ਸ਼ਬਦਾਂ ਦੇ ਵਿਚਾਰ ਸਾਡੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਮੁਕੀਆਂ ਮਾਰਦੇ ਹਨ। ਜਿਵੇਂ ਕਿ ਕੋਈ ਸਾਡੇ ਸਰੀਰ ਤੇ ਮੁਕੀਆਂ ਮਾਰਨ ਦੁਆਰਾ ਸਾਡੇ ਸਰੀਰ ਨੂੰ ਦੁੱਖ ਦਿੰਦਾ ਹੈ ਇਸੇ ਤਰ੍ਹਾਂ ਗੁਰੂ ਦੇ ਵਿਚਾਰ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਇੱਛਾਵਾਂ ਛੱਡਣ ਲਈ ਕਹਿੰਦੇ ਹਨ ਉਸਨੂੰ ਮੰਨਣ ਵਿੱਚ ਸਾਡੇ ਮਨ ਨੂੰ ਦੁੱਖ ਲੱਗਦਾ ਹੈ ਭਾਵ ਉਨ੍ਹਾਂ ਨੂੰ ਮੰਨਣ ਵਿਚ ਔਖਾ ਮਹਿਸੂਸ ਕਰਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਜੇਕਰ ਅਸੀਂ ਗੁਰੂ ਦੇ ਵਿਚਾਰਾਂ ਨੂੰ ਨਹੀਂ ਮੰਨਦੇ ਫਿਰ ਅਸੀਂ ਉਲਟਾ ਗੁਰੂ ਦੇ ਵਿਚਾਰਾਂ ਨੂੰ ਮਾਰਦੇ ਹਾਂ, ਮਨ ਦੇ ਮਾਇਆ ਮੋਹ ਵਾਲੇ ਵਿਚਾਰਾਂ ਰਾਹੀਂ ਸੱਚ ਨੂੰ ਦੁਖੀ ਕਰਦੇ ਹਾਂ ਭਾਵ ਗੁਰੂ ਦੇ ਦੋਖੀ ਬਣਦੇ ਹਾਂ ਤੇ ਸਾਨੂੰ ਸਮਝਾਇਆ ਹੈ ਕਿ ਗੁਰੂ ਦੀ ਮਤਿ ਨੂੰ ਨਾ ਮੰਨਣ ਦੁਆਰਾ ਗੁਰੂ ਦੇ ਦੋਖੀ ਨਾ ਬਣੋ ਤੇ ਗੁਰੂ ਦੇ ਵਿਚਾਰਾਂ ਦੇ ਪੈਰ ਚੁੰਮੋ, ਸ਼ਬਦ ਦੇ ਵਿਚਾਰਾਂ ਦੇ ਪੈਰ ਚੁੰਮੋ ਭਾਵ ਸ਼ਬਦ ਦੇ ਵਿਚਾਰਾਂ ਦੀ ਗੱਲ ਨੂੰ ਮੰਨੋ ਭਾਵ ਔਖਾਪਣ ਕਬੂਲ ਕਰੋ ਜੋ ਔਖਾਪਣ ਕਬੂਲ ਕਰਨ ਦੁਆਰਾ ਹੀ ਭਾਵ ਗੁਰੂ ਦਾ ਭਉ ਕਬੂਲ ਕਰਨ ਦੁਆਰਾ ਹੀ ਮਨੁੱਖ ਚੰਗੇ ਕਰਮ ਕਰ ਸਕਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਜਿਸ ਤਰੀਕੇ ਅਸੀਂ ਆਪਣੇ ਘਰ ਵਿੱਚ ਜਾ ਸਕਦੇ ਹਾਂ, ਪ੍ਰਮਾਤਮਾ ਦੇ ਘਰ ਵਿੱਚ ਜਾ ਸਕਦੇ ਹਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਪ੍ਰਮਾਤਮਾ ਦਾ ਘਰ ਭਾਵ ਸਾਡਾ ਮਨ ਰੂਪ ਘਰ ਹੈ ਹੀ ਸਾਡੇ ਸਭ ਦੇ ਅੰਦਰ “ਸ਼ਬਦ” ਰੂਪ ਵਿੱਚ ਭਾਵ “ਗੁਰਮਤਿ ਦੇ ਸੱਚੇ ਗਿਆਨ” ਦੇ ਰੂਪ ਵਿੱਚ ਜਿਸ ਘਰ ਦੇ ਵਿੱਚ ਉਸਦੇ ਆਪਣੇ ਦਿੱਤੇ ਹੋਏ ਸਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਜਾਇਆ ਜਾ ਸਕਦਾ ਹੈ ਜਿੰਨ੍ਹਾਂ ਵਿਚਾਰਾਂ ਨੂੰ ਮੰਨਣ ਤੋਂ ਹਰ ਕੋਈ ਭੱਜਦਾ ਹੈ, ਮਾਇਆ ਮੋਹ ਛੱਡਣ ਤੋਂ ਹਰ ਕੋਈ ਭੱਜਦਾ ਹੈ ਪਰ ਇਹ ਔਖਾਪਣ ਕਬੂਲ ਕੀਤੇ ਬਿਨ੍ਹਾਂ ਅਸੀਂ ਆਪਣੇ ਅਸਲ ਘਰ ਵਿੱਚ ਨਹੀਂ ਜਾ ਸਕਦੇ ਜੋ ਸਾਡੇ ਜੀਵਨ ਦਾ ਮਨੋਰਥ ਹੈ। (**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥ ਆਪਨੜੈ ਘਰਿ ਜਾਈਐ ਪੈਰ**

ਤਿਨ੍ਹਾ ਦੇ ਚੁੰਮਿ ॥)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥
ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥}

(ਅੰਗ - ੧੩)

{ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥
ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥
ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥
ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥
ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥}

(ਅੰਗ - ੧੮)

ਭਗਤੀ ਦਾ ਮਾਰਗ ਇੱਕੋ ਇੱਕ ਹੈ ਜੋ ਕਿ ਨਾਮੁ ਜਪਣ ਦਾ ਹੈ ਤੇ ਨਾਮੁ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਕਿ ਮਨੁੱਖ ਦੇ ਸਾਰੇ ਰੋਗ ਜਿੰਨ੍ਹਾਂ ਦਾ ਬਾਣੀ ਜਿਕਰ ਕਰਦੀ ਹੈ ਉਹ ਸਾਡੇ ਮਨ ਦੇ ਰੋਗ ਹੀ ਹਨ ਜੋ ਰੋਗ ਗੁਰੂ ਦਾ ਨਾਮੁ ਮੰਨਣ ਦੁਆਰਾ ਹੀ ਜਾਂਦੇ ਹਨ। ਮਨ ਦੇ ਵਿੱਚੋਂ ਇਹ ਰੋਗ ਨਿਕਲੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਮਨ ਦੇ ਰੋਗ ਵੀ ਸਾਰੇ ਸੰਸਾਰ ਲਈ ਇੱਕੋ ਜਿਹੇ ਹਨ ਤੇ ਉਨ੍ਹਾਂ ਰੋਗਾਂ ਤੋਂ ਮੁਕਤ ਹੋਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਪ੍ਰਮਾਤਮਾ ਦਾ ਨਾਮੁ ਜਪਣ ਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ ॥

"ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥
ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥
ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥
ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥
ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥"

(ਅੰਗ - ੧੨੪੨)

ਨਾਮੁ ਜਪਣਾ ਸਾਡੇ ਸਭ ਲਈ ਜਰੂਰੀ ਹੈ। ਇਸ ਗੱਲ ਨੂੰ ਪਉੜੀ ਤੋਂ ਪਹਿਲੇ ਸਲੋਕਾਂ ਨੂੰ ਸਮਝਣ ਦੁਆਰਾ ਹੀ ਪਤਾ ਲੱਗਦਾ ਹੈ ਕਿ ਨਾਮੁ ਸਾਡੇ ਲਈ ਕਿਸ ਲਈ ਜਰੂਰੀ ਹੈ। ਸਾਨੂੰ ਜੋ ਕੁੱਝ ਸਲੋਕਾਂ ਦੁਆਰਾ ਸਮਝਾਇਆ ਹੁੰਦਾ ਹੈ ਉਨ੍ਹਾਂ ਦੇ ਅੰਦਰੂਨੀ ਭਾਵ ਨੂੰ "ਪਉੜੀ" ਰਾਹੀਂ ਸਪੱਸ਼ਟ ਕੀਤਾ ਹੁੰਦਾ ਹੈ। ਪਹਿਲੇ ਸਲੋਕਾਂ ਨੂੰ ਸਮਝਦੇ ਹਾਂ ਤੇ ਫਿਰ ਉਸ ਤੋਂ ਬਾਅਦ ਉੱਪਰ ਵਾਲੀ ਪਉੜੀ ਨੂੰ ਸਮਝਾਂਗੇ।

ਸਲੋਕ ਮਃ ੧ ॥

“ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥
ਸਭੇ ਰੁਤੀ ਮਾਹ ਸਭਿ ਸਭਿ ਧਰਤੰੀ ਸਭਿ ਭਾਰ ॥
ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥
ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥
ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥
ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀ ਵੀਚਾਰ ॥
ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥”

(ਅੰਗ - ੧੨੪੧)

ਮਃ ੧ ॥

“ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥
ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥
ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥
ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥
ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥
ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥
ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥”

(ਅੰਗ - ੧੨੪੧-੧੨੪੨)

ਉੱਪਰ ਵਾਲੇ ਸਲੋਕਾਂ ਰਾਹੀਂ ਤੇ ਪਉੜੀ ਰਾਹੀਂ ਭਾਵ ਪੂਰੇ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਤੇ ਸਪੱਸ਼ਟ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਦੇ ਗੁਣ ਗਾਉਣ ਵਾਲੇ ਤਾਂ ਬਹੁਤ ਹਨ, ਉਸਦੀ ਸਿਫ਼ਤ ਸਲਾਹ ਕਰਨ ਵਾਲੇ ਬਹੁਤ ਹਨ ਪਰ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕਿ ਪ੍ਰਮਾਤਮਾ ਕੀ ਹੈ ਉਸਦੀ ਸਿਫ਼ਤ ਨਹੀਂ ਕੀਤੀ ਜਾ ਸਕਦੀ ਜੋ ਉਸਦੀ ਸਿਫ਼ਤ ਅਸੀਂ ਕਥਨੀ ਦੁਆਰਾ ਕਰਦੇ ਹਾਂ, ਬੋਲ ਬੋਲ ਕੇ ਕਰਦੇ ਹਾਂ। ਪ੍ਰਮਾਤਮਾ ਦੀ ਸਿਫ਼ਤ ਕਰਨ ਦਾ ਤਰੀਕਾ ਕੇਵਲ ਉਸਦਾ ਨਾਮੁ ਜਪਣਾ ਹੈ। ਸਿਫ਼ਤ ਤਾਂ ਹੀ ਕੀਤੀ ਜਾ ਸਕਦੀ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਨਾਮੁ ਜਪਣਾ ਕੀ ਹੈ। ਨਾਮੁ ਜਪਣਾ ਗੁਰੂ ਦੇ ਹੁਕਮ ਨੂੰ ਮੰਨਣਾ ਹੀ ਹੈ ਭਾਵ ਗੁਰੂ ਦੇ ਉਪਦੇਸ਼ ਅਨੁਸਾਰ ਚੱਲਣਾ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਕੀਤੀ ਜਾ ਸਕਦੀ ਹੈ। ਪਹਿਲੇ ਹੁਣ ਅਸੀਂ ਉੱਪਰ ਵਾਲੇ ਸਲੋਕ ਨੂੰ ਸਮਝਦੇ ਹਾਂ।

ਸਲੋਕ ਮਃ ੧ ॥

“ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥
ਸਭੇ ਰੁਤੀ ਮਾਹ ਸਭਿ ਸਭਿ ਧਰਤੰੀ ਸਭਿ ਭਾਰ ॥
ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥
ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥
ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥
ਆਖਹਿ ਥਕਹਿ ਆਖਿ ਆਖਿ ਕਰਿ ਸਿਫਤੰੀ ਵੀਚਾਰ ॥

ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥”

(ਅੰਗ - ੧੨੪੧)

ਉੱਪਰ ਵਾਲੇ ਸਲੋਕ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਨਹੀਂ ਹੋ ਸਕਦੀ। ਸਾਨੂੰ ਬਾਣੀ ਵਾਰ-ਵਾਰ ਸਮਝਾ ਰਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਇਹ ਵੀ ਸਮਝਾ ਰਹੀ ਹੈ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ, ਕਿਸ ਤਰੀਕੇ ਉਸਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਕਿਸ ਤਰੀਕੇ ਉਹ ਇਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਤੇ ਕਿਸ ਤਰੀਕੇ ਉਹ ਸਭ ਵਿੱਚ ਸਮਾਇਆ ਹੋਇਆ ਹੈ। ਇਹ ਰੂਪ ਪ੍ਰਮਾਤਮਾ ਦਾ ਉਸਦਾ ਨਿਰੰਕਾਰ ਰੂਪ ਹੈ ਉਸਦੇ ਜਿਸ ਰੂਪ ਨੂੰ ਕੇਵਲ ਮਨ ਦੇ ਵਿੱਚੋਂ ਹੀ ਭਾਵ ਕੇਵਲ ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਜੋ ਪ੍ਰਮਾਤਮਾ ਦਾ ਆਪਣਾ ਨਿਰੰਕਾਰ ਰੂਪ ਹੈ ਉਹੀ ਉਸਦਾ ਨਾਮੁ ਰੂਪ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਇਹ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਨਿਰੰਕਾਰ ਰੂਪ ਦੁਆਰਾ ਕੀਤੀ ਹੈ ਤੇ ਇਹ ਵੀ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਆਪਣੇ ਨਾਮੁ ਦੁਆਰਾ ਕੀਤੀ ਹੈ ਤੇ ਸਭ ਜਗ੍ਹਾ ਜੋ ਵੀ ਹੈ ਉਹ ਪ੍ਰਮਾਤਮਾ ਦਾ ਨਾਮੁ ਹੀ ਹੈ ਭਾਵ ਸਭ ਦੇ ਵਿੱਚ ਪ੍ਰਮਾਤਮਾ ਆਪਣੇ ਨਾਮੁ ਰੂਪ ਵਿੱਚ ਹੀ ਸਮਾਇਆ ਹੋਇਆ ਹੈ ਜਿਸ ਰੂਪ ਦੁਆਰਾ ਉਹ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਜਿਸਦੇ ਵਿੱਚ ਮਨੁੱਖ ਵੀ ਆਉਂਦਾ ਹੈ ਭਾਵ ਸਾਡੇ ਸਭ ਦੇ ਅੰਦਰ ਨਾਮੁ ਹੀ ਵਰਤ ਰਿਹਾ ਹੈ ਭਾਵ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਜੋ ਆਪਣੇ ਨਿਰੰਕਾਰ ਰੂਪ ਵਿੱਚ ਸਾਡੇ ਅੰਦਰ ਵਰਤ ਰਿਹਾ ਹੈ। ਜਦੋਂ ਸਭ ਕੁੱਝ ਨਾਮੁ ਹੈ, ਪ੍ਰਮਾਤਮਾ ਆਪ ਹੈ ਫਿਰ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ “ਨਾਮੁ” ਕੀ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸਨੂੰ ਉਸਨੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਤੇ ਸਭ ਦੇ ਅੰਦਰ ਨਿਰੰਕਾਰ ਰੂਪ ਵਿੱਚ ਹੀ ਵਿਚਰ ਰਿਹਾ ਹੈ। ਪੂਰੀ ਸ੍ਰਿਸ਼ਟੀ ਦਾ ਹਰ ਆਕਾਰ ਰੂਪ ਅਨੇਕਾਂ ਹੀ ਗੁਣਾਂ ਦੁਆਰਾ ਭਰਿਆ ਹੋਇਆ ਹੈ। ਜਿਸ ਤਰਫ਼ ਵੀ ਵੇਖੋ, ਜਿਸ ਵਸਤੂ ਨੂੰ ਵੀ ਵੇਖੋ ਉਹ ਗੁਣਾਂ ਨਾਲ ਭਰਪੂਰ ਹੈ ਜੋ ਗੁਣ ਸਭ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਭਰੇ ਹਨ ਭਾਵ ਆਪਣੇ ਨਾਮੁ ਦੁਆਰਾ ਹੀ ਭਰੇ ਹਨ ਤੇ ਉਸਦੇ ਨਾਮੁ ਦੁਆਰਾ ਹੀ ਹਰ ਵਸਤੂ, ਹਰ ਆਕਾਰ ਰੂਪ ਆਪਣਾ-ਆਪਣਾ ਕੰਮ ਕਰ ਰਿਹਾ ਹੈ ਭਾਵ ਉਨ੍ਹਾਂ ਦੇ ਅੰਦਰ ਪਾਏ ਹੋਏ ਪ੍ਰਮਾਤਮਾ ਦੇ ਹੁਕਮ ਨੂੰ ਮੰਨ ਰਿਹਾ ਹੈ। ਸਭਦੇ ਅੰਦਰ ਸਾਇੰਟਿਫਿਕ ਗਿਆਨ ਹੈ ਜਿਸ ਦੁਆਰਾ ਹਰ ਵਸਤੂ ਬਣੀ ਹੈ ਤੇ ਹਰ ਵਸਤੂ ਚੱਲ ਰਹੀ ਹੈ। ਪ੍ਰਮਾਤਮਾ ਦਾ ਇਹ ਗਿਆਨ ਉਸਦਾ “ਬ੍ਰਹਮ ਗਿਆਨ” ਹੈ ਜੋ ਕਿ ਉਸਦਾ ਨਾਮੁ ਹੈ ਜਿਸ ਦੁਆਰਾ ਇਹ ਸ੍ਰਿਸ਼ਟੀ ਬਣੀ ਹੈ ਤੇ ਚੱਲ ਰਹੀ ਹੈ। ਪ੍ਰਮਾਤਮਾ ਨੂੰ ਤੇ ਉਸਦੀ ਸ੍ਰਿਸ਼ਟੀ ਨੂੰ ਜਾਣਨ ਦਾ ਮਾਰਗ ਹੀ ਬ੍ਰਹਮ ਗਿਆਨ ਹੈ ਜੋ “ਬ੍ਰਹਮ ਗਿਆਨੁ” ਉਸਦਾ ਧਾਰਮਿਕ ਗਿਆਨ ਦੇ ਰੂਪ ਵਿੱਚ ਹੈ। ਆਪਣਾ ਧਾਰਮਿਕ ਗਿਆਨ ਪ੍ਰਮਾਤਮਾ ਨੇ ਆਪ ਹੀ ਧਰਮ ਗ੍ਰੰਥਾਂ ਵਿੱਚ ਪਾਇਆ ਹੈ, ਪੂਰੀ ਗੁਰਬਾਣੀ ਵਿੱਚ ਪਾਇਆ ਹੈ ਜੋ ਉਸਦਾ “ਬ੍ਰਹਮੁ ਗਿਆਨ” ਨਾਮੁ ਦੇ ਰੂਪ ਵਿੱਚ ਹੀ ਹੈ ਜਿਸ ਨਾਮੁ ਰਾਹੀਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਸ੍ਰਿਸ਼ਟੀ ਦੇ ਰਚਨਹਾਰ ਨੂੰ ਜਾਣਿਆ ਜਾ ਸਕਦਾ ਹੈ, ਨਾਮੁ ਦੇ ਮਾਲਕ ਨੂੰ ਭਾਵ ਬ੍ਰਹਮ ਗਿਆਨ ਦੇ ਮਾਲਕ “ਬ੍ਰਹਮ ਗਿਆਨੀ” ਨੂੰ ਜਾਣਿਆ ਜਾ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ ਤੇ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਪਛਾਣੇ ਬਿਨ੍ਹਾਂ ਅਸੀਂ ਕਦੇ ਨਹੀਂ ਸਮਝ ਸਕਦੇ ਕਿ ਸਾਰੀ ਸ੍ਰਿਸ਼ਟੀ ਦੇ ਵਿੱਚ ਉਸ ਪ੍ਰਮਾਤਮਾ ਦਾ ਹੁਕਮ ਕਿਵੇਂ ਚੱਲ ਰਿਹਾ ਹੈ ਤੇ ਹਰ ਆਕਾਰ ਰੂਪ ਕਿਸ ਤਰੀਕੇ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸਨੂੰ ਜਾਣੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਕਿਸ ਤਰੀਕੇ ਵਡਿਆਉਣਾ ਹੈ ਇਸ ਗੱਲ ਦੀ ਸਮਝ ਸਾਨੂੰ ਸਮਝ ਨਹੀਂ ਲੱਗ ਸਕਦੀ। ਕਿਸੇ ਦਾ ਵੱਡਾਪਨ ਜਾਣੇ ਬਿਨ੍ਹਾਂ ਅਸੀਂ ਕਿਸੇ ਨੂੰ ਕਿਵੇਂ ਵਡਿਆ ਸਕਦੇ ਹਾਂ। ਪ੍ਰਮਾਤਮਾ ਬਹੁਤ ਵੱਡਾ ਹੈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਮਨੁੱਖੀ ਸਰੀਰ ਦੀ ਵੀ ਰਚਨਾ ਕੀਤੀ ਹੈ। ਉਸ ਦੀ ਵਡਿਆਈ ਨੂੰ ਸਮਝਣ ਦਾ ਤਰੀਕਾ ਉਸ ਦੇ ਨਾਲ ਮਨ ਦੇ ਵਿੱਚ ਮੇਲ ਹੈ ਤੇ ਉਸ ਦੇ ਨਾਲ ਮੇਲ ਕਰਨ ਲਈ, ਉਸ ਦੀ ਵਡਿਆਈ ਸਮਝਣ ਲਈ ਸਾਡੇ ਕੋਲ ਉਸਦੀ ਸੱਚੀ ਭਗਤੀ ਸਿੱਖਣ ਦਾ ਤੇ ਉਸ ਤੇ ਚੱਲਣ ਦਾ ਹੈ ਜੋ ਤਰੀਕਾ ਉਸਨੇ ਆਪ ਹੀ ਸਾਨੂੰ ਧਰਮ ਗ੍ਰੰਥਾਂ ਦੁਆਰਾ ਸਮਝਾਇਆ ਹੋਇਆ ਹੈ ਜੋ ਕਿ ਸਾਡੀ ਸੱਚੀ ਸੁੱਚੀ ਕਰਨੀ ਦਾ ਮਾਰਗ ਹੈ ਭਾਵ ਨਾਮ ਜਪਣ ਦਾ ਮਾਰਗ ਹੈ ਤੇ ਮਨ ਦੀ ਅਗਿਆਨਤਾ ਕਰਕੇ ਅਸੀਂ ਕਿਹੋ ਜਿਹੀ ਕਾਰ ਕਰਨ ਦੁਆਰਾ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ ਇਸ ਗੱਲ ਨੂੰ ਅਸੀਂ ਨਹੀਂ ਸਮਝ ਸਕਦੇ। (**ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥ ਸਭੇ ਰੁਤੀ ਮਾਹ ਸਭਿ ਸਭਿ ਧਰਤੀ ਸਭਿ ਭਾਰ ॥ ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥ ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥**)

ਪ੍ਰਮਾਤਮਾ ਦੇ ਗੁਣ ਗਾਉਣ ਲਈ ਭਾਵ ਉਸਦੀ ਭਗਤੀ ਦੇ ਮਾਰਗ ਤੇ ਚੱਲਣ ਲਈ ਸਾਨੂੰ ਕੀ ਕਾਰ ਸਮਝਾਈ ਹੈ ਭਾਵ ਕਿਹੜਾ ਤਰੀਕਾ ਸਮਝਾਇਆ ਹੈ ਇਹ ਕਾਰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਭਗਤੀ ਦੇ ਮਾਰਗ ਤੇ ਚੱਲਣ ਲਈ ਗੁਰੂ ਨੇ ਸਭ ਨੂੰ ਇੱਕੋ ਜਿਹੀ ਕਾਰ ਕਰਨੀ ਹੀ ਸਿਖਾਈ ਹੈ ਜੋ ਕਿ ਸੱਚ ਤੇ ਚੱਲਣ ਦੀ ਕਾਰ ਹੈ ਭਾਵ ਮਨੁੱਖ ਦੀ ਸੱਚੀ ਸੁੱਚੀ ਕਰਨੀ ਹੈ, ਉਸਦੀ ਸੱਚੀ ਸੁੱਚੀ ਵਿਚਰਨ ਹੈ ਜੋ ਮਨ ਦੇ ਵਿਕਾਰਾਂ ਤੋਂ ਰਹਿਤ ਹੋ ਕੇ, ਮਨ ਦੀਆਂ ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਭਾਵ ਮਾਇਆ ਮੋਹ ਤੋਂ ਰਹਿਤ ਹੋ ਕੇ ਭਾਵ ਗੁਰੂ ਦਾ ਨਾਮੁ ਜਪਣ ਦੁਆਰਾ ਹੀ ਹੁੰਦੀ ਹੈ ਤੇ ਇਹੋ ਜਿਹਾ ਨਾਮੁ ਜਪਣਾ ਹੀ ਸਾਨੂੰ "ਪਉੜੀ" ਰਾਹੀਂ ਸਮਝਾਇਆ ਹੋਇਆ ਹੈ ਭਾਵ ਸਾਡੀ ਸੱਚੀ ਕਾਰ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ, ਉਸਦੇ ਨਾਮ ਨੂੰ ਜਾਣੇ ਬਿਨ੍ਹਾਂ, ਨਾਮ ਦੇ ਮਨੋਰਥ ਨੂੰ ਜਾਣੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਦੇ ਮਨੋਰਥ ਨੂੰ ਜਾਣੇ ਬਿਨ੍ਹਾਂ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਤੇ ਕਰਦੇ ਹੀ ਹਾਂ, ਆਪਣੇ ਵੱਲੋਂ ਅਸੀਂ ਉਸਦਾ ਨਾਮ ਹੀ ਜਪਦੇ ਹਾਂ ਭਾਵ ਆਪਣੀ-ਆਪਣੀ ਮਤਿ ਦੁਆਰਾ, ਆਪਣੀ-ਆਪਣੀ ਧਾਰਮਿਕ ਆਸਥਾ ਦੁਆਰਾ ਆਪਣੇ ਵੱਲੋਂ ਪ੍ਰਮਾਤਮਾ ਦੀ ਸਿਫ਼ਤ ਕਰਨੀ ਸਮਝਦੇ ਹਾਂ ਤੇ ਸਾਡੀ ਇਹੋ ਜਿਹੀ ਸਿਫ਼ਤ ਕਿਸ ਲੇਖੇ ਪੈਂਦੀ ਹੈ ਇਹੀ ਗੱਲ ਸਾਨੂੰ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। (**ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥ ਸਭੇ ਰੁਤੀ ਮਾਹ ਸਭਿ ਸਭਿ ਧਰਤੀ ਸਭਿ ਭਾਰ ॥ ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥ ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥ ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥**)

"ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀ ਵੀਚਾਰ ॥

ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥"

ਪ੍ਰਮਾਤਮਾ ਦਾ ਆਖਣ ਕੀ ਹੈ ਭਾਵ ਉਸਦੀ ਸੱਚੀ ਭਗਤੀ ਦਾ ਮਾਰਗ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਵੀ ਸਮਝਾਂਗੇ ਕਿਉਂਕਿ ਆਪਣੇ ਹਰ ਸ਼ਬਦ ਰਾਹੀਂ ਪ੍ਰਮਾਤਮਾ ਸੱਚੀ ਭਗਤੀ ਦਾ ਮਾਰਗ ਇੱਕੋ ਜਿਹਾ ਹੀ ਸਮਝਾਉਂਦਾ ਹੈ ਤੇ ਨਾਲ ਨਾਲ ਸਾਨੂੰ ਭਰਮਾਂ ਦੇ ਵਿੱਚੋਂ ਵੀ ਕੱਢਦਾ ਹੈ ਜਿੰਨ੍ਹਾਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ। ਜੇਕਰ ਸਭ ਨੂੰ ਆਪਣੇ ਆਪ ਭਗਤੀ ਦੇ ਮਾਰਗ ਦੀ ਸਮਝ ਪੈ ਜਾਵੇ ਫਿਰ ਗੁਰੂ ਦੇ ਸਮਝਾਉਣ ਦੀ ਲੋੜ ਹੀ ਕਿੱਥੇ ਰਹਿ ਜਾਂਦੀ ਹੈ। ਗੁਰੂ ਸਾਨੂੰ ਇਸੇ ਲਈ ਸਮਝਾਉਂਦਾ ਹੈ ਕਿਉਂਕਿ ਮਨੁੱਖੀ ਸਮਝ ਭਰਮਾਂ ਦੀ ਭਰੀ ਹੋਈ ਹੈ ਜੋ ਆਪਣੇ ਆਪ ਧਰਮ ਦੇ ਮਾਰਗ ਦੇ ਸੱਚ ਨੂੰ, ਅਸਲੀਅਤ ਨੂੰ ਨਹੀਂ ਸਮਝ ਸਕਦੇ। ਗੁਰੂ ਸਾਨੂੰ ਵਾਰ-ਵਾਰ ਭਰਮਾਂ ਵਿੱਚੋਂ ਕੱਢ ਕੇ ਆਪਣੇ ਸੱਚ ਨਾਲ ਜੋੜਦਾ ਹੈ ਭਾਵ ਆਪਣੀ ਸੱਚੀ ਸਮਝ ਨਾਲ ਜੋੜਦਾ ਹੈ, ਆਪਣੇ ਨਾਮ ਨਾਲ ਜੋੜਦਾ ਹੈ ਤਾਂ ਜੋ ਅਸੀਂ ਭਰਮਾਂ ਵਿੱਚੋਂ ਨਿਕਲੀਏ ਤੇ ਭਗਤੀ ਦੀ ਅਸਲੀਅਤ ਨਾਲ ਜੁੜੀਏ। ਉਪਰਲੀਆਂ ਪੰਗਤੀਆਂ ਰਾਹੀਂ "ਗੁਰੂ" ਆਪਣੇ ਨਾਮ ਦੁਆਰਾ ਸਾਨੂੰ ਭਰਮਾਂ ਵਾਲੀ ਭਗਤੀ ਵਿੱਚੋਂ ਹੀ ਕੱਢ ਰਿਹਾ ਹੈ ਜਿਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਪ੍ਰਮਾਤਮਾ ਦੀ ਭਗਤੀ ਦੇ ਅਸੀਂ ਅਨੇਕਾਂ ਹੀ ਤਰੀਕੇ ਅਪਣਾਏ ਹੋਏ ਹਨ, ਉਸਦਾ ਨਾਮ ਜਪਣ ਲਈ ਅਸੀਂ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਅੱਖਰ ਚੁਣੇ ਹੋਏ ਹਨ ਜਿੰਨ੍ਹਾਂ ਦੀ ਕਥਨੀ ਕਰੀ ਜਾਣ ਨੂੰ ਅਸੀਂ ਨਾਮੁ ਜਪਣਾ ਸਮਝਦੇ ਹਾਂ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੀ ਸਿਫ਼ਤ ਕਰਨੀ ਸਮਝਦੇ ਹਾਂ, ਉਸਦੀ ਵਡਿਆਈ ਕਰਨੀ ਸਮਝਦੇ ਹਾਂ, ਉਸਦੇ ਗੁਣ ਗਾਉਣੇ ਸਮਝਦੇ ਹਾਂ। ਅਸੀਂ ਸ਼ਬਦਾਂ ਦੀ ਕਥਨੀ ਨੂੰ ਭਾਵ ਧਰਮ ਗ੍ਰੰਥਾਂ ਦੇ ਸ਼ਬਦਾਂ ਨੂੰ ਪੜ੍ਹੀ ਜਾਣਾ ਹੀ, ਕਥਨੀ ਕਰੀ ਜਾਣ ਨੂੰ ਹੀ ਗੁਰੂ ਪ੍ਰਮਾਤਮਾ ਦੀ ਸਿਫ਼ਤ ਕਰਨ ਵਾਲੇ ਵਿਚਾਰ ਸਮਝਦੇ ਹਾਂ। ਪ੍ਰਮਾਤਮਾ ਦੀ ਸਿਫ਼ਤ ਕਰਨ ਦਾ ਇਹ ਤਰੀਕਾ ਨਹੀਂ ਹੈ ਕਿਉਂਕਿ ਪ੍ਰਮਾਤਮਾ ਦੀ ਸਿਫ਼ਤ ਕਰਨ ਦਾ ਤਰੀਕਾ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਆਪਣੀ ਕਥਨੀ ਨੂੰ ਹੀ ਭਗਤੀ ਸਮਝਣ ਵਾਲਿਆਂ ਨੂੰ ਇਹ ਸਮਝਾਇਆ ਹੈ ਕਿ ਇਸ ਤਰੀਕੇ ਕਿਸੇ ਨੇ ਪ੍ਰਮਾਤਮਾ ਨੂੰ ਇੱਕ ਕਿਣਕਾ ਭਰ ਵੀ ਨਹੀਂ ਜਾਣਿਆ ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਹੋ ਜਿਹੀ ਭਗਤੀ ਭਾਵ ਕੇਵਲ ਕਥਨੀ ਕਰੀ ਜਾਣਾ ਪਰ ਉਸ ਤੇ ਅਮਲ ਨਾ ਕਰਨਾ ਕਿਸੇ ਲੇਖੇ ਨਹੀਂ ਜਿਸ ਕਰਕੇ ਗੁਰੂ ਸਾਹਿਬ ਉਨ੍ਹਾਂ ਨੂੰ ਬਪੁੜੇ ਗਵਾਰ ਕਹਿ ਰਹੇ ਹਨ ਭਾਵ ਵੱਡੇ ਨਾ-ਸਮਝ ਕਹਿ ਰਹੇ ਹਨ ਜਿੰਨ੍ਹਾਂ ਨੂੰ ਭਗਤੀ ਦੇ ਮਾਰਗ ਦੀ ਬਿਲਕੁਲ ਸਮਝ ਨਹੀਂ। ਭਗਤੀ ਦੇ ਸੱਚੇ ਮਾਰਗ ਤੇ ਉਹੀ ਚੱਲ ਸਕਦਾ ਹੈ, ਪ੍ਰਮਾਤਮਾ ਦੀ ਸਿਫ਼ਤ ਉਹੀ ਕਰ ਸਕਦਾ ਹੈ, ਉਸਦੇ ਗੁਣ ਉਹੀ ਗਾ ਸਕਦਾ ਹੈ ਜੋ ਉਸ ਗੁਣਾਂ ਦੇ ਮਾਲਕ ਨੂੰ, ਸਿਫ਼ਤਾਂ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ, ਹਰ ਰੂਪ ਵਿੱਚ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜਿਵੇਂ ਕਿ ਅਸੀਂ ਸਲੋਕ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। (**ਸਲੋਕ ਮਃ ੧ ॥ ਸਭੇ ਰਾਤੀ ਸਭਿ ਦਿਹ ਸਭਿ**

ਥਿਤੀ ਸਭਿ ਵਾਰ ॥ ਸਭੇ ਰੁਤੀ ਮਾਹ ਸਭਿ ਸਭਿ ਧਰਤੰਾੀ ਸਭਿ ਭਾਰ ॥ ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥ ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥ ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥ ਆਖਹਿ ਥਕਹਿ ਆਖਿ ਆਖਿ ਕਰਿ ਸਿਫਤੰੀ ਵੀਚਾਰ ॥ ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥)

{ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁ ਕੋ ਆਪੈ ਇਕ ਦੂ ਇਕੁ ਸਿਆਣਾ ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥}

(ਅੰਗ - ੪-੫)

{ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥
ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥
ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥
ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਪੈ ਬੋਲੁਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ - ੫-੬)

{ਆਖਾ ਜੀਵਾ ਵਿਸਰੈ ਮਰਿ ਜਾਉ ॥
ਆਖਣਿ ਅਉਖਾ ਸਾਚਾ ਨਾਉ ॥}

(ਅੰਗ - ੯)

{ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥
ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥

ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥}

(ਅੰਗ - ੬੧)

{ਆਖਣਿ ਆਧੈ ਬਕੈ ਸਭੁ ਕੋਇ ॥
ਆਪੇ ਬਖਸਿ ਮਿਲਾਏ ਸੋਇ ॥
ਕਹਣੈ ਕਥਨਿ ਨ ਪਾਇਆ ਜਾਇ ॥
ਗੁਰ ਪਰਸਾਦਿ ਵਸੈ ਮਨਿ ਆਇ ॥੩॥
ਗੁਰਮੁਖਿ ਵਿਚਹੁ ਆਪੁ ਗਵਾਇ ॥
ਹਰਿ ਰੰਗਿ ਰਾਤੇ ਮੋਹੁ ਚੁਕਾਇ ॥
ਅਤਿ ਨਿਰਮਲੁ ਗੁਰ ਸਬਦ ਵੀਚਾਰ ॥
ਨਾਨਕ ਨਾਮਿ ਸਵਾਰਣਹਾਰ ॥੪॥੪॥੪੩॥}

(ਅੰਗ - ੩੬੨)

ਮਹਲਾ ੧ ॥

{ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ ॥
ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ ॥
ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥
ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ ॥
ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥੨॥}

(ਅੰਗ - ੧੨੩੯-੧੨੪੦)

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥

ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥੪॥}

(ਅੰਗ - ੮)

ਜਿਹੋ ਜਿਹੇ ਭਗਤੀ ਦੇ ਮਾਰਗ ਨਾਲ ਅਸੀਂ ਜੁੜੇ ਹੋਏ ਹਾਂ ਅਸੀਂ ਉਸਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਦੇ ਹਾਂ ਕਿਉਂਕਿ ਜਿੰਨ੍ਹਾਂ ਨੇ ਸਾਨੂੰ ਇਹ ਕੁੱਝ ਸਮਝਾਇਆ ਹੈ ਉਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਮੰਨਕੇ ਹੀ ਉਨ੍ਹਾਂ ਦੀ ਗੱਲ ਮੰਨੀ ਹੈ। ਇਹੋ ਜਿਹੀ ਭਗਤੀ ਦਾ ਮਾਰਗ ਸਮਝਾਉਣ ਵਾਲੇ ਉਹੀ ਹਨ ਜਿੰਨ੍ਹਾਂ ਨੇ ਆਪਣੇ ਆਪ ਨੂੰ ਨਹੀਂ ਜਾਣਿਆ, ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣਿਆ ਜੋ ਸਭ ਦੇ ਅੰਦਰ ਹੀ ਹੈ। ਇਹੋ ਜਿਹੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਹੀ ਸਮਝਦੇ ਹਨ ਤੇ ਕਿਸੇ ਆਕਾਰ ਰੂਪ ਜਗ੍ਹਾ ਤੇ ਪ੍ਰਮਾਤਮਾ ਦਾ ਟਿਕਾਣਾ ਸਮਝਦੇ ਹਨ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਟਿਕਾਣੇ ਤੇ ਸਮਝਦੇ ਹਨ, ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਉਸਦੇ ਹੋਣ ਦੀਆਂ ਗੱਲਾਂ ਕਰਦੇ ਹਨ ਭਾਵ ਉਹ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝਦੇ ਹਨ ਤੇ ਇਹੀ ਕੁੱਝ ਦੂਸਰਿਆਂ ਨੂੰ ਸਮਝਾਉਂਦੇ ਹਨ ਤੇ ਆਪਣੇ ਇਹੋ ਜਿਹੇ ਭਰਮਾਂ ਵਾਲੇ ਗਿਆਨ ਦੁਆਰਾ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ ਤੇ ਭਗਤੀ ਦੇ ਅਨੇਕਾਂ ਹੀ ਤਰੀਕਿਆਂ ਨਾਲ ਜੋੜਦੇ ਹਨ, ਕਥਨੀ ਵਾਲੇ ਨਾਮ ਦੇ ਨਾਲ ਜੋੜਦੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਨੂੰ ਸੱਚ ਮੰਨਕੇ ਭਾਵ ਉਨ੍ਹਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਮੰਨਕੇ ਅਨੇਕਾਂ ਹੀ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਨ ਜੋ ਕਿ ਅਸਲ ਵਿੱਚ ਸਭ ਦੇ ਅੰਦਰ ਦਾ ਭਰਮ ਹੀ ਹੈ ਤੇ ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ।

ਮਃ ੧ ॥

“ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥
ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥
ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥
ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥
ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥
ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥
ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥”

(ਅੰਗ - ੧੨੪੧-੧੨੪੨)

ਉੱਪਰ ਸਲੋਕ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ। ਉਹ ਸਾਡਾ ਇਹ ਭਰਮ ਕੱਢ ਰਹੇ ਹਨ ਕਿ ਪ੍ਰਮਾਤਮਾ ਕੋਈ ਆਕਾਰ ਰੂਪ ਨਹੀਂ ਤੇ ਨਾ ਹੀ ਉਸਨੂੰ ਕਿਸੇ ਆਕਾਰ ਰੂਪ ਟਿਕਾਣੇ ਤੋਂ ਲੱਭਿਆ ਜਾ ਸਕਦਾ ਹੈ ਕਿਉਂਕਿ ਪ੍ਰਮਾਤਮਾ ਨੂੰ ਜੇਕਰ ਪਾਇਆ ਜਾ ਸਕਦਾ ਹੈ ਤੇ ਉਹ ਕੇਵਲ ਮਨ ਦੀ ਸਮਝ ਦੁਆਰਾ ਪਾਇਆ ਜਾ ਸਕਦਾ ਹੈ ਤੇ ਪ੍ਰਮਾਤਮਾ ਨੂੰ ਜਿਸਨੇ ਵੀ ਜਾਣਿਆ ਹੈ ਉਸਨੇ ਪ੍ਰਮਾਤਮਾ ਨੂੰ ਨਿਰੰਕਾਰ ਰੂਪ ਵਿੱਚ ਹੀ ਜਾਣਿਆ ਹੈ। ਪ੍ਰਮਾਤਮਾ ਨੂੰ ਸਰੀਰ ਦੀਆਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਭਾਵੇਂ ਕੋਈ ਅੱਖਾਂ ਦੇ ਭਾਰ ਤੁਰ ਲਵੇ ਤੇ ਜਦ ਤੱਕ ਉਹ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਹੀਂ ਜਾਣਦਾ ਉਸਨੂੰ ਆਕਾਰ ਰੂਪ ਦੇ ਮਾਲਕ ਦੀ ਸਮਝ ਨਹੀਂ ਪੈ ਸਕਦੀ ਕਿ ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਕਿਸ ਰੂਪ ਵਿੱਚ ਹੈ। ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਹੀ ਹੈ, ਜੋਤਿ ਰੂਪ ਵਿੱਚ ਹੀ ਹੈ, ਆਪਣੇ ਨਾਮੁ ਰੂਪ ਵਿੱਚ ਹੀ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ, ਉਸਦੇ ਸਾਇੰਟਿਫਿਕ ਗਿਆਨ ਦਾ ਰੂਪ ਹੈ। (**ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥**) ਅਗਲੀਆਂ ਪੰਗਤੀਆਂ ਰਾਹੀਂ ਉਨ੍ਹਾਂ ਦੀ ਗੱਲ ਕੀਤੀ ਹੋਈ ਹੈ ਜੋ ਪ੍ਰਮਾਤਮਾ ਨੂੰ ਪਾਉਣ ਬਾਰੇ ਗੱਲਾਂ ਕਰਦੇ ਹਨ ਤੇ ਦੂਸਰਿਆਂ ਨੂੰ ਵੀ ਸਮਝਾਉਂਦੇ ਹਨ ਭਾਵ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਸਮਝਦੇ ਹਾਂ, ਪ੍ਰਮਾਤਮਾ ਨੂੰ ਜਾਣਨ ਵਾਲੇ ਸਮਝਦੇ ਹਾਂ ਜੋ ਕਿ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ ਤੇ ਪ੍ਰਮਾਤਮਾ ਦਾ ਟਿਕਾਣਾ ਵੀ ਕੋਈ ਆਕਾਰ ਰੂਪ ਹੀ ਸਮਝਦੇ ਹਨ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਸਮਝਦੇ ਹਨ ਤੇ ਫਿਰ ਉਹੋ ਜਿਹਾ ਵੀ ਪ੍ਰਚਾਰ ਵੀ ਕਰਦੇ ਹਨ। ਉਨ੍ਹਾਂ ਨੂੰ ਭਰਮ ਵਿੱਚ ਦੱਸਿਆ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥

ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥

ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥”

ਉੱਪਰ ਪੰਗਤੀਆਂ ਰਾਹੀਂ ਉਨ੍ਹਾਂ ਦਾ ਜਿਕਰ ਹੀ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਸਮਝਦੇ ਹਾਂ, ਪ੍ਰਮਾਤਮਾ ਨੂੰ ਜਾਣਨ ਵਾਲੇ ਸਮਝਦੇ ਹਾਂ ਕਿਉਂਕਿ ਉਹ ਆਪਣੇ ਆਪ ਨੂੰ ਧਰਮ ਗ੍ਰੰਥਾਂ ਦੀ ਵਿਚਾਰ ਨੂੰ ਜਾਣਨ ਵਾਲੇ ਸਮਝਦੇ ਹਨ, ਅਵਤਾਰੀ ਪੁਰਸ਼ ਸਮਝਦੇ ਹਨ, ਦੇਵਤੇ ਰੂਪ ਸਮਝਦੇ ਹਨ, ਸਿਧ ਸਮਝਦੇ ਹਨ। ਇਸੇ ਤਰ੍ਹਾਂ ਸਮਾਧੀ ਲਗਾਉਣ ਵਾਲਿਆਂ ਨੂੰ ਅਸੀਂ ਉੱਚੇ ਸਮਝਦੇ ਹਾਂ, ਗਿਆਨੀ, ਪੰਡਿਤ ਆਦਿ ਸਮਝਦੇ ਹਾਂ ਜੋ ਸਾਨੂੰ ਇਹ ਕੁੱਝ ਸਮਝਾਉਂਦੇ ਹਨ ਕਿ ਅਸੀਂ ਪ੍ਰਮਾਤਮਾ ਨੂੰ ਜਾਨਣ ਬਾਰੇ ਜੋ ਕੁੱਝ ਵੀ ਸਮਝਾਉਂਦੇ ਹਾਂ ਉਹ ਠੀਕ ਸਮਝਾਉਂਦੇ ਹਾਂ। ਸਾਨੂੰ ਇਹੋ ਜਿਹੀਆਂ ਦੀਆਂ ਗੱਲਾਂ ਠੀਕ ਲੱਗਦੀਆਂ ਹਨ। ਜੋ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਇਹ ਸਮਝਾਉਂਦੇ ਹਨ ਇਨ੍ਹਾਂ ਦੀਆਂ ਗੱਲਾਂ ਸੁਣਕੇ ਸਾਨੂੰ ਵੀ ਇਹ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਦੀਆਂ ਗੱਲਾਂ ਮੰਨਣ ਦੁਆਰਾ ਅਸੀਂ ਵੀ ਪ੍ਰਮਾਤਮਾ ਦੇ ਦਰਬਾਰ ਨੂੰ ਅੱਗੇ ਜਾ ਕੇ ਦੇਖ ਲਵਾਂਗੇ ਭਾਵ ਅਸੀਂ ਜਿਸਦੇ ਵੀ ਪਿੱਛੇ ਲੱਗਦੇ ਹਾਂ, ਜਿੰਨ੍ਹਾਂ ਕੋਲੋਂ ਵੀ ਭਗਤੀ ਦਾ ਮਾਰਗ ਸਮਝਦੇ ਹਾਂ ਉਨ੍ਹਾਂ ਨੂੰ ਉੱਚਾ ਮੰਨ ਕੇ, ਧਰਮ ਦੇ ਵਿਦਵਾਨ ਮੰਨ ਕੇ ਹੀ ਸਮਝਦੇ ਹਾਂ। ਜੇਕਰ ਸਾਨੂੰ ਇਹ ਸਮਝਾਉਂਦੇ ਹਨ ਕਿ ਪ੍ਰਮਾਤਮਾ ਕਿਸੇ ਆਕਾਰ ਰੂਪ ਵਿੱਚ ਹੈ ਤੇ ਉਸਦਾ ਆਪਣਾ ਕੋਈ ਦਰਬਾਰ ਹੈ ਭਾਵ ਆਕਾਰ ਰੂਪ ਦਰਬਾਰ ਹੈ ਤਾਂ ਫਿਰ ਅਸੀਂ ਇਸ ਗੱਲ ਨੂੰ ਹੀ ਸੱਚ ਮੰਨਦੇ ਹਾਂ, ਉਨ੍ਹਾਂ ਨੂੰ ਉੱਚਾ ਸਮਝਕੇ ਮੰਨਦੇ ਹਾਂ। (**ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥ ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥ ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥ ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥**) ਜਿੰਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਮੰਨਦੇ ਹਾਂ ਜਾਂ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝਦੇ ਹਾਂ ਉਨ੍ਹਾਂ ਬਾਰੇ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ ਤੇ ਪ੍ਰਮਾਤਮਾ ਦਾ ਅਸਲ ਰੂਪ ਕੀ ਹੈ ਤੇ ਉਸਨੂੰ ਪਾਉਣ ਦਾ ਅਸਲ ਮਾਰਗ ਕੀ ਹੈ ਇਹੀ ਗੱਲ ਸਾਨੂੰ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥

ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥

ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥”

ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਉਸਦੇ ਕੋਲ ਕਿਸ ਤਰੀਕੇ ਜਾਇਆ ਜਾ ਸਕਦਾ ਹੈ, ਇਹੀ ਗੱਲ ਸਾਨੂੰ ਉੱਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਸੱਚਾ ਹੈ ਜੋ ਕਿ ਉਸਦਾ ਸਚੁ ਰੂਪ ਹੈ। ਜੋ ਪ੍ਰਮਾਤਮਾ ਦਾ ਸੱਚਾ ਰੂਪ ਹੈ ਉਹ ਉਸਦੇ ਨਾਮੁ ਦੁਆਰਾ ਸੱਚ ਰੂਪ ਹੈ ਭਾਵ ਜੋ ਪ੍ਰਮਾਤਮਾ ਦਾ ਨਾਮੁ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਨਾਮੁ ਆਪਣੇ ਸੱਚੇ ਗਿਆਨ ਦੁਆਰਾ ਸੱਚ ਹੈ ਤੇ ਇਹੀ ਸੱਚ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਗਿਆਨ ਦਾ ਕੋਈ ਆਕਾਰ ਨਹੀਂ ਹੁੰਦਾ ਭਾਵ ਸੱਚਾ ਗਿਆਨ ਨਿਰੰਕਾਰ ਹੈ ਜੋ ਆਕਾਰ ਤੋਂ ਰਹਿਤ ਹੈ ਤੇ ਇਸੇ ਲਈ ਪ੍ਰਮਾਤਮਾ “ਨਿਰੰਕਾਰ” ਰੂਪ ਹੈ। ਪ੍ਰਮਾਤਮਾ ਦਾ ਨਾਮੁ ਭਾਵ ਸੱਚਾ ਗਿਆਨ ਸਾਨੂੰ “ਸਾਰੁ” ਦੀ ਗੱਲ ਸਮਝਾਉਂਦਾ ਹੈ ਭਾਵ ਤੱਤ ਦੀ ਗੱਲ ਸਮਝਾਉਂਦਾ ਹੈ। ਜਿਸਦੇ ਅੰਦਰ ਭਉ ਹੈ, ਮਾਇਆ ਮੋਹ ਛੱਡਣ ਦਾ ਭਉ ਹੈ ਉਸਦੇ ਅੰਦਰ ਤਤ ਦੀ ਗੱਲ ਨਹੀਂ ਹੋ ਸਕਦੀ। ਸਭਦੇ ਅੰਦਰ ਭੈ ਹੈ ਤੇ ਪ੍ਰਮਾਤਮਾ ਆਪ ਨਿਰਭਉ ਹੈ। ਮਨੁੱਖ ਦੇ ਅੰਦਰ ਮਾਇਆ ਮੋਹ ਦਾ ਭੈ ਹੈ, ਜਨਮ ਮਰਨ ਦਾ ਭੈ ਹੈ ਤੇ ਹੋਰ ਕਈ ਅਨੇਕਾਂ ਤਰੀਕਿਆਂ ਦੇ ਭੈ ਹਨ ਜਿੰਨ੍ਹਾਂ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਣਾ ਤੇ ਉਸਦੇ ਪਿੱਛੇ ਲੱਗਣਾ ਭਾਵ ਉਸਦੀ ਗੱਲ ਨੂੰ ਨਾ ਮੰਨਣਾ ਸਾਡੇ ਅੰਦਰ ਦਾ ਭੈ ਹੈ ਜਿਸਦਾ ਕਾਰਨ ਸਾਡੇ ਅੰਦਰ ਦੀ ਅਗਿਆਨਤਾ ਹੈ ਭਾਵ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ, ਮਾਇਆ ਵਾਲੀ ਜੁਗਤਿ ਹੈ, ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੈ। ਮਨ ਦੇ ਇਸ ਭੈ ਵਿੱਚੋਂ ਸਾਨੂੰ ਕੇਵਲ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਜਿਸ ਦੁਆਰਾ ਅਸੀਂ ਨਾਮ ਦੇ ਮਾਲਕ, ਸੰਤ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜਿਸਦੇ ਨਾਲ ਮੇਲ ਹੋਣ ਦੁਆਰਾ, ਉਸ “ਨਿਰਭਉ” ਰੂਪ ਨਾਲ ਮੇਲ ਹੋਣ ਦੁਆਰਾ ਮਨੁੱਖ ਭੈ ਰਹਿਤ ਹੋ ਜਾਂਦਾ ਹੈ ਫਿਰ ਉਸਦੇ ਅੰਦਰ ਪ੍ਰਮਾਤਮਾ ਦਾ ਤੱਤ ਸਾਰ ਵੱਸ ਜਾਂਦਾ ਹੈ ਭਾਵ ਤਤੁ ਗਿਆਨ ਵੱਸ ਜਾਂਦਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਆਪ ਨਿਰਭਉ ਹੈ

ਉਹ ਸਾਡੇ ਮਨ ਦੀ ਸਮਝ ਨੂੰ ਆਪਣੇ ਨਾਮੁ ਦੁਆਰਾ ਨਿਰਭਉ ਬਣਾਉਂਦਾ ਹੈ ਭਾਵ ਆਪਣਾ ਰੂਪ ਬਣਾ ਦਿੰਦਾ ਹੈ। ਪ੍ਰਮਾਤਮਾ ਨੂੰ ਜਾਨਣ ਦਾ ਇਹੀ ਤਰੀਕਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਪ੍ਰਮਾਤਮਾ ਦੇ ਨਿਰੰਕਾਰ ਰੂਪ ਦੇ ਨਾਲ ਮੇਲ ਨੂੰ ਸਮਝਦੇ ਆ ਰਹੇ ਹਾਂ। (**ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥**)

ਜੋ ਸਾਨੂੰ ਪ੍ਰਮਾਤਮਾ ਦਾ ਕਿਸੇ ਆਕਾਰ ਰੂਪ ਵਿੱਚ ਹੋਣਾ ਸਮਝਾਉਂਦੇ ਹਨ ਤੇ ਉਸਦੀ ਭਗਤੀ ਕਰਨ ਦੇ ਅਨੇਕਾਂ ਤਰੀਕੇ ਸਮਝਾਉਂਦੇ ਹਨ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਕੇ ਉਨ੍ਹਾਂ ਦੇ ਪਿੱਛੇ ਲੱਗਦੇ ਹਾਂ, ਉਨ੍ਹਾਂ ਕੋਲੋਂ ਮਤਿ ਲੈਂਦੇ ਹਾਂ ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ, ਉਨ੍ਹਾਂ ਬਾਰੇ ਗੁਰੂ ਸਾਹਿਬ ਕੀ ਕਹਿ ਰਹੇ ਹਨ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਭਾਵ ਸੰਸਾਰ ਦਾ ਭਰਮ ਹੀ ਕੱਢਿਆ ਹੋਇਆ ਹੈ ਕਿ ਸਾਨੂੰ ਭਗਤੀ ਦੇ ਮਾਰਗ ਦੀ ਸਮਝ, ਪ੍ਰਮਾਤਮਾ ਨੂੰ ਜਾਨਣ ਦੀ ਸਮਝ ਕਿੱਥੋਂ ਲੈਣੀ ਚਾਹੀਦੀ ਹੈ।

“ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥”

ਸਾਰੀ ਗੱਲ ਸੱਚੀ ਮਤਿ ਦੇ ਤੇ ਕੱਚੀ ਮਤਿ ਦੇ ਫਰਕ ਨੂੰ ਸਮਝਣ ਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਗੁਰੂ ਦੀ ਮਤਿ ਵਿੱਚ ਤੇ ਮਨੁੱਖੀ ਮਤਿ ਵਿੱਚ ਇਹੀ ਭੇਦ ਹੈ, ਇਹੀ ਫਰਕ ਹੈ। ਗੁਰੂ ਦੀ ਮਤਿ ਸੱਚੀ ਹੈ ਕਿਉਂਕਿ ਉਸਦੀ ਮਤਿ ਦੇ ਅੰਦਰ ਸੱਚ ਦੀ ਮਤਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਮਤਿ ਹੈ, ਨਾਮੁ ਵਾਲੀ ਮਤਿ ਹੈ ਜੋ ਸੱਚੀ ਮਤਿ ਚੌਥੇ ਪਦ ਵਾਲੀ ਮਤਿ ਹੈ ਤੇ ਹਰ ਭਰਮ ਤੋਂ ਰਹਿਤ ਹੈ, ਹਰ ਭੈ ਤੋਂ ਰਹਿਤ ਹੈ ਤੇ ਉਹ “ਸਾਰੁ” ਦੀ ਗੱਲ ਕਰਦੀ ਹੈ, ਤਤੁ ਦੀ ਗੱਲ ਕਰਦੀ ਹੈ ਭਾਵ ਉਸਦੇ ਅੰਦਰ ਤਤੁ ਗਿਆਨ ਹੈ। ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਵਿੱਚ ਹੈ, ਮਾਇਆ ਦੀ ਜੁਗਤਿ ਵਿੱਚ ਹੈ ਜਿਸਨੇ ਸਾਡੀ ਸਮਝ ਨੂੰ ਕੱਚਾ ਕੀਤਾ ਹੋਇਆ ਹੈ ਭਾਵ ਸਾਨੂੰ ਸੱਚ ਸਮਝਣ ਤੋਂ ਦੂਰ ਕੀਤਾ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸਦੇ ਰਹਿੰਦਿਆਂ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਨਹੀਂ ਪੈ ਸਕਦੀ ਤੇ ਨਾ ਹੀ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦੀ ਸਮਝ ਪੈ ਸਕਦੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਨੇ ਸਾਡੇ ਸਭ ਦੇ ਅੰਦਰ ਇਹ ਕੱਚੀ ਮਤਿ ਇਸੇ ਮਕਸਦ ਲਈ ਪਾਈ ਹੋਈ ਹੈ ਤਾਂ ਕਿ ਕੋਈ ਪ੍ਰਮਾਤਮਾ ਨੂੰ ਆਪਣੇ ਆਪ ਨਾ ਜਾਣ ਸਕੇ ਕਿਉਂਕਿ ਇਹ ਉਸਦੀ ਬਣਾਈ ਹੋਈ ਆਪਣੀ ਖੇਡ ਹੈ ਜਿਸ ਖੇਡ ਨੂੰ ਉਹ ਸਾਡੇ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ, ਭਰਮਾਂ ਵਾਲੇ ਵਿਚਾਰ ਪਾ ਕੇ ਚਲਾ ਰਿਹਾ ਹੈ। ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਸਮਝਦੇ ਹਾਂ ਉਹਨਾਂ ਨੂੰ ਆਪਣੇ ਮਨ ਦੀ ਅਗਿਆਨਤਾ ਕਰਕੇ ਹੀ ਸਮਝਦੇ ਹਾਂ ਭਾਵ ਮਨ ਦੀ ਕੱਚੀ ਮਤਿ ਕਰਕੇ ਸਮਝਦੇ ਹਾਂ ਤੇ ਜਿੰਨ੍ਹਾਂ ਨੂੰ ਉੱਚਾ ਸਮਝਦੇ ਹਾਂ ਉਹ ਵੀ ਆਪਣੀ ਕੱਚੀ ਮਤਿ ਕਰਕੇ ਹੀ ਆਪਣੇ ਆਪ ਨੂੰ ਉੱਚਾ ਸਮਝਦੇ ਹਨ ਭਾਵ ਪ੍ਰਮਾਤਮਾ ਨੂੰ ਸਮਝਣ ਵਿੱਚ ਉਹ ਆਪ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦੇ ਹਨ। ਉਨ੍ਹਾਂ ਨੂੰ ਮਨ ਦੇ ਅੰਨ੍ਹੇ ਆਖਿਆ ਹੈ ਭਾਵ ਅਗਿਆਨੀ ਆਖਿਆ ਹੈ ਤੇ ਉਹ ਦੂਸਰਿਆਂ ਨੂੰ ਅਗਿਆਨਤਾ ਵਾਲੇ ਵਿਚਾਰ ਹੀ ਦਿੰਦੇ ਹਨ ਭਾਵ ਸੰਸਾਰ ਨੂੰ ਸੁਚੇਤ ਕੀਤਾ ਹੈ ਕਿ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਕੇਵਲ ਉੱਥੋਂ ਸਿੱਖੋ ਜਿਸਦੇ ਕੋਲ ਸੱਚੀ ਮਤਿ ਹੈ ਭਾਵ ਕੇਵਲ ਤੇ ਕੇਵਲ ਗੁਰੂ ਕੋਲੋਂ ਸਿੱਖੋ ਜੋ ਸੱਚ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। (**ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥**)

“ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥”

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਭਾਵ ਉਸਦੀ ਭਗਤੀ ਦਾ ਮਾਰਗ ਇੱਕੋ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਇਹੀ ਕੁੱਝ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਭਰਮਾਂ ਵਾਲੇ ਵਿਚਾਰਾਂ ਦਾ ਸਾਗਰ ਹੈ ਜੋ ਭਰਮਾਂ ਵਾਲੇ ਵਿਚਾਰ ਸਾਡੀ ਮਤਿ ਨੂੰ ਕੱਚੀ ਬਣਾਉਂਦੇ ਹਨ ਜਿਵੇਂ ਕਿ ਅਸੀਂ ਇਸ ਤੋਂ ਪਿਛਲੀ ਪੰਗਤੀ ਰਾਹੀਂ ਸਮਝਿਆ ਹੈ। ਮਾਇਆ ਮੋਹ ਦੇ ਸਾਗਰ ਤੋਂ ਮਨੁੱਖ ਆਪਣੇ ਆਪ ਪਾਰ ਨਹੀਂ ਹੋ ਸਕਦਾ ਕਿਉਂਕਿ ਸਾਡੇ ਅੰਦਰ ਮਾਇਆ ਮੋਹ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਵਿੱਚੋਂ ਉਹ ਆਪ ਹੀ ਕਿਸੇ ਨੂੰ ਆਪਣੀ ਕ੍ਰਿਪਾ ਦੁਆਰਾ ਕੱਢ ਸਕਦਾ ਹੈ, ਆਪਣਾ ਨਾਮੁ ਦੇਣ ਦੁਆਰਾ ਕੱਢਦਾ ਹੈ, ਬ੍ਰਹਮ ਗਿਆਨ ਦੇਣ ਦੁਆਰਾ ਕੱਢਦਾ ਹੈ ਤੇ ਇਸ ਗੱਲ ਨੂੰ ਅਸੀਂ ਪਿਛਲੀਆਂ ਪੰਗਤੀਆਂ ਰਾਹੀਂ ਸਮਝਿਆ ਵੀ ਹੈ ਕਿ ਪ੍ਰਮਾਤਮਾ ਆਪਣਾ ਨਾਮੁ ਦੇਣ ਦੁਆਰਾ ਕਿਸ ਤਰੀਕੇ ਮਨੁੱਖ ਨੂੰ ਮਾਇਆ ਮੋਹ ਦੇ ਭੈ ਵਿੱਚੋਂ ਕੱਢਦਾ ਹੈ। ਮਾਇਆ ਮੋਹ ਦੇ ਸਾਗਰ ਤੋਂ ਪਾਰ ਹੋਏ ਬਿਨ੍ਹਾਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ

ਨਾ ਹੀ ਉਸਦੀ ਬੰਦਗੀ ਕਰਨ ਦੀ ਸਮਝ ਪੈ ਸਕਦੀ ਹੈ। ਭਗਤੀ ਦਾ ਮਾਰਗ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਵਿਚਰਨ ਦਾ ਹੀ ਹੈ ਭਾਵ ਸਚੁ ਦੁਆਰਾ ਵਿਚਰਨ ਦਾ ਹੀ ਹੈ ਜੋ ਵਿਚਰਨ ਦੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਤੇ ਆਪ ਹੀ ਆਪਣੀ ਬੰਦਗੀ ਕਰਵਾਉਂਦਾ ਹੈ। ''ਬੰਦਗੀ'' ਤੋਂ ਭਾਵ ਹੈ ਕਿਸੇ ਦਾ ਬੰਦੀ ਬਣਕੇ ਰਹਿਣਾ ਭਾਵ ਕਿਸੇ ਦੀ ਕੈਦ ਵਿੱਚ ਰਹਿਣਾ। ਜਿਸ ਨੂੰ ਪ੍ਰਮਾਤਮਾ ਆਪਣੀ ਬੰਦਗੀ ਸਿਖਾਉਂਦਾ ਹੈ ਉਸਦੇ ਅੰਦਰ ਦੀ ਸਮਝ ਨੂੰ, ਉਸਦੇ ਅੰਦਰ ਦੀ ਮਤਿ ਨੂੰ ਬੰਦੀ ਬਣਾ ਕੇ ਰੱਖਦਾ ਹੈ ਭਾਵ ਗੁਰਮਤਿ ਦੇ ਵਿਚਾਰਾਂ ਦੁਆਰਾ ਬੰਦੀ ਬਣਾ ਕੇ ਰੱਖਦਾ ਹੈ ਭਾਵ ਸਾਡੇ ਅੰਦਰ ਦੀ ਮਨਮਤਿ ਨੂੰ ਉਸਦੇ ਅੰਦਰ ਦੇ ਵਿਚਾਰ ਗੁਰਮਤਿ ਦੇ ਵਿਚਾਰਾਂ ਵਿੱਚ ਕੈਦ ਰਹਿੰਦੇ ਹਨ ਤੇ ਫਿਰ ਉਸ ਤੋਂ ਬਾਹਰ ਨਹੀਂ ਨਿਕਲਦੇ ਭਾਵ ਮਨੁੱਖੀ ਸਮਝ ਹਰ ਵੇਲੇ ਗੁਰਮਤਿ ਵਾਲ਼ੀ ਸਮਝ ਦੇ ਨਾਲ ਜੁੜੀ ਰਹਿੰਦੀ ਹੈ ਤੇ ਉਸਦਾ ਮਨ ਫਿਰ ਮਾਇਆ ਮੋਹ ਵਿੱਚ ਨਹੀਂ ਦੌੜਦਾ। ਇਹੀ ਮਨੁੱਖ ਦੇ ਅੰਦਰ ਨਾਮੁ ਦਾ ਦ੍ਰਿੜ ਹੋਣਾ ਹੈ ਤੇ ਮਨ ਦੀ ਅਡੋਲਤਾ ਹੈ ਭਾਵ ਉਸ ਤੋਂ ਬਾਅਦ ਮਨੁੱਖ ਦਾ ਮਨ ਮਾਇਆ ਵਿੱਚ ਨਹੀਂ ਡੋਲਦਾ ਭਾਵ ਗੁਰਮਤਿ ਤੇ ਅਡੋਲ ਰਹਿੰਦਾ ਹੈ ਭਾਵ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਹੀ ਹੁੰਦਾ ਹੈ।ਇਸ ਤੋਂ ਬਾਅਦ ਫਿਰ ਕੋਈ ਅਗਿਆਨਤਾ ਵਾਲੀ ਸਮਝ ਭਾਵ ਧਰਮ ਦੇ ਮਾਰਗ ਤੋਂ ਭਟਕਾਉਣ ਵਾਲੀ ਸਮਝ ਉਸ ਤੇ ਕੋਈ ਅਸਰ ਨਹੀਂ ਪਾ ਸਕਦੀ ਕਿਉਂਕਿ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਭਰਮਾਂ ਵਿੱਚ ਹੀ ਹੈ ਭਾਵੇਂ ਕੋਈ ਆਪਣੇ ਆਪ ਨੂੰ ਕਿਤਨਾ ਵੀ ਉੱਚਾ ਕਹਾ ਲਵੇ, ਧਰਮ ਦੇ ਮਾਰਗ ਤੇ ਉੱਚਾ ਅਖਵਾ ਲਵੇ। ਪ੍ਰਮਾਤਮਾ ਨੂੰ ਜਾਣਨ ਤੋਂ ਬਆਦ ਕੋਈ ਆਪਣੇ ਆਪ ਨੂੰ ਉੱਚਾ ਨਹੀਂ ਅਖਵਾ ਸਕਦਾ। ਆਪਣੇ ਆਪ ਨੂੰ ਉੱਚਾ ਅਖਵਾਉਣਾ ਵੱਡਾ ਭਰਮ ਹੈ ਕਿਉਂਕਿ ਆਪਣੇ ਆਪਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਹੀ ਮਨੁੱਖ ਦਾ ਸਭ ਤੋਂ ਵੱਡਾ ਭਰਮ ਹੈ। ਪ੍ਰਮਾਤਮਾ ਦੀ, ਗੁਰੂ ਦੀ ਸਮਝ ਦੇ ਵਿੱਚ ਮਨੁੱਖੀ ਸਮਝ ਦੇ ਵਿੱਚ ਭਰਮ ਦਾ ਹੀ ਪੜਦਾ ਹੈ। ਮਨੁੱਖ ਦੀ ''ਕੱਚੀ'' ਮਤਿ ਮਨ ਦੇ ਭਰਮਾਂ ਕਰਕੇ ਹੀ ਹੈ ਤੇ ਗੁਰੂ ਦੀ ਮਤਿ ਇਸੇ ਲਈ ਸੱਚੀ ਹੈ ਕਿਉਂਕਿ ਉਹ ਭਰਮ ਤੋਂ ਰਹਿਤ ਹੈ। ਪ੍ਰਮਾਤਮਾ ਦੀ ਬੰਦਗੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਕੀਤੀ ਜਾ ਸਕਦੀ ਹੈ। (**ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥ ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥ ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥ ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥ ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥**)

ਮਾਇਆ ਮੋਹ ਦੇ ਸਾਗਰ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਸਾਨੂੰ ਗੁਰੂ ਦੇ ਵਿਚਾਰ ਭਾਵ ਸ਼ਬਦ ਦੇ ਵਿਚਾਰ ਹੀ ਕੱਢ ਸਕਦੇ ਹਨ ਭਾਵ ਨਾਮੁ ਹੀ ਕੱਢ ਸਕਦਾ ਹੈ ਕਿਉਂਕਿ ਸ਼ਬਦਾਂ ਦੀ ਵਿਚਾਰ ਹੀ ਨਾਮੁ ਹੈ। ਜਿਸਨੂੰ ਪ੍ਰਮਾਤਮਾ ਮਾਇਆ ਮੋਹ ਦੇ ਸਾਗਰ ਤੋਂ ਪਾਰ ਲੰਘਾਉਂਦਾ ਹੈ ਉਸਨੂੰ ਆਪਣੇ ਨਾਮੁ ਦੁਆਰਾ ਲੰਘਾਉਂਦਾ ਹੈ ਫਿਰ ਤਾਂ ਹੀ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ, ਨਿਰੰਕਾਰ ਰੂਪ ਦੀ ਸਮਝ ਪੈਂਦੀ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਭਾਵ ਨਾਮੁ ਜਪਣ ਦੀ ਸਮਝ ਪੈਂਦੀ ਹੈ ਕਿ ਨਾਮੁ ਜਪਣਾ ਕੀ ਹੈ ਤੇ ਨਾਮ ਦਾ ਮਕਸਦ ਕੀ ਹੈ। ਇਹੀ ਗੱਲ ਸਾਨੂੰ ਸਲੋਕਾਂ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ ਜਿਸ ਰਾਹੀਂ ਨਾਮੁ ਜਪਣਾ ਕੀ ਹੈ ਇਸ ਗੱਲ ਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।

ਪਉੜੀ ॥

''ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥
ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥
ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥
ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥
ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥''

(ਅੰਗ - ੧੨੪੨)

ਪਹਿਲਾਂ ਪਉੜੀ ਦੀ ਆਖਰੀ ਪੰਗਤੀ ਨੂੰ ਸਮਝੋ ਜਿਸ ਰਾਹੀਂ ਪ੍ਰਮਾਤਮਾ ਨੂੰ ਧਿਆਉਣ ਦੀ ਗੱਲ ਕੀਤੀ ਗਈ ਹੈ, ਨਾਮੁ ਧਿਆਉਣ ਦੀ ਗੱਲ ਕੀਤੀ ਗਈ ਹੈ। (**ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥**) ਨਾਮੁ ਧਿਆਉਣਾ ਕੀ ਹੈ ਭਾਵ ਅਸੀਂ

ਕਿਸ ਤਰੀਕੇ ਨਾਮ ਧਿਆਉਣਾ ਹੈ ਇਹੀ ਗੱਲ ਸਾਨੂੰ ਪਉੜੀ ਦੀਆਂ ਉਪਰਲੀਆਂ ਸਾਰੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਹਰ ਪੰਗਤੀ ਨੂੰ ਵਾਰੀ-ਵਾਰੀ ਸਮਝਦੇ ਹਾਂ।

"ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥"

ਧਿਆਨ ਨਾਲ ਸਮਝੋ ਕਿ ਕਿਤਨਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਨਾਮੁ ਦਾ ਮਕਸਦ ਕੀ ਹੈ। ਉੱਪਰ ਪੰਗਤੀ ਰਾਹੀਂ ਨਾਮ ਦਾ ਮਕਸਦ ਉਹੀ ਸਮਝਾਇਆ ਹੋਇਆ ਹੈ ਜੋ ਕੁੱਝ ਹੁਣ ਤੱਕ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਨਾਮੁ ਗੁਰੂ ਦੀ ਮਤਿ ਹੈ, ਸ਼ਬਦ ਦੀ ਵਿਚਾਰ ਹੈ ਤੇ ਗੁਰੂ ਨੇ ਸਾਨੂੰ ਮਤਿ ਕਿਸ ਲਈ ਦਿੱਤੀ ਹੈ, ਆਪਣੀ ਵਿਚਾਰ ਕਿਸ ਲਈ ਦਿੱਤੀ ਹੈ ਇਹ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਮੰਨਣ ਲਈ ਦਿੱਤੀ ਹੈ ਨਾ ਕਿ ਕਥਨੀ ਕਰੀ ਜਾਣ ਲਈ। ਨਾਮੁ ਸਾਡੇ ਮੰਨਣ ਲਈ ਹੈ ਜਿਸ ਮੰਨਣ ਦਾ ਮਕਸਦ ਆਪਣੇ ਅੰਦਰ ਦੀ ਮਾੜੀ ਮਤਿ ਨੂੰ ਛੱਡਣ ਦਾ ਹੈ ਭਾਵ ਮਨਮਤਿ, ਦੁਰਮਤਿ ਛੱਡਣ ਲਈ ਹੈ ਭਾਵ ਮਨ ਦੇ ਮਾੜੇ ਵਿਚਾਰ ਛੱਡਣ ਲਈ ਹੈ ਜਿੰਨ੍ਹਾਂ ਮਾੜੇ ਵਿਚਾਰਾਂ ਕਰਕੇ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ। ਜਿਸਦੀ ਮਤਿ ਦੇ ਵਿੱਚ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉਹ ਆਪਣੇ ਨਾਮੁ ਦੁਆਰਾ ਹੀ ਪ੍ਰਗਟ ਹੁੰਦਾ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਹੀ ਪ੍ਰਗਟ ਹੁੰਦਾ ਹੈ ਤੇ ਮਨੁੱਖ ਦੀ "ਦੁਰਮਤਿ" ਕੱਢਣ ਦੁਆਰਾ ਹੀ ਪ੍ਰਗਟ ਹੁੰਦਾ ਹੈ ਕਿਉਂਕਿ ਗੁਰਮਤਿ ਦੀ ਸੱਚੀ ਸਮਝ ਪੈਣ ਨਾਲ ਫਿਰ ਮਨੁੱਖ ਗੁਰੂ ਦੇ ਨਾਮ ਨੂੰ ਹੀ ਮੰਨਦਾ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਹੀ ਵਿਚਰਦਾ ਹੈ ਜੋ ਕਿ ਨਾਮੁ ਦਾ ਮਕਸਦ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ "ਨਾਮੁ" ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ, ਸਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿੰਨ੍ਹਾਂ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਅਸੀਂ ਦੁਰਮਤਿ ਵਿੱਚੋਂ ਨਿਕਲ ਸਕਦੇ ਹਾਂ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ। (**ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥**)

ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਮਨ ਦੇ ਵਿੱਚ ਵਿਛੋੜਾ ਸਾਡੇ ਅੰਦਰ ਦੀ ਮਾੜੀ ਸਮਝ ਕਰਕੇ ਹੀ ਹੈ, ਅਗਿਆਨਤਾ ਵਾਲੀ ਸਮਝ ਕਰਕੇ ਹੀ ਹੈ ਜਿਸਦੇ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਤੇ ਤਾਂ ਹੀ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

"ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥
ਸਤਿਗੁਰੁ ਭੇਟੈ ਮੋਖ ਦੁਆਰ ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥
ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥
ਨਾਨਕ ਦਰਗਹ ਪਾਵੈ ਮਾਨੁ ॥੫੬॥"

(ਅੰਗ - ੯੪੪)

ਉੱਪਰ ਸ਼ਬਦ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਨਾਲੋਂ ਸਾਡਾ ਵਿਛੋੜਾ ਸਾਡੇ ਅੰਦਰ ਦੀ "ਦੁਰਮਤਿ" ਹੈ ਤੇ ਇਹੀ ਸਾਡੇ ਅੰਦਰ ਦੀ "ਕੁਬੁਧਿ" ਹੈ ਭਾਵ ਸਾਡੇ ਅੰਦਰ ਦੀ ਮਾੜੀ ਸਮਝ ਹੈ ਜੋ ਕਿ ਸ਼ਬਦਾਂ ਦੇ ਵਿਚਾਰਾਂ ਰਾਹੀਂ ਜਾਂਦੀ ਹੈ। ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਜਾਂ ਗੁਰੂ ਦੇ ਨਾਮੁ ਨੂੰ ਮੰਨਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ, "ਨਾਮੁ" ਨੂੰ ਮੰਨਣਾ ਜਾਂ ਗੁਰੂ ਦੇ ਹੁਕਮ ਨੂੰ ਮੰਨਣਾ ਇੱਕੋ ਹੀ ਗੱਲ ਹੈ ਭਾਵ ਮਕਸਦ ਮਨ ਦੀ ਮਾੜੀ ਸਮਝ ਵਿੱਚੋਂ ਨਿਕਲਣ ਦਾ ਹੀ ਹੈ ਜਿਸ ਵਿੱਚ ਰਹਿੰਦਿਆਂ ਨਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕਦੇ ਹਾਂ ਜੋ ਮਾਰਗ ਗੁਰੂ ਦੇ ਕੋਲੋਂ ਗਿਆਨ ਲੈ ਕੇ, ਉਸ ਦੇ ਕੋਲੋਂ ਸਾਰੇ ਗੁਣ ਲੈ ਕੇ ਵਿਚਰਨ ਦਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਅਸੀਂ ਆਪਣੇ ਅੰਦਰੋਂ "ਤਤੁ" ਨੂੰ ਜਾਣ ਸਕਦੇ ਹਾਂ ਭਾਵ ਤਤੁ ਗਿਆਨ ਰੂਪ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤੀ ਪਾ ਸਕਦੇ ਹਾਂ। ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਹੁੰਦੀ ਹੈ ਜਦੋਂ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ

ਦੀ ਅਗਨਿ ਤੋਂ ਨਿਕਲ ਕੇ ਗੁਣਾਂ ਦੁਆਰਾ ਵਿਚਰਦਾ ਹੈ ਜਿਸ ਤਰੀਕੇ ਉਸਨੂੰ ਪ੍ਰਮਾਤਮਾ ਦੀ ਦਰਗਾਹ ਵਿੱਚੋਂ ਮਾਨ ਮਿਲਦਾ ਹੈ। (**ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥**)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ - ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ - ੨੨੯)

ਜੋ ਸ਼ਬਦ ਦੀ ਵਿਚਾਰ ਹੈ ਉਹੀ ਨਾਮੁ ਹੈ ਭਾਵ ਜੋ ਸਬਦੁ ਦੀ ਵਿਚਾਰ ਦਾ ਮਕਸਦ ਹੈ ਉਹੀ ਨਾਮੁ ਦਾ ਮਕਸਦ ਹੈ। ਸਬਦੁ ਦੀ ਵਿਚਾਰ ਦਾ ਮਕਸਦ ਸਾਨੂੰ ਦੁਰਮਤਿ ਵਿੱਚੋਂ ਕੱਢਣ ਦਾ ਹੈ ਤੇ ਸਾਡਾ ਪ੍ਰਮਾਤਮਾ ਨਾਲੋਂ ਮਨ ਦੇ ਵਿੱਚ ਵਿਛੋੜਾ ਦੂਰ ਕਰਨ ਦਾ ਹੈ ਜਿਵੇਂ ਕਿ ਅਸੀਂ ਉੱਪਰ ਵਾਲੇ ਸ਼ਬਦ ਦੁਆਰਾ ਸਮਝਿਆ ਹੈ। ਇਹੀ ਗੱਲ ਅਸੀਂ ਨਾਮੁ ਨੂੰ ਮੰਨਣ ਦੇ ਮਕਸਦ ਨਾਲ ਸਮਝੀ ਹੈ ਜਿਵੇਂ ਕਿ ਪਉੜੀ ਦੀ ਪਹਿਲੀ ਪੰਗਤੀ ਰਾਹੀਂ ਸਮਝੀ ਹੈ। (**ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥**) ਨਾਮੁ ਬਾਰੇ ਸਾਡਾ ਭੁਲੇਖਾ ਬਾਣੀ ਰਾਹੀਂ ਵਾਰ-ਵਾਰ ਕੱਢਿਆ ਹੋਇਆ ਹੈ ਪਰ ਫਿਰ ਵੀ ਨਾਮੁ ਨੂੰ ਸਮਝਣ ਵਿੱਚ ਸਾਡੇ ਅੰਦਰ ਜੋ ਭੁਲੇਖਾ ਬਣਿਆ ਹੋਇਆ ਹੈ ਉਹ ਭੁਲੇਖੇ ਪਾਉਣ ਦਾ ਜਿੰਮੇਵਾਰ ਕੌਣ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਜੇਕਰ ਗੁਰੂ ਦੀ ਸੱਚੀ ਸਮਝ ਦੇ ਨਾਲ ਜੁੜਾਂਗੇ ਭਾਵ ਕੱਚੀ ਮਤਿ ਵਾਲਿਆਂ ਦੇ ਨਾਲ ਨਹੀਂ ਜੁੜਾਂਗੇ ਜਿਵੇਂ ਕਿ ਅਸੀਂ ਪਿਛਲੇ ਸਲੋਕ ਦੁਆਰਾ ਸਮਝਿਆ ਹੈ ਫਿਰ ਅਸੀਂ ਨਾਮੁ ਨੂੰ ਸਮਝਣ ਦੇ ਵਿੱਚ ਭੁਲੇਖਾ ਨਹੀਂ ਖਾਵਾਂਗੇ। ਨਾਮੁ ਕੀ ਹੈ ਭਾਵ ਨਾਮੁ ਦਾ ਮਕਸਦ ਕੀ ਹੈ ਇਹੀ ਗੱਲ ਹੁਣ ਪਉੜੀ ਦੀ ਅਗਲੀ ਪੰਗਤੀ ਰਾਹੀਂ ਸਮਝਦੇ ਹਾਂ।

"ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥"

ਸਾਡੇ ਸਭ ਦੇ ਅੰਦਰ "ਹਉਮੈ" ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਸਾਡੇ ਅੰਦਰ "ਦੁਰਮਤਿ" ਹੈ ਉਹੀ "ਹਉਮੈ" ਹੈ ਭਾਵ ਮਨ ਦੀ ਅਗਿਆਨਤਾ ਹੈ ਤੇ ਨਾਮੁ ਗੁਰੂ ਦਾ ਸੱਚਾ ਗਿਆਨ ਹੈ। ਜਦ ਤੱਕ ਸਾਡੇ ਅੰਦਰ ਹਉਮੈ ਵਾਲੀ ਸਮਝ ਹੈ ਤਦ ਤੱਕ ਕੋਈ ਨਾਮੁ ਵਾਲਾ ਹੋ ਹੀ ਨਹੀਂ ਸਕਦਾ ਜਿਵੇਂ ਕਿ ਅਸੀਂ ਵਾਰ-ਵਾਰ ਸਮਝਿਆ ਹੈ। ਜਿਸਦੇ ਅੰਦਰ "ਨਾਮੁ" ਹੈ ਉਸਨੂੰ ਫਿਰ ਸਭ ਜਗ੍ਹਾ ਨਾਮੁ ਹੀ ਨਜ਼ਰ ਆਉਂਦਾ ਹੈ ਭਾਵ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਨਜ਼ਰ ਆਉਂਦਾ ਹੈ, ਬ੍ਰਹਮ ਗਿਆਨ ਹੀ ਨਜ਼ਰ ਆਉਂਦਾ ਹੈ। ਸਾਨੂੰ ਮੈਂ ਵਿੱਚ ਰੱਖਣ ਵਾਲੀ ਸਾਡੀ ਹਉਮੈ ਹੈ ਜਿਸਦੇ ਰਹਿੰਦਿਆਂ ਸਾਨੂੰ ਨਾ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈ ਸਕਦੀ ਹੈ ਤੇ ਨਾ ਹੀ ਹਰ ਵਸਤੂ ਦੇ ਅੰਦਰ ਪ੍ਰਮਾਤਮਾ ਦੇ ਹੋਣ ਦੀ ਸਮਝ ਪੈ ਸਕਦੀ ਹੈ। ਹਉਮੈ ਰੋਗ ਨੂੰ ਹਰ ਰੋਗ ਦੀ ਜੜ੍ਹ ਦੱਸਿਆ ਹੈ, ਹਰ ਰੋਗ ਦਾ ਮੂਲ ਦੱਸਿਆ ਹੈ ਭਾਵ "ਸਭਿ" ਰੋਗ ਦੱਸਿਆ ਹੈ ਭਾਵ ਹਰ ਆਕਾਰ ਰੂਪ ਇਸ ਦਾ ਰੋਗੀ ਹੈ। ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਭੈਰਉ ਅਸਟਪਦੀਆ ਮਹਲਾ ੧ ਘਰੁ ੨
ੴ ਸਤਿਗੁਰ ਪ੍ਰਸਾਦਿ ॥

{ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥
ਨਾਨਕ ਹਉਮੈ ਰੋਗ ਬੁਰੇ ॥
ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥
ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ ॥

ਜਿਨ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ ॥੨॥
ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥੩॥
ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥
ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ ॥
ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥੫॥
ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥
ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥੬॥
ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥
ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥
ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥
ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥
ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥}

(ਅੰਗ - ੧੧੫੩)

ਮਾਝ ਮਹਲਾ ੩ ॥

{ਸਤਿਗੁਰ ਸਾਚੀ ਸਿਖ ਸੁਣਾਈ ॥
ਹਰਿ ਚੇਤਹੁ ਅੰਤਿ ਹੋਇ ਸਖਾਈ ॥
ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਆਪੁ ਨਿਵਾਰਣਿਆ ॥
ਆਪੁ ਗਵਾਏ ਤਾ ਹਰਿ ਪਾਏ ਹਰਿ ਸਿਉ ਸਹਜਿ ਸਮਾਵਣਿਆ ॥੧॥ ਰਹਾਉ ॥
ਪੂਰਬਿ ਲਿਖਿਆ ਸੁ ਕਰਮੁ ਕਮਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥
ਬਿਨੁ ਭਾਗਾ ਗੁਰੁ ਪਾਈਐ ਨਾਹੀ ਸਬਦੈ ਮੇਲਿ ਮਿਲਾਵਣਿਆ ॥੨॥
ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥
ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ ਆਪੇ ਖਪਿ ਦੁਖੁ ਪਾਵਣਿਆ ॥੩॥
ਮਨਮੁਖਿ ਅੰਧੇ ਸੁਧਿ ਨ ਕਾਈ ॥
ਆਤਮ ਘਾਤੀ ਹੈ ਜਗਤ ਕਸਾਈ ॥
ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥੪॥

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥
ਸਦਾ ਸਮਾਲੇ ਕੋ ਨਾਹੀ ਖਾਲੀ ॥
ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੁ ਵਾਸੁ ਜਣਾਵਣਿਆ ॥੫॥
ਮਨਮੁਖੁ ਰੋਗੀ ਹੈ ਸੰਸਾਰਾ ॥
ਸੁਖਦਾਤਾ ਵਿਸਰਿਆ ਅਗਮ ਅਪਾਰਾ ॥
ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ ॥੬॥
ਜਿਨਿ ਕੀਤੇ ਸੋਈ ਬਿਧਿ ਜਾਣੈ ॥
ਆਪਿ ਕਰੇ ਤਾ ਹੁਕਮਿ ਪਛਾਣੈ ॥
ਜੇਹਾ ਅੰਦਰਿ ਪਾਏ ਤੇਹਾ ਵਰਤੈ ਆਪੇ ਬਾਹਰਿ ਪਾਵਣਿਆ ॥੭॥
ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ ॥
ਜਿਸੁ ਲਾਇ ਲਏ ਸੋ ਨਿਰਮਲੁ ਹੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਜਿਸੁ ਦੇਵੈ ਸੋ ਪਾਵਣਿਆ ॥੮॥੧੪॥੧੫॥}

(ਅੰਗ - ੧੧੭-੧੧੮)

ਸੂਹੀ ਮਹਲਾ ੪ ॥
{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥
ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥
ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥}

(ਅੰਗ - ੭੩੫-੭੩੬)

ਭੈਰਉ ਮਹਲਾ ੩ ਘਰੁ ੨
ੴ ਸਤਿਗੁਰ ਪ੍ਰਸਾਦਿ ॥
{ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥
ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥
ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥

ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥
ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥
ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ ॥੩॥
ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥
ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥
ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥੫॥੧॥੧੧॥}

(ਅੰਗ - ੧੧੩੦)

ਭੈਰਉ ਮਹਲਾ ੫ ॥
{ਹਉਮੈ ਰੋਗੁ ਮਾਨੁਖ ਕਉ ਦੀਨਾ ॥
ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
ਨਾਦ ਰੋਗਿ ਖਪਿ ਗਏ ਕੁਰੰਗਾ ॥੧॥
ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥
ਬਾਸਨ ਰੋਗਿ ਭਵਰੁ ਬਿਨਸਾਨੋ ॥
ਹੇਤ ਰੋਗ ਕਾ ਸਗਲ ਸੰਸਾਰਾ ॥
ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥
ਰੋਗੇ ਮਰਤਾ ਰੋਗੇ ਜਨਮੈ ॥
ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥
ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥
ਪਾਰਬ੍ਰਹਮਿ ਜਿਸੁ ਕੀਨੀ ਦਇਆ ॥
ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧਸੰਗੁ ਪਾਇਆ ॥
ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥}

(ਅੰਗ - ੧੧੪੦-੧੧੪੧)

{ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ ॥
ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥}

(ਅੰਗ - ੬੦੩)

{ਭਵਜਲੁ ਬਿਨੁ ਸਬਦੈ ਕਿਉ ਤਰੀਐ ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੂਬਿ ਡੂਬਿ ਮਰੀਐ ॥੧॥ ਰਹਾਉ ॥}

(ਅੰਗ - ੧੧੨੫)

ਰਾਗੁ ਗਉੜੀ ਪੂਰਬੀ੧ ਮਹਲਾ ੫
੧ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ - ੨੦੪-੨੦੫)

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥}

(ਅੰਗ - ੧੨੬੨-੧੨੬੩)

"ਹਉਮੈ" ਕੀ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਸਮਝਦੇ ਆ ਰਹੇ ਹਾਂ ਕਿਉਂਕਿ ਹਉਮੈ ਨੂੰ ਸਮਝੇ ਬਿਨ੍ਹਾਂ ਅਸੀਂ ਨਾਮ ਨੂੰ ਸਮਝ ਲਈਏ, ਪ੍ਰਮਾਤਮਾ ਨੂੰ ਸਮਝ ਲਈਏ ਇਹ ਨਾਮੁਮਕਿਨ ਹੈ। ਹਉਮੈ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ, ਹਉਮੈ ਹਰ ਆਕਾਰ ਰੂਪ ਦੇ ਅੰਦਰ ਹੈ ਜਿਵੇਂ ਕਿ ਅਸੀਂ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝ ਸਕਦੇ ਹਾਂ। ਹਉਮੈ "ਮੈ" ਹੈ ਭਾਵ ਇਹ ਆਕਾਰ ਰੂਪ ਮੇਰਾ ਹੈ। ਕਿਸੇ ਵੀ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਦੂਸਰਾ ਰੂਪ ਸਮਝਣਾ ਹਉਮੈ ਹੈ, ਮੈ ਹੈ। ਕੋਈ ਵੀ ਆਕਾਰ ਰੂਪ ਅਗਰ ਇਹ ਸਮਝੇ ਕਿ ਇਹ ਗੁਣ ਮੇਰੇ ਹਨ ਇਹ ਮੈ ਹੈ। ਕੋਈ ਵੀ ਆਕਾਰ ਜੋ ਕੁੱਝ ਵੀ ਕਰ ਰਿਹਾ ਹੈ ਅਗਰ ਉਹ ਇਹ ਸਮਝੇ ਕਿ ਇਹ ਕਰਮ ਮੈਂ ਕਰ ਰਿਹਾ ਹਾਂ ਇਹ "ਮੈਂ" ਹੈ, ਹਉਮੈ ਹੈ। ਅਗਰ ਕੋਈ ਪੰਛੀ ਬੋਲ ਰਿਹਾ ਹੈ, ਉੱੜ ਰਿਹਾ ਹੈ ਤੇ ਅਗਰ ਉਹ ਇਹ ਸਮਝੇ ਕਿ ਇਹ ਮੈ ਕਰ ਰਿਹਾ ਇਹ ਹਉਮੈ ਹੈ। ਇਸੇ ਤਰ੍ਹਾਂ ਹੀ ਇਹ ਸਭ ਕੁੱਝ ਜਾਨਵਰਾਂ ਦੇ ਨਾਲ ਜੁੜਿਆ ਹੋਇਆ ਹੈ ਭਾਵ ਉਨ੍ਹਾਂ ਕੋਲੋ ਵੀ ਸਭ ਕੁੱਝ ਪ੍ਰਮਾਤਮਾ ਆਪਣੇ ਗਿਆਨ ਦੁਆਰਾ ਆਪ ਹੀ ਕਰਵਾ ਰਿਹਾ ਹੈ ਪਰ ਜੇਕਰ ਕੋਈ ਇਹ ਸਮਝੇ ਕਿ ਇਹ ਮੇਰਾ ਰੂਪ ਹੈ ਤੇ ਮੈ ਆਪ ਹੀ ਸਭ ਕੁੱਝ ਕਰ ਰਿਹਾ ਹਾਂ ਇਹ ਹਉਮੈ ਹੈ। ਇਸ ਗੱਲ ਨੂੰ ਨਾ ਕੋਈ ਪੰਛੀ ਸਮਝ ਸਕਦਾ ਹੈ ਤੇ ਨਾ ਹੀ ਹਰ ਕੋਈ ਜੀਵ ਜੰਤੂ ਸਮਝ ਸਕਦਾ ਹੈ ਕਿਉਂਕਿ ਪ੍ਰਮਾਤਮਾ ਨੇ ਉਨ੍ਹਾਂ ਦੇ ਅੰਦਰ ਉਹ ਸਮਝ ਨਹੀਂ ਪਾਈ ਜਿਸ ਦੁਆਰਾ ਉਹ ਇਸ ਗੱਲ ਨੂੰ ਸਮਝ ਸਕਣ। ਇਸੇ ਤਰ੍ਹਾਂ ਪੰਜੇ ਤਤੁ ਹਨ

ਜਿੰਨ੍ਹਾਂ ਦੁਆਰਾ ਸਾਰੀ ਸ੍ਰਿਸ਼ਟੀ ਬਣੀ ਹੋਈ ਹੈ, ਧਰਤੀ, ਆਕਾਸ, ਪਾਤਾਲ, ਖੰਡ, ਬ੍ਰਹਿਮੰਡ, ਪੌਣ, ਪਾਣੀ, ਬੈਸੰਤਰ ਦਾ ਰੂਪ ਬਣਿਆ ਹੋਇਆ ਹੈ ਜੋ ਆਪਣੇ ਆਪ ਨੂੰ ਨਹੀਂ ਸਮਝ ਸਕਦੇ ਕਿ ਅਸੀਂ ਕੀ ਹਾਂ, ਸਾਡੀ ਹੋਂਦ ਕਿਸਨੇ ਬਣਾਈ ਹੈ, ਕਿਵੇਂ ਬਣੀ ਹੈ, ਕਿਸ ਮਕਸਦ ਲਈ ਬਣੀ ਹੈ ਪਰ ਇਹ ਸਮਝ ਕੇਵਲ ਪ੍ਰਮਾਤਮਾ ਨੇ ਮਨੁੱਖ ਦੇ ਅੰਦਰ ਪਾਈ ਹੈ ਜੋ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਹਰ ਆਕਾਰ ਰੂਪ ਕਿਵੇਂ ਬਣਿਆ ਹੈ, ਕਿਸਨੇ ਬਣਾਇਆ ਹੈ, ਕਿਸ ਮਕਸਦ ਲਈ ਬਣਾਇਆ ਹੈ ਤੇ ਪ੍ਰਮਾਤਮਾ ਆਪਣਾ ਮਕਸਦ ਕਿਸ ਤਰੀਕੇ ਪੂਰਾ ਕਰ ਰਿਹਾ ਹੈ ਭਾਵ ਹਰ ਆਕਾਰ ਰੂਪ ਨੂੰ ਉਹ ਪ੍ਰਮਾਤਮਾ ਕਿਸ ਤਰੀਕੇ ਚਲਾ ਰਿਹਾ ਹੈ, ਆਪਣੀ ਇਸ ਬਣਾਈ ਹੋਈ ਖੇਡ ਨੂੰ ਕਿਸ ਤਰੀਕੇ ਚਲਾ ਰਿਹਾ ਹੈ। ਪ੍ਰਮਾਤਮਾ ਆਪਣੀ ਇਹ ਖੇਡ ਕੇਵਲ ਆਪਣੇ ਮਨੁੱਖੀ ਰੂਪ ਨੂੰ ਹੀ ਸਮਝਾਉਂਦਾ ਹੈ ਕਿਉਂਕਿ ਪ੍ਰਮਾਤਮਾ ਦਾ ਇਹ ਰੂਪ ਹੀ ਉਸਨੂੰ ਸਮਝ ਸਕਦਾ ਹੈ। ਪ੍ਰਮਾਤਮਾ ਆਪਣੀ ਇਹ ਖੇਡ ਪੂਰੇ ਸੰਸਾਰ ਦੇ ਵਿੱਚੋਂ ਕਦੇ ਕਿਸੇ ਵਿਰਲੇ ਨੂੰ ਹੀ ਸਮਝਾਉਂਦਾ ਹੈ, ਅਰਬਾਂ ਖਰਬਾਂ ਦੇ ਵਿੱਚੋਂ ਕਦੇ ਹੀ ਕਿਸੇ ਵਿਰਲੇ ਨੂੰ ਸਮਝਾਉਂਦਾ ਹੈ ਕਿਉਂਕਿ ਇਹ ਉਸਦਾ ਆਪਣਾ ਹੀ ਬਣਾਇਆ ਹੋਇਆ ਨਿਯਮ ਹੈ ਜਿਵੇਂ ਕਿ ਅਸੀਂ ਪਿੱਛੇ ਇਸੇ ਗੱਲ ਨੂੰ ਸਮਝਿਆ ਹੈ, ਸਬਦਾਂ ਰਾਹੀਂ ਸਮਝਿਆ ਹੈ। ਮਨੁੱਖੀ ਸਮਝ ਨੂੰ ਉਸਨੇ ਆਪ ਹੀ ਪਰਦੇ ਵਿੱਚ ਰੱਖਿਆ ਹੋਇਆ ਹੈ ਤੇ ਇਸ ਮਨ ਦੀ ਸਮਝ ਦੇ ਪਰਦੇ ਵਿੱਚ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਕੋਈ ਜਾਣ ਲਏ, ਉਸ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਲਏ, ਉਸਦੀ ਇਸ ਖੇਡ ਨੂੰ ਕੋਈ ਜਾਣ ਲਏ ਇਹ ਨਾਮੁਮਕਿਨ ਹੈ। ਸਾਡੇ ਅੰਦਰ ਉਹ ਪੜਦਾ ਹੀ ਸਾਡੇ ਅੰਦਰ ਦੀ ਹਉਮੈ ਹੈ ਜੋ ਸਾਨੂੰ "ਮੈਂ" ਸਿਖਾਉਂਦੀ ਹੈ ਤੇ "ਤੂੰ" ਨੂੰ ਜਾਨਣ ਤੋਂ ਦੂਰ ਰੱਖਦੀ ਹੈ। ਸਾਡੇ ਅੰਦਰ ਇਹ ਹਉਮੈ ਰੂਪ ਪਰਦਾ ਹੀ ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਮਾਇਆ ਦੀ ਜੁਗਤਿ ਹੈ, ਸਾਡੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਹੈ ਜਿਸ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਮਨ ਦੀ ਹਉਮੈ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਗੁਰੂ ਦਾ ਨਾਮੁ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦਾ ਬ੍ਰਹਮ ਗਿਆਨ ਹੈ ਜੋ ਸਾਨੂੰ ਹਉਮੈ ਵਾਲੀ ਸਮਝ ਵਿੱਚੋਂ ਭਾਵ ਭਰਮਾਂ ਵਾਲੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ ਭਾਵ ਮਨ ਦੀ ਅਗਿਆਨਤਾ ਤੋਂ ਮੁਕਤ ਕਰ ਸਕਦਾ ਹੈ ਜਿਸ ਤੋਂ ਮੁਕਤੀ ਹੋਏ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਜਾਣ ਲਏ ਇਹ ਨਾਮੁਮਕਿਨ ਹੈ। ਮਨ ਦੀ ਮੁਕਤੀ ਦੇ ਨਾਲ ਜੁੜੇ ਹੋਏ ਅਨੇਕਾਂ ਹੀ ਸ਼ਬਦ ਹਨ ਜਿੰਨ੍ਹਾਂ ਵਿੱਚੋਂ ਅਸੀਂ ਕੁੱਝ ਨੂੰ ਪਿੱਛੇ ਸਮਝਿਆ ਵੀ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਮਨ ਦੀ ਹਉਮੈ ਤੋਂ ਸਾਨੂੰ ਮੁਕਤ ਕਰਨਾ ਹੀ ਨਾਮ ਦਾ ਮਕਸਦ ਹੈ ਤੇ ਸਾਡੀ ਹਉਮੈ ਤਾਂ ਹੀ ਨਿਕਲੇਗੀ ਜੇਕਰ ਅਸੀਂ ਨਾਮ ਨੂੰ ਮੰਨਾਂਗੇ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਾਂਗੇ ਤੇ ਆਪਣੀ ਕੱਚੀ ਸਮਝ ਨੂੰ ਛੱਡਾਂਗੇ, ਜਿਸ ਵਿਚ ਰਹਿੰਦਿਆਂ ਨਾ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਤੇ ਨਾ ਹੀ ਅਸੀਂ ਉਸ ਅਨੁਸਾਰ ਚੱਲ ਸਕਦੇ ਹਾਂ। ਸਾਡਾ ਹਉਮੈ ਰੋਗ ਸਾਡੇ ਅੰਦਰ ਦੇ ਭਰਮਾਂ ਵਾਲੇ ਵਿਚਾਰ ਹਨ ਭਾਵ ਸਾਡੇ ਅੰਦਰ ਹਰ ਭਰਮ ਵਾਲਾ ਵਿਚਾਰ ਸਾਡਾ ਰੋਗ ਹੈ ਤੇ ਸਾਡੇ ਅੰਦਰ ਜਿਤਨੇ ਵੀ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਭਰਮ ਹਨ ਉਹ ਸਾਰੇ ਸਾਡੇ ਰੋਗ ਹਨ। ਸਾਡੇ ਅੰਦਰ ਦਾ ਜੋ ਵੀ ਵਿਚਾਰ ਸ਼ਬਦ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦਾ ਉਹ ਸਾਡਾ ਭਰਮ ਵਾਲਾ ਵਿਚਾਰ ਹੈ। ਇਨ੍ਹਾਂ ਭਰਮਾਂ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਉਹੋ ਜਿਹੇ ਕਰਮ ਕਰਦੇ ਹਾਂ ਜੋ ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹੁੰਦੇ। ਮਨ ਦਾ ਇਹ ਹਉਮੈ ਰੋਗ ਮਿਟੇ ਬਿਨ੍ਹਾਂ ਅਸੀਂ ਰੋਗੀ ਹੀ ਬਣੇ ਰਹਿੰਦੇ ਹਾਂ ਜੋ ਰੋਗ ਕੇਵਲ ਨਾਮ ਨੂੰ ਮੰਨਣ ਦੁਆਰਾ ਹੀ ਜਾ ਸਕਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਜਾ ਸਕਦਾ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਵਿਸ਼ਵਾਸ ਨਾਲ ਸਮਝ ਸਕਦੇ ਹਾਂ ਕਿ ਨਾਮ ਕੀ ਹੈ ਤੇ ਨਾਮ ਮੰਨਣਾ ਕੀ ਹੈ। (**ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥ ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥**)

ਸਾਡੇ ਅੰਦਰ ਦੀ ''ਹਉਮੈ'' ਨਿਕਲਣ ਨਾਲ ਭਾਵ ''ਦੁਰਮਤਿ'' ਮਿਟਣ ਨਾਲ ਸਾਡੀ ਮਤਿ ਦੇ ਵਿੱਚ ਭਾਵ ਸਮਝ ਦੇ ਵਿੱਚ ਪ੍ਰਮਾਤਮਾ ਕਿਸ ਤਰੀਕੇ ਪਰਗਟ ਹੁੰਦਾ ਹੈ, ਉਹ ਸਾਡੀ ਕੱਚੀ ਮਤਿ ਨੂੰ, ਹਉਮੈ ਵਾਲੀ ਸਮਝ ਨੂੰ ਨਾਮੁ ਵਾਲੀ ਸਮਝ ਦੇ ਵਿੱਚ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੇ ਵਿੱਚ ਕਿਸ ਤਰੀਕੇ ਬਦਲਦਾ ਹੈ, ਇਹੀ ਗੱਲ ਸਾਨੂੰ ਪਉੜੀ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

''ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥''

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਜੀਵਨ ਵਿੱਚ ਨਾਮੁ ਦੀ ਕੀ ਮਹੱਤਤਾ ਹੈ। ਉੱਪਰ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ''ਨਾਮੁ'' ਨੂੰ ਮੰਨਣ ਨਾਲ ਸਾਡੇ ਅੰਦਰ ''ਨਾਮੁ'' ਉਪਜਦਾ ਹੈ ਜਿਸ ਨਾਮੁ ਦੇ ਉਪਜਣ ਦੁਆਰਾ ਸਾਡੇ ਅੰਦਰ ''**ਸਹਜ**'' ਵਾਲੀ ਅਵੱਸਥਾ ਬਣਦੀ ਹੈ ਜਿਸ ਮਨ ਦੀ ਅਵੱਸਥਾ ਦੁਆਰਾ ਸਾਨੂੰ ''ਸੁਖੁ'' ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਸਾਡੇ ਅੰਦਰ ''ਨਾਮੁ'' ਦਾ ਉਪਜਣਾ ਕੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਸਾਡੇ ਅੰਦਰ ਨਾਮੁ ਉਪਜਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕੁ ਮਃ ੩ ॥

''ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥
ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥
ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥
ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥''

(ਅੰਗ - ੯੪੭)

ਉੱਪਰ ਵਾਲੇ ਸਬਦ ਵਿੱਚ ਸਾਡੇ ਅੰਦਰ ਹਉਮੈ ਕਿਵੇਂ ਉਪਜਦੀ ਹੈ ਤੇ ਨਾਮੁ ਕਿਵੇਂ ਉਪਜਦਾ ਹੈ ਇਸ ਵਿੱਚ ਫ਼ਰਕ ਸਮਝਾਇਆ ਹੋਇਆ ਹੈ। ਸਾਡੇ ਮਨ ਦੇ ਵਿੱਚ ਵਿਚਾਰ ਹੀ ਉਪਜਦੇ ਹਨ ਜਿੰਨ੍ਹਾਂ ਵਿਚਾਰਾਂ ਰਾਹੀਂ ਮਨੁੱਖ ਨੂੰ ਆਪਣੇ ਅੰਦਰੋਂ ਸਮਝ ਪੈਂਦੀ ਹੈ ਤੇ ਜੋ ਸਮਝ ਪੈਂਦੀ ਹੈ ਮਨੁੱਖ ਉਸੇ ਤਰੀਕੇ ਹੀ ਵਿਚਰਦਾ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਰਾਹੀਂ ਸਮਝਿਆ ਹੈ, ਪ੍ਰਮਾਤਮਾ ਦੀ ਸਮਝ ਪੈਣਾ ਜਾਂ ਨਾ ਪੈਣਾ ਸਾਡੇ ਅੰਦਰ ਦੀ ਸਮਝ ਨਾਲ ਜੁੜਿਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਹਉਮੈ ਵਾਲੇ ਵਿਚਾਰ ਉਪਜਦੇ ਹਨ ਉਹ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੇ ਹਨ ਭਾਵ ਮਨ ਦੀ ''ਸਹਸਾ'' ਵਿੱਚ ਰੱਖਦੇ ਹਨ, ਦੁਬਿਧਾ ਵਿੱਚ ਰੱਖਦੇ ਹਨ, ਦੁਚਿੱਤੀ ਵਿੱਚ ਰੱਖਦੇ ਹਨ ਭਾਵ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਵਿੱਚ ਭਰਮਾਂ ਵਿੱਚ ਪਾ ਕੇ ਰੱਖਦੇ ਹਨ। ਸਾਡੇ ਅੰਦਰ ਇਹ ਵਿਚਾਰ ਕੌਣ ਪਾਉਂਦਾ ਹੈ ਭਾਵ ਵਿਚਾਰ ਰੂਪ ਬੀਜ ਕੌਣ ਬੀਜਦਾ ਹੈ ਇਸੇ ਗੱਲ ਨੂੰ ਉੱਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਿਵੇਂ ਕਿ ਕਿਸੇ ਖੇਤ ਵਿੱਚ ਜਿਹੋ ਜਿਹਾ ਬੀਜ ਬੀਜੋ ਉਸ ਵਿੱਚੋਂ ਉਹੋ ਜਿਹਾ ਹੀ ਬੂਟਾ ਉਪਜਦਾ ਹੈ, ਇਹੀ ਅਵੱਸਥਾ ਸਾਡੇ ਮਨ ਦੀ ਹੈ। ਸਾਡਾ ਮਨ ਪ੍ਰਮਾਤਮਾ ਦਾ ਬਣਾਇਆ ਹੋਇਆ ਖੇਤ ਹੈ ਤੇ ਇਹ ਖੇਤ ਦੇ ਵਿੱਚ ਬੀਜ ਬੀਜਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਜਿਸਦਾ ਇਹ ਖੇਤ ਹੈ ਉਹੀ ਇਸ ਖੇਤ ਵਿੱਚ ਬੀਜ ਬੀਜਦਾ ਹੈ। ਇਸ ਖੇਤ ਦੇ ਮਾਲਕ ਦੀ ਮਰਜੀ ਹੈ ਕਿ ਉਹ ਆਪਣੇ ਖੇਤ ਵਿੱਚ ਕਿਹੋ ਜਿਹੇ ਬੀਜ ਬੀਜਣਾ ਚਾਹੁੰਦਾ ਹੈ। ਸਾਡੇ ਮਨ ਦੇ ਵਿੱਚ ਬੀਜ ਬੀਜਣ ਲਈ ਉਸਨੇ ਦੋ ਤਰੀਕੇ ਦੇ ਬੀਜ ਰੱਖੇ ਹੋਏ ਹਨ। ਇੱਕ ਬੀਜ ਹਉਮੈ ਵਾਲਾ ਹੈ ਤੇ ਦੂਸਰਾ ਬੀਜ ਨਾਮੁ ਵਾਲਾ ਹੈ। ਪੂਰੇ ਸੰਸਾਰ ਨੂੰ ਉਸਨੇ ਆਪ ਹੀ ਹਉਮੈ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸਬਦਾਂ ਦੁਆਰਾ ਵਾਰ-ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਜਿਸ ਖੇਤ ਵਿੱਚ ਉਹ ਹਉਮੈ ਵਾਲੇ ਬੀਜ ਬੀਜਦਾ ਹੈ ਉਸ ਮਨ ਦੇ ਵਿੱਚੋਂ ਹਉਮੈ ਵਾਲੇ ਵਿਚਾਰ ਹੀ ਉਪਜਦੇ ਹਨ ਜਿਵੇਂ ਕਿ ਸਭ ਦੇ ਅੰਦਰ ਉਪਜ ਰਹੇ ਹਨ ਪਰ ਇਸ ਗੱਲ ਨੂੰ ਕੋਈ ਆਪਣੇ ਆਪ ਨਹੀਂ ਸਮਝ

ਸਕਦਾ ਭਾਵ ਇਸ ਨੂੰ ਆਪਣੇ ਆਪ ਸਮਝਣਾ ਨਾਮੁਮਕਿਨ ਹੈ, ਮਨੁੱਖੀ ਸਮਰੱਥਾ ਤੋਂ ਬਾਹਰ ਹੈ ਕਿਉਂਕਿ ਮਨੁੱਖੀ ਸਮਝ ਨੂੰ ਪ੍ਰਮਾਤਮਾ ਨੇ ਆਪ ਹੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਹ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ ਜਿਸਨੂੰ ਕੋਈ ਸਮਝ ਨਹੀਂ ਸਕਦਾ ਜਿਵੇਂ ਕਿ ਉਪਰ ਵਾਲੇ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਇਸ ਖੇਡ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਿਸ ਸਰੀਰ ਰਾਹੀਂ ਵੀ ਪ੍ਰਮਾਤਮਾ ਨੇ ਆਪਣਾ "ਸਤਿਗੁਰ" ਰੂਪ ਧਾਰਿਆ ਹੈ, ਉਸਨੂੰ ਹੀ ਇਸ ਖੇਡ ਦੀ ਸੋਝੀ ਪਈ ਹੈ। ਜਿੱਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਸਦੇ ਮਨ ਰੂਪ ਖੇਤ ਵਿੱਚ ਪ੍ਰਮਾਤਮਾ ਨੇ ਨਾਮੁ ਰੂਪ ਬੀਜ ਬੀਜੇ ਹਨ ਜਿਸ ਰਾਹੀਂ ਉਨ੍ਹਾਂ ਦੇ ਅੰਦਰ ਨਾਮੁ ਵਾਲੇ ਵਿਚਾਰ ਉਪਜੇ ਹਨ ਜਿਸ ਰਾਹੀਂ ਉਹ ਮਨ ਦੇ ਸੱਚੇ ਗਿਆਨ ਰਾਹੀਂ ਨਾਮੁ ਵਿੱਚ ਸਮਾਏ ਹੋਏ ਹਨ, ਮਨ ਦੇ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਏ ਹੋਏ ਹਨ ਕਿਉਂਕਿ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਆਪਣਾ ਨਾਮੁ ਰੂਪ ਬੀਜ ਬੀਜਦਾ ਹੈ ਉਸਦਾ ਮਨ ਰੂਪ ਖੇਤ ਫਿਰ "**ਸਹਜ**" ਰੂਪ ਖੇਤ ਬਣ ਜਾਂਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਾਲਾ ਮਨ ਬਣ ਜਾਂਦਾ ਹੈ ਤੇ ਉਸ ਤੋਂ ਬਾਅਦ ਉਸਦੇ ਮਨ ਦੇ ਵਿੱਚ ਭਾਵ ਮਨ ਦੀ ਸਮਝ ਵਿੱਚ ਹਉਮੈ ਵਾਲੀ ਸਮਝ, ਸਹਸਾ ਵਾਲੀ ਸਮਝ ਫਿਰ ਨਹੀਂ ਰਹਿੰਦੀ ਭਾਵ ਖ਼ਤਮ ਹੋ ਜਾਂਦੀ ਹੈ। ਮਨ ਦੇ ਵਿੱਚ ਹਉਮੈ, "ਨਾਮੁ" ਵੱਸਣ ਦੁਆਰਾ ਹੀ ਖ਼ਤਮ ਹੁੰਦੀ ਹੈ। ਇਹ ਆਪਣੇ ਆਪ ਖ਼ਤਮ ਨਹੀਂ ਹੋ ਸਕਦੀ। ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੈ ਮਨੁੱਖ ਦੇ ਅੰਦਰ ਜਦ ਤੱਕ "ਹਉਮੈ" ਹੈ ਤਦ ਤੱਕ ਉਸਦੇ ਅੰਦਰ "ਨਾਮੁ" ਨਹੀਂ ਹੁੰਦਾ ਤੇ ਨਾਮੁ ਤੋਂ ਬਾਅਦ ਹਉਮੈ ਨਹੀਂ ਰਹਿੰਦੀ ਕਿਉਂਕਿ ਸਾਡੇ ਅੰਦਰ "ਹਉਮੈ" ਹੁੰਦੀ ਹੈ ਜਾਂ ਨਾਮੁ ਹੁੰਦਾ ਹੈ ਭਾਵ ਇਹ ਦੋਨੋਂ ਇਕੱਠੇ ਨਹੀਂ ਹੋ ਸਕਦੇ ਕਿਉਂਕਿ ਇਹ ਦੋਨੋਂ ਇੱਕ ਦੂਸਰੇ ਦੇ ਉਲਟ ਪਾਸੇ ਹਨ ਜਿਵੇਂ ਕਿ ਅਸੀਂ ਹੋਰ ਸਬਦਾਂ ਰਾਹੀਂ ਵੀ ਸਮਝਿਆ ਹੈ। ਸਾਡੇ ਅੰਦਰ ਦੀ ਹਉਮੈ ਵਾਲੀ ਸਮਝ, ਤ੍ਰੈਗੁਣਾਂ ਵਾਲੀ ਸਮਝ, ਮਾਇਆ ਵਾਲੀ ਸਮਝ ਸਾਡੇ ਮਨ ਨੂੰ ਅਗਿਆਨਤਾ ਵਿੱਚ ਰੱਖਦੀ ਹੈ ਤੇ ਨਾਮੁ ਵਾਲੀ ਸਮਝ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਹੈ ਜੋ ਕਿ ਬਿਲਕੁਲ ਹੀ ਦੂਸਰਾ ਪਾਸਾ ਹੈ। ਇਸੇ ਲਈ ਮਨ ਦੀ ਅਗਿਆਨਤਾ ਨੂੰ ਸਾਡੇ ਅੰਦਰ ਦਾ ਪੁੱਠਾ ਕਮਲ ਕਿਹਾ ਹੈ ਤੇ ਨਾਮੁ ਵਾਲੀ ਸੱਚੀ ਸਮਝ ਨੂੰ ਸਿੱਧਾ ਕਮਲ ਕਿਹਾ ਹੈ, ਖਿੜਿਆ ਹੋਇਆ ਕਮਲ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਨਾ ਪੁੱਠਾ ਕਮਲ ਸਾਡੇ ਵੱਸ ਹੈ ਨਾ ਸਿੱਧਾ ਕਮਲ ਸਾਡੇ ਵੱਸ ਹੈ ਭਾਵ ਨਾ ਹਉਮੈ ਸਾਡੇ ਵੱਸ ਹੈ ਨਾ ਨਾਮੁ ਸਾਡੇ ਵੱਸ ਹੈ। ਸਭ ਕੁੱਝ ਉਸਦੇ ਹੀ ਵੱਸ ਹੈ ਜਿਸਦਾ ਇਹ ਮਨ ਹੈ, ਜੋ ਸਾਡੇ ਮਨ ਰੂਪ ਖੇਤ ਦਾ ਮਾਲਕ ਹੈ ਤੇ ਖੇਤ ਦੇ ਵਿੱਚ ਬੀਜ ਆਪ ਹੀ ਬੀਜਦਾ ਹੈ। ਇਹ ਕੇਵਲ ਉਸਦੀ ਰਜਾ ਹੈ ਕਿ ਉਹ ਸਾਡੇ ਅੰਦਰ "ਹਉਮੈ" ਵਾਲੇ ਬੀਜ ਬੀਜਣਾ ਚਾਹੁੰਦਾ ਹੈ ਜਾਂ "ਨਾਮੁ" ਵਾਲੇ ਭਾਵ ਸਾਨੂੰ ਆਪਣੇ ਕੋਲੋਂ ਦੂਰ ਰੱਖਣਾ ਚਾਹੁੰਦਾ ਹੈ, ਵਿਛੋੜ ਕੇ ਰੱਖਣਾ ਚਾਹੁੰਦਾ ਹੈ ਜਾਂ ਮਿਲਾਉਣਾ ਚਾਹੁੰਦਾ ਹੈ। ਜਿੰਨ੍ਹਾਂ ਸਰੀਰਾਂ ਨੂੰ ਉਸਨੇ ਆਪਣੇ ਨਾਲ ਮਿਲਾਇਆ ਹੈ ਉਨ੍ਹਾਂ ਦੇ ਮਨ ਦੇ ਵਿੱਚ ਆਪਣੇ "ਨਾਮੁ ਰੂਪ" ਬੀਜ ਬੀਜਕੇ ਹੀ ਮਿਲਾਇਆ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲਾਇਆ ਹੈ। ਉਨ੍ਹਾਂ ਦੇ ਮਨ ਦੇ ਵਿੱਚ ਪ੍ਰਮਾਤਮਾ ਨੇ ਜਿਹੋ ਜਿਹੇ ਨਾਮੁ ਦੇ ਬੀਜ ਬੀਜੇ ਹਨ ਉਹੋ ਜਿਹੇ ਨਾਮੁ ਰੂਪ ਵਿਚਾਰ ਹੀ ਉਨ੍ਹਾਂ ਦੇ ਅੰਦਰ ਉਪਜੇ ਹਨ ਜੋ ਕਿ ਸਬਦਾਂ ਦੀ ਵਿਚਾਰ ਦੇ ਰੂਪ ਵਿੱਚ ਉਪਜੇ ਹਨ ਤੇ ਉਹੀ ਨਾਮੁ ਵਾਲੇ ਵਿਚਾਰ ਉਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਪਾਏ ਹਨ ਜਿਸ ਕਰਕੇ ਪੂਰੀ ਗੁਰਬਾਣੀ ਵਿੱਚ ਨਾਮੁ ਹੈ ਤੇ ਪ੍ਰਮਾਤਮਾ ਦਾ ਆਪਣਾ ਸਥਾਨ ਹੈ ਕਿਉਂਕਿ ਇਹ ਸਾਰੇ ਵਿਚਾਰ ਮਨ ਦੇ ਵਿੱਚ ਬੀਜ ਬੀਜਣ ਰਾਹੀਂ ਪ੍ਰਮਾਤਮਾ ਨੇ ਆਪ ਹੀ ਦਿੱਤੇ ਹਨ। ਜਿਸ ਮਨੁੱਖੀ ਸਰੀਰ ਦੇ ਨਾਲ ਪ੍ਰਮਾਤਮਾ ਆਪਣਾ ਪਿਆਰ ਜੋੜਦਾ ਹੈ ਉਸਦੇ ਅੰਦਰ ਨਾਮੁ ਵਾਲੇ ਬੀਜ ਬੀਜਣ ਦੁਆਰਾ ਹੀ ਜੋੜਦਾ ਹੈ ਤੇ ਇਸ ਤੋਂ ਬਾਅਦ ਫਿਰ ਉਸਦੇ ਅੰਦਰ ਹਉਮੈ ਵਾਲੇ ਬੀਜ ਨਹੀਂ ਬੀਜਦਾ ਭਾਵ ਫਿਰ ਮਨੁੱਖ ਨੂੰ ਭਰਮਾਂ ਵਿੱਚ ਨਹੀਂ ਪਾਉਂਦਾ ਤੇ ਹਰ ਵਿਚਾਰ ਰਾਹੀਂ ਭਾਵ ਨਾਮੁ ਵਾਲੇ ਵਿਚਾਰਾਂ ਰਾਹੀਂ ਸਭ ਕੁੱਝ ਸੱਚ ਹੀ ਸਮਝਾਉਂਦਾ ਹੈ, ਪੂਰੀ ਅਸਲੀਅਤ ਹੀ ਸਮਝਾਉਂਦਾ ਹੈ ਕਿ ਮਨੁੱਖ ਦੀ ਅਸਲੀਅਤ ਕੀ ਹੈ, ਪ੍ਰਮਾਤਮਾ ਦੀ ਅਸਲੀਅਤ ਕੀ ਹੈ, ਸ੍ਰਿਸ਼ਟੀ ਦੀ ਅਸਲੀਅਤ ਕੀ ਹੈ, ਭਗਤੀ ਦੇ ਮਾਰਗ ਦੀ ਅਸਲੀਅਤ ਕੀ ਹੈ ਭਾਵ ਪ੍ਰਮਾਤਮਾ ਨੂੰ ਕਿਸ ਤਰੀਕੇ ਪਾਇਆ ਜਾ ਸਕਦਾ ਹੈ, ਕਿਸ ਰੂਪ ਵਿੱਚ ਪਾਇਆ ਜਾ ਸਕਦਾ ਹੈ ਤੇ ਉਸਨੂੰ ਕਿਸ ਜਗ੍ਹਾ ਤੋਂ ਪਾਇਆ ਜਾ ਸਕਦਾ ਹੈ। ਪੂਰੀ ਗੁਰਬਾਣੀ ਸੱਚ ਹੀ ਬਿਆਨ ਕਰ ਰਹੀ ਹੈ, ਪ੍ਰਮਾਤਮਾ ਦੀ ਅਸਲੀਅਤ ਹੀ ਬਿਆਨ ਕਰ ਰਹੀ ਹੈ ਭਾਵ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਹੀ ਸਮਝਾ ਰਹੀ ਹੈ ਭਾਵ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਹੀ ਸਮਝਾ ਰਹੀ ਹੈ। (**ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥**)

ਉੱਪਰ ਵਾਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਅੱਗੇ ਚੱਲਕੇ ਸਮਝਾਂਗੇ ਜਿੰਨ੍ਹਾਂ ਰਾਹੀਂ ਸਾਨੂੰ ਪ੍ਰਮਾਤਮਾ ਦੀ ਖੇਡ ਸਾਡੇ ਅੰਦਰ ਕਿਵੇਂ ਚੱਲਦੀ ਹੈ ਤੇ ਕਿਵੇਂ ਸਮਝ ਆਉਂਦੀ ਹੈ, ਇਸ ਬਾਰੇ ਸਮਝਾਇਆ ਹੋਇਆ ਹੈ। ਹੁਣ ਅਸੀਂ ਪਿਛਲੇ ਮੁੱਖ ਸ਼ਬਦ ਦੀ ਪਉੜੀ ਵਾਲੀ ਪੰਗਤੀ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਸਾਡੇ ਅੰਦਰ ਨਾਮ ਉਪਜਣ ਬਾਰੇ ਸਮਝਾਇਆ ਹੋਇਆ ਹੈ।

“ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥”

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਸਤਿਗੁਰੂ ਸਹਜ ਦਾ ਖੇਤ ਹੈ, ਨਾਮੁ ਦਾ ਖੇਤ ਹੈ ਜਿਸਦੇ ਅੰਦਰ ਨਾਮੁ ਉਪਜਿਆ ਹੋਇਆ ਹੈ ਭਾਵ ਉਸਦੇ ਅੰਦਰ ਨਾਮੁ ਦਾ ਬੀਜ ਉੱਗਿਆ ਹੋਇਆ ਹੈ। ਸਾਡਾ ਸਤਿਗੁਰੂ “**ਗੁਰਬਾਣੀ**” ਹੈ, “**ਗੁਰੂ ਗ੍ਰੰਥ ਸਾਹਿਬ ਜੀ**” ਹਨ ਜਿਸਦੇ ਅੰਦਰ ਨਾਮੁ ਦਾ ਬੀਜ ਪ੍ਰਮਾਤਮਾ ਦਾ ਆਪਣਾ ਬੀਜਿਆ ਹੋਇਆ ਹੈ ਤੇ ਉਹ ਬੀਜ ਉੱਗਕੇ ਪੂਰੀ ਤਰ੍ਹਾਂ ਫਲਿਆ ਫੁੱਲਿਆ ਹੋਇਆ ਹੈ ਤੇ ਸਾਰੇ ਸੰਸਾਰ ਨੂੰ ਆਪਣਾ ਫ਼ਲ ਰੂਪ ਬੀਜ ਭਾਵ ਨਾਮ ਰੂਪ ਬੀਜ ਵੰਡ ਰਿਹਾ ਹੈ ਜੋ ਬੀਜ ਸੱਚੇ ਗਿਆਨ ਦੇ ਰੂਪ ਵਿੱਚ ਹੈ। ਜੋ ਚਾਹੇ ਜਿਸ ਵੇਲੇ ਮਰਜੀ ਚਾਹੇ, ਜਿਤਨਾ ਮਰਜੀ ਬੀਜ ਚਾਹੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈ ਕੇ ਆਪਣੇ ਮਨ ਰੂਪ ਖੇਤ ਦੇ ਵਿੱਚ ਬੀਜ ਸਕਦਾ ਹੈ ਪਰ ਸਿਰਫ ਸਾਨੂੰ ਉਹ ਬੀਜ ਬੀਜਣ ਦੀ, ਨਾਮੁ ਦਾ ਬੀਜ ਬੀਜਣ ਦੀ ਸਮਝ ਹੋਣੀ ਚਾਹੀਦੀ ਹੈ। ਗੁਰਬਾਣੀ ਰਾਹੀਂ ਸਾਨੂੰ ਇਹ ਨਾਮੁ ਦਾ ਬੀਜ ਸਬਦਾਂ ਰਾਹੀਂ ਆਪਣੇ ਮਨ ਦੇ ਅੰਦਰ ਬੀਜਣਾ ਸਿਖਾਇਆ ਹੋਇਆ ਹੈ। ਇਸ ਬੀਜ ਨੂੰ ਆਪਣੇ ਅੰਦਰ ਬੀਜਣ ਦੀ ਕੋਈ ਖਾਸ ਰੁੱਤ ਜਾਂ ਕੋਈ ਖਾਸ ਸਮਾਂ ਨਹੀਂ ਹੈ। ਇਹ ਹਰ ਵੇਲੇ ਬੀਜਿਆ ਜਾ ਸਕਦਾ ਹੈ, ਜਦੋਂ ਵੀ ਕੋਈ ਚਾਹੇ ਉਦੋਂ ਹੀ ਬੀਜ ਸਕਦਾ ਹੈ। ਸਾਡੇ ਅੰਦਰ ਇਹ ਬੀਜ ਤਾਂ ਹੀ ਉਪਜੇਗਾ ਜੇ ਪਹਿਲੇ ਆਪਣੇ ਅੰਦਰ ਨਾਮੁ ਦਾ ਬੀਜ ਬੀਜਾਂਗੇ। ਜੋ ਰੂਪ ਨਾਮੁ ਦਾ ਹੈ ਉਹੀ ਰੂਪ ਉਸਦੇ ਬੀਜ ਦਾ ਹੈ। ਨਾਮੁ ਰੂਪ ਗੁਰੂ ਦਾ ਸੱਚਾ ਗਿਆਨ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਸਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਸਬਦਾਂ ਰਾਹੀਂ ਵਾਰ-ਵਾਰ ਇਸ ਗੱਲ ਨੂੰ ਸਮਝਿਆ ਹੈ। ਇਹ ਨਾਮ ਰੂਪ ਬੀਜ ਸਾਡੇ ਮਨ ਦੇ ਅੰਦਰ ਬੀਜਣ ਦਾ ਬੀਜ ਹੈ ਤੇ ਜਿਥੇ ਇਹ ਬੀਜ ਬੀਜਾਂਗੇ ਉਥੇ ਹੀ ਇਹ ਬੀਜ ਉੱਗੇਗਾ। ਸ਼ਬਦਾਂ ਦੇ ਅੰਦਰ ਦੀ ਜੋ ਵਿਚਾਰ ਹੈ ਉਹ ਨਾਮੁ ਹੈ ਤੇ ਸ਼ਬਦਾਂ ਦੇ ਵਿਚਾਰਾਂ ਨੂੰ ਮੰਨਣਾ ਹੀ ਨਾਮ ਦੇ ਬੀਜ ਨੂੰ ਆਪਣੇ ਅੰਦਰ ਬੀਜਣਾ ਹੈ। ਜਿਹੜੇ ਸ਼ਬਦਾਂ ਦੇ ਵਿਚਾਰਾਂ ਨੂੰ ਅਸੀਂ ਮੰਨਦੇ ਹਾਂ ਫਿਰ ਉਨ੍ਹਾਂ ਵਿਚਾਰਾਂ ਰਾਹੀਂ ਹੀ ਅਸੀਂ ਵਿਚਰਦੇ ਹਾਂ ਭਾਵ ਜਿਹੋ ਜਿਹਾ ਗਿਆਨ ਅਸੀਂ ਆਪਣੇ ਅੰਦਰ ਵਸਾਉਂਦੇ ਹਾਂ ਉਹੋ ਜਿਹਾ ਗਿਆਨ ਹੀ ਸਾਡੇ ਅੰਦਰ ਉਪਜਦਾ ਹੈ। ਮਾੜੇ ਵਿਚਾਰ ਮੰਨਣ ਨਾਲ ਮਾੜੇ ਵਿਚਾਰ ਉਪਜਦੇ ਹਨ ਜਿੰਨ੍ਹਾਂ ਦੁਆਰਾ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਗੁਰੂ ਚੰਗੇ ਵਿਚਾਰ ਮੰਨਣ ਨਾਲ ਸਾਡੇ ਅੰਦਰ ਚੰਗੇ ਵਿਚਾਰ ਉਪਜਦੇ ਹਨ। ਨਾਮੁ ਦੇ ਵਿਚਾਰਾਂ ਨਾਲੋਂ, ਗੁਰੂ ਦੇ ਸਬਦਾਂ ਦੇ ਵਿਚਾਰਾਂ ਨਾਲੋਂ, ਸੰਸਾਰ ਵਿੱਚ ਹੋਰ ਕਿਹੜੇ ਵਿਚਾਰ ਹੋ ਸਕਦੇ ਹਨ ਜੋ ਸਾਨੂੰ ਕਿਸੇ ਨਾਲੋਂ ਚੰਗੀ ਗੱਲ ਸਮਝਾ ਸਕਣ। ਗੁਰੂ ਦੇ ਵਿਚਾਰ ਸਹਜ ਦੀ ਅਵੱਸਥਾ ਵਾਲੇ ਵਿਚਾਰ ਹਨ ਭਾਵ ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਹਨ ਜਿੰਨ੍ਹਾਂ ਨੂੰ ਮੰਨਣ ਦੁਆਰਾ ਅਸੀਂ ਸਹਜ ਦੀ ਪ੍ਰਾਪਤੀ ਕਰ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰ ਸਕਦੇ ਹਾਂ, ਸੱਚੇ “ਸੁਖੁ” ਦੀ ਪ੍ਰਾਪਤੀ ਕਰ ਸਕਦੇ ਹਾਂ ਭਾਵ ਨਾਮੁ ਦੇ ਮਾਲਕ ਦੇ ਨਾਲ ਮੇਲ ਕਰ ਸਕਦੇ ਹਾਂ ਜਿਸਨੇ ਆਪ ਹੀ ਪੂਰੀ ਗੁਰਬਾਣੀ ਦੇ ਵਿੱਚ ਆਪਣਾ ਨਾਮ ਪਾਇਆ ਹੈ। (**ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥ ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥ ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥**) ਅੰਗ - ੧੨੪੨

ਮਃ ੧ ॥

{ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥
ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥੨॥}

(ਅੰਗ - ੧੨੪੩-੧੨੪੪)

ਮਹਲਾ ੨ ॥

{ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥}

(ਅੰਗ - ੪੭੪)

ਮਨ ਦੇ ਵਿੱਚੋਂ ਸਾਨੂੰ ਜੋ ਵੀ ਫ਼ਲ ਮਿਲਣਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਮਿਲਣਾ ਹੈ ਭਾਵ ਜਿਹੋ ਜਿਹੇ ਵਿਚਾਰ ਅਸੀਂ ਆਪਣੇ ਅੰਦਰ ਬੀਜਾਂਗੇ ਉਨ੍ਹਾਂ ਰਾਹੀਂ ਜੋ ਕੁੱਝ ਉੱਗੇਗਾ ਉਹੋ ਜਿਹਾ ਫ਼ਲ ਹੀ ਸਾਨੂੰ ਮਿਲੇਗਾ। ਫ਼ਲ ਸਾਨੂੰ ਸਾਡੇ ਕਰਮਾਂ ਦਾ ਹੀ ਮਿਲਣਾ ਹੈ। ਮਾੜੇ ਵਿਚਾਰ ਬੀਜਣ ਨਾਲ ਅਸੀਂ ਮਾੜੇ ਕਰਮ ਕਰਾਂਗੇ ਜਿਸਦਾ ਫ਼ਲ ਵੀ ਮਾੜਾ ਹੀ ਨਿਕਲੇਗਾ। ਆਪਣੇ ਅੰਦਰ ਚੰਗੇ ਵਿਚਾਰ ਬੀਜਣ ਨਾਲ ਅਸੀਂ ਚੰਗੇ ਕਰਮ ਹੀ ਕਰਾਂਗੇ ਫਿਰ ਚੰਗੇ ਕਰਮਾਂ ਦਾ ਫ਼ਲ ਵੀ ਸਾਨੂੰ ਚੰਗਾ ਹੀ ਮਿਲੇਗਾ। ਗੁਰੂ ਦੇ ਵਿਚਾਰ, ਨਾਮੁ ਦੇ ਵਿਚਾਰ ਸਾਨੂੰ ਚੰਗੇ ਕਰਮ ਹੀ ਸਿਖਾਉਂਦੇ ਹਨ ਜੋ ਚੰਗੇ ਕਰਮ ਕਰਨਾ ਪ੍ਰਮਾਤਮਾ ਦੀ ਭਗਤੀ ਦਾ ਸੱਚਾ ਮਾਰਗ ਹੈ ਤੇ ਉਸ ਮਾਰਗ ਤੇ ਚੱਲਕੇ ਉਹ ਫ਼ਲ ਮਿਲੇਗਾ ਜਿਸ ਤੋਂ ਵਧੀਆ ਫ਼ਲ ਸੰਸਾਰ ਵਿੱਚ ਹੋਰ ਕੋਈ ਨਹੀਂ ਹੋ ਸਕਦਾ। ਇਹ "ਫਲ" ਪ੍ਰਮਾਤਮਾ ਦੇ ਨਾਲ ਮੇਲ ਦਾ ਫ਼ਲ ਹੈ ਜੋ ਕਿ "ਪੂਰਨ ਸਚੁ" ਵਾਲੀ ਸਮਝ ਦਾ ਫ਼ਲ ਹੈ। ਇਸ ਸਮਝ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਗਿਆਨ ਦੇ ਮਾਲਕ ਦੇ ਦਰਸ਼ਨ ਹੁੰਦੇ ਹਨ। ਨਾਮੁ ਦਾ ਮਾਰਗ ਸਾਡੀ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ ਜੋ ਚੰਗੀ ਕਰਨੀ ਗੁਰੂ ਦੇ ਵਿਚਾਰਾਂ ਨੂੰ ਭਾਵ ਨਾਮ ਰੂਪ ਬੀਜ ਨੂੰ ਆਪਣੇ ਅੰਦਰ ਬੀਜਣ ਦੁਆਰਾ ਹੀ ਹੁੰਦੀ ਹੈ। ਅਸੀਂ ਆਪਣੇ ਅੰਦਰ ਬਿਖ ਵਾਲੇ ਵਿਚਾਰ ਬੀਜਦੇ ਹਾਂ ਭਾਵ ਆਪਣੀ ਮਨਮਤਿ ਵਾਲੇ ਬੀਜ ਬੀਜਦੇ ਹਾਂ, ਮਾਇਆ ਮੋਹ ਵਾਲੇ ਵਿਚਾਰਾਂ ਨੂੰ ਬੀਜਦੇ ਹਾਂ ਤੇ ਉਨਾਂ ਵਿਚਾਰਾਂ ਅਨੁਸਾਰ ਹੀ ਚੱਲਦੇ ਹਾਂ ਤੇ ਉਮੀਦ ਇਹ ਰੱਖਦੇ ਹਾਂ ਕਿ ਸਾਨੂੰ ਪ੍ਰਮਾਤਮਾ ਦਾ ਅੰਮ੍ਰਿਤ ਮਿਲ ਜਾਵੇ, ਉਸਦਾ ਨਾਮੁ ਮਿਲ ਜਾਵੇ ਭਾਵ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਫ਼ਲ ਮਿਲ ਜਾਵੇ ਜੋ ਕਿ ਨਿਆ ਵਾਲੀ ਗੱਲ ਨਹੀਂ ਹੈ ਭਾਵ ਇਸ ਤਰੀਕੇ ਪ੍ਰਮਾਤਮਾ ਕੋਲੋਂ ਉਸਦਾ ਅੰਮ੍ਰਿਤ ਨਹੀਂ ਮਿਲ ਸਕਦਾ। ਅਸੀਂ ਮੁੱਖੋਂ ਜੋ ਨਾਮੁ ਜਪਣਾ ਸਮਝਦੇ ਹਾਂ ਭਾਵ ਜੋ ਕਿਸੇ ਅੱਖਰ ਦੀ ਕਥਨੀ ਕਰਦੇ ਹਾਂ ਉਹ ਨਾਮੁ ਜਪਣਾ ਨਹੀਂ ਹੈ। ਨਾਮੁ ਜਪਣਾ ਗੁਰੂ ਦੀ ਗੱਲ ਨੂੰ ਮੰਨਣਾ ਹੈ ਜਿਸ ਦੁਆਰਾ ਫ਼ਲ ਦੀ ਪ੍ਰਾਪਤੀ ਹੋ ਸਕਦੀ ਹੈ। (**ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥**)

ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਉਸਨੂੰ ਪਾਉਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਉਸਦੇ ਨਾਮੁ ਨੂੰ ਮੰਨਣ ਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਵਾਲੀ ਪਉੜੀ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥"

ਨਾਮੁ ਨੂੰ ਮੰਨਣਾ ਗੁਰੂ ਦੀ ਮਤਿ ਨੂੰ ਮੰਨਣਾ ਹੈ ਤੇ ਉਸਨੂੰ ਮੰਨਣ ਦੁਆਰਾ ਜੋ ਸਾਡੇ ਅੰਦਰ ਉਪਜਦਾ ਹੈ ਉਹ ਗੁਰੂ ਦੇ ਸੱਚੇ ਵਿਚਾਰ ਹੀ ਉਪਜਦੇ ਹਨ, ਗੁਰੂ ਦਾ ਸੱਚਾ ਗਿਆਨ ਹੀ ਉਪਜਦਾ ਹੈ ਜੋ ਮਨ ਦਾ ਗਿਆਨ ਸਾਨੂੰ ਸੱਚੀ ਗੁਰਮਤਿ ਸਮਝਾਉਂਦਾ ਹੈ ਤੇ ਉਸ ਗੁਰਮਤਿ ਅਨੁਸਾਰ ਚਲਾਉਂਦਾ ਹੈ ਜੋ ਕਿ ਸੱਚੀ ਭਗਤੀ ਦਾ ਮਾਰਗ ਹੈ। ਸੱਚੀ ਭਗਤੀ ਦੇ ਮਾਰਗ ਤੇ ਮਨ ਦੇ ਸੰਤੋਖ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਤੇ ਮਨ ਦੇ ਵਿੱਚ ਸੰਤੋਖ ਉਦੋਂ ਆਉਂਦਾ ਹੈ ਭਾਵ ਸਾਡਾ ਮਨ "ਸਾਂਤਿ" ਉਦੋਂ ਹੁੰਦਾ ਹੈ ਜਦੋਂ ਸਾਡਾ ਮਨ ਮਾਇਆ ਮੋਹ ਪਿੱਛੇ ਨਹੀਂ ਦੌੜਦਾ, ਤ੍ਰਿਸ਼ਨਾਵਾਂ ਵਿੱਚ ਨਹੀਂ ਦੌੜਦਾ ਜਿੰਨ੍ਹਾਂ ਦੀ ਪੂਰਤੀ ਲਈ ਮਨੁੱਖ ਮਾੜੇ ਕਰਮ ਕਰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਨੁੱਖ ਚੰਗੇ ਕਰਮ ਮਨ ਦੇ ਸੰਤੋਖ ਦੁਆਰਾ ਹੀ ਕਰਦਾ ਹੈ ਜੋ ਭਗਤੀ ਦਾ ਸੱਚਾ ਮਾਰਗ ਹੈ। ਜਦੋਂ ਮਨੁੱਖ ਦੀ ਸਮਝ ਨਾਮੁ ਮੰਨਣ ਦੁਆਰਾ ਇਹੋ ਜਿਹੇ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ, ਇਹੀ ਸਾਡੇ ਅੰਦਰ ਭਾਵ ਸਾਡੇ ਮਨ ਦੇ ਅੰਦਰ "ਹਰਿ" ਦਾ ਵੱਸਣਾ ਹੈ ਭਾਵ ਨਾਮੁ ਦੇ ਮਾਲਕ ਦਾ ਵੱਸਣਾ ਹੈ ਜੋ ਮਨ ਦੇ ਵਿੱਚ ਆਪ ਹੀ ਆਪਣਾ "ਨਾਮੁ" ਦਿੰਦਾ ਹੈ ਤੇ ਆਪ ਹੀ ਮਨ ਦੇ ਵਿੱਚ ਆਪਣਾ ਨਾਮੁ ਜਪਾਉਂਦਾ ਹੈ ਭਾਵ ਆਪ ਹੀ ਸੱਚੇ ਮਾਰਗ ਤੇ ਚਲਾਉਂਦਾ ਹੈ। (**ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥**)

ਜੋ ਕੁੱਝ ਅਸੀਂ ਹੁਣ ਤੱਕ ਉਪਰਲੀ ਪਉੜੀ ਦੁਆਰਾ ਨਾਮੁ ਮੰਨਣਾ ਸਿੱਖਿਆ ਹੈ ਭਾਵ ਅਸੀਂ ਨਾਮੁ ਨੂੰ ਜਿਸ ਤਰੀਕੇ ਮੰਨਣਾ ਸਿੱਖਿਆ ਹੈ ਉਹੀ ਪ੍ਰਮਾਤਮਾ ਨੂੰ ਧਿਆਉਣਾ ਹੈ ਭਾਵ ਨਾਮ ਨੂੰ ਮੰਨਣਾ ਜਾਂ ਪ੍ਰਮਾਤਮਾ ਨੂੰ ਧਿਆਉਣਾ ਕੋਈ ਵੱਖਰੀ ਗੱਲ ਨਹੀਂ ਹੈ। ਇਹੀ ਗੱਲ ਪਉੜੀ ਦੀ ਆਖਰੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

“ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥”

ਪ੍ਰਮਾਤਮਾ ਦਾ ਨਾਮੁ “ਰਤੰਨੁ” ਹੈ ਭਾਵ ਉਸਦੀ ਕੀਮਤ ਬਹੁਤ ਉੱਚੀ ਹੈ ਤੇ ਪ੍ਰਮਾਤਮਾ ਦਾ ਨਾਮ ਰਤੰਨੁ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਬਦਾਂ ਰਾਹੀਂ ਸਮਝਿਆ ਹੈ। ਪ੍ਰਮਾਤਮਾ ਦਾ ਨਾਮੁ ਸਭ ਤੋਂ ਉੱਚਾ ਗਿਆਨ ਹੈ ਜਿਸ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਰੂਪ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਪ੍ਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਉਸ ਰੂਪ ਦੁਆਰਾ ਹੀ ਉਹ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। “ਨਾਮੁ ਰਤੰਨੁ” ਨੂੰ ਧਿਆਉਣਾ ਜਾਂ ਪ੍ਰਮਾਤਮਾ ਨੂੰ ਧਿਆਉਣਾ ਇੱਕੋ ਹੀ ਗੱਲ ਹੈ। ਧਿਆਉਣਾ ਅਸੀਂ ਪ੍ਰਮਾਤਮਾ ਦੇ ਸੱਚੇ ਗਿਆਨ ਨੂੰ ਹੀ ਹੈ ਤੇ ਸੱਚੇ ਗਿਆਨ ਦੀ ਸਮਝ ਲੱਗ ਜਾਣਾ ਹੀ ਨਾਮ ਨੂੰ, ਪ੍ਰਮਾਤਮਾ ਨੂੰ ਧਿਆਉਣਾ ਹੈ ਜਿਸਦੀ ਸਮਝ ਪ੍ਰਮਾਤਮਾ ਦਾ “ਗੁਰਮੁਖਿ” ਰੂਪ ਬਣਨ ਦੁਆਰਾ ਹੀ ਪੈਂਦੀ ਹੈ। ਗੁਰੂ ਪ੍ਰਮਾਤਮਾ ਦਾ “ਗੁਰਮੁਖਿ” ਰੂਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸਬਦਾਂ ਦੁਆਰਾ ਸਮਝਿਆ ਹੈ ਭਾਵ ਜਿਸਦੇ ਮਨ ਦੇ ਅੰਦਰ ਪ੍ਰਮਾਤਮਾ ਆਪਣਾ “ਨਾਮੁ ਰਤੰਨੁ” ਰੂਪ ਪ੍ਰਗਟ ਕਰਦਾ ਹੈ ਉਸਨੂੰ ਹੀ ਉਹ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਨੂੰ ਧਿਆਇਆ ਜਾ ਸਕਦਾ ਹੈ ਭਾਵ ਸਮਝਿਆ ਜਾ ਸਕਦਾ ਹੈ ਤੇ ਉਸ ਅਨੁਸਾਰ ਵਿਚਰਿਆ ਜਾ ਸਕਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਦੂਸਰਿਆਂ ਨੂੰ ਸਮਝਾਇਆ ਜਾ ਸਕਦਾ ਹੈ ਜਿਵੇਂ ਕਿ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪ੍ਰਮਾਤਮਾ ਦਾ “ਗੁਰਮੁਖਿ ਰੂਪ” ਬਣਕੇ ਉਸਨੂੰ “ਧਿਆਇਆ” ਹੈ ਤੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ “ਹਰਿ” ਧਿਆਉਣਾ ਸਿਖਾਇਆ ਹੈ, ਨਾਮੁ ਧਿਆਉਣਾ ਸਿਖਾਇਆ ਹੈ ਜਿਵੇਂ ਕਿ ਪੂਰੀ ਪਉੜੀ ਰਾਹੀਂ ਸਾਨੂੰ ਨਾਮੁ ਜਪਣਾ ਹੀ ਸਿਖਾਇਆ ਹੈ। (**ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥ ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥ ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥ ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥ ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥**)

ਮਾਰੂ ਸੋਲਹੇ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

{ਸਚਾ ਆਪਿ ਸਵਾਰਣਹਾਰਾ ॥

ਅਵਰ ਨ ਸੂਝਸਿ ਬੀਜੀ ਕਾਰਾ ॥

ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥

ਸਭਨਾ ਸਚੁ ਵਸੈ ਮਨ ਮਾਹੀ ॥

ਗੁਰ ਪਰਸਾਦੀ ਸਹਜਿ ਸਮਾਹੀ ॥

ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥

ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥

ਸਤਿਗੁਰੁ ਸੇਵੀ ਅਵਰੁ ਨ ਦੂਜਾ ॥

ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥

ਬਿਨੁ ਸਤਿਗੁਰ ਜੋ ਦੂਜੈ ਲਾਗੇ ॥

ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥

ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥

ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥

ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥

ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥
ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥
ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥
ਸਤਿਗੁਰੁ ਮਨਿ ਵਸਿਆ ਲਿਵ ਲਾਈ ॥

ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ - ੧੦੬੯-੧੦੭੦)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥
ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥
ਮੂਲ ਦੁਆਰੈ ਬੰਧਿਆ ਬੰਧੁ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥
ਪਛਮ ਦੁਆਰੈ ਸੂਰਜੁ ਤਪੈ ॥
ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥
ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥
ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥}

(ਅੰਗ - ੧੧੫੯)

ਉੱਪਰ ਵਾਲੇ ਸ਼ਬਦ ਨੂੰ ਲੇਖ ਦੇ ਵਿੱਚ ਅੱਗੇ ਜਾ ਕੇ ਸਮਝਾਂਗੇ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦਾ ਮਿਲਣਾ ਜਾਂ ਨਾਮੁ ਦਾ ਮਿਲਣਾ ਇੱਕੋ ਹੀ ਗੱਲ ਹੈ, ਇਹ ਗੱਲ ਸਮਝਾਈ ਹੋਈ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਿੱਥੇ ਹੁੰਦਾ ਹੈ ਇਹ ਸਮਝਾਇਆ ਹੋਇਆ ਹੈ ਤੇ "ਦਸਮ ਦੁਆਰ" ਕੀ ਹੈ ਇਹ ਵੀ ਸਮਝਾਇਆ ਹੋਇਆ ਹੈ।

ਪਿਛਲੇ ਸ਼ਬਦ ਰਾਹੀਂ ਅਸੀਂ ਨਾਮੁ ਬਾਰੇ ਵਿਸਥਾਰ ਨਾਲ ਸਮਝਿਆ ਹੈ ਤੇ ਨਾਮੁ ਵਿੱਚ ਤੇ ਹਉਮੈ ਵਿੱਚ ਫ਼ਰਕ ਕੀ ਹੁੰਦਾ ਹੈ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਦੀ ਹਉਮੈ ਹੀ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਮਾਇਆ ਵਾਲੀ ਸਮਝ ਹੈ ਜਿਸ ਤੋਂ ਬਾਹਰ ਕੋਈ ਵੀ ਨਹੀਂ ਹੈ। ਪਿੱਛੇ ਅਸੀਂ ਇਸ ਗੱਲ ਨੂੰ ਵੀ ਸਮਝਿਆ ਹੈ ਕਿ ਹਉਮੈ ਵਿੱਚ ਰਹਿੰਦਿਆਂ, ਤ੍ਰੈਗੁਣਾਂ ਵਿੱਚ ਰਹਿੰਦਿਆਂ, ਮਾਇਆ ਮੋਹ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਤੇ ਇਸ ਗੱਲ ਨੂੰ ਅਸੀਂ ਗੁਰੂ ਦੇ ਸ਼ਬਦਾਂ ਰਾਹੀਂ ਹੀ ਸਮਝਿਆ ਹੈ ਤੇ ਜੋ ਗੁਰੂ ਸਮਝਾਉਂਦਾ ਹੈ ਉਹ ਕਦੇ ਗਲਤ ਨਹੀਂ ਹੋ ਸਕਦਾ। ਗੁਰੂ ਦੇ ਨਾਮੁ ਦਾ ਮਕਸਦ ਹੀ ਸਾਨੂੰ ਭਗਤੀ ਦੀ ਸੱਚੀ ਸਮਝ ਦੇ ਨਾਲ ਜੋੜਨ ਦਾ ਹੈ। ਜਦ ਤੱਕ ਸਾਡੇ ਅੰਦਰ ਨਾਮੁ ਦਾ ਭੁਲੇਖਾ ਬਣਿਆ ਹੋਇਆ ਹੈ ਤਦ ਤੱਕ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਹੀ ਨਹੀਂ ਸਕਦੇ। ਭਗਤੀ ਦੇ ਸੱਚੇ ਮਾਰਗ ਨੂੰ ਸਮਝਕੇ ਉਸ ਅਨੁਸਾਰ ਚੱਲਣਾ ਹੀ ਨਾਮੁ ਜਪਣਾ ਹੈ ਤੇ ਹਰ ਸ਼ਬਦ ਰਾਹੀਂ ਸਾਨੂੰ ਇਹੋ ਜਿਹਾ ਨਾਮੁ ਜਪਣਾ ਹੀ ਸਿਖਾਇਆ ਹੋਇਆ ਹੈ ਤੇ ਇਸ ਤੋਂ ਬਿਨ੍ਹਾਂ ਅਸੀਂ ਜੋ ਕੁੱਝ ਵੀ ਨਾਮ ਨੂੰ ਸਮਝਦੇ ਹਾਂ ਉਹ ਸਾਡਾ ਸਭ ਦਾ ਭਰਮ ਹੈ ਜਿਸ ਵਿੱਚੋਂ ਸਭ ਨੂੰ ਨਿਕਲਣ ਦੀ ਲੋੜ ਹੈ ਤੇ ਇਸ ਭਰਮ ਵਿੱਚੋਂ ਨਿਕਲਣ ਦੁਆਰਾ ਹੀ ਅਸੀਂ ਗੁਰੂ ਦੇ ਨਾਲ ਭਾਵ ਗੁਰੂ ਦੀ ਮਤਿ ਦੇ ਨਾਲ ਜੁੜ ਸਕਦੇ ਹਾਂ ਤੇ ਗੁਰੂ ਨੂੰ ਪ੍ਰਸੰਨ ਕਰ ਸਕਦੇ ਹਾਂ। ਗੁਰੂ ਦੀ ਗੱਲ ਨੂੰ ਮੰਨਣ ਤੋਂ ਸਿਵਾਇ ਭਾਵ ਨਾਮ ਨੂੰ ਮੰਨਣ ਤੋਂ ਸਿਵਾਇ ਗੁਰੂ ਨੂੰ ਕਿਸੇ ਹੋਰ ਭਗਤੀ ਦੇ ਤਰੀਕੇ ਰਾਹੀਂ ਪ੍ਰਸੰਨ ਨਹੀਂ ਕੀਤਾ ਜਾ ਸਕਦਾ।

ਅਸੀਂ ਇਸ ਗੱਲ ਨੂੰ ਪਿੱਛੇ ਵਾਰ-ਵਾਰ ਸਮਝਿਆ ਹੈ ਤੇ ਹਰ ਸ਼ਬਦ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਦੀ ਅਸਲ ਭਗਤੀ ਵਿੱਚ ਤੇ ਵਿਅਰਥ ਜਾਣ ਵਾਲੀ ਭਗਤੀ ਵਿੱਚ ਕੇਵਲ ਤੇ ਕੇਵਲ ਮਨ ਦੀ ਸਮਝ ਦਾ ਫ਼ਰਕ ਹੈ ਤੇ ਸਾਡੇ ਮਨ ਦੀ ਸਮਝ ਵਿੱਚ

ਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ ਭਾਵ ਪ੍ਰਮਾਤਮਾ ਨੂੰ ਜਾਨਣਾ ਜਾਂ ਨਾ ਜਾਨਣਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਭਗਤੀ ਦੇ ਮਾਰਗ ਨੂੰ ਪ੍ਰਮਾਤਮਾ ਰੂਪ ਗੁਰੂ ਕੋਲੋਂ ਜਾਣੇ ਬਿਨ੍ਹਾਂ ਅਸੀਂ ਜਿਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਉਹ ਸਾਡੇ ਮਨ ਦੀ ਨਾਸਮਝੀ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਸੱਚੀ ਸਮਝ ਹੀ ਭਗਤੀ ਦਾ ਅਸਲ ਮਾਰਗ ਹੈ ਜੋ ਮਾਰਗ ਸਾਨੂੰ ਕੇਵਲ ਗੁਰੂ ਹੀ ਸਮਝਾ ਸਕਦਾ ਹੈ। ਮਨ ਦੀ ਨਾਸਮਝੀ ਦੁਆਰਾ ਅਸੀਂ ਅਨੇਕਾਂ ਹੀ ਭਰਮਾਂ ਵਿੱਚ ਪਏ ਰਹਿੰਦੇ ਹਾਂ ਜਿਸ ਕਰਕੇ ਅਸੀਂ ਇਹ ਕਹਿੰਦੇ ਹਾਂ ਭਾਵ ਮੰਨਦੇ ਹਾਂ ਕਿ ਪ੍ਰਮਾਤਮਾ ਦੀ ਭਗਤੀ ਲਈ ਐਹ ਦਿਨ ਚੰਗਾ ਹੈ ਤੇ ਐਹ ਦਿਨ ਚੰਗਾ ਨਹੀਂ ਹੈ ਭਾਵ ਇਸ ਦਿਨ ਸਾਨੂੰ ਇਹ ਕੁੱਝ ਕਰਨਾ ਚਾਹੀਦਾ ਹੈ ਤੇ ਉਸ ਦਿਨ ਸਾਨੂੰ ਐਹ ਕੁੱਝ ਕਰਨਾ ਚਾਹੀਦਾ ਹੈ। ਪ੍ਰਮਾਤਮਾ ਦਾ ਬਣਾਇਆ ਹੋਇਆ ਹਰ ਦਿਨ ਹਰ ਸਮਾਂ, ਹਰ ਰੁਤਿ ਭਗਤੀ ਦੇ ਮਾਰਗ ਲਈ ਇੱਕੋ ਜਿਹੀ ਹੀ ਹੈ ਭਾਵ ਭਗਤੀ ਦਾ ਮਾਰਗ ਵੀ ਇੱਕੋ ਜਿਹਾ ਹੀ ਹੈ ਤੇ ਉਸ ਦੇ ਲਈ ਹਰ ਸਮਾਂ ਵੀ ਇੱਕੋ ਜਿਹਾ ਹੀ ਹੈ ਭਾਵ ਅਸੀਂ ਜੇਕਰ ਕਿਸੇ ਸਮੇਂ ਵਿੱਚ, ਕਿਸੇ ਵਾਰ ਵਿੱਚ, ਕਿਸੇ ਮਹੀਨੇ ਵਿੱਚ ਕੋਈ ਫ਼ਰਕ ਸਮਝਦੇ ਹਾਂ ਤੇ ਇਸ ਤੋਂ ਭਾਵ ਹੈ ਕਿ ਸਾਨੂੰ ਗੁਰੂ ਦੇ ਸਮਝਾਏ ਸੱਚ ਨਾਲੋਂ ਕਿਸੇ ਖਾਸ ਵੇਲੇ ਤੇ, ਕਿਸੇ ਖਾਸ ਦਿਨ ਤੇ ਜਿਆਦਾ ਵਿਸ਼ਵਾਸ ਹੈ। ਪ੍ਰਮਾਤਮਾ ਦੀ ਭਗਤੀ ਲਈ ਹਰ ਸਮਾਂ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਤੇ ਸੱਚ ਤੇ ਚੱਲਣ ਲਈ ਕੇਵਲ ਤੇ ਕੇਵਲ ਆਪਣੀ ਬੁਧਿ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਗੁਰੂ ਦੇ ਗਿਆਨ ਦਾ ਭਾਵ ਗੁਰਮਤਿ ਦੀ ਸਮਝ ਦਾ ਪਰਗਟ ਕਰਨ ਦੀ ਲੋੜ ਹੈ ਜੋ ਗਿਆਨ ਦਾ ਪ੍ਰਕਾਸ਼ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਦੇ ਨਾਲੋਂ ਸਾਡੀ ਦੂਰੀ ਭਾਵ ਸਾਡਾ ਵਿਛੋੜਾ ਮਨਮਤਿ ਵਾਲੀ ਸਮਝ ਕਰਕੇ ਹੀ ਹੈ ਜੋ ਵਿਛੋੜਾ ਸਾਡੇ ਅੰਦਰ ਗੁਰਮਤਿ ਵਾਲੀ ਸਮਝ ਵੱਸਣ ਦੁਆਰਾ ਹੀ ਦੂਰ ਹੋ ਸਕਦਾ ਹੈ। ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਦਾ ਪੁੱਠਾ ਕਮਲ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਤੇ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਸਾਡੇ ਅੰਦਰ ਦੇ ਸਿੱਧੇ ਕਮਲ ਦੁਆਰਾ ਹੁੰਦਾ ਹੈ। ਸਾਡੇ ਅੰਦਰ ਗੁਰੂ ਦੀ ਸੱਚੀ ਸਮਝ ਦਾ ਪ੍ਰਕਾਸ਼ ਹੋਣਾ ਹੀ ਸਾਡੇ ਅੰਦਰ ਕਮਲ ਦਾ ਸਿੱਧਾ ਹੋਣਾ ਹੈ ਜਿਸ ਸਿੱਧੇ ਕਮਲ ਦੀ ਸਮਝ ਵਿੱਚ ਸਾਡੇ ਅੰਦਰ ਪ੍ਰਮਾਤਮਾ ਆਪ ਪਰਗਟ ਹੁੰਦਾ ਹੈ। ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਿਸ ਤਰੀਕੇ ਜਾਣਿਆ ਹੈ। ਜਿਸ ਤਰੀਕੇ ਉਹਨਾਂ ਨੇ ਆਪ ਜਾਣਿਆ ਹੈ, ਉਸੇ ਤਰੀਕੇ ਹੀ ਉਹਨਾਂ ਨੇ ਸੰਸਾਰ ਨੂੰ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਇਸ ਤਰੀਕੇ ਆਪਣੇ ਅੰਦਰੋਂ ਜਾਣੋ।

“ਬੁਧਵਾਰਿ ਬੁਧਿ ਕਰੈ ਪ੍ਰਗਾਸ ॥
ਹਿਰਦੈ ਕਮਲ ਮਹਿ ਹਰਿ ਕਾ ਬਾਸ ॥
ਗੁਰ ਮਿਲਿ ਦੋਊ ਏਕ ਸਮ ਧਰੈ ॥
ਉਰਧ ਪੰਕ ਲੈ ਸੂਧਾ ਕਰੈ ॥੪॥”

(ਅੰਗ - ੩੪੪)

ਉੱਪਰ ਸ਼ਬਦ ਰਾਹੀਂ ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਨਾਲ ਅਸੀਂ ਮੇਲ ਕਿੱਥੇ ਕਰਨਾ ਹੈ ਤੇ ਕਿਵੇਂ ਕਰਨਾ ਹੈ। ਸਾਡੇ ਹਿਰਦੈ ਵਿੱਚ ਕਮਲ ਕੀ ਹੈ ਇਸ ਨੂੰ ਅਸੀਂ ਪਿੱਛੇ ਕਿਤਨੇ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਕਮਲ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਤੇ ਗੁਰਮਤਿ ਦੀ ਸੱਚੀ ਸਮਝ ਸਾਡੇ ਅੰਦਰ ਦਾ ਸਿੱਧਾ ਕਮਲ ਹੈ ਭਾਵ ਮਨਮਤਿ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਤੇ ਗੁਰਮਤਿ ਸਾਡੇ ਅੰਦਰ ਦਾ ਸਿੱਧਾ ਕਮਲ ਹੈ। ਜਿਸ ਦੇ ਹਿਰਦੈ ਵਿੱਚ ਕਮਲ ਦਾ ਪਰਗਾਸ ਹੋ ਜਾਂਦਾ ਹੈ ਭਾਵ ਜਿਸ ਦੇ ਮਨ ਦੇ ਵਿੱਚ ਗੁਰਮਤਿ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਮਨ ਦੀ ਇਹੋ ਜਿਹੀ ਸੱਚੀ ਸਮਝ ਦੇ ਵਿੱਚ ਪ੍ਰਮਾਤਮਾ ਆਪ ਹੈ। ਫਿਰ ਧਿਆਨ ਨਾਲ ਸਮਝੋ ਕਿ ਮਨੁੱਖ ਦੀ ਪ੍ਰਮਾਤਮਾ ਦੇ ਨਾਲੋਂ ਦੂਰੀ ਕਿਸ ਗੱਲ ਦੀ ਹੈ ਭਾਵ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਵਿਛੋੜਾ ਹੈ। ਪ੍ਰਮਾਤਮਾ ਆਪ ਸੱਚੇ ਗਿਆਨ ਵਾਲੀ ਸਮਝ ਦੇ ਵਿੱਚ ਹੈ ਤੇ ਮਨੁੱਖੀ ਸਮਝ ਨੂੰ ਆਪ ਹੀ ਉਸਨੇ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਭਾਵ ਆਪ ਹੀ ਮਨ ਦੀ ਸਮਝ ਰਾਹੀਂ ਮਨੁੱਖ ਨੂੰ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ। “ਵਿਛੋੜਾ” ਸਾਡੀ ਹਉਮੈ ਵਾਲੀ ਸਮਝ ਹੈ ਤੇ ਉਸ ਦੇ ਨਾਲ

‘‘ਮੇਲ’’ ਸਾਡੀ ਨਾਮ ਵਾਲੀ ਸਮਝ ਹੈ। ਹਉਮੈ ਵਾਲੀ ਸਮਝ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਤੇ ਨਾਮ ਵਾਲੀ ਸਮਝ ਸਾਡੇ ਅੰਦਰ ਦਾ ਸਿੱਧਾ ਕਮਲ ਹੈ। ਉੱਪਰ ਇਸ ਪੰਗਤੀ ਨੂੰ ਧਿਆਨ ਨਾਲ ਸਮਝੋ **“ਗੁਰ ਮਿਲਿ ਦੋਊ ਏਕ ਸਮ ਧਰੈ”** ਇਸ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੀ ਸਮਝਾਇਆ ਹੋਇਆ ਹੈ ਕਿ ਸਾਡਾ ਗੁਰੂ ਦੇ ਨਾਲ ਮਿਲਣਾ ਕੀ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਿਸ ਨਾਲ ਸਾਡਾ ਪੁੱਠਾ ਕਮਲ ਸਿੱਧਾ ਹੋ ਜਾਂਦਾ ਹੈ। ਗੁਰੂ ਦੇ ਨਾਲ ਮਿਲਣਾ ਗੁਰੂ ਦੀ ਮਤਿ ਦੇ ਨਾਲ ਮਿਲਣਾ ਹੈ ਭਾਵ ਗੁਰੂ ਦੀ ਸਮਝ ਦੇ ਨਾਲ ਮੇਲ ਕਰਨਾ ਹੈ ਜੋ ਮੇਲ ਸਾਡੀ ਸਮਝ ਨੇ ਹੀ ਕਰਨਾ ਹੈ। ਸਾਡੀ ਸਮਝ ਹਉਮੈ ਵਾਲੀ ਹੈ ਤੇ ਗੁਰੂ ਦੀ ਸਮਝ ਨਾਮ ਵਾਲੀ ਹੈ। ਸਾਡੀ ਸਮਝ ਅਗਿਆਨਤਾ ਵਾਲੀ ਹੈ ਜਿਸ ਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਹੈ। ਗੁਰੂ ਦੀ ਸਮਝ ਸੱਚੇ ਗਿਆਨ ਵਾਲੀ ਹੈ ਜਿਸ ਦਾ ਮਕਸਦ ਹੀ ਮਨੁੱਖ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ। ਸਾਡੀ ਮਨੁੱਖੀ ਸਮਝ ਦਾ ਤੇ ਗੁਰੂ ਦੀ ਸਮਝ ਦਾ ਮੇਲ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਗੁਰੂ ਦੀ ਸਮਝ ਨੂੰ ਮੰਨ ਲੈਂਦੇ ਹਾਂ ਜਿਸ ਤਰੀਕੇ ਸਾਡੀ ਸਮਝ ਗੁਰੂ ਦੀ ਸਮਝ ਦੇ ਨਾਲ ਇੱਕ ਹੋ ਜਾਂਦੀ ਹੈ। ਇਹੀ ਸਾਡੇ ਅੰਦਰ ਸਾਡੀ ਬੁਧਿ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੈ। ਇਹੀ ਸਾਡੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ ਤੇ ਇਹੀ ਸਾਡੇ ਅੰਦਰ ਪੁੱਠੇ ਕਮਲ ਦਾ ਸਿੱਧਾ ਹੋਣਾ ਹੈ। ਸਿੱਧੇ ਕਮਲ ਦੇ ਵਿੱਚ ਪ੍ਰਮਾਤਮਾ ਦਾ ਵਾਸਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਇੱਕੋ ਇੱਕ ਸਾਧਨ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ ਜਿਸ ਵਿੱਚੋਂ ਕੇਵਲ ਗੁਰੂ ਦਾ ਸੱਚਾ ਗਿਆਨ ਆਪਣੇ ਅੰਦਰ ਵਸਾਉਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਜਿਸ ਅਗਿਆਨਤਾ ਵਿੱਚੋਂ ਨਿਕਲਣ ਲਈ ਕਿਸੇ ਖਾਸ ਸਮੇਂ ਦੀ ਲੋੜ ਨਹੀਂ ਹੈ, ਕਿਸੇ ਖਾਸ ਵੇਲੇ ਦੀ ਲੋੜ ਨਹੀਂ ਹੈ, ਕਿਸੇ ਖਾਸ ਥਿਤ ਦੀ, ਕਿਸੇ ਖਾਸ ਵਾਰ ਦੀ, ਕਿਸੇ ਖਾਸ ਘੜੀ ਦੀ, ਕਿਸੇ ਖਾਸ ਮੂਰਤ ਦੀ ਲੋੜ ਨਹੀਂ ਹੈ। ਅਗਿਆਨ ਵਿੱਚੋਂ ਨਿਕਲਣ ਲਈ ਅੱਠੇ ਪਹਿਰ ਇੱਕੋ ਜਿਹੇ ਹਨ, ਪੂਰਾ ਜੀਵਨ ਇੱਕੋ ਜਿਹਾ ਹੈ। (**ਬੁਧਵਾਰਿ ਬੁਧਿ ਕਰੈ ਪ੍ਰਗਾਸ ॥ ਹਿਰਦੈ ਕਮਲ ਮਹਿ ਹਰਿ ਕਾ ਬਾਸ ॥ ਗੁਰ ਮਿਲਿ ਦੋਊ ਏਕ ਸਮ ਧਰੈ ॥ ਉਰਧ ਪੰਕ ਲੈ ਸੂਧਾ ਕਰੈ ॥**)

ਸਾਡੇ ਅੰਦਰ ਦਾ ਪੁੱਠਾ ਕਮਲ ਤਾਂ ਗੁਰੂ ਦੇ ਸ਼ਬਦਾਂ ਦੀ ਵਿਚਾਰ ਦੁਆਰਾ ਹੀ ਸਿੱਧਾ ਹੋਣਾ ਹੈ ਭਾਵ ਗੁਰੂ ਦੇ ਨਾਮ ਦੁਆਰਾ ਹੀ ਸਿੱਧਾ ਹੋਣਾ ਹੈ ਭਾਵ ਗੁਰੂ ਦੇ ਬ੍ਰਹਮ ਗਿਆਨ ਦੁਆਰਾ ਸਿੱਧਾ ਹੋਣਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਹੋਰ ਵੀ ਸਪੱਸ਼ਟ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ ਜੋ ਤਰੀਕਾ ਸਾਨੂੰ ਅਕਾਲ ਪੁਰਖ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੀਆਂ ਹੋਈਆਂ ਪੰਗਤੀਆਂ ਦੁਆਰਾ ਸਮਝਾ ਰਹੇ ਹਨ। ਗੁਰੂ ਦੇ ਸਮਝਾਉਣ ਵੱਲੋਂ ਤਾਂ ਕੋਈ ਕਮੀ ਨਹੀਂ ਹੈ ਤੇ ਜੇਕਰ ਕੋਈ ਕਮੀ ਹੈ ਤੇ ਉਹ ਸਾਡੇ ਅੰਦਰ ਦੇ ਵਿਸ਼ਵਾਸ ਦੀ ਹੈ ਭਾਵ ਸਾਡੇ ਅੰਦਰ ਦੀ ਮਾਇਆ ਦੀ ਜੁਗਤਿ ਦੀ ਹੈ ਜਿਸ ਤੇ ਸਾਡਾ ਵੱਸ ਨਹੀਂ ਚੱਲ ਸਕਦਾ।

“ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥
ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥
ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥”

(ਅੰਗ - ੧੫੩)

ਪਿੱਛੇ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਸਾਨੂੰ ਘੱਟੋ ਘੱਟ ਇਸ ਗੱਲ ਤੇ ਵਿਸ਼ਵਾਸ ਤਾਂ ਆ ਹੀ ਗਿਆ ਹੋਵੇਗਾ ਕਿ ਸਾਡੇ ਅੰਦਰ ਦਾ ਪੁੱਠਾ ਕਮਲ ਕੀ ਹੈ ਤੇ ਸਿੱਧਾ ਕਮਲ ਕੀ ਹੈ। ਸਾਡੇ ਅੰਦਰ ਦੇ ਪੁੱਠੇ ਕਮਲ ਦਾ ਉਲਟ ਹੋਣਾ ਹੀ ਭਾਵ ਬਦਲ ਜਾਣਾ ਹੀ ਸਾਡੇ ਅੰਦਰ ਦੇ ਕਮਲ ਦਾ ਸਿੱਧਾ ਹੋਣਾ ਹੈ। ਪੁੱਠਾ ਕਮਲ ਕੀ ਹੈ, ਇਸ ਗੱਲ ਨੂੰ ਅਸੀਂ ਸਮਝਿਆ ਹੈ ਜੋ ਕਿ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਸਾਡੇ ਮਨ ਦੇ ਵਿਚਾਰ ਹੀ ਹਨ ਭਾਵ ਸਾਡੀ ਸੁਰਤਿ ਦੇ ਵਿਚਾਰ ਹਨ ਜੋ ਸਾਨੂੰ ਧਰਮ ਦਾ ਮਾਰਗ ਸਮਝਣ ਲਈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸਮਝਣ ਲਈ ਮਨ ਦੀ ਅਗਿਆਨਤਾ ਵਿੱਚ ਰੱਖਦੇ ਹਨ। ਅਸੀਂ ਇਸ ਗੱਲ ਨੂੰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਜਿਸ ਨੂੰ ਪ੍ਰਮਾਤਮਾ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ, ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ

ਭਾਵ ਹਉਮੈ ਵਿੱਚੋਂ ਕੱਢਦਾ ਹੈ, ਮਨ ਦੀ ਮਾਇਆ ਵਿੱਚੋਂ ਕੱਢਦਾ ਹੈ, ਉਹ ਆਪ ਹੀ ਕੱਢਦਾ ਹੈ ਤੇ ਆਪਣਾ ਨਾਮ ਦੇਣ ਦੁਆਰਾ ਕੱਢਦਾ ਹੈ ਤੇ ਇਹੀ ਗੱਲ ਸਾਨੂੰ ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਈ ਹੋਈ ਹੈ ਭਾਵ "ਗੁਰਬਾਣੀ" ਨੇ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਸਮਝਾਇਆ ਉਹ ਇੱਕੋ ਹੀ ਹੈ ਜਿਸ ਨੂੰ ਅਸੀਂ ਨਾ ਸਮਝ ਸਕੀਏ ਉਹ ਵੱਖਰੀ ਗੱਲ ਹੈ ਪਰ ਗੁਰੂ ਦੇ ਸ਼ਬਦਾਂ ਦੀ ਸਮਝ ਸਾਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦੀ ਹੈ, ਇੱਕੋ ਜਿਹਾ ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਹੀ ਸਮਝਾਉਂਦੀ ਹੈ। ਸਾਰੀ ਗੱਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੈ ਜੋ ਅਗਿਆਨਤਾ ਸਭ ਦੇ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਉਹ ਆਪ ਹੀ ਕਿਸੇ ਨੂੰ ਇਸ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ ਤੇ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਆਪਣੀ ਸਮਝ ਦੇ ਮਾਲਕ ਨੂੰ ਜਾਣ ਸਕਦਾ ਹੈ। ਇਸ ਗੱਲ ਨੂੰ ਤਾਂ ਹਰ ਕੋਈ ਸਮਝ ਸਕਦਾ ਹੈ ਕਿ "ਬ੍ਰਹਮੁ" ਆਪ ਪ੍ਰਮਾਤਮਾ ਹੈ ਤੇ "ਬ੍ਰਹਮੁ ਬੀਚਾਰਿ" ਉਹ ਹੈ ਜੋ ਵਿਚਾਰ ਪ੍ਰਮਾਤਮਾ ਆਪ ਦਿੰਦਾ ਹੈ। ਪ੍ਰਮਾਤਮਾ ਜੋ ਵੀ ਵਿਚਾਰ ਆਪ ਪਰਗਟ ਹੋਣ ਦੁਆਰਾ ਦਿੰਦਾ ਹੈ ਉਹੀ ਬ੍ਰਹਮ ਗਿਆਨ ਹੁੰਦਾ ਹੈ ਤੇ ਬ੍ਰਹਮ ਗਿਆਨ ਹੀ ਨਾਮ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਪੂਰੀ ਗੁਰਬਾਣੀ ਵਿੱਚ ਬ੍ਰਹਮੁ ਬੀਚਾਰਿ ਹੈ ਜੋ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ ਜੋ ਵਿਚਾਰ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਹਰ ਸ਼ਬਦ ਦੀ ਵਿਚਾਰ "ਬ੍ਰਹਮੁ ਬੀਚਾਰਿ" ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਨਾਮ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਵੀ ਗੁਰਬਾਣੀ ਦੀ ਰਚਨਾ ਹੋਈ ਹੈ ਉਹ ਬ੍ਰਹਮੁ ਬੀਚਾਰਿ ਦੁਆਰਾ ਹੀ ਹੋਈ ਹੈ ਜਿਸ ਵਿਚਾਰ ਦੁਆਰਾ ਪ੍ਰਮਾਤਮਾ ਨੇ ਉਹਨਾਂ ਨੂੰ ਹਰ ਭਰਮ ਵਿੱਚੋਂ ਕੱਢਿਆ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਿਆ ਹੈ ਜਿਸ ਰਾਹੀਂ ਉਸ ਨੇ ਸੰਸਾਰ ਨੂੰ ਸੱਚੀ ਭਗਤੀ ਦਾ ਗਿਆਨ ਦਿੱਤਾ ਹੈ, "ਬ੍ਰਹਮ ਗਿਆਨ" ਦੇ ਰੂਪ ਵਿੱਚ ਦਿੱਤਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਦਿੱਤਾ ਹੋਇਆ ਬ੍ਰਹਮ ਗਿਆਨ ਹੀ ਹੈ ਜਿਸ ਬ੍ਰਹਮ ਗਿਆਨ ਦੁਆਰਾ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਦੇ ਕਮਲ ਨੂੰ ਉਲਟਿਆ ਹੈ ਭਾਵ ਉਹਨਾਂ ਦੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕੀਤਾ ਹੈ ਜਿਸ ਰਾਹੀਂ ਉਸ ਨੇ ਆਪਣੀ ਸੱਚੀ ਭਗਤੀ ਦੀ ਸਮਝ ਪਾਈ ਹੈ ਤੇ ਉਹਨਾਂ ਨੇ ਸੱਚੀ ਭਗਤੀ ਦੀ ਸਮਝ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਪਾਈ ਹੈ, ਸੱਚੇ ਗਿਆਨ ਦੇ ਰੂਪ ਵਿੱਚ ਪਾਈ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਪਾਈ ਹੈ। (**ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥**)

ਪ੍ਰਮਾਤਮਾ ਕਿਸੇ ਦੇ ਅੰਦਰ ਦਾ ਪੁੱਠਾ ਕਮਲ ਕਿਸ ਤਰੀਕੇ ਉਲਟ ਕੇ ਸਿੱਧਾ ਕਰਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ। ਗੱਲ ਸਾਡੇ ਮਨ ਦੀ ਹੈ ਤੇ ਮਨ ਦੀ ਸਮਝ ਪਏ ਬਿਨ੍ਹਾਂ ਇਹਨਾਂ ਗੱਲਾਂ ਨੂੰ ਮਨੁੱਖ ਸਮਝ ਨਹੀਂ ਸਕਦਾ ਪਰ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨਾ ਵੀ ਸਾਡਾ ਸੱਚਾ ਫਰਜ ਹੈ ਕਿ ਗੁਰੂ ਸੱਚ ਹੀ ਸਮਝਾਉਂਦਾ ਹੈ।

“ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥”

ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਸਾਡੇ ਅੰਦਰ ਦੇ ਦਸਮ ਦੁਆਰ ਦੀ ਗੱਲ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸਮਝਿਆ ਹੈ। ਸਾਡੇ ਅੰਦਰ ਦਾ ਇਹ “ਦਸਮ ਦੁਆਰ” ਉਹ ਦਸਵਾਂ ਦਰਵਾਜਾ ਹੈ ਜੋ ਸਾਡੇ ਸਰੀਰ ਦੇ ਨਾਲ ਜੁੜਿਆ ਹੋਇਆ ਹੈ। ਆਪਣੇ ਸਰੀਰ ਨਾਲ ਜੁੜੇ ਹੋਏ ਨੋ ਦਰਵਾਜਿਆਂ ਨੂੰ ਅਸੀਂ ਦੇਖ ਸਕਦੇ ਹਾਂ, ਸਮਝ ਸਕਦੇ ਹਾਂ ਪਰ ਦਸਮ ਦੁਆਰ ਪ੍ਰਮਾਤਮਾ ਨੇ ਆਪ ਹੀ ਗੁਪਤ ਰੱਖਿਆ ਹੋਇਆ ਹੈ। ਇਹ “ਦਸਮ ਦੁਆਰ” ਸੰਸਾਰ ਵਿੱਚ ਹਰ ਕਿਸੇ ਦੇ ਅੰਦਰ ਹੈ ਪਰ ਸਭ ਦੇ ਅੰਦਰ ਗੁਪਤ ਰੂਪ ਵਿੱਚ ਹੀ ਹੈ। ਇਹ “ਦਸਮ ਦੁਆਰ” ਸਾਡਾ ਮਨ ਹੀ ਹੈ ਜਿਸ ਵਿੱਚ ਪ੍ਰਮਾਤਮਾ ਦਾ ਆਪਣਾ ਵਾਸਾ ਹੈ। ਆਪਣੇ ਅੰਦਰ ਦੇ ਮਨ ਨੂੰ ਜਾਨਣਾ ਜਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੇ ਦਸਵੇਂ ਦੁਆਰ ਦਾ ਖੁੱਲਣਾ ਹੀ ਆਪਣੇ ਅੰਦਰੋਂ ਮਨ ਨੂੰ ਜਾਨਣਾ ਹੈ ਭਾਵ ਦਸਮ ਦੁਆਰ ਖੁੱਲੇ ਬਿਨ੍ਹਾਂ ਨਾ ਕੋਈ ਮਨ ਨੂੰ ਜਾਣ ਸਕਦਾ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ “ਅੰਮ੍ਰਿਤ ਜਲ” ਪਿਆਉਂਦਾ ਹੈ, ਨਾਮ ਰੂਪ ਜਲ ਪਿਆਉਂਦਾ ਹੈ ਉਹ “ਦਸਵੇਂ ਦੁਆਰ” ਰਾਹੀਂ ਹੀ ਪਿਆਉਂਦਾ ਹੈ ਭਾਵ ਮਨ ਦੇ ਵਿੱਚੋਂ ਹੀ ਪਿਆਉਂਦਾ ਹੈ ਜੋ ਆਪਣਾ ਅੰਮ੍ਰਿਤ ਉਹ ਸਾਡੀ ਸਮਝ ਦੇ ਵਿੱਚ ਹੀ ਪਿਆਉਂਦਾ ਹੈ ਭਾਵ ਮਨ ਦੇ ਵਿੱਚ ਹੀ ਪਿਆਉਂਦਾ ਹੈ। ਪ੍ਰਮਾਤਮਾ ਕੋਲੋਂ ਦਸਮ ਦੁਆਰ ਦੇ ਵਿੱਚ ਇਹ ਅੰਮ੍ਰਿਤ ਜਲ ਪੀਣ ਦੁਆਰਾ ਹੀ ਕਿਸੇ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ। “ਅੰਮ੍ਰਿਤ ਨਾਮ” ਉਹ ਸੱਚੇ ਗਿਆਨ ਵਾਲੀ ਸਮਝ ਹੈ ਜਿਸ ਰਾਹੀਂ ਪ੍ਰਮਾਤਮਾ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਤੇ ਧਰਮ ਦੇ ਸੱਚੇ ਮਾਰਗ ਦੀ ਸਮਝ ਪਾਉਂਦਾ ਹੈ। ਪ੍ਰਮਾਤਮਾ ਦਾ ਇਹ “ਅੰਮ੍ਰਿਤ ਨਾਮ” ਹੀ “ਬ੍ਰਹਮ ਬੀਚਾਰ” ਹੈ ਜੋ ਵਿਚਾਰ ਉਹ “ਬ੍ਰਹਮੁ” ਭਾਵ ਅਕਾਲ ਪੁਰਖ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਦਿੰਦਾ ਹੈ। ਜੋ ਵਿਚਾਰ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੀ ਇਸ ਬ੍ਰਹਮ ਬੀਚਾਰ ਵਾਲੀ ਸਮਝ ਨਾਲ ਹੀ ਸਾਡੇ ਅੰਦਰ ਦਾ “ਦਸਮ ਦੁਆਰ” ਖੁੱਲਦਾ ਹੈ ਜੋ ਦੁਆਰ ਇੱਕ ਵਾਰੀ ਖੁੱਲ ਜਾਵੇ ਫਿਰ ਉਹ ਸਦਾ ਲਈ ਖੁੱਲਿਆ ਹੀ ਰਹਿੰਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਆਪਣਾ ਸੱਚਾ ਗਿਆਨ ਦਿੰਦਾ ਹੀ ਰਹਿੰਦਾ ਹੈ ਜੋ ਗਿਆਨ ਉਹ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ। ਜਿੰਨ੍ਹਾਂ ਦਾ “ਦਸਮ ਦੁਆਰ” ਖੁੱਲਿਆ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਬ੍ਰਹਮ ਬੀਚਾਰ ਸਮਝਾਈ ਹੈ, ਪ੍ਰਮਾਤਮਾ ਦਾ ਬ੍ਰਹਮ ਗਿਆਨ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਇਆ ਹੈ ਜਿਸ ਰਾਹੀਂ ਉਹਨਾਂ ਨੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ, ਨਾਮ ਜਪਣਾ ਸਮਝਾਇਆ ਹੈ। ਇਸੇ ਲਈ ਗੁਰਬਾਣੀ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਸੱਚੀ ਬਾਣੀ ਹੈ। ਹਰ ਸੱਚਾ ਧਰਮ ਗ੍ਰੰਥ ਪ੍ਰਮਾਤਮਾ ਦਾ ਆਪਣਾ ਹੀ ਰਚਿਆ ਹੋਇਆ ਹੈ ਜਿਸ ਗੱਲ ਦੀ ਸਮਝ ਦਸਮ ਦੁਆਰ ਖੁੱਲਣ ਦੁਆਰਾ ਹੀ ਪੈ ਸਕਦੀ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਗਿਆਨ ਦਾ ਮਾਲਕ ਕੌਣ ਹੈ ਭਾਵ ਸੰਸਾਰ ਵਿੱਚ ਜੋ ਵੀ ਗਿਆਨ ਆਉਂਦਾ ਹੈ ਇਹ ਕਿੱਥੋਂ ਆਉਂਦਾ ਹੈ। ਇਸ ਗੱਲ ਦੀ ਸਮਝ ਦਸਮ ਦੁਆਰ ਖੁੱਲਣ ਦੁਆਰਾ ਹੀ ਪੈ ਸਕਦੀ ਹੈ ਤੇ ਦਸਮ ਦੁਆਰ ਖੁੱਲਣ ਤੋਂ ਪਹਿਲਾਂ ਹਰ ਕੋਈ ਮਨ ਦੀ ਸਮਝ ਨੂੰ ਭਾਵ ਮਨ ਦੇ ਗਿਆਨ ਨੂੰ ਆਪਣਾ ਹੀ ਗਿਆਨ ਸਮਝਦਾ ਹੈ ਤੇ ਇਹੀ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਦਾ ਹੋਣਾ ਹੈ, ਹਉਮੈ ਦਾ ਹੋਣਾ ਹੈ, ਮਾਇਆ ਦੀ ਜੁਗਤਿ ਦਾ ਹੋਣਾ ਹੈ ਤੇ ਇਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਜੋ ਕਿ ਦਸਮ ਦੁਆਰ ਖੁੱਲਣ ਦੁਆਰਾ ਹੀ ਸਿੱਧਾ ਹੁੰਦਾ ਹੈ ਭਾਵ ਮਨ ਦੀ ਅਗਿਆਨਤਾ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਦੂਰ ਹੁੰਦੀ ਹੈ ਭਾਵ ਮਨ ਦੇ ਵਿੱਚੋਂ ਬ੍ਰਹਮ ਬੀਚਾਰ ਮਿਲਣ ਦੁਆਰਾ ਹੀ ਦੂਰ ਹੁੰਦੀ ਹੈ। ਬਾਣੀ ਵਿੱਚ ਵਾਰ-ਵਾਰ “ਤ੍ਰਿਭਵਣੁ” ਦੀ ਗੱਲ ਆਉਂਦੀ ਹੈ ਤੇ ਸਾਡੇ ਅੰਦਰ ਪ੍ਰਮਾਤਮਾ ਦਾ ਮਹਲ ਹੋਣ ਦੀ ਗੱਲ ਆਉਂਦੀ ਹੈ। “ਤ੍ਰਿਭਵਣੁ” ਸਾਡੇ ਅੰਦਰ ਭਾਵ ਸਾਰੇ ਸੰਸਾਰ ਦੇ ਮਨ ਦੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਦਾ ਘਰ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਕੁੱਝ ਸਮਝਿਆ ਹੈ ਤੇ ਪ੍ਰਮਾਤਮਾ ਦਾ “ਮਹਲ” ਸਾਡੇ ਅੰਦਰ ਚੌਥੇ ਪਦ ਵਾਲੀ ਸਮਝ ਦਾ ਘਰ ਹੈ। ਜਦੋਂ ਕਿਸੇ ਦਾ ਦਸਮ ਦੁਆਰ ਖੁੱਲਦਾ ਹੈ ਉਹ ਤਾਂ ਹੀ ਪ੍ਰਮਾਤਮਾ ਦੇ ਘਰ ਵਿੱਚ, ਪ੍ਰਮਾਤਮਾ ਦੇ ਮਹਲ ਵਿੱਚ ਪਹੁੰਚਦਾ ਹੈ ਜੋ ਕਿ ਉਸ ਦੇ ਚਉਥੇ ਪਦ ਦੇ ਉੱਚੇ ਗਿਆਨ ਵਾਲਾ ਘਰ

ਹੈ, ਬ੍ਰਹਮ ਗਿਆਨ ਰੂਪ ਘਰ ਹੈ, ਨਿਰੰਕਾਰ ਰੂਪ ਘਰ ਹੈ। "ਤ੍ਰਿਭਵਣੁ" ਵਾਲੀ ਸਮਝ ਦੇ ਵਿੱਚੋਂ ਭਾਵ ਤ੍ਰੈਗੁਣਾਂ ਵਾਲੀ ਸਮਝ ਦੇ ਵਿੱਚੋਂ, ਹਉਮੈ ਵਿੱਚੋਂ ਭਾਵ ਮਾਇਆ ਦੀ ਜੁਗਤਿ ਵਿੱਚੋਂ ਕੋਈ ਆਪਣੇ ਆਪ ਨਿਕਲ ਜਾਵੇ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਜਿਸ ਨੇ ਸਾਨੂੰ "ਤ੍ਰਿਭਵਣੁ" ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਦੇ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਇਸ ਸਮਝ ਵਿੱਚੋਂ ਕੱਢਦਾ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕੋਈ ਜਾਣ ਸਕਦਾ ਹੈ। ਆਪਣਾ "ਦਸਮ ਦੁਆਰ" ਖੋਲ ਕੇ ਪ੍ਰਮਾਤਮਾ ਸਾਡੇ ਅੰਦਰ ਦੇ "ਤ੍ਰਿਭਵਣੁ" ਨੂੰ ਆਪ ਹੀ ਬੇਧਦਾ ਹੈ ਭਾਵ ਆਪ ਹੀ ਇਸ ਘਰ ਨੂੰ ਤੋੜਦਾ ਹੈ ਭਾਵ ਸਾਡੀ ਅਗਿਆਨਤਾ ਵਾਲੀ ਸਮਝ ਦੇ ਘਰ ਨੂੰ ਆਪਣੇ ਸੱਚੇ ਗਿਆਨ ਦੇ ਵਿਚਾਰਾਂ ਦੁਆਰਾ ਬੇਧ ਕੇ ਤੋੜਦਾ ਹੈ। ਜਿਸ ਨੇ ਸਾਨੂੰ ਇਸ ਘਰ ਵਿੱਚ ਰੱਖਿਆ ਹੋਇਆ ਹੈ ਭਾਵ ਮਾਇਆ ਮੋਹ ਦੇ ਘਰ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਆਪਣੇ ਆਪ ਪ੍ਰਮਾਤਮਾ ਨੂੰ ਜਾਣ ਲਵੇ ਭਾਵ ਨਾਮ ਦੀ ਪ੍ਰਾਪਤੀ ਕਰ ਲਵੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ। (**ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥**)

ਮਨ ਦੇ ਵਿੱਚ ਆਪਣਾ "ਅੰਮ੍ਰਿਤ" ਪ੍ਰਮਾਤਮਾ ਕਿਸ ਮਕਸਦ ਲਈ ਪਿਆਉਂਦਾ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਮਹਲਾ ੧ ॥

"ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥
ਅਨ ਭੈ ਵਿਸਰੇ ਨਾਮਿ ਸਮਾਇਆ ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ ॥
ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥
ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥
ਸਹਜਿ ਸੁਭਾਇ ਮਿਲੇ ਸਾਬਾਸਿ ॥੨॥
ਜਾਹਿ ਸਵਾਰੈ ਸਾਝ ਬਿਆਲ ॥
ਇਤ ਉਤ ਮਨਮੁਖ ਬਾਧੇ ਕਾਲ ॥੩॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥
ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥"

(ਅੰਗ - ੧੫੪)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਅੱਗੇ ਚੱਲਕੇ ਸਮਝਾਂਗੇ ਤੇ ਇਸ ਸ਼ਬਦ ਰਾਹੀਂ ਸਾਡਾ "ਅੰਮ੍ਰਿਤ ਵੇਲੇ" ਵਾਲਾ ਭਰਮ ਵੀ ਕੱਢਿਆ ਹੋਇਆ ਹੈ ਜਿਸ ਨੂੰ ਕੁੱਝ ਅੱਗੇ ਚੱਲਕੇ ਸਮਝਾਂਗੇ। ਹੁਣ ਸ਼ਬਦ ਦੇ ਪਹਿਲੇ ਪਦੇ ਨੂੰ ਸਮਝਦੇ ਹਾਂ ਤੇ "ਰਹਾਉ" ਵਾਲੀ ਪੰਗਤੀ ਨੂੰ ਸਮਝਦੇ ਹਾਂ।

"ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥
ਅਨ ਭੈ ਵਿਸਰੇ ਨਾਮਿ ਸਮਾਇਆ ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ ॥
ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥"

ਉੱਪਰ ਸ਼ਬਦ ਰਾਹੀਂ ਜਿੰਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਉਸ ਦਾ "ਅੰਮ੍ਰਿਤ" ਪੀਤਾ ਹੈ ਉਹ ਮਨ ਦੇ ਵਿੱਚ ਦਸਵਾਂ ਦੁਆਰ ਖੁੱਲਣ ਦੁਆਰਾ ਹੀ ਪੀਤਾ ਹੈ ਤੇ ਪ੍ਰਮਾਤਮਾ ਕੋਲੋਂ ਸਿੱਧਾ ਮਨ ਦੇ ਵਿੱਚ ਅੰਮ੍ਰਿਤ ਪੀਣ ਦਾ ਕੋਈ ਹੋਰ ਤਰੀਕਾ ਨਹੀਂ ਹੈ। ਜਿੰਨ੍ਹਾਂ ਨੂੰ

ਪ੍ਰਮਾਤਮਾ ਨੇ ਮਨ ਦੇ ਵਿੱਚ ਇਹ ਆਪਣਾ ਅੰਮ੍ਰਿਤ ਪਿਆਇਆ ਹੈ ਉਹਨਾਂ ਨੂੰ ਮਨ ਦੇ ਵਿੱਚ ਭਗਤੀ ਦਾ ਸੱਚਾ ਗਿਆਨ ਹੀ ਦਿੱਤਾ ਹੈ। ਪ੍ਰਮਾਤਮਾ ਆਪ ਅਕਥੁ ਹੈ ਭਾਵ ਉਸ ਨੂੰ ਕੋਈ ਆਪਣੇ ਆਪ ਕਥ ਲਵੇ, ਆਪਣੇ ਆਪ ਜਾਣ ਲਵੇ, ਉਸ ਦੀ ਰਚਨਾ ਨੂੰ ਜਾਣ ਲਵੇ ਤੇ ਉਸ ਦੀ ਸੱਚੀ ਭਗਤੀ ਦੇ ਮਾਰਗ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ ਭਾਵ ਉਹ ਸਾਰੇ ਸੰਸਾਰ ਦੇ ਲਈ "ਅਕਥੁ" ਹੀ ਹੈ। ਪੂਰੀ ਗੁਰਬਾਣੀ ਰਾਹੀਂ ਵੱਖ-ਵੱਖ ਸਰੀਰਾਂ ਰਾਹੀਂ ਪਰਗਟ ਹੋਣ ਦੁਆਰਾ ਪ੍ਰਮਾਤਮਾ ਨੇ ਆਪਣਾ "ਅਕਥੁ" ਰੂਪ ਹੀ ਕਹਾਇਆ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ "ਅਕਥੁ ਕਥਾ" ਹੈ। ਜਿੰਨ੍ਹਾਂ ਸਰੀਰ ਰਾਹੀਂ ਪ੍ਰਮਾਤਮਾ ਨੇ ਆਪਣੀ ਅਕਥੁ ਕਥਾ ਲਿਖਵਾਈ ਹੈ ਉਹ ਮਨ ਦੇ ਵਿੱਚ, ਦਸਵੇਂ ਦੁਆਰ ਦੇ ਵਿੱਚ ਮਨੁੱਖੀ ਸਮਝ ਨੂੰ ਆਪਣਾ ਅੰਮ੍ਰਿਤ ਪਿਆਉਣ ਦੁਆਰਾ ਹੀ ਲਿਖਵਾਈ ਹੈ ਭਾਵ ਆਪਣਾ ਸੱਚਾ ਗਿਆਨ ਦੇਣ ਦੁਆਰਾ ਹੀ ਲਿਖਵਾਈ ਹੈ। ਇਹ ਸਾਡੇ ਮਨ ਦੇ ਪੀਣ ਦਾ "ਅੰਮ੍ਰਿਤ" ਹੈ ਜੋ "ਅੰਮ੍ਰਿਤ" ਪ੍ਰਮਾਤਮਾ ਮਨ ਦੇ ਵਿੱਚ ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਆਪ ਹੀ ਪਿਆਉਂਦਾ ਹੈ ਜੋ ਅੰਮ੍ਰਿਤ ਸਾਡੀ ਸੁਰਤਿ ਵਾਲੇ ਵਿਚਾਰ ਪੀਂਦੇ ਹਨ ਜਿਸ ਦੁਆਰਾ ਸਾਡੇ ਵਿਚਾਰ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਕੇ ਗੁਰੂ ਦੀ ਸੱਚੀ ਸਮਝ ਵਾਲੇ ਬਣ ਜਾਂਦੇ ਹਨ ਭਾਵ ਮਨਮਤਿ ਵਿੱਚੋਂ ਨਿਕਲਕੇ ਗੁਰਮਤਿ ਵਾਲੇ ਬਣ ਜਾਂਦੇ ਹਨ, ਹਉਮੈ ਵਿੱਚੋਂ ਨਿਕਲਕੇ ਨਾਮ ਵਾਲੇ ਬਣ ਜਾਂਦੇ ਹਨ ਭਾਵ ਤ੍ਰੈ ਗੁਣਾਂ ਵਿੱਚੋਂ ਨਿਕਲਕੇ ਚੌਥੇ ਪਦ ਦੀ ਸਮਝ ਵਾਲੇ ਬਣ ਜਾਂਦੇ ਹਨ ਜਿਸ ਸਮਝ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਹੈ ਪਰ ਜਦ ਤੱਕ ਉਹ ਆਪਣਾ ਗੁਪਤ ਦੁਆਰ ਭਾਵ ਦਸਵਾਂ ਦੁਆਰ ਨਹੀਂ ਖੋਲਦਾ ਤਦ ਤੱਕ ਉਸ ਨੂੰ ਆਪਣੇ ਅੰਦਰੋਂ ਕੋਈ ਨਹੀਂ ਜਾਣ ਸਕਦਾ ਤੇ ਨਾ ਹੀ ਉਸ ਦੀ "ਅਕਥੁ ਕਥਾ" ਨੂੰ ਜਾਣ ਸਕਦਾ ਹੈ। (**ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥**)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥}

(ਅੰਗ - ੧੦੨)

ਇਹ ਅੰਮ੍ਰਿਤ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉੱਪਰ ਵਾਲੇ ਸ਼ਬਦ ਦੁਆਰਾ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਜੋ ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਉਸ ਦਾ ਅੰਮ੍ਰਿਤ ਪੀਂਦਾ ਹੈ ਉਹੀ ਉਸ ਦੇ ਨਾਮ ਦੇ ਵਿੱਚ ਸਮਾਉਂਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਅਨ ਭੈ ਵਿਸਰੇ ਨਾਮਿ ਸਮਾਇਆ ॥੧॥"

ਨਾਮ ਵਿੱਚ ਸਮਾਉਣਾ ਉਹੀ ਹੈ ਜੋ ਕੁੱਝ ਹੁਣ ਤੱਕ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਨਾਮ ਦੇ ਵਿੱਚ ਸਮਾਉਣਾ ਜਾਂ ਪ੍ਰਮਾਤਮਾ ਵਿੱਚ ਸਮਾਉਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਵਿੱਚ ਅਸੀਂ ਮਨ ਦੀ ਸਮਝ ਰਾਹੀਂ ਹੀ ਸਮਾਉਣਾ ਹੈ ਤੇ ਪ੍ਰਮਾਤਮਾ ਵਿੱਚ ਸਾਡੀ ਉਹ ਸਮਝ ਹੀ ਸਮਾਅ ਸਕਦੀ ਹੈ ਜਿਸ ਸਮਝ ਨੂੰ ਉਹ ਆਪਣਾ ਅੰਮ੍ਰਿਤ ਪਿਆਉਣ ਦੁਆਰਾ "ਨਾਮ" ਵਾਲੀ ਸਮਝ ਬਣਾ ਦਿੰਦਾ ਹੈ। ਜਦ ਤੱਕ ਸਾਨੂੰ ਮਨ ਦੇ ਵਿੱਚ ਨਾਮ ਵਾਲੀ ਸਮਝ ਨਹੀਂ ਪੈਂਦੀ ਤਦ ਤੱਕ ਸਾਡੇ ਮਨ

ਦੇ ਅੰਦਰ ਅਨੇਕਾਂ ਹੀ ਭੈ ਵੱਸੇ ਰਹਿੰਦੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਨੁੱਖ ਦੇ ਅੰਦਰ ਸਭ ਤੋਂ ਵੱਡਾ "ਭੈ" ਮਾਇਆ ਮੋਹ ਛੱਡਣ ਦਾ ਹੈ ਜਿਸ ਲਈ ਮਾਇਆ ਦੇ ਸੁੱਖਾਂ ਦਾ ਤਿਆਗ ਕਰਨਾ ਪੈਂਦਾ ਹੈ ਜਿਸ ਨੂੰ ਛੱਡੇ ਬਿਨ੍ਹਾਂ ਭਾਵ ਤ੍ਰਿਸ਼ਨਾਵਾਂ ਨੂੰ ਤਿਆਗੇ ਬਿਨ੍ਹਾਂ ਭਗਤੀ ਦੇ ਮਾਰਗ ਦੇ ਨਾਲ ਨਹੀਂ ਜੁੜਿਆ ਜਾ ਸਕਦਾ ਭਾਵ ਗੁਰੂ ਦੀ ਮਤਿ ਅਨੁਸਾਰ ਨਹੀਂ ਚੱਲਿਆ ਜਾ ਸਕਦਾ। ਇਹ ਸਭ ਕੁੱਝ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜੋ ਸਾਨੂੰ ਭੈ ਵਿੱਚ ਪਾ ਕੇ ਰੱਖਦੀ ਹੈ ਤੇ ਇਸੇ ਤਰ੍ਹਾਂ ਹੀ ਮਨ ਦੀ ਨਾਸਮਝੀ ਕਰਕੇ ਭਾਵ ਭਗਤੀ ਦੀ ਸੱਚੀ ਸਮਝ ਨਾ ਹੋਣ ਕਰਕੇ ਸਾਡੇ ਅੰਦਰ ਅਨੇਕਾਂ ਭਉ ਬਣੇ ਰਹਿੰਦੇ ਹਨ, ਪ੍ਰਮਾਤਮਾ ਦੀ ਭਗਤੀ ਨੂੰ ਲੈ ਕੇ ਵੀ ਭਉ ਬਣੇ ਰਹਿੰਦੇ ਹਨ। ਅਸੀਂ ਭਗਤੀ ਦੇ ਜੋ ਅਨੇਕਾਂ ਮਾਰਗ ਬਣਾਏ ਹੋਏ ਹਨ ਭਾਵ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਸੱਚੇ ਮਾਰਗ ਸਮਝਿਆ ਹੋਇਆ ਹੈ ਉਹ ਅਸੀਂ ਕਿਸੇ ਦਾ ਭਉ ਮੰਨ ਕੇ ਹੀ ਆਪਣੇ ਅੰਦਰ ਪੱਕੇ ਕੀਤੇ ਹੋਏ ਹਨ। ਸਾਡੇ ਅੰਦਰ ਇਹ ਭਉ ਬਣਿਆ ਰਹਿੰਦਾ ਹੈ ਕਿ ਜੇਕਰ ਮੈਂ ਜਿੰਨ੍ਹਾਂ ਕੋਲੋਂ ਭਗਤੀ ਦਾ ਮਾਰਗ ਸਿੱਖਿਆ ਹੈ ਜੇਕਰ ਉਹਨਾਂ ਦੀ ਗੱਲ ਨਾ ਮੰਨੀ ਤਾਂ ਮੇਰਾ ਨੁਕਸਾਨ ਹੋ ਜਾਵੇਗਾ ਭਾਵ ਉਹ "ਸੰਤ" ਨਾਰਾਜ ਹੋ ਜਾਣਗੇ, ਉਹ ਬਾਬਾ ਜੀ ਨਾਰਾਜ ਹੋ ਜਾਣਗੇ ਜਿੰਨ੍ਹਾਂ ਨੇ ਮੈਨੂੰ ਇਹ ਸਭ ਕੁੱਝ ਕਰਨ ਲਈ ਆਖਿਆ ਸੀ। ਜਿੰਨ੍ਹਾਂ ਨੂੰ ਵੀ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ ਉਹਨਾਂ ਦੀਆਂ ਗੱਲਾਂ ਨੂੰ ਮੰਨਣ ਦਾ ਭਉ ਸਭ ਦੇ ਵਿੱਚ ਹੀ ਵੱਸਿਆ ਰਹਿੰਦਾ ਹੈ ਜਿੰਨ੍ਹਾਂ ਦੇ ਭਉ ਕਰਕੇ ਅਸੀਂ ਗੁਰੂ ਦੀ ਗੱਲ ਨੂੰ ਨਾ ਮੰਨਣਾ ਮਨਜੂਰ ਕਰ ਲੈਂਦੇ ਹਾਂ ਪਰ ਉਹਨਾਂ ਦੀ ਦੱਸੀ ਹੋਈ ਗੱਲ ਨੂੰ ਨਹੀਂ ਛੱਡਦੇ ਭਾਵੇਂ ਉਹਨਾਂ ਦੀ ਗੱਲ ਗੁਰੂ ਦੀ ਗੱਲ ਨਾਲ ਮੇਲ ਨਹੀਂ ਖਾਂਦੀ। ਜਿਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਅਸੀਂ ਜੁੜੇ ਹੋਏ ਹਾਂ ਭਾਵੇਂ ਉਹਨਾਂ ਸਾਰੇ ਤਰੀਕਿਆਂ ਦਾ ਗੁਰਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਪਰ ਅਸੀਂ ਫਿਰ ਵੀ ਉਹਨਾਂ ਨੂੰ ਨਹੀਂ ਛੱਡਦੇ ਕਿਉਂਕਿ ਸਾਡੇ ਅੰਦਰ ਇਹ "ਭਉ" ਹੈ ਕਿ ਜਿੰਨ੍ਹਾਂ ਨੇ ਇਹ ਤਰੀਕੇ ਦੱਸੇ ਹੋਏ ਹਨ ਉਹ ਗਲਤ ਕਿਵੇਂ ਹੋ ਸਕਦੇ ਹਨ ਭਾਵ ਉਹਨਾਂ ਨੂੰ ਗਲਤ ਕਹਿਣ ਦਾ ਭਉ ਸਾਡੇ ਅੰਦਰ ਬਹੁਤ ਵੱਡਾ ਭਉ ਹੈ ਜਿਸ ਕਰਕੇ ਉਸ "ਭਉ" ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਅਸੀਂ ਅਨੇਕਾਂ ਹੀ ਮਰਿਆਦਾਵਾਂ ਬਣਾਈਆਂ ਹੋਈਆਂ ਹਨ ਜੋ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੀਆਂ ਪਰ ਉਹਨਾਂ ਨੂੰ ਛੱਡਣ ਦਾ ਭਉ ਸਭ ਦੇ ਅੰਦਰ ਬਣਿਆ ਹੀ ਰਹਿੰਦਾ ਹੈ ਜਿੰਨ੍ਹਾਂ ਦਾ ਕਾਰਨ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ। ਜਦੋਂ ਮਨੁੱਖੀ ਸਮਝ ਨਾਮ ਦੇ ਵਿੱਚ ਸਮਾਅ ਜਾਂਦੀ ਹੈ ਭਾਵ ਉਸ ਨੂੰ ਭਗਤੀ ਦੇ ਮਾਰਗ ਦਾ ਸੱਚਾ ਗਿਆਨ ਮਿਲ ਜਾਂਦਾ ਹੈ ਜੋ ਸੱਚਾ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਆਪਣਾ ਅੰਮ੍ਰਿਤ ਪਿਆਉਣ ਦੁਆਰਾ ਦਿੰਦਾ ਹੈ ਫਿਰ ਮਨੁੱਖ ਦੇ ਅੰਦਰ ਕੇਵਲ ਸੱਚ ਤੇ ਚੱਲਣ ਦਾ ਭਉ ਰਹਿ ਜਾਂਦਾ ਹੈ ਭਾਵ ਗੁਰਮਤਿ ਤੇ ਚੱਲਣ ਦਾ ਭਉ ਰਹਿ ਜਾਂਦਾ ਹੈ ਭਾਵ ਕੇਵਲ "ਗੁਰੂ ਦਾ ਭਉ" ਰਹਿ ਜਾਂਦਾ ਹੈ ਤੇ ਹੋਰ ਸਾਰੇ ਭਉ ਅੰਦਰੋਂ ਨਿਕਲ ਜਾਂਦੇ ਹਨ। ਜੋ ਪ੍ਰਮਾਤਮਾ ਕੋਲੋਂ ਮਨ ਦੀ ਸਮਝ ਰਾਹੀਂ "ਨਾਮੁ" ਨੂੰ ਸਮਝ ਲੈਂਦਾ ਹੈ ਉਹ ਫਿਰ ਕਿਸੇ ਹੋਰ ਦੀ ਮਤਿ ਦਾ ਭਉ ਤਾਂ ਮੰਨੇ ਜੇ ਕੋਈ ਪ੍ਰਮਾਤਮਾ ਨਾਲੋਂ ਵੱਡਾ ਕੋਈ ਹੋਰ ਹੋਵੇ ਜੋ ਆਪ ਹੀ ਗੁਰੂ ਹੈ ਤੇ ਆਪ ਹੀ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਜਿਸ ਤੋਂ ਬਾਦ ਮਨੁੱਖ ਦੇ ਅੰਦਰੋਂ ਹਰ ਝੂਠੀ ਭਗਤੀ ਦਾ ਭਉ ਨਿਕਲ ਜਾਂਦਾ ਹੈ, ਮਾਇਆ ਮੋਹ ਦਾ ਭਉ ਨਿਕਲ ਜਾਂਦਾ ਹੈ। (**ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥੧**) ਨਾਮ ਵਿੱਚ ਸਮਾਉਣਾ, ਅੰਮ੍ਰਿਤ ਪੀਣਾ ਜਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਨਣਾ ਇੱਕੋ ਹੀ ਗੱਲ ਹੈ ਜਿਸ ਨਾਮ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣੇ ਬਿਨ੍ਹਾਂ ਕਿਸੇ ਦੇ ਡਰ ਨਹੀਂ ਨਿਕਲ ਸਕਦੇ ਜਿਵੇਂ ਕਿ ਅਗਲੀਆਂ "ਰਹਾਉ" ਵਾਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

"ਕਿਆ ਡਰੀਐ ਡਰੁ ਡਰਹਿ ਸਮਾਨਾ ॥

ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥"

ਮਨੁੱਖ ਦਾ ਡਰ ਤਾਂ ਹੀ ਖ਼ਤਮ ਹੁੰਦਾ ਹੈ ਜਦੋਂ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਜਿਵੇਂ ਕਿ ਉੱਪਰ ਸਮਝਾਇਆ ਹੋਇਆ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣਦਾ ਹੈ ਉਹ ਮਨ ਦੇ ਵਿੱਚੋਂ "ਦਸਮ ਦੁਆਰ" ਖੁੱਲਣ ਦੁਆਰਾ ਹੀ ਪਹਿਚਾਣਦਾ ਹੈ ਭਾਵ ਮਨ ਦੇ ਵਿੱਚੋਂ ਉਸ ਦਾ ਅੰਮ੍ਰਿਤ ਪੀਣ ਦੁਆਰਾ ਹੀ ਪਹਿਚਾਣਦਾ ਹੈ। ਜਦ ਤੱਕ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਨਹੀਂ ਲੈਂਦਾ ਭਾਵ ਜਾਣ ਨਹੀਂ ਲੈਂਦਾ ਤਦ ਤੱਕ ਉਸ ਦੇ ਅੰਦਰ ਭਗਤੀ ਦੇ ਮਾਰਗ ਨੂੰ ਲੈ ਕੇ ਸੱਚ ਤੇ ਚੱਲਣ ਤੋਂ ਬਿਨ੍ਹਾਂ ਕਿਤਨੇ ਹੀ ਭੈ ਵੱਸੇ ਹੁੰਦੇ ਹਨ ਤੇ ਇਹ ਸਭ ਝੂਠੇ ਭੈ ਹਨ। ਕੋਈ ਸਮਾਧੀਆਂ ਲਗਾ ਕੇ ਬੈਠਾ ਰਹਿੰਦਾ ਹੈ, ਕੋਈ "ਭੋਰਿਆਂ" ਵਿੱਚ ਵੜਿਆ ਰਹਿੰਦਾ ਹੈ, ਕੋਈ ਸੁਆਸਾਂ ਦੁਆਰਾ ਕਿਰਿਆ ਕਰੀ ਜਾਂਦਾ ਹੈ, ਕੋਈ ਜੰਗਲਾਂ ਵਿੱਚ ਭਵੀ

ਜਾਂਦਾ ਹੈ, ਕੋਈ ਪਹਾੜਾਂ ਦੀਆਂ ਕੁੰਦਰਾਂ ਵਿੱਚ ਵੜੀ ਬੈਠਾ ਹੈ, ਕੋਈ ਪਹਾੜੀਆਂ ਦੀਆਂ ਟੀਸੀਆਂ ਤੇ ਚੜ੍ਹਕੇ ਆਪਣੇ ਸਰੀਰ ਨੂੰ ਦੁਖ ਦੇਈ ਜਾ ਰਿਹਾ ਹੈ, ਕੋਈ ਵਸਤਰ ਹੀਣ ਫਿਰੀ ਜਾਂਦਾ ਹੈ, ਕੋਈ ਨੰਗੀ ਪੈਰੀ ਫਿਰੀ ਜਾਂਦਾ ਹੈ, ਕੋਈ ਕਿਸੇ ਵੇਲੇ ਨੂੰ ਉੱਚਾ ਮੰਨਕੇ ਉਸ ਵੇਲੇ ਜਾਗਣ ਦਾ ਆਪਣੇ ਅੰਦਰ ਡਰ ਵਸਾਈ ਬੈਠਾ ਹੈ, ਕੋਈ ਸੁੱਚੇ ਚੌਂਕੇ ਤੇ ਬੈਠਕੇ ਸੁੱਚੇ ਭੋਜਨ ਖਾਣ ਦਾ ਡਰ ਆਪਣੇ ਅੰਦਰ ਵਸਾਈ ਬੈਠਾ ਹੈ, ਕੋਈ ਕਿਸੇ ਖਾਸ ਤਰਾਂ ਦੇ, ਖਾਸ ਰੰਗ ਦੇ ਕਿਸਮ ਦੇ ਬਰਤਨਾਂ ਵਿੱਚ ਖਾਣਾ ਪਕਾਉਣ ਵਿੱਚ ਤੇ ਉਹੋ ਜਿਹੇ ਬਰਤਨਾਂ ਵਿੱਚ ਖਾਣ ਦਾ ਡਰ ਆਪਣੇ ਅੰਦਰ ਵਸਾਈ ਬੈਠਾ ਹੈ, ਕੋਈ ਕਿਸੇ ਖਾਸ ਤਰ੍ਹਾਂ ਦੇ, ਖਾਸ ਰੰਗ ਦੇ ਵਸਤਰਾਂ ਦੇ ਪਹਿਰਾਵੇ ਨੂੰ ਅਪਣਾਉਣ ਦਾ ਡਰ ਆਪਣੇ ਅੰਦਰ ਵਸਾ ਕੇ ਬੈਠਾ ਹੈ, ਕੋਈ ਆਪਣੇ ਅੰਦਰ ਇਹ ਡਰ ਵਸਾ ਕੇ ਬੈਠਾ ਹੈ ਕਿ ਪ੍ਰਮਾਤਮਾ ਦੀ ਭਗਤੀ "ਘਰ ਬਾਰ" ਤਿਆਗ ਕੇ ਹੀ ਹੁੰਦੀ ਹੈ ਭਾਵ ਕਿਸੇ ਜਗ੍ਹਾ ਬਾਹਰ ਡੇਰਾ ਲਗਾਉਣ ਦੁਆਰਾ ਹੀ ਹੁੰਦੀ ਹੈ ਭਾਵ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਅਨੇਕਾਂ ਹੀ ਡਰ ਅਨੇਕਾਂ ਦੇ ਅੰਦਰ ਬੈਠੇ ਹੋਏ ਹਨ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਬੈਠੇ ਹੋਏ ਹਨ, ਆਪਣੀ ਬਣਾਈ ਹੋਈ ਧਾਰਮਿਕ ਮਰਿਆਦਾ ਅਨੁਸਾਰ ਬੈਠੇ ਹੋਏ ਹਨ। ਸਭ ਦੇ ਅੰਦਰ ਭਗਤੀ ਦੀ ਸੱਚੀ ਸਮਝ ਨਾ ਹੋਣ ਕਰਕੇ ਕੋਈ ਨਾ ਕੋਈ ਡਰ ਹੈ ਭਾਵੇਂ ਉਹ ਡਰ ਹਰ ਵੇਲੇ ਕਥਨੀ ਕਰੀ ਜਾਣ ਦਾ ਡਰ ਹੈ। ਕਿਸੇ ਦੇ ਅੰਦਰ ਮੂਰਤੀਆਂ ਨੂੰ ਪੂਜਣ ਦਾ, ਧੂਫ਼ ਬੱਤੀਆਂ ਦੇਣ ਦਾ ਡਰ ਹੈ ਜੋ ਹਰ ਤਰੀਕੇ ਦਾ ਡਰ ਇਸ ਲਈ ਹੈ ਕਿ ਉਹ ਸ੍ਰਿਸ਼ਟੀ ਦਾ ਰਚਨਹਾਰ ਸਾਡੇ ਇਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਚੰਗਾ ਸਮਝਦਾ ਹੈ ਤੇ ਅਗਰ ਅਸੀਂ ਇਹੋ ਜਿਹੀ ਭਗਤੀ ਨਾ ਕੀਤੀ ਤੇ ਪ੍ਰਮਾਤਮਾ ਨਾਰਾਜ਼ ਹੋ ਜਾਵੇਗਾ। "ਅਸਲ ਡਰ" ਸਭ ਦੇ ਅੰਦਰ ਆਪਣੀਆਂ ਇੱਛਾਵਾਂ ਦੀ ਪੂਰਤੀ ਦਾ ਹੈ ਕਿ ਇਹ ਕੁੱਝ ਕਰਨ ਨਾਲ ਹੀ ਭਾਵ ਇਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣ ਨਾਲ ਹੀ ਪ੍ਰਮਾਤਮਾ ਸਾਡੀ ਇੱਛਾ ਪੂਰੀ ਕਰਦਾ ਹੈ ਪਰ ਗੁਰਬਾਣੀ ਰਾਹੀਂ ਇਸ ਹਰ ਡਰ ਦਾ ਖੰਡਨ ਕੀਤਾ ਹੋਇਆ ਹੈ। ਭਗਤੀ ਦੇ ਮਾਰਗ ਦਾ ਸੱਚਾ ਡਰ ਸਭ ਲਈ ਇੱਕੋ ਇੱਕ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਭਾਵ ਉਸ "ਅੱਲ੍ਹਾ" ਦਾ ਨਾਮ ਜਪਣ ਦਾ ਹੈ ਜਿਸ ਦੀ ਸਮਝ ਉਸ ਅੱਲ੍ਹਾ ਨੂੰ ਆਪਣੇ ਅੰਦਰੋਂ ਪਹਿਚਾਨਣ ਦੁਆਰਾ ਹੀ ਪੈਂਦੀ ਹੈ। ਹਰ ਧਰਮ ਗ੍ਰੰਥ ਵਿੱਚ ਸਾਨੂੰ ਇਹ ਸੱਚਾ ਡਰ ਮੰਨਣ ਲਈ ਹੀ ਸਮਝਾਇਆ ਹੋਇਆ ਹੈ ਜੋ ਡਰ ਕਬੂਲ ਕਰਨ ਲਈ ਸਾਨੂੰ ਆਪਣਾ ਮਾਇਆ ਮੋਹ ਛੱਡਣਾ ਪੈਂਦਾ ਹੈ ਭਾਵ ਇੱਕੋ ਇੱਕ ਤ੍ਰਿਸ਼ਨਾਵਾਂ ਨੂੰ ਛੱਡਣ ਦਾ ਡਰ ਹੀ ਸਾਰੇ ਸੰਸਾਰ ਲਈ ਸੱਚਾ ਡਰ ਹੈ ਜਿਸ ਡਰ ਨੂੰ ਅਪਣਾਏ ਬਿਨ੍ਹਾਂ ਭਾਵ ਮੰਨੇ ਬਿਨ੍ਹਾਂ ਉਸ ਅੱਲ੍ਹਾ ਦੀ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਉਸ ਗਾਡ ਨੂੰ ਨਹੀਂ ਜਪਿਆ ਜਾ ਸਕਦਾ, ਉਸ ਰਾਮ ਨੂੰ ਨਹੀਂ ਪੂਜਿਆ ਜਾ ਸਕਦਾ ਹੈ, ਉਸ ਅਕਾਲ ਪੁਰਖ ਦੀ ਸੇਵਾ ਨਹੀਂ ਹੋ ਸਕਦੀ ਜਿਹੋ ਜਿਹੀ ਭਗਤੀ ਦਾ ਮਾਰਗ ਸਾਨੂੰ ਹਰ ਧਰਮ ਗ੍ਰੰਥ ਸਮਝਾ ਰਿਹਾ ਹੈ। ਜਦੋਂ ਕਿਸੇ ਦੇ ਅੰਦਰ ਇਹੋ ਜਿਹਾ ਡਰ ਵੱਸਦਾ ਹੈ ਭਾਵ ਅਲ੍ਹਾ ਦੀ ਸੱਚੀ ਭਗਤੀ ਦਾ ਡਰ ਵੱਸਦਾ ਹੈ ਉਹ ਮਨ ਦੇ ਵਿੱਚ ਗਾਡ ਦੇ ਨਾਲ ਮੇਲ ਹੋਣ ਦੇ ਨਾਲ ਹੀ ਵੱਸਦਾ ਹੈ ਜਿਸ ਤੋਂ ਬਾਅਦ ਮਨੁੱਖ ਦੇ ਅੰਦਰ ਕੇਵਲ ਸੱਚ ਤੇ ਚੱਲਣ ਦਾ ਡਰ ਰਹਿ ਜਾਂਦਾ ਹੈ ਭਾਵ ਗੁਣਾਂ ਦੁਆਰਾ ਵਿਚਰਨ ਦਾ ਡਰ ਰਹਿ ਜਾਂਦਾ ਹੈ, ਸੱਚੇ ਸੁੱਚੇ ਕਰਮ ਕਰਨ ਦਾ ਡਰ ਰਹਿ ਜਾਂਦਾ ਹੈ ਭਾਵ ਇਹੋ ਜਿਹੀ ਰਾਮ ਦੀ ਸੱਚੀ ਭਗਤੀ ਕਰਨ ਦਾ ਡਰ ਰਹਿ ਜਾਂਦਾ ਹੈ ਤੇ ਮਨ ਦੇ ਵਿੱਚੋਂ ਹੋਰ ਸਭ ਡਰ ਨਿਕਲ ਜਾਂਦਾ ਹੈ ਭਾਵ ਸੱਚੇ ਡਰ ਦੇ ਅੱਗੇ ਹਰ ਝੂਠਾ ਡਰ ਖਤਮ ਹੋ ਜਾਂਦਾ ਹੈ। (**ਕਿਆ ਡਰੀਐ ਡਰੁ ਡਰਹਿ ਸਮਾਨਾ ॥**) ਇਸ ਡਰ ਵਿੱਚੋਂ ਮਨੁੱਖੀ ਸਮਝ ਕਿਵੇਂ ਨਿਕਲਦੀ ਹੈ ਭਾਵ ਉਸ ਦੇ ਅੰਦਰ ਸੱਚ ਤੇ ਚੱਲਣ ਦਾ ਡਰ ਕਿਸ ਤਰੀਕੇ ਵੱਸਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥"

ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣੇ ਬਿਨ੍ਹਾਂ ਕੋਈ ਭਗਤੀ ਦੇ ਝੂਠੇ ਡਰਾਂ ਵਿੱਚੋਂ ਨਿਕਲ ਜਾਵੇ ਤੇ ਉਸ ਦੇ ਅੰਦਰ ਸੱਚ ਤੇ ਚੱਲਣ ਦਾ ਸੱਚਾ ਡਰ ਵੱਸ ਜਾਵੇ ਇਹ ਨਹੀਂ ਹੋ ਸਕਦਾ। ਹਰ ਝੂਠੇ ਡਰ ਵਿੱਚੋਂ ਪ੍ਰਮਾਤਮਾ ਮਨ ਦੇ ਰਾਹੀਂ ਕਿਸੇ ਨੂੰ ਆਪ ਹੀ ਕੱਢਦਾ ਹੈ ਜਿਵੇਂ ਕਿ ਉਸ ਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪ ਹੀ ਕੱਢਿਆ ਹੈ ਤੇ ਉਹਨਾਂ ਨੇ ਆਪਣੇ ਜੀਵਨ ਕਾਲ ਵਿੱਚ ਸੱਚੀ ਭਗਤੀ ਦੇ ਮਾਰਗ ਤੇ ਆਪ ਚੱਲਕੇ ਦਿਖਾਇਆ ਹੈ ਤੇ ਉਹੋ ਜਿਹੀ ਭਗਤੀ ਦਾ ਸੱਚਾ ਮਾਰਗ ਹੀ ਸੰਸਾਰ ਨੂੰ ਸਮਝਾਇਆ ਹੈ। ਜਿੰਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਣਿਆ ਹੈ ਉਹਨਾਂ ਨੇ ਉਸ ਦੇ ਕੋਲੋਂ ਮਨ ਦੇ ਵਿੱਚ ਉਸਦਾ ਅੰਮ੍ਰਿਤ ਪੀਣ ਦੁਆਰਾ ਹੀ ਪਹਿਚਾਣਿਆ ਹੈ ਜੋ ਅਕਾਲ ਪੁਰਖ ਭਾਵ ਅੱਲ੍ਹਾ ਆਪ ਹੀ ਪੂਰੇ ਸੰਸਾਰ ਦਾ ਗੁਰੂ ਹੈ। ਉਹ ਪੂਰਾ ਗੁਰੂ ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਪੂਰਾ ਹੈ ਤੇ ਜਿਸ ਵੀ ਮਨੁੱਖ ਨੂੰ ਉਹ "ਪੂਰਾ" ਕਰਦਾ ਹੈ ਉਸ ਨੂੰ ਆਪਣੇ ਸ਼ਬਦਾਂ ਦਾ ਗਿਆਨ ਦੇਣ ਦੁਆਰਾ ਹੀ ਪੂਰਾ ਕਰਦਾ ਹੈ। ਆਪਣੇ ਸ਼ਬਦਾਂ ਦੁਆਰਾ ਉਹ "ਗਾਡ" ਆਪਣੇ

ਸ਼ਬਦਾਂ ਦੀ ਵਿਚਾਰ ਦੇ ਨਾਲ ਹੀ ਜੋੜਦਾ ਹੈ ਜਿਸ ਸੱਚੀ ਵਿਚਾਰ ਦੁਆਰਾ ਉਹ ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਤੇ ਮਨ ਦੇ ਵਿੱਚ ਆਪਣੇ ਹੋਣ ਦੀ ਪਹਿਚਾਣ ਕਰਾਉਂਦਾ ਹੈ ਕਿ "ਰਾਮ" ਕੀ ਹੈ, "ਅੱਲ੍ਹਾ" ਕੀ ਹੈ, "ਵਾਹਿਗੁਰੂ" ਕੀ ਹੈ, "ਗਾਡ" ਕੀ ਹੈ ਭਾਵ ਇਸ ਸ੍ਰਿਸ਼ਟੀ ਦਾ ਕਰਤਾ ਕੌਣ ਹੈ। ਸਭ ਕੁੱਝ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਸ਼ਬਦਾਂ ਦਾ ਸੱਚਾ ਗਿਆਨ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜੋ ਭਗਤੀ ਦੀ ਸੱਚੀ ਸਮਝ ਭਗਤੀ ਦੇ ਝੂਠੇ ਡਰਾਂ ਵਿੱਚੋਂ ਕੱਢਦੀ ਹੈ ਤੇ ਭਗਤੀ ਦੇ ਸੱਚੇ ਡਰ ਨਾਲ ਜੋੜ ਦਿੰਦੀ ਹੈ ਜੋ ਸੱਚਾ ਡਰ ਨਾਮ ਨੂੰ ਜਪਣ ਦਾ ਡਰ ਹੈ ਭਾਵ ਔਗੁਣਾਂ ਵਿੱਚੋਂ ਨਿਕਲਕੇ ਗੁਣਾਂ ਦੁਆਰਾ ਵਿਚਰਨ ਦਾ ਸੱਚਾ ਡਰ ਹੈ ਭਾਵ ਭਗਤੀ ਦਾ ਸੱਚਾ ਡਰ ਇਹ ਹੈ ਕਿ ਮਨੁੱਖ ਕੇਵਲ ਤੇ ਕੇਵਲ ਸੱਚੇ ਸੁੱਚੇ ਕਰਮ ਕਰੇ ਭਾਵ ਮਾੜੇ ਕਰਮ ਕਰਨ ਤੋਂ ਡਰੇ। ਜਦ ਤੱਕ ਮਾੜੇ ਕਰਮ ਛੱਡਣ ਦਾ ਡਰ ਮਨੁੱਖ ਦੀ ਸਮਝ ਦੇ ਅੰਦਰ ਨਹੀਂ ਵੱਸਦਾ ਤਦ ਤੱਕ ਉਸ ਦੇ ਅੰਦਰ ਸੱਚ ਤੇ ਚੱਲਣ ਦਾ ਡਰ ਨਹੀਂ ਵੱਸ ਸਕਦਾ। ਹਰ ਧਰਮ ਗ੍ਰੰਥ ਸ਼ਬਦਾਂ ਦੇ ਰੂਪ ਵਿੱਚ ਹੀ ਹੈ ਤੇ ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਤੇ ਚੱਲਣ ਲਈ ਹੀ ਸਮਝਾਉਂਦੀ ਹੈ ਭਾਵ ਨਾਮ ਜਪਣਾ ਹੀ ਸਮਝਾਉਂਦੀ ਹੈ ਜੋ ਉਸ ਅੱਲ੍ਹਾ ਦਾ ਨਾਮ ਜੁਗਾਂ-ਜੁਗਾਂ ਤੋ ਨਾ ਕਦੇ ਬਦਲਿਆ ਹੈ ਤੇ ਨਾ ਹੀ ਕਦੇ ਬਦਲ ਸਕਦਾ ਹੈ। ਉਸ ਅੱਲ੍ਹਾ ਨੂੰ ਆਪਣੇ ਅੰਦਰੋਂ ਪਹਿਚਾਣੇ ਬਿਨ੍ਹਾਂ ਸੱਚੀ ਭਗਤੀ ਦੇ ਮਾਰਗ ਨੂੰ ਸਮਝਣਾ ਮਨੁੱਖ ਲਈ ਬਹੁਤ ਔਖਾ ਹੈ ਤੇ ਹਰ ਧਰਮ ਗ੍ਰੰਥ ਦੀ ਰਚਨਾ ਉਸ ਗਾਡ ਨੇ ਭਾਵ ਸ੍ਰਿਸ਼ਟੀ ਦੇ ਰਚਨਹਾਰ ਨੇ ਇਸੇ ਲਈ ਕੀਤੀ ਹੈ ਕਿ ਉਹਨਾਂ ਦੇ ਅੰਦਰ ਦੇ ਹਰ ਸ਼ਬਦ ਦੀ ਵਿਚਾਰ ਨੂੰ ਅਸੀਂ ਸਮਝੀਏ ਭਾਵ ਸੱਚੀ ਭਗਤੀ ਦੇ ਮਾਰਗ ਨੂੰ ਸਮਝੀਏ ਤੇ ਰਾਮ ਨਾਮ ਜਪੀਏ, ਉਸ ਵਾਹਿਗੁਰੂ ਨੂੰ ਜਪੀਏ। (**ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥੧॥ ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥**)

ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ ਪ੍ਰਮਾਤਮਾ ਦੇ ਅੰਮ੍ਰਿਤ ਦਾ ਮਕਸਦ, ਨਾਮ ਦਾ ਮਕਸਦ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਸੱਚੀ ਗੁਰਮਤਿ ਸਮਝਾਉਣ ਦਾ ਹੈ ਜਿਸ ਸਮਝ ਦੁਆਰਾ ਹੀ ਉਸ ਅੱਲ੍ਹਾ ਦੀ ਭਗਤੀ ਹੋ ਸਕਦੀ ਹੈ। ਇਸ ਗੱਲ ਨੂੰ ਅਸੀਂ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕਰ ਸਕਦੇ ਹਾਂ ਕਿ ਨਾਮ ਦਾ ਮਕਸਦ ਕੀ ਹੈ।

"ਮਾਇਆ ਮੋਹਿ ਇਹੁ ਜਗੁ ਸੁਤਾ ॥
ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥
ਅਪਿਉ ਪੀਐ ਸੋ ਭਰਮੁ ਗਵਾਏ ॥
ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥"

(ਅੰਗ - ੧੧੨)

ਉੱਪਰ ਵਾਲੇ ਦੋਨੋਂ ਪਦਿਆਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਨਾਮ ਦਾ ਮਕਸਦ ਕੀ ਹੈ। ਨਾਮ ਦਾ ਮਕਸਦ ਸਾਨੂੰ ਮਾਇਆ ਮੋਹ ਤੋਂ ਮੁਕਤ ਕਰਨ ਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ, ਭਰਮਾਂ ਵਾਲੀ ਸਮਝ ਤੋਂ ਮੁਕਤ ਕਰਨ ਦਾ ਹੈ। ਸਾਡਾ ਮਾਇਆ ਮੋਹ ਵਿੱਚ ਸੌਣਾ ਜਾਂ ਮਨ ਦੀ ਅਗਿਆਨਤਾ ਵਿੱਚ ਸੌਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਵੀ ਸਮਝਿਆ ਹੈ। ਜਿਸ ਨੇ ਸਾਨੂੰ ਸਵਾਇਆ ਹੋਇਆ ਹੈ ਉਹੀ ਸਾਨੂੰ ਇਸ ਮਨ ਦੀ ਸਮਝ ਦੀ ਨੀਂਦ ਵਿੱਚੋਂ ਜਗਾ ਸਕਦਾ ਹੈ। ਜਿਸ ਨੂੰ ਅੱਲ੍ਹਾ ਜਗਾਉਂਦਾ ਹੈ ਉਸ ਨੂੰ ਆਪਣੇ ਨਾਮ ਦੁਆਰਾ ਹੀ ਜਗਾਉਂਦਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਪਾਉਣ ਦੁਆਰਾ ਹੀ ਜਗਾਉਂਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਅੰਮ੍ਰਿਤ ਪਿਆਉਂਦਾ ਹੈ ਉਸ ਨੂੰ ਮਨ ਦੇ ਭਰਮਾਂ ਤੋਂ ਹੀ ਮੁਕਤ ਕਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਭਗਤੀ ਦੀ ਸੱਚੀ ਸੋਝੀ ਪੈਂਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈਂਦੀ ਹੈ ਜਿਸ ਸਮਝ ਅਨੁਸਾਰ ਪੱਕੇ ਹੋ ਕੇ, ਦ੍ਰਿੜ ਹੋ ਕੇ ਭਾਵ ਨਾਮ ਤੇ ਦ੍ਰਿੜ ਹੋ ਕੇ ਪੂਰਾ ਉਤਰਨਾ ਹੀ ਪ੍ਰਮਾਤਮਾ ਦਾ ਬੈਰਾਗੀ ਬਣਨਾ ਹੈ। ਆਪਣੀ ਭਰਮਾਂ ਵਾਲੀ ਸਮਝ ਤੋਂ ਮੁਕਤ ਹੋਣਾ ਹੀ ਆਪਣੇ ਆਪ ਨੂੰ ਮਾਰਨਾ ਹੈ, ਆਪਣੀ ਹਉਮੈ ਨੂੰ ਮਾਰਨਾ ਹੈ ਜਿਸ ਦੁਆਰਾ ਅਕਾਲ ਪੁਰਖ ਦੇ ਨਾਲ ਕਿਸੇ ਦਾ ਮੇਲ ਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸ ਨੂੰ ਆਪਣਾ ਅੰਮ੍ਰਿਤ ਪਿਆਉਣ ਦੁਆਰਾ ਹੀ ਮਿਲਉਂਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਮਿਲਾਉਂਦਾ ਹੈ, ਮਨ ਦੀ

ਨਾਸਮਝ ਮਤਿ ਵਿੱਚੋਂ ਭਾਵ ਮਨਮਤਿ ਵਿੱਚੋਂ, ਮਾਇਆ ਮੋਹ ਵਿੱਚੋਂ ਕੱਢਕੇ ਹੀ ਮਿਲਾਉਂਦਾ ਹੈ। (**ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥ ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥6॥ ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥ ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥**)

ਪ੍ਰਮਾਤਮਾ ਦਾ ਅੰਮ੍ਰਿਤ ਰੂਪ ਤੇ ਕਦੇ ਬਦਲ ਨਹੀਂ ਸਕਦਾ ਤੇ ਪੂਰੀ ਗੁਰਬਾਣੀ ਸਾਨੂੰ ਪ੍ਰਮਾਤਮਾ ਦਾ ਅੰਮ੍ਰਿਤ ਨਾਮ ਹੀ ਸਮਝਾ ਰਹੀ ਹੈ। ਪੂਰੀ ਬਾਣੀ ਵਿੱਚ ਅੰਮ੍ਰਿਤ ਹੈ ਭਾਵ ਸੱਚਾ ਗਿਆਨ ਹੈ। ਹਰ ਸ਼ਬਦ ਸਾਨੂੰ ਨਾਮ ਰੂਪ ਸਿੱਖਿਆ ਹੀ ਦਿੰਦਾ ਹੈ, ਗੁਰਮਤਿ ਰੂਪ ਸਿੱਖਿਆ ਦਿੰਦਾ ਹੈ ਭਾਵੇਂ ਜਿੱਥੋਂ ਮਰਜੀ, ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਈਏ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਸਮਝਣ ਵਿੱਚ ਭਰਮ ਹੋ ਸਕਦਾ ਹੈ ਗੁਰੂ ਦੇ ਸਮਝਾਉਣ ਵਿੱਚ ਕੋਈ ਭਰਮ ਨਹੀਂ ਹੈ। "ਅੰਮ੍ਰਿਤ ਪੀਣਾ" ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਗਉੜੀ ਮਹਲਾ ੧ ॥

{ਬੋਲਹਿ ਸਾਚੁ ਮਿਥਿਆ ਨਹੀ ਰਾਈ ॥
ਚਾਲਹਿ ਗੁਰਮੁਖਿ ਹੁਕਮਿ ਰਜਾਈ ॥
ਰਹਹਿ ਅਤੀਤ ਸਚੇ ਸਰਣਾਈ ॥੧॥
ਸਚ ਘਰਿ ਬੈਸੈ ਕਾਲੁ ਨ ਜੋਹੈ ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥
ਅਪਿਉ ਪੀਅਉ ਅਕਥੁ ਕਥਿ ਰਹੀਐ ॥
ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥
ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥
ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥
ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥
ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥
ਸਤਿਗੁਰੁ ਦੇਖਿਆ ਦੀਖਿਆ ਲੀਨੀ ॥
ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥
ਗਤਿ ਮਿਤਿ ਪਾਈ ਆਤਮੁ ਚੀਨੀ ॥੪॥
ਭੋਜਨੁ ਨਾਮੁ ਨਿਰੰਜਨ ਸਾਰੁ ॥
ਪਰਮ ਹੰਸੁ ਸਚੁ ਜੋਤਿ ਅਪਾਰ ॥
ਜਹ ਦੇਖਉ ਤਹ ਏਕੰਕਾਰੁ ॥੫॥
ਰਹੈ ਨਿਰਾਲਮੁ ਏਕਾ ਸਚੁ ਕਰਣੀ ॥
ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥
ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥
ਹਰਿ ਜਸਿ ਸੰਤ ਭਗਤ ਨਿਸਤਾਰਿਆ ॥
ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥

ਸਾਚ ਮਹਲਿ ਗੁਰਿ ਅਲਖੁ ਲਖਾਇਆ ॥
ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥
ਜਿਨ ਕੈ ਮਨਿ ਵਸਿਆ ਸਚੁ ਸੋਈ ॥
ਤਿਨ ਕੀ ਸੰਗਤਿ ਗੁਰਮੁਖਿ ਹੋਈ ॥
ਨਾਨਕ ਸਾਚਿ ਨਾਮਿ ਮਲੁ ਖੋਈ ॥੯॥}

(ਅੰਗ - ੨੨੭-੨੨੮)

ਸਲੋਕ ਮਃ ੪ ॥
{ਅਗੋ ਦੇ ਸਤ ਭਾਉ ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ ॥
ਅਧ ਵਿਚਿ ਫਿਰੈ ਮਨਮੁਖੁ ਵੇਚਾਰਾ ਗਲੀ ਕਿਉ ਸੁਖੁ ਪਾਵੈ ॥
ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ ਸੁ ਕੂੜੀ ਆਵੈ ਕੂੜੀ ਜਾਵੈ ॥
ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥
ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ ॥੧॥}

(ਅੰਗ - ੩੦੫)

{ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥}

(ਅੰਗ - ੫੭੫)

{ਚਲਤੋ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥
ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥
ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥
ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥
ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥}

(ਅੰਗ - ੫੯੯)

{ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥}

(ਅੰਗ - ੭੦੧)

{ਅਪਿਉ ਪੀਵੈ ਜੋ ਨਾਨਕਾ ਝੁਮੁ ਝੁਮਿ ਸਮਾਵੈ ॥
ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥੧੦॥}

(ਅੰਗ - ੭੨੫)

{ਗੁਰ ਪਰਸਾਦੀ ਰੰਗੇ ਰਾਤਾ ॥
ਅੰਮ੍ਰਿਤੁ ਪੀਆ ਸਾਚੇ ਮਾਤਾ ॥
ਗੁਰ ਵੀਚਾਰੀ ਅਗਨਿ ਨਿਵਾਰੀ ॥
ਅਪਿਉ ਪੀਓ ਆਤਮ ਸੁਖੁ ਧਾਰੀ ॥
ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥
ਨਾਨਕ ਬੂਝੈ ਕੋ ਵੀਚਾਰੀ ॥੬੩॥}

(ਅੰਗ - ੯੪੫)

ਮਾਰੂ ਮਹਲਾ ੧ ॥

{ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥
ਮੂੜੇ ਕਾਇਚੇ ਭਰਮਿ ਭੁਲਾ ॥
ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ ਰਹਾਉ ॥
ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥
ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੩॥}

(ਅੰਗ - ੯੯੧)

ਇਸ ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਕੁੱਝ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ।

ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ ॥
ੴ ਸਤਿਗੁਰ ਪ੍ਰਸਾਦਿ ॥

{ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥
ਮਨ ਆਦਿ ਗੁਣ ਆਦਿ ਵਖਾਣਿਆ ॥
ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥
ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥}

(ਅੰਗ - ੧੧੦੬)

ਅੰਮ੍ਰਿਤ ਦੀ ਪ੍ਰਾਪਤੀ ਕੇਵਲ ਮਨ ਦੇ ਵਿੱਚੋਂ ਦਸਵਾਂ ਦੁਆਰ ਖੁੱਲਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਇਸ ਤੋਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਦਸਮ ਦੁਆਰ ਪ੍ਰਮਾਤਮਾ ਦਾ ਮੰਦਿਰ ਹੈ ਜੋ ਉਸ ਦਾ ਮੰਦਿਰ ਸਾਡਾ ਮਨ ਹੈ। ਆਪਣਾ ਅੰਮ੍ਰਿਤ ਪ੍ਰਮਾਤਮਾ ਆਪਣੇ ਮੰਦਿਰ ਦੇ ਅੰਦਰੋਂ ਦਸਵੇਂ ਦੁਆਰ ਵਿੱਚੋਂ ਹੀ ਪਿਆਉਂਦਾ ਹੈ ਭਾਵ ਦਸਵਾਂ ਦੁਆਰ ਖੋਲਣ ਦੁਆਰਾ ਹੀ ਪਿਆਉਂਦਾ ਹੈ ਜਿਸ ਨੂੰ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥
ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥”

(ਅੰਗ – ੫੪)

ਉੱਪਰ ਸ਼ਬਦ ਰਾਹੀਂ ਸਾਨੂੰ ਉਸ ਇਸਤਰੀ ਦੇ ਸ਼ਿੰਗਾਰ ਬਾਰੇ ਦੱਸਿਆ ਹੋਇਆ ਹੈ ਜਿਹੋ ਜਿਹਾ ਸ਼ਿੰਗਾਰ ਕਰਨ ਦੁਆਰਾ ਉਹ ਧੰਨ ਭਾਵ ਇਸਤਰੀ ਪ੍ਰਮਾਤਮਾ ਨੂੰ ਚੰਗੀ ਲੱਗਦੀ ਹੈ, ਅੱਲ੍ਹਾ ਨੂੰ ਚੰਗੀ ਲੱਗਦੀ ਹੈ। ਹਰ ਮਨੁੱਖੀ ਰੂਪ ਪ੍ਰਮਾਤਮਾ ਦੀ ਬਣਾਈ ਹੋਈ ਨਾਰ ਹੀ ਹੈ ਭਾਵ ਸਭ ਦਾ ਖਸਮ ਉਹ ਆਪ ਹੀ ਹੈ ਪਰ ਉਹ ਖਸਮ ਕਿਹੋ ਜਿਹੀ ਨਾਰ ਤੇ ਖੁਸ਼ ਹੁੰਦਾ ਹੈ ਜਿਸ ਨੂੰ ਉਹ ਆਪਣੀ ਸੁਹਾਗਣ ਬਣਾਉਂਦਾ ਹੈ, ਉਹ ਉਸ ਦੀ ਇਸਤਰੀ ਕਿਹੋ ਜਿਹੇ ਰੂਪ ਵਾਲੀ ਹੁੰਦੀ ਹੈ ਉੱਪਰ ਪੰਗਤੀਆਂ ਰਾਹੀਂ ਸਾਨੂੰ ਇਹੋ ਕੁੱਝ ਹੀ ਸਮਝਾਇਆ ਹੋਇਆ ਹੈ। ਉਸ ਦੀ ਨਾਰ ਉਹੀ ਬਣਦੀ ਹੈ ਜਿਸ ਨੂੰ ਸੱਚੀ ਭਗਤੀ ਦੀ ਸਮਝ ਹੁੰਦੀ ਹੈ। ਆਪਣੀ ਭਗਤੀ ਦੀ ਸੱਚੀ ਸਮਝ ਉਹ ਕਿਸੇ ਨੂੰ ਆਪ ਹੀ ਦਿੰਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਦਿੰਦਾ ਹੈ ਤੇ ਆਪਣਾ ਨਾਮ ਉਹ ਦਸਵੇਂ ਦੁਆਰ ਦੇ ਵਿੱਚੋਂ ਹੀ ਦਿੰਦਾ ਹੈ ਜੋ ਦਸਵਾਂ ਦੁਆਰ ਉਸ ਅਕਾਲ ਪੁਰਖ ਦਾ ਸਾਡੇ ਮਨ ਦੇ ਅੰਦਰ ਆਪਣਾ ਘਰ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਉਸ ਅੱਲ੍ਹਾ ਦੀ ਪਤਨੀ ਭਾਵ ਉਸਦੀ ਸੁਹਾਗਣ ਕਿਹੋ ਜਿਹੇ ਸ਼ਿੰਗਾਰ ਵਾਲੀ ਹੁੰਦੀ ਹੈ ਇਹੀ ਗੱਲ ਸਮਝਾਈ ਹੋਈ ਹੈ। ਦੁਨਿਆਵੀ ਸੁੰਦਰਤਾ ਲਈ ਕੋਈ ਵੀ ਨਾਰ ਜੋ ਸੁੰਦਰ ਲੱਗਦੀ ਹੈ ਉਹ ਆਪਣੇ ਬਾਹਰੀ ਦਿਖਾਵੇ ਦੁਆਰਾ ਚੰਗੀ ਲੱਗਦੀ ਹੈ ਭਾਵ ਆਪਣੇ ਵਾਲਾਂ ਨੂੰ ਸਵਾਰਨ ਦੁਆਰਾ ਲੱਗਦੀ ਹੈ, ਆਪਣੇ ਕੱਪੜਿਆਂ ਦੇ ਪਹਿਰਾਵੇ ਦੁਆਰਾ ਲੱਗਦੀ ਹੈ ਪਰ ਪ੍ਰਮਾਤਮਾ ਨੂੰ ਜੋ ਨਾਰ ਚੰਗੀ ਲੱਗਦੀ ਹੈ ਉਸ ਦੇ ਵਾਲਾਂ ਦੀ ਸਜਾਵਟ ਜਾਂ ਕੱਪੜਿਆਂ ਦੀ ਸਜਾਵਟ ਉਸ ਦੇ ਅੰਦਰ ਦਾ ਸੱਚ ਹੈ ਭਾਵ ਉਹ ਮਨ ਦੇ ਸ਼ਿੰਗਾਰ ਦੁਆਰਾ ਪ੍ਰਮਾਤਮਾ ਨੂੰ ਭਾਉਂਦੀ ਹੈ। ਜੋ ਨਾਰ ਉਸ ਅੱਲ੍ਹਾ ਦੇ ਨਾਲ ਪ੍ਰੇਮ ਕਰਦੀ ਹੈ ਉਹ ਆਪਣੇ ਅੰਦਰ ਸੱਚ ਦਾ ਸ਼ਿੰਗਾਰ ਕਰਦੀ ਹੈ ਭਾਵ ਆਪਣੇ ਅੰਦਰ ਦੇ ਸੱਚ ਦੇ ਨਾਲ ਉਹ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਦਿਖਾਉਂਦੀ ਹੈ ਭਾਵ ਜਿਸ ਨੂੰ ਸੱਚ ਦੇ ਨਾਲ ਪਿਆਰ ਹੈ ਉਸ ਦਾ ਸ਼ਿੰਗਾਰ ਸੱਚਾ ਹੈ। (**ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥**) ਜਿਹੜੀ ਨਾਰ ਪ੍ਰਮਾਤਮਾ ਦੇ ਨਾਲ ਆਪਣਾ ਪ੍ਰੇਮ ਦਿਖਾਉਂਦੀ ਹੈ ਭਾਵ ਸੱਚ ਦੇ ਨਾਲ ਪ੍ਰੇਮ ਦਿਖਾਉਂਦੀ ਹੈ ਭਾਵ ਜਿਹੋ ਜਿਹੀ ਧੰਨ ਪ੍ਰਮਾਤਮਾ ਨੂੰ ਚੰਗੀ ਲੱਗਦੀ ਹੈ, ਜਿਸ ਨੂੰ ਉਹ ਆਪਣੀ ਸੁਹਾਗਣ ਬਣਾਉਂਦਾ ਹੈ, ਉਹ ਕਿਸ ਤਰੀਕੇ ਬਣਾਉਂਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥
ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥”

ਪ੍ਰਮਾਤਮਾ ਜਿਸ ਦੇ ਅੰਦਰ ਆਪਣਾ ਪਿਆਰ ਵਸਾਉਂਦਾ ਹੈ ਉਸ ਨੂੰ ਆਪਣੀ ਭਗਤੀ ਦਾ ਸੱਚਾ ਗਿਆਨ ਹੀ ਦਿੰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਹ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਦਿੰਦਾ ਹੈ। ਜਿੱਥੇ ਪ੍ਰਮਾਤਮਾ ਮਨ ਦੇ ਵਿੱਚ ਆਪ ਵੱਸਿਆ ਹੁੰਦਾ ਹੈ ਉੱਥੇ ਹੀ ਉਹ ਭਗਤੀ ਦੀ ਸੱਚੀ ਸੋਝੀ ਪਾਉਂਦਾ ਹੈ। ਪ੍ਰਮਾਤਮਾ ਸਾਡੇ ਅੰਦਰ “ਮਨ ਰੂਪ ਮੰਦਿਰ” ਦੇ ਵਿੱਚ ਹੈ ਜੋ ਉਸ ਦਾ ਮੰਦਿਰ ਸਾਡੇ ਅੰਦਰ ਦਸਵੇਂ ਦੁਆਰ ਦੇ ਰੂਪ ਵਿੱਚ ਹੈ। ਆਪਣੇ ਦਸਵੇਂ ਦੁਆਰ ਦੇ ਵਿੱਚੋਂ ਪ੍ਰਮਾਤਮਾ ਨਾਮ ਰੂਪ ਅੰਮ੍ਰਿਤ ਹੀ ਪਿਆਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਵਾਲੀਆਂ ਪੰਗਤੀਆਂ ਰਾਹੀਂ ਵੀ ਮਨ ਦੇ ਵਿੱਚੋਂ ਜੋ ਕੁੱਝ ਪ੍ਰਮਾਤਮਾ ਕੋਲੋਂ ਮਿਲਦਾ ਹੈ ਭਾਵ ਜੋ ਅੰਮ੍ਰਿਤ ਉਹ ਪਿਆਉਂਦਾ ਹੈ ਉਹ ਕੁੱਝ ਹੀ ਸਮਝਾਇਆ ਹੋਇਆ ਹੈ। ਆਪਣੇ ਦਸਵੇਂ ਦੁਆਰ ਵਿੱਚੋਂ ਪ੍ਰਮਾਤਮਾ ਆਪਣੇ ਸ਼ਬਦਾਂ ਦੇ ਗਿਆਨ ਦਾ ਮਨ ਦੇ ਵਿੱਚ ਪਰਕਾਸ਼ ਹੀ ਕਰਦਾ ਹੈ ਭਾਵ ਸ਼ਬਦਾਂ ਦੇ ਗਿਆਨ ਦਾ ਦੀਵਾ ਜਗਾਉਂਦਾ ਹੈ ਜਿਸ ਦੁਆਰਾ ਉਹ ਮਨੁੱਖੀ ਸਮਝ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਦਾ ਹੈ। ਸ਼ਬਦਾਂ ਦਾ ਸੱਚਾ ਗਿਆਨ ਹੀ ਉਸ ਦਾ ਨਾਮ ਹੈ, ਉਸ

ਦਾ ਰਾਮ ਨਾਮ ਹੈ ਜੋ ਰਾਮ ਨਾਮ ਵਾਲੀ ਸਮਝ ਮਨੁੱਖ ਦੇ ਹਿਰਦੇ ਦਾ ਸ਼ਿੰਗਾਰ ਹੈ ਭਾਵ ਮਨੁੱਖ ਦੀ ਸਮਝ ਦਾ ਸ਼ਿੰਗਾਰ ਹੈ, ਪ੍ਰਮਾਤਮਾ ਦੇ ਨਾਲ ਪ੍ਰੇਮ ਦਾ ਸ਼ਿੰਗਾਰ ਹੈ। ਮਨ ਦੇ ਵਿੱਚ ਸ਼ਬਦਾਂ ਦੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਮਨੁੱਖ ਦਾ ਹਿਰਦਾ ਖਿੜਦਾ ਹੈ ਭਾਵ ਉਸਨੂੰ ਮਨ ਦੇ ਵਿੱਚ ਪ੍ਰਮਾਤਮਾ ਨੂੰ ਜਾਣਨ ਦੀ ਖੁਸ਼ੀ ਮਹਿਸੂਸ ਹੁੰਦੀ ਹੈ ਤੇ ਉਸ ਨੂੰ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਦੀ ਖੁਸ਼ੀ ਮਹਿਸੂਸ ਹੁੰਦੀ ਹੈ। ਮਨ ਦੇ ਵਿੱਚੋਂ ਰਾਮ ਨਾਮ ਦਾ ਮਿਲਣਾ ਹੀ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਮਨ ਦੇ ਵਿੱਚ ਪ੍ਰਕਾਸ਼ ਹੀ ਸਾਡੇ ਅੰਦਰ ‘‘ਚੰਦਨੁ’’ ਦਾ ਵੱਸਣਾ ਹੈ। ‘‘ਚੰਦਨੁ’’ ਦੀ ਗੱਲ ਬਾਣੀ ਵਿੱਚ ਕਈ ਵਾਰ ਆਈ ਹੈ ਤੇ ਚੰਦਨ ਤੋਂ ਮਕਸਦ ਗੁਰੂ ਦੀ ਸੱਚੀ ਸਮਝ ਦੇ ਨਾਲ ਹੀ ਹੁੰਦਾ ਹੈ। ਚੰਦਨ ਦੀ ਖੁਸ਼ਬੂ ਨੂੰ ਸਭ ਤੋਂ ਚੰਗੀ ਖੁਸ਼ਬੂ ਮੰਨਿਆ ਜਾਂਦਾ ਹੈ ਤੇ ਚੰਦਨ ਦੇ ਪੇੜ ਦੇ ਜੋ ਆਸ ਪਾਸ ਪੇੜ ਹੁੰਦੇ ਹਨ ਉਹ ਵੀ ਚੰਦਨ ਵਾਲੀ ਖੁਸ਼ਬੂ ਵਾਲੇ ਬਣ ਜਾਂਦੇ ਹਨ। ਇਸੇ ਤਰ੍ਹਾਂ ਜਦੋਂ ਸਾਡੇ ਅੰਦਰ ਗੁਰੂ ਦੀ ਚੰਦਨੁ ਰੂਪ ਮਤਿ ਵੱਸਦੀ ਹੈ ਉਹ ਮਨ ਦੇ ਦੂਸਰੇ ਭਰਮ ਵਾਲੇ ਵਿਚਾਰਾਂ ਨੂੰ ਆਪਣੀ ਖੁਸ਼ਬੂ ਵਾਲੇ ਵਿਚਾਰਾਂ ਵਾਲੀ ਬਣਾ ਲੈਂਦੀ ਹੈ ਭਾਵ ਮਨ ਦੇ ਵਿੱਚੋਂ ਮਾੜੀ ਸਮਝ ਨੂੰ ਬਦਲ ਦਿੰਦੀ ਹੈ। ਜਦੋਂ ਕੋਈ ਮਨੁੱਖ ਆਪਣੇ ਅੰਦਰ ਦੇ ਦਸਵੇਂ ਦੁਆਰ ਨੂੰ ਜਾਣ ਲੈਂਦਾ ਹੈ ਭਾਵ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਉਸ ਕੋਲੋਂ ਉਸ ਦਾ ਸੱਚਾ ਗਿਆਨ ਲੈ ਲੈਂਦਾ ਹੈ ਤਾਂ ਹੀ ਕੋਈ ਉਸ ਦੀ ਸੁਹਾਗਣ ਬਣ ਸਕਦਾ ਹੈ ਜੋ ਉਸ ਦੀ ਸੁਹਾਗਣ ਅੱਠੇ ਪਹਿਰ ਉਸ ਪ੍ਰਮਾਤਮਾ ਦੇ ਪਿਆਰ ਵਿੱਚ ਰੰਗੀ ਰਹਿੰਦੀ ਹੈ, ਨਾਮ ਦੇ ਪਿਆਰ ਵਿੱਚ ਰੰਗੀ ਰਹਿੰਦੀ ਹੈ, ਗੁਰਮਤਿ ਦੀ ਸੱਚੀ ਸਮਝ ਦੇ ਪਿਆਰ ਨਾਲ ਰੰਗੀ ਰਹਿੰਦੀ ਹੈ। (**ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥ ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥**)

{ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥

ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮}

(ਅੰਗ - ੯੨੨)

“ਦਸਵੇਂ ਦੁਆਰ” ਦੇ ਨਾਲ ਜੁੜੇ ਹੋਏ ਹੋਰ ਵੀ ਕਿਤਨੇ ਹੀ ਸ਼ਬਦ ਹਨ ਤੇ ਜਿਸ ਸ਼ਬਦ ਰਾਹੀਂ ਵੀ ਦਸਵੇਂ ਦੁਆਰ ਨੂੰ ਸਮਝੋਗੇ ਉੱਥੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਸਾਡਾ ਮੇਲ ਹੀ ਸਮਝਾਇਆ ਹੁੰਦਾ ਹੈ ਤੇ ਨਾਲ ਹੀ ਇਹ ਸਮਝ ਵੀ ਪੈ ਜਾਂਦੀ ਹੈ ਕਿ ਉਸ ਅੱਲ੍ਹਾ ਕੋਲੋਂ ਨਾਮ ਮਿਲਣਾ ਕੀ ਹੈ ਜੋ ਨਾਮ ਉਹ ਦਸਵੇਂ ਦੁਆਰ ਦੇ ਰਾਹੀਂ ਹੀ ਦਿੰਦਾ ਹੈ ਜਿਸ ਦੁਆਰਾ ਉਹ ਕਿਸੇ ਮਨੁੱਖੀ ਸਮਝ ਨੂੰ ਨਾਮ ਵਾਲੀ ਸਮਝ ਬਣਾਉਂਦਾ ਹੈ ਭਾਵ ਪ੍ਰਮਾਤਮਾ ਦੀ ਭਗਤੀ ਜਾਣਨ ਵਾਲੀ ਸੱਚੀ ਸਮਝ ਬਣਾਉਂਦਾ ਹੈ। ਇਸੇ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅੱਲ੍ਹਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ ਕਿ ਉਹਨਾਂ ਨੇ ਦਸਵਾਂ ਦੁਆਰ ਕਿਸ ਤਰੀਕੇ ਪਾਇਆ ਹੈ ਭਾਵ ਆਪਣੇ ਅੰਦਰੋਂ “ਗਾਡ” ਨੂੰ ਕਿਸ ਤਰੀਕੇ ਜਾਣਿਆ ਹੈ।

“ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥
ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥”

(ਅੰਗ - ੪੪੦-੪੪੧)

ਉੱਪਰ ਪਦੇ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਅਸੀਂ ਸੰਸਾਰ ਵਿਚ ਨਾਮ ਵਿਹਾਜਣ ਲਈ ਹੀ ਆਏ ਹਾਂ ਭਾਵ ਨਾਮ ਦੀ ਖਰੀਦ ਕਰਨ ਲਈ ਹੀ ਆਏ ਹਾਂ। ਨਾਮ ਗੁਰੂ ਦੇ ਕੋਲ ਹੈ ਤੇ ਨਾਮ ਅਸੀਂ ਗੁਰੂ ਦੇ ਕੋਲੋਂ ਹੀ ਖਰੀਦਣਾ ਹੈ ਜੋ ਖਰੀਦ ਕਰਨ ਲਈ ਸਾਨੂੰ ਕੀਮਤ ਵੀ ਦੇਣੀ ਪੈਂਦੀ ਹੈ। ਕੀਮਤ ਅਸੀਂ ਕਿਹੜੀ ਦੇਣੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ। ਗੁਰੂ ਪ੍ਰਮਾਤਮਾ ਕੋਲੋਂ ਨਾਮ ਲੈਣ ਲਈ ਆਪਣਾ ਮਨ ਗੁਰੂ ਨੂੰ ਵੇਚਣਾ ਪੈਂਦਾ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਮਤਿ ਤੇ ਪੂਰਾ ਉਤਰ ਸਕਦੇ ਹਾਂ। ਕੀਮਤ ਅਸੀਂ ਗੁਰਮਤਿ ਤੇ ਪੂਰਾ ਉਤਰਨ ਦੀ ਹੀ ਚੁਕਾਣੀ ਹੈ ਭਾਵ ਗੁਰੂ ਦੀ ਸਿੱਖਿਆ ਤੇ ਪੂਰਾ ਉਤਰਨ ਦੀ ਹੀ ਚੁਕਾਣੀ ਹੈ ਭਾਵ ਜੋ ਗੁਰੂ ਕਹਿੰਦਾ ਹੈ ਉਸ ਦੀ ਹਰ ਗੱਲ ਨੂੰ ਮੰਨਣਾ ਪੈਂਦਾ ਹੈ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਆਪਣੇ ਦੌੜਦੇ ਹੋਏ ਮਨ ਨੂੰ ਟਿਕਾਉ। ਸਾਡਾ ਮਨ ਤ੍ਰਿਸ਼ਨਾਵਾਂ ਵਿੱਚ ਦੌੜਦਾ ਹੈ, ਮਾਇਆ ਦੇ ਪਿੱਛੇ ਦੌੜਦਾ ਹੈ, ਮਾਇਆ ਦੇ ਸੁੱਖਾਂ ਦੇ ਪਿੱਛੇ ਦੌੜਦਾ ਹੈ ਜਿਸ ਕਰਕੇ ਮਨੁੱਖ ਨੂੰ ਆਪਣੀਆਂ ਤ੍ਰਿਸ਼ਨਾਵਾਂ ਪੂਰੀਆਂ ਕਰਨ ਲਈ ਅਨੇਕਾਂ ਝੂਠ ਬੋਲਣੇ ਪੈਂਦੇ ਹਨ ਭਾਵ ਲੋਭ ਲਾਲਚ ਪੂਰਾ ਕਰਨ ਲਈ ਅਨੇਕਾਂ ਮਾੜੇ ਕਰਮ ਕਰਨੇ ਪੈਂਦੇ ਹਨ। ਜਦ ਤੱਕ ਦੌੜਦਾ ਹੋਇਆ ਮਨ ਟਿਕਦਾ ਨਹੀਂ ਤਦ ਤੱਕ ਅਸੀਂ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦੇ। ਪ੍ਰਮਾਤਮਾ ਆਪਣਾ ਨਾਮ ਉਸੇ ਨੂੰ ਦਿੰਦਾ ਹੈ ਜੋ ਆਪਣੀ ਸਮਝ ਨੂੰ ਗੁਰੂ ਦੀ ਸਮਝ ਦੇ ਨਾਲ ਮਿਲਾਉਂਦਾ ਹੈ ਭਾਵ ਆਪਣੀ ਸਮਝ ਨੂੰ ਛੱਡਦਾ ਹੈ। ਸਤਿਗੁਰੂ ਦੇ ਨਾਲ ਸਾਡਾ ਮੇਲ ਗੁਰੂ ਦੀ ਸੱਚੀ ਸਮਝ ਦੇ ਨਾਲ ਮੇਲ ਹੈ ਭਾਵ ਸਾਡੀ ਸੁਰਤਿ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਦੇ ਨਾਲ ਮੇਲ ਹੈ। ਮਨ ਦੇ ਵਿੱਚ ਇਹ ਮੇਲ ਹੋਣ ਦੁਆਰਾ ਹੀ ਮਨੁੱਖ ਦੀ ਸਮਝ ਨਿਜ ਘਰ ਵਿੱਚ ਵੱਸਦੀ ਹੈ ਭਾਵ ਆਪਣੇ ਅਸਲ ਘਰ ਵਿੱਚ ਵੱਸਦੀ ਹੈ, ਪ੍ਰਮਾਤਮਾ ਦੇ ਘਰ ਵਿੱਚ ਵੱਸਦੀ ਹੈ ਜੋ ਉਸ ਦਾ ਘਰ ਸਾਡੇ ਅੰਦਰ ਹੀ ਹੈ। ਉਸ ਦੇ ਘਰ ਦੇ ਵਿੱਚੋਂ ਨਾਮ ਹੀ ਮਿਲਦਾ ਹੈ ਭਾਵ ਗੁਰਮਤਿ ਰੂਪ ਸੱਚਾ ਗਿਆਨ ਹੀ ਮਿਲਦਾ ਹੈ ਜੋ ਗਿਆਨ ਮਿਲਣ ਦੁਆਰਾ ਮਨੁੱਖ ਮਨ ਦੇ ਸੰਤੋਖ ਵਿੱਚ ਆ ਜਾਂਦਾ ਹੈ ਭਾਵ ਤ੍ਰਿਸ਼ਨਾਵਾਂ ਵਿੱਚੋਂ ਨਿਕਲ ਜਾਂਦਾ ਹੈ ਭਾਵ ਦੌੜਦਾ ਹੋਇਆ ਮਨ ਟਿਕ ਜਾਂਦਾ

ਹੈ ਤੇ ਫਿਰ ਹਰ ਵੇਲੇ ਟਿਕਿਆ ਹੀ ਰਹਿੰਦਾ ਹੈ ਜਿਸ ਟਿਕੇ ਹੋਏ ਮਨ ਦੁਆਰਾ ਹੀ ਮਨੁੱਖ ਸੱਚੀ ਭਗਤੀ ਦੇ ਮਾਰਗ ਤੇ ਚੱਲਦਾ ਹੈ ਭਾਵ ਹਰ ਵੇਲੇ ਨਾਮ ਜਪਦਾ ਹੈ। ਮਨ ਦੇ ਵਿੱਚ ਨਿਜ ਘਰ ਦੇ ਵਿੱਚ ਵੱਸਣਾ ਹੀ ਦਸਵੇਂ ਦੁਆਰ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਦਸਵੇਂ ਦੁਆਰ ਦੇ ਰੂਪ ਵਿੱਚ ਹੀ ਹੈ ਤੇ ਪ੍ਰਮਾਤਮਾ ਦਾ ਨਾਮ ਜਿਸ ਨੂੰ ਵੀ ਮਿਲਿਆ ਹੈ ਉਸ ਨੂੰ ਦਸਵੇਂ ਦੁਆਰ ਵਿੱਚੋਂ ਹੀ ਮਿਲਿਆ ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚੋਂ ਹੀ ਮਿਲਿਆ ਹੈ। (**ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥ ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥**)

ਪ੍ਰਮਾਤਮਾ ਦੇ ਘਰ ਵਿੱਚੋਂ, "ਦਸਮ ਦੁਆਰ" ਵਿੱਚੋਂ ਨਾਮ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ, ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥"

ਪ੍ਰਮਾਤਮਾ ਦੇ ਘਰ ਵਿੱਚੋਂ ਜੋ ਨਾਮ ਮਿਲਦਾ ਹੈ ਉਹ "ਅੰਮ੍ਰਿਤ ਭੋਜਨੁ" ਦੇ ਰੂਪ ਵਿੱਚ ਹੀ ਮਿਲਦਾ ਹੈ। ਇਹ ਭੋਜਨ ਸਾਡੇ ਮਨ ਦੇ ਛਕਣ ਦਾ ਭੋਜਨ ਹੈ, ਸੱਚੇ ਗਿਆਨ ਦਾ ਭੋਜਨ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਅੰਮ੍ਰਿਤ ਭੋਜਨ ਖਾਣ ਦੁਆਰਾ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੀ ਸਮਝ ਹੀ ਪੈਂਦੀ ਹੈ ਜੋ ਸਮਝ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ। ਮਨ ਦੇ ਵਿੱਚ ਇਹ ਭੋਜਨ ਖਾਣ ਦੁਆਰਾ ਹੀ ਮਨੁੱਖ ਦੀ ਸਮਝ "ਸਹਜ ਗਿਆਨ" ਵਾਲੀ ਬਣਦੀ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਬਣਦੀ ਹੈ। ਸਹਜ ਵਾਲੀ ਅਵੱਸਥਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਵਾਰੀ ਸਮਝਿਆ ਹੈ। ਸਾਡੇ ਮਨ ਦੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਤੇ ਮਨ ਦੇ ਵਿਚਾਰਾਂ ਰਾਹੀਂ ਜੋ ਕੁੱਝ ਸਾਨੂੰ ਚੰਗਾ ਲੱਗਦਾ ਹੈ ਉਹੀ ਸਾਡੇ ਅੰਦਰ ਦੀ "ਧੁਨ" ਹੁੰਦੀ ਹੈ। ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ, ਇੱਛਾਵਾਂ ਉਪਜਦੀਆਂ ਹਨ ਉਹ ਸਾਡੇ ਅੰਦਰ "ਮਾਇਆ ਦੀ ਧੁਨ" ਹੈ ਜਿਸ ਰਾਹੀਂ ਸਾਨੂੰ ਮਾਇਆ ਦੀ ਪ੍ਰਾਪਤੀ ਦੀ ਚਿੰਤਾ ਲੱਗੀ ਰਹਿੰਦੀ ਹੈ। ਸਾਡੇ ਮਨ ਦੀਆਂ ਇੱਛਾਵਾਂ ਹੀ ਸਾਡੇ ਅੰਦਰ ਦੀ "ਧੁਨ" ਹਨ। ਜਦੋਂ ਸਾਨੂੰ ਸਾਡੇ ਅੰਦਰੋਂ ਨਾਮ ਵਾਲੀ ਸਮਝ ਮਿਲਦੀ ਹੈ, ਸਹਜ ਵਾਲੀ ਸਮਝ ਮਿਲਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੀ ਗੁਰੂ ਦੀ ਮਤਿ ਮਿਲਦੀ ਹੈ ਉਸ ਨਾਲ ਸਾਡੇ ਮਨ ਦੀ ਧੁਨ ਵੀ ਬਦਲ ਜਾਂਦੀ ਹੈ ਭਾਵ ਮਨ ਦੀਆਂ ਇੱਛਾਵਾਂ ਵੀ ਬਦਲ ਜਾਂਦੀਆਂ ਹਨ ਭਾਵ ਦੌੜਦਾ ਹੋਇਆ ਮਨ ਟਿਕ ਜਾਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣਾ ਅੰਮ੍ਰਿਤ ਭੋਜਨ ਆਪਣੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਦਿੰਦਾ ਹੈ ਤੇ ਮਨ ਦੇ ਵਿੱਚ ਵਿਚਾਰਾਂ ਰਾਹੀਂ ਹੀ ਉਸ ਪ੍ਰਮਾਤਮਾ ਨੇ ਭਾਵ ਉਸ "ਸ਼ਬਦ" ਰੂਪ ਪ੍ਰਮਾਤਮਾ ਨੇ ਸਾਰੇ ਜਗਤ ਨੂੰ ਮਨ ਦੇ ਵਿੱਚ ਆਪਣੇ ਗਿਆਨ ਰਾਹੀਂ ਥੰਮਿਆ ਹੋਇਆ ਹੈ ਭਾਵ ਰੋਕਿਆ ਹੋਇਆ ਹੈ ਭਾਵ ਸਾਡਾ ਮਨ ਜੋ ਕੁੱਝ ਵੀ ਕਰਦਾ ਹੈ ਉਹ ਸਾਡੇ ਅੰਦਰੋਂ ਪ੍ਰਮਾਤਮਾ ਆਪ ਹੀ ਕਰਾਉਂਦਾ ਹੈ ਭਾਵ ਸਾਡੇ ਵਿਚਾਰਾਂ ਨੂੰ ਸਮਝ ਦੇਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਜਿਸ "ਥੰਮੀ" ਤੇ, "ਸਹਾਰੇ" ਤੇ ਸਭ ਦੇ ਵਿਚਾਰ ਟਿੱਕੇ ਹੋਏ ਹਨ ਤੇ ਉਹ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਉਹ ਜੋ ਚਾਹੇ ਸਾਡੇ ਕੋਲੋਂ ਕਰਵਾ ਸਕਦਾ ਹੈ ਭਾਵ ਭਾਵੇਂ ਉਹ ਸਾਡੇ ਵਿਚਾਰਾਂ ਨੂੰ ਤ੍ਰਿਸ਼ਨਾਵਾਂ ਵਿੱਚ ਪਾ ਦੇਵੇ ਤੇ ਭਾਵੇਂ ਉਹਨਾਂ ਵਿੱਚੋਂ ਰੋਕ ਲਵੇ ਇਹ ਉਸ ਦੀ ਆਪਣੀ ਰਜਾ ਹੈ। ਜਿਸ ਮਨੁੱਖੀ ਸਮਝ ਨੂੰ ਉਹ ਮਨ ਦੇ ਵਿੱਚ ਆਪਣਾ ਅੰਮ੍ਰਿਤ ਭੋਜਨ ਛਕਾਉਂਦਾ ਹੈ ਉਸ ਦੇ ਅੰਦਰ ਦੀ ਸਮਝ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ ਤੇ ਫਿਰ ਉਸਦਾ ਮਨ ਮਾਇਆ ਮੋਹ ਵਿੱਚ, ਤ੍ਰਿਸ਼ਨਾਵਾਂ ਵਿੱਚ ਨਹੀਂ ਦੌੜਦਾ ਭਾਵ ਟਿਕ ਜਾਂਦਾ ਹੈ, ਸੰਤੋਖ ਵਿੱਚ ਆ ਜਾਂਦਾ ਹੈ। (**ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥**) ਸਾਡੇ ਮਨ ਦੇ ਵਿੱਚ ਤ੍ਰਿਸ਼ਨਾਵਾਂ ਉਪਜਦੀਆਂ ਹੀ ਰਹਿੰਦੀਆਂ ਹਨ ਤੇ ਪ੍ਰਮਾਤਮਾ ਉਹਨਾਂ ਵਿੱਚੋਂ ਕਿਸ ਤਰੀਕੇ ਕੱਢਦਾ ਹੈ ਭਾਵ ਆਪਣਾ ਨਾਮ ਕਿਸ ਤਰੀਕੇ ਜਪਾਉਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥"

ਪਹਿਲੇ ਉੱਪਰ ਵਾਲੀ ਪੰਗਤੀ ਨੂੰ ਸਮਝੋ ਜਿੱਥੇ ਸਾਡੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ। ਬਾਣੀ ਵਿੱਚ ਸਾਡੇ ਅੰਦਰ ਵਾਜੇ ਵੱਜਣ ਦੀ ਗੱਲ ਆਉਂਦੀ ਹੈ। ਸਾਡੇ ਮਨ ਦੇ ਇਹ ਵਾਜੇ ਕੀ ਹਨ ਅਸੀਂ ਇਸ ਗੱਲ ਨੂੰ ਪਿੱਛੇ ਸਮਝਿਆ ਵੀ ਹੈ। ਇਹ ਵਾਜੇ ਸਾਡੇ ਅੰਦਰ ਹਰ ਵੇਲੇ ਵੱਜਦੇ ਰਹਿੰਦੇ ਹਨ ਜੋ ਵਾਜੇ ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰਾਂ ਦਾ ਸ਼ੋਰ ਹੈ, ਤ੍ਰਿਸ਼ਨਾਵਾਂ ਦਾ ਸ਼ੋਰ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥”

(ਅੰਗ - ੧੯)

ਪੂਰੇ ਸ਼ਬਦ ਨੂੰ ਅਸੀਂ ਅੱਗੇ ਚੱਲਕੇ ਸਮਝਾਂਗੇ ਤੇ ਉੱਪਰ ਪੰਗਤੀਆਂ ਦੁਆਰਾ ਇਹ ਗੱਲ ਸਾਨੂੰ ਆਸਾਨੀ ਨਾਲ ਸਮਝ ਆ ਜਾਂਦੀ ਹੈ ਕਿ ਸਾਡੇ ਅੰਦਰ ਹਰ ਵੇਲੇ ਵਾਜੇ ਕਿਸ ਰੂਪ ਵਿੱਚ ਵੱਜਦੇ ਰਹਿੰਦੇ ਹਨ। ਇਹ ਸਾਡੇ ਅੰਦਰ ਔਗੁਣਾਂ ਦੇ ਵਾਜੇ ਹਨ ਜੋ ਸਾਡੇ ਮਨ ਨੂੰ ਝੂਠ ਦੇ ਨਾਲ ਜੋੜ ਕੇ ਰੱਖਦੇ ਹਨ ਜਿਸ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ, ਗੁਰੂ ਦੇ ਸ਼ਬਦ ਦੀ ਸੱਚੀ ਸਮਝ ਦਾ ਨਾ ਹੋਣਾ ਹੈ, ਨਾਮ ਦਾ ਨਾ ਹੋਣਾ ਹੈ ਜਿਸ ਕਰਕੇ ਮਨ ਦੁਚਿੱਤੀ ਵਿੱਚ ਰਹਿੰਦਾ ਹੈ, ਭਰਮਾਂ ਵਿੱਚ ਰਹਿੰਦਾ ਹੈ ਭਾਵ ਗੁਰੂ ਦੀ ਸੱਚੀ ਭਗਤੀ ਨੂੰ ਸਮਝਣ ਵਿੱਚ ਭਰਮਾਂ ਵਿੱਚ ਰਹਿੰਦਾ ਹੈ ਤੇ ਮਾੜੇ ਕਰਮ ਕਰਦਾ ਹੈ ਜਿਸ ਕਰਕੇ ਸਾਡੇ ਅੰਦਰ ਹਰ ਵੇਲੇ ਤ੍ਰਿਸ਼ਨਾਵਾਂ ਦਾ ਬੋਲ ਬਾਲਾ ਰਹਿੰਦਾ ਹੈ ਜਿੰਨ੍ਹਾਂ ਤ੍ਰਿਸ਼ਨਾਵਾਂ ਵਿੱਚ ਹਰ ਕੋਈ ਡੁੱਬਾ ਹੋਇਆ ਹੈ, ਮਾਇਆ ਮੋਹ ਵਿੱਚ ਡੁੱਬਾ ਹੋਇਆ ਹੈ। ਇਹ ਸਾਡੇ ਅੰਦਰ ਝੂਠ ਦੇ ਤੂਰੇ ਹਨ। (**ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥ ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥**) ਜਿਸ ਮਨੁੱਖ ਨੂੰ ਪ੍ਰਮਾਤਮਾ ਆਪਣੀ ਭਗਤੀ ਦੀ ਸੱਚੀ ਸਮਝ ਪਾ ਦਿੰਦਾ ਹੈ ਭਾਵ ਗੁਰਮਤਿ ਸਮਝਾ ਦਿੰਦਾ ਹੈ ਉਸ ਦੇ ਅੰਦਰ ਫਿਰ ਨਾਮ ਦੇ ਤੂਰੇ ਵੱਜਦੇ ਹਨ, ਸੱਚ ਦੇ ਤੂਰੇ ਵੱਜਦੇ ਹਨ ਜਿੰਨ੍ਹਾਂ ਨੂੰ ਬਾਣੀ ਵਿੱਚ ਅਨਹਦ ਤੂਰੇ ਕਿਹਾ ਗਿਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਗੁਰਮਤਿ ਰਾਮੁ ਜਪੈ ਜਨੁ ਪੂਰਾ ॥
ਤਿਤੁ ਘਟ ਅਨਹਤ ਬਾਜੇ ਤੂਰਾ ॥੨॥}

(ਅੰਗ - ੨੨੮)

{ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥
ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥}

(ਅੰਗ - ੨੫੮)

{ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥
ਵਾਜੇ ਤਾ ਕੈ ਅਨਹਦ ਤੂਰਾ ॥੮॥}

(ਅੰਗ - ੩੯੩)

{ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥}

(ਅੰਗ - ੫੭੭)

{ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥
ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥}

(ਅੰਗ - ੭੮੧)

{ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥
ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥
ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥}

(ਅੰਗ - ੮੩੪)

{ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥
ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥
ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ ॥੪॥}

(ਅੰਗ - ੮੮੪)

{ਸੇਵਕੁ ਲਾਇਓ ਅਪੁਨੀ ਸੇਵ ॥
ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ॥
ਸਗਲੀ ਚਿੰਤਾ ਆਪਿ ਨਿਵਾਰੀ ॥
ਤਿਸੁ ਗੁਰ ਕਉ ਹਉ ਸਦ ਬਲਿਹਾਰੀ ॥੧॥
ਕਾਜ ਹਮਾਰੇ ਪੂਰੇ ਸਤਗੁਰ ॥
ਬਾਜੇ ਅਨਹਦ ਤੂਰੇ ਸਤਗੁਰ ॥੧॥ ਰਹਾਉ ॥}

(ਅੰਗ - ੮੮੭)

{ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥}

(ਅੰਗ - ੯੨੨)

{ਨਉ ਸਰ ਸੁਭਰ ਦਸਵੈ ਪੂਰੇ ॥
ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥
ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥
ਨਾਨਕ ਪਰਖਿ ਲਏ ਸਚੁ ਸੋਇ ॥੫੩॥}

(ਅੰਗ - ੯੪੪)

{ਜਿਹ ਸਿਮਰਨਿ ਹੋਇ ਮੁਕਤਿ ਦੁਆਰੁ ॥

ਜਾਹਿ ਬੈਕੁੰਠਿ ਨਹੀ ਸੰਸਾਰਿ ॥
ਨਿਰਭਉ ਕੈ ਘਰਿ ਬਜਾਵਹਿ ਤੂਰ ॥
ਅਨਹਦ ਬਜਹਿ ਸਦਾ ਭਰਪੂਰ ॥੧॥
ਐਸਾ ਸਿਮਰਨੁ ਕਰਿ ਮਨ ਮਾਹਿ ॥
ਬਿਨੁ ਸਿਮਰਨ ਮੁਕਤਿ ਕਤ ਨਾਹਿ ॥੧॥ ਰਹਾਉ ॥}

(ਅੰਗ - ੯੭੧)

{ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥
ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥੧॥
ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥
ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂ ਪੂਰਾ ॥੨॥}

(ਅੰਗ - ੧੨੫੨)

{ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥
ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥
ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥
ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥
ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥
ਗੁਰ ਰਾਮਦਾਸ ਕਲ੍ਹਚਰੈ ਤੈ ਅਭੈ ਅਮਰ ਪਦੁ ਪਾਇਅਉ ॥੬॥}

(ਅੰਗ - ੧੩੯੭)

ਸਾਡੇ ਅੰਦਰ ਦੇ ਇਹ ਵਾਜੇ ਵੱਜਣੇ ਕੀ ਹਨ ਇਸ ਗੱਲ ਨੂੰ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਸਾਰੀ ਗੱਲ ਮਨ ਦੇ ਵਿੱਚ ਸੱਚੀ ਭਗਤੀ ਦੀ ਸਮਝ ਹੋਣਾ ਜਾਂ ਨਾ ਹੋਣਾ ਹੈ। ਸਾਡੇ ਅੰਦਰ ਭਗਤੀ ਵਾਲੀ ਝੂਠੀ ਸਮਝ ਦੇ ਤੂਰੇ, ਮਾਇਆ ਮੋਹ ਦੇ ਤੂਰੇ, ਮਨ ਦੀਆਂ ਤ੍ਰਿਸ਼ਨਾਵਾਂ ਦੇ ਤੂਰੇ ਹਰ ਵੇਲੇ ਵੱਜਦੇ ਰਹਿੰਦੇ ਹਨ ਤੇ ਇਹਨਾਂ ਵਿੱਚੋਂ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਕੱਢਦਾ ਹੈ ਤੇ ਉਸ ਨੂੰ ਆਪਣੇ ਅਨਹਦ ਤੂਰੇ ਵਾਲੇ ਵਿਚਾਰਾਂ ਦੇ ਨਾਲ ਜੋੜਦਾ ਹੈ ਭਾਵ ਨਾਮ ਵਾਲੀ ਸਮਝ ਦੇ ਨਾਲ ਜੋੜਦਾ ਹੈ ਤੇ ਫਿਰ ਉਹ ਆਪਣੇ ਜੀਵਨ ਵਿੱਚ ਗੁਰਮਤਿ ਨੂੰ ਹੀ ਉੱਚਾ ਕਰਦਾ ਹੈ, ਸੱਚ ਨੂੰ ਹੀ ਉੱਚਾ ਕਰਦਾ ਹੈ ਭਾਵ ਸੱਚ ਦੇ ਤੂਰੇ ਵਜਾਉਂਦਾ ਹੈ। ਪਹਿਲਾਂ ਮਨ ਦੇ ਵਿੱਚ ਸੱਚ ਦੇ ਤੂਰੇ ਵੱਜਣਗੇ ਫਿਰ ਤਾਂ ਹੀ ਮਨੁੱਖ ਝੂਠੀ ਸਮਝ ਵਿੱਚੋਂ ਨਿਕਲਦਾ ਹੈ, ਤ੍ਰਿਸ਼ਨਾਵਾਂ ਵਿੱਚੋਂ ਨਿਕਲਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਨੂੰ ਉੱਚਾ ਕਰਦਾ ਹੈ। ਹੁਣ ਅਸੀਂ ਉੱਪਰ ਵਾਲੇ ਮੁੱਖ ਸ਼ਬਦ ਦੀ ਪੰਗਤੀ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ।

“ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥”

ਸਾਡੇ ਮਨ ਦੇ ਅੰਦਰ ਅਨੇਕਾਂ ਹੀ ਵਿਚਾਰ ਉਪਜਦੇ ਹਨ ਭਾਵ ਅਨੇਕਾਂ ਤਰੀਕਿਆਂ ਨਾਲ ਸਾਡੇ ਮਨ ਦੇ ਵਿੱਚ ਵਾਜੇ ਵੱਜਦੇ ਹਨ ਪਰ ਜੋ ਮਨੁੱਖ ਮਨ ਦੇ ਵਿੱਚ ਅੰਮ੍ਰਿਤ ਭੋਜਨ ਛਕ ਲੈਂਦਾ ਹੈ ਭਾਵ ਜਿਸ ਦੇ ਅੰਦਰ ਨਾਮ ਵੱਸ ਜਾਂਦਾ ਹੈ ਭਾਵ ਜੋ ਮਨ ਦੇ ਵਿੱਚ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਂਦਾ ਹੈ, ਦਸਮ ਦੁਆਰ ਦੀ ਪ੍ਰਾਪਤੀ ਕਰ ਲੈਂਦਾ ਹੈ ਉਸ ਦੇ ਅੰਦਰ ‘‘ਸਦਾ ਅਨਦੁ’’ ਹੀ ਰਹਿੰਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਹੀ ਟਿਕੀ ਰਹਿੰਦੀ ਹੈ। ਸਾਡੇ ਮਨ ਦੇ ਵਿੱਚ ਅਨਦੁ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ। ਸਾਡੇ ਅੰਦਰ ਦਾ ਅਨਦੁ ਗੁਰਮਤਿ ਰੂਪ ਸੱਚੀ ਸਮਝ ਹੈ ਜੋ ਮਾਇਆ ਮੋਹ ਤੋਂ ਰਹਿਤ ਵਾਲੀ ਸਮਝ ਹੈ। ਮਨ

ਦੀ ਇਸ ਸਮਝ ਦੁਆਰਾ ਮਨੁੱਖ ਮਨ ਦੇ ਵਿੱਚ ਉਸ ਸੱਚੇ ਵਿੱਚ ਸਮਾਇਆ ਰਹਿੰਦਾ ਹੈ ਭਾਵ ਮਨੁੱਖ ਦੀ ਸਮਝ ਪ੍ਰਮਾਤਮਾ ਦੀ ਮਨ ਦੇ ਵਿੱਚ ਦਿੱਤੀ ਹੋਈ ਸੱਚੀ ਸਮਝ ਵਿੱਚ ਸਮਾਈ ਰਹਿੰਦੀ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਫਿਰ ਮਨ ਦੇ ਵਿੱਚ ਕੂੜ ਵਾਲੇ ਵਿਚਾਰਾਂ ਦੇ ਵਾਜੇ ਨਹੀਂ ਵੱਜ ਸਕਦੇ ਭਾਵ ਉਹ ਵਾਜੇ ਫਿਰ ਮਨੁੱਖੀ ਸਮਝ ਤੇ ਅਸਰ ਨਹੀਂ ਕਰਦੇ ਤੇ ਉਸ ਦੇ ਅੰਦਰ ਸੱਚ ਦੇ ਵਾਜੇ ਹੀ ਵੱਜਦੇ ਹਨ। ਮਨੁੱਖ ਤ੍ਰਿਸ਼ਨਾਵਾਂ ਵਿੱਚੋਂ ਭਾਵ ਦੌੜਦੇ ਹੋਏ ਮਨ ਦੇ ਵਿੱਚੋਂ ਇਸ ਤਰੀਕੇ ਹੀ ਨਿਕਲਦਾ ਹੈ ਭਾਵ ਉਸ ਦਾ ਮਨ ਇਸ ਤਰੀਕੇ ਟਿਕਦਾ ਹੈ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। (**ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥ ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥ ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥**)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥
ਬੰਧਨ ਨ ਤ੍ਰੁਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥
ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ - ੨੩੧)

{ਚਰਣ ਠਾਕੁਰ ਕੇ ਰਿਦੈ ਸਮਾਣੇ ॥
ਕਲਿ ਕਲੇਸ ਸਭ ਦੂਰਿ ਪਇਆਣੇ ॥
ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥੧॥}

(ਅੰਗ - ੧੦੫)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥}

(ਅੰਗ - ੫੯)

{ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥
ਨਿਕਟਿ ਵਸੈ ਨਾਹੀ ਹਰਿ ਦੂਰਿ ॥੧॥ ਰਹਾਉ ॥
ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥
ਹਰਿ ਆਪੇ ਵੇਖੈ ਵਿਗਸੈ ਆਪੇ ॥
ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥੨॥}

(ਅੰਗ - ੧੬੫)

{ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥
ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥
ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥

ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥}

(ਅੰਗ - ੨੪੫)

{ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥
ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥}

(ਅੰਗ - ੯੪੩)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥
ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ - ੯੨)

ਉੱਪਰ ਪਿਛਲੇ ਮੁੱਖ ਸ਼ਬਦ ਦੇ ਪਦੇ ਰਾਹੀਂ ਅਸੀਂ ਆਪਣੇ ਅੰਦਰ ਪ੍ਰਮਾਤਮਾ ਦਾ ਅਸਥਾਨ ਸਮਝਿਆ ਹੈ ਜੋ ਕਿ ਦਸਵੇਂ ਦੁਆਰ ਦੇ ਰੂਪ ਵਿੱਚ ਹੈ ਜਿਸ ਦੁਆਰ ਵਿੱਚੋਂ ਪ੍ਰਮਾਤਮਾ ਦਾ ਅੰਮ੍ਰਿਤ ਨਾਮ ਮਿਲਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਜੋ ਸੋਝੀ ਦਸਵਾਂ ਦੁਆਰ ਖੋਲਣ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਦਰ ਤੋਂ ਹੀ ਆਈ ਹੈ ਭਾਵ ਦਸਮ ਦੁਆਰ ਤੋਂ ਹੀ ਆਈ ਹੈ ਤੇ ਜਿਸ ਨੇ ਵੀ ਦਸਮ ਦੁਆਰ ਤੋਂ ਅੰਮ੍ਰਿਤ ਨਾਮ ਪੀਤਾ ਹੈ ਉਸ ਨੇ ਹੀ ਗੁਰਬਾਣੀ ਰਾਹੀਂ ਸੰਸਾਰ ਨੂੰ ਅੰਮ੍ਰਿਤ ਨਾਮ ਦਿੱਤਾ ਹੈ, ਇਹ ਅੰਮ੍ਰਿਤ ਰੂਪ ਭੋਜਨ ਦਿੱਤਾ ਹੈ। ਮਨ ਦੇ ਵਿੱਚ ਇਸ ਭੋਜਨ ਨੂੰ ਖਾਣ ਦੁਆਰਾ ਗੁਰਮਤਿ ਦੀ ਸੱਚੀ ਸਮਝ ਹੀ ਪੈਂਦੀ ਹੈ ਤੇ ਗੁਰਮਤਿ ਦੀ ਸੱਚੀ ਸਮਝ ਦੇ ਨਾਲ ਜੁੜਨ ਦੁਆਰਾ ਹੀ ਕਿਸੇ ਦਾ ਪ੍ਰਮਾਤਮਾ ਦੇ ਨਾਲ ਰੰਗ ਲੱਗ ਸਕਦਾ ਹੈ ਕਿਉਂਕਿ ਗੁਰਮਤਿ ਦੀ ਸੱਚੀ ਸਮਝ ਦੇ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਸਭ ਦੇ ਅੰਦਰ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ। ਇਸੇ ਲਈ ਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਸਮਝਾਇਆ ਹੈ ਕਿ ਜੇਕਰ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹੋ ਤਾਂ ਫਿਰ ਇਸ ਮਨ ਨੂੰ ਜਾਣੋ ਤੇ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥"

ਸਾਡੇ ਅੰਦਰ "ਜੋਤਿ" ਕੀ ਹੈ ਇਸ ਗੱਲ ਨੂੰ ਅਸੀਂ ਵਾਰ-ਵਾਰ ਜਾਣਦੇ ਆ ਰਹੇ ਹਾਂ। ਘੱਟੋ-ਘੱਟ ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਤੇ ਮੰਨਦਾ ਹੈ ਕਿ "ਜੋਤਿ" ਰੂਪ ਪ੍ਰਮਾਤਮਾ ਆਪ ਹੈ ਤੇ ਕੋਈ ਹੋਰ ਨਹੀਂ ਹੋ ਸਕਦਾ ਤੇ ਸਾਡੇ ਮਨ ਨੂੰ "ਜੋਤਿ" ਦਾ ਰੂਪ ਕਿਹਾ ਹੈ। ਜੇਕਰ ਜੋਤਿ ਪ੍ਰਮਾਤਮਾ ਹੈ ਤਾਂ ਫਿਰ ਇਹ ਮਨ ਕੀ ਹੋਇਆ। ਸਾਡੇ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ

ਹੀ ਹੈ ਤੇ ਇਸ ਗੱਲ ਤੇ ਵਿਸ਼ਵਾਸ ਤਾਂ ਹੀ ਆ ਸਕਦਾ ਹੈ ਜਦੋਂ ਅਸੀਂ ਇਸ ਮਨ ਨੂੰ ਜਾਣ ਲਈਏ। ਮੂਲ ਤਾਂ ਸਭ ਦਾ ਇੱਕੋ ਇੱਕ ਪ੍ਰਮਾਤਮਾ ਹੀ ਹੈ ਭਾਵ ਇਸ ਸ੍ਰਿਸ਼ਟੀ ਦਾ ਕਰਤਾ ਹੀ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਜੋ ਇਸ ਮਨ ਨੂੰ ਪਹਿਚਾਣ ਲੈਂਦਾ ਹੈ, ਜਾਣ ਲੈਂਦਾ ਹੈ ਉਹ ਆਪਣੇ ਅੰਦਰ ਦੀ "ਜੋਤਿ" ਨੂੰ ਜਾਣ ਲੈਂਦਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ, ਆਪਣੇ "ਮੂਲੁ" ਨੂੰ ਪਹਿਚਾਣ ਲੈਂਦਾ ਹੈ। (**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**) ਪ੍ਰਮਾਤਮਾ ਤਾਂ ਸਾਡੇ ਸਭ ਦੇ ਨਾਲ ਹੀ ਹੈ ਜਿਵੇਂ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਪਰ ਸਾਨੂੰ ਕਿਵੇਂ ਸਮਝ ਲੱਗੇ ਭਾਵ ਕਿਵੇਂ ਵਿਸ਼ਵਾਸ ਆਵੇ ਕਿ ਉਹ ਸਾਡੇ ਨਾਲ ਹੀ ਹੈ। ਇਸ ਮਨ ਨੂੰ ਜੋ ਜਾਣ ਲੈਂਦਾ ਹੈ ਉਹੀ ਸਮਝ ਸਕਦਾ ਹੈ ਤੇ ਕਿਸੇ ਨੂੰ ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਸਾਡੇ ਨਾਲ ਹੀ ਹੈ ਤੇ ਉਸ ਦੇ ਨਾਲ ਹੋਣ ਦੀ ਪਹਿਚਾਣ ਕਿਵੇਂ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥"

ਜਿੰਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਆਪਣੇ ਨਾਲ ਜਾਣਿਆ ਹੈ ਉਹ ਮਨ ਦੇ ਰਾਹੀਂ ਹੀ ਜਾਣਿਆ ਹੈ ਤੇ ਪ੍ਰਮਾਤਮਾ ਨੂੰ ਜਾਣਨ ਦੇ ਨਾਲ ਉਹਨਾਂ ਨੂੰ ਕੀ ਪ੍ਰਾਪਤੀ ਹੋਈ ਹੈ, ਇਸ ਗੱਲ ਨੂੰ ਸਮਝਣਾ ਜਿਆਦਾ ਜਰੂਰੀ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਜੋ ਕੁੱਝ ਪ੍ਰਾਪਤੀ ਕੀਤੀ ਹੈ ਉਹ "ਗੁਰਮਤਿ" ਰੂਪ ਸੱਚੇ ਗਿਆਨ ਦੀ ਹੀ ਕੀਤੀ ਹੈ ਤੇ ਜੋ "ਗੁਰਮਤਿ" ਉਹਨਾਂ ਨੇ ਜਾਣੀ ਹੈ ਉਹੀ "ਗੁਰਮਤਿ" ਉਹਨਾਂ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਈ ਹੈ। ਸ਼ਬਦ ਦੇ ਇਸ ਤੋਂ ਪਿਛਲੇ ਪਦੇ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਦਸਮ ਦੁਆਰ ਰਾਹੀਂ ਪ੍ਰਮਾਤਮਾ ਆਪਣਾ ਅੰਮ੍ਰਿਤ ਨਾਮ ਦਿੰਦਾ ਹੈ। ਜੋ "**ਗੁਰਮਤਿ**" ਹੈ ਉਹੀ "**ਅੰਮ੍ਰਿਤ ਭੋਜਨ**" ਹੈ ਭਾਵ ਇੱਕੋ ਹੀ ਗੱਲ ਹੈ। ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਨਾਮ "ਗੁਰਮਤਿ" ਦੇ ਰੂਪ ਵਿੱਚ ਹੀ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ "ਗੁਰਮਤਿ" ਰੂਪ ਗਿਆਨ ਲਿਆ ਹੈ ਉਹਨਾਂ ਨੇ ਹੀ ਉਸ ਦਾ ਰੰਗ ਮਾਣਿਆ ਹੈ। ਗੁਰਮਤਿ ਦਾ ਰੰਗ, ਨਾਮ ਦਾ ਰੰਗ ਸ਼ਬਦਾਂ ਦੇ ਅੰਦਰ ਦੀ ਸਮਝ ਹੈ ਜਿਸ ਸਮਝ ਨੂੰ ਉਹਨਾਂ ਨੇ ਆਪਣੇ ਜੀਵਨ ਵਿੱਚ ਮਾਣਿਆ ਹੈ ਭਾਵ ਉਸ ਤੇ ਅਮਲ ਕਰਨ ਦੁਆਰਾ ਮਾਣਿਆ ਹੈ ਭਾਵ ਆਪਣੀ ਸੱਚੀ ਕਰਨੀ ਦੁਆਰਾ ਮਾਣਿਆ ਹੈ। ਗੁਰਮਤਿ ਸੱਚ ਹੀ ਸਮਝਾਉਂਦੀ ਹੈ ਜੋ ਸੱਚ ਦਾ ਰੰਗ ਸਾਡੀ ਸਮਝ ਦੇ ਉੱਤੇ ਹੀ ਚੜ੍ਹਦਾ ਹੈ ਤੇ ਉਹ ਸਮਝ ਫਿਰ ਸਦਾ ਨਾਮ ਦੇ ਰੰਗ ਵਿੱਚ ਹੀ ਰੰਗੀ ਰਹਿੰਦੀ ਹੈ ਤੇ ਆਪਣੇ ਜੀਵਨ ਵਿੱਚ ਇਸ ਰੰਗ ਨੂੰ ਸਦਾ ਹੀ ਮਾਣਦੀ ਹੈ। (**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥**)

ਆਪਣੇ ਅੰਦਰੋਂ "ਮੂਲ" ਨੂੰ ਪਹਿਚਾਨਣਾ, ਆਪਣੇ ਅੰਦਰ ਦੀ "ਜੋਤਿ" ਨੂੰ ਜਾਨਣਾ, "ਮਨ" ਨੂੰ ਜਾਨਣਾ ਆਪਣੇ ਅੰਦਰੋਂ "ਪ੍ਰਮਾਤਮਾ" ਨੂੰ ਜਾਨਣਾ ਹੀ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਤਾਂ ਜੋ ਕੋਈ ਭਰਮ ਵਿੱਚ ਨਾ ਰਹੇ ਕਿ ਅਸੀਂ ਪ੍ਰਮਾਤਮਾ ਨੂੰ ਕਿੱਥੋਂ ਜਾਣਨਾ ਹੈ।

"ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥"

ਉੱਪਰ ਪੰਗਤੀ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜੋ ਆਪਣੇ ਅੰਦਰੋਂ ਮੂਲ ਦੀ ਪਹਿਚਾਣ ਕਰ ਲੈਂਦਾ ਹੈ ਤੇ ਤਾਂ ਹੀ ਉਸ ਸਹੁ ਨੂੰ ਭਾਵ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਆਪਣੇ "ਮਨ" ਨੂੰ ਜਾਣੇ ਬਿਨ੍ਹਾਂ, ਆਪਣੇ ਅੰਦਰ ਦੀ "ਜੋਤਿ" ਨੂੰ ਜਾਣੇ ਬਿਨ੍ਹਾਂ ਅਗਰ ਕੋਈ ਇਹ ਕਹੇ ਕਿ ਉਸ ਨੇ ਪ੍ਰਮਾਤਮਾ ਨੂੰ ਜਾਣ ਲਿਆ ਹੈ ਫਿਰ ਇਹ ਉਸ ਦਾ ਭਰਮ ਹੈ। ਪ੍ਰਮਾਤਮਾ ਨੂੰ ਜਾਣਨ ਦੀਆਂ ਗੱਲਾਂ ਕਰਨ ਵਾਲੇ ਤਾਂ ਅਨੇਕਾਂ ਹਨ ਪਰ ਕੀ ਕੋਈ ਆਪਣੇ ਇਸ ਮਨ ਨੂੰ ਜਾਣ ਸਕਿਆ ਹੈ ਜਿਸ ਨੂੰ ਜਾਣੇ ਬਿਨ੍ਹਾਂ ਕੋਈ ਪ੍ਰਮਾਤਮਾ ਦੀ ਅਸਲੀਅਤ ਨੂੰ ਨਹੀਂ ਜਾਣ ਸਕਦਾ ਤੇ ਆਪਣੇ ਮਨ ਨੂੰ ਜਾਣੇ ਬਿਨ੍ਹਾਂ ਕੀ ਕੋਈ ਆਪਣੇ ਆਪ ਦੀ ਅਸਲੀਅਤ ਜਾਣ ਸਕਿਆ ਹੈ, ਇਸ ਸੰਸਾਰ ਦੀ ਅਸਲੀਅਤ ਨੂੰ ਜਾਣ ਸਕਿਆ ਹੈ ਭਾਵ ਕੀ ਕੋਈ ਪ੍ਰਮਾਤਮਾ ਨੂੰ ਜਾਣਨ ਦੀਆਂ ਗੱਲਾਂ ਕਰਨ ਵਾਲਾ ਇਹ ਸਮਝ ਸਕਿਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦੀ ਹੋਂਦ ਇੱਕ ਝੂਠੀ ਹੋਂਦ ਹੈ। ਅਨੇਕਾਂ ਹੀ ਪ੍ਰਮਾਤਮਾ ਦੀਆਂ ਗੱਲਾਂ ਕਰਨ ਵਾਲੇ ਉਸ ਪ੍ਰਮਾਤਮਾ ਨੂੰ ਆਕਾਰ ਰੂਪ ਵਿੱਚ ਸਮਝਦੇ ਹਨ, ਕਿਸੇ ਖਾਸ ਖੰਡ ਬ੍ਰਹਿਮੰਡ ਵਿੱਚ ਹੋਣਾ ਸਮਝਦੇ ਹਨ ਭਾਵ ਕਿਤਨੇ ਹੀ ਵੱਡੇ ਭਰਮ ਵਿੱਚ ਉਹ ਆਪ ਰਹੇ ਹਨ ਤੇ ਸੰਸਾਰ ਨੂੰ ਭਰਮ ਵਿੱਚ ਪਾ ਕੇ ਹੀ ਗਏ ਹਨ। ਇਹ ਸਭ ਮਾਇਆ ਦੀ ਖੇਡ ਹੈ ਜਿਸ ਨੂੰ ਸਮਝਣਾ ਮਨੁੱਖੀ ਸਮਝ ਤੋਂ ਬਾਹਰ ਹੈ। ਜਦ ਤੱਕ ਕੋਈ

ਮਨੁੱਖ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਤਦ ਤੱਕ ਇਸ ਸਰੀਰ ਨੂੰ ਉਹ ਆਪਣਾ ਸਰੀਰ ਸਮਝਦਾ ਹੈ ਤੇ ਆਪਣੇ ਆਪ ਨੂੰ ਭਾਵ ਮਨੁੱਖੀ ਸਰੀਰ ਦੇ ਜਨਮ ਮਰਨ ਨੂੰ ਹੀ ਆਪਣਾ ਜਨਮ ਮਰਨ ਸਮਝਦਾ ਹੈ। ਅਸਲ ਮਰਨ ਜੀਵਨ ਕੀ ਹੈ ਇਸ ਗੱਲ ਦੀ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜਦੋਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੀ ਹੋਂਦ ਹੀ ਝੂਠੀ ਹੈ ਜਿਸ ਦਾ ਕਾਰਨ ਮੇਰੇ ਅੰਦਰ ਦੀ ਨਾਸਮਝ ਮਤਿ ਹੈ, ਮਾਇਆ ਹੈ, ਹਉਮੈ ਹੈ ਭਾਵ ਮਨ ਦੀ ਅਗਿਆਨਤਾ ਹੈ। ਮਨ ਦੀ ਹਉਮੈ ਦਾ ਮਰਨਾ ਹੀ ਮਨੁੱਖ ਦਾ ਅਸਲ ਜਨਮ ਹੈ ਤੇ ਉਸ ਦਾ ਸੱਚਾ ਜੀਵਨ ਹੈ। ਇਹ ਸਮਝ ਪ੍ਰਮਾਤਮਾ ਆਪਣੀ ਸੱਚੀ ਗੁਰਮਤਿ ਸਮਝਾਉਣ ਦੁਆਰਾ ਹੀ ਪਾਉਂਦਾ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਿਆ ਹੈ। ਆਪਣੀ ਗੁਰਮਤਿ ਦੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਪਾਉਣ ਦੁਆਰਾ ਹੀ ਦਿੰਦਾ ਹੈ। ਸ਼ਬਦਾਂ ਦੀ ਵਿਚਾਰ ਦੇ ਨਾਲ ਸਾਡੀ ਸੁਰਤਿ ਦੇ ਨਾਸਮਝ ਵਿਚਾਰ ਹੀ ਮਰਦੇ ਹਨ ਭਾਵ ਸਾਡੀ ਹਉਮੈ ਹੀ ਮਰਦੀ ਹੈ ਤੇ ਇਹੀ ਸ਼ਬਦ ਦੁਆਰਾ ਮਰਨਾ ਹੈ ਜਿਸ ਤੋਂ ਬਾਅਦ ਹੀ ਮਨੁੱਖ ਦਾ ਅਸਲ ਜਿਉਣਾ ਹੁੰਦਾ ਹੈ ਜੋ ਜੀਵਨ ਮਨੁੱਖ ਗੁਰਮਤਿ ਦੀ ਸੱਚੀ ਸਮਝ ਦੁਆਰਾ ਜੀਉਂਦਾ ਹੈ ਭਾਵ "ਗੁਰਮਤੀ" ਰੰਗ ਮਾਣਦਾ ਹੈ ਜੋ ਕਿ ਭਗਤੀ ਦੇ ਮਾਰਗ ਤੇ ਚੱਲਣ ਦਾ ਅਸਲ ਮਾਰਗ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਸੱਚੀ ਭਗਤੀ ਕੀਤੀ ਹੈ ਉਹਨਾਂ ਨੇ ਇਹੋ ਜਿਹੀ ਮਨ ਦੀ ਸੋਝੀ ਦੁਆਰਾ ਹੀ ਕੀਤੀ ਹੈ। ਆਪਣੇ ਅੰਦਰੋਂ ਕੋਈ ਆਪਣੇ ਆਪ ਪ੍ਰਮਾਤਮਾ ਨੂੰ ਜਾਣ ਲਵੇ ਇਹ ਮੁਮਕਿਨ ਨਹੀਂ ਹੈ ਭਾਵ ਇਹ ਕੇਵਲ ਤੇ ਕੇਵਲ ਗੁਰ ਪਰਸਾਦਿ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਕਿਸੇ ਨੂੰ ਸਮਝ ਲੱਗ ਸਕਦੀ ਹੈ ਕਿ ਸਭ ਕੁੱਝ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਪ੍ਰਮਾਤਮਾ ਆਪ ਗੁਰਮਤਿ ਦੀ ਸੱਚੀ ਸਮਝ ਨਹੀਂ ਪਾਉਂਦਾ ਤਦ ਤੱਕ ਸਾਡਾ ਗੁਰੂ ਨਾਲ ਭਾਵ ਗੁਰਮਤਿ ਨਾਲ ਸੱਚਾ ਪਿਆਰ ਨਹੀਂ ਜੁੜਦਾ ਭਾਵ ਸਾਡੇ ਅੰਦਰੋਂ ਦੂਜਾ ਭਾਉ ਨਹੀਂ ਨਿਕਲਦਾ, ਮਾਇਆ ਮੋਹ ਵਾਲੀ ਸਮਝ ਦੇ ਵਿੱਚੋਂ ਪਿਆਰ ਨਹੀਂ ਨਿਕਲਦਾ। ਪ੍ਰਮਾਤਮਾ ਦੀ ਸੱਚੀ ਭਗਤੀ ਦੂਜੇ ਭਾਉ ਵਿੱਚੋਂ ਨਿਕਲਕੇ ਹੀ ਹੁੰਦੀ ਹੈ। (**ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥**) ਗੁਰਮਤਿ ਦੀ ਸੱਚੀ ਸਮਝ ਭਗਤੀ ਦੇ ਸੱਚੇ ਮਾਰਗ ਤੇ ਕਿਸ ਤਰੀਕੇ ਚਲਾਉਂਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਮਾਰਗ ਤੇ ਚੱਲਣ ਦਾ ਉੱਦਮ ਕੀਤੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ।

"ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥

ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥"

ਗੁਰੂ ਦੀ ਮਤਿ ਜੋ ਸਾਨੂੰ ਸੱਚੀ ਭਗਤੀ ਦਾ ਮਾਰਗ ਵਾਰ-ਵਾਰ ਸ਼ਬਦਾਂ ਰਾਹੀਂ ਸਮਝਾ ਰਹੀ ਹੈ ਉਹੀ ਭਗਤੀ ਦਾ ਮਾਰਗ ਸਾਨੂੰ ਉੱਪਰ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਸੰਤੋਖ ਦੁਆਰਾ ਹੀ ਹੁੰਦੀ ਹੈ ਤੇ ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਗੁਰਮਤਿ ਸਮਝਾਉਂਦਾ ਹੈ ਉਸ ਮਨੁੱਖੀ ਸਮਝ ਨੂੰ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਹੀ ਕੱਢਦਾ ਹੈ, ਤ੍ਰਿਸ਼ਨਾਵਾਂ ਵਿੱਚੋਂ ਹੀ ਕੱਢਦਾ ਹੈ ਭਾਵ ਹਰ ਅਵਗੁਣ ਵਿੱਚੋਂ ਕੱਢਦਾ ਹੈ ਭਾਵ ਮਨ ਦੇ ਵਿੱਚ ਸੰਤੋਖ ਵਾਲੀ ਬਿਰਤੀ ਬਣਾਉਂਦਾ ਹੈ ਤਾਂ ਜੋ ਮਨੁੱਖ ਜੋ ਵੀ ਕਰਮ ਕਰੇ ਉਹ ਮਨ ਦੇ ਸੰਤੋਖ ਰਾਹੀਂ ਸੱਚੇ ਸੁੱਚੇ ਕਰਮ ਹੀ ਕਰੇ ਭਾਵ ਮਾੜੇ ਕਰਮ ਨਾ ਕਰੇ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਦਰ ਤੇ ਜਿਸ ਨੂੰ ਵਧਾਈ ਮਿਲਦੀ ਹੈ ਭਾਵ ਜਿਸ ਤੇ ਪ੍ਰਮਾਤਮਾ ਆਪਣੀ ਪ੍ਰਸੰਨਤਾ ਦਿਖਾਉਂਦਾ ਹੈ ਉਸ ਨੂੰ ਪਹਿਲੇ ਸੱਚੀ ਭਗਤੀ ਦੀ ਸਮਝ ਵਾਲਾ ਹੀ ਬਣਾਉਂਦਾ ਹੈ। ਜੋ ਸੱਚੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਦਿੰਦਾ ਹੈ ਉਸੇ ਸਮਝ ਨੂੰ ਹੀ ਸ਼ਬਦਾਂ ਦੀ ਵਿਚਾਰ ਦੁਆਰਾ ਹੋਰ ਵਧਾਉਂਦਾ ਹੈ ਤੇ ਇਹੀ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਵਧਾਈ ਮਿਲਣੀ ਹੈ, ਵਧਾਈ ਦੇ ਵਾਜੇ ਵੱਜਣੇ ਹਨ। ਮਨ ਦੀ ਇਹੋ ਜਿਹੀ ਭਗਤੀ ਦੀ ਸਮਝ ਦੁਆਰਾ ਹੀ ਕੋਈ ਮਨੁੱਖ ਪ੍ਰਮਾਤਮਾ ਦੇ ਦਰ ਤੇ ਪ੍ਰਵਾਣ ਹੁੰਦਾ ਹੈ। (**ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥**)

{ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥
ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥
ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ ॥
ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ ॥
ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ॥
ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥੩॥}

(ਅੰਗ - ੫੬੬)

{ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੬॥}

(ਅੰਗ - ੩੦੦)

{ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ ਜਿਨ੍ ਬਿਧਾਤਾ ਪਾਇਆ ॥
ਨਾਮ ਰਾਤੇ ਜੀਅ ਦਾਤੇ ਨਿਤ ਦੇਹਿ ਚੜਹਿ ਸਵਾਇਆ ॥}

(ਅੰਗ - ੫੪੩)

{ਤ੍ਰਿਸਨਾ ਬੂਝੀ ਅੰਤਰੁ ਠੰਢਾ ॥
ਗੁਰਿ ਪੂਰੈ ਲੈ ਤੂਟਾ ਗੰਢਾ ॥
ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥
ਮਰੈ ਨਾਹੀ ਸਦ ਸਦ ਹੀ ਜੀਵੈ ॥
ਅਮਰੁ ਭਇਆ ਅਬਿਨਾਸੀ ਥੀਵੈ ॥
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥
ਪੂਰੇ ਗੁਰ ਕੀ ਪੂਰੀ ਬਾਣੀ ॥
ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੫॥}

(ਅੰਗ - ੧੦੭੪)

{ਗੁਰ ਪੂਰੇ ਕੀ ਵਡੀ ਵਡਿਆਈ ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥
ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ ਚੜੈ ਸਵਾਇਆ ॥}

(ਅੰਗ - ੩੦੫)

ਉਪਰਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਸਾਡੇ ਉੱਤੇ ਆਪਣਾ ਰੰਗ ਚੜਾਉਂਦਾ ਹੀ ਰਹਿੰਦਾ ਹੈ ਭਾਵ ਜੋ ਉਹ ਗੁਰਮਤਿ ਵਾਲੀ ਸੱਚੀ ਸਮਝ ਮਨ ਦੇ ਵਿੱਚ ਦਿੰਦਾ ਹੈ ਉਹ ਨਿਤ-ਨਿਤ ਦਿੰਦਾ ਹੀ ਰਹਿੰਦਾ ਹੈ ਭਾਵ ਸ਼ਬਦਾਂ ਦੀ ਸੋਝੀ ਨੂੰ ਵਧਾਉਂਦਾ ਹੀ ਰਹਿੰਦਾ ਹੈ ਤੇ ਪਹਿਲੇ ਦਿੱਤੇ ਵਿਚਾਰਾਂ ਨਾਲੋਂ ਸਵਾਇਆ ਕਰ ਦਿੰਦਾ ਹੈ। ਇਹੀ ਉਸ ਦੇ ਨਾਮ ਦਾ ਧੰਨ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦਾ ਧੰਨ ਹੈ, ਉਸ ਦੀ ਸੱਚੀ ਸਮਝ ਦਾ ਧੰਨ ਹੈ ਜੋ ਉਹ ਆਪਣੇ ਸ਼ਬਦਾਂ ਦੇ ਵਿਚਾਰਾਂ ਰਾਹੀਂ ਦਿੰਦਾ ਹੀ ਰਹਿੰਦਾ ਹੈ। ਸਾਰਾ ਗਿਆਨ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਇੱਕੋ ਵਾਰੀ ਨਹੀਂ ਮਿਲ ਜਾਂਦਾ। ਉਹ ਮਨ ਦੀ ਸਮਝ ਨੂੰ ਆਪਣੇ ਸ਼ਬਦਾਂ ਦੀ ਵਿਚਾਰ ਸਮਝਾਉਣ ਦੁਆਰਾ ਉੱਚਾ ਕਰਦਾ ਹੀ ਰਹਿੰਦਾ ਹੈ ਕਿਉਂਕਿ ਉਸ ਦੇ ਕੋਲ

ਸਮਝਾਉਣ ਨੂੰ ਬਹੁਤ ਕੁੱਝ ਹੈ। ਉਸ ਕੋਲ ਇਸ ਨਾਮ ਧੰਨ ਦਾ ਵੱਡਾ ਖਜਾਨਾ ਹੈ ਤੇ ਆਪਣੇ ਖਜਾਨੇ ਵਿੱਚੋਂ ਉਹ ਆਪਣਾ ਧੰਨ ਦਿੰਦਾ ਹੀ ਰਹਿੰਦਾ ਹੈ ਭਾਵ ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਵੱਖਰੀਆਂ-ਵੱਖਰੀਆਂ ਸ਼ਬਦਾਂ ਦੀਆਂ ਵਿਚਾਰਾਂ ਸਮਝਾਉਂਦਾ ਹੀ ਰਹਿੰਦਾ ਹੈ। ਇਹੀ ਪ੍ਰਮਾਤਮਾ ਦੀ ਵਧਾਈ ਹੈ ਜੋ ਵਧਾਈ ਮਨ ਦੇ ਵਿੱਚ ਉਹ ਦਿੰਦਾ ਹੀ ਰਹਿੰਦਾ ਹੈ। ਉਸ ਦੀ ਵਧਾਈ ਮਨ ਦੇ ਵਿੱਚ ਇੱਕ ਵਾਰੀ ਵੱਜ ਜਾਵੇ ਤਾਂ ਫਿਰ ਵੱਜਦੀ ਹੀ ਰਹਿੰਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥}

(ਅੰਗ - ੯੧੭)

ਇਸ ਉੱਪਰ ਵਾਲੇ ਸ਼ਬਦ ਦੇ ਅਰਥ ਜੋ ਕੁੱਝ ਆਮ ਕਰਕੇ ਸਭ ਨੇ ਸਮਝੇ ਹੋਏ ਹਨ ਉਹ ਨਹੀਂ ਹਨ। ਸ਼ਬਦ ਦੇ ਅਰਥ ਗਹਿਰਾਈ ਵਿੱਚ ਹਨ ਤੇ ਕੁੱਝ ਅੱਗੇ ਚੱਲਕੇ ਸਮਝਾਂਗੇ। ਮਨ ਦੇ ਵਿੱਚ ਵਧਾਈਆਂ ਪ੍ਰਮਾਤਮਾ ਕੋਲੋਂ ਕਿਸ ਰੂਪ ਵਿੱਚ ਮਿਲਦੀਆਂ ਹਨ ਇਸ ਗੱਲ ਨੂੰ ਸਮਝਾਂਗੇ। "ਰਾਗ ਰਤਨ" ਕੀ ਹੈ ਇਸ ਗੱਲ ਨੂੰ ਵੀ ਸਮਝਾਂਗੇ। ਹੁਣ ਅਸੀਂ ਮੁੱਖ ਸ਼ਬਦ ਦੀ ਪੰਗਤੀ ਨੂੰ ਹੋਰ ਵੀ ਵਿਸ਼ਵਾਸ ਨਾਲ ਸਮਝ ਸਕਦੇ ਹਾਂ ਕਿ ਸਾਡੇ ਅੰਦਰ ਪ੍ਰਮਾਤਮਾ ਦੀ ਵਧਾਈ ਕਿਸ ਤਰੀਕੇ ਵੱਜਦੀ ਹੈ ਜੋ ਵਧਾਈ ਵੱਜੇ ਬਿਨ੍ਹਾਂ ਉਸ ਦੇ ਦਰ ਤੇ ਕੋਈ ਪ੍ਰਵਾਨ ਨਹੀਂ ਹੋ ਸਕਦਾ। (**ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥**) ਹੁਣ ਅਸੀਂ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ।

"ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥"

ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕਿਸ ਤਰੀਕੇ ਕਹਿ ਕੇ ਸਮਝਾ ਰਹੇ ਹਨ। ਅਕਸਰ ਗੁਰੂ ਸਾਹਿਬ ਸਾਨੂੰ "ਕਹੈ ਨਾਨਕੁ" ਕਹਿ ਕੇ ਸਮਝਾਉਂਦੇ ਹਨ ਤੇ ਉੱਪਰ ਵਾਲੀ ਪੰਗਤੀ ਰਾਹੀਂ "ਇਉ ਕਹੈ ਨਾਨਕੁ" ਭਾਵ ਕਹਿਣ ਦਾ ਤਰੀਕਾ ਬਦਲਕੇ ਸਮਝਾ ਰਹੇ ਹਨ। ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ ਕਿ ਆਪਣੇ ਮੇਲ ਦੁਆਰਾ ਪ੍ਰਮਾਤਮਾ ਆਪਣੀ ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ ਤੇ ਮਨ ਦੇ ਦਸਵੇਂ ਦੁਆਰ ਰਾਹੀਂ ਅੰਮ੍ਰਿਤ ਭੋਜਨ ਦੀ ਪ੍ਰਾਪਤੀ ਹੁੰਦੀ ਹੈ। ਪੂਰੀ ਬਾਣੀ ਵਿੱਚ ਅੰਮ੍ਰਿਤ ਭੋਜਨ ਹੈ ਭਾਵ ਗੁਰਮਤਿ ਰੂਪ ਸੱਚਾ ਗਿਆਨ ਹੈ ਤੇ ਫਿਰ ਇਹ ਸਾਰਾ ਗਿਆਨ ਕਿਸ ਦਾ ਹੋਇਆ ਤੇ ਕਿੱਥੋਂ ਆਇਆ ਭਾਵ ਜੋ ਗੁਰੂ ਸਾਹਿਬਾਨ ਨੇ ਜੋ ਸਾਨੂੰ ਗੁਰਬਾਣੀ ਰਾਹੀਂ ਕਹਿਆ ਹੈ, ਆਖਿਆ ਹੈ ਉਹ ਇਸ ਤਰੀਕੇ ਆਖਿਆ ਹੈ ਕਿ ਇਹੋ ਜਿਹਾ ਕਹਿਣਾ ਉਹਨਾਂ ਨੇ ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਜਾਣਕੇ ਹੀ ਆਖਿਆ ਹੈ ਭਾਵ ਇਹ ਕੁੱਝ ਆਖਣ ਦੀ ਸਮਝ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਦਿੱਤੀ ਹੈ, ਆਪਣੀ ਜੋਤਿ ਰਾਹੀਂ ਦਿੱਤੀ ਹੈ ਭਾਵ ਮਨ ਦੇ ਵਿੱਚੋਂ ਦਿੱਤੀ ਹੈ ਭਾਵ ਮਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਤੇ ਪ੍ਰਮਾਤਮਾ ਦੇ ਕਹਿਣ ਤੇ ਹੀ ਗੁਰੂ ਸਾਹਿਬਾਨ ਸੰਸਾਰ ਨੂੰ ਇਹ ਕਹਿ ਰਹੇ ਹਨ ਕਿ ਪ੍ਰਮਾਤਮਾ ਨੂੰ ਜਾਣਨ ਲਈ ਇਸ ਮਨ ਨੂੰ ਜਾਣੋ ਜਿਸ ਤਰੀਕੇ ਗੁਰੂ ਸਾਹਿਬਾਨ ਨੇ, ਭਗਤਾਂ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਜੋ ਕੁੱਝ ਗੁਰਬਾਣੀ ਵਿੱਚ ਉਹਨਾਂ ਨੇ ਲਿਖਿਆ ਹੈ ਭਾਵ ਕਹਿਆ ਹੈ ਉਹਨਾਂ ਨੇ ਇਸ ਤਰੀਕੇ ਹੀ ਕਿਹਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨ ਦੇ ਨਾਲ ਹੀ ਕਿਹਾ ਹੈ ਭਾਵ ਜੋ ਕੁੱਝ ਪ੍ਰਮਾਤਮਾ ਨੇ ਅਖਵਾਇਆ ਹੈ ਉਹੀ ਕੁੱਝ ਉਹਨਾਂ ਨੇ ਆਖਿਆ ਹੈ। (**ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥ ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥ ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥ ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥ ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥ ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ**

॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥ ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥)

ਦਸਵਾਂ ਦੁਆਰ ਕੀ ਹੈ ਇਸ ਗੱਲ ਨੂੰ ਅਸੀਂ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਦਸਵਾਂ ਦੁਆਰ ਸਾਨੂੰ ਹੋਰ ਸ਼ਬਦਾਂ ਰਾਹੀਂ ਵੀ ਸਮਝਾਇਆ ਹੋਇਆ ਹੈ ਜਿਸ ਰਾਹੀਂ ਸਾਨੂੰ ਵਾਰ-ਵਾਰ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਇਸ ਮਨ ਦੇ ਰੂਪ ਵਿੱਚ ਆਪ ਹੀ ਹੈ ਤੇ ਇਸ ਮਨ ਨੂੰ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਕਿਸੇ ਦੇ ਅੰਦਰ ਦਾ ਦਸਵਾਂ ਦੁਆਰ ਖੁੱਲ ਜਾਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਗਉੜੀ ਮਹਲਾ ੧ ॥

{ਪਉਣੈ ਪਾਣੀ ਅਗਨੀ ਕਾ ਮੇਲੁ ॥
ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥
ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥
ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ - ੧੫੨)

ਉੱਪਰ ਵਾਲੇ ਸ਼ਬਦ ਦੇ ਅਰਥ ਅੱਗੇ ਚੱਲਕੇ ਵਿਸਥਾਰ ਨਾਲ ਸਮਝਾਂਗੇ। ਉੱਪਰ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਵੀ ਸਮਝ ਸਕਦੇ ਹਾਂ ਕਿ "ਗਿਆਨੀ" ਕਿਸ ਨੂੰ ਕਿਹਾ ਹੈ। "ਗਿਆਨੀ" ਉਹੀ ਹੈ ਜਿਸ ਨੂੰ ਸਮਝ ਲੱਗ ਜਾਂਦੀ ਹੈ ਕਿ ਦਸਵਾਂ ਦੁਆਰ ਕੀ ਹੈ ਤੇ ਉਸ ਵਿੱਚ ਕੌਣ ਵੱਸਦਾ ਹੈ। "ਗਿਆਨੀ" ਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਜੋ ਆਪਣੇ ਸਰੀਰ ਦਾ ਜਨਮ ਮਰਨ ਸਮਝਦਾ ਹੈ ਉਹ ਸਾਡਾ ਭਰਮ ਹੀ ਹੈ ਜਿਵੇਂ ਕਿ ਸ਼ਬਦ ਦੇ ਆਖਰੀ ਪਦੇ ਦੁਆਰਾ ਸਮਝਾਇਆ ਹੋਇਆ ਹੈ। "ਦਸਵਾਂ ਦੁਆਰ" ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਮਾਝ ਮਹਲਾ ੩ ॥

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥
ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥
ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥
ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥
ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥
ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥
ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥}

(ਅੰਗ - ੧੨੪)

ਪੂਰੇ ਸ਼ਬਦ ਦੀ ਵਿਆਖਿਆ ਅੱਗੇ ਚੱਲ ਕੇ ਸਮਝਾਂਗੇ। ਦਸਵਾਂ ਦੁਆਰ ਜਾਣਨ ਲਈ ਕੁੱਝ ਹੇਠ ਦਿੱਤੇ ਸ਼ਬਦਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ ਤਾਂ ਜੋ ਕਿਸੇ ਦੇ ਅੰਦਰ ਕੋਈ ਭਰਮ ਨਾ ਰਹੇ ਕਿ ਦਸਵਾਂ ਦੁਆਰ ਖੁੱਲੇ ਬਿਨ੍ਹਾਂ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਤੇ ਆਪਣੇ ਮਨ ਦੀ ਬਜਾਇ ਭਾਵ ਮਨ ਦੇ ਦਸਵੇਂ ਦੁਆਰ ਦੀ ਬਜਾਏ ਜੋ ਪ੍ਰਮਾਤਮਾ ਨੂੰ ਕਿਤੇ ਬਾਹਰੋਂ ਖੋਜਦੇ ਹਨ, ਕਿਸੇ ਆਕਾਰ ਰੂਪ ਵਿੱਚ ਖੋਜਦੇ ਹਨ ਉਹ ਕਿਤਨੇ ਵੱਡੇ ਭਰਮ ਵਿੱਚ ਹਨ।

ਗਉੜੀ ॥

{ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥
ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥
ਅਬ ਮਨ ਜਾਗਤ ਰਹੁ ਰੇ ਭਾਈ ॥
ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥
ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥
ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥
ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥}

(ਅੰਗ - ੩੩੯)

{ਦਦਾ ਦੇਖਿ ਜੁ ਬਿਨਸਨਹਾਰਾ ॥
ਜਸ ਅਦੇਖਿ ਤਸ ਰਾਖਿ ਬਿਚਾਰਾ ॥
ਦਸਵੈ ਦੁਆਰਿ ਕੁੰਚੀ ਜਬ ਦੀਜੈ ॥
ਤਉ ਦਇਆਲ ਕੋ ਦਰਸਨੁ ਕੀਜੈ ॥੨੪॥}

(ਅੰਗ - ੩੪੧)

{ਸੋਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥
ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥}

(ਅੰਗ - ੪੯੦-੪੯੧)

{ਸੁੰਨੋ ਸੁੰਨੁ ਕਹੈ ਸਭੁ ਕੋਈ ॥
ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥
ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥
ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥
ਨਉ ਸਰ ਸੁਭਰ ਦਸਵੈ ਪੂਰੇ ॥
ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥
ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥
ਨਾਨਕ ਪਰਖਿ ਲਏ ਸਚੁ ਸੋਇ ॥੫੩॥

ਸਹਜ ਭਾਇ ਮਿਲੀਐ ਸੁਖੁ ਹੋਵੈ ॥
ਗੁਰਮੁਖਿ ਜਾਗੈ ਨੀਦ ਨ ਸੋਵੈ ॥
ਸੁੰਨ ਸਬਦੁ ਅਪਰੰਪਰਿ ਧਾਰੈ ॥
ਕਹਤੇ ਮੁਕਤੁ ਸਬਦਿ ਨਿਸਤਾਰੈ ॥
ਗੁਰ ਕੀ ਦੀਖਿਆ ਸੇ ਸਚਿ ਰਾਤੇ ॥
ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥}

(ਅੰਗ - ੯੪੩-੯੪੪)

ਪਉੜੀ ॥
{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ - ੯੫੪)

ਮਾਰੂ ਮਹਲਾ ੧ ਦਖਣੀ ॥
{ਕਾਇਆ ਨਗਰੁ ਨਗਰ ਗੜ ਅੰਦਰਿ ॥
ਸਾਚਾ ਵਾਸਾ ਪੁਰਿ ਗਗਨੰਦਰਿ ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥੧॥
ਅੰਦਰਿ ਕੋਟ ਛਜੇ ਹਟਨਾਲੇ ॥
ਆਪੇ ਲੇਵੈ ਵਸਤੁ ਸਮਾਲੇ ॥
ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥
ਭੀਤਰਿ ਕੋਟ ਗੁਫਾ ਘਰ ਜਾਈ ॥
ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥
ਪਉਣ ਪਾਣੀ ਅਗਨੀ ਇਕ ਵਾਸਾ ॥
ਆਪੇ ਕੀਤੋ ਖੇਲੁ ਤਮਾਸਾ ॥
ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥}

(ਅੰਗ - ੧੦੩੩)

ਮਾਰੂ ਮਹਲਾ ੧ ॥
{ਆਪੇ ਆਪੁ ਉਪਾਇ ਨਿਰਾਲਾ ॥
ਸਾਚਾ ਥਾਨੁ ਕੀਓ ਦਇਆਲਾ ॥

ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥
ਨਉ ਘਰ ਥਾਪੇ ਥਾਪਣਹਾਰੈ ॥
ਦਸਵੈ ਵਾਸਾ ਅਲਖ ਅਪਾਰੈ ॥
ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥
ਰਵਿ ਸਸਿ ਦੀਪਕ ਜੋਤਿ ਸਬਾਈ ॥
ਆਪੇ ਕਰਿ ਵੇਖੈ ਵਡਿਆਈ ॥
ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥}

(ਅੰਗ - ੧੦੩੬)

{ਦੇਹੀ ਨਗਰੀ ਨਉ ਦਰਵਾਜੇ ॥
ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥
ਪੁਰਖੁ ਅਲੇਖੁ ਸਚੇ ਦੀਵਾਨਾ ॥
ਹੁਕਮਿ ਚਲਾਏ ਸਚੁ ਨੀਸਾਨਾ ॥
ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥}

(ਅੰਗ - ੧੦੩੯)

{ਸਚੁ ਕਹਹੁ ਸਚੈ ਘਰਿ ਰਹਣਾ ॥
ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥
ਹਉਮੈ ਮਮਤਾ ਲੋਭ ਬਿਨਾਸਨੁ ॥
ਨਉ ਦਰ ਮੁਕਤੇ ਦਸਵੈ ਆਸਨੁ ॥
ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥}

(ਅੰਗ - ੧੦੪੦)

{ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥}

(ਅੰਗ - ੧੦੬੯)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥
ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥

ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥
ਮੂਲ ਦੁਆਰੈ ਬੰਧਿਆ ਬੰਧੁ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥
ਪਛਮ ਦੁਆਰੈ ਸੂਰਜੁ ਤਪੈ ॥
ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥
ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥
ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥}

(ਅੰਗ - ੧੧੫੯)

ਉੱਪਰ ਵਾਲੇ ਇਸ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

{ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥
ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥੩॥
ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥
ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ ॥੪॥}

(ਅੰਗ - ੧੧੨੩)

{ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥
ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥੧॥
ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥
ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥੨॥}

(ਅੰਗ - ੧੩੨੩)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥}

(ਅੰਗ - ੧੪੧੪)

ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਮਨ ਦੇ ਵਿੱਚ ਦਸਵੇਂ ਦੁਆਰ ਦਾ ਖੁੱਲਣਾ ਸਮਝਿਆ ਹੈ ਤੇ ਨਾਲ ਹੀ ਉਸ ਤੋਂ ਪਹਿਲੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਮਨ ਦੇ ਵਿੱਚ ਪੁੱਠੇ ਕਮਲ ਦਾ ਸਿੱਧਾ ਹੋਣਾ ਕੀ ਹੈ, ਕਮਲ ਦਾ ਖਿੜਨਾ ਕੀ ਹੈ। ਹੁਣ ਤੱਕ ਇਹ ਵਿਸ਼ਵਾਸ ਸਭ ਨੂੰ ਜਰੂਰ ਆ ਗਿਆ ਹੋਵੇਗਾ ਕਿ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਮਨ ਦੇ ਵਿੱਚ ਹੀ ਹੁੰਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਨੂੰ ਪਾ ਸਕੇ ਜਾਂ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕੇ। ਭਗਤੀ ਦੀ ਸੱਚੀ ਸਮਝ ਦਾ ਹੋਣਾ ਜਾਂ ਨਾ ਹੋਣਾ ਸਾਡੇ ਮਨ ਦੀ ਮਨਮਤਿ ਜਾਂ ਗੁਰਮਤਿ ਵਾਲੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਸਾਡੇ ਅੰਦਰ ਜੋ ਵੀ ਸੱਚੀ ਸਮਝ ਪੈਣੀ ਹੈ ਉਹ ਨਾਮ ਦੁਆਰਾ ਹੀ ਪੈਣੀ ਹੈ ਤੇ ਜਦ ਤੱਕ ਅਸੀਂ ਨਾਮ ਦੀ ਅਸਲੀਅਤ ਨਾਲ ਨਹੀਂ ਜੁੜਾਂਗੇ ਤਦ ਤੱਕ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਉੱਦਮ ਕਿਵੇਂ ਕਰ ਸਕਦੇ ਹਾਂ। ਬਾਣੀ ਵਿੱਚ "ਨਾਮ ਰਸ", "ਹਰਿ ਰਸ" ਦੀ ਗੱਲ ਵਾਰ-ਵਾਰ ਆਉਂਦੀ ਹੈ ਤੇ ਉਸ "ਹਰਿ ਰਸ" ਦਾ ਮਕਸਦ

ਕੀ ਹੈ ਭਾਵ ਹਰਿ ਰਸ ਚੱਖਣਾ ਕੀ ਹੈ ਇਸ ਦੀ ਸਮਝ ਨਹੀਂ ਹੈ ਕਿ ਹਰਿ ਰਸ ਨੂੰ ਅਸੀਂ ਕਿਵੇਂ ਚੱਖਣਾ ਹੈ ਤੇ ਇਸ ਰਸ ਨੂੰ ਚੱਖਣ ਦਾ ਮਕਸਦ ਕੀ ਹੈ। ''ਹਰਿ ਰਸੁ'' ਨੂੰ ਚੱਖਣ ਦਾ ਮਕਸਦ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰਨ ਨਾਲ ਹੀ ਹੈ ਤੇ ਭਗਤੀ ਦਾ ਸਹੀ ਮਾਰਗ ਸਮਝਾਉਣ ਨਾਲ ਹੀ ਹੈ। ਹਰਿ ਰਸ ਚੱਖਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰਦੇ ਹਾਂ ਕਿ ਅਸੀਂ ਗੁਰਬਾਣੀ ਵਿੱਚੋਂ ''ਹਰਿ ਰਸ'' ਕਿਸ ਤਰੀਕੇ ਚੱਖਣਾ ਹੈ।

“ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥
ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥
ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥
ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥
ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥”

(ਅੰਗ - ੮੧੧)

ਉੱਪਰ ਸ਼ਬਦ ਰਾਹੀਂ ''ਹਰਿ ਰਸੁ'' ਸਾਨੂੰ ਕਿਤਨੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ, ਇਸ ਗੱਲ ਨੂੰ ਕੋਈ ਵੀ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਗੁਰੂ ਦੀ ਸਮਝ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਉਹਨਾਂ ਦੀ ਸਮਝ ਵਿੱਚੋਂ ਨਿਕਲਣ ਦੀ ਲੋੜ ਹੈ ਜਿੰਨ੍ਹਾਂ ਕੋਲੋਂ ਅਸੀਂ ਨਾਮ ਸਮਝਦੇ ਆ ਰਹੇ ਹਾਂ। ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਇਹ ''ਹਰਿ ਰਸੁ'' ਚੱਖਣਾ ਕਿਸ ਨੇ ਹੈ। ਇਹ ''ਰਸੁ'' ਸਾਡੇ ਮਨ ਦੇ ਚੱਖਣ ਦਾ ਰਸੁ ਹੈ ਭਾਵ ਸਾਡੇ ਮਨ ਦਾ ਭੋਜਨ ਹੈ, ਸਾਡੇ ਮਨ ਦਾ ਅੰਮ੍ਰਿਤ ਭੋਜਨ ਹੈ। ਇਹ ਹਰਿ ਰਸੁ ਗੁਰੂ ਦੇ ਸੱਚੇ ਗਿਆਨ ਦਾ ਰਸੁ ਹੈ ਭਾਵ ਨਾਮ ਦਾ ਰਸੁ ਹੈ, ਬ੍ਰਹਮ ਗਿਆਨ ਦਾ ਰਸੁ ਹੈ ਜੋ ਰਸੁ ਗੁਰੂ ਦੇ ਕੋਲੋਂ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦਾ ਹੈ ਜਿਸ ਸ਼ਬਦਾਂ ਦੀ ਵਿਚਾਰ ਨੂੰ ਸਾਡੀ ਸੁਰਤਿ ਦੇ ਵਿਚਾਰਾਂ ਨੇ ਚੱਖਣਾ ਹੈ ਭਾਵ ਸਮਝਣਾ ਹੈ ਭਾਵ ਉਸ ਨੂੰ ਸਾਡੀ ਸਮਝ ਨੇ ਲੈਣਾ ਹੈ ਭਾਵ ਮੰਨਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਅਸੀਂ ਲੈਣਾ ਹੈ ਤੇ ਜਿਸ ਨੂੰ ਇਹ ਹਰਿ ਰਸੁ ਮਿੱਠਾ ਲੱਗਦਾ ਹੈ ਭਾਵ ਚੰਗਾ ਲੱਗਦਾ ਹੈ ਉਹੀ ਇਹ ''ਹਰਿ ਰਸੁ'' ਲੈਂਦਾ ਹੈ ਤੇ ਲੈ ਕੇ ਖੁਸ਼ ਹੁੰਦਾ ਹੈ ਭਾਵ ਉਸ ਦਾ ਮਨ ਹੱਸਦਾ ਹੈ ਭਾਵ ਖੁਸ਼ੀ ਨਾਲ ਖਿੜ੍ਹ ਜਾਂਦਾ ਹੈ। ਮਨ ਦੇ ਵਿੱਚ ਇਹ ਗੁਰਮਤਿ ਦਾ ਸੱਚਾ ਗਿਆਨ ਲੈ ਕੇ ਖੁਸ਼ ਹੋਣਾ ਹੀ ਸਾਡੇ ਅੰਦਰ ਦੇ ਕਮਲ ਦਾ ਬਿਗਸਣਾ ਹੈ ਭਾਵ ਕਮਲ ਦਾ ਖਿੜਨਾ ਹੈ ਭਾਵ ਮਨ ਦੇ ਵਿਚਾਰਾਂ ਦੀ ਸੱਚੀ ਖੁਸ਼ੀ ਹੈ। ਇਹ ਹਰਿ ਰਸੁ ਸਾਡੀ ਮਤਿ ਨੇ ਲੈਣਾ ਹੈ ਭਾਵ ਮਨਮਤਿ ਨੇ ਲੈਣਾ ਹੈ ਤੇ ਮਨਮਤਿ ਨੇ ਇਹ ਹਰਿ ਰਸੁ ਲੈ ਕੇ ਭਾਵ ਗੁਰਮਤਿ ਦਾ ਸੱਚਾ ਗਿਆਨ ਲੈ ਕੇ ਆਪਣੀ ਨਾਸਮਝਿ ਮਤਿ ਨੂੰ ਉਲਟਣਾ ਹੈ। ਸਾਡੀ ਅਗਿਆਨਤਾ ਵਾਲੀ ''ਮਤਿ'' ਤਾਂ ਹੀ ਉਲਟੇਗੀ ਜਦੋਂ ਅਸੀਂ ਗੁਰੂ ਦੇ ਸੱਚੇ ਗਿਆਨ ਨੂੰ ਮੰਨ ਲਵਾਂਗੇ ਭਾਵ ਜਦੋਂ ਸਾਡਾ ਮਨ ''ਹਰਿ ਰਸੁ'' ਨੂੰ ਪੀ ਲਵੇਗਾ ਭਾਵ ਗੁਰਮਤਿ ਅਨੁਸਾਰ ਆਪਣੀ ਮਤਿ ਨੂੰ ਉਲਟ ਲਵੇਗਾ ਭਾਵ ਆਪਣੀ ਸੁਰਤਿ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਅਨੁਸਾਰ ਬਣਾ ਲਵੇਗਾ। ਗੁਰੂ ਦੀ ਮਤਿ ਨੂੰ ਮਨੁੱਖੀ ਸਮਝ ਉਦੋਂ ਹੀ ਮੰਨਦੀ ਹੈ ਜਦੋਂ ਉਸ ਨੂੰ ਮੰਨਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਭਾਵ ਮਾਇਆ ਮੋਹ ਵਾਲੀ ਸਮਝ ਛੱਡਣ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਭਾਵ ਗੁਰੂ ਦੀ ਮਤਿ ਚੰਗੀ ਲੱਗਦੀ ਹੈ ਜੋ ਭਗਤੀ ਦੇ ਸੱਚੇ ਮਾਰਗ ਨਾਲ ਜੋੜਦੀ ਹੈ। ਇਹ ਪ੍ਰਮਾਤਮਾ ਦੀ ਕਿਰਪਾ ਨਾਲ ਹੀ ਹੁੰਦਾ ਹੈ ਤੇ ਮਨੁੱਖ ਦੀ ਆਪਣੀ ਸਮਰੱਥਾ ਤੋਂ ਬਾਹਰ ਹੈ। (**ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥ ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥**)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ - ੪੧)

ਜਦੋਂ ਮਨੁੱਖ ਦੀ ਮਤਿ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਭਾਵ ''ਹਰਿ ਰਸੁ'' ਦਾ ਪ੍ਰਕਾਸ਼ ਹੋ ਜਾਂਦਾ ਹੈ ਭਾਵ ਜਦੋਂ ਮਨੁੱਖੀ ਸਮਝ ''ਹਰਿ ਰਸੁ'' ਚੱਖ ਲੈਂਦੀ ਹੈ ਭਾਵ ਜਦੋਂ ਮਨ ਦੀ ਸਮਝ ਰੂਪ ਉਲਟਾ ਕਮਲ ਸਿੱਧਾ ਹੋ ਜਾਂਦਾ ਹੈ ਉਹ ਸਿੱਧਾ ਕਮਲ ਮਨੁੱਖ ਦੀ ਸਮਝ ਦੇ ਉੱਤੇ ਕੀ ਅਸਰ ਕਰਦਾ ਹੈ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਭਾਵ ''ਹਰਿ ਰਸੁ'' ਚਖਣ ਦਾ ਮਕਸਦ ਸਮਝਾਇਆ ਹੋਇਆ ਹੈ। ''**ਹਰਿ ਰਸੁ**'' ਚਖਣਾ ਜਾਂ ''**ਨਾਮ ਜਪਣਾ**'' ਇੱਕੋ ਹੀ ਗੱਲ ਹੈ।

''ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥
ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥''

ਜੋ ਅਸੀਂ ਹੁਣ ਤੱਕ ਪਿੱਛੇ ਸ਼ਬਦਾਂ ਦੁਆਰਾ ਨਾਮ ਜਪਣਾ ਸਮਝਿਆ ਹੈ ਕੀ ਉੱਪਰ ਸ਼ਬਦ ਦੁਆਰਾ ਇਹ ਉਸ ਤੋਂ ਵੱਖਰੀ ਗੱਲ ਸਮਝਾਈ ਹੋਈ ਹੈ ਭਾਵ ਜਿਹੋ ਜਿਹਾ ਨਾਮ ਜਪਣਾ ਅਸੀਂ ਹੁਣ ਤੱਕ ਸਮਝਿਆ ਹੈ ਉਹੀ ਕੁੱਝ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਨੂੰ ''ਨਾਮ'' ਨੂੰ ਸਮਝਣ ਵਿੱਚ ਭਰਮ ਹੈ ਪਰ ''ਗੁਰੂ'' ਨੂੰ ਸਮਝਾਉਣ ਵਿੱਚ ਕੋਈ ਭਰਮ ਨਹੀਂ ਹੈ। ''ਨਾਮ ਜਪਣ'' ਦਾ ਮਕਸਦ ਜਾਂ ''ਹਰਿ ਰਸੁ'' ਚੱਖਣ ਦਾ ਮਕਸਦ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਦਾ ਹੀ ਹੈ ਜੋ ਕਿ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਹੈ ਭਾਵ ਆਪਣੇ ਮਨ ਨੂੰ ਸੰਤੋਖ ਵਿੱਚ ਲਿਆਉਣ ਦਾ ਹੈ ਭਾਵ ਸ਼ਾਂਤ ਕਰਨ ਦਾ ਹੈ ਜੋ ਮਨ ਤ੍ਰਿਸ਼ਨਾਵਾਂ ਵਿੱਚ ਹਰ ਵੇਲੇ ਦੌੜਦਾ ਰਹਿੰਦਾ ਹੈ। ਮਨ ਦੇ ਵਿੱਚ ''ਸੰਤੋਖ'' ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਹੀ ਆਉਂਦਾ ਹੈ ਤੇ ਤਾਂ ਹੀ ਮਨੁੱਖ ਭਗਤੀ ਦੇ ਸਹੀ ਮਾਰਗ ਤੇ ਚੱਲਦਾ ਹੈ ਜੋ ਕਿ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਵਿਚਰਨ ਦਾ ਹੈ, ਔਗੁਣਾਂ ਤੋਂ ਮੁਕਤ ਹੋ ਕੇ ਵਿਚਰਨ ਦਾ ਹੈ ਤੇ ਇਹੀ ਨਾਮ ਦਾ ਮਕਸਦ ਹੈ ਜੋ ਕਿ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਜਦ ਤੱਕ ਸਾਡੀ ਮਤਿ ਪੁੱਠੀ ਹੈ ਭਾਵ ਸਾਡੇ ਅੰਦਰ ਦਾ ਕਮਲ ਪੁੱਠਾ ਹੈ ਤਦ ਤੱਕ ਸਾਡੇ ਮਨ ਦੀ ਸਮਝ ਨਿਰਮਲ ਨਹੀਂ ਹੈ ਭਾਵ ਅਪਵਿੱਤਰ ਹੈ ਤੇ ਸਾਡੇ ਮਨ ਨੂੰ ਪਵਿੱਤਰ ''ਨਾਮੁ'' ਹੀ ਕਰਦਾ ਹੈ, ''ਹਰਿ ਰਸੁ'' ਹੀ ਕਰਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਕਰਦਾ ਹੈ ਜੋ ਕਿ ਮਨ ਦੀ ਪੁੱਠੀ ਮਤਿ ਨੂੰ ਸਿੱਧਾ ਕਰਨ ਦੁਆਰਾ ਕਰਦਾ ਹੈ। ਸਾਡੇ ਅੰਦਰ ਦੀ ਸੱਚੀ ਸਮਝ ਹੀ ਸਾਡੇ ਅੰਦਰ ਦਾ ਉਹ ''ਸੱਚਾ ਥਾਨ'' ਹੈ ਜੋ ਕਿ ''ਸੱਚ'' ਦਾ ਥਾਨ ਹੈ ਭਾਵ ਪ੍ਰਮਾਤਮਾ ਦਾ ''ਆਪਣਾ ਸਥਾਨ'' ਹੈ ਜਿਸ ਅਸਥਾਨ ਤੇ ਵੱਸਣ ਦੁਆਰਾ ਹੀ ਮਨ ਤ੍ਰਿਸ਼ਨਾਵਾਂ ਵਿੱਚੋਂ ਨਿਕਲਦਾ ਹੈ ਤੇ ਸੰਤੋਖ ਦੁਆਰਾ ਵਿਚਰਦਾ ਹੈ ਭਾਵ ਚੰਗੇ ਕਰਮ ਹੀ ਕਰਦਾ ਹੈ ਜੋ ਕਿ ਭਗਤੀ ਦਾ ਅਸਲ ਮਾਰਗ ਹੈ। (**ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥ ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥ ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥ ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥**)

ਮਨੁੱਖ ਆਪਣੇ ਆਪ ਆਪਣੀ ਮਤਿ ਨੂੰ ''ਉਲਟ'' ਲਵੇ ਭਾਵ ਆਪਣੇ ਆਪ ਨਾਮ ਵਾਲਾ ਬਣ ਜਾਵੇ, ਆਪਣੇ ਆਪ ਹਰਿ ਰਸੁ ਚੱਖ ਲਵੇ ਭਾਵ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਜਾਵੇ ਇਹ ਨਹੀਂ ਹੋ ਸਕਦਾ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਭਾਵ ਸੱਚਾ ਗਿਆਨ ਬਖਸ਼ਣ ਦੁਆਰਾ ਕਿਸੇ ਦੀ ਪੁੱਠੀ ਮਤਿ ਨੂੰ ਸਿੱਧੀ ਕਰਕੇ ਉਸ ਤੇ ਆਪਣੀ ਕਿਰਪਾ ਕਰਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ।

''ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥
ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥''

ਨਾਮ ਕੀ ਹੈ ਇਸ ਗੱਲ ਨੂੰ ਉੱਪਰ ਦਿੱਤੇ ਪਦੇ ਦੁਆਰਾ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ''ਸਾਧ'' ਕੌਣ ਹੈ ਇਸ ਗੱਲ ਨੂੰ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ''ਨਾਮੁ ਨਿਧਾਨ'' ਦੀ ਪ੍ਰਾਪਤੀ ਦੀ ਗੱਲ ਵੀ ਕੀਤੀ ਹੋਈ ਹੈ ਤੇ ''ਸਾਧ ਦਰਸ਼ਨ'' ਦੀ ਗੱਲ ਵੀ ਕੀਤੀ ਹੋਈ ਹੈ ਤੇ ਪ੍ਰਮਾਤਮਾ ਸਾਡੇ ਤੇ ਆਪਣੀ ਕਿਰਪਾ ਕਿਸ ਤਰੀਕੇ ਕਰਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਹੁਣ ਧਿਆਨ ਨਾਲ ਸਮਝੋ ਕਿ ਜਿਸ ਦੀ ਪ੍ਰਮਾਤਮਾ ਰੱਖਿਆ ਕਰਦਾ ਹੈ ਉਹ ਕਿਸ ਤਰੀਕੇ ਕਰਦਾ ਹੈ। ਉੱਪਰ ਸ਼ਬਦ ਰਾਹੀਂ ਪੁੱਠਾ ਕਮਲ ਸਿੱਧਾ ਹੋਣ ਦੀ ਗੱਲ ਕੀਤੀ ਹੋਈ ਹੈ ਤੇ ਉਹੀ ਗੱਲ ਉੱਪਰ ਪਦੇ ਰਾਹੀਂ ਸਮਝਾਈ ਹੋਈ ਹੈ। ਸਾਡੇ ਅੰਦਰ ਦਾ ਪੁੱਠਾ ਕਮਲ ਨਾਮ ਦੁਆਰਾ ਹੀ ਸਿੱਧਾ ਹੁੰਦਾ ਹੈ ਜਿਵੇਂ ਕਿ ਅਸੀਂ ਕਿਤਨੇ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਉੱਪਰ ਪਦੇ ਰਾਹੀਂ ਸਾਡੇ ਅੰਦਰ ਦੇ ਭਰਮਾਂ ਦੇ ਸੜਨ ਦੀ ਗੱਲ ਕੀਤੀ ਹੋਈ ਹੈ ਤੇ ਨਾਮੁ ਨਿਧਾਨ ਦੀ ਪ੍ਰਾਪਤੀ ਦੀ ਗੱਲ ਕੀਤੀ ਹੋਈ ਹੈ। ਗੱਲ ਉਹੀ ਹੈ, ਸਿਰਫ਼ ਸਮਝਣ ਦੀ ਲੋੜ ਹੈ। ਸਾਡੇ ਭਰਮਾਂ ਵਾਲੇ ਵਿਚਾਰ ਸਾਡੇ ਅੰਦਰ ਦਾ ਪੁੱਠਾ ਕਮਲ ਹਨ,

ਸਾਡੀ ਪੁੱਠੀ ਮਤਿ ਹਨ ਤੇ ਨਾਮ ਵਾਲੇ ਵਿਚਾਰ, ਸ਼ਬਦ ਵਾਲੇ ਵਿਚਾਰ ਸਾਡੇ ਅੰਦਰ ਦਾ ਸਿੱਧਾ ਕਮਲ ਹਨ। ਸਾਡੇ ਅੰਦਰ ਦੇ ਭਰਮਾਂ ਵਾਲੇ ਵਿਚਾਰ ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਦੂਰ ਰੱਖਦੇ ਹਨ ਭਾਵ ਤ੍ਰਿਸ਼ਨਾਵਾਂ ਵਿੱਚ ਰੱਖਦੇ ਹਨ ਤੇ ਨਾਮ ਵਾਲੇ ਸੱਚੇ ਵਿਚਾਰ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਾਉਂਦੇ ਹਨ ਤੇ ਮਨ ਦੀ ਸੱਚੀ ਸਮਝ ਦੁਆਰਾ ਸਾਨੂੰ ਤ੍ਰਿਸ਼ਨਾਵਾਂ ਵਿੱਚੋਂ ਕੱਢ ਲੈਂਦੇ ਹਨ ਭਾਵ ਮਨ ਦੇ ਸੰਤੋਖ ਰਾਹੀਂ ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦੇ ਹਨ। ਭਗਤੀ ਦੇ ਸੱਚੇ ਮਾਰਗ ਤੇ ਪ੍ਰਮਾਤਮਾ ਕਿਸੇ ਨੂੰ ਆਪ ਹੀ ਆਪਣੀ ਕਿਰਪਾ ਦੁਆਰਾ ਚਲਾਉਂਦਾ ਹੈ ਜਿਸ ਦੁਆਰਾ ਉਹ ਆਪ ਹੀ ਕਿਸੇ ਦੀ ਰੱਖਿਆ ਕਰਦਾ ਹੈ, ਸੱਚੇ ਮਾਰਗ ਤੇ ਚਲਾਉਣ ਦੁਆਰਾ ਰੱਖਿਆ ਕਰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਸੱਚਾ ਮਾਰਗ ਸਮਝਾਉਂਦਾ ਹੈ ਉਸ ਨੂੰ ਆਪਣਾ ਨਾਮ ਦਾ ਖਜਾਨਾ ਹੀ ਬਖਸ਼ਦਾ ਹੈ ਭਾਵ ਸੱਚੇ ਗਿਆਨ ਵਾਲੇ ਵਿਚਾਰਾਂ ਦਾ ਖਜਾਨਾ ਬਖਸ਼ਦਾ ਹੈ ਜਿੰਨ੍ਹਾਂ ਸੱਚੇ ਵਿਚਾਰਾਂ ਦੁਆਰਾ ਉਹ ਮਨ ਦੇ ਵਿੱਚੋਂ ਭਰਮਾਂ ਵਾਲੇ ਨਾਸਮਝ ਵਿਚਾਰਾਂ ਨੂੰ ਸਾੜ ਦਿੰਦਾ ਹੈ ਭਾਵ ਬਿਲਕੁਲ ਖ਼ਤਮ ਕਰ ਦਿੰਦਾ ਹੈ ਜਿੰਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਭਗਤੀ ਦੀ ਸੱਚੀ ਸਮਝ ਨਹੀਂ ਪੈਂਦੀ ਭਾਵ ਨਾਮ ਨਹੀਂ ਜਪਿਆ ਜਾ ਸਕਦਾ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸ ਨੂੰ ਮਨ ਦੇ ਭਰਮਾਂ ਵਿੱਚੋਂ ਹੀ ਕੱਢਦਾ ਹੈ ਤੇ ਭਰਮਾਂ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਹੀ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ ਜੋ ਆਪ ਹੀ ਆਪਣੇ ‘‘ਸਾਧ ਰੂਪ’’ ਵਿੱਚ ‘‘ਗੁਰੂ’’ ਹੈ। ਮਨੁੱਖ ਨੂੰ ਸੁਖ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਨਾਮ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ ਭਾਵ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ, ਉਸ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਹੁੰਦੀ ਹੈ। (**ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥ ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥ ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥ ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥ ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥ ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥**)

ਪਿੱਛੇ ਅਸੀਂ ਜਿਤਨੇ ਵੀ ਸ਼ਬਦ ਸਮਝੇ ਹਨ ਉਹਨਾਂ ਵਿੱਚ ਜੋ ਕੁੱਝ ਵੀ ਸਮਝਿਆ ਹੈ ਉਹ ਸਾਡੀ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਸਾਡੇ ਮਨ ਦੀ ਨਾਸਮਝੀ ਕਰਕੇ ਹੀ ਪ੍ਰਮਾਤਮਾ ਸਾਡੇ ਤੋਂ ਵਿਛੜਿਆ ਹੋਇਆ ਹੈ ਤੇ ਮਨ ਦੀ ਸੱਚੀ ਸਮਝ ਰਾਹੀਂ ਹੀ ਉਸ ਦੇ ਨਾਲ ਮੇਲ ਹੁੰਦਾ ਹੈ। ਕੀ ਅਸੀਂ ਹੁਣ ਤੱਕ ਕੋਈ ਐਸਾ ਸ਼ਬਦ ਸਮਝਿਆ ਹੈ ਜਾਂ ਗੁਰਬਾਣੀ ਵਿੱਚ ਕਿਸੇ ਨੇ ਕੋਈ ਇਹੋ ਜਿਹਾ ਸ਼ਬਦ ਪੜਿਆ ਹੈ ਜਿੱਥੇ ਇਹ ਲਿਖਿਆ ਹੋਵੇ ਕਿ ਪ੍ਰਮਾਤਮਾ ਕਿਤੋਂ ਬਾਹਰੋਂ ਮਿਲ ਸਕਦਾ ਹੈ ਜਾਂ ਕਿਸੇ ਸਰੀਰਕ ਕਿਰਿਆਵਾਂ ਦੇ ਤਰੀਕਿਆਂ ਨਾਲ ਮਿਲ ਸਕਦਾ ਹੈ ਭਾਵ ਕਿਸੇ ਸਰੀਰਕ ਜਪਾਂ ਤਪਾਂ ਦੁਆਰਾ ਮਿਲ ਸਕਦਾ ਹੈ ਜਾਂ ਤੀਰਥਾਂ ਤੇ ਭਉਣ ਦੁਆਰਾ ਮਿਲ ਸਕਦਾ ਹੈ ਜਾਂ ਸ਼ਬਦਾਂ ਨੂੰ ਕੇਵਲ ਸੁਣੀ ਜਾਣ ਨਾਲ ਮਿਲ ਸਕਦਾ ਹੈ ਜਾਂ ਕਥੀ ਜਾਣ ਨਾਲ ਮਿਲ ਸਕਦਾ ਹੈ। ਗੁਰਬਾਣੀ ਵਿੱਚ ਤਾਂ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਇਹਨਾਂ ਤਰੀਕਿਆਂ ਵਿੱਚੋਂ ਨਿਕਲਣ ਲਈ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਜਾਣਨ ਦਾ ਸਾਡਾ ਉਹ ਹਰ ਤਰੀਕਾ ਵਿਅਰਥ ਹੈ ਜਿਸ ਤਰੀਕੇ ਦੁਆਰਾ ਅਸੀਂ ਗੁਰੂ ਦੇ ਸੱਚੇ ਗਿਆਨ ਨਾਲ ਨਹੀਂ ਜੁੜਦੇ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਅਮਲ ਵਿੱਚ ਨਹੀਂ ਲਿਆਉਂਦੇ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਸਮਝ ਰਾਹੀਂ ਹੀ ਹੈ ਤੇ ਸਾਡਾ ਵਿਛੋੜਾ ਤਾਂ ਹੀ ਦੂਰ ਹੋ ਸਕਦਾ ਹੈ ਜੇਕਰ ਪਹਿਲੇ ਅਸੀਂ ਇਸ ਗੱਲ ਤੇ ਵਿਸ਼ਵਾਸ ਕਰੀਏ ਕਿ ਸਾਡੇ ਅੰਦਰ ਦੀ ਵਿਛੋੜੇ ਵਾਲੀ ਸਮਝ ਕੀ ਹੈ। ਵਿਛੋੜੇ ਵਾਲੀ ਸਮਝ ਸਾਡੇ ਅੰਦਰ ਦੀ ਹਉਮੈ ਹੈ, ਮਨਮਤਿ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਹਉਮੈ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਸਾਨੂੰ ਨਾਮ ਨੇ ਹੀ ਕੱਢਣਾ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਨੇ ਕੱਢਣਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੀ ‘‘ਹਉਮੈ’’ ਵਾਲੀ ਸਮਝ ਸਾਡੇ ਅੰਦਰ ਦਾ ‘‘ਬੰਦ ਕਮਲ’’ ਹੈ ਤੇ ਨਾਮ ਦੀ ਸੱਚੀ ਸਮਝ ਸਾਡੇ ਅੰਦਰ ‘‘ਕਮਲ ਦਾ ਪ੍ਰਗਾਸ’’ ਹੈ ਭਾਵ ਸੱਚੇ ਗਿਆਨ ਦਾ ਪ੍ਰਕਾਸ਼ ਹੈ ਜਿਸ ਮਨ ਦੇ ਪ੍ਰਕਾਸ਼ ਦੁਆਰਾ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕਰਦੇ ਹਾਂ।

ਛੰਤ ॥

‘‘ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥
ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥
ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥

ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥
ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥
ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥
ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥
ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥
ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥
ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥
ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥੩॥
ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥
ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥
ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥
ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥"

(ਅੰਗ - ੮੪੫)

ਜਿਸ ਨੂੰ ਪ੍ਰਮਾਤਮਾ ਰਵਦਾ ਹੈ, ਜਿਸ ਨਾਲ ਵੀ ਪ੍ਰਮਾਤਮਾ ਮੇਲ ਕਰਦਾ ਹੈ ਉਹ ਮਨ ਦੇ ਵਿੱਚ ਹੀ ਕਰਦਾ ਹੈ ਤੇ ਆਪ ਹੀ ਮਨ ਦੀ ਸਮਝ ਦੇ ਅੰਦਰ ਆਉਂਦਾ ਹੈ ਭਾਵ ਆਪਣੇ ਆਪ ਨੂੰ ਮਨ ਦੀ ਸਮਝ ਦੇ ਵਿੱਚ ਪਰਗਟ ਕਰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਆਉਣ ਤੋਂ ਪਹਿਲਾਂ ਹਰ ਕੋਈ ਹਉਮੈ ਵਾਲੀ ਅਵੱਸਥਾ ਵਿਚ ਹੀ ਹੁੰਦਾ ਹੈ ਜੋ ਕਿ ਸਾਡੇ ਅੰਦਰ ਦੀ ਬਿਖੁ ਹੈ। ਪ੍ਰਮਾਤਮਾ ਨਾਲ ਮੇਲ ਕਰਨ ਲਈ ਜਿਸ ਚੀਜ ਵਿੱਚੋਂ ਨਿਕਲਣਾ ਔਖਾ ਹੈ ਉਹ ਹਉਮੈ ਹੀ ਹੈ ਭਾਵ ਸਾਡੇ ਅੰਦਰ ਦੀ ਆਪਣੀ ਮਤਿ ਹੀ ਹੈ, ਮਾਇਆ ਮੋਹ ਵਾਲੀ ਮਤਿ ਹੀ ਹੈ। ਜਿਸ ਨੂੰ ਪ੍ਰਮਾਤਮਾ ਹਉਮੈ ਵਿੱਚੋਂ ਕੱਢਦਾ ਹੈ ਉਸ ਨੂੰ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਆਪ ਹੀ ਕੱਢਦਾ ਹੈ, ਆਪਣੀ ਗੁਰਮਤਿ ਵਾਲੀ ਸੱਚੀ ਸਮਝ ਦੇਣ ਦੁਆਰਾ ਹੀ ਕੱਢਦਾ ਹੈ ਤੇ ਇਹੀ ਪ੍ਰਮਾਤਮਾ ਦਾ ਸਾਡੇ ਅੰਦਰ ਸਾਡੀ ਸਮਝ ਨੂੰ ਰਵਣਾ ਹੈ। ਉਹ ਸਾਡੇ ਅੰਦਰ ਦੀ ਮਨਮਤਿ ਨੂੰ ਆਪਣੀ ਗੁਰਮਤਿ ਦੇ ਨਾਲ ਰਵਦਾ ਹੈ ਭਾਵ ਹਉਮੈ ਵਾਲੀ ਸਮਝ ਨੂੰ ਗੁਰਮਤਿ ਵਾਲੀ ਸਮਝ ਵਿੱਚ, ਨਾਮ ਵਾਲੀ ਸਮਝ ਵਿੱਚ ਬਦਲ ਦਿੰਦਾ ਹੈ। ਗੁਰਮਤਿ ਦੀ ਸੱਚੀ ਸਮਝ ਦੇ ਨਾਲ ਜੁੜਨਾ ਹੀ ਮਨ ਦੇ ਵਿੱਚ "ਹਰਿ ਹਰਿ" ਦੀ ਸਮਝ ਪੈਣਾ ਹੈ ਭਾਵ ਨਾਮ ਦੀ ਸਮਝ ਪੈਣਾ ਹੈ, ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਣਾ ਹੈ। ਮਨ ਦੇ ਵਿੱਚ ਗੁਰਮਤਿ ਵਾਲੀ ਸੱਚੀ ਸਮਝ ਦੇ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਾਲ "ਲਿਵ" ਲੱਗਣਾ ਹੈ। ਮਨ ਦੀ ਇਸ ਸਮਝ ਦੁਆਰਾ ਹੀ ਮਨੁੱਖ ਦਾ ਆਪਾ ਮਿਟਦਾ ਹੈ। ਹਉਮੈ ਵਾਲੀ ਸਮਝ ਵਿੱਚ ਰਹਿੰਦਿਆਂ ਅਸੀਂ ਮਨੁੱਖੀ ਸਰੀਰ ਨੂੰ ਆਪਣਾ ਸਮਝਦੇ ਹਾਂ, ਮਨ ਦੀ ਸਮਝ ਨੂੰ ਆਪਣੀ ਸਮਝ ਸਮਝਦੇ ਹਾਂ। ਪ੍ਰਮਾਤਮਾ ਜਿਸ ਦਾ ਆਪਾ ਮਿਟਾਉਂਦਾ ਹੈ ਮਨ ਦੇ ਵਿੱਚ ਆਪ ਪਰਗਟ ਹੋ ਕੇ ਹੀ ਮਿਟਾਉਂਦਾ ਹੈ। (**ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥ ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥**) ਸਾਡੇ ਅੰਦਰ ਹਉਮੈ ਦਾ ਮਿਟਣਾ ਕੀ ਹੈ, ਆਪਾ ਮਿਟਣਾ ਕੀ ਹੈ, ਗੁਰਮਤਿ ਦਾ ਵੱਸਣਾ ਕੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥
ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥"

ਜੋ ਮੇਲ ਪ੍ਰਮਾਤਮਾ ਦੇ ਨਾਲ ਅਸੀਂ ਪੂਰੀ ਬਾਣੀ ਰਾਹੀਂ ਸਮਝਦੇ ਆ ਰਹੇ ਹਾਂ, ਹਉਮੈ ਦਾ ਮਿਟਣਾ ਜਾਂ ਸਾਡੇ ਅੰਦਰ ਕਮਲ ਦਾ ਪਰਗਾਸ ਹੋਣਾ ਸਮਝਦੇ ਆ ਰਹੇ ਹਾਂ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਦ ਤਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਭਾਵ ਸਾਡੇ ਅੰਦਰ ਦਾ "ਕਮਲ" ਪੁੱਠਾ ਹੈ, "ਕਮਲ" ਬੰਦ ਹੈ ਭਾਵ

ਉਹ ਖਿੜਿਆ ਨਹੀਂ। ਜਦ ਤੱਕ ਸਾਡੇ ਅੰਦਰ ਦਾ ਕਮਲ ਨਹੀਂ ਖਿੜਦਾ ਤਦ ਤੱਕ ਹਰ ਕੋਈ ਮਨ ਦੀ ਅਗਿਆਨਤਾ ਰਾਹੀਂ ਸੁੱਤਾ ਹੋਇਆ ਹੈ ਭਾਵ ਸਾਡੇ ਮਨ ਦੀ ਸਮਝ ਸੁੱਤੀ ਹੋਈ ਹੈ ਤੇ ਸੁੱਤੀ ਹੋਈ ਸਮਝ ਨੂੰ ਸੱਚਾਈ ਦੀ ਸਮਝ ਨਹੀਂ ਪੈਂਦੀ। ਸਾਡੀ ਸੁੱਤੀ ਹੋਈ ਸਮਝ ਇੱਕ ਸੁਪਨੇ ਦੀ ਤਰ੍ਹਾਂ ਹੈ ਤੇ ਸੁਪਨੇ ਵਿੱਚ ਮਨੁੱਖ ਜੋ ਕੁੱਝ ਦੇਖਦਾ ਹੈ ਉਸ ਨੂੰ ਸੱਚ ਹੀ ਸਮਝਦਾ ਹੈ। ਸਾਡੇ ਅੰਦਰ ਦੀ ਹਉਮੈ ਵਾਲੀ ਮਤਿ ਸਾਡੇ ਅੰਦਰ ਦੀ ਸੁੱਤੀ ਹੋਈ ਸਮਝ ਹੈ ਜੋ ਇਹ ਸਮਝਦੀ ਹੈ ਕਿ ਇਸ ਮਨੁੱਖ ਦੇ ਰੂਪ ਵਿੱਚ ਮੈਂ ਹਾਂ ਪਰ ਸੱਚ ਕੀ ਹੈ ਇਸ ਗੱਲ ਦੀ ਸਮਝ ਸੁਪਨਾ ਟੁੱਟਣ ਤੋਂ ਬਾਅਦ ਹੀ ਪੈਂਦੀ ਹੈ। ਇਸੇ ਤਰ੍ਹਾਂ ਜਦੋਂ ਸਾਡੇ ਅੰਦਰ ਕਮਲ ਦਾ ਪਰਗਾਸ ਹੁੰਦਾ ਹੈ ਸਾਡੀ ਸੁੱਤੀ ਹੋਈ ਸਮਝ ਗੁਰੂ ਦੇ ਸੱਚੇ ਗਿਆਨ ਦੁਆਰਾ ਜਾਗ ਜਾਂਦੀ ਹੈ। ਜਾਗੀ ਹੋਈ ਸਮਝ ਜੋ ਕੁੱਝ ਵੀ ਸਮਝਦੀ ਹੈ ਉਹ ਅਸਲ ਸੱਚ ਹੀ ਸਮਝਦੀ ਹੈ ਕਿਉਂਕਿ ਉਸ "ਸਚੁ ਰੂਪ" ਸਮਝ ਨੂੰ ਸਮਝਾਉਣ ਵਾਲਾ ਉਹ "ਸਚੁ ਰੂਪ" ਪ੍ਰਮਾਤਮਾ ਆਪ ਹੀ ਹੁੰਦਾ ਹੈ ਤੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਸਾਡਾ ਆਪਾ ਇਸ ਤਰੀਕੇ ਹੀ ਮਿਟਦਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦਾ ਇਹੀ ਤਰੀਕਾ ਹੈ ਤੇ ਹੋਰ ਕੋਈ ਨਹੀਂ ਹੈ। ਕੋਈ ਵੱਡੇ ਭਾਗਾਂ ਵਾਲਾ ਹੀ ਉਸ ਪ੍ਰਮਾਤਮਾ ਨੂੰ ਪਾਉਂਦਾ ਹੈ ਜਿਸ ਦੀ ਸਮਝ ਨੂੰ ਪ੍ਰਮਾਤਮਾ ਆਪ ਹੀ ਆਪਣੀ ਸੱਚੀ ਗੁਰਮਤਿ ਵਾਲੀ ਸਮਝ ਦੁਆਰਾ, ਆਪਣੇ ਨਾਮ ਦੁਆਰਾ ਰਵਦਾ ਹੈ। (**ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥ ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥ ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥ ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥**)

ਨਾਮ ਦੀ ਪ੍ਰਾਪਤੀ ਮਨ ਦੀ ਹਉਮੈ ਨਿਕਲਣ ਤੋਂ ਬਾਅਦ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਹੁੰਦੀ ਹੈ। ਮਨ ਦੇ ਵਿੱਚ ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਉਹ ਕਿਸ ਤਰੀਕੇ ਦਿੰਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥
ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥
ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥"

ਉਪਰਲੀਆਂ ਪੰਗਤੀਆਂ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਸਾਡੇ ਅੰਦਰ ਸਾਨੂੰ ਪ੍ਰਮਾਤਮਾ ਦਾ ਭਾਉਣਾ ਕੀ ਹੈ, ਭਾਵ ਸਾਨੂੰ ਪ੍ਰਮਾਤਮਾ ਕਿਸ ਰੂਪ ਵਿੱਚ ਚੰਗਾ ਲੱਗਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣਾ ਗੁਰਮਤਿ ਰੂਪ ਸੱਚਾ ਗਿਆਨ ਹੀ ਦਿੰਦਾ ਹੈ ਤੇ ਉਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਉਸ ਦੀ ਗੁਰਮਤਿ ਚੰਗੀ ਲੱਗਣੀ ਜਾਂ ਪ੍ਰਮਾਤਮਾ ਚੰਗਾ ਲੱਗਣਾ ਜਾਂ ਨਾਮ ਚੰਗਾ ਲੱਗਣਾ ਇੱਕੋ ਹੀ ਗੱਲ ਹੈ। ਸਾਡੇ ਅੰਦਰ ਨਾਮ ਦੀ ਵਧਾਈ ਵੱਜਣੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੀ ਗੁਰਮਤਿ ਦੀ ਸਮਝ ਨੂੰ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਵਧਾਉਂਦਾ ਰਹਿੰਦਾ ਹੈ ਭਾਵ ਆਪਣੇ ਨਾਮ ਦੀ ਵਧਾਈ ਪ੍ਰਮਾਤਮਾ ਆਪ ਹੀ ਦਿੰਦਾ ਹੈ। ਨਾਮ ਦੇ ਸੱਚੇ ਗਿਆਨ ਨਾਲ ਜੁੜਨਾ ਹੀ ਮਨ ਦੇ ਵਿੱਚ "ਹਰਿ ਹਰਿ" ਲਿਵ ਦਾ ਲੱਗਣਾ ਹੈ। ਮਨ ਦੇ ਵਿੱਚ ਜੋ ਵੀ ਪ੍ਰਮਾਤਮਾ ਨੂੰ ਪਾਉਂਦਾ ਹੈ ਉਹ ਉਸ "ਪੂਰੇ ਗੁਰੂ" ਭਾਵ ਪ੍ਰਮਾਤਮਾ ਦੇ ਆਪ ਮਨ ਦੇ ਵਿੱਚ ਗਿਆਨ ਦੇਣ ਦੁਆਰਾ ਹੀ ਪਾਉਂਦਾ ਹੈ। "ਪੂਰਾ ਗੁਰੂ" ਪ੍ਰਮਾਤਮਾ ਆਪ ਹੀ ਹੈ ਜੋ ਗਿਆਨ ਦਾ ਮਾਲਕ ਹੈ। (**ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥ ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥**) ਆਪਣੇ ਨਾਮ ਦੇ ਨਾਲ ਪ੍ਰਮਾਤਮਾ ਸਾਡੀ ਕਿਸ ਤਰੀਕੇ ਲਿਵ ਲਾਉਂਦਾ ਹੈ ਭਾਵ ਮਨ ਦੇ ਵਿੱਚ ਆਪਣਾ ਨਾਮ ਕਿਸ ਤਰੀਕੇ ਦਿੰਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਭਾਵ ਮੰਨਣ ਦੀ ਲੋੜ ਹੈ ਭਾਵ ਹਉਮੈ ਵਾਲੀ ਸਮਝ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਲੋੜ ਹੈ।

"ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥"

ਨਾਮ ਦਾ ਮਿਲਣਾ ਜਾਂ ਨਾਮ ਦੇ ਵਿੱਚ ਸਮਾਉਣਾ ਜਾਂ ਨਾਮ ਦਾ ਆਸਰਾ ਲੈਣਾ ਕੀ ਹੈ ਜੋ ਗੱਲਾਂ ਵਾਰ-ਵਾਰ ਬਾਣੀ ਦੇ ਸ਼ਬਦਾਂ ਵਿੱਚ

ਆਉਂਦੀਆਂ ਹਨ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਭਾਵ ਹਉਮੈ ਵਾਲੀ ਸਮਝ ਹੈ ਤਦ ਤੱਕ ਕੀ ਕੋਈ ਨਾਮ ਵਾਲਾ ਅਖਵਾ ਸਕਦਾ ਹੈ ਭਾਵ ਨਹੀਂ ਅਖਵਾ ਸਕਦਾ ਕਿਉਂਕਿ ਇਹ ਗੁਰੂ ਦੇ ਵਿਚਾਰਾਂ ਦੇ ਉਲਟ ਹੈ, ਸ਼ਬਦਾਂ ਦੁਆਰਾ ਸਮਝਾਈ ਹੋਈ ਮਤਿ ਦੇ ਉਲਟ ਹੈ ਭਾਵ ਗੁਰਮਤਿ ਦੇ ਉਲਟ ਹੈ ਤੇ ਅਗਰ ਕੋਈ ਅਖਵਾਉਂਦਾ ਹੈ ਫਿਰ ਇਹ ਮਨ ਦੀ ਅਗਿਆਨਤਾ ਹੀ ਹੈ। ਮਨ ਦੀ ਅਗਿਆਨਤਾ ਨਿਕਲੇ ਬਿਨ੍ਹਾਂ, ਹਉਮੈ ਨਿਕਲੇ ਬਿਨ੍ਹਾਂ, ਮਨੁੱਖ ਦਾ ਆਪਾ ਮਿਟੇ ਬਿਨ੍ਹਾਂ ਨਾ ਕਿਸੇ ਨੂੰ ਇਹ ਸਮਝ ਲੱਗ ਸਕਦੀ ਹੈ ਕਿ ਸਾਡੇ ਅੰਦਰ ਅਗਿਆਨਤਾ ਕਿੱਥੋਂ ਆਉਂਦੀ ਹੈ, ਸੱਚਾ ਗਿਆਨ ਕਿੱਥੋਂ ਆਉਂਦਾ ਹੈ ਭਾਵ ਮਨ ਦੀ ਸਮਝ ਕਿੱਥੋਂ ਆਉਂਦੀ ਹੈ। ਇਸ ਗੱਲ ਦੀ ਸਮਝ ਉਦੋਂ ਹੀ ਪੈਂਦੀ ਹੈ ਜਦੋਂ ਕਿਸੇ ਦੇ ਅੰਦਰ ਪ੍ਰਮਾਤਮਾ ਆਪਣੀ ‘‘ਜੋਤਿ’’ ਨੂੰ ਪਰਗਟ ਕਰ ਦਿੰਦਾ ਹੈ ਭਾਵ ਆਪਣਾ ਆਪ ਪਰਗਟ ਕਰ ਦਿੰਦਾ ਹੈ ਤੇ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਮਨ ਦੀ ਸਮਝ ਕਿਸ ਦੇ ਵੱਸ ਹੈ ਮਨੁੱਖ ਨੂੰ ਉਸ ਦੀ ਸਮਝ ਕਿਸ ਕਰਕੇ ਨਹੀਂ ਪੈਂਦੀ। ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਮਨ ਦੇ ਵਿੱਚ ਹੀ ਹੈ ਜੋ ਕਿ ਮਨ ਦੀ ਹਉਮੈ ਦੇ ਰੂਪ ਵਿੱਚ ਹੈ, ਤ੍ਰੈਗੁਣਾਂ ਦੇ ਰੂਪ ਵਿੱਚ ਹੈ, ਮਾਇਆ ਦੇ ਰੂਪ ਵਿੱਚ ਹੈ ਜੋ ਸਮਝ ਮਨੁੱਖ ਨੂੰ ਅਗਿਆਨਤਾ ਵਿੱਚ ਰੱਖਦੀ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਨ ਤੋਂ ਅਗਿਆਨਤਾ ਰੂਪ ਪੜਦੇ ਵਿੱਚ ਰੱਖਦੀ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਅਗਿਆਨਤਾ ਰੂਪ ਹਨੇਰੇ ਵਿੱਚੋਂ ਕੱਢਦਾ ਹੈ ਉਸ ਨੂੰ ਮਨ ਦੇ ਵਿੱਚ ਆਪਣਾ ਨਾਮ ਹੀ ਦਿੰਦਾ ਹੈ ਭਾਵ ਸੱਚਾ ਗਿਆਨ ਹੀ ਦਿੰਦਾ ਹੈ, ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ ਜੋ ਸੱਚਾ ਗਿਆਨ ਉਹ ਆਪਣੀ ਜੋਤਿ ਰਾਹੀਂ ਹੀ ਦਿੰਦਾ ਹੈ। ਆਪਣੀ ‘‘ਜੋਤਿ’’ ਰਾਹੀਂ ਹੀ ਉਸ ਨੇ ਸਾਰੇ ਸੰਸਾਰ ਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਤੇ ਆਪਣੀ ਜੋਤਿ ਰਾਹੀਂ ਹੀ ਉਹ ਕਿਸੇ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਦਾ ਹੈ ਤੇ ਮਨ ਦੇ ਵਿੱਚ ਆਪਣੇ ਆਪ ਦੀ ਸਮਝ ਪਾਉਂਦਾ ਹੈ ਜਿਸ ਆਪਣੀ ਸੱਚੀ ਸਮਝ ਦੁਆਰਾ ਉਹ ਸਾਡੇ ਮਨ ਦੀ ਸਮਝ ਨੂੰ ਰਵਦਾ ਹੈ, ਆਪਣੀ ਨਾਮ ਵਾਲੀ ਸਮਝ ਦੇ ਨਾਲ ਰਵਦਾ ਹੈ ਜਿਸ ਦੁਆਰਾ ਮਨੁੱਖੀ ਸਮਝ ਪ੍ਰਮਾਤਮਾ ਦੀ ਨਾਮ ਵਾਲੀ ਸਮਝ ਦੇ ਵਿੱਚ ਹਰ ਵੇਲੇ ਸਮਾਈ ਰਹਿੰਦੀ ਹੈ ਭਾਵ ਉਸ ਸਮਝ ਦੇ ਵਿੱਚੋਂ ਫਿਰ ਉਹ ਬਾਹਰ ਨਹੀਂ ਨਿਕਲਦੀ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ, ਨਾਮ ਨੂੰ ਸਮਝਣ ਵਿੱਚ ਫਿਰ ਅਗਿਆਨਤਾ ਵਿੱਚ ਨਹੀਂ ਪੈਂਦੀ ਭਾਵ ਉਹ ਸਮਝ ਹਰ ਵੇਲੇ ਗੁਰਮਤਿ ਵਾਲੀ ਸੱਚੀ ਸਮਝ ਦਾ ਆਸਰਾ ਲੈ ਕੇ ਹੀ ਵਿਚਰਦੀ ਹੈ ਭਾਵ ਉਸ ਮਨੁੱਖ ਦਾ ਸਰੀਰ ਉਹੋ ਜਿਹੇ ਕਰਮ ਕਰਦਾ ਹੈ ਜੋ ਨਾਮ ਵਾਲੀ ਸੱਚੀ ਸਮਝ ਉਸ ਨੂੰ ਸਮਝਾਉਂਦੀ ਹੈ ਭਾਵ ਉਸ ਨੂੰ ਮਨ ਦੇ ਅੰਦਰ ‘‘ਨਾਮ ਜਪਾਉਂਦੀ’’ ਹੈ। ਜੋ ਪ੍ਰਮਾਤਮਾ ਮਨ ਦੇ ਅੰਦਰ ਆਪਣਾ ਸੱਚਾ ਨਾਮ ਜਪਾਉਂਦਾ ਹੈ ਉਹੀ ਉਸ ਤੇ ਦ੍ਰਿੜ ਕਰਕੇ ਚਲਾਉਂਦਾ ਹੈ ਭਾਵ ਮਨੁੱਖੀ ਸਮਝ ਨੂੰ ਹਰ ਵੇਲੇ ਆਪਣੇ ਨਾਮ ਨਾਲ ਜੋੜ ਕੇ ਰੱਖਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਕੋਲੋਂ ਨਾਮ ਮਿਲਿਆ ਹੈ ਉਹਨਾਂ ਨੂੰ ਇਸੇ ਤਰੀਕੇ ਹੀ ਮਿਲਿਆ ਹੈ ਤੇ ਉਹੀ ਨਾਮ ਉਹਨਾਂ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਇਆ ਹੈ। (**ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥ ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥ ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥ ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥ ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥ ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥ ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥ ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥**) ਵਾਰ-ਵਾਰ ਬਾਣੀ ਵਿੱਚ ਆਉਂਦਾ ਹੈ ਕਿ ਅਸੀਂ ਪ੍ਰਮਾਤਮਾ ਨੂੰ ਕਿਸ ਤਰੀਕੇ ਭਾਉਣਾ ਹੈ ਭਾਵ ਕਿਸ ਤਰੀਕੇ ਚੰਗਾ ਲੱਗਣਾ ਹੈ। ਜਦ ਤੱਕ ਮਨੁੱਖ ਹਉਮੈ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੈ ਉਸ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੁੰਦੀ ਕਿ ਨਾਮ ਕੀ ਹੈ, ਨਾਮ ਜਪਣਾ ਕੀ ਹੈ, ਨਾਮ ਦੀ ਪ੍ਰਾਪਤੀ ਕੀ ਹੈ ਜਿਸ ਦੀ ਸਮਝ ਲੱਗੇ ਬਿਨ੍ਹਾਂ ਉਸ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ ਭਾਵ ਉਸ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਜੋ ਉਸ ਦੀ ਭਗਤੀ ਦਾ ਮਾਰਗ ਸਾਡੀ ਸੰਸਾਰ ਵਿੱਚ ਸੱਚੀ ਸੁੱਚੀ ਵਿਚਰਨ ਹੈ, ਗੁਰਮਤਿ ਦੀ ਸਮਝ ਅਨੁਸਾਰ ਵਿਚਰਨ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਤਿਆਗਣ ਦੁਆਰਾ, ਔਗੁਣ ਤਿਆਗਣ ਦੁਆਰਾ ਗੁਣਾਂ ਵਾਲੀ ਵਿਚਰਨ ਹੈ ਜੋ ਸਾਡੀ ਵਿਚਰਨ ਪ੍ਰਮਾਤਮਾ ਨੂੰ ਭਾਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਪਾਇਆ ਜਾ ਸਕਦਾ ਹੈ ਤੇ ਉਸ ਤੋਂ ਇਲਾਵਾ ਅਸੀਂ ਜੋ ਵੀ ਨਾਮ ਨੂੰ ਸਮਝਿਆ ਹੋਇਆ ਹੈ, ਨਾਮ ਜਪਣਾ ਸਮਝਿਆ ਹੋਇਆ ਹੈ ਉਹ ਕੇਵਲ ਸਾਡੀ ਅਗਿਆਨਤਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਅਸੀਂ ਨਹੀਂ ਪਾ ਸਕਦੇ। ਪ੍ਰਮਾਤਮਾ ਜਿਸ ਦੇ ਨਾਲ ਆਪਣਾ ਪ੍ਰੇਮ ਜੋੜਦਾ ਹੈ ਉਸ ਨੂੰ ਮਨ ਦੇ ਵਿੱਚ ਆਪਣੇ ਨਾਮ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਜੋੜਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥
ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥
ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥
ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥੩॥”

ਗੁਰੂ ਪ੍ਰਮਾਤਮਾ ਦੇ ਨਾਲ ਆਪਣਾ ਪ੍ਰੇਮ ਉਸ ਦੀ ਸਿੱਖਿਆ ਦੇ ਨਾਲ ਪ੍ਰੇਮ ਹੀ ਹੈ ਜੋ ਪ੍ਰੇਮ ਸਮਝਾਉਣ ਲਈ ਸਾਨੂੰ ਬਿੱਲੀ ਤੇ ਚੂਹੇ ਦਾ ਪ੍ਰਮਾਣ ਦਿੱਤਾ ਹੋਇਆ ਹੈ। ਬਿੱਲੀ ਨੂੰ ਸਭ ਤੋਂ ਚੰਗਾ ਚੂਹਾ ਖਾਣਾ ਚੰਗਾ ਲੱਗਦਾ ਹੈ ਜਿਸ ਨੂੰ ਖਾਣ ਦੀ ਖਿੱਚ ਬਿੱਲੀ ਦੇ ਵਿੱਚ ਹਰ ਵੇਲੇ ਬਣੀ ਰਹਿੰਦੀ ਹੈ, ਜੋ ਖਿੱਚ ਕਦੇ ਘੱਟਦੀ ਨਹੀਂ। ਗੁਰੂ ਦੀ ਮਤਿ ਦੇ ਨਾਲ ਪਿਆਰ ਕਰਨ ਵਾਲੇ ਇਹੋ ਜਿਹੇ ਹੀ ਹੁੰਦੇ ਹਨ ਭਾਵ ਉਹਨਾਂ ਅੰਦਰ ਹਰ ਵੇਲੇ ਗੁਰਮਤਿ ਤੇ ਚੱਲਣ ਦੀ, ਗੁਰਮਤਿ ਨੂੰ ਆਪਣੇ ਅੰਦਰ ਵਸਾਉਣ ਦੀ ਖਿੱਚ ਹਰ ਵੇਲੇ ਪਈ ਰਹਿੰਦੀ ਹੈ ਭਾਵ ਉਹਨਾਂ ਨੂੰ ਗੁਰੂ ਦੀ ਮਤਿ ਤੋਂ ਚੰਗੀ ਕੋਈ ਦੂਸਰੀ ਮਤਿ ਨਹੀਂ ਲੱਗਦੀ। ਇਹੋ ਜਿਹੀ ਖਿੱਚ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜੋ ਖਿੱਚ ਉਹ ਆਪਣੀ ਸੱਚੀ ਸਮਝ ਦੇਣ ਦੁਆਰਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਗੁਰਮਤਿ ਤੇ ਚੱਲਣ ਦੀ ਖਿੱਚ ਬਣਾਈ ਰੱਖਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣਾ ‘‘ਹਰਿ ਰਸੁ’’ ਹੀ ਪਿਆਉਂਦਾ ਹੈ ਭਾਵ ਆਪਣੇ ਸੱਚੇ ਗੁਰਮਤਿ ਰੂਪ ਗਿਆਨ ਦੀ ਸਮਝ ਹੀ ਪਾਉਂਦਾ ਹੈ। ਜਿਸ ਦੇ ਅੰਦਰ ਇਹ ਪ੍ਰਮਾਤਮਾ ਦੇ ਨਾਲ ਪ੍ਰੇਮ ਦੀ ਖਿੱਚ ਪੈਂਦੀ ਹੈ ਭਾਵ ਗੁਰਮਤਿ ਤੇ ਚੱਲਣ ਦੀ ਖਿੱਚ ਪੈਂਦੀ ਹੈ ਉਹ ਫਿਰ ਕੋਈ ਮਾੜਾ ਕਰਮ ਨਹੀਂ ਕਰ ਸਕਦਾ ਭਾਵ ਔਗੁਣਾਂ ਵਿੱਚ ਨਹੀਂ ਵਿਚਰਦਾ ਭਾਵ ਮਾਇਆ ਵਾਲੀਆਂ ਤ੍ਰਿਸ਼ਨਾਵਾਂ ਵਿੱਚੋਂ ਰੱਜ ਜਾਂਦਾ ਹੈ ਜਿੰਨ੍ਹਾਂ ਤ੍ਰਿਸ਼ਨਾਵਾਂ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ। ਮਨ ਦੇ ਵਿੱਚ ਨਾਮ ਦੀ ਸੱਚੀ ਸਮਝ ਦੁਆਰਾ ਫਿਰ ਮਨੁੱਖ ਤ੍ਰਿਸ਼ਨਾਵਾਂ ਦੇ ਤਿਆਗਣ ਨਾਲ ਹੀ ਖੁਸ਼ੀ ਮਹਿਸੂਸ ਕਰਦਾ ਹੈ, ਮਨ ਦੇ ਖੇੜੇ ਵਿੱਚ ਰਹਿੰਦੇ ਹੋਏ ਮਾਇਆ ਮੋਹ ਨੂੰ ਤਿਆਗਦਾ ਹੈ ਭਾਵ ਉਸ ਦੀ ਸਮਝ ਹਰ ਵੇਲੇ ਪ੍ਰਮਾਤਮਾ ਦੇ ਨਾਲ ਜੁੜੀ ਰਹਿੰਦੀ ਹੈ ਭਾਵ ਉਸ ਦੀ ‘‘ਲਿਵ’’ ਹਰ ਵੇਲੇ ਨਾਮ ਦੇ ਨਾਲ ਲੱਗੀ ਰਹਿੰਦੀ ਹੈ। (**ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥ ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥ ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥ ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥**) ਪ੍ਰਮਾਤਮਾ ਕਿਸੇ ਦੇ ਨਾਲ ਆਪਣਾ ਪ੍ਰੇਮ ਕਿਵੇਂ ਜੋੜਦਾ ਹੈ, ਆਪਣੇ ਨਾਲ ਕਿਸ ਤਰੀਕੇ ਮਿਲਾਉਂਦਾ ਹੈ ਭਾਵ ਆਪਣਾ ਨਾਮ ਕਿਸੇ ਦੇ ਅੰਦਰ ਕਿਸ ਤਰੀਕੇ ਵਸਾਉਂਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥
ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥
ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥
ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥

ਅਸੀਂ ਉੱਪਰ ਸ਼ਬਦ ਵਿਚ ਪਹਿਲੇ ਤੇ ਦੂਸਰੇ ਪਦੇ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਨਾਲ ਕਿਵੇਂ ਮਿਲਾਉਂਦਾ ਹੈ ਭਾਵ ਉਸ ਦੇ ਅੰਦਰ ਆਪਣੇ ਕਮਲ ਦਾ ਪਰਗਾਸ ਕਰਨ ਦੁਆਰਾ ਮਿਲਾਉਂਦਾ ਹੈ, ਉਸ ਦੇ ਅੰਦਰੋਂ ਅਗਿਆਨਤਾ ਦਾ ਹਨੇਰਾ ਕੱਢਣ ਦੁਆਰਾ ਮਿਲਾਉਂਦਾ ਹੈ, ਉਸ ਦੇ ਅੰਦਰ ਆਪਣੀ ਜੋਤਿ ਪ੍ਰਗਟ ਕਰਨ ਦੁਆਰਾ ਮਿਲਾਉਂਦਾ ਹੈ, ਉਸ ਦੇ ਅੰਦਰ ਆਪਣੀ ਗੁਰਮਤਿ ਦਾ ਗਿਆਨ ਦੇਣ ਦੁਆਰਾ ਮਿਲਾਉਂਦਾ ਹੈ, ਆਪਣਾ ਨਾਮ ਦੇਣ ਦੁਆਰਾ ਮਿਲਾਉਂਦਾ ਹੈ, ਮਨੁੱਖ ਦੀ ਹਉਮੈ ਭਾਵ ਉਸ ਦਾ ਆਪਾ ਮਿਟਾਉਣ ਦੁਆਰਾ ਮਿਲਾਉਂਦਾ ਹੈ ਭਾਵ ਮਨੁੱਖ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ ਕਿ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੇ ਤੇ ਉਹੀ ਤਰੀਕਾ ਉਪਰਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਉਹਨਾਂ ਨੇ ਆਪਣੇ ਆਪ ਨੂੰ ਮੂਰਖ ਮੁਗਧ ਕਿਹਾ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਕਿਹਾ ਹੈ ਤੇ ਇਹੀ ਗੱਲ ਉਹਨਾਂ ਨੇ ਹੋਰ ਵੀ ਕਿਤਨੇ ਹੀ ਸ਼ਬਦਾਂ ਦੁਆਰਾ ਕਹੀ ਹੈ। ਇਸ ਗੱਲ ਦੀ ਸਮਝ ਉਸ ਨੂੰ ਹੀ ਲੱਗ ਸਕਦੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਆਪਣੇ ਆਪ ਨੂੰ ਸਿਆਣਾ ਕਹਿਣ ਵਾਲਿਆਂ ਦਾ ਅੰਤ ਨਹੀਂ ਹੈ, ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਦਾ ਕੋਈ ਘਾਟਾ ਨਹੀਂ ਹੈ ਜਿਵੇਂ ਕਿ ਪੂਰੇ ਸੰਸਾਰ ਵਿੱਚ ਸਭ ਪਾਸੇ ਦੇਖਿਆ ਜਾ ਸਕਦਾ ਹੈ। ਹਰ ਕੋਈ ਇਹੀ ਸਮਝਦਾ ਹੈ ਕਿ ਮੇਰੇ ਅੰਦਰ ਸਮਝ ਮੇਰੀ ਹੈ, ਇਹ ਗਿਆਨ ਮੇਰਾ ਹੈ। ਇਹੀ

ਸਾਡੇ ਅੰਦਰ ਦੀ ਹਉਮੈ ਹੈ ਜੋ ਸਾਨੂੰ ਮੈਂ ਸਿਖਾਉਂਦੀ ਹੈ। ਜਿੱਥੇ "ਮੈਂ" ਹੈ ਉੱਥੇ ਫਿਰ ਇਹੋ ਜਿਹੇ ਧਰਮ ਦਾ ਮਾਰਗ ਵੀ ਵੱਖਰਾ ਵੱਖਰਾ ਸਮਝਾਉਂਦੇ ਹਨ, ਸ਼ਬਦਾਂ ਦੀ ਵਿਚਾਰ ਵੀ ਵੱਖਰੀ-ਵੱਖਰੀ ਸਮਝਾਉਂਦੇ ਹਨ ਤੇ ਇਸੇ ਗੱਲ ਵਿੱਚ ਆਪਣੀ ਸਿਆਣਪ ਸਮਝਦੇ ਹਨ। ਧਰਮ ਦੇ ਮਾਰਗ ਦੀ ਸੱਚੀ ਸਮਝ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਜਿਸ ਦੇ ਅੰਦਰ ਉਹ ਸੱਚੇ ਗਿਆਨ ਦਾ ਮਾਲਕ ਪ੍ਰਮਾਤਮਾ ਹਰ ਵੇਲੇ ਪ੍ਰਗਟ ਹੈ ਜਿਸ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਉਸ ਦੀ ਮੂਰਖਤਾ ਵਿੱਚੋਂ ਕੱਢਣ ਦਾ ਹੈ ਤੇ ਮੂਰਖਤਾ ਕਿਸੇ ਦੀ ਤਾਂ ਹੀ ਨਿਕਲੇਗੀ ਜੇਕਰ ਪਹਿਲੇ ਕੋਈ ਮੰਨੇਗਾ ਕਿ ਮੈਂ ਮੂਰਖ ਹਾਂ ਭਾਵ ਮੈਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਹੈ, ਮੈਨੂੰ ਨਾਮ ਦੀ ਸਮਝ ਨਹੀਂ ਹੈ, ਮੈਨੂੰ ਹਉਮੈ ਦੀ ਸਮਝ ਨਹੀਂ ਹੈ, ਮੈਨੂੰ ਮਨ ਦੀ ਸਮਝ ਨਹੀਂ ਹੈ, ਮੈਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਸਮਝ ਨਹੀਂ ਹੈ। ਇਹ ਕੁੱਝ ਕੋਈ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿਉਂਕਿ ਸਾਡੇ ਅੰਦਰ ਦੀ ਹਉਮੈ ਦਾ ਮਕਸਦ ਹੀ ਸਾਨੂੰ ਮਨ ਦੀ ਨਾਮਸਝੀ ਵਿੱਚ ਰੱਖਣ ਦਾ ਹੈ। ਮਨੁੱਖ ਦੀ ਅਗਿਆਨਤਾ ਕੇਵਲ ਗੁਰੂ ਹੀ ਮਾਰ ਸਕਦਾ ਹੈ ਭਾਵ ਪ੍ਰਮਾਤਮਾ ਆਪ ਹੀ ਮਾਰ ਸਕਦਾ ਹੈ ਜੋ ਕਿ ਆਪ ਹੀ ਆਪਣੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਗੁਰੂ ਰੂਪ ਹੈ। ਜਿਸ ਨੂੰ ਵੀ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸ ਦੀ ਹਉਮੈ ਮਾਰਨ ਦੁਆਰਾ ਹੀ ਮਿਲਾਉਂਦਾ ਹੈ, ਮਨ ਦੀ ਭਰਮਾਂ ਵਾਲੀ ਸਮਝ ਖਤਮ ਕਰਨ ਦੁਆਰਾ ਹੀ ਮਿਲਾਉਂਦਾ ਹੈ। ਇਸੇ ਲਈ ਗੁਰੂ ਧੰਨ ਧੰਨ ਹੈ ਭਾਵ ਪੂਜਣ ਜੋਗ ਹੈ ਭਾਵ ਮੰਨਣ ਜੋਗ ਹੈ, ਸ਼ਾਬਾਸ਼ੀ ਦਾ ਹੱਕਦਾਰ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਹਉਮੈ ਵਿੱਚੋਂ ਕੱਢਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ। (**ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥ ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥**) ਕਿਸੇ ਵਡਭਾਗੀ ਦੀ ਹੀ ਪ੍ਰਮਾਤਮਾ "ਹਉਮੈ" ਕੱਢਦਾ ਹੈ ਭਾਵ ਉਸ ਨੂੰ ਆਪਣਾ "ਨਾਮ" ਬਖਸ਼ਣ ਦੁਆਰਾ ਕੱਢਦਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਮ ਨੂੰ ਸਾਲਾਹ ਸਕਦਾ ਹੈ ਭਾਵ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰ ਸਕਦਾ ਹੈ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥

ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥"

ਬਾਣੀ ਵਿੱਚ ਵਾਰ-ਵਾਰ "ਹਰਿ ਹਰਿ" ਧਿਆਉਣ ਦੀ ਗੱਲ ਆਉਂਦੀ ਹੈ, "ਹਰਿ ਹਰਿ" ਨੂੰ ਆਪਣੇ ਅੰਦਰ ਵਸਾਉਣ ਦੀ ਗੱਲ ਆਉਂਦੀ ਹੈ, ਨਾਮ ਨੂੰ ਆਪਣੇ ਅੰਦਰ ਵਸਾਉਣ ਦੀ ਗੱਲ ਆਉਂਦੀ ਹੈ ਜਿਸ ਗੱਲ ਦੀ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ, ਹਉਮੈ ਵਿੱਚ ਰਹਿੰਦੇ ਹੋਏ ਕਿਸੇ ਨੂੰ ਸਮਝ ਨਹੀਂ ਪੈਂਦੀ ਤੇ ਹਰ ਕੋਈ ਆਪਣੀ-ਆਪਣੀ ਮਤਿ ਅਨੁਸਾਰ ਕਿਸੇ ਅੱਖਰ ਨੂੰ ਨਾਮ ਬਣਾ ਲੈਂਦਾ ਹੈ। ਕੋਈ ਵਡਭਾਗੀ ਹੀ ਹੁੰਦਾ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਉਸ ਨੂੰ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਹਰਿ ਹਰਿ ਵੱਸਣਾ ਕੀ ਹੈ, ਨਾਮ ਦੀ ਸਿਫ਼ਤ ਸਾਲਾਹ ਕਰਨੀ ਕੀ ਹੈ ਜੋ ਸਮਝ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਲੱਗੀ ਹੈ। ਜਿਸ ਨੂੰ ਵੀ ਨਾਮ ਮਿਲਦਾ ਹੈ ਉਹ ਨਾਮ ਦੇ ਮਾਲਕ ਕੋਲੋਂ ਭਾਵ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ ਤੇ ਇਸੇ ਕਰਕੇ ਉਹ ਨਾਮ ਦੇਣ ਵਾਲੇ ਦੇ ਬਲਿਹਾਰੀ ਜਾਂਦੇ ਹਨ ਭਾਵ ਉਸ ਨਾਮ ਰੂਪ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ ਜੋ ਗੁਣ ਉਹਨਾਂ ਨੇ ਸਭ ਵਿੱਚ ਇੱਕੋ ਇੱਕ ਨਾਮ ਦੇ ਮਾਲਕ ਨੂੰ ਵੇਖਣ ਦੁਆਰਾ ਗਾਏ ਹਨ ਭਾਵ ਆਪਣੀ ਕਰਨੀ ਦੁਆਰਾ ਗਾਏ ਹਨ ਤੇ ਉਹੋ ਜਿਹਾ ਨਾਮ ਜਪਣਾ ਹੀ ਉਹਨਾਂ ਨੇ ਸਾਰੇ ਸੰਸਾਰ ਨੂੰ ਸਮਝਾਇਆ ਹੈ ਜੋ ਨਾਮ ਸਾਰੇ ਸੰਸਾਰ ਲਈ ਇੱਕੋ ਹੀ ਹੈ ਭਾਵ "ਸੱਚ" ਹੀ ਹੈ ਜੋ ਸੱਚ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। (**ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥ ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥ ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥ ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥ ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥ ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥ ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥ ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥ ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥ ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥ ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥ ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥੩॥ ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥ ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥ ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥ ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥**)

ਮਾਰੂ ਮਹਲਾ ੧ ॥

{ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥
ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥
ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥
ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥
ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥
ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥
ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥
ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥
ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥
ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥
ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥}

(ਅੰਗ - ੧੦੧੫-੧੦੧੬)

ਇਸ ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ ਤੇ ਇਸ ਗੱਲ ਨੂੰ ਜਾਣਾਗੇ ਕਿ ਉਹ ਅਕਾਲ ਪੁਰਖ ਸਭ ਲਈ ''ਅਲਖ'' ਕਿਉਂ ਹੈ ਭਾਵ ਉਹ ''ਅਲਖ'' ਹੀ ਕਿਉਂ ਰਹਿਣਾ ਚਾਹੁੰਦਾ ਹੈ ਭਾਵ ਉਸਨੇ ਸਭ ਦੇ ਅੰਦਰ ਹਉਮੈ ਕਿਸ ਲਈ ਪਾਈ ਹੋਈ ਹੈ, ਅਗਿਆਨਤਾ ਕਿਸ ਲਈ ਪਾਈ ਹੋਈ ਹੈ, ਆਪਣੇ ਆਪ ਤੋਂ ਪੜਦਾ ਕਿਸ ਲਈ ਰੱਖਿਆ ਹੋਇਆ ਹੈ।

{ਸੁਮਤਿ ਦੇਵਹੁ ਸੰਤ ਪਿਆਰੇ ॥
ਸਿਮਰਉ ਨਾਮੁ ਮੋਹਿ ਨਿਸਤਾਰੇ ॥੧॥ ਰਹਾਉ ॥
ਜਿਨਿ ਗੁਰਿ ਕਹਿਆ ਮਾਰਗੁ ਸੀਧਾ ॥
ਸਗਲ ਤਿਆਗਿ ਨਾਮਿ ਹਰਿ ਗੀਧਾ ॥
ਤਿਸੁ ਗੁਰ ਕੈ ਸਦਾ ਬਲਿ ਜਾਈਐ ॥
ਹਰਿ ਸਿਮਰਨੁ ਜਿਸੁ ਗੁਰ ਤੇ ਪਾਈਐ ॥੨॥
ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥
ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥
ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥
ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥੩॥

ਮਹਾ ਮੁਗਧ ਤੇ ਕੀਆ ਗਿਆਨੀ ॥
ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥
ਵਡੈ ਭਾਗਿ ਪਾਈਐ ਹਰਿ ਸੇਵ ॥੪॥}

(ਅੰਗ - ੧੩੩੮)

ਸਿਰੀਰਾਗੁ ਮਹਲਾ ੧ ॥
{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥
ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥}

(ਅੰਗ - ੧੫)

ਉੱਪਰ ਵਾਲੇ ਇਸ ਪੂਰੇ ਸ਼ਬਦ ਦੇ ਅਰਥ ਅੱਗੇ ਚੱਲਕੇ ਸਮਝਾਂਗੇ।

ਸਿਰੀਰਾਗੁ ਮਹਲਾ ੧ ॥
{ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥
ਮਨ ਰੇ ਹਉਮੈ ਛੋਡਿ ਗੁਮਾਨੁ ॥
ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥

ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥
ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥
ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥
ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥}

(ਅੰਗ - ੨੧)

ਉੱਪਰ ਵਾਲੇ ਇਸ ਪੂਰੇ ਸ਼ਬਦ ਦੇ ਅਰਥ ਅੱਗੇ ਚੱਲਕੇ ਸਮਝਾਂਗੇ।

ਸਿਰੀਰਾਗੁ ਮਹਲਾ ੩ ॥

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥
ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥
ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥}

(ਅੰਗ - ੩੯)

ਇਸ ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਲੇਖ ਵਿੱਚ ਸਮਝਾਏ ਹੋਏ ਹਨ।

ਸਲੋਕ ਮਃ ੩ ॥

{ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥

ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥
ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ॥
ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥੧॥}

(ਅੰਗ - ੮੬)

{ਨਾ ਕੋ ਮੂਰਖੁ ਨਾ ਕੋ ਸਿਆਣਾ ॥
ਵਰਤੈ ਸਭ ਕਿਛੁ ਤੇਰਾ ਭਾਣਾ ॥
ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥}

(ਅੰਗ - ੯੮)

ਪਵੜੀ ॥

{ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥
ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥
ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥
ਸੁਖਹੁ ਉਠੇ ਰੋਗ ਪਾਪ ਕਮਾਇਆ ॥
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥
ਮੂਰਖ ਗਣਤ ਗਣਾਇ ਝਗੜਾ ਪਾਇਆ ॥
ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥
ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥}

(ਅੰਗ - ੧੩੯)

ਪਉੜੀ ॥

{ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥
ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥
ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥}

(ਅੰਗ - ੧੪੦)

ਮਃ ੧ ਸਲੋਕੁ ॥

{ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥
ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥

ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥
ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥
ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥
ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥
ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥੧॥}

(ਅੰਗ - ੧੪੩)

ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ
ੴ ਸਤਿਗੁਰ ਪ੍ਰਸਾਦਿ ॥
{ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥
ਜੋਗੀ ਗੋਰਖੁ ਗੋਰਖੁ ਕਰਿਆ ॥
ਮੈ ਮੂਰਖ ਹਰਿ ਹਰਿ ਜਪੁ ਪੜਿਆ ॥੧॥
ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥
ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ ॥੧॥ ਰਹਾਉ ॥
ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥
ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥
ਮੈ ਮੂਰਖ ਹਰਿ ਆਸ ਤੁਮਾਰੀ ॥੨॥
ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥
ਸੂਦੁ ਵੈਸੁ ਪਰ ਕਿਰਤਿ ਕਮਾਵੈ ॥
ਮੈ ਮੂਰਖ ਹਰਿ ਨਾਮੁ ਛਡਾਵੈ ॥੩॥
ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥
ਗੁਰਮੁਖਿ ਨਾਨਕ ਦੇ ਵਡਿਆਈ ॥
ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥}

(ਅੰਗ - ੧੯੩-੧੯੪)

ਗਉੜੀ ਗੁਆਰੇਰੀ ਮਹਲਾ ੫ ॥
{ਅਗਲੇ ਮੁਏ ਸਿ ਪਾਛੈ ਪਰੇ ॥
ਜੋ ਉਬਰੇ ਸੇ ਬੰਧਿ ਲਕੁ ਖਰੇ ॥
ਜਿਹ ਧੰਧੇ ਮਹਿ ਓਇ ਲਪਟਾਏ ॥
ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥
ਓਹ ਬੇਲਾ ਕਛੁ ਚੀਤਿ ਨ ਆਵੈ ॥
ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥
ਆਸਾ ਬੰਧੀ ਮੂਰਖ ਦੇਹ ॥
ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥
ਮੀਠੀ ਕਰਿ ਕਰਿ ਬਿਖਿਆ ਖਾਇ ॥੨॥
ਹਉ ਬੰਧਉ ਹਉ ਸਾਧਉ ਬੈਰੁ ॥
ਹਮਰੀ ਭੂਮਿ ਕਉਨੁ ਘਾਲੈ ਪੈਰੁ ॥
ਹਉ ਪੰਡਿਤੁ ਹਉ ਚਤੁਰੁ ਸਿਆਣਾ ॥
ਕਰਣੈਹਾਰੁ ਨ ਬੁਝੈ ਬਿਗਾਨਾ ॥੩॥
ਅਪੁਨੀ ਗਤਿ ਮਿਤਿ ਆਪੇ ਜਾਨੈ ॥
ਕਿਆ ਕੋ ਕਹੈ ਕਿਆ ਆਖਿ ਵਖਾਨੈ ॥
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥
ਅਪਨਾ ਭਲਾ ਸਭ ਕਾਹੂ ਮੰਗਨਾ ॥੪॥
ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥
ਅੰਤੁ ਨਾਹੀ ਕਿਛੁ ਪਾਰਾਵਾਰੁ ॥
ਦਾਸ ਅਪਨੇ ਕਉ ਦੀਜੈ ਦਾਨੁ ॥
ਕਬਹੂ ਨ ਵਿਸਰੈ ਨਾਨਕ ਨਾਮੁ ॥੫॥}

(ਅੰਗ - ੧੭੮)

ਇਸ ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਸਮਝ ਹੀ ਚੁੱਕੇ ਹਾਂ। ਉੱਪਰ ਕੁੱਝ ਸ਼ਬਦਾਂ ਦੁਆਰਾ ਤੇ ਪਿਛਲੇ ਮੁੱਖ ਸ਼ਬਦ ਦੁਆਰਾ ਅਸੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਮਨੁੱਖ ਦੇ ਅੰਦਰ ਮੂਰਖਤਾ ਕਿਸ ਰੂਪ ਵਿੱਚ ਹੈ। ਸਭ ਦੇ ਅੰਦਰ ਇਹ ਮੂਰਖਤਾ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ, ਮਾਇਆ ਵਾਲੀ ਸਮਝ ਦੇ ਰੂਪ ਵਿੱਚ ਪਾਈ ਹੋਈ ਹੈ, "ਤ੍ਰੈ ਗੁਣਾਂ" ਦੇ ਰੂਪ ਵਿੱਚ, "ਹਉਮੈ" ਦੇ ਰੂਪ ਵਿੱਚ ਪਾਈ ਹੋਈ ਹੈ ਜਿਸ ਵਿੱਚ ਰਹਿੰਦੇ ਹੋਏ ਮਨ ਦੀ ਮੂਰਖਤਾ ਕਰਕੇ ਹੀ ਕੋਈ ਕਹਿੰਦਾ ਹੈ ਕਿ ਇਹ "ਮੈਂ" ਹਾਂ, ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ, ਭਗਤੀ ਦੀ ਸਮਝ ਮੇਰੀ ਹੈ। ਜਿੱਥੇ "ਮੈਂ" ਹੈ ਉੱਥੇ "ਤੂੰ" ਨਹੀਂ ਹੈ। "ਤੂੰ" ਨੂੰ "ਮੈਂ" ਸਮਝਣਾ ਹੀ ਸਾਡੀ ਅਸਲ ਮੂਰਖਤਾ ਹੈ ਭਾਵ ਸਾਡੀ ਅਗਿਆਨਤਾ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਉਹ ਆਪ ਹੀ ਭਗਤੀ ਦਾ ਸੱਚਾ ਮਾਰਗ ਸਮਝਾਉਣ ਵਾਲਾ ਹੈ ਜਿਸ ਦੀ ਸਮਝ ਮਨ ਦੀ ਮੂਰਖਤਾ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ ਤੇ ਸਾਨੂੰ ਮਨ ਦੀ ਮੂਰਖਤਾ ਵਿੱਚੋਂ ਉਹੀ ਕੱਢ ਸਕਦਾ ਹੈ ਜਿਸ ਨੇ ਸਾਨੂੰ ਮਨ ਦੀ ਨਾਸਮਝ ਮਤਿ ਵਿੱਚ ਰੱਖਿਆ ਹੋਇਆ ਹੈ, ਮਨਮਤਿ ਵਿੱਚ ਰੱਖਿਆ ਹੋਇਆ ਹੈ ਭਾਵ ਆਪਣੇ ਅੰਦਰੋਂ ਮਨ ਦੀ

ਅਗਿਆਨਤਾ ਰੂਪ ਪੜਦਾ ਪਾਉਣ ਦੁਆਰਾ ਪ੍ਰਮਾਤਮਾ ਨੂੰ, ਆਪਣੇ ਆਪ ਨੂੰ ਜਾਣਨ ਤੋਂ ਦੂਰ ਰੱਖਿਆ ਹੋਇਆ ਹੈ। ਅਸੀਂ ਅਨੇਕਾਂ ਸ਼ਬਦਾਂ ਦੁਆਰਾ ਮਨ ਦੇ ਵਿੱਚ "ਕਮਲ" ਕੀ ਹੈ ਇਸ ਗੱਲ ਨੂੰ ਸਮਝਿਆ ਹੈ ਜੋ ਕਿ ਸਾਡੇ ਅੰਦਰ ਸਾਡੀ ਸਮਝ ਦੇ ਰੂਪ ਵਿੱਚ ਹੀ ਹੈ। ਮਨ ਦੇ ਅੰਦਰ ਕਮਲ ਨੂੰ ਪੁੱਠਾ ਕਰਨ ਦੁਆਰਾ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਹੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਗੱਲ ਦੀ ਸਮਝ ਕਮਲ ਸਿੱਧਾ ਹੋਣ ਨਾਲ, ਕਮਲ ਦੇ ਖਿੜਨ ਨਾਲ ਹੀ ਪੈ ਸਕਦੀ ਹੈ ਤੇ ਸਮਝ ਲੱਗ ਸਕਦੀ ਹੈ ਕਿ ਸਾਡੇ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਉਹ ਸਾਡੇ ਮਨ ਦੇ ਅੰਦਰ "ਕਮਲ" ਦੇ ਰੂਪ ਵਿੱਚ ਹੈ। ਆਪਣੇ ਅੰਦਰ ਦੇ ਕਮਲ ਨੂੰ ਜਾਣੇ ਬਿਨ੍ਹਾਂ ਕੋਈ ਮਨ ਦੀ ਮੂਰਖਤਾ ਵਿੱਚੋਂ ਨਿਕਲ ਸਕੇ ਭਾਵ ਭਰਮਾਂ ਵਾਲੀ ਸਮਝ ਵਿੱਚੋਂ, ਮਨ ਦੀ ਮਾਇਆ ਵਿੱਚੋਂ ਨਿਕਲ ਸਕੇ ਤੇ ਪ੍ਰਮਾਤਮਾ ਦੀ ਸੱਚੀ ਵਡਿਆਈ ਕਰ ਸਕੇ ਇਹ ਨਾਮੁਮਕਿਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

ਬਿਲਾਵਲੁ ॥

"ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥
ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥੧॥
ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥੧॥ ਰਹਾਉ ॥
ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥
ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ ॥੨॥
ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥
ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥੩॥"

(ਅੰਗ - ੮੫੭)

ਜੋ ਕੁੱਝ ਉੱਪਰ ਸ਼ਬਦ ਰਾਹੀਂ ਸਾਨੂੰ ਧੰਨ ਧੰਨ ਸੰਤ ਕਬੀਰ ਜੀ ਸਮਝਾ ਰਹੇ ਹਨ, ਗੁਰੂ ਰੂਪ ਕਬੀਰ ਸਾਹਿਬ ਸਮਝਾ ਰਹੇ ਹਨ, ਅਕਾਲਪੁਰਖ ਦਾ ਰੂਪ ਸਮਝਾ ਰਹੇ ਹਨ ਭਾਵ ਜੋ ਕੁੱਝ ਸਾਡੇ ਅੰਦਰ ਦੇ ਕਮਲ ਬਾਰੇ ਸਮਝਾ ਰਹੇ ਹਨ ਕੀ ਇਹ ਗੱਲ ਕਿਸੇ ਹੋਰ ਸ਼ਬਦ ਦੁਆਰਾ ਇਸ ਤੋਂ ਵੱਖਰੀ ਸਮਝੀ ਹੈ ਭਾਵ ਕਿਸੇ ਵੀ ਸ਼ਬਦ ਰਾਹੀਂ ਭਾਵੇਂ ਉਹ ਸ਼ਬਦ ਕਿਸੇ ਵੀ ਸਰੀਰ ਰਾਹੀਂ ਆਇਆ ਹੈ ਕੀ ਅਸੀਂ ਉਹ ਗੱਲ ਇਸ ਤੋਂ ਵੱਖਰੀ ਸਮਝੀ ਹੈ ਜੋ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਜਿਸ ਨੇ ਵੀ ਜਦ ਦਾ ਸੰਸਾਰ ਬਣਿਆ ਹੈ ਅਗਰ ਪ੍ਰਮਾਤਮਾ ਨੂੰ ਉਸ ਦੇ ਸਹੀ ਰੂਪ ਵਿੱਚ ਜਾਣਿਆ ਹੈ ਤਾਂ ਉਸ ਨੇ ਆਪਣੇ ਮਨ ਨੂੰ ਹੀ ਜਾਣਿਆ ਹੈ ਤੇ ਇਸ ਮਨ ਨੂੰ ਜਾਣੇ ਬਿਨ੍ਹਾਂ ਅਗਰ ਕੋਈ ਇਹ ਸਮਝੇ ਕਿ ਮੈਂ ਪ੍ਰਮਾਤਮਾ ਨੂੰ ਜਾਣਦਾ ਹਾਂ ਭਾਵ "ਮਨ" ਤੋਂ ਬਿਨ੍ਹਾਂ ਕਿਸੇ ਹੋਰ ਰੂਪ ਵਿੱਚ ਜਾਣਦਾ ਹਾਂ, ਕਿਸੇ ਆਕਾਰ ਰੂਪ ਵਿੱਚ ਜਾਣਦਾ ਹਾਂ ਕਿ ਪ੍ਰਮਾਤਮਾ ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਰਹਿੰਦਾ ਹੈ ਇਹ ਮਨ ਦੀ ਮੂਰਖਤਾ ਹੀ ਹੈ, ਮਨ ਦੀ ਅਗਿਆਨਤਾ ਹੀ ਹੈ ਭਾਵ ਸਾਡੇ ਅੰਦਰ ਦੀ ਮਾਇਆ ਹੀ ਹੈ ਜਿਸ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਭਾਵ ਝੂਠੀ ਗੱਲ ਨੂੰ ਸੱਚ ਸਮਝਾਉਣ ਦਾ ਹੈ। ਝੂਠ ਨੂੰ ਸੱਚ ਸਮਝਣਾ ਤੇ ਸੱਚ ਨੂੰ ਝੂਠ ਸਮਝਣਾ ਇਹੀ ਭਰਮ ਹੈ। ਪ੍ਰਮਾਤਮਾ ਨੂੰ ਸਮਝਣ ਵਿੱਚ ਇਹ ਭਰਮ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ, ਮਨ ਦੀ ਮਾਇਆ ਦੇ ਰੂਪ ਵਿੱਚ ਪਾਇਆ ਹੋਇਆ ਹੈ ਜਿਸ ਮਾਇਆ ਦਾ ਮਕਸਦ ਹੀ ਸਾਨੂੰ ਠੱਗਣਾ ਹੈ। ਮਾਇਆ ਸਾਨੂੰ ਸਾਡੀ ਸਮਝ ਰਾਹੀਂ ਹੀ ਠੱਗਦੀ ਹੈ ਭਾਵ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਸਮਝਾਉਣ ਦੁਆਰਾ ਠੱਗਦੀ ਹੈ ਤੇ ਮਨੁੱਖ ਦੀ ਸਮਝ ਤਾਂ ਹੀ ਠੱਗੀ ਜਾਂਦੀ ਹੈ ਜੇਕਰ ਉਸ ਨੂੰ ਜੋ ਵੀ ਸਮਝ ਪੈਂਦੀ ਹੈ ਉਸ ਨੂੰ ਹੀ ਉਹ ਸੱਚ ਸਮਝਦੀ ਹੈ ਭਾਵੇਂ ਉਹ ਸਮਝ ਝੂਠੀ ਹੁੰਦੀ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦੀ ਹੈ। ਮਾਇਆ ਦਾ ਮਕਸਦ ਸਾਨੂੰ ਝੂਠਾ ਵਿਸ਼ਵਾਸ ਦਿਵਾਉਣ ਦਾ ਹੈ। ਨਾਮ ਨੂੰ ਜਪਣ ਦਾ ਮਕਸਦ, ਨਾਮ ਨੂੰ ਭਜਨ ਦਾ ਮਕਸਦ ਸਾਨੂੰ ਮਾਇਆ ਦੀ ਠੱਗੀ ਵਿੱਚੋਂ ਕੱਢਣ ਦਾ ਹੀ ਹੈ, ਹਉਮੈ ਦੀ, ਤ੍ਰੈਗੁਣਾਂ ਵਾਲੀ ਸਮਝ ਦੀ ਠੱਗੀ ਵਿੱਚੋਂ ਕੱਢਣ ਦਾ ਹੀ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਇਸ ਗੱਲ ਨੂੰ ਕਦੇ ਨਹੀਂ ਜਾਣ ਸਕਦਾ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ। ਸਾਨੂੰ ਇਹੀ ਕੁੱਝ ਸਮਝਾਉਣ ਦਾ ਇਸ ਉੱਪਰ ਵਾਲੇ ਸ਼ਬਦ ਦਾ ਮਕਸਦ ਹੈ ਜੋ ਮਕਸਦ "ਰਹਾਉ" ਵਾਲੀ ਪੰਗਤੀ

ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਸ਼ਬਦ ਦੇ ਪਹਿਲੇ ਪਦੇ ਨੂੰ ਸਮਝਦੇ ਹਾਂ ਤੇ ਨਾਲ ਹੀ ''ਰਹਾਉ'' ਵਾਲੀ ਪੰਗਤੀ ਨੂੰ ਸਮਝਦੇ ਹਾਂ। ਸ਼ਬਦ ਦੇ ਪਹਿਲੇ ਪਦੇ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਸਰੀਰ ਰੂਪ ਸਰੋਵਰ ਦੇ ਅੰਦਰ ਹੀ ''ਕਮਲ ਅਨੂਪ'' ਹੈ ਭਾਵ ਸਭ ਤੋਂ ਸੁੰਦਰ ''ਕਮਲ'' ਹੈ ਤੇ ਇਹ ''ਕਮਲ'' ਸਾਡੇ ਅੰਦਰ ਉਸ ਪ੍ਰਮਾਤਮਾ ਦੀ ''ਪਰਮ ਜੋਤਿ'' ਦੇ ਰੂਪ ਵਿੱਚ ਹੈ ਭਾਵ ਸਭ ਤੋਂ ਉੱਚੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੈ ਜੋ ਉੱਚੀ ਤੇ ਸੱਚੀ ਸਮਝ ਮਨ ਰੂਪ ਕਮਲ ਨੂੰ ਅਨੂਪ ਬਣਾਉਂਦੀ ਹੈ। ਸਾਡੇ ਅੰਦਰ ਦੇ ਪਰਮ ਜੋਤਿ ਰੂਪ ''ਕਮਲ'' ਦਾ ਕੋਈ ਰੇਖ ਜਾਂ ਰੂਪ ਨਹੀਂ ਹੈ ਭਾਵ ਇਸ ਦਾ ਕੋਈ ਆਕਾਰ ਰੂਪ ਨਹੀਂ ਹੈ ਭਾਵ ਇਹ ਨਿਰੰਕਾਰ ਰੂਪ ਹੈ। ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਜੋਤਿ ਦੇ ਰੂਪ ਵਿੱਚ ਭਾਵ ਮਨ ਦੇ ਰੂਪ ਵਿੱਚ ਭਾਵ ਕਮਲ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਜਿਸ ਨੂੰ ਕਿਸੇ ਆਕਾਰ ਰੂਪ ਨਹੀਂ ਬਲਕਿ ਮਨ ਦੇ ਅੰਦਰ ''ਨਿਰੰਕਾਰ'' ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਜਿਸ ਨੇ ਵੀ ਪ੍ਰਮਾਤਮਾ ਨੂੰ ਦੇਖਿਆ ਹੈ ਉਸ ਨੇ ਉਸ ਨੂੰ ਮਨ ਦੇ ਵਿੱਚੋਂ ਉਸ ਦੇ ''ਜੋਤਿ ਰੂਪ'' ਵਿੱਚ ਭਾਵ ਉਸ ਦੇ ''ਨਿਰੰਕਾਰ'' ਰੂਪ ਵਿੱਚ ਹੀ ਦੇਖਿਆ ਹੈ ਤੇ ਇਹੀ ਪ੍ਰਮਾਤਮਾ ਨੂੰ ਇੱਕੋ ਇੱਕ ਜਾਣਨ ਦਾ ਤਰੀਕਾ ਹੈ ਤੇ ਤਾਂ ਹੀ ਕਿਸੇ ਮਨੁੱਖੀ ਰੂਪ ਨੂੰ ਇਹ ਸਮਝ ਲੱਗ ਸਕਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਭ ਦੇ ਅੰਦਰ ਉਹ ਆਪ ਹੀ ਵਰਤ ਰਿਹਾ ਹੈ ਤੇ ਇਸੇ ਲਈ ਉਸ ਨੂੰ ਜਾਣਨ ਵਾਲਿਆਂ ਨੇ ਸੰਸਾਰ ਨੂੰ ਉਹ ਨਾਮ ਸਮਝਾਇਆ ਹੈ ਜੋ ਨਾਮ ਜਪਣ ਦੁਆਰਾ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਸਮਝ ਲੱਗ ਸਕਦੀ ਹੈ ਕਿ ਇਸ ''ਮਨ ਰੂਪ'' ਜੋਤਿ ਦੇ ਰੂਪ ਵਿੱਚ ਉਹ ਪ੍ਰਮਾਤਮਾ ਆਪ ਹੀ ਹੈ। ਸਾਰੀ ਗੱਲ ਨਾਮ ਦਾ ਜਪਣਾ ਕੀ ਹੈ ਇਸ ਗੱਲ ਨੂੰ ਸਮਝਣ ਦੀ ਹੈ। ਉੱਪਰ ''ਰਹਾਉ'' ਵਾਲੀ ਪੰਗਤੀ ਦੁਆਰਾ ਸਾਨੂੰ ਨਾਮ ਜਪਣ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜੋ ਮਕਸਦ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਹੈ, ਭਰਮਾਂ ਵਾਲੇ ਵਿਚਾਰ ਛੱਡਣ ਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਹਨਾਂ ਨੂੰ ਹੀ ਇਸ ਗੱਲ ਦੀ ਸਮਝ ਲੱਗੀ ਹੈ ਕਿ ਪ੍ਰਮਾਤਮਾ ਨਾਲ ਸਾਡਾ ਪੜਦਾ ਮਨ ਦੇ ਵਿੱਚ ਸਾਡੀ ਭਰਮਾਂ ਵਾਲੀ ਸਮਝ ਹੀ ਹੈ, ਮਾਇਆ ਵਾਲੀ ਸਮਝ ਹੀ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ, ਅੱਲ੍ਹਾ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਸਾਡੇ ਅੰਦਰ ਹੀ ਹੈ। ਮਨੁੱਖ ਭਰਮਾਂ ਵਾਲੇ ਵਿਚਾਰਾਂ ਦਾ ਭਰਿਆ ਹੋਇਆ ਹੈ ਤੇ ਗੁਰੂ ਦਾ ਨਾਮ ਭਾਵ ਹਰ ਸ਼ਬਦ ਦੀ ਵਿਚਾਰ ਜੋ ਕੁੱਝ ਸਾਨੂੰ ਸਮਝਾਉਂਦੀ ਹੈ ਉਹ ਭਰਮਾਂ ਵਿੱਚੋਂ ਨਿਕਲਣ ਲਈ ਹੀ ਸਮਝਾਉਂਦੀ ਹੈ ਤੇ ਭਰਮਾਂ ਵਿੱਚੋਂ ਅਸੀਂ ਸ਼ਬਦਾਂ ਦੀ ਕਥਨੀ ਦੁਆਰਾ ਨਹੀਂ ਨਿਕਲ ਸਕਦੇ, ਕੇਵਲ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੇ ਹਾਂ। ਮਨ ਦੇ ਭਰਮਾਂ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦੇ ਅਸਲ ਰੂਪ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਦੱਸਣ ਵਾਲਿਆਂ ਦੀ ਕੋਈ ਕਮੀ ਨਹੀਂ ਹੈ ਜਿਸ ਵਿੱਚ ਰੱਤੀ ਭਰ ਵੀ ਸੱਚ ਨਹੀਂ ਹੈ। ਜੋ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਹ ਕੇਵਲ ਭਰਮ ਹੈ, ਕੋਰਾ ਝੂਠ ਹੈ ਭਾਵ ਸੱਚ ਦੇ ਉਲਟ ਹੈ, ਗੁਰਮਤਿ ਦੇ ਉਲਟ ਹੈ। (**ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥ ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥੧॥ ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥੧॥ ਰਹਾਉ ॥**)

ਜਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦਾ, ਉਸ ਦੇ ਨਿਰੰਕਾਰ ਰੂਪ ਨੂੰ ਜਾਣ ਨਹੀਂ ਲੈਂਦਾ ਤਦ ਤੱਕ ਮਨੁੱਖ ਕਦੇ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਨਿਰੰਕਾਰ ਰੂਪ ਵਿੱਚ ਤੇ ਆਕਾਰ ਰੂਪ ਵਿੱਚ ਫ਼ਰਕ ਕੀ ਹੈ। ''ਆਕਾਰ'' ਰੂਪ ਦੀ ਸਮਝ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ''ਨਿਰੰਕਾਰ'' ਰੂਪ ਨੂੰ ਜਾਨਣ ਦੁਆਰਾ ਪੈਂਦੀ ਹੈ ਤੇ ਇਸ ਗੱਲ ਨੂੰ ਜੋ ਮਨੁੱਖ ਸਮਝਦਾ ਹੈ ਉਹ ਵਿਸ਼ਵਾਸ ਕਰਕੇ ਸਮਝਦਾ ਹੈ ਕਿ ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਵਰਤ ਰਿਹਾ ਹੈ। ਜੋ ''ਨਿਰੰਕਾਰ'' ਰੂਪ ਪ੍ਰਮਾਤਮਾ ਦਾ ਮਨੁੱਖ ਆਪਣੇ ਅੰਦਰੋਂ ਦੇਖਦਾ ਹੈ ਪ੍ਰਮਾਤਮਾ ਆਪਣੇ ਉਸੇ ''ਨਿਰੰਕਾਰ'' ਰੂਪ ਵਿੱਚ, ''ਜੋਤਿ'' ਰੂਪ ਵਿੱਚ ਸਭ ਜਗ੍ਹਾ ਨਜ਼ਰ ਆਉਂਦਾ ਹੈ ਤੇ ਨਾਲ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ''ਆਕਾਰ'' ਰੂਪ ਉਸ ''ਨਿਰੰਕਾਰ'' ਰੂਪ ਨੇ ਆਪ ਹੀ ਬਣਾਇਆ ਹੈ ਤੇ ਆਪਣੇ ''ਨਿਰੰਕਾਰ'' ਰੂਪ ਰਾਹੀਂ ਆਪ ਹੀ ਆਪਣੇ ਹਰ ''ਆਕਾਰ'' ਰੂਪ ਨੂੰ ਚਲਾ ਰਿਹਾ ਹੈ ਭਾਵ ਹਰ ਸਰਗੁਣ ਰੂਪ ਉਸ ਨੇ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਬਣਾਇਆ ਹੈ ਤੇ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਸਰਗੁਣ ਰੂਪ ਨੂੰ ਚਲਾ ਰਿਹਾ ਹੈ ਭਾਵ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ''ਸਰਗੁਣ'' ਰੂਪ ਵੀ ਉਹ ਆਪ ਹੀ ਹੈ ਤੇ ''ਨਿਰਗੁਣ'' ਰੂਪ ਵੀ ਉਹ ਆਪ ਹੀ ਹੈ। ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਜਿਸ ਮਨੁੱਖੀ ਆਕਾਰ ਰੂਪ ਨੂੰ ਉਹ ਆਪ ਬਣਾਕੇ ਆਪ ਹੀ ਚਲਾ ਰਿਹਾ ਹੈ ਪਰ ਮਨ ਦੇ ਭਰਮਾਂ ਰਾਹੀਂ ਮਨੁੱਖ ਇਸ ਸਰੀਰ ਨੂੰ ਆਪਣਾ ਸਮਝਦਾ ਹੈ ਜਿਸ ਕਰਕੇ ਉਹ ਆਪਣੇ ਸਰੀਰ ਦੇ ਜਨਮ ਮਰਨ ਨੂੰ ਆਪਣਾ ਜਨਮ ਮਰਨ ਸਮਝਦਾ ਹੈ,

ਸੰਸਾਰ ਵਿੱਚ ਆਪਣਾ ਆਵਾਗਉਣ ਸਮਝਦਾ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਮਨੁੱਖ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ।

“ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥
ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ ॥੨॥”

ਮਨੁੱਖੀ ਸਰੀਰ ਦੇ ਜਨਮ ਮਰਨ ਦੀ ਤੁਲਨਾ “ਪੁਰਿਵਨ” ਦੇ ਪੱਤਿਆਂ ਨਾਲ ਕੀਤੀ ਹੋਈ ਹੈ ਭਾਵ ਪੌਦਿਆ ਦੇ ਪੱਤਿਆਂ ਨਾਲ ਕੀਤੀ ਹੋਈ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਮਨੁੱਖ ਆਪਣੇ ਸਰੀਰ ਦਾ ਜਨਮ ਮਰਨ ਜੋ ਸਮਝਦਾ ਹੈ ਉਹ ਝੂਠ ਹੈ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਕੇ ਆਪਣੀ ਮਨੁੱਖੀ ਹੋਂਦ ਸਮਝਣਾ ਝੂਠ ਹੈ। ਸਾਨੂੰ ਸਾਡਾ ਜਨਮ ਮਰਨ ਸਾਡੇ ਮਨ ਦੀ ਨਾਸਮਝੀ ਸਿਖਾਉਂਦੀ ਹੈ, ਸਾਡੇ ਅੰਦਰ ਦੀ ਹਉਮੈ ਸਿਖਾਉਂਦੀ ਹੈ ਭਾਵ ਸਾਡੇ ਅੰਦਰ ਦੇ ਵਿਚਾਰ ਸਿਖਾਉਂਦੇ ਹਨ ਜੋ ਵਿਚਾਰ ਮਨ ਦੇ ਅੰਦਰ ਉਪਜਦੇ ਬਿਨਸਦੇ ਰਹਿੰਦੇ ਹਨ। ਸਾਡੇ ਅੰਦਰ ਦੇ ਵਿਚਾਰਾਂ ਦਾ ਕੋਈ ਆਪਣਾ ਵਜੂਦ ਨਹੀਂ ਹੈ ਭਾਵ ਉਹ ਨਾ ਹੀ ਆਪ ਉਪਜਦੇ ਹਨ ਤੇ ਨਾ ਹੀ ਆਪ ਬਿਨਸਦੇ ਹਨ ਜਿਵੇਂ ਕਿ ਪੌਦਿਆਂ ਦੇ ਪੱਤਿਆਂ ਦਾ ਕੋਈ ਆਪਣਾ ਵਜੂਦ ਨਹੀਂ ਹੈ, ਉਹ ਜਿੱਥੋਂ ਉਪਜਦੇ ਹਨ ਉੱਥੇ ਹੀ ਬਿਨਸ ਜਾਂਦੇ ਹਨ। ਪੱਤਿਆਂ ਨੂੰ ਪੈਦਾ ਕਰਨ ਵਾਲਾ ਪੇੜ ਹੈ ਜਿਸ ਦੇ ਵਿੱਚੋਂ ਅਨੇਕਾਂ ਪੱਤੇ ਉਪਜਦੇ ਬਿਨਸਦੇ ਰਹਿੰਦੇ ਹਨ ਭਾਵ ਉਹ ਇੱਕ ਪੇੜ ਦਾ ਹਿੱਸਾ ਹੀ ਹਨ ਤੇ ਉਹਨਾਂ ਦੀ ਕੋਈ ਵੱਖਰੀ ਹੋਂਦ ਨਹੀਂ ਹੈ। ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ ਉਹ ਵਿਚਾਰ ਉਪਜਾਉਣ ਵਾਲਾ ਆਪ ਮਨੁੱਖ ਨਹੀਂ ਹੈ। ਸਾਡੇ ਅੰਦਰ ਜੋ ਵਿਚਾਰ ਉਪਜਾਉਂਦਾ ਹੈ ਤੇ ਜੋ ਉਹਨਾਂ ਨੂੰ ਮਿਟਾਉਂਦਾ ਹੈ ਉਹ ਆਪ ਪ੍ਰਮਾਤਮਾ ਹੀ ਹੈ ਭਾਵ ਸਾਡੇ ਮਨ ਦੇ ਵਿਚਾਰ ਉਸ ਪ੍ਰਮਾਤਮਾ ਦਾ ਹਿੱਸਾ ਹੀ ਹਨ ਜੋ ਸਾਡੇ ਅੰਦਰ ਵਿਚਾਰਾਂ ਦਾ ਮਾਲਕ ਹੈ। ਅਸੀਂ ਮਨ ਦੇ ਵਿਚਾਰਾਂ ਰਾਹੀਂ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜੋ ਕਿ ਅਸੀਂ ਨਹੀਂ ਹਾਂ। ਜਿਵੇਂ ਕਿ ਪੇੜ ਦੇ ਪੱਤੇ ਅਗਰ ਆਪਣੇ ਆਪ ਨੂੰ ਪੇੜ ਤੋਂ ਵੱਖਰਾ ਸਮਝਣ ਕਿ ਉਹਨਾਂ ਦੀ ਪੇੜ ਨਾਲੋਂ ਕੋਈ ਆਪਣੀ ਵੱਖਰੀ ਹੋਂਦ ਹੈ ਇਹ ਗਲਤ ਹੈ ਭਾਵ ਉਹ ਉਸ ਪੇੜ ਦਾ ਹਿੱਸਾ ਹੀ ਹਨ। ਸਾਡੇ ਅੰਦਰ ਪ੍ਰਮਾਤਮਾ ਆਪਣੀ ਖੇਡ ਇਸ ਤਰੀਕੇ ਹੀ ਖੇਡ ਰਿਹਾ ਹੈ, ਸਾਡੇ ਮਨ ਦੇ ਵਿਚਾਰਾਂ ਨੂੰ ਭਰਮਾਂ ਵਿੱਚ ਰੱਖ ਕੇ ਖੇਡ ਰਿਹਾ ਹੈ ਜਿਸ ਰਾਹੀਂ ਉਸ ਨੇ ਮਨੁੱਖੀ ਸਮਝ ਦੇ ਵਿੱਚ ਮਨੁੱਖ ਕੋਲੋਂ ਆਪਣਾ ਪੜਦਾ ਰੱਖਿਆ ਹੋਇਆ ਹੈ। ਜਦੋਂ ਮਨ ਦੀ ਸਮਝ ਦੇ ਵਿੱਚੋਂ ਇਹ ਭਰਮ ਦਾ ਪੜਦਾ ਦੂਰ ਹੋ ਜਾਂਦਾ ਹੈ ਫਿਰ ਸਭ ਕੁੱਝ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਜਦੋਂ ਪ੍ਰਮਾਤਮਾ ਤੋਂ ਬਿਨ੍ਹਾਂ ਹੋਰ ਕੋਈ ਹੈ ਹੀ ਨਹੀਂ ਫਿਰ ਨਾ ਕੋਈ ਪ੍ਰਮਾਤਮਾ ਤੋਂ ਵੱਖਰਾ ਮਨੁੱਖੀ ਰੂਪ ਇੱਥੇ ਆਉਂਦਾ ਦਿੱਸਦਾ ਹੈ ਤੇ ਨਾ ਕੋਈ ਸੰਸਾਰ ਵਿੱਚੋਂ ਜਾਂਦਾ ਦਿੱਸਦਾ ਹੈ ਭਾਵ ਹਰ ਰੂਪ ਪ੍ਰਮਾਤਮਾ ਰੂਪ ਹੀ ਨਜ਼ਰ ਆਉਂਦਾ ਹੈ ਜੋ ਸਭ ਕੁੱਝ ਆਪ ਹੀ ਹੈ ਤੇ ਉਹ ਜਨਮ ਮਰਨ ਤੋਂ ਰਹਿਤ ਹੈ। (**ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥ ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥੧॥ ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥੧॥ ਰਹਾਉ ॥ ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥ ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ ॥੨॥**)

ਰਾਮਕਲੀ ਮਹਲਾ ੫ ॥

{ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥੧॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥
ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥

ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥
ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥
ਨਾ ਕੋਈ ਮਰੈ ਨ ਆਵੈ ਜਾਇਆ ॥੪॥}

(ਅੰਗ - ੮੮੫)

ਗਉੜੀ ਕਬੀਰ ਜੀ ॥
{ਜਿਹ ਮਰਨੈ ਸਭੁ ਜਗਤੁ ਤਰਾਸਿਆ ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥
ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥
ਗਇਆ ਭਰਮੁ ਰਹਿਆ ਪਰਮਾਨੰਦਾ ॥੩॥}

(ਅੰਗ - ੩੨੭)

ਪੀਪਾ ॥
{ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥}

(ਅੰਗ - ੬੯੫)

{ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥}

(ਅੰਗ - ੯੪੬)

{ਜਾਤੋ ਜਾਇ ਕਹਾ ਤੇ ਆਵੈ ॥
ਕਹ ਉਪਜੈ ਕਹ ਜਾਇ ਸਮਾਵੈ ॥
ਕਿਉ ਬਾਧਿਓ ਕਿਉ ਮੁਕਤੀ ਪਾਵੈ ॥
ਕਿਉ ਅਬਿਨਾਸੀ ਸਹਜਿ ਸਮਾਵੈ ॥੧॥
ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥
ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥
ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥}

(ਅੰਗ - ੧੫੨)

ਉੱਪਰ ਵਾਲੇ ਸ਼ਬਦਾਂ ਦੇ ਅਰਥ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥}

(ਅੰਗ - ੯੯੯)

{ਤ੍ਰੈ ਗੁਣ ਕੀਆ ਪਸਾਰਾ ॥
ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥
ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥
ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ - ੧੦੦੩-੧੦੦੪)

{ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥
ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥

ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ - ੭੫੨)

ੴ ਸਤਿਗੁਰ ਪ੍ਰਸਾਦਿ ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥}

(ਅੰਗ - ੪੮੫)

ਬਿਲਾਵਲੁ ਮਹਲਾ ੫ ॥

{ਗੋਬਿੰਦ ਗੋਬਿੰਦ ਗੋਬਿੰਦ ਮਈ ॥
ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥
ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥}

(ਅੰਗ - ੮੨੨)

{ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥}

(ਅੰਗ - ੧੩੫੦)

ਉਪਰਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਹੀ ਸਮਝਿਆ ਹੈ ਕਿ ਮਨੁੱਖ ਜੋ ਸਰੀਰ ਦਾ ਜਨਮ ਮਰਨ ਸਮਝਦਾ ਹੈ ਉਹ ਕੇਵਲ ਸਾਡਾ ਭਰਮ ਹੈ ਕਿਉਂਕਿ ਇਸ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਹੀ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ। ਇਹ ਸਰੀਰ ਦਾ ਮਾਲਕ ‘‘ਜੋਤਿ’’ ਦੇ ਰੂਪ ਵਿੱਚ ਹੈ ਜਿਸ ਜੋਤਿ ਰੂਪ ਪ੍ਰਮਾਤਮਾ ਨੇ ਆਪ ਹੀ ਇਸ ਸਰੀਰ ਨੂੰ ਬਣਾਇਆ ਹੈ ਤੇ ਆਪ ਹੀ ਇਸ ਸਰੀਰ ਨੂੰ ਚਲਾ ਰਿਹਾ ਹੈ। ਆਕਾਰ ਰੂਪ ਵਿੱਚ ਜੋ ਕੁੱਝ ਉਪਜਦਾ ਹੈ ਉਸ ਦਾ ਬਿਨਸਨਾ ਵੀ ਤੈਅ ਹੈ ਜਿਸ ਉਪਜਣ ਬਿਨਸਣ ਦੁਆਰਾ ਪ੍ਰਮਾਤਮਾ ਆਪਣੀ ਇਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਜੋ ਕਿ ਉਸ ਦੀ ਬਣਾਈ ਹੋਈ ਖੇਡ ਹੈ ਭਾਵ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਮਝ ਕੇਵਲ ਤੇ ਕੇਵਲ ਉਸ ਨੂੰ ਆਪਣੇ ਅੰਦਰੋਂ ਬੁੱਝਣ ਦੁਆਰਾ ਹੀ ਪੈ

ਸਕਦੀ ਹੈ। ਇਸੇ ਲਈ ਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਨੂੰ ਵਾਰ-ਵਾਰ ਬੜੇ ਸਪੱਸ਼ਟ ਤਰੀਕੇ ਨਾਲ ਇਹ ਸਮਝਾਇਆ ਹੈ, ਅਨੇਕਾਂ ਸ਼ਬਦਾਂ ਰਾਹੀਂ ਸਮਝਾਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਆਪਣੇ ਆਪ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਵੇ ਇਹ ਨਹੀਂ ਹੋ ਸਕਦਾ ਕਿਉਂਕਿ ਸਾਡੇ ਅੰਦਰ ਪ੍ਰਮਾਤਮਾ ਨੇ ਜੋ "ਮਾਇਆ" ਰੂਪ ਸਮਝ ਪਾਈ ਹੋਈ ਹੈ, ਮਾਇਆ ਦੀ ਜੁਗਤਿ ਪਾਈ ਹੋਈ ਹੈ ਉਸ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸਮਝਣ ਤੋਂ, ਜਾਣਨ ਤੋਂ ਦੂਰ ਰੱਖਣ ਦਾ ਹੈ ਭਾਵ ਜੇਕਰ ਪ੍ਰਮਾਤਮਾ ਆਪ ਹੀ ਇਹ ਚਾਹੁੰਦਾ ਹੈ ਕਿ ਉਸ ਨੂੰ ਕੋਈ ਨਾ ਜਾਣ ਸਕੇ ਭਾਵ ਉਸ ਦੀ ਖੇਡ ਨੂੰ ਕੋਈ ਨਾ ਸਮਝ ਸਕੇ ਫਿਰ ਇਸ ਗੱਲ ਤੇ ਕਿਸੇ ਨੂੰ ਵਿਸ਼ਵਾਸ ਵੀ ਕਿਵੇਂ ਆ ਸਕਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨ ਦੀ ਮਾਇਆ ਦਾ ਮਕਸਦ ਹੀ ਸਾਨੂੰ ਵਿਸ਼ਵਾਸ ਨਾ ਆਉਣ ਦੇਣ ਦਾ ਹੈ। ਪ੍ਰਮਾਤਮਾ ਦੀ ਮਾਇਆ ਬਿਲਕੁਲ ਪੂਰਨ ਰੂਪ ਵਿੱਚ ਉਸ ਦੇ ਹੁਕਮ ਵਿੱਚ ਹੀ ਚੱਲਦੀ ਹੈ ਤੇ ਜਦ ਤੱਕ ਪ੍ਰਮਾਤਮਾ ਕਿਸੇ ਨੂੰ ਮਨ ਦੀ ਮਾਇਆ ਵਿੱਚੋਂ ਨਹੀਂ ਕੱਢਦਾ ਤਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਸਾਡੇ ਅੰਦਰ ਦੀ ਇਹ ਮਾਇਆ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਭਾਵ ਪੁੱਠੀ ਸਮਝ ਹੈ ਜਿਸ ਸਮਝ ਦੇ ਸਿੱਧੇ ਹੋਏ ਬਿਨ੍ਹਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥
ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥"

ਇਸ ਸ਼ਬਦ ਦੇ ਉੱਪਰ ਵਾਲੇ ਪਹਿਲੇ ਪਦੇ ਰਾਹੀਂ ਅਸੀਂ ਆਪਣੇ ਅੰਦਰ ਕਮਲ ਦੇ ਹੋਣ ਦੀ ਗੱਲ ਸਮਝੀ ਹੈ, ਕਮਲ ਪਰਗਾਸ ਦੀ ਗੱਲ ਸਮਝੀ ਹੈ ਤੇ ਆਪਣੇ ਅੰਦਰੋਂ ਅਸੀਂ ਕਮਲ ਨੂੰ ਭਾਵ ਇਸ ਮਨ ਨੂੰ, "ਕਮਲ ਰੂਪ ਪ੍ਰਮਾਤਮਾ" ਨੂੰ ਕਿਵੇਂ ਜਾਣ ਸਕਦੇ ਹਾਂ ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਉੱਪਰ ਵਾਲੀਆਂ ਪੰਗਤੀਆਂ ਤੋਂ ਪਹਿਲੇ "ਰਹਾਉ" ਵਾਲੀਆਂ ਪੰਗਤੀਆਂ ਦੁਆਰਾ ਸਾਨੂੰ ਮਨ ਦੇ ਭਰਮ ਤਜਣ ਲਈ ਸਮਝਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਕਮਲ ਨੂੰ ਜਾਣ ਸਕਦੇ ਹਾਂ। ਉੱਪਰ ਵਾਲੇ ਪਦੇ ਰਾਹੀਂ ਸਾਨੂੰ ਮਨ ਦੇ ਭਰਮਾਂ ਵਿੱਚੋਂ ਨਿਕਲਣਾ ਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਸਾਰੀ ਗੱਲ "ਮਨ ਦੀ ਮਾਇਆ" ਨੂੰ ਤਜਣ ਦੀ ਹੈ। ਇਸ ਮਾਇਆ ਨੂੰ "ਮਿਥਿਆ" ਕਿਹਾ ਹੈ ਭਾਵ ਝੂਠ ਕਿਹਾ ਹੈ। ਇਹ ਸਾਡੇ ਮਨ ਦੀ ਸਮਝ ਭਾਵ ਮਾਇਆ ਵਾਲੀ ਸਮਝ ਸਾਨੂੰ ਝੂਠ ਨੂੰ ਸੱਚ ਕਰਕੇ ਸਮਝਾਉਂਦੀ ਹੈ ਤੇ ਇਹੀ ਸਾਡਾ ਭਰਮ ਹੈ। ਮਾਇਆ ਸਾਨੂੰ ਇਸ ਤਰੀਕੇ ਹੀ ਠੱਗਦੀ ਹੈ ਭਾਵ ਸਾਡੇ ਅੰਦਰ ਦੀ ਸੱਚਾਈ ਨੂੰ ਠੱਗਦੀ ਹੈ ਭਾਵ ਸਾਡੇ ਅੰਦਰ ਦੀ ਸੱਚਾਈ ਨੂੰ ਸਾਡੇ ਅੰਦਰੋਂ ਕੱਢ ਲੈਂਦੀ ਹੈ। ਮਨ ਦੀ ਮਾਇਆ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਤੇ ਪ੍ਰਮਾਤਮਾ ਤੋਂ ਵੱਖਰਾ ਹਾਂ ਜੋ ਕਿ ਸੱਚ ਨਹੀਂ ਇੱਕ ਝੂਠ ਹੈ। ਸੱਚ ਇਹ ਹੈ ਕਿ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ, ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਸਾਡੇ ਮਨ ਦਾ ਭਰਮ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਣ ਦਿੰਦਾ ਭਾਵ ਜੋ ਕੁੱਝ ਅਸੀਂ ਇਸ ਸੰਸਾਰ ਨੂੰ ਸਮਝਦੇ ਹਾਂ ਉਹ ਸੱਚ ਨਹੀਂ ਝੂਠ ਹੈ ਜਿਸ ਗੱਲ ਦੀ ਸਮਝ ਕਿਸੇ ਵਿਰਲੇ ਨੂੰ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਇਹ ਮਾਇਆ ਝੂਠੀ ਹੈ ਭਾਵ ਸਾਡੇ ਮਨ ਦੀ ਸਮਝ ਝੂਠੀ ਹੈ ਭਾਵ ਇਹ ਮਨਮਤਿ ਹੈ ਜੋ ਸਾਨੂੰ ਗੁਰਮਤਿ ਦੀ ਸੱਚੀ ਸਮਝ ਤੋਂ ਦੂਰ ਰੱਖਦੀ ਹੈ, ਨਾਮ ਦੀ ਸਮਝ ਤੋਂ ਦੂਰ ਰੱਖਦੀ ਹੈ, ਚੌਥੇ ਪਦ ਵਾਲੇ ਗਿਆਨ ਦੀ ਸਮਝ ਤੋਂ ਦੂਰ ਰੱਖਦੀ ਹੈ। ਚੌਥੇ ਪਦ ਵਾਲੀ ਸਮਝ ਜਿਸ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਉਹ ਸਾਡੇ ਅੰਦਰ "ਸਹਜ" ਵਾਲੀ ਸਮਝ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਹਜ ਵਾਲੀ ਅਵੱਸਥਾ ਵਿੱਚ ਭਾਵ ਚੌਥੇ ਪਦ ਵਾਲੀ ਅਵੱਸਥਾ ਦੇ ਵਿਚ ਸਾਡੇ ਅੰਦਰ ਪ੍ਰਮਾਤਮਾ ਆਪ ਹੈ। ਜਦੋਂ ਸਾਨੂੰ ਮਨ ਦੇ ਵਿੱਚੋਂ "ਸਹਜ" ਦੀ ਸਮਝ ਵਾਲੇ ਵਿਚਾਰ ਮਿਲਦੇ ਹਨ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਵਿਚਾਰ ਮਿਲਦੇ ਹਨ, ਚਉਥੇ ਪਦ ਦੇ ਗਿਆਨ ਵਾਲੇ ਵਿਚਾਰ ਮਿਲਦੇ ਹਨ ਤਾਂ ਹੀ ਮਨੁੱਖੀ ਸਮਝ ਨੂੰ ਸੱਚਾਈ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ, ਇਹ ਸੰਸਾਰ ਦੀ ਸੱਚਾਈ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਸਾਡੇ ਅੰਦਰ ਦੀ ਮਾਇਆ ਝੂਠ ਹੈ ਭਾਵ ਇਸ ਝੂਠੀ ਸਮਝ ਨੇ ਸਾਨੂੰ ਹੁਣ ਤੱਕ ਪ੍ਰਮਾਤਮਾ ਦੀ ਅਸਲੀਅਤ ਬਾਰੇ, ਸੰਸਾਰ ਦੀ ਅਸਲੀਅਤ ਬਾਰੇ, ਭਗਤੀ ਦੇ ਸੱਚੇ ਮਾਰਗ ਬਾਰੇ ਝੂਠ ਹੀ ਸਮਝਾਇਆ ਹੈ, ਸਾਨੂੰ ਭਰਮਾਂ ਵਿੱਚ ਹੀ ਰੱਖਿਆ ਹੈ ਜਿਸ ਕਰਕੇ ਫਿਰ ਉਹ ਆਪਣੇ ਅੰਦਰੋਂ ਮਾਇਆ ਵਾਲੀ ਸਮਝ ਨੂੰ ਤਜ ਦਿੰਦਾ ਹੈ ਜਿਸ ਸਮਝ ਵਿੱਚ ਰਹਿੰਦਿਆਂ ਮਨੁੱਖ ਨੂੰ ਅਸਲ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ ਜੋ ਸੁੱਖ ਸੱਚੇ ਗਿਆਨ ਦੀ ਪ੍ਰਾਪਤੀ ਨਾਲ ਹੁੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ

ਦੀ, ਉਸ ਦੀ ਸੇਵਾ ਦੀ ਸਮਝ ਪੈਂਦੀ ਹੈ। ਪ੍ਰਮਾਤਮਾ ਦੀ ਸੱਚੀ ਸੇਵਾ ਉਹਨਾਂ ਨੇ ਹੀ ਕੀਤੀ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਸੰਸਾਰ ਵਿੱਚ ਉਹੀ ਚੱਲੇ ਹਨ ਜਿੰਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਉਸ ਕੋਲੋਂ ਸੱਚੀ ਭਗਤੀ ਦਾ ਮਾਰਗ ਸਿੱਖਿਆ ਹੈ। ਭਗਤ ਕਬੀਰ ਜੀ ਸਾਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਮੈਨੂੰ ਪ੍ਰਮਾਤਮਾ ਦੀ ਸੇਵਾ ਕਰਨੀ ਕਿਸ ਤਰੀਕੇ ਸਮਝ ਆਈ ਹੈ ਜੋ ਸੇਵਾ ਕਰਨੀ ਮੈਨੂੰ ਪ੍ਰਮਾਤਮਾ ਨੇ ਆਪ ਹੀ ਸਿਖਾਈ ਹੈ ਜੋ ਕਿ ਮੇਰੇ ਅੰਦਰ ਆਪ ਹੀ ਪਰਗਟ ਹੈ। (**ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥ ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥**)

ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਮਨ ਦੇ ਵਿੱਚ ਕਮਲ ਨੂੰ ਜਾਣਨ ਦੀ, ਕਮਲ ਦੇ ਖਿੜਨ ਦੀ, ਕਮਲ ਦੇ ਸਿੱਧਾ ਹੋਣ ਦੀ ਗੱਲ ਨੂੰ ਸਮਝਿਆ ਹੈ ਤੇ ਮਨ ਰੂਪ ਕਮਲ ਨੂੰ ਜਾਣੇ ਬਿਨ੍ਹਾਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਅਸੀਂ ਆਪਣੇ ਅੰਦਰ ਦੇ ਕਮਲ ਦਾ ਜਦ ਤੱਕ ਪੁੱਠਾ ਹੋਣਾ ਨਹੀਂ ਸਮਝਦੇ ਭਾਵ ਇਸ ਗੱਲ ਤੇ ਵਿਸ਼ਵਾਸ ਨਹੀਂ ਕਰਦੇ ਕਿ ਅਸੀਂ ਭਰਮਾਂ ਵਾਲੀ ਸਮਝ ਵਿੱਚ ਹੀ ਹਾਂ ਤਦ ਤੱਕ ਅਸੀਂ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਨਹੀਂ ਕਰ ਸਕਦੇ। ਜਿਸ ਨੂੰ ਆਪਣੇ ਅੰਦਰ ਦੇ ਕਮਲ ਦੀ ਸਮਝ ਨਹੀਂ ਹੈ ਫਿਰ ਉਸ ਦੇ ਅੰਦਰ ਦਾ ਕਮਲ ਅਜੇ ਸਿੱਧਾ ਨਹੀਂ ਹੋਇਆ ਭਾਵ ਪੁੱਠਾ ਹੀ ਹੈ ਭਾਵ ਉਹ ਮਨੁੱਖ ਮਨ ਦੀ ਮਾਇਆ ਵਿੱਚ ਹੀ ਹੈ, ਤ੍ਰੈਗੁਣਾਂ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ ਜਿਸ ਸਮਝ ਵਿੱਚ ਰਹਿੰਦਿਆਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਲੱਗ ਸਕਦੀ ਹੈ, ਨਾ ਸਭ ਵਿੱਚ ਪ੍ਰਮਾਤਮਾ ਨਜਰ ਆ ਸਕਦਾ ਹੈ ਤੇ ਨਾ ਹੀ ਚਉਥੇ ਪਦ ਦੇ ਗਿਆਨ ਦੀ ਸਮਝ ਪੈ ਸਕਦੀ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਆਪਣੇ ਆਪ ਨੂੰ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਪ੍ਰਮਾਤਮਾ ਨੇ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ ਉਹ ਮਨ ਦੇ ਵਿੱਚ ਸਹਜ ਦੀ ਅਵੱਸਥਾ ਦੇਣ ਦੁਆਰਾ ਹੀ ਸਮਝਾਇਆ ਹੈ ਭਾਵ ਮਨ ਦੇ ਚਉਥੇ ਪਦ ਰਾਹੀਂ ਹੀ ਸਮਝਾਇਆ ਹੈ। ਇਸੇ ਲਈ ਪੂਰੀ ਗੁਰਬਾਣੀ ਵਿੱਚ ਚਉਥੇ ਪਦ ਦਾ ਗਿਆਨ ਹੈ, "ਸਹਜ ਗਿਆਨ" ਹੈ ਜੋ ਸਾਡੀ ਸਮਝ ਨੂੰ ਚਉਥੇ ਪਦ ਦੇ ਗਿਆਨ ਨਾਲ ਜੋੜ ਸਕਦਾ ਹੈ ਭਾਵ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰ ਸਕਦਾ ਹੈ ਤੇ ਉਹ ਸਿੱਧਾ ਤਾਂ ਹੀ ਕਰੇਗਾ ਜੇਕਰ ਅਸੀਂ ਭਗਤੀ ਦਾ ਮਾਰਗ ਕੇਵਲ ਗੁਰੂ ਕੋਲੋਂ ਸਿੱਖਾਂਗੇ ਜਿਸ ਦੇ ਅੰਦਰ ਦਾ ਕਮਲ ਸਦਾ ਤੋਂ ਹੀ ਖਿੜਿਆ ਹੋਇਆ ਹੈ, ਸੱਚੇ ਗਿਆਨ ਦੇ ਰੂਪ ਵਿੱਚ ਖਿੜਿਆ ਹੋਇਆ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਖਿੜਿਆ ਹੋਇਆ ਹੈ ਤੇ ਜੇਕਰ ਅਸੀਂ ਭਗਤੀ ਦੇ ਵਿਚਾਰ, ਨਾਮ ਸਮਝਣ ਵਾਲੇ ਵਿਚਾਰ ਉਹਨਾਂ ਕੋਲੋਂ ਲਵਾਂਗੇ ਜਿੰਨ੍ਹਾਂ ਨੂੰ ਇਸ ਗੱਲ ਦੀ ਹੀ ਸਮਝ ਨਹੀਂ ਕਿ ਸਾਡੇ ਅੰਦਰ ਕਮਲ ਦਾ ਪੁੱਠਾ ਹੋਣਾ ਕੀ ਹੈ ਤੇ ਸਿੱਧਾ ਹੋਣਾ ਕੀ ਹੈ ਭਾਵ ਜਿਸਨੂੰ ਆਪਣੇ ਮਨੁੱਖੀ ਰੂਪ ਦੀ ਅਸਲੀਅਤ ਦੀ ਸਮਝ ਹੀ ਨਹੀਂ ਭਾਵ ਜਿਸ ਨੇ ਆਪਣੇ ਆਪ ਨੂੰ ਹੀ ਨਹੀਂ ਜਾਣਿਆ ਉਹ ਦੂਸਰਿਆਂ ਨੂੰ ਕੀ ਸਮਝਾਵੇਗਾ। ਹੁਣ ਧਿਆਨ ਨਾਲ ਸਮਝੋ ਕਿ ਸਾਨੂੰ ਭਗਤੀ ਦਾ ਮਾਰਗ ਕਿੱਥੋਂ ਸਿੱਖਣਾ ਚਾਹੀਦਾ ਹੈ ਭਾਵ ਕੇਵਲ ਤੇ ਕੇਵਲ ਗੁਰੂ ਕੋਲੋਂ ਸਿੱਖਣਾ ਚਾਹੀਦਾ ਹੈ ਜੋ ਸਾਨੂੰ ਭਗਤੀ ਦੇ ਸਹੀ ਮਾਰਗ ਤੇ ਪਾ ਸਕਦਾ ਹੈ ਤੇ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਖੇੜੇ ਵਿੱਚ ਲਿਆ ਸਕਦਾ ਹੈ ਭਾਵ ਸਾਡੀ ਅਗਿਆਨਤਾ ਵਾਲੀ ਮਤਿ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰ ਸਕਦਾ ਹੈ।ਆਉ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅੱਲ੍ਹਾ ਦੇ ਬਚਨਾਂ ਦੁਆਰਾ ਸਮਝੀਏ ਕਿ ਉਹ ਅੱਲ੍ਹਾ ਆਪਣੇ ਅੰਦਰੋਂ ਕਿਸ ਤਰੀਕੇ ਮਿਲਦਾ ਹੈ।

ਗੌਂਡ ਮਹਲਾ ੫ ॥

"ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥
ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥
ਭੂਲੇ ਕਉ ਗੁਰਿ ਮਾਰਗਿ ਪਾਇਆ ॥
ਅਵਰ ਤਿਆਗਿ ਹਰਿ ਭਗਤੀ ਲਾਇਆ ॥

ਜਨਮ ਮਰਨ ਕੀ ਤ੍ਰਾਸ ਮਿਟਾਈ ॥
ਗੁਰ ਪੂਰੇ ਕੀ ਬੇਅੰਤ ਵਡਾਈ ॥੨॥
ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥
ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥
ਗੁਰੁ ਕਰਤਾ ਗੁਰੁ ਕਰਣੈ ਜੋਗੁ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥"

(ਅੰਗ - ੮੬੪)

ਪ੍ਰਮਾਤਮਾ ਦੇ ਨਾਲ ਸਾਨੂੰ ਕੇਵਲ ਗੁਰੂ ਮਿਲਾ ਸਕਦਾ ਹੈ ਇਸ ਗੱਲ ਨੂੰ ਹਰ ਕੋਈ ਸਮਝਦਾ ਵੀ ਹੈ ਤੇ ਕਹਿੰਦਾ ਵੀ ਹੈ ਤੇ ਇਹ ਗੱਲ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਈ ਵੀ ਹੋਈ ਹੈ। ਗੁਰੂ ਸਾਨੂੰ ਕਿਸ ਤਰੀਕੇ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਹੈ ਇਹੀ ਗੱਲ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਸਾਨੂੰ ਆਪਣੇ ਨਾਲ ਪ੍ਰਮਾਤਮਾ ਆਪ ਹੀ ਮਿਲਾਉਂਦਾ ਹੈ ਇਹ ਗੱਲ ਵੀ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ "ਨਿਰੰਕਾਰ" ਰੂਪ ਵਿੱਚ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਤੇ ਫਿਰ ਗੁਰੂ ਵੀ ਨਿਰੰਕਾਰ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਕਿਉਂਕਿ ਗੁਰੂ ਪ੍ਰਮਾਤਮਾ ਵਿੱਚ ਕੋਈ ਫਰਕ ਹੀ ਨਹੀਂ ਹੈ ਜਿਵੇਂ ਕਿ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ ਤੇ ਉਪਰਲੇ ਸ਼ਬਦ ਰਾਹੀਂ ਵੀ ਸਮਝਾਇਆ ਹੋਇਆ ਹੈ ਕਿ ਗੁਰੂ ਪ੍ਰਮਾਤਮਾ ਇੱਕੋ ਹੀ ਹੈ। ਅਸੀਂ ਇਸ ਗੱਲ ਨੂੰ ਵੀ ਸਮਝਦੇ ਹਾਂ ਤੇ ਮੰਨਦੇ ਹਾਂ ਕਿ ਗੁਰੂ "ਸ਼ਬਦ" ਰੂਪ ਵਿੱਚ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਭਾਵ ਸ਼ਬਦਾਂ ਦੇ ਅੱਖਰਾਂ ਦਾ ਭੰਡਾਰ ਹੈ। ਸ਼ਬਦਾਂ ਦੇ ਅੱਖਰ ਆਕਾਰ ਰੂਪ ਵਿੱਚ ਹਨ ਫਿਰ ਗੁਰੂ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ ਜੋ ਨਿਰੰਕਾਰ ਰੂਪ "ਸ਼ਬਦ" ਦੇ ਰੂਪ ਵਿੱਚ ਹੈ। ਗੁਰੂ ਪ੍ਰਮਾਤਮਾ ਦਾ ਸ਼ਬਦ ਰੂਪ ਸ਼ਬਦਾਂ ਦੇ ਅੰਦਰ ਦਾ ਗਿਆਨ ਰੂਪ ਹੈ, ਸ਼ਬਦਾਂ ਦੇ ਅੰਦਰ ਦੀ ਵਿਚਾਰ ਹੈ ਜੋ ਸ਼ਬਦਾਂ ਦਾ ਗਿਆਨ, ਸ਼ਬਦਾਂ ਦੀ ਵਿਚਾਰ "ਨਿਰੰਕਾਰ" ਰੂਪ ਵਿੱਚ ਹੈ। ਗਿਆਨ ਦਾ ਕੋਈ ਆਕਾਰ ਨਹੀਂ ਹੁੰਦਾ, ਕੋਈ ਰੂਪ ਰੇਖ ਨਹੀਂ ਹੁੰਦਾ। ਪ੍ਰਮਾਤਮਾ ਇਸ ਗਿਆਨ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਉਸ ਦਾ ਸ਼ਬਦ ਰੂਪ ਹੈ। ਅਸੀਂ ਇਸ ਗੱਲ ਨੂੰ ਪਿੱਛੇ ਵੀ ਸਮਝਿਆ ਹੈ ਕਿ ਪ੍ਰਮਾਤਮਾ ਸ਼ਬਦਾਂ ਦੇ ਅੰਦਰ ਦੀ ਜੋ ਸਮਝ ਹੈ, ਸ਼ਬਦਾਂ ਦੇ ਅੰਦਰ ਦਾ ਜੋ ਗਿਆਨ ਹੈ ਉਸ ਦੇ ਵਿੱਚ ਹੈ। ਪ੍ਰਮਾਤਮਾ ਆਪਣੇ ਇਸ ਸ਼ਬਦ ਰੂਪ ਦੁਆਰਾ ਹੀ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਉਸਦਾ ਗੁਰੂ ਰੂਪ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਉੱਪਰ ਵਾਲੇ ਸ਼ਬਦ ਦੇ ਅਰਥ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ - ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ - ੧੨੦)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥
ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥}

(ਅੰਗ - ੭੯੮)

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥}

(ਅੰਗ - ੬੦੦)

{ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥}

(ਅੰਗ - ੭੮੩)

{ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

ਅਸੀਂ ਉੱਪਰ ਵਾਲੇ ਮੁੱਖ ਸ਼ਬਦ ਨੂੰ ਤਾਂ ਹੀ ਸਮਝ ਸਕਦੇ ਹਾਂ ਜੇਕਰ ਪਹਿਲੇ ਸਾਨੂੰ ਇਸ ਗੱਲ ਦੀ ਸਮਝ ਹੋਵੇ ਕਿ ਗੁਰੂ ਪ੍ਰਮਾਤਮਾ ਇੱਕੋ ਹੀ ਰੂਪ ਹੈ ਜੋ ਕਿ ਉਸ ਦੇ ਸੱਚੇ ਗਿਆਨ ਦਾ ਰੂਪ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਇਹੀ ਗੁਰੂ ਦਾ ਰੂਪ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਆਪਣੇ ਸੱਚੇ ਗਿਆਨ ਦੁਆਰਾ ਸਮਦਰਸ਼ੀ ਹੈ ਜੋ ਸਭ ਨੂੰ ਇੱਕੋ ਦ੍ਰਿਸ਼ਟੀ ਨਾਲ ਦੇਖਦਾ ਹੈ। ਪੂਰੀ ਗੁਰਬਾਣੀ ਗੁਰੂ ਦਾ, ਪ੍ਰਮਾਤਮਾ ਦਾ ਸਮਦਰਸ਼ੀ ਰੂਪ ਹੈ ਜਿਸ ਲਈ ਸੰਸਾਰ ਦਾ ਹਰ ਮਨੁੱਖ ਇੱਕੋ ਜਿਹਾ ਹੈ ਭਾਵ ਉਸ ਦੇ ਅੰਦਰ ਕੋਈ ਭੇਦ ਭਾਵ ਨਹੀਂ ਹੈ। ਇਸੇ ਲਈ ਉਸ ਦੇ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਉਸ ਧਰਮ ਦੇ ਮਾਰਗ ਅਨੁਸਾਰ ਉਹ ਸਭ ਲਈ ਇੱਕੋ ਜਿਹਾ ਨਿਆਂ ਹੀ ਕਰਦਾ ਹੈ। ਉਸ ਦੇ ਲਈ ਝੂਠ ਸੱਚ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਹ ਆਪਣਾ ਹਰ ਨਿਆਂ ਆਪਣੇ ਸੱਚ ਦੁਆਰਾ ਕਰਦਾ ਹੈ। ਉਸਨੇ ਸੰਸਾਰ ਵਿੱਚ ਹਰ ਵਸਤੂ ਦੀ ਵਰਤੋਂ ਸਭ ਲਈ ਇੱਕੋ ਜਿਹੀ ਹੀ ਬਣਾਈ ਹੋਈ ਹੈ। ਉਸ ਦੀ ਸਾਇੰਸ ਸਭ ਲਈ ਇੱਕੋ ਜਿਹੀ ਵਰਤਦੀ ਹੈ। ਹਰ ਉਤਪਤੀ ਉਸ ਦੇ ਸੱਚੇ ਗਿਆਨ ਦੁਆਰਾ ਹੀ ਹੋਈ ਹੈ, ਉਸਦੀ ਸੱਚੀ ਸਾਇੰਸ ਦੁਆਰਾ ਹੀ ਹੋਈ ਹੈ ਭਾਵ ਨਿਰੰਕਾਰ ਰੂਪ ਦੁਆਰਾ ਹੀ ਹੋਈ ਹੈ ਤੇ ਹਰ ਵਸਤੂ ਨੂੰ ਉਹ ਆਪਣੇ ਇੱਕੋ ਜਿਹੇ ਨਿਰੰਕਾਰ ਰੂਪ ਦੁਆਰਾ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਉਸਦਾ "ਨਾਮ" ਰੂਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਜਿਸ ਰੂਪ ਦੁਆਰਾ ਉਸਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਉਸੇ ਨਾਮ ਰੂਪ ਦੁਆਰਾ ਹੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਆਪਣੇ ਉੱਚੇ ਗਿਆਨ ਦੁਆਰਾ ਪ੍ਰਮਾਤਮਾ ਨੇ ਹਰ ਮਨੁੱਖੀ ਸਮਝ ਵਿੱਚ ਇੱਕੋ ਜਿਹੀ ਤ੍ਰੈਗੁਣਾਂ ਵਾਲੀ ਸਮਝ ਪਾਈ ਹੋਈ ਹੈ ਜਿਸ ਦੁਆਰਾ ਉਸ ਨੇ ਹਰ ਕਿਸੇ ਕੋਲੋਂ ਆਪਣਾ ਇੱਕੋ ਜਿਹਾ ਪੜਦਾ ਪਾਇਆ ਹੋਇਆ ਹੈ ਤੇ ਹਰ ਕਿਸੇ ਲਈ ਉਸ ਤ੍ਰੈਗੁਣਾਂ ਵਾਲੇ ਪੜਦੇ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਧਰਮ ਦੇ ਇੱਕੋ ਜਿਹੇ ਸੱਚੇ ਮਾਰਗ ਤੇ ਚੱਲਣ ਦਾ ਹੈ ਜਿਸ ਦੁਆਰਾ ਕੋਈ ਉਸ ਪ੍ਰਮਾਤਮਾ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ। ਉਹ ਸਭ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਦਾ ਸਮਦਰਸੀ ਰੂਪ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਆਪਣਾ ਆਪ ਬੁਝਾਉਂਦਾ ਹੈ ਉਸ ਨੂੰ ਆਪਣੀ ਸੱਚੀ ਭਗਤੀ ਦੀ ਸਮਝ ਆਪ ਹੀ ਪਾਉਂਦਾ ਹੈ ਤੇ ਉਹੀ ਭਗਤੀ ਦੇ ਮਾਰਗ ਤੇ ਸਮਦਰਸ਼ੀ ਹੋ ਕੇ ਚੱਲਦਾ ਹੈ।

ਸਿਰੀਰਾਗੁ ਮਹਲਾ ੫ ॥

{ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥
ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥੧॥
ਠਾਕੁਰੁ ਸਰਬੇ ਸਮਾਣਾ ॥
ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ ॥੧॥ ਰਹਾਉ ॥
ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥
ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥
ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥
ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥
ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ॥੪॥}

(ਅੰਗ - ੫੧)

{ਬ੍ਰਹਮ ਗਿਆਨੀ ਸਗਲ ਕੀ ਰੀਨਾ ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥

ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥
ਬ੍ਰਹਮ ਗਿਆਨੀ ਸਦਾ ਸਮਦਰਸੀ ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥}

(ਅੰਗ - ੨੭੨-੨੭੩)

{ਸੋ ਸਮਦਰਸੀ ਤਤ ਕਾ ਬੇਤਾ ॥
ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥੧॥}

(ਅੰਗ - ੨੯੨)

{ਖੇਮ ਸਾਂਤਿ ਰਿਧਿ ਨਵ ਨਿਧਿ ॥
ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥
ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥
ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥}

(ਅੰਗ - ੨੯੫-੨੯੬)

{ਸਗਲ ਸੂਖ ਆਨੰਦ ਅਰੋਗ ॥
ਸਮਦਰਸੀ ਪੂਰਨ ਨਿਰਜੋਗ ॥
ਆਇ ਨ ਜਾਇ ਡੋਲੈ ਕਤ ਨਾਹੀ ॥
ਜਾ ਕੈ ਨਾਮੁ ਬਸੈ ਮਨ ਮਾਹੀ ॥੩॥}

(ਅੰਗ - ੮੯੧)

{ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥
ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥}

(ਅੰਗ - ੯੮੧)

{ਹਰਿ ਹਰਿ ਨਾਮੁ ਵਖਰੁ ਲੈ ਚਲਹੁ ॥
ਦਰਸਨੁ ਪਾਵਹੁ ਸਹਜਿ ਮਹਲਹੁ ॥
ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ ॥੧੩॥
ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥
ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥}

(ਅੰਗ - ੧੦੨੮)

{ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥
ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥੧॥
ਬਹੁਰਿ ਹਮ ਕਾਹੇ ਆਵਹਿਗੇ ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥}

(ਅੰਗ - ੧੧੦੩)

ਸਾਰਗ ਮਹਲਾ ੫ ॥

{ਉਆ ਅਉਸਰ ਕੈ ਹਉ ਬਲਿ ਜਾਈ ॥
ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ ॥੧॥ ਰਹਾਉ ॥
ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥੧॥
ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥
ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥੨॥}

(ਅੰਗ - ੧੨੦੭)

ਮਲਾਰ ਮਹਲਾ ੪ ॥

{ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥
ਤਿਨ੍ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ ॥੧॥
ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥
ਤਿਨ੍ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ ॥੧॥ ਰਹਾਉ ॥
ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ ॥
ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥੨॥
ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥
ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥੩॥
ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥

ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪॥੫॥}

(ਅੰਗ - ੧੨੬੪)

ਉੱਪਰ ਕੁੱਝ ਸ਼ਬਦਾਂ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਗੁਰੂ ਦਾ ਉਹ ਕਿਹੜਾ ਰੂਪ ਹੈ ਜਿਹੜੇ ਰੂਪ ਨੂੰ ਅਸੀਂ ਧਿਆਉਣਾ ਹੈ। ਗੁਰੂ ਸ਼ਬਦ ਰੂਪ ਵਿੱਚ ਹੈ ਭਾਵ ਸ਼ਬਦ ਦੇ ਗਿਆਨ ਦੇ ਰੂਪ ਵਿੱਚ ਹੈ ਜੋ ਗਿਆਨ ਉਹ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ। ਸ਼ਬਦਾਂ ਦੇ ਅੰਦਰ ਦੀ ਵਿਚਾਰ ਹੀ ਗੁਰੂ ਦਾ ਗਿਆਨ ਹੈ। ਗੁਰੂ ਦੇ ਨਾਮ ਨੂੰ ਧਿਆਉਣਾ ਜਾਂ ਗੁਰੂ ਨੂੰ ਧਿਆਉਣਾ ਇੱਕੋ ਹੀ ਗੱਲ ਹੈ। ਗੁਰੂ ਗੁਰੂ ਦੇ ਬਚਨ ਹਨ। (**ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥ ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥**) ਅੰਗ ੧੩੦੯ । ਗੁਰੂ ਦੇ ਸ਼ਬਦ ਹੀ ਗੁਰੂ ਦੇ ਬਚਨ ਹਨ ਭਾਵ ਗੁਰੂ ਦੇ ਬਚਨ ਸਾਨੂੰ ਜੋ ਸਿੱਖਿਆ ਦਿੰਦੇ ਹਨ ਉਸ ਸਿੱਖਿਆ ਦੇ ਰੂਪ ਵਿੱਚ ਹੀ ਆਪ ਗੁਰੂ ਹੈ ਤੇ ਇਹੀ ਗੱਲ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਗੁਰੂ ਦੀ ਉਹ ਕਿਹੜੀ "ਮੂਰਤਿ" ਹੈ ਜਿਸ ਨੂੰ ਅਸੀਂ ਆਪਣੇ ਮਨ ਦੇ ਅੰਦਰ ਧਿਆਉਣਾ ਹੈ।

"ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥"

(ਅੰਗ - ੮੬੪)

"ਮੂਰਤਿ" ਕੀ ਹੁੰਦੀ ਹੈ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਭਾਵ ਕਿਸੇ ਚੀਜ ਦੀ ਫੋਟੋ ਨੂੰ ਮੂਰਤਿ ਕਹਿੰਦੇ ਹਨ ਭਾਵ ਕਿਸੇ ਚੀਜ ਦਾ ਬਿਲਕੁਲ ਉਹੋ ਜਿਹਾ ਰੂਪ ਬਣਾਉਣਾ ਉਸ ਦੀ ਫੋਟੋ ਬਣਾਉਣਾ ਹੈ।ਜਿਵੇਂ ਅਸੀਂ ਸ਼ੀਸ਼ੇ ਦੇ ਵਿੱਚ ਆਪਣਾ ਚਿਹਰਾ ਦੇਖਦੇ ਹਾਂ ਉਹ ਸਾਡੀ "ਮੂਰਤਿ" ਹੈ ਭਾਵ ਮੂਰਤਿ ਉਹ ਹੁੰਦੀ ਹੈ ਜਦੋਂ ਕਿਸੇ ਅਸਲ ਰੂਪ ਵਿੱਚ ਤੇ ਉਸ ਦੀ ਮੂਰਤਿ ਦੇ ਵਿੱਚ ਕੋਈ ਫ਼ਰਕ ਨ ਆਵੇ ਭਾਵ ਹੂ ਬ ਹੂ ਇੱਕੋ ਜਿਹਾ ਨਜਰ ਆਵੇ। ਉੱਪਰ ਪਹਿਲੀ ਪੰਗਤੀ ਰਾਹੀਂ ਗੁਰੂ ਦੀ "ਮੂਰਤਿ" ਨੂੰ ਆਪਣੇ ਮਨ ਦੇ ਧਿਆਨ ਵਿੱਚ ਵਸਾਉਣਾ ਸਮਝਾਇਆ ਹੋਇਆ ਹੈ। ਗੁਰੂ "ਸ਼ਬਦ" ਹੈ, "ਗੁਰੂ" ਗੁਰੂ ਦੇ ਬਚਨ ਹਨ, ਗੁਰੂ ਦੀ ਸਿੱਖਿਆ ਹੈ। ਗੁਰੂ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਗੁਰੂ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਗੁਰੂ ਹੈ। ਗੁਰੂ ਉਸ ਦਾ "ਸਮਦਰਸੀ" ਰੂਪ ਹੈ ਜਿਸ ਰਾਹੀਂ ਉਹ ਸਾਰੇ ਸੰਸਾਰ ਨੂੰ ਇੱਕੋ ਜਿਹੀ ਮਤਿ ਦਿੰਦਾ ਹੈ ਤੇ ਸਭ ਨਾਲ ਇੱਕੋ ਜਿਹਾ ਨਿਆ ਕਰਦਾ ਹੈ। ਸਾਡਾ ਗੁਰੂ "ਗੁਰਬਾਣੀ" ਹੈ, "ਗੁਰੂ ਗ੍ਰੰਥ ਸਾਹਿਬ ਜੀ" ਹਨ ਤੇ ਫਿਰ ਗੁਰੂ ਦੀ "ਮੂਰਤਿ" ਕੀ ਹੋਈ। ਕੀ ਗੁਰਬਾਣੀ ਦੀ ਮੂਰਤਿ ਸਾਡਾ ਗੁਰੂ ਹੈ ਭਾਵ ਕੀ ਅਸੀਂ ਗੁਰਬਾਣੀ ਦੀ ਮੂਰਤਿ ਨੂੰ ਭਾਵ ਕੀ ਗੁਰਬਾਣੀ ਦੀ ਫੋਟੋ ਨੂੰ ਅਸੀਂ ਆਪਣੇ ਧਿਆਨ ਵਿੱਚ ਰੱਖਣਾ ਹੈ। "ਗੁਰੂ ਦੀ ਮੂਰਤਿ" ਨੂੰ ਸਮਝਣ ਵਿਚ ਸਾਡੇ ਸਿੱਖੀ ਸਮਾਜ ਵਿੱਚ ਕਈ ਭੁਲੇਖੇ ਵੀ ਹਨ ਜਿੰਨ੍ਹਾਂ ਰਾਹੀਂ ਅਨੇਕਾਂ ਫੋਟੋ ਦੀ ਪੂਜਾ ਵਿੱਚ ਲੱਗ ਗਏ ਹਨ। ਜਿਸ ਗੁਰੂ ਨੇ ਸਾਨੂੰ ਮੂਰਤੀ ਪੂਜਾ ਤੋਂ ਰੋਕਿਆ ਹੈ, ਉਸੇ ਦੀ ਮੂਰਤਿ ਨੂੰ ਹੀ ਪੂਜਿਆ ਜਾ ਰਿਹਾ ਹੈ, ਕਿਸੇ ਦੀ ਫੋਟੋ ਨੂੰ ਮੱਥੇ ਟੇਕੇ ਜਾ ਰਹੇ ਹਨ ਤੇ ਉਸ ਫੋਟੋ ਦੇ ਨਾਲ ਕਿਸੇ ਹੋਰ ਬਾਬੇ ਦੀ ਫੋਟੋ ਵੀ ਰੱਖ ਦਿੱਤੀ ਜਾਂਦੀ ਹੈ ਜਿੰਨ੍ਹਾਂ ਨੇ ਇਹ ਕੁੱਝ ਸਮਝਾਇਆ ਹੈ ਭਾਵ ਜਿੰਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਗੁਰੂ ਦੀ ਮੂਰਤਿ ਕੀ ਹੈ। ਗੁਰੂ ਤਾਂ ਨਿਰੰਕਾਰ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਸ ਗੁਰੂ ਨੂੰ ਕੇਵਲ ਦੇਖਣ ਨਾਲ ਜਾਂ ਮੱਥੇ ਟੇਕਣ ਨਾਲ ਸਾਡਾ ਫਰਜ ਪੂਰਾ ਨਹੀਂ ਹੁੰਦਾ ਬਲਕਿ ਗੁਰੂ ਦੀ ਸਮਝਾਈ ਹੋਈ ਅਸਲੀਅਤ ਨੂੰ ਨਾ ਸਮਝਣ ਵਿੱਚ ਤੇ ਮੂਰਤੀ ਨੂੰ ਪੂਜਣ ਵਿੱਚ ਭਰਮ ਹੀ ਵੱਧਦੇ ਹਨ ਤੇ ਇਹ ਗੱਲ ਸਾਨੂੰ ਗੁਰੂ ਸਾਹਿਬ ਨੇ ਆਪ ਬਾਣੀ ਰਾਹੀਂ ਸਮਝਾਈ ਹੋਈ ਹੈ।

ਸਲੋਕੁ ਮਃ ੩ ॥

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ - ੫੯੪)

"ਮੂਰਤਿ" ਕੀ ਹੈ ਇਸ ਗੱਲ ਨੂੰ ਸਮਝਣ ਲਈ ਹੇਠ ਦਿੱਤੇ ਕੁੱਝ ਸ਼ਬਦਾਂ ਨੂੰ ਵਿਚਾਰਨ ਦੁਆਰਾ ਸਮਝਿਆ ਜਾ ਸਕਦਾ ਹੈ।

{ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ ॥
ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ ॥
ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ ॥੩॥
ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥
ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥੪॥}

(ਅੰਗ - ੫੩)

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ - ੭੮)

ਗਉੜੀ ਮਹਲਾ ੫ ॥
{ਗੁਰ ਕਾ ਸਬਦੁ ਰਾਖੁ ਮਨ ਮਾਹਿ ॥
ਨਾਮੁ ਸਿਮਰਿ ਚਿੰਤਾ ਸਭ ਜਾਹਿ ॥੧॥
ਬਿਨੁ ਭਗਵੰਤ ਨਾਹੀ ਅਨ ਕੋਇ ॥
ਮਾਰੈ ਰਾਖੈ ਏਕੋ ਸੋਇ ॥੧॥ ਰਹਾਉ ॥
ਗੁਰ ਕੇ ਚਰਣ ਰਿਦੈ ਉਰਿ ਧਾਰਿ ॥
ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥੨॥
ਗੁਰ ਮੂਰਤਿ ਸਿਉ ਲਾਇ ਧਿਆਨੁ ॥
ਈਹਾ ਊਹਾ ਪਾਵਹਿ ਮਾਨੁ ॥੩॥
ਸਗਲ ਤਿਆਗਿ ਗੁਰ ਸਰਣੀ ਆਇਆ ॥
ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥੪॥}

(ਅੰਗ - ੧੯੨)

ਗਉੜੀ ਮਹਲਾ ੫ ॥

{ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥
ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥
ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥
ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥
ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥
ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥
ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥
ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥}

(ਅੰਗ - ੨੦੯)

ਗਉੜੀ ਮਹਲਾ ੯ ॥

{ਸਾਧੋ ਰਚਨਾ ਰਾਮ ਬਨਾਈ ॥
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥}

(ਅੰਗ - ੨੧੯)

{ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥}

(ਅੰਗ - ੨੫੦)

ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫

ੴ ਸਤਿਗੁਰ ਪ੍ਰਸਾਦਿ ॥

{ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥
ਭੂਲੀ ਮਾਲਨੀ ਹੈ ਏਉ ॥
ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥

ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥
ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥}

(ਅੰਗ - ੪੭੯)

{ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ ॥
ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ ॥੧॥
ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥
ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ ॥੨॥}

(ਅੰਗ - ੫੩੧)

ਦੇਵਗੰਧਾਰੀ ਮਹਲਾ ੫ ॥

{ਧਿਆਏ ਗਾਏ ਕਰਨੈਹਾਰ ॥
ਭਉ ਨਾਹੀ ਸੁਖ ਸਹਜ ਅਨੰਦਾ ਅਨਿਕ ਓਹੀ ਰੇ ਏਕ ਸਮਾਰ ॥੧॥ ਰਹਾਉ ॥
ਸਫਲ ਮੂਰਤਿ ਗੁਰੁ ਮੇਰੈ ਮਾਥੈ ॥
ਜਤ ਕਤ ਪੇਖਉ ਤਤ ਤਤ ਸਾਥੈ ॥
ਚਰਨ ਕਮਲ ਮੇਰੇ ਪ੍ਰਾਨ ਅਧਾਰ ॥੧॥
ਸਮਰਥ ਅਥਾਹ ਬਡਾ ਪ੍ਰਭੁ ਮੇਰਾ ॥
ਘਟ ਘਟ ਅੰਤਰਿ ਸਾਹਿਬੁ ਨੇਰਾ ॥
ਤਾ ਕੀ ਸਰਨਿ ਆਸਰ ਪ੍ਰਭ ਨਾਨਕ ਜਾ ਕਾ ਅੰਤੁ ਨ ਪਾਰਾਵਾਰ ॥੨॥}

(ਅੰਗ - ੫੩੫)

ਸੋਰਠਿ ਮਹਲਾ ੧ ਦੁਤੁਕੇ ॥

{ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥੧॥
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥

ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪॥}

(ਅੰਗ - ੫੯੬)

ਧਨਾਸਰੀ ਮਹਲਾ ੧ ॥
{ਨਦਰਿ ਕਰੇ ਤਾ ਸਿਮਰਿਆ ਜਾਇ ॥
ਆਤਮਾ ਦ੍ਰਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥
ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥
ਗੁਰ ਪਰਸਾਦੀ ਪਾਇਆ ਜਾਇ ॥
ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥
ਸਚਿ ਸਿਮਰਿਐ ਹੋਵੈ ਪਰਗਾਸੁ ॥
ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥
ਸਤਿਗੁਰ ਕੀ ਐਸੀ ਵਡਿਆਈ ॥
ਪੁੜੁ ਕਲੜੁ ਵਿਚੇ ਗਤਿ ਪਾਈ ॥੨॥
ਐਸੀ ਸੇਵਕੁ ਸੇਵਾ ਕਰੈ ॥
ਜਿਸ ਕਾ ਜੀਉ ਤਿਸੁ ਆਗੈ ਧਰੈ ॥
ਸਾਹਿਬ ਭਾਵੈ ਸੋ ਪਰਵਾਣੁ ॥
ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥
ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥
ਜੋ ਇਛੈ ਸੋਈ ਫਲੁ ਪਾਏ ॥
ਸਾਚਾ ਸਾਹਿਬੁ ਕਿਰਪਾ ਕਰੈ ॥
ਸੋ ਸੇਵਕੁ ਜਮ ਤੇ ਕੈਸਾ ਡਰੈ ॥੪॥
ਭਨਤਿ ਨਾਨਕੁ ਕਰੇ ਵੀਚਾਰੁ ॥
ਸਾਚੀ ਬਾਣੀ ਸਿਉ ਧਰੇ ਪਿਆਰੁ ॥
ਤਾ ਕੋ ਪਾਵੈ ਮੋਖ ਦੁਆਰੁ ॥
ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥}

(ਅੰਗ - ੬੬੧)

{ਸਾਚੇ ਨਿਰਮਲ ਮੈਲੁ ਨ ਲਾਗੈ ॥
ਗੁਰ ਕੈ ਸਬਦਿ ਭਰਮ ਭਉ ਭਾਗੈ ॥
ਸੂਰਤਿ ਮੂਰਤਿ ਆਦਿ ਅਨੂਪੁ ॥

ਨਾਨਕੁ ਜਾਚੈ ਸਾਚੁ ਸਰੂਪੁ ॥੮॥}

(ਅੰਗ - ੬੮੬)

{ਊਤਮੁ ਦੀਅਰਾ ਨਿਰਮਲ ਬਾਤੀ ॥
ਤੁਹੰਾ ਨਿਰੰਜਨੁ ਕਮਲਾ ਪਾਤੀ ॥੨॥
ਰਾਮਾ ਭਗਤਿ ਰਾਮਾਨੰਦੁ ਜਾਨੈ ॥
ਪੂਰਨ ਪਰਮਾਨੰਦੁ ਬਖਾਨੈ ॥੩॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥
ਸੈਨੁ ਭਣੈ ਭਜੁ ਪਰਮਾਨੰਦੇ ॥੪॥}

(ਅੰਗ - ੬੯੫)

ਸੂਹੀ ਮਹਲਾ ੫ ॥
{ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥
ਰਸਨਾ ਜਾਪੁ ਜਪਉ ਬਨਵਾਰੀ ॥੧॥
ਸਫਲ ਮੂਰਤਿ ਦਰਸਨ ਬਲਿਹਾਰੀ ॥
ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ ਰਹਾਉ ॥
ਸਾਧਸੰਗਿ ਜਨਮ ਮਰਣ ਨਿਵਾਰੀ ॥
ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥
ਕਾਮ ਕ੍ਰੋਧ ਲੋਭ ਮੋਹ ਤਜਾਰੀ ॥
ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥
ਕਹੁ ਨਾਨਕ ਇਹੁ ਤਤੁ ਬੀਚਾਰੀ ॥
ਰਾਮ ਨਾਮ ਜਪਿ ਪਾਰਿ ਉਤਾਰੀ ॥੪॥}

(ਅੰਗ - ੭੪੦)

{ਸਤਿਗੁਰੁ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ ॥
ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ ॥
ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥੧॥}

(ਅੰਗ - ੮੦੨)

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯
ੴ ਸਤਿਗੁਰ ਪ੍ਰਸਾਦਿ ॥
{ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥

ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥
ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥}

(ਅੰਗ - ੮੨੭)

{ਕਰਿ ਨਮਸਕਾਰ ਪੂਰੇ ਗੁਰਦੇਵ ॥
ਸਫਲ ਮੂਰਤਿ ਸਫਲ ਜਾ ਕੀ ਸੇਵ ॥
ਅੰਤਰਜਾਮੀ ਪੁਰਖੁ ਬਿਧਾਤਾ ॥
ਆਠ ਪਹਰ ਨਾਮ ਰੰਗਿ ਰਾਤਾ ॥੧॥
ਗੁਰੁ ਗੋਬਿੰਦ ਗੁਰੂ ਗੋਪਾਲ ॥
ਅਪਨੇ ਦਾਸ ਕਉ ਰਾਖਨਹਾਰ ॥੧॥ ਰਹਾਉ ॥}

(ਅੰਗ - ੮੬੯)

{ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥
ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥
ਹਸਤਿ ਭਾਗਿ ਕੈ ਚੀਸਾ ਮਾਰੈ ॥
ਇਆ ਮੂਰਤਿ ਕੈ ਹਉ ਬਲਿਹਾਰੈ ॥੧॥}

(ਅੰਗ - ੮੭੦)

{ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ ॥੧੧॥
ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥
ਕਾਇਆ ਸੋਧਿ ਤਰੈ ਭਵ ਸਾਗਰੁ ਆਤਮ ਤਤੁ ਵੀਚਾਰੀ ॥੧੩॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥
ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥}

(ਅੰਗ - ੯੦੭-੯੦੮)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥}

(ਅੰਗ - ੯੦੯)

{ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ਪ੍ਰਭ ਏਕੋ ਪੁਰਖੁ ਨਿਰਾਰੇ ॥
ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ਪ੍ਰਭੁ ਏਕੋ ਗੁਰਮਤਿ ਤਾਰੇ ॥੩॥}

(ਅੰਗ - ੯੮੦)

{ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥

ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥
ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥}

(ਅੰਗ - ੧੦੨੨)

{ਸਾਚੇ ਭਾਵੈ ਤਿਸੁ ਵਡੀਆਏ ॥
ਕਉਨੁ ਸੁ ਦੂਜਾ ਤਿਸੁ ਸਮਝਾਏ ॥
ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥੧੦॥}

(ਅੰਗ - ੧੦੪੩)

{ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥
ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥
ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥
ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ ॥
ਗੁਰਿ ਬਖਸਿਆ ਨਾਮੁ ਨਿਧਾਨੁ ਸਭੋ ਦੁਖੁ ਲਥਾ ॥
ਭੋਗਹੁ ਭੁੰਚਹੁ ਭਾਈਹੋ ਪਲੈ ਨਾਮੁ ਅਗਥਾ ॥
ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰ ਕਥਾ ॥
ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਭਉ ਲਥਾ ॥੨੦॥}

(ਅੰਗ - ੧੧੦੧)

{ਰਸਨਾ ਰਾਮ ਰਾਮ ਬਖਾਨੁ ॥
ਗੁਨ ਗੋਪਾਲ ਉਚਾਰੁ ਦਿਨੁ ਰੈਨਿ ਭਏ ਕਲਮਲ ਹਾਨ ॥ ਰਹਾਉ ॥
ਤਿਆਗਿ ਚਲਨਾ ਸਗਲ ਸੰਪਤ ਕਾਲੁ ਸਿਰ ਪਰਿ ਜਾਨੁ ॥
ਮਿਥਨ ਮੋਹ ਦੁਰੰਤ ਆਸਾ ਝੂਠੁ ਸਰਪਰ ਮਾਨੁ ॥੧॥
ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ ॥
ਨਾਮੁ ਨਿਧਾਨੁ ਲਾਭੁ ਨਾਨਕ ਬਸਤੁ ਇਹ ਪਰਵਾਨੁ ॥੨॥}

(ਅੰਗ - ੧੧੨੧)

{ਜਾ ਕਾ ਕੀਆ ਸਭੁ ਕਿਛੁ ਹੋਇ ॥
ਤਿਸ ਕਾ ਅਮਰੁ ਨ ਮੇਟੈ ਕੋਇ ॥
ਪਾਰਬ੍ਰਹਮੁ ਪਰਮੇਸਰੁ ਅਨੂਪੁ ॥
ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥}

(ਅੰਗ - ੧੧੫੨)

{ਤੇਰੀ ਮੂਰਤਿ ਏਕਾ ਬਹੁਤੁ ਰੂਪ ॥

ਕਿਸੁ ਪੂਜ ਚੜਾਵਉ ਦੇਉ ਧੂਪ ॥
ਤੇਰਾ ਅੰਤੁ ਨ ਪਾਇਆ ਕਹਾ ਪਾਇ ॥
ਤੇਰਾ ਦਾਸਨਿ ਦਾਸਾ ਕਹਉ ਰਾਇ ॥੨॥}

(ਅੰਗ - ੧੧੬੮)

{ਏਕਾ ਮੂਰਤਿ ਸਾਚਾ ਨਾਉ ॥
ਤਿਥੈ ਨਿਬੜੈ ਸਾਚੁ ਨਿਆਉ ॥
ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥
ਏਕਾ ਭਗਤਿ ਏਕੋ ਹੈ ਭਾਉ ॥
ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥
ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥}

(ਅੰਗ - ੧੧੮੮-੮੯)

{ਸਤਿਗੁਰ ਮੂਰਤਿ ਕਉ ਬਲਿ ਜਾਉ ॥
ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ ॥੧॥ ਰਹਾਉ ॥}

(ਅੰਗ - ੧੨੦੨)

{ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ ॥
ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥੧॥
ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥}

(ਅੰਗ - ੧੨੦੮)

{ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ ॥
ਹੋਵਹਿ ਲਿੰਛ ਝਿੰਛ ਨਹ ਹੋਵਹਿ ਐਸੀ ਕਹੀਐ ਸੂਰਤਿ ॥
ਜੋ ਓਸੁ ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ ਮੂਰਤਿ ॥੨॥}

(ਅੰਗ - ੧੨੪੫)

{ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥
ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥}

(ਅੰਗ - ੧੨੫੨)

{ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥

ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥੫॥}

(ਅੰਗ - ੧੨੬੪)

{ਪ੍ਰੀਤਮ ਸਾਚਾ ਨਾਮੁ ਧਿਆਇ ॥
ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ ॥੧॥ ਰਹਾਉ ॥}

(ਅੰਗ - ੧੨੬੮)

{ਹਰਿ ਕੇ ਚਰਨ ਹਿਰਦੈ ਗਾਇ ॥
ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥੧॥ ਰਹਾਉ ॥}

(ਅੰਗ - ੧੩੦੦)

{ਪੇਖਿ ਪੇਖਿ ਬਿਗਸਾਉ ਸਾਜਨ ਪ੍ਰਭੁ ਆਪਨਾ ਇਕਾਂਤ ॥੧॥ ਰਹਾਉ ॥
ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ ॥੧॥}

(ਅੰਗ - ੧੩੦੦)

{ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥੧॥
ਅਲਹ ਰਾਮ ਜੀਵਉ ਤੇਰੇ ਨਾਈ ॥
ਤੂ ਕਰਿ ਮਿਹਰਾਮਤਿ ਸਾਈ ॥੧॥ ਰਹਾਉ ॥}

(ਅੰਗ - ੧੩੪੯)

{ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ ॥
ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥}

(ਅੰਗ - ੧੪੦੫)

{ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥}

(ਅੰਗ - ੧੪੦੮)

{ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥
ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭ੍ਰਮ ਮੰਡਲਿ ਛਾਯਉ ॥
ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥}

(ਅੰਗ - ੧੪੦੮)

{ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨਿ ਰੇ ਮਨਾ ਸੋ ਮੂਰਤਿ ਭਗਵਾਨ ॥੧੩॥}

(ਅੰਗ - ੧੪੨੭)

ਉੱਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਗੁਰੂ ਦੀ ਉਹ ਕਿਹੜੀ "ਮੂਰਤਿ" ਹੈ ਜਿਸ ਮੂਰਤਿ ਨੂੰ ਅਸੀਂ ਆਪਣਾ ਧਿਆਨ ਬਣਾਉਣਾ ਹੈ ਭਾਵ ਆਪਣੇ ਅੰਦਰ ਦੇ ਧਿਆਨ ਨੂੰ ਗੁਰੂ ਦੀ ਮੂਰਤਿ ਦੇ ਨਾਲ ਇੱਕ ਕਰਨਾ ਹੈ ਭਾਵ ਸਾਡਾ ਧਿਆਨ "ਗੁਰੂ ਦੀ ਮੂਰਤਿ" ਵਾਲਾ ਬਣ ਜਾਵੇ। ਭਗਤਾਂ ਨੇ, ਗੁਰੂ ਸਾਹਿਬਾਨ ਨੇ "ਗੁਰੂ ਦੀ ਮੂਰਤਿ" ਨੂੰ ਆਪਣੇ ਧਿਆਨ ਦੇ ਵਿੱਚ ਵਸਾਇਆ ਹੈ ਜਿਸ ਦੁਆਰਾ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ। ਉੱਪਰ ਸ਼ਬਦਾਂ ਰਾਹੀਂ "ਅਕਾਲ ਮੂਰਤਿ" ਬਾਰੇ ਵੀ ਸਮਝਿਆ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਹਨਾਂ ਨੇ ਆਪਣੇ ਧਿਆਨ ਦੇ ਵਿੱਚ "ਅਕਾਲ ਮੂਰਤਿ" ਨੂੰ ਜਾਣਿਆ ਹੈ। ਪਹਿਲੇ "ਅਕਾਲ ਮੂਰਤਿ" ਨੂੰ ਸਮਝਣਾ ਜਰੂਰੀ ਹੈ। ਮੂਰਤਿ ਕਿਸੇ ਵੀ ਚੀਜ ਦੇ ਹੂ ਬ ਹੂ ਰੂਪ ਨੂੰ ਕਹਿੰਦੇ ਹਨ ਜਿਵੇਂ ਕਿ ਅਸੀਂ ਅਗਰ ਸ਼ੀਸ਼ੇ ਦੇ ਅੰਦਰ ਦੇਖਦੇ ਹਾਂ ਤੇ ਉਸ ਦੇ ਵਿੱਚ ਸਾਨੂੰ ਆਪਣਾ ਹੂ ਬ ਹੂ ਰੂਪ ਨਜ਼ਰ ਆਉਂਦਾ ਹੈ ਭਾਵ ਆਪਣੀ ਮੂਰਤਿ ਨਜ਼ਰ ਆਉਂਦੀ ਹੈ। ਪ੍ਰਮਾਤਮਾ "ਅਕਾਲ ਮੂਰਤਿ" ਹੈ ਭਾਵ ਅਕਾਲ ਰੂਪ ਹੈ। ਅਕਾਲ ਉਹ ਹੈ ਜੋ ਕਾਲ ਤੋਂ ਰਹਿਤ ਹੈ ਭਾਵ "ਅਕਾਲ ਰੂਪ" ਉਹ ਹੈ ਜੋ ਰੂਪ ਕਦੇ ਬਿਨਸ ਨਹੀਂ ਸਕਦਾ, ਜੋ ਰੂਪ ਕਾਲ ਤੋਂ ਰਹਿਤ ਹੈ। ਪ੍ਰਮਾਤਮਾ ਆਪ ਹੀ "ਗੁਰੂ ਰੂਪ" ਹੈ ਤੇ ਉਸ ਦਾ "ਗੁਰੂ ਰੂਪ" ਵੀ "ਅਕਾਲ ਰੂਪ" ਹੈ। ਪ੍ਰਮਾਤਮਾ "ਸਚੁ" ਰੂਪ ਹੈ ਤੇ "ਸਚੁ" ਰੂਪ ਹੀ ਉਸ ਦਾ ਗੁਰੂ ਰੂਪ ਹੈ। ਪ੍ਰਮਾਤਮਾ ਦਾ "ਗੁਰੂ ਰੂਪ" ਉਸ ਦਾ ਸ਼ਬਦ ਰੂਪ ਹੈ ਭਾਵ ਸੱਚੇ ਗਿਆਨ ਦਾ ਰੂਪ ਹੈ, "ਬ੍ਰਹਮ ਗਿਆਨ" ਦਾ ਰੂਪ ਹੈ ਭਾਵ "ਨਾਮੁ ਰੂਪ" ਹੈ। ਪੂਰੀ ਗੁਰਬਾਣੀ ਗੁਰੂ ਰੂਪ ਹੈ ਜੋ ਕਿ ਸੱਚੇ ਗਿਆਨ ਦਾ ਰੂਪ ਹੈ ਭਾਵ "ਸੱਚੇ ਗਿਆਨ ਦੀ ਮੂਰਤਿ" ਹੈ ਜੋ ਕੇਵਲ ਸੱਚ ਹੀ ਸਮਝਾਉਂਦੀ ਹੈ। ਜੋ ਸੱਚ ਗੁਰੂ ਸਮਝਾਉਂਦਾ ਹੈ ਉਸ ਸੱਚ ਨੂੰ ਹੂ ਬ ਹੂ ਆਪਣੇ ਧਿਆਨ ਦੇ ਅੰਦਰ ਵਸਾਉਣਾ ਉਸ ਗੁਰੂ ਦੀ ਮੂਰਤਿ ਨੂੰ ਆਪਣੇ ਮਨ ਦੇ ਧਿਆਨ ਵਿੱਚ ਵਸਾਉਣਾ ਹੈ, ਮਨ ਦੇ ਧਿਆਨ ਦੇ ਨਾਲ ਇੱਕ ਕਰਨਾ ਹੈ। ਉੱਪਰ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਉਹਨਾਂ ਵਿੱਚ ਦਿੱਤੇ ਹੋਏ ਕੁੱਝ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਵਿਚਾਰਿਆ ਜਾ ਸਕਦਾ ਹੈ ਤਾਂ ਜੋ ਸਾਨੂੰ ਗੁਰੂ ਦੀ ਮੂਰਤਿ ਕੀ ਹੈ ਇਸ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ। ਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸ "ਅਕਾਲ ਮੂਰਤਿ" ਨੂੰ ਭਾਵ ਉਸ ਪ੍ਰਮਾਤਮਾ ਨੂੰ ਆਪਣੇ ਧਿਆਨ ਦੇ ਅੰਦਰ ਕਿਸ ਤਰੀਕੇ ਵਸਾਇਆ ਹੈ ਪਹਿਲੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਦੇ ਹਾਂ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

"ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥"

(ਅੰਗ - ੭੮)

ਜਿੰਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਹਨਾਂ ਨੇ ਉਸ ਦੀ ਸੁਹਾਗਣ ਬਣਨ ਦੁਆਰਾ ਹੀ ਪਾਇਆ ਹੈ ਭਾਵ ਪ੍ਰਮਾਤਮਾ ਦੇ ਨਾਲ ਵਿਆਹ ਹੋਣ ਦੁਆਰਾ ਹੀ ਉਸ ਨੂੰ ਪਾਇਆ ਹੈ। ਹਰ ਕੋਈ ਪ੍ਰਮਾਤਮਾ ਦੀ ਨਾਰ ਹੈ ਤੇ ਹਰ ਕੋਈ ਉਸ ਨੂੰ ਪਾ ਸਕਦਾ ਹੈ ਭਾਵ ਉਸ ਦੇ ਨਾਲ ਵਿਆਹ ਕਰਾ ਸਕਦਾ ਹੈ। ਜਿਸ ਦੇ ਨਾਲ ਅਸੀਂ ਵਿਆਹ ਕਰਵਾਉਣਾ ਹੈ ਪਹਿਲੇ ਸਾਨੂੰ ਇਸ ਗੱਲ ਦੀ ਸਮਝ ਹੋਵੇਗੀ ਕਿ ਉਹ ਲਾੜਾ ਹੈ ਕੌਣ ਤੇ ਉਸ ਦਾ ਰੂਪ ਕੀ ਹੈ ਤੇ ਉਸ ਦੇ ਨਾਲ ਵਿਆਹ ਕਿਸ ਜਗ੍ਹਾ ਤੇ ਹੁੰਦਾ ਹੈ ਤੇ ਕਿਸ ਤਰੀਕੇ ਹੁੰਦਾ ਹੈ ਫਿਰ ਤਾਂ ਹੀ ਉਸ ਦੇ ਨਾਲ ਵਿਆਹ ਕਰਵਾ ਸਕਾਂਗੇ ਭਾਵ ਉਸ ਦੀ ਸੁਹਾਗਣ ਬਣ ਸਕਾਂਗੇ। ਬਾਣੀ ਰਾਹੀਂ ਸਾਨੂੰ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਉਸ ਦੀ ਸੁਹਾਗਣ ਬਣਨਾ ਸਿਖਾਇਆ ਹੈ ਤੇ ਇਹ ਵੀ ਸਮਝਾਇਆ ਹੈ ਕਿ ਉਸ ਦੀ ਦੁਹਾਗਣ ਕਿਹੋ ਜਿਹੀ ਹੁੰਦੀ ਹੈ। ਆਪਣਾ ਦੁਹਾਗਣ ਵਾਲਾ ਰੂਪ ਛੱਡਣਾ ਹੀ ਉਸ ਦੀ ਸੁਹਾਗਣ ਬਣਨਾ ਹੈ ਭਾਵ ਉਸ ਦੇ ਨਾਲ ਵਿਆਹ ਕਰਾਉਣਾ ਹੈ, ਉਸ ਵਰ ਦੀ ਪ੍ਰਾਪਤੀ ਕਰਨੀ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ। ਜਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਤਦ ਤੱਕ ਹਰ ਕੋਈ ਉਸ ਦੀ ਦੁਹਾਗਣ ਹੈ ਜਿਵੇਂ ਕਿ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਦੁਹਾਗਣ ਜਾਂ ਸੁਹਾਗਣ ਸਾਡੇ ਮਨ ਦੀ ਸਮਝ ਹੀ ਹੈ। ਸਾਡੇ ਅੰਦਰ ਦੀ ਮਾੜੀ ਸਮਝ, ਵਿਕਾਰਾਂ ਵਾਲੀ ਸਮਝ

ਪ੍ਰਮਾਤਮਾ ਦੀ ਦੁਹਾਗਣ ਹੈ ਤੇ ਮਨ ਦੇ ਵਿੱਚ ਚੰਗੀ ਸਮਝ ਭਾਵ ਸੱਚੀ ਗੁਰਮਤਿ ਵਾਲੀ ਸਮਝ ਜੋ ਪੂਰੀ ਤਰ੍ਹਾਂ ਹਰ ਔਗੁਣ ਤੋਂ ਰਹਿਤ ਹੈ ਉਹ ਪ੍ਰਮਾਤਮਾ ਦੀ ਸੁਹਾਗਣ ਹੈ। ਅਸੀਂ ਮਨ ਦੇ ਵਿੱਚ ਹੀ ਪ੍ਰਮਾਤਮਾ ਦੀ ਦੁਹਾਗਣ ਹਾਂ ਤੇ ਮਨ ਦੇ ਵਿੱਚ ਹੀ ਉਸ ਦੀ ਸੁਹਾਗਣ ਬਣਿਆ ਜਾ ਸਕਦਾ ਹੈ ਭਾਵ ਉਸ ਵਰ ਦੇ ਨਾਲ ਸਾਡਾ ਵਿਆਹ ਹੋ ਸਕਦਾ ਹੈ ਜੋ ਵਿਆਹ ਉਸ ਦੇ ਨਾਲ ਨਿਰੰਕਾਰ ਰੂਪ ਵਿੱਚ ਹੁੰਦਾ ਹੈ ਭਾਵ "ਗਿਆਨ ਰੂਪ" ਵਿੱਚ ਹੁੰਦਾ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਸਾਡੇ ਅੰਦਰ ਦੀ ਅਗਿਆਨਤਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਨੂੰ ਉਸ ਦੀ ਦੁਹਾਗਣ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਨੇ ਬਣਾਇਆ ਹੋਇਆ ਹੈ ਤੇ ਇਸੇ ਲਈ ਸਾਨੂੰ ਵਾਰ-ਵਾਰ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਲਈ ਸਮਝਾਇਆ ਹੋਇਆ ਹੈ, ਮਨ ਦੀ ਮਾਇਆ ਵਿੱਚੋਂ, ਹਉਮੈ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਭਾਵ "ਮਨਮਤਿ" ਵਿੱਚੋ ਨਿਕਲਣ ਲਈ ਸਮਝਾਇਆ ਹੋਇਆ ਹੈ ਜੋ ਕਿ ਉਸ ਪ੍ਰਮਾਤਮਾ ਨੂੰ ਪਾਉਣ ਦਾ ਸਾਡਾ ਸੱਚਾ ਉੱਦਮ ਹੈ ਕਿਉਂਕਿ ਉਹ ਪ੍ਰਮਾਤਮਾ ਸਾਡੇ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ ਹੈ, "ਬ੍ਰਹਮ ਗਿਆਨੁ" ਦੇ ਰੂਪ ਵਿੱਚ ਹੈ ਜਿਸ ਸੱਚੇ ਗਿਆਨ ਦੇ ਨਾਲ ਵਿਆਹ ਸਾਡੀ ਸਮਝ ਨੇ ਹੀ ਕਰਨਾ ਹੈ। ਇਹ ਪ੍ਰਮਾਤਮਾ ਦੀ ਕਿਸੇ ਤੇ ਕੇਵਲ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਆਪਣਾ "ਗੁਰਮਤਿ ਰੂਪ", "ਗੁਰਮੁਖਿ ਰੂਪ" ਸੱਚਾ ਗਿਆਨ ਬਖਸ਼ੇ ਜਿਸ ਰਾਹੀਂ ਸਾਡੇ ਅੰਦਰ ਦੀ "ਨਾਸਮਝਿ ਮਤਿ" ਦਾ ਵਿਆਹ "ਸੱਚੇ ਗਿਆਨ ਵਾਲੀ ਸਮਝ" ਦੇ ਨਾਲ ਹੋ ਸਕਦਾ ਹੈ। ਜਿਸ ਆਪਣੀ ਨਾਰ ਦੇ ਨਾਲ ਪ੍ਰਮਾਤਮਾ ਆਪਣਾ ਵਿਆਹ ਕਰਦਾ ਹੈ ਉਸ ਦੇ ਅੰਦਰ ਆਪਣੇ ਸੱਚੇ ਗਿਆਨ ਨੂੰ ਪ੍ਰਚੰਡ ਹੀ ਕਰਦਾ ਹੈ, ਸੱਚੇ ਗਿਆਨ ਦਾ ਪਰਕਾਸ਼ ਹੀ ਕਰਦਾ ਹੈ ਭਾਵ ਉਸ ਦੇ ਅੰਦਰ ਪੂਰਨ ਰੂਪ ਵਿੱਚ ਆਪਣਾ ਸੱਚਾ ਗਿਆਨ ਰੌਸ਼ਨ ਕਰਦਾ ਹੈ ਜਿਸ ਦੁਆਰਾ ਉਸ ਮਨੁੱਖ ਦੀ ਸਮਝ ਦੇ ਅੰਦਰ ਜੋ ਅਗਿਆਨਤਾ ਰੂਪ ਹਨੇਰਾ ਹੁੰਦਾ ਹੈ ਉਸ ਮਨ ਦੀ ਅਗਿਆਨਤਾ ਨੂੰ ਕੱਟ ਦਿੰਦਾ ਹੈ ਭਾਵ ਉਸ ਨੂੰ ਦੁਹਾਗਣ ਤੋਂ ਸੁਹਾਗਣ ਬਣਾ ਦਿੰਦਾ ਹੈ। (**ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥**) ਪ੍ਰਮਾਤਮਾ ਨਾਲ ਵਿਆਹ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਤੇ ਕਿਸ ਮਕਸਦ ਲਈ ਹੁੰਦੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥

ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥"

ਸਾਡੇ ਅੰਦਰ ਗਿਆਨ ਦਾ ਪਰਕਾਸ਼ ਹੀ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਜੋ ਪ੍ਰਾਪਤੀ ਹੋਣੀ ਹੈ ਉਹ ਮਨ ਦੇ ਵਿੱਚ ਹੀ ਹੋਣੀ ਹੈ। ਪ੍ਰਾਪਤੀ ਤਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਹੋਣੀ ਹੈ ਜਿਸ ਪ੍ਰਮਾਤਮਾ ਦੇ ਨਾਲ ਸਾਡਾ ਮਨ ਦੇ ਵਿੱਚ ਵਿਆਹ ਹੁੰਦਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੀ ਪ੍ਰਾਪਤੀ ਉਸੇ ਰੂਪ ਵਿੱਚ ਹੀ ਹੁੰਦੀ ਹੈ ਜਿਸ ਰੂਪ ਵਿੱਚ ਉਹ ਹਰ ਮਨੁੱਖੀ ਸਰੀਰ ਦੇ ਵਿੱਚ ਹੈ ਭਾਵ ਮਨ ਦੇ ਵਿੱਚ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਆਪਣੇ ਮਨ ਦੇ ਅੰਦਰੋਂ ਪ੍ਰਮਾਤਮਾ ਦੀ ਪ੍ਰਾਪਤੀ "ਰਤਨੁ ਪਦਾਰਥੁ" ਦੇ ਰੂਪ ਵਿੱਚ ਹੁੰਦੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਹਰ ਕਿਸੇ ਦੀ ਸਮਝ ਦਾ ਮਾਲਕ ਹੈ। "ਰਤਨੁ ਪਦਾਰਥੁ" ਹੀ "ਨਾਮੁ ਪਦਾਰਥੁ" ਹੈ, "ਸਬਦੁ ਪਦਾਰਥੁ" ਹੈ ਤੇ ਇਹ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਰੂਪ ਦੇ ਨਾਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਦਾ ਇਹ "ਪਦਾਰਥੁ" ਉਸ ਦਾ ਨਾਮ ਪਦਾਰਥ ਹੈ ਜੋ ਕਿ ਉਸ ਦਾ ਸਭ ਤੋਂ ਉੱਚੇ ਸੱਚੇ ਗਿਆਨ ਦਾ ਪਦਾਰਥ ਹੈ ਭਾਵ ਉਸ ਦਾ ਬ੍ਰਹਮ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਪੂਰੀ ਗੁਰਬਾਣੀ ਦੇ ਵਿੱਚ ਹੈ, ਆਪਣੇ ਸ਼ਬਦ ਰੂਪ ਵਿੱਚ ਹੈ। ਜਿੰਨ੍ਹਾਂ ਨੂੰ ਮਨ ਦੇ ਵਿੱਚੋਂ "ਰਤਨੁ ਪਦਾਰਥੁ" ਦੀ ਪ੍ਰਾਪਤੀ ਹੋਈ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਵਿੱਚ "ਰਤਨੁ ਪਦਾਰਥ" ਪਾਇਆ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਪਾਇਆ ਹੈ, ਨਾਮ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਪਾਇਆ ਹੈ। ਇਸ "ਰਤਨੁ ਪਦਾਰਥੁ" ਦੀ ਪ੍ਰਾਪਤੀ ਦੇ ਨਾਲ ਮਨੁੱਖ ਦਾ "ਹਉਮੈ ਰੋਗੁ" ਹੀ ਦੂਰ ਹੁੰਦਾ ਹੈ ਭਾਵ ਮਨ ਦੀ ਨਾਸਮਝ ਮਤਿ ਹੀ ਦੂਰ ਹੁੰਦੀ ਹੈ, ਮਨ ਦੀ ਅਗਿਆਨਤਾ ਹੀ ਦੂਰ ਹੁੰਦੀ ਹੈ, ਸਾਰੇ ਭਰਮਾਂ ਵਾਲੇ ਵਿਚਾਰ ਦੂਰ ਹੋ ਜਾਂਦੇ ਹਨ ਜੋ ਸਾਡੇ ਅੰਦਰ ਮਨਮਤਿ ਦੇ ਰੂਪ ਵਿੱਚ ਹਨ। "ਰਤਨੁ ਪਦਾਰਥੁ" ਦੀ ਪ੍ਰਾਪਤੀ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੁੰਦੀ ਹੈ ਜੋ ਸਾਡੇ ਅੰਦਰ ਦੀ ਮਨਮਤਿ ਨੂੰ, ਹਉਮੈ ਨੂੰ ਖਾ ਜਾਂਦੀ ਹੈ। ਆਪਣੀ ਹਉਮੈ ਕਰਕੇ ਹੀ ਅਸੀਂ ਆਪਣਾ ਆਪ ਸਮਝਦੇ ਹਾਂ ਭਾਵ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਜੋ ਮਨ ਦੇ ਵਿੱਚ ਸੱਚੇ ਗਿਆਨ ਦੀ ਸਮਝ ਪੈਣ ਦੁਆਰਾ ਮਨੁੱਖ ਦਾ ਇਹ ਭਰਮ ਦੂਰ ਹੋ ਜਾਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਸਮਝਣਾ ਝੂਠ ਹੈ ਤੇ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਜਿਸ ਨੂੰ ਅਸੀਂ ਮਨ ਦੀ ਅਗਿਆਨਤਾ ਕਰਕੇ ਆਪਣੇ ਅੰਦਰੋਂ ਆਪਣੇ

ਆਪ ਨਹੀਂ ਜਾਣ ਸਕਦੇ ਭਾਵ ਜਦੋਂ ਸਾਡੇ ਅੰਦਰ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ ਪਰਕਾਸ਼ ਕਰਦਾ ਹੈ ਤਾਂ ਹੀ ਅਸੀਂ ਜਾਣ ਸਕਦੇ ਹਾਂ। (**ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥**)

{ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥
ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥੧੧॥}

(ਅੰਗ - ੭੫੯)

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥
ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ - ੯੫੪)

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥
ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}

(ਅੰਗ - ੧੨੯੦)

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥
ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ - ੯੨੦)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥}

(ਅੰਗ - ੪੧)

{ਗੁਰ ਸੇਵਾ ਤੇ ਸਭੁ ਕਿਛੁ ਪਾਏ ॥
ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥
ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥
ਸੇਵਕ ਸੇਵਹਿ ਸਬਦਿ ਸਲਾਹਹਿ ॥
ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥
ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ ॥੧੧॥}

(ਅੰਗ - ੧੦੫੭)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ - ੯੯੨)

ਉੱਪਰ ਮੁੱਖ ਸ਼ਬਦ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਵਿਆਹ ਕਿਵੇਂ ਹੁੰਦਾ ਹੈ, ਕਿਸ ਰੂਪ ਵਿੱਚ ਹੁੰਦਾ ਹੈ ਤੇ ਕਿਸ ਮਕਸਦ ਲਈ ਹੁੰਦਾ ਹੈ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਜਿਸ ਰੂਪ ਵਿੱਚ ਸਾਡੇ ਅੰਦਰ ਵਰ ਦੇ ਰੂਪ ਵਿੱਚ ਹੈ ਉਹੀ ਰੂਪ ਉਸ ਦਾ "ਅਕਾਲ ਮੂਰਤਿ" ਰੂਪ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥

ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥"

ਆਪਣੇ ਅੰਦਰੋਂ ਵਰ ਦੀ ਪ੍ਰਾਪਤੀ ਸਾਨੂੰ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੁੰਦੀ ਹੈ, ਰਤਨੁ ਪਦਾਰਥੁ ਦੇ ਰੂਪ ਵਿੱਚ ਹੀ ਹੁੰਦੀ ਹੈ ਭਾਵ "ਨਾਮੁ" ਦੇ ਰੂਪ ਵਿੱਚ ਹੁੰਦੀ ਹੈ, "ਬ੍ਰਹਮ ਗਿਆਨੁ" ਦੇ ਰੂਪ ਵਿੱਚ ਹੁੰਦੀ ਹੈ ਜੋ ਕਿ ਪ੍ਰਮਾਤਮਾ ਦਾ "ਸਚੁ ਰੂਪ" ਹੈ। ਸੰਸਾਰ ਵਿੱਚ ਹਰ ਆਕਾਰ ਰੂਪ ਬਿਨਸ ਸਕਦਾ ਹੈ, ਹਰ ਝੂਠੀ ਸਮਝ ਬਿਨਸ ਸਕਦੀ ਹੈ ਪਰ ਸੱਚਾ ਗਿਆਨ ਕਦੇ ਨਹੀਂ ਬਿਨਸ ਸਕਦਾ, ਨਾਮ ਕਦੇ ਨਹੀਂ ਬਿਨਸ ਸਕਦਾ ਜਿਸ ਸੱਚੇ ਗਿਆਨ ਨੂੰ ਰਹਿੰਦੀ ਦੁਨੀਆ ਤੱਕ ਕੋਈ ਝੂਠ ਸਾਬਿਤ ਨਹੀਂ ਕਰ ਸਕਦਾ। ਝੂਠ ਬਿਨਸ ਸਕਦਾ ਹੈ ਪਰ ਸੱਚ ਕਦੇ ਨਹੀਂ ਬਿਨਸ ਸਕਦਾ। ਪ੍ਰਮਾਤਮਾ ਆਪਣੇ ਇਸੇ ਰੂਪ ਦੁਆਰਾ ਅਬਿਨਾਸੀ ਹੈ ਜਿਸ ਕਰਕੇ ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ। ਸੱਚ ਦਾ ਮਾਲਕ ਉਹ ਆਪ ਹੀ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸੱਚ ਹੈ ਜੋ ਸੱਚ ਗੁਰੂ ਦੇ ਬਚਨਾਂ ਦੇ ਰੂਪ ਵਿੱਚ ਹੈ ਜੋ ਗੁਰੂ ਦੇ ਬਚਨ ਸਦਾ ਅਟੱਲ ਰਹਿਣ ਵਾਲੇ ਹਨ ਭਾਵ ਉਹ ਬਚਨ ਕਦੇ ਬਦਲ ਨਹੀਂ ਸਕਦੇ, ਉਹ ਬਚਨ ਕਦੇ ਝੂਠੇ ਸਾਬਿਤ ਨਹੀਂ ਕੀਤੇ ਜਾ ਸਕਦੇ। ਗੁਰੂ ਨੇ ਆਪਣੇ ਬਚਨਾਂ ਰਾਹੀਂ ਜੋ ਸੈਂਕੜੇ ਸਾਲ ਪਹਿਲੇ ਫੁਰਮਾਇਆ ਸੀ ਭਾਵ ਜੋ ਸੱਚ ਸੰਸਾਰ ਨੂੰ ਸਮਝਾਇਆ ਸੀ ਉਹ ਗੱਲ ਅੱਜ ਵੀ ਉਸੇ ਤਰ੍ਹਾਂ ਸੱਚ ਹੈ। ਗੁਰੂ ਨੇ ਅੱਜ ਤੋਂ ਸੈਂਕੜੇ ਸਾਲ ਪਹਿਲਾਂ ਬਾਣੀ ਰਾਹੀਂ ਇਹ ਸਮਝਾਇਆ ਸੀ ਕਿ ਸੰਸਾਰ ਵਿੱਚ ਕੁੱਝ ਵੀ ਟਿੱਕਿਆ ਹੋਇਆ ਨਹੀਂ ਹੈ ਭਾਵ ਸਭ ਕੁੱਝ ਆਕਾਸ਼ ਵਿੱਚ ਘੁੰਮ ਰਿਹਾ ਹੈ। ਧਰਤੀ, ਚੰਦਰਮਾ, ਸੂਰਜ, ਖੰਡ, ਬ੍ਰਹਿਮੰਡ ਸਭ ਘੁੰਮ ਰਹੇ ਹਨ ਜਿਸ ਗੱਲ ਤੇ ਉਸ ਸਮੇ ਕਿਸੇ ਨੂੰ ਵਿਸ਼ਵਾਸ ਨਹੀਂ ਆਇਆ ਹੋਣਾ ਤੇ ਹਰ ਕੋਈ ਇਹ ਸਮਝਦਾ ਸੀ ਕਿ ਧਰਤੀ ਇੱਕ ਜਗ੍ਹਾ ਤੇ ਖੜੀ ਹੈ ਤੇ ਸੂਰਜ ਕਿਸ ਤਰੀਕੇ ਨਿਕਲਦਾ ਹੈ ਤੇ ਛੁਪ ਜਾਂਦਾ ਹੈ ਇਸ ਗੱਲ ਦੀ ਸਮਝ ਨਹੀਂ ਸੀ ਪਰ ਹੁਣ ਇਹ ਭਰਮ ਸਭ ਦਾ ਨਿਕਲ ਚੁੱਕਾ ਹੈ ਭਾਵ ਬਾਣੀ ਰਾਹੀਂ ਪ੍ਰਮਾਤਮਾ ਨੇ ਸਭ ਕੁੱਝ ਸੱਚ ਹੀ ਸਮਝਾਇਆ ਹੋਇਆ ਹੈ। ਬਾਣੀ ਨੇ ਸਾਨੂੰ ਸੈਂਕੜੇ ਸਾਲ ਪਹਿਲਾਂ ਇਹ ਗੱਲ ਸਮਝਾਈ ਸੀ ਕਿ ਸੂਰਜ ਤੋਂ ਵੱਡੇ ਹੋਰ ਵੀ ਅਨੇਕਾਂ ਸੂਰਜ ਹਨ, ਕਰੋੜਾਂ ਖੰਡ ਬ੍ਰਹਿਮੰਡ ਹਨ ਤੇ ਹੁਣ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਭਾਵ ਪ੍ਰਮਾਤਮਾ ਦੇ ਬ੍ਰਹਮ ਗਿਆਨ ਦੁਆਰਾ ਰਚੀ ਹੋਈ ਸਾਇੰਸ ਆਪ ਹੀ ਇਸ ਨੂੰ ਸੱਚ ਕਰ ਕੇ ਵਿਖਾ ਰਹੀ ਹੈ। ਪੂਰੀ ਸਾਇੰਸ ਦੀ ਰਚਨਾ ਪ੍ਰਮਾਤਮਾ ਦੇ ਬ੍ਰਹਮ ਗਿਆਨ ਨਾਲ ਹੀ ਹੋਈ ਹੈ, ਉਸ ਦੇ ਨਾਮ ਨਾਲ ਹੀ ਹੋਈ ਹੈ ਤੇ ਉਸ ਦੇ ਨਾਮ ਨਾਲ ਹੀ ਚੱਲ ਰਹੀ ਹੈ ਭਾਵ ਸਭ ਕੁੱਝ ਸਚੁ ਰੂਪ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੈ ਤੇ ਆਪ ਹੀ ਉਸ ਨੂੰ ਚਲਾ ਰਿਹਾ ਹੈ, ਆਪਣੇ ਸੱਚ ਰੂਪ ਦੁਆਰਾ ਚਲਾ ਰਿਹਾ ਹੈ ਜੋ ਉਸ ਦਾ ਸੱਚ ਭਾਵ ਸੱਚਾ ਗਿਆਨ, ਬ੍ਰਹਮ ਗਿਆਨ ਸਦਾ ਤੋਂ ਹੈ, ਸੱਚੀ ਸਾਇੰਸ ਦੇ ਰੂਪ ਵਿੱਚ ਸਦਾ ਤੋਂ ਹੈ ਤੇ ਹੁਣ ਵੀ ਹੈ ਤੇ ਸਦਾ ਲਈ ਹੀ ਰਹਿਣਾ ਹੈ ਜੋ ਕਦੇ ਖ਼ਤਮ ਨਹੀਂ ਹੋ ਸਕਦਾ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ "ਅਕਾਲ" ਹੈ ਭਾਵ "ਅਕਾਲ ਮੂਰਤਿ" ਹੈ ਜੋ ਕਾਲ ਤੋਂ ਰਹਿਤ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਆਪ ਹੀ ਗੁਰੂ ਹੈ ਭਾਵ ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੀ "ਗੁਰ ਮੂਰਤਿ" ਦੇ ਰੂਪ ਵਿੱਚ ਹੈ, ਸੱਚ ਦੀ ਮੂਰਤਿ ਦੇ ਰੂਪ ਵਿੱਚ ਹੈ। ਅਸੀਂ ਪ੍ਰਮਾਤਮਾ ਦੀ ਇਸ "ਗੁਰ ਮੂਰਤਿ" ਦੇ ਨਾਲ ਭਾਵ "ਅਕਾਲ ਮੂਰਤਿ" ਦੇ ਨਾਲ ਵਿਆਹ ਕਰਾਉਣਾ ਹੈ ਜੋ ਵਿਆਹ ਗੁਰੂ ਦੇ ਸੱਚੇ ਗਿਆਨ ਨੂੰ ਭਾਵ "ਗੁਰ ਮੂਰਤਿ" ਨੂੰ ਆਪਣੇ ਧਿਆਨ ਵਿੱਚ ਵਸਾਉਣ ਦੁਆਰਾ ਹੀ ਹੋ ਸਕਦਾ ਹੈ ਤੇ ਵਿਆਹ ਉਸਦੀ ਆਪਣੀ ਕਿਰਪਾ ਦੁਆਰਾ ਹੀ ਹੁੰਦਾ ਹੈ, ਉਸ ਦਾ ਗੁਰਮੁਖਿ ਰੂਪ ਬਣਨ ਦੁਆਰਾ ਹੀ ਹੁੰਦਾ ਹੈ ਤੇ ਪੂਰੀ ਬਾਣੀ ਸਾਨੂੰ ਗੁਰਮੁਖਿ ਬਣਨਾ ਹੀ ਸਿਖਾ ਰਹੀ ਹੈ ਜੋ ਗੁਰਮੁਖਿ ਰੂਪ ਗੁਰੂ ਦੀ ਸਮਝ ਨੂੰ ਮੰਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਭਾਵ ਮਨ ਦੀ ਹਉਮੈ, ਅਗਿਆਨਤਾ ਵਾਲੀ ਸਮਝ ਛੱਡਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਿਸ ਨੂੰ ਛੱਡਣ ਦਾ ਹੀ ਅਸੀਂ ਸੱਚਾ ਉੱਦਮ ਕਰਨਾ ਹੈ ਭਾਵ ਗੁਰੂ ਦੀ "ਮੂਰਤਿ" ਨੂੰ ਜੋ ਆਪ ਹੀ "ਅਕਾਲ ਮੂਰਤਿ" ਹੈ ਉਸ ਨੂੰ ਆਪਣੇ ਅੰਦਰ ਵਸਾਉਣ ਦਾ ਉੱਦਮ ਕਰਨਾ ਹੈ ਤਾਂ ਜੋ ਉਸ ਅਕਾਲ ਪੁਰਖ ਦੇ ਨਾਲ ਮਨ ਦੇ ਵਿੱਚ ਸਾਡਾ ਵਿਆਹ ਹੋ ਸਕੇ ਤੇ ਅਸੀਂ ਉਸ ਵਰ ਨੂੰ ਪਾ ਸਕੀਏ ਜੋ ਸਾਡੇ ਸਭ ਦੇ ਅੰਦਰ ਹੀ ਹੈ। (**ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥**)

ਅਕਾਲ ਮੂਰਤਿ ਕੀ ਹੈ ਇਸ ਗੱਲ ਨੂੰ ਅਸੀਂ ਉਪਰਲੇ ਸ਼ਬਦ ਰਾਹੀਂ ਸਮਝਿਆ ਹੈ ਜੋ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਹੀ ਉਸ ਦਾ "ਨਾਮੁ" ਰੂਪ ਹੈ। ਸਭ ਜਗ੍ਹਾ ਪ੍ਰਮਾਤਮਾ ਆਪਣੇ ਨਾਮ ਰੂਪ ਵਿੱਚ ਹੀ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ

ਦਾ ਨਾਮ ਹੀ ਉਸ ਦੀ ਮੂਰਤਿ ਹੈ ਜਿਸ ਮੂਰਤਿ ਦਾ ਮਕਸਦ ਸਾਨੂੰ ਸਾਡੀ ਭਗਤੀ ਦਾ ਮਾਰਗ ਸਮਝਾਉਣ ਦਾ ਹੈ। ਆਪਣੇ ਅੰਦਰ ਪ੍ਰਮਾਤਮਾ ਦੇ ਨਾਮ ਨੂੰ ਵਸਾਉਣਾ ਹੀ ਉਸ ਦੀ ਮੂਰਤਿ ਨੂੰ ਆਪਣੇ ਅੰਦਰ ਵਸਾਉਣਾ ਹੈ। ਆਪਣੇ ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਗੁਰੂ ਹੈ ਭਾਵ ਆਪਣੀ ਸੱਚੀ ਗੁਰਮਤਿ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਗੁਰੂ ਹੈ। "ਪੂਰੀ ਗੁਰਮਤਿ" ਗੁਰੂ ਦੀ "ਮੂਰਤਿ" ਹੈ ਜਿਸ ਮੂਰਤਿ ਦਾ ਮਕਸਦ ਸਾਨੂੰ ਸੱਚ ਸਮਝਾਉਣ ਨਾਲ ਹੈ ਭਾਵ ਸਾਨੂੰ ਸਾਡੇ ਜੀਵਨ ਦਾ ਮਾਰਗ ਸਮਝਾਉਣ ਲਈ ਹੈ, ਭਗਤੀ ਦਾ ਸੱਚਾ ਮਾਰਗ ਸਮਝਾਉਣ ਲਈ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਏਕਾ ਮੂਰਤਿ ਸਾਚਾ ਨਾਉ ॥
ਤਿਥੈ ਨਿਬੜੈ ਸਾਚੁ ਨਿਆਉ ॥
ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥
ਏਕਾ ਭਗਤਿ ਏਕੋ ਹੈ ਭਾਉ ॥
ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥
ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥"

(ਅੰਗ - ੧੧੮੮-੧੧੮੯)

ਜੋ ਅਸੀਂ ਪਿਛਲੇ ਸ਼ਬਦ ਰਾਹੀਂ "ਅਕਾਲ ਰੂਪ" ਸਮਝਿਆ ਹੈ ਤੇ ਉਸ ਦਾ ਮਕਸਦ ਸਮਝਿਆ ਹੈ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੀ ਮੂਰਤਿ ਇੱਕੋ ਹੀ ਹੈ, ਉਸ ਦੀ "ਮੂਰਤਿ" ਦਾ ਰੂਪ ਇੱਕੋ ਹੀ ਹੈ ਜੋ ਉਸ ਦੀ "ਮੂਰਤਿ" ਸੱਚਾ ਨਾਮ ਹੈ ਭਾਵ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦਾ ਮਕਸਦ ਮਨੁੱਖ ਨੂੰ ਅਗਿਆਨਤਾ ਵਿੱਚੋਂ ਕੱਢ ਕੇ ਭਗਤੀ ਦਾ ਸੱਚਾ ਮਾਰਗ ਸਮਝਾਉਣ ਲਈ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨ ਲਈ ਹੈ। ਆਪਣੀ ਨਾਮ ਰੂਪ ਮੂਰਤਿ ਦੁਆਰਾ ਪ੍ਰਮਾਤਮਾ ਸੱਚ ਹੀ ਸਮਝਾਉਂਦਾ ਹੈ ਤੇ ਉਸ ਦੇ ਦਰ ਤੇ ਨਿਬੇੜਾ ਵੀ ਸੱਚ ਦੇ ਨਾਲ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਆਪਣੇ ਦਰ ਤੇ ਜੋ ਨਿਆਉ ਕਰਦਾ ਹੈ ਉਹ ਆਪਣੇ ਨਾਮ ਦੁਆਰਾ ਹੀ ਕਰਦਾ ਹੈ ਭਾਵ ਜੋ ਪ੍ਰਮਾਤਮਾ ਦੇ ਨਾਮ ਨੂੰ ਮੰਨਦਾ ਹੈ, ਜੋ ਉਸ ਦੀ ਸਮਝਾਈ ਹੋਈ ਮਤਿ ਨੂੰ ਮੰਨਦਾ ਹੈ ਭਾਵ ਉਸ ਅਨੁਸਾਰ ਚੱਲਦਾ ਹੈ ਉਸ ਦੇ ਨਾਲ ਪ੍ਰਮਾਤਮਾ ਪੂਰਾ ਨਿਆਂ ਕਰਦਾ ਹੈ ਭਾਵ ਆਪਣੇ ਨਾਲ ਮੇਲ ਕਰਨ ਦੀ ਪ੍ਰਮਾਤਮਾ ਨੇ ਜੋ ਕਸਵੱਟੀ ਲਾਈ ਹੈ ਭਾਵ ਗੁਰਮਤਿ ਤੇ ਚੱਲਣ ਦੀ ਕਸਵੱਟੀ ਲਾਈ ਹੈ ਭਾਵ ਜੋ ਸੱਚ ਤੇ ਚੱਲਣ ਦੀ ਕਸਵੱਟੀ ਲਾਈ ਹੈ ਜੋ ਉਸ ਤੇ ਪੂਰਾ ਉਤਰਦਾ ਹੈ ਪ੍ਰਮਾਤਮਾ ਉਸ ਦੇ ਨਾਲ ਨਿਆਂ ਕਰਦਾ ਹੈ ਭਾਵ ਉਸ ਦੇ ਨਾਲ ਮੇਲ ਕਰਦਾ ਹੈ। (**ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥**) ਪ੍ਰਮਾਤਮਾ ਦਾ ਨਿਆਂ ਉਸ ਦੀ ਕਿਸ ਕਸਵੱਟੀ ਤੇ ਪੂਰਾ ਉਤਰਕੇ ਹੁੰਦਾ ਹੈ ਜੋ ਕਸਵੱਟੀ ਗੁਰਮਤਿ ਤੇ ਪੂਰਾ ਉਤਰਨ ਦੀ ਹੈ ਭਾਵ ਉਸ ਦਾ ਨਾਮ ਜਪਣ ਦੀ ਕਸਵੱਟੀ ਹੈ ਤੇ ਗੁਰੂ ਦੀ ਮੂਰਤਿ ਨੂੰ ਆਪਣੇ ਅੰਦਰ ਵਸਾਉਣ ਦੀ ਕਸਵੱਟੀ ਕੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥"

ਗੁਰੂ ਦੇ ਸਮਝਾਏ ਹੋਏ ਸੱਚ ਤੇ, ਨਾਮ ਤੇ ਪੂਰਾ ਉਤਰਨਾ ਕੀ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਸਾਡਾ ਨਿਬੇੜਾ ਕਿਸ ਤਰੀਕੇ ਹੋਣਾ ਹੈ ਇਹ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕਰਕੇ ਸਮਝਾਈ ਹੋਈ ਹੈ। ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਇੱਕੋ ਹੀ ਹੈ ਜੋ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਇਹ ਮਾਰਗ ਮਨੁੱਖ ਦੀ ਸੱਚੀ ਕਰਨੀ ਹੈ ਭਾਵ ਮਨੁੱਖ ਦੀ ਸੱਚੀ ਵਿਚਰਨ ਹੈ ਜੋ ਚੰਗੀ ਵਿਚਰਨ ਮਾਇਆ ਮੋਹ ਤਿਆਗਣ ਦੁਆਰਾ, ਤ੍ਰਿਸ਼ਨਾਵਾਂ ਤਿਆਗਣ ਦੁਆਰਾ ਭਾਵ ਹਰ ਅਵਗੁਣ ਤਿਆਗਣ ਦੁਆਰਾ ਹੁੰਦੀ ਹੈ ਜਿਸ ਦੁਆਰਾ ਮਨੁੱਖ ਦੀ ਪਤਿ ਪ੍ਰਮਾਤਮਾ ਦੇ ਦਰ ਤੇ ਪ੍ਰਵਾਣ ਹੁੰਦੀ ਹੈ ਤੇ ਪ੍ਰਮਾਤਮਾ

ਦੇ ਦਰ ਤੇ ਮਨੁੱਖ ਨੂੰ ਮਾਣ ਮਿਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਦਰ ਤੇ ਨਿਬੇੜਾ ਸੱਚ ਨਾਲ ਹੀ ਹੁੰਦਾ ਹੈ, ਨਾਮ ਨਾਲ ਹੀ ਹੁੰਦਾ ਹੈ, ਗੁਰੂ ਦੀ ਮੂਰਤਿ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਹੁੰਦਾ ਹੈ ਤੇ ਉਹ ਤਾਂ ਹੀ ਹੋਵੇਗਾ ਜਦੋਂ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ ਗੁਰੂ ਦਾ ਨਾਮ ਕਿਸ ਮਕਸਦ ਲਈ ਹੈ ਭਾਵ ਸਾਡੀ ਸੱਚੀ ਕਰਨੀ ਲਈ ਹੈ। (**ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੬॥**) ਮਨੁੱਖ ਦੀ ਸੱਚੀ ਕਰਨੀ ਹੀ ਸਾਰੇ ਸੰਸਾਰ ਲਈ ਇੱਕੋ ਇੱਕ ਭਗਤੀ ਦਾ ਮਾਰਗ ਹੈ ਤੇ ਗੁਰੂ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਜੋੜਨ ਦਾ ਮਾਰਗ ਹੈ ਜਿਵੇਂ ਕਿ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਏਕਾ ਭਗਤਿ ਏਕੋ ਹੈ ਭਾਉ ॥
ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਨੁ ॥
ਹਰਿ ਰਸਿ ਰਾਤਾ ਜਨੁ ਪਰਵਾਨੁ ॥੭॥”

ਜੋ ਪ੍ਰਮਾਤਮਾ ਦੀ ਸੱਚੀ ਭਗਤੀ ਹੈ ਉਹੀ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਜਤਾਉਣਾ ਹੈ। ਗੁਰੂ ਦੀ ਮਤਿ ਨੂੰ ਮੰਨਣਾ ਹੀ ਉਸ ਦੀ ਭਗਤੀ ਹੈ ਤੇ ਗੁਰੂ ਦੀ ਮਤਿ ਨੂੰ ਮੰਨਣਾ ਹੀ ਗੁਰੂ ਦੇ ਨਾਲ ਆਪਣਾ ਪਿਆਰ ਜਿਤਾਉਣਾ ਹੈ ਜੋ ਪ੍ਰਮਾਤਮਾ ਦੇ ਨਾਲ ਪਿਆਰ ਜਿਤਾਉਣਾ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੀ ਪੰਗਤੀ ਦੁਆਰਾ ਫਿਰ ਦ੍ਰਿੜ ਕੀਤਾ ਜਾ ਸਕਦਾ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥}

(ਅੰਗ - ੬੫)

ਗੁਰੂ ਦੇ ਸ਼ਬਦ ਨੂੰ ਅਸੀਂ ਆਪਣੇ ਜੀਵਨ ਵਿੱਚ ਕਿਵੇਂ ਕਮਾਉਣਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦਾ ਸ਼ਬਦ ਸਾਨੂੰ ਜੋ ਕੁੱਝ ਕਹਿੰਦਾ ਹੈ, ਸਮਝਾਉਂਦਾ ਹੈ ਉਸ ਦੀ ਸਮਝ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੀ ਗੁਰੂ ਦੀ ਭਗਤੀ ਹੈ, ਗੁਰੂ ਦੇ ਨਾਲ ਆਪਣਾ ਪਿਆਰ ਜਿਤਾਉਣਾ ਹੈ ਜੋ ਪਿਆਰ ਆਪਣੇ ਅੰਦਰ ਦੀ ਬਿਖ ਤਿਆਗਣ ਦੁਆਰਾ ਭਾਵ ਮਾਇਆ ਮੋਹ ਤਿਆਗਣ ਦੁਆਰਾ, ਆਪਣੀ ਹਉਮੈ ਛੱਡਣ ਦੁਆਰਾ, ਸਾਰੇ ਵਿਕਾਰ ਛੱਡਣ ਦੁਆਰਾ ਹੀ ਦਿਖਾਇਆ ਜਾ ਸਕਦਾ ਹੈ। ਭਗਤੀ ਦਾ ਮਾਰਗ ਸਾਡੀ ਸੱਚੀ ਕਰਨੀ ਦਾ ਮਾਰਗ ਹੈ ਜੇਕਰ ਅਸੀਂ ਆਪਣੀ ਮਾੜੀ ਸਮਝ ਨੂੰ ਛੱਡੀਏ ਤੇ ਗੁਰੂ ਦੀ ਸੱਚੀ ਸਮਝ ਤੇ ਅਮਲ ਕਰੀਏ। ਉੱਪਰ ਮੁੱਖ ਸ਼ਬਦ ਦੇ ਪਦੇ ਰਾਹੀਂ ਸਾਨੂੰ ਭਗਤੀ ਦਾ ਮਾਰਗ “ਭੈ” ਰਹਿਤ ਹੋ ਕੇ ਭਗਤੀ ਦੇ ਮਾਰਗ ਤੇ ਚੱਲਣਾ ਸਮਝਾਇਆ ਹੋਇਆ ਹੈ। ਸਾਡੇ ਅੰਦਰ “ਭੈ” ਕਿਸ ਗੱਲ ਦਾ ਹੈ ਜਿਸ “ਭੈ” ਵਿੱਚੋਂ ਅਸੀਂ ਨਿਕਲਣਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਸਾਨੂੰ ਭਗਤੀ ਦੇ ਮਾਰਗ ਤੇ ਚੱਲਣ ਲਈ ਭਾਵ ਸੱਚੀ ਕਰਨੀ ਦੇ ਮਾਰਗ ਤੇ ਚੱਲਣ ਲਈ ਮਾਇਆ ਮੋਹ ਦਾ ਤਿਆਗ ਕਰਨ ਲਈ ਸਮਝਾਉਂਦਾ ਹੈ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦਾ ਹੈ, ਹਉਮੈ ਛੱਡਣ ਲਈ ਸਮਝਾਉਂਦਾ ਹੈ, ਔਗੁਣ ਛੱਡਣ ਲਈ ਸਮਝਾਉਂਦਾ ਹੈ। ਇਹ ਮਾਇਆ ਮੋਹ ਛੱਡਣ ਦਾ ਭੈ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਦਾ ਮੋਹ ਸਭ ਦੇ ਅੰਦਰ ਵੱਸਿਆ ਹੀ ਰਹਿੰਦਾ ਹੈ, ਜਿਸ ਤੋਂ ਮੁਕਤਿ ਹੋਏ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਸੱਚੀ ਕਰਨੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਇਹੋ ਜਿਹੀ ਭਗਤੀ ਨਾਲ ਹੀ ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਜੁੜਦਾ ਹੈ। ਇਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣ ਦੁਆਰਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜਿਸ ਦੁਆਰਾ ਮਨੁੱਖ ਮਨ ਦੇ ਆਵਾਗਉਣ ਤੋਂ ਮੁਕਤ ਹੁੰਦਾ ਹੈ। (**ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥**)

ਮਾਇਆ ਮੋਹ ਦਾ ਭਉ ਸਾਡੇ ਅੰਦਰ ਮਾੜਾ ਭਉ ਹੈ ਤੇ ਇਸ ਭੈ ਵਿੱਚੋਂ ਨਿਕਲਕੇ ਹੀ ਸਾਡੇ ਅੰਦਰ ਗੁਰੂ ਦਾ ਭੈ ਵੱਸ ਸਕਦਾ ਹੈ, ਸੱਚ ਤੇ ਚੱਲਣ ਦਾ ਭੈ ਵੱਸ ਸਕਦਾ ਹੈ ਜਿਸ ਦੁਆਰਾ ਮਨੁੱਖ ਦੀ ਕਰਨੀ ਚੰਗੀ ਬਣਦੀ ਹੈ।

{ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥
ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥
ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ - ੧੦੮੯)

ਸੱਚੀ ਭਗਤੀ ਦੀ ਸਮਝ ਕਿਵੇਂ ਪੈਂਦੀ ਹੈ ਤੇ ਮਨੁੱਖ ਆਵਾਗਉਣ ਤੋਂ ਕਿਵੇਂ ਮੁਕਤਿ ਹੁੰਦਾ ਹੈ ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਗੁਰ ਤੇ ਸਮਝਿ ਰਹੈ ਮਿਹਮਾਣੁ ॥
ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਵਾਲੀ ਅਵੱਸਥਾ ਹੀ ਸਮਝਾਈ ਹੋਈ ਹੈ ਕਿਉਂਕਿ ਆਪਣੀ ਸੱਚੀ ਭਗਤੀ ਦਾ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਜੋ ਕਿ ਕੇਵਲ ਉਸ ਦੀ ਕਿਰਪਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਜਿਵੇਂ ਕਿ ਅਸੀਂ ਵਾਰ-ਵਾਰ ਸਮਝਿਆ ਹੈ ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ। "ਗੁਰੂ" ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਗੁਰੂ ਰੂਪ ਪ੍ਰਗਟ ਕੀਤਾ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਉਹੀ ਇਸ ਗੱਲ ਨੂੰ ਜਾਣਦੇ ਹਨ ਕਿ ਗੁਰੂ ਅਸਲ ਵਿੱਚ ਕੌਣ ਹੈ ਜੋ ਗੁਰੂ ਸਾਰੇ ਸੰਸਾਰ ਦਾ ਇੱਕੋ ਇੱਕ ਗੁਰੂ ਹੈ ਭਾਵ ਆਪ ਪ੍ਰਮਾਤਮਾ ਹੀ ਹੈ ਤੇ ਇਸੇ ਲਈ ਉਸ ਦੀ ਭਗਤੀ ਦਾ ਮਾਰਗ ਵੀ ਸਾਰੇ ਸੰਸਾਰ ਲਈ ਇੱਕੋ ਹੀ ਹੈ ਤੇ ਉਸ ਨੂੰ ਜਾਣਨ ਦਾ ਮਾਰਗ ਵੀ ਇੱਕੋ ਹੀ ਹੈ ਜੋ ਮਾਰਗ ਉਸ ਦੀ ਸਮਝਾਈ ਹੋਈ, ਧਰਮ ਗ੍ਰੰਥਾਂ ਰਾਹੀਂ ਸਮਝਾਈ ਹੋਈ, ਗੁਰਬਾਣੀ ਰਾਹੀਂ ਸਮਝਾਈ ਹੋਈ ਸੱਚੀ ਮਤਿ ਨੂੰ ਮੰਨਣ ਦਾ ਹੈ। ਉਸ ਦੀ ਸੱਚੀ ਮਤਿ ਸਭ ਨੂੰ ਇੱਕੋ ਜਿਹੀ ਸੱਚੀ ਕਰਨੀ ਹੀ ਸਮਝਾਉਂਦੀ ਹੈ। ਪੂਰੀ ਗਰਬਾਣੀ ਰਾਹੀਂ ਜਿੰਨ੍ਹਾਂ ਨੇ ਸਾਨੂੰ ਸੱਚੀ ਮਤਿ ਸਮਝਾਈ ਹੈ ਉਹਨਾਂ ਨੇ ਗੁਰੂ ਰੂਪ ਪ੍ਰਮਾਤਮਾ ਕੋਲੋਂ ਹੀ ਇਹ ਸਮਝ ਲਈ ਹੈ। ਆਪਣੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨੁੱਖ ਦਾ ਆਵਾਗਉਣ ਹੀ ਇੱਕ ਭਰਮ ਹੈ ਤੇ ਅਸਲ ਵਿੱਚ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਜੋ ਆਵਾਗਉਣ ਤੋਂ ਰਹਿਤ ਹੈ। ਜਦ ਤੱਕ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਦਾ ਭਾਵ ਭਰਮਾਂ ਵਾਲੀ ਸਮਝ ਵਿੱਚ ਹੁੰਦਾ ਹੈ ਤਦ ਤੱਕ ਉਹ ਇਸ ਸਰੀਰ ਨੂੰ ਆਪਣਾ ਸਰੀਰ ਹੀ ਸਮਝਦਾ ਹੈ ਭਾਵ ਆਪਣੀ ਹੋਂਦ ਸਮਝਦਾ ਹੈ ਤੇ ਆਪਣੇ ਮਨ ਦੀ ਸਮਝ ਨੂੰ ਵੀ ਆਪਣੀ ਸਮਝ ਹੀ ਸਮਝਦਾ ਹੈ ਭਾਵ ਆਪਣੇ ਆਪ ਨੂੰ ਹੀ ਇਸ ਸਰੀਰ ਦਾ ਮਾਲਕ ਸਮਝਦਾ ਹੈ। ਜਦ ਤੱਕ ਸਾਡੇ ਅੰਦਰ ਇਸ ਮਨ ਰੂਪ ਘਰ ਦਾ ਮਾਲਕ ਪ੍ਰਗਟ ਨਹੀਂ ਹੁੰਦਾ ਅਸੀਂ ਤਦ ਤੱਕ ਹੀ ਅਸੀਂ ਆਪਣੇ ਆਪ ਨੂੰ ਮਾਲਕ ਸਮਝਦੇ ਹਾਂ ਪਰ ਅਸਲ ਵਿੱਚ ਕੇਵਲ "ਮਿਹਮਾਣੁ" ਹਾਂ, ਆਪਣੇ ਘਰ ਦੇ ਵਿੱਚ ਹੀ "ਮਹਿਮਾਣੁ" ਹਾਂ। ਇਹ ਸਮਝ ਮਨ ਦੇ ਵਿੱਚ ਹੀ ਪੈਂਦੀ ਹੈ ਤੇ ਘਰ ਦਾ ਮਾਲਕ ਆਪ ਹੀ ਪਾਉਂਦਾ ਹੈ ਤੇ ਆਪਣੇ ਮਨ ਰੂਪ ਘਰ ਦੇ ਵਿੱਚੋਂ ਸੱਚੀ ਭਗਤੀ ਦਾ ਮਾਰਗ ਆਪ ਹੀ ਸਮਝਾਉਂਦਾ ਹੈ। ਜੋ ਗੁਰੂ ਕੋਲੋਂ ਭਗਤੀ ਦੀ ਸੱਚੀ ਸਮਝ ਮਿਲਦੀ ਹੈ, ਭਗਤੀ ਦਾ ਸੱਚਾ ਗਿਆਨ ਮਿਲਦਾ ਹੈ ਉਹ "ਹਰਿ ਰਸਿ" ਹੈ ਭਾਵ ਉਸ ਦੇ ਸੱਚੇ ਗਿਆਨ ਦਾ ਰਸਿ ਹੈ ਜਿਸ ਰਸਿ ਦੇ ਨਾਲ ਭਾਵ ਨਾਮ ਰਸਿ ਦੇ ਨਾਲ ਰੱਤੇ ਜਾਣਾ ਹੀ ਭਗਤੀ ਦੇ ਮਾਰਗ ਤੇ ਚੱਲਣਾ ਹੈ ਤੇ ਉਸ ਪ੍ਰਮਾਤਮਾ ਦਾ "ਜਨੁ" ਬਣਨਾ ਹੈ ਜੋ ਜਨੁ ਉਸ ਦੇ ਦਰ ਤੇ ਪ੍ਰਵਾਨ ਹੁੰਦਾ ਹੈ। (**ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥ ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥**)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥

ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥}

(ਅੰਗ - ੪੧)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥
ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ - ੧੧੨੩)

{ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨਿ ਰੇ ਮਨਾ ਸੋ ਮੂਰਤਿ ਭਗਵਾਨ ॥੧੩॥
ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥
ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥}

(ਅੰਗ - ੧੪੨੭)

ਅਸੀਂ ਪਿਛਲੇ ਕੁੱਝ ਸ਼ਬਦਾਂ ਦੁਆਰਾ ਗੁਰੂ ਦੀ ਮੂਰਤਿ ਨੂੰ, ਪ੍ਰਮਾਤਮਾ ਦੀ ਮੂਰਤਿ ਨੂੰ ਆਪਣੇ ਅੰਦਰ ਵਸਾਉਣਾ ਕੀ ਹੈ ਤੇ ਉਸ ਨੂੰ ਆਪਣੇ ਅੰਦਰ ਵਸਾਉਣ ਦਾ ਮਕਸਦ ਕੀ ਹੈ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ। ਗੁਰੂ ਦੀ ਮੂਰਤਿ ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਉਸ ਦਾ ਸੱਚਾ ਨਾਮ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਪਿੱਛੇ ਹੋਰ ਵੀ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਜਿੰਨ੍ਹਾਂ ਦੀ ਭਾਵੇਂ ਵਿਆਖਿਆ ਨਹੀਂ ਕੀਤੀ ਗਈ ਪਰ ‘‘ਗੁਰ ਮੂਰਤਿ’’ ਤੋਂ ਭਾਵ ਇਹੋ ਹੀ ਹੈ ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ। ਗੁਰੂ ਦੀ ਗੱਲ ਕਦੇ ਬਦਲ ਨਹੀਂ ਸਕਦੀ ਪਰ ਗੁਰੂ ਦੀ ਸਮਝ ਬਹੁਤ ਗਹਿਰੀ ਹੁੰਦੀ ਹੈ ਜਿਸ ਨੂੰ ਸਮਝਣ ਵਿੱਚ ਅਸੀਂ ਭਰਮ ਵਿੱਚ ਰਹਿੰਦੇ ਹਾਂ ਤੇ ਸ਼ਬਦਾਂ ਦੇ ਅਰਥ ਆਪਣੀ-ਆਪਣੀ ਸਮਝ ਨਾਲ ਵੱਖਰੇ-ਵੱਖਰੇ ਕੱਢ ਲੈਂਦੇ ਹਾਂ ਤੇ ਸੱਚ ਨਾਲ ਜੁੜਨ ਦੀ ਬਜਾਇ ਉਲਟਾ ਹੋਰ ਭਰਮਾਂ ਵਿੱਚ ਪੈਂਦੇ ਹਾਂ। ਗੁਰ ਮੂਰਤਿ ਜਾਂ ਹਰਿ ਮੂਰਤਿ ਗੁਰਮਤਿ ਰੂਪ ਸੱਚੀ ਸਮਝ ਦਾ ਰੂਪ ਹੈ ਤੇ ਜਿਸਨੂੰ ਗੁਰੂ ਦੀ ਸੱਚੀ ਸਮਝ ਵਿਸਰੀ ਹੁੰਦੀ ਹੈ ਉਸਨੂੰ ਹਰਿ ਮੂਰਤਿ ਵਿਸਰੀ ਹੁੰਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਹਰਿ ਮੂਰਤਿ ਕੀ ਹੈ।

“ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥”

(ਅੰਗ - ੨੧੯)

ਉੱਪਰ ਪੰਗਤੀਆਂ ਰਾਹੀਂ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜਿਸ ਮਨੁੱਖ ਦੇ ਅੰਦਰ ਔਗੁਣ ਹਨ, ਵਿਕਾਰ ਹਨ ਉਸਨੂੰ "ਹਰਿ ਮੂਰਤਿ" ਵਿਸਰੀ ਹੋਈ ਹੈ ਭਾਵ ਗੁਰੂ ਦੀ ਮਤਿ ਵਿਸਰੀ ਹੋਈ ਹੈ ਭਾਵ ਨਾਮ ਵਿਸਰਿਆ ਹੋਇਆ ਹੈ ਭਾਵ ਸੱਚ ਵਿਸਰਿਆ ਹੋਇਆ ਹੈ। ਗੁਰੂ ਸਾਨੂੰ ਹਰ ਸ਼ਬਦ ਰਾਹੀਂ ਸੱਚ ਹੀ ਸਮਝਾਉਂਦਾ ਹੈ ਤੇ ਸੱਚ ਇਹ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਜੋ ਮਨੁੱਖ ਆਪਣੇ ਤਨ ਨੂੰ ਭਾਵ ਆਪਣੇ ਸਰੀਰ ਨੂੰ, ਮਨੁੱਖੀ ਸਰੀਰ ਨੂੰ ਆਪਣਾ ਸਰੀਰ ਸਮਝਦਾ ਹੈ ਉਹ ਇੱਕ ਸੁਪਨੇ ਦੀ ਤਰ੍ਹਾਂ ਭਰਮ ਵਿੱਚ ਹੈ ਉਸ ਨੂੰ ਗੁਰੂ ਦੀ ਸੱਚੀ ਮਤਿ ਵਿਸਰੀ ਹੋਈ ਹੈ ਭਾਵ ਹਰਿ ਮੂਰਤਿ ਵਿਸਰੀ ਹੋਈ ਹੈ ਭਾਵ ਉਹ ਭਰਮ ਵਿੱਚ ਹੀ ਹੈ। ਹਰਿ ਮੂਰਤਿ ਨੂੰ ਆਪਣੇ ਅੰਦਰ ਵਸਾਉਣ ਦਾ ਮਕਸਦ ਭਰਮਾਂ ਵਾਲੀ ਸਮਝ ਦੇ ਵਿੱਚੋਂ ਨਿਕਲ ਕੇ ਗੁਰੂ ਦੇ ਸਮਝਾਏ ਹੋਏ ਸਚੁ ਨੂੰ ਆਪਣੇ ਅੰਦਰ ਵਸਾਉਣ ਦਾ ਹੀ ਹੈ, ਗੁਰੂ ਦੇ ਨਾਮ ਨੂੰ ਆਪਣੇ ਅੰਦਰ ਵਸਾਉਣ ਦਾ ਹੀ ਹੈ। (**ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥ ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥**)

ਉੱਪਰ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ "ਮੂਰਤਿ" ਤੋਂ ਭਾਵ ਸਾਡੀ ਸਮਝ ਦੇ ਨਾਲ ਹੈ ਤੇ ਇਸੇ ਲਈ ਬਾਣੀ ਰਾਹੀਂ "ਬ੍ਰਹਮਾ ਬਿਸਨੁ ਮਹੇਸੁ" ਨੂੰ ਤ੍ਰੈ ਗੁਣ ਮੂਰਤਿ ਦੱਸਿਆ ਹੈ ਭਾਵ ਤ੍ਰੈਗੁਣਾਂ ਵਾਲੀ ਸਮਝ ਦੇ ਵਿੱਚ ਦੱਸਿਆ ਹੈ। ਗੁਰੂ ਦੀ ਸਮਝ ਚੌਥੇ ਪਦ ਵਾਲੇ ਗਿਆਨ ਦੀ ਹੈ ਜਿਸ ਕਰਕੇ ਉਹ ਹਰਿ ਮੂਰਤਿ ਹੈ। ਸਾਰੀ ਗੱਲ, ਤ੍ਰੈਗੁਣਾਂ ਵਾਲੀ ਭਰਮਾਂ ਵਾਲੀ ਮਤਿ ਦੇ ਵਿੱਚੋਂ ਨਿਕਲ ਕੇ ਗੁਰੂ ਦੇ ਚੌਥੇ ਪਦ ਵਾਲੀ ਸਮਝ ਦੇ ਨਾਲ ਜੁੜਨ ਦੀ ਹੈ ਭਾਵ ਗੁਰੂ ਦੀ ਮੂਰਤਿ ਨੂੰ ਆਪਣੇ ਅੰਦਰ ਵਸਾਉਣ ਦੀ ਹੈ। (**ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥16॥ ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥**) ਅੰਗ - ੯੦੯

ਹੁਣ ਅਸੀਂ ਉਸ ਮੁੱਖ ਸ਼ਬਦ ਨੂੰ ਸਮਝਦੇ ਹਾਂ ਜਿਸ ਰਾਹੀਂ ਗੁਰੂ ਦੀ ਮੂਰਤਿ ਨੂੰ ਸਾਡੇ ਮਨ ਦਾ ਧਿਆਨ ਦੱਸਿਆ ਹੋਇਆ ਹੈ ਕਿਉਂਕਿ ਗੁਰੂ ਦੀ ਮੂਰਤਿ ਸਾਡਾ ਧਿਆਨ ਹੀ ਬਣ ਸਕਦੀ ਹੈ ਭਾਵ ਸਾਡੇ ਮਨ ਦੀ ਸਮਝ ਹੀ ਬਣ ਸਕਦੀ ਹੈ। ਗੁਰੂ ਦੀ ਸੱਚੀ ਸਮਝ ਗੁਰੂ ਦੀ ਮੂਰਤਿ ਹੈ ਤੇ ਸਾਡੇ ਮਨ ਦੀ ਸਮਝ ਜਦੋਂ ਗੁਰੂ ਵਾਲੀ ਸੱਚੀ ਸਮਝ ਵਾਲੀ ਬਣ ਜਾਂਦੀ ਹੈ ਇਹ ਸਾਡੇ ਅੰਦਰ ਭਾਵ ਸਾਡੇ ਧਿਆਨ ਦੇ ਅੰਦਰ ਗੁਰੂ ਦੀ ਮੂਰਤਿ ਦਾ ਵੱਸਣਾ ਹੈ ਜੋ ਗੁਰੂ ਦੀ ਮੂਰਤਿ ਅਕਾਲ ਮੂਰਤਿ ਹੈ ਭਾਵ ਪ੍ਰਮਾਤਮਾ ਦਾ ਅਕਾਲ ਰੂਪ ਹੈ ਜੋ ਉਸ ਦਾ ਰੂਪ ਕਦੇ ਬਿਨਸ ਨਹੀਂ ਸਕਦਾ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਗੁਰੂ ਦੀ ਮੂਰਤਿ ਨੂੰ ਆਪਣੇ ਧਿਆਨ ਵਿੱਚ ਕਿਵੇਂ ਵਸਾਉਣਾ ਹੈ ਇਸ ਗੱਲ ਨੂੰ ਹੀ ਹੁਣ ਮੁੱਖ ਸ਼ਬਦ ਦੁਆਰਾ ਸਮਝਦੇ ਹਾਂ।

"ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥
ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥
ਭੂਲੇ ਕਉ ਗੁਰਿ ਮਾਰਗਿ ਪਾਇਆ ॥
ਅਵਰ ਤਿਆਗਿ ਹਰਿ ਭਗਤੀ ਲਾਇਆ ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥
ਗੁਰ ਪੂਰੇ ਕੀ ਬੇਅੰਤ ਵਡਾਈ ॥੨॥
ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥
ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥

ਗੁਰੁ ਕਰਤਾ ਗੁਰੁ ਕਰਣੈ ਜੋਗੁ ॥
ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥”

(ਅੰਗ - ੮੬੪)

ਜੋ ਗੁਰੂ ਦਾ ਆਪਣਾ ਰੂਪ ਹੈ ਉਹ ਰੂਪ ਹੀ ਉਸ ਦੀ ਮੂਰਤਿ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਉਸ ਦੇ ਬਚਨ ਹਨ।

{ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥}

(ਅੰਗ - ੧੩੦੯)

ਜਿਸ ਰੂਪ ਵਿੱਚ ਗੁਰੂ ਆਪ ਹੈ ਉਹੀ ਰੂਪ ਉਸ ਦੀ ਮੂਰਤਿ ਹੈ ਭਾਵ ਗੁਰੂ ਦੇ ਬਚਨਾਂ ਦੇ ਅੰਦਰ ਜੋ ਸਿੱਖਿਆ ਹੈ ਉਹ ਗੁਰੂ ਦੀ ਮੂਰਤਿ ਹੈ। ਗੁਰੂ ਦੇ ਬਚਨ ਸਾਡੇ ਅੰਦਰ ਸਾਡੇ ਧਿਆਨ ਦੇ ਵਿੱਚ ਹੀ ਵੱਸ ਸਕਦੇ ਹਨ ਭਾਵ ਮਨ ਦੀ ਸਮਝ ਦੇ ਵਿੱਚ ਹੀ ਵੱਸ ਸਕਦੇ ਹਨ। "ਗੁਰਬਾਣੀ ਰੂਪ ਗੁਰੂ" ਦੇ ਅੰਦਰ ਗੁਰੂ ਦਾ ਹਰ ਸ਼ਬਦ ਗੁਰੂ ਦਾ ਬਚਨ ਹੈ ਜੋ ਸਾਨੂੰ ਕੁੱਝ ਸਮਝਾਉਣ ਲਈ ਹੈ ਭਾਵ ਸਾਨੂੰ ਸਿੱਖਿਆ ਦੇਣ ਲਈ ਹੈ। ਆਪਣੇ ਸ਼ਬਦਾਂ ਰਾਹੀਂ ਸਾਨੂੰ ਗੁਰੂ ਜੋ ਵੀ ਸਿੱਖਿਆ ਦਿੰਦਾ ਹੈ, ਉਪਦੇਸ਼ ਦਿੰਦਾ ਹੈ, ਜੋ ਵੀ ਗਿਆਨ ਦਿੰਦਾ ਹੈ ਉਹ ਗੁਰੂ ਦਾ ਮੰਤ੍ਰ ਹੈ ਜਿਸ ਮੰਤ੍ਰ ਨੂੰ ਅਸੀਂ ਆਪਣੇ ਮਨ ਦੇ ਵਿੱਚ ਮੰਨਣਾ ਹੈ ਭਾਵ ਆਪਣੇ ਧਿਆਨ ਵਿੱਚ ਵਸਾਉਣਾ ਹੈ ਭਾਵ ਸ਼ਬਦਾਂ ਦੇ ਮੰਤ੍ਰ ਨੂੰ ਮੰਨਣਾ, ਗੁਰੂ ਦੇ ਉਪਦੇਸ਼ ਨੂੰ ਮੰਨਣਾ, ਗੁਰੂ ਦੇ ਬਚਨਾਂ ਨੂੰ ਮੰਨਣਾ ਹੀ ਗੁਰੂ ਦੀ ਮੂਰਤਿ ਨੂੰ ਆਪਣੇ ਧਿਆਨ ਵਿੱਚ ਵਸਾਉਣਾ ਹੈ। (**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥**) ਗੁਰੂ ਦਾ "ਮੰਤ੍ਰ" ਕੀ ਹੈ ਭਾਵ "ਨਾਮ ਮੰਤ੍ਰ" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੈ ਭਾਵ ਨਾਮ ਮੰਤ੍ਰ ਹੈ ਜਿਸ ਮੰਤ੍ਰ ਨੂੰ ਅਸੀਂ ਮੰਨਣਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

"ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ ॥
ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥੧॥
ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥"

(ਅੰਗ - ੧੨੦੮)

ਉਪਰਲੀਆਂ ਪਹਿਲੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝੋ ਕਿ "ਅਕਾਲ ਮੂਰਤਿ" ਕੀ ਹੈ। ਅੰਮ੍ਰਿਤ ਨਾਮ ਨੂੰ ਹੀ ਅਕਾਲ ਮੂਰਤਿ ਕਿਹਾ ਹੈ। "ਅੰਮ੍ਰਿਤ ਨਾਮੁ" ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਤੇ ਪ੍ਰਮਾਤਮਾ ਆਪ ਹੀ "ਅਕਾਲ ਮੂਰਤਿ" ਹੈ। "ਅੰਮ੍ਰਿਤ ਨਾਮੁ" ਨੂੰ ਹੀ ਉੱਪਰ ਪ੍ਰਮਾਤਮਾ ਦੇ ਨਾਲ ਪ੍ਰੀਤ ਜੋੜਨ ਦਾ ਤਰੀਕਾ ਦੱਸਿਆ ਹੋਇਆ ਹੈ ਜੋ ਪ੍ਰੀਤ ਗੁਰੂ ਦਾ ਅੰਮ੍ਰਿਤ ਪੀਣ ਦੁਆਰਾ ਜੁੜਦੀ ਹੈ ਜਿਸ ਅੰਮ੍ਰਿਤ ਨੂੰ ਸਾਡਾ ਮਨ ਹੀ ਪੀਂਦਾ ਹੈ ਭਾਵ ਸਾਡੇ ਮਨ ਦਾ ਭੋਜਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਜੋ ਨਾਮ ਰੂਪ ਅੰਮ੍ਰਿਤ ਹੈ ਇਸੇ ਨਾਮ ਰੂਪ ਵਿੱਚ ਪ੍ਰਮਾਤਮਾ "ਅਕਾਲ ਮੂਰਤਿ" ਹੈ ਕਿਉਂਕਿ ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਭਾਵ ਆਪਣੇ ਸੱਚੇ ਗਿਆਨ ਦੁਆਰਾ ਹੀ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ "ਅਕਾਲ ਰੂਪ" ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਹਨਾਂ ਨੂੰ ਉਸ ਨੇ ਆਪਣਾ "ਅਕਾਲ ਰੂਪ" ਹੀ ਬਣਾਇਆ ਹੈ ਭਾਵ ਉਹ ਪ੍ਰਮਾਤਮਾ ਦੀ ਅਕਾਲ ਮੂਰਤਿ ਹੀ ਹਨ, ਪ੍ਰਮਾਤਮਾ ਦਾ ਆਪਣਾ ਰੂਪ ਹੀ ਹਨ, ਉਸ ਦਾ "ਸਾਧਸੰਤਨ" ਰੂਪ ਹੀ ਹਨ ਤੇ ਉਨ੍ਹਾਂ ਉਸ ਅਸਥਾਨ ਦੀ ਪ੍ਰਾਪਤੀ ਕੀਤੀ ਹੈ ਜਿਸ ਅਸਥਾਨ ਤੋਂ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਭਾਵ ਆਪਣਾ ਸੱਚਾ ਗਿਆਨ ਦਿੰਦਾ ਹੈ ਤੇ ਉਹੀ ਸੱਚਾ ਗਿਆਨ ਉਹਨਾਂ ਨੇ ਪੂਰੀ ਗੁਰਬਾਣੀ ਵਿੱਚ ਪਾਇਆ ਹੈ ਜਿਸ ਕਰਕੇ ਪੂਰੀ ਗੁਰਬਾਣੀ ਪ੍ਰਮਾਤਮਾ ਦੀ ਆਪਣੀ ਠਾਹਰ ਹੈ ਭਾਵ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਅਸਥਾਨ ਹੈ ਜੋ ਅਸਥਾਨ ਉਸ ਦਾ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ "ਬ੍ਰਹਮ ਗਿਆਨ" ਦੇ ਰੂਪ ਵਿੱਚ ਹੈ ਭਾਵ ਪੂਰੀ ਗੁਰਬਾਣੀ ਪ੍ਰਮਾਤਮਾ ਦੀ "ਨੀਕੀ ਠਾਹਰ" ਹੈ ਤੇ ਅਸੀਂ ਕੇਵਲ ਪ੍ਰਮਾਤਮਾ ਦੇ ਉਸ ਅਸਥਾਨ ਤੋਂ ਹੀ ਅੰਮ੍ਰਿਤ ਨਾਮ ਲੈਣਾ ਹੈ ਜੋ ਅਸਥਾਨ ਪ੍ਰਮਾਤਮਾ ਦਾ ਅਕਾਲ ਮੂਰਤਿ ਦੇ ਰੂਪ ਵਿੱਚ ਹੈ ਭਾਵ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਅਕਾਲ ਰੂਪ ਹੈ। ਉਸ ਠਾਹਰ ਤੋਂ ਅਸੀਂ ਜੋ ਵੀ ਅੰਮ੍ਰਿਤ ਨਾਮ ਲੈਣਾ ਹੈ ਭਾਵ ਜੋ ਅੰਮ੍ਰਿਤ ਪੀਣਾ ਹੈ ਉਸ ਨੂੰ ਧਿਆਨ ਲਈ ਪੀਣਾ ਹੈ ਭਾਵ ਆਪਣੇ ਧਿਆਨ ਵਿੱਚ ਵਸਾਉਣ ਲਈ ਪੀਣਾ ਹੈ। ਉਸ ਦੇ ਅੰਮ੍ਰਿਤ ਨਾਮ ਨੂੰ ਪੀਣਾ,

ਧਿਆਉਣਾ ਹੀ ਪ੍ਰਮਾਤਮਾ ਦੀ ਅਕਾਲ ਮੂਰਤਿ ਨੂੰ ਭਾਵ ਗੁਰੂ ਦੀ ਮੂਰਤਿ ਨੂੰ ਆਪਣੇ ਅੰਦਰ ਧਿਆਉਣਾ ਹੈ (**ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ ॥ ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥**)

ਅਸੀਂ ਅੰਮ੍ਰਿਤ ਨਾਮ ਕਿਸ ਤਰੀਕੇ ਪੀਣਾ ਹੈ, "**ਅਕਾਲ ਮੂਰਤਿ**" ਨੂੰ ਕਿਸ ਤਰੀਕੇ ਆਪਣੇ ਧਿਆਨ ਵਿੱਚ ਵਸਾਉਣਾ ਹੈ ਤੇ ਕਿਸ ਠਾਹਰ ਤੋਂ ਭਾਵ ਕਿਸ ਅਸਥਾਨ ਤੋਂ ਨਾਮ ਲੈ ਕੇ ਧਿਆਉਣਾ ਹੈ ਤੇ ਕਿਸ ਤਰੀਕੇ ਧਿਆਉਣਾ ਹੈ ਤੇ ਕਿਸ ਮਕਸਦ ਲਈ ਧਿਆਉਣਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥"

ਪਿੱਛੇ ਮੁੱਖ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਦੇ ਮੰਤ੍ਰ ਨੂੰ ਅਸੀਂ ਕਿਸ ਤਰੀਕੇ ਮੰਨਣਾ ਹੈ, ਕਿਸ ਮੰਤ੍ਰ ਨੂੰ ਮੰਨਣਾ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਮੂਰਤਿ ਨੂੰ ਆਪਣੇ ਧਿਆਨ ਵਿੱਚ ਵਸਾਉਣਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਉਹ ਮੰਤ੍ਰ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਅਸੀਂ ਮੰਨਣਾ ਹੈ, ਸ਼ਬਦ ਰਾਹੀਂ ਮੰਨਣਾ ਹੈ। ਪੂਰੀ ਗੁਰਬਾਣੀ "ਗੁਰੂ ਦਾ ਮੰਤ੍ਰ" ਹੈ ਜਿਸ ਦੀ ਰਚਨਾ ਮਹਾਂਪੁਰਖਾਂ ਨੇ ਕੀਤੀ ਹੈ ਭਾਵ ਉਸ ਮਹਾਂਪੁਰਖ ਭਾਵ ਪ੍ਰਮਾਤਮਾ ਦਾ ਰੂਪ ਬਣਕੇ ਕੀਤੀ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਗੁਰੂ ਦੇ ਹਰ ਸ਼ਬਦ ਦੇ ਵਿੱਚ "ਮੰਤ੍ਰ" ਹੈ ਭਾਵ ਗੁਰੂ ਦਾ ਉਪਦੇਸ਼ ਹੈ। ਅਸੀਂ ਹਰ ਸ਼ਬਦ ਦੇ ਮੰਤ੍ਰ ਨੂੰ ਆਪਣੇ ਮਨ ਵਿੱਚ ਉਤਾਰਨਾ ਹੈ ਭਾਵ ਉਸ ਨੂੰ ਧਿਆਉਣਾ ਹੈ ਜਿਸ ਨੂੰ ਕਿ ਅਸੀਂ ਮੰਨਣ ਦੁਆਰਾ ਆਪਣੇ ਮਨ ਦੇ ਵਿੱਚ ਉਤਾਰਨਾ ਹੈ। ਗੁਰੂ ਦਾ ਹਰ ਸ਼ਬਦ ਨਾਮ ਹੈ ਭਾਵ ਹਰ ਸ਼ਬਦ ਨਾਮ ਮੰਤ੍ਰ ਹੈ ਭਾਵ ਪੂਰੀ ਗੁਰਬਾਣੀ ਨਾਮ ਮੰਤ੍ਰ ਹੈ ਜਿਸ ਨੂੰ ਅਸੀਂ ਮੰਨਣਾ ਹੈ। ਅਸੀਂ ਪ੍ਰਮਾਤਮਾ ਨੂੰ ਖੋਜਣਾ ਚਾਹੁੰਦੇ ਹਾਂ ਜੋ ਕਿ ਆਪਣੇ ਅੰਦਰੋਂ ਖੋਜਣਾ ਚਾਹੁੰਦੇ ਹਾਂ, ਆਪਣੇ ਅੰਦਰੋਂ ਸੁੱਖ ਦਾ ਥਾਨ ਖੋਜਣਾ ਚਾਹੁੰਦੇ ਹਾਂ ਜਿਸ ਥਾਨ ਤੇ ਸੁੱਖ ਦਾ ਮਾਲਕ ਪ੍ਰਮਾਤਮਾ ਵੱਸਦਾ ਹੈ। ਉਹ ਪ੍ਰਮਾਤਮਾ ਸਾਡੇ ਅੰਦਰ ਆਪਣੇ ਨਾਮ ਦੇ ਰੂਪ ਵਿੱਚ ਹੀ ਵੱਸਦਾ ਹੈ ਤੇ ਆਪਣੇ ਅੰਦਰੋਂ ਅਸੀਂ ਉਸ ਦੇ ਸਥਾਨ ਨੂੰ ਭਾਵ ਨਾਮ ਦੇ ਮਾਲਕ ਨੂੰ ਤਾਂ ਹੀ ਖੋਜ ਸਕਦੇ ਹਾਂ ਜੇਕਰ ਪੂਰੀ ਬਾਣੀ ਦੇ ਮੰਤ੍ਰ ਨੂੰ ਮੰਨਾਂਗੇ ਭਾਵ ਗੁਰੂ ਦੇ ਨਾਮ ਨੂੰ ਮੰਨਾਂਗੇ। ਗੁਰੂ ਦੇ ਮੰਤ੍ਰ ਨੂੰ ਮੰਨਣਾ ਹੀ "ਗੁਰੂ ਦੀ ਮੂਰਤਿ" ਨੂੰ, "ਅਕਾਲ ਮੂਰਤਿ" ਨੂੰ ਆਪਣੇ ਧਿਆਨ ਵਿੱਚ ਵਸਾਉਣਾ ਹੈ ਜਿਸ ਦੁਆਰਾ ਆਪਣੇ ਅੰਦਰੋਂ ਗੁਰੂ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਉਸ ਦੇ ਨਿਰੰਕਾਰ ਰੂਪ ਦੇ ਦਰਸ਼ਨ ਹੁੰਦੇ ਹਨ, ਉਸ ਦੇ ਨਾਮ ਰੂਪ ਦੇ ਦਰਸ਼ਨ ਹੁੰਦੇ ਹਨ ਭਾਵ ਉਸ ਦੇ ਬ੍ਰਹਮ ਗਿਆਨ ਰੂਪ ਦੇ ਦਰਸ਼ਨ ਹੁੰਦੇ ਹਨ ਜੋ ਉਸ ਦੇ ਦਰਸ਼ਨ ਸਾਡੇ ਮਨ ਦੀ ਸਮਝ ਹੀ ਕਰਦੀ ਹੈ ਭਾਵ ਸਾਡੇ ਅੰਦਰ ਦੀ ਸਮਝ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੀ ਹੈ ਤੇ ਪ੍ਰਮਾਤਮਾ ਨੂੰ ਜਾਣਨ ਦਾ, ਗੁਰੂ ਨੂੰ ਜਾਣਨ ਦਾ ਇਹੀ ਤਰੀਕਾ ਹੈ ਭਾਵ ਗੁਰੂ ਦੀ ਮੂਰਤਿ ਨੂੰ ਆਪਣੇ ਅੰਦਰੋਂ ਹੀ ਜਾਨਣ ਦਾ ਇਹੀ ਤਰੀਕਾ ਹੈ। (**ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ ॥ ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥੧॥ ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥ ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥**)

ਜਿੰਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਭਾਵ ਸੁੱਖ ਦਾ ਅਸਥਾਨ ਪਾਇਆ ਹੈ ਉਹਨਾਂ ਨੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਮ ਦਾ ਬਿਸ੍ਰਾਮ ਹੋਣ ਦੁਆਰਾ ਹੀ ਪਾਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥"

(ਅੰਗ - ੨੬੨)

ਉਪਰਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ "ਸੁਖਮਨੀ" ਵਿੱਚ ਤੇ ਪ੍ਰਮਾਤਮਾ ਦੇ ਨਾਮ ਵਿੱਚ ਕੀ ਫ਼ਰਕ ਹੈ। ਫ਼ਰਕ ਅਸਲ ਵਿੱਚ ਹੈ ਹੀ ਨਹੀਂ ਤੇ "ਸੁਖਮਨੀ ਬਾਣੀ" ਨੂੰ ਕੁੱਝ ਹੋਰ ਸਮਝਣਾ ਤੇ "ਨਾਮੁ" ਨੂੰ ਕੁੱਝ ਹੋਰ ਸਮਝਣਾ ਕੇਵਲ ਸਾਡਾ ਭਰਮ ਹੈ। ਪੂਰੀ "ਸੁਖਮਨੀ ਬਾਣੀ" ਸ਼ਬਦਾਂ ਦਾ ਮੰਤ੍ਰ ਹੈ ਭਾਵ ਅੰਮ੍ਰਿਤ ਨਾਮ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ। ਸਾਡੇ ਅੰਦਰ ਨਾਮ ਦਾ ਵੱਸਣਾ, "ਸੁਖਮਨੀ" ਦਾ ਵੱਸਣਾ ਇੱਕੋ ਹੀ ਗੱਲ ਹੈ। ਇਹ ਸਾਡੇ ਅੰਦਰ "ਸੁਖ" ਦਾ ਵੱਸਣਾ ਹੀ ਹੈ, ਪ੍ਰਮਾਤਮਾ ਦਾ ਵੱਸਣਾ ਹੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਵੱਸਣਾ ਹੀ ਹੈ। ਪੂਰੀ ਸੁਖਮਨੀ ਬਾਣੀ ਦੇ ਵਿੱਚ "ਗੁਰਮਤਿ" ਹੀ ਹੈ ਜੋ ਕਿ ਸੱਚੇ ਗਿਆਨ

ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਸਾਨੂੰ ਸੱਚਾ ਗਿਆਨ ਹੀ ਦੇ ਰਹੀ ਹੈ ਭਾਵੇਂ ਉਹ "ਅਨੰਦ ਬਾਣੀ" ਹੈ, ਭਾਵੇਂ "ਸੁਖਮਨੀ ਬਾਣੀ" ਹੈ ਜਾਂ ਕਿਸੇ ਹੋਰ ਨਾਮ ਨਾਲ ਬਾਣੀ ਹੈ, ਭਗਤ ਸਾਹਿਬਾਨ ਦੀ ਬਾਣੀ ਹੈ ਜਾਂ ਗੁਰੂ ਸਾਹਿਬਾਨ ਦੀ ਬਾਣੀ ਹੈ। ਪੂਰੀ ਗੁਰਬਾਣੀ ਇੱਕੋ ਇੱਕ ਅਕਾਲ ਪੁਰਖ ਦੀ ਬਾਣੀ ਹੈ ਤੇ ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ ਤੇ ਗੁਰਬਾਣੀ ਦਾ ਹਰ ਸ਼ਬਦ ਸਾਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ। ਜਿੰਨ੍ਹਾਂ ਨੇ ਵੀ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸ ਦਾ ਨਾਮ ਮਿਲਣ ਦੁਆਰਾ ਹੀ ਕੀਤੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਮੰਤ੍ਰ ਹੈ ਜੋ ਉਸ ਦਾ ਨਾਮ ਮੰਤ੍ਰ ਹੈ। (**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**)

ਮਃ ੩ ॥

{ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥
ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥
ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥}

(ਅੰਗ - ੬੪੬)

ਹੁਣ ਅਸੀਂ ਮੁੱਖ ਸ਼ਬਦ ਨੂੰ ਸਮਝਦੇ ਹਾਂ ਕਿ ਅਸੀਂ ਗੁਰੂ ਦੇ ਮੰਤ੍ਰ ਨੂੰ ਕਿਸ ਤਰੀਕੇ ਜਪਣਾ ਹੈ। ਗੁਰੂ ਦੇ ਹਰ ਸ਼ਬਦ ਦੇ ਵਿੱਚ ਜੋ ਸੱਚਾ ਗਿਆਨ ਹੈ ਉਹ ਗੁਰੂ ਦਾ ਮੰਤ੍ਰ ਹੈ ਤੇ ਉਹੀ ਗੁਰੂ ਦੀ "ਮੂਰਤਿ" ਹੈ। ਜਦ ਤੱਕ ਸਾਨੂੰ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੀ ਸਮਝ ਹੀ ਨਹੀਂ ਪੈਂਦੀ, ਸ਼ਬਦਾਂ ਦੀ ਵਿਚਾਰ ਨੇ ਸਾਨੂੰ ਕੀ ਸਮਝਾਇਆ ਹੈ ਇਸ ਗੱਲ ਦੀ ਸਮਝ ਨਹੀਂ ਪੈਂਦੀ ਤਦ ਤੱਕ ਅਸੀਂ "ਗੁਰੂ ਦੀ ਮੂਰਤਿ" ਨੂੰ ਸਮਝ ਹੀ ਨਹੀਂ ਸਕਦੇ। ਸ਼ਬਦਾਂ ਰਾਹੀਂ ਗੁਰੂ ਨੇ ਸਾਨੂੰ ਜੋ ਵਿਚਾਰ ਦਿੱਤੀ ਹੈ, ਸੱਚੀ ਸਮਝ ਦਿੱਤੀ ਹੈ ਉਹ ਗੁਰੂ ਦਾ ਮੰਤ੍ਰ ਹੈ ਤੇ ਗੁਰੂ ਦੀ ਸਮਝ ਨੂੰ ਹੂ ਬ ਹੂ ਭਾਵ ਸੱਚੀ ਸਮਝ ਨੂੰ ਉਸੇ ਤਰੀਕੇ ਪੂਰਨ ਰੂਪ ਵਿੱਚ ਆਪਣੇ ਅੰਦਰ ਵਸਾਉਣਾ ਹੀ ਗੁਰੂ ਦੇ ਮੰਤ੍ਰ ਨੂੰ ਮੰਨਣਾ ਹੈ। ਜੇਕਰ ਸ਼ਬਦਾਂ ਦੀ ਵਿਚਾਰ ਸਾਨੂੰ ਕੁੱਝ ਹੋਰ ਸਮਝਾ ਰਹੀ ਹੈ ਤੇ ਅਸੀਂ ਆਪਣੀ ਨਾਸਮਝੀ ਦੁਆਰਾ ਸ਼ਬਦਾਂ ਦੇ ਵਿਚਾਰਾਂ ਦਾ ਮਤਲਬ ਕੁੱਝ ਹੋਰ ਕੱਢ ਲੈਂਦੇ ਹਾਂ ਫਿਰ ਗੁਰੂ ਦੀ ਮੂਰਤਿ ਸਾਡੇ ਧਿਆਨ ਵਿੱਚ ਨਹੀਂ ਵੱਸ ਸਕਦੀ। ਗੁਰੂ ਸਾਨੂੰ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਕਿ ਗੁਰੂ ਦਾ ਸੱਚਾ ਗਿਆਨ ਹੀ ਗੁਰੂ ਦਾ ਨਾਮ ਹੈ, ਗੁਰੂ ਦਾ ਮੰਤ੍ਰ ਹੈ ਤੇ ਅਸੀਂ ਆਪਣੀ ਮਤਿ ਨਾਲ ਸ਼ਬਦ ਦੇ ਅਰਥ ਕੁੱਝ ਹੋਰ ਹੀ ਬਣਾ ਲੈਂਦੇ ਹਾਂ ਭਾਵ ਨਾਮ ਨੂੰ, ਮੰਤ੍ਰ ਨੂੰ ਕੁੱਝ ਹੋਰ ਸਮਝ ਲੈਂਦੇ ਹਾਂ ਭਾਵ ਕਿਸੇ ਅੱਖਰ ਦੀ ਕਥਨੀ ਸਮਝਦੇ ਹਾਂ ਫਿਰ ਸਾਡੇ ਅੰਦਰ ਗੁਰੂ ਦੀ ਮੂਰਤਿ ਕਿਵੇਂ ਵੱਸ ਸਕਦੀ ਹੈ। ਗੁਰੂ ਸਾਨੂੰ ਸਮਝਾਉਂਦਾ ਹੈ, ਸ਼ਬਦਾਂ ਰਾਹੀਂ ਸਮਝਾਉਂਦਾ ਹੈ ਕਿ ਭਗਤੀ ਦਾ ਮਾਰਗ ਸਾਡੀ ਕਥਨੀ ਨਹੀਂ ਬਲਕਿ ਕਰਨੀ ਹੈ ਪਰ ਫਿਰ ਵੀ ਜੇਕਰ ਅਸੀਂ ਕਥਨੀ ਨੂੰ ਹੀ ਭਗਤੀ ਸਮਝਦੇ ਹਾਂ ਭਾਵ ਸ਼ਬਦ ਦੀ ਵਿਚਾਰ ਨੂੰ ਨਹੀਂ ਮੰਨਦੇ, ਗੁਰੂ ਦੇ ਮੰਤ੍ਰ ਨੂੰ ਨਹੀਂ ਮੰਨਦੇ, ਗੁਰੂ ਦੇ ਉਪਦੇਸ਼ ਨੂੰ ਨਹੀਂ ਮੰਨਦੇ ਫਿਰ ਗੁਰੂ ਦੀ ਮੂਰਤਿ ਸਾਡੇ ਧਿਆਨ ਵਿੱਚ ਕਿਵੇਂ ਆ ਸਕਦੀ ਹੈ।ਅਸੀਂ ਭਗਤੀ ਦੇ ਅਨੇਕਾਂ ਹੀ ਤਰੀਕੇ ਅਪਣਾਏ ਹੋਏ ਹਨ ਜੋ ਕਿ ਅਸੀਂ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ ਜਿੰਨ੍ਹਾਂ ਤਰੀਕਿਆਂ ਦਾ ਸ਼ਬਦਾਂ ਦੀ ਵਿਚਾਰ ਵਾਰ-ਵਾਰ ਖੰਡਨ ਕਰ ਰਹੀ ਹੈ ਕਿ ਇਹ ਭਗਤੀ ਦਾ ਮਾਰਗ ਨਹੀਂ ਹੈ ਭਾਵ ਸੱਚ ਤੇ ਚੱਲਣ ਦਾ ਮਾਰਗ ਨਹੀਂ ਹੈ ਤੇ ਗੁਰੂ ਸਾਨੂੰ ਉਹੋ ਜਿਹੇ ਤਰੀਕਿਆਂ ਨੂੰ ਤਿਆਗਣ ਲਈ ਸਮਝਾਉਂਦਾ ਹੈ ਪਰ ਜੇਕਰ ਅਸੀਂ ਉਹਨਾਂ ਤਰੀਕਿਆਂ ਨੂੰ ਨਹੀਂ ਛੱਡਦੇ ਭਾਵ ਉਹੋ ਕੁੱਝ ਹੀ ਕਰੀ ਜਾਂਦੇ ਹਾਂ ਫਿਰ ਗੁਰੂ ਦੀ ਮੂਰਤਿ ਸਾਡਾ ਧਿਆਨ ਕਿਵੇਂ ਬਣ ਸਕਦੀ ਹੈ। ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਦੀ ਵਿਚਾਰ ਦੁਆਰਾ ਇਹ ਸਮਝਾਉਂਦਾ ਹੈ ਕਿ ਮਾਇਆ ਮੋਹ ਛੱਡੋ, ਹਉਮੈ ਛੱਡੋ ਭਾਵ ਹਰ ਅਵਗੁਣ ਛੱਡੋ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡੋ ਭਾਵ ਗੁਣੀ ਬਣੋ ਕਿਉਂਕਿ ਗੁਣਾਂ ਨੂੰ ਧਾਰਨ ਕੀਤੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਪਰ ਜੇਕਰ ਅਸੀਂ ਮਾਇਆ ਮੋਹ ਨਹੀਂ ਛੱਡਦੇ, ਔਗੁਣ ਨਹੀਂ ਛੱਡਦੇ ਭਾਵ ਆਪਣੇ ਸੁੱਖ ਲਈ ਦੂਸਰਿਆਂ ਦਾ ਮਾੜਾ ਕਰਦੇ ਹਾਂ ਫਿਰ ਸਾਡੇ ਅੰਦਰ ਗੁਰੂ ਦੀ ਮੂਰਤਿ ਕਿਵੇਂ ਵੱਸ ਸਕਦੀ ਹੈ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਤ੍ਰਿਸ਼ਨਾਵਾਂ ਛੱਡੋ, ਮਾੜੇ ਕਰਮ ਕਰਨੇ ਛੱਡੋ ਤੇ ਜੇਕਰ ਅਸੀਂ ਇਹ ਕੁੱਝ ਨਹੀਂ ਛੱਡਦੇ ਭਾਵ ਸ਼ਬਦ ਦੀ ਵਿਚਾਰ ਨੂੰ ਨਹੀਂ ਮੰਨਦੇ, ਗੁਰੂ ਦੇ

ਮੰਤ੍ਰ ਨੂੰ ਨਹੀਂ ਮੰਨਦੇ ਫਿਰ ਗੁਰੂ ਦੀ ਮੂਰਤਿ ਸਾਡੇ ਅੰਦਰ ਦਾ ਧਿਆਨ ਕਿਵੇਂ ਬਣ ਸਕਦੀ ਹੈ। ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਚੰਗੇ ਕਰਮ ਕਰੋ ਤੇ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਨਹੀਂ ਮੰਨਦੇ ਫਿਰ ਗੁਰੂ ਦੀ ਮੂਰਤਿ ਸਾਡੇ ਅੰਦਰ ਕਿਵੇਂ ਵੱਸ ਸਕਦੀ ਹੈ। ਗੁਰੂ ਸਾਨੂੰ ਵਾਰ-ਵਾਰ ਸ਼ਬਦਾਂ ਰਾਹੀਂ ਇਹ ਸਮਝਾਉਂਦਾ ਹੈ ਕਿ ਭਗਤੀ ਦੇ ਮਾਰਗ ਦੀ ਸਿੱਖਿਆ ਕੇਵਲ ਗੁਰੂ ਦੇ ਕੋਲੋਂ ਲਵੋ, ਨਾਮ ਜਪਣਾ ਕੇਵਲ ਗੁਰੂ ਦੇ ਕੋਲੋਂ ਸਿੱਖੋ ਤੇ ਉਹਨਾਂ ਕੋਲੋਂ ਨਾ ਸਿੱਖੋ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠ ਜਾਂਦੇ ਹਨ ਤੇ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਪਰ ਜੇਕਰ ਅਸੀਂ ਫਿਰ ਵੀ ਉਹੋ ਜਿਹਿਆਂ ਦੇ ਪਿੱਛੇ ਲੱਗਦੇ ਹਾਂ ਤੇ ਅਸੀਂ ਗੁਰੂ ਦੀ ਗੱਲ ਨੂੰ ਨਹੀਂ ਮੰਨਦੇ ਫਿਰ ਸਾਡੇ ਅੰਦਰ ਗੁਰੂ ਦੀ ਮੂਰਤਿ ਕਿਵੇਂ ਵੱਸ ਸਕਦੀ ਹੈ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਸੰਤ, ਸਾਧ ਕੇਵਲ ਗੁਰੂ ਹੈ ਪਰ ਅਸੀਂ ਫਿਰ ਵੀ ਹੋਰਾਂ ਨੂੰ ਹੀ ਜੇਕਰ ਸੰਤ, ਸਾਧ ਮੰਨਦੇ ਹਾਂ ਫਿਰ ਸਾਡੇ ਅੰਦਰ ਗੁਰੂ ਦੀ ਮੂਰਤਿ ਕਿਵੇਂ ਵੱਸ ਸਕਦੀ ਹੈ। ਇਸੇ ਤਰ੍ਹਾਂ ਸਾਨੂੰ ਗੁਰੂ ਸਾਹਿਬ ਬੜਾ ਕੁੱਝ ਸਮਝਾ ਰਹੇ ਹਨ ਤੇ ਸਰੀਰਕ ਜਪ ਤਪ ਤੋਂ ਵੀ ਮਨਾ ਕਰਦੇ ਹਨ, ਸਮਾਧੀਆਂ ਆਦਿ ਲਗਾ ਕੇ ਬੈਠਣ ਤੋਂ ਵੀ ਮਨਾ ਕਰਦੇ ਹਨ ਤੇ ਅਸੀਂ ਜੇਕਰ ਫਿਰ ਵੀ ਉਹੋ ਕੁੱਝ ਹੀ ਕਰਦੇ ਹਾਂ ਫਿਰ ਸਾਡੇ ਅੰਦਰ ਗੁਰੂ ਦੀ ਮੂਰਤਿ ਕਿਵੇਂ ਵੱਸ ਸਕਦੀ ਹੈ। ਗੁਰੂ ਸਾਨੂੰ ਆਪਣੇ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਕਿ ਅਸੀਂ ਜਿਹੋ ਜਿਹਾ ਖਾਣਾ ਖਾਂਦੇ ਹਾਂ, ਜਿਹੋ ਜਿਹਾ ਬਾਣਾ ਪਹਿਨਦੇ ਹਾਂ, ਜਿਹੋ ਜਿਹੇ ਰੰਗ ਦਾ ਬਾਣਾ ਪਹਿਨਦੇ ਹਾਂ ਇਸ ਗੱਲ ਨੂੰ ਪ੍ਰਮਾਤਮਾ ਨਹੀਂ ਵਿਚਾਰਦਾ ਭਾਵ ਜਿਹੋ ਜਿਹਾ ਕਿਸੇ ਨੂੰ ਖਾਣਾ ਚੰਗਾ ਲੱਗਦਾ ਹੈ, ਪਹਿਨਣਾ ਚੰਗਾ ਲੱਗਦਾ ਹੈ ਉਹੋ ਜਿਹਾ ਕੋਈ ਖਾ ਸਕਦਾ ਹੈ, ਪਹਿਨ ਸਕਦਾ ਹੈ ਪਰ ਅਸੀਂ ਫਿਰ ਵੀ ਇਨਾਂ ਗੱਲਾਂ ਕਰਕੇ ਕਿਸੇ ਨੂੰ ਮਾੜਾ ਚੰਗਾ ਕਹਿੰਦੇ ਹਾਂ ਭਾਵ ਆਪਣੀ ਮਤਿ ਵਰਤਦੇ ਹਾਂ ਫਿਰ ਸਾਡੇ ਅੰਦਰ ਗੁਰੂ ਦੀ ਮੂਰਤਿ ਕਿਵੇਂ ਵੱਸ ਸਕਦੀ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਭਰਮਾਂ ਵਿੱਚੋਂ ਹੀ ਕੱਢਦੀ ਹੈ ਭਾਵ ਹਰ ਸ਼ਬਦ ਰਾਹੀਂ ਸਾਨੂੰ ਗੁਰੂ ਸੱਚ ਹੀ ਸਮਝਾਉਂਦਾ ਹੈ ਤੇ ਫਿਰ ਜੇਕਰ ਅਸੀਂ ਗੁਰੂ ਦੇ ਸੱਚ ਨੂੰ ਨਹੀਂ ਮੰਨਦੇ ਫਿਰ ਸਾਡੇ ਅੰਦਰ ਉਸ ਸਚੁ ਰੂਪ ਪ੍ਰਮਾਤਮਾ ਦੀ, ਗੁਰੂ ਦੀ, ਨਾਮ ਰੂਪ ਗੁਰੂ ਪ੍ਰਮਾਤਮਾ ਦੀ ਮੂਰਤਿ ਕਿਵੇਂ ਵੱਸ ਸਕਦੀ ਹੈ। ਗੁਰੂ ਦੇ ਵਿਚਾਰਾਂ ਨੂੰ ਹੂ ਬ ਹੂ, ਪੂਰਨ ਰੂਪ ਵਿੱਚ ਮੰਨਣਾ ਹੀ ਗੁਰੂ ਦੀ ਮੂਰਤਿ ਨੂੰ ਆਪਣੇ ਧਿਆਨ ਵਿੱਚ ਵਸਾਉਣਾ ਹੈ, ਗੁਰੂ ਦੇ ਮੰਤ੍ਰ ਨੂੰ ਮੰਨਣਾ ਹੈ। (**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥**)

ਗੁਰੂ ਦੇ ਮੰਤ੍ਰ ਨੂੰ ਮੰਨਣਾ ਕੀ ਹੈ ਭਾਵ ਅਸੀਂ ਕਿਸ ਤਰੀਕੇ ਮੰਨਣਾ ਹੈ ਤੇ ਕਿਸ ਮਕਸਦ ਲਈ ਮੰਨਣਾ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰ ਕੇ ਚਰਨ ਰਿਦੈ ਲੈ ਧਾਰਉ ॥

ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥”

ਗੁਰੂ ਦੇ ਚਰਨ ਕੀ ਹਨ ਇਸ ਗੱਲ ਨੂੰ ਅਸੀਂ ਪਿੱਛੇ ਵੀ ਕੁੱਝ ਸਮਝਿਆ ਹੈ ਤੇ ਗੁਰੂ ਦੇ ਚਰਨਾਂ ਨੂੰ ਹਿਰਦੇ ਵਿੱਚ ਵਸਾਉਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥

ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥}

(ਅੰਗ - ੪੯੯)

ਚਰਨ ਕਮਲ ਗੁਰੂ ਦੀ ਸੱਚੀ ਮਤਿ ਹੈ ਜੋ ਕਿ ਉਸ ਦਾ ਸੱਚਾ ਗਿਆਨ ਹੈ ਭਾਵ ਉਸ ਦਾ ਨਾਮ ਹੈ। ਜਿਸ ਮਨੁੱਖ ਦੇ ਅੰਦਰ ਭਾਵ ਜਿਸ ਦੇ ਮਨ ਦੇ ਅੰਦਰ ਗੁਰੂ ਦੇ ਚਰਨ ਕਮਲ ਵੱਸ ਜਾਂਦੇ ਹਨ ਉਸ ਮਨੁੱਖ ਦੇ ਮਨ ਦੇ ਵਿੱਚੋਂ ਭਰਮ ਰੂਪ ਅੰਧੇਰਾ ਦੂਰ ਹੋ ਜਾਂਦਾ ਹੈ ਭਾਵ ਉਸ ਦੇ ਅੰਦਰ ਦੀ ਅਗਿਆਨਤਾ ਨਿਕਲ ਜਾਂਦੀ ਹੈ। ਅਗਿਆਨਤਾ ਸੱਚੇ ਗਿਆਨ ਨਾਲ ਹੀ ਨਿਕਲਦੀ ਹੈ ਭਾਵ “ਗੁਰੂ ਦੇ ਚਰਨ” ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ ਹੈ। ਗੁਰੂ “ਸ਼ਬਦ” ਹੈ ਤੇ ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ ਗੁਰੂ ਦੇ ਚਰਨ ਹਨ, ਗੁਰੂ ਦੇ ਚਰਨ ਕਮਲ ਹਨ। (**ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥ ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥**)

ਗੁਰੂ ਦੇ ਚਰਨ ਕਮਲ ਦਾ ਮਕਸਦ ਮਨੁੱਖ ਨੂੰ ਅਗਿਆਨਤਾ ਵਿੱਚੋਂ ਕੱਢ ਕੇ ਆਪਣੇ ਸੱਚੇ ਗਿਆਨ ਦੁਆਰਾ ਮਨੁੱਖ ਨੂੰ ਉਸ ਦੇ ਜੀਵਨ ਦਾ ਸੱਚਾ ਮਾਰਗ ਸਮਝਾਉਣ ਨਾਲ ਹੀ ਹੈ ਜਿਵੇਂ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ “ਚਰਨ ਕਮਲ” ਸਮਝਣ ਵਿੱਚ ਕੋਈ ਭਰਮ ਨਾ ਰਹੇ। ਜੋ ਗੁਰੂ ਦਾ ਮੰਤ੍ਰ ਹੈ ਭਾਵ

ਨਾਮ ਮੰਤ੍ਰ ਹੈ ਉਹੀ ਉਸ ਦੇ ਚਰਨ ਕਮਲ ਹਨ। ਗੁਰੂ ਦੀ ਸੱਚੀ ਮਤਿ ਹੀ ਉਸ ਦਾ ਮੰਤ੍ਰ ਹੈ ਤੇ ਗੁਰੂ ਦੀ ਸੱਚੀ ਮਤਿ ਹੀ ਉਸ ਦੇ ਚਰਨ ਕਮਲ ਹਨ ਜਿਸ ਨੂੰ ਅਸੀਂ ਆਪਣੇ ਮਨ ਵਿੱਚ ਵਸਾਉਣਾ ਹੈ ਭਾਵ ਮੰਨਣਾ ਹੈ ਜਿਸ ਦੁਆਰਾ ਸਾਨੂੰ ਨਾਮ ਦੇ ਮਾਰਗ ਦੀ ਸੋਝੀ ਪੈਂਦੀ ਹੈ ਭਾਵ ਸਾਡੇ ਜੀਵਨ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਭਾਵ ਭਗਤੀ ਦੇ ਮਾਰਗ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਚਰਨ ਕਮਲ ਆਨੂਪ ਹਰਿ ਸੰਤ ਮੰਤ ॥ ਕੋਊ ਲਾਗੈ ਸਾਧੂ ॥੩॥
ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥੪॥}

(ਅੰਗ - ੩੮੦)

{ਬੁਰਾ ਭਲਾ ਕੋਈ ਨ ਕਹੀਜੈ ॥
ਛੋਡਿ ਮਾਨੁ ਹਰਿ ਚਰਨ ਗਹੀਜੈ ॥੩॥
ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ ॥
ਸੁਖੁ ਪਾਵਹਿ ਸਾਚੈ ਦਰਬਾਰਿ ॥੪॥}

(ਅੰਗ - ੧੮੬)

{ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥
ਮਨ ਤਨ ਅੰਤਰਿ ਇਹੀ ਸੁਆਉ ॥
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥
ਮਨੁ ਬਿਗਸੈ ਸਾਧ ਚਰਨ ਧੋਇ ॥
ਭਗਤ ਜਨਾ ਕੈ ਮਨਿ ਤਨਿ ਰੰਗੁ ॥
ਬਿਰਲਾ ਕੋਊ ਪਾਵੈ ਸੰਗੁ ॥
ਏਕ ਬਸਤੁ ਦੀਜੈ ਕਰਿ ਮਇਆ ॥
ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥
ਤਾ ਕੀ ਉਪਮਾ ਕਹੀ ਨ ਜਾਇ ॥
ਨਾਨਕ ਰਹਿਆ ਸਰਬ ਸਮਾਇ ॥੬॥}

(ਅੰਗ - ੨੯੦)

{ਮਾਈ ਗੁਰ ਚਰਣੀ ਚਿਤੁ ਲਾਈਐ ॥
ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ ਸਦਾ ਸਦਾ ਹਰਿ ਧਿਆਈਐ ॥੧॥ ਰਹਾਉ ॥
ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ ॥
ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ ॥੧॥
ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ ॥
ਸੁਖਦਾਤੇ ਦੁਖ ਭੰਜਨ ਸੁਆਮੀ ਜਨ ਨਾਨਕ ਸਦ ਬਲਿ ਜਾਈਐ ॥੨॥}

(ਅੰਗ - ੫੨੮)

{ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ ॥
ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ ਤ੍ਰਿਸਨ ਤ੍ਰਿਖਾਈ ॥੧॥}

(ਅੰਗ - ੬੧੨)

{ਕੋਟਿ ਜਨਮ ਕੇ ਬਿਨਸੇ ਪਾਪ ॥
ਹਰਿ ਹਰਿ ਜਪਤ ਨਾਹੀ ਸੰਤਾਪ ॥
ਗੁਰ ਕੇ ਚਰਨ ਕਮਲ ਮਨਿ ਵਸੇ ॥
ਮਹਾ ਬਿਕਾਰ ਤਨ ਤੇ ਸਭਿ ਨਸੇ ॥੧॥
ਗੋਪਾਲ ਕੋ ਜਸੁ ਗਾਉ ਪ੍ਰਾਣੀ ॥
ਅਕਥ ਕਥਾ ਸਾਚੀ ਪ੍ਰਭ ਪੂਰਨ ਜੋਤੀ ਜੋਤਿ ਸਮਾਣੀ ॥੧॥ ਰਹਾਉ ॥
ਤ੍ਰਿਸਨਾ ਭੂਖ ਸਭ ਨਾਸੀ ॥
ਸੰਤ ਪ੍ਰਸਾਦਿ ਜਪਿਆ ਅਬਿਨਾਸੀ ॥
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ ॥
ਹਰਿ ਮਿਲਣੈ ਕੀ ਏਹ ਨੀਸਾਨੀ ॥੨॥
ਮਿਟੇ ਜੰਜਾਲ ਹੋਏ ਪ੍ਰਭ ਦਇਆਲ ॥
ਗੁਰ ਕਾ ਦਰਸਨੁ ਦੇਖਿ ਨਿਹਾਲ ॥
ਪਰਾ ਪੂਰਬਲਾ ਕਰਮੁ ਬਣਿ ਆਇਆ ॥
ਹਰਿ ਕੇ ਗੁਣ ਨਿਤ ਰਸਨਾ ਗਾਇਆ ॥੩॥
ਹਰਿ ਕੇ ਸੰਤ ਸਦਾ ਪਰਵਾਣੁ ॥
ਸੰਤ ਜਨਾ ਮਸਤਕਿ ਨੀਸਾਣੁ ॥
ਦਾਸ ਕੀ ਰੇਣੁ ਪਾਏ ਜੇ ਕੋਇ ॥
ਨਾਨਕ ਤਿਸ ਕੀ ਪਰਮ ਗਤਿ ਹੋਇ ॥੪॥}

(ਅੰਗ - ੮੯੭)

{ਦਰਸਨ ਕਉ ਜਾਈਐ ਕੁਰਬਾਨੁ ॥
ਚਰਨ ਕਮਲ ਹਿਰਦੈ ਧਰਿ ਧਿਆਨੁ ॥
ਧੂਰਿ ਸੰਤਨ ਕੀ ਮਸਤਕਿ ਲਾਇ ॥
ਜਨਮ ਜਨਮ ਕੀ ਦੁਰਮਤਿ ਮਲੁ ਜਾਇ ॥੧॥
ਜਿਸੁ ਭੇਟਤ ਮਿਟੈ ਅਭਿਮਾਨੁ ॥
ਪਾਰਬ੍ਰਹਮੁ ਸਭੁ ਨਦਰੀ ਆਵੈ ਕਰਿ ਕਿਰਪਾ ਪੂਰਨ ਭਗਵਾਨ ॥੧॥ ਰਹਾਉ ॥}

(ਅੰਗ - ੮੯੭)

{ਹਰਿ ਜਨ ਲੀਨੇ ਪ੍ਰਭੂ ਛਡਾਇ ॥
ਪ੍ਰੀਤਮ ਸਿਉ ਮੇਰੋ ਮਨੁ ਮਾਨਿਆ ਤਾਪੁ ਮੁਆ ਬਿਖੁ ਖਾਇ ॥੧॥ ਰਹਾਉ ॥
ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ ॥
ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮਲ ਸਰਨਾਇ ॥੧॥

ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ ॥
ਗੁਨ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੁਖੁ ਮਿਟਾਇ ॥੨॥}

(ਅੰਗ - ੩੭੮)

{ਚਰਨ ਕਮਲ ਕੀ ਆਸ ਪਿਆਰੇ ॥
ਜਮਕੰਕਰ ਨਸਿ ਗਏ ਵਿਚਾਰੇ ॥੧॥
ਤੂ ਚਿਤਿ ਆਵਹਿ ਤੇਰੀ ਮਇਆ ॥
ਸਿਮਰਤ ਨਾਮ ਸਗਲ ਰੋਗ ਖਇਆ ॥੧॥ ਰਹਾਉ ॥}

(ਅੰਗ - ੩੮੯)

{ਗੁਰੁ ਪੂਰਾ ਪਾਇਓ ਮੇਰੇ ਭਾਈ ॥
ਰੋਗ ਸੋਗ ਸਭ ਦੂਖ ਬਿਨਾਸੇ ਸਤਿਗੁਰ ਕੀ ਸਰਣਾਈ ॥ ਰਹਾਉ ॥
ਗੁਰ ਕੇ ਚਰਨ ਹਿਰਦੈ ਵਸਾਏ ॥
ਮਨ ਚਿੰਤਤ ਸਗਲੇ ਫਲ ਪਾਏ ॥
ਅਗਨਿ ਬੁਝੀ ਸਭ ਹੋਈ ਸਾਂਤਿ ॥
ਕਰਿ ਕਿਰਪਾ ਗੁਰਿ ਕੀਨੀ ਦਾਤਿ ॥੨॥}

(ਅੰਗ - ੩੯੫)

{ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥੪॥
ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥੫॥
ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ ॥੬॥
ਹਰਿ ਰਸੁ ਜਿਨ੍ੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ ॥੭॥
ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ ॥੮}

(ਅੰਗ - ੪੩੧)

{ਹਰਿ ਚਰਨ ਕਮਲ ਮਨੁ ਬੇਧਿਆ ਕਿਛੁ ਆਨ ਨ ਮੀਠਾ ਰਾਮ ਰਾਜੇ ॥
ਮਿਲਿ ਸੰਤਸੰਗਤਿ ਆਰਾਧਿਆ ਹਰਿ ਘਟਿ ਘਟੇ ਡੀਠਾ ਰਾਮ ਰਾਜੇ ॥
ਹਰਿ ਘਟਿ ਘਟੇ ਡੀਠਾ ਅੰਮ੍ਰਿਤੁ ਵੂਠਾ ਜਨਮ ਮਰਨ ਦੁਖ ਨਾਠੇ ॥
ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ ॥
ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ ॥
ਹਰਿ ਨਾਨਕ ਬੇਧੇ ਚਰਨ ਕਮਲ ਕਿਛੁ ਆਨ ਨ ਮੀਠਾ ॥੧॥}

(ਅੰਗ - ੪੫੩-੪੫੪)

{ਗੁਰ ਕੇ ਚਰਨ ਹਿਰਦੈ ਵਸਾਏ ॥
ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥
ਅਪਨੇ ਸੇਵਕ ਕਉ ਲਏ ਪ੍ਰਭੁ ਲਾਇ ॥

ਤਾ ਕੀ ਕੀਮਤਿ ਕਹੀ ਨ ਜਾਇ ॥੧॥}

(ਅੰਗ - ੧੨੭੦)

{ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥
ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ ॥
ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥
ਜੀਉ ਪ੍ਰਾਣ ਤਨੁ ਮਨੁ ਪ੍ਰਭੂ ਬਿਨਸੇ ਸਭਿ ਝੂਠਾ ॥੧੧॥}

(ਅੰਗ - ੭੦੯)

ਗੁਰੂ ਦੇ ਚਰਨ ਕਮਲ ਕੀ ਹਨ ਇਸ ਗੱਲ ਨੂੰ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਚਰਨ ਕਮਲ ਹੀ ਹਨ ਜਿੰਨ੍ਹਾਂ ਦਾ ਮਕਸਦ ਸਾਨੂੰ ਸੱਚੀ ਮਤਿ ਦੇਣ ਦੇ ਨਾਲ ਹੀ ਹੈ ਤਾਂ ਜੋ ਅਸੀਂ ਉਸ ਅਨੁਸਾਰ ਚੱਲ ਸਕੀਏ ਤੇ ਗੁਰਬਾਣੀ ਦੇ ਰਚਨਹਾਰ ਪ੍ਰਮਾਤਮਾ ਨੂੰ ਪਾ ਸਕੀਏ ਜੋ ਸਾਡੇ ਅੰਦਰ ਹੀ ਹੈ। ਗੁਰੂ ਦੇ ਚਰਨ ਕਮਲਾਂ ਦਾ ਮਕਸਦ ਸਾਨੂੰ ਮਨ ਦੇ ਮਾੜੇ ਨਾਸਮਝ ਵਿਚਾਰਾਂ ਵਿੱਚੋਂ, ਮਨ ਦੇ ਵਿਕਾਰਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਗਤੀ ਦੇ ਸਹੀ ਮਾਰਗ ਤੇ ਚੱਲ ਸਕੀਏ।

{ਗੁਰ ਕੇ ਚਰਨ ਕਮਲ ਮਨਿ ਵਸੇ ॥
ਮਹਾ ਬਿਕਾਰ ਤਨ ਤੇ ਸਭਿ ਨਸੇ ॥੧॥}

(ਅੰਗ - ੮੯੭)

{ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥੪॥
ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥੫॥}

(ਅੰਗ - ੪੩੧)

ਗੁਰੂ ਦੇ ਚਰਨ ਕਮਲਾਂ ਨਾਲ ਜੁੜਕੇ ਹੀ ਅਸੀਂ ਚਰਨ ਕਮਲਾਂ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ। ਗੁਰੂ ਦੇ ਚਰਨ ਸਾਡੇ ਅੰਦਰ ਵੱਸਣਾ ਜਾਂ ਪ੍ਰਮਾਤਮਾ ਦਾ ਸਾਡੇ ਅੰਦਰ ਵੱਸਣਾ, ਉਸ ਦੀ ਮੂਰਤਿ ਦਾ ਸਾਡੇ ਅੰਦਰ ਵੱਸਣਾ ਇੱਕੋ ਹੀ ਗੱਲ ਹੈ। ਹੁਣ ਅਸੀਂ ਮੁੱਖ ਸ਼ਬਦ ਨੂੰ ਹੋਰ ਵੀ ਦ੍ਰਿੜਤਾ ਨਾਲ ਸਮਝ ਸਕਦੇ ਹਾਂ ਜਿਸ ਰਾਹੀਂ ਸਾਨੂੰ ਗੁਰੂ ਦੀ ਮੂਰਤਿ ਆਪਣੇ ਅੰਦਰ ਵਸਾਉਣ ਦੀ ਗੱਲ ਸਮਝਾਈ ਹੋਈ ਹੈ, ਗੁਰੂ ਦੇ ਚਰਨ ਆਪਣੇ ਅੰਦਰ ਵਸਾਉਣ ਦੀ ਗੱਲ ਸਮਝਾਈ ਹੋਈ ਹੈ।

“ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥”

(ਅੰਗ - ੮੬੪)

ਗੁਰੂ ਦੇ ਸ਼ਬਦਾਂ ਦੇ ਮੰਤ੍ਰ ਨੂੰ ਮੰਨਣਾ ਜਾਂ ਨਾਮ ਮੰਤ੍ਰ ਨੂੰ ਜਪਣਾ, ਗੁਰੂ ਦੀ ਮੂਰਤਿ ਨੂੰ ਆਪਣੇ ਧਿਆਨ ਵਿੱਚ ਵਸਾਉਣਾ ਜਾਂ ਗੁਰੂ ਦੇ ਚਰਨਾਂ ਨੂੰ ਆਪਣੇ ਅੰਦਰ ਧਾਰਨ ਕਰਨਾ ਇੱਕੋ ਹੀ ਗੱਲ ਹੈ ਜਿਸ ਦਾ ਮਕਸਦ ਉਸ ਗੁਰੂ ਪ੍ਰਮਾਤਮਾ ਅੱਗੇ ਆਪਣਾ ਸਿਰ ਝੁਕਾਉਣਾ ਹੈ, ਉਸ ਨੂੰ ਨਮਸਕਾਰ ਕਰਨਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਉਸ ਦੇ ਉਸ ਰੂਪ ਅੱਗੇ ਹੀ ਝੁਕਿਆ ਜਾ ਸਕਦਾ ਹੈ। ਉਹ ਸੱਚੇ ਗਿਆਨ ਦੇ ਰੂਪ ਵਿੱਚ ਹੈ, ਸੱਚੀ ਗੁਰਮਤਿ ਵਾਲੀ ਸਮਝ ਦੇ ਰੂਪ ਵਿੱਚ ਹੈ ਤੇ ਜਦੋਂ ਸਾਡੇ ਅੰਦਰ ਦੀ ਸਮਝ ਸੱਚੇ ਗਿਆਨ ਵਾਲੀ ਬਣਕੇ ਉਸ ਦਾ ਹੁਕਮ ਮੰਨਦੀ ਹੈ ਭਾਵ ਉਸ ਦੇ ਸਮਝਾਏ ਹੋਏ ਮਾਰਗ ਤੇ ਚੱਲਦੀ ਹੈ, ਇਹ ਉਸ

ਪ੍ਰਮਾਤਮਾ ਨੂੰ ਸਾਡਾ ਨਮਸਕਾਰ ਕਰਨਾ ਹੈ ਭਾਵ ਉਸ ਦੀ ਸੱਚੀ ਮਤਿ ਅੱਗੇ ਆਪਣਾ ਸੀਸ ਨਿਵਾਉਣਾ ਹੈ। ਗੁਰੂ ਦੀ ਸੱਚੀ ਮਤਿ ਅੱਗੇ ਸਾਡੀ ਸਮਝ ਨੇ ਹੀ ਝੁਕਣਾ ਹੈ। (**ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥**) ਅੰਗ - ੮੭੮ । ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ ਤੇ ਗੁਰੂ ਦੀ ਮਤਿ ਅੱਗੇ ਸੀਸ ਨਿਵਾਉਣਾ ਗੁਰੂ ਪ੍ਰਮਾਤਮਾ ਨੂੰ ਸੀਸ ਨਿਵਾਉਣਾ ਹੈ ਜਿਸ ਦੁਆਰਾ ਉਸ ਦੇ ਮੰਤ੍ਰ ਨੂੰ ਮੰਨ ਕੇ, ਉਸ ਦੇ ਨਾਮ ਨੂੰ ਮੰਨ ਕੇ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕਦੇ ਹਾਂ ਭਾਵ ਉਸ ਪ੍ਰਮਾਤਮਾ ਦਾ ਨਾਮ ਜਪ ਸਕਦੇ ਹਾਂ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸ ਗੁਰੂ ਰੂਪ ਪ੍ਰਮਾਤਮਾ ਦੀ ਮੂਰਤਿ ਨੂੰ, ਉਸ ਦੀ ਅਕਾਲ ਮੂਰਤਿ ਨੂੰ ਆਪਣੇ ਧਿਆਨ ਵਿੱਚ ਵਸਾ ਕੇ ਉਸ ਦੇ ਨਾਮ ਦੇ ਮੰਤ੍ਰ ਨੂੰ ਮੰਨਣ ਦੁਆਰਾ ਪ੍ਰਮਾਤਮਾ ਦਾ ਨਾਮ ਜਪਿਆ ਹੈ ਤੇ ਇਹੀ ਕੁੱਝ ਨਾਮ ਜਪਣਾ, ਗੁਰੂ ਦੇ ਮੰਤ੍ਰ ਨੂੰ ਜਪਣਾ ਸਾਰੇ ਸੰਸਾਰ ਨੂੰ ਸਮਝਾਇਆ ਹੈ। (**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥**)

ਉੱਪਰ ਪਦੇ ਰਾਹੀਂ ਗੁਰੂ ਦੀ ਮੂਰਤਿ ਨੂੰ ਆਪਣੇ ਧਿਆਨ ਵਿੱਚ ਵਸਾਉਣ ਲਈ ਕਿਸ ਕਰਕੇ ਸਮਝਾਇਆ ਹੈ ਇਸ ਗੱਲ ਨੂੰ ਵੀ ਸਮਝਣਾ ਜਰੂਰੀ ਹੈ। ਗੁਰੂ ਦੀ ਮੂਰਤਿ ਗੁਰੂ ਦੀ ਉੱਚੀ ਸਮਝ ਹੈ, ਉਸ ਦੀ ਸੱਚੀ ਸਮਝ ਹੈ ਜਿਸ ਨਾਲ ਜੁੜ ਕੇ ਹੀ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ ਜੋ ਕਿ ਆਪਣੇ ਅੰਦਰੋਂ ਗੁਰੂ ਰੂਪ ਪ੍ਰਮਾਤਮਾ ਨੂੰ ਜਾਣਨ ਦਾ ਹੈ। ਕੀ ਸਾਨੂੰ ਸੰਸਾਰ ਵਿੱਚ ਕੋਈ ਹੋਰ ਇਹੋ ਜਿਹਾ ਮਨੁੱਖ ਮਿਲ ਸਕਦਾ ਹੈ ਜੋ ਗੁਰੂ ਵਰਗੀ ਸਮਝ ਰੱਖਦਾ ਹੋਵੇ ਜੋ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਕਰਕੇ ਗੁਰੂ ਦੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਹੈ ਭਾਵ ਬ੍ਰਹਮ ਗਿਆਨ ਵਾਲੀ ਹੈ, ਸੱਚੇ ਨਾਮ ਵਾਲੀ ਹੈ। ਗੁਰੂ ਤੋਂ ਬਿਨ੍ਹਾਂ ਹਰ ਕਿਸੇ ਦੀ ਸਮਝ ਤ੍ਰੈਗੁਣਾਂ ਵਾਲੀ ਹੈ ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਰਾਹੀਂ ਸਮਝਿਆ ਹੈ। ਚੌਥੇ ਪਦ ਦੇ ਗਿਆਨ ਨੂੰ ਜਾਣੇ ਬਿਨ੍ਹਾਂ ਤਾਂ ਕੋਈ ਇਸ ਗੱਲ ਨੂੰ ਵੀ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਤ੍ਰੈਗੁਣ ਕੀ ਹੈ, ਹਉਮੈ ਕੀ ਹੈ ਭਾਵ ਮਾਇਆ ਦੀ ਜੁਗਤਿ ਕੀ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਰੱਖਿਆ ਹੋਇਆ ਹੈ ਭਾਵ ਕੱਚੀ ਮਤਿ ਵਿੱਚ ਰੱਖਿਆ ਹੋਇਆ ਹੈ। ‘‘ਸੱਚੀ ਮਤਿ’’ ਕੀ ਹੁੰਦੀ ਹੈ ਇਸ ਨੂੰ ਜਾਣੇ ਬਿਨ੍ਹਾਂ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ‘‘ਕੱਚੀ ਮਤਿ’’ ਕੀ ਹੁੰਦੀ ਹੈ। ਕੱਚੀ ਮਤਿ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਪਰ ਇਸ ਗੱਲ ਨੂੰ ਕੋਈ ਧਰਮ ਦਾ ਵਿਦਵਾਨ ਅਖਵਾਉਣ ਵਾਲਾ ਮੰਨ ਨਹੀਂ ਸਕਦਾ ਕਿ ਮੈਂ ਕੱਚੀ ਮਤਿ ਵਾਲਾ ਹਾਂ ਭਾਵ ਮੈਂ ਸੱਚੀ ਮਤਿ ਵਾਲਾ ਨਹੀਂ ਹਾਂ। ਜੋ ਆਪ ਭਰਮਾਂ ਵਿੱਚ ਹਨ ਉਹ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ ਤੇ ਭਗਤੀ ਦੇ ਵੱਖਰੇ-ਵੱਖਰੇ ਮਾਰਗ ਸਮਝਾਉਂਦੇ ਹਨ, ਵੱਖਰੇ ਵੱਖਰੇ ਨਾਮ ਜਪਣੇ ਸਮਝਾਉਂਦੇ ਹਨ ਤੇ ਪ੍ਰਮਾਤਮਾ ਨੂੰ ਵੀ ਕਿਸੇ ਆਕਾਰ ਰੂਪ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ। ‘‘ਗੁਰੂ’’ ਤੋਂ ਬਿਨ੍ਹਾਂ ਪ੍ਰਮਾਤਮਾ ਦੀ ਸਮਝ ਕਿਸੇ ਨੂੰ ਨਹੀਂ ਹੈ ਤੇ ਇਹੀ ਗੱਲ ਸ਼ਬਦ ਦੀਆਂ ਅਗਲੀਆਂ ‘‘ਰਹਾਉ’’ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ ਭਾਵ ਸਭ ਨੂੰ ਸੁਚੇਤ ਕੀਤਾ ਹੋਇਆ ਹੈ ਕਿ ਭਰਮ ਪਾਉਣ ਵਾਲਿਆਂ ਦੇ ਪਿੱਛੇ ਨਾ ਲੱਗੋ ਤੇ ਕੇਵਲ ਗੁਰੂ ਦੀ ਮਤਿ ਨਾਲ ਜੁੜੋ, ਸੱਚੀ ਸਮਝ ਵਾਲੀ ਮਤਿ ਨਾਲ ਜੁੜੋ ਜੋ ਸਾਨੂੰ ਮਨ ਦੀ ਮਾਇਆ ਤੋਂ ਪਾਰ ਕਰ ਸਕਦੀ ਹੈ ਭਾਵ ਮਨ ਦੀ ਤ੍ਰੈਗੁਣਾਂ ਦੀ ਸਮਝ ਵਿੱਚੋਂ, ਹਉਮੈ ਵਿੱਚੋਂ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਪਾਰ ਕਰ ਸਕਦੀ ਹੈ ਭਾਵ ਕੱਢ ਸਕਦੀ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਪ੍ਰਮਾਤਮਾ ਦੇ ਅਸਲ ਰੂਪ ਨੂੰ, ਉਸ ਦੇ ਨਿਰੰਕਾਰ ਰੂਪ ਨੂੰ ਜਾਣ ਸਕੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਸਾਡੇ ਅੰਦਰ ਹੀ ਹੈ ਤੇ ਉਸ ਦੇ ਨਾਲ ਸਾਡਾ ਪੜਦਾ ਸਾਡੇ ਅੰਦਰ ਦੀ ਅਗਿਆਨਤਾ ਹੈ ਜਿਸ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ, ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਤੇ ਸੱਚੇ ਨਾਮ ਨਾਲ ਅਸੀਂ ਤਦ ਹੀ ਜੁੜਾਂਗੇ ਜੇਕਰ ਗੁਰੂ ਕੋਲੋਂ ਸੱਚੀ ਮਤਿ ਲਵਾਂਗੇ ਤੇ ਭਰਮ ਪਾਉਣ ਵਾਲਿਆਂ ਦੀ ਮਤਿ ਵਿੱਚੋਂ ਨਿਕਲਾਂਗੇ ਜੋ ਸਦੀਆਂ ਤੋਂ ਸਾਨੂੰ ਭਰਮਾਂ ਵਿੱਚ ਪਾਉਂਦੇ ਆ ਰਹੇ ਹਨ ਤੇ ਹੁਣ ਵੀ ਉਸੇ ਤਰ੍ਹਾਂ ਪਾਈ ਜਾ ਰਹੇ ਹਨ। ਗੁਰੂ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਉਸ ਪ੍ਰਮਾਤਮਾ ਨੂੰ ਜਾਣ ਸਕੀਏ ਜੋ ਸਾਡੇ ਸਭ ਦੇ ਅੰਦਰ ਹੀ ਹੈ, ਨਿਰੰਕਾਰ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਜੋ ਆਪ ਹੀ ਬ੍ਰਹਮ ਗਿਆਨੀ ਹੈ। ਪੂਰੀ ਗੁਰਬਾਣੀ ਵਿੱਚ ਉਸ ਬ੍ਰਹਮ ਗਿਆਨੀ ਦਾ ਆਪਣਾ ਪਾਇਆ ਹੋਇਆ ਹੀ ਬ੍ਰਹਮ ਗਿਆਨ ਹੈ, ਉਸ ਦਾ ਸੱਚਾ ਨਾਮ ਹੈ ਜਿਸ ਨਾਮ ਨਾਲ ਜੁੜੇ ਬਿਨ੍ਹਾਂ ਭਾਵ ਸੱਚਾ ਉੱਦਮ ਕੀਤੇ ਬਿਨ੍ਹਾਂ ਨਾ ਹੀ ਅਸੀਂ ਉਸ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਸੱਚੀ ਭਗਤੀ ਸਮਝਾਉਣ ਵਾਲੇ ਮਾਲਕ ਨੂੰ ਜਾਣ ਸਕਦੇ ਹਾਂ ਜੋ ਕਿ

ਸਾਡੇ ਅੰਦਰ ਹੀ ਹੈ। (**ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥**) ਅੰਗ - ੮੬੪

ਜੋ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ, ਉਹਨਾਂ ਦੀ ਭਰਮਾਂ ਵਾਲੀ ਮਤਿ ਨੂੰ ਛੱਡੇ ਬਿਨ੍ਹਾਂ ਸਾਡਾ ਜੀਵਨ ਸਫ਼ਲ ਨਹੀਂ ਹੋ ਸਕਦਾ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਭੂਲੇ ਕਉ ਗੁਰਿ ਮਾਰਗਿ ਪਾਇਆ ॥
ਅਵਰ ਤਿਆਗਿ ਹਰਿ ਭਗਤੀ ਲਾਇਆ ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥
ਗੁਰ ਪੂਰੇ ਕੀ ਬੇਅੰਤ ਵਡਾਈ ॥”

ਭੁੱਲੇ ਹੋਏ ਨੂੰ ਮਾਰਗ ਉਹੀ ਪਾ ਸਕਦਾ ਹੈ ਜੋ ਆਪ ਭੁੱਲਿਆ ਹੋਇਆ ਨਾ ਹੋਵੇ। ਪ੍ਰਮਾਤਮਾ ਨੂੰ ਸਮਝਣ ਵਿੱਚ ਕਿ ਪ੍ਰਮਾਤਮਾ ਕੀ ਹੈ ਤੇ ਉਸ ਨੂੰ ਪਾਉਣ ਦਾ ਮਾਰਗ ਕੀ ਹੈ ਇਸ ਭੁੱਲ ਤੋਂ ਅਗਰ ਕੋਈ ਬਾਹਰ ਹੈ ਤੇ ਉਹ ਕੇਵਲ ਤੇ ਕੇਵਲ ਇੱਕ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਤੋਂ ਬਿਨ੍ਹਾਂ ਹਰ ਕੋਈ ਭੁੱਲ ਵਿੱਚ ਹੀ ਹੈ ਭਾਵ ਜੇਕਰ ਗੁਰੂ ਤੋਂ ਬਿਨ੍ਹਾਂ ਕੋਈ ਇਹ ਸਮਝੇ ਕਿ ਉਹ ਪ੍ਰਮਾਤਮਾ ਨੂੰ ਜਾਣਨ ਵਿੱਚ, ਉਸ ਦੇ ਨਾਮ ਨੂੰ ਜਾਨਣ ਵਿੱਚ ਭਾਵ ਉਸ ਦੀ ਭਗਤੀ ਨੂੰ ਜਾਣਨ ਵਿੱਚ ਭੁੱਲ ਵਿੱਚ ਨਹੀਂ ਹੈ, ਇਹੋ ਜਿਹਾ ਸਮਝਣਾ ਹੀ ਉਸ ਦੀ ਭੁੱਲ ਹੈ ਭਾਵ ਉਸ ਦੀ ਨਾਮਸਝੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ ਜਿੰਨ੍ਹਾਂ ਰਾਹੀਂ ਸਾਨੂੰ ਬੜੀ ਗਹਿਰਾਈ ਨਾਲ ਇਹ ਕੁੱਝ ਸਮਝਾਇਆ ਹੋਇਆ ਹੈ। ਮਨ ਦੀ ਮਾਇਆ ਤੋਂ ਰਹਿਤ ਕੋਈ ਵੀ ਨਹੀਂ ਹੈ ਜਿਸ ਮਾਇਆ ਦੀ ਜੁਗਤਿ ਦਾ ਮਕਸਦ ਹੀ ਮਨੁੱਖ ਨੂੰ ਪ੍ਰਮਾਤਮਾ ਨੂੰ ਜਾਣਨ ਬਾਰੇ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਭੁੱਲ ਤੋਂ ਰਹਿਤ ਕੇਵਲ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ।

{ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥}

(ਅੰਗ – ੬੧)

ਪ੍ਰਭਾਤੀ ਮਹਲਾ ੧ ਦਖਣੀ ॥
{ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥੧॥
ਕੋਈ ਜਾਣਿ ਨ ਭੂਲੈ ਭਾਈ ॥
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥੧॥ ਰਹਾਉ ॥
ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥੨॥
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥੩॥
ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥
ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥੪॥
ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ ॥

ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ ॥੫॥
ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ॥
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ ॥੬॥
ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥
ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ ॥੭॥
ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ ॥੮॥}

(ਅੰਗ - ੧੩੪੪)

ਜਦ ਤੱਕ ਮਨੁੱਖ ਆਪਣੇ ਮਨ ਨੂੰ ਨਹੀਂ ਜਾਣਦਾ ਕਿ ਇਹ ਮਨ ਕੀ ਹੈ ਤਦ ਤੱਕ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਇਹ ਭੁੱਲ ਕਿੱਥੋਂ ਆਉਂਦੀ ਹੈ ਤੇ ਕਿਵੇਂ ਨਿਕਲ ਸਕਦੀ ਹੈ। ਮਨ ਦੇ ਵਿੱਚ ਕੇਵਲ ਸਮਝ ਹੀ ਉਪਜਦੀ ਹੈ ਤੇ ਸਾਡੇ ਅੰਦਰ ਦੀ ਸਮਝ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਜਦ ਤੱਕ ਅਸੀਂ ਆਪਣੇ ਅੰਦਰੋਂ ਸਮਝ ਦੇ ਮਾਲਕ ਨੂੰ ਨਹੀਂ ਜਾਣਦੇ ਤਦ ਤੱਕ ਅਸੀਂ ਭਰਮ ਤੇ ਸੱਚ ਵਿੱਚ ਪੂਰੀ ਤਰ੍ਹਾਂ ਫਰਕ ਵੀ ਨਹੀਂ ਕਰ ਸਕਦੇ। ਜਿਸ ਨੇ ਸਾਡੇ ਅੰਦਰ ਭਰਮ ਪਾਏ ਹੋਏ ਹਨ ਉਹ ਹੀ ਸਾਨੂੰ ਇਹਨਾਂ ਵਿੱਚੋਂ ਕੱਢ ਸਕਦਾ ਹੈ। ਧਰਮ ਦੇ ਮਾਰਗ ਤੇ, ਸੱਚ ਦੇ ਮਾਰਗ ਤੇ, ਭਗਤੀ ਦੇ ਮਾਰਗ ਤੇ ਮਨ ਦੀ ਸੱਚੀ ਸਮਝ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਭਾਵ ਮਨ ਦੀ ਭੁਲਾਉਣ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਜਿਸ ਸਮਝ ਵਿੱਚੋਂ ਗੁਰੂ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਸਮਝ ਦੇਣ ਦੁਆਰਾ ਆਪ ਹੀ ਕੱਢਦਾ ਹੈ। ਮਨ ਦੀ ਮਾਇਆ ਵਾਲੀ ਜੁਗਤਿ ਵਿੱਚੋਂ, ਹਉਮੈ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ, ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਕੱਢਦਾ ਹੈ, ਸੱਚੀ ਗੁਰਮਤਿ ਸਮਝਾਉਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਕੱਢਦਾ ਹੈ। ਉਸ ਦੀ ਸੱਚੀ ਮਤਿ ਮਿਲਣ ਤੋਂ ਬਾਅਦ ਉਹ ਮਨੁੱਖ ਫਿਰ ਦੂਸਰਿਆਂ ਦੀ ਮਤਿ ਨੂੰ ਤਿਆਗ ਦਿੰਦਾ ਹੈ ਕਿਉਂਕਿ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਗੁਰੂ ਤੋਂ ਬਿਨ੍ਹਾਂ ਮਤਾਂ ਦੇਣ ਵਾਲੇ ਬਹੁਤ ਹਨ ਪਰ ਉਹ ਸਭ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਕਿਉਂਕਿ ਉਹ ਆਪ ਭਰਮਾਂ ਵਿੱਚ ਹਨ ਕਿਉਂਕਿ ਉਹ ਆਪ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦੇ ਹਨ। ਸੱਚੀ ਭਗਤੀ ਦੇ ਮਾਰਗ ਤੇ ਪ੍ਰਮਾਤਮਾ ਕਿਸੇ ਨੂੰ ਆਪ ਹੀ ਲਾਉਂਦਾ ਹੈ ਜਿਵੇਂ ਕਿ ਉਸ ਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਲਾਇਆ ਹੈ ਜਿਸ ਕਰਕੇ ਉਹ ਆਪਣੇ ਜੀਵਨ ਵਿੱਚ ਆਪਣੀ ਸੱਚੀ ਕਰਨੀ ਦੁਆਰਾ ਆਪ ਭਗਤੀ ਦੇ ਮਾਰਗ ਤੇ ਚੱਲੇ ਹਨ ਤੇ ਉਹੀ ਮਾਰਗ ਉਹਨਾਂ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਇਆ ਹੈ। ਜਿਸ ਤਰੀਕੇ ਉਹਨਾਂ ਨੇ ਆਪ ਪ੍ਰਮਾਤਮਾ ਦੇ ਆਪਣੇ ਅੰਦਰੋਂ ਉਸਦੇ ਨਿਰੰਕਾਰ ਰੂਪ ਦੇ ਦਰਸ਼ਨ ਕੀਤੇ ਹਨ ਉਸੇ ਤਰੀਕੇ ਉਹਨਾਂ ਨੇ ਸੰਸਾਰ ਨੂੰ ਪ੍ਰਮਾਤਮਾ ਦਾ ਨਿਰੰਕਾਰ ਰੂਪ ਜਾਣਨ ਦਾ ਤਰੀਕਾ ਸਮਝਾਇਆ ਹੈ। ਜਦ ਤੱਕ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦਾ ਉਹ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਣ ਦੁਆਰਾ ਜਨਮ ਮਰਨ ਦੇ ਡਰ ਵਿੱਚ ਰਹਿੰਦਾ ਹੈ ਜੋ ਡਰ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਨ ਤੋਂ ਬਾਅਦ ਖਤਮ ਹੋ ਜਾਂਦਾ ਹੈ ਕਿਉਂਕਿ ਮਨੁੱਖ ਨੂੰ ਮਨ ਦੇ ਭਰਮ ਨਿਕਲਣ ਦੁਆਰਾ, ਹਉਮੈ ਨਿਕਲਣ ਦੁਆਰਾ ਇਹ ਸਮਝ ਪੈ ਜਾਂਦੀ ਹੈ ਕਿ ਆਪਣੀ ਮਨੁੱਖੀ ਹੋਂਦ ਨੂੰ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਣਾ ਕੇਵਲ ਸਾਡਾ ਭਰਮ ਹੈ ਜੋ ਭਰਮ ਪ੍ਰਮਾਤਮਾ ਨੇ ਸਭ ਦੇ ਅੰਦਰ ਆਪ ਹੀ ਪਾਇਆ ਹੋਇਆ ਹੈ ਪਰ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ। ਮਨ ਦੇ ਵਿੱਚੋਂ ਇਹ ਝੂਠਾ ਡਰ ਪ੍ਰਮਾਤਮਾ ਕਿਸੇ ਦਾ ਆਪ ਹੀ ਕੱਢ ਸਕਦਾ ਹੈ ਤੇ ਆਪ ਹੀ ਕਿਸੇ ਨੂੰ ਆਪਣੀ ਸੱਚੀ ਭਗਤੀ ਦੇ ਮਾਰਗ ਤੇ ਪਾ ਸਕਦਾ ਹੈ, ਆਪ ਹੀ ਆਪਣੀ ਵਡਿਆਈ ਸਿਖਾ ਸਕਦਾ ਹੈ। ਭਗਤੀ ਦੇ ਮਾਰਗ ਦੀ ਪਹਿਲੀ ਵਡਿਆਈ ਹੀ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਹਰ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਹਰ ਆਕਾਰ ਰੂਪ ਪ੍ਰਮਾਤਮਾ ਦੀ ਵਡਿਆਈ ਹੀ ਬਿਆਨ ਕਰਦਾ ਹੈ। ਉਸ ਦੇ ਕਿਤਨੇ ਕੁ ਆਕਾਰ ਰੂਪ ਹਨ ਤੇ ਹਰ ਆਕਾਰ ਰੂਪ ਕਿਤਨੇ ਕੁ ਗੁਣਾਂ ਨਾਲ ਭਰਿਆ ਹੋਇਆ ਹੈ ਉਹ ਮਨੁੱਖ ਦੀ ਗਿਣਤੀ ਤੋਂ ਹੀ ਬਾਹਰ ਹੈ ਭਾਵ ਉਸ ਦੀਆਂ ਵਡਿਆਈਆਂ ਦਾ ਕੋਈ ਅੰਤ ਨਹੀਂ ਜਾਣ ਸਕਦਾ। (**ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥ ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥**)

ਉੱਪਰ ਵਾਲੇ ਪੂਰੇ ਸ਼ਬਦ ਰਾਹੀਂ ਅਸੀਂ ਗੁਰੂ ਦੀ ਮੂਰਤਿ ਨੂੰ ਆਪਣੇ ਧਿਆਨ ਵਿੱਚ ਵਸਾਉਣਾ ਹੀ ਸਮਝ ਰਹੇ ਹਾਂ ਜਿਸ ਗੁਰੂ ਦੀ ਮੂਰਤਿ ਨੂੰ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਆਪਣੇ ਅੰਦਰ ਵਸਾਉਣ ਦਾ ਮਕਸਦ ਹੀ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਹੈ ਤੇ ਜਿਸ ਦੇ ਅੰਦਰ ਗੁਰੂ ਪ੍ਰਮਾਤਮਾ ਆਪਣੀ "ਮੂਰਤਿ" ਵਸਾਉਂਦਾ ਹੈ ਭਾਵ ਆਪਣੀ ਨਾਮ ਰੂਪ ਮੂਰਤਿ ਵਸਾਉਂਦਾ ਹੈ ਉਸ ਦੁਆਰਾ ਉਹ ਮਨੁੱਖ ਦੇ ਅੰਦਰੋਂ ਉਸ ਦੀ ਅਗਿਆਨਤਾ ਨੂੰ ਹੀ ਕੱਢਦਾ ਹੈ ਜਿਵੇਂ ਕਿ ਗੁਰੂ ਦੀ ਮੂਰਤਿ ਨੂੰ ਸਮਝਣ ਲਈ, ਉਸ ਦੀ ਅਕਾਲ ਮੂਰਤਿ ਨੂੰ ਸਮਝਣ ਲਈ ਪਿੱਛੇ ਦੂਸਰੇ ਸ਼ਬਦਾਂ ਰਾਹੀਂ ਸਮਝਿਆ ਹੈ। ਮੁੱਖ ਸ਼ਬਦ ਦੇ ਉਪਰਲੇ ਪਦੇ ਰਾਹੀਂ ਅਸੀਂ ਭਰਮਾਂ ਵਿੱਚੋਂ ਨਿਕਲਣਾ ਸਮਝਿਆ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਣਾ ਸਮਝਿਆ ਹੈ ਜਿਸ ਦੁਆਰਾ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਜੋ ਸੱਚੀ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਉਹ ਮਨ ਦੇ ਵਿੱਚ ਆਪਣੀ ਸੱਚੀ ਸਮਝ ਕਿਸ ਤਰੀਕੇ ਪਾਉਂਦਾ ਹੈ ਭਾਵ ਆਪਣੀ ਮੂਰਤਿ ਸਾਡੇ ਧਿਆਨ ਦੇ ਵਿੱਚ ਕਿਸ ਤਰੀਕੇ ਵਸਾਉਂਦਾ ਹੈ ਤੇ ਸਾਡੀ ਅਗਿਆਨਤਾ ਕਿਸ ਤਰੀਕੇ ਕੱਢਦਾ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥

ਅੰਧਕਾਰ ਮਹਿ ਭਇਆ ਪ੍ਰਗਾਸ ॥

ਜਿਨਿ ਕੀਆ ਸੋ ਗੁਰ ਤੇ ਜਾਨਿਆ ॥

ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥”

ਸਾਡੇ ਅੰਦਰ ਪੁੱਠੇ ਕਮਲ ਦਾ ਹੋਣਾ ਕੀ ਹੈ, ਸਿੱਧੇ ਕਮਲ ਦਾ ਹੋਣਾ ਕੀ ਹੈ ਤੇ ਕਮਲ ਦਾ ਖਿੜਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਕਿਤਨੇ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਨੂੰ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਊਰਧ ਕਮਲ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਤੇ ਕਮਲ ਬਿਗਾਸ ਹੋਣਾ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਪਰਕਾਸ਼ ਹੈ, ਚੌਥੇ ਪਦ ਦੇ ਗਿਆਨ ਦਾ ਪਰਕਾਸ਼ ਹੈ, ਸੱਚੇ ਨਾਮ ਦਾ ਪਰਕਾਸ਼ ਹੈ। ਮਨ ਦੇ ਅੰਦਰ ਇਹ ਸੱਚੇ ਗਿਆਨ ਦਾ ਪਰਕਾਸ਼ ਹੋਣਾ ਸਾਡੇ ਅੰਦਰ ਗੁਰੂ ਦੀ ਮੂਰਤਿ ਦਾ ਵੱਸਣਾ ਹੈ ਜਿਸ ਆਪਣੀ ਮੂਰਤਿ ਦੇ ਵਿੱਚ ਗੁਰੂ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਕਿ ਗੁਰੂ ਦਾ ਆਪਣਾ ਹੀ ਰੂਪ ਹੈ। ਜੋ ਸਾਡੇ ਅੰਦਰ ਆਪਣੇ ਗਿਆਨ ਦਾ ਪਰਕਾਸ਼ ਕਰਦਾ ਹੈ ਉਹੀ ਆਪ ਗੁਰੂ ਹੈ ਜਿਸ ਗੁਰੂ ਰੂਪ ਪ੍ਰਮਾਤਮਾ ਦੁਆਰਾ ਮਨ ਦੇ ਵਿੱਚ ਗਿਆਨ ਦੇ ਪਰਕਾਸ਼ ਦੁਆਰਾ ਹੀ ਕੋਈ ਉਸ ਗੁਰੂ ਨੂੰ ਆਪਣੇ ਅੰਦਰੋਂ ਜਾਣਦਾ ਹੈ ਜੋ ਕਿ ਕੇਵਲ ਉਸ ਦੀ ਕਿਰਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਸਮਝ ਪੈਂਦੀ ਹੈ ਕਿ ਗੁਰੂ ਦਾ ਰੂਪ ਕੀ ਹੈ ਤੇ ਕਿਸੇ ਨੂੰ ਆਪਣੇ ਅੰਦਰੋਂ ਉਹ ਗੁਰੂ ਆਪ ਹੀ ਆਪਣਾ ਆਪ ਜਣਾਉਂਦਾ ਹੈ। ਗੁਰੂ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਦਾ ਰੂਪ ਹੈ ਤੇ ਮਨੁੱਖ ਤਾਂ ਹੀ ਇਸ ਗੱਲ ਨੂੰ ਮੰਨ ਸਕਦਾ ਹੈ ਕਿ ਮਨੁੱਖੀ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਮਨ ਦੇ ਅੰਦਰ ਮਨ ਦੇ ਗਿਆਨ ਦੁਆਰਾ ਵਰਤ ਰਿਹਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਸਾਡਾ ਮਨ ਮੁਗਧ ਹੀ ਹੁੰਦਾ ਹੈ, ਮੂਰਖ ਹੀ ਹੁੰਦਾ ਹੈ ਭਾਵ ਅਗਿਆਨਤਾ ਵਿੱਚ ਹੀ ਹੁੰਦਾ ਹੈ ਜਿਸ ਅਗਿਆਨਤਾ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਮੰਨ ਸਕਦਾ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ। ਸਾਡੇ ਅੰਦਰ ਦੀ ਇਹ ਮੁਗਧ ਰੂਪ ਸਮਝ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਜਿਸ ਕਮਲ ਨੂੰ ਪ੍ਰਮਾਤਮਾ ਆਪ ਹੀ ਆਪਣੇ ਗਿਆਨ ਦੇ ਪਰਕਾਸ਼ ਦੁਆਰਾ ਸਿੱਧਾ ਕਰਦਾ ਹੈ ਭਾਵ ਖੇੜੇ ਵਿੱਚ ਲਿਆਉਂਦਾ ਹੈ। (**ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥ ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥**)

ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਸ ਗੱਲ ਲਈ ਫਿਰ ਤੋਂ ਸੁਚੇਤ ਕੀਤਾ ਹੋਇਆ ਹੈ ਕਿ ਗੁਰੂ ਦੀ ਮੂਰਤਿ ਨਾਲ ਜੁੜੇ ਬਿਨ੍ਹਾਂ ਭਾਵ ਗੁਰੂ ਦੇ ਸੱਚੇ ਗਿਆਨ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਕਦੇ ਭਰਮਾਂ ਵਾਲੀ ਸਮਝ ਤੋਂ ਮੁਕਤਿ ਨਹੀਂ ਹੋ ਸਕਦੇ ਭਾਵ ਆਪਣੇ ਅੰਦਰੋ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਭਾਵ ਸਾਡੇ ਅੰਦਰ ਦਾ ਪੁੱਠਾ ਕਮਲ ਸਿੱਧਾ ਨਹੀਂ ਹੋ ਸਕਦਾ ਕਿਉਂਕਿ ਗੁਰੂ ਦੀ ਮਤਿ ਨਾਲ ਜੁੜਨਾ ਹੀ ਪ੍ਰਮਾਤਮਾ ਦੀ ਮਤਿ ਦੇ ਨਾਲ ਜੁੜਨਾ ਹੈ ਕਿਉਂਕਿ “ਗੁਰੂ” ਪ੍ਰਮਾਤਮਾ ਦੀ ਹੀ ਮੂਰਤਿ ਹੈ ਜਿਵੇਂ ਕਿ ਅਗਲੇ ਪਦੇ ਰਾਹੀਂ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ।

“ਗੁਰੁ ਕਰਤਾ ਗੁਰੁ ਕਰਣੈ ਜੋਗੁ ॥

ਗੁਰੁ ਪਰਮੇਸਰੁ ਹੈ ਭੀ ਹੋਗੁ ॥

ਕਹੁ ਨਾਨਕ ਪ੍ਰਭਿ ਇਹੈ ਜਨਾਈ ॥

ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥”

ਪਹਿਲੀਆਂ ਪੰਗਤੀਆਂ ਰਾਹੀਂ ਕਿਤਨਾ ਸਪੱਸ਼ਟ ਕਰ ਕੇ ਸਮਝਾਇਆ ਹੋਇਆ ਹੈ ਕਿ ਜੋ ਸ੍ਰਿਸ਼ਟੀ ਦਾ ਕਰਤਾ ਹੈ ਉਹੀ ਆਪ ਗੁਰੂ ਹੈ। ਜੋ ਸਾਡੇ ਸਰੀਰ ਨੂੰ ਬਣਾਕੇ ਚਲਾ ਰਿਹਾ ਹੈ ਉਹ ਕਰਤਾ ਹੈ ਜਿਸ ਨੂੰ ਹਰ ਕੋਈ ਮੰਨਦਾ ਹੈ ਪਰ ਉਸ ਨੂੰ ਗੁਰੂ ਕੋਈ ਤਾਂ ਹੀ ਮੰਨ ਸਕਦਾ ਹੈ ਜਦੋਂ ਕੋਈ ਉਸ ਦਾ ਗੁਰੂ ਰੂਪ ਆਪਣੇ ਅੰਦਰੋਂ ਦੇਖ ਲੈਂਦਾ ਹੈ। ਸਦਾ ਤੋਂ ਉਹ ਆਪ ਹੀ ਗੁਰੂ ਹੈ, ਕਰਤੇ ਦੇ ਰੂਪ ਵਿੱਚ ਗੁਰੂ ਹੈ ਤੇ ਸਦਾ ਤੋਂ ਉਹ ਆਪ ਹੀ ਹੈ ਤੇ ਉਸ ਨੇ ਆਪ ਹੀ ਰਹਿਣਾ ਹੈ। ਜੋ ਆਪ ਗੁਰੂ ਹੈ, ਉਹੀ ਸਾਨੂੰ ਆਪਣੇ ਨਾਲ ਮਿਲਾ ਸਕਦਾ ਹੈ ਤੇ ਉਹ ਆਪਣੇ ਨਾਲ ਸਾਨੂੰ ਤਾਂ ਹੀ ਮਿਲਾਏਗਾ ਜਦੋਂ ਅਸੀਂ ਉਸ ਦੀ “ਮੂਰਤਿ” ਨਾਲ ਜੁੜਾਂਗੇ ਭਾਵ ਉਸ ਦੇ “ਗੁਰੂ ਰੂਪ” ਨਾਲ ਜੁੜਾਂਗੇ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੇ ਵਿੱਚ ਹੀ ਹੈ ਜੋ ਕਿ ਸਾਡੇ ਅੰਦਰ ਦੀ ਅਗਿਆਨਤਾ

ਹੈ ਜਿਸ ਅਗਿਆਨਤਾ ਤੋਂ ਮੁਕਤਿ ਹੋਏ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਜਾਣ ਲਈਏ ਇਹ ਨਾਮੁਮਕਿਨ ਹੈ। ਪ੍ਰਮਾਤਮਾ ਦਾ ਆਪਣਾ ਗੁਰੂ ਰੂਪ ਉਸ ਦੇ ਸੱਚੇ ਗਿਆਨ ਦਾ ਰੂਪ ਹੈ ਜੋ ਉਸਦਾ ਰੂਪ ਪੂਰੀ ਗੁਰਬਾਣੀ ਦੇ ਵਿੱਚ ਹੈ ਤੇ ਗੁਰੂ ਦਾ ਸੱਚਾ ਗਿਆਨ ਹੀ ਸਾਨੂੰ ਅਗਿਆਨਤਾ ਤੋਂ ਮੁਕਤਿ ਕਰ ਸਕਦਾ ਹੈ। ਜਿਸ "ਗੁਰੂ ਪ੍ਰਮਾਤਮਾ" ਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਭ ਨੂੰ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਭਰਮ ਦੇ ਪੜਦੇ ਵਿੱਚ, ਹਉਮੈ ਦੇ ਪੜਦੇ ਵਿਚ ਰੱਖਿਆ ਹੋਇਆ ਹੈ ਭਾਵ ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਇਸ ਤੋਂ ਮੁਕਤਿ ਕਰ ਸਕਦਾ ਹੈ। ਗੁਰੂ ਸਾਹਿਬ ਸਾਨੂੰ ਉੱਪਰ ਸ਼ਬਦ ਰਾਹੀਂ ਇਹ ਕਹਿ ਕੇ ਸਮਝਾ ਰਹੇ ਹਨ ਕਿ ਇਹ ਸਭ ਕੁੱਝ ਜੋ ਮੈ ਤੁਹਾਨੂੰ ਸਮਝਾ ਰਿਹਾ ਹਾਂ ਇਹ ਮੈਨੂੰ ਪ੍ਰਮਾਤਮਾ ਨੇ ਹੀ ਕਹਿਣ ਲਈ ਸਮਝਾਇਆ ਹੈ ਕਿ ਗੁਰੂ ਤੋਂ ਬਿਨ੍ਹਾਂ ਅਸੀਂ ਮੁਕਤੀ ਨਹੀਂ ਪਾ ਸਕਦੇ ਭਾਵ ਸਾਨੂੰ ਕੇਵਲ ਗੁਰੂ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ, ਗੁਰੂ ਦੀ ਮੂਰਤਿ ਨਾਲ ਜੁੜਨਾ ਚਾਹੀਦਾ ਹੈ ਤੇ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਨਾ ਚਾਹੀਦਾ। (**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥ ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥ ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥ ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥੨॥ ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥ ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥ ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥ ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥**)

ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੀ ਵਡਿਆਈ ਕਰਨੀ ਤਾਂ ਹੀ ਜਾਣੀ ਜਾ ਸਕਦੀ ਹੈ ਤੇ ਕੀਤੀ ਜਾ ਸਕਦੀ ਹੈ ਜਦੋਂ ਸਾਨੂੰ ਆਪਣੇ ਅੰਦਰੋਂ ਹੀ ਇਸ ਗੱਲ ਦੀ ਸੋਝੀ ਪੈ ਜਾਵੇ ਕਿ ਉਹ ਬਹੁਤ ਬਹੁਤ ਵੱਡਾ ਹੈ, ਉਹ ਸਭ ਕੁੱਝ ਆਪ ਹੀ ਹੈ **(ਕੇਵਡੁ ਵਡਾ ਡੀਠਾ ਹੋਇ॥) ਅੰਗ - ੮** । ਉਸ ਵੱਡੇ ਨੂੰ ਜਾਣਨ ਲਈ ਜੋ ਗੁਰੂ ਜੀ ਨੇ ਅਸਲ ਮਾਰਗ ਦੱਸਿਆ ਹੈ, ਸੱਚ ਦਾ ਮਾਰਗ ਦੱਸਿਆ ਹੈ, ਉਸ ਤੇ ਚੱਲ ਕੇ ਹੀ ਇਹ ਵਡਿਆਈ ਸਿੱਖਣ ਦਾ ਉੱਦਮ ਕੀਤਾ ਜਾ ਸਕਦਾ ਹੈ। ਵਡਿਆਈ ਕਰਦੇ-ਕਰਦੇ ਹੀ ਵੱਡੇ ਨੂੰ ਪਾਇਆ ਜਾ ਸਕਦਾ ਹੈ ਜੋ ਆਪਣੇ ਮੇਲ ਦੁਆਰਾ ਆਪ ਹੀ ਆਪਣੀ ਸੱਚੀ ਵਡਿਆਈ ਸਮਝਾਉਂਦਾ ਹੈ। **(ਵਡਿਆਈ ਵਡਾ ਪਾਇਆ॥੭॥) ਅੰਗ - ੪੬੭** ਸੱਚ ਦੇ ਮਾਰਗ ਤੇ ਚੱਲਦੇ-ਚੱਲਦੇ ਹੀ ਉਸ "ਸਚੁ" ਨੂੰ, ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਕਿ ਪ੍ਰਮਾਤਮਾ ਦੀ ਵਡਿਆਈ ਕਿਵੇਂ ਕਰਨੀ ਹੈ ਜੋ ਵਡਿਆਈ ਉਸ ਵੱਡੇ ਨੂੰ ਜਾਣਨ ਤੋਂ ਬਾਅਦ ਹੀ ਹੋ ਸਕਦੀ ਹੈ ਕਿ ਪ੍ਰਮਾਤਮਾ ਅਸਲ ਵਿੱਚ ਕਿਤਨਾ ਕੁ ਵੱਡਾ ਹੈ ਜੋ ਸਭ ਕੁੱਝ ਆਪ ਹੀ ਹੈ। ਉਸ ਵੱਡੇ ਦੇ ਅਸਲ ਰੂਪ ਨੂੰ ਜਾਣੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੀ ਵਡਿਆਈ ਆਪਣੀ ਆਪਣੀ ਸਮਝ ਅਨੁਸਾਰ ਕਰਦੇ ਹਾਂ, ਸੁਰਤੀਆਂ ਸਮਾਧੀਆਂ ਲਗਾਉਣ ਦੁਆਰਾ ਕਰਦੇ ਹਾਂ ਜਿਸ ਰਾਹੀਂ ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਤੇ ਅਸਲ ਵਿੱਚ ਵਡਿਆਈ ਉਨ੍ਹਾਂ ਨੂੰ ਮਿਲਦੀ ਹੈ ਜੋ ਆਪਣੀ ਮਤਿ ਅਨੁਸਾਰ ਆਪਣੀ ਭਗਤੀ ਦਾ ਦਿਖਾਵਾ ਕਰਦੇ ਹਨ ਤੇ ਇਸੇ ਲਈ ਸਾਨੂੰ ਬਾਣੀ ਰਾਹੀਂ ਇਹੋ ਜਿਹੀਆਂ ਵਡਿਆਈਆਂ ਲੈਣ ਤੋਂ ਮਨਾ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਸੁਣਿ ਵਡਾ ਆਖੈ ਸਭੁ ਕੋਇ ॥
ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥

ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥੪॥}

(ਅੰਗ - ੯)

6/529

ਪ੍ਰਮਾਤਮਾ ਦੀ ਵਡਿਆਈ ਕਰਨ ਦੀ ਸਮਝ ਕਿ ਉਹ ਕਿਤਨਾ ਕੁ ਵੱਡਾ ਹੈ, ਉਸ ਦੀ ਗੁਰਮਤਿ ਕਿਤਨੀ ਵੱਡੀ ਹੈ ਇਹ ਸਮਝ ਮਨ ਦੇ ਵਿੱਚੋਂ ਹੀ ਪੈਣੀ ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚੋਂ ਹੀ ਪੈਣੀ ਹੈ, ਉਸ ਦੇ ਮੰਦਰ ਵਿੱਚੋਂ ਹੀ ਪੈਣੀ ਹੈ ਤੇ ਇਹ ਸਮਝ ਤਾਂ ਹੀ ਪਵੇਗੀ ਜਦੋਂ ਸਾਡਾ ਮਨ ਰੂਪ ਘਰ ਮੰਦਰ ਵਿੱਚ ਬਦਲ ਜਾਵੇਗਾ ਭਾਵ ਜਦੋਂ ਸਾਨੂੰ ਸਮਝ ਪੈ ਜਾਵੇਗੀ ਕਿ ਸਾਡਾ ਮਨ ਪ੍ਰਮਾਤਮਾ ਦਾ ਮੰਦਰ ਹੀ ਹੈ ਜਿਸ ਮੰਦਰ ਵਿੱਚੋਂ ਉਹ ਆਪਣਾ ਸੱਚਾ ਗਿਆਨ ਦਿੰਦਾ ਹੈ ਤੇ ਆਪਣੀ ਵਡਿਆਈ ਆਪ ਹੀ ਸਮਝਾਉਂਦਾ ਹੈ। ਘਰ ਮੰਦਰ ਬਣਨਾ ਕੀ ਹੈ ਇਹ ਅਸੀਂ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਹੀ ਹੈ। ਆਓ ਹੁਣ ਇਸੇ ਗੱਲ ਨੂੰ ਅਨੰਦ ਬਾਣੀ ਵਿੱਚ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ।

“ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥੩੪॥”

(ਅੰਗ ੯੨੧-੯੨੨)

ਉੱਪਰ ਸ਼ਬਦ ਰਾਹੀਂ ਸਾਡੇ ਮਨ ਦੀ ਗੱਲ ਕੀਤੀ ਹੋਈ ਹੈ ਤੇ ਪ੍ਰਮਾਤਮਾ ਨੂੰ ਆਪਣੇ ਮਨ ਦੇ ਵਿੱਚ ਸੁਣਨ ਦੀ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਦਾ ਮਨ ਦੇ ਵਿੱਚ ਆਉਣਾ ਤਾਂ ਹੀ ਸਮਝ ਲੱਗ ਸਕਦਾ ਹੈ ਜੇਕਰ ਉਹ ਆਪ ਉੱਥੇ ਆਉਣ ਦੀ ਖਬਰ ਸੁਣਾਵੇ, ਮਨ ਦੇ ਵਿੱਚ ਦਸਤਕ ਦੇਵੇ। ਮਨ ਦੇ ਵਿੱਚ ਤਾਂ ਕੇਵਲ ਗਿਆਨ ਹੀ ਹੁੰਦਾ ਹੈ, ਜੋ ਕਿ ਨਿਰਗੁਣ ਸਰੂਪ ਹੈ। ਪ੍ਰਮਾਤਮਾ ਦੀ ਦਸਤਕ ਵੀ ਫਿਰ ਨਿਰਗੁਣ ਰੂਪ ਵਿੱਚ ਹੀ ਹੋ ਸਕਦੀ ਹੈ। ਉਹ ਆਪਣਾ ਆਪ ਮਨ ਦੇ ਵਿੱਚ ਕਿਵੇਂ ਪ੍ਰਗਟ ਕਰਦਾ ਹੈ, ਇਹ ਅਸੀਂ ਪਿੱਛੇ ਜਾਣ ਹੀ ਚੁੱਕੇ ਹਾਂ। ਉਹ ਮਨ ਦੀ ਸਮਝ ਰਾਹੀਂ ਮਨੁੱਖ ਨੂੰ ਬੇਵੱਸ ਕਰਕੇ ਦਿਖਾਉਂਦਾ ਹੈ, ਆਪਣੇ ਅੰਦਰ ਕਿਸੇ ਵੱਡੀ ਤਾਕਤ ਦੇ ਹੋਣ ਦਾ ਅਹਿਸਾਸ ਕਰਾਉਂਦਾ ਹੈ ਤੇ ਫਿਰ ਮਨ ਦੇ ਵਿੱਚ ਹੀ ਉਸਦੇ ਨਾਲ ਗੱਲਾਂ ਹੋਣੀਆ ਸ਼ੁਰੂ ਹੋ ਜਾਂਦੀਆਂ ਹਨ। ਮਨੁੱਖ ਦੇ ਅੰਦਰ ਖੁਸ਼ੀ ਦੀ ਲਹਿਰ ਦੌੜ ਜਾਂਦੀ ਹੈ, ਮਨ ਵਿੱਚ ਚਾਅ ਭਰ ਜਾਂਦਾ ਹੈ, ਉਮੰਗ ਭਰ ਜਾਂਦੀ ਹੈ। ਪ੍ਰਮਾਤਮਾ ਦਾ ਮਨ ਦੇ ਅੰਦਰ ਪ੍ਰਗਟ ਹੋਣਾ ਹੀ ਇਸ ਮਨ ਰੂਪੀ ਘਰ ਦਾ ਮੰਦਰ ਬਣਨਾ ਹੈ ਭਾਵ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਉਸ ਦੀ ਆਪਣੀ ਕੋਈ ਹੋਂਦ ਨਹੀਂ ਹੈ, ਆਪਣੀ ਕੋਈ ਸਮਝ ਨਹੀਂ ਹੈ, ਮਨ ਦੀ ਸਮਝ ਤੇ ਆਪਣਾ ਕੋਈ ਜ਼ੋਰ ਨਹੀਂ ਹੈ। ਸਭ ਕੁੱਝ ਉਹ ਪ੍ਰਮਾਤਮਾ ਆਪ ਹੀ ਹੈ। **(ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥ ਹਰਿ ਮੰਗਲੁ ਗਾਉ ਸਖੀ**

ਗ੍ਰਿਹੁ ਮੰਦਰੁ ਬਣਿਆ॥) ਗੁਰੂ, ਪ੍ਰਮਾਤਮਾ ਦੇ ਅੰਦਰ ਵੱਸਣ ਨਾਲ, ਸੋਝੀ ਪੈਣ ਨਾਲ ਫਿਰ ਉਹ ਮਨੁੱਖੀ ਸਰੀਰ ਕੋਲੋਂ ਉਹੀ ਕੁੱਝ ਕਰਵਾਉਂਦਾ ਹੈ ਜੋ ਗੁਰਮਤਿ ਅਨੁਸਾਰ ਕਰਨਾ ਬਣਦਾ ਹੈ, ਜੋ ਉਸਦੀ ਮਤਿ ਅਨੁਸਾਰ ਹੈ, ਕਿਉਂਕਿ ਮਤਿ ਦੇਣ ਵਾਲਾ ਅੰਦਰ ਉਹ ਆਪ ਹੀ ਹੈ। ਜੋ ਮਤਿ ਉਹ ਆਪ ਪਰਗਟ ਹੋਣ ਦੁਆਰਾ ਦਿੰਦਾ ਹੈ ਉਹ ਮਤਿ ਭਗਤੀ ਦਾ ਮਾਰਗ ਸਮਝਣ ਲਈ ਤ੍ਰੈਗੁਣੀ ਮਾਇਆ ਵਾਲੀ ਨਹੀਂ ਹੁੰਦੀ। ਉਹ ਮਤਿ ਮਾਇਆ ਤੋਂ ਨਿਰਲੇਪ ਹੁੰਦੀ ਹੈ। ਉਸਦੇ ਵਿੱਚ ਦੁੱਖਾਂ ਦਾ ਸੋਗ ਭਾਵ

6/530

ਔਗੁਣਾਂ ਦੀ ਨਿਰਾਸ਼ਾ ਨਹੀਂ ਹੁੰਦੀ, ਔਗੁਣਾਂ ਦਾ ਦੁੱਖ ਨਹੀਂ ਹੁੰਦਾ। ਉਹ ਮਨੁੱਖ ਨੂੰ ਔਗੁਣ ਰਹਿਤ ਕਰ ਦਿੰਦਾ ਹੈ ਭਾਵ ਮਨੁੱਖ ਗੁਰੂ ਦੀ ਮਤਿ ਅਨੁਸਾਰ ਹੀ ਵਿਚਰਦਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੇ ਮੰਗਲ ਗੁਣ ਗਾਏ ਜਾ ਸਕਦੇ ਹਨ ਭਾਵ ਮਨੁੱਖ ਦੀ ਵਿਚਰਨ ਚੰਗੀ ਬਣ ਜਾਂਦੀ ਹੈ, ਗੁਰਮਤਿ ਅਨੁਸਾਰ ਬਣ ਜਾਂਦੀ ਹੈ।**(ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥)** ਇਹੀ ਮਨੁੱਖ ਦਾ ਗੁਰੂ ਨਾਲ ਜੁੜਨਾ ਹੈ ਭਾਵ ਉਸਦੀ ਮਤਿ ਨਾਲ ਜੁੜਨਾ ਹੈ। ਇਹ ਗੁਰੂ ਦੀ ਮਤਿ ਦਾ ਵੱਸਣਾ ਹੀ ਮਨੁੱਖ ਨੂੰ ਭਾਗਾਂ ਵਾਲਾ ਬਣਾਉਂਦਾ ਹੈ। ਇਹੋ ਜਿਹੀ ਗੁਰੂ ਦੀ ਮਤਿ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਨੂੰ ਜਪਣਾ ਹੈ, ਉਸ ਪਤੀ ਰੂਪ ਪ੍ਰਮਾਤਮਾ ਨੂੰ ਜਪਣਾ ਹੈ ਭਾਵ ਗੁਰੂ ਦੇ ਹੁਕਮ ਵਿੱਚ ਰਹਿ ਕੇ ਇਹੋ ਜਿਹਾ ਮਨੁੱਖ ਭਾਗਾਂ ਵਾਲਾ ਬਣ ਕੇ ਉਸ ਪ੍ਰਮਾਤਮਾ ਨੂੰ ਜਪਦਾ ਹੈ, ਸੱਚੀ ਸੁੱਚੀ ਕਿਰਤ ਕਰਦਾ ਹੈ। ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ ਪ੍ਰਮਾਤਮਾ ਨੂੰ ਪੂਰਨ ਰੂਪ ਵਿੱਚ ਜਪਿਆ ਜਾ ਸਕਦਾ ਹੈ। ਉਸ ਤੋਂ ਪਹਿਲਾਂ ਅਸੀਂ ਕੇਵਲ ਉੱਦਮ ਹੀ ਕਰਨਾ ਹੈ। (**ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥)**

ਗੁਰੂ ਪ੍ਰਮਾਤਮਾ ਆਪ ਹੀ ਅਨਹਦ ਬਾਣੀ ਦੇ ਰੂਪ ਵਿੱਚ ਹੈ ਅਤੇ ਆਪ ਹੀ ਉਸ ਵਿੱਚ ਆਪਣੇ ਸ਼ਬਦਾਂ ਦੁਆਰਾ ਵਰਤ ਰਿਹਾ ਹੈ, ਸ਼ਬਦਾਂ ਦੀ ਸੁਧਿ ਦੇ ਰੂਪ ਵਿੱਚ ਵਰਤ ਰਿਹਾ ਹੈ, ਸ਼ਬਦਾਂ ਦੇ ਵਿੱਚ ਦਿੱਤੀ ਹੋਈ ਮਤਿ ਦੇ ਦੁਆਰਾ ਵਰਤ ਰਿਹਾ ਹੈ। ‘‘ਅਨਹਦ ਬਾਣੀ’’ ਭਾਵ ਗੁਰਬਾਣੀ ਮਨ ਦੇ ਵਿੱਚੋਂ ਹੀ ਆਈ ਹੈ ਤੇ ਮਨ ਦੇ ਵਿੱਚ ਉਸ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆਈ ਹੈ। ਮਨ ਦੇ ਵਿੱਚ ਉਸ ਦੇ ਨਾਲ ਮੇਲ ਉਸ ਦੀ ਬਾਣੀ ਦੀ ਸਮਝ ਦੇ ਰੂਪ ਵਿੱਚ ਹੀ ਹੁੰਦਾ ਹੈ, ਉਸਦੇ ਗਿਆਨ ਦੁਆਰਾ ਹੀ ਹੁੰਦਾ ਹੈ। ਉਸਦੇ ਨਾਲ ਮੇਲ ਤੋਂ ਬਾਅਦ ਉਸ ਕੋਲੋਂ ਗਿਆਨ ਹੀ ਮਿਲਦਾ ਹੈ, ਉਸਦਾ ਸੱਚਾ ਗਿਆਨ ਹੀ ਮਿਲਦਾ ਹੈ ਜੋ ਕਿ ਉਸਦੀ ਅਨਹਦ ਬਾਣੀ ਦਾ ਰੂਪ ਹੈ। ਆਪਣੇ ਆਪ ਦੀ, ਆਪਣੇ ਸੱਚੇ ਗਿਆਨ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣੇ ਸ਼ਬਦਾਂ ਦੁਆਰਾ ਪਾਉਂਦਾ ਹੈ, ਮਨ ਦੇ ਵਿੱਚ ਆਪਣੇ ਸ਼ਬਦ ਬੋਲ ਕੇ ਪਾਉਂਦਾ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ। ਨਿਰਗੁਣ ਰੂਪ ਵਿੱਚ ਭਾਵ ਨਿਰੰਕਾਰ ਰੂਪ ਵਿੱਚ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ। ਉਸਦੀ ਮਤਿ ਨੂੰ ਜਾਣ ਕੇ ਹੀ, ਪ੍ਰਮਾਤਮਾ ਨੂੰ ਗੁਰੂ ਜਾਣਿਆ ਜਾ ਸਕਦਾ ਹੈ ਭਾਵ ਮੰਨਿਆ ਜਾ ਸਕਦਾ ਹੈ। ‘‘ਹਰਿ ਨਾਮ’’ ਉਸ ਦੀ ਮਤਿ ਹੈ, ਸ਼ਬਦਾਂ ਦਾ ਗਿਆਨ ਹੈ, ਸ਼ਬਦਾਂ ਦਾ ਰਸ ਹੈ, ‘‘ਹਰਿ ਰਸ’’ ਹੈ। ਜਦ ਤੱਕ ਮਨੁੱਖ ਇਸ ‘‘ਰਸੁ’’ ਨੂੰ ਪ੍ਰਾਪਤ ਕਰਕੇ ਨਹੀਂ ਭੋਗਦਾ, ਗੁਰੂ ਦੀ ਮਤਿ ਨੂੰ ਨਹੀਂ ਭੋਗਦਾ ਭਾਵ ਉਸ ਤੇ ਅਮਲ ਨਹੀਂ ਕਰਦਾ ਤਦ ਤੱਕ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ। ਉਸਦੇ ਨਾਲ ਮੇਲ ਤੋਂ ਬਾਅਦ ਹੀ ਬਾਣੀ ਦੀ ਸੋਝੀ ਪੈਂਦੀ ਹੈ ਕਿਉਂਕਿ ਉਹ ਆਪ ਹੀ ਬਾਣੀ ਦੇ ਗਿਆਨ ਦੇ ਰੂਪ ਵਿੱਚ ਹੈ, ਬਾਣੀ ਦਾ ਰਚਨ ਵਾਲਾ ਹੈ ਤੇ ਆਪ ਹੀ ਮਨ ਦੇ ਵਿੱਚ ਬੈਠਾ ਹੈ ਤੇ ਉਹ ਸਭ ਕੁੱਝ ਜਾਣਦਾ ਹੈ। ਉਹ ਜੋ ਚਾਹੇ ਗਿਆਨ ਦੇ ਸਕਦਾ ਹੈ, ਉਹ ਸਭ ਕੁੱਝ ਸਮਝਾ ਸਕਦਾ ਹੈ ਭਾਵ ਜੇਕਰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈ ਜਾਵੇਗੀ ਤਾਂ ਫਿਰ ਬਾਣੀ ਦੀ ਸੋਝੀ ਪੈਣਾ ਵੀ ਸੁਭਾਵਿਕ ਹੈ ਭਾਵ ਜੇਕਰ ਬਾਣੀ ਦੀ ਸੋਝੀ ਨਹੀਂ ਪਈ ਲੇਕਿਨ ਕੋਈ ਇਹ ਗੱਲ ਕਰੇ ਕਿ ਉਹ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ, ਇਹ ਨਹੀਂ ਹੋ ਸਕਦਾ, ਇਹ ਕੇਵਲ ਭੁਲੇਖਾ ਹੋ

6/531

ਸਕਦਾ ਹੈ। **(ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥)**

ਪ੍ਰਮਾਤਮਾ ਦੇ ਨਾਲ ਮੇਲ ਦੀ ਕਸਵੱਟੀ ਹੀ ਇਹ ਹੈ ਕਿ ਪੂਰੀ ਗੁਰਬਾਣੀ ਦੀ ਸੱਚੀ ਸੋਝੀ ਦਾ ਪੈ ਜਾਣਾ। ਬਾਣੀ ਚੌਥੇ ਪਦ ਵਿੱਚ ਹੈ ਤੇ ਜਦੋਂ ਚੌਥੇ ਪਦ ਦਾ ਮਾਲਕ ਆਪ ਅੰਦਰ ਪ੍ਰਗਟ ਹੋ ਜਾਂਦਾ ਹੈ ਫਿਰ ਬਾਣੀ ਦਾ ਭੇਦ ਆਪ ਹੀ ਸਮਝ ਆ ਜਾਂਦਾ ਹੈ ਭਾਵ ਆਪਣੀ ਪੂਰੀ ਬਾਣੀ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਚੌਥੇ ਪਦ ਦੇ ਗਿਆਨ ਦੀ ਪਹਿਚਾਣ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੀ ਕਰ ਸਕਦੀ ਹੈ ਭਾਵ ਉਹ ਆਪਣੀ ਬਾਣੀ ਵਿੱਚ ਪਾਏ ਹੋਏ, ਦਿੱਤੇ ਹੋਏ ਗਿਆਨ ਦੀ

ਪਹਿਚਾਣ, ਉਸਦੇ ਅਸਲ ਭਾਵ ਦੀ ਪਹਿਚਾਣ ਆਪ ਹੀ ਕਰਵਾ ਸਕਦਾ ਹੈ। ਇਹ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। ਮਨੁੱਖ ਦੀ ਸਮਰੱਥਾ ਉਸਨੇ ਤ੍ਰੈਗੁਣਾਂ ਵਾਲੀ ਬਣਾਈ ਹੋਈ ਹੈ ਜਿਸ ਦੁਆਰਾ ਉਸ ਨੇ ਮਨੁੱਖ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਸਾਰੀ ਬਾਣੀ ਬ੍ਰਹਮ ਗਿਆਨ ਹੈ ਤੇ ਜੇਕਰ ਕਿਸੇ ਨੂੰ ਬ੍ਰਹਮ ਗਿਆਨੀ ਅਖਵਾ ਕੇ ਬ੍ਰਹਮ ਗਿਆਨ ਦੀ ਸੋਝੀ ਨਹੀਂ ਪਈ ਤਾਂ ਇਸ ਦਾ ਮਤਲਬ ਕੀ ਹੋਇਆ? ਇੱਕ ਬ੍ਰਹਮ ਗਿਆਨੀ ਅਖਵਾਉਣ ਵਾਲੇ ਦਾ ਗਿਆਨ ਦੂਸਰੇ ਬ੍ਰਹਮ ਗਿਆਨੀ ਅਖਵਾਉਣ ਵਾਲੇ ਦੇ ਨਾਲ ਵੀ ਨਹੀਂ ਰਲਦਾ। ਬ੍ਰਹਮ ਗਿਆਨੀ ਕੇਵਲ ਇੱਕੋ ਹੀ ਹੈ ਤੇ ਦੂਸਰਾ ਕੋਈ ਨਹੀਂ ਹੋ ਸਕਦਾ। ਜਿਵੇਂ ਕਿ ਪਿੱਛੇ ਵੀ ਇਸ ਗੱਲ ਦੀ ਚਰਚਾ ਕੀਤੀ ਹੈ "ਬ੍ਰਹਮ ਗਿਆਨੀ" ਬ੍ਰਹਮ ਗਿਆਨ ਦੇਣ ਵਾਲਾ ਹੈ ਨਾ ਕਿ ਲੈਣ ਵਾਲਾ। ਆਪਣੇ ਆਪ ਨੂੰ ਕੋਈ ਬ੍ਰਹਮ ਗਿਆਨੀ ਤਾਂ ਹੀ ਅਖਵਾ ਸਕਦਾ ਹੈ ਜੇਕਰ ਮਨ ਦੇ ਵਿੱਚੋਂ ਉਸ ਬ੍ਰਹਮ ਗਿਆਨੀ ਦੇ ਦਰਸ਼ਨ ਨਹੀਂ ਹੋਏ ਜਿਸ ਬ੍ਰਹਮ ਗਿਆਨੀ ਨੇ ਗੁਰਬਾਣੀ ਰੂਪ ਬ੍ਰਹਮ ਗਿਆਨ ਦੀ ਰਚਨਾ ਕੀਤੀ ਹੈ ਤੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਬ੍ਰਹਮ ਗਿਆਨ ਦੁਆਰਾ ਚਲਾ ਰਿਹਾ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥}

(ਅੰਗ - ੪੫੬)

ਉਹ ਪ੍ਰਮਾਤਮਾ ਮਨ ਦੇ ਵਿੱਚ ਮੇਲ ਕਿਵੇਂ ਕਰਦਾ ਹੈ, ਉਸਦਾ ਮੇਲ ਕੀ ਹੈ ਇਹ ਮੁੱਖ ਸ਼ਬਦ ਦੀ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥"

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਪ੍ਰਮਾਤਮਾ ਦੇ ਨਾਲ ਮੇਲ ਮਨੁੱਖ ਦੀ ਸਮਝ ਦਾ ਹੀ ਹੁੰਦਾ ਹੈ ਤੇ ਮਨੁੱਖ ਦੀ ਭਰਮਾਂ ਵਾਲੀ ਸਮਝ ਹੀ ਦੂਰ ਹੁੰਦੀ ਹੈ ਤੇ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਮਨੁੱਖ ਦੀ ਅਸਲੀਅਤ ਕੀ ਹੈ। ਇਹ ਕਰਣ ਕਾਰਣ ਦਾ ਇੱਕ ਹੋ ਜਾਣਾ ਹੈ, ਕਰਣ ਕਾਰਣ ਦਾ ਮੇਲ ਹੈ। ਆਪਣੇ ਵੱਲੋਂ ਕਰਦਾ ਸਭ ਕੁੱਝ ਮਨੁੱਖ ਹੈ ਪਰ ਅਸਲ ਵਿੱਚ ਸਭ ਕੁੱਝ ਕਰਵਾਉਂਦਾ ਉਹ ਆਪ ਹੈ। ਮਨੁੱਖ ਦੀ ਸਾਰੀ ਕਰਣੀ ਦੇ ਪਿੱਛੇ "ਕਾਰਣ" ਉਹ ਆਪ ਹੀ ਹੁੰਦਾ ਹੈ ਭਾਵ ਸਭ ਕੁੱਝ ਪ੍ਰਮਾਤਮਾ ਦੇ ਕਾਰਨ ਹੁੰਦਾ ਹੈ ਭਾਵ ਸਭ ਕੁੱਝ ਮਨੁੱਖ ਪ੍ਰਮਾਤਮਾ ਦੇ ਕਰਵਾਉਣ ਦੇ ਕਾਰਨ ਹੀ ਕਰਦਾ ਹੈ। ਜਦੋਂ ਉਸ ਕਰਵਾਉਣ ਵਾਲੇ ਦੀ ਸੋਝੀ

ਪੈ ਜਾਂਦੀ ਹੈ, ਕਰਨ ਵਾਲੇ ਨੂੰ ਵੀ ਆਪਣੇ ਆਪ ਦੀ ਸੋਝੀ ਪੈ ਜਾਂਦੀ ਹੈ, ਆਪਣੇ ਆਪ ਦੀ ਪਹਿਚਾਣ ਹੋ ਜਾਂਦੀ ਹੈ, ਮਨ ਦੇ ਵਿੱਚ ਦੇ ਭੇਦ ਦੀ ਸੋਝੀ ਪੈ ਜਾਂਦੀ ਹੈ ਤੇ ਉਹ ਭੇਦ ਮਿਟ ਜਾਂਦਾ ਹੈ। ਕਰਨ ਵਾਲੇ ਦੀ ਹੋਂਦ ਖਤਮ ਹੋ ਜਾਂਦੀ ਹੈ, ਹਉਮੈ ਮਿਟ ਜਾਂਦੀ ਹੈ ਤੇ ਕਰਵਾਉਣ ਵਾਲੇ ਦੀ ਹੋਂਦ ਬਣੀ ਰਹਿੰਦੀ ਹੈ। ਜਿਸਦੀ ਸਾਰੀ ਹੋਂਦ ਹੈ, ਉਸਦੀ ਸੋਝੀ ਪੈ ਜਾਂਦੀ ਹੈ। **(ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥ ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥ ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥ ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥ ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥ ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥)**

ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਮਨ ਮੰਦਰ ਕੀ ਹੈ। ਅੱਗੇ ਕੁੱਝ ਸ਼ਬਦਾਂ ਦੁਆਰਾ ਹੁਣ ਇਹ ਜਾਣਨ ਦੀ ਕੋਸ਼ਿਸ਼ ਕਰਨੀ ਹੈ ਕਿ ਗੁਰੂ ਦੇ ਪਰਿਵਾਰ ਨਾਲ ਰਲਣਾ, ਪ੍ਰਮਾਤਮਾ ਦੇ ਪਰਿਵਾਰ ਵਿੱਚ ਆਉਣਾ ਕੀ ਹੈ। ਇਹ ਪਰਿਵਾਰ ਕਿਵੇਂ ਬਣਦਾ ਹੈ ਉਸਨੂੰ ਜਾਣਨ ਤੋਂ ਪਹਿਲੇ ਸਾਡੇ ਲਈ ਇਹ ਜਾਣਨਾ ਜਰੂਰੀ ਹੈ ਕਿ "ਰਾਗ ਨਾਦ" ਕੀ ਹੈ। ਰਾਗ ਅਤੇ ਨਾਦ, ਰਾਗਾਂ ਦੇ ਸੁਰ ਵੀ ਹੁੰਦੇ ਹਨ ਜਿੰਨ੍ਹਾਂ ਨੂੰ ਅਸੀਂ ਆਪਣੇ ਕੰਨਾਂ ਨਾਲ ਸੁਣਦੇ ਹਾਂ। "ਰਾਗ ਨਾਦ" ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਸਾਡੇ ਅੰਦਰ ਕਿਵੇਂ ਵਰਤਦਾ ਹੈ, ਇਹ ਵੀ ਬਾਣੀ ਵਿੱਚ ਸਮਝਾਇਆ ਹੋਇਆ ਹੈ। ਇਸ ਬਾਰੇ ਚਰਚਾ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਕੀਤੀ ਹੋਈ ਹੈ ਤੇ ਇਹ ਗੱਲ ਉੱਥੇ ਸਮਝਾਈ ਹੋਈ ਹੈ। ਹੇਠ ਲਿਖੇ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਕੁੱਝ ਹੋਰ ਬਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। "ਰਾਗ ਨਾਦ" ਨੂੰ ਸਮਝੇ ਬਿਨ੍ਹਾਂ ਸਾਨੂੰ ਸਾਡੇ ਮਨ ਦੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਦੀ ਸੋਝੀ ਨਹੀਂ ਪੈਂਦੀ। ਬਾਣੀ ਵਿੱਚ "ਰਾਗ" ਸਾਡੇ ਮਨ ਨੂੰ ਵੀ ਕਿਹਾ ਹੈ ਜੋ ਕਿ ਹਰ ਵੇਲੇ ਆਪਣੇ ਰਾਗ ਅਲਾਪਦਾ ਰਹਿੰਦਾ ਹੈ, ਚੁੱਪ ਨਹੀਂ ਕਰਦਾ। ਨਾਦ ਮਨ ਦੇ ਵਿਚਾਰਾਂ ਨੂੰ ਕਿਹਾ ਹੈ, ਮਨ ਦੀਆਂ ਸੋਚਾਂ ਨੂੰ ਕਿਹਾ ਹੈ ਜੋ ਹਰ ਵੇਲੇ ਮਨ ਦੇ ਵਿੱਚੋਂ ਉਪਜਦੀਆਂ ਰਹਿੰਦੀਆ ਹਨ। ਰਾਗ ਨਾਦ ਤੋਂ ਭਾਵ ਹੈ ਸਾਡੇ ਮਨ ਦੇ ਖਿਆਲ, ਸਾਡੇ ਮਨ ਦੇ ਵਿਚਾਰ, ਸਾਡੇ ਮਨ ਦਾ ਗਿਆਨ, ਸਾਡੇ ਮਨ ਦੀਆਂ ਸੋਚਾਂ, ਸਾਡੇ ਮਨ ਦੇ ਸ਼ਬਦ ਹਨ। ਆਓ ਸਭ ਤੋਂ ਪਹਿਲਾਂ

ਹੇਠ ਦਿੱਤੇ ਸ਼ਬਦ ਨੂੰ ਸਮਝੀਏ ਤੇ ਜਾਣੀਏ ਕਿ ਇਸ ਸ਼ਬਦ ਵਿੱਚ "ਰਾਗ" ਕਿਸ ਨੂੰ ਕਿਹਾ ਹੈ।

6/533

"ਮਨੁ ਮੈਗਲੁ ਸਾਕਤੁ ਦੇਵਾਨਾ॥ ਬਨ ਖੰਡਿ ਮਾਇਆ ਮੋਹਿ ਹੈਰਾਨਾ॥
ਇਤ ਉਤ ਜਾਹਿ ਕਾਲ ਕੇ ਚਾਪੇ॥ ਗੁਰਮੁਖਿ ਖੋਜਿ ਲਹੈ ਘਰੁ ਆਪੇ॥੧॥
ਬਿਨੁ ਗੁਰ ਸਬਦੈ ਮਨੁ ਨਹੀ ਠਉਰਾ॥
ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ॥੧॥ਰਹਾਉ॥
ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ॥
ਆਪੇ ਬਖਸੇ ਸਤਿਗੁਰੁ ਮੇਲੈ॥ ਕਾਲੁ ਕੰਟਕੁ ਮਾਰੇ ਸਚੁ ਪੇਲੈ॥੨॥
ਇਹੁ ਮਨੁ ਕਰਮਾ ਇਹੁ ਮਨੁ ਧਰਮਾ॥ ਇਹੁ ਮਨੁ ਪੰਚ ਤਤੁ ਤੇ ਜਨਮਾ॥
ਸਾਕਤੁ ਲੋਭੀ ਇਹੁ ਮਨੁ ਮੂੜਾ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ॥੩॥
ਗੁਰਮੁਖਿ ਮਨੁ ਅਸਥਾਨੇ ਸੋਈ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ॥
ਇਹੁ ਮਨੁ ਜੋਗੀ ਭੋਗੀ ਤਪੁ ਤਾਪੈ॥ ਗੁਰਮੁਖਿ ਚੀਨੈ ਹਰਿ ਪ੍ਰਭੁ ਆਪੈ॥੪॥
ਮਨੁ ਬੈਰਾਗੀ ਹਉਮੈ ਤਿਆਗੀ॥ ਘਟਿ ਘਟਿ ਮਨਸਾ ਦੁਬਿਧਾ ਲਾਗੀ॥
ਰਾਮ ਰਸਾਇਣੁ ਗੁਰਮੁਖਿ ਚਾਖੈ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ॥੫॥
ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ॥
ਮਾਰੇ ਪੰਚ ਅਪੁਨੈ ਵਸਿ ਕੀਏ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ॥੬॥
ਗੁਰਮੁਖਿ ਰਾਗ ਸੁਆਦ ਅਨ ਤਿਆਗੇ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ॥ ਆਤਮੁ ਚੀਨ੍ਹਿ ਭਏ ਨਿਰੰਕਾਰੀ॥੭॥
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ॥੮॥
ਰਾਮ ਰਸਾਇਣਿ ਇਹੁ ਮਨੁ ਮਾਤਾ॥ ਸਰਬ ਰਸਾਇਣੁ ਗੁਰਮੁਖਿ ਜਾਤਾ॥
ਭਗਤਿ ਹੇਤੁ ਗੁਰ ਚਰਣ ਨਿਵਾਸਾ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ॥੯॥੮॥"

(ਅੰਗ ੪੧੫)

ਇਹ ਪੂਰਾ ਸ਼ਬਦ ਸਾਨੂੰ ਮਨ ਬਾਰੇ ਸੋਝੀ ਪਾ ਰਿਹਾ ਹੈ ਕਿ "ਮਨ" ਕੀ ਹੈ। ਮਨ ਦੇ ਦੋ ਪਹਿਲੂ ਸਮਝਾਏ ਹੋਏ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਵਾਰ-ਵਾਰ ਸਮਝਿਆ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਪ੍ਰਮਾਤਮਾ ਦੀ ਸੋਝੀ ਪੈ ਹੀ ਨਹੀਂ ਸਕਦੀ, ਨਾਮੁਮਕਿਨ ਹੈ। ਇੱਥੇ ਇਹ ਹੀ ਸਮਝਾਇਆ ਹੋਇਆ ਹੈ ਕਿ ਮਨ ਹੀ ਮਨੁੱਖ ਹੈ ਅਤੇ ਮਨ ਹੀ ਪ੍ਰਮਾਤਮਾ ਹੈ। ਉਸੇ ਮਨ ਵਿੱਚ ਮਨੁੱਖ ਹੈ ਅਤੇ ਉਸੇ ਮਨ ਵਿੱਚ ਪ੍ਰਮਾਤਮਾ ਹੈ। ਉਸੇ ਮਨ ਵਿੱਚ "ਮਨਮੁਖਿ" ਹੈ ਉਸੇ ਮਨ ਵਿੱਚ "ਗੁਰਮੁਖਿ" ਹੈ। ਉਸੇ ਮਨ ਵਿੱਚ ਮਨਮਤਿ ਹੈ ਉਸੇ ਮਨ ਵਿੱਚ ਗੁਰਮਤਿ ਹੈ। ਉਹੀ ਮਨ ਮੈਲਾ ਹੈ ਤੇ ਉਹੀ ਮਨ ਨਿਰਮਲ ਹੈ। ਉਹੀ ਮਨ ਮਾੜਾ ਹੈ ਅਤੇ ਉਹੀ ਮਨ ਚੰਗਾ ਹੈ। ਉਸੇ ਮਨ ਵਿੱਚ ਹਉਮੈ ਹੈ ਅਤੇ ਉਸੇ ਮਨ ਵਿੱਚ ਨਾਮ ਹੈ। ਜਦ ਤੱਕ ਇਸ ਮਨ ਦੀ ਸੋਝੀ ਨਹੀਂ ਪੈਂਦੀ, ਤਦ ਤੱਕ ਇਹ ਮਨ ਹਉਮੈ ਵਾਲਾ ਹੈ, ਨਾਮ ਤੋਂ ਵੱਖਰਾ ਹੈ ਭਾਵ ਮਨ ਦੀ ਸਮਝ ਵਿੱਚ ਹਉਮੈ ਦਾ ਪੜਦਾ ਹੈ, ਮਨ ਦੀ ਨਾਸਮਝੀ ਦਾ ਪੜਦਾ ਹੈ, ਔਗੁਣਾਂ ਕਰਕੇ ਪੜਦਾ ਹੈ। ਜਦੋਂ ਮਨੁੱਖ ਇਨ੍ਹਾਂ ਔਗੁਣਾਂ ਨੂੰ ਗੁਰੂ ਦੀ ਸੱਚੀ ਸਮਝ ਲੈਣ ਦੁਆਰਾ ਵੱਸ ਵਿੱਚ ਕਰ ਲੈਂਦਾ ਹੈ, ਹਉਮੈ ਖਤਮ ਹੋ ਜਾਂਦੀ ਹੈ ਤਾਂ ਫਿਰ ਮਨ ਵਿੱਚੋਂ ਪੜਦਾ ਮਿਟ ਕੇ ਉਹੀ ਮਨ ਨਾਮ ਵਾਲਾ ਬਣ ਜਾਂਦਾ ਹੈ, ਪ੍ਰਮਾਤਮਾ ਦਾ ਬਣ ਜਾਂਦਾ ਹੈ, ਗੁਰਮੁਖਿ ਵਾਲਾ ਬਣ ਜਾਂਦਾ ਹੈ। **(ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ॥ ਮਾਰੇ ਪੰਚ ਅਪੁਨੈ ਵਸਿ ਕੀਏ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ॥੬॥)**

ਆਓ ਹੁਣ ਇਨ੍ਹਾਂ ਤੋਂ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ।

"**ਗੁਰਮੁਖਿ "ਰਾਗ ਸੁਆਦ" ਅਨ ਤਿਆਗੇ॥**
ਗੁਰਮੁਖਿ ਇਹੁ ਮਨੁ ਭਗਤੀ ਜਾਗੇ॥"

ਉਪਰਲੀਆਂ ਪੰਗਤੀਆਂ ਵਿੱਚ ਧਿਆਨ ਨਾਲ ਸਮਝੋ ਕਿ "ਰਾਗ" ਕਿਸ ਨੂੰ ਕਿਹਾ ਹੈ। ਸਾਰੇ ਸ਼ਬਦ ਵਿੱਚ ਮਨ ਦੀ ਗੱਲ ਹੀ ਚੱਲ ਰਹੀ ਹੈ। ਪਹਿਲੇ "ਗੁਰਮੁਖਿ ਮਨ" ਕਹਿ ਕੇ ਸਮਝਾਇਆ ਹੈ, ਇੱਥੇ "ਗੁਰਮੁਖਿ ਰਾਗ" ਕਹਿ ਕੇ ਸਮਝਾਇਆ ਹੈ। ਰਾਗ ਕੋਈ

6/534

ਤਿਆਗਣ ਵਾਲੀ ਚੀਜ਼ ਨਹੀਂ ਹੈ। ਸਾਰੀ ਬਾਣੀ ਰਾਗਾਂ ਵਿੱਚ ਲਿਖੀ ਹੋਈ ਹੈ। ਇੱਥੇ ਇਹ ਸਮਝਾਇਆ ਹੈ ਕਿ "ਗੁਰਮੁਖਿ ਮਨ" ਭਾਵ ਗੁਰੂ ਦੀ ਸਿੱਖਿਆ ਤੇ ਚੱਲਣ ਵਾਲਾ ਮਨੁੱਖ ਅਨ ਰਸਾਂ ਨੂੰ ਭਾਵ ਹਰਿ ਰਸ ਤੋਂ ਇਲਾਵਾ ਦੂਸਰੇ ਰਸ, ਦੂਸਰੇ ਸਵਾਦਾਂ ਨੂੰ ਭਾਵ ਮਾਇਆ ਵਾਲੇ, ਵਿਕਾਰਾਂ ਵਾਲੇ ਸਵਾਦਾਂ ਨੂੰ ਤਿਆਗਦਾ ਹੈ ਤੇ ਤਾਂ ਹੀ ਉਹ ਮਨ ਗੁਰਮੁਖਿ ਬਣ ਕੇ ਭਗਤੀ ਵਿੱਚ ਜਾਗਦਾ ਹੈ ਭਾਵ ਮਾਇਆ ਦੇ ਰਸਾਂ ਨੂੰ ਤਿਆਗ ਕੇ ਆਪਣੀ ਭਗਤੀ ਦੀ ਭਾਵਨਾ ਪ੍ਰਗਟ ਕਰਦਾ ਹੈ ਭਾਵ ਸੱਚੇ ਸੁੱਚੇ ਕਰਮਾਂ ਦੁਆਰਾ ਭਗਤੀ ਕਰਦਾ ਹੈ। ਜਦ ਤੱਕ ਮਨੁੱਖ ਦਾ ਮਨ ਮਾਇਆ ਮੋਹ ਵਿੱਚ ਹੈ, ਅਨ ਰਸਾਂ ਵਿੱਚ ਹੈ, ਉਹ ਸੁੱਤਾ ਹੋਇਆ ਹੈ। ਇਨ੍ਹਾਂ ਰਸਾਂ ਵਿੱਚੋਂ ਨਿਕਲਣਾ ਭਾਵ ਮਨ ਦੀ ਮਾੜੀ ਸਮਝ ਵਿੱਚੋਂ ਨਿਕਲਣਾ ਹੀ ਸਾਡਾ ਜਾਗਣਾ ਹੈ, ਭਗਤੀ ਦੇ ਵਿੱਚ ਜਾਗਣਾ ਹੈ।

ਇਸ ਸਾਰੇ ਸ਼ਬਦ ਨੂੰ ਸਮਝਣਾ ਕੋਈ ਜਿਆਦਾ ਔਖਾ ਨਹੀਂ ਹੈ, ਸਿਰਫ਼ ਇਹ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਇਹ ਮਨ ਹੀ ਸਭ ਕੁੱਝ ਹੈ ਤੇ ਇਸ ਮਨ ਨੂੰ ਸੋਧ ਕੇ ਹੀ ਮਨੁੱਖ ਔਗੁਣਾਂ ਤੋਂ ਮੁਕਤਿ ਹੋ ਸਕਦਾ ਹੈ ਤੇ ਭਗਤੀ ਵਿੱਚ ਜਾਗ ਸਕਦਾ ਹੈ। ਮਨ ਦੇ ਮਾੜੇ ਵਿਚਾਰਾਂ ਨੂੰ ਛੱਡਣਾ ਹੀ ਮਨ ਨੂੰ ਮਾਰਨਾ ਹੈ ਤੇ ਬਿਨ੍ਹਾਂ ਮਨ ਮਾਰੇ ਭਗਤੀ ਨਹੀਂ ਹੈ। (**ਗੁਰਮੁਖਿ ਰਾਗ ਸੁਆਦ ਅਨ ਤਿਆਗੇ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ॥**)

ਆਓ ਹੁਣ ਰਾਗ ਨਾਦ ਕੀ ਹੈ, ਇਸ ਗੱਲ ਨੂੰ ਹੇਠ ਦਿੱਤੀਆਂ ਹੋਈਆਂ ਪੰਗਤੀਆਂ ਦੁਆਰਾ ਸਮਝੀਏ। ਹਕੀਕਤ ਇਹ ਹੈ ਕਿ "ਰਾਗ ਨਾਦ" ਨੂੰ ਆਪਣੇ ਆਪ ਸਮਝਣਾ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। ਇਸ ਬਾਰੇ ਸੋਝੀ ਉਹ ਪ੍ਰਮਾਤਮਾ ਕਿਸੇ ਨੂੰ ਆਪ ਹੀ ਪਾ ਸਕਦਾ ਹੈ ਜੋ ਸਾਡੇ ਮਨ ਦੀ ਸਮਝ ਦਾ ਮਾਲਕ ਹੈ। ਮਨੁੱਖ ਦੀ ਤ੍ਰੈਗੁਣੀ ਸੋਚ ਦੇ ਦੁਆਰਾ ਉਸ ਦੀਆਂ ਚੌਥੇ ਪਦ ਵਾਲੀਆਂ ਗੱਲਾਂ ਨੂੰ ਨਹੀਂ ਸਮਝਿਆ ਜਾ ਸਕਦਾ। ਮਨ ਦੀ ਸੋਝੀ ਪਏ ਬਿਨ੍ਹਾਂ ਮਨੁੱਖ ਦੀ ਇਹ ਸਮਰੱਥਾ ਨਹੀਂ ਬਣ ਸਕਦੀ। ਉਹ ਆਪ ਹੀ ਕਿਸੇ ਸਰੀਰ ਵਿੱਚ ਇਹ ਸਮਰੱਥਾ ਬਖਸ਼ ਕੇ ਸਮਝਾਵੇ ਤੇ ਤਾਂ ਹੀ ਸਮਝ ਲੱਗ ਸਕਦੀ ਹੈ।

"ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥
ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ॥"

(ਅੰਗ ੮੪੯)

ਬੜੇ ਹੀ ਧਿਆਨ ਨਾਲ ਸਮਝਣ ਦੀ ਕੋਸ਼ਿਸ ਕਰਾਂਗੇ ਤੇ ਇਸ ਗੱਲ ਦੀ ਸਮਝ ਲੱਗ ਜਾਵੇਗੀ। ਜੋ ਕੁੱਝ ਅਸੀਂ ਹੁਣ ਤੱਕ ਪ੍ਰਮਾਤਮਾ ਦੀ ਭਗਤੀ ਬਾਰੇ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਉਹੀ ਗੱਲ ਇੱਥੇ ਸਮਝਾਈ ਹੋਈ ਹੈ। ਮਨੁੱਖ ਦੀ ਭਗਤੀ ਵਾਲੀ ਸੱਚੀ ਸਮਝ ਹੀ ਦਰਸਾਈ ਹੋਈ ਹੈ। ਮਨੁੱਖ ਦੀ

6/535

ਮਾੜੀ ਤੇ ਚੰਗੀ ਸਮਝ ਵਿੱਚ ਫਰਕ ਸਮਝਾਇਆ ਹੋਇਆ ਹੈ। ਮਨੁੱਖ ਦੇ ਮਾੜੇ ਅਤੇ ਚੰਗੇ ਵਿਚਾਰਾਂ ਵਿੱਚ ਫਰਕ ਦੱਸਿਆ ਹੋਇਆ ਹੈ। ਹੁਣ ਧਿਆਨ ਨਾਲ ਵਿਚਾਰੋ, ਵਾਰ-ਵਾਰ ਵਿਚਾਰੋ ਕਿ ਇੱਕ ਪੰਗਤੀ ਦੇ ਵਿੱਚ "ਰਾਗ ਨਾਦ" ਨੂੰ ਚੰਗਾ ਕਿਹਾ ਗਿਆ ਹੈ, ਸੋਹਣੇ ਕਿਹਾ ਗਿਆ ਹੈ ਤੇ ਨਾਲ ਹੀ ਅਗਲੀ ਪੰਗਤੀ ਵਿੱਚ "ਰਾਗ ਨਾਦ" ਨੂੰ ਮਾੜਾ ਕਿਹਾ ਗਿਆ ਹੈ, "ਰਾਗ ਨਾਦ" ਨੂੰ ਛੱਡਣ ਲਈ ਕਿਹਾ ਗਿਆ ਹੈ। ਜੇਕਰ ਇਨ੍ਹਾਂ ਨੂੰ ਬਾਹਰ ਦੇ ਰਾਗ ਨਾਦ ਭਾਵ ਸਾਜਾਂ ਅਦਿ ਨਾਲ ਜੋੜੀਏ, ਸਰਗੁਣ ਸਰੂਪ ਸਾਜਾਂ ਨਾਲ ਜੋੜੀਏ ਤੇ ਇਸ ਦੇ ਅਰਥ ਕਿਵੇਂ ਕਰੋਗੇ। "ਰਾਗ ਨਾਦ" ਨੂੰ ਚੰਗਾ ਸਮਝੋਗੇ ਜਾਂ ਮਾੜਾ ਸਮਝੋਗੇ। ਦੁਬਿਧਾ ਵਿੱਚ ਪੈ ਜਾਵੋਗੇ, ਇਸ ਦੀ ਸਮਝ ਆ ਹੀ ਨਹੀਂ ਸਕਦੀ। ਇਹ ਉਹ "ਰਾਗ ਨਾਦ" ਹੈ ਜੋ ਨਿਰਗੁਣ ਰੂਪ ਵਿੱਚ ਸਾਡੇ ਅੰਦਰ ਵੱਜਦਾ ਹੈ। ਇਹ ਅਨਾਹਦ ਨਾਦ ਹੈ ਜਿਸ ਨੂੰ ਕਿ ਅਸੀਂ ਪਿੱਛੇ ਵੀ ਕਾਫ਼ੀ ਬਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। "ਅਨਾਹਦ ਨਾਦ" ਮਨ ਦੇ ਵਿੱਚ ਵੱਜਦਾ ਹੈ ਬਸ ਫਰਕ ਇਤਨਾ ਹੈ ਕਿ ਮਨ ਨੂੰ "ਰਾਗ" ਕਹਿ ਕੇ ਸੰਬੋਧਨ ਕੀਤਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਜਾਣਿਆ ਹੈ ਤੇ ਇਸ ਤੋਂ ਬਾਅਦ ਅਗਲੇ ਸ਼ਬਦ ਰਾਹੀਂ ਹੋਰ ਵੀ ਜਾਣਾਂਗੇ।

"ਰਾਗ ਨਾਦ" ਸਾਡੇ ਮਨ ਦੇ ਵਿਚਾਰ ਹਨ। ਜਦ ਤੱਕ ਇਹ ਵਿਚਾਰ ਮਨਮਤਿ ਵਾਲੇ ਹਨ ਤਾਂ ਫਿਰ ਇਹ ਮਾੜੇ ਹਨ। ਇਨ੍ਹਾਂ ਵਿਚਾਰਾਂ ਨੂੰ ਛੱਡਣ ਲਈ ਪ੍ਰੇਰਿਆ ਹੈ ਭਾਵ ਮਨਮਤਿ ਤਿਆਗਣ ਲਈ ਪ੍ਰੇਰਿਆ ਹੈ ਕਿਉਂਕਿ ਪ੍ਰਮਾਤਮਾ ਦੀ ਸੇਵਾ

ਮਨਮਤਿ ਵਿੱਚ ਰਹਿ ਕੇ ਨਹੀਂ ਹੋ ਸਕਦੀ, ਮਨਮਤਿ ਵਿੱਚ ਰਹਿ ਕੇ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਨ ਨਹੀਂ ਮਿਲ ਸਕਦਾ। ਪ੍ਰਮਾਤਮਾ ਦੀ ਦਰਗਾਹ ਵਿੱਚ ਮਾਨ ਇਸ ਮਨਮਤਿ ਨੂੰ ਛੱਡ ਕੇ ਹੀ ਮਿਲਦਾ ਹੈ ਕਿਉਂਕਿ ਮਨਮਤਿ ਨੂੰ ਤਿਆਗ ਕੇ ਹੀ ਪ੍ਰਮਾਤਮਾ ਦੀ ਸੇਵਾ ਹੋ ਸਕਦੀ ਹੈ ਜਿਵੇਂ ਕਿ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ, ਜੋ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। **(ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ॥)** ਇਹ ਰਾਗ ਨਾਦ ਸੋਹਣੇ ਕਿਵੇਂ ਬਣਦੇ ਹਨ ਭਾਵ ਮਨੁੱਖ ਦੇ ਮਾੜੇ ਵਿਚਾਰ ਚੰਗੇ ਵਿਚਾਰਾਂ

6/536

ਵਿੱਚ ਕਿਵੇਂ ਬਦਲਦੇ ਹਨ ਇਹ ਨਾਲ ਹੀ ਸਮਝਾਇਆ ਹੋਇਆ ਹੈ। ਮਨੁੱਖ ਦੇ ਮਾੜੇ ਵਿਚਾਰ ਗੁਰੂ ਦੇ ਸ਼ਬਦਾਂ ਦੁਆਰਾ ਚੰਗੇ ਬਣਦੇ ਹਨ, ਗੁਰੂ ਦੀ ਮਤਿ ਦੁਆਰਾ ਚੰਗੇ ਬਣਦੇ ਹਨ ਜੇਕਰ ਉਸਦੀ ਮਤਿ ਨੂੰ ਮਨੁੱਖ ਆਪਣੇ ਧਿਆਨ ਵਿੱਚ ਲੈ ਜਾਵੇ, ਗੁਰੂ ਦੀ ਮਤਿ ਮਨੁੱਖ ਦੇ ਸਹਜ ਵਿੱਚ ਆ ਜਾਵੇ ਭਾਵ ਮਨੁੱਖ ਦੀ ਅਵੱਸਥਾ ਸਹਜ ਵਾਲੀ ਬਣ ਜਾਵੇ, ਚੌਥੇ ਪਦ ਦੇ ਗਿਆਨ ਵਾਲੀ ਬਣ ਜਾਵੇ ਭਾਵ ਜਦੋਂ ਮਨੁੱਖ ਦਾ ਸੁਭਾਅ ਸਹਜ ਵਾਲਾ ਬਣ ਜਾਵੇ, ਗੁਰੂ ਦੀ ਸਮਝ ਵਾਲਾ ਬਣ ਜਾਵੇ ਭਾਵ ਮਨੁੱਖ ਦੀ "ਮਨਮਤਿ" "ਗੁਰੂ ਦੀ ਮਤਿ" ਵਿੱਚ ਬਦਲ ਜਾਵੇ। ਅਸਲ ਵਿੱਚ ਮਨ ਦੀ ਇਹੋ ਜਿਹੀ ਸਮਝ ਵਿੱਚ ਹੀ ਪ੍ਰਮਾਤਮਾ ਦੀ ਭਗਤੀ ਹੈ, ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਉਸਦੀ ਦਰਗਾਹ ਵਿੱਚ ਮਾਣ ਮਿਲ ਸਕਦਾ ਹੈ। **(ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥)** ਹੁਣ ਧਿਆਨ ਨਾਲ ਵਿਚਾਰੋ ਕਿ ਜੇਕਰ ਅਸੀਂ "ਰਾਗ ਨਾਦ" ਨੂੰ ਕੋਈ ਬਾਹਰਲੇ ਸਾਜ ਸਮਝੀਏ ਤਾਂ ਫਿਰ ਕੀ ਉਨ੍ਹਾਂ ਨੂੰ ਛੱਡਿਆ ਜਾ ਸਕਦਾ ਹੈ। "ਰਾਗ ਨਾਦ" ਨੂੰ ਛੱਡਣ ਦਾ ਹੁਕਮ ਹੈ ਕਿ ਉਨ੍ਹਾਂ ਨੂੰ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਸੇਵਾ ਹੋ ਹੀ ਨਹੀਂ ਸਕਦੀ, ਉਸਦੀ ਦਰਗਾਹ ਵਿੱਚ ਮਾਣ ਮਿਲ ਹੀ ਨਹੀਂ ਸਕਦਾ। ਸਾਰੀ ਬਾਣੀ ਰਾਗਾਂ ਵਿੱਚ ਲਿਖੀ ਹੋਈ ਹੈ, "ਨਾਦ" ਨਾਲ ਜੁੜੀ ਹੋਈ ਹੈ। ਫਿਰ ਇਸ ਗੱਲ ਤੇ ਕਿਵੇਂ ਪੂਰੇ ਉਤਰੋਗੇ। ਇੱਕੋ ਇੱਕ ਤਰੀਕਾ ਉਹ ਹੀ ਹੈ ਜੋ ਉੱਪਰ ਸਮਝਾਇਆ ਗਿਆ ਹੈ। ਮਾੜੇ ਵਿਚਾਰਾਂ ਨੂੰ ਤਿਆਗੋ ਜਿਸ ਦੇ ਤਿਆਗਣ ਦੀ ਲੋੜ ਹੈ। ਬਾਣੀ ਸਾਡੇ ਕੋਲੋਂ ਵਾਰ-ਵਾਰ ਇਨ੍ਹਾਂ ਔਗੁਣਾਂ ਨੂੰ ਤਿਆਗਣ ਦੀ ਹੀ ਮੰਗ ਕਰਦੀ ਹੈ, ਮਾੜੀ ਭਾਵਨੀ ਤਿਆਗਣ ਦੀ ਹੀ ਮੰਗ ਕਰਦੀ ਹੈ ਤਾਂ ਜੋ ਅਸੀਂ ਸ਼ਬਦਾਂ ਦੀ ਵਿਚਾਰ ਨਾਲ ਜੁੜ ਸਕੀਏ। (**ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥ ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ॥**)

ਆਓ ਹੁਣ ਇਹੀ ਗੱਲ ਅਗਲੇ ਸ਼ਬਦ ਰਾਹੀਂ ਦ੍ਰਿੜ ਕਰੀਏ ਅਤੇ ਰਾਗ ਨਾਦ ਨੂੰ ਸਮਝੀਏ। ਰਾਗ ਨਾਦ ਨੂੰ ਸਮਝੇ ਬਿਨ੍ਹਾਂ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਤਰ੍ਹਾਂ ਵਰਤ ਰਿਹਾ ਹੈ, ਉਹ ਕਿਸ ਤਰ੍ਹਾਂ ਆਪਣੇ ਹੁਕਮ ਰਾਹੀਂ ਸਭ ਦੀ ਸੰਭਾਲ ਕਰ ਰਿਹਾ ਹੈ, ਉਸਦਾ ਦਰ ਘਰ ਕੀ ਹੈ। **{ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥)}**

(ਅੰਗ - ੯)

6/537

ਇਸ ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਜਪੁਜੀ ਬਾਣੀ ਦੇ ਅਰਥਾਂ ਵਿੱਚ ਕੀਤੇ ਹੋਏ ਹਨ ਪਰ ਇਸ ਦੀ ਪੂਰੀ ਤਰ੍ਹਾਂ ਸੋਝੀ ਤਾਂ ਹੀ ਪਵੇਗੀ ਜਦੋਂ ਸਾਨੂੰ ਰਾਗ ਨਾਦ ਬਾਰੇ ਪੂਰੀ ਸੋਝੀ ਪੈ ਜਾਵੇ।

"ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ॥
ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ॥੨੪॥"

(ਅੰਗ ੧੪੨੩)

ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਵਿਚਾਰੋਗੇ ਤਾਂ ਸੋਝੀ ਪੈ ਜਾਵੇਗੀ ਕਿ "ਰਾਗ" ਕਿਸ ਨੂੰ ਕਿਹਾ ਹੈ। ਰਾਗ ਮਨ ਨੂੰ ਹੀ

ਕਿਹਾ ਹੈ, ਮਨੁੱਖ ਨੂੰ ਸੰਬੋਧਨ ਹੈ। ਸਾਰੇ ਰਾਗਾਂ ਵਿੱਚੋਂ ਭਾਵ ਸਾਰੇ ਮਨਾਂ ਵਿੱਚੋਂ, ਉਹ ਮਨ ਚੰਗਾ ਹੈ ਜਿਸ ਵਿੱਚ ਪ੍ਰਮਾਤਮਾ ਵੱਸ ਗਿਆ ਹੈ ਭਾਵ ਉਸਦੀ ਮਤਿ ਵੱਸ ਗਈ ਹੈ। ਇੱਥੇ ਕੋਈ ਦੁਨਿਆਵੀ ਰਾਗਾਂ ਵਿੱਚ ਮੁਕਾਬਲਾ ਨਹੀਂ ਕੀਤਾ ਹੋਇਆ ਕਿ ਸਾਰੇ ਰਾਗਾਂ ਵਿੱਚੋਂ ਕਿਹੜਾ ਰਾਗ ਚੰਗਾ ਹੈ। ਦੁਨਿਆਵੀ ਰਾਗ ਸਾਡੇ ਸਾਰੇ ਹੀ ਚੰਗੇ ਹਨ। ਬਾਣੀ ਅਨੇਕਾਂ ਰਾਗਾਂ ਵਿੱਚ ਲਿਖੀ ਹੋਈ ਹੈ। ਮਨੁੱਖ ਚੰਗੇ ਮਾੜੇ ਜਰੂਰ ਹੁੰਦੇ ਹਨ ਜੋ ਕਿ ਉਹ ਮਨ ਦੀ ਸਮਝ ਦੁਆਰਾ ਹੀ ਮਾੜੇ ਚੰਗੇ ਹੁੰਦੇ ਹਨ। ਮਨ ਦੀ ਮਾੜੀ ਸਮਝ ਵਾਲਾ ਮਨੁੱਖ ਮਾੜਾ ਹੁੰਦਾ ਹੈ ਤੇ ਗੁਰਮਤਿ ਵਾਲੀ ਚੰਗੀ ਸਮਝ ਵਾਲਾ ਮਨੁੱਖ ਚੰਗਾ ਹੁੰਦਾ ਹੈ। ਜਿਸ ਮਨੁੱਖ ਦੇ ਮਨ ਵਿੱਚ ਗੁਰੂ ਦੀ ਮਤਿ ਵੱਸ ਜਾਂਦੀ ਹੈ, ਉਸਦੇ ਵਿੱਚ ਸੱਚ ਵੱਸ ਜਾਂਦਾ ਹੈ, ਪ੍ਰਮਾਤਮਾ ਆਪ ਵੱਸ ਜਾਂਦਾ ਹੈ ਜਿਸਦੀ ਕੋਈ ਕੀਮਤ ਨਹੀਂ ਪਾਈ ਜਾ ਸਕਦੀ। **(ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥ ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥)** ਜਿਸ ਮਨੁੱਖ ਦੇ ਮਨ ਦੇ ਵਿਚਾਰ, ਜਿਸ ਦੇ ਮਨ ਦੀ ਬਿਰਤੀ ਵਿੱਚ ਸਭ ਕੁੱਝ ਸੱਚ ਹੁੰਦਾ ਹੈ, ਕੇਵਲ ਗੁਰੂ ਦੀ ਮਤਿ ਹੁੰਦੀ ਹੈ, ਉਹ ਔਗੁਣ ਰਹਿਤ ਹੁੰਦਾ ਹੈ ਭਾਵ ਜਿਸ ਮਨੁੱਖ ਦੇ ਮਨ ਵਿੱਚ ਗੁਰੂ ਦੀ ਮਤਿ ਵੱਸ ਜਾਂਦੀ ਹੈ ਉਸ ਦੇ ਵਿਚਾਰਾਂ ਵਿੱਚ ਕੇਵਲ ਸੱਚ ਹੁੰਦਾ ਹੈ। **(ਰਾਗੁ ਨਾਦੁ ਸਭੁ ਸਚੁ ਹੈ)** ਤੇ "ਸੱਚ" ਹੀ ਨਾਮ ਹੈ, ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦੀ ਆਪਣੇ ਮਨ ਦੇ ਵਿੱਚ ਪਛਾਣ ਉਸਦੀ ਗੁਰਮਤਿ ਰੂਪ ਸੱਚੀ ਮਤਿ ਵੱਸਣ ਦੇ ਦੁਆਰਾ, ਉਸਦਾ ਸੱਚਾ ਗਿਆਨ ਵੱਸਣ ਦੁਆਰਾ ਹੁੰਦੀ ਹੈ ਤੇ ਤਾਂ ਹੀ ਮਨੁੱਖ ਨੂੰ ਮਨ ਦੀ ਕੀਮਤ ਪੈਂਦੀ ਹੈ ਭਾਵ ਪਤਾ ਲੱਗਦਾ ਹੈ ਕਿ ਮਨ ਕਿਤਨਾ ਕੀਮਤੀ ਹੈ ਭਾਵ ਆਪ ਪ੍ਰਮਾਤਮਾ ਹੈ ਤੇ ਸਾਡੇ ਅੰਦਰ ਦਾ ਸਾਰਾ ਗਿਆਨ ਦੇਣ ਵਾਲਾ ਆਪ ਪ੍ਰਮਾਤਮਾ ਹੈ ਤੇ ਸਾਡੇ ਅੰਦਰ ਉਸੇ ਦਾ ਹੁਕਮ ਹੀ ਚੱਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਮਨੁੱਖ ਦੇ ਵਿਚਾਰਾਂ ਵਿੱਚ ਸੱਚ ਨਹੀਂ ਹੈ ਭਾਵ ਗੁਰੂ

ਦੀ ਮਤਿ ਨਹੀਂ ਹੈ ਭਾਵ ਜਿਸ ਦੇ ਅੰਦਰ ਪ੍ਰਮਾਤਮਾ ਨਹੀਂ ਵੱਸਿਆ ਉਹ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝ ਸਕਦਾ। **(ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥)** ਜੋ ਮਨੁੱਖ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝ ਸਕਦੇ ਉਹ ਮਨ ਦੀ ਪਹਿਚਾਣ ਨਹੀਂ ਕਰ ਸਕਦੇ, ਉਹ ਅੰਦਰ ਦੇ ਗਿਆਨ ਨੂੰ ਨਹੀਂ ਸਮਝ ਸਕਦੇ, ਆਪਣੀ ਸੋਚ ਨੂੰ ਨਹੀਂ ਸਮਝ ਸਕਦੇ ਕਿ ਇਹ ਆਪ ਪ੍ਰਮਾਤਮਾ ਹੀ ਹੈ ਭਾਵ ਜੋ ਆਪਣੇ ਅੰਦਰ ਦੀ ਸੋਚ ਨੂੰ ਆਪਣੀ ਹੀ ਸਮਝਦਾ ਹੈ ਉਸ ਨੂੰ ਆਪਣੇ ਅੰਦਰ ਵਰਤ ਰਹੇ ਪ੍ਰਮਾਤਮਾ ਦੇ ਹੁਕਮ ਦੀ ਸੋਝੀ ਨਹੀਂ ਪੈਂਦੀ। ਜੋ ਪ੍ਰਮਾਤਮਾ ਦੇ ਆਪਣੇ ਅੰਦਰ ਚੱਲ ਰਹੇ ਹੁਕਮ ਨੂੰ ਬੁੱਝ ਲੈਂਦੇ ਹਨ ਉਨ੍ਹਾਂ ਨੂੰ ਹੀ ਪ੍ਰਮਾਤਮਾ ਦੀ "ਰਾਸਿ" ਮਿਲਦੀ ਹੈ, ਉਸਦਾ ਸੱਚਾ ਗਿਆਨ ਮਿਲਦਾ ਹੈ ਤੇ ਇਹ ਸੋਝੀ ਕੇਵਲ ਉਸਦੀ ਕਿਰਪਾ ਦੁਆਰਾ ਹੀ ਪੈਂਦੀ ਹੈ। ਉਸਦੀ ਕ੍ਰਿਪਾ ਦੁਆਰਾ ਜੋ ਉਸ ਦੀ ਮਤਿ ਮਿਲਦੀ ਹੈ, ਇਹ ਸੋਝੀ ਪੈਣ ਤੋਂ ਬਾਅਦ ਹੀ, ਉਸਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਹੀ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਦਾ ਕੀਤਾ ਹੋਇਆ ਹੀ ਹੈ ਤੇ ਜੋ ਉਸਦੀ ਰਜ਼ਾ ਹੈ, ਜੋ ਉਸਨੂੰ ਭਾਉਂਦਾ ਹੈ ਉਹੀ ਕੁੱਝ ਹੁੰਦਾ ਹੈ। (**ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ॥ ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ॥੨੪॥**)

ਆਓ ਹੁਣ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਇੱਕ ਵਾਰੀ ਫਿਰ ਦ੍ਰਿੜ ਕਰੀਏ ਕਿ ਰਾਗ ਸਾਡੇ ਮਨ ਨੂੰ ਵੀ ਕਿਹਾ ਗਿਆ ਹੈ।

“ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ॥
ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ॥੩॥”

(ਅੰਗ ੭੮੫)

ਗੱਲ ਇੱਥੇ ਵੀ ਉਹ ਹੀ ਸਮਝਾਈ ਹੋਈ ਹੈ ਜੋ ਅਸੀਂ ਪਿੱਛੇ ਸਮਝੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਅੰਦਰ ਹੁੰਦੇ ਹੋਏ ਵੀ ਅਸੀਂ ਉਸਨੂੰ ਬੁੱਝ ਨਹੀਂ ਸਕਦੇ, ਉਹ ਸਾਡੀ ਪਹੁੰਚ ਤੋਂ ਬਾਹਰ ਹੀ ਰਹਿੰਦਾ ਹੈ। **(ਸਭ ਕੈ ਮਧਿ ਸਭ ਹੂ ਤੇ ਬਾਹਰਿ)** ਪ੍ਰਮਾਤਮਾ ਸਾਡੇ ਤੋਂ ਵੱਖਰਾ ਕਿਸ ਲਈ ਬਣਿਆ ਰਹਿੰਦਾ ਹੈ, ਸਾਡੇ ਤੋਂ ਨਿਆਰਾ ਕਿਸ ਲਈ ਰਹਿੰਦਾ ਹੈ ਭਾਵ ਅਸੀਂ ਉਸ ਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਕਿਉਂ ਨਹੀਂ ਜਾਣ ਸਕਦੇ, ਬੁੱਝ ਸਕਦੇ, ਇਸ ਦਾ ਜਵਾਬ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਰਾਗ ਦੋਖ ਤੇ ਨਿਆਰੋ॥”

“ਰਾਗ” ਸਾਡਾ ਮਨ ਹੈ ਤੇ ਪ੍ਰਮਾਤਮਾ ਵੀ ਸਾਡੇ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਸੱਚ ਹੈ ਤੇ ਜਦ ਤੱਕ ਮਨੁੱਖ ਦਾ ਮਨ ਸੱਚਾ ਨਹੀਂ ਬਣਦਾ ਤਦ ਤੱਕ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ, ਉਹ ਸਾਡੇ ਤੋਂ ਵੱਖਰਾ ਹੀ ਰਹਿੰਦਾ ਹੈ। ਜਦ ਤੱਕ ਸਾਡੇ ਮਨ ਵਿੱਚ “ਦੋਖ” ਹਨ ਭਾਵ ਵਿਕਾਰ ਹਨ ਭਾਵ ਜਦ ਤੱਕ ਸਾਡੇ ਮਨ ਵਿੱਚ ਮਾਇਆ ਦੀ ਮੈਲ ਹੈ ਤਦ ਅਸੀਂ ਪ੍ਰਮਾਤਮਾ ਦੇ, ਉਸ “ਸੰਤ” ਰੂਪ ਗੁਰੂ ਪ੍ਰਮਾਤਮਾ ਦੇ ਦੋਖੀ ਹੀ ਬਣੇ ਰਹਿੰਦੇ ਹਾਂ ਤੇ ਉਹ ਸਾਡੇ ਤੋਂ ਨਿਆਰਾ ਹੀ ਰਹਿੰਦਾ ਹੈ। ਉਸਦਾ ਨਿਆਰਾਪਨ, ਵੱਖਰਾਪਨ ਕਿਵੇਂ ਦੂਰ ਹੁੰਦਾ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ॥੩॥”

ਇੱਕੋ ਇੱਕ ਤਰੀਕਾ ਉਸ ਦੀ ਸ਼ਰਨ ਵਿੱਚ ਆਉਣ ਦਾ ਹੈ, ਗੁਰਮਤਿ ਦੀ ਸ਼ਰਨ ਵਿੱਚ ਆਉਣ ਦਾ ਹੈ, ਸੱਚ ਦੀ ਸ਼ਰਨ ਵਿੱਚ ਆਉਣ ਦਾ ਹੈ ਤੇ ਉਹ ਤਾਂ ਹੀ ਆਇਆ ਜਾ ਸਕਦਾ ਹੈ ਜਦੋਂ ਅਸੀਂ ਉਸ ਦੀ ਮਤਿ ਨੂੰ ਮਨ ਵਿੱਚ ਵਸਾਵਾਂਗੇ ਤੇ “ਮਨ” ਨੂੰ ਭਾਵ “ਰਾਗ” ਨੂੰ ਦੋਖ ਮੁਕਤ ਕਰਾਂਗੇ। (**ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ॥ ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ॥**)

ਅਗਲੇ ਸ਼ਬਦ ਦੀ ਸੋਝੀ ਸਾਨੂੰ ਤਾਂ ਹੀ ਪਵੇਗੀ ਜਦੋਂ ਸਾਨੂੰ ਇਹ ਗੱਲ ਦ੍ਰਿੜ ਹੋ ਜਾਵੇਗੀ ਕਿ ਸਾਡੇ ਮਨ ਨੂੰ, ਮਨ ਦੇ ਵਿਚਾਰਾਂ ਨੂੰ “ਰਾਗ” ਕਹਿ ਕੇ ਵੀ ਸੰਬੋਧਨ ਕੀਤਾ ਹੋਇਆ ਹੈ। ਇਹ ਰਾਗ ਸਾਡੇ ਅੰਦਰ ਚੱਲਦਾ ਹੀ ਰਹਿੰਦਾ ਹੈ। ਮਨ ਆਪਣਾ ਰਾਗ ਅਲਾਪਦਾ ਹੀ ਰਹਿੰਦਾ ਹੈ।

ਮਨੁੱਖ ਮਾੜਾ ਜਾਂ ਚੰਗਾ ਆਪਣੇ ਵਿਚਾਰਾਂ ਨਾਲ ਹੀ ਹੈ ਤੇ ਬਾਣੀ ਵਿੱਚ ਜਦੋਂ ਵੀ ਮਨੁੱਖ ਨੂੰ ਸੰਬੋਧਨ ਕੀਤਾ ਹੁੰਦਾ ਹੈ ਉਸ ਨੂੰ ਮਨ ਦੇ ਰਾਹੀਂ ਕੀਤਾ ਹੁੰਦਾ ਹੈ। ਗੁਰੂ ਦੀ ਗੱਲ ਤੇ ਜੋ ਵੀ ਵਿਚਾਰ ਹੋਣੀ ਹੈ ਉਹ ਮਨ ਦੇ ਵਿੱਚ ਹੀ ਹੋਣੀ ਹੈ। ਪ੍ਰਮਾਤਮਾ ਦੇ ਨਾਲ ਮੇਲ ਵੀ ਮਨ ਦੇ ਵਿੱਚ ਹੈ ਅਤੇ ਉਸ ਦੇ ਪਰਿਵਾਰ ਵਾਲੇ ਵੀ ਅਸੀਂ ਮਨ ਦੇ ਵਿੱਚ ਹੀ ਬਣਨਾ ਹੈ, ਉਸ ਦੀ ਜਾਤ ਵਾਲੇ ਮਨ ਦੇ ਵਿੱਚ ਹੀ ਬਣਨਾ ਹੈ, ਆਪਣੇ ਮਨ ਦੇ ਵਿਚਾਰਾਂ ਦੁਆਰਾ ਹੀ ਬਣਨਾ ਹੈ, ਰਾਗ ਨਾਦ ਦੁਆਰਾ ਹੀ ਬਣਨਾ ਹੈ। ਉਸਦੇ ਪਰਿਵਾਰ ਵਾਲੇ ਅਸੀਂ ਕਿਵੇਂ ਬਣਦੇ ਹਾਂ, ਇਹ ਅਸੀਂ ਹੇਠ ਲਿਖੇ ਸ਼ਬਦ ਦੁਆਰਾ ਜਾਣਨ ਦਾ ਉੱਦਮ ਕਰਦੇ ਹਾਂ।

“ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ॥
ਖਾਣਾ ਪੀਣਾ ਹਸਣਾ ਬਾਦਿ॥ ਜਬ ਲਗੁ ਰਿਦੈ ਨ ਆਵਹਿ ਯਾਦਿ॥੧॥
ਤਉ ਪਰਵਾਹ ਕੇਹੀ ਕਿਆ ਕੀਜੈ॥ ਜਨਮਿ ਜਨਮਿ ਕਿਛੁ ਲੀਜੀ ਲੀਜੈ॥੧॥ਰਹਾਉ॥
ਮਨ ਕੀ ਮਤਿ ਮਤਾਗਲੁ ਮਤਾ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ॥
ਕਿਆ ਮੁਹੁ ਲੈ ਕੀਚੈ ਅਰਦਾਸਿ॥ ਪਾਪੁ ਪੁੰਨੁ ਦੁਇ ਸਾਖੀ ਪਾਸਿ॥੨॥
ਜੈਸਾ ਤੂੰ ਕਰਹਿ ਤੈਸਾ ਕੋ ਹੋਇ॥ ਤੁਝ ਬਿਨੁ ਦੂਜਾ ਨਾਹੀ ਕੋਇ॥
ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ॥ ਤੁਧੁ ਆਪੇ ਭਾਵੈ ਤਿਵੈ ਚਲਾਵੈ॥੩॥
ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ॥ ਜੇ ਕੋ ਬੂਝੈ ਏਹੁ ਬੀਚਾਰੁ॥੪॥੯॥”

(ਅੰਗ ੩੫੧)

6/539

ਅਸੀਂ ਗੁਰੂ ਦੇ ਪਰਿਵਾਰ ਵਾਲੇ ਕਿਵੇਂ ਬਣਦੇ ਹਾਂ ਭਾਵ ਉਹ ਕਿਹੋ ਜਿਹੀ ਭਗਤੀ ਹੈ ਜੋ ਸਾਨੂੰ ਗੁਰੂ ਦੇ ਪਰਿਵਾਰ ਵਾਲਾ ਬਣਾਉਂਦੀ ਹੈ, ਉਹ ਸ਼ਬਦ ਦੇ ਆਖਰੀ ਪਦੇ ਵਿੱਚ ਸਮਝਾਇਆ ਹੋਇਆ ਹੈ। ਪਹਿਲੇ ਤਿੰਨ ਪਦਿਆਂ ਵਿੱਚ ਸਾਡੀ ਉਹੋ ਜਿਹੀ ਭਗਤੀ ਸਮਝਾਈ ਹੋਈ ਹੈ ਜਿਸ ਦੁਆਰਾ ਹਰ ਕੋਈ ਆਮ ਕਰਕੇ ਗੁਰੂ ਦੇ ਪਰਿਵਾਰ ਵਾਲਾ ਬਣਨਾ ਸਮਝਦਾ ਹੈ। ਸਾਡਾ ਇਹ ਭੁਲੇਖਾ ਵੀ ਨਾਲ ਹੀ ਕੱਢਿਆ ਹੋਇਆ ਹੈ। ਜਿਵੇਂ ਕਿ ਆਮ ਕਰਕੇ ਹਰ ਸ਼ਬਦ ਦੇ ਵਿੱਚ ਸਾਡੀ ਭਗਤੀ ਦੇ ਦੋਵੇਂ ਪੱਖ ਸਮਝਾਏ ਹੋਏ ਹਨ, ਉਹੀ ਕੁੱਝ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਪਹਿਲਾਂ ਸਾਡੀ ਮਨਮਤਿ ਵਾਲੀ ਭਗਤੀ ਸਮਝਾਈ ਹੋਈ ਹੈ ਤੇ ਆਖਿਰ ਵਿੱਚ ਜਾ ਕੇ ਭਗਤੀ ਦਾ ਸਹੀ ਤਰੀਕਾ ਭਾਵ ਗੁਰੂ ਦੀ ਮਤਿ ਵਾਲਾ ਤਰੀਕਾ ਸਮਝਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਗੁਰੂ ਦੇ ਪਰਿਵਾਰ ਵਾਲੇ ਬਣ ਜਾਂਦੇ ਹਾਂ, ਆਪਣੀ ਮਤਿ ਤਿਆਗਣ ਦੁਆਰਾ ਬਣ ਸਕਦੇ ਹਾਂ।

ਪ੍ਰਮਾਤਮਾ ਦੇ ਗੁਣ ਗਾਉਣਾ ਪ੍ਰਮਾਤਮਾ ਦੀ ਭਗਤੀ ਹੈ। ਅਸੀਂ ਗੁਣ ਗਾਉਣਾ ਕਿਸ ਨੂੰ ਸਮਝਦੇ ਹਾਂ ਅਤੇ ਅਸਲ ਵਿੱਚ ਗੁਣ ਗਾਉਣਾ ਕੀ ਹੈ, ਇਹ ਫਰਕ ਦੱਸ ਕੇ ਸਮਝਾਇਆ ਹੋਇਆ ਹੈ। ਆਪਣੇ ਵੱਲੋਂ ਜੋ ਵੀ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਸਦਾ ਜਪ ਤਪ ਕਰਦਾ ਹੈ, ਧਰਮ ਗ੍ਰੰਥਾਂ ਨੂੰ ਪੜ੍ਹਦਾ ਸੁਣਦਾ ਹੈ, ਤੀਰਥਾਂ ਆਦਿ ਤੇ ਜਾਂਦਾ ਹੈ, ਪੁੰਨ ਦਾਨ ਆਦਿ ਕਰਦਾ ਹੈ, ਚੰਗੇ ਮਾੜੇ ਖਾਣੇ ਦੀ ਵਿਚਾਰ ਕਰਦਾ ਹੈ, ਸੰਜਮ ਨੇਮ ਆਦਿ ਰੱਖਦਾ ਹੈ ਅਤੇ ਅਨੇਕਾਂ ਹੀ ਆਪਣੀ ਮਤਿ ਦੁਆਰਾ ਆਪਣੇ ਵੱਲੋਂ ਧਰਮ ਵਾਲੇ ਕਰਮ ਸਮਝ ਕੇ ਕਰਦਾ ਹੈ, ਇਹੋ ਜਿਹੇ ਸਾਰੇ ਕਰਮਾਂ ਨੂੰ ਗੁਣਾਂ ਵਾਲੇ ਕਰਮ ਸਮਝਦਾ ਹੈ, ਭਗਤੀ ਦੇ ਗੁਣ ਸਮਝਦਾ ਹੈ ਭਾਵ ਕਥਨੀ ਤੱਕ ਹੀ ਰਹਿੰਦਾ ਹੈ ਪਰ ਗੁਰੂ ਦੇ ਸਮਝਾਏ ਹੋਏ ਅਸਲ ਉਪਦੇਸ਼ ਤੋਂ ਦੂਰ ਹੀ ਰਹਿੰਦਾ ਹੈ। ਗੁਰੂ ਦਾ ਉਪਦੇਸ਼ ਔਗੁਣ ਤਿਆਗਣ ਲਈ ਹੈ ਤੇ ਔਗੁਣਾਂ ਦਾ ਤਿਆਗ, ਆਪਣੀ ਮਾੜੀ ਸਮਝ ਦਾ ਤਿਆਗ ਸਾਡਾ ਗੁਣ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਅਸੀਂ ਕੇਵਲ ਗੱਲਾਂ ਨਾਲ ਗੁਣੀ ਬਣਨਾ ਚਾਹੁੰਦੇ ਹਾਂ ਜਿਸ ਨੂੰ ਕਿ ਮਨਮਤਿ ਕਿਹਾ ਗਿਆ ਹੈ ਕਿਉਂਕਿ ਜਦ ਤੱਕ ਸਾਡੇ ਅੰਦਰ ਔਗੁਣ ਹਨ, ਜਦ ਤੱਕ ਸਾਡੇ ਕਰਮ ਮੰਦੇ ਹਨ, ਅਸੀਂ ਗੁਣੀ ਕਿਵੇਂ ਅਖਵਾ ਸਕਦੇ ਹਾਂ। ਗੁਣ ਸਾਡੇ ਕਰਮਾਂ ਨਾਲ ਪ੍ਰਗਟ ਹੁੰਦੇ ਹਨ ਜਦਕਿ ਅਸੀਂ ਕੇਵਲ ਗੱਲਾਂ ਨਾਲ, ਜਪ ਦੁਆਰਾ ਆਪਣੇ ਆਪ

6/540

ਨੂੰ ਗੁਣੀ ਸਮਝਦੇ ਹਾਂ ਅਤੇ ਅਖਵਾਉਂਦੇ ਹਾਂ। ਇਹੋ ਜਿਹੇ ਹਵਾਈ ਗੁਣਾਂ ਨਾਲ, ਬਨਾਵਟੀ ਗੁਣਾਂ ਨਾਲ ਗੁਰੂ ਦੇ ਪਰਿਵਾਰ ਵਾਲਾ ਨਹੀਂ ਬਣਿਆ ਜਾ ਸਕਦਾ। ਗੁਰੂ ਗੁਣਾਂ ਦਾ ਖਜ਼ਾਨਾ ਹੈ ਜੋ ਸਾਨੂੰ ਸੱਚੇ ਅਮਲ ਸਿਖਾਉਂਦਾ ਹੈ, ਸੱਚੇ ਸੁੱਚੇ ਜੀਵਨ ਵਾਲਾ ਬਣਨਾ ਸਿਖਾਉਂਦਾ ਹੈ ਤੇ ਇਹੋ ਜਿਹੇ ਸੱਚੇ ਸੁੱਚੇ ਜੀਵਨ ਦੁਆਰਾ ਹੀ ਗੁਰੂ ਦੇ ਪਰਿਵਾਰ ਵਾਲਾ ਬਣਿਆ ਜਾ ਸਕਦਾ ਹੈ। ਇਹੀ ਇਸ ਸਾਰੇ ਸ਼ਬਦ ਦਾ ਸਾਰ ਹੈ। ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਉਸਦੇ ਜਪਣ ਵਾਲਿਆਂ ਦੇ ਮਨ ਦੀ ਬਿਰਥਾ ਸਮਝਾਈ ਹੋਈ ਹੈ।

ਮੈਂ ਆਪਣੇ ਆਪ ਨੂੰ ਇਸ ਲਈ ਗੁਣੀ ਸਮਝਦਾ ਹਾਂ **"ਮੈ ਗੁਣ ਗਲਾ ਕੇ ਸਿਰਿ ਭਾਰ॥"** ਕਿ ਮੈਂ ਪ੍ਰਮਾਤਮਾ ਦੀਆਂ ਬੜੀਆ ਗੱਲਾਂ ਕਰਦਾ ਹਾਂ ਭਾਵ ਧਰਮ ਗ੍ਰੰਥਾਂ ਨੂੰ ਪੜ੍ਹਦਾ ਹਾਂ, ਸੁਣਦਾ ਹਾਂ, ਬੋਲ ਬੋਲ ਕੇ ਜਪ ਤਪ ਕਰਦਾ ਹਾਂ। ਮੈਂ ਜਿਤਨੀਆਂ ਜਿਆਦਾ ਗੱਲਾਂ ਕੀਤੀਆ ਹਨ, ਜਿੰਨਾ ਜਿਆਦਾ ਜਪ ਤਪ ਕੀਤਾ ਹੈ ਉਤਨਾ ਹੀ ਮੈਂ ਗੁਣਾਂ ਦੁਆਰਾ ਭਾਰਾ ਹੋ ਗਿਆ ਹਾਂ, ਗੁਣਾਂ ਵਾਲਾ ਬਣ ਗਿਆ ਹਾਂ ਭਾਵ ਮੇਰੀ ਕੀਮਤ ਵੱਧ ਗਈ ਹੈ, ਮੇਰੇ ਕੋਲ ਗੁਣਾਂ ਦਾ ਵੱਡਾ ਭਾਰ ਇਕੱਠਾ ਹੋ ਗਿਆ ਹੈ, ਮੈਂ ਆਪਣੇ ਆਪ ਨੂੰ ਭਗਤੀ ਦੇ ਮਾਰਗ ਵਿੱਚ ਉੱਚਾ ਕਰ ਲਿਆ ਹੈ, ਮੈਂ ਆਪਣੇ ਮਕਸਦ ਵਿੱਚ ਕਾਮਯਾਬ ਹੋ ਰਿਹਾ ਹਾਂ, ਮੇਰੀ ਇੱਜ਼ਤ ਵੱਧ ਗਈ ਹੈ। **(ਮੈ ਗੁਣ ਗਲਾ ਕੇ ਸਿਰਿ ਭਾਰ॥)** ਮੈਂ ਇਨ੍ਹਾਂ ਗੱਲਾਂ ਦੇ ਗੁਣਾਂ ਦੁਆਰਾ ਹੀ ਪ੍ਰਮਾਤਮਾ ਨੂੰ ਪਾ ਲੈਣਾ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਇਹੀ ਮਾਰਗ ਹੈ। **(ਗਲੀ ਗਲਾ ਸਿਰਜਣਹਾਰ॥)** ਪਹਿਲੀਆਂ ਦੋਨਾਂ ਪੰਗਤੀਆਂ ਵਿੱਚ ਸਾਡੀ ਉਹ ਮਨ ਦੀ ਸੋਚਣੀ ਦੱਸੀ ਹੈ ਜਿਸ ਨੂੰ ਅਸੀਂ ਭਗਤੀ ਕਰਨਾ ਸਮਝਦੇ ਹਾਂ, ਆਪਣੇ ਵੱਲੋਂ ਭਗਤੀ ਦਾ ਸਹੀ ਮਾਰਗ ਸਮਝਦੇ ਹਾਂ। ਨਾਲ ਹੀ ਅਗਲੀਆਂ ਦੋਨਾਂ ਪੰਗਤੀਆਂ ਵਿੱਚ ਸਾਡਾ ਇਹ ਭੁਲੇਖਾ ਉਤਾਰਿਆ ਹੋਇਆ ਹੈ ਕਿ ਜਿਸ ਨੂੰ ਅਸੀਂ ਭਗਤੀ ਸਮਝਦੇ ਹਾਂ, ਆਪਣੇ ਗੁਣ ਸਮਝਦੇ ਹਾਂ ਉਹ ਸਾਡਾ ਭੁਲੇਖਾ ਹੈ। ਸਮਝਾਇਆ ਇਹ ਹੈ ਕਿ ਜਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਦਿਲ ਵਿੱਚ ਨਹੀਂ ਰੱਖਦੇ ਭਾਵ ਉਸਦੀ ਮਤਿ ਨੂੰ ਯਾਦ ਨਹੀਂ ਰੱਖਦੇ, ਉਸਦੇ ਦੱਸੇ ਹੋਏ ਗੁਣਾਂ ਨੂੰ ਯਾਦ ਨਹੀਂ ਰੱਖਦੇ ਤਦ ਤੱਕ

6/541

ਸਾਡੇ ਲਈ ਗੱਲਾਂ ਕਰਨ ਵਾਲੇ ਗੁਣ ਕਿਸੇ ਲੇਖੇ ਨਹੀਂ ਹਨ ਭਾਵ ਸਾਡੀ ਕਥਨੀ ਤੇ ਕਰਨੀ ਦਾ ਭੇਦ ਸਮਝਾਇਆ ਹੋਇਆ ਹੈ।

ਧਰਮ ਗ੍ਰੰਥਾਂ ਨੂੰ ਅਸੀਂ ਪੜ੍ਹ ਵੀ ਲਿਆ ਤੇ ਸੁਣ ਵੀ ਲਿਆ, ਕੇਵਲ ਇਤਨਾ ਕਰਨ ਨਾਲ ਮਕਸਦ ਦੀ ਪੂਰਤੀ ਨਹੀਂ ਹੁੰਦੀ। ਮਕਸਦ ਦੀ ਪੂਰਤੀ ਤਾਂ ਹੀ ਹੋਣੀ ਹੈ ਜਦੋਂ ਗੁਰੂ ਦੀ ਗੱਲ ਨੂੰ ਅਸੀਂ ਸਮਝਾਂਗੇ ਕਿ ਇਹ ਗੱਲ ਕਿਸ ਲਈ ਸਮਝਾਈ ਹੈ। ਸਮਝ ਵੀ ਲੱਗ ਗਈ ਪਰ ਉਸ ਤੇ ਅਮਲ ਨਹੀਂ ਕੀਤਾ ਤੇ ਮਕਸਦ ਦੀ ਪੂਰਤੀ ਕਿਵੇਂ ਹੋ ਸਕਦੀ ਹੈ। ਮਕਸਦ ਦੀ ਪੂਰਤੀ ਤਾਂ ਹੀ ਹੋਵੇਗੀ ਜਦੋਂ ਗੁਰੂ ਦੀ ਸਮਝਾਈ ਹੋਈ ਗੱਲ ਸਾਨੂੰ ਹਮੇਸ਼ਾ ਯਾਦ ਰਹੇ, ਸਾਡੇ ਮਨ ਵਿੱਚ ਵਸੀ ਹੋਵੇ ਤਾਂ ਜੋ ਅਸੀਂ ਉਸਨੂੰ ਆਪਣੇ ਜੀਵਨ ਵਿੱਚ ਢਾਲ ਸਕੀਏ, ਆਪਣਾ ਜੀਵਨ ਸਵਾਰੀਏ। ਜੀਵਨ ਗੱਲਾਂ ਨਾਲ ਨਹੀਂ ਸਵਰ ਸਕਦਾ, ਜੀਵਨ ਚੰਗੇ ਅਮਲਾਂ ਨਾਲ ਹੀ ਸਵਰਨਾ ਹੈ, ਪ੍ਰਮਾਤਮਾ ਨੂੰ ਸਾਡੇ ਚੰਗੇ ਅਮਲ ਹੀ ਚੰਗੇ ਲੱਗਦੇ ਹਨ। ਪ੍ਰਮਾਤਮਾ ਦੀ ਦਰਗਾਹ ਵਿੱਚ ਇਹ ਚੰਗੇ ਅਮਲ ਹੀ ਕੰਮ ਆਉਂਦੇ ਹਨ ਜੋ ਪ੍ਰਮਾਤਮਾ ਦੀ ਦਰਗਾਹ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੀ ਹੈ ਜਿਸ ਵਿੱਚ ਬੈਠਾ ਪ੍ਰਮਾਤਮਾ ਸਭ ਕੁੱਝ ਦੇਖ ਰਹਿਆ ਹੈ।

{ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥੯੮॥}

(ਅੰਗ ੧੩੮੩)

{ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥}

(ਅੰਗ ੧੩੮੩)

ਜਦੋਂ ਸਾਡਾ ਪੜ੍ਹਿਆ ਸੁਣਿਆ ਸਾਡੇ ਅਮਲਾਂ ਵਿੱਚ ਬਦਲ ਜਾਵੇਗਾ, ਲਾਹਾ ਇਸੇ ਗੱਲ ਦਾ ਮਿਲਣਾ ਹੈ। ਜਦ ਤੱਕ ਸਾਡੇ ਕਰਮ ਚੰਗੇ ਨਹੀਂ ਹੁੰਦੇ, ਸਾਡੇ ਅਮਲ ਚੰਗੇ ਨਹੀਂ ਹੁੰਦੇ, ਤਦ ਤੱਕ ਆਪਣੇ ਮਾੜੇ ਕਰਮਾਂ ਦੁਆਰਾ ਮਾਇਆ ਦੀ ਕਮਾਈ ਕਰਕੇ ਅਸੀਂ ਜੋ ਕੁੱਝ ਵੀ ਖਾਂਦੇ ਪੀਂਦੇ ਹਾਂ ਤੇ ਆਪਣੇ ਜਪ ਤਪ ਦੁਆਰਾ ਖੁਸ਼ ਹੁੰਦੇ ਹਾਂ ਉਹ ਸਭ ਬੇਕਾਰ ਹੈ। ਜਦ ਤੱਕ ਸਾਡੀ ਕਿਰਤ ਮਾੜੀ ਹੈ ਇਹੋ ਜਿਹੀ ਕਮਾਈ ਨਾਲ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਭ ਮਾੜਾ ਹੀ ਹੈ। **(ਖਾਣਾ ਪੀਣਾ ਹਸਣਾ ਬਾਦਿ॥ ਜਬ ਲਗੁ ਰਿਦੈ ਨ ਆਵਹਿ ਯਾਦਿ॥੧॥)** ਹੁਣ ਧਿਆਨ ਨਾਲ ਵਿਚਾਰੋ ਕਿ ਜਦੋਂ ਅਸੀਂ ਆਪਣੇ ਬੋਲਾਂ ਦੁਆਰਾ, ਗੱਲਾਂ ਦੁਆਰਾ ਪ੍ਰਮਾਤਮਾ ਨੂੰ ਜਪਦੇ ਹਾਂ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਨੂੰ ਯਾਦ ਹੀ ਕਰਦੇ ਹਾਂ ਤੇ ਇਸੇ ਤਰ੍ਹਾਂ ਹੀ ਹਰ ਰੋਜ਼ ਕੋਸ਼ਿਸ਼ ਕਰਦੇ ਹਾਂ ਕਿ ਸਾਨੂੰ ਹਰ ਸਮੇਂ ਕਥਨੀ ਦੁਆਰਾ ਹੀ ਪ੍ਰਮਾਤਮਾ ਯਾਦ ਰਹੇ, ਅਸੀਂ ਹਰ ਵੇਲੇ ਉਸ ਦਾ ਜਪ ਤਪ ਕਰੀਏ। ਸਾਡਾ ਇਹ ਭੁਲੇਖਾ ਹੀ ਇੱਥੇ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਯਾਦ ਕਰਨ ਦਾ ਇਹ ਤਰੀਕਾ

6/542 ਅਤੇ 542-ਅ (1-4)

ਨਹੀਂ ਹੈ। ਉਸਨੂੰ ਗੱਲਾਂ ਨਾਲ, ਕਥਨੀ ਕਰੀ ਜਾਣ ਨਾਲ ਯਾਦ ਨਹੀਂ ਕੀਤਾ ਜਾ ਸਕਦਾ। ਉਸ ਨੂੰ ਯਾਦ ਰੱਖਣ ਲਈ ਉਸਦੇ ਉਪਦੇਸ਼ ਨੂੰ ਯਾਦ ਰੱਖਣਾ ਪੈਂਦਾ ਹੈ, ਉਸਦੇ ਉਪਦੇਸ਼ ਨੂੰ ਹਰ ਵੇਲੇ ਨਾਲ ਰੱਖਣਾ ਪੈਂਦਾ ਹੈ। **{ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥}** ਅੰਗ - 918 ਸਾਡੇ ਨਾਲ ਅੱਗੇ ਵੀ ਇਹ ਉਪਦੇਸ਼ ਹੀ ਜਾਣਾ ਹੈ ਭਾਵ ਸਾਨੂੰ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਗੁਰੂ ਦੇ ਉਪਦੇਸ਼ ਹੀ ਸਾਡੇ ਕੰਮ ਆਉਂਦੇ ਹਨ ਭਾਵ ਗੁਰੂ ਦੇ ਉਪਦੇਸ਼ ਅਨੁਸਾਰ ਜੋ ਅਮਲ ਕੀਤੇ ਹਨ ਉਹ ਹੀ ਸਾਡੇ ਨਾਲ ਪ੍ਰਮਾਤਮਾ ਦੇ ਦਰ ਤੱਕ ਜਾਣੇ ਹਨ ਜਿੰਨ੍ਹਾਂ ਨੇ ਸਾਨੂੰ ਬਚਾਉਣਾ ਹੈ, ਮਾੜੇ ਕਰਮਾਂ ਤੋਂ ਬਚਾਉਣਾ ਹੈ, ਸਾਡੇ ਕੰਮ ਆਉਣਾ ਹੈ। **{ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥}** ਅੰਗ - ੯੧੯ ਹਰ ਵੇਲੇ ਗੁਰੂ ਦੇ ਨਾਲ ਰਹਿਣਾ ਕੀ ਹੈ, ਇਹ ਅਗਰ ਇਸ ਪੂਰੇ ਸ਼ਬਦ ਨੂੰ ਧਿਆਨ ਨਾਲ ਪੜਾਂਗੇ ਤਾਂ ਬੜੇ ਆਰਾਮ ਨਾਲ ਸਮਝ ਲੱਗ ਜਾਂਦੀ ਹੈ। ਗੁਰੂ ਦੇ ਨਾਲ ਉਹ ਹੀ ਰਹਿੰਦਾ ਹੈ ਭਾਵ ਗੁਰੂ ਨੂੰ ਆਪਣੇ ਮਨ ਵਿੱਚ ਹਰ ਵੇਲੇ ਉਹ ਹੀ ਰੱਖਦਾ ਹੈ ਜਿਸ ਦਾ ਮਨ ਨਿਰਮਲ ਹੈ, ਜਿਸਦਾ ਮਨ ਸ਼ੁੱਧ ਹੈ, ਸੱਚਾ ਹੈ, ਗੁਰੂ ਦੀ ਮਤਿ ਵਾਲਾ ਹੈ, ਜੋ ਮਨ ਦੀ ਮਾੜੀ ਸਮਝ ਵਾਲੀ ਮੈਲ ਤੋਂ, ਔਗੁਣਾਂ ਤੋਂ ਰਹਿਤ ਹੈ। ਨਿਰਮਲ ਮਨ ਕੀ ਹੈ ਇਹ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਬਰੀਕੀ ਨਾਲ ਜਾਣ ਚੁੱਕੇ ਹਾਂ। ਗੁਰੂ ਦੀ ਮਤਿ ਨੂੰ ਯਾਦ ਰੱਖਣਾ ਹੀ ਭਾਵ ਹਰ ਵੇਲੇ ਨਿਰਮਲ ਰਹਿਣਾ ਹੀ ਗੁਰੂ ਨੂੰ ਯਾਦ ਰੱਖਣਾ ਹੈ, ਗੁਰੂ ਨੂੰ ਮਨ ਵਿੱਚ ਵੱਸਾ ਕੇ ਰੱਖਣਾ ਹੈ। ਦਿਨ ਵਿੱਚ ਅਸੀਂ ਅਨੇਕਾਂ ਕਾਰ ਵਿਹਾਰ ਕਰਦੇ ਹਾਂ, ਲੋਕਾਂ ਨੂੰ ਮਿਲਦੇ ਜੁਲਦੇ ਹਾਂ। ਗੁਰੂ ਭਾਵ ਗੁਰੂ ਦਾ ਉਪਦੇਸ਼, ਗੁਰੂ ਦੀ ਮਤਿ ਸਾਡੇ ਨਾਲ ਹੈ ਜਾਂ ਨਹੀਂ ਇਸ ਦੀ ਪਰਖ ਵਾਰ-ਵਾਰ ਹੁੰਦੀ ਰਹਿੰਦੀ ਹੈ। ਜੇਕਰ ਕਿਸੇ ਦੀ ਨਿੰਦਾ ਕਰਨ ਤੋਂ ਪਹਿਲੇ ਸਾਨੂੰ ਗੁਰੂ ਦੀ ਗੱਲ ਯਾਦ ਆ ਜਾਵੇ ਕਿ ਕਿਸੇ ਦੀ ਝੂਠੀ ਨਿੰਦਾ ਕਰਨੀ ਮਾੜੀ ਗੱਲ ਹੈ **{ਪ੍ਰਥਮੇ ਛੋਡੀ ਪਰਾਈ ਨਿੰਦਾ॥}** ਅੰਗ - ੧੧੪੭ ਤਾਂ ਫਿਰ ਅਸੀਂ ਕਿਸੇ ਦੀ ਨਿੰਦਾ ਨਹੀਂ ਕਰਾਂਗੇ। ਪਰਾਈ ਨਿੰਦਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਗੁਰੂ ਸਾਡੀ ਅਨੇਕਾਂ ਸ਼ਬਦਾਂ ਰਾਹੀਂ ਸਾਡੀ ਨਿੰਦਾ ਕਰਦਾ ਹੈ, ਗੁਰੂ ਦੇ ਉਪਦੇਸ਼ ਨਾ ਮੰਨਣ ਲਈ ਭਾਵ ਗੁਰੂ ਦੇ ਉਪਦੇਸ਼ ਦੇ ਉਲਟ ਚੱਲਣ

ਲਈ ਨਿੰਦਾ ਕਰਦਾ ਹੈ ਜੋ ਕਿ ਸੱਚੀ ਨਿੰਦਾ ਹੈ। ਗੁਰੂ ਦੀ ਮਤਿ ਦੇ ਉਲਟ ਚੱਲਕੇ ਜੇਕਰ ਅਸੀਂ ਕਿਸੇ ਦੀ ਨਿੰਦਾ ਕਰੀ ਜਾਂਦੇ ਹਾਂ ਤਾਂ ਫਿਰ ਸਾਨੂੰ ਗੁਰੂ ਭੁੱਲਿਆ ਹੋਇਆ ਹੈ, ਗੁਰੂ ਦੀ ਮਤਿ ਭੁੱਲੀ ਹੋਈ ਹੈ ਭਾਵ ਗੁਰੂ ਦੀ ਮਤਿ ਸਾਡੇ ਮਨ ਵਿੱਚ ਨਹੀਂ ਵਸੀ ਹੋਈ, ਅਸੀਂ ਕੇਵਲ ਗੱਲਾਂ ਨਾਲ ਹੀ ਗੁਰੂ ਨੂੰ ਯਾਦ ਰੱਖਦੇ ਹਾਂ, ਕੇਵਲ ਮੂੰਹ ਦੁਆਰਾ ਗੁਰੂ ਗੁਰੂ ਕਰਦੇ ਹਾਂ, ਗੁਰੂ ਦੀ ਗੱਲ ਨੂੰ ਪੜ੍ਹਦੇ ਸੁਣਦੇ ਹਾਂ ਪਰ ਹਿਰਦੇ ਵਿੱਚ ਸਾਡੇ ਮਨਮਤਿ ਹੀ ਵਸੀ ਹੋਈ ਹੈ। ਕੇਵਲ ਅਸੀਂ ਮੂੰਹ ਨਾਲ ਹੀ ਸਾਰਾ ਦਿਨ ਗੁਰੂ ਗੁਰੂ ਕਰੀ ਜਾਂਦੇ ਹਾਂ। ਗੁਰੂ ਦੇ ਮਨੋਰਥ ਦੀ ਪੂਰਤੀ ਨਹੀਂ ਕਰਦੇ। ਇਸੇ ਤਰ੍ਹਾਂ ਸਾਡੀ ਦਿਨ ਵਿੱਚ ਅਨੇਕਾਂ ਵਾਰ ਸੱਚ ਝੂਠ ਦੀ ਪਰਖ ਹੁੰਦੀ ਹੈ, ਲੋਭ ਲਾਲਚ ਦੀ ਪਰਖ ਹੁੰਦੀ ਹੈ, ਮਇਆ ਮੋਹ ਦੀ ਪਰਖ ਹੁੰਦੀ ਹੈ, ਕਾਮ ਕ੍ਰੋਧ ਦੀ ਪਰਖ ਹੁੰਦੀ ਹੈ, ਅਹੰਕਾਰ ਦੀ, ਮਾਨ ਅਭਿਮਾਨ ਦੀ ਪਰਖ ਹੁੰਦੀ ਹੈ ਭਾਵ ਸਾਡੇ ਅੰਦਰ ਗੁਰੂ ਦੀ ਮਤਿ ਹੋਣ ਦੀ ਵਾਰ-ਵਾਰ ਪਰਖ ਹੁੰਦੀ ਹੈ। ਜੇਕਰ ਲੋਭ ਲਾਲਚ ਵਿੱਚ ਆ ਕੇ ਅਸੀਂ ਕਿਸੇ ਦਾ ਹੱਕ ਮਾਰਿਆ, ਝੂਠ ਬੋਲ ਕੇ ਮਾਇਆ ਕਮਾਈ ਤੇ ਫਿਰ ਗੁਰੂ ਦੀ ਪੜ੍ਹੀ ਸੁਣੀ ਮਤਿ ਕਿੱਥੇ ਗਈ। ਗੁਰੂ ਦੇ ਸਮਝਾਉਣ ਦਾ ਸਾਡੇ ਤੇ ਅਸਰ ਕੀ ਹੋਇਆ। ਕਰਮ ਅਸੀਂ ਮਾੜੇ ਕਰੀ ਜਾਈਏ ਤੇ ਨਾਲ ਹੀ ਮੂੰਹ ਵਿੱਚ, ਸੁਰਤਿ ਵਿੱਚ ਗੁਰੂ ਗੁਰੂ ਕਰੀ ਜਾਈਏ, ਆਪਣੇ ਵੱਲੋਂ ਸਿਮਰਨ ਕਰੀ ਜਾਈਏ ਤੇ ਕੀ ਮਨੋਰਥ ਰਹਿ ਗਿਆ ਇਹੋ ਜਿਹੇ ਜਪ ਤਪ ਦਾ। ਕੇਵਲ ਬਾਹਰੋਂ ਬਾਹਰੋਂ ਗੱਲਾਂ ਨਾਲ ਸੱਚੇ ਸੁੱਚੇ ਬਣ ਕੇ ਦਿਖਾਉਣ ਤੋਂ ਇਲਾਵਾ ਹੋਰ ਕੀ ਮਨੋਰਥ ਰਹਿ ਗਿਆ। ਮਨੋਰਥ ਅਸੀਂ ਆਪਣੀ ਮਤਿ ਦਾ ਪੂਰਾ ਕੀਤਾ, ਜੋ ਸਾਨੂੰ ਚੰਗਾ ਲੱਗਦਾ ਸੀ ਉਹ ਹੀ ਕੁੱਝ ਕੀਤਾ, ਹੁਕਮ ਆਪਣਾ ਹੀ ਮੰਨਿਆ, ਭਾਣਾ ਆਪਣਾ ਹੀ ਕੀਤਾ ਤੇ ਗੁਰੂ ਦਾ ਕੇਵਲ ਨਾਮ ਹੀ ਵਰਤਿਆ। ਨਾ ਗੁਰੂ ਦੀ ਮਤਿ ਵਰਤੀ, ਨਾ ਗੁਰੂ ਦਾ ਹੁਕਮ ਮੰਨਿਆ, ਨਾ ਗੁਰੂ ਦੇ ਭਾਣੇ ਵਿੱਚ ਆਏ ਤੇ ਫਿਰ ਵੀ ਅਸੀਂ ਇਹ ਸੋਚੀਏ ਕਿ ਗੁਰੂ ਸਾਨੂੰ ਚੰਗਾ ਸਮਝ ਰਿਹਾ ਹੈ ਭਾਵ ਜੇਕਰ ਅਸੀਂ ਕੇਵਲ ਗੱਲਾਂ ਨਾਲ ਹੀ ਉਸ ਨੂੰ ਖੁਸ਼ ਕਰ ਰਹੇ ਹਾਂ ਤਾਂ ਇਸ ਤੋਂ ਵੱਡਾ ਭੁਲੇਖਾ ਨਹੀਂ ਹੋ ਸਕਦਾ। ਗੁਰੂ ਨੂੰ ਖੁਸ਼, ਗੁਰੂ ਵਾਲਾ ਬਣ ਕੇ ਹੀ ਕੀਤਾ ਜਾ ਸਕਦਾ ਹੈ, ਮਨਮਤਿ ਛੱਡ ਕੇ ਗੁਰੂ ਦੀ ਮਤਿ ਲੈ ਕੇ ਹੀ ਕੀਤਾ ਜਾ ਸਕਦਾ ਹੈ। ਗੁਰੂ ਦਾ ਪਾਠ ਪੜ੍ਹ ਸੁਣ ਕੇ ਅਗਰ ਉਸ ਤੇ ਅਮਲ ਨਹੀਂ ਕੀਤਾ, ਆਪਣੀ ਮਤਿ ਨਹੀਂ ਛੱਡੀ ਤਾਂ ਫਿਰ ਅਸੀਂ ਗੁਰੂ ਵਾਲੇ ਨਹੀਂ ਬਣ ਸਕਦੇ।

{ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

{ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥}

(ਅੰਗ ੧੪੦)

ਅੰਦਰੋਂ ਅਸੀਂ ਕੁੱਝ ਹੋਰ ਹੁੰਦੇ ਹਾਂ ਤੇ ਬਾਹਰੋਂ ਅਸੀਂ ਕੁੱਝ ਹੋਰ ਦਿਖਾਉਣਾ ਚਾਹੁੰਦੇ ਹਾਂ। ਅੰਦਰ ਮੈਲ ਹੈ, ਬਾਹਰੋਂ ਅਸੀਂ ਸੱਚੇ ਸੁੱਚੇ ਬਣਨਾ ਚਾਹੁੰਦੇ ਹਾਂ। ਅੰਦਰੋਂ ਅਸੀਂ ਮਾਇਆ ਨਾਲ ਜੁੜੇ ਹੋਏ ਹਾਂ ਤੇ ਬਾਹਰੋਂ ਅਸੀਂ ਇਹ ਦਿਖਾਉਂਦੇ ਹਾਂ ਕਿ ਅਸੀਂ ਵਾਹਿਗੁਰੂ ਨਾਲ ਜੁੜੇ ਹੋਏ ਹਾਂ। ਅਸੀਂ ਕਿਸ ਨਾਲ ਪੜਦਾ ਕਰ ਰਹੇ ਹਾਂ। ਅਸੀਂ ਮਨੁੱਖਾਂ ਨੂੰ ਪੜਦੇ ਵਿੱਚ ਰੱਖ ਸਕਦੇ ਹਾਂ, ਮਨੁੱਖਾਂ ਦੀ ਖੁਸ਼ੀ ਲੈ ਸਕਦੇ ਹਾਂ, ਮਨੁੱਖਾਂ ਦੀ ਵਾਹ ਵਾਹ ਲੈ ਸਕਦੇ ਹਾਂ ਪਰ ਉਸ ਅੰਤਰਜਾਮੀ ਨਾਲ ਕਿਸ ਗੱਲ ਦਾ ਪੜਦਾ ਜੋ ਆਪ ਹੀ ਅੰਦਰ ਬੈਠਾ ਸਾਡੇ ਕੋਲੋਂ ਸਭ ਕੁੱਝ ਕਰਵਾ ਰਿਹਾ ਹੈ, ਸਾਨੂੰ ਆਪ ਹੀ ਆਪਣੇ ਕੋਲੋਂ ਦੂਰ ਰੱਖਣ ਲਈ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦਾ ਹੈ, ਉਸਨੇ ਆਪ ਹੀ ਆਪਣੀ ਕ੍ਰਿਪਾ ਤੋਂ ਦੂਰ ਰੱਖਿਆ ਹੋਇਆ ਹੈ। ਉਹ ਕੇਵਲ ਕਹਿਣ ਨੂੰ ਹੀ ਅੰਤਰਜਾਮੀ ਨਹੀਂ, ਉਹ ਸੱਚਮੁੱਚ ਆਪ ਹੀ ਅੰਦਰ ਵਰਤ ਰਿਹਾ ਹੈ। ਸਾਡਾ ਪਾਠ ਪੜ੍ਹਨ ਦਾ ਮਕਸਦ, ਗੁਰੂ ਵਾਲੇ ਬਣਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਆਪਣੀ ਮਤਿ ਵੀ ਛੱਡ ਦੇਈਏ। ਜੇਕਰ ਮਤਿ ਸਾਡੀ ਉਹ ਹੀ ਰਹੀ ਜੋ ਪਾਠ ਕਰਨ ਸੁਣਨ ਤੋਂ ਪਹਿਲਾਂ ਸੀ ਫਿਰ ਪਾਠ ਨੂੰ ਪੜ੍ਹਨ ਸੁਣਨ ਦਾ ਮਕਸਦ ਕੀ ਰਹਿ ਗਿਆ। ਜੇਕਰ ਅਸੀਂ ਪਾਠ ਕਰਨ ਤੋਂ ਪਹਿਲਾਂ ਵੀ ਝੂਠ ਬੋਲਦੇ ਸੀ ਤੇ ਪਾਠ ਪੜ੍ਹਨ ਤੋਂ ਬਾਅਦ ਵੀ ਝੂਠ ਬੋਲੀ ਜਾਂਦੇ ਹਾਂ ਫਿਰ ਸਾਡੇ ਤੇ ਪਾਠ ਪੜ੍ਹਨ ਦਾ ਅਸਰ ਕੀ ਹੋਇਆ। ਅਸੀਂ ਪਾਠ ਪੜ੍ਹਨ ਤੋਂ ਪਹਿਲਾਂ ਵੀ ਝੂਠ ਬੋਲਣ ਦੁਆਰਾ ਨਿਗੁਰੇ ਸਾਂ ਤੇ ਪਾਠ ਪੜ੍ਹ ਕੇ ਵੀ ਨਿਗੁਰੇ ਹੀ ਰਹੇ **{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}**। ਗੁਰੂ ਵਾਲੇ ਤੇ ਤਾਂ ਬਣਾਂਗੇ ਜਦੋਂ ਝੂਠ ਬੋਲਣਾ ਛੱਡਾਂਗੇ ਭਾਵ ਗੁਰੂ ਦੀ ਮਤਿ ਨੂੰ ਮਨ ਵਿੱਚ ਵਸਾਵਾਂਗੇ। ਖਾਲੀ ਗੁਰੂ ਦੀਆਂ ਗੱਲਾਂ ਕਰਕੇ, ਮੂੰਹੋਂ ਗੁਰੂ ਗੁਰੂ ਕਰਕੇ ਅਸੀਂ ਗੁਰੂ ਵਾਲੇ ਨਹੀਂ ਬਣ ਸਕਦੇ। ਇਹ ਬਾਣੀ ਦਾ ਫੁਰਮਾਨ ਹੈ ਜਿਸ ਤੋਂ ਬਾਹਰ ਕੋਈ ਵੀ ਨਹੀਂ ਹੈ ਤੇ ਨਾ ਹੀ ਕੋਈ ਹੋ ਸਕਦਾ ਹੈ। ਇੱਕ ਆਮ ਧਾਰਨਾ ਬਣੀ ਹੋਈ ਹੈ ਕਿ ਅੰਮ੍ਰਿਤ ਛਕਣਾ ਹੀ ਗੁਰੂ ਵਾਲੇ ਬਣਨਾ ਹੈ। ਅੰਮ੍ਰਿਤ ਦੀ ਪਾਹੁਲ ਸਾਨੂੰ ਅੰਮ੍ਰਿਤ ਬਾਣੀ ਨਾਲ ਜੋੜਨ ਲਈ ਹੈ ਤਾਂ ਜੋ ਅਸੀ ਦੇਹ ਧਾਰੀਆਂ ਦੇ ਸ਼ਿਕਾਰ ਨਾ ਬਣੀਏ ਜਿਵੇਂ ਕਿ ਪੁਰਾਣੇ ਸਮੇਂ ਤੋਂ ਚੱਲਦਾ ਆ ਰਿਹਾ ਹੈ।ਅੰਮ੍ਰਿਤ ਛਕਣ ਤੋਂ ਭਾਵ ਸਾਨੂੰ ਗੁਰੂ ਦੀ

ਮਤਿ ਨਾਲ ਜੋੜਨ ਤੋਂ ਹੈ ਤਾਂ ਜੋ ਅਸੀਂ ਕਿਸੇ ਹੋਰ ਮਨੁੱਖੀ ਮਤਿ ਦੇ ਨਾਲ ਨਾ ਜੁੜੀਏ, ਕੇਵਲ ਗੁਰੂ ਨਾਲ ਜੁੜੀਏ, ਗੁਰਬਾਣੀ ਨਾਲ ਜੁੜੀਏ। ਗੁਰੂ ਵਾਲਾ ਸਾਨੂੰ ਗੁਰੂ ਦੇ ਅਸੂਲਾਂ ਨੇ ਬਣਾਉਣਾ ਹੈ। ਇਹ ਅਸੂਲ ਸਾਰੀ ਦੁਨੀਆਂ ਲਈ ਹਨ, ਸਾਰੀ ਮਨੁੱਖਤਾ ਲਈ ਹਨ। ਇੱਕ ਮਨੁੱਖ ਸੱਚੇ ਸੁੱਚੇ ਕਰਮ ਕਰਦਾ ਹੋਵੇ, ਗੁਰੂ ਦੇ ਅਸੂਲਾਂ ਅਨੁਸਾਰ ਚੱਲਦਾ ਹੋਵੇ ਪਰ ਉਸਨੇ ਅੰਮ੍ਰਿਤਪਾਣ ਨਾ ਕੀਤਾ ਹੋਵੇ ਤੇ ਦੂਸਰੇ ਪਾਸੇ ਇੱਕ ਮਨੁੱਖ ਨੇ ਅੰਮ੍ਰਿਤਪਾਣ ਕੀਤਾ ਹੋਵੇ ਪਰ ਉਸਦੇ ਕਰਮ ਮਾੜੇ ਹੋਣ, ਝੂਠ ਬੋਲਦਾ ਹੋਵੇ, ਪਰਾਇਆ ਹੱਕ ਖਾਂਦਾ ਹੋਵੇ ਤੇ ਦੋਨਾਂ ਵਿੱਚੋਂ ਗੁਰੂ ਵਾਲਾ ਕਿਹੜਾ ਹੋਇਆ, ਸਮਾਜ ਲਈ ਚੰਗਾ ਕਿਹੜਾ ਹੋਇਆ, ਮਨੁੱਖਤਾ ਦਾ ਭਲਾ ਕਿਸਨੇ ਕੀਤਾ, ਗੁਰੂ ਦੀ ਮਤਿ ਤੇ ਫੁੱਲ ਕਿਸਨੇ ਚੜਾਏ। ਕੁੱਝ ਕਹਿਣ ਜਾਂ ਦੱਸਣ ਦੀ ਲੋੜ ਨਹੀਂ। ਇੱਥੇ ਹੀ ਸਾਡੀ ਸੋਚਣੀ ਵਿੱਚ ਫਰਕ ਹੈ। ਕੇਵਲ ਗੁਰੂ ਦੀਆਂ ਗੱਲਾਂ ਕਰਨ ਨਾਲ ਗੁਰੂ ਵਾਲੇ ਨਹੀਂ ਬਣਿਆ ਜਾ ਸਕਦਾ ਪਰ ਕਥਨੀ ਕਰੀ ਜਾਣ ਨਾਲ ਆਪਣੇ ਆਪ ਨੂੰ ਭਾਰਾ ਕੀਤਾ ਜਾ ਸਕਦਾ ਹੈ ਜੋ ਕਿ ਹਰ ਰੋਜ਼ ਦੀ ਜ਼ਿੰਦਗੀ ਵਿੱਚ ਅਸੀਂ ਸਭ ਕੁੱਝ ਦੇਖਦੇ ਹੀ ਹਾਂ। ਮੂੰਹ ਤੋਂ ਇਹ ਗੱਲ ਕੋਈ ਨਹੀਂ ਬੋਲਦਾ ਪਰ ਮਨ ਵਿੱਚ ਹਰ ਕੋਈ ਸਮਝਦਾ ਹੈ। ਗੁਰੂ ਦੀਆਂ ਨਜ਼ਰਾਂ ਵਿੱਚ ਨਿਗੁਰਾ ਕੌਣ ਹੈ, ਇਹ ਸਾਨੂੰ ਗੁਰੂ ਜੀ ਆਪ ਹੀ ਸਮਝਾ ਰਹੇ ਹਨ ਤੇ ਗੁਰੂ ਤੋਂ ਜਿਆਦਾ ਹੋਰ ਕੌਣ ਸਮਝਾ ਸਕਦਾ ਹੈ? **(ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ॥ ਖਾਣਾ ਪੀਣਾ ਹਸਣਾ ਬਾਦਿ॥ ਜਬ ਲਗੁ ਰਿਦੈ ਨ ਆਵਹਿ ਯਾਦਿ॥੧॥)** ਆਉ ਹੁਣ ਮੁੱਖ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਵਿਚਾਰੀਏ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ।

“ਤਉ ਪਰਵਾਹ ਕੇਹੀ ਕਿਆ ਕੀਜੈ॥ ਜਨਮਿ ਜਨਮਿ ਕਿਛੁ ਲੀਜੀ ਲੀਜੈ॥੧॥ਰਹਾਉ॥”

ਜਿਹੋ ਜਿਹੀ ਭਗਤੀ ਅਸੀਂ ਪ੍ਰਮਾਤਮਾ ਦੀ ਕਰਦੇ ਹਾਂ ਇਹ ਸਾਡੀ ਭਗਤੀ ਪ੍ਰਵਾਨ ਕਿਉਂ ਨਹੀਂ ਹੁੰਦੀ, ਇਸ ਬਾਰੇ ਚਾਨਣਾ ਪਾਇਆ ਹੋਇਆ ਹੈ। ਜਦ ਤੱਕ ਪ੍ਰਮਾਤਮਾ ਦੀ ਭਗਤੀ ਅਸੀਂ ਕੇਵਲ ਗੱਲਾਂ ਦੁਆਰਾ ਹੀ ਕਰੀ ਜਾਂਦੇ ਹਾਂ, ਇਹ ਉਸਨੂੰ ਪ੍ਰਵਾਨ ਨਹੀਂ ਹੈ ਕਿਉਂਕਿ ਇਸ ਵਿੱਚ ਸਾਡੀ ਮਨਮਤਿ ਹੈ। ਪ੍ਰਮਾਤਮਾ ਦੀ ਭਗਤੀ ਸਾਡੇ ਕੋਲੋਂ ਤਿਆਗ ਦੀ ਮੰਗ ਕਰਦੀ ਹੈ, ਸਾਡੀ ਮਤਿ ਦੇ ਤਿਆਗ ਦੀ ਮੰਗ ਕਰਦੀ ਹੈ। ਪ੍ਰਮਾਤਮਾ ਨੂੰ ਸਾਡੀ ਮਨਮਤਿ ਨਹੀਂ ਭਾਉਂਦੀ, ਉਸਨੂੰ ਸਾਡੇ ਔਗੁਣ ਨਹੀਂ ਭਾਉਂਦੇ ਜੋ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਨਣ ਦਾ ਉਪਰਾਲਾ ਕੀਤਾ ਹੈ। ਮਨੁੱਖ ਜਨਮਾਂ-ਜਨਮਾਂ ਤੋਂ ਪ੍ਰਮਾਤਮਾ ਕੋਲੋਂ ਲਈ ਹੀ ਜਾ ਰਿਹਾ ਹੈ ਪਰ ਜੋ ਪ੍ਰਮਾਤਮਾ ਮਨੁੱਖ ਕੋਲੋਂ ਮੰਗਦਾ ਹੈ ਉਹ ਕੁੱਝ ਦੇਣ ਲਈ ਉਹ ਤਿਆਰ ਨਹੀਂ ਹੈ। ਅਸੀਂ ਕੇਵਲ ਗੱਲਾਂ ਨਾਲ ਪ੍ਰਮਾਤਮਾ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਲਈ ਪ੍ਰਮਾਤਮਾ ਸਾਡੀ ਕਿਸ ਗੱਲੋਂ ਪ੍ਰਵਾਹ ਕਰੇ **(ਤਉ ਪਰਵਾਹ ਕੇਹੀ ਕਿਆ ਕੀਜੈ॥ ਜਨਮਿ ਜਨਮਿ ਕਿਛੁ ਲੀਜੀ ਲੀਜੈ॥੧॥ਰਹਾਉ॥)** ਅਸੀਂ ਬਿਨ੍ਹਾਂ ਕੁੱਝ ਦਿੱਤੇ ਜਨਮਾਂ ਜਨਮਾਂ ਤੋਂ ਲਈ ਹੀ ਜਾ ਰਹੇ ਹਾਂ। ਮਨ ਦੀ ਮਤਿ ਤਿਆਗ ਕੇ ਗੁਰੂ ਦੀ ਮਤਿ ਤੇ ਚੱਲਣ ਲਈ ਕੋਈ ਤਿਆਰ ਨਹੀਂ ਹੁੰਦਾ ਕਿਉਂਕਿ ਇਹ ਕੰਮ ਔਖਾ ਲੱਗਦਾ ਹੈ ਤੇ ਹਰ ਕੋਈ ਗੱਲਾਂ ਨਾਲ ਹੀ ਭਗਤੀ ਤੇ ਪੂਰਾ ਉਤਰਨਾ ਚਾਹੁੰਦਾ ਹੈ। ਭਗਤੀ ਦੇ ਸੱਚੇ ਮਾਰਗ ਤੇ ਚੱਲਣ ਲਈ ਗੁਰੂ ਪ੍ਰਮਾਤਮਾ ਮਨੁੱਖ ਕੋਲੋਂ ਕਿਹੋ ਜਿਹੇ ਤਿਆਗ ਦੀ ਮੰਗ ਕਰਦਾ ਹੈ, ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ
ਸਤਿਗੁਰ ਕੀ ਮਤਿ ਲੈਨੀ॥੩॥}

(ਅੰਗ ੮੦੦)

6/543 ਅਤੇ 543-ਅ (1-5)

ਸਤਿਗੁਰ ਦੀ ਮਤਿ ਲੈ ਕੇ ਉਸ ਅਨੁਸਾਰ ਵਿਚਰਨਾ ਹੀ ਨਾਮ ਜਪਣਾ ਹੈ, ਹਰਿ ਹਰਿ ਕਰਨਾ ਹੈ, ਭਗਤੀ ਕਰਨਾ ਹੈ, ਹਰ ਵੇਲੇ ਪ੍ਰਮਾਤਮਾ ਨੂੰ ਯਾਦ ਰੱਖਣਾ ਹੈ। ਜਦ ਤੱਕ ਅਸੀਂ ਔਗੁਣ ਨਹੀਂ ਛੱਡਦੇ ਤਾਂ ਸਮਝੋ ਕਿ ਅਸੀਂ ਮਨਮਤਿ ਵਿੱਚ ਹਾਂ। ਔਗੁਣ ਤਿਆਗਣੇ ਕਠਿਨ ਹਨ, ਮਨਮਤਿ ਤਿਆਗਣੀ ਕਠਿਨ ਹੈ, ਹਉਮੈ ਤਿਆਗਣੀ ਕਠਿਨ ਹੈ, ਮਾਇਆ ਮੋਹ ਤਿਆਗਣਾ ਕਠਿਨ ਹੈ ਤੇ ਅਸੀਂ ਆਪਣੀ ਮਨਮਤਿ ਕਰਕੇ ਹੀ ਪ੍ਰਮਾਤਮਾ ਤੋਂ ਦੂਰ ਹਾਂ ਤੇ ਮਨਮਤਿ ਵਿੱਚ ਰਹਿੰਦਿਆਂ, ਔਗੁਣਾਂ ਵਿੱਚ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਸਾਡੀ ਕੋਈ ਪ੍ਰਵਾਹ ਨਹੀਂ ਹੈ ਭਾਵੇਂ ਅਸੀਂ ਜਿਤਨਾ ਮਰਜ਼ੀ ਗੱਲਾਂ ਦੁਆਰਾ ਉਸਨੂੰ ਯਾਦ ਕਰੀਏ। ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ,ਸਪੱਸ਼ਟ ਕੀਤੀ ਹੋਈ ਹੈ ਕਿ ਪ੍ਰਮਾਤਮਾ ਸਾਡੀ ਪ੍ਰਵਾਹ ਕਿਉਂ ਨਹੀਂ ਕਰਦਾ। ਮਨੁੱਖ ਦਾ ਆਪਣੀ ਮਤਿ ਵਿੱਚ ਰਹਿਣਾ ਇਸ ਤਰੀਕੇ ਨਾਲ ਸਮਝਾਇਆ ਹੈ ਜਿਵੇਂ ਕਿ ਇੱਕ ਮਸਤ ਹਾਥੀ ਹੋਵੇ **(ਮਨ ਕੀ ਮਤਿ ਮਤਾਗਲੁ ਮਤਾ॥)** ਮਸਤ ਹਾਥੀ ਕਿਸੇ ਦੀ ਪ੍ਰਵਾਹ ਨਹੀਂ ਜਾਣਦਾ। ਇਸੇ ਤਰ੍ਹਾਂ ਜਦ ਤੱਕ ਮਨੁੱਖ ਮਨਮਤਿ ਵਿੱਚ ਹੈ

ਉਹ ਕਿਸੇ ਦੀ ਪ੍ਰਵਾਹ ਨਹੀਂ ਜਾਣਦਾ, ਗੁਰੂ ਦੀ ਭਾਵ ਗੁਰੂ ਦੀ ਮਤਿ ਦੀ ਪ੍ਰਵਾਹ ਵੀ ਨਹੀਂ ਜਾਣਦਾ। ਜੇਕਰ ਮਨੁੱਖ ਨੂੰ ਗੁਰੂ ਦੀ ਪ੍ਰਵਾਹ ਨਹੀਂ ਹੈ ਭਾਵ ਉਹ ਮਸਤ ਹਾਥੀ ਬਣਿਆ ਬੈਠਾ ਹੈ ਤਾਂ ਫਿਰ ਗੁਰੂ ਉਸ ਦੀ ਪ੍ਰਵਾਹ ਕਿਸ ਲਈ ਕਰੇ। ਗੱਲ ਵਿਹਾਰ ਦੀ ਹੈ। ਆਪਣੀ ਮਨਮਤਿ ਵਿੱਚ ਰਹਿੰਦਿਆਂ ਮਨੁੱਖ ਜੋ ਆਪਣੇ ਵੱਲੋਂ ਭਗਤੀ ਦੇ ਬੋਲ ਬੋਲਦਾ ਹੈ ਭਾਵ ਪ੍ਰਮਾਤਮਾ ਦੀ ਕੇਵਲ ਕਥਨੀ ਕਰਨ ਨਾਲ, ਗੱਲਾਂ ਨਾਲ ਸਿਫਤ ਸਾਲਾਹ ਕਰਦਾ ਹੈ ਉਹ ਸਭ ਉਸ ਦੀ ਭੁੱਲ ਹੈ, ਭੁੱਲਿਆ ਬੈਠਾ ਹੈ ਕਿ ਇਸ ਤਰੀਕੇ ਪ੍ਰਮਾਤਮਾ ਦੀ ਸਿਫ਼ਤ ਹੋ ਰਹੀ ਹੈ। **(ਜੋ ਕਿਛੁ ਬੋਲੀਐ ਸਭੁ ਖਤੋ ਖਤਾ॥)।**

ਆਓ ਹੁਣ ਇੱਥੇ ਸਮਝਾਏ ਹੋਏ ਸ਼ਬਦ ਦੇ ਡੂੰਘੇ ਭਾਵ ਨੂੰ ਸਮਝੀਏ। ਆਪਣੀ ਮਨਮਤਿ ਵਿੱਚ ਰਹਿੰਦਿਆਂ, ਗੱਲਾਂ ਦੁਆਰਾ ਭਾਵ ਕਥਨੀ ਦੁਆਰਾ ਬੋਲ ਬੋਲ ਕੇ ਜਪ ਤਪ ਕਰਨ ਦੁਆਰਾ ਸਾਡਾ ਮਨ ਹੋਰ ਪੱਕਾ ਹੋ ਜਾਂਦਾ ਹੈ ਕਿ ਅਸੀਂ ਬਿਲਕੁਲ ਸਹੀ ਮਾਰਗ ਤੇ ਚੱਲ ਰਹੇ ਹਾਂ ਕਿਉਂਕਿ ਅਸੀਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰ ਰਹੇ ਹਾਂ। ਹਰ ਕੋਈ ਇਸੇ ਤਰ੍ਹਾਂ ਹੀ ਸਮਝਦਾ ਹੈ ਕਿਉਂਕਿ ਪੁਰਾਤਨ ਸਮੇਂ ਤੋਂ ਇਸ ਨੂੰ ਹੀ ਹਰ ਕੋਈ ਭਗਤੀ ਦਾ ਤਰੀਕਾ ਸਮਝਦਾ ਆ ਰਿਹਾ ਹੈ। ਜਿਤਨਾ ਕੋਈ ਇਹੋ ਜਿਹਾ ਜ਼ਿਆਦਾ ਜਪ ਤਪ ਕਰਦਾ ਹੈ ਉਸਦੀ ਮਨਹਠਿ, ਉਸਦੇ ਅੰਦਰ ਦਾ ਵਿਸ਼ਵਾਸ ਹੋਰ ਵੱਧਦਾ ਜਾਂਦਾ ਹੈ ਕਿਉਂਕਿ ਐਸਾ ਕਰਨ ਨਾਲ ਸਾਡਾ ਸਮਾਜ ਵਿੱਚ ਰੁਤਬਾ ਵੀ ਉੱਚਾ ਹੋਣਾ ਸ਼ੁਰੂ ਹੋ ਜਾਂਦਾ ਹੈ। ਅਸੀਂ ਆਪਣੇ ਮਨ ਵਿੱਚ ਆਪ ਹੀ ਆਪਣੇ ਆਪ ਨੂੰ ਉੱਚਾ ਮਹਿਸੂਸ ਕਰਨ ਲੱਗ ਪੈਂਦੇ ਹਾਂ, ਪ੍ਰਮਾਤਮਾ ਦੇ ਨੇੜੇ ਸਮਝਣਾ ਸ਼ੁਰੂ ਕਰ ਦਿੰਦੇ ਹਾਂ। ਸਾਡੀ ਇਹੋ ਜਿਹੀ ਅਵੱਸਥਾ ਨੂੰ ਇੱਕ ਮਸਤ ਹਾਥੀ ਵਾਲੀ ਅਵੱਸਥਾ ਕਹਿ ਕੇ ਸਮਝਾਇਆ ਹੈ। ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਨੂੰ ਭੁੱਲਿਆ ਹੋਇਆ ਕਿਹਾ ਹੈ ਪਰ ਉਹ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿ ਉਹ ਭੁੱਲਿਆ ਹੋਇਆ ਹੈ। ਇਹੋ ਜਿਹੀ ਅਵੱਸਥਾ ਵਿੱਚ ਅਗਰ ਉਸਨੂੰ ਕੋਈ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਉਸ ਦਾ ਜਪ ਤਪ ਠੀਕ ਨਹੀਂ ਹੈ, ਗੁਰੂ ਦੀ ਮਤਿ ਅਨੁਸਾਰ ਨਹੀਂ ਹੈ, ਉਹ ਮੰਨਣ ਨੂੰ ਤਿਆਰ ਨਹੀਂ ਹੋ ਸਕਦਾ। ਉਹ ਆਪਣੇ ਆਪ ਨੂੰ ਭੁੱਲਿਆ ਹੋਇਆ ਨਹੀਂ ਸਮਝ ਸਕਦਾ। ਉਹ ਸਮਝਾਉਣ ਵਾਲੇ ਨੂੰ ਭੁੱਲਿਆ ਕਹਿ ਸਕਦਾ ਹੈ ਪਰ ਆਪਣੀ ਭੁੱਲ ਮੰਨਣ ਨੂੰ ਤਿਆਰ ਨਹੀਂ ਹੋ ਸਕਦਾ। ਉਸ ਦੇ ਅੰਦਰ ਦਾ ਅਹੰਕਾਰ, ਮਨਹਠਿ, ਹਉਮੈ, ਇਗੋ ਉਸਨੂੰ ਇਹ ਭੁੱਲ ਮੰਨਣ ਨਹੀਂ ਦਿੰਦੇ। ਉਹ ਕਿਸੇ ਦੀ ਨਾ ਸੁਣ ਕੇ ਆਪਣੇ ਆਪ ਵਿੱਚ ਹਾਥੀ ਦੀ ਤਰ੍ਹਾਂ ਮਸਤ ਰਹਿੰਦਾ ਹੈ ਕਿ ਮੇਰੇ ਤੋਂ ਉੱਚਾ ਕੌਣ ਹੈ ਭਾਵ ਇਹੋ ਜਿਹਾ ਜਪ ਤਪ ਸਾਡੀ ਹਉਮੈ ਹੋਰ ਉੱਚੀ ਕਰ ਦਿੰਦਾ ਹੈ ਕਿਉਂਕਿ ਆਪਣੀ ਆਪਣੀ ਕੀਮਤ ਪੈਣ ਅਨੁਸਾਰ ਕੋਈ ਧਿਆਨੀ ਅਖਵਾਉਂਦਾ ਹੈ, ਕੋਈ ਗਿਆਨੀ ਅਖਵਾਉਂਦਾ ਹੈ, ਕੋਈ ਗੁਰੂ ਦੇ ਬਰਾਬਰ ਦੀਆਂ ਗੱਲਾਂ ਕਰਦਾ ਹੈ। ਇਹਨਾਂ ਨੂੰ ਕੌਣ ਸਮਝਾ ਸਕਦਾ ਹੈ, ਕਿਉਂਕਿ ਇਹ ਮਤਿ ਲੈਣ ਦੀ ਬਜਾਏ ਆਪਣੇ ਆਪ ਨੂੰ ਮਤਿ ਦੇਣ ਵਾਲਾ ਸਮਝਣ ਲੱਗ ਪੈਂਦੇ ਹਨ। ਇਹੋ ਜਿਹਾ ਬਣਨ ਨਾਲ ਕੇਵਲ ਸਾਡੀ ਆਪਣੀ ਵਡਿਆਈ ਹੁੰਦੀ ਹੈ, ਗੁਰੂ ਦੀ ਨਹੀਂ, ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥}

(ਅੰਗ ੯)

ਜਿਵੇਂ ਕਿਸੇ ਧਰਮ ਦਾ ਗਿਆਨੀ ਅਖਵਾਉਣ ਵਾਲੇ ਨੂੰ ਕੋਈ ਸਮਝਾਉਣ ਦੀ ਕੋਸ਼ਿਸ਼ ਕਰੇ, ਉਸਦਾ ਜਵਾਬ ਕੀ ਹੋਵੇਗਾ ਇਸਦਾ ਅੰਦਾਜ਼ਾ ਉਸ ਦੇ ਨਾਲ ਗੱਲ ਕਰਨ ਤੋਂ, ਕੁੱਝ ਸਮਝਾਉਣ ਤੋਂ ਬਾਅਦ ਹੀ ਲੱਗ ਸਕਦਾ ਹੈ। ਕਿਸੇ ਧਿਆਨੀ ਅਖਵਾਉਣ ਵਾਲੇ ਨੂੰ ਅਗਰ ਕੋਈ ਇਹ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਧਿਆਨ ਲਗਾ ਕੇ ਆਸਣਾਂ ਵਿੱਚ ਬੈਠਣਾ, ਸੁਰਤੀਆਂ ਜੋੜ ਕੇ ਸਮਾਧੀਆਂ ਲਗਾਉਣੀਆਂ ਗੁਰੂ ਦੀ ਮਤਿ ਦੇ ਅਨੁਸਾਰ ਨਹੀਂ ਹਨ, ਬਾਣੀ ਵਿੱਚ ਇਹਨਾਂ ਗੱਲਾਂ ਦਾ ਖੰਡਨ ਕੀਤਾ ਹੋਇਆ ਹੈ ਪਰ ਫਿਰ ਵੀ ਉਹ ਮੰਨਣ ਨੂੰ ਤਿਆਰ ਨਹੀਂ ਹੋਵੇਗਾ। ਉਸਦੀ ਮਨਹਠਿ ਉਸਨੂੰ ਮੰਨਣ ਨਹੀਂ ਦਿੰਦੀ। ਸਾਡੇ ਅੰਦਰ ਮਨ ਦੀ ਸਮਝ ਰੂਪ ਮਸਤ ਹਾਥੀ ਕਿਸੇ ਦੀ ਇਹੋ ਜਿਹੀ ਗੱਲ ਸੁਣ ਕੇ ਰਾਜੀ ਨਹੀਂ ਜੋ ਸਾਡੀ ਭਗਤੀ ਨੂੰ ਮਾੜਾ ਦੱਸੇ। ਸਾਡੀ ਮਨਮਤਿ ਸਾਨੂੰ ਗੁਰੂ ਦੀ ਮਤਿ ਤੋਂ ਦੂਰ ਰੱਖਦੀ ਹੈ। ਅਸਲ ਵਿੱਚ ਅਸੀਂ ਗੁਰੂ ਨੂੰ ਸਰੀਰਕ ਸਲਾਮ ਕਰਨਾ ਹੀ, ਗੱਲਾਂ ਨਾਲ ਸਲਾਮ ਕਰਨਾ ਹੀ ਉਸਦੀ ਭਗਤੀ ਸਮਝਦੇ ਹਾਂ ਭਾਵ ਧਰਮ ਗ੍ਰੰਥਾਂ ਦੇ ਪੜ੍ਹਨ, ਸੁਣਨ ਤੇ ਮੂੰਹੋਂ ਬੋਲ ਬੋਲ ਕੇ ਜਪ ਤਪ ਕਰਨ ਨੂੰ ਹੀ ਭਗਤੀ ਸਮਝਦੇ ਹਾਂ ਤੇ ਇਸ ਤੋਂ ਅੱਗੇ ਨਹੀਂ ਵੱਧਣਾ ਚਾਹੁੰਦੇ, ਗੁਰੂ ਦੀ ਸਮਝਾਈ ਹੋਈ ਗੱਲ ਤੇ ਅਮਲ ਨਹੀਂ ਕਰਦੇ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਪੱਸ਼ਟ ਹੈ।

{ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥੨॥}

(ਅੰਗ ੪੭੪)

ਆਪਣੇ ਵੱਲੋਂ ਅਸੀਂ ਸਲਾਮ ਤਾਂ ਗੁਰੂ ਨੂੰ ਕਰੀ ਜਾਂਦੇ ਹਾਂ। ਅਸੀਂ ਗੁਰੂ ਦੇ ਦਵਾਰੇ ਤੇ ਜਾਂਦੇ ਹਾਂ, ਉਸਨੂੰ ਮੱਥਾ ਟੇਕਦੇ ਹਾਂ, ਉਸ ਕੋਲ ਬੈਠਦੇ ਹਾਂ, ਉਸਨੂੰ ਸੁਣਦੇ ਹਾਂ, ਸਮਝਦੇ ਹਾਂ, ਪਾਠ ਵੀ ਕਰਦੇ ਹਾਂ ਭਾਵ ਇਸ ਤਰੀਕੇ ਨਾਲ ਅਸੀਂ ਗੁਰੂ ਨੂੰ ਸਲਾਮ ਕਰਦੇ ਹਾਂ ਤੇ ਇਹ ਸਮਝਦੇ ਹਾਂ ਕਿ ਗੁਰੂ ਸਾਡਾ ਸਲਾਮ ਕਬੂਲ ਕਰ ਰਿਹਾ ਹੈ। ਪੂਰੀ ਪੂਰੀ ਜ਼ਿੰਦਗੀ ਅਸੀਂ ਇਹੋ ਜਿਹੇ ਸਲਾਮ ਤੇ ਲਗਾ ਦਿੰਦੇ ਹਾਂ। ਇਹ ਸਲਾਮ ਵੀ ਜਰੂਰੀ ਹੈ ਕਿਉਂਕਿ ਇਸ ਸਲਾਮ ਦੁਆਰਾ ਹੀ ਅਸੀਂ ਗੁਰੂ ਕੋਲੋਂ ਉਸਦਾ ਨਾਮ ਜਪਣ ਦਾ ਮਾਰਗ ਪੁੱਛਦੇ ਹਾਂ, ਗੁਰੂ ਦੀ ਰਜ਼ਾ ਪੁੱਛਦੇ ਹਾਂ ਕਿ ਉਹ ਸਾਡੇ ਕੋਲੋਂ ਕੀ ਕੁੱਝ ਚਾਹੁੰਦਾ ਹੈ। ਗੁਰੂ ਆਪਣੇ ਉਪਦੇਸ਼ ਦੁਆਰਾ ਸਾਨੂੰ ਕੁਝ ਸਮਝਾਉਂਦਾ ਹੈ, ਹੁਕਮ ਸੁਣਾਉਂਦਾ ਹੈ। ਸਾਨੂੰ ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰਨ ਲਈ ਉਪਦੇਸ਼ ਦਿੰਦਾ ਹੈ। ਬਸ ਇੱਥੇ ਸਾਡੇ ਵੱਲੋਂ ਗੁਰੂ ਨੂੰ ਜਵਾਬ ਹੈ ਭਾਵ ਅਸੀਂ ਇਹ ਕੁੱਝ ਨਹੀਂ ਮੰਨ ਸਕਦੇ, ਸਾਡੇ ਕੋਲੋਂ ਮਾਇਆ ਮੋਹ ਵਿੱਚੋਂ ਨਹੀਂ ਨਿਕਲਿਆ ਜਾਂਦਾ, ਅਸੀਂ ਲੋਭ ਲਾਲਚ ਨਹੀਂ ਛੱਡ ਸਕਦੇ, ਅਸੀਂ ਝੂਠ ਬੋਲਣਾ ਨਹੀਂ ਛੱਡ ਸਕਦੇ ਕਿਉਂਕਿ ਸੱਚ ਤੇ ਚੱਲ ਕੇ ਸਾਡਾ ਗੁਜ਼ਾਰਾ ਨਹੀਂ ਹੁੰਦਾ, ਸਾਡੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਨਹੀਂ ਹੁੰਦੀ। ਝੂਠ ਦਾ ਆਸਰਾ ਲਏ ਬਿਨ੍ਹਾਂ ਮਾਇਆ ਨਹੀਂ ਆਉਂਦੀ ਕਿਉਂਕਿ ਸਾਡੀ ਮਾਇਆ ਦੀ ਜਰੂਰਤ ਬਹੁਤ ਜਿਆਦਾ ਹੈ, ਜਿਤਨੀ ਮਿਲੇ ਘੱਟ ਹੈ ਭਾਵ ਗੁਰੂ ਦਾ ਹੁਕਮ ਮੰਨਣ ਵੱਲੋਂ ਸਾਡਾ ਜਵਾਬ ਹੈ ਤੇ ਅਸੀਂ ਗੁਰੂ ਦਾ ਉਪਦੇਸ਼ ਮੰਨ ਕੇ ਉਸ ਤੇ ਨਹੀਂ ਚੱਲ ਸਕਦੇ ਭਾਵ ਅਸੀਂ ਕੇਵਲ ਕਥਨੀ ਦੁਆਰਾ, ਗੱਲਾਂ ਦੁਆਰਾ ਹੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤੇ ਗੁਰੂ ਦੀ ਮਤਿ ਅਨੁਸਾਰ ਸੱਚੀ ਸੁੱਚੀ ਕਰਨੀ ਕਰਨ ਵੱਲੋਂ ਸਾਡਾ ਜਵਾਬ ਹੈ। ਇਹੋ ਜਿਹੀ ਸੋਚ ਰੱਖਣ ਨਾਲ ਅਸੀਂ ਮਨਮਤਿ ਵਿੱਚ ਹਾਂ ਜਿਸ ਕਰਕੇ ਸਾਨੂੰ ਮੂਲੋਂ ਹੀ ਭਟਕਿਆ ਹੋਇਆ ਕਿਹਾ ਹੈ ਭਾਵ ਇਸ ਤਰੀਕੇ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਉਸ ਦੀ ਭਗਤੀ ਦਾ ਮੂਲ ਹੀ, ਮੁੱਢ ਹੀ ਉਸਦੇ ਉਪਦੇਸ਼ ਨੂੰ ਮੰਨਣਾ ਹੈ। ਹੁਣ ਬਾਣੀ ਨੂੰ ਪੜ੍ਹ ਕੇ, ਸੁਣ ਕੇ, ਸਮਝ ਕੇ ਭਾਵ ਆਪਣੇ ਵੱਲੋਂ ਸਲਾਮ ਕਰਕੇ ਅਗਰ ਉਸਨੂੰ ਮੰਨਿਆ ਨਹੀਂ, ਅਮਲ ਨਹੀਂ ਕੀਤਾ ਤਾਂ ਫਿਰ ਸਾਡਾ ਕੀਤਾ ਹੋਇਆ ਸਲਾਮ ਵੀ ਵਿਅਰਥ ਗਿਆ, ਕਿਸੇ ਲੇਖੇ ਨਾ ਲੱਗਿਆ। ਕੇਵਲ ਗੱਲਾਂ ਹੀ ਰਹਿ ਗਈਆਂ। ਗੱਲਾਂ ਲੇਖੇ ਨਹੀਂ ਲੱਗਦੀਆਂ। ਗੱਲਾਂ ਕਰੀ ਜਾਣ ਨਾਲ ਪ੍ਰਮਾਤਮਾ ਨਹੀਂ ਲੱਭਦਾ ਕੇਵਲ ਅਸੀਂ ਆਪ ਹੀ ਭਾਰੇ ਹੋਈ ਜਾਂਦੇ ਹਾਂ, ਉੱਚੇ ਹੋਈ ਜਾਂਦੇ ਹਾਂ ਤੇ ਇਹਨਾਂ ਗੱਲਾਂ ਨੂੰ ਹੀ ਆਪਣਾ ਗੁਣ ਸਮਝੀ ਬੈਠੇ ਹਾਂ। ਬਹੁਤ ਵੱਡੇ ਭੁਲੇਖੇ ਵਿੱਚ ਹਾਂ, ਪਰ ਅਸੀਂ ਇਹ ਗੱਲ ਮੰਨ ਵੀ ਨਹੀਂ ਸਕਦੇ ਕਿਉਂਕਿ ਮਨ ਨੂੰ ਅਸੀਂ ਮਸਤ ਹਾਥੀ ਦੀ ਤਰ੍ਹਾਂ ਬਣਾ ਚੁੱਕੇ ਹਾਂ। ਇਸਦਾ ਇਲਾਜ ਉਹ ਪ੍ਰਮਾਤਮਾ ਆਪ ਹੀ ਕਰੇ ਤਾਂ ਕਰੇ। ਜਿਸਨੇ ਭੁਲੇਖੇ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਭੁਲੇਖਾ ਕੱਢ ਸਕਦਾ ਹੈ, ਸਿਰਫ਼ ਉਸਦੀ ਕ੍ਰਿਪਾ ਦੀ ਲੋੜ ਹੈ। ਪ੍ਰਮਾਤਮਾ ਨੂੰ ਕੇਵਲ ਗੱਲਾਂ ਕਰਨ ਦੁਆਰਾ ਨਹੀਂ ਪਾਇਆ ਜਾ ਸਕਦਾ ਤੇ ਉਸਨੂੰ ਪਾਉਣ ਲਈ ਆਪਣਾ ਆਪ ਹੀ ਉਸ ਤੇ ਵਾਰਨਾ ਪੈਂਦਾ ਹੈ ਭਾਵ ਆਪਣੀ ਮਤਿ ਉਸ ਤੇ ਵਾਰਨੀ ਪੈਂਦੀ ਹੈ, ਇਹੀ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ।

“ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥੧॥”

(ਅੰਗ ੪੭੪)

ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਹੋਏ ਜੇਕਰ ਸਾਡਾ ਅਹੰਕਾਰ ਨਹੀਂ ਜਾਂਦਾ ਭਾਵ ਸਾਡੀ ਮਨਮਤਿ ਨਹੀਂ ਜਾਂਦੀ, ਸਾਡਾ ਮਾਨ ਅਭਿਮਾਨ ਨਹੀਂ ਜਾਂਦਾ ਤਾਂ ਇਹੋ ਜਿਹੀ ਭਗਤੀ ਪ੍ਰਮਾਤਮਾ ਨੂੰ ਕਿਵੇਂ ਚੰਗੀ ਲੱਗ ਸਕਦੀ ਹੈ। ਅਸੀਂ ਕੇਵਲ ਗੱਲਾਂ ਨਾਲ ਹੀ ਭਗਤੀ ਕਰਦੇ ਹਾਂ ਜਦਕਿ ਉਸਦੇ ਅਸਲ ਮਕਸਦ ਤੋਂ ਦੂਰ ਰਹਿੰਦੇ ਹਾਂ ਜਿਸ ਨਾਲ ਸਾਡੀ ਹਉਮੈ ਖਤਮ ਹੋਣੀ ਹੈ। ਗੱਲਾਂ ਕਰਨ ਨਾਲ ਹਉਮੈ ਨਹੀਂ ਜਾ ਸਕਦੀ, ਗੁਰੂ ਦੀ ਮਤਿ ਤੇ ਅਮਲ ਕਰਕੇ ਹੀ ਜਾ ਸਕਦੀ ਹੈ, ਆਪਣੇ ਆਪ ਨੂੰ ਨੀਵਾਂ ਕਰਕੇ ਜਾ ਸਕਦੀ ਹੈ, ਆਪਣੀ ਮਤਿ ਤਿਆਗ ਕੇ ਜਾ ਸਕਦੀ ਹੈ। ਆਖਰੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਡੀ ਭਗਤੀ ਕਿਵੇਂ ਪ੍ਰਵਾਨ ਹੁੰਦੀ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਉਸਦੀ ਚਾਕਰੀ ਵਿੱਚ ਲੱਗਣ ਤੋਂ ਭਾਵ ਹੈ ਉਸਦੀ ਭਗਤੀ ਵਿੱਚ ਲੱਗਣਾ। ਚਾਕਰੀ ਗੁਰੂ ਦੀ ਕਰਨੀ ਹੈ ਭਾਵ ਅਸੀਂ ਚਾਕਰੀ ਗੁਰੂ ਦੀ ਮਤਿ ਦੀ ਕਰਨੀ ਹੈ। ਗੁਰੂ ਦੀ ਮਤਿ ਹੀ ਗੁਰੂ ਹੈ। **“ਨਾਨਕ ਜਿਸ ਨੋ ਲਗਾ ਤਿਸੁ ਮਿਲੈ”** ਤੋਂ ਭਾਵ ਹੈ ਕਿ ਚਾਕਰੀ ਕਰਨ ਲਈ ਜਿਸ ਗੁਰੂ ਦੇ ਨਾਲ ਲੱਗੇ ਹੋਏ ਹਾਂ, ਜਿਸ ਗੁਰੂ ਦੀ ਮਤਿ ਦੇ

ਨਾਲ ਲੱਗੇ ਹੋਏ ਹਾਂ ਉਸ ਮਤਿ ਦੇ ਨਾਲ ਮਿਲ ਜਾਈਏ ਭਾਵ ਗੁਰੂ ਦੀ ਮਤਿ ਦੇ ਨਾਲ ਇੱਕ ਮਿੱਕ ਹੋ ਜਾਈਏ ਭਾਵ ਆਪਣੀ ਮਨਮਤਿ ਤਿਆਗ ਕੇ ਪੂਰੀ ਤਰ੍ਹਾਂ ਗੁਰੂ ਦੀ ਮਤਿ ਵਿੱਚ ਆ ਜਾਈਏ, ਉਸਦੇ ਭਾਣੇ ਵਿੱਚ ਆ ਜਾਈਏ ਤੇ ਜੇਕਰ ਅਸੀਂ ਇਸ ਤਰੀਕੇ ਨਾਲ ਚਾਕਰੀ ਵਿੱਚ ਲੱਗੇ ਹੋਏ ਹਾਂ, ਤਾਂ ਹੀ ਉਸਨੂੰ ਪ੍ਰਵਾਨ ਹੋ ਸਕਦੇ ਹਾਂ **(ਲਗਾ ਸੋ ਪਰਵਾਨੁ॥)** ਭਾਵ ਪ੍ਰਮਾਤਮਾ ਦੀ ਭਗਤੀ ਮਨਮਤਿ ਛੱਡ ਕੇ ਗੁਰੂ ਦੀ ਮਤਿ ਵਿੱਚ ਆ ਕੇ ਉਸ ਅਨੁਸਾਰ ਵਿਚਰਨਾ ਹੈ, ਜੀਵਨ ਜਿਉਣਾ ਹੈ। ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਅਗਲੀਆਂ ਪੰਗਤੀਆਂ ਨੂੰ ਸਮਝੀਏ। **"ਕਿਆ ਮੁਹੁ ਲੈ ਕੀਚੈ ਅਰਦਾਸਿ॥ ਪਾਪੁ ਪੁੰਨੁ ਦੁਇ ਸਾਖੀ ਪਾਸਿ॥੨॥"** ਅਸੀਂ ਗੱਲਾਂ ਨਾਲ ਪ੍ਰਮਾਤਮਾ ਦਾ ਜੋ ਜਪ ਤਪ ਕਰਦੇ ਹਾਂ, ਮਨਮਤਿ ਦੁਆਰਾ ਜੋ ਜਪ ਤਪ ਕਰਦੇ ਹਾਂ ਉਸਨੂੰ ਆਪਣਾ ਗੁਣ ਸਮਝ ਕੇ ਆਪਣੇ ਵੱਲੋਂ ਪ੍ਰਮਾਤਮਾ ਨੂੰ ਪਾਉਣ ਲਈ ਉਸ ਦੇ ਅੱਗੇ ਅਰਦਾਸ ਕਰਦੇ ਹਾਂ। ਸਮਝਾਇਆ ਇਹ ਹੈ ਕਿ ਹੇ ਮਨੁੱਖ! ਇਹ ਕੀ ਮੂੰਹ ਲੈ ਕੇ ਅਰਦਾਸ ਕਰ ਰਿਹਾ ਹੈ ਭਾਵ ਇਹ ਪ੍ਰਮਾਤਮਾ ਅੱਗੇ ਅਰਦਾਸ ਕਰਨ ਦਾ ਤਰੀਕਾ ਨਹੀਂ ਹੈ, ਕੇਵਲ ਗੱਲਾਂ ਨਾਲ

6/544

ਅਰਦਾਸ ਨਹੀਂ ਹੋ ਸਕਦੀ, ਇਹ ਤੇਰਾ ਕੋਈ ਗੁਣ ਨਹੀਂ ਹੈ। **(ਕਿਆ ਮੁਹੁ ਲੈ ਕੀਚੈ ਅਰਦਾਸਿ॥)** ਅਰਦਾਸ ਕਿਉਂ ਨਹੀਂ ਕਬੂਲ ਹੁੰਦੀ, ਇਸ ਦੀ ਸੋਝੀ ਵੀ ਨਾਲ ਹੀ ਪਾਈ ਹੋਈ ਹੈ। ਸਾਡੇ ਅੰਦਰ ਗੁਰੂ ਦੀ ਸੱਚੀ ਸਿੱਖਿਆ ਨਹੀਂ ਹੈ, ਸਾਡੀ ਸਿੱਖਿਆ ਵਿੱਚ ਕਮੀ ਹੈ। ਅਸੀਂ ਪਾਪ, ਪੁੰਨ ਦੁਆਰਾ ਵਿਚਰਨ ਨੂੰ ਗੁਰੂ ਦੀ ਸਿੱਖਿਆ ਸਮਝਦੇ ਹਾਂ ਜਦਕਿ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਇਹ ਸੋਝੀ ਪਾਈ ਹੋਈ ਹੈ ਕਿ ਪਾਪ ਕੀ ਹੈ, ਪੁੰਨ ਕੀ ਹੈ ਅਸੀਂ ਆਪਣੇ ਇਸ ਗੱਲ ਨੂੰ ਨਹੀਂ ਸਮਝ ਸਕਦੇ। ਇਹ ਕੇਵਲ ਉਹ ਪ੍ਰਮਾਤਮਾ ਹੀ ਜਾਣਦਾ ਹੈ। ਅਸੀਂ ਆਪਣੀ ਮਤਿ ਅਨੁਸਾਰ ਕਿਸੇ ਕੰਮ ਵਿੱਚ ਪਾਪ ਸਮਝਦੇ ਹਾਂ ਤੇ ਕਿਸੇ ਕੰਮ ਵਿੱਚ ਪੁੰਨ ਸਮਝਦੇ ਹਾਂ। ਜਿਵੇਂ ਕਿ ਤੀਰਥਾਂ ਆਦਿ ਤੇ ਜਾਣਾ, ਉੱਥੇ ਜਾ ਕੇ ਦਾਨ ਆਦਿ ਵੰਡਣਾ ਅਸੀਂ ਪੁੰਨ ਦਾ ਕੰਮ ਸਮਝਦੇ ਹਾਂ, ਪਰ ਬਾਣੀ ਵਿੱਚ ਮਨ ਨੂੰ ਸੱਚਾ ਕਰਨਾ ਹੀ ਸਭ ਤੋਂ ਵੱਡਾ ਦਾਨ ਦੱਸਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ ਸਭ ਤੋਂ ਵੱਡਾ ਪਾਪ,ਮਨ ਦਾ ਪਾਪੀ ਹੋਣਾ ਹੈ ਜਿਸ ਦੁਆਰਾ ਅਸੀਂ ਮਾੜੇ ਕੰਮ ਕਰਦੇ ਹਾਂ, ਦੂਸਰਿਆਂ ਨਾਲ ਧੋਖਾ ਕਰਦੇ ਹਾਂ, ਠੱਗੀਆਂ ਮਾਰਦੇ ਹਾਂ ਪਰ ਅਸੀਂ ਪਾਪ ਕਿਸੇ ਹੋਰ ਕੰਮਾਂ ਵਿੱਚ ਸਮਝਦੇ ਹਾਂ। ਹਰ ਕੋਈ ਆਪਣੀ ਮਤਿ ਅਨੁਸਾਰ ਕਿਸੇ ਗੱਲ ਵਿੱਚ ਪਾਪ ਸਮਝਦਾ ਹੈ, ਕਿਸੇ ਗੱਲ ਵਿੱਚ ਪੁੰਨ ਸਮਝਦਾ ਹੈ ਤੇ ਇਨ੍ਹਾਂ ਵਿੱਚ ਹੀ ਉਲਝੇ ਰਹਿੰਦੇ ਹਨ ਪਰ ਗੁਰੂ ਦੀ ਅਸਲ ਮਤਿ ਜੋ ਕਿ ਮਨ ਨੂੰ ਸਾਫ਼ ਕਰਨ ਲਈ ਹੈ ਉਸ ਤੋਂ ਦੂਰ ਹੀ ਰਹਿੰਦੇ ਹਨ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਹੈ ਉਹ ਪੁੰਨ ਹੈ ਤੇ ਜੋ ਵੀ ਕਰਮ ਗੁਰਮਤਿ ਤੋਂ ਉਲਟ ਹੈ ਉਹ ਸਾਡਾ ਪਾਪ ਹੈ ਭਾਵ ਸਾਨੂੰ ਗੁਰੂ ਦਾ ਪਾਪੀ ਬਣਾਉਂਦਾ ਹੈ। **(ਪਾਪੁ ਪੁੰਨੁ ਦੁਇ ਸਾਖੀ ਪਾਸਿ॥) {ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥}** ਅੰਗ - ੯੨੦ ਗੁਰਬਾਣੀ ਅਨੁਸਾਰ ਜੋ ਕੰਮ ਅਸੀਂ ਗੁਰਮਤਿ ਅੰਦਰ ਰਹਿ ਕੇ ਕਰਦੇ ਹਾਂ, ਉਹ ਪੁੰਨ ਹੈ ਤੇ ਜੋ ਕੁੱਝ ਵੀ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ, ਉਹ ਪਾਪ ਹੈ। ਪ੍ਰਮਾਤਮਾ ਅੱਗੇ ਸੱਚੀ ਅਰਦਾਸ ਕਰਨ ਲਈ ਪਹਿਲਾਂ, ਮਨੋ ਸੱਚਾ ਹੋਣਾ ਵੀ ਜਰੂਰੀ ਹੈ, ਮਨ ਨੂੰ ਪੱਕਾ ਕਰਨਾ ਵੀ ਜਰੂਰੀ ਹੈ ਤਾਂ ਜੋ ਅਸੀਂ ਉਸ ਦੀ ਸਮਝਾਈ ਹੋਈ ਗੱਲ ਤੇ ਅਮਲ ਕਰ ਸਕੀਏ।ਗੁਰੂ ਦੀ ਗੱਲ ਦੀ ਸੋਝੀ ਪੈਣ ਤੇ ਵੀ,ਬਜਾਇ ਉਸ ਨੂੰ ਮੰਨਣ ਦੇ ਜੇਕਰ ਅਰਦਾਸ ਹੀ ਕਰੀ ਜਾਈਏ ਤਾਂ ਇਸ ਦਾ ਮਤਲਬ ਸਾਫ਼ ਹੈ ਕਿ ਅਸੀਂ ਉਸ

6/545

ਦੀ ਗੱਲ ਤੇ ਅਮਲ ਨਹੀਂ ਕਰਨਾ ਚਾਹੁੰਦੇ ਤੇ ਕੇਵਲ ਗੱਲਾਂ ਨਾਲ ਹੀ ਸਾਰਨਾ ਚਾਹੁੰਦੇ ਹਾਂ। ਮਾੜੇ ਕਰਮ ਵੀ ਨਾ ਛੱਡੀਏ ਤੇ ਇਹ ਵੀ ਉਮੀਦ ਕਰੀਏ ਕਿ ਸਾਡੀ ਅਰਦਾਸ ਸਫ਼ਲ ਹੋ ਜਾਵੇ, ਇਹ ਦੋਨੋਂ ਗੱਲਾਂ ਨਾਲ ਨਾਲ ਨਹੀਂ ਚੱਲ ਸਕਦੀਆਂ। ਅਸੀਂ ਅਰਦਾਸ ਤਾਂ ਬਹੁਤ ਲੰਬੀ ਕਰਦੇ ਹਾਂ ਤੇ ਕਈ ਬਹੁਤ ਲੰਬੀ ਅਰਦਾਸ ਕਰਨ ਦੁਆਰਾ ਹੀ ਇਹ ਮਹਿਸੂਸ ਕਰਵਾਉਂਦੇ ਹਨ ਕਿ ਉਹ ਦਿਲੋਂ ਆਪਣੇ ਔਗੁਣ ਬਖਸ਼ਵਾਉਣਾ ਚਾਹੁੰਦੇ ਹਨ। ਵਾਰ-ਵਾਰ ਔਗੁਣ ਬਖਸ਼ਵਾਉਣ ਦੀ ਗੱਲ ਕਰਦੇ ਹਨ। ਅਨੇਕਾਂ ਹੀ ਸ਼ਬਦਾਂ ਦਾ ਹਵਾਲਾ ਦਿੰਦੇ ਹਨ ਤੇ ਲੋਕਾਂ ਨੂੰ ਸੁਣਾਉਂਦੇ ਹਨ ਕਿ ਉਹਨਾਂ ਨੂੰ ਬਹੁਤ ਜਿਆਦਾ ਬਾਣੀ ਕੰਠ ਹੈ। ਇਸ ਨਾਲ ਉਨ੍ਹਾਂ ਦਾ ਮਾਣ ਹੋਰ ਵੀ ਵੱਧ ਜਾਂਦਾ ਹੈ ਭਾਵੇਂ ਅਰਦਾਸ ਸੁਣਨ ਵਾਲੇ ਖਲੋਤੇ ਖਲੋਤੇ ਥੱਕ ਜਾਂਦੇ ਹਨ। ਸਾਡਾ ਸਾਰਾ ਜੀਵਨ ਇਹੋ ਜਿਹੀ ਅਰਦਾਸ ਕਰਨ ਤੇ ਸੁਣਨ ਵਿੱਚ ਹੀ ਲੰਘ ਜਾਂਦਾ ਹੈ। ਜੇਕਰ ਅਸੀਂ ਮਨੋਂ ਔਗੁਣ ਛੱਡਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਰੋਕਿਆ ਕਿਸ ਨੇ ਹੋਇਆ ਹੈ। ਅਸਲ ਵਿੱਚ ਅਸੀਂ ਮਾਇਆ ਮੋਹ ਛੱਡ ਤੇ ਸਕਦੇ ਨਹੀਂ ਤੇ ਨਾ ਹੀ ਛੱਡਣਾ ਚਾਹੁੰਦੇ ਹਾਂ ਪਰ ਗੱਲਾਂ ਕਰਨ ਨਾਲ ਵਾਹਵਾ ਜਰੂਰ ਖੱਟਣੀ ਚਾਹੁੰਦੇ ਹਾਂ। ਜਦੋਂ ਅਸੀਂ ਮਨੋ ਸੱਚੇ ਹੋ ਜਾਈਏ ਕਿ ਪ੍ਰਮਾਤਮਾ ਸਾਡੇ ਪਿਛਲੇ ਕੀਤੇ ਹੋਏ ਔਗੁਣ ਬਖ਼ਸ਼ ਲਵੇ ਤੇ ਅੱਗੋਂ ਤੋਂ ਅਸੀਂ ਔਗੁਣ ਛੱਡ ਦੇਈਏ ਤਾਂ ਉਹ ਬਖਸ਼ ਲੈਂਦਾ ਹੈ। ਸਿਰਫ਼ ਅੱਗੇ ਲਈ ਹੀ ਸੱਚਾ ਬਣਨਾ ਹੈ, ਮਨ ਨੂੰ

ਪੱਕਿਆਂ ਕਰਨਾ ਹੈ।

{ਸਚਾ ਅਰਜੁ ਸਚੀ ਅਰਦਾਸਿ॥ ਮਹਲੀ ਖਸਮੁ ਸੁਣੇ ਸਾਬਾਸਿ॥}

(ਅੰਗ ੩੫੫)

{ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥}

(ਅੰਗ ੪੬੮)

ਗੁਰੂ ਸਾਹਿਬਾਨ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਇਸ ਗੱਲ ਦੇ ਅਨੇਕਾਂ ਪ੍ਰਮਾਣ ਮਿਲ ਜਾਣਗੇ। ਗੁਰੂ ਪਿਛਲੇ ਕੀਤੇ ਔਗੁਣ ਬਖਸ਼ ਦਿੰਦਾ ਹੈ ਤਾਂ ਜੋ ਮਨੁੱਖ ਅੱਗੇ ਤੋਂ ਸੱਚਾ ਸੁੱਚਾ ਬਣ ਕੇ ਰਹੇ, ਮਨ ਨੂੰ ਪੱਕਾ ਕਰ ਕੇ ਰਹੇ। ਭਾਈ ਬਿਧੀ ਚੰਦ ਮਾੜੇ ਕਰਮ ਕਰਦੇ ਸਨ ਪਰ ਜਦੋਂ ਉਹ ਸੱਚੇ ਮਨੋਂ ਗੁਰੂ ਦੀ ਸ਼ਰਨ ਵਿੱਚ ਆ ਗਏ ਤਾਂ ਉਨ੍ਹਾਂ ਦੇ ਪੁਰਾਣੇ ਔਗੁਣ ਬਖਸ਼ੇ ਗਏ ਤੇ ਅੱਗੇ ਤੋਂ ਉਹ ਗੁਰੂ ਜੀ ਦੇ ਸੱਚੇ ਸੇਵਕ ਬਣ ਕੇ ਰਹੇ। ਬਿਨ੍ਹਾਂ ਸੱਚੇ ਬਣਨ ਤੋਂ ਗੁਰੂ ਦੀ ਸ਼ਰਨ ਨਹੀਂ ਮਿਲਦੀ, ਔਗੁਣ ਨਹੀਂ ਬਖਸ਼ੇ ਜਾਂਦੇ। ਮਨ ਨੂੰ ਸੱਚ ਤੇ ਚੱਲਣ ਲਈ ਪੱਕਾ ਕਰਕੇ ਹੀ ਗੁਰੂ ਅੱਗੇ ਅਰਦਾਸ ਕਬੂਲ ਹੁੰਦੀ ਹੈ। ਹੁਣ ਧਿਆਨ ਨਾਲ ਸੋਚੋ ਅਗਰ ਭਾਈ ਬਿਧੀ ਚੰਦ ਜੀ ਗੁਰੂ ਜੀ ਦੇ ਅੱਗੇ ਇਹ ਅਰਦਾਸ ਕਰਦੇ ਕਿ ਔਗੁਣ ਮੈਂ ਬਾਅਦ ਵਿੱਚ ਛੱਡਾਂਗਾ ਪਰ ਸ਼ਰਨ ਤੁਹਾਡੀ ਪਹਿਲਾਂ ਚਾਹੀਦੀ ਹੈ, ਤਾਂ ਕੀ ਇਸ ਤਰ੍ਹਾਂ ਹੋ ਸਕਦਾ ਹੈ। ਇਹ ਦੋਵੇਂ ਗੱਲਾਂ ਨਾਲ ਨਾਲ ਨਹੀਂ ਚੱਲ ਸਕਦੀਆਂ। ਸਾਡੇ ਨਾਲ ਸਾਡੇ ਔਗੁਣ ਚੱਲਣਗੇ ਜਾਂ ਗੁਰੂ ਦੀ ਸ਼ਰਨ ਚੱਲੇਗੀ। ਮਨਮਤਿ ਚੱਲੇਗੀ ਜਾਂ ਗੁਰਮਤਿ ਚੱਲੇਗੀ, ਹਉਮੈ ਚੱਲੇਗੀ ਜਾਂ ਨਾਮ ਚੱਲੇਗਾ। ਇਨ੍ਹਾਂ ਦੋਨਾਂ ਦਾ ਰਸਤਾ ਅਲੱਗ ਅਲੱਗ ਹੈ। ਇੱਕ ਹੋਣ ਲਈ ਦੋਨਾਂ ਵਿੱਚੋਂ ਇੱਕ ਨੂੰ ਆਪਣਾ ਰਸਤਾ ਛੱਡਣਾ ਪਵੇਗਾ। ਹੁਣ ਗੁਰੂ ਤਾਂ ਆਪਣਾ ਰਸਤਾ ਛੱਡਣ ਤੋਂ ਰਿਹਾ, ਗੁਰੂ ਦਾ ਅਸੂਲ ਅਟੱਲ ਹੈ, ਜੁਗਾਂ-ਜੁਗਾਂ ਤੋਂ ਅਟੱਲ ਹੈ, ਉਹ ਨਾ ਕਦੇ

6/546

ਬਦਲਿਆ ਹੈ ਅਤੇ ਨਾ ਕਦੇ ਬਦਲ ਸਕਦਾ ਹੈ। ਬਦਲਣਾ ਸਾਨੂੰ ਹੀ ਪੈਣਾ ਹੈ। ਆਉ ਇਸ ਭਰੋਸੇ ਨਾ ਬੈਠੇ ਰਹੀਏ ਕਿ ਕਦੋਂ ਗੁਰੂ ਰਾਹ ਬਦਲੇ ਤੇ ਸਾਡਾ ਕੰਮ ਬਣ ਜਾਵੇ, ਸਾਡਾ ਗੱਲਾਂ ਨਾਲ ਹੀ ਸਰ ਜਾਵੇ। ਜਨਮਾਂ-ਜਨਮਾਂ ਤੋਂ ਮਨੁੱਖ ਇਸੇ ਭੁਲੇਖੇ ਵਿੱਚ ਹੀ ਤੁਰਿਆ ਆਉਂਦਾ ਹੈ। ਇਹ ਵੀ ਗੱਲ ਨਾਲ ਹੀ ਹੈ ਕਿ ਅਸੀਂ ਇਸ ਭੁਲੇਖੇ ਵਿੱਚੋਂ ਕਿਉਂ ਨਹੀਂ ਨਿਕਲ ਸਕਦੇ।ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਇਸੇ ਗੱਲ ਤੇ ਚਾਨਣਾ ਪਾਇਆ ਹੋਇਆ ਹੈ। **"ਜੈਸਾ ਤੂੰ ਕਰਹਿ ਤੈਸਾ ਕੋ ਹੋਇ॥ ਤੁਝ ਬਿਨੁ ਦੂਜਾ ਨਾਹੀ ਕੋਇ॥ ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ॥ ਤੁਧੁ ਆਪੇ ਭਾਵੈ ਤਿਵੈ ਚਲਾਵੈ॥੩॥"** ਭੁਲੇਖੇ ਵਿੱਚੋਂ ਮਨੁੱਖ ਤਾਂ ਹੀ ਨਿਕਲ ਸਕਦਾ ਹੈ ਜੇਕਰ ਉਸਨੂੰ ਪਹਿਲਾਂ ਇਹ ਸਮਝ ਲੱਗ ਜਾਵੇ ਕਿ ਮੈਂ ਸੱਚਮੁੱਚ ਭੁਲੇਖੇ ਵਿੱਚ ਹਾਂ। ਸਭ ਤੋਂ ਔਖੀ ਮੰਨਣੀ ਸਾਡੇ ਲਈ ਇਹੀ ਗੱਲ ਹੈ ਕਿ ਜੋ ਕੋਈ ਵੀ ਅਸੀਂ ਭਗਤੀ ਕਰ ਰਹੇ ਹਾਂ ਉਹ ਠੀਕ ਨਹੀਂ ਹੈ। ਜਦ ਤੱਕ ਭੁੱਲ ਨੂੰ ਮੰਨਾਂਗੇ ਨਹੀਂ, ਉਸ ਨੂੰ ਸੁਧਾਰਾਂਗੇ ਕਿਵੇਂ। ਇਨ੍ਹਾਂ ਪੰਗਤੀਆਂ ਵਿੱਚ ਸਾਨੂੰ ਇਹੀ ਦ੍ਰਿੜ ਕਰਵਾਇਆ ਹੋਇਆ ਹੈ ਕਿ ਪ੍ਰਮਾਤਮਾ ਨੇ ਆਪ ਹੀ ਸਾਨੂੰ ਸਾਡੇ ਕਰਮਾਂ ਅਨੁਸਾਰ, ਸਾਡੇ ਲੇਖੇ ਅਨੁਸਾਰ, ਇਹੋ ਜਿਹੇ ਭੁਲੇਖੇ ਵਿੱਚ ਰੱਖਿਆ ਹੋਇਆ ਹੈ ਭਾਵ ਸਾਨੂੰ ਸਮਝਾਇਆ ਹੋਇਆ ਹੈ ਕਿ ਅਸੀਂ ਅਸਲ ਵਿੱਚ ਭੁਲੇਖੇ ਵਿੱਚ ਹੀ ਹਾਂ ਤਾਂ ਜੋ ਅਸੀਂ ਇਸ ਭੁਲੇਖੇ ਵਿੱਚੋਂ ਨਿਕਲ ਸਕੀਏ ਤੇ ਉਹੋ ਜਿਹੀ ਭਗਤੀ ਕਰੀਏ ਜਿਹੋ ਜਿਹੀ ਗੁਰੂ ਚਾਹੁੰਦਾ ਹੈ ਭਾਵ ਗੱਲਾਂ ਵਿੱਚੋਂ ਨਿਕਲ ਕੇ ਅਮਲੀ ਰੂਪ ਵਿੱਚ ਭਗਤੀ ਕਰੀਏ। ਉਹ ਆਪ ਹੀ ਭੁਲੇਖੇ ਵਿੱਚ ਪਾਉਂਦਾ ਹੈ ਅਤੇ ਆਪ ਹੀ ਭੁਲੇਖੇ ਕੱਢ ਸਕਦਾ ਹੈ। ਇਹ ਮਤਿ ਭਾਵ ਸਾਡਾ ਮਨ ਦਾ ਗਿਆਨ ਜਿਸ ਨੂੰ ਅਸੀਂ ਆਪਣਾ ਸਮਝਦੇ ਹਾਂ ਇਹ ਸਾਡਾ ਨਹੀਂ ਹੈ। ਇਸੇ ਮਤਿ ਦੁਆਰਾ ਅਸੀਂ ਭੁਲੇਖੇ ਵਿੱਚ ਹਾਂ ਅਤੇ ਇਸੇ ਮਤਿ ਦੁਆਰਾ ਹੀ ਅਸੀਂ ਭੁਲੇਖੇ ਵਿੱਚੋਂ ਨਿਕਲ ਸਕਦੇ ਹਾਂ। ਇਸੇ ਮਤਿ ਦੁਆਰਾ ਹੀ, ਸਾਡੇ ਅੰਦਰ ਦੇ ਗਿਆਨ ਦੁਆਰਾ ਹੀ ਪ੍ਰਮਾਤਮਾ ਸਾਨੂੰ ਸਭ ਨੂੰ ਜਿਵੇਂ ਉਸਨੂੰ ਚੰਗਾ ਲੱਗਦਾ ਹੈ ਉਸ ਤਰੀਕੇ ਨਾਲ ਚਲਾ ਰਿਹਾ ਹੈ। ਜਿਸ ਦਿਨ ਉਸ ਦੀ

6/547

ਕ੍ਰਿਪਾ ਹੋ ਗਈ ਸਾਡੀ ਮਤਿ ਹੀ ਬਦਲਣੀ ਹੈ,ਸਾਡੀ ਸੋਚ ਹੀ ਬਦਲਣੀ ਹੈ। **(ਜੈਸਾ ਤੂੰ ਕਰਹਿ ਤੈਸਾ ਕੋ ਹੋਇ॥ਤੁਝ ਬਿਨੁ ਦੂਜਾ ਨਾਹੀ ਕੋਇ॥ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ॥ ਤੁਧੁ ਆਪੇ ਭਾਵੈ ਤਿਵੈ ਚਲਾਵੈ॥੩॥)** ਜਿਸ ਦਿਨ ਉਸ ਅਕਾਲ ਪੁਰਖ ਦੀ, ਵਾਹਿਗੁਰੂ ਦੀ ਸੋਝੀ ਪੈਣੀ ਹੈ, ਮਨ ਦੇ ਵਿੱਚੋਂ ਹੀ ਪੈਣੀ ਹੈ, ਮਨ ਦੀ ਸੋਚ ਦੁਆਰਾ ਹੀ ਪੈਣੀ ਹੈ। ਉਹ ਆਪ ਹੀ ਅੰਦਰ ਵਰਤ ਰਿਹਾ ਹੈ, ਸ਼ਰੇਆਮ ਵਰਤ ਰਿਹਾ ਹੈ ਪਰ ਸਾਨੂੰ ਇਸ ਗੱਲ ਦਾ ਯਕੀਨ ਨਹੀਂ ਆ ਸਕਦਾ, ਨਹੀਂ ਆ ਸਕਦਾ, ਨਹੀਂ ਆ ਸਕਦਾ। ਇਹ ਕੇਵਲ ਉਸਦੀ ਕ੍ਰਿਪਾ ਹੈ ਕਿ ਉਹ ਕਿੱਥੇ, ਕਿਸ ਮਨ ਵਿੱਚ ਪ੍ਰਗਟ ਹੋ ਕੇ ਇਹ ਯਕੀਨ ਦਿਵਾਉਂਦਾ

ਹੈ। ਮਨੁੱਖ ਬਿਲਕੁਲ ਅਸਮਰੱਥ ਹੈ। ਅਸੀਂ ਕੇਵਲ ਗੱਲਾਂ ਦੁਆਰਾ ਹੀ ਉਸਨੂੰ ਖੋਜਣ ਤੇ ਲੱਗੇ ਹੋਏ ਹਾਂ ਪਰ ਇਹ ਨਹੀਂ ਸਮਝ ਸਕਦੇ ਕਿ ਉਹ ਆਪ ਹੀ ਅੰਦਰ ਬੈਠਾ ਸਾਡੇ ਕੋਲੋਂ ਇਹ ਗੱਲਾਂ ਕਰਵਾ ਰਿਹਾ ਹੈ। ਇਸ ਸ਼ਬਦ ਦੇ ਆਖਰੀ ਪਦੇ ਵਿੱਚ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦੇ ਪਰਿਵਾਰ ਵਾਲਾ ਕਿਵੇਂ ਬਣਨਾ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ।

“ਰਾਗ ਰਤਨ ਪਰੀਆ ਪਰਵਾਰ॥
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥”

ਗੱਲ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਫਰਕ ਕੇਵਲ ਮਨਮਤਿ ਅਤੇ ਗੁਰਮਤਿ ਵਿੱਚ ਹੈ। ਮਨਮਤਿ ਵਿੱਚ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਕੇਵਲ ਗੱਲਾਂ ਦੁਆਰਾ ਹੀ ਯਾਦ ਕਰਦੇ ਹਾਂ ਨਾ ਕਿ ਉਸਦੀ ਦੱਸੀ ਹੋਈ ਮਤਿ ਤੇ ਅਮਲ ਕਰਕੇ। ਸਾਡਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਪ੍ਰਮਾਤਮਾ ਦੇ, ਗੁਰੂ ਦੇ ਸ਼ਬਦ ਨਾਲ ਮੇਲ ਕਰੀਏ, ਸ਼ਬਦ ਸੁਰਤਿ ਦਾ ਮੇਲ ਕਰੀਏ। ਜਿਵੇਂ ਕਿ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਜਾਣਿਆ ਹੈ “ਰਾਗ” ਸਾਡੇ ਮਨ ਨੂੰ ਵੀ ਕਿਹਾ ਹੈ। ਮਨ ਦਾ ਮੇਲ ਗੁਰੂ ਦੇ ਸ਼ਬਦ ਨਾਲ ਕਰਨਾ ਹੈ ਭਾਵ ਸ਼ਬਦ ਦੀ ਮਤਿ ਨਾਲ ਕਰਨਾ ਹੈ। “ਸ਼ਬਦ” ਦੇ ਅੰਦਰ ਦੀ ਸਮਝ ਗੁਰੂ ਦੀ ਮਤਿ ਹੈ ਜਿਸਨੂੰ ਆਪਣੇ ਮਨ ਦੇ ਨਾਲ ਜੋੜਨਾ ਹੈ, ਮਨ ਦੇ ਵਿੱਚ ਵਸਾਉਣਾ ਹੈ ਭਾਵ ਮਨਮਤਿ ਤਿਆਗ ਕੇ ਗੁਰੂ ਦੀ ਮਤਿ ਤੇ ਚੱਲਣਾ ਹੈ, “ਰਤਨ” ਦੀ ਮਤਿ ਤੇ ਚੱਲਣਾ ਹੈ। “ਰਤਨ” ਗੁਰੂ ਦਾ ਸ਼ਬਦ ਹੈ ਜਿਵੇਂ ਕਿ ਪਿੱਛੇ ਵੀ ਅਸੀਂ ਇਸ ਗੱਲ ਨੂੰ

6/548

ਸਮਝਿਆ ਹੈ। **{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਊ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥}** ਅੰਗ - ੯੨੦ ਇਸ ਸ਼ਬਦ ਦੇ ਅਰਥ ਅਸੀਂ ਪਿੱਛੇ ਜਾਣ ਚੁੱਕੇ ਹਾਂ ਜਿਸ ਵਿੱਚ ਮਨ ਨੂੰ ਹੀਰਾ ਕਹਿ ਕੇ ਸਮਝਾਇਆ ਹੋਇਆ ਹੈ। ਹੁਣ ਵਾਲੇ ਸ਼ਬਦ ਵਿੱਚ ਮਨ ਨੂੰ “ਰਾਗ” ਕਹਿ ਕੇ ਸਮਝਾਇਆ ਹੈ। ਗੱਲ ਉਹੀ ਹੈ। ਮਨ ਨੂੰ ਗੁਰੂ ਦੀ ਮਤਿ ਦੇ ਨਾਲ ਹੀ ਮਿਲਾਉਣਾ ਹੈ ਤੇ ਤਾਂ ਹੀ ਗੁਰੂ ਦੇ ਪਰਿਵਾਰ ਵਾਲਾ ਬਣਿਆ ਜਾ ਸਕਦਾ ਹੈ। " ਪਰੀਆ" ਤੋਂ ਭਾਵ ਹੈ ਪੈ ਗਿਆ ਭਾਵ ਬਣ ਗਿਆ। ਪਰੀਆ ਸ਼ਬਦ ਦੀ ਵਰਤੋਂ ਬਾਣੀ ਵਿੱਚ ਹੋਰ ਵੀ ਕਈ ਜਗ੍ਹਾ ਕੀਤੀ ਗਈ ਹੈ ਤੇ ਇਸ ਤੋਂ ਭਾਵ ਇਹੀ ਹੈ। ਆਮ ਤੌਰ ਤੇ ਇਸ ਸ਼ਬਦ ਨੂੰ "ਪਰੀਆਂ" ਸਮਝ ਕੇ ਪੜ੍ਹਿਆ ਜਾਂਦਾ ਹੈ ਜੋ ਕਿ ਕੇਵਲ ਅਗਿਆਨਤਾ ਹੈ। ਇੱਥੇ “ਪਰੀਆਂ” ਦਾ ਕੀ ਕੰਮ ਤੇ ਨਾ ਹੀ ਸ਼ਬਦ ਦੇ ਭਾਵ ਨਾਲ ਇਸ ਗੱਲ ਦਾ ਕੋਈ ਮਨੋਰਥ ਬਣਦਾ ਹੈ। ਇੱਥੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਉਸ ਨਾਲ ਮੇਲ ਸਮਝਾਇਆ ਹੋਇਆ ਹੈ, ਉਸ ਦੇ ਫ਼ਲ ਦੀ ਪ੍ਰਾਪਤੀ ਸਮਝਾਈ ਹੋਈ ਹੈ ਜੋ ਕਿ ਉਸਦੀ ਮਤਿ ਨੂੰ ਆਪਣੇ ਅੰਦਰ ਧਾਰਨ ਕਰਨ ਦੁਆਰਾ, ਆਪਣੀ ਮਤਿ ਨੂੰ ਤਿਆਗ ਕੇ ਹੁੰਦੀ ਹੈ। **(ਰਾਗ ਰਤਨ ਪਰੀਆ ਪਰਵਾਰ॥)** ਅਸੀਂ ਪ੍ਰਮਾਤਮਾ ਦੀ ਭਗਤੀ ਉਸਦੀ ਪ੍ਰਾਪਤੀ ਲਈ ਕਰਦੇ ਹਾਂ, “ਅੰਮ੍ਰਿਤ” ਦੀ ਪ੍ਰਾਪਤੀ ਲਈ ਕਰਦੇ ਹਾਂ, ਅੰਮ੍ਰਿਤ ਤੱਤ ਦੀ ਪ੍ਰਾਪਤੀ ਲਈ ਕਰਦੇ ਹਾਂ। ਇਸ ਅੰਮ੍ਰਿਤ ਫ਼ਲ ਦੀ ਪ੍ਰਾਪਤੀ ਅੰਮ੍ਰਿਤ ਗਿਆਨ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਿਲਦਾ ਹੈ। ਇਹ ਗਿਆਨ ਮਨ ਦੇ ਵਿੱਚ ਉਪਜਦਾ ਹੈ ਤੇ ਉਦੋਂ ਉਪਜਦਾ ਹੈ ਜਦੋਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲੋਂ ਵੱਖਰੇਪਨ ਦਾ ਪੜਦਾ ਉਤਰ ਜਾਂਦਾ ਹੈ ਭਾਵ ਮਨ ਦੇ ਵਿੱਚ ਇੱਕੋ ਜਿਹੀ ਧਰਮ ਦੇ ਸੱਚੇ ਮਾਰਗ ਦੀ ਸਮਝ ਪੈਣ ਦੁਆਰਾ ਮਨੁੱਖ ਮਨ ਦੇ ਵਿੱਚ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦੇ ਪਰਿਵਾਰ ਵਾਲਾ ਬਣ ਜਾਂਦਾ ਹੈ, ਮਨੁੱਖ ਦੀ ਹਉਮੈ, ਆਪਾ, ਆਪਣੀ ਮਤਿ, ਆਪਣੀ ਵੱਖਰੀ ਹੋਂਦ ਮਿਟ ਜਾਂਦੀ ਹੈ। **(ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥)** ਇਹ ਮਨ ਦੇ ਅੰਦਰ ਪ੍ਰਮਾਤਮਾ ਕੋਲੋਂ ਜੋ ਸਿੱਧਾ ਗਿਆਨ ਮਿਲਦਾ ਹੈ, ਗੁਣਾਂ ਵਾਲਾ ਗਿਆਨ ਮਿਲਦਾ ਹੈ ਇਹੀ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ, ਪ੍ਰਮਾਤਮਾ ਦਾ ਧਨੁ ਮਾਲ ਹੈ, ਚੌਥੇ ਪਦ ਦਾ ਗਿਆਨ ਹੈ, ਸਹਜਿ ਗਿਆਨ ਹੈ, ਬ੍ਰਹਮ ਗਿਆਨ ਹੈ, ਤ੍ਰੈਗੁਣਾਂ ਵਾਲੇ ਗਿਆਨ ਦੀ ਅਵੱਸਥਾ ਤੋਂ ਮੁਕਤੀ ਹੈ,

6/549

ਜੋ ਉਹ ਮਨੁੱਖ ਤੇ ਕ੍ਰਿਪਾ ਕਰਕੇ ਮਨ ਦੇ ਵਿੱਚ ਉਸਨੂੰ ਆਪ ਹੀ ਦਿੰਦਾ ਹੈ, ਆਪਣੇ ਪਰਿਵਾਰ ਵਾਲਾ ਬਣਾਉਂਦਾ ਹੈ, ਮਨ ਦੇ ਵਿੱਚ ਆਪਣੇ ਦਰਸ਼ਨ ਦਿੰਦਾ ਹੈ। **(ਨਾਨਕ ਕਰਤੇ ਕਾ ਇਹੁ ਧਨੁ ਮਾਲੁ॥)** ਇਸ ਧਨੁ ਮਾਲ ਦਾ ਮਿਲਣਾ ਹੀ ਪ੍ਰਮਾਤਮਾ ਕੋਲੋਂ ਉਸਦੇ “ਨਾਮ” ਦਾ ਮਿਲਣਾ ਹੈ। ਆਪਣਾ ਨਾਮ, ਧਨੁ ਮਾਲ ਉਹ ਆਪ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਦੀ ਮੁਕਤੀ

ਹੁੰਦੀ ਹੈ। ਉਸਦਾ ਇਹ ਧਨੁ ਮਾਲ ਹੋਰ ਕੋਈ ਨਹੀਂ ਦੇ ਸਕਦਾ। ਜਿਸ ਦੀ ਵਸਤੂ ਹੈ, ਉਹ ਹੀ ਦੇ ਸਕਦਾ ਹੈ। ਜੋ ਮਨੁੱਖ ਪ੍ਰਮਾਤਮਾ ਦੇ ਪਰਿਵਾਰ ਵਾਲਾ ਬਣ ਜਾਂਦਾ ਹੈ ਭਾਵ ਜੋ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ ਉਸ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ ਭਾਵ ਜੋ ਸਾਡੇ ਅੰਦਰ ਦੀ ਸੋਚ ਹੈ, ਇਹ ਹੀ ਸਾਡੇ ਅੰਦਰ ਆਪ ਪ੍ਰਮਾਤਮਾ ਹੈ ਭਾਵ ਸਾਡੇ ਅੰਦਰ ਜੋ ਗਿਆਨ ਉਪਜਦਾ ਹੈ ਉਹ ਗਿਆਨ ਮਨੁੱਖ ਦਾ ਨਹੀਂ ਹੈ ਉਹ ਆਪ ਪ੍ਰਮਾਤਮਾ ਦੇ ਰਿਹਾ ਹੈ, ਉਹ ਆਪ ਹੀ ਅੰਦਰ ਸਾਡੇ ਵਿਚਾਰਾਂ ਵਿੱਚ ਬੈਠਾ ਹੋਇਆ ਹੈ। **(ਜੇ ਕੋ ਬੂਝੈ ਏਹੁ ਬੀਚਾਰੁ॥)** ਜਦੋਂ ਸਾਡੇ ਮਨ ਦੇ ਵਿੱਚ ਵਿਚਾਰ ਗੁਰੂ ਦੀ ਮਤਿ ਵਾਲੇ ਬਣ ਜਾਣਗੇ ਇਹੀ ਪ੍ਰਮਾਤਮਾ ਦਾ ਸਾਡੇ ਲਈ ਧਨੁ ਮਾਲ ਹੈ, ਸਭ ਤੋਂ ਵੱਡੀ ਦੌਲਤ ਹੈ। ਇਹ ਸਾਡੇ ਅੰਦਰ ਦਾ ਗਿਆਨ ਹੀ ਪ੍ਰਮਾਤਮਾ ਦਾ ਧਨੁ ਮਾਲ ਹੈ ਜੇਕਰ ਇਹ ਗਿਆਨ ਗੁਰੂ ਦੀ ਮਤਿ ਵਾਲਾ ਹੋਵੇ।

ਗੁਰੂ ਦੇ ਪਰਵਾਰ ਬਣਨਾ ਕੀ ਹੈ, ਇਸਨੂੰ ਹੋਰ ਬਰੀਕੀ ਨਾਲ ਸਮਝਣ ਦੀ ਲੋੜ ਹੈ ਤੇ ਇਸ ਲਈ ਉੱਪਰ ਵਾਲੀ ਪੰਗਤੀ ਦੀ ਗਹਿਰਾਈ ਨੂੰ ਹੋਰ ਵੀ ਬਰੀਕੀ ਨਾਲ ਸਮਝੀਏ।

"ਰਾਗ ਰਤਨ ਪਰੀਆ ਪਰਵਾਰ॥ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥"

ਪ੍ਰਮਾਤਮਾ ਦੇ ਪਰਵਾਰ ਵਾਲਾ ਬਣਨਾ ਕੀ ਹੈ ਅਸੀਂ ਇਸ ਗੱਲ ਨੂੰ ਉੱਪਰ ਸਮਝਿਆ ਹੈ ਕਿ ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਸ ਦੁਆਰਾ ਸਾਨੂੰ ਉਸ ਦੇ ਧਨੁ ਮਾਲ ਦੀ ਭਾਵ ਸੱਚੇ ਗਿਆਨ ਦੀ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਉਹ ਪ੍ਰਾਪਤੀ ਕੀ ਹੈ, ਉਹ ਪ੍ਰਾਪਤੀ ਸਾਡੇ ਸਾਹਮਣੇ ਕਿਵੇਂ ਆਉਂਦੀ ਹੈ, ਉਸਦੀ ਪਹਿਚਾਣ ਕਿਵੇਂ ਹੁੰਦੀ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਪ੍ਰਾਪਤੀ ਦੀ ਪਹਿਚਾਣ ਇਹ ਹੈ।

"ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥"

ਸਾਡੇ ਮਨ ਦੇ ਵਿੱਚ ਕੇਵਲ ਗਿਆਨ ਹੀ ਉਪਜਦਾ ਹੈ, ਵਿਚਾਰ ਹੀ ਉਪਜਦੇ ਹਨ। ਪ੍ਰਮਾਤਮਾ ਦੇ ਪਰਿਵਾਰ ਵਾਲਾ ਬਣਨ ਤੋਂ ਬਾਅਦ ਸਾਡੇ ਮਨ ਦੀ ਉਪਜ ਹੀ ਬਦਲਦੀ ਹੈ। ਤ੍ਰੈਗੁਣਾਂ ਵਾਲੇ ਗਿਆਨ ਦੀ ਬਜਾਇ ਚੌਥੇ ਪਦ ਦੇ ਗਿਆਨ ਦੀ ਉਪਜ ਹੋਣ ਲੱਗ ਪੈਂਦੀ ਹੈ। ਚੌਥੇ ਪਦ ਦੀ ਉਪਜ ਹੀ, ਸਹਜ ਗਿਆਨ ਦੀ, ਬਿਬੇਕ ਬੁਧਿ ਦੀ ਉਪਜ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ। ਹੁਣ ਬੜੇ ਹੀ ਧਿਆਨ ਨਾਲ ਸਮਝੋ ਕਿ **"ਅੰਮ੍ਰਿਤ ਸਾਰ"** ਕੀ ਹੈ। ਜੇਕਰ ਇਸ ਗੱਲ ਨੂੰ ਅਸੀਂ ਧਿਆਨ ਨਾਲ ਸਮਝ ਲਵਾਂਗੇ ਤਾਂ ਫਿਰ ਸਾਨੂੰ ਬਹੁਤ ਕੁੱਝ ਸਮਝ ਆ ਜਾਵੇਗਾ। ਆਓ ਹੇਠ ਲਿਖੀ ਪੰਗਤੀ ਨੂੰ ਵਿਚਾਰੀਏ।

"ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥"

(ਅੰਗ ੬੪੫)

ਥਾਲੈ ਤੋਂ ਭਾਵ ਗੁਰਬਾਣੀ ਨਾਲ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਉੱਪਰ ਵਾਲੇ ਸ਼ਬਦ ਨੂੰ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਜੋ ਵਸਤੂ ਪਈ ਹੋਈ ਹੈ, ਜੋ ਭੋਜਨ ਪਾਇਆ ਹੋਇਆ ਹੈ, ਉਹ "ਅੰਮ੍ਰਿਤੁ ਸਾਰੁ" ਹੈ। ਗੁਰਬਾਣੀ ਦੇ ਵਿੱਚ ਕੀ ਹੈ, ਇਸ ਨੂੰ ਅਸੀਂ ਜਾਣਦੇ ਹੀ ਹਾਂ। ਇਹ ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਪ੍ਰਮਾਤਮਾ ਕੀ ਹੈ, ਉਸਦੀ ਅਸਲੀਅਤ ਕੀ ਹੈ, ਸਾਰੀ ਸ੍ਰਿਸ਼ਟੀ ਦੀ ਅਸਲੀਅਤ ਕੀ ਹੈ ਉਸਦਾ ਸਾਰ ਹੈ, ਨਿਚੋੜ ਹੈ। "ਅੰਮ੍ਰਿਤੁ" ਤੋਂ ਭਾਵ ਹੈ "ਮਰਿਤਯੂ ਤੋਂ ਰਹਿਤ", ਮਰਨ ਤੋਂ ਰਹਿਤ ਭਾਵ ਪ੍ਰਮਾਤਮਾ। ਪੂਰੀ ਬਾਣੀ ਸਾਨੂੰ ਪ੍ਰਮਾਤਮਾ ਦਾ ਤੱਤ ਸਾਰ ਹੀ ਸਮਝਾ ਰਹੀ ਹੈ। ਇਹ ਅੰਮ੍ਰਿਤੁ ਸਾਰੁ ਮਨ ਦੀ ਉਪਜ ਹੈ। ਗੁਰਬਾਣੀ ਦੀ ਰਚਨਾ ਮਨ ਦੀ ਉਪਜ ਤੋਂ ਹੀ ਹੋਈ ਹੈ। "ਗੁਰਬਾਣੀ" ਭਗਤਾਂ ਤੇ ਗੁਰੂ ਸਾਹਿਬਾਨ ਦੇ ਮਨ ਦੀ ਉਪਜ ਹੈ। ਇਹ "ਅੰਮ੍ਰਿਤੁ ਸਾਰੁ" ਉੱਥੇ ਉਪਜਦਾ ਹੈ ਜਦੋਂ ਕੋਈ ਪ੍ਰਮਾਤਮਾ ਦੇ ਪਰਿਵਾਰ ਵਾਲਾ ਬਣ ਜਾਂਦਾ ਹੈ ਭਾਵ ਜਦੋਂ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ, ਜਦੋਂ "ਰਾਗੁ ਰਤਨੁ" ਇੱਕ ਹੋ ਜਾਂਦਾ ਹੈ। **(ਰਾਗ ਰਤਨ ਪਰੀਆ ਪਰਵਾਰ॥ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥)** ਸਾਰੇ ਭਗਤਾਂ ਤੇ ਗੁਰੂ ਸਾਹਿਬਾਨ, ਜਿੰਨ੍ਹਾਂ ਦੇ ਸਰੀਰਾਂ ਰਾਹੀਂ ਬਾਣੀ ਉਚਾਰੀ ਗਈ ਹੈ ਉਹ ਪਹਿਲਾਂ ਪ੍ਰਮਾਤਮਾ ਦੇ ਪਰਿਵਾਰ ਵਾਲੇ ਬਣੇ, ਰਾਗ ਰਤਨ ਇੱਕ ਹੋਇਆ, ਆਤਮਾ ਪ੍ਰਮਾਤਮਾ ਇੱਕ ਹੋਇਆ ਤੇ ਤਾਂ ਹੀ ਉੱਥੇ ਚੌਥੇ ਪਦ ਦੇ ਗਿਆਨ ਦੀ, ਬ੍ਰਹਮ ਗਿਆਨ ਦੀ ਉਪਜ ਹੋਈ ਤੇ ਬਾਣੀ ਦੀ, "ਅੰਮ੍ਰਿਤੁ ਸਾਰੁ" ਦੀ ਅੰਮ੍ਰਿਤ ਰਚਨਾ ਹੋਈ। ਇਹ "ਅੰਮ੍ਰਿਤੁ ਸਾਰੁ" ਭਾਵ ਗੁਰੂ ਦਾ ਸੱਚਾ ਗਿਆਨ, ਗੁਰੂ ਦੀ ਸੱਚੀ ਮਤਿ ਸਾਡੇ ਸਭ ਲਈ ਭੋਜਨ ਹੈ, "ਅੰਮ੍ਰਿਤੁ" ਹੈ ਜਿਸਨੂੰ ਛੱਕ ਕੇ, ਖਾ ਕੇ ਭਾਵ ਉਸਨੂੰ ਆਪਣੇ ਮਨ ਵਿੱਚ ਵਸਾ ਕੇ, ਉਸ ਤੇ ਅਮਲ ਕਰਕੇ ਅਸੀਂ ਆਪਣੇ ਮਨ ਨੂੰ ਤ੍ਰਿਪਤ ਕਰ ਸਕਦੇ ਹਾਂ, ਸੰਤੋਖ ਵਿੱਚ ਲਿਆ ਸਕਦੇ ਹਾਂ। ਇਹ ਬ੍ਰਹਮ ਗਿਆਨ ਦਾ ਭੋਜਨ ਹੈ ਜੋ ਭੋਜਨ ਸਾਡੇ ਮਨ ਦੀ ਸਮਝ ਨੇ ਛਕਣਾ ਹੈ ਭਾਵ ਇਸ ਗੁਰਮਤਿ ਰੂਪ ਭੋਜਨ ਨੂੰ ਸਾਡੀ ਮਨਮਤਿ ਵਾਲੀ ਸਮਝ ਨੇ ਛਕਣਾ ਹੈ ਤਾਂ ਜੋ ਸਾਡੀ ਸਮਝ ਗੁਰਮਤਿ ਵਾਲੀ ਸਮਝ ਬਣ ਸਕੇ। ਪਹਿਲਾਂ ਇਸ ਭੋਜਨ ਨੂੰ ਬਾਣੀ ਦੇ ਵਿੱਚੋਂ ਛਕਾਂਗੇ, ਉਸ ਤੇ ਅਮਲ ਕਰਾਂਗੇ ਤੇ ਫਿਰ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਇਹ ਭੋਜਨ ਛਕਾਉਂਦਾ ਹੈ, ਆਪਣਾ ਬ੍ਰਹਮ ਗਿਆਨ ਬਖਸ਼ਦਾ ਹੈ ਤੇ ਇਸ ਭੋਜਨ ਦੀ ਪ੍ਰਾਪਤੀ ਦੇ ਨਾਲ ਹੀ ਮੁਕਤੀ ਦਾ ਦੁਆਰ ਮਿਲਦਾ ਹੈ ਭਾਵ ਮਨ ਦੀ ਨਾਸਮਝ ਮਤਿ ਤੋਂ, ਮਾਇਆ ਮੋਹ ਵਾਲੀ ਸਮਝ ਤੋਂ, ਮਨ ਦੀ ਅਗਿਆਨਤਾ ਤੋਂ, ਭਰਮਾਂ ਵਾਲੀ ਸਮਝ ਤੋਂ ਮੁਕਤੀ ਹੁੰਦੀ ਹੈ। **(ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥)**

ਇਸ ਭੋਜਨ ਨੂੰ ਲੱਭਣਾ ਬਹੁਤ ਔਖਾ ਹੈ ਕਿਉਂਕਿ ਇਹ ਭੋਜਨ ਗੁਰੂ ਦੀ ਵਿਚਾਰ ਦੁਆਰਾ ਹੀ ਲੱਭ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਇਹ ਭੋਜਨ "ਗੁਰ ਵੀਚਾਰਿ" ਦੇ ਰੂਪ ਵਿੱਚ ਹੀ ਹੈ ਤੇ ਗੁਰ ਵਿਚਾਰ ਹੀ ਨਾਮ ਹੈ ਤੇ ਗੁਰੂ ਦੀ ਵਿਚਾਰ ਨੂੰ ਮੰਨਣਾ ਹੀ ਨਾਮ ਜਪਣਾ ਹੈ ਜੋ ਕਿ ਔਖਾ ਹੈ। ਗੁਰੂ ਦੀ ਮਤਿ ਦਾ ਵਿਚਾਰੀ ਬਣਨਾ ਔਖਾ ਹੈ, ਆਪਣਾ ਆਪ ਤਿਆਗਣਾ ਪੈਂਦਾ ਹੈ, ਆਪਣੀ ਮਤਿ ਤਿਆਗਣੀ ਪੈਂਦੀ ਹੈ, ਮਾਇਆ ਮੋਹ ਤਿਆਗਣਾ ਪੈਂਦਾ ਹੈ, ਹਉਮੈ ਛੱਡਣੀ ਪੈਂਦੀ ਹੈ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਤੇ ਇਸੇ ਲਈ ਕੋਈ ਵਿਰਲਾ ਹੀ ਇਸ ਭੋਜਨ ਨੂੰ ਛਕ ਸਕਦਾ ਹੈ, ਕੋਈ ਵਿਰਲਾ ਹੀ ਗੁਰੂ ਦੀ ਮਤਿ ਤੇ ਚੱਲ ਸਕਦਾ ਹੈ। ਪ੍ਰਮਾਤਮਾ ਆਪ ਇਸ ਭੋਜਨ ਦੇ ਵਿੱਚ ਹੀ ਹੈ। ਇਸ ਭੋਜਨ ਦੀ ਪ੍ਰਾਪਤੀ, ਬ੍ਰਹਮ ਗਿਆਨ ਦੀ ਪ੍ਰਾਪਤੀ ਉਸ ਬ੍ਰਹਮ ਗਿਆਨੀ ਦੇ ਨਾਲ ਮੇਲ ਹੈ। ਇਹ ਭੋਜਨ ਕੇਵਲ ਉਸ ਦੀ ਕਿਰਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ **(ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥)** ਮਨ ਦੀ ਸੋਝੀ ਪਏ ਬਿਨ੍ਹਾਂ ਕਿਸੇ ਲਈ ਵੀ ਇਹਨਾਂ ਗੱਲਾਂ ਨੂੰ ਸਮਝਣਾ, ਸ਼ਬਦ ਦੇ ਅਸਲ ਭਾਵ ਨੂੰ ਸਮਝਣਾ ਨਾਮੁਮਕਿਨ ਹੈ। ਸੋਝੀ ਮਨ ਦੇ ਵਿੱਚੋਂ ਹੀ ਪੈਣੀ ਹੈ ਤੇ ਆਪਣੀ ਸੱਚੀ ਸੋਝੀ ਉਹ ਪ੍ਰਮਾਤਮਾ ਆਪਣੇ ਪਰਿਵਾਰ ਵਾਲਾ ਬਣਾ ਕੇ ਹੀ ਪਾਉਂਦਾ ਹੈ। ਪ੍ਰਮਾਤਮਾ ਆਪ ਚੌਥੇ ਪਦ ਦੇ ਗਿਆਨ ਵਿੱਚ ਹੈ ਤੇ ਉਸਦੇ ਪਰਿਵਾਰ ਵਾਲਾ ਚੌਥੇ ਪਦ ਵਿੱਚ ਪਹੁੰਚ ਕੇ ਹੀ ਬਣਿਆ ਜਾ ਸਕਦਾ ਹੈ।

ਜਿਵੇਂ ਕਿ ਉੱਪਰ ਸ਼ਬਦ ਦੁਆਰਾ ਅਸੀਂ ਇਹ ਜਾਣਿਆ ਹੈ ਕਿ ਪ੍ਰਮਾਤਮਾ ਦੇ ਪਰਿਵਾਰ ਵਾਲਾ ਬਣਨਾ ਕੀ ਹੈ, ਇਹੀ ਗੱਲ ਹੁਣ ਅਗਲੇ ਸ਼ਬਦ ਦੁਆਰਾ ਦ੍ਰਿੜ ਕਰੀਏ ਅਤੇ "**ਪਰੀਆਂ**" ਨੂੰ ਹਮੇਸ਼ਾ ਲਈ ਆਪਣੇ ਮਨ ਵਿੱਚੋਂ ਕੱਢ ਦੇਈਏ ਜਿੰਨ੍ਹਾਂ ਦਾ ਕਿ ਸ਼ਬਦ ਨਾਲ ਕੋਈ ਸੰਬੰਧ ਨਹੀਂ ਹੈ। ਪ੍ਰਮਾਤਮਾ ਦੇ ਪਰਿਵਾਰ ਵਿੱਚ ਸ਼ਾਮਿਲ ਹੋਣ ਦਾ ਤਰੀਕਾ ਉਹੀ ਹੈ ਜੋ ਉੱਪਰ ਦਿੱਤੇ ਸ਼ਬਦ ਵਿੱਚ ਸਮਝਾਇਆ ਗਿਆ ਹੈ, ਕੋਈ ਵੱਖਰਾ ਨਹੀਂ ਹੋ ਸਕਦਾ। ਇਹ ਗੁਰੂ ਦੀ ਬਾਣੀ ਹੈ ਜਿਸ ਵਿੱਚ ਸਮਝਾਉਣ ਦੇ ਤਰੀਕੇ ਅਲੱਗ ਅਲੱਗ

6/550

ਹੋ ਸਕਦੇ ਹਨ ਪਰ ਭਾਵ ਉਹੀ ਹੁੰਦਾ ਹੈ। ਇਹ ਬਾਣੀ ਦੀ ਬਹੁਤ ਬਹੁਤ ਵੱਡੀ ਕਮਾਲ ਹੈ ਜਿਸ ਦੀ ਮਿਸਾਲ ਮਿਲਣੀ ਨਾਮੁਮਕਿਨ ਹੈ।

"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥"

(ਅੰਗ ੯੧੭)

ਸ਼ਬਦ ਦੇ ਅਰਥ ਬਹੁਤ ਹੀ ਜਿਆਦਾ ਗਹਿਰੇ ਹਨ। ਇੱਥੇ ਪ੍ਰਮਾਤਮਾ ਦੇ ਨਾਲ ਮਨੁੱਖ ਦਾ ਮੇਲ ਹੀ ਸਮਝਾਇਆ ਹੋਇਆ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ। ਜਦ ਤੱਕ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ, ਜਦ ਤੱਕ ਮਨ ਦੇ ਵਿੱਚੋਂ ਆਪਣੇ ਆਪ ਦੀ ਪਹਿਚਾਣ ਨਹੀਂ ਹੁੰਦੀ ਤਦ ਤੱਕ ਇਸ ਸ਼ਬਦ ਦੇ ਅਰਥਾਂ ਦੀ ਸੋਝੀ ਪੈਣੀ ਨਾਮੁਮਕਿਨ ਹੈ ਜਿਵੇਂ ਕਿ ਗੁਰਬਾਣੀ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਮਨ ਦਾ ਮੇਲ ਸਮਝਾਇਆ ਹੋਇਆ ਹੈ ਪਰ ਉਨ੍ਹਾਂ ਨੂੰ ਸਮਝਿਆ ਨਹੀਂ ਜਾ ਸਕਦਾ। ਇਹ ਮਨੁੱਖ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਜਦੋਂ ਕਿਸੇ ਤੇ ਕ੍ਰਿਪਾ ਹੋ ਜਾਵੇਗੀ, ਮਨ ਵਾਲੇ ਸ਼ਬਦਾਂ ਦੀ, ਪ੍ਰਮਾਤਮਾ ਦੇ ਨਾਲ ਮੇਲ ਵਾਲੇ ਸ਼ਬਦਾਂ ਦੀ ਅਸਲ ਸੋਝੀ ਤਾਂ ਹੀ ਪਵੇਗੀ। ਉਸ ਤੋਂ ਪਹਿਲਾਂ ਕੇਵਲ ਸਾਨੂੰ ਇਸ ਗੱਲ ਤੇ ਯਕੀਨ ਰੱਖਣਾ ਪਵੇਗਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਹ ਆਪ ਪ੍ਰਗਟ ਹੋ ਕੇ ਆਪ ਹੀ ਆਪਣੀ ਰਚੀ ਹੋਈ ਬਾਣੀ ਦੀ ਸੋਝੀ ਪਾ ਸਕਦਾ ਹੈ, ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਅਤੇ ਤ੍ਰੈਗੁਣਾਂ ਵਿੱਚ ਰਹਿੰਦੇ, ਚੌਥੇ ਪਦ ਦੀ ਗੱਲ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ।ਸਿਰਫ਼ ਭਰੋਸਾ ਕਰਨ ਦੀ ਲੋੜ ਹੈ, ਪੂਰਾ ਵਿਸ਼ਵਾਸ ਕਰਕੇ ਜਾਣੋ ਕਿ ਗੁਰਬਾਣੀ ਵਿੱਚ ਜੋ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਬਿਲਕੁਲ ਉਸੇ ਤਰ੍ਹਾਂ ਸੱਚ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ,ਆਪ ਹੀ ਹੈ, ਆਪ ਹੀ ਹੈ। ਜਿਹੜੇ ਮਨ ਨੇ ਸਾਨੂੰ ਸਭ ਕੁੱਝ ਸਮਝਾਉਣਾ ਹੈ ਉੱਥੇ ਤਾਂ ਉਹ ਆਪ ਬੈਠਾ ਹੋਇਆ ਹੈ। ਜਦ ਤੱਕ ਉਹ ਸਮਝਾਉਣਾ ਨਾ ਚਾਹੇ ਅਸੀਂ ਕਰ ਹੀ ਕੀ ਸਕਦੇ ਹਾਂ। ਮਨੁੱਖ ਬਿਲਕੁਲ ਲਾਚਾਰ ਹੈ, ਅਸਮਰੱਥ ਹੈ।

6/551

“ਅਨੰਦੁ” ਕਿਸ ਨੂੰ ਕਿਹਾ ਹੈ ਇਹ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝ ਚੁੱਕੇ ਹਾਂ। ਇਹ ਅਨੰਦ ਸਾਡੇ ਮਨ ਦਾ ਗਿਆਨ ਹੈ, ਸਹਜ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਗੁਰੂ ਦੀ ਮਤਿ ਦਾ ਸੱਚਾ ਗਿਆਨ ਹੈ, ਬਾਣੀ ਦਾ ਸੱਚਾ ਗਿਆਨ ਹੈ, ਪ੍ਰਮਾਤਮਾ ਦੀ ਸੋਝੀ ਪਾਉਣ ਵਾਲਾ ਗਿਆਨ ਹੈ ਜਿਸ ਦੁਆਰਾ ਮਨੁੱਖ ਦੇ ਮਨ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਸਮਝ ਬਣ ਜਾਂਦੀ ਹੈ, ਮਾਇਆ ਮੋਹ ਵਿੱਚੋਂ ਨਿਕਲ ਜਾਂਦੀ ਹੈ ਤੇ “ਅਨੰਦੁ” ਵਾਲੀ ਬਣ ਜਾਂਦੀ ਹੈ, ਜਨਮ ਮਰਨ ਦਾ ਭਉ ਮਿਟ ਜਾਂਦਾ ਹੈ, ਮਨੁੱਖ ਬੰਧਨਾਂ ਤੋਂ ਮੁਕਤ ਹੁੰਦਾ ਹੈ, ਭਰਮ ਭੁਲੇਖੇ ਤੋਂ ਮੁਕਤ ਹੁੰਦਾ ਹੈ, ਆਪਣੀ ਝੂਠੀ ਹੋਂਦ ਸਮਝਣ ਤੋਂ ਮੁਕਤ ਹੁੰਦਾ ਹੈ ਭਾਵ ਇਹ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੈ, ਉਸਨੂੰ ਪਾ ਲੈਣਾ ਹੈ। **(ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥)** ਅਗਲੀ ਪੰਗਤੀ ਵਿੱਚ ਇਹ ਅਨੰਦ ਕਿੱਥੇ ਮਹਿਸੂਸ ਹੁੰਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਕਿੱਥੇ ਹੁੰਦਾ ਹੈ, ਸਾਨੂੰ ਮੇਲ ਦੀ ਸਮਝ ਕਿਵੇਂ ਆਉਂਦੀ ਹੈ, ਇਹ ਸਮਝਾਇਆ ਹੋਇਆ ਹੈ। **“ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥”** ਇਹ ਮੇਲ ਸਾਡੇ ਮਨ ਦੇ ਵਿੱਚ ਹੁੰਦਾ ਹੈ ਜਿਸ ਦੀ ਸੋਝੀ ਸਾਨੂੰ ਸਾਡੇ ਮਨ ਦੇ ਗਿਆਨ ਦੁਆਰਾ ਭਾਵ ਮਨ ਦੀ ਸਮਝ ਦੁਆਰਾ ਪੈਂਦੀ ਹੈ। ਸੋਝੀ ਪੈਣ ਤੋਂ ਪਹਿਲਾਂ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੁੰਦੇ ਹਾਂ, ਆਪਣੀ ਮਨਮਤਿ ਵਿੱਚ ਹੁੰਦੇ ਹਾਂ ਭਾਵ ਆਪਣੀ ਮਤਿ ਨੂੰ ਆਪਣੀ ਹੀ ਸਮਝਦੇ ਹਾਂ, ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਪਰ ਜਦੋਂ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਂਦੀ ਹੈ, ਉਹ ਸਾਡੇ ਤੇ ਖੁਸ਼ ਹੋ ਜਾਂਦਾ ਹੈ, ਉਹ ਸਾਡੀ ਮਤਿ ਨੂੰ “ਸਹਜ” ਵਾਲੀ ਮਤਿ ਨਾਲ ਜੋੜ ਲੈਂਦਾ ਹੈ, ਆਪਣੀ ਮਤਿ ਨਾਲ ਜੋੜ ਲੈਂਦਾ ਹੈ, ਚੌਥੇ ਪਦ ਵਾਲੀ ਮਤਿ ਨਾਲ ਜੋੜ ਲੈਂਦਾ ਹੈ। ਇਸ ਗੱਲ ਦੀ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ, ਉਸਦਾ ਸੋਝੀ ਪਾਉਣ ਦਾ ਆਪਣਾ ਹੀ ਤਰੀਕਾ ਹੈ ਜੋ ਕਿ ਹੈਰਾਨੀ ਭਰਿਆ ਹੈ, ਬਿਆਨ ਤੋਂ ਬਾਹਰ ਹੈ। ਉਸ ਦਾ ਮਨ ਦੇ ਵਿੱਚ ਸੋਝੀ ਪਾਉਣਾ ਹੀ, ਸਾਡੇ ਮਨ ਦੇ ਅੰਦਰ ਦਸਤਕ ਦੇਣਾ ਹੈ, ਮਨੁੱਖ ਨੂੰ ਵਧਾਈ ਦੇਣਾ ਹੈ, ਮਨ ਦੇ ਵਿੱਚ ਵਧਾਈ ਵਜਾਉਣਾ ਹੈ। ਇਹ ਵਧਾਈ ਕੋਈ ਆਵਾਜ਼ਾਂ ਨਾਲ ਸੁਣਨ ਵਾਲੀ ਵਧਾਈ ਨਹੀਂ ਹੈ, ਇਹ ਮਨ ਦੇ ਵਿੱਚ

6/552

ਦੀ ਵਧਾਈ ਹੈ ਜੋ ਖਾਮੋਸ਼ੀ ਨਾਲ ਸੁਣਦੀ ਹੈ ਬਿਨ੍ਹਾਂ ਕਿਸੇ ਦੇ ਮੁੱਖੋਂ ਬੋਲਣ ਦੁਆਰਾ ਸੁਣਦੀ ਹੈ ਭਾਵ ਮਨੁੱਖੀ ਸਮਝ ਦੁਆਰਾ ਮਨੁੱਖ ਨੂੰ ਇਤਨਾ ਜਿਆਦਾ ਖੁਸ਼ ਕਰ ਦਿੰਦੀ ਹੈ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਤੇ ਮਨੁੱਖ ਦੀ ਇਹ ਸਮਝ ਮਨੁੱਖ ਨੂੰ “ਅਨੰਦ” ਵਿੱਚ ਲੈ ਆਉਂਦੀ ਹੈ, ਵਿਸਮਾਦ ਵਿੱਚ ਲੈ ਆਉਂਦੀ ਹੈ। ਮਨੁੱਖ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਹਿੰਦਾ। ਉਹ ਇਕੱਲਾ ਹੀ ਨੱਚੀ ਜਾਂਦਾ ਹੈ। ਇਹ ਨਿਰੀ ਕਮਾਲ ਹੀ ਕਮਾਲ ਹੈ। ਕਦੇ ਖੁਸ਼ੀ ਨਾਲ ਹੱਸਦਾ ਹੈ ਤੇ ਕਦੇ ਖੁਸ਼ੀ ਨਾਲ ਰੋਂਦਾ ਹੈ। ਇਸ ਦਾ ਅੰਦਾਜ਼ਾ ਉਸ ਦੀ ਕ੍ਰਿਪਾ ਹੋਣ ਤੇ ਹੀ ਲੱਗ ਸਕਦਾ ਹੈ।**(ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥)** ਮਨ ਦੇ ਵਿੱਚ ਇਹ ਵਧਾਈਆਂ ਕਿਸ ਗੱਲ ਦੀਆਂ ਮਿਲਦੀਆਂ ਹਨ ਤੇ ਇਹ ਵਧਾਈਆਂ ਕੌਣ ਦਿੰਦਾ ਹੈ, ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **“ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥”** ਅਸੀਂ ਪਿੱਛੇ ਸ਼ਬਦਾਂ ਰਾਹੀਂ ਇਹ ਸਮਝ ਚੁੱਕੇ ਹਾਂ ਕਿ ਗੁਰੂ ਦੇ ਪਰਿਵਾਰ ਵਾਲਾ ਬਣਨਾ ਕੀ ਹੈ, “ਰਾਗ ਰਤਨ” ਕੀ ਹੈ। “ਰਾਗ ਰਤਨ” ਦੀ ਸਮਝ ਆਏ ਬਿਨ੍ਹਾਂ ਇਸ ਸ਼ਬਦ ਨੂੰ ਸਮਝਣਾ ਨਾਮੁਮਕਿਨ ਹੈ। ਪ੍ਰਮਾਤਮਾ ਆਪ ਸਾਡੇ ਤੇ ਖੁਸ਼ ਹੋ ਕੇ, ਆਪਣੀ ਕ੍ਰਿਪਾ ਕਰਕੇ ਸਾਨੂੰ ਆਪ ਆਪਣੇ ਪਰਿਵਾਰ ਵਾਲਾ ਬਣਾਉਂਦਾ ਹੈ, ਆਪਣੀ ਮਤਿ ਦੇ ਨਾਲ ਜੋੜਦਾ ਹੈ, “**ਸਹਜ ਗਿਆਨ**” ਦੇ ਨਾਲ ਜੋੜਦਾ ਹੈ। ਮਨੁੱਖ ਦਾ ਆਪਣਾ ਕੋਈ ਜ਼ੋਰ ਨਹੀਂ ਕਿ ਉਸਦੇ ਪਰਿਵਾਰ ਵਾਲਾ ਬਣ ਸਕੇ, ਆਪਣੇ “ਰਾਗ” ਨੂੰ ਭਾਵ ਆਪਣੇ “ਮਨ” ਨੂੰ “ਰਤਨ” ਦੇ ਨਾਲ ਜੋੜ ਸਕੇ ਭਾਵ ਸ਼ਬਦਾਂ ਦੀ ਸੱਚੀ ਸਮਝ ਦੇ ਨਾਲ ਜੋੜ ਸਕੇ ਭਾਵ “ਸ਼ਬਦ ਸੁਰਤਿ” ਨੂੰ ਇੱਕ ਕਰ ਸਕੇ, ਮੇਲ ਸਕੇ। “ਸ਼ਬਦ” ਰੂਪ ਗੁਰੂ ਪ੍ਰਮਾਤਮਾ ਆਪ ਹੀ ਸਾਨੂੰ ਆਪਣੇ ਨਾਲ ਮੇਲ ਸਕਦਾ ਹੈ, ਅਸੀਂ ਕੇਵਲ ਉੱਦਮ ਕਰਨਾ ਹੈ, ਉਸਦੀ ਮਤਿ ਅਨੁਸਾਰ ਉਸਦੇ ਨਾਲ ਜੁੜਨ ਦੀ ਕੋਸ਼ਿਸ਼ ਕਰਨੀ ਹੈ, ਉਸ ਵਰਗਾ ਬਣਨ ਦੀ ਕੋਸ਼ਿਸ਼ ਕਰਨੀ ਹੈ, ਉਹੋ ਜਿਹੇ ਗੁਣ ਆਪਣੇ ਅੰਦਰ ਧਾਰਨ ਕਰਨ ਦੀ ਕੋਸ਼ਿਸ਼ ਕਰਨੀ ਹੈ ਭਾਵ ਉਸਦੇ ਪਰਿਵਾਰ ਵਾਲਾ ਬਣਨ ਦੀ ਕੋਸ਼ਿਸ਼ ਕਰਨੀ ਹੈ ਭਾਵ ਸੱਚਾ ਉੱਦਮ ਕਰਨਾ ਹੈ। ਕ੍ਰਿਪਾ ਉਹ ਆਪ ਹੀ ਕਰਦਾ ਹੈ। ਬਹੁਤ ਔਖਾ ਹੈ ਉਸਦੇ ਪਰਿਵਾਰ ਵਾਲਾ ਬਣਨਾ, ਨਾਮ ਦੀ ਜਾਤਿ ਵਾਲਾ ਬਣਨਾ। ਇਹ ਮਨ ਦੇ ਵਿੱਚ ਵਧਾਈਆਂ ਉਸਦੇ ਪਰਿਵਾਰ ਵਾਲਾ ਬਣਨ ਦੀਆਂ ਹਨ, ਉਸਦੇ ਪਰਿਵਾਰ

6/553

ਵਿੱਚ ਸ਼ਾਮਿਲ ਹੋਣ ਦੀ ਖੁਸ਼ੀ ਵਿੱਚ ਹਨ। ਇਹ ਵਧਾਈਆਂ ਭਾਵ ਇਹ ਖੁਸ਼ੀ ਦੀ ਸੋਝੀ , ਪ੍ਰਮਾਤਮਾ ਮਨ ਦੇ ਵਿੱਚ ਆਪ ਹੀ

ਦਿੰਦਾ ਹੈ, ਉਹ ਆਪ ਹੀ ਵਧਾਈ ਗਾ ਕੇ ਸੁਣਾਉਂਦਾ ਹੈ ਭਾਵ ਇਹ ਸੋਝੀ ਉਸਦੇ ਭਾਵ ਸ਼ਬਦ ਦੇ, ਗੁਰੂ ਦੇ, ਪ੍ਰਮਾਤਮਾ ਦੇ ਆਪਣੇ ਪਾਉਣ ਦੁਆਰਾ ਹੀ ਪੈਂਦੀ ਹੈ। ਆਪਣੀ ਗੱਲ "ਸ਼ਬਦ" ਭਾਵ ਪ੍ਰਮਾਤਮਾ ਮਨ ਦੇ ਅੰਦਰ ਆਪ ਹੀ ਸੁਣਾਉਂਦਾ ਹੈ ਕਿਉਂਕਿ ਉਹ ਆਪ ਹੀ ਮਨ ਦੇ ਵਿੱਚ ਬੈਠਾ ਹੈ, ਸਾਡੀਆਂ ਸੋਚਾਂ ਵਿੱਚ ਬੈਠ ਕੇ "ਗੁਪਤ ਰੂਪ" ਵਿੱਚ ਵਰਤ ਰਿਹਾ ਹੈ। ਉਸਦੇ ਇਸ ਤਰ੍ਹਾਂ ਮਨ ਦੇ ਅੰਦਰ ਪ੍ਰਗਟ ਹੋਣ ਦੁਆਰਾ ਹੀ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਇਹ ਮਨ ਕਿਸ ਦਾ ਹੈ ਭਾਵ ਅੰਦਰ ਆਪ ਪ੍ਰਮਾਤਮਾ ਹੈ। **(ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥)** ਮਨ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਸੋਝੀ ਮਨ ਦੇ ਅੰਦਰ ਪ੍ਰਮਾਤਮਾ ਨੂੰ ਸੁਣ ਕੇ ਹੀ ਪੈਂਦੀ ਹੈ ਜਿਵੇਂ ਕਿ ਜਪੁ ਜੀ ਬਾਣੀ ਦੇ ਅਰਥਾਂ ਵਿੱਚ ਵੀ ਅਸੀਂ ਇਸ ਗੱਲ ਨੂੰ ਸਮਝਾਂਗੇ। **{ਸੁਣਿਐ ਜੋਗ ਜੁਗਤਿ ਤਨਿ ਭੇਦ॥}** ਅੰਗ - ੨ ਉਸ ਦੇ ਨਾਲ ਜੋਗ ਦੀ ਜੁਗਤਿ ਕੀ ਹੈ ਅਤੇ ਸਾਡਾ ਪ੍ਰਮਾਤਮਾ ਨਾਲੋਂ ਭੇਦ, ਵੱਖਰਾਪਨ ਕਿਸ ਗੱਲ ਕਰਕੇ ਹੈ ਇਸ ਦੀ ਸਮਝ ਉਸ ਪ੍ਰਮਾਤਮਾ ਨੂੰ ਮਨ ਦੇ ਵਿੱਚ ਸੁਣਨ ਦੁਆਰਾ ਹੀ ਪੈਂਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਇਹ ਮੇਲ ਮਨੁੱਖ ਦੀ ਕਿਸੇ ਸਿਆਣਪ ਜਾਂ ਜ਼ੋਰ ਦਾ ਨਤੀਜਾ ਨਹੀਂ ਹੈ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਦੁਆਰਾ ਹੁੰਦਾ ਹੈ। ਇਸ ਵਿੱਚ ਮਨੁੱਖ ਦੀ ਆਪਣੀ ਕੋਈ ਵਡਿਆਈ ਨਹੀਂ ਹੈ। ਸਾਰੀ ਵਡਿਆਈ ਉਸ ਪ੍ਰਮਾਤਮਾ ਦੀ ਆਪਣੀ ਹੈ ਅਤੇ ਇਸ ਮੇਲ ਲਈ ਉਸ ਪ੍ਰਮਾਤਮਾ ਦੇ ਹੀ ਗੁਣ ਗਾਉਣੇ ਚਾਹੀਦੇ ਹਨ, ਉਸੇ ਦਾ ਜੱਸ ਹੀ ਸਮਝਣਾ ਚਾਹੀਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **"ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥"** ਆਪਣੀ ਮਤਿ ਤੇ, ਆਪਣੇ ਗਿਆਨ ਤੇ ਚੱਲਣ ਦੀ ਸਮਰੱਥਾ, ਆਪਣੀ ਵਡਿਆਈ ਕਰਵਾਉਣ ਦੀ ਸਮਰੱਥਾ, ਗੁਰਮਤਿ ਤੇ ਚਲਾਉਣ ਦੀ ਸਮਰੱਥਾ, ਭਗਤੀ ਦੇ ਸੱਚੇ ਮਾਰਗ ਤੇ ਚਲਾਉਣ ਦੀ ਸਮਰੱਥਾ ਭਾਵ ਆਪਣੇ ਭਾਣੇ ਵਿੱਚ ਚਲਾਉਣ ਦੀ ਸਮਰੱਥਾ,

6/554

ਔਗੁਣਾਂ ਵਿੱਚੋਂ ਕੱਢ ਕੇ ਆਪਣੇ ਗੁਣਾਂ ਦੁਆਰਾ ਚਲਾਉਣ ਦੀ ਸਮਰੱਥਾ ਉਹ ਆਪ ਹੀ ਬਖਸ਼ਦਾ ਹੈ, ਮਨ ਦੇ ਵਿੱਚ ਆਪਣੀ ਸੱਚੀ ਸਮਝ ਪਾਉਣ ਦੁਆਰਾ ਬਖਸ਼ਦਾ ਹੈ। ਮਨੁੱਖ ਦੀ ਆਪਣੀ ਕੋਈ ਸਮਰੱਥਾ ਨਹੀਂ ਹੈ, ਕੋਈ ਜ਼ੋਰ ਨਹੀਂ ਹੈ, ਕੇਵਲ ਉਸ ਦੀ ਕ੍ਰਿਪਾ ਹੈ। ਇਹ ਸਾਰੀ ਸੋਝੀ, ਅਨੰਦ ਦੀ ਸੋਝੀ, ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। **(ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥)**

ਜਦੋਂ ਮਨੁੱਖ ਨੂੰ ਪ੍ਰਮਾਤਮਾ ਦੇ ਮੇਲ ਤੋਂ ਬਾਅਦ ਇਹ ਸੋਝੀ ਪੈ ਜਾਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਔਕਾਤ ਨਹੀਂ ਹੈ, ਤਾਂ ਹੀ ਇਹ ਹਉਮੈ ਮਰਦੀ ਹੈ, ਮਨੁੱਖ ਦੀ ਆਪਣੀ ਹੋਂਦ ਖਤਮ ਹੁੰਦੀ ਹੈ ਅਤੇ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹ ਸੋਝੀ ਪੈਣ ਤੋਂ ਬਾਅਦ ਕੀ ਕੋਈ ਮਨੁੱਖ ਆਪਣੇ ਆਪ ਨੂੰ ਵੱਡਾ ਸਮਝ ਸਕਦਾ ਹੈ, ਆਪਣੇ ਆਪ ਨੂੰ ਕੋਈ ਸੰਤ ਜਾਂ ਬ੍ਰਹਮ ਗਿਆਨੀ ਆਦਿ ਅਖਵਾ ਸਕਦਾ ਹੈ? ਮਨੁੱਖ ਦਾ ਇਹ ਭੁਲੇਖਾ ਉਸ ਦੇ ਨਾਲ ਮਿਲਣ ਤੋਂ ਬਾਅਦ ਹੀ ਨਿਕਲਦਾ ਹੈ। ਉਸਦੇ ਨਾਲ ਮੇਲ ਤੋਂ ਬਾਅਦ ਕੇਵਲ "ਤੂੰ" ਰਹਿ ਜਾਂਦਾ ਹੈ "ਮੈਂ" ਖਤਮ ਹੋ ਜਾਂਦੀ ਹੈ। ਜੇਕਰ "ਮੈਂ" ਹੀ ਨਹੀਂ ਮਿਟੀ ਤਾਂ ਮੇਲ ਕਿਸ ਨਾਲ ਹੋਇਆ। ਇਸ ਤੋਂ ਮਤਲਬ ਸਪੱਸ਼ਟ ਹੈ ਕਿ "ਮੈਂ" ਵੱਖਰਾ ਹੈ ਤੇ "ਤੂੰ" ਵੱਖਰਾ ਹੈ। ਜੇਕਰ "ਮੈਂ" ਖਤਮ ਹੋਣ ਤੋਂ ਬਿਨ੍ਹਾਂ ਅਸੀਂ ਇਹ ਕਹਿੰਦੇ ਹਾਂ ਕਿ "ਰੱਬ" ਨਾਲ ਮੇਲ ਹੋ ਗਿਆ ਹੈ, ਅਸੀਂ ਇੱਕ ਹੋ ਗਏ ਹਾਂ ਤਾਂ ਇਸ ਦਾ ਮਤਲਬ ਹੈ ਕਿ ਅਸੀਂ "ਤੂੰ" ਨੂੰ ਖਤਮ ਕਰ ਦਿੱਤਾ ਹੈ ਭਾਵ ਸਾਨੂੰ ਤੂੰ ਦੀ ਸਮਝ ਹੀ ਨਹੀਂ ਪਈ ਕਿ "ਤੂੰ" ਕੌਣ ਹੈ, ਪ੍ਰਮਾਤਮਾ ਕੌਣ ਹੈ, ਕੀ ਹੈ। ਦੋਨਾਂ ਦੇ ਇੱਕ ਹੋਣ ਲਈ ਇੱਕ ਨੂੰ ਤਾਂ ਖਤਮ ਹੋਣਾ ਹੀ ਪਵੇਗਾ, ਥੋੜਾ ਧਿਆਨ ਨਾਲ ਵਿਚਾਰੋ ਇਸ ਗੱਲ ਨੂੰ। ਜਿੱਥੇ ਅਜੇ "ਮੈਂ" ਖੜ੍ਹੀ ਹੈ, ਉੱਥੇ "ਤੂੰ" ਨਹੀਂ ਹੋ ਸਕਦਾ। "ਮੈਂ" ਹਉਮੈ ਹੈ, "ਤੂੰ" ਨਾਮ ਹੈ। ਦੋਨੋਂ ਇਕੱਠੇ ਨਹੀਂ ਰਹਿ ਸਕਦੇ। ਇਹ ਦੋਨੋਂ ਸਾਡੇ ਮਨ ਦੀਆਂ ਅਵੱਸਥਾਵਾਂ ਹਨ ਭਾਵ ਮਨ ਦੀ ਸਮਝ ਹੀ ਹੈ। ਮਨ ਦੇ ਵਿੱਚ ਇਹਨਾਂ ਦੋਨਾਂ ਵਿੱਚੋਂ ਇੱਕ ਅਵੱਸਥਾ ਹੀ ਰਹਿ ਸਕਦੀ ਹੈ। ਦੋਨੋਂ ਅਵੱਸਥਾਵਾਂ ਇਕੱਠੀਆਂ ਨਹੀਂ ਰਹਿ ਸਕਦੀਆਂ। ਸਾਡੇ ਅੰਦਰ ਜਾਂ ਹਉਮੈ ਹੈ ਜਾਂ ਨਾਮ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਸਾਡੀ ਸਮਝ ਦੇ ਅੰਦਰ ਕੇਵਲ ਨਾਮ ਰਹਿ ਜਾਂਦਾ ਹੈ।

ਜਿਵੇਂ ਕਿ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ, "ਅਨੰਦ" ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੈ। ਆਪਣੇ ਮਨ ਤੋਂ ਇਲਾਵਾ ਪ੍ਰਮਾਤਮਾ ਨੂੰ ਕਿਸੇ ਹੋਰ ਜਗ੍ਹਾ ਖੋਜਣਾ ਜਾਂ ਇਹ ਸਮਝਣਾ ਕਿ ਪ੍ਰਮਾਤਮਾ ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਮਿਲਦਾ ਹੈ, ਕਿਸੇ ਸਰਗੁਣ ਸਰੂਪ ਵਿੱਚ ਮਿਲਦਾ ਹੈ ਭਾਵ ਕਿਸੇ ਆਕਾਰ ਰੂਪ ਵਿੱਚ ਮਿਲਦਾ ਹੈ ਉਹ ਕੇਵਲ ਮਨ ਦੀ ਉਲਝਣ ਹੈ ਜਿਸ ਨੂੰ ਕਿ ਮਨੁੱਖ ਸਮਝ ਨਹੀਂ ਸਕਦਾ। ਅਸਲ ਵਿੱਚ ਮਨੁੱਖ ਆਪਣੇ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦਾ ਹੈ ਜੋ ਕਿ ਸਾਡੇ

6/555

ਵੱਸ ਵਿੱਚ ਨਹੀਂ ਹਨ। ਸਾਡੇ ਵਿਚਾਰ ਹੀ ਸਾਨੂੰ ਖੰਡਾਂ ਬ੍ਰਹਿਮੰਡਾਂ ਦੀ ਸੈਰ ਕਰਾਉਂਦੇ ਹਨ ਤੇ ਸਾਨੂੰ ਉਹ ਸਭ ਕੁੱਝ ਸੱਚ ਹੀ ਲੱਗਦਾ ਹੈ। ਇਹ ਮਨ ਦੇ ਵਿਚਾਰ ਹੀ ਸਾਨੂੰ ਉਲਝਾਉਂਦੇ ਹਨ। ਇਹ ਮਨ ਦੇ ਵਿਚਾਰ ਕੀ ਹਨ, ਇਨ੍ਹਾਂ ਦੀ ਸੋਝੀ ਪਏ ਬਿਨ੍ਹਾਂ ਸਾਡੀ ਦੁਬਿਧਾ ਨਹੀਂ ਮਿਟ ਸਕਦੀ, ਸਾਨੂੰ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਨਹੀਂ ਹੋ ਸਕਦੇ ਜੋ ਕਿ ਕੇਵਲ ਤੇ ਕੇਵਲ ਮਨ ਦੇ ਵਿੱਚ ਹੀ ਹੋ ਸਕਦੇ ਹਨ। ਪੂਰੀ ਬਾਣੀ ਵਿੱਚ ਮਨ ਤੋਂ ਇਲਾਵਾ ਕੋਈ ਐਸੀ ਜਗ੍ਹਾਂ ਨਹੀਂ ਦੱਸੀ ਜਿੱਥੇ ਪ੍ਰਮਾਤਮਾ ਦੇ ਦਰਸ਼ਨ ਕੀਤੇ ਜਾ ਸਕਣ, ਜਿੱਥੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕੇ। ਸਾਰੇ ਖੰਡਾਂ ਬ੍ਰਹਿਮੰਡਾਂ ਦਾ ਮਾਲਕ ਆਪ ਹੀ ਮਨ ਵਿੱਚ ਬੈਠਾ ਹੈ, ਹਰ ਕਿਸੇ ਵਿੱਚ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ। ਜਿੱਥੇ ਉਹ ਆਪ ਹੈ ਉੱਥੇ ਹੀ ਸਭ ਕੁੱਝ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕਰੀਏ ਤਾਂ ਜੋ ਸਾਡਾ ਇੱਧਰੋਂ ਉਧਰੋਂ ਸੁਣੀਆਂ ਪੜ੍ਹੀਆਂ ਗੱਲਾਂ ਤੋਂ ਵਿਸ਼ਵਾਸ ਹੱਟ ਕੇ ਗੁਰੂ ਦੀ ਦੱਸੀ ਹੋਈ ਗੱਲ ਨਾਲ ਵਿਸ਼ਵਾਸ ਜੁੜ ਜਾਵੇ।

“ਸਰੀਰਹੁ ਭਾਲਣਿ ਕੋ ਬਾਹਰਿ ਜਾਏ॥
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥”

(ਅੰਗ ੧੨੪)

“ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥”

(ਅੰਗ ੭੫੪)

ਬੜਾ ਸਪੱਸ਼ਟ ਹੈ ਕਿ ਜੋ ਕੋਈ ਵੀ ਪ੍ਰਮਾਤਮਾ ਨੂੰ, “ਨਾਮੁ” ਨੂੰ ਆਪਣੇ ਸਰੀਰ ਤੋਂ ਬਾਹਰੋਂ ਕਿਤੇ ਭਾਲਦਾ ਹੈ, ਜਾਂ ਕੋਈ ਇਹ ਸਮਝਦਾ ਹੈ ਕਿ ਉਸਨੇ ਪ੍ਰਮਾਤਮਾ ਨੂੰ ਆਪਣੇ ਸਰੀਰ ਤੋਂ ਬਾਹਰੋਂ ਭਾਵ ਕਿਸੇ ਖੰਡਾਂ ਬ੍ਰਹਿਮੰਡਾ ਵਿੱਚੋਂ ਲੱਭਿਆ ਹੈ ਤਾਂ ਫਿਰ ਕੀ ਇਹ ਗੱਲ ਬਾਣੀ ਦੀ ਕਸਵੱਟੀ ਤੇ ਪੂਰੀ ਉਤਰ ਸਕਦੀ ਹੈ। ਜਾਂ ਤਾਂ ਇਹੋ ਜਿਹੇ ਦੱਸਣ ਵਾਲਿਆਂ ਨੂੰ, ਸਮਝਣ ਵਾਲਿਆਂ ਨੂੰ ਭੁਲੇਖਾ ਹੈ ਤੇ ਜਾਂ ਫਿਰ ਬਾਣੀ ਦੀ ਰਚਨਾ ਕਰਨ ਵਾਲਿਆਂ ਵਿੱਚ ਭੁਲੇਖਾ ਹੈ। ਦੋਨਾਂ ਵਿੱਚੋਂ ਸਿਆਣਾ ਕੌਣ ਹੈ, ਇਸ ਦਾ ਫੈਸਲਾ ਹਰ ਕੋਈ ਕਰ ਸਕਦਾ ਹੈ ਭਾਵ ਬਾਣੀ ਤੋਂ ਉੱਚੀ, ਗੁਰੂ ਤੋਂ ਉੱਚੀ ਤੇ ਸੱਚੀ ਕੋਈ ਸਮਝ ਹੋ ਹੀ ਨਹੀਂ ਸਕਦੀ। ਬਾਣੀ ਵਿੱਚ ਕੋਈ

6/556

ਇੱਕ ਵੀ ਸ਼ਬਦ ਐਸਾ ਨਹੀਂ ਹੈ ਜਿੱਥੇ ਇਹ ਸਮਝਾਇਆ ਹੋਵੇ ਕਿ ਪ੍ਰਮਾਤਮਾ ਦੇ ਦਰਸ਼ਨ ਆਪਣੇ ਮਨ ਦੇ ਇਲਾਵਾ ਕਿਤੇ ਹੋਰ ਵੀ ਹੋ ਸਕਦੇ ਹਨ, ਉਸਨੂੰ ਕਿਤੇ ਹੋਰੋਂ ਵੀ ਪਾਇਆ ਜਾ ਸਕਦਾ ਹੈ ਜਾਂ ਉਸਦੇ ਦਰਸ਼ਨ ਕਿਸੇ ਆਕਾਰ ਰੂਪ ਵਿੱਚ, ਸਰਗੁਣ ਸਰੂਪ ਵਿੱਚ ਹੋ ਸਕਦੇ ਹਨ। ਉਹ ਨਿਰਗੁਣ ਸਰੂਪ ਵਿੱਚ ਭਾਵ ਨਿਰੰਕਾਰ ਰੂਪ ਵਿੱਚ ਵਰਤਦਾ ਹੈ ਜਿਸ ਨਿਰੰਕਾਰ ਰੂਪ ਭਾਵ ਗਿਆਨ ਰੂਪ ਨੂੰ ਮਨ ਦੇ ਵਿੱਚ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਮਨ ਦੇ ਵਿੱਚ ਹੀ ਉਸਦੇ ਨਾਲ ਗੱਲਾਂ ਹੁੰਦੀਆਂ ਹਨ ਤੇ ਮਨ ਦੇ ਵਿੱਚ ਹੀ ਉਸ ਕੋਲੋਂ ਸਿੱਧਾ ਗਿਆਨ ਮਿਲਦਾ ਹੈ, ਸੋਝੀ ਪੈਂਦੀ ਹੈ। ਜੋ ਕੁੱਝ ਵੀ ਅਸੀਂ ਦੇਖਦੇ ਹਾਂ ਜਿਸ ਦੇ ਵਿੱਚ ਮਨੁੱਖਾ ਸਰੀਰ ਵੀ ਸ਼ਾਮਿਲ ਹੈ, ਇਹ ਸਭ ਕੁੱਝ ਉਸਦਾ ਸਰਗੁਣ ਸਰੂਪ ਹੈ, ਮਾਇਆ ਸਰੂਪ ਹੈ, ਆਕਾਰ ਰੂਪ ਹੈ ਉਸਦੇ ਆਪਣੇ ਗਿਆਨ ਨਾਲ ਬਣਾਏ ਹੋਏ ਅਤੇ ਆਪਣੇ ਬ੍ਰਹਮ ਗਿਆਨ ਨਾਲ ਗੋਇ ਹੋਏ ਪੰਜ ਤੱਤਾਂ ਦਾ ਸਰੂਪ ਹੈ। ਹਰ ਵਸਤੂ ਵਿੱਚ ਉਸ ਦਾ ਦਿੱਤਾ ਹੋਇਆ ਗਿਆਨ ਹੀ ਭਰਿਆ ਹੋਇਆ ਹੈ, ਉਸਦਾ ਨਿਰਗੁਣ ਸਰੂਪ ਹੀ ਭਰਿਆ ਹੋਇਆ ਹੈ। ਗਿਆਨ ਹੀ ਉਸਦਾ ਨਿਰਗੁਣ ਸਰੂਪ ਹੈ ਅਤੇ ਉਹ ਆਪ ਹੀ ਸਾਰੇ ਗਿਆਨ ਦਾ ਦਾਤਾ ਹੈ, ਗਿਆਨ ਦਾ ਸ੍ਰੋਤ ਹੈ। “ਨਿਰਗੁਣ” ਸਰੂਪ ਕੇਵਲ ‘ਗਿਆਨ” ਦਾ ਹੀ ਹੋ ਸਕਦਾ ਹੈ,ਹੋਰ ਕਿਸੇ ਚੀਜ਼ ਦਾ ਨਹੀਂ ਹੋ ਸਕਦਾ। ਪੂਰਾ ਜ਼ੋਰ ਲਗਾ ਕੇ ਸੋਚ ਲਵੋ, ਦੁਨੀਆਂ ਦਾ ਹਰ ਗਿਆਨੀ ਸੋਚ ਲਵੇ ਕਿ ਗਿਆਨ ਤੋਂ ਇਲਾਵਾ ਕੀ ਹੋਰ ਕੋਈ ਚੀਜ਼ ਹੈ ਜਿਸ ਦਾ ‘ਨਿਰੰਕਾਰ” ਸਰੂਪ ਬਣ ਸਕੇ। ਨਾ ਜ਼ੋਰ ਲਗਾਵੋ, ਹਾਰ ਜਾਉਗੇ ਸੋਚ ਸੋਚ ਕੇ। ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਉਹ ਗਿਆਨ ਦੇ ਦਾਤੇ ਨੂੰ ਆਪਣੇ ਮਨ ਦੇ ਵਿੱਚੋਂ ਬੁੱਝ ਲਵੋਗੇ ਜਿੱਥੇ ਮਨ ਦੇ ਵਿੱਚ ਬੈਠਾ ਉਹ ਆਪ ਹੀ ਸਾਰਾ ਗਿਆਨ ਦੇ ਰਿਹਾ ਹੈ। ਸਾਰੀ ਸ੍ਰਿਸ਼ਟੀ ਉਸਦੇ ਗਿਆਨ ਨਾਲ ਹੀ ਚੱਲ ਰਹੀ ਹੈ, ਉਸਦੀ ਸੱਚੀ ਸਾਇੰਸ ਨਾਲ ਹੀ ਚੱਲ ਰਹੀ ਹੈ ਜੋ ਆਪਣੀ ਸਾਇੰਸ ਦੀ ਰਚਨਾ ਉਸਨੇ ਆਪਣੇ ਬ੍ਰਹਮ ਗਿਆਨ

ਦੁਆਰਾ ਭਾਵ ਆਪਣੇ ਨਾਮ ਦੁਆਰਾ ਹੀ ਕੀਤੀ ਹੈ। ਉਸਦੇ ਦਰਸ਼ਨ ਵੀ "ਗਿਆਨ ਰੂਪ" ਹੀ ਹਨ। ਕੇਵਲ ਗਿਆਨ ਗਿਆਨ ਦਾ ਫਰਕ ਹੈ। ਮਨੁੱਖ ਨੂੰ ਉਸਨੇ ਤ੍ਰੈਗੁਣਾਂ ਵਾਲੀ ਮਾਇਆ ਦੀ ਜੁਗਤਿ ਪਾ ਕੇ ਭੁਲੇਖੇ ਵਿੱਚ ਰੱਖਿਆ ਹੋਇਆ ਹੈ, ਦੁਬਿਧਾ ਵਿੱਚ ਰੱਖਿਆ ਹੋਇਆ ਹੈ, ਦੁਚਿੱਤੀ ਵਿੱਚ ਰੱਖਿਆ ਹੋਇਆ ਹੈ, ਪੜਦੇ ਵਿੱਚ ਰੱਖਿਆ ਹੋਇਆ ਹੈ। ਉਹ ਆਪ ਚੌਥੇ ਪਦ ਵਿੱਚ ਹੈ। ਚਉਥੇ ਪਦ ਦਾ

6/557

ਗਿਆਨ ਹੀ ਸਾਡੇ ਮਨ ਦੇ ਅੰਦਰ ਤ੍ਰੈਗੁਣਾਂ ਵਾਲੇ ਮਾਇਆ ਦੇ ਗਿਆਨ ਵਾਲੀ ਸਮਝ ਨੂੰ ਚਲਾ ਰਿਹਾ ਹੈ, ਮਨ ਦੇ ਵਿੱਚ ਆਪਣਾ ਹੁਕਮ ਵਰਤਾ ਰਿਹਾ ਹੈ। ਇਸੇ ਲਈ "ਗਿਆਨ" ਨੂੰ ਗੁਰੂ ਕਿਹਾ ਗਿਆ ਹੈ ਤੇ ਗੁਰੂ ਆਪ ਪ੍ਰਮਾਤਮਾ ਹੈ। ਸਾਨੂੰ ਸਾਰਾ ਗਿਆਨ ਸਾਡੇ ਮਨ ਵਿੱਚੋਂ ਮਿਲਦਾ ਹੈ ਤੇ ਇਸੇ ਲਈ ਮਨ ਦੀ ਸੋਝੀ ਪੈਣ ਨਾਲ ਹੀ ਉਸ "ਗਿਆਨ ਰੂਪ" ਪ੍ਰਮਾਤਮਾ ਦੀ ਮਨ ਦੇ ਵਿੱਚੋਂ ਸੋਝੀ ਪੈਂਦੀ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਹੋਰ ਵੀ ਜਾਣੀਏ ਤਾਂ ਜੋ ਸਾਨੂੰ ਘੱਟੋ ਘੱਟ ਇਹ ਭੁਲੇਖਾ ਨਾ ਰਹੇ ਕਿ ਪ੍ਰਮਾਤਮਾ ਦੇ ਦਰਸ਼ਨ ਕਿੱਥੇ ਅਤੇ ਕਿਵੇਂ ਹੁੰਦੇ ਹਨ।

"ਮਨ ਕਿਆ ਕਹਤਾ ਹਉ ਕਿਆ ਕਹਤਾ॥
ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ॥੧॥ਰਹਾਉ॥
ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ॥
ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ॥੧॥
ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ॥
ਕਹੁ ਨਾਨਕ ਗੁਰ ਭਏ ਦਇਆਰਾ ਹਰਿ ਰੰਗੁ ਨ ਕਬਹੂ ਲਹਤਾ॥੨॥੮॥੯੪॥"

(ਅੰਗ ੮੨੩)

ਉੱਪਰ ਲਿਖੇ ਸ਼ਬਦ ਦੁਆਰਾ ਆਓ ਇਸ ਗੱਲ ਨੂੰ ਸਮਝੀਏ ਕਿ ਸਾਡੇ ਮਨ ਦੇ ਵਿਚਾਰ ਕੀ ਹਨ ਤੇ ਕਿੱਥੋਂ ਆਉਂਦੇ ਹਨ ਤੇ ਇਹ ਵਿਚਾਰ ਸਾਡੇ ਵੱਸ ਵਿੱਚ ਕਿਉਂ ਨਹੀਂ ਹਨ। ਇੱਥੇ ਇਹ ਹੀ ਸਮਝਾਇਆ ਹੋਇਆ ਹੈ ਕਿ ਇਹ ਵਿਚਾਰ ਮਨੁੱਖ ਦੇ ਆਪਣੇ ਨਹੀਂ ਹਨ ਬਲਕਿ ਇਹ ਵਿਚਾਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਇਸੇ ਲਈ ਉਹ ਅੰਤਰਜਾਮੀ ਹੈ। ਮਨ ਦੇ ਵਿਚਾਰਾਂ ਨੂੰ ਜਾਣਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨਾ ਹੈ ਤੇ ਸਮਝ ਲੱਗਦੀ ਹੈ ਕਿ ਜੋ ਕੁੱਝ ਸਾਡੇ ਮਨ ਵਿੱਚ ਹੋ ਰਿਹਾ ਹੈ ਭਾਵ ਸਾਡੇ ਅੰਦਰ ਜੋ ਵਿਚਾਰ ਉੱਠਦੇ ਹਨ ਉਹ ਆਪ ਪ੍ਰਮਾਤਮਾ ਹੀ ਦੇ ਰਿਹਾ ਹੈ।

"ਮਨ ਕਿਆ ਕਹਤਾ ਹਉ ਕਿਆ ਕਹਤਾ॥"

ਇਸ ਪੰਗਤੀ ਰਾਹੀਂ ਸਾਡੇ ਮਨ ਦੇ ਵਿਚਾਰਾਂ ਦੀ ਗੱਲ ਸਮਝਾਈ ਹੋਈ ਹੈ। ਸਾਡੇ ਅੰਦਰ ਸੋਚਾਂ ਉੱਠਦੀਆਂ ਰਹਿੰਦੀਆਂ ਹਨ। ਕਦੀ ਸਾਡਾ ਮਨ ਕੁੱਝ ਕਹਿੰਦਾ ਹੈ, ਕਦੀ ਕੁੱਝ ਕਹਿੰਦਾ ਹੈ। ਸਾਨੂੰ ਇਹ ਲੱਗਦਾ ਹੈ ਕਿ ਜੋ ਸਾਡਾ ਮਨ ਕਹਿ ਰਿਹਾ ਹੈ, ਇਹ ਸਭ ਕੁੱਝ ਮੈਂ ਆਪ ਹੀ ਕਹਿ ਰਿਹਾ ਹਾਂ, ਸੋਚ ਰਿਹਾ ਹਾਂ ਭਾਵ ਇਹ ਸਾਰੇ ਮਨ ਦੇ ਵਿਚਾਰ ਮੇਰੇ ਆਪਣੇ ਹੀ ਹਨ ਭਾਵ ਜੋ ਮਨ ਸੋਚ ਰਿਹਾ ਹੈ ਉਹ ਮੈਂ ਆਪ ਸੋਚ ਰਿਹਾ ਹਾਂ। ਪਰ ਇਹ ਮਨ ਕਿਸਦਾ ਹੈ, ਇਹ ਮਨ ਕੀ ਹੈ, ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ

6/558

"ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ॥"

ਇਸ ਵਿੱਚ ਸਾਨੂੰ ਇਹ ਸਮਝਾਇਆ ਹੈ ਕਿ ਇਸ ਮਨ ਨੂੰ ਆਪਣਾ ਨਾ ਸਮਝੋ। ਇਸ ਮਨ ਨੂੰ ਆਪ ਪ੍ਰਮਾਤਮਾ ਹੀ ਜਾਣੋ ਜੋ ਕਿ ਬਹੁਤ ਹੀ ਸਿਆਣਾ ਹੈ ਭਾਵ ਜੋ ਆਪਣੀ ਸਿਆਣਪ ਦੁਆਰਾ ਸਾਨੂੰ ਇਹ ਸਮਝ ਨਹੀਂ ਆਉਣ ਦਿੰਦਾ ਕਿ ਇਹ ਮਨ ਕੀ ਹੈ, ਅਸੀਂ ਉਸ ਦੀ ਸਿਆਣਪ ਅੱਗੇ ਬੇਵੱਸ ਹਾਂ। **(ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ॥੧॥ਰਹਾਉ)** ਜੋ ਕੁੱਝ ਅਸੀਂ ਵਿਚਾਰਾਂ ਰਾਹੀਂ ਮਨ ਦੇ ਵਿੱਚ ਸੋਚਦੇ ਹਾਂ, ਕਹਿੰਦੇ ਹਾਂ ਉਹ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਕਹਿੰਦਾ ਹੈ। ਅਸੀਂ ਉਸਦੀ ਸਿਆਣਪ ਅੱਗੇ ਕੁੱਝ ਵੀ ਨਹੀਂ ਹਾਂ ਭਾਵ ਅੰਦਰ ਉਹ ਆਪ ਬੈਠਾ ਸਾਡੇ ਅੰਦਰ ਵਿਚਾਰ ਪਾ ਰਿਹਾ ਹੈ ਪਰ

ਸਾਨੂੰ ਉਸਨੇ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਕਿਉਂਕਿ ਮਨ ਦੇ ਵਿੱਚ ਉਹ ਆਪ ਹੀ ਹੈ। ਉਹ ਆਪ ਹੀ ਸਭ ਕੁੱਝ ਮਨ ਵਿੱਚ ਕਹਿੰਦਾ ਕਹਾਉਂਦਾ ਹੈ ਤੇ ਇਸੇ ਲਈ ਉਹ ਅੰਤਰਜਾਮੀ ਹੈ ਕਿਉਂਕਿ ਮਨੁੱਖ ਦੇ ਅੰਦਰ ਦੀ ਗੱਲ ਉਹ ਸਭ ਕੁੱਝ ਜਾਣਦਾ ਹੈ, ਉਹ ਆਪ ਹੀ ਸਾਡੇ ਵਿਚਾਰਾਂ ਦੇ ਵਿੱਚ ਹੈ। ਜਿਹੋ ਜਿਹੇ ਵਿਚਾਰ ਮਨੁੱਖ ਨੂੰ ਮਿਲਦੇ ਹਨ, ਮਨੁੱਖ ਉਹੋ ਕੁੱਝ ਹੀ ਕਰਦਾ ਹੈ। ਇਹ ਉਸ ਪ੍ਰਮਾਤਮਾ ਦੀ ਮਰਜੀ ਹੈ ਭਾਵੇਂ ਕਿਸੇ ਦੇ ਅੰਦਰ ਮਾੜੇ ਵਿਚਾਰ ਪਾਵੇ ਤੇ ਭਾਵੇਂ ਕਿਸੇ ਦੇ ਅੰਦਰ ਚੰਗੇ ਵਿਚਾਰ ਪਾਵੇ। ਮਨੁੱਖ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ। ਅਗਲੀ ਪੰਗਤੀ ਵਿੱਚ ਮਨ ਦੇ ਵਿਚਾਰਾਂ ਨੂੰ ਹੋਰ ਵੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ।

“ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ॥”

ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ। ਅਸੀਂ ਮੂੰਹੋਂ ਜੋ ਕੁੱਝ ਬੋਲਦੇ ਹਾਂ, ਉਸ ਗੱਲ ਦੀ ਪਹਿਚਾਣ ਹੋ ਜਾਂਦੀ ਹੈ, ਸਮਝ ਲੱਗ ਜਾਂਦੀ ਹੈ ਪਰ ਸਾਡੇ ਮਨ ਵਿੱਚ ਕੀ ਹੈ ਇਸ ਨੂੰ ਹੋਰ ਕੋਈ ਮਨੁੱਖ ਨਹੀਂ ਜਾਣ ਸਕਦਾ ਤੇ ਮਨੁੱਖ ਇਹ ਸਮਝਦਾ ਹੈ ਕਿ ਉਸਨੇ ਨਾ ਬੋਲਣ ਦੁਆਰਾ ਆਪਣੀ ਗੱਲ ਦਾ ਸਭ ਤੋਂ ਪੜਦਾ ਰੱਖਿਆ ਹੋਇਆ ਹੈ ਭਾਵ ਜਿਹੜੇ ਬੋਲ ਮਨੁੱਖ ਬੋਲ ਕੇ ਨਹੀਂ ਦੱਸਦਾ, ਉਨ੍ਹਾਂ ਨੂੰ ਅਣਬੋਲੇ ਹੀ ਰੱਖਦਾ ਹੈ, ਮਨ ਦੇ ਵਿੱਚ ਹੀ ਰੱਖਦਾ ਹੈ, ਪੜਦੇ ਦੇ ਵਿੱਚ ਹੀ ਰੱਖਦਾ ਹੈ ਉਸ ਅੰਦਰ ਦੀ ਗੱਲ ਨੂੰ ਹੋਰ ਕੋਈ ਮਨੁੱਖ ਤਾਂ ਨਹੀਂ ਜਾਣ ਸਕਦਾ ਤੇ ਕੇਵਲ ਇੱਕ ਪ੍ਰਮਾਤਮਾ ਹੀ ਜਾਣ ਸਕਦਾ ਹੈ ਕਿਉਂਕਿ ਉਹ ਆਪ ਹੀ ਮਨੁੱਖ ਦੇ ਵਿੱਚ ਬੈਠਾ ਹੋਇਆ ਹੈ ਭਾਵ ਮਨੁੱਖ ਪ੍ਰਮਾਤਮਾ ਕੋਲੋਂ ਕੋਈ ਪੜਦਾ ਨਹੀਂ ਰੱਖ ਸਕਦਾ ਕਿਉਂਕਿ ਉਹ ਅੰਦਰ ਬੈਠਾ ਆਪ ਹੀ ਸਭ ਕੁੱਝ ਕਰਵਾ ਰਿਹਾ ਹੈ। ਇਹ ਉਸਦੀ ਖੇਡ ਹੈ ਜਿਸ ਨੂੰ ਸਮਝਿਆ

6/559

ਨਹੀਂ ਜਾ ਸਕਦਾ। ਉਹ ਆਪਣੀ ਖੇਡ ਆਪ ਸਮਝਾਉਣਾ ਚਾਹੇ ਤਾਂ ਹੀ ਸਮਝ ਆ ਸਕਦੀ ਹੈ। ਮਨ ਵਿੱਚ ਪੜਦਾ ਉਸਨੇ ਆਪ ਹੀ ਪਾਇਆ ਹੋਇਆ ਹੈ ਜੋ ਪੜਦਾ ਮਨ ਦੇ ਵਿੱਚ ਉਸਨੇ ਮਨ ਦੇ ਵਿਚਾਰਾਂ ਰਾਹੀਂ ਹੀ ਪਾਇਆ ਹੋਇਆ ਹੈ ਭਾਵ ਮਨ ਦੀ ਸਮਝ ਰਾਹੀਂ ਪਾਇਆ ਹੋਇਆ ਹੈ, ਮਨੁੱਖ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਕੇ, ਹਉਮੈ ਵਿੱਚ ਰੱਖ ਕੇ ਪਾਇਆ ਹੋਇਆ ਹੈ। ਇਸੇ ਲਈ ਅਗਲੀ ਪੰਗਤੀ ਵਿੱਚ ਸਮਝਾਇਆ ਹੈ ਕਿ ਹੇ ਮਨੁੱਖ! ਉਸ ਪ੍ਰਮਾਤਮਾ ਕੋਲੋਂ ਕਦ ਤੱਕ ਛੁਪਾ ਲਵੇਂਗਾ ਜਦਕਿ ਉਹ ਆਪ ਹੀ ਮਨ ਦੇ ਵਿੱਚ ਬੈਠਾ ਸਭ ਦੇਖ ਰਿਹਾ ਹੈ। ਅਖੀਰ ਸਭ ਕੁੱਝ ਸਾਹਮਣੇ ਆ ਜਾਣਾ ਹੈ ਤੇ ਅੱਗੇ ਜਾ ਕੇ ਇਹ ਲੇਖਾ ਆਪ ਹੀ ਚੁਕਾਉਣਾ ਪੈਣਾ ਹੈ। **(ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ॥੧॥)** ਅਗਲੀ ਪੰਗਤੀ ਵਿੱਚ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਕਿਵੇਂ ਹੁੰਦਾ ਹੈ ਇਹ ਸੋਝੀ ਪਾਈ ਹੋਈ ਹੈ।

“ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ॥”

ਮਨ ਦਾ **“ਆਨੰਦੁ”** ਕੀ ਹੈ ਇਹ ਅਸੀਂ ਪਿੱਛੇ ਸ਼ਬਦ ਵਿੱਚ ਜਾਣਿਆ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਸਮਝ ਹੈ। **{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥}**

“ਐਸੋ ਜਾਨਿ ਭਏ ਮਨਿ ਆਨਦ”

ਇਸ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਜਿਸ ਰਾਹੀਂ ਇਹ ਬੜਾ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਤੇ ਕਿੱਥੇ ਹੁੰਦਾ ਹੈ। ਇਸ ਤੋਂ ਪਹਿਲਾਂ ਸਾਰੇ ਮੁੱਖ ਸ਼ਬਦ ਵਿੱਚ ਮਨ ਦੀ ਗੱਲ ਸਮਝਾਈ ਹੈ, ਮਨ ਦੇ ਵਿਚਾਰਾਂ ਦੀ ਗੱਲ ਸਮਝਾਈ ਹੈ ਤੇ ਨਾਲ ਇਹ ਵੀ ਸਮਝਾਇਆ ਹੈ ਕਿ ਇਹ ਮਨ ਕੀ ਹੈ ਤੇ ਇਹ ਵਿਚਾਰ ਕੀ ਹਨ। ਜਦ ਤੱਕ ਮਨੁੱਖ ਨੂੰ ਇਸ ਮਨ ਦੀ, ਮਨ ਦੇ ਵਿਚਾਰਾਂ ਦੀ ਸੋਝੀ ਨਹੀਂ ਪੈਂਦੀ, ਪ੍ਰਮਾਤਮਾ ਨੂੰ ਜਾਣਨਾ ਨਾਮੁਮਕਿਨ ਹੈ, ਉਸਦੇ ਨਾਲ ਮੇਲ ਨਾਮੁਮਕਿਨ ਹੈ। ਐਸਾ ਜਾਣ ਕੇ ਹੀ ਮਨ ਵਿੱਚ ਆਨੰਦ ਆ ਸਕਦਾ ਹੈ, ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਮਿਲਣ ਦਾ ਹੋਰ ਕੋਈ ਤਰੀਕਾ ਨਹੀਂ ਹੈ ਅਤੇ ਨਾ ਹੀ ਹੋਰ ਕੋਈ ਜਗ੍ਹਾ ਹੈ ਜਿੱਥੇ ਉਸ

6/560

ਨਾਲ ਮਿਲਿਆ ਜਾ ਸਕਦਾ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਉਹ ਆਪ ਹੀ ਮਨ ਵਿੱਚ ਬੈਠਾ ਹੈ ਤੇ ਇਸ ਮਨ ਨੂੰ ਜਾਣਨ ਦੁਆਰਾ ਹੀ ਉਸ ਨੂੰ ਜਾਣਿਆ ਜਾ ਸਕਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਸਭ ਕੁੱਝ ਕਰਨ ਕਰਾਉਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੈ **(ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ**

ਕਰਤਾ॥)। ਮਨੁੱਖ ਦੇ ਨਾਲ ਮੇਲ ਪ੍ਰਮਾਤਮਾ ਆਪਣੀ ਕ੍ਰਿਪਾ ਦੁਆਰਾ ਹੀ ਕਰਦਾ ਹੈ ਤੇ ਉਸਦੇ ਮੇਲ ਤੋਂ ਬਾਅਦ ਮਨੁੱਖ ਗੁਰੂ ਦੇ, ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ ਰਹਿੰਦਾ ਹੈ ਭਾਵ ਉਸਦੇ ਹੁਕਮ ਵਿੱਚ, ਉਸਦੀ ਮਤਿ ਵਿੱਚ, ਉਸਦੇ ਗਿਆਨ ਵਿੱਚ ਰੰਗਿਆ ਰਹਿੰਦਾ ਹੈ ਤੇ ਫਿਰ ਇਹ ਰੰਗ ਕਦੇ ਨਹੀਂ ਲਹਿੰਦਾ ਕਿਉਂਕਿ ਮੱਤ ਦੇਣ ਵਾਲਾ ਅੰਦਰ ਹੀ ਬੈਠਾ ਹੈ ਤੇ ਉਹ ਆਪਣੇ ਭਾਣੇ ਅਨੁਸਾਰ ਮਨੁੱਖ ਨੂੰ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਚਲਾਉਂਦਾ ਹੈ ਤੇ ਸਦਾ ਹੀ ਚਲਾਉਂਦਾ ਰਹਿੰਦਾ ਹੈ ਕਿਉਂਕਿ ਇੱਕ ਵਾਰੀ ਉਸ ਨਾਲ ਮੇਲ ਹੋ ਜਾਵੇ ਤੇ ਫਿਰ ਉਹ ਮੇਲ ਬਣਿਆ ਹੀ ਰਹਿੰਦਾ ਹੈ। **(ਮਨ ਕਿਆ ਕਹਤਾ ਹਉ ਕਿਆ ਕਹਤਾ॥ ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ॥੧॥ਰਹਾਉ॥ ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ॥ ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ॥੧॥ ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ॥ ਕਹੁ ਨਾਨਕ ਗੁਰ ਭਏ ਦਇਆਰਾ ਹਰਿ ਰੰਗੁ ਨ ਕਬਹੂ ਲਹਤਾ॥)** ਉਹ ਇੱਕ ਵਾਰੀ ਮਿਲ ਜਾਵੇ ਫਿਰ ਉਹ ਕਦੇ ਨਹੀਂ ਵਿਛੜਦਾ। ਇਹ ਉਸਦੀ ਆਪਣੀ ਬਣਾਈ ਹੋਈ ਰੀਤ ਹੈ।

{ਮੀਤਾ ਐਸੇ ਹਰਿ ਜੀਉ ਪਾਏ॥
ਛੋਡਿ ਨ ਜਾਈ ਸਦ ਹੀ ਸੰਗੇ ਅਨਦਿਨੁ ਗੁਰ ਮਿਲਿ ਗਾਏ॥੧॥ਰਹਾਉ॥
ਮਿਲਿਓ ਮਨੋਹਰੁ ਸਰਬ ਸੁਖੈਨਾ ਤਿਆਗਿ ਨ ਕਤਹੂ ਜਾਏ॥}

(ਅੰਗ ੫੩੩)

{ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥}

(ਅੰਗ ੨੪੯)

ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਸਪੱਸ਼ਟ ਹੈ ਤੇ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਜਾਣਿਆ ਹੈ ਪ੍ਰਮਾਤਮਾ ਨੂੰ ਕੇਵਲ ਆਪਣੇ ਮਨ ਦੇ ਵਿੱਚੋਂ ਹੀ ਪਾਇਆ ਜਾ ਸਕਦਾ ਹੈ, ਕੇਵਲ ਨਿਰਗੁਣ ਸਰੂਪ ਵਿੱਚ ਹੀ ਪਾਇਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ, ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ

ਪ੍ਰਮਾਤਮਾ ਨੂੰ ਮਿਲਿਆ ਜਾ ਸਕੇ। ਮਨ ਤੋਂ ਇਲਾਵਾ ਪ੍ਰਮਾਤਮਾ ਨੂੰ ਮਿਲਣ ਦੀ ਗੱਲ ਕਿਤੇ ਗੁਰਬਾਣੀ ਵਿੱਚ ਕੀਤੀ ਹੋਵੇ ਜਾਂ ਕਿਸੇ ਸਰਗੁਣ ਸਰੂਪ ਵਿੱਚ ਪ੍ਰਮਾਤਮਾ ਦੇ ਦਰਸ਼ਨ ਦੀ ਗੱਲ ਬਾਣੀ ਵਿੱਚ ਕੀਤੀ ਹੋਵੇ, ਇਹ ਨਾਮੁਮਕਿਨ ਹੈ। ਬਾਣੀ ਦਾ ਇੱਕ-ਇੱਕ ਅੱਖਰ ਪੜ੍ਹ ਕੇ ਦੇਖ ਲਵੋ ਤੇ ਭੁਲੇਖਾ ਆਪ ਹੀ ਲਹਿ ਜਾਵੇਗਾ ਤੇ ਬਾਣੀ ਤੇ ਵਿਸ਼ਵਾਸ ਵੀ ਆ ਜਾਵੇਗਾ। ਕੱਚੀਆਂ ਗੱਲਾਂ ਕਰਨ ਵਾਲਿਆਂ ਦੀ ਕਮੀ ਨਹੀਂ ਹੈ, ਭੁਲੇਖਿਆਂ ਦੀ, ਉਲਝਣਾਂ ਦੀ ਕਮੀ ਨਹੀਂ ਹੈ। ਉਲਝਨਾਂ ਦੀ ਸਾਰੀ ਵਜ੍ਹਾ ਬਾਣੀ ਨੂੰ ਧਿਆਨ ਨਾਲ ਨਾ ਵਿਚਾਰਨ ਦੀ, ਸਮਝਣ ਦੀ ਹੈ। ਹੁਣ ਧਿਆਨ ਨਾਲ ਵਿਚਾਰੋ, ਜੋ ਮਨੁੱਖ ਪ੍ਰਮਾਤਮਾ ਨੂੰ ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਮਿਲਣ ਦੀ ਗੱਲ ਕਰਦੇ ਹਨ, ਕੀ ਉੱਥੇ ਜਾ ਕੇ ਪ੍ਰਮਾਤਮਾ ਕਿਸੇ ਸਰਗੁਣ ਸਰੂਪ ਵਿੱਚ ਮਿਲਦਾ ਹੈ ? ਜੇਕਰ ਨਹੀਂ ਤੇ ਫਿਰ ਕੌਣ ਮਿਲਦਾ ਹੈ। ਉੱਥੇ ਉਹ ਕਿਵੇਂ ਜਾਂਦੇ ਹਨ ਤੇ ਕੌਣ ਲੈ ਕੇ ਜਾਂਦਾ ਹੈ ਤੇ ਫਿਰ ਧਰਤੀ ਤੇ ਕਿਵੇਂ ਵਾਪਿਸ ਆਉਂਦੇ ਹਨ। ਜਦੋਂ ਇੱਕ ਵਾਰੀ ਪ੍ਰਮਾਤਮਾ ਨੂੰ ਖੰਡਾਂ ਬ੍ਰਹਿਮੰਡਾਂ ਵਿੱਚ ਜਾ ਕੇ ਕਿਸੇ ਮਿਲ ਲਿਆ ਹੋਵੇ ਤੇ ਉਸ ਤੋਂ ਬਾਅਦ ਧਰਤੀ ਤੇ ਆਉਣ ਲਈ ਕੀ ਉਸ ਤੋਂ ਵਿਛੜਨਾ ਨਹੀਂ ਪਵੇਗਾ? ਉਹ ਤਾਂ ਮਿਲ ਕੇ ਕਦੀ ਵਿਛੜਦਾ ਹੀ ਨਹੀਂ। ਨਾਲੇ ਬਾਣੀ ਵਿੱਚ ਇਹ ਕਿਤੇ ਨਹੀਂ ਲਿਖਿਆ ਕਿ ਮਨੁੱਖ ਉਸਨੂੰ ਕਿਤੇ ਜਾ ਕੇ ਮਿਲ ਸਕਦਾ ਹੈ ਬਲਕਿ ਇਹ ਸਮਝਾਇਆ ਹੈ ਕਿ ਉਹ ਆਪ ਹੀ ਆ ਕੇ ਮਿਲਦਾ ਹੈ। ਪੂਰੀ ਬਾਣੀ ਪੜ੍ਹ ਕੇ ਵੇਖ ਲਓ ਅਤੇ ਆਪ ਹੀ ਫੈਸਲਾ ਕਰ ਲਵੋ। ਕੀ ਇਹ ਪੂਰੀ ਬਾਣੀ ਵਿੱਚ ਕਿਸੇ ਸ਼ਬਦ ਦੁਆਰਾ ਇਹ ਪੜ੍ਹਨ ਨੂੰ ਮਿਲਦਾ ਹੈ ਕਿ ਉਸਨੂੰ ਮਨੁੱਖ ਕਿਸੇ ਆਪਣੀ ਸਿਆਣਪ ਜਾਂ ਜ਼ੋਰ ਨਾਲ ਮਿਲ ਸਕਦਾ ਹੈ। ਹਰ ਕੋਈ ਇੱਕ ਤੋਂ ਇੱਕ ਵੱਡੀ ਸਿਆਣਪ ਦੀ ਗੱਲ ਕਰਦਾ ਹੈ। ਵੱਖਰੇ-ਵੱਖਰੇ ਤਰੀਕਿਆਂ ਨਾਲ ਮਿਲਣ ਦੀ ਗੱਲ ਕਰਦਾ ਹੈ ਜਿਵੇਂ ਕਿ ਸਭ ਕੁੱਝ ਮਨੁੱਖ ਦੇ ਹੱਥ ਵਿੱਚ ਹੀ ਹੋਵੇ। ਇਹੋ ਜਿਹੀਆਂ ਗੱਲਾਂ ਕਰਨ ਵਾਲਾ ਤੇ ਉਨ੍ਹਾਂ ਦੀਆਂ ਗੱਲਾਂ ਤੇ ਵਿਸ਼ਵਾਸ ਕਰਨ ਵਾਲਾ ਹਰ ਕੋਈ ਭੁਲੇਖੇ ਵਿੱਚ ਹੀ ਹੈ। ਭੁਲੇਖਾ ਸਾਨੂੰ ਮਨ ਦੇ ਵਿੱਚੋਂ ਹੀ ਪੈਂਦਾ ਹੈ ਅਤੇ ਉਹ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਹ ਸਭ ਸਾਡੇ ਖਿਆਲ ਹੀ ਹਨ ਜੋ ਸਾਨੂੰ ਉਲਝਾਉਂਦੇ ਹਨ ਤੇ ਸਾਨੂੰ ਝੂਠੀ ਗੱਲ ਸੱਚ ਮਹਿਸੂਸ ਕਰਾਉਂਦੇ ਹਨ, ਹੋਰ ਕੁੱਝ ਵੀ ਨਹੀਂ। ਜੋ ਗੱਲ ਬਾਣੀ ਤੇ ਖਰੀ ਨਹੀਂ ਉਤਰ ਸਕਦੀ ਉਹ ਮੂਲੋਂ ਹੀ ਗਲਤ ਹੈ। ਆਓ

6/562

ਇਨ੍ਹਾਂ ਭੁਲੇਖਿਆਂ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝੀਏ ਤੇ ਇਨ੍ਹਾਂ ਭੁਲੇਖਿਆਂ ਤੋਂ ਬਚੀਏ।

"ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥੩॥"

(ਅੰਗ ੭੯੧)

ਉਪਰਲੇ ਸ਼ਬਦ ਨੂੰ ਧਿਆਨ ਨਾਲ ਵਿਚਾਰੋ। ਇੱਥੇ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕਿਸੇ ਸਰਗੁਣ ਸਰੂਪ ਵਿੱਚ ਨਹੀਂ ਮਿਲਦਾ ਅਤੇ ਨਾ ਹੀ ਮਨ ਤੋਂ ਬਾਹਰ ਕਿਤੇ ਮਿਲਦਾ ਹੈ। ਨਿਰਗੁਣ ਸਰੂਪ ਨੂੰ ਸਰਗੁਣ ਸਰੂਪ ਦੇ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਉਪਰਲੇ ਸ਼ਬਦ ਵਿੱਚ "ਮਿਲਿਆ" ਤੋਂ ਭਾਵ ਹੈ "ਪ੍ਰਮਾਤਮਾ" ਜੋ ਸਾਨੂੰ ਮਿਲਦਾ ਹੈ, ਜਿਸ ਨੂੰ ਅਸੀਂ ਆਪਣੇ ਨਾਲ "ਮਿਲਿਆ" ਹੋਇਆ ਕਹਿੰਦੇ ਹਾਂ। ਇਸ ਅੱਖਰ ਦੀ ਸ਼ਬਦ ਦੇ ਵਿੱਚ ਵਰਤੋਂ ਤਿੰਨ ਵਾਰੀ ਕੀਤੀ ਗਈ ਹੈ ਤੇ ਸਭ ਦੇ ਵਿੱਚ ਇਸ ਤੋਂ ਭਾਵ "ਪ੍ਰਮਾਤਮਾ" ਦੇ ਨਾਲ ਹੀ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਉਸ ਦਾ ਕੋਈ ਸਰਗੁਣ ਸਰੂਪ ਭਾਵ ਆਕਾਰ ਰੂਪ ਸਮਝ ਕੇ ਮਿਲਣਾ ਚਾਹੀਏ ਤੇ ਫਿਰ ਉਹ ਸਾਨੂੰ ਨਹੀਂ ਮਿਲ ਸਕਦਾ **(ਮਿਲਿਐ ਮਿਲਿਆ ਨਾ ਮਿਲੈ)।** ਉਹ ਕਿਉਂ ਨਹੀਂ ਮਿਲ ਸਕਦਾ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਉਹ ਸਾਨੂੰ ਤਾਂ ਮਿਲੇ ਜੇਕਰ ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਕੋਈ ਸਰਗੁਣ ਸਰੂਪ ਹੋਵੇ **(ਮਿਲੈ ਮਿਲਿਆ ਜੇ ਹੋਇ॥)**। ਹਰ ਸਰਗੁਣ ਸਰੂਪ ਉਸਦਾ ਆਪਣਾ ਮਾਇਆ ਸਰੂਪ ਹੀ ਹੈ ਤੇ ਸਭ ਵਿੱਚ ਉਹ ਆਪ ਹੀ ਹੈ ਪਰ ਉਸ ਨੂੰ ਮਿਲਿਆ ਕੇਵਲ ਨਿਰਗੁਣ ਸਰੂਪ ਵਿੱਚ ਹੀ ਜਾ ਸਕਦਾ ਹੈ ਕਿਉਂਕਿ ਉਹ ਸਭ ਵਿੱਚ, ਮਨੁੱਖ ਵਿੱਚ, ਨਿਰਗੁਣ ਸਰੂਪ ਵਿੱਚ ਹੀ ਵਰਤਦਾ ਹੈ, ਆਪਣੀ ਜੋਤਿ ਦੁਆਰਾ ਵਰਤਦਾ ਹੈ। ਉਸਦੇ ਦਰਸ਼ਨ ਉਸਦੀ ਜੋਤ ਦੇ ਵਿੱਚ ਹੀ ਹੋ ਸਕਦੇ ਹਨ। ਮਨੁੱਖ ਦੇ ਵਿੱਚ ਉਸਦੀ ਜੋਤ ਮਨੁੱਖ ਦਾ ਮਨ ਹੈ, ਮਨੁੱਖ ਦੀ ਅੰਤਰ ਆਤਮਾ ਹੈ। ਜੋ ਪ੍ਰਮਾਤਮਾ ਨਿਰਗੁਣ ਸਰੂਪ ਵਿੱਚ, ਅੰਤਰ ਆਤਮਾ ਦੇ ਵਿੱਚ, ਮਨ ਦੇ ਵਿੱਚ ਮਿਲਦਾ ਹੈ, ਪ੍ਰਮਾਤਮਾ ਨੂੰ ਮਿਲਣ ਦਾ ਅਸਲ ਤਰੀਕਾ ਉਹ ਹੈ। **(ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥)**।

ਪ੍ਰਮਾਤਮਾ ਕੇਵਲ ਮਨ ਦੇ ਵਿੱਚ ਹੀ ਮਿਲਦਾ ਹੈ, ਗਿਆਨ ਰੂਪ ਵਿੱਚ ਮਿਲਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਮਿਲਦਾ ਹੈ,

6/563

ਸੱਚੇ ਮਨ ਦੇ ਵਿੱਚ ਹੀ ਮਿਲਦਾ ਹੈ ਤੇ ਇਹ ਮਨ ਹੀ ਉਸਦਾ ਸੱਚਖੰਡ ਹੈ ਜਿਵੇਂ ਕਿ ਜਪੁਜੀ ਬਾਣੀ ਦੇ ਅਰਥਾਂ ਵਿੱਚ ਇਹ ਗੱਲ ਸਮਝਾਈ ਹੋਈ ਹੈ।

ਹੁਣ ਜੇਕਰ ਕੋਈ ਇਹ ਕਹੇ ਕਿ ਉਸਨੇ ਪ੍ਰਮਾਤਮਾ ਨੂੰ ਵੀ ਪਾਇਆ ਹੈ ਪਰ ਮਨ ਦੀ ਸਮਝ ਨਹੀਂ ਲੱਗੀ, ਆਪਣੇ ਆਪ ਦੀ ਸਮਝ ਨਹੀਂ ਲੱਗੀ, ਫਿਰ ਸਮਝ ਕੀ ਲੱਗੀ। ਜੇਕਰ ਮਨ ਨੂੰ ਆਪਣਾ ਹੀ ਸਮਝੀ ਗਏ, ਆਪਣੇ ਮਨ ਦੇ ਗਿਆਨ ਨੂੰ ਅਸੀਂ ਆਪਣਾ ਹੀ ਸਮਝੀ ਗਏ, ਫਿਰ ਸੋਝੀ ਕਿਸ ਗੱਲ ਦੀ ਪਈ। ਪ੍ਰਮਾਤਮਾ ਨੂੰ ਫਿਰ ਅਸੀਂ ਕੀ ਸਮਝ ਕੇ ਜਾਣਿਆ ਹੈ। ਸਾਡੀ ਕਿਹੜੀ ਗੱਲ ਗੁਰਬਾਣੀ ਦੀ ਕਸਵੱਟੀ ਤੇ ਖਰੀ ਉਤਰੀ। ਜਦ ਤੱਕ ਇਹ ਸਮਝ ਨਹੀਂ ਲੱਗਦੀ ਕਿ ਹਕੀਕਤ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖ ਆਪ ਵੀ ਉਸੇ ਦਾ ਰੂਪ ਹੀ ਹੈ, ਤਦ ਤੱਕ ਸਭ ਕੁੱਝ ਭੁਲੇਖਾ ਹੀ ਹੈ, ਮਨ ਦੇ ਖਿਆਲੀ ਪਲਾਵ ਹੀ ਹਨ ਜੋ ਸਾਨੂੰ ਬਹੁਤ ਮੋਂਹਦੇ ਹਨ ਤੇ ਅਸੀਂ ਇਨ੍ਹਾਂ ਨੂੰ ਸੱਚ ਸਮਝ ਬੈਠਦੇ ਹਾਂ। ਖਿਆਲੀ ਪਲਾਵ ਉਹ ਆਪ ਹੀ ਪਕਵਾਉਂਦਾ ਹੈ। ਉਹ ਬਹੁਤ ਹੀ ਜਿਆਦਾ ਸਿਆਣਾ ਹੈ।

ਆਓ ਇਸ ਭੁਲੇਖੇ ਨੂੰ ਹੇਠ ਦਿੱਤੇ ਸ਼ਬਦ ਰਾਹੀਂ ਆਪਣੇ ਮਨ ਦੇ ਵਿੱਚੋਂ ਪੂਰੀ ਤਰ੍ਹਾਂ ਕੱਢਣ ਦੀ ਕੋਸ਼ਿਸ਼ ਕਰੀਏ। ਪ੍ਰਮਾਤਮਾ ਦੇ ਨਾਲ ਮੇਲ ਤਾਂ ਬਹੁਤ ਹੀ ਵੱਡੇ ਕਰਮਾਂ ਦੀ ਗੱਲ ਹੈ, ਕੇਵਲ ਉਸਦੀ ਮੇਹਰ ਦੀ ਗੱਲ ਹੈ ਪਰ ਘੱਟੋ ਘੱਟ ਇਹ ਤਾਂ ਨਿਸ਼ਚਾ ਹੋਵੇ ਕਿ ਉਸਦਾ ਮੇਲ ਹੈ ਕੀ, ਜੋ ਕਿ ਉਸਦੀ ਆਪਣੀ ਲਿਖੀ ਹੋਈ ਬਾਣੀ ਵਿੱਚ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਜਿਸ ਕਿਸ ਦੀਆਂ ਗੱਲਾਂ ਵਿੱਚ ਐਵੇਂ ਹੀ ਨਾ ਆ ਜਾਈਏ। ਉਸ ਨਾਲ ਮਿਲੇ ਹੋਏ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ।

“ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ॥
ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥੨॥
ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥
ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ॥੩॥
ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ॥
ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ॥੪॥”

(ਅੰਗ ੮੧੬)

ਕਿਤਨਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਉਸ ਪ੍ਰਮਾਤਮਾ

6/564

ਦੇ ਦਰਸ਼ਨ ਕਿਸ ਰੂਪ ਵਿੱਚ ਹੁੰਦੇ ਹਨ। ਉਸਦੇ ਦਰਸ਼ਨ ਨਿਰਗੁਣ ਸਰੂਪ ਵਿੱਚ ਭਾਵ ਨਿਰੰਕਾਰ ਰੂਪ ਵਿੱਚ ਹੁੰਦੇ ਹਨ ਕਿਉਂਕਿ ਉਸਦਾ ਨਾ ਕੋਈ ਰੂਪ ਹੈ ਨਾ ਕੋਈ ਰੇਖ ਹੈ, ਨਾ ਉਹ ਪੰਜਾਂ ਤੱਤਾਂ ਤੋਂ ਬਣਿਆ ਹੈ ਤੇ ਉਹ ਕਾਲ ਤੋਂ ਰਹਿਤ ਹੈ। ਕਾਲ ਤੋਂ ਰਹਿਤ ਕੇਵਲ ਨਿਰੰਕਾਰ ਰੂਪ ਹੋ ਸਕਦਾ ਹੈ। ਹਰ ਆਕਾਰ ਰੂਪ ਬਿਨਸ ਜਾਂਦਾ ਹੈ ਭਾਵ ਪੰਜੇ ਤੱਤ ਸਮਾਂ ਪਾ ਕੇ ਬਿਨਸ ਜਾਂਦੇ ਹਨ ਪਰ ਪੰਜਾਂ ਤੱਤਾਂ ਦੇ ਅੰਦਰ ਦਾ ਨਿਰੰਕਾਰ ਰੂਪ ਜਿਸਦਾ ਆਪਣਾ ਕੋਈ ਰੂਪ ਰੇਖ ਨਹੀਂ ਹੈ ਉਹ ਕਦੇ ਨਹੀਂ ਬਿਨਸਦਾ। ਪ੍ਰਮਾਤਮਾ ਸਭ ਦੇ ਅੰਦਰ ਆਪਣੇ ਇਸ ਨਾ ਬਿਨਸਨ ਵਾਲੇ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ, ਉਸਦਾ ਜੋਤਿ ਰੂਪ ਹੈ। ਸਾਡਾ ਮਨ ਪ੍ਰਮਾਤਮਾ ਦਾ ਜੋਤਿ ਰੂਪ ਹੀ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੈ ਤੇ ਉਹ ਕਾਲ ਤੋਂ ਰਹਿਤ ਹੈ। **(ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥੨॥)** ਆਓ ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ।

“ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥
ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ॥੩॥”

“ਓਹੁ ਸਰੂਪੁ” ਤੋਂ ਭਾਵ ਹੈ ਜਿਹੜਾ ਪ੍ਰਮਾਤਮਾ ਦਾ ਨਾ ਬਿਨਸਨ ਵਾਲਾ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਜਿਵੇਂ ਕਿ ਇਸ ਤੋਂ ਪਹਿਲੀ ਪੰਗਤੀ ਵਿੱਚ ਦੱਸਿਆ ਹੋਇਆ ਹੈ। “ਸੰਤਨ” ਤੋਂ ਭਾਵ ਹੈ ਸੰਤ ਦਾ ਭਾਵ ਪ੍ਰਮਾਤਮਾ ਦਾ, ਗੁਰੂ ਦਾ। ਪੂਰੀ ਪੰਗਤੀ ਤੋਂ ਭਾਵ ਹੈ ਪ੍ਰਮਾਤਮਾ ਦਾ ਨਿਰਗੁਣ ਸਰੂਪ ਕੋਈ ਵਿਰਲੇ “ਜੋਗੀਸੁਰ” ਭਾਵ ਕੋਈ ਵਿਰਲੇ ਹੀ ਜੋ ਉਸ ਨਾਲ ਜੋਗ ਕਰ ਲੈਂਦੇ ਹਨ, ਮੇਲ ਕਰ ਲੈਂਦੇ ਹਨ, ਉਹ ਹੀ ਉਸ ਨੂੰ ਨਿਰਗੁਣ ਸਰੂਪ ਕਹਿੰਦੇ ਹਨ, ਸਮਝਦੇ ਹਨ ਭਾਵ ਜੇ ਕੋਈ ਮਨੁੱਖ ਪ੍ਰਮਾਤਮਾ ਨੂੰ ਕਿਸੇ ਸਰਗੁਣ ਸਰੂਪ ਵਿੱਚ ਮਿਲਣ ਦੀ ਗੱਲ ਕਰਦਾ ਹੈ ਤਾਂ ਇਸ ਦਾ ਮਤਲਬ ਸਪੱਸ਼ਟ ਹੈ ਕਿ ਉਸਨੇ ਪ੍ਰਮਾਤਮਾ ਨੂੰ ਸਮਝਿਆ ਹੀ ਨਹੀਂ, ਉਹ ਪ੍ਰਮਾਤਮਾ ਨੂੰ ਮਿਲਿਆ ਹੀ ਨਹੀਂ। ਪ੍ਰਮਾਤਮਾ ਨੂੰ ਆਕਾਰ ਰੂਪ ਵਿੱਚ ਮਿਲਣ ਦੀਆਂ ਗੱਲਾਂ ਬਹੁਤ ਕਰਦੇ ਹਨ ਪਰ ਹਰ ਕੋਈ ਭੁਲੇਖੇ ਵਿੱਚ ਹੀ ਹੈ ਕਿਉਂਕਿ ਪ੍ਰਮਾਤਮਾ ਆਪ ਹੀ ਭੁਲੇਖੇ ਪਾ ਕੇ ਆਪਣੀ ਸੋਝੀ ਪੈਣ ਤੋਂ ਦੂਰ ਰੱਖਦਾ

ਹੈ। ਇਹ ਬਾਣੀ ਦਾ ਆਪਣਾ ਫੁਰਮਾਨ ਹੈ ਕਿ ਇਹੋ ਜਿਹੇ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਉਹ ਕੇਵਲ ਗੱਲਾਂ ਕਰ-ਕਰ ਕੇ ਹੀ ਇੱਥੋਂ ਚਲੇ ਜਾਂਦੇ ਹਨ, ਭੁਲੇਖਾ ਲੈ ਕੇ ਹੀ ਇਸ ਦੁਨੀਆਂ ਤੋਂ ਚਲੇ ਜਾਂਦੇ ਹਨ।

{ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥}

(ਅੰਗ - ੬)

ਪ੍ਰਮਾਤਮਾ ਦੀ ਇਹ ਬਣਾਈ ਹੋਈ ਖੇਡ ਤਾਂ ਹੀ ਚੱਲ ਸਕਦੀ ਹੈ ਜੇਕਰ ਹਰ ਕੋਈ ਭੁਲੇਖੇ ਵਿੱਚ ਰਹੇ। ਜੇਕਰ ਸਭ ਦਾ ਭੁਲੇਖਾ ਹੀ ਨਿਕਲ ਜਾਵੇ ਤਾਂ ਫਿਰ ਦੁਨੀਆਂ ਦੀ ਇਹ ਖੇਡ ਕਿਵੇਂ ਚੱਲ ਸਕਦੀ ਹੈ। ਦੁਨੀਆਂ ਦੀ ਇਸ ਖੇਡ ਦਾ ਮੂਲ ਹੀ ਪ੍ਰਮਾਤਮਾ ਨਾਲੋਂ ਮਨੁੱਖ ਦੇ ਅੰਦਰ ਦੀ ਸਮਝ ਦਾ ਪੜਦਾ ਹੈ, ਮਨੁੱਖ ਦੀ ਆਪਣੀ ਵੱਖਰੀ ਹੋਂਦ ਸਮਝਣ ਦਾ ਪੜਦਾ ਹੈ। ਜੇਕਰ ਇਹ ਪੜਦਾ ਉੱਠ ਜਾਵੇ ਤਾਂ ਪੜਦੇ ਦੇ ਪਿੱਛੇ ਚੱਲ ਰਹੀ ਖੇਡ ਦੀ ਸੋਝੀ

6/565

ਪੈ ਜਾਂਦੀ ਹੈ। ਜਿਵੇਂ ਇੱਕ ਜਾਦੂਗਰ ਦੀ ਖੇਡ ਤਦ ਤੱਕ ਹੀ ਚੱਲਦੀ ਹੈ ਜਦ ਤੱਕ ਉਹ ਜਾਦੂ ਸਮਝ ਨਾ ਪਵੇ। ਜਾਦੂਗਰ ਦਾ ਜਾਦੂ ਸਮਝ ਆ ਜਾਵੇ ਤਾਂ ਫਿਰ ਉਸਦੇ ਜਾਦੂ ਦੀ ਕੀਮਤ ਹੀ ਕੀ ਰਹਿ ਗਈ। ਜਾਦੂਗਰ ਕਦੇ ਨਹੀਂ ਚਾਹੇਗਾ ਕਿ ਉਸਦਾ ਜਾਦੂ ਕਿਸੇ ਨੂੰ ਸਮਝ ਆਵੇ। ਇਸੇ ਲਈ ਪ੍ਰਮਾਤਮਾ ਆਪਣੇ ਇਸ ਜਾਦੂ ਦੀ, ਖੇਡ ਦੀ ਸੋਝੀ ਕਰੋੜਾਂ ਅਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਤੇ ਭੁਲੇਖੇ ਪਾ ਕੇ ਆਪਣੀ ਖੇਡ ਨੂੰ ਆਪ ਹੀ ਦਿਲਚਸਪ ਬਣਾਉਂਦਾ ਹੈ। ਉਸ ਨੂੰ ਸਮਝਣਾ ਨਾਮੁਮਕਿਨ ਹੈ। ਉਹ ਬਹੁਤ ਹੀ ਜਿਆਦਾ ਸਿਆਣਾ ਹੈ ਤੇ ਉਸ ਦੀ ਸੋਝੀ ਪੈਣ ਤੋਂ ਬਾਅਦ ਮਨੁੱਖ ਦੀਆਂ ਸਿਆਣਪਾਂ ਵੇਖ ਕੇ ਕੇਵਲ ਤੌਬਾ-ਤੌਬਾ ਹੀ ਨਿਕਲਦੀ ਹੈ। ਮਨੁੱਖ ਦੇ ਕੋਲੋਂ ਉਹ ਜਿਹੋ ਜਿਹੀਆਂ ਸਿਆਣਪਾਂ, ਚਤੁਰਾਈਆਂ ਕਰਵਾਉਂਦਾ ਹੈ ਉਹ ਉਸਦੇ ਸਾਹਮਣੇ ਇਤਨੀਆਂ ਤੁਛ ਹਨ ਜਿਸਦਾ ਅੰਦਾਜ਼ਾ ਉਸਨੂੰ ਜਾਣਨ ਤੋਂ ਬਾਅਦ ਹੀ ਲੱਗਦਾ ਹੈ। ਸਭ ਤੋਂ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਮਨੁੱਖ ਆਪਣੇ ਆਪ ਨੂੰ ਚਤੁਰ ਸਿਆਣਾ ਸਮਝਦਾ ਹੈ ਤੇ ਇਹ ਸਮਝਦਾ ਹੈ ਕਿ ਇਨ੍ਹਾਂ ਸਿਆਣਪਾਂ ਨਾਲ ਹੀ ਰੱਬ ਮਿਲਦਾ ਹੈ ਤੇ ਬਿਨ੍ਹਾਂ ਰੱਬ ਦੇ ਨਾਲ ਮਿਲੇ ਹੀ ਇਹ ਸਾਡੀਆਂ ਸਿਆਣਪਾਂ ਸਾਨੂੰ ਇਹ ਮਹਿਸੂਸ ਕਰਾਉਂਦੀਆਂ ਹਨ ਕਿ ਅਸੀਂ ਰੱਬ ਨੂੰ ਪਾ ਲਿਆ ਹੈ। ਸਭ ਕੁੱਝ ਉਹ ਆਪ ਹੀ ਕਰਵਾਉਂਦਾ ਹੈ ਪਰ ਸਾਹਮਣੇ ਨਹੀਂ ਆਉਂਦਾ। ਅਸੀਂ ਉਸ ਛੁਪੇ ਹੋਏ ਨੂੰ ਭੁਲੇਖੇ ਵਿੱਚ ਹੀ ਇਹ ਸਮਝਦੇ ਹਾਂ ਕਿ ਅਸੀਂ ਉਸਨੂੰ ਪਾਇਆ ਹੋਇਆ ਹੈ ਕਿਉਂਕਿ ਉਹ ਸਾਨੂੰ ਅੰਦਰੋਂ ਮਹਿਸੂਸ ਹੀ ਇਹੋ ਕੁੱਝ ਕਰਵਾਉਂਦਾ ਹੈ। ਕਦੇ ਸਾਨੂੰ ਕਿੱਥੇ ਬੈਠਾ ਹੋਇਆ ਮਹਿਸੂਸ ਕਰਵਾਉਂਦਾ ਹੈ ਤੇ ਕਦੇ ਆਪਣੇ ਨਾਲ ਗੱਲਾਂ ਕਰਦੇ ਹੋਏ ਮਹਿਸੂਸ ਕਰਵਾਉਂਦਾ ਹੈ। ਕਦੇ ਸਾਨੂੰ ਆਪਣੇ ਅੰਦਰ ਕਿਸੇ ਵੱਡੇ ਪ੍ਰਕਾਸ਼, ਰੌਸ਼ਨੀ ਦੀ ਝਲਕ ਮਹਿਸੂਸ ਕਰਵਾਉਂਦਾ ਹੈ ਤੇ ਕਦੇ ਕਿਸੇ ਖੰਡਾਂ ਬ੍ਰਹਿਮੰਡਾਂ ਦੀ ਝਲਕ

6/566

ਮਹਿਸੂਸ ਕਰਵਾਉਂਦਾ ਹੈ। ਕਦੇ ਸਾਨੂੰ ਪਿਛਲੇ ਜਨਮ ਦੀਆਂ ਗੱਲਾਂ ਤੇ ਯਕੀਨ ਦਿਵਾਉਂਦਾ ਹੈ ਤੇ ਕਦੇ ਆਉਣ ਵਾਲੇ ਸਮੇਂ ਬਾਰੇ ਯਕੀਨ ਦਿਵਾਉਂਦਾ ਹੈ। ਇਹ ਸਭ ਕੁੱਝ ਮਨ ਦੇ ਖਿਆਲਾਂ ਰਾਹੀਂ ਹੁੰਦਾ ਹੈ ਕਿਉਂਕਿ ਉਹ ਆਪ ਹੀ ਸਾਡੇ ਮਨ ਦੇ ਵਿੱਚ ਵਰਤ ਰਿਹਾ ਹੈ। ਇਹ ਸਾਡੇ ਮਨ ਦੇ ਖਿਆਲ ਹੀ ਸਾਨੂੰ ਉਲਝਾਉਂਦੇ ਹਨ। ਜਿਤਨਾ ਉਹ ਚਾਹੇ ਉਤਨਾ ਹੀ ਉਲਝਾ ਸਕਦਾ ਹੈ ਤੇ ਇਸ ਮਨ ਦੇ ਵਿੱਚੋਂ ਹੀ ਉਹ ਆਪਣੀ ਸੋਝੀ ਪਾਉਂਦਾ ਹੈ ਤੇ ਮਨੁੱਖ ਨੂੰ ਉਸਦੀ ਔਕਾਤ ਦਿਖਾਉਂਦਾ ਹੈ ਕਿ ਇਹ ਮਨ ਕਿਸਦਾ ਹੈ, ਇਹ ਸਾਰੇ ਵਿਚਾਰ ਕਿੱਥੋਂ ਆਉਂਦੇ ਹਨ। ਮਰਜ਼ੀ ਕੇਵਲ ਉਸਦੀ ਆਪਣੀ ਹੈ। ਮਨੁੱਖ ਦੀ ਸਿਆਣਪ, ਚਤੁਰਾਈ ਕੇਵਲ ਮਨੁੱਖ ਦਾ ਭੁਲੇਖਾ ਹੈ। ਦਾਸ ਨਾਲ ਇਹ ਸਭ ਕੁੱਝ ਪ੍ਰਤੱਖ ਰੂਪ ਵਿੱਚ ਵਰਤ ਚੁੱਕਾ ਹੈ ਕਿ ਉਹ ਭੁਲੇਖੇ ਕਿਵੇਂ ਪਾਉਂਦਾ ਹੈ। ਉਸਨੂੰ ਪਾਉਣ ਲਈ, ਕਿਸੇ ਸਿਆਣਪ ਜਾਂ ਕਿਸੇ ਸਰੀਰਕ ਕਿਰਿਆਵਾਂ ਦੁਆਰਾ ਯਤਨ ਕਰਨੇ, ਸੁਰਤੀਆਂ ਆਦਿ ਜੋੜ ਕੇ ਉਸਨੂੰ ਲੱਭਣਾ ਇੱਕ ਆਪਣੇ ਆਪ ਨਾਲ ਮਜ਼ਾਕ ਕਰਨ ਵਾਲੀ ਗੱਲ ਹੈ, ਗੁਰੂ ਦੀ ਗੱਲ ਤੇ ਭਰੋਸਾ ਨਾ ਰੱਖਣ ਵਾਲੀ ਗੱਲ ਹੈ। ਨਾ ਉਲਝੋ, ਨਾ ਉਲਝੋ, ਨਾ ਉਲਝੋ। ਛੱਡ ਦਿਓ ਸਭ ਕੁੱਝ ਉਸ ਤੇ।ਕੇਵਲ ਉਸ ਤੇ ਭਰੋਸਾ ਕਰਕੇ ਸੱਚੇ ਸੁੱਚੇ ਜੀਵਨ ਦੁਆਰਾ ਵਿਚਰੋ, ਉਸ ਦੇ ਹੁਕਮ ਰਜ਼ਾ ਵਿੱਚ ਵਿਚਰੋ ਜਿਵੇਂ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਉਸਤੇ ਭਰੋਸਾ ਕਰਕੇ ਤਾਂ ਵੇਖੋ, ਉਹ ਆਪਣੇ ਭਰੋਸੇ ਦਾ ਮਾਨ ਜਰੂਰ ਰੱਖੇਗਾ ਕਿਉਂਕਿ ਇਹ ਉਸਦਾ ਬਿਰਦ ਹੈ, ਉਸਦਾ ਆਪਣਾ ਤੈਅ ਕੀਤਾ ਹੋਇਆ ਅਸੂਲ ਹੈ, ਉਸਦਾ ਆਪਣਾ ਬਣਾਇਆ ਹੋਇਆ ਧਰਮ ਦਾ ਮਾਰਗ ਹੈ, ਸਤਿ ਦੀ, ਸੁਖ ਦੀ ਪ੍ਰਾਪਤੀ ਦਾ ਮਾਰਗ ਹੈ। ਤ੍ਰਿਸ਼ਨਾਵਾਂ ਵਿੱਚ

ਅਸੀਂ ਆਪਣੇ ਆਪ ਨੂੰ ਬਹੁਤ ਪਾ ਕੇ ਦੇਖ ਲਿਆ ਹੈ ਤੇ ਉਸਦਾ ਨਤੀਜਾ ਵੀ ਅੱਠੇ ਪਹਿਰ ਭੁਗਤਦੇ ਹਾਂ। ਤ੍ਰਿਸ਼ਨਾਵਾਂ ਨੂੰ ਤਿਆਗ ਕੇ ਵੀ ਅਜਮਾਉ ਤੇ ਫਿਰ ਦੇਖਣਾ ਕਿ ਨਤੀਜਾ ਕੀ ਨਿਕਲਦਾ ਹੈ।

ਉੱਪਰ ਕੁੱਝ ਸ਼ਬਦਾਂ ਦੁਆਰਾ ਗੁਰੂ ਸਾਹਿਬ ਨੇ ਸਾਨੂੰ ਇਹ ਸੋਝੀ ਪਾਈ ਹੈ ਕਿ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ ਤੇ ਉਸਦੇ ਨਾਲ ਮੇਲ ਵੀ ਮਨ ਦੇ ਵਿੱਚ ਹੀ ਹੁੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ, ਮਨ ਦੀਆਂ ਸੋਚਾਂ ਦੇ ਵਿੱਚ ਹੀ ਹੁੰਦਾ ਹੈ ਕਿਉਂਕਿ ਉਸਦਾ ਹੁਕਮ

6/567

ਸਾਡੇ ਅੰਦਰ ਮਨ ਦੀਆਂ ਵਿਚਾਰਾਂ ਰਾਹੀਂ ਹੀ ਚੱਲਦਾ ਹੈ। ਅਸੀਂ ਜੋ ਕੁੱਝ ਕਰਦੇ ਹਾਂ, ਮਨ ਦੀਆਂ ਵਿਚਾਰਾਂ ਰਾਹੀਂ ਹੀ ਕਰਦੇ ਹਾਂ। ਇਨ੍ਹਾਂ ਵਿਚਾਰਾਂ ਨੂੰ ਬੁੱਝਣਾ ਹੀ ਭਾਵ ਇਨ੍ਹਾਂ ਵਿਚਾਰਾਂ ਨੂੰ ਜਾਨਣਾ ਹੀ ਕਿ ਇਹ ਵਿਚਾਰਾਂ ਕੀ ਹਨ, ਇਹ ਹੀ ਉਸਦੇ ਚੱਲ ਰਹੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣਾ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਆਪਣਾ ਹੁਕਮ ਕਿਵੇਂ ਚਲਾ ਰਿਹਾ ਹੈ ਇਸ ਗੱਲ ਦੀ ਸੋਝੀ ਆਪਣੇ ਅੰਦਰੋਂ ਵਿਚਾਰਾਂ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ ਜਿਸ ਨਾਲ ਪਤਾ ਚੱਲਦਾ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੀ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਪੱਸ਼ਟ ਕੀਤੀ ਹੋਈ ਹੈ ਅਤੇ ਸਮਝਾਇਆ ਹੋਇਆ ਹੈ ਕਿ ਜਦੋਂ ਕਿਸੇ ਮਨੁੱਖ ਨੂੰ ਇਸ ਮਨ ਦਾ ਭੇਦ ਸਮਝ ਆ ਜਾਵੇਗਾ, ਉਸਨੂੰ ਇਹ ਪਤਾ ਲੱਗ ਜਾਵੇਗਾ ਕਿ ਇਹ ਆਪ ਪ੍ਰਮਾਤਮਾ ਹੀ ਹੈ।

“ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ॥੧॥ਰਹਾਉ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ॥ ਮਮਤਾ ਲਾਇ ਭਰਮਿ ਭੁੋਲਾਇਆ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ॥੪॥
ਮਨ ਕਾ ਸੁਭਾਉ ਸਦਾ ਬੈਰਾਗੀ॥ ਸਭ ਮਹਿ ਵਸੈ ਅਤੀਤੁ ਅਨਰਾਗੀ॥੫॥
ਕਹਤ ਨਾਨਕੁ ਜੋ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥੬॥੫॥”

(ਅੰਗ 1128-1129)

ਮਨੁੱਖ ਜੋ ਕੁੱਝ ਵੀ ਹੈ ਇਸ ਮਨ ਦੇ ਨਾਲ ਹੀ ਹੈ ਭਾਵ ਇਸ ਮਨ ਦੀ ਸਮਝ ਦੇ ਨਾਲ ਹੀ ਹੈ। ਹਰ ਕੋਈ ਦੁਬਿਧਾ ਵਾਲੀ ਸਮਝ ਦੇ ਵਿੱਚ ਹੈ ਜੋ ਕਿ ਇਸ ਮਨ ਦੀ ਉਪਜ ਹੈ। ਇਸ ਮਨ ਦੀ ਉਪਜ ਸਾਡੇ ਵੱਸ ਵਿੱਚ ਨਹੀਂ ਹੈ। ਬੱਸ ਇਹੀ ਕੁੱਝ ਅਸੀਂ ਬੁੱਝਣਾ ਹੈ ਕਿ ਇਹ ਮਨ ਕਿਸ ਦੇ ਵੱਸ ਹੈ। ਪ੍ਰਮਾਤਮਾ ਨੇ ਸਭ ਦੇ ਵਿੱਚ ਆਪ ਹੀ ਮੋਹ ਮਾਇਆ ਦਾ ਜਾਲ ਵਿਛਾਇਆ ਹੋਇਆ ਹੈ ਤੇ ਇਹ ਮਾਇਆ ਦਾ ਜਾਲ ਸਾਡੇ ਮਨ ਦੇ ਵਿਚਾਰ ਹਨ ਜੋ ਸਾਨੂੰ ਭਰਮਾਂ ਵਿੱਚ ਰੱਖਦੇ ਹਨ ਭਾਵ ਮਨ ਦੀ ਦੁਬਿਧਾ ਵਿੱਚ ਰੱਖਦੇ ਹਨ। ਪ੍ਰਮਾਤਮਾ ਨੇ ਆਪ ਹੀ ਸਾਨੂੰ ਇਸ ਭਰਮ ਵਿੱਚ ਪਾ ਕੇ ਭੁਲਾਇਆ ਹੋਇਆ ਹੈ ਤਾਂ ਜੋ ਉਸ ਨੂੰ ਜਾਣਿਆ ਨਾ ਜਾ ਸਕੇ। ਇਨ੍ਹਾਂ ਵਿਚਾਰਾਂ ਕਰਕੇ ਹੀ ਮਨੁੱਖ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ, ਹਉਮੈ ਵਿੱਚ ਰਹਿੰਦਾ ਹੈ ਤੇ ਪ੍ਰਮਾਤਮਾ ਨੂੰ ਜਾਣਨ ਤੋਂ ਦੂਰ ਰਹਿੰਦਾ ਹੈ। ਮਨ ਦੇ ਵਿਚਾਰਾਂ ਦੀ ਸਮਝ ਆਏ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਸਾਡੇ ਅੰਦਰ ਚੱਲ ਰਹੇ ਉਸਦੇ ਹੁਕਮ ਨੂੰ ਨਹੀਂ ਬੁੱਝ ਸਕਦੇ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ।

6/568 ਅਤੇ 568-ਅ

ਅਸੀਂ ਇਨ੍ਹਾਂ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ, ਆਪਣੀ ਮਤਿ ਸਮਝਦੇ ਹਾਂ ਤੇ ਇਹ ਹੀ ਸਮਝਦੇ ਹਾਂ ਕਿ ਅਸੀਂ ਆਪਣੀ ਮਤਿ ਦੁਆਰਾ ਵਿਚਰ ਰਹੇ ਹਾਂ, ਆਪਣੇ ਵਿਚਾਰਾਂ ਦੇ ਹੁਕਮ ਅਨੁਸਾਰ ਵਿਚਰ ਰਹੇ ਹਾਂ। ਬਸ ਇਹੀ ਸਾਰਾ ਭੇਦ ਹੈ ਜੋ ਪ੍ਰਮਾਤਮਾ ਅਤੇ ਮਨੁੱਖ ਦੇ ਵਿਚਕਾਰ ਸਦਾ ਤੋਂ ਬਣਿਆ ਹੋਇਆ ਹੈ ਜੋ ਭੇਦ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੋਇਆ ਹੈ। ਇਸ ਭੇਦ ਦੀ ਸੋਝੀ ਪਏ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਬੁੱਝਿਆ ਜਾ ਸਕਦਾ। **(ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ॥)** ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਦੇ ਹੁਕਮ ਨੂੰ ਅਸੀਂ ਆਪਣੇ ਅੰਦਰੋਂ ਕਿਵੇਂ ਬੁੱਝਣਾ ਹੈ ਭਾਵ ਮਨ ਦੇ ਵਿਚਾਰਾਂ ਦੁਆਰਾ ਬੁੱਝਣਾ ਹੈ।

{ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥}

ਇਹ ਗੱਲ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਸਪੱਸ਼ਟ ਕੀਤੀ ਹੋਈ ਹੈ ਕਿ ਇਹ ਮਨ ਦੇ ਵਿਚਾਰ ਕੀ ਹਨ ਤੇ ਉਸ ਪ੍ਰਮਾਤਮਾ ਦੇ ਆਪਣੇ ਅੰਦਰ ਚੱਲ ਰਹੇ ਹੁਕਮ ਨੂੰ ਬੁੱਝਣਾ ਕੀ ਹੈ। ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝਣਾ ਹੀ ਤਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਣਾ ਹੈ। ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਹੀ ਮਨੁੱਖ ਇਹ ਕਬੂਲ ਕਰਦਾ ਹੈ ਕਿ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਬਲਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਨੂੰ ਜਾਣਨ ਲਈ, ਭਗਤੀ ਦੇ ਸੱਚੇ ਮਾਰਗ ਨੂੰ ਜਾਣਨ ਲਈ, ਨਾਮ ਨੂੰ ਜਾਣਨ ਲਈ ਤੇ ਨਾਮ ਜਪਣ ਲਈ ਸਭ ਕੁੱਝ ਸਾਡੀ ਸੋਚ ਹੀ ਹੈ, ਸਾਡੇ ਮਨ ਦੇ ਵਿਚਾਰਾਂ ਦੀ ਉਪਜ ਹੀ ਹੈ ਤੇ ਇਸ ਦੇ ਵਿੱਚ ਹੀ ਆਪ ਪ੍ਰਮਾਤਮਾ ਹੈ। ਮਨੁੱਖ ਦੇ ਲਈ ਪ੍ਰਮਾਤਮਾ ਨੂੰ ਜਾਣਨ ਲਈ, ਆਪਣੇ ਆਪ ਨੂੰ ਜਾਣਨ ਲਈ, ਇਸ ਸ੍ਰਿਸ਼ਟੀ ਦੀ ਸੱਚਾਈ ਨੂੰ ਜਾਣਨ ਲਈ ਪ੍ਰਮਾਤਮਾ ਦਾ ਆਪਣਾ ਰੂਪ ਸਭ ਕੁੱਝ ਇਹ ਮਨ ਹੀ ਹੈ ਜਿਸ ਮਨ ਦੀ ਸਮਝ ਰਾਹੀਂ ਹੀ ਸਾਰੀ ਗੁਰਬਾਣੀ ਦੀ ਰਚਨਾ ਹੋਈ ਹੈ ਤੇ ਗੁਰਬਾਣੀ ਦੀ ਸੱਚੀ ਸਮਝ ਨਾਲ ਜੁੜ ਕੇ ਹੀ ਆਪਣੇ ਮਨ ਦੀ ਸਮਝ ਤੱਕ ਪਹੁੰਚਿਆ ਜਾ ਸਕਦਾ ਹੈ। **(ਇਸੁ ਮਨੁ ਤੇ ਸਭ ਪਿੰਡ ਪਰਾਣਾ॥)** ਜੋ ਕੁੱਝ ਮਿਲਣਾ ਹੈ, ਇਸ ਮਨ ਦੇ ਵਿੱਚੋਂ ਹੀ ਮਿਲਣਾ ਹੈ। ਇਸੇ ਲਈ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਇਸ ਮਨ ਨੂੰ ਖੋਜੋ ਜਿੱਥੇ ਪ੍ਰਮਾਤਮਾ ਨੇ ਆਪਣੀ ਨਾਮ ਨਉ ਨਿਧਿ ਪਾਈ ਹੋਈ ਹੈ। ਨਾਮ ਦੀ ਪ੍ਰਾਪਤੀ ਮਨ ਦੇ ਅੰਦਰੋਂ ਹੀ ਹੋਣੀ ਹੈ ਭਾਵ ਗੁਰਬਾਣੀ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਹੋਣੀ ਹੈ। **(ਇਸੁ ਮਨ ਕਉ ਕੋਈ ਖੋਜਹੁ ਭਾਈ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ॥੧॥ਰਹਾਉ॥)** ਇਸ ਮਨ ਨੂੰ ਅਸੀਂ ਖੋਜ ਨਹੀਂ ਸਕਦੇ ਕਿਉਂਕਿ ਇਹ ਸਾਡੇ ਵੱਸ ਵਿੱਚ ਨਹੀਂ ਹੈ। ਜੋ ਸਾਡੇ ਮਨ ਵਿੱਚ ਹੈ, ਜਿਸਦਾ ਇਹ ਮਨ ਹੈ, ਉਸੇ ਦੀ ਗੁਰਬਾਣੀ ਹੈ **(ਪੋਥੀ ਪਰਮੇਸਰ ਕਾ ਥਾਨੁ॥) ਅੰਗ - ੧੨੨੬**। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਮਨ ਹੈ, ਗੁਰੂ ਦਾ ਮਨ ਹੈ ਭਾਵ ਪੂਰੀ ਗੁਰਬਾਣੀ ਵਿੱਚ ਗੁਰੂ ਰੂਪ ਪ੍ਰਮਾਤਮਾ ਦੇ ਆਪਣੇ ਵਿਚਾਰ ਹਨ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹਨ। ਜੋ ਕੁੱਝ ਉਹ ਆਪ ਹੈ ਭਾਵ ਜੋ ਕੁੱਝ ਪ੍ਰਮਾਤਮਾ ਦੀ ਆਪਣੀ ਸੱਚਾਈ ਹੈ ਉਹੀ ਸਭ ਕੁੱਝ ਉਸਨੇ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ। ਜੋ ਕੁੱਝ ਉਸਨੂੰ ਭਾਉਂਦਾ ਹੈ, ਉਹ ਵੀ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ ਤੇ ਜੋ ਕੁੱਝ ਉਸਨੂੰ ਨਹੀਂ ਭਾਉਂਦਾ ਉਹ ਵੀ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ। ਬਸ ਅਸੀਂ ਆਪਣੇ ਅੰਦਰ ਦੇ ਮਨ ਨੂੰ ਗੁਰਬਾਣੀ ਦੇ ਮਨ ਦੇ ਨਾਲ ਮੇਲਣਾ ਹੈ, ਗੁਰੂ ਪ੍ਰਮਾਤਮਾ ਦੇ ਮਨ ਦੇ ਨਾਲ ਮੇਲਣਾ ਹੈ। ਆਪਣੇ ਮਨ ਨੂੰ, ਆਪਣੀ ਸੁਰਤਿ ਦੇ ਵਿਚਾਰਾਂ ਨੂੰ, ਗੁਰੂ ਦੇ ਮਨ ਦੇ ਨਾਲ ਭਾਵ ਗੁਰੂ ਦੇ ਸ਼ਬਦਾਂ ਦੇ ਵਿਚਾਰਾਂ ਨਾਲ ਮੇਲਣਾ ਹੈ, ਇੱਕ ਕਰਨਾ ਹੈ। ਆਪਣੇ ਅੰਦਰ ਚੱਲ ਰਹੇ ਮਨ ਦੇ ਹੁਕਮ ਨੂੰ ਗੁਰੂ ਦੇ ਹੁਕਮ ਨਾਲ ਇੱਕ ਕਰਨਾ ਹੈ,

ਗੁਰਬਾਣੀ ਦੀ ਸੱਚੀ ਸਮਝ ਦੇ ਨਾਲ ਇੱਕ ਕਰਨਾ ਹੈ। ਗੁਰਬਾਣੀ ਦੇ ਹੁਕਮ ਨੂੰ ਬੁੱਝ ਕੇ ਆਪਣੇ ਮਨ ਦੇ ਹੁਕਮ ਵਿੱਚ ਬਦਲਣਾ ਹੈ ਭਾਵ ਗੁਰਬਾਣੀ ਦੇ ਅੰਦਰ ਦੀ ਸਮਝ ਨੂੰ ਖੋਜ ਕੇ ਸਮਝ ਕੇ ਉਸਨੂੰ ਮੰਨਣਾ ਹੀ ਇਸ ਮਨ ਨੂੰ ਖੋਜਣਾ ਹੈ ਜੋ ਕਿ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜਣਾ ਹੀ ਹੈ। ਇਹੀ ਸਾਡਾ ਉੱਦਮ ਹੈ, ਇਹ ਹੀ ਸਾਡੇ ਮਨ ਦੀ ਸੱਚੀ ਖੋਜ ਹੈ। ਇਹ ਹੀ ਬਾਣੀ ਨੂੰ ਪੜ੍ਹ ਸੁਣ ਕੇ ਉਸਨੂੰ ਸਮਝ ਕੇ, ਉਸਨੂੰ ਮਨ ਵਿੱਚ ਵਸਾਉਣਾ ਹੈ, ਉਸ ਤੇ ਅਮਲ ਕਰਨਾ ਹੈ।ਜੋ ਕੁੱਝ ਗੁਰੂ ਨੂੰ ਭਾਉਂਦਾ ਹੈ, ਉਹੀ ਜੇਕਰ ਸਾਡੇ ਮਨ ਨੂੰ ਭਾਵੇਗਾ, ਤਾਂ ਹੀ ਸਾਡਾ ਮਨ ਗੁਰੂ ਦੇ ਮਨ ਨਾਲ ਰਲੇਗਾ। ਗੁਰੂ ਨੂੰ ਸਾਡੇ ਔਗੁਣ ਨਹੀਂ ਭਾਉਂਦੇ ਤੇ ਇਨ੍ਹਾਂ ਔਗੁਣਾਂ ਦੇ ਰਹਿੰਦਿਆਂ ਅਸੀਂ ਗੁਰੂ ਨੂੰ ਕਿਵੇਂ ਭਾ ਸਕਦੇ ਹਾਂ, ਕਿਵੇਂ ਉਸਦੇ ਭਾਣੇ ਵਿੱਚ ਆ ਸਕਦੇ ਹਾਂ, ਕਿਵੇਂ ਉਸਦੇ ਹੁਕਮ ਵਿੱਚ ਸਮਾਅ ਸਕਦੇ ਹਾਂ, ਮਨ ਦੇ ਨਾਲ ਮਨ ਦਾ ਮੇਲ ਕਿਵੇਂ ਹੋ ਸਕਦਾ ਹੈ, ਸਾਡੀ ਸੋਚ ਗੁਰੂ ਦੀ ਸੋਚ ਨਾਲ ਕਿਵੇਂ ਰਲ ਸਕਦੀ ਹੈ। ਕੇਵਲ ਇੱਕੋ ਇੱਕ ਗੱਲ ਇਹ ਹੈ ਕਿ ਅਸੀਂ ਆਪਣੀ ਸੋਚ ਨੂੰ ਬਦਲੀਏ, ਆਪਣੇ ਮਨ ਨੂੰ ਮਾਰੀਏ, ਆਪਣੇ ਵਿਚਾਰਾਂ ਨੂੰ ਸੋਧ ਕੇ ਗੁਰੂ ਦੇ ਵਿਚਾਰਾਂ ਨਾਲ ਰਲਾਈਏ। ਵਿਚਾਰ ਇੱਕ ਹੋਏ ਬਿਨ੍ਹਾਂ ਗੁਰੂ ਨਾਲ ਇੱਕ ਨਹੀਂ ਹੋਇਆ ਜਾ ਸਕਦਾ, ਇੱਕ ਮਿਕ ਨਹੀਂ ਹੋਇਆ ਜਾ ਸਕਦਾ, ਇੱਕ ਮਨ ਇੱਕ ਚਿੱਤ ਨਹੀਂ ਹੋਇਆ ਜਾ ਸਕਦਾ। ਜਿਸ ਮਨ ਨੂੰ ਅਸੀਂ ਆਪਣਾ ਸਮਝਦੇ ਹਾਂ ਉਹ ਤ੍ਰੈਗੁਣਾਂ ਵਿੱਚ ਹੈ, ਵਿਕਾਰਾਂ ਵਿੱਚ ਹੈ ਅਤੇ ਇਹੋ ਜਿਹੇ ਮਨ ਵਿੱਚ, ਮਤਿ ਵਿੱਚ ਪ੍ਰਮਾਤਮਾ ਕਿਵੇਂ ਪ੍ਰਗਟ ਹੋ ਸਕਦਾ ਹੈ। ਪ੍ਰਮਾਤਮਾ ਕੇਵਲ ਸੱਚੇ ਮਨ ਵਿੱਚ ਹੀ ਪ੍ਰਗਟ ਹੁੰਦਾ ਹੈ। ਜਦ ਤੱਕ ਸਾਡੀ ਮਨਮਤਿ ਗੁਰਮਤਿ ਵਿੱਚ ਨਹੀਂ ਬਦਲਦੀ, ਵਿਕਾਰਾਂ ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਵਾਲੀ ਨਹੀਂ ਬਣਦੀ, ਉੱਥੇ ਗੁਰੂ, ਪ੍ਰਮਾਤਮਾ ਦੇ ਦਰਸ਼ਨ ਕਿਵੇਂ ਹੋ ਸਕਦੇ ਹਨ। ਉਸਨੇ ਸਾਨੂੰ ਆਪ ਮਨਮਤਿ ਵਿੱਚ, ਭਰਮ ਮੋਹ ਵਿੱਚ ਰੱਖਿਆ ਹੋਇਆ ਹੈ, ਆਪ ਸਾਨੂੰ ਆਪਣੇ ਆਪ ਤੋਂ ਦੂਰ ਕੀਤਾ ਹੋਇਆ ਹੈ, ਆਪਣੇ ਦਰਸ਼ਨਾਂ ਤੋਂ ਦੂਰ ਰੱਖਿਆ ਹੋਇਆ ਹੈ ਤੇ ਇਸੇ ਲਈ ਜਦੋਂ ਉਹ ਕ੍ਰਿਪਾ ਕਰੇਗਾ ਸਾਨੂੰ ਆਪ ਹੀ ਸੁੱਤਿਆਂ ਹੋਇਆਂ ਨੂੰ ਜਗਾਏਗਾ,

ਸਾਨੂੰ ਔਗੁਣਾਂ ਵਿੱਚੋਂ ਕੱਢੇਗਾ, ਭਰਮ ਮੋਹ ਵਿੱਚੋਂ ਕੱਢੇਗਾ, ਮਨ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਵਿੱਚੋਂ ਕੱਢੇਗਾ ਤੇ ਸਾਡੇ ਅੰਦਰ ਦੀ ਦੁਬਿਧਾ ਮਰੇਗੀ ਤੇ ਮਨ ਦੇ ਵਿੱਚ ਉਸਦੇ ਦਰਸ਼ਨ ਹੋਣਗੇ। **(ਕਰਮੁ ਹੋਵੈ ਗੁਰੁ ਕਿਰਪਾ ਕਰੈ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ॥੪॥)**

6/570

ਸਾਡੇ ਮਨ ਦਾ ਸੋਣਾ ਜਾਗਣਾ ਕੀ ਹੈ ਇਨ੍ਹਾਂ ਗੱਲਾਂ ਨੂੰ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਰਾਹੀਂ ਬਰੀਕੀ ਨਾਲ ਵਿਚਾਰ ਚੁੱਕੇ ਹਾਂ। **{"ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ॥"}** ਅੰਗ - ੪੧੮

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥} (ਅੰਗ ੧੩੦੮)

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥} (ਅੰਗ ੩੭੫)

ਜਦ ਤੱਕ ਸਾਨੂੰ ਉਹ ਭਗਤੀ ਦੀ ਸਹੀ ਸੋਝੀ ਨਹੀਂ ਪਾਉਣਾ ਚਾਹੁੰਦਾ, ਸਾਨੂੰ ਭਰਮ ਵਿੱਚ ਹੀ ਰੱਖਣਾ ਚਾਹੁੰਦਾ ਹੈ ਤਦ ਤੱਕ ਅਸੀਂ ਭਰਮ ਵਿੱਚ ਰਹਿ ਕੇ ਹੀ ਖੁਸ਼ੀ ਮਹਿਸੂਸ ਕਰਦੇ ਹਾਂ। ਜੋ ਕੁੱਝ ਅਸੀਂ ਕਰ ਰਹੇ ਹਾਂ ਉਹ ਸਭ ਕੁੱਝ ਮੋਹ ਵਿੱਚ ਹੀ ਕਰ ਰਹੇ ਹਾਂ। ਇਹ ਭਰਮ ਮੋਹ ਉਸਦਾ ਆਪਣਾ ਪਾਇਆ ਹੋਇਆ ਹੈ ਜੋ ਕਿ ਉਸਦਾ ਉਲਝਾਉਣ ਦਾ ਤਰੀਕਾ ਹੈ, ਆਪਣੀ ਸੋਝੀ ਨਾ ਪੈਣ ਦੇਣ ਦਾ ਤਰੀਕਾ ਹੈ। ਮਨੁੱਖ ਆਪਣੀਆਂ ਚਤੁਰਾਈਆਂ, ਸਿਆਣਪਾਂ, ਉਲਝਣਾਂ ਵਿੱਚ ਹੀ ਖੁਸ਼ ਰਹਿੰਦਾ ਹੈ। ਬੜਾ ਔਖਾ ਹੈ ਉਸਨੂੰ ਸਮਝਣਾ।

ਸ਼ਬਦ ਦੀਆਂ ਆਖਰੀ ਪੰਗਤੀਆਂ ਵਿੱਚ ਇਹ ਬੜਾ ਸਪੱਸ਼ਟ ਕੀਤਾ ਹੋਇਆ ਹੈ ਕਿ ਇਹ ਮਨ ਹੀ ਆਪ ਪ੍ਰਮਾਤਮਾ ਹੈ ਜੋ ਕਿ ਸਾਡੇ ਅੰਦਰ ਦਾ ਗਿਆਨ ਹੈ, ਸਾਡਾ ਸੁਭਾਅ ਹੈ ਭਾਵ ਸਾਡੇ ਮਨ ਦੇ ਵਿਚਾਰ ਹਨ

6/571

ਪਰ ਇਸ ਗੱਲ ਨੂੰ ਸਮਝਣਾ ਸਾਡੀ ਪਹੁੰਚ ਤੋਂ ਬਾਹਰ ਹੈ, ਸਾਡੀ ਸਮਰੱਥਾ ਤੋਂ ਬਾਹਰ ਹੈ, ਸਾਡੇ ਮੰਨਣ ਤੋਂ ਬਾਹਰ ਹੈ, ਸਾਡੇ ਵਿਸ਼ਵਾਸ ਕਰਨ ਤੋਂ ਬਾਹਰ ਹੈ।

"ਮਨ ਕਾ ਸੁਭਾਉ ਸਦਾ ਬੈਰਾਗੀ॥ ਸਭ ਮਹਿ ਵਸੈ ਅਤੀਤੁ ਅਨਰਾਗੀ॥੫॥
ਕਹਤ ਨਾਨਕੁ ਜੋ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥੬॥੫॥"

ਉਪਰਲੀਆਂ ਪੰਗਤੀਆਂ ਰਾਹੀਂ ਇਹ ਤਾਂ ਸਪੱਸ਼ਟ ਸਮਝਿਆ ਜਾ ਸਕਦਾ ਹੈ ਕਿ ਮਨੁੱਖ ਦਾ ਸੁਭਾਅ, ਮਨੁੱਖ ਦਾ ਆਪਣਾ ਨਹੀਂ ਹੈ। ਸਾਡਾ ਸੁਭਾਅ ਉਹੀ ਹੈ ਜੋ ਸਾਡਾ ਮਨ ਹੈ। ਸਾਡਾ ਸੁਭਾਅ ਸਾਡੇ ਵਿਚਾਰ ਹਨ, ਸਾਡੇ ਮਨ ਦੀ ਸੋਚ ਹੈ, ਸਾਡੇ ਮਨ ਦੀ ਸਮਝ ਹੈ ਜਿਸਨੂੰ ਮਨੁੱਖ ਆਪਣੀ ਸਮਝਦਾ ਹੈ। ਜੇਕਰ ਇਹ ਮਨ ਹੀ ਆਪਣਾ ਨਹੀਂ ਤਾਂ ਫਿਰ ਸੋਚ ਆਪਣੀ ਕਿਵੇਂ ਹੋ ਸਕਦੀ ਹੈ। ਜਦੋਂ ਮਨ ਦੇ ਵਿੱਚ ਉਹ ਪ੍ਰਮਾਤਮਾ ਆਪ ਵੱਸਿਆ ਹੋਇਆ ਹੈ ਫਿਰ ਮਨ ਵਿੱਚੋਂ ਜੋ ਕੁੱਝ ਉਪਜਦਾ ਹੈ ਉਹ ਸਭ ਕੁੱਝ ਉਸਦਾ ਹੈ, ਸਾਡਾ ਕਿਵੇਂ ਹੋ ਸਕਦਾ ਹੈ। ਸਾਡਾ ਕੇਵਲ ਭੁਲੇਖਾ ਹੈ ਕਿਉਂਕਿ ਇਹ ਭੁਲੇਖਾ ਉਸਦਾ ਆਪਣਾ ਹੀ ਪਾਇਆ ਹੋਇਆ ਹੈ। ਭੁਲੇਖਾ ਵੀ ਮਨ ਦੇ ਵਿੱਚ ਹੀ ਉਪਜਦਾ ਹੈ ਤੇ ਮਨ ਵਿੱਚੋਂ ਜੋ ਕੁੱਝ ਉਪਜਦਾ ਹੈ ਉਹ ਪ੍ਰਮਾਤਮਾ ਦੀ ਆਪਣੀ ਰਜ਼ਾ ਦੁਆਰਾ ਉਪਜਦਾ ਹੈ। ਸਾਰੀ ਮਰਜ਼ੀ ਉਸਦੀ ਆਪਣੀ ਹੈ, ਭਾਵੇਂ ਉਹ ਸਾਨੂੰ ਭੁਲੇਖੇ ਵਿੱਚ ਰੱਖੇ ਤੇ ਭਾਵੇਂ ਸਾਨੂੰ ਸੱਚੀ ਸੋਝੀ ਪਾ ਦੇਵੇ। ਜਦੋਂ ਸੋਝੀ ਪੈਣੀ ਹੈ, ਉਹ ਵੀ ਮਨ ਦੇ ਵਿੱਚ ਵਿਚਾਰਾਂ ਦੀ ਉਪਜ ਦੁਆਰਾ ਹੀ ਪੈਣੀ ਹੈ। ਜਿਸਦਾ ਇਹ ਮਨ ਹੈ ਸਭ ਕੁੱਝ ਉਸੇ ਦੇ ਹੀ ਹੱਥ ਹੈ। ਜਦੋਂ ਮਨੁੱਖ ਦਾ ਇਹ ਭੁਲੇਖਾ ਨਿਕਲ ਜਾਂਦਾ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਵਿਚਰ ਰਹਿਆ ਹੈ ਤੇ ਮਨੁੱਖੀ ਰੂਪ ਦੇ ਵਿੱਚ ਉਹ ਆਪ ਹੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਹਰ ਆਕਾਰ ਰੂਪ ਵਿੱਚ ਭਾਵ ਹਰ ਆਕਾਰ ਦੇ ਅੰਦਰ ਦੇ ਨਿਰੰਕਾਰ ਰੂਪ ਵਿੱਚ ਕੇਵਲ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ, ਕੇਵਲ ਉਹ ਆਪ ਹੀ ਰਹਿ ਜਾਂਦਾ ਹੈ। ਤਾਂ ਹੀ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ ਕਿ ਦੁਨੀਆਂ ਦੇ ਵਿੱਚ ਕੇਵਲ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਦੂਸਰਾ ਕੇਵਲ ਉਸਦਾ ਆਪਣਾ ਪਾਇਆ ਹੋਇਆ ਭੁਲੇਖਾ ਹੀ ਹੈ। ਹੋਰ ਕੁੱਝ ਵੀ ਨਹੀਂ ਹੈ, ਹੋਰ ਕੋਈ ਵੀ ਨਹੀਂ ਹੈ। ਭੁਲੇਖੇ ਦੇ ਰਹਿੰਦਿਆਂ ਪ੍ਰਮਾਤਮਾ ਦੀ ਸੋਝੀ ਨਹੀਂ ਪੈ ਸਕਦੀ ਤੇ ਸੋਝੀ ਪੈਣ ਤੋਂ ਬਾਅਦ ਸਭ ਵਿੱਚ ਕੇਵਲ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ ਕਿ ਅਸਲ ਵਿੱਚ ਨਾ ਕੋਈ ਜੰਮਦਾ ਹੈ ਅਤੇ ਨਾ ਕੋਈ ਮਰਦਾ ਹੈ। ਸਭ ਦੇ ਵਿੱਚ ਪ੍ਰਮਾਤਮਾ ਦੀ ਜੋਤਿ ਹੈ, ਉਸਦਾ ਪਾਇਆ ਹੋਇਆ

6/572

ਗਿਆਨ ਹੈ ਜੋ ਕਿ ਮਰਨ ਤੋਂ ਰਹਿਤ ਹੈ। ਮਰਦੀ ਕੇਵਲ ਆਕਾਰ ਰੂਪ ਮਿੱਟੀ ਹੈ ਤੇ ਆਕਾਰ ਰੂਪ ਵਿੱਚ ਰਹਿੰਦਿਆਂ ਹੀ ਮਨੁੱਖ ਦਾ ਭੁਲੇਖਾ ਮਰਦਾ ਹੈ ਕਿ ਉਸਦੇ ਅੰਦਰ ਕੌਣ ਹੈ। ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਸਰੀਰ ਦੇ ਜਨਮ ਮਰਨ ਨੂੰ ਆਪਣਾ ਜੀਵਨ ਮਰਨ ਸਮਝਦੇ ਹਾਂ। ਮਨ ਦਾ ਭਰਮ ਹੀ ਸਾਡੇ ਅੰਦਰ ਦੀ ਸਹਸਾ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪ ਹੀ ਰੱਖਿਆ ਹੋਇਆ ਹੈ।

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥}

(ਅੰਗ ੧੩੮)

ਪ੍ਰਮਾਤਮਾ ਨੇ ਹਰ ਕਿਸੇ ਨੂੰ ਸਹਿਸਾ ਵਿੱਚ ਰੱਖਿਆ ਹੋਇਆ ਹੈ, ਭਰਮ ਭੁਲੇਖੇ ਵਿੱਚ ਰੱਖਿਆ ਹੋਇਆ ਹੈ ਕਿ ਉਹ ਪ੍ਰਮਾਤਮਾ ਤੋਂ ਵੱਖਰਾ ਹੈ ਜਦਕਿ ਸੱਚਾਈ ਇਹ ਨਹੀਂ ਹੈ। ਸੱਚਾਈ ਇਹ ਹੈ ਕਿ ਉਹ ਆਪ ਹੀ ਅੰਦਰ ਵਰਤ ਰਿਹਾ ਹੈ ਤੇ ਆਪਣੀ ਖੇਡ ਚਲਾ ਰਿਹਾ ਹੈ। ਇਸ ਭੁਲੇਖੇ ਕਰਕੇ ਹੀ ਸਾਡੀ ਹਉਮੈ ਹੈ, ਸਾਡੀ ਪ੍ਰਮਾਤਮਾ ਤੋਂ ਵੱਖਰੀ ਹੋਂਦ ਬਣੀ ਹੋਈ ਹੈ ਜੋ ਕਿ ਅਸਲ ਵਿੱਚ ਝੂਠ ਹੈ, ਕੇਵਲ ਇੱਕ ਝੂਠੀ ਸਮਝ ਦਾ ਪੜਦਾ ਹੈ। ਮਨ ਦੀ ਭਰਮਾਂ ਵਾਲੀ ਸਮਝ ਤੋਂ ਭਾਵ ਹਉਮੈ ਤੋਂ ਖਲਾਸੀ ਹੋਏ ਬਿਨ੍ਹਾਂ ਜੀਵਨ ਮੁਕਤ ਨਹੀਂ ਹੋਇਆ ਜਾ ਸਕਦਾ। ਪਰ ਇਹ ਸਾਡੇ ਵੱਸ ਵਿੱਚ ਨਹੀਂ ਹੈ। ਜਦ ਤੱਕ ਉਹ ਆਪ ਸੋਝੀ ਨਹੀਂ ਪਾਉਂਦਾ, ਸਾਡੇ ਲਈ ਉਸਨੂੰ ਸਮਝਣਾ ਨਾਮੁਮਕਿਨ ਹੈ। ਇਹੀ ਗੱਲ ਮੁੱਖ ਸ਼ਬਦ ਦੀ ਇਸ ਹੇਠ ਦਿੱਤੀ ਪੰਗਤੀ ਵਿੱਚ ਸਮਝਾਈ ਹੋਈ ਹੈ।

"ਸਭ ਮਹਿ ਵਸੈ ਅਤੀਤੁ ਅਨਰਾਗੀ॥"

ਇਸ ਪੰਗਤੀ ਨੂੰ ਸਮਝਣਾ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। "ਅਤੀਤੁ" ਤੋਂ ਭਾਵ ਕੀ ਹੈ, ਇਹ ਅਸੀਂ ਪਿੱਛੇ ਜਾਣ ਹੀ ਚੁੱਕੇ ਹਾਂ **{ਮੈ ਦੇਵਾਨਾ ਭਇਆ ਅਤੀਤੁ॥}** ਜਿਵੇਂ ਕਿ ਅਸੀਂ ਪਿੱਛੇ ਸਮਝਿਆ ਸੀ ਇਸ ਤੋਂ ਭਾਵ ਹੈ ਬਿਲਕੁਲ ਅਖੀਰਲੀ ਗੱਲ, ਸਿਰੇ ਦੀ ਗੱਲ ਭਾਵ ਜਿਸ ਤੋਂ ਅੱਗੇ ਕੁੱਝ ਨਹੀਂ ਹੋ ਸਕਦਾ, ਅਤਿਅੰਤਤਾ।

6/573

"ਅਨਰਾਗੀ" ਦਾ ਭਾਵ ਸਮਝਣ ਤੋਂ ਪਹਿਲਾਂ ਸਾਡੇ ਲਈ ਇਹ ਜਾਣਨਾ ਜਰੂਰੀ ਹੈ ਕਿ "ਰਾਗ" ਤੋਂ ਭਾਵ ਕੀ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਬਰੀਕੀ ਨਾਲ ਜਾਣਿਆ ਹੈ, ਬਾਣੀ ਵਿੱਚ ਰਾਗ ਮਨ ਨੂੰ ਵੀ ਕਿਹਾ ਗਿਆ ਹੈ ਜੋ ਹਰ ਵੇਲੇ ਸਾਡੇ ਅੰਦਰ ਆਪਣਾ ਹੀ ਰਾਗ ਅਲਾਪਦਾ ਰਹਿੰਦਾ ਹੈ। ਇੱਥੇ ਵੀ ਰਾਗ ਤੋਂ ਭਾਵ ਮਨ ਦੇ ਨਾਲ ਹੀ ਹੈ। "ਅਨਰਾਗੀ" ਤੋਂ ਭਾਵ ਹੈ ਮਨ ਤੋਂ ਬਾਹਰ ਦੀ ਗੱਲ, ਮਨ ਦੀ ਸਮਝ ਤੋਂ ਬਾਹਰ ਦੀ ਗੱਲ ਭਾਵ ਜਿਸਨੂੰ ਮਨ ਸਮਝ ਨਹੀਂ ਸਕਦਾ ਭਾਵ ਜਿਸਨੂੰ ਮਨੁੱਖ ਸਮਝ ਨਹੀਂ ਸਕਦਾ, ਮਨੁੱਖ ਦੀ ਪਹੁੰਚ ਤੋਂ, ਸਮਰੱਥਾ ਤੋਂ ਬਾਹਰ ਦੀ ਗੱਲ। "ਅਤੀਤੁ ਅਨਰਾਗੀ" ਤੋਂ ਭਾਵ ਹੈ ਬਿਲਕੁਲ ਹੀ ਮਨ ਦੀ ਸਮਝ ਵਿੱਚ ਨਾ ਆਉਣ ਵਾਲੀ ਗੱਲ ਭਾਵ ਜਿਸ ਗੱਲ ਨੂੰ ਸਮਝਣਾ, ਮੰਨਣਾ ਇਮਪੌਸੀਬਲ ਭਾਵ ਨਾਮੁਮਕਿਨ ਲੱਗੇ। ਪੂਰੀ ਪੰਗਤੀ ਤੋਂ ਭਾਵ ਹੈ ਕਿ ਪ੍ਰਮਾਤਮਾ ਸਭ ਦੇ ਮਨ ਦੇ ਵਿੱਚ ਹੀ ਵੱਸ ਰਿਹਾ ਹੈ ਪਰ ਮਨੁੱਖ ਲਈ ਇਸ ਗੱਲ ਨੂੰ ਮੰਨਣਾ ਇਮਪੌਸੀਬਲ ਹੈ, ਮਨੱਖ ਦੀ ਸਮਝ ਵਿੱਚ ਇਹ ਗੱਲ ਆ ਜਾਣੀ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। ਹੁਣ ਧਿਆਨ ਨਾਲ ਸੋਚੋ ਕਿ ਸਮਝ ਆ ਵੀ ਕਿਵੇਂ ਸਕਦੀ ਹੈ। ਜੋ ਸਾਡੇ ਅੰਦਰ ਬੈਠਾ ਹੈ, ਜਿਸ ਨੇ ਸਾਨੂੰ ਆਪ ਹੀ ਮਾਇਆ ਵਾਲੀ ਤ੍ਰੈਗੁਣੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਉਸਦੀ ਮਰਜ਼ੀ ਤੋਂ ਬਿਨ੍ਹਾਂ ਉਸਨੂੰ ਸਮਝਿਆ ਵੀ ਕਿਵੇਂ ਜਾ ਸਕਦਾ ਹੈ। ਜਿਹੜੀ ਸੋਚ ਨੇ ਸਾਨੂੰ ਸਮਝਾਉਣਾ ਹੈ, ਉਹ ਤਾਂ ਉਸਦੀ ਆਪਣੀ ਪਾਈ ਹੋਈ ਹੈ ਤਾਂ ਫਿਰ ਅਸੀਂ ਕਿਹੋ ਜਿਹੇ ਜ਼ੋਰ ਨਾਲ, ਸਰੀਰਕ ਕਿਰਿਆਵਾਂ ਦੁਆਰਾ ਉਸਨੂੰ ਸਮਝਣਾ ਚਾਹੁੰਦੇ ਹਾਂ, ਜਾਣਨਾ ਚਾਹੁੰਦੇ ਹਾਂ। ਉਸਨੇ ਸਾਨੂੰ ਅਤਿ ਦਾ ਭੁਲਾਇਆ ਹੋਇਆ ਹੈ ਪਰ ਅਸੀਂ ਮੰਨ ਵੀ ਨਹੀਂ ਸਕਦੇ ਕਿ ਅਸੀਂ ਭੁੱਲੇ ਹੋਏ ਹਾਂ। ਸਾਨੂੰ ਮਨਾਉਣਾ ਵੀ ਸਾਡੀ ਸੋਚ ਨੇ ਹੈ ਜੋ ਕਿ ਸਾਡੀ ਹੈ ਹੀ ਨਹੀਂ। ਜਿਸ ਨੇ ਸਾਨੂੰ ਭੁਲੇਖੇ ਵਿੱਚ ਪਾਇਆ ਹੋਇਆ ਹੈ, ਉਹ ਆਪ ਹੀ ਆਪਣੀ ਕ੍ਰਿਪਾ ਕਰੇ ਤਾਂ ਸਾਨੂੰ ਇਸ ਭੁਲੇਖੇ ਵਿੱਚੋਂ ਕੱਢ ਸਕਦਾ ਹੈ। ਅਸੀਂ ਵਿਅਰਥ ਹੀ ਆਪਣਾ ਜ਼ੋਰ ਲਗਾਈ ਜਾ ਰਹੇ ਹਾਂ ਤੇ ਝੂਠੀਆਂ ਤਸੱਲੀਆਂ ਦੇ ਭਰੋਸੇ ਬੈਠੇ ਹਾਂ। (**ਸਭ ਮਹਿ ਵਸੈ ਅਤੀਤੁ ਅਨਰਾਗੀ॥**) ਆਓ ਹੁਣ ਮੁੱਖ ਸ਼ਬਦ ਦੀ ਆਖਰੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ ਅਤੇ ਜਾਣੀਏ ਕਿ ਇਹ ਮਨ ਕੀ ਹੈ।

"ਕਹਤ ਨਾਨਕੁ ਜੋ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥੬॥੫॥"

6/574

ਇਸ ਪੂਰੇ ਸ਼ਬਦ ਵਿੱਚ ਕੇਵਲ ਮਨ ਦੀ ਗੱਲ ਹੀ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਸ਼ੁਰੂ ਤੋਂ ਸਮਝਦੇ ਆ ਰਹੇ ਹਾਂ। ਮਨ ਦੇ ਭੇਦ ਨੂੰ ਸਮਝਣਾ ਹੀ ਪ੍ਰਮਾਤਮਾ ਨੂੰ ਸਮਝਣਾ ਹੈ ਜੋ ਕਿ ਸਾਡੇ ਮਨ ਦੇ ਅੰਦਰ ਹੀ ਵਰਤ ਰਿਹਾ ਹੈ, ਹਰ ਵੇਲੇ ਵਰਤ ਰਿਹਾ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜਿਸ ਨੂੰ ਇਸ ਮਨ ਦੇ ਭੇਦ ਦੀ ਸਮਝ ਲੱਗ ਗਈ, ਉਸਨੂੰ ਇਹ ਵੀ ਸਮਝ ਲੱਗ ਗਈ ਕਿ ਇਹ "ਮਨ" ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। (**ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥੧॥ ਇਸੁ ਮਨ ਕਉ ਕੋਈ ਖੋਜਹੁ ਭਾਈ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ॥੧॥ਰਹਾਉ॥ ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ॥ ਮਮਤਾ ਲਾਇ ਭਰਮਿ ਭੁਲਾਇਆ॥੨॥ ਇਸੁ ਮਨ ਤੇ ਸਭ ਪਿੰਡ ਪਰਾਣਾ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ॥੩॥ ਕਰਮੁ ਹੋਵੈ ਗੁਰੁ ਕਿਰਪਾ ਕਰੈ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ॥੪॥ ਮਨ ਕਾ ਸੁਭਾਉ ਸਦਾ ਬੈਰਾਗੀ॥ ਸਭ ਮਹਿ ਵਸੈ ਅਤੀਤੁ ਅਨਰਾਗੀ॥੫॥ ਕਹਤ ਨਾਨਕੁ ਜੋ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥੬॥੫॥**) ਇਸੇ ਗੱਲ ਨੂੰ ਆਓ ਹੇਠ ਦਿੱਤੇ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਆਪਣੇ ਬੋਲਾਂ ਦੁਆਰਾ ਹੋਰ ਵੀ ਦ੍ਰਿੜ ਕਰ ਲਈਏ ਤਾਂ ਕਿ ਘੱਟੋ-ਘੱਟ ਇਹ ਭੁਲੇਖਾ ਨਾ ਰਹੇ ਕਿ ਪ੍ਰਮਾਤਮਾ ਮਨ ਦੇ ਵਿੱਚ ਹੀ ਮਿਲਦਾ ਹੈ ਤੇ ਉਸਨੂੰ ਮਿਲਣ ਲਈ ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਜਾਣਾ ਨਹੀਂ ਪੈਂਦਾ। ਉਹ ਆਪ ਹੀ ਅੰਦਰ ਮਨ ਦੇ ਵਿੱਚ ਮਿਲਦਾ ਹੈ, ਆਪ ਹੀ ਦਸਤਕ ਦਿੰਦਾ ਹੈ, ਉਸਨੂੰ ਕਿਤੇ ਜਾ ਕੇ ਨਹੀਂ ਲੱਭਿਆ ਜਾ ਸਕਦਾ। ਲੱਭਣ ਨਾਲ ਕੇਵਲ ਭੁਲੇਖੇ ਹੀ ਪੱਲੇ ਪਾਉਂਦਾ ਹੈ, ਉਸਦਾ ਆਪਣਾ ਮਿਲਣਾ ਤਾਂ ਦੂਰ ਦੀ ਗੱਲ ਹੈ। ਜੋ ਕੋਈ ਵੀ ਉਸਨੂੰ ਕਿਸੇ ਸਰੀਰਕ ਸਰੂਪ ਵਿੱਚ ਭਾਵ ਆਕਾਰ ਰੂਪ ਵਿੱਚ ਮਿਲਣ ਦੀ ਗੱਲ ਕਰਦਾ ਹੈ, ਕਿਸੇ ਅੱਖੀਂ ਡਿੱਠੇ ਦਰਸ਼ਨਾਂ ਦੀ ਗੱਲ ਕਰਦਾ ਹੈ ਇਹ ਕੇਵਲ ਉਸ ਪ੍ਰਮਾਤਮਾ ਦੇ ਆਪਣੇ ਪਾਏ ਹੋਏ ਭੁਲੇਖੇ ਹੀ ਹਨ ਕਿਉਂਕਿ ਉਹ ਅੰਦਰੋਂ ਮਹਿਸੂਸ ਹੀ ਇਹੋ ਕੁੱਝ ਕਰਵਾਉਂਦਾ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਪ੍ਰਮਾਤਮਾ ਨਾਲ ਕਿਸੇ ਮੇਲ ਦੀ ਗੱਲ ਕਰਨਾ ਕੇਵਲ ਆਪਣੇ ਅੰਦਰ ਨੂੰ ਤੇ ਦੂਸਰਿਆਂ ਨੂੰ ਭੁਲੇਖੇ ਵਿੱਚ ਪਾਉਣ ਦੀ ਗੱਲ ਹੈ, ਗੁਰਮਤਿ ਤੋਂ ਉਲਟ ਚੱਲਣ ਦੀ ਗੱਲ ਹੈ, ਗੁਰੂ ਪ੍ਰਮਾਤਮਾ ਦੀ ਨਾਰਾਜਗੀ ਲੈਣ ਵਾਲੀ ਗੱਲ ਹੈ ਹੋਰ ਕੁੱਝ ਵੀ ਨਹੀਂ। ਪੂਰੀ ਬਾਣੀ ਵਿੱਚ ਮਨ ਤੋਂ ਇਲਾਵਾ ਪ੍ਰਮਾਤਮਾ ਨੂੰ ਮਿਲਣ ਦੀ ਨਾ ਤਾਂ ਕੋਈ ਹੋਰ ਜਗ੍ਹਾ ਦੱਸੀ ਹੈ ਅਤੇ ਨਾ ਹੀ ਕੋਈ ਹੋਰ ਤਰੀਕਾ ਦੱਸਿਆ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਵੀ ਸਮਝੀਏ। ਸ਼ਬਦ ਦਾ ਭਾਵ ਕਾਫ਼ੀ ਗਹਿਰਾਈ ਵਿੱਚ ਹੈ ਤੇ ਇਸ ਲਈ ਧਿਆਨ ਨਾਲ ਸਮਝਣ ਦੀ ਲੋੜ ਹੈ। ਸ਼ਬਦ ਵਿੱਚ ਸਾਨੂੰ ਮਨ ਦਾ ਮਾਰਨਾ ਕੀ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਨ ਦਾ ਤਰੀਕਾ ਕੀ ਹੈ, ਇਹ ਗੱਲ ਸਮਝਾਈ ਹੋਈ ਹੈ। ਅਸੀਂ ਮਨ ਦਾ ਮਾਰਨ ਕੀ ਸਮਝਦੇ ਹਾਂ ਪਰ ਅਸਲ ਮਨ ਦਾ ਮਾਰਨ ਕੀ ਹੈ, ਇਸ ਗੱਲ ਦਾ ਭੇਦ ਸਮਝਾਇਆ ਹੋਇਆ ਹੈ। ਸ਼ਬਦ ਵਿੱਚ ਮਨ ਨੂੰ ਮਾਰਨ ਲਈ ਵੀ ਕਿਹਾ ਹੈ ਤੇ ਨਾ ਮਾਰਨ ਲਈ ਵੀ ਕਿਹਾ ਹੈ। ਆਓ ਇਸ ਭੇਦ ਨੂੰ ਸਮਝੀਏ ਕਿ ਅਸਲ ਵਿੱਚ ਮਨ ਦਾ ਮਾਰਨ ਕੀ ਹੈ। ਮਨ ਦਾ ਮਾਰਨ ਉਹੀ ਹੈ ਜੋ ਅਸੀਂ ਪਿੱਛੇ ਸ਼ਬਦਾਂ ਦੁਆਰਾ ਵੀ ਸਮਝਿਆ ਹੈ।

"ਮਨ ਕਾ ਸੁਭਾਉ ਮਨਹਿ ਬਿਆਪੀ॥ ਮਨਹਿ ਮਾਰਿ ਕਵਨ ਸਿਧਿ ਥਾਪੀ॥੧॥
ਕਵਨੁ ਸੁ ਮੁਨਿ ਜੋ ਮਨੁ ਮਾਰੈ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ॥੧॥ਰਹਾਉ॥
ਮਨ ਅੰਤਰਿ ਬੋਲੈ ਸਭੁ ਕੋਈ॥ ਮਨ ਮਾਰੇ ਬਿਨੁ ਭਗਤਿ ਨ ਹੋਈ॥੨॥
ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ॥੩॥੨੯॥"

(ਅੰਗ 328-329)

ਇਸ ਸ਼ਬਦ ਦੇ ਭਾਵ ਬਹੁਤ ਹੀ ਗਹਿਰੇ ਹਨ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ। ਸ਼ਬਦ ਦੇ ਵਿੱਚ ਇਹ ਵੀ ਲਿਖਿਆ ਹੈ ਕਿ ਮਨ ਨੂੰ ਮਾਰਨਾ ਕੋਈ ਚੰਗੀ ਗੱਲ ਨਹੀਂ ਤੇ ਇਹ ਵੀ ਲਿਖਿਆ ਹੋਇਆ ਹੈ ਕਿ ਮਨ ਨੂੰ ਮਾਰੇ ਬਿਨ੍ਹਾਂ ਭਗਤੀ ਵੀ ਨਹੀਂ ਹੋ ਸਕਦੀ। ਆਓ ਇਸ ਦੇ ਅੰਦਰ ਦੇ ਗਹਿਰੇ ਭੇਦ ਨੂੰ ਸਮਝੀਏ। ਭਗਤੀ ਨੂੰ ਸਮਝਣ ਲਈ ਇਸ ਮਨ ਨੂੰ ਸਮਝਣਾ ਬਹੁਤ ਹੀ ਜਰੂਰੀ ਹੈ, ਕਿਉਂਕਿ ਮਨ

ਦੀ ਸਮਝ ਆਏ ਬਿਨ੍ਹਾਂ ਭਾਵ ਮਨ ਦੀ ਮਹਿਮਾਂ ਦੀ ਸਮਝ ਲੱਗੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੀ ਭਗਤੀ ਨੂੰ, ਪ੍ਰਮਾਤਮਾ ਦੀ ਮਹਿਮਾ ਨੂੰ ਨਹੀਂ ਸਮਝ ਸਕਦੇ। ਆਮ ਕਰਕੇ ਇਹ ਸਮਝਿਆ ਜਾਂਦਾ ਹੈ ਕਿ ਮਨੁੱਖ ਦੀਆਂ ਸਾਰੀਆਂ ਮੁਸ਼ਕਿਲਾਂ ਦਾ ਕਾਰਨ ਇਹ ਮਨ ਹੈ ਤੇ ਇਸੇ ਕਰਕੇ ਮਨ ਨੂੰ ਕੁੱਝ ਮਾੜਾ ਕਹਿ ਕੇ ਜਾਣਿਆ ਜਾਂਦਾ ਹੈ। ਮਨ ਦੇ ਵਿੱਚ ਜੋ ਵਿਚਾਰ ਉੱਠਦੇ ਹਨ, ਫੁਰਨੇ ਉੱਠਦੇ

ਹਨ ਹਰ ਕੋਈ ਇਨ੍ਹਾਂ ਨੂੰ ਹੀ ਆਪਣੀ ਪ੍ਰੇਸ਼ਾਨੀ ਦਾ ਕਾਰਨ ਸਮਝਦਾ ਹੈ ਤੇ ਭਗਤੀ ਕਰਨ ਵਾਲੇ, ਧਰਮ ਗ੍ਰੰਥਾਂ ਦੇ ਪੜ੍ਹਨ ਸੁਣਨ ਵਾਲੇ ਸਾਰਾ ਦੋਸ਼ ਇਨ੍ਹਾਂ ਫੁਰਨਿਆਂ ਦੇ ਸਿਰ ਹੀ ਮੜ੍ਹਦੇ ਹਨ ਕਿਉਂਕਿ ਉਹ ਇਹ ਸਮਝਦੇ ਹਨ ਕਿ ਜਦ ਤੱਕ ਇਹ ਫੁਰਨੇ ਆਉਣੇ ਬੰਦ ਨਹੀਂ ਹੁੰਦੇ ਤਦ ਤੱਕ ਭਗਤੀ ਵਿੱਚ ਮਨ ਨਹੀਂ ਟਿਕਦਾ ਭਾਵ ਇਨ੍ਹਾਂ ਫੁਰਨਿਆਂ ਨੂੰ ਰੋਕਣਾ ਹੀ ਉਨ੍ਹਾਂ ਦਾ ਭਗਤੀ ਦੇ ਵਿੱਚ ਆਪਣਾ ਚਿੱਤ ਟਿਕਾਉਣਾ ਸਮਝਿਆ ਜਾਂਦਾ ਹੈ। ਇਨ੍ਹਾਂ ਫੁਰਨਿਆਂ ਦੇ ਮਾਰਨ ਨੂੰ ਹੀ ਮਨ ਦਾ ਮਾਰਨ ਸਮਝਿਆ ਜਾਂਦਾ ਹੈ। ਜੇਕਰ ਇਹ ਸਮਝ ਲੱਗ ਜਾਵੇ ਕਿ ਇਹ ਫੁਰਨੇ ਕੀ ਹਨ, ਇਹ ਕਿੱਥੋਂ ਆਉਂਦੇ ਹਨ ਤੇ ਸਾਡੇ ਵਿੱਚ ਕੌਣ ਪਾਉਂਦਾ ਹੈ ਤਾਂ ਫਿਰ ਅਸੀਂ ਇਨ੍ਹਾਂ ਨੂੰ ਮਾਰਨ ਦੀ ਗੱਲ ਨਹੀਂ ਕਰਾਂਗੇ। ਸਾਡੇ ਮਨ ਦੇ ਫੁਰਨੇ ਹੀ ਸਾਨੂੰ ਸਭ ਕੁੱਝ ਸਮਝਾਉਂਦੇ ਹਨ, ਚੰਗੇ ਮਾੜੇ ਦੀ ਸੋਝੀ ਪਾਉਂਦੇ ਹਨ, ਸਾਨੂੰ ਵੇਲੇ ਸਿਰ ਸਭ ਕੁੱਝ ਯਾਦ ਕਰਵਾਉਂਦੇ ਹਨ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਇਹ ਸਾਡੇ ਰੋਕਣ ਦਾ ਵਿਸ਼ਾ ਨਹੀਂ ਹੈ, ਇਹ ਸਾਡੇ ਹੁਕਮ ਵਿੱਚ ਨਹੀਂ ਹਨ ਬਲਕਿ ਪ੍ਰਮਾਤਮਾ ਦੇ ਹੁਕਮ ਵਿੱਚ ਹਨ ਤਾਂ ਫਿਰ ਸਾਡਾ ਭਗਤੀ ਕਰਨ ਦਾ ਤਰੀਕਾ ਹੀ ਬਦਲ ਜਾਵੇਗਾ। ਇਹ ਮਨ ਪ੍ਰਮਾਤਮਾ ਦੇ ਹੁਕਮ ਵਿੱਚ ਬੱਝਿਆ ਹੋਇਆ ਹੈ ਤੇ ਉਸਦੇ ਹੁਕਮ ਅਨੁਸਾਰ ਇੱਕ ਨਿਮਖ ਵਿੱਚ ਸਭ ਪਾਸੇ ਦੌੜ ਸਕਦਾ ਹੈ, ਸਾਨੂੰ ਪੁਰਾਣੀ ਤੋਂ ਪੁਰਾਣੀ ਗੱਲ ਇੱਕ ਨਿਮਖ ਵਿੱਚ ਯਾਦ ਕਰਵਾ ਸਕਦਾ ਹੈ, ਉਹ ਸਭ ਪਾਸੇ ਘੁੰਮ ਸਕਦਾ ਹੈ, ਇਹ ਮਨ ਦਾ ਸੁਭਾਅ ਹੈ ਜੋ ਕਿ ਸਾਡੇ ਵੱਸ ਵਿੱਚ ਨਹੀਂ ਹੈ।

{ਇਹੁ ਮਨੁ ਖੇਲੈ ਹੁਕਮ ਕਾ ਬਾਧਾ ਇਕ ਖਿਨ ਮਹਿ ਦਹ ਦਿਸ ਫਿਰਿ ਆਵੈ॥}

(ਅੰਗ - ੧੨੬੦)

ਆਪਣੇ ਅੰਦਰ ਚੱਲ ਰਹੇ ਫੁਰਨਿਆਂ ਨੂੰ ਰੋਕਣਾ, ਮਨ ਦੇ ਵਿਚਾਰਾਂ ਨੂੰ ਰੋਕਣਾ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਰੋਕਣ ਵਾਲੀ ਗੱਲ ਹੈ। ਜੇਕਰ ਕਿਸੇ ਦੀ ਹਿੰਮਤ ਹੈ ਤਾਂ ਰੋਕ ਕੇ ਵੇਖ ਲਵੇ। ਇਹ ਰੁਕ ਸਕਦੇ ਹੀ ਨਹੀਂ ਅਤੇ ਨਾ ਹੀ ਇਨ੍ਹਾਂ ਨੂੰ ਰੋਕਣਾ ਕੋਈ ਭਗਤੀ ਦੀ ਸੱਚੀ ਸਮਝ ਹੈ।

6/576

ਜੇਕਰ ਮਨ ਦੇ ਵਿੱਚ ਵਿਚਾਰ ਆਉਣੇ ਹੀ ਰੁਕ ਗਏ ਤਾਂ ਫਿਰ ਮਨੁੱਖ ਕਿਸ ਕੰਮ ਦਾ। ਇਹੀ ਗੱਲ ਉੱਪਰ ਦਿੱਤੇ ਮੁੱਖ ਸ਼ਬਦ ਵਿੱਚ ਸਮਝਾਈ ਹੋਈ ਹੈ ਕਿ ਮਨ ਦਾ ਮਾਰਨ ਕੀ ਹੈ ਅਤੇ ਖੁਦ ਮਨ ਕੀ ਹੈ। ਮਨ ਸਾਡੇ ਸਰੀਰ ਰੂਪੀ ਹਾਰਡਵੇਅਰ ਦਾ ਸਾਫਟਵੇਅਰ ਹੈ। ਸਾਫਟਵੇਅਰ ਨੂੰ ਠੀਕ ਕਰਨ ਲਈ ਅਸੀਂ ਆਪਣੇ ਹਾਰਡਵੇਅਰ ਤੋਂ ਕੰਮ ਲੈਂਦੇ ਹਾਂ ਜੋ ਕਿ ਸਾਡੀ ਸਭ ਤੋਂ ਵੱਡੀ ਭੁੱਲ ਹੈ। ਅਸੀਂ ਮਨ ਨੂੰ ਸਮਝਾਉਣ ਲਈ ਸਰੀਰਕ ਕਿਰਿਆਵਾਂ ਤੋਂ ਕੰਮ ਲੈਂਦੇ ਹਾਂ, "**ਹਾਰਡਵੇਅਰ**" ਨੂੰ ਪੁੱਠਾ ਸਿੱਧਾ ਕਰਦੇ ਹਾਂ। ਇਸਦੇ ਨਾਲ ਆਪਣਾ ਹਾਰਡਵੇਅਰ ਤਾਂ ਖਰਾਬ ਹੋ ਸਕਦਾ ਹੈ ਪਰ ਸਾਫਟਵੇਅਰ ਨੂੰ ਕੋਈ ਫਰਕ ਨਹੀਂ ਪੈਣਾ। ਮਨ ਦੇ ਵਿੱਚ "**ਸਾਫਟਵੇਅਰ**" ਉਸ ਪ੍ਰਮਾਤਮਾ ਦਾ ਹੈ ਜੋ ਕਿ ਉਸਨੇ ਮਨੁੱਖ ਨੂੰ ਭੁਲੇਖੇ ਵਿੱਚ ਰੱਖਣ ਲਈ ਤ੍ਰੈਗੁਣੀ ਮਾਇਆ ਵਾਲਾ ਪਾਇਆ ਹੋਇਆ ਹੈ। ਪ੍ਰਮਾਤਮਾ ਦਾ ਚੌਥੇ ਪਦ ਵਾਲਾ ਸਾਫਟਵੇਅਰ, "**ਸ਼ਬਦ ਵਾਲਾ ਸਾਫਟਵੇਅਰ**" ਉਸਨੇ ਪੂਰੀ ਗੁਰਬਾਣੀ ਵਿੱਚ ਪਾਇਆ ਹੋਇਆ ਹੈ ਜੋ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ। ਜੇਕਰ ਅਸੀਂ ਮਨ ਦਾ ਸਾਫਟਵੇਅਰ ਠੀਕ ਕਰਨਾ ਹੈ, ਸ਼ਬਦ ਦੇ ਸਾਫਟਵੇਅਰ ਅਨੁਸਾਰ ਬਣਾਉਣਾ ਹੈ, ਤਾਂ ਇਸ ਦਾ ਇੱਕੋ ਤਰੀਕਾ ਸ਼ਬਦ ਵਿਚਾਰ ਹੈ, ਗੁਰਬਾਣੀ ਵਿਚਾਰ ਹੈ ਜਿਸ ਅਨੁਸਾਰ ਆਪਣੇ ਵਿਚਾਰਾਂ ਨੂੰ ਢਾਲਣਾ ਹੈ। ਹੋਰ ਕੋਈ ਤਰੀਕਾ ਨਹੀਂ ਹੈ, ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਅਸੀਂ ਵਿਅਰਥ ਹੀ ਆਪਣਾ ਸਾਰਾ ਜ਼ੋਰ ਸਰੀਰ ਰੂਪੀ ਹਾਰਡਵੇਅਰ ਤੇ ਲਗਾਈ ਜਾ ਰਹੇ ਹਾਂ। ਅਸੀਂ ਆਪਣੇ ਮਨ ਦੇ ਸਾਫਟਵੇਅਰ ਨੂੰ ਗੁਰਬਾਣੀ ਅਨੁਸਾਰ "**ਟਿਊਨ**" ਕਰੀਏ ਤਾਂ ਜੋ ਸਾਡੀ ਪ੍ਰਮਾਤਮਾ ਨਾਲ "**ਟਿਊਨਿੰਗ**" ਹੋ ਜਾਵੇ। ਹਰ ਨਿਰਗੁਣ ਸਰੂਪ ਕਿਸੇ ਸਰਗੁਣ ਸਰੂਪ ਦੇ ਅੰਦਰ ਹੀ ਵੱਸਦਾ ਹੈ ਭਾਵ ਨਿਰੰਕਾਰ ਰੂਪ ਨੂੰ ਆਕਾਰ ਰੂਪ ਦੇ ਅੰਦਰੋਂ ਹੀ ਜਾਣਿਆ ਜਾ ਸਕਦਾ ਹੈ। ਪੂਰਾ ਗੁਰੂ ਗ੍ਰੰਥ ਸਾਹਿਬ ਜਿਸਨੂੰ ਅਸੀਂ ਅੱਖਾਂ ਨਾਲ ਦੇਖਦੇ ਹਾਂ ਉਹ ਸਰਗੁਣ ਸਰੂਪ ਹੈ ਭਾਵ ਆਕਾਰ ਰੂਪ ਹੈ ਤੇ ਉਸ ਦੇ ਅੰਦਰ ਦਾ ਜੋ ਗਿਆਨ ਹੈ ਉਹ ਨਿਰਗੁਣ ਰੂਪ ਹੈ ਭਾਵ ਨਿਰੰਕਾਰ ਰੂਪ ਹੈ। "**ਨਿਰੰਕਾਰ**" ਰੂਪ ਨੂੰ ਜਾਣਨ ਲਈ ਆਕਾਰ ਰੂਪ ਦਾ ਹੋਣਾ ਵੀ ਜਰੂਰੀ ਹੈ। ਮਨੁੱਖ ਦਾ ਸਰੀਰ ਆਕਾਰ ਰੂਪ ਹੈ ਤੇ ਸਰੀਰ ਦੇ ਅੰਦਰ ਜੋ ਮਨ ਦੇ ਵਿੱਚ ਗਿਆਨ ਉਪਜਦਾ ਹੈ ਉਹ ਨਿਰੰਕਾਰ ਰੂਪ ਹੈ ਜਿਸਨੂੰ ਅਸੀਂ ਜਾਣਨਾ ਹੈ। ਨਿਰੰਕਾਰ ਰੂਪ ਆਪਣਾ ਪ੍ਰਮਾਤਮਾ ਦਾ ਰੂਪ ਹੈ ਜਿਸ ਨੂੰ ਅਸੀਂ ਆਕਾਰ ਰੂਪ ਦੇ ਰਾਹੀਂ ਜਾਣਨਾ ਹੈ ਤੇ ਨਿਰੰਕਾਰ ਰੂਪ ਨੂੰ ਜਾਣਨ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਹਰ ਆਕਾਰ ਰੂਪ ਵੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਹਰ ਸਰਗੁਣ ਰੂਪ ਨੂੰ ਪ੍ਰਮਾਤਮਾ ਨੇ ਆਪਣੇ ਨਿਰਗੁਣ ਰੂਪ ਦੁਆਰਾ ਬਣਾਇਆ ਹੈ ਤੇ ਹਰ ਸਰਗੁਣ ਰੂਪ ਵਿੱਚ ਉਸਨੇ ਆਪਣੇ ਨਿਰਗੁਣ ਰੂਪ ਨੂੰ ਰੱਖਿਆ ਹੋਇਆ ਹੈ,

ਟਿਕਾਇਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥
ਵਿਚਿ ਮਨ ਕੋਟਵਰੀਆ ॥}

(ਅੰਗ - ੭੪੬)

ਉੱਪਰ ਵਾਲੇ ਪੂਰੇ ਸ਼ਬਦ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ।

ਆਓ ਹੁਣ ਮੁੱਖ ਸ਼ਬਦ ਵੱਲ ਵਾਪਿਸ ਆਈਏ ਤੇ ਜਾਣੀਏ ਕਿ ਭਗਤ ਕਬੀਰ ਜੀ ਦੁਆਰਾ ਉਚਾਰੇ ਹੋਏ ਇਸ ਸ਼ਬਦ ਵਿੱਚ ਅਕਾਲ ਪੁਰਖ ਨੇ ਸਾਨੂੰ ਮਨ ਬਾਰੇ ਕੀ ਸੋਝੀ ਪਾਈ ਹੋਈ ਹੈ। ਇਹ ਮਨ ਕੀ ਹੈ, ਇਸ ਬਾਰੇ ਸੋਝੀ ਆਖਰੀ ਪੰਗਤੀ ਵਿੱਚ ਪਾਈ ਹੋਈ ਹੈ ਕਿ ਮਨ ਆਪ ਪ੍ਰਮਾਤਮਾ ਹੀ ਹੈ ਭਾਵ ਉਹ ਆਪ ਹੀ ਮਨ ਦੇ ਗਿਆਨ ਦੁਆਰਾ, ਮਨ ਦੇ ਵਿਚਾਰਾਂ ਦੁਆਰਾ ਮਨੁੱਖ ਵਿੱਚ ਵਿਚਰ ਰਿਹਾ ਹੈ। ਜੋ ਮਨੁੱਖ ਦਾ ਸੁਭਾਅ ਹੈ ਭਾਵ ਜੋ ਮਨੁੱਖ ਦੇ ਵਿਚਾਰ ਹਨ, ਮਨ ਦੇ ਵਿਚਾਰ ਹਨ ਇਹ

6/577

ਆਪ ਪ੍ਰਮਾਤਮਾ ਹੈ ਭਾਵ ਮਨੁੱਖ ਦੇ ਸੁਭਾਉ ਵਿੱਚ ਆਪ ਪ੍ਰਮਾਤਮਾ ਹੀ ਹੈ। **(ਮਨ ਕਾ ਸੁਭਾਉ ਮਨਹਿ ਬਿਆਪੀ॥)**। ਉਹ ਜੋ ਆਪ ਹੀ ਸਭ ਜਗ੍ਹਾ ਵਿਆਪਿਆ ਹੋਇਆ ਹੈ, ਉਹੀ ਮਨ ਦੇ ਵਿੱਚ ਹੈ ਤੇ ਮਨ ਦੁਆਰਾ ਹੀ ਇਹ ਸਮਝ ਲੱਗ ਸਕਦੀ ਹੈ ਕਿ ਉਹ ਸਭ ਜਗ੍ਹਾਂ ਵਿਆਪਕ ਹੈ। "ਬਿਆਪੀ" ਤੋਂ ਭਾਵ ਹੈ ਉਹ ਪ੍ਰਮਾਤਮਾ ਜੋ ਸਭ ਜਗ੍ਹਾ ਵਿਆਪਕ ਹੈ। ਪੂਰੀ ਪੰਗਤੀ ਤੋਂ ਭਾਵ ਹੈ ਕਿ ਉਹ ਪ੍ਰਮਾਤਮਾ ਜੋ ਸਭ ਜਗ੍ਹਾ ਵਿਆਪਕ ਹੈ, ਉਹੀ ਸਾਡੇ ਮਨ ਦੇ ਵਿੱਚ ਹੈ ਤੇ ਸਾਡੇ ਸਭ ਦੇ ਅੰਦਰ ਉਹ ਸਾਡੇ ਮਨ ਦੇ ਸੁਭਾਅ ਦੇ ਰੂਪ ਵਿੱਚ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਤੇ ਮਨ ਦੇ ਵਿੱਚੋਂ ਹੀ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। **(ਮਨ ਕਾ ਸੁਭਾਉ ਮਨਹਿ ਬਿਆਪੀ॥)** ਇਸ ਪੰਗਤੀ ਦੁਆਰਾ ਮਨ ਦੀ ਮਹਿਮਾ ਦਾ ਜ਼ਿਕਰ ਕੀਤਾ ਹੋਇਆ ਹੈ ਤੇ ਸਮਝਾਇਆ ਹੈ ਕਿ ਮਨੁੱਖ ਸਭ ਕੁੱਝ ਮਨ ਦੇ ਨਾਲ ਹੀ ਹੈ। ਭਗਤੀ ਕਰਨ ਲਈ ਇਸ ਮਨ ਨੂੰ ਮਾਰਨ ਦੀ ਗੱਲ ਕਹੀ ਜਾਂਦੀ ਹੈ ਤੇ ਅਗਲੀ ਪੰਗਤੀ ਵਿੱਚ ਇਹ ਸਮਝਾਇਆ ਹੈ ਕਿ ਮਨ ਦਾ ਮਾਰਨ ਕੀ ਹੈ। ਮਨ ਨੂੰ ਮਾਰਨਾ, ਮਨ ਦੇ ਫੁਰਨਿਆਂ ਨੂੰ ਮਾਰਨਾ ਨਹੀਂ ਹੈ ਜਿਸ ਕਾਰਨ ਇਸ ਮਨ ਦੀ ਸਾਡੇ ਅੰਦਰ ਹੋਂਦ ਹੀ ਨਾ ਰਹੇ, ਉਹ ਕਿਸੇ ਕੰਮ ਹੀ ਨਾ ਆਏ ਕਿਉਂਕਿ ਮਨ ਦੇ ਵਿਚਾਰਾਂ ਦੇ ਬਿਨ੍ਹਾਂ ਮਨੁੱਖ ਕਿਸੇ ਕੰਮ ਦਾ ਨਹੀਂ ਹੈ। ਮਨ ਨੂੰ ਮਾਰਨਾ, ਮਨ ਦੇ ਵਿੱਚ ਵਿਕਾਰਾਂ ਅਤੇ ਮਾੜੇ ਫੁਰਨਿਆਂ ਦੇ ਉਪਜਣ ਨੂੰ ਰੋਕਣਾ ਨਹੀਂ ਹੈ ਕਿਉਂਕਿ ਉਹ ਰੁਕ ਨਹੀਂ ਸਕਦੇ। ਰੋਕਣਾ ਆਪਣੇ ਆਪ ਨੂੰ ਹੈ ਕਿ ਅਸੀਂ ਉਨ੍ਹਾਂ ਤੇ ਅਮਲ ਨਾ ਕਰੀਏ, ਉਨ੍ਹਾਂ ਫੁਰਨਿਆਂ ਨੂੰ ਆਪਣੇ ਤੇ ਹਾਵੀ ਨਾ ਹੋਣ ਦੇਈਏ। ਫੁਰਨਿਆਂ ਵਿੱਚ ਹੀ ਮਾੜੇ ਵਿਚਾਰ ਹਨ ਅਤੇ ਫੁਰਨਿਆਂ ਵਿੱਚ ਹੀ ਚੰਗੇ ਵਿਚਾਰ ਹਨ। ਜੇਕਰ ਸਾਡੇ ਅੰਦਰ ਚੰਗੇ ਵਿਚਾਰ ਦ੍ਰਿੜ ਹਨ, ਗੁਰੂ ਦੀ ਮਤਿ ਦ੍ਰਿੜ ਹੈ ਤਾਂ ਫਿਰ ਸਾਨੂੰ ਮਾੜੇ ਫੁਰਨਿਆਂ ਤੋਂ ਡਰ ਕਿਸ ਲਈ ਹੈ। ਅਸੀਂ ਡਰਦੇ ਇਸ ਲਈ ਹਾਂ ਕਿਉਂਕਿ ਕੱਚੇ ਹਾਂ। ਜਿੱਥੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਾਰ-ਵਾਰ ਸਾਡਾ ਇਮਤਿਹਾਨ ਲੈਂਦੇ ਹਨ ਜੇਕਰ ਉੱਥੇ ਅਸੀਂ ਨਾ ਡੋਲੀਏ ਤੇ ਗੁਰੂ ਦੀ ਮਤਿ ਤੇ ਦ੍ਰਿੜ ਰਹੀਏ ਸ਼ਬਦਾਂ ਦੀ ਵਿਚਾਰ ਤੇ ਦ੍ਰਿੜ ਰਹੀਏ ਤਾਂ ਫਿਰ ਅਸੀਂ ਗੁਰੂ ਦੇ ਇਮਤਿਹਾਨ ਵਿੱਚੋਂ ਪਾਸ ਹਾਂ, ਭਗਤੀ ਦੇ ਮਾਰਗ ਤੇ ਪਾਸ ਹਾਂ। ਸਾਰੀ ਗੱਲ ਗੁਰੂ ਦੀ ਮੱਤ ਨੂੰ ਆਪਣੇ ਅੰਦਰ ਦ੍ਰਿੜ ਕਰਨ ਦੀ ਹੈ, ਉਸ ਤੇ ਅਡੋਲ ਹੋਣ ਦੀ ਹੈ ਤੇ ਇਹ ਹੀ ਅਸਲ ਵਿੱਚ ਮਨ ਦਾ ਮਾਰਨ ਹੈ ਨਾ ਕਿ ਫੁਰਨਿਆਂ ਦੇ ਆਉਣ ਤੋਂ ਬਚਣਾ, ਆਪਣੇ ਆਪ ਨੂੰ ਫੁਰਨਿਆਂ ਤੋਂ ਬਚਾਉਣ ਲਈ ਕੋਈ ਆਸਨ ਆਦਿ ਕਰਕੇ ਬਚਣਾ ਜੋ ਕਿ ਜੋਗੀ ਅਤੇ ਸੰਨਿਆਸੀ ਆਦਿ ਸਦੀਆਂ ਤੋਂ ਕਰਦੇ ਆ ਰਹੇ

6/578

ਹਨ ਤੇ ਸਿੱਖ ਜਗਤ ਵਿੱਚ ਵੀ ਇਹੋ ਪ੍ਰਚਾਰ ਕਰਨ ਵਾਲੇ, ਇਹੋ ਜਿਹਾ ਵਿਸ਼ਵਾਸ ਰੱਖਣ ਵਾਲੇ ਬਹੁਤ ਹਨ। **(ਮਨਹਿ ਮਾਰਿ ਕਵਨ ਸਿਧਿ ਥਾਪੀ॥੧॥)** (ਅੰਗ - ੩੨੯) ਭਾਵ ਮਨ ਦੇ ਅੰਦਰ ਵਿਚਾਰਾਂ ਨੂੰ ਆਉਣ ਤੋਂ ਮਾਰਨਾ, ਰੋਕਣਾ ਕਿ ਉਹ ਸਾਨੂੰ ਪ੍ਰੇਸ਼ਾਨ ਨਾ ਕਰ ਸਕਣ, ਇਹ ਕਿਹੜੀ ਸਿਆਣਪ ਵਾਲੀ ਗੱਲ ਹੈ ਭਾਵ ਇਹੋ ਜਿਹਾ ਮਨ ਮਾਰਨਾ ਫਜ਼ੂਲ ਦੀ ਕਿਰਿਆ ਹੈ, ਫਜ਼ੂਲ ਦੀ ਸਿਆਣਪ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਇਸ ਮਨ ਦੇ ਵਿਚਾਰਾਂ ਨੂੰ ਕੋਈ ਨਹੀਂ ਮਾਰ ਸਕਦਾ ਕਿਉਂਕਿ ਇਹ ਮਨੁੱਖ ਦੇ ਹੱਥ ਵੱਸ ਨਹੀਂ ਹੈ। ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ ਕਿ ਇਸ ਮਨ ਨੂੰ ਕਿਸੇ ਜੁਗਤੀ ਦੁਆਰਾ ਵੱਸ ਵਿੱਚ ਨਹੀਂ ਕੀਤਾ ਜਾ ਸਕਦਾ, ਮਨ ਦੇ ਵਿਚਾਰਾਂ ਨੂੰ ਨਹੀਂ ਰੋਕਿਆ ਜਾ

ਸਕਦਾ। **"ਕਵਨੁ ਸੁ ਮੁਨਿ ਜੋ ਮਨੁ ਮਾਰੈ॥"** ਮੁਨੀ ਲੋਕ ਜੋ ਸਮਾਧੀਆਂ ਆਦਿ ਲਗਾ ਕੇ ਮਨ ਨੂੰ ਵੱਸ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਦਾ ਭਰਮ ਕੱਢਿਆ ਹੋਇਆ ਹੈ ਕਿ ਕੌਣ ਐਸਾ ਮੁਨੀ ਹੈ ਜੋ ਇਨ੍ਹਾਂ ਆਪਣੇ ਵਿਚਾਰਾਂ ਨੂੰ ਮਾਰ ਸਕੇ, ਆਪਣੇ ਅੰਦਰ ਉਪਜਣ ਤੋਂ ਰੋਕ ਸਕੇ ਭਾਵ ਜਿਤਨਾ ਮਰਜ਼ੀ ਕੋਈ ਜ਼ੋਰ ਲਗਾ ਲਵੇ ਇਨ੍ਹਾਂ ਮਨ ਦੇ ਵਿਚਾਰਾਂ ਨੂੰ ਮਾਰਨਾ, ਮਨ ਨੂੰ ਵੱਸ ਵਿੱਚ ਕਰਨਾ ਕਿਸੇ ਦੇ ਵੱਸ ਵਿੱਚ ਨਹੀਂ ਹੈ। ਇਹੀ ਗੱਲ ਜਪੁਜੀ ਬਾਣੀ ਦੇ ਪਹਿਲੇ ਸ਼ਬਦ ਵਿੱਚ ਵੀ ਸਮਝਾਈ ਹੋਈ ਹੈ।

{ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥}

(ਅੰਗ - ੧)

ਇਸ ਮਨ ਨੂੰ ਚੁੱਪ ਕਰਵਾਉਣਾ ਕਿਸੇ ਦੇ ਵੱਸ ਨਹੀਂ ਹੈ ਭਾਵੇਂ ਜਿਤਨੀ ਮਰਜ਼ੀ ਕੋਈ ਲੰਬੀ ਸਮਾਧੀ ਲਗਾ ਕੇ ਬੈਠ ਜਾਵੇ। ਜਿਸਦਾ ਇਹ ਮਨ ਹੈ ਉਹ ਹੀ ਇਸ ਨੂੰ ਵੱਸ ਵਿੱਚ ਲਿਆ ਸਕਦਾ ਹੈ। ਮਨੁੱਖ ਕੇਵਲ ਭੁਲੇਖਿਆਂ ਵਿੱਚ ਉਲਝਿਆ ਹੋਇਆ ਹੈ। ਇਸ ਮਨ ਨੂੰ ਮਾਰਨ ਦਾ ਮਕਸਦ ਕੀ ਹੈ, ਇਹ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **"ਮਨ ਕਉ ਮਾਰਿ ਕਹਹੁ ਕਿਸੁ ਤਾਰੈ॥੧॥ਰਹਾਉ॥"** ਇੱਥੇ ਮਨ ਨੂੰ ਮਾਰਨਾ ਕੀ ਹੈ, ਇਹ ਭੇਦ ਸਮਝਾਇਆ ਹੋਇਆ ਹੈ। ਅਸੀਂ ਤਰਨਾ ਕਿਸ ਚੀਜ ਤੋਂ ਹੈ, ਪਾਰ ਕਿਸ ਚੀਜ ਤੋਂ ਪਾਉਣਾ ਹੈ, ਜਦ ਤੱਕ ਇਸ ਗੱਲ ਦੀ ਸੋਝੀ ਹੀ ਨਹੀਂ ਤਾਂ ਫਿਰ ਮਨ ਦੇ ਮਾਰਨ ਦਾ ਸਾਨੂੰ ਮਕਸਦ ਹੀ ਸਮਝ ਨਹੀਂ ਆ ਸਕਦਾ। ਤਾਰਨਾ ਅਸੀਂ ਆਪਣੇ ਆਪ ਨੂੰ ਮਾਇਆ ਮੋਹ ਦੇ ਸਾਗਰ ਤੋਂ ਹੈ, ਔਗੁਣਾਂ ਦੇ ਸਾਗਰ ਤੋਂ ਹੈ, ਮਾੜੇ ਵਿਚਾਰਾਂ ਤੋਂ ਹੈ, ਮਨਮਤਿ ਤੋਂ ਹੈ, ਮਨ ਦੀ ਮਾੜੀ ਸਮਝ ਤੋਂ ਹੈ, ਹਉਮੈ ਤੋਂ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਹੈ ਜਿਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੇਕਰ ਵਿਚਾਰ ਹੀ ਮਰ ਗਏ ਭਾਵ ਮਨ ਵਿੱਚ ਫੁਰਨੇ ਉੱਠਣੇ ਹੀ ਬੰਦ ਹੋ ਗਏ, ਚੰਗੇ ਮਾੜੇ ਦੀ ਸੋਝੀ ਹੀ ਮਰ ਗਈ ਤਾਂ ਫਿਰ ਕਿਸ ਨੂੰ ਕਿਸ ਤੋਂ ਤਾਰਾਂਗੇ। ਜਿਸ ਚੀਜ ਤੋਂ ਤਰਨਾ ਹੈ, ਅਗਰ ਉਸ ਦਾ ਮੂਲ ਹੀ ਖ਼ਤਮ ਹੋ ਗਿਆ

6/579

ਤਾਂ ਫਿਰ ਅਸੀਂ ਤਰਾਂਗੇ ਕਿਸ ਚੀਜ਼ ਤੋਂ। ਜਿਸ ਭਉਜਲ ਸਾਗਰ ਤੋਂ ਤਰਨਾ ਹੈ, ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ ਭਾਵ ਮਾੜੇ ਵਿਚਾਰਾਂ ਤੋਂ ਤਰਨਾ ਹੈ, ਅਗਰ ਉਹ ਸਾਗਰ ਹੀ ਖ਼ਤਮ ਹੋ ਗਿਆ ਤੇ ਫਿਰ ਉਸ ਉੱਤੇ ਤਰਨ ਦਾ ਮਕਸਦ ਵੀ ਖ਼ਤਮ ਹੋ ਗਿਆ ਤੇ ਪਿੱਛੇ ਬਚਿਆ ਕੀ? ਤਰੇਗਾ ਕੌਣ ਤੇ ਕਿਸਦੇ ਉੱਤੇ ਤਰੇਗਾ। ਮਕਸਦ ਦੀ ਪੂਰਤੀ ਕਿਵੇਂ ਹੋਵੇਗੀ? ਅਸਲ ਵਿੱਚ ਸਾਡੇ ਮਾੜੇ ਖਿਆਲ, ਮਾਇਆ ਮੋਹ ਦੇ ਭਰੇ ਖਿਆਲ, ਦੁਰਮਤਿ ਵਾਲੇ ਖਿਆਲ, ਮਨਮਤਿ ਵਾਲੇ ਖਿਆਲ ਹੀ ਭਵਸਾਗਰ ਹਨ ਅਤੇ ਇਸ ਭਵਸਾਗਰ ਤੋਂ ਅਸੀਂ ਆਪਣੇ ਚੰਗੇ ਵਿਚਾਰਾਂ ਦੁਆਰਾ, ਗੁਰੂ ਦੀ ਮਤਿ ਵਾਲੇ ਵਿਚਾਰਾਂ ਦੁਆਰਾ ਤਰਨਾ ਹੈ, ਪਾਰ ਉਤਰਨਾ ਹੈ। ਇਹ ਪਾਰ-ਉਤਾਰਾ ਤਾਂ ਹੀ ਹੋ ਸਕਦਾ ਹੈ ਜਦੋਂ ਦੋਨਾਂ ਦਾ ਵਜੂਦ ਬਣਿਆ ਰਹੇ। ਇੱਕ ਦੀ ਪਹਿਚਾਣ ਦੂਸਰਾ ਪਹਿਲੂ ਕਰਵਾਉਂਦਾ ਹੈ। ਜਦੋਂ ਪਹਿਚਾਣ ਹੋਣੀ ਹੀ ਬੰਦ ਹੋ ਜਾਵੇ ਤਾਂ ਫਿਰ ਸਾਨੂੰ ਕੀ ਪਤਾ ਲੱਗੇ ਕਿ ਇਹ ਮਾਇਆ ਮੋਹ ਵਾਲਾ ਮਾੜਾ ਵਿਚਾਰ ਹੈ ਕਿ ਚੰਗਾ ਵਿਚਾਰ ਹੈ। ਸਾਨੂੰ ਸਿਰਫ਼ ਲੋੜ ਹੈ ਤਾਂ ਗੁਰੂ ਦੀ ਮਤਿ ਦੀ, ਬਿਬੇਕ ਬੁਧਿ ਦੀ ਜਿਸ ਤੇ ਅਮਲ ਕਰਕੇ ਅਸੀਂ ਇਨ੍ਹਾਂ ਮਾੜੇ ਵਿਚਾਰਾਂ ਤੋਂ ਬਚ ਸਕਦੇ ਹਾਂ ਨਾ ਕਿ ਇਨ੍ਹਾਂ ਵਿਚਾਰਾਂ ਨੂੰ ਆਪਣੇ ਅੰਦਰੋਂ ਉਪਜਣ ਤੋਂ ਰੋਕ ਕੇ ਜੋ ਕਿ ਸਾਡਾ ਕੇਵਲ ਇੱਕ ਬਹੁਤ ਵੱਡਾ ਵਹਿਮ ਹੈ **(ਮਨ ਕਉ ਮਾਰਿ ਕਹਹੁ ਕਿਸੁ ਤਾਰੈ॥੧॥ਰਹਾਉ॥)** ਅਸੀਂ ਜਿਹੜੇ ਤਰੀਕੇ ਨਾਲ ਮਨ ਨੂੰ ਮਾਰਨ ਦੀਆਂ ਗੱਲਾਂ ਕਰਦੇ ਹਾਂ, ਧਿਆਨ ਨਾਲ ਵਿਚਾਰੋ ਅਗਰ ਅਸੀਂ ਸੱਚਮੁੱਚ ਇਨ੍ਹਾਂ ਵਿਚਾਰਾਂ ਨੂੰ ਖ਼ਤਮ ਕਰ ਹੀ ਲਈਏ ਤਾਂ ਫਿਰ ਕੀ ਸਾਡਾ ਕੋਈ ਵਜੂਦ ਬਚੇਗਾ। ਜੇਕਰ ਮਨੁੱਖ ਦੇ ਅੰਦਰ ਵਿਚਾਰ ਆਉਣੇ ਹੀ ਬੰਦ ਹੋ ਜਾਣ ਤਾਂ ਫਿਰ ਉਹ ਮਨੁੱਖ ਕੀ ਕਿਸੇ ਕੰਮ ਆ ਸਕਦਾ ਹੈ, ਕੀ ਉਸਦੇ ਜ਼ਿੰਦਾ ਰਹਿਣ ਨਾਲ ਕਿਸੇ ਮਨੋਰਥ ਦੀ ਪੂਰਤੀ ਹੋਵੇਗੀ। ਜਿਵੇਂ ਕਿ ਕੋਈ ਮਨੁੱਖ ਜਿਸ ਦੀ ਸੋਚਣ ਸ਼ਕਤੀ ਚਲੀ ਜਾਂਦੀ ਹੈ, ਉਹ "**ਕੋਮਾ**" ਵਿੱਚ ਚਲਾ ਜਾਵੇ, ਕੀ ਅਸੀਂ ਇਹੋ ਜਿਹੀ ਮਨ ਦੀ ਹਾਲਤ ਨੂੰ ਚੰਗਾ ਸਮਝਾਂਗੇ। ਹਰ ਕੋਈ ਇਸ ਦਾ ਜਵਾਬ ਸਮਝ ਸਕਦਾ ਹੈ। ਮਨ ਦਾ ਵਜੂਦ ਤਦ ਤੱਕ ਹੀ ਹੈ ਜਦ ਤੱਕ ਉਸਦੇ ਅੰਦਰ ਵਿਚਾਰ ਚੱਲਦੇ ਹਨ। ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

"ਮਨ ਅੰਤਰਿ ਬੋਲੈ ਸਭੁ ਕੋਈ॥" ਮਨ ਦਾ ਵਜੂਦ ਮਨ ਦੇ ਵਿਚਾਰਾਂ ਦੇ ਨਾਲ ਹੈ। ਜਦ ਤੱਕ ਇਹ ਵਿਚਾਰ ਚੱਲਦੇ ਹਨ ਤਦ ਤੱਕ ਹੀ ਮਨੁੱਖ ਬੋਲਦਾ ਹੈ ਭਾਵ ਮਨੁੱਖ ਆਪਣੇ ਵਿਚਾਰਾਂ ਦੇ ਨਾਲ ਹੀ ਸਭ ਕੁੱਝ ਕਰਦਾ ਹੈ। ਜੇਕਰ ਅੰਦਰ ਵਿਚਾਰ

ਹੀ ਨਹੀਂ ਫਿਰ ਮਨੁੱਖੀ ਦੇਹ

6/580

ਦਾ ਹੋਣਾ ਵੀ ਕਿਸੇ ਕੰਮ ਨਹੀਂ ਭਾਵ ਮਨੁੱਖ ਦੇ ਵਿਚਾਰ ਹੀ ਮਨੁੱਖ ਲਈ ਸਭ ਕੁੱਝ ਹਨ ਤੇ ਇਨ੍ਹਾਂ ਨੂੰ ਮਾਰਨ ਦੀ ਗੱਲ ਕਰਨੀ, ਖ਼ਤਮ ਕਰਨ ਦੀ ਗੱਲ ਕਰਨੀ ਆਪਣੇ ਵਜੂਦ ਨੂੰ ਹੀ ਖ਼ਤਮ ਕਰਨ ਵਾਲੀ ਗੱਲ ਹੈ। ਆਪਣੇ ਮਨ ਦੇ ਵਿਚਾਰਾਂ ਨੂੰ ਮਾਰਨ ਨਾਲ ਮਨੁੱਖ ਦੀ ਹਉਮੈ ਨਹੀਂ ਮਰ ਸਕਦੀ। ਹਉਮੈ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਨਾਲ ਮਰਨੀ ਹੈ, ਮਨ ਦੇ ਅੰਦਰ ਸੋਝੀ ਪੈਣ ਨਾਲ ਮਰਨੀ ਹੈ। ਜੇਕਰ ਸੋਝੀ ਪੈਣੀ ਹੀ ਬੰਦ ਹੋ ਜਾਵੇ ਤਾਂ ਫਿਰ ਹਉਮੈ ਮਰਨ ਦੀ ਸੋਝੀ ਕਿਵੇਂ ਪਵੇਗੀ। ਮਨ ਦੀ ਸੋਝੀ ਦੁਆਰਾ, ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਤਾਂ ਸਭ ਕੁੱਝ ਪ੍ਰਾਪਤੀ ਹੋਣੀ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਾਉਣਾ ਹੈ। ਜੇਕਰ ਮਨ ਦੇ ਵਿਚਾਰਾਂ ਨੂੰ ਖ਼ਤਮ ਕਰ ਲਿਆ ਤੇ ਬਚਿਆ ਕੀ। ਮਨ ਦਾ ਮਾਰਨ ਕੀ ਹੈ, ਇਸ ਗੱਲ ਦੀ ਸੋਝੀ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਪਾਈ ਹੋਈ ਹੈ ਤੇ ਅਸੀਂ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝ ਚੁੱਕੇ ਹਾਂ। ਬਿਨ੍ਹਾਂ ਮਨ ਨੂੰ ਮਾਰਨ ਦੇ ਭਗਤੀ ਨਹੀਂ ਹੈ ਤੇ ਅਸੀਂ ਇਹ ਵੀ ਜਾਣਦੇ ਹਾਂ ਕਿ ਬਿਨ੍ਹਾਂ ਗੁਣਾਂ ਤੋਂ ਭਗਤੀ ਨਹੀਂ ਹੈ, ਔਗੁਣਾਂ ਵਿੱਚ ਰਹਿੰਦਿਆਂ ਭਗਤੀ ਨਹੀਂ ਹੈ। ਔਗੁਣਾਂ ਵਿੱਚ ਨਿਕਲ ਕੇ ਗੁਣਾਂ ਵਿੱਚ ਆਉਣਾ ਹੀ, ਮਨਮਤਿ ਵਾਲੀ ਨਾਸਮਝ ਮਤਿ ਵਿੱਚੋਂ ਨਿਕਲ ਕੇ ਗੁਰਮਤਿ ਵਾਲੀ ਸੱਚੀ ਸਮਝ ਵਿੱਚ ਆਉਣਾ ਹੀ ਮਨ ਨੂੰ ਮਾਰਨਾ ਹੈ **(ਮਨ ਮਾਰੇ ਬਿਨੁ ਭਗਤਿ ਨ ਹੋਈ॥)** ਇਸ ਸ਼ਬਦ ਵਿੱਚ ਮਨ ਦੇ ਮਾਰਨ ਨੂੰ ਸਾਡੀ ਫ਼ਜ਼ੂਲ ਕਿਰਿਆ ਵੀ ਦੱਸੀ ਹੈ ਅਤੇ ਮਨ ਨੂੰ ਮਾਰਨਾ ਜਰੂਰੀ ਵੀ ਦੱਸਿਆ ਹੈ। ਜਿਹੋ ਜਿਹਾ ਅਸੀਂ ਮਨ ਦਾ ਮਾਰਨ ਸਮਝਦੇ ਹਾਂ ਉਹ ਅਸੀਂ ਸਮਾਧੀਆਂ ਆਦਿ ਲਗਾਉਣ ਦੁਆਰਾ ਕਰਦੇ ਹਾਂ, ਜਿੰਨ੍ਹਾਂ ਦਾ ਕਿ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਗਿਆ ਹੈ। ਜੇਕਰ ਇਹੋ ਜਿਹੀਆਂ ਜੋਗ ਜੁਗਤਾਂ ਲਗਾ ਕੇ, ਜੋ ਕਿ ਆਮ ਤੌਰ ਤੇ ਪ੍ਰਚਲਿਤ ਹਨ, ਸਿੱਖ ਜਗਤ ਵਿੱਚ ਵੀ ਬਹੁਤ ਪ੍ਰਚਲਿਤ ਹਨ ਤਾਂ ਫਿਰ ਜੋਗੀ ਮੁਨੀ ਆਦਿ ਇਸ ਮਨ ਦਾ ਭੇਦ ਕਿਉਂ ਨਹੀਂ ਪਾ ਸਕੇ ਜਿਵੇਂ ਕਿ ਬਾਣੀ ਵਿੱਚ ਅਨੇਕਾਂ ਵਾਰ ਸਮਝਾਇਆ ਹੋਇਆ ਹੈ।

(ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ॥ ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ॥੨॥)

(ਅੰਗ ੧੨੪)

(ਸਨਕਾਦਿਕ ਨਾਰਦ ਮੁਨਿ ਸੇਖਾ॥ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥)

(ਅੰਗ ੩੩੦)

ਉਨ੍ਹਾਂ ਦੀਆਂ ਇਹੋ ਜਿਹੀਆਂ ਜੁਗਤੀਆਂ ਨੂੰ ਬਾਣੀ ਰਾਹੀਂ ਇਤਨਾ ਜਿਆਦਾ ਖੰਡਨ ਤੋਂ ਬਾਅਦ ਵੀ ਅਸੀਂ ਉਨ੍ਹਾਂ ਤੇ ਆਪਣਾ ਭਰੋਸਾ ਨਹੀਂ ਛੱਡ ਸਕੇ। ਮਨ ਦਾ ਮਾਰਨ ਸਮਝ ਹੀ ਨਹੀਂ ਸਕੇ। "ਮਨ" ਨਾਮ ਦੇ ਨਾਲ ਮਰਨਾ ਹੈ, ਗੁਰੂ ਦੀ ਮਤਿ ਦੇ ਨਾਲ ਮਰਨਾ ਹੈ, ਗੁਰੂ ਦੇ ਗਿਆਨ ਨਾਲ ਮਰਨਾ ਹੈ, ਉਸ ਤੇ ਅਮਲ ਕਰਕੇ ਮਰਨਾ ਹੈ।

6/581

ਮਾਰਨਾ ਅਸਲ ਵਿੱਚ ਮਨ ਦੇ ਮਾੜੇ ਵਿਚਾਰਾਂ ਨੂੰ ਹੀ ਹੈ ਜੋ ਕਿ ਕੇਵਲ ਤੇ ਕੇਵਲ ਗੁਰੂ ਦੇ ਦੱਸੇ ਹੋਏ ਚੰਗੇ ਵਿਚਾਰਾਂ ਨੂੰ ਮੰਨ ਕੇ ਮਰ ਸਕਦੇ ਹਨ। ਔਗੁਣਾਂ ਨੂੰ ਕੇਵਲ ਗੁਣ ਹੀ ਮਾਰ ਸਕਦੇ ਹਨ। ਮਨ ਨੂੰ ਜਿੱਤਣਾ ਹੀ ਮਨ ਨੂੰ ਮਾਰਨਾ ਹੈ। **{ਮਨਿ ਜੀਤੈ ਜਗੁ ਜੀਤੁ॥} ਅੰਗ - ੬** ਜਿੱਤ ਮਾੜੇ ਵਿਚਾਰਾਂ ਤੇ ਪਾਉਣੀ ਹੈ ਜਿੰਨ੍ਹਾਂ ਅੱਗੇ ਮਨੁੱਖ ਹਾਰ ਕੇ ਬੈਠਾ ਹੋਇਆ ਹੈ। ਇਨ੍ਹਾਂ ਮਨ ਦੇ ਮਾੜੇ ਵਿਚਾਰਾਂ ਨੂੰ ਹਰਾਉਣਾ ਬਹੁਤ ਔਖਾ ਹੈ, ਜੱਗ ਨੂੰ ਜਿੱਤਣ ਵਰਗਾ ਔਖਾ ਹੈ। ਬਹੁਤ ਔਖਾ ਹੈ ਨਾਮ ਜਪਣਾ, ਬਹੁਤ ਔਖਾ ਹੈ ਮਨ ਨੂੰ ਮਾਰਨਾ, ਬਹੁਤ ਔਖਾ ਹੈ ਮਾਇਆ ਮੋਹ ਦਾ ਤਿਆਗ, ਬਹੁਤ ਔਖਾ ਹੈ ਤ੍ਰਿਸ਼ਨਾਵਾਂ ਨੂੰ ਮਾਰਨਾ। ਜਦ ਤੱਕ ਮਨੁੱਖ ਇਸ ਤਰ੍ਹਾਂ ਮਨ ਨੂੰ ਨਹੀਂ ਮਾਰਦਾ ਤਦ ਤੱਕ ਇਸ ਮਨ ਦਾ ਭੇਦ ਪਾਉਣਾ ਵੀ ਔਖਾ ਹੈ, ਪ੍ਰਮਾਤਮਾ ਨੂੰ ਪਾਉਣਾ ਵੀ ਔਖਾ ਹੈ। ਜੇਕਰ ਕੋਈ ਉਸਦੀ ਕ੍ਰਿਪਾ ਦੁਆਰਾ ਇਸ ਮਨ ਦਾ ਭੇਦ ਪਾ ਲਵੇ ਭਾਵ ਜਦੋਂ ਇਹ ਸੋਝੀ ਪੈ ਜਾਵੇ ਕਿ ਇਹ ਮਨ ਕੀ ਹੈ, ਤਾਂ ਉਸਨੂੰ ਹੀ ਸੋਝੀ ਪਵੇਗੀ ਕਿ ਮਨ ਆਪ ਪ੍ਰਮਾਤਮਾ ਹੈ। **(ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ॥)**

ਹੁਣ ਧਿਆਨ ਨਾਲ ਵਿਚਾਰੋ ਕਿ ਸਾਨੂੰ ਮਨ ਬਾਰੇ ਕੀ ਸਮਝਾਇਆ ਹੈ। ਇਸ ਤੋਂ ਸਪੱਸ਼ਟ ਹੋਰ ਕੀ ਸਮਝਾਇਆ ਜਾਵੇ ਕਿ ਮਨ ਹੀ ਆਪ ਪ੍ਰਮਾਤਮਾ ਹੈ ਜਿਸ ਰਾਹੀਂ ਉਹ ਮਨੁੱਖ ਵਿੱਚ ਵਰਤ ਰਿਹਾ ਹੈ, ਹਰ ਕਿਸੇ ਨੂੰ ਮਨ ਦੇ ਵਿਚਾਰਾਂ ਰਾਹੀਂ ਆਪਣੇ

ਹੁਕਮ ਵਿੱਚ ਚਲਾ ਰਿਹਾ ਹੈ। ਭਾਵੇਂ ਇਹ ਗੱਲ ਸਾਨੂੰ ਬਾਣੀ ਵਿੱਚ ਅਨੇਕਾਂ ਵਾਰ ਸਮਝਾਈ ਹੈ ਕਿ ਇਹ ਮਨ ਹੀ ਸਭ ਕੁੱਝ ਹੈ, ਆਪ ਪ੍ਰਮਾਤਮਾ ਹੈ ਪਰ ਸਾਨੂੰ ਕਿਸੇ ਨੂੰ ਵੀ ਇਸ ਗੱਲ ਤੇ ਯਕੀਨ ਨਹੀਂ ਆਉਂਦਾ। ਧਿਆਨ ਨਾਲ ਸੋਚੋ ਕਿ ਯਕੀਨ ਕਿਉਂ ਨਹੀਂ ਆਉਂਦਾ। ਮਨੁੱਖ ਜੋ ਕੁੱਝ ਵੀ ਹੈ, ਆਪਣੇ ਮਨ ਦੇ ਵਿਚਾਰਾਂ ਨਾਲ ਹੈ, ਜਿੰਨ੍ਹਾਂ ਨੂੰ ਕਿ ਉਹ ਆਪਣੇ ਸਮਝਦਾ ਹੈ। ਸਾਨੂੰ ਜੋ ਕੁੱਝ ਵੀ ਸੋਝੀ ਪੈਣੀ ਹੈ ਉਹ ਇਹ ਮਨ ਦੇ ਵਿਚਾਰਾਂ ਦੁਆਰਾ ਹੀ ਪੈਣੀ ਹੈ। ਸਭ ਕੁੱਝ ਮਨ ਦੇ ਵਿਚਾਰਾਂ ਦੇ ਹੱਥ ਹੈ, ਮਨ ਦੇ ਗਿਆਨ ਦੇ ਹੱਥ ਹੈ ਭਾਵ ਪ੍ਰਮਾਤਮਾ ਦੇ ਆਪਣੇ ਹੱਥ ਹੈ। ਉਸਦੇ ਯਕੀਨ ਦਿਵਾਏ ਬਿਨ੍ਹਾਂ ਸਾਨੂੰ ਯਕੀਨ ਆਉਣਾ ਨਾਮੁਮਕਿਨ ਹੈ।

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥}

(ਅੰਗ ੨੮੫)

{ਮਨ ਮਧੇ ਜਾਨੈ ਜੇ ਕੋਇ ॥
ਜੋ ਬੋਲੈ ਸੋ ਆਪੈ ਹੋਇ ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥
ਕਹਿ ਕਬੀਰ ਸੋ ਪ੍ਰਾਨੀ ਤਰੈ ॥੪॥}

(ਅੰਗ ੧੧੬੨)

ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਪ੍ਰਮਾਤਮਾ ਆਪ ਉਹ ਸਾਡੇ

6/582

ਕੋਲੋਂ ਵਿਅਰਥ ਹੀ ਚਤੁਰਾਈਆਂ ਕਰਵਾਉਂਦਾ ਹੈ। ਉਹ ਗਿਆਨ ਦਾ ਭੰਡਾਰ ਹੈ। ਉਹ ਸਭ ਕੁੱਝ ਕਰਵਾ ਸਕਦਾ ਹੈ। ਉਹ ਸਾਨੂੰ ਜਿਸ ਹੱਦ ਤੱਕ ਚਾਹੇ ਉਲਝਾ ਸਕਦਾ ਹੈ, ਪਰ ਅਸੀਂ ਆਪਣੇ ਆਪ ਨੂੰ ਉਲਝਿਆ ਨਹੀਂ ਮੰਨ ਸਕਦੇ ਕਿਉਂਕਿ ਸਾਡੇ ਮਨ ਦੀ ਸੋਚ ਸਾਨੂੰ ਮੰਨਣ ਹੀ ਨਹੀਂ ਦਿੰਦੀ। ਬਸ ਇੱਥੇ ਹੀ ਸਾਰਾ ਭੇਦ ਹੈ। ਨਾ ਉਹ ਆਪਣਾ ਭੇਦ ਕਿਸੇ ਨੂੰ ਦੱਸੇ, ਨਾ ਕਿਸੇ ਦੇ ਇਹ ਭੇਦ ਪੱਲੇ ਪਵੇ। ਸਾਨੂੰ ਗੁਰਬਾਣੀ ਤੇ ਨਾ ਯਕੀਨ ਕਰਨਾ ਮੰਜ਼ੂਰ ਹੈ ਪਰ ਅਸੀਂ ਇਹ ਯਕੀਨ ਨਹੀਂ ਕਰ ਸਕਦੇ ਕਿ ਮਨ ਆਪ ਪ੍ਰਮਾਤਮਾ ਹੈ। ਉਹ ਬਹੁਤ-ਬਹੁਤ-ਬਹੁਤ ਵੱਡਾ ਕਲਾਕਾਰ ਹੈ। ਨਾ ਉਲਝੋ-ਨਾ ਉਲਝੋ-ਨਾ ਉਲਝੋ। ਉਸ ਕਲਾਕਾਰ ਅੱਗੇ ਕਿਸੇ ਦੀ ਪੇਸ਼ ਨਹੀਂ ਜਾ ਸਕਦੀ। ਹੁਣ ਧਿਆਨ ਨਾਲ ਸੋਚੋ, ਜੋ ਮਨ ਖੁਦ ਆਪ ਪ੍ਰਮਾਤਮਾ ਹੈ, ਸਾਡੇ ਵਿਚਾਰ ਜੋ ਖੁਦ ਆਪ ਪ੍ਰਮਾਤਮਾ ਦੇ ਹਨ ਕੀ ਉਨ੍ਹਾਂ ਨੂੰ ਕੋਈ ਮਾਰ ਸਕਦਾ ਹੈ, ਕੀ ਪ੍ਰਮਾਤਮਾ ਦੇ ਹੁਕਮ ਨੂੰ ਕੋਈ ਰੋਕ ਸਕਦਾ ਹੈ। ਲੇਕਿਨ ਹੈਰਾਨੀ ਦੀ ਗੱਲ ਇਹ ਹੈ ਕਿ ਗੁਰਬਾਣੀ ਰਾਹੀਂ ਇਹ ਸਭ ਕੁੱਝ ਜਾਣਨ ਤੋਂ ਬਾਅਦ ਵੀ ਇਨ੍ਹਾਂ ਮਨ ਦੇ ਵਿਚਾਰਾਂ ਨੂੰ ਮਾਰਨ ਵਾਲਿਆਂ ਦੀ ਫਿਰ ਵੀ ਕੋਈ ਕਮੀ ਨਹੀਂ ਰਹਿਣੀ, ਸਮਾਧੀਆਂ ਲਗਾਉਣ ਵਾਲਿਆਂ ਨੂੰ ਯਕੀਨ ਆਪਣੇ ਆਪ ਤੇ ਹੀ ਰਹਿਣਾ ਹੈ, ਭਰੋਸਾ ਆਪਣੀ ਮਤਿ ਤੇ ਹੀ ਰਹਿਣਾ ਹੈ ਕਿਉਂਕਿ ਇਹ ਉਸ ਪ੍ਰਮਾਤਮਾ ਦਾ ਆਪਣਾ ਰਚਿਆ ਹੋਇਆ ਅਸੂਲ ਹੈ, ਵਿਧਾਨ ਹੈ, ਉਸ ਨੇ ਹਰ ਕਿਸੇ ਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਤੇ ਸਾਨੂੰ ਉਸਦੇ ਬਣਾਏ ਹੋਏ ਇਸ ਅਸੂਲ ਦੇ ਅਨੁਸਾਰ ਚੱਲਣਾ ਹੀ ਪੈਣਾ ਹੈ, ਉਲਝਣਾਂ ਵਿੱਚ ਰਹਿਣਾ ਹੀ ਪੈਣਾ ਹੈ। ਇਹ ਸਾਡੇ ਹੱਥ ਵੱਸ ਨਹੀਂ ਹੈ। ਜਿਸ ਤੇ ਉਸਦੀ ਕ੍ਰਿਪਾ ਹੋਵੇਗੀ ਉਸਨੂੰ ਆਪ ਹੀ ਉਲਝਣਾਂ ਵਿੱਚੋਂ ਕੱਢ ਲਵੇਗਾ, ਚਤੁਰਾਈਆਂ, ਸਿਆਣਪਾਂ ਵਿੱਚੋਂ ਕੱਢ ਲਵੇਗਾ।

ਪਿਛਲੇ ਦੋਨਾਂ ਸ਼ਬਦਾਂ ਦੁਆਰਾ ਅਸੀਂ ਮਨ ਬਾਰੇ ਹੀ ਜਾਣਿਆ ਹੈ। ਆਓ ਇਨ੍ਹਾਂ ਦੋਨਾਂ ਸ਼ਬਦਾਂ ਦੀਆਂ ਆਖਰੀ ਪੰਗਤੀਆਂ ਨੂੰ ਵਿਚਾਰੀਏ।

{ਕਹਤ ਨਾਨਕੁ ਜੋ ਜਾਣੈ ਭੇਉ॥ਆਦਿ ਪੁਰਖੁ ਨਿਰੰਜਨ ਦੇਉ॥੬॥੫॥}

(ਅੰਗ ੧੧੨੯)

{ਕਹੁ ਕਬੀਰ ਜੋ ਜਾਨੈ ਭੇਉ॥ਮਨੁ ਮਧੁਸੂਦਨੁ ਤ੍ਰਿਭਵਣ ਦੇਉ॥੩॥੨੮॥}

(ਅੰਗ ੩੨੯)

ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ, ਇਹਨਾਂ ਦੋਨਾਂ ਸ਼ਬਦਾਂ ਰਾਹੀਂ ਸਾਨੂੰ ਮਨ ਬਾਰੇ ਹੀ ਸੋਝੀ ਪਾਈ ਹੋਈ ਹੈ। ਦੋਨਾਂ ਸ਼ਬਦਾਂ ਦੀਆਂ ਆਖਰੀ ਪੰਗਤੀਆਂ ਬਿਲਕੁਲ ਇੱਕੋ ਤਰਤੀਬ ਵਿੱਚ ਹੀ ਹਨ ਜੋ ਸਪੱਸ਼ਟ ਸਮਝਾ ਰਹੀਆਂ ਹਨ ਕਿ ਮਨ ਆਪ ਪ੍ਰਮਾਤਮਾ ਹੈ। ਇੱਕ ਸ਼ਬਦ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰਿਆ ਹੋਇਆ ਹੈ ਤੇ ਦੂਸਰਾ ਸ਼ਬਦ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰਿਆ ਹੋਇਆ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰਬਾਣੀ ਕਿਸ ਦੀ ਉਚਾਰੀ ਹੋਈ ਹੈ, ਬਾਣੀ ਆਪ ਹੀ ਪਰਮੇਸ਼ਰ ਦਾ ਥਾਨ ਕਿਸ ਵਜ੍ਹਾ ਕਰਕੇ ਹੈ। **(ਪੋਥੀ ਪਰਮੇਸਰ ਕਾ ਥਾਨੁ॥)** ਸਾਰੀ ਬਾਣੀ ਮਨੁੱਖੀ ਸਰੀਰਾਂ ਦੇ ਮਨ ਦੇ ਵਿੱਚੋਂ ਹੀ ਆਈ ਹੈ ਤੇ ਫਿਰ ਇਸ ਦਾ ਸ੍ਰੋਤ ਸਿਵਾਇ ਪ੍ਰਮਾਤਮਾ ਦੇ ਹੋਰ ਕੀ ਹੋ ਸਕਦਾ ਹੈ। ਇਸੇ ਲਈ ਬਾਣੀ ਭਾਵੇਂ ਭਗਤਾਂ ਦੇ ਸਰੀਰਾਂ ਰਾਹੀਂ ਉਚਾਰੀ ਹੋਈ ਹੈ ਜਾਂ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਉਚਾਰੀ ਹੋਈ ਹੈ ਪਰ ਅਸਲ ਵਿੱਚ ਸਾਰੀ ਬਾਣੀ ਪ੍ਰਮਾਤਮਾ ਦੀ ਆਪਣੀ ਹੀ ਉਚਾਰੀ ਹੋਈ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਇਸੇ ਲਈ ਸਾਰੀ ਬਾਣੀ ਵਿੱਚ ਇੱਕ ਸ਼ਬਦ ਦਾ ਭਾਵ ਦੂਜੇ ਸ਼ਬਦ ਨਾਲ ਮੇਲ ਖਾਂਦਾ ਹੈ ਕਿਉਂਕਿ ਗਿਆਨ ਦਾ ਸ੍ਰੋਤ ਇੱਕੋ ਹੀ ਹੈ। ਸਾਰੀ ਬਾਣੀ ਸੱਚ ਖੰਡ ਵਿੱਚੋਂ ਆਈ ਹੈ ਤੇ ਇਸੇ ਲਈ ਸਾਨੂੰ ਸਮਝਾਇਆ ਹੈ ਕਿ ਸਭ ਖੰਡ ਬ੍ਰਹਿਮੰਡ, ਸਭ ਕੁੱਝ ਇਸ ਮਨ ਦੇ ਵਿੱਚ ਹੀ ਹੈ। ਜਿੱਥੇ ਉਹ ਖੰਡਾਂ ਬ੍ਰਹਿਮੰਡਾਂ ਦਾ ਮਾਲਕ ਰਹਿੰਦਾ ਹੈ, ਉੱਥੇ ਹੀ ਸਭ ਕੁੱਝ ਹੈ। ਉਹ ਆਪ ਨਿਰਗੁਣ ਸਰੂਪ ਹੈ ਤੇ ਉਸਦਾ ਸੱਚ ਖੰਡ ਵੀ ਨਿਰਗੁਣ ਸਰੂਪ ਹੈ। ਇਹ ਮਨ ਹੀ ਉਸਦਾ ਸੱਚ ਖੰਡ ਹੈ। ਜਿਸ ਮਨ ਵਿੱਚ "ਸੱਚ" ਵੱਸਿਆ ਹੋਇਆ ਹੈ ਉੱਥੇ ਸੱਚ ਖੰਡ ਹੈ। "**ਸੱਚਖੰਡ**" ਸੱਚੇ ਗਿਆਨ ਦਾ ਖੰਡ ਹੈ, ਬ੍ਰਹਮ ਗਿਆਨ ਦਾ ਖੰਡ ਹੈ। ਜਿਹੜੇ ਮਨ ਦੇ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਉਸ ਮਨ ਨੂੰ ਉਹ "**ਸੱਚਖੰਡ**" ਬਣਾ ਦਿੰਦਾ ਹੈ। ਸਾਰੀ ਬਾਣੀ ਸੱਚਖੰਡ ਦੇ ਵਿੱਚੋਂ ਹੀ ਆਈ ਹੈ ਭਾਵ ਜਿੱਥੇ ਜਿੱਥੇ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹਨਾਂ ਸਰੀਰਾਂ ਰਾਹੀਂ ਆਈ ਹੈ। ਸਾਰੀ ਬਾਣੀ ਸੱਚਖੰਡ ਹੈ, ਬ੍ਰਹਮ ਗਿਆਨ ਰੂਪ ਖੰਡ ਹੈ ਕਿਉਂਕਿ ਇਹ ਇੱਕੋ ਬ੍ਰਹਮ ਗਿਆਨੀ ਦੇ ਕੋਲੋਂ ਆਈ ਹੈ। **(ਬ੍ਰਹਮ ਗਿਆਨੀ ਆਪਿ ਨਿਰੰਕਾਰੁ॥)**

ਬ੍ਰਹਮ ਗਿਆਨੀ ਅਖਵਾਉਣ ਵਾਲੇ ਬਹੁਤ ਹਨ ਪਰ ਉਹਨਾਂ ਦੀ ਸੋਝੀ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੀ ਕਿਉਂਕਿ ਸਭ ਦਾ ਸ੍ਰੋਤ ਆਪਣਾ ਆਪਣਾ ਹੀ ਹੈ, ਹਰ ਕੋਈ ਤ੍ਰੈਗੁਣੀ ਅਵੱਸਥਾ ਵਿੱਚ ਹੀ ਹੈ। ਇਸ ਮਨ ਦੀ ਸੋਝੀ ਪਏ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ "ਬ੍ਰਹਮ ਗਿਆਨ" ਨੂੰ ਜਾਣ ਸਕਦਾ ਹੈ, ਤੇ ਨਾ ਹੀ ਗਿਆਨ ਦੇ ਸ੍ਰੋਤ ਨੂੰ ਜਾਣ ਸਕਦਾ ਹੈ।

(ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥੧॥)

(ਅੰਗ ੬੪੭)

ਪਿੱਛੇ ਕੁੱਝ ਸ਼ਬਦਾਂ ਨੂੰ ਜਾਣ ਕੇ ਤੇ ਇਸ ਤੋਂ ਪਹਿਲੇ ਵੀ ਅਨੇਕਾਂ ਸ਼ਬਦਾਂ ਨੂੰ ਜਾਣ ਕੇ ਸਾਨੂੰ ਘੱਟੋ-ਘੱਟ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਇਹ "ਮਨ" ਕੀ ਹੈ ਅਤੇ ਪ੍ਰਮਾਤਮਾ ਕਿੱਥੇ ਵੱਸਦਾ ਹੈ। ਸਾਡੇ ਭਰਮ ਵਾਲੇ ਵਿਚਾਰਾਂ ਦੇ ਵਿੱਚ ਵੀ ਆਪ ਪ੍ਰਮਾਤਮਾ ਹੀ ਹੈ ਭਾਵ ਮਨ ਨੂੰ ਜਾਣਨ ਤੋਂ ਦੂਰ ਰੱਖਣ ਵਾਲਾ ਵੀ

6/583

ਆਪ ਪ੍ਰਮਾਤਮਾ ਹੈ। ਇਸ ਗੱਲ ਨੂੰ ਅੱਗੇ ਦਿੱਤੇ ਸ਼ਬਦ ਦੁਆਰਾ ਅਸੀਂ ਕੁੱਝ ਹੋਰ ਬਰੀਕੀ ਨਾਲ ਸਮਝਾਂਗੇ। ਜਦ ਤੱਕ ਮਨੁੱਖ ਭਰਮ ਵਿੱਚ ਹੁੰਦਾ ਹੈ ਉਸ ਅਵੱਸਥਾ ਵਿੱਚ ਉਹ ਕਿਹੋ ਜਿਹੇ ਤਰੀਕੇ ਨਾਲ ਵਿਚਰਦਾ ਹੈ ਤੇ ਜਦੋਂ ਉਸਨੂੰ ਗੁਰੂ ਦਾ ਗਿਆਨ ਮਿਲ ਜਾਂਦਾ ਹੈ ਤਦ ਉਸਦੀ ਵਿਚਰਨ ਕਿਹੋ ਜਿਹੀ ਹੁੰਦੀ ਹੈ, ਇਸ ਗੱਲ ਦੀ ਸੋਝੀ ਪਾਈ ਹੋਈ ਹੈ ਅਤੇ ਇਸ ਮਨ ਨੂੰ ਹੀ ਪ੍ਰਮਾਤਮਾ ਦੇ ਮਹਿਲ ਕਹਿ ਕੇ ਸਮਝਾਇਆ ਹੋਇਆ ਹੈ।

"ਮਨਮੁਖ ਦੇਹੀ ਭਰਮੁ ਭਤਾਰੋ॥ ਦੁਰਮਤਿ ਮਰੈ ਨਿਤ ਹੋਇ ਖੁਆਰੋ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ॥੧੩॥
ਕੰਚਨ ਦੇਹੀ ਸਬਦੁ ਭਤਾਰੋ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ॥੧੪॥
ਆਪੇ ਦੇਵੈ ਦੇਵਣਹਾਰਾ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ॥
ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ॥੧੫॥
ਜੀਉ ਪਿੰਡੁ ਸਭੁ ਹੈ ਤਿਸੁ ਕੇਰਾ॥ ਸਚਾ ਸਾਹਿਬੁ ਠਾਕੁਰੁ ਮੇਰਾ॥
ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ॥੧੬॥"

(ਅੰਗ ੧੦੫੮)

"ਭਤਾਰ" ਭਾਵ ਪਤੀ ਰੂਪ ਕੇਵਲ ਉਹ ਪ੍ਰਮਾਤਮਾ ਹੀ ਹੈ ਜੋ ਸਭ ਦਾ ਭਤਾਰ ਹੈ। ਜਿਵੇਂ ਕਿ ਸਾਨੂੰ ਬਾਣੀ ਰਾਹੀਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਸਾਰੇ ਸੰਸਾਰ ਵਿੱਚ ਇੱਕੋ "**ਪੁਰਖੁ**" ਪ੍ਰਮਾਤਮਾ ਆਪ ਹੀ ਹੈ ਤੇ ਹੋਰ ਹਰ ਕੋਈ ਉਸ ਪ੍ਰਮਾਤਮਾ ਦੀ ਨਾਰ ਹੀ ਹੈ। ਪੁਰਖੁ ਰੂਪ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜੋ ਸਾਡੇ ਅੰਦਰ ਦੇ ਗਿਆਨ ਦਾ ਮਾਲਕ ਹੈ ਜਿਸ ਆਪਣੇ ਉੱਚੇ ਗਿਆਨ ਵਾਲੀ ਸਮਝ ਦੁਆਰਾ ਸਭ ਨੂੰ ਮਨ ਦੇ ਵਿੱਚ ਹੀ ਭਾਵ ਮਨੁੱਖੀ ਸਮਝ ਰਾਹੀਂ ਹੀ ਉਸਨੇ ਸਭ ਨੂੰ ਆਪਣੀ ਨਾਰ ਬਣਾਇਆ ਹੋਇਆ ਹੈ। ਪ੍ਰਮਾਤਮਾ ਦੀ ਨਾਰਿ ਸਾਡੇ ਮਨ ਦੀ ਸਮਝ ਹੀ ਹੈ ਤੇ ਇਸ ਗੱਲ ਦੀ ਸਮਝ ਉਸ ਨੂੰ ਹੀ ਪੈ ਸਕਦੀ ਹੈ ਜਿਸ ਨੂੰ ਪ੍ਰਮਾਤਮਾ ਆਪਣੀ ਸੁਹਾਗਣ ਬਣਾ ਲੈਂਦਾ ਹੈ ਭਾਵ ਮਨ ਦੀ ਸਮਝ ਨੂੰ ਸੱਚੇ ਗਿਆਨ ਵਾਲੀ ਬਣਾ ਦਿੰਦਾ ਹੈ। ਭਰਮਾਂ ਵਾਲੀ ਸਮਝ ਵੀ ਸਾਡੇ ਅੰਦਰੋਂ ਹੀ ਉਪਜਦੀ ਹੈ ਤੇ ਸੱਚੇ ਗਿਆਨ ਵਾਲੀ ਸਮਝ ਵੀ ਸਾਡੇ ਅੰਦਰੋਂ ਹੀ ਉਪਜਦੀ ਹੈ। ਜਦ ਤੱਕ ਸਾਡੇ ਅੰਦਰ ਦੀ ਸਮਝ ਭਰਮਾਂ ਵਾਲੀ ਹੈ ਤਦ ਤੱਕ ਮਨ ਦਾ ਭਰਮ ਹੀ ਸਾਡਾ ਭਤਾਰ ਹੈ ਕਿਉਂਕਿ ਸਾਡੀ ਭਰਮਾਂ ਵਾਲੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਭਰਮਾਂ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਭਾਵ ਆਪਣੇ ਅਸਲ ਪਤੀ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। (**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥ ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥**) ਅੰਗ - ੫੯੧ ਸਭ ਵਿੱਚ ਉਹ ਆਪ ਹੀ ਵਰਤ ਰਿਹਾ ਹੈ। ਸਭ ਨੂੰ ਉਸ ਨੇ ਆਪ ਹੀ ਭਰਮ ਵਿੱਚ ਰੱਖਿਆ ਹੋਇਆ ਹੈ। ਸਾਡੇ ਅੰਦਰ ਦਾ ਭਰਮ ਸਾਡੇ ਮਨ ਦੇ ਵਿਚਾਰ ਹਨ ਭਾਵ ਇਹ ਭਰਮ ਰੂਪੀ ਵਿਚਾਰ ਪ੍ਰਮਾਤਮਾ ਦੇ ਆਪਣੇ ਹਨ ਭਾਵ ਹਰ ਕਿਸੇ ਨੂੰ ਭਰਮਾਉਣ ਦਾ ਤਰੀਕਾ ਇਹ ਸਾਡੇ ਮਨ ਦੇ ਵਿਚਾਰ ਹੀ ਹਨ ਜਿੰਨ੍ਹਾਂ ਨੂੰ ਕਿ ਅਸੀਂ ਆਪਣੇ ਵਿਚਾਰ ਸਮਝਦੇ ਹਾਂ ਪਰ ਅਸਲ ਵਿੱਚ ਇਹ ਵਿਚਾਰ ਸਾਡੇ ਨਹੀਂ ਹਨ। ਸਭ ਨੂੰ ਭਰਮ

ਵਿੱਚ ਪਾ ਕੇ ਪ੍ਰਮਾਤਮਾ ਨੇ ਮਨਮੁੱਖ ਬਣਾਇਆ ਹੋਇਆ ਹੈ, ਮਨਮਤਿ ਵਿੱਚ ਰੱਖਿਆ ਹੋਇਆ ਹੈ ਭਾਵ ਮਨੁੱਖੀ ਸਮਝ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ, ਸ੍ਰਿਸ਼ਟੀ ਦੀ ਅਸਲੀਅਤ ਦੀ ਸੋਝੀ ਪੈਣ ਤੋਂ ਦੂਰ ਰੱਖਿਆ ਹੋਇਆ ਹੈ। ਜਦ ਤੱਕ ਮਨੁੱਖ ਭਰਮ ਵਿੱਚ ਹੈ ਉਸਨੂੰ ਭਗਤੀ ਦੀ ਸੋਝੀ ਵੀ ਨਹੀਂ ਪੈਂਦੀ ਤੇ ਉਹ ਮਾਇਆ ਮੋਹ ਵਿੱਚ ਫਸਿਆ ਰਹਿੰਦਾ ਹੈ। ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਹੈ, ਵਿਕਾਰਾਂ ਵਿੱਚ ਹੈ, ਇਹੋ ਜਿਹੀ ਅਵੱਸਥਾ ਵਿੱਚ ਅਗਰ ਉਹ ਚਾਹੇ ਕਿ ਉਹ ਕਿਸੇ ਜਪ ਤਪ ਦੁਆਰਾ "ਸੁਖੁ" ਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰ ਲਵੇ ਇਹ ਸੁਪਨੇ ਵਿੱਚ ਵੀ ਨਹੀਂ ਹੋ ਸਕਦਾ ਭਾਵ ਜਿਸ ਨਾਲ ਪ੍ਰਮਾਤਮਾ ਮੇਲ ਨਹੀਂ ਕਰਨਾ ਚਾਹੁੰਦਾ ਉਸਨੂੰ ਭਰਮਾਂ ਵਿੱਚ ਪਾਕੇ, ਮਾਇਆ ਮੋਹ ਵਿੱਚ ਪਾ ਕੇ ਔਗੁਣਾਂ ਵਿੱਚ ਰੱਖਦਾ ਹੈ, ਉਸਦੇ ਵਿਚਾਰ ਹੀ ਭਰਮ ਵਾਲੇ ਰੱਖਦਾ ਹੈ। **(ਮਨਮੁਖ ਦੇਹੀ ਭਰਮੁ ਭਤਾਰੋ॥ ਦੁਰਮਤਿ ਮਰੈ ਨਿਤ ਹੋਇ ਖੁਆਰੋ॥ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ॥੧੩॥)**

ਹੁਣ ਧਿਆਨ ਨਾਲ ਸਮਝਣ ਦੀ ਇਹ ਗੱਲ ਹੈ ਕਿ ਜੇਕਰ ਪ੍ਰਮਾਤਮਾ ਭਰਮ ਦੇ ਰੂਪ ਵਿੱਚ ਸਭ ਦਾ ਭਤਾਰ ਹੈ ਭਾਵ ਪਤੀ ਹੈ, ਇਸ ਤੋਂ ਬਿਲਕੁਲ ਸਪੱਸ਼ਟ ਹੈ ਕਿ ਪ੍ਰਮਾਤਮਾ ਸਾਡਾ ਸਭ ਦਾ ਪਤੀ ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ ਤੇ ਉਸ ਪਤੀ ਦਾ ਹੁਕਮ ਸਾਡੇ ਅੰਦਰ ਸਾਡੀ ਸਮਝ ਦੇ ਰੂਪ ਵਿੱਚ ਹੀ ਚੱਲਦਾ ਹੈ। ਜਦੋਂ ਵੀ ਸਾਨੂੰ ਆਪਣੇ ਪਤੀ ਦੇ ਭਾਵ ਪ੍ਰਮਾਤਮਾ ਰੂਪ ਪਤੀ ਦੇ ਦਰਸ਼ਨ ਹੋਣੇ ਹਨ ਉਹ ਮਨ ਦੀ ਸਮਝ ਦੇ ਵਿੱਚੋਂ ਹੀ ਹੋਣੇ ਹਨ ਜਿਸ ਲਈ ਕੇਵਲ ਸਾਡੇ ਮਨ ਦੀ ਭਰਮਾਂ ਵਾਲੀ ਸਮਝ ਹੀ ਬਦਲਦੀ ਹੈ ਜੋ ਕਿ ਗੁਰੂ ਦੇ ਭਾਵ ਸ਼ਬਦ ਦੇ ਵਿਚਾਰ ਮੰਨਣ ਦੁਆਰਾ ਬਦਲਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਕੰਚਨ ਦੇਹੀ ਸਬਦੁ ਭਤਾਰੋ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ॥"

6/584

ਭਰਮ ਵਿੱਚੋਂ ਨਿਕਲਣ ਦਾ ਤਰੀਕਾ ਹੀ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਜਦੋਂ ਸਾਡਾ ਭਤਾਰ ਭਰਮ ਦੀ ਬਜਾਇ ਸ਼ਬਦ ਬਣ ਜਾਵੇਗਾ ਤੇ ਤਾਂ ਹੀ ਭਰਮ ਵਿੱਚੋਂ ਨਿਕਲਿਆ ਜਾ ਸਕਦਾ ਹੈ। ਇੱਕ ਪਾਸੇ ਭਰਮ ਹੈ ਤੇ ਦੂਜੇ ਪਾਸੇ ਸ਼ਬਦ ਹੈ। ਜਿੱਥੇ ਭਰਮ ਹੈ ਉੱਥੇ ਸ਼ਬਦ ਨਹੀਂ ਹੈ। ਸ਼ਬਦ ਹੀ ਨਾਮ ਹੈ ਤੇ ਜਿੱਥੇ ਭਰਮ ਹੈ ਉੱਥੇ ਨਾਮ ਨਹੀਂ ਹੈ। ਜਿੱਥੇ ਭਰਮ ਹੈ ਉੱਥੇ ਦੁਰਮਤਿ ਹੈ ਤੇ ਜਿੱਥੇ ਸ਼ਬਦ ਹੈ, ਉੱਥੇ ਨਾਮ ਹੈ, ਗੁਰਮਤਿ ਹੈ। ਜਿੱਥੇ ਭਰਮ ਹੈ ਉੱਥੇ ਅਗਿਆਨਤਾ ਹੈ ਤੇ ਜਿੱਥੇ ਸ਼ਬਦ ਹੈ ਉੱਥੇ ਗਿਆਨ ਹੈ, ਗੁਰੂ ਦਾ ਸੱਚਾ ਗਿਆਨ ਹੈ। ਜਿੱਥੇ ਭਰਮ ਹੈ ਉੱਥੇ ਕਾਮ, ਕ੍ਰੋਧ ਆਦਿ ਵਿਕਾਰ ਹਨ ਤੇ ਜਿੱਥੇ ਸ਼ਬਦ ਹੈ ਉੱਥੇ ਵਿਕਾਰ ਨਹੀਂ ਹਨ। ਭਰਮ ਵੀ ਸਾਡੇ ਮਨ ਦੀ ਅਵੱਸਥਾ ਹੈ ਤੇ ਸ਼ਬਦ ਵੀ ਸਾਡੇ ਮਨ ਦੀ ਅਵੱਸਥਾ ਹੈ ਜਿਸ ਦੁਆਰਾ ਅਸੀਂ ਸੰਸਾਰ ਵਿੱਚ ਵਿਚਰਦੇ ਹਾਂ। ਭਰਮ ਵਾਲੀ ਸਮਝ ਵਿੱਚ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਸ਼ਬਦ ਵਾਲੀ ਸਮਝ ਵਿੱਚ ਅਸੀਂ ਚੰਗੇ ਕਰਮ ਕਰਦੇ ਹਾਂ। ਸ਼ਬਦ ਵਾਲੀ ਸਮਝ ਦੁਆਰਾ ਹੀ ਇਹ ਮਨਮੁੱਖ ਦੇਹੀ "**ਕੰਚਨ**" ਦੇਹੀ ਬਣ ਸਕਦੀ ਹੈ ਭਾਵ ਆਪਣੇ ਆਪ ਨੂੰ ਸੰਵਾਰਨ ਦਾ ਇੱਕੋ ਇੱਕ ਤਰੀਕਾ, ਪ੍ਰਮਾਤਮਾ ਰੂਪ ਪਤੀ ਨੂੰ ਆਪਣੇ ਅੰਦਰੋਂ ਜਾਣਨ ਦਾ ਇੱਕੋ ਇੱਕ ਤਰੀਕਾ ਸ਼ਬਦ ਦੀ ਓਟ ਲੈਣਾ ਹੈ, ਸ਼ਬਦ ਨਾਲ ਪਿਆਰ ਪਾਉਣਾ ਹੈ। ਸ਼ਬਦ ਸਾਡੇ ਅੰਦਰ ਹੀ ਵਰਤ ਰਿਹਾ ਹੈ। ਜੋ ਸ਼ਬਦ ਬਾਣੀ ਵਿੱਚ ਹੈ ਉਹੀ ਸ਼ਬਦ ਮਨ ਦੇ ਵਿੱਚ ਹੈ। ਜਦੋਂ ਬਾਣੀ ਦੇ ਸ਼ਬਦ ਦੇ ਲੜ ਲੱਗ ਜਾਵਾਂਗੇ, ਆਪਣਾ ਮਨ ਪੱਕਾ ਕਰ ਲਵਾਂਗੇ ਤਾਂ ਉਹ ਅੰਦਰ ਬੈਠਾ ਆਪ ਹੀ ਬਾਂਹ ਫੜ ਲਵੇਗਾ। ਅਸੀਂ ਕੇਵਲ ਉੱਦਮ ਕਰਨਾ ਹੈ, ਔਗੁਣਾਂ ਦਾ ਤਿਆਗੀ ਬਣਨ ਦਾ ਮਨ ਬਣਾਉਣਾ ਹੈ। ਬਦਲਣੇ ਸਾਡੇ ਵਿਚਾਰ ਹੀ ਹਨ ਅਤੇ ਉਨ੍ਹਾਂ ਨੂੰ ਬਦਲਣ ਵਾਲਾ ਅੰਦਰ ਹੀ ਬੈਠਾ ਹੈ ਤੇ ਇਹ ਹੀ ਉਸਦੀ ਮਨੁੱਖ ਤੇ ਸਭ ਤੋਂ ਵੱਡੀ ਕ੍ਰਿਪਾ ਹੈ ਕਿ ਉਸ ਨੂੰ ਔਗੁਣਾਂ ਵਿੱਚੋਂ ਕੱਢ ਲਵੇ। ਜਦੋਂ ਸਾਡਾ ਭਤਾਰ ਸ਼ਬਦ ਬਣ ਜਾਵੇਗਾ ਭਾਵ ਜਦੋਂ ਸਾਨੂੰ ਚਲਾਉਣ ਵਾਲਾ ਸ਼ਬਦ ਆਪ ਪ੍ਰਗਟ ਹੋ ਜਾਵੇਗਾ ਤਾਂ ਫਿਰ ਸਾਡਾ ਭਰਮ ਮਰ ਜਾਵੇਗਾ, ਮਨਮਤਿ ਖ਼ਤਮ ਹੋ ਜਾਵੇਗੀ, ਮਨੁੱਖ ਨੂੰ ਆਪਣੇ ਆਪ ਦੀ ਸੋਝੀ ਪੈ ਜਾਵੇਗੀ, ਆਪਣੀ ਹਉਮੈ, ਆਪਣੀ ਹੋਂਦ ਮਿਟ ਜਾਵੇਗੀ ਤੇ ਸਮਝ ਲੱਗ ਜਾਵੇਗੀ ਕਿ ਅੰਦਰ ਆਪ ਸ਼ਬਦ ਵਰਤ ਰਿਹਾ ਹੈ, ਗੁਰੂ ਰੂਪ ਪ੍ਰਮਾਤਮਾ ਵਰਤ ਰਿਹਾ ਹੈ। ਮਨੁੱਖ ਨੂੰ ਸਾਰੇ ਭੋਗ ਭੋਗਾਉਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਜੋ ਹਰ ਵੇਲੇ ਸਾਡੇ ਅੰਦਰ ਹੀ ਹੈ ਤੇ ਆਪ ਮਨੁੱਖ ਕੁੱਝ ਵੀ ਨਹੀਂ ਹੈ, ਕੇਵਲ ਇੱਕ ਆਪਣੀ ਝੂਠੀ ਹੋਂਦ ਦਾ ਭੁਲੇਖਾ ਹੀ ਹੈ। **(ਕੰਚਨ ਦੇਹੀ ਸਬਦੁ ਭਤਾਰੋ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ॥)**

ਅਗਲੀ ਪੰਗਤੀ ਵਿੱਚ ਇਸ ਗੱਲ ਦੀ ਸੋਝੀ ਪਾਈ ਹੋਈ ਹੈ ਕਿ ਜਦੋਂ ਪ੍ਰਮਾਤਮਾ ਦੀ ਆਪਣੇ ਅੰਦਰੋਂ ਪਹਿਚਾਣ ਹੋ ਜਾਂਦੀ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੈ ਤੇ ਅੱਜ ਤੱਕ ਇਸ ਮਨ ਤੇ ਗੈਰ ਦਾ ਕਬਜ਼ਾ ਹੀ ਸੀ ਭਾਵ ਜੋ ਮਨ ਰੂਪ ਮਹੱਲ ਆਪ ਪ੍ਰਮਾਤਮਾ ਦਾ ਹੈ ਉਸ ਮਹਲ ਨੂੰ, ਉਸ ਮਨ ਨੂੰ ਮਨੁੱਖ ਨੇ ਆਪਣਾ ਸਮਝਿਆ ਹੋਇਆ ਸੀ, ਦੂਜੇ ਦੀ ਚੀਜ਼ ਨੂੰ ਆਪਣੀ ਚੀਜ਼ ਸਮਝੀ ਹੋਈ ਸੀ, ਦੂਜੇ ਦੀ ਮਲਕੀਅਤ ਨੂੰ ਆਪਣੀ ਮਲਕੀਅਤ ਸਮਝੀ ਹੋਈ ਸੀ ਭਾਵ ਪ੍ਰਮਾਤਮਾ ਦੀ ਚੀਜ਼ ਨੂੰ ਆਪਣੀ ਚੀਜ਼ ਸਮਝਿਆ ਹੋਇਆ ਸੀ। ਮਨ ਦੀ

6/585

ਸੋਝੀ ਪੈਣਾ ਹੀ ਉਸ ਪ੍ਰਮਾਤਮਾ ਦੇ ਆਪਣੇ ਮਨ ਦੇ ਅੰਦਰ ਚੱਲ ਰਹੇ ਉਸਦੇ ਹੁਕਮ ਨੂੰ, ਭਾਣੇ ਨੂੰ ਬੁੱਝਣਾ ਹੈ। ਐਸਾ ਬੁੱਝਣ ਨਾਲ, ਸੋਝੀ ਪੈਣ ਨਾਲ ਫਿਰ ਮਨੁੱਖ ਮਨ ਦੀ ਸੱਚੀ ਸਮਝ ਰਾਹੀਂ ਉਸ ਦੇ ਭਾਣੇ ਵਿੱਚ, ਹੁਕਮ ਵਿੱਚ ਹੀ ਸਮਾਇਆ ਰਹਿੰਦਾ ਹੈ ਤੇ ਆਪਣੀ ਕੋਈ ਵੱਖਰੀ ਹੋਂਦ ਨਹੀਂ ਸਮਝਦਾ। **(ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ॥੧੪॥)** ਮਨ ਦੇ ਅੰਦਰ ਸ਼ਬਦ ਦਾ ਵੱਸਣਾ ਹੀ, ਉਸਦੇ ਗਿਆਨ ਦਾ ਵੱਸਣਾ ਹੀ ਉਸ ਦੇ ਨਾਮੁ ਦਾ ਵੱਸਣਾ ਹੈ। ਆਪਣਾ ਗਿਆਨ, ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਆਪਣੀ ਸੋਝੀ ਉਹ ਆਪ ਹੀ ਦਿੰਦਾ ਹੈ ਕਿਉਂਕਿ ਉਹ ਆਪ ਹੀ ਅੰਦਰ ਵਰਤ ਰਿਹਾ ਹੈ। ਮਨੁੱਖ ਐਵੇਂ ਫ਼ਜ਼ੂਲ ਵਿੱਚ ਹੀ ਪ੍ਰਮਾਤਮਾ ਨੂੰ ਕਿਸੇ ਜੁਗਤੀਆਂ ਦੁਆਰਾ ਖੋਜਣ ਦੀ ਕੋਸ਼ਿਸ਼ ਕਰਦਾ ਹੈ, ਆਪਣਾ ਜ਼ੋਰ ਲਗਾਉਂਦਾ ਹੈ ਭਾਵ ਮਨੁੱਖ ਨਿਰੇ ਭੁਲੇਖੇ ਵਿੱਚ ਹੈ ਕਿ ਸ਼ਾਇਦ ਉਸ ਦੀ ਕਿਸੇ ਸਿਆਣਪ ਜਾਂ ਜੁਗਤੀ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਆਪੇ ਦੇਵੈ ਦੇਵਣਹਾਰਾ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ॥)** ਇਸੇ ਗੱਲ ਨੂੰ ਅਗਲੀ ਪੰਗਤੀ ਵਿੱਚ ਦ੍ਰਿੜ ਕੀਤਾ ਹੋਇਆ ਹੈ ਤਾਂ ਜੋ ਮਨੁੱਖ ਆਪਣਾ ਚਾਰਾ ਲਗਾਉਣਾ ਛੱਡ ਦੇਵੇ ਤੇ ਪ੍ਰਮਾਤਮਾ ਨੂੰ ਉਸ ਤਰੀਕੇ ਨਾਲ ਪਾਉਣ ਦੀ ਕੋਸ਼ਿਸ਼ ਕਰੇ ਜੋ ਕਿ ਸਾਨੂੰ ਸ਼ਬਦ ਦੀ ਮਤਿ ਸਮਝਾਉਂਦੀ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿਸੇ ਮਨੁੱਖ ਨੂੰ ਬਖ਼ਸ਼ ਲਵੇ ਭਾਵ ਉਸਨੂੰ ਔਗੁਣਾਂ ਵਿੱਚੋਂ ਕੱਢ ਲਵੇ ਤੇ ਆਪਣੀ ਮਤਿ ਦੇ ਵਿੱਚ ਮਿਲਾ ਲਵੇ, ਆਪਣੇ ਸ਼ਬਦ ਦੇ ਵਿੱਚ ਮਿਲਾ ਲਵੇ ਭਾਵ ਮਨੁੱਖ ਦਾ ਆਪਣਾ ਕੋਈ ਚਾਰਾ ਨਹੀਂ ਚੱਲ ਸਕਦਾ। ਗੁਰੂ ਦਾ ਇਹ ਫੁਰਮਾਨ, ਇਹ ਸ਼ਬਦ ਦਾ ਹੁਕਮ ਅਥਾਹਾ ਹੈ ਭਾਵ ਆਪਣੀ ਜਗ੍ਹਾ ਤੋਂ ਕਦੇ ਨਾ ਹਿੱਲਣ ਵਾਲਾ ਨਹੀਂ ਹੈ, ਹਮੇਸ਼ਾਂ ਆਪਣੀ ਥਾਂ ਤੇ ਟਿਕਿਆ ਹੋਇਆ ਹੈ ਜੋ ਕਿ ਕਦੇ ਬਦਲ ਨਹੀਂ ਸਕਦਾ ਭਾਵ ਪ੍ਰਮਾਤਮਾ ਨੂੰ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ ਤੇ ਮਨੁੱਖ ਦਾ ਕੋਈ ਜ਼ੋਰ, ਸਿਆਣਪ, ਕੋਈ ਜੁਗਤਿ ਆਦਿ ਭਾਵ ਜੋ ਮਨੁੱਖ ਸੁਰਤੀਆਂ ਆਦਿ ਜੋੜਨ ਦੀ ਕੋਸ਼ਿਸ਼ ਕਰਦਾ ਹੈ, ਸਰੀਰਕ ਜਪ ਤਪ ਆਦਿ ਕਰਦਾ ਹੈ ਤੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਉਹੋ ਜਿਹੇ ਤਰੀਕੇ ਪ੍ਰਮਾਤਮਾ ਨੂੰ ਪਾਉਣ ਦੇ ਵਰਤਦਾ ਹੈ ਜਿੰਨ੍ਹਾਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਕੇਵਲ ਸਾਡੀਆਂ ਸਿਆਣਪਾਂ ਦੱਸਿਆ ਹੈ ਤੇ ਇਹੋ ਜਿਹੀ ਕੋਈ ਸਿਆਣਪ ਉਸ ਦੇ ਅੱਗੇ ਨਹੀਂ ਚੱਲ ਸਕਦੀ। ਇਹ ਉਸਦਾ ਪੱਕਾ ਅਸੂਲ ਹੈ ਉਸਦਾ ਪੱਕਾ ਫੁਰਮਾਨ ਹੈ ਜੋ ਕਦੇ ਬਦਲ ਨਹੀਂ ਸਕਦਾ। **(ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ॥੧੫॥)** ਅਗਲੀਆਂ ਪੰਗਤੀਆਂ

6/586

ਵਿੱਚ ਮਨੁੱਖ ਦੀ ਅਸਲੀਅਤ ਸਮਝਾਈ ਹੋਈ ਹੈ ਕਿ ਮਨੁੱਖ ਕੀ ਹੈ, ਜਿਸ ਦੀ ਸੋਝੀ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਹੀ ਪੈਂਦੀ ਹੈ। ਸਾਡਾ ਸਰੀਰ ਤੇ ਸਾਡੇ ਅੰਦਰ ਦੀ ਜੋਤਿ ਭਾਵ ਮਨ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਭਾਵ ਮਨੁੱਖ ਦਾ ਨਿਰਗੁਣ ਸਰਗੁਣ ਸਰੂਪ ਅਸਲ ਵਿੱਚ ਉਸ ਪ੍ਰਮਾਤਮਾ ਦਾ ਹੀ ਹੈ, ਉਹ ਸਭ ਕੁੱਝ ਆਪ ਹੀ ਹੈ ਤੇ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ, ਵੱਖਰੀ ਹੋਂਦ ਸਮਝਣਾ ਕੇਵਲ ਇੱਕ ਭੁਲੇਖਾ ਹੀ ਹੈ **(ਜੀਉ ਪਿੰਡੁ ਸਭੁ ਹੈ ਤਿਸੁ ਕੇਰਾ॥ ਸਚਾ ਸਾਹਿਬੁ ਠਾਕੁਰੁ ਮੇਰਾ॥)** ਇਹ ਭੁਲੇਖਾ ਮਨੁੱਖ ਦਾ ਕਿਵੇਂ ਨਿਕਲਦਾ ਹੈ ਇਸ ਗੱਲ ਨੂੰ ਆਖਰੀ ਪੰਗਤੀ ਵਿੱਚ ਫਿਰ ਤੋਂ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦਾ ਤਰੀਕਾ ਕੀ ਹੈ, ਪ੍ਰਮਾਤਮਾ ਕਿਵੇਂ ਮਿਲਦਾ ਹੈ, ਕਿਸ ਰੂਪ ਵਿੱਚ ਮਿਲਦਾ ਹੈ। ਇਸ ਗੱਲ ਦੀ ਸੋਝੀ ਪਾਈ ਹੋਈ ਹੈ।

"ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ॥੧੬॥"

ਇਸ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਸਾਨੂੰ ਸਮਝ ਲੱਗ ਸਕੇ ਕਿ ਗੁਰਬਾਣੀ ਵਿੱਚ ਦਿੱਤਾ ਹੋਇਆ ਗਿਆਨ ਕਿੰਨਾ ਉੱਚਾ ਹੈ ਜੋ ਕਿ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਦਿੰਦਾ ਹੈ।

(ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ॥੧੬॥੫॥੧੪॥)

ਪ੍ਰਮਾਤਮਾ ਕਿਸ ਰੂਪ ਵਿੱਚ ਵਿਚਰਦਾ ਹੈ, ਇਸ ਗੱਲ ਨੂੰ ਸਮਝੇ ਬਿਨ੍ਹਾਂ ਅਸੀਂ ਇਹ ਕਦੇ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਤੇ ਕਿਵੇਂ ਹੋਣਾ ਹੈ। ਪ੍ਰਮਾਤਮਾ ਆਪ "ਬ੍ਰਹਮ ਗਿਆਨ" ਰੂਪ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਉਹ ਆਪ ਹੀ ਸਮਾਇਆ ਹੋਇਆ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਸਮਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਵਾਰੀ ਸ਼ਬਦਾਂ ਦੁਆਰਾ ਸਮਝਿਆ ਹੈ।

{ਪੋਥੀ ਪਰਮੇਸਰ ਕਾ ਥਾਨੁ॥

ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ ਰਹਾਉ॥}

(ਅੰਗ - ੧੨੨੯)

{ਗੁਰਮੁਖਿ ਬਾਣੀ ਬ੍ਰਹਮੁ ਹੈ} ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ "ਬ੍ਰਹਮ ਗਿਆਨ" ਦੇ ਰੂਪ ਵਿੱਚ ਹੀ ਹੁੰਦੀ ਹੈ, ਨਿਰਗੁਣ ਰੂਪ ਵਿੱਚ ਭਾਵ ਨਿਰੰਕਾਰ ਰੂਪ ਵਿੱਚ ਹੀ ਹੁੰਦੀ ਹੈ, ਮਨ ਦੇ ਵਿੱਚ ਹੀ ਹੁੰਦੀ ਹੈ ਜਿੱਥੇ ਪ੍ਰਮਾਤਮਾ ਨਿਰੰਕਾਰ ਰੂਪ ਵਿੱਚ ਸਾਡੇ ਸਭ ਦੇ ਅੰਦਰ ਆਪ ਵੱਸਿਆ ਹੋਇਆ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਉਸ ਬ੍ਰਹਮ ਗਿਆਨੀ ਦੇ ਕੋਲੋਂ ਹੀ ਹੋ ਸਕਦੀ ਹੈ ਜੋ ਕਿ ਬ੍ਰਹਮ ਗਿਆਨ ਦਾ ਮਾਲਕ ਹੈ। ਗੁਰਬਾਣੀ ਦੀ ਰਚਨਾ ਉਸ ਬ੍ਰਹਮ ਗਿਆਨੀ ਨੇ ਆਪ ਹੀ ਬ੍ਰਹਮ ਗਿਆਨ ਦੁਆਰਾ ਪ੍ਰਗਟ ਹੋ ਕੇ ਕੀਤੀ ਹੈ, ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਕੀਤੀ ਹੈ।

{ਬ੍ਰਹਮ ਗਿਆਨੀ ਆਪਿ ਨਿਰੰਕਾਰੁ॥}

"**ਬ੍ਰਹਮ ਗਿਆਨੀ**" ਦੇ ਨਾਲ ਮੇਲ ਜਾਂ "**ਗੁਰਬਾਣੀ**" ਦੇ ਨਾਲ ਜਾਂ "**ਪ੍ਰਮਾਤਮਾ**" ਦੇ ਨਾਲ ਮੇਲ ਇੱਕੋ ਹੀ ਗੱਲ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪਣੀ ਬਾਣੀ ਦੀ, ਆਪਣੀ ਸੱਚੀ ਮਤਿ ਦੀ ਸੋਝੀ ਹੀ ਪਾਉਂਦਾ ਹੈ ਜੋ ਕਿ ਉਹ ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਪਾਉਂਦਾ ਹੈ ਤੇ ਉਸ ਦੀ ਦਿੱਤੀ ਹੋਈ ਸੋਝੀ ਗੁਰਬਾਣੀ ਦੀ ਸਮਝ ਅਨੁਸਾਰ ਹੀ ਹੋਵੇਗੀ ਤੇ ਗੁਰਬਾਣੀ ਦੀ ਸੱਚੀ ਸਮਝ ਤੇ ਪੂਰੀ ਜਰੂਰ ਉਤਰੇਗੀ। ਉਸ ਦੀ ਪਾਈ ਹੋਈ ਸੋਝੀ ਗੁਰਬਾਣੀ ਤੋਂ ਵੱਖਰੀ ਨਹੀਂ ਹੋ ਸਕਦੀ ਕਿਉਂਕਿ ਬ੍ਰਹਮ ਗਿਆਨ ਦੀ ਸੋਝੀ ਦਾ ਸ੍ਰੋਤ ਇੱਕੋ ਇੱਕ ਉਹ ਆਪ ਹੀ ਹੈ। "ਹਰਿ" ਨੂੰ ਪਾਇਆ ਜਾਂ ਨਾਮ ਨੂੰ ਪਾਇਆ ਜਾਂ ਹਰਿ ਦੇ ਸੱਚੇ ਗਿਆਨ ਨੂੰ ਪਾਇਆ, ਗੁਰਬਾਣੀ ਨੂੰ ਪਾਇਆ, ਗੁਰੂ ਨੂੰ ਪਾਇਆ, ਗੁਰੂ ਦੀ ਮਤਿ ਨੂੰ ਪਾਇਆ ਇੱਕੋ ਹੀ ਗੱਲ ਹੈ।

(ਨਾਨਕ ਗੁਰਬਾਣੀ ਹਰਿ ਪਾਇਆ) ਗੁਰਬਾਣੀ ਨੂੰ ਜਪਣਾ ਹੀ "ਹਰਿ ਜਪੁ" ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਜਪਣਾ ਹੀ "ਹਰਿ ਜਪੁ" ਹੈ ਤੇ ਇਹ "ਹਰਿ ਜਪੁ" ਜਪਣਾ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਗੁਰਮਤਿ ਦੀ ਪੂਰੀ ਸੋਝੀ ਪਏ ਬਿਨ੍ਹਾਂ ਅਸੀਂ ਉਸਨੂੰ ਨਹੀਂ ਜਪ ਸਕਦੇ ਭਾਵ ਪੂਰੀ ਤਰਾਂ ਗੁਰਬਾਣੀ ਦੀ ਸੱਚੀ ਸਮਝ ਅਨੁਸਾਰ ਨਹੀਂ ਵਿਚਰ ਸਕਦੇ। ਪਹਿਲੇ ਉਹ ਆਪਣੀ ਕਿਰਪਾ ਕਰਕੇ ਆਪਣੀ ਸੱਚੀ ਸੋਝੀ ਪਾਉਂਦਾ ਹੈ, ਮਨ ਦੇ ਵਿਚਾਰਾਂ ਨੂੰ ਗੁਰਮਤਿ ਅਨੁਸਾਰ ਸੱਚੇ ਸੁੱਚੇ ਬਣਾਉਂਦਾ ਹੈ, ਉਹਨਾਂ ਉੱਤੇ ਚੱਲਣ ਲਈ ਦ੍ਰਿੜਤਾ ਬਖਸ਼ਦਾ ਹੈ ਭਾਵ ਨਾਮ ਜਪਣ ਦੀ ਦ੍ਰਿੜਤਾ ਬਖਸ਼ਦਾ ਹੈ ਤੇ ਤਾਂ ਹੀ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ। ਸਾਡੇ ਅੰਦਰ ਆਪਣਾ "ਹਰਿ ਜਪੁ" ਉਹ ਆਪ ਹੀ ਜਪਵਾਉਂਦਾ ਹੈ, ਆਪਣਾ "ਨਾਮ" ਆਪ ਹੀ ਜਪਵਾਉਂਦਾ ਹੈ, ਆਪਣੇ ਹੁਕਮ ਅਨੁਸਾਰ ਉਹ ਆਪ ਹੀ ਚਲਾਉਂਦਾ ਹੈ ਤੇ ਇਸ ਤਰ੍ਹਾਂ ਮਨੁੱਖ ਉਸ ਦੇ ਵਿੱਚ ਭਾਵ ਉਸਦੇ ਸੱਚੇ ਗਿਆਨ ਦੀ ਸਮਝ ਦੇ ਵਿੱਚ ਸਮਾਇਆ ਰਹਿੰਦਾ ਹੈ। ਮਨਮਤਿ ਮਿਟ ਜਾਂਦੀ ਹੈ, ਗੁਰਮਤਿ ਵੱਸ ਜਾਂਦੀ ਹੈ। ਹਉਮੈ ਮਿਟ ਜਾਂਦੀ ਹੈ, ਨਾਮ ਵੱਸ ਜਾਂਦਾ ਹੈ। ਭਰਮ ਮਿਟ ਜਾਂਦਾ ਹੈ, ਗਿਆਨ ਵੱਸ ਜਾਂਦਾ ਹੈ। **(ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ॥)**

6/587

ਜਿਹੜੇ ਸੁੱਖ ਦੀ ਪ੍ਰਾਪਤੀ ਹਰ ਕੋਈ ਚਾਹੁੰਦਾ ਹੈ, ਉਹ ਮਨ ਦੇ ਵਿੱਚ ਹੀ ਹੈ। ਅਸਲ ਸੁੱਖ ਦੀ ਪ੍ਰਾਪਤੀ ਪ੍ਰਮਾਤਮਾ ਨੂੰ ਜਾਣਨ ਵਿੱਚ ਹੈ, ਉਸਨੂੰ ਮਿਲਣ ਵਿੱਚ ਹੈ। ਆਓ ਇਹੀ ਗੱਲ ਭਗਤ ਕਬੀਰ ਜੀ ਦੇ ਸਰੀਰ ਰਾਹੀਂ ਉਚਾਰੇ ਹੋਏ ਅਕਾਲ ਪੁਰਖ ਦੇ ਇੱਕ ਹੋਰ ਸ਼ਬਦ ਦੁਆਰਾ ਜਾਣੀਏ ਅਤੇ ਸਮਝੀਏ ਕਿ ਇਹ ਮਨ ਕੀ ਹੈ। ਜੋ ਸੰਸਾਰ ਵਿੱਚ ਆਪਣੇ ਆਪ ਨੂੰ ਬਹੁਤ ਵੱਡੇ-ਵੱਡੇ ਅਖਵਾ ਕੇ ਗਏ ਹਨ, ਪ੍ਰਮਾਤਮਾ ਦਾ ਰੂਪ ਅਖਵਾ ਕੇ ਗਏ ਹਨ, ਵੱਡੇ ਧਰਮੀ ਅਖਵਾ ਗਏ ਹਨ, ਆਪਣੀ ਪੂਜਾ ਕਰਵਾ

ਗਏ ਹਨ ਤੇ ਹੁਣ ਵੀ ਕਰਵਾ ਰਹੇ ਹਨ, ਉਹ ਵੀ ਇਸ ਮਨ ਨੂੰ ਨਹੀਂ ਸਮਝ ਸਕੇ। ਅਗਰ ਸਮਝ ਗਏ ਹੁੰਦੇ ਤਾਂ ਫਿਰ ਆਪਣੀ ਪੂਜਾ ਨਾ ਕਰਵਾਉਂਦੇ ਕਿਉਂਕਿ ਉਨ੍ਹਾਂ ਨੂੰ ਹਉਮੈ ਦੀ ਸਮਝ ਹੀ ਨਹੀਂ ਆਈ, ਆਪਣੇ ਆਪ ਦੀ ਸਮਝ ਹੀ ਨਹੀਂ ਆਈ, ਜਿਸ ਕਰਕੇ ਉਹ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹੀ ਗਏ ਹਨ। ਇਸੇ ਲਈ ਬਾਣੀ ਨੇ ਉਨ੍ਹਾਂ ਨੂੰ ਤ੍ਰੈਗੁਣਾਂ ਵਿੱਚ ਹੀ ਕਿਹਾ ਹੈ। ਚੌਥਾ ਪਦ ਮਨ ਦੇ ਵਿੱਚ ਹੈ ਜਿਸਦੀ ਕਿ ਉਨ੍ਹਾਂ ਨੂੰ ਸਮਝ ਹੀ ਨਹੀਂ ਲੱਗ ਸਕੀ। ਉਨ੍ਹਾਂ ਨੇ ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਹੀ ਸਮਝਿਆ ਤੇ ਇਹ ਸਮਝਣ ਤੋਂ ਅਸਮਰੱਥ ਰਹੇ ਕਿ ਇਹ ਗਿਆਨ ਦੇਣ ਵਾਲਾ ਕੌਣ ਹੈ, ਇਹ ਸਾਰਾ ਗਿਆਨ ਆ ਕਿੱਥੋਂ ਰਿਹਾ ਹੈ।

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ
ੴ ਸਤਿਗੁਰ ਪ੍ਰਸਾਦਿ॥

“ਸੁਖੁ ਮਾਂਗਤ ਦੁਖੁ ਆਗੈ ਆਵੈ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥੧॥ਰਹਾਉ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ॥੨॥
ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ॥ ਤਨ ਛੂਟੇ ਮਨੁ ਕਹਾ ਸਮਾਈ॥੪॥
ਗੁਰ ਪਰਸਾਦੀ ਜੈਦੇਉ ਨਾਮਾਂ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥੫॥
ਇਸੁ ਮਨ ਕਉ ਨਹੀ ਆਵਨ ਜਾਨਾ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ॥੭॥
ਇਸ ਮਨ ਕਾ ਕੋਈ ਜਾਨੈ ਭੇਉ॥ ਇਹ ਮਨਿ ਲੀਣ ਭਏ ਸੁਖਦੇਉ॥੮॥
ਜੀਉ ਏਕੁ ਅਰੁ ਸਗਲ ਸਰੀਰਾ॥ ਇਸੁ ਮਨ ਕਉ ਰਵਿ ਰਹੇ ਕਬੀਰਾ॥੯॥੧॥੩੬॥”

(ਅੰਗ ੩੩੦)

ਅਸੀਂ “ਸੁਖੁ” ਦੀ ਭਾਵ ਪ੍ਰਮਾਤਮਾ ਨੂੰ ਮਿਲਣ ਦੇ ਸੁੱਖ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ ਪਰ ਇਸ ਵਿੱਚ ਜੋ ਵੱਡੀ ਰੁਕਾਵਟ ਹੈ ਉਸ ਬਾਰੇ ਚਾਨਣਾ ਪਹਿਲੀ ਪੰਗਤੀ ਵਿੱਚ ਹੀ ਪਾਇਆ ਹੋਇਆ ਹੈ। ਵੱਡੀ ਰੁਕਾਵਟ ਸਾਡੇ ਅੰਦਰ ਦੇ ਦੁੱਖ ਵਾਲੇ ਵਿਚਾਰ ਹਨ ਭਾਵ ਸਾਡੇ ਅੰਦਰ ਦੇ ਵਿਕਾਰ ਹਨ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਇਸ ਬਾਰੇ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਚਰਚਾ ਕੀਤੀ ਹੈ ਤੇ ਜਾਣਿਆ ਹੈ ਕਿ ਸਾਡੇ ਅੰਦਰ ਦੇ ਵਿਕਾਰ ਹੀ ਅਸਲ ਵਿੱਚ ਸਾਡੇ ਦੁੱਖ ਹਨ ਭਾਵ ਸਾਡੇ ਦੁੱਖਾ ਦਾ ਕਾਰਨ ਬਣਦੇ ਹਨ।

{ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥}

(ਅੰਗ - ੮੫੧)

6/588

{ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥}

(ਅੰਗ ੮੫੧)

ਸੁੱਖ ਦੀ ਪ੍ਰਾਪਤੀ ਲਈ ਇਹ ਦੁੱਖ ਭਾਵ ਔਗੁਣ ਸਾਡੇ ਅੱਗੇ ਆਉਂਦੇ ਹਨ ਭਾਵ ਸੁੱਖ ਦੀ ਪ੍ਰਾਪਤੀ ਵਿੱਚ ਮਨ ਦੇ ਔਗਣਾਂ ਵਾਲੇ ਮਾੜੇ ਵਿਚਾਰ ਰੁਕਾਵਟ ਬਣਦੇ ਹਨ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਵਿੱਚ ਰੁਕਾਵਟ ਬਣਦੇ ਹਨ। **(ਸੁਖੁ ਮਾਂਗਤ ਦੁਖੁ ਆਗੈ ਆਵੈ॥)** ਅਗਲੀ ਪੰਗਤੀ ਵਿੱਚ ਜੋ ਮਨੁੱਖ ਵਿਕਾਰਾਂ ਵਿੱਚ ਰਹਿੰਦੇ ਹੋਏ “ਸੁਖੁ” ਮੰਗਦਾ ਹੈ ਭਾਵ ਪ੍ਰਮਾਤਮਾ ਦਾ ਮੇਲ ਮੰਗਦਾ ਹੈ ਉਸਨੂੰ ਕੁੱਝ ਸ਼ਰਮਸਾਰ ਕੀਤਾ ਹੋਇਆ ਹੈ। ਇਹ ਕਹਿ ਕੇ ਸ਼ਰਮਸਾਰ ਕੀਤਾ ਹੈ ਕਿ ਕੀ ਇਹ ਸਾਨੂੰ ਭਾਉਂਦਾ ਹੈ ਕਿ ਅਸੀਂ ਵਿਕਾਰਾਂ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਕੋਲੋਂ ਉਸਦੇ ਮੇਲ ਦੀ ਮੰਗ ਕਰੀਏ ਭਾਵ ਅਸੀਂ ਬਿਲਕੁਲ ਫ਼ਜ਼ੂਲ ਦੀ ਮੰਗ ਕਰਦੇ ਹਾਂ ਭਾਵ ਮਨ ਦੇ ਵਿੱਚ ਵਿਕਾਰਾਂ ਦੇ ਰਹਿੰਦੇ ਹੋਏ ਕੀ ਉਹ ਪ੍ਰਮਾਤਮਾ ਕਦੇ ਮਿਲ ਸਕਦਾ ਹੈ ਭਾਵ ਨਹੀਂ ਮਿਲ ਸਕਦਾ। ਇਹੋ ਜਿਹੀ ਮੰਗ ਕਰਨ ਤੋਂ ਪਹਿਲਾਂ ਸਾਨੂੰ ਆਪ ਹੀ ਕੁੱਝ ਸੋਚਣਾ ਚਾਹੀਦਾ ਹੈ, ਸ਼ਰਮ ਰੱਖਣੀ ਚਾਹੀਦੀ ਹੈ। **(ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥੧॥)** ਅਗਲੀ ਰਹਾਉ ਵਾਲੀ ਪੰਗਤੀ ਵਿੱਚ ਇਸੇ ਗੱਲ ਨੂੰ ਹੋਰ ਸਪੱਸ਼ਟ ਕੀਤਾ ਹੋਇਆ ਹੈ, ਸਾਡੇ ਅੰਦਰ

ਦਾ ਦੁੱਖ ਕੀ ਹੈ, ਇਸ ਗੱਲ ਨੂੰ ਵੀ ਸਪੱਸ਼ਟ ਕੀਤਾ ਹੋਇਆ ਹੈ।

“ਬਿਖਿਆ ਅਜਹੁ ਸੁਰਤਿ ਸੁਖ ਆਸਾ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥੧॥ਰਹਾਉ॥”

ਅਜੇ ਸਾਡੇ ਅੰਦਰ ਮਨ ਵਿੱਚ ਤਾਂ ਬਿਖਿਆ ਭਰੀ ਹੋਈ ਹੈ, ਮਾਇਆ ਮੋਹ ਵਾਲੀ ਸਮਝ ਭਰੀ ਹੋਈ ਹੈ, ਵਿਕਾਰ ਭਰੇ ਹੋਏ ਹਨ ਤੇ ਨਾਲ ਹੀ ਅਸੀਂ ਇਹ ਆਸ ਲਗਾਈ ਹੋਈ ਹੈ ਕਿ ਸਾਡੇ ਮਨ ਵਿੱਚ ਸੁੱਖ ਆ ਜਾਵੇ ਭਾਵ ਪ੍ਰਮਾਤਮਾ ਦਾ ਨਿਵਾਸ ਹੋ ਜਾਵੇ। ਇਹ ਕਿਤਨੀ ਝੂਠੀ ਆਸ ਹੈ। ਬਿਖਿਆ ਦੇ ਮਨ ਵਿੱਚ ਰਹਿੰਦੇ ਸਾਡੇ ਅੰਦਰ ਰਾਮ ਦਾ, ਵਾਹਿਗੁਰੂ ਦਾ ਨਿਵਾਸ ਕਿਵੇਂ ਹੋ ਸਕਦਾ ਹੈ ਭਾਵ ਜਿਹੜੇ ਮਨ ਵਿੱਚ ਵਿਕਾਰ ਵੱਸਦੇ ਹਨ ਉੱਥੇ ਪ੍ਰਮਾਤਮਾ ਦਾ ਨਿਵਾਸ ਕਦੇ ਨਹੀਂ ਹੋ ਸਕਦਾ, ਸੁੱਖ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਦੀ **(ਬਿਖਿਆ ਅਜਹੁ ਸੁਰਤਿ ਸੁਖ ਆਸਾ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥੧॥ਰਹਾਉ॥)।**

ਸੱਚੇ ਸੁੱਖ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਤੇ ਝੂਠੇ ਸੁੱਖ ਦੀ ਪ੍ਰਾਪਤੀ ਕੀ ਹੈ ਉਹ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। **“ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ॥੨॥”** ਇਸ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਜਾਣ ਸਕੀਏ ਕਿ ਬ੍ਰਹਮਾ ਵਿਸ਼ਨੂੰ ਆਦਿ ਨੂੰ ਬਾਣੀ ਵਿੱਚ ਭਰਮੇ ਹੋਏ ਤੇ ਤ੍ਰੈਗੁਣਾਂ ਵਿੱਚ ਕਿਸ ਲਈ ਆਖਿਆ ਹੈ। ਸੁੱਖ ਦੀ ਪ੍ਰਾਪਤੀ, ਪ੍ਰਮਾਤਮਾ ਦੀ ਪ੍ਰਾਪਤੀ ਮਨ ਦੀ ਸੋਝੀ ਪੈਣ ਦੁਆਰਾ ਹੁੰਦੀ ਹੈ। ਜਦ ਤੱਕ ਮਨ ਦੀ ਸੋਝੀ ਨਹੀਂ ਪਈ, ਗਿਆਨ ਦੀ ਸੋਝੀ ਨਹੀਂ ਪਈ, ਗਿਆਨ ਦੇਣ ਵਾਲੇ ਦੀ ਸੋਝੀ ਨਹੀਂ ਪਈ ਤਦ ਤੱਕ ਮਨੁੱਖ ਆਪਣੇ ਆਪ ਨੂੰ ਹੀ ਗਿਆਨੀ ਸਮਝਦਾ ਹੈ, ਬ੍ਰਹਮ ਗਿਆਨੀ ਸਮਝਦਾ ਹੈ। ਜਿਸਨੂੰ ਜਿਆਦਾ ਵੱਡਾ ਗਿਆਨ ਮਿਲ ਜਾਂਦਾ ਹੈ, ਉਹ ਆਪਣੇ

6/589

ਆਪ ਨੂੰ ਉਤਨਾ ਹੀ ਵੱਡਾ ਸਮਝਣ ਲੱਗ ਪੈਂਦਾ ਹੈ ਤੇ ਉਸਦੀ ਧਰਮ ਦੇ ਖੇਤਰ ਵਿੱਚ ਉਤਨੀ ਹੀ ਹੈਸੀਅਤ ਵੱਧ ਜਾਂਦੀ ਹੈ ਤੇ ਲੋਕ ਉਸਦੇ ਪਿੱਛੇ ਲੱਗ ਪੈਂਦੇ ਹਨ, ਉਸਦੀ ਪੂਜਾ ਕਰਨ ਲੱਗ ਪੈਂਦੇ ਹਨ। ਇੱਥੋਂ ਤੱਕ ਕਿ ਉਨ੍ਹਾਂ ਨੂੰ ਪ੍ਰਮਾਤਮਾ ਦਾ ਰੂਪ ਮੰਨਣ ਲੱਗ ਪੈਂਦੇ ਹਨ। ਮਨੁੱਖ ਦਾ ਇਹੀ ਭੁਲੇਖਾ ਉਪਰਲੀਆਂ ਪੰਗਤੀਆਂ ਵਿੱਚ ਕੱਢਿਆ ਹੋਇਆ ਹੈ ਕਿ ਵੱਡਾ ਉਹ ਨਹੀਂ ਹੈ ਜਿਸਦੇ ਕੋਲ ਵੱਡਾ ਗਿਆਨ ਹੈ। ਵੱਡਾ ਉਹ ਹੈ ਜੋ ਗਿਆਨ ਦੇਣ ਵਾਲਾ ਹੈ, ਜੋ ਮਨ ਦੇ ਵਿੱਚ ਆਪ ਵਰਤ ਰਿਹਾ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਗਿਆਨ ਹੀ ਸਮਝਦਾ ਹੈ। ਆਪਣੇ ਆਪ ਨੂੰ ਵੱਡਾ ਸਮਝਣਾ ਉਸਦਾ ਕੇਵਲ ਭੁਲੇਖਾ ਹੈ। ਜੇਕਰ ਮਨ ਦੀ ਸਮਝ ਆ ਜਾਵੇ ਤਾਂ ਫਿਰ ਆਪਣੇ ਆਪ ਨੂੰ ਵੱਡਾ ਅਖਵਾਉਣਾ ਤਾਂ ਦੂਰ ਦੀ ਗੱਲ, ਆਪਣੀ ਹੋਂਦ ਹੀ ਝੂਠੀ ਸਮਝਦਾ ਹੈ। ਮਨ ਦੀ ਸੋਝੀ ਪੈਣਾ ਕੇਵਲ ਉਸ ਪ੍ਰਮਾਤਮਾ ਦੀ ਕ੍ਰਿਪਾ ਹੈ ਤੇ ਉਸਦੀ ਸੋਝੀ ਪਏ ਬਿਨ੍ਹਾਂ ਮਨੁੱਖ ਆਪਣੇ ਆਪ ਨੂੰ ਹੀ ਵੱਡਾ ਸਮਝੀ ਜਾਂਦਾ ਹੈ। ਬ੍ਰਹਮਾ ਅਤੇ ਸ਼ਿਵਜੀ ਆਦਿ, ਵੱਡੇ ਮੁਨੀ ਆਦਿ ਅਖਵਾਉਣ ਵਾਲੇ ਵੀ ਇਸੇ ਭੁਲੇਖੇ ਵਿੱਚ ਰਹੇ ਹਨ ਅਤੇ ਆਪਣੇ ਆਪ ਨੂੰ ਹੀ ਵੱਡਾ ਸਮਝਦੇ ਰਹੇ ਹਨ।

“ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ॥”

ਇਸ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। “ਸੁਖੁ” ਤੋਂ ਭਾਵ ਹੈ ਪ੍ਰਮਾਤਮਾ ਦੇ ਨਾਲ ਮੇਲ ਦਾ ਸੁੱਖ ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਵਿੱਚ ਵੀ ਸਮਝਿਆ ਹੈ ਅਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਬਾਣੀ ਵਿੱਚ ਸਮਝਾਇਆ ਹੋਇਆ ਹੈ।

6/590

ਸ਼ਿਵਜੀ ਅਤੇ ਬ੍ਰਹਮਾ ਆਪਣੇ ਆਪ ਨੂੰ “ਸੁਖ” ਦਾ ਮਾਲਕ ਦੱਸ ਕੇ, ਆਪਣੇ ਆਪ ਨੂੰ ਸੁੱਖਾਂ ਦਾ ਦਾਤਾ ਸਮਝ ਕੇ, ਆਪਣੇ ਆਪ ਨੂੰ ਪ੍ਰਮਾਤਮਾ ਰੂਪ ਪ੍ਰਗਟ ਕਰਕੇ ਹਰ ਕਿਸੇ ਨੂੰ ਡਰਾਉਂਦੇ ਹਨ ਭਾਵ ਉਨ੍ਹਾਂ ਨੂੰ ਮੰਨਣ ਵਾਲੇ ਉਨ੍ਹਾਂ ਦਾ ਭਉ ਮੰਨਦੇ ਹਨ ਤੇ ਉਨ੍ਹਾਂ ਨੂੰ ਪ੍ਰਮਾਤਮਾ ਸਮਝਕੇ ਪੂਜਦੇ ਹਨ, ਸੁੱਖ ਦੁੱਖ ਦਾ ਦਾਤਾ ਸਮਝ ਕੇ ਪੂਜਦੇ ਹਨ, ਉਨ੍ਹਾਂ ਦੇ ਭਉ ਵਿੱਚ ਰਹਿੰਦੇ ਹਨ ਕਿਉਂਕਿ ਉਹ ਵੱਡੇ ਗਿਆਨ ਦੇ ਮਾਲਕ ਸਨ ਭਾਵ ਸ਼ਿਵਜੀ, ਬ੍ਰਹਮਾ ਪ੍ਰਮਾਤਮਾ ਦਾ ਰੂਪ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਪ੍ਰਮਾਤਮਾ ਦੱਸ ਕੇ ਲੋਕਾਂ ਨੂੰ ਏਵੇਂ ਡਰਾ ਹੀ ਰਹੇ ਹਨ ਭਾਵ ਉਹਨਾਂ ਕੋਲੋਂ ਦੁਨੀਆਂ ਵਾਲੇ ਫਜ਼ੂਲ ਹੀ ਡਰੀ ਜਾਂਦੇ ਹਨ। (**ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ॥**)

“**ਸੋ ਸੁਖੁ ਹਮਹੁ ਸਾਚੁ ਕਰਿ ਜਾਨਾ॥੨॥**”

ਸ਼ਿਵਜੀ ਅਤੇ ਬ੍ਰਹਮਾ ਦੇ ਆਪਣੇ ਆਪ ਨੂੰ ਪ੍ਰਮਾਤਮਾ ਅਖਵਾਉਣ ਦੇ ਭੁਲੇਖੇ ਨੂੰ ਇਸ ਉਪਰਲੀ ਪੰਗਤੀ ਦੁਆਰਾ ਦੂਰ ਕੀਤਾ ਹੋਇਆ ਹੈ ਤੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕੋਈ ਦੇਹੀ ਰੂਪ ਨਹੀਂ ਹੋ ਸਕਦਾ। ਦੇਹੀ ਰੂਪ ਨੂੰ ਪ੍ਰਮਾਤਮਾ ਸਮਝਣਾ

ਸਾਡੀ ਭੁੱਲ ਹੈ। ਪ੍ਰਮਾਤਮਾ ਨਿਰਗੁਣ ਰੂਪ ਹੈ, ਗਿਆਨ ਰੂਪ ਹੈ, ਸੱਚ ਰੂਪ ਹੈ, ਉਹ ਸੱਚਾ ਹੈ ਭਾਵ ਨਿਰੋਲ ਸੱਚ ਹੈ ਜਿਸ ਵਿੱਚ ਕੋਈ ਬਿਖਿਆ ਰੂਪ ਨਹੀਂ ਹੈ, ਮਾਇਆ ਰੂਪ ਨਹੀਂ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। **{ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥}** (ਅੰਗ ੧੫) ਇਸੇ ਲਈ ਬਾਣੀ ਵਿੱਚ ਵਾਰ-ਵਾਰ ਸਾਨੂੰ ਕੇਵਲ ਸੱਚ ਤੇ ਚੱਲਣ ਲਈ ਪ੍ਰੇਰਿਆ ਹੈ, ਇਮਾਨਦਾਰ ਰਹਿਣ ਲਈ ਪ੍ਰੇਰਿਆ ਹੈ। ਪ੍ਰਮਾਤਮਾ ਦਾ ਨਿਵਾਸ ਸੱਚ ਦੇ ਵਿੱਚ ਹੈ ਜੋ ਉਸਦਾ ਸੱਚ ਰੂਪ ਹਰ ਆਕਾਰ ਰੂਪ ਦੇ ਵਿੱਚ ਉਸਦੇ ਨਿਰੰਕਾਰ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ। ਇਸੇ ਲਈ ਬਾਣੀ ਵਿੱਚ ਸੱਚ ਦੀ ਪੂਜਾ, ਗੁਣਾਂ ਦੀ ਪੂਜਾ ਨੂੰ ਹੀ ਉਸ ਪ੍ਰਮਾਤਮਾ ਦੀ ਪੂਜਾ ਦੱਸਿਆ ਹੈ।

(ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥)

(ਅੰਗ ੯੨੨)

ਆਪਣੀ ਪੂਜਾ ਉਹ ਹੀ ਕਰਵਾ ਸਕਦਾ ਹੈ ਜਿਸ ਨੂੰ ਉਸ ਸੱਚੇ ਪ੍ਰਮਾਤਮਾ ਦੀ ਸੋਝੀ ਨਹੀਂ ਪਈ, ਮਨ ਦੀ ਸੋਝੀ ਨਹੀਂ ਪਈ। ਇਹੀ ਗੱਲ ਸਾਨੂੰ ਭਗਤ ਕਬੀਰ ਜੀ ਨੇ ਇੱਥੇ ਸਮਝਾਈ ਹੈ ਕਿ ਅਸੀਂ "ਸੁਖੁ" ਨੂੰ ਭਾਵ ਪ੍ਰਮਾਤਮਾ ਨੂੰ "ਸਚੁ" ਕਰਕੇ ਜਾਣਿਆ ਹੈ ਭਾਵ "ਸੱਚ" ਹੀ ਪ੍ਰਮਾਤਮਾ ਹੈ ਭਾਵ ਕੋਈ ਦੇਹੀ ਪ੍ਰਮਾਤਮਾ ਰੂਪ ਨਹੀਂ ਹੋ ਸਕਦੀ, ਕੋਈ ਦੇਹੀ ਵੱਡੀ ਨਹੀਂ ਹੋ ਸਕਦੀ, ਵੱਡਾ ਉਹ ਪ੍ਰਮਾਤਮਾ ਹੈ ਜਿਸ ਦੇ ਗਿਆਨ ਦੁਆਰਾ ਮਨੁੱਖ ਆਪਣੇ ਆਪ ਨੂੰ ਵੱਡਾ ਅਖਵਾਉਣ ਦੀ ਭੁੱਲ ਕਰਦਾ ਹੈ। ਉਹ ਸੱਚ ਰੂਪ ਪ੍ਰਮਾਤਮਾ, ਸੱਚਾ ਗਿਆਨ ਦੇਣ ਵਾਲਾ ਪ੍ਰਮਾਤਮਾ ਮਨ ਦੇ ਅੰਦਰ ਆਪਣੇ ਸਮਝਾਏ ਹੋਏ ਸੱਚ ਦੁਆਰਾ ਹੀ ਪ੍ਰਗਟ ਹੁੰਦਾ ਹੈ। ਮਨ ਦੇ ਵਿੱਚ ਬਿਖਿਆ ਦੇ, ਅਗਿਆਨਤਾ ਦੇ, ਭਰਮਾਂ ਦੇ ਰਹਿੰਦੇ ਹੋਏ ਉਸਨੂੰ ਕਿਸੇ ਦੇ ਅੰਦਰ ਪ੍ਰਗਟ ਹੋਇਆ ਨਹੀਂ ਸਮਝਿਆ ਜਾ ਸਕਦਾ। ਉਹ ਸੱਚੇ ਮਨ ਦੇ ਵਿੱਚ ਹੀ ਪ੍ਰਗਟ ਹੁੰਦਾ ਹੈ ਤੇ ਉਹ ਮਨੁੱਖ ਫਿਰ ਆਪਣੇ ਆਪ ਨੂੰ ਉਸਦੇ ਸੱਚੇ ਗਿਆਨ ਦੁਆਰਾ ਨੀਵਾਂ ਕਰਕੇ ਜਾਣਦਾ ਹੈ। ਜਿੱਥੇ ਕੋਈ ਮਨੁੱਖ ਆਪਣੇ ਆਪ ਨੂੰ ਉੱਚਾ ਬਣਾ ਕੇ ਪ੍ਰਗਟ ਕਰਦਾ ਹੈ ਉੱਥੇ ਪ੍ਰਮਾਤਮਾ ਪ੍ਰਗਟ ਨਹੀਂ ਹੁੰਦਾ। ਆਪਣੇ ਆਪ ਨੂੰ ਵੱਡਾ ਅਖਵਾਉਣਾ ਗੁਰੂ ਦੀ ਮਤਿ ਦੇ ਉਲਟ ਹੈ, ਮਨਮਤਿ ਹੈ, ਜੋ ਕਿ ਬਿਖਿਆ ਰੂਪ ਹੀ ਹੈ, ਵਿਕਾਰ ਰੂਪ ਹੀ ਹੈ, ਅਹੰਕਾਰ ਰੂਪ ਹੀ ਹੈ ਜਿਸ ਦਾ ਮੂਲ ਮਨ ਦਾ ਭਰਮ ਹੈ। (**ਸੁਖੁ ਮਾਂਗਤ ਦੁਖੁ ਆਗੈ ਆਵੈ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥੧॥ ਬਿਖਿਆ ਅਜਹੁ ਸੁਰਤਿ ਸੁਖ ਆਸਾ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥੧॥ਰਹਾਉ॥ ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ॥**) ਮਨ ਦਾ ਭਰਮ ਨਿਕਲੇ ਬਿਨ੍ਹਾਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ।

6/591

ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤੀ ਹੋਈ ਹੈ ਕਿ ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਿਉਂ ਨਹੀਂ ਕਰ ਸਕੇ, ਮਨ ਨੂੰ ਕਿਉਂ ਨਹੀਂ ਜਾਣ ਸਕੇ, ਮਨ ਦੇ ਗਿਆਨ ਦੇ ਸ੍ਰੋਤ ਨੂੰ ਕਿਉਂ ਨਹੀਂ ਜਾਣ ਸਕੇ। **(ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥)** ਭਾਵ ਨਾ ਬ੍ਰਹਮਾ ਤੇ ਸ਼ਿਵ ਜੀ ਨੇ ਆਪਣੇ ਅੰਦਰੋਂ ਮਨ ਨੂੰ ਜਾਣਿਆ ਹੈ, ਪ੍ਰਮਾਤਮਾ ਨੂੰ ਜਾਣਿਆ ਹੈ ਤੇ ਸਨਕਾਦਿਕ, ਨਾਰਦ, ਮੁਨਿ ਸੇਖਾ ਆਦਿ ਵੀ ਆਪਣੇ ਅੰਦਰੋਂ ਮਨ ਨੂੰ ਨਹੀਂ ਜਾਣ ਸਕੇ ਭਾਵ ਪ੍ਰਮਾਤਮਾ ਨੂੰ ਨਹੀਂ ਦੇਖ ਸਕੇ ਤੇ ਇਸੇ ਲਈ ਸਭ ਨੇ ਆਪਣੇ ਆਪ ਨੂੰ ਹੀ ਵੱਡਾ ਸਮਝਿਆ ਹੈ। ਜੋ ਵੀ ਆਪਣੇ ਆਪ ਨੂੰ ਧਰਮ ਦੇ ਪੱਖੋਂ ਉੱਚਾ ਤੇ ਵੱਡਾ ਸਾਬਿਤ ਕਰਦਾ ਹੈ, ਗੁਰੂ, ਪ੍ਰਮਾਤਮਾ ਰੂਪ ਅਖਵਾਉਂਦਾ ਹੈ, ਗੁਰੂ ਦੇ ਗਿਆਨ ਵਾਲਾ ਅਖਵਾਉਂਦਾ ਹੈ ਭਾਵ ਆਪਣੇ ਆਪ ਨੂੰ ਉੱਚਾ ਸਾਬਿਤ ਕਰਦਾ ਹੈ, ਆਪਣੀ ਮਤਿ ਨੂੰ ਉੱਚੀ ਸਮਝਦਾ ਹੈ ਇਹੋ ਜਿਹਾ ਉਹੀ ਮਨੁੱਖ ਕਰ ਸਕਦੇ ਹਨ ਜਿੰਨ੍ਹਾਂ ਨੂੰ ਮਨ ਦੀ ਸੋਝੀ ਨਹੀਂ ਪਈ, ਪ੍ਰਮਾਤਮਾ ਨੂੰ ਬਿਲਕੁਲ ਵੀ ਨਹੀਂ ਜਾਣ ਸਕੇ। ਇਹੋ ਜਿਹੀਆਂ ਗੱਲਾਂ ਕਰਨ ਵਾਲੇ ਕੇਵਲ ਆਪਣੀ ਝੂਠੀ ਵਡਿਆਈ ਹੀ ਕਰਵਾਉਂਦੇ ਹਨ ਪਰ ਇਸ ਵਿੱਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ। ਜਦ ਤੱਕ ਮਨੁੱਖ ਆਪਣੀ ਵਡਿਆਈ ਵਿੱਚ ਹੈ, ਉੱਥੇ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ। **(ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥)** ਅੰਗ - 9 ਆਪਣੇ ਆਪ ਨੂੰ ਸੰਤ ਜਾਂ ਬ੍ਰਹਮ ਗਿਆਨੀ ਆਦਿ ਅਖਵਾਉਣ ਵਿੱਚ ਵਡਿਆਈ ਕਿਸ ਦੀ ਹੁੰਦੀ ਹੈ, ਇਸ ਨੂੰ ਸਮਝਣਾ ਕੋਈ ਔਖਾ ਨਹੀਂ ਹੈ। ਇਸ ਦਾ ਇੱਕੋ ਇੱਕ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਮਨ ਬਾਰੇ ਕੋਈ ਸੋਝੀ ਨਹੀਂ ਪਈ। ਬਿਨ੍ਹਾਂ ਮਨ ਦੀ ਸੋਝੀ ਪਏ ਜੇ ਕੋਈ ਇਹ ਦਾਅਵਾ ਕਰੇ ਕਿ ਉਸਨੇ ਪ੍ਰਮਾਤਮਾ ਦੇ ਦਰਸ਼ਨ ਕੀਤੇ ਹਨ ਤਾਂ ਇਹ ਨਿਰਾ ਭੁਲੇਖਾ ਹੈ, ਕੇਵਲ ਆਪਣੀ ਵਡਿਆਈ ਹੈ। ਇਹ ਬਾਣੀ ਦਾ ਫੁਰਮਾਨ ਹੈ। ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਕੋਈ ਆਪਣੇ ਆਪ ਨੂੰ ਵੱਡਾ ਕਹਿ

ਸਕੇ ਇਹ ਨੈਕਸਟ ਟੂ ਇੰਮਪੌਸੀਬਲ ਭਾਵ ਨਾਮੁਮਕਿਨ ਗੱਲ ਹੈ। ਇਸੇ ਲਈ ਗੁਰਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਹੈ ਕਿ ਜੇਕਰ ਰੱਬ ਨੂੰ ਮਿਲਣਾ ਹੈ ਤਾਂ ਇਸ ਮਨ ਨੂੰ ਖੋਜੋ। ਇਸ ਮਨ ਨੂੰ ਜਾਣ ਲੈਣਾ ਮਨੁੱਖ ਦੇ ਵੱਸ ਵਿੱਚ ਨਹੀਂ ਅਤੇ ਇਸ ਮਨ ਦੇ ਦਰਸ਼ਨ ਪ੍ਰਮਾਤਮਾ ਕੇਵਲ ਤੇ ਕੇਵਲ ਆਪਣੀ ਕ੍ਰਿਪਾ ਦੁਆਰਾ ਕਦੇ ਹੀ ਕਿਸੇ ਵਿਰਲੇ ਸਰੀਰ ਵਿੱਚ ਪ੍ਰਗਟ ਹੋ ਕੇ ਕਰਵਾਉਂਦਾ ਹੈ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

6/592

“ਇਸੁ ਮਨ ਕਉ ਕੋਈ ਖੋਜਹੁ ਭਾਈ॥ ਤਨ ਛੂਟੇ ਮਨੁ ਕਹਾ ਸਮਾਈ॥੪॥
ਗੁਰ ਪਰਸਾਦੀ ਜੈਦੇਉ ਨਾਮਾਂ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥੫॥”

ਅਰਥ ਆਸਾਨੀ ਨਾਲ ਸਮਝ ਆ ਰਹੇ ਹਨ ਕਿ ਮਨ ਦੀ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਸਰੀਰ ਵਿੱਚ ਹੀ ਪਾਉਂਦਾ ਹੈ ਅਤੇ ਉਹ ਹੀ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਇਸ ਮਨ ਦੀ ਸੋਝੀ ਪਏ ਬਿਨ੍ਹਾਂ ਕੋਈ ਉਸਦਾ ਭਗਤ ਰੂਪ ਨਹੀਂ ਬਣ ਸਕਦਾ। ਉਸਦਾ ਭਗਤ ਰੂਪ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਵਿੱਚ ਹੈ ਤੇ ਉਸ ਬ੍ਰਹਮ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਕੋਈ ਆਪਣੇ ਆਪ ਨੂੰ ਬ੍ਰਹਮ ਗਿਆਨੀ ਨਹੀਂ ਕਹਿ ਸਕਦਾ। ਜਿੰਨ੍ਹਾਂ ਨੇ ਉਸਨੂੰ ਜਾਣਿਆ ਹੈ ਉਹਨਾਂ ਨੇ ਪ੍ਰਮਾਤਮਾ ਨੂੰ ਹੀ ਬ੍ਰਹਮ ਗਿਆਨੀ ਕਿਹਾ ਹੈ, ਵੱਡਾ ਕਿਹਾ ਹੈ। ਹੋਰ ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲੇ ਬਿਨ੍ਹਾਂ ਮਨ ਦੀ ਸੋਝੀ ਪਏ ਐਵੇਂ ਭੁਲੇਖੇ ਵਿੱਚ ਹੀ ਰਹਿੰਦੇ ਹਨ ਤੇ ਸੰਸਾਰ ਵਿੱਚ ਸੰਸਾਰੀਆਂ ਦੀ ਨਾਸਮਝੀ ਕਰਕੇ ਹੀ ਝੂਠੀਆਂ ਵਡਿਆਈਆਂ ਲੈਂਦੇ ਹਨ। ਸਰੀਰ ਛੁੱਟਣ ਤੋਂ ਬਾਅਦ ਇਹ ਮਨ ਕਿੱਥੇ ਜਾਂਦਾ ਹੈ, ਕਿੱਥੇ ਸਮਾਉਂਦਾ ਹੈ ਭਾਵ ਇਹ ਮਨ ਕੀ ਹੈ ਤੇ ਪ੍ਰਮਾਤਮਾ ਦਾ ਰੂਪ ਕਿਸ ਤਰੀਕੇ ਹੈ ਇਸ ਦੀ ਸੋਝੀ ਅਗਲੀਆਂ ਪੰਗਤੀਆਂ ਵਿੱਚ ਪਾਈ ਹੋਈ ਹੈ।

“ਇਸੁ ਮਨ ਕਉ ਨਹੀ ਆਵਨ ਜਾਨਾ॥”

ਇਨ੍ਹਾਂ ਪੰਗਤੀਆਂ ਰਾਹੀਂ ਮਨ ਨੂੰ ਪ੍ਰਮਾਤਮਾ ਦਾ ਰੂਪ ਕਹਿ ਕੇ ਹੀ ਸਮਝਾਇਆ ਹੋਇਆ ਹੈ। ਜਿਵੇਂ ਕਿ ਪ੍ਰਮਾਤਮਾ ਤ੍ਰੈ ਗੁਣਾਂ ਤੋਂ ਰਹਿਤ ਹੈ, ਹਰ ਭਰਮ ਤੋਂ ਰਹਿਤ ਹੈ, ਆਵਾਗਉਣ ਤੋਂ ਰਹਿਤ ਹੈ, ਜਨਮ ਮਰਨ ਤੋਂ ਰਹਿਤ ਹੈ ਤੇ ਉਸਦਾ ਕੋਈ ਰੂਪ ਰੇਖ ਨਹੀਂ ਹੈ, ਇਹੀ ਰੂਪ ਮਨ ਦਾ ਦੱਸਿਆ ਹੋਇਆ ਕਿ ਮਨ ਤੇ ਪ੍ਰਮਾਤਮਾ ਵਿੱਚ ਕੋਈ ਫ਼ਰਕ ਨਹੀਂ ਹੈ। ਜਦੋਂ ਉਹ ਮਨੁੱਖ ਨੂੰ ਮਨ ਦੇ ਭਰਮਾਂ ਤੋਂ ਰਹਿਤ ਕਰ ਦਿੰਦਾ ਹੈ, ਉੱਥੇ ਹੀ ਪ੍ਰਗਟ ਹੁੰਦਾ ਹੈ, ਸੱਚ ਦੁਆਰਾ ਪ੍ਰਗਟ ਹੁੰਦਾ ਹੈ। ਸਾਡੇ ਮਨ ਦੇ ਅੰਦਰ ਇੱਕ ਭਰਮ ਦਾ ਪੜਦਾ ਹੈ, ਕੂੜੇ ਦੀ ਪਾਲਿ ਹੈ, ਹਉਮੈ ਦਾ ਪੜਦਾ ਹੈ ਜਿਸ ਕਰਕੇ ਪ੍ਰਮਾਤਮਾ ਨੂੰ ਜੋ ਕਿ ਮਨ ਦੇ ਵਿੱਚ ਹੀ ਹੈ ਉਸਨੂੰ ਬੁੱਝਿਆ ਨਹੀਂ ਜਾ ਸਕਦਾ, ਉਸਦੀ ਸੋਝੀ ਨਹੀਂ ਪੈ ਸਕਦੀ। ਇਹ ਭਰਮ ਦਾ ਪੜਦਾ ਉਤਰੇ ਬਿਨ੍ਹਾਂ, ਨਿਕਲੇ ਬਿਨ੍ਹਾਂ ਇਸ ਮਨ ਨੂੰ ਨਹੀਂ ਜਾਣਿਆ ਜਾ ਸਕਦਾ। ਉਸਨੇ ਆਪ ਹੀ ਇਹ ਪੜਦਾ ਪਾਇਆ ਹੋਇਆ ਹੈ ਤੇ ਅਗਰ ਉਹ ਆਪ ਹੀ ਚਾਹੇ ਤਾਂ ਇਹ ਪੜਦਾ ਹਟਾ ਸਕਦਾ ਹੈ। ਜਿਸ ਦੇ ਮਨ ਵਿੱਚੋਂ ਉਹ ਆਪ ਪੜਦਾ ਹਟਾ ਦੇਵੇਗਾ ਉਹ ਹੀ ਆਪਣੇ ਅੰਦਰੋਂ ਉਸ ਸੱਚੇ ਨੂੰ ਪਛਾਣੇਗਾ। ਇਸ ਮਨ ਬਾਰੇ ਹਰ ਕੋਈ ਭਰਮ ਵਿੱਚ ਹੀ ਹੈ ਜਿਸ ਕਰਕੇ ਹਰ ਕੋਈ ਇਸ ਮਨ ਨੂੰ, ਇਸ ਮਨ ਦੇ ਗਿਆਨ ਨੂੰ ਆਪਣਾ ਹੀ ਸਮਝਦਾ ਹੈ ਪਰ ਜਿਸ ਦਾ ਇਹ ਭਰਮ ਨਿਕਲ ਜਾਂਦਾ ਹੈ ਉੱਥੇ ਕੇਵਲ ਪ੍ਰਮਾਤਮਾ ਆਪ ਹੀ ਰਹਿ ਜਾਂਦਾ ਹੈ। ਮਨੁੱਖ ਦੀ ਹੋਂਦ ਕੇਵਲ ਇੱਕ ਭਰਮ ਹੈ। **(ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥੬॥ਇਸੁ ਮਨ ਕਉ ਰੂਪੁ ਨ ਰੇਖਿਆ ਕਾਈ॥ਹੁਕਮੇ ਹੋਇਆ ਹੁਕਮੁ ਬੂਝਿ ਸਮਾਈ॥੭॥)** ਸਾਨੂੰ ਬਾਣੀ ਵਿੱਚ ਅਨੇਕਾ ਵਾਰੀ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ ਭਾਵ ਉਹ ਨਿਰਗੁਣ ਰੂਪ ਹੈ ਤੇ ਇਹੀ ਗੱਲ ਇੱਥੇ ਮਨ ਬਾਰੇ ਸਮਝਾਈ ਹੋਈ ਹੈ ਕਿ ਇਸ ਮਨ ਦਾ ਕੋਈ ਰੂਪ ਰੇਖ ਨਹੀਂ ਹੈ ਭਾਵ ਇਹ ਮਨ ਪ੍ਰਮਾਤਮਾ ਦਾ ਆਪਣਾ ਰੂਪ ਹੈ। ਅਸੀਂ ਪ੍ਰਮਾਤਮਾ ਦੇ ਹੁਕਮ ਨਾਲ ਹੀ ਬਣੇ ਹੋਏ ਹਾਂ ਤੇ ਸਭ ਕੁੱਝ ਉਸਦੇ ਹੁਕਮ ਨਾਲ ਹੀ ਚੱਲਦਾ ਹੈ। ਇਸਦੀ ਸੋਝੀ ਮਨ ਦੇ ਵਿੱਚੋਂ ਉਸਦੇ ਸਾਡੇ ਅੰਦਰ ਚੱਲ ਰਹੇ ਹੁਕਮ ਨੂੰ ਬੁੱਝਣ ਨਾਲ ਹੀ ਪੈਂਦੀ ਹੈ। ਸਾਡੇ ਮਨ ਦੇ ਅੰਦਰ ਦਾ ਗਿਆਨ ਹੀ ਉਸਦਾ ਹੁਕਮ ਹੈ ਜਿਸ ਅਨੁਸਾਰ ਮਨੁੱਖ ਵਿਚਰਦਾ ਹੈ। ਮਨ ਦੇ ਗਿਆਨ ਦੀ, ਵਿਚਾਰਾਂ ਦੀ ਸੋਝੀ ਪੈਣਾ ਹੀ ਉਸਦੇ ਹੁਕਮ ਨੂੰ ਬੁੱਝਣਾ ਹੈ ਤੇ ਤਾਂ ਹੀ ਮਨੁੱਖ ਉਸ ਵਿੱਚ ਸਮਾਅ ਸਕਦਾ ਹੈ, ਉਸਨੂੰ ਜਾਣ ਸਕਦਾ ਹੈ।

{ਪ੍ਰਭ ਮਿਲਣੈ ਕੀ ਏਹ ਨੀਸਾਣੀ ॥
ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥}

6/593

ਮੁੱਖ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਮਨੁੱਖ ਦੀ "ਸੁੱਖ" ਨੂੰ ਪ੍ਰਾਪਤ ਕਰਨ ਦੀ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਦੱਸੀ ਹੋਈ ਹੈ। ਉਸ ਇੱਛਾ ਦੀ ਪੂਰਤੀ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ ਕਿ ਸਾਰੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੋਣੀ ਹੈ।

"ਇਸ ਮਨ ਕਾ ਕੋਈ ਜਾਨੈ ਭੇਉ॥ ਇਹ ਮਨਿ ਲੀਣ ਭਏ ਸੁਖਦੇਉ॥੮॥"

ਜੋ ਕੁੱਝ ਅਸੀਂ ਹੁਣ ਤੱਕ ਅਨੇਕਾਂ ਸ਼ਬਦਾਂ ਦੁਆਰਾ ਮਨ ਬਾਰੇ ਸਮਝਦੇ ਆ ਰਹੇ ਹਾਂ ਉਹੀ ਕੁੱਝ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਇਸ ਮਨ ਦਾ ਭੇਦ ਜਾਣੇ ਬਿਨ੍ਹਾਂ ਪ੍ਰਮਾਤਮਾ ਨੂੰ ਕੋਈ ਜਾਣ ਹੀ ਨਹੀਂ ਸਕਦਾ। ਉਹ ਸਾਰੇ ਸੁੱਖ ਦੇਣ ਵਾਲਾ, "ਸੁੱਖਾਂ ਦਾ ਦੇਵ" ਭਾਵ ਪ੍ਰਮਾਤਮਾ ਆਪਣੇ ਮਨ ਦੀ ਸਮਝ ਪਾਉਣ ਦੁਆਰਾ ਮਨ ਦੇ ਵਿੱਚੋਂ ਹੀ ਮਿਲਦਾ ਹੈ। ਪਹਿਲਾਂ ਅਸੀਂ ਗੁਰੂ ਦੀ ਮਤਿ ਵਿੱਚ ਲੀਨ ਹੋਣਾ ਹੈ ਜੋ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਨ ਦਾ ਸਾਡਾ ਸੱਚਾ ਉੱਦਮ ਹੈ ਕਿਉਂਕਿ ਪ੍ਰਮਾਤਮਾ ਗੁਰੂ ਦੀ ਸੱਚੀ ਮਤਿ ਵਿੱਚ ਹੈ। ਉਸਦੀ ਮਤਿ ਮਨ ਵਿੱਚ ਵੱਸਣ ਦੁਆਰਾ ਹੀ ਮਨ ਦੇ ਵਿੱਚੋਂ ਉਸਦੇ ਦਰਸ਼ਨ ਹੁੰਦੇ ਹਨ। (**ਇਸ ਮਨ ਕਾ ਕੋਈ ਜਾਨੈ ਭੇਉ॥ ਇਹ ਮਨਿ ਲੀਣ ਭਏ ਸੁਖਦੇਉ॥**)

ਸ਼ਬਦ ਦੀ ਅਗਲੀ ਹੇਠ ਦਿੱਤੀ ਪੰਗਤੀ ਰਾਹੀਂ ਭਗਤ ਕਬੀਰ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਂ ਆਪਣੇ ਮਨ ਦੀ ਅੰਦਰ ਦੀ ਸਮਝ ਨੂੰ ਹੀ ਜਪ ਰਹਿਆ ਹਾਂ ਜੋ ਸਮਝ ਮਨ ਦੇ ਵਿੱਚ ਮਨ ਦਾ ਮਾਲਕ ਪ੍ਰਮਾਤਮਾ ਆਪ ਹੀ ਦਿੰਦਾ ਹੈ।

"ਜੀਉ ਏਕੁ ਅਰੁ ਸਗਲ ਸਰੀਰਾ॥ ਇਸੁ ਮਨ ਕਉ ਰਵਿ ਰਹੇ ਕਬੀਰਾ॥੯॥੧॥੩੬॥"

"ਜੀਉ" ਮਨ ਹੈ। ਹਰ ਸਰੀਰ ਦੇ ਵਿੱਚ ਉਹੀ ਮਨ ਹੈ ਭਾਵ ਹਰ ਇੱਕ ਦੇ ਸਰੀਰ ਵਿੱਚ ਪ੍ਰਮਾਤਮਾ "ਮਨ" ਦੇ ਰੂਪ ਵਿੱਚ ਵਰਤ ਰਿਹਾ ਹੈ ਭਾਵ ਮਨ ਨੂੰ ਸਪੱਸ਼ਟ ਤੌਰ ਤੇ ਪ੍ਰਮਾਤਮਾ ਕਹਿ ਕੇ ਸੰਬੋਧਨ ਕੀਤਾ ਹੈ। ਭਗਤ ਕਬੀਰ ਜੀ, ਭਗਤ ਤਾਂ ਪ੍ਰਮਾਤਮਾ ਦੇ ਹੀ ਹਨ ਪਰ ਉਨ੍ਹਾਂ ਨੇ ਮਨ ਦੀ ਭਗਤੀ ਨੂੰ ਹੀ ਪ੍ਰਮਾਤਮਾ ਦੀ ਭਗਤੀ ਕਿਹਾ ਹੈ ਭਾਵ ਇਹ ਮਨ ਆਪ ਪ੍ਰਮਾਤਮਾ ਹੀ ਹੈ ਪਰ ਅਸੀਂ ਇਸ ਦਾ ਭੇਦ ਨਹੀਂ ਜਾਣ ਸਕਦੇ। ਭਗਤੀ ਦੀ ਸੱਚੀ ਸਮਝ ਮਨ ਦੇ ਵਿੱਚ ਹੀ ਮਿਲਦੀ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੋਣ ਦੁਆਰਾ ਦਿੰਦਾ ਹੈ। ਮਨ ਦਾ ਭੇਦ ਜਾਣਨਾ ਹੀ ਪ੍ਰਮਾਤਮਾ ਦਾ ਭੇਦ ਜਾਣਨਾ ਹੈ। ਪੂਰੀ ਬਾਣੀ ਵਿੱਚ ਪ੍ਰਮਾਤਮਾ ਨੂੰ ਜਾਣਨ ਲਈ ਹੋਰ ਕੋਈ ਜਗ੍ਹਾ ਨਹੀਂ ਸਮਝਾਈ। ਮਨ ਨੂੰ ਛੱਡ ਕੇ ਪ੍ਰਮਾਤਮਾ ਨੂੰ ਇੱਧਰੋਂ ਉੱਧਰੋਂ ਕਿਤੇ ਖੰਡਾਂ ਬ੍ਰਹਿਮੰਡਾ ਵਿੱਚੋਂ ਖੋਜਣਾ ਅਤੇ ਕਿਸੇ ਭੁਲੇਖੇ ਦੁਆਰਾ ਕਿਸੇ ਨੂੰ ਪ੍ਰਮਾਤਮਾ ਸਮਝ ਲੈਣਾ ਕੇਵਲ ਉਸਦੇ ਆਪਣੇ ਪਾਏ ਹੋਏ ਭੁਲੇਖੇ ਹਨ। ਉਹ ਮਨ ਦੇ ਵਿੱਚ ਹੈ ਤੇ ਜਿੱਥੇ ਉਹ ਆਪ ਹੈ ਉੱਥੇ ਹੀ ਉਸਦੇ

6/594

ਮਹਲ ਹਨ, ਉੱਥੇ ਹੀ ਉਸਦੇ ਖੰਡ ਬ੍ਰਹਿਮੰਡ ਹਨ। ਸਭ ਕੁੱਝ ਇਸ ਕਾਇਆ ਦੇ ਵਿੱਚ ਹੀ ਹੈ, ਇਸ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਨੂੰ ਬਾਹਰੋਂ ਕਿਤੋਂ ਲੱਭਣਾ ਕੇਵਲ ਸਾਡੀ ਸਮਝ ਦੇ ਵਿੱਚ ਉਸਦੀ ਆਪਣੀ ਪਾਈ ਹੋਈ ਹੀ ਉਲਝਣ ਹੈ ਜਿਸ ਨੂੰ ਸਮਝਣਾ ਕਿਸੇ ਦੇ ਵੀ ਵੱਸ ਤੋਂ ਬਾਹਰ ਹੈ। ਵਾਰ-ਵਾਰ ਸਾਨੂੰ ਬਾਣੀ ਸਮਝਾ ਰਹੀ ਹੈ ਕਿ ਆਪਣੇ ਸਰੀਰ ਤੋਂ ਬਾਹਰੋਂ ਉਸਨੂੰ ਲੱਭਣ ਦੀਆਂ ਗੱਲਾਂ ਕਰਨਾ ਨਿਰਾ ਫ਼ਜੂਲ ਹੈ।

“ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥”

(ਅੰਗ ੧੦੨)

ਉਪਰਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਆਪਣੇ ਮਨ ਨੂੰ ਛੱਡ ਕੇ ਭਾਵ ਮਨ ਦੀ ਸੋਝੀ ਪਏ ਬਿਨ੍ਹਾਂ ਜੋ ਪ੍ਰਮਾਤਮਾ ਨੂੰ ਬਾਹਰੋਂ ਕਿਤੇ ਪਾਉਣ ਦੀਆਂ ਗੱਲਾਂ ਕਰਦੇ ਹਨ, ਉਹ ਕਿਤਨੇ ਵੱਡੇ ਭੁਲੇਖੇ ਵਿੱਚ ਹਨ। ਇਸ ਤੋਂ ਜ਼ਿਆਦਾ ਜਰੂਰੀ ਸਮਝਣ ਦੀ ਗੱਲ ਇਹ ਹੈ ਕਿ ਸਾਨੂੰ ਇਹ ਭੁਲੇਖੇ ਪਾਉਣ ਵਾਲਾ ਕੌਣ ਹੈ। ਸਾਨੂੰ ਭਰਮ ਵਿੱਚ ਰੱਖਣ ਵਾਲਾ, ਭੁਲਾਉਣ ਵਾਲਾ ਉਹ ਆਪ ਹੀ ਹੈ। ਸਾਨੂੰ ਭੁਲਾਉਣ ਦੀ ਜ਼ਿੰਮੇਵਾਰੀ ਉਹ ਆਪ ਹੀ ਲੈ ਰਿਹਾ ਹੈ, ਵਾਰ-ਵਾਰ ਲੈ ਰਿਹਾ ਹੈ। ਉਹ ਕੇਵਲ ਸੱਚ ਬੋਲਦਾ ਹੈ, ਉਹ ਆਪ ਹੀ ਪੂਰਨ ਸੱਚ ਹੈ। ਉਸਦੀ ਸਾਰੀ ਬਾਣੀ ਸੱਚ ਹੈ। ਸਾਨੂੰ ਭਰਮ ਭੁਲੇਖਿਆਂ ਵਿੱਚ ਰੱਖਣਾ ਉਸ ਦਾ ਬਿਰਦ ਹੈ, ਉਸਦਾ ਅਸੂਲ ਹੈ, ਉਸਦੀ ਬਣਾਈ ਹੋਈ ਖੇਡ ਦਾ ਹਿੱਸਾ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਇਹ ਭਰਮ ਭੁਲੇਖੇ ਸਾਡੇ ਨਾਲ ਹੀ ਚੱਲਦੇ ਹਨ।

{ਇਸੁ ਗੁਫਾ ਮਹਿ ਅਖੁਟ ਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ॥੧॥}

(ਅੰਗ ੧੨੪)

{ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥੪॥}

(ਅੰਗ ੧੨੪)

{ਕਾਇਆ ਕਾਮਣਿ ਅਤਿ ਸੁਆਲ੍ਹਿਉ ਪਿਰੁ ਵਸੈ ਜਿਸੁ ਨਾਲੇ॥
ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ॥
ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ॥੧॥
ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥੧॥ਰਹਾਉ॥
ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ॥੨॥
ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ॥੩॥
ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ॥੪॥
ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ॥
ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥੫॥
ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ॥੬॥
ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ॥
ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ॥

ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ॥੭॥
ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ॥
ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ॥
ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ॥੮॥੨॥}

(ਅੰਗ ੭੫੪)

{ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ॥
ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ॥
ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ॥
ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ॥
ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ॥੧੫॥}

(ਅੰਗ ੩੦੯)

ਜੋ ਗੱਲ ਉੱਪਰ ਦਿੱਤੇ ਸ਼ਬਦਾਂ ਵਿੱਚ ਸਮਝਾਈ ਹੋਈ ਹੈ ਉਹੀ ਗੱਲ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ। ਪ੍ਰਮਾਤਮਾ ਨੇ ਮਨ ਦੇ ਵਿੱਚ ਹੀ ਮਿਲਣਾ ਹੈ ਤੇ ਉਸਨੂੰ ਕਿਤੇ ਬਾਹਰੋਂ ਲੱਭਣਾ ਕੀ ਹੈ, ਇਹ ਉਪਰਲੇ ਸ਼ਬਦਾਂ ਦੇ ਪਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਆਪਣੇ ਸਰੀਰ ਤੋਂ ਬਾਹਰ ਭਾਲਣਾ ਕੇਵਲ ਸਾਡੀ ਅਗਿਆਨਤਾ ਤੇ ਮੂਰਖਤਾ ਦੱਸਿਆ ਹੈ।

6/595

{ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥}

(ਅੰਗ - ੭੫੪)

{ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥੪॥}

(ਅੰਗ - ੧੨੪)

{ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ॥
ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ॥੧੫॥}

(ਅੰਗ - ੩੦੯)

ਪ੍ਰਮਾਤਮਾ ਉੱਥੇ ਹੀ ਮਿਲਣਾ ਹੈ ਜਿੱਥੇ ਸਾਨੂੰ ਬਾਣੀ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਾ ਰਹੀ ਹੈ। ਕੇਵਲ ਗੁਰੂ ਦੀ ਸੱਚੀ ਸਮਝ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਆਓ ਹੁਣ ਇਸੇ ਗੱਲ ਨੂੰ ਹੋਰ ਵੀ ਦ੍ਰਿੜ ਕਰਨ ਲਈ ਧੰਨ ਧੰਨ ਸ਼੍ਰੀ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇੱਕ ਹੋਰ ਸ਼ਬਦ ਰਾਹੀਂ ਜਾਣੀਏ। ਸ਼ਬਦ ਦੇ ਅਰਥ ਬਹੁਤ ਗਹਿਰੇ ਹਨ ਤੇ ਮਨੁੱਖੀ ਸਮਝ ਦੀ ਸਮਰੱਥਾ ਅਕਾਲ ਪੁਰਖ ਨੇ ਇਤਨੀ ਨਹੀਂ ਬਣਾਈ ਕਿ ਆਪਣੇ ਆਪ ਚੌਥੇ ਪਦ ਵਾਲੇ ਗਿਆਨ ਦੇ ਅੰਦਰ ਦੇ ਗਹਿਰੇ ਭਾਵ ਨੂੰ ਸਮਝ ਸਕੇ।

ਭੈਰਉ ਕਬੀਰ ਜੀਉ ਅਸਟਪਦੀ ਘਰੁ 2

ੴ ਸਤਿਗੁਰ ਪ੍ਰਸਾਦਿ॥

"ਅਗਮ ਦੂਗਮ ਗੜਿ ਰਚਿਓ ਬਾਸ॥ ਜਾ ਮਹਿ ਜੋਤਿ ਕਰੇ ਪਰਗਾਸ॥
ਬਿਜੁਲੀ ਚਮਕੈ ਹੋਇ ਅਨੰਦੁ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ॥੧॥
ਇਹੁ ਜੀਉ ਰਾਮ ਨਾਮ ਲਿਵ ਲਾਗੈ॥ ਜਰਾ ਮਰਨੁ ਛੂਟੈ ਭ੍ਰਮੁ ਭਾਗੈ॥੧॥ਰਹਾਉ॥

ਅਬਰਨ ਬਰਨ ਸਿਉ ਮਨ ਹੀ ਪ੍ਰੀਤਿ॥ ਹਉਮੈ ਗਾਵਨਿ ਗਾਵਹਿ ਗੀਤ॥
ਅਨਹਦ ਸਬਦ ਹੋਤ ਝੁਨਕਾਰ॥ ਜਿਹ ਪਉੜੇ ਪ੍ਰਭ ਸ੍ਰੀ ਗੋਪਾਲ॥੨॥
ਖੰਡਲ ਮੰਡਲ ਮੰਡਲ ਮੰਡਾ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ॥
ਅਗਮ ਅਗੋਚਰੁ ਰਹਿਆ ਅਭ ਅੰਤ॥ ਪਾਰੁ ਨ ਪਾਵੈ ਕੋ ਧਰਨੀਧਰ ਮੰਤ॥੩॥
ਕਦਲੀ ਪੁਹਪ ਧੂਪ ਪਰਗਾਸ॥ ਰਜ ਪੰਕਜ ਮਹਿ ਲੀਓ ਨਿਵਾਸ॥
ਦੁਆਦਸ ਦਲ ਅਭ ਅੰਤਰਿ ਮੰਤ॥ ਜਹ ਪਉੜੇ ਸ੍ਰੀ ਕਮਲਾ ਕੰਤ॥੪॥
ਅਰਧ ਉਰਧ ਮੁਖਿ ਲਾਗੋ ਕਾਸੁ॥ ਸੁੰਨ ਮੰਡਲ ਮਹਿ ਕਰਿ ਪਰਗਾਸੁ॥
ਊਹਾਂ ਸੂਰਜ ਨਾਹੀ ਚੰਦ॥ ਆਦਿ ਨਿਰੰਜਨੁ ਕਰੈ ਅਨੰਦ॥੫॥
ਸੋ ਬ੍ਰਹਮੰਡਿ ਪਿੰਡਿ ਸੋ ਜਾਨੁ॥ ਮਾਨ ਸਰੋਵਰਿ ਕਰਿ ਇਸਨਾਨੁ॥
ਸੋਹੰ ਸੋ ਜਾ ਕਉ ਹੈ ਜਾਪ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ॥੬॥
ਅਬਰਨ ਬਰਨ ਘਾਮ ਨਹੀ ਛਾਮ॥ ਅਵਰ ਨ ਪਾਈਐ ਗੁਰ ਕੀ ਸਾਮ॥
ਟਾਰੀ ਨ ਟਰੈ ਆਵੈ ਨ ਜਾਇ॥ ਸੁੰਨ ਸਹਜ ਮਹਿ ਰਹਿਓ ਸਮਾਇ॥੭॥
ਮਨ ਮਧੇ ਜਾਨੈ ਜੇ ਕੋਇ॥ ਜੋ ਬੋਲੈ ਸੋ ਆਪੈ ਹੋਇ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ॥ ਕਹਿ ਕਬੀਰ ਸੋ ਪ੍ਰਾਨੀ ਤਰੈ॥੮॥੧॥"

(ਅੰਗ ੧੧੬੨)

ਇਸ ਸ਼ਬਦ ਰਾਹੀਂ ਸਾਡੇ ਬੜੇ ਹੀ ਭੁਲੇਖੇ ਨਿਕਲਣਗੇ ਤੇ ਇਸ ਲਈ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਸ਼ਬਦ ਰਾਹੀਂ ਪ੍ਰਮਾਤਮਾ ਦਾ ਪਉੜਾ ਭਾਵ ਟਿਕਾਣਾ ਕਿੱਥੇ ਹੈ ਭਾਵ ਉਹ ਟਿਕਾਣਾ ਜਿੱਥੇ ਅਸੀਂ ਉਸਨੂੰ ਮਿਲ ਸਕਦੇ ਹਾਂ, ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਉਸ ਪ੍ਰਮਾਤਮਾ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਤੇ ਸਾਡੇ ਭੁਲੇਖੇ ਵੀ ਕੱਢੇ ਹੋਏ ਹਨ। ਮਨੁੱਖੀ ਸਰੀਰ ਨੂੰ ਪ੍ਰਮਾਤਮਾ ਦਾ ਗੜ੍ਹ ਦੱਸਿਆ ਹੈ, ਕਿਲਾ ਦੱਸਿਆ ਹੈ ਜਿਸ ਵਿੱਚ ਉਸਨੇ ਆਪਣਾ ਵਾਸਾ ਕੀਤਾ ਹੋਇਆ ਹੈ। ਇਸ ਕਿਲੇ ਵਿੱਚ ਉਸਦਾ ਵਾਸਾ ਕਿੱਥੇ ਹੈ ਉਸਨੂੰ ਲੱਭਣਾ ਬਹੁਤ ਹੀ ਮੁਸ਼ਕਿਲ ਅਤੇ ਸਾਡੀ ਪਹੁੰਚ ਤੋਂ ਬਾਹਰ ਦੱਸਿਆ ਹੈ। **(ਅਗਮ ਦੂਗਮ ਗੜਿ ਰਚਿਓ ਬਾਸ॥)** ਉਸਦਾ ਵਾਸਾ ਕਿੱਥੇ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ, ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਪ੍ਰਮਾਤਮਾ ਸਭ ਜਗ੍ਹਾ, ਹਰ ਕਿਸੇ ਵਿੱਚ ਆਪਣੀ ਜੋਤਿ ਦੁਆਰਾ ਵਰਤ ਰਿਹਾ ਹੈ। ਮਨੁੱਖ ਵਿੱਚ ਉਸਦੀ ਜੋਤ ਉਸਦਾ ਮਨ ਹੈ, ਜਿੱਥੋਂ ਮਨੁੱਖ ਨੂੰ ਸਾਰਾ ਗਿਆਨ ਮਿਲਦਾ ਹੈ। ਪ੍ਰਮਾਤਮਾ ਦੀ ਜੋਤਿ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਦੀ ਹੈ ਭਾਵ ਪ੍ਰਮਾਤਮਾ ਦਾ ਵਾਸਾ ਮਨੁੱਖ ਦੇ ਅੰਦਰ, ਇਸ ਸਰੀਰ ਰੂਪੀ ਕਿਲੇ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਰੱਖੀ ਹੋਈ ਜੋਤਿ ਭਾਵ ਮਨ ਦੇ ਅੰਦਰ ਚੱਲ ਰਹੇ ਗਿਆਨ ਦੁਆਰਾ ਹੈ। **(ਜਾ ਮਹਿ ਜੋਤਿ ਕਰੇ ਪਰਗਾਸ॥) "ਪਰਗਾਸ"** ਸਾਡੇ ਮਨ ਦੇ ਅੰਦਰ ਗਿਆਨ ਦਾ ਪਰਗਾਸ ਹੈ, ਜੋਤਿ ਦਾ ਦਿੱਤਾ ਹੋਇਆ ਗਿਆਨ ਹੈ ਭਾਵ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਗਿਆਨ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਆਪਣੀ ਜੋਤਿ ਦੁਆਰਾ, ਮਨ ਦੇ ਵਿੱਚ ਆਪਣੇ ਗਿਆਨ ਦੁਆਰਾ ਟਿਕਿਆ ਹੋਇਆ ਹੈ। ਸਾਡੇ ਅੰਦਰ ਉਸਦਾ ਟਿਕਾਣਾ ਮਨ ਦੇ ਗਿਆਨ ਰੂਪ ਵਿੱਚ ਹੈ। ਪ੍ਰਮਾਤਮਾ ਦਾ ਟਿਕਾਣਾ ਸਾਡੇ ਸਭ ਦੇ ਅੰਦਰ ਮਨ ਦੇ ਵਿੱਚ ਆਪਣੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਪ੍ਰਮਾਤਮਾ ਦਾ ਟਿਕਾਣਾ ਸਾਨੂੰ ਉੱਪਰ ਵਾਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਕਿੱਥੇ ਹੈ ਇਸ ਗੱਲ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਆਈਏ। (**ਅਗਮ ਦੂਗਮ ਗੜਿ ਰਚਿਓ ਬਾਸ॥ ਜਾ ਮਹਿ ਜੋਤਿ ਕਰੇ ਪਰਗਾਸ॥**)

ਪ੍ਰਮਾਤਮਾ ਦੇ, ਮਨ ਦੇ ਅੰਦਰ ਵਾਸ ਦੀ ਸੋਝੀ ਕਿਵੇਂ ਪੈਂਦੀ ਹੈ, ਉਸਦੇ

ਨਾਲ ਮਨ ਦੇ ਵਿੱਚ ਮੇਲ ਕਿਵੇਂ ਹੁੰਦਾ ਹੈ, ਅਨੰਦ ਦੀ ਅਵੱਸਥਾ ਕਿਵੇਂ ਬਣਦੀ ਹੈ, ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **"ਬਿਜੁਲੀ ਚਮਕੈ ਹੋਇ ਅਨੰਦੁ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ॥੧॥"** ਆਪਣੇ ਗਿਆਨ ਦਾ ਪ੍ਰਕਾਸ਼ ਤਾਂ ਉਹ ਹਰ ਮਨ ਦੇ ਵਿੱਚ ਕਰ ਰਿਹਾ ਹੈ ਪਰ ਉਹ ਗਿਆਨ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਹੈ, ਉਸ ਦੀ ਮਾਇਆ ਦੀ ਜੁਗਤਿ

ਵਾਲਾ ਹੈ ਜੋ ਸਾਨੂੰ ਉਸਦੀ ਸੋਝੀ ਨਹੀਂ ਪੈਣ ਦਿੰਦਾ ਭਾਵ ਉਸ ਨੇ ਮਨੁੱਖ ਨੂੰ ਪੜਦੇ ਵਿੱਚ ਰੱਖਿਆ ਹੋਇਆ ਹੈ, ਭਰਮ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਮੋਹ ਮਾਇਆ ਵਿੱਚ ਰੱਖਿਆ ਹੋਇਆ ਹੈ। ਇਹ ਪੜਦਾ ਉਹ ਆਪ ਹੀ ਕੱਢ ਸਕਦਾ ਹੈ। ਗਿਆਨ ਰੂਪੀ ਪੜਦਾ ਗਿਆਨ ਨਾਲ ਹੀ ਦੂਰ ਹੋ ਸਕਦਾ ਹੈ। ਸਾਡੇ ਅੰਦਰ ਉਹ ਆਪਣਾ ਚੌਥੇ ਪਦ ਵਾਲਾ ਗਿਆਨ ਆਪ ਹੀ ਦੇ ਸਕਦਾ ਹੈ, ਆਪਣਾ ਗਿਆਨ ਆਪ ਹੀ ਪ੍ਰਚੰਡ ਕਰ ਸਕਦਾ ਹੈ ਜਿਸਨੂੰ ਕਿ ਮਨ ਦੇ ਵਿੱਚ ਬਿਜਲੀ ਦੀ ਚਮਕ ਕਹਿ ਕੇ ਸਮਝਾਇਆ ਹੈ। ਜਿਵੇਂ ਬਿਜਲੀ ਚਮਕਣ ਦੁਆਰਾ ਰਾਤ ਦਾ ਹਨੇਰਾ ਦੂਰ ਹੋ ਜਾਂਦਾ ਹੈ ਇਸੇ ਤਰ੍ਹਾਂ ਮਨ ਦੇ ਵਿੱਚ ਗਿਆਨ ਰੂਪੀ ਬਿਜਲੀ ਚਮਕਣ ਦੇ ਨਾਲ ਮਨ ਦੀ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ।

{ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥}

(ਅੰਗ - ੭)

ਇਹ ਮਨ ਹੀ ਪ੍ਰਮਾਤਮਾ ਦੇ ਗਿਆਨ ਦਾ ਖੰਡ ਹੈ ਜਿਸ ਦੇ ਵਿੱਚ ਉਸਦਾ ਗਿਆਨ ਪ੍ਰਚੰਡ ਹੋਣ ਨਾਲ ਉਸਦੇ ਦਰਸ਼ਨ ਹੁੰਦੇ ਹਨ। ਆਪਣੇ ਦਰਸ਼ਨ ਕਰਵਾਉਣ ਲਈ ਪ੍ਰਮਾਤਮਾ ਮਨ ਦੇ ਅੰਦਰ ਇਹੋ ਜਿਹੀ ਗਿਆਨ ਰੂਪੀ ਰੌਸ਼ਨੀ ਕਰਦਾ ਹੈ ਜਿਸ ਨਾਲ ਉਸਦੇ ਟਿਕਾਣੇ ਦੀ, ਉਸਦੇ ਪਉੜੇ ਦੀ, ਉਸਦੇ ਵਾਸੇ ਦੀ ਮਨ ਦੇ ਵਿੱਚ ਹੀ ਸੋਝੀ ਪੈਂਦੀ ਹੈ ਕਿ ਇਹ ਅੰਦਰ ਦਾ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ, ਉਹ ਆਪ ਹੀ ਮਨ ਦੇ ਵਿੱਚ ਵਰਤ ਰਿਹਾ ਹੈ। **(ਬਿਜੁਲੀ ਚਮਕੈ ਹੋਇ ਅਨੰਦੁ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ॥੧॥)** ਇਸ ਤਰੀਕੇ ਮਨ ਦੇ ਵਿੱਚ ਪ੍ਰਕਾਸ਼ ਹੋਣਾ, ਬਿਜਲੀ ਦਾ ਚਮਕਣਾ, ਮਨ ਦੇ ਵਿੱਚ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋਣਾ ਹੈ, ਪ੍ਰਮਾਤਮਾ ਦਾ ਆਪ ਪ੍ਰਗਟ ਹੋਣਾ ਹੈ। ਹੁਣ ਸ਼ਬਦ ਦੀ ਅਗਲੀ "ਰਹਾਉ" ਵਾਲੀ ਪੰਗਤੀ ਨੂੰ ਸਮਝਦੇ ਹਾਂ ਕਿ ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਸਾਨੂੰ ਕੀ ਪ੍ਰਾਪਤੀ ਹੁੰਦੀ ਹੈ।

"ਇਹੁ ਜੀਉ ਰਾਮ ਨਾਮ ਲਿਵ ਲਾਗੈ॥ ਜਰਾ ਮਰਨੁ ਛੂਟੈ ਭ੍ਰਮੁ ਭਾਗੈ॥੧॥ਰਹਾਉ॥"

ਪ੍ਰਮਾਤਮਾ ਦੇ ਨਾਲ ਲਿਵ ਲਾਉਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਪਰ ਪ੍ਰਮਾਤਮਾ ਦੇ ਨਾਲ ਲਿਵ ਮਨ ਦੇ ਵਿੱਚ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਲੱਗਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹ ਲਿਵ ਜੁੜਨ ਦਾ ਤਰੀਕਾ ਉਪਰਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਲਿਵ ਸਾਡੇ ਮਨ ਦੀ ਸਮਝ ਦੀ ਹੀ ਜੁੜਦੀ ਹੈ, ਗੁਰਮਤਿ ਵਾਲੀ ਸੱਚੀ ਸਮਝ ਦੇ ਨਾਲ ਜੁੜਦੀ ਹੈ, ਗੁਰੂ ਦੇ ਸੱਚੇ ਗਿਆਨ ਦੇ ਨਾਲ ਲਿਵ ਜੁੜਦੀ ਹੈ, ਗੁਰੂ ਦੀ ਮਤਿ ਦੇ ਨਾਲ ਲਿਵ ਜੁੜਦੀ ਹੈ ਕਿਉਂਕਿ ਮਨ ਦੇ ਵਿੱਚ ਪ੍ਰਕਾਸ਼ ਤੋਂ ਬਾਅਦ ਇਹ ਸੱਚੇ ਗਿਆਨ ਦੀ ਮਤਿ ਮਨ ਦੇ ਵਿੱਚੋਂ ਹੀ ਮਿਲਦੀ ਹੈ, ਸਿੱਧੀ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ। ਮਨੁੱਖ ਇਸ ਚੌਥੇ ਪਦ ਦੀ ਅਵੱਸਥਾ ਦੀ ਪ੍ਰਾਪਤੀ ਦੇ ਨਾਲ ਹੀ ਆਵਾਗਉਣ ਤੋਂ ਮੁਕਤ ਹੁੰਦਾ ਹੈ, ਭਰਮਾਂ ਤੋਂ ਮੁਕਤ ਹੁੰਦਾ ਹੈ, ਦੁਬਿਧਾ ਤੋਂ ਮੁਕਤ ਹੁੰਦਾ ਹੈ ਭਾਵ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਸਾਨੂੰ ਉਸਦੇ ਦਰਸ਼ਨ ਕਰਵਾਉਂਦਾ ਹੈ ਤੇ ਮਨ ਦੇ ਵਿੱਚ ਹੀ ਕਰਵਾਉਂਦਾ ਹੈ। ਮਨ ਦੇ ਵਿੱਚੋਂ ਭਰਮ ਨਿਕਲਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ।

6/597

(ਇਹੁ ਜੀਉ ਰਾਮ ਨਾਮ ਲਿਵ ਲਾਗੈ॥ ਜਰਾ ਮਰਨੁ ਛੂਟੈ ਭ੍ਰਮੁ ਭਾਗੈ॥੧॥ਰਹਾਉ॥) ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਤੇ ਇਸ ਗੱਲ ਨੂੰ ਦ੍ਰਿੜ ਕਰਦੇ ਹਾਂ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਪ੍ਰਮਾਤਮਾ ਦੇ ਸੱਚੇ ਗੁਣ ਨਹੀਂ ਗਾਏ ਜਾ ਸਕਦੇ ਕਿਉਂਕਿ ਮਨ ਦੀ ਸਮਝ ਰਾਹੀਂ ਆਪਣੀ ਸੱਚੀ ਭਗਤੀ ਦਾ ਮਾਰਗ, ਆਪਣਾ ਨਾਮ ਜਪਾਉਣ ਦਾ ਮਾਰਗ ਆਪ ਹੀ ਸਮਝਾਉਂਦਾ ਹੈ।

"ਅਬਰਨ ਬਰਨ ਸਿਉ ਮਨ ਹੀ ਪ੍ਰੀਤਿ॥ ਹਉਮੈ ਗਾਵਨਿ ਗਾਵਹਿ ਗੀਤ॥"

ਜਦ ਤੱਕ ਮਨੁੱਖ ਦੀ ਨਾਮ ਨਾਲ ਲਿਵ ਨਹੀਂ ਲੱਗਦੀ, ਗੁਰੂ ਦੀ ਮਤਿ ਨਾਲ ਲਿਵ ਨਹੀਂ ਲੱਗਦੀ ਉਹ ਆਪਣੀ ਮਤਿ ਦੁਆਰਾ ਹੀ ਵਿਚਰਦਾ ਹੈ। ਉੱਚੀ ਨੀਵੀਂ ਜਾਤ ਵਿੱਚ ਫ਼ਰਕ ਸਮਝਦਾ ਹੈ ਕਿਉਂਕਿ ਉਸਨੂੰ ਇਹ ਸਮਝ ਨਹੀਂ ਹੁੰਦੀ ਕਿ ਹਰ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੀ ਨਾਸਮਝੀ ਦੁਆਰਾ ਪ੍ਰਮਾਤਮਾ ਦੀ ਇਹੋ ਜਿਹੀ ਭਗਤੀ ਕਰਦਾ ਹੈ, ਇਹੋ ਜਿਹੇ ਪ੍ਰਮਾਤਮਾ ਦੇ ਗੀਤ ਗਾਉਂਦਾ ਹੈ ਭਾਵ ਜਿਹੋ ਜਿਹੇ ਉਹ ਸਰੀਰਕ ਜਪ ਤਪ ਕਰਦਾ ਹੈ, ਅਨੇਕਾਂ ਹੀ ਭਗਤੀ ਦੇ ਵਿਖਾਵੇ ਕਰਦਾ ਹੈ ਉਹਨਾਂ ਨਾਲ ਅਸਲ ਵਿੱਚ ਉਹ ਆਪਣੀ ਹਉਮੈ ਨੂੰ ਹੀ ਗਾਉਂਦਾ ਹੈ ਭਾਵ ਆਪਣੀ ਹਉਮੈ ਨੂੰ ਹੀ ਉੱਚੀ ਕਰਦਾ ਹੈ, ਆਪਣੀ ਵਡਿਆਈ ਵਧਾਉਂਦਾ ਹੈ ਭਾਵ ਇਸ ਵਿੱਚ ਗੁਰੂ, ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਬਲਕਿ ਉਸਦੀ ਆਪਣੀ

ਵਡਿਆਈ ਹੁੰਦੀ ਹੈ। **(ਅਬਰਨ ਬਰਨ ਸਿਉ ਮਨ ਹੀ ਪ੍ਰੀਤਿ॥ ਹਉਮੈ ਗਾਵਨਿ ਗਾਵਹਿ ਗੀਤ॥)** ਹੁਣ ਸ਼ਬਦ ਦੀ ਅਗਲੀ ਪਗਤੀ ਨੂੰ ਸਮਝਦੇ ਹਾਂ ਤੇ ਦ੍ਰਿੜ ਕਰਦੇ ਹਾਂ ਕਿ ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ।

“ਅਨਹਦ ਸਬਦ ਹੋਤ ਝੁਨਕਾਰ॥ ਜਿਹ ਪਉੜੇ ਪ੍ਰਭ ਸ੍ਰੀ ਗੋਪਾਲ॥”

ਜਦੋਂ ਮਨੁੱਖ ਮਨ ਦੇ ਵਿੱਚ ਗਿਆਨ ਦੇ ਪਰਗਾਸ ਦੁਆਰਾ ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਲੈ ਲੈਂਦਾ ਹੈ ਭਾਵ ਜਦੋਂ ਉਸਦੀ ਮਨ ਦੇ ਵਿੱਚ ਨਾਮ ਦੇ ਨਾਲ ਲਿਵ ਲੱਗ ਜਾਂਦੀ ਹੈ, ਤਾਂ ਹੀ ਉਹ ਪ੍ਰਮਾਤਮਾ ਦੇ ਟਿਕਾਣੇ ਨੂੰ ਆਪਣੇ ਅੰਦਰੋਂ ਪਹਿਚਾਣ ਸਕਦਾ ਹੈ। "ਅਨਹਦ ਸਬਦ" ਤੋਂ ਭਾਵ ਹੈ ਉਸ ਪ੍ਰਮਾਤਮਾ ਦੇ ਕੋਲੋਂ ਆਇਆ ਹੋਇਆ “ਸ਼ਬਦ” ਭਾਵ ਸੱਚਾ ਗਿਆਨ ਜੋ ਸਾਨੂੰ ਗੁਰੂ ਦੇ ਕੋਲੋਂ ਮਿਲਦਾ ਹੈ ਭਾਵ “ਗੁਰੂ ਦੀ ਮਤਿ” ਭਾਵ "ਰਾਮ ਨਾਮ"। ਜਦੋਂ ਸਾਡੇ ਮਨ ਦੇ ਅੰਦਰ ਗੁਰੂ ਦੀ ਮਤਿ ਦੀ ਝੁਨਕਾਰ ਹੋਵੇਗੀ ਭਾਵ ਜਦੋਂ ਮਨਮਤਿ ਨਿਕਲ ਜਾਵੇਗੀ ਤਾਂ ਫਿਰ ਅਸੀਂ ਉਹੀ ਕੁੱਝ ਕਰਾਂਗੇ, ਆਪਣੇ ਜੀਵਨ ਵਿੱਚ ਉਸੇ ਤਰ੍ਹਾਂ ਵਿਚਰਾਂਗੇ ਜਿਵੇਂ ਕਿ ਗੁਰੂ ਦੀ ਮਤਿ ਸਾਨੂੰ ਸਮਝਾਉਂਦੀ ਹੈ। ਫਿਰ ਅਸੀਂ ਉੱਚੇ ਨੀਵੇਂ ਦਾ ਫ਼ਰਕ ਨਹੀਂ ਕਰਾਂਗੇ, ਕਿਸੇ ਦੇ ਨਾਲ ਭੇਦ ਭਾਵ ਨਹੀਂ ਰੱਖਾਂਗੇ, ਆਪਣੀਆਂ ਵਡਿਆਈਆਂ ਨਹੀਂ ਕਰਵਾਵਾਂਗੇ ਅਤੇ ਮਾੜੇ ਕਰਮਾਂ ਤੋਂ ਬਚ ਕੇ ਰਹਾਂਗੇ ਤੇ ਗੁਰੂ ਦੁਆਰਾ ਸਮਝਾਏ ਹੋਏ ਸੱਚੇ ਸੁੱਚੇ ਕਰਮ ਹੀ ਕਰਾਂਗੇ। ਇਹੋ ਜਿਹਾ ਭਗਤੀ ਦਾ ਸੱਚਾ ਉੱਦਮ ਕਰਨ ਨਾਲ ਹੀ ਸਾਨੂੰ ਉਸ ਪ੍ਰਮਾਤਮਾ ਦੇ ਪਉੜੇ ਦੀ, ਟਿਕਾਣੇ ਦੀ, ਉਸਦੇ ਵਾਸੇ ਦੀ ਸੋਝੀ ਪੈ ਸਕਦੀ ਹੈ ਜੋ ਕਿ ਸਾਡੇ ਅੰਦਰ ਹੀ ਹੈ। ਮਨ ਦੇ ਵਿੱਚ ਆਪਣੇ ਸ਼ਬਦ ਦੀ ਝੁਨਕਾਰ, ਸੱਚੇ ਗਿਆਨ ਦੀ ਝੁਨਕਾਰ ਫਿਰ ਉਹ ਆਪ ਹੀ ਪ੍ਰਗਟ ਹੋ ਕੇ ਸੁਣਾਉਂਦਾ ਹੈ ਤੇ ਆਪਣੇ ਟਿਕਾਣੇ ਦੀ ਸੋਝੀ ਪਾਉਂਦਾ ਹੈ। **(ਅਨਹਦ ਸਬਦ ਹੋਤ ਝੁਨਕਾਰ॥ ਜਿਹ ਪਉੜੇ ਪ੍ਰਭ ਸ੍ਰੀ ਗੋਪਾਲ॥੨॥)**

6/598 ਅਤੇ 598-ਅ

ਅਗਲੇ ਹੇਠ ਦਿੱਤੇ ਪਦੇ ਵਿੱਚ ਸਾਡਾ ਇਹ ਵੱਡਾ ਭੁਲੇਖਾ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਮਨ ਦੀ ਬਜਾਇ ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਮਿਲਦਾ ਹੈ।

“ਖੰਡਲ ਮੰਡਲ ਮੰਡਲ ਮੰਡਾ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ॥
ਅਗਮ ਅਗੋਚਰੁ ਰਹਿਆ ਅਭ ਅੰਤ॥ ਪਾਰੁ ਨ ਪਾਵੈ ਕੋ ਧਰਨੀਧਰ ਮੰਤ॥”

ਉਸਦੇ ਸਾਰੇ ਖੰਡ ਬ੍ਰਹਿਮੰਡ ਮਨ ਦੇ ਵਿੱਚ ਹੀ ਹਨ ਜੋ ਕਿ ਨਿਰਗੁਣ ਸਰੂਪ ਹਨ ਜਿੱਥੋਂ ਉਸਨੂੰ ਆਪਣੇ ਅੰਦਰੋਂ ਖੋਜਿਆ ਜਾ ਸਕਦਾ ਹੈ। ਉਹ ਕਿਸੇ ਸਰਗੁਣ ਖੰਡ ਬ੍ਰਹਿਮੰਡ, ਸਰਗੁਣ ਰੂਪ ਵਿੱਚ ਨਹੀਂ ਰਹਿੰਦਾ। ਸਭ ਸਰਗੁਣ ਸਰੂਪ ਆਕਾਰ ਸਰੂਪ ਹੈ, ਮਾਇਆ ਸਰੂਪ ਹੈ ਜੋ ਕਿ ਬਿਨਸਣਹਾਰ ਹੈ। ਪ੍ਰਮਾਤਮਾ ਬਿਨਸਣਹਾਰ ਨਹੀਂ ਹੈ। ਉਹ ਪੰਜ ਤੱਤਾਂ ਵਿੱਚ ਨਹੀਂ ਹੈ ਬਲਕਿ ਪੰਜਾਂ ਤੱਤਾਂ ਨੂੰ ਬਣਾਉਣ ਵਾਲਾ ਹੈ, ਪੰਜਾਂ ਤੱਤਾਂ ਵਿੱਚ ਆਪਣਾ ਗਿਆਨ ਪਾ ਕੇ ਉਨ੍ਹਾਂ ਨੂੰ ਵੱਖਰੇ- ਵੱਖਰੇ ਸਰੂਪ ਦੇਣ ਵਾਲਾ ਹੈ, ਉਹਨਾਂ ਨੂੰ ਆਪਣੇ ਗਿਆਨ ਦੁਆਰਾ ਗੋਂਣ ਵਾਲਾ ਹੈ, ਚਲਾਉਣ ਵਾਲਾ ਹੈ ਤੇ ਹਰ ਆਕਾਰ ਰੂਪ ਵਿੱਚ ਉਹ ਆਪਣੇ ਨਿਰੰਕਾਰ ਰੂਪ ਵਿੱਚ ਆਪ ਹੀ ਹੈ। ਉਹ ਰਚਨਾ ਕਰਨ ਵਾਲਾ ਹੈ ਨਾ ਕਿ ਖੁਦ ਇੱਕ ਰਚਨਾ ਹੈ। ਉਹ ਸਾਰੀ ਰਚਨਾ ਦਾ ਮਾਲਕ ਹੈ ਅਤੇ ਆਪਣੀ ਹਰ ਰਚਨਾ ਵਿੱਚ ਆਪਣੇ ਗਿਆਨ ਦੁਆਰਾ ਵਿਚਰ ਰਿਹਾ ਹੈ। ਉਹ ਆਪ ਗਿਆਨ ਸਰੂਪ ਹੈ, ਨਿਰਗੁਣ ਸਰੂਪ ਹੈ ਜੋ ਕਿਸੇ ਵੀ ਰੂਪ ਰੇਖ ਤੋਂ ਬਾਹਰ ਹੈ। (**ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ ॥**) ਅੰਗ-੮੧੬ । ਉਸ ਨਿਰਗੁਣ ਸਰੂਪ ਦੇ ਦਰਸ਼ਨ, ਨਿਰਗੁਣ ਸਰੂਪ ਦੁਆਰਾ ਹੀ ਹੋ ਸਕਦੇ ਹਨ ਜੋ ਕਿ ਸਾਡਾ ਮਨ ਹੈ, ਜੋਤ ਸਰੂਪ ਹੈ। ਇਸੇ ਲਈ ਬਾਣੀ ਵਿੱਚ ਅਨੇਕਾਂ ਵਾਰੀ ਸਮਝਾਇਆ ਹੈ ਕਿ ਬਿਨਸਦਾ ਕੇਵਲ ਮਨੁੱਖ ਦਾ ਸਰੀਰ ਹੀ ਹੈ ਪਰ ਇਸ ਸਰੀਰ ਨੂੰ ਚਲਾਉਣ ਵਾਲੀ ਸਾਡੇ ਅੰਦਰ ਪ੍ਰਮਾਤਮਾ ਦੀ ਜੋਤ ਹੈ, ਮਨ ਦਾ ਗਿਆਨ ਹੈ ਜੋ ਕਿ ਕਦੇ ਨਹੀਂ ਬਿਨਸਦਾ। ਮਨ ਬਿਨਸਣਹਾਰ ਨਹੀਂ ਹੈ। ਮਨ ਸਾਨੂੰ ਗਿਆਨ ਦਿੰਦਾ ਹੈ, ਸਾਨੂੰ ਵਿਚਾਰ ਦਿੰਦਾ ਹੈ। ਮਨ ਦੇ ਵਿਚਾਰ ਕਦੇ ਨਹੀਂ ਬਿਨਸਦੇ ਇਹ ਹਮੇਸ਼ਾ ਜਿੰਦਾ ਰਹਿੰਦੇ ਹਨ ਕਿਉਂਕਿ ਇਹ ਆਕਾਰ ਰੂਪ ਨਹੀਂ ਨਿਰੰਕਾਰ ਰੂਪ ਹਨ। ਇਹ ਵਿਚਾਰ ਸਾਡੇ ਮਨ ਦੀ ਸੋਚ ਹਨ ਤੇ ਇਹ ਕਦੇ ਬਿਨਸ ਨਹੀਂ ਸਕਦੀ। ਮਨੁੱਖ ਦੀ ਸੋਚ, ਉਸਦੇ ਦੱਸੇ ਹੋਏ ਵਿਚਾਰ ਪੀੜੀ ਦਰ ਪੀੜੀ ਚੱਲਦੇ ਹੀ ਰਹਿੰਦੇ ਹਨ ਅਤੇ ਇਹ ਕਦੇ ਬਿਨਸ ਸਕਦੇ ਹੀ ਨਹੀਂ। ਪੁਸਤਕ ਬਿਨਸ ਸਕਦੀ ਹੈ ਪਰ ਉਸਦੇ ਅੰਦਰ ਦਾ ਗਿਆਨ ਨਹੀਂ ਬਿਨਸ ਸਕਦਾ। ਇਨ੍ਹਾਂ ਮਨ ਦੇ ਵਿਚਾਰਾਂ ਨੂੰ, ਗਿਆਨ ਨੂੰ ਯਾਦ ਰੱਖਣ ਵਾਲਾ ਸਰੀਰ ਬਿਨਸ ਸਕਦਾ ਹੈ ਪਰ ਇਹ ਮਨ ਦਾ ਗਿਆਨ ਹਮੇਸ਼ਾ ਹੀ ਸੁਰਜੀਤ ਰਹਿੰਦਾ ਹੈ ਕਿਉਂਕਿ ਇਹ ਗਿਆਨ ਪੰਜਾਂ ਤੱਤਾਂ ਤੋਂ ਬਾਹਰ

6/599

ਹੈ। ਗਿਆਨ ਪੰਜਾਂ ਤੱਤਾਂ ਨੂੰ ਬਣਾਉਣ ਵਾਲਾ ਹੈ ਅਤੇ ਉਨ੍ਹਾਂ ਤੱਤਾਂ ਦੇ ਰਾਹੀਂ, ਸਾਡੇ ਦਿੱਸਣ ਵਾਲੇ ਦਿਮਾਗ ਦੇ ਰਾਹੀਂ ਸਾਡੇ ਮਨ ਦਾ ਰੂਪ ਧਾਰ ਕੇ, ਗਿਆਨ ਰੂਪ ਧਾਰ ਕੇ, ਜੋਤਿ ਰੂਪ ਧਾਰ ਕੇ, ਨਿਰਗੁਣ ਰੂਪ ਧਾਰ ਕੇ ਇਸ ਸਰਗੁਣ ਸਰੂਪ ਨੂੰ, ਪੰਜਾਂ ਤੱਤਾਂ ਦੇ ਸਰੂਪ ਨੂੰ ਆਪ ਹੀ ਚਲਾਈ ਜਾਂਦਾ ਹੈ। ਸਾਡਾ ਦਿੱਸਣ ਵਾਲਾ ਦਿਮਾਗ ਪੰਜ ਤੱਤਾਂ ਦਾ ਬਣਿਆ ਹੋਇਆ ਹੈ ਜੋ ਕਿ ਆਕਾਰ ਰੂਪ ਹੈ, ਸਰਗੁਣ ਰੂਪ ਹੈ ਪਰ ਇਸ ਵਿੱਚੋਂ ਜੋ ਗਿਆਨ ਉਪਜਦਾ ਹੈ ਉਹ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ। **(ਇਹੁ ਮਨੁ ਪੰਚ ਤਤੁ ਤੇ ਜਨਮਾ॥)** ਅੰਗ - ੪੧੫ ਇਹੀ ਪ੍ਰਮਾਤਮਾ ਦੀ ਖੇਡ ਹੈ ਜਿਸਦੀ ਸੋਝੀ ਇਸ ਮਨ ਦੀ ਸੋਝੀ ਪੈਣ ਨਾਲ ਹੀ ਪੈ ਸਕਦੀ ਹੈ। ਮਨੁੱਖ ਦੇ ਵੱਸ ਕੁੱਝ ਵੀ ਨਹੀਂ, ਭੁਲੇਖਾ ਵੀ ਆਪਣੇ ਵੱਸ ਨਹੀਂ। ਭੁਲੇਖਾ ਵੀ ਉਹ ਆਪ ਹੀ ਪਾਉਂਦਾ ਹੈ। ਅਸਲ ਵਿੱਚ ਇਹ ਸਾਡੇ ਮਨ ਦੀ ਸੋਚ ਦੇ ਵਿੱਚ ਹੀ ਆਪ ਪ੍ਰਮਾਤਮਾ ਹੈ ਜੋ ਕਿ ਸ਼ਬਦ ਦੇ ਆਖਰੀ ਪਦਿਆਂ ਵਿੱਚ ਜਾ ਕੇ ਸਮਝਾਇਆ ਹੋਇਆ ਹੈ ਤੇ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਵਾਰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਆਪਣੇ ਅੰਦਰ ਦੀ ਇਸ ''ਸੋਚ'' ਦੀ ਸੋਝੀ ਪਏ ਬਿਨ੍ਹਾਂ ਪ੍ਰਮਾਤਮਾ ਦੀ ਸੋਝੀ ਨਹੀਂ ਪੈ ਸਕਦੀ। ਇਹ ''ਸੋਚ'' ਸਾਡੇ ਵੱਸ ਨਹੀਂ ਹੈ ਬਲਕਿ ਅਸੀਂ ਇਸ ''ਸੋਚ'' ਦੇ ਵੱਸ ਹਾਂ, ਪ੍ਰਮਾਤਮਾ ਦੇ ਵੱਸ ਹਾਂ। ਪ੍ਰਮਾਤਮਾ ਦੀ ਸੁੰਨ ਸਮਾਧਿ ਸਾਡੇ ਮਨ ਦੇ ਸਹਜ ਵਾਲੀ ਅਵੱਸਥਾ ਦੇ ਵਿੱਚ ਹੈ ਇਸ ਗੱਲ ਨੂੰ ਵੀ ਅਸੀਂ ਆਖਰੀ ਪਦਿਆਂ ਦੁਆਰਾ ਸਮਝਾਂਗੇ। ਆਓ ਪਹਿਲਾਂ ਇਹ ਸਮਝੀਏ ਕਿ ਪ੍ਰਮਾਤਮਾ ਦੇ ਆਪਣੇ ਰਹਿਣ ਦੇ ਖੰਡ ਬ੍ਰਹਿਮੰਡ ਕੀ ਹਨ ਅਤੇ ਸਾਡੇ ਅੰਦਰ ਕਿੱਥੇ ਹਨ।

"ਖੰਡਲ ਮੰਡਲ ਮੰਡਲ ਮੰਡਾ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ॥"

ਉਪਰਲੀ ਪੰਗਤੀ ਦੇ ਅਰਥਾਂ ਨੂੰ ਜਾਣਨਾ ਮਨੁੱਖ ਦੀ ਸੋਝੀ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਇਸ ਪੰਗਤੀ ਦੇ ਅਰਥ ਜਾਣਨ ਲਈ ਆਓ ਹੇਠ ਲਿਖੇ ਸ਼ਬਦ ਨੂੰ ਸਮਝੀਏ ਤਾਂ ਜੋ ਸਾਨੂੰ ਸੋਝੀ ਪੈ ਸਕੇ।

"ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ॥੧॥"

(ਅੰਗ ੧੩)

''ਖੰਡਲ'' ਅਤੇ ''ਮੰਡਲ'' ਦੋਨੋਂ ਸਾਡੇ ਮਨ ਦੀਆਂ ਅਵੱਸਥਾਵਾਂ ਹਨ। ਮਨ ਇੱਕ ਹੀ ਹੈ ਤੇ ਜਦ ਤੱਕ ਇਹ ਮਨ ਮਨਮਤਿ ਵਿੱਚ ਹੈ, ਹਉਮੈ ਵਿੱਚ ਹੈ, ਮਾਇਆ ਮੋਹ ਵਿੱਚ ਹੈ, ਔਗੁਣਾਂ ਵਿੱਚ ਹੈ, ਤਦ ਤਕ ਇਹ ''ਖੰਡਲ'' ਅਵੱਸਥਾ ਵਿੱਚ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ ਭਾਵ ਜਦ ਤੱਕ ਇਹ ਮਨ ਮਨੁੱਖ ਦਾ ਘਰ ਹੈ ਭਾਵ ਮਨੁੱਖ ਇਸ ਮਨ ਨੂੰ ਜਦ ਤੱਕ ਆਪਣਾ ਸਮਝਦਾ ਹੈ ਇਹ ਖੰਡਲ

6/600

ਅਵੱਸਥਾ ਵਿੱਚ ਹੈ ਭਾਵ ਪ੍ਰਮਾਤਮਾ ਨੇ ਇਸ ਨੂੰ ਖੰਡਿਤ ਕੀਤਾ ਹੋਇਆ ਹੈ, ਤਿਆਗਿਆ ਹੋਇਆ ਹੈ, ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। "ਮੰਡਲ" ਅਵੱਸਥਾ ਮਨ ਦੀ ਉਹ ਅਵੱਸਥਾ ਹੈ ਜਦੋਂ ਇਹ ਮਨ ਦੇ ਵਿੱਚੋਂ ਸੋਝੀ ਪੈ ਜਾਂਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਦਾ ਰੂਪ ਹੈ ਭਾਵ ਜਦੋਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਮਨੁੱਖ ਦਾ ਭਰਮ ਮਿਟ ਜਾਂਦਾ ਹੈ ਕਿ ਇਹ ਮਨ ਮੇਰਾ ਨਹੀਂ ਹੈ, ਮਨ ਦੀ ਸਮਝ ਮੇਰੀ ਨਹੀਂ ਹੈ ਫਿਰ ਇਹ ਮਨ ਪ੍ਰਮਾਤਮਾ ਦੇ ਮੰਡਲ ਦੇ ਵਿੱਚ ਰਲ ਜਾਂਦਾ ਹੈ ਤੇ ਇਸ ਦੀ ਕੋਈ ਵੱਖਰੀ ਹੋਂਦ ਨਹੀਂ ਰਹਿ ਜਾਂਦੀ।

"ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ॥"

ਪਹਿਲਾਂ ''ਖੰਡਲ ਮਨ'' ਦੀ ਅਵੱਸਥਾ ਸਮਝਾਈ ਹੈ ਕਿ ਉਹ ਕੀ ਹੈ ਤੇ ਕਿਸ ਕਾਰਨ ਹੈ। ਜਦ ਤੱਕ ਮਨੁੱਖ ਵਿਕਾਰਾਂ ਨਾਲ ਭਰਿਆ ਹੋਇਆ ਹੈ, ਉਹ ਖੰਡਲ ਹੈ। ਮਨੁੱਖ ਦੇ ਵਿਕਾਰ ਗੁਰੂ ਦੀ ਮਤਿ ਮੰਨਣ ਦੁਆਰਾ ਹੀ ਜਾ ਸਕਦੇ ਹਨ। ਗੁਰੂ, ਸਾਧੂ ਦੇ ਸਮਝਾਏ ਹੋਏ ਗੁਣਾਂ ਦੁਆਰਾ ਉਨ੍ਹਾਂ ਤੇ ਚੱਲ ਕੇ ਹੀ ਜਾ ਸਕਦੇ ਹਨ। ਜੇਕਰ ਅਸੀਂ ਗੁਰੂ ਦੇ ਗੁਣਾਂ ਨਾਲ ਮੇਲ ਕਰ ਲਈਏ ਤਾਂ ਫਿਰ ਸਾਡੇ ਇਹ ਵਿਕਾਰ ਖੰਡੇ ਜਾਂਦੇ ਹਨ ਭਾਵ ਸਾਡੇ ਅੰਦਰੋਂ ਨਿਕਲ ਜਾਂਦੇ ਹਨ। **(ਮਿਲ ਸਾਧੂ ਖੰਡਲ ਖੰਡਾ ਰੇ)** ਗੁਰੂ ਦਾ ਗਿਆਨ ਮੰਨਣ ਨਾਲ ਸਾਡੇ ਔਗੁਣਾਂ ਦਾ ਨਾਸ ਹੁੰਦਾ ਹੈ ਅਤੇ ਤਾਂ ਹੀ ਉਸਦੀ ਕ੍ਰਿਪਾ ਦੁਆਰਾ, ਵੱਡੇ ਭਾਗਾਂ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ ਤੇ ਮਨੁੱਖ ਉਸਦੀ ਮਤਿ ਨਾਲ ਜੁੜ ਜਾਂਦਾ ਹੈ ਤੇ ਇਹ ਮਨ ''ਮੰਡਲ ਰੂਪ'' ਬਣ ਜਾਂਦਾ ਹੈ, ਪ੍ਰਮਾਤਮਾ

ਦਾ ਘਰ ਬਣ ਜਾਂਦਾ ਹੈ, ਉਸਦਾ ਮੰਦਰ ਬਣ ਜਾਂਦਾ ਹੈ। ਜਿੱਥੇ ਪ੍ਰਮਾਤਮਾ ਦਾ ਘਰ ਹੈ ਉੱਥੇ ਸਭ ਕੁੱਝ ਹੈ। ਜਿੱਥੇ ਉਸਦਾ ਮੰਡਲ ਹੈ ਉਸਦੇ ਵਿੱਚ ਹੀ ਸਾਰੇ ਮੰਡਲ ਹਨ। "ਮੰਡਾ" ਤੋਂ ਭਾਵ ਹੈ ‘‘ਮੰਡਲ ਦਾ ਬਹੁ ਵਚਨ’’ ਭਾਵ ‘‘ਅਨੇਕਾਂ ਮੰਡਲ’’, ‘‘ਸਾਰੇ ਮੰਡਲ’’ ਭਾਵ ‘‘ਸਾਰੇ ਖੰਡ ਬ੍ਰਹਿਮੰਡ’’। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਉਸਦੇ ਨਾਲ ਲਿਵ ਜੁੜਦੀ ਹੈ, ਉਸਦੇ ਸੱਚੇ ਗਿਆਨ ਦੇ ਨਾਲ ਲਿਵ ਜੁੜਦੀ ਹੈ। **(ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ॥੧॥)** ਇਹੀ ਗੱਲ ਪਿੱਛੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਈ ਹੋਈ ਹੈ ਕਿ ਸਭ ਕੁੱਝ ਇਸ ਕਾਇਆ ਦੇ ਅੰਦਰ ਹੀ ਹੈ ਤੇ ਜਿੱਥੇ ਉਹ ਆਪ ਹੈ ਉੱਥੇ ਹੀ ਸਭ ਕੁੱਝ ਹੈ। ਉਸ ਦਾ ਆਪਣਾ ਮੰਡਲ ਨਿਰਗੁਣ ਸਰੂਪ ਹੈ, ਇਸ ਕਰਕੇ ਉਸਦਾ ਟਿਕਾਣਾ ਵੀ ਨਿਰਗੁਣ ਸਰੂਪ ਹੈ, ਗਿਆਨ ਰੂਪ ਹੈ ਅਤੇ

6/601

ਉਸਦੇ ਦਰਸ਼ਨ ਵੀ ਮਨ ਦੇ ਵਿੱਚ ਨਿਰਗੁਣ ਸਰੂਪ ਵਿੱਚ ਹੀ ਹੁੰਦੇ ਹਨ। ਆਓ ਹੁਣ ਮੁੱਖ ਸ਼ਬਦ ਵੱਲ ਵਾਪਿਸ ਆਈਏ। **“ਖੰਡਲ ਮੰਡਲ ਮੰਡਲ ਮੰਡਾ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ॥”** ਇਸ ਤੋਂ ਭਾਵ ਹੈ ਜਦੋਂ ਇਹ ਮਨ ਭਾਵ ਜਦੋਂ ਇਹ ਖੰਡਲ ਮਨ, ਮੰਡਲ ਰੂਪ ਵਿੱਚ ਬਦਲ ਜਾਂਦਾ ਹੈ, ਪ੍ਰਮਾਤਮਾ ਰੂਪ ਵਿੱਚ ਬਦਲ ਜਾਂਦਾ ਹੈ ਭਾਵ ਜਦੋਂ ਇਸ ਦੇ ਅਸਲੀ ਸਰੂਪ ਦੀ ਸੋਝੀ ਪੈ ਜਾਂਦੀ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਉਹ ਪ੍ਰਮਾਤਮਾ ਕਿੰਨਾ ਕੁ ਵੱਡਾ ਹੈ ਤੇ ਸਭ ਕੁੱਝ ਉਸੇ ਦਾ ਹੀ ਹੈ, ਸਭ ਖੰਡਾਂ ਬ੍ਰਹਿਮੰਡਾਂ ਦਾ ਮਾਲਕ ਉਹ ਆਪ ਹੀ ਹੈ। ਅਗਲੀ ਪੰਗਤੀ ਵਿੱਚ ਨਾਲ ਹੀ ਸਾਨੂੰ ਇਸ ਗੱਲ ਦੀ ਸੋਝੀ ਪਾਈ ਹੋਈ ਹੈ ਕਿ ਪ੍ਰਮਾਤਮਾ ਕਿਸੇ ਸਰਗੁਣ ਸਰੂਪ ਖੰਡਾਂ ਬ੍ਰਹਿਮੰਡਾਂ ਵਿੱਚ ਨਹੀਂ ਮਿਲਦਾ ਕਿਉਂਕਿ ਹਰ ਸਰਗੁਣ ਸਰੂਪ ਬਿਨਸਣਹਾਰ ਹੈ ਤੇ ਉਸਦਾ ਅਸਥਾਨ ਕਦੇ ਬਿਨਸ ਨਹੀਂ ਸਕਦਾ ਅਤੇ ਨਾ ਹੀ ਉਸਦਾ ਆਪਣਾ ਸਰਗੁਣ ਸਰੂਪ ਹੋ ਸਕਦਾ ਹੈ ਕਿਉਂਕਿ ਸਰਗੁਣ ਸਰੂਪ ਬਿਨਸਣਹਾਰ ਹੈ। ਨਾਲੇ ਧਿਆਨ ਨਾਲ ਸੋਚੋ ਕਿ ਜਦੋਂ ਖੰਡਾਂ ਬ੍ਰਹਿਮੰਡਾਂ ਦੀ ਰਚਨਾ ਹੀ ਨਹੀਂ ਸੀ ਹੋਈ, ਜਦੋਂ ਕੁੱਝ ਵੀ ਨਹੀਂ ਸੀ ਹੁੰਦਾ, ਕੋਈ ਸਰਗੁਣ ਸਰੂਪ ਨਹੀਂ ਸੀ ਹੁੰਦਾ ਉਦੋਂ ਪ੍ਰਮਾਤਮਾ ਕਿੱਥੇ ਰਹਿੰਦਾ ਸੀ ਅਤੇ ਕਿਸ ਸਰੂਪ ਵਿੱਚ ਰਹਿੰਦਾ ਸੀ ਕਿਉਂਕਿ ਪ੍ਰਮਾਤਮਾ ਤਾਂ ਉਦੋਂ ਵੀ ਹੈ ਸੀ। ਬਾਣੀ ਦੇ ਵਿੱਚ ਹੀ ਇਹ ਗੱਲ ਅਨੇਕਾਂ ਸ਼ਬਦਾਂ ਦੁਆਰਾ ਸਪੱਸ਼ਟ ਕੀਤੀ ਹੋਈ ਹੈ। ਪ੍ਰਮਾਤਮਾ ਦਾ ਟਿਕਾਣਾ ਅੱਜ ਵੀ ਉਹੀ ਹੈ ਜੋ ਆਦਿ ਵਿੱਚ ਸੀ। ਉਹ ਨਿਰਗੁਣ ਸਰੂਪ ਹੈ, ਗਿਆਨ ਸਰੂਪ ਹੈ ਜੋ ਕਦੇ ਬਿਨਸਦਾ ਨਹੀਂ, ਜਿਸ ਦਾ ਕੋਈ ਅੰਤ ਨਹੀਂ। ਕਿਤੇ ਸਰਗੁਣ ਸਰੂਪ ਟਿਕਾਣੇ ਤੇ ਪ੍ਰਮਾਤਮਾ ਨੂੰ ਕਿਸੇ ਸਰਗੁਣ ਸਰੂਪ ਵਿੱਚ ਲੱਭਣਾ ਮਨੁੱਖ ਦੀ ਕੇਵਲ ਅਗਿਆਨਤਾ ਹੈ, ਨਾ ਸਮਝੀ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

“ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ॥”

ਇਸ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ‘‘ਤ੍ਰਿਅ’’ ਤੋਂ ਭਾਵ ਹੈ ਤ੍ਰੈਗੁਣੀ ਮਾਇਆ ਰੂਪ। ਪੂਰੀ ਸ੍ਰਿਸ਼ਟੀ ਵਿੱਚ, ਪੂਰੇ ਖੰਡਾਂ ਬ੍ਰਹਿਮੰਡਾਂ ਵਿੱਚ ਜੋ ਵੀ ਅਸਥਾਨ ਹੈ ਉਹ ਮਾਇਆ ਰੂਪ ਹੈ। ਸਰਗੁਣ ਸਰੂਪ ਦੀ ਹਰ ਹੋਂਦ ਮਾਇਆ

6/602

ਰੂਪ ਹੈ ਭਾਵੇਂ ਉਹ ਪੌਣ ਹੈ, ਪਾਣੀ ਹੈ, ਅਗਨੀ ਹੈ। ਜੋ ਵੀ ਸਰਗੁਣ ਹੋਂਦ ਹੈ ਉਹ ਤ੍ਰੈਗੁਣੀ ਮਾਇਆ ਰੂਪ ਹੈ, ਗਿਆਨ ਦੀ ਰਚੀ ਹੋਈ ਰਚਨਾ ਹੈ। ‘‘ਤੀਨਿ’’ ਤੋਂ ਭਾਵ ਹੈ ਤ੍ਰੈਗੁਣੀ ਅਵੱਸਥਾ। ਪ੍ਰਮਾਤਮਾ ਨੇ ਸਾਨੂੰ ਸਭ ਨੂੰ ਭਾਵ ਸਾਰੀ ਸ੍ਰਿਸ਼ਟੀ ਨੂੰ ਤ੍ਰੈਗੁਣੀ ਮਾਇਆਂ ਦੀ ਜੁਗਤਿ ਵਿੱਚ ਹੀ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਕਿਸੇ ਨੂੰ ਉਸਨੇ ਅਗਿਆਨਤਾ ਵਿੱਚ, ਭਰਮ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਅਸੀਂ ਉਸ ਨੂੰ ਸਮਝਣ ਤੋਂ ਅਸਮਰੱਥ ਰਹਿੰਦੇ ਹਾਂ। ‘‘ਤੀਨਿ ਤ੍ਰਿਅ ਖੰਡਾ’’ ਤੋਂ ਭਾਵ ਹੈ ਕਿ ਜਦ ਮਨੁੱਖ ‘‘ਤੀਨਿ’’ ਵਾਲੀ ਅਵੱਸਥਾ ਵਿੱਚ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ ਉਹ ਮਨ ਦੇ ਭਰਮ ਕਰਕੇ ਪ੍ਰਮਾਤਮਾ ਨੂੰ ਮਾਇਆ ਰੂਪ ਖੰਡਾਂ ਵਿੱਚੋਂ ਭਾਵ ਆਕਾਰ ਰੂਪ ਖੰਡਾਂ ਬ੍ਰਹਿਮੰਡਾਂ ਵਿੱਚੋਂ ਭਾਲਣ ਵਿੱਚ ਹੀ ਆਪਣੇ ਆਪ ਨੂੰ ਠੀਕ ਸਮਝਦਾ ਹੈ ਕਿਉਂਕਿ ਉਸਨੂੰ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਹੀ ਨਹੀਂ ਹੁੰਦੀ ਜਿਸ ਰੂਪ ਵਿੱਚ ਉਹ ਹਰ ਆਕਾਰ ਰੂਪ ਵਿੱਚ ਸਮਾਇਆ ਹੋਇਆ ਹੈ। ਜੋ ਵੀ ਤ੍ਰੈਗੁਣੀ ਮਾਇਆ ਸਰੂਪ ਹੈ, ਜੋ ਵੀ ਆਕਾਰ ਰੂਪ ਹੈ ਉਹ ਸਭ ਨਾਸ਼ਵਾਨ ਹੈ, ਬਿਨਸਨਹਾਰ ਹੈ ਭਾਵ ਜੋ ਵੀ ਖੰਡ ਬ੍ਰਹਿਮੰਡ ਹਨ ਇਹ ਸਭ ਕੁੱਝ ਕਾਲ ਦੇ ਵੱਸ ਹੀ ਹੈ, ਕਿਸੇ ਦੀ ਵੀ ਹੋਂਦ ਪੱਕੀ ਨਹੀਂ ਹੈ। ਪੂਰੀ ਪੰਗਤੀ ਤੋਂ ਭਾਵ ਹੈ ਕਿ ਜੋ ਮਨੁੱਖ ਪ੍ਰਮਾਤਮਾ ਨੂੰ ਕਿਸੇ ਸਰਗੁਣ ਸਰੂਪ ਅਸਥਾਨ ਉੱਤੇ ਭਾਵ ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚ ਲੱਭਣ ਦੀ ਗੱਲ ਕਰਦੇ ਹਨ ਜਾਂ ਮਿਲਣ ਦੀ ਗੱਲ ਕਰਦੇ ਹਨ ਜਾਂ

ਉੱਥੇ ਪ੍ਰਮਾਤਮਾ ਦੇ ਵੱਸਣ ਦੀ ਗੱਲ ਕਰਦੇ ਹਨ ਉਹ ਆਪ ਮਾਇਆ ਵਾਲੀ ਤ੍ਰੈਗੁਣੀ ਅਵੱਸਥਾ ਵਿੱਚ ਹਨ, ਉਹ ਮਾਇਆ ਦੀ ਜੁਗਤਿ ਦੁਆਰਾ ਭੁੱਲੇ ਹੋਏ ਹਨ ਕਿਉਂਕਿ ਮਾਇਆ ਦੀ ਜੁਗਤਿ ਜੋ ਮਨੁੱਖ ਦੇ ਅੰਦਰ ਵਰਤਦੀ ਹੈ ਉਹ ਮਨੁੱਖ ਨੂੰ ਭੁਲੇਖੇ ਵਿੱਚ ਪਾਉਂਦੀ ਹੈ ਅਤੇ ਪ੍ਰਮਾਤਮਾ ਦੀ ਸੋਝੀ ਪੈਣ ਤੋਂ ਦੂਰ ਰੱਖਦੀ ਹੈ। ਜੋ ਅਸਥਾਨ ਖੁਦ ਨਾਸ਼ਵਾਨ ਹਨ ਉਹ ਪ੍ਰਮਾਤਮਾ ਦਾ ਟਿਕਾਣਾ ਨਹੀਂ ਹੋ ਸਕਦੇ ਭਾਵ ਕਿਸੇ ਸਰਗੁਣ ਰੂਪ ਅਸਥਾਨ ਤੇ ਪ੍ਰਮਾਤਮਾ ਨੂੰ ਮਿਲਣ ਦੀ ਗੱਲ ਕਰਨਾ ਕੇਵਲ ਮਨੁੱਖ ਦਾ ਇੱਕ ਭੁਲੇਖਾ ਹੈ ਜੋ ਕਿ ਮਨ ਦੇ ਵਿੱਚੋਂ ਹੀ ਪੈਂਦਾ ਹੁੰਦਾ ਹੈ ਅਤੇ ਉਹ ਅੰਦਰ ਬੈਠਾ ਆਪ ਹੀ ਭੁਲੇਖੇ ਪਾਉਂਦਾ ਹੈ। ਇਹ ਉਸਦੀ ਆਪਣੀ ਰਚੀ ਹੋਈ ਜੁਗਤਿ ਹੈ। (**ਖੰਡਲ ਮੰਡਲ ਮੰਡਲ ਮੰਡਾ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ॥**) ਪ੍ਰਮਾਤਮਾ ਦੇ ਰਹਿਣ ਦਾ ਠਿਕਾਣਾ ਕੀ ਹੈ ਭਾਵ ਉਸਨੂੰ ਕਿੱਥੋਂ ਪਾਇਆ ਜਾ ਸਕਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਅਗਮ ਅਗੋਚਰੁ ਰਹਿਆ ਅਭ ਅੰਤ॥”

“ਅਭ” ਤੋਂ ਭਾਵ ਹੈ ਹਿਰਦਾ ਭਾਵ ਮਨ। ਉਹ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਹੈ, ਸਾਡੀ ਅੰਤਰ ਆਤਮਾ ਵਿੱਚ ਹੈ ਭਾਵ ਉਸਦਾ ਟਿਕਾਣਾ ਸਾਡਾ ਮਨ ਹੈ ਅਤੇ ਉਸਨੂੰ ਮਨ ਦੇ ਵਿੱਚੋਂ ਹੀ ਪਾਇਆ ਜਾ ਸਕਦਾ ਹੈ। ਬਸ ਇਹੀ ਗੱਲ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ, ਮੰਨਣ ਤੋਂ ਬਾਹਰ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

6/603

ਇਸ ਗੱਲ ਦੀ ਸੋਝੀ ਪੈਣਾ ਕਿ ਪ੍ਰਮਾਤਮਾ ਵਾਕਈ ਸਾਡੇ ਮਨ ਦੇ ਵਿੱਚ ਹੈ ਭਾਵ ਇਸ ਗੱਲ ਦਾ ਯਕੀਨ ਆਉਣਾ ਕਿ ਪ੍ਰਮਾਤਮਾ ਸੱਚਮੁਚ ਹੀ ਸਾਡੇ ਮਨ ਦੇ ਵਿੱਚ ਹੈ ਤੇ ਉਸਦੇ ਨਾਲ ਮਨ ਦੇ ਵਿੱਚ ਹੀ ਮਿਲਿਆ ਜਾ ਸਕਦਾ ਹੈ ਇਹ ਸਾਡੇ ਵੱਸ ਵਿੱਚ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ।

“ਪਾਰੁ ਨ ਪਾਵੈ ਕੋ ਧਰਨੀਧਰ ਮੰਤ॥੩॥”

ਪ੍ਰਮਾਤਮਾ ਦਾ “ਮੰਤ” ਹੀ ਇਹ ਹੈ ਭਾਵ ਮੰਤਵ, ਮਨੋਰਥ ਹੀ ਇਹ ਹੈ ਕਿ ਉਸਨੂੰ ਕੋਈ ਜਾਣ ਨਾ ਸਕੇ, ਉਸਦੀ ਖੇਡ ਨੂੰ ਕੋਈ ਸਮਝ ਨਾ ਸਕੇ ਤੇ ਇਸੇ ਲਈ ਉਸਨੇ ਸਭ ਦੇ ਮਨ ਦੇ ਵਿੱਚ ਪੜਦਾ ਪਾਇਆ ਹੋਇਆ ਹੈ। ਆਪਣੇ ਮੰਤ ਦੀ ਪੂਰਤੀ ਉਹ ਸਾਨੂੰ ਪੜਦੇ ਵਿੱਚ ਰੱਖ ਕੇ ਕਰਦਾ ਹੈ। ਇਹ ਪੜਦਾ ਸਾਡੇ ਅੰਦਰ ਉਸਦੀ ਤ੍ਰੈਗੁਣੀ ਮਾਇਆ ਦੀ ਜੁਗਤਿ ਹੈ ਜੋ ਸਭ ਦੇ ਅੰਦਰ ਵਰਤ ਰਹੀ ਹੈ ਪਰ ਉਸਦੀ ਇਸ ਜੁਗਤਿ ਦਾ ਕੋਈ ਪਾਰ ਨਹੀਂ ਪਾ ਸਕਦਾ। ਉਸਦੀ ਜੁਗਤ ਨੂੰ ਜਾਣੇ ਬਿਨ੍ਹਾਂ, ਪ੍ਰਮਾਤਮਾ ਦਾ ਪਾਰ ਨਹੀਂ ਪਾਇਆ ਜਾ ਸਕਦਾ। ਮਨ ਦੇ ਵਿੱਚੋਂ ਉਸਦੇ ਮੰਤ ਨੂੰ ਜਾਣ ਕੇ ਹੀ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ।

ਆਪਣਾ ਪਾਰ ਉਹ ਆਪ ਹੀ ਪਵਾ ਸਕਦਾ ਹੈ। ਪਾਰ ਤਾਂ ਅਸੀਂ ਮਨ ਦੀ ਸਮਝ ਦਾ ਪਾਉਣਾ ਹੈ ਜੋ ਸਮਝ ਸਾਡੇ ਵੱਸ ਹੀ ਨਹੀਂ ਹੈ। ਆਪਣੀ ਸੋਝੀ ਉਹ ਆਪ ਹੀ ਪਾ ਸਕਦਾ ਹੈ, ਆਪਣੀ ਪਹਿਚਾਣ ਉਹ ਮਨ ਦੇ ਵਿੱਚ ਮਨ ਦੀ ਸਮਝ ਦੁਆਰਾ ਆਪ ਹੀ ਕਰਵਾ ਸਕਦਾ ਹੈ। (**ਪਾਰੁ ਨ ਪਾਵੈ ਕੋ ਧਰਨੀਧਰ ਮੰਤ॥**) ਅਸੀਂ ਉਸ ਪ੍ਰਮਾਤਮਾ ਦਾ ਪਾਰ ਪਾਉਣ ਲਈ, ਉਸਨੂੰ ਮਿਲਣ ਲਈ ਕਿਹੋ ਜਿਹੇ ਉਪਰਾਲੇ ਕਰਦੇ ਹਾਂ, ਕਿਹੋ ਜਿਹੀ ਭਗਤੀ ਕਰਦੇ ਹਾਂ ਪਰ ਉਹ ਮਿਲਦਾ ਕਿਹੜੇ ਤਰੀਕੇ ਨਾਲ ਹੈ ਇਸ ਦੀ ਸੋਝੀ ਅਗਲੀਆਂ ਪੰਗਤੀਆਂ ਵਿੱਚ ਪਾਈ ਹੋਈ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਬਾਰੇ ਸਾਡੇ ਭੁਲੇਖੇ ਹੀ ਕੱਢੇ ਹੋਏ ਹਨ ਤੇ ਉਸਦਾ ਪਉੜਾ, ਟਿਕਾਣਾ ਕਿੱਥੇ ਹੈ, ਇਹ ਹੀ ਸਮਝਾਇਆ ਹੋਇਆ ਹੈ।

“ਕਦਲੀ ਪੁਹਪ ਧੂਪ ਪਰਗਾਸ॥ ਰਜ ਪੰਕਜ ਮਹਿ ਲੀਓ ਨਿਵਾਸ॥
ਦੁਆਦਸ ਦਲ ਅਭ ਅੰਤਰਿ ਮੰਤ॥ ਜਹ ਪਉੜੇ ਸ੍ਰੀ ਕਮਲਾ ਕੰਤ॥੪॥”

ਪਹਿਲੀ ਪੰਗਤੀ ਵਿੱਚ ਸਾਡਾ ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਦਰਸਾਇਆ ਹੋਇਆ ਹੈ, ਜੋ ਆਮ ਤੌਰ ਤੇ ਪ੍ਰਚਲਿਤ ਹੈ। ਅਸੀਂ ਪ੍ਰਮਾਤਮਾ ਨੂੰ ਕੋਈ ਸਰਗੁਣ ਸਰੂਪ, ਮੂਰਤ ਸਰੂਪ ਸਮਝਦੇ ਹਾਂ ਅਤੇ ਆਮ ਕਰਕੇ ਇਹ ਧਾਰਨਾ ਬਣੀ ਹੋਈ ਹੈ ਕਿ ਪ੍ਰਮਾਤਮਾ ਕਮਲ ਦੇ ਫੁੱਲ ਵਿੱਚ ਵੱਸਦਾ ਹੈ, ਉਸਦੇ ਵਿੱਚੋਂ ਪ੍ਰਗਟ ਹੁੰਦਾ ਹੈ। ਇਹੋ ਜਿਹੀ ਧਾਰਨਾ ਵੀ ਬਣੀ ਹੋਈ ਹੈ ਕਿ ਪ੍ਰਮਾਤਮਾ ਮਨੁੱਖ ਦੇ ਸਰੀਰ ਵਿੱਚ ਕਮਲ ਰੂਪ ਵਿੱਚ ਨਿਵਾਸ ਕਰਕੇ ਬੈਠਾ ਹੈ ਅਤੇ ਕਮਲ ਸਿੱਧਾ ਹੋਣ ਨਾਲ ਉਹ ਪ੍ਰਗਟ ਹੋ ਜਾਂਦਾ ਹੈ। ਇਸੇ ਲਈ ਅਸੀਂ ਪ੍ਰਮਾਤਮਾ ਨੂੰ ਕੋਈ ਸਰਗੁਣ ਸਰੂਪ ਸਮਝ ਕੇ ਉਸਦੇ ਅੱਗੇ ਭਾਵ ਮੂਰਤੀ ਦੇ ਅੱਗੇ ਫਲਾਂ, ਫੁੱਲਾਂ ਦੀ ਭੇਟ ਚੜ੍ਹਾਉਂਦੇ ਹਾਂ, ਧੂਫ਼ ਬੱਤੀ ਜਗਾਉਂਦੇ ਹਾਂ, ਜੋਤਿ ਦੀਵੇ ਆਦਿ ਜਗਾ ਕੇ ਉੱਥੇ ਪ੍ਰਕਾਸ਼ ਕਰਦੇ ਹਾਂ। ਸਿੱਖ ਜਗਤ ਵਿੱਚ ਵੀ ਇਹੋ ਜਿਹੀ ਧਾਰਨਾ ਕਾਫ਼ੀ ਫੈਲੀ ਹੋਈ ਹੈ। (**ਕਦਲੀ ਪੁਹਪ ਧੂਪ ਪਰਗਾਸ॥ ਰਜ ਪੰਕਜ ਮਹਿ ਲੀਓ ਨਿਵਾਸ॥**) ਇਹੋ ਜਿਹੀ ਪੂਜਾ ਕਰਨ

ਦੇ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਲੱਭਣ ਦਾ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਨੂੰ ਜਾਣਨ ਦਾ ਤਰੀਕਾ ਕੀ ਹੈ, ਉਸਦੇ ਮੰਤ ਨੂੰ, ਉਸਦੀ ਜੁਗਤਿ ਨੂੰ ਕਿੱਥੋਂ ਜਾਣਿਆ ਜਾ ਸਕਦਾ ਹੈ ਇਹ ਅਗਲੀ ਪੰਗਤੀ ਵਿੱਚ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਜੁਗਤਿ ਨੂੰ ਜਾਣਨ ਦਾ ਤਰੀਕਾ, ਉਸਦੀ ਸੋਝੀ ਪੈਣ ਦਾ ਤਰੀਕਾ ਮਨ ਦੇ ਵਿੱਚ ਹੀ ਹੈ ਤੇ ਮਨ ਦੇ ਵਿੱਚੋਂ ਸੋਝੀ ਪੈਣ ਨਾਲ ਹੀ ਸਾਨੂੰ ਆਪਣੇ ਸਹੀ ਮਾਰਗ ਦੀ ਸਮਝ ਲੱਗਦੀ ਹੈ।

6/604

"ਦੁਆਦਸ ਦਲ ਅਭ ਅੰਤਰਿ ਮੰਤ॥" ਭਾਵ ਉਸਦਾ ਟਿਕਾਣਾ ਮਨ ਦੇ ਵਿੱਚ ਹੀ ਹੈ। ਉਸਨੂੰ ਪਾਉਣ ਦਾ ਤਰੀਕਾ ਕੀ ਹੈ ਉਹ ਵੀ ਇਸੇ ਪੰਗਤੀ ਦੇ ਵਿੱਚ ਹੀ ਦੱਸਿਆ ਹੈ। ਤਰੀਕਾ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ-ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਇੱਕੋ ਇੱਕ ਤਰੀਕਾ ਆਪਣੇ ਅੰਦਰ ਦੇ ਵਿਕਾਰਾਂ ਨੂੰ ਮਾਰਨਾ ਹੈ, ਵਿਕਾਰਾਂ ਨੂੰ ਦਲਣਾ ਹੈ, (ਦੁਆਦਸ ਦਲ) ਆਪਣੀ ਦੁਬਿਧਾ ਨੂੰ ਮਾਰਨਾ ਹੈ, ਦੁਚਿੱਤੀ ਨੂੰ ਮਾਰਨਾ ਹੈ ਜੋ ਕਿ ਸਾਨੂੰ ਗੁਰੂ ਦੀ ਮਤਿ ਨਾਲ ਜੁੜਨ ਨਹੀਂ ਦਿੰਦੀ ਜਿਸ ਕਰਕੇ ਅਸੀਂ ਮਾਇਆ ਮੋਹ ਵਿੱਚ ਫਸਦੇ ਹਾਂ, ਵਿਕਾਰਾਂ ਵਿੱਚ ਫਸਦੇ ਹਾਂ। ਜਦ ਤੱਕ ਅਸੀਂ ਇਸ ਦੁਆਦਸ ਨੂੰ ਨਹੀਂ ਦਲਦੇ ਭਾਵ ਆਪਣੇ ਅੰਦਰ ਦੀ ਨਾਸਮਝ ਮਤਿ ਨੂੰ ਨਹੀਂ ਛੱਡਦੇ ਤਦ ਤੱਕ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਕਿਉਂਕਿ ਆਪਣੀ ਨਾਸਮਝਿ ਮਤਿ ਨੂੰ, ਦੁਰਮਤਿ ਨੂੰ ਛੱਡਣ ਤੋਂ ਬਿਨ੍ਹਾਂ ਉਸਨੂੰ ਪਾਉਣ ਦਾ ਹੋਰ ਕੋਈ ਤਰੀਕਾ ਹੈ ਹੀ ਨਹੀਂ। (**ਦੁਆਦਸ ਦਲ ਅਭ ਅੰਤਰਿ ਮੰਤ॥**) ਅਸੀਂ ਵਿਅਰਥ ਹੀ ਅਨੇਕਾਂ ਤਰੀਕਿਆਂ, ਉਪਰਾਲਿਆਂ ਨਾਲ ਪ੍ਰਮਾਤਮਾ ਨੂੰ ਪਾਉਣ ਲਈ ਉਨ੍ਹਾਂ ਵਿੱਚ ਫਸੇ ਰਹਿੰਦੇ ਹਾਂ ਜੋ ਕਿ ਅਗਲੀਆਂ ਪੰਗਤੀਆਂ ਵਿੱਚ ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ।

"ਅਰਧ ਉਰਧ ਮੁਖਿ ਲਾਗੋ ਕਾਸੁ॥ ਸੁੰਨ ਮੰਡਲ ਮਹਿ ਕਰਿ ਪਰਗਾਸੁ॥
ਊਹਾਂ ਸੂਰਜ ਨਾਹੀ ਚੰਦ॥ ਆਦਿ ਨਿਰੰਜਨੁ ਕਰੈ ਅਨੰਦ॥੫॥"

ਪਹਿਲੀ ਪੰਗਤੀ ਵਿੱਚ ਹੀ ਸਾਡਾ ਉਹ ਤਰੀਕਾ ਦਰਸਾਇਆ ਹੋਇਆ ਹੈ ਜੋ ਕਿ ਸਦੀਆਂ ਤੋਂ ਲੈ ਕੇ ਹੁਣ ਤੱਕ ਚੱਲਦਾ ਆ ਰਿਹਾ ਹੈ। ਹਰ ਕੋਈ ਸੁੰਨ ਸਮਾਧਿ ਵਿੱਚ ਪਹੁੰਚਣ ਦਾ ਯਤਨ ਕਰਦਾ ਹੈ ਅਤੇ ਇਹ ਸਮਝਦਾ ਹੈ ਕਿ ਇਸ ਤਰੀਕੇ ਨਾਲ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। "ਸੁੰਨ ਸਮਾਧਿ" ਉਸਨੂੰ ਸਮਝਦੇ ਹਨ ਜਿੱਥੇ ਮਨੁੱਖ ਦੇ ਫੁਰਨੇ ਰੁਕ ਜਾਂਦੇ ਹਨ। "ਅਫੁਰ ਅਵੱਸਥਾ" ਨਾਲ ਵੀ ਮਤਲਬ ਇਹੋ ਹੈ। ਇਹੋ ਜਿਹੀ ਅਵਸਥਾ ਹਾਸਿਲ ਕਰਨ ਲਈ ਜੋਗੀਆਂ ਆਦਿ ਦਾ ਤਰੀਕਾ "ਅਰਧ ਉਰਧ" ਤਪ ਕਰਨ ਦੁਆਰਾ ਹੈ ਜੋ ਕਿ ਲੰਬੀ ਸਮਾਧੀ ਵਿੱਚ ਬੈਠਦੇ ਹਨ। ਇਹ ਫੁਰਨੇ ਰੋਕਣ ਦੀ ਕੋਸ਼ਿਸ਼ ਕਰਨਾ ਕੀ ਹੈ ਭਾਵ ਸਾਡਾ ਕਿੰਨਾ ਵੱਡਾ ਭੁਲੇਖਾ ਹੈ ਇਹ ਅਸੀਂ ਪਿੱਛੇ ਸ਼ਬਦ ਦੁਆਰਾ ਪਹਿਲੇ ਵੀ ਜਾਣ ਚੁੱਕੇ ਹਾਂ ਕਿ ਮਨ ਦੇ ਵਿਚਾਰਾਂ ਨੂੰ ਰੋਕਣਾ ਨਾਮੁਮਕਿਨ ਹੈ, ਮਨੁੱਖ ਦੀ ਇੱਕ ਫ਼ਜ਼ੂਲ ਕਿਰਿਆ ਹੈ, ਵਿਅਰਥ ਵਿੱਚ ਹੀ ਸਰੀਰਕ ਕਿਰਿਆਵਾਂ ਕਰਦਾ ਹੈ। ਉਹੀ ਗੱਲ ਇੱਥੇ ਸਮਝਾਈ ਹੋਈ ਹੈ। **"ਅਰਧ ਉਰਧ ਮੁਖਿ ਲਾਗੋ ਕਾਸੁ॥**" ਇਸ ਤੋਂ ਭਾਵ ਹੈ ਕਿ ਅਰਧ ਉਰਧ ਤਪ ਕਰਕੇ ਸਾਡੇ ਮੁੱਖ ਕੀ ਲੱਗਾ? ਭਾਵ ਸਾਡੇ ਹੱਥ ਕੀ ਲੱਗਾ ਭਾਵ ਸਾਡੇ ਹੱਥ ਕੁੱਝ ਨਹੀਂ ਲੱਗਾ ਭਾਵ

6/605 - ਅ ਤੋਂ ਅ (3)

ਇਹੋ ਜਿਹਾ ਜਪ ਤਪ ਸਾਡਾ ਵਿਅਰਥ ਹੀ ਗਿਆ ਭਾਵ ਇਸ ਤਰੀਕੇ ਨਾਲ ਸੁੰਨ ਸਮਾਧਿ ਨੂੰ ਨਹੀਂ ਜਾਣਿਆ ਜਾ ਸਕਦਾ, ਸੁੰਨ ਮੰਡਲ ਨੂੰ ਨਹੀਂ ਜਾਣਿਆ ਜਾ ਸਕਦਾ, ਉਸ ਵਿੱਚ ਨਹੀਂ ਪਹੁੰਚਿਆ ਜਾ ਸਕਦਾ।

6/605-ਅ (1)

"ਸੁੰਨ" ਦੇ ਲਫਜ਼ੀ ਅਰਥ ਹਨ ਖਾਮੋਸ਼ੀ। ਉਸ ਪ੍ਰਮਾਤਮਾ ਦੀ ਸਮਾਧੀ ਸਾਡੇ ਮਨ ਦੇ ਅੰਦਰ ਖਾਮੋਸ਼ੀ ਨਾਲ ਲੱਗੀ ਹੋਈ ਹੈ। ਉੱਥੇ ਉਹ ਚੁੱਪ-ਚਾਪ ਵਰਤ ਰਿਹਾ ਹੈ ਜਿਸਦੀ ਕਿਸੇ ਨੂੰ ਭਿਣਕ ਵੀ ਨਹੀਂ ਪੈ ਸਕਦੀ। ਇਹ ਮਨ ਦਾ ਗਿਆਨ ਸਾਡੇ ਅੰਦਰ ਬਿਲਕੁਲ ਖਾਮੋਸ਼ੀ ਨਾਲ ਆ ਰਿਹਾ ਹੈ ਜਿੱਥੇ ਕੋਈ ਆਵਾਜ਼ ਨਹੀਂ ਉਠਦੀ। ਮਨ ਦੇ ਅੰਦਰ ਸੋਚਾਂ ਖਾਮੋਸ਼ੀ ਦੇ ਨਾਲ ਚੱਲਦੀਆਂ ਹਨ। ਇਹ "ਮਨ ਮੰਡਲ" ਹੀ "ਗਿਆਨ ਮੰਡਲ" ਹੈ, ਗਿਆਨ ਖੰਡ ਹੈ ਅਤੇ ਸਭ ਵਿਚਾਰ ਇੱਥੋਂ ਹੀ ਉਪਜਦੇ ਹਨ। ਮਨੁੱਖ ਸਭ ਕੁੱਝ ਇਸ ਗਿਆਨ ਖੰਡ ਦੁਆਰਾ ਹੀ ਕਰਦਾ ਹੈ। ਮਨੁੱਖ ਦੇ ਸਾਰੇ ਧਰਮ ਕਰਮ ਇਸ ਗਿਆਨ ਖੰਡ ਦੁਆਰਾ ਹੀ ਹੁੰਦੇ ਹਨ। "ਧਰਮ ਖੰਡ", "ਕਰਮ ਖੰਡ" ਆਦਿ "ਗਿਆਨ ਖੰਡ" ਦੇ ਹੀ ਵੱਖਰੇ-ਵੱਖਰੇ ਰੂਪ ਹਨ, ਮਨ ਦੀਆਂ ਵੱਖਰੀਆਂ-ਵੱਖਰੀਆਂ ਬਿਰਤੀਆਂ

ਹਨ। ਇਹੀ ਗੱਲ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਸਪੱਸ਼ਟ ਕੀਤੀ ਹੋਈ ਹੈ। **{ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥}** ਅੰਗ - ੭ ਇਸ ਮਨ ਦੇ ਗਿਆਨ ਦੇ ਖੰਡ ਦੇ ਵਿੱਚ ਹੀ ਝੂਠ ਦਾ ਖੰਡ ਹੈ, ਔਗੁਣਾਂ ਦਾ ਖੰਡ ਹੈ, ਮਨਮਤਿ ਦਾ ਖੰਡ ਹੈ। ਇਸੇ ਮਨ ਦੇ ਵਿੱਚ ਹੀ ਗੁਣਾਂ ਦਾ ਖੰਡ ਹੈ, ਗੁਰ ਦੀ ਮਤਿ ਦਾ ਖੰਡ ਹੈ, ਸੱਚ ਦਾ ਖੰਡ ਹੈ। ਜਦ ਤੱਕ ਇਹ ਮਨ ਸੱਚਾ ਨਹੀਂ, ਇਸ ਵਿੱਚ ਸੱਚਾ ਗਿਆਨ ਨਹੀਂ ਭਾਵ ਜਦ ਤੱਕ ਇਸ ਵਿੱਚ ਮਾਇਆਂ ਦੀ ਜੁਗਤਿ ਵਾਲਾ ਤ੍ਰੈਗੁਣੀ ਗਿਆਨ ਹੈ ਤਦ ਤੱਕ ਇਹ ਆਪਣੇ ਅੰਦਰ ਦੇ "ਸੱਚਖੰਡ" ਵਿੱਚ ਪ੍ਰਵੇਸ਼ ਨਹੀਂ ਕਰ ਸਕਦਾ, ਚੌਥੇ ਪਦ ਵਿੱਚ ਪ੍ਰਵੇਸ਼ ਨਹੀਂ ਕਰ ਸਕਦਾ ਭਾਵ ਆਪਣੇ ਅੰਦਰ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ **{ਸਚ ਖੰਡਿ ਵਸੈ ਨਿਰੰਕਾਰੁ॥}**। "ਸੱਚਖੰਡ" ਦੇ ਦਰਸ਼ਨ ਆਪਣੇ ਮਨ ਦੇ ਵਿੱਚੋਂ ਹੀ ਹੁੰਦੇ ਹਨ ਅਤੇ ਇਹ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ

6/605-ਅ (2)

ਜਦੋਂ ਉਹ ਮਨ ਦੇ ਵਿੱਚ ਪਿਆ ਹੋਇਆ ਹਉਮੈ ਦਾ ਪੜਦਾ, ਭਰਮ ਦਾ ਪੜਦਾ ਹਟਾ ਦੇਵੇ। ਆਪਣੇ ਆਪ ਕਿਸੇ ਸਿਆਣਪ ਦੁਆਰਾ, ਕਿਸੇ ਜੋਗ ਜਾਂ ਜਪ ਤਪ ਦੁਆਰਾ ਇਸ ਪੜਦੇ ਨੂੰ ਕੌਣ ਹਟਾ ਸਕਦਾ ਹੈ, ਆਪਣੇ ਅੰਦਰੋਂ "ਸੱਚਖੰਡ" ਦੇ ਦਰਸ਼ਨ ਕੌਣ ਕਰ ਸਕਦਾ ਹੈ, ਉਸ "ਸੁੰਨ ਸਮਾਧਿ" ਨੂੰ ਕੌਣ ਜਾਣ ਸਕਦਾ ਹੈ। ਸਾਰੀ ਗੁਰਬਾਣੀ ਉਸ ਪ੍ਰਮਾਤਮਾ ਦਾ ਮਨ ਦੇ ਵਿੱਚ ਪਰਗਟ ਹੋ ਕੇ ਦਿੱਤਾ ਹੋਇਆ ਆਪਣਾ ਸੱਚਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, "ਸਹਜ ਗਿਆਨ" ਹੈ ਜੋ ਕਿ ਮਨ ਦੇ ਵਿੱਚੋਂ ਹੀ ਆਇਆ ਹੈ, ਉਸਦੀ ਦਰਗਾਹ ਤੋਂ ਹੀ ਆਇਆ ਹੈ, "ਸੱਚਖੰਡ" ਵਿੱਚੋਂ ਹੀ ਆਇਆ ਹੈ, ਉਸਦੀ ਜੋਤਿ ਵਿੱਚੋਂ ਹੀ ਆਇਆ ਹੈ। ਜੋ ਪ੍ਰਮਾਤਮਾ ਮਨ ਦੇ ਵਿੱਚ ਹੈ ਉਹੀ ਪ੍ਰਮਾਤਮਾ ਗੁਰਬਾਣੀ ਦੇ ਵਿੱਚ ਹੈ। ਪੂਰੀ ਗੁਰਬਾਣੀ ਉਸਦਾ ਸਹਜ ਗਿਆਨ ਰੂਪ ਖੰਡ ਹੈ, ਉਸਦਾ ਸੱਚਖੰਡ ਹੈ ਜਿਸ ਵਿੱਚ ਉਸਦੀ "ਸੁੰਨ ਸਮਾਧਿ" ਲੱਗੀ ਹੋਈ ਹੈ ਤੇ ਆਪਣੇ ਸੱਚੇ ਖੰਡ ਤੋਂ ਹਰ ਵੇਲੇ ਸੱਚਾ ਗਿਆਨ ਵੰਡ ਰਿਹਾ ਹੈ **(ਪੋਥੀ ਪਰਮੇਸਰ ਕਾ ਥਾਨੁ॥)**। ਗੁਰਬਾਣੀ ਦੇ ਸੱਚੇ ਗਿਆਨ ਨੇ ਹੀ, ਸੱਚਖੰਡ ਦੇ ਸੱਚੇ ਗਿਆਨ ਨੇ ਹੀ ਸਾਨੂੰ ਆਪਣੇ ਮਨ ਦੇ ਸੱਚਖੰਡ ਵਿੱਚ ਪਹੁੰਚਾਉਣਾ ਹੈ। ਜਦ ਤੱਕ ਗੁਰੂ ਦਾ ਸੱਚਾ ਗਿਆਨ ਸਾਡੇ ਅੰਦਰ ਨਹੀਂ ਵੱਸਦਾ ਭਾਵ ਜਦ ਤੱਕ ਅਸੀਂ ਉਸ ਤੇ ਅਮਲ ਨਹੀਂ ਕਰਦੇ ਤਦ ਤੱਕ ਉਸ ਸੱਚੇ ਪਾਤਸ਼ਾਹ ਨੂੰ ਅਸੀਂ ਆਪਣੇ ਮਨ ਦੇ ਅੰਦਰੋਂ ਕਿਵੇਂ ਦੇਖ ਸਕਦੇ ਹਾਂ। ਜਿਤਨੇ ਮਰਜ਼ੀ ਜਪ ਤਪ ਕਰ ਲਈਏ, ਸਰੀਰਕ ਸਮਾਧੀਆਂ ਲਗਾ ਲਈਏ, ਸਿਆਣਪਾਂ ਵਰਤ ਲਈਏ, ਉਸਦੀ ਸੋਝੀ ਨਹੀਂ ਪੈ ਸਕਦੀ। ਕੇਵਲ ਸਾਡੀ ਭਟਕਣਾ ਹੈ ਜੋ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ।

6/605-ਅ (3)

"ਸੁੰਨ ਮੰਡਲ" ਨੂੰ ਜਾਣਨ ਲਈ ਤਰੀਕਾ ਕੀ ਹੈ, ਇਹ ਵੀ ਮੁੱਖ ਸ਼ਬਦ ਵਿਚ ਨਾਲ ਹੀ ਸਮਝਾਇਆ ਹੋਇਆ ਹੈ। **"ਸੁੰਨ ਮੰਡਲ ਮਹਿ ਕਰਿ ਪਰਗਾਸੁ॥"**

"ਸੁੰਨ" ਤੋਂ ਭਾਵ ਹੈ ਸਾਡਾ ਮਨ ਜਿੱਥੋਂ ਸਾਨੂੰ ਸਾਰਾ ਗਿਆਨ ਮਿਲਦਾ ਹੈ। "ਸੁੰਨ ਮੰਡਲ" ਤੋਂ ਭਾਵ ਹੈ ਸਾਡੇ ਗਿਆਨ ਦਾ ਮੰਡਲ, ਸਾਡੇ "ਮਨ ਦਾ ਮੰਡਲ" ਭਾਵ "ਮਨ ਦੇ ਵਿਚਾਰਾਂ ਦਾ ਮੰਡਲ"। ਇਸ ਮਨ ਦੇ ਮੰਡਲ ਨੂੰ ਜਾਣਨ ਲਈ, ਮਨ ਦੇ ਅੰਦਰੋਂ ਸੱਚ ਨੂੰ ਜਾਣਨ ਲਈ ਉਸ ਵਿੱਚ ਪ੍ਰਗਾਸ ਕਰਨ ਦੀ ਲੋੜ ਹੈ, ਗਿਆਨ ਦਾ ਪ੍ਰਗਾਸ ਕਰਨ ਦੀ ਲੋੜ ਹੈ, ਗੁਰੂ ਦੀ ਮਤਿ ਦਾ ਪ੍ਰਗਾਸ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ "ਦੁਆਦਸ" ਨੂੰ ਦਲ ਸਕੀਏ, ਮਨ ਦੇ ਅੰਦਰ ਦੀ ਨਾਸਮਝ ਮਤਿ ਨੂੰ ਕੱਢ ਸਕੀਏ ਜਿਸਦੇ ਰਹਿੰਦਿਆਂ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਭਾਵ ਆਪਣੇ ਵਿਕਾਰਾਂ ਨੂੰ ਮਾਰ ਸਕੀਏ। (**ਸੁੰਨ ਮੰਡਲ ਮਹਿ ਕਰਿ ਪਰਗਾਸੁ॥**) ਸੁੰਨ ਮੰਡਲ, ਮਨ ਦਾ ਮੰਡਲ ਨਿਰਗੁਣ ਸਰੂਪ ਹੈ ਜਿੱਥੇ ਕੋਈ ਸਰਗੁਣ ਸਰੂਪ ਨਹੀਂ ਹੈ। ਮਨ ਦੇ ਮੰਡਲ ਵਿੱਚ ਗਿਆਨ ਤੋਂ ਬਿਨ੍ਹਾਂ ਹੋਰ ਕੋਈ ਦੁਨਿਆਵੀ ਪ੍ਰਗਾਸ ਨਹੀਂ ਹੋ ਸਕਦਾ। ਇਹ ਵੀ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ ਤਾਂ ਜੋ ਇਸ ਬਾਰੇ ਕੋਈ ਭੁਲੇਖਾ ਨਾ ਰਹੇ। **(ਊਹਾਂ ਸੂਰਜ ਨਾਹੀ ਚੰਦ॥)** ਸਾਨੂੰ ਮਨ ਦੀ ਸਮਝ ਨਾ ਹੋਣ ਕਰਕੇ, ਪ੍ਰਮਾਤਮਾ ਦੇ ਨਾਲ ਸੱਚੇ ਮੇਲ ਦੀ ਸਹੀ ਸੋਝੀ ਨਾ ਹੋਣ ਕਰਕੇ ਇਹੋ ਜਿਹੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਕਿ ਜਦੋਂ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ ਮਨੁੱਖ ਦੇ ਅੰਦਰ ਕ੍ਰੋੜਾਂ ਸੂਰਜਾਂ ਜਿੰਨ੍ਹਾਂ ਚਾਨਣ ਹੋ ਜਾਂਦਾ ਹੈ ਜੋ ਕਿ ਸਾਡਾ ਕੇਵਲ ਇੱਕ ਭੁਲੇਖਾ ਹੈ। ਕ੍ਰੋੜਾਂ ਸੂਰਜਾਂ ਦੇ ਪ੍ਰਕਾਸ਼ ਹੋ ਜਾਣ ਤੋਂ ਭਾਵ ਹੈ ਸਾਡੇ ਅੰਦਰ ਪ੍ਰਮਾਤਮਾ ਦੇ ਚੌਥੇ ਪਦ ਦੇ ਗਿਆਨ ਦਾ ਪ੍ਰਕਾਸ਼ ਹੋ ਜਾਣਾ, ਗਿਆਨ ਦਾ ਪ੍ਰਚੰਡ ਹੋ ਜਾਣਾ, ਮਨੁੱਖ ਦਾ ਗਿਆਨ "**ਸਹਜ**" ਅਵੱਸਥਾ ਵਾਲਾ ਹੋ ਜਾਣਾ ਕਿਉਂਕਿ ਉਸ ਤੋਂ ਬਾਅਦ ਮਨੁੱਖ ਨੂੰ ਗਿਆਨ ਸਿੱਧਾ ਪ੍ਰਮਾਤਮਾ ਕੋਲੋਂ ਮਿਲਦਾ ਹੈ ਜੋ ਕਿ ਗਿਆਨ ਦਾ ਭੰਡਾਰ ਹੈ ਜੋ ਮਨ ਦੀ ਸਮਝ ਨੂੰ ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਵਰਗੀ ਬਣਾ ਦਿੰਦਾ ਹੈ ਭਾਵ ਮਨ ਦੇ ਵਿੱਚੋਂ ਅਗਿਆਨਤਾ ਦਾ ਹਨੇਰਾ ਪੂਰੀ ਤਰ੍ਹਾਂ ਕੱਢ ਦਿੰਦਾ ਹੈ। ਪ੍ਰਮਾਤਮਾ ਆਪ ਹੀ ਕ੍ਰੋੜਾਂ ਸੂਰਜਾਂ ਦੇ ਬਣਾਉਣ

ਵਾਲਾ ਹੈ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਈ ਵਾਰ ਮਨੁੱਖ ਨੂੰ ਅਚਾਨਕ ਹੀ ਇਹ ਮਹਿਸੂਸ ਹੁੰਦਾ ਹੈ ਕਿ ਮੇਰੇ ਅੰਦਰ ਕੋਈ ਤੇਜ਼ ਰੌਸ਼ਨੀ ਵੜ ਰਹੀ ਹੈ, ਦਾਖਿਲ ਹੋ ਰਹੀ ਹੈ ਤੇ ਮੇਰੇ ਤੇ ਪ੍ਰਮਾਤਮਾ ਦੀ ਕ੍ਰਿਪਾ ਹੋ ਰਹੀ ਹੈ। ਮਨੁੱਖ ਭੁਲੇਖੇ ਵਿੱਚ ਆ ਜਾਂਦਾ ਹੈ। ਇਹ ਕੇਵਲ ਮਾਇਆ ਦੀ ਇੱਕ ਜੁਗਤਿ ਹੈ ਜੋ ਸਾਨੂੰ ਉਲਝਾਉਂਦੀ ਹੈ ਤੇ ਇਸ ਨਾਲ ਹਾਸਿਲ ਕੁੱਝ ਵੀ ਨਹੀਂ ਹੁੰਦਾ। ਦਾਸ ਨਾਲ ਇਹ ਸਭ ਕੁੱਝ

6/606

ਪ੍ਰਤੱਖ ਤੌਰ ਤੇ ਬੀਤ ਚੁੱਕਾ ਹੈ ਤਾਂ ਜੋ ਇਹ ਸਮਝ ਲੱਗ ਸਕੇ ਕਿ ਇਹੋ ਜਿਹੀਆਂ ਗੱਲਾਂ ਕਈ ਲੋਕ ਕਿਸ ਲਈ ਕਰਦੇ ਹਨ। ਜੇਕਰ ਆਪ ਭੁਲੇਖੇ ਵਿੱਚੋਂ ਲੰਘੇ ਹੋਈਏ, ਤਾਂ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਦੂਸਰਾ ਭੁਲੇਖੇ ਵਿੱਚ ਕਿਸ ਕਰਕੇ ਹੈ।

ਪ੍ਰਮਾਤਮਾ ਨਾਲ ਸਾਨੂੰ ਗੁਰੂ ਨੇ ਜੋੜਨਾ ਹੈ ਤੇ ਗੁਰੂ ਕੋਲੋਂ ਕੇਵਲ ਗਿਆਨ ਹੀ ਮਿਲਦਾ ਹੈ ਜੋ ਸਾਡੇ ਮਨ ਨੂੰ ਰੋਸ਼ਨ ਕਰਦਾ ਹੈ, ਸਾਡੇ ਮਨ ਦੇ ਅੰਧੇਰੇ ਨੂੰ ਕੱਢਦਾ ਹੈ, ਅਗਿਆਨਤਾ ਨੂੰ ਕੱਢਦਾ ਹੈ।

{ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥}

(ਅੰਗ - ੪੬੩)

{ਗੁਰਬਾਣੀ ਇਸੁ ਜਗ ਮਹਿ ਚਾਨਣੁ}

(ਅੰਗ - ੬੭)

ਉਸ ਪ੍ਰਮਾਤਮਾ ਦਾ ਟਿਕਾਣਾ "ਸੁੰਨ ਮੰਡਲ" ਵਿੱਚ ਹੀ ਹੈ ਜੋ ਕਿ ਸਾਡੇ ਅੰਦਰ ਮਨ ਮੰਡਲ ਵਿੱਚ ਹੀ ਹੈ, ਨਿਰਗੁਣ ਸਰੂਪ ਵਿੱਚ ਹੀ ਹੈ, ਗਿਆਨ ਰੂਪ ਵਿੱਚ ਹੀ ਹੈ ਅਤੇ ਆਦਿ ਤੋਂ ਪ੍ਰਮਾਤਮਾ ਆਪਣੇ ਇਸੇ ਰੂਪ ਵਿੱਚ ਹੀ ਅਨੰਦ ਮਾਣ ਰਿਹਾ ਹੈ **(ਆਦਿ ਨਿਰੰਜਨੁ ਕਰੈ ਅਨੰਦ॥੫॥)** ਮਨ ਮੰਡਲ ਦੇ ਵਿੱਚ ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਫਿਰ ਮਨੁੱਖ ਨੂੰ ਜੋ ਆਤਮਿਕ ਗਿਆਨ ਮਿਲਦਾ ਹੈ ਉਹ ਸਿੱਧਾ ਉਸਦੇ ਮਾਨ ਸਰੋਵਰ ਵਿੱਚੋਂ ਹੀ ਮਿਲਦਾ ਹੈ, ਉਸ ਦੇ ਗਿਆਨ ਸਰੋਵਰ ਵਿੱਚੋਂ ਹੀ ਮਿਲਦਾ ਹੈ ਭਾਵ ਉਸਦੇ ਗਿਆਨ ਦੇ ਭੰਡਾਰ ਵਿੱਚੋਂ ਹੀ ਮਿਲਦਾ ਹੈ ਭਾਵ ਚੌਥੇ ਪਦ ਵਾਲਾ ਗਿਆਨ ਮਿਲਦਾ ਹੈ ਤੇ ਮਨੁੱਖ ਉਸਦੇ ਦਿੱਤੇ ਹੋਏ ਗਿਆਨ ਦੁਆਰਾ ਹੀ ਵਿਚਰਦਾ ਹੈ ਤੇ ਉਸਨੂੰ ਫਿਰ ਕੋਈ ਕਿਸੇ ਹੋਰ ਭਗਤੀ ਦੇ ਮਾਰਗ ਤੇ ਨਹੀਂ ਚਲਾ ਸਕਦਾ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕੇ ਭਾਵ ਉਹ ਉਲਝਣਾਂ ਵਿੱਚੋਂ ਨਿਕਲ ਜਾਂਦਾ ਹੈ। ਮਨੁੱਖ ਨੂੰ ਇਸ ਗੱਲ ਦੀ ਸੋਝੀ ਵੀ ਤਾਂ ਹੀ ਪੈਂਦੀ ਹੈ ਕਿ ਜੋ ਪ੍ਰਮਾਤਮਾ ਮਨ ਦੇ ਅੰਦਰ ਹੈ, ਉਸੇ ਦਾ ਹੀ ਇਹ ਸਰੀਰ ਹੈ ਤੇ ਹਰ ਵਸਤੂ ਦਾ, ਖੰਡਾਂ ਬ੍ਰਹਿਮੰਡਾਂ ਦਾ ਮਾਲਕ ਉਹ ਆਪ ਹੀ ਹੈ। ਤਾਂ ਹੀ ਮਨੁੱਖ ਦੀ ਇਹ ਹਉਮੈ ਖ਼ਤਮ ਹੁੰਦੀ ਹੈ ਭਾਵ ਸੋਝੀ ਪੈਂਦੀ ਹੈ ਕਿ ਮੇਰੀ ਕੋਈ ਵੱਖਰੀ ਹੋਂਦ ਨਹੀਂ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। **(ਸੋ ਬ੍ਰਹਮੰਡਿ ਪਿੰਡਿ ਸੋ ਜਾਨੁ॥ ਮਾਨ ਸਰੋਵਰਿ ਕਰਿ ਇਸਨਾਨੁ॥)** ਪ੍ਰਮਾਤਮਾ ਨੂੰ ਆਪਣੇ ਅੰਦਰ ਜਾਣਨ ਤੋਂ ਬਾਅਦ, ਉਸਦਾ ਪਉੜਾ, ਉਸਦਾ ਟਿਕਾਣਾ ਜਾਣਨ ਤੋਂ ਬਾਅਦ, ਮਨ ਦੀ ਸੋਝੀ ਪੈਣ ਤੋਂ ਬਾਅਦ ਮਨੁੱਖ ਕੀ ਮਹਿਸੂਸ ਕਰਦਾ ਹੈ, ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **"ਸੋਹੰ ਸੋ ਜਾ ਕਉ ਹੈ ਜਾਪ॥"** ਇਸ ਪੰਗਤੀ ਦੇ ਅਰਥ ਬਹੁਤ ਗਹਿਰੇ ਹਨ ਅਤੇ ਇਹ ਹੀ ਇਸ ਦੁਨੀਆਂ ਦੀ ਸਭ ਤੋਂ ਵੱਡੀ ਸੱਚਾਈ ਹੈ ਜਿਸਦਾ ਯਕੀਨ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਹੀ ਆ ਸਕਦਾ ਹੈ ਤੇ ਉਸ ਤੋਂ ਪਹਿਲਾਂ ਇਸ ਗੱਲ ਤੇ ਯਕੀਨ ਆਉਣਾ ਨਾਮੁਮਕਿਨ ਹੈ। "ਸੋਹੰ" ਇਸ ਤੋਂ ਭਾਵ "ਉਹ ਮੈਂ ਹਾਂ"। **"ਸੋ ਜਾ ਕਉ ਹੈ ਜਾਪ॥"** ਇਸ ਤੋਂ ਭਾਵ ਹੈ ਉਹ ਜਿਸ ਨੂੰ ਮੈਂ ਜਪਿਆ ਹੈ ਭਾਵ "ਪ੍ਰਮਾਤਮਾ"। ਪੂਰੀ ਪੰਗਤੀ ਤੋਂ ਭਾਵ ਹੈ ਕਿ "ਮੈਂ ਉਹ ਹਾਂ ਜਿਸ ਨੂੰ ਮੈਂ ਜਪਿਆ ਹੈ" ਭਾਵ ਮੈਂ ਆਪ ਪ੍ਰਮਾਤਮਾ ਦਾ ਰੂਪ ਹੀ ਹਾਂ ਭਾਵ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਭਾਵ ਮਨੁੱਖ ਕੇਵਲ ਇੱਕ ਮਿੱਟੀ ਦਾ ਪੁਤਲਾ ਹੈ, ਪੰਜਾਂ ਤੱਤਾਂ ਦਾ ਪੁਤਲਾ ਹੈ ਪਰ ਉਸਨੂੰ ਚਲਾਉਣ ਵਾਲਾ ਆਪ ਪ੍ਰਮਾਤਮਾ ਹੈ ਜੋ ਕਿ ਸਾਡੇ

ਅੰਦਰ ਮਨ ਦੇ ਰੂਪ ਵਿੱਚ, ਮਨ ਦੀ ਸਮਝ ਦੇ ਰੂਪ ਵਿੱਚ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ, ਗੁਪਤ ਰੂਪ ਵਿੱਚ ਆਪ ਹੀ ਸਭ ਦੇ ਅੰਦਰ ਵਰਤ ਰਿਹਾ ਹੈ। **{ਕਹੁ ਕਬੀਰ ਮਨਿ ਭਇਆ ਅਨੰਦਾ ॥ਗਇਆ ਭਰਮੁ ਰਹਿਆ ਪਰਮਾਨੰਦਾ॥੩॥੨੦॥}** ਅੰਗ - ੩੨੭ ਮਨੁੱਖ ਦਾ ਕੇਵਲ ਭਰਮ ਹੀ ਨਿਕਲਦਾ ਹੈ ਕਿ ਉਹ ਅਸਲ ਵਿੱਚ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ। ਭਰਮ ਮਨ ਦੇ ਵਿੱਚ ਹੀ ਹੈ ਜੋ ਕਿ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਤੇ ਇਹ ਭਰਮ ਪ੍ਰਮਾਤਮਾ ਮਨ ਦੇ ਵਿੱਚੋਂ ਆਪ ਹੀ ਕੱਢਦਾ ਹੈ, ਮਨ ਦੇ ਵਿੱਚ ਪਰਗਟ ਹੋਣ ਦੁਆਰਾ ਕੱਢਦਾ ਹੈ। ਇਸ ਤੋਂ ਵੱਡੀ ਹੈਰਾਨੀ ਦੀ ਗੱਲ, ਅਚੰਭੇ ਵਾਲੀ ਗੱਲ ਦੁਨੀਆਂ ਵਿੱਚ ਹੋਰ ਹੋ ਹੀ ਨਹੀਂ ਸਕਦੀ। **(ਸੋ ਬ੍ਰਹਮੰਡਿ ਪਿੰਡਿ ਸੋ ਜਾਨੁ॥)** ਇਹ ਹਰ ਕਿਸੇ ਦੇ ਯਕੀਨ ਤੋਂ ਬਾਹਰ ਦੀ ਗੱਲ ਹੈ ਪਰ ਇਹ ਦੁਨੀਆਂ ਦਾ ਸਭ ਤੋਂ ਵੱਡਾ ਸੱਚ ਹੈ, ਸਭ ਤੋਂ ਵੱਡਾ ਸੱਚ ਹੈ, ਸਭ ਤੋਂ ਵੱਡਾ ਸੱਚ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਗੱਲ ਸਾਨੂੰ ਬਾਣੀ ਵਾਰ-ਵਾਰ ਸਮਝਾ ਰਹੀ ਹੈ ਤੇ ਬਾਣੀ ਦੀ ਗੱਲ ਕਦੇ ਝੂਠ ਨਹੀਂ ਹੋ ਸਕਦੀ ਪਰ ਝੂਠੀ ਸਾਡੀ ਸਮਝ ਹੈ ਜਿਸ ਸਮਝ ਨੂੰ ਪ੍ਰਮਾਤਮਾ ਨੇ ਆਪ ਹੀ ਝੂਠੀ ਬਣਾਇਆ ਹੋਇਆ ਹੈ। ਕੇਵਲ ਤੇ ਕੇਵਲ ਇੱਕ ਪ੍ਰਮਾਤਮਾ ਦਾ ਹੋਣਾ ਹੀ ਸੱਚ ਹੈ, ਕੇਵਲ ਤੇ ਕੇਵਲ ਉਸੇ ਦੀ ਹੋਂਦ ਹੀ ਸੱਚ ਹੈ, ਕੇਵਲ ਤੇ ਕੇਵਲ ਇੱਕ ਉਹ ਹੀ ਸਤਿਨਾਮੁ ਹੈ, ਸਤਿਨਾਮੁ ਹੈ, ਸਤਿਨਾਮੁ ਹੈ। ਬਾਕੀ ਹਰ ਹੋਂਦ ਨੂੰ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਣਾ ਝੂਠ ਹੈ,

ਝੂਠ ਹੈ, ਝੂਠ ਹੈ। ਤੁਸੀਂ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੋ, ਪ੍ਰਤੱਖ ਪ੍ਰਮਾਤਮਾ ਦਾ ਹੀ ਰੂਪ ਹੋ ਪਰ ਇਸ ਮਨ ਦੀ ਸੋਝੀ ਪਏ ਬਿਨ੍ਹਾਂ ਤੁਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹੋ, ਆਪਣੀ ਵੱਖਰੀ ਹੋਂਦ ਸਮਝਦੇ ਹੋ ਪਰ ਅਸਲ ਵਿੱਚ ਤੁਹਾਡੀ ਕੋਈ ਵੱਖਰੀ ਹੋਂਦ ਨਹੀਂ ਹੈ, ਤੁਸੀਂ ਸਭ ਭਰਮ ਵਿੱਚ ਹੀ ਹੋ ਜਿਸ ਕਰਕੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹੋ। ਪੁੰਨ ਅਤੇ ਪਾਪ ਦੀਆਂ ਗੱਲਾਂ ਮਨੁੱਖ ਤ੍ਰੈਗੁਣੀ ਅਵੱਸਥਾ ਤੱਕ ਹੀ ਕਰਦਾ ਹੈ ਤੇ ਇਹੋ ਜਿਹੀ ਬਿਰਤੀ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਇਹ ਪ੍ਰਮਾਤਮਾ ਦੀ ਸੋਝੀ ਪੈਣ ਤੇ ਹੀ ਪਤਾ ਚੱਲਦਾ ਹੈ ਕਿ ਉਸਨੂੰ ਇਨ੍ਹਾਂ ਤਰੀਕਿਆਂ ਦੁਆਰਾ ਨਹੀਂ ਪਾਇਆ ਜਾ ਸਕਦਾ ਹੈ। ਇਹੋ ਜਿਹੇ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਨਾ ਕੇਵਲ ਇੱਕ ਭੁਲੇਖਾ ਹੀ ਹੈ। ਉਸ ਦੀ ਸੋਝੀ ਪੈਣ ਤੋਂ ਬਾਅਦ ਮਨੁੱਖ ਇਨ੍ਹਾਂ ਵਿੱਚੋਂ ਨਿਕਲ ਜਾਂਦਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ॥੬॥)

ਪੁੰਨ ਪਾਪ ਕੀ ਹਨ ਇਸ ਬਾਰੇ ਅਸੀਂ ਪਿੱਛੇ ਕੁੱਝ ਸਮਝਿਆ ਹੈ ਤੇ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਪ੍ਰਮਾਤਮਾ ਆਪਣੇ ਨਾਲ ਸਾਨੂੰ ਆਪ ਹੀ ਮੇਲ ਸਕਦਾ ਹੈ ਤੇ ਇਹ ਮਨੁੱਖ ਦੇ ਹੱਥ ਵਿੱਚ ਨਹੀਂ ਹੈ। ਇਸੇ ਗੱਲ ਦੀ ਸੋਝੀ ਅਗਲੀਆਂ ਪੰਗਤੀਆਂ ਰਾਹੀਂ ਪਾਈ ਹੋਈ ਹੈ। ਉਸ ਦਾ ਟਿਕਾਣਾ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਅਬਰਨ ਬਰਨ ਘਾਮ ਨਹੀ ਛਾਮ॥ ਅਵਰ ਨ ਪਾਈਐ ਗੁਰ ਕੀ ਸਾਮ॥
ਟਾਰੀ ਨ ਟਰੈ ਆਵੈ ਨ ਜਾਇ॥ ਸੁੰਨ ਸਹਜ ਮਹਿ ਰਹਿਓ ਸਮਾਇ॥੭॥”

ਗੁਰੂ ਪ੍ਰਮਾਤਮਾ ਨੂੰ ਉਸਦੀ ਸ਼ਰਨ ਵਿੱਚ ਆਏ ਬਿਨ੍ਹਾਂ ਨਹੀਂ ਪਾਇਆ ਜਾ ਸਕਦਾ। **(ਅਵਰ ਨ ਪਾਈਐ ਗੁਰ ਕੀ ਸਾਮ॥)** “ਸਾਮ” ਤੋਂ ਭਾਵ ਹੈ ਸ਼ਰਨ। ਉਸਦੀ ਸ਼ਰਨ ਵਿੱਚ ਆਉਣਾ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਉਸਦੀ ਸ਼ਰਨ ਵਿੱਚ ਆਉਣ ਲਈ ਮਨੁੱਖ ਨੂੰ ਉੱਚ-ਨੀਚ ਦੇ ਭੇਦ ਭਾਵ ਤੋਂ ਉੱਚਾ ਉੱਠਣਾ ਪੈਂਦਾ ਹੈ ਭਾਵ ਮਨੁੱਖ-ਮਨੁੱਖ ਵਿੱਚ ਫਰਕ ਨਾ ਸਮਝੇ, ਸਭ ਨੂੰ ਇੱਕੋ ਜਿਹਾ ਕਰਕੇ ਜਾਣੇ, ਕਿਸੇ ਨਾਲ ਮਾੜਾ ਨਾ ਕਰੇ ਭਾਵ ਸਭ ਵਿੱਚ ਇੱਕ ਪ੍ਰਮਾਤਮਾ ਦਾ ਰੂਪ ਹੀ ਦੇਖੇ ਤੇ ਦੁਨਿਆਵੀ ਬੰਧਨਾਂ ਤੋਂ ਉੱਚਾ ਉੱਠੇ। ਦੁੱਖ-ਸੁੱਖ ਵਿੱਚ ਫ਼ਰਕ ਨਾ ਕਰੇ, ਦੁਖ-ਸੁੱਖ ਇੱਕੋ ਕਰ ਕੇ ਜਾਣੇ।

7/608

ਭਾਵ ਹਰ ਗੱਲ ਵਿੱਚ ਪ੍ਰਮਾਤਮਾ ਦਾ ਹੀ ਭਾਣਾ ਸਮਝੇ ਭਾਵ ਉਸ ਦੇ ਭਾਣੇ ਵਿੱਚ ਚੱਲੇ, ਗੁਰੂ ਦੀ ਮਤਿ ਅਨੁਸਾਰ ਵਿਚਰੇ। **(ਅਬਰਨ ਬਰਨ ਘਾਮ ਨਹੀ ਛਾਮ॥)** ਗੁਰੂ ਦੀ ਸ਼ਰਨ ਵਿੱਚ ਆਉਣ ਲਈ ਮਨੁੱਖ ਨੂੰ ਗੁਰੂ ਦੀ ਮਤਿ ਅਨੁਸਾਰ ਚੱਲਣਾ ਪੈਂਦਾ ਹੈ, ਆਪਣੇ ਆਪ ਨੂੰ ਵਿਕਾਰਾਂ ਤੋਂ ਮੁਕਤ ਕਰਨਾ ਪੈਂਦਾ ਹੈ ਭਾਵ ਸਾਰੀ ਗੱਲ ਗੁਰੂ ਦੀ ਸਿੱਖਿਆ ਨੂੰ ਮੰਨਣ ਦੀ ਹੈ ਜੋ ਕਿ ਸਾਡੇ ਮਨ ਦੀ ਇੱਛਾ ਹੈ, ਸਾਡੇ ਮਨ ਦੀ ਸਮਝ ਨਾਲ ਜੁੜੀ ਹੋਈ ਹੈ, ਸਾਡੇ ਮਨ ਦੀ ਸੋਚ ਹੈ। ਜੇਕਰ ਸਾਡੀ ਸੋਚ ਗੁਰੂ ਦੀ ਗੱਲ ਤੇ ਅਮਲ ਕਰਨ ਲਈ ਤਿਆਰ ਹੋਵੇਗੀ ਤਾਂ ਹੀ ਅਸੀਂ ਉਸਨੂੰ ਮੰਨ ਸਕਦੇ ਹਾਂ। ਅਸੀਂ ਜੋ ਕੁੱਝ ਵੀ ਕਰਦੇ ਹਾਂ, ਉਹ ਤਾਂ ਹੀ ਕਰਦੇ ਹਾਂ ਜਦੋਂ ਸਾਡਾ ਮਨ ਉਸ ਲਈ ਮੰਨਦਾ ਹੈ ਸਾਡੀ “ਸੋਚ” ਉਸ ਕੰਮ ਵਿੱਚ ਸ਼ਾਮਿਲ ਹੁੰਦੀ ਹੈ ਭਾਵ ਅਸੀਂ ਸਭ ਕੁੱਝ ਉਸੇ ਤਰ੍ਹਾਂ ਕਰਦੇ ਹਾਂ ਜਿਹੋ ਜਿਹੀ ਸਾਡੀ ਸੋਚ ਸਾਡੇ ਕੋਲੋਂ ਕਰਵਾਉਂਦੀ ਹੈ ਭਾਵ ਸਭ ਕੁੱਝ ਸਾਡੀ “ਸੋਚ” ਦੇ ਵੱਸ ਵਿੱਚ ਹੈ। ਆਓ ਹੁਣ ਇਹ ਜਾਣੀਏ ਕਿ ਇਹ ਸੋਚ ਕਿਸ ਦੇ ਵੱਸ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਟਾਰੀ ਨ ਟਰੈ ਆਵੈ ਨ ਜਾਇ॥”

ਇੱਥੇ ਉਹੀ ਗੱਲ ਸਮਝਾਈ ਹੋਈ ਹੈ ਜੋ ਗੱਲ ਅਸੀਂ ਇਸ ਪੂਰੇ ਲੇਖ ਵਿੱਚ ਅਨੇਕਾਂ ਵਾਰੀ ਕਰਦੇ ਆ ਰਹੇ ਹਾਂ ਕਿ ਮਨੁੱਖ ਦੀ ਸੋਚ ਉਸਦੀ ਆਪਣੀ ਨਹੀਂ ਹੈ, ਇਹ ਮਨ ਦਾ ਗਿਆਨ ਮਨੁੱਖ ਦਾ ਆਪਣਾ ਨਹੀਂ ਹੈ। ਇਹ “ਸੋਚ”, ਮਨ ਦੀ ਸੋਚ ਸਾਡੇ ਟਾਲਣ ਨਾਲ ਟਲ ਨਹੀਂ ਸਕਦੀ, ਸਾਡੇ ਰੋਕਣ ਨਾਲ ਰੁਕ ਨਹੀਂ ਸਕਦੀ, ਨਾ ਇਹ ਸਾਡੀ ਮਰਜੀ ਨਾਲ ਆਉਂਦੀ ਹੈ ਅਤੇ ਨਾ ਹੀ ਇਹ ਸਾਡੀ ਮਰਜੀ ਨਾਲ ਜਾਂਦੀ ਹੈ ਭਾਵ ਇਸ ਸੋਚ ਉੱਤੇ, ਮਨ ਦੇ ਫੁਰਨਿਆਂ ਉੱਤੇ, ਮਨ ਦੇ ਵਿਚਾਰਾਂ ਉੱਤੇ ਮਨੁੱਖ ਦਾ ਕੋਈ ਵੱਸ ਨਹੀਂ ਹੈ। **(ਟਾਰੀ ਨ ਟਰੈ ਆਵੈ ਨ ਜਾਇ॥)** ਮਨੁੱਖ ਦੇ ਵੱਸ ਵਿੱਚ ਇਹ ਕਿਉਂ ਨਹੀਂ ਹੈ ਅਤੇ ਕਿਸ ਦੇ ਵੱਸ ਵਿੱਚ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। **“ਸੁੰਨ ਸਹਜ ਮਹਿ ਰਹਿਓ ਸਮਾਇ॥੭॥”** ਉਹ ਪ੍ਰਮਾਤਮਾ ਸਾਡੇ ਮਨ ਦੇ ਸਹਜ ਵਿੱਚ ਆਪ ਹੀ ਸਮਾਇਆ ਹੋਇਆ ਹੈ, ਆਪ ਹੀ ਵਰਤ ਰਿਹਾ ਹੈ, ਆਪ ਹੀ ਸਾਰੀਆਂ ਸੋਚਾਂ ਪਾ ਰਿਹਾ ਹੈ,

ਮਨ ਦੇ ਵਿਚਾਰ ਚਲਾ ਰਿਹਾ ਹੈ। "ਸੁੰਨ ਸਹਜ" ਸਾਡੇ ਮਨ ਦਾ ਚੌਥੇ ਪਦ ਦਾ ਗਿਆਨ ਹੈ, ਚੌਥੇ ਪਦ ਦੀ ਗਿਆਨ ਵਾਲੀ ਸਮਝ ਹੈ, ਬ੍ਰਹਮ ਗਿਆਨ ਵਾਲੀ ਸਮਝ ਹੈ, ਨਾਮ ਵਾਲੀ ਸਮਝ ਹੈ ਭਾਵ ਸਾਡੇ ਅੰਦਰ ਦਾ "ਸੱਚਖੰਡ" ਹੈ, ਪ੍ਰਮਾਤਮਾ ਦਾ ਆਪਣਾ ਸੱਚਾ ਖੰਡ ਹੈ ਜਿੱਥੇ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਆਪ ਬੈਠਾ ਹੈ। ਮਨੁੱਖ ਨੂੰ ਅੰਦਰੋਂ "**ਸਹਜ**" ਵਾਲਾ ਗਿਆਨ ਨਹੀਂ ਮਿਲਦਾ ਕਿਉਂਕਿ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ, ਜਿਸ ਕਰਕੇ ਸਾਨੂੰ

7/609

ਸਾਡੇ ਅੰਦਰ ਬੈਠੇ ਹੋਏ ਗਿਆਨ ਰੂਪ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ। ਸੋਝੀ ਪਾਉਣ ਵਾਲਾ ਉਹ ਆਪ ਹੈ, ਸੋਝੀ ਦੇ ਵਿੱਚ ਹੀ ਉਹ ਆਪ ਬੈਠਾ ਹੈ। ਸਾਨੂੰ ਵਿਕਾਰਾਂ ਵਿੱਚ ਰੱਖਣ ਵਾਲਾ ਵੀ ਉਹ ਆਪ ਹੀ ਹੈ ਅਤੇ ਉਨ੍ਹਾਂ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਉਸਦੀ ਸ਼ਰਨ ਦੇ ਵਿੱਚ ਉਸਦੀ ਮਰਜ਼ੀ ਤੋਂ ਬਿਨ੍ਹਾਂ ਨਹੀਂ ਆਇਆ ਜਾ ਸਕਦਾ, ਵਿਕਾਰਾਂ ਦੇ ਵਿੱਚੋਂ ਉਸਦੀ ਮਰਜ਼ੀ ਦੇ ਬਿਨ੍ਹਾਂ ਨਹੀਂ ਨਿਕਲਿਆ ਜਾ ਸਕਦਾ। ਪਰ ਮਨ ਦੇ ਵਿਕਾਰਾਂ ਵਿੱਚੋਂ ਨਿਕਲਣ ਦਾ ਉੱਦਮ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਹੀ ਲਗਾਇਆ ਹੋਇਆ ਹੈ ਜਿਸ ਕਰਕੇ ਉਨ੍ਹਾਂ ਵਿੱਚੋਂ ਨਿਕਲਣਾ ਸਭ ਲਈ ਔਖਾ ਹੈ। ਜਿਹੋ ਜਿਹੀ ਉਹ ਸੋਚ ਪਾਉਂਦਾ ਹੈ ਮਨੁੱਖ ਉਹੀ ਕੁੱਝ ਕਰਦਾ ਹੈ ਤੇ ਆਪਣੇ ਵੱਲੋਂ ਠੀਕ ਹੀ ਕਰਦਾ ਹੈ ਤੇ ਉਹ ਇਹ ਨਹੀਂ ਮੰਨ ਸਕਦਾ ਕਿ ਉਹ ਭੁੱਲਿਆ ਹੋਇਆ ਹੈ। ਹਰ ਕੋਈ ਉਸੇ ਦਾ ਭੁਲਾਇਆ ਹੋਇਆ ਹੀ ਹੈ ਜੋ ਆਪ ਹੀ ਸਾਡੇ ਅੰਦਰ ਵਰਤ ਰਿਹਾ ਹੈ। **(ਸੁੰਨ ਸਹਜ ਮਹਿ ਰਹਿਓ ਸਮਾਇ॥੭॥)** ਇਹ "ਸੁੰਨ ਸਹਜ" ਕੀ ਹੈ ਇਸ ਨੂੰ ਅਗਲੀ ਪੰਗਤੀ ਵਿੱਚ ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ ਤਾਂ ਜੋ ਕੋਈ ਭੁਲੇਖਾ ਨਾ ਰਹੇ। "ਸੁੰਨ ਸਹਜ" ਨੂੰ "ਮਨ" ਕਹਿ ਕੇ ਸਮਝਾਇਆ ਹੈ।

"ਮਨ ਮਧੇ ਜਾਨੈ ਜੇ ਕੋਇ॥ ਜੋ ਬੋਲੈ ਸੋ ਆਪੈ ਹੋਇ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ॥ ਕਹਿ ਕਬੀਰ ਸੋ ਪ੍ਰਾਨੀ ਤਰੈ॥੯॥੧॥"

ਕਿਤਨਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਸਾਡੇ ਮਨ ਦੇ ਵਿੱਚ ਕੌਣ ਹੈ, ਸਾਡੇ ਮਨ ਦੇ ਵਿੱਚ ਕੌਣ ਬੋਲ ਰਿਹਾ ਹੈ। ਸਾਡੇ ਮਨ ਦੇ ਬੋਲ ਜੋ ਸਾਨੂੰ ਸਭ ਕੁੱਝ ਸਮਝਾਉਂਦੇ ਹਨ ਉਹ ਸਾਡੇ ਮਨ ਦਾ ਗਿਆਨ ਹੈ, ਸਾਡੇ ਮਨ ਦੇ ਵਿਚਾਰ ਹਨ, ਸਾਡੇ ਮਨ ਦੀ "ਸੋਚ" ਹੈ। ਅੰਦਰ ਬੋਲਣ ਵਾਲਾ ਭਾਵ ਇਹ ਸੋਚ ਦੇਣ ਵਾਲਾ ਉਹ ਆਪ ਪ੍ਰਮਾਤਮਾ ਹੈ ਭਾਵ "ਮਨ ਦੀ ਸੋਚ" ਜਿਸਨੂੰ ਅਸੀਂ ਆਪਣੀ ਸਮਝਦੇ ਹਾਂ ਉਹ ਅਸਲ ਵਿੱਚ ਸਾਡੀ ਨਹੀਂ ਹੈ। ਇਹ ਸਾਰੀ ਸੋਚ ਸਾਡੇ ਅੰਦਰ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੈ। ਇਸ "ਸੋਚ" ਦੀ ਸੋਝੀ ਪੈਣਾ ਹੀ ਉਸ ਪ੍ਰਮਾਤਮਾ ਦੀ ਆਪਣੇ ਅੰਦਰੋਂ ਸੋਝੀ ਪੈਣਾ ਹੈ। ਇਹ ਸੋਝੀ ਉਹ ਆਪ ਹੀ ਪਾ ਸਕਦਾ ਹੈ, ਇਹ ਭਰਮ ਉਹ ਆਪ ਹੀ ਕੱਢ ਸਕਦਾ ਹੈ।

{ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥}

(ਅੰਗ ੧)

ਮਨੁੱਖ ਦਾ ਇਹ ਭੁਲੇਖਾ ਉਹ ਮਨੁੱਖ ਨੂੰ ਪ੍ਰਤੱਖ ਤੌਰ ਤੇ ਅਨੇਕਾਂ ਹੀ ਅਨੇਕਾਂ ਤਰੀਕਿਆਂ ਦੁਆਰਾ ਕਠਪੁਤਲੀ ਬਣਾ ਕੇ ਕੱਢਦਾ ਹੈ। ਉਹ ਮਨ ਦੇ ਅੰਦਰੋਂ ਹੀ ਮਨੁੱਖ ਨੂੰ ਹਰਾ ਕੇ ਦਿਖਾਉਂਦਾ ਹੈ ਕਿ ਦੱਸ ਤੇਰੇ ਵੱਸ ਕੀ ਹੈ, ਦੱਸ ਤੇਰੇ ਅੰਦਰ ਹੁਕਮ ਕਿਸ ਦਾ ਚੱਲਦਾ ਹੈ, ਦੱਸ ਇਹ ਸੋਚ ਕਿਸ ਦੀ ਹੈ ਤੇ ਤਾਂ ਹੀ ਮਨੁੱਖ ਉਸਦੇ ਅੱਗੇ ਘੁਟਣੇ ਟੇਕਦਾ ਹੈ ਤੇ ਉਸ ਤੋਂ ਪਹਿਲਾਂ ਇਸ ਸੋਚ ਨੂੰ ਆਪਣੀ ਹੀ ਸਮਝਦਾ ਹੈ। {**ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ॥੭॥**} ਅੰਗ-235

7/610

ਮਨ ਦੇ ਵਿੱਚ ਆਪਣੀ ਹੋਂਦ ਦਾ ਯਕੀਨ ਉਹ ਆਪ ਹੀ ਦਿਵਾਉਂਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਅਤੇ ਉਸਦੇ ਬਾਣੀ ਵਿੱਚ ਸਮਝਾਏ ਹੋਏ ਤਰੀਕੇ ਤੋਂ ਇਲਾਵਾ ਹੋਰ ਕਿਸੇ ਵੀ ਤਰੀਕੇ ਦੁਆਰਾ, ਕਿਸੇ ਸਰੀਰਕ ਜਪ ਤਪ ਦੁਆਰਾ ਉਸ ਨੂੰ ਲੱਭਣ ਦੀ ਕੋਸ਼ਿਸ਼ ਕਰਨਾ ਬਿਲਕੁਲ ਫਜ਼ੂਲ ਹੈ। ਪਰ ਮਨੁੱਖ ਆਪਣੀਆਂ ਸਿਆਣਪਾਂ ਕਰਨ ਤੋਂ, ਜਪ ਤਪ ਆਦਿ ਕਰਨ ਤੋਂ ਹੱਟ ਨਹੀਂ ਸਕਦਾ ਕਿਉਂਕਿ ਉਹ ਪ੍ਰਮਾਤਮਾ ਆਪ ਹੀ ਭੁਲੇਖੇ ਵਿੱਚ ਰੱਖਦਾ ਹੈ। ਅਸੀਂ ਉਸ ਪ੍ਰਮਾਤਮਾ ਨੂੰ ਕਿਸੇ ਮੰਤ੍ਰ ਆਦਿ ਦੇ ਜਾਪ ਦੁਆਰਾ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਇਹ ਭੁਲੇਖਾ ਵੀ ਸਾਡਾ ਨਾਲ ਹੀ ਕੱਢਿਆ ਹੋਇਆ ਹੈ। **"ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ॥ਕਹਿ ਕਬੀਰ ਸੋ ਪ੍ਰਾਨੀ ਤਰੈ॥੯॥੧॥"** ਅਸੀਂ ਕਿਸੇ ਮੰਤ੍ਰ ਦਾ ਜਾਪ ਮਨ ਦੀ ਸੁਰਤੀ ਨੂੰ

ਟਿਕਾਉਣ ਲਈ ਕਰਦੇ ਹਾਂ ਪਰ ਇਹ ਮਨ ਕਿਸੇ ਮੰਤ੍ਰ ਦੁਆਰਾ ਨਹੀਂ ਟਿਕ ਸਕਦਾ। ਮਨ ਨੂੰ ਕੇਵਲ ਗੁਰੂ ਪ੍ਰਮਾਤਮਾ ਦਾ ਮੰਤ੍ਰ "ਜੋਤਿ ਮੰਤ੍ਰਿ" ਭਾਵ ਗੁਰੂ ਦਾ ਗਿਆਨ ਹੀ ਟਿਕਾ ਸਕਦਾ ਹੈ, ਉਸਦੀ ਮਤਿ ਦਾ ਪ੍ਰਗਾਸ ਹੀ ਟਿਕਾ ਸਕਦਾ ਹੈ ਜਿਵੇਂ ਕਿ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਹੀ ਸਮਝਾਇਆ ਹੋਇਆ ਹੈ। **(ਜਾ ਮਹਿ ਜੋਤਿ ਕਰੇ ਪਰਗਾਸ॥)** ਪੂਰੀ ਬਾਣੀ ਵਿੱਚ ਪ੍ਰਮਾਤਮਾ ਦੀ ਜੋਤਿ ਹੀ ਵਰਤ ਰਹੀ ਹੈ, ਉਸਦਾ ਦਿੱਤਾ ਹੋਇਆ ਗਿਆਨ ਹੀ ਵਰਤ ਰਿਹਾ ਹੈ। ਉਹੀ "ਜੋਤਿ ਸਰੂਪ" ਗਿਆਨ ਸਾਡੇ ਮਨ ਦੇ ਵਿੱਚ ਹੈ ਜੋ ਕਿ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ। ਇਸ ਚੌਥੇ ਪਦ ਦੇ ਗਿਆਨ ਦੇ ਨਾਲ ਮੇਲ ਕਰਨ ਲਈ ਸਾਨੂੰ ਗੁਰਬਾਣੀ ਦੇ ਵਿੱਚ ਪਏ ਹੋਏ ਚੌਥੇ ਪਦ ਦੇ ਗਿਆਨ ਨਾਲ ਸਾਂਝ ਕਰਨੀ ਪਵੇਗੀ। ਉਸ ਨਾਲ ਇੱਕ ਮਨ ਇੱਕ ਚਿਤ ਹੋਣਾ ਪਵੇਗਾ ਭਾਵ ਉਸਦੀ ਗੱਲ ਤੇ ਅਡੋਲ ਹੋ ਕੇ, ਪੂਰਨ ਵਿਸ਼ਵਾਸ ਕਰਕੇ ਅਮਲ ਕਰਨਾ ਪਵੇਗਾ। ਇਸ ਤਰੀਕੇ ਨਾਲ ਹੀ ਸਾਡੇ ਮਨ ਦੇ ਅੰਦਰ ਜੋਤਿ ਨਾਲ ਜੋਤਿ ਰਲੇਗੀ ਭਾਵ ਸਾਡੇ ਮਨ ਦੇ ਵਿੱਚ ਗੁਰਬਾਣੀ ਦੇ ਚੌਥੇ ਪਦ ਦੇ ਗਿਆਨ ਦੀ ਸੋਝੀ ਪਵੇਗੀ। ਸਾਰੀ ਗੱਲ ਆਪਣੀ ਮਨਮਤਿ ਵਾਲੀ ਮਾਇਆ ਰੂਪੀ ਤ੍ਰੈਗੁਣੀ ਸੋਚ ਵਿੱਚੋਂ ਨਿਕਲਣ ਦੀ ਹੈ ਅਤੇ ਉਸਨੂੰ ਚੌਥੇ ਪਦ ਵਾਲੀ ਸੋਚ ਦੇ ਗਿਆਨ ਦੇ ਅਨੁਸਾਰ ਢਾਲਣ ਦੀ ਹੈ। ਅਸੀਂ ਕੇਵਲ ਇਸ ਗੱਲ ਦਾ ਉੱਦਮ ਕਰਨਾ ਹੈ, ਉਪਰਾਲਾ ਕਰਨਾ ਹੈ, ਕ੍ਰਿਪਾ ਕਰਨ ਵਾਲਾ ਉਹ ਆਪ ਹੀ ਹੈ। ਸਭ ਤੋਂ ਪਹਿਲੇ ਇਸ ਗੱਲ ਦੀ ਸੋਝੀ ਪੈਣੀ ਜਰੂਰੀ ਹੈ ਕਿ ਉਹ ਪ੍ਰਮਾਤਮਾ ਕਿਵੇਂ ਮਿਲਦਾ ਹੈ ਅਤੇ ਕਿੱਥੇ ਮਿਲਦਾ ਹੈ। ਇਹ ਸੋਝੀ ਪੈਣ ਤੇ ਹੀ ਅਸੀਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਕਰਨ ਦਾ ਸਹੀ ਉੱਦਮ ਕਰ ਸਕਦੇ ਹਾਂ ਅਤੇ ਭੁਲੇਖਿਆਂ ਵਿੱਚ, ਉਲਝਣਾਂ ਵਿੱਚ ਪੈਣ ਤੋਂ ਬਚ ਸਕਦੇ ਹਾਂ **(ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ॥ ਕਹਿ ਕਬੀਰ ਸੋ ਪ੍ਰਾਨੀ ਤਰੈ॥੮॥੧॥)**। ਮਨ ਨੂੰ ਟਿਕਾਉਣ ਵਾਲਾ ਉਹ ਆਪ ਹੀ ਹੈ, ਸਾਡੀ ਅੰਦਰ ਦੀ ਜੋਤਿ ਹੈ, ਸਾਡੇ ਅੰਦਰ ਦਾ ਗਿਆਨ ਹੈ ਜੋ ਸਾਡੇ ਵੱਸ ਨਹੀਂ ਹੈ। ਸਾਨੂੰ ਸਹੀ ਸੋਝੀ ਉਹ ਆਪ ਹੀ ਪਾ ਸਕਦਾ ਹੈ ਜੋ ਸਾਡੀ ਸੋਝੀ ਦਾ ਮਾਲਕ ਹੈ ਤੇ ਸਾਡੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਵਰਤ ਰਹਿਆ ਹੈ। ਸਭ ਕੁੱਝ ਜੋਤਿ ਦੇ ਵੱਸ ਹੈ। ਉਸਦੀ ਸੱਚੀ ਸੋਝੀ ਪੈਣ ਨਾਲ ਮਨੁੱਖ ਸੱਚ ਤੇ, ਗੁਰਮਤਿ ਤੇ ਅਡੋਲ ਹੋ ਜਾਂਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ। ਇਹ ਹੀ ਮਨ ਦਾ "ਅਸਥਿਰ" ਹੋਣਾ ਹੈ, ਅਡੋਲਤਾ ਵਿੱਚ ਆਉਣਾ ਹੈ ਕਿ ਮਨੁੱਖ ਮਾਇਆ ਮੋਹ ਵਿੱਚ ਨਾ ਡੋਲੇ। ਇਹ ਅਵੱਸਥਾ ਹੀ ਸਾਡੀ ਇੱਕ ਮਨ ਇੱਕ ਚਿਤ ਵਾਲੀ ਅਵੱਸਥਾ ਹੈ।

7/611

ਪਿਛਲੇ ਕੁੱਝ ਸ਼ਬਦਾਂ ਨੂੰ ਜਾਣਨ ਤੋਂ ਬਾਅਦ ਸਾਨੂੰ ਇਸ ਬਾਰੇ ਕੋਈ ਦੁਚਿੱਤੀ ਨਹੀਂ ਰਹਿਣੀ ਚਾਹੀਦੀ ਕਿ ਪ੍ਰਮਾਤਮਾ ਦਾ ਟਿਕਾਣਾ ਕਿੱਥੇ ਹੈ ਅਤੇ ਉਸਨੂੰ ਮਿਲਣਾ ਕੀ ਹੈ। ਜੇਕਰ ਸਮਝ ਲੱਗ ਜਾਵੇ ਤਾਂ ਫਿਰ ਆਤਮਾ ਤੇ ਪ੍ਰਮਾਤਮਾ ਵਿੱਚ ਕੋਈ ਫ਼ਰਕ ਨਹੀਂ ਰਹਿ ਜਾਂਦਾ, ਇੱਕੋ ਹੀ ਗੱਲ ਹੈ। ਜਿਹੜੇ ਮਨ ਨੂੰ ਮਨੁੱਖ ਆਤਮਾ ਸਮਝਦਾ ਹੈ, ਉਹ ਹੀ ਅਸਲ ਵਿੱਚ ਪ੍ਰਮਾਤਮਾ ਹੈ। ਗੱਲ ਕੇਵਲ ਭੁਲੇਖਾ ਦੂਰ ਹੋਣ ਦੀ ਹੈ। ਆਓ ਇਹ ਹੀ ਗੱਲ ਹੇਠ ਦਿੱਤੇ ਸਲੋਕ ਦੁਆਰਾ ਹੋਰ ਵੀ ਦ੍ਰਿੜ ਕਰੀਏ।

"ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ॥
ਆਤਮਾ ਬਾਸੁਦੇਵਸ੍ਯ ਜੇ ਕੋ ਜਾਣੈ ਭੇਉ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥੪॥"

(ਅੰਗ ੪੬੯)

ਅਸੀਂ ਇਹ ਗੱਲ ਪਿੱਛੇ ਵੀ ਸਮਝੀ ਸੀ ਕਿ ਆਤਮਾ ਦਾ ਹੋਣਾ ਕੇਵਲ ਸਾਡਾ ਇੱਕ ਭੁਲੇਖਾ ਹੈ। ਅਸੀਂ ਆਪਣੇ ਅੰਦਰ ਵਰਤ ਰਹੇ ਪ੍ਰਮਾਤਮਾ ਨੂੰ ਹੀ ਅਸਲ ਵਿੱਚ ਆਤਮਾ ਸਮਝਦੇ ਹਾਂ। ਉੱਪਰ ਸ਼ਬਦ ਵਿੱਚ ਆਤਮਾ ਨੂੰ ਹੀ ਪ੍ਰਮਾਤਮਾ ਕਹਿ ਕੇ ਸਮਝਾਇਆ ਹੈ। ਸਭ ਵਿੱਚ ਕੇਵਲ ਇੱਕੋ ਇੱਕ ਪ੍ਰਮਾਤਮਾ ਹੀ ਹੈ। **(ਏਕ ਕ੍ਰਿਸਨੰ)** ਹਰ ਮਨੁੱਖ ਨੂੰ ਦੇਵਤਾ ਕਹਿ ਕੇ ਸੰਬੋਧਨ ਕੀਤਾ ਹੈ ਕਿਉਂਕਿ ਅਸਲ ਵਿੱਚ ਸਾਰਿਆਂ ਦੇ ਵਿੱਚ ਉਹ ਆਪ ਹੀ ਹੈ। **(ਸਰਬ ਦੇਵਾ)** ਦੇਵਤਿਆਂ ਦਾ ਦੇਵਤਾ ਆਤਮਾ ਨੂੰ ਕਿਹਾ ਹੈ। **(ਦੇਵ ਦੇਵਾ ਤ ਆਤਮਾ॥)** ਭਾਵ ਦੇਵਤਿਆਂ ਨੂੰ ਬਣਾਉਣ ਵਾਲਾ ਵੱਡਾ ਦੇਵਤਾ ਆਤਮਾ ਹੈ ਭਾਵ ਇਹ ਆਤਮਾ ਹੀ ਹਰ ਕਿਸੇ ਨੂੰ ਚਲਾ ਰਹੀ ਹੈ, ਮਨ ਦੀ ਸਮਝ ਰਾਹੀ ਚਲਾ ਰਹੀ ਹੈ। ਆਤਮਾ ਹੀ ਹਰ ਦੇਵਤੇ ਨੂੰ ਦੇਵਤਾ ਬਣਾਉਣ ਵਾਲੀ ਹੈ ਭਾਵ ਪ੍ਰਮਾਤਮਾ ਆਪ ਹੀ ਹਰ ਦੇਵਤੇ ਦੇ ਰੂਪ ਵਿੱਚ ਹੈ, ਆਤਮਾ ਦੇ ਰੂਪ ਵਿੱਚ ਹੈ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਹੈ। ਆਤਮਾ ਸਾਡਾ ਮਨ ਹੈ ਜਿੱਥੋਂ ਸਾਨੂੰ ਸਾਰੀ ਸਮਝ ਮਿਲਦੀ ਹੈ। **(ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ॥ ਆਤਮਾ ਬਾਸੁਦੇਵਸ੍ਯ ਜੇ ਕੋ ਜਾਣੈ ਭੇਉ॥)** ਜੇਕਰ ਕਿਸੇ ਨੂੰ ਇਸ ਗੱਲ ਦਾ ਭੇਦ ਆ ਜਾਵੇ ਕਿ ਇਹ ਆਤਮਾ ਕੀ ਹੈ, ਇਹੀ ਉੱਪਰ ਵਾਲੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ ਕਿ ਇਹ ਆਤਮਾ ਹੀ ਆਪ ਨਿਰੰਜਨ ਦੇਵ ਹੈ ਭਾਵ ਪ੍ਰਮਾਤਮਾ ਹੈ ਅਤੇ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿੱਚ ਇਹ ਸਮਝਾ ਰਹੇ ਹਨ ਕਿ ਉਹ ਇਸੇ ਆਤਮਾ

ਦੇ ਦਾਸ ਹਨ ਭਾਵ "ਮਨ" ਦੇ ਦਾਸ ਹਨ ਜੋ ਕਿ ਆਪ ਪ੍ਰਮਾਤਮਾ ਰੂਪ ਹੈ, ਉਸ ਕੋਲੋਂ ਗਿਆਨ ਲੈ ਰਹੇ ਹਨ ਭਾਵ ਆਪਣੇ ਮਨ ਦੀ, ਆਤਮਾ ਦੀ, ਪ੍ਰਮਾਤਮਾ ਦੀ ਰਜ਼ਾ ਵਿੱਚ ਚੱਲ ਰਹੇ ਹਨ। **(ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥੪॥)** ਮਨ ਹੀ ਪ੍ਰਮਾਤਮਾ ਹੈ ਅਤੇ ਪ੍ਰਮਾਤਮਾ ਹੀ ਆਪ ਗੁਰੂ ਹੈ ਜਿੱਥੋਂ ਸਾਰਾ ਗਿਆਨ ਆਉਂਦਾ ਹੈ। ਇਸੇ ਮਨ ਰਾਹੀਂ, ਪ੍ਰਮਾਤਮਾ ਰਾਹੀਂ ਹੀ ਸਾਰੀ ਬਾਣੀ ਆਈ ਹੈ, ਸਾਰਾ ਧੁਰ ਦਾ ਗਿਆਨ ਆਇਆ ਹੈ, ਸੱਚਾ ਗਿਆਨ ਆਇਆ ਹੈ।

7/612

ਆਓ ਹੁਣ ਅਗਲੇ ਸਲੋਕ ਨੂੰ ਵਿਚਾਰੀਏ ਜਿਸ ਰਾਹੀਂ ਮਨ ਨੂੰ ਗੁਰੂ ਰੂਪ ਕਹਿ ਕੇ ਸਮਝਾਇਆ ਹੋਇਆ ਹੈ। ਗੁਰੂ ਅਤੇ ਪ੍ਰਮਾਤਮਾ ਇੱਕੋ ਗੱਲ ਹੈ, ਕੋਈ ਭੇਦ ਨਹੀਂ ਹੈ। ਸਲੋਕਾਂ ਦਾ ਭਾਵ ਆਪਸ ਵਿੱਚ ਜੁੜਿਆ ਹੋਇਆ ਹੈ।

"ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥੫॥"

(ਅੰਗ ੪੬੯)

ਇਸ ਸ਼ਬਦ ਰਾਹੀਂ ਮਨ ਕੀ ਹੈ, ਇਹ ਗੱਲ ਸਮਝਾਉਣ ਲਈ ਮਨ ਦੀ ਤੁਲਨਾ ਜਲ ਨਾਲ ਕੀਤੀ ਹੋਈ ਹੈ। ਜਲ ਦੇ ਮੇਲ ਨਾਲ ਹੀ ਘੜਾ ਬਣਦਾ ਹੈ ਅਤੇ ਫਿਰ ਘੜਾ ਹੀ ਜਲ ਦੀ ਸੰਭਾਲ ਕਰਦਾ ਹੈ। ਇਸੇ ਤਰ੍ਹਾਂ ਮਨ ਦੇ ਬਿਨ੍ਹਾਂ ਗਿਆਨ ਨਹੀਂ ਹੋ ਸਕਦਾ ਭਾਵ ਮਨ ਤੋਂ ਹੀ ਗਿਆਨ ਮਿਲਦਾ ਹੈ ਅਤੇ ਗਿਆਨ ਹੀ ਮਨ ਨੂੰ ਬੰਨ੍ਹ ਕੇ ਰੱਖਦਾ ਹੈ, ਵੱਸ ਵਿੱਚ ਕਰਦਾ ਹੈ। ਉੱਪਰ ਸ਼ਬਦ ਰਾਹੀਂ "ਮਨ" ਨੂੰ ਅਸਲ ਵਿੱਚ "ਗੁਰੂ ਰੂਪ" ਕਹਿ ਕੇ ਸਮਝਾਇਆ ਹੋਇਆ ਹੈ ਕਿਉਂਕਿ ਗਿਆਨ ਦੀ ਸ਼ੁਰੂਆਤ ਮਨ ਤੋਂ ਹੀ ਹੁੰਦੀ ਹੈ, ਗਿਆਨ ਦਾ ਸ੍ਰੋਤ ਮਨ ਹੀ ਹੈ। ਹਰ ਸ਼ਬਦ ਮਨ ਦੇ ਵਿੱਚੋਂ ਹੀ ਉਪਜਦਾ ਹੈ ਅਤੇ "ਸ਼ਬਦ" ਹੀ ਅਸਲ ਵਿੱਚ ਗੁਰੂ ਹੈ। ਪੂਰੀ ਬਾਣੀ ਦਾ ਗਿਆਨ ਮਨ ਦੇ ਰਾਹੀਂ ਹੀ ਆਇਆ ਹੈ, ਮਨ ਦੇ "ਸਹਜ ਗਿਆਨ" ਰਾਹੀਂ ਹੀ ਆਇਆ ਹੈ ਜੋ ਕਿ ਮਨ ਦੀ ਚੌਥੀ ਅਵੱਸਥਾ ਦਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ। ਇਸੇ ਲਈ ਗਿਆਨ ਨੂੰ ਹੀ ਗੁਰੂ ਕਿਹਾ ਗਿਆ ਹੈ। **(ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ॥,** ਅੰਗ ੭੯੩) "ਬਿਬੇਕ" ਚੌਥੇ ਪਦ ਦਾ ਗਿਆਨ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਮਨ ਦੇ ਵਿੱਚੋਂ ਹੀ ਮਿਲਦਾ ਹੈ। ਮਨੁੱਖ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਆਪਣੇ ਅੰਦਰ ਦੇ ਇਸ ਸੱਚੇ ਗਿਆਨ ਨੂੰ, ਗੁਰੂ ਪ੍ਰਮਾਤਮਾ ਨੂੰ ਪਹਿਚਾਣ ਨਹੀਂ ਸਕਦਾ। ਮਨ ਹੀ ਪ੍ਰਮਾਤਮਾ ਹੈ ਤੇ ਮਨ ਹੀ ਗੁਰੂ ਹੈ ਜੋ ਸਭ ਗਿਆਨ ਦੇਣ ਵਾਲਾ ਹੈ। ਮਨੁੱਖ ਦਾ ਧਰਮ ਦੇ ਮਾਰਗ ਤੇ ਪੂਰਾ ਉਤਰਨਾ ਮਨੁੱਖ ਦੇ ਆਪਣੇ ਹੱਥ ਵੱਸ ਨਹੀਂ ਹੈ ਕਿਉਂਕਿ ਮਾਰਗ ਤੇ ਚਲਾਉਣ ਵਾਲਾ ਆਪ ਹੀ ਅੰਦਰ ਬੈਠਾ ਹੈ, ਉਹ ਜਿਸਨੂੰ ਚਾਹੇ, ਉਸ ਨੂੰ ਹੀ ਆਪਣੇ ਮਾਰਗ ਤੇ ਚਲਾਉਂਦਾ ਹੈ। ਧਰਮ ਗ੍ਰੰਥਾਂ ਦੇ ਰਚਣ ਵਾਲਾ ਆਪ ਅਕਾਲ ਪੁਰਖ ਮਨੁੱਖ ਦੇ ਵਿੱਚ ਹੀ ਵਰਤ ਰਿਹਾ ਹੈ। ਕੋਈ ਧਰਮ ਗ੍ਰੰਥਾਂ ਦਾ ਗਿਆਤਾ ਬਣ ਕੇ ਵੀ ਉਸ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ ਅਤੇ ਕਈਆਂ ਨੂੰ ਬਿਨ੍ਹਾਂ ਧਰਮ ਗ੍ਰੰਥਾਂ ਦੇ ਜਾਣਨ ਤੋਂ ਹੀ ਅੰਦਰ ਬੈਠਾ ਆਪ ਹੀ ਆਪਣੇ ਮਾਰਗ ਤੇ ਚਲਾ ਲੈਂਦਾ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ ਪੜ੍ਹਿਆ, ਅਨਪੜ੍ਹਿਆ ਪਰਮਗਤਿ ਪਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ

7/613

ਮਿਲ ਸਕਦਾ ਹੈ। ਇਹੀ ਗੱਲ ਸਲੋਕਾਂ ਤੋਂ ਬਾਅਦ ਅੱਗੇ ਪਉੜੀ ਵਿੱਚ ਸਮਝਾਈ ਹੋਈ ਹੈ ਕਿ ਅਗਰ ਕੋਈ ਅਨਪੜ੍ਹ ਰਹਿ ਕੇ ਵੀ ਚੰਗੇ ਕੰਮ ਕਰਦਾ ਹੈ ਤੇ ਉਹ ਉਹਨਾਂ ਪੜ੍ਹਿਆਂ ਹੋਇਆਂ ਨਾਲੋਂ ਚੰਗਾ ਹੈ ਜੋ ਪੜ੍ਹ ਕੇ ਵੀ ਮਾੜੇ ਕੰਮ ਕਰਦੇ ਹਨ। ਸਾਡੇ ਕੋਲੋਂ ਕਰਮ ਕਰਵਾਉਣ ਵਾਲਾ ਉਹ ਆਪ ਹੀ ਹੈ। ਮਨ ਦੇ ਵਿੱਚ ਉਹ ਆਪ ਹੀ ਹੈ। ਜਿਹੋ ਜਿਹੀ ਸੋਚ ਸਾਡੇ ਅੰਦਰ ਪਾਉਂਦਾ ਹੈ, ਅਸੀਂ ਉਹੀ ਕੁੱਝ ਕਰਦੇ ਹਾਂ। (**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥੫॥**)

ਪਉੜੀ ॥

{ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥ ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥

ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥ ਮੁਹਿ ਚਲੈ ਸੁ ਅਗੈ ਮਾਰੀਐ ॥12॥}

(ਅੰਗ 469)

ਇਸ ਪੂਰੀ ਪਉੜੀ ਦੇ ਅਰਥ ਅਸੀਂ ਪਿੱਛੇ ਲੇਖ ਰਾਹੀਂ ਪਹਿਲਾਂ ਹੀ ਜਾਣ ਚੁੱਕੇ ਹਾਂ। ਸਾਰੀ ਗੱਲ ਮਨੁੱਖ ਦੀ ਨੀਅਤ ਦੀ ਹੈ ਅਤੇ ਨੀਅਤ ਦੇ ਵਿੱਚ ਉਹ ਆਪ ਬੈਠਾ ਹੈ, ਉਹ ਆਪ ਹੀ ਨੀਅਤ ਬਣਾਉਣ ਵਾਲਾ ਹੈ ਜਿਸ ਦੁਆਰਾ ਮਨੁੱਖ ਨੇ ਸੱਚੇ ਬਣਨਾ ਹੈ ਤੇ ਉਸਨੂੰ ਮਿਲਣ ਲਈ ਮਨੁੱਖ ਦੀ ਨੀਅਤ ਦਾ ਸੱਚਾ ਹੋਣਾ ਹੀ ਜਰੂਰੀ ਹੈ। ਉਹ ਚਾਹੇ ਤਾਂ ਮਨੁੱਖ ਦੀ ਘਰ ਬੈਠੇ ਦੀ ਨੀਅਤ ਵੀ ਸਾਫ ਕਰ ਸਕਦਾ ਹੈ, ਉਸ ਵਿੱਚ ਪ੍ਰਗਟ ਹੋ ਸਕਦਾ ਹੈ, ਇਹ ਉਸਦਾ ਆਪਣਾ ਫੁਰਮਾਨ ਹੈ **(ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥** ਅੰਗ ੧੩੮੩**)** ਦੁਨੀਆਂ ਵਿੱਚ ਅਨੇਕਾਂ ਹੀ ਐਸੇ ਮਨੁੱਖ ਹਨ ਜੋ ਇਹ ਕਹਿੰਦੇ ਹਨ ਕਿ ਪ੍ਰਮਾਤਮਾ ਕੋਈ ਨਹੀਂ ਹੈ। ਉਨ੍ਹਾਂ ਦੇ ਮੂੰਹੋਂ ਅਖਵਾਉਣ ਵਾਲਾ ਵੀ ਉਹ ਆਪ ਹੀ ਹੈ। ਇਹ ਉਸਦੀ ਖੇਡ ਹੈ ਜਿਸ ਨੂੰ ਸਮਝਿਆ ਨਹੀਂ ਜਾ ਸਕਦਾ। ਇਹੋ ਜਿਹੇ ਮਨੁੱਖ ਧਾਰਿਮਕ ਅਸਥਾਨਾਂ ਤੇ ਭਾਵੇਂ ਨਾ ਜਾਂਦੇ ਹੋਣ ਪਰ ਜਰੂਰੀ ਨਹੀਂ ਕਿ ਉਨ੍ਹਾਂ ਦੀ ਨੀਅਤ ਵੀ ਸਾਫ਼ ਨਾ ਹੋਵੇ। ਮਨੁੱਖ ਕੋਲੋਂ ਕਰਮ ਕਰਵਾਉਣ ਵਾਲਾ ਉਹ ਆਪ ਹੀ ਹੈ ਭਾਵੇਂ ਉਹ ਇਸ ਗੱਲ ਨੂੰ ਮੰਨਣ ਨੂੰ ਕਦੇ ਤਿਆਰ ਨਹੀਂ ਹੋ ਸਕਦੇ। ਹੁਕਮ ਸਭ ਦੇ ਵਿੱਚ ਉਸੇ ਦਾ ਹੀ ਚੱਲ ਰਿਹਾ ਹੈ ਜੋ ਕਿ ਸਾਡੇ ਮਨ ਦੇ ਵਿਚਾਰ ਹਨ। **(ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥)** ਅੰਗ - ੧ ਅਸੀਂ ਆਸਤਕ ਨਾਸਤਕ ਦਾ ਭੇਦ ਸਿਰਫ਼ ਇਸੇ ਗੱਲ ਤੋਂ ਕਰਦੇ ਹਾਂ ਕਿ ਕੌਣ ਰੱਬ ਦੀ ਹੋਂਦ ਨੂੰ ਮੰਨਦਾ ਹੈ ਤੇ ਕੌਣ ਨਹੀਂ ਮੰਨਦਾ ਭਾਵ ਇਸ ਗੱਲ ਦਾ ਨਿਰਣਾ ਅਸੀਂ ਕੇਵਲ ਗੱਲਾਂ ਦੁਆਰਾ ਕਰਦੇ ਹਾਂ। ਪ੍ਰਮਾਤਮਾ ਦੀ ਹੋਂਦ ਨੂੰ ਮੰਨਣ ਵਾਲੇ ਧਰਮ ਗ੍ਰੰਥਾਂ ਦੀ ਪੂਜਾ ਕਰਦੇ ਹਨ ਪਰ ਅਸਲ ਵਿੱਚ ਪ੍ਰਮਾਤਮਾ ਦੀ ਪੂਜਾ ਧਰਮ ਗ੍ਰੰਥਾਂ ਵਿੱਚ ਦਿੱਤਾ ਹੋਇਆ ਉਸ ਦਾ ਗਿਆਨ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਲਈ ਹੈ ਭਾਵ ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੱਚ ਦੇ ਨਾਲ ਜੋੜਨ ਦਾ ਹੀ ਹੈ, ਔਗੁਣਾਂ ਤੋਂ ਦੂਰ ਕਰਨ ਦਾ ਹੀ ਹੈ। ਧਾਰਮਿਕ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਧਰਮ ਤੇ ਚੱਲੀਏ ਭਾਵ ਸੱਚ ਦੇ ਮਾਰਗ ਤੇ ਚੱਲੀਏ। ਜੇਕਰ ਧਰਮ ਦਾ ਮਕਸਦ ਸਮਝ ਲੱਗ ਜਾਵੇ ਤਾਂ ਫਿਰ ਆਸਤਕ ਉਹ ਹੈ ਜੋ ਧਰਮ ਗ੍ਰੰਥਾਂ ਦੇ ਦੱਸੇ ਹੋਏ ਸੱਚੇ ਗੁਣਾਂ ਨੂੰ ਅਪਣਾਉਂਦਾ ਹੈ। ਪ੍ਰਮਾਤਮਾ ਵਿੱਚ ਆਸਥਾ ਪ੍ਰਮਾਤਮਾ ਦੇ ਧਰਮ ਗ੍ਰੰਥਾਂ ਰਾਹੀਂ ਉਸਦੇ ਆਪਣੇ ਸਮਝਾਏ ਹੋਏ ਅਸੂਲਾਂ ਵਿੱਚ ਆਸਥਾ ਰੱਖਣੀ ਹੈ।

7/614

ਕੇਵਲ ਬਾਹਰੀ ਦਿਖਾਵੇ ਦੁਆਰਾ ਭਾਵ ਧਰਮ ਗ੍ਰੰਥਾਂ ਦੇ ਗਿਆਨ ਨੂੰ ਅਮਲ ਵਿੱਚ ਲਿਆਉਣ ਤੋਂ ਬਿਨ੍ਹਾਂ ਅਸੀਂ ਆਸਤਕ ਨਹੀਂ ਬਣ ਸਕਦੇ, ਗੁਰੂ ਵਾਲੇ ਨਹੀਂ ਬਣ ਸਕਦੇ, ਪ੍ਰਮਾਤਮਾ ਦੇ ਨਾਮ ਵਾਲੇ ਨਹੀਂ ਬਣ ਸਕਦੇ। ਗੁਰੂ ਪ੍ਰਮਾਤਮਾ ਵਾਲੇ, ਆਸਤਕ ਅਖਵਾਉਣ ਵਾਲੇ ਸਾਨੂੰ ਗੁਰੂ ਦੇ ਗੁਣਾਂ ਨੇ ਬਣਾਉਣਾ ਹੈ। ਇਸੇ ਲਈ ਸਾਨੂੰ ਬਾਣੀ ਵਾਰ-ਵਾਰ ਸਮਝਾ ਰਹੀ ਹੈ ਕਿ ਗੁਣਾਂ ਦੀ ਪੂਜਾ ਹੀ ਪ੍ਰਮਾਤਮਾ ਦੀ ਪੂਜਾ ਹੈ। **(ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥)** ਅੰਗ - ੧੮੭

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

{ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥}

(ਅੰਗ ੧੪੦)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥}

(ਅੰਗ ੧੮੭)

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥੧॥}

(ਅੰਗ ੪੮੯)

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥}

(ਅੰਗ ੪੯੧)

{ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥}

(ਅੰਗ ੪੭੬)

ਜੇਕਰ ਅਸਲੀਅਤ ਦੀ ਸੋਝੀ ਪੈ ਜਾਵੇ ਤਾਂ ਫਿਰ ਆਸਤਿਕ ਨਾਸਤਿਕ ਦਾ ਝਗੜਾ ਹੀ ਮੁੱਕ ਜਾਵੇ ਤੇ ਕੋਈ ਕਿਸੇ ਨੂੰ ਮੰਦਾ ਨਾ ਸਮਝੇ। ਧਰਮ ਗ੍ਰੰਥ ਸਾਡੇ ਲਈ ਕਿਤਨੇ ਜਰੂਰੀ ਹਨ ਇਸ ਗੱਲ ਨੂੰ ਸਮਝਣਾ ਵੀ ਜਰੂਰੀ ਹੈ। ਇੱਕ ਧਰਮ ਗ੍ਰੰਥ ਹੀ ਹਨ ਜੋ ਸਾਨੂੰ ਪ੍ਰਮਾਤਮਾ ਬਾਰੇ ਪੂਰਾ ਗਿਆਨ ਦੇ ਸਕਦੇ ਹਨ, ਚੰਗੀ ਮਾੜੀ ਗੱਲ ਦੀ ਸੋਝੀ ਪਾ ਸਕਦੇ ਹਨ, ਸਾਨੂੰ ਜੀਵਨ ਦਾ ਸਹੀ ਮਾਰਗ ਸਮਝਾ ਸਕਦੇ ਹਨ ਤਾਂ ਜੋ ਹਰ ਕੋਈ ਉਨ੍ਹਾਂ ਦੇ ਨਾਲ ਇੱਕ ਮਤਿ ਹੋ ਸਕੇ ਤੇ ਹਰ ਕੋਈ ਆਪਣੀ ਵੱਖਰੀ-ਵੱਖਰੀ ਮਤਿ ਦੀ ਗੱਲ ਨਾ ਕਰੇ। ਧਰਮ ਗ੍ਰੰਥ ਹੀ ਸਾਨੂੰ ਸਾਂਝੀਵਾਲਤਾ ਸਮਝਾਉਂਦੇ ਹਨ, ਸਾਰੀ ਮਨੁੱਖਤਾ ਨੂੰ ਇੱਕੋ ਜਿਹਾ ਗਿਆਨ ਦਿੰਦੇ ਹਨ, ਮਨੁੱਖ-ਮਨੁੱਖ ਦੇ ਵਿੱਚ ਭੇਦ ਨੂੰ ਮਿਟਾਉਣ ਦਾ ਸਬਕ ਦਿੰਦੇ ਹਨ, ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਜਿਹਾ ਮਾਰਗ ਸਮਝਾਉਂਦੇ ਹਨ, ਉਸਨੂੰ ਜਾਣਨ ਦਾ ਮਾਰਗ ਸਮਝਾਉਂਦੇ ਹਨ, ਆਪਣੇ ਆਪ ਦੀ ਪਹਿਚਾਣ ਕਰਨ ਦਾ ਤਰੀਕਾ ਸਮਝਾਉਂਦੇ ਹਨ। ਇਹ ਸਾਰਾ ਉੱਚਾ ਤੇ ਸੱਚਾ ਗਿਆਨ ਪ੍ਰਮਾਤਮਾ ਹਰ

7/615

ਮਨੁੱਖ ਨੂੰ ਵੱਖਰਾ-ਵੱਖਰਾ ਕਰ ਕੇ ਨਹੀਂ ਸਮਝਾਉਂਦਾ ਭਾਵ ਹਰ ਮਨ ਦੇ ਰਾਹੀ ਨਹੀਂ ਸਮਝਾਉਂਦਾ ਕਿਉਂਕਿ ਹਰ ਮਨੁੱਖ ਨੂੰ ਉਸਨੇ ਆਪ ਹੀ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ। ਆਪਣਾ ਪੂਰਾ ਗਿਆਨ ਉਹ ਕਦੇ-ਕਦੇ ਹੀ ਮਨੁੱਖੀ ਸਰੂਪ ਰਾਹੀਂ ਪ੍ਰਗਟ ਹੋ ਕੇ ਦਿੰਦਾ ਹੈ, ਧਰਮ ਗ੍ਰੰਥਾਂ ਦੀ ਰਚਨਾ ਕਰਨ ਲਈ ਦਿੰਦਾ ਹੈ ਤਾਂ ਜੋ ਹਰ ਕੋਈ ਉੱਥੋਂ ਗਿਆਨ ਲੈ ਸਕੇ ਅਤੇ ਆਪਣੇ ਜੀਵਨ ਦਾ ਮਨੋਰਥ ਅਤੇ ਮਾਰਗ ਸਮਝ ਸਕੇ। ਉਸਦਾ ਸੱਚਾ ਗਿਆਨ ਧਰਮ ਗ੍ਰੰਥਾਂ ਦੇ ਵਿੱਚ ਹੀ ਹੈ ਜਿੰਨ੍ਹਾਂ ਧਰਮ ਗ੍ਰੰਥਾਂ ਦਾ ਸਤਿਕਾਰ ਜਰੂਰੀ ਹੈ। ਗੱਲ ਕੇਵਲ ਧਰਮ ਗ੍ਰੰਥ ਵਿੱਚੋਂ ਸੱਚਾ ਗਿਆਨ ਲੈਣ ਦੀ ਹੈ, ਉਸਦੀ ਗੱਲ ਨੂੰ ਸਮਝ ਕੇ ਉਸ ਤੇ ਅਮਲ ਕਰਨ ਦੀ ਹੈ, ਅਸਲ ਤੌਰ ਤੇ ਆਸਤਕ ਬਣਨ ਦੀ ਹੈ। ਇਹ ਹਰ ਕਿਸੇ ਲਈ ਜਰੂਰੀ ਹੈ ਕਿ ਉਹ ਆਪਣੇ ਜੀਵਨ ਦੇ ਸਹੀ ਮਨੋਰਥ ਨੂੰ ਜਾਣੇ ਅਤੇ ਆਪਣਾ ਇਸ ਦੁਨੀਆਂ ਵਿੱਚ ਵਿਚਰਨਾ ਸਫ਼ਲ ਕਰੇ।

ਪਿੱਛੇ ਅਸੀਂ ਆਸਾ ਦੀ ਵਾਰ ਦੀ ਬਾਣੀ ਵਿੱਚੋਂ ਦੋ ਸਲੋਕਾਂ ਦੇ ਰਾਹੀਂ ਇਹ ਜਾਣਿਆ ਹੈ ਕਿ ਆਤਮਾ ਹੀ ਪ੍ਰਮਾਤਮਾ ਹੈ ਭਾਵ ਮਨ ਹੀ ਪ੍ਰਮਾਤਮਾ ਹੈ ਅਤੇ ਮਨ ਹੀ ਗੁਰੂ ਹੈ ਭਾਵ ਸਭ ਕੁੱਝ ਸਾਡੇ ਮਨ ਦੇ ਵਿੱਚ ਹੀ ਹੈ ਤੇ ਇਹ ਪ੍ਰਮਾਤਮਾ ਦੀ ਮਰਜੀ ਹੈ ਕਿ ਉਹ ਮਨੁੱਖ ਕੋਲੋਂ ਜੋ ਚਾਹੇ ਕਰਵਾ ਸਕਦਾ ਹੈ। ਇੱਕ ਨੂੰ ਪੜ੍ਹਿਆ ਹੋਇਆ ਬਣਾ ਕੇ ਵੀ ਭਾਵ ਧਰਮ ਗ੍ਰੰਥਾਂ ਦਾ ਗਿਆਤਾ ਬਣਾ ਕੇ ਵੀ ਔਗੁਣਾਂ ਵਿੱਚ ਰੱਖ ਸਕਦਾ ਹੈ ਤੇ ਕਿਸੇ ਨੂੰ ਬਿਨ੍ਹਾਂ ਪੜ੍ਹਨ ਦੇ ਹੀ ਸੱਚਾ ਬਣਾ ਸਕਦਾ ਹੈ, ਚੰਗੇ ਕਰਮ ਕਰਨ ਵਾਲਾ ਬਣਾ ਸਕਦਾ ਹੈ। ਸਭ ਕੁੱਝ ਉਸਦੀ ਰਜ਼ਾ ਹੈ। ਇਹੀ ਗੱਲ ਇਨ੍ਹਾਂ ਸਲੋਕਾਂ ਤੋਂ ਬਾਅਦ ਪਉੜੀ ਵਿੱਚ ਸਮਝਾਈ ਹੋਈ ਹੈ। ਸਲੋਕਾਂ ਦਾ ਅਤੇ ਪਉੜੀ ਦਾ ਭਾਵ ਇੱਕ ਹੀ ਹੁੰਦਾ ਹੈ ਸਿਰਫ਼ ਸਮਝ ਆਉਣ ਦੀ ਲੋੜ ਹੈ। ਹੇਠ ਦਿੱਤੀ ਪਉੜੀ ਨੂੰ ਧਿਆਨ ਨਾਲ ਵਿਚਾਰੋਗੇ ਤਾਂ ਪੜ੍ਹੇ, ਅਨਪੜ੍ਹੇ ਵਿੱਚ ਫ਼ਰਕ ਆਪ ਹੀ ਸਮਝ ਲੱਗ ਜਾਵੇਗਾ ਅਤੇ ਧਰਮ ਗ੍ਰੰਥਾਂ ਦੇ ਪੜ੍ਹਨ ਦਾ ਮਕਸਦ ਵੀ ਸਮਝ ਲੱਗ ਜਾਵੇਗਾ।

{ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥
ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥
ਮੁਹਿ ਚਲੈ ਸੁ ਅਗੈ ਮਾਰੀਐ॥੧੨॥}

(ਅੰਗ ੪੬੯)

ਇਸ ਪਉੜੀ ਦੇ ਅਰਥ ਅਸੀਂ ਪਹਿਲਾਂ ਹੀ ਪਿੱਛੇ ਜਾਣ ਚੁੱਕੇ ਹਾਂ ਜਿਸ ਨੂੰ ਦੁਬਾਰਾ ਲਿਖਣ ਦੀ ਲੋੜ ਨਹੀਂ ਹੈ। ਇੱਥੇ ਧਰਮ ਗ੍ਰੰਥਾਂ

7/616

ਦੇ ਪੜ੍ਹੇ ਅਤੇ ਅਨਪੜ੍ਹਿਆਂ ਵਿੱਚ ਫ਼ਰਕ ਹੀ ਸਮਝਾਇਆ ਹੋਇਆ ਹੈ ਕਿ ਦੋਨਾਂ ਵਿੱਚੋਂ ਚੰਗਾ ਕੌਣ ਹੈ। ਚੰਗਾ ਉਹ ਹੈ ਜੋ ਚੰਗੇ ਕਰਮ ਕਰਦਾ ਹੈ, ਜਿਸ ਦੇ ਵਿਚਾਰ ਚੰਗੇ ਹਨ ਅਤੇ ਮੰਦਾ ਉਹ ਜੋ ਮਾੜੇ ਕਰਮ ਕਰਦਾ ਹੈ। ਪ੍ਰਮਾਤਮਾ ਦੇ ਦਰ ਤੇ ਸਜਾਵਾਂ ਉਹੀ ਭੁਗਤਦਾ ਹੈ ਜੋ ਮਾੜੇ ਕਰਮ ਕਰਦਾ ਹੈ। ਪ੍ਰਮਾਤਮਾ ਦਾ ਦਰ ਸਾਡੇ ਅੰਦਰ ਹੀ ਹੈ ਜੋ ਕਿ ਸਾਡਾ ਮਨ ਹੈ ਤੇ ਸਜਾਵਾਂ ਵੀ ਪ੍ਰਮਾਤਮਾ ਮਨ ਦੇ ਵਿਚ ਹੀ ਦਿੰਦਾ ਹੈ, ਇਸ ਸਰੀਰ ਨੂੰ ਦੇਂਦਾ ਹੈ। ਸਾਡੇ ਅੰਦਰ ਦੀਆਂ ਜੋ ਟੈਨਸ਼ਨਾਂ ਹਨ ਉਹ ਪ੍ਰਮਾਤਮਾ ਦੇ ਦਰ ਤੋਂ ਮਿਲਣ ਵਾਲੀਆਂ ਸਜਾਵਾਂ ਹੀ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਵਿਚਾਰ ਦੇਣ ਵਾਲਾ ਉਹ ਆਪ ਹੈ। ਉਹ ਪੜ੍ਹੇ ਹੋਏ ਨੂੰ ਵੀ ਮੂਰਖ ਬਣਾ ਸਕਦਾ ਹੈ, ਉਸ ਕੋਲੋਂ ਮਾੜੇ ਕੰਮ ਕਰਵਾ ਸਕਦਾ ਹੈ ਅਤੇ ਬਿਨ੍ਹਾਂ ਪੜ੍ਹੇ ਹੋਏ ਨੂੰ ਚੰਗੇ ਵਿਚਾਰ ਦੇ ਕੇ ਉਸਦੀ ਨੀਅਤ ਰਾਸਿ ਕਰ ਸਕਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਉਸੇ ਤੇ ਹੀ ਹੈ ਜਿਸਨੂੰ ਉਸਨੇ ਵਿਚਾਰ ਚੰਗੇ ਦਿੱਤੇ ਹੋਏ ਹਨ, ਜੋ ਕਰਮ ਚੰਗੇ ਕਰ ਰਿਹਾ ਹੈ, ਜਿਸ ਕੋਲੋਂ ਆਪਣਾ ਨਾਮ ਜਪਵਾ ਰਿਹਾ ਹੈ। ਆਪਣਾ ਨਾਮ ਉਹ ਆਪ ਹੀ ਜਪਵਾ ਸਕਦਾ ਹੈ, ਮਨੁੱਖ ਨੂੰ ਚੰਗੇ ਕਰਮਾਂ ਵਾਲਾ ਉਹ ਆਪ ਹੀ ਬਣਾ ਸਕਦਾ ਹੈ।

ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਅਤੇ ਸਭ ਦੇ ਅੰਦਰ ਉਸਦਾ ਹੀ ਹੁਕਮ ਚੱਲ ਰਿਹਾ ਹੈ ਪਰ ਇਹ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਇਹ ਸੋਝੀ ਉਸ ਦੇ ਆਪਣੇ ਪਾਉਣ ਦੁਆਰਾ ਹੀ ਪੈ ਸਕਦੀ ਹੈ। ਇਹ ਗੱਲ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਪੱਸ਼ਟ ਕੀਤੀ ਹੈ। ਭਾਵੇਂ ਕੋਈ ਕਿਸੇ ਨੂੰ ਜਿਤਨਾ ਮਰਜ਼ੀ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚ ਹੀ ਹੁੰਦੇ ਹਨ, ਇਸ ਗੱਲ ਨੂੰ ਕੋਈ ਨਹੀਂ ਮੰਨ ਸਕਦਾ ਕਿਉਂਕਿ ਇਸ ਗੱਲ ਦਾ ਯਕੀਨ ਕਿਸੇ ਨੂੰ ਆਪਣੇ ਆਪ ਆਉਂਦਾ ਹੀ ਨਹੀਂ। ਇਹ ਯਕੀਨ ਕੇਵਲ ਤੇ ਕੇਵਲ ਮਨ ਦੇ ਅੰਦਰੋਂ ਹੀ ਆਉਂਦਾ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਦੇ ਆਪ ਪਰਗਟ ਹੋਣ ਨਾਲ ਹੀ ਆਉਂਦਾ ਹੈ। ਉਹ ਆਪ ਹੀ ਮਨ ਦੀ ਸਮਝ ਰਾਹੀਂ ਯਕੀਨ ਦਿਵਾਉਂਦਾ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ ਕਿ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ ਪਰ ਅਸੀਂ ਇਸ ਗੱਲ ਨੂੰ ਮੰਨਣ ਤੋਂ ਅਸਮੱਰਥ ਹਾਂ, ਕਿਉਂਕਿ ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਕਿ ਜਦੋਂ ਉਹ ਆਪ ਹੀ ਕਿਸੇ ਦੇ ਅੰਦਰ, ਮਨ ਦੇ ਅੰਦਰ ਸੋਝੀ ਪਾਵੇਗਾ, ਪ੍ਰਗਟ ਹੋਵੇਗਾ ਤੇ ਉਸਨੂੰ ਯਕੀਨ ਆ ਸਕਦਾ ਹੈ।

“ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ॥
ਏਵ ਭਿ ਆਖਿ ਨ ਜਾਪਣੀ ਜਿ ਕਿਸੈ ਆਣੇ ਰਾਸਿ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥੩॥”

(ਅੰਗ ੪੬੩)

ਇਹ ਸਭ ਜਗ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਰਚਨਾ ਹੈ

7/617

ਅਤੇ ਸਭ ਦੇ ਵਿੱਚ ਉਹ ਆਪ ਹੀ ਵਰਤ ਰਿਹਾ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦੀ ਆਪਣੀ ਕੋਠੜੀ ਹੈ ਤੇ ਮਨੁੱਖੀ ਦੇਹ ਵੀ ਉਸੇ ਦੀ ਕੋਠੜੀ ਹੈ ਤੇ ਉਸਦਾ ਵਾਸ ਵੀ ਮਨੁੱਖੀ ਦੇਹ ਦੇ ਵਿੱਚ ਹੈ ਜੋ ਕਿ ਮਨੁੱਖੀ ਮਨ ਹੈ ਜਿੱਥੋਂ ਮਨ ਦੇ ਵਿਚਾਰਾਂ ਰਾਹੀਂ ਉਸਦਾ ਹੁਕਮ ਚੱਲਦਾ ਹੈ ਅਤੇ ਉਹ ਹਰ ਕਿਸੇ ਨੂੰ ਆਪਣੇ ਹੁਕਮ ਅਨੁਸਾਰ ਚਲਾਉਂਦਾ ਹੈ। ਜਦੋਂ ਹੁਕਮ ਹੀ ਉਸਦਾ ਚੱਲਦਾ ਹੈ ਤਾਂ ਫਿਰ ਮਨੁੱਖ ਦੇ ਵੱਸ ਰਹਿ ਹੀ ਕੀ ਜਾਂਦਾ ਹੈ। ਜਿਸ ਨੂੰ ਉਸਨੇ ਆਪਣੇ ਨਾਲ ਮਿਲਾਉਣਾ ਹੈ ਇਹ ਵੀ ਉਸ ਦੀ ਰਜ਼ਾ ਹੈ ਅਤੇ ਜਿਸਨੂੰ ਉਸਨੇ ਆਪਣੇ ਤੋਂ ਦੂਰ ਰੱਖਣਾ ਹੈ, ਜਿਸਦਾ ਜੀਵਨ ਨਾਸ਼ ਕਰਨਾ ਹੈ, ਬਰਬਾਦ ਕਰਨਾ ਹੈ ਇਹ ਵੀ ਉਸ ਦੀ ਹੀ ਰਜ਼ਾ ਹੈ। ਮਨੁੱਖ ਨੇ ਉਹੀ ਕੁੱਝ ਕਰਨਾ ਹੈ ਜਿਹੋ ਜਿਹਾ ਉਸਨੂੰ ਮਨ ਦੇ ਅੰਦਰੋਂ ਹੁਕਮ ਮਿਲਦਾ ਹੈ, ਮਨ ਦੇ ਵਿੱਚੋਂ ਸੋਚ ਮਿਲਦੀ ਹੈ। ਸਾਨੂੰ ਉਹ ਕਿਹੋ ਜਿਹੀ ਸੋਚ ਦਿੰਦਾ ਹੈ, ਇਹ ਉਸਦੀ ਰਜ਼ਾ ਹੈ। **(ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ**

ਵਿਚਿ ਵਾਸੁ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥) ਪ੍ਰਮਾਤਮਾ ਜਿਸ ਦਾ ਵਿਨਾਸ਼ ਕਰਦਾ ਹੈ, ਉਹ ਕਿਸ ਤਰੀਕੇ ਕਰਦਾ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਹੁਕਮ ਵਿੱਚ, ਉਸਦੀ ਮਤਿ ਵਿੱਚ,ਉਸਦੇ ਸੱਚੇ ਗਿਆਨ ਵਿੱਚ ਉਹੀ ਸਮਾਅ ਸਕਦਾ ਹੈ,ਉਸਦੇ ਨਾਲ ਉਹੀ ਮਿਲ ਸਕਦਾ ਹੈ, ਜਿਸ ਨੂੰ ਉਹ ਆਪਣੇ ਭਾਣੇ ਵਿੱਚ ਚਲਾ ਲਵੇ। ਉਸਦੇ ਭਾਣੇ ਵਿੱਚ ਤਾਂ ਹੀ ਚੱਲਿਆ ਜਾ ਸਕਦਾ ਹੈ ਜੇਕਰ ਉਹ ਮਨੁੱਖ ਨੂੰ ਮਾਇਆ ਮੋਹ ਵਿੱਚੋਂ ਕੱਢ ਲਵੇ। ਜਿਸਨੂੰ ਉਹ ਮਾਇਆ ਮੋਹ ਵਿੱਚੋਂ ਨਹੀਂ ਕੱਢਦਾ ਭਾਵ ਜਿਸਦੀ ਸੋਚ ਮਾਇਆ ਵਾਲੀ ਹੀ ਰੱਖਦਾ ਹੈ, ਔਗੁਣਾਂ ਵਾਲੀ ਹੀ ਰੱਖਦਾ ਹੈ ਉਸ ਦਾ ਜੀਵਨ ਬਰਬਾਦ ਕਰ ਦਿੰਦਾ ਹੈ। **(ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ॥)** ਪ੍ਰਮਾਤਮਾ ਦੀ ਸਾਡੇ ਤੇ ਕ੍ਰਿਪਾ ਮਨ ਦੇ ਵਿੱਚ ਹੀ ਹੁੰਦੀ ਹੈ। ਔਗੁਣਾਂ ਵਿੱਚੋਂ ਮਨੁੱਖ ਨੂੰ ਉਹ ਆਪ ਹੀ ਕੱਢ ਸਕਦਾ ਹੈ ਪਰ ਇਸ ਗੱਲ ਲਈ ਉੱਦਮ ਕਰਨਾ ਮਨੁੱਖ ਦੇ ਸਿਰ ਰੱਖਿਆ ਹੋਇਆ ਹੈ ਜੋ ਕਿ ਬਹੁਤ ਔਖਾ ਹੈ। ਮਾਇਆ-ਮੋਹ ਛੱਡਣਾ ਬਹੁਤ ਔਖਾ ਹੈ, ਤ੍ਰਿਸ਼ਨਾਵਾਂ ਨੂੰ ਕਾਬੂ ਵਿੱਚ ਰੱਖਣਾ ਬਹੁਤ ਔਖਾ ਹੈ। ਜਿੱਥੋਂ ਸਾਡੇ ਅੰਦਰ ਮਾਇਆ ਮੋਹ ਉਪਜਦਾ ਹੈ, ਉੱਥੋਂ ਹੀ ਵੱਸ ਆ ਸਕਦਾ ਹੈ। ਸਾਰੀ ਗੱਲ ਅੰਦਰ ਦੀ ਸੋਚ ਦੀ ਹੈ ਜੋ ਕਿ ਮਨੁੱਖ ਦੇ ਵੱਸ ਨਹੀਂ ਹੈ। ਇਹ ਮਨ ਦੀ ਸੋਚ ਹੀ ਪ੍ਰਮਾਤਮਾ ਦਾ ਹੁਕਮ ਹੈ ਜਿਸ ਹੁਕਮ ਨਾਲ ਮਨੁੱਖ ਚੱਲ ਰਿਹਾ ਹੈ। ਪ੍ਰਮਾਤਮਾ ਦੇ ਆਪਣੇ ਮਨ ਦੇ ਅੰਦਰ ਚੱਲ ਰਹੇ ਇਸ ਹੁਕਮ ਨੂੰ ਬੁੱਝਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਣਾ ਹੈ ਪਰ ਇਹ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਜੇਕਰ ਕਿਸੇ ਤੇ ਉਸ ਦੀ ਕਿਰਪਾ ਹੋ ਜਾਵੇ।

7/618

ਮਨੁੱਖ ਦੇ ਆਪਣੇ ਹੱਥ ਵੱਸ ਕੁੱਝ ਨਹੀਂ ਹੈ ਤੇ ਉਹ ਕੇਵਲ ਭੁਲੇਖੇ ਵਿੱਚ ਹੀ ਆਪਣੀ ਕਾਇਆ ਦੁਆਰਾ, ਸਰੀਰਕ ਕਿਰਿਆਵਾਂ ਦੁਆਰਾ ਪ੍ਰਮਾਤਮਾ ਨੂੰ ਲੱਭਣ ਦੀ ਕੋਸ਼ਿਸ਼ ਕਰੀ ਜਾਂਦਾ ਹੈ। ਨਾ ਇਸ ਤਰੀਕੇ ਕਦੇ ਕਿਸੇ ਨੇ ਉਸਨੂੰ ਪਾਇਆ ਹੈ ਅਤੇ ਨਾ ਹੀ ਇਸ ਤਰੀਕੇ ਪਾਇਆ ਜਾ ਸਕਦਾ ਹੈ। ਇਸੇ ਲਈ ਬਾਣੀ ਸਾਨੂੰ ਵਾਰ-ਵਾਰ ਇਹਨਾਂ ਤਰੀਕਿਆਂ ਵਿੱਚੋਂ ਨਿਕਲਣ ਲਈ ਪ੍ਰੇਰ ਰਹੀ ਹੈ। ਆਪਣੀ ਮਤਿ ਛੱਡੇ ਬਿਨ੍ਹਾਂ ਉਸ ਪ੍ਰਮਾਤਮਾ ਦੇ ਨਾਲ ਨਹੀਂ ਜੁੜਿਆ ਜਾ ਸਕਦਾ ਅਤੇ ਇਹ ਮਤਿ ਸਾਡੇ ਵੱਸ ਨਹੀਂ ਹੈ। ਬਹੁਤ ਔਖਾ ਹੈ ਮਨਮਤਿ ਵਿੱਚੋਂ ਨਿਕਲਣਾ ਤੇ ਗੁਰੂ ਦੀ ਮਤਿ ਵਿੱਚ ਰਲਣਾ। ਮਨ ਦੇ ਵਿੱਚੋਂ ਗਿਆਨ ਹੀ ਮਿਲਦਾ ਹੈ ਤੇ ਮਨ ਦੇ ਵਿੱਚੋਂ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਮਨ ਦੀ ਸਮਝ ਰਾਹੀਂ ਉਸ ਪ੍ਰਮਾਤਮਾ ਦੇ ਦਰਸ਼ਨ ਹੋਣ ਦੇ ਨਾਲ, ਉਸ ਦਾ ਹੁਕਮ ਬੁੱਝਣ ਦੇ ਨਾਲ ਮਨੁੱਖ ਮਨ ਦੀ ਸਮਝ ਦੁਆਰਾ ਉਸ ਦੇ ਸੱਚੇ ਗਿਆਨ ਦੇ ਨਾਲ, ਚੌਥੇ ਪਦ ਵਾਲੇ ਗਿਆਨ ਦੇ ਨਾਲ ਜੁੜ ਜਾਂਦਾ ਹੈ। ਇਹ ਸੱਚਾ ਗਿਆਨ ਹੀ ਮਨੁੱਖ ਦੀ ਸੱਚੀ ਰਾਸਿ ਹੈ, ਸੱਚੀ ਪੂੰਜੀ ਹੈ, ਨਾਮ ਦੀ ਰਾਸਿ ਹੈ ਜਿਸ ਦੁਆਰਾ ਮਨੁੱਖ ਉਸਦੇ ਹੁਕਮ ਵਿੱਚ ਸਮਾਇਆ ਰਹਿੰਦਾ ਹੈ, ਉਸ ਦੀ ਮਤਿ ਦੇ ਵਿੱਚ ਸਮਾਇਆ ਰਹਿੰਦਾ ਹੈ। ਪ੍ਰਮਾਤਮਾ ਇਹ ਆਪਣੀ ਸੱਚੀ ਪੂੰਜੀ ਜਿਸ ਨਾਲ ਮਨ ਦੇ ਵਿੱਚੋਂ ਉਸਦੇ ਦਰਸ਼ਨ ਹੁੰਦੇ ਹਨ, ਕਿਸੇ ਵਿਰਲੇ ਨੂੰ ਹੀ ਦਿੰਦਾ ਹੈ ਭਾਵ ਕਿਸੇ ਵਿਰਲੇ ਦੇ ਅੰਦਰ ਹੀ ਪ੍ਰਗਟ ਹੁੰਦਾ ਹੈ। ਜੇਕਰ ਕਿਸੇ ਮਨੁੱਖ ਨੂੰ ਇਸ ‘‘ਰਾਸਿ’’ ਦੀ ਪ੍ਰਾਪਤੀ ਹੋ ਜਾਵੇ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ ਤਾਂ ਫਿਰ ਉਹ ਕਿਸੇ ਨੂੰ ਇਹ ਕਹਿ ਕੇ ਸਮਝਾਵੇ ਕਿ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ, ਇਹ ਸਰੀਰ ਉਸੇ ਦੀ ਕੋਠੜੀ ਹੈ ਤੇ ਉਸਦਾ ਵਾਸ ਆਪਣੇ ਅੰਦਰ ਹੀ ਹੈ ਤੇ ਸੁਣਨ ਵਾਲੇ ਦਾ ਜਵਾਬ ਅੱਗੋਂ ਇਹ ਹੋਵੇਗਾ "ਏਵ ਭਿ" ਭਾਵ ਕਦੇ ਇਸ ਤਰ੍ਹਾਂ ਵੀ ਹੋ ਸਕਦਾ ਹੈ ਭਾਵ ਇਹ ਗੱਲ ਯਕੀਨ ਕਰਨ ਲਾਇਕ ਨਹੀਂ ਹੈ। ਕੋਈ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੋਵੇਗਾ। ਜਿਤਨਾ ਮਰਜ਼ੀ ਸਮਝਾਉਣ ਦੀ ਕੋਸ਼ਿਸ਼ ਕਰੋ ਇਹ ਗੱਲ ਸੁਣ ਕੇ ਸੁਣਨ ਵਾਲਾ ਹੈਰਾਨ ਜਰੂਰ ਹੋਵੇਗਾ ਪਰ ਮੰਨ ਨਹੀਂ ਸਕਦਾ। ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਏਵ ਭਿ ਆਖਿ ਨ ਜਾਪਣੀ ਜਿ ਕਿਸੈ ਆਣੇ ਰਾਸਿ॥)** ਇਹ ਇਤਨੀ ਵੱਡੀ ਗੱਲ ਹੈ ਜਿਸਦਾ ਯਕੀਨ ਕੇਵਲ ਤੇ ਕੇਵਲ ਉਹ ਆਪ ਹੀ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਦਿਵਾ ਸਕਦਾ ਹੈ ਜਿਵੇਂ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। **"ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥੩॥**’’ ਉਸ ਪ੍ਰਮਾਤਮਾ ਨੂੰ ਤਾਂ ਹੀ ਜਾਣਿਆ ਜਾ ਸਕਦਾ ਹੈ ਜਿਸ ਦੇ

7/619

ਮਨ ਵਿੱਚ ਉਹ ਆਪ ਹੀ ਆਪਣੇ ਸੱਚੇ ਗਿਆਨ ਦਾ ਭਾਵ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਖਾਉਂਦਾ ਹੈ, ਆਪਣੀ ਰਾਸਿ ਆਪ ਹੀ ਸੌਂਪਦਾ ਹੈ, ਆਪਣਾ ਨਾਮ ਆਪ ਹੀ ਬਖਸ਼ਦਾ ਹੈ।

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥}

(ਅੰਗ - ੧੧੦੨)

ਇੱਕ ਮਨੱਖ ਦੂਸਰੇ ਮਨੁੱਖ ਨੂੰ ਇਸ ਗੱਲ ਦਾ ਯਕੀਨ ਕਦੇ ਦਿਵਾ ਹੀ ਨਹੀਂ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਆਪ ਹੀ ਹੈ। ਕਿਸੇ ਨੂੰ ਇਹ ਮਨਾਉਣਾ ਨਾਮੁਮਕਿਨ ਹੀ ਹੈ ਕਿਉਂਕਿ ਮਨ ਦੀ ਸਮਝ ਸਾਡੀ ਆਪਣੀ ਨਹੀਂ ਹੈ ਜਿਸ ਸਮਝ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਭ ਕੋਲੋਂ ਆਪਣਾ ਪੜਦਾ ਰੱਖਿਆ ਹੋਇਆ ਹੈ। ਆਪਣਾ ਨਾਮ ਭਾਵ ਆਪਣਾ ਬ੍ਰਹਮ ਗਿਆਨ ਉਹ ਆਪ ਹੀ ਦੇ ਸਕਦਾ ਹੈ, ਆਪਣੇ ਦਰਸ਼ਨ ਉਹ ਆਪ ਹੀ ਕਰਵਾ ਸਕਦਾ ਹੈ। ਬਾਣੀ ਵਿੱਚ ਵੀ ਭਾਵੇਂ ਇਹ ਗੱਲ ਵਾਰ-ਵਾਰ ਦੱਸੀ ਗਈ ਹੈ ਕਿ ਪ੍ਰਮਾਤਮਾ ਘਟ-ਘਟ ਵਿੱਚ ਵੱਸ ਰਿਹਾ ਹੈ, ਪਰ ਉਹ ਕਿਵੇਂ ਵੱਸ ਰਿਹਾ ਹੈ, ਕਿੱਥੇ ਵੱਸ ਰਿਹਾ ਹੈ, ਕਿਸ ਤਰੀਕੇ ਨਾਲ ਉਸਦਾ ਹੁਕਮ ਵਰਤ ਰਿਹਾ ਹੈ, ਇਹ ਮਤਿ ਉਸੇ ਦੀ ਹੈ, ਸਾਰਾ ਗਿਆਨ ਦੇਣ ਵਾਲਾ ਉਹ ਆਪ ਹੀ ਹੈ, ਮਨੁੱਖ ਦੀ ਹੋਂਦ ਕੇਵਲ ਝੂਠ ਦੀ ਹੈ, ਇਸ ਗੱਲ ਦੀ ਸੋਝੀ, ਇਸਦਾ ਯਕੀਨ ਉਸਦੇ ਦਿਵਾਏ ਹੀ ਆ ਸਕਦਾ ਹੈ, ਉਸਦੇ ਮਨ ਦੇ ਵਿੱਚ ਪ੍ਰਗਟ ਹੋਣ ਤੇ ਹੀ ਆ ਸਕਦਾ ਹੈ, ਉਸ ਤੋਂ ਪਹਿਲੇ ਪ੍ਰਮਾਤਮਾ ਬਾਰੇ ਸਾਡੀ ਦੁਚਿੱਤੀ ਨਹੀਂ ਜਾ ਸਕਦੀ, ਸਾਡਾ ਭਰਮ ਨਹੀਂ ਮਿਟ ਸਕਦਾ। ਇਹ ਭਰਮ ਉਸ ਦੇ ਨਾਲ ਮੇਲ ਤੋਂ ਬਾਅਦ ਹੀ ਜਾ ਸਕਦਾ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਪੂਰੀ ਬਾਣੀ ਉਸਦਾ ਸੱਚਾ ਗਿਆਨ ਹੈ, ਸੱਚੀ ਰਾਸਿ ਹੈ ਜਿਸ ਦੁਆਰਾ ਉਸਨੂੰ ਸਮਝਿਆ ਜਾ ਸਕਦਾ ਹੈ। ਇਸ ਸੱਚੀ ਰਾਸਿ ਤੇ, ਗੁਰੂ ਦੀ ਸੱਚੀ ਮਤਿ ਤੇ ਚੱਲ ਕੇ ਹੀ ਮਨ ਦੇ ਵਿੱਚੋਂ ਉਸ ਸੱਚੀ ਰਾਸਿ ਦੀ, ਸੱਚੀ ਪੂੰਜੀ ਦੀ ਪ੍ਰਾਪਤੀ ਹੋ ਸਕਦੀ ਹੈ। ਹੋਰ ਕੋਈ ਤਰੀਕਾ ਨਹੀਂ ਹੈ। ਇਹ ਸੱਚੀ ਰਾਸਿ, ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦੁਆਰਾ ਮਨ ਦੇ ਵਿੱਚ ਪ੍ਰਕਾਸ਼ ਹੁੰਦਾ ਹੈ ਜੋ ਪ੍ਰਕਾਸ਼ ਹੋਣ ਦੁਆਰਾ ਮਨੁੱਖ ਪ੍ਰਮਾਤਮਾ ਨੂੰ ਸਮਝਣ ਵਿੱਚ ਤੇ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਹਰ ਭਰਮ ਵਿੱਚੋਂ ਨਿਕਲ ਜਾਂਦਾ ਹੈ, ਭਰਮਾਂ ਵਾਲੀ ਸਮਝ ਤੋਂ ਮੁਕਤ ਹੋ ਜਾਂਦਾ ਹੈ।

ਜਦ ਤੱਕ ਅਸੀਂ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝਦੇ, ਉਸਨੂੰ ਨਹੀਂ ਜਾਣਦੇ ਤਦ ਤੱਕ ਸਾਡੀ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਨਹੀਂ ਹੋ ਸਕਦੀ ਜਿਸ ਆਵਾਗਉਣ ਦਾ ਕਾਰਣ ਸਾਡੇ ਮਨ ਦੀ ਅਗਿਆਨਤਾ ਹੈ, ਸਾਡੇ ਮਨ ਦਾ ਭਰਮ ਹੈ ਕਿ ਅਸੀਂ ਪ੍ਰਮਾਤਮਾ ਤੋਂ ਵੱਖਰੇ ਹਾਂ। ਜਦ ਤੱਕ ਅਸੀਂ ਆਪਣੀ ਹਉਮੈ ਨਹੀਂ ਛੱਡਦੇ ਭਾਵ ਜਦ ਤੱਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਮਨੁੱਖ ਦੀ ਹੋਂਦ ਇੱਕ ਝੂਠ ਹੈ ਤੇ ਸਭ ਕੁੱਝ ਕੇਵਲ ਇੱਕ ਪ੍ਰਮਾਤਮਾ ਆਪ ਹੀ ਹੈ ਤਦ ਤੱਕ ਮੁਕਤੀ ਨਹੀਂ ਹੈ। ਹਉਮੈ ਦਾ ਖ਼ਤਮ ਹੋਣਾ ਹੀ, ਮਨ ਦੀ ਨਾਸਮਝੀ ਦਾ ਖ਼ਤਮ ਹੋਣਾ ਹੀ ਸਾਡੀ ਮੁਕਤੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ।

(ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥)

(ਅੰਗ - ੧)

ਇਹੀ ਮਨੁੱਖ ਦੀ ਜਿੰਦਗੀ ਦਾ ਮਨੋਰਥ ਹੈ ਕਿ ਉਹ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਭਾਵ ਆਪਣੇ ਆਪ ਦੀ ਤੇ ਇਸ ਸੰਸਾਰ ਦੀ ਅਸਲੀਅਤ ਨੂੰ ਸਮਝੇ, ਭਗਤੀ ਦੇ ਸਹੀ ਮਾਰਗ ਨੂੰ ਸਮਝੇ। ਜਦ ਤੱਕ ਮਨੁੱਖ ਇਸ ਮਨੋਰਥ ਦੀ ਪੂਰਤੀ ਨਹੀਂ ਕਰਦਾ ਇਹ ਆਵਾਗਉਣ ਨਹੀਂ ਕੱਟਿਆ ਜਾ ਸਕਦਾ। ਇਸ ਮਨੋਰਥ ਦੀ ਪੂਰਤੀ ਮਨੁੱਖਾ ਜੀਵਨ

ਵਿੱਚ ਕੇਵਲ ਨਾਮ ਜਪ ਕੇ ਹੀ ਹੋ ਸਕਦੀ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਣ ਦਾ ਉੱਦਮ ਕਰਕੇ ਹੀ ਹੋ ਸਕਦੀ ਹੈ, ਕੇਵਲ ਚੰਗੇ ਕਰਮ ਕਰਨ ਦੁਆਰਾ ਹੀ ਹੋ ਸਕਦੀ ਹੈ।

ਧਰਮ ਦੇ ਸੱਚੇ ਮਾਰਗ ਤੇ ਚੱਲਣ ਦਾ ਉੱਦਮ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਹੇਠ ਦਿੱਤੀ ਪਉੜੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

“ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥੨॥”

(ਅੰਗ ੪੬੩)

ਐਥੇ ਮਨੁੱਖ ਨੂੰ ਉਸਦੀ ਜਿੰਦਗੀ ਦਾ ਮਨੋਰਥ ਸਮਝਾਇਆ ਹੋਇਆ ਹੈ ਕਿ ਅਸੀਂ ਜੀਵਨ ਵਿੱਚ ਕੀ ਕੁੱਝ ਕਰਨਾ ਹੈ ਅਤੇ ਪ੍ਰਮਾਤਮਾ ਨੇ ਸਾਨੂੰ ਸੰਸਾਰ ਦੇ ਵਿੱਚ ਕਿਸ ਲਈ ਬਿਠਾਇਆ ਹੋਇਆ ਹੈ ਭਾਵ ਸਾਡਾ ਜੀਵਨ ਕਿਸ ਕਰਕੇ ਸਫ਼ਲ ਨਹੀਂ ਹੁੰਦਾ ਤੇ ਕਿਸ ਤਰੀਕੇ ਸਫ਼ਲ ਹੋ ਸਕਦਾ ਹੈ। ਜਦ ਤੱਕ ਸਾਡਾ ਪ੍ਰਮਾਤਮਾ ਦੇ ਦਰ ਤੇ ਨਿਬੇੜਾ ਨਹੀਂ ਹੁੰਦਾ ਤਦ ਤੱਕ ਪ੍ਰਮਾਤਮਾ ਨੇ ਸਾਨੂੰ ਵਾਰ-ਵਾਰ ਜੂਨਾਂ ਵਿੱਚ ਭਾਵ ਮਨ ਦੇ ਆਵਾਗਉਣ ਵਿੱਚ ਹੀ ਪਾਈ ਰੱਖਣਾ ਹੈ। ਅਸੀਂ ਆਪਣੇ ਜੀਵਨ ਵਿੱਚ ਜਿਹੋ ਜਿਹੀ ਵਿਚਰਨ ਕਰਨੀ ਹੈ ਉਹੋ ਜਿਹੇ ਸਾਡੇ ਲੇਖ ਲਿਖੇ ਜਾਂਦੇ ਹਨ। “ਲਿਖਿ” ਤੋਂ ਭਾਵ ਹੈ ਸਾਡੇ “ਲੇਖਾਂ ਦੀ ਲਿਖਤ” ਜੋ ਕਿ ਸਾਡੇ ਕਰਮਾਂ ਦੁਆਰਾ ਲਿਖੀ ਜਾਂਦੀ ਹੈ। ਸਾਡੇ ਚੰਗੇ ਕਰਮਾਂ ਦੁਆਰਾ ਸਾਡੇ ਚੰਗੇ ਲੇਖ ਲਿਖੇ ਜਾਂਦੇ ਹਨ ਅਤੇ ਮਾੜੇ ਕਰਮਾਂ ਦੁਆਰਾ ਸਾਡੇ ਮਾੜੇ ਲੇਖ ਲਿਖੇ ਜਾਂਦੇ ਹਨ। ਇਹ ਲੇਖ ਸਾਡੇ ਨਾਮ ਜਪਣ ਦੁਆਰਾ ਲਿਖੇ ਜਾਣੇ ਹਨ। ਜਿਹੋ ਜਿਹਾ ਨਾਮ ਜਪਾਂਗੇ ਉਹੋ ਜਿਹੇ ਲੇਖ ਲਿਖੇ ਜਾਣੇ ਹਨ। ਅਸੀਂ ਇਸ ਸੰਸਾਰ ਵਿੱਚ ਧਰਮ ਕਮਾਉਣ ਲਈ ਆਏ ਹਾਂ, ਧਰਮ ਦੇ ਕੰਮ ਕਰਨ ਲਈ ਆਏ ਹਾਂ। ਜਿਹੋ ਜਿਹਾ ਧਰਮ ਕਮਾਵਾਂਗੇ ਉਹੋ ਜਿਹੇ ਸਾਡੇ ਲੇਖ ਲਿਖੇ ਜਾਣਗੇ। ਜਿਹੋ ਜਿਹੇ ਸਾਡੇ ਲੇਖ ਹੋਣਗੇ ਉਸਦੇ ਅਨੁਸਾਰ ਹੀ ਸਾਡਾ ਨਿਬੇੜਾ ਹੋਵੇਗਾ ਭਾਵ ਸਾਡੇ ਜੀਵਨ ਦਾ ਮਕਸਦ ਇਹ ਹੈ ਕਿ ਅਸੀਂ ਨਾਮ ਦੁਆਰਾ ਵਿਚਰੀਏ, ਧਰਮੀ ਬਣ ਕੇ ਵਿਚਰੀਏ ਭਾਵ ਗੁਰਮਤਿ ਅਨੁਸਾਰ ਚੰਗੇ ਕਰਮ ਕਰਨ ਦੁਆਰਾ ਵਿਚਰੀਏ। **(ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥)** ਜਿੱਥੇ ਪ੍ਰਮਾਤਮਾ ਦੇ ਦਰ ਤੇ ਭਾਵ ਸਾਡੇ ਮਨ ਦੇ ਵਿੱਚ ਸਾਡੇ ਲੇਖ ਲਿਖੇ ਜਾਂਦੇ ਹਨ, ਉੱਥੇ ਨਿਬੇੜਾ ਕਿਵੇਂ ਹੋਣਾ ਹੈ ਇਸ ਦੀ ਸੋਝੀ ਨਾਲ ਹੀ ਅਗਲੀਆਂ ਪੰਗਤੀਆਂ ਵਿੱਚ ਪਾਈ ਹੋਈ ਹੈ।

“ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥”

ਉਹ ਲੇਖ ਲਿਖਣ ਵਾਲਾ ਸਾਡੇ ਅੰਦਰ ਹੀ ਬੈਠਾ ਹੈ ਜਿੱਥੇ ਪਲ-ਪਲ ਦਾ ਲੇਖਾ ਲਿਖਿਆ ਜਾ ਰਿਹਾ ਹੈ। ਮਨੁੱਖ ਦਾ ਨਿਬੇੜਾ ਵੀ ਉੱਥੇ ਹੀ ਹੋਣਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਦਰ ਤੇ ਹੀ ਹੋਣਾ ਹੈ। "ਸਚੇ" ਤੋਂ ਭਾਵ ਹੈ ਸੱਚ ਤੇ ਚੱਲਣ ਵਾਲੇ ਮਨੁੱਖ, ਸੱਚੇ ਸੁੱਚੇ ਕਰਮ ਕਰਨ ਵਾਲੇ ਮਨੁੱਖ, ਝੂਠ, ਔਗੁਣਾਂ ਤੋਂ ਦੂਰ ਰਹਿਣ ਵਾਲੇ ਮਨੁੱਖ, ਗੁਰੂ ਦੀ ਸੱਚੀ ਮਤਿ

ਅਨੁਸਾਰ ਚੱਲਣ ਵਾਲੇ ਮਨੁੱਖ। "ਸਚਿ" ਤੋਂ ਭਾਵ ਹੈ “ਸੱਚ” ਦੇ ਨਾਲ ਭਾਵ ਸੱਚੇ ਪ੍ਰਮਾਤਮਾ ਦੇ ਨਾਲ। ਪੂਰੀ ਪੰਗਤੀ ਤੋਂ ਭਾਵ ਹੈ ਉਸ ਪ੍ਰਮਾਤਮਾ ਦੇ ਦਰ ਤੇ ਸੱਚੇ ਪ੍ਰਮਾਤਮਾ ਦੇ ਨਾਲ ਨਿਬੇੜਾ ਉਸ ਦਾ ਹੀ ਹੋਵੇਗਾ, ਉਸਦੀ ਕਸਵੱਟੀ ਤੇ ਪੂਰਾ ਉਹ ਹੀ ਉਤਰੇਗਾ ਜਿਸ ਨੇ ਸੱਚ ਨੂੰ ਅਪਣਾਇਆ ਹੈ ਭਾਵ ਉੱਥੇ ਨਿਬੇੜਾ ਕੇਵਲ ਸੱਚ ਦੇ ਦੁਆਰਾ ਹੈ ਭਾਵ ਸੱਚ ਤੇ ਚੱਲਣ ਦੁਆਰਾ ਹੁੰਦਾ ਹੈ। ਜੋ ਮਨੁੱਖ ਸੱਚ ਤੇ ਨਹੀਂ ਚੱਲਦੇ, ਧਰਮ ਤੇ ਨਹੀਂ ਚੱਲਦੇ, ਸੱਚੇ ਸੁੱਚੇ ਕਰਮ ਨਹੀਂ ਕਰਦੇ ਭਾਵ ਮਾੜੇ ਕਰਮ ਕਰਦੇ ਹਨ, ਜੋ ਵਿਕਾਰੀ ਹਨ, ਉਹ ਪ੍ਰਮਾਤਮਾ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ ਤੇ ਉਨ੍ਹਾਂ ਨੂੰ ਪ੍ਰਮਾਤਮਾ ਵੱਖਰਾ ਕੱਢ ਦਿੰਦਾ ਹੈ ਭਾਵ ਉਹ ਪ੍ਰਮਾਤਮਾ ਦੇ ਨਾਲ ਨਹੀਂ ਰਲ ਸਕਦੇ। **(ਚੁਣਿ ਵਖਿ ਕਢੇ ਜਜਮਾਲਿਆ॥)** “ਜਜਮਾਲਿਆ” ਤੋਂ ਭਾਵ ਹੈ ਵਿਕਾਰੀ ਮਨੁੱਖ, ਮਾੜੇ ਕਰਮ ਕਰਨ ਵਾਲੇ ਮਨੁੱਖ। ਇਸੇ ਗੱਲ ਨੂੰ ਅਗਲੀਆਂ ਪੰਗਤੀਆਂ ਵਿੱਚ ਹੋਰ ਵੀ ਸਪੱਸ਼ਟ ਕੀਤਾ ਹੈ। ਪ੍ਰਮਾਤਮਾ ਦੀ ਦਰਗਾਹ ਵਿੱਚ ਝੂਠੇ ਮਨੁੱਖ ਲਈ, ਮੰਦੇ ਕਰਮ ਕਰਨ ਵਾਲੇ ਮਨੁੱਖਾਂ ਲਈ ਕੋਈ ਜਗ੍ਹਾਂ ਨਹੀਂ ਹੈ। ਵਿਕਾਰੀ ਮਨੁੱਖਾਂ ਨੂੰ ਕਾਲੇ ਮੂੰਹ ਵਾਲਾ ਕਹਿ ਕੇ ਸੁਚੇਤ ਕੀਤਾ ਹੈ, ਤਾੜਨਾ ਕੀਤੀ ਹੈ ਕਿ ਇਹੋ ਜਿਹੇ ਮਨੁੱਖਾਂ ਨੂੰ ਆਵਾਗਉਣ ਵਿੱਚ ਪੈਣਾ ਪੈਂਦਾ ਹੈ, ਦੁੱਖ ਸਹਿਣੇ ਪੈਂਦੇ ਹਨ। **(ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥)** ਦੋਜਕਿ ਭਾਵ ਨਰਕ ਕੀ ਹੈ ਤੇ ਸਵਰਗ ਕੀ ਹੈ, ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਅਗਲੀਆਂ ਪੰਗਤੀਆਂ ਵਿੱਚ ਇਹ ਵੀ

ਸਪੱਸ਼ਟ ਕੀਤਾ ਹੋਇਆ ਹੈ ਕਿ ਨਾਮ ਰਤੇ ਕੌਣ ਹਨ, ਕਿਹੜੇ ਮਨੁੱਖ ਹਨ। ਨਾਮ ਰਤੇ ਉਹ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਨਾਲ ਨਿਬੇੜਾ ਕਰ ਲਿਆ ਹੈ, ਜਿੰਨ੍ਹਾਂ ਨੇ ਸੱਚਾ ਸੁੱਚਾ ਜੀਵਨ ਜੀਵਿਆ ਹੈ, ਜਿੰਨ੍ਹਾਂ ਨੇ ਚੰਗੇ ਕਰਮ ਕਰਨ ਦੁਆਰਾ ਨਾਮ ਜਪਿਆ ਹੈ ਭਾਵ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਮਾੜੇ ਕਰਮ ਨਹੀਂ ਕੀਤੇ ਤੇ ਇਸ ਜੀਵਨ ਨੂੰ ਜਿੱਤਿਆ ਹੈ। ਸੱਚੇ ਕਰਮ ਕਰਨ ਵਾਲੇ ਆਪਣਾ ਜੀਵਨ ਜਿੱਤ ਲੈਂਦੇ ਹਨ ਅਤੇ ਮਾੜੇ ਕਰਮ ਕਰਨ ਵਾਲੇ ਹਾਰ ਜਾਂਦੇ ਹਨ। ਠੱਗੀਆਂ ਮਾਰਨ ਵਾਲੇ ਵਿਕਾਰੀ ਮਨੁੱਖ ਆਪਣਾ ਜੀਵਨ ਹਾਰ ਜਾਂਦੇ ਹਨ, ਇਸ ਲਈ ਉਹਨਾਂ ਨੂੰ ਫਿਰ ਤੋਂ ਪ੍ਰਮਾਤਮਾ ਆਵਾਗਉਣ ਵਿੱਚ ਪਾ ਦਿੰਦਾ ਹੈ। ਜਦ ਤੱਕ ਉਹ ਨਾਮ ਜਪਣਾ ਨਹੀਂ ਸਿੱਖਦੇ, ਸੱਚੇ ਸੁੱਚੇ ਕਰਮ ਨਹੀਂ ਕਰ ਸਕਦੇ, ਆਪਣੇ ਜੀਵਨ ਦੀ ਬਾਜ਼ੀ ਨਹੀਂ ਜਿੱਤਦੇ, ਉਸ ਪ੍ਰਮਾਤਮਾ ਨਾਲ ਨਿਬੇੜਾ ਨਹੀਂ ਕਰਦੇ। **(ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ ਲਿਖਿ ਨਾਵੈ ਧਰਮੁ ਬਹਾਲਿਆ॥)** ਨਾਮ ਜਪਣਾ ਸਾਨੂੰ ਬਾਣੀ ਵਿੱਚ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ, ਕੁੱਝ ਗੁੱਝੇ ਤਰੀਕੇ

7/622 ਅਤੇ 622-ਅ

ਨਾਲ ਵੀ ਸਮਝਾਇਆ ਹੋਇਆ ਹੈ, ਗਹਿਰਾਈ ਵਿੱਚ ਜਾ ਕੇ ਸਮਝਾਇਆ ਹੋਇਆ ਹੈ, ਬਸ ਥੋੜ੍ਹੀ ਬਰੀਕੀ ਨਾਲ ਘੋਖ ਕਰਨ ਦੀ ਲੋੜ ਹੈ, ਸਮਝ ਲੱਗ ਜਾਂਦੀ ਹੈ।

ਪ੍ਰਮਾਤਮਾ ਸਾਡੇ ਅੰਦਰ ਹੀ ਵਰਤ ਰਿਹਾ ਹੈ ਤੇ ਗੁਰਬਾਣੀ ਵਿੱਚ ਵੀ ਉਹ ਆਪ ਹੀ ਵਰਤ ਰਿਹਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਗੁਰਬਾਣੀ ਹੀ ਕਰਵਾ ਸਕਦੀ ਹੈ, ਉਸਦਾ ਸੱਚਾ ਗਿਆਨ ਹੀ ਕਰਵਾ ਸਕਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਆਉ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

“ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥
ਜਗਜੀਵਨੁ ਦਾਤਾ ਪਾਇਆ॥੬॥”

(ਅੰਗ ੪੬੬)

ਸ਼ਬਦ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਪੜੋ। ਇੱਕੋ ਪੰਗਤੀ ਵਿੱਚ ਦੋ ਵਾਰ ਇੱਕ ਗੱਲ ਨੂੰ ਦੁਹਰਾਇਆ ਗਿਆ ਹੈ ਕਿ ਸਤਿਗੁਰ ਬਿਨ੍ਹਾਂ ਪ੍ਰਮਾਤਮਾ ਨੂੰ ਕਦੇ ਕਿਸੇ ਨੇ ਨਹੀਂ ਪਾਇਆ। ਇਸ ਤੋਂ ਭਾਵ ਹੈ ਕਿ ਸਭ ਕੁੱਝ ਗੁਰੂ ਪ੍ਰਮਾਤਮਾ ਆਪ ਹੀ ਹੈ ਤੇ ਜਿਸਨੇ ਵੀ ਉਸਨੂੰ ਪਾਇਆ ਹੈ ਉਸਦਾ ਰੂਪ ਬਣ ਕੇ ਹੀ ਪਾਇਆ ਹੈ। ਭਗਤੀ ਦੇ ਹਰ ਪਹਿਲੂ ਵਿੱਚ ਉਹ ਆਪ ਹੀ ਹੈ। ਗੁਰੂ ਅਸਲ ਵਿੱਚ ਗੁਰੂ ਦੀ ਮਤਿ ਹੈ, ਗੁਰੂ ਦੇ ਸ਼ਬਦਾਂ ਦਾ ਗਿਆਨ ਹੈ। **{ਸਤਿਗੁਰ ਬਚਨ ਬਚਨ ਹੈ ਸਤਿਗੁਰ॥}** ਅੰਗ - ੧੩੦੯ ਗੁਰੂ ਦੀ ਮਤਿ ਸਮਝਾਉਣ ਵਾਲਾ ਵੀ ਉਹ ਆਪ ਹੈ ਅਤੇ ਆਪਣੀ ਮਤਿ ਮਨੁੱਖ ਦੇ ਅੰਦਰ ਵਸਾਉਣ ਵਾਲਾ ਵੀ ਉਹ ਆਪ ਹੀ ਹੈ। ਨਾਮ ਦੇ ਰੂਪ ਵਿੱਚ ਵੀ ਉਹ ਆਪ ਹੈ ਅਤੇ ਨਾਮ ਦ੍ਰਿੜ ਕਰਵਾਉਣ ਵਾਲਾ ਵੀ ਉਹ ਆਪ ਹੀ ਹੈ। ਉਸਦਾ ਨਾਮ ਦ੍ਰਿੜ ਹੋਏ ਬਿਨ੍ਹਾਂ ਭਾਵ ਉਸਦੀ ਮਤਿ ਸਾਡੇ ਅੰਦਰ ਦ੍ਰਿੜ ਹੋਏ ਬਿਨ੍ਹਾਂ ਸਾਨੂੰ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ ਤੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਉਹ ਆਪ ਹੀ ਨਾਮ ਹੈ, ਆਪ ਹੀ ਨਾਮ ਜਪਵਾਉਣ ਵਾਲਾ ਹੈ, ਆਪ ਹੀ ਆਪਣੇ ਮਾਰਗ ਤੇ ਚਲਾਉਣ ਵਾਲਾ ਹੈ, ਆਪਣਾ ਭਾਣਾ, ਆਪਣਾ ਹੁਕਮ ਮਨਵਾਉਣ ਵਾਲਾ ਵੀ ਆਪ ਹੈ ਤੇ ਆਪ ਹੀ ਆਪਣਾ ਨਾਮ ਦੇਣ ਵਾਲਾ ਹੈ ਭਾਵ ਆਪਣੇ ਨਾਲ ਮਿਲਾਉਣ ਵਾਲਾ ਹੈ। ਬਿਨ੍ਹਾਂ ਸਤਿਗੁਰ ਦੀ ਮਤਿ ਨੂੰ ਜਾਣੇ ਉਸਨੂੰ ਕਿਸੇ ਨੇ ਨਹੀਂ ਪਾਇਆ। ਪਾਇਆ ਤਾਂ ਹੀ ਜਾ ਸਕਦਾ ਹੈ ਜਦੋਂ ਉਸਦੀ ਮਤਿ ਸਾਡੇ ਅੰਦਰ ਵੱਸ ਜਾਵੇ। ਸਾਡੇ ਅੰਦਰ ਮਤਿ ਵਸਾਉਣ ਵਾਲਾ ਵੀ ਉਹ ਆਪ ਹੀ ਹੈ ਭਾਵ ਉਸਦੀ ਰਜ਼ਾ ਤੋਂ ਬਿਨ੍ਹਾਂ ਉਸਨੂੰ ਕੋਈ ਨਹੀਂ ਪਾ ਸਕਦਾ। (**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥**) ਗੁਰੂ ਦੀ ਮਹਾਨਤਾ ਇਸੇ ਲਈ ਹੈ ਕਿਉਂਕਿ ਪ੍ਰਮਾਤਮਾ ਨੇ ਆਪਣਾ ਆਪ ਗੁਰੂ ਵਿੱਚ ਟਿਕਾਇਆ ਹੋਇਆ ਹੈ ਭਾਵ ਉਸਦੇ ਵਿੱਚ ਤੇ ਗੁਰੂ ਦੇ ਵਿੱਚ ਕੋਈ ਭੇਦ ਨਹੀਂ ਹੈ। ਉਹ ਸਭ ਕੁੱਝ ਆਪੇ ਆਪ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਵੀ ਕੀਤਾ ਹੋਇਆ ਹੈ।

“ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥”

ਬਾਣੀ ਵਿੱਚ ਵੀ ਉਹ ਆਪ ਹੀ ਹੈ ਅਤੇ ਆਪ ਹੀ ਉਸਨੇ

7/623

ਆਪਣੇ ਆਪ ਨੂੰ ਮਨੁੱਖੀ ਸਰੀਰ ਵਿੱਚ ਰੱਖਿਆ ਹੋਇਆ ਹੈ। ਮਨੁੱਖੀ ਸਰੀਰ ਰਾਹੀਂ ਪ੍ਰਗਟ ਹੋ ਕੇ ਭਾਵ ਭਗਤਾਂ ਦੇ ਸਰੀਰਾਂ ਦੇ ਰਾਹੀਂ, ਸਤਿਗੁਰ ਸਾਹਿਬਾਨ ਦੇ ਸਰੀਰਾਂ ਦੇ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰ ਕੇ ਆਪਣਾ ਆਪ ਭਾਵ ਪ੍ਰਮਾਤਮਾ ਕੀ ਹੈ, ਉਸਦੀ ਭਗਤੀ ਕੀ ਹੈ ਇਹ ਉਸਨੇ ਆਪ ਹੀ ਆਖ ਕੇ ਸੁਣਾਇਆ ਹੋਇਆ ਹੈ ਭਾਵ ਪ੍ਰਮਾਤਮਾ ਨੇ ਆਪਣਾ ਗਿਆਨ ਆਪ ਹੀ ਪ੍ਰਗਟ ਹੋ ਕੇ ਸੁਣਾਇਆ ਹੋਇਆ ਹੈ ਭਾਵ ਉਸਨੇ ਆਪ ਹੀ ਗੁਰਬਾਣੀ ਦੀ ਰਚਨਾ ਕੀਤੀ ਹੋਈ ਹੈ। **{ਪੋਥੀ ਪਰਮੇਸਰ ਕਾ ਥਾਨੁ॥}** ਅੰਗ - ੧੨੨੬ ਪ੍ਰਮਾਤਮਾ ਆਪ ਹੀ ਗੁਰੂ ਹੈ। ਉਹ ਆਪ ਹੀ ਸਾਰਾ ਗਿਆਨ ਦੇਣ ਵਾਲਾ ਹੈ। ਹਰ ਸਮੇਂ, ਹਰ ਜੁਗ ਵਿੱਚ ਉਹ ਆਪ ਹੀ ਗੁਰੂ ਰਿਹਾ ਹੈ ਕਿਉਂਕਿ ਉਹ ਆਪ ਹੀ ਗਿਆਨ ਦਾ ਸ੍ਰੋਤ ਹੈ। ਉਸ ਤੋਂ ਬਿਨ੍ਹਾਂ ਹੋਰ ਕੋਈ ਹੈ ਹੀ ਨਹੀਂ। ਅਗਰ ਹੈ ਤਾਂ ਉਹ ਕੇਵਲ ਭੁਲੇਖਾ ਹੈ, ਭਰਮ ਹੈ, ਜੋ ਕਿ ਉਸਦਾ ਆਪਣਾ ਹੀ ਪਾਇਆ ਹੋਇਆ ਹੈ। ਭੁਲੇਖੇ ਵਿੱਚ ਵੀ ਉਹ ਆਪ ਹੀ ਹੈ। ਮਨੁੱਖ ਦਾ ਭਰਮ ਉਸਦੇ ਆਪਣੇ ਕੱਢਣ ਦੁਆਰਾ ਹੀ ਜਾ ਸਕਦਾ ਹੈ। ਨਹੀਂ ਹੈ ਮਨੁੱਖ ਦੇ ਕੁੱਝ ਵੱਸ। ਧਰਮ ਗ੍ਰੰਥਾਂ ਰਾਹੀਂ ਇਸ ਭਰਮ ਮੋਹ ਤੋਂ ਮੁਕਤ ਹੋਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ ਭਾਵ ਉਸ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ। ਸਤਿਗੁਰ ਹੀ ਸਾਡੇ ਅੰਦਰ ਬੈਠਾ ਹੈ ਤੇ ਸਤਿਗੁਰ ਹੀ ਆਪ ਬਾਣੀ ਹੈ ਤੇ ਹਰ ਧਰਮ ਗ੍ਰੰਥ ਦਾ ਰਚਨ ਵਾਲਾ ਹੈ। ਮੁਕਤੀ, ਸਤਿਗੁਰ ਦੇ ਨਾਲ ਮਿਲਣ ਦੇ ਨਾਲ ਮਿਲਣੀ ਹੈ ਜੋ ਮੁਕਤੀ ਮਨ ਦੀ ਅਗਿਆਨਤਾ ਵਾਲੀ ਸਮਝ ਨਿਕਲਣ ਦੁਆਰਾ ਮਿਲਣੀ ਹੈ। ਜਦ ਤੱਕ ਸਾਡਾ ਮੇਲ ਗੁਰਬਾਣੀ ਨਾਲ ਨਹੀਂ ਹੁੰਦਾ ਇਹ ਮੁਕਤੀ ਨਹੀਂ ਮਿਲ ਸਕਦੀ। ਮੇਲ ਗੁਰੂ ਦੇ ਬਚਨਾਂ ਦੇ ਨਾਲ ਕਰਨਾ ਹੈ, ਉਸਦੀ ਦੱਸੀ ਹੋਈ ਮਤਿ ਦੇ ਨਾਲ ਕਰਨਾ ਹੈ, ਆਪਣੇ ਵਿਚਾਰਾਂ ਦਾ ਮੇਲ ਗੁਰੂ ਦੇ ਵਿਚਾਰਾਂ ਦੇ ਨਾਲ ਕਰਨਾ ਹੈ, ਆਪਣੀ ਸੁਰਤਿ ਦਾ ਮੇਲ ਗੁਰੂ ਦੇ ਸ਼ਬਦਾਂ ਦੇ ਗਿਆਨ ਦੇ ਨਾਲ ਕਰਨਾ ਹੈ ਭਾਵ ਆਪਣੇ ਮਨ ਦੇ ਗਿਆਨ ਨੂੰ ਅਤੇ ਗੁਰੂ ਦੇ ਗਿਆਨ ਨੂੰ ਆਪਸ ਵਿੱਚ ਰਲਾਉਣਾ ਹੈ। ਸਤਿਗੁਰ ਦਾ, ਗੁਰਬਾਣੀ ਦਾ ਦਿੱਤਾ ਹੋਇਆ ਗਿਆਨ ਤਾਂ ਬਦਲ ਨਹੀਂ ਸਕਦਾ, ਉਹ ਅਟੱਲ ਹੈ, ਅਚੱਲ ਹੈ। ਸਾਡਾ ਗੁਰੂ ਦੇ ਵਿਚਾਰਾਂ ਨਾਲੋਂ ਵੱਖਰੇਪਨ ਦਾ ਕਾਰਨ ਸਾਡੇ ਅੰਦਰ ਦਾ ਮੋਹ ਹੈ, ਮਾਇਆ ਮੋਹ ਵਾਲੀ ਸਮਝ ਹੈ ਭਾਵ ਦੂਜਾ ਭਾਉ ਹੈ ਜੋ ਕਿ ਸਾਨੂੰ ਗੁਰੂ ਦੇ ਚਰਨਾਂ ਨਾਲ ਭਾਵ ਗੁਰੂ ਦੇ ਵਿਚਾਰਾਂ ਨਾਲ ਮਿਲਣ ਨਹੀਂ ਦਿੰਦਾ, ਇੱਕ ਮਿਕ ਨਹੀਂ ਹੋਣ ਦਿੰਦਾ, ਉਸ ਨਾਲ ਲਿਵ ਨਹੀਂ ਲੱਗਣ ਦਿੰਦਾ।

{ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ॥}

(ਅੰਗ ੭੯੬)

7/624

ਜਦ ਤੱਕ ਸਾਨੂੰ ਗੁਰੂ ਦੇ ਚਰਣ ਵਿਸਰੇ ਹੁੰਦੇ ਹਨ, ਗੁਰੂ ਦੀ ਮਤਿ ਵਿਸਰੀ ਹੁੰਦੀ ਹੈ ਸਾਡਾ ਮਾਇਆ ਵਿੱਚੋਂ ਮੋਹ ਨਹੀਂ ਟੁੱਟਦਾ, ਦੂਜਾ ਭਾਉ ਨਹੀਂ ਜਾਂਦਾ, ਮਨਮਤਿ ਨਹੀਂ ਜਾਂਦੀ। ਗੁਰੂ ਦੀ ਮਤਿ ਸਾਡੇ ਅੰਦਰ ਵੱਸਣ ਨਾਲ ਹੀ, ਗੁਰੂ ਦਾ ਸੱਚਾ ਗਿਆਨ ਸਾਡੇ ਅੰਦਰ ਵੱਸਣ ਨਾਲ ਹੀ ਭਾਵ ਗੁਰੂ ਦਾ ਨਾਮ ਸਾਡੇ ਅੰਦਰ ਵੱਸਣ ਦੇ ਨਾਲ ਹੀ ਸਾਡੀ ਮੁਕਤੀ ਹੈ ਜਿਸ ਨਾਲ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। **(ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥)** ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਦੇ ਹੱਥ ਹੈ। ਵਿਚਾਰਾਂ ਕਰਕੇ ਹੀ ਮਨੁੱਖ ਮਾੜਾ ਹੈ ਅਤੇ ਵਿਚਾਰਾਂ ਕਰਕੇ ਹੀ ਮਨੁੱਖ ਚੰਗਾ ਹੈ, ਉੱਤਮ ਹੈ। ਪ੍ਰਮਾਤਮਾ ਦੇ ਨਾਲ, ਗੁਰੂ ਦੇ ਨਾਲ ਚਿੱਤ ਉਸਦਾ ਹੀ ਜੁੜਦਾ ਹੈ ਜਿਸ ਦੇ ਵਿਚਾਰ ਉੱਤਮ ਹਨ ਕਿਉਂਕਿ ਗੁਰੂ ਤੋਂ ਉੱਤਮ ਵਿਚਾਰ ਸਾਨੂੰ ਕੋਈ ਨਹੀਂ ਦੇ ਸਕਦਾ। ਗੁਰੂ ਪ੍ਰਮਾਤਮਾ ਨੇ ਆਪਣੇ ਆਪ ਨੂੰ ਆਪ ਹੀ ਮਨੁੱਖ ਦੇ ਅੰਦਰ ਰੱਖਿਆ ਹੋਇਆ ਹੈ, ਮਨ ਦੇ ਰੂਪ ਵਿੱਚ ਰੱਖਿਆ ਹੋਇਆ ਹੈ ਜੋ ਕਿ ਸਾਡੇ ਵਿਚਾਰਾਂ ਦਾ ਸ੍ਰੋਤ ਹੈ, ਗਿਆਨ ਦਾ ਸ੍ਰੋਤ ਹੈ। ਇਹ ਉਸਦੀ ਆਪਣੀ ਰਜ਼ਾ ਹੈ ਕਿ ਸਾਡੇ ਵਿਚਾਰਾਂ ਨੂੰ ਮਾੜੇ ਰੱਖੇ ਜਾਂ ਚੰਗੇ ਰੱਖੇ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੇ ਨਾਸਮਝ ਮਾੜੇ ਵਿਚਾਰਾਂ ਕਰਕੇ ਹੈ ਤੇ ਜਿਸਨੂੰ ਉਸਨੇ ਆਪਣੇ ਨਾਲ ਮਿਲਾਉਣਾ ਹੈ ਉਸਦੇ ਉਹ ਵਿਚਾਰ ਹੀ ਚੰਗੇ ਕਰਦਾ ਹੈ, ਉੱਤਮ ਕਰਦਾ ਹੈ, ਉਸਦੇ ਅੰਦਰ ਨਾਮ ਦ੍ਰਿੜ ਕਰਦਾ ਹੈ, ਗੁਰੂ ਦੀ ਮਤਿ ਦ੍ਰਿੜ ਕਰਦਾ ਹੈ। **(ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥ ਜਗਜੀਵਨੁ ਦਾਤਾ ਪਾਇਆ॥)**।

ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਤੇ ਉੱਥੇ ਬੈਠਾ ਉਹ ਆਪ ਹੀ ਸਾਰਾ ਗਿਆਨ ਦੇ ਰਿਹਾ ਹੈ। ਆਪਣੇ ਇਸ ਗਿਆਨ ਦੁਆਰਾ ਹੀ ਉਹ ਗੁਰੂ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ। ਚੌਥਾ ਪਦ ਵੀ ਮਨ ਦੇ ਵਿੱਚ ਹੀ ਹੈ ਅਤੇ ਉੱਥੇ ਹੀ ਤ੍ਰੈਗੁਣਾਂ ਵਾਲਾ

ਗਿਆਨ ਹੈ, ਭਰਮ ਭੁਲੇਖੇ ਵਾਲਾ ਗਿਆਨ ਹੈ, ਮਾਇਆ ਦੀ ਜੁਗਤਿ ਵਾਲਾ ਗਿਆਨ ਹੈ। **ਮਨੁੱਖ ਦੇ ਪੱਲੇ ਪ੍ਰਮਾਤਮਾ ਨੇ ਇਹ ਤ੍ਰੈਗੁਣਾਂ ਵਾਲਾ ਗਿਆਨ ਪਾਇਆ ਹੋਇਆ ਹੈ, ਜਿਸ ਦੁਆਰਾ ਉਸਨੇ ਮਨੁੱਖ ਨੂੰ ਆਪਣੇ ਤੋਂ ਦੂਰ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ। ਮਨੁੱਖ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ, ਚੌਥੇ ਪਦ ਰਾਹੀਂ ਪ੍ਰਗਟ ਹੋ ਕੇ ਉਸਨੇ ਆਪ ਹੀ ਆਪਣੀ ਸਾਰੀ ਬਾਣੀ ਰਚੀ ਹੋਈ ਹੈ। ਸਾਰੇ ਭਗਤ ਸਾਹਿਬਾਨ, ਗੁਰੂ ਸਾਹਿਬਾਨ ਦੇ ਰੂਪ ਵਿਚ ਉਹ ਆਪ ਹੀ ਹੈ। ਉਹ ਆਪ ਹੀ ਗੁਰੂ ਹੈ, ਉਹ ਮਨ ਦੇ ਵਿੱਚ ਹੀ ਹੈ ਤੇ ਜਦੋਂ ਵੀ ਮਿਲੇਗਾ ਮਨ ਦੇ ਵਿੱਚ ਹੀ ਮਿਲੇਗਾ।** ਉਸਦਾ ਟਿਕਾਣਾ

7/625

ਮਨ ਦੇ ਵਿੱਚ ਹੀ ਹੈ।

{ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ॥
ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥੨॥}

(ਅੰਗ ੫੧੭)

{ਇਹ ਮਨਿ ਲੀਣ ਭਏ ਸੁਖਦੇਉ॥੮॥}

(ਅੰਗ ੩੩੦)

ਪ੍ਰਮਾਤਮਾ ਦਾ ਹੀ ਮਨ ਪੂਰੀ ਬਾਣੀ ਦੇ ਵਿੱਚ ਹੈ, ਪ੍ਰਮਾਤਮਾ ਦੀ ਟੇਕ ਬਾਣੀ ਦੇ ਵਿੱਚ ਹੈ ਭਾਵ ਉਸਦਾ ਟਿਕਾਣਾ ਬਾਣੀ ਦੇ ਵਿੱਚ ਹੀ ਹੈ ਜੋ ਕਿ ਉਸਦੀ ਸੱਚੀ ਮਤਿ ਦੇ ਰੂਪ ਵਿੱਚ ਹੈ, ਉਸਦੇ ਨਾਮ ਦੇ ਰੂਪ ਵਿੱਚ ਹੈ। ਅਸੀਂ ਹਰ ਵੇਲੇ ਉਸਦੀ ਮਤਿ ਨੂੰ ਸਿਮਰਨਾ ਹੈ, ਉਸ ਦੇ ਦਿੱਤੇ ਹੋਏ ਚੰਗੇ ਵਿਚਾਰਾਂ ਨੂੰ ਸਿਮਰਨਾ ਹੈ। ਇਹੋ ਜਿਹਾ ਸਿਮਰਨ ਕਰਨ ਨਾਲ ਹੀ ਉਸ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ, ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ ਜੋ ਕਿ ਮਨ ਦੇ ਵਿੱਚ ਹੀ ਹੋਣੀ ਹੈ। ਉਸ ਦਾ ਸਿਮਰਨ ਵੀ ਮਨ ਨੇ ਹੀ ਕਰਨਾ ਹੈ ਭਾਵ ਮਨ ਨੇ ਹੀ ਚੰਗੇ ਵਿਚਾਰਾਂ ਨੂੰ ਅਪਣਾਉਣਾ ਹੈ, ਮਨ ਨੇ ਹੀ ਮਾਇਆ ਮੋਹ ਵਿੱਚੋਂ ਨਿਕਲਣਾ ਹੈ ਭਾਵ ਨਾਸਮਝ ਮਤਿ ਵਿੱਚੋਂ ਨਿਕਲਣਾ ਹੈ, ਹਉਮੈ ਵਿੱਚੋਂ ਨਿਕਲਣਾ ਹੈ। ਇਹ ਮਨ ਸਾਡੇ ਵੱਸ ਵਿੱਚ ਨਹੀਂ ਹੈ ਭਾਵ ਗੁਰਮਤਿ ਨੂੰ ਪੂਰਨ ਰੂਪ ਵਿੱਚ ਸਮਝਣਾ ਤੇ ਮੰਨਣਾ ਸਾਡੇ ਵੱਸ ਨਹੀਂ ਹੈ। ਇਸ ਲਈ ਉਸਨੂੰ ਸਿਮਰਨਾ ਵੀ ਸਾਡੇ ਵੱਸ ਵਿੱਚ ਨਹੀਂ ਹੈ, ਆਪਣਾ ਸਿਮਰਨ ਉਹ ਆਪ ਹੀ ਕਰਵਾ ਸਕਦਾ ਹੈ, ਆਪਣੀ ਮਤਿ ਉਹ ਆਪ ਹੀ ਦ੍ਰਿੜ ਕਰਵਾ ਸਕਦਾ ਹੈ, ਆਪਣੇ ਨਾਲ ਉਹ ਆਪ ਹੀ ਮਿਲਾ ਸਕਦਾ ਹੈ।

{ਸੇ ਸਿਮਰਹਿ ਜਿਨ ਆਪਿ ਸਿਮਰਾਏ॥}

(ਅੰਗ ੨੬੨)

ਆਪਣੇ ਸੱਚੇ ਮਾਰਗ ਤੇ ਉਹ ਕਿਸੇ ਨੂੰ ਆਪ ਹੀ ਚਲਾ ਸਕਦਾ ਹੈ। ਜਿਸ ਕੋਲੋਂ ਉਹ ਚੰਗੇ ਕਰਮ ਕਰਵਾ ਰਿਹਾ ਹੈ, ਉਸ ਕੋਲੋਂ ਉਹ ਆਪਣਾ ਸਿਮਰਨ ਕਰਵਾਉਣ ਦਾ ਉੱਦਮ ਆਪ ਹੀ ਕਰਵਾ ਰਿਹਾ ਹੈ। ਜਿਸ ਨੂੰ ਮਾੜੇ ਵਿਚਾਰ ਦੇ ਕੇ ਮਾੜੇ ਕਰਮ ਕਰਵਾ ਰਿਹਾ ਹੈ ਉਸਨੂੰ ਉਹ ਆਪ ਹੀ ਆਪਣੇ ਤੋਂ ਦੂਰ ਕਰ ਰਿਹਾ ਹੈ, ਦੋਸ਼ੀ ਬਣਾ ਰਿਹਾ ਹੈ।

{ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥}

(ਅੰਗ - ੨)

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੮)

ਜੇਕਰ ਸਾਨੂੰ ਇਹ ਸੋਝੀ ਪੈ ਜਾਵੇ ਕਿ ਉਸਦਾ ਸਿਮਰਨਾ ਕੀ ਹੈ ਤਾਂ ਫਿਰ ਸਾਡਾ ਉੱਦਮ ਵੀ ਬਦਲ ਸਕਦਾ ਹੈ। ਮਨੁੱਖ ਦਾ ਉੱਦਮ ਭਾਵ ਮਨੁੱਖ ਜੋ ਕੁੱਝ ਵੀ ਕਰਦਾ ਹੈ ਸਭ ਕੁੱਝ ਉਸਦੀ ਸੋਝੀ ਤੇ ਨਿਰਭਰ ਕਰਦਾ ਹੈ। ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਦਾ ਹੈ ਤੇ ਭਗਤੀ ਦੇ ਮਾਰਗ ਦੀਆਂ ਆਪ ਵਡਿਆਈਆਂ ਲੈਂਦਾ ਹੈ, ਆਪਣਾ ਆਪ ਜਤਾਉਂਦਾ ਹੈ ਫਿਰ ਦੋਸ਼ ਵੀ ਉਸੇ ਦੇ ਹੀ ਬਣਦੇ ਹਨ। ਬਸ ਇਹੀ ਸਾਡਾ ਇਮਤਿਹਾਨ ਹੈ ਜਿਸ ਵਿੱਚੋਂ ਅਸੀਂ ਨਿਕਲਣਾ ਹੈ। ਇਮਤਿਹਾਨ ਗੁਰੂ ਦੀ ਮਤਿ ਤੇ

7/626

ਚੱਲਣ ਦਾ ਹੈ। ਇਮਤਿਹਾਨ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਮਾਇਆ ਮੋਹ ਵਿੱਚੋਂ ਨਿਰਲੇਪ ਹੋਣ ਦਾ ਹੈ ਜਿਸ ਇਮਤਿਹਾਨ ਵਿੱਚੋਂ ਪਾਸ ਹੋਏ ਬਿਨ੍ਹਾਂ ਪ੍ਰਮਾਤਮਾ ਦੇ ਨਾਲ ਨਹੀਂ ਜੁੜਿਆ ਜਾ ਸਕਦਾ। ਜਿਸ ਦੀ ਸੋਚ ਬਦਲ ਜਾਵੇ, ਉਸਦਾ ਹੀ ਉੱਦਮ ਬਦਲਦਾ ਹੈ। ਅਸੀਂ ਇਸ 'ਸੋਚ'' ਨੂੰ ਆਪਣੀ ਸਮਝਦੇ ਹਾਂ ਤਾਂ ਫਿਰ ਉੱਦਮ ਵੀ ਸਾਨੂੰ ਆਪ ਹੀ ਕਰਨਾ ਪਵੇਗਾ ਭਾਵੇਂ ਕਰਵਾਉਂਦਾ ਸਭ ਕੁੱਝ ਉਹ ਆਪ ਹੀ ਹੈ। ਜਦ ਤੱਕ ਅਸੀਂ ਆਪਣੇ ਆਪ ਵਿੱਚ ਹਾਂ ਤਦ ਤੱਕ ਸਾਡੇ ਕਰਮ ਵੀ ਸਾਡੇ ਸਿਰ ਹੀ ਹਨ। ਚੰਗੇ ਕਰਮ ਕਰਨ ਲਈ ਮਨ ਨੂੰ ਮਾਰਨਾ ਹੀ ਪੈਂਦਾ ਹੈ, ਗੁਰੂ ਦੀ ਮਤਿ ਉੱਤੇ ਚੱਲਣ ਦਾ ਭਉ ਕਬੂਲ ਕਰਨਾ ਹੀ ਪੈਂਦਾ ਹੈ, ਗੁਰੂ ਅੱਗੇ ਆਪਣਾ ਆਪ ਛੱਡਣਾ ਹੀ ਪੈਂਦਾ ਹੈ, ਆਪਣੀ ਸਿਆਣਪ ਉਸਨੂੰ ਸੌਂਪਣੀ ਹੀ ਪੈਂਦੀ ਹੈ, ਆਪਣੇ ਵਿਚਾਰ ਛੱਡਣੇ ਹੀ ਪੈਂਦੇ ਹਨ, ਆਪਣੀ ਮਨਮਤਿ, ਆਪਣੀ ਮਨਹਠਿ ਛੱਡਣੀ ਹੀ ਪੈਂਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਗੁਰੂ ਨਾਲ, ਪ੍ਰਮਾਤਮਾ ਨਾਲ ਜੁੜਿਆ ਜਾ ਸਕਦਾ ਹੈ। ਜਿਤਨੀ ਜਲਦੀ ਇਸ ਗੱਲ ਦੀ ਸੋਝੀ ਪੈ ਜਾਵੇਗੀ, ਸਮਝੋ ਕਿ ਉਸ ਵਿੱਚ ਪ੍ਰਮਾਤਮਾ ਦੀ ਕ੍ਰਿਪਾ ਹੈ, ਇਹ ਉਸਦਾ ਬਹੁਤ ਵੱਡਾ ਦਾਨ ਹੈ, ਉਸਦੀ ਦਾਤ ਹੈ ਜੋ ਅਚਿੰਤੇ ਹੀ ਮਿਲਦੀ ਹੈ। ਉਹ ਅਚਿੰਤੇ ਹੀ ਮਨੁੱਖ ਦੀ ਸੋਚ ਬਦਲ ਦਿੰਦਾ ਹੈ। ਪ੍ਰਮਾਤਮਾ ਨੇ ਸਾਡੇ ਲਈ ਬਹੁਤ ਕੁੱਝ ਬਣਾਇਆ ਹੈ, ਸਾਡੇ ਸੁੱਖਾਂ ਲਈ ਅਨੇਕਾਂ ਹੀ ਪਦਾਰਥਾਂ ਨਾਲ ਸੰਸਾਰ ਨੂੰ ਭਰਿਆ ਹੋਇਆ ਹੈ। ਅਸੀਂ ਦਿਨ ਰਾਤ ਉਸ ਦੀਆਂ ਦਾਤਾਂ ਨੂੰ ਵਰਤਦੇ ਹਾਂ, ਉਨ੍ਹਾਂ ਦਾ ਸੁੱਖ ਮਾਣਦੇ ਹਾਂ, ਸੰਸਾਰਿਕ ਵਡਿਆਈਆਂ ਲੈਂਦੇ ਹਾਂ। ਇਹਨਾਂ ਸਾਰੀਆਂ ਚੀਜ਼ਾਂ ਦੇ ਬਦਲੇ ਪ੍ਰਮਾਤਮਾ ਨੇ ਮਨੁੱਖ ਕੋਲੋਂ ਆਪਣਾ ਸ਼ੁਕਰਾਨਾ ਕਰਵਾਉਣ ਲਈ ਉਸਦੇ ਜਿੰਮੇ ਕੇਵਲ ਨਾਮ ਜਪਣਾ ਲਗਾਇਆ ਹੈ ਭਾਵ ਚੰਗੇ ਕਰਮ ਕਰਨ ਦਾ ਉੱਦਮ ਲਗਾਇਆ ਹੈ ਤਾਂ ਜੋ ਹਰ ਕੋਈ ਇਸ ਦੁਨੀਆਂ ਦੇ ਵਿੱਚ ਸੁੱਖ ਮਾਣੇ ਜੋ ਕਿ ਨਾਮ ਜਪਣ ਦਾ ਮੰਤਵ ਹੈ, ਮਨੋਰਥ ਹੈ। ਇਸ ਮਨੋਰਥ ਦੀ ਪੂਰਤੀ ਤਾਂ ਹੀ ਹੋ ਸਕਦੀ ਹੈ ਜੇਕਰ ਹਰ ਕੋਈ ਨਾਮ ਜਪੇ ਭਾਵ ਉਸਦੇ ਬਣਾਏ ਹੋਏ ਅਸੂਲ ਤੇ ਚੱਲੇ, ਇੱਕ ਮਨੁੱਖ ਦੂਸਰੇ ਮਨੁੱਖ ਦੀ ਪ੍ਰੇਸ਼ਾਨੀ ਦਾ ਕਾਰਨ ਨਾ ਬਣ ਕੇ ਉਲਟਾ ਉਸਦੀ ਪ੍ਰੇਸ਼ਾਨੀ ਨੂੰ ਦੂਰ ਕਰਨ ਦਾ

6/627

ਕਾਰਣ ਬਣੇ, ਕਿਸੇ ਉੱਚੇ ਨੀਵੇਂ ਦਾ ਭੇਦ ਨਾ ਹੋਵੇ, ਕਿਸੇ ਜਾਤ ਪਾਤ ਦਾ ਭੇਦ ਨਾ ਹੋਵੇ ਕਿਸੇ ਚੰਗੇ ਮਾੜੇ ਧਰਮ ਦਾ ਭੇਦ ਨਾ ਹੋਵੇ। ਇਹ ਸਭ ਕੁੱਝ ਤਾਂ ਹੀ ਹੋ ਸਕਦਾ ਹੈ ਜਦੋਂ ਹਰ ਕੋਈ ਸੱਚ ਤੇ ਚੱਲੇ, ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲੇ, ਨਾਮ ਤੇ ਚੱਲੇ, ਉਸਦੀ ਮਤਿ ਤੇ ਚੱਲੇ, ਹਰ ਔਗੁਣ ਛੱਡੇ ਤੇ ਗੁਣਾਂ ਦੁਆਰਾ ਵਿਚਰੇ। ਇਹ ਹੀ ਉਸ ਦੀ ਵਡਿਆਈ ਕਰਨਾ ਹੈ ਜੋ ਕਿ ਬਹੁਤ ਔਖੀ ਹੈ। ਗੁਰਮਤਿ ਦੀ ਵਡਿਆਈ ਕਰਨੀ ਹੀ ਗੁਰੂ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਬਹੁਤ ਔਖਾ ਹੈ ਉਸਦਾ ਨਾਮ ਜਪਣਾ। ਜਦ ਤੱਕ ਨਾਮ ਦੀ ਸੋਝੀ ਹੀ ਨਹੀਂ ਫਿਰ ਉਸਨੂੰ ਜਪਿਆ ਕਿਵੇਂ ਜਾ ਸਕਦਾ ਹੈ, ਉਸਦੀ ਵਡਿਆਈ ਕੀਤੀ ਕਿਵੇਂ ਜਾ ਸਕਦੀ ਹੈ। ਜਿਹੋ ਜਿਹਾ ਨਾਮ ਅਸੀਂ ਜਪਦੇ ਹਾਂ ਭਾਵ ਜਿਹੋ ਜਿਹੇ ਭੁਲੇਖੇ ਵਿੱਚ ਅਸੀਂ ਪਏ ਹੋਏ ਹਾਂ, ਉਸ ਨਾਲ ਅਸੀਂ ਮਨੁੱਖਤਾ ਦਾ ਕੀ ਸਵਾਰ ਰਹੇ ਹਾਂ। ਮਨੁੱਖਤਾ ਦਾ ਤਾਂ ਹੀ ਕੁੱਝ ਸਵਰੇਗਾ ਜਦੋਂ ਸਾਡੇ ਵਿਚਾਰ ਬਦਲਣਗੇ, ਜਦੋਂ ਅਸੀਂ ਮਨ ਨੂੰ ਮਾਰਾਂਗੇ ਭਾਵ ਮਨ ਦੀ ਮਾੜੀ ਸਮਝ ਨੂੰ ਛੱਡਾਂਗੇ। ਅਸਲ ਸੁੱਖ ਦੀ ਪ੍ਰਾਪਤੀ ਮਨ ਨੂੰ ਮਾਰਨ ਵਿੱਚ ਹੀ ਹੈ।

ਸਮਾਜ ਵਿੱਚ ਬੁਰਿਆਈਆਂ ਦਾ ਇੱਕ ਵੱਡਾ ਕਾਰਨ ਪ੍ਰਮਾਤਮਾ ਦੀ ਅਸਲ ਭਗਤੀ ਦੀ ਸੋਝੀ ਨਾ ਪੈਣਾ ਹੀ ਹੈ। ਆਪਣੇ ਵੱਲੋਂ ਅਸੀਂ ਧਰਮ ਦੇ ਮਾਰਗ ਤੇ ਚੱਲਦੇ ਹਾਂ ਤੇ ਉਹ ਕੁੱਝ ਕਰਦੇ ਹਾਂ ਜਿਸ ਵਿੱਚ ਅਸੀਂ ਪ੍ਰਮਾਤਮਾ ਦੀ ਖੁਸ਼ੀ ਸਮਝਦੇ ਹਾਂ ਪਰ ਅਸਲੀਅਤ ਦੀ ਸੋਝੀ ਨਾ ਹੋਣ ਕਰਕੇ ਅਸੀਂ ਆਪਣੇ ਮਨਮਤਿ ਵਾਲੇ ਧਰਮ ਦੇ ਕਰਮਾਂ ਦੁਆਰਾ ਸਮਾਜ ਵਿੱਚ ਚੰਗੇ ਮਾੜੇ ਮਨੁੱਖਾਂ ਦਾ ਫ਼ਰਕ ਕਰਦੇ ਹਾਂ, ਆਪਸ ਵਿੱਚ ਨਫ਼ਰਤ ਪੈਦਾ ਕਰਦੇ ਹਾਂ ਜੋ ਕਿ ਗੁਰੂ ਦੇ ਦੱਸੇ ਹੋਏ ਅਸੂਲਾਂ ਦੇ ਬਿਲਕੁਲ ਉਲਟ ਹੈ। ਇਹੀ

ਗੱਲ ਹੇਠ ਦਿੱਤੇ ਆਸਾ ਦੀ ਵਾਰ ਦੇ ਸ਼ਬਦ ਰਾਹੀਂ ਸਪੱਸ਼ਟ ਕਰਕੇ ਸਮਝਾਈ ਹੋਈ ਹੈ। ਪਹਿਲੇ ਦੋ ਸਲੋਕਾਂ ਦਾ ਭਾਵ ਵੀ ਉਹੀ ਹੈ ਤੇ ਉਸੇ ਗੱਲ ਨੂੰ ਅੱਗੇ ਪਉੜੀ ਦੇ ਸ਼ਬਦ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

“ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ॥
ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ॥
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ॥
ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥
ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥
ਤਾ ਹੋਆ ਪਾਕੁ ਪਵਿਤੁ॥
ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥
ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ॥੧॥”

(ਅੰਗ ੪੭੩)

ਇਸ ਸਲੋਕ ਰਾਹੀਂ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਣ ਵਾਲਿਆਂ ਦਾ ਭੁਲੇਖਾ ਦੂਰ ਕੀਤਾ ਹੋਇਆ ਹੈ। ਇਹੋ ਜਿਹੇ ਕਥਨੀ ਦੁਆਰਾ ਪ੍ਰਮਾਤਮਾ ਨੂੰ ਜਪਣ ਵਾਲੇ ਮਨੁੱਖ ਬਾਹਰੀ ਸੁੱਚ ਤੇ ਹੀ ਜਿਆਦਾ ਵਿਸ਼ਵਾਸ ਕਰਦੇ ਹਨ ਤੇ ਉਸਨੂੰ ਆਪਣਾ ਧਰਮ ਕਮਾਉਣ ਦਾ ਹਿੱਸਾ ਸਮਝਦੇ ਹਨ।

7/628

ਪ੍ਰਾਚੀਨ ਸਮੇਂ ਤੋਂ ਹੀ ਆਪਣੇ ਆਪ ਨੂੰ ਬਾਹਰਲੀ ਸੁੱਚ ਰਾਹੀਂ ਉੱਚਾ ਕਰਨਾ ਧਰਮ ਦਾ ਮਾਰਗ ਸਮਝਿਆ ਜਾਂਦਾ ਰਿਹਾ ਹੈ ਅਤੇ ਇਹੀ ਤਰੀਕਾ ਅੱਜ ਵੀ ਪ੍ਰਚਲਿਤ ਹੈ। ਪ੍ਰਾਚੀਨ ਸਮੇਂ ਤੋਂ ਸਾਡੇ ਸਮਾਜ ਵਿੱਚ ਬ੍ਰਾਹਮਣ ਵਾਦ ਦਾ ਜ਼ੋਰ ਰਿਹਾ ਹੈ ਤੇ ਉਹ ਆਪਣੀ ਬਾਹਰੀ ਸੁੱਚ ਦੁਆਰਾ ਆਪਣੇ ਆਪ ਨੂੰ ਉੱਚਾ ਦੱਸਦੇ ਰਹੇ ਹਨ ਤੇ ਦੂਸਰਿਆਂ ਨੂੰ ਨੀਵਾਂ ਕਹਿੰਦੇ ਆਏ ਹਨ ਤੇ ਇਹ ਪ੍ਰਥਾ ਸਮਾਜ ਵਿੱਚ ਅੱਜ ਵੀ ਜਾਰੀ ਹੈ। ਅਗਰ ਧਿਆਨ ਨਾਲ ਵਿਚਾਰਾਂਗੇ ਤਾਂ ਇਹ ਪ੍ਰਥਾ ਸਿੱਖ ਜਗਤ ਵਿੱਚ ਵੀ ਪ੍ਰਚਲਿਤ ਹੈ। ਇਸ ਭਰਮ ਨੇ ਕੇਵਲ ਆਪਣਾ ਰੂਪ ਬਦਲਿਆ ਹੈ, ਨਾਮ ਬਦਲਿਆ ਹੈ ਪਰ ਮਨ ਦੇ ਵਿੱਚ ਭਰਮ ਲਈ ਸ਼ਰਧਾ ਉਹੀ ਹੈ ਜੋ ਸਦੀਆਂ ਤੋਂ ਚੱਲੀ ਆ ਰਹੀ ਹੈ। ਪ੍ਰਮਾਤਮਾ ਦੀ ਭਗਤੀ ਸਾਨੂੰ ਮਨੁੱਖ ਨਾਲ ਉੱਚੇ ਨੀਵੇਂ ਦਾ ਭੇਦ ਖ਼ਤਮ ਕਰਨ ਲਈ ਸਮਝਾਉਂਦੀ ਹੈ ਤੇ ਜਿਸ ਭਗਤੀ ਦੁਆਰਾ ਇੱਕ ਆਪਣੇ ਆਪ ਨੂੰ ਉੱਚਾ ਸਮਝੇ ਤੇ ਦੂਸਰੇ ਨੂੰ ਨੀਵਾਂ ਸਮਝੇ, ਮੰਦਾ ਸਮਝੇ ਉੱਥੇ ਭਗਤੀ ਨਹੀਂ ਹੋ ਸਕਦੀ। ਭਗਤੀ ਆਪਣੇ ਆਪ ਨੂੰ ਨੀਵਾਂ ਕਰਨ ਦਾ ਮਾਰਗ ਹੈ, ਸਭ ਨੂੰ ਇੱਕੋ ਜਿਹਾ ਦੇਖਣ ਦਾ ਮਾਰਗ ਹੈ। ਕੋਈ ਆਪਣੇ ਤਰੀਕੇ ਦੀ ਸੁੱਚ ਨਾਲ ਬਣਾਏ ਖਾਣੇ ਖਾਣ ਦੁਆਰਾ ਆਪਣੇ ਆਪ ਨੂੰ ਉੱਚਾ ਧਰਮੀ ਸਮਝਦਾ ਹੈ ਜਿਸ ਦਾ ਕਿ ਇਸ ਸ਼ਬਦ ਰਾਹੀਂ ਬੜੀ ਤਾੜਨਾ ਕਰਕੇ ਖੰਡਨ ਕੀਤਾ ਗਿਆ ਹੈ ਕਿਉਂਕਿ ਇਹੋ ਜਿਹਾ ਕਰਨ ਨਾਲ ਸਮਾਜ ਵਿੱਚ ਉਚ ਨੀਚ ਨੂੰ ਵਧਾਵਾ ਮਿਲਦਾ ਹੈ ਜੋ ਕਿ ਅਨੇਕਾਂ ਹੀ ਝਗੜਿਆਂ ਨੂੰ ਜਨਮ ਦਿੰਦਾ ਹੈ, ਸਮਾਜ ਵਿੱਚ ਵਿਤਕਰੇ ਪੈਦਾ ਕਰਦਾ ਹੈ। ਭਾਰਤੀ ਸਮਾਜ ਵਿੱਚ ਇਹ ਇੱਕ ਵੱਡੀ ਸਮੱਸਿਆ ਦਾ ਕਾਰਨ ਹੈ। ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਸ਼ੁਰੂ ਕਰਕੇ ਸਭ ਨੂੰ ਇੱਕੋ ਪੰਗਤ ਵਿੱਚ ਬਿਠਾ ਕੇ, ਇੱਕੋ ਜਿਹਾ ਭੋਜਨ ਛਕਾ ਕੇ ਸਭ ਨੂੰ ਬਰਾਬਰੀ ਦਾ ਦਰਜ਼ਾ ਬਖਸ਼ਿਆ ਹੈ। ਇਸ ਨੂੰ ਮੂਲ ਰੂਪ ਵਿੱਚ ਅਪਣਾਉਣ ਦੀ ਪ੍ਰਥਾ ਸਿੱਖ ਜਗਤ ਵਿੱਚ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕੀ। ਵੱਖਰੀਆਂ-ਵੱਖਰੀਆਂ ਮਰਿਆਦਾਵਾਂ ਨਾਲ, ਵੱਖਰੇ-ਵੱਖਰੇ ਉੱਚ ਸੁੱਚ ਦੇ ਤਰੀਕਿਆਂ ਨਾਲ, ਵੱਖਰੇ-ਵੱਖਰੇ ਬਰਤਨਾਂ ਵਿੱਚ, ਵੱਖਰੇ-ਵੱਖਰੇ ਵਰਤਾਵਿਆਂ ਨਾਲ ਵੱਖਰੇ ਲੰਗਰ ਚਲਾਉਣ ਦਾ ਤਰੀਕਾ, ਆਪਣੇ ਆਪ ਨੂੰ ਦੂਸਰਿਆਂ ਨਾਲੋਂ ਉੱਚੇ ਸੁੱਚੇ ਸਾਬਿਤ ਕਰਨ ਦਾ ਤਰੀਕਾ ਅੱਜ ਵੀ ਸਿੱਖ ਜਗਤ ਵਿੱਚ ਦੇਖਿਆ ਜਾ ਸਕਦਾ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ

7/629

ਸਾਬਿਤ ਕਰਕੇ ਦਿਖਾਉਂਦੇ ਹਨ। ਆਉ ਇਸ ਗੱਲ ਨੂੰ ਹੁਣ ਸ਼ਬਦ ਰਾਹੀਂ ਜਾਣੀਏ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਚਾ,

ਕਿਸੇ ਸਪੈਸ਼ਲ ਤਰੀਕੇ ਨਾਲ ਭਾਵ ਕਿਸੇ ਸਪੈਸ਼ਲ ਸੁੱਚ ਵਰਤਣ ਨਾਲ, ਸਪੈਸ਼ਲ ਬਰਤਨ ਵਰਤਣ ਨਾਲ, ਸਪੈਸ਼ਲ ਵਰਤਾਵਿਆਂ ਦੇ ਹੱਥੋਂ ਖਾਣਾ ਖਾਣ ਨਾਲ ਨਹੀਂ ਬਣਿਆ ਜਾ ਸਕਦਾ। ਉਸ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਚਾ ਬਣਨ ਲਈ ਆਪਣੇ ਅੰਦਰੋਂ ਕੇਵਲ ਪਾਪਾਂ ਵਾਲੀ ਬਿਰਤੀ ਨੂੰ ਮਾਰਨ ਦੀ ਲੋੜ ਹੈ, ਆਪਣੀ ਨਾਸਮਝਿ ਮਤਿ ਛੱਡਣ ਦੀ ਲੋੜ ਹੈ, ਕਿਸੇ ਨੂੰ ਨੀਵਾਂ ਜਾਂ ਮੰਦਾ ਨਾ ਸਮਝਣ ਦੀ ਲੋੜ ਹੈ ਭਾਵ ਮਨ ਨੂੰ ਸੁੱਚਾ ਕਰਨ ਦੀ ਲੋੜ ਹੈ ਭਾਵ ਤਨ ਦੀ ਸੁੱਚ ਦੀ ਬਜਾਏ ਮਨ ਦੀ ਸੁੱਚ ਵੱਲ ਧਿਆਨ ਦੇਣ ਦੀ ਲੋੜ ਹੈ।

"ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ॥

ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ॥"

ਉਪਰਲੀਆਂ ਪੰਗਤੀਆਂ ਵਿੱਚ ਤਨ ਦੀ ਸੁੱਚ ਦਾ ਅਤੇ ਚਉਂਕੇ ਦੀ ਸੁੱਚ ਦਾ ਹਵਾਲਾ ਦੇ ਕੇ ਸਮਝਾਇਆ ਹੋਇਆ ਹੈ ਜੋ ਕਿ ਪ੍ਰਾਚੀਨ ਸਮੇਂ ਤੋਂ ਬ੍ਰਾਹਮਣ ਆਦਿ, ਧਾਰਮਿਕ ਅਖਵਾਉਣ ਵਾਲੇ ਆਪਣਾ ਖਾਣਾ ਖਾਣ ਦਾ ਤਰੀਕਾ ਅਪਣਾਉਂਦੇ ਆਏ ਹਨ। ਜੇਕਰ ਉਨ੍ਹਾਂ ਦੇ ਚਉਂਕੇ ਦੇ ਉੱਪਰ ਕਿਸੇ ਨੀਵੀਂ ਜਾਤਿ ਵਾਲੇ ਦੇ ਹੱਥ ਪੈਰ ਲੱਗ ਜਾਣ, ਇੱਥੋਂ ਤੱਕ ਕਿ ਉਸ ਜਗ੍ਹਾ ਤੇ ਨੀਵੀਂ ਜਾਤਿ ਵਾਲੇ ਦਾ ਸਾਇਆ ਤੱਕ ਵੀ ਪੈ ਜਾਵੇ ਤਾਂ ਸਮਝਿਆ ਜਾਂਦਾ ਹੈ ਕਿ ਉਹ ਖਾਣਾ, ਜਾਂ ਚਉਂਕਾ ਭਿੱਟਿਆ ਗਿਆ ਹੈ, ਭ੍ਰਿਸ਼ਟ ਹੋ ਗਿਆ ਹੈ। ਇਹੋ ਜਿਹਾ ਖਾਣਾ ਫਿਰ ਨਹੀਂ ਖਾਇਆ ਜਾਂਦਾ ਅਤੇ ਨਾ ਹੀ ਫਿਰ ਇਹੋ ਜਿਹੇ ਚਉਂਕੇ ਤੇ ਬੈਠਿਆ ਜਾਂਦਾ ਹੈ ਭਾਵ ਖਾਣਾ ਖਾਣ ਲਈ, ਚਉਂਕਾ ਸਾਫ਼ ਕਰਨ ਲਈ ਸਪੈਸ਼ਲ ਸੁੱਚ ਵਰਤੀ ਜਾਂਦੀ ਹੈ, ਵੱਖਰੀ ਮਰਿਆਦਾ ਵਰਤੀ ਜਾਂਦੀ ਹੈ। (**ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ॥**) ਜੋ ਕੋਈ ਵੀ ਇਹੋ ਜਿਹੇ ਖਾਣੇ ਨੂੰ ਉਨ੍ਹਾਂ ਦੀ ਮਰਿਆਦਾ ਅਨੁਸਾਰ, ਉਹਨਾਂ ਦੀ ਸਮਝ ਅਨੁਸਾਰ ਭਰਿਸ਼ਟ ਕਰਦਾ ਹੈ, ਉਸ ਨੂੰ ਦੋਸ਼ੀ ਮੰਨਿਆ ਜਾਂਦਾ ਹੈ, ਸਜ਼ਾ ਦਾ ਹੱਕਦਾਰ ਮੰਨਿਆ ਜਾਂਦਾ ਹੈ ਜਿਵੇਂ ਕਿ ਹੇਠ ਦਿੱਤੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ॥

ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥”

ਪਹਿਲੀ ਪੰਗਤੀ ਰਾਹੀਂ ਇਹ ਦਰਸਾਇਆ ਹੈ ਕਿ ਇਹੋ ਜਿਹੀ ਖਾਣਾ ਖਾਣ ਦੀ ਸੁੱਚ ਧਰਮ ਵੱਜੋਂ ਕੀਤੀ ਜਾਂਦੀ ਹੈ ਭਾਵ ਬਾਹਰੀ ਸੁੱਚ ਨੂੰ ਧਰਮ ਦੇ ਨਾਲ ਜੋੜਿਆ ਹੋਇਆ ਹੈ, ਧਾਰਮਿਕ ਪਾਠ ਪੜ੍ਹਨ ਦੇ ਨਾਲ ਜੋੜਿਆ ਹੋਇਆ ਹੈ ਤੇ ਜੋ ਖਾਣੇ ਦੀ ਸੁੱਚ ਨੂੰ ਖਰਾਬ ਕਰਦਾ ਹੈ, ਉਸਨੂੰ ਗੰਦਾ ਕਰਦਾ ਹੈ,

7/630

ਸੁੱਚ ਨੂੰ ਭੰਗ ਕਰਦਾ ਹੈ ਉਸਨੂੰ ਧਰਮ ਦਾ ਦੋਸ਼ੀ ਸਮਝਿਆ ਜਾਂਦਾ ਹੈ। (**ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥**) ਉੱਪਰ ਪੰਗਤੀ ਵਿੱਚ ਇਸ ਭੁਲੇਖੇ ਦੀਆਂ ਧੱਜੀਆਂ ਉਡਾਈਆਂ ਹੋਈਆ ਹਨ। ਧਿਆਨ ਨਾਲ ਸਮਝਣ ਦੀ ਲੋੜ ਹੈ। **“ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥**” "ਕੁਹਥੀ" ਤੋਂ ਭਾਵ ਹੈ ਗੰਦੀ। ਮਨੁੱਖ ਖਾਣਾ ਖਾਣ ਤੋਂ ਬਾਅਦ ਉਸਨੂੰ ਪੇਟ ਵਿੱਚ ਪਾ ਕੇ ਗੰਦਾ ਹੀ ਕਰਦਾ ਹੈ ਤੇ ਪੇਟ ਵਿੱਚੋਂ ਕੱਢ ਕੇ ਜਿਸ ਜਗ੍ਹਾਂ ਤੇ ਮਲ ਨੂੰ ਸੁੱਟਿਆ ਜਾਂਦਾ ਹੈ ਉਹ ਜਗ੍ਹਾਂ ਨੂੰ ਵੀ ਗੰਦਾ ਕਰਦਾ ਹੈ। (**ਕੁਹਥੀ ਜਾਈ ਸਟਿਆ**)। ਇਸ ਤਰੀਕੇ ਨਾਲ ਖਾਣੇ ਨੂੰ ਪੇਟ ਦੀ ਗੰਦਗੀ ਵਿੱਚ ਬਦਲ ਕੇ ਫਿਰ ਉਸਨੂੰ ਕਿਤੇ ਸੁੱਟ ਕੇ ਜੋ ਜਗ੍ਹਾਂ ਨੂੰ ਗੰਦਾ ਕੀਤਾ ਜਾਂਦਾ ਹੈ ਉਸਦਾ ਦੋਖ ਭਾਵ ਉਸ ਜਗ੍ਹਾ ਨੂੰ ਗੰਦਾ ਕਰਨ ਦਾ ਦੋਸ਼ ਫਿਰ ਕਿਸ ਨੂੰ ਲੱਗੇਗਾ। (**ਕਿਸੁ ਏਹੁ ਲਗਾ ਦੋਖੁ**) ਜਦੋਂ ਕੋਈ ਮਨੁੱਖ ਜਿਸ ਨੂੰ ਅਸੀਂ ਨੀਵਾਂ ਸਮਝਦੇ ਹਾਂ ਉਸਦੇ ਹੱਥ ਲੱਗਣ ਨਾਲ ਜੇਕਰ ਸਾਡਾ ਖਾਣਾ ਗੰਦਾ ਮੰਨਿਆ ਜਾਂਦਾ ਹੈ, ਭਰਿਸ਼ਟ ਮੰਨਿਆ ਜਾਂਦਾ ਹੈ, ਚੌਂਕਾ ਗੰਦਾ ਮੰਨ ਲਿਆ ਜਾਂਦਾ ਹੈ ਫਿਰ ਇਸ ਦਾ ਅਸੀਂ ਕਿਸੇ ਨਾ ਕਿਸੇ ਸਿਰ ਦੋਸ਼ ਮੜ੍ਹਦੇ ਹਾਂ ਤੇ ਉਸਨੂੰ ਸਜ਼ਾ ਵੀ ਦਿੰਦੇ ਹਾਂ, ਉਸਨੂੰ ਬੁਰਾ ਭਲਾ ਵੀ ਸੁਣਾਉਂਦੇ ਹਾਂ। ਜੋ ਖਾਣਾ ਅਸੀਂ ਆਪ ਖਾ ਕੇ ਗੰਦਾ ਕੀਤਾ ਹੈ, ਪੇਟ ਦਾ ਮਲਬਾ ਕਿਤੇ ਸੁੱਟ ਕੇ, ਜਗ੍ਹਾਂ ਗੰਦੀ ਕੀਤੀ ਹੈ ਫਿਰ ਇਸ ਦਾ ਦੋਸ਼ ਹੁਣ ਕਿਸ ਦੇ ਸਿਰ ਲੱਗੇ। ਜੇਕਰ ਅਸੀਂ ਕਿਸੇ ਨੂੰ ਖਾਣਾ ਗੰਦਾ ਕਰਨ ਦਾ ਦੋਸ਼ ਦੇ ਸਕਦੇ ਹਾਂ ਫਿਰ ਆਪਣੇ ਅੰਦਰ ਖਾਣੇ ਨੂੰ ਗੰਦਾ ਕਰਨ ਦਾ ਇਹ ਦੋਸ਼ ਸਾਨੂੰ ਵੀ ਲੈਣਾ ਪਵੇਗਾ। ਜੇਕਰ ਹੋਰ ਕੋਈ ਦੋਸ਼ੀ ਹੈ ਤਾਂ ਫਿਰ ਅਸੀਂ ਵੀ ਦੋਸ਼ੀ ਹਾਂ, ਅਸੀਂ ਗੰਦ ਪਾਉਂਦੇ ਹਾਂ। ਭਾਵ ਭਿੱਟਣ ਦਾ, ਖਾਣਾ ਭਿੱਟਣ ਦਾ ਦੋਸ਼ ਕਿਸੇ ਤੇ ਨਹੀਂ ਲਗਾਉਣਾ ਚਾਹੀਦਾ, ਇਹੋ ਜਿਹੀ ਉੱਚ ਸੁੱਚ ਵਿੱਚ ਨਹੀਂ ਪੈਣਾ ਚਾਹੀਦਾ ਭਾਵ ਇਹੋ ਜਿਹੀ ਉੱਚ ਸੁੱਚ ਦਿਖਾਉਣਾ ਗੁਰੂ ਦੀ ਮਤਿ ਦੇ ਉਲਟ ਹੈ। ਗੁਰੂ ਸਾਹਿਬਾਨ ਨੇ ਸਾਨੂੰ ਖੁਦ ਵੀ ਆਪਣੇ ਜੀਵਨ ਕਾਲ ਵਿੱਚ ਵਿਚਰ ਕੇ ਸਭ ਨੂੰ ਇਹੋ ਜਿਹੀ ਸਿੱਖਿਆ ਦਿੱਤੀ ਹੈ। ਧੰਨ ਧੰਨ ਦਸਵੀਂ ਪਾਤਸ਼ਾਹੀ

ਜੋ ਆਪ ਅੰਮ੍ਰਿਤ ਦੇ ਦਾਤਾ ਹਨ ਉਹਨਾਂ ਨੇ ਵੀ ਚਮਕੌਰ ਦੀ ਗੜੀ ਛੱਡਣ ਤੋਂ ਬਾਅਦ ਅਨੇਕਾਂ ਜਗ੍ਹਾ ਤੇ ਡੇਰਾ ਲਗਾਇਆ ਹੈ, ਅਨੇਕਾਂ ਦੇ ਘਰਾਂ ਵਿੱਚ ਰਹੇ ਹਨ, ਮੁਸਲਮਾਨ ਭਰਾਵਾਂ ਦੇ ਘਰਾਂ ਵਿੱਚ ਵੀ ਰਹੇ ਹਨ ਜੋ ਕਿ ਅੰਮ੍ਰਿਤਧਾਰੀ ਨਹੀਂ ਸਨ। ਉਹਨਾਂ ਨੇ ਕਿਸੇ ਦੇ ਹੱਥੋਂ, ਕਿਸੇ ਦੇ ਵੀ ਚਉਂਕੇ ਤੇ ਖਾਣਾ ਮਨ੍ਹਾਂ ਨਹੀਂ ਕੀਤਾ, ਪਿਆਰ ਨਾਲ ਛਕਿਆ ਹੈ। ਉਨ੍ਹਾਂ ਤੋਂ ਜਿਆਦਾ ਸੋਝੀ ਕਿਸ ਨੂੰ ਹੋ ਸਕਦੀ ਹੈ ਪਰ ਅਸੀਂ ਫਿਰ ਵੀ ਭਰਮ ਭੁਲੇਖਿਆਂ ਵਿੱਚ ਪੈ ਕੇ ਉੱਚ ਸੁੱਚ ਦਾ ਫ਼ਰਕ ਕਰਨ ਲੱਗ ਪੈਂਦੇ ਹਾਂ ਤੇ ਆਪਣੇ ਵੱਲੋਂ ਉਸੇ ਗੁਰੂ ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿਸ ਨੇ ਆਪ ਬਾਣੀ

7/631

ਉਚਾਰੀ ਹੈ, ਜਿਸ ਨੇ ਆਪ ਹੀ ਸਾਨੂੰ ਇਨ੍ਹਾਂ ਭਰਮਾਂ ਵਿੱਚੋਂ ਨਿਕਲਣ ਲਈ ਪ੍ਰੇਰਿਆ ਹੈ। ਅਸੀਂ ਆਪਣੀ ਵੱਖਰੀ ਮਰਿਆਦਾ ਅਨੁਸਾਰ, ਕਿਸੇ ਜੱਥੇਬੰਦੀ ਦੀ ਮਰਿਆਦਾ ਅਨੁਸਾਰ ਵੱਖਰੇ ਲੰਗਰ ਤਾਂ ਬਣਾ ਲੈਂਦੇ ਹਾਂ, ਦੂਸਰਿਆਂ ਨੂੰ ਨੀਵਾਂ ਦਿਖਾ ਕੇ ਉੱਚੇ ਬਣ ਲੈਂਦੇ ਹਾਂ ਪਰ ਸਮਾਜ ਵਿੱਚ ਇਸ ਦਾ ਅਸਰ ਕੀ ਪੈਂਦਾ ਹੈ, ਦੂਸਰੇ ਸਾਡੇ ਬਾਰੇ ਕੀ ਸੋਚਦੇ ਹਨ, ਇਸ ਗੱਲ ਨੂੰ ਅਸੀਂ ਭੁੱਲ ਜਾਂਦੇ ਹਾਂ। ਦੂਸਰਿਆਂ ਨੂੰ ਨੀਵਾਂ ਜਾਣ ਕੇ ਆਪਣੇ ਆਪ ਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਿਵੇਂ ਉੱਚਾ ਕੀਤਾ ਜਾ ਸਕਦਾ ਹੈ। ਕੇਵਲ ਸਾਡਾ ਭਰਮ ਹੈ। ਹੁਣ ਲੰਗਰ ਵੱਖਰੇ ਬਣਾਉਣੇ ਤੇ ਅਸੀਂ ਪੁੱਜ ਆ ਲੈਂਦੇ ਹਾਂ ਪਰ ਜੇਕਰ ਹੁਣ ਹਰਿਮੰਦਰ ਸਾਹਿਬ ਸਰੋਵਰ ਦੀ ਗੱਲ ਕਰੀਏ, ਉੱਥੇ ਇਸ਼ਨਾਨ ਕਰਨ ਲਈ ਅਸੀਂ ਕਿਵੇਂ ਪੂਰੇ ਉਤਰਾਂਗੇ। ਵੱਖਰੀ ਸੁੱਚ ਰੱਖਣ ਵਾਲੇ ਉੱਥੇ ਆਪਣੀ ਸੁੱਚ ਨੂੰ ਵੱਖਰਾ ਕਿਵੇਂ ਰੱਖਣਗੇ। ਉਸ ਸਰੋਵਰ ਵਿੱਚ ਹਰ ਕੋਈ ਇਸ਼ਨਾਨ ਕਰਦਾ ਹੈ, ਗੰਦੇ ਮੰਦੇ ਸ਼ਰੀਰ ਵਾਲਾ ਹਰ ਕੋਈ ਇਸ਼ਨਾਨ ਕਰਦਾ ਹੈ, ਬਿਨ੍ਹਾਂ ਅੰਮ੍ਰਿਤ ਧਾਰੀਆਂ ਦੇ ਇਸ਼ਨਾਨ ਕਰਨ ਵਾਲਿਆਂ ਦੀ ਭੀੜ ਹੁੰਦੀ ਹੈ, ਵਿੱਚ ਸ਼ਰਾਬੀ ਕਬਾਬੀ ਵੀ ਹੁੰਦੇ ਹਨ, ਹਰ ਕਿਸਮ ਦੇ ਲੋਕ ਹੁੰਦੇ ਹਨ, ਵੱਖਰੀਆਂ-ਵੱਖਰੀਆਂ ਮਰਿਆਦਾਵਾਂ ਨੂੰ ਮੰਨਣ ਵਾਲੇ ਲੋਕ ਹੁੰਦੇ ਹਨ। ਕੀ ਇਹੋ ਜਿਹੀ ਉੱਚ ਸੁੱਚ ਰੱਖਣ ਵਾਲੇ ਉੱਥੇ ਕਿਸੇ ਨੂੰ ਇਸ਼ਨਾਨ ਕਰਨ ਤੋਂ ਮਨ੍ਹਾਂ ਕਰ ਸਕਦੇ ਹਨ। ਖਾਣੇ ਦੀ, ਚੌਂਕੇ ਦੀ ਉੱਚ ਸੁੱਚ ਦਾ ਪ੍ਰਚਾਰ ਕਰਨ ਵਾਲੇ ਥੋੜਾ ਜਿਹਾ ਧਿਆਨ ਨਾਲ ਸੋਚੋ ਅਤੇ ਅਸਲੀਅਤ ਨੂੰ ਸਮਝਣ ਦੀ, ਅਪਣਾਉਣ ਦੀ ਕੋਸ਼ਿਸ਼ ਕਰੋ। ਸਾਨੂੰ ਇਸ਼ਨਾਨ ਉਸੇ ਸਰੋਵਰ ਵਿੱਚ ਹੀ ਕਰਨਾ ਪੈਂਦਾ ਹੈ ਜਿਸ ਸਰੋਵਰ ਵਿੱਚ ਉਹ ਵੀ ਹੁੰਦੇ ਹਨ ਜਿੰਨ੍ਹਾਂ ਨੂੰ ਅਸੀਂ ਮੈਲਾ ਸਮਝਦੇ ਹਾਂ, ਜੂਠੇ ਸਮਝਦੇ ਹਾਂ ਪਰ ਫਿਰ ਵੀ ਉਨ੍ਹਾਂ ਦੀ ਮੈਲ ਨੂੰ ਆਪਣੇ ਤਨ ਦੇ ਨਾਲ ਲੱਗਣ ਦਿੰਦੇ ਹਾਂ, ਉਸ ਨੂੰ ਕਬੂਲ ਕਰਦੇ ਹਾਂ। ਇੱਥੋਂ ਤੱਕ ਕਿ ਅੰਮ੍ਰਿਤ ਜਲ ਦਾ ਚੁੱਲਾ ਵੀ ਭਰਦੇ ਹਾਂ। ਜੇਕਰ ਇਹ ਸਭ ਕੁੱਝ ਅਸੀਂ ਕਰ ਸਕਦੇ ਹਾਂ ਤਾਂ ਫਿਰ ਇਹੋ ਜਿਹੀ ਸੋਚ ਰੱਖਣ ਵਾਲਿਉ ਤੁਹਾਡੇ ਚਰਨਾਂ ਵਿੱਚ ਦਾਸ ਦੀ ਤਹਿ ਦਿਲੋਂ ਬੇਨਤੀ ਹੈ ਕਿ ਗੁਰੂ ਦੇ ਲੰਗਰ ਵਿੱਚ ਵੀ ਕੋਈ ਵਿਤਕਰਾ ਨਾ ਕਰੋ। ਇਸ ਤਰ੍ਹਾਂ ਕੇਵਲ ਸਮਾਜਿਕ ਬੁਰਾਈ ਵੱਧਦੀ ਹੈ ਜਿਸ ਨੂੰ ਕਿ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕਰਕੇ ਸਮਝਾਇਆ ਹੋਇਆ ਹੈ। ਗੁਰੂ ਦੀ ਗੱਲ ਨੂੰ ਸਮਝ ਕੇ ਵੀ ਅਣਜਾਣ ਬਣੇ ਰਹਿਣ ਵਿੱਚ ਪ੍ਰਮਾਤਮਾ ਦੀ ਵਡਿਆਈ ਕਿਵੇਂ

7/632

ਹੋ ਸਕਦੀ ਹੈ। ਇਹੋ ਜਿਹੀਆਂ ਗੱਲਾਂ ਸਮਝਾਉਣ ਵਾਲੀਆਂ ਜੱਥੇਬੰਦੀਆਂ ਦੀ ਮਤਿ ਨਾਲ ਜੁੜਕੇ ਖਾਣੇ ਦੀ, ਚੌਂਕੇ ਦੀ ਉੱਚ ਸੁੱਚ ਦੀਆਂ ਗੱਲਾਂ ਕਰਨ ਨਾਲ ਅਸੀਂ ਕੇਵਲ ਗੁਰੂ ਦੀ ਮਤਿ ਦੇ ਉਲਟ ਹੀ ਪ੍ਰਚਾਰ ਕਰ ਰਹੇ ਹਾਂ। ਇੱਕ ਪਾਸੇ ਅਸੀਂ ਇਹ ਕਹਿੰਦੇ ਹਾਂ ਕਿ ਸੁਵਰਣ ਬ੍ਰਾਹਮਣ ਜਿਹੋ ਜਿਹੀ ਉੱਚ ਸੁੱਚ ਦਿਖਾਉਂਦੇ ਹਨ ਉਹ ਸਮਾਜ ਲਈ ਚੰਗੀ ਨਹੀਂ ਹੈ ਤੇ ਉਹੀ ਗੱਲ ਜੇਕਰ ਆਪ ਕਰੀਏ ਤੇ ਸਾਨੂੰ ਚੰਗਾ ਕੌਣ ਆਖੇਗਾ। ਜਰੂਰੀ ਨਹੀਂ ਕਿ ਕਿਸੇ ਨੂੰ ਨੀਵਾਂ ਕਹਿ ਕੇ ਅਸੀਂ ਨੀਵਾਂ ਬਣਾਈਏ। ਆਪਣੇ ਆਪ ਨੂੰ ਉੱਚਾ ਸਾਬਿਤ ਕਰਨਾ ਵੀ ਦੂਸਰਿਆਂ ਨੂੰ ਨੀਵਾਂ ਦਿਖਾਉਣ ਵਾਲੀ ਗੱਲ ਹੈ।

ਪ੍ਰਮਾਤਮਾ ਨੇ ਹਰ ਚੀਜ਼ ਪਵਿੱਤਰ ਹੀ ਬਣਾਈ ਹੈ, ਉਸਦਾ ਬਣਾਇਆ ਹੋਇਆ ਸਭ ਕੁੱਝ ਪਵਿੱਤਰ ਹੈ ਪਰ ਅਸਲ ਵਿੱਚ ਅਪਵਿੱਤਰਤਾ ਸਾਡੇ ਮਨ ਦੇ ਵਿੱਚ ਹੈ ਜੋ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਖਾਣਾ ਅਪਵਿੱਤਰ ਕਿਸ ਗੱਲ ਨਾਲ ਹੁੰਦਾ ਹੈ ਇਹ ਵੀ ਸਮਝਾਇਆ ਹੋਇਆ ਹੈ।

“ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥
ਤਾ ਹੋਆ ਪਾਕੁ ਪਵਿਤੁ॥
ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥”

ਪਕਵਾਨ ਤਿਆਰ ਕਰਨ ਲਈ ਸਾਨੂੰ ਅੰਨ ਦੀ, ਪਾਣੀ ਦੀ, ਅਗਨੀ ਦੀ, ਲੂਣ ਦੀ ਤੇ ਘਿਉਂ ਦੀ ਲੋੜ ਪੈਂਦੀ ਹੈ। ਇਹਨਾਂ ਸਾਰੀਆਂ ਚੀਜ਼ਾਂ ਨੂੰ ਦੇਵਤਾ ਸਰੂਪ ਦੱਸਿਆ ਹੈ। ਦੇਵਤਾ ਕਿਸੇ ਦੇ ਹੱਥ ਲੱਗਣ ਨਾਲ ਮੈਲਾ ਨਹੀਂ ਹੋ ਸਕਦਾ। ਉਹ ਸਭ ਲਈ

ਇੱਕੋ ਜਿਹਾ ਹੁੰਦਾ ਹੈ, ਉਸਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹੁੰਦੇ ਹਨ। ਉਹ ਅਪਵਿੱਤਰ ਨਹੀਂ ਹੁੰਦਾ। ਇਸੇ ਤਰ੍ਹਾਂ ਜੇਕਰ ਅਸੀਂ ਸਾਰੀਆਂ ਖਾਣੇ ਦੀਆਂ ਵਸਤੂਆਂ ਨੂੰ ਦੇਵਤਾ ਸਰੂਪ ਜਾਣੀਏ, ਮਨ ਵਿੱਚ ਉਹਨਾਂ ਨੂੰ ਦੇਵਤਾ ਸਰੂਪ ਪੂਜੀਏ ਤੇ ਤਾਂ ਫਿਰ ਉਹ ਖਾਣਾ ਸਾਡੇ ਲਈ ਹਰ ਰੂਪ ਵਿੱਚ ਪਵਿੱਤਰ ਹੈ ਜੋ ਕਿ ਕਿਸੇ ਦੇ ਹੱਥ ਲੱਗਣ ਨਾਲ ਮੈਲਾ ਨਹੀਂ ਹੋ ਸਕਦਾ ਭਾਵ ਗੱਲ ਸਿਰਫ਼ ਮਨ ਨੂੰ ਸਮਝਾਉਣ ਦੀ ਹੈ ਕਿ ਕਿਸੇ ਦੇ ਹੱਥ ਲੱਗਣ ਨਾਲ ਜਿਵੇਂ ਦੇਵਤਾ ਮੈਲਾ ਨਹੀਂ ਹੋ ਜਾਂਦਾ ਉਸੇ ਤਰ੍ਹਾਂ ਖਾਣਾ ਵੀ ਮੈਲਾ ਨਹੀਂ ਹੋ ਜਾਂਦਾ, ਚੌਂਕਾ ਵੀ ਮੈਲਾ ਨਹੀਂ ਹੋ ਜਾਂਦਾ। ਉਹ ਪਵਿੱਤਰ ਹੀ ਰਹਿੰਦਾ ਹੈ। ਖਾਣਾ ਤਾਂ ਪਵਿੱਤਰ ਹੀ ਹੈ ਪਰ ਉਸਨੂੰ ਅਸੀਂ ਅਸਲ ਵਿੱਚ ਅਪਵਿੱਤਰ ਕਿਵੇਂ ਬਣਾਉਂਦੇ ਹਾਂ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਅਸੀਂ ਖਾਣੇ ਨੂੰ ਅਪਵਿੱਤਰ ਆਪਣੇ ਪਾਪੀ ਮਨ ਦੁਆਰਾ ਬਣਾਉਂਦੇ ਹਾਂ। ਜਿਸਦੇ ਸਰੀਰ ਦੇ ਨਾਲ ਪਾਪੀ ਮਨ ਜੁੜਿਆ ਹੋਇਆ ਹੈ ਭਾਵ ਜੋ ਖਾਣੇ ਨੂੰ ਅਪਵਿੱਤਰ ਢੰਗ ਨਾਲ ਕਮਾਉਂਦਾ ਹੈ

7/633

ਉਹ ਪਵਿੱਤਰ ਖਾਣੇ ਦੇ ਵਿੱਚ ਆਪ ਥੁੱਕਾਂ ਪਾਉਂਦਾ ਹੈ ਭਾਵ ਮਾੜੇ ਢੰਗ ਨਾਲ ਕੀਤੀ ਕਮਾਈ ਆਪਣੇ ਖਾਣੇ ਦੇ ਵਿੱਚ ਥੁੱਕਣ ਦੇ ਬਰਾਬਰ ਹੈ। **(ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥)** ਪਾਪੀ ਮਨ ਕੀ ਹੈ, ਇਸਨੂੰ ਹਰ ਕੋਈ ਸਮਝ ਸਕਦਾ ਹੈ। ਪਾਪੀ ਮਨ ਸਾਡੀ ਵਿਕਾਰਾਂ ਵਾਲੀ ਬਿਰਤੀ ਹੈ, ਸਾਡੇ ਮਾੜੇ ਕੰਮਾਂ ਵਾਲੀ ਬਿਰਤੀ ਹੈ, ਗੁਰੂ ਦੀ ਮਤਿ ਤੋਂ ਵਿਛੜੀ ਹੋਈ ਬਿਰਤੀ ਹੈ, ਨਾਮ ਤੋਂ ਵਿਸਰੀ ਹੋਈ ਬਿਰਤੀ ਹੈ, ਸੱਚ ਤੋਂ ਵਿਛੜੀ ਹੋਈ ਬਿਰਤੀ ਹੈ। ਕਿਸੇ ਨੂੰ ਆਪਣੇ ਆਪ ਤੋਂ ਨੀਵਾਂ ਸਮਝਣਾ ਤੇ ਆਪਣੇ ਆਪ ਨੂੰ ਉੱਚਾ ਦਿਖਾਉਣਾ ਵੀ ਮਾੜੀ ਬਿਰਤੀ ਹੈ। ਜੋ ਬਿਰਤੀ ਗੁਰੂ ਦੀ ਮਤਿ ਦੇ ਅਨੁਸਾਰ ਨਹੀਂ ਹੈ, ਉਹ ਮਾੜੀ ਹੀ ਹੈ, ਪਾਪਾਂ ਵਾਲੀ ਬਿਰਤੀ ਹੈ। ਗੁਰੂ ਦੀ ਮਤਿ ਦੇ ਉਲਟ ਅਸੀਂ ਜੋ ਕੁੱਝ ਵੀ ਕਰਦੇ ਹਾਂ, ਉਹ ਪਾਪ ਹੈ ਤੇ ਜੋ ਕੁੱਝ ਗੁਰੂ ਦੀ ਮਤਿ ਦੇ ਅਨੁਸਾਰ ਕਰਦੇ ਹਾਂ ਉਹ ਪੁੰਨ ਹੈ, ਨਾਮ ਹੈ। ਗੁਰੂ ਦੀ ਮਤਿ ਦੇ ਉਲਟ ਚੱਲ ਕੇ, ਔਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਜੋ ਕੁੱਝ ਵੀ ਕਮਾਉਂਦੇ ਹਾਂ, ਜਿਹੋ ਜਿਹੀ ਮਾਇਆ ਕਮਾਉਂਦੇ ਹਾਂ, ਝੂਠ ਬੋਲ ਕੇ, ਕਿਸੇ ਦਾ ਹੱਕ ਮਾਰ ਕੇ ਜੋ ਮਾਇਆ ਕਮਾਉਂਦੇ ਹਾਂ, ਲੋਭ ਲਾਲਚ ਨਾਲ ਮਾਇਆ ਕਮਾਉਂਦੇ ਹਾਂ, ਇਹੋ ਜਿਹੀ ਮਾਇਆ ਦੀ ਕਮਾਈ, ਪਾਪ ਦੀ ਕਮਾਈ ਹੈ ਤੇ ਇਹੋ ਜਿਹੀ ਕਮਾਈ ਨਾਲ ਅੰਨ ਖਰੀਦ ਕਰਕੇ ਅਸੀਂ ਜਿਹੋ ਜਿਹਾ ਖਾਣਾ ਬਣਾਉਂਦੇ ਹਾਂ ਉਸ ਵਿੱਚ ਪਾਪ ਹੈ। ਅਪਵਿੱਤਰਤਾ ਅਸਲ ਵਿੱਚ ਸਾਡੀ ਮਾੜੀ ਕਮਾਈ ਵਿੱਚ ਹੈ ਨਾ ਕਿ ਕਿਸੇ ਦੇ ਹੱਥ ਲਗਾਉਣ ਵਿੱਚ। **(ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡੀ ਮਾੜੀ ਕਮਾਈ ਨੂੰ, ਪਾਪਾਂ ਵਾਲੀ ਕਮਾਈ ਨੂੰ ਨਾਮ ਦੇ ਨਾਲ ਜੋੜ ਕੇ ਸਮਝਾਇਆ ਹੋਇਆ ਹੈ ਭਾਵ ਜੋ ਮਨੁੱਖ ਮਾੜੇ ਕਰਮ ਕਰਨ ਦੁਆਰਾ ਮਾਇਆ ਕਮਾਉਂਦੇ ਹਨ ਉਹ ਨਾਮ ਉਚਾਰਨ ਵਾਲੇ, ਨਾਮ ਜਪਣ ਵਾਲੇ ਨਹੀਂ ਹੁੰਦੇ।

“ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ॥੧॥”

ਜਿਹੜਾ ਮਨੁੱਖ ਪਾਪ ਕਰਨ ਨਾਲ ਜੁੜਿਆ ਹੋਇਆ ਹੈ ਭਾਵ ਮੰਦੇ ਕਰਮਾਂ ਨਾਲ ਜੁੜਿਆ ਹੋਇਆ ਹੈ ਉਸਨੂੰ ਨਾਮ ਵਿਸਰਿਆ ਹੋਇਆ ਹੈ, ਉਸਦਾ ਮੁੱਖ ਨਾਮ ਵਾਲਾ ਨਹੀਂ ਹੈ ਤੇ ਇਹੋ ਜਿਹੇ ਮਨੁੱਖ ਮਾੜੀ ਕਮਾਈ ਕਰਨ ਦੁਆਰਾ ਜੋ ਕੁੱਝ ਵੀ ਖਾਂਦੇ ਹਨ, ਉਹ ਆਪਣੇ ਮੂੰਹ ਵਿੱਚ ਥੁੱਕਾ ਹੀ ਪਾਉਂਦੇ ਹਨ ਭਾਵ ਆਪਣੇ ਖਾਣੇ ਵਿੱਚ ਆਪ ਹੀ ਥੁੱਕ ਕੇ ਉਸਨੂੰ ਖਾਣ ਵਾਲੀ ਗੱਲ ਹੈ ਭਾਵ ਸਾਰੀ ਗੱਲ ਮਨ ਦੀ ਸੁੱਚ ਦੀ ਹੈ ਨਾ ਕਿ ਬਾਹਰਲੀ ਸੁੱਚ ਦੀ। ਜਦ ਤੱਕ ਅਸੀਂ ਬਾਹਰ ਦੀ ਸੁੱਚ ਵਿੱਚ ਉਲਝੇ ਰਹਾਂਗੇ ਤਾਂ ਫਿਰ ਅਸੀਂ ਦੂਸਰਿਆਂ ਨੂੰ ਮੰਦਾ ਵੀ ਜਰੂਰ ਸਮਝਾਂਗੇ ਜੋ ਕਿ ਗੁਰੂ ਦੀ ਮਤਿ ਦੇ ਬਿਲਕੁਲ ਉਲਟ ਹੈ। ਇਹੀ ਗੱਲ ਅਗਲੇ ਸਲੋਕ ਵਿੱਚ ਤੇ ਪਉੜੀ ਵਿੱਚ ਸਮਝਾਈ ਹੋਈ ਹੈ ਕਿ ਕਿਸੇ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ।ਕਿਸੇ ਨੂੰ ਵੀ ਨੀਵਾਂ ਨਹੀਂ ਸਮਝਣਾ ਚਾਹੀਦਾ। ਬਿਨ੍ਹਾਂ ਗੁਰੂ ਦੀ ਮਤਿ ਲਏ ਭਾਵ ਬਿਨ੍ਹਾਂ ਗੁਰੂ ਦੀ ਮਤਿ ਨੂੰ ਮੰਨੇ ਭਾਵ ਬਿਨ੍ਹਾਂ ਗੁਰੂ ਦਾ ਨਾਮ ਜਪੇ ਅਸੀਂ ਇਸ ਬੁਰਿਆਈ ਵਿੱਚੋਂ ਨਹੀਂ ਨਿਕਲ ਸਕਦੇ। ਪਹਿਲੇ ਹੇਠ ਦਿੱਤੇ ਸਲੋਕ ਨੂੰ ਸਮਝਦੇ ਹਾਂ।

7/634

“ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥੨॥"

(ਅੰਗ ੪੭੩)

ਪਹਿਲੀਆਂ ਛੇ ਪੰਗਤੀਆਂ ਦੇ ਅਰਥ ਆਸਾਨੀ ਨਾਲ ਸਮਝ ਆ ਜਾਂਦੇ ਹਨ। ਸਮਝਣਾ ਕੋਈ ਔਖਾ ਨਹੀਂ ਹੈ। ਔਰਤ ਜਾਤ ਨੂੰ ਉੱਚਾ ਦੱਸ ਕੇ ਸਮਝਾਇਆ ਹੋਇਆ ਹੈ ਤਾਂ ਜੋ ਸਮਾਜ ਵਿੱਚ ਉਨ੍ਹਾਂ ਨੂੰ ਕੋਈ ਨੀਵਾਂ ਨਾ ਸਮਝੇ ਜਿਵੇਂ ਕਿ ਆਮ ਤੌਰ ਤੇ ਸਮਾਜ ਦੇ ਕਈ ਵਰਗਾਂ ਵਿੱਚ ਇਸਤਰੀ ਜਾਤ ਨੂੰ ਮਰਦ ਜਾਤ ਤੋਂ ਨੀਵਾਂ ਸਮਝਿਆ ਜਾਂਦਾ ਹੈ ਭਾਵ ਇਹ ਉੱਚ ਨੀਚ ਦਾ ਭੇਦ ਖ਼ਤਮ ਕਰਨ ਲਈ ਪ੍ਰੇਰਿਆ ਹੋਇਆ ਹੈ। ਹਰ ਕਿਸੇ ਦਾ ਬਰਾਬਰੀ ਦਾ ਦਰਜ਼ਾ ਹੈ। ਹਰ ਮਨੁੱਖ ਇੱਕੋ ਜਿਹਾ ਹੈ, ਕੋਈ ਉੱਚਾ ਨੀਵਾਂ ਨਹੀਂ ਹੈ।

ਅਸੀਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਦੇ ਹਾਂ ਤਾਂ ਜੋ ਉਸਨੂੰ ਪਾ ਸਕੀਏ। ਪ੍ਰਮਾਤਮਾ ਦੀ ਸਿਫ਼ਤ ਸੱਲਾਹ ਉਸੇ ਵਿੱਚ ਹੈ ਕਿ ਅਸੀਂ ਜੋ ਕੁੱਝ ਵੀ ਕਰਮ ਕਰੀਏ ਉਹ ਉਸਦੀ ਦਿੱਤੀ ਹੋਈ ਮਤਿ ਅਨੁਸਾਰ ਕਰੀਏ। ਜੇਕਰ ਅਸੀਂ ਔਰਤ ਨੂੰ ਆਪਣੇ ਤੋਂ ਨੀਵਾਂ ਸਮਝੀ ਜਾਵਾਂਗੇ ਤਾਂ ਫਿਰ ਇਹ ਗੁਰੂ ਦੀ ਮਤਿ ਤੋਂ ਉਲਟ ਹੈ। ਔਰਤ ਨੂੰ ਆਪਣੇ ਤੋਂ ਨੀਵਾਂ ਸਮਝ ਕੇ, ਮਾੜਾ ਸਮਝ ਕੇ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਨਹੀਂ ਹੋ ਸਕਦੀ। ਇਹ ਹੀ ਗੱਲ ਉਪਰਲੇ ਸ਼ਬਦ ਦੀਆਂ ਅਖੀਰਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

“ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥”

ਇਹਨਾਂ ਪੰਗਤੀਆਂ ਦੇ ਅਰਥ ਸਮਝਣ ਤੋਂ ਪਹਿਲਾਂ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਇਹ ਜਾਣੀਏ ਕਿ "ਚਾਰਿ" ਤੋਂ ਭਾਵ ਕੀ ਹੈ। ‘‘ਚਾਰਿ’’ ਤੋਂ ਭਾਵ ਹੈ ਚੌਥੇ ਪਦ ਵਿੱਚ ਪਹੁੰਚਣ ਦੁਆਰਾ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਭਾਵ ਦੁਆਰਾ ਗੁਰੂ ਦੇ ਦੱਸੇ ਹੋਏ ਗਿਆਨ ਦੁਆਰਾ ਭਾਵ ਗੁਰੂ ਦੀ ਮਤਿ ਦੇ ਅਨੁਸਾਰ ਜਿਸ ਸੱਚੀ ਮਤਿ ਦੀ ਸਮਝ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਕਿਸੇ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢ ਕੇ ਚਉਥੇ ਪਦ ਵਾਲੀ ਸਮਝ ਦੇ ਨਾਲ, ਨਾਮ ਵਾਲੀ ਸਮਝ ਦੇ ਨਾਲ ਜੋੜਦਾ ਹੈ। ਬਾਣੀ ਵਿੱਚ ਅਨੇਕਾਂ ਵਾਰ "ਚਾਰਿ ਪਦਾਰਥ" ਦੀ ਗੱਲ ਵੀ ਕੀਤੀ ਗਈ ਹੈ। ਇਸ ਤੋਂ ਭਾਵ ਵੀ ਚੌਥੇ ਪਦ ਦੇ ਨਾਲ ਹੀ ਹੈ। ਚੌਥੇ ਪਦ ਦੀ ਪ੍ਰਾਪਤੀ ਵਿੱਚ ਹੀ ਸਾਰੀਆਂ ਪ੍ਰਾਪਤੀਆਂ ਹਨ। ਆਓ ਇਸ ਗੱਲ ਨੂੰ ਹੇਠ ਦਿੱਤੇ ਹੋਏ ਕੁੱਝ ਸ਼ਬਦਾਂ ਦੁਆਰਾ ਜਾਣਨ ਦੀ ਕੋਸ਼ਿਸ਼ ਕਰੀਏ। ਆਪਣੇ ਆਪ ‘‘ਚਾਰਿ ਪਦਾਰਥ’’ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ‘‘ਚਾਰਿ ਪਦਾਰਥ’’ ਦੀ ਸਹੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਇਸ ਲਈ ਇਸਨੂੰ ਬੜੀ ਹੀ ਗਹਿਰਾਈ ਨਾਲ ਸਮਝਣ ਦੀ ਲੋੜ ਹੈ।

{ਅਪੁਨੇ ਹਰਿ ਪਹਿ ਬਿਨਤੀ ਕਹੀਐ॥
ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ ॥੧॥ ਰਹਾਉ॥}

(ਅੰਗ ੫੩੧)

7/635

{ਸਤਿਗੁਰ ਕੈ ਵਸਿ ਚਾਰਿ ਪਦਾਰਥ॥ ਤੀਨਿ ਸਮਾਏ ਏਕ ਕ੍ਰਿਤਾਰਥ॥੫॥}

(ਅੰਗ ੧੩੪੫)

{ਚਾਰਿ ਪਦਾਰਥ ਲੈ ਜਗਿ ਆਇਆ॥ ਸਿਵ ਸਕਤੀ ਘਰਿ ਵਾਸਾ ਪਾਇਆ॥
ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ॥੬॥}

(ਅੰਗ ੧੦੨੭)

{ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ॥
ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ॥੩॥}

(ਅੰਗ ੧੦੧੩)

{ਜਨਮਿ ਮਰੈ ਤ੍ਰੈ ਗੁਣ ਹਿਤਕਾਰੁ॥ ਚਾਰੇ ਬੇਦ ਕਥਹਿ ਆਕਾਰੁ॥
ਤੀਨਿ ਅਵਸਥਾ ਕਹਹਿ ਵਖਿਆਨੁ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥੧॥
ਰਾਮ ਭਗਤਿ ਗੁਰ ਸੇਵਾ ਤਰਣਾ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ॥੧॥ਰਹਾਉ॥
ਚਾਰਿ ਪਦਾਰਥ ਕਹੈ ਸਭੁ ਕੋਈ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥੨॥}

(ਅੰਗ ੧੫੪)

{ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ॥
ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ॥੪॥੪॥}

(ਅੰਗ ੮੦੦)

{ਚਾਰਿ ਪਦਾਰਥ ਅਸਟ ਦਸਾ ਸਿਧਿ॥ ਨਾਮੁ ਨਿਧਾਨੁ ਸਹਜ ਸੁਖ ਨਉ ਨਿਧਿ॥
ਸਰਬ ਕਲਿਆਣ ਜੇ ਮਨ ਮਹਿ ਚਾਹਹਿ ਮਿਲਿ ਸਾਧੂ ਸੁਆਮੀ ਰਾਵਣਾ॥੪॥}

(ਅੰਗ ੧੦੮੬)

ਸਲੋਕੁ॥
{ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥
ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ॥੧॥}

(ਅੰਗ ੯੨੭)

7/636

ਬਾਣੀ ਵਿੱਚ ਵਾਰ-ਵਾਰ ਚਾਰ ਪਦਾਰਥਾਂ ਦੀ ਗੱਲ ਆਉਂਦੀ ਹੈ। ਕਿਸੇ ਇੱਕ ਸ਼ਬਦ ਨੂੰ ਪੜ੍ਹ ਕੇ ਕਿ ‘‘ਚਾਰਿ ਪਦਾਰਥ’’ ਕੀ ਹਨ, ਇਸ ਨੂੰ ਸਮਝਣਾ ਮੁਸ਼ਕਿਲ ਹੈ ਜਾਂ ਇਹ ਕਹਿ ਲਈਏ ਕਿ ਅਸਲ ਵਿੱਚ ਉਸ ਪ੍ਰਮਾਤਮਾ ਦੇ ਆਪਣੇ ਸਮਝਾਏ ਬਿਨ੍ਹਾਂ ਇਸ ਗੱਲ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੀ ਹੈ। ਉੱਪਰ ਦਿੱਤੇ ਗਏ ਸਾਰੇ ਸ਼ਬਦਾਂ ਵਿੱਚ ਚਾਰ ਪਦਾਰਥਾਂ ਦੀ ਗੱਲ ਕੀਤੀ ਹੋਈ ਹੈ। ਇਨ੍ਹਾਂ ਸਾਰੇ ਸ਼ਬਦਾਂ ਨੂੰ ਬੜੇ ਹੀ ਧਿਆਨ ਨਾਲ ਪੜ੍ਹੋ ਅਤੇ ਬਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕਰੋ। ਆਓ ਪਹਿਲਾਂ ਉੱਪਰ ਵਾਲੇ ਆਖਰੀ ਸ਼ਬਦ ਵਿੱਚ ਗਿਣਾਏ ਹੋਏ ਚਾਰ ਪਦਾਰਥਾਂ ਨੂੰ ਜਾਣੀਏ। ਚਾਰ ਪਦਾਰਥ ਇਹੀ ਹਨ ਭਾਵ ਧਰਮ, ਅਰਥ, ਕਾਮ ਅਤੇ ਮੋਖ। ਇਹ ਸੰਸਾਰ ਇਨ੍ਹਾਂ ਚਾਰ ਪਦਾਰਥਾਂ ਦੁਆਰਾ ਹੀ ਚੱਲਦਾ ਹੈ ਭਾਵ ਇਹ ਚਾਰ ਪਦਾਰਥ ਸ੍ਰਿਸ਼ਟੀ ਦੀ ਸੰਭਾਲ ਕਰਨ ਦਾ, ਸ੍ਰਿਸ਼ਟੀ ਨੂੰ ਬਣਾ ਕੇ ਉਸਨੂੰ ਚਲਾਉਣ ਦਾ ਪ੍ਰਮਾਤਮਾ ਦਾ ਬਣਾਇਆ ਹੋਇਆ ਤਰੀਕਾ ਹੈ ਜਿਸ ਦੁਆਰਾ ਇਹ ਦੁਨੀਆਂ ਚੱਲ ਰਹੀ ਹੈ। ਇਹ ਗੱਲ ਕੁੱਝ ਸੰਖੇਪ ਵਿੱਚ ਜਪੁ ਜੀ ਸਾਹਿਬ ਦੀ ਬਾਣੀ ਦੇ ਅਰਥਾਂ ਵਿੱਚ ਵੀ ਸਮਝਾਈ ਹੋਈ ਹੈ।

{ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥}

(ਅੰਗ-੬)

{ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥੫॥੧॥}

(ਅੰਗ - ੧੧)

ਪਹਿਲਾਂ ਪ੍ਰਮਾਤਮਾ ਨੇ ਪੰਜ ਤੱਤ ਬਣਾ ਕੇ ਉਨ੍ਹਾਂ ਦੇ ਨਾਲ ਸ੍ਰਿਸ਼ਟੀ ਨੂੰ ਸਾਜਿਆ ਹੈ, ਰਚਿਆ ਹੈ, ਸ੍ਰਿਸ਼ਟੀ ਨੂੰ ਅਨੇਕਾਂ ਹੀ ਤਰੀਕਿਆਂ ਨਾਲ ਰੰਗਿਆ ਹੈ, ਪ੍ਰਮਾਤਮਾ ਦੀ ਹਰ ਰਚਨਾ ਵਿੱਚ ਉਸਦੀ ਵਡਿਆਈ ਹੈ, ਹਰ ਰਚਨਾ ਵਿੱਚ ਉਸ ਦੇ ਪਾਏ ਹੋਏ ਗੁਣ ਹਨ ਭਾਵ ਹਰ ਰਚਨਾ ਦੀ ਵਡਿਆਈ ਉਸ ਰਚਨਾ ਦੇ ਗੁਣਾਂ ਕਾਰਨ ਹੈ। ਸੂਰਜ ਦੀ ਵਡਿਆਈ ਸੂਰਜ ਦੇ ਗੁਣਾਂ ਕਰਕੇ ਹੈ, ਚੰਦਰਮਾ ਦੀ ਵਡਿਆਈ ਚੰਦਰਮਾ ਦੇ ਗੁਣਾਂ ਕਰਕੇ ਹੈ, ਆਕਾਸ਼ ਦੀ ਵਡਿਆਈ ਆਕਾਸ਼ ਦੇ ਗੁਣਾਂ ਕਰਕੇ ਹੈ, ਮਿੱਟੀ ਦੀ ਵਡਿਆਈ ਮਿੱਟੀ ਦੇ ਗੁਣਾਂ ਕਰਕੇ ਹੈ। ਵਣਸਪਤੀ ਦੀ ਵਡਿਆਈ ਵਣਸਪਤੀ ਦੇ ਗੁਣਾਂ ਵਿੱਚ ਹੈ, ਪਾਣੀ ਦੀ ਵਡਿਆਈ ਪਾਣੀ ਦੇ ਗੁਣਾਂ ਕਰਕੇ ਹੈ, ਅਗਨੀ ਦੀ ਵਡਿਆਈ ਅਗਨੀ ਦੇ ਗੁਣਾਂ ਕਰਕੇ ਹੈ। ਪ੍ਰਮਾਤਮਾ ਦੀ

7/637

ਬਣਾਈ ਹੋਈ ਹਰ ਰਚਨਾ ਵਿੱਚ ਉਸ ਦੇ ਆਪਣੇ ਪਾਏ ਹੋਏ ਗੁਣ ਹਨ, ਉਸਦੀ ਹਰ ਰਚਨਾ ਉਸਦੇ ਗੁਣਾਂ ਕਰਕੇ ਵੱਡੀ ਹੈ ਤੇ ਇਸੇ ਲਈ ਉਸਦੀ ਹਰ ਰਚਨਾ ਪ੍ਰਮਾਤਮਾ ਦੀ ਆਪਣੀ ਵਡਿਆਈ ਕਰਦੀ ਹੈ। ਉਸਦੀ ਹਰ ਰਚਨਾ ਦਾ ਕੋਈ ਨਾ ਕੋਈ ਮਨੋਰਥ ਹੈ। ਹਰ ਰਚਨਾ ਇਸ ਸ੍ਰਿਸ਼ਟੀ ਨੂੰ ਸੁੰਦਰ ਬਣਾਉਣ ਲਈ ਤੇ ਉਸਨੂੰ ਸੰਚਾਰੂ ਰੂਪ ਨਾਲ ਚਲਾਉਣ ਲਈ ਹੈ। ਉਸਦੀ ਹਰ ਰਚਨਾ ਨੇ, ਹਰ ਵਡਿਆਈ ਨੇ ਆਪਣੇ ਅੰਦਰ ਦੇ ਗੁਣਾਂ ਦੁਆਰਾ ਆਪਣੇ-ਆਪਣੇ ਮਨੋਰਥ ਦੀ ਪੂਰਤੀ ਕਰਨੀ ਹੈ। ਹਰ ਰਚਨਾ ਦੂਸਰੀ

ਰਚਨਾ ਦੇ ਨਾਲ ਤਾਂ ਹੀ ਮਿਲ ਕੇ ਚੱਲ ਸਕਦੀ ਹੈ ਜੇਕਰ ਉਨ੍ਹਾਂ ਦੇ ਵਿਚਰਨ ਲਈ ਇੱਕ ਸਾਂਝੀ ਮਰਿਆਦਾ ਹੋਵੇ। ਇੱਕ ਰਚਨਾ ਦਾ ਫ਼ਲ ਦੂਸਰੀ ਰਚਨਾ ਭੋਗੇ। ਸੂਰਜ ਦੀ ਰਚਨਾ ਦਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਉਹ ਸਭ ਨੂੰ ਰੌਸ਼ਨੀ ਦੇਵੇ, ਸਭ ਨੂੰ ਆਪਣੀ ਗਰਮੀ ਦੇਵੇ। ਇਸੇ ਤਰ੍ਹਾਂ ਪਾਣੀ ਦਾ ਮਨੋਰਥ ਤਾਂ ਪੂਰਾ ਹੁੰਦਾ ਹੈ ਜਦੋਂ ਉਹ ਧਰਤੀ ਦੀ ਪਿਆਸ ਬੁਝਾਵੇ, ਧਰਤੀ ਨੂੰ ਹਰਾ ਭਰਾ ਕਰੇ, ਸਭ ਤੱਕ ਆਪਣੀ ਪਹੁੰਚ ਕਰੇ। ਇਸੇ ਤਰ੍ਹਾਂ ਹਰ ਰਚਨਾ ਦਾ ਕੋਈ ਨਾ ਕੋਈ ਮਨੋਰਥ ਹੈ ਤਾਂ ਜੋ ਇਹ ਸ੍ਰਿਸ਼ਟੀ ਸੰਚਾਰੂ ਢੰਗ ਨਾਲ ਚੱਲ ਸਕੇ। ਪ੍ਰਮਾਤਮਾ ਨੇ ਆਪਣੀ ਸ੍ਰਿਸ਼ਟੀ ਨੂੰ ਚਲਾਉਣ ਲਈ ਆਪਣੀ ਹਰ ਰਚਨਾ ਨੂੰ ਇੱਕ ਦੂਜੇ ਦੇ ਨਾਲ ਪਰੋਇਆ ਹੋਇਆ ਹੈ, ਗੋਇਆ ਹੋਇਆ ਹੈ, ਆਪਣੇ ਗਿਆਨ ਦੁਆਰਾ ਗੁੰਨਿਆ ਹੋਇਆ ਹੈ, ਉਸਨੂੰ ਰਲਾਇਆ ਹੋਇਆ ਹੈ ਭਾਵ ਆਪਣੀ ਹਰ ਰਚਨਾ ਨੂੰ ਆਪਣਾ ਸਹੀ ਕੰਮ ਕਰਨ ਲਈ ਉਸ ਨੂੰ ਸਮਰੱਥ ਬਣਾਇਆ ਹੋਇਆ ਹੈ।**(ਸਿਰਜਿ ਸਭ ਗੋਈ)** ਇਹ ਪ੍ਰਮਾਤਮਾ ਦਾ ਬਣਾਇਆ ਹੋਇਆ ਇਕੋਲੋਜੀਕਲ ਸਿਸਟਮ ਹੈ , ਸਾਇੰਟਿਫਿਕ ਸਿਸਟਮ ਹੈ ਜੋ ਉਸ ਦੀ ਹਰ ਰਚਨਾ ਵਿੱਚ ਪਾਏ ਹੋਏ ਉਸਦੇ ਗੁਣਾਂ ਦੁਆਰਾ, ਉਸਦੇ ਗਿਆਨ ਦੁਆਰਾ ਆਪੇ ਹੀ ਚੱਲ ਰਿਹਾ ਹੈ। ਇਹ ਗਿਆਨ ਕਿੱਥੋਂ ਆਉਂਦਾ ਹੈ, ਇਸ ਗਿਆਨ ਦਾ ਸ੍ਰੋਤ ਕੀ ਹੈ, ਇਸ ਨੂੰ ਕੇਵਲ ਮਨੁੱਖੀ ਸਰੀਰ ਦੁਆਰਾ ਜਾਣਿਆ ਜਾ ਸਕਦਾ ਹੈ ਕਿਉਂਕਿ ਉਸਨੂੰ ਜਾਣਨ ਦੀ ਸਮਰੱਥਾ ਪ੍ਰਮਾਤਮਾ ਨੇ ਕੇਵਲ ਮਨੁੱਖ ਦੇ ਵਿੱਚ ਹੀ ਪਾਈ ਹੈ। ਪ੍ਰਮਾਤਮਾ ਨੂੰ ਜਾਣਨ ਦੇ ਨਾਲ ਹੀ ‘‘ਚਾਰਿ ਪਦਾਰਥ’’ ਦੀ ਪ੍ਰਾਪਤੀ ਹੁੰਦੀ ਹੈ, ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ, ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਚੌਥਾ ਪਦਾਰਥ ਮੁਕਤ ਪਦਾਰਥ ਹੈ। ਚੌਥਾ ਪਦਾਰਥ ਨਾਮ ਪਦਾਰਥ ਹੈ। (**ਗੁਰ ਗਿਆਨੁ ਪਦਾਰਥੁ ਨਾਮੁ ਹੈ**) ਅੰਗ - 759 ਨਾਮ ਆਪ ਪ੍ਰਮਾਤਮਾ ਹੈ, ਉਹ ਆਪ ਹੀ ਗਿਆਨ ਪਦਾਰਥ ਹੈ, ਗਿਆਨ ਦਾ ਸ੍ਰੋਤ ਹੈ ਅਤੇ ਸਭ ਕੁੱਝ ਉਸਦੇ ਗਿਆਨ ਦੁਆਰਾ ਹੀ ਹੁੰਦਾ ਹੈ। ਜੋ ਚਾਰਿ ਪਦਾਰਥ ਹਨ ਭਾਵ ਧਰਮ, ਅਰਥ, ਕਾਮ, ਮੋਖ ਹਨ ਉਨਾਂ ਦੀ ਪ੍ਰਾਪਤੀ ਮਨ ਦੇ ਵਿੱਚ ਭਰਮਾਂ ਵਾਲੀ ਸਮਝ ਤੋਂ ਮੁਕਤੀ ਮਿਲਣ ਦੁਆਰਾ ਹੀ ਹੁੰਦੀ ਹੈ ਜੋ ਮੁਕਤੀ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪ ਹੀ ਬਖਸ਼ਦਾ ਹੈ, ਆਪਣਾ ਸੱਚਾ ਗਿਆਨ ਦੇਣ ਦੁਆਰਾ ਬਖਸ਼ਦਾ ਹੈ ਜਿਸ ਦੁਆਰਾ ਮਨੁੱਖ ਦਾ ਇਸ ਜੀਵਨ ਦਾ ਸਾਰਾ ਮਨੋਰਥ ਪੂਰਾ ਹੋ ਜਾਂਦਾ ਹੈ। (**ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥ ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ॥**) ਹਰ ਰਚਨਾ ਉਸਦੇ ਗਿਆਨ

7/638 ਅਤੇ 638-ਅ

ਦੀ ਘਾੜਤ ਹੈ। ਆਉ ਹੁਣ ਜਾਣੀਏ ਕਿ ਇਹ ਚਾਰਿ ਪਦਾਰਥਾਂ ਦਾ ਮਨੋਰਥ ਕੀ ਹੈ। ਪ੍ਰਮਾਤਮਾ ਇਸ ਸ੍ਰਿਸ਼ਟੀ ਨੂੰ ਇਹਨਾਂ ਚਾਰਿ ਪਦਾਰਥਾਂ ਦੀ ਜੁਗਤਿ ਦੇ ਨਾਲ ਚਲਾ ਰਿਹਾ ਹੈ। ਸਭ ਤੋਂ ਪਹਿਲਾਂ ‘‘ਧਰਮ’’ ਹੈ। ਧਰਮ ਆਪਣੇ ਜੀਵਨ ਵਿੱਚ ਵਿਚਰਨ ਦੀ ਮਰਿਆਦਾ ਹੈ, ਅਸੂਲ ਹੈ, ਸੱਚ ਦਾ ਗਿਆਨ ਹੈ। ਦੁਨੀਆਂ ਨੂੰ ਚਲਾਉਣ ਲਈ ਉਸਦਾ ਬਣਾਇਆ ਹੋਇਆ ਸਿਸਟਮ ਹੈ, ਪ੍ਰਿੰਸੀਪਲ ਹੈ, ਸੰਵਿਧਾਨ ਹੈ।ਹਰ ਕਿਸੇ ਦਾ ਧਰਮ ਦੀ ਮਰਿਆਦਾ ਦੇ ਵਿੱਚ ਰਹਿਣਾ ਜਰੂਰੀ ਹੈ। ਸ੍ਰਿਸ਼ਟੀ ਕਿਸੇ ਮਰਿਆਦਾ ਦੇ ਨਾਲ ਚੱਲ ਰਹੀ ਹੈ। ਪ੍ਰਮਾਤਮਾ ਨੇ ਆਪਣੀ ਹਰ ਰਚਨਾ ਨੂੰ ਆਪਣੀ ਆਪਣੀ ਮਰਿਆਦਾ ਦੇ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਦੀ ਹਰ ਰਚਨਾ ਉਸਦੇ ਪਾਏ ਹੋਏ ਗਿਆਨ ਦੁਆਰਾ ਵਿਚਰਦੀ ਹੈ, ਆਪਣੀ ਮਰਿਆਦਾ ਵਿੱਚ ਰਹਿੰਦੀ ਹੈ। ਸਾਰੀ ‘‘ਸਾਇੰਸ’’ ਪ੍ਰਮਾਤਮਾ ਦਾ ਗਿਆਨ ਹੈ। ਪ੍ਰਮਾਤਮਾ ਦੀ ਹਰ ਰਚਨਾ ਸਾਇੰਟਿਫਿਕ ਤਰੀਕੇ ਨਾਲ ਚੱਲਦੀ ਹੈ, ਹਰ ਚੀਜ ਸਾਇੰਸ ਨਾਲ ਬੱਝੀ ਹੋਈ ਹੈ, ਗਿਆਨ ਨਾਲ ਬੱਝੀ ਹੋਈ ਹੈ ਭਾਵ ਬ੍ਰਹਮ ਗਿਆਨ ਨਾਲ ਬੱਝੀ ਹੋਈ ਹੈ, ਉਸਦੇ ਨਾਮ ਨਾਲ ਬੱਝੀ ਹੋਈ ਹੈ। ਹਰ ਰਚਨਾ ਵਿੱਚ ਪ੍ਰਮਾਤਮਾ ਦਾ ਹੁਕਮ ਉਸਦੀ ਸਾਇੰਸ ਦੁਆਰਾ ਚੱਲ ਰਿਹਾ ਹੈ ਭਾਵ ‘‘ਸਾਇੰਸ’’ ਉਸਦਾ ਹੁਕਮ ਹੈ। ਸਾਇੰਸ ਪੂਰੀ ਤਰ੍ਹਾਂ ਸੱਚ ਹੈ, ਇਮਾਨਦਾਰ ਹੈ, ਸਾਇੰਸ ਵਿੱਚ ਦੁਚਿੱਤੀ ਨਹੀਂ ਹੈ, ਦੁਬਿਧਾ ਨਹੀਂ ਹੈ। ਸਾਇੰਸ ਆਪਣੇ ਅਸੂਲ ਦੀ ਪੱਕੀ ਹੈ, ਇਹ ਆਪਣੇ ਮਾਰਗ ਤੋਂ ਕਦੇ ਨਹੀਂ ਡੋਲਦੀ, ਇਹ ਕਿਸੇ ਹੋਰ ਦਾ ਹੁਕਮ ਨਹੀਂ ਮੰਨਦੀ, ਸਾਇੰਸ ਨੂੰ ਕੋਈ ਆਪਣੇ ਮਾਰਗ ਤੋਂ ਭਟਕਾ ਨਹੀਂ ਸਕਦਾ, ਇਸਦਾ ਅੰਤ ਨਹੀਂ ਪਾਇਆ ਜਾ ਸਕਦਾ, ਸਾਇੰਸ ਅੱਗੇ ਤੋਂ ਅੱਗੇ ਹੋਰ ਵੀ ਗਹਿਰੀ ਹੁੰਦੀ ਜਾਂਦੀ ਹੈ, ਇਸ ਦਾ ਕੋਈ ਪਾਰਾਵਾਰ ਨਹੀਂ ਹੈ। ਸਾਇੰਸ ਸਾਡੇ ਭਰਮ ਕੱਢਦੀ ਹੈ ਕਿਉਂਕਿ ਉਸਦੇ ਆਪਣੇ ਵਿੱਚ ਕੋਈ ਭਰਮ ਨਹੀਂ ਹੈ। ਜਿਸ ਸੂਰਜ ਜਾਂ ਚੰਦਰਮਾ ਨੂੰ ਅਸੀਂ ਦੇਵਤਾ ਸਮਝਦੇ ਸੀ ਹੁਣ ਸਾਇੰਸ ਨੇ ਸਾਨੂੰ ਇਹ ਸੋਝੀ ਪਾ ਦਿੱਤੀ ਹੈ ਕਿ ਉਹ ਕੀ ਹਨ। ਉਹ ਪ੍ਰਮਾਤਮਾ ਦੀ ਸ੍ਰਿਸ਼ਟੀ ਨੂੰ ਚਲਾਉਣ ਲਈ ਉਸਦੇ ਮਨੋਰਥ ਦੀ ਪੂਰਤੀ ਕਰ ਰਹੇ ਹਨ। ਮਨੁੱਖਤਾ ਦੀ ਦੁਸ਼ਮਣ ਅਗਿਆਨਤਾ ਹੈ ਤੇ ਮਨੁੱਖਤਾ ਦਾ ਮਿਤ੍ਰ ਗਿਆਨ ਹੈ, ਸਾਇੰਸ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਸੀ ਕਿ ਮਨੁੱਖਤਾ ਦਾ ਨੁਕਸਾਨ ਜਿਤਨਾਂ ਧਰਮ ਦੀ ਅਗਿਆਨਤਾ ਨੇ, ਕੱਟੜਤਾ ਨੇ ਕੀਤਾ ਹੈ ਉਤਨਾਂ ਹੋਰ ਕਿਸੇ ਨੇ ਨਹੀਂ ਕੀਤਾ। ਸਾਇੰਸ ਨਿਰਗੁਣ ਸਰੂਪ ਹੈ, ਇਸਦਾ ਕੋਈ ਰੂਪ ਰੇਖ ਨਹੀਂ ਹੈ, ਇਸ ਨੂੰ ਕੇਵਲ ਮਨ ਦੇ ਗਿਆਨ ਦੁਆਰਾ ਬੁੱਝਿਆ ਜਾ ਸਕਦਾ

ਹੈ। ਸਾਇੰਸ ਦਾ ਸ੍ਰੋਤ ਆਪ ਪ੍ਰਮਾਤਮਾ ਹੈ। ਗਿਆਨ ਹੀ ਗਿਆਨ ਦੀ ਖੋਜ ਕਰਦਾ ਹੈ। ਛੋਟਾ ਗਿਆਨ ਵੱਡੇ ਗਿਆਨ ਦੀ ਖੋਜ ਕਰਦਾ ਹੈ ਜਿਸ ਨਾਲ ਰਾਜ਼ ਸਾਹਮਣੇ ਆਉਂਦੇ ਹਨ। ਆਪਣੇ ਸਾਇੰਸ ਦੇ (ਭੇਦ) ਰਾਜ ਉਹ ਪ੍ਰਮਾਤਮਾ ਆਪ ਹੀ ਪ੍ਰਗਟ ਕਰਦਾ ਹੈ, ਮਨ ਦੀ ਸਮਝ ਰਾਹੀਂ ਕਿਸੇ ਦੇ ਅੰਦਰ ਆਪਣਾ ਸਾਇੰਟਿਫਿਕ ਗਿਆਨ ਪਾਉਣ ਦੁਆਰਾ ਕਰਦਾ ਹੈ ਤਾਂ ਜੋ ਉਸ ਤੋਂ ਫ਼ਾਇਦਾ ਲੈ ਕੇ ਸ੍ਰਿਸ਼ਟੀ ਦੇ ਭਲੇ ਲਈ ਵਰਤਿਆ ਜਾ ਸਕੇ, ਉਸਦੇ ਆਪਣੇ ਮਨੋਰਥ ਦੀ ਪੂਰਤੀ ਹੋ ਸਕੇ ਜੋ ਕਿ ਉਹ ਆਪ ਹੀ ਜਾਣਦਾ ਹੈ। ਇਸ ਸਾਰੀ ਸ੍ਰਿਸ਼ਟੀ ਨੂੰ, ਖੰਡਾਂ ਬ੍ਰਹਿਮੰਡਾਂ ਨੂੰ ਪ੍ਰਮਾਤਮਾ ਨੇ ਆਪਣੇ ਗਿਆਨ ਦੁਆਰਾ, ਉਹਨਾਂ ਵਿੱਚ ਪਾਏ ਹੋਏ ਗੁਣਾਂ ਦੁਆਰਾ, ਆਪਣੀ ਪਾਈ ਹੋਈ ਸਾਇੰਸ ਦੁਆਰਾ ਆਪਣੀ ਮਰਿਆਦਾ ਵਿੱਚ ਰੱਖਿਆ ਹੋਇਆ ਹੈ, ਧਰਮ ਵਿੱਚ ਰੱਖਿਆ ਹੋਇਆ ਹੈ, ਅਸੂਲ ਵਿੱਚ ਰੱਖਿਆ ਹੋਇਆ ਹੈ, ਆਪਣੇ ਹੁਕਮ ਵਿੱਚ ਰੱਖਿਆ ਹੋਇਆ ਹੈ। ਹਰ ਕੋਈ ਉਸਦੇ ਹੁਕਮ ਵਿੱਚ ਚੱਲ ਰਿਹਾ ਹੈ, ਹਰ ਕੋਈ ਉਸੇ ਨੂੰ ਹੀ ਸਿਮਰ ਰਿਹਾ ਹੈ ਭਾਵ ਹਰ ਕੋਈ ਉਸ ਦੀ ਮਰਜੀ ਅਨੁਸਾਰ ਹੀ ਚੱਲ ਰਿਹਾ ਹੈ।

{ਸਿਮਰੈ ਧਰਤੀ ਅਰੁ ਆਕਾਸਾ॥ ਸਿਮਰਹਿ ਚੰਦ ਸੂਰਜ ਗੁਣਤਾਸਾ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ॥੧॥}

(ਅੰਗ ੧੦੭੮)

ਹਰ ਕੋਈ ਉਸੇ ਦੇ ਭਉ ਵਿੱਚ ਹੈ, ਉਸਦੀ ਰਜਾ ਵਿੱਚ ਹੈ ਭਾਵ ਹਰ ਕਿਸੇ ਨੇ ਉਸਦਾ ਭਉ ਕਬੂਲ ਕੀਤਾ ਹੋਇਆ ਹੈ।

{ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥੧॥}

(ਅੰਗ ੪੬੪)

ਪ੍ਰਮਾਤਮਾ ਨੇ ਇਸ ਸ੍ਰਿਸ਼ਟੀ ਨੂੰ ਚਲਾਉਣ ਲਈ ਜੋ ਵੀ ਅਸੂਲ

ਬਣਾਏ ਹਨ, ਇਹ ਉਸਦਾ ਥਾਪਿਆ ਹੋਇਆ ਧਰਮ ਹੈ, ਹੁਕਮ ਹੈ, ਨਾਮ ਹੈ ਜਿਸ ਨੂੰ ਹਰ ਕੋਈ ਮੰਨ ਰਹਿਆ ਹੈ ਭਾਵ ਸਿਮਰ ਰਹਿਆ ਹੈ। ਮਨੁੱਖ ਨੂੰ ਬਣਾ ਕੇ ਪ੍ਰਮਾਤਮਾ ਨੇ ਉਸਨੂੰ ਤ੍ਰੈਗੁਣਾਂ ਵਾਲੀ ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਮੋਹ ਮਾਇਆ ਵਿੱਚ ਰੱਖਿਆ ਹੋਇਆ ਹੈ, ਭਰਮ ਵਿੱਚ ਰੱਖਿਆ ਹੋਇਆ ਹੈ, ਉਲਝਣ ਵਿੱਚ ਰੱਖਿਆ ਹੋਇਆ ਹੈ, ਦੁਚਿੱਤੀ, ਦੁਬਿਧਾ ਵਿੱਚ ਰੱਖਿਆ ਹੋਇਆ ਹੈ। ਇਹ ਵੀ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ, ਉਸਦੀ ਆਪਣੀ ਬਣਾਈ ਹੋਈ ਮਰਿਆਦਾ ਦਾ ਹਿੱਸਾ ਹੈ ਭਾਵ ਇਸ ਸ੍ਰਿਸ਼ਟੀ ਨੂੰ ਚਲਾਉਣ ਦਾ ਆਪਣਾ ਬਣਾਇਆ ਹੋਇਆ ਤਰੀਕਾ ਹੈ, ਉਸਦੀ ਖੇਡ ਹੈ।

{ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ॥ ਮਮਤਾ ਲਾਇ ਭਰਮਿ ਭੁੋਲਾਇਆ॥੨॥}

(ਅੰਗ ੧੧੨੮)

{ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ॥}

(ਅੰਗ ੬੮੬)

{ਹਉਮੈ ਕਰਿ ਕਰਿ ਜੰਤ ਉਪਾਇਆ॥ ਹਉਮੈ ਬੂਝੈ ਤਾ ਦਰੁ ਸੂਝੈ॥}
ਗਿਆਨ ਵਿਹੂਣਾ ਕਥਿ ਕਥਿ ਲੂਝੈ॥

(ਅੰਗ ੪੬੬)

{ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥}

(ਅੰਗ ੪੬੬)

ਪ੍ਰਮਾਤਮਾ ਅਗਰ ਮਨੁੱਖ ਨੂੰ ਭਰਮ ਵਿੱਚ ਨਹੀਂ ਰੱਖਦਾ ਭਾਵ ਉਸ ਦੇ ਅੰਦਰ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਣ ਵਾਲੀ ਸਮਝ ਨਾ ਪਾਉਂਦਾ ਭਾਵ ਅਗਰ ਉਸ ਵਿੱਚ ਹਉਮੈ ਨਹੀਂ ਪਾਉਂਦਾ ਤਾਂ ਫਿਰ ਪ੍ਰਮਾਤਮਾ ਨੂੰ ਜਾਣੇ ਕੌਣ। ਕਿਸੇ ਨੂੰ ਜਾਣਨ ਲਈ ਉਸ ਤੋਂ ਦੂਸਰੇ ਦਾ ਹੋਣਾ ਜਰੂਰੀ ਹੈ। ਕੇਵਲ ਇੱਕ ਮਨੁੱਖਾ ਜੀਵਨ ਹੈ, ਮਨੁੱਖੀ ਸਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਜਿਸ ਲਈ ਮਨੁੱਖੀ ਰੂਪ ਨੂੰ ਆਪ ਹੀ ਆਪਣੇ ਤੋਂ ਦੂਸਰਾ ਰੂਪ ਬਣਾਇਆ ਹੈ। ਪ੍ਰਮਾਤਮਾ ਅਗਰ ਆਪਣਾ ਆਪ ਦੱਸਣਾ ਚਾਹੇ ਕਿ ਉਹ ਕਿਤਨਾ ਕੁ ਵੱਡਾ ਹੈ, ਕਿਤਨਾ ਗਿਆਨਵਾਨ ਹੈ, ਉਸ ਵਾਸਤੇ ਪ੍ਰਮਾਤਮਾ ਲਈ ਆਪਣਾ ਹੀ ਇੱਕ ਵੱਖਰਾ ਰੂਪ ਬਣਾਉਣਾ ਜਰੂਰੀ ਹੈ। ਪ੍ਰਮਾਤਮਾ ਇੱਕੋ ਹੀ ਹੈ, ਦੋ ਨਹੀਂ ਹੋ ਸਕਦੇ, ਇਸੇ ਲਈ ਉਸਨੇ ਮਨੁੱਖੀ ਰੂਪ ਨੂੰ ਆਪਣਾ ਦੂਸਰਾ ਰੂਪ ਕੇਵਲ ਮਾਇਆਵੀ ਰੂਪ ਬਣਾਇਆ ਹੋਇਆ ਹੈ, ਭੁਲੇਖੇ ਵਾਲਾ ਰੂਪ ਬਣਾਇਆ ਹੋਇਆ ਹੈ, ਕੇਵਲ ਆਪਣੀ ਇੱਕ ਖੇਡ ਬਣਾਈ

7/640

ਹੋਈ ਹੈ। ਜੇਕਰ ਉਸਦੀ ਇਹ ਖੇਡ ਸਭ ਨੂੰ ਸਮਝ ਆ ਜਾਵੇ ਤਾਂ ਫਿਰ ਇਹ ਖੇਡ ਨਹੀਂ ਰਹਿੰਦੀ। ਇਸੇ ਲਈ ਇਸ ਖੇਡ ਨੂੰ ਜਾਨਣ ਦਾ ਕੋਟਾ ਉਸਨੇ ਬਹੁਤ ਹੀ ਘੱਟ ਰੱਖਿਆ ਹੋਇਆ ਹੈ, ਜਿਸ ਦੁਆਰਾ ਖੇਡ ਵੀ ਚੱਲਦੀ ਰਹਿੰਦੀ ਹੈ ਤੇ ਉਸਦੀ ਅਸਲੀਅਤ ਵੀ ਸਾਹਮਣੇ ਆ ਜਾਂਦੀ ਹੈ। ਪ੍ਰਮਾਤਮਾ ਦੀ ਖੇਡ ਨੂੰ ਜਾਣਨ ਲਈ ਉਸਨੇ ਮਨੁੱਖ ਲਈ ਜੋ ਧਰਮ ਦਾ ਮਾਰਗ ਬਣਾਇਆ ਹੋਇਆ ਹੈ ਉਸ ਤੇ ਚੱਲਣਾ ਬਹੁਤ ਹੀ ਔਖਾ ਹੈ, ਉਸਦਾ ਨਾਮ ਜਪਣਾ ਬਹੁਤ ਹੀ ਔਖਾ ਹੈ ਜਿਸ ਕਰਕੇ ਪ੍ਰਮਾਤਮਾ ਨੂੰ ਜਾਣਨਾ ਬਹੁਤ ਹੀ ਔਖਾ ਹੈ, ਉਸ ਦੀ ਵਡਿਆਈ ਨੂੰ ਜਾਣਨਾ ਬਹੁਤ ਹੀ ਔਖਾ ਹੈ। ਇਸੇ ਲਈ ਬਾਣੀ ਵਿੱਚ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਇਸ ਗੱਲ ਦਾ ਰੱਤੀ ਭਰ ਲਾਲਚ ਨਹੀਂ ਹੈ ਕਿ ਉਸਨੂੰ ਕੋਈ ਜਾਣੇ। **(ਵਡਾ ਦਾਤਾ ਤਿਲੁ ਨ ਤਮਾਇ॥) ਅੰਗ - ੫, (ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥੧॥) ਅੰਗ - ੧੩੦੧**

ਇਹ ਅਸੀਂ ਜੋ ਕੁੱਝ ਉੱਪਰ ਜਾਣਿਆ ਹੈ, ਇਹ ਸਭ ਕੁੱਝ ਆਪਣੀ ਸ੍ਰਿਸ਼ਟੀ ਨੂੰ ਚਲਾਉਣ ਲਈ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਧਰਮ ਹੈ ਭਾਵ ਚਾਰ ਪਦਾਰਥਾਂ ਵਿੱਚੋਂ ਇੱਕ ਪਦਾਰਥ ਹੈ ਜੋ ਕਿ "ਧਰਮ ਪਦਾਰਥ" ਹੈ। ਦੂਸਰਾ ਪਦਾਰਥ "ਅਰਥ" ਹੈ ਭਾਵ ਮਾਇਆ ਹੈ। ਜੋ ਕੁੱਝ ਵੀ ਸਰਗੁਣ ਸਰੂਪ ਹੈ ਉਹ ਸਭ ਪ੍ਰਮਾਤਮਾ ਦੀ ਮਾਇਆ ਹੈ, ਇਸ ਸ੍ਰਿਸ਼ਟੀ ਦੀ ਰਚਨਾ ਵਾਲਾ ਰੂਪ ਹੈ ਜੋ ਰਚਨਾ ਪੰਜਾਂ ਤੱਤਾਂ ਨੂੰ ਮਿਲਾ ਕੇ, ਆਪਸ ਵਿੱਚ ਪਰੋ ਕੇ, ਇਸ ਸ੍ਰਿਸ਼ਟੀ ਨੂੰ ਚਲਾਉਣ ਲਈ ਬਣਾਈ ਹੋਈ ਹੈ। ਇਸ ਸ੍ਰਿਸ਼ਟੀ ਵਿੱਚ ਜੀਵ ਜੰਤੂ, ਮਨੁੱਖਤਾ, ਤਾਂ ਹੀ ਪਨਪ ਸਕਦੀ ਹੈ ਜੇਕਰ ਉਨ੍ਹਾਂ ਦੇ ਭੋਗਣ ਲਈ ਸਾਧਨ ਵੀ ਬਣੇ ਹੋਣ, ਭੋਜਨ ਵੀ ਹੋਵੇ। "ਮਾਇਆ ਪਦਾਰਥ" ਦੇ ਨਾਲ, "ਅਰਥ ਦੇ ਨਾਲ" ਇਸ ਮਨੋਰਥ ਦੀ ਪੂਰਤੀ ਹੁੰਦੀ ਹੈ, ਸਭ ਦੇ ਲਈ ਭੋਜਨ ਦੀ ਪ੍ਰਾਪਤੀ ਹੁੰਦੀ ਹੈ। ਤੀਜਾ ਪਦਾਰਥ "ਕਾਮ" ਹੈ। "ਕਾਮ" ਸ੍ਰਿਸ਼ਟੀ ਨੂੰ ਚਲਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ। "ਕਾਮ" ਨਾਲ ਵੰਸ਼ ਉਪਜਦਾ ਹੈ, ਰਿਪਰੋਡਕਸ਼ਨ ਹੁੰਦੀ ਹੈ।ਹਰ ਜੀਵ ਜੰਤੂ ਵਿੱਚ, ਮਨੁੱਖ ਵਿੱਚ, ਪੇੜ ਪੌਦਿਆਂ ਵਿੱਚ ਕਾਮ ਦੀ ਸਮਰੱਥਾ ਹੈ। ਮਨੁੱਖ, ਜੀਵ ਜੰਤੂ, ਸਭ ਬਨਸਪਤੀ ਆਪਣਾ ਵੰਸ਼ ਅੱਗੇ ਵਧਾਉਂਦੇ ਹਨ। ਪੇੜ ਪੌਦਿਆਂ ਵਿੱਚ ਪਾਏ ਹੋਏ ਪ੍ਰਮਾਤਮਾ ਦੇ ਗੁਣਾਂ ਦੁਆਰਾ ਆਪੇ ਹੀ ਫ਼ਲ ਲੱਗ ਕੇ ਬੀਜ ਬਣਦੇ ਹਨ ਅਤੇ ਇਸ ਤਰ੍ਹਾਂ ਉਹ ਆਪਣਾ ਵੰਸ਼ ਅੱਗੇ ਵਧਾਉਂਦੇ ਹਨ ਭਾਵ ਸ੍ਰਿਸ਼ਟੀ ਨੂੰ ਚਲਾਉਣ ਲਈ "ਕਾਮ" ਜਰੂਰੀ ਹੈ ਜਿਸ ਨਾਲ ਵੱਡੇ ਮਨੋਰਥ ਦੀ ਪੂਰਤੀ ਹੁੰਦੀ ਹੈ। ਇਹ ਸ੍ਰਿਸ਼ਟੀ ਨੂੰ ਚਲਾਉਣ ਲਈ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਤਰੀਕਾ ਹੈ, ਢੰਗ ਹੈ। ਚੌਥਾ ਪਦਾਰਥ "ਮੋਖ" ਹੈ, ਮੁਕਤਿ ਪਦਾਰਥ ਹੈ ਜੋ ਕਿ ਸੱਚੇ ਗਿਆਨ ਦਾ ਪਦਾਰਥ ਹੈ, ਬ੍ਰਹਮ ਗਿਆਨ ਰੂਪ ਪਦਾਰਥ ਹੈ ਜਿਸ ਨੇ ਮਨੁੱਖੀ ਸਮਝ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਇਹੀ ਨਾਮ ਪਦਾਰਥ ਹੈ। **(ਗੁਰ ਗਿਆਨੁ ਪਦਾਰਥੁ ਨਾਮੁ ਹੈ)** ਅੰਗ - ੭੫੯ ਇਹ ਚੌਥੇ ਪਦ ਦਾ ਗਿਆਨ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ

7/641 ਅਤੇ 641-ਅ

ਜਿਸ ਦੇ ਮਿਲਣ ਦੇ ਨਾਲ ਮਨੁੱਖ ਮੁਕਤੀ ਪਾਉਂਦਾ ਹੈ, ਮੋਖ ਪਾਉਂਦਾ ਹੈ, ਜਿਸ ਦੁਆਰਾ ਉਸਦਾ ਜੀਵਨ ਸਫ਼ਲ ਹੁੰਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੇ ਫ਼ਲ ਦੀ ਪ੍ਰਾਪਤੀ ਹੁੰਦੀ ਹੈ। ਇਸ ਚੌਥੇ ਪਦਾਰਥ ਦੇ ਗਿਆਨ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ, ਮੋਖ ਪਦਾਰਥ ਦੁਆਰਾ ਸੋਝੀ ਪੈਂਦੀ ਹੈ ਤੇ ਉਸਦੇ ਨਾਲ ਮੇਲ ਹੁੰਦਾ ਹੈ ਅਤੇ ਇਹ ਸਮਝ ਲੱਗਦੀ ਹੈ ਕਿ

ਬਾਕੀ ਦੇ ਤਿੰਨ ਪਦਾਰਥ ਬਣਾਉਣ ਵਾਲਾ, ਸਾਰੀ ਰਚਨਾ ਰਚਨ ਵਾਲਾ, ਉਸਨੂੰ ਚਲਾਉਣ ਵਾਲਾ ਉਹ ਆਪ ਹੈ, ਗਿਆਨ ਦਾ ਮਾਲਕ ਕੇਵਲ ਉਹ ਹੀ ਹੈ ਅਤੇ ਸਾਰੀ ਸ੍ਰਿਸ਼ਟੀ ਉਸਦੇ ਹੁਕਮ ਵਿੱਚ ਹੀ ਚੱਲ ਰਹੀ ਹੈ।

ਇਹ ਤਾਂ ਹੋਈ ਪ੍ਰਮਾਤਮਾ ਦੀ ਗੱਲ ਕਿ ਉਸਦਾ ਮਨੋਰਥ ਕਿਵੇਂ ਪੂਰਾ ਹੁੰਦਾ ਹੈ। ਕੇਵਲ ਇੱਕ ਮਨੁੱਖ ਹੀ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਕਿਉਂਕਿ ਉਸਨੂੰ ਜਾਣਨ ਦੀ ਸਮਰੱਥਾ ਪ੍ਰਮਾਤਮਾ ਨੇ ਕੇਵਲ ਆਪਣੇ ਮਨੁੱਖੀ ਰੂਪ ਨੂੰ ਹੀ ਦਿੱਤੀ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਸੀ ਕਿ ਸਾਡੇ ਮਨੁੱਖਾ ਜੀਵਨ ਦਾ ਮਨੋਰਥ ''ਮੁਕਤਿ ਪਦਾਰਥ'' ਦੀ ਪ੍ਰਾਪਤੀ ਹੈ ਭਾਵ ਇਹ ਸਾਡਾ ਫਰਜ਼ ਹੈ ਕਿ ਅਸੀਂ ਪ੍ਰਮਾਤਮਾ ਨੂੰ ਜਾਣੀਏ। ਉੱਪਰ ਦੱਸੇ ਗਏ ਚਾਰ ਪਦਾਰਥ ਸਾਡੇ ਲਈ ''ਚਾਰਿ'' ਫਰਜ਼ ਹਨ ਜਿੰਨ੍ਹਾਂ ਤੇ ਪੂਰਾ ਉਤਰਨ ਨਾਲ ਅਸੀਂ ਮੁਕਤ ਹੋ ਸਕਦੇ ਹਾਂ, ਆਵਾਗਉਣ ਤੋਂ ਬਚ ਸਕਦੇ ਹਾਂ ਤੇ ਪ੍ਰਮਾਤਮਾ ਨਾਲ ਮਿਲ ਸਕਦੇ ਹਾਂ। ਇਨ੍ਹਾਂ ''ਚਾਰਿ ਪਦਾਰਥਾਂ'' ਦੇ ਮਨੋਰਥ ਤੇ ਪੂਰਾ ਉਤਰਨ ਦੀ ਪ੍ਰਾਪਤੀ ਹੀ ਸਾਡੀ ਜਿੰਦਗੀ ਦਾ ਮਨੋਰਥ ਹੈ ਤਾਂ ਜੋ ਪ੍ਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਸੰਚਾਰੂ ਰੂਪ ਨਾਲ ਚੱਲੇ, ਮਨੁੱਖਤਾ ਚੰਗੇ ਤਰੀਕੇ ਨਾਲ ਪਨਪੇ, ਪਰੇਸ਼ਾਨੀਆ ਤੋਂ ਬਚੇ, ਦੁੱਖਾਂ ਤਕਲੀਫਾਂ ਤੋਂ ਬਚੇ।

“ਚਾਰਿ ਪਦਾਰਥ ਲੈ ਜਗਿ ਆਇਆ॥
ਸਿਵ ਸਕਤੀ ਘਰਿ ਵਾਸਾ ਪਾਇਆ॥
ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ॥੬॥”

(ਅੰਗ ੧੦੨੭)

“ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ॥
ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ॥੩॥”

(ਅੰਗ ੧੦੧੩)

“ਚਾਰਿ ਪਦਾਰਥ ਲੈ ਜਗਿ ਆਇਆ॥” “ਚਾਰਿ ਪਦਾਰਥ ਲੈ ਜਗਿ ਜਨਮਿਆ” ਇਸ ਤੋਂ ਭਾਵ ਹੈ ਸਾਨੂੰ ਸਾਡਾ ਮਨੁੱਖਾ ਜੀਵਨ ਪ੍ਰਮਾਤਮਾ ਨੇ ਚਾਰਿ ਪਦਾਰਥਾਂ ਦੀ ਪੂਰਤੀ ਕਰਨ ਲਈ ਦਿੱਤਾ ਹੈ, ਇਹ ਚਾਰਿ ਫਰਜ਼ ਨਿਭਾਉਣ ਲਈ ਦਿੱਤਾ ਹੈ ਭਾਵ ਇਨ੍ਹਾਂ ਤੇ ਪੂਰਾ ਉਤਰਨਾ ਸਾਡੇ ਜੀਵਨ ਦਾ ਮਨੋਰਥ ਹੈ। ਮਨੁੱਖਾ ਜੀਵਨ ਵਿੱਚ ਵਿਚਰਦੇ ਹੋਏ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਚੱਲਦਾ ਹੈ, ਜ਼ੋਰ ਉਸੇ ਦਾ ਹੀ ਚੱਲਦਾ ਹੈ, ਸ਼ਕਤੀ ਉਸੇ ਦੀ ਹੀ ਵਰਤਦੀ ਹੈ। ਇਹ ਸ਼ਕਤੀ ਪ੍ਰਮਾਤਮਾ ਦੀ ਪਾਈ ਹੋਈ ਉਸਦੀ ਤ੍ਰੈਗੁਣੀ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਪ੍ਰਮਾਤਮਾ ਨੂੰ ਜਾਣਨ ਤੋਂ ਦੂਰ ਰੱਖਦੀ ਹੈ, ਆਪਣੇ ਅੰਦਰੋਂ ਸ਼ਿਵ ਨੂੰ ਜਾਣਨ ਤੋਂ ਦੂਰ ਰੱਖਦੀ ਹੈ। ਸਾਡੇ ਅੰਦਰ ਵਰਤ ਸ਼ਿਵ ਹੀ ਰਿਹਾ ਹੈ,

7/642 ਅਤੇ 642-ਅ

ਪਰ ਉਹ ਆਪਣੀ ਜੁਗਤਿ ਦੁਆਰਾ ਵਰਤ ਰਿਹਾ ਹੈ, ਪੜਦੇ ਵਿੱਚ ਵਰਤ ਰਿਹਾ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ ਜਿਸਦੀ ਕਿ ਸਾਨੂੰ ਉਹ ਸੋਝੀ ਨਹੀਂ ਪੈਣ ਦਿੰਦਾ। ਉਸਦੀ ਸੋਝੀ ਪੈਣਾ ਹੀ ਚੌਥੇ ਪਦਾਰਥ ਦੀ ਪੂਰਤੀ ਹੈ, ਗਿਆਨ ਪਦਾਰਥ ਦੀ ਪੂਰਤੀ ਹੈ,ਨਾਮ ਨੂੰ ਪਾਉਣ ਦੀ ਪੂਰਤੀ ਹੈ, ਚੌਥੇ ਪਦ ਦੀ ਪ੍ਰਾਪਤੀ ਹੈ। ਤਿੰਨ ਪਦਾਰਥਾਂ ਦੀ ਪੂਰਤੀ ਕਰਵਾਉਣ ਵਾਲਾ ਚੌਥੇ ਪਦ ਦਾ ਗਿਆਨ ਹੈ, ਗੁਰੂ ਦੀ ਮਤਿ ਦਾ ਗਿਆਨ ਹੈ ਜੋ ਕਿ ਸਾਨੂੰ ਗੁਰਬਾਣੀ ਸਮਝਾ ਰਹੀ ਹੈ। ਮਾਇਆ ਦੀ ਤ੍ਰੈਗੁਣੀ ਜੁਗਤਿ ਤੋਂ ਪਾਰ ਅਸੀਂ ਕੇਵਲ ਗੁਰੂ ਦੀ ਮਤਿ ਦੁਆਰਾ ਪਾ ਸਕਦੇ ਹਾਂ, ਮਾਇਆ ਮੋਹ ਵਿੱਚੋਂ ਨਿਕਲ ਕੇ ਪਾ ਸਕਦੇ ਹਾਂ। **(ਚਾਰਿ ਪਦਾਰਥ ਲੈ ਜਗਿ ਆਇਆ॥ ਸਿਵ ਸਕਤੀ ਘਰਿ ਵਾਸਾ ਪਾਇਆ॥ ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ॥)** ਜਿਸ ਨੂੰ ਨਾਮ ਵਿਸਰਿਆ ਹੋਇਆ ਹੈ ਉਹ ਮਨੁੱਖ ਬਾਕੀ ਦੇ ਤਿੰਨ ਪਦਾਰਥਾਂ ਨੂੰ ਸਫ਼ਲ ਕਰਨ ਵਿੱਚ ਹਾਰ ਜਾਂਦਾ ਹੈ, ਇਸ ਜੀਵਨ ਦਾ ਮਨੋਰਥ ਪੂਰਾ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ।

“ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ॥”

ਸਾਡੇ ਅੰਦਰ ਮਾਇਆ ਦੀ ਭੁੱਖ ਹੈ, ਇਸ ਲਈ ਅਸੀਂ ਮਾਇਆ ਦੇ ਮਾਰਗ ਤੇ ਹੀ ਚੱਲਦੇ ਹਾਂ ਤੇ ਸਾਨੂੰ ''ਮੁਕਤਿ ਪਦਾਰਥ'' ਭਾਵ ''ਮੋਖ ਪਦਾਰਥ'' ਵਿਸਰਿਆ ਹੁੰਦਾ ਹੈ ਭਾਵ ਜਿਸ ਨੇ ਸਾਡੇ ਕੰਮ ਆਉਣਾ ਹੈ ਉਹ ਨਾਮ ਪਦਾਰਥ, ਗੁਰੂ ਦੀ ਮਤਿ ਦਾ ਪਦਾਰਥ ਭਾਵ ਗੁਰੂ ਦੀ ਮਤਿ ਤੇ ਚੱਲਣ ਦਾ ਮਾਰਗ ਸਾਨੂੰ ਵਿਸਰਿਆ ਹੁੰਦਾ ਹੈ ਭਾਵ ਅਸੀਂ ਮਾਇਆ ਮੋਹ ਦੇ ਮਾਰਗ ਤੇ, ਔਗੁਣਾਂ ਵਾਲੇ ਮਾਰਗ ਤੇ ਚੱਲਦੇ ਹਾਂ ਕਿਉਂਕਿ ਉਹ ਸਾਨੂੰ ਮੋਂਹਦੇ ਹਨ ਅਤੇ ਗੁਰੂ ਦੇ ਸਮਝਾਏ ਹੋਏ ਗੁਣਾਂ ਦਾ ਮੋਹ ਸਾਨੂੰ

ਵਿਸਰਿਆ ਹੁੰਦਾ ਹੈ। (**ਲਾਗੀ ਭੂਖ ਮਾਇਆ ਮਗੁ ਜੋਹੈ॥**) ਮੁਕਤੀ ਗੁਣਾਂ ਦੇ ਮਾਰਗ ਨੂੰ ਅਪਣਾਉਣ ਵਿੱਚ ਹੈ। ਅਸਲ ਗੱਲ ਮਾਇਆ ਮੋਹ ਵਿੱਚੋਂ ਨਿਕਲ ਕੇ ਆਪਣਾ ਮੋਹ ਗੁਰੂ ਦੀ ਮਤਿ ਦੇ ਨਾਲ ਜੋੜਨ ਦਾ ਹੈ ਕਿਉਂਕਿ ਗੁਰੂ ਦੀ ਮਤਿ ਦਾ ਮੋਹ ਹੀ ਖਰਾ ਹੈ ਤੇ ਮਾਇਆ ਦਾ ਮੋਹ ਝੂਠਾ ਹੈ। **(ਮੁਕਤਿ ਪਦਾਰਥੁ ਮੋਹਿ ਖਰੇ॥)** ਮੁਕਤਿ ਪਦਾਰਥ ਹੀ "ਚਾਰਿ ਪਦਾਰਥ" ਦਾ ਮੂਲ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ, ਗੁਰੂ ਦੀ ਮਤਿ ਦਾ ਸੱਚਾ ਗਿਆਨ ਹੈ। ਚੌਥੇ ਪਦ ਦਾ ਗਿਆਨ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਉਸਨੂੰ ਸਮਝਿਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਿਆ ਜਾ ਸਕਦਾ ਹੈ, ਤ੍ਰੈਗੁਣਾਂ ਵਾਲੇ ਗਿਆਨ ਦੇ ਬੰਧਨ ਤੋਂ ਮੁਕਤ ਹੋਇਆ ਜਾ ਸਕਦਾ ਹੈ। ਚੌਥੇ ਪਦ ਦਾ ਗਿਆਨ ਕੇਵਲ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ ਤੇ ਉਸੇ ਦੇ ਗਿਆਨ ਨੂੰ ਸਮਝ ਕੇ ਅਤੇ ਉਸ ਤੇ ਚੱਲ ਕੇ ਹੀ ਅਸੀਂ ਮੁਕਤੀ ਪਾ ਸਕਦੇ ਹਾਂ, ਚੌਥੇ ਪਦ ਦੇ ਸੱਚੇ ਗਿਆਨ ਨਾਲ, ਬ੍ਰਹਮ ਗਿਆਨ ਨਾਲ ਮਨ ਦੀ ਸੱਚੀ ਸਮਝ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ, ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ "ਚਾਰਿ ਪਦਾਰਥ" ਦੀ ਪ੍ਰਾਪਤੀ ਹੋ ਸਕਦੀ ਹੈ। ਜਿਸ ਦੀ ਸਾਡੇ ਅੰਦਰ ਸ਼ਕਤੀ ਵਰਤਦੀ ਹੈ ਭਾਵ ਮਾਇਆ ਦੀ ਜੁਗਤਿ ਵਰਤਦੀ ਹੈ, ਉਹ ਆਪ ਹੀ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ ਪਰ ਉਸ ਤੋਂ ਪਹਿਲਾਂ ਸਾਡਾ ਭੁਲੇਖਾ ਨਿਕਲਣਾ ਜਰੂਰੀ ਹੈ ਕਿ ਸਾਡੀ ਸਿਆਣਪ ਸਾਡਾ ਕੁੱਝ ਨਹੀਂ ਸਵਾਰ ਸਕਦੀ, ਉਸ ਤੇ ਵਿਸ਼ਵਾਸ ਆਉਣਾ ਜਰੂਰੀ ਹੈ ਕਿ ਅਸੀਂ ਮੁਕਤ ਤਾਂ ਹੀ ਹੋ ਸਕਦੇ ਹਾਂ ਜਦੋਂ ਅਸੀਂ ਔਗੁਣਾਂ ਨੂੰ ਛੱਡ ਕੇ ਗੁਣਾਂ ਨੂੰ ਅਪਣਾਵਾਂਗੇ ਭਾਵ ਮਨਮਤਿ ਵਾਲੀ ਸਮਝ ਨੂੰ ਛੱਡ ਕੇ ਗੁਰਮਤਿ ਵਾਲੀ ਸਮਝ ਨੂੰ ਅਪਣਾਵਾਂਗੇ। ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਾਨੂੰ ਇਸ ਗੱਲ ਦੀ ਸੋਝੀ ਪੈ ਜਾਵੇਗੀ ਕਿ ਸਾਡੇ ਅੰਦਰ ਉਸਦੀ ਸ਼ਕਤੀ ਕੀ ਹੈ, ਜ਼ੋਰ ਕੀ ਹੈ।

"ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥੨੬॥"

(ਅੰਗ ੯੨੦)

7/643

ਸਾਡੇ ਅੰਦਰ ਪ੍ਰਮਾਤਮਾ ਨੇ ਜੋ ਬੰਧਨ ਪਾਇਆ ਹੋਇਆ ਹੈ, ਉਹ ਮਾਇਆ ਦੀ ਜੁਗਤਿ ਦੁਆਰਾ ਪਾਇਆ ਹੋਇਆ ਹੈ ਜਿਸ ਦੁਆਰਾ ਉਸਨੇ ਸਾਨੂੰ ਤ੍ਰੈਗੁਣੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। " ਸਿਵ ਸਕਤਿ" ਉਸ ਦੀ ਜੁਗਤਿ ਹੈ ਜੋ ਸਭ ਵਿੱਚ ਵਰਤ ਰਹੀ ਹੈ। "ਸਿਵ" ਪ੍ਰਮਾਤਮਾ ਆਪ ਹੈ, ਬ੍ਰਹਮ ਗਿਆਨੀ ਹੈ। "ਸਕਤਿ" ਉਸ ਦੀ ਮਾਇਆ ਹੈ, ਉਸਦਾ ਮਾਇਆ ਰੂਪ ਹੈ ਜੋ ਕਿ ਸਾਡੀ ਸਮਝ ਦੇ ਅੰਦਰ ਤ੍ਰੈਗੁਣ ਰੂਪ ਵਿੱਚ ਹੈ ਜਿਸ ਸਮਝ ਨੂੰ ਚਲਾਉਣ ਵਾਲਾ ਸਿਵ ਹੈ, ਆਪ ਪ੍ਰਮਾਤਮਾ ਹੈ। ਸਾਡੇ ਅੰਦਰ ਦੇ ਆਪਣੇ ਮਾਇਆ ਰੂਪ ਨੂੰ ਉਹ ਆਪਣੇ ਬ੍ਰਹਮ ਗਿਆਨ ਦੁਆਰਾ ਚਲਾਉਂਦਾ ਹੈ। ਸ਼ਕਤੀ ਬ੍ਰਹਮ ਗਿਆਨੀ ਦੀ ਹੀ ਹੈ ਪਰ ਉਹ ਸਾਡੀ ਸਮਝ ਦੇ ਅੰਦਰ ਪ੍ਰਗਟ ਮਾਇਆ ਰੂਪ ਵਿੱਚ ਹੁੰਦੀ ਹੈ, ਸਾਨੂੰ ਉਹ ਮਾਇਆ ਰੂਪ ਵਿੱਚ ਨਜ਼ਰ ਆਉਂਦੀ ਹੈ ਜੋ ਸਾਨੂੰ ਮਾਇਆ ਮੋਹ ਵਿੱਚ ਪਾਉਂਦੀ ਹੈ ਤੇ ਸਾਨੂੰ ਮਾਇਆ ਹੀ ਉੱਚੀ ਲੱਗਦੀ ਹੈ ਤੇ ਅਸੀਂ ਮਾਇਆ ਨੂੰ ਹੀ ਆਪਣੀ ਤਾਕਤ ਸਮਝਦੇ ਹਾਂ, ਸ਼ਕਤੀ ਸਮਝਦੇ ਹਾਂ। ਸਾਡੇ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਹੈ ਪਰ ਆਪਣੇ ਇਸ ਉੱਚੇ ਗਿਆਨ ਦੁਆਰਾ ਉਸਨੇ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਇਹ ਉਸਦੀ "ਸਿਵ ਸਕਤਿ" ਦੀ ਜੁਗਤਿ ਹੈ ਜਿਸ ਦੁਆਰਾ ਅਸੀਂ ਭਰਮ ਮੋਹ ਵਿੱਚ, ਅਗਿਆਨਤਾ ਵਿੱਚ ਰਹਿੰਦੇ ਹਾਂ, ਸੱਚ ਨੂੰ, ਅਸਲੀਅਤ ਨੂੰ ਜਾਣਨ ਤੋਂ ਦੂਰ ਰਹਿੰਦੇ ਹਾਂ। ਇਹ ਹੀ ਸਾਡੇ ਮਨ ਦਾ ਬੰਧਨ ਹੈ ਜੋ ਕਿ ਇੱਕ ਭਰਮ ਦਾ ਪੜਦਾ ਹੈ, ਝੂਠ ਤੇ ਸੱਚ ਦੇ ਵਿੱਚ ਦੀ ਦੀਵਾਰ ਹੈ। ਇਸ ਤ੍ਰੈਗੁਣੀ ਅਵੱਸਥਾ ਤੋਂ ਨਿਕਲਣਾ ਹੀ ਬੰਧਨ ਤੋਂ ਮੁਕਤ ਹੋਣਾ ਹੈ ਜੋ ਮਨ ਦੀ ਸਮਝ ਦਾ ਬੰਧਨ ਉਹ ਆਪ ਹੀ ਤੋੜ ਸਕਦਾ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਜੋ ਹੁਕਮ ਵਰਤਦਾ ਹੈ ਉਹ ਇਸੇ ਤ੍ਰੈਗੁਣਾਂ ਵਾਲੀ ਅਵੱਸਥਾ ਦੁਆਰਾ ਵਰਤਦਾ ਹੈ ਪਰ ਸਾਨੂੰ ਪ੍ਰਮਾਤਮਾ ਆਪਣੀ ਇਸ ਜੁਗਤਿ ਦੁਆਰਾ ਇਹ ਸਮਝ ਨਹੀਂ ਆਉਣ ਦਿੰਦਾ ਕਿ ਸਾਡੇ ਅੰਦਰ ਹੁਕਮ ਕਿਸ ਦਾ ਚੱਲਦਾ ਹੈ ਭਾਵ ਸਾਡੇ ਮਨ ਦੀ ਸਮਝ ਦਾ ਮਾਲਕ ਕੌਣ ਹੈ ਜਿਸ ਸਮਝ ਦੁਆਰਾ ਮਨੁੱਖ ਵਿਚਰਦਾ ਹੈ ਭਾਵ ਸਾਨੂੰ ਇਹ ਗੱਲ ਜਾਣਨ

ਤੋਂ ਪ੍ਰਮਾਤਮਾ ਆਪ ਹੀ ਸਭ ਨੂੰ ਪੜਦੇ ਵਿੱਚ ਹੀ ਰੱਖਦਾ ਹੈ। ਮਨ ਦੇ ਵਿੱਚ ਹੁਕਮ ਸਾਡੇ ਮਨ ਦੇ ਵਿਚਾਰਾਂ ਦਾ ਚੱਲਦਾ ਹੈ, ਮਨ ਦੀ ਸੋਚ ਦਾ ਚੱਲਦਾ ਹੈ ਜਿਸ ਦੁਆਰਾ ਸਾਨੂੰ ਸਭ ਸੋਝੀ ਪੈਂਦੀ ਹੈ ਤੇ ਅਸੀਂ ਮਨ ਦੀ ਸੋਝੀ ਅਨੁਸਾਰ ਹੀ ਵਿਚਰਦੇ ਹਾਂ। ਸਾਡੇ ਅੰਦਰ ਮਨ ਦੀ ਸੋਝੀ ਕਿੱਥੋਂ ਆਉਂਦੀ ਹੈ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਤੇ ਅਸੀਂ ਮਨ ਦੀ ਸੋਝੀ ਨੂੰ ਆਪਣੀ ਸੋਝੀ ਸਮਝਦੇ ਹਾਂ। ਅਸਲ ਵਿੱਚ ਇਹ ਸੋਝੀ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੈ ਤੇ ਮਨ ਦੀ ਇਸ ਸੋਝੀ ਦੁਆਰਾ ਹੀ ਉਹ ਸਾਡੇ ਅੰਦਰ ਆਪਣਾ ਹੁਕਮ ਚਲਾ ਰਿਹਾ ਹੈ। ਹੁਕਮ ਸਾਡੇ ਅੰਦਰ ਉਸੇ ਦਾ ਹੀ ਵਰਤ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਣ ਦਿੰਦਾ। ਬਸ ਇਹ ਹੀ ਮਨੁੱਖ ਤੇ ਪ੍ਰਮਾਤਮਾ ਦੇ ਵਿੱਚ ਭੇਦ ਹੈ। ਇਹ ਭੇਦ ਹੀ ਸਾਡੇ ਮਨ ਦਾ ਪੜਦਾ ਹੈ। ਇਹ ਪੜਦਾ ਖੁੱਲਣ ਨਾਲ ਪ੍ਰਮਾਤਮਾ ਨਾਲ ਸਾਡਾ ਭੇਦ ਖ਼ਤਮ ਹੋ ਜਾਂਦਾ ਹੈ ਤੇ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ। **(ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥)** ਮਨ ਦੇ ਵਿੱਚ ਉਸਦੇ ਇਸ ਹੁਕਮ ਨੂੰ ਬੁੱਝਣਾ ਮਨੁੱਖ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ ਕਿਉਂਕਿ ਉਸਨੇ ਆਪ ਹੀ ਸਾਨੂੰ ਆਪਣੀ ਜੁਗਤ ਦੁਆਰਾ ਪੜਦੇ ਵਿੱਚ ਰੱਖਿਆ ਹੋਇਆ ਹੈ। ਸਾਡੀ ਸੰਭਾਲ ਪ੍ਰਮਾਤਮਾ ਆਪਣੇ ਇਸ ਹੁਕਮ ਦੁਆਰਾ ਭਾਵ ਮਨ ਦੇ ਵਿੱਚ ਆਪਣੇ ਵਿਚਾਰ ਪਾ ਕੇ ਹੀ ਕਰ ਰਿਹਾ ਹੈ, ਆਪਣੇ ਗਿਆਨ ਦੁਆਰਾ ਹੀ ਕਰ ਰਿਹਾ ਹੈ ਪਰ ਇਹ ਮਨ ਦਾ ਗਿਆਨ ਸਾਨੂੰ ਉਹ ਦੁਬਿਧਾ ਵਿੱਚ ਰੱਖਣ ਵਾਲਾ ਹੀ ਦਿੰਦਾ ਹੈ। ਇਸੇ ਦੁਬਿਧਾ ਵਿੱਚ ਵਿਚਰਦਾ ਹੋਇਆ ਮਨੁੱਖ ਸੰਸਾਰ ਵਿੱਚੋਂ ਚਲਾ ਜਾਂਦਾ ਹੈ ਪਰ ਆਪਣੇ ਅੰਦਰੋਂ ਪ੍ਰਮਾਤਮਾ ਦੀ ਪਹਿਚਾਣ ਨਹੀਂ ਕਰ ਸਕਦਾ। ਉਸਦੇ ਆਪਣੇ ਬੁੱਝਾਏ ਬਿਨ੍ਹਾਂ ਉਸਦੇ ਇਸ ਹੁਕਮ ਨੂੰ ਕੋਈ ਨਹੀਂ ਬੁੱਝ ਸਕਦਾ। ਉਹ ਕਦੇ ਹੀ ਕਰੋੜਾਂ ਕਰੋੜਾਂ ਵਿੱਚੋਂ ਕਿਸੇ ਵਿਰਲੇ ਨੂੰ ਆਪਣੇ ਇਸ ਹੁਕਮ ਦੀ ਸੋਝੀ ਪਾਉਂਦਾ ਹੈ, ਮਨ ਦੇ ਵਿੱਚ ਆਪਣਾ ਆਪ ਪ੍ਰਗਟ ਕਰਕੇ ਪਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਇਹ ਕੇਵਲ ਤੇ ਕੇਵਲ ਉਸ ਦੀ ਰਜ਼ਾ ਹੈ। **(ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ॥)** ਮਨ ਦੇ ਵਿੱਚ ਉਸਦੇ ਚੱਲ ਰਹੇ ਇਸ ਹੁਕਮ ਦੀ ਸੋਝੀ ਪੈਣ ਨਾਲ ਹੀ ਮਨੁੱਖ ਤ੍ਰੈਗੁਣਾਂ ਵਾਲੀ ਅਵੱਸਥਾ ਤੋਂ, ਮਾਇਆ ਮੋਹ ਦੀ ਜੁਗਤਿ ਤੋਂ ਮੁਕਤ ਹੁੰਦਾ ਹੈ, ਭਰਮਾਂ ਤੋਂ ਮੁਕਤ ਹੁੰਦਾ ਹੈ, ਮਨ ਦੇ ਬੰਧਨ ਤੋਂ ਮੁਕਤ ਹੁੰਦਾ ਹੈ। ਇਸ ਭਰਮ ਦੇ, ਅਗਿਆਨਤਾ ਦੇ ਬੰਧਨ ਤੋਂ ਮੁਕਤੀ ਉਹ ਸਾਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ ਕੇ ਦਿੰਦਾ ਹੈ, ਆਪਣਾ "ਸਬਦੁ" ਮਨ ਦੇ ਵਿੱਚ ਵਸਾ ਕੇ ਦਿੰਦਾ ਹੈ। "ਸਬਦ" ਗੁਰੂ ਪ੍ਰਮਾਤਮਾ ਆਪ ਹੈ ਜੋ ਕਿ ਆਪਣੇ ਸੱਚੇ ਗਿਆਨ ਦੁਆਰਾ, ਚੌਥੇ ਪਦ ਦੇ ਗਿਆਨ ਦੁਆਰਾ, ਬ੍ਰਹਮ ਗਿਆਨ ਦੁਆਰਾ ਵਿਚਰਦਾ ਹੈ। "ਸਬਦੁ" ਹੀ ਗੁਰੂ ਪ੍ਰਮਾਤਮਾ ਦੀ ਆਪਣੀ ਨਿਰੰਕਾਰ ਰੂਪ ਹੋਂਦ ਹੈ, ਬ੍ਰਹਮ ਗਿਆਨ ਰੂਪ "ਹੋਂਦ" ਹੈ ਜਿਸ ਦੁਆਰਾ ਉਹ ਸਭ ਵਿੱਚ, ਸਭ ਜਗ੍ਹਾਂ ਸਮਾਇਆ ਹੋਇਆ ਹੈ। ਆਪਣਾ ਸੱਚਾ ਗਿਆਨ ਮਨ ਦੇ ਵਿੱਚ ਵਸਾ ਕੇ ਹੀ ਉਹ ਮਨ ਦੇ ਵਿੱਚ ਆਪਣੀ ਹੋਂਦ ਪ੍ਰਗਟ ਕਰਦਾ ਹੈ। ਮਨ ਦੇ ਵਿੱਚ ਉਸਦੀ ਹੋਂਦ ਪ੍ਰਗਟ ਹੋਣ ਦੇ ਨਾਲ ਹੀ ਸਾਡੀ ਝੂਠੀ ਹੋਂਦ ਖ਼ਤਮ ਹੁੰਦੀ ਹੈ ਭਾਵ ਸਾਡੀ ਹਉਮੈ ਖ਼ਤਮ ਹੁੰਦੀ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਖ਼ਤਮ ਹੁੰਦੀ ਹੈ।

{ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥}

(ਅੰਗ ੭)

ਮਨ ਵਿੱਚ ਉਸਦੀ ਹੋਂਦ ਪ੍ਰਗਟ ਹੋਣ ਨਾਲ ਹੀ ਸਭ ਵਿੱਚ, ਸਭ ਜਗ੍ਹਾਂ ਕੇਵਲ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। ਸਭ ਜਗ੍ਹਾਂ ਸ਼ਬਦ ਹੀ ਪਸਰਿਆ ਹੋਇਆ ਨਜ਼ਰ ਆਉਂਦਾ ਹੈ, ਉਸਦਾ ਨਾਮ ਹੀ ਨਜ਼ਰ ਆਉਂਦਾ ਹੈ ਭਾਵ ਸਭ ਜਗ੍ਹਾਂ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਪਸਰਿਆ ਹੋਇਆ ਨਜ਼ਰ ਆਉਂਦਾ ਹੈ। ਜਿਸ ਰੂਪ ਵਿੱਚ ਸ਼ਬਦ ਸਾਡੇ ਅੰਦਰ ਵੱਸਦਾ ਹੈ ਉਸੇ ਰੂਪ ਵਿੱਚ ਉਹ ਸਭ ਜਗ੍ਹਾਂ ਵੱਸਿਆ ਹੋਇਆ ਹੈ।

{ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥}

(ਅੰਗ ੯੨੦)

{ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥}

(ਅੰਗ ੧੧੫੨)

ਪ੍ਰਮਾਤਮਾ ਸਭ ਜਗ੍ਹਾਂ ਆਪਣੇ ਸ਼ਬਦ ਦੁਆਰਾ ਸਾਇੰਟਿਫਿਕਲੀ ਹੀ ਵਰਤਦਾ ਹੈ, ਆਪਣੀ ਰਚੀ ਹੋਈ ਸਾਇੰਸ ਦੁਆਰਾ ਹੀ ਵਿਚਰਦਾ ਹੈ। ਸਾਡੇ ਮਨ ਦੇ ਵਿੱਚ ਵੀ ਉਹ ਸਾਇੰਟਿਫਿਕਲੀ ਹੀ ਵਰਤ ਰਿਹਾ ਹੈ, ਮਨ ਦੀ ਸਾਇੰਸ ਦੁਆਰਾ ਹੀ ਵਰਤ ਰਿਹਾ ਹੈ। ਸਾਡਾ ਆਕਾਰ ਰੂਪ ਦਿਮਾਗ ਪੰਜ ਤੱਤਾਂ ਤੋਂ ਬਣਿਆ ਹੋਇਆ ਹੈ ਜੋ ਕਿ ਸਾਇੰਟਿਫਿਕ ਰਚਨਾ ਹੈ ਤੇ ਸਾਇੰਟਿਫਿਕਲੀ ਹੀ ਉਸ ਵਿੱਚੋਂ ਵਿਚਾਰ ਉਪਜਦੇ ਹਨ। ਸਾਡਾ "ਦਿਮਾਗ" ਜੋ ਦਿੱਸਦਾ ਹੈ, ਨਜ਼ਰ ਆਉਂਦਾ ਹੈ ਉਹ ਸਰਗੁਣ ਸਰੂਪ ਹੈ, ਮਾਇਆ ਸਰੂਪ ਹੈ ਤੇ ਉਸ ਵਿੱਚੋਂ ਜੋ ਵਿਚਾਰ ਉਪਜਦੇ ਹਨ, ਗਿਆਨ ਉਪਜਦਾ ਹੈ ਉਹ ਨਿਰਗੁਣ ਰੂਪ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਨਿਰਗੁਣ ਰੂਪ ਵਿੱਚ ਹੈ ਜੋ ਕਿ ਸਾਇੰਟਿਫਿਕ ਹੀ ਹੈ ਤੇ ਇਸ ਗੱਲ ਦੀ ਸਮਝ ਕੇਵਲ ਇਸ ਮਨ ਨੂੰ ਜਾਣਨ ਤੋਂ ਬਾਅਦ ਹੀ ਲੱਗਦੀ ਹੈ। ਆਪਣੀ ਅਸਲੀਅਤ ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ। ਮਨ ਦੇ ਵਿੱਚ ਉਹ ਸ਼ਬਦ ਰੂਪ ਭਾਵ ਮਨ ਦੇ ਗਿਆਨ ਰੂਪ ਵਿੱਚ ਹੀ ਉਪਜਦਾ ਹੈ ਤੇ ਆਪਣੇ ਸ਼ਬਦ ਰੂਪ ਦੁਆਰਾ ਹੀ ਸਾਨੂੰ ਚਲਾਉਂਦਾ ਹੈ, ਮਨ ਦੇ ਗਿਆਨ ਦੁਆਰਾ ਸਾਨੂੰ ਚਲਾਉਂਦਾ ਹੈ, ਸਾਡੀ ਸੰਭਾਲ ਕਰਦਾ ਹੈ। ਮਨ ਵਿੱਚ ਉਸਦਾ ਪ੍ਰਗਟ ਹੋਣਾ ਚੌਥਾ ਪਦ ਹੈ ਜਿਸ ਰਾਹੀਂ ਉਹ ਆਪਣਾ ਸੱਚਾ ਗਿਆਨ, ਬ੍ਰਹਮ ਗਿਆਨ ਪ੍ਰਗਟ ਕਰਦਾ ਹੈ। ਇਹ ਮਨੁੱਖ ਦੀ ਸਹਜ ਵਾਲੀ ਅਵੱਸਥਾ ਹੈ, "ਗੁਰਮੁਖਿ" ਵਾਲੀ ਅਵੱਸਥਾ ਹੈ। ਇਸ ਗੁਰਮੁਖਿ ਵਾਲੀ ਅਵੱਸਥਾ ਦੁਆਰਾ ਹੀ ਅਸੀਂ ਬੰਧਨ ਤੋਂ ਮੁਕਤ ਹੁੰਦੇ ਹਾਂ, ਮਨਮੁਖਿ ਵਾਲੀ ਅਵੱਸਥਾ, ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਮੁਕਤ ਹੁੰਦੇ ਹਾਂ।

ਇਹ ਬੰਧਨ ਟੁੱਟਣ ਤੋਂ ਬਾਅਦ ਹੀ ਭਾਵ ਮਨ ਦੇ ਬੰਧਨ ਤੋਂ ਮੁਕਤ ਹੋਣ ਤੋਂ ਬਾਅਦ ਹੀ, ਚੌਥੇ ਪਦ ਵਿੱਚ ਰਲਣ ਤੋਂ ਬਾਅਦ ਹੀ "ਗੁਰਮੁਖਿ" ਬਣਿਆ ਜਾ ਸਕਦਾ ਹੈ, "ਗੁਰੂ ਦੇ ਮੁਖ" ਵਾਲਾ ਬਣਿਆ ਜਾ ਸਕਦਾ ਹੈ ਭਾਵ ਗੁਰੂ ਦੀ ਸਮਝ ਵਾਲਾ ਬਣਿਆ ਜਾ ਸਕਦਾ ਹੈ। ਗੁਰੂ ਆਪਣੇ ਮੁੱਖੋਂ ਬੋਲ ਕੇ ਸਾਨੂੰ ਆਪਣੀ ਸੱਚੀ ਸਮਝ ਹੀ ਦਿੰਦਾ ਹੈ ਭਾਵ ਆਪਣੀ ਮਤਿ ਤੋਂ ਆਪਣੀ ਹਉਮੈ ਤੋਂ ਮੁਕਤ ਹੋ ਕੇ ਬਣਿਆ ਜਾ ਸਕਦਾ ਹੈ ਤੇ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ "ਗੁਰਮੁਖਿ" ਗੁਰੂ ਆਪ ਹੀ ਹੈ, ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ ਤੇ ਉਹ ਕੇਵਲ ਉਸਦੀ ਬਣਾਈ ਹੋਈ ਖੇਡ ਦਾ ਇੱਕ ਮੋਹਰਾ ਹੀ ਹੈ, ਉਸਦੀ ਕਠਪੁਤਲੀ ਹੀ ਹੈ। ਉਸ ਗੁਰਮੁਖਿ ਦੇ ਨਾਲ ਮੇਲ ਕਰਨਾ ਕੇਵਲ ਉਸਦੇ ਆਪਣੇ ਹੱਥ ਵਿੱਚ ਹੈ ਕਿਉਂਕਿ ਆਪਣੀ ਮਤਿ ਨਾਲ ਉਹ ਆਪ ਹੀ ਜੋੜ ਸਕਦਾ ਹੈ, ਆਪਣੇ ਨਾਲ ਲਿਵ ਆਪ ਹੀ ਲਵਾ ਸਕਦਾ ਹੈ। **(ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥ ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥੨੬॥)।**

{ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥}

(ਅੰਗ ੨)

{ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥੩੩॥}

(ਅੰਗ 7)

ਉਪਰਲੇ ਸ਼ਬਦ ਦੇ ਵਿੱਚ ਜੋ ਕੁੱਝ ਵੀ ਜ਼ੋਰ ਦੀ ਗੱਲ ਕੀਤੀ ਹੋਈ ਹੈ ਇਹ ਸਭ ਕੁੱਝ ਮਨੁੱਖ ਦੀ ਬੇਵਸੀ ਹੀ ਸਮਝਾਈ ਹੋਈ ਹੈ। ਸਾਰੀ ਗੱਲ ਮਨੁੱਖ ਦੇ ਮਨ ਦੀ ਇੱਛਾ ਦੀ ਸਮਝਾਈ ਹੋਈ ਹੈ। ਮਨ ਦੀ ਇਹ ਇੱਛਾ ਪੂਰੀ ਕਰਨੀ ਸਾਡੇ ਵੱਸ ਨਹੀਂ ਹੈ ਕਿਉਂਕਿ ਮਨ ਦਾ ਗਿਆਨ ਸਾਡੇ ਵੱਸ ਵਿੱਚ ਨਹੀਂ ਹੈ। **(ਜੋਰੁ ਨ ਸੁਰਤੀ ਗਿਆਨਿ ਵੀਚਾਰਿ॥)** ਸਾਡੀ ਸੁਰਤਿ ਦੇ ਵਿੱਚ, ਮਨ ਦੇ ਵਿੱਚ ਜੋ ਵੀ ਗਿਆਨ ਪੈਂਦਾ ਹੈ, ਵਿਚਾਰ ਉਪਜਦੇ ਹਨ ਉਸ ਤੇ ਮਨੁੱਖ ਦਾ ਕੋਈ ਜ਼ੋਰ ਨਹੀਂ ਹੈ ਕਿਉਂਕਿ ਇਹ ਪ੍ਰਮਾਤਮਾ ਦੀ ਬਣਾਈ ਹੋਈ ਤ੍ਰੈਗੁਣਾਂ ਵਾਲੀ ਜੁਗਤਿ ਹੈ। ਸਾਡੀ ਸੋਚ ਸਾਡੇ ਵੱਸ ਨਹੀਂ ਹੈ, ਇਸੇ ਲਈ ਮਨ ਦੀ ਕੋਈ ਚਾਹਤ ਕਰਨੀ ਵੀ ਸਾਡੇ ਵੱਸ ਨਹੀਂ ਹੈ। ਸਾਡੇ ਮਨ ਦੀ ਚਾਹਤ ਹੀ ਸਾਡੀ ਮੰਗ ਹੈ, ਸਾਡੀ ਤ੍ਰਿਸ਼ਨਾ ਹੈ ਜੋ ਸਾਨੂੰ ਦੁਖੀ ਰੱਖਦੀ ਹੈ। ਪ੍ਰਮਾਤਮਾ ਨੇ ਸਭ ਕੁੱਝ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਅਤੇ ਮਨੁੱਖ ਨੂੰ ਇੱਕ ਵੱਖਰਾ ਸਰੂਪ ਦੇ ਕੇ, ਝੂਠਾ ਸਰੂਪ ਦੇ ਕੇ ਉਸ ਵਿੱਚ ਭੁਲੇਖਾ

ਪਾ ਕੇ ਆਪ ਹੀ ਉਸ ਨੂੰ ਚਲਾ ਰਿਹਾ ਹੈ, ਆਪਣੇ ਮਨੋਰਥ ਦੀ ਪੂਰਤੀ ਕਰ ਰਿਹਾ ਹੈ।

ਉੱਪਰ ਕੁੱਝ ਸ਼ਬਦਾਂ ਦੁਆਰਾ ਅਸੀਂ ਚਾਰਿ ਪਦਾਰਥਾਂ ਵਿੱਚੋਂ ਮੁਕਤ ਪਦਾਰਥ ਨੂੰ ਸਮਝਿਆ ਹੈ ਕਿ ਮੁਕਤੀ ਕੀ ਹੈ। ਬਾਕੀ ਦੇ ਤਿੰਨ ਪਦਾਰਥ ਵੀ ਸਾਡੀ ਮੁਕਤੀ ਦਾ ਸਾਧਨ ਹੀ ਹਨ ਜਿੰਨ੍ਹਾਂ ਦੇ ਨਾਲ ਸਾਡਾ ਮੁਕਤ ਹੋਣਾ ਜੁੜਿਆ ਹੋਇਆ ਹੈ।

ਸਲੋਕੁ ॥

“ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥
ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ॥੧॥”

(ਅੰਗ ੯੨੭)

“ਸਤਿਗੁਰ ਕੈ ਵਸਿ ਚਾਰਿ ਪਦਾਰਥ॥ ਤੀਨਿ ਸਮਾਏ ਏਕ ਕ੍ਰਿਤਾਰਥ ॥੫॥”

(ਅੰਗ ੧੩੪੫)

{ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ॥
ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ॥੪॥੪॥}

(ਅੰਗ ੮੦੦)

{ਚਾਰਿ ਪਦਾਰਥ ਲੈ ਜਗਿ ਆਇਆ॥}

(ਅੰਗ ੧੦੨੭)

{ਚਾਰਿ ਪਦਾਰਥ ਲੈ ਜਗਿ ਜਨਮਿਆ}

(ਅੰਗ ੧੦੧੩)

ਉੱਪਰ ਦਿੱਤੇ ਗਏ ਸ਼ਬਦਾਂ ਵਿੱਚੋਂ ਪਹਿਲੇ ਸ਼ਬਦ ਨੂੰ ਧਿਆਨ ਨਾਲ ਵਿਚਾਰੋ। ਇਹ ਚਾਰਿ ਪਦਾਰਥਾਂ ਦੀ ਪ੍ਰਾਪਤੀ ਸਾਡੇ ਜੀਵਨ ਦਾ ਮਨੋਰਥ ਹੈ। ਇਹ ਸਾਡੇ ਫਰਜ਼ ਹਨ ਜਿਸ ਦੀ ਪੂਰਤੀ ਲਈ ਅਸੀਂ ਇਸ ਜਨਮ ਵਿੱਚ ਆਏ ਹਾਂ ਭਾਵ ਮੁਕਤ ਹੋਣ ਲਈ ਆਏ ਹਾਂ। ਸਾਡਾ ਟੀਚਾ ਮੁਕਤਿ ਪਦਾਰਥ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ। **(ਮੁਕਤਿ ਪਦਾਰਥ ਨਾਥ॥)** ਇਸ ਪ੍ਰਾਪਤੀ ਦੁਆਰਾ ਸਾਡਾ ਇਸ ਮਨੁੱਖੀ ਸਰੂਪ ਵਿੱਚ ਆਉਣ ਦਾ ਮਨੋਰਥ ਪੂਰਾ ਹੋ ਜਾਂਦਾ ਹੈ। **(ਸਗਲ ਮਨੋਰਥ ਪੂਰਿਆ)** ਇਸ ਮਨੋਰਥ ਦੀ ਪੂਰਤੀ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ ਭਾਵ ਜਿਸ ਨੂੰ ਉਹ ਆਪ ਚਾਹੇ ਉਹ ਹੀ ਉਸ ਨਾਲ ਮਿਲ ਸਕਦਾ ਹੈ, ਮੁਕਤ ਹੋ ਸਕਦਾ ਹੈ। **(ਨਾਨਕ ਲਿਖਿਆ ਮਾਥ॥)**

7/645

ਆਉ ਹੁਣ ਦੂਸਰੇ ਸ਼ਬਦ ਨੂੰ ਵਿਚਾਰੀਏ ਕਿ ਇਸ ਮਨੋਰਥ ਦੀ ਪ੍ਰਾਪਤੀ ਕਿਵੇਂ ਹੋਣੀ ਹੈ ਭਾਵ ਇਹ ਮੁਕਤਿ ਪਦਾਰਥ ਸਾਨੂੰ ਕਿਵੇਂ ਮਿਲਣਾ ਹੈ। ਚੌਥਾ ਪਦਾਰਥ, ਚੌਥਾ ਪਦ, ਮੁਕਤਿ ਪਦਾਰਥ, ਸਾਨੂੰ ਕਿਵੇਂ ਮਿਲ ਸਕਦਾ ਹੈ ਉਸ ਲਈ ਪਹਿਲਾਂ ਸਾਨੂੰ ਤਿੰਨ ਪਦਾਰਥਾਂ ਦੀ ਪੂਰਤੀ ਕਰਨੀ ਪਵੇਗੀ ਭਾਵ ਪਹਿਲੇ ਤਿੰਨ ਪਦਾਰਥ ਜੋ ਕਿ "ਧਰਮ", "ਅਰਥ", "ਕਾਮ" ਹਨ। ਇਨ੍ਹਾਂ ਫਰਜਾਂ ਤੇ ਪੂਰਾ ਉਤਰਨਾ ਪਵੇਗਾ। **(ਤੀਨਿ ਸਮਾਏ ਏਕ ਕ੍ਰਿਤਾਰਥ ॥)** ਭਾਵ ਪਹਿਲਾਂ ਸਾਨੂੰ ਇਨ੍ਹਾਂ ਤਿੰਨਾਂ ਪਦਾਰਥਾਂ ਦੀ ਪ੍ਰਾਪਤੀ ਲਈ ਉਨ੍ਹਾਂ ਦੇ ਵਿੱਚ ਪੂਰੀ ਤਰ੍ਹਾਂ ਸਮਾਉਣਾ ਪਵੇਗਾ, ਇਨ੍ਹਾਂ ਫਰਜਾਂ ਤੇ ਪੂਰਾ ਉਤਰਨਾ ਪਵੇਗਾ, ਆਪਣੇ ਆਪ ਨੂੰ ਇਨ੍ਹਾਂ ਲਈ ਸਮਰਪਿਤ ਕਰਨਾ ਪਵੇਗਾ, ਪੂਰੀ ਤਰ੍ਹਾਂ ਡੈਡੀਕੇਟ ਕਰਨਾ ਪਵੇਗਾ। ਇਹਨਾਂ ਤੇ ਪੂਰਾ ਉਤਰਨ ਨਾਲ ਹੀ ਸਾਨੂੰ ਉਹ ਪ੍ਰਮਾਤਮਾ ਜੋ ਕਿ ਮੁਕਤਿ ਪਦਾਰਥ ਹੈ, ਸਾਨੂੰ ਉਹ ਆਪਣੇ ਮੁਕਤਿ ਪਦਾਰਥ ਨਾਲ ਕ੍ਰਿਤਾਰਥ ਕਰੇਗਾ, ਸਾਡੇ ਜੀਵਨ ਨੂੰ ਸਫ਼ਲ ਕਰ ਦੇਵੇਗਾ, ਸਾਡੇ ਸਗਲ ਮਨੋਰਥ ਦੀ ਪੂਰਤੀ ਹੋ ਜਾਵੇਗੀ। ਸਾਡਾ ਅਸਲ ਫਰਜ਼ ਤਿੰਨ ਪਦਾਰਥਾਂ ਦੀ ਪੂਰਤੀ ਲਈ ਹੈ ਤੇ ਚੌਥਾ ਪਦਾਰਥ ਇਨ੍ਹਾਂ ਤੇ ਪੂਰਾ ਉਤਰਨ ਦਾ ਫ਼ਲ ਹੈ ਜੋ ਕਿ ਨਾਮ ਪਦਾਰਥ ਹੈ, ਨਾਮ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ, ਮੁਕਤਿ ਪਦਾਰਥ ਹੈ, "ਮੋਖ" ਹੈ ਭਾਵ ਬ੍ਰਹਮ ਗਿਆਨ ਹੈ ਜਿਸ ਨੇ ਸਾਨੂੰ ਮਨ ਦੀ ਨਾਸਮਝ ਮਤਿ ਤੋਂ ਮੁਕਤ ਕਰਨਾ ਹੈ।

ਸਾਡਾ ਪਹਿਲਾ ਮਨੋਰਥ ਧਰਮ ਦੇ ਸੱਚੇ ਮਾਰਗ ਦੀ ਪ੍ਰਾਪਤੀ ਹੈ। ਇਸ ਲਈ ਸਾਡਾ ਪਹਿਲਾ ਫਰਜ਼ ਧਰਮ ਨੂੰ ਸਮਝਣ ਦਾ ਹੈ ਕਿ ਧਰਮ ਕੀ ਹੈ। ਧਰਮ ਦੀ ਸੋਝੀ ਆਏ ਬਿਨ੍ਹਾਂ ਅਸੀਂ ਧਰਮ ਦੀ ਪ੍ਰਾਪਤੀ ਨਹੀਂ ਕਰ ਸਕਦੇ। "ਧਰਮ" ਸਾਡੇ ਜੀਵਨ ਦਾ ਮਾਰਗ ਦਰਸ਼ਕ ਹੈ ਜਿਸ ਦੀ ਸਾਨੂੰ ਹਰ ਵੇਲੇ ਲੋੜ ਪੈਂਦੀ ਹੈ। ਜੇਕਰ ਸਾਡਾ ਮਾਰਗ ਦਰਸ਼ਨ ਹੀ ਠੀਕ ਨਾ ਹੋਇਆ ਹੋਵੇ, ਸਾਨੂੰ ਧਰਮ ਦੇ ਮਾਰਗ ਦੀ ਸੋਝੀ ਹੀ ਸਹੀ ਨਾ ਪਈ ਹੋਵੇ ਤਾਂ ਫਿਰ ਅਸੀਂ ਆਪਣੇ ਮਾਰਗ ਤੋਂ ਭਟਕ ਜਾਵਾਂਗੇ ਤੇ ਫਿਰ ਅਸੀਂ ਉਸ ਮੰਜਿਲ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਸਾਡੇ ਜੀਵਨ ਦਾ ਮਨੋਰਥ ਹੈ। ਮਨੁੱਖ ਨੂੰ ਵੀ ਪ੍ਰਮਾਤਮਾ ਨੇ ਉਸ ਦੀ ਮਰਿਆਦਾ, ਉਸਦੇ ਅਸੂਲ ਸਮਝਾਏ ਹੋਏ ਹਨ ਭਾਵ ਉਸਨੇ ਆਪਣੀ ਮਰਿਆਦਾ ਪੂਰੀ ਕੀਤੀ ਹੋਈ ਹੈ, ਧਰਮ ਦਾ ਸੱਚਾ ਮਾਰਗ ਸਮਝਾਉਣ ਲਈ ਆਪਣਾ ਫਰਜ਼ ਪੂਰਾ ਕੀਤਾ ਹੋਇਆ ਹੈ। ਸਾਨੂੰ ਉਸਨੇ ਸਾਡੇ ਫਰਜ਼ ਸਮਝਾਏ ਹੋਏ ਹਨ, ਸਾਨੂੰ ਸਾਡਾ ਮਾਰਗ ਸਮਝਾਇਆ ਹੋਇਆ ਹੈ, ਸਾਨੂੰ ਸਾਡਾ ਧਰਮ ਸਮਝਾਇਆ ਹੋਇਆ ਹੈ ਜਿਸ ਲਈ ਉਸਨੇ ਸਾਡੇ ਲਈ ਸਮੇਂ ਸਮੇਂ ਅਨੁਸਾਰ, ਆਪਣੀ ਇੱਛਾ ਅਨੁਸਾਰ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੋਈ ਹੈ। ਪੂਰੀ ਗੁਰਬਾਣੀ ਉਸ ਦਾ ਧਰਮ ਗ੍ਰੰਥ ਹੈ ਜੋ ਸਾਨੂੰ ਧਰਮ ਦਾ ਮਾਰਗ ਸਮਝਾ ਰਿਹਾ ਹੈ ਜਿਸ ਦੀ ਰਚਨਾ ਉਸਨੇ ਆਪ ਹੀ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਕੀਤੀ ਹੋਈ ਹੈ। ਇਸ ਦੀ ਸਹੀ ਸੋਝੀ

7/646

ਪੈਣੀ ਵੀ ਸਾਡੇ ਲਈ ਜਰੂਰੀ ਹੈ ਜਿਵੇਂ ਕਿ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਅਸੀਂ ਜਾਣਦੇ ਆਂ ਰਹੇ ਹਾਂ। ਸਾਰੀ ਮਨੁੱਖਤਾ ਦਾ ਧਰਮ ਇੱਕ ਹੀ ਹੈ, ਹਰ ਸਮੇਂ ਵਿੱਚ, ਹਰ ਜੁਗ ਵਿੱਚ ਧਰਮ ਇੱਕ ਹੀ ਰਿਹਾ ਹੈ, ਨਾਮ ਇੱਕ ਹੀ ਰਿਹਾ ਹੈ ਜੋ ਕਿ ਸ਼ਬਦ ਦੀ ਵਿਚਾਰ ਹੈ। ਸ਼ਬਦ ਦੀ ਵਿਚਾਰ ਸਾਨੂੰ ਕੇਵਲ ਸੱਚ ਤੇ ਚੱਲਣ ਦਾ ਉਪਦੇਸ਼ ਦਿੰਦੀ ਹੈ, ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਦੁਆਰਾ ਵਿਚਰਨ ਦੀ ਵਿਚਾਰ ਦਿੰਦੀ ਹੈ। ਸਾਰੀ ਮਨੁੱਖਤਾ ਦਾ ਧਰਮ ਸੱਚ ਹੀ ਹੈ ਤੇ ਹਰ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ। ਸੱਚ ਤੇ ਚੱਲਣਾ ਸਭ ਤੋਂ ਔਖੀ ਗੱਲ ਹੈ ਤੇ ਉਸ ਤੇ ਚੱਲਣ ਦੀ ਬਜਾਏ ਅਸੀਂ ਕਰਮ ਕਾਂਡਾਂ ਵਿੱਚ ਆਪਣੇ ਧਰਮ ਦੀ ਪੂਰਤੀ ਸਮਝਦੇ ਹਾਂ। ਧਰਮ ਦੇ "ਪਦਾਰਥ" ਨਾਲ ਦੋ ਪਦਾਰਥ "ਅਰਥ" ਅਤੇ "ਕਾਮ" ਹਨ ਜੋ ਕਿ ਧਰਮ ਦੇ ਸਹੀ ਮਾਰਗ ਤੇ ਚੱਲਣ ਦੁਆਰਾ ਪੂਰੇ ਹੋਣੇ ਹਨ। ਜੇਕਰ ਸਾਡੇ ਨਾਲ ਧਰਮ ਨਹੀਂ ਹੈ ਤਾਂ ਫਿਰ ਉਨ੍ਹਾਂ ਪਦਾਰਥਾਂ ਦੀ ਪੂਰਤੀ ਨਹੀਂ ਹੋ ਸਕਦੀ। ਬਾਕੀ ਦੇ ਦੋ ਪਦਾਰਥ ਸਾਡੀ ਜੀਵਨ ਦੀ ਵਿਚਰਨ ਹੈ ਜਿਸ ਦੀ ਪੂਰਤੀ ਅਸੀਂ ਧਰਮ ਦੁਆਰਾ ਕਰਨੀ ਹੈ, ਸੱਚ ਦੇ ਮਾਰਗ ਤੇ ਚੱਲ ਕੇ ਕਰਨੀ ਹੈ। ਜੇਕਰ ਸਾਡੇ ਨਾਲ ਸਾਡਾ ਧਰਮ ਨਹੀਂ ਤਾਂ ਫਿਰ ਅਸੀਂ ਆਪਣੇ ਜੀਵਨ ਦੀ ਵਿਚਰਨ ਵਿੱਚ ਭਟਕ ਜਾਵਾਂਗੇ। "ਧਰਮ" ਆਪਣੇ ਆਪ ਵਿੱਚ ਕੋਈ ਵੱਖਰੀ ਗੱਲ ਨਹੀਂ ਹੋ ਸਕਦੀ। ਮਨੁੱਖ ਦੀ ਵਿਚਰਨ ਵਿੱਚ ਕੰਮ ਆਇ ਬਿਨ੍ਹਾਂ ਧਰਮ ਬੇਅਰਥ ਹੈ, ਬੇਮਾਇਨੇ ਹੈ। ਜੇ ਕੋਈ ਸਮਾਧੀ ਲਗਾ ਕੇ ਬੈਠਾ ਰਹੇ ਉਸ ਵਿੱਚ ਕੋਈ ਧਰਮ ਨਹੀਂ ਹੈ, ਧਰਮ ਸਾਡੀ ਜੀਵਨ ਜਾਂਚ ਵਿੱਚ ਕੰਮ ਆਉਣਾ ਹੈ, ਧਰਮ ਦੀ ਸਾਡੇ ਜੀਵਨ ਵਿੱਚ, ਸਾਡੀ ਕਰਨੀ ਵਿੱਚ ਵਰਤੋਂ ਹੁੰਦੀ ਹੈ। ਇਸੇ ਲਈ ਧਰਮ ਨੂੰ ਬਾਕੀ ਦੇ ਦੋ ਪਦਾਰਥਾਂ ਨਾਲ ਜੋੜਿਆ ਹੋਇਆ ਹੈ ਤਾਂ ਜੋ ਇਹ ਧਰਮ ਸਾਡੇ ਕੰਮ ਆਵੇ, ਸਾਡੀ ਵਰਤੋਂ ਵਿੱਚ ਆਵੇ। ਜੋ ਚੀਜ਼ ਕਿਸੇ ਕੰਮ ਨਾ ਆਵੇ, ਵਰਤੋਂ ਵਿੱਚ ਨਾ ਆਵੇ ਉਹ ਚੀਜ਼ ਫਿਰ ਬੇਅਰਥ ਹੈ, ਬੇਮਾਇਨੇ ਹੈ, ਬੇਫ਼ਲ ਹੈ। ਜੇਕਰ ਅਸੀਂ ਧਰਮ ਕਮਾਉਣਾ ਕੇਵਲ ਸਮਾਧੀਆਂ ਦੁਆਰਾ ਜਪ ਤਪ ਕਰਨਾ ਸਮਝਦੇ ਹਾਂ, ਫਿਰ ਉਹ ਕਿਹੜੇ ਕੰਮ ਆਇਆ, ਸਾਨੂੰ ਧਰਮ ਤੋਂ ਲਾਭ ਕੀ

ਮਿਲਿਆ ਤੇ ਕਿਸੇ ਹੋਰ ਨੂੰ ਇਸ ਤੋਂ ਲਾਭ ਕੀ ਮਿਲ ਸਕਦਾ ਹੈ। ਅਸੀਂ ਆਪਣਾ ਕੀ ਸਵਾਰਿਆ ਤੇ ਕਿਸੇ ਦਾ ਕੀ ਸਵਾਰਿਆ। ਨਿਰੇ ਪੁਰੇ ਗੱਲਾਂ ਦੇ ਭਗਤ ਬਣ ਗਏ, ਵਿਖਾਵੇ ਦੇ ਭਗਤ ਬਣ ਗਏ ਤੇ ਉੱਚੇ ਸੁੱਚੇ ਅਖਵਾ ਲਿਆ। ਇਹ ਧਰਮ ਨਹੀਂ ਹੈ। ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਭਾਵ ਧਰਮ ਦੇ ਸੱਚੇ ਮਾਰਗ ਨੂੰ ਸਮਝਦੇ ਆ ਰਹੇ ਹਾਂ। ਆਉ ਹੁਣ ਅਗਲੇ ਦੋ ਪਦਾਰਥਾਂ ਨੂੰ ਜਾਣੀਏ ਜਿੱਥੇ ਧਰਮ ਦੀ ਵਰਤੋਂ ਹੋਣੀ ਹੈ ਭਾਵ ਜੋ

7/647

ਧਰਮ ਦੇ ਮਾਰਗ ਤੇ ਚੱਲਣ ਨਾਲ ਜੁੜੇ ਹੋਏ ਹਨ। ਸਾਨੂੰ ਇਹ ਵੀ ਸਮਝ ਲੱਗ ਜਾਵੇਗੀ ਕਿ ਬਾਣੀ ਵਿੱਚ ਸਾਨੂੰ ਵਾਰ-ਵਾਰ ਇਹ ਗੱਲ ਕਿਸ ਲਈ ਸਮਝਾਈ ਹੈ ਕਿ ਭਾਵੇਂ ਅਸੀਂ ਕਿਸੇ ਪਹਾੜ ਦੀਆਂ ਖੁੰਦਰਾਂ ਵਿੱਚ ਵੜ੍ਹ ਕੇ ਕਰੋੜਾਂ ਸਾਲ ਸਮਾਧੀ ਲਗਾ ਕੇ ਬੈਠੇ ਰਹੀਏ ਤੇ ਕਿਸੇ ਕਥਨੀ ਦੁਆਰਾ ਪ੍ਰਮਾਤਮਾ ਨੂੰ ਜਪੀ ਜਾਈਏ, ਪਹਾੜਾਂ ਦੀਆਂ ਟੀਸੀਆਂ ਤੇ ਜਾ ਕੇ ਬੈਠੀਏ, ਆਪਣਾ ਇੱਕ ਇੱਕ ਅੰਗ ਕਟਵਾ ਲਈਏ ਭਾਵ ਇਹ ਸਰੀਰ ਗੁਰੂ ਨੂੰ ਅਰਪਨ ਕਰ ਦੇਈਏ, ਸਾਰੀ ਜਿੰਦਗੀ ਜੋਗੀ ਬਣੇ ਰਹੀਏ, ਸਾਰੀ ਉਮਰ ਜਤੀ ਬਣੇ ਰਹੀਏ, ਬ੍ਰਹਮਚਾਰੀ ਬਣੇ ਰਹੀਏ, ਸਾਰੀ ਉਮਰ ਤੀਰਥਾਂ ਤੇ ਬੈਠੇ ਰਹੀਏ, ਘਰ ਬਾਰ ਛੱਡ ਕੇ ਜੰਗਲਾਂ ਵਿੱਚ ਜਾ ਕੇ ਬੈਠ ਜਾਈਏ, ਗ੍ਰਹਿਸਥ ਛੱਡ ਕੇ, ਦੁਨਿਆਵੀ ਮਾਇਆ ਵਿੱਚੋਂ ਨਿਕਲ ਕੇ ਉਦਾਸੀ ਬਣ ਜਾਈਏ, ਪਰ ਫਿਰ ਵੀ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਇਸ ਦਾ ਕਾਰਣ ਬਾਕੀ ਦੇ ਦੋ ਪਦਾਰਥਾਂ ਦੀ ਪ੍ਰਾਪਤੀ ਦੇ ਨਾਲ ਜੁੜਿਆ ਹੋਇਆ ਹੈ ਜਿੰਨ੍ਹਾਂ ਨੂੰ ਪਾਉਣਾ, ਧਾਰਨ ਕਰਨਾ ਸਾਡਾ ਫਰਜ਼ ਹੈ, ਆਪਣੇ ਜੀਵਨ ਦਾ ਮਨੋਰਥ ਹੈ।

ਆਓ ਪਹਿਲੇ "ਕਾਮ" ਨੂੰ ਸਮਝੀਏ ਕਿ ਇਸ ਨੂੰ ਸਾਡੇ ਲਈ ਜਰੂਰੀ ਕਿਸ ਲਈ ਕਿਹਾ ਗਿਆ ਹੈ, ਇਸ ਨੂੰ ਸਾਡਾ ਫਰਜ਼, ਸਾਡਾ ਮਨੋਰਥ ਕਿਸ ਲਈ ਕਿਹਾ ਗਿਆ ਹੈ। ਪ੍ਰਮਾਤਮਾ ਦੀ ਬਣਾਈ ਹੋਈ ਦੁਨੀਆਂ ਨੂੰ ਅੱਗੇ ਤੋਰਨ ਲਈ "ਕਾਮ" ਉਸਦਾ ਬਣਾਇਆ ਹੋਇਆ ਇੱਕ ਮੂਲ ਸਾਧਨ ਹੈ। "ਕਾਮ" ਤੋਂ ਬਿਨ੍ਹਾਂ ਦੁਨੀਆਂ ਅੱਗੇ ਨਹੀਂ ਚੱਲਦੀ ਤੇ ਇਸ ਮਨੋਰਥ ਦੀ ਪੂਰਤੀ ਲਈ ਪ੍ਰਮਾਤਮਾ ਨੇ ਮਨੁੱਖ ਵਿੱਚ, ਹਰ ਜੀਵ ਜੰਤੂ ਵਿੱਚ, ਹਰ ਬਨਸਪਤੀ ਵਿੱਚ "ਕਾਮ" ਪਾਇਆ ਹੋਇਆ ਹੈ ਜਿਸ ਦੁਆਰਾ ਧਰਤੀ ਫ਼ਲਦੀ ਫੁੱਲਦੀ ਹੈ, ਜੀਵਨ ਅੱਗੇ ਵੱਧਦਾ ਹੈ। ਸਾਰੀ ਬਨਸਪਤੀ ਵਿੱਚ ਉਸਦੇ ਪਾਏ ਹੋਏ ਗੁਣ ਵਰਤ ਰਹੇ ਹਨ, ਉਸਦੀ ਸਾਇੰਸ ਵਰਤ ਰਹੀ ਹੈ, ਉਸਦਾ ਗਿਆਨ ਵਰਤ ਰਿਹਾ ਹੈ, ਉਸਦਾ ਹੁਕਮ ਵਰਤ ਰਿਹਾ ਹੈ ਜਿਸ ਦੁਆਰਾ ਫੁੱਲ ਫਲ ਬੀਜ ਬਣਦੇ ਹਨ ਤੇ ਨਵੀਂ ਬਨਸਪਤੀ ਨੂੰ ਜਨਮ ਦਿੰਦੇ ਹਨ। ਮਨੁੱਖ ਨੇ ਵੀ ਮਨੁੱਖਤਾ ਨੂੰ ਅੱਗੇ ਵਧਾਉਣ ਲਈ ਇਸ ਮਨੋਰਥ ਦੀ ਪੂਰਤੀ ਕਰਨੀ ਹੈ। ਇਹ "ਕਾਮ" ਸਾਡੇ ਗ੍ਰਹਿਸਥ ਜੀਵਨ ਦਾ ਵੱਡਾ ਹਿੱਸਾ ਹੈ ਭਾਵ ਅਸੀਂ ਗ੍ਰਹਿਸਥੀ ਬਣ ਕੇ ਵਿਚਰਨਾ ਹੈ ਤੇ ਆਪਣੇ ਗ੍ਰਹਿਸਥ ਨੂੰ ਅੱਗੇ ਵਧਾਉਣਾ ਹੈ, ਇਹ ਸਾਡਾ ਫਰਜ਼ ਹੈ ਤੇ ਅਸੀਂ ਇਸ ਫਰਜ਼ ਤੇ ਪੂਰੇ ਉਤਰਨਾ ਹੈ। ਜੋ ਆਪਣੇ ਇਸ ਫਰਜ਼ ਤੋਂ ਭੱਜਦੇ ਹਨ ਭਾਵ ਇਸ ਫਰਜ਼ ਨੂੰ ਪੂਰਾ ਕਰਨ ਦੇ ਸਮਰੱਥ ਹੁੰਦੇ ਹੋਏ

7/648 ਅਤੇ 648-ਅ

ਵੀ ਅਗਰ ਉਹ ਆਪਣੇ ਇਸ ਫਰਜ਼ ਦੀ ਪੂਰਤੀ ਨਹੀਂ ਕਰਦੇ ਤਾਂ ਉਹ ਚੌਥੇ ਪਦ ਦੀ ਭਾਵ ਮੋਖ ਵਾਲੇ ਪਦ ਦੀ ਪ੍ਰਾਪਤੀ ਨਹੀਂ ਕਰ ਸਕਦੇ। ਉਹ ਪ੍ਰਮਾਤਮਾ ਨੂੰ ਨਹੀਂ ਜਪ ਸਕਦੇ, ਉਸਦੇ ਨਾਲ ਨਹੀਂ ਮਿਲ ਸਕਦੇ, ਪ੍ਰਮਾਤਮਾ ਦੇ ਭੇਦ ਨੂੰ ਨਹੀਂ ਜਾਣ ਸਕਦੇ। ਇਸੇ ਲਈ ਬਾਣੀ ਵਿੱਚ ਇਹੋ ਜਿਹੇ ਮਨੁੱਖਾਂ ਨੂੰ ਜੋ ਘਰ ਬਾਰ ਛੱਡ ਕੇ ਭਾਵ ਗ੍ਰਹਿਸਥ ਜੀਵਨ ਤਿਆਗ ਕੇ ਪੱਕੇ ਤੌਰ ਤੇ ਜੰਗਲਾਂ ਆਦਿ ਵਿੱਚ ਜਾ ਬੈਠਦੇ ਹਨ, ਡੇਰਿਆਂ ਆਦਿ ਤੇ ਜਾ ਬੈਠਦੇ ਹਨ ਉਨ੍ਹਾਂ ਨੂੰ ਭੁੱਲੇ ਹੋਏ ਕਿਹਾ ਹੈ। **(ਭੂਲੀ ਗ੍ਰਹਿ ਤਜਿ ਜਾਏ॥)** ਅੰਗ - ੬੦ ਆਪਣੇ ਵੱਲੋਂ ਭਾਵੇਂ ਉਹ ਇਸ ਨੂੰ ਭਗਤੀ ਦਾ ਮਾਰਗ ਸਮਝ ਕੇ ਛੱਡਦੇ ਹਨ ਪਰ ਅਸਲ ਵਿੱਚ ਇਹ ਉਹਨਾਂ ਦਾ ਭੁਲੇਖਾ ਹੈ। ਇਸੇ ਲਈ ਜੋਗੀਆਂ, ਸੰਨਿਆਸੀਆਂ ਆਦਿ ਨੂੰ, ਬ੍ਰਹਮਚਰਯ ਵਿੱਚ ਰਹਿਣ ਵਾਲਿਆਂ ਨੂੰ ਵਾਰ-ਵਾਰ ਸਮਝਾਇਆ ਹੈ ਕਿ ਇਸ ਤਰੀਕੇ ਨਾਲ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਆਪਣੇ ਫਰਜ਼ ਤੋਂ ਮੂੰਹ ਮੋੜ ਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਆਪਣੇ ਪਰਿਵਾਰ ਨੂੰ ਪਾਲਣ ਦੀ ਜ਼ਿੰਮੇਵਾਰੀ ਵੀ ਅਸੀਂ ਆਪ ਹੀ ਨਿਭਾਉਣੀ ਹੈ, ਆਪਣਾ ਫਰਜ਼ ਅਸੀਂ ਆਪ ਹੀ ਨਿਭਾਉਣਾ ਹੈ। ਆਪਣੀ ਗ੍ਰਹਿਸਥੀ ਅਸੀਂ ਆਪ ਹੀ ਪਾਲਣੀ ਹੈ।

{ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥}

(ਅੰਗ ੧੩੪੮)

{ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥੨੦॥}

(ਆਸਾ ਦੀ ਵਾਰ)

ਜਿਸ ਨੂੰ ਪ੍ਰਮਾਤਮਾ ਨੇ ਗ੍ਰਹਿਸਥੀ ਬਣਨ ਦੀ ਇਸ ਸਮਰੱਥਾ ਤੋਂ ਆਪ ਹੀ ਵਾਂਝਿਆ ਰੱਖਿਆ ਹੈ ਭਾਵ ਕਾਮ ਦੀ ਸਮਰੱਥਾ ਤੋਂ ਵਾਂਝਾ ਰੱਖਿਆ ਹੋਇਆ ਹੈ ਇਸ ਵਿੱਚ ਉਸ ਮਨੁੱਖ ਦਾ ਕੋਈ ਕਸੂਰ ਨਹੀਂ ਹੈ।ਅਗਰ ਕੋਈ ਮਨੁੱਖ ਚਾਹੁੰਦੇ ਹੋਏ ਵੀ ਗ੍ਰਹਿਸਥੀ ਬਣਨ ਤੋਂ ਅਸਮਰੱਥ ਰਹਿੰਦਾ ਹੈ, ਚਾਹੁੰਦੇ ਹੋਏ ਵੀ ਉਸਨੂੰ ਔਲਾਦ ਦੇ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਫਿਰ ਇਸ ਵਿੱਚ ਉਸਦਾ ਕੋਈ ਆਪਣਾ ਦੋਸ਼ ਨਹੀਂ ਹੈ। ਸਾਰੀ ਗੱਲ ਮਨ ਦੀ ਇੱਛਾ ਦੀ ਹੈ, ਆਪਣੀ ਜ਼ਿੰਮੇਦਾਰੀ ਨਿਭਾਉਣ ਦੀ ਹੈ। ਧੰਨ-ਧੰਨ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਬਾਲ ਅਵੱਸਥਾ ਵਿੱਚ ਹੀ ਸਰੀਰ ਛੱਡ ਗਏ ਸਨ ਲੇਕਿਨ ਉਹ ਚੌਥੇ ਪਦ ਵਿੱਚ ਹਨ। ਉਹਨਾਂ ਨੂੰ ਇਹ ਜ਼ਿੰਮੇਦਾਰੀ ਨਿਭਾਉਣ ਦਾ ਮੌਕਾ ਹੀ ਨਹੀਂ ਮਿਲਿਆ, ਇਹ ਫਰਜ਼ ਪੂਰਾ ਕਰਨ ਦਾ ਅਕਾਲ ਪੁਰਖ ਵੱਲੋਂ ਮੌਕਾ ਹੀ ਨਹੀਂ ਮਿਲਿਆ। ਅਕਾਲ ਪੁਰਖ ਦੀ ਇਹੀ ਰਜ਼ਾ ਸੀ। ਤਾਂ ਜੋ ਅਸੀਂ ਇਸ ਫਰਜ਼ ਤੋਂ ਮੂੰਹ ਨਾ ਮੋੜੀਏ ਪ੍ਰਮਾਤਮਾ ਨੇ ਸਭ ਦੇ ਅੰਦਰ ਪਰਿਵਾਰ ਦਾ ਮੋਹ ਆਪ ਹੀ ਪਾਇਆ ਹੋਇਆ ਹੈ। **{ਮੋਹੁ ਕੁਟੰਬੁ ਮੋਹੁ ਸਭ ਕਾਰ॥}** ਇਸਤਰੀ ਪੁਰਖ ਵਿੱਚ ਇੱਕ ਦੂਜੇ ਲਈ ਕੱਸ਼ਿਸ਼, ਖਿੱਚ ਵੀ ਪਾਈ

7/649

ਹੋਈ ਹੈ ਤੇ ਇਸ ਨੂੰ ਖੁਸ਼ੀ ਦੇ ਸਮੇਂ ਨਾਲ ਜੋੜਿਆ ਹੋਇਆ ਹੈ ਤਾਂ ਜੋ ਹਰ ਕੋਈ ਇਸ ਫਰਜ਼ ਨੂੰ ਖੁਸ਼ੀ ਨਾਲ ਮੰਨੇ, ਗ੍ਰਹਿਸਥ ਵਿੱਚ ਪੈਣਾ ਪਸੰਦ ਕਰੇ। ਜਿੱਥੇ ਇਹ "ਕਾਮ" ਸ੍ਰਿਸ਼ਟੀ ਨੂੰ ਅੱਗੇ ਵਧਾਉਣ ਦਾ ਸਾਧਨ ਹੈ, ਉੱਥੇ ਅਗਰ ਮਨੁੱਖ ਦੀ ਇਹ ਕਾਮ ਵਾਸ਼ਨਾ ਮਰਿਆਦਾ ਵਿੱਚ ਨਾ ਰਹੇ ਤਾਂ ਫਿਰ ਇਹ ਸਮਾਜ ਲਈ ਮਾੜਾ ਬਣ ਜਾਂਦਾ ਹੈ। ਇਸੇ ਲਈ ਬਾਣੀ ਵਿੱਚ ਇਸ ਨੂੰ ਮਨੁੱਖ ਦਾ ਵੱਡਾ ਔਗੁਣ ਵੀ ਕਹਿ ਕੇ ਸਮਝਾਇਆ ਹੈ। ਇਸ ਫਰਜ਼ ਤੇ ਅਸੀਂ ਤਾਂ ਹੀ ਪੂਰਾ ਉਤਰ ਸਕਦੇ ਹਾਂ ਜੇਕਰ ਧਰਮ ਦੀ ਮਰਿਆਦਾ, ਗੁਰੂ ਦੀ ਮਤਿ ਸਾਡੇ ਨਾਲ ਹੋਵੇਗੀ, ਅਸੀਂ ਨਾਮ ਤੇ ਚੱਲਾਂਗੇ, ਨਹੀਂ ਤਾਂ ਅਸੀਂ ਆਪਣੇ ਮਾਰਗ ਤੋਂ ਭਟਕ ਜਾਵਾਂਗੇ। "ਧਰਮ" ਸਾਡੀ ਜਿੰਦਗੀ ਦਾ ਅਟੁੱਟ ਹਿੱਸਾ ਹੈ ਜਿਸ ਨੂੰ ਅਪਣਾਏ ਬਿਨ੍ਹਾਂ ਅਸੀਂ ਆਪਣੀ ਜਿੰਦਗੀ ਦਾ ਕੋਈ ਵੀ ਫਰਜ਼ ਸੱਚਾਈ ਨਾਲ ਨਹੀਂ ਪੂਰਾ ਕਰ ਸਕਦੇ। ਸਾਡਾ ਤੀਜਾ ਮਨੋਰਥ, ਤੀਜਾ ਫਰਜ਼ ਜਿਸ ਤੇ ਅਸੀਂ ਪੂਰਾ ਉਤਰਨਾ ਹੈ, ਉਹ "ਅਰਥ" ਹੈ, ਮਾਇਆ ਹੈ। "ਗ੍ਰਹਿਸਥ ਜੀਵਨ" ਮਾਇਆ ਦੇ ਸਾਧਨਾਂ ਤੋਂ ਬਿਨ੍ਹਾਂ ਨਹੀਂ ਚੱਲ ਸਕਦਾ। ਮਾਇਆ ਦੀ ਹਰ ਵੇਲੇ ਲੋੜ ਹੈ ਜਿਸ ਦਾ ਹੱਲ ਸਾਡੀ ਕਿਰਤ ਹੈ ਭਾਵ ਸਭ ਲਈ ਕਿਰਤੀ ਹੋ ਕੇ ਵਿਚਰਨਾ, ਕਿਰਤ ਕਰਨਾ ਸਾਡੇ ਜੀਵਨ ਦਾ ਜਰੂਰੀ ਹਿੱਸਾ ਹੈ, ਸਾਡਾ ਫਰਜ਼ ਹੈ। ਇਸ ਮਨੋਰਥ ਦੀ ਪੂਰਤੀ ਲਈ ਪ੍ਰਮਾਤਮਾ ਨੇ ਆਪਣੀ ਰਚਨਾ ਬਹੁਤ ਵੱਡੀ ਬਣਾਈ ਹੋਈ ਹੈ ਜੋ ਕਿ ਕਿਰਤ ਕਰਨ ਦੇ ਸਾਧਨਾਂ ਨਾਲ ਭਰਪੂਰ ਹੈ। ਹਜ਼ਾਰਾਂ ਹੀ ਹਜ਼ਾਰਾਂ ਤਰੀਕੇ ਹਨ ਜਿਸ ਦੁਆਰਾ ਅਸੀਂ ਕਿਰਤ ਕਰ ਸਕਦੇ ਹਾਂ, ਮਾਇਆ ਕਮਾ ਸਕਦੇ ਹਾਂ, ਆਪਣੇ ਸੁੱਖ ਦੇ ਸਾਧਨ ਇਕੱਠੇ ਕਰ ਸਕਦੇ ਹਾਂ, ਆਪਣੀ ਗ੍ਰਹਿਸਥੀ ਨੂੰ ਚਲਾ ਸਕਦੇ ਹਾਂ, ਇਸ ਫਰਜ਼ ਤੇ ਪੂਰਾ ਉਤਰ ਸਕਦੇ ਹਾਂ, ਪਰ "ਧਰਮ" ਦਾ ਮਾਰਗ ਸਾਡੇ ਨਾਲ ਹੀ ਰਹਿਣਾ ਹੈ। ਕਿਰਤ ਕਰਨ ਲਈ ਸਾਡਾ ਮਾਰਗ ਦਰਸ਼ਨ ਧਰਮ ਨੇ ਹੀ ਕਰਨਾ ਹੈ। ਅਸੀਂ ਮਾਇਆ ਦੇ ਮੋਹ ਵਿੱਚ ਪੈ ਕੇ ਉਸ ਵਿੱਚ ਡੁੱਬਣਾ ਨਹੀਂ ਹੈ ਤਾਂ ਜੋ ਅਸੀਂ ਕੇਵਲ ਸੱਚੇ ਸੁੱਚੇ ਕਰਮਾਂ ਦੁਆਰਾ ਇਸ ਫਰਜ਼ ਦੀ ਪੂਰਤੀ ਕਰੀਏ, ਧਰਮ ਦੀ ਮਰਿਆਦਾ ਵਿੱਚ ਰਹਿ ਕੇ ਕਿਰਤ ਕਰੀਏ। ਮਾਇਆ ਵੀ ਕਮਾਈਏ ਤੇ ਆਪਣੇ ਆਪ ਨੂੰ ਮਨ ਦੀ ਮਾਇਆ ਤੋਂ ਨਿਰਲੇਪ ਵੀ ਰੱਖੀਏ। ਜੋ ਮਨੁੱਖ ਕਿਰਤ ਛੱਡ ਕੇ ਭਾਵ ਦੁਨਿਆਵੀ ਮਾਇਆ ਤੋਂ ਮੂੰਹ ਮੋੜ ਕੇ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ, ਜਿੰਨ੍ਹਾਂ ਦੀ ਗਿਣਤੀ ਉੱਪਰ ਪਹਿਲਾਂ ਹੀ ਗਿਣਾਈ ਗਈ ਹੈ, ਉਹ ਪ੍ਰਮਾਤਮਾ ਨੂੰ ਕਿਵੇਂ ਪਾ ਸਕਦੇ ਹਨ। ਜੋ ਮਨੁੱਖ ਆਪਣੇ ਇਹ ਤਿੰਨੇ ਫਰਜ਼, ਤਿੰਨੇ ਮਨੋਰਥ ਪੂਰੇ ਕਰਦਾ ਹੈ, ਇਹਨਾਂ ਤੇ ਪੂਰਾ ਉਤਰਦਾ ਹੈ, ਆਪਣੇ ਆਪ ਨੂੰ ਪੂਰੀ ਤਰ੍ਹਾਂ ਇਹਨਾਂ ਫਰਜ਼ਾਂ ਵਿੱਚ ਸਮਰਪਿਤ ਕਰਦਾ ਹੈ ਫਿਰ ਤਾਂ ਹੀ ਮੋਖ ਦਾ ਫ਼ਲ, ਮੁਕਤੀ ਦਾ ਫ਼ਲ, ਮੁਕਤਿ ਪਦਾਰਥ ਦਾ ਫ਼ਲ ਮਿਲਦਾ ਹੈ ਜੋ ਕਿ ਪ੍ਰਮਾਤਮਾ ਖੁਸ਼ ਹੋ ਕੇ ਆਪ ਹੀ ਦਿੰਦਾ ਹੈ। **(ਸਤਿਗੁਰ ਕੈ ਵਸਿ ਚਾਰਿ ਪਦਾਰਥ॥ਤੀਨਿ ਸਮਾਏ ਏਕ ਕ੍ਰਿਤਾਰਥ॥੫॥)** ਆਪਣੇ ਇਹ ਤਿੰਨ ਫਰਜ਼ ਪੂਰੇ ਕੀਤੇ ਬਿਨ੍ਹਾਂ ਚੌਥੇ ਪਦਾਰਥ ਦੀ, ਮੁਕਤਿ ਪਦਾਰਥ ਦੀ, ਨਾਮ ਪਦਾਰਥ ਦੀ, ਗਿਆਨ ਪਦਾਰਥ ਦੀ ਪ੍ਰਾਪਤੀ ਨਹੀਂ ਹੋ ਸਕਦੀ,

7/650

ਚੌਥੇ ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ। **(ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥੨੯॥)** ਅੰਗ - ੯੨੧ "ਮੁਕਤਿ ਪਦਾਰਥ" ਨੂੰ ਬਰੀਕੀ ਨਾਲ ਸਮਝਣਾ ਬਹੁਤ ਜਰੂਰੀ ਹੈ। ਸਾਨੂੰ ਪ੍ਰਮਾਤਮਾ ਦੇ ਦਰਸ਼ਨ ਚੌਥੇ ਪਦ ਦੇ ਗਿਆਨ ਨੇ ਕਰਵਾਉਣੇ ਹਨ, ਬ੍ਰਹਮ ਗਿਆਨ ਨੇ ਕਰਵਾਉਣੇ ਹਨ ਭਾਵ ਆਪਣੇ ਫਰਜ਼ ਪੂਰੇ ਕੀਤੇ

ਬਿਨ੍ਹਾਂ, ਆਪਣੇ ਧਰਮ ਦੀ ਮਰਿਆਦਾ ਪੂਰੀ ਕੀਤੇ ਬਿਨ੍ਹਾਂ ਮਨੁੱਖ ਮੁਕਤੀ ਨਹੀਂ ਪਾ ਸਕਦਾ, ਮਨੁੱਖ ਦੀ ਹਉਮੈ ਖ਼ਤਮ ਨਹੀਂ ਹੋ ਸਕਦੀ, ਉਸਨੂੰ ਆਪਣੇ ਆਪ ਦੀ ਸੋਝੀ ਨਹੀਂ ਪੈ ਸਕਦੀ, ਉਹ ਤ੍ਰੈਗੁਣਾਂ ਵਾਲੀ ਮਾਇਆ ਦੀ ਅਵੱਸਥਾ ਵਿੱਚੋਂ ਨਹੀਂ ਨਿਕਲ ਸਕਦਾ। ਬ੍ਰਹਮਾ ਜੀ ਨੇ ਚਾਰੇ ਵੇਦ ਉਚਾਰੇ ਹਨ ਜਿਸਦਾ ਕਿ ਪ੍ਰਮਾਣ ਬਾਣੀ ਦੇ ਵਿੱਚ ਹੀ ਮਿਲਦਾ ਹੈ। ਵੇਦਾਂ ਦੇ ਵਿੱਚ ਅਥਾਹ ਗਿਆਨ ਹੈ ਜਿਸ ਤੋਂ ਸਾਨੂੰ ਅਨੇਕਾਂ ਗੱਲਾਂ ਦੀ ਸੋਝੀ ਪੈਂਦੀ ਹੈ, ਉਸ ਉੱਚੇ ਗਿਆਨ ਦੀ ਸੋਝੀ ਪੈਂਦੀ ਹੈ ਜਿਸ ਦੀ ਉਮੀਦ ਕਿਸੇ ਮਨੁੱਖੀ ਸਮਝ ਤੋਂ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਨ੍ਹਾਂ ਵਿੱਚ ਪਾਇਆ ਹੋਇਆ ਗਿਆਨ ਬਹੁਤ ਹੀ ਉੱਚੀ ਅਵੱਸਥਾ ਵਾਲਾ ਗਿਆਨ ਹੈ। ਹੈਰਾਨੀ ਦੀ ਗੱਲ ਹੈ ਕਿ ਵੇਦਾਂ ਦੇ ਰਚਣ ਵਾਲੇ ਬ੍ਰਹਮਾ ਨੂੰ ਵੀ ਤ੍ਰੈਗੁਣਾਂ ਵਿੱਚ ਦੱਸਿਆ ਗਿਆ ਹੈ ਭਾਵ ਬ੍ਰਹਮਾ ਨੂੰ ਵੀ ਚੌਥੇ ਪਦ ਦੀ ਸੋਝੀ ਤੋਂ ਰਹਿਤ ਦੱਸਿਆ ਗਿਆ ਹੈ ਭਾਵ "ਬ੍ਰਹਮ ਗਿਆਨ" ਦੀ ਅਵੱਸਥਾ ਤੋਂ ਬਾਹਰ ਦੱਸਿਆ ਗਿਆ ਹੈ। ਇਸ ਗੱਲ ਦਾ ਜਵਾਬ ਵੀ ਬਾਣੀ ਦੇ ਵਿੱਚ ਹੀ ਸਮਝਾਇਆ ਹੋਇਆ ਹੈ। ਜਦ ਤੱਕ ਸਾਨੂੰ ਚੌਥੇ ਪਦ ਦੀ ਸਮਝ ਨਹੀਂ ਲੱਗਦੀ ਕਿ ਚੌਥਾ ਪਦ ਕੀ ਹੈ ਤਦ ਤੱਕ ਇਸ ਗੱਲ ਨੂੰ ਸਮਝਣਾ ਮੁਸ਼ਕਿਲ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਮਨੁੱਖ ਆਕਾਰ ਰੂਪ ਤੋਂ ਦੂਸਰੇ ਰੂਪ ਭਾਵ ਨਿਰੰਕਾਰ ਰੂਪ ਨੂੰ ਨਹੀਂ ਸਮਝ ਸਕਦਾ। ਆਕਾਰ ਰੂਪ ਨੂੰ ਪੈਦਾ ਕਰਨ ਵਾਲਾ ਨਿਰੰਕਾਰ ਰੂਪ ਹੈ। ਸਰਗੁਣ ਰੂਪ ਨੂੰ ਪੈਦਾ ਕਰਨ ਵਾਲਾ ਨਿਰਗੁਣ ਰੂਪ ਹੈ। ਜਦ ਤੱਕ ਉਸ ਨਿਰਗੁਣ ਰੂਪ ਦੀ ਪਹਿਚਾਣ ਨਹੀਂ ਹੁੰਦੀ, ਤਦ ਤੱਕ ਸਰਗੁਣ ਰੂਪ ਦੀ ਸੋਝੀ ਨਹੀਂ ਪੈਂਦੀ ਕਿ ਇਹ ਸਰਗੁਣ ਰੂਪ, ਆਕਾਰ ਰੂਪ, ਮਾਇਆ ਰੂਪ ਕੀ ਹੈ। ਜੋ ਕੁੱਝ ਵੀ ਅਸੀਂ ਆਕਾਰ ਰੂਪ ਦੇਖਦੇ ਹਾਂ, ਇਹ ਸਭ ਮਾਇਆ ਰੂਪ ਹੈ, "ਅਰਥ" ਰੂਪ ਹੈ। ਮਾਇਆ ਰੂਪ ਦੀ ਸੋਝੀ ਕੇਵਲ ਉਹ ਹੀ ਪਾ ਸਕਦਾ ਹੈ ਜਿਸ ਨੇ ਇਹ ਮਾਇਆ ਬਣਾਈ ਹੈ, ਜਿਸ ਨੇ ਇਹ ਸਾਰਾ ਆਕਾਰ ਬਣਾਇਆ ਹੈ ਤੇ ਜੋ ਇਸ ਆਕਾਰ ਰੂਪ ਨੂੰ ਚਲਾ ਰਿਹਾ ਹੈ, ਜਿਸਦਾ ਹੁਕਮ ਹਰ ਆਕਾਰ ਰੂਪ ਵਿੱਚ ਵਰਤ ਰਿਹਾ ਹੈ। ਪ੍ਰਮਾਤਮਾ ਆਪ

7/651

"ਨਿਰੰਕਾਰ" ਹੈ ਤੇ ਉਸ ਨਿਰੰਕਾਰ ਨੂੰ ਜਾਣਨਾ ਹੀ ਚੌਥੇ ਪਦ ਦੀ ਪ੍ਰਾਪਤੀ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ। ਜਦ ਤੱਕ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਜਦ ਤੱਕ ਇਹ ਸੋਝੀ ਨਹੀਂ ਪੈਂਦੀ ਕਿ ਇਹ ਬ੍ਰਹਮ ਗਿਆਨ ਕਿੱਥੋਂ ਆਉਂਦਾ ਹੈ, ਇਸ ਗਿਆਨ ਦਾ ਸ੍ਰੋਤ ਕੀ ਹੈ ਤਦ ਤੱਕ ਉਸ "ਬ੍ਰਹਮ ਗਿਆਨੀ" ਦੀ ਭਾਵ ਨਿਰੰਕਾਰ ਰੂਪ ਪ੍ਰਮਾਤਮਾ ਦੀ ਪਹਿਚਾਣ ਨਹੀਂ ਹੋ ਸਕਦੀ ਜੋ ਕਿ ਸਾਡੇ ਅੰਦਰ ਹੀ ਹੈ। ਉਹ ਬ੍ਰਹਮ, ਨਿਰੰਕਾਰ ਸਾਡੇ ਅੰਦਰ ਹੀ ਹੈ ਜੋ ਸਭ ਨੂੰ ਗਿਆਨ ਦੇ ਰਿਹਾ ਹੈ, ਉਹ ਬ੍ਰਹਮ ਗਿਆਨੀ ਸਾਡੇ ਅੰਦਰ ਹੀ ਹੈ।

{ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥}

(ਅੰਗ ੨੭੩-੨੭੪)

ਜਦ ਤੱਕ ਉਸ ਬ੍ਰਹਮ ਗਿਆਨੀ ਦੀ ਆਪਣੇ ਅੰਦਰੋਂ ਸੋਝੀ ਨਹੀਂ ਪੈਂਦੀ ਤਦ ਤੱਕ ਮਨੁੱਖ ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਹੀ ਸਮਝਦਾ ਹੈ। ਇਹ ਤ੍ਰੈਗੁਣਾਂ ਵਾਲੀ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਣ ਦਿੰਦੀ। ਬ੍ਰਹਮਾ ਨੂੰ ਵੀ ਇਸ ਗੱਲ ਦੀ ਸੋਝੀ ਨਹੀਂ ਪਈ ਕਿ ਉਸਦੇ ਅੰਦਰ ਇਹ ਗਿਆਨ ਕਿੱਥੋਂ ਆ ਰਿਹਾ ਹੈ। ਉਸਨੇ ਗਿਆਨ ਨੂੰ ਆਪਣਾ ਗਿਆਨ ਸਮਝਿਆ ਤੇ ਵੱਡਾ ਅਖਵਾਇਆ ਜੋ ਕਿ ਉਸਦੀ ਭੁੱਲ ਹੈ। ਇਸ ਗੱਲ ਨੂੰ ਅੱਗੇ ਹੋਰ ਵੀ ਬਰੀਕੀ ਨਾਲ ਸਮਝਾਂਗੇ।

ਇਹ ਸਾਡੇ ਮਨ ਦੇ ਵਿੱਚ ਪਾਇਆ ਹੋਇਆ ਭਰਮ ਦਾ ਪੜਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਅੰਦਰ ਹੁਕਮ ਉਸ ਦਾ ਹੀ ਚੱਲ ਰਿਹਾ ਹੈ ਪਰ ਮਨੁੱਖ ਨੂੰ ਇਸ ਦੀ ਸਮਝ ਨਹੀਂ ਪੈਂਦੀ। ਬਸ ਇਹੀ ਸੋਝੀ ਪ੍ਰਮਾਤਮਾ ਨੇ "ਬ੍ਰਹਮਾ" ਨੂੰ ਵੀ ਨਹੀਂ ਪੈਣ ਦਿੱਤੀ ਤੇ ਉਸ ਨੂੰ ਤ੍ਰੈਗੁਣਾਂ ਵਿੱਚ ਹੀ ਰੱਖਿਆ।

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥}

(ਅੰਗ ੮੫੨)

ਆਉ ਹੁਣ ਮੂਲ ਕਾਰਨ ਨੂੰ ਸਮਝੀਏ ਕਿ ਬ੍ਰਹਮਾ ਨੂੰ ਤ੍ਰੈਗੁਣਾਂ ਵਿੱਚ ਕਿਸ ਲਈ ਕਿਹਾ ਹੈ। ਪ੍ਰਮਾਤਮਾ ਦੀ ਸੋਝੀ ਪੈਣ ਦੀ ਸਭ ਤੋਂ ਵੱਡੀ ਗੱਲ ਆਪਣੇ ਆਪ ਦੀ ਸੋਝੀ ਪੈਣਾ ਹੈ ਕਿ ਮਨੁੱਖ ਆਪ ਕੀ ਹੈ। ਜਦ ਤੱਕ ਮਨੁੱਖ "ਮੈਂ" ਹੈ ਤਦ ਤੱਕ ਮਨੁੱਖ ਹਉਮੈ ਵਿੱਚ ਹੈ। ਜੇਕਰ ਆਪਣੇ ਅੰਦਰ ਬੈਠੇ ਬ੍ਰਹਮ ਗਿਆਨੀ ਦੀ ਪਹਿਚਾਣ ਹੋ ਜਾਵੇ ਤਾਂ ਫਿਰ ਮਨੁੱਖ ਦੀ "ਮੈਂ" ਮਿਟ ਜਾਂਦੀ ਹੈ,

ਉਸਦਾ ਆਪਣਾ ਆਪ ਮਿਟ ਜਾਂਦਾ ਹੈ, ਉਸਨੂੰ ਸੋਝੀ ਪੈ ਜਾਂਦੀ ਹੈ ਕਿ ਇਹ ਸਰੀਰ ਕਿਸ ਦਾ ਹੈ, ਇਹ ਸਾਰੀ ਮਾਇਆ ਕਿਸ ਦੀ ਹੈ, ਇਸ ਨੂੰ ਬਣਾਉਣ ਵਾਲਾ ਕੌਣ ਹੈ, ਇਸ ਨੂੰ ਚਲਾਉਣ ਵਾਲਾ ਕੌਣ ਹੈ ਭਾਵ ਇਹ ਸੋਝੀ ਪੈ ਜਾਂਦੀ ਹੈ ਕਿ ਹਰ ਚੀਜ਼ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ, ਇਸ ਮਨੁੱਖ

7/652

ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਦੀ ਸੋਝੀ ਪੈਣ ਤੋਂ ਬਾਅਦ ਫਿਰ ਉਹ ਮਨੁੱਖ ਕਦੇ ਨਹੀਂ ਕਹਿ ਸਕਦਾ ਕਿ ਮੇਰੀ ਆਪਣੀ ਵੀ ਕੋਈ ਹੋਂਦ ਹੈ। ਬ੍ਰਹਮਾ ਨੂੰ ਇਸ ਗੱਲ ਦੀ ਸੋਝੀ ਪ੍ਰਮਾਤਮਾ ਨੇ ਨਹੀਂ ਪੈਣ ਦਿੱਤੀ। ਉਸ ਨੂੰ ਇਹ ਸਮਝ ਨਹੀਂ ਲੱਗ ਸਕੀ ਕਿ ਇਹ ਵੇਦ ਲਿਖਵਾਉਣ ਵਾਲਾ ਕੌਣ ਹੈ, ਇਹ ਸਾਰਾ ਗਿਆਨ ਕਿੱਥੋਂ ਆ ਰਿਹਾ ਹੈ। ਉਸਨੇ ਇਸ ਗਿਆਨ ਨੂੰ ਆਪਣਾ ਹੀ ਸਮਝ ਕੇ ਵੇਦਾਂ ਨੂੰ ਆਪਣਾ ਨਾਮ ਦੇ ਦਿੱਤਾ, ਵੇਦਾਂ ਦਾ ਲਿਖਾਰੀ ਆਪਣੇ ਆਪ ਨੂੰ ਦੱਸਿਆ ਭਾਵ ਉਸ ਦੀ ਹਉਮੈ ਨਹੀਂ ਮਰੀ, ਉਸਦੀ ਮੈਂ ਨਹੀਂ ਮਰੀ। ਇਸੇ ਤਰ੍ਹਾਂ ਜੋ ਆਪਣੇ ਆਪ ਨੂੰ ਇਸ ਦੁਨੀਆ ਵਿੱਚ ਉੱਚਾ ਕਰਕੇ ਜਾਂਦਾ ਹੈ ਉਹ ਆਪਣੀ "ਹਉਮੈ" ਵਿੱਚ ਹੀ ਰਹਿ ਜਾਂਦਾ ਹੈ, "ਮੈਂ" ਵਿੱਚ ਹੀ ਰਹਿ ਜਾਂਦਾ ਹੈ। ਪ੍ਰਮਾਤਮਾ ਆਪ ਹੀ ਸੰਤ ਹੈ,ਆਪ ਹੀ ਸਾਧ ਹੈ, ਆਪ ਹੀ ਭਗਤ ਹੈ, ਆਪ ਹੀ ਬ੍ਰਹਮ ਗਿਆਨੀ ਹੈ, ਹੋਰ ਕੋਈ ਨਹੀਂ ਹੋ ਸਕਦਾ ਤੇ ਜੇਕਰ ਕੋਈ ਆਪਣੇ ਆਪ ਨੂੰ ਸਮਝਦਾ ਹੈ, ਤਾਂ ਫਿਰ ਉਹ ਵੀ ਉਸੇ ਭੁਲੇਖੇ ਵਿੱਚ ਹੈ ਜਿਸ ਵਿੱਚ ਆਪ ਗੁਰੂ ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਵੀ ਦੱਸਿਆ ਹੈ। ਇਸੇ ਲਈ ਉਨ੍ਹਾਂ ਨੂੰ ਕਾਲ ਦੇ ਵੱਸ ਵਿੱਚ ਦੱਸਿਆ ਹੈ, ਆਵਾਗਉਣ ਵਿੱਚ ਦੱਸਿਆ ਹੈ। ਜਦ ਤੱਕ ਮਨੁੱਖ ਨੂੰ ਪ੍ਰਮਾਤਮਾ ਆਪ ਇਹ ਸੋਝੀ ਨਹੀਂ ਪਾਉਂਦਾ, ਮਨ ਵਿੱਚੋਂ ਪੜਦਾ ਦੂਰ ਨਹੀਂ ਕਰਦਾ, ਮਨੁੱਖ ਮੁਕਤਿ ਪਦਾਰਥ ਨਹੀਂ ਪਾ ਸਕਦਾ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਨਹੀਂ ਕਰ ਸਕਦਾ, ਉਸਦੀ ਹਉਮੈ ਨਹੀਂ ਮਰ ਸਕਦੀ, ਉਸਦੀ "ਮੈਂ" ਨਹੀਂ ਜਾ ਸਕਦੀ। ਆਪਣਾ ਨਾਮ ਉਹ ਨਾਮ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ, ਆਪਣੇ ਨਾਲ ਉਹ ਆਪ ਹੀ ਮਿਲਾ ਸਕਦਾ ਹੈ, ਆਪਣੇ ਨਿਰੰਕਾਰ ਰੂਪ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ। "ਨਿਰੰਕਾਰ" ਰੂਪ ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੈ ਜਿਸ ਦੇ ਉੱਚੇ ਬ੍ਰਹਮ ਗਿਆਨ ਦੁਆਰਾ ਇਹ ਸਾਰਾ ਆਕਾਰ ਰੂਪ ਬਣਿਆ ਹੈ, ਸਰਗੁਣ ਰੂਪ ਬਣਿਆ ਹੈ ਤੇ ਉਸਦਾ ਗਿਆਨ ਹੀ ਇਸ ਸਰਗੁਣ ਰੂਪ ਨੂੰ ਚਲਾ ਰਿਹਾ ਹੈ। ਇਹ "ਮੁਕਤਿ ਪਦਾਰਥ" ਕੀ ਹੈ, "ਚਾਰਿ ਪਦਾਰਥ" ਕੀ ਹੈ, ਇਸ ਗੱਲ ਦੀ ਸੋਝੀ ਅੱਗੇ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਬਰੀਕੀ ਨਾਲ ਪੈ ਜਾਵੇਗੀ। ਮਾਇਆ ਦੀ ਤ੍ਰੈਗੁਣਾਂ ਵਾਲੀ ਜੁਗਤਿ ਕੀ ਹੈ ਅਤੇ ਕਿਵੇਂ ਸਾਡੇ ਅੰਦਰ ਵਰਤਦੀ ਹੈ ਇਸ ਦੀ ਸੋਝੀ ਵੀ ਨਾਲ ਹੀ ਕੁੱਝ ਸ਼ਬਦਾਂ

7/653

ਦੁਆਰਾ ਪੈਂਦੀ ਜਾਵੇਗੀ। ਇਹੀ ਤਾਂ ਅਸਲ ਵਿੱਚ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਭੇਦ ਹੈ ਜਿਸਦਾ ਯਕੀਨ ਮਨੁੱਖ ਨੂੰ ਤਾਂ ਹੀ ਆ ਸਕਦਾ ਹੈ ਜਦੋਂ ਪ੍ਰਮਾਤਮਾ ਮਨ ਦੇ ਅੰਦਰ ਆਪਣੀ ਇਸ ਜੁਗਤਿ ਦੀ ਸੋਝੀ ਪਾ ਦੇਵੇ। ਆਪਣੀ ਜੁਗਤਿ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ। ਮਨੁੱਖ ਕੇਵਲ ਉਸਦੀ ਕਠਪੁਤਲੀ ਹੈ। ਜਿਵੇਂ ਉਸਨੂੰ ਚੰਗਾ ਲੱਗਦਾ ਹੈ ਉਹ ਉਸੇ ਤਰ੍ਹਾਂ ਆਪਣੀ ਇਸ ਮਾਇਆ ਦੀ ਜੁਗਤਿ ਦੁਆਰਾ ਸਭ ਨੂੰ ਆਪਣੇ ਹੁਕਮ ਵਿੱਚ ਨਚਾ ਰਿਹਾ ਹੈ। ਅਸਲ ਵਿੱਚ ਹਰ ਕੋਈ ਉਸ ਨੂੰ ਹੀ ਜਪ ਰਿਹਾ ਹੈ, ਅਰਾਧ ਰਿਹਾ ਹੈ, ਧਿਆ ਰਿਹਾ ਹੈ, ਸਿਮਰ ਰਿਹਾ ਹੈ ਭਾਵ ਉਸਦੇ ਹੁਕਮ ਵਿੱਚ ਚੱਲ ਰਿਹਾ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸੋਝੀ ਨਹੀਂ। ਜਿਸ ਨੂੰ ਜਿਹੋ ਜਿਹੀ ਸੋਝੀ ਪਈ ਹੋਈ ਹੈ ਭਾਵ ਜਿਹੋ ਜਿਹੀ ਸੋਝੀ ਉਸ ਨੇ ਸਾਡੇ ਅੰਦਰ ਪਾਈ ਹੋਈ ਹੈ ਉਸੇ ਤਰੀਕੇ ਨਾਲ ਹਰ ਕੋਈ ਉਸਨੂੰ ਜਪ ਰਿਹਾ ਹੈ। ਜੇਕਰ ਸਾਡੇ ਅੰਦਰ ਦੀ ਸੋਝੀ, ਸਾਡੇ ਅੰਦਰ ਦਾ ਗਿਆਨ, ਸਾਡੇ ਮਨ ਦਾ ਮੋਹ ਮਾਇਆ ਵਿੱਚ ਲੱਗਾ ਹੋਇਆ ਹੈ ਤਾਂ ਫਿਰ ਅਸੀਂ ਉਸਦੇ ਹੁਕਮ ਅਨੁਸਾਰ ਮਾਇਆ ਨੂੰ ਸਿਮਰ ਰਹੇ ਹਾਂ, ਜਪ ਰਹੇ ਹਾਂ। ਉਸਦਾ ਨਾਮ ਸਿਮਰਨ ਉਦੋਂ ਹੋਵੇਗਾ ਜਦੋਂ ਉਹ ਸਾਡੀ ਸੋਚ ਬਦਲ ਦੇਵੇਗਾ, ਸਾਨੂੰ ਗੁਰੂ ਦੇ ਸਮਝਾਏ ਹੋਏ ਹੁਕਮ ਅਨੁਸਾਰ ਚਲਾਵੇਗਾ। ਪ੍ਰਮਾਤਮਾ ਨੂੰ ਜਪਣਾ ਸਾਡੀ ਸਮਝ ਨੇ ਹੀ ਹੈ ਜਿਸ ਦਾ ਪ੍ਰਗਟਾਵਾ ਸਾਡੇ ਕਰਮਾਂ ਦੁਆਰਾ ਹੁੰਦਾ ਹੈ। ਅਸੀਂ ਆਪਣੇ ਕਰਮਾਂ ਦੇ ਪ੍ਰਗਟਾਵੇ ਦੁਆਰਾ ਪ੍ਰਮਾਤਮਾ ਨੂੰ ਹੁਣ ਵੀ ਅੱਠੇ ਪਹਿਰ ਜਪ ਰਹੇ ਹਾਂ ਭਾਵ ਉਸਦੇ ਹੁਕਮ ਵਿੱਚ ਚੱਲ ਰਹੇ ਹਾਂ ਜੋ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ॥}

(ਅੰਗ ੬੭੦)

{ਚਿਤਵਤ ਪਾਪ ਨ ਆਲਕੁ ਆਵੈ ॥
ਬੇਸੁਆ ਭਜਤ ਕਿਛੁ ਨਹ ਸਰਮਾਵੈ ॥}

(ਅੰਗ ੧੧੪੩)

{ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥}

(ਅੰਗ ੫੨੬)

{ਸਿਮਰੈ ਧਰਤੀ ਅਰੁ ਆਕਾਸਾ ॥
ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥
ਸਿਮਰਹਿ ਖੰਡ ਦੀਪ ਸਭਿ ਲੋਆ ॥
ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥
ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥
ਸਿਮਰਹਿ ਦੇਵਤੇ ਕੋੜਿ ਤੇਤੀਸਾ ॥
ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥੩॥
ਸਿਮਰਹਿ ਪਸੁ ਪੰਖੀ ਸਭਿ ਭੂਤਾ ॥
ਸਿਮਰਹਿ ਬਨ ਪਰਬਤ ਅਉਧੂਤਾ ॥
ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥੪॥
ਸਿਮਰਹਿ ਥੂਲ ਸੂਖਮ ਸਭਿ ਜੰਤਾ ॥
ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
ਗੁਪਤ ਪ੍ਰਗਟੁ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥
ਸਿਮਰਹਿ ਨਰ ਨਾਰੀ ਆਸਰਮਾ ॥
ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥
ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥੬॥
ਸਿਮਰਹਿ ਘੜੀ ਮੂਰਤ ਪਲ ਨਿਮਖਾ ॥
ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥
ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥੭॥}

(ਅੰਗ ੧੦੭੮-੧੦੭੯)

ਪ੍ਰਮਾਤਮਾ ਨੂੰ ਧਿਆਉਣ ਲਈ, ਜਪਣ ਲਈ ਕੋਈ ਬੋਲ ਬੋਲਣ ਦੀ ਲੋੜ ਨਹੀਂ। ਬਿਨ੍ਹਾਂ ਬੋਲੇ ਹਰ ਕੋਈ ਉਸਨੂੰ ਦਿਨ ਰਾਤ ਧਿਆਈ ਜਾ ਰਿਹਾ ਹੈ ਭਾਵ ਸਾਡੇ ਮਨ ਦੀ ਬਿਰਤੀ ਹੀ ਉਸਨੂੰ ਆਪਣੇ ਆਪ ਧਿਆਈ ਜਾ ਰਹੀ ਹੈ, ਜਪ ਕਰੀ ਜਾ ਰਹੀ ਹੈ। ਸਿਰਫ਼ ਮਨ ਦੀ ਸਮਝ ਬਦਲਣ ਦੀ ਲੋੜ ਹੈ, ਡਾਇਰੈਕਸ਼ਨ ਬਦਲਣ ਦੀ ਲੋੜ ਹੈ ਜਿਸ ਨਾਲ ਮਾਇਆ ਦਾ ਜਪ ਹਟ ਕੇ ਗੁਰੂ ਪ੍ਰਮਾਤਮਾ ਦੇ ਜਪ ਵਿੱਚ ਬਦਲ ਜਾਵੇਗਾ। "ਨਿਰੰਕਾਰ" ਦਾ ਜਪ, "ਨਿਰੰਕਾਰ" ਰੂਪ ਵਿੱਚ ਹੀ ਹੋ ਸਕਦਾ ਹੈ।

ਨਿਰੰਕਾਰ, ਗਿਆਨ ਰੂਪ ਹੈ ਤੇ ਉਸਦਾ ਜਪ ਵੀ ਗਿਆਨ ਰੂਪ ਵਿੱਚ ਹੀ ਹੋ ਸਕਦਾ ਹੈ, ਮਨ ਦੀ ਸੱਚੀ ਸੋਝੀ ਦੁਆਰਾ ਹੋ ਸਕਦਾ ਹੈ। ਆਕਾਰ ਰੂਪ ਦੁਆਰਾ ਜਪ ਭਾਵ ਸਰੀਰਕ ਕਿਰਿਆਵਾਂ ਦਾ ਜਪ ਕੇਵਲ

7/654

ਸਾਡਾ ਦਿਖਾਵਾ ਹੈ ਜਿਸ ਨਾਲ ਸਾਡੀ ਹਉਮੈ ਹੀ ਵੱਧਦੀ ਹੈ। "ਮੁਕਤਿ ਪਦਾਰਥ" ਦੀ ਪ੍ਰਾਪਤੀ ਗਿਆਨ ਰੂਪ ਹੈ, ਚੌਥੇ ਪਦ ਦਾ ਗਿਆਨ ਹੈ ਜੋ ਕਿ ਸਾਨੂੰ ਗੁਰੂ ਦੀ ਮਤਿ ਅਨੁਸਾਰ ਚੱਲਣ ਦਾ ਉੱਦਮ ਕਰਨ ਦੁਆਰਾ ਮਨ ਦੇ ਵਿੱਚੋਂ ਹੀ ਮਿਲਦਾ ਹੈ। ਅਸੀਂ ਤ੍ਰੈਗੁਣਾਂ ਵਾਲੇ ਮਾਇਆਵੀ ਗਿਆਨ ਵਿੱਚੋਂ ਨਿਕਲ ਕੇ ਗੁਰੂ ਦੇ ਸਮਝਾਏ ਹੋਏ ਚੌਥੇ ਪਦ ਦੇ ਗਿਆਨ ਦੇ ਨਾਲ ਸਾਂਝ ਕਰਨੀ ਹੈ। ਪਹਿਲੇ ਸਾਂਝ ਗੁਰਬਾਣੀ ਨਾਲ ਪਾਵਾਂਗੇ ਤੇ ਤਾਂ ਹੀ ਸਾਨੂੰ ਉਹ ਸਮਝਾਵੇਗੀ ਕਿ ਚੌਥੇ ਪਦ ਨਾਲ ਕਿਵੇਂ ਰਲਿਆ ਜਾ ਸਕਦਾ ਹੈ, ਕਿਉਂਕਿ ਕੇਵਲ ਇੱਕ ਗੁਰਬਾਣੀ ਹੀ ਸਾਨੂੰ ਪ੍ਰਮਾਤਮਾ ਦਾ ਨਿਰੰਕਾਰ ਰੂਪ ਸਮਝਾ ਰਹੀ ਹੈ ਕਿ ਉਹ ਕੀ ਹੈ। ਬਾਣੀ ਵਿੱਚ ਆਕਾਰ ਰੂਪ ਨੂੰ ਗੁਰੂ ਨਹੀਂ ਕਿਹਾ ਗਿਆ, ਆਕਾਰ ਰੂਪ ਨੂੰ ਪ੍ਰਮਾਤਮਾ ਨਹੀਂ ਕਿਹਾ ਗਿਆ। ਬਾਣੀ ਵਿੱਚ ਪ੍ਰਮਾਤਮਾ ਨੂੰ ਨਿਰੰਕਾਰ ਕਿਹਾ ਗਿਆ ਹੈ, ਆਕਾਰ ਰੂਪ ਨੂੰ ਬਣਾਉਣ ਵਾਲਾ ਕਿਹਾ ਗਿਆ ਹੈ, ਸ਼ਬਦ ਰੂਪ ਨੂੰ ਗੁਰੂ ਕਿਹਾ ਗਿਆ ਹੈ ਜੋ ਸ਼ਬਦ ਰੂਪ ਗੁਰੂ ਪ੍ਰਮਾਤਮਾ ਦਾ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਗਿਆਨ ਰੂਪ ਹੈ ਜੋ ਕਿ ਨਿਰੰਕਾਰ ਰੂਪ ਹੈ। ਨਿਰੰਕਾਰ ਦੇ ਨਾਲ ਮੇਲ ਨਿਰੰਕਾਰ ਰੂਪ ਵਿੱਚ ਹੀ ਹੋਣਾ ਹੈ। ਸ਼ਬਦ ਦੇ ਨਾਲ ਮੇਲ ਸ਼ਬਦ ਰੂਪ ਵਿੱਚ ਹੀ ਹੋਣਾ ਹੈ। ਸ਼ਬਦ ਚੌਥੇ ਪਦ ਦਾ ਗਿਆਨ ਹੈ, ਸ਼ਬਦ ਦੇ ਵਿੱਚ ਪਾਈ ਹੋਈ ਚੌਥੇ ਪਦ ਦੀ ਸੋਝੀ ਹੈ, ਸ਼ਬਦ ਦਾ ਸਮਝਾਇਆ ਹੋਇਆ ਚੌਥੇ ਪਦ ਦਾ ਗਿਆਨ ਹੈ। ਪ੍ਰਮਾਤਮਾ ਇਸ ਚੌਥੇ ਪਦ ਦੇ ਗਿਆਨ ਵਿੱਚ ਹੈ, ਸ਼ਬਦ ਦੀ ਸੋਝੀ ਦੇ ਵਿੱਚ ਹੈ। ਬੜੇ ਹੀ ਧਿਆਨ ਨਾਲ ਵਿਚਾਰੋ ਇਸ ਹੇਠ ਦਿੱਤੀ ਹੋਈ ਪੰਗਤੀ ਨੂੰ।

"ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥"

(ਅੰਗ ੧੨੦)

ਉੱਪਰ ਵਾਲੀ ਪੰਗਤੀ ਨੂੰ ਅਸੀਂ ਪਿੱਛੇ ਵੀ ਵਿਚਾਰਿਆ ਹੈ। ਜੇਕਰ ਧਿਆਨ ਨਾਲ ਵਿਚਾਰਾਂਗੇ ਤੇ ਤਾਂ ਹੀ ਅਸੀਂ ਪ੍ਰਮਾਤਮਾ ਦੀ ਅਸਲ ਭਗਤੀ ਨੂੰ ਸਮਝ ਸਕਦੇ ਹਾਂ। "ਸ਼ਬਦ ਦੀ ਲਿਖਤ" ਭਾਵ "ਅੱਖਰ" ਇੱਕ ਗਿਆਨ ਦਾ ਬਣਾਇਆ ਹੋਇਆ ਸਰਗੁਣ ਸਰੂਪ ਹੈ। ਜੇਕਰ ਅਸੀਂ ਅੱਖਰ ਨੂੰ ਪੂਜਦੇ ਹਾਂ ਭਾਵ ਕੇਵਲ ਸ਼ਬਦ ਸ਼ਬਦ ਬੋਲੀ ਜਾਂਦੇ ਹਾਂ ਤਾਂ ਫਿਰ ਇਹ ਕੇਵਲ ਸਰਗੁਣ ਸ਼ਬਦ ਦੀ ਪੂਜਾ ਹੈ, ਆਕਾਰ ਰੂਪ ਸ਼ਬਦ ਦੀ ਪੂਜਾ ਹੈ। ਪੂਜਣਾ ਅਸੀਂ ਸ਼ਬਦਾਂ ਦੇ ਅੰਦਰ ਦੀ ਸਮਝ ਨੂੰ ਹੈ ਜਿਸ ਸ਼ਬਦਾਂ ਦੀ ਸਮਝ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਗੁਰੂ ਦੇ ਸ਼ਬਦ ਸਾਨੂੰ ਗੁਣਾਂ ਦੁਆਰਾ ਵਿਚਰਨਾ ਸਮਝਾਉਂਦੇ ਹਨ ਤੇ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮੰਨਣਾ, ਉਨ੍ਹਾਂ ਤੇ ਅਮਲ ਕਰਨਾ ਗੁਣਾਂ ਦੀ ਪੂਜਾ ਹੈ ਭਾਵ ਗੁਰੂ ਪ੍ਰਮਾਤਮਾ ਦੀ ਪੂਜਾ ਹੈ।

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥}

(ਅੰਗ ੧੮੭)

ਸ਼ਬਦਾਂ ਦੇ ਅੰਦਰ ਦੇ ਗਿਆਨ ਨੂੰ ਪੂਜਣਾ ਨਿਰੰਕਾਰ ਰੂਪ ਦੀ ਪੂਜਾ ਹੈ ਤੇ ਕੇਵਲ ਅੱਖਰਾਂ ਨੂੰ ਬੋਲੀ ਜਾਣਾ ਨਿਰੰਕਾਰ ਦੀ ਪੂਜਾ ਨਹੀਂ ਹੈ, ਇਹ ਨਿਰਗੁਣ ਸਰੂਪ ਦੀ ਪੂਜਾ ਨਹੀਂ ਹੈ ਭਾਵ ਇਹ ਪ੍ਰਮਾਤਮਾ ਦੀ ਪੂਜਾ ਨਹੀਂ ਹੈ। ਸਰਗੁਣ ਸਰੂਪ ਅੱਖਰ ਸਾਨੂੰ ਪ੍ਰਮਾਤਮਾ ਦੀ ਸੋਝੀ ਪਾਉਣ ਲਈ ਹੈ ਤਾਂ ਕਿ ਅਸੀਂ ਇਨ੍ਹਾਂ ਅੱਖਰਾਂ ਕੋਲੋਂ ਗਿਆਨ ਲੈ ਸਕੀਏ। ਇਸ ਲਈ ਇਨ੍ਹਾਂ ਅੱਖਰਾਂ ਦਾ ਕਿਸੇ ਆਕਾਰ ਰੂਪ ਵਿੱਚ ਹੋਣਾ ਵੀ ਜਰੂਰੀ ਹੈ। ਇਨ੍ਹਾਂ ਅੱਖਰਾਂ ਨੂੰ ਪੜ੍ਹਨਾ ਤੇ ਸੁਣਨਾ ਵੀ ਸਾਡੇ ਲਈ ਬਹੁਤ ਜਰੂਰੀ ਹੈ, ਨਹੀਂ ਤਾਂ ਸਾਨੂੰ ਸੋਝੀ ਕਿਵੇਂ ਪਵੇਗੀ। ਇਸੇ

7/655

ਲਈ ਬਾਣੀ ਨੂੰ ਰਾਗਾਂ ਦੇ ਨਾਲ ਜੋੜਿਆ ਹੈ ਤਾਂ ਜੋ ਇਸ ਨੂੰ ਸੁਣਨਾ ਅਨੰਦਮਈ ਲੱਗੇ, ਅਸੀਂ ਇਸ ਨਾਲ ਜੁੜੀਏ, ਇਸ ਵਿੱਚ ਖੁੱਭੀਏ ਤੇ ਇਸ ਨੂੰ ਸਮਝੀਏ। ਜਦ ਤੱਕ ਅਸੀਂ ਗੁਰਬਾਣੀ ਦੇ ਮਨੋਰਥ ਤੱਕ ਨਹੀਂ ਪਹੁੰਚਦੇ ਭਾਵ ਜਦ ਤੱਕ ਉਸਨੂੰ ਪੜ੍ਹ ਸੁਣ ਕੇ, ਸਮਝ ਕੇ, ਉਸ ਤੇ ਅਮਲ ਨਹੀਂ ਕਰਦੇ ਸਾਡੀ ਪੂਜਾ ਪੂਰੀ ਨਹੀਂ ਹੁੰਦੀ, ਸਾਡੀ ਸੇਵਾ, ਘਾਲ ਪੂਰੀ ਨਹੀਂ ਹੁੰਦੀ। ਪੂਜਾ ਅਸਲ ਵਿੱਚ ਸ਼ਬਦ ਵਿੱਚ ਪਾਈ ਹੋਈ ਸੋਝੀ ਦੀ ਕਰਨੀ ਹੈ ਕਿਉਂਕਿ ਪ੍ਰਮਾਤਮਾ ਅੱਖਰ ਵਿੱਚ ਨਹੀਂ ਅੱਖਰ ਦੇ ਗਿਆਨ ਵਿੱਚ ਹੈ।

(**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥**) ਪ੍ਰਮਾਤਮਾ ਅੱਖਰਾਂ ਦੀ ਲਿਖਤ ਨੂੰ ਪੜ੍ਹਨ ਵਿੱਚ ਨਹੀਂ ਹੈ, ਪ੍ਰਮਾਤਮਾ ਅੱਖਰਾਂ ਦੇ ਰਾਹੀਂ, ਸ਼ਬਦਾਂ ਦੇ ਰਾਹੀਂ ਪਾਈ ਹੋਈ ਸੋਝੀ ਦੇ ਵਿੱਚ ਹੈ, ਸੁਧਿ ਦੇ ਵਿੱਚ ਹੈ। ਸ਼ਬਦ ਦੀ ਲਿਖਤ ਸਰਗੁਣ ਰੂਪ ਵਿੱਚ ਹੈ ਤੇ ਉਸ ਵਿੱਚ ਪਾਈ ਹੋਈ ਸੋਝੀ ਭਾਵ ਗਿਆਨ ਨਿਰਗੁਣ ਰੂਪ ਹੈ। ਪ੍ਰਮਾਤਮਾ ਇਸ ਨਿਰਗੁਣ ਰੂਪ ਵਿੱਚ, ਗਿਆਨ ਰੂਪ ਵਿੱਚ ਹੈ, ਚੌਥੇ ਪਦ ਦੇ ਗਿਆਨ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਵਿੱਚ ਹੈ ਜੋ ਕਿ ਉਸਦਾ ਨਾਮ ਰੂਪ ਹੈ ਜਿਸ ਨਾਮ ਨੂੰ ਅਸੀਂ ਜਪਣਾ ਹੈ ਭਾਵ ਉਸ ਨੂੰ ਮੰਨ ਕੇ ਉਸ ਤੇ ਅਮਲ ਕਰਨਾ ਹੈ। ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਲਈ ਸਾਨੂੰ ਮਾਰਗ ਵੀ ਚੌਥੇ ਪਦ ਦੇ ਗਿਆਨ ਕੋਲੋਂ ਹੀ ਮਿਲ ਸਕਦਾ ਹੈ। ਚੌਥੇ ਪਦ ਦੇ ਗਿਆਨ ਤੇ ਅਮਲ ਕਰਕੇ ਹੀ ਭਾਵ ਚੌਥੇ ਪਦ ਦੇ ਗਿਆਨ ਨੂੰ ਜਪ ਕੇ ਹੀ ਅਸੀਂ ਚੌਥੇ ਪਦ ਵਿੱਚ ਰਲ ਸਕਦੇ ਹਾਂ, ਪ੍ਰਮਾਤਮਾ ਦੇ ਵਿੱਚ ਮਿਲ ਸਕਦੇ ਹਾਂ। ਇਸੇ ਲਈ ਬਾਣੀ ਵਿੱਚ ਸਾਨੂੰ ਸਮਝਾਇਆ ਹੈ, ਅਸੀਂ ਗੁਰੂ ਦੇ ਗਿਆਨ ਦਾ ਭਜਨ ਕਰੀਏ। **(ਗੁਰ ਗਿਆਨ ਭਜੋ)** ਅੰਗ - ੨੪੧

ਪ੍ਰਮਾਤਮਾ ਆਪ ਗਿਆਨ ਰੂਪ ਹੈ, ਗਿਆਨ ਦਾ ਮਾਲਕ ਹੈ, ਸਾਇੰਸ ਦਾ ਮਾਲਕ ਹੈ, ਉਹ "ਗਿਆਨ ਰਾਉ" ਹੈ। ਉਸਦੇ ਸਮਝਾਏ ਹੋਏ ਗਿਆਨ ਨੂੰ ਅਪਣਾਉਣਾ ਹੀ ਪ੍ਰਮਾਤਮਾ ਨੂੰ ਭਜਨਾ ਹੈ। ਸਾਰਾ ਸਰਗੁਣ ਸਰੂਪ ਬਿਨਸਨ ਵਾਲਾ ਹੈ, ਅੱਖਰ ਦੀ ਬਨਾਵਟ ਵੀ ਬਿਨਸਨ ਵਾਲੀ ਹੈ ਭਾਵ ਅੱਖਰ ਦਾ ਰੂਪ ਵੀ ਬਿਨਸਨ ਵਾਲਾ ਹੈ, ਜਿਸ ਕਾਗਜ਼ ਤੇ ਉਹ ਲਿਖਿਆ ਜਾਂਦਾ ਹੈ ਉਹ ਵੀ ਬਿਨਸਨਹਾਰ ਹੈ। ਜੋ ਬਿਨਸਨਹਾਰ ਹੈ, ਉਹ ਗੁਰੂ ਨਹੀਂ ਹੋ ਸਕਦਾ, ਪ੍ਰਮਾਤਮਾ ਨਹੀਂ ਹੋ ਸਕਦਾ। ਨਾ ਬਿਨਸਨ ਵਾਲਾ ਅੱਖਰਾਂ ਦੇ ਅੰਦਰ ਦਾ ਗਿਆਨ ਹੈ ਜੋ ਕਿ ਨਿਰੰਕਾਰ ਰੂਪ ਹੈ। ਇਹ ਨਿਰੰਕਾਰ ਰੂਪ ਹੀ ਆਪ ਪ੍ਰਮਾਤਮਾ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ, ਕੇਵਲ ਇੱਕੋ ਇੱਕ ਗਿਆਨ ਦਾ ਹੀ ਨਿਰੰਕਾਰ ਰੂਪ ਬਣ ਸਕਦਾ ਹੈ, ਹੋਰ ਕੋਈ ਚੀਜ਼ ਨਿਰੰਕਾਰ ਰੂਪ ਹੋ ਹੀ ਨਹੀਂ ਸਕਦੀ। ਪ੍ਰਮਾਤਮਾ ਅੱਖਰ ਦਾ ਰੂਪ ਦੇਣ ਵਾਲਾ ਹੈ, ਅੱਖਰਾਂ ਦਾ ਆਕਾਰ ਬਣਾਉਣ ਵਾਲਾ ਹੈ ਪਰ ਉਹ ਆਪ ਅੱਖਰ ਨਹੀਂ ਹੈ, ਉਹ ਆਪ ਅੱਖਰ ਦੀ ਸੋਝੀ ਵਿੱਚ ਹੈ, ਨਿਰੰਕਾਰ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਸਮਾਇਆ ਹੋਇਆ ਹੈ ਜਿਸ ਦੁਆਰਾ ਉਹ ਸਾਰੇ ਜਗ ਵਿੱਚ ਚਾਨਣ ਕਰ ਰਿਹਾ ਹੈ, ਸੱਚੇ ਗਿਆਨ ਦਾ ਪ੍ਰਕਾਸ਼ ਕਰ ਰਿਹਾ ਹੈ। **(ਗੁਰਬਾਣੀ ਇਸੁ ਜਗ ਮਹਿ ਚਾਨਣੁ)**

{ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥੧॥}

(ਅੰਗ ੩੪੦)

7/656

ਮਨੁੱਖੀ ਸਰੀਰ ਆਕਾਰ ਰੂਪ ਹੈ ਪਰ ਇਸ ਨੂੰ ਬਣਾਉਣ ਵਾਲਾ ਅਤੇ ਚਲਾਉਣ ਵਾਲਾ ਨਿਰੰਕਾਰ ਰੂਪ ਹੈ। ਇਸ ਨੂੰ ਚਲਾਉਣ ਵਾਲਾ ਸਾਡੇ ਮਨ ਦਾ ਗਿਆਨ ਹੈ। ਗਿਆਨ ਨੂੰ ਪ੍ਰਗਟ ਕਰਨ ਲਈ, ਆਕਾਰ ਰੂਪ ਦਾ ਬਣਨਾ ਬਹੁਤ ਜਰੂਰੀ ਹੈ। ਜੇਕਰ ਅਸੀਂ ਆਕਾਰ ਰੂਪ ਨੂੰ ਹੀ ਸਭ ਕੁੱਝ ਸਮਝ ਕੇ ਚੱਲਾਂਗੇ ਤਾਂ ਫਿਰ ਨਿਰੰਕਾਰ ਦੀ ਸੋਝੀ ਨਹੀਂ ਪੈ ਸਕਦੀ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਪੱਸ਼ਟ ਕੀਤੀ ਹੋਈ ਹੈ।ਚਾਰਿ ਪਦਾਰਥ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਜਨਮਿ ਮਰੈ ਤ੍ਰੈ ਗੁਣ ਹਿਤਕਾਰੁ॥ ਚਾਰੇ ਬੇਦ ਕਥਹਿ ਆਕਾਰੁ॥
ਤੀਨਿ ਅਵਸਥਾ ਕਹਹਿ ਵਖਿਆਨੁ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥੧॥
ਰਾਮ ਭਗਤਿ ਗੁਰ ਸੇਵਾ ਤਰਣਾ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ॥੧॥ਰਹਾਉ॥
ਚਾਰਿ ਪਦਾਰਥ ਕਹੈ ਸਭੁ ਕੋਈ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥੨॥"

(ਅੰਗ ੧੫੪)

ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਜਨਮ ਮਰਨ ਤੋਂ ਛੁਟਕਾਰਾ ਪਾਉਣਾ, ਆਵਾਗਉਣ ਤੋਂ ਰਹਿਤ ਹੋਣਾ ਤਾਂ ਹੀ ਹੋ ਸਕਦਾ ਹੈ ਜਦੋਂ ਸਾਡੀ ਸਮਝ ਤ੍ਰੈਗੁਣਾਂ ਵਿੱਚੋਂ ਨਿਕਲ ਜਾਵੇ। ਜਦ ਤੱਕ ਸਾਡੇ ਅੰਦਰ ਤ੍ਰੈਗੁਣਾਂ ਵਾਲੇ ਵਿਚਾਰ ਹਨ ਤਦ ਤੱਕ ਸਾਡਾ

ਜਨਮ ਮਰਨ ਨਹੀਂ ਮਿਟ ਸਕਦਾ ਜੋ ਕਿ ਸਾਡੇ ਮਨ ਦਾ ਭਰਮ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਨਮ ਮਰਨ ਨੂੰ ਸਮਝਿਆ ਹੈ। ਤ੍ਰੈਗੁਣਾਂ ਦੇ ਰਹਿੰਦਿਆਂ ਅਸੀਂ ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਆਕਾਰ ਰੂਪ ਨਾਲ ਜੁੜੇ ਰਹਿੰਦੇ ਹਾਂ, ਮਾਇਆ ਦੇ ਸਰਗੁਣ ਸਰੂਪ ਨਾਲ ਜੁੜੇ ਰਹਿੰਦੇ ਹਾਂ ਕਿਉਂਕਿ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਸਾਨੂੰ ਚੌਥੇ ਪਦ ਦੀ ਸੋਝੀ ਨਹੀਂ ਪੈਂਦੀ ਜੋ ਕਿ ਨਿਰੰਕਾਰ ਰੂਪ ਦੀ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਆਕਾਰ ਨੂੰ ਹੀ ਪੂਜਦੇ ਹਾਂ ਤੇ ਪ੍ਰਮਾਤਮਾ ਨੂੰ ਵੀ ਕੋਈ ਆਕਾਰ ਰੂਪ ਸਮਝਦੇ ਹਾਂ। ਚਾਰੇ ਵੇਦਾਂ ਤੋਂ ਸਾਨੂੰ ਇਹੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਕੋਈ ਆਕਾਰ ਰੂਪ ਹੈ, ਸਰਗੁਣ ਸਰੂਪ ਹੈ। ਇਸੇ ਲਈ ਅਸੀਂ ਵੇਦਾਂ ਦੇ ਰਚਣ ਵਾਲੇ ਭਾਵ ਬ੍ਰਹਮਾ ਨੂੰ ਹੀ ਪ੍ਰਮਾਤਮਾ ਸਮਝਦੇ ਹਾਂ ਤੇ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਆਕਾਰ ਰੂਪ ਵਾਲਿਆਂ ਨੂੰ ਪ੍ਰਮਾਤਮਾ ਸਮਝ ਕੇ

7/657

ਜਾਣਦੇ ਹਾਂ। **(ਜਨਮ ਮਰੈ ਤ੍ਰੈਗੁਣ ਹਿਤਕਾਰ॥ ਚਾਰੇ ਬੇਦ ਕਥਹਿ ਆਕਾਰੁ॥)** ਇਸੇ ਲਈ ਵੇਦਾਂ ਦੇ ਰਚਣ ਵਾਲੇ ਬ੍ਰਹਮਾ ਨੂੰ ਖੁਦ ਵੀ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਦੱਸਿਆ ਗਿਆ ਹੈ, ਚੌਥੇ ਪਦ ਤੋਂ, ਮੁਕਤਿ ਪਦਾਰਥ ਤੋਂ ਦੂਰ ਦੱਸਿਆ ਗਿਆ ਹੈ। ਉਸ ਨੂੰ ਨਿਰੰਕਾਰ ਰੂਪ ਦੀ ਸਮਝ ਨਹੀਂ ਆ ਸਕੀ। ਇਸੇ ਲਈ ਵੇਦਾਂ ਦੇ ਮੰਨਣ ਵਾਲੇ ਆਕਾਰ ਰੂਪ ਦੀ ਹੀ ਪੂਜਾ ਕਰਦੇ ਹਨ, ਦੇਵੀ ਦੇਵਤਿਆਂ ਆਦਿ ਦੀ, ਪੱਥਰਾਂ ਦੀ, ਮੂਰਤੀਆਂ ਦੀ, ਨਦੀਆਂ ਆਦਿ ਦੀ ਪੂਜਾ ਕਰਦੇ ਹਨ। ਉਹ ਪੂਜਾ ਵੀ ਆਕਾਰ ਰੂਪ ਦੁਆਰਾ ਕਰਦੇ ਹਨ ਭਾਵ ਸਰੀਰਿਕ ਕਿਰਿਆਵਾਂ ਦੁਆਰਾ ਕਰਦੇ ਹਨ। ਅਨੇਕਾਂ ਹੀ ਜੋਗ ਸਾਧਨਾਂ ਦੁਆਰਾ ਕਰਦੇ ਹਨ, ਆਪਣੇ ਸਰੀਰ ਦੇ ਵਿੱਚੋਂ ਕੋਈ ਕੁੰਡਲੀ ਦਾ ਖੁੱਲਣਾ ਹੀ ਮੁਕਤੀ ਦਾ ਦਰ ਸਮਝਦੇ ਹਨ, ਕੁੰਡਲੀ ਵੀ ਆਕਾਰ ਰੂਪ ਹੈ ਭਾਵ ਉਹ ਆਕਾਰ ਰੂਪ ਤੋਂ ਬਾਹਰ ਨਹੀਂ ਨਿਕਲਦੇ। ਕਿਉਂਕਿ ਖੁਦ ਬ੍ਰਹਮਾ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸੀ ਤੇ ਵੇਦਾਂ ਦੀ ਵਿਆਖਿਆ ਕਰਨ ਵਾਲੇ ਵੀ ਤ੍ਰੈਗੁਣਾਂ ਵਿੱਚ ਹੀ ਰਹੇ ਹਨ। **(ਤੀਨਿ ਅਵਸਥਾ ਕਹਹਿ ਵਖਿਆਨੁ॥)** ਸਤਿਗੁਰ ਅਸਲ ਵਿੱਚ ਕੌਣ ਹੈ ਇਸ ਗੱਲ ਦੀ ਸੋਝੀ ਬ੍ਰਹਮਾ ਨੂੰ ਵੀ ਨਹੀਂ ਪੈ ਸਕੀ। ਸਤਿਗੁਰ ਆਪ ਹੀ ਸਾਡੇ ਅੰਦਰ ਹੈ, ਜੋ ਕਿ ਸ਼ਬਦ ਰੂਪ ਵਿੱਚ ਵਰਤ ਰਿਹਾ ਹੈ, ਸਾਡੇ ਅੰਦਰ ਗਿਆਨ ਰੂਪ ਵਿੱਚ ਵਰਤ ਰਿਹਾ ਹੈ, ਜੋ ਅੰਦਰ ਬੈਠਾ ਸਾਰਾ ਗਿਆਨ ਦੇ ਰਿਹਾ ਹੈ। ਉਹ ਸਾਡੇ ਅੰਦਰ ਪੜਦੇ ਵਿੱਚ ਬੈਠਾ ਹੈ ਜਿਸ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ ਕਿਉਂਕਿ ਇਹ ਉਸਦੀ ਆਪਣੀ ਬਣਾਈ ਹੋਈ ਖੇਡ ਹੈ। ਆਪਣੀ ਖੇਡ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ। ਉਸ ਦੀ ਸੋਝੀ ਪੈਣਾ ਹੀ ਤੁਰੀਆ ਅਵੱਸਥਾ ਦੀ ਪ੍ਰਾਪਤੀ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ ਜਿਸ ਦੁਆਰਾ ਮਨੁੱਖ ਤ੍ਰੈਗੁਣੀ ਮਾਇਆ ਦੇ ਬੰਧਨ ਤੋਂ ਮੁਕਤ ਹੋ ਕੇ, ਭਰਮਾਂ ਵਿੱਚੋਂ ਮੁਕਤ ਹੋ ਕੇ ਉਸ ਚੌਥੇ ਪਦ ਦੇ ਨਾਲ ਮਿਲ ਜਾਂਦਾ ਹੈ ਤੇ ਆਪਣੇ ਅੰਦਰੋਂ ਹਰਿ ਨੂੰ, ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਇਹ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣ ਚੁੱਕੇ ਹਾਂ। ਇਹ ਸੋਝੀ ਪਏ ਬਿਨ੍ਹਾਂ ਅਸੀਂ ਇਸ ਮਨ ਦੇ ਗਿਆਨ ਨੂੰ ਆਪਣਾ ਹੀ ਸਮਝਦੇ ਹਾਂ ਤੇ ਬ੍ਰਹਮਾ ਨੂੰ ਵੀ ਪ੍ਰਮਾਤਮਾ ਨੇ ਇਹ ਸੋਝੀ ਨਹੀਂ ਪੈਣ ਦਿੱਤੀ। **(ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥)** "ਤੁਰੀਆ ਆਵਸਥਾ" ਮਨ ਦੀ ਸੋਝੀ ਹੈ, ਬ੍ਰਹਮ ਗਿਆਨ ਦੀ ਸੋਝੀ ਹੈ ਜਿਸ ਸੋਝੀ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜੋ ਆਪ ਹੀ ਮਨ ਦੇ ਵਿੱਚ ਲੁਕ ਕੇ ਬੈਠਾ ਹੈ।

7/658

{ਅਕੁਲ ਪੁਰਖ ਇਕੁ ਚਲਿਤੁ ਉਪਾਇਆ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥੧॥
ਜੀਅ ਕੀ ਜੋਤਿ ਨ ਜਾਨੈ ਕੋਈ॥ ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥}

(ਅੰਗ ੧੩੫੧)

ਵੇਦਾਂ ਦੇ ਲਿਖਣ ਵਾਲਾ ਬ੍ਰਹਮਾ ਕੀ ਕਰ ਸਕਦਾ ਸੀ। ਜੋ ਉਸਨੂੰ ਆਪਣੇ ਅੰਦਰੋਂ ਸੋਝੀ ਪਈ ਉਸਨੇ ਉਹੀ ਕੁੱਝ ਲਿਖਣਾ ਸੀ ਤੇ ਉਸ ਨੇ ਉਹੀ ਕੁੱਝ ਲਿਖਿਆ ਜੋ ਮਨ ਦੇ ਵਿੱਚ ਪ੍ਰਮਾਤਮਾ ਨੇ ਆਪ ਗਿਆਨ ਦਿੱਤਾ। ਇਸੇ ਲਈ ਬੇਦ ਸਾਨੂੰ ਧਰਮ ਦਾ ਸੱਚਾ ਮਾਰਗ ਹੀ ਸਮਝਾ ਰਹੇ ਹਨ, ਨਾਮ ਹੀ ਸਮਝਾ ਰਹੇ ਹਨ ਪਰ ਲਿਖਣ ਵਾਲੇ ਬ੍ਰਹਮਾ ਨੂੰ ਆਪਣੇ ਅੰਦਰੋਂ ਸੋਝੀ ਇਹੀ ਪਈ ਕਿ ਇਹ ਸਭ ਕੁੱਝ ਮੈਂ ਆਪ ਹੀ ਲਿਖਿਆ ਹੈ। **(ਤੈ ਮੈ ਕੀਆ ਸੁ ਮਾਲੂਮੁ ਹੋਈ॥)** ਸਾਨੂੰ ਸਾਡੇ ਅੰਦਰੋਂ ਸੋਝੀ ਹੀ ਇਹ ਪੈਂਦੀ ਹੈ ਕਿ ਸਭ ਕੁੱਝ ਮੈਂ ਹੀ ਕਰ ਰਿਹਾ ਹਾਂ। ਇਹੀ ਤਾਂ ਤ੍ਰੈਗੁਣੀ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਉਹ ਅੰਦਰ ਬੈਠਾ ਸਾਡੇ

ਨਾਲ ਖੇਡ ਖੇਡ ਰਿਹਾ ਹੈ। ਕਰਵਾ ਉਹ ਸਭ ਕੁੱਝ ਆਪ ਹੀ ਰਿਹਾ ਹੈ ਪਰ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਸਭ ਕੁੱਝ ਅਸੀਂ ਆਪ ਕਰ ਰਹੇ ਹਾਂ। "ਮੈਂ" ਤੋਂ "ਤੂੰ" ਹੋਣਾ ਹੀ ਤੁਰੀਆਵਸਥਾ ਹੈ। ਮੈਂ ਵਿੱਚ ਰਹਿੰਦੇ ਹੋਏ ਅਸੀਂ ਤ੍ਰੈਗੁਣੀ ਅਵੱਸਥਾ ਵਿੱਚ ਹੀ ਰਹਿੰਦੇ ਹਾਂ। "ਹਉਮੈ" ਤ੍ਰੈਗੁਣੀ ਅਵੱਸਥਾ ਹੈ "ਨਾਮ" ਤੁਰੀਆਵਸਥਾ ਹੈ।

ਪਉੜੀ॥

{ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥}

(ਅੰਗ ੪੬੬)

ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਇਹ ਉਸਦੀ ਰਜ਼ਾ ਹੈ, ਕ੍ਰਿਪਾ ਹੈ ਕਿ ਉਹ ਆਪਣੇ ਆਪ ਨੂੰ ਕਿੱਥੇ, ਕਿਸ ਸਰੀਰ ਰਾਹੀਂ ਪ੍ਰਗਟ ਕਰਦਾ ਹੈ ਤੇ ਆਪਣੇ ਆਪ ਦੀ ਸੋਝੀ ਪਾਉਂਦਾ ਹੈ। ਸੋਝੀ ਜਦੋਂ ਵੀ ਪੈਣੀ ਹੈ ਉਸਨੇ ਆਪ ਹੀ ਪਾਉਣੀ ਹੈ ਅਤੇ ਮਨ ਦੇ ਵਿੱਚੋਂ ਹੀ ਪਾਉਣੀ ਹੈ। ਮਨੁੱਖ ਨੂੰ ਬੇਕਾਰ ਹੀ ਉਸਨੇ ਸਰੀਰਕ ਕਿਰਿਆਵਾਂ ਵਿੱਚ ਉਲਝਾਇਆ ਹੋਇਆ ਹੈ। ਉਸਨੂੰ ਉਸਦੀ ਕ੍ਰਿਪਾ ਤੋਂ ਬਿਨ੍ਹਾਂ ਨਹੀਂ ਸਮਝਿਆ ਜਾ ਸਕਦਾ। ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਭਰਮਾਇਆ ਹੋਇਆ ਹੈ ਤੇ ਉਸਦੇ ਆਪਣੇ ਦੁਆਰਾ ਹੀ ਕੋਈ ਭਰਮਾਂ ਵਿੱਚੋਂ ਨਿਕਲ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਪਉੜੀ॥

{ਭਭਾ ਭਰਮੁ ਮਿਟਾਵਹੁ ਅਪਨਾ॥ ਇਆ ਸੰਸਾਰੁ ਸਗਲ ਹੈ ਸੁਪਨਾ॥
ਭਰਮੇ ਸੁਰਿ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ॥
ਭਰਮਿ ਭਰਮਿ ਮਾਨੁਖ ਡਹਕਾਏ॥ ਦੁਤਰ ਮਹਾ ਬਿਖਮ ਇਹ ਮਾਏ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ॥ ਨਾਨਕ ਤੇਹ ਪਰਮ ਸੁਖ ਪਾਇਆ॥੪੦॥}

(ਅੰਗ ੨੫੮)

{ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ॥}

(ਅੰਗ ੬੮੬)

7/659

{ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥੧॥
ਕੋਈ ਜਾਣਿ ਨ ਭੂਲੈ ਭਾਈ॥
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥੧॥ਰਹਾਉ॥
ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥੨॥
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ॥
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ॥੩॥
ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥
ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥੪॥
ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ॥
ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ॥੫॥
ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥੬॥
ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ॥

ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ॥੭॥
ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ॥੮॥੪॥}

(ਅੰਗ ੧੩੪੪)

ਹਰ ਕੋਈ ਜਿਹੋ ਜਿਹੀ ਭਗਤੀ ਕਰ ਰਿਹਾ ਹੈ, ਜਿਹੋ ਜਿਹੀ ਵੀ ਕਿਸੇ ਦੀ ਧਾਰਮਿਕ ਆਸਥਾ ਬਣੀ ਹੋਈ ਹੈ ਉਹ ਆਪਣੇ ਆਪ ਨੂੰ ਠੀਕ ਹੀ ਸਮਝਦਾ ਹੈ ਕਿਉਂਕਿ ਸਾਨੂੰ ਆਪਣੇ ਅੰਦਰੋਂ ਸੋਝੀ ਹੀ ਇਹ ਪੈਂਦੀ ਹੈ ਕਿ ਅਸੀਂ ਭੁੱਲੇ ਹੋਏ ਨਹੀਂ ਹਾਂ ਪਰ ਬਾਣੀ ਦਾ ਫੁਰਮਾਨ ਇਸ ਤੋਂ ਉਲਟ ਹੈ। ਉਸ ਨੇ ਹਰ ਕਿਸੇ ਨੂੰ ਹੀ ਭੁਲੇਖੇ ਵਿੱਚ ਰੱਖਿਆ ਹੋਇਆ ਹੈ। ਇਹੀ ਤਾਂ ਤ੍ਰੈਗੁਣੀ ਮਾਇਆ ਦੀ ਜੁਗਤਿ ਹੈ ਕਿ ਉਹ ਭੁੱਲੇ ਹੋਏ ਨੂੰ ਵੀ ਇਹ ਸਮਝਾਉਂਦੀ ਹੈ, ਇਹ ਯਕੀਨ ਦਿਵਾਉਂਦੀ ਹੈ ਕਿ ਮੈਂ ਭੁੱਲਿਆ ਹੋਇਆ ਨਹੀਂ ਹਾਂ, ਮੈਂ ਜੋ ਕਰ ਰਿਹਾ ਹਾਂ ਉਹ ਠੀਕ ਕਰ ਰਿਹਾ ਹਾਂ। ਉਸਦੀ ਜੁਗਤਿ ਪਰਫੈਕਟ ਹੈ, ਫੂਲ ਪਰੂਫ਼ ਹੈ, ਨਿਰੀ ਕਮਾਲ ਹੈ। ਉਸ ਦੇ ਆਪਣੇ ਸੋਝੀ ਪਾਏ ਬਿਨ੍ਹਾਂ ਉਸਨੂੰ ਸਮਝਣਾ ਨਾ ਮੁਮਕਿਨ ਹੈ। ਸਾਡੇ ਕੋਲੋਂ ਉਹ ਅਨੇਕਾਂ ਪ੍ਰਕਾਰ ਦੀਆਂ ਚਤੁਰਾਈਆਂ ਕਰਵਾਈ ਜਾ ਰਿਹਾ ਹੈ, ਸਿਆਣਪਾਂ ਕਰਵਾਈ ਜਾ ਰਿਹਾ ਹੈ। ਜੇਕਰ "ਬ੍ਰਹਮੇ" ਵਰਗਾ ਵੀ, ਵੇਦਾਂ ਦੇ ਲਿਖਣ ਵਾਲਾ ਵੀ ਉਸ ਦੀਆਂ ਨਜ਼ਰਾਂ ਵਿੱਚ ਭੁੱਲਿਆ ਹੋਇਆ ਹੈ ਤਾਂ ਫਿਰ ਸਾਡੀ ਉਸ ਦੀਆਂ ਨਜ਼ਰਾਂ ਵਿੱਚ ਕਿੰਨੀ ਕੁ ਅਵੱਸਥਾ ਹੋਵੇਗੀ, ਇਸ ਦਾ ਅੰਦਾਜ਼ਾ ਆਪ ਹੀ ਲਗਾਇਆ ਜਾ ਸਕਦਾ ਹੈ। ਆਪਣੀ ਮਤਿ ਛੱਡੇ ਬਿਨ੍ਹਾਂ, ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਕੀਤੇ ਬਿਨ੍ਹਾਂ, ਉਸ ਦੇ ਹੁਕਮ ਰਜ਼ਾ ਵਿੱਚ ਚੱਲੇ ਬਿਨ੍ਹਾਂ ਉਸਨੂੰ ਸਮਝਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਜਿਸ ਤੇ ਉਸ ਦੀ ਕ੍ਰਿਪਾ ਹੋਵੇਗੀ ਉਸਨੂੰ ਹੀ ਆਪਣੀ ਰਜ਼ਾ ਵਿੱਚ ਚਲਾਵੇਗਾ। ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ। **"ਰਾਮ ਭਗਤਿ ਗੁਰ ਸੇਵਾ ਤਰਣਾ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ॥"** (ਅੰਗ - ੧੫੪) ਜਨਮ ਮਰਨ ਤੋਂ ਪਾਰ ਪਾਉਣ ਲਈ, ਇਸ ਮਾਇਆ ਮੋਹ ਵਾਲੇ ਵਿਚਾਰਾਂ ਦੇ ਭਵਸਾਗਰ ਤੋਂ ਤਰਨ ਲਈ ਜੋ ਸਾਧਨ ਸਮਝਾਇਆ ਹੈ ਉਹ "ਗੁਰ ਸੇਵਾ" ਹੈ। "ਗੁਰ ਸੇਵਾ" ਹੀ ਪ੍ਰਮਾਤਮਾ ਦੀ ਭਗਤੀ ਹੈ। ਜੇਕਰ ਸਾਨੂੰ "ਗੁਰ ਸੇਵਾ" ਸਮਝ ਆ ਜਾਵੇ ਤੇ ਤਾਂ ਹੀ ਅਸੀਂ ਆਕਾਰ ਰੂਪ ਦੀ ਭਗਤੀ

ਵਿੱਚੋਂ ਨਿਕਲ ਸਕਦੇ ਹਾਂ, ਮਰਨ ਜੀਵਨ ਤੋਂ ਪਾਰ ਪਾ ਸਕਦੇ ਹਾਂ, ਮਨ ਦੀ ਮਾਇਆ ਮੋਹ ਵਾਲੀ ਸਮਝ ਵਾਲੇ ਸਾਗਰ ਤੋਂ ਪਾਰ ਪਾ ਸਕਦੇ ਹਾਂ। "ਗੁਰ ਸੇਵਾ" ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰ ਸੇਵਾ "ਨਿਰੰਕਾਰ" ਦੀ ਭਗਤੀ ਹੈ ਤੇ ਮਨ ਦੀ ਨਿਰੰਕਾਰ ਰੂਪ ਸਮਝ ਦੁਆਰਾ ਹੀ ਹੁੰਦੀ ਹੈ। ਇਹ ਭਗਤੀ ਪਹਿਲੇ ਮਨ ਦੇ ਵਿੱਚ ਹੈ, ਮਨ ਨੂੰ ਗੁਰੂ ਦੀ ਮਤਿ ਦੁਆਰਾ ਸੱਚਾ ਕਰਨ ਦਾ ਮਾਰਗ ਹੈ, ਮਨ ਨੂੰ ਮਾਰਨ ਦਾ ਮਾਰਗ ਹੈ। ਇਹ ਦਿਖਾਵੇ ਦਾ ਮਾਰਗ ਨਹੀਂ ਹੈ, ਇਹ ਸਰੀਰਕ ਕਿਰਿਆਵਾਂ ਦਾ ਮਾਰਗ ਨਹੀਂ ਹੈ। ਇਹ ਮਨ ਦੇ ਵਿਚਾਰਾਂ ਦਾ ਮਾਰਗ ਹੈ, ਇਹ ਭਗਤੀ ਸਾਡੇ ਮਨ ਦੀ ਸੱਚੀ ਸਮਝ ਵਾਲੇ ਵਿਚਾਰਾਂ ਨੇ ਕਰਨੀ ਹੈ ਜੋ ਕਿ ਨਿਰਗੁਣ ਸਰੂਪ ਹਨ। ਸਾਡੇ ਮਨ ਦੇ ਸੱਚੇ ਵਿਚਾਰ ਆਪੇ ਹੀ ਸਾਨੂੰ ਭਗਤੀ ਦੇ ਸੱਚੇ ਮਾਰਗ ਤੇ ਚਲਾਈ ਜਾਂਦੇ ਹਨ। ਜੋ ਵਿਚਾਰ ਮਾਇਆ ਵਿੱਚ ਲੱਗੇ ਹੋਏ ਹਨ, ਆਕਾਰ ਰੂਪ ਮਾਇਆ ਵਿੱਚ ਲੱਗੇ ਹੋਏ ਹਨ, ਕੇਵਲ ਦਾਤਾਂ ਦੀ ਪ੍ਰਾਪਤੀ ਵਿੱਚ ਲੱਗੇ ਹੋਏ ਹਨ, ਕੇਵਲ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਵਿੱਚ ਲੱਗੇ ਹੋਏ ਹਨ ਤਾਂ ਫਿਰ ਉਹ ਕੇਵਲ ਆਕਾਰ ਰੂਪ ਨੂੰ ਹੀ ਜਪੀ ਜਾ ਰਹੇ ਹਨ, ਮਾਇਆ ਮੋਹ ਨੂੰ ਹੀ ਜਪੀ ਜਾ ਰਹੇ ਹਨ ਭਾਵ ਸਾਡੇ ਮਨ ਦੇ ਵਿਚਾਰ ਗੁਰਮਤਿ ਵਾਲੀ ਸ਼ੁੱਧਤਾ ਵਿੱਚ ਨਹੀਂ ਆਏ। ਅਸੀਂ ਮਾਇਆ ਵੀ ਕਮਾਉਣੀ ਹੈ ਪਰ ਉਹ ਉਸ ਵਿੱਚੋਂ ਨਿਰਲੇਪ ਹੋ ਕੇ ਕਮਾਉਣੀ ਹੈ, ਔਗੁਣਾਂ ਤੋਂ ਨਿਰਲੇਪ ਹੋ ਕੇ ਕਮਾਉਣੀ ਹੈ, ਸੱਚੇ ਸੁੱਚੇ ਢੰਗ ਨਾਲ ਕਮਾਉਣੀ ਹੈ, ਸੱਚੇ ਸੁੱਚੇ ਢੰਗ ਨਾਲ ਆਪਣੇ ਫਰਜ਼ਾਂ ਤੇ ਪੂਰਾ ਉਤਰਨਾ ਹੈ ਭਾਵ ਧਰਮੀ ਬਣ ਕੇ ਵਿਚਰਨਾ ਹੈ। ਗੁਰੂ ਦੀ ਸੇਵਾ ਸ਼ਬਦ ਦੀ ਵਿਚਾਰ ਹੈ।

(ਗੁਰ ਕੀ ਸੇਵਾ ਸਬਦੁ ਵੀਚਾਰੁ॥)

(ਅੰਗ ੨੨੩)

ਨਾਮ ਜਪਣਾ ਵੀ ਸ਼ਬਦ ਦੀ ਵਿਚਾਰ ਹੈ।

(ਸਾਚੁ ਨਾਮੁ ਗੁਰ ਸਬਦਿ ਵੀਚਾਰਿ॥)

(ਅੰਗ ੩੫੫)

ਸ਼ਬਦ ਦੀ ਵਿਚਾਰ ਹੀ ਗੁਰੂ ਦੀ ਭਗਤੀ ਹੈ।

(ਗੁਰ ਕੀ ਸੇਵਾ ਗੁਰ ਭਗਤਿ ਹੈ)

(ਅੰਗ ੬੬)

ਸ਼ਬਦ ਵਿਚਾਰ ਕੀ ਹੈ ਇਹ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸ਼ਬਦ ਗੁਰੂ ਹੈ ਤੇ ਵਿਚਾਰ ਉਸਦੀ ਮਤਿ ਹੈ। ਗੁਰੂ ਦੀ ਮਤਿ ਸਾਨੂੰ ਕੇਵਲ ਸੱਚ ਦਾ ਮਾਰਗ ਹੀ ਸਮਝਾਉਂਦੀ ਹੈ, ਔਗੁਣ ਰਹਿਤ ਹੋ ਕੇ, ਮਾਇਆ ਤੋਂ ਨਿਰਲੇਪ ਹੋ ਕੇ ਵਿਚਰਨ ਲਈ ਸਮਝਾਉਂਦੀ ਹੈ।

{ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥ ੭॥}

(ਅੰਗ ੪੧੮)

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਗੁਰੂ ਦੀ ਸੇਵਾ ਕੀ ਹੈ ਇਸ ਨੂੰ ਅਸੀਂ ਪਿੱਛੇ ਹੇਠ ਦਿੱਤੇ ਸ਼ਬਦ ਦੁਆਰਾ ਬਰੀਕੀ ਨਾਲ ਸਮਝਿਆ ਹੈ ਤੇ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਸੱਚੀ ਸੁੱਚੀ ਕਿਰਤ ਕਰਨਾ ਹੀ ਗੁਰੂ ਦੀ ਸੇਵਾ ਹੈ, ਨਾਮ ਜਪਣਾ ਹੈ, ਧਰਮ ਦਾ ਮਾਰਗ ਹੈ ਜਿਸ ਮਾਰਗ ਤੇ ਚੱਲਣ ਲਈ ਮਨ ਦੇ ਵਿੱਚ ਸੰਤੋਖ ਦਾ ਹੋਣਾ ਜਰੂਰੀ ਹੈ ਭਾਵ ਤ੍ਰਿਸ਼ਨਾਵਾਂ ਤੋਂ ਰਹਿਤ ਹੋਣਾ ਜਰੂਰੀ ਹੈ। ਗੁਰੂ ਦੀ ਸੇਵਾ ਬਿਨ੍ਹਾਂ ਭਾਵ ਸ਼ਬਦ ਦੀ ਵਿਚਾਰ ਮੰਨਣ ਤੋਂ

7/661

ਬਿਨ੍ਹਾਂ ਸੱਚ ਅਪਣਾਉਣ ਤੋਂ ਬਿਨ੍ਹਾਂ, ਗੁਣ ਅਪਣਾਉਣ ਤੋਂ ਬਿਨ੍ਹਾਂ, ਔਗੁਣ ਛੱਡਣ ਤੋਂ ਬਿਨ੍ਹਾਂ ਭਾਵ ਸੱਚੇ ਸੁੱਚੇ ਕਰਮ ਕਰਨ ਤੋਂ ਇਲਾਵਾ ਜੇਕਰ ਅਸੀਂ ਕੋਈ ਹੋਰ ਭਗਤੀ ਦਾ ਉਪਰਾਲਾ ਕਰਦੇ ਹਾਂ ਭਾਵ ਜੋ ਕੁੱਝ ਵੀ ਅਸੀਂ ਸਰੀਰਕ ਰੂਪ ਕਿਰਿਆਵਾਂ ਕਰਦੇ ਹਾਂ ਭਾਵ ਜਪ ਤਪ ਆਦਿ ਕਰਦੇ ਹਾਂ, ਵੱਖਰੇ-ਵੱਖਰੇ ਚੋਲੇ ਆਦਿ ਧਾਰਨ ਕਰਨ ਦੁਆਰਾ ਧਰਮ ਦਾ ਪ੍ਰਗਟਾਵਾ ਸਮਝਦੇ ਹਾਂ, ਇਹ ਸਭ ਸਾਡਾ ਭਰਮ ਹੈ।ਇਹ ਸਭ ਸਾਡੇ ਭੇਖ ਹਨ ਜੋ ਕਿਸੇ ਲੇਖੇ ਵਿੱਚ ਨਹੀਂ ਪੈਂਦੇ। ਜਦ ਤੱਕ ਅਸੀਂ ਇਸ ਇਨ੍ਹਾਂ ਭਰਮਾਂ ਵਿੱਚੋਂ ਨਹੀਂ ਨਿਕਲਦੇ ਸਾਡੇ ਅੰਦਰ ਨਾਮ ਦਾ ਵਾਸਾ ਨਹੀਂ ਹੋ ਸਕਦਾ।

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬)

{ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥
ਸਾਚੁ ਨਾਮੁ ਰਿਦੇ ਰਵੈ ਸਰੀਰ॥੧॥ਰਹਾਉ॥}
ਸਚੁ ਨਾਮੁ ਜਾ ਨਵ ਨਿਧਿ ਪਾਈ ॥
ਰੋਵੈ ਪੂਤੁ ਨ ਕਲਪੈ ਮਾਈ ॥੨॥
ਏਤੁ ਮੋਹਿ ਡੂਬਾ ਸੰਸਾਰੁ ॥
ਗੁਰਮੁਖਿ ਕੋਈ ਉਤਰੈ ਪਾਰਿ ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ ॥
ਮੋਹੇ ਲਾਗਾ ਜਮ ਪੁਰਿ ਜਾਹਿ ॥੪॥
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥
ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥}

(ਅੰਗ ੩੫੬)

{ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ॥}

(ਅੰਗ ੧੦੬੦)

{ਭਨਤਿ ਨਾਨਕੁ ਕਰੇ ਵੀਚਾਰੁ॥ ਸਾਚੀ ਬਾਣੀ ਸਿਉ ਧਰੇ ਪਿਆਰੁ॥
ਤਾ ਕੋ ਪਾਵੈ ਮੋਖ ਦੁਆਰੁ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ॥੫॥}

(ਅੰਗ ੬੬੧)

{ਜਪ ਤਪ ਸੰਜਮ ਇਸ ਤੇ ਕਿਛੁ ਨਾਹੀ॥ ਆਦਿ ਅੰਤਿ ਪ੍ਰਭ ਅਗਮ ਅਗਾਹੀ॥}

(ਅੰਗ ੧੦੦੫)

{ਹਰਿ ਬਿਨੁ ਅਵਰ ਕ੍ਰਿਆ ਬਿਰਥੇ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥੧॥ਰਹਾਉ॥}

(ਅੰਗ ੨੧੬)

7/662

ਬਾਣੀ ਵਿੱਚ ਇੱਕ ਵਾਰ ਨਹੀਂ ਬਲਕਿ ਅਨੇਕਾਂ ਵਾਰ ਸਾਨੂੰ ਇਹੀ ਗੱਲ ਸਮਝਾਈ ਹੈ ਕਿ ਸ਼ਬਦ ਦੀ ਵਿਚਾਰ ਹੀ ਭਾਵ ਗੁਰੂ ਦੀ ਮਤਿ ਅਨੁਸਾਰ ਆਪਣੇ ਜੀਵਨ ਦੇ ਫਰਜ਼ ਪੂਰੇ ਕਰਨੇ ਹੀ ਸਾਡਾ ਸੱਚਾ ਜਪ ਤਪ ਸੰਜਮ ਹੈ, ਉਸ ਪ੍ਰਮਾਤਮਾ ਦਾ ਨਾਮ ਜਪਣਾ ਹੈ। ਹੋਰ ਕੋਈ ਵੀ ਸਰੀਰਕ ਕਿਰਿਆ ਦਾ ਵਿਖਾਵਾ ਸਾਡਾ ਭਰਮ ਹੈ। ਆਪਣੀ ਵਰਦੀ ਵਾਲੀ ਪੋਸ਼ਾਕ ਵਿੱਚ ਰਹਿਣਾ ਭਾਵ ਜੋ ਵਰਦੀ ਸਾਨੂੰ, ਜੋ ਲਿਬਾਸ ਸਾਨੂੰ ਸਾਡੀ ਧਾਰਮਿਕ ਡਿਊਟੀ ਪੂਰੀ ਕਰਨ ਲਈ ਦਿੱਤਾ ਜਾਂਦਾ ਹੈ ਉਹ ਕੋਈ ਸਾਡਾ ਧਾਰਮਿਕ ਵਿਖਾਵਾ ਨਹੀਂ ਹੈ ਬਲਕਿ ਆਪਣਾ ਫਰਜ਼ ਪੂਰਾ ਕਰਨਾ ਹੈ। ਮਿਲਟਰੀ ਦੀ, ਪੁਲਿਸ ਦੀ ਅਤੇ ਇਸੇ ਤਰ੍ਹਾਂ ਹੋਰ ਅਨੇਕਾਂ ਸੰਸਥਾਵਾਂ ਦੀ ਭਾਵੇਂ ਉਹ ਧਾਰਮਿਕ ਸੰਸਥਾ ਹੋਵੇ ਉਨ੍ਹਾਂ ਦੀ ਨੌਕਰੀ ਪੂਰੀ ਕਰਨ ਵਿੱਚ ਜਿਹੋ ਜਿਹਾ ਲਿਬਾਸ ਸਾਨੂੰ ਦਿੱਤਾ ਜਾਂਦਾ ਹੈ, ਉਸ ਵਿੱਚ ਸਾਡਾ ਵਿਖਾਵਾ ਨਹੀਂ ਹੈ। ਆਪਣੇ ਆਪ ਨੂੰ ਧਾਰਮਿਕ ਦਿਖਾਉਣ ਲਈ, ਧਰਮੀ ਅਖਵਾਉਣ ਲਈ, ਆਪਣੇ ਲਿਬਾਸ ਨੂੰ ਕੋਈ ਧਰਮ ਦੇ ਮਾਰਗ ਤੇ ਚੱਲਣ ਦਾ ਉਪਰਾਲਾ ਸਮਝਣਾ ਭਾਵ ਇਹ ਸਮਝਣਾ ਕਿ ਪ੍ਰਮਾਤਮਾ ਦੀ ਦਰਗਾਹ ਵਿੱਚ ਅਸੀਂ ਕੇਵਲ ਆਪਣੇ ਬਾਣੇ ਦੁਆਰਾ ਪ੍ਰਵਾਨ ਹੋ ਜਾਵਾਂਗੇ, ਇਹ ਸਾਡਾ ਭੁਲੇਖਾ ਹੈ। ਪ੍ਰਮਾਤਮਾ ਦੀ ਦਰਗਾਹ ਵਿੱਚ ਪ੍ਰਵਾਨ ਸਾਨੂੰ ਬਾਣੀ ਨੇ ਹੀ ਕਰਨਾ ਹੈ ਜੋ ਕਿ ਸਾਡੇ ਮਨ ਨੇ ਜਪਣੀ ਹੈ। ਅਸੀਂ ਲਿਬਾਸ ਜਿਹੋ ਜਿਹਾ ਮਰਜ਼ੀ ਰੱਖੀਏ ਇਹ ਸਾਡੀ ਆਪਣੀ ਖੁਸ਼ੀ ਹੈ, ਮਨ ਦੀ ਤਸੱਲੀ ਹੈ। ਅਸੀਂ ਕਿਹੋ ਜਿਹਾ ਲਿਬਾਸ ਪਹਿਨਦੇ ਹਾਂ ਪ੍ਰਮਾਤਮਾ ਇਸ ਗੱਲ ਨੂੰ ਨਹੀਂ ਵਿਚਾਰਦਾ। **{ਪੈਨ੍ਹਣੁ ਖਾਣਾ ਚੀਤਿ ਨ ਪਾਈ॥}** ਅੰਗ - ੧੩੩੧ ਪ੍ਰਮਾਤਮਾ ਦੇ ਅੱਗੇ ਵਿਚਾਰ ਸਾਡੇ ਵਿਚਾਰਾਂ ਦੀ ਹੋਣੀ ਹੈ, ਸਾਡੀ ਕਰਨੀ ਦੀ ਹੋਣੀ ਹੈ ਜੋ ਕਿ ਮਨ ਨੇ ਕਰਨੀ ਹੈ **{ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥ ਮੁਹਿ ਚਲੈ ਸੁ ਅਗੈ ਮਾਰੀਐ॥੧੨॥}** ਅੰਗ - ੪੬੯ ਭਾਵ ਸਾਡੀ ਕੋਈ ਵੀ ਸਰੀਰਕ ਕਿਰਿਆ ਜਿਸ ਵਿੱਚ ਗੁਰੂ ਦੀ ਸੇਵਾ ਨਹੀਂ ਹੈ ਭਾਵ ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਉਸਦਾ ਫ਼ਲ ਸਾਨੂੰ ਨਹੀਂ ਮਿਲਦਾ। ਪਰਉਪਕਾਰ ਕਰਨ ਲਈ ਸਰੀਰ ਦੀ ਹੀ ਲੋੜ ਹੈ, ਘਰ ਵਿੱਚ ਕੁਟੰਬ ਨੂੰ ਪਾਲਣ ਲਈ, ਧਾਰਮਿਕ ਅਸਥਾਨਾਂ ਆਦਿ ਤੇ ਸੇਵਾ ਕਰਨ ਲਈ, ਕਿਰਤ ਕਰਨ ਲਈ ਸਾਨੂੰ ਇਸ ਸਰੀਰ ਦੀ ਲੋੜ ਹੀ ਪੈਂਦੀ ਹੈ ਪਰ ਵਿਚਾਰਨ ਦੀ ਗੱਲ ਸਿਰਫ਼ ਇਹ ਹੈ ਕਿ ਕੀ ਉਸ ਦੇ ਵਿੱਚ ਸਾਡਾ ਧਰਮ ਸਾਡੇ ਨਾਲ ਹੈ ਕਿ ਨਹੀਂ। ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ

7/663

ਸਾਡਾ ਧਰਮ ਹੈ, ਗੁਰੂ ਦੀ ਸੇਵਾ ਹੈ। ਜੋ ਕੋਈ ਅਸੀਂ ਸਰੀਰਕ ਜਪ ਤਪ ਦਾ ਦਿਖਾਵਾ ਕਰਦੇ ਹਾਂ, ਉਹ ਗੁਰੂ ਦੀ ਸੇਵਾ ਨਹੀਂ ਹੈ। ਗੁਰੂ ਦੀ ਸੇਵਾ ਸਾਡੀ ਸੱਚੀ ਕਰਣੀ ਹੈ, ਸਾਡਾ ਸੱਚਾ ਸੁੱਚਾ ਜੀਵਨ ਹੈ। ਇਸ ਦਾ ਫ਼ਲ ਪ੍ਰਮਾਤਮਾ ਆਪ ਹੀ ਦਿੰਦਾ ਹੈ। ਸਾਡਾ ਕੰਮ ਕੇਵਲ ਚੰਗੇ ਕੰਮ ਕਰੀ ਜਾਣਾ ਹੈ। ਇਹੀ ਪ੍ਰਮਾਤਮਾ ਤੇ ਭਰੋਸਾ ਰੱਖਣਾ ਹੈ, ਹਰ ਵੇਲੇ ਉਸ ਦੇ ਸਿਮਰਨ ਵਿੱਚ ਰਹਿਣਾ ਹੈ। ਗੁਰੂ ਦੀ ਮਤਿ ਨੂੰ ਹਰ ਵੇਲੇ ਚੇਤੇ ਰੱਖਣਾ ਹੀ ਗੁਰੂ ਨੂੰ ਹਰ ਵੇਲੇ ਯਾਦ ਰੱਖਣਾ ਹੈ, ਉਸਨੂੰ ਸਿਮਰਨਾ ਹੈ।

ਭਗਤੀ ਦਾ ਫ਼ਲ "ਚਾਰਿ ਪਦਾਰਥ" ਦੀ ਪ੍ਰਾਪਤੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ, ਦਿਬਦ੍ਰਿਸ਼ਟਿ ਦੀ ਪ੍ਰਾਪਤੀ ਹੈ ਭਾਵ ਮਨ ਦੀ ਨਾਸਮਝ ਮਤਿ ਤੋਂ ਮੁਕਤੀ ਦੀ

ਪ੍ਰਾਪਤੀ ਹੈ ਜੋ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

“ਚਾਰਿ ਪਦਾਰਥ ਕਹੈ ਸਭੁ ਕੋਈ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥੨॥”

ਉਪਰਲੀਆਂ ਦੋਨਾਂ ਪੰਗਤੀਆਂ ਦੇ ਭਾਵ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਹਰ ਕੋਈ ਪ੍ਰਮਾਤਮਾ ਨੂੰ ਪਾਉਣ ਦੀ ਗੱਲ ਕਰਦਾ ਹੈ ਤੇ ਉਸਨੂੰ ਪਾਉਣ ਦੇ ਉਪਰਾਲੇ ਕਰਦਾ ਹੈ। ਸਿੰਮ੍ਰਿਤਿ ਸ਼ਾਸਤ ਆਦਿ ਨੂੰ ਪੜ੍ਹ ਕੇ, ਉਨ੍ਹਾਂ ਤੋਂ ਗਿਆਨ ਲੈ ਕੇ ਜੋ ਮੁਕਤਿ ਪਦਾਰਥ ਪਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਇਹ “ਮੁਕਤਿ ਪਦਾਰਥ” ਕੀ ਹੈ। ਸਿੰਮ੍ਰਿਤਿ ਸਾਸਤ ਲਿਖਣ ਵਾਲੇ ਆਪ ਹੀ ਤ੍ਰੈਗੁਣਾਂ ਵਿੱਚ ਰਹੇ ਹਨ, ਉਹਨਾਂ ਨੇ ਆਕਾਰ ਰੂਪ ਨੂੰ ਹੀ ਪ੍ਰਮਾਤਮਾ ਸਮਝਿਆ ਹੈ। ਪ੍ਰਮਾਤਮਾ ਆਕਾਰ ਰੂਪ ਨਹੀਂ ਹੈ, ਉਹ ਆਕਾਰ ਰੂਪ ਨੂੰ ਬਣਾਉਣ ਵਾਲਾ ਹੈ, ਉਸਨੂੰ ਚਲਾਉਣ ਵਾਲਾ ਹੈ ਜੋ ਆਪਣੇ ਗਿਆਨ ਦੁਆਰਾ, ਆਪਣੀ ਸਾਇੰਸ ਦੇ ਉੱਚੇ ਗਿਆਨ ਦੁਆਰਾ ਸਭ ਵਿੱਚ ਰਸਿਆ ਹੋਇਆ ਹੈ। ਉਹ ਗਿਆਨ ਰੂਪ ਹੈ ਅਤੇ ਉਸ ਦੇ ਦਰਸ਼ਨ ਵੀ ਗਿਆਨ ਰੂਪ ਵਿੱਚ ਹੀ ਹੁੰਦੇ ਹਨ ਜਿਸ ਨਾਲ ਇਹ ਸੋਝੀ ਪੈਂਦੀ ਹੈ ਕਿ ਇਹ ਸਾਰਾ ਮਾਇਆ ਰੂਪ ਪ੍ਰਮਾਤਮਾ ਦਾ ਹੀ ਬਣਾਇਆ ਹੋਇਆ ਹੈ ਭਾਵ ਇਹ ਜੋ ਸਭ ਕੁੱਝ ਅਸੀਂ ਦੇਖਦੇ ਹਾਂ ਇਹ ਸਭ ਕੁੱਝ ਪ੍ਰਮਾਤਮਾ ਦਾ ਹੀ ਬਣਾਇਆ

7/664

ਹੋਇਆ ਹੈ ਅਤੇ ਉਹ ਆਪ ਹੀ ਸਭ ਨੂੰ ਬਣਾ ਕੇ ਆਪ ਹੀ ਚਲਾ ਰਿਹਾ ਹੈ। ਜਦੋਂ ਸਾਨੂੰ ਇਹ ਸੋਝੀ ਪੈ ਜਾਵੇਗੀ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਨਹੀਂ ਹੈ ਭਾਵ ਜਦੋਂ ਅਸੀਂ ਇਹ ਕਹਿਣ ਜੋਗੇ ਹੋ ਜਾਵਾਂਗੇ ਕਿ **“ਸਭ ਗੋਬਿੰਦ ਹੈ ਸਭ ਗੋਬਿੰਦ ਹੈ ਗੋਬਿੰਦ ਬਿਨ ਨਹੀਂ ਕੋਇ”** (ਅੰਗ - ੪੮੫) ਤਾਂ ਫਿਰ ਇਹ “ਚਾਰਿ ਪਦਾਰਥ” ਦੀ ਪ੍ਰਾਪਤੀ ਹੈ। ਜਦੋਂ ਇਹ ਸਮਝ ਲੱਗ ਜਾਵੇਗੀ ਕਿ ਮੈਂ ਆਪ ਵੀ ਕੁੱਝ ਨਹੀਂ ਹਾਂ, ਉਹ ਪ੍ਰਮਾਤਮਾ ਹੀ ਅੰਦਰ ਵਰਤ ਰਿਹਾ ਹੈ, ਇਹੀ ਪ੍ਰਮਾਤਮਾ ਨੂੰ ਜਾਨਣਾ ਹੈ। ਇਹੀ ਗੱਲ ਇਨ੍ਹਾਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ। **“ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥੨॥”** ਇਸ ਪੰਗਤੀ ਦੇ ਅਰਥ ਕਾਫ਼ੀ ਗਹਿਰਾਈ ਵਿੱਚ ਹਨ ਤੇ ਇਸ ਦੀ ਸੋਝੀ ਪਏ ਬਿਨ੍ਹਾਂ ਸਾਨੂੰ “ਮੁਕਤਿ ਪਦਾਰਥ” ਦੀ ਸੋਝੀ ਨਹੀਂ ਪੈ ਸਕਦੀ। ਫ਼ਲ ਦੀ ਪ੍ਰਾਪਤੀ ਕੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਇਸ ਦੀ ਸੋਝੀ ਨਹੀਂ ਪੈ ਸਕਦੀ। ਸਾਡਾ ਜੀਵਨ ਮਨੋਰਥ ਕੀ ਹੈ, ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ। ਬਿਨ੍ਹਾਂ ਗੁਰੂ ਦੀ ਕ੍ਰਿਪਾ ਤੋਂ ਭਾਵ ਜਦੋਂ ਤੱਕ ਉਹ ਆਪ ਨਾ ਚਾਹੇ ਉਸਦੇ ਨਾਲ ਮੇਲ ਨਹੀਂ ਹੋ ਸਕਦਾ। ਉਹ ਆਪ ਹੀ ਮਨ ਵਿੱਚ ਬੈਠਾ ਹੈ ਅਤੇ ਆਪਣੇ ਅੰਦਰ ਬੈਠੇ ਹੋਣ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ। ਸੋਝੀ ਜਿਸ ਗੱਲ ਦੀ ਪੈਣੀ ਹੈ, ਉਹ ਹੈ **"ਅਰਥੁ ਬੀਚਾਰੁ"**। "ਅਰਥੁ" ਤੋਂ ਭਾਵ ਹੈ ਮਾਇਆ ਰੂਪ, ਸਰਗੁਣ ਰੂਪ, ਆਕਾਰ ਰੂਪ। ਜੋ ਕੁੱਝ ਵੀ ਅਸੀਂ ਦੇਖਦੇ ਹਾਂ ਉਹ ਸਭ ਕੁੱਝ ਮਾਇਆ ਰੂਪ ਹੈ। ਇਸ ਮਾਇਆ ਰੂਪ ਨੂੰ ਜਾਣਨਾ ਹੀ ਭਾਵ ਇਸ ਮਾਇਆ ਰੂਪ ਦੀ ਸੋਝੀ ਪੈਣਾ ਹੀ ਪ੍ਰਮਾਤਮਾ ਨੂੰ ਜਾਣਨਾ ਹੈ। ਆਪਣੀ ਮਾਇਆ ਦੀ ਸੋਝੀ ਉਹ ਆਪ ਪਾਉਂਦਾ ਹੈ। ਸਭ ਤੋਂ ਪਹਿਲਾਂ ਮਨੁੱਖ ਆਪਣੇ ਆਪ ਨੂੰ ਜਾਣਦਾ ਹੈ ਕਿ ਉਹ ਆਪ ਕੀ ਹੈ। ਇਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਕਿ ਸਾਡੇ ਸਰੀਰ ਦਾ ਮਾਲਕ ਕੌਣ ਹੈ, ਸਾਨੂੰ ਚਲਾਉਣ ਵਾਲਾ ਕੌਣ ਹੈ, ਸਾਡੇ ਅੰਦਰ ਹੁਕਮ ਕਿਸ ਦਾ ਚੱਲ ਰਿਹਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੀ ਪਛਾਣ ਹੋਣ ਤੋਂ ਬਾਅਦ ਹੀ ਇਸ ਸਰਗੁਣ ਸਰੂਪ ਦੀ, ਮਾਇਆ ਰੂਪ ਦੀ ਸੋਝੀ ਪੈਂਦੀ ਹੈ। ਜਦ ਤੱਕ ਇਸ ਮਾਇਆ ਸਰੂਪ ਦੀ, **“ਅਰਥ”** ਦੀ ਸੋਝੀ ਨਹੀਂ ਪੈਂਦੀ, ਇਸ ਦਾ ਮਤਲਬ ਹੈ ਕਿ ਸਾਨੂੰ ਪ੍ਰਮਾਤਮਾ ਦੀ ਸੋਝੀ ਨਹੀਂ ਪਈ। ਇਹਨਾਂ ਦੋਵਾਂ ਗੱਲਾਂ ਦੀ ਸੋਝੀ ਇਕੱਠੀ ਹੀ ਪੈਂਦੀ ਹੈ। "ਬੀਚਾਰੁ" ਤੋਂ ਭਾਵ ਹੈ ਗਿਆਨ ਭਾਵ ਸੋਝੀ। ਇਸ ਸੋਝੀ ਦਾ ਪੈਣਾ ਹੀ ਚੌਥੇ ਪਦ ਦੀ ਪ੍ਰਾਪਤੀ ਹੈ, ਮੁਕਤਿ ਪਦਾਰਥ ਦੀ ਪ੍ਰਾਪਤੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ। ਇਹ ਚੌਥੇ ਪਦ ਦਾ ਗਿਆਨ, ਬ੍ਰਹਮ ਗਿਆਨ ਦੇਣ ਵਾਲਾ ਬ੍ਰਹਮ ਗਿਆਨੀ ਭਾਵ ਆਪ ਅਕਾਲ ਪੁਰਖ ਮਨ ਦੇ ਵਿੱਚ ਹੀ ਹੈ। ਉਹ ਗਿਆਨ ਦਾ ਮਾਲਕ ਮਨ ਦੇ ਵਿੱਚ ਹੀ ਹੈ ਅਤੇ ਉਹ ਆਪ ਪ੍ਰਗਟ

7/665

ਹੋ ਕੇ ਹੀ ਆਪਣੇ ਆਪ ਦੀ ਸੋਝੀ ਪਾਉਂਦਾ ਹੈ। ਉਹ ਆਪ ਨਿਰਗੁਣ ਸਰੂਪ ਹੈ, ਗਿਆਨ ਸਰੂਪ ਹੈ ਅਤੇ ਉਸਦੇ ਨਾਲ ਮੇਲ ਵੀ ਨਿਰਗੁਣ ਰੂਪ ਵਿੱਚ ਹੀ ਹੁੰਦਾ ਹੈ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਹੁੰਦਾ ਹੈ ਜਿਸ ਨਾਲ ਸਾਡਾ ਭਰਮ ਹੀ ਦੂਰ ਹੁੰਦਾ ਹੈ, ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਦੂਰ ਹੁੰਦੀ ਹੈ ਤੇ ਉਸ ਤੋਂ ਬਾਅਦ ਮਨੁੱਖ ਨੂੰ ਆਪਣੇ ਅੰਦਰੋਂ ਹੀ ਚੌਥੇ ਪਦ ਦਾ ਗਿਆਨ ਮਿਲਣਾ ਸ਼ੁਰੂ ਹੋ ਜਾਂਦਾ ਹੈ। ਇਹੀ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨਾ ਹੈ ਜੋ ਸਿੱਧੀ ਗੱਲ ਮਨੁੱਖ ਮਨ ਦੀ ਸਮਝ ਰਾਹੀਂ

ਪ੍ਰਮਾਤਮਾ ਦੇ ਕੋਲੋਂ ਸੁਣਦਾ ਹੈ। ਉਸ ਦੇ ਨਾਲ ਗੱਲਾਂ ਮਨ ਦੇ ਵਿੱਚ ਹੀ ਹੁੰਦੀਆਂ ਹਨ, ਉਸਦੇ ਨਾਲ ਗੋਸ਼ਟਿ ਮਨ ਦੇ ਵਿੱਚ ਹੀ ਹੁੰਦੀ ਹੈ। ਜਦ ਤੱਕ ਸਾਨੂੰ ਆਪਣੇ ਅੰਦਰੋਂ ਉਸ ਨਿਰਗੁਣ ਸਰੂਪ, ਨਿਰੰਕਾਰ ਰੂਪ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਨੂੰ ਉਸਦੇ ਆਕਾਰ ਰੂਪ ਦੀ, ਨਿਰਗੁਣ ਰੂਪ ਦੀ, ਮਾਇਆ ਰੂਪ ਦੀ ਸੋਝੀ ਨਹੀਂ ਪੈ ਸਕਦੀ ਕਿ ਇਸ **"ਅਰਥੁ"** ਦਾ, ਮਾਇਆ ਦਾ ਮਾਲਕ ਕੌਣ ਹੈ ਤੇ ਕਿਸ ਤਰੀਕੇ ਹੈ। ਇਹ ਮਾਇਆ ਸਰੂਪ, "ਅਰਥੁ" ਸਰੂਪ ਕਿਵੇਂ ਬਣਿਆ ਹੈ ਤੇ ਕੌਣ ਇਸਨੂੰ ਚਲਾ ਰਿਹਾ ਹੈ, ਕਿਸ ਤਰੀਕੇ ਚਲਾ ਰਿਹਾ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਮੁਕਤਿ ਪਦਾਰਥ ਸਾਡੇ ਮਨ ਦੀ ਸੋਝੀ ਹੈ, ਸਾਡੇ ਮਨ ਦਾ ਸੱਚਾ ਗਿਆਨ ਹੈ ਜੋ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਇਸ ਤਰੀਕੇ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਤੋਂ ਆਪ ਹੀ ਮੁਕਤ ਕਰਦਾ ਹੈ। ਇਸੇ ਲਈ ਸਾਨੂੰ ਵਾਰ-ਵਾਰ ਸਰੀਰਕ ਕਿਰਿਆਵਾਂ ਦੁਆਰਾ, ਅਨੇਕਾਂ ਪ੍ਰਕਾਰ ਦੀਆਂ ਸਾਧਨਾਵਾਂ ਦੁਆਰਾ, ਜੋਗ ਜੁਗਤੀਆਂ ਦੁਆਰਾ, ਸਮਾਧੀਆਂ ਲਗਾਉਣ ਦੁਆਰਾ, ਸੁਰਤੀਆਂ ਜੋੜਨ ਦੁਆਰਾ, ਸਵਾਸਾਂ ਦੀਆਂ ਕਿਰਿਆਵਾਂ ਦੁਆਰਾ ਭਾਵ ਪ੍ਰਮਾਤਮਾ ਨੂੰ ਪਾਉਣ ਲਈ ਜੋ ਕੁੱਝ ਅਸੀਂ ਇਹੋ ਜਿਹੇ ਤਰੀਕੇ ਅਪਣਾਉਂਦੇ ਹਾਂ, ਉਹਨਾਂ ਨੂੰ ਤਿਆਗਣ ਲਈ ਕਿਹਾ ਗਿਆ ਹੈ। ਇਨ੍ਹਾਂ ਤਰੀਕਿਆਂ ਦੁਆਰਾ ਸਾਨੂੰ ਕੋਈ ਮਨ ਦਾ ਗਿਆਨ ਥੋੜੀ ਮਿਲ ਸਕਦਾ ਹੈ, ਉਹ ਉਸ ਦੇ ਆਪਣੇ ਦਿੱਤਿਆਂ ਮਿਲਦਾ ਹੈ, ਜਿਸ ਦੇ ਲਈ ਸਾਡਾ ਸੱਚਾ ਉੱਦਮ ਗੁਰੂ ਦੀ ਬਾਣੀ ਦੇ ਸੱਚੇ ਗਿਆਨ ਨਾਲ ਭਾਵ ਨਾਮ ਨਾਲ ਜੁੜਨ ਦਾ ਹੈ ਭਾਵ ਉਸ ਅਨੁਸਾਰ ਵਿਚਰਨ ਦਾ ਹੈ ਜਿਸ ਦੇ ਲਈ ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ। **(ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥)** ਇਹ "ਅਰਥੁ ਬੀਚਾਰੁ" ਹੀ ਮੁਕਤਿ ਪਦਾਰਥ ਹੈ ਜਿਸਨੂੰ ਕਿ ਉਸਦੀ ਭਗਤੀ ਦੁਆਰਾ ਪਾਇਆ ਜਾ ਸਕਦਾ ਹੈ। ਉਸਦੀ ਭਗਤੀ ਸ਼ਬਦ ਵਿਚਾਰ ਹੈ ਜਿਵੇਂ ਕਿ ਅਸੀਂ ਉੱਪਰ ਪਹਿਲਾ ਹੀ ਜਾਣ ਚੁੱਕੇ ਹਾਂ। "ਅਰਥੁ ਬੀਚਾਰੁ" ਨੂੰ ਕੁੱਝ ਹੋਰ ਬਰੀਕੀ ਨਾਲ ਸਮਝਣ ਲਈ ਆਉ ਹੇਠ ਲਿਖੇ ਕੁੱਝ ਹੋਰ ਸ਼ਬਦਾਂ ਨੂੰ ਵਿਚਾਰੀਏ।

{ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥
ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੭॥}

(ਅੰਗ ੩-੪)

ਇਸ ਸ਼ਬਦ ਦੇ ਅਰਥ ਜਪੁ ਜੀ ਬਾਣੀ ਦੇ ਅਰਥਾਂ ਵਿੱਚ ਕੀਤੇ ਹੋਏ ਹਨ। ਪਹਿਲਾਂ ਉਪਰਲੀਆਂ ਕੁੱਝ ਪੰਗਤੀਆਂ ਵਿੱਚ ਜਿਸ ਤਰੀਕੇ ਨਾਲ ਆਮ ਤੌਰ ਤੇ ਲੋਕ ਭਗਤੀ ਕਰਦੇ ਹਨ ਭਾਵ ਜਿਸ ਨੂੰ ਉਹ ਭਗਤੀ ਸਮਝਦੇ ਹਨ, ਉਹ ਤਰੀਕੇ ਗਿਣਾਏ ਹੋਏ ਹਨ। ਬਾਅਦ ਵਿੱਚ ਗੁਰੂ ਸਾਹਿਬ ਨੇ ਆਪਣਾ ਨਿਰਣਾ ਵੀ ਦਿੱਤਾ ਹੋਇਆ ਹੈ ਕਿ ਇਹਨਾਂ ਤਰੀਕਿਆਂ ਨਾਲ ਸਾਨੂੰ ਪ੍ਰਮਾਤਮਾ ਦੀ ਸੋਝੀ ਕਿਵੇਂ ਪੈ ਸਕਦੀ ਹੈ। **(ਕੁਦਰਤਿ ਕਵਣ ਕਹਾ ਵੀਚਾਰੁ॥)** ਪ੍ਰਮਾਤਮਾ ਨੂੰ ਜਾਣਨ ਲਈ ਤਾਂ ਸੋਝੀ ਦੀ ਲੋੜ ਹੈ ਜਿਸ ਨਾਲ ਅਸੀਂ ਇਹ ਜਾਣ ਸਕੀਏ ਕਿ ਇਹ ਸਾਰੀ ਕੁਦਰਤ

ਕਿਸ ਦੀ ਹੈ, ਇਹ ਸਾਰਾ ਮਾਇਆ ਸਰੂਪ ਕਿਸ ਦਾ ਹੈ ਅਤੇ ਇਸ ਨੂੰ ਕੌਣ ਚਲਾ ਰਿਹਾ ਹੈ ਭਾਵ ਸਾਨੂੰ ਮਨ ਦੇ ਵਿੱਚੋਂ ਪ੍ਰਮਾਤਮਾ ਦੀ ਸੋਝੀ ਪੈਣ ਦੇ ਨਾਲ ਹੀ ਇਹ ਸੋਝੀ ਪੈਂਦੀ ਹੈ ਕਿ ਸਭ ਪਾਸਾਰਾ ਉਸੇ ਦਾ ਹੀ ਹੈ, ਹਰ ਇੱਕ ਚੀਜ ਦਾ ਮਾਲਕ ਉਹ ਆਪ ਹੀ ਹੈ। ਜਦ ਤੱਕ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਇਹ ਸਰਗੁਣ ਸਰੂਪ ਕੀ ਹੈ, ਫਿਰ ਇਸ ਦਾ ਮਤਲਬ ਇਹ ਹੈ ਕਿ ਸਾਨੂੰ ਉਸ ਨਿਰਗੁਣ ਸਰੂਪ ਪ੍ਰਮਾਤਮਾ ਦੀ ਕੋਈ ਸੋਝੀ ਨਹੀਂ ਪਈ।ਪ੍ਰਮਾਤਮਾ ਦਾ ਨਿਰਗੁਣ ਰੂਪ ਤੇ ਸਰਗੁਣ ਰੂਪ ਆਪਸ ਵਿੱਚ ਜੁੜੇ ਹੋਏ ਹਨ ਤੇ ਸਰਗੁਣ ਸਰੂਪ ਦੀ ਸੋਝੀ ਤਾਂ ਹੀ ਪੈ ਸਕਦੀ ਹੈ ਜਦੋਂ ਪਹਿਲਾਂ ਨਿਰਗੁਣ ਰੂਪ ਦੀ ਸੋਝੀ ਪਵੇ ਭਾਵ ਨਿਰੰਕਾਰ ਰੂਪ ਦੀ ਸੋਝੀ ਪਵੇ ਜੋ ਪ੍ਰਮਾਤਮਾ ਦਾ ਨਿਰੰਕਾਰ ਰੂਪ ਹਰ ਆਕਾਰ ਰੂਪ ਦੇ ਅੰਦਰ ਹੀ ਹੈ।

{ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥}

(ਅੰਗ ੨)

ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰੋ ਇਸ ਸ਼ਬਦ ਨੂੰ। ਇਸ ਨਾਲ ਸਾਡੀ ਜਿੰਦਗੀ ਦਾ ਮਨੋਰਥ ਸਮਝ ਆ ਜਾਂਦਾ ਹੈ ਕਿ ਪ੍ਰਮਾਤਮਾ ਨੂੰ ਜਾਣਨਾ ਕੀ ਹੈ। ਇਸ ਗੱਲ ਦੀ ਸੋਝੀ ਪੈ ਜਾਣੀ ਕਿ ਸਭ ਵਿੱਚ ਉਹ ਗੁਰਮੁਖਿ, ਗੁਰੂ ਪ੍ਰਮਾਤਮਾ ਆਪ ਹੀ ਹੈ, ਇਹੀ ਉਸਨੂੰ ਜਾਣਨਾ ਹੈ, ਜਿਸ ਨਾਲ ਸਾਡੀ ਜਿੰਦਗੀ ਦਾ ਮਨੋਰਥ ਪੂਰਾ ਹੋ ਜਾਂਦਾ ਹੈ। ਸਾਰੀ ਗੁਰਬਾਣੀ ਦੇ ਵਿੱਚ ਵੀ ਪ੍ਰਮਾਤਮਾ ਆਪਣੇ ਗੁਰਮੁਖਿ ਰੂਪ ਵਿੱਚ ਹੀ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਗੁਰਮੁਖਿ ਰੂਪ ਵਿੱਚ ਸਦਾ ਹੀ ਪ੍ਰਗਟ ਹੈ ਜੋ ਕਿ ਉਸਦਾ ਆਪਣਾ ਗੁਰੂ ਰੂਪ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਗੁਰਮੁਖਿ ਰੂਪ ਨੂੰ ਜਾਣੇ ਬਿਨ੍ਹਾਂ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਤਦ ਤੱਕ ਇਸ ਆਕਾਰ ਰੂਪ ਦੀ ਅਸਲੀਅਤ ਨੂੰ ਵੀ ਨਹੀਂ ਜਾਣਿਆ ਜਾ ਸਕਦਾ ਜਿਸ ਦਾ ਮਾਲਕ ਆਪ ਨਿਰੰਕਾਰ ਰੂਪ ਹੈ। ਸਭ ਕੁੱਝ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਹੀ ਬਣਿਆ ਹੈ ਤੇ ਨਿਰੰਕਾਰ ਰੂਪ ਨਾਲ ਹੀ ਚੱਲ ਰਹਿਆ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥
ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥
ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥}

(ਅੰਗ ੧੦੬੬)

ਜਦ ਤੱਕ ਪ੍ਰਮਾਤਮਾ ਆਪ ਆਪਣਾ ਆਪ ਕਿਸੇ ਨੂੰ ਨਹੀਂ ਜਣਾਉਂਦਾ ਤਦ ਤੱਕ ਉਸ ਨੂੰ ਕੋਈ ਨਹੀਂ ਜਾਣ ਸਕਦਾ।

"ਜੇ ਹਉ ਜਾਣਾ ਆਖਾ ਨਾਹੀ"

ਇਸ ਤੋਂ ਭਾਵ ਹੈ ਜੇਕਰ ਮੈਂ ਆਪਣੀ ਬੁਧਿ ਦੁਆਰਾ, ਆਪਣੀ ਸੋਝੀ ਦੁਆਰਾ ਇਹ ਜਾਣਨ ਦੀ ਕੋਸ਼ਿਸ਼ ਕਰਾਂ ਕਿ ਸਭ ਵਿੱਚ ਪ੍ਰਮਾਤਮਾ ਹੀ ਹੈ ਤਾਂ ਫਿਰ ਮੈਂ ਇਹ ਗੱਲ ਨਹੀਂ ਕਹਿ ਸਕਦਾ ਭਾਵ ਮੈਨੂੰ ਆਪਣੇ ਆਪ ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ ਕਿ ਸਭ ਵਿੱਚ ਆਪ ਪ੍ਰਮਾਤਮਾ ਵਰਤ ਰਿਹਾ ਹੈ, ਸਾਰਾ ਪਸਾਰਾ ਉਸੇ ਦਾ ਹੀ ਹੈ। **(ਜੇ ਹਉ ਜਾਣਾ ਆਖਾ ਨਾਹੀ)** ਜੇਕਰ ਇਹੀ ਗੱਲ ਮੈਨੂੰ ਕੋਈ ਹੋਰ ਕਹਿ ਕੇ ਸਮਝਾਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤਾਂ ਉਸਦੀ ਗੱਲ ਵੀ ਮੇਰੇ ਕਥਨ ਵਿੱਚ ਨਹੀਂ ਆਉਂਦੀ ਭਾਵ ਮੇਰੇ ਮੰਨਣ ਵਿੱਚ ਨਹੀਂ ਆਉਂਦੀ। **(ਕਹਣਾ ਕਥਨੁ ਨ ਜਾਈ॥)** ਭਾਵ ਜੇਕਰ ਅਸੀਂ ਇਹ ਜਾਣਨਾ ਚਾਹੀਏ ਕਿ ਇਹ ਸਭ ਕੁੱਝ ਭਾਵ ਇਹ ਸਾਰਾ ਸਰਗੁਣ ਸਰੂਪ ਜੋ ਵੀ ਅਸੀਂ ਦੇਖਦੇ ਹਾਂ, ਇਸ ਦਾ ਮਾਲਕ ਕੌਣ ਹੈ, ਇਸ ਦੀ ਸੋਝੀ ਸਾਨੂੰ ਆਪ ਹੀ ਗੁਰੂ ਪ੍ਰਮਾਤਮਾ ਪਾ ਸਕਦਾ ਹੈ। ਇਸ ਦੀ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ ਜੋ ਕਿ ਮਨ ਦੀ ਸਮਝ ਦੇ ਵਿੱਚ ਪਰਗਟ ਹੋ ਕੇ ਉਹ ਆਪ ਹੀ ਪਾਉਂਦਾ ਹੈ ਤੇ ਉਸਦੇ ਨਿਰਗੁਣ ਸਰਗੁਣ ਰੂਪ ਨੂੰ ਜਾਣਨ ਦਾ ਹੋਰ ਕੋਈ ਤਰੀਕਾ ਨਹੀਂ ਹੈ। **(ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥)** ਇਹ ਮਨ ਦੀ ਦੁਬਿਧਾ ਹੈ, ਭਰਮ ਹੈ, ਸਹਸਾ ਹੈ ਜੋ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਨ ਦਿੰਦੀ ਜਿਸ ਮਨ ਦੀ ਨਾਸਮਝੀ ਵਿੱਚੋਂ ਉਹ ਆਪ ਹੀ ਕੱਢ ਸਕਦਾ ਹੈ। ਇਹ ਸਹਸਾ ਤਾਂ ਹੀ ਜਾ ਸਕਦਾ ਹੈ ਜਦੋਂ ਸਾਡੇ ਅੰਦਰੋਂ ਚੌਥੇ ਪਦ ਦਾ ਗਿਆਨ ਉਪਜੇਗਾ, ਸਹਜ ਉਪਜੇਗਾ।

“ਸਹਜੁ” ਵਿੱਚ ਉਹ ਆਪ ਹੈ। ਉਹ ਆਪ ਸਾਡੇ ਮਨ ਵਿੱਚ ਪ੍ਰਗਟ ਹੋਵੇਗਾ ਤੇ ਤਾਂ ਹੀ ਉਸਦੀ ਸੋਝੀ ਪੈ ਸਕਦੀ ਹੈ।

{ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੯॥}

(ਅੰਗ - ੯੧੯)

ਸਾਡੇ ਅੰਦਰ “ਸਹਜੁ” ਦਾ ਉਪਜਣਾ ਗੁਰੂ ਦੀ ਕਿਰਪਾ ਤੇ ਨਿਰਭਰ ਹੈ ਕਿਉਂਕਿ ਸਾਡੇ “ਸਹਜੁ” ਵਿੱਚ ਉਹ ਆਪ ਹੀ ਬੈਠਾ ਹੈ। ਸਾਡਾ ਕੋਈ ਜੋਰ ਨਹੀਂ ਹੈ, ਸਾਡਾ ਕੋਈ ਵੱਸ ਨਹੀਂ ਹੈ ਕਿ ਅਸੀਂ ਆਪਣੇ ਆਪ ਸਹਜੁ ਵਾਲੀ ਅਵੱਸਥਾ ਵਿੱਚ ਪਹੁੰਚ ਜਾਈਏ ਭਾਵ ਚੌਥੇ ਪਦ ਵਾਲੇ ਗਿਆਨ ਵਿੱਚ ਪਹੁੰਚ ਜਾਈਏ। ਸਹਜ ਦਾ ਉਪਜਣਾ, ਚੌਥੇ ਪਦ ਦੇ ਗਿਆਨ ਦਾ ਉਪਜਣਾ ਹੈ।

“ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥
ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ॥
ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥੧੩॥”

(ਅੰਗ ੯੧੮)

ਇਸ ਉਪਰਲੇ ਸ਼ਬਦ ਵਿੱਚ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ, ਅੰਮ੍ਰਿਤੁ ਦੀ ਪ੍ਰਾਪਤੀ ਦੁਆਰਾ ਹੁੰਦਾ ਹੈ। “ਅੰਮ੍ਰਿਤੁ” ਪ੍ਰਮਾਤਮਾ ਆਪ ਹੈ ਜੋ ਕਿ ਉਸਦਾ “ਨਾਮ” ਰੂਪ ਹੈ, ਸੱਚ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਉਹ ਆਪਣੀ ਕਿਰਪਾ ਦੁਆਰਾ ਆਪ ਹੀ ਮਨ ਦੇ ਵਿੱਚ ਆਪਣੇ ਆਪ ਨੂੰ ਵਸਾਉਂਦਾ ਹੈ ਭਾਵ ਪ੍ਰਗਟ ਕਰਦਾ ਹੈ ਤੇ ਮਨ ਦੇ ਵਿੱਚ ਹੀ ਆਪਣਾ ਅੰਮ੍ਰਿਤ ਪਿਆਉਂਦਾ ਹੈ। ਉਸਦੇ ਮਨ ਦੇ ਵਿੱਚ ਵੱਸਣ ਦੁਆਰਾ ਹੀ ਭਾਵ ਮਨ ਦੇ ਵਿੱਚ ਉਸਦਾ ਨਾਮ ਰੂਪ ਅੰਮ੍ਰਿਤ ਪੀਣ ਦੁਆਰਾ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। (**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥ ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥**) ਉਪਰਲੀਆਂ ਪੰਗਤੀਆਂ ਦੁਆਰਾ ਇਹ ਵੀ ਸਪੱਸ਼ਟ ਹੈ ਕਿ ਅੰਮ੍ਰਿਤੁ ਨੂੰ ਹਰ ਕੋਈ ਖੋਜਦਾ ਹੈ। ਖੋਜਦਾ ਤਾਂ ਹਰ ਕੋਈ ਪ੍ਰਮਾਤਮਾ ਨੂੰ ਹੀ ਹੈ ਜੋ ਕਿ ਉਸਦੀ ਭਗਤੀ ਦਾ ਮਕਸਦ ਹੈ। ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ ਭਾਵ ਪ੍ਰਮਾਤਮਾ ਦੀ ਆਪਣੀ ਬਾਣੀ ਹੈ ਜਿਸ ਬਾਣੀ ਦੇ ਰਾਹੀਂ ਅੰਮ੍ਰਿਤੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਿਆ ਜਾ ਸਕਦਾ ਹੈ। ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ। "ਪਰਸਣਿ" ਤੋਂ ਭਾਵ ਹੈ, ਪ੍ਰਮਾਤਮਾ ਦੇ ਪਰਸਣ ਦੁਆਰਾ ਭਾਵ ਮਨ ਦੇ ਵਿੱਚ ਉਸ ਦਾ ਸਪੱਸ਼ਟ ਹੋ ਜਾਣਾ, ਉਸਦੀ ਛੋਹ ਮਿਲ ਜਾਣਾ ਭਾਵ ਉਸ ਦੇ ਨਾਲ ਮੇਲ ਹੋ ਜਾਣਾ। ਉਸਦਾ ਇਹ ਪਰਸ ਨਿਰਗੁਣ ਸਰੂਪ ਹੈ, ਗਿਆਨ ਸਰੂਪ ਹੈ ਭਾਵ ਮਨ ਦੀ ਸੋਝੀ ਦੇ ਵਿੱਚ ਹੈ। ਚੌਥੇ ਪਦ ਦਾ ਗਿਆਨ ਤ੍ਰੈਗੁਣਾਂ ਦੇ ਗਿਆਨ ਨੂੰ ਪਰਸ ਕੇ ਉਸਦੀ ਹੋਂਦ ਮੁਕਾ ਦਿੰਦਾ ਹੈ ਤੇ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ। ਇਹ ਸਭ ਕੁੱਝ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਇਹ ਜੀਵ ਜੰਤੂ ਸਭ ਉਸ ਪ੍ਰਮਾਤਮਾ ਦੇ ਹੀ ਪੈਦਾ ਕੀਤੇ ਹੋਏ ਹਨ। ਸਭ ਵਿੱਚ ਇੱਕੋ ਪ੍ਰਮਾਤਮਾ ਨੂੰ ਮਨੁੱਖ ਤਾਂ ਹੀ ਵੇਖ ਸਕਦਾ ਹੈ ਜਦੋਂ ਉਸ ਪ੍ਰਮਾਤਮਾ ਦਾ ਮਨ ਦੀ ਸਮਝ ਦੇ ਵਿੱਚ ਪਰਸ ਹੋ ਜਾਵੇ, ਮੇਲ ਹੋ ਜਾਵੇ। **(ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ॥)** ਪ੍ਰਮਾਤਮਾ ਦੇ ਇਸ ਮਾਇਆ ਸਰੂਪ ਦੀ, “ਅਰਥ” ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਉਹ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਇਸ ਗੱਲ ਦੀ ਸੋਝੀ ਪਾਏ। ਇਸ ਸੋਝੀ ਦੇ ਪੈਣ ਨਾਲ ਹੀ ਮਨੁੱਖ ਦੀ ਆਵਾਗਉਣ ਤੋਂ ਮੁਕਤੀ ਹੁੰਦੀ ਹੈ। ਇਹ ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਹੀ "ਚਾਰਿ ਪਦਾਰਥ" ਹੈ, ਮੁਕਤਿ ਪਦਾਰਥ ਹੈ, ਨਾਮ ਪਦਾਰਥ ਹੈ, ਮਨ ਦਾ ਅੰਮ੍ਰਿਤ ਹੈ ਜੋ ਆਪਣਾ ਅੰਮ੍ਰਿਤ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਿਆਉਂਦਾ ਹੈ ਤੇ ਮਨੁੱਖ ਨੂੰ ਮਨ ਦੀ ਮਾੜੀ ਸਮਝ ਵਿੱਚੋਂ, ਔਗੁਣਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥੧੩॥”

ਉੱਪਰ ਵਾਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਅੰਮ੍ਰਿਤ ਪੀਣ ਦਾ ਮਕਸਦ ਕੀ ਹੈ ਤੇ ਇਹ ਗੁਰੂ ਦਾ ਅੰਮ੍ਰਿਤ ਅਸੀਂ ਕਿਸ ਤਰੀਕੇ ਪੀਣਾ ਹੈ। ਇਹ ਅੰਮ੍ਰਿਤ ਸਾਡੀ ਸਮਝ ਨੇ ਹੀ ਪੀਣਾ ਹੈ ਜੋ ਸਮਝ ਔਗੁਣਾਂ ਨਾਲ ਭਰੀ ਰਹਿੰਦੀ ਹੈ, ਕਾਮ,

ਕ੍ਰੋਧ ਅਹੰਕਾਰ ਵਾਲੇ ਵਿਚਾਰਾਂ ਨਾਲ ਭਰੀ ਰਹਿੰਦੀ ਹੈ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਰਹਿੰਦੀ ਹੈ ਤੇ ਗੁਰੂ ਦੇ ਅੰਮ੍ਰਿਤ ਦਾ ਮਕਸਦ ਜੋ ਅੰਮ੍ਰਿਤ ਗੁਰੂ ਦੇ ਸੱਚੇ ਵਿਚਾਰਾਂ ਦੇ ਰੂਪ ਵਿੱਚ ਹੈ ਉਨ੍ਹਾਂ ਸੱਚੇ ਵਿਚਾਰਾਂ ਨੂੰ ਮੰਨਣਾ ਹੀ ਗੁਰੂ ਦੇ ਅੰਮ੍ਰਿਤ ਨੂੰ ਪੀਣਾ ਹੈ ਜੋ ਅੰਮ੍ਰਿਤ ਪੀਣ ਦੁਆਰਾ ਅਸੀਂ ਮਨ ਦੇ ਮਾੜੇ ਵਿਚਾਰਾਂ ਵਿੱਚੋਂ, ਔਗੁਣਾਂ ਵਿੱਚੋਂ ਨਿਕਲ ਜਾਂਦੇ ਹਾਂ। (**ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥ ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥**)

7/668

“ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥”

(ਅੰਗ - ੯੨੨)

ਉੱਪਰ ਸ਼ਬਦ ਵਿੱਚ ਭਾਵੇਂ ਸਾਰੀ ਗੱਲ ਨੇਤ੍ਰਾਂ ਦੀ ਦ੍ਰਿਸ਼ਟੀ ਨਾਲ ਜੋੜ ਕੇ ਸਮਝਾਈ ਹੈ ਪਰ ਅਸਲ ਵਿੱਚ ਇੱਥੇ ਵੀ ਮਨ ਦੀ ਸੋਝੀ ਦੀ ਗੱਲ ਹੀ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ। ਮਨੁੱਖ ਦੀ ਸਾਰੀ ਪ੍ਰਾਪਤੀ ਭਾਵ ਇਸ ਜੀਵਨ ਦਾ ਮਨੋਰਥ ਇਹ ਕਹਿ ਕੇ ਸਮਝਾਇਆ ਹੈ ਕਿ ਸਾਨੂੰ ਸਭ ਵਿੱਚ ਪ੍ਰਮਾਤਮਾ ਹੀ ਨਜ਼ਰ ਆਵੇ ਭਾਵ ਜੋ ਕੁੱਝ ਵੀ ਇਹ ਮਾਇਆ ਸਰੂਪ ਹੈ ਜਿਸਨੂੰ ਅਸੀਂ ਆਪਣੇ ਸਰੀਰ ਦੀਆਂ ਅੱਖਾਂ ਨਾਲ ਦੇਖਦੇ ਹਾਂ ਉਸਨੂੰ ਅਸੀਂ ਪ੍ਰਮਾਤਮਾ ਦਾ ਰੂਪ ਹੀ ਸਮਝੀਏ। ਸਭ ਵਿੱਚ ਪ੍ਰਮਾਤਮਾ ਨੂੰ ਤਾਂ ਹੀ ਦੇਖਿਆ ਜਾ ਸਕਦਾ ਹੈ ਜਦੋਂ ਉਸਨੂੰ ਮਨ ਦੇ ਵਿੱਚੋਂ ਦੇਖ ਲਈਏ ਭਾਵ ਮਨ ਦੀਆਂ ਅੱਖਾਂ ਨਾਲ ਦੇਖ ਲਈਏ ਜੋ ਕਿ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ। ਆਪਣੇ ਦਰਸ਼ਨ ਉਹ ਆਪ ਹੀ ਕਰਵਾਉਂਦਾ ਹੈ। **(ਹਰਿ ਬਿਨ ਅਵਰ ਨ ਦੇਖੋ ਕੋਈ॥ ਨਦਰੀ ਹਰਿ ਨਿਹਾਲਿਆ॥)** ਮਨ ਦੇ ਵਿੱਚ ਉਸਦੇ ਦਰਸ਼ਨ ਹੋਣ ਤੋਂ ਬਾਅਦ ਹੀ ਮਨੁੱਖ ਨੂੰ ਇਹ ਯਕੀਨ ਆਉਂਦਾ ਹੈ, ਸੋਝੀ ਪੈਂਦੀ ਹੈ ਕਿ ਜੋ ਕੁੱਝ ਵੀ ਅਸੀਂ ਦੇਖਦੇ ਹਾਂ, ਜਿਹੜਾ ਵੀ ਅਸੀਂ ਵੇਸ ਦੇਖਦੇ ਹਾਂ, ਜੋ ਵੀ ਮਾਇਆ ਸਰੂਪ ਦੇਖਦੇ ਹਾਂ ਉਹ ਸਭ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਇਹ ਸਾਰਾ ਮਾਇਆ ਸਰੂਪ ਉਸੇ ਦਾ ਹੀ ਬਣਾਇਆ ਹੋਇਆ ਹੈ ਤੇ ਉਹ ਆਪ ਹੀ ਇਸ ਨੂੰ ਚਲਾ ਰਿਹਾ ਹੈ। ਇਹ ਸੋਝੀ ਉਸ ਦੀ ਕਿਰਪਾ ਤੋਂ ਬਿਨ੍ਹਾਂ ਨਹੀਂ ਪੈ ਸਕਦੀ ਭਾਵ ਮਨ ਦੇ ਵਿੱਚ ਉਸਦੇ ਦਰਸ਼ਨਾਂ ਤੋਂ ਬਿਨ੍ਹਾਂ ਨਹੀਂ ਪੈ ਸਕਦੀ, ਉਸਦੇ ਆਪਣੇ ਸਮਝਾਏ ਤੋਂ ਬਿਨ੍ਹਾਂ ਨਹੀਂ ਪੈ ਸਕਦੀ। **(ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥)** ਜਦ ਤੱਕ ਮਨੁੱਖ ਤ੍ਰੈਗੁਣਾਂ ਵਾਲੀ ਮਾਇਆ ਦੀ ਜੁਗਤਿ ਵਿੱਚ ਵਰਤਦਾ ਹੈ ਤਦ ਤੱਕ ਮਨੁੱਖ ਪ੍ਰਮਾਤਮਾ ਨੂੰ ਜਾਣਨ ਬਾਰੇ ਅਗਿਆਨਤਾ ਵਿੱਚ ਹੀ ਰਹਿੰਦਾ ਹੈ। ਮਨੁੱਖ ਦੀ ਇਸ ਅਵੱਸਥਾ ਨੂੰ ਨੇਤ੍ਰਾਂ ਦਾ ਅੰਧਾਪਨ ਦੱਸਿਆ ਗਿਆ ਹੈ ਭਾਵ ਇਹ ਮਨ ਦੀ ਅਗਿਆਨਤਾ ਹੈ। ਉਹ ਪ੍ਰਮਾਤਮਾ ਨਿਰਗੁਣ ਸਰੂਪ ਹੈ ਤੇ ਉਸ ਦੇ ਦਰਸ਼ਨ ਮਨ ਹੀ ਕਰਦਾ ਹੈ ਭਾਵ ਮਨ ਦੀ ਸਮਝ ਹੀ ਕਰਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਜੋ ਸੋਝੀ ਪੈਂਦੀ ਹੈ ਜੋ ਸੋਝੀ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਉਸ ਚੌਥੇ ਪਦ ਦੇ ਗਿਆਨ ਨੂੰ ਹੀ , ਮੁਕਤਿ ਪਦਾਰਥ ਨੂੰ ਹੀ ਦਿਬਦ੍ਰਿਸ਼ਟਿ ਕਿਹਾ ਗਿਆ ਹੈ। ਜਦੋਂ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਇਹ ਅਵੱਸਥਾ ਮਨੁੱਖ ਦੀ ਦਿਬ ਦ੍ਰਿਸ਼ਟਿ ਵਾਲੀ ਅਵੱਸਥਾ ਹੈ ਜੋ ਮਨ ਦੀ ਅਵੱਸਥਾ ਭਾਵ ਸੱਚੀ ਸਮਝ ਮਨੁੱਖੀ ਸਮਝ ਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਪੂਰੀ ਤਰ੍ਹਾਂ ਕੱਢ ਲੈਂਦੀ ਹੈ ਤੇ ਮਨੁੱਖ ਨੂੰ ਇਸ ਸੰਸਾਰ ਦੀ ਅਸਲੀਅਤ ਦੀ, ਧਰਮ ਦੇ ਮਾਰਗ ਦੀ ਅਸਲੀਅਤ ਦੀ ਸੋਝੀ ਪੈ ਜਾਂਦੀ ਹੈ ਜੋ ਸੋਝੀ ਮਨ ਦੇ ਵਿੱਚ ਪਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ। **(ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥)**

7/669

ਪ੍ਰਮਾਤਮਾ ਦੀ ਸੋਝੀ ਪੈਣ ਤੋਂ ਪਹਿਲਾਂ ਅੰਧਾਪਨ ਮਨ ਦੇ ਵਿੱਚ ਹੁੰਦਾ ਹੈ ਨਾ ਕਿ ਨੇਤ੍ਰਾਂ ਦੇ ਵਿੱਚ। ਅਗਿਆਨਤਾ ਮਨ ਵਿੱਚ ਹੈ ਨਾ ਕਿ ਅੱਖਾਂ ਵਿੱਚ। ਭਾਵੇਂ ਕਿਸੇ ਵੀ ਇੰਦ੍ਰੇ ਨੂੰ ਸੰਬੋਧਨ ਕਰਕੇ ਗੱਲ ਸਮਝਾਈ ਹੋਵੇ ਭਾਵ ਭਾਵੇਂ ਰਸਨਾ ਜਾਂ ਕੰਨਾਂ ਆਦਿ ਨਾਲ

ਵੀ ਗੱਲ ਕੀਤੀ ਗਈ ਹੋਵੇ ਪਰ ਅਸਲ ਵਿੱਚ ਸੰਬੋਧਨ ਮਨ ਨੂੰ ਹੀ ਹੁੰਦਾ ਹੈ। ਇੰਦ੍ਰੇ ਉਹੀ ਕੁੱਝ ਕਰਦੇ ਹਨ ਜੋ ਮਨ ਕਹਿੰਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ''ਚਾਰਿ ਪਦਾਰਥ'' ਦੀ ਪ੍ਰਾਪਤੀ ਦੇ ਨਾਲ ਮਨੁੱਖ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ਭਾਵ ਇਹ ਜੀਵਨ ਸਫ਼ਲ ਹੋ ਜਾਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

{ਚਾਰਿ ਪਦਾਰਥ ਅਸਟ ਦਸਾ ਸਿਧਿ॥ ਨਾਮੁ ਨਿਧਾਨੁ ਸਹਜ ਸੁਖ ਨਉ ਨਿਧਿ॥
ਸਰਬ ਕਲਿਆਣ ਜੇ ਮਨ ਮਹਿ ਚਾਹਹਿ ਮਿਲਿ ਸਾਧੂ ਸੁਆਮੀ ਰਾਵਣਾ॥੪॥}

(ਅੰਗ ੧੦੮੬)

ਉਪਰਲੇ ਸ਼ਬਦ ਰਾਹੀਂ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਚਾਰ ਪਦਾਰਥ ਦੇ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਜਿੱਥੇ ਪ੍ਰਮਾਤਮਾ ਦਾ ਮੇਲ ਹੈ ਉੱਥੇ ਸਾਰੀਆਂ ਪ੍ਰਾਪਤੀਆਂ ਨਾਲ ਹੀ ਹਨ। ਇਹ ਸਭ ਮਨ ਦੀ ਸੋਝੀ ਹੈ, ਬ੍ਰਹਮ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ ਭਾਵ ਨਾਮ ਦੀ ਪ੍ਰਾਪਤੀ ਹੈ।

ਆਓ ਹੁਣ ਉਸ ਸ਼ਬਦ ਵੱਲ ਵਾਪਸ ਮੁੜੀਏ ਜਿਸ ਨੂੰ ਸਮਝਣ ਲਈ ਪਹਿਲੇ ''ਚਾਰਿ ਪਦਾਰਥ'' ਨੂੰ ਸਮਝਿਆ ਹੈ।

''ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥੨॥''

(ਅੰਗ - ੪੭੩)

''ਚਾਰਿ'' ਨਾਲ ਰਤਣਾ, ਗੁਰੂ ਦੇ ਸੱਚੇ ਗਿਆਨ ਨਾਲ ਰਤਣਾ ਹੈ ਤੇ ਤਾਂ ਹੀ ਫਿਰ ਮਨੁੱਖ ਧਰਮ ਦੇ ਸੱਚੇ ਮਾਰਗ ਦੀ ਸਮਝ ਪੈਣ ਨਾਲ ਕਿਸੇ ਵਿੱਚ ਉਚ ਨੀਚ ਦਾ ਫ਼ਰਕ ਨਹੀਂ ਕਰਦਾ, ਸਭ ਨੂੰ ਇੱਕੋ ਜਿਹਾ ਸਮਝਦਾ ਹੈ ਕਿਉਂਕਿ ਉਸ ਨੂੰ ਸਭ ਵਿੱਚ ਫਿਰ ਪ੍ਰਮਾਤਮਾ ਦਾ ਰੂਪ ਹੀ ਨਜ਼ਰ ਆਉਂਦਾ ਹੈ। ਸਾਰੀ ਬਾਣੀ ਚੌਥੇ ਪਦ ਵਿੱਚ ਹੈ, ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਕਿ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ। ਬੜੇ ਭਾਗਾਂ ਨਾਲ ਹੀ ਭਾਵ ਪ੍ਰਮਾਤਮਾ ਦੀ ਕ੍ਰਿਪਾ ਦੇ ਨਾਲ ਹੀ ਮਨੁੱਖ ਮਨ ਦੀ ਸੱਚੀ ਸਮਝ ਰਾਹੀਂ ਬਾਣੀ ਨਾਲ ਜੁੜ ਸਕਦਾ ਹੈ, ਰੱਤਿਆ ਜਾ ਸਕਦਾ ਹੈ, ਉਸਦੇ ਹੁਕਮ ਅਨੁਸਾਰ ਵਿਚਰ ਸਕਦਾ ਹੈ। ਇਹੋ ਜਿਹਾ ਮਨੁੱਖ ਹੀ ਉਸ ਪ੍ਰਮਾਤਮਾ ਦੇ ਦਰਬਾਰ ਵਿੱਚ ਮਾਣ ਪਾ ਸਕਦਾ ਹੈ।

ਆਸਾ ਦੀ ਵਾਰ ਦੇ ਉਪਰਲੇ ਸਲੋਕ ਵਿੱਚ ਅਤੇ ਇਸ ਤੋਂ ਪਹਿਲੇ ਸਲੋਕ ਵਿੱਚ ਸਾਨੂੰ ਸਮਾਜ ਵਿੱਚ ਉੱਚੇ ਨੀਵੇਂ ਦਾ ਫ਼ਰਕ, ਚੰਗੇ ਮੰਦੇ ਦਾ ਫ਼ਰਕ ਨਾ ਕਰਨ ਲਈ ਪ੍ਰੇਰਿਆ ਗਿਆ ਹੈ ਭਾਵ ਇਸ ਸਮਾਜਿਕ ਬੁਰਿਆਈ ਤੋਂ ਬਚਣ ਲਈ ਸਮਝਾਇਆ ਹੋਇਆ ਹੈ ਕਿਉਂਕਿ ਆਪਣੇ ਆਪ ਨੂੰ ਉੱਚਾ ਸਾਬਤ ਕਰਨਾ, ਦੂਸਰਿਆਂ ਨੂੰ ਨੀਵਾਂ ਕਹਿਣਾ ਜਾਂ ਨੀਵਾਂ ਸਾਬਤ ਕਰਨਾ ਇਹ ਗੁਰੂ ਦੀ ਮਤਿ ਤੋਂ ਉਲਟ ਹੈ। ਸਭ ਨੂੰ ਇੱਕੋ ਜਿਹਾ ਸਮਝਣਾ ਚਾਹੀਦਾ ਹੈ। ਇਸੇ ਗੱਲ ਨੂੰ ਪਉੜੀ ਦੇ ਰਾਹੀਂ ਹੋਰ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ।

7/670

''ਸਭੁ ਕੋ ਆਪੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥
ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥
ਮੂਰਖੈ ਨਾਲਿ ਨ ਲੁਝੀਐ॥੧੯॥''

(ਅੰਗ ੪੭੩)

ਗੱਲ ਇੱਥੇ ਵੀ ਗਹਿਰੀ ਸਮਝਾਈ ਹੋਈ ਹੈ, ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆਏ ਹਾਂ ਕਿ ਬਾਣੀ ਦਾ ਫੁਰਮਾਨ ਸਾਨੂੰ ਆਪਣੀ ਮਤਿ ਛੱਡਣ ਲਈ ਹੈ ਤੇ ਗੁਰੂ ਦੀ ਮਤਿ ਗ੍ਰਹਿਣ ਕਰਨ ਲਈ ਹੈ, ਉਸੇ ਗੱਲ ਨੂੰ ਇੱਥੇ ਕੁੱਝ ਗਹਿਰਾਈ ਨਾਲ ਸਮਝਾਇਆ ਹੋਇਆ ਹੈ ਜੋ ਕਿ ਆਖਰੀ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

''ਸਭੁ ਕੋ ਆਪੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥''

ਪਹਿਲੀ ਪੰਗਤੀ ਦੇ ਵਿੱਚ ਹੀ ਪ੍ਰਮਾਤਮਾ ਨੂੰ ਮਿਲਣ ਦਾ ਰਸਤਾ ਕੀ ਹੈ, ਉਸਨੂੰ ਜਪਣ ਦਾ ਰਸਤਾ ਕੀ ਹੈ ਇਹ ਗੱਲ ਸਪੱਸ਼ਟ ਕੀਤੀ ਹੋਈ ਹੈ। ਹਰ ਕੋਈ ਆਪਣੇ ਆਪ ਨੂੰ ਸਿਆਣਾ ਸਮਝਦਾ ਹੈ, ਆਪਣੀ ਮਤਿ ਨਾਲ ਵਿਚਰਦਾ ਹੈ, ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਗਿਆਨ ਸਮਝਦਾ ਹੈ, ਆਪਣਾ ਵੱਖਰਾ ਵਜੂਦ ਸਮਝਦਾ ਹੈ। **(ਸਭੁ ਕੋ ਆਪੇ ਆਪਣਾ)** ਜਿਸ ਮਨੁੱਖ ਵਿੱਚ ਆਪਣਾਪਨ ਨਹੀਂ ਹੈ ਭਾਵ ਹਉਮੈ ਨਹੀਂ ਹੈ ਭਾਵ ਜੋ ਆਪਣੀ ਮਤਿ ਤੇ ਨਾ ਚੱਲ ਕੇ ਗੁਰੂ ਦੀ ਮਤਿ ਤੇ ਚੱਲਦਾ ਹੈ ਉਸ ਨੂੰ ਪ੍ਰਮਾਤਮਾ ਚੁਣ ਕੇ ਵੱਖ ਕਰ ਲੈਂਦਾ ਹੈ ਭਾਵ ਇਹੋ ਜਿਹਾ ਕੋਈ ਵਿਰਲਾ ਹੀ ਹੁੰਦਾ ਹੈ ਜੋ ਆਪਣਾ ਆਪ ਛੱਡਦਾ ਹੈ, ਆਪਣੀ ਮਤਿ ਛੱਡਦਾ ਹੈ ਤੇ ਉਸ ਨੂੰ ਪ੍ਰਮਾਤਮਾ ਚੁਣਿ ਕੇ ਆਪਣੇ ਨਾਲ ਮਿਲਾਉਂਦਾ ਹੈ। **(ਜਿਸੁ ਨਾਹੀ ਸੋ ਚੁਣਿ ਕਢੀਐ)** ਭਾਵ ਪ੍ਰਮਾਤਮਾ ਨੂੰ ਮਿਲਣ ਲਈ ਇੱਕੋ ਇੱਕ ਰਸਤਾ ਆਪਣੇ ਆਪ ਦਾ ਤਿਆਗ ਕਰਨਾ ਹੈ, ਆਪਣੀ ਮਤਿ ਦਾ ਤਿਆਗ ਹੈ ਜਿਸ ਰਾਹੀਂ ਪੂਰੀ ਤਰ੍ਹਾਂ ਗੁਰੂ ਨੂੰ ਸਮਰਪਿਤ ਹੋਣਾ ਹੈ, ਉਸਦੇ ਭਾਣੇ ਅਨੁਸਾਰ ਵਿਚਰਨਾ ਹੈ।

“ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥”

ਆਪਣੀ ਆਪਣੀ ਮਤਿ ਅਨੁਸਾਰ ਚੱਲ ਕੇ ਅਸੀਂ ਗੁਰੂ ਦੀ ਮਤਿ ਤੇ ਪੂਰਾ ਨਹੀਂ ਉਤਰ ਸਕਦੇ। ਆਪਣੀ ਮਤਿ ਅਨੁਸਾਰ ਅਸੀਂ ਉਹੋ ਜਿਹੇ ਕਰਮ ਨਹੀਂ ਕਰ ਸਕਦੇ ਜਿਹੋ ਜਿਹੇ ਕਰਮ ਗੁਰੂ ਦੀ ਮਤਿ ਸਾਨੂੰ ਕਰਨ ਲਈ ਕਹਿੰਦੀ ਹੈ। ਲੇਖਾ ਸਾਡੇ ਕਰਮਾਂ ਦਾ ਹੋਣਾ ਹੈ। ਜਦ ਤੱਕ ਸਾਡੀ ਕਰਨੀ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਤਦ ਤੱਕ ਸਾਨੂੰ ਇਹ ਲੇਖਾ ਵੀ ਦੇਣਾ ਹੀ ਪੈਣਾ ਹੈ। ਕੇਵਲ ਗੁਰੂ ਦੀ ਮਤਿ ਅਨੁਸਾਰ ਕੀਤੇ ਗਏ ਸੱਚੇ ਸੁੱਚੇ ਕਰਮਾਂ ਦੁਆਰਾ ਹੀ ਸਾਡਾ ਲੇਖਾ ਸੁਹੇਲਾ ਹੋ ਸਕਦਾ ਹੈ।

{ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥}

(ਅੰਗ ੧੩੭੫)

“ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥”

7/671

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਨ ਸਾਡੀ ਹਉਮੈ ਹੈ, ਸਾਡੀ ਮੈਂ ਹੈ, ਸਾਡੀ ਸਿਆਣਪ ਹੈ, ਸਾਡੀ ਮਨਮਤਿ ਹੈ। ਪ੍ਰਮਾਤਮਾ ਨੂੰ ਮਿਲਿਆ ਵੀ ਤਾਂ ਹੀ ਜਾ ਸਕਦਾ ਹੈ ਜੇਕਰ ਅਸੀਂ ਆਪਣੀ “ਮੈਂ” ਤੋਂ ਬਾਹਰ ਨਿਕਲੀਏ, ਆਪਣੀ ਮਤਿ ਛੱਡੀਏ। ਪ੍ਰਮਾਤਮਾ ਦੀ ਭਗਤੀ ਜੋ ਕੋਈ ਵੀ ਕਰਦਾ ਹੈ, ਉਸ ਦਾ ਅਸਲ ਮਨੋਰਥ ਇਸ ਝੂਠੇ ਜੀਵਨ ਤੋਂ ਮੁਕਤੀ ਪਾਉਣਾ ਹੈ, ਆਵਾਗਉਣ ਤੋਂ ਰਹਿਤ ਹੋਣਾ ਹੈ। ਜੇਕਰ ਅਸੀਂ ਵਾਕਈ ਇਸ ਮਨੋਰਥ ਦੀ ਪੂਰਤੀ ਚਾਹੁੰਦੇ ਹਾਂ, ਇਸ ਜੱਗ ਵਿੱਚ ਨਹੀਂ ਰਹਿਣਾ ਚਾਹੁੰਦੇ **(ਜਾ ਰਹਣਾ ਨਾਹੀ ਐਤੁ ਜਗਿ)** ਫਿਰ ਅਸੀਂ ਆਪਣੀ ਹਉਮੈ ਕਿਉਂ ਨਹੀਂ ਛੱਡਦੇ, ਆਪਣੀ ਮਤਿ ਦਾ ਮਾਨ ਕਿਉਂ ਨਹੀਂ ਛੱਡਦੇ ਭਾਵ ਗੁਰੂ ਦੀ ਮਤਿ ਤੇ ਕਿਉਂ ਨਹੀਂ ਚੱਲਦੇ **(ਤਾ ਕਾਇਤੁ ਗਾਰਬਿ ਹੰਢੀਐ॥)** ਭਾਵ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਸਾਡੀ ਮੈਂ ਹੈ, ਸਾਡੀ ਮਨਮਤਿ ਹੈ, ਸਾਡੀ ਸਿਆਣਪ ਹੈ। ਜਦ ਤੱਕ ਸਾਡੀ ਸਿਆਣਪ ਸਾਡੇ ਨਾਲ ਹੈ, ਸਾਡੀ ਮਨਮਤਿ ਸਾਡੇ ਨਾਲ ਹੈ ਤਦ ਤੱਕ ਅਸੀਂ ਚੰਗੇ ਮੰਦੇ ਦਾ ਭੇਦ ਵੀ ਜਰੂਰ ਕਰਾਂਗੇ, ਆਪਣੀ ਨਾਸਮਝੀ ਵਾਲੀ ਭਗਤੀ ਦੁਆਰਾ ਆਪਣੇ ਆਪ ਨੂੰ ਉੱਚਾ ਤੇ ਦੂਸਰੇ ਨੂੰ ਨੀਵਾਂ ਸਮਝਾਂਗੇ। ਇਸ ਤੋਂ ਬਚਣ ਲਈ ਇੱਕੋ ਇੱਕ ਤਰੀਕਾ ਗੁਰੂ ਦੀ ਮਤਿ ਨੂੰ ਗ੍ਰਹਿਣ ਕਰਨਾ ਹੈ ਜੋ ਕਿ ਆਖਰੀ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

“ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥
ਮੂਰਖੈ ਨਾਲਿ ਨ ਲੁਝੀਐ॥੧੯॥”

ਇਨ੍ਹਾਂ ਪੰਗਤੀਆਂ ਨੂੰ ਬੜੇ ਹੀ ਗਹਿਰੇ ਧਿਆਨ ਨਾਲ ਸਮਝਣ ਦੀ ਲੋੜ ਹੈ। ਇੱਥੇ ਸਾਨੂੰ ਸਾਡੀ ਵਿਚਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ। ਪਹਿਲੀ ਪੰਗਤੀ ਸਾਨੂੰ ਸਮਝਾ ਰਹੀ ਹੈ ਕਿ ਅਸੀਂ ਕਿਸੇ ਨੂੰ ਮੰਦਾ ਨਹੀਂ ਆਖਣਾ, ਕਿਸੇ ਨੂੰ ਮੰਦਾ ਨਹੀਂ ਸਮਝਣਾ ਅਤੇ ਨਾਲ ਹੀ ਦੂਸਰੀ ਪੰਗਤੀ ਨੂੰ ਪੜ੍ਹ ਕੇ ਜੇਕਰ ਉਸਦੇ ਅਰਥ ਇਹ ਸਮਝੀਏ ਕਿ ਸਾਨੂੰ ਕਿਸੇ “ਮੂਰਖ” ਦੇ ਨਾਲ ਨਹੀਂ ਲੁਝਣਾ ਚਾਹੀਦਾ ਤਾਂ ਫਿਰ ਇਸ ਤੋਂ ਪਹਿਲੀ ਪੰਗਤੀ ਵਿੱਚ ਜੋ ਸਮਝਾਇਆ ਗਿਆ ਹੈ ਉਸ ਤੇ ਅਸੀਂ ਪੂਰੇ ਕਿਵੇਂ ਉਤਰ ਸਕਦੇ ਹਾਂ। ਕਿਸੇ ਨੂੰ ਮੂਰਖ ਕਹਿ ਦੇਣਾ ਜਾਂ ਸਮਝ ਲੈਣਾ ਕਿਸੇ ਨੂੰ ਮੰਦਾ ਕਹਿਣਾ ਜਾਂ ਸਮਝਣ ਦੇ ਬਰਾਬਰ ਹੀ ਹੈ। ਅਸਲ ਵਿੱਚ ਇੱਥੇ ਆਖਰੀ ਪੰਗਤੀ ਵਿੱਚ ਜੋ ਅਰਥ ਅਸੀਂ ਸਮਝਦੇ ਹਾਂ ਇੱਥੇ ਉਸ ਤੋਂ

7/672

ਉਲਟ ਸਮਝਾਇਆ ਹੋਇਆ ਹੈ। **"ਮੂਰਖੈ ਨਾਲਿ"** ਤੋਂ ਭਾਵ ਕੀ ਹੈ, ਇਸ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਇਹ ਸਾਡੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਸਾਡੇ ਨਾਲ ਕੌਣ ਹੈ, ਅਸੀਂ ਆਪਣੇ ਆਪ ਨਾਲ ਕਿਸ ਨੂੰ ਰੱਖਿਆ ਹੋਇਆ ਹੈ ਭਾਵ ਸਾਡੇ ਮਨ ਦੇ ਵਿੱਚ ਕੀ ਹੈ। ਸਾਡੇ ਨਾਲ ਸਾਡੀ ਸਿਆਣਪ ਹੈ ਜਾਂ ਸਾਡੀ ਮੂਰਖਤਾ ਹੈ। ਬਸ ਇੱਥੇ ਹੀ ਸਾਰੀ ਗੱਲ ਦਾ ਭੇਦ ਹੈ। ਜਦ ਤੱਕ ਸਾਡੇ ਮਨ ਦੇ ਵਿੱਚ ਸਾਡੇ ਨਾਲ ਸਾਡੀ ਆਪਣੀ ਸਿਆਣਪ ਹੈ, ਮਨਮਤਿ ਹੈ ਤਾਂ ਫਿਰ ਅਸੀਂ ਦੂਸਰਿਆਂ ਨੂੰ ਮੰਦਾ ਵੀ ਜਰੂਰ ਸਮਝਾਂਗੇ ਕਿਉਂਕਿ ਮਨਮਤਿ ਦੇ ਰਹਿੰਦਿਆਂ ਅਸੀਂ ਗੁਰੂ ਦੀ ਮਤਿ ਤੋਂ ਦੂਰ ਹਾਂ। ਸਿਆਣਾ ਕੇਵਲ ਗੁਰੂ ਹੈ ਜਿਸਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਹੈ ਤੇ ਗੁਰੂ ਤੋਂ ਬਿਨ੍ਹਾਂ ਹਰ ਕਿਸੇ ਦੀ ਸਮਝ ਮੂਰਖਾਂ ਵਾਲੀ ਹੈ ਭਾਵ ਤ੍ਰੈ ਗੁਣਾਂ ਵਾਲੀ ਹੈ। ਗੁਰੂ ਦੀ ਬਾਣੀ ਦਾ ਹਰ "ਅਖਰੁ" ਸਾਨੂੰ ਸਮਝਾਉਣ ਲਈ ਹੀ ਹੈ ਭਾਵ ਸਾਡੀ ਮੂਰਖਤਾ ਕੱਢਣ ਲਈ ਹੀ ਹੈ।ਗੁਰੂ ਦੇ ਅੱਖਰ ਦੀ ਸਿਆਣੀ ਮਤਿ ਨੂੰ ਸਮਝਕੇ ਆਪਣੇ ਆਪ ਨੂੰ ਮੂਰਖ ਸਮਝਣਾ ਹੀ ਗੁਰੂ ਦੀ ਮਤਿ ਨੂੰ ਅਪਣਾਉਣਾ ਹੈ, ਆਪਣੀ ਸਿਆਣਪ ਛੱਡ ਕੇ ਗੁਰੂ ਦੀ ਸਿਆਣਪ ਨੂੰ ਅਪਣਾਉਣਾ ਹੈ। ਜੇਕਰ ਸਾਡੇ ਨਾਲ ਗੁਰੂ ਦੀ ਸਿਆਣਪ ਹੈ ਭਾਵ ਜਦੋਂ ਅਸੀਂ ਆਪਣੇ ਆਪ ਨੂੰ ਮੂਰਖ ਮੰਨ ਲਿਆ ਹੈ, ਗੁਰੂ ਦੇ ਮੁਕਾਬਲੇ ਆਪਣੇ ਆਪ ਨੂੰ ਮੂਰਖ ਸਮਝ ਲਿਆ ਹੈ ਤਾਂ ਫਿਰ ਅਸੀਂ ਕਿਸੇ ਨਾਲ ਨਹੀਂ ਲੁਝਾਂਗੇ ਭਾਵ ਕਿਸੇ ਨੂੰ ਇਹ ਨਹੀਂ ਆਖਾਂਗੇ ਕਿ ਮੈਂ ਸਿਆਣਾ ਹਾਂ, ਮੈਨੂੰ ਭਗਤੀ ਦੀ, ਨਾਮ ਜਪਣ ਦੀ ਬੜੀ ਸਮਝ ਹੈ ਤੇ ਮੈਂ ਜਿੰਨ੍ਹਾਂ ਨੂੰ ਸਮਝਾਉਂਦਾ ਹਾਂ ਉਹ ਮੇਰੇ ਅੱਗੇ ਮੂਰਖ ਹਨ ਤੇ ਅਸੀਂ ਉਨ੍ਹਾਂ ਨਾਲ ਝੂਠੀ ਬਹਿਸ ਕਰਦੇ ਹਾਂ। ਸੱਚਾਈ ਇਹ ਹੈ ਕਿ ਗੁਰਮਤਿ ਸਿਆਣੀ ਹੈ, ਮਨਮਤਿ ਮੂਰਖ ਹੈ। ਜਦੋਂ ਆਪਣੀ ਮੂਰਖਤਾ ਛੱਡ ਦੇਵਾਂਗੇ, ਆਪਣੀ ਮਨਮਤਿ ਛੱਡ ਦੇਵਾਂਗੇ ਤਾਂ ਫਿਰ ਸਾਨੂੰ ਕੋਈ ਵੀ ਮੂਰਖ ਨਹੀਂ ਦਿੱਸੇਗਾ। ਜੇਕਰ ਅਸੀਂ ਆਪਣੇ ਆਪ ਨੂੰ ਮੰਦਾ ਸਮਝਾਂਗੇ ਤਾਂ ਫਿਰ ਸਾਨੂੰ ਹੋਰ ਕੋਈ ਮੰਦਾ ਨਹੀਂ ਲੱਗੇਗਾ।

{ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥੪॥੧॥੨॥}

(ਅੰਗ ੭੨੯)

{ਮੇਰੇ ਰਾਮ ਮੈ ਮੂਰਖ ਹਰਿ ਰਾਖੁ ਮੇਰੇ ਗੁਸਈਆ॥
ਜਨ ਕੀ ਉਪਮਾ ਤੁਝਹਿ ਵਡਈਆ॥੧॥ਰਹਾਉ॥}

(ਅੰਗ ੧੬੬)

{ਪੰਡਿਤੁ ਹੋਇ ਕੈ ਬੇਦੁ ਬਖਾਨੈ॥ਮੂਰਖੁ ਨਾਮਦੇਉ ਰਾਮਹਿ ਜਾਨੈ॥੨॥੧॥}

(ਅੰਗ ੭੧੮)

{ਹਮ ਮੂਰਖ ਮੁਗਧ ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ॥੧॥ਰਹਾਉ॥}

(ਅੰਗ ੩੯)

{ਬਾਬਾ ਮੂਰਖੁ ਹਾ ਨਾਵੈ ਬਲਿ ਜਾਉ॥
ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ॥੧॥ ਰਹਾਉ॥}

(ਅੰਗ ੧੦੧੫)

{ਨਾ ਕੋ ਮੂਰਖੁ ਨਾ ਕੋ ਸਿਆਣਾ ॥
ਵਰਤੈ ਸਭ ਕਿਛੁ ਤੇਰਾ ਭਾਣਾ ॥
ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥}

(ਅੰਗ ੯੮)

ਧਿਆਨ ਨਾਲ ਪੜੋ ਉਪਰਲੀਆਂ ਪੰਗਤੀਆਂ ਨੂੰ। ਭਗਤਾਂ ਤੇ ਗੁਰੂ ਸਾਹਿਬਾਨ ਨੇ ਵੀ ਆਪਣੇ ਆਪ ਨੂੰ ਉਸ ਪ੍ਰਮਾਤਮਾ ਅੱਗੇ, ਉਸ ਦੇ ਸੱਚੇ ਗਿਆਨ ਅੱਗੇ ਆਪਣੇ ਆਪ ਨੂੰ ਮੂਰਖ ਮੰਨਿਆ ਹੈ ਤੇ ਇਸੇ ਲਈ ਉਹ ਸਭ ਤੋਂ ਸਿਆਣੇ ਹਨ। ਉਹਨਾਂ ਕੋਲ ਕੇਵਲ ਗੁਰੂ ਦੀ, ਪ੍ਰਮਾਤਮਾ ਦੀ ਮਤਿ ਹੈ, ਮਨਮਤਿ ਨਹੀਂ ਹੈ। ਆਪਣੀ ਮਤਿ ਨੂੰ ਛੱਡਣਾ, ਆਪਣੀ ਸਿਆਣਪ ਛੱਡਣੀ ਤੇ ਗੁਰੂ ਦੀ ਉੱਚੀ ਮਤਿ ਨੂੰ ਮੰਨ ਕੇ ਉਸ ਦੁਆਰਾ ਵਿਚਰਨਾ ਹੀ ਸਾਰੀ ਗੁਰਬਾਣੀ ਦਾ ਸਾਰ ਹੈ ਅਤੇ ਉਹੀ ਗੱਲ ਇੱਥੇ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤੀ ਹੋਈ ਹੈ।

ਅੱਖਰ ਬਾਣੀ ਹੈ, ਗੁਰੂ ਹੈ, ਸ਼ਬਦ ਹੈ, ਆਪ ਪ੍ਰਮਾਤਮਾ ਹੈ ਭਾਵ ਉਸਦਾ ਆਪਣਾ ਦਿੱਤਾ ਹੋਇਆ ਗਿਆਨ ਹੈ। ਜੇਕਰ ਅਸੀਂ ਬਸ ਇਤਨੀ ਗੱਲ ਬੁੱਝ ਲਈਏ, ਸਮਝ ਲਈਏ ਭਾਵ ਮੰਨ ਲਈਏ ਕਿ ਜਦ ਤੱਕ ਅਸੀਂ ਆਪਣੀ ਮਤਿ ਵਿੱਚ ਹਾਂ ਤਦ ਤੱਕ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਅਸੀਂ ਮੂਰਖ ਹਾਂ ਫਿਰ ਤਾਂ ਹੀ ਅਸੀਂ ਗੁਰੂ ਦੀ ਮਤਿ ਤੇ ਚੱਲ ਸਕਦੇ ਹਾਂ। ਇਹੀ ਗੁਰੂ ਦੇ ਉੱਤੇ ਭਰੋਸਾ ਕਰਕੇ ਉਸਦੇ ਹੁਕਮ ਨੂੰ ਮੰਨ ਕੇ ਉਸ ਅਨੁਸਾਰ ਵਿਚਰਨਾ ਹੈ। ਆਪਣੇ ਆਪ ਨੂੰ ਆਪਣੀ ਮਤਿ ਦੁਆਰਾ ਸਮਝਣਾ ਤੇ ਦੂਸਰਿਆਂ ਨੂੰ ਮੂਰਖ ਸਮਝ ਕੇ ਉਨ੍ਹਾਂ ਨਾਲ ਲੁਝਣਾ ਭਗਤੀ ਦੇ ਮਾਰਗ ਦੇ ਉਲਟ ਹੈ। ਦੂਸਰਿਆਂ ਨਾਲ ਅਸੀਂ ਤਾਂ ਹੀ ਨਹੀਂ ਲੁਝਾਂਗੇ ਜੇਕਰ ਪਹਿਲੇ ਇਹ ਮੰਨਾਂਗੇ ਕਿ ਮੇਰੇ ਨਾਲ ਮੇਰੇ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਨਹੀਂ ਹੈ ਭਾਵ ਮੈਂ ਆਪ ਆਪਣੇ ਅੰਦਰ ਭਗਤੀ ਦੀ ਮਾੜੀ ਸਮਝ ਭਾਵ ਮੂਰਖਤਾ ਰੱਖੀ ਹੋਈ ਹੈ। (**ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥੧੯॥**)

7/673

ਸਾਡੀ ਸਿਆਣਪ ਨੇ ਹੀ ਸਾਨੂੰ ਗੁਰੂ ਪ੍ਰਮਾਤਮਾ ਤੋਂ ਦੂਰ ਰੱਖਿਆ ਹੋਇਆ ਹੈ। ਆਪਣੀ ਸਿਆਣਪ ਛੱਡੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਕੇਵਲ ਗੱਲਾਂ ਨਾਲ ਅਸੀਂ ਆਪਣੇ ਆਪ ਨੂੰ ਮੂਰਖ ਕਹੀ ਜਾਈਏ ਤੇ ਇਸਦਾ ਕੀ ਲਾਭ। ਪਤਾ ਤੇ ਸਾਡੀ ਕਰਨੀ ਦੁਆਰਾ ਲੱਗਦਾ ਹੈ, ਸਾਡੇ ਅਮਲੀ ਜੀਵਨ ਦੁਆਰਾ ਲੱਗਦਾ ਹੈ ਕਿ ਅਸੀਂ ਕਿਤਨਾ ਕੁ ਗੁਰੂ ਦੀ ਗੱਲ ਨੂੰ, ਗੁਰੂ ਦੀ ਸਿਆਣਪ ਨੂੰ ਮੰਨਿਆ ਹੋਇਆ ਹੈ।

{ਮਹਾ ਮੁਗਧ ਤੇ ਕੀਆ ਗਿਆਨੀ॥ ਗੁਰ ਪੂਰੇ ਕੀ ਅਕਥ ਕਹਾਨੀ॥}

(ਅੰਗ ੧੩੩੮)

ਬੜੇ ਹੀ ਧਿਆਨ ਨਾਲ ਵਿਚਾਰੋ ਇਸ ਪੰਗਤੀ ਨੂੰ। ਪ੍ਰਮਾਤਮਾ ਆਪਣਾ ਉੱਚਾ ਗਿਆਨ ਭਾਵ ਆਪਣੇ ਚੌਥੇ ਪਦ ਦਾ ਗਿਆਨ ਆਪਣੇ ਮੇਲ ਦੁਆਰਾ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਗਿਆਨ ਮਿਲਣ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਉਸ ਕੋਲੋਂ ਗਿਆਨ ਮਿਲਣ ਤੋਂ ਪਹਿਲਾਂ ਹਰ ਕੋਈ ਮਹਾ ਮੁਗਧ ਹੀ ਹੈ ਤੇ ਜਿਸਨੂੰ ਵੀ ਉਹ ਆਪਣਾ ਧਰਮ ਦਾ ਗਿਆਨੀ ਬਣਾਉਂਦਾ ਹੈ ਉਸ ਨੂੰ ਮਨ ਦੀ ਨਾਸਮਝ ਮਤਿ ਵਿੱਚੋਂ ਕੱਢ ਕੇ ਹੀ ਬਣਾਉਂਦਾ ਹੈ। ਜੋ ਖੁਦ ਆਪਣੇ ਆਪ ਨੂੰ ਹੀ ਗਿਆਨਵਾਨ ਸਮਝਦਾ ਹੈ ਸਿਆਣਾ ਸਮਝਦਾ ਹੈ ਜਾਂ ਅਖਵਾਉਂਦਾ ਹੈ ਉਹ ਪ੍ਰਮਾਤਮਾ ਦੇ ਚੌਥੇ ਪਦ ਦੇ ਗਿਆਨ ਤੋਂ ਵਾਂਝਾ ਹੀ ਹੁੰਦਾ ਹੈ। ਅਸਲ ਵਿੱਚ ਚੌਥੇ ਪਦ ਦਾ ਗਿਆਨ ਹੀ ਮਨੁੱਖ ਨੂੰ ਇਹ ਸੋਝੀ ਪਾਉਂਦਾ ਹੈ ਕਿ ਗਿਆਨੀ ਕੌਣ ਹੈ। ਉਸਦੀ ਸਮਝ ਆਏ ਬਿਨ੍ਹਾਂ ਹਰ ਕੋਈ ਭੁਲੇਖੇ ਵਿੱਚ ਹੀ ਹੈ। ਇਹ ਭੁਲੇਖਾ ਉਹ ਆਪ ਹੀ ਕੱਢ ਸਕਦਾ ਹੈ। ਭੁਲੇਖਾ ਬ੍ਰਹਮਾ ਦਾ ਵੀ ਨਹੀਂ ਸੀ ਨਿਕਲਿਆ ਜਿਸ ਨੇ ਕਿ ਆਪਣੇ ਆਪ ਨੂੰ ਚਾਰੇ ਵੇਦਾਂ ਦਾ ਦਾਤਾ ਮੰਨਿਆ ਹੈ, ਸਭ ਤੋਂ ਵੱਡਾ ਗਿਆਨੀ ਮੰਨਿਆ ਹੈ। ਭੁਲੇਖਾ ਉਸ ਦਾ ਹੀ ਨਿਕਲ ਸਕਦਾ ਹੈ ਜਿਸਨੂੰ ਗਿਆਨ ਦੇ ਸ੍ਰੋਤ ਦੀ ਸੋਝੀ ਪੈ ਜਾਵੇ, ਉਸ ਸੁਧਾਖ੍ਰਰ ਦੀ ਸੋਝੀ ਪੈ ਜਾਵੇ, ਉਸ ਇੱਕ ਅੱਖਰ ਦੀ ਸੋਝੀ ਪੈ ਜਾਵੇ ਜੋ ਹਰ ਅੱਖਰ ਦੇ ਵਿੱਚ ਸੁੱਧ ਪਾਉਣ ਵਾਲਾ ਹੈ, ਸੋਝੀ ਪਾਉਣ ਵਾਲਾ ਹੈ, ਗਿਆਨ ਦਾ ਦਾਤਾ ਹੈ, ਗਿਆਨ ਦਾ ਮਾਲਕ ਹੈ, ਗਿਆਨ ਰਾਉ ਹੈ।

ਪ੍ਰਮਾਤਮਾ ਆਪ ਨਿਰਗੁਣ ਸਰੂਪ ਹੈ, ਨਿਰੰਕਾਰ ਸਰੂਪ ਹੈ ਭਾਵ ਗਿਆਨ ਰੂਪ ਹੈ। ਇਹ ਗੱਲ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਲਿਖੇ ਸ਼ਬਦ ਦੁਆਰਾ ਵੀ ਸਾਨੂੰ ਇਹੀ ਗੱਲ ਸਪੱਸ਼ਟ ਕਰਕੇ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਗਿਆਨ ਰੂਪ ਹੈ। ਕੇਵਲ ਇੱਕ ਗਿਆਨ ਹੀ ਨਿਰੰਕਾਰ ਰੂਪ ਹੋ ਸਕਦਾ ਹੈ, ਹੋਰ ਕੋਈ ਨਹੀਂ। ਕੇਵਲ ਇੱਕ ਗਿਆਨ ਹੈ ਜੋ ਪੰਜਾਂ ਤੱਤਾਂ ਤੋਂ ਬਾਹਰ ਹੈ। ਗਿਆਨ ਪੰਜਾਂ ਤੱਤਾਂ ਦੇ ਰਚਣ ਵਾਲਾ ਹੈ, ਉਹਨਾਂ ਨੂੰ ਚਲਾਉਣ ਵਾਲਾ ਹੈ। ਜੋ ਕੁੱਝ ਵੀ ਹੁੰਦਾ ਹੈ, ਜੋ ਕੁੱਝ ਵੀ ਅੱਜ ਤੱਕ ਹੋਇਆ ਹੈ ਉਹ ਪ੍ਰਮਾਤਮਾ ਦੇ ਰਚੇ ਹੋਏ ਗਿਆਨ ਦੁਆਰਾ, ਉਸਦੀ ਰਚੀ ਹੋਈ ਸਾਇੰਸ ਦੁਆਰਾ ਹੀ ਹੋਇਆ ਹੈ ਤੇ ਉਸਦੀ ਸਾਇੰਸ ਦੇ ਗਿਆਨ ਦੁਆਰਾ ਹੀ ਹੋ ਰਿਹਾ ਹੈ

7/674

ਅਤੇ ਗਿਆਨ ਦੁਆਰਾ ਹੀ ਹੋਵੇਗਾ। ਹਰ ਇੱਕ ਚੀਜ਼ ਦਾ ਮਾਲਕ ਗਿਆਨ ਦਾ ਦਾਤਾ ਹੈ ਪਰ ਉਸਦਾ ਕੋਈ ਰੂਪ ਰੇਖ ਨਹੀਂ ਹੈ। ਉਹ ਰੂਪ ਰੇਖ ਦੇਣ ਵਾਲਾ ਹੈ, ਬਣਾਉਣ ਵਾਲਾ ਹੈ। ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਭਾਵ ਉਸਦਾ ਸਾਇੰਟਿਫਿਕ ਗਿਆਨ ਉਸਦਾ ਨਿਰੰਕਾਰ ਰੂਪ ਹੀ ਹੈ ਜੋ ਰੂਪ ਪ੍ਰਮਾਤਮਾ ਦਾ "ਨਿਰਭਉ" ਰੂਪ ਹੈ ਜਿਸਨੂੰ ਕਿਸੇ ਦਾ ਭਉ ਨਹੀਂ ਹੈ। ਉਹ ਪੂਰੀ ਤਰ੍ਹਾਂ ਆਪਣੇ ਰਚੇ ਹੋਏ ਗਿਆਨ ਦੁਆਰਾ ਹੀ ਵਿਚਰਦਾ ਹੈ।

"ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥
ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ॥
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥੨॥"

(ਅੰਗ ੪੬੪-੪੬੫)

ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਨਿਰੰਕਾਰ ਰੂਪ ਹੈ, ਨਿਰਗੁਣ ਸਰੂਪ ਹੈ ਨਾ ਕਿ ਕੋਈ ਆਕਾਰ ਰੂਪ। ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਉਸਦਾ ਨਿਰਭਉ ਰੂਪ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ, ਸੱਚੀ ਸਮਝ ਦਾ ਰੂਪ ਹੈ। ਪੂਰੇ ਸ਼ਬਦ ਵਿੱਚ ਆਕਾਰ ਅਤੇ ਨਿਰੰਕਾਰ ਰੂਪ ਵਿੱਚ ਫ਼ਰਕ ਸਮਝਾਇਆ

ਹੋਇਆ ਹੈ। **“ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥”** ਉਹ “ਨਿਰਭਉ” ਪ੍ਰਮਾਤਮਾ ਆਕਾਰ ਰਹਿਤ ਹੈ ਭਾਵ ਉਸਦਾ ਕੋਈ ਆਕਾਰ ਨਹੀਂ ਹੈ। **(ਨਾਨਕ ਨਿਰਭਉ ਨਿਰੰਕਾਰ)** ਪ੍ਰਮਾਤਮਾ ਦੇ ਨਿਰੰਕਾਰ ਰੂਪ ਤੋਂ ਬਿਨ੍ਹਾਂ ਹੋਰ ਜਿਤਨੇ ਵੀ ਆਕਾਰ ਰੂਪ **(ਹੋਰਿ ਕੇਤੇ ਰਾਮ)** ਜਿੰਨ੍ਹਾਂ ਨੂੰ ਅਸੀਂ “ਰਾਮ” ਭਾਵ ਪ੍ਰਮਾਤਮਾ ਸਮਝ ਕੇ ਪੂਜਦੇ ਹਾਂ ਉਹ ਨਿਰੰਕਾਰ ਰੂਪ ਦੇ ਆਪਣੇ ਬਣਾਏ ਹੋਏ ਆਕਾਰ ਹਨ, ਉਸਦੀ ਰਵਾਲ ਹਨ ਭਾਵ ਉਸਦੀ ਧੂੜ ਹਨ ਭਾਵ ਉਹ ਪ੍ਰਮਾਤਮਾ ਨਹੀਂ ਹੋ ਸਕਦੇ ਕਿਉਂਕਿ ਪ੍ਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ, ਕੋਈ ਆਕਾਰ ਨਹੀਂ ਹੈ। ਉਹ ਕੋਈ ਸਰਗੁਣ ਸਰੂਪ ਨਹੀਂ ਹੈ, ਉਹ ਕੇਵਲ “ਨਿਰੰਕਾਰ” ਸਰੂਪ ਹੈ। ਉਸਦਾ ਨਿਰੰਕਾਰ ਸਰੂਪ ਕੀ ਹੈ, ਇਹ ਸ਼ਬਦ ਦੀਆਂ ਆਖਰੀ ਪੰਗਤੀਆਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਅਗਲੀਆਂ ਪੰਗਤੀਆਂ ਵਿੱਚ ਜੋ ਕੋਈ ਅਸੀਂ ਆਕਾਰ ਰੂਪ ਦੀ ਪੂਜਾ ਕਰਦੇ ਹਾਂ, ਜਿੰਨ੍ਹਾਂ ਆਕਾਰ ਰੂਪਾਂ ਨੂੰ ਅਸੀਂ ਪ੍ਰਮਾਤਮਾ ਸਮਝਦੇ ਹਾਂ, ਉਨ੍ਹਾਂ ਬਾਰੇ ਚਾਨਣਾ ਪਾਇਆ ਹੋਇਆ ਹੈ। ਆਕਾਰ ਰੂਪ ਪ੍ਰਮਾਤਮਾ ਦੇ ਭਾਵ ਜਿੰਨ੍ਹਾਂ ਆਕਾਰ ਰੂਪਾਂ ਨੂੰ ਅਸੀਂ ਪ੍ਰਮਾਤਮਾ ਸਮਝਦੇ ਹਾਂ ਅਸੀਂ ਉਨ੍ਹਾਂ ਦੇ ਹੀ ਗੁਣ ਗਾਉਂਦੇ ਹਾਂ। ਅਨੇਕਾਂ ਹੀ ਮਨੁੱਖ ਆਕਾਰ ਰੂਪ “ਕ੍ਰਿਸ਼ਨ” ਨੂੰ ਭਗਵਾਨ ਸਮਝ ਕੇ ਉਸ ਦੀ ਪੂਜਾ ਕਰਦੇ ਹਨ। ਅਨੇਕਾਂ ਹੀ ਵੇਦਾਂ ਨੂੰ ਮੰਨਦੇ ਹਨ ਤੇ ਇਹ ਸਮਝਦੇ ਹਨ ਕਿ ਜਿਸ ਆਕਾਰ ਰੂਪ ਸਰੀਰ ਨੇ ਇਹ ਵੇਦ ਲਿਖੇ ਹਨ ਉਹ ਆਪ ਪ੍ਰਮਾਤਮਾ ਹੈ ਭਾਵ ਆਕਾਰ ਰੂਪ ਬ੍ਰਹਮਾ ਨੂੰ ਹੀ ਪ੍ਰਮਾਤਮਾ ਮੰਨਦੇ ਹਨ। ਅਨੇਕਾਂ ਹੀ ਉਨ੍ਹਾਂ ਦੀਆਂ ਮੂਰਤੀਆਂ ਅੱਗੇ

7/675

ਨੱਚਣ ਕੁੱਦਣ ਦੁਆਰਾ, ਰਾਸ ਲੀਲਾ ਕਰਨ ਦੁਆਰਾ ਉਨ੍ਹਾਂ ਨੂੰ ਖੁਸ਼ ਕਰਕੇ ਭਾਵ ਉਨ੍ਹਾਂ ਦੀ ਪੂਜਾ ਸਮਝ ਕੇ ਦਾਤਾਂ ਮੰਗਦੇ ਹਨ। (**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥ ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥ ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥**) ਆਕਾਰ ਰੂਪ ਪ੍ਰਮਾਤਮਾ ਦੀ ਪੂਜਾ ਮੂਰਤੀਆਂ ਦੇ ਰੂਪ ਵਿੱਚ ਕੀਤੀ ਜਾਂਦੀ ਹੈ ਭਾਵ ਮੂਰਤੀਆਂ ਦੀ ਪੂਜਾ ਨੂੰ ਹੀ, ਆਕਾਰ ਰੂਪ ਦੀ ਪੂਜਾ ਨੂੰ ਹੀ ਪ੍ਰਮਾਤਮਾ ਦੀ ਪੂਜਾ ਮੰਨਿਆ ਜਾਂਦਾ ਹੈ। ਮੂਰਤੀਆਂ ਇੱਕ ਬਾਜ਼ਾਰੀ ਵਸਤੂ ਹਨ ਜਿੰਨ੍ਹਾਂ ਨੂੰ ਆਪ ਬਣਾਇਆ ਜਾਂਦਾ ਹੈ ਤੇ ਬਾਜ਼ਾਰ ਦੇ ਵਿੱਚ ਵਿਕਦੀਆਂ ਹਨ। ਇਸ ਵਿਕਣ ਵਾਲੀ ਵਸਤੂ ਨੂੰ ਭਾਵ ਆਕਾਰ ਰੂਪ ਨੂੰ ਪ੍ਰਮਾਤਮਾ ਮੰਨਿਆ ਜਾਂਦਾ ਹੈ। ਇਹਨਾਂ ਮੂਰਤੀਆਂ ਦੀ ਹੀ ਬਾਜ਼ਾਰ ਵਿੱਚ ਸ਼ੋਭਾ ਯਾਤਰਾ ਕੱਢੀ ਜਾਂਦੀ ਹੈ।ਜਿਸ ਮੂਰਤੀ ਰੂਪ ਪ੍ਰਮਾਤਮਾ ਦੀ ਸ਼ੋਭਾ ਕਰਨ ਲਈ ਬਾਜ਼ਾਰਾਂ ਵਿੱਚ ਲਿਆਇਆ ਜਾਂਦਾ ਹੈ, ਬਾਜ਼ਾਰਾਂ ਦੇ ਵਿੱਚੋਂ ਸ਼ੋਭਾ ਯਾਤਰਾ ਦੇ ਰੂਪ ਵਿੱਚ ਕੱਢਿਆ ਜਾਂਦਾ ਹੈ, ਉਹ ਮੂਰਤੀ ਰੂਪ ਪ੍ਰਮਾਤਮਾ ਤਾਂ ਪਹਿਲੇ ਹੀ ਬਾਜ਼ਾਰ ਦੇ ਵਿੱਚ ਪਿਆ ਹੁੰਦਾ ਹੈ ਜਿੱਥੋਂ ਉਸਨੂੰ ਖਰੀਦਿਆ ਹੁੰਦਾ ਹੈ। **(ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥**) ਭਾਵ ਜਿਹੜੀ ਚੀਜ਼ ਪਹਿਲਾਂ ਹੀ ਬਾਜ਼ਾਰ ਵਿੱਚ ਪਈ ਹੋਈ ਹੈ, ਉੱਥੇ ਪਈ ਦੀ ਉਸਦੀ ਸ਼ੋਭਾ ਨਹੀਂ ਸਮਝੀ ਜਾਂਦੀ ਭਾਵ ਉੱਥੇ ਪਈ ਹੋਈ ਮੂਰਤ ਨੂੰ ਤਾਂ ਕੋਈ ਪ੍ਰਮਾਤਮਾ ਨਹੀਂ ਮੰਨਦਾ ਤੇ ਬਾਅਦ ਵਿੱਚ ਉਸ ਮੂਰਤ ਵਿੱਚ ਕਿਹੜੀ ਇਹੋ ਜਿਹੀ ਗੱਲ ਆ ਗਈ, ਸ਼ਕਤੀ ਆ ਗਈ, ਉਸ ਵਿੱਚ ਗਿਆਨ ਆ ਗਿਆ ਜਿਸ ਕਰਕੇ ਉਸਨੂੰ ਪ੍ਰਮਾਤਮਾ ਦਾ ਰੂਪ ਮੰਨ ਲਿਆ ਗਿਆ। ਮੂਰਤੀ ਨੇ ਤਾਂ ਉਹੀ ਕੁੱਝ ਰਹਿਣਾ ਹੈ ਭਾਵੇਂ ਉਹ ਬਜ਼ਾਰਾਂ ਵਿੱਚ ਪਈ ਹੋਈ ਹੈ ਜਾਂ ਕਿਸੇ ਹੋਰ ਜਗ੍ਹਾ ਪਈ ਹੋਈ ਹੈ ਭਾਵ “ਆਕਾਰ” ਰੂਪ ਪ੍ਰਮਾਤਮਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਰਾਜੇ ਰਾਣੀਆਂ ਆਦਿ ਵੀ ਇਨ੍ਹਾਂ ਮੂਰਤੀਆਂ ਆਦਿ ਦੀ ਪੂਜਾ ਕਰਕੇ ਉਹਨਾਂ ਕੋਲੋਂ ਸ਼ਕਤੀਆਂ ਆਦਿ ਮੰਗਦੇ ਹਨ ਪਰ ਉਨ੍ਹਾਂ ਦਾ ਮੂਰਤੀਆਂ ਅੱਗੇ ਇਹੋ ਜਿਹਾ ਬੋਲਣਾ, ਇਹੋ ਜਿਹਾ ਮੰਗਣਾ, ਇਹੋ ਜਿਹੀ ਪੂਜਾ ਕਰਨਾ ਇੱਕ ਫਜ਼ੂਲ ਦਾ ਬੋਲਣਾ ਹੈ ਭਾਵ ਇੱਕ ਆਕਾਰ ਰੂਪ ਇਹੋ ਜਿਹੀਆ ਸ਼ਕਤੀਆਂ ਦਾ ਮਾਲਕ ਨਹੀਂ ਹੋ ਸਕਦਾ। ਆਕਾਰ ਰੂਪ ਖੁਦ ਨਿਰੰਕਾਰ ਰੂਪ ਦਾ ਮੁਹਤਾਜ ਹੈ ਜੋ ਆਕਾਰ ਰੂਪ ਨੂੰ ਚਲਾਉਂਦਾ ਹੈ। ਆਕਾਰ ਰੂਪ ਦੇ ਆਪਣੇ ਹੱਥ ਵੱਸ ਕੁੱਝ ਨਹੀਂ ਹੁੰਦਾ। ਪ੍ਰਮਾਤਮਾ ਨੂੰ ਮੂਰਤੀ ਰੂਪ ਮੰਨ ਕੇ ਉਸ ਦੇ ਉੱਤੇ ਕੀਮਤੀ ਗਹਿਣੇ ਪਾਏ ਜਾਂਦੇ ਹਨ ਉਸਨੂੰ ਸਜਾਇਆ ਜਾਂਦਾ ਹੈ ਤੇ ਇਸ ਨੂੰ ਪ੍ਰਮਾਤਮਾ ਦੀ ਪੂਜਾ ਮੰਨਿਆ ਜਾਂਦਾ ਹੈ। ਪਰ ਜਿਸ ਆਕਾਰ ਰੂਪ ਤੇ ਇਹ ਗਹਿਣੇ ਪਾਏ ਜਾਂਦੇ ਹਨ ਉਹ ਖੁਦ ਬਿਨਸਨਹਾਰ

7/676

ਹੈ ਭਾਵ ਜੋ ਆਕਾਰ ਰੂਪ ਖੁਦ ਬਿਨਸਨਹਾਰ ਹੈ ਉਹ ਪ੍ਰਮਾਤਮਾ ਕਿਵੇਂ ਹੋ ਸਕਦਾ ਹੈ। ਪ੍ਰਮਾਤਮਾ ਤਾਂ ਕਦੇ ਬਿਨਸ ਸਕਦਾ ਹੀ ਨਹੀਂ। **(ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥ ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ॥)** ਆਓ ਹੁਣ ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਵਿਚਾਰੀਏ ਜਿੱਥੇ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕੋਈ ਆਕਾਰ ਰੂਪ ਵਸਤੂ ਨਹੀਂ ਹੈ ਬਲਕਿ ਉਹ ਨਿਰੰਕਾਰ ਰੂਪ ਹੈ। ਉਸਦਾ ਨਿਰੰਕਾਰ ਰੂਪ ਕੀ ਹੈ, ਇਹ ਵੀ ਸਪੱਸ਼ਟ ਕੀਤਾ

ਹੋਇਆ ਹੈ।

“ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥”

ਹੁਣ ਧਿਆਨ ਨਾਲ ਵਿਚਾਰੋ ਕਿ ਹਰ ਕੋਈ ਕਿਸ ਨੂੰ ਲੱਭ ਰਿਹਾ ਹੈ, ਕਿਸ ਨੂੰ ਖੋਜ ਰਿਹਾ ਹੈ ਭਾਵ ਸਾਡੀ ਭਗਤੀ ਦਾ ਮਕਸਦ ਕੀ ਹੈ, ਸਾਡੇ ਜੀਵਨ ਦਾ ਮਕਸਦ ਕੀ ਹੈ ਭਾਵ ਹਰ ਕੋਈ ਪ੍ਰਮਾਤਮਾ ਨੂੰ ਹੀ ਖੋਜ ਰਿਹਾ ਹੈ, ਹਰ ਕੋਈ ਪ੍ਰਮਾਤਮਾ ਨੂੰ ਹੀ ਜਾਣਨਾ ਚਾਹੁੰਦਾ ਹੈ, ਹਰ ਕੋਈ “ਨਿਰੰਕਾਰ” ਨੂੰ ਹੀ ਖੋਜਣਾ ਚਾਹੁੰਦਾ ਹੈ, ਉਸਨੂੰ ਪਾਉਣਾ ਚਾਹੁੰਦਾ ਹੈ। “ਨਿਰੰਕਾਰ” ਕੀ ਹੈ, ਉਸਨੂੰ ਇੱਥੇ “ਗਿਆਨੁ” ਕਹਿ ਕੇ ਸਮਝਾਇਆ ਹੈ ਭਾਵ “ਗਿਆਨੁ” ਨੂੰ ਹੀ “ਨਿਰੰਕਾਰ” ਕਿਹਾ ਹੈ। ਹਰ ਕੋਈ ਉਸ “ਗਿਆਨੁ” ਰੂਪ ਪ੍ਰਮਾਤਮਾ ਨੂੰ ਹੀ ਖੋਜ ਰਿਹਾ ਹੈ ਜੋ ਸਭ ਦੇ ਅੰਦਰ ਗਿਆਨ ਰੂਪ ਵਿੱਚ ਹੀ ਵਰਤ ਰਿਹਾ ਹੈ ਜੋ ਕਿ ਉਸਦਾ ਸਭ ਦੇ ਅੰਦਰ ਆਪਣਾ ਜੋਤਿ ਰੂਪ ਹੈ ਜਿਸ ਜੋਤਿ ਰਾਹੀਂ ਮਨ ਦੇ ਵਿੱਚੋਂ ਮਨੁੱਖ ਨੂੰ ਸਾਰਾ ਗਿਆਨ ਮਿਲਦਾ ਹੈ। ਇਸੇ ਲਈ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ ਤੇ ਉਸਦੇ ਦਰਸ਼ਨ ਵੀ ਮਨ ਦੇ ਵਿੱਚ ਹੀ ਹੁੰਦੇ ਹਨ। “ਮਨੁ” ਗਿਆਨ ਸਰੂਪ ਹੈ ਤੇ ਮਨ ਦੇ ਵਿੱਚੋਂ ਉਸਦੇ ਦਰਸ਼ਨ ਵੀ ਗਿਆਨ ਸਰੂਪ ਹੀ ਹੁੰਦੇ ਹਨ। ਉਸਦੇ ਦਰਸ਼ਨਾਂ ਦੇ ਨਾਲ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਅਸੀਂ ਪ੍ਰਮਾਤਮਾ ਨੂੰ ਪ੍ਰਮਾਤਮਾ ਦੀਆਂ ਗੱਲਾਂ ਕਰਨ ਦੁਆਰਾ ਪਾਉਣਾ ਚਾਹੁੰਦੇ ਹਾਂ, ਗੱਲਾਂ ਨਾਲ ਉਸਦਾ ਜਪ ਤਪ ਕਰਦੇ ਹਾਂ ਪਰ ਕੇਵਲ ਗੱਲਾਂ ਕਰਨ ਨਾਲ ਸਾਨੂੰ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। **(ਗਿਆਨੁ ਨ ਗਲੀਈ ਢੂਢੀਐ)** “ਗਿਆਨੁ” ਦੀ ਪ੍ਰਾਪਤੀ ਗੁਰੂ ਦੇ ਦੱਸੇ ਹੋਏ ਗਿਆਨ ਨੂੰ ਮਨ ਵਿੱਚ ਵਸਾ ਕੇ ਉਸ ਤੇ ਅਮਲ ਕਰਨ ਨਾਲ ਹੀ ਹੋ ਸਕਦੀ ਹੈ ਤੇ ਕੇਵਲ ਕਥਨੀ ਨਾਲ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸੇ ਤਰ੍ਹਾਂ ਅਸੀਂ ਪ੍ਰਮਾਤਮਾ ਨੂੰ ਕੋਈ ਆਕਾਰ ਰੂਪ ਸਮਝ ਕੇ ਉਸਨੂੰ ਉਸਦੇ ਕਿਸੇ ਟਿਕਾਣੇ ਤੇ ਢੂੰਢਦੇ ਹਾਂ। ਕੋਈ ਉਸਨੂੰ ਜੰਗਲਾਂ ਵਿੱਚ ਢੂੰਢਦਾ ਹੈ, ਕੋਈ ਉਸਨੂੰ ਆਕਾਸ਼ ਪਾਤਾਲ ਵਿੱਚੋਂ ਢੂੰਢਦਾ ਹੈ, ਕੋਈ ਕਿਸੇ ਖੰਡ ਬ੍ਰਹਿਮੰਡ

ਵਿੱਚ ਉਸਦਾ ਹੋਣਾ ਸਮਝਦਾ ਹੈ। ਕੀ ਗਿਆਨ ਨੂੰ ਕਿਤੋਂ ਢੂੰਢਿਆ ਜਾ ਸਕਦਾ ਹੈ, ਕੀ ਗਿਆਨ ਕਿਸੇ ਆਕਾਰ ਰੂਪ ਵਿੱਚ ਹੋ ਸਕਦਾ ਹੈ? ਭਾਵ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਢੂੰਢਣਾਂ ਜਾਂ ਸਮਝਣਾ ਕੇਵਲ ਸਾਡੀ ਇੱਕ ਅਗਿਆਨਤਾ ਹੈ। **(ਗਿਆਨੁ ਨ ਗਲੀਈ ਢੂਢੀਐ)** ਇਹ ਗੱਲ ਭਾਵ ਇਹ “ਕਥਨਾ” ਕਿ ਪ੍ਰਮਾਤਮਾ ਕੇਵਲ ਗਿਆਨ ਰੂਪ ਹੈ ਤੇ ਉਸਨੂੰ ਗੱਲਾਂ ਦੇ ਦੁਆਰਾ ਨਹੀਂ ਪਾਇਆ ਜਾ ਸਕਦਾ, ਕਿਸੇ ਆਕਾਰ ਰੂਪ ਵਿੱਚ ਨਹੀਂ ਢੂੰਢਿਆ ਜਾ ਸਕਦਾ, ਪਾਇਆ ਜਾ ਸਕਦਾ, ਇਹ ਗੱਲ ਲੋਹੇ ਵਰਗੀ ਕਰੜੀ ਹੈ, ਪੱਕੀ ਹੈ। **(ਕਥਨਾ ਕਰੜਾ ਸਾਰੁ॥)** ਭਾਵ ਸਾਨੂੰ ਇਹ ਗੱਲ ਬੜੀ ਦ੍ਰਿੜ ਕਰਕੇ ਸਮਝਾਈ ਹੈ, ਠੋਕ ਕੇ ਸਮਝਾਈ ਹੈ ਕਿ ਪ੍ਰਮਾਤਮਾ “ਨਿਰਗੁਣ ਸਰੂਪ” ਹੈ, “ਨਿਰੰਕਾਰ ਸਰੂਪ” ਹੈ, “ਗਿਆਨ ਸਰੂਪ” ਹੈ। ਉਸ ਗਿਆਨ ਸਰੂਪ ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਉਸਦੀ ਆਪਣੀ ਬਖਸ਼ਿਸ਼ ਦੁਆਰਾ ਪਾਇਆ ਜਾ ਸਕਦਾ ਹੈ, ਉਸਦੀ ਆਪਣੀ ਰਜ਼ਾ ਦੁਆਰਾ ਪਾਇਆ ਜਾ ਸਕਦਾ ਹੈ ਤੇ ਉਸਨੂੰ ਪਾਉਣ ਲਈ ਅਸੀਂ ਹੋਰ ਜੋ ਵੀ ਤਰੀਕੇ ਅਪਣਾ ਰਹੇ ਹਾਂ ਭਾਵ ਅਨੇਕਾਂ ਤਰੀਕੇ ਦੇ ਜਪ ਤਪ ਕਰ ਰਹੇ ਹਾਂ, ਇਹ ਪ੍ਰਮਾਤਮਾ ਸਾਡੇ ਕੋਲੋਂ ਕੇਵਲ ਚਤੁਰਾਈਆਂ ਹੀ ਕਰਵਾ ਰਿਹਾ ਹੈ, ਸਾਨੂੰ ਆਪਣੇ ਹੁਕਮ ਦੁਆਰਾ ਕੇਵਲ ਖੁਆਰ ਕਰ ਰਿਹਾ ਹੈ ਭਾਵ ਸਾਨੂੰ ਉਸਨੇ ਆਪ ਹੀ ਆਪਣੇ ਨਾਲ ਮੇਲ ਕਰਨ ਤੋਂ ਦੂਰ ਰੱਖਿਆ ਹੋਇਆ ਹੈ। **(ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥੨॥)** ਇਹ ਬਾਣੀ ਦਾ ਆਪਣਾ ਫੁਰਮਾਨ ਹੈ ਕਿ ਸਾਡੇ ਸਾਰੇ ਸਰੀਰਕ ਜਪ ਤਪ ਸਾਡੀਆਂ ਚਤੁਰਾਈਆਂ ਹਨ, ਸਾਡੀ ਖੁਆਰੀ ਹੀ ਹੋ ਰਹੀ ਹੈ ਤੇ ਇਹ ਖੁਆਰੀ ਉਸਦੇ ਹੁਕਮ ਨਾਲ ਹੀ ਹੋ ਰਹੀ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਸਾਨੂੰ ਭੁਲਾ ਕੇ, ਉਲਝਾ ਕੇ, ਵਿਅਰਥ ਦੇ ਜਪਾਂ ਤਪਾਂ ਵਿੱਚ ਪਾਇਆ ਹੋਇਆ ਹੈ। **(ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥)**

ਉਸਦੀ ਬਖਸ਼ਿਸ਼ ਕਿਵੇਂ ਹੁੰਦੀ ਹੈ, ਉਹ ਆਪਣੇ ਦਰਸ਼ਨ ਕਿਵੇਂ ਕਰਵਾਉਂਦਾ ਹੈ ਇਹ ਨਾਲ ਹੀ ਅੱਗੇ ਸ਼ਬਦ ਦੀ ਪਉੜੀ ਵਿੱਚ ਸਮਝਾਇਆ ਹੋਇਆ ਹੈ।

ਪਉੜੀ॥

“ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ॥
ਜਿਨਿ ਸਚੋ ਸਚੁ ਬੁਝਾਇਆ॥੪॥"

(ਅੰਗ ੪੬੫)

ਪਹਿਲੀਆਂ ਪੰਗਤੀਆਂ ਵਿੱਚ ਹੀ ਸਪੱਸ਼ਟ ਹੈ ਕਿ ਉਸ ਪ੍ਰਮਾਤਮਾ ਨੂੰ, ''ਸਤਿਗੁਰੂ'' ਨੂੰ ਉਸਦੀ ਆਪਣੀ ਕਿਰਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ। **"ਨਦਰੀ"** ਤੋਂ ਭਾਵ ਹੈ ਨਦਰ ਕਰਨ ਦੁਆਰਾ, ਬਖਸ਼ਿਸ ਕਰਨ ਦੁਆਰਾ। ਬਖਸ਼ਿਸ਼ ਕਰਨ ਵਾਲਾ ਕੇਵਲ ਆਪ ਪ੍ਰਮਾਤਮਾ ਹੈ ਜੋ ਕਿ ਆਪ ਹੀ ''ਸਤਿਗੁਰੁ'' ਹੈ।

7/678

{ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ॥}

(ਅੰਗ ੪੧)

ਅਕਾਲ ਪੁਰਖ ਨੇ ਮਨੁੱਖ ਦੇ ਉੱਤੇ ਜੋ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਦਾ ਹੈ ਅਗਲੀ ਪੰਗਤੀ ਰਾਹੀਂ ਉਸ ਦੀ ਉਹ ਕ੍ਰਿਪਾ ਹੀ ਸਮਝਾਈ ਹੋਈ ਹੈ।

"ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥"

ਮਨੁੱਖ ਅਨੇਕਾਂ ਜਨਮਾਂ ਤੋਂ ਪ੍ਰਮਾਤਮਾ ਨੂੰ ਸਮਝਣ ਲਈ, ਉਸਦੀ ਅਸਲੀਅਤ ਜਾਣਨ ਲਈ ਭਟਕ ਰਹੇ ਹਨ ਜੋ ਜਨਮ ਮਨੁੱਖ ਦੇ ਵਾਰ-ਵਾਰ ਮਨ ਦੇ ਵਿੱਚ ਹੀ ਹੁੰਦੇ ਹਨ ਭਾਵ ਮਨ ਦੇ ਭਰਮ ਵਾਲੇ ਵਿਚਾਰਾਂ ਦੁਆਰਾ ਹੀ ਹੁੰਦੇ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਨਾਸਮਝੀ ਕਰਕੇ ਹੀ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝ ਕੇ ਉਸਦੀ ਪੂਜਾ ਵਿੱਚ ਹੀ ਲੱਗੇ ਹੋਏ ਹਨ। ਮਨੁੱਖਤਾਂ ਨੂੰ ਇਸ ਭਰਮ ਵਿੱਚੋਂ ਕੱਢਣ ਲਈ ਪ੍ਰਮਾਤਮਾ ਨੇ ਆਪਣੇ ਆਪ ਨੂੰ ''ਸਤਿਗੁਰੁ'' ਦੇ ਰੂਪ ਵਿੱਚ ਭਾਵ ਗੁਰਬਾਣੀ ਦੇ ਰੂਪ ਵਿੱਚ, ਸ਼ਬਦ ਰੂਪ ਵਿੱਚ, ਗਿਆਨ ਰੂਪ ਵਿੱਚ ਪ੍ਰਗਟ ਕੀਤਾ ਹੈ ਤੇ ਆਪਣੇ ਆਪ ਦੀ ਸੋਝੀ ਪਾਈ ਹੈ ਕਿ ਪ੍ਰਮਾਤਮਾ ਦੀ ਅਸਲੀਅਤ ਕੀ ਹੈ। ਪ੍ਰਮਾਤਮਾ ਨੇ ਆਪਣੇ ਆਪ ਨੂੰ ''ਸ਼ਬਦ ਰੂਪ'' ਗੁਰੂ ਸਮਝਾ ਕੇ ''ਗੁਰਬਾਣੀ'' ਰਾਹੀਂ ਪ੍ਰਗਟ ਕੀਤਾ ਹੈ, ਸ਼ਬਦ ਦੀ ਸੋਝੀ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ, ਸ਼ਬਦ ਦੇ ਅੰਦਰ ਦਾ ''ਗਿਆਨ ਰੂਪ'' ਕਹਿ ਕੇ ਪ੍ਰਗਟ ਕੀਤਾ ਹੈ। **(ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥)** (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥** ਅੰਗ - ੧੨੦) ਨਾਲ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਹੈ ਕਿ ਗੁਰਬਾਣੀ ਵਰਗਾ ਸੋਝੀ ਪਾਉਣ ਵਾਲਾ, ਪ੍ਰਮਾਤਮਾ ਦੀ ਦਾਤ ਦਿਵਾਉਣ ਵਾਲਾ, ਉਸਦੇ ਨਾਲ ਮੇਲ ਕਰਵਾਉਣ ਵਾਲਾ ਹੋਰ ਕੋਈ ਨਹੀਂ ਹੈ ਭਾਵ ਉਸ ਦੀ ਬਰਾਬਰੀ ਹੋਰ ਕੋਈ ਨਹੀਂ ਕਰ ਸਕਦਾ ਜੋ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਸਮਝਾ ਸਕੇ। ਇਹ ਗੁਰਬਾਣੀ ਸਾਰੀ ਦੁਨੀਆਂ ਲਈ ਪ੍ਰਮਾਤਮਾ ਨੂੰ ਜਾਣਨ ਦਾ ਮਾਰਗ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥)** ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਪਹਿਲਾਂ ਸਾਨੂੰ ਉਸਦੀ ਰਚੀ ਹੋਈ ਬਾਣੀ ਦੇ ਨਾਲ ਮਿਲਣਾ ਪਵੇਗਾ, ਬਾਣੀ ਦੇ ਗਿਆਨ ਨੂੰ ਮਨ ਦੇ ਵਿੱਚ ਵਸਾਉਣਾ ਪਵੇਗਾ, ਆਪਣੇ ਮਨ ਨੂੰ ਸੱਚ ਦੇ ਨਾਲ ਜੋੜਨਾ ਪਵੇਗਾ, ਗੁਰੂ ਦੀ ਮਤਿ ਦੇ ਨਾਲ ਜੁੜਨਾ ਪਵੇਗਾ, ਨਾਮ ਅਨੁਸਾਰ ਵਿਚਰਨਾ ਪਵੇਗਾ। ਗੁਰਬਾਣੀ ਦੇ ਨਾਲ ਮੇਲ ਕਰਨ ਦੁਆਰਾ ਹੀ ਉਸ ਪ੍ਰਮਾਤਮਾ ਦੇ ਨਾਲ, ਸੱਚ ਦੇ ਨਾਲ ਮੇਲ ਹੁੰਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ। ਅਸੀਂ ਕੇਵਲ ਗੁਰਬਾਣੀ ਦੇ ਦੱਸੇ ਹੋਏ ਸੱਚ ਦੇ ਨਾਲ, ਗੁਰਮਤਿ ਦੇ ਨਾਲ ਮੇਲ ਕਰਨ ਦਾ ਉੱਦਮ ਹੀ ਕਰਨਾ ਹੈ ਤੇ ਆਪਣੇ ਨਾਲ ਮੇਲ ਦੀ ਬਖਸ਼ਿਸ਼ ਫਿਰ ਉਹ ਆਪ ਹੀ ਕਰਦਾ ਹੈ। **(ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ॥)** ਸਾਰੀ ਗੱਲ ਆਪਾ ਗਵਾਉਣ ਦੀ ਹੈ ਭਾਵ ਆਪਣੀ ਮਤਿ ਛੱਡਣ ਦੀ ਹੈ ਤੇ ਗੁਰੂ ਦੀ ਮਤਿ ਨੂੰ ਅਪਣਾਉਣ ਦੀ ਹੈ। ਜੋ ਮਨੁੱਖ ਇਹੋ ਜਿਹੇ ਮਾਰਗ ਤੇ ਚੱਲਦਾ

7/679

ਹੈ ਭਾਵ ਜਿੰਨ੍ਹਾਂ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਉਨ੍ਹਾਂ ਨੂੰ ਆਪਣੇ ਮਾਰਗ ਤੇ ਚੱਲਣ ਦੀ ਸੋਝੀ ਪਾਉਂਦਾ ਹੈ, ਉਨ੍ਹਾਂ ਨੂੰ

ਪ੍ਰਮਾਤਮਾ ਆਪ ਹੀ ਆਪਣਾ ਆਪ ਬੁਝਾਉਂਦਾ ਹੈ, ਸੱਚ ਬੁਝਾਉਂਦਾ ਹੈ, ਆਪਣੇ ਆਪ ਦੀ ਸੋਝੀ ਪਾਉਂਦਾ ਹੈ। **(ਜਿਨਿ ਸਚੋ ਸਚੁ ਬੁਝਾਇਆ॥)** ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਨੂੰ ਜਾਣਨਾ ਸਾਡੇ ਮਨ ਦੀ ਸੋਝੀ ਹੈ ਕਿਉਂਕਿ ਉਹ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਆਪ ਹੀ ਹੈ ਜੋ ਕਿ ਸਾਡੇ ਅੰਦਰ ਗਿਆਨ ਰੂਪ ਵਿੱਚ, ਸ਼ਬਦ ਰੂਪ ਵਿੱਚ, ਅੱਖਰ ਰੂਪ ਵਿੱਚ ਵਰਤ ਰਿਹਾ ਹੈ। ਉਹ ਆਪਣੇ ਆਪ ਨੂੰ ਮਨ ਦੇ ਅੰਦਰ ਆਪ ਹੀ ਪ੍ਰਗਟ ਕਰਦਾ ਹੈ। ਉਸ "ਗਿਆਨੁ ਰੂਪ" ਪ੍ਰਮਾਤਮਾ ਦੀ ਸੋਝੀ ਮਨੁੱਖ ਨੂੰ ਗਿਆਨ ਰੂਪ ਵਿੱਚ ਹੀ ਪੈਂਦੀ ਹੈ ਅਤੇ ਤਾਂ ਹੀ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਕੋਈ ਆਕਾਰ ਰੂਪ ਨਹੀਂ ਹੈ, ਕੋਈ ਦੇਹ ਰੂਪ ਨਹੀਂ ਹੈ ਬਲਕਿ "ਸ਼ਬਦ ਰੂਪ" ਹੈ, ਗਿਆਨ ਰੂਪ ਹੈ ਜੋ ਕਿ ਹਰ ਆਕਾਰ ਨੂੰ ਜਨਮ ਦੇਣ ਵਾਲਾ ਹੈ, ਬਣਾਉਣ ਵਾਲਾ ਹੈ ਤੇ ਉਸਨੂੰ ਆਪਣੇ ਗਿਆਨ ਰੂਪ ਦੁਆਰਾ ਹੀ ਚਲਾਉਣ ਵਾਲਾ ਹੈ ਤੇ ਖ਼ਤਮ ਕਰਨ ਵਾਲਾ ਹੈ। ਉਹ ਸਭ ਕੁੱਝ ਆਪ ਹੀ ਹੈ ਜਿਸਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ।

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥
ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

ਜਦ ਤੱਕ ਸਾਨੂੰ ਇਹ ਤਸੱਲੀ ਨਹੀਂ ਹੁੰਦੀ ਕਿ ਪ੍ਰਮਾਤਮਾ ਕੋਈ ਆਕਾਰ ਰੂਪ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਸਰੀਰਕ ਕਿਰਿਆਵਾਂ ਦੁਆਰਾ ਮਿਲ ਸਕਦਾ ਹੈ ਤਦ ਤੱਕ ਸਾਡੀ ਭਗਤੀ ਦਾ ਤਰੀਕਾ ਵੀ ਨਹੀਂ ਬਦਲ ਸਕਦਾ, ਅਸੀਂ ਆਪਣੀਆਂ ਸਿਆਣਪਾਂ ਤੋਂ ਬਾਹਰ ਨਹੀਂ ਆ ਸਕਦੇ। ਸਾਡੇ ਕੋਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਲਈ, ਇਸ ਆਵਾਗਉਣ ਤੋਂ ਨਿਕਲਣ ਲਈ, ਭਵ ਸਾਗਰ ਤੋਂ ਨਿਕਲਣ ਲਈ ਇੱਕੋ ਇੱਕ ਗੁਰੂ ਦਾ ਗਿਆਨ ਹੈ, ਉਸਦਾ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ। ਬਿਨ੍ਹਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਮਨੁੱਖ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਇਸ ਆਵਾਗਉਣ ਤੋਂ ਨਹੀਂ ਨਿਕਲ ਸਕਦਾ। ਇਹ ਬ੍ਰਹਮ ਗਿਆਨ ਪ੍ਰਾਪਤ ਕਰਨਾ ਮਨੁੱਖ ਦੇ ਵੱਸ ਵਿੱਚ ਨਹੀਂ ਹੈ ਅਤੇ ਆਪਣਾ ਬ੍ਰਹਮ ਗਿਆਨ ਭਾਵ ਆਪਣਾ ਨਾਮ ਉਹ ਨਾਮ ਦਾ ਮਾਲਕ "ਅਕਾਲ ਪੁਰਖ ਬ੍ਰਹਮ ਗਿਆਨੀ" ਜੋ ਸਾਡੇ ਮਨ ਦੇ ਵਿੱਚ ਹੀ ਹੈ ਉਹ ਆਪ ਹੀ ਦੇ ਸਕਦਾ ਹੈ ਤੇ ਮਨੁੱਖ ਨੂੰ ਇਸ ਮਾਇਆ ਮੋਹ ਰੂਪ ਭਵਸਾਗਰ ਤੋਂ ਤਾਰ ਸਕਦਾ ਹੈ। ਇਸ ਬ੍ਰਹਮ ਗਿਆਨ ਦੀ ਪ੍ਰਾਪਤੀ ਹੀ ਮਨੁੱਖ ਦਾ ਇਸ ਜੀਵਨ ਨੂੰ ਸਫ਼ਲ ਕਰਨ ਦਾ ਮਨੋਰਥ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਹੀ , ਨਾਮ ਦੀ ਪ੍ਰਾਪਤੀ ਹੈ,

7/680

ਪ੍ਰਮਾਤਮਾ ਦਾ ਮੇਲ ਹੈ, "ਬ੍ਰਹਮ ਗਿਆਨੀ" ਦੇ ਨਾਲ ਮੇਲ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ ਤੇ ਇਸ ਭਰਮ ਤੋਂ ਹੋਰ ਵੀ ਦੂਰ ਹੋਈਏ ਕਿ ਪ੍ਰਮਾਤਮਾ ਨੂੰ ਪਾਉਣਾ ਕੀ ਹੈ।

ਰਾਗੁ ਗਉੜੀ ਪੂਰਬੀ ਮਹਲਾ ੫॥
"ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥੧॥
ਅਉਧ ਘਟੈ ਦਿਨਸੁ ਰੈਣਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥੧॥ਰਹਾਉ॥
ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥

ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥੨॥
ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥੩॥
ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥੪॥੫॥"

(ਅੰਗ ੧੩)

ਪਹਿਲੀ ਪੰਗਤੀ ਨੂੰ ਹੀ ਬੜੇ ਧਿਆਨ ਨਾਲ ਵਿਚਾਰੋ। ਇਸ ਸ਼ਬਦ ਰਾਹੀਂ ਅਕਾਲ ਪੁਰਖ ਆਪਣੇ ਗੁਰੂ ਰੂਪ ਵਿੱਚ ਮਨੁੱਖ ਨੂੰ ਬੇਨਤੀ ਕਰਕੇ ਭਾਵ ਬੇਨਤੀ ਦੇ ਰੂਪ ਵਿੱਚ ਉਪਦੇਸ਼ ਦੇ ਰਹੇ ਹਨ। ਪ੍ਰਮਾਤਮਾ ਨੇ ਇਸ ਸ਼ਬਦ ਰਾਹੀਂ ਆਪਣੇ ਆਪ ਦੀ ਬਰੀਕੀ ਦੇ ਨਾਲ ਸੋਝੀ ਪਾਈ ਹੋਈ ਹੈ ਤਾਂ ਜੋ ਮਨੁੱਖ ਦਾ ਭਰਮ ਦੂਰ ਹੋ ਸਕੇ ਕਿ ਪ੍ਰਮਾਤਮਾ ਨੂੰ ਪਾਉਣਾ ਕੀ ਹੈ ਅਤੇ ਬ੍ਰਹਮ ਗਿਆਨੀ ਕੌਣ ਹੈ ਤੇ ਬ੍ਰਹਮ ਗਿਆਨੀ ਬਣਨਾ ਕੀ ਹੈ। ਇਸੇ ਪੰਗਤੀ ਰਾਹੀਂ ਸਾਨੂੰ ਸਾਡੇ ਜੀਵਨ ਦਾ ਮਨੋਰਥ ਵੀ ਸਮਝਾਇਆ ਹੋਇਆ ਹੈ। ਇਹ ਜੀਵਨ ਸਾਨੂੰ "ਸੰਤ ਟਹਲ" ਲਈ ਮਿਲਿਆ ਹੈ ਭਾਵ ਗੁਰੂ ਪ੍ਰਮਾਤਮਾ ਦੀ ਸੇਵਾ ਲਈ ਮਿਲਿਆ ਹੈ। ਗੁਰੂ ਦੀ ਸੇਵਾ ਕੀ ਹੈ, ਇਹ ਅਸੀਂ ਪਿੱਛੇ ਬਰੀਕੀ ਨਾਲ ਜਾਣਦੇ ਆ ਰਹੇ ਹਾਂ। ਗੁਰੂ ਦੀ ਸੇਵਾ ਦੁਆਰਾ ਹੀ ਸਾਨੂੰ ਲਾਹੇ ਦੀ ਪ੍ਰਾਪਤੀ ਹੋਣੀ ਹੈ ਭਾਵ ਨਾਮ ਦੀ ਪ੍ਰਾਪਤੀ ਹੋਣੀ ਹੈ ਜੋ ਕਿ ਕੇਵਲ ਇਸੇ ਸਰੀਰ ਵਿੱਚ ਰਹਿੰਦਿਆਂ ਹੀ ਹੋ ਸਕਦੀ ਹੈ ਜਿਸ ਨਾਲ ਸਾਡਾ ਅੱਗਾ ਸੰਵਰ ਸਕਦਾ ਹੈ ਭਾਵ ਇਸ ਸਰੀਰ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਦਰ ਤੱਕ ਪਹੁੰਚ ਸਕਦੇ ਹਾਂ। ਗੁਰੂ ਦੀ ਸੇਵਾ ਬਿਨ੍ਹਾਂ ਮਨੁੱਖ ਦਿਨ ਰਾਤ ਆਪਣਾ ਜੀਵਨ ਵਿਅਰਥ ਗਵਾ ਰਿਹਾ ਹੈ। ਅਸੀਂ ਆਪਣਾ ਕਾਰਜ ਤਾਂ ਹੀ ਸਵਾਰ ਸਕਦੇ ਹਾਂ ਜਦੋਂ ਸਾਡਾ ਗੁਰੂ ਦੇ ਨਾਲ ਮੇਲ ਹੋ ਜਾਵੇਗਾ ਜੋ ਕਿ ਗੁਰੂ ਦੀ ਸੇਵਾ ਦੁਆਰਾ ਹੋਣਾ ਹੈ, ਸ਼ਬਦ ਵਿਚਾਰ ਦੁਆਰਾ ਹੋਣਾ ਹੈ। ਜਦ ਤੱਕ ਅਸੀਂ ਸ਼ਬਦ ਵਿਚਾਰ ਨੂੰ ਬਰੀਕੀ ਨਾਲ ਨਹੀਂ ਸਮਝਦੇ ਤਦ ਤੱਕ ਗੁਰੂ ਦੀ ਸੇਵਾ ਨਹੀਂ ਹੋ ਸਕਦੀ। ਸ਼ਬਦ ਵਿਚਾਰ ਗੁਰੂ ਦੇ ਸੱਚੇ ਗਿਆਨ ਦੀ ਵਿਚਾਰ ਹੈ, ਬ੍ਰਹਮ ਗਿਆਨ ਦੀ ਵਿਚਾਰ ਹੈ ਜੋ ਵਿਚਾਰ ਗੁਰੂ ਦੇ ਗਿਆਨ ਨੂੰ ਸਮਝ ਕੇ ਉਸਨੂੰ ਮਨ ਵਿੱਚ ਵਸਾਉਣ ਦੀ ਗੱਲ ਹੈ ਤਾਂ ਜੋ ਉਸ ਤੇ ਅਮਲ ਹੋ ਸਕੇ। ਗੁਰੂ ਦਾ ਗਿਆਨ ਬ੍ਰਹਮ ਗਿਆਨ ਹੈ, ਸਾਰੀ ਬਾਣੀ ਬ੍ਰਹਮ ਗਿਆਨ ਹੈ। ਇਸ ਬ੍ਰਹਮ ਗਿਆਨ ਨੂੰ ਮਨ ਵਿੱਚ ਵਸਾਉਣ ਨਾਲ ਹੀ, ਉਸ ਤੇ ਅਮਲ ਕਰਨ ਨਾਲ ਹੀ ਉਸ ਗੁਰੂ ਦੀ ਕਸੱਵਟੀ ਤੇ ਪੂਰਾ ਉਤਰਿਆ ਜਾ ਸਕਦਾ ਹੈ ਭਾਵ ਗੁਣਾਂ ਰਾਹੀਂ ਵਿਚਰਿਆ ਜਾ ਸਕਦਾ ਹੈ, ਗੁਰਮਤਿ ਅਨੁਸਾਰ ਜੀਵਿਆ ਜਾ ਸਕਦਾ ਹੈ। ਇਹੀ ਪ੍ਰਮਾਤਮਾ ਦੀ ਭਗਤੀ

ਹੈ, ਉਸਦਾ ਨਾਮ ਜਪਣਾ ਹੈ ਜਿਸਦਾ ਫ਼ਲ, ਪ੍ਰਮਾਤਮਾ ਦਾ ਮਨ ਵਿੱਚ ਪ੍ਰਗਟ ਹੋਣਾ ਹੈ, ਉਸਦਾ ਚੌਥੇ ਪਦ ਦੇ ਗਿਆਨ ਦੁਆਰਾ ਪ੍ਰਗਟ ਹੋਣਾ ਹੈ, ਬ੍ਰਹਮ ਗਿਆਨ ਦੁਆਰਾ ਪ੍ਰਗਟ ਹੋਣਾ ਹੈ ਭਾਵ ਮਨੁੱਖ ਦੀ ਨਾਸਮਝ ਮਤਿ ਨੂੰ ਆਪਣੇ ਬ੍ਰਹਮ ਗਿਆਨ ਦੇ ਨਾਲ ਜੋੜਨਾ ਹੈ। ਸਾਡਾ ਕਾਰਜ ਤਾਂ ਹੀ ਸਿੱਧ ਹੋਣਾ ਹੈ ਜਦੋਂ ਪ੍ਰਮਾਤਮਾ ਸਾਨੂੰ ਆਪਣੇ ਬ੍ਰਹਮ ਗਿਆਨ ਨਾਲ ਜੋੜੇਗਾ ਤੇ ਇਸੇ ਦੁਆਰਾ ਹੀ ਮਨੁੱਖ ਦੇ ਮਨੋਰਥ ਦੀ ਪੂਰਤੀ ਹੋ ਸਕਦੀ ਹੈ, ਇਸ ਮਾਇਆ ਮੋਹ ਵਾਲੇ ਵਿਚਾਰਾਂ ਦੇ ਭਵਸਾਗਰ ਤੋਂ ਤਰਿਆ ਜਾ ਸਕਦਾ ਹੈ, ਜੀਵਨ ਮੁਕਤ ਹੋਇਆ ਜਾ ਸਕਦਾ ਹੈ। **(ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥)** ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਸਾਡੀ ਗਤੀ ਬ੍ਰਹਮ ਗਿਆਨ ਦੇ ਰਾਹੀਂ ਹੀ ਹੋਣੀ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਮਨੋਰਥ ਤੋਂ ਇਲਾਵਾ ਜੋ ਕੋਈ ਵੀ ਭਗਤੀ ਦੇ ਤਰੀਕੇ ਅਪਣਾ ਰਿਹਾ ਹੈ, ਸਰੀਰਕ ਕਿਰਿਆਵਾਂ ਦੁਆਰਾ ਜਪ ਤਪ ਕਰ ਰਿਹਾ ਹੈ, ਕੇਵਲ ਗੱਲਾਂ ਰਾਹੀਂ ਬੋਲ-ਬੋਲ ਕੇ ਜਪ ਤਪ ਕਰੀ ਜਾ ਰਿਹਾ ਹੈ, ਇਹ ਸਭ ਉਸ ਦਾ ਭਰਮ ਹੈ, ਵਿਅਰਥ ਹੈ ਭਾਵ ਉਹ ਗੁਰੂ ਦੇ ਗਿਆਨ ਦੀ ਅਸਲੀਅਤ ਤੋਂ ਵਿਛੜਿਆ ਹੋਇਆ ਹੈ, ਅਸਲ ਮਨੋਰਥ ਦੀ ਪੂਰਤੀ ਤੋਂ ਵਿਛੜਿਆ ਹੋਇਆ ਹੈ। ਅਗਰ ਧਿਆਨ ਨਾਲ ਵਿਚਾਰੀਏ ਤਾਂ ਹਰ ਕੋਈ ਸੰਸਾਰ ਵਿੱਚ ਇਹੋ ਜਿਹੀ ਭਗਤੀ ਵਿੱਚ ਹੀ ਲੱਗਾ ਹੋਇਆ ਹੈ ਜਿਸ ਨੂੰ ਸਾਡੀ ਬੇਕਾਰ ਦੀ ਕਿਰਿਆ, ਭਰਮ ਦੱਸਿਆ ਹੈ। ਭਰਮ ਕਰਕੇ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਸਾਡਾ ਭਰਮ ਬ੍ਰਹਮ ਗਿਆਨ ਦੁਆਰਾ ਹੀ ਨਿਕਲਦਾ ਹੈ। ਆਓ ਹੁਣ ਅਗਲੀ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰੀਏ ਤੇ ਸਮਝੀਏ ਕਿ ਬ੍ਰਹਮ ਗਿਆਨੀ ਕੌਣ ਹੈ ਤੇ ਬ੍ਰਹਮ ਗਿਆਨੀ ਦਾ ਭਰਮਾਂ ਵਾਲੀ ਸਮਝ ਤੋਂ ਤਰਨਾ ਕੀ ਹੈ, ਬਿਕਾਰ ਸੰਸੇ ਤੋਂ ਤਰਨਾ ਕੀ ਹੈ ਤੇ ਬ੍ਰਹਮ ਗਿਆਨ ਦਾ ਰਸ ਕੀ ਹੈ।

“ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥੨॥”

ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ "ਇਹੁ ਰਸੁ" ਕੀ ਹੈ। ਇਹ “ਬ੍ਰਹਮ ਗਿਆਨ” ਦਾ ਰਸ ਹੈ, ਜਿਵੇਂ ਕਿ ਇਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਇਸਨੂੰ ਹੀ ਬਾਣੀ ਵਿੱਚ ਸਭ ਤੋਂ ਮਿੱਠਾ ਰਸ ਕਿਹਾ ਗਿਆ ਹੈ। **(ਗਿਆਨੁ ਮਹਾ ਰਸੁ ਮੀਠਾ॥)** ਅੰਗ - ੧੦੩੨ ਇਹ ਰਸ ਹੀ ਪ੍ਰਮਾਤਮਾ ਦਾ ਫ਼ਲ ਹੈ ਜੋ ਫ਼ਲ ਪ੍ਰਮਾਤਮਾ ਮਨੁੱਖ ਨੂੰ ਆਪ ਹੀ ਦਿੰਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਫ਼ਲ ਹੈ, ਨਾਮ ਦੀ ਪ੍ਰਾਪਤੀ ਦਾ ਫ਼ਲ ਹੈ। ਇਹ ਬ੍ਰਹਮ ਗਿਆਨ ਦਾ ਰਸ ਹੀ ਨਾਮ ਰਸ ਹੈ, ਹਰਿ ਰਸ ਹੈ, ਅੰਮ੍ਰਿਤ ਰਸ ਹੈ। ਇਹ ਬ੍ਰਹਮ ਗਿਆਨ ਦਾ ਰਸ ਗੁਰਬਾਣੀ ਦੇ ਸੱਚੇ ਗਿਆਨ ਦਾ ਰਸ ਹੈ ਜੋ ਕਿ ਮਨ ਦੇ ਅੰਦਰ ਸੱਚੇ ਗਿਆਨ ਦੀ ਸੋਝੀ ਦਾ ਰੱਸ ਹੈ। ਇਹ ਗੁਰਮਤਿ ਦੀ ਸੱਚੀ ਸੋਝੀ ਦਾ ਰੱਸ ਹੈ। ਬਾਣੀ ਵਿੱਚ ਵਾਰ-ਵਾਰ ਨਾਮ ਰਸ, ਹਰਿ ਰਸ, ਅੰਮ੍ਰਿਤ ਰਸ ਦੀ ਗੱਲ ਆਉਂਦੀ ਹੈ। ਇਹ ਸਬਦਾਂ ਦੀ ਵਿਚਾਰ ਨੂੰ ਸਮਝਣਾ ਹੀ ਇਨ੍ਹਾਂ ਰਸਾਂ ਨੂੰ ਚੱਖਣਾ ਹੈ ਜੋ ਕਿ ਗੁਰੂ ਦੀ ਮਤਿ ਦਾ ਸਵਾਦ ਚੱਖਣਾ ਹੈ ਭਾਵ ਸੱਚੀ ਗੁਰਮਤਿ ਨੂੰ ਸਮਝ ਕੇ ਉਸ ਨੂੰ ਆਪਣੇ ਮਨ ਵਿੱਚ ਵਸਾਉਣਾ ਹੈ ਤੇ ਉਸ ਤੇ ਅਮਲ ਕਰਨਾ ਹੈ। ਇਹ ਸਾਰੇ ਰਸ ਗੁਰੂ ਦੀ ਮਤਿ ਦੀ ਸੱਚੀ ਸਮਝ ਦੇ ਹਨ, ਗੁਰੂ ਦੇ ਸੱਚੇ ਗਿਆਨ ਦੇ ਰਸ ਹਨ ਤੇ ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਹੀ ਇਹਨਾਂ ਰਸਾਂ ਨੂੰ ਚੱਖਣਾ ਹੈ, ਜੋ ਕਿ ਬਹੁਤ ਔਖਾ ਹੈ ਕਿਉਂਕਿ ਇਹ ਰਸ ਚੱਖਣ ਲਈ ਅਨਰਸ ਛੱਡਣੇ ਪੈਂਦੇ ਹਨ। ਅਨਰਸ ਮਾਇਆ ਮੋਹ ਦੇ ਰਸ ਹਨ, ਵਿਕਾਰਾਂ ਦੇ ਰਸ ਹਨ ਜੋ ਕਿ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਾਏ ਹੋਏ ਹਨ। ਇਨ੍ਹਾਂ ਦੀ ਚਰਚਾ ਕੁੱਝ ਅੱਗੇ ਚੱਲ ਕੇ ਹੋਰ ਵੀ ਬਰੀਕੀ ਨਾਲ ਕੀਤੀ ਜਾਵੇਗੀ। ਇਸ ਰਸ ਨੂੰ ਉਹ ਹੀ ਚੱਖ ਸਕਦਾ ਹੈ ਭਾਵ ਗੁਰੂ ਦੀ ਮਤਿ ਤੇ ਉਹੀ ਚੱਲ ਸਕਦਾ ਹੈ ਜਿਸਨੂੰ ਉਹ ਪ੍ਰਮਾਤਮਾ ਆਪ ਚਲਾਵੇ,

7/682

ਜਿਸਨੂੰ ਆਪ ਸੋਝੀ ਪਾ ਕੇ ਜਗਾਵੇ। ਹਰ ਕੋਈ ਗੁਰਮਤਿ ਦੀ ਸੱਚੀ ਸੋਝੀ ਨਾ ਹੋਣ ਕਰਕੇ ਮਨ ਦੀ ਅਗਿਆਨਤਾ ਕਰਕੇ ਔਗੁਣਾਂ ਵਿੱਚ ਸੁੱਤਾ ਪਿਆ ਹੈ ਤੇ ਮਾਇਆ ਮੋਹ ਵਿੱਚ ਸੁੱਤਾ ਪਿਆ ਹੈ। ਜਿਸ ਨੂੰ ਉਹ ਆਪ ਜਗਾਣਾ ਚਾਹੇਗਾ ਉਹੀ ਮਨ ਦੀ ਨਾਸਮਝੀ ਵਿੱਚੋਂ ਜਾਗ ਸਕਦਾ ਹੈ।

{ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥
ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥
ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥}

(ਅੰਗ ੪੧੮)

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥}

(ਅੰਗ ੧੩੦੮)

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥

ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥}

(ਅੰਗ ੪੧)

ਸਭ ਕੁੱਝ ਉਸ ਪ੍ਰਮਾਤਮਾ ਦੇ ਹੱਥ ਵਿੱਚ ਹੈ, ਉਸ ਬ੍ਰਹਮ ਗਿਆਨੀ ਦੇ ਹੱਥ ਹੈ ਜੋ ਆਪ ਹੀ ਮਨ ਦੀ ਸਮਝ ਵਿੱਚ ਬੈਠਾ ਮਨੁੱਖ ਨੂੰ ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। ਹੁਣ ਧਿਆਨ ਨਾਲ ਸੋਚੋ ਕਿ ਬ੍ਰਹਮ ਗਿਆਨੀ ਬ੍ਰਹਮ ਗਿਆਨ ਦਾ ਰਸ ਪਿਲਾਉਣ ਵਾਲਾ ਹੈ ਜਾਂ ਪੀਣ ਵਾਲਾ। ਇਸੇ ਬ੍ਰਹਮ ਗਿਆਨ ਦੇ ਰਸ ਨੇ ਹੀ ਤੇ ਮਨੁੱਖ ਨੂੰ ਇਹ ਸੋਝੀ ਪਾਉਣੀ ਹੈ ਕਿ ਇਹ ਮਨ ਦੀ ਸਮਝ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਤੇ ਮਨੁੱਖ ਦੀ ਹੋਂਦ ਕੇਵਲ ਇੱਕ ਝੂਠੀ ਹੋਂਦ ਹੈ ਭਾਵ ਮਨੁੱਖ ਮਨ ਦੇ ਭਰਮ ਕਰਕੇ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਮਨ ਦੇ ਵਿੱਚੋਂ ਭਰਮ ਦਾ ਪੜਦਾ ਬ੍ਰਹਮ ਗਿਆਨੀ ਨੇ ਹੀ ਉਤਾਰਨਾ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਉਤਾਰਨਾ ਹੈ ਜੋ ਉਸ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਨੇ ਮਨ ਵਿੱਚ ਆਪ ਪ੍ਰਗਟ ਹੋ ਕੇ ਮਨੁੱਖ ਦਾ ਇਹ ਭਰਮ ਦੂਰ ਕਰਨਾ ਹੈ ਕਿ ਗਿਆਨ ਦਾ ਮਾਲਕ ਕੌਣ ਹੈ ਤੇ ਇਹ ਸਾਰਾ ਗਿਆਨ ਕਿੱਥੋਂ ਆਉਂਦਾ ਹੈ, ਗਿਆਨ ਦਾ ਸ੍ਰੋਤ ਕੀ ਹੈ। ਉਸ ਬ੍ਰਹਮ ਗਿਆਨੀ ਦੇ ਮਨ ਦੇ ਵਿੱਚੋਂ ਦਰਸ਼ਨ ਹੋਣ ਤੋਂ ਬਾਅਦ ਉਹ ਮਨੁੱਖ ਮਰਨਾ ਤੇ ਪਸੰਦ ਕਰੇਗਾ ਪਰ ਕਦੇ ਆਪਣੇ ਆਪ ਨੂੰ ਬ੍ਰਹਮ ਗਿਆਨੀ ਸਮਝ ਲਵੇ, ਇਹ ਨਹੀਂ ਹੋ ਸਕਦਾ। ਜਦ ਤੱਕ ਮਨ ਵਿੱਚੋਂ ਪੜਦਾ ਨਹੀਂ ਲਹਿੰਦਾ ਮਨੁੱਖ ਆਪਣੇ ਆਪ ਨੂੰ ਹੀ ਗਿਆਨੀ ਸਮਝਦਾ ਹੈ ਕਿਉਂਕਿ ਇਹ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਹਰ ਕਿਸੇ ਨੂੰ ਆਪਣਾ ਭੇਦ ਜਾਣਨ ਤੋਂ ਦੂਰ ਰੱਖਿਆ ਹੋਇਆ ਹੈ। ਹੁਣ ਸਭ ਤੋਂ ਵੱਡੀ ਗੱਲ ਜੋ ਇੱਥੇ ਸਮਝਾਈ ਹੋਈ ਹੈ, ਉਹ ਇਹ ਹੈ, ਕਿ ਜਿਸ ਨੂੰ ਪ੍ਰਮਾਤਮਾ ਇਹ ਬ੍ਰਹਮ ਗਿਆਨ ਦਾ ਰਸ ਪਿਲਾ ਦਿੰਦਾ ਹੈ ਉਹ ਉਸਦੀ ਅਕਥ ਕਥਾ ਨੂੰ ਜਾਣ ਲੈਂਦਾ ਹੈ, ਉਸਦੀ ਨਾ ਕਥੀ ਜਾਣ ਵਾਲੀ ਗੱਲ ਨੂੰ, ਨਾ ਸਮਝ ਆਉਣ ਵਾਲੇ ਭੇਦ ਨੂੰ ਸਮਝ ਲੈਂਦਾ ਹੈ। **(ਜਿਸਹਿ ਜਗਾਇ ਪੀਆਵੈ ਇਹੁ ਰਸ ਅਕਥ ਕਥਾ ਤਿਨਿ ਜਾਨੀ॥)** ਸਾਰੀ "ਗੁਰਬਾਣੀ" ਪ੍ਰਮਾਤਮਾ ਦੀ "ਅਕਥ ਕਥਾ" ਹੈ, ਭਾਵ ਉਸ ਨਾ ਕਥੇ ਜਾਣ ਵਾਲੇ ਪ੍ਰਮਾਤਮਾ ਦੀ ਕਥਾ ਸੁਣਾ ਰਹੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸ ਨੂੰ ਕਿਸ ਤਰੀਕੇ ਪਾਇਆ ਜਾ ਸਕਦਾ ਹੈ ਭਾਵ ਸਾਰੇ ਸੰਸਾਰ ਲਈ ਧਰਮ ਦਾ ਮਾਰਗ ਕੀ ਹੈ, ਨਾਮ ਜਪਣਾ ਕੀ ਹੈ। ਜੇਕਰ ਉਹ ਬ੍ਰਹਮ ਗਿਆਨੀ ਆਪ ਕਿਸੇ ਮਨੁੱਖੀ ਸਰੀਰ ਦੇ ਮਨ ਅੰਦਰ ਪ੍ਰਗਟ ਹੋ ਜਾਵੇ ਤਾਂ ਫਿਰ ਉਸ ਮਨੁੱਖੀ ਰੂਪ ਨੂੰ ਉਸ ਦੀ ਕਥੀ ਹੋਈ ਕਥਾ, ਅਕਥ ਕਥਾ ਵੀ

7/683

ਸਮਝ ਆਉਣੀ ਚਾਹੀਦੀ ਹੈ ਕਿਉਂਕਿ ਗੁਰਬਾਣੀ ਰਾਹੀਂ ਆਪਣੀ ਸਾਰੀ ਅਕਥ ਕਥਾ ਉਸ ਬ੍ਰਹਮ ਗਿਆਨ ਦੇ ਮਾਲਕ ਪ੍ਰਮਾਤਮਾ ਨੇ ਆਪ ਹੀ ਮਨੁੱਖੀ ਸਰੀਰਾਂ ਰਾਹੀ ਪ੍ਰਗਟ ਹੋ ਕੇ ਲਿਖਾਈ ਹੋਈ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਜੋ ਕਿ ਨਾਮ ਦੇ ਰੂਪ ਵਿੱਚ ਹੈ ਤੇ ਪੂਰੀ ਗੁਰਬਾਣੀ ਵਿੱਚ ਆਪ ਪ੍ਰਮਾਤਮਾ ਆਪਣੇ ਇਸ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਅਨੇਕਾਂ ਹੀ ਕਿਸੇ ਮਨੁੱਖੀ ਰੂਪ ਨੂੰ ਬ੍ਰਹਮ ਗਿਆਨੀ ਹੋਣ ਦਾ ਦਾਅਵਾ ਕਰਦੇ ਹਨ ਪਰ ਇਹ ਸ਼ਬਦ ਉਹਨਾਂ ਲਈ ਕਸਵੱਟੀ ਹੈ। ਉਹਨਾਂ ਸਾਰਿਆਂ ਨੂੰ ਭਾਵ ਬ੍ਰਹਮ ਗਿਆਨੀ ਅਖਵਾਉਣ ਵਾਲਿਆਂ ਨੂੰ ਗੁਰਬਾਣੀ ਦੀ ਸੱਚੀ ਸਮਝ ਲੱਗ ਜਾਣੀ ਚਾਹੀਦੀ ਸੀ ਤੇ ਸਮਝ ਵੀ ਇੱਕੋ ਜਿਹੀ ਲੱਗਣੀ ਚਾਹੀਦੀ ਸੀ ਕਿਉਂਕਿ ਅੰਦਰ ਸਮਝਾਉਣ ਵਾਲਾ ਤਾਂ ਇੱਕ ਹੀ ਹੈ। ਜਿਤਨੇ ਵੀ ਬ੍ਰਹਮ ਗਿਆਨੀ ਅਖਵਾਉਣ ਵਾਲੇ ਹਨ, ਜਾਂ ਜਿਹਨਾਂ ਨੂੰ ਅਸੀਂ ਬ੍ਰਹਮ ਗਿਆਨੀ ਸਮਝਦੇ ਹਾਂ ਉਹਨਾਂ ਕਿਸੇ ਦੇ ਵਿਚਾਰ ਵੀ ਆਪਸ ਵਿੱਚ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੇ, ਬਾਣੀ ਦੀ ਇੱਕੋ ਜਿਹੀ ਸੋਝੀ ਪੈਣੀ ਤਾਂ ਦੂਰ ਦੀ ਗੱਲ ਹੈ। ਪਹਿਲੀ ਗੱਲ ਤਾਂ ਇਹੋ ਜਿਹੇ ਬ੍ਰਹਮ ਗਿਆਨੀ ਪ੍ਰਮਾਤਮਾ ਨੂੰ ਆਕਾਰ ਰੂਪ ਵਿੱਚ ਸਮਝਦੇ ਹਨ, ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚ ਸਮਝਦੇ ਹਨ, ਕਿਸੇ ਦੇਹ ਰੂਪ ਦੇ ਦਰਸ਼ਨ ਸਮਝਦੇ ਹਨ, ਗੁਰੂ ਸਾਹਿਬਾਨ ਦੀ ਦੇਹ ਦੇ ਦਰਸ਼ਨਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਸਮਝਦੇ ਹਨ। ਬਾਣੀ ਦੀ ਕਸਵੱਟੀ ਤੇ ਇਹ ਵਿਚਾਰ ਬਿਲਕੁਲ ਵੀ ਪੂਰੇ ਨਹੀਂ ਉਤਰ ਸਕਦੇ। ਉਸ ਨੇ ਹਰ ਕਿਸੇ ਨੂੰ ਆਪ ਹੀ ਭੁਲੇਖੇ ਵਿੱਚ ਹੀ ਰੱਖਿਆ ਹੋਇਆ ਹੈ। ਉਸਨੂੰ ਸਮਝਣਾ, ਉਸਦੇ ਦਰਸ਼ਨ ਮਨੁੱਖ ਦੇ ਵੱਸ ਵਿੱਚ ਨਹੀਂ

ਹਨ। ਉਸਨੇ ਜਦੋਂ ਵੀ ਪ੍ਰਗਟ ਹੋਣਾ ਹੈ, ਨਿਰੰਕਾਰ ਰੂਪ ਵਿੱਚ ਹੋਣਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੋਣਾ ਹੈ, ਮਨ ਦੇ ਵਿੱਚ ਹੀ ਪ੍ਰਗਟ ਹੋਣਾ ਹੈ ਤੇ ਪ੍ਰਮਾਤਮਾ ਦੇ ਇਸ ਅਸਲ ਰੂਪ ਨੂੰ ਜਾਣਨ ਤੋਂ ਬਿਨ੍ਹਾਂ ਹਰ ਕੋਈ ਭੁਲੇਖੇ ਵਿੱਚ ਹੀ ਹੈ। ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤੀ ਹੋਈ ਹੈ।

“ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥੩॥”

ਸਾਡੀ ਜਿੰਦਗੀ ਦਾ ਇਹੀ ਮਨੋਰਥ ਸਮਝਾਇਆ ਹੈ ਕਿ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰੀਏ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਕਰੀਏ। ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਅਸੀਂ ਆਪਣੇ ਮਨ ਦੇ ਅਸਲ ਘਰ ਵਿੱਚ ਪਹੁੰਚ ਸਕਦੇ ਹਾਂ, ਸਾਡਾ ਬਸੇਰਾ ਆਪਣੇ ਮਨ ਵਿੱਚ ਹੀ ਹੋ ਸਕਦਾ ਹੈ, ਪ੍ਰਮਾਤਮਾ ਦੇ ਘਰ ਵਿੱਚ ਹੋ ਸਕਦਾ ਹੈ ਜੋ ਉਸਦਾ ਘਰ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੈ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਰਾਹੀਂ ਸਾਨੂੰ ਆਪਣੇ ਮਨ ਦੀ ਸੋਝੀ ਪੈ ਸਕਦੀ ਹੈ, ਆਪਣੇ ਆਪ ਦੀ ਸੋਝੀ ਪੈ ਸਕਦੀ ਹੈ, ਉਸ ਪ੍ਰਮਾਤਮਾ ਦੀ ਸੋਝੀ ਪੈ ਸਕਦੀ ਹੈ। **“ਹਰਿ ਗੁਰ ਤੇ ਮਨਹਿ ਬਸੇਰਾ”** ਇਸ ਤੋਂ ਭਾਵ ਹੈ ਕਿ ‘‘ਹਰਿ ਰੂਪ ਗੁਰੂ’’ ਭਾਵ ਗੁਰਬਾਣੀ ਰਾਹੀਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਈਏ ਭਾਵ ਗੁਰਬਾਣੀ ਦਾ ਮਕਸਦ ਇਹੀ ਹੈ ਕਿ ਅਸੀਂ ਉਸਦੇ ਰਾਹੀਂ ਪ੍ਰਮਾਤਮਾ ਨੂੰ ਜਾਣੀਏ। ਗੁਰਬਾਣੀ ਰਾਹੀਂ ਦਿੱਤੇ ਹੋਏ ਬ੍ਰਹਮ ਗਿਆਨ ਦੁਆਰਾ ਵਿਚਰ ਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰੀਏ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਕਰੀਏ।

7/684

ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦਾ ਬਸੇਰਾ ਉਸ ਦੇ ਬ੍ਰਹਮ ਗਿਆਨ ਦੁਆਰਾ ਹੀ ਹੈ। ਅਸੀਂ ਆਪਣਾ ਬਸੇਰਾ ਇਸ ਬ੍ਰਹਮ ਗਿਆਨ ਦੇ ਵਿੱਚ ਹੀ ਕਰਨਾ ਹੈ।**(ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥)** ਇਹ ਬਸੇਰਾ **“ਹਰਿ ਗੁਰ”** ਭਾਵ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਜੋ ਆਪ ਹੀ ਗੁਰੂ ਹੈ ਤੇ ਇਹ ਬਸੇਰਾ ਉਸਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ ਭਾਵ ਇਸ ਵਿੱਚ ਮਨੁੱਖ ਦੀ ਕੋਈ ਸਿਆਣਪ ਕੰਮ ਨਹੀਂ ਆਉਂਦੀ। ਬ੍ਰਹਮ ਗਿਆਨ ਦੇ ਵਿੱਚ ਬਸੇਰਾ ਹੋਣਾ ਹੀ, ਨਿਜ ਘਰਿ ਵਿੱਚ ਬਸੇਰਾ ਹੋਣਾ ਹੈ ਭਾਵ ਆਪਣੇ ਅਸਲੀ ਘਰ ਵਿੱਚ ਬਸੇਰਾ ਹੋਣਾ ਹੈ ਜਿੱਥੇ ਪ੍ਰਮਾਤਮਾ ਆਪ ਵੱਸਦਾ ਹੈ। ਇਹ ਬ੍ਰਹਮ ਗਿਆਨ ਦਾ ਘਰ ਹੀ ਮਨ ਦੇ ਵਿੱਚ ਪ੍ਰਮਾਤਮਾ ਦਾ **“ਨਿਰਗੁਣ ਸਰੂਪ”** ਮਹਲ ਹੈ ਜਿੱਥੇ ਪ੍ਰਮਾਤਮਾ ਵੱਸਦਾ ਹੈ। ਇਹ ਮਹਿਲ ਮਨ ਦਾ ਸਹਜ ਗਿਆਨ ਰੂਪ ਮਹਿਲ ਹੈ, ਨਿਰੰਕਾਰ ਰੂਪ ਮਹਿਲ ਹੈ ਜੋ ਕਿ ਚੌਥੇ ਪਦ ਦਾ ਗਿਆਨ ਰੂਪ ਮਹਿਲ ਹੈ।

{ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

ਸੁੱਖ ਦੀ ਪ੍ਰਾਪਤੀ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ, ‘‘ਸਹਜ’’ ਦੀ ਅਵੱਸਥਾ ਦੀ ਪ੍ਰਾਪਤੀ ਦੇ ਨਾਲ ਹੀ ਹੁੰਦੀ ਹੈ। **(ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥)** ਸਾਡਾ ਜਨਮ ਮਰਨ ਤਾਂ ਹੀ ਕੱਟਿਆ ਜਾਂਦਾ ਹੈ ਜਦੋਂ ਸਾਨੂੰ ਮਨ ਦੇ ਵਿੱਚੋਂ ਉਸ ਬ੍ਰਹਮ ਗਿਆਨ ਰੂਪ ਪ੍ਰਮਾਤਮਾ ਦੇ ਮਹਿਲਾਂ ਦੀ ਪ੍ਰਾਪਤੀ ਹੋ ਜਾਵੇਗੀ ਤੇ ਅਸੀਂ ਆਪਣੇ ਨਿਜ ਘਰ ਵਿੱਚ ਪਹੁੰਚ ਜਾਵਾਂਗੇ। ਇਹੀ ਪ੍ਰਮਾਤਮਾ ਦੇ ਦਰਸ਼ਨ ਹਨ ਜਿੰਨ੍ਹਾਂ ਦੁਆਰਾ ਅਸੀਂ ਜੀਵਨ ਨੂੰ ਸਫ਼ਲ ਕਰ ਸਕਦੇ ਹਾਂ। ਬਾਕੀ ਹੋਰ ਕਿਸੇ ਵੀ ਤਰੀਕੇ ਦੁਆਰਾ ਪ੍ਰਮਾਤਮਾ ਦੇ ਦਰਸ਼ਨ ਕਰਨ ਦੀਆਂ ਗੱਲਾਂ ਕਰਨੀਆ ਕੇਵਲ ਉਸ ਦੇ ਆਪਣੇ ਪਾਏ ਹੋਏ ਭੁਲੇਖੇ ਹੀ ਹਨ, ਮਾਇਆ ਦੀ ਜੁਗਤਿ ਹੈ ਜਿਸ ਦੀ ਸੋਝੀ ਪ੍ਰਮਾਤਮਾ ਨੇ ਆਪਣੇ ਹੱਥ ਵਿੱਚ ਰੱਖੀ ਹੋਈ ਹੈ। ਉਸਨੂੰ ਕੋਈ ਜਾਣੇ, ਇਸ ਗੱਲ ਦਾ ਉਸਨੂੰ ਰੱਤੀ ਭਰ ਵੀ ਲਾਲਚ ਨਹੀਂ ਹੈ। ਬ੍ਰਹਮਾ ਨੂੰ ਵੇਦਾਂ ਦੀ ਸੋਝੀ ਪਾ ਕੇ ਵੀ ਪ੍ਰਮਾਤਮਾ ਨੇ ਉਸਨੂੰ ਮਾਇਆ ਦੀ ਜੁਗਤਿ ਤੋਂ ਬਾਹਰ ਨਹੀਂ ਆਉਣ ਦਿੱਤਾ। ਆਖਰੀ ਪੰਗਤੀਆਂ ਵਿੱਚ ਮਨੁੱਖ ਵੱਲੋਂ ਬੇਨਤੀ ਵੀ ਇਹੀ ਸਮਝਾਈ ਹੈ ਕਿ ਉਸਨੂੰ ‘‘ਸੰਤ’’ ਦੀ ਭਾਵ ਗੁਰੂ ਦੀ ਧੂਰ ਮਿਲ ਜਾਵੇ। ‘‘ਸੰਤ ਦੀ ਧੂਰ’’ ਉਸ ਗੁਰੂ ਰੂਪ ਪ੍ਰਮਾਤਮਾ ਦਾ ਚੌਥੇ ਪਦ ਦਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਜਿਸ ਦੁਆਰਾ ਸਾਡੇ ਮਨ ਦੀ ਸ਼ਰਧਾ ਪੂਰੀ ਹੋ ਸਕਦੀ ਹੈ ਭਾਵ ਸਾਨੂੰ ਫ਼ਲ ਦੀ ਪ੍ਰਾਪਤੀ ਹੋ ਸਕਦੀ ਹੈ। ਬ੍ਰਹਮ ਗਿਆਨੀ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਜੋ ਬ੍ਰਹਮ ਗਿਆਨ ਮਿਲਦਾ ਹੈ ਇਹੀ ਉਸਦੀ ਸੰਤ ਧੂਰ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ।

“ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥

ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥"

ਸੰਤ ਦੀ ਧੂਰ, ਸੰਤ ਰੇਣ, ਚਰਣ ਧੂਰ ਇਹਨਾਂ ਸਭ

7/685

ਦਾ ਭਾਵ ਗੁਰੂ ਦੇ ਗਿਆਨ ਨਾਲ ਹੀ ਜੁੜਿਆ ਹੁੰਦਾ ਹੈ ਤੇ ਉਸਦੇ ਗਿਆਨ ਦੁਆਰਾ ਹੀ ਮਨੁੱਖ ਨਿਮਰਤਾ ਵਿੱਚ ਆਉਂਦਾ ਹੈ। ਗੁਰੂ ਦੇ ਚਰਨਾਂ ਨਾਲ ਜੁੜਨਾ, ਉਸ ਦੇ ਗਿਆਨ ਨਾਲ ਜੁੜਨਾ ਹੀ ਹੈ, ਜਿਸ ਦੁਆਰਾ ਸਾਡੀ ਅਗਿਆਨਤਾ ਦੂਰ ਹੋ ਸਕਦੀ ਹੈ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

"ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥"

(ਅੰਗ ੧੪੨੯)

ਤਮ ਤੋਂ ਭਾਵ ਹੈ ਹਨੇਰਾ ਭਾਵ ਮਨ ਦੀ ਅਗਿਆਨਤਾ ਦਾ ਹਨੇਰਾ। ਪ੍ਰਮਾਤਮਾ ਨੂੰ ਜਾਣਨ ਬਾਰੇ ਸਭ ਸੰਸਾਰ ਮਨ ਦੇ ਹਨੇਰੇ ਵਿੱਚ ਹੀ ਹੈ ਭਾਵ ਹਰ ਕੋਈ ਅਗਿਆਨਤਾ ਵਿੱਚ ਹੀ ਹੈ। ਸਾਡੀ ਅਗਿਆਨਤਾ ਗੁਰੂ ਦੇ ਗਿਆਨ ਦੁਆਰਾ ਹੀ ਜਾ ਸਕਦੀ ਹੈ, ਗੁਰੂ ਦੇ ਚਰਨਾਂ ਨਾਲ ਜੁੜਨ ਦੁਆਰਾ ਹੀ ਜਾ ਸਕਦੀ ਹੈ। ਉਸਦੇ ਚਰਨਾਂ ਨਾਲ ਜੁੜਨਾ ਹੀ ਉਸਦੇ ਆਪਣੇ ਨਾਲ ਜੁੜਨਾ ਹੈ ਭਾਵ ਉਸਦੇ ਚੌਥੇ ਪਦ ਦੇ ਗਿਆਨ ਨਾਲ ਜੁੜਨਾ ਹੈ, ਬ੍ਰਹਮ ਗਿਆਨ ਦੇ ਨਾਲ ਜੁੜਨਾ ਹੈ ਜੋ ਸਾਡੀ ਪ੍ਰਮਾਤਮਾ ਨੂੰ ਜਾਣਨ ਬਾਰੇ ਅਗਿਆਨਤਾ ਦੂਰ ਕਰ ਸਕਦਾ ਹੈ। ਜਿਸ ਨੇ ਸਾਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਉਹ ਹੀ ਸਾਨੂੰ ਆਪਣੇ ਬ੍ਰਹਮ ਗਿਆਨ ਦੁਆਰਾ ਸਾਡੇ ਅੰਦਰ ਪ੍ਰਗਟ ਹੋ ਕੇ ਸਾਨੂੰ ਭਰਮ ਵਿੱਚੋਂ ਕੱਢ ਸਕਦਾ ਹੈ। ਇਸ ਭਰਮ ਵਿੱਚੋਂ ਨਿਕਲਣਾ ਭਾਵ ਬ੍ਰਹਮ ਗਿਆਨ ਦੇ ਨਾਲ ਜੁੜਨ ਨਾਲ ਹੀ ਅਸੀਂ ਇਸ ਮਨ ਦੀ ਅਗਿਆਨਤਾ ਵਾਲੀ ਸਮਝ ਦੇ ਭਵਸਾਗਰ ਤੋਂ ਤਰ ਸਕਦੇ ਹਾਂ ਅਤੇ ਸਾਨੂੰ ਇਹ ਸੋਝੀ ਪੈ ਸਕਦੀ ਹੈ ਕਿ ਸਭ ਜਗ੍ਹਾ ਉਹ ਪ੍ਰਮਾਤਮਾ ਆਪ ਹੀ ਪਸਰਿਆ ਹੋਇਆ ਹੈ, ਸਾਰਾ ਪਸਾਰਾ ਉਸੇ ਦਾ ਹੀ ਹੈ। **(ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥)** ਗੱਲ ਉਹੀ ਹੈ ਜੋ ਅਸੀਂ ਪਿੱਛੇ ਚਾਰਿ ਪਦਾਰਥ ਰਾਹੀਂ ਸਮਝੀ ਸੀ।

{ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥
ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥੨॥}

(ਅੰਗ ੧੫੪)

ਇਸ ਗੱਲ ਦੀ ਸੋਝੀ ਪੈਣੀ ਕਿ ਸਭ ਜਗ੍ਹਾ ਪ੍ਰਮਾਤਮਾ ਆਪ ਹੀ ਪਸਰਿਆ ਹੋਇਆ ਹੈ, ਇਹ ਤਾਂ ਹੀ ਪੈ ਸਕਦੀ ਹੈ ਜੇਕਰ ਉਹ ਆਪ ਹੀ ਅੰਦਰ ਪ੍ਰਗਟ ਹੋ ਕੇ ਪਾਏ ਤੇ ਉਹ ਬ੍ਰਹਮ ਗਿਆਨੀ ਪ੍ਰਮਾਤਮਾ ਆਪਣਾ ਬ੍ਰਹਮ ਗਿਆਨ ਰੂਪ ਦਿਖਾਏ। ਆਪਣੀ ਸਿਆਣਪ ਨਾਲ ਉਸਨੂੰ ਕੌਣ ਜਾਣ ਸਕਦਾ ਹੈ। ਸਭ ਨੂੰ ਉਸ ਨੇ ਬੇਕਾਰ ਹੀ ਸਿਆਣਪਾਂ ਵਿੱਚ ਉਲਝਾਇਆ ਹੋਇਆ ਹੈ। ਇਹ ਉਸਦਾ ਨਿਯਮ ਹੈ ਅਤੇ ਅਸੀਂ ਉਸਦੇ ਨਿਯਮ ਤੋਂ ਬਾਹਰ ਜਾ ਹੀ ਨਹੀਂ ਸਕਦੇ। ਉਹ ਸਭ ਨੂੰ ਉਲਝਾਉਣ ਵਾਲਾ ਭਾਵ ਹਰ ਮਨੁੱਖੀ ਸਮਝ ਦਾ ਮਾਲਕ ਸਭ ਦੇ ਅੰਦਰ ਹੀ ਹੈ ਤੇ ਹਰ ਕਿਸੇ ਨੂੰ ਉਹ ਮਨ ਦੀ ਸਮਝ ਰਾਹੀਂ ਹੀ ਉਲਝਾਉਂਦਾ ਹੈ। ਮਨ ਦੀ ਉਲਝਣ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਾਲੀ, ਹਉਮੈ ਵਾਲੀ ਭਾਵ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਉਹ ਕਿਸੇ ਮਨੁੱਖੀ ਸਮਝ ਨੂੰ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਕੱਢਦਾ ਹੈ ਜੋ ਹਰ ਮਨੁੱਖੀ ਸਰੀਰ ਦਾ ਮਾਲਕ ਹੈ ਭਾਵ ਹਰ ਮਨੁੱਖੀ ਸਮਝ ਦਾ ਮਾਲਕ ਹੈ ਤੇ ਉਸ ਆਪਣੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਹਰ ਮਨੁੱਖੀ ਰੂਪ ਉਸ ਦੀ ਨਾਰ ਹੈ ਤੇ ਹਰ ਕਿਸੇ ਦਾ ਇੱਕੋ ਇੱਕ ਖਸਮ ਉਹ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਬਹੁਤ ਬਰੀਕੀ ਨਾਲ ਸਮਝਿਆ ਹੈ ਤੇ ਹੇਠ ਦਿੱਤੇ ਉਸੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕਰਦੇ ਹਾਂ ਕਿ ਆਪਣੇ ਖਸਮ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਭਾਵ ਆਪਣੇ ਆਪ ਨੂੰ ਉਸ ਦੀ ਨਾਰ ਸਮਝੇ ਬਿਨ੍ਹਾਂ ਕੋਈ ਮਨ ਦੀ ਉਲਝਣ ਵਿੱਚੋਂ ਨਹੀਂ ਨਿਕਲ ਸਕਦਾ ਕਿ ਸਭ ਕੁੱਝ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੀ ਹੈ ਤੇ ਹਰ ਮਨੁੱਖ ਜੋ ਆਪਣੇ ਆਪ ਨੂੰ ਉਸ ਤੋਂ ਵੱਖਰਾ ਸਮਝਦਾ ਹੈ ਉਸਨੇ ਆਪਣੇ ਅੰਦਰੋਂ ਇੱਕੋ ਇੱਕ ਸ੍ਰਿਸ਼ਟੀ ਦੇ ਖਸਮ ਨੂੰ ਨਹੀਂ ਜਾਣਿਆ ਤੇ ਆਉ ਸਮਝੀਏ ਕਿ ਉਸ ਦੀ ਘਰਵਾਲੀ, ਉਸ ਦੀ ਪਤਨੀ, ਉਸ ਦੀ ਸੁਹਾਗਣ ਬਣਨਾ ਕੀ ਹੈ ਤਾਂ ਜੋ ਅਸੀਂ ਉਸ ਖਸਮ ਦੇ ਮਨ ਦੇ ਵਿੱਚ ਆਪਣਾ ਸੱਚ ਸਮਝਾਉਣ ਦੁਆਰਾ ਅਸੀਂ ਹਰ ਭਰਮ ਵਿੱਚੋਂ ਨਿਕਲ ਸਕੀਏ ਤੇ ਸ੍ਰਿਸ਼ਟੀ ਦੇ ਸੱਚ ਨੂੰ, ਧਰਮ ਦੇ ਮਾਰਗ ਦੇ ਸੱਚ ਨੂੰ ਤੇ ਸ੍ਰਿਸ਼ਟੀ ਦੇ ਸੱਚ ਰੂਪ ਖਸਮ ਨੂੰ ਜਾਣ ਸਕੀਏ। ਹੇਠ ਦਿੱਤੇ ਪੂਰੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

7/686

“ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁੋਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥

ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥"

(ਅੰਗ ੭੮-੭੯)

ਹਰ ਮਨੁੱਖ ਪ੍ਰਮਾਤਮਾ ਦੀ ਇਸਤਰੀ ਰੂਪ ਹੈ, ਉਸਦੀ ਨਾਰ ਹੈ।

{ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥}

(ਅੰਗ ੫੯੧)

ਹਰ ਕਿਸੇ ਨੂੰ ਬਾਣੀ ਰਾਹੀਂ ਦੁਹਾਗਣ ਕਿਹਾ ਹੈ ਅਤੇ ਆਪਣੀ ਸੁਹਾਗਣ ਅਕਾਲ ਪੁਰਖ ਉਸੇ ਨੂੰ ਹੀ ਬਣਾਉਂਦਾ ਹੈ ਜਿੱਥੇ ਉਸਦੀ ਰਜ਼ਾ ਹੈ। ਉਸਦੀ ਸੁਹਾਗਣ ਉਹੀ ਬਣਦੀ ਹੈ ਜਿਸ ਨਾਲ ਅਕਾਲ ਪੁਰਖ ਆਪ ਵਿਆਹ ਕਰਦਾ ਹੈ, ਜੋਗ ਕਰਦਾ ਹੈ, ਭੋਗ ਕਰਦਾ ਹੈ। ਅਕਾਲ ਪੁਰਖ ਦੇ ਨਾਲ ਵਿਆਹ, ਉਸ ਦੇ ਨਾਲ ਮਨ ਦੇ ਵਿੱਚ ਮੇਲ ਹੈ ਜੋ ਮੇਲ ਕਰਨ ਦੁਆਰਾ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ। **(ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥)** ਇਹ ਵਿਆਹ ਕਿਵੇਂ ਹੁੰਦਾ ਹੈ, ਉਹ ਦੁਹਾਗਣ ਨੂੰ ਸੁਹਾਗਣ ਕਿਵੇਂ ਬਣਾਉਂਦਾ ਹੈ, ਮਨਮੁੱਖ ਨੂੰ ਗੁਰਮੁਖਿ ਰੂਪ ਕਿਵੇਂ ਬਣਾਉਂਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ॥"

ਮਨੁੱਖ ਦੁਹਾਗਣ ਕਿਸ ਲਈ ਹੈ ਇਹ ਵੀ ਸਮਝ ਲੱਗ ਜਾਂਦੀ ਹੈ। ਹਰ ਕੋਈ ਆਪਣੀ ਅਗਿਆਨਤਾ ਕਰਕੇ ਦੁਹਾਗਣ ਹੈ, ਪ੍ਰਮਾਤਮਾ ਨਾਲੋਂ ਵਿਛੜਿਆ ਹੋਇਆ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ, ਭਰਮ ਵਿੱਚ, ਦੁਬਿਧਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਸੁਹਾਗਣ ਨਹੀਂ ਬਣਿਆ ਜਾ ਸਕਦਾ, ਗੁਰਮੁੱਖ ਨਹੀਂ ਬਣਿਆ ਜਾ ਸਕਦਾ। ਮਨੁੱਖ ਤ੍ਰੈਗੁਣਾਂ ਵਾਲੀ ਜੁਗਤਿ ਦੀ ਅਗਿਆਨਤਾ ਵਾਲੀ ਸਮਝ ਵਿੱਚ ਵਿਚਰਦਾ ਹੈ ਜੋ ਮਨ ਦੀ ਅਗਿਆਨਤਾ ਮਨ ਦੇ ਵਿੱਚੋਂ ਸਾਨੂੰ ਪ੍ਰਮਾਤਮਾ ਦੀ ਸੋਝੀ ਪੈਣ ਤੋਂ ਦੂਰ ਰੱਖਦੀ ਹੈ। ਉਹ ਆਪ ਅਕਾਲ ਪੁਰਖ ਚੌਥੇ ਪਦ ਵਿੱਚ ਹੈ, ਬ੍ਰਹਮ ਗਿਆਨ ਵਿੱਚ ਹੈ। ਸਾਡੀ ਅਗਿਆਨਤਾ ਉਹ ਆਪ ਹੀ ਕੱਟ ਸਕਦਾ ਹੈ, ਸਾਡੀ ਅਗਿਆਨਤਾ ਚੌਥਾ ਪਦ ਕੱਟ ਸਕਦਾ ਹੈ, ਸਾਡੇ ਅੰਦਰ ਗਿਆਨ ਨੂੰ ਉਹ ਆਪ ਹੀ ਪ੍ਰਚੰਡ ਕਰ ਸਕਦਾ ਹੈ ਭਾਵ ਸਾਡੇ ਅੰਦਰ ਆਪਣਾ ਬ੍ਰਹਮ ਗਿਆਨ ਆਪ ਹੀ ਪਾ ਸਕਦਾ ਹੈ, ਆਪ ਹੀ ਬਾਲ ਸਕਦਾ ਹੈ ਭਾਵ ਸਾਡੇ ਮਨ ਦੇ

ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਉਹ ਆਪ ਹੀ ਕਰ ਸਕਦਾ ਹੈ, ਉਹ ਆਪ ਹੀ ਆਪਣੀ ਮਰਜੀ ਨਾਲ ਮਨ ਦੇ ਵਿੱਚ ਪ੍ਰਗਟ ਹੋ ਕੇ ਕਰ ਸਕਦਾ ਹੈ। ਉਹ ਮਨ ਦੇ ਵਿੱਚ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਹੀ ਪ੍ਰਗਟ ਹੁੰਦਾ ਹੈ। ਇਸ ਚੌਥੇ ਪਦ ਦੇ ਗਿਆਨ ਦੁਆਰਾ ਹੀ ਮਨੁੱਖ ਦੀ ਪ੍ਰਮਾਤਮਾ ਨੂੰ ਜਾਣਨ ਦੀ ਅਗਿਆਨਤਾ ਦੂਰ ਹੁੰਦੀ ਹੈ, ਦੁਚਿੱਤੀ, ਦੁਬਿਧਾ, ਭਰਮ ਦੂਰ ਹੁੰਦੇ ਹਨ ਅਤੇ ਪ੍ਰਮਾਤਮਾ ਦੇ ਨਾਲ ਮਨੁੱਖ ਦੇ ਅੰਦਰ ਕੇਵਲ "ਇੱਕ ਸੋਚ" ਬਣ ਜਾਂਦੀ ਹੈ ਭਾਵ ਮਨੁੱਖ ਦੀ ਤ੍ਰੈਗੁਣਾਂ ਵਾਲੀ ਸੋਚ ਪ੍ਰਮਾਤਮਾ ਦੀ ਸੱਚੀ ਸੋਚ ਨਾਲ ਇੱਕ ਹੋ ਜਾਂਦੀ ਹੈ ਭਾਵ ਮਨ ਦੀ ਸਮਝ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ, ਪ੍ਰਮਾਤਮਾ ਨੂੰ ਜਾਣਨ ਬਾਰੇ ਦੁਚਿੱਤੀ ਖ਼ਤਮ ਹੋ ਜਾਂਦੀ ਹੈ। ਇਸ ਸੋਚ ਨੂੰ ਫਿਰ ਕੋਈ ਬਦਲ ਨਹੀਂ ਸਕਦਾ ਕਿਉਂਕਿ ਇਹ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਸੋਚ ਹੈ ਜੋ ਕਿ ਚੌਥੇ ਪਦ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਇਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਵਿਆਹ ਹੈ ਜੋ ਵਿਆਹ ਸਾਡੀ ਸਮਝ ਦਾ ਪ੍ਰਮਾਤਮਾ ਦੀ ਸੱਚੀ ਸਮਝ ਦੇ ਨਾਲ ਹੁੰਦਾ ਹੈ ਤੇ ਇਹੀ ਉਸਦੀ ਸੁਹਾਗਣ ਬਣਨਾ ਹੈ। ਇਹ ਉਹ ਅਵੱਸਥਾ ਹੈ ਜਦੋਂ ਮਨੁੱਖ ਦੇ ਅੰਦਰੋਂ ਮਾਇਆ ਮੋਹ ਅਤੇ ਇਹ ਭਰਮ ਨਿਕਲ ਜਾਂਦਾ ਹੈ ਤੇ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਪ੍ਰਮਾਤਮਾ ਨੂੰ ਕਿਸੇ ਸਰੀਰਕ ਜਪ ਤਪ ਦੁਆਰਾ ਨਹੀਂ ਪਾਇਆ ਜਾ ਸਕਦਾ। ਇਹੀ ਮਨੁੱਖ ਦੇ ਵਿੱਚ ਨਾਮ ਦਾ ਵੱਸਣਾ ਹੈ, ਬ੍ਰਹਮ ਗਿਆਨ ਦਾ ਵੱਸਣਾ ਹੈ, ਸੱਚੀ ਗੁਰਮਤਿ ਦੀ ਸਮਝ ਦਾ ਵੱਸਣਾ ਹੈ।

{ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥ ਸਾਚੁ ਨਾਮੁ ਰਿਦੇ ਰਵੈ ਸਰੀਰ॥੧॥ਰਹਾਉ॥}

(ਅੰਗ ੩੫੬)

ਜਦ ਤੱਕ ਮਨੁੱਖ ਦਾ ਭਰਮ ਨਹੀਂ ਜਾਂਦਾ ਉਹ ਮਨੁੱਖ ਸਰੀਰਕ ਜਪ ਤਪ ਵਿੱਚ ਹੀ ਪਿਆ ਰਹਿੰਦਾ ਹੈ ਕਿਉਂਕਿ ਭਰਮ ਵਿੱਚ ਰਹਿੰਦਿਆਂ, ਅਗਿਆਨਤਾ ਵਿੱਚ ਰਹਿੰਦਿਆਂ ਗੁਰੂ ਦੀ ਸਿੱਖਿਆ ਨੂੰ ਸਮਝਣ ਵਿੱਚ ਅਸਮਰੱਥ ਰਹਿਣਾ ਹੀ ਸਾਨੂੰ ਸਰੀਰਕ ਜਪ ਤਪ ਵਿੱਚ ਪਾਉਂਦਾ ਹੈ। ਸਰੀਰਕ ਜਪ ਤਪ ਦੁਆਰਾ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਪਾਇਆ ਜਾ ਸਕਦਾ। ਇਹ ਬਾਣੀ ਦਾ ਆਪਣਾ ਫੁਰਮਾਨ ਹੈ।

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥੫॥}

(ਅੰਗ ੩੫੬)

ਮਨ ਦੇ ਵਿੱਚ ਗਿਆਨ ਪ੍ਰਚੰਡ ਹੋਣ ਤੋਂ ਬਾਅਦ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਅਦ ਹੀ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਅਸਲ ਵਿੱਚ ਕੀ ਹੈ ਅਤੇ ਦੁਨੀਆਂ ਉਸਨੂੰ ਲੱਭਦੀ ਕਿੱਥੇ ਫਿਰਦੀ ਹੈ ਤੇ ਲੱਭਦੀ ਵੀ ਕਿਹੜੇ ਤਰੀਕੇ ਨਾਲ ਫਿਰਦੀ ਹੈ। ਸਾਡੇ ਮਨ ਦੇ ਵਿੱਚ ਗਿਆਨ ਪ੍ਰਚੰਡ ਕਰਨ ਦਾ ਮਕਸਦ ਹੀ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਪਾਉਣਾ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਆਪਣੀ ਸੁਹਾਗਣ ਬਣਾਉਣ ਦੁਆਰਾ ਪਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਆਪਣੀ ਸੁਹਾਗਣ ਬਣਾਇਆ ਹੈ। ਆਪਣੀ ਸੁਹਾਗਣ ਬਣਾਉਣ ਦੁਆਰਾ ਉਸਦਾ ਜਪ ਤਪ ਕਰਨਾ ਕੀ ਹੈ ਇਹ ਉਹ ਆਪ ਹੀ ਸਮਝਾਉਂਦਾ ਹੈ। ਗੁਰਬਾਣੀ ਰਾਹੀਂ ਪਾਈ ਹੋਈ ਸੋਝੀ ਤੇ ਉਹ ਆਪ ਹੀ ਦ੍ਰਿੜ ਕਰਕੇ ਚਲਾਉਂਦਾ ਹੈ। ਉਸ ਤੇ ਭਰੋਸਾ ਰੱਖ ਕੇ ਕੇਵਲ ਸੱਚੇ ਸੁੱਚੇ ਕਰਮ ਕਰਨਾ ਹੀ ਉਸ ਦਾ ਜਪ ਤਪ ਹੈ। ਫ਼ਲ ਉਸਨੇ ਆਪ ਹੀ ਦੇਣਾ ਹੈ ਜੋ ਕਿ ਮਨ ਦੇ ਵਿੱਚ ਉਸ ਦੇ ਨਾਲ ਵਿਆਹ ਦੇ ਰੂਪ ਵਿੱਚ ਉਹ ਆਪ ਹੀ ਦਿੰਦਾ ਹੈ। ਸ਼ਬਦ ਦੀ ਅਗਲੀ ਪੰਗਤੀ ਦੁਆਰਾ ਇਹ ਗੱਲ ਵੀ ਸਪੱਸ਼ਟ ਕੀਤੀ ਹੋਈ ਹੈ ਕਿ ਰਤਨ ਪਦਾਰਥ ਦੀ ਪ੍ਰਾਪਤੀ ਕੀ ਹੈ। ਰਤਨ ਪਦਾਰਥ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਇਹ ਫ਼ਲ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੀ ਪ੍ਰਾਪਤੀ ਹੈ। ਉਸਦਾ ਫ਼ਲ ਗਿਆਨ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ।

{ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥}

(ਅੰਗ ੧੩੨੫)

{ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥
ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥}

(ਅੰਗ ੧੧੭੦)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

“ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥”

7/688

ਰਤਨ ਪਦਾਰਥ ਪ੍ਰਮਾਤਮਾ ਆਪ ਹੈ ਭਾਵ ਬ੍ਰਹਮ ਗਿਆਨੀ ਰੂਪ ਲਾੜਾ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚ ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੁੰਦੀ ਹੈ, ਮਨ ਦੇ ਵਿੱਚ ਉਸ ਦੇ ਨਾਲ ਵਿਆਹ ਦੇ ਰੂਪ ਵਿੱਚ ਹੁੰਦੀ ਹੈ। ਰਤਨ ਹੀ ਆਪ ਸ਼ਬਦ ਹੈ।

{ਗੁਰ ਕਾ ਸਬਦੁ ਰਤੰਨੁ ਹੈ॥}

(ਅੰਗ - ੯੨੦)

ਹੁਣ ਧਿਆਨ ਨਾਲ ਵਿਚਾਰੋ ਕਿ ਇਹ ਵਿਆਹ ਕਿਸ ਜਗ੍ਹਾ ਤੇ ਹੁੰਦਾ ਹੈ, ਕਿਸ ਤਰੀਕੇ ਨਾਲ ਹੁੰਦਾ ਹੈ, ਰਤਨ ਪਦਾਰਥ ਦੀ ਪ੍ਰਾਪਤੀ ਕਿੱਥੇ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ ਤਾਂ ਜੋ ਅਸੀਂ ਹਮੇਸ਼ਾ ਲਈ ਘੱਟੋ ਘੱਟ ਇਸ ਦੁਚਿੱਤੀ ਤੋਂ ਬਚ ਜਾਈਏ ਕਿ ਪ੍ਰਮਾਤਮਾ ਦਾ ਮੇਲ ਅਸਲ ਵਿੱਚ ਹੈ ਕੀ। ਘੱਟੋ ਘੱਟ ਸਾਡਾ ਇਹ ਭਰਮ ਤਾਂ ਨਿਕਲ ਜਾਵੇ ਕਿ ਪ੍ਰਮਾਤਮਾ ਉੱਥੇ ਹੀ ਮਿਲਦਾ

ਹੈ ਤੇ ਉਸੇ ਤਰੀਕੇ ਨਾਲ ਮਿਲਦਾ ਹੈ ਤੇ ਉਸੇ ਰੂਪ ਵਿੱਚ ਮਿਲਦਾ ਹੈ ਜਿਵੇਂ ਕਿ ਗੁਰਬਾਣੀ ਵਿੱਚ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਉੱਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਪ੍ਰਮਾਤਮਾ ਨਾਲੋਂ ਵਿਛੋੜਾ ਸਾਡੇ ਮਨ ਦੇ ਵਿੱਚ ਹੈ ਤੇ ਇਸ ਦਾ ਕਾਰਨ ਸਾਡੀ ਅਗਿਆਨਤਾ ਹੈ ਭਾਵ ਭਰਮਾਂ ਵਾਲੀ ਸਮਝ ਹੈ ਜਿਸ ਕਰਕੇ ਉਸ ਪ੍ਰਮਾਤਮਾ ਦੇ ਮਨ ਦੇ ਵਿੱਚ ਹੁੰਦੇ ਹੋਏ ਵੀ ਅਸੀਂ ਉਸਨੂੰ ਜਾਣ ਨਹੀਂ ਸਕਦੇ। ਸਾਡੀ ਅਗਿਆਨਤਾ ਸਾਡੇ ਵੱਸ ਵਿੱਚ ਨਹੀਂ ਹੈ। ਸਾਡੇ ਮਨ ਦਾ ਗਿਆਨ ਸਾਡੇ ਵੱਸ ਵਿੱਚ ਨਹੀਂ ਹੈ। ਸਾਡੀ ‘‘ਸੋਚ’’ ਸਾਡੇ ਵੱਸ ਵਿੱਚ ਨਹੀਂ ਹੈ। ਜਦ ਤੱਕ ਇਹ ਸਾਡੇ ਮਨ ਦਾ ਹਨੇਰਾ, ਮਨ ਦੀ ਅਗਿਆਨਤਾ ਨਹੀਂ ਜਾਂਦੀ ਭਾਵ ਜਦ ਤੱਕ ਰਤਨ ਪਦਾਰਥ ਦੀ ਪ੍ਰਾਪਤੀ ਨਹੀਂ ਹੁੰਦੀ ਜੋ ਪ੍ਰਾਪਤੀ ਮਨ ਦੀ ਸੋਝੀ ਹੈ, ਮਨ ਦੇ ਵਿੱਚ ਉਸਦੇ ਗਿਆਨ ਦਾ ਪ੍ਰਗਟ ਹੋਣਾ ਹੈ, ਉਸਦੇ ਗਿਆਨ ਦਾ ਬਲਣਾ ਹੈ ਜਿਸ ਦੁਆਰਾ ਉਸ ਦੀ ਸੋਝੀ ਪੈਂਦੀ ਹੈ ਤਦ ਤੱਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਇਹ ਸੋਝੀ ਕੇਵਲ ਉਹ ਆਪ ਹੀ ਪਾ ਸਕਦਾ ਹੈ ਭਾਵ ਆਪਣੇ ਦਰਸ਼ਨ ਮਨ ਦੇ ਵਿੱਚ ਉਹ ਆਪ ਹੀ ਕਰਵਾ ਸਕਦਾ ਹੈ। ਉਸ ਦੇ ਦਰਸ਼ਨ ਮਨ ਦੇ ਵਿੱਚ ਉਸਦੇ ਚੌਥੇ ਪਦ ਦਾ ਗਿਆਨ ਹੈ। ਇਹ ਚੌਥੇ ਪਦ ਦੇ ਗਿਆਨ ਦੁਆਰਾ ਭਾਵ ‘‘ਬ੍ਰਹਮ ਗਿਆਨ’’ ਦੁਆਰਾ ਉਹ ਬ੍ਰਹਮ ਗਿਆਨੀ ਹੀ ‘‘ਸਾਡਾ ਲਾੜਾ’’ ਹੈ ਭਾਵ ਸਾਡੀ ਸਮਝ ਨੂੰ ਚਲਾਉਣ ਵਾਲਾ ਹੈ ਤੇ ਸਭ ਸ੍ਰਿਸ਼ਟੀ ਦਾ ਮਾਲਕ ਹੈ ਅਤੇ ਉਹ ਆਪਣੇ ਗਿਆਨ ਦੁਆਰਾ ਹੀ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਉਸਦਾ ਬ੍ਰਹਮ ਗਿਆਨ ਸਾਇੰਟਿਫਿਕ ਗਿਆਨ ਹੈ ਜੋ ਉਸਦੀ ਰਚੀ ਹੋਈ ਸਾਇੰਸ ਦੁਆਰਾ ਸਭ ਵਿੱਚ, ਸਭ ਜਗ੍ਹਾ ਵਰਤ ਰਿਹਾ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥}

(ਅੰਗ ੪੫੬)

ਪ੍ਰਮਾਤਮਾ ਨਾਲ ਵਿਆਹ ਹੋਣ ਤੋਂ ਬਾਅਦ ਭਾਵ ਉਸ ਦੇ ਨਾਲ ਮੇਲ ਦੀ ਪ੍ਰਾਪਤੀ ਹੋਣ ਤੋਂ ਬਾਅਦ ਭਾਵ ਉਸ ਦੇ ਬ੍ਰਹਮ ਗਿਆਨ ਦੇ ਨਾਲ ਜੁੜਨ ਤੋਂ ਬਾਅਦ ਦੀ ਮਨ ਦੀ ਅਵੱਸਥਾ ਦਾ ਬਿਆਨ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਕੀਤਾ ਹੋਇਆ ਹੈ ਤੇ ਨਾਮ ਫ਼ਲ ਦੀ ਪ੍ਰਾਪਤੀ ਸਮਝਾਈ ਹੋਈ ਹੈ।

“ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ॥”

ਇਸ ਪੰਗਤੀ ਰਾਹੀਂ ਤੁਹਾਨੂੰ ਇਸ ਗੱਲ ਦੀ ਸੋਝੀ ਵੀ ਪੈ ਜਾਵੇਗੀ ਕਿ ਹਉਮੈ ਅਸਲ ਵਿੱਚ ਕੀ ਹੈ। ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਸਮਝਿਆ ਹੈ। ਬ੍ਰਹਮਾ ਨੂੰ ਵੀ ਗੁਰਬਾਣੀ ਨੇ ਹਉਮੈ ਵਿੱਚ ਦੱਸਿਆ ਹੈ ਕਿ ਉਸ ਦੀ ਹਉਮੈ ਨਹੀਂ ਮਰੀ। ਇਹ ਹਉਮੈ ਸਾਡਾ ਆਪਾ ਹੈ,

7/689

ਸਾਡੀ "ਮੈਂ" ਹੈ ਭਾਵ ਸਾਡੀ ਭਰਮਾਂ ਵਾਲੀ ਸਮਝ ਹੈ, ਮਨਮਤਿ ਹੈ ਜਿਸ ਕਰਕੇ ਅਸੀਂ ਮਨ ਦੀ ਅਗਿਆਨਤਾ ਕਰਕੇ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਦੇ ਹਾਂ, ਆਪਣੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਸਮਝਦੇ ਹਾਂ ਜਦ ਕਿ ਹਕੀਕਤ ਵਿੱਚ ਸਾਡੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਨਹੀਂ ਹੈ। ਜਿਸ ਮਨੁੱਖੀ ਸਰੀਰ ਨੂੰ ਅਸੀਂ ‘‘ਮੈਂ’’ ਸਮਝਦੇ ਹਾਂ ਅਸਲ ਵਿੱਚ ਉਹ "ਤੂੰ" ਹੈ। ਜਿਸਨੂੰ ਅਸੀਂ ਆਤਮਾ ਸਮਝਦੇ ਹਾਂ ਅਸਲ ਵਿੱਚ ਉਹ ਆਪ ਪ੍ਰਮਾਤਮਾ ਹੈ। ਇਹ ਕੇਵਲ ਮਨ ਦਾ ਭੇਦ ਹੈ। ਜਦ ਤੱਕ ਇਸ ਭੇਦ ਦੀ ਸਮਝ ਨਹੀਂ ਲੱਗਦੀ ਮਨੁੱਖ ਦਾ ਆਪਾ ਖ਼ਤਮ ਨਹੀਂ ਹੋ ਸਕਦਾ। ਇਹ ਭੇਦ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਹੈ। ਇਹ ਹਉਮੈ ਦਾ ਪੜਦਾ ਹੈ, ਇਹ ਕੂੜੇ ਦੀ ਪਾਲਿ ਹੈ, ਇਹ ਤ੍ਰੈ ਗੁਣੀ ਮਾਇਆ ਦੀ ਜੁਗਤਿ ਹੈ। ਹਰ ਕੋਈ ਇਸੇ ਹਉਮੈ ਦਾ ਹੀ ਰੋਗੀ ਹੈ। ਜੋ ਵੀ ਆਪਣੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਸਮਝਦਾ ਹੈ ਉਹ ਹਰ ਕੋਈ ਰੋਗੀ ਹੈ। ਅਸਲ ਵਿੱਚ ਹਰ ਹੋਂਦ ਪ੍ਰਮਾਤਮਾ ਦੀ ਆਪਣੀ ਹੈ ਭਾਵ ਉਸਦੀ ਆਪਣੀ ਬਣਾਈ ਹੋਈ ਹੈ, ਹਰ ਆਕਾਰ ਉਸਦਾ ਆਪਣਾ ਬਣਾਇਆ ਹੋਇਆ ਆਪਣਾ ਹੀ ਰੂਪ ਹੈ। ਸਭ ਕੁੱਝ ਉਸਦੇ ਗਿਆਨ ਦੇ ਨਾਲ ਬਣਿਆ ਹੋਇਆ ਹੈ ਤੇ ਸਭ ਕੁੱਝ ਉਸ ਦੇ ਗਿਆਨ ਦੇ ਨਾਲ ਹੀ ਚੱਲ ਰਿਹਾ ਹੈ। ਸਾਡੇ ਮਨ ਦਾ ਹਉਮੈ ਰੂਪ ਪੜਦਾ ਕੇਵਲ ਪ੍ਰਮਾਤਮਾ ਆਪ ਹੀ ਖੋਲ ਸਕਦਾ ਹੈ ਅਤੇ ਮਨ ਦੀ ਸੋਝੀ ਦੁਆਰਾ ਹੀ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ, ਆਪਣਾ ਆਪ ਮੁਕਦਾ ਹੈ, ਮੇਰੀ ਮੇਰੀ ਮੁਕਦੀ ਹੈ, ਮਨੁੱਖ ਦੀ ਹਉਮੈ ਮੁਕਦੀ ਹੈ। ਹੁਣ ਧਿਆਨ ਨਾਲ ਸੋਚੋ ਕਿ ਇੱਥੇ ਸਾਨੂੰ "ਗੁਰਮਤਿ" ਕੀ ਸਮਝਾਈ ਹੋਈ ਹੈ।

“ਆਪੁ ਆਪੈ ਗੁਰਮਤਿ ਖਾਧਾ॥”

‘‘ਆਪਾ ਆਪੁ’’ ਸਾਡੀ ‘‘ਮਨਮਤਿ’’ ਹੈ ਜੋ ਸਾਨੂੰ ਮੈਂ ਸਿਖਾਉਂਦੀ ਹੈ। ‘‘ਗੁਰਮਤਿ ਦਾ ਮਕਸਦ’’ ‘‘ਮਨਮਤਿ ਨੂੰ ਖਾਣ ਦੇ ਨਾਲ

ਹੈ'', ਖ਼ਤਮ ਕਰਨ ਦੇ ਨਾਲ ਹੈ। ਇਹੀ ਆਪਣੇ ਆਪ ਨੂੰ ਮਿਟਾਉਣਾ ਹੈ, ਸ਼ਬਦੇ ਮਰਨਾ ਹੈ, ਆਪਣੇ ਆਪ ਨੂੰ ਜਿਉਂਦਿਆਂ ਖ਼ਤਮ ਕਰਨਾ ਹੈ। ''ਗੁਰਮਤਿ ਨਾਮ'' ਹੈ, ''ਸ਼ਬਦ'' ਹੈ ਤੇ ''ਮਨਮਤਿ ਹਉਮੈ ਹੈ'' ਭਾਵ ''ਨਾਮ ਤੋਂ ਵਿਸਰਨਾ ਹੈ''।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}

(ਅੰਗ ੫੬੦)

ਗੁਰਮਤਿ ਵਿੱਚ ਨਾਮ ਹੈ ਆਪ ਪ੍ਰਮਾਤਮਾ ਹੈ। ਮਨਮਤਿ ਵਿੱਚ ਰਹਿੰਦਿਆਂ ਹਉਮੈ ਹੈ ਜਿਸ ਨੂੰ ਛੱਡੇ ਬਿਨ੍ਹਾਂ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ, ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ, ਉਸ ਦੀ ਸੁਹਾਗਣ ਨਹੀਂ ਬਣਿਆ ਜਾ ਸਕਦਾ। ''ਮਨਮਤਿ'' ਤ੍ਰੈ ਗੁਣਾਂ ਵਾਲਾ, ਭਰਮਾਂ ਵਿੱਚ ਪਾਉਣ ਵਾਲਾ ਗਿਆਨ ਹੈ ਜੋ ਕਿ ਸਭ ਦੇ ਅੰਦਰ ਮਾਇਆ ਦੀ ਜੁਗਤਿ ਹੈ। ''ਗੁਰਮਤਿ'' ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਉਸਨੂੰ ਜਾਣਨ ਦਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਸਾਡੇ ਤ੍ਰੈ ਗੁਣਾਂ ਵਾਲੇ ਮਾਇਆਵੀ ਗਿਆਨ ਨੂੰ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਾ ਜਾਣਨ ਦੇਣ ਵਾਲੀ ਅਗਿਆਨਤਾ ਨੂੰ ਕੇਵਲ ਉਸਦੀ ਗੁਰਮਤਿ ਦਾ ਗਿਆਨ, ਉਸਦੇ ਚੌਥੇ ਪਦ ਦਾ ਗਿਆਨ ਹੀ ਖਾ ਸਕਦਾ ਹੈ ਭਾਵ ਮੁਕਾ ਸਕਦਾ ਹੈ। (**ਆਪੁ ਆਪੈ ਗੁਰਮਤਿ ਖਾਧਾ॥**)

7/690

ਗੁਰਬਾਣੀ ਰਾਹੀਂ ਪੂਰੀ ਗੁਰਮਤਿ ਸਾਨੂੰ ਸੱਚਾ ਗਿਆਨ ਦੇਣ ਲਈ ਹੀ ਰਚੀ ਗਈ ਹੈ, ਸਾਨੂੰ ਚੌਥੇ ਪਦ ਦੇ ਦਰਸ਼ਨ ਕਰਵਾਉਣ ਲਈ ਹੀ ਬਣੀ ਹੈ, ਸਾਡਾ ਪ੍ਰਮਾਤਮਾ ਨਾਲ ਵਿਆਹ ਕਰਵਾਉਣ ਲਈ ਹੀ ਬਣੀ ਹੈ, ਸਾਨੂੰ ਉਸਦੇ ਨਿਰੰਕਾਰ ਰੂਪ ਦੇ ਦਰਸ਼ਨ ਕਰਵਾਉਣ ਲਈ ਹੀ ਬਣੀ ਹੈ। ਆਉ ਆਪਣੀ ਸੋਚ ਨੂੰ ਬਦਲ ਕੇ ਗੁਰੂ ਦੇ ਸੱਚੇ ਗਿਆਨ ਦੀ ਪ੍ਰਾਪਤੀ ਲਈ ਤੋਰੀਏ, ਗੁਰਮਤਿ ਦੇ ਸਮਝਾਏ ਹੋਏ ਗਿਆਨ ਤੇ ਅਮਲ ਕਰੀਏ ਭਾਵ ਬਾਣੀ ਨੂੰ ਧਿਆਨ ਨਾਲ ਪੜੀਏ, ਉਸਨੂੰ ਬਰੀਕੀ ਨਾਲ ਸਮਝੀਏ ਅਤੇ ਉਸ ਦੇ ਭਾਵ ਨੂੰ ਮਨ ਵਿੱਚ ਵਸਾਈਏ, ਉਸ ਤੇ ਅਮਲ ਕਰੀਏ ਭਾਵ ਉਹ ਨਾਮ ਜਪੀਏ ਜੋ ਸਾਨੂੰ ਗੁਰਮਤਿ ਸਮਝਾ ਰਹੀ ਹੈ। ''ਗੁਰਮਤਿ'' ਦੇ ਰਚਣ ਵਾਲਾ, ਨਾਮ ਦੇ ਰਚਣ ਵਾਲਾ ਬ੍ਰਹਮ ਗਿਆਨੀ ਮਨ ਦੇ ਅੰਦਰ ਹੀ ਹੈ ਤੇ ਉਹ ਆਪ ਹੀ ਮਨ ਦੇ ਅੰਦਰ ਪ੍ਰਗਟ ਹੋ ਕੇ ਆਪਣੇ ਚੌਥੇ ਪਦ ਦੇ ਗਿਆਨ ਦੇ ਨਾਲ ਜੋੜ ਲੈਂਦਾ ਹੈ, ਮਨੁੱਖ ਦਾ ਭੁਲੇਖਾ ਦੂਰ ਕਰ ਦਿੰਦਾ ਹੈ ਕਿ ''ਗਿਆਨ ਰਾਉ'' ਕੌਣ ਹੈ, ਗਿਆਨ ਦਾ ਮਾਲਕ ਕੌਣ ਹੈ, ਬ੍ਰਹਮ ਗਿਆਨੀ ਕੌਣ ਹੈ। ਸਾਡਾ ''ਮਨ'' ਹੀ ਉਹ ਸੇਜ ਹੈ ਜਿੱਥੇ ਉਹ ਭੋਗ ਕਰਦਾ ਹੈ। ਉਹ ਭੋਗ ਆਪਣੇ ਬ੍ਰਹਮ ਗਿਆਨ ਦੁਆਰਾ ਸਾਡੀ ਸਮਝ ਦੇ ਨਾਲ ਕਰਦਾ ਹੈ ਭਾਵ ਆਪਣੇ ਬ੍ਰਹਮ ਗਿਆਨ ਦੀ ਸੋਝੀ ਪਾਉਂਦਾ ਹੈ, ਆਪਣੀ ਅਕਥ ਕਥਾ ਦੀ ਸੋਝੀ ਪਾਉਂਦਾ ਹੈ, ਆਪਣੀ ਅਕਥ ਕਹਾਣੀ ਸੁਣਾਉਂਦਾ ਹੈ। ਇਹ ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਹੀ ਉਸਦੇ ''ਅਨਹਦ ਸ਼ਬਦ'' ਹਨ ਜੋ ਮਨ ਦੇ ਵਿੱਚ ਸੱਚੀ ਸਮਝ ਦੇ ਰੂਪ ਵਿੱਚ ਸੁਣਦੇ ਹਨ। ਇਹੀ ਉਸਦੇ ਪੰਚ ਸ਼ਬਦ ਹਨ ਜਿੰਨ੍ਹਾਂ ਨੂੰ ਸੁਣਨ ਦੁਆਰਾ ਮਨੁੱਖ ਉਸਦਾ ਪੰਚ ਬਣਦਾ ਹੈ, ਦ੍ਰਿੜ ਵਿਸ਼ਵਾਸ ਵਾਲਾ ਬਣਦਾ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸਦੀ ਗੁਰਮਤਿ ਕੀ ਹੈ। ਇਹੀ ਮਨੁੱਖ ਦੀ ਅਵੱਸਥਾ ਨੂੰ ਅਡੋਲ ਬਣਾਉਂਦਾ ਹੈ ਤੇ ਫਿਰ ਉਹ ਮਨੁੱਖ ਕਿਸੇ ਭਰਮ ਵਿੱਚ ਨਹੀਂ ਆ ਸਕਦਾ ਕਿ ਪ੍ਰਮਾਤਮਾ ਕੀ ਹੈ। ਮਨੁੱਖ ਨੂੰ ਉਹ ਆਪ ਹੀ ਪੰਚ ਬਣਾਉਂਦਾ ਹੈ ਤੇ ਆਪਣੇ ਬ੍ਰਹਮ ਗਿਆਨ ਦੇ ਭੋਗ ਦੁਆਰਾ ਬਣਾਉਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਮਨੁੱਖ ਆਪਣੇ ਮਨ ਦੇ ਵਿੱਚ ਬ੍ਰਹਮ ਗਿਆਨ ਦਾ ਸੁੱਖ ਭੋਗਦਾ ਹੈ, ਬ੍ਰਹਮ ਗਿਆਨ ਵਾਲੀ ਸਭ ਤੋਂ ਉੱਚੀ ਸਮਝ ਦਾ ਰਸ ਭੋਗਦਾ ਹੈ, ਸੰਸਾਰ ਦਾ ਸਭ ਤੋਂ ਮਿੱਠਾ ਰਸ ਭੋਗਦਾ ਹੈ।

{ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥੪॥੧॥੩੫॥}

(ਅੰਗ ੩੫੯)

ਜਿਹੜੇ ਮਨੁੱਖ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਮਿਲਣ ਦੀਆਂ ਗੱਲਾਂ ਕਰਦੇ ਹਨ, ਕਿਸੇ ਸਰੀਰਕ ਦਰਸ਼ਨ ਦੀਆਂ ਗੱਲਾਂ ਕਰਦੇ ਹਨ ਉਹ ਪ੍ਰਮਾਤਮਾ ਨਾਲ ਕਿਹੋ ਜਿਹਾ ਵਿਆਹ ਕਰਵਾਉਂਦੇ ਹਨ, ਕਿਹੋ ਜਿਹਾ ਭੋਗ ਕਰਦੇ ਹਨ, ਉਸਦੀ ਸੁਹਾਗਣ ਕਿਵੇਂ ਬਣਦੇ ਹਨ, ਕਿਹੜੀ ਜਗ੍ਹਾ ਬਣਦੇ ਹਨ, ਭੋਗ ਕਰਨ ਲਈ ਕਿਹੜੀ ਜਗ੍ਹਾਂ ਤੇ ਜਾਂਦੇ ਹਨ, ਇਹੋ ਜਿਹੀ ਕੋਈ ਗੱਲ ਬਾਣੀ ਵਿੱਚ ਤਾਂ ਨਹੀਂ ਲਿਖੀ ਹੋਈ ਭਾਵ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਸਭ ਭਰਮ ਵਿੱਚ ਹੀ ਹਨ। ''ਅਸਲ ਵਿੱਚ ਵਿਆਹ ਕਿਸੇ ਦਾ ਹੋਇਆ ਹੋਵੇ ਤਾਂ ਇਸ ਗੱਲ ਨੂੰ ਜਾਣੇ ਕਿ ਭੋਗ ਕੀ ਹੈ''। ''ਸੁਹਾਗਣ ਅਖਵਾਉਣ ਵਾਲੇ ਤਾਂ ਬਹੁਤ ਹਨ, ਬ੍ਰਹਮ ਗਿਆਨੀ ਅਖਵਾਉਣ ਵਾਲੇ ਤਾਂ ਬਹੁਤ ਹਨ ਪਰ ਲਾੜਾ ਕਿੱਥੇ ਹੈ, ਇਸ ਗੱਲ ਦੀ ਇਹੋ ਜਿਹਿਆਂ ਨੂੰ ਕੋਈ ਸੋਝੀ ਨਹੀਂ ਹੈ।

7/691

ਆਓ ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਵਿਚਾਰੀਏ ਕਿ ਵਿਆਹ ਤੋਂ ਬਾਅਦ ਉਹ ਪ੍ਰਮਾਤਮਾ ਸਾਨੂੰ ਕਿਸ ਰੂਪ ਵਿੱਚ ਮਿਲਦਾ ਹੈ।

“ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥”

ਇਹ ਵਰੁ "ਅਕਾਲ ਮੂਰਤਿ" ਹੈ। “ਅਕਾਲ ਮੂਰਤਿ” ਤੋਂ ਭਾਵ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਇਸ ਸ਼ਬਦ ਰਾਹੀਂ ਸਮਝ ਹੀ ਚੁੱਕੇ ਹਾਂ ਤੇ ਇਹ ਜਪਜੀ ਬਾਣੀ ਦੇ ਅਰਥਾਂ ਵਿੱਚ ਵੀ ਸਮਝਾਇਆ ਹੋਇਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਹੋਰ ਵੀ ਸਮਝਾਂਗੇ। ਸਾਨੂੰ ਹੁਣ ਇਹ ਸੋਝੀ ਲੱਗ ਚੁੱਕੀ ਹੈ ਕਿ ਪ੍ਰਮਾਤਮਾ ਗਿਆਨ ਰੂਪ ਹੈ ਭਾਵ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ। ਕਾਲ ਰਹਿਤ ਕੇਵਲ ਗਿਆਨ ਹੀ ਹੋ ਸਕਦਾ ਹੈ ਤੇ ਇਸ ਦੀ ਹੋਰ ਕੋਈ ਦੂਜੀ ਮਿਸਾਲ ਨਹੀਂ ਹੋ ਸਕਦੀ। ਇਸੇ ਲਈ "ਅਕਾਲ ਮੂਰਤਿ" ਤੋਂ ਭਾਵ ਹੈ ਪ੍ਰਮਾਤਮਾ ਦੇ ਕਾਲ ਰਹਿਤ ਹੋਣ ਦੀ ਉਹ ਆਪ ਹੀ ਇੱਕੋ ਇੱਕ ਮਿਸਾਲ ਹੈ, ਹੋਰ ਕੋਈ ਉਸਦੀ ਦੂਸਰੀ ਮਿਸਾਲ ਨਹੀਂ ਹੋ ਸਕਦੀ। ਪ੍ਰਮਾਤਮਾ ਨੂੰ ਛੱਡ ਕੇ ਹਰ ਕੋਈ ਕਾਲ ਦੇ ਵੱਸ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦੇ ਵੱਸ ਹੈ ਜੋ ਸਮਝ ਸਦਾ ਰਹਿਣ ਵਾਲੀ ਨਹੀਂ ਹੈ ਭਾਵ ਬਿਨਸਨਹਾਰ ਹੈ ਤੇ ਹਰ ਆਕਾਰ ਰੂਪ ਵੀ ਬਿਨਸਨਹਾਰ ਹੈ ਪਰ ਹਰ ਆਕਾਰ ਰੂਪ ਦਾ ਮਾਲਕ ਬਿਨਸਨਹਾਰ ਨਹੀਂ ਹੈ। ਅਗਰ ਕਿਸੇ ਦੀ ਸਭ ਤੋਂ ਚੰਗੀ ਮਿਸਾਲ ਦੇਣੀ ਹੋਵੇ ਕਿ ਕੋਈ ਕਿਹੋ ਜਿਹਾ ਹੈ, ਤਾਂ ਸਭ ਤੋਂ ਵਧੀਆ ਮਿਸਾਲ ਉਸਦੀ ਆਪਣੀ “ਮੂਰਤਿ” ਹੁੰਦੀ ਹੈ, ਆਪਣੀ ਫੋਟੋ ਹੁੰਦੀ ਹੈ। ਆਪਣੀ ਮੂਰਤ ਮਨੁੱਖ ਦੀ ਆਪਣੀ ਮਿਸਾਲ ਹੁੰਦੀ ਹੈ, ਹਰ ਕਿਸੇ ਦੀ ਆਪਣੀ ਮੂਰਤ ਉਸ ਦੀ ਸੱਚੀ ਮਿਸਾਲ ਹੁੰਦੀ ਹੈ ਕਿ ਉਹ ਮਨੁੱਖ ਕਿਹੋ ਜਿਹਾ ਹੈ। ਪ੍ਰਮਾਤਮਾ ਆਪਣੇ ਆਪ ਵਿੱਚ ਇੱਕੋ ਇੱਕ ਮਿਸਾਲ ਹੈ ਭਾਵ ਆਪਣੇ ਅਕਾਲ ਹੋਣ ਦੀ ਉਹ ਆਪ ਹੀ ਇੱਕੋ “ਮੂਰਤ” ਹੈ, “ਮਿਸਾਲ” ਹੈ। ਨਿਰਗੁਣ ਸਰੂਪ ਦੀ, ਨਿਰੰਕਾਰ ਰੂਪ ਦੀ ਕੋਈ ਮੂਰਤਿ ਜਾਂ ਫੋਟੋ ਨਹੀਂ ਬਣ ਸਕਦੀ। “ਗਿਆਨ” ਦੀ ਕੋਈ ਮੂਰਤਿ ਜਾਂ ਫੋਟੋ ਨਹੀਂ ਬਣ ਸਕਦੀ। ਗਿਆਨ ਆਪਣੇ ਆਪ ਵਿੱਚ ਆਪ ਹੀ ਇੱਕੋ ਇੱਕ ਐਸੀ ਮਿਸਾਲ ਹੈ ਜਿਸ ਦਾ ਸਰਗੁਣ ਸਰੂਪ ਨਹੀਂ ਬਣ ਸਕਦਾ, ਕੋਈ ਫੋਟੋ ਨਹੀਂ ਬਣ ਸਕਦੀ ਜੋ ਪੰਜਾਂ ਤੱਤਾਂ ਤੋਂ ਬਾਹਰ ਹੈ, ਜੋ ਆਪ ਨਿਰੰਕਾਰ ਰੂਪ ਹੈ ਤੇ ਸਾਰੇ ਆਕਾਰ ਰੂਪ ਨੂੰ ਬਣਾਉਣ ਵਾਲਾ ਹੈ। (**ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥ ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥ ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥ ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥**) ਅੰਗ – ੧੦੬੬ ਜਦੋਂ ਮਨੁੱਖ ਇਸ ਅਕਾਲ ਰੂਪ ਵਰ ਦੇ ਨਾਲ ਜੁੜ ਜਾਂਦਾ ਹੈ ਭਾਵ ਗਿਆਨ ਦੇ ਮਾਲਕ ਨਾਲ ਜੁੜ ਜਾਂਦਾ ਹੈ ਤਾਂ ਮਨੁੱਖ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ਕਿਉਂਕਿ ਸੱਚਾ ਗਿਆਨ ਕਦੇ ਮਰਦਾ ਨਹੀਂ ਅਤੇ ਨਾ ਹੀ ਸੱਚ ਗਿਆਨ ਦੀ ਸਮਝ ਨੂੰ ਮਾਰਿਆ ਜਾ ਸਕਦਾ ਹੈ। **(ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ॥)** "ਗੁਰਮੁਖੇ" ਤੋਂ ਭਾਵ ਹੈ ਗੁਰੂ ਦੇ ਮੁੱਖੜੇ ਦੁਆਰਾ, ਗੁਰੂ ਦੇ ਬਚਨਾਂ ਦੁਆਰਾ, ਗੁਰੂ ਦੀ ਮਤਿ ਦੁਆਰਾ, ਗੁਰੂ ਦੇ ਗਿਆਨ ਦੁਆਰਾ ਭਾਵ ਗੁਰੂ ਦੇ ਚੌਥੇ ਪਦ ਦੇ ਗਿਆਨ ਦੁਆਰਾ। ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਉਸ ਦੇ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਦੇ ਰੂਪ ਵਿੱਚ ਹੀ ਹੁੰਦੀ ਹੈ ਭਾਵ ਮਨ ਦੇ ਵਿੱਚ ਹੀ ਹੁੰਦੀ ਹੈ ਜੋ ਗਿਆਨ ਮਨ ਦੇ ਵਿੱਚ ਸਿੱਧਾ ਉਸਦੇ ਕੋਲੋਂ ਹੀ ਮਿਲਦਾ ਹੈ। **(ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ॥)** ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ

ਸਮਝਦੇ ਆ ਰਹੇ ਹਾਂ, ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਉਸ ਦੇ "**ਨਾਮ**" ਦਾ ਪ੍ਰਗਟ ਹੋਣਾ ਹੈ। ਨਾਮ ਉਸਦਾ ਚੌਥੇ ਪਦ ਦਾ ਗਿਆਨ ਹੈ, "**ਸ਼ਬਦ** " ਹੈ, “**ਰਤਨ**” ਹੈ। ਸਭ ਤੋਂ ਭਾਵ ਇੱਕੋ ਹੀ ਹੈ ਭਾਵ ਬ੍ਰਹਮ ਗਿਆਨ ਹੈ। ਇਨ੍ਹਾਂ ਦੀ ਪ੍ਰਾਪਤੀ ਮਨ ਦੇ ਵਿੱਚ ਬ੍ਰਹਮ ਗਿਆਨ ਵਾਲੀ ਸਮਝ ਦੇ ਨਾਲ ਮੇਲ ਹੋਣਾ ਹੀ ਹੈ ਜੋ ਸਮਝ ਬ੍ਰਹਮ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਭਾਵ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਆਉ ਇਸੇ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਮਝੀਏ ਤੇ ਆਪਣੇ ਆਪ ਨੂੰ ਦ੍ਰਿੜ ਕਰੀਏ ਕਿ ਚੌਥੇ ਪਦ ਦੇ ਗਿਆਨ ਤੇ ਭਾਵ ਗੁਰਬਾਣੀ ਦੇ ਗਿਆਨ ਤੇ ਅਮਲ ਕਰਕੇ ਹੀ ਬ੍ਰਹਮ ਗਿਆਨ ਦੀ ਪ੍ਰਮਾਤਮਾ ਦੇ ਫ਼ਲ ਵਜੋਂ ਪ੍ਰਾਪਤੀ ਹੋ ਸਕਦੀ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਬ੍ਰਹਮ ਗਿਆਨ ਨੂੰ ਜਪ ਕੇ ਹੋਣੀ ਹੈ, ਨਾਮ ਦੀ ਪ੍ਰਾਪਤੀ ਨਾਮ ਨੂੰ ਜਪ ਕੇ ਹੋਣੀ ਹੈ, ਪ੍ਰਮਾਤਮਾ ਦੇ ਨਾਲ ਮੇਲ ਪ੍ਰਮਾਤਮਾ ਦੀ ਬਾਣੀ ਨੂੰ ਜਪ ਕੇ ਹੋਣਾ ਹੈ, ਗੁਰਬਾਣੀ ਨੂੰ ਜਪ ਕੇ ਹੋਣਾ ਹੈ ਭਾਵ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੰਨਣ ਦੁਆਰਾ ਭਾਵ ਉਸ ਤੇ ਅਮਲ ਕਰਨ ਦੁਆਰਾ ਹੋਣਾ ਹੈ। ਗੁਰਬਾਣੀ ਪ੍ਰਮਾਤਮਾ ਦਾ ਦਿੱਤਾ ਹੋਇਆ ਬ੍ਰਹਮ ਗਿਆਨ ਹੈ, ਉਸ ਬ੍ਰਹਮ ਗਿਆਨੀ ਦਾ ਦਿੱਤਾ ਹੋਇਆ ਭੋਜਨ ਹੈ ਜੋ ਭੋਜਨ ਅਸੀਂ ਮਨ

ਦੀ ਸਮਝ ਦੇ ਰੂਪ ਵਿੱਚ ਛਕਣਾ ਹੈ।

{ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥}

(ਅੰਗ ੨੭੩)

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥}

(ਅੰਗ ੧੦੩੨)

ਗੁਰਬਾਣੀ ਵਿੱਚੋਂ ਇਸ ਭੋਜਨ ਨੂੰ ਛਕ ਕੇ ਹੀ ਭਾਵ ਆਪਣੇ ਅੰਦਰ ਗੁਰੂ ਦੀ ਮਤਿ ਨੂੰ ਵਸਾ ਕੇ, ਉਸ ਤੇ ਅਮਲ ਕਰਕੇ ਹੀ ਅਸੀਂ ਭੋਜਨ ਦੀ ਪ੍ਰਾਪਤੀ ਸਿੱਧੀ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚੋਂ ਕਰ ਸਕਦੇ ਹਾਂ ਜੋ ਕਿ ਉਸ ਦਾ ਫਲ ਹੈ। ਉਸ ਕੋਲੋਂ "ਫਲ" ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ ਜਿਸ ਫਲ ਦੀ ਪ੍ਰਾਪਤੀ ਲਈ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ।

{ਅੰਤਰਿ ਰਤਨੁ ਬੀਚਾਰੇ॥ ਗੁਰਮੁਖਿ ਨਾਮੁ ਪਿਆਰੇ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ॥੩॥}

(ਅੰਗ ੭੭੫)

ਗੁਰੂ ਦੇ ਨਾਲ ਪਿਆਰ ਕਰਨ ਵਾਲੇ ਕਿਹੜੇ ਹਨ, ਨਾਮ ਪਿਆਰੇ ਕਿਹੜੇ ਹਨ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉੱਪਰ ਪਹਿਲੀ ਪੰਗਤੀ ਵਿੱਚ ਸਪੱਸ਼ਟ ਹੋ ਜਾਂਦੀ ਹੈ। ਗੁਰੂ ਦੇ ਪਿਆਰੇ ਉਹ ਹਨ, ਨਾਮ ਪਿਆਰੇ ਉਹ ਹਨ ਜੋ ਆਪਣੇ ਅੰਤਰ ਆਤਮੇ ਦੇ ਵਿੱਚ "ਰਤਨੁ" ਬਿਚਾਰਦੇ ਹਨ। "ਰਤਨੁ" ਗੁਰੂ ਦਾ ਸ਼ਬਦ ਹੈ, "ਰਤਨੁ" ਨਾਮ ਹੈ।

{ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥}

(ਅੰਗ ੧੨੯੦)

ਗੁਰੂ ਦੇ ਸ਼ਬਦ ਨੂੰ, ਗੁਰੂ ਦੇ ਰਤਨ ਨੂੰ ਆਪਣੇ ਅੰਦਰ ਵਿਚਾਰਨ ਵਾਲੇ ਉਹੀ ਹੁੰਦੇ ਹਨ ਜੋ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਦੇ ਹਨ ਭਾਵ ਉਸ ਤੇ ਅਮਲ ਕਰਦੇ ਹਨ ਜਿਸ ਤਰੀਕੇ ਸਾਡਾ ਗੁਰੂ ਦੇ ਨਾਲ ਪਿਆਰ ਜੁੜਦਾ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣ ਲਈ ਸਾਨੂੰ ਸਾਡੇ ਵਿਚਾਰ ਛੱਡਣੇ ਪੈਂਦੇ ਹਨ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

{ਨਾਮ ਰਤਨੁ ਜਿਨਿ ਗੁਰਮੁਖਿ ਪਾਇਆ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ॥}

(ਅੰਗ ੨੮੬)

{ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ॥੩॥}

(ਅੰਗ ੬੧੫)

ਸ਼ਬਦ ਗੁਰੂ ਹੈ, ਗੁਰੂ ਦੀ ਮਤਿ ਹੈ, ਗੁਰੂ ਦਾ ਗਿਆਨ ਹੈ। ਰਤਨ ਦੀ ਵਿਚਾਰ ਜਾਂ ਸ਼ਬਦ ਦੀ ਵਿਚਾਰ ਜਾਂ ਨਾਮ ਦੀ ਵਿਚਾਰ

ਇੱਕੋ ਗੱਲ ਹੈ। ਸਭ ਦਾ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੇ ਨਾਲ ਹੀ ਹੈ। ਜੋ ਗੁਰੂ ਦੀ ਮਤਿ ਨੂੰ ਆਪਣੇ ਮਨ ਦੇ ਵਿੱਚ ਵਿਚਾਰਦਾ ਹੈ ਭਾਵ ਸ਼ਬਦ ਦੇ ਵਿਚਾਰ ਨੂੰ ਆਪਣੇ ਮਨ ਦੇ ਵਿੱਚ ਵਸਾਉਂਦਾ ਹੈ, ਉਸ ਤੇ ਅਮਲ ਕਰਦਾ ਹੈ ਉਹੀ ਨਾਮ ਦਾ ਪਿਆਰਾ ਹੈ। ਜੋ ਕੋਈ ਇਸ ਤਰੀਕੇ ਨਾਲ ਭਾਵ ਸ਼ਬਦ ਦੀ ਵਿਚਾਰ ਦੇ ਨਾਲ ਗੁਰੂ ਦਾ ਪਿਆਰਾ ਬਣਦਾ ਹੈ, ਰੱਬ ਦਾ ਪਿਆਰਾ ਬਣਦਾ ਹੈ, ਉਸਨੂੰ ਹੀ ਫਿਰ ਗੁਰੂ ਪ੍ਰਮਾਤਮਾ ਆਪ ਨਿਸਤਾਰਦਾ ਹੈ।

7/693

(ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ) ਨਾਮ ਦੇ ਪਿਆਰੇ ਬਣਨਾ ਕੀ ਹੈ ਤੇ ਪ੍ਰਮਾਤਮਾ ਆਪਣੇ ਨਾਮ ਪਿਆਰਿਆਂ ਨੂੰ ਕਿਵੇਂ ਨਿਸਤਾਰਦਾ ਹੈ, ਕਿਵੇਂ ਮੁਕਤ ਕਰਦਾ ਹੈ ਇਹ ਨਾਲ ਹੀ ਅੱਗੇ ਦੱਸਿਆ ਹੋਇਆ ਹੈ। **(ਅਗਿਆਨੁ ਅਧੇਰੁ ਗਵਾਇਆ॥)** ਬੜਾ ਸਪੱਸ਼ਟ ਹੈ ਕਿ ਨਾਮ ਦਾ ਮਕਸਦ, ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੀਏ। ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਸਾਡੀ ਮਨ ਦੀ ਅਗਿਆਨਤਾ ਕਰਕੇ ਹੈ ਜੋ ਸਾਨੂੰ ਪ੍ਰਮਾਤਮਾ ਦੀ ਮਨ ਦੇ ਵਿੱਚ ਹੁੰਦੇ ਹੋਏ ਵੀ ਉਸਦੀ ਸੋਝੀ ਨਹੀਂ ਪੈਣ ਦਿੰਦੀ। ਅਗਿਆਨਤਾ ਸਾਡੀ ਤ੍ਰੈਗੁਣਾਂ ਵਾਲੀ ਮਾਇਆ ਦੀ ਜੁਗਤਿ ਕਰਕੇ ਹੈ। ਇਸ ਅਗਿਆਨਤਾ ਨੂੰ ਚੌਥੇ ਪਦ ਦਾ ਗਿਆਨ ਹੀ ਦੂਰ ਕਰ ਸਕਦਾ ਹੈ, ਸਾਡੇ ਮਨ ਦੇ ਵਿੱਚ ਗੁਰੂ ਦੇ ਸ਼ਬਦ ਦਾ, ਨਾਮ ਦਾ ਪ੍ਰਕਾਸ਼ ਹੀ ਦੂਰ ਕਰ ਸਕਦਾ ਹੈ ਭਾਵ ਸਾਡੇ ਮਨ ਦੀ ਸੋਝੀ ਹੀ ਦੂਰ ਕਰ ਸਕਦੀ ਹੈ। ਸਾਡਾ ਇਹ ਮਨ ਰੂਪੀ ਘਰ ਤਾਂ ਹੀ ਪ੍ਰਮਾਤਮਾ ਦਾ ਮੰਦਰ ਬਣ ਕੇ ਸੁਹਾਉਂਦਾ ਹੈ ਤੇ ਇਸ ਘਰ ਨੂੰ ਮੰਦਰ ਚੌਥੇ ਪਦ ਦਾ ਗਿਆਨ ਹੀ ਬਣਾਉਂਦਾ ਹੈ। **(ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ॥)** ਜਦ ਤੱਕ ਮਨੁੱਖ ਨੂੰ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਤਦ ਤੱਕ ਮਨ ਦੇ ਵਿੱਚੋਂ ਪ੍ਰਮਾਤਮਾ ਦੀ ਭਣਕ ਵੀ ਨਹੀਂ ਪੈ ਸਕਦੀ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਪਾਉਣਾ ਕੀ ਹੈ। ਬਸ ਗੱਲਾਂ ਨਾਲ ਪ੍ਰਮਾਤਮਾ ਨੂੰ ਜਪੀ ਜਾਣਾ, ਆਪਣੇ ਆਪ ਨੂੰ ਨਾਮ ਰਸੀਏ ਸਮਝੀ ਜਾਣਾ ਕੇਵਲ ਸਾਡੀ ਅਗਿਆਨਤਾ ਹੈ ਤੇ ਅਗਿਆਨਤਾ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਪ੍ਰਾਪਤੀ ਬਾਰੇ ਸੋਚਣਾ ਵੀ ਅਗਿਆਨਤਾ ਹੈ। ਅਸੀਂ ਆਪਣੇ ਮਨ ਦੇ ਅੰਦਰ ਸ਼ਬਦ ਨੂੰ ਵਿਚਾਰਨਾ ਹੈ ਭਾਵ ਉਸ ਅਨੁਸਾਰ ਆਪਣੇ ਆਪ ਨੂੰ ਢਾਲਣਾ ਹੀ ਗੁਰੂ ਅੱਗੇ ਤਨ ਮਨ ਅਰਪਣਾ ਹੈ, ਉਸਦੀ ਮਤਿ ਅਨੁਸਾਰ ਸ਼ਿੰਗਾਰ ਕਰਨਾ ਹੈ ਭਾਵ ਗੁਣਾਂ ਦਾ ਸ਼ਿੰਗਾਰ ਬਣਾਉਣਾ ਹੈ ਤੇ ਇਹੀ ਪ੍ਰਮਾਤਮਾ ਨੂੰ ਭਾਉਂਦਾ ਹੈ। ਜੋ ਕੁੱਝ ਸਾਨੂੰ ਸ਼ਬਦ ਸਮਝਾਉਂਦਾ ਹੈ ਭਾਵ ਆਪ ਗੁਰੂ ਪ੍ਰਮਾਤਮਾ ਸਮਝਾਉਂਦਾ ਹੈ ਜੇਕਰ ਅਸੀਂ ਸਭ ਕੁੱਝ ਉਸੇ ਤਰ੍ਹਾਂ ਕਰਦੇ ਹਾਂ ਭਾਵ ਬਿਲਕੁਲ ਉਸਦੀ ਰਜ਼ਾ ਅਨੁਸਾਰ ਚੱਲਦੇ ਹਾਂ ਤੇ ਤਾਂ ਹੀ ਮਨੁੱਖ ਉਸਦੀ ਗੋਦ ਵਿੱਚ ਸਮਾਅ ਸਕਦਾ ਹੈ। **(ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ॥ ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ॥)** ਪ੍ਰਮਾਤਮਾ ਦੀ ਗੋਦ ਉਸਦੀ ਮਤਿ ਹੈ, ਉਸਦਾ ਚੌਥੇ ਪਦ ਦਾ ਗਿਆਨ ਹੈ, ਉਸਦਾ ਹੁਕਮ ਹੈ, ਉਸਦੇ ਨਾਲ ਮੇਲ ਵਾਲੀ ਮਨ ਦੀ ਸਮਝ ਹੈ।

7/694

“ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥੨॥”

(ਅੰਗ ੨੦੯)

ਬੋਲ ਬੋਲ ਕੇ ਕਿਸੇ ਅੱਖਰ ਦਾ ਜਪ ਕਰਨ ਵਾਲਿਉ, ਉਸਨੂੰ ਨਾਮ ਜਪਣਾ ਕਹਿਣ ਵਾਲਿਉ, ਉਪਰਲੇ ਸ਼ਬਦ ਨੂੰ ਬੜੇ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਉਹ ਕਿਹੜਾ ਅੰਮ੍ਰਿਤ ਨਾਮ ਹੈ ਜਿਸ ਨੂੰ ਪੀ ਕੇ ਮਨ ਤ੍ਰਿਪਤ ਹੋ ਜਾਂਦਾ ਹੈ, ਸੰਤੋਖ ਵਿੱਚ ਆ ਜਾਂਦਾ ਹੈ, ਤ੍ਰਿਸ਼ਨਾ ਤੋਂ ਮੁਕਤ ਹੋ ਜਾਂਦਾ ਹੈ, ਸਹਜ ਵਿੱਚ ਆ ਜਾਂਦਾ ਹੈ, ਭੈ ਰਹਿਤ ਹੋ ਜਾਂਦਾ ਹੈ ਤੇ ਇਹ ਮਨ ਦੀ ਅਵੱਸਥਾ ਕਿਵੇਂ ਆਉਂਦੀ ਹੈ, ਕੀ ਹੋਣ ਨਾਲ ਆਉਂਦੀ ਹੈ ਤੇ ਕਿਸ ਦੇ ਹੁਕਮ ਨਾਲ ਆਉਂਦੀ ਹੈ। **(ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥)** ਇਹ ਮਨ ਦਾ ਠਹਿਰਾਵ ਹੈ ਜੋ ਕਿ ਪ੍ਰਮਾਤਮਾ ਦੇ ਠਹਿਰਾਏ ਹੀ ਠਹਿਰ ਸਕਦਾ ਹੈ। ਜਿਸਦਾ ਮਨ ਹੈ, ਉਹ ਆਪ ਮਨ ਦੇ ਵਿੱਚ ਹੀ ਬੈਠਾ ਹੈ। ਇਹ ਠਹਿਰਾਵ ਮਨ ਦੇ ਵਿੱਚ ਗੁਰੂ ਦਾ ਸੱਚੇ ਗਿਆਨ ਦਾ ਵੱਸਣਾ ਹੈ, ਮਨ ਦੇ ਵਿੱਚ ਗੁਰੂ ਦੇ ਨਾਮ ਦਾ, ਸ਼ਬਦਾਂ ਦੇ ਗਿਆਨ ਦਾ ਭਾਵ ਬ੍ਰਹਮ ਗਿਆਨ ਦਾ ਪ੍ਰਕਾਸ਼ ਹੈ ਭਾਵ ਚੌਥੇ ਪਦ ਦੇ ਗਿਆਨ ਦਾ ਪ੍ਰਕਾਸ਼ ਹੈ ਜਿਸਨੂੰ ਕਿ ਉਹ ਆਪ ਹੀ ਪ੍ਰਗਟਾਉਂਦਾ ਹੈ ਭਾਵ ਉਹ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਮਨ ਵਿੱਚ ਪ੍ਰਗਟ ਹੁੰਦਾ ਹੈ। **(ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ॥)**

ਚੌਥੇ ਪਦ ਦੇ ਗਿਆਨ ਦਾ ਮਨ ਵਿੱਚ ਪ੍ਰਗਟ ਹੋਣਾ ਹੀ ਸਾਡੇ ਅੰਦਰ ਨਾਮ ਦਾ ਪ੍ਰਗਟ ਹੋਣਾ ਹੈ, ਪ੍ਰਮਾਤਮਾ ਦਾ ਆਪਣਾ ਆਪ ਪ੍ਰਗਟ ਹੋ ਕੇ ਦਿਖਾਉਣਾ ਹੈ, ਮਨੁੱਖ ਨੂੰ ਇਸ ਗੱਲ ਦੀ ਸੋਝੀ ਪਾਉਣਾ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੈ, ਗਿਆਨ ਦਾ ਮਾਲਕ ਉਹ ਆਪ ਹੈ ਤੇ ਕੋਈ ਮਨੁੱਖ ਨਹੀਂ।

ਗੁਰੂ ਦਾ ਗਿਆਨ ਪਦਾਰਥ ਹੀ ਨਾਮ ਪਦਾਰਥ ਹੈ ਜੋ ਕਿ ਮਨ ਦੇ ਵਿੱਚ ਨਾਮ ਦੀ ਸੋਝੀ ਦਾ ਸਾਧਨ ਹੈ। ਇਹ ਗੁਰੂ ਦੀ ਮਤਿ ਦਾ ਪਦਾਰਥ ਹੈ ਜਿਸ ਦੇ ਦੁਆਰਾ ਮਨੁੱਖ ਦੀ ਅਗਿਆਨਤਾ ਦੂਰ ਹੁੰਦੀ ਹੈ ਅਤੇ ਪ੍ਰਮਾਤਮਾ ਬਾਰੇ ਸੋਝੀ ਪੈਂਦੀ ਹੈ। ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਹੋ ਜਾਵੇਗੀ।

{ਅੰਦਰਿ ਪਰਗਾਸੁ ਗੁਰੂ ਤੇ ਪਾਏ॥ ਨਾਮੁ ਪਦਾਰਥੁ ਮੰਨਿ ਵਸਾਏ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ॥੧੨॥}

(ਅੰਗ ੧੦੬੩)

ਇੱਕ ਅੱਖਰ ਦਾ ਜਪ ਕਰਨ ਵਾਲਿਉ ਹੁਣ ਧਿਆਨ ਨਾਲ ਵੇਖੋ ਕਿ ਨਾਮ ਪਦਾਰਥ ਦਾ ਮਨ ਵਿੱਚ ਵੱਸਣਾ ਕੀ ਹੈ ਤੇ ਇਹ ਕਿਸ ਦੇ ਵਸਾਏ ਵੱਸਦਾ ਹੈ। ਬੜਾ ਸਪੱਸ਼ਟ ਹੈ ਕਿ ਨਾਮ ਪਦਾਰਥ ਦਾ ਸਾਡੇ ਅੰਦਰ ਵੱਸਣਾ ਸਾਡੇ ਮਨ ਦੇ ਅੰਦਰ ਦਾ ਪ੍ਰਗਾਸ ਹੈ, ਚਾਨਣ ਹੈ, ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੈ। ਇਹ ਗਿਆਨ ਪਦਾਰਥ, ਨਾਮ ਪਦਾਰਥ ਸਾਡੇ ਮਨ ਦੀ ਸਮਝ ਦੇ ਅੰਦਰ ਗੁਰੂ ਦੇ ਆਪਣੇ ਵਸਾਏ ਵੱਸਦਾ ਹੈ ਜੋ ਸਾਡੇ ਮਨ ਦੀ ਸਮਝ ਦਾ ਮਾਲਕ ਹੈ। ਇਸ

ਗਿਆਨ ਪਦਾਰਥ ਦੇ, ਨਾਮ ਪਦਾਰਥ ਦੇ ਸਾਡੇ ਅੰਦਰ ਵੱਸਣ ਨਾਲ ਮਨੁੱਖ ਸਦਾ ਲਈ ਗੁਰੂ ਦੇ ਗਿਆਨ ਨਾਲ ਜੁੜ ਜਾਂਦਾ ਹੈ ਭਾਵ ਗੁਰੂ ਦੇ ਨਾਮ ਨਾਲ ਜੁੜ ਜਾਂਦਾ ਹੈ, ਗੁਰਮਤਿ ਦੀ ਸੱਚੀ ਸਮਝ ਦੇ ਨਾਲ ਜੁੜ ਜਾਂਦਾ ਹੈ, ਮਨਮਤਿ ਵਿੱਚੋਂ ਨਿਕਲ ਜਾਂਦਾ ਹੈ ਤੇ ਭਗਤੀ ਦੇ ਮਾਰਗ ਦੀ ਸੱਚੀ ਸਮਝ ਅਨੁਸਾਰ ਹੀ ਵਿਚਰਦਾ ਹੈ ਭਾਵ ਆਪਣੀ ਹਰ ਕਰਨੀ ਵਿੱਚ ਗੁਰੂ ਪ੍ਰਮਾਤਮਾ ਦਾ ਨਾਮ ਜਪਦਾ ਹੈ। ਗੁਰੂ ਦਾ ਗਿਆਨ ਚੌਥੇ ਪਦ ਦਾ ਗਿਆਨ ਹੈ, ਗਿਆਨ ਰਤਨ ਹੈ ਜਿਸ ਦੇ ਨਾਲ ਮਨ ਦੇ ਵਿੱਚੋਂ ਗੁਰੂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਪ੍ਰਮਾਤਮਾ ਨੂੰ ਜਾਣਨ ਬਾਰੇ ਕਿ ਪ੍ਰਮਾਤਮਾ ਕੀ ਹੈ ਇਹ ਅਗਿਆਨਤਾ ਸਦਾ ਲਈ ਦੂਰ ਹੋ ਜਾਂਦੀ ਹੈ ਭਾਵ ਉਸ ਤੋਂ ਬਾਅਦ ਮਨੁੱਖ ਨੂੰ ਪ੍ਰਮਾਤਮਾ ਬਾਰੇ ਕੋਈ ਭੁਲੇਖਾ ਨਹੀਂ ਰਹਿ ਜਾਂਦਾ। ਸਾਡੇ ਅੰਦਰ ਨਾਮ ਵੱਸਣ ਦੁਆਰਾ ਸਾਡੇ ਅੰਦਰ ਦੀ ਅਗਿਆਨਤਾ ਜੋ ਕਿ ਮਨ ਦਾ ਪੜਦਾ ਹੈ, ਹਉਮੈ ਦਾ ਪੜਦਾ ਹੈ, ਕੂੜੇ ਦੀ ਪਾਲਿ ਹੈ, ਉਹ ਆਪ ਹੀ ਆਪਣੇ ਨਾਮ ਪਦਾਰਥ ਦੁਆਰਾ ਮਨ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਦੂਰ ਕਰਦਾ ਹੈ। ਇਸ ਤੋਂ ਇਲਾਵਾ ਭਾਵ ਮਨ ਦੇ ਗਿਆਨ ਤੋਂ ਇਲਾਵਾ ਪ੍ਰਮਾਤਮਾ ਨੂੰ ਜਾਣਨ ਦਾ ਤਰੀਕਾ ਨਾ ਕੋਈ ਬਾਣੀ ਵਿੱਚ ਸਮਝਾਇਆ ਹੈ ਅਤੇ ਨਾ ਹੀ ਕੋਈ ਹੋ ਸਕਦਾ ਹੈ। ਜਦ ਤੱਕ ਮਨੁੱਖ ਭੁਲੇਖੇ ਵਿੱਚ ਹੈ, ਅਗਿਆਨਤਾ ਵਿੱਚ ਹੈ, ਉਸਦੇ ਪ੍ਰਮਾਤਮਾ ਨੂੰ ਜਾਣਨ ਦੇ ਤਰੀਕੇ ਵੀ, ਪ੍ਰਮਾਤਮਾ ਬਾਰੇ ਉਸਦੀ ਸੋਚ ਵੀ ਉਹੀ ਕੁੱਝ ਹੀ ਹੋਵੇਗੀ ਜੋ ਕਿ ਬਾਣੀ ਭਾਵ ਨਾਮ ਦੀ ਉੱਚੀ ਸਮਝ ਦੇ ਨਾਲ ਮੇਲ ਨਹੀਂ ਖਾ ਸਕਦੀ। ਸਾਡੀ ਅਗਿਆਨਤਾ ਉਹ ਆਪ ਹੀ ਦੂਰ ਕਰ ਸਕਦਾ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। (**ਅੰਦਰਿ ਪਰਗਾਸੁ ਗੁਰੂ ਤੇ ਪਾਏ॥ ਨਾਮੁ ਪਦਾਰਥੁ ਮੰਨਿ ਵਸਾਏ॥ ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ॥੧੨॥**)

ਮਨ ਦੇ ਵਿੱਚੋਂ ਚੌਥੇ ਪਦ ਦੇ ਗਿਆਨ ਰਾਹੀਂ ਪ੍ਰਮਾਤਮਾ ਦਾ ਪ੍ਰਗਟ ਹੋਣਾ ਹੀ ਮਨ ਵਿੱਚ ਅਨੰਦ ਦੀ ਪ੍ਰਾਪਤੀ ਦਾ ਹੋਣਾ ਹੈ। ਅਨੰਦ ਕੀ ਹੈ ਇਹ ਅਸੀਂ ਪਿੱਛੇ ਜਾਣ ਹੀ ਚੁੱਕੇ ਹਾਂ। ਅਨੰਦ ਗੁਰੂ ਪ੍ਰਮਾਤਮਾ ਕੋਲੋਂ ਜਾਣਨ ਦੀ ਚੀਜ਼ ਹੈ। **(ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥)** ਗੁਰੂ ਕੋਲੋਂ ਜਾਣਨ ਲਈ ਇੱਕੋ ਇੱਕ ਗੱਲ ਉਸਦਾ ਸੱਚਾ ਗਿਆਨ ਹੈ ਤੇ ਜਦੋ ਇਹ ਗਿਆਨ ਸਿੱਧਾ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ, ਉਸਦੇ ਪ੍ਰਗਟ ਹੋਣ ਨਾਲ ਮਿਲਦਾ ਹੈ ਫਿਰ ਉਹ "ਆਨੰਦੁ" ਹੈ, ਉਹ ਸਭ ਤੋਂ ਮਿੱਠਾ ਰਸ ਹੈ, ਸਭ ਤੋਂ ਅਨੰਦਮਈ ਚੀਜ਼ ਹੈ ਜਿਸਦਾ ਕੋਈ ਦੂਸਰਾ ਵਿਕਲਪ ਨਹੀਂ ਹੋ ਸਕਦਾ। **{ਭੋਜਨ ਗਿਆਨੁ ਮਹਾ ਰਸੁ ਮੀਠਾ॥} ਅੰਗ - ੧੦੩੨। {ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥}** ਅੰਗ - ੧੨੪

ਇਹ ਚੌਥੇ ਪਦ ਦਾ ਗਿਆਨ ਹੀ, "ਸਹਜ ਗਿਆਨ" ਹੀ ਮਨੁੱਖ ਦੇ "ਪਰਮ ਅਨੰਦ" ਦੀ ਅਵੱਸਥਾ ਹੈ ਕਿਉਂਕਿ ਇਸ ਅਵੱਸਥਾ ਦੁਆਰਾ ਹੀ, ਇਸ ਸੋਝੀ ਦੁਆਰਾ ਹੀ ਮਨੁੱਖ ਪ੍ਰਮਾਤਮਾ ਨੂੰ ਜਾਣ ਪਾਉਂਦਾ ਹੈ। ਇਹ ਪ੍ਰਮਾਤਮਾ ਨੂੰ ਜਾਣਨ ਦਾ ਅਨੰਦ

ਹੈ, ਸੰਸਾਰ ਦਾ ਸੱਚ ਜਾਣਨ ਦਾ ਅਨੰਦ ਹੈ, ਮਨ ਦੇ ਵਿੱਚ ਪ੍ਰਮਾਤਮਾ ਨਾਲ ਗੱਲਾਂ ਕਰਨ ਦਾ ਅਨੰਦ ਹੈ, ਪਰਮ ਅਨੰਦ ਹੈ, ਉਸਦੇ ਹੁਕਮ ਨੂੰ ਸਮਝ ਕੇ ਉਸ ਵਿੱਚ ਰਹਿਣ ਦਾ ਅਨੰਦ ਹੈ। ਆਓ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ

7/696

ਉਚਾਰੇ ਹੋਏ ਵਾਹਿਗੁਰੂ ਦੇ ਇਸ ਸ਼ਬਦ ਦੁਆਰਾ ਜਾਣੀਏ ਅਤੇ ਨਾਲ ਹੀ ਇਹ ਸਮਝੀਏ ਕਿ "ਮਰਣਾ" ਕੀ ਹੈ।

ਗਉੜੀ ਕਬੀਰ ਜੀ॥
“ਜਿਹ ਮਰਨੈ ਸਭੁ ਜਗਤੁ ਤਰਾਸਿਆ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥੧॥ਰਹਾਉ॥
ਮਰਨੋ ਮਰਨੁ ਕਹੈ ਸਭੁ ਕੋਈ॥
ਸਹਜੇ ਮਰੈ ਅਮਰੁ ਹੋਇ ਸੋਈ॥੨॥
ਕਹੁ ਕਬੀਰ ਮਨਿ ਭਇਆ ਅਨੰਦਾ॥
ਗਇਆ ਭਰਮੁ ਰਹਿਆ ਪਰਮਾਨੰਦਾ॥੩॥੨੦॥”

(ਅੰਗ - ੩੨੭)

ਇਸ ਸ਼ਬਦ ਰਾਹੀਂ ਮਨੁੱਖ ਦਾ ਜਿਉਂਦੇ ਜੀਅ ਮਰਨਾ ਕੀ ਹੈ, ਸ਼ਬਦੇ ਮਰਨਾ ਕੀ ਹੈ, ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਪ੍ਰਮਾਤਮਾ ਨੂੰ ਇਸ ਜੀਵਨ ਦੇ ਰਹਿੰਦੇ ਹੀ ਪਾਇਆ ਜਾ ਸਕਦਾ ਹੈ। ਉੱਪਰ ਸ਼ਬਦ ਰਾਹੀਂ ਤਨ ਦੇ ਮਰਨ ਦੀ ਗੱਲ ਨਹੀਂ ਕੀਤੀ ਹੋਈ। ਇਹ ਮਨ ਦਾ ਮਾਰਨ ਹੈ, ਆਪਣੀ ਮਨਮਤਿ ਵਾਲੀ ਸਮਝ ਦਾ ਖ਼ਤਮ ਕਰਨਾ ਹੈ, ਮਨ ਦੇ ਵਿੱਚ ਹੀ ਗੁਰੂ ਦੀ ਮਤਿ ਦਾ ਪ੍ਰਗਾਸ ਹੋਣਾ ਹੈ, ਗੁਰੂ ਦੇ ਸ਼ਬਦ ਦਾ ਪ੍ਰਗਾਸ ਹੋਣਾ ਹੈ, ਗੁਰੂ ਦੇ ਗਿਆਨ ਦਾ ਪ੍ਰਗਾਸ ਹੋਣਾ ਹੈ। ਆਪਣੇ ਆਪ ਦੀ ਸੋਝੀ ਪੈਣਾ ਹੀ, ਪ੍ਰਮਾਤਮਾ ਦੀ ਮਨ ਦੇ ਵਿੱਚੋਂ ਸੋਝੀ ਪੈਣਾ ਹੀ ਜਿਉਂਦਿਆ ਮਰਨਾ ਹੈ, ਸ਼ਬਦੇ ਮਰਨਾ ਹੈ, ਸਾਡੀ ਹਉਮੈ ਦਾ ਮਰਨਾ ਹੈ। ਇਹ ਜਿਉਂਦੇ ਮਰਨਾ ਹੀ ਅਸਲ ਵਿੱਚ ਨਾਮ ਦੀ ਸਮਝ ਵਾਲਾ ਬਣਨਾ ਹੈ ਜੋ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਇਹ ਮਰਨ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ, ਕੋਈ ਵਿਰਲਾ ਹੀ ਨਾਮ ਜਪ ਸਕਦਾ ਹੈ, ਜਿਉਂਦੇ ਜੀ ਆਪਣਾ ਆਪ ਮੁਕਾ ਸਕਦਾ ਹੈ ਜੋ ਕਿ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਇਹ ਮਰਨਾ ਭਾਵ ਸ਼ਬਦੇ ਮਰਨਾ ਸਾਡੇ ਮਨ ਦਾ ਭਉ ਹੈ, ਸਾਡਾ ਸਭ ਤੋਂ ਵੱਡਾ ਡਰ ਹੈ ਜਿਸ ਨੂੰ ਅਸੀਂ ਕਬੂਲ ਨਹੀਂ ਕਰ ਸਕਦੇ। ਇਹ ਭਉ, ਡਰ, ਸੱਚ ਤੇ ਚੱਲਣ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਗੁਰੂ ਦੀ ਮਤਿ ਅਨੁਸਾਰ, ਸ਼ਬਦ ਦੀ ਮਤਿ ਅਨੁਸਾਰ ਜੀਵਨ ਜਿਉਣ ਦਾ ਹੈ, ਨਾਮ ਤੇ ਚੱਲਣ ਦਾ ਹੈ। ਬਹੁਤ ਔਖਾ ਹੈ ਗੁਰੂ ਦੀ ਮਤਿ ਅਨੁਸਾਰ ਜੀਵਨ ਬਤੀਤ ਕਰਨਾ, ਗੁਰੂ ਵਰਗਾ ਜੀਵਨ ਜਿਉਣਾ। ਬਹੁਤ ਔਖਾ ਹੈ ਸ਼ਬਦ ਦੁਆਰਾ ਮਰਨਾ।

ਮਾਰੂ ਮਹਲਾ ੧॥
{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥}

(ਅੰਗ ੧੦੧੦)

7/697

{ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥
ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥}

(ਅੰਗ ੧੫੧)

ਇਹਨਾਂ ਉੱਪਰ ਵਾਲੇ ਸ਼ਬਦਾਂ ਦੇ ਅਰਥ ਅਸੀਂ ਪਿੱਛੇ ਬਰੀਕੀ ਨਾਲ ਜਾਣ ਚੁੱਕੇ ਹਾਂ। ਬਹੁਤ ਔਖਾ ਹੈ ਇਹੋ ਜਿਹਾ ਮਰਨ ਕਬੂਲ ਕਰਨਾ। ਇਹ ਸਿਰ ਦੇ ਭਾਰ ਚੱਲਣ ਵਾਲੀ ਗੱਲ ਹੈ। ਗੁਰੂ ਦੇ ਵਿਚਾਰ ਨੂੰ ਮੰਨਣਾ, ਸ਼ਬਦ ਦਾ ਵਿਚਾਰੀ ਬਣਨਾ ਉੱਪਰ ਸ਼ਬਦ

ਰਾਹੀਂ ਬਹੁਤ ਔਖਾ ਸਮਝਾਇਆ ਹੈ। ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਨਾਮ ਜਪਣਾ ਹੈ। ਇਹ ਪ੍ਰਮਾਤਮਾ ਦੀ ਬੜੀ ਵੱਡੀ ਕ੍ਰਿਪਾ ਕਿਸੇ ਤੇ ਹੋਵੇ, ਤਾਂ ਹੀ ਮਨੁੱਖ ਗੁਰ ਵਿਚਾਰ ਵਾਲਾ ਬਣ ਸਕਦਾ ਹੈ, ਸ਼ਬਦ ਦੀ ਵਿਚਾਰ ਵਾਲਾ ਬਣ ਸਕਦਾ ਹੈ। ਸ਼ਬਦ ਗੁਰੂ ਦੀ ਮਤਿ ਹੈ ਅਤੇ ਸ਼ਬਦ ਦਾ ਪ੍ਰਕਾਸ਼ ਮਨ ਦੇ ਵਿੱਚ ਗੁਰੂ ਦੀ ਮਤਿ ਦਾ ਪ੍ਰਕਾਸ਼ ਹੋਣਾ ਹੈ ਜਿਸ ਦੁਆਰਾ ਉਸ ਤੇ ਅਮਲ ਹੋ ਸਕਦਾ ਹੈ ਭਾਵ ਸ਼ਬਦਾਂ ਦੀ ਮਤਿ ਅਨੁਸਾਰ ਚੱਲਣ ਦਾ ਭਉ ਕਬੂਲ ਹੋ ਸਕਦਾ ਹੈ, ਜਿਸ ਨਾਲ ਮਨੁੱਖ ਮਾਇਆ ਮੋਹ ਵਿੱਚੋਂ ਨਿਕਲ ਸਕਦਾ ਹੈ। ਸ਼ਬਦ ਦੀ ਮਤਿ ਮਨ ਵਿੱਚ ਵੱਸੇ ਬਿਨ੍ਹਾਂ ਮਨੁੱਖ ਦਾ ਮਰਨਾ ਨਹੀਂ ਹੋ ਸਕਦਾ। ਮਨੁੱਖ ਦਾ ਮਰਨਾ ਭਾਵ ਜਿਉਂਦੇ ਮਰਨਾ, ਉਸਦੀ ਆਪਣੀ ਮਤਿ ਦਾ ਮਰਨਾ ਹੈ, ਆਪਣੀ ਮਤਿ ਦਾ ਖ਼ਤਮ ਹੋਣਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜਦੋਂ ਮਨੁੱਖ ਗੁਰੂ ਦੀ ਮਤਿ ਨੂੰ ਕਬੂਲ ਕਰ ਲੈਂਦਾ ਹੈ ਭਾਵ ਜਦੋਂ ਪ੍ਰਮਾਤਮਾ ਦੀ ਕਿਰਪਾ ਦੁਆਰਾ ਉਸਦੀ ਸਮਝ ਦੇ ਅੰਦਰ ਸ਼ਬਦ ਦਾ ਪ੍ਰਕਾਸ਼ ਹੋ ਜਾਂਦਾ ਹੈ, ਗੁਰਮਤਿ ਦੀ ਸੱਚੀ ਸਮਝ ਦਾ, ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। **(ਜਿਹ ਮਰਨੈ ਸਭੁ ਜਗਤੁ ਤਰਾਸਿਆ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥੧॥)**।

ਮਨ ਦੇ ਵਿੱਚ ਸ਼ਬਦ ਦੇ ਪ੍ਰਕਾਸ਼ ਨਾਲ ਹੀ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਦੇ ਪ੍ਰਕਾਸ਼ ਨਾਲ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਕਿ ਸ਼ਬਦ ਰੂਪ ਵਿੱਚ ਹੁੰਦਾ ਹੈ, ਗਿਆਨ ਰੂਪ ਵਿੱਚ ਹੁੰਦਾ ਹੈ ਤੇ ਮਨੁੱਖ ਨੂੰ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਮਨ ਦੇ ਵਿੱਚ ਕੇਵਲ ਪ੍ਰਮਾਤਮਾ ਹੀ ਹੈ ਜੋ ਕਿ ਗਿਆਨ ਰੂਪ ਵਿੱਚ ਵਰਤ ਰਿਹਾ ਹੈ ਤੇ ਮਨੁੱਖ ਦੀ ਅਸਲ ਵਿੱਚ ਆਪਣੀ ਕੋਈ ਹੋਂਦ ਨਹੀਂ ਹੈ। ਮਨ ਦੇ ਵਿੱਚ ਸ਼ਬਦ ਦਾ ਪ੍ਰਕਾਸ਼ ਕਰਨ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ, ਨਾਮ ਜਪਣਾ ਹੀ ਸਮਝਾਉਂਦਾ ਹੈ ਤੇ ਤਾਂ ਹੀ ਮਨੁੱਖ ਔਗੁਣਾਂ ਤੋਂ ਰਹਿਤ ਹੁੰਦਾ ਹੈ, ਉਸਦੀ ਹਉਮੈ ਖ਼ਤਮ ਹੁੰਦੀ ਹੈ ਤੇ ਉਸਦਾ "ਮਰਨ" ਭਾਵ ਆਵਾਗਉਣ ਸਦਾ ਲਈ ਮਿਟ ਜਾਂਦਾ ਹੈ ਭਾਵ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ ਜੋ ਕਿ ਮਰਨ ਤੋਂ ਰਹਿਤ ਹੈ ਤੇ ਮਨੁੱਖ ਮਨ ਦੇ ਭਰਮ ਵਿੱਚ ਹੀ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਦੁਨਿਆਵੀ ਆਵਾਗਉਣ ਵਿੱਚ ਸਮਝਦਾ ਹੈ। ਮਰਦੇ ਉਹੀ ਹਨ ਜਿਹਨਾਂ ਦਾ ਸ਼ਬਦ ਰਾਹੀਂ ਮਰਨਾ ਨਹੀਂ ਹੁੰਦਾ, ਜਿੰਨ੍ਹਾਂ ਦਾ ਸ਼ਬਦ ਦੀ ਸਮਝ ਦੇ ਨਾਲ ਮਨ ਨਹੀਂ ਮੰਨਦਾ ਕਿਉਂਕਿ ਸ਼ਬਦਾਂ ਦੀ ਸਮਝ ਤੋਂ ਬਿਨ੍ਹਾਂ, ਗੁਰੂ ਦੇ ਸੱਚੇ ਗਿਆਨ ਤੋਂ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। **(ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥੧॥ਰਹਾਉ॥)**

7/698

ਪ੍ਰਮਾਤਮਾ ਨੂੰ ਤਾਂ ਹਰ ਕੋਈ ਪਾਉਣਾ ਚਾਹੁੰਦਾ ਹੈ। ਉਸਦੀ ਭਗਤੀ ਕਰਨ ਵਾਲੇ ਬਹੁਤ ਹਨ। ਉਹਨਾਂ ਨੇ ਭਗਤੀ ਕਰਨ ਦੇ ਤਰੀਕੇ ਵੀ ਅਨੇਕਾਂ ਬਣਾਏ ਹੋਏ ਹਨ। ਸ਼ਬਦ ਕਿਸ ਲਈ ਹੈ, ਸ਼ਬਦ ਦਾ ਮਨੋਰਥ ਕੀ ਹੈ, ਨਾਮ ਦਾ ਮਨੋਰਥ ਕੀ ਹੈ ਇਸ ਗੱਲ ਦੀ ਸੋਝੀ ਸਾਨੂੰ ਨਹੀਂ ਹੈ। ਜੇਕਰ ਕੇਵਲ ਸ਼ਬਦ-ਸ਼ਬਦ ਬੋਲੀ ਜਾਈਏ ਤਾਂ ਉਸ ਨਾਲ ਸਾਨੂੰ ਕੀ ਲਾਭ ਮਿਲਣਾ ਹੈ। ਸ਼ਬਦ ਸਾਡੇ ਮਨ ਵਿੱਚ ਪ੍ਰਕਾਸ਼ ਕਰਨ ਲਈ ਹੈ, ਸਾਨੂੰ ਸੋਝੀ ਪਾਉਣ ਲਈ ਹੈ, ਸ਼ਬਦ ਦਾ ਮਨੋਰਥ ਸਾਨੂੰ ਗਿਆਨ ਦੇਣ ਲਈ ਹੈ ਤੇ ਲਾਭ ਤਾਂ ਹੀ ਮਿਲਣਾ ਹੈ ਜੇਕਰ ਸ਼ਬਦ ਨੂੰ ਮਨ ਵਿੱਚ ਵਸਾਈਏ, ਸ਼ਬਦ ਦੀ ਮਤਿ ਲੈ ਕੇ ਆਪਣੀ ਮਤਿ ਦੂਰ ਕਰੀਏ। "ਸਹਜ" ਸਾਡੇ ਅੰਦਰ ਹੈ, ਸਾਡੇ ਮਨ ਵਿੱਚ ਹੈ ਤੇ ਉਸ ਨੇ ਸਾਡੇ ਅੰਦਰੋਂ ਹੀ ਪ੍ਰਗਟ ਹੋਣਾ ਹੈ। ਪੂਰੀ ਬਾਣੀ ਸਹਜ ਗਿਆਨ ਵਿੱਚ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ, ਗੁਰੂ ਦੀ ਮਤਿ ਹੈ, ਗੁਰੂ ਦੇ ਸ਼ਬਦਾਂ ਦਾ ਗਿਆਨ ਹੈ। ਅਸੀਂ ਆਪਣੇ ਮਨ ਨੂੰ ਇਸ ਸਹਜ ਗਿਆਨ ਨਾਲ ਮਾਰ ਕੇ ਭਾਵ ਆਪਣੀ ਮਨਮਤਿ ਨੂੰ ਸਹਜ ਦੀ ਮਤਿ ਨਾਲ ਮਾਰ ਕੇ ਆਪਣੇ ਆਪ ਨੂੰ ਸਹਜ ਵਿੱਚ ਲਿਆਉਣਾ ਹੈ ਭਾਵ ਸਾਡਾ ਮਨੋਰਥ ਸਹਜ ਗਿਆਨ ਦੀ ਪ੍ਰਾਪਤੀ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ, ਨਾਮ ਦੀ ਪ੍ਰਾਪਤੀ ਹੈ ਜਿਸ ਪ੍ਰਾਪਤੀ ਨਾਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਹ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੋਣੀ ਹੈ ਜੋ ਕਿ ਗੁਰਬਾਣੀ ਦੇ ਚੌਥੇ ਪਦ ਵਾਲੇ ਗਿਆਨ ਨਾਲ ਜੁੜ ਕੇ ਹੋਣੀ ਹੈ ਕਿਉਂਕਿ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਸਾਡੇ ਸਹਜ ਵਿੱਚ ਬੈਠਾ ਹੈ, ਚੌਥੇ ਪਦ ਵਿੱਚ ਬੈਠਾ ਹੈ, ਬ੍ਰਹਮ ਗਿਆਨ ਦੇ ਰਾਹੀਂ ਬੈਠਾ ਹੈ। ਉਹ ਆਪਣੀ ਕ੍ਰਿਪਾ ਦੁਆਰਾ ਆਪ ਹੀ ਸਹਜ ਗਿਆਨ ਰਾਹੀਂ ਪ੍ਰਗਟ ਹੁੰਦਾ ਹੈ ਤੇ ਤਾਂ ਹੀ ਮਨੁੱਖ ਉਸਦੇ ਨਾਲ ਮਿਲ ਕੇ ਅਮਰ ਹੁੰਦਾ ਹੈ ਭਾਵ ਸਦਾ ਲਈ ਮਰਨ ਤੋਂ ਮੁਕਤ ਹੋ ਜਾਂਦਾ ਹੈ। ਸਾਡਾ ਉੱਦਮ ਕੇਵਲ ਆਪਣੇ ਆਪ ਨੂੰ ਸ਼ਬਦ ਦੀ ਮਤਿ ਅਨੁਸਾਰ ਢਾਲਣ ਦਾ ਹੋਣਾ ਚਾਹੀਦਾ ਹੈ।

(ਮਰਨੋ ਮਰਨੁ ਕਹੈ ਸਭੁ ਕੋਈ॥ ਸਹਜੇ ਮਰੈ ਅਮਰੁ ਹੋਇ ਸੋਈ॥੨॥)

ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਪਰ ਭਰਮ ਵਿੱਚ ਰਹਿੰਦੇ ਹੋਏ, ਭੁਲੇਖੇ ਵਿੱਚ, ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਉਸ ਪ੍ਰਮਾਤਮਾ ਨੂੰ ਜਾਣ ਨਹੀਂ ਸਕਦੇ ਕਿਉਂਕਿ ਉਸਨੇ ਆਪ ਹੀ ਸਾਨੂੰ ਤ੍ਰੈਗੁਣਾਂ ਵਾਲੀ ਮਾਇਆ ਦੀ ਜੁਗਤਿ ਦੁਆਰਾ ਆਪਣੇ ਆਪ ਤੋਂ ਮਨ ਦੀ ਸਮਝ ਰਾਹੀਂ ਵੱਖਰਾ ਕੀਤਾ ਹੋਇਆ ਹੈ। ਉਸ ਪ੍ਰਮਾਤਮਾ ਦੇ ਨਾਲ ਮੇਲ ਹੀ ਮਨ ਦੇ ਵਿੱਚ ਅਨੰਦ ਦੀ ਪ੍ਰਾਪਤੀ ਹੈ, ਜੋ ਕਿ ਉਸਦਾ ਦਿੱਤਾ ਹੋਇਆ ਸਹਜ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਜੋ ਸੱਚਾ ਗਿਆਨ ਮਨ ਦੇ ਵਿੱਚ ਸਿੱਧਾ ਉਸਦੇ ਕੋਲੋਂ ਹੀ ਮਿਲਦਾ ਹੈ। ਮਨੁੱਖ ਦੀ ਆਪਣੀ ਹੋਂਦ ਕੇਵਲ ਇੱਕ ਭਰਮ ਹੈ ਤੇ ਜਦੋਂ ਮਨ ਦੇ ਵਿੱਚੋਂ ਪ੍ਰਮਾਤਮਾ ਇਹ ਭਰਮ ਦਾ ਪੜਦਾ ਚੁੱਕ ਦਿੰਦਾ ਹੈ, ਪਿੱਛੇ ਕੇਵਲ ਉਹ ਆਪ ਹੀ ਰਹਿ

7/699

ਜਾਂਦਾ ਹੈ ਭਾਵ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਮਨੁੱਖ ਦੀ ਹੋਂਦ ਕੇਵਲ ਇੱਕ ਭਰਮ ਹੈ, ਭੁਲੇਖਾ ਹੈ, ਝੂਠ ਹੈ ਤੇ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਉਹ ਆਪ ਹੀ ਆਪਣੇ ਗਿਆਨ ਦੁਆਰਾ ਸਭ ਵਿੱਚ ਵਰਤ ਰਿਹਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। **(ਕਹੁ ਕਬੀਰ ਮਨਿ ਭਇਆ ਅਨੰਦਾ॥ ਗਇਆ ਭਰਮੁ ਰਹਿਆ ਪਰਮਾਨੰਦਾ॥੩॥)**

ਸਾਡੇ ਅੰਦਰ ਸੱਚ ਗੁਰੂ ਦੇ ਗਿਆਨ ਦੁਆਰਾ ਹੀ ਵੱਸ ਸਕਦਾ ਹੈ ਕਿਉਂਕਿ ਕੇਵਲ ਇੱਕ ਗੁਰੂ ਦਾ ਗਿਆਨ ਹੀ ਸੱਚਾ ਹੈ। ਸੱਚੇ ਗਿਆਨ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਸਮਝਿਆ ਹੈ। ਸਾਡੇ ਅੰਦਰ ਸੱਚ ਤਾਂ ਹੀ ਵੱਸ ਸਕਦਾ ਹੈ ਜੇਕਰ ਸਾਡੇ ਅੰਦਰੋਂ ਕਪਟ ਵਿਕਾਰ ਨਿਕਲ ਜਾਣ। ਸੱਚ ਉਹ ਹੈ, ਜਿੱਥੇ ਝੂਠ ਨਹੀਂ ਹੈ, ਜੋ ਔਗੁਣਾਂ ਤੋਂ ਰਹਿਤ ਹੈ। ਸੱਚ ਹੀ ਅਨੰਦ ਰਸ ਹੈ, ਸੱਚੇ ਗਿਆਨ ਦਾ ਰਸ ਹੈ ਜਿਸ ਰਸ ਦੇ ਪੀਣ ਨਾਲ ਸਾਡੀ ਅਗਿਆਨਤਾ ਦੂਰ ਹੁੰਦੀ ਹੈ। ਆਉ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

ਪਉੜੀ॥

"ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥
ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ॥
ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ॥

ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ॥੯॥”

(ਅੰਗ ੫੧੨)

ਮਨੁੱਖ ਦੀ ਅਸਲ ਪ੍ਰਾਪਤੀ ਸੱਚ ਦੀ ਪ੍ਰਾਪਤੀ ਦੇ ਨਾਲ ਹੈ। ਸੱਚ ਹੀ ਪਵਿੱਤਰਤਾ ਹੈ। ਸੱਚ ਹੀ ਨਿਰਮਲ ਹੈ ਜੋ ਮੈਲ ਤੋਂ ਰਹਿਤ ਹੈ। ਸੱਚ ਹੀ ਨਾਮ ਹੈ, ਸੱਚ ਹੀ ਆਪ ਪ੍ਰਮਾਤਮਾ ਹੈ। ਗੁਰੂ ਦੀ ਮਤਿ ਸਾਨੂੰ ਕੇਵਲ ਸੱਚ ਦੀ ਪ੍ਰਾਪਤੀ ਕਰਨ ਲਈ ਹੀ ਸਮਝਾ ਰਹੀ ਹੈ। **(ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥)** ਅਸੀਂ ਬੋਲ-ਬੋਲ ਕੇ ਸੱਚੇ ਨਹੀਂ ਹੋ ਸਕਦੇ। ਸੱਚ ਸਾਡੇ ਮਨ ਦੀ ਅਵੱਸਥਾ ਹੈ, ਇਹ ਸਾਡੇ ਮਨ ਦਾ ਸਹਜ ਹੈ, ਇਹ ਚੌਥੇ ਪਦ ਦਾ ਗਿਆਨ ਹੈ, ਮਨ ਦੀ ਸੱਚੀ ਸੋਝੀ ਹੈ, ਨਾਮ ਦੀ ਸੱਚੀ ਸੋਝੀ ਹੈ, ਗੁਰਮਤਿ ਦੀ ਸੋਝੀ ਹੈ ਜਿਸ ਦੁਆਰਾ ਮਨੁੱਖ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ। ਸਾਡੇ ਅੰਦਰ "ਸਤੁ ਸੰਤੋਖੁ" ਤਾਂ ਹੀ ਆ ਸਕਦਾ ਹੈ ਜੇਕਰ ਸਾਡਾ ਮਨ ਸੱਚਾ ਹੋ ਜਾਵੇ। ਸੰਤੋਖ ਤਾਂ ਆਉਂਦਾ ਹੈ ਜਦੋਂ ਮਨੁੱਖ ਤ੍ਰਿਸ਼ਨਾ ਮੁਕਤ ਹੋ ਜਾਵੇ ਭਾਵ ਉਸਨੂੰ ਮਾਇਆ ਮੋਹ ਨਾ ਸਤਾਵੇ। ਤ੍ਰਿਸ਼ਨਾ ਹੀ ਸਾਡੇ ਕੋਲੋਂ ਕਪਟ ਤੇ ਵਿਕਾਰ ਕਰਵਾਉਂਦੀ ਹੈ। ਸਾਡੇ ਸਾਰੇ ਵਿਕਾਰ ਤ੍ਰਿਸ਼ਨਾ ਦੇ ਹੀ ਪਿਆਦੇ ਹਨ। ਇੱਕ ਤ੍ਰਿਸ਼ਨਾ ਖ਼ਤਮ ਹੋ ਜਾਵੇ ਤਾਂ ਫਿਰ ਵਿਕਾਰ ਭਾਵ ਮਾੜੇ ਵਿਚਾਰ ਆਪੇ ਮਿਟ ਜਾਣਗੇ। ਸੱਚ ਸਾਡੇ

ਅੰਦਰ ਤਾਂ ਹੀ ਵੱਸੇਗਾ ਭਾਵ ਗੁਰੂ ਦੀ ਸੱਚੀ ਮਤਿ ਸਾਡੇ ਅੰਦਰ ਤਾਂ ਹੀ ਵੱਸੇਗੀ ਜਦੋਂ ਅਸੀਂ ਮਨ ਦੀ ਨਾਸਮਝ ਮਾੜੀ ਮਤਿ ਤੋਂ ਰਹਿਤ ਹੋ ਜਾਵਾਂਗੇ, ਵਿਕਾਰ ਰਹਿਤ ਹੋਵਾਂਗੇ। ਵਿਕਾਰਾਂ ਦਾ ਮੂਲ ਸਾਡੀ ਤ੍ਰਿਸ਼ਨਾ ਹੈ, ਮਾਇਆ ਮੋਹ ਹੈ। ਇਸੇ ਲਈ ਬਾਣੀ ਵਿੱਚ ਵਾਰ- ਵਾਰ ਮਾਇਆ ਮੋਹ ਵਿੱਚੋਂ ਨਿਕਲਣ ਲਈ, ਤ੍ਰਿਸ਼ਨਾ ਤੋਂ ਮੁਕਤ ਹੋਣ ਲਈ ਸਮਝਾਇਆ ਹੈ। ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਤਾਂ ਹੀ ਸਾਡੇ ਅੰਦਰ ਸੰਤੋਖ ਆ ਸਕਦਾ ਹੈ, ਸਾਨੂੰ ਤੱਤ ਦੀ ਪ੍ਰਾਪਤੀ ਹੋ ਸਕਦੀ ਹੈ। "ਸਤੁ" ਹੀ ਅਸਲ ਵਿੱਚ ਤੱਤ ਹੈ। ਸਤੁ ਕਿਸੇ ਚੀਜ਼ ਦੇ, ਕਿਸੇ ਗੱਲ ਦੇ ਨਿਚੋੜ ਨੂੰ ਕਹਿੰਦੇ ਹਨ ਅਤੇ ਇਸ ਸਤੁ ਦੁਆਰਾ ਹੀ ਕਿਸੇ ਚੀਜ਼ ਦੀ ਅਸਲੀਅਤ ਸਾਹਮਣੇ ਆਉਂਦੀ ਹੈ। ਜਿਵੇਂ ਨਿੰਬੂ ਦੇ ਸਤੁ ਨਾਲ ਨਿੰਬੂ ਦੇ ਅਸਲ ਗੁਣਾਂ ਦੀ ਪਹਿਚਾਣ ਹੁੰਦੀ ਹੈ, ਉਸਦੇ ਤੱਤ ਦੀ ਪਹਿਚਾਣ ਹੁੰਦੀ ਹੈ, ਉਸਦੇ ਅੰਦਰ ਦੇ ਸੱਚ ਦੀ ਪਹਿਚਾਣ ਹੁੰਦੀ ਹੈ। ਇਸੇ ਤਰ੍ਹਾਂ ਮਨੁੱਖ ਦੇ ਅੰਦਰ ਦਾ ਸੱਚ ਹੀ ਉਸਦੇ ਤੱਤ ਦੀ ਪਹਿਚਾਣ ਹੈ ਭਾਵ ਜਿਸ ਮਨੁੱਖ ਦੇ ਅੰਦਰ ਸੱਚ ਹੈ, ਉਸ ਮਨੁੱਖ ਦੇ ਅੰਦਰ ਗੁਰੂ ਦਾ ‘‘ਸਤੁ’’ ਹੈ, ਗੁਰੂ ਦਾ ਸਮਝਾਇਆ ਹੋਇਆ ਤੱਤ ਹੈ। ਉਸ ਪ੍ਰਮਾਤਮਾ ਦਾ ਤੱਤ ਭਾਵ ਗੁਰੂ ਦੀ ਗੱਲ ਦਾ ਨਿਚੋੜ ਉਸੇ ਦੇ ਕੋਲ ਹੈ ਜਿਸਦੇ ਕੋਲ ਸੱਚ ਹੈ ਭਾਵ ਗੁਰੂ ਦੀ ਸੱਚੀ ਸਮਝ ਹੈ ਜੋ ਕਿ ਤੱਤ ਗਿਆਨ ਹੈ।

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥}

(ਅੰਗ - ੪੧੮)

‘‘ਸਤੁ’’ ਗੁਰੂ ਦੇ ਸੱਚੇ ਗੁਣ ਹਨ ਭਾਵ ਸੱਚੇ ਗੁਣਾਂ ਵਾਲੀ ਸਮਝ ਹੈ ਤੇ ਇਹੀ ਭਾਵ ‘‘ਸੱਚ’’ ਤੋਂ ਹੈ। ਸੱਚ ਦੀ ਪ੍ਰਾਪਤੀ ਹੀ ਭਾਵ ਸੱਚੇ ਗੁਣਾਂ ਨੂੰ ਅਪਣਾਉਣਾ ਹੀ ਮਨ ਨੂੰ ਜਿੱਤਣਾ ਹੈ, ਵਿਕਾਰਾਂ ਤੋਂ ਪਾਰ ਪਾਉਣਾ ਹੀ, ਤ੍ਰਿਸ਼ਨਾ ਮੁਕਤ ਹੋਣਾ ਹੀ ਮਨ ਨੂੰ ਜਿੱਤਣਾ ਹੈ ਭਾਵ ਗੁਰੂ ਦੇ ਗਿਆਨ ਦਾ ਸਾਡੇ ਅੰਦਰ ਵੱਸਣਾ ਹੀ, ਸਹਜ ਗਿਆਨ ਦਾ ਸਾਡੇ ਅੰਦਰ ਵੱਸਣਾ ਹੀ ਮਨ ਨੂੰ ਜਿੱਤਣਾ ਹੈ। **(ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ॥)** ਜਦ ਤੱਕ ਮਨੁੱਖ ਸੱਚ ਨੂੰ ਨਹੀਂ ਅਪਣਾਉਂਦਾ, ਗੁਰੂ ਦੇ ਦੱਸੇ ਹੋਏ ਸੱਚੇ ਗੁਣਾਂ ਨੂੰ, ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਨੂੰ ਨਹੀਂ ਅਪਣਾਉਂਦਾ, ਉਹ ਵਿਕਾਰਾਂ ਵਿੱਚੋਂ ਨਹੀਂ ਨਿਕਲ ਸਕਦਾ। ਇਹਨਾਂ ਵਿਕਾਰਾਂ ਕਰਕੇ ਹੀ ਮਨੁੱਖ ਨੂੰ ਅਗਿਆਨਤਾ ਵਿੱਚ ਕਿਹਾ ਗਿਆ ਹੈ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਦੀ ਅਗਿਆਨਤਾ ਵਿੱਚ ਕਿਹਾ ਗਿਆ ਹੈ ਜਿਸ ਦੇ ਰਹਿੰਦਿਆ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਜਾਣਿਆ ਜਾ ਸਕਦਾ। ਅਗਿਆਨਤਾ ਵਿੱਚ ਰਹਿੰਦਿਆਂ ਸਾਨੂੰ ਆਪਣੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ। ਸਾਡੇ ਅੰਦਰ ਸੱਚ ਦਾ ਪ੍ਰਕਾਸ਼ ਹੀ ਗੁਰੁ ਦੀ ਜੋਤਿ ਦਾ ਪ੍ਰਕਾਸ਼ ਹੈ, ਸਾਡੇ ਮਨ ਵਿੱਚ ਗੁਰੂ ਦੇ ਸੱਚੇ ਗਿਆਨ ਦਾ ਪ੍ਰਗਾਸ ਹੈ ਜੋ ਸਾਡੀ ਅਗਿਆਨਤਾ ਦੂਰ ਕਰਦਾ ਹੈ, ਸਾਨੂੰ ਵਿਕਾਰ ਮੁਕਤ ਕਰਦਾ ਹੈ। ਸਾਡੇ ਅੰਦਰ ਸੱਚ ਦਾ ਪ੍ਰਕਾਸ਼ ਹੀ "ਅਨੰਦ ਰਸੁ" ਹੈ, ਗੁਰੂ ਦੇ ਸੱਚੇ ਗਿਆਨ ਦਾ ਰਸ ਹੈ, ਗੁਰੂ ਦੇ ਚੌਥੇ ਪਦ ਦੇ ਗਿਆਨ ਦਾ ਪ੍ਰਕਾਸ਼ ਹੈ, ਸੱਚੇ ਗਿਆਨ ਦਾ ਰਸ ਹੈ ਭਾਵ ਸੱਚੇ ਗਿਆਨ ਦੀ ਸੋਝੀ ਹੈ

ਜਿਸ ਸੱਚੀ ਗੁਰਮਤਿ ਵਾਲੀ ਸੋਝੀ ਦੁਆਰਾ ਮਨੁੱਖ ਆਨੰਦ ਵਿੱਚ ਆਉਂਦਾ ਹੈ, ਸੰਤੋਖ ਵਿੱਚ ਆਉਂਦਾ ਹੈ। **(ਤਹ ਜੋਤਿ ਪ੍ਰਗਾਸੁ**

ਅਨੰਦ ਰਸੁ ਅਗਿਆਨੁ ਗਵਿਤਾ॥) ਜਦ ਤੱਕ ਮਨੁੱਖ ਨੂੰ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਗੁਰਮਤਿ ਦੀ ਸੱਚੀ ਸੋਝੀ ਦੀ ਪ੍ਰਾਪਤੀ ਨਹੀਂ ਹੁੰਦੀ, ਸੱਚੇ ਗੁਣਾਂ ਦੀ ਪ੍ਰਾਪਤੀ ਨਹੀਂ ਹੁੰਦੀ, ਤਦ ਤੱਕ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਮਨੁੱਖ ਦਾ ਹਰ ਵੇਲੇ ਗੁਣਾਂ ਦੁਆਰਾ ਵਿਚਰਨਾ ਹੀ ਹਰੀ ਦੇ ਗੁਣ ਗਾਉਣੇ ਹਨ, ਹਰ ਵੇਲੇ ਦਿਨ ਰਾਤ ਉਸ ਦੇ ਗੁਣ ਗਾਉਣੇ ਹਨ, ਅੱਠੇ ਪਹਿਰ ਉਸਦਾ ਨਾਮ ਜਪਣਾ ਹੈ। ਗੁਰੂ ਦੇ ਗੁਣਾਂ ਨੂੰ ਅਸੀਂ ਕੇਵਲ ਮੁੱਖੋਂ ਬੋਲ ਕੇ ਨਹੀਂ ਦਿਖਾਉਣਾ ਬਲਕਿ ਆਪਣੇ ਅੰਦਰੋਂ ਪ੍ਰਗਟ ਕਰਕੇ ਦਿਖਾਉਣਾ ਹੈ ਜੋ ਕਿ ਕੇਵਲ ਸਾਡੀ ਕਰਨੀ ਦੁਆਰਾ ਹੀ ਸਾਹਮਣੇ ਆ ਸਕਦੇ ਹਨ। ਹਰ ਵੇਲੇ ਸੱਚੇ ਰਹਿਣਾ ਹੀ, ਸੱਚ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ, ਅੱਠੇ ਪਹਿਰ ਉਸਦੇ ਹੁਕਮ ਵਿੱਚ ਰਹਿਣਾ ਹੈ। **(ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ॥)** ਮਨੁੱਖ ਦੀ ਇਹ ਅਵੱਸਥਾ ਹੀ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਹੁੰਦੀ ਹੈ। ਜੋਤ ਦਾ ਪ੍ਰਗਾਸ ਮਨੁੱਖ ਦੇ ਅੰਦਰ ਉਹ ਆਪ ਹੀ ਕਰਦਾ ਹੈ, ਆਨੰਦ ਰਸ ਉਹ ਆਪ ਹੀ ਦਿੰਦਾ ਹੈ, ਅਗਿਆਨਤਾ ਵਿੱਚੋਂ ਉਹ ਮਨੁੱਖ ਨੂੰ ਆਪ ਹੀ ਕੱਢਦਾ ਹੈ। ਸਹਜ ਸੰਤੋਖ ਵਿੱਚ ਉਹ ਮਨੁੱਖ ਨੂੰ ਆਪ ਹੀ ਲਿਆਉਂਦਾ ਹੈ ਤੇ ਮਨੁੱਖ ਨੇ ਕੇਵਲ ਉਸਦੀ ਮਤਿ ਦੁਆਰਾ ਵਿਚਰਨ ਦਾ ਉੱਦਮ ਹੀ ਕਰਨਾ ਹੈ, ਫ਼ਲ ਉਹ ਆਪ ਹੀ ਦਿੰਦਾ ਹੈ। ਮਨੁੱਖ ਦਾ ਸਭ ਤੋਂ ਵੱਡਾ ਗੁਣ ਪ੍ਰਮਾਤਮਾ ਨੂੰ ਜਾਣਨ ਦਾ ਹੈ ਜੋ ਕਿ ਉਸਦੇ ਸੱਚੇ ਗੁਣਾਂ ਨੂੰ ਅਪਣਾ ਕੇ ਮਿਲਦਾ ਹੈ **(ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ॥)**

{ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ ੯)

ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਹੀ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਤੇ ਸਭ ਦਾ ਮੀਤ ਇੱਕੋ ਇੱਕ ਉਹ ਆਪ ਹੀ ਹੈ ਭਾਵ ਉਹ ਆਪ ਹੀ ਆਪਣੀ ਕ੍ਰਿਪਾ ਕਰਕੇ ਮਨੁੱਖ ਨੂੰ ਵਿਕਾਰਾਂ ਵਿੱਚੋਂ ਕੱਢ ਸਕਦਾ ਹੈ, ਅਗਿਆਨ ਵਿੱਚੋਂ ਕੱਢ ਸਕਦਾ ਹੈ, ਉਸਦੇ ਅੰਦਰ ਜੋਤ ਦਾ ਪ੍ਰਗਾਸ ਕਰਨ ਦੁਆਰਾ ਕੱਢ ਸਕਦਾ ਹੈ, ਆਪਣੇ ਚੌਥੇ ਪਦ ਦੇ ਗਿਆਨ ਨਾਲ ਮਿਲਾ ਸਕਦਾ ਹੈ, ਅਨੰਦ ਰਸ ਦੇ ਸਕਦਾ ਹੈ ਭਾਵ ਮਨੁੱਖ ਨੂੰ ਕੇਵਲ ਗੁਰੂ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ ਤੇ ਕੋਈ ਹੋਰ ਮਨੁੱਖੀ ਟੇਕ ਨਹੀਂ ਰੱਖਣੀ ਚਾਹੀਦੀ। ਕੇਵਲ ਗੁਰੂ ਨੂੰ ਹੀ ਆਪਣਾ ਮੀਤ ਬਣਾਉਣਾ ਚਾਹੀਦਾ ਹੈ।

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਵਾਰ-ਵਾਰ ਇਹ ਸਮਝਦੇ ਆ ਰਹੇ ਹਾਂ ਕਿ ਸਭ ਕੁੱਝ ਸਾਡੇ ਮਨ ਦੇ ਗਿਆਨ ਦੇ ਵੱਸ ਹੈ ਤੇ ਮਨ ਦਾ ਗਿਆਨ ਸਾਡੇ ਵੱਸ ਨਹੀਂ ਹੈ। ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝ ਚੁੱਕੇ ਹਾਂ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੈ ਅਤੇ ਉਹ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਉਸ

ਬ੍ਰਹਮਗਿਆਨੀ ਦੀ ਮਨ ਦੇ ਵਿੱਚੋਂ ਸੋਝੀ ਪੈਣਾ ਹੀ ਉਸ ਦੇ ਨਾਲ ਮੇਲ ਹੈ। ਪ੍ਰਮਾਤਮਾ ਦੇ ਨਾਲ ਮੇਲ ਕੇਵਲ ਉਸਦੀ ਆਪਣੀ ਦਇਆ ਦੁਆਰਾ ਹੀ ਹੋ ਸਕਦਾ ਹੈ, ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਹੋ ਸਕਦਾ ਹੈ ਕਿਉਂਕਿ ਸਾਡੇ ਮਨ ਦੇ ਵਿੱਚ ਗਿਆਨ ਪਾਉਣ ਵਾਲਾ ਉਹ ਆਪ ਹੀ ਹੈ ਤੇ ਜੋ ਕੁੱਝ ਵੀ ਅਸੀਂ ਕਰਦੇ ਹਾਂ ਉਹ ਮਨ ਦੇ ਗਿਆਨ ਦੁਆਰਾ ਹੀ ਕਰਦੇ ਹਾਂ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਬਰੀਕੀ ਨਾਲ ਜਾਣੀਏ।

“ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥”

(ਅੰਗ – ੬)

ਇਸ ਸ਼ਬਦ ਦੇ ਅਰਥ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਲਿਖੇ ਹੋਏ ਹਨ। ਜਪੁਜੀ ਬਾਣੀ ਦੇ ਅਰਥ ਗਹਿਰਾਈ ਵਿੱਚ ਹਨ ਤੇ ਪਹਿਲਾਂ ਅਗਰ ਬਾਕੀ ਦੀ ਬਾਣੀ ਨੂੰ ਸਮਝ ਲਿਆ ਜਾਵੇ ਤਾਂ ਫਿਰ ਜਪੁ ਜੀ ਬਾਣੀ ਨੂੰ ਸਮਝਣਾ ਸੌਖਾ ਹੋ ਜਾਵੇਗਾ।ਪ੍ਰਮਾਤਮਾ ਦੀ ਰਜ਼ਾ ਪਹਿਲੇ ਦਾਸ ਕੋਲੋਂ ਜਪੁ ਜੀ ਬਾਣੀ ਦੇ ਅਰਥ ਲਿਖਵਾਉਣ ਵਿੱਚ ਹੀ ਸੀ ਜਿਸ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। "ਭੁਗਤਿ" ਤੋਂ ਭਾਵ ਹੈ ਭੋਜਨ। ਇਹ ਭੋਜਨ ਸਾਡੇ ਮਨ ਦਾ ਭੋਜਨ ਹੈ ਜੋ ਮਨ ਦੇ ਵਿੱਚ ਸਾਨੂੰ ਗਿਆਨ ਦੇ ਰੂਪ ਵਿੱਚ

ਮਿਲਦਾ ਹੈ, ਸਾਡੀ ਸਮਝ ਦੇ ਰੂਪ ਵਿੱਚ ਮਿਲਦਾ ਹੈ। ਇਹ ਭੋਜਨ ਸਾਨੂੰ ਮਨ ਦੇ ਵਿੱਚ ਉਸ ਭੰਡਾਰੀ ਦੀ ਭਾਵ ਪ੍ਰਮਾਤਮਾ ਦੀ ਦਇਆ ਦੁਆਰਾ ਮਿਲਦਾ ਹੈ ਜੋ ਪ੍ਰਮਾਤਮਾ ਗਿਆਨ ਦਾ ਭੰਡਾਰ ਹੈ। ਸਭ ਨੂੰ ਮਨ ਦੇ ਵਿੱਚ ਗਿਆਨ ਉਹ ਆਪਣੇ ਗਿਆਨ ਦੇ ਭੰਡਾਰ ਵਿੱਚੋਂ ਹੀ ਦਿੰਦਾ ਹੈ ਤੇ ਇਹ ਕੇਵਲ ਉਸ ਦੀ ਦਇਆ ਤੇ ਨਿਰਭਰ ਕਰਦਾ ਹੈ ਕਿ ਉਹ ਕਿਸੇ ਨੂੰ ਕਿਹੋ ਜਿਹਾ ਗਿਆਨ ਦਿੰਦਾ ਹੈ। ਹਰ ਘਟਿ ਦੇ ਵਿੱਚ ਭਾਵ ਮਨ ਦੇ ਵਿੱਚ ਜੋ ਗਿਆਨ ਆਉਂਦਾ ਹੈ ਉਹੀ ਪ੍ਰਮਾਤਮਾ ਦਾ ਨਾਦ ਹੈ ਜੋ ਉਸਦਾ ਨਾਦ ਸਭ ਦੇ ਅੰਦਰ ਹਰ ਵੇਲੇ ਵੱਜ ਰਹਿਆ ਹੈ। ਇਹ ਸਾਡੇ ਅੰਦਰ ਨਾਦ ਦਾ ਵੱਜਣਾ ਕੀ ਹੈ ਇਸ ਗੱਲ ਨੂੰ ਅੱਗੇ ਚੱਲਕੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। (**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥**) ਅਸੀਂ ਆਪਣੇ ਜੀਵਨ ਵਿੱਚ ਜੋ ਕੁੱਝ ਵੀ ਕਰਦੇ ਹਾਂ, ਉਹ ਆਪਣੇ ਮਨ ਦੀ ਸੋਚ ਦੁਆਰਾ, ਸਮਝ ਦੁਆਰਾ ਹੀ ਕਰਦੇ ਹਾਂ, ਮਨ ਦੇ ਗਿਆਨ ਦੁਆਰਾ ਕਰਦੇ ਹਾਂ। ਅੱਜ ਤੱਕ ਦੁਨੀਆਂ ਵਿੱਚ ਜਦ ਦੀ ਦੁਨੀਆਂ ਬਣੀ ਹੈ, ਜੋ ਕੁੱਝ ਵੀ ਕਿਸੇ ਮਨੁੱਖ ਨੇ ਕੀਤਾ ਹੈ ਉਹ ਮਨ ਦੀ ਸੋਚ ਦੁਆਰਾ ਹੀ ਕੀਤਾ ਹੈ, ਮਨ ਦੀ ਸੋਚ ਦੁਆਰਾ ਹੀ ਕਰ ਰਿਹਾ ਹੈ ਤੇ ਹਰ ਮਨੁੱਖ ਰਹਿੰਦੀ ਦੁਨੀਆਂ ਤੱਕ ਜੋ ਕੁੱਝ ਵੀ ਕਰੇਗਾ ਮਨ ਦੀ ਸੋਚ ਦੁਆਰਾ ਹੀ ਕਰੇਗਾ। ਹੋਰ ਕੋਈ

ਤਰੀਕਾ ਹੈ ਹੀ ਨਹੀਂ। ਜੇਕਰ ਇਸੇ ਗੱਲ ਨੂੰ ਇਸ ਤਰੀਕੇ ਨਾਲ ਕਹੀਏ ਕਿ ਅੱਜ ਤੱਕ ਜੋ ਕੁੱਝ ਹੋਇਆ ਹੈ ਉਹ ਮਨੁੱਖ ਕੋਲੋਂ ਪ੍ਰਮਾਤਮਾ ਨੇ ਹੀ ਕਰਵਾਇਆ ਹੈ, ਪ੍ਰਮਾਤਮਾ ਹੀ ਹੁਣ ਕਰਵਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਆਪ ਹੀ ਪ੍ਰਮਾਤਮਾ ਕਰਵਾਏਗਾ ਫਿਰ ਮਨ ਦੇ ਗਿਆਨ ਵਿੱਚ ਤੇ ਸਾਡੇ ਅੰਦਰ ਪ੍ਰਮਾਤਮਾ ਦੇ ਹੁਕਮ ਵਿੱਚ ਫ਼ਰਕ ਹੀ ਕੀ ਰਹਿ ਗਿਆ। ਸਾਡੇ ਮਨ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ ਜੋ ਕਿ ਉਸਦਾ ਜੋਤਿ ਰੂਪ ਹੈ ਭਾਵ ਗਿਆਨ ਰੂਪ ਹੈ। ਇਹੀ ਗੱਲ ਉੱਪਰ ਸ਼ਬਦ ਵਿੱਚ ਸਮਝਾਈ ਹੋਈ ਹੈ। ਪ੍ਰਮਾਤਮਾ ਸਾਡੇ ਅੰਦਰ ਜੋਤਿ ਰੂਪ ਵਿੱਚ ਵਰਤ ਰਿਹਾ ਹੈ ਜੋ ਕਿ ਸਾਡਾ ਮਨ ਹੈ।

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥}

(ਅੰਗ ੪੪੧)

{ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥}

(ਅੰਗ ੧੩)

ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ, ਜੋਤਿ ਸਾਡੇ ਮਨ ਦਾ ਗਿਆਨ ਹੈ ਜੋ ਹਰ ਵੇਲੇ ਸਾਨੂੰ ਮਨ ਦੀ ਸਮਝ ਰਾਹੀਂ ਪ੍ਰਕਾਸ਼ ਦੇ ਰਿਹਾ ਹੈ, ਚਾਨਣ ਦੇ ਰਿਹਾ ਹੈ ਭਾਵ ਗਿਆਨ ਰੂਪ ਵਿੱਚ ਚਾਨਣ ਦੇ ਰਿਹਾ ਹੈ। ਜਦ ਤੱਕ ਅਸੀਂ ਪ੍ਰਮਾਤਮਾ ਤੋਂ ਵਿਛੜੇ ਹੋਏ ਹਾਂ, ਚੌਥੇ ਪਦ ਦੇ ਗਿਆਨ ਤੋਂ ਵਿਛੜੇ ਹੋਏ ਹਾਂ ਤਦ ਤੱਕ ਸਾਨੂੰ ਮਨ ਦੀ ਜੋਤਿ ਰਾਹੀਂ ਤ੍ਰੈਗੁਣੀ ਮਾਇਆ ਦੀ ਜੁਗਤਿ ਵਾਲਾ ਗਿਆਨ ਮਿਲ ਰਿਹਾ ਹੈ। ਮਾਇਆ ਦੀ ਜੁਗਤਿ ਵਿੱਚ ਵੀ ਉਹ ਆਪ ਹੀ ਹੈ। ਇਹ ਸਾਡੇ ਅੰਦਰ ਦਾ ਜੋ ਗਿਆਨ ਹੈ, ਇਹ ਉਸ ਭੰਡਾਰੀ ਦੀ ਭਾਵ ਪ੍ਰਮਾਤਮਾ ਦੀ ਦਇਆ ਤੇ ਨਿਰਭਰ ਹੈ। ਜਿਹੋ ਜਿਹਾ ਗਿਆਨ ਸਾਨੂੰ ਅੰਦਰੋਂ ਮਿਲੇਗਾ, ਜਿਹੋ ਜਿਹੀ ਸੋਚ ਸਾਡੇ ਅੰਦਰੋਂ ਉਪਜੇਗੀ, ਜਿਹੋ ਜਿਹੇ ਵਿਚਾਰ ਸਾਡੇ ਅੰਦਰੋਂ ਉਠਣਗੇ ਅਸੀਂ ਉਸੇ ਤਰ੍ਹਾਂ ਆਪਣੇ ਜੀਵਨ ਵਿੱਚ ਵਿਚਰਾਂਗੇ ਭਾਵ ਸਾਡੀ ਜਿੰਦਗੀ ਦੀ ਵਿਚਰਨ ਉਸ ਪ੍ਰਮਾਤਮਾ ਦੀ ਦਇਆ ਤੇ ਨਿਰਭਰ ਕਰਦੀ ਹੈ। ਜਿਹੋ ਜਿਹੇ ਵਿਚਾਰ ਸਾਨੂੰ ਆਪਣੇ ਮਨ ਦੇ ਵਿੱਚੋਂ ਮਿਲਣਗੇ ਅਸੀਂ ਉਹਨਾਂ ਅਨੁਸਾਰ ਹੀ ਵਿਚਰਾਂਗੇ। ਮਨੁੱਖ ਮੰਦਾ ਜਾਂ ਚੰਗਾ ਆਪਣੇ ਵਿਚਾਰਾਂ ਦੁਆਰਾ ਹੈ, ਮਨੁੱਖ ਦੀ ਸਾਰੀ ਕਰਨੀ ਉਸ ਦੇ ਵਿਚਾਰਾਂ ਦੁਆਰਾ ਹੈ ਅਤੇ ਮਨੁੱਖ ਦੇ ਇਹ ਵਿਚਾਰ ਮਨੁੱਖ ਦੇ ਵੱਸ ਵਿੱਚ ਨਹੀਂ ਹਨ। ਬਾਣੀ ਸਾਨੂੰ ਵਾਰ- ਵਾਰ ਇਹ ਸਮਝਾ ਰਹੀ ਹੈ ਕਿ ਪ੍ਰਮਾਤਮਾ ਘਟਿ ਘਟਿ ਦੇ ਵਿੱਚ ਵੱਸਿਆ ਹੋਇਆ ਹੈ। ਉਹ ਘਟਿ ਘਟਿ ਦੇ ਵਿੱਚ ਆਪਣੇ "ਨਾਦ" ਦੁਆਰਾ ਵੱਸਿਆ ਹੋਇਆ ਹੈ। ਹਰ ਕਿਸੇ ਦੇ ਵਿੱਚ ਉਸੇ ਦਾ ਹੀ ਨਾਦ ਵੱਜ ਰਿਹਾ ਹੈ ਜੋ ਉਸਦਾ ਨਾਦ ਉਸਦੀ ਜੋਤਿ ਦਾ ਗਿਆਨ ਹੈ, ਜੋਤਿ ਦਾ ਪ੍ਰਕਾਸ਼ ਹੈ। ਹਰ ਕਿਸੇ ਦੇ

ਵਿੱਚ ਪ੍ਰਮਾਤਮਾ ਮਨ ਦੇ ਗਿਆਨ ਦੁਆਰਾ ਵੱਸਿਆ ਹੋਇਆ ਹੈ ਤੇ ਇਸ ਗਿਆਨ ਦੁਆਰਾ ਹੀ ਉਸਨੇ ਹਰ ਕਿਸੇ ਨੂੰ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ। ਉਸਨੇ ਆਪਣੇ ਹੱਥ ਵਿੱਚ ਗਿਆਨ ਦੀ ਡੋਰ ਪਕੜੀ ਹੋਈ ਹੈ, ਗਿਆਨ ਦੀ ਨੱਥ ਪਾਈ ਹੋਈ ਹੈ। **(ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥)** ਇਹ ਸਾਡੇ ਅੰਦਰ ਦੀ ਜੋਤਿ, ਸਾਡੇ ਅੰਦਰ ਦਾ ਗਿਆਨ ਕੀ ਹੈ, ਸਭ ਦੇ ਅੰਦਰ ਉਸ ਦੀ ਪਾਈ ਹੋਈ ਨੱਥ ਕੀ ਹੈ ਇਸ ਦੀ ਸੋਝੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ

ਭਾਵ ਗੱਲ ਨੂੰ ਹੋਰ ਸਪੱਸ਼ਟ ਕੀਤਾ ਹੋਇਆ ਹੈ।

“ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥”

ਇਹ ‘‘ਸਾਡੇ ਅੰਦਰ ਦਾ ਨਾਦ’’ ਭਾਵ ਇਹ ‘‘ਸਾਡੇ ਮਨ ਦਾ ਗਿਆਨ’’ ‘‘ਆਪ ਨਾਥ’’ ਹੈ ਭਾਵ ਆਪ ਪ੍ਰਮਾਤਮਾ ਹੈ ਅਤੇ ਇਸ ਗਿਆਨ ਦੇ ਨਾਲ ਹੀ ਉਸ ਨੇ ਸਭ ਨੂੰ ਨੱਥਿਆ ਹੋਇਆ ਹੈ ਭਾਵ ਸਭ ਨੂੰ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ। ਜਿਹੋ ਜਿਹਾ ਗਿਆਨ ਮਨੁੱਖ ਨੂੰ ਆਪਣੇ ਅੰਦਰੋਂ ਮਿਲਦਾ ਹੈ ਉਹ ਉਹੀ ਕੁੱਝ ਸਮਝਦਾ ਹੈ ਤੇ ਉਹੀ ਕੁੱਝ ਕਰਦਾ ਹੈ। ਇਹੀ ਪ੍ਰਮਾਤਮਾ ਦੀ ਖੇਡ ਹੈ, ਸਾਡੇ ਅੰਦਰ ਦਾ ਭੇਦ ਹੈ ਜੋ ਕਿਸੇ ਦੀ ਸਮਝ ਵਿੱਚ ਨਹੀਂ ਪੈਂਦਾ। ਇਹ ਭੇਦ ਸਮਝ ਆ ਵੀ ਕਿਵੇਂ ਸਕਦਾ ਹੈ ਕਿਉਂਕਿ ਉਹ ਆਪ ਹੀ ਗਿਆਨ ਰੂਪ ਹੈ, ਸਾਡੇ ਮਨ ਦੀ ਸੋਝੀ ਦੇ ਰੂਪ ਵਿੱਚ ਹੈ। ਜਦ ਤੱਕ ਉਹ ਆਪ ਨਾ ਚਾਹੇ, ਉਸਨੂੰ ਕੌਣ ਜਾਣ ਸਕਦਾ ਹੈ। ਇਹ ਰਿਧੀਆਂ ਸਿਧੀਆਂ ਵੀ ਸਭ ਮਨ ਦੀ ਉਪਜ ਹੈ, ਮਾਇਆ ਮੋਹ ਹੈ, ਤ੍ਰੈਗੁਣਾਂ ਦੀ ਅਵੱਸਥਾ ਹੈ ਤੇ ਉਹ ਜਿਸਨੂੰ ਚਾਹੇ ਰਿਧੀਆਂ ਸਿਧੀਆਂ ਵਿੱਚ ਪਾ ਕੇ ਉਲਝਾ ਸਕਦਾ ਹੈ। ਰਿਧੀ ਸਿਧੀ ਮਿਲਣ ਵਾਲੇ ਨੂੰ ਆਪ ਇਸ ਗੱਲ ਦੀ ਸੋਝੀ ਨਹੀਂ ਹੁੰਦੀ ਕਿ ਮੇਰੇ ਅੰਦਰ ਇਹ ਰਿਧੀ ਸਿਧੀ ਪਾਉਣ ਵਾਲਾ ਕੌਣ ਹੈ ਭਾਵ ਇਹਨਾਂ ਰਿਧੀਆਂ ਸਿਧੀਆਂ ਦੁਆਰਾ ਵੀ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ, ਪਰ ਜਿਸ ਮਨੁੱਖ ਨੂੰ ਪ੍ਰਮਾਤਮਾ ਰਿਧੀਆਂ ਸਿਧੀਆਂ ਵਿੱਚ ਪਾ ਕੇ ਉਲਝਾਉਂਦਾ ਹੈ, ਅਸੀਂ ਉਸ ਨੂੰ ਹੀ ਰੱਬ ਨਾਲ ਮਿਲਿਆ ਹੋਇਆ ਸਮਝ ਕੇ ਉਸ ਦੇ ਪਿੱਛੇ ਲੱਗ ਜਾਂਦੇ ਹਾਂ ਅਤੇ ਆਪ ਵੀ ਉਲਝ ਜਾਂਦੇ ਹਾਂ। ਅਸਲ ਵਿੱਚ ਇਹ ਪ੍ਰਮਾਤਮਾ ਦੇ ਆਪਣੇ ਪਾਏ ਹੋਏ ਠਾਕ ਹਨ, ਰੁਕਾਵਟਾਂ ਹਨ ਜੋ ਸਾਨੂੰ ਉਸਨੂੰ ਸਮਝਣ ਤੋਂ ਦੂਰ ਰੱਖਦੀਆਂ ਹਨ।

{ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥}

(ਅੰਗ ੯)

7/705 ਅਤੇ 705-ਅ

"ਅਵਰਾ ਸਾਦ" ਤੋਂ ਭਾਵ ਹੈ ਦੂਸਰੇ ਸਵਾਦ ਭਾਵ ਅਨ ਰਸ ਭਾਵ ਮਾਇਆ ਮੋਹ ਦੇ ਰਸ ਜਿੰਨ੍ਹਾਂ ਕਰ ਕੇ ਮਨੁੱਖ ਮਾੜੀ ਸਮਝ ਵਿੱਚ ਪੈਂਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਚਾਹੇ, ਆਪਣੇ ਤੋਂ ਦੂਰ ਰੱਖਣਾ ਚਾਹੇ, ਉਸਨੂੰ ਆਪ ਹੀ ਮਾੜੇ ਪਾਸੇ ਤੋਰ ਦਿੰਦਾ ਹੈ, ਮਾਇਆ ਮੋਹ ਵਿੱਚ ਪਾਈ ਰੱਖਦਾ ਹੈ, ਅਗਿਆਨਤਾ ਵਾਲੀ ਨਾਸਮਝ ਮਤਿ ਵਿੱਚ ਪਾਈ ਰੱਖਦਾ ਹੈ, ਰਿਧੀਆਂ ਸਿਧੀਆਂ ਵਿੱਚ ਪਾ ਕੇ ਉਲਝਾਈ ਰੱਖਦਾ ਹੈ। (**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥**)

ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਾਨੂੰ ‘‘ਸੰਜੋਗੁ ਵਿਜੋਗੁ’’ ਦੀ ਗੱਲ ਸਮਝਾਈ ਹੋਈ ਹੈ। ‘‘ਸੰਜੋਗ’’ ਸਾਡਾ ਇਸ ਮਨੁੱਖਾ ਜੀਵਨ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਅਤੇ ‘‘ਵਿਜੋਗੁ’’ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਹੈ। ਪ੍ਰਮਾਤਮਾ ਦੇ ਨਾਲ ਮੇਲ ਵੀ ਇਸੇ ਸਰੀਰ ਦੇ ਰਾਹੀਂ ਹੈ। ਜਦ ਤੱਕ ਮਨੁੱਖ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਵਰਤਦੀ ਹੈ, ਜਦ ਤੱਕ ਉਸਦਾ ਨਾਦ ਚੱਲ ਰਿਹਾ ਹੈ ਤਦ ਤੱਕ ਹੀ ਇਹ ਮਨੁੱਖਾ ਸਰੀਰ ਹੈ ਤੇ ਬਿਨ੍ਹਾਂ ਜੋਤਿ ਤੋਂ ਇਹ ਸਰੀਰ ਖ਼ਤਮ ਹੋ ਜਾਂਦਾ ਹੈ।

{ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥ ਪੰਚ ਧਾਤੁ ਕਰਿ ਪੁਤਲਾ ਕੀਆ॥
ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ॥੧॥}

(ਅੰਗ ੧੦੦੭)

ਇਸ ਸਰੀਰ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ, ‘‘ਸੰਜੋਗੁ’’ ਕਰਨ ਦਾ ਤਰੀਕਾ ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਹੈ ਭਾਵ ਚੰਗੇ ਕਰਮ ਕਰਨ ਦਾ ਹੈ। ਸਾਡੇ ਚੰਗੇ ਕਰਮਾਂ ਨਾਲ ਸਾਡੇ ਚੰਗੇ ਲੇਖ ਲਿਖੇ ਜਾਂਦੇ ਹਨ ਅਤੇ ਮੰਦੇ ਕਰਮਾਂ ਨਾਲ ਮੰਦੇ ਲੇਖ ਲਿਖੇ ਜਾਂਦੇ ਹਨ। ਦੋਵੇਂ ਗੱਲਾਂ ਨਾਲ ਨਾਲ ਹੀ ਚੱਲਦੀਆ ਹਨ। ਸਾਡੇ ਚੰਗੇ ਮਾੜੇ ਕਰਮ ਹੀ ਸਾਡੇ ਭਾਗ ਤੈਅ ਕਰਦੇ ਹਨ। ਪ੍ਰਮਾਤਮਾ ਨੇ ਜਿਸ ਦੇ ਭਾਗ ਚੰਗੇ ਬਣਾਉਣੇ ਹਨ ਉਸ ਕੋਲੋਂ ਚੰਗੇ ਕਰਮ ਕਰਵਾ ਲੈਂਦਾ ਹੈ ਭਾਵ ਉਸਨੂੰ ਚੰਗੀ ਮਤਿ ਦੇ ਦਿੰਦਾ ਹੈ, ਉਸਨੂੰ ਚੰਗੇ ਵਿਚਾਰ ਦੇ ਦਿੰਦਾ ਹੈ, ਉਸਦੀ ਨੀਅਤ ਚੰਗੀ ਬਣਾ ਦਿੰਦਾ ਹੈ ਤੇ ਜਿਸ ਮਨੁੱਖ ਦੇ ਭਾਗ ਉਸਨੇ ਮੰਦੇ ਬਣਾਉਣੇ ਹੁੰਦੇ ਹਨ ਉਸਨੂੰ ਸੋਚ ਹੀ ਮਾੜੀ ਦਿੰਦਾ ਹੈ ਜਿਸ ਦੁਆਰਾ ਉਹ ਮੰਦੇ ਕਰਮ ਕਰਦਾ ਹੈ। ਮਨੁੱਖ ਦੇ ਨਾਲ ਮੇਲ ਕਰਨ ਦਾ ਸਬੱਬ ਉਹ ਆਪ ਹੀ ਬਣਾਉਂਦਾ ਹੈ। ਸਭ ਕੁੱਝ ਮਨ ਦੇ ਗਿਆਨ ਦੁਆਰਾ ਭਾਵ ਮਨ ਦੀ ਚੰਗੀ ਮਾੜੀ ਸਮਝ ਦੁਆਰਾ ਹੀ ਹੁੰਦਾ ਹੈ ਜੋ ਸਮਝ ਮਨੁੱਖ ਦੇ ਵੱਸ ਨਹੀਂ ਹੈ। (**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥**)

{ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥}

(ਅੰਗ ੧੩੮)

ਮੁੱਖ ਸ਼ਬਦ ਦੀਆਂ ਅਗਲੀਆਂ ਦੋ ਪੰਗਤੀਆਂ ਦੇ ਅਰਥ ਜਾਣਨ ਲਈ ਅੱਗੇ ਚੱਲਕੇ ਜਪੁ ਜੀ ਬਾਣੀ ਦੇ ਕੀਤੇ ਹੋਏ ਅਰਥਾਂ ਨੂੰ ਪੜ੍ਹਿਆ ਜਾ ਸਕਦਾ ਹੈ। ਮਨੁੱਖ ਆਪਣੇ ਖਿਆਲਾਂ ਦਾ ਬੱਝਿਆ ਹੋਇਆ ਹੈ ਜਿਸ ਦੇ

ਅੱਗੇ ਮਨੁੱਖ ਦੀ ਪੇਸ਼ ਨਹੀਂ ਜਾਂਦੀ। ਮਨੁੱਖ ਇਹਨਾਂ ਖਿਆਲਾਂ ਦੀ ਉਧੇੜ ਬੁਣ ਵਿੱਚ ਫਸਿਆ ਰਹਿੰਦਾ ਹੈ। ਇਹ ਖਿਆਲ ਕਿੱਥੋਂ ਆਉਂਦੇ ਹਨ ਇਸ ਗੱਲ ਦੀ ਸੋਝੀ ਮਨੁੱਖ ਨੂੰ ਆਪਣੇ ਆਪ ਕਦੇ ਪੈ ਹੀ ਨਹੀਂ ਸਕਦੀ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ ਅਤੇ ਸਮਝੀਏ ਕਿ ਇਹਨਾਂ ਖਿਆਲਾਂ ਦੀ ਭਾਵ ਮਨ ਦੇ ਵਿਚਾਰਾਂ ਦੀ ਸਮਝ ਸਾਨੂੰ ਕਿਉਂ ਨਹੀਂ ਪੈਂਦੀ।

“ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ॥
ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ॥
ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ॥
ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ॥
ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ॥੪੧॥”

(ਅੰਗ ੯੩੫)

ਉੱਪਰ ਸ਼ਬਦ ਵਿੱਚ ਸਾਡੇ ਮਨ ਬਾਰੇ ਹੀ ਸਮਝਾਇਆ ਹੋਇਆ ਹੈ। ਸਾਡੇ ਮਨ ਵਿੱਚ ਹਰ ਵੇਲੇ ਕੋਈ ਨਾ ਕੋਈ ਸੋਚ ਚੱਲਦੀ ਰਹਿੰਦੀ ਹੈ, ਅਨੇਕਾਂ ਤਰ੍ਹਾਂ ਦੇ ਖਿਆਲ ਉਪਜਦੇ ਰਹਿੰਦੇ ਹਨ। ਇਹ ਸਾਡੇ ਖਿਆਲ ਹੀ ਸਾਨੂੰ ਹਰ ਗੱਲ ਦੀ ਸੋਝੀ ਪਾਉਂਦੇ ਹਨ ਜਿੰਨ੍ਹਾਂ ਨੂੰ ਮਨ ਦੇ ਫੁਰਨੇ ਵੀ ਕਿਹਾ ਜਾਂਦਾ ਹੈ। ਅਸੀਂ ਕਿਸੇ ਗੱਲ ਦੇ ਨਤੀਜੇ ਤੇ ਪਹੁੰਚਣਾ ਹੋਵੇ ਤੇ ਉਸ ਗੱਲ ਦੇ ਚੰਗੇ ਮਾੜੇ ਨਤੀਜਿਆਂ ਦੀ ਮਨ ਵਿੱਚ ਵਾਰ- ਵਾਰ ਵਿਚਾਰ ਹੁੰਦੀ ਹੈ। ਕਦੀ ਮਨ ਕਿਸੇ ਗੱਲ ਤੇ ਟਿਕਦਾ ਹੈ ਪਰ ਫਿਰ ਉਧਰੋਂ ਹੱਟ ਕੇ ਦੂਸਰੀ ਗੱਲ ਨੂੰ ਚੰਗਾ ਸਮਝਦਾ ਹੈ। ਮਨ ਉਲਝਣ ਵਿੱਚ ਪਿਆ ਰਹਿੰਦਾ ਹੈ ਭਾਵ ਵਿਚਾਰਾਂ ਦੀ ਉਧੇੜ ਬੁਣ ਵਿੱਚ ਲੱਗਾ ਰਹਿੰਦਾ ਹੈ। **(ਭਨਿ ਭਨਿ ਘੜੀਐ ਘੜਿ ਘੜਿ ਭਜੈ)** ਮਨੁੱਖ ਇਹਨਾਂ ਖਿਆਲਾਂ ਕਰਕੇ ਦੁਚਿੱਤੀ ਵਿੱਚ ਪਿਆ ਰਹਿੰਦਾ ਹੈ। ਇਹ ਮਨ ਦੇ ਖਿਆਲ ਚੱਲਦੇ ਹੀ ਰਹਿੰਦੇ ਹਨ ਤੇ ਸਾਡੇ ਰੋਕਣ ਨਾਲ ਨਹੀਂ ਰੁਕਦੇ। ਕਿਸੇ ਵਕਤ ਕੀ ਖਿਆਲ ਆ ਜਾਵੇ, ਕੋਈ ਪਤਾ ਨਹੀਂ। ਅਸੀਂ ਕਿਸੇ ਵੇਲੇ ਕੀ ਭੁੱਲ ਜਾਈਏ ਤੇ ਕੀ ਯਾਦ ਆ ਜਾਵੇ ਕੋਈ ਪਤਾ ਨਹੀਂ। ਅਸਲ ਵਿੱਚ ਖਿਆਲ ਸਾਡੇ ਵੱਸ ਤੋਂ ਬਾਹਰ ਹਨ ਤੇ ਇਹ ਗੱਲ ਨਾਲ ਹੀ ਸਮਝਾਈ ਹੋਈ ਹੈ। **“ਢਾਹਿ ਉਸਾਰੈ ਉਸਰੇ ਢਾਹੈ॥”** ਇਹ ਸਾਡੇ ਮਨ ਦੇ ਖਿਆਲਾਂ ਨੂੰ ਉਹ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਉਸਾਰਦਾ ਹੈ ਭਾਵ ਉਪਜਾਉਂਦਾ ਹੈ ਅਤੇ ਆਪ ਹੀ ਉਹਨਾਂ ਨੂੰ ਢਾਹ ਦਿੰਦਾ ਹੈ ਭਾਵ ਉਹਨਾਂ ਵਿਚਾਰਾਂ ਨੂੰ ਮੰਨਣ ਨਹੀਂ ਦਿੰਦਾ ਭਾਵ ਸਿਰੇ ਨਹੀਂ ਚੜਨ ਦਿੰਦਾ ਭਾਵ ਇਹ ਖਿਆਲ ਸਾਡੇ ਵਿੱਚ ਪ੍ਰਮਾਤਮਾ ਆਪ

ਪਾਉਂਦਾ ਹੈ ਤੇ ਜੋ ਉਸਨੂੰ ਚੰਗਾ ਲੱਗਦਾ ਹੈ ਉੱਥੇ ਵਿਚਾਰਾਂ ਨੂੰ ਟਿਕਾ ਦਿੰਦਾ ਹੈ। ਮਰਜੀ ਉਸ ਦੀ ਚੱਲਦੀ ਹੈ। ਇਹੀ ਗੱਲ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤੀ ਹੋਈ ਹੈ ਕਿ ਉਹ ਸਭ ਕੁੱਝ ਆਪ ਹੀ ਕਰਵਾਉਂਦਾ ਹੈ।

“ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ॥”

ਸਾਡਾ ਮਨ ਖਿਆਲਾਂ ਦਾ ਇੱਕ ਸਰੋਵਰ ਹੈ, ਗਿਆਨ ਦਾ ਭਾਵ ਗਿਆਨ ਦੇਣ ਵਾਲੇ ਵਿਚਾਰਾਂ ਦਾ, ਸਮਝ ਦੇਣ ਵਾਲੇ ਵਿਚਾਰਾਂ ਦਾ ਸਰੋਵਰ ਹੈ। ਇਸ ਮਨ ਦੇ ਸਰੋਵਰ ਨੂੰ ਭਰਨ ਤੇ ਸੁਕਾਉਣ ਵਾਲਾ ਉਹ ਆਪ ਹੈ। ਸਾਡੇ ਮਨ ਨੂੰ ਵਿਚਾਰਾਂ ਨਾਲ ਭਰ ਕੇ ਉਨ੍ਹਾਂ ਤੇ ਅਮਲ ਹੋਣਾ ਜਾਂ ਨਾ ਹੋਣਾ ਇਹ ਉਸ ਦੇ ਹੱਥ ਹੈ। ਵਿਚਾਰਾਂ ਦਾ ਸਿਰੇ ਲੱਗਣਾ ਜਾਂ ਨਾ ਲੱਗਣਾ ਇਹ ਉਸ ਦੇ ਹੱਥ

ਹੈ। ਸਾਡੇ ਅੰਦਰ ਜੋ ਵਿਚਾਰ ਆਉਂਦੇ ਹਨ, ਭਰਦੇ ਹਨ ਉਨ੍ਹਾਂ ਵਿਚਾਰਾਂ ਤੇ ਟਿਕਣਾ ਜਾਂ ਨਾ ਟਿਕਣਾ ਇਹ ਸਭ ਉਸ ਦੇ ਹੱਥ ਹੈ। ਕੋਈ ਆਪਣੇ ਵਿਚਾਰਾਂ ਤੇ ਟਿਕਦਾ ਹੈ, ਕੋਈ ਨਹੀਂ ਟਿਕਦਾ। ਕੋਈ ਆਪਣੇ ਵਿਚਾਰਾਂ ਤੋਂ ਮੁਕਰ ਜਾਂਦਾ ਹੈ, ਕੋਈ ਨਹੀਂ ਮੁਕਰਦਾ ਭਾਵ ਕੋਈ ਆਪਣੇ ਵਿਚਾਰਾਂ ਵੱਲੋਂ ਸੁੱਕ ਜਾਂਦਾ ਹੈ ਤੇ ਕਈਆਂ ਦੇ ਵਿਚਾਰ ਹੋਰ ਭਰ ਜਾਂਦੇ ਹਨ ਭਾਵ ਸਿਰੇ ਲੱਗ ਜਾਂਦੇ ਹਨ। ਇਹਨਾਂ ਮਨ ਦੇ ਵਿਚਾਰਾਂ ਕਰਕੇ ਹੀ ਜੋ ਆਪਣੀ ਗੱਲ ਤੋਂ ਪਿੱਛੇ ਹੱਟ ਜਾਂਦੇ ਹਨ, ਵਿਚਾਰਾਂ ਤੋਂ ਮੁਕਰ ਜਾਂਦੇ ਹਨ ਉਹ ਮਾੜੇ ਬਣ ਜਾਂਦੇ ਹਨ ਤੇ ਜਿਹੜੇ ਆਪਣੇ ਵਿਚਾਰਾਂ ਤੇ ਪੂਰੇ ਉਤਰ ਜਾਂਦੇ ਹਨ ਭਾਵ ਜਿੰਨ੍ਹਾਂ ਦੇ ਵਿਚਾਰ ਤਰ ਜਾਂਦੇ ਹਨ, ਜੋ ਵਿਚਾਰਾਂ ਰਾਹੀਂ ਤਰ ਜਾਂਦੇ ਹਨ ਉਹ ਆਪਣੀ ਵਿਚਾਰਾਂ ਤੇ ਪੂਰੇ ਉਤਰ ਕੇ ਚੰਗੇ ਬਣ ਜਾਂਦੇ ਹਨ। ਮਨ ਦੇ ਵਿਚਾਰਾਂ ਰਾਹੀਂ ਕੋਈ ਮਾਇਆ ਮੋਹ ਵਿੱਚ ਫਸ ਜਾਂਦਾ ਹੈ, ਕੋਈ ਉਸ ਤੋਂ ਤਰ ਜਾਂਦਾ ਹੈ। ਇਹ ਸਭ ਮਨੁੱਖ ਦੇ ਵੱਸ ਨਹੀਂ ਹੈ। ਇਹ ਸਭ ਕੁੱਝ ਕਰਵਾਉਣ ਦੇ ਸਮਰੱਥ ਉਹ ਪ੍ਰਮਾਤਮਾ ਆਪ ਹੀ ਹੈ। ਉਹ ਬੇਪਰਵਾਹ ਹੈ, ਉਹ ਜਿਸ ਨੂੰ ਚਾਹੇ ਮਨ ਦੇ ਵਿਚਾਰਾਂ ਰਾਹੀਂ ਮੰਦਾ ਬਣਾ ਸਕਦਾ ਹੈ ਤੇ ਜਿਸਨੂੰ ਚਾਹੇ ਚੰਗਾ ਬਣਾ ਸਕਦਾ ਹੈ।

(ਸਰ ਭਰਿ ਸੋਧੈ ਭੀ ਭਰਿ ਪੋਧੈ ਸਮਰਥ ਵੇਪਰਵਾਹੈ॥)

{ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥}

(ਅੰਗ - ੨)

{ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ }

(ਅੰਗ ੧੩੯)

ਸਾਡੇ ਮਨ ਵਿੱਚ ਬੈਠਾ ਸਭ ਕੁੱਝ ਉਹ ਆਪ ਹੀ ਕਰਵਾ ਰਿਹਾ ਹੈ। ਮਨੁੱਖ ਹਰ ਭਰਮ ਵਿੱਚ ਆਪਣੇ ਮਨ ਦੀ ਸੋਝੀ ਦੁਆਰਾ ਹੀ ਪੈਂਦਾ ਹੈ ਕਿਉਂਕਿ ਮਨੁੱਖ ਉਹੀ ਕੁੱਝ ਕਰਦਾ ਹੈ ਜਿਹੋ ਜਿਹੀ ਉਸਦੀ ਸੋਝੀ ਹੁੰਦੀ ਹੈ। ਕਿਸੇ ਵੀ ਮਨੁੱਖ ਨੂੰ ਭਰਮ ਵਿੱਚ ਰੱਖਣਾ, ਭੁਲੇਖੇ ਵਿੱਚ ਰੱਖਣਾ, ਉਸਨੂੰ ਦਿਵਾਨਾ ਬਣਾਉਣਾ, ਸਭ ਕੁੱਝ ਪ੍ਰਮਾਤਮਾ ਦੇ ਵੱਸ ਹੈ, ਉਸਦੇ ਗਿਆਨ ਦੇ ਵੱਸ ਹੈ। ਜੋ ਮਨੁੱਖ ਭਰਮ ਵਿੱਚ ਰਹਿੰਦਾ ਹੈ, ਅਗਿਆਨਤਾ ਵਿੱਚ ਰਹਿੰਦਾ ਹੈ ਉਸ ਨੂੰ ਮੰਦੇ ਭਾਗਾਂ ਵਾਲਾ ਕਿਹਾ ਗਿਆ ਹੈ ਭਾਵ ਜਿਸ ਨੂੰ ਪ੍ਰਮਾਤਮਾ ਭੁਲੇਖੇ ਵਿੱਚ ਨਹੀਂ ਰੱਖਦਾ,

7/708

ਜਿਸਨੂੰ ਆਪਣਾ ਗਿਆਨ ਦੇ ਕੇ ਭਰਮਾਂ ਵਿੱਚੋਂ ਕੱਢ ਲੈਂਦਾ ਹੈ ਉਹ ਭਾਗਾਂ ਵਾਲਾ ਹੈ ਜਿਵੇਂ ਕਿ ਨਾਲ ਹੀ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ॥)** ਸਭ ਕੁੱਝ ਸਾਡੇ ਮਨ ਦੇ ਗਿਆਨ ਦੇ ਵੱਸ ਹੈ ਤੇ ਮਨੁੱਖ ਇਸ ਗਿਆਨ ਦੇ ਵੱਸ ਹੈ। ਗਿਆਨ ਦਾ ਮਾਲਕ ਉਹ ਆਪ ਪ੍ਰਮਾਤਮਾ ਹੈ ਜੋ ਮਨ ਵਿੱਚ ਬੈਠਾ ਸਾਰਾ ਗਿਆਨ ਸਾਡੇ ਅੰਦਰ ਪਾ ਰਿਹਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਗਿਆਨ ਦੀ ਡੋਰੀ ਉਸ ਦੇ ਹੱਥ ਵਿੱਚ ਹੈ। ਸਭ ਨੂੰ ਉਸ ਨੇ ਮਨ ਦੇ ਵਿੱਚ ਗਿਆਨ ਦੀ ਨੱਥ ਪਾਈ ਹੋਈ ਹੈ, ਗਿਆਨ ਦੀ ਨਕੇਲ ਪਾ ਕੇ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਜਿਸ ਗੱਲ ਦੀ ਸਮਝ ਉਸ ਦਾ ਗੁਰਮੁਖਿ ਰੂਪ ਬਣਨ ਦੁਆਰਾ ਹੀ ਪੈਂਦੀ ਹੈ ਭਾਵ ਉਸ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਪੈਂਦੀ ਹੈ। ਜੋ ਕੁੱਝ ਉਹ ਚਾਹੁੰਦਾ ਹੈ ਉਹੀ ਕੁੱਝ ਮਨੁੱਖ ਕੋਲੋਂ ਕਰਵਾ ਰਿਹਾ ਹੈ, ਮਨੁੱਖ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ। ਮਨੁੱਖ ਕੇਵਲ ਭਰਮ ਵਿੱਚ ਹੈ ਕਿ ਸਭ ਕੁੱਝ ਮੈਂ ਕਰ ਰਿਹਾ ਹਾਂ ਪਰ ਅਸਲ ਵਿੱਚ ਜੋ ਕੁੱਝ ਵੀ ਹੋ ਰਿਹਾ ਹੈ ਭਾਵ ਜੋ ਕੁੱਝ ਵੀ ਅਸੀਂ ਕਰ ਰਹੇ ਹਾਂ ਸਭ ਕੁੱਝ ਪ੍ਰਮਾਤਮਾ ਦੀ ਰਜ਼ਾ ਨਾਲ ਹੋ ਰਿਹਾ ਹੈ, ਹਰ ਕੋਈ ਉਸੇ ਦੀ ਪਾਈ ਹੋਈ ਸਮਝ ਨੂੰ ਧਿਆ ਰਿਹਾ ਹੈ ਭਾਵ ਮੰਨ ਰਿਹਾ ਹੈ, ਸਿਮਰ ਰਿਹਾ ਹੈ ਭਾਵ ਉਸੇ ਦੇ ਹੁਕਮ ਵਿੱਚ ਚੱਲ ਰਿਹਾ ਹੈ ਕਿਉਂਕਿ ਸਾਡੇ ਅੰਦਰ ਦਾ ਗਿਆਨ ਹੀ ਸਾਡੇ ਲਈ ਉਸਦਾ ਹੁਕਮ ਹੈ। **(ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ॥)** ਇਸੇ ਲਈ ਬਾਣੀ ਨੇ ਸਾਨੂੰ ਅਨੇਕਾਂ ਵਾਰ ਇਹ ਗੱਲ ਸਮਝਾਈ ਹੈ ਕਿ ਹਰ ਕੋਈ ਦਿਨ ਰਾਤ ਉਸ ਪ੍ਰਮਾਤਮਾ ਦੇ ਹੁਕਮ ਵਿੱਚ ਚੱਲ ਰਿਹਾ ਹੈ, ਹਰ ਕੋਈ ਉਸੇ ਨੂੰ ਦਿਨ ਰਾਤ ਸਿਮਰਦਾ ਹੈ, ਧਿਆਉਂਦਾ ਹੈ।

{ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ॥੨॥}

(ਅੰਗ ੬੭੦)

ਸਾਨੂੰ ਸਾਡੇ ਅੰਦਰੋਂ ਜੋ ਗਿਆਨ ਮਿਲਦਾ ਹੈ ਉਹ ਤ੍ਰੈਗੁਣੀ ਮਾਇਆ ਦੀ ਜੁਗਤਿ ਵਾਲਾ ਹੈ ਭਾਵ ਭਰਮ ਭੁਲੇਖੇ ਵਾਲਾ ਹੈ ਜਿਸ ਦੇ ਰਹਿੰਦਿਆਂ ਪ੍ਰਮਾਤਮਾ ਦੀ, ਸੱਚੇ ਗਿਆਨ ਦੀ ਭਾਵ ਚੌਥੇ ਪਦ ਦੇ ਗਿਆਨ ਦੀ, ਬ੍ਰਹਮ ਗਿਆਨ ਦੀ ਸੋਝੀ ਨਹੀਂ ਪੈਂਦੀ। ਇਹੋ ਜਿਹੀ ਅਵੱਸਥਾ ਵਿੱਚ ਸਾਡਾ ਸਿਮਰਨ, ਸਾਡਾ ਧਿਆਉਣਾ, ਸਾਡਾ ਜਪੁ, ਮਾਇਆ ਦੀ ਜੁਗਤਿ ਵਾਲਾ ਹੈ। ਚੌਥੇ ਪਦ ਦੇ ਗਿਆਨ ਨੂੰ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਜੋ ਕਿ ਉਸਦਾ ਨਾਮ ਹੈ ਉਸਨੂੰ ਆਪਣੇ ਅੰਦਰ ਧਾਰਨ ਕਰਨਾ ਭਾਵ ਉਸ ਤੇ ਅਮਲ ਕਰਨਾ ਉਸ ਦਾ ਸੱਚਾ ਸਿਮਰਨ ਹੈ, ਉਸਨੂੰ ਧਿਆਉਣਾ ਹੈ, ਉਸਨੂੰ ਜਪਣਾ ਹੈ। ਚੌਥੇ ਪਦ ਦਾ ਗਿਆਨ ਗੁਰਬਾਣੀ ਹੈ। ਗੁਰਬਾਣੀ ਨੂੰ ਜਪਣਾ ਹੀ ਭਾਵ ਗੁਰਬਾਣੀ ਦੀ ਸੱਚੀ ਮਤਿ ਨੂੰ ਜਪਣਾ ਹੀ ਭਾਵ ਮੰਨਣਾ ਹੀ ਪ੍ਰਮਾਤਮਾ ਨੂੰ ਜਪਣਾ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਵੀ ਹਰ ਕੋਈ ਉਸ ਪ੍ਰਮਾਤਮਾ ਨੂੰ ਹੀ ਜਪ ਰਿਹਾ ਹੈ ਭਾਵ ਉਸਦੇ ਹੁਕਮ ਵਿੱਚ ਹੀ ਚੱਲ ਰਿਹਾ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ ਪਰ ਇਹ ਜਪ ਅਸੀਂ ਬੋਲ-ਬੋਲ

7/709

ਕੇ ਨਹੀਂ ਕਰ ਰਹੇ ਕਿਉਂਕਿ ਉਸਦੇ ਹੁਕਮ ਵਿੱਚ ਰਹਿਣਾ ਹੀ ਉਸ ਨੂੰ ਜਪਣਾ ਹੈ, ਧਿਆਉਣਾ ਹੈ, ਸਿਮਰਨਾ ਹੈ। ਇਸੇ ਤਰ੍ਹਾਂ ਗੁਰਬਾਣੀ ਦੇ ਗਿਆਨ ਨੂੰ ਜਪਣ ਲਈ ਕੋਈ ਬੋਲ-ਬੋਲ ਕੇ ਜਪ ਕਰਨ ਦੀ ਜਾਂ ਦਿਖਾਉਣ ਦੀ ਲੋੜ ਨਹੀਂ ਹੈ। ਇਹ ਜਪ ਸਾਡੇ ਮਨ ਦੀ ਬਿਰਤੀ ਹੈ ਭਾਵ ਸਮਝ ਹੈ ਸਿਰਫ਼ ਇਸ ਬਿਰਤੀ ਨੂੰ ਬਦਲਣ ਦੀ ਲੋੜ ਹੈ, ਆਪਣੀ ਸੋਚ ਨੂੰ ਬਦਲਣ ਦੀ ਲੋੜ ਹੈ, ਆਪਣੀ ਸੋਚ ਨੂੰ ਗੁਰੂ ਦੀ ਸੋਚ ਨਾਲ ਰਲਾਉਣ ਦੀ ਲੋੜ ਹੈ। ਇਹ ਹੀ ਹਰਿ ਗੁਣ ਗਾਉਣੇ ਹਨ, ਗੁਰਬਾਣੀ ਦੀ ਮਤਿ ਨੂੰ ਗਾਉਣਾ ਹੈ ਜਿਸ ਦੁਆਰਾ ਅਸੀਂ ਗੁਰੂ ਦੇ ਰੰਗ ਵਿੱਚ ਰੰਗੇ ਜਾ ਸਕਦੇ ਹਾਂ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਪਰ ਇਹ ਸਭ ਕੁੱਝ ਪ੍ਰਮਾਤਮਾ ਦੇ ਆਪਣੇ ਵੱਸ ਹੈ। ਜਿਸ ਨੂੰ ਉਹ ਚਾਹੇਗਾ ਉਸ ਨੂੰ ਹੀ ਉਹ ਆਪਣੇ ਗੁਣਾਂ ਵਿੱਚ ਲਿਆਵੇਗਾ ਭਾਵ ਔਗੁਣਾਂ ਵਿੱਚੋਂ ਕੱਢੇਗਾ ਤੇ ਆਪਣੀ ਸੱਚੀ ਮਤਿ ਨਾਲ ਜੋੜੇਗਾ ਜਿਸ ਕਰਕੇ ਫਿਰ ਮਨੁੱਖ ਨੂੰ ਚੰਗੇ ਕਰਮ ਕਰਨ ਦੁਆਰਾ ਪਛਤਾਉਣਾ ਨਹੀਂ ਪਵੇਗਾ।

(ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ॥)

"ਭਭਾ" ਅੱਖਰ ਤੋਂ ਅਸੀਂ ਕੀ ਸਿੱਖਿਆ ਲੈਣੀ ਹੈ, ਕੀ ਗਿਆਨ ਲੈਣਾ ਹੈ, ਇਹ ਕੋਈ ਵੱਖਰੀ ਗੱਲ ਨਹੀਂ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥"

ਹਰ ਅੱਖਰ ਦਾ ਮਕਸਦ ਸਾਨੂੰ ਗਿਆਨ ਦੇਣਾ ਹੀ ਹੈ। ਇਸੇ ਲਈ ਬਾਣੀ ਵਿੱਚ ਉਸ ਅੱਖਰ ਨੂੰ ਅੰਧਾ ਕਿਹਾ ਗਿਆ ਹੈ ਜੇਕਰ ਅਸੀਂ ਉਸ ਅੱਖਰ ਕੋਲੋਂ ਗਿਆਨ ਨਾ ਲਈਏ। ਅੱਖਰ ਤਾਂ ਗਿਆਨ ਦਿੰਦਾ ਹੈ ਪਰ ਅਸੀਂ ਉਸ ਕੋਲੋਂ ਗਿਆਨ ਨਾ ਲੈ ਕੇ ਉਸਨੂੰ ਅੰਧਾ ਬਣਾਉਂਦੇ ਹਾਂ। ਇਸੇ ਲਈ ਅੱਖਰ ਦੇ ਜਪੁ ਨੂੰ ਬਾਣੀ ਵਿੱਚ ਖੰਡਿਆ ਗਿਆ ਹੈ।

{ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

ਬਿਨ੍ਹਾਂ ਗਿਆਨ ਤੋਂ ਅੱਖਰ ਦਾ ਕੋਈ ਮਕਸਦ ਹੀ ਪੂਰਾ ਨਹੀਂ ਹੁੰਦਾ। "ਭਭੇ" ਅੱਖਰ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਅਸੀਂ ਆਪਣੇ ਜਿੰਦਗੀ ਦੇ ਮਾਰਗ ਨੂੰ, ਆਪਣੀ ਜੀਵਨ ਜਾਂਚ ਦੇ ਮਾਰਗ ਨੂੰ, ਆਪਣੀ ਭਗਤੀ ਦੇ ਮਾਰਗ ਨੂੰ ਭਾਲੀਏ। ਇਸ ਮਾਰਗ ਨੂੰ ਇੱਕ ਵਿਖੜਾ ਮਾਰਗ ਕਹਿ ਕੇ ਸਮਝਾਇਆ ਹੈ, ਔਖਾ ਮਾਰਗ ਕਹਿ ਕੇ ਸਮਝਾਇਆ ਹੈ, ਇਹ ਨਾਮ ਜਪਣ ਦਾ ਮਾਰਗ ਹੈ, ਗੁਰੂ ਦੇ ਗਿਆਨ ਨੂੰ ਸਿਮਰਨ ਦਾ ਮਾਰਗ ਹੈ, ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਮਾਰਗ ਹੈ ਜੋ ਕਿ ਔਖਾ ਹੀ ਹੈ। ਇਹ ਮਾਰਗ ਆਪਣੀਆਂ ਆਸਾਂ ਤੋਂ ਨਿਰਾਸ਼ ਹੋ ਕੇ ਵਿਚਰਨ ਦਾ ਹੈ ਭਾਵ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦਾ ਮਾਰਗ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਹੈ, ਮਾਇਆ ਤੋਂ ਨਿਰਲੇਪ ਹੋ ਕੇ ਸੁਕ੍ਰਿਤ ਕਰਨੀ ਦਾ ਮਾਰਗ ਹੈ ਜੋ ਕਿ ਵਾਕਈ ਔਖਾ ਹੈ। ਇਸ ਮਾਰਗ ਤੇ ਚੱਲੇ ਬਿਨ੍ਹਾਂ ਸਾਡਾ ਨਿਜ ਘਰ ਵਿੱਚ ਵਾਸਾ ਨਹੀਂ ਹੋ

7/710

ਸਕਦਾ, ਗੁਰੂ ਦੇ ਸੱਚੇ ਗਿਆਨ ਵਿੱਚ ਵਾਸਾ ਨਹੀਂ ਹੋ ਸਕਦਾ, ਚੌਥੇ ਪਦ ਦੇ ਗਿਆਨ ਨਾਲ ਸਾਂਝ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅਸੀਂ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨਾ ਹੈ, ਔਗੁਣਾਂ ਨੂੰ ਮਾਰਨਾ ਹੀ, ਮਨਮਤਿ ਛੱਡ ਕੇ ਹੀ ਆਪਣੇ ਆਪ ਨੂੰ ਚੀਨਣਾ ਹੈ ਤੇ ਜਿਉਂਦਿਆਂ ਮਰਨਾ ਹੈ ਭਾਵ ਮਨ ਦੀ ਨਾਸਮਝ ਮਤਿ ਨੂੰ, ਮਨ ਦੀ ਅਗਿਆਨਤਾ ਨੂੰ ਛੱਡਣਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣਾ ਹੈ ਭਾਵ ਗੁਰਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਹੈ ਤੇ ਇਹੀ ਆਪਣੇ ਮਨ ਨੂੰ ਮਾਰਨਾ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਆਪ ਦੀ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ। **(ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ॥ ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ॥੪੧॥)** ਇਨ੍ਹਾਂ ਪੰਗਤੀਆਂ ਨੂੰ ਫਿਰ ਤੋਂ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਗੁਰੂ ਕੋਲੋਂ ਅਸੀਂ ਕੀ ਬੁੱਝਣਾ ਹੈ ਜਿਸ ਦੁਆਰਾ ਅਸੀਂ ਉਸ ਨਾਲ ਮਿਲ ਸਕੀਏ ਭਾਵ ਆਪਣੇ ਨਿਜ ਘਰ ਵਿੱਚ ਵਾਸਾ ਪਾ ਲਈਏ। ਗੁਰੂ ਦੀ ਪਾਈ ਹੋਈ ਸੋਝੀ, ਉਸਦੀ ਬੂਝ ਬੜੀ ਸਪੱਸ਼ਟ ਹੈ। ਸਾਨੂੰ ਇਹ ਭਉਜਲ ਤਰਨ ਦਾ ਮਾਰਗ ਸਮਝਾਇਆ ਹੋਇਆ ਹੈ। ਇਹ ਭਉਜਲ ਸਾਡੀਆਂ ਆਸਾਂ ਹਨ, ਸਾਡੀਆਂ ਦਿਨ ਰਾਤ ਦੀਆਂ ਖੁਵਾਇਸ਼ਾਂ ਹਨ, ਮਾਇਆਂ ਦੀਆਂ ਦਾਤਾਂ ਦੀ ਪ੍ਰਾਪਤੀ ਦੀਆਂ ਆਸਾਂ ਹਨ ਭਾਵ ਸਾਡੀਆਂ ਤ੍ਰਿਸ਼ਨਾਵਾਂ ਹਨ ਜਿੰਨ੍ਹਾਂ ਦੇ ਵੱਸ ਪੈ ਕੇ ਅਸੀਂ ਮਾਇਆ ਤੋਂ ਨਿਰਲੇਪ ਨਹੀਂ ਰਹਿੰਦੇ ਭਾਵ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਅਸੀਂ ਉਹ ਕਰਮ ਕਰਦੇ ਹਾਂ, ਉਹੋ ਜਿਹੀ ਕਰਨੀ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦੇ। ਇਹਨਾਂ ਆਸਾਂ ਤੋਂ ਨਿਰਾਸ਼ ਹੋਣਾ ਹੀ ਮਾਇਆ ਤੋਂ ਨਿਰਲੇਪ ਹੋਣਾ ਹੈ, ਮਾਇਆ ਮੋਹ ਵਿੱਚ ਡੁੱਬਣ ਤੋਂ ਬਚਣਾ ਹੈ, ਸੱਚ ਨੂੰ ਅਪਣਾਉਣਾ ਹੈ, ਗੁਣਾਂ ਨੂੰ ਅਪਣਾਉਣਾ ਹੈ ਤੇ ਝੂਠ, ਵਿਕਾਰਾਂ ਤੋਂ ਬਚਣਾ ਹੈ ਭਾਵ ਗੁਰੂ ਦੀ ਮਤਿ ਨੂੰ ਕਬੂਲ ਕਰਨਾ ਹੈ, ਉਸਦੇ ਭਉ ਨੂੰ ਕਬੂਲ ਕਰਨਾ ਹੈ, ਨਾਮ ਜਪਣਾ ਹੈ। ਇਹ ਸਾਡੀਆਂ ਆਸਾਂ ਹੀ ਭਉਜਲ ਸਾਗਰ ਹੈ, ਮਾਇਆ ਮੋਹ ਦਾ ਸਾਗਰ ਹੈ, ਮਾੜੇ ਵਿਚਾਰਾਂ ਦਾ ਸਾਗਰ ਹੈ, ਔਗੁਣਾਂ ਦਾ ਸਾਗਰ ਹੈ। ਇਹਨਾਂ ਆਸਾਂ ਤੋਂ ਨਿਰਾਸ਼ ਹੋਣਾ ਹੀ ਭਉਜਲ ਤਰਨਾ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ। ਸਭ ਕੁੱਝ ਸਾਡੇ ਮਨ ਦੀ ਗੱਲ ਹੈ, ਮਨ ਦੇ ਵਿਚਾਰਾਂ ਦੀ ਗੱਲ ਹੈ, ਸਾਡੇ ਆਤਮਿਕ ਗਿਆਨ ਦੀ ਗੱਲ ਹੈ ਮਨ ਦੀ ਸਮਝ ਦੀ ਗੱਲ ਹੈ ਤੇ ਸਾਡੀ ਸਮਝ ਦੀ ਡੋਰੀ ਪ੍ਰਮਾਤਮਾ ਦੇ ਹੱਥ ਹੈ। ਮਨੁੱਖ ਬੇਵੱਸ ਹੈ। ਉਹ ਆਪ ਹੀ ਜਿਸ ਤੇ ਕਿਰਪਾ ਕਰੇ ਉਹ ਇਸ ਭਉਜਲ ਤੋਂ ਤਰ ਸਕਦਾ ਹੈ। ਮਨੁੱਖ ਨੂੰ ਫ਼ਜੂਲ ਹੀ ਉਸਨੇ ਮਨ ਦੀ ਅਗਿਆਨਤਾ ਕਰਕੇ ਸਰੀਰਕ ਜਪਾਂ ਤਪਾਂ ਵਿੱਚ ਪਾਇਆ ਹੋਇਆ ਹੈ ਜਿੰਨ੍ਹਾਂ ਦੁਆਰਾ ਸਿਵਾਏ ਖੁਆਰੀ ਤੋਂ ਕੁੱਝ ਵੀ ਹਾਸਲ ਨਹੀਂ ਹੋ ਸਕਦਾ। ਸਾਡੀ ਅਸਲ ਭਗਤੀ ਕੀ ਹੈ, ਇਸੇ ਗੱਲ ਨੂੰ ਆਖਰੀ ਪੰਗਤੀ ਵਿੱਚ ਫਿਰ ਦੁਹਰਾਇਆ ਹੋਇਆ ਹੈ

7/711

ਅਤੇ ਨਾਲ ਹੀ ਇਹ ਸੋਝੀ ਪਾਈ ਹੋਈ ਹੈ ਕਿ ਸਾਡੀ ਭਗਤੀ ਕਿਸ ਦੇ ਵੱਸ ਹੈ, ਗੁਰਪ੍ਰਸਾਦਿ ਕੀ ਹੈ। ਜਿਸ ਤੇ ਉਹ ਆਪਣੀ ਕਿਰਪਾ ਕਰਦਾ ਹੈ ਉਸਨੂੰ ਆਪਣੀ ਸੱਚੀ ਸਮਝ ਬਖਸ਼ ਕੇ ਮਨੁੱਖ ਦੀ ਅਸਲੀਅਤ ਸਮਝਾ ਦਿੰਦਾ ਹੈ, ਆਪਣੇ ਆਪ ਦੀ ਅਸਲੀਅਤ ਸਮਝਾ ਦਿੰਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਸਮਝ ਪਾ ਦਿੰਦਾ ਹੈ ਜੋ ਸੱਚੀ ਸਮਝ ਉਹ ਮਨੁੱਖ ਨੂੰ ਜਿਉਂਦੇ ਹੋਏ ਮਾਰਨ ਦੁਆਰਾ ਪਾਉਂਦਾ ਹੈ ਭਾਵ ਮਨ ਦੀ ਨਾਸਮਝ ਮਤਿ ਨੂੰ ਖ਼ਤਮ ਕਰਨ ਦੁਆਰਾ ਪਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"**ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ॥**"

ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਤੇ ਪ੍ਰਮਾਤਮਾ ਨੂੰ ਜਾਣਨ ਵਿੱਚ ਅਸੀਂ ਮਨ ਦੀ ਨਾਸਮਝੀ ਕਰਕੇ ਅਨੇਕਾਂ ਹੀ ਗਲਤੀਆਂ ਕਰਦੇ ਹਾਂ ਤੇ ਸਾਡੀਆਂ ਗਲਤੀਆਂ ਸਾਨੂੰ ਗੁਰੂ ਹੀ ਸਮਝਾ ਸਕਦਾ ਹੈ। ਗੁਰੂ ਕੋਲੋਂ ਸਾਨੂੰ ਸੱਚੀ ਮਤਿ ਹੀ ਮਿਲਦੀ ਹੈ, ਉਸਦੀ ਸੱਚੀ ਸਿੱਖਿਆ ਹੀ ਮਿਲਦੀ ਹੈ ਜੋ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦੀ ਹੈ ਭਾਵ ਨਾਮ ਦੇ ਰੂਪ ਵਿੱਚ ਮਿਲਦੀ ਹੈ ਤੇ ਗੁਰੂ ਦੀ ਮਤਿ ਦੁਆਰਾ ਆਪਣੀ ਮਤਿ ਨੂੰ ਬਦਲਣਾ, ਆਪਣੇ ਆਪ ਨੂੰ ਚੀਨਣਾ ਹੈ ਭਾਵ ਆਪਣੇ ਆਪ ਦੀ ਅਸਲੀਅਤ ਨੂੰ ਸਮਝਣ ਦਾ ਤਰੀਕਾ ਹੈ, ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੈ। ਗੁਰੂ ਸਾਨੂੰ ਆਸਾਂ ਤੋਂ ਨਿਰਾਸ਼ ਹੋਣ ਲਈ ਸਮਝਾਉਂਦਾ ਹੈ, ਸ਼ਬਦੇ ਮਰਨ ਲਈ ਸਮਝਾਉਂਦਾ ਹੈ ਭਾਵ ਸ਼ਬਦਾਂ ਦੀ ਮਤਿ ਦੁਆਰਾ ਆਪਣੀ ਮਤਿ ਨੂੰ ਬਦਲਣ ਲਈ ਸਮਝਾਉਂਦਾ ਹੈ। ਇਹਨਾਂ ਆਸਾਂ ਤੋਂ ਨਿਰਾਸ਼ ਹੋਣਾ ਹੀ, ਮਨਮਤਿ ਤੋਂ ਗੁਰਮਤਿ ਵਿੱਚ ਆਉਣਾ ਹੀ, ਆਪਣੇ ਆਪ ਨੂੰ ਚੀਨਣਾ ਹੀ, ਸ਼ਬਦ ਦੁਆਰਾ ਮਰਨਾ ਹੀ ਜਿਉਂਦਿਆਂ ਮਰਨਾ ਹੈ ਜਿਸ ਦੁਆਰਾ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਮਨੁੱਖ ਕੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੀ ਹੁੰਦਾ

ਹੈ। ਇਹ ਸਭ ਕੁੱਝ ਗੁਰ ਪਰਸਾਦੀ ਹੈ। ਨਾ ਹੀ ਆਸਾਂ ਮਨੁੱਖ ਦੇ ਵੱਸ ਹਨ ਅਤੇ ਨਾ ਹੀ ਉਹਨਾਂ ਤੋਂ ਨਿਰਾਸ਼ ਹੋਣਾ ਮਨੁੱਖ ਦੇ ਵੱਸ ਹੈ। ਸਭ ਕੁੱਝ ਸਾਡੇ ਅੰਦਰ ਆਤਮਾ ਦੇ ਗਿਆਨ ਦੇ ਵੱਸ ਹੈ, ਸਾਡੇ ਮਨ ਦੇ ਵਿਚਾਰਾਂ ਦੇ ਵੱਸ ਹੈ। ਇਹ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ, ਇਹਨਾਂ ਦੀ ਡੋਰ ਪ੍ਰਮਾਤਮਾ ਦੇ ਹੱਥ ਵਿੱਚ ਹੈ। ਇਸ ਡੋਰ ਰਾਹੀਂ ਉਹ ਮਨੁੱਖ ਨੂੰ ਜਿਸ ਪਾਸੇ ਖਿੱਚੇਗਾ ਉਹ ਉਸੇ ਪਾਸੇ ਜਾਵੇਗਾ। ਮਨੁੱਖ ਕਰ ਹੀ ਕੀ ਸਕਦਾ ਹੈ। ਇਹ ਸਭ ਕੁੱਝ ਉਸ ਦੀ ਕ੍ਰਿਪਾ ਤੇ ਨਿਰਭਰ ਕਰਦਾ ਹੈ ਕਿ ਉਹ ਸਾਨੂੰ ਕਿਹੋ ਜਿਹੇ ਵਿਚਾਰ ਦਿੰਦਾ ਹੈ। ਇਹ ਗੁਰ ਪ੍ਰਸਾਦਿ ਹੈ ਭਾਵ ਬਿਲਕੁਲ ਉਸ ਦੀ ਕ੍ਰਿਪਾ ਤੇ ਨਿਰਭਰ ਹੈ।

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥}

(ਅੰਗ – ੬)

ਪ੍ਰਮਾਤਮਾ ਬ੍ਰਹਮ ਗਿਆਨ ਰੂਪ ਹੈ, ਸੱਚ ਰੂਪ ਹੈ ਭਾਵ ਸੱਚਾ ਗਿਆਨ ਹੈ ਜੋ ਕਿ ਉਸਦਾ ਸ਼ਬਦ ਰੂਪ ਹੈ। ਸ਼ਬਦ ਸਾਨੂੰ ਸੱਚਾ ਗਿਆਨ ਹੀ ਦਿੰਦਾ ਹੈ। ਸ਼ਬਦ ਹੀ ਗੁਰੂ ਹੈ, ਆਪ ਪ੍ਰਮਾਤਮਾ ਹੈ। ਗੁਰੂ ਦੇ ਸ਼ਬਦਾਂ ਦੁਆਰਾ ਦਿੱਤੇ ਹੋਏ ਸੱਚੇ ਗਿਆਨ ਦੀ, ਉਸਦੇ ਸ਼ਬਦਾਂ ਦੁਆਰਾ ਸਮਝਾਏ ਹੋਏ ਸੱਚੇ ਗੁਣਾਂ ਦੀ ਪੂਜਾ ਹੀ ਗੁਰੂ ਪ੍ਰਮਾਤਮਾ ਦੀ ਪੂਜਾ ਹੈ। ਸ਼ਬਦ ਦੀ ਪੂਜਾ ਹੀ ਸ਼ਬਦ ਦੀ ਕਮਾਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

7/712

ਸ਼ਬਦ ਦੀ ਮਤਿ ਨੂੰ, ਸੱਚ ਨੂੰ ਆਪਣੇ ਜੀਵਨ ਵਿੱਚ ਕਮਾਉਣਾ ਹੀ ਸ਼ਬਦ ਨੂੰ ਕਮਾਉਣਾ ਹੈ ਭਾਵ ਸ਼ਬਦ ਰੂਪ ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੈ। ਪ੍ਰਮਾਤਮਾ ਆਕਾਰ ਰੂਪ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਆਕਾਰ ਰੂਪ ਦੀ ਪੂਜਾ ਸਾਡੇ ਲਈ ਕੇਵਲ ਇੱਕ ਖੁਆਰੀ ਹੈ, ਪ੍ਰਮਾਤਮਾ ਦੀ ਲਾਈ ਹੋਈ ਕੇਵਲ ਇੱਕ ਸਜਾ ਹੈ। ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਈ ਹੋਈ ਹੈ।

ਪਹਿਲਾਂ ਦੋ ਸ਼ਲੋਕਾਂ ਵਿੱਚ ਜੋ ਕੁੱਝ ਸਮਝਾਇਆ ਹੈ ਉਸੇ ਗੱਲ ਨੂੰ ਪਉੜੀ ਦੇ ਰਾਹੀਂ ਹੋਰ ਸਪੱਸ਼ਟ ਕੀਤਾ ਹੋਇਆ ਹੈ। ਸਾਨੂੰ ਆਕਾਰ ਤੇ ਨਿਰੰਕਾਰ ਰੂਪ ਵਿੱਚ ਫ਼ਰਕ ਕਰਕੇ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਆਕਾਰ ਰੂਪ ਦੀ ਪੂਜਾ ਤੋਂ ਬਚ ਸਕੀਏ ਤੇ ਸ਼ਬਦ ਰੂਪ ਦੀ ਭਾਵ ਸ਼ਬਦਾਂ ਦੇ ਅੰਦਰ ਦੀ ਸਮਝ ਦੀ ਪੂਜਾ ਕਰੀਏ, ਸੱਚ ਦੀ ਪੂਜਾ ਕਰੀਏ।

ਸਲੋਕੁ ਮਃ ੩॥

“ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ॥
ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ॥
ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥
ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ ਅਵਰੀ ਕਉ ਚਿਤੁ ਲਾਇ॥
ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ॥੧॥”

(ਅੰਗ ੫੦੯)

ਪ੍ਰਮਾਤਮਾ ਸ਼ਬਦ ਰੂਪ ਹੈ ਭਾਵ ਗਿਆਨ ਰੂਪ ਹੈ, ਸੱਚ ਰੂਪ ਗਿਆਨ ਹੈ। ਉਹ ਆਪਣੇ ਸੱਚੇ ਗਿਆਨ ਦੁਆਰਾ ਸਭ ਜਗ੍ਹਾ ਵਰਤ ਰਿਹਾ ਹੈ। ਸਭ ਵਿੱਚ ਗਿਆਨ ਪਾਉਣ ਵਾਲਾ ਉਹ ਆਪ ਹੀ ਹੈ। ਉਸ ਦੇ ਦਰਸ਼ਨ ਵੀ ਸ਼ਬਦ ਰੂਪ ਵਿੱਚ ਹੀ ਹੁੰਦੇ ਹਨ, ਗਿਆਨ ਰੂਪ ਵਿੱਚ ਹੀ ਹੁੰਦੇ ਹਨ, ਜੋਤਿ ਰੂਪ ਵਿੱਚ ਹੀ ਹੁੰਦੇ ਹਨ ਭਾਵ ਮਨ ਦੇ ਗਿਆਨ ਰਾਹੀਂ ਹੀ ਹੁੰਦੇ ਹਨ ਜੋ ਗਿਆਨ ਮਨ ਦੇ ਵਿੱਚ ਜੋਤਿ ਰਾਹੀਂ ਹੀ ਆਉਂਦਾ ਹੈ। ਜੋਤਿ ਰਾਹੀਂ ਜੋ ਸੱਚਾ ਗਿਆਨ ਉਪਜਦਾ ਹੈ ਉਹੀ ਉਸਦਾ ਸ਼ਬਦ ਹੈ, ਉਸਦਾ ਹੁਕਮ ਹੈ ਜੋ ਬਿਨ੍ਹਾਂ ਦਿੱਸੇ ਸਭ ਜਗ੍ਹਾ ਵਰਤ ਰਿਹਾ ਹੈ। ਉਹ ਦਿੱਸਦਾ ਹੈ ਤੇ ਕੇਵਲ ਸ਼ਬਦ ਰੂਪ ਵਿੱਚ ਹੀ ਦਿੱਸਦਾ ਹੈ, ਜੋਤਿ ਰੂਪ ਵਿੱਚ ਹੀ ਦਿੱਸਦਾ ਹੈ। ਉਸਨੂੰ ਆਪਣੇ ਅੰਦਰ ਦੀ ਜੋਤਿ ਰਾਹੀਂ ਵੇਖਣ ਦਾ ਤਰੀਕਾ ਉਸਦੇ ਸ਼ਬਦ ਦੀ ਕਮਾਈ ਹੈ, ਉਸਦੇ ਹੁਕਮ ਦੀ ਕਮਾਈ ਹੈ, ਉਸਦੇ ਸੱਚੇ ਗਿਆਨ ਦੀ ਕਮਾਈ ਹੈ, ਉਸਦੇ ਉਪਦੇਸ਼ ਦੀ ਕਮਾਈ ਹੈ, ਉਸਦੀ ਮਤਿ ਦੀ ਕਮਾਈ ਹੈ ਜੋ ਮਤਿ ਉਸਨੇ ਆਪ ਹੀ ਸਾਨੂੰ ਆਪਣੀ ਸੱਚੀ ਗੁਰਬਾਣੀ ਰਾਹੀਂ ਦਿੱਤੀ ਹੋਈ ਹੈ ਜਿਸ ਮਤਿ ਨੂੰ ਅਸੀਂ ਆਪਣੇ ਜੀਵਨ ਵਿੱਚ ਕਮਾਉਣਾ ਹੈ ਭਾਵ ਉਸ ਅਨੁਸਾਰ ਆਪਣਾ ਜੀਵਨ ਬਣਾਉਣਾ ਹੈ। ਜੋ ਮਨੁੱਖ ਸ਼ਬਦ ਰੂਪ ਨੂੰ ਛੱਡ ਕੇ ਭਾਵ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਤੇ ਆਸਥਾ ਰੱਖਦੇ ਹਨ, ਕਿਸੇ ਆਕਾਰ ਰੂਪ ਤੇ ਆਸਥਾ ਰੱਖਦੇ ਹਨ ਉਹ ਪ੍ਰਮਾਤਮਾ ਨੂੰ ਕਦੇ ਨਹੀਂ ਮਿਲ ਸਕਦੇ ਤੇ ਉਹਨਾਂ ਦਾ ਜੀਵਨ ਵਿਅਰਥ ਜਾਂਦਾ ਹੈ। ਆਕਾਰ ਰੂਪ ਜੰਮਣ ਮਰਨ ਵਿੱਚ ਹੈ

7/713

ਤੇ ਪ੍ਰਮਾਤਮਾ ਜੰਮਣ ਮਰਨ ਤੋਂ ਰਹਿਤ ਹੈ। ਜੋ ਵੀ ਪ੍ਰਮਾਤਮਾ ਨੂੰ ਕੋਈ ਆਕਾਰ ਰੂਪ ਜਾਣ ਕੇ ਪੂਜਦਾ ਹੈ ਉਹ ਕਦੇ ਵੀ ਉਸਨੂੰ ਨਹੀਂ ਜਾਣ ਸਕਦਾ। ਆਕਾਰ ਰੂਪ ਦੀ ਪੂਜਾ ਕਰਨ ਵਾਲੇ ਆਪਣੇ ਆਪ ਨੂੰ ਵਿਅਰਥ ਵਿੱਚ ਹੀ ਦੁਖੀ ਕਰਨ ਦੁਆਰਾ ਪ੍ਰਮਾਤਮਾ ਦੀਆਂ ਦਿੱਤੀਆਂ ਸਜਾਵਾਂ ਹੀ ਭੁਗਤ ਰਹੇ ਹਨ। **(ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ॥ ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ॥ ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥ ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ ਅਵਰੀ ਕਉ ਚਿਤੁ ਲਾਇ॥ ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ॥)** ਕਿਸੇ ਮਨੁੱਖੀ ਦੇਹ ਦੇ ਉੱਪਰ ਸਾਡੀ ਟੇਕ ਰੱਖਣੀ ਕਿ ਉਹ ਸਾਨੂੰ ਪ੍ਰਮਾਤਮਾ ਨਾਲ ਮਿਲਾ ਸਕਦਾ ਹੈ ਇਹ ਸਾਡੀ ਕੇਵਲ ਵਿਅਰਥ ਦੀ ਉਮੀਦ ਹੈ। ਪੂਜਾ ਕਿਸ ਦੀ ਕਰਨੀ ਹੈ, ਨਾਮ ਧਿਆਉਣਾ ਕੀ ਹੈ, ਇਹ ਨਾਲ ਹੀ ਅਗਲੇ ਸਲੋਕ ਵਿੱਚ ਸਮਝਾਇਆ ਹੋਇਆ ਹੈ।

ਮਃ ੩॥

“ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ॥
ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ॥੨॥”

(ਅੰਗ ੫੦੯)

ਪੂਜਾ ਸੱਚ ਦੀ ਕਰਨੀ ਹੈ। ਸੱਚ ਦੀ ਪੂਜਾ ਹੀ ਪ੍ਰਮਾਤਮਾ ਦੀ ਪੂਜਾ ਹੈ, ਨਾਮ ਧਿਆਉਣਾ ਹੈ। ਪ੍ਰਮਾਤਮਾ ਸੱਚ ਰੂਪ ਵਿੱਚ ਭਾਵ

ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਸਭ ਵਿੱਚ ਵਰਤ ਰਿਹਾ ਹੈ ਜਿਸ ਦੁਆਰਾ ਉਸਦਾ ਸਭ ਵਿੱਚ ਆਪਣੀ ਪਾਈ ਹੋਈ ਸਮਝ ਦੁਆਰਾ ਹੁਕਮ ਚੱਲ ਰਿਹਾ ਹੈ। ਸਾਡਾ ਪ੍ਰਮਾਤਮਾ ਨਾਲ ਮੇਲ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਆਪਣੇ ਅੰਦਰ ਉਸਦੇ ਚੱਲ ਰਹੇ ਹੁਕਮ ਨੂੰ ਬੁੱਝ ਲਈਏ, ਪਛਾਣ ਲਈਏ। ਇਹ ਹੁਕਮ ਬੁੱਝਣ ਨਾਲ ਹੀ ਅਸੀਂ ਪ੍ਰਮਾਤਮਾ ਨੂੰ ਪ੍ਰਵਾਨ ਹੁੰਦੇ ਹਾਂ ਤੇ ਇਹੀ ਸਾਡੇ ਜੀਵਨ ਵਿੱਚ ਫ਼ਲ ਦੀ ਪ੍ਰਾਪਤੀ ਹੈ, ਸੱਚ ਦੇ ਫ਼ਲ ਦੀ ਪ੍ਰਾਪਤੀ ਹੈ, ਨਾਮ ਦੇ ਫ਼ਲ ਦੀ ਪ੍ਰਾਪਤੀ ਹੈ ਜੋ ਕਿ ਸੱਚੇ ਗਿਆਨ ਦੀ ਪ੍ਰਾਪਤੀ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੁੰਦੀ ਹੈ। ਇਹ ਪ੍ਰਾਪਤੀ ਸੱਚ ਦੀ ਪੂਜਾ ਦੁਆਰਾ ਹੈ,ਸੱਚ ਤੇ ਚੱਲਣ ਦਾ ਸੱਚਾ ਫ਼ਲ ਹੈ। ਪੂਰੀ ਗੁਰਬਾਣੀ ਸਾਨੂੰ ਸੱਚ ਹੀ ਸਮਝਾ ਰਹੀ ਹੈ ਜੋ ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਫ਼ਲ ਵੀ ਸੱਚ ਦੇ ਰੂਪ ਵਿੱਚ ਹੀ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਆਪ ਇਸ ਸੱਚ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਉਸਦੇ ਨਾਲ ਮੇਲ ਵੀ ਸੱਚ ਦੀ ਪ੍ਰਾਪਤੀ ਨਾਲ ਹੁੰਦਾ ਹੈ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਦੇ ਰੂਪ ਵਿੱਚ ਹੁੰਦਾ ਹੈ। ਸੱਚ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਤੇ ਸੱਚ ਦੀ ਪੂਜਾ ਹੀ ਨਿਰਗੁਣ ਰੂਪ ਦੀ ਪੂਜਾ ਹੈ ਭਾਵ ਸੱਚ ਦੀ ਪੂਜਾ, ਪ੍ਰਮਾਤਮਾ ਦੀ ਪੂਜਾ ਹੈ, ਗੁਰੂ ਦੇ ਸਮਝਾਏ ਹੋਏ ਗੁਣਾਂ ਦੀ ਪੂਜਾ ਹੈ ਤੇ ਗੁਣਾਂ ਦੀ ਪੂਜਾ ਕਿਸੇ ਆਕਾਰ ਰੂਪ ਦੀ ਪੂਜਾ ਨਹੀਂ ਹੈ, ਕਿਸੇ ਦੇਹ ਰੂਪ ਦੀ ਪੂਜਾ ਨਹੀਂ ਹੈ। ਜਿਹੜੇ ਮਨੁੱਖ ਕੇਵਲ ਕਥਨੀ ਬਦਨੀ ਵਿੱਚ ਪਏ ਰਹਿੰਦੇ ਹਨ ਪਰ ਅਸਲ ਜੀਵਨ ਵਿੱਚ ਸੱਚ ਨੂੰ ਨਹੀਂ ਅਪਣਾਉਂਦੇ ਭਾਵ ਕੇਵਲ ਸੱਚ ਦੀਆਂ ਗੱਲਾਂ ਕਰਦੇ ਹਨ, ਪ੍ਰਮਾਤਮਾ ਦੀਆਂ ਗੱਲਾਂ ਕਰਦੇ ਹਨ ਪਰ ਅਮਲੀ ਤੌਰ ਤੇ ਸੱਚ ਨੂੰ ਨਹੀਂ ਅਪਣਾਉਂਦੇ ਉਹ ਫਿਰ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਉਸਦੇ ਚੱਲ ਰਹੇ ਹੁਕਮ ਨੂੰ ਆਪਣੇ ਅੰਦਰੋਂ ਬਿਲਕੁਲ ਵੀ ਨਹੀਂ ਬੁੱਝ ਸਕਦੇ ਭਾਵ ਪ੍ਰਮਾਤਮਾ ਨੂੰ ਬਿਲਕੁਲ ਨਹੀਂ ਜਾਣ ਸਕਦੇ। ਉਹ ਕੇਵਲ ਅਗਿਆਨਤਾ ਵਿੱਚ ਹਨ, ਉਨ੍ਹਾਂ ਦੀ ਭਗਤੀ ਬਿਲਕੁਲ ਕੱਚੀ ਹੈ ਜੋ ਕਿਸੇ ਕੰਮ ਨਹੀਂ ਆ ਸਕਦੀ। **(ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ॥ ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ॥੨॥)**

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥
ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥
ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ ੧੧੭੦)

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥}

(ਅੰਗ ੧੩੨੫)

ਫ਼ਲ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਕਿ ਕਦੇ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ। ਸੱਚ ਦੀ ਪ੍ਰਾਪਤੀ ਨੂੰ ਵੀ ਫ਼ਲ ਕਿਹਾ ਹੈ, ਗੁਰੂ ਦੇ ਗਿਆਨ ਦੀ ਪ੍ਰਾਪਤੀ ਨੂੰ ਵੀ ਫ਼ਲ ਕਿਹਾ ਹੈ ਤੇ ਨਾਮ ਦੀ ਪ੍ਰਾਪਤੀ ਨੂੰ ਵੀ ਫ਼ਲ ਦੀ ਪ੍ਰਾਪਤੀ ਕਿਹਾ ਹੈ। ਗੱਲ ਇੱਕੋ ਹੀ ਹੈ।

7/714

ਅੱਗੇ ਪਉੜੀ ਵਿੱਚ ਪ੍ਰਮਾਤਮਾ ਦਾ ਨਿਰੰਕਾਰ ਰੂਪ ਸਮਝਾਇਆ ਹੋਇਆ ਹੈ, ਗਿਆਨ ਰੂਪ ਸਮਝਾਇਆ ਹੋਇਆ ਹੈ ਤੇ ਉਸਦੇ ਨਾਲ ਮੇਲ ਕਿਵੇਂ ਹੁੰਦਾ ਹੈ ਇਸ ਗੱਲ ਦੀ ਸੋਝੀ ਵੀ ਪਾਈ ਹੋਈ ਹੈ।

ਪਉੜੀ॥

“ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ॥੨॥”

(ਅੰਗ ੫੦੯)

"ਸੰਜੋਗੁ ਵਿਜੋਗੁ" ਨੂੰ ਅਸੀਂ ਪਿੱਛੇ ਸਮਝ ਚੁੱਕੇ ਹਾਂ ਕਿ ਇਸ ਤੋਂ ਭਾਵ ਪ੍ਰਮਾਤਮਾ ਦੇ ਨਾਲ ਸਾਡੇ ਮੇਲ ਦੇ ਨਾਲ ਤੇ ਵਿਛੋੜੇ ਦੇ ਨਾਲ ਹੈ ਜੋ ਸੰਜੋਗੁ ਵਿਜੋਗੁ ਮਨ ਦੇ ਵਿੱਚ ਹੀ ਹੁੰਦਾ ਹੈ। ਹਰ ਮਨੁੱਖ ਦੇ ਅੰਦਰ ਹੀ ਵਿਜੋਗ ਵਾਲੀ ਸਮਝ ਹੈ ਤੇ ਸਾਡੇ ਅੰਦਰ ਹੀ ਸੰਜੋਗ ਵਾਲੀ ਸਮਝ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਸੰਜੋਗ ਵਿਜੋਗ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜੋ ਸਮਝ ਸਭ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ, ਮੂਲੁ ਰੂਪ ਵਿੱਚ ਪਾਈ ਹੋਈ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। (**ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥**) ਸੰਜੋਗੁ ਵਿਜੋਗੁ ਵਾਲੀ ਸਮਝ ਸਭ ਦੇ ਅੰਦਰ ਪ੍ਰਮਾਤਮਾ ਨੇ ਮੂਲ ਰੂਪ ਵਿੱਚ ਕਿਸ ਤਰੀਕੇ ਪਾਈ ਹੋਈ ਹੈ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥”

ਇਸ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਪ੍ਰਮਾਤਮਾ ਦੇ ਹੁਕਮ ਵਿੱਚ ਹੋਈ ਹੈ। ਇਹ ਹੁਕਮ ਉਸਦੀ ਜੋਤਿ ਦੇ ਰੂਪ ਵਿੱਚ ਹੈ ਜਿਸ ਦੁਆਰਾ ਉਹ ਸਭ ਵਿੱਚ ਵਰਤਦਾ ਹੈ। ਉਸਦੀ ਜੋਤਿ ਉਸਦਾ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ ਜਿਸ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ, ਆਕਾਰ ਰੂਪ ਦੀ ਰਚਨਾ ਕੀਤੀ ਹੈ।

{ਨਿਰੰਕਾਰਿ ਆਕਾਰੁ ਉਪਾਇਆ॥}

(ਅੰਗ ੧੦੬੬)

ਪ੍ਰਮਾਤਮਾ ਦਾ ਹੁਕਮ ਉਸਦੀ ਜੋਤਿ ਦੁਆਰਾ ਵਰਤਦਾ ਹੈ ਜਿਸ ਦੁਆਰਾ ਸਭ ਵਿੱਚ ਉਸਦੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਇਹ ਸਾਰੀ ਸ੍ਰਿਸ਼ਟੀ ਅਕਾਲ ਪੁਰਖ ਨੇ ਆਪਣੇ ਗਿਆਨ ਦੁਆਰਾ ਸਾਜੀ ਹੈ ਕਿਉਂਕਿ ਉਹ ਆਪ ਹੀ ਗਿਆਨ ਦਾ ਮਾਲਕ ਹੈ, ਗਿਆਨ ਰਾਉ ਹੈ। ਮਨੁੱਖ ਵਿੱਚ ਉਸਦੀ ਜੋਤਿ ਮਨੁੱਖ ਦੇ ਮਨ ਦੇ ਰੂਪ ਵਿੱਚ ਹੈ ਜਿੱਥੋਂ ਸਾਨੂੰ ਸਾਰਾ ਗਿਆਨ ਮਿਲਦਾ ਹੈ। ਅਸੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਸਦਾ ਹੀ ਜੁੜੇ ਹੋਏ ਹਾਂ ਭਾਵ ਉਸਦੇ ਗਿਆਨ ਦੇ ਨਾਲ ਸਦਾ ਹੀ ਜੁੜੇ ਹੋਏ ਹਾਂ ਪਰ ਤ੍ਰੈਗੁਣਾਂ ਵਾਲੀ ਅਵੱਸਥਾ ਕਰਕੇ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ। ਆਤਮਾ ਵੀ ਜੋਤਿ ਹੈ, ਪ੍ਰਮਾਤਮਾ ਵੀ ਜੋਤਿ ਹੈ। ਆਤਮਾ ਵਿੱਚ ਤ੍ਰੈਗੁਣ ਰੂਪ ਜੋਤਿ ਹੈ ਜੋ ਕਿ ਪ੍ਰਮਾਤਮਾ ਦੀ ਜੋਤਿ ਦਾ ਹੀ ਰੂਪ ਹੈ ਭਾਵ ਸਾਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਪ੍ਰਮਾਤਮਾ ਆਪ ਹੀ ਆਪਣੀ ਮੂਲ ਰੂਪ ਜੋਤਿ ਦੁਆਰਾ ਰੱਖਦਾ ਹੈ। ਮਨ ਇੱਕੋ ਹੀ ਹੈ ਪਰ ਉਸਦੇ ਰੂਪ ਦੋ ਹਨ। ਇੱਕ ਸੱਚੇ ਗਿਆਨ ਦਾ ਰੂਪ ਹੈ, ਇੱਕ ਤ੍ਰੈਗੁਣ ਵਾਲਾ ਰੂਪ ਹੈ। ਮਨ ਇੱਕ ਹੀ ਹੈ ਪਰ ਉਸਦੀਆਂ ਅਵੱਸਥਾਵਾਂ ਦੋ ਹਨ। ਇੱਕ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਦੂਸਰੀ ਚੌਥੇ ਪਦ ਵਾਲੀ ਅਵੱਸਥਾ ਹੈ। ਤ੍ਰੈਗੁਣਾਂ ਵਾਲਾ ਰੂਪ ਆਤਮਾ ਰੂਪ ਹੈ, ਮਨ ਦੇ ਭਰਮ ਵਾਲਾ ਰੂਪ ਹੈ ਤੇ ਚੌਥਾ ਪਦ ਸੱਚੇ ਗਿਆਨ ਦਾ ਰੂਪ ਹੈ, ਪ੍ਰਮਾਤਮਾ ਦਾ ਰੂਪ ਹੈ, ਗੁਰੂ ਰੂਪ ਹੈ। ਸਭ ਨੂੰ ਪ੍ਰਮਾਤਮਾ ਨੇ ਇਸ ਤ੍ਰੈਗੁਣੀ ਅਵੱਸਥਾ ਵਿੱਚ ਰੱਖ ਕੇ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ ਭਾਵ ਸਭ ਵਿੱਚ ਜੋਤਿ ਉਸੇ ਦੀ ਹੀ ਵਰਤ ਰਹੀ ਹੈ, ਮਨ ਦੇ ਵਿੱਚ ਗਿਆਨ ਉਸੇ ਦਾ ਹੀ ਵਰਤ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿਉਂਕਿ ਸਾਨੂੰ ਪ੍ਰਮਾਤਮਾ ਨੇ ਆਪ ਹੀ ਇਸ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਨੂੰ ਮੂਲ ਰੂਪ ਵਿੱਚ ਸਭ ਨੂੰ ਇਸੇ ਤਰੀਕੇ ਹੀ ਰਚਿਆ ਹੋਇਆ ਹੈ। ਆਪਣੇ ਮਾਇਆ ਸਰੂਪ ਨੂੰ ਰਚਣ ਵਾਲਾ ਤੇ ਆਪਣੀ ਜੋਤਿ ਦੁਆਰਾ, ਗਿਆਨ ਦੁਆਰਾ ਸਭ ਨੂੰ ਚਲਾਉਣ ਵਾਲਾ ਉਹ ਆਪ ਹੀ ਹੈ ਜਿਸ ਕਰਕੇ ਕੋਈ ਆਪਣੇ ਆਪ ਪ੍ਰਮਾਤਮਾ ਨੂੰ ਨਹੀਂ ਸਮਝ ਸਕਦਾ ਤੇ ਜਿਸ ਨੂੰ ਉਹ ਆਪਣੇ ਨਾਲ ਮਿਲਾਉਂਦਾ ਹੈ ਉਹ ਮਨ ਦੀ ਜੋਤਿ ਰਾਹੀਂ ਭਾਵ ਮਨ ਦੀ ਸਮਝ ਰਾਹੀਂ ਹੀ ਮਿਲਾਉਂਦਾ ਹੈ ਜਿਸ ਤਰੀਕੇ ਉਹ ਮਨੁੱਖ ਦੇ ਵਿਜੋਗ ਨੂੰ ਸੰਜੋਗ ਵਿੱਚ ਬਦਲ ਦਿੰਦਾ ਹੈ। ਮਨੁੱਖੀ ਸਰੀਰ ਪ੍ਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਦਾ ਹਿੱਸਾ ਹੀ ਹੈ ਤੇ ਪ੍ਰਮਾਤਮਾ ਨੂੰ ਕੇਵਲ ਮਨੁੱਖੀ ਸਰੀਰ ਰਾਹੀਂ ਭਾਵ ਮਨੁੱਖੀ ਸਰੀਰ ਦੀ ਸਮਝ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਭਾਵ ਮਨ ਰੂਪ ਜੋਤਿ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਭਾਵ ਮਨ ਦੀ ਜੋਤਿ ਰਾਹੀਂ ਉਸ ਦੇ ਨਾਲ ਮੇਲ ਹੋ ਸਕਦਾ ਹੈ ਜੋ ਕਿ ਕੇਵਲ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣੇ ਨਾਲ ਮਿਲਾਉਂਦਾ ਹੈ।

(ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥)

ਪ੍ਰਮਾਤਮਾ ਦੇ ਨਾਲ ਸਾਡਾ ਸੰਜੋਗ ਵਿਜੋਗ ਮਨ ਦੇ ਵਿੱਚ ਹੀ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਵਿਜੋਗ ਹੈ ਤੇ ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਪ੍ਰਮਾਤਮਾ ਦੇ ਨਾਲ ਸੰਜੋਗ ਹੈ। ਵਿਜੋਗ ਵਾਲੀ ਅਵੱਸਥਾ ਤੋਂ ਹੀ ਅਸੀਂ ਸੰਜੋਗ ਵਾਲੀ ਅਵੱਸਥਾ ਵਿੱਚ ਪਹੁੰਚਦੇ ਹਾਂ। ਵਿਜੋਗ ਵਾਲੀ ਅਵੱਸਥਾ ਵਿੱਚ ਅਸੀਂ ਜਿਹੋ ਜਿਹੇ ਕਰਮ ਕਰਦੇ ਹਾਂ

ਉਨ੍ਹਾਂ ਦੁਆਰਾ ਹੀ ਭਾਵ ਸਾਡੇ ਕਰਮਾਂ ਦੁਆਰਾ ਹੀ, ਚੰਗੇ ਮਾੜੇ ਕਰਮਾਂ ਦੁਆਰਾ ਹੀ ਇਹ ਤਹਿ ਹੁੰਦਾ ਹੈ ਕਿ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਲਈ ਉਸ ਦੇ ਨੇੜੇ ਜਾ ਰਹੇ ਹਾਂ ਜਾਂ ਉਸ ਤੋਂ ਦੂਰ ਜਾ ਰਹੇ ਹਾਂ। ਸਾਡੇ ਚੰਗੇ ਕਰਮ ਸਾਨੂੰ ਪ੍ਰਮਾਤਮਾ ਦੇ ਨੇੜੇ ਲਗਾਉਂਦੇ ਹਨ ਤੇ ਮਾੜੇ ਕਰਮ ਸਾਨੂੰ ਪ੍ਰਮਾਤਮਾ ਤੋਂ ਦੂਰ ਕਰਦੇ ਹਨ। ਸਾਨੂੰ ਕਰਮ ਕਰਵਾਉਣ ਵਾਲਾ ਉਹ ਆਪ ਹੀ ਹੈ ਜੋ ਸਾਡੇ ਅੰਦਰ ਹੀ ਚੌਥੇ ਪਦ ਵਿੱਚ ਬੈਠਾ ਹੈ ਜੋ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਮਾਲਕ ਹੈ, ਸਾਡੇ ਅੰਦਰ ਵਿਚਾਰ ਪਾਉਂਦਾ ਹੈ, ਸਾਨੂੰ ਚਲਾਉਣ ਵਾਲਾ ਹੈ। ਇਹ ਉਸਦੀ ਮਰਜੀ ਹੈ ਕਿ ਉਹ ਸਾਡੇ ਕੋਲੋਂ ਕਿਹੋ ਜਿਹੇ ਕਰਮ ਕਰਵਾਉਂਦਾ ਹੈ। ਸਾਡੇ ਲੇਖ ਉਸਦੇ ਹੱਥ ਵਿੱਚ ਹਨ। ਜਿਹੋ ਜਿਹੇ ਉਹ ਸਾਡੇ ਅੰਦਰ ਲੇਖ ਲਿਖਦਾ ਹੈ ਭਾਵ ਜਿਹੋ ਜਿਹੇ ਸਾਡੇ ਅੰਦਰ ਵਿਚਾਰ ਲਿਖਦਾ ਹੈ, ਸਾਨੂੰ ਸੋਝੀ ਪਾਉਂਦਾ ਹੈ ਉਹੋ ਜਿਹੇ ਕਰਮ ਹੀ ਅਸੀਂ ਕਰਦੇ ਹਾਂ। ਮਨ ਦੀ ਜੋਤਿ ਸਾਨੂੰ ਜੋ ਕੁੱਝ ਸਮਝਾਉਂਦੀ ਹੈ ਅਸੀਂ ਉਹੋ ਕੁੱਝ ਹੀ ਕਰਦੇ ਹਾਂ। ਉਸਦੇ ਨਾਲ ਸੰਜੋਗ ਵੀ ਉਸਦੇ ਹੱਥ ਹੈ ਤੇ ਵਿਜੋਗ ਵੀ ਉਸਦੇ ਹੱਥ ਹੈ। ਸਾਡੇ ਭਾਗ ਸਾਡੇ ਮਨ ਦੇ ਵਿੱਚੋਂ ਹੀ ਤਹਿ ਹੁੰਦੇ ਹਨ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚੋਂ ਚੰਗੇ ਵਿਚਾਰ ਬਖ਼ਸ਼ ਕੇ ਚੰਗੇ ਕਰਮ ਕਰਵਾਉਂਦਾ ਹੈ ਉਸ ਨੂੰ ਭਾਗਾਂ ਵਾਲਾ ਬਣਾ ਲੈਂਦਾ ਹੈ। ਜਿਸਦੇ ਹੱਥ ਸਾਡੇ ਮਨ ਦਾ ਗਿਆਨ ਹੈ, ਸਾਡੀ ਚੰਗੀ ਮਾੜੀ ਸਮਝ ਹੈ ਉਸਦੇ ਹੱਥ ਹੀ ਸਾਡੇ ਭਾਗ ਹਨ।

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥}

(ਅੰਗ - ੬)

ਸਾਡੇ ਮਨ ਦਾ ਮਕਸਦ ਸਾਨੂੰ ਗਿਆਨ ਦੇਣਾ ਹੀ ਹੈ, ਸਾਡੇ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਕਰਨਾ ਹੀ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ,

"ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥"

ਸਾਡੇ ਮਨ ਦੇ ਅੰਦਰ ਜੋ ਵੀ ਪ੍ਰਕਾਸ਼ ਹੁੰਦਾ ਹੈ, ਗਿਆਨ ਉਪਜਦਾ ਹੈ, ਮਨ ਦੇ ਵਿਚਾਰ ਉਪਜਦੇ ਹਨ, ਮਨ ਦੇ ਵਿੱਚੋਂ ਸੋਚਾਂ ਉਪਜਦੀਆਂ ਹਨ ਉਹ ਸਭ ਜੋਤਿ ਦੁਆਰਾ ਉਪਜਦੀਆਂ ਹਨ ਭਾਵ ਸਾਡੇ ਅੰਦਰ ਇਹ ਸੋਚਾਂ ਪ੍ਰਮਾਤਮਾ ਆਪ ਹੀ ਉਪਜਾਉਂਦਾ ਹੈ, ਮਨ ਦੇ ਵਿੱਚ ਵਿਚਾਰ ਆਪ ਹੀ ਪਾਉਂਦਾ ਹੈ। **(ਜੋਤੀ ਹੂੰ ਸਭੁ ਚਾਨਣਾ)** ਪੂਰੀ ਸ੍ਰਿਸ਼ਟੀ ਦੀ ਹਰ ਵਸਤੂ ਵਿੱਚ ਗਿਆਨ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਸਭ ਵਿੱਚ ਪ੍ਰਮਾਤਮਾ ਆਪਣੀ ਜੋਤਿ ਦੁਆਰਾ, ਗਿਆਨ ਦੁਆਰਾ, ਨਿਰਗੁਣ ਰੂਪ ਵਿੱਚ ਹੀ ਵਿਚਰਦਾ ਹੈ। ਸਾਡੇ ਮਨ ਦੇ ਅੰਦਰ ਜੋਤਿ ਰਾਹੀਂ ਸੱਚੇ ਗਿਆਨ ਦਾ ਪ੍ਰਕਾਸ਼ ਭਾਵ ਚੌਥੇ ਪਦ ਵਾਲੇ ਗਿਆਨ ਦਾ ਚਾਨਣਾ ਹੀ ਗੁਰੂ ਪ੍ਰਮਾਤਮਾ ਦਾ ਸ਼ਬਦ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਹੋਣ ਦੀ ਸਮਝ ਪਾਉਂਦਾ ਹੈ, ਆਪਣੇ ਸ਼ਬਦ ਰੂਪ ਦੀ ਸਮਝ ਪਾਉਂਦਾ ਹੈ ਜਿਸ ਰੂਪ ਵਿੱਚ ਉਹ ਆਪ ਹੀ ਗੁਰੂ ਹੈ। ਜਦੋਂ ਸਾਨੂੰ ਪ੍ਰਮਾਤਮਾ ਆਪਣੇ ਨਾਲ ਜੋਤਿ ਰਾਹੀਂ ਮੇਲਦਾ ਹੈ ਉਹ ਮਨ ਦੇ ਪ੍ਰਕਾਸ਼ ਦੁਆਰਾ ਹੀ ਮੇਲਦਾ ਹੈ, ਮਨ ਦੇ ਵਿੱਚ ਆਪਣਾ "ਸਬਦੁ" ਸੁਣਾ ਕੇ ਹੀ ਮੇਲਦਾ ਹੈ। "ਸਬਦੁ" ਰੂਪ ਉਸ ਸੱਚੇ ਦਾ ਗਿਆਨ ਦਾ ਰੂਪ ਹੈ ਭਾਵ ਉਸ ਦਾ ਚੌਥੇ ਪਦ ਦੇ ਗਿਆਨ ਵਾਲਾ ਰੂਪ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਦਾ ਹੈ। ਆਪਣਾ ਸੱਚਾ ਗਿਆਨ ਮਨ ਦੇ ਵਿੱਚ ਉਹ ਆਪ ਹੀ ਸੁਣਾਉਂਦਾ ਹੈ, ਆਪ ਹੀ ਸਮਝਾਉਂਦਾ ਹੈ, ਆਪਣੇ ਸੱਚੇ ਗਿਆਨ ਨਾਲ ਆਪ ਹੀ ਰਲਾਉਂਦਾ ਹੈ, ਆਪਣੀ ਜੋਤਿ ਵਿੱਚ ਆਪ ਹੀ ਮਿਲਾਉਂਦਾ ਹੈ। **(ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥)**

{ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}

(ਅੰਗ - ੧੩)

ਪ੍ਰਮਾਤਮਾ ਆਪਣੇ "ਸਬਦੁ" ਦੁਆਰਾ ਹੀ ਗੁਰੂ ਹੈ, ਇਸ ਚੌਥੇ ਪਦ ਦੇ ਗਿਆਨ ਦੁਆਰਾ, ਬ੍ਰਹਮਗਿਆਨ ਦੁਆਰਾ ਗੁਰੂ ਹੈ। "ਸਬਦੁ" ਦੇ ਅੰਦਰ ਦਾ ਗਿਆਨ ਬ੍ਰਹਮਗਿਆਨ ਹੈ, "ਸਬਦੁ" ਨਾਮ ਹੈ, "ਸਬਦੁ" ਗੁਰੂ ਹੈ, ਪ੍ਰਮਾਤਮਾ ਆਪ ਗੁਰੂ ਹੈ। ਜਿੰਨ੍ਹਾਂ

ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਆਪਣੇ "ਸਬਦੁ" ਰਾਹੀਂ ਹੀ ਪ੍ਰਗਟ ਕੀਤਾ ਹੈ ਤੇ ਉਨ੍ਹਾਂ ਸਰੀਰਾਂ ਰਾਹੀਂ ਹੀ ਗੁਰਬਾਣੀ ਪ੍ਰਗਟ ਹੋਈ ਹੈ ਤੇ ਇਸ ਲਈ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਜਿੰਨ੍ਹਾਂ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪਈ ਹੈ ਉਨ੍ਹਾਂ ਨੂੰ ਹੀ ਸਮਝ ਲੱਗੀ ਹੈ ਕਿ ਪ੍ਰਮਾਤਮਾ ਹੀ ਸਾਰੇ ਗਿਆਨ ਦਾ ਦਾਤਾ ਹੈ ਜਿਸ ਆਪਣੇ ਉੱਚੇ ਗਿਆਨ ਦੁਆਰਾ ਉਸਨੇ ਆਪ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ ਭਾਵ ਹਉਮੈ ਵਿੱਚ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚੋਂ ਮਨ ਦੇ ਵਿੱਚ ਆਪਣੀ ਸ਼ਬਦ ਰੂਪ ਸੋਝੀ ਪਾਉਣ ਦੁਆਰਾ ਕਿਸੇ ਨੂੰ ਉਹ ਆਪ ਹੀ ਕੱਢ ਸਕਦਾ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਸਭ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਵਿਚਰ ਰਹਿਆ ਹੈ। ਮਨ ਦੇ ਵਿੱਚੋਂ "ਸਬਦੁ" ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ॥੨॥"

ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਵੀ ਆਪਣੇ ਅੰਦਰੋਂ "ਸਬਦੁ" ਦੇ ਦਰਸ਼ਨ ਨਹੀਂ ਹੋਏ, ਗੁਰੂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ ਤੇ ਇਸੇ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਹੀ ਭਾਵ ਆਪਣੀ ਮਨੁੱਖੀ ਦੇਹ ਨੂੰ ਹੀ ਗੁਰੂ, ਪ੍ਰਮਾਤਮਾ ਕਹਿ ਕੇ ਪ੍ਰਗਟ ਕੀਤਾ। ਆਪਣੇ ਅੰਦਰ ਦੇ ਗਿਆਨ ਦੇ ਮਾਲਕ ਦੀ ਉਨ੍ਹਾਂ ਨੂੰ ਸੋਝੀ ਨਹੀਂ ਪਈ ਭਾਵ ਉਨ੍ਹਾਂ ਨੂੰ ਪ੍ਰਮਾਤਮਾ ਨੇ ਪੜਦੇ ਵਿੱਚ ਹੀ ਰੱਖਿਆ ਹੈ, ਤ੍ਰੈਗੁਣਾਂ ਵਿੱਚ ਹੀ ਰੱਖਿਆ ਤੇ ਉਨ੍ਹਾਂ ਕੋਲੋਂ ਜੋ ਕੁੱਝ ਵੀ ਕਰਵਾਇਆ ਉਹ ਪ੍ਰਮਾਤਮਾ ਨੇ ਆਪ ਹੀ ਕਰਵਾਇਆ ਕਿਉਂਕਿ ਮਨ ਦੇ ਵਿੱਚ ਬੈਠਾ ਆਪ ਹੀ ਪ੍ਰਮਾਤਮਾ ਸਭ ਕੁੱਝ ਕਰਾਉਂਦਾ ਹੈ। ਸਭ ਨੂੰ ਧੰਦੇ ਲਾਉਣ ਵਾਲਾ ਉਹ ਆਪ ਹੀ ਹੈ। **(ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥)** ਪ੍ਰਮਾਤਮਾ ਨੇ ਮੂਲ ਰੂਪ ਵਿੱਚ ਸਭ ਨੂੰ ਆਪਣੀ ਮਾਇਆ ਦੀ ਜੁਗਤਿ ਵਿੱਚ ਹੀ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ ਤੇ ਇਸ ਅਵੱਸਥਾ ਵਿੱਚੋਂ ਨਿਕਲਣ ਦੀ ਵਿਧੀ ਕੇਵਲ ਸਾਡੀ ਤੁਰੀਆ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ, ਬ੍ਰਹਮਗਿਆਨ ਦੀ ਅਵੱਸਥਾ ਹੈ, "ਸਬਦੁ" ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਨ ਦੀ ਅਵੱਸਥਾ ਹੈ, "ਨਾਮੁ" ਦੇ ਮਾਲਕ ਨੂੰ ਜਾਣਨ ਦੀ ਅਵੱਸਥਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਇਸ ਅਵੱਸਥਾ ਦੁਆਰਾ ਮਨ ਦਾ ਭਰਮ ਹੀ ਨਿਕਲਦਾ ਹੈ ਕਿ ਮਨੁੱਖ ਕੀ ਹੈ ਤੇ ਪ੍ਰਮਾਤਮਾ ਕੀ ਹੈ ਭਾਵ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਭੇਦ ਮਿਟ ਜਾਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ, ਸਾਰੇ ਗਿਆਨ ਦਾ ਦਾਤਾ ਆਪ ਪ੍ਰਮਾਤਮਾ ਹੀ ਹੈ, ਮਾਇਆ ਰੂਪ ਬਣਾਉਣ ਵਾਲਾ ਤੇ ਉਸਨੂੰ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਕੇਵਲ ਇੱਕ ਉਸੇ ਦਾ ਹੋਣਾ ਹੀ ਸੱਚ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਵੀ ਹੋਂਦ ਸਮਝਣੀ ਝੂਠ ਹੈ, ਭਰਮ ਹੈ। ਇਸ ਚੌਥੇ ਪਦ ਵਿੱਚ ਹੀ "ਸੁਖੁ" ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਕਿ ਕੇਵਲ ਤੇ ਕੇਵਲ ਉਸਦੇ ਆਪਣੇ ਵੱਸ ਹੈ।

ਉਸਦਾ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਭਾਵ ਉਸਦੇ ਦਰਸ਼ਨ ਮਨ ਦੇ ਵਿੱਚ ਹੀ ਹੁੰਦੇ ਹਨ, ਉਹ ਮਨ ਦੇ ਵਿੱਚ ਹੀ ਦਿੱਸਦਾ ਹੈ ਭਾਵ ਮਹਿਸੂਸ ਹੁੰਦਾ ਹੈ ਜਿਵੇਂ ਕਿ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਇਸੇ ਲਈ ਸਾਨੂੰ ਉਪਰਲੇ ਦੋਨਾਂ ਸ਼ਲੋਕਾਂ ਵਿੱਚ ਇਹ ਸਮਝਾਇਆ ਗਿਆ ਹੈ ਕਿ ਸਾਡੀ ਆਕਾਰ ਰੂਪ ਦੀ ਪੂਜਾ, ਕਿਸੇ ਦੇਹ ਰੂਪ ਦੀ ਪੂਜਾ ਬਿਲਕੁਲ ਵਿਅਰਥ ਹੈ। ਉਹ ਪ੍ਰਮਾਤਮਾ ਨਿਰਗੁਣ ਰੂਪ ਵਿੱਚ, ਜੋਤਿ ਰੂਪ ਵਿੱਚ, ਮਨ ਦੇ ਗਿਆਨ ਰੂਪ ਵਿੱਚ ਸਾਡੇ ਅੰਦਰ ਹੀ ਹੈ, ਫਿਰ ਅਸੀਂ ਕਿਸੇ ਹੋਰ ਤੇ ਟੇਕ ਕਿਉਂ ਲਗਾਈਏ। ਉਹ ਪ੍ਰਮਾਤਮਾ ਸੱਚ ਹੈ ਤੇ ਕੇਵਲ ਸੱਚ ਦੀ ਪੂਜਾ ਹੀ ਪ੍ਰਮਾਤਮਾ ਦੀ ਪੂਜਾ ਹੈ ਤੇ ਆਪਣੇ ਸੱਚ ਦੇ ਰੂਪ ਵਿੱਚ ਹੀ ਉਹ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਜੋ ਕਿ ਉਸਦਾ ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਜਿਸ ਆਪਣੇ ਰੂਪ ਦੁਆਰਾ ਉਹ ਪੂਰੀ ਗੁਰਬਾਣੀ ਦੇ ਵਿੱਚ ਵੱਸਿਆ ਹੋਇਆ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ ਤੇ ਉਸਦੇ ਇਸ ਰੂਪ ਨਾਲ ਜੁੜਕੇ ਹੀ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ।

7/715

ਗੁਰੂ ਤੋਂ ਬਿਨ੍ਹਾਂ ਹਰ ਕਿਸੇ ਕੋਲ ਮਾਇਆ ਦੀ ਜੁਗਤਿ ਵਾਲਾ ਗਿਆਨ ਹੈ ਤੇ ਇਸ ਗਿਆਨ ਦੁਆਰਾ ਵਿਚਰਦੇ ਹੋਏ ਮਨੁੱਖ ਪ੍ਰਮਾਤਮਾ ਨੂੰ ਨਹੀਂ ਸਮਝ ਸਕਦਾ। ਪ੍ਰਮਾਤਮਾ ਆਪ ਤੁਰੀਆ ਅਵੱਸਥਾ ਵਿੱਚ ਹੈ, ਚੌਥੇ ਪਦ ਦੇ ਗਿਆਨ ਵਿੱਚ ਹੈ, ਬ੍ਰਹਮ

ਗਿਆਨ ਵਿੱਚ ਹੈ। ਪ੍ਰਮਾਤਮਾ ਨੂੰ ਜਾਣਨ ਲਈ, ਚੌਥੇ ਪਦ ਵਿੱਚ ਪਹੁੰਚਣ ਲਈ ਮਨੁੱਖ ਦੀ ਕੋਈ ਸਿਆਣਪ ਜਾਂ ਕੋਈ ਆਕਾਰ ਰੂਪ ਪੂਜਾ ਕੀ ਕੰਮ ਆ ਸਕਦੀ ਹੈ। ਇਸੇ ਲਈ ਬਾਣੀ ਰਾਹੀਂ ਸਾਡੀ ਕਿਰਿਆ ਰੂਪ ਭਗਤੀ ਨੂੰ, ਕਿਰਿਆਵਾਂ ਕਰਨ ਦੁਆਰਾ ਭਗਤੀ ਨੂੰ, ਆਕਾਰ ਰੂਪ ਭਗਤੀ ਨੂੰ,

7/716

ਦੇਹ ਰੂਪ ਪੂਜਾ ਨੂੰ, ਵਾਰ-ਵਾਰ ਖੰਡਿਆ ਗਿਆ ਹੈ ਕਿਉਂਕਿ ਉਹਨਾਂ ਦੁਆਰਾ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਭਗਤੀ ਦਾ ਇੱਕੋ ਇੱਕ ਤਰੀਕਾ ਸੱਚ ਨੂੰ ਅਪਣਾਉਣਾ ਹੈ, ਉਸਦੇ ਸੱਚੇ ਗੁਣਾਂ ਨੂੰ ਅਪਣਾਉਣਾ ਹੈ ਤੇ ਸੱਚ ਦੀ ਪੂਜਾ ਹੀ ਪ੍ਰਮਾਤਮਾ ਦੀ ਪੂਜਾ ਹੈ ਜਿਸ ਦੁਆਰਾ ਪ੍ਰਸੰਨ ਹੋ ਕੇ ਆਪ ਹੀ ਆਪਣੇ ਚੌਥੇ ਪਦ ਦੀ ਬਖਸ਼ਿਸ਼ ਕਰਨ ਦੁਆਰਾ ਆਪਣੇ ਨਾਲ ਮੇਲ ਦਾ ਫ਼ਲ ਦਿੰਦਾ ਹੈ, ਸੱਚ ਦੇ ਦਰਸ਼ਨਾਂ ਦਾ ਫ਼ਲ ਦਿੰਦਾ ਹੈ ਜੋ ਫ਼ਲ ਮਨ ਦੀ ਸਮਝ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਦਿੰਦਾ ਹੈ।

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

ਇਹ ਫ਼ਲ ਪ੍ਰਮਾਤਮਾ ਨੇ ਬ੍ਰਹਮਾ, ਬਿਸਨੁ ਤੇ ਮਹੇਸ਼ ਦੀ ਝੋਲੀ ਵਿੱਚ ਨਹੀਂ ਪਾਇਆ ਜਿਸ ਕਰਕੇ ਉਹਨਾਂ ਨੇ ਆਕਾਰ ਰੂਪ ਨੂੰ ਹੀ ਪ੍ਰਮਾਤਮਾ ਦੱਸਿਆ ਹੈ, ਆਪਣੀ ਪੂਜਾ ਕਰਵਾਈ ਹੈ। ਆਕਾਰ ਰੂਪ ਦੀ ਪੂਜਾ ਨਿਹਫ਼ਲ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਦੁਆਰਾ ਜਾਣਿਆ ਹੈ। ਬ੍ਰਹਮਾ, ਬਿਸਨੁ, ਮਹੇਸ਼ ਵਿੱਚ ਵੀ ਤ੍ਰੈਗੁਣੀ ਮਾਇਆ ਵਾਲੀ ਜੁਗਤਿ ਹੀ ਵਰਤੀ ਹੈ ਜਿਸ ਦੁਆਰਾ ਉਹਨਾਂ ਨੂੰ ਮਨ ਦੀ ਸੋਝੀ ਨਹੀਂ ਪੈ ਸਕੀ, ਆਪਣੇ ਅੰਦਰ ਦੇ ਗਿਆਨ ਦੇ ਮਾਲਕ ਦੀ ਸੋਝੀ ਨਹੀਂ ਪੈ ਸਕੀ ਕਿ ਇਹ ਗਿਆਨ ਦੇਣ ਵਾਲਾ ਕੌਣ ਹੈ। ਜਦ ਤੱਕ ਮਨ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਪ੍ਰਮਾਤਮਾ ਦੀ ਸੋਝੀ ਪੈ ਹੀ ਨਹੀਂ ਸਕਦੀ। ਗਿਆਨ ਕੀ ਹੈ, ਇਸਦਾ ਸ੍ਰੋਤ ਕੀ ਹੈ ਇਹ ਮਨ ਨੂੰ ਜਾਣੇ ਬਿਨ੍ਹਾਂ ਕੋਈ ਜਾਣ ਹੀ ਨਹੀਂ ਸਕਦਾ। ਇਹ ਸਿਰਫ਼ ਉਸਦੀ ਆਪਣੀ ਕਿਰਪਾ ਹੈ ਜੇਕਰ ਉਹ ਕਿਸੇ ਨੂੰ ਆਪਣੇ ਚੌਥੇ ਪਦ ਵਿੱਚ ਮਿਲਾ ਕੇ ਉਸਦਾ ਭਰਮ ਦੂਰ ਕਰ ਦੇਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ । ਉਹ ਆਪ ਗਿਆਨ ਰੂਪ ਹੈ ਤੇ ਸਾਰੀ ਸ੍ਰਿਸ਼ਟੀ ਨੂੰ, ਹਰ ਆਕਾਰ ਰੂਪ ਨੂੰ ਆਪਣੇ ਗਿਆਨ ਦੁਆਰਾ ਬਣਾਉਣ ਵਾਲਾ ਤੇ ਆਪਣੇ ਗਿਆਨ ਦੁਆਰਾ ਹੀ ਉਸਨੂੰ ਚਲਾਉਣ ਵਾਲਾ ਉਹ ਆਪ ਹੀ ਹੈ।

{ਤੁਧੁ ਆਪੇ ਸਿਰਜਿ ਸਭ ਗੋਈ॥}

(ਅੰਗ ੧੧)

ਜਦ ਤੱਕ ਅਸੀਂ ਸ਼ਬਦ ਰੂਪ ਵਿੱਚ ਅਤੇ ਆਕਾਰ ਰੂਪ ਵਿੱਚ ਫ਼ਰਕ ਨਹੀਂ ਸਮਝਦੇ, ਜੋਤਿ ਰੂਪ ਵਿੱਚ ਤੇ ਦੇਹ ਰੂਪ ਵਿੱਚ ਫ਼ਰਕ ਨਹੀਂ ਸਮਝਦੇ, ਸਾਡੀ ਆਸਥਾ ਦੇਹ ਰੂਪ ਨਾਲ ਜੁੜੀ ਰਹੇਗੀ। ਅਸੀਂ ਪਿੱਛੇ ਵੀ ਸਪੱਸ਼ਟ ਤਰੀਕੇ ਨਾਲ ਜਾਣਿਆ ਹੈ ਕਿ ਉਹ ਪ੍ਰਮਾਤਮਾ ਪੰਜਾਂ ਤੱਤਾਂ ਤੋਂ ਬਾਹਰ ਹੈ ਜਿਸ ਕਰਕੇ ਉਹ ਜਨਮ ਮਰਨ ਤੋਂ ਰਹਿਤ ਹੈ।

{ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ ॥
ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ ॥੨॥
ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ ॥
ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ ॥੩॥
ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ ॥
ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ ॥੪॥੩੧॥੬੧॥}

(ਅੰਗ ੮੧੬)

{ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥

ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥}

(ਅੰਗ ੨੮੩)

ਇਸ ਗੱਲ ਨੂੰ ਹੋਰ ਵੀ ਬਰੀਕੀ ਨਾਲ ਸਮਝਣ ਦੀ ਲੋੜ ਹੈ। ਗੁਰੂ ਸਾਹਿਬਾਨ, ਭਗਤ ਜਨ, ਆਪ ਨਿਰੰਕਾਰ ਰੂਪ ਹੋਏ ਹਨ। ਉਹਨਾਂ ਦਾ ਸਰੀਰ ਜਨਮ ਮਰਨ ਤੋਂ ਰਹਿਤ ਨਹੀਂ ਸੀ, ਉਨ੍ਹਾਂ

7/717

ਦਾ ਸਰੀਰ ਪੰਜਾਂ ਤੱਤਾਂ ਤੋਂ ਬਾਹਰ ਨਹੀਂ ਸੀ। ਪੰਜਾਂ ਤੱਤਾਂ ਤੋਂ ਬਾਹਰ ਕੇਵਲ ਮਨੁੱਖ ਦੇ ਅੰਦਰ ਮਨ ਦੀ ਜੋਤਿ ਹੈ, ਮਨ ਦਾ ਗਿਆਨ ਹੈ ਜੋ ਕਿ ਸ਼ਬਦ ਰੂਪ ਹੈ, ਜਿਸ ਆਪਣੇ ਗਿਆਨ ਦੁਆਰਾ ਪ੍ਰਮਾਤਮਾ ਸਭ ਵਿੱਚ ਵਰਤ ਰਿਹਾ ਹੈ। ਧੰਨ ਧੰਨ ਗੁਰੂ ਨਾਨਕ ਦੇਵ ਜੀ ਨੂੰ ਤੇ ਹੋਰ ਗੁਰੂ ਸਾਹਿਬਾਨ ਨੂੰ ਨਿਰੰਕਾਰ ਰੂਪ ਕਿਹਾ ਹੈ ਪਰ ਨਾਲ ਇਹ ਵੀ ਸਮਝਾਇਆ ਹੈ ਕਿ ਉਹ ਨਿਰੰਕਾਰ ਰੂਪ ਕੀ ਹੈ। ਆਉ ਹੁਣ ਇਸ ਗੱਲ ਨੂੰ ਬਰੀਕੀ ਨਾਲ ਸਮਝੀਏ ਤਾਂ ਜੋ ਸਾਨੂੰ ਸਰੀਰ ਅਤੇ ਜੋਤਿ ਵਿੱਚ ਫ਼ਰਕ ਸਮਝ ਆ ਸਕੇ, ਸਰੀਰ ਅਤੇ ਸ਼ਬਦ ਵਿੱਚ ਫਰਕ ਸਮਝ ਆ ਸਕੇ ਕਿਉਂਕਿ ਗੁਰੂ ਅਸਲ ਵਿੱਚ ਸ਼ਬਦ ਹੈ, ਜੋਤਿ ਹੈ ਨਾ ਕਿ ਇਹ ਦੇਹ ਭਾਵ ਇਹ ਆਕਾਰ ਰੂਪ ਹੈ।

“ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥”

(ਅੰਗ - ੧੪੦੮)

ਉਪਰਲੀ ਪੰਗਤੀ ਨੂੰ ਬੜੇ ਧਿਆਨ ਨਾਲ ਪੜੋ ਅਤੇ ਸਮਝੋ। ਧੰਨ ਧੰਨ ਗੁਰੂ ਨਾਨਕ ਦੇਵ ਜੀ ਦੀ ਦੇਹ ਤਾਂ ਆਕਾਰ ਰੂਪ ਹੀ ਸੀ। ਉਸ ਦੇਹ ਨੂੰ ਨਿਰੰਕਾਰ ਨਹੀਂ ਕਿਹਾ ਗਿਆ ਕਿਉਂਕਿ ਦੇਹ ਬਿਨਸਨਹਾਰ ਹੈ, ਇੱਕ ਪੰਜ ਤੱਤਾਂ ਦਾ ਬਣਿਆ ਹੋਇਆ ਆਕਾਰ ਰੂਪ ਹੈ। ਉਹ ਪ੍ਰਮਾਤਮਾ ਆਪ ਜੋਤਿ ਰੂਪ ਹੈ ਤੇ ਉਸ ਪ੍ਰਮਾਤਮਾ ਨੇ ਆਪਣੇ ਆਪ ਨੂੰ ਆਪਣੀ ਜੋਤਿ ਰਾਹੀਂ ਭਾਵ ਆਪਣੇ ਨਿਰੰਕਾਰ ਰੂਪ ਰਾਹੀਂ ਗੁਰੂ ਨਾਨਕ ਅਖਵਾਇਆ। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਅਗਰ ਜੋਤਿ ਨੇ ਭਾਵ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਨਾ ਹੈ, ਆਪਣੇ ਆਪ ਦੀ ਸੋਝੀ ਪਾਉਣੀ ਹੈ ਕਿ ਉਹ ਕੀ ਹੈ, ਤਾਂ ਉਹ ਆਪਣੇ ਆਪ ਨੂੰ ਕਿਸੇ ਸਰੀਰ ਰਾਹੀਂ ਹੀ ਪ੍ਰਗਟ ਕਰ ਸਕਦਾ ਹੈ, ਕਿਸੇ ਸਰਗੁਣ ਰੂਪ ਰਾਹੀਂ ਹੀ ਪ੍ਰਗਟ ਕਰ ਸਕਦਾ ਹੈ। ਆਪਣੀ ਜੋਤਿ ਪਾਉਣ ਲਈ ਪਹਿਲਾਂ ਪ੍ਰਮਾਤਮਾ ਨੂੰ ਸਰੀਰ ਦੀ ਰਚਨਾ ਕਰਨੀ ਪਵੇਗੀ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰ ਸਕੇ। ਮਨ ਤਾਂ ਹੀ ਬਣਦਾ ਹੈ ਜੇਕਰ ਪਹਿਲਾਂ ਸਰੀਰ ਬਣੇ।

{ਇਹੁ ਮਨੁ ਪੰਚ ਤਤੁ ਤੇ ਜਨਮਾ॥}

(ਅੰਗ ੪੧੫)

ਮਨ ਸਾਡੇ ਦਿਮਾਗ ਤੋਂ ਜਨਮ ਲੈਂਦਾ ਹੈ ਜੋ ਆਕਾਰ ਰੂਪ ਦਿਮਾਗ ਸਾਡੇ ਸਰੀਰ ਦਾ ਇੱਕ ਹਿੱਸਾ ਹੈ, ਦਿੱਸਣ ਵਾਲਾ ਰੂਪ ਹੈ ਭਾਵ ਬਿਨ੍ਹਾਂ ਆਕਾਰ ਰੂਪ ਬਣਨ ਦੇ ਮਨ ਦੇ ਅੰਦਰ ਦੀ ਸਮਝ ਦਾ ਜਨਮ ਨਹੀਂ ਹੁੰਦਾ। ਮਨ ਦੇ ਵਿੱਚੋਂ ਜੋ ਕੁੱਝ ਉਪਜਦਾ ਹੈ ਉਹ ਪ੍ਰਮਾਤਮਾ ਦੀ ਜੋਤਿ ਹੈ ਭਾਵ ਮਨ ਦੀ ਸਮਝ ਦੇ ਰਾਹੀਂ ਉਸਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਜਿਸਦਾ ਕੋਈ ਆਕਾਰ ਨਹੀਂ ਹੁੰਦਾ। ਮਨ ਵਿੱਚੋਂ ਗਿਆਨ ਹੀ ਉਪਜਦਾ ਹੈ, ਸੋਚ ਹੀ ਉਪਜਦੀ ਹੈ, ਵਿਚਾਰ ਹੀ ਉਪਜਦੇ ਹਨ, ਜਿੰਨ੍ਹਾਂ ਦੁਆਰਾ ਮਨੁੱਖ ਨੂੰ ਸਾਰੀ ਸੋਝੀ ਪੈਂਦੀ ਹੈ ਤੇ

7/718

ਮਨੁੱਖ ਦੇ ਮਨ ਵਿੱਚ ਚਾਨਣ ਹੁੰਦਾ ਹੈ, ਪ੍ਰਕਾਸ਼ ਹੁੰਦਾ ਹੈ। ਇਹ ਮਨ ਦਾ ਚਾਨਣ, ਮਨ ਦਾ ਗਿਆਨ, ਮਨ ਦੀ ਸੋਝੀ ਪ੍ਰਮਾਤਮਾ ਦੀ ਜੋਤਿ ਹੈ, ਪ੍ਰਮਾਤਮਾ ਦਾ ਗਿਆਨ ਹੈ ਜੋ ਕਿ ਨਿਰਗੁਣ ਸਰੂਪ ਹੈ ਭਾਵ ਨਿਰੰਕਾਰ ਰੂਪ ਹੈ। ਪ੍ਰਮਾਤਮਾ ਅਸਲ ਵਿੱਚ ਆਪ ਗਿਆਨ ਸਰੂਪ ਹੈ ਤੇ ਹਰ ਸਰਗੁਣ ਸਰੂਪ, ਹਰ ਮਾਇਆ ਸਰੂਪ ਉਸਦੇ ਆਪਣੇ ਗਿਆਨ ਦੁਆਰਾ ਰਚੀ ਹੋਈ ਉਸਦੀ ਆਪਣੀ ਰਚਨਾ ਹੈ। ਉਸਦੀ ਸਾਰੀ ਰਚਨਾ ਪੰਜਾਂ ਤੱਤਾਂ ਦੇ ਵਿੱਚ ਹੈ। ਪੰਜਾਂ ਤੱਤਾਂ ਦੇ ਰਚਣ ਵਾਲਾ ਉਹ ਆਪ ਹੈ। ਇਸੇ ਲਈ ਹਰ ਸਰਗੁਣ ਸਰੂਪ ਦਾ, ਆਕਾਰ ਰੂਪ ਦਾ ਮਾਲਕ ਵੀ ਉਹ ਆਪ ਹੈ। ਉਹ ਸਭ ਕੁੱਝ ਆਪੇ ਆਪ ਹੈ। ਇਹ ਸਭ ਉਸਦੀ ਆਪਣੀ ਰਚੀ ਹੋਈ ਇੱਕ ਖੇਡ ਹੈ ਜੋ ਕਿ ਆਪਣੇ ਆਪ ਹੀ ਉਸਦੇ ਪਾਏ ਹੋਏ ਗਿਆਨ ਦੁਆਰਾ ਚੱਲ ਰਹੀ ਹੈ, ਉਸਦੀ ਰਚੀ ਹੋਈ ਸਾਇੰਸ ਦੁਆਰਾ ਚੱਲ ਰਹੀ ਹੈ।ਉਸ ਗਿਆਨ ਦੇ ਮਾਲਕ ਦੇ ਦਰਸ਼ਨ ਕੇਵਲ ਮਨੁੱਖੀ ਦੇਹ ਦੁਆਰਾ ਮਨ ਦੇ ਵਿੱਚੋਂ ਹੀ ਹੋ ਸਕਦੇ

ਹਨ ਕਿਉਂਕਿ ਮਨ ਦੇ ਵਿੱਚ ਹੀ ਉਹ ਆਪਣੀ ਜੋਤਿ ਦੇ ਰੂਪ ਵਿੱਚ ਵਰਤ ਰਿਹਾ ਹੈ। ਮਨ ਦੀ ਸਮਝ ਤੋਂ ਇਲਾਵਾ ਪ੍ਰਮਾਤਮਾ ਨੂੰ ਜਾਣਨ ਦਾ ਹੋਰ ਕੋਈ ਤਰੀਕਾ ਨਾ ਹੈ ਅਤੇ ਨਾ ਹੀ ਕੋਈ ਹੋ ਸਕਦਾ ਹੈ। ਇਸ ਤੋਂ ਇਲਾਵਾ ਜੋ ਕੋਈ ਪ੍ਰਮਾਤਮਾ ਦੇ ਦਰਸ਼ਨਾਂ ਦੀਆਂ ਗੱਲਾਂ ਕਰਦਾ ਹੈ, ਕਿਸੇ ਦੇਹ ਰੂਪ ਦੇ ਦਰਸ਼ਨਾਂ ਦੀਆਂ ਗੱਲਾਂ ਕਰਦਾ ਹੈ ਤਾਂ ਇਹ ਉਸ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਇੱਕ ਭੁਲੇਖਾ ਹੁੰਦਾ ਹੈ। ਪ੍ਰਮਾਤਮਾ ਇਹੋ ਜਿਹੇ ਭੁਲੇਖੇ ਆਪ ਹੀ ਪਾਉਂਦਾ ਹੈ ਕਿਉਂਕਿ ਤ੍ਰੈਗੁਣਾਂ ਵਾਲੀ ਜੁਗਤਿ ਦਾ ਮਕਸਦ ਹੀ ਮਨੁੱਖ ਨੂੰ ਭੁਲੇਖੇ ਵਿੱਚ ਰੱਖਣਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੋਝੀ ਨਾ ਪੈ ਸਕੇ ਭਾਵ ਉਹ ਆਪ ਅੰਦਰ ਹੁੰਦੇ ਹੋਏ ਵੀ ਆਪਣੇ ਦਰਸ਼ਨ ਨਹੀਂ ਦਿੰਦਾ। ਮਨੁੱਖ ਦੀ ਸੋਝੀ ਵਿੱਚ ਉਹ ਆਪ ਬੈਠਾ ਹੈ ਤੇ ਉਹ ਵੱਡੇ ਤੋਂ ਵੱਡਾ ਭੁਲੇਖਾ ਪਾਉਣ ਦੇ ਸਮਰੱਥ ਹੈ। ਉਸਦੇ ਦਰਸ਼ਨ ਕੇਵਲ ਉਸਦੀ ਕ੍ਰਿਪਾ ਤੇ ਨਿਰਭਰ ਹਨ।

ਸਿੱਖ ਜਗਤ ਵਿੱਚ ਇੱਕ ਆਮ ਕਰਕੇ ਧਾਰਨਾ ਬਣੀ ਹੋਈ ਹੈ ਕਿ ਕਿਸੇ ਗੁਰੂ ਸਾਹਿਬ ਦੇ ਦੇਹ ਰੂਪ ਵਿੱਚ ਦਰਸ਼ਨ ਕਰਨੇ ਪ੍ਰਮਾਤਮਾ ਦੇ ਦਰਸ਼ਨ ਕਰਨ ਵਾਲੀ ਗੱਲ ਹੈ ਕਿਉਂਕਿ ਗੁਰੂ ਆਪ ਪ੍ਰਮਾਤਮਾ ਰੂਪ ਹੈ। ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ, ਪ੍ਰਮਾਤਮਾ ਕੇਵਲ ਜੋਤਿ ਸਰੂਪ ਹੈ ਤੇ ਦੇਹ ਰੂਪ ਕੇਵਲ ਉਸਨੂੰ ਆਪਣੇ ਅੰਦਰ ਵਸਾਉਣ ਲਈ ਤੇ ਜਾਣਨ ਲਈ ਇੱਕ ਵਸੀਲਾ ਹੈ। ਇਸ ਗੱਲ ਨੂੰ ਬੜੀ ਹੀ ਬਰੀਕੀ ਨਾਲ ਅਤੇ ਧੀਰਜ ਨਾਲ ਸਮਝਣ ਦੀ ਲੋੜ ਹੈ ਕਿ ਗੁਰੂ

7/719

ਅਸਲ ਵਿੱਚ "ਦੇਹ" ਰੂਪ ਹੈ ਜਾਂ "ਸ਼ਬਦ" ਰੂਪ ਹੈ। "ਦੇਹ ਰੂਪ" ਦੇ ਦਰਸ਼ਨ ਗੁਰੂ ਦੇ ਦਰਸ਼ਨ ਹਨ ਜਾਂ "ਸ਼ਬਦ ਰੂਪ" ਦੇ ਦਰਸ਼ਨ ਗੁਰੂ ਦੇ ਦਰਸ਼ਨ ਹਨ। "ਸ਼ਬਦ ਰੂਪ" ਗੁਰੂ ਦਾ "ਉਪਦੇਸ਼ ਰੂਪ" ਹੈ। ਗੁਰੂ ਸਾਹਿਬਾਨ ਦੇ ਹੁੰਦਿਆਂ ਵੀ, ਉਹਨਾਂ ਦੇ ਇਸ ਸੰਸਾਰ ਵਿੱਚ ਵਿਚਰਦਿਆਂ ਹੋਇਆ ਵੀ ਉਨ੍ਹਾਂ ਕੋਲੋਂ ਲਾਭ ਉਨ੍ਹਾਂ ਨੇ ਹੀ ਲਿਆ ਹੈ ਜਿੰਨ੍ਹਾਂ ਨੇ ਉਨ੍ਹਾਂ ਦੇ ਸ਼ਬਦ ਰੂਪ ਨੂੰ ਮੰਨਿਆ ਹੈ, ਉਨ੍ਹਾਂ ਦੇ ਉਪਦੇਸ਼ ਤੇ ਅਮਲ ਕੀਤਾ ਹੈ, ਉਹਨਾਂ ਦੀ ਦਿੱਤੀ ਸੋਝੀ ਤੇ ਅਮਲ ਕੀਤਾ ਹੈ, ਉਹਨਾਂ ਦੇ ਹੁਕਮ ਤੇ ਅਮਲ ਕੀਤਾ ਹੈ, ਉਨ੍ਹਾਂ ਦੇ ਜੋਤਿ ਰੂਪ ਸੱਚੇ ਗਿਆਨ ਤੇ ਆਪਣੀ ਆਸਥਾ ਦਿਖਾਈ ਹੈ। ਇਸ ਗੱਲ ਦਾ ਨਿਰਣਾ ਗੁਰੂ ਨਾਨਕ ਦੇਵ ਜੀ ਦੇ ਆਪਣੇ ਘਰ ਦੇ ਵਿੱਚ ਹੀ ਜੋ ਕੁੱਝ ਵਾਪਰਿਆ ਹੈ ਉਸ ਤੋਂ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਆਪਣੇ ਪੁੱਤਰ ਉਨ੍ਹਾਂ ਕੋਲੋਂ ਲਾਭ ਨਹੀਂ ਲੈ ਸਕੇ। ਉਨ੍ਹਾਂ ਤੋਂ ਜਿਆਦਾ ਦਰਸ਼ਨ ਉਨ੍ਹਾਂ ਦੀ ਦੇਹ ਰੂਪ ਦੇ ਕਿਸੇ ਵਿਰਲਿਆਂ ਨੇ ਹੀ ਕੀਤੇ ਹੋਣਗੇ। ਲਾਭ ਮਿਲਿਆ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਜਿੰਨ੍ਹਾਂ ਨੇ ਉਨ੍ਹਾਂ ਦਾ ਹਰ ਹੁਕਮ ਮੰਨਿਆ। ਇਸੇ ਤਰ੍ਹਾਂ ਉਨ੍ਹਾਂ ਦੀ ਦੇਹ ਦੇ ਦਰਸ਼ਨ ਤਾਂ ਲੱਖਾਂ ਕਰੋੜਾਂ ਨੇ ਕੀਤੇ ਪਰ ਲਾਭ ਉਨ੍ਹਾਂ ਨੂੰ ਮਿਲਿਆ ਜਿੰਨ੍ਹਾਂ ਨੇ ਉਨ੍ਹਾਂ ਦੇ ਹੁਕਮ ਨੂੰ ਮੰਨਿਆ, ਉਨ੍ਹਾਂ ਦੇ ਦਿੱਤੇ ਹੋਏ ਉਪਦੇਸ਼ ਨੂੰ ਪ੍ਰਵਾਨ ਕੀਤਾ। ਇਸੇ ਤਰ੍ਹਾਂ ਧੰਨ ਧੰਨ ਗੁਰੂ ਅੰਗਦ ਦੇਵ ਜੀ ਤੋਂ ਲਾਭ ਉਨ੍ਹਾਂ ਦੇ ਆਪਣੇ ਪੁੱਤਰਾਂ ਨੂੰ ਨਹੀਂ ਮਿਲਿਆ ਕਿਉਂਕਿ ਉਨ੍ਹਾਂ ਨੇ ਗੁਰੂ ਸਾਹਿਬ ਦਾ ਹੁਕਮ ਨਹੀਂ ਮੰਨਿਆ। ਲਾਭ ਮਿਲਿਆ ਧੰਨ ਧੰਨ ਗੁਰੂ ਅਮਰਦਾਸ ਜੀ ਨੂੰ ਜਿੰਨ੍ਹਾਂ ਨੇ ਆਪਣੀ ਮਤਿ ਵਰਤੀ ਹੀ ਨਹੀਂ ਤੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਗੁਰੂ ਦੇ ਚਰਨਾਂ ਵਿੱਚ ਭਾਵ ਗੁਰੂ ਦੀ ਮਤਿ ਵਿੱਚ ਸਮਰਪਿਤ ਰੱਖਿਆ ਭਾਵ ਉਹੀ ਕੁੱਝ ਕੀਤਾ ਜੋ ਕੁੱਝ ਗੁਰੂ ਨੂੰ ਭਾਉਂਦਾ ਸੀ ਭਾਵ ਪੂਰੀ ਤਰ੍ਹਾਂ ਗੁਰੂ ਦੀ ਮਤਿ ਨੂੰ ਜਪਿਆ। ਇਸੇ ਤਰ੍ਹਾਂ ਧੰਨ ਧੰਨ ਗੁਰੂ ਰਾਮਦਾਸ ਜੀ ਕੋਲੋਂ ਲਾਭ ਛੋਟੇ ਸਪੁੱਤਰ ਨੂੰ ਮਿਲਿਆ ਤੇ ਵੱਡਾ ਪੁੱਤਰ ਲਾਭ ਨਹੀਂ ਲੈ ਸਕਿਆ। ਵੱਡਾ ਪੁੱਤਰ ਵਾਦ ਵਿਵਾਦ ਹੀ ਕਰਦਾ ਰਿਹਾ ਪਰ ਉਨ੍ਹਾਂ ਜਿਤਨੇ ਗੁਰੂ ਸਾਹਿਬਾਨ ਦੇ ਦਰਸ਼ਨ ਹੋਰ ਕਿਸ ਨੇ ਕੀਤੇ ਹੋਣਗੇ। ਉਹਨਾਂ ਨੇ ਧੰਨ ਧੰਨ ਚੌਥੀ ਪਾਤਸ਼ਾਹੀ ਦੇ ਅਤੇ ਧੰਨ ਧੰਨ ਪੰਜਵੇਂ ਪਾਤਸ਼ਾਹ ਜੀ ਦੇ ਦਰਸ਼ਨ ਵੀ ਕੀਤੇ ਪਰ ਉਨ੍ਹਾਂ ਦੀ ਮਤਿ ਲੈਣ ਤੋਂ ਦੂਰ ਹੀ ਰਹੇ ਤੇ ਇਸੇ ਲਈ ਉਹਨਾਂ ਨੂੰ ਦੇਹ ਰੂਪ ਦੇ ਦਰਸ਼ਨਾਂ

7/720

ਦਾ ਲਾਭ ਨਹੀਂ ਮਿਲਿਆ। ਲਾਭ ਸ਼ਬਦ ਰੂਪ ਦੇ ਦਰਸ਼ਨਾਂ ਵਿੱਚ ਹੈ। ਗੁਰੂ ਸਾਹਿਬਾਨ ਦੇ ਹੁੰਦਿਆਂ ਵੀ "ਗੁਰੂ" ਸ਼ਬਦ ਰੂਪ ਹੀ ਸੀ ਤੇ ਹੁਣ ਵੀ ਸ਼ਬਦ ਰੂਪ ਹੀ ਹੈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਕੋਲ ਦੇਹ ਰੂਪ ਵਿੱਚ ਮੌਜੂਦ ਹਨ, ਆਕਾਰ ਰੂਪ ਵਿੱਚ ਮੌਜੂਦ ਹਨ। ਜੋ ਆਕਾਰ ਰੂਪ ਦਾ ਮਕਸਦ ਗੁਰੂ ਸਾਹਿਬਾਨ ਦੇ ਹੁੰਦਿਆਂ ਸੀ ਉਹੀ ਆਕਾਰ ਰੂਪ ਦਾ ਮਕਸਦ ਹੁਣ ਹੈ। ਅਕਾਰ ਰੂਪ ਦਾ ਮਕਸਦ ਉਦੋਂ ਵੀ ਆਪਣੇ ਅੰਦਰ ਪ੍ਰਮਾਤਮਾ ਦੀ ਜੋਤਿ ਨੂੰ ਟਿਕਾਉਣ ਦਾ ਸੀ ਤੇ ਮਕਸਦ ਅੱਜ ਵੀ ਉਹੋ ਹੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਆਕਾਰ ਰੂਪ ਪ੍ਰਮਾਤਮਾ ਦੀ ਜੋਤਿ ਭਾਵ ਉਸਦਾ ਗਿਆਨ ਆਪਣੇ ਅੰਦਰ ਟਿਕਾਉਣ ਲਈ ਹੈ।**(ਨਿਰਗੁਣ ਹਰੀਆ ਸਰਗੁਣ ਧਰੀਆ)** ਅੰਗ - 746 ਗੁਰੂ ਅੱਜ ਵੀ ਆਕਾਰ ਰੂਪ ਨਹੀਂ ਹੈ, "ਗੁਰੂ" ਆਕਾਰ ਰੂਪ ਵਿੱਚੋਂ ਪ੍ਰਗਟ ਹੋਣ ਵਾਲਾ "ਗਿਆਨ" ਹੈ, ਗੁਰੂ ਦੀ ਮਤਿ ਹੈ। **{ਸਤਿਗੁਰ ਬਚਨ ਬਚਨ ਹੈ ਸਤਿਗੁਰ}** ਅੰਗ - ੧੩੦੯ ਗੁਰੂ ਸਾਹਿਬਾਨ ਦੇ ਹੁੰਦਿਆਂ ਹੋਇਆ ਵੀ ਉਨ੍ਹਾਂ ਦੇ ਬਚਨ ਹੀ ਸਤਿਗੁਰ ਰੂਪ ਸਨ, ਉਨ੍ਹਾਂ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਹੀ

ਸਤਿਗੁਰ ਸਨ ਤੇ ਉਹੀ "ਬਚਨ" ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵਿੱਚ ਅੱਜ ਵੀ "ਸਤਿਗੁਰ" ਹਨ। ਸਦਾ ਸਦਾ ਤੋਂ ਸਤਿਗੁਰ ਦੇ ਬਚਨ ਹੀ ਸਤਿਗੁਰ ਰਹੇ ਹਨ ਤੇ ਸਦਾ ਸਦਾ ਲਈ ਗੁਰੂ ਦੇ ਬਚਨਾਂ ਨੇ ਹੀ ਗੁਰੂ ਰਹਿਣਾ ਹੈ। ਸਦਾ ਸਦਾ ਤੋਂ, ਜੁਗਾਂ-ਜੁਗਾਂ ਤੋਂ "ਨਾਮ" ਹੀ ਗੁਰੂ ਸੀ ਤੇ "ਨਾਮ" ਹੀ ਗੁਰੂ ਹੈ, ਨਾਮ ਹੀ ਗੁਰੂ ਰਹਿਣਾ ਹੈ। ਸਦਾ ਸਦਾ ਤੋਂ "ਸ਼ਬਦ ਵਿਚਾਰ" ਹੀ ਗੁਰੂ ਰਹੀ ਹੈ, ਅੱਜ ਵੀ ਹੈ ਤੇ ਸਦਾ ਸਦਾ ਤੱਕ "ਸ਼ਬਦ" ਦੀ ਵਿਚਾਰ ਹੀ ਗੁਰੂ ਰਹੇਗੀ।

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥}

(ਅੰਗ ੨੨੯)

{ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੩)

{ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥}

(ਅੰਗ ੭੯੩)

ਪ੍ਰਮਾਤਮਾ ਦੇ ਦਰਸ਼ਨਾਂ ਦਾ ਤਰੀਕਾ, ਉਸਦੇ ਨਾਲ ਮੇਲ ਦਾ ਤਰੀਕਾ ਸਦਾ ਸਦਾ ਤੋਂ ਇੱਕੋ ਹੀ ਹੈ। ਸਦਾ ਸਦਾ ਤੋਂ ਉਹ ਆਪ ਹੀ ਗੁਰੂ ਹੈ, ਅੱਜ ਵੀ ਹੈ ਤੇ ਸਦਾ ਹੀ ਰਹੇਗਾ।

{ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥}

(ਅੰਗ ੧੪੨੯)

ਪ੍ਰਮਾਤਮਾ ਨੂੰ ਜਾਣਨ ਦਾ ਸਦਾ ਤੋਂ ਇੱਕੋ ਹੀ ਅਸੂਲ ਹੈ ਤੇ ਉਹ ਹੈ ਉਸਦਾ ਨਾਮ ਭਾਵ ਉਸਦਾ ਸੱਚਾ ਗਿਆਨ। ਜਦ ਤੱਕ ਨਾਮ ਦੀ ਸੋਝੀ ਨਹੀਂ, ਪ੍ਰਮਾਤਮਾ ਨੂੰ ਪਾਉਣ ਦੀ ਸੋਝੀ ਪੈ ਹੀ ਨਹੀਂ ਸਕਦੀ, ਭਗਤੀ ਦੇ ਸਹੀ ਮਾਰਗ ਦੀ ਸੋਝੀ ਪੈ ਹੀ ਨਹੀਂ ਸਕਦੀ ਤੇ ਅਸੀਂ ਦੇਹ ਰੂਪ ਦੇ ਦਰਸ਼ਨਾਂ ਨੂੰ ਹੀ ਵੱਡਾ ਸਮਝਦੇ ਹਾਂ ਜਿਸ ਕਰਕੇ ਸਾਡੀ ਆਸਥਾ ਦੇਹ ਵਿੱਚੋਂ ਨਿਕਲ ਕੇ ਸ਼ਬਦ ਦੇ ਗਿਆਨ ਨਾਲ ਨਹੀਂ ਜੁੜਦੀ।

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

ਆਓ ਹੁਣ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ, ਜਿਸ ਦੀ ਸੋਝੀ ਨਾ ਪੈਣ ਕਰਕੇ ਸਾਡੀ ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਦੇਹ ਰੂਪ ਦਰਸ਼ਨਾਂ ਦੀ ਆਸਥਾ ਬਣੀ ਹੋਈ ਹੈ ਤੇ ਉਨ੍ਹਾਂ ਦੀ ਦੇਹ ਦੇ ਦਰਸ਼ਨਾਂ ਨੂੰ ਹੀ ਕਈ ਪ੍ਰਮਾਤਮਾ ਦੇ ਦਰਸ਼ਨ ਸਮਝਦੇ ਹਨ।

7/721

ਆਸਾ ਮਹਲਾ ੫॥
"ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥੧॥ਰਹਾਉ॥

ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥
ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥੨॥"

(ਅੰਗ ੪੦੩)

ਉੱਪਰ ਸ਼ਬਦ ਦੇ ਅਰਥ ਸਮਝਣ ਤੋਂ ਪਹਿਲਾਂ ਆਉ ਪਹਿਲਾਂ ਹੇਠ ਲਿਖੀਆਂ ਪੰਗਤੀਆਂ ਨੂੰ ਵਿਚਾਰੀਏ।

ਆਸਾ ਮਹਲਾ ੧॥
"ਸੇਵਕੁ ਦਾਸੁ ਭਗਤੁ ਜਨੁ ਸੋਈ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ॥੧॥"

(ਅੰਗ ੩੫੫)

ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਿਆ ਸੀ ਕਿ ਪ੍ਰਮਾਤਮਾ ਆਪ ਹੀ ਗੁਰੂ ਦੇ ਰੂਪ ਵਿੱਚ ਆਪਣਾ ਦਾਸ ਹੈ। ਉਹ ਆਪ ਹੀ ਆਪਣਾ ਸੇਵਕ ਹੈ, ਆਪ ਹੀ ਆਪਣਾ ਭਗਤ ਹੈ। ਉਹ ਸਭ ਕੁੱਝ ਆਪ ਹੀ ਹੈ। ਉੱਪਰ ਮੁੱਖ ਸ਼ਬਦ ਵਿੱਚ ਗੁਰੂ ਨੂੰ ਹੀ ਸੇਵਕ ਰੂਪ ਕਹਿ ਕੇ ਉਸਦੀ ਵਡਿਆਈ ਦੱਸੀ ਹੋਈ ਹੈ। ਗੁਰੂ ਆਪ ਨਾਮ ਜਪ ਰਿਹਾ ਹੈ ਭਾਵ ਗੁਰੂ ਆਪ ਹੀ ਪ੍ਰਮਾਤਮਾ ਦਾ ਸੇਵਕ ਬਣ ਕੇ ਵਿਚਰਦਾ ਹੈ। ਪ੍ਰਮਾਤਮਾ ਆਪ ਹੀ ਸੇਵਕ ਦਾ ਰੂਪ ਧਾਰ ਕੇ ਸੰਸਾਰ ਨੂੰ ਸੇਵਕ ਬਣਨਾ ਸਿਖਾਉਂਦਾ ਹੈ। ਉਹ ਗੁਰੂ ਰੂਪ ਵਿੱਚ, ਸੇਵਕ ਰੂਪ ਵਿੱਚ ਆਪ ਹੀ ਉਹਨਾਂ ਨੂੰ ਆਪਣੇ ਅਸੂਲਾਂ ਤੇ ਚਲਾਉਂਦਾ ਹੈ, ਉਹਨਾਂ ਨੂੰ ਔਗੁਣਾਂ ਤੋਂ ਬਚਾ ਕੇ ਰੱਖਦਾ ਹੈ, ਉਹਨਾਂ ਵਿੱਚ ਆਪਣੀ ਭਗਤੀ ਵਾਲੀ ਸੱਚੀ ਮਤਿ ਦੇਣ ਵਾਲਾ ਉਹ ਆਪ ਹੀ ਹੈ ਭਾਵ ਉਹਨਾਂ ਦੇ ਅੰਦਰ ਉਸਦੀ ਆਪਣੀ ਜੋਤਿ ਹੀ ਪ੍ਰਗਟ ਹੁੰਦੀ ਹੈ। ਜੋ ਜੋ ਕਾਜ ਵੀ, ਕਿਰਤ ਵੀ ਉਹ ਸੇਵਕ ਰੂਪ ਵਿੱਚ ਕਰਦਾ ਹੈ ਉਹ ਸਭ ਵਿੱਚ ਉਸਦੀ ਆਪਣੀ ਸੱਚੀ ਮਤਿ ਹੁੰਦੀ ਹੈ। ਆਪਣੇ ਗੁਰੂ ਰੂਪ ਵਿੱਚ, ਸੇਵਕ ਰੂਪ ਵਿੱਚ, ਭਗਤ ਰੂਪ ਵਿੱਚ ਉਹ ਆਪਣੀ ਭਗਤੀ ਦਾ ਅਸਲ ਰੂਪ ਦਿਖਾਉਂਦਾ ਹੈ, ਆਪਣਾ ਨਿਕਟ ਰੂਪ ਦਿਖਾਉਂਦਾ ਹੈ ਕਿ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ ਭਾਵ ਉਹ ਆਪਣੀ ਮਤਿ ਨੂੰ, ਆਪਣੇ ਅਸੂਲਾਂ ਨੂੰ ਆਪ ਹੀ ਆਪਣਾ ਸੇਵਕ ਰੂਪ ਬਣਾ ਕੇ ਪ੍ਰਗਟ ਕਰਦਾ ਹੈ

7/722

ਜੋ ਕਿ ਭਗਤਾਂ ਦੇ, ਗੁਰੂ ਸਾਹਿਬਾਨ ਦੇ ਅਮਲੀ ਜੀਵਨ ਤੋਂ ਸਮਝਿਆਂ ਜਾ ਸਕਦਾ ਹੈ। ਇਹ ਉਹ ਅਮਲੀ ਜੀਵਨ ਹੈ ਜੋ ਉਹ ਆਪਣੇ ਹਰ ਸੇਵਕ ਤੋਂ ਚਾਹੁੰਦਾ ਹੈ ਭਾਵ ਇਹ ਉਸ ਪ੍ਰਮਾਤਮਾ ਦੇ ਸੇਵਕ ਬਣਨ ਦਾ ਤਰੀਕਾ ਹੈ ਜੋ ਕਿ ਸਭ ਲਈ ਸਮਝਾਇਆਂ ਹੋਇਆ ਹੈ। ਇਹੀ ਉਸਦਾ ਅਮਲੀ ਰੂਪ ਵਿੱਚ ਨਾਮ ਜਪਣਾ ਹੈ।

{ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥}

(ਅੰਗ ੧੩੭੨)

ਪ੍ਰਮਾਤਮਾ ਦਾ "ਗੁਰੂ" ਰੂਪ, "ਸੇਵਕ" ਰੂਪ ਪ੍ਰਮਾਤਮਾ ਦੇ ਕਹੇ ਅਨੁਸਾਰ ਕਿਵੇਂ ਚੱਲਦਾ ਹੈ ਭਾਵ ਸੇਵਕ ਰੂਪ ਗੁਰੂ ਨੂੰ ਪ੍ਰਮਾਤਮਾ ਕੋਲੋਂ ਮਤਿ ਕਿਵੇਂ ਮਿਲਦੀ ਹੈ, ਗੁਰੂ ਨੂੰ ਸੋਝੀ ਕਿਵੇਂ ਪੈਂਦੀ ਹੈ, ਗੁਰੂ ਦੇ ਰੂਪ ਵਿੱਚ ਉਸਦਾ ਆਪਣਾ ਮਾਰਗ ਦਰਸ਼ਨ ਕਿਵੇਂ ਹੁੰਦਾ ਹੈ ਭਾਵ ਗੁਰੂ ਉਹੀ ਕੁੱਝ ਕਿਵੇਂ ਕਰਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ, ਉਹ ਆਪਣਾ ਸੇਵਕ ਰੂਪ ਕਿਸ ਜੁਗਤਿ ਦੁਆਰਾ ਦਿਖਾਉਂਦਾ ਹੈ, ਇਹੀ ਇੱਕ ਆਮ ਮਨੁੱਖ ਤੇ ਗੁਰੂ ਦੀ ਸਮਝ ਦੇ ਵਿੱਚ ਭੇਦ ਹੈ ਕਿ ਗੁਰੂ ਪ੍ਰਮਾਤਮਾ ਦੇ ਨਾਲ ਕਿਵੇਂ ਜੁੜਿਆ ਹੁੰਦਾ ਹੈ ਭਾਵ ਗੁਰੂ ਨੂੰ ਗਿਆਨ ਕਿੱਥੋਂ ਮਿਲਦਾ ਹੈ ਭਾਵ ਮਨੁੱਖੀ ਰੂਪ ਵਿੱਚ ਗੁਰੂ ਦਾ ਗੁਰੂ ਕੌਣ ਹੈ, ਇਸ ਗੱਲ ਦੀ ਸੋਝੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ। ਗੁਰੂ ਸਾਹਿਬਾਨ ਨੇ ਬਾਣੀ ਕਿੱਥੋਂ ਜਾਣ ਕੇ ਉਚਾਰੀ ਇਸ ਦੀ ਸੋਝੀ ਵੀ ਨਾਲ ਹੀ ਪੈ ਜਾਵੇਗੀ।

"ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥੧॥ਰਹਾਉ॥"

ਇੱਥੇ ਮਨ ਦੇ ਵਿੱਚ ਕਹਿਣਾ ਅਤੇ ਸੁਣਨਾ ਸਮਝਾਇਆ ਹੋਇਆ ਹੈ। ਉਹ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ ਜੋ ਸਾਰੀ ਸੋਝੀ ਪਾਉਂਦਾ ਹੈ। ਉਹ ਮਨ ਦੇ ਵਿੱਚ ਹੀ ਨਿਕਟ ਹੋ ਕੇ ਦਿਖਾਉਂਦਾ ਹੈ। ਜਦੋਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਉੱਥੇ ਮਨੁੱਖ ਅਤੇ ਪ੍ਰਮਾਤਮਾ ਦਾ ਭੇਦ ਮਿਟ ਜਾਂਦਾ ਹੈ ਜੋ ਭੇਦ ਮਨ ਦੀ ਸਮਝ ਦਾ ਹੈ। ਸੇਵਕ ਰੂਪ ਗੁਰੂ ਨੂੰ ਸਾਰਾ ਗਿਆਨ ਮਨ ਦੇ ਵਿੱਚ ਸਿੱਧਾ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ। ਮਨ ਵਿੱਚ ਬੈਠਾ ਉਹ ਆਪ ਹੀ ਮਾਰਗ ਦਰਸ਼ਨ ਕਰਦਾ ਹੈ ਜੋ ਕਿ ਉਸਦਾ ਸੱਚਾ

ਗਿਆਨ ਹੁੰਦਾ ਹੈ, ਨਾਮ ਰੂਪ ਗਿਆਨ ਹੁੰਦਾ ਹੈ ਭਾਵ ਬ੍ਰਹਮ ਗਿਆਨ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਗੱਲਾਂ ਮਨ ਦੇ ਵਿੱਚ ਹੀ ਹੁੰਦੀਆਂ ਹਨ। ਉਸਦਾ ਸੇਵਕ, ਜੋ ਜੋ ਪ੍ਰਮਾਤਮਾ ਕੋਲੋਂ ਪੁੱਛਦਾ ਹੈ ਉਸਦਾ ਜਵਾਬ ਨਾਲ ਦੇ ਨਾਲ ਹੀ ਮਿਲਦਾ ਰਹਿੰਦਾ ਹੈ ਜਿਸ ਦੁਆਰਾ ਉਹ ਮਨੁੱਖੀ ਸਰੀਰ ਭਟਕ ਨਹੀਂ ਸਕਦਾ। ਗੁਰੂ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ ਤੇ ਜੋ ਜੋ ਗੱਲ ਉਸਨੇ ਸਮਝਾਣੀ ਹੁੰਦੀ ਹੈ ਉਹ ਆਪਣੇ ਗੁਰੂ ਰੂਪ ਦੁਆਰਾ ਆਪ ਹੀ ਸਮਝਾਉਂਦਾ ਹੈ। ਪ੍ਰਮਾਤਮਾ ਆਪ ਬ੍ਰਹਮ ਗਿਆਨ ਰੂਪ ਹੈ ਤੇ ਆਪਣਾ ਇਹ ਰੂਪ ਉਹ ਮਨੁੱਖੀ ਦੇਹ ਦੁਆਰਾ ਸੰਸਾਰ ਵਿੱਚ ਪ੍ਰਗਟ ਕਰ ਦਿੰਦਾ ਹੈ।

{ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ॥੪॥}

(ਅੰਗ ੭੯੩)

“ਬਿਬੇਕੁ” ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ, ਪ੍ਰਮਾਤਮਾ ਦਾ

7/723

ਆਪਣਾ ਸੱਚਾ ਗਿਆਨ ਹੈ ਜਿਸ ਦੁਆਰਾ ਮਨ ਦੇ ਵਿੱਚ ਹੀ ਪ੍ਰਮਾਤਮਾ ਆਪ ਆਪਣੀ ਸੋਝੀ ਪਾਉਂਦਾ ਹੈ ਤੇ ਮਨੁੱਖ ਦਾ ਭੁਲੇਖਾ ਦੂਰ ਕਰਦਾ ਹੈ ਜਿਸ ਦੁਆਰਾ ਉਹ ਤ੍ਰੈਗੁਣੀ ਮਾਇਆ ਦੀ ਜੁਗਤਿ ਤੋਂ ਬਾਹਰ ਨਿਕਲਦਾ ਹੈ।

ਮਨ ਦੇ ਵਿੱਚ ਪ੍ਰਮਾਤਮਾ ਦੇ ਹੋਣ ਦੀ ਸੋਝੀ ਪੈਣ ਤੋਂ ਬਾਅਦ ਹੀ ਇਹ ਯਕੀਨ ਆਉਂਦਾ ਹੈ ਕਿ ਅਸਲ ਵਿੱਚ ਗੁਰੂ ਪ੍ਰਮਾਤਮਾ ਆਪ ਹੀ ਹੈ, ਗੁਰੂ ਗਿਆਨ ਰੂਪ ਹੀ ਹੈ। ਆਪਣਾ ਸੇਵਕ, ਦਾਸ, ਭਗਤ ਜਨ ਸਭ ਕੁੱਝ ਉਹ ਆਪ ਹੀ ਹੈ। ਗੁਰੂ ਰੂਪ ਸੇਵਕ ਦੀ ਵਡਿਆਈ ਸੱਚੀ ਵਡਿਆਈ ਹੈ ਜੋ ਕਿ ਨਾਲ ਹੀ ਸਮਝਾਈ ਹੋਈ ਹੈ।

"ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥"

ਸਾਨੂੰ ਬਾਣੀ ਵਿੱਚ ਅਨੇਕਾਂ ਵਾਰ ਗੁਰੂ ਤੋਂ ਬਲਿਹਾਰੇ ਜਾਣ ਲਈ ਸਮਝਾਇਆ ਹੈ ਕਿਉਂਕਿ ਕੇਵਲ ਇੱਕ ਗੁਰੂ ਦੀ ਉਪਮਾ, ਵਡਿਆਈ ਸੱਚੀ ਹੈ ਜਿਸ ਦਾ ਜੱਸ ਸੁਣਨ ਨਾਲ ਮਨੁੱਖ ਦਾ ਮਨ ਖਿੜ ਸਕਦਾ ਹੈ, ਹੋਰ ਕੋਈ ਨਹੀਂ ਜੋ ਗੁਰੂ ਦੀ ਬਰਾਬਰੀ ਕਰ ਸਕਦਾ ਹੈ। ਉਪਰਲੀਆਂ ਪੰਗਤੀਆਂ ਵਿੱਚ ਗੁਰੂ ਦੀ ਉਪਮਾ ਹੀ ਸਮਝਾਈ ਹੋਈ ਹੈ ਜੋ ਕਿ ਉਸਨੂੰ ਸੇਵਕ ਰੂਪ ਕਹਿ ਕੇ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਇਹੋ ਜਿਹਾ ਸੇਵਕ ਭਾਉਂਦਾ ਹੈ ਭਾਵ ਉਹ ਭਾਉਂਦਾ ਹੈ ਜੋ ਉਸਦੇ ਤਰ੍ਹਾਂ ਹੀ ਬਣਦਾ ਹੈ, ਵਿਚਰਦਾ ਹੈ। ਉਸਦਾ ਸੇਵਕ ਉਸਦੀ ਸੱਚੀ ਮਤਿ ਵਾਲਾ ਹੈ, ਉਸਦੇ ਸੱਚੇ ਗਿਆਨ ਵਾਲਾ ਹੈ। ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸੱਚੀ ਮਤਿ ਤੇ ਚੱਲ ਕੇ ਹੀ ਉਸਦਾ ਸੇਵਕ ਬਣਿਆ ਜਾ ਸਕਦਾ ਹੈ। ਉਸਦੇ ਸੇਵਕ ਨੂੰ ਉਸਦੀ ਮਤਿ ਉਸਦੇ ਪਰਸਣ ਦੁਆਰਾ ਹੀ ਮਿਲਦੀ ਹੈ। ਉਸਦਾ ਪਰਸ ਉਸਦਾ ਮੇਲ ਹੈ ਜੋ ਕਿ ਮਨ ਦੇ ਵਿੱਚ ਉਸਦੀ ਸੱਚੀ ਮਤਿ ਨੂੰ ਪਰਸਣ ਦੁਆਰਾ, ਉਸਦੇ ਚੌਥੇ ਪਦ ਦੇ ਗਿਆਨ ਨੂੰ ਪਰਸਣ ਦੁਆਰਾ ਹੁੰਦਾ ਹੈ ਜਿਸ ਉੱਚੇ ਗਿਆਨ ਨੂੰ ਸਾਡੀ ਸਮਝ ਹੀ ਪਰਸਦੀ ਹੈ ਤੇ ਪਰਸਣ ਤੋਂ ਬਾਅਦ ਉੱਚੇ ਗਿਆਨ ਵਾਲੀ, ਬ੍ਰਹਮ ਗਿਆਨ ਵਾਲੀ ਸਮਝ ਬਣ ਜਾਂਦੀ ਹੈ। ਇਹ ਕੋਈ ਦੇਹ ਰੂਪੀ ਪਰਸ ਨਹੀਂ ਹੈ, ਇਹ ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਪਰਸ ਹੈ। ਉਹ ਜੋਤਿ ਰੂਪ ਵਿੱਚ ਵਰਤਦਾ ਹੈ ਤੇ ਉਸਦਾ ਪਰਸ ਵੀ ਜੋਤਿ ਸਰੂਪ ਹੈ।

(ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥)

(ਅੰਗ - ੧੪੦੮)

ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਵਿੱਚ ਪ੍ਰਮਾਤਮਾ ਦਾ ਪਰਸ ਜੋਤਿ ਸਰੂਪ ਵਿੱਚ ਹੀ ਹੋਇਆ ਹੈ। ਉਹਨਾਂ ਦੀ ਦੇਹ ਤਾਂ ਕਦੋਂ ਦੀ ਬਿਨਸ ਚੁੱਕੀ ਹੈ ਪਰ ਜੋਤਿ ਅੱਜ ਵੀ ਉਸੇ ਤਰ੍ਹਾਂ ਹੈ। "ਉਹ ਜੋਤਿ" ਹੁਣ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਗਿਆਨ ਰਾਹੀਂ

7/724

ਸਦਾ ਹੀ ਦਿਨ ਰਾਤ ਪ੍ਰਗਟ ਹੋ ਰਹੀ ਹੈ ਜੋ ਕਦੇ ਬਿਨਸ ਹੀ ਨਹੀਂ ਸਕਦੀ ਭਾਵ ਉਹ ਸਦਾ ਲਈ ਅਮਰ ਹੈ।

{ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥}

(ਅੰਗ ੯੮੨)

ਬਾਬੇ ਨਾਨਕ ਦੀ ਜੋਤਿ ਗੁਰਬਾਣੀ ਦੇ ਵਿੱਚ ਹੀ ਸਮਾਈ ਹੋਈ ਹੈ, ਨਾਮ ਦੇ ਰੂਪ ਵਿੱਚ ਸਮਾਈ ਹੋਈ ਹੈ। ਇਹ ਜੋਤਿ ਉਹਨਾਂ ਦੇ ਸ਼ਬਦ ਹਨ, ਸ਼ਬਦਾਂ ਵਿੱਚ ਸਮਝਾਈ ਹੋਈ ਮਤਿ ਹੈ। ਉੱਪਰ ਸ਼ਬਦ ਵਿਚ ਇਹ ਵੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਬਾਣੀ ਵਿੱਚ ਸਾਰੇ ਅੰਮ੍ਰਿਤ ਹਨ। ਸਾਰੇ ਅੰਮ੍ਰਿਤ ਤੋਂ ਭਾਵ ਹੈ ਸਾਰੇ ਅੰਮ੍ਰਿਤ ਵਿਚਾਰ ਹਨ। ਹਰ ਸ਼ਬਦ ਦੀ ਵਿਚਾਰ ਅੰਮ੍ਰਿਤ ਹੈ ਭਾਵ ਨਾਮ ਹੈ ਭਾਵ ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਹੈ, ਨਾਮ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਸਾਨੂੰ ਮਤਿ ਹੀ ਦਿੰਦੀ ਹੈ ਜੋ ਮਤਿ ਮਨ ਦੇ ਵਿੱਚੋਂ ਉਸ ਜੋਤਿ ਰੂਪ ਪ੍ਰਮਾਤਮਾ ਦੇ ਕੋਲੋਂ ਆਈ ਹੈ ਜੋ ਉਸਨੇ ਭਗਤਾਂ ਦੇ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਆਪਣੀ ਜੋਤਿ ਦੁਆਰਾ ਪ੍ਰਗਟ ਹੋ ਕੇ ਆਪ ਹੀ ਦਿੱਤੀ ਹੈ। ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾ ਕੇ ਉਸਦੀ ਕ੍ਰਿਪਾ ਨਾਲ ਉਸ ਜੋਤਿ ਰੂਪ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਹੀ ਹੋਣੇ ਹਨ। ਇਹ ਸਭ ਕੁੱਝ ਉਸ "ਜੋਤਿ" ਰੂਪ ਪ੍ਰਮਾਤਮਾ ਦੇ ਆਪਣੇ ਵੱਸ ਹੈ ਕਿ ਉਹ ਕਿਸ ਮਨੁੱਖੀ ਮਨ ਰਾਹੀਂ ਆਪਣੀ ਜੋਤਿ ਦੁਆਰਾ ਪ੍ਰਗਟ ਹੋਣਾ ਚਾਹੁੰਦਾ ਹੈ। ਜਿੱਥੇ ਉਹ ਪ੍ਰਗਟ ਹੋਣਾ ਚਾਹੁੰਦਾ ਹੈ, ਜਿੱਥੇ ਉਹ ਕ੍ਰਿਪਾ ਕਰਨਾ ਚਾਹੁੰਦਾ ਹੈ ਉੱਥੇ ਹੀ ਪਹਿਲਾਂ ਆਪਣੇ ਸੱਚੇ ਮਾਰਗ ਦੀ ਸੋਝੀ ਪਾਵੇਗਾ, ਜੋਤਿ ਨੂੰ ਮਿਲਣ ਦਾ ਮਾਰਗ ਸਮਝਾਵੇਗਾ, ਉਸਦੇ ਮਨ ਵਿੱਚੋਂ ਔਗੁਣ ਛੱਡਣ ਵਾਲੀ ਸਮਝ ਪਾਵੇਗਾ, ਉਸਨੂੰ ਵਿਅਰਥ ਦੇ ਜਪ ਤਪ ਤੋਂ ਬਚਾਵੇਗਾ, ਭੇਖ ਤੋਂ ਬਚਾਵੇਗਾ, ਹਉਮੈ ਤੋਂ ਭਾਵ ਮਨ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਤੋਂ ਬਚਾਵੇਗਾ ਤੇ ਆਪਣੇ ਪ੍ਰਗਟ ਹੋਣ ਦਾ ਰਸਤਾ ਸਾਫ਼ ਕਰੇਗਾ। ਪ੍ਰਮਾਤਮਾ ਆਪ ਸੱਚ ਹੈ ਤੇ ਉਸਨੂੰ ਸੱਚ ਹੀ ਭਾਉਂਦਾ ਹੈ ਤੇ ਜਿਸ

ਦੇ ਅੰਦਰ ਉਹ ਆਪਣੀ ਜੋਤਿ ਦੁਆਰਾ ਪ੍ਰਗਟ ਹੁੰਦਾ ਹੈ ਉਸ ਮਨ ਦੇ ਵਿੱਚ ਆਪਣਾ ਸੱਚ ਹੀ ਬਖਸ਼ਦਾ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਸੱਚ ਹੈ ਜੋ ਸੱਚ ਰੂਪ ਪ੍ਰਮਾਤਮਾ ਦੇ ਕੋਲੋਂ ਆਈ ਹੈ। ਪ੍ਰਮਾਤਮਾ ਸੱਚ ਤੇ ਚੱਲਣ ਦੁਆਰਾ ਹੀ ਮਿਲ ਸਕਦਾ ਹੈ ਤੇ ਇਹ ਉਸਦਾ ਆਪਣਾ ਥਾਪਿਆ ਹੋਇਆ ਧਰਮ ਹੈ, ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ, ਵਿਧਾਨ ਹੈ ਜੋ ਸਦਾ ਤੋਂ ਥਿਰ ਹੈ ਭਾਵ ਅਡੋਲ ਹੈ ਜੋ ਕਦੇ ਨਾ ਬਦਲਿਆ ਹੈ ਤੇ ਨਾ ਹੀ ਕਦੇ ਬਦਲ ਸਕਦਾ ਹੈ। ਦੇਹ ਸਰੂਪ ਦੇ ਦਰਸ਼ਨ ਕਰਕੇ, ਦੇਹ ਸਰੂਪ ਨੂੰ ਪਰਸ ਕੇ ਕੋਈ ਸੱਚ ਦੀ ਪ੍ਰਾਪਤੀ ਨਹੀਂ ਕਰ ਸਕਦਾ ਭਾਵ ਮਨ ਦੀ ਨਾਸਮਝ ਮਤਿ ਤੋਂ ਮੁਕਤ ਨਹੀਂ ਹੋ ਸਕਦਾ। ਇਹ ਆਪਣਾ ਗੁਰਬਾਣੀ ਦਾ, ਗੁਰੂ ਪ੍ਰਮਾਤਮਾ ਦਾ ਫੁਰਮਾਨ ਹੈ।

{ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥}

(ਅੰਗ ੫੯੪)

ਆਓ ਸਭ ਤੋਂ ਪਹਿਲਾਂ ਘੱਟੋ ਘੱਟ ਮਨ ਵਿੱਚ ਇਤਨਾ ਵਿਸ਼ਵਾਸ ਜਰੂਰ ਕਰ ਲਈਏ ਕਿ ਜੋ ਕੁੱਝ ਗੁਰਬਾਣੀ ਸਾਨੂੰ ਸਮਝਾ ਰਹੀ ਹੈ, ਉਹ ਬਿਲਕੁਲ ਸੱਚ ਹੈ। ਬਾਣੀ ਸਾਨੂੰ ਸੈਂਕੜੇ ਸ਼ਬਦਾਂ ਦੁਆਰਾ ਵਾਰ-ਵਾਰ ਇਹ ਗੱਲ ਸਮਝਾ ਰਹੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਅਤੇ ਉਹ ਨਿਰਗੁਣ ਸਰੂਪ ਹੈ ਭਾਵ ਨਿਰੰਕਾਰ ਸਰੂਪ ਹੈ ਤੇ ਕੋਈ ਦੇਹ ਸਰੂਪ ਨਹੀਂ ਹੈ, ਆਕਾਰ ਰੂਪ ਨਹੀਂ ਹੈ।

{ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ॥
ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥੨॥
ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥
ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ॥੩॥}

(ਅੰਗ ੮੧੬)

{ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਪ੍ਰਭ ਮਿਲਣੈ ਕੀ ਏਹ ਨੀਸਾਣੀ ॥
ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥}

(ਅੰਗ ੧੦੬)

7/725

ਬਾਣੀ ਸਾਨੂੰ ਕਿਤੇ ਵੀ ਦੇਹ ਦੇ ਨਾਲ ਜੁੜਨ ਦੀ ਗੱਲ ਨਹੀਂ ਸਮਝਾਉਂਦੀ, ਨਾ ਹੀ ਕਿਸੇ ਦੇਹ ਦੀ ਪੂਜਾ ਲਈ ਤੇ ਨਾ ਹੀ ਦੇਹ ਨਾਲ ਕਿਰਿਆਵਾਂ ਕਰਨੀਆਂ। ਜਿਸ ਪ੍ਰਮਾਤਮਾ ਦਾ ਕੋਈ ਰੂਪ ਰੇਖ ਹੈ ਹੀ ਨਹੀਂ, ਜੋ ਪੰਜਾਂ ਤੱਤਾਂ ਤੋਂ ਵੀ ਬਾਹਰ ਹੈ ਉਸਦੀ ਆਕਾਰ ਰੂਪ ਪੂਜਾ ਜਾਂ ਉਸਦੇ ਨਾਲ ਮੇਲ ਫਿਰ ਆਕਾਰ ਰੂਪ ਵਿੱਚ ਹੋ ਵੀ ਕਿਵੇਂ ਸਕਦਾ ਹੈ। ਦੇਹ ਦੇ ਨਾਲ ਮੇਲ ਦੀਆਂ ਗੱਲਾਂ ਉਹੀ ਕਰ ਸਕਦਾ ਹੈ ਜਿਸ ਨੂੰ ਜਾਂ ਤਾਂ ਬਾਣੀ ਸਮਝ ਨਹੀਂ ਆਈ ਤੇ ਜਾਂ ਜਿਸਨੂੰ ਬਾਣੀ ਤੇ ਯਕੀਨ ਨਹੀਂ ਆਇਆ। ਗੁਰੂ ਦੀ ਇਤਨੀ ਸਾਫ਼ ਗੱਲ ਪੜ੍ਹ ਕੇ ਵੀ ਅਸੀਂ ਉਸ ਨੂੰ ਮੰਨਣ ਲਈ ਤਿਆਰ ਨਹੀਂ ਹੁੰਦੇ ਫਿਰ ਇਸ ਵਿੱਚ ਗੁਰੂ ਦਾ ਕੀ ਕਸੂਰ ਹੈ। ਕਸੂਰ ਸਾਡਾ ਹੀ ਹੈ ਜੋ ਅਸੀਂ ਗੁਰੂ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਪਰ ਉਹਨਾਂ ਦੀਆਂ ਗੱਲਾਂ ਜਰੂਰ ਮੰਨ ਲੈਂਦੇ ਹਾਂ ਜਿਹੜੇ ਦੇਹ ਰੂਪ ਦੇ ਦਰਸ਼ਨਾਂ ਦੀਆਂ ਗੱਲਾਂ ਸੁਣਾਉਂਦੇ ਹਨ। ਅਸਲ ਵਿੱਚ ਸਾਨੂੰ ਗੁਰੂ ਨਾਲੋਂ ਜਿਆਦਾ ਸ਼ਰਧਾ, ਜਿਆਦਾ ਵਿਸ਼ਵਾਸ ਉਨ੍ਹਾਂ ਤੇ ਹੈ ਜੋ ਗੁਰੂ ਦੀ ਸਿੱਖਿਆ ਦੇ ਉਲਟ ਰੱਬ ਨੂੰ ਕਿਸੇ ਆਕਾਰ ਰੂਪ ਵਿੱਚ ਹੋਣ ਦੀ ਗੱਲਾਂ ਕਰਦੇ ਹਨ ਤੇ ਆਕਾਰ ਰੂਪ ਨਾਲ ਮਿਲਣ ਦੀਆਂ ਗੱਲਾਂ ਸਮਝਾਉਂਦੇ ਹਨ। ਸਾਡੇ ਭੁਲੇਖੇ ਪੈਣ ਦਾ ਵੱਡਾ ਕਾਰਨ ਅਸਲ ਵਿੱਚ ਸਾਡੀਆਂ ਸਰੀਰਕ ਕਿਰਿਆਵਾਂ ਦਾ ਜਪ ਤਪ ਹੈ, ਲੰਮੀਆਂ-ਲੰਮੀਆਂ ਸਮਾਧੀਆਂ ਦਾ ਜਪ ਤਪ ਹੈ ਜਿਸ ਨੂੰ ਅਸੀਂ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ। ਅਸਲ

ਵਿੱਚ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਇਹ ਭਗਤੀ ਦਾ ਸੱਚਾ ਮਾਰਗ ਹੈ ਹੀ ਨਹੀਂ ਤੇ ਫਿਰ ਇਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਦਾ ਮੇਲ ਕੀ ਹੈ, ਇਹ ਸੋਝੀ ਪੈ ਹੀ ਨਹੀਂ ਸਕਦੀ। ਪ੍ਰਮਾਤਮਾ ਦੀ ਸਮਝਾਈ ਹੋਈ ਭਗਤੀ ਤੋਂ ਉਲਟ ਚੱਲ ਕੇ ਪ੍ਰਮਾਤਮਾ ਦੀ ਸੋਝੀ ਪੈ ਜਾਵੇ ਇਹ ਨਾ-ਮੁਮਕਿਨ ਹੈ। ਭੁਲੇਖੇ ਵਾਲੀ ਭਗਤੀ ਦਾ ਫ਼ਲ ਵੀ ਭੁਲੇਖਾ ਹੀ ਹੈ। ਜਿਸ ਗੱਲ ਦੀ ਸ਼ੁਰੂਆਤ ਹੀ ਗਲਤ ਹੈ, ਉਸ ਦਾ ਅੰਤ ਠੀਕ ਨਹੀਂ ਹੋ ਸਕਦਾ।ਇਹ ਭੁਲੇਖਾ ਸਦੀਆਂ ਸਦੀਆਂ ਤੋਂ ਹਰ ਕਿਸੇ ਦੇ ਮਨ ਦੇ ਵਿੱਚ ਬੈਠਾ ਹੋਇਆ ਹੈ ਕਿ ਸਰੀਰਕ ਜਪ ਤਪ ਹੀ ਪ੍ਰਮਾਤਮਾ ਦੀ ਭਗਤੀ ਹੈ। ਅਸੀਂ ਇਹੋ ਜਿਹੀ ਭਗਤੀ ਨੂੰ ਹੀ ਪ੍ਰਮਾਤਮਾ ਦੇ ਦਰ ਤੇ ਜਾਣ ਦਾ ਵੇਸ ਸਮਝਦੇ ਹਾਂ। ਅਸੀਂ ਮਨੁੱਖ ਦੇ ਪਹਿਰਾਵੇ ਨੂੰ ਦੇਖਦੇ ਹਾਂ, ਬਾਣੇ ਨੂੰ ਦੇਖਦੇ ਹਾਂ, ਉਸ ਦੇ ਸਮਾਧੀ ਵਾਲੇ ਜਪ ਤਪ ਨੂੰ ਦੇਖਦੇ ਹਾਂ ਤੇ ਇਹਨਾਂ ਗੱਲਾਂ ਨਾਲ ਹੀ ਇਹ ਤੈਅ ਕਰਦੇ ਹਾਂ ਕਿ ਇਹ ਮਨੁੱਖ ਭਗਤੀ ਵਾਲਾ ਹੈ ਜਾਂ ਨਹੀਂ, ਪ੍ਰਮਾਤਮਾ ਦੇ ਦਰ ਤੇ ਜਾਣ ਵਾਲਾ ਹੈ ਜਾਂ ਨਹੀਂ ਭਾਵ ਇਹੋ ਜਿਹੇ ਮਨੁੱਖਾਂ ਨੂੰ ਹੀ ਦਰਵੇਸ਼ ਸਮਝਦੇ ਹਾਂ ਭਾਵ ਪ੍ਰਮਾਤਮਾ ਦੇ ਦਰ ਤੇ ਜਾਣ ਦੇ ਵੇਸ ਵਾਲਾ ਮੰਨਦੇ ਹਾਂ। ਬਾਣੀ ਸਾਨੂੰ ਇਸ ਦੇ ਉਲਟ ਸਮਝਾ ਰਹੀ ਹੈ। ਪ੍ਰਮਾਤਮਾ ਦੇ ਦਰ ਤੇ ਜਾਣ ਲਈ ਨਾ ਕਿਸੇ ਖਾਸ ਬਾਣੇ ਦੀ ਲੋੜ ਹੈ ਤੇ ਨਾ ਹੀ ਕਿਸੇ ਸਮਾਧੀ ਵਾਲੇ

8/726

ਜਪ ਤਪ ਦੇ ਦਿਖਾਵੇ ਦੀ ਲੋੜ ਹੈ। ਪ੍ਰਮਾਤਮਾ ਦੇ ਦਰ ਤੇ ਜਾਣ ਦਾ ਵੇਸ ਮਨੁੱਖ ਦੇ ਮਨ ਦੀ ਬਿਰਤੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਹੈ, ਉਸ ਦੇ ਕਰਮ ਹਨ ਭਾਵ ਉਸਦੀ ਕਿਰਤ ਹੈ, ਉਸਦੀ ਦੁਨਿਆਵੀ ਵਿਚਰਨ ਹੈ, ਉਸਦਾ ਸੰਸਾਰਿਕ ਜੀਵਨ ਹੈ ਜਿੱਥੋਂ ਇਹ ਤੈਅ ਹੁੰਦਾ ਹੈ ਕਿ ਕਿਹੜਾ ਮਨੁੱਖ ਨਾਮ ਵਾਲਾ ਹੈ ਤੇ ਕਿਹੜਾ ਮਨੁੱਖ ਨਾਮ ਵਿਹੂਣਾ ਹੈ। ਉਸਦੇ ਦਰਸ਼ਨ ਉਸਦਾ ਉਹ ਦਰਵੇਸ਼ ਹੀ ਕਰ ਸਕਦਾ ਹੈ ਜਿਸ ਨੂੰ ਉਹ ਭਰਮਾਂ ਵਿੱਚੋਂ ਕੱਢ ਕੇ, ਸੱਚੀ ਭਗਤੀ ਦੀ ਸੋਝੀ ਪਾ ਕੇ ਕੇਵਲ ਸੱਚੇ ਸੁੱਚੇ ਕਰਮ ਕਰਵਾਉਂਦਾ ਹੈ ਨਾ ਕਿ ਕਿਸੇ ਝੂਠੀ ਭਗਤੀ ਦੇ ਵਿਖਾਵਿਆਂ ਵਿੱਚ ਪਾਉਂਦਾ ਹੈ। ਆਉ ਇਹੀ ਗੱਲ ਧੰਨ ਧੰਨ ਭਗਤ ਸੇਖ ਫਰੀਦ ਜੀ ਦੀ ਜੋਤਿ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਦੁਆਰਾ ਉਚਾਰੇ ਹੋਏ ਇਸ ਸ਼ਬਦ ਰਾਹੀਂ ਜਾਣੀਏ ਕਿ ਪ੍ਰਮਾਤਮਾ ਕੋਲ ਜਾਣ ਦਾ ਸੱਚਾ ਵੇਸ ਕੀ ਹੈ, ਉਸਦਾ ਦਰਵੇਸ਼ ਬਣਨਾ ਕੀ ਹੈ। ਇਸ ਸ਼ਬਦ ਰਾਹੀਂ ਉਹਨਾਂ ਨੇ ਸਾਡਾ ਇਹ ਭੁਲੇਖਾ ਹੀ ਕੱਢਿਆ ਹੋਇਆ ਹੈ।

“ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥੬੧॥”

(ਅੰਗ ੧੩੮੧)

"ਕਾਲੇ" ਤੋਂ ਭਾਵ ਹੈ ਮਾੜਾ, ਨਿਕੰਮਾ ਭਾਵ ਕਿਸੇ ਕੰਮ ਨਾ ਆਉਣ ਵਾਲਾ ਜਿਵੇਂ ਕਿ ਅਸੀਂ ਮਾੜੇ ਮਨੁੱਖ ਨੂੰ ਕਾਲੇ ਮਨ ਵਾਲਾ ਕਹਿੰਦੇ ਹਾਂ, ਕਾਲੇ ਮੂੰਹ ਵਾਲਾ ਕਹਿੰਦੇ ਹਾਂ। ਇਹ ਸਾਡੇ ਅੰਦਰ ਦੀ ਕਾਲੀ ਸਮਝ ਹੈ ਭਾਵ ਮਾੜੀ ਸਮਝ ਹੈ ਜੋ ਮਨੁੱਖ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ।

{ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥}

(ਅੰਗ ੮੫)

ਅਸੀਂ ਮਨੁੱਖ ਦੇ ਕੱਪੜਿਆਂ ਦੇ ਪਹਿਰਾਵੇ ਦੁਆਰਾ, ਉਸਦੇ ਚੋਲੇ ਦੁਆਰਾ, ਉਸਦੇ ਬਾਣੇ ਨੂੰ ਦੇਖ ਕੇ ਇਹ ਵਿਚਾਰ ਬਣਾਉਂਦੇ ਹਾਂ ਕਿ ਇਹ ਮਨੁੱਖ ਰੱਬ ਦੇ ਦਰ ਤੇ ਜਾਣ ਵਾਲਾ ਹੈ ਜਾਂ ਨਹੀਂ ਭਾਵ ਜਿਵੇਂ ਕਿ ਪੁਰਾਤਨ ਸਮੇਂ ਤੋਂ ਚੱਲਦੇ ਆ ਰਹੇ ਭਗਵਾਂ ਵੇਸ ਨੂੰ, ਭਗਵਾਂ ਚੋਲੇ ਪਾਉਣ ਵਾਲੇ ਨੂੰ ਅਸੀਂ ਦਰਵੇਸ਼ ਮੰਨਦੇ ਹਾਂ ਕਿ ਇਹੋ ਜਿਹੇ ਮਨੁੱਖ ਪ੍ਰਮਾਤਮਾ ਦੇ ਭਗਤ ਹੁੰਦੇ ਹਨ ਤੇ ਜਿਸਦਾ ਬਾਣਾ ਭਗਤੀ ਵਾਲਾ ਨਹੀਂ ਦਿਸਦਾ ਉਸਨੂੰ ਅਸੀਂ ਦਰਵੇਸ਼ ਨਹੀਂ ਕਹਿੰਦੇ, ਪ੍ਰਮਾਤਮਾ ਦੀ ਭਗਤੀ ਵਾਲਾ ਨਹੀਂ ਸਮਝਦੇ। ਇਸੇ ਤਰ੍ਹਾਂ ਵੱਖਰੇ-ਵੱਖਰੇ ਧਰਮ ਗ੍ਰੰਥਾਂ ਦੇ ਮੰਨਣ ਵਾਲੇ ਆਪਣੇ ਆਪ ਨੂੰ ਵੱਖਰਾ ਦਿਖਾਉਣ ਲਈ, ਭਗਤੀ ਭਾਵ ਵਾਲਾ ਦਿਖਾਉਣ ਲਈ ਆਮ ਦੁਨੀਆਂ ਨਾਲੋਂ ਹੱਟ ਕੇ ਬਾਣਾ ਪਾਉਂਦੇ ਹਨ ਤੇ ਅਸੀਂ ਆਪਣੀ-ਆਪਣੀ ਬਣਾਈ ਹੋਈ ਮਰਿਆਦਾ ਅਨੁਸਾਰ ਉਹਨਾਂ ਨੂੰ ਦਰਵੇਸ਼ ਮੰਨਦੇ ਹਾਂ। ਸਿੱਖ ਜਗਤ ਵੀ ਇਸ ਗੱਲ ਤੋਂ ਕੋਈ ਵੱਖਰੀ ਸੋਚ ਨਹੀਂ ਰੱਖਦਾ ਬਲਕਿ ਵੱਖਰੀਆਂ-ਵੱਖਰੀਆਂ ਜੱਥੇਬੰਦੀਆਂ ਦੀ ਪਹਿਚਾਣ ਦੇ ਸਦਕਾ ਵੱਖਰੇ-ਵੱਖਰੇ ਚੋਲਿਆਂ ਨੂੰ ਅਪਣਾਉਂਦੇ ਹਨ ਤੇ ਤਾਂ ਹੀ ਉਹਨਾਂ ਨੂੰ ਦਰਵੇਸ਼ ਸਮਝਿਆ ਜਾਂਦਾ ਹੈ। ਇਹ ਤਾਂ ਹੋਇਆ ਸਾਡਾ ਪਹਿਰਾਵੇ ਦੁਆਰਾ ਦਰਵੇਸ਼ ਅਖਵਾਉਣਾ ਜਾਂ ਸਮਝਣਾ।

8/727

ਦੂਸਰਾ ਦਰਵੇਸ਼ ਅਖਵਾਉਣ ਦਾ ਤਰੀਕਾ, ਸਮਝਣ ਦਾ ਤਰੀਕਾ ਸਾਡੇ ਹੋਰ ਸਰੀਰਕ ਵੇਸ ਹਨ ਭਾਵ ਸਾਡੇ ਭੇਖ ਹਨ ਜੋ ਸਾਡੇ ਸਰੀਰਕ ਜਪ ਤਪ ਦੁਆਰਾ ਸਾਹਮਣੇ ਆਉਂਦੇ ਹਨ, ਸਮਾਜ ਦੇ ਸਾਹਮਣੇ ਪ੍ਰਗਟ ਹੁੰਦੇ ਹਨ ਜਿਹਨਾਂ ਨਾਲ ਕਿਸੇ ਨੂੰ ਦਰਵੇਸ਼ ਕਿਹਾ ਜਾਂ ਸਮਝਿਆ ਜਾਂਦਾ ਹੈ ਭਾਵ ਜਿਸ ਮਨੁੱਖ ਕੋਲ ਪੁਸ਼ਾਕ ਰੂਪ ਜਾਂ ਸਰੀਰਕ ਜਪ ਤਪ ਦਾ ਦਿਖਾਵਾ ਨਹੀਂ ਹੈ, ਉਸਨੂੰ ਅਸੀਂ ਦਰਵੇਸ਼ ਨਹੀਂ ਸਮਝਦੇ। ਇੱਕ ਮਨੁੱਖ ਅਗਰ ਉਹ ਪੈਂਟਾ ਪਾਉਣ ਵਾਲਾ ਹੈ ਖਾਸ ਕਰਕੇ ਅਗਰ ਉਸਨੇ ਜੀਨਸ ਪਾਈ ਹੋਵੇ, ਟਾਈ ਲਗਾਈ ਹੋਵੇ, ਨਾ ਕੋਈ ਸਰੀਰਕ ਜਪ ਤਪ ਕਰਦਾ ਹੋਵੇ, ਤਾਂ ਫਿਰ ਕੀ ਕੋਈ ਉਸਨੂੰ ਦਰਵੇਸ਼ ਕਹਿ ਸਕਦਾ ਹੈ? ਕੋਈ ਨਹੀਂ ਕਹੇਗਾ ਕਿਉਂਕਿ ਸਦੀਆਂ ਤੋਂ ਸਾਡੀ ਇਹੀ ਸੋਚ ਬਣੀ ਹੋਈ ਹੈ। ਇਸੇ ਤਰ੍ਹਾਂ ਅਸੀਂ ਪ੍ਰਮਾਤਮਾ ਦੀ ਭਗਤੀ ਨੂੰ ਆਪਣੀ ਆਪਣੀ ਆਸਥਾ ਅਨੁਸਾਰ ਅਨੇਕਾਂ ਹੀ ਹੋਰ ਤਰੀਕਿਆਂ ਨਾਲ ਜੋੜਿਆ ਹੋਇਆ ਹੈ ਜਿੰਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਕਿਸੇ ਨੇ ਭਗਤੀ ਨੂੰ ਖਾਣੇ ਦੀ ਸੁੱਚ ਨਾਲ ਤੇ ਸਰੀਰਕ ਸੁੱਚ ਨਾਲ ਜੋੜਿਆ ਹੋਇਆ ਹੈ, ਕਿਸੇ ਨੇ ਕਿਸੇ ਖਾਸ ਵੇਲੇ ਦੀ ਸੰਭਾਲ ਨਾਲ ਜੋੜਿਆ ਹੋਇਆ ਹੈ, ਕਿਸੇ ਨੇ ਥਿਤਾਂ, ਵਾਰਾਂ ਨੂੰ ਉੱਚਾ ਮੰਨਣ ਨਾਲ ਜੋੜਿਆ ਹੋਇਆ ਹੈ, ਤੀਰਥਾਂ ਦੇ ਇਸ਼ਨਾਨ ਨਾਲ ਜੋੜਿਆ ਹੋਇਆ ਹੈ ਪਰ ਇਹ ਸਭ ਭਗਤੀ ਦੇ ਦਿਖਾਵੇ ਹੀ ਹਨ, ਸਾਡੇ ਭਗਤੀ ਦੇ ਝੂਠੇ ਵੇਸ ਹੀ ਹਨ, ਸਾਡੇ ਭੇਖ ਹੀ ਹਨ ਜਿੰਨ੍ਹਾਂ ਵਿਖਾਵਿਆਂ ਕਰਕੇ ਸਾਨੂੰ ਸਮਾਜ ਵਿੱਚ ਪ੍ਰਮਾਤਮਾ ਦੇ ਦਰ ਦੇ ਦਰਵੇਸ਼ ਸਮਝਿਆ ਜਾਂਦਾ ਹੈ। ਬਾਣੀ ਸਾਨੂੰ ਇਸਦੇ ਉਲਟ ਸਮਝਾ ਰਹੀ ਹੈ। ਉਸਦਾ ਦਰਵੇਸ਼ ਬਣਨ ਲਈ ਨਾ ਕਿਸੇ ਖਾਸ ਬਾਣੇ ਦੀ ਲੋੜ ਹੈ ਤੇ ਨਾ ਹੀ ਕਿਸੇ ਸਰੀਰਕ ਜਪ ਤਪ ਦੀ ਲੋੜ ਹੈ ਤੇ ਨਾ ਹੀ ਕਿਸੇ ਹੋਰ ਉਹੋ ਜਿਹੇ ਤਰੀਕੇ ਦੀ ਲੋੜ ਹੈ ਜਿੰਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਉਸਦਾ ਦਰਵੇਸ਼ ਬਣਨ ਲਈ ਇੱਕੋ ਗੱਲ ਦੀ ਲੋੜ ਹੈ ਤੇ ਉਹ ਹੈ ਸਾਡੇ ਮਨ ਦੀ ਸੁੱਚ, ਸਾਡੀ ਨੀਅਤ, ਸਾਡੇ ਕਰਮ। ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨੇ ਬਿਨ੍ਹਾਂ ਭਾਵੇਂ ਅਸੀਂ ਗੁਨਾਹਾਂ ਨਾਲ ਭਰੇ ਹੋਏ ਹੁੰਦੇ ਹਾਂ ਪਰ ਸਾਡਾ ਵਿਖਾਵਾ ਦੁਨੀਆਂ ਨੂੰ ਭਗਤੀ ਵਾਲਾ ਲੱਗਦਾ ਹੈ ਜੋ ਕਿ ਸਾਡੀ ਸੋਚ ਸਦੀਆਂ ਤੋਂ ਚੱਲਦੀ ਆ ਰਹੀ ਹੈ ਜਿਸ ਕਰਕੇ ਉਹ ਸਾਨੂੰ ਫਿਰ ਵੀ ਦਰਵੇਸ਼ ਹੀ ਸਮਝਦੇ ਹਨ ਜਦ ਕਿ ਇਹ ਉਸਦਾ ਦਰਵੇਸ਼ ਬਣਨਾ ਨਹੀਂ ਹੈ। ਜਦ ਤੱਕ ਸਾਡੇ ਅੰਦਰ ਔਗੁਣ ਹਨ, ਲੋਕਾਂ ਦਾ ਸਾਨੂੰ ਦਰਵੇਸ਼ ਸਮਝਣਾ ਕੇਵਲ ਇੱਕ ਭੁਲੇਖਾ ਹੈ। ਸਾਡੇ ਇਹੋ ਜਿਹੇ ਵੇਸ, ਭੇਖ, ਦਿਖਾਵੇ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੇਵਲ ਕਾਲੇ ਹੀ ਹਨ ਭਾਵ ਕਿਸੇ ਕੰਮ ਆਉਣ ਵਾਲੇ ਨਹੀਂ ਹਨ। (**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥ ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥**) ਧੰਨ ਧੰਨ ਭਗਤ ਫਰੀਦ ਜੀ ਕੋਈ ਗੁਨਾਹਾਂ ਨਾਲ ਭਰੇ ਹੋਏ ਥੋੜੀ ਸਨ। ਸਾਨੂੰ ਹੀ ਸਮਝਾ ਰਹੇ ਹਨ। ਭਗਤੀ ਬਾਰੇ ਸਾਨੂੰ ਆਪਣੇ ਵਿਚਾਰ ਬਦਲਣ ਦੀ ਲੋੜ ਹੈ। ਉਸਦੀ ਭਗਤੀ, ਜਿਵੇਂ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੈ। ਸਾਡਾ ਬਾਣਾ ਕਿਹੋ ਜਿਹਾ ਹੈ, ਪ੍ਰਮਾਤਮਾ ਇਸ ਗੱਲ ਨੂੰ ਬਿਲਕੁਲ ਵੀ ਨਹੀਂ ਵਿਚਾਰਦਾ।

{ਪੈਨ੍ਹਣੁ ਖਾਣਾ ਚੀਤਿ ਨ ਪਾਈ॥ਸਾਚੁ ਸਹਜੁ ਸੁਖੁ ਨਾਮਿ ਵਸਾਈ॥੧॥}

(ਅੰਗ ੧੩੩੧)

{ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ ੧੩੪੩)

ਉਸ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਬਾਣੇ ਦੀ ਅਹਿਮੀਅਤ ਨਹੀਂ ਹੈ ਤੇ ਨਾ ਹੀ ਬਾਣੀ ਸਾਨੂੰ ਕੋਈ ਖਾਸ ਕਿਸਮ ਦਾ ਬਾਣਾ ਪਹਿਨਣ ਲਈ ਸਮਝਾ ਰਹੀ ਹੈ। ਹਰ ਕੋਈ ਆਪਣੀ ਮਰਜ਼ੀ ਅਨੁਸਾਰ ਜਿਹੋ ਜਿਹੀ ਪੁਸ਼ਾਕ ਉਸਨੂੰ ਚੰਗੀ ਲੱਗਦੀ ਹੈ ਉਹ ਪਾਉਂਦਾ ਹੈ। ਪ੍ਰਮਾਤਮਾ ਦੀ ਭਗਤੀ ਕਿਸੇ ਆਕਾਰ ਰੂਪ ਦੇ ਵਿਖਾਵਿਆਂ ਨਾਲ ਨਹੀਂ ਹੋ ਸਕਦੀ। ਉਸ ਸ਼ਬਦ ਰੂਪ ਗੁਰੂ ਦੀ ਭਗਤੀ ਸ਼ਬਦ ਰੂਪ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ। ਜੇਕਰ ਸਾਡੀ ਸ਼ਬਦ ਰੂਪ ਸਮਝ ਚੰਗੀ ਹੈ, ਸਾਡੀ ਜੋਤਿ ਰੂਪ ਸਮਝ ਚੰਗੀ ਹੈ ਫਿਰ

8/728

ਤਾਂ ਹੀ ਭਗਤੀ ਹੋ ਸਕਦੀ ਹੈ। ਜੋਤਿ ਰੂਪ ਸਾਡਾ ਮਨ ਹੈ ਭਾਵ ਮਨ ਦੀ ਸਮਝ ਹੈ। ਪ੍ਰਮਾਤਮਾ ਅੱਗੇ ਦਿਖਾਵਾ ਸਾਡੇ ਮਨ ਨੇ

ਕਰਨਾ ਹੈ, ਸਾਡੀ ਜੋਤਿ ਨੇ ਕਰਨਾ ਹੈ, ਸਾਡੇ ਗਿਆਨ ਨੇ ਕਰਨਾ ਹੈ, ਸਾਡੀ ਮਤਿ ਨੇ ਕਰਨਾ ਹੈ, ਸਾਡੀ ਨੀਅਤ ਨੇ ਕਰਨਾ ਹੈ। ਜੋਤਿ ਦੇ ਨਾਲ ਜੋਤਿ ਨੇ ਮਿਲਣਾ ਹੈ। ਪ੍ਰਮਾਤਮਾ ਦੀ ਜੋਤਿ ਸੱਚ ਹੈ, ਗੁਣਾਂ ਵਾਲੀ ਹੈ। ਉਸਦੇ ਨਾਲ ਰਲਣ ਲਈ ਸਾਨੂੰ ਆਪਣੇ ਮਨ ਨੂੰ ਭਾਵ ਆਪਣੇ ਮਨ ਦੀ ਜੋਤਿ ਰੂਪ ਸਮਝ ਨੂੰ, ਆਪਣੇ ਗਿਆਨ ਨੂੰ ਉਸਦੀ ਜੋਤਿ ਦੇ ਗਿਆਨ ਅਨੁਸਾਰ ਬਣਾਉਣਾ ਪਵੇਗਾ ਤੇ ਤਾਂ ਹੀ ਉਹ ਸਾਨੂੰ ਆਪਣੇ ਨਾਲ ਰਲਾਵੇਗਾ। ਸੱਚ ਵਿੱਚ ਸੱਚ ਹੀ ਸਮਾਅ ਸਕਦਾ ਹੈ, ਝੂਠ ਨਹੀਂ। ਗੁਣਾਂ ਵਿੱਚ ਗੁਣ ਹੀ ਸਮਾਅ ਸਕਦੇ ਹਨ, ਔਗੁਣ ਨਹੀਂ। ਕੇਵਲ ਮਨ ਨੂੰ ਪਵਿੱਤਰ ਕਰਨ ਦੀ ਲੋੜ ਹੈ, ਨਿਰਮਲ ਕਰਨ ਦੀ ਲੋੜ ਹੈ ਤਾਂ ਜੋ ਉਸ ਨਿਰਮਲ ਨਾਮ ਦੇ ਵਿੱਚ, ਸ਼ਬਦ ਦੇ ਵਿੱਚ ਸਮਾਅ ਸਕੀਏ ਭਾਵ ਆਪਣੀ ਸੁਰਤਿ ਦੀ ਸਮਝ ਨੂੰ ਸ਼ਬਦ ਦੀ ਸਮਝ ਅਨੁਸਾਰ, ਨਾਮ ਦੇ ਅਨੁਸਾਰ ਢਾਲਣ ਦੀ ਲੋੜ ਹੈ। ਪ੍ਰਮਾਤਮਾ ਦੀ ਸੋਚ "**ਸਹਜ**" ਵਿੱਚ ਹੈ, ਸਾਡੇ ਅੰਦਰ ਹੀ ਹੈ, ਉਹ ਚੌਥੇ ਪਦ ਵਿੱਚ ਹੈ। ਮਨੁੱਖੀ ਸੋਚ ਤ੍ਰੈਗੁਣਾਂ ਵਿੱਚ ਹੈ ਜਿਸਨੂੰ ਕਿ ਚੌਥੇ ਪਦ ਦੀ ਸੋਚ ਅਨੁਸਾਰ ਬਦਲਣ ਦੀ ਲੋੜ ਹੈ ਤਾਂ ਜੋ ਉਸਦੇ ਵਿੱਚ ਰਲਿਆ ਜਾ ਸਕੇ ਭਾਵ ਉਹ ਸਾਨੂੰ ਆਪਣੇ ਨਾਲ ਮਿਲਾ ਲਵੇ, ਤ੍ਰੈਗੁਣ ਮਿਟ ਕੇ ਚੌਥਾ ਪਦ ਰਹਿ ਜਾਵੇ, ਭਰਮ, ਅਗਿਆਨਤਾ ਮਿਟ ਕੇ ਸੱਚੇ ਗਿਆਨ ਦੇ ਦਰਸ਼ਨ ਹੋ ਜਾਣ ਜੋ ਸੱਚਾ ਗਿਆਨ ਮਨ ਦੇ ਵਿੱਚ ਹੀ ਹੈ। ਗੁਰਬਾਣੀ ਵਿੱਚ ਜੋਤਿ ਚੌਥੇ ਪਦ ਵਾਲੇ ਗਿਆਨ ਦੀ ਜੋਤਿ ਹੈ, ਚੌਥੇ ਪਦ ਦਾ ਗਿਆਨ ਹੈ। ਗੁਰਬਾਣੀ ਦੀ ਜੋਤਿ ਨਾਲ ਰਲਣਾ ਪ੍ਰਮਾਤਮਾ ਦੀ ਜੋਤਿ ਨਾਲ ਰਲਣਾ ਹੈ ਤੇ ਇਸੇ ਲਈ ਸਾਡਾ ਸਾਰਾ ਉੱਦਮ ਗੁਰਬਾਣੀ ਦੀ ਮਤਿ ਅਨੁਸਾਰ ਆਪਣੇ ਆਪ ਨੂੰ ਢਾਲਣ ਦਾ ਹੋਣਾ ਚਾਹੀਦਾ ਹੈ। ਜਦ ਤੱਕ ਮਨੁੱਖ ਨੂੰ ਮਨ ਦੀ ਸੋਝੀ ਨਹੀਂ ਪੈਂਦੀ ਕਿ ਇਹ ਮਨ ਕੀ ਹੈ ਤਦ ਤੱਕ ਉਸਨੂੰ ਇਸ ਗੱਲ ਦੀ ਸੋਝੀ ਪੈ ਹੀ ਨਹੀਂ ਸਕਦੀ ਕਿ ਪ੍ਰਮਾਤਮਾ ਗਿਆਨ ਰੂਪ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਹੇਠ ਦਿੱਤੀ ਹੋਈ ਪੰਗਤੀ ਦੁਆਰਾ ਇਹੀ ਗੱਲ ਸਮਝਾਈ ਹੋਈ ਹੈ।

"ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥੧॥"

(ਅੰਗ ੬੪੭)

ਬੜੇ ਹੀ ਧਿਆਨ ਨਾਲ ਵਿਚਾਰੋ ਉਪਰਲੀ ਪੰਗਤੀ ਨੂੰ। ਸਭ ਕੁੱਝ ਮਨ ਦੇ ਵਿੱਚ ਹੀ ਹੈ। ਸਾਰਾ ਗਿਆਨ ਦੇਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ। ਉਹ ਗਿਆਨ ਰੂਪ ਵਿੱਚ ਹੀ ਵਰਤ ਰਿਹਾ ਹੈ ਤੇ ਹਰ ਕਿਸੇ ਵਿੱਚ, ਕਣ ਕਣ ਵਿੱਚ ਆਪਣੇ ਗਿਆਨ ਦੁਆਰਾ ਸਮਾਇਆ ਹੋਇਆ ਹੈ। ਸਭ ਕੁੱਝ ਉਸਦੇ ਗਿਆਨ ਦੁਆਰਾ ਹੀ ਬਣਿਆ ਹੈ ਤੇ ਸਭ ਕੁੱਝ ਉਸਦੇ

ਗਿਆਨ ਦੁਆਰਾ ਹੀ ਚੱਲ ਰਿਹਾ ਹੈ, ਉਸਦੇ ਗਿਆਨ ਦੁਆਰਾ ਘੜੀ ਹੋਈ ਸਾਇੰਸ ਦੁਆਰਾ ਹੀ ਬਣਿਆ ਹੈ ਤੇ ਉਸਦੀ ਸੱਚੀ ਸਾਇੰਸ ਦੁਆਰਾ ਹੀ ਚੱਲ ਰਹਿਆ ਹੈ। ਉਸਦਾ ਗਿਆਨ ਹੀ ਉਸਦਾ ਹੁਕਮ ਹੈ ਜੋ ਸਭ ਵਿੱਚ ਵਰਤ ਰਿਹਾ ਹੈ, ਉਸਦੀ ਜੋਤਿ ਹੀ ਉਸਦਾ ਗਿਆਨ ਰੂਪ ਹੁਕਮ ਹੈ ਜੋ ਸਭ ਜਗ੍ਹਾ ਵਰਤ ਰਹਿਆ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਉਸਦੀ ਜੋਤਿ ਦੇ ਦਰਸ਼ਨ ਨਹੀਂ ਹੋ ਸਕਦੇ, ਉਸਦੇ ਹੁਕਮ ਨੂੰ ਨਹੀਂ ਬੁੱਝਿਆ ਜਾ ਸਕਦਾ। ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜਦ ਤੱਕ ਇਸ ਮਨ ਦੀ ਸੋਝੀ ਨਹੀਂ ਪੈਂਦੀ, ਪ੍ਰਮਾਤਮਾ ਦੀ ਸੋਝੀ ਪੈ ਹੀ ਨਹੀਂ ਸਕਦੀ। ਇਹ "ਗਿਆਨ" ਕੀ ਹੈ, ਕਿੱਥੋਂ ਆਉਂਦਾ ਹੈ ਤੇ ਕਿਵੇਂ ਆਉਂਦਾ ਹੈ, ਕਿਸ ਦੇ ਰਾਹੀਂ ਆਉਂਦਾ ਹੈ, ਮਨ ਦੀ ਸੋਝੀ ਪਏ ਬਿਨ੍ਹਾਂ ਇਸ ਨੂੰ ਕੋਈ ਜਾਣ ਹੀ ਨਹੀਂ ਸਕਦਾ। "ਗਿਆਨ" ਨੂੰ ਜਾਣਨਾ ਹੀ ਪ੍ਰਮਾਤਮਾ ਨੂੰ ਜਾਣਨਾ ਹੈ ਜਿਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਣੀ ਹੈ। ਗਿਆਨ ਦੇ ਮੂਲ ਨੂੰ ਜਾਣਨ ਦਾ, ਗਿਆਨ ਦੀ ਪਹਿਚਾਣ ਕਰਨ ਦਾ ਇੱਕੋ ਇੱਕ ਸਾਧਨ ਮਨ ਹੈ। ਮਨ ਬਿਨ੍ਹਾਂ ਗਿਆਨ ਦੀ ਸੋਝੀ ਪੈ ਹੀ ਨਹੀਂ ਸਕਦੀ। ਜਿਸ ਨੂੰ ਗਿਆਨ ਦੀ ਸੋਝੀ ਨਹੀਂ ਪਈ ਉਸਨੂੰ ਪ੍ਰਮਾਤਮਾ ਦੀ ਸੋਝੀ ਨਹੀਂ ਪਈ। ਜੋ ਕੋਈ ਵੀ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਕਰਦੇ ਹਨ, ਇਸੇ ਲਈ ਉਹ ਆਕਾਰ ਰੂਪ ਦੇ ਦਰਸ਼ਨਾਂ ਦੀਆਂ ਗੱਲਾਂ ਕਰਦੇ ਹਨ ਕਿਉਂਕਿ ਉਹਨਾਂ ਨੂੰ ਅਸਲ ਵਿੱਚ ਮਨ ਦੀ ਸੋਝੀ ਪ੍ਰਮਾਤਮਾ ਨੇ ਪਾਈ ਹੀ ਨਹੀਂ, ਮਨ ਦੇ ਦਰਸ਼ਨ ਕਰਾਏ ਹੀ ਨਹੀਂ, ਜੋਤਿ ਦੇ ਦਰਸ਼ਨ ਕਰਵਾਏ ਹੀ ਨਹੀਂ। ਹਰ ਕੋਈ ਪ੍ਰਮਾਤਮਾ ਦੇ ਕਿਸੇ ਆਕਾਰ ਰੂਪ ਦੇ ਦਰਸ਼ਨ ਦੀਆਂ ਗੱਲਾਂ ਕਰਨ ਵਾਲਾ ਘੋਰ ਭੁਲੇਖੇ ਵਿੱਚ ਹੈ ਅਤੇ ਦੁਨੀਆਂ ਨੂੰ ਭੁਲੇਖੇ ਹੀ ਵੰਡ ਰਿਹਾ ਹੈ। ਇਹ ਸਭ ਕੁੱਝ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ। ਉਸਨੇ ਆਪ ਹੀ ਸਭ ਨੂੰ ਭੁਲੇਖੇ ਵਿੱਚ ਰੱਖਿਆ ਹੋਇਆ ਹੈ, ਆਪ ਹੀ ਆਪਣੇ ਦਰਸ਼ਨਾਂ ਤੋਂ ਦੂਰ ਰੱਖਿਆ ਹੋਇਆ ਹੈ। ਇਹ ਸਭ ਉਸਦੀ ਖੇਡ ਹੈ ਜਿਸ ਨੂੰ ਆਪਣੇ ਆਪ ਸਮਝਣਾ ਨਾ ਮੁਮਕਿਨ ਹੈ। ਉਹ ਕਦੇ ਅਰਬਾਂ ਖਰਬਾਂ ਵਿੱਚੋਂ ਕਿਤੇ ਵਿਰਲੇ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਆਪਣੀ ਜੋਤਿ ਦੁਆਰਾ ਪ੍ਰਗਟ ਹੁੰਦਾ ਹੈ ਤੇ ਆਪਣੇ "ਗਿਆਨ ਰੂਪ" ਦਰਸ਼ਨ ਕਰਵਾਉਂਦਾ ਹੈ। ਮਨ ਦੀ ਸਮਝ ਰਾਹੀਂ ਆਪਣੇ ਦਰਸ਼ਨ ਕਰਵਾ ਕੇ ਭਾਵ ਆਪਣਾ ਜੋਤਿ ਰੂਪ ਪ੍ਰਗਟ ਕਰਕੇ ਉਹ ਕੇਵਲ ਆਪਣਾ ਸੱਚਾ ਗਿਆਨ ਹੀ ਵੰਡਦਾ ਹੈ। ਜਿੱਥੇ ਸੱਚਾ ਗਿਆਨ ਨਹੀਂ, ਚੌਥੇ ਪਦ

ਦਾ ਗਿਆਨ ਨਹੀਂ ਭਾਵ ਬ੍ਰਹਮ ਗਿਆਨ ਨਹੀਂ, ਇਸਨੂੰ ਇਹ ਗਿਆਨ ਨਹੀਂ, ਸਮਝੋ ਕਿ ਉਹ ਉੱਥੇ ਪ੍ਰਗਟ ਹੀ ਨਹੀਂ। ਭਗਤਾਂ ਦੇ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਉਸਨੇ ਪ੍ਰਗਟ ਹੋ ਕੇ ਕੇਵਲ ਸੱਚਾ ਗਿਆਨ ਹੀ ਵੰਡਿਆ ਹੈ, ਆਪਣੇ ਆਪ ਨੂੰ ਗਿਆਨ ਰਾਹੀਂ ਪ੍ਰਗਟ ਕੀਤਾ ਹੈ, ਆਪਣੀ ਜੋਤਿ ਪ੍ਰਗਟ ਕੀਤੀ ਹੈ। ਸਾਰੀ ਗੁਰਬਾਣੀ ਵਿੱਚ ਉਸਦੀ ਜੋਤਿ ਪ੍ਰਗਟ ਹੈ, ਉਸਦਾ ਬ੍ਰਹਮ ਗਿਆਨ ਪ੍ਰਗਟ ਹੈ, ਉਸਦਾ ਆਪਣਾ ਨਿਰਗੁਣ ਸਰੂਪ ਪ੍ਰਗਟ ਹੈ, ਉਸਦਾ ਆਪਣਾ ਨਾਮ ਪ੍ਰਗਟ ਹੈ। **{ਪੋਥੀ ਪਰਮੇਸਰ ਕਾ ਥਾਨੁ॥}**

8/730

ਪੋਥੀ ਸ਼ਬਦਾਂ ਦਾ ਭੰਡਾਰ ਹੈ, ਗਿਆਨ ਦਾ ਭੰਡਾਰ ਹੈ, ਉਸਦੇ ਸੱਚੇ ਗਿਆਨ ਦਾ ਭੰਡਾਰ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ, ਆਪਣੇ ਆਪ ਦੀ ਸੋਝੀ ਪੈਂਦੀ ਹੈ। ਪੋਥੀ ਦੇ ਵਿੱਚ ਪ੍ਰਮਾਤਮਾ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ। ਜਿਵੇਂ ਮਨੁੱਖੀ ਦੇਹ ਕੇਵਲ ਆਪ ਪ੍ਰਮਾਤਮਾ ਨਹੀਂ ਹੈ, ਉਸ ਦੇ ਵਿੱਚ ਉਸਦੀ ਜੋਤਿ ਆਪ ਪ੍ਰਮਾਤਮਾ ਹੈ, ਇਸੇ ਤਰ੍ਹਾਂ ਪੋਥੀ ਦਾ ਸਰਗੁਣ ਸਰੂਪ ਪ੍ਰਮਾਤਮਾ ਨਹੀਂ ਹੈ, ਪੋਥੀ ਦੇ ਅੰਦਰ ਦਾ ਨਿਰਗੁਣ ਸਰੂਪ ਭਾਵ ਉਸਦੇ ਅੰਦਰ ਦਾ ਗਿਆਨ, ਸ਼ਬਦਾਂ ਦੇ ਰਾਹੀਂ ਪਾਈ ਹੋਈ ਸੋਝੀ ਆਪ ਪ੍ਰਮਾਤਮਾ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੈ,

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਕਾਰ ਰੂਪ ਅੱਖਰ ਨਹੀਂ ਹੈ, ਸ਼ਬਦਾਂ ਦੀ ਬਨਾਵਟ ਨਹੀਂ ਹੈ, ਕਾਗਜ਼ ਜਾਂ ਸਿਆਹੀ ਨਹੀਂ ਹੈ ਜਿੰਨ੍ਹਾਂ ਦੁਆਰਾ ਸ਼ਬਦ ਲਿਖੇ ਜਾਂਦੇ ਹਨ। ਉਹ ਪ੍ਰਮਾਤਮਾ ਸ਼ਬਦਾਂ ਦੇ ਗਿਆਨ ਵਿੱਚ ਹੈ, ਸ਼ਬਦਾਂ ਦੁਆਰਾ ਪਾਈ ਹੋਈ ਸੋਝੀ ਦੇ ਵਿੱਚ ਹੈ। ਜੋ ਕਿ ਨਿਰਗੁਣ ਸਰੂਪ ਹੈ, ਗਿਆਨ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਚਰਚਾ ਕੀਤੀ ਹੈ ਕਿ ਨਿਰਗੁਣ ਸਰੂਪ ਭਾਵ ਨਿਰੰਕਾਰ ਰੂਪ ਕੇਵਲ ਗਿਆਨ ਦਾ ਹੀ ਹੋ ਸਕਦਾ ਹੈ, ਹੋਰ ਕਿਸੇ ਚੀਜ਼ ਦਾ ਨਿਰਗੁਣ ਸਰੂਪ ਹੋ ਹੀ ਨਹੀਂ ਸਕਦਾ। ਪੂਰੀ ਸ੍ਰਿਸ਼ਟੀ ਵਿੱਚ ਜਿਸ ਨੇ ਸੋਚ ਸੋਚ ਕੇ ਜ਼ੋਰ ਲਗਾਉਣਾ ਹੈ ਲਗਾ ਕੇ ਦੇਖ ਲਵੇ, ਗਿਆਨ ਤੋਂ ਬਿਨ੍ਹਾਂ ਹਰ ਕਿਸੇ ਦਾ ਆਕਾਰ ਰੂਪ ਹੀ ਹੁੰਦਾ ਹੈ ਜਿਸ ਨੂੰ ਦੇਖਿਆ ਜਾ ਸਕਦਾ ਹੈ। ਗਿਆਨ ਸਰੀਰਕ ਅੱਖਾਂ ਨਾਲ ਦਿੱਸਣ ਵਾਲੀ ਵਸਤੂ ਨਹੀਂ ਹੈ। ਗਿਆਨ ਨੂੰ ਕੇਵਲ ਮਨ ਦੀ ਸਮਝ ਰਾਹੀਂ ਮਹਿਸੂਸ ਕੀਤਾ ਜਾ ਸਕਦਾ ਹੈ ਭਾਵ ਮਨ ਦੀਆਂ ਗਿਆਨ ਰੂਪ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ, ਦਿਬ ਦ੍ਰਿਸਟ ਨਾਲ ਦੇਖਿਆ ਜਾ ਸਕਦਾ ਹੈ। "ਗਿਆਨ" ਨੂੰ ਜਾਣਨ ਦੀ, "ਗਿਆਨ" ਦੇ ਨਾਲ ਭਾਵ ਗਿਆਨ ਦੇ ਮਾਲਕ ਪ੍ਰਮਾਤਮਾ ਦੇ ਨਾਲ ਮਿਲਣ ਦੀ ਜਗ੍ਹਾ ਕੇਵਲ ਤੇ ਕੇਵਲ ਮਨੁੱਖ ਦਾ ਮਨ ਹੈ, ਹੋਰ ਕੋਈ ਹੋ ਹੀ ਨਹੀਂ ਸਕਦੀ ਭਾਵ ਪ੍ਰਮਾਤਮਾ ਨੂੰ ਮਨ ਤੋਂ ਇਲਾਵਾ ਕਿਸੇ ਹੋਰ ਜਗ੍ਹਾ ਖੋਜਿਆ ਹੀ ਨਹੀਂ ਜਾ ਸਕਦਾ। ਪ੍ਰਮਾਤਮਾ ਦਾ ਮਨ ਹੀ ਗੁਰਬਾਣੀ ਹੈ ਭਾਵ ਗੁਰਬਾਣੀ ਦੇ ਅੰਦਰ ਦਾ ਸੱਚਾ ਗਿਆਨ ਹੈ ਜੋ ਉਸਦਾ ਆਪਣਾ ਸੱਚ ਰੂਪ ਹੈ, ਨਾਮ ਰੂਪ ਹੈ। ਉਸਦਾ ਆਪਣਾ ਆਪ ਗੁਰਬਾਣੀ ਹੀ ਹੈ। ਉਸਦੀ ਖੋਜ ਗੁਰਬਾਣੀ ਦੇ ਵਿੱਚੋਂ ਹੀ ਹੋਣੀ ਹੈ, ਉਸਦੇ ਗਿਆਨ ਵਿੱਚੋਂ ਹੀ ਹੋਣੀ ਹੈ, ਉਸਦੇ ਸ਼ਬਦ ਦੇ ਵਿਚਾਰ ਰਾਹੀਂ ਹੀ ਹੋਣੀ ਹੈ। ਪ੍ਰਮਾਤਮਾ ਦੇ ਮਨ ਨੂੰ ਖੋਜਣ ਦੁਆਰਾ ਹੀ ਆਪਣੇ ਮਨ ਦੀ ਖੋਜ ਹੋਣੀ ਹੈ, ਆਪਣੇ ਆਪ ਦੀ ਸੋਝੀ ਪੈਣੀ ਹੈ ਕਿਉਂਕਿ ਜਿਹੜੇ ਮਨ ਨੇ, ਜਿਹੜੀ ਜੋਤਿ ਨੇ ਗੁਰਬਾਣੀ ਲਿਖੀ ਹੈ ਉਹੀ ਜੋਤਿ ਮਨੁੱਖ ਦੇ ਮਨ ਵਿੱਚ ਹੈ, ਹਰ ਕਿਸੇ ਵਿੱਚ ਹੈ।

{ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ॥੮॥}

(ਅੰਗ ੧੦੧੩)

ਪੂਰੀ ਬਾਣੀ ਮਨੁੱਖੀ ਮਨ ਦੇ ਵਿੱਚੋਂ ਹੀ ਆਈ ਹੈ ਤੇ ਬਾਣੀ ਨੂੰ ਖੋਜਣਾ ਹੀ ਆਪਣੇ ਆਪ ਨੂੰ ਖੋਜਣਾ ਹੈ, ਆਪਣੇ ਘਰ ਨੂੰ ਖੋਜਣਾ ਹੈ ਭਾਵ ਆਪਣੇ ਮਨ ਨੂੰ ਖੋਜਣਾ ਹੈ।

ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਸਾਧਨ, ਉਸਦਾ ਸਭ ਜਪ ਤਪ, ਸ਼ਬਦ ਦੀ ਵਿਚਾਰ ਹੈ ਜੋ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਪ੍ਰਮਾਤਮਾ ਦੀ ਭਗਤੀ ਸ਼ਬਦ ਦੀ ਵਿਚਾਰ ਹੈ, ਪ੍ਰਮਾਤਮਾ ਦੀ ਸੇਵਾ ਸ਼ਬਦ ਦੀ ਵਿਚਾਰ ਹੈ, ਉਸਦਾ ਨਾਮ ਸ਼ਬਦ ਦੀ ਵਿਚਾਰ ਹੈ, ਉਸਦਾ ਜਪ ਤਪ ਸ਼ਬਦ ਦੀ ਵਿਚਾਰ ਹੈ, ਉਸਦਾ ਸਿੱਖ ਬਣਨਾ ਉਸਦੀ ਸਿੱਖਿਆ ਲੈਣਾ ਹੈ ਤੇ ਉਸਦੀ ਸਿੱਖਿਆ ਸ਼ਬਦ ਦੀ ਵਿਚਾਰ ਹੈ ਜੋ ਕਿ

8/731 ਅਤੇ 731-ਅ (1,2)

ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਜਪਣ ਦਾ, ਪਾਉਣ ਦਾ ਇੱਕੋ ਇੱਕ ਤਰੀਕਾ ਸ਼ਬਦ ਦਾ ਵਿਚਾਰੀ ਬਣਨਾ ਹੈ। ਇਹ ਹੀ ਉਸਦਾ ਸੱਚਾ ਜਪ ਤਪ ਹੈ।

{ਸਿਖੀ ਸਿਖਿਆ ਗੁਰ ਵੀਚਾਰਿ॥}

(ਅੰਗ ੪੬੫)

{ਗੁਰ ਕੀ ਸੇਵਾ ਸਬਦੁ ਵੀਚਾਰੁ॥}

(ਅੰਗ ੨੨੩)

{ਗੁਰ ਕਾ ਸਬਦੁ ਸਹਜਿ ਵੀਚਾਰੁ॥}

(ਅੰਗ ੩੬੪)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ ਰਹਾਉ॥}

(ਅੰਗ ੩੫੫)

{ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ॥੪॥}

(ਅੰਗ ੧੩੩੧)

{ਅੰਮ੍ਰਿਤੁ ਮੀਠਾ ਸਬਦੁ ਵੀਚਾਰਿ ॥
ਅਨਦਿਨੁ ਭੋਗੇ ਹਉਮੈ ਮਾਰਿ ॥
ਸਹਜਿ ਅਨੰਦਿ ਕਿਰਪਾ ਧਾਰਿ ॥
ਨਾਮਿ ਰਤੇ ਸਦਾ ਸਚਿ ਪਿਆਰਿ ॥੭॥
ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥
ਹਰਿ ਜਪਿ ਪੜੀਐ ਹਉਮੈ ਮਾਰਿ ॥
ਹਰਿ ਜਪੀਐ ਭਇ ਸਚਿ ਪਿਆਰਿ ॥
ਨਾਨਕ ਨਾਮੁ ਗੁਰਮਤਿ ਉਰ ਧਾਰਿ ॥੮॥੩॥੨੫॥}

(ਅੰਗ ੪੨੪)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥}

(ਅੰਗ ੨੨੯)

{ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ॥}

(ਅੰਗ ੪੨੯)

{ਅਤਿ ਨਿਰਮਲੁ ਗੁਰ ਸਬਦ ਵੀਚਾਰ॥}

(ਅੰਗ ੩੬੨)

{ਮਹਾ ਅਨੰਦੁ ਗੁਰ ਸਬਦੁ ਵੀਚਾਰਿ॥}

(ਅੰਗ ੩੭੦)

{ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ॥੫॥}

(ਅੰਗ ੪੨੨)

{ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ॥}

(ਅੰਗ ੪੨੭)

{ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ॥}

(ਅੰਗ ੪੩੦)

{ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥}

(ਅੰਗ ੫੧੬)

{ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ॥}

(ਅੰਗ ੬੮੬)

{ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ਰਾਮ॥}

(ਅੰਗ ੭੭੨)

{ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ॥}

(ਅੰਗ ੭੮੭)

{ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ॥੨॥}

(ਅੰਗ ੮੫੧)

{ਬਾਨ ਬਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ॥}

(ਅੰਗ ੯੩੪)

{ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥}

(ਅੰਗ ੧੦੩੯)

{ਆਪੇ ਮੇਲੈ ਗੁਰ ਸਬਦਿ ਵੀਚਾਰਾ॥}

(ਅੰਗ ੧੦੫੨)

{ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ॥}

(ਅੰਗ ੧੦੮੭)

{ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ॥
ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ॥
ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ॥
ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ॥੨॥}

(ਅੰਗ ੧੦੮੯)

{ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ॥}

(ਅੰਗ ੧੧੩੨)

{ਸਦਾ ਬਸੰਤੁ ਗੁਰ ਸਬਦੁ ਵੀਚਾਰੇ॥}

(ਅੰਗ ੧੧੭੬)

{ਜਿਸੁ ਬਖਸੇ ਸੋ ਪਾਇਸੀ ਗੁਰ ਸਬਦੀ ਵੀਚਾਰੁ॥੧੩॥}

(ਅੰਗ ੧੨੯੪)

{ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ॥੨॥}

(ਅੰਗ ੩੦)

{ਸਾਚੇ ਰਾਤੀ ਗੁਰ ਸਬਦੁ ਵੀਚਾਰ॥ ਅੰਮ੍ਰਿਤੁ ਪੀਵੈ ਨਿਰਮਲ ਧਾਰ॥੩॥}

(ਅੰਗ ੧੫੯)

{ਗੁਣਦਾਤਾ ਵਿਰਲਾ ਸੰਸਾਰਿ॥ ਸਾਚੀ ਕਰਣੀ ਗੁਰ ਵੀਚਾਰਿ॥}

(ਅੰਗ ੯੩੧)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

{ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ॥੭॥}

(ਅੰਗ ੫੦੬)

{ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ॥੪॥}

(ਅੰਗ ੭੫੪)

{ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥੫॥}

(ਅੰਗ ੭੫੪)

{ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥}

(ਅੰਗ ੯੪੪)

ਉੱਪਰ ਵਾਲੇ ਸ਼ਬਦਾਂ ਨੂੰ ਪੜ੍ਹ ਕੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਦਾ ਮਕਸਦ ਕੀ ਹੈ ਭਾਵ ਗੁਰੂ ਨੇ ਸਾਨੂੰ ਆਪਣੇ ਹਰ ਸ਼ਬਦ ਦੀ ਵਿਚਾਰ ਕਿਸ ਮਕਸਦ ਲਈ ਦਿੱਤੀ ਹੈ ਭਾਵ ਸਾਡੀ ਕਥਨੀ ਲਈ ਦਿੱਤੀ ਹੈ ਜਾਂ ਸਾਡੀ ਕਰਨੀ ਲਈ ਦਿੱਤੀ ਹੈ ਭਾਵ ਸ਼ਬਦਾਂ ਦੀ ਵਿਚਾਰ ਸਾਡੇ ਪੜ੍ਹਨ ਲਈ ਦਿੱਤੀ ਹੈ ਜਾਂ ਉਨ੍ਹਾਂ ਵਿਚਾਰਾਂ ਤੇ ਅਮਲ ਕਰਨ ਲਈ ਸਾਨੂੰ ਇਹ ਵਿਚਾਰ ਦਿੱਤੀ ਹੈ। ਸ਼ਬਦ ਗੁਰੂ ਹੈ ਤੇ ਗੁਰੂ ਦੀ ਪੂਜਾ,

8/732

ਸ਼ਬਦ ਦੀ ਪੂਜਾ, ਸ਼ਬਦ ਦੇ ਵਿਚਾਰ ਦੀ ਪੂਜਾ ਹੈ। ਸ਼ਬਦਾਂ ਦੇ ਵਿਚਾਰ ਦੀ ਪੂਜਾ, ਸ਼ਬਦਾਂ ਦੇ ਵਿਚਾਰ ਦੀ ਭਗਤੀ, ਸ਼ਬਦਾਂ ਦੁਆਰਾ ਸਮਝਾਏ ਹੋਏ ਗੁਰੂ ਦੇ ਗੁਣਾਂ ਦੀ ਭਗਤੀ ਹੈ, ਗੁਣਾਂ ਦੀ ਪੂਜਾ ਹੈ ਜੋ ਪੂਜਾ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ ਭਾਵ ਸਾਡੀ ਚੰਗੀ ਕਰਨੀ ਦੁਆਰਾ ਹੀ ਹੋ ਸਕਦੀ ਹੈ ਨਾ ਕਿ ਕਥਨੀ ਦੁਆਰਾ। ਇਸੇ ਲਈ ਸਾਨੂੰ ਭਗਤੀ ਦਾ ਇੱਕੋ ਇੱਕ ਤਰੀਕਾ ਗੁਣਾਂ ਦੀ ਪੂਜਾ ਦੱਸਿਆ ਹੈ।

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥}

(ਅੰਗ ੧੮੭)

{ਗਣਿ ਗਣਿ ਜੋਤਕੁ ਕਾਂਡੀ ਕੀਨੀ ॥
ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥

ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ ੯੦੪)

ਗੁਣਾਂ ਦੀ ਪੂਜਾ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਪੂਜਾ ਹੈ, ਉਸਦੇ ਸਮਝਾਏ ਹੋਏ ਵਿਚਾਰ ਦੀ ਪੂਜਾ ਹੈ, ਉਸਦੀ ਦਿੱਤੀ ਹੋਈ ਮਤਿ ਦੀ ਪੂਜਾ ਹੈ, ਉਸਦੇ ਸਮਝਾਏ ਹੋਏ ਸੱਚੇ ਮਾਰਗ ਦੀ ਪੂਜਾ ਹੈ। ਕੇਵਲ ਸਰਗੁਣ ਸਰੂਪ ਨੂੰ ਮੱਥਾ ਟੇਕੀ ਜਾਣਾ ਉਸਦੀ ਪੂਜਾ ਨਹੀਂ ਹੈ, ਇਸੇ ਲਈ ਸਮਝਾਇਆ ਹੈ,

{ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥}

(ਅੰਗ ੬੬੯)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥}

(ਅੰਗ ੫੯੪)

ਕੇਵਲ ਮੱਥਾ ਟੇਕੀ ਜਾਣ ਨਾਲ ਜਾ ਗੁਰੂ ਦੀਆਂ ਗੱਲਾਂ ਕਰੀ ਜਾਣ ਨਾਲ ਸ਼ਬਦ ਦੀ ਵਿਚਾਰ ਤੇ ਪੂਰਾ ਨਹੀਂ ਉਤਰਿਆ ਜਾ ਸਕਦਾ। ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਦੇ ਆ ਰਹੇ ਹਾਂ ਹਰ ਸ਼ਬਦ ਦੀ ਵਿਚਾਰ ਗੁਰੂ ਦੀ ਮਤਿ ਹੈ। ਸ਼ਬਦ ਗੁਰੂ ਹੈ ਤੇ ਵਿਚਾਰ ਉਸਦੀ ਦਿੱਤੀ ਹੋਈ ਮਤਿ ਹੈ, ਉਸਦਾ ਨਾਮ ਹੈ, ਉਸਦਾ ਦਿੱਤਾ ਹੋਇਆ ਗਿਆਨ ਹੈ। ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ ਆਪਣੇ ਅੰਦਰ ਸ਼ਬਦ ਨੂੰ ਵਿਚਾਰਨਾ ਹੈ, ਗੁਰੂ ਦਾ ਨਾਮ ਜਪਣਾ ਹੈ। ਗੁਰੂ ਦੇ ਵਿਚਾਰ ਨੂੰ ਸਮਝ ਕੇ ਜੇਕਰ ਉਸ ਤੇ ਅਮਲ ਨਹੀਂ ਕੀਤਾ ਤਾਂ ਫਿਰ ਉਹ ਕਿਸੇ ਲੇਖੇ ਨਹੀਂ ਹੈ। ਸ਼ਬਦ ਦੇ ਨਾਲ ਰੱਤਣਾ, ਸ਼ਬਦ ਦੀ ਵਿਚਾਰ ਦੇ ਨਾਲ ਰੱਤਣਾ ਹੈ ਭਾਵ ਉਸ ਤੇ ਅਮਲ ਕਰਨਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਸਪੱਸ਼ਟ ਕੀਤਾ ਜਾ ਰਿਹਾ ਹੈ।

"ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ॥"

(ਅੰਗ ੫੮)

ਸ਼ਬਦ ਨੇ ਜੋ ਸਾਨੂੰ ਆਗਿਆ ਕੀਤੀ ਹੈ, ਮੰਨਣੀ ਤਾਂ ਉਹ ਆਗਿਆ ਹੈ। ਗੁਰੂ ਦੀ ਮਤਿ ਸਾਡੇ ਲਈ ਗੁਰੂ ਦੀ ਆਗਿਆ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਸਾਡੇ ਲਈ ਗੁਰੂ ਦੀ ਆਗਿਆ ਹੈ, ਗੁਰੂ ਦਾ ਹੁਕਮ ਹੈ। ਗੁਰੂ ਦੀ ਆਗਿਆ ਦਾ ਸਾਰ ਕੀ ਹੈ, ਇਸ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥}

(ਅੰਗ ੨੩੬)

ਇਸ ਤੋਂ ਚੰਗੇ ਤਰੀਕੇ ਨਾਲ, ਸਪੱਸ਼ਟ ਤਰੀਕੇ ਨਾਲ ਸਾਨੂੰ ਹੋਰ ਕੀ ਸਮਝਾਇਆ ਜਾਵੇ ਕਿ ਗੁਰਮਤਿ ਸਾਡੇ ਲਈ ਕੀ ਹੈ, ਗੁਰੂ ਦਾ ਹੁਕਮ ਸਾਡੇ ਲਈ ਕੀ ਹੈ, ਸ਼ਬਦ ਵਿਚਾਰ ਸਾਡੇ ਲਈ ਕੀ ਹੈ। ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਉਣਾ ਕੀ ਹੈ। ਗੱਲ ਕੇਵਲ ਗੁਣਾਂ ਨੂੰ ਅਪਣਾਉਣ ਦੀ ਅਤੇ ਔਗੁਣਾਂ ਨੂੰ ਛੱਡਣ ਦੀ ਹੈ। ਔਗੁਣਾਂ ਨੂੰ ਛੱਡੇ ਬਿਨ੍ਹਾਂ ਕੌਣ ਆਪਣੇ ਆਪ ਨੂੰ ਗੁਰਮਤਿ ਵਾਲਾ, ਸ਼ਬਦ ਦਾ ਵਿਚਾਰੀ, ਜਾਂ ਨਾਮ ਜਪਣ ਵਾਲਾ ਕਹਿ ਸਕਦਾ ਹੈ। ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ, ਨਾਮ ਸ਼ਬਦ ਦੀ ਵਿਚਾਰ ਹੈ ਅਤੇ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਭਾਵ ਉਸ ਤੇ ਅਮਲ ਕਰਨਾ ਹੀ ਸਭ ਕੁੱਝ ਹੈ, ਉਸਦੀ ਭਗਤੀ ਹੈ, ਉਸਦਾ ਜਪ ਤਪ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥}

(ਅੰਗ ੩੫੫)

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ ੨੭)

{ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ॥੨॥}

(ਅੰਗ ੮੫੧)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

8/733

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥}

(ਅੰਗ ੨੨੯)

ਗੁਰੂ ਦੀ ਆਗਿਆ ਮੰਨਣਾ ਕੀ ਹੈ ਭਾਵ ਗੁਰੂ ਦੀ ਆਗਿਆ ਮੰਨ ਕੇ ਅਸੀਂ ਸ਼ਬਦ ਦੇ ਵਿਚਾਰੀ ਕਿਸ ਤਰੀਕੇ ਬਣਨਾ ਹੈ, ਦੀ ਵਿਚਾਰ ਕਿਸ ਤਰ੍ਹਾਂ ਕਰਨੀ ਹੈ, ਸ਼ਬਦ ਦੇ ਦੱਸੇ ਹੋਏ ਮੰਤ੍ਰ ਨੂੰ ਭਾਵ ਸ਼ਬਦ ਵਿੱਚ ਦੱਸੇ ਗਿਆਨ ਨੂੰ ਅਸੀਂ ਆਪਣੇ ਜੀਵਨ ਵਿੱਚ ਕਿਵੇਂ ਕਮਾਉਣਾ ਹੈ, ਇਸ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਬਿਲਕੁਲ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਇਸ ਸ਼ਬਦ ਨੂੰ ਅਸੀਂ ਪਿੱਛੇ ਵੀ ਸਮਝ ਚੁੱਕੇ ਹਾਂ ਤੇ ਫਿਰ ਤੋਂ ਇਸ ਸ਼ਬਦ ਕੋਲੋਂ ਉਹ ਸਿੱਖਿਆ ਲੈ ਕੇ ਦ੍ਰਿੜ ਕਰੀਏ ਜਿਸ ਦੁਆਰਾ ਇਹ ਪੱਕੀ ਸਮਝ ਲੱਗ ਜਾਵੇ ਕਿ ਗੁਰੂ ਦੀ ਸਿੱਖਿਆ ਕਿਹਾ ਕਿਸ ਨੂੰ ਹੈ, ਉਸਦੀ ਆਗਿਆ ਕਿਹਾ ਕਿਸਨੂੰ ਹੈ।

“ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ॥੧॥ਰਹਾਉ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥੩॥੨੯॥”

(ਅੰਗ ੩੭੭)

ਪੂਰੀ ਗੁਰਬਾਣੀ ਗੁਰੂ ਦਾ ਮ੍ਰੰਤ ਹੈ, ਅਕਾਲ ਪੁਰਖ ਦਾ ਮ੍ਰੰਤ ਹੈ, ਵਾਹਿਗੁਰੂ ਦਾ ਮ੍ਰੰਤ ਹੈ। ਪੂਰੀ ਬਾਣੀ ਵਿੱਚ ਉਸ ਵਾਹਿਗੁਰੂ ਦਾ ਨਾਮ ਹੈ, ਉਸਦਾ ਗਿਆਨ ਹੈ ਜੋ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਪੂਰੀ ਬਾਣੀ ਰਾਮ ਨਾਮ ਹੈ। ਜਪਣਾ ਤਾਂ ਉਸਦੀ ਆਗਿਆ ਨੂੰ ਹੈ ਭਾਵ ਨਾਮ ਨੂੰ ਹੈ ਜੋ ਨਾਮ ਪੂਰੀ ਗੁਰਬਾਣੀ ਵਿੱਚ ਗੁਰੂ ਦੀ ਆਗਿਆ ਦੇ ਰੂਪ ਵਿੱਚ ਹੈ। ਉਸਦੀ ਆਗਿਆ ਬਹੁਤ ਸਪੱਸ਼ਟ ਹੈ। ਉਸ ਦੀ ਆਗਿਆ ਮੰਨੇ ਬਿਨ੍ਹਾਂ ਉਸਦੀ ਭਗਤੀ ਨਹੀਂ ਹੈ, ਉਸਦਾ ਨਾਮ ਨਹੀਂ ਹੈ। ਉਸਦੀ ਆਗਿਆ ਸਾਨੂੰ ਚੰਗੇ ਬਿਉਹਾਰ ਕਰਨ ਲਈ ਹੈ, ਚੰਗੇ ਆਚਾਰ ਕਰਨ ਲਈ ਹੈ ਜੋ ਕਿ ਕੇਵਲ ਗੁਣਾਂ ਨੂੰ ਧਾਰਨ ਕਰਕੇ ਹੀ ਹੋ ਸਕਦੇ ਹਨ, ਔਗੁਣਾਂ ਤੋਂ ਰਹਿਤ ਹੋ ਕੇ ਹੀ ਹੋ ਸਕਦੇ ਹਨ। ਇਸੇ ਆਗਿਆ ਨੂੰ ਹੀ, ਇਸੇ ਮ੍ਰੰਤ ਨੂੰ ਹੀ ਅਸੀਂ ਆਪਣੇ ਜੀਵਨ ਵਿੱਚ ਕਮਾਉਣਾ ਹੈ ਭਾਵ ਆਪਣਾ ਜੀਵਨ ਉੱਚਾ ਅਤੇ ਸੁੱਚਾ ਕਰਨਾ ਹੈ ਭਾਵ ਕੇਵਲ ਗੁਣਾਂ ਦੀ ਪੂਜਾ ਕਰਨੀ ਹੈ, ਉਸਦੇ ਸ਼ਬਦ ਰੂਪ ਦੀ ਪੂਜਾ ਕਰਨੀ ਹੈ, ਉਸਦੇ ਨਿਰਗੁਣ ਸਰੂਪ ਦੀ ਪੂਜਾ ਕਰਨੀ ਹੈ। ਉੱਪਰ ਪੂਰੇ ਸ਼ਬਦ ਰਾਹੀਂ ਸਾਨੂੰ ਪਹਿਲੇ “ਮੰਤ੍ਰ” ਸਮਝਾਇਆ ਹੈ, ਮੰਤ੍ਰ ਨੂੰ ਕਮਾਉਣਾ ਸਮਝਾਇਆ ਹੈ ਭਾਵ ਔਗੁਣ ਰਹਿਤ ਹੋ ਕੇ ਚੰਗੇ ਕਰਮ ਕਰਨੇ ਸਿਖਾਏ ਹਨ, ਗੁਰੂ ਨੇ ਆਪਣੀ ਦੀਖਿਆ ਦਿੱਤੀ ਹੈ, ਸਿੱਖਿਆ ਦਿੱਤੀ ਹੈ ਤੇ ਇਸੇ ਮੰਤ੍ਰ ਨੂੰ ਅਸੀਂ ਜੀਵਨ ਵਿੱਚ ਕਮਾਉਣਾ ਹੈ। **(ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥ ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ॥ ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ॥੧॥ਰਹਾਉ॥ ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥ ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥੨॥ ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥ ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥੩॥੨੯॥)** ਸਾਡਾ ਨਿਸਤਾਰਾ ਤਾਂ ਇਸੇ ਤਰੀਕੇ ਹੀ ਹੋਣਾ ਹੈ ਪਰ ਅਸੀਂ ਗੁਰੂ ਦੀ ਦੀਖਿਆ ਨੂੰ, ਗੁਰੂ ਦੀ ਸਿੱਖਿਆ ਨੂੰ ਸਮਝਣ ਦੀ ਬਜਾਇ ਸਰੀਰਕ ਜਪ ਤਪ ਵਿੱਚ ਲੱਗ ਜਾਂਦੇ ਹਾਂ ਜੋ ਕਿ ਗੁਰੂ ਦੀ ਸਿੱਖਿਆ ਦੇ ਉਲਟ ਹੈ।

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥੫॥}

(ਅੰਗ – ੩੫੬)

ਗੁਰੂ ਦੀ ਸਿੱਖਿਆ ਨਾ ਸਮਝ ਆਉਣ ਕਰਕੇ ਹੀ ਅਸੀਂ ਸਰਗੁਣ ਤਰੀਕਿਆ ਦੁਆਰਾ ਭਾਵ ਆਕਾਰ ਰੂਪ ਦੀ ਪੂਜਾ ਕਰਨ ਦੁਆਰਾ ਤੇ ਆਕਾਰ ਰੂਪ ਸਰੀਰਕ ਕਿਰਿਆਵਾਂ ਦੁਆਰਾ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ। ਕੇਵਲ ਮੱਥਾ ਟੇਕਣ ਜਾਂ ਗੱਲਾਂ ਕਰਨ ਨਾਲ, ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣ ਨਾਲ, ਗਿਣਤੀਆਂ-ਮਿਣਤੀਆਂ ਵਿੱਚ ਪੈਣ ਨਾਲ ਉਸਦੀ ਪੂਜਾ ਨਹੀਂ ਹੋ ਸਕਦੀ। ਉਸਦੀ ਪੂਜਾ ਮਨ ਦੇ ਵਿੱਚ ਹੀ ਹੈ, ਨਿਰਗੁਣ ਰੂਪ

8/734 ਅਤੇ 734-ਅ (1,2,3)

ਦੇ ਵਿੱਚ ਹੀ ਹੈ ਜਿਸ ਲਈ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦਾ ਹੋਣਾ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਵਾਲੀ ਸਮਝ ਦਾ ਹੋਣਾ ਜਰੂਰੀ ਹੈ। ਇਸ ਤੋਂ ਭਾਵ ਇਹ ਨਹੀਂ ਹੈ ਕਿ ਸਰਗੁਣ ਰੂਪ ਦੀ ਅਹਿਮੀਅਤ ਨਹੀਂ ਹੈ। ਨਿਰਗੁਣ ਰੂਪ ਦੇ ਦਰਸ਼ਨ ਕਰਨ ਲਈ ਪਹਿਲਾਂ ਸਰਗੁਣ ਰੂਪ ਦਾ ਬਣਨਾ ਜਰੂਰੀ ਹੈ ਤੇ ਸਰਗੁਣ ਰੂਪ ਦੀ ਭਾਵ ਆਕਾਰ ਰੂਪ ਦੀ ਸੰਭਾਲ ਵੀ ਉਤਨੀ ਹੀ ਜਰੂਰੀ ਹੈ, ਉਸਦਾ ਅਦਬ ਵੀ ਬਹੁਤ ਜਰੂਰੀ ਹੈ। ਸਰਗੁਣ ਸਰੂਪ ਬਣੇ ਬਿਨ੍ਹਾਂ ਨਿਰਗੁਣ ਰੂਪ ਦੀ ਸੋਝੀ ਪੈ ਹੀ ਨਹੀਂ ਸਕਦੀ। ਮਨੁੱਖੀ ਸਰੀਰ ਬਣੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਇਸੇ ਤਰ੍ਹਾਂ ਧਰਮ ਗ੍ਰੰਥਾਂ ਦਾ ਸਰਗੁਣ ਸਰੂਪ ਬਣੇ ਬਿਨ੍ਹਾਂ ਉਸ ਵਿੱਚੋਂ ਗਿਆਨ ਨਹੀਂ ਲਿਆ ਜਾ ਸਕਦਾ। ਸਰਗੁਣ ਸਰੂਪ ਨਿਰਗੁਣ ਸਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ, ਸਰਗੁਣ ਰੂਪ ਹੀ ਨਿਰਗੁਣ ਸਰੂਪ ਦਾ ਸਥਾਨ ਹੈ ਜਿੱਥੋਂ ਨਿਰਗੁਣ ਰੂਪ ਨੂੰ ਭਾਵ ਗਿਆਨ ਰੂਪ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਨੇ ਹਰ ਆਕਾਰ ਰੂਪ ਵਿੱਚ ਭਾਵ ਸਰਗੁਣ ਸਰੂਪ ਵਿੱਚ ਆਪਣੇ ਆਪ ਨੂੰ ਨਿਰਗੁਣ ਰੂਪ ਭਾਵ ਨਿਰੰਕਾਰ ਰੂਪ ਵਿੱਚ ਹੀ ਰੱਖਿਆ ਹੋਇਆ ਹੈ ਭਾਵ ਟਿਕਾਇਆ ਹੋਇਆ ਹੈ ਜੋ ਉਸਦਾ ਨਿਰਗੁਣ ਰੂਪ ਉਸਦਾ ਜੋਤਿ ਰੂਪ ਹੈ।

(ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ॥)

(ਅੰਗ ੭੪੬)

(ਪੋਥੀ ਪਰਮੇਸਰ ਕਾ ਥਾਨੁ॥)

(ਅੰਗ ੧੨੨੬)

"ਪੋਥੀ" "ਗੁਰਬਾਣੀ ਗ੍ਰੰਥ" ਦਾ ਸਰਗੁਣ ਸਰੂਪ ਹੈ ਤੇ ਉਸ ਦੇ ਅੰਦਰ ਦਾ ਗਿਆਨ ਰੂਪ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ। ਮਨੁੱਖੀ ਦੇਹ ਦੇ ਸਰਗੁਣ ਰੂਪ ਵਿੱਚ ਅਗਰ ਪ੍ਰਮਾਤਮਾ ਦੇ ਨਿਰਗੁਣ ਸਰੂਪ ਨੂੰ ਜਾਣਨਾ ਚਾਹੀਏ, ਉਹ ਤਾਂ ਹੀ ਜਾਣਿਆ ਜਾ ਸਕਦਾ ਹੈ ਜੇਕਰ ਪਹਿਲੇ ਮਨੁੱਖੀ ਸਰੂਪ ਦੇ ਵਿੱਚ "ਨਿਰਗੁਣ" ਰੂਪ ਦਾ ਟਿਕਾ ਹੋਵੇ ਜੋ ਕਿ ਸਾਡੇ ਮਨ ਦੇ ਰੂਪ ਵਿੱਚ ਹੈ। ਗਿਆਨ ਦੀ ਪਹਿਚਾਣ ਕੇਵਲ ਗਿਆਨ ਹੀ ਕਰ ਸਕਦਾ ਹੈ। ਸਰਗੁਣ ਸਰੂਪ ਗਿਆਨ ਨੂੰ ਆਪਣੇ ਅੰਦਰ ਟਿਕਾਉਣ ਲਈ ਤੇ ਉਸਨੂੰ ਜਾਣਨ ਲਈ ਕੇਵਲ ਇੱਕ ਜ਼ਰੀਆ ਹੈ। ਜਦ ਤੱਕ ਮਨੁੱਖੀ ਸਰੀਰ ਨਹੀਂ ਬਣਦਾ ਤਦ ਤੱਕ ਪ੍ਰਮਾਤਮਾ ਨੂੰ ਜਾਣਿਆ ਵੀ ਨਹੀਂ ਜਾ ਸਕਦਾ। ਉਹ ਆਪਣੇ ਸਰਗੁਣ ਸਰੂਪ ਨੂੰ ਬਣਾ ਕੇ ਆਪ ਹੀ ਉਸ ਵਿੱਚ ਨਿਰਗੁਣ ਸਰੂਪ ਵਿੱਚ ਵਰਤਦਾ ਹੈ। ਸਾਡੇ ਅੰਦਰ ਜੋ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੈ, ਤ੍ਰੈਗੁਣਾਂ ਵਾਲੀ ਸਮਝ ਹੈ ਭਾਵ ਹਉਮੈ ਹੈ ਉਹ ਵੀ ਸਾਡੇ ਅੰਦਰ ਪਾਈ ਹੋਈ ਅਗਿਆਨਤਾ ਵਾਲੀ ਸਮਝ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੀ ਹੈ ਜਿਸ ਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ, ਨਿਰੰਕਾਰ ਰੂਪ ਨੂੰ ਨਹੀਂ ਜਾਣ ਸਕਦੇ। ਇਹ ਹਉਮੈ ਸਾਡਾ ਰੋਗ ਹੈ ਤੇ ਸਾਡੇ ਮਨੁੱਖੀ ਸਰੂਪ ਵਿੱਚ ਦਾਰੂ ਦਾ ਕੰਮ ਵੀ ਇਹ ਹਉਮੈ ਹੀ ਕਰਦੀ ਹੈ ਕਿਉਂਕਿ ਇਸ ਹਉਮੈ ਵਿੱਚ ਆਏ ਬਿਨ੍ਹਾਂ, ਪ੍ਰਮਾਤਮਾ ਤੋਂ ਵੱਖਰੇ ਹੋਏ ਬਿਨ੍ਹਾਂ ਉਸਨੂੰ ਜਾਣਿਆ ਹੀ ਨਹੀਂ ਜਾ ਸਕਦਾ, ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਹਾਂ, ਸਾਡਾ ਮਨੁੱਖੀ ਰੂਪ ਪ੍ਰਮਾਤਮਾ ਨਾਲੋਂ ਵੱਖਰਾ ਰੂਪ ਹੈ। ਕਿਸੇ ਵੀ ਚੀਜ ਨੂੰ ਜਾਣਨ ਲਈ ਉਸਦੇ ਦੂਸਰੇ ਪੱਖ ਦਾ ਹੋਣਾ ਜਰੂਰੀ ਹੈ। ਸੁੱਖ ਨੂੰ ਤਾਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ ਜੇਕਰ ਦੁੱਖ ਵੀ ਨਾਲ-ਨਾਲ ਚੱਲੇ। ਇੱਕ ਪੱਖ ਦੀ ਪਹਿਚਾਣ ਦੂਸਰਾ ਪੱਖ ਹੀ ਕਰਵਾਉਂਦਾ ਹੈ। ਛੋਟੇ ਦੀ ਪਹਿਚਾਣ ਵੱਡਾ ਕਰਵਾਉਂਦਾ ਹੈ। ਜੇਕਰ ਕੋਈ ਕੇਵਲ ਇੱਕ ਹੀ ਹੋਵੇ ਤਾਂ ਫਿਰ ਉਸਦੀ ਪਹਿਚਾਣ ਕੌਣ ਕਰਾਵੇ। ਜੇਕਰ ਪ੍ਰਮਾਤਮਾ ਨੇ ਆਪਣੀ ਪਹਿਚਾਣ ਕਰਵਾਉਣੀ ਹੈ ਭਾਵ ਜੇਕਰ ਪ੍ਰਮਾਤਮਾ ਇਹ ਦੱਸਣਾ ਚਾਹਵੇ ਕਿ ਉਹ ਕੀ ਹੈ ਤਾਂ ਫਿਰ ਉਸਨੂੰ ਆਪਣਾ ਕੋਈ ਦੂਸਰਾ ਰੂਪ ਬਣਾਉਣਾ ਹੀ ਪਵੇਗਾ। ਹਰ ਆਕਾਰ ਰੂਪ ਪ੍ਰਮਾਤਮਾ ਦਾ ਹੀ ਦੂਸਰਾ ਰੂਪ ਹੈ ਭਾਵ ਹਰ ਆਕਾਰ ਰੂਪ ਦੀ ਇੱਕ ਵੱਖਰੀ ਹੋਂਦ ਹੈ, ਵੱਖਰੀ ਪਹਿਚਾਣ ਹੈ ਜੋ ਕਿ ਅਸਲ ਵਿੱਚ ਸੱਚ ਨਹੀਂ ਹੈ। ਹਰ ਸਰਗੁਣ ਹੋਂਦ ਵਿੱਚੋਂ ਕੇਵਲ ਇੱਕ ਮਨੁੱਖਾ ਸਰੀਰ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਜਾਣਨ ਲਈ ਸੋਝੀ ਦੀ ਲੋੜ ਹੈ ਤੇ ਉਹ ਸੋਝੀ ਦਾ ਦਰਜ਼ਾ ਪ੍ਰਮਾਤਮਾ ਨੇ ਕੇਵਲ ਮਨੁੱਖੀ ਹੋਂਦ ਵਿੱਚ ਹੀ ਪਾਇਆ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਬਿਆਨ ਕੀਤਾ ਜਾ ਸਕਦਾ ਹੈ ਅਤੇ ਸਮਝਿਆ ਜਾ ਸਕਦਾ ਹੈ। ਉਹ ਸੋਝੀ ਦਾ ਸਥਾਨ ਮਨੁੱਖਾ ਮਨ ਹੈ ਜੋ ਕਿ ਉਸ ਦੀ ਆਪਣੀ ਜੋਤਿ ਹੈ, ਉਸਦਾ ਆਪਣਾ ਨਿਰਗੁਣ ਸਰੂਪ ਹੈ, ਗਿਆਨ ਸਰੂਪ ਹੈ। ਇਸੇ ਮਨ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਗੁਰਬਾਣੀ ਦੇ ਗਿਆਨ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ, ਸੰਸਾਰ ਨੂੰ ਸੋਝੀ ਪਾਈ ਹੈ ਅਤੇ ਇਸੇ ਮਨ ਰਾਹੀਂ, ਆਪਣੀ ਜੋਤਿ ਦੇ ਗਿਆਨ ਰਾਹੀਂ ਉਸਦੇ ਦਰਸ਼ਨ ਹੋ ਸਕਦੇ ਹਨ ਜੋ ਕਿ ਕੇਵਲ ਤੇ ਕੇਵਲ

ਉਸਦੀ ਕ੍ਰਿਪਾ ਤੇ ਨਿਰਭਰ ਹੈ। ਪ੍ਰਮਾਤਮਾ ਮਨੁੱਖੀ ਸਰੀਰ ਦੇ ਅੰਦਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਉਸਦਾ ਇਹ ਗੁਪਤ ਰੂਪ ਸਾਡੇ ਮਨ ਦਾ ਗਿਆਨ ਹੈ, ਸਾਡੇ ਅੰਦਰ ਮਨ ਦੇ ਵਿੱਚ ਚੱਲ ਰਹੀ ਉਸਦੀ ਸਮਝ ਹੈ। ਆਪਣੀ ਪਾਈ ਹੋਈ ਸਮਝ ਰਾਹੀਂ ਉਹ ਸਾਡੇ ਅੰਦਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਜਦ ਤੱਕ ਉਸਨੇ ਮਨੁੱਖ ਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ, ਆਪਣੇ ਅੰਦਰ ਉਸਦੇ ਇਸ ਗੁਪਤ ਅਸਥਾਨ ਨੂੰ ਭਾਵ ਆਪਣੇ ਮਨ ਨੂੰ ਕਦੇ ਵੀ ਸਮਝਿਆ ਨਹੀਂ ਜਾ ਸਕਦਾ। ਸਾਡੇ ਅੰਦਰ ਹਰ ਵੇਲੇ ਚੱਲ ਰਹੀ ਪ੍ਰਮਾਤਮਾ ਦੀ ਪਾਈ ਹੋਈ ਉਸਦੀ ਸਮਝ ਹੀ ਉਸਦੀ ਗੁਪਤੀ ਬਾਣੀ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪਣੇ ਆਪ ਨੂੰ ਮਨੁੱਖੀ ਸਮਝ ਤੋਂ ਗੁਪਤ ਰੱਖਿਆ ਹੋਇਆ ਹੈ ਜਿਸ ਗੁਪਤੀ ਬਾਣੀ ਦੀ ਸਮਝ ਪਏ ਬਿਨ੍ਹਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਜਦ ਤੱਕ ਇਹ ਗੁਪਤ ਬਾਣੀ ਸਾਡੇ ਅੰਦਰ ਪ੍ਰਗਟ ਨਹੀਂ ਹੁੰਦੀ, ਪ੍ਰਮਾਤਮਾ ਦੀ ਸੋਝੀ ਨਹੀਂ ਪੈ ਸਕਦੀ ਕਿਉਂਕਿ ਅਸਲ ਵਿੱਚ ਇਹ ਗੁਪਤ ਬਾਣੀ ਦੇ ਰੂਪ ਵਿੱਚ ਹੀ ਤਾਂ ਪ੍ਰਮਾਤਮਾ ਸਾਡੇ ਅੰਦਰ ਆਪ ਵਰਤ ਰਿਹਾ ਹੈ ਜੋ ਕਿ ਸਭ ਦੇ ਅੰਦਰ ਉਸਦਾ ਤ੍ਰੈ ਗੁਣਾਂ ਵਾਲੀ ਸਮਝ ਦਾ ਰੂਪ ਹੈ, ਮਾਇਆ ਰੂਪ ਹੈ ਜਿਸ ਰਾਹੀਂ ਉਸਨੇ ਹਰ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਨਉ ਸਰ ਸੁਭਰ ਦਸਵੈ ਪੂਰੇ॥
ਤਹ ਅਨਹਤ ਸੁੰਨ ਵਜਾਵਹਿ ਤੂਰੇ॥
ਸਾਚੈ ਰਾਚੇ ਦੇਖਿ ਹਜੂਰੇ॥
ਘਟਿ ਘਟਿ ਸਾਚੁ ਰਹਿਆ ਭਰਪੂਰੇ॥
ਗੁਪਤੀ ਬਾਣੀ ਪਰਗਟੁ ਹੋਇ॥
ਨਾਨਕ ਪਰਖਿ ਲਏ ਸਚੁ ਸੋਇ॥੫੩॥”

(ਅੰਗ ੯੪੩)

ਮਨ ਦੇ ਵਿੱਚੋਂ ਆਪਣੀ ਇਸ ਗੁਪਤ ਬਾਣੀ ਦੁਆਰਾ ਉਸਦਾ ਪ੍ਰਗਟ ਹੋਣਾ ਹੀ ਉਸਦਾ ਆਪ ਪ੍ਰਗਟ ਹੋਣਾ ਹੈ ਭਾਵ ਉਸਦੇ ਨਾਲ ਮਨ ਦੇ ਵਿੱਚ ਮੇਲ ਹੈ। ਉਸਦੇ ਨਾਲ ਮੇਲ ਦੀ ਇਹੀ ਪਰਖ ਹੈ। **(ਗੁਪਤੀ ਬਾਣੀ ਪਰਗਟੁ ਹੋਇ॥ ਨਾਨਕ ਪਰਖਿ ਲਏ ਸਚੁ ਸੋਇ॥੫੩॥)** ਮਨ ਦੇ ਵਿੱਚੋਂ ਸੱਚ ਰੂਪ ਪ੍ਰਮਾਤਮਾ ਦੇ ਹੋਣ ਦੀ ਪਰਖ ਮਨ ਦੀ ਬਾਣੀ ਭਾਵ ਮਨ ਦੇ ਗਿਆਨ ਦੁਆਰਾ ਹੀ ਹੁੰਦੀ ਹੈ। ਗੁਪਤ ਰੂਪ ਵਿੱਚ ਉਹ ਤ੍ਰੈਗੁਣਾਂ ਦੁਆਰਾ ਮਨੁੱਖ ਨੂੰ ਭੁਲੇਖੇ ਵਿੱਚ ਰੱਖਦਾ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਗੁਪਤ ਰੂਪ ਹੈ। ਜਦੋਂ ਉਹ ਪ੍ਰਗਟ ਹੁੰਦਾ ਹੈ ਉਹ ਚੌਥੇ ਪਦ ਦੇ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ ਜਿਸ ਨਾਲ ਤ੍ਰੈਗੁਣਾਂ ਵਾਲੀ ਅਵੱਸਥਾ ਮਿਟ ਜਾਂਦੀ ਹੈ, ਪ੍ਰਮਾਤਮਾ ਨੂੰ ਜਾਣਨ ਬਾਰੇ ਹਰ ਦੁਚਿੱਤੀ ਮਿਟ ਜਾਂਦੀ ਹੈ ਅਤੇ ਪ੍ਰਮਾਤਮਾ ਕੀ ਹੈ ਇਸ ਬਾਰੇ ਕੇਵਲ “**ਇੱਕ ਸੋਚ**” ਰਹਿ ਜਾਂਦੀ ਹੈ ਕਿ ਸਭ ਕੁੱਝ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜੋ ਸਭ ਦੇ ਅੰਦਰ ਆਪਣੀ ਸੋਚ ਦੇਣ ਦੁਆਰਾ ਵਿਚਰ ਰਹਿਆ ਹੈ। ਇਹ “**ਇੱਕ ਸੋਚ**” ਫਿਰ ਕਦੇ ਬਦਲ ਨਹੀਂ ਸਕਦੀ ਕਿਉਂਕਿ ਪ੍ਰਮਾਤਮਾ “**ਇੱਕ ਸੋਚ**” ਵਿੱਚ ਹੀ ਹੈ ਭਾਵ ਦੁਚਿੱਤੀ ਵਿੱਚ ਰਹਿੰਦੇ ਉਸਦੀ ਆਪਣੇ ਅੰਦਰ ਸਮਝ ਨਹੀਂ ਪੈਂਦੀ। ਮਨੁੱਖ ਦਾ ਸਰਗੁਣ ਸਰੂਪ ਬਣੇ ਬਿਨ੍ਹਾਂ, ਮਾਇਆ ਸਰੂਪ ਬਣੇ ਬਿਨ੍ਹਾਂ ਉਸ ਨਿਰਗੁਣ ਰੂਪ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਇਸੇ ਲਈ ਉਸਦੇ ਸਰਗੁਣ ਸਰੂਪ ਦੀ ਜਿੱਥੋਂ ਉਸ ਦੀ ਸੋਝੀ ਪੈਂਦੀ ਹੈ ਉਸ ਦਾ ਅਦਬ ਸਤਿਕਾਰ ਵੀ ਜਰੂਰੀ ਹੈ।

ਜਿਸ ਤਰ੍ਹਾਂ ਆਪਣੇ ਸਰੀਰ ਦੀ ਸੰਭਾਲ ਦੀ ਲੋੜ ਹੈ, ਜਿਸ ਤਰ੍ਹਾਂ ਮਨੁੱਖ ਆਪਣੇ ਸਰੀਰ ਨਾਲ ਪ੍ਰੇਮ ਕਰਦਾ ਹੈ, ਉਸੇ ਤਰ੍ਹਾਂ ਧਰਮ ਗ੍ਰੰਥਾਂ ਦੀ ਸੰਭਾਲ ਦੀ ਲੋੜ ਹੈ, ਉਹਨਾਂ ਦੇ ਨਾਲ ਪ੍ਰੇਮ ਸਤਿਕਾਰ ਦੀ ਲੋੜ ਹੈ, ਉਹਨਾਂ ਲਈ ਅਥਾਹ ਸ਼ਰਧਾ ਰੱਖਣ ਦੀ ਲੋੜ ਹੈ ਤਾਂ ਜੋ ਉਹਨਾਂ ਕੋਲੋਂ ਗਿਆਨ ਲੈ ਸਕੀਏ। ਜੇਕਰ ਸਰਗੁਣ ਸਰੂਪ ਨਾਲ ਸ਼ਰਧਾ ਨਹੀਂ ਹੋਵੇਗੀ ਤਾਂ ਫਿਰ ਨਿਰਗੁਣ ਸਰੂਪ ਨਾਲ ਵੀ ਸ਼ਰਧਾ ਨਹੀਂ ਹੋਵੇਗੀ। ਅਸਲ ਵਿੱਚ ਉੱਚਾ ਨਿਰਗੁਣ ਸਰੂਪ ਹੀ ਹੈ ਜੋ ਆਪਣੇ ਸਰਗੁਣ ਸਰੂਪ ਦੀ ਅਹਿਮੀਅਤ ਬਣਾਉਂਦਾ ਹੈ, ਜਿਸ ਨਾਲ ਸਰਗੁਣ ਸਰੂਪ ਦੀ ਕਦਰ ਪੈਂਦੀ ਹੈ। ਕਦਰ ਸੱਚੇ ਵਿਚਾਰਾਂ ਨਾਲ ਪੈਂਦੀ ਹੈ। ਦੋਨਾਂ ਦਾ ਆਪਣਾ-ਆਪਣਾ ਸਥਾਨ ਹੈ ਪਰ ਸਰਗੁਣ ਸਰੂਪ ਦੇ ਬਣਨ ਦਾ ਮਕਸਦ ਤਾਂ ਹੀ ਪੂਰਾ ਹੋਵੇਗਾ ਜੇਕਰ ਉਸ ਵਿੱਚੋਂ ਉਹ ਕੁੱਝ ਹਾਸਲ ਕਰੀਏ ਜਿਸ ਲਈ ਉਸ ਦੀ ਹੋਂਦ ਬਣੀ ਹੈ। ਮਨੁੱਖੀ ਹੋਂਦ ਵੀ ਤਾਂ ਹੀ ਕੰਮ ਆਵੇਗੀ ਜੇਕਰ ਅਸੀਂ ਇਸ ਦੁਆਰਾ ਉਹ ਕੁੱਝ ਹਾਸਲ ਕਰੀਏ ਜਿਸ ਮਨੋਰਥ ਲਈ ਸਾਨੂੰ ਪ੍ਰਮਾਤਮਾ ਨੇ ਇਹ ਮਨੁੱਖਾ ਸਰੀਰ ਬਖਸ਼ਿਆ ਹੈ। ਮਨੁੱਖਾ ਸਰੀਰ ਵਿੱਚੋਂ ਹੀ ਅਸੀਂ ਉਸ ਨਿਰਗੁਣ ਸਰੂਪ ਦੀ ਪ੍ਰਾਪਤੀ ਕਰਨੀ ਹੈ ਭਾਵ ਉਸ ਪ੍ਰਮਾਤਮਾ ਦੀ ਪ੍ਰਾਪਤੀ ਕਰਨੀ ਹੈ ਜੋ ਸਾਡੇ ਅੰਦਰ ਨਿਰਗੁਣ ਸਰੂਪ

ਵਿੱਚ ਵਰਤ ਰਿਹਾ ਹੈ, ਮਨ ਦੇ ਗਿਆਨ ਰੂਪ ਵਿੱਚ ਵਰਤ ਰਿਹਾ ਹੈ। ਉਸ ਨਿਰਗੁਣ ਰੂਪ ਦੇ ਦਰਸ਼ਨ ਹੋਏ ਬਿਨ੍ਹਾਂ ਸਾਡੇ ਸਰਗੁਣ ਸਰੂਪ ਦੀ ਪ੍ਰਾਪਤੀ ਦਾ ਅਸਲ ਮਨੋਰਥ ਪੂਰਾ ਨਹੀਂ ਹੁੰਦਾ, ਸੰਸਾਰ ਦੇ ਸੱਚ ਨੂੰ ਸਮਝਣ ਦਾ ਮਨੋਰਥ ਪੂਰਾ ਨਹੀਂ ਹੁੰਦਾ। ਪ੍ਰਮਾਤਮਾ ਦੀ ਹਰ ਰਚਨਾ, ਹਰ ਸਰਗੁਣ ਸਰੂਪ ਕਿਸੇ ਮਨੋਰਥ ਲਈ ਹੀ ਹੈ। ਸਰਗੁਣ ਸਰੂਪ ਵਿੱਚ ਗੁਰੂ ਦਾ ਮਨੋਰਥ ਗਿਆਨ ਵੰਡਣਾ ਹੈ ਤਾਂ ਜੋ ਗੁਰੂ

8/735

ਦੀ ਗੱਲ ਨੂੰ ਸਮਝ ਕੇ, ਸੱਚ ਨੂੰ ਸਮਝ ਕੇ ਉਸਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਆਪਣਾ ਜੀਵਨ ਸਵਾਰ ਸਕੀਏ ਜਿਸ ਦੁਆਰਾ ਸਭ ਦਾ ਭਲਾ ਹੋ ਸਕੇ, ਇਹ ਸ੍ਰਿਸ਼ਟੀ ਸੋਹਣੇ ਢੰਗ ਨਾਲ ਚੱਲੇ। ਜੇਕਰ ਗੁਰੂ ਕੋਲੋਂ ਗਿਆਨ ਲੈ ਕੇ ਉਸ ਤੇ ਕੋਈ ਅਮਲ ਹੀ ਨਾ ਕਰੇ ਤਾਂ ਫਿਰ ਸ੍ਰਿਸ਼ਟੀ ਦਾ ਭਲਾ ਕੀ ਹੋ ਸਕਦਾ ਹੈ, ਗੁਰੂ ਦਾ ਮਨੋਰਥ ਕਿਵੇਂ ਪੂਰਾ ਹੋ ਸਕਦਾ ਹੈ। ਜੇਕਰ ਸ਼ਬਦ ਨੂੰ ਵਿਚਾਰਨ ਦੀ ਬਜਾਏ ਸਾਰਾ ਦਿਨ ਮੁੱਖੋਂ ਸ਼ਬਦ-ਸ਼ਬਦ ਹੀ ਬੋਲੀ ਜਾਈਏ ਇਸ ਨਾਲ ਕਿਸੇ ਦਾ ਕੀ ਭਲਾ ਹੋਣਾ ਹੈ ਤੇ ਆਪਣਾ ਭਲਾ ਕੀ ਹੋਣਾ ਹੈ ਅਤੇ ਗੁਰੂ ਦੇ ਮਨੋਰਥ ਦੀ ਪੂਰਤੀ ਕੀ ਹੋਣੀ ਹੈ। ਗੁਰੂ ਦੇ ਇਤਨੇ ਵੱਡੇ, ਇਤਨੇ ਸੱਚੇ ਸੁੱਚੇ ਗਿਆਨ ਦੀ ਅਸੀਂ ਕੀ ਕਦਰ ਪਾਈ। ਗੁਰੂ ਦੀ ਗੱਲ ਸੁਣ ਕੇ ਜੇਕਰ ਕੋਈ ਅਮਲ ਨਹੀਂ ਕੀਤਾ, ਸ਼ਬਦ ਨੂੰ ਸੁਣ ਕੇ ਉਸਨੂੰ ਆਪਣੇ ਅੰਦਰ ਨਹੀਂ ਵਿਚਾਰਿਆ ਭਾਵ ਸਾਡੇ ਵਿਚਾਰਾਂ ਵਿੱਚ ਕੋਈ ਤਬਦੀਲੀ ਨਹੀਂ ਆਈ, ਅਸੀ ਆਪਣੇ ਜੀਵਨ ਨੂੰ ਨਹੀਂ ਸੁਧਾਰਿਆ ਤਾਂ ਫਿਰ ਅਸੀਂ ਗੁਰੂ ਵਾਲੇ ਕੀ ਬਣੇ।

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

ਗੁਰੂ ਪ੍ਰਮਾਤਮਾ ਦੀ ਪੂਜਾ ਅਸਲ ਵਿੱਚ ਹੈ ਹੀ ਬਹੁਤ ਔਖੀ, ਨਾਮ ਜਪਣਾ ਹੈ ਹੀ ਬਹੁਤ ਔਖਾ। ਜਿਹੋ ਜਿਹੀ ਅਸੀਂ ਭਗਤੀ ਕਰ ਰਹੇ ਹਾਂ ਇਹ ਅਸਲ ਵਿੱਚ ਹਕੀਕਤ ਤੋਂ ਮੂੰਹ ਮੋੜਨ ਵਾਲੀ ਗੱਲ ਹੈ ਤੇ ਆਪਣੇ ਆਪ ਨੂੰ ਭੁਲੇਖੇ ਵਿੱਚ ਰੱਖਣ ਵਾਲੀ ਗੱਲ ਹੈ। ਸ਼ਬਦ ਦੀ ਪੂਜਾ, ਪ੍ਰਮਾਤਮਾ ਦੀ ਪੂਜਾ, ਨਾਮ ਦੀ ਪੂਜਾ ਆਪਣੇ ਆਪ ਨੂੰ ਨਿਰਮਲ ਕੀਤੇ ਬਿਨ੍ਹਾਂ, "ਸਬਦਿ ਮਰੈ" ਬਿਨ੍ਹਾਂ ਹੋ ਹੀ ਨਹੀਂ ਸਕਦੀ ਜੋ ਮਰਨਾ ਬਹੁਤ ਹੀ ਔਖਾ ਹੈ। ਗੁਰੂ ਦੇ ਸ਼ਬਦਾਂ ਦੁਆਰਾ ਮਰਨ ਲਈ ਗੁਰੂ ਵਰਗਾ ਬਣਨਾ ਪੈਂਦਾ ਹੈ ਭਾਵ ਉਹੋ ਜਿਹਾ ਆਚਾਰੀ ਬਣਨਾ ਪੈਂਦਾ ਹੈ ਜਿਹੋ ਜਿਹੇ ਆਚਾਰ ਗੁਰੂ ਪ੍ਰਮਾਤਮਾ ਨੂੰ ਭਾਉਂਦੇ ਹਨ, ਜਿਹੋ ਜਿਹਾ ਆਚਾਰੀ ਖੁਦ ਗੁਰੂ ਸਾਹਿਬਾਨ ਨੇ, ਭਗਤਾਂ ਨੇ ਬਣ ਕੇ ਦਿਖਾਇਆ ਹੈ। ਜਿਸ ਲਈ ਆਪਣੀ ਮਤਿ ਨੂੰ, ਮਾਇਆ ਮੋਹ ਵਾਲੀ ਸਮਝ ਨੂੰ ਪੂਰੀ ਤਰਾਂ ਛੱਡਣਾ ਪੈਂਦਾ ਹੈ ਭਾਵ ਹਰ ਸ਼ਬਦ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਪੈਂਦਾ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚ ਹੀ ਸਮਝਾਉਂਦਾ ਹੈ ਤੇ ਸੱਚ ਨੂੰ ਅਪਣਾਉਣਾ ਬਹੁਤ ਔਖਾ ਹੈ ਭਾਵ ਨਾਮ ਜਪਣਾ ਬਹੁਤ ਔਖਾ ਹੈ। ਆਉ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਦ੍ਰਿੜ ਕਰੀਏ।

"ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ॥੧॥
ਸੰਤਹੁ ਗੁਰਮੁਖਿ ਪੂਰਾ ਪਾਈ॥ ਨਾਮੋ ਪੂਜ ਕਰਾਈ॥੧॥ਰਹਾਉ॥
ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ॥੨॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ॥੩॥
ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ॥੪॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥੫॥
ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ॥੬॥
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ॥੭॥
ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ॥੮॥
ਆਪੇ ਨਿਰਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ॥੯॥
ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ॥੧੦॥

ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ॥੧੧॥
ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ॥੧੨॥
ਅਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ॥੧੩॥
ਪਾਖੰਡਿ ਕੀਨੈ ਜਮੁ ਨਹੀ ਛੋਡੈ ਲੈ ਜਾਸੀ ਪਤਿ ਗਵਾਈ॥੧੪॥
ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ॥੧੫॥
ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ॥੧੬॥
ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤਸੰਗਤਿ ਮੇਲਾਈ॥੧੭॥
ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ॥੧੮॥
ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ॥੧੯॥
ਭੈ ਭੰਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ॥੨੦॥
ਸਭੁ ਕਿਛੁ ਆਪੇ ਆਪਿ ਵਰਤੈ ਨਾਨਕ ਨਾਮਿ ਵਡਿਆਈ॥੨੧॥੩॥੧੨॥"

(ਅੰਗ ੯੧੦)

ਪ੍ਰਮਾਤਮਾ ਦੀ ਪੂਜਾ ਕਰਨ ਵਾਲਿਆ ਦੀ ਗਿਣਤੀ ਘੱਟ ਨਹੀਂ ਹੈ। ਬਥੇਰੀ ਦੁਨੀਆਂ ਆਪਣੇ ਵੱਲੋਂ ਪ੍ਰਮਾਤਮਾ ਦੀ ਪੂਜਾ ਵਿੱਚ ਲੱਗੀ ਹੋਈ ਹੈ ਪਰ ਅਸਲ ਪੂਜਾ ਕੀ ਹੈ,

8/736

ਅਸਲ ਵਿੱਚ ਪੂਜਾ ਕੌਣ ਕਰ ਰਿਹਾ ਹੈ ਇਹ ਸਾਡੀ ਸਮਝ ਤੋਂ ਬਾਹਰ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਸੱਚਾਈ ਨੂੰ ਸਮਝਦੇ ਆ ਰਹੇ ਹਾਂ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਅਸੀਂ ਆਪਣੇ ਵੱਲੋਂ ਇਹੀ ਸਮਝਦੇ ਹਾਂ ਕਿ ਜੋ ਵੀ ਵਿਖਾਵੇ ਦੁਆਰਾ ਪ੍ਰਮਾਤਮਾ ਦਾ ਜਪ ਤਪ ਕਰਦਾ ਹੈ ਉਹ ਪੂਜਾ ਕਰ ਰਿਹਾ ਹੈ ਤੇ ਇਸੇ ਤਰ੍ਹਾਂ ਹੋਰ ਵੀ ਜੋ ਪ੍ਰਮਾਤਮਾ ਦੀ ਭਗਤੀ ਲਈ ਤਰੀਕੇ ਅਪਣਾਏ ਜਾਂਦੇ ਹਨ, ਪੂਜਾ ਲਈ ਤਰੀਕੇ ਅਪਣਾਏ ਜਾਂਦੇ ਹਨ ਜਿੰਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਉਨ੍ਹਾਂ ਤਰੀਕਿਆਂ ਨੂੰ ਅਸੀਂ ਪ੍ਰਮਾਤਮਾ ਦੀ ਭਗਤੀ, ਉਸਦੀ ਪੂਜਾ ਹੀ ਸਮਝਦੇ ਹਾਂ। ਪ੍ਰਮਾਤਮਾ ਦੀ ਪੂਜਾ ਅਸਲ ਵਿੱਚ ਬਹੁਤ ਔਖੀ ਹੈ ਜੋ ਕਿ ਸਾਰੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

(ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ॥੧॥)

ਉੱਪਰ ਪੰਗਤੀ ਰਾਹੀਂ ਸੰਤ ਅਖਵਾਉਣ ਵਾਲਿਆਂ ਨੂੰ ਇਹ ਸੰਬੋਧਨ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਪੂਜਾ ਔਖੀ ਹੈ ਭਾਵ ਸੰਤ ਅਖਵਾਉਣ ਵਾਲਿਆਂ ਨੂੰ ਜਾਂ ਆਪਣੇ ਮਨੁੱਖੀ ਰੂਪ ਨੂੰ ਸੰਤ ਸਮਝਣ ਵਾਲਿਆਂ ਨੂੰ ਇਹ ਸਮਝਾਇਆ ਹੋਇਆ ਹੈ ਕਿ ਤੁਹਾਨੂੰ ਪ੍ਰਮਾਤਮਾ ਦੀ ਅਸਲ ਪੂਜਾ ਦੀ ਸਮਝ ਨਹੀਂ ਹੈ। ਤੁਸੀਂ ਆਪ ਵੀ ਸੱਚੀ ਪੂਜਾ ਸਮਝਣ ਵਿੱਚ ਭਰਮਾਂ ਵਿੱਚ ਹੋ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹੋ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ ਕਿ ਸੰਤ ਆਪ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਹੀ ਰੂਪ ਹੈ। ਆਪਣੇ ਆਪ ਨੂੰ ਸੰਤ ਉਹੀ ਅਖਵਾ ਸਕਦਾ ਹੈ ਜਾਂ ਸਮਝ ਸਕਦਾ ਹੈ ਜਿਸ ਨੂੰ ਆਪਣੇ ਅੰਦਰ ਵਰਤ ਰਹੇ ਗੁਰੂ ਰੂਪ ਸੰਤ ਪ੍ਰਮਾਤਮਾ ਦੀ ਸਮਝ ਨਹੀਂ ਹੈ ਤੇ ਇਸੇ ਲਈ ਉਨ੍ਹਾਂ ਨੂੰ ਸੱਚੀ ਭਗਤੀ ਦੀ ਸਮਝ ਵੀ ਨਹੀਂ ਪੈਂਦੀ।

ਪ੍ਰਮਾਤਮਾ ਦੀ ਪੂਜਾ ਕੀ ਹੈ ਅਤੇ ਔਖੀ ਕਿਸ ਲਈ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਜੋ ਕਿ "ਰਹਾਉ" ਵਾਲੀ ਪੰਗਤੀ ਹੈ ਉਸ ਦੁਆਰਾ ਸਮਝਾਇਆ ਹੋਇਆ ਹੈ।

"ਸੰਤਹੁ ਗੁਰਮੁਖਿ ਪੂਰਾ ਪਾਈ॥ ਨਾਮੋ ਪੂਜ ਕਰਾਈ॥੧॥ਰਹਾਉ॥"

ਪ੍ਰਮਾਤਮਾ ਦੀ ਪੂਜਾ ਅਸੀਂ ਪ੍ਰਮਾਤਮਾ ਨੂੰ ਪਾਉਣ ਲਈ ਕਰਦੇ ਹਾਂ ਜੋ ਕਿ ਪੂਜਾ ਦਾ ਅਸਲ ਮਕਸਦ ਹੋਣਾ ਚਾਹੀਦਾ ਹੈ। ਦੋਨਾਂ ਪੰਗਤੀਆਂ ਨੂੰ ਅਗਰ ਧਿਆਨ ਨਾਲ ਵਿਚਾਰਾਂਗੇ ਤਾਂ ਨਾਮ ਜਪਣਾ ਵੀ ਸਮਝ ਲੱਗ ਜਾਵੇਗਾ। ਨਾਮ ਜਪਣਾ ਔਖਾ ਕਿਉਂ ਹੈ,

ਇਹ ਵੀ ਸੋਝੀ ਪੈ ਜਾਵੇਗੀ। ਪ੍ਰਮਾਤਮਾ ਦੀ ਪੂਜਾ ਨਾਮ ਦੁਆਰਾ ਹੀ ਹੋ ਸਕਦੀ ਹੈ, ਹੋਰ ਕੋਈ ਤਰੀਕਾ ਹੈ ਹੀ ਨਹੀਂ। ਗੱਲ ਸਿਰਫ ਨਾਮ ਨੂੰ ਸਮਝਣ ਦੀ ਹੈ ਜੋ ਕਿ ਪਹਿਲੀ ਪੰਗਤੀ ਵਿੱਚ ਹੀ ਸਮਝਾਇਆ ਹੋਇਆ ਹੈ। **“ਸੰਤਹੁ ਗੁਰਮੁਖਿ ਪੂਰਾ ਪਾਈ॥”** ਜੋ ਮਨੁੱਖ "**ਗੁਰਮੁਖਿ ਪੂਰਾ**" ਹੈ ਭਾਵ ਜੋ ਗੁਰੂ ਦੀ ਮਤਿ ਤੇ ਪੂਰਾ ਹੈ ਉਹੀ ਪ੍ਰਮਾਤਮਾ ਨੂੰ ਪਾਉਂਦਾ ਹੈ ਭਾਵ ਉਸੇ ਦੀ ਪੂਜਾ ਸਫ਼ਲ ਹੁੰਦੀ ਹੈ। ਪੂਜਾ ਨਾਮ ਦੁਆਰਾ ਹੋਣੀ ਹੈ, ਗੁਰੂ ਦੀ ਮਤਿ ਤੇ ਪੂਰਾ ਉਤਰ ਕੇ ਹੋਣੀ ਹੈ। ਗੁਰੂ ਦੀ ਮਤਿ ਤੇ ਪੂਰਾ ਉਤਰਨਾ ਹੀ ਨਾਮ ਜਪਣਾ ਹੈ ਭਾਵ ਗੁਰੂ ਦੀ ਸੱਚੀ ਮਤਿ ਅਨੁਸਾਰ ਵਿਚਰਨਾ ਹੀ ਗੁਰੂ ਦਾ ਨਾਮ ਜਪਣਾ ਹੈ ਤੇ ਇਹੀ ਉਸਦੀ ਪੂਜਾ ਹੈ। ਅੱਗੇ ਪੂਰਾ ਸ਼ਬਦ ਪੜ੍ਹਨ ਤੋਂ ਪਹਿਲਾਂ “**ਰਹਾਉ**” ਵਾਲੀ ਪੰਗਤੀ ਨੂੰ ਮਨ ਵਿੱਚ ਧਾਰ ਕੇ ਚੱਲੋ ਤੇ ਆਪਣੇ ਆਪ ਸਮਝ ਲੱਗ ਜਾਵੇਗੀ ਕਿ ਨਾਮ ਦੁਆਰਾ ਪੂਜਾ ਕਿਵੇਂ ਹੋਣੀ ਹੈ। ਸ਼ਬਦ ਦੇ ਹਰ ਪਦੇ ਵਿੱਚ ਪ੍ਰਮਾਤਮਾ ਦੀ ਪੂਜਾ ਹੀ ਸਮਝਾਈ ਹੋਈ ਹੈ। ਪ੍ਰਮਾਤਮਾ ਦੀ ਪੂਜਾ ਗੁਰੂ ਦੀ ਮਤਿ ਤੇ ਪੂਰਾ ਉਤਰ ਕੇ ਹੀ ਹੋਣੀ ਹੈ ਅਤੇ ਇਹੀ ਅੱਗੇ ਸਾਰੇ ਸ਼ਬਦ ਵਿੱਚ ਸਮਝਾਇਆ ਹੋਇਆ ਹੈ। ਗੁਰੂ ਦੀ ਮਤਿ ਦਾ ਸਾਰ ਕੀ ਹੈ ਇਹ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣ ਚੁੱਕੇ ਹਾਂ। ਗੁਰੂ ਦੀ ਮਤਿ ਤੇ ਪੂਰਾ ਕਿਵੇਂ ਉਤਰਿਆ ਜਾ ਸਕਦਾ ਹੈ

8/737

ਇਹ ਗੱਲ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝੀ ਹੈ ਤੇ ਫਿਰ ਤੋਂ ਇੱਕ ਵਾਰੀ ਹੇਠ ਦਿੱਤੀ ਪੰਗਤੀ ਦੁਆਰਾ ਵੀ ਸਮਝ ਲੈਂਦੇ ਹਾਂ।

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ - ੫੬)

"ਗੁਰਮੁਖਿ ਪੂਰਾ" ਹੋਣਾ ਜਾਂ **"ਗੁਰਮਤਿ ਪੂਰਾ"** ਹੋਣਾ ਇੱਕੋ ਹੀ ਗੱਲ ਹੈ। ਗੁਰਮਤਿ ਤੇ ਪੂਰਾ ਉਤਰੇ ਬਿਨ੍ਹਾਂ ਭਾਵ ਗੁਰਮਤਿ ਤੇ ਪੂਰਾ ਉਤਰਨ ਦਾ ਉੱਦਮ ਕੀਤੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਕਿਉਂਕਿ ਗੁਰਮਤਿ ਤੇ ਪੂਰਾ ਉਤਰਨਾ ਹੀ ਉਸਦੀ ਪੂਜਾ ਹੈ ਜੋ ਆਪਣੀ ਪੂਜਾ ਕਰਨ ਦਾ ਤਰੀਕਾ ਪ੍ਰਮਾਤਮਾ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਆਪ ਹੀ ਸਮਝਾਉਂਦਾ ਹੈ। ਗੁਰਮਤਿ ਤੇ ਪੂਰਾ ਕਿਵੇਂ ਉਤਰਿਆ ਜਾ ਸਕਦਾ ਹੈ, ਗੁਰਮੁਖਿ ਕਿਵੇਂ ਬਣਿਆ ਜਾ ਸਕਦਾ ਹੈ ਇਹ ਉਪਰਲੀਆਂ ਪੰਗਤੀਆਂ ਦੁਆਰਾ ਪੂਰੀ ਤਰ੍ਹਾਂ ਸਪੱਸ਼ਟ ਹੈ। ਹਰ ਕਿਸੇ ਨੂੰ ਆਸਾਨੀ ਨਾਲ ਸਮਝ ਆ ਸਕਦਾ ਹੈ। ਸਾਰੀ ਗੱਲ ਗੁਣਾਂ ਨੂੰ ਅਪਣਾਉਣ ਅਤੇ ਔਗੁਣਾਂ ਨੂੰ ਛੱਡਣ ਤੇ ਨਿਬੜਦੀ ਹੈ। ਔਗੁਣਾਂ ਦੇ ਰਹਿੰਦਿਆਂ ਨਾ ਕੋਈ ਗੁਰਮਤਿ ਤੇ ਚੱਲ ਰਿਹਾ ਹੈ, ਨਾ ਕੋਈ ਗੁਰਮੁਖਿ ਅਖਵਾਉਣ ਦਾ ਹੱਕਦਾਰ ਹੈ ਤੇ ਨਾ ਹੀ ਉਹ ਪ੍ਰਮਾਤਮਾ ਦੀ ਪੂਜਾ ਕਰ ਰਿਹਾ ਹੈ। ਔਗੁਣਾਂ ਦੇ ਰਹਿੰਦਿਆਂ ਪ੍ਰਮਾਤਮਾ ਦੀ ਪੂਜਾ ਹੈ ਹੀ ਨਹੀਂ। ਔਗੁਣਾਂ ਦੇ ਰਹਿੰਦਿਆਂ ਹਰ ਕੋਈ ਪੂਜਾ ਵਿਹੂਣਾ ਹੈ, ਨਾਮ ਵਿਹੂਣਾ ਹੈ, ਗੁਰਮਤਿ ਵਿਹੂਣਾ ਹੈ। (**ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ॥੧॥ ਸੰਤਹੁ ਗੁਰਮੁਖਿ ਪੂਰਾ ਪਾਈ॥ ਨਾਮੋ ਪੂਜ ਕਰਾਈ॥੧॥ਰਹਾਉ॥**) ਮੁੱਖ ਸ਼ਬਦ ਨੂੰ ਜਿਵੇਂ ਜਿਵੇਂ ਵਿਚਾਰਾਂਗੇ, ਹਰ ਪਦੇ ਵਿੱਚ ਅਗਰ ਧਿਆਨ ਨਾਲ ਸਮਝਾਂਗੇ ਤਾਂ ਗੱਲ ਔਗੁਣਾਂ ਨੂੰ ਤਿਆਗ ਕੇ ਗੁਣਾਂ ਨੂੰ ਅਪਣਾਉਣ ਦੀ ਹੀ ਕੀਤੀ ਹੋਈ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ॥੨॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ॥੩॥”

ਉਪਰਲੀਆਂ ਪੰਗਤੀਆਂ ਦੁਆਰਾ ਪਹਿਲਾਂ ਇਹ ਸਮਝੀਏ ਕਿ "ਹਰਿ" ਕੀ ਹੈ। ਜੇਕਰ "ਹਰਿ" ਸਮਝ ਆ ਜਾਵੇਗਾ ਤਾਂ ਫਿਰ ਹਰਿ'' ਕਰਨਾ ਵੀ ਸਮਝ ਆ ਜਾਵੇਗਾ, ਕਿਉਂਕਿ ਸਾਨੂੰ ਬਾਣੀ ਵਾਰ- ਵਾਰ ਹਰਿ ਹਰਿ ਜਪਣ ਲਈ ਕਹਿੰਦੀ ਹੈ।''ਹਰਿ ਹਰਿ ਜਪਣਾ ਹੀ ਨਾਮ ਜਪਣਾ ਹੈ। ਬਾਣੀ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਮੁੱਖੋਂ ਹਰਿ ਹਰਿ ਬੋਲੀ ਜਾਣ ਦਾ ਕੋਈ ਲਾਭ ਨਹੀਂ ਹੈ। ਹਰਿ ਹਰਿ ਜਪਣਾ ਤਾਂ ਹੀ ਸਮਝ ਆਵੇਗਾ ਜੇਕਰ ਪਹਿਲੇ ਇਹ ਸਮਝਾਂਗੇ ਕਿ ''ਹਰਿ'' ਕੀ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ, ''ਹਰਿ'' ਆਪ ਗੁਰੂ ਹੈ, ''ਹਰਿ''

8/738

ਆਪ ਪ੍ਰਮਾਤਮਾ ਹੈ। ਪੂਰੀ ਗੁਰਬਾਣੀ ਹਰਿ ਦਾ ਆਪਣਾ ਰੂਪ ਹੈ ਤੇ ਪੂਰੀ ਗੁਰਬਾਣੀ ਵਿੱਚ ''ਹਰਿ'' ਗੁਰੂ ਦੇ ਬਚਨ ਹਨ,

ਸਤਿਗੁਰ ਦੇ ਬਚਨ ਹਨ ਤੇ ਸਤਿਗੁਰ ਭਾਵ ‘‘ਹਰਿ’’ ਗੁਰੂ ਦੀ ਮਤਿ ਹੈ। **{ਸਤਿਗੁਰ ਬਚਨ ਬਚਨ ਹੈ ਸਤਿਗੁਰ}। “ਹਰਿ ਬਿਨੁ ਸਭੁ ਕਿਛੁ ਮੈਲਾ”** ਤੋਂ ਭਾਵ ਹੈ ਜਿੱਥੇ ਗੁਰੂ ਦੀ ਮਤਿ ਨਹੀਂ ਹੈ, ਉਹ ਸਭ ਕੁੱਝ ਮੈਲਾ ਹੈ। ਜਿਸ ਹਿਰਦੇ ਵਿੱਚ ਹਰਿ ਨਹੀਂ ਹੈ , ਗੁਰੂ ਦੀ ਮਤਿ ਨਹੀਂ ਹੈ ਭਾਵ ਜਿਸਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਉਸ ਮਨੁੱਖ ਵਿੱਚ "ਹਉ" ਭਾਵ ਮਨਮਤਿ ਹੈ, ਅਗਿਆਨਤਾ ਹੈ ਜਿਸ ਵਿੱਚ ਰਹਿੰਦਿਆਂ ਨਾ ਪ੍ਰਮਾਤਮਾ ਦੀ ਸੱਚਾਈ ਨੂੰ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਉਸਦੀ ਸੱਚੀ ਭਗਤੀ ਨੂੰ ਜਾਣਿਆ ਜਾ ਸਕਦਾ ਹੈ ਜਿਸ ਅਗਿਆਨਤਾ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਪੂਜਾ ਨਹੀਂ ਹੋ ਸਕਦੀ। **(ਕਿਆ ਹਉ ਪੂਜ ਚੜਾਈ॥)** ਗੁਰੂ ਦੀ ਪੂਜਾ ਉਸਦੀ ਮਤਿ ਨੂੰ ਅਪਣਾ ਕੇ ਹੋ ਸਕਦੀ ਹੈ, ਮਨਮਤਿ ਤਿਆਗ ਕੇ ਹੋ ਸਕਦੀ ਹੈ। "ਹਰਿ" ਨੂੰ ਉਹ ਕੁੱਝ ਭਾਉਂਦਾ ਹੈ ਜੇ ਮਨੁੱਖ ਉਸੇ ਤਰ੍ਹਾਂ ਹੀ ਕਰੇ ਜਿਸ ਤਰੀਕੇ ਉਸਦੀ ਪੂਜਾ ਹੋ ਸਕਦੀ ਹੈ। **(ਹਰਿ ਸਾਚੇ ਭਾਵੈ ਸਾ ਪੂਜਾ ਹੋਵੈ)** ਹੁਣ ਗੁਰੂ ਨੂੰ ਕੀ ਭਾਉਂਦਾ ਹੈ, ਇਹ ਬੜਾ ਸਪੱਸ਼ਟ ਹੈ।

{ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥
ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥}

(ਅੰਗ ੭੨੫)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥}

(ਅੰਗ ੫੭੯)

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ, ਪ੍ਰਮਾਤਮਾ ਦੀ ਪੂਜਾ, ਪ੍ਰਮਾਤਮਾ ਦਾ ਨਾਮ ਜਪਣਾ ਹੈ ਹੀ ਔਗੁਣਾਂ ਦਾ ਤਿਆਗ। ਔਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੀ ਪੂਜਾ ਹੈ, ਉਸਦੀ ਭਗਤੀ ਹੈ। ਇਹ ਕੋਈ ਮੁੱਖੋਂ ਹਰਿ ਹਰਿ ਬੋਲਣ ਵਾਲੀ ਪੂਜਾ ਜਾਂ ਆਕਾਰ ਰੂਪ ਦੀ ਪੂਜਾ ਨਹੀਂ ਹੈ ਬਲਕਿ ਜੋ ਕੁੱਝ ਸਾਨੂੰ ਹਰਿ ਸਮਝਾ ਰਿਹਾ ਹੈ ਉਸਦੀ ਗੱਲ ਤੇ ਅਮਲ ਕਰਕੇ ਵਿਚਰਨਾ ਹੀ ਪ੍ਰਮਾਤਮਾ ਦੀ ਪੂਜਾ ਹੈ, ਹਰਿ ਹਰਿ ਕਰਨਾ ਹੈ। ਪ੍ਰਮਾਤਮਾ ਦਾ ਭਾਣਾ ਤਾਂ ਹੀ ਮੰਨਿਆ ਜਾ ਸਕਦਾ ਹੈ ਜੇਕਰ ਉਸਦੀ ਸਮਝਾਈ ਹੋਈ ਗੱਲ ਨੂੰ ਮੰਨ ਕੇ ਉਸ ਤੇ ਅਮਲ ਕਰਾਂਗੇ ਭਾਵ ਅਸੀਂ ਉਹ ਕੁੱਝ ਕਰੀਏ ਜੋ ਗੁਰੂ ਨੂੰ ਭਾਉਂਦਾ ਹੈ। ਗੁਰੂ ਸਾਨੂੰ ਬਾਣੀ ਰਾਹੀਂ ਉਹ ਕੁੱਝ ਕਰਨ ਨੂੰ ਹੀ ਸਮਝਾਉਂਦਾ ਹੈ ਜੋ ਉਸਨੂੰ ਭਾਉਂਦਾ ਹੈ । ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ, ਉਹੀ ਉਸਦਾ ਭਾਣਾ ਹੈ। ਉਸ ਦੇ ਭਾਣੇ ਨੂੰ ਮਨ ਵਿੱਚ ਵਸਾਏ ਬਿਨ੍ਹਾਂ ਉਸਦੀ ਪੂਜਾ ਨਹੀਂ ਹੋ ਸਕਦੀ। ਜੋ ਉਸਨੂੰ ਭਾਉਂਦਾ ਹੈ, ਉਹ ਹੀ ਉਸਦਾ ਭਾਣਾ ਹੈ।ਉਸਦਾ ਭਾਣਾ ਕੀ ਹੈ ਇਹ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਉਹੀ ਗੱਲ ਇੱਥੇ ਸਮਝਾਈ ਹੋਈ ਹੈ।

“ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ॥੩॥”

8/739

ਜੋ ਗੁਰੂ ਨੂੰ ਭਾਉਂਦਾ ਹੈ ਅਗਰ ਅਸੀਂ ਉਹ ਕੁੱਝ ਨਹੀਂ ਕਰਦੇ ਤਾਂ ਫਿਰ ਉਸਦੀ ਪੂਜਾ ਹੋ ਹੀ ਨਹੀਂ ਸਕਦੀ। ਇਹੀ ਸਾਡਾ ਭੁਲੇਖਾ ਹੈ। ਅਸੀਂ ਉਹ ਕੁੱਝ ਕਰਦੇ ਹਾਂ ਜੋ ਸਾਨੂੰ ਭਾਉਂਦਾ ਹੈ। ਸਾਨੂੰ ਮੁੱਖੋਂ ਬੋਲ-ਬੋਲ ਕੇ ਜਪਣਾ ਹੀ ਭਾਉਂਦਾ ਹੈ ਕਿਉਂਕਿ ਅਸੀਂ ਉਸੇ ਨੂੰ ਨਾਮ ਜਪਣਾ ਸਮਝਦੇ ਹਾਂ ਭਾਵੇਂ ਬਾਣੀ ਵਿੱਚ ਵਾਰ-ਵਾਰ ਸਾਡੇ ਇਸ ਭੁਲੇਖੇ ਦਾ ਖੰਡਨ ਕੀਤਾ ਹੋਇਆ ਹੈ। ਔਗੁਣਾਂ ਦੇ ਤਿਆਗ ਨੂੰ ਹੀ ਨਾਮ ਜਪਣਾ ਕਿਹਾ ਹੈ।

{ਐਸੋ ਤਿਆਗੀ ਵਿਰਲਾ ਕੋਇ॥
ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ ਰਹਾਉ॥}

(ਅੰਗ ੧੧੪੭)

ਉਪਰਲੇ ਪੂਰੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਸਾਰੇ ਸ਼ਬਦ ਵਿੱਚ ਔਗੁਣਾਂ ਦਾ ਤਿਆਗ ਕਰਨ ਲਈ ਸਮਝਾਇਆ ਹੋਇਆ ਹੈ। ਆਪਣੇ ਵੱਲੋਂ ਅਸੀਂ ਮੁੱਖੋਂ ਜਪ ਤਪ ਕਰਨ ਨਾਲ ਪ੍ਰਮਾਤਮਾ ਨਾਲ ਆਪਣਾ ਪਿਆਰ ਹੀ ਦਿਖਾਉਂਦੇ ਹਾਂ, ਆਪਣੇ ਜਪ ਤਪ ਨੂੰ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਹੀ ਸਮਝਦੇ ਹਾਂ ਪਰ ਅਸਲ ਵਿੱਚ ਨਾ ਇਹ ਗੁਰੂ ਨਾਲ ਪਿਆਰ

ਦਿਖਾਉਣ ਦਾ ਤਰੀਕਾ ਹੈ ਅਤੇ ਨਾ ਹੀ ਇਹ ਉਸ ਦਾ ਭਾਣਾ ਮੰਨਣ ਦਾ ਤਰੀਕਾ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

ਸਤਿਗੁਰ ਨਾਲ ਆਪਣਾ ਪਿਆਰ ਜਤਾਉਣ ਦਾ ਤਰੀਕਾ ਕੀ ਹੈ ਇਹ ਉਪਰਲੀਆਂ ਪੰਗਤੀਆਂ ਦੁਆਰਾ ਬਿਲਕੁਲ ਸਪੱਸ਼ਟ ਹੈ। ਜੋ ਸਤਿਗੁਰ ਨਾਲ ਪਿਆਰ ਕਰਦੇ ਹਨ ਉਹ ਮਨੁੱਖ ਸੱਚੇ ਅਤੇ ਨਿਰਮਲੇ ਹਨ ਭਾਵ ਜੋ ਔਗੁਣਾਂ ਤੋਂ ਰਹਿਤ ਹਨ। ਇਹੋ ਜਿਹੇ ਸੱਚੇ ਮਨੁੱਖ ਹੀ ਪ੍ਰਮਾਤਮਾ ਦਾ ਭਾਣਾ ਕਮਾਉਂਦੇ ਹਨ, ਉਸਦੇ ਭਾਣੇ ਵਿੱਚ ਚੱਲਦੇ ਹਨ। ਇਹੋ ਜਿਹੇ ਮਨੁੱਖ ਆਪਣੇ ਅੰਦਰੋਂ ਮਾਇਆ ਮੋਹ, ਹਉਮੈ ਅਤੇ ਵਿਕਾਰਾਂ ਨੂੰ ਤਜਣ ਦੁਆਰਾ ਹੀ ਸੱਚੇ ਤੇ ਨਿਰਮਲੇ ਬਣਦੇ ਹਨ। ਆਪਣੇ ਅੰਦਰ ਵਿਕਾਰਾਂ ਦੇ ਰਹਿੰਦੇ ਜੇ ਕੋਈ ਆਪਣੇ ਆਪ ਨੂੰ ਗੁਰੂ ਦਾ ਪਿਆਰਾ ਸਮਝਦਾ ਹੈ, ਉਸਦਾ ਭਾਣਾ ਕਮਾਉਣ ਵਾਲਾ ਸਮਝਦਾ ਹੈ, ਉਸਦੀ ਪੂਜਾ ਕਰਨ ਵਾਲਾ ਸਮਝਦਾ ਹੈ, ਨਾਮ ਰਸੀਆ ਸਮਝਦਾ ਹੈ ਤਾਂ ਇਹ ਉਸਦਾ ਕੇਵਲ ਭੁਲੇਖਾ ਹੈ, ਵਹਿਮ ਹੈ। ਇਹ ਵਹਿਮ ਉਹ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਜੋ ਸਭ ਦੇ ਵਿੱਚ ਇਹ ਭਰਮ ਪਾਉਣ ਵਾਲਾ ਹੈ। ਭਾਣਾ ਨਾ ਮੰਨਣ ਵਾਲੇ ਭਾਵੇਂ ਆਪਣੇ ਆਪ ਨੂੰ ਪ੍ਰਮਾਤਮਾ

8/740

ਨੂੰ ਜਪਣ ਵਾਲਾ ਸਮਝਦੇ ਹਨ ਪਰ ਵਿਕਾਰ ਛੱਡੇ ਬਿਨ੍ਹਾਂ ਜੋ ਕੁੱਝ ਵੀ ਅਸੀਂ ਜਪ ਤਪ ਕਰਦੇ ਹਾਂ ਉਸਨੂੰ ਕੇਵਲ ਸਾਡੀ ਮਨਮੁੱਖਤਾ, ਅਗਿਆਨਤਾ ਤੇ ਚਤੁਰਾਈ ਦੱਸਿਆ ਹੈ, ਸਾਡਾ ਭਰਮ ਦੱਸਿਆ ਹੈ ਜਿਸ ਦੁਆਰਾ ਸਾਡੇ ਹੱਥ ਕੇਵਲ ਦੁੱਖ ਹੀ ਲੱਗਦੇ ਹਨ ਤੇ ਪ੍ਰਮਾਤਮਾ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਦੀ ਜਿਵੇਂ ਕਿ ਹੇਠਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

{ਮਨਮੁਖੁ ਅੰਧੁ ਕਰੇ ਚਤੁਰਾਈ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ॥੫॥}

(ਅੰਗ ੧੦੬੪)

ਉਸਦਾ ਭਾਣਾ ਮੰਨੇ ਬਿਨ੍ਹਾਂ ਨਾ ਉਸਦੀ ਪੂਜਾ ਹੋ ਸਕਦੀ ਹੈ ਤੇ ਨਾ ਹੀ ਉਸਨੂੰ ਮਿਲਿਆ ਜਾ ਸਕਦਾ ਹੈ। ਜਿਸ ਨੂੰ ਉਸਦਾ ਭਾਣਾ ਭਾਉਂਦਾ ਹੈ, ਜਿਸ ਨੂੰ ਉਸਦਾ ਨਾਮ ਭਾਉਂਦਾ ਹੈ, ਜਿਸ ਨੂੰ ਗੁਰੂ ਦਾ ਸਮਝਾਇਆ ਹੋਇਆ ਸੱਚ ਭਾਉਂਦਾ ਹੈ, ਜਿਸ ਨੂੰ ਉਸਦੀ ਮਤਿ ਭਾਉਂਦੀ ਹੈ ਉਹ ਉਸਦੀ ਮਤਿ ਵਿੱਚ ਸਮਾਅ ਜਾਂਦਾ ਹੈ ਭਾਵ ਉਹ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਗੁਰੂ ਨੂੰ ਭਾਉਂਦਾ ਹੈ ਭਾਵ ਉਹ ਮਨੁੱਖ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ। ਪ੍ਰਮਾਤਮਾ ਦੀ ਵਡਿਆਈ, ਉਸਦੀ ਸਿਫ਼ਤ ਸਾਲਾਹਣਾ ਉਸਦਾ ਭਾਣਾ ਮੰਨ ਕੇ ਹੀ ਕੀਤੀ ਜਾ ਸਕਦੀ ਹੈ। ਉਸਦਾ ਭਾਣਾ ਮੰਨਣਾ ਬਹੁਤ ਔਖਾ ਹੈ, ਉਸਦਾ ਨਾਮ ਜਪਣਾ ਬਹੁਤ ਔਖਾ ਹੈ, ਉਸਦੀ ਪੂਜਾ ਬਹੁਤ ਔਖੀ ਹੈ। ਉਸਦੇ ਭਾਣੇ ਵਿੱਚ ਕੋਈ ਵਿਰਲਾ ਹੀ ਆ ਸਕਦਾ ਹੈ। ਉਹ ਆਪਣਾ ਭਾਣਾ ਆਪ ਹੀ ਆਪਣੀ ਕ੍ਰਿਪਾ ਦੁਆਰਾ ਮਨਾ ਸਕਦਾ ਹੈ। ਜਿਸ ਨੂੰ ਉਸ ਨੇ ਆਪਣੇ ਨਾਲ ਮੇਲਣਾ ਹੈ ਉਸੇ ਨੂੰ ਹੀ ਆਪਣੇ ਭਾਣੇ ਵਿੱਚ ਚੱਲਣ ਦਾ ਉੱਦਮ ਬਖਸ਼ੇਗਾ। ਦੂਸਰਿਆਂ ਨੂੰ ਕੇਵਲ ਚਤੁਰਾਈਆਂ ਵਿੱਚ ਹੀ ਪਾਈ ਰੱਖਦਾ ਹੈ, ਮਨਮੁਖਿ ਹੀ ਰੱਖਦਾ ਹੈ। ਮਨੁੱਖ ਦੇ ਅੰਦਰ ਉਹ ਆਪਣੀ ਮਤਿ ਆਪ ਹੀ ਵਸਾ ਸਕਦਾ ਹੈ ਜੋ ਕਿ ਹੇਠਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ।

{ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ॥ ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ॥
ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ॥੩॥}

(ਅੰਗ 1063-੧੦੬੪)

{ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥}

(ਅੰਗ ੩੯੪)

ਆਪਣੇ ਵੱਲੋਂ ਤਾਂ ਹਰ ਕੋਈ ਆਪਣੇ- ਆਪਣੇ ਤਰੀਕੇ ਦੇ

8/741

ਜਪ ਤਪ ਦੁਆਰਾ ਪ੍ਰਮਾਤਮਾ ਦੀ ਆਪਣੇ ਵੱਲੋਂ ਉਸਦੀ ਵਡਿਆਈ ਹੀ ਕਰਦਾ ਹੈ ਪਰ ਅਸਲ ਵਿੱਚ ਉਸਦੀ ਵਡਿਆਈ ਉਸਦੇ ਭਾਣੇ ਨੂੰ ਮੰਨਣਾ ਹੀ ਹੈ। ਉਸਦਾ ਭਾਣਾ ਮੰਨ ਕੇ, ਉਸਦਾ ਹੁਕਮ ਮੰਨ ਕੇ, ਉਸਦਾ ਉਪਦੇਸ਼ ਮੰਨ ਕੇ ਔਗੁਣਾਂ ਨੂੰ ਤਿਆਗ ਕੇ, ਤ੍ਰਿਸ਼ਨਾਵਾਂ ਨੂੰ ਤਿਆਗ ਕੇ ਸੱਚਾ ਸੁੱਚਾ ਜੀਵਨ ਬਤੀਤ ਕਰਨਾ ਹੀ ਉਸਦੀ ਵਡਿਆਈ ਕਰਨਾ ਹੈ, ਉਸਦਾ ਨਾਮ ਜਪਣਾ ਹੈ, ਉਸਦੀ ਪੂਜਾ ਕਰਨਾ ਹੈ। ਉਸਦੀ ਪੂਜਾ ਕੇਵਲ ਤੇ ਕੇਵਲ ਗੁਣਾਂ ਦੁਆਰਾ ਵਿਚਰ ਕੇ ਹੀ ਹੋ ਸਕਦੀ ਹੈ। ਉਸਦੀ ਪੂਜਾ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਵੱਸਣ ਦੁਆਰਾ ਹੋਣੀ ਹੈ, ਸਾਡੀ ਕਰਨੀ ਦੁਆਰਾ ਹੋਣੀ ਹੈ। ਗੁਰੂ ਦੀ ਮਤਿ ਨੂੰ ਕੇਵਲ ਆਪਣੀ ਕਰਨੀ ਵਿੱਚ ਬਦਲਣਾ ਹੈ।

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥੧॥}

(ਅੰਗ ੪੯੯)

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥}

(ਅੰਗ ੧੮੭)

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥}

(ਅੰਗ ੪੧੮)

ਪ੍ਰਮਾਤਮਾ ਨਿਰਗੁਣ ਸਰੂਪ ਹੈ ਤੇ ਉਸਦੀ ਪੂਜਾ ਵੀ ਨਿਰਗੁਣ ਸਰੂਪ ਸੱਚੀ ਸਮਝ ਦੁਆਰਾ ਹੀ ਹੋ ਸਕਦੀ ਹੈ। ਪ੍ਰਮਾਤਮਾ ਮਨ ਦੇ ਵਿੱਚ ਹੈ ਤੇ ਉਸਦੀ ਪੂਜਾ ਦੀ ਸਮਝ ਵੀ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਸਾਡੇ ਮਨ ਦੇ ਗਿਆਨ ਰੂਪ ਵਿੱਚ ਹੈ, ਸਾਡੇ ਵਿਚਾਰਾਂ ਦੇ ਰੂਪ ਵਿੱਚ ਹੈ ਤੇ ਉਸਦੀ ਪੂਜਾ ਵੀ ਸਾਡੇ ਮਨ ਦੇ ਗਿਆਨ ਦੁਆਰਾ ਹੀ ਹੋਣੀ ਹੈ, ਮਨ ਦੇ ਵਿਚਾਰਾਂ ਦੁਆਰਾ ਹੀ ਹੋਣੀ ਹੈ। ਜਿਸ ਦੇ ਹੱਥ ਸਾਡੇ ਮਨ ਦੇ ਵਿਚਾਰ ਹਨ ਉਸ ਦੇ ਹੱਥ ਵਿੱਚ ਹੀ ਸਾਡੀ ਪੂਜਾ ਹੈ। ਸਾਰੀ ਮਰਜ਼ੀ ਉਸਦੀ ਆਪਣੀ ਹੈ। ਜਿਸ ਨੂੰ ਮਰਜੀ ਆਪਣੇ ਭਾਣੇ ਵਿੱਚ ਚਲਾਵੇ ਤੇ ਜਿਸ ਨੂੰ ਮਰਜੀ ਉਲਝਣਾਂ ਵਿੱਚ ਪਾ ਕੇ ਚਤੁਰਾਈਆਂ ਕਰਾਵੇ, ਖੁਆਰੀ ਕਰਾਵੇ। ਅਸੀਂ ਜੋ ਕੁੱਝ ਵੀ ਕਰਦੇ ਹਾਂ ਮਨ ਦੇ ਵਿਚਾਰਾਂ ਦੁਆਰਾ ਹੀ ਕਰਦੇ ਹਾਂ। ਜੇਕਰ ਸਾਨੂੰ ਸਾਡੇ ਅੰਦਰੋਂ ਮਹਿਸੂਸ ਹੀ ਇਹ ਹੋਵੇ ਕਿ ਅਸੀਂ ਜੋ ਕੁੱਝ ਜਪ ਤਪ ਆਦਿ ਕਰ ਰਹੇ ਹਾਂ ਉਹੀ ਪ੍ਰਮਾਤਮਾ ਦੀ ਪੂਜਾ ਹੈ ਤਾਂ ਫਿਰ ਅਸੀਂ ਆਪਣੇ ਆਪ ਨੂੰ ਭੁੱਲਿਆ ਕਿਵੇਂ ਮੰਨ ਸਕਦੇ ਹਾਂ। ਉਹ ਭੁਲਾਉਣ ਵਾਲਾ ਜੋ ਮਨ ਦੇ ਵਿੱਚ ਹੀ ਬੈਠਾ ਹੈ ਉਹ ਬਹੁਤ- ਬਹੁਤ- ਬਹੁਤ ਸਿਆਣਾ ਹੈ। ਸਾਨੂੰ ਭੁਲਾ ਕੇ ਵੀ ਇਹੀ ਮਹਿਸੂਸ ਕਰਾਉਂਦਾ ਹੈ ਕਿ ਅਸੀਂ ਜੋ ਕੁੱਝ ਕਰ ਰਹੇ ਹਾਂ ਉਹ ਠੀਕ ਕਰ ਰਹੇ ਹਾਂ। ਕਿਸੇ ਦੇ ਸਮਝਾਏ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਉਹ ਮਨ ਵਿੱਚ ਬੈਠਾ ਸਾਡੇ ਵਿਚਾਰ ਬਦਲ ਦੇਵੇ। ਜੇਕਰ ਉਸਦੀ ਮਰਜੀ ਨਾ ਹੋਵੇ ਤਾਂ ਉਹ ਸਾਨੂੰ ਮੰਨਣ ਨਹੀਂ ਦੇ ਸਕਦਾ। ਇਹੀ ਪ੍ਰਮਾਤਮਾ ਦੀ ਖੇਡ ਹੈ ਜੋ

8/742

ਸਾਡੇ ਲਈ ਸਮਝਣਾ ਨਾ ਮੁਮਕਿਨ ਹੈ। ਆਉ ਇਸ ਗੱਲ ਨੂੰ ਥੋੜਾ ਹੋਰ ਬਰੀਕੀ ਨਾਲ ਸਮਝੀਏ।

ਸਲੋਕ ਮਃ ੨॥
"ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥
ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥"

(ਅੰਗ ੯੫੪)

ਉਪਰਲੇ ਸ਼ਬਦ ਰਾਹੀਂ ਸਾਡਾ ਨਾਮ ਦੀ ਵਣਜ ਕਰਨ ਦਾ ਉਹੋ ਜਿਹਾ ਤਰੀਕਾ ਸਮਝਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦੇ ਹਾਂ। ਸਾਡੇ ਇਸ ਨਾਸਮਝੀ ਵਾਲੇ ਤਰੀਕੇ ਨੂੰ ਉਜਾਗਰ ਕੀਤਾ ਹੋਇਆ ਹੈ ਭਾਵ ਸਾਡੀ ਗਲਤੀ ਦਾ ਅਹਿਸਾਸ ਕਰਵਾਇਆ ਹੋਇਆ ਹੈ। ਅਸੀਂ ਪ੍ਰਮਾਤਮਾ ਨੂੰ ਖੋਜ ਤਾਂ ਰਹੇ ਹਾਂ, ਉਸ ਰਤਨ ਦੀ ਪ੍ਰਾਪਤੀ ਲਈ ਜੱਦੋ-ਜਹਿਦ ਤਾਂ ਕਰ ਰਹੇ ਹਾਂ, ਉਸਨੂੰ ਪਾਉਣ ਦੀ ਇੱਛਾ ਤਾਂ ਦਿਖਾ ਰਹੇ ਹਾਂ ਪਰ ਉਸਨੂੰ ਪਾਉਣ ਦੀ ਸੋਝੀ ਸਾਨੂੰ ਨਹੀਂ ਹੈ। ਜੇਕਰ

ਅਸੀਂ ਹੀਰਾ, ਰਤਨ ਖਰੀਦਣਾ ਚਾਹੀਏ, ਜੌਹਰੀ ਦੇ ਕੋਲ ਜਾ ਕੇ ਅਸੀਂ ਰਤਨ ਦੀ ਪਹਿਚਾਣ ਕਰਨੀ ਚਾਹੀਏ ਤਾਂ ਮਨ ਦੀ ਨਾਸਮਝੀ ਕਰਕੇ ਅਸੀਂ ਸਹੀ ਪਹਿਚਾਣ ਨਹੀਂ ਕਰ ਸਕਦੇ। ਉਲਟਾ ਅਸੀਂ ਆਪਣਾ ਆਪ ਜੌਹਰੀ ਅੱਗੇ ਜਾਹਿਰ ਕਰਕੇ ਆ ਜਾਵਾਂਗੇ ਕਿ ਇਸ ਮਨੁੱਖ ਨੂੰ ਹੀਰੇ ਰਤਨ ਦੀ ਸਹੀ ਪਹਿਚਾਣ ਕਰਨੀ ਨਹੀਂ ਆਉਂਦੀ। **(ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥)** ਬਿਨ੍ਹਾਂ ਪਹਿਚਾਣ ਤੋਂ, ਬਿਨ੍ਹਾਂ ਪਰਖ ਕਰਨ ਦੀ ਸਹੀ ਸੋਝੀ ਤੋਂ ਅਸੀਂ ਰਤਨ ਦੀ ਪਰਖ ਨਹੀਂ ਕਰ ਸਕਦੇ। ਇਸੇ ਤਰ੍ਹਾਂ ਜੇਕਰ ਅਸੀਂ ਨਾਮ ਦੀ ਵਣਜ ਕਰਨਾ ਚਾਹੁੰਦੇ ਹਾਂ, ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਫਿਰ ਉਸਦੀ ਭਗਤੀ ਦੀ , ਨਾਮ ਦਾ ਵਣਜ ਕਰਨ ਦੀ ਸਹੀ ਸੋਝੀ ਹੋਣੀ ਵੀ ਜਰੂਰੀ ਹੈ। ਅਸੀਂ ਨਾਮ ਦੀ ਵਣਜ ਆਪਣੀ ਮਤਿ ਦੁਆਰਾ ਕਰਨੀ ਚਾਹੁੰਦੇ ਹਾਂ ਜਾਂ ਸੁਣੇ ਸੁਣਾਏ ਤਰੀਕਿਆਂ ਦੁਆਰਾ ਕਰਦੇ ਹਾਂ। ਮਨਮਤਿ ਦੁਆਰਾ ਅਸੀਂ ਅੰਧੇ ਹਾਂ, ਪ੍ਰਮਾਤਮਾ ਦੀ ਵਖਰ ਪ੍ਰਾਪਤ ਕਰਨ ਦੀ ਭਗਤੀ ਬਾਰੇ ਨਾ ਸਮਝ ਹਾਂ, ਨਾਮ ਨੂੰ ਸਮਝਣ ਬਾਰੇ ਤੇ ਜਪਣ ਬਾਰੇ ਨਾਮਸਝ ਹਾਂ ਜਿਸ ਤਰੀਕੇ ਨਾਮ ਦੀ ਵਣਜ ਹੋ ਸਕਦੀ ਹੈ ਜਿਵੇਂ ਕਿ ਸੱਚੀ ਵਣਜ ਕਰਨ ਬਾਰੇ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਧਰਮ ਗ੍ਰੰਥ ਇਸੇ ਲਈ ਬਣੇ ਹਨ ਜੋ ਕਿ ਪ੍ਰਮਾਤਮਾ ਦੇ ਆਪਣੇ ਹੀ ਰਚੇ ਹੋਏ ਹਨ ਤਾਂ ਕਿ ਅਸੀਂ ਉਹਨਾਂ ਵਿੱਚੋਂ ਸਹੀ ਸੋਝੀ ਲੈ ਸਕੀਏ ਅਤੇ ਉਹੋ ਜਿਹੀ ਭਗਤੀ ਕਰੀਏ, ਵਣਜ ਕਰੀਏ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਰਤਨ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਜਿਸ ਰਤਨ ਨੂੰ, ਨਾਮ ਵਖਰੁ ਨੂੰ ਅਸੀਂ ਪ੍ਰਾਪਤ ਕਰਨਾ ਹੈ ਉਹ ਵਖਰੁ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਕੋਲੋਂ ਉਹ ਵੱਖਰ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ਇਹ ਸਮਝ ਵੀ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਕੋਲੋਂ ਅਸੀਂ ਇਸ ਵੱਖਰ ਦੀ ਪ੍ਰਾਪਤੀ ਤਾਂ ਹੀ ਕਰ ਸਕਦੇ ਹਾਂ ਜੇਕਰ ਪਹਿਲਾਂ ਆਪਣੀ ਨਾਮਸਝ ਮਤਿ ਛੱਡਾਂਗੇ, ਮਨਮਤਿ ਛੱਡਾਂਗੇ ਤੇ ਗੁਰੂ ਦੀ ਮਤਿ ਨਾਲ ਜੁੜਕੇ ਉਹ ਕੁੱਝ ਕਰਾਂਗੇ ਜੋ ਗੁਰੂ ਸਾਨੂੰ ਸਮਝਾਉਂਦਾ ਹੈ। (**ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥**) ਇਹ ਵੱਖਰ ਪ੍ਰਾਪਤ ਕਰਨ ਦੀ ਸੋਝੀ ਸਾਨੂੰ ਕਿੱਥੋਂ ਪੈਣੀ ਹੈ ਇਹ ਨਾਲ ਹੀ ਅਗਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ ਭਾਵ ਸਾਡੇ ਲਈ ਗੁਰੂ ਦੀ ਮਤਿ ਕੀ ਹੈ ਤੇ ਉਹ ਕਿੱਥੋਂ ਮਿਲਣੀ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ।

ਮਃ ੨॥

“ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ॥
ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ॥
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ॥੨॥”

(ਅੰਗ ੯੫੪)

8/743

ਉਪਰਲੇ ਸ਼ਬਦ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਨੂੰ ਮਤਿ ਦੇਣ ਲਈ, ਵਣਜ ਦੀ ਸੋਝੀ ਪਾਉਣ ਲਈ, ਰਤਨ ਦੀ ਪਰਖ ਕਰਵਾਉਣ ਲਈ ਆਪ ਅਕਾਲ ਪੁਰਖ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਸਾਡੇ ਲਈ ਗੁਰਬਾਣੀ ਗ੍ਰੰਥ ਤਿਆਰ ਕੀਤਾ ਹੈ। **"ਗੁਥਲੀ"** ਤੋਂ ਭਾਵ ਹੈ ਸ਼ਬਦਾਂ ਦੀ ਗੁਥਲੀ, ਰਤਨਾਂ ਦੀ ਗੁਥਲੀ ਭਾਵ “ਗੁਰਬਾਣੀ” ਜੋ ਰਤਨਾ ਦੇ ਨਾਲ ਭਰਪੂਰ ਹੈ। “ਰਤਨ” ਗੁਰੂ ਦੇ ਸ਼ਬਦ ਹਨ ਭਾਵ ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ ਹੈ, ਉਸਦੀ ਮਤਿ ਹੈ ਜੋ ਕਿ ਚੌਥੇ ਪਦ ਵਿੱਚ ਹੈ। ਮਨੁੱਖ ਦੀ ਮਤਿ ਤ੍ਰੈਗੁਣਾਂ ਵਿੱਚ ਹੈ ਜਿਸ ਨਾਲ ਅਸੀਂ ਰਤਨ ਦੀ ਪਰਖ ਨਹੀਂ ਕਰ ਸਕਦੇ ਭਾਵ ਚੌਥੇ ਪਦ ਵਾਲੇ ਗਿਆਨ ਨੂੰ ਤ੍ਰੈਗੁਣਾਂ ਵਾਲੀ ਸਮਝ ਦੁਆਰਾ ਨਹੀਂ ਪਰਖ ਸਕਦੇ, ਉਸਦੇ ਅੰਦਰ ਦੀ ਸੱਚਾਈ ਨੂੰ ਨਹੀਂ ਜਾਣ ਸਕਦੇ ਜੋ ਸੱਚਾਈ ਨੂੰ ਸਮਝੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਨਾਮ ਰੂਪ ਵੱਖਰ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਜੋ ਸਾਡੇ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ। ਆਪਣੀ ਪਰਖ ਉਹ ਆਪ ਹੀ ਕਰਵਾ ਸਕਦਾ ਹੈ। ਇਹ ਰਤਨਾ ਦੀ ਗੁਥਲੀ ਉਸ ਪ੍ਰਮਾਤਮਾ ਨੇ ਆਪ ਹੀ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਖੋਲੀ ਹੈ, ਉਸ “ਨਾਮ ਰਤਨ” ਰੂਪ ਪ੍ਰਮਾਤਮਾ ਨੇ ਆਪ ਹੀ ਆ ਕੇ ਖੋਲ੍ਹੀ ਹੈ, ਆਪਣੀ ਸੋਝੀ ਉਸਨੇ ਆਪ ਹੀ ਆ ਕੇ ਪਾਈ ਹੈ, ਗੁਰਬਾਣੀ ਰਾਹੀਂ ਪਾਈ ਹੈ। **(ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ॥)** ਆਓ ਹੁਣ ਅਗਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਵਿਚਾਰੀਏ।

"ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥"

ਹੁਣ ਬੜੇ ਧਿਆਨ ਨਾਲ ਇਸ ਗੱਲ ਨੂੰ ਸਮਝੋ ਕਿ ਉਹ ਵੱਖਰ ਕੀ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਜੋ “ਵਖਰ” ਗੁਰਬਾਣੀ ਵਿੱਚ ਹੈ ਉਹੀ “ਵਖਰ” ਸਾਡੇ ਵਿੱਚ ਹੈ। ਜੋ “ਪ੍ਰਮਾਤਮਾ” ਗੁਰਬਾਣੀ ਦੇ ਵਿੱਚ ਹੈ ਉਹੀ “ਪ੍ਰਮਾਤਮਾ” ਸਾਡੇ ਵਿੱਚ ਹੈ। ਜਿਸ ਵ ਖਰ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਨਾਮ ਵੱਖਰ ਹੈ ਜੋ ਨਾਮ ਵੱਖਰ ਪੂਰੀ ਗੁਰਬਾਣੀ ਦੇ ਵਿੱਚ ਹੈ ਉਹ ਉਹੀ ਵੱਖਰ ਸਾਡੇ ਅੰਦਰ ਵੀ ਹੈ। ਇਸ ਨਾਮ ਵੱਖਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਉਸਦਾ ਬ੍ਰਹਮ ਗਿਆਨ ਰੂਪ ਵੱਖਰ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਵਿੱਚ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਸਾਡੇ ਵਿੱਚ ਹੈ। ਹੁਣ ਬੜੇ ਧਿਆਨ ਨਾਲ ਵਿਚਾਰੋਂ ਕਿ ਪ੍ਰਮਾਤਮਾ ਗੁਰਬਾਣੀ ਵਿੱਚ ਕਿਸ ਰੂਪ ਵਿੱਚ ਹੈ। ਜਵਾਬ ਕੋਈ ਇਤਨਾ ਔਖਾ ਨਹੀਂ ਹੈ। “ਪ੍ਰਮਾਤਮਾ” ਗੁਰਬਾਣੀ ਦੇ ਵਿੱਚ ਗਿਆਨ ਰੂਪ ਵਿੱਚ ਹੈ, ਚੌਥੇ ਪਦ ਦੇ ਗਿਆਨ ਰਾਹੀਂ ਹੈ, ਬ੍ਰਹਮ ਗਿਆਨ ਰਾਹੀਂ ਹੈ, ਆਪਣੀ ਜੋਤਿ ਰਾਹੀਂ ਹੈ ਅਤੇ ਉਸਦਾ ਇਹ ਰੂਪ ਹੀ ਉਸਦਾ ਨਿਰਗੁਣ ਰੂਪ ਹੈ। ਬਿਲਕੁਲ ਇਸੇ ਤਰ੍ਹਾਂ ਹੀ ਪ੍ਰਮਾਤਮਾ ਆਪਣੇ ਇਸ “ਵਖਰ ਰੂਪ” ਵਿੱਚ ਮਨੁੱਖ ਦੇ ਅੰਦਰ ਸਮਾਇਆ ਹੋਇਆ ਹੈ। ਜੇਕਰ ਗੁਰਬਾਣੀ ਦੇ ਅੰਦਰ ਸਾਰਾ ਗਿਆਨ ਆਪਣਾ ਪ੍ਰਮਾਤਮਾ ਦਾ ਹੈ ਤਾਂ ਫਿਰ ਮਨੁੱਖ ਦੇ ਅੰਦਰ ਜੋ ਵੀ ਗਿਆਨ ਉਪਜਦਾ ਹੈ ਉਹ ਕਿਸਦਾ ਹੈ? ਬਸ ਇਹੀ ਭੇਦ ਹੈ ਮਨੁੱਖ ਅਤੇ ਪ੍ਰਮਾਤਮਾ ਦੇ ਵਿੱਚ।

8/744

ਪ੍ਰਮਾਤਮਾ ਘੱਟ-ਘੱਟ ਦੇ ਵਿੱਚ ਆਪਣੇ ਗਿਆਨ ਦੁਆਰਾ ਹੀ ਸਮਾਇਆ ਹੋਇਆ ਹੈ, ਆਪਣੇ ਇਸ ਨਿਰਗੁਣ ਰੂਪ ਰਾਹੀਂ ਸਮਾਇਆ ਹੋਇਆ ਹੈ, ਸਾਡੇ ਮਨ ਦੇ ਰਾਹੀਂ ਸਮਾਇਆ ਹੋਇਆ ਹੈ ਤੇ ਆਪਣੇ ਇਸ ਨਿਰਗੁਣ ਰੂਪ ਰਾਹੀਂ ਭਾਵ ਨਿਰੰਕਾਰ ਰੂਪ ਰਾਹੀਂ ਹੀ ਸਾਨੂੰ ਚਲਾ ਰਿਹਾ ਹੈ। ਪੂਰੀ ਗੁਰਬਾਣੀ ਮਨੁੱਖੀ ਸਰੀਰਾਂ ਰਾਹੀਂ ਹੀ ਪ੍ਰਗਟ ਹੋਈ ਹੈ, ਮਨ ਦੇ ਸੱਚੇ ਗਿਆਨ ਰਾਹੀਂ ਪ੍ਰਗਟ ਹੋਈ ਹੈ।

8/744 -1

ਪੂਰੀ ਗੁਰਬਾਣੀ ਉਸ ਪ੍ਰਮਾਤਮਾ ਦਾ ਮੰਦਰ ਹੈ, ਹਰਿ ਦਾ ਮੰਦਰ ਹੈ। ਇਸੇ ਤਰ੍ਹਾਂ ਮਨੁੱਖਾ ਸਰੀਰ ਵੀ ਉਸਦਾ ਆਪਣਾ ਮੰਦਰ

ਹੈ, ਹਰਿ ਮੰਦਰ ਹੈ ਜਿਸ ਗੱਲ ਦੀ ਸਮਝ ਮਨ ਰੂਪ ਮੰਦਰ ਵਿੱਚ ਪ੍ਰਮਾਤਮਾ ਦੇ ਪਰਗਟ ਹੋਣ ਦੁਆਰਾ ਹੀ ਪੈਂਦੀ ਹੈ। ਪੂਰੀ ਬਾਣੀ ਵਿੱਚ ਪ੍ਰਮਾਤਮਾ ਆਪਣੇ ਬਚਨਾਂ ਦੁਆਰਾ ਸਮਾਇਆ ਹੋਇਆ ਹੈ, ਆਪਣੇ ਬਚਨਾਂ ਦੇ ਹੁਕਮ ਰਾਹੀਂ ਸਮਾਇਆ ਹੋਇਆ ਹੈ ਭਾਵ ਆਪਣੇ ਬਚਨਾਂ ਰਾਹੀਂ ਆਪਣਾ ਹੁਕਮ ਸੁਣਾ ਰਿਹਾ ਹੈ। ਇਸੇ ਤਰ੍ਹਾਂ ਪ੍ਰਮਾਤਮਾ ਮਨੁੱਖ ਦੇ ਸਰੀਰ ਵਿੱਚ ਵੀ ਆਪਣੇ ਬਚਨਾਂ ਦੁਆਰਾ ਸਮਾਇਆ ਹੋਇਆ ਹੈ ਅਤੇ ਆਪਣੇ ਬਚਨਾਂ ਦੁਆਰਾ ਹੀ ਉਹ ਮਨੁੱਖ ਦੇ ਅੰਦਰ ਆਪਣਾ ਹੁਕਮ ਚਲਾ ਰਿਹਾ ਹੈ। ਆਉ ਇਸ ਗੱਲ ਨੂੰ ਬਾਣੀ ਦੇ ਵਿੱਚੋਂ ਹੀ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

“ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ॥
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥”

(ਅੰਗ ੯੫੩)

ਪ੍ਰਮਾਤਮਾ ਸਾਡੇ ਅੰਦਰ ਹੈ, ਇਸੇ ਲਈ ਸਾਡਾ ਸਰੀਰ ਹਰਿ ਮੰਦਰ ਹੈ ਤੇ ਇਸੇ ਲਈ ਉਸਨੂੰ ਜਾਣਿਆ ਵੀ ਆਪਣੇ ਸਰੀਰ ਦੇ ਵਿੱਚੋਂ ਹੀ ਜਾ ਸਕਦਾ ਹੈ। ਸਾਡੇ ਸਰੀਰ ਵਿੱਚ ਉਸਦਾ ਟਿਕਾਣਾ ਸਾਡਾ ਮਨ ਹੈ ਜੋ ਕਿ ਨਿਰਗੁਣ ਰੂਪ ਹੈ। ਸਰੀਰ ਦਾ ਸਰਗੁਣ ਰੂਪ ਕੇਵਲ ਨਿਰਗੁਣ ਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਤੇ ਉਸਨੂੰ ਜਾਣਨ ਲਈ ਹੈ।

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥
ਵਿਚਿ ਮਨ ਕੋਟਵਰੀਆ॥ ਨਿਜ ਮੰਦਰਿ ਪਿਰੀਆ॥ਤਹਾ ਆਨਦ ਕਰੀਆ॥}

(ਅੰਗ ੭੪੬)

ਸਰੀਰ ਨੂੰ ਚਲਾਉਣ ਵਾਲਾ ਮਨ ਹੈ, ਜਿਸ ਨੂੰ ਕਿ ਸਰੀਰ

8/744-2

ਦਾ ਕੋਤਵਾਲ ਕਿਹਾ ਹੈ। ਇਹ ਕੋਤਵਾਲ ਮਨ ਦਾ ਗਿਆਨ ਹੈ, ਸਾਡੇ ਅੰਦਰ ਦੀ ਜੋਤਿ ਦੁਆਰਾ ਮਨ ਦੇ ਵਿੱਚ ਪਾਈ ਹੋਈ ਸਮਝ ਹੈ ਜਿਸ ਰੂਪ ਵਿੱਚ ਸਾਡੇ ਅੰਦਰ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ। ਇਸੇ ਤਰ੍ਹਾਂ **"ਪੋਥੀ"** ਸਰਗੁਣ ਸਰੂਪ ਹੈ, ਆਕਾਰ ਰੂਪ ਹੈ ਜੋ ਕਿ ਪ੍ਰਮਾਤਮਾ ਦੇ ਗਿਆਨ ਨੂੰ, ਜੋਤਿ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ, ਉਸਦੇ ਬਚਨਾਂ ਨੂੰ ਟਿਕਾਉਣ ਲਈ ਹੈ।

{ਪੋਥੀ ਪਰਮੇਸੁਰ ਕਾ ਥਾਨੁ॥} ਪੋਥੀ ਦੇ ਵਿੱਚ ਆਪ ਪ੍ਰਮਾਤਮਾ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ। ਪ੍ਰਮਾਤਮਾ ਨੇ ਗੁਰਬਾਣੀ ਵਿੱਚ ਆਪਣੇ ਆਪ ਨੂੰ ਆਪਣੇ ਬਚਨਾਂ ਰਾਹੀਂ ਪਾਇਆ ਹੋਇਆ ਹੈ ਜੋ ਉਸਦੇ ਬਚਨ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹਨ ਭਾਵ ਗੁਰੂ ਦੇ ਬਚਨ ਹਨ। ਜਿਸ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਸਨੇ ਆਪਣੇ ਮਨ ਦੇ ਵਿੱਚੋਂ ਹੀ ਪਾਇਆ ਹੈ ਤੇ ਜਿਸ ਤਰੀਕੇ ਉਨ੍ਹਾਂ ਨੇ ਪਾਇਆ ਹੈ ਉਸੇ ਤਰੀਕੇ ਹੀ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੈ। ਤਰੀਕਾ ਉਹੀ ਹੈ ਜੋ ਅਸੀਂ ਵਾਰ-ਵਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਨੂੰ ਗੁਰੂ ਦੇ ਬਚਨਾਂ ਨਾਲ ਜੁੜਕੇ ਭਾਵ ਉਸਦੇ ਬਚਨਾਂ ਨੂੰ ਮੰਨਣ ਨਾਲ ਹੀ ਪਾਇਆ ਜਾ ਸਕਦਾ ਹੈ ਜਿਸ ਲਈ ਆਪਣੀ ਮਤਿ, ਆਪਣੀ ਸਮਝ ਛੱਡਣੀ ਪੈਂਦੀ ਹੈ। ਪ੍ਰਮਾਤਮਾ ਨੂੰ ਅਸੀਂ ਜਦੋਂ ਵੀ ਪਾਉਣਾ ਹੈ ਆਪਣੀ ਮਾਨਸ ਦੇਹ ਦੇ ਵਿੱਚ ਹੀ ਪਾਉਣਾ ਹੈ ਭਾਵ ਮਨ ਦੇ ਵਿੱਚੋਂ ਹੀ ਪਾਉਣਾ ਹੈ ਤੇ ਪ੍ਰਮਾਤਮਾ ਨੂੰ ਬਾਹਰੋਂ ਕਿਤੋਂ ਖੋਜਣਾ ਕੇਵਲ ਇੱਕ ਭਰਮ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। ਜਦ ਤੱਕ ਕੋਈ ਪ੍ਰਮਾਤਮਾ ਨੂੰ ਆਪਣੇ ਮਨ ਰੂਪ ਮੰਦਰ ਵਿੱਚੋਂ ਨਹੀਂ ਖੋਜ ਲੈਂਦਾ ਤਦ ਤੱਕ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਜਿਸ ਤਰੀਕੇ ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਸਾਡੇ ਅੰਦਰ ਹੈ, ਆਤਮਾ ਦੇ ਰੂਪ ਵਿੱਚ ਹੈ ਇਸੇ ਤਰ੍ਹਾਂ ਹੀ ਉਹ ਸਭ ਦੇ ਅੰਦਰ ਵਰਤ ਰਹਿਆ ਹੈ। (**ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥**)

8/744-3

ਪ੍ਰਮਾਤਮਾ ਨੇ ਹਰ ਕਿਸੇ ਨੂੰ ਭਰਮ ਵਿੱਚ ਵੀ ਇਸੇ ਮਨ ਦੇ ਗਿਆਨ ਦੁਆਰਾ ਰੱਖਿਆ ਹੋਇਆ ਹੈ ਕਿਉਂਕਿ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਉਸਦੀ ਜੋਤਿ, ਉਸਦੀ ਸੋਚ ਉਸਨੂੰ ਸਮਝਾਉਂਦੀ ਹੈ। ਉਹ ਆਪ ਚੌਥੇ ਪਦ ਦੇ ਗਿਆਨ ਵਿੱਚ ਹੈ, ਪੂਰੀ ਗੁਰਬਾਣੀ ਵਿੱਚ ਉਸਦਾ ਚੌਥੇ ਪਦ ਦਾ ਗਿਆਨ ਹੈ, ਉਸਦਾ ਸੱਚਾ ਗਿਆਨ ਹੈ ਪਰ ਮਨੁੱਖ ਨੂੰ ਉਸਨੇ ਆਪਣੀ ਮਾਇਆ ਦੀ ਜੁਗਤਿ ਦੁਆਰਾ ਤ੍ਰੈਗੁਣੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਇਹ ਤ੍ਰੈਗੁਣੀ ਅਵੱਸਥਾ ਹੀ ਸਾਡੇ ਮਨ ਦਾ ਬੰਧਨ ਹੈ, ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਚੌਥੇ ਪਦ ਨਾਲ ਰਲਣ ਨਹੀਂ ਦਿੰਦੀ। ਇਹ ਬੰਧਨ ਜਿਸ ਨੇ ਪਾਇਆ ਹੈ ਉਹ ਆਪ ਹੀ ਤੋੜ ਸਕਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕ੍ਰਿਪਾ ਹੈ, ਗੁਰਪ੍ਰਸਾਦਿ ਹੈ। ਇਹ ਬੰਧਨ ਟੁੱਟਣ ਤੋਂ ਬਾਅਦ ਹੀ ਚੌਥੇ ਪਦ ਦੀ ਪ੍ਰਾਪਤੀ ਹੈ, ਸਹਜ ਦੀ ਪ੍ਰਾਪਤੀ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਨੂੰ ਜਾਣਨ ਬਾਰੇ ਭਰਮ ਮਿਟ ਸਕਦਾ ਹੈ ਜੋ ਭਰਮ ਉਸਦਾ ਆਪਣਾ ਪਾਇਆ ਹੋਇਆ ਇੱਕ ਪੜਦਾ ਹੈ। ਇਹ ਪੜਦਾ ਨਿਕਲਣ ਦੇ ਨਾਲ ਹੀ, ਭਰਮ ਵਿੱਚੋਂ ਨਿਕਲਣ ਦੇ ਨਾਲ ਹੀ ਪ੍ਰਮਾਤਮਾ ਦੇ ਆਪਣੇ ਅੰਦਰ ਚੱਲ ਰਹੇ ਉਸਦੇ ਬਚਨਾਂ ਦੀ, ਉਸਦੇ ਹੁਕਮ ਦੀ ਸੋਝੀ ਪੈਂਦੀ ਹੈ ਜਿਸ ਨਾਲ ਮਨੁੱਖ ਦੀ ਹਉਮੈ ਮਿਟਦੀ ਹੈ, ਆਪਣੇ ਆਪ ਦੀ ਪਹਿਚਾਣ ਹੁੰਦੀ ਹੈ ਤੇ ਉਸ ਤੋਂ ਬਾਅਦ ਸਭ ਦੇ ਵਿੱਚ ਇੱਕੋ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਤੇ ਉਸ ਤੋਂ ਬਿਨ੍ਹਾਂ ਕਿਸੇ ਹੋਰ ਦੀ ਹੋਂਦ ਸਮਝਣਾ ਬਿਲਕੁਲ ਝੂਠ ਲੱਗਦਾ ਹੈ। ਹਰ ਸਰਗੁਣ ਸਰੂਪ ਬਣਾਉਣ ਵਾਲਾ ਉਹ ਆਪ ਹੈ, ਉਸਨੂੰ ਚਲਾਉਣ ਵਾਲਾ ਆਪ ਹੈ ਪਰ ਉਹ ਆਪ ਅਦਿੱਖ ਹੈ, ਕਿਸੇ ਰੂਪ ਰੇਖ ਤੋਂ ਬਾਹਰ ਹੈ। ਉਹ ਗਿਆਨ ਰੂਪ ਹੈ ਤੇ ਹਰ ਆਕਾਰ ਰੂਪ ਉਸਦੇ ਗਿਆਨ ਦੁਆਰਾ ਹੀ ਬਣਿਆ ਹੈ, ਗਿਆਨ ਦੁਆਰਾ ਹੀ ਟਿਕਿਆ ਹੋਇਆ ਹੈ ਅਤੇ ਗਿਆਨ ਦੁਆਰਾ ਹੀ ਚੱਲ ਰਿਹਾ ਹੈ। ਹਰ ਇੱਕ ਵਸਤੂ ਵਿੱਚ ਗਿਆਨ ਹੈ, ਜੋ ਰੂਪ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ, ਉਸਦਾ ਜੋਤਿ ਰੂਪ ਹੈ।

8/744-4

ਹਰ ਵਸਤੂ ਦਾ ਆਕਾਰ ਰੂਪ ਸਾਨੂੰ ਨਜ਼ਰ ਆਉਂਦਾ ਹੈ ਪਰ ਜੋ ਕੁੱਝ ਉਸ ਵਿੱਚ ਨਜ਼ਰ ਨਹੀਂ ਆਉਂਦਾ ਉਹ ਨਿਰੰਕਾਰ ਰੂਪ ਹੈ ਜਿਸ ਰੂਪ ਵਿੱਚ ਆਪ ਪ੍ਰਮਾਤਮਾ ਹੈ। ਹਰ ਵਸਤੂ ਦਾ ਮਾਲਕ ਉਹ ਆਪ ਹੈ, ਬਣਾਉਣ ਵਾਲਾ, ਚਲਾਉਣ ਵਾਲਾ ਆਪ ਹੈ ਪਰ ਆਪ ਨਜ਼ਰ ਨਹੀਂ ਆਉਂਦਾ। ਗਿਆਨ ਕਿਸੇ ਨੂੰ ਨਜ਼ਰ ਨਹੀਂ ਆ ਸਕਦਾ। ਉਸ ਨੂੰ ਅੱਖਾਂ ਦੀ ਬਾਹਰੀ ਦ੍ਰਿਸ਼ਟੀ ਰਾਹੀਂ ਨਹੀਂ ਦੇਖਿਆ ਜਾ ਸਕਦਾ, ਉਹ ਕੇਵਲ ਮਨ ਦੀ ਦ੍ਰਿਸ਼ਟੀ ਨਾਲ ਨਜ਼ਰ ਆਉਂਦਾ ਹੈ।

ਸਲੋਕੁ ਮਃ੨॥

{ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥੧॥}

(ਅੰਗ ੧੩੯)

ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਮਨ ਦੀ ਜੋਤਿ ਰਾਹੀਂ ਕਰਦਾ ਹੈ, ਮਨ ਦੇ ਗਿਆਨ ਰਾਹੀਂ ਕਰਦਾ ਹੈ, ਮਨ ਦੀ ਸੋਚ ਰਾਹੀਂ ਕਰਦਾ ਹੈ। ਇਹੀ ਉਸਦਾ ਹੁਕਮ ਹੈ ਜੋ ਹਰ ਕਿਸੇ ਵਿੱਚ ਚੱਲ ਰਿਹਾ ਹੈ। ਇਸ ਹੁਕਮ ਨੂੰ ਬੁੱਝੇ ਬਿਨ੍ਹਾਂ ਪ੍ਰਮਾਤਮਾ ਦੀ ਸੋਝੀ ਪੈਣਾ ਨਾ ਮੁਮਕਿਨ ਹੈ, ਮਨੁੱਖ ਦੀ ਹਉਮੈ ਖ਼ਤਮ ਹੋਣਾ ਨਾ ਮੁਮਕਿਨ ਹੈ, ਮਨੁੱਖ ਦੀ ਮੈਂ ਖ਼ਤਮ ਹੋਣਾ ਨਾ ਮੁਮਕਿਨ ਹੈ।

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥}

(ਅੰਗ - ੧)

ਉਸਦਾ ਹੁਕਮ ਉਸਦੀ ਜੋਤਿ ਰਾਹੀਂ ਹੀ ਵਰਤ ਰਿਹਾ ਹੈ, ਮਨ ਦੇ ਵਿੱਚ ਹੀ ਵਰਤ ਰਿਹਾ ਹੈ। ਜੋਤਿ ਦੀ ਸਮਝ ਆਏ ਬਿਨ੍ਹਾਂ, ਇਸ ਮਨ ਦੀ ਸਮਝ ਆਏ ਬਿਨ੍ਹਾਂ ਪ੍ਰਮਾਤਮਾ ਨੂੰ ਜਾਣਨਾ ਨਾ ਮੁਮਕਿਨ ਹੈ।

{ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ॥}

(ਅੰਗ ੧੩੮)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥}

(ਅੰਗ ੧੩)

ਹੋਰ ਇਸ ਤੋਂ ਸਪੱਸ਼ਟ ਗੁਰੂ ਸਾਨੂੰ ਕੀ ਸਮਝਾਵੇ ਕਿ ਇਹ ਜੋਤਿ ਕੀ ਹੈ। ਜੋਤਿ ਵਿੱਚ ਬੋਲਣ ਵਾਲਾ ਉਹ ਆਪ ਹੈ। ਜਿੱਥੇ ਉਹ ਬੋਲਦਾ ਹੈ, ਜਿੱਥੋਂ ਹਰ ਵੇਲੇ ਸਾਨੂੰ ਗਿਆਨ ਮਿਲ ਰਿਹਾ ਹੈ, ਜਿੱਥੇ ਉਹ "ਵਖਰ" ਵਿਰਾਜਮਾਨ ਹੈ, ਉਸ ਦੀ ਪ੍ਰਾਪਤੀ ਵੀ ਉੱਥੋਂ ਹੀ ਹੋਣੀ ਹੈ। ਗਿਆਨ ਰੂਪ ਦੀ ਪ੍ਰਾਪਤੀ ਗਿਆਨ ਰੂਪ ਵਿੱਚ ਹੀ ਹੋਣੀ ਹੈ। ਪ੍ਰਮਾਤਮਾ ਦੀ ਜੋਤਿ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਪ੍ਰਮਾਤਮਾ ਨਾਲ ਮੇਲ ਦੀਆ ਗੱਲਾਂ ਕਰਨੀਆਂ ਨਿਰੀ ਫਜ਼ੂਲ ਦੀ ਗੱਲ ਹੈ ਪਰ ਇਹੋ ਜਿਹੀਆ ਗੱਲਾਂ ਕਰਨੀਆਂ ਵੀ ਸਾਡੇ ਵੱਸ ਵਿੱਚ ਨਹੀਂ ਹੈ ਕਿਉਂਕਿ ਇਹ ਗੱਲਾਂ ਕਰਵਾਉਣ ਵਾਲਾ ਵੀ ਉਹ ਆਪ ਹੈ, ਸਾਡੇ ਅੰਦਰ ਦੀ ਜੋਤਿ ਹੈ ਤੇ ਜੋ ਕੁੱਝ ਵੀ ਮਨੁੱਖ ਬੋਲਦਾ ਹੈ ਉਹ ਜੋਤਿ ਰਾਹੀਂ ਸਮਝਣ ਦੁਆਰਾ ਹੀ ਬੋਲਦਾ ਹੈ। ਬਿਨ੍ਹਾਂ ਜੋਤਿ ਤੋਂ ਨਾ ਹੀ ਅੱਜ ਤੱਕ ਕਿਸੇ ਨੇ ਕੁੱਝ ਬੋਲਿਆ ਹੈ, ਨਾ ਹੀ ਕਦੇ ਕੁੱਝ ਕੀਤਾ ਹੈ, ਨਾ ਹੀ

8/745

ਕਰ ਰਿਹਾ ਹੈ ਅਤੇ ਨਾ ਹੀ ਕਦੇ ਕੋਈ ਕਰ ਸਕੇਗਾ। ਸਾਡੇ ਮਨ ਦੀ ਸੋਚ ਹੀ ਪ੍ਰਮਾਤਮਾ ਦੀ ਜੋਤਿ ਹੈ। ਮਨ ਰੂਪ ਜੋਤਿ ਦੁਆਰਾ ਗੁਰਮਤਿ ਦੀ ਸੱਚੀ ਸਮਝ ਜੋ ਪ੍ਰਮਾਤਮਾ ਪਾਉਂਦਾ ਹੈ, ਨਾਮ ਦੇ ਰੂਪ ਵਿੱਚ ਪਾਉਂਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਪਾਉਂਦਾ ਹੈ ਉਹ ਉਸਦਾ "ਰਤਨ ਵਖਰ" ਹੈ। ਇਸ "ਰਤਨ ਵਖਰ" ਦੀ ਪ੍ਰਾਪਤੀ ਸਾਡੇ ਅੰਦਰੋਂ, ਸਾਡੇ ਮਨ ਦੇ ਵਿੱਚੋਂ ਕਿਵੇਂ ਹੋਣੀ ਹੈ, ਗੁਰੂ ਦੀ ਮਤਿ ਸਾਨੂੰ ਇਹੀ ਸਮਝਾ ਰਹੀ ਹੈ, ਜੋ ਮੁੱਖ ਸ਼ਬਦ ਦੀਆ ਅਗਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

"ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ॥"

ਉਪਰਲੀ ਪੰਗਤੀ ਪੜ੍ਹ ਕੇ ਕਿਸ ਨੂੰ ਇਹ ਸਮਝ ਨਹੀਂ ਲੱਗਦੀ ਕਿ ਇਹ ਵਣਜ ਕਿਵੇਂ ਹੋਣੀ ਹੈ, ਨਾਮ ਦੀ ਵਣਜ ਕਿਵੇਂ ਹੋਣੀ ਹੈ। ਐਥੇ ਕੋਈ ਵੱਖਰੀ ਗੱਲ ਨਹੀਂ ਸਮਝਾਈ ਹੋਈ। ਜੋ ਭਗਤੀ ਦਾ ਤਰੀਕਾ, ਉਸਦੀ ਪੂਜਾ ਦਾ ਤਰੀਕਾ ਸਾਰੀ ਬਾਣੀ ਵਿੱਚ ਸਮਝਾਇਆ ਹੋਇਆ ਹੈ, ਉਹੀ ਕੁੱਝ ਇੱਥੇ ਸਮਝਾਇਆ ਹੋਇਆ ਹੈ। ਸਾਰੀ ਗੱਲ ਗੁਣਾਂ ਤੇ ਆ ਕੇ ਮੁਕਦੀ ਹੈ। ਗੁਣ ਸਾਡੇ ਵਿੱਚ ਤਾਂ ਹੀ ਆ ਸਕਦੇ ਹਨ ਜੇਕਰ ਕੋਈ ਔਗੁਣ ਨਾ ਹੋਵੇ। ਔਗੁਣ ਤਾਂ ਜਾ ਸਕਦੇ ਹਨ ਜੇਕਰ ਸਾਡੀ ਤ੍ਰਿਸ਼ਨਾ ਮਰੇ ਕਿਉਂਕਿ ਔਗੁਣਾਂ ਦੀ ਜੜ੍ਹ ਸਾਡੀ ਤ੍ਰਿਸ਼ਨਾ ਹੈ, ਸਾਡੇ ਮਨ ਦੀਆਂ ਜਿਆਦਾ ਤੋਂ ਜਿਆਦਾ ਮਾਇਆ ਪ੍ਰਾਪਤ ਕਰਨ ਦੀਆਂ ਇੱਛਾਵਾਂ ਹਨ, ਮਾਇਆ ਮੋਹ ਹੈ ਤੇ ਇਹ ਹੀ ਭਉਜਲਸਾਗਰ ਹੈ ਜਿਸ ਨੂੰ ਪਾਰ ਕੀਤੇ ਬਿਨ੍ਹਾਂ ਗੁਣਾਂ ਦਾ ਧਾਰਨੀ ਨਹੀਂ ਬਣਿਆ ਜਾ ਸਕਦਾ। ਮੂੰਹੋਂ ਬੋਲ ਬੋਲ ਕੇ ਅਸੀਂ ਗੁਣੀ ਨਹੀਂ ਬਣ ਸਕਦੇ ਭਾਵੇਂ ਅਸੀਂ ਭੁਲੇਖੇ ਨਾਲ ਆਪਣੇ ਆਪ ਨੂੰ ਗੁਣੀ ਸਮਝੀ ਜਾਈਏ।

{ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ}

(ਅੰਗ ੩੫1)

ਗੁਣੀ ਬਣਨ ਲਈ ਮਨ ਦੀ ਬਿਰਤੀ ਬਦਲਣ ਦੀ ਲੋੜ ਹੈ, ਮਨ ਨੂੰ ਮਾਰਨ ਦੀ ਲੋੜ ਹੈ, ਗੁਰੂ ਦੇ ਦੱਸੇ ਹੋਏ ਸ਼ਬਦ ਤੇ ਅਮਲ ਕਰਨ ਦੀ ਲੋੜ ਹੈ। ਗੁਣ ਸਾਡੇ ਜੀਵਨ ਦੀ ਵਿਚਰਨ ਹੈ, ਨਹੀਂ ਤਾਂ ਗੁਣ ਕਿਸ ਲੇਖੇ। ਸਾਡੇ ਗੁਣਾਂ ਦੀ ਪਹਿਚਾਣ ਸਾਡੀ ਕਰਨੀ ਨੇ ਕਰਵਾਉਣੀ ਹੈ ਤੇ ਸਾਡੀ ਗੁਣਾਂ ਵਾਲੀ ਕਰਨੀ ਹੀ ਨਾਮ ਜਪਣਾ ਹੈ, ਗੁਣਾਂ ਵਾਲੀ ਕਰਨੀ ਹੀ ਸਾਡੀ ਸੁਕ੍ਰਿਤ ਕਰਨੀ ਹੈ।

{ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨੁ॥}

(ਅੰਗ ੩੫੦)

{ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ ਹਰਿ ਕੀਰਤਿ ਹਰਿ ਮਨਿ ਧਾਰੇ ਰਾਮ॥}

(ਅੰਗ ੫੩੯)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥
ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥
ਹਰਿ ਹਰਿ ਨਾਮੁ ਜਪਹੁ ਬਨਵਾਲੀ ॥

ਕਰਿ ਕਿਰਪਾ ਮੇਲਹੁ ਸਤਿਸੰਗਤਿ ਤੂਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥}

(ਅੰਗ ੧੧੩੪)

ਸਾਡੀ ਚੰਗੀ ਕਰਨੀ ਨੇ ਹੀ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ। ਹੋਰ ਕੋਈ ਤਰੀਕਾ ਨਾ ਹੈ ਅਤੇ ਨਾ ਹੀ ਬਾਣੀ ਵਿੱਚ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਆਪ ਹੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਸਹੀ ਸੋਝੀ ਪਾਉਣ

8/746

ਤੋਂ ਦੂਰ ਰੱਖਿਆ ਹੋਇਆ ਹੈ ਜਿਸ ਤਰੀਕੇ ਆਪ ਹੀ ਉਸਨੇ ਸਭ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ ਤਾਂ ਕਿ ਉਸ ਦੀ ਮਰਜੀ ਤੋਂ ਬਿਨ੍ਹਾਂ ਉਸ ਨੂੰ ਕੋਈ ਜਾਣ ਨ ਸਕੇ। ਇਸੇ ਲਈ ਪੂਰੀ ਸ੍ਰਿਸ਼ਟੀ ਪ੍ਰਮਾਤਮਾ ਨੂੰ ਜਾਣਨ ਬਾਰੇ ਅਗਿਆਨਤਾ ਦੇ ਨਾਲ ਭਰੀ ਹੋਈ ਹੈ ਤੇ ਪ੍ਰਮਾਤਮਾ ਨੂੰ ਉਹਨਾਂ ਤਰੀਕਿਆਂ ਨਾਲ ਖੋਜ ਰਹੀ ਹੈ, ਜਪ ਤਪ ਕਰੀ ਜਾ ਰਹੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਹਰ ਕੋਈ ਅਗਿਆਨਤਾ ਵਿੱਚ ਹੀ ਹੈ। ਸੰਸਾਰ ਨੂੰ ਅਗਿਆਨਤਾ ਵਿੱਚੋਂ ਕੱਢਣ ਲਈ ਧਰਮ ਗ੍ਰੰਥਾਂ ਦੀ ਰਚਨਾ ਵੀ ਉਸਨੇ ਆਪ ਹੀ ਕੀਤੀ ਹੈ ਪਰ ਮਨ ਦੀ ਅਗਿਆਨਤਾ ਕਰਕੇ ਸਾਨੂੰ ਧਰਮ ਗ੍ਰੰਥਾਂ ਰਾਹੀਂ, ਗੁਰਬਾਣੀ ਰਾਹੀਂ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਰਤਨ ਦੀ ਪ੍ਰਾਪਤੀ ਅਸੀਂ ਕਿਸ ਤਰੀਕੇ ਕਰਨੀ ਹੈ, ਨਾਮ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਿਸ ਤਰੀਕੇ ਕਰਨੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ॥੨॥)

ਬਾਣੀ ਭਾਵੇਂ ਸਾਨੂੰ ਸਪੱਸ਼ਟ ਤੌਰ ਤੇ ਸਮਝਾ ਰਹੀ ਹੈ ਕਿ ਸਾਨੂੰ ਵਣਜ ਦੀ ਸਮਝ ਨਹੀਂ ਹੈ ਤੇ ਜਿਹੋ ਜਿਹੀ ਅਸੀਂ ਭਗਤੀ ਕਰ ਰਹੇ ਹਾਂ ਉਹ ਕਿਸੇ ਲੇਖੇ ਨਹੀਂ ਹੈ ਪਰ ਫਿਰ ਵੀ ਅਸੀਂ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿਉਂਕਿ ਭਗਤੀ ਦਾ ਮਾਰਗ ਸਿੱਖਣ ਲਈ, ਨਾਮ ਜਪਣਾ ਸਿੱਖਣ ਲਈ ਅਸੀਂ ਉਨ੍ਹਾਂ ਦੀਆਂ ਗੱਲਾਂ ਨੂੰ ਸੱਚ ਮੰਨਿਆ ਹੋਇਆ ਹੈ ਜੋ ਸਾਨੂੰ ਗੁਰਮਤਿ ਤੋਂ ਉਲਟ ਸਮਝਾਉਂਦੇ ਹਨ ਜਿਸ ਕਰਕੇ ਕਿ ਉਹੋ ਜਿਹੇ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਕੋਈ ਵੀ ਭਗਤੀ ਕਰਨ ਵਾਲਾ ਇਹ ਨਹੀਂ ਮੰਨਦਾ ਕਿ ਉਹ ਭੁੱਲਿਆ ਹੋਇਆ ਹੈ। ਉਹ ਤਾਂ ਹੀ ਉਹੋ ਜਿਹੀ ਭਗਤੀ ਕਰਦਾ ਹੈ ਜੇਕਰ ਉਸਨੂੰ ਉਹ ਠੀਕ ਸਮਝਦਾ ਹੈ। ਸਾਨੂੰ ਭਗਤੀ ਬਾਰੇ ਕਿਸੇ ਦੀ ਸਮਝਾਈ ਹੋਈ ਗਲਤ ਗੱਲ ਵੀ ਠੀਕ ਲੱਗਦੀ ਹੈ। ਇਹ ਕਿਉਂ ਲੱਗਦੀ ਹੈ, ਅਸੀਂ ਸਹੀ ਸੋਝੀ ਤੋਂ ਕਿਉਂ ਦੂਰ ਰਹਿੰਦੇ ਹਾਂ, ਅਸੀਂ ਭੁੱਲੇ ਹੋਏ ਵੀ ਆਪਣੇ ਆਪ ਨੂੰ ਠੀਕ ਕਿਉਂ ਸਮਝਦੇ ਹਾਂ, ਆਓ ਇਸੇ ਗੱਲ ਨੂੰ ਅਗਲੇ ਕੁੱਝ ਸ਼ਬਦਾਂ ਦੁਆਰਾ ਸਮਝਣ ਦਾ ਉੱਦਮ ਕਰੀਏ।

ਸਲੋਕ ਮਃ੨॥

“ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥੧॥”

(ਅੰਗ ੯੫੪)

ਪ੍ਰਮਾਤਮਾ ਨੂੰ ਪਾਉਣ ਦੀ ਸਹੀ ਸੋਝੀ ਕੀ ਹੈ, ਉਸਦੀ ਸਹੀ ਸਿੱਖਿਆ ਕੀ ਹੈ, ਉਸ ਦੀ ਦੀਖਿਆ ਕੀ ਹੈ, ਇਸ ਨੂੰ ਜਾਣਨ ਤੋਂ ਪ੍ਰਮਾਤਮਾ ਨੇ ਆਪ ਹੀ ਸਾਨੂੰ ਦੂਰ ਰੱਖਿਆ ਹੋਇਆ ਹੈ, ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਪਾ ਕੇ ਰੱਖਿਆ ਹੋਇਆ ਹੈ ਜੋ ਆਪ ਚੌਥੇ ਪਦ ਦੇ ਗਿਆਨ ਵਾਲਾ ਹੈ। ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਣਾ ਉਸ ਨੂੰ ਇਹੀ ਭਾਉਂਦਾ ਹੈ ਕਿਉਂਕਿ ਉਹ ਸਭ ਦੇ ਨਾਲ ਮਨ ਦੀ ਸਮਝ ਰਾਹੀਂ ਆਪਣਾ ਪੜਦਾ ਬਣਾ ਕੇ ਰੱਖਦਾ ਹੈ। ਹਰ ਕੋਈ ਆਪਣੇ ਕਰਮਾਂ ਦਾ ਫ਼ਲ ਹੀ ਭੁਗਤ ਰਿਹਾ ਹੈ। ਉਹ ਮਨੁੱਖ ਨੂੰ ਉਲਝਾ ਕੇ ਉਸਨੂੰ ਉਸਦੇ ਮਾੜੇ ਕਰਮਾਂ ਦੀ ਸਜ਼ਾ ਵੀ ਦਿੰਦਾ ਹੈ ਪਰ ਮਨੁੱਖ ਆਪਣੀ ਨਾਸਮਝੀ ਵਾਲੀ ਝੂਠੀ ਭਗਤੀ ਦੀ ਸਜਾ ਨੂੰ ਮਿੱਠੀ ਕਰ ਕੇ ਮੰਨਦਾ ਹੈ ਭਾਵ ਉਸਦੀ ਸਜਾ ਵੀ ਉਸਨੂੰ ਉਸਦਾ ਉਪਕਾਰ ਨਜ਼ਰ ਆਉਂਦੀ ਹੈ। ਕੋਈ ਵੀ ਭਗਤੀ ਕਰਨ ਵਾਲਾ ਭਾਵੇਂ ਉਹ ਜਿਤਨਾ ਮਰਜੀ ਉਲਝਿਆ ਹੋਵੇ ਭਾਵ ਝੂਠੀ ਭਗਤੀ ਦੁਆਰਾ ਆਪਣੇ ਸਰੀਰ ਨੂੰ ਭਾਵੇਂ

ਦੁਖੀ ਕਰ ਰਹਿਆ ਹੋਵੇ ਪਰ ਉਹ ਇਹ ਕਦੇ ਨਹੀਂ ਮੰਨ ਸਕਦਾ ਕਿ ਉਸ ਨੂੰ ਭਗਤੀ ਦੀ ਸੋਝੀ ਨਹੀਂ ਹੈ। ਬਾਣੀ ਵਿੱਚ ਅਨੇਕਾਂ ਵਾਰ

8/747

ਜੋ ਵੀ ਸਾਡੇ ਬਣਾਏ ਹੋਏ ਅਨੇਕਾਂ ਭਗਤੀ ਦੇ ਤਰੀਕੇ ਹਨ ਉਹਨਾਂ ਨੂੰ ਖੰਡਿਆ ਗਿਆ ਹੈ ਪਰ ਫਿਰ ਵੀ ਕੋਈ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਹੈ ਕਿ ਉਹ ਠੀਕ ਨਹੀਂ ਕਰ ਰਿਹਾ। ਹਰ ਕੋਈ ਜੋ ਸਰੀਰਕ ਕਿਰਿਆਵਾਂ ਕਰਨ ਦੁਆਰਾ ਪ੍ਰਮਾਤਮਾ ਨੂੰ ਜਪਦਾ ਹੈ ਉਸਦਾ ਖੰਡਨ ਕੀਤਾ ਗਿਆ ਹੈ ਪਰ ਕਿਰਿਆਵਾਂ ਕਰਨ ਵਾਲਿਆ ਨੂੰ ਪੁੱਛੋ ਤਾਂ ਉਹ ਆਪਣੇ ਆਪ ਨੂੰ ਬਿਲਕੁਲ ਸਹੀ ਦੱਸਣਗੇ। ਭਾਵੇਂ ਕਿਤਨੀ ਵਾਰ ਸਮਝਾਇਆ ਹੈ ਕਿ ਅਸੀਂ ਜਿਤਨਾ ਮਰਜੀ ਤੀਰਥਾਂ ਤੇ ਜਾ ਆਈਏ, ਭਾਵੇਂ ਸਾਰੀ ਉਮਰ ਤੀਰਥਾਂ ਤੇ ਬੈਠੇ ਰਹੀਏ ਪਰ ਗੁਰੂ ਦੀ ਗੱਲ ਤੇ ਚੱਲੇ ਬਿਨ੍ਹਾਂ ਇਹ ਕਿਸੇ ਕੰਮ ਨਹੀਂ ਪਰ ਫਿਰ ਵੀ ਤੀਰਥਾਂ ਤੇ ਜਾਣ ਵਾਲਾ ਕੌਣ ਇਹ ਗੱਲ ਨੂੰ ਮੰਨਣ ਨੂੰ ਤਿਆਰ ਹੈ ਕਿ ਉਹ ਭੁੱਲਿਆ ਹੋਇਆ ਹੈ। ਸਰੀਰ ਨੂੰ ਕਸ਼ਟ ਦੇਣ ਨਾਲ ਪ੍ਰਮਾਤਮਾ ਦੀ ਕੋਈ ਭਗਤੀ ਨਹੀਂ ਹੁੰਦੀ ਪਰ ਫਿਰ ਵੀ ਸਰੀਰਕ ਕਿਰਿਆਵਾਂ ਕਰਨ ਵਾਲਾ ਇਸ ਨੂੰ ਪ੍ਰਮਾਤਮਾ ਦੀ ਤਪੱਸਿਆ ਮੰਨ ਕੇ ਕਰਦਾ ਹੈ। ਜੋਗੀਆਂ ਨੂੰ ਵਾਰ-ਵਾਰ ਸਮਝਾਇਆ ਹੈ ਕਿ ਉਹ ਉਲਝੇ ਹੋਏ ਹਨ ਪਰ ਇਹ ਗੱਲ ਮੰਨਣ ਨੂੰ ਕੌਣ ਤਿਆਰ ਹੈ। ਬਾਣੀ ਵਿੱਚ ਇਹ ਵੀ ਕਹਿ ਕੇ ਸਮਝਾਇਆ ਹੈ ਕਿ ਭਾਵੇਂ ਕਰੋੜਾਂ ਸਾਲ ਗੁਫ਼ਾਵਾਂ ਵਿੱਚ ਬੈਠ ਕੇ ਪ੍ਰਮਾਤਮਾ ਦਾ ਜਪ ਤਪ ਕਰ ਲਈਏ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਪਰ ਵਿਸ਼ਵਾਸ ਫਿਰ ਵੀ ਕਿਸੇ ਨੂੰ ਨਹੀਂ ਆਉਂਦਾ। ਅੱਜ ਵੀ ਇਹੋ ਜਿਹੇ ਜਪ ਤਪ ਨੂੰ ਹੀ ਭਗਤੀ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਮੂੰਹੋਂ ਬੋਲ-ਬੋਲ ਕੇ ਅੱਖਰ ਦੇ ਜਪ ਕਰਨ ਨੂੰ ਭਾਵੇਂ ਬਾਣੀ ਵਿੱਚ ਵਾਰ-ਵਾਰ ਖੰਡਿਆ ਗਿਆ ਹੈ ਪਰ ਫਿਰ ਵੀ ਇਸੇ ਨੂੰ ਹੀ ਭਗਤੀ ਸਮਝਿਆ ਜਾਂਦਾ ਹੈ। ਭਾਵੇਂ ਬਾਣੀ ਵਿੱਚ ਕਿਤਨੀ ਵਾਰ ਸਮਝਾਇਆ ਗਿਆ ਹੈ ਕਿ ਕੇਵਲ ਪੜ੍ਹ-ਪੜ੍ਹ ਕੇ, ਗਿਆਨ ਇਕੱਠਾ ਕਰ ਕਰ ਕੇ ਭਗਤੀ ਨਹੀਂ ਹੋ ਸਕਦੀ, ਗਿਣਤੀਆਂ- ਮਿਣਤੀਆਂ ਵਿੱਚ ਪੈ ਕੇ ਭਗਤੀ ਨਹੀਂ ਹੋ ਸਕਦੀ, ਪਰ ਫਿਰ ਵੀ ਅਸੀਂ ਇਨ੍ਹਾਂ ਗੱਲਾਂ ਨੂੰ ਹੀ ਭਗਤੀ ਸਮਝਦੇ ਹਾਂ। ਭਾਵੇਂ ਕਿਤਨਾ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ ਥਿਤਾਂ, ਵਾਰਾਂ ਦੀ ਮਹੱਤਤਾ ਸਮਝ ਕੇ, ਖਾਸ ਦਿਹਾੜੇ ਮਿੱਥ ਕੇ ਉਚੇਚੇ ਤੌਰ ਤੇ ਮੱਥੇ ਟੇਕਣ ਜਾਣ ਨਾਲ ਕੋਈ ਵੱਖਰਾ ਲਾਭ ਨਹੀਂ ਮਿਲਦਾ, ਪਰ ਫਿਰ ਵੀ ਕਰਨ ਵਾਲੇ ਕਰੀ ਜਾ ਰਹੇ ਹਨ ਪਰ ਆਪਣੇ ਆਪ ਨੂੰ ਭੁੱਲਿਆ ਹੋਇਆ ਮੰਨਣ ਨੂੰ ਕੋਈ ਵੀ ਤਿਆਰ ਨਹੀਂ। ਉਸਦਾ ਭੁਲਾਇਆ ਹੋਇਆ

8/748

ਕੋਈ ਆਪਣੇ ਆਪ ਨੂੰ ਭੁੱਲਿਆ ਹੋਇਆ ਸਮਝ ਹੀ ਨਹੀਂ ਸਕਦਾ। ਉਸ ਦੇ ਭੁਲਾਣ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਮਨੁੱਖ ਭੁੱਲ ਕੇ ਵੀ ਆਪਣੇ ਆਪ ਨੂੰ ਠੀਕ ਸਮਝੇ। ਮਨੁੱਖ ਆਪਣੀ ਭੁੱਲ ਵਿੱਚੋਂ ਤਾਂ ਹੀ ਨਿਕਲ ਸਕਦਾ ਹੈ ਜਦੋਂ ਉਹ ਆਪ ਕੱਢਣਾ ਚਾਹੇ। ਭੁਲਾਉਣ ਦੀ ਬਿਧਿ ਵੀ ਉਹ ਆਪ ਹੀ ਬਣਾਉਂਦਾ ਹੈ ਅਤੇ ਸੋਝੀ ਪਾਉਣ ਦੀ ਬਿਧਿ ਵੀ ਉਹ ਆਪ ਹੀ ਬਣਾਉਂਦਾ ਹੈ। ਨਾ ਕੋਈ ਆਪਣੇ ਆਪ ਵਿੱਚ ਮੂਰਖ ਹੈ ਤੇ ਨਾ ਹੀ ਕੋਈ ਆਪਣੇ ਆਪ ਵਿੱਚ ਸਿਆਣਾ ਹੈ। ਮਨੁੱਖ ਉਹੀ ਕੁੱਝ ਕਰਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ। ਕਿਸ ਨੂੰ ਕੀ ਸੋਝੀ ਪਾਉਣੀ ਹੈ, ਕਿਹੋ ਜਿਹੀ ਸੋਝੀ ਪਾਉਣੀ ਹੈ, ਕਿਸ ਨੂੰ ਕਿਸ ਅਵੱਸਥਾ ਵਿੱਚ ਰੱਖਣਾ ਹੈ, ਇਹ ਸਭ ਉਸਦੀ ਆਪਣੀ ਰਜ਼ਾ ਹੈ। ਕਿਸ ਮਨੁੱਖ ਕੋਲੋਂ ਕਿਹੋ ਜਿਹੇ ਕਰਮ ਕਰਵਾਉਣੇ ਹਨ, ਇਹ ਉਹ ਆਪ ਹੀ ਜਾਣਦਾ ਹੈ। ਕਿਸ ਨੂੰ ਉਸ ਨੇ ਆਪਣੇ ਤੋਂ ਦੂਰ ਰੱਖਣਾ ਹੈ ਅਤੇ ਕਿਸ ਨੂੰ ਉਸ ਨੇ ਆਪਣੇ ਨਾਲ ਮਿਲਾਉਣਾ ਹੈ, ਇਹ ਉਹ ਆਪ ਹੀ ਜਾਣਦਾ ਹੈ ਅਤੇ ਸੋਝੀ ਵੀ ਉਸੇ ਅਨੁਸਾਰ ਪਾਉਂਦਾ ਹੈ। ਇਹੀ ਗੱਲਾਂ ਅਸੀਂ ਅਗਲੇ ਕੁੱਝ ਸ਼ਬਦਾਂ ਦੁਆਰਾ ਜਾਣਨ ਦੀ ਕੋਸ਼ਿਸ਼ ਕਰਨੀ ਹੈ।

ਸਲੋਕ ਮਃ ੨॥

“ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥੧॥”

(ਅੰਗ ੯੫੪)

ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ, ਅੰਧਾ ਉਸ ਨੂੰ ਕਿਹਾ ਹੈ ਜਿਸ ਨੂੰ ਭਗਤੀ ਦੀ ਸਮਝ ਨਹੀਂ ਹੈ, ਜਿਸ ਨੂੰ ਰਤਨ ਪਰਖਣ ਦੀ ਸਮਝ ਨਹੀਂ ਹੈ।

(ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥੧॥)

(ਅੰਗ ੯੫੪)

ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ ਉਸ ਦੇ ਨਾਲ ਅਸੀਂ ਕੇਵਲ ਆਪਣੀ ਅਗਿਆਨਤਾ ਜਾਹਿਰ ਕਰਦੇ ਹਾਂ ਭਾਵ ਪ੍ਰਮਾਤਮਾ ਨੂੰ ਅਸੀਂ ਇਹ ਦਿਖਾਉਂਦੇ ਹਾਂ ਕਿ ਦੇਖ ਤੂੰ ਸਾਨੂੰ ਕਿਤਨਾ ਉਲਝਾਇਆ ਹੋਇਆ ਹੈ ਪਰ ਫਿਰ ਵੀ ਅਸੀਂ ਆਪਣੇ ਆਪ ਨੂੰ ਠੀਕ ਸਮਝ ਰਹੇ ਹਾਂ। ਹਰ ਕੋਈ ਭਗਤੀ ਨੂੰ ਸਮਝਣ ਵਿੱਚ ਨਾ ਸਮਝ ਹੈ ਤੇ ਇਹੋ ਜਿਹੀ ਭਗਤੀ ਕਰਨ ਵਾਲਿਆਂ ਨੂੰ ਦੇਖਣ ਵਾਲੇ, ਜਾਣਨ ਵਾਲੇ ਵੀ ਉਹਨਾਂ ਨੂੰ ਭਗਤੀ ਕਰਨ ਵਾਲੇ ਸਮਝਦੇ ਹਨ ਭਾਵ ਭਗਤੀ ਦੀ ਸਮਝ ਤੋਂ ਆਪ ਹੀ ਪ੍ਰਮਾਤਮਾ ਨੇ ਸਭ ਨੂੰ ਭੁਲੇਖੇ ਵਿੱਚ

8/749

ਰੱਖਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਭੁਲੇਖੇ ਵਿੱਚ ਰਹਿੰਦਾ ਹੋਇਆਂ ਵੀ ਆਪਣੀ ਭਗਤੀ ਨੂੰ ਠੀਕ ਸਮਝਦਾ ਹੈ ਜਿਵੇਂ ਕਿ ਉੱਪਰ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। **"ਅੰਧੈ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥"** ਇੱਥੇ ਮਨ ਦੇ ਅੰਧਿਆ ਦੀ ਗੱਲ ਸਮਝਾਈ ਹੋਈ ਹੈ, ਭਗਤੀ ਬਾਰੇ ਅਗਿਆਨਤਾ ਦੀ ਗੱਲ ਸਮਝਾਈ ਹੋਈ ਹੈ, ਭੁਲੇਖੇ ਵਿੱਚ ਰਹਿੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਠੀਕ ਸਮਝਣ ਦੀ ਗੱਲ ਸਮਝਾਈ ਹੋਈ ਹੈ। ਭਗਤੀ ਦੇ ਮਾਮਲੇ ਵਿੱਚ ਅਗਰ ਕੋਈ ਕਿਸੇ ਨੂੰ ਸਹੀ ਰਾਹ ਦੱਸਣ ਦੀ ਕੋਸ਼ਿਸ਼ ਕਰੇ, ਸਮਝਾਉਣ ਦੀ ਕੋਸ਼ਿਸ਼ ਕਰੇ ਤਾਂ ਉਸ ਦਾ ਅਸਰ ਨਹੀਂ ਹੁੰਦਾ। ਜਿਸ ਨੂੰ ਪ੍ਰਮਾਤਮਾ ਨੇ ਖੁਦ ਅਗਿਆਨਤਾ ਵਿੱਚ ਰੱਖਿਆ ਹੋਵੇ, ਸਹੀ ਮਾਰਗ ਦੀ ਸੋਝੀ ਤੋਂ ਦੂਰ ਰੱਖਿਆ ਹੋਵੇ ਫਿਰ ਉਹ ਕਿਸੇ ਦੀ ਗੱਲ ਨਹੀਂ ਸੁਣਦਾ, ਠੀਕ ਗੱਲ ਵੀ ਨਹੀਂ ਸੁਣਦਾ, ਕੇਵਲ ਆਪਣੀ ਮਤਿ ਨੂੰ, ਆਪਣੇ ਵਿਸ਼ਵਾਸ ਨੂੰ ਠੀਕ ਸਮਝ ਕੇ ਉਹ ਆਪਣੀ ਜ਼ਿੱਦ ਤੇ ਹੀ ਰਹਿੰਦਾ ਹੈ ਭਾਵ ਉਸ ਦੇ ਅੰਦਰ ਇਹ ਦ੍ਰਿੜ ਵਿਸ਼ਵਾਸ ਬਣ ਜਾਂਦਾ ਹੈ ਕਿ ਮੈਂ ਜੋ ਕੁੱਝ ਕਰ ਰਿਹਾ ਹਾਂ ਉਹ ਬਿਲਕੁਲ ਠੀਕ ਹੈ।**(ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥)** ਜੇਕਰ ਪ੍ਰਮਾਤਮਾ ਨੇ ਉਸ ਮਨੁੱਖ ਨੂੰ ਉਲਝਾਉਣਾ ਹੀ ਨਾ ਹੁੰਦਾ ਭਾਵ ਭਗਤੀ ਦੇ ਸਹੀ ਮਾਰਗ ਤੇ ਪਾਉਣਾ ਹੁੰਦਾ ਫਿਰ ਉਸ ਨੂੰ ਅੰਧਾ ਕਿਉਂ ਕਰਦਾ ਭਾਵ ਪ੍ਰਮਾਤਮਾ ਦੀ ਰਜ਼ਾ ਹੀ ਉਸਨੂੰ ਅਗਿਆਨਤਾ ਵਿੱਚ ਰੱਖਣ ਦੀ ਹੈ। **(ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥)** ਪ੍ਰਮਾਤਮਾ ਨੇ ਜਿਸ ਨੂੰ ਅਗਿਆਨਤਾ ਵਿੱਚ ਰੱਖਣਾ ਹੈ ਉਸਨੂੰ ਮਨ ਦੇ ਗਿਆਨ ਦੁਆਰਾ ਹੀ ਰੱਖਣਾ ਹੈ ਕਿਉਂਕਿ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਮਨ ਦੀ ਸੋਚ ਦੁਆਰਾ ਕਰਦਾ ਹੈ। ਜਿਸ ਨੂੰ ਰੱਬ ਨੇ ਆਪ ਉਲਝਾਇਆ ਹੋਇਆ ਹੈ, ਜੋ ਖਸਮਹੁ ਘੁੱਸੇ ਹੋਏ ਹਨ, ਉਹ ਕਿਸੇ ਦੇ ਸਮਝਾਇਆ ਸਮਝ ਹੀ ਕਿਵੇਂ ਸਕਦੇ ਹਨ। **(ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥੧॥)**

ਜਿਸ ਨੇ ਸਾਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਸਾਨੂੰ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ। ਮਨ ਦੇ ਵਿੱਚ ਹੀ ਅਗਿਆਨਤਾ ਹੈ ਅਤੇ ਮਨ ਦੇ ਵਿੱਚੋਂ ਹੀ ਸੋਝੀ ਪੈਣੀ ਹੈ। ਰਜ਼ਾ ਉਸ ਪ੍ਰਮਾਤਮਾ ਦੀ ਹੈ ਜੋ ਆਪ ਹੀ ਮਨ ਦੇ ਵਿੱਚ ਵਰਤ ਰਿਹਾ ਹੈ, ਸਾਨੂੰ ਗਿਆਨ ਦੇਣ ਵਾਲਾ ਹੈ ਜੋ ਕਿ ਹੇਠ ਦਿੱਤੇ ਅਗਲੇ ਸ਼ਬਦ ਦੁਆਰਾ ਸਪੱਸ਼ਟ ਹੈ।

ਮਃ੨॥

"ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ॥ ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ॥
ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ॥ ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ॥੨॥"

(ਅੰਗ - ੯੫੪)

8/750

ਪਹਿਲੀ ਪੰਗਤੀ ਤੋਂ ਹੀ ਸਪੱਸ਼ਟ ਹੈ ਕਿ ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਕੀਤਾ ਹੋਇਆ ਮਨ ਦਾ ਅੰਧਾ ਹੈ, ਉਸਨੇ ਆਪ ਹੀ ਸਭ ਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਜਿਸ ਪ੍ਰਮਾਤਮਾ ਨੇ ਅਗਿਆਨਤਾ ਵਿੱਚ ਰੱਖਿਆ ਹੈ ਉਹ ਆਪ ਹੀ ਇਸ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ ਭਾਵ ਜਿਸ ਨੇ ਸਾਡੇ ਮਨ ਦੀਆਂ ਸਮਝ ਰੂਪ ਅੱਖਾਂ ਨੂੰ ਅੰਧਾ ਕੀਤਾ ਹੋਇਆ ਹੈ ਉਹੀ ਸਾਡੀਆਂ ਮਨ ਦੀਆਂ ਅੱਖਾਂ ਨੂੰ ਸੁਜਾਖਾ ਬਣਾ ਸਕਦਾ ਹੈ ਜਿੰਨ੍ਹਾਂ ਮਨ ਦੀਆਂ ਅੱਖਾਂ ਰਾਹੀਂ ਸਭ ਕੁੱਝ ਸੱਚ ਹੀ ਨਜ਼ਰ ਆਉਂਦਾ ਹੈ, ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। **(ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ॥)**

ਪ੍ਰਮਾਤਮਾ ਮਨੁੱਖ ਨੂੰ ਕਿਵੇਂ ਅਗਿਆਨਤਾ ਵਿੱਚ ਰੱਖਦਾ ਹੈ ਅਤੇ ਕਿਵੇਂ ਉਸ ਵਿੱਚੋਂ ਕੱਢਦਾ ਹੈ ਤੇ ਹੋਰ ਕਿਸੇ ਦੀ ਗੱਲ ਦਾ ਉਸ ਤੇ ਅਸਰ ਕਿਉਂ ਨਹੀਂ ਹੁੰਦਾ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ॥”

ਉਪਰਲੀ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਪ੍ਰਮਾਤਮਾ ਸਾਡੇ ਅੰਦਰ ਕਿਵੇਂ ਵਰਤ ਰਿਹਾ ਹੈ ਇਸ ਗੱਲ ਦੀ ਸੋਝੀ ਵੀ ਪੈ ਜਾਵੇਗੀ। ਅਸੀਂ ਉਹੀ ਕੁੱਝ ਕਰਦੇ ਹਾਂ ਜਿਹੋ ਜਿਹੀ ਸਾਨੂੰ ਮਨ ਵਿੱਚੋਂ ਸੋਝੀ ਪੈਂਦੀ ਹੈ। ਜੋ ਕੁੱਝ ਅਸੀਂ ਆਪਣੇ ਮਨ ਵਿੱਚੋਂ ਜਾਣਦੇ ਹਾਂ, ਅਸੀਂ ਉਸੇ ਤਰੀਕੇ ਨਾਲ ਵਰਤਦੇ ਹਾਂ ਭਾਵ ਉਹੀ ਕੁੱਝ ਕਰਦੇ ਹਾਂ। **(ਜੇਹਾ ਜਾਣੈ ਤੇਹੋ ਵਰਤੈ)** ਸਾਨੂੰ ਕੋਈ “ਸੌ ਵਾਰੀ” ਭਾਵ ਜਿਤਨੀ ਵਾਰੀ ਮਰਜ਼ੀ ਕੋਈ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਭਗਤੀ ਦਾ ਮਾਰਗ ਇਹ ਨਹੀਂ ਜੋ ਅਸੀਂ ਕਰ ਰਹੇ ਹਾਂ ਪਰ ਅਸੀਂ ਮੰਨਣ ਲਈ ਤਿਆਰ ਨਹੀਂ ਹੋਵਾਂਗੇ ਕਿਉਂਕਿ ਸਾਨੂੰ ਭਰਮਾਂ ਵਿੱਚ ਪ੍ਰਮਾਤਮਾ ਨੇ ਆਪ ਪਾਇਆ ਹੋਇਆ ਹੈ। **(ਜੇ ਸਉ ਆਖੈ ਕੋਇ॥)** ਕਿਸੇ ਦੀ ਗੱਲ ਦਾ ਅਸਰ ਸਾਡੇ ਤੇ ਤਾਂ ਹੀ ਹੋ ਸਕਦਾ ਹੈ ਜੇਕਰ ਪ੍ਰਮਾਤਮਾ ਦੀ ਆਪਣੀ ਮਰਜ਼ੀ ਹੋਵੇ, ਭੁਲੇਖਾ ਉਸੇ ਦਾ ਹੀ ਕੱਢੇਗਾ ਜੇਕਰ ਉਸਦੀ ਰਜ਼ਾ ਹੋਵੇ, ਮਨ ਦੇ ਵਿਚਾਰ ਉਸੇ ਦੇ ਹੀ ਬਦਲੇਗਾ ਜਿੱਥੇ ਉਸਦੀ ਆਪਣੀ ਰਜ਼ਾ ਹੋਵੇਗੀ। ਇਸੇ ਤਰ੍ਹਾਂ ਜੇ ਕੋਈ ਕਿਸੇ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਨਾਮ ਵੱਖਰ ਸਾਡੇ ਅੰਦਰ ਹੀ ਹੈ, ਸਾਨੂੰ ਇਸ ਗੱਲ ਦਾ ਯਕੀਨ ਨਹੀਂ ਆ ਸਕਦਾ। ਇਹ ਪ੍ਰਮਾਤਮਾ ਦੀ ਬਹੁਤ ਵੱਡੀ ਖੇਡ ਹੈ। ਜਦ ਤੱਕ ਇਹ ਖੇਡ ਕਿਸੇ ਦੇ ਨਾਲ ਨਹੀਂ ਵਰਤਦੀ ਭਾਵ ਜਦ ਤੱਕ ਆਪਣੇ ਆਪ ਨਾਲ ਨਹੀਂ ਵਰਤਦੀ, ਇਸ ਨੂੰ ਜਾਣਿਆ ਨਹੀਂ ਜਾ ਸਕਦਾ, ਕਿਸੇ ਦੇ ਸਮਝਾਇਆਂ ਯਕੀਨ ਨਹੀਂ ਆ ਸਕਦਾ। **(ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ॥)** ਇਹ “ਵਸਤੂ” ਇਹ ਵੱਖਰ, ਸਾਡੇ ਮਨ ਦੇ ਵਿੱਚ ਹੈ, ਆਪ ਪ੍ਰਮਾਤਮਾ ਹੈ। ਹਰ ਕੋਈ ਇਸੇ “ਵਸਤੂ” ਦਾ ਗਾਹਕ ਹੈ ਭਾਵ ਪ੍ਰਮਾਤਮਾ ਨੂੰ ਮਿਲਣਾ ਚਾਹੁੰਦਾ ਹੈ

8/751

ਤੇ ਇਹ ਵਸਤੂ ਆਪਣੇ ਆਪ ਕੋਈ ਨਹੀਂ ਲੈ ਸਕਦਾ। ਇਹ “ਵਸਤੁ” ਸਾਡੇ ਮਨ ਦੇ ਵਿੱਚੋਂ ਹੀ ਮਿਲਣੀ ਹੈ ਤੇ ਵਸਤੂ ਦੀ ਭਾਵ ਵਸਤੂ ਦੇ ਮਾਲਕ ਦੀ, ਨਾਮ ਦੇ ਮਾਲਕ ਦੀ ਆਪਣੇ ਅੰਦਰ ਪਹਿਚਾਣ ਹੋਣ ਦੁਆਰਾ ਮਿਲਣੀ ਹੈ। ਉਸਦੀ ਪਹਿਚਾਣ ਮਨ ਦੇ ਗਿਆਨ ਨੇ ਹੀ ਕਰਨੀ ਹੈ। ਆਪਣੀ ਪਹਿਚਾਣ ਉਹ ਆਪ ਕਰਵਾ ਸਕਦਾ ਹੈ, ਆਪਣੇ ਦਰਸ਼ਨ ਉਹ ਮਨ ਦੇ ਵਿੱਚ ਆਪ ਦੇ ਸਕਦਾ ਹੈ ਤੇ ਮਨੁੱਖ ਨੂੰ ਕੇਵਲ ਉਸ ਨੇ ਅਗਿਆਨਤਾ ਵਿੱਚ ਹੀ ਰੱਖਿਆ ਹੋਇਆ ਹੈ, ਫਜ਼ੂਲ ਦੇ ਜਪਾਂ ਤਪਾਂ ਵਿੱਚ ਪਾਇਆ ਹੋਇਆ ਹੈ, ਉਸਨੂੰ ਆਪਣੀ ਵਸਤੂ ਦਾ ਗਾਹਕ ਬਣਨ ਤੋਂ ਦੂਰ ਰੱਖਿਆ ਹੋਇਆ ਹੈ। ਉਸਦਾ ਗਾਹਕ ਕੇਵਲ ਗੁਣਾਂ ਦੁਆਰਾ ਬਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝ ਚੁੱਕੇ ਹਾਂ।**{ ਜਿਨ ਗੁਣ ਪਲੇ ਨਾਨਕਾ ਮਾਣਕ ਵਣਜਹਿ ਸੇਇ॥}** ਨਾ ਉਹ ਕਿਸੇ ਨੂੰ ਸੱਚਾ ਗਾਹਕ ਬਣਨ ਦਿੰਦਾ ਹੈ ਅਤੇ ਨਾ ਹੀ ਆਪਣੇ ਨਾਲ ਮੇਲ ਕਰਵਾਉਂਦਾ ਹੈ ਭਾਵ ਨਾ ਹੀ ਭਗਤੀ ਦੀ ਸਹੀ ਸੋਝੀ ਪਾਉਂਦਾ ਹੈ ਤੇ ਨਾ ਹੀ ਆਪਣੇ ਨਾਲ ਮਿਲਣ ਦੀ ਬਿਧਿ ਬਣਾਉਂਦਾ ਹੈ। **(ਨਾਨਕ ਗਾਹਕੁ ਕਿਉ ਲਏ ਸਕੇ ਨ ਵਸਤੁ ਪਛਾਣਿ॥)** ਇੱਥੇ ਇੱਕ ਗੱਲ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਸ਼ਬਦ ਦੁਆਰਾ ਸਮਝਿਆ ਹੈ ਕਿ ਹਰ ਕੋਈ ਭਗਤੀ ਦੇ ਮਾਰਗ ਤੋਂ ਪ੍ਰਮਾਤਮਾ ਦਾ ਆਪਣਾ ਭੁਲਾਇਆ ਹੋਇਆ ਹੀ ਹੈ। ਜੇ ਕੋਈ ਭੁੱਲਿਆ ਹੋਇਆਂ ਨੂੰ ਸਮਝਾਉਣਾ ਚਾਹੇ ਤਾਂ ਉਹਨਾਂ ਤੇ ਅਸਰ ਵੀ ਇਸੇ ਲਈ ਨਹੀਂ ਹੁੰਦਾ ਕਿਉਂਕਿ ਉਹ ਅੰਦਰ ਬੈਠਾ ਉਹਨਾਂ ਨੂੰ ਸਮਝਣ ਹੀ ਨਹੀਂ ਦਿੰਦਾ ਭਾਵ ਪ੍ਰਮਾਤਮਾ ਨੂੰ ਸਮਝਣਾ ਤੇ ਉਸਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝਣਾ ਉਹਨਾਂ ਦੇ ਵੱਸ ਵਿੱਚ ਹੀ ਨਹੀਂ ਹੈ। ਇਸੇ ਲਈ ਕਿਸੇ ਨੂੰ ਬਹੁਤਾ ਸਮਝਾਉਣ ਦੀ ਕੋਸ਼ਿਸ਼ ਕਰਨ ਦੀ ਭਾਵ ਵਾਦ ਵਿਵਾਦ ਵਿੱਚ ਪੈਣ ਦੀ ਲੋੜ ਨਹੀਂ ਹੈ। ਧਰਮ ਦਾ ਮਾਰਗ, ਪਿਆਰ ਦਾ ਮਾਰਗ ਹੈ, ਝਗੜੇ ਪਾਉਣ ਦਾ ਮਾਰਗ ਨਹੀਂ ਹੈ। ਇਹ ਸੱਚੇ ਵਿਚਾਰ ਦਾ ਮਾਰਗ ਹੈ, ਬਹਿਸ ਦਾ ਮਾਰਗ ਨਹੀਂ ਹੈ। ਇਹ ਤੱਥ ਦਾ, ਤੱਤ ਦਾ ਮਾਰਗ ਹੈ। ਕਿਸੇ ਨੂੰ ਤੱਥ ਦੇ ਕੇ ਸਮਝਾਉਣਾ ਕੋਈ ਮਾੜੀ ਗੱਲ ਨਹੀਂ ਹੈ, ਕਿਸੇ ਦਾ ਭਲਾ ਕਰਨ ਵਾਲੀ ਗੱਲ ਹੈ। ਸੱਚ ਦਾ ਮਾਰਗ, ਤੱਥ ਦਾ ਮਾਰਗ, ਸੱਚੇ ਗਿਆਨ ਦਾ ਮਾਰਗ ਕੇਵਲ ਗੁਰੂ ਦੇ ਕੋਲ ਹੈ ਤੇ ਉਸਦੇ ਸਮਝਾਏ ਹੋਏ ਤੱਥ ਅਨੁਸਾਰ ਵਿਚਾਰ ਵਟਾਂਦਰਾ ਕਰਨਾ ਚੰਗੀ ਗੱਲ ਹੈ ਪਰ ਇਹ ਬਹਿਸ ਦਾ ਜਾਂ ਝਗੜੇ ਦਾ ਮੁੱਦਾ ਬਿਲਕੁਲ ਵੀ ਨਹੀਂ ਹੋਣਾ ਚਾਹੀਦਾ। ਜਿਸਨੂੰ ਉਸਨੇ ਆਪਣੇ ਸੱਚੇ ਵਿਚਾਰ ਦੀ ਸੋਝੀ ਪਾਣੀ ਹੋਵੇ ਉਸ ਤੇ ਆਪ ਹੀ ਅਸਰ ਕਰਵਾ ਦਿੰਦਾ ਹੈ। ਕਿਸੇ ਅੱਗੇ ਆਪਣੀ ਵਿਚਾਰ ਰੱਖਣਾ ਮਾੜੀ ਗੱਲ ਨਹੀਂ ਹੈ ਪਰ ਸੱਚੇ ਵਿਚਾਰ ਦੀ ਸੋਝੀ ਹੋਣਾ ਵੀ ਜਰੂਰੀ ਹੈ। ਸੱਚੇ ਵਿਚਾਰਾਂ ਦੀ ਕਸਵੱਟੀ ਇੱਕੋ ਇੱਕ ਗੁਰਬਾਣੀ ਆਪ ਹੀ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ

ਮਾਰਗ ਸਮਝਾਉਂਦੀ ਹੈ ਤੇ ਸਭ ਦੇ ਅੰਦਰ ਪ੍ਰਮਾਤਮਾ ਦਾ ਇੱਕੋ ਜਿਹਾ ਰੂਪ ਸਮਝਾਉਂਦੀ ਹੈ। ਜਦੋਂ ਤੱਕ ਅਸੀਂ ਇੱਧਰੋਂ ਉੱਧਰੋਂ ਸੁਣੀਆਂ ਹੋਈਆਂ ਗੱਲਾਂ ਦੇ ਮੋਹ ਵਿੱਚੋਂ ਨਿਕਲ ਕੇ ਗੁਰੂ ਦੀ ਮਤਿ ਨਾਲ ਮੋਹ ਨਹੀਂ ਪਾਵਾਂਗੇ, ਆਪਣਾ ਪੂਰਨ ਵਿਸ਼ਵਾਸ ਗੁਰੂ ਦੇ ਗਿਆਨ ਨਾਲ ਨਹੀਂ ਰੱਖਾਂਗੇ ਤਦ ਤੱਕ ਸਾਨੂੰ ਉਸਦੇ ਸੱਚੇ ਵਿਚਾਰਾਂ ਤੇ ਯਕੀਨ ਨਹੀਂ ਆਵੇਗਾ। ਗੁਰੂ ਤੇ ਪੂਰਨ ਭਰੋਸਾ ਕਰਨਾ ਹੀ ਗੁਰੂ ਨੂੰ ਮਾਨ ਦੇਣਾ ਹੈ। ਜੇਕਰ ਸਾਡੇ ਅੰਦਰ ਮਾਨ ਕਿਸੇ ਹੋਰ ਸਖਸ਼ੀਅਤ ਲਈ ਬਣਿਆ ਹੋਇਆ ਹੈ ਤਾਂ ਫਿਰ ਅਸੀਂ ਉਸਦੇ ਦੱਸੇ ਹੋਏ ਤੱਥ ਨੂੰ ਹੀ ਮੰਨਾਂਗੇ ਭਾਵੇਂ ਉਹ ਗੁਰੂ ਦੇ ਸੱਚੇ ਵਿਚਾਰ ਨਾਲ ਮੇਲ ਖਾਵੇ ਜਾਂ ਨਾ ਖਾਵੇ। ਬਹੁਤ ਔਖਾ ਹੈ ਗੁਰੂ ਦਾ ਮਾਨ ਕਰਨਾ। ਬਹੁਤ ਔਖਾ ਹੈ ਨਾਮ ਜਪਣਾ। ਬਹੁਤ ਔਖਾ ਹੈ ਭਰਮਾਂ ਵਿੱਚੋਂ ਨਿਕਲਣਾ। ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਕਿਰਪਾ ਹੀ ਸਾਨੂੰ ਇਸ ਦੁਚਿੱਤੀ ਵਿੱਚੋਂ ਕੱਢ ਸਕਦੀ ਹੈ। ਬਹਿਸ ਵਿੱਚ ਪੈਣਾ ਗਲਤ ਹੈ। ਝਗੜੇ ਵਿੱਚ ਪੈਣਾ ਗਲਤ ਹੈ।

ਅੰਧੇ ਤੇ ਸੁਜਾਖੇ ਵਿੱਚ ਪਹਿਚਾਣ ਕੀ ਹੈ, ਇਹ ਨਾਲ ਹੀ ਅਗਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਸਾਨੂੰ ਕਿਸੇ ਨਾਲ ਝਗੜੇ ਵਿੱਚ ਨਹੀਂ ਪੈਣਾ ਚਾਹੀਦਾ, ਇਸ ਦੀ ਸੋਝੀ ਵੀ ਨਾਲ ਹੀ ਪੈ ਜਾਵੇਗੀ।

ਮਃ ੨॥

"ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥੩॥"

(ਅੰਗ ੯੫੪)

ਜਦ ਤੱਕ ਅਸੀਂ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝਦੇ ਤਦ ਤੱਕ ਹਰ ਕੋਈ ਅਗਿਆਨਤਾ ਵਿੱਚ ਹੀ ਹੈ ਕਿ ਪ੍ਰਮਾਤਮਾ ਕੀ ਹੈ। ਆਪਣੇ ਮਨ ਦੇ ਵਿੱਚੋਂ ਹਰ ਵੇਲੇ, ਅੱਠੇ ਪਹਿਰ ਚੱਲ ਰਹੇ ਉਸਦੇ ਹੁਕਮ ਨੂੰ ਭਾਵ ਹਰ ਵੇਲੇ ਸਾਡੇ ਅੰਦਰ ਪੈ ਰਹੀ ਮਾੜੀ ਚੰਗੀ ਸੋਝੀ ਨੂੰ ਜਾਣੇ ਬਿਨ੍ਹਾਂ ਉਸ ਸੋਝੀ ਦੇ ਮਾਲਕ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। **(ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥)**

ਮਨ ਦਾ ਸੁਜਾਖਾ ਕੇਵਲ ਉਹ ਹੈ ਭਾਵ ਅਗਿਆਨਤਾ ਕੇਵਲ ਉਸ ਦੀ ਦੂਰ ਹੁੰਦੀ ਹੈ ਭਾਵ ਪ੍ਰਮਾਤਮਾ ਕੀ ਹੈ, ਇਸ ਦੀ ਸੋਝੀ ਉਸ ਨੂੰ ਪੈਂਦੀ ਹੈ ਜੋ ਉਸਦੇ ਹੁਕਮ ਨੂੰ ਬੁੱਝ ਲੈਂਦਾ ਹੈ। ਉਸ ਦੇ ਹੁਕਮ ਵਿੱਚ ਅੰਧਾ ਹੋ ਕੇ ਰਹਿਣ ਵਾਲਾ, ਚੱਲਣ ਵਾਲਾ ਹੀ ਅਸਲ ਅੰਧਾ ਹੈ ਜੋ ਆਪਣੀ ਨਾਸਮਝੀ ਵਿੱਚੋਂ ਨਿਕਲ ਜਾਂਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਹੁਕਮ ਵਿੱਚ ਅੰਧਾ ਕਰਦਾ ਹੈ ਉਹ ਫਿਰ ਉਸਦੇ ਹੁਕਮ ਨੂੰ ਹੀ ਅੰਧਾ ਹੋ ਕੇ ਮੰਨਦਾ ਹੈ। ਆਪਣੇ ਅੰਦਰੋਂ ਉਸਦੇ ਹਕਮ ਨੂੰ ਬੁੱਝਣਾ ਭਾਵ ਜਾਣਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨਾ ਹੈ ਜਿਸ ਦੁਆਰਾ ਮਨੁੱਖ ਦੀ ਮਨਮਤਿ, ਹਉਮੈ ਦੂਰ ਹੁੰਦੀ ਹੈ। ਆਪਣੀ ਸਿਆਣਪ ਦੂਰ ਹੁੰਦੀ ਹੈ। ਆਪਣਾ ਹੁਕਮ ਉਹ ਆਪ ਹੀ ਬੁੱਝਾ ਸਕਦਾ ਹੈ। **(ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥)** ਪ੍ਰਮਾਤਮਾ ਦੀ ਸੋਝੀ ਪੈਣ ਤੋਂ ਬਾਅਦ ਕਿਸੇ ਨਾਲ ਝਗੜਿਆ ਨਹੀਂ ਜਾ ਸਕਦਾ ਕਿਉਂਕਿ ਦੂਸਰੇ ਦੇ ਅੰਦਰ ਅਗਿਆਨਤਾ ਕਿਸ ਲਈ ਹੈ, ਇਸ ਗੱਲ ਦੀ ਸੋਝੀ ਪੈ ਜਾਂਦੀ ਹੈ। ਧਰਮ ਦੀ ਸਹੀ ਸੋਝੀ ਪਏ ਬਿਨ੍ਹਾਂ, ਧਰਮ ਦੀ ਰੱਖਿਆ ਵੀ ਨਹੀਂ ਕੀਤੀ ਜਾ ਸਕਦੀ। ਧਰਮ ਸੱਚ ਹੈ। ਸੱਚ ਦੀ ਸੋਝੀ ਪਏ ਬਿਨ੍ਹਾਂ ਸੱਚ ਦੀ ਸੱਚੀ ਰੱਖਿਆ ਵੀ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ ਸਾਨੂੰ ਧਰਮ ਦੀ ਰੱਖਿਆ ਕਰਨੀ ਵੀ ਸਿਖਾਈ ਹੈ, ਉਸ ਲਈ ਤਲਵਾਰ ਵੀ ਚੁੱਕੀ ਹੈ, ਜੰਗਾਂ ਵੀ ਕੀਤੀਆਂ ਹਨ ਪਰ ਕੇਵਲ ਤੇ ਕੇਵਲ ਸੱਚੇ ਮਕਸਦ ਲਈ। ਕਿਸੇ ਨਾਲ ਝਗੜਾ ਪਾਉਣ ਲਈ ਨਹੀਂ ਬਲਕਿ ਝੂਠਾ ਝਗੜਾ ਪਾਉਣ ਵਾਲਿਆਂ ਨੂੰ ਸਬਕ ਸਿਖਾਉਣ ਲਈ।

8/752

ਆਉ ਇਸ ਗੱਲ ਨੂੰ ਅਗਲੇ ਸ਼ਬਦ ਦੁਆਰਾ ਹੋਰ ਦ੍ਰਿੜ ਕਰੀਏ ਕਿ ਹਰ ਕੋਈ ਭਗਤੀ ਦੀ ਸੱਚੀ ਸਮਝ ਪਏ ਬਿਨ੍ਹਾਂ ਭਗਤੀ ਕਰਨ ਵਾਲਾ, ਆਪਣੇ ਆਪ ਨੂੰ ਪ੍ਰਮਾਤਮਾ ਦੇ ਨੇੜੇ ਸਮਝਣ ਵਾਲਾ, ਅਸਲ ਵਿੱਚ ਉਸਦਾ ਆਪਣਾ ਭੁਲਾਇਆ ਹੋਇਆ ਹੈ। ਜੇਕਰ ਸਾਨੂੰ ਇਹ ਮਹਿਸੂਸ ਹੀ ਨਾ ਹੋਵੇ ਕਿ ਜਿਹੋ ਜਿਹੀ ਭਗਤੀ ਅਸੀਂ ਕਰ ਰਹੇ ਹਾਂ ਉਹ ਠੀਕ ਨਹੀਂ ਹੈ ਤਾਂ ਫਿਰ ਅਸੀਂ ਉਹ ਕੁੱਝ ਕਰੀਏ ਹੀ ਕਿਉਂ। ਅਸੀਂ ਤਾਂ ਹੀ ਉਹ ਕੁੱਝ ਕਰਦੇ ਹਾਂ ਕਿਉਂਕਿ ਸਾਨੂੰ ਉਸੇ ਵਿੱਚ ਤਸੱਲੀ ਮਹਿਸੂਸ ਹੁੰਦੀ ਹੈ। ਅਸੀਂ ਇਸ ਗੱਲ ਨੂੰ ਕਦੇ ਨਹੀਂ ਸਮਝ ਸਕਦੇ ਕਿ ਉਹ ਸਾਨੂੰ ਆਪ ਹੀ ਉਲਝਾ ਕੇ ਆਪ ਹੀ ਤਸੱਲੀਆਂ ਦੇਣ ਵਾਲਾ ਹੈ। ਆਪ ਉਲਝਾ ਕੇ ਆਪ ਹੀ ਆਪਣੇ ਆਪ ਤੋਂ ਕੁਰਬਾਨ ਕਰਵਾਉਂਦਾ ਹੈ ਭਾਵ ਚੰਗਾ ਮਹਿਸੂਸ ਕਰਵਾਉਂਦਾ ਹੈ। ਅਸੀਂ ਉਲਝ ਕੇ ਵੀ ਉਸ ਦਾ ਸ਼ੁਕਰਾਨਾ ਕਰਦੇ ਹਾਂ ਅਤੇ ਇਹ ਮਹਿਸੂਸ ਕਰਦੇ ਹਾਂ ਕਿ ਪ੍ਰਮਾਤਮਾ ਸਾਡੇ ਤੇ ਬੜੀ ਕ੍ਰਿਪਾ ਕਰ ਰਿਹਾ ਹੈ, ਸਾਡੀ ਨੇੜਿਉ

ਹੋ ਕੇ ਸੁਣ ਰਿਹਾ ਹੈ, ਸਾਨੂੰ ਅਨੇਕਾਂ ਦਾਤਾਂ ਬਖਸ਼ ਰਿਹਾ ਹੈ। ਜਿਉਂ ਜਿਉਂ ਅਸੀਂ ਜਿਆਦਾ ਮਾਇਆ ਵਿੱਚ ਉਲਝਦੇ ਹਾਂ, ਦਾਤਾਂ ਦੀ ਪ੍ਰਾਪਤੀ ਕਰਦੇ ਹਾਂ, ਸਾਡਾ ਪ੍ਰਮਾਤਮਾ ਨਾਲ ਨਾਸਮਝੀ ਵਾਲਾ ਪਿਆਰ ਹੋਰ ਵੱਧਦਾ ਜਾਂਦਾ ਹੈ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਅਸਲ ਮਾਰਗ ਤਾਂ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਨਾ ਕਿ ਇਸ ਵਿੱਚ ਫਸਣ ਦਾ ਜਿਸ ਕਰਕੇ ਅਸੀਂ ਅਨੇਕਾਂ ਔਕੜਾਂ ਵਿੱਚ ਫਸਦੇ ਹਾਂ। ਹਰ ਕੋਈ ਉਸਦੀ ਜੁਗਤਿ ਦਾ ਸ਼ਿਕਾਰ ਹੈ ਪਰ ਉਸ ਦੀ ਖੇਡ ਨੂੰ ਸਮਝਿਆ ਨਹੀਂ ਜਾ ਸਕਦਾ। ਅੰਦਰ ਬੈਠਾ ਉਹ ਜਿਹੋ ਜਿਹੀ ਪੱਟੀ ਪੜਾਉਂਦਾ ਹੈ ਉਹੀ ਕੁੱਝ ਹਰ ਕੋਈ ਆਪਣੀ ਸਮਝ ਦੇ ਰੂਪ ਵਿੱਚ ਮਨ ਦੇ ਵਿੱਚ ਪੜ੍ਹਦਾ ਹੈ।

ਪਉੜੀ॥

“ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ॥
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ॥੧੧॥”

(ਅੰਗ ੯੫੨)

ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ ਇਹ ਸਰੀਰ ਪ੍ਰਮਾਤਮਾ ਦਾ ਮੰਦਰ ਹੈ, ਪ੍ਰਮਾਤਮਾ ਦਾ ਟਿਕਾਣਾ ਹੈ ਤੇ ਆਪ ਪ੍ਰਮਾਤਮਾ ਸਰੀਰ ਦੇ ਵਿੱਚ ਮਨੁੱਖ ਦੇ ਮਨ ਦੇ ਰਾਹੀਂ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ। ਮਨੁੱਖ ਦਾ ਗੁਰਮੁਖਿ ਬਣਨਾ ਜਾਂ ਮਨਮੁਖਿ ਬਣਨਾ, ਮਨੁੱਖ ਦੇ ਆਪਣੇ ਵੱਸ ਨਹੀਂ ਹੈ।

8/753

ਮਨੁੱਖ ਜੋ ਕੁੱਝ ਵੀ ਹੈ ਉਹ ਮਨ ਦੀ ਸੋਝੀ ਦੁਆਰਾ ਹੈ, ਮਨ ਦੀ ਜੋਤਿ ਦੁਆਰਾ ਹੈ, ਜੋਤਿ ਦੇ ਪ੍ਰਗਾਸ ਦੁਆਰਾ ਹੈ। ਪ੍ਰਮਾਤਮਾ ਆਪ ਹੀ ਨਾਮ ਦੇ ਰੂਪ ਵਿੱਚ ਹੈ ਤੇ ਆਪ ਹੀ ਆਪਣਾ ਨਾਮ ਦ੍ਰਿੜ ਕਰਨ ਵਾਲਾ ਹੈ। ਉਹ ਗਿਆਨ ਦਾ ਮਾਲਕ ਆਪ ਹੀ ਗਿਆਨ ਦੇਣ ਵਾਲਾ ਹੈ ਅਤੇ ਆਪ ਹੀ ਆਪਣਾ ਗਿਆਨ ਦ੍ਰਿੜ ਕਰਨ ਵਾਲਾ ਹੈ। ਜਿਹੋ ਜਿਹੀ ਮਤਿ ਮਨ ਦੇ ਅੰਦਰ ਦ੍ਰਿੜ ਹੋ ਜਾਂਦੀ ਹੈ ਮਨੁੱਖ ਉਹੀ ਕੁੱਝ ਕਰਦਾ ਹੈ। **"ਹਰਿ ਨਾਮੁ"** ਉਸਦੀ ਸੱਚੀ ਮਤਿ ਹੈ, ਸੱਚਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ ਜਿਸ ਦੁਆਰਾ ਉਸਨੂੰ ਜਾਣਿਆ ਜਾ ਸਕਦਾ ਹੈ। ਜਿਸ ਨੂੰ ਉਸਨੇ ਆਪਣਾ ਗੁਰਮੁਖਿ ਬਣਾਉਣਾ ਹੈ ਉਸ ਨੂੰ ਮਨ ਦੇ ਅੰਦਰੋਂ ਆਪਣੀ ਸੱਚੀ ਸਿੱਖਿਆ ਪੜਾਉਂਦਾ ਹੈ। ਪੂਰੀ ਗੁਰਬਾਣੀ “**ਹਰਿ ਨਾਮੁ**” ਹੈ, ਗੁਰੂ ਦੀ, ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਹੈ। ਉਸ ਦੀ ਸੱਚੀ ਗੁਰਮਤਿ ਦੀ ਭਾਵ ਨਾਮ ਦੀ ਸਹੀ ਸੋਝੀ ਪੈਣਾ ਜਾਂ ਨਾ ਪੈਣਾ ਉਸ ਦੇ ਹੱਥ ਹੈ ਜੋ ਮਨ ਦੇ ਵਿੱਚ ਹੈ। ਜੋ ਪ੍ਰਮਾਤਮਾ ਗੁਰਬਾਣੀ ਦੇ ਵਿੱਚ ਹੈ ਉਹੀ ਪ੍ਰਮਾਤਮਾ ਮਨ ਦੇ ਵਿੱਚ ਹੈ। **(ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ॥)**

ਪ੍ਰਮਾਤਮਾ ਨੂੰ ਜਾਣਨ ਲਈ ਸਭ ਤੋਂ ਪਹਿਲਾਂ ਸਹੀ ਸੋਝੀ ਪੈਣਾ ਜਰੂਰੀ ਹੈ ਕਿ ਉਸਨੂੰ ਪਾਉਣ ਦਾ ਤਰੀਕਾ ਕੀ ਹੈ। ਇਹ ਸੋਝੀ ਉਸ ਦੇ ਆਪਣੇ ਹੱਥ ਹੈ। ਅਸਲ ਗੱਲ ਸੋਝੀ ਪੈਣ ਤੋਂ ਬਾਅਦ ਉਸ ਤੇ ਅਮਲ ਕਰਨ ਦੀ ਹੈ। ਅਮਲ ਤਾਂ ਹੀ ਕੀਤਾ ਜਾ ਸਕਦਾ ਹੈ ਜੇਕਰ ਸਾਨੂੰ ਇਹ ਵਿਸ਼ਵਾਸ ਹੋ ਜਾਵੇ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੇਵਲ ਗੁਰਮਤਿ ਤੇ ਚੱਲਣ ਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜਦ ਤੱਕ ਸਾਡੇ ਅੰਦਰ ਗੁਰੂ ਦੀ ਮਤਿ ਦ੍ਰਿੜ ਨਹੀਂ ਹੁੰਦੀ, ਨਾਮ ਦ੍ਰਿੜ ਨਹੀਂ ਹੁੰਦਾ, ਸਾਡੀ ਦੁਚਿੱਤੀ ਨਹੀਂ ਜਾਂਦੀ, ਅਸੀਂ ਗੁਰੂ ਨਾਲ ਮਨ ਦੀ ਸੱਚੀ ਸਮਝ ਰਾਹੀਂ ਇੱਕ ਮਨ ਇੱਕ ਚਿਤ ਨਹੀਂ ਹੁੰਦੇ, ਅਸੀਂ ਉਸ ਤੇ ਅਮਲ ਨਹੀਂ ਕਰ ਸਕਦੇ ਭਾਵ ਸਾਡਾ ਮਨ ਡੋਲਦਾ ਰਹਿੰਦਾ ਹੈ। ਸਾਡੇ ਮਨ ਦੀ ਅਵੱਸਥਾ ਉਸ ਦੇ ਆਪਣੇ ਹੱਥ ਵਿੱਚ ਹੈ, ਆਪਣੀ ਸੱਚੀ ਮਤਿ ਸਾਡੇ ਅੰਦਰ ਉਹ ਆਪ ਹੀ ਦ੍ਰਿੜ ਕਰ ਸਕਦਾ ਹੈ। ਪ੍ਰਮਾਤਮਾ ਦਾ ਇਹ ਸਰੀਰ ਰੂਪੀ ਮੰਦਰ ਅਤਿ ਸੋਹਣਾ ਤਾਂ ਹੀ ਬਣ ਸਕਦਾ ਹੈ , ਜਦੋਂ ਮਨੁੱਖ ਦੇ ਅੰਦਰ ਉਹ ਪ੍ਰਗਟ ਹੋ ਜਾਂਦਾ ਹੈ ਪਰ ਉਸ ਤੋਂ ਪਹਿਲੇ ਸਾਡਾ ਉੱਦਮ ਇਹ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਕੇ ਚੱਲੀਏ, ਉਸ ਤੇ ਭਰੋਸਾ ਕਰਕੇ ਚੱਲੀਏ ਕਿ ਗੁਰੂ ਸਾਨੂੰ ਜੋ ਭਗਤੀ ਦਾ ਮਾਰਗ ਸਮਝਾਉਂਦਾ ਹੈ ਕੇਵਲ ਉਹ ਹੀ ਸੱਚ ਹੈ, ਹੋਰ ਕੋਈ ਨਹੀਂ।ਪੂਰਨ ਵਿਸ਼ਵਾਸ ਉਸ ਦੇ ਪ੍ਰਗਟ ਹੋਣ ਤੇ ਹੀ ਆਉਂਦਾ ਹੈ, ਪੂਰਨ ਅਡੋਲਤਾ ਉਸ ਦੇ ਪ੍ਰਗਟ ਹੋਣ ਤੇ ਹੀ ਆਉਂਦੀ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਸਰੀਰ ਸੱਚਮੁੱਚ ਉਸ ਦਾ ਆਪਣਾ ਹੀ ਮੰਦਰ ਹੈ ਤੇ ਮਨੁੱਖੀ ਸਰੀਰ ਕੇਵਲ ਉਸਨੂੰ ਆਪਣੇ ਅੰਦਰ

8/754

ਟਿਕਾਉਣ ਲਈ ਹੈ ਤੇ ਸਰੀਰ ਨੂੰ ਚਲਾਉਣ ਵਾਲਾ ਮਨ ਹੈ, ਜੋਤਿ ਹੈ, ਆਪ ਪ੍ਰਮਾਤਮਾ ਹੈ, ਉਸਦਾ ਸੱਚਾ ਗਿਆਨ ਹੈ। **(ਹਰਿ ਕਾ ਮੰਦਰ ਸਰੀਰ ਅਤਿ ਸੋਹਣਾ ਹਰਿ ਹਰਿ ਨਾਮੁ ਦ੍ਰਿੜ॥)** "ਗੁਰਮੁਖਿ" ਅਸਲ ਵਿੱਚ ਉਹ ਆਪ ਹੈ ਜੋ ਕਿ ਉਸਦਾ ਗੁਰੂ ਰੂਪ ਹੈ। "ਗੁਰਮੁਖਿ" ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੈ। ਚੌਥੇ ਪਦ ਦੇ ਗਿਆਨ ਬਿਨ੍ਹਾਂ ਹਰ ਕੋਈ ਮਨਮੁਖਿ ਹੈ। "ਮਨਮੁਖਿ" ਤ੍ਰੈਗੁਣਾਂ ਵਾਲੀ, ਅਗਿਆਨਤਾ ਵਾਲੀ ਅਵੱਸਥਾ ਹੈ। ਇਸ ਅਵੱਸਥਾ ਵਿੱਚ ਵੀ ਉਹ ਆਪ ਹੀ ਹੈ, ਉਸ ਦੀ ਆਪਣੀ ਖੇਡ ਹੈ। ਮਨਮੁਖਿ ਤੇ ਗੁਰਮੁਖਿ ਵਿੱਚ ਕੇਵਲ ਇੱਕ ਪੜਦਾ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਭਰਮਾਂ ਦਾ ਪੜਦਾ ਹੈ, ਹਉਮੈ ਦਾ ਪੜਦਾ ਹੈ। ਇਸ ਭਰਮ ਦੇ ਰਹਿੰਦਿਆ ਹਰ ਕੋਈ ਆਪਣੇ ਆਪ ਨੂੰ "ਮਨੁੱਖ" ਸਮਝਦਾ ਹੈ, ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ। ਇਹ ਕੁੱਝ ਸਮਝਣ ਨਾਲ ਹੀ ਭਾਵ ਮਨ ਦੀ ਨਾਸਮਝੀ ਕਰਕੇ ਹੀ ਇਹ ਸੰਸਾਰ ਸਾਨੂੰ ਪ੍ਰਮਾਤਮਾ ਨਾਲੋਂ ਇੱਕ ਵੱਖਰੀ ਹੋਂਦ ਲੱਗਦਾ ਹੈ, ਪਰ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਦਾ ਆਪਣਾ ਹੀ ਸਰਗੁਣ ਸਰੂਪ ਹੈ, ਉਸ ਦਾ ਆਪਣੀ ਖੇਡ ਚਲਾਉਣ ਦਾ ਇਹ ਤਰੀਕਾ ਹੈ, ਉਸਦੀ ਜੁਗਤਿ ਹੈ। ਸਭ ਕੁੱਝ ਉਸ ਦੇ ਹੁਕਮ ਵਿੱਚ ਹੀ ਚੱਲ ਰਿਹਾ ਹੈ, ਹਰ ਕੋਈ ਉਸ ਦੇ ਹੁਕਮ ਅਨੁਸਾਰ ਹੀ ਵਿਚਰ ਰਿਹਾ ਹੈ, ਹਰ ਕੋਈ ਉਸੇ ਨੂੰ ਜਪ ਰਿਹਾ ਹੈ, ਹਰ ਕੋਈ ਉਸੇ ਨੂੰ ਸਿਮਰ ਰਿਹਾ ਹੈ ਭਾਵ ਹਰ ਕੋਈ ਉਸੇ ਦੇ ਗਿਆਨ ਦਾ ਬੱਝਾ ਹੋਇਆ ਹੈ ਭਾਵ ਉਸ ਦੇ ਹੁਕਮ ਦਾ ਬੱਝਾ ਹੋਇਆ ਹੈ ਤੇ ਉਸ ਦੇ ਹੁਕਮ ਵਿੱਚ ਰਹਿਣਾ ਹੀ ਉਸ ਦੀ ਭਗਤੀ ਹੈ, ਉਸ ਦਾ ਸਿਮਰਨ ਹੈ।

{ਪਉਣ ਪਾਣੀ ਬੈਸਤਰੋ ਹਕਮਿ ਕਰਹਿ ਭਗਤੀ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ॥੩॥}

(ਅੰਗ ੯੪੯)

{ਸਿਮਰੈ ਧਰਤੀ ਅਰੁ ਆਕਾਸਾ॥ ਸਿਮਰਹਿ ਚੰਦ ਸੂਰਜ ਗੁਣਤਾਸਾ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ॥੧॥
ਸਿਮਰਹਿ ਖੰਡ ਦੀਪ ਸਭਿ ਲੋਆ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ॥
ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ॥੨॥}

(ਅੰਗ ੧੦੭੮-੧੦੭੯)

{ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥}

(ਅੰਗ ੫੪੦)

8/755

{ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ॥੨॥
ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥੩॥}

(ਅੰਗ ੧੨੬੫)

ਉੱਪਰ ਦਿੱਤੇ ਗਏ ਚਾਰੇ ਸ਼ਬਦਾਂ ਨੂੰ ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰੀਏ ਕਿ ਇਸ ਰਾਹੀਂ ਸਾਨੂੰ ਕੀ ਸਮਝਾਇਆ ਹੈ। ਪ੍ਰਮਾਤਮਾ ਦਾ ਹੁਕਮ ਮੰਨਣ ਦੀ ਗੱਲ ਵੀ ਆਉਂਦੀ ਹੈ ਤੇ ਮੁੱਖੋਂ ਨਾਮ ਧਿਆਉਣ ਦੀ ਗੱਲ ਵੀ ਆਉਂਦੀ ਹੈ। ਮਨੁੱਖਾਂ ਸਮੇਤ ਹਰ ਆਕਾਰ ਰੂਪ, ਹਰ ਸਰਗੁਣ ਸਰੂਪ ਉਸ ਪ੍ਰਮਾਤਮਾ ਨੂੰ ਜਪ ਰਿਹਾ ਹੈ, ਸਿਮਰ ਰਿਹਾ ਹੈ, ਧਿਆ ਰਿਹਾ ਹੈ, ਉਸਦੀ ਭਗਤੀ ਕਰ ਰਿਹਾ ਹੈ। ਮਨੁੱਖਾਂ ਵਿੱਚ ਤੇ ਦੂਸਰੇ ਆਕਾਰ ਰੂਪਾਂ ਵਿੱਚ ਪ੍ਰਮਾਤਮਾ ਦੀ ਭਗਤੀ ਕਰਨ ਦਾ ਕੋਈ ਵੱਖਰਾ ਤਰੀਕਾ ਨਹੀਂ ਸਮਝਾਇਆ।

ਹਰ ਕੋਈ, ਮਨੁੱਖਾਂ ਸਮੇਤ ਪ੍ਰਮਾਤਮਾ ਦੇ ਹੁਕਮ ਵਿੱਚ ਹੈ ਅਤੇ ਇਸ ਹੁਕਮ ਵਿੱਚ ਰਹਿਣਾ ਹੀ, ਉਸਦੇ ਭਾਣੇ ਵਿੱਚ ਰਹਿਣਾ ਹੀ, ਉਸਦੀ ਰਜ਼ਾ ਅਨੁਸਾਰ ਚੱਲਣਾ ਹੀ, ਉਸਦਾ ਜਪ ਤਪ ਹੈ।

ਹੇਠ ਲਿਖੀ ਪੰਗਤੀ ਨੂੰ ਧਿਆਨ ਨਾਲ ਵਿਚਾਰੋ।

“ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥”

(ਅੰਗ - ੫੪੦)

ਇਸ ਪੰਗਤੀ ਦੁਆਰਾ ਸਾਨੂੰ ਬਰੀਕੀ ਨਾਲ ਇਹ ਸਮਝਾਇਆ ਗਿਆ ਹੈ ਕਿ ਮੁੱਖੋਂ ਹਰਿ ਹਰਿ ਨਾਮ ਧਿਆਉਣਾ ਕੀ ਹੈ, ਮੁੱਖੋਂ ਹਰਿ ਹਰਿ ਬੋਲਣਾ ਕੀ ਹੈ। ਸਾਰੀ ਬਨਸਪਤੀ, ਹਰ ਆਕਾਰ ਰੂਪ ਪ੍ਰਮਾਤਮਾ ਨੂੰ ਆਪਣੇ ਮੁੱਖੋਂ ਬੋਲ-ਬੋਲ ਕੇ ਧਿਆ ਰਿਹਾ ਹੈ। ਜਿਸ ਵਸਤੂ ਦਾ ਕੋਈ ਮੁੱਖ ਹੀ ਨਹੀਂ, ਜਿਵੇਂ ਕਿ ਇੱਕ ਪੱਥਰ ਦਾ ਕੋਈ ਮੁਖਿ ਹੀ ਨਹੀਂ ਉਹ ਵੀ ਪ੍ਰਮਾਤਮਾ ਨੂੰ ਮੁੱਖੋਂ ਬੋਲ ਬੋਲ ਕੇ ਧਿਆ ਰਿਹਾ ਹੈ। ਜੋ ਕੋਈ ਵੀ ਆਕਾਰ ਰੂਪ ਹੈ। ਹਰ ਕਿਸੇ ਦੇ ਅੰਦਰ ਪ੍ਰਮਾਤਮਾ ਦਾ ਗਿਆਨ ਵੱਸਿਆ ਹੋਇਆ ਹੈ। ਹਰ ਆਕਾਰ ਰੂਪ ਨੇ ਪ੍ਰਮਾਤਮਾ ਦੇ ਗਿਆਨ ਨੂੰ, ਪ੍ਰਮਾਤਮਾ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਇਆ ਹੋਇਆ ਹੈ ਭਾਵ ਹਰ ਕੋਈ ਆਕਾਰ ਰੂਪੀ ਉਹੀ ਕੁੱਝ ਕਰ ਰਿਹਾ ਹੈ ਜੋ ਕੁੱਝ ਪ੍ਰਮਾਤਮਾ ਨੂੰ ਉਸ ਕੋਲੋਂ ਭਾਉਂਦਾ ਹੈ ਭਾਵ ਉਹੀ ਕੁੱਝ ਕਰ ਰਹਿਆ ਹੈ ਜਿਸ ਮਨੋਰਥ ਲਈ ਪ੍ਰਮਾਤਮਾ ਨੇ ਉਸ ਆਕਾਰ ਰੂਪ ਨੂੰ ਬਣਾਇਆ ਹੈ। ਪ੍ਰਮਾਤਮਾ ਨੂੰ ਮੁੱਖੋਂ ਜਪਣਾ ਉਸਦੇ ਗਿਆਨ ਨੂੰ ਆਪਣੇ ਅੰਦਰ ਵਸਾਉਣਾ ਹੈ ਤਾਂ ਜੋ ਉਸ ਦੇ ਅਸਲ ਮਨੋਰਥ ਦੀ ਪੂਰਤੀ ਹੋ ਸਕੇ। ਜਿਵੇਂ ਹਰ ਵਸਤੂ ਵਿੱਚ ਪ੍ਰਮਾਤਮਾ ਦਾ ਹੁਕਮ ਵਰਤ

ਰਿਹਾ ਹੈ, ਉਸ ਦਾ ਗਿਆਨ ਵਰਤ ਰਿਹਾ ਹੈ, ਉਸਦੀ ਰਜ਼ਾ ਵਰਤ ਰਹੀ ਹੈ, ਉਸਦੀ ਰਚੀ ਹੋਈ ਸਾਇੰਸ ਵਰਤ ਰਹੀ ਹੈ, ਉਹੀ ਗਿਆਨ ਸਾਡੇ ਅੰਦਰ ਵਰਤ ਰਿਹਾ ਹੈ, ਹਰ ਮਨੁੱਖ ਉਸਦੇ ਹੁਕਮ ਵਿੱਚ ਹੀ ਵਿਚਰ ਰਿਹਾ ਹੈ। ਮਨੁੱਖ ਦੇ ਵਿੱਚ ਅਤੇ ਹਰ ਦੂਸਰੇ ਆਕਾਰ ਰੂਪ ਦੇ ਵਿੱਚ ਬੁਨਿਆਦੀ ਫ਼ਰਕ ਪ੍ਰਮਾਤਮਾ ਦੇ ਚੱਲ ਰਹੇ ਹੁਕਮ ਨੂੰ ਸਮਝਣ ਦਾ ਹੈ, ਬੁੱਝਣ ਦਾ ਹੈ, ਪਹਿਚਾਨਣ ਦਾ ਹੈ। ਇਹ ਸਮਰੱਥਾ, ਪ੍ਰਮਾਤਮਾ ਨੇ ਕੇਵਲ ਮਨੁੱਖ ਦੇ ਵਿੱਚ ਪਾਈ ਹੈ, ਉਸ ਦੇ ਮਨ ਦੇ ਵਿੱਚ ਪਾਈ ਹੈ। ਉਸਦੀ ਜੋਤਿ ਸਭ ਜਗ੍ਹਾ ਵਰਤ ਰਹੀ ਹੈ ਪਰ ਉਸ ਜੋਤਿ ਦੀ ਪਹਿਚਾਣ ਕੇਵਲ ਮਨੁੱਖੀ ਸਰੀਰ ਰਾਹੀਂ ਹੋ ਸਕਦੀ ਹੈ। ਉਸ ਜੋਤਿ ਨੂੰ ਜਾਣਨ ਲਈ ਪ੍ਰਮਾਤਮਾ ਨੇ ਮਨੁੱਖ ਨੂੰ ਬਹੁਤ ਹੀ ਔਖੇ ਇਮਤਿਹਾਨ ਵਿੱਚ ਪਾਇਆ ਹੈ। ਉਸ ਇਮਤਿਹਾਨ ਵਿੱਚੋਂ ਮਨੁੱਖ ਨੂੰ ਉਹ ਪਾਸ ਵੀ ਆਪ ਹੀ ਕਰ ਸਕਦਾ ਹੈ ਕਿਉਂਕਿ ਸਭ ਕੁੱਝ ਉਹ ਆਪ ਹੀ ਹੈ। ਉਸਦੀ ਮਤਿ ਤੇ ਪੂਰਾ ਉਤਰਨਾ ਹੀ ਇਸ ਇਮਤਿਹਾਨ ਵਿੱਚੋਂ ਲੰਘਣਾ ਹੈ। ਸਾਡੇ ਅੰਦਰ ਨਾਮ ਦੀ ਸੋਝੀ ਪਾਉਣਾ, ਆਪਣੀ ਮਤਿ ਦੀ ਸੋਝੀ ਪਾਉਣਾ ਤੇ ਉਸ ਤੋਂ ਬਾਅਦ ਉਸ ਤੇ ਚੱਲਣ ਲਈ, ਅਮਲ ਕਰਨ ਲਈ ਦ੍ਰਿੜ ਕਰਨਾ, ਸਭ ਕੁੱਝ ਉਸ ਦੇ ਆਪਣੇ ਹੱਥ ਵਿੱਚ ਹੈ। ਮਨੁੱਖ ਨੂੰ ਛੱਡ ਕੇ ਹਰ ਆਕਾਰ ਰੂਪ ਵਿੱਚ ਉਸ ਦੀ ਮਤਿ, ਉਸ ਦਾ ਨਾਮ, ਉਸਦਾ ਗਿਆਨ ਦ੍ਰਿੜ ਹੋਇਆ-ਹੋਇਆ ਹੈ ਤੇ ਹਰ ਆਕਾਰ ਰੂਪ ਉਸੇ ਤਰ੍ਹਾਂ ਚੱਲ ਰਿਹਾ ਹੈ ਜਿਵੇਂ ਉਸ ਨੂੰ ਭਾਉਂਦਾ ਹੈ। ਮਨੁੱਖ ਨੂੰ ਉਸ ਨੇ ਆਪਣੀ ਸੱਚੀ ਮਤਿ ਤੋਂ ਦੂਰ ਕਰਨ ਲਈ ਉਸ ਵਿੱਚ ਮਾਇਆ ਮੋਹ ਦੀ ਜੁਗਤਿ ਪਾਈ ਹੋਈ ਹੈ ਤਾਂ ਜੋ ਮਨੁੱਖ ਉਸ ਦੀ ਖੇਡ ਨੂੰ ਸਮਝ ਨਾ ਸਕੇ। ਕਦੇ ਕਦਾਈਂ, ਅਰਬਾਂ ਖਰਬਾਂ ਵਿੱਚੋਂ ਕਿਤੇ ਹੀ ਪ੍ਰਗਟ ਹੋ ਕੇ ਉਹ ਆਪਣੀ ਸੋਝੀ ਪਾਉਂਦਾ ਹੈ ਜਿਸ ਨਾਲ ਉਸ ਦੀ ਖੇਡ ਨੂੰ ਕੋਈ ਫ਼ਰਕ ਵੀ ਨਹੀਂ ਪੈਂਦਾ ਤੇ ਉਹ ਆਪਣਾ ਆਪ ਦੱਸ ਵੀ ਦਿੰਦਾ ਹੈ। ਉਸ ਨੇ ਆਪਣੇ ਤੋਂ ਇਲਾਵਾ, ਆਪਣੇ ਗੁਰੂ ਰੂਪ ਤੋਂ ਇਲਾਵਾ ਹਰ ਕਿਸੇ ਨੂੰ ਮਨਮੁਖਿ ਬਣਾ ਕੇ ਰੱਖਿਆ ਹੋਇਆ ਹੈ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ।

“ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ॥”

ਇਸ ਪੰਗਤੀ ਰਾਹੀਂ ਸਾਨੂੰ ਇਸ ਗੱਲ ਦੀ ਸੋਝੀ ਪੈ ਜਾਵੇਗੀ ਕਿ ਅਸੀਂ ਭੁੱਲੇ ਹੋਏ ਵੀ ਆਪਣੇ ਆਪ ਨੂੰ ਭੁੱਲਿਆ ਹੋਇਆ ਕਿਉਂ ਨਹੀਂ ਸਮਝਦੇ। ਸਾਡੇ ਅੰਦਰ ਮਨ ਦੀ ਸਮਝ ਵਿੱਚ ਵੀ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਵਰਤਦੀ ਹੈ ਜੋ ਸਾਨੂੰ ਸੱਚੀ ਭਗਤੀ ਦੇ ਮਾਰਗ ਨਾਲ ਨਹੀਂ ਜੁੜਨ ਦਿੰਦੀ, ਭਗਤੀ ਦੇ ਸਹੀ ਮਾਰਗ ਨੂੰ ਸਮਝਣ ਨਹੀ ਦਿੰਦੀ ਤੇ ਸਾਨੂੰ ਬਾਹਰੀ ਮਾਇਆ ਦੇ ਮੋਹ ਨਾਲ ਜੋੜ ਕੇ ਰੱਖਦੀ ਹੈ। ਮਾਇਆ ਸਭ ਨੂੰ ਚੰਗੀ ਲੱਗਦੀ ਹੈ। ਜਿਉਂ ਜਿਉਂ ਮਾਇਆ ਵੱਧਦੀ ਹੈ, ਮਾਇਆ ਮੋਹ ਹੋਰ ਵੱਧਦਾ ਜਾਂਦਾ ਹੈ। ਅਸਲ ਵਿੱਚ

8/757

ਪ੍ਰਮਾਤਮਾ ਦੀਆ ਦਾਤਾਂ ਮਿਲਣੀਆ, ਸਾਡੀਆਂ ਇੱਛਾਵਾਂ ਪੂਰੀਆ ਹੋਣੀਆ, ਸਾਡੇ ਕੰਮਾਂ ਕਾਰਾਂ ਵਿੱਚ ਵਾਧੇ ਪੈਣੇ, ਸਾਡੇ ਕੰਮ ਕਾਜ ਰਾਸ ਆਉਣੇ, ਸਾਨੂੰ ਸਮਾਜ ਵਿੱਚ ਮਾਨ ਮਿਲਣਾ, ਸਾਡਾ ਰੁਤਬਾ ਵੱਧਣਾ ਇਹ ਸਭ ਕੁੱਝ ਸਾਨੂੰ ਬਹੁਤ ਚੰਗਾ ਲੱਗਦਾ ਹੈ। ਇਹ ਮਾਇਆ ਮੋਹ ਹੀ ਹੈ। ਪ੍ਰਮਾਤਮਾ ਦੀ ਭਗਤੀ ਵਿੱਚ ਲੱਗਿਆਂ ਭਾਵ ਜਿਸ ਨੂੰ ਅਸੀਂ ਭਗਤੀ ਸਮਝਦੇ ਹਾਂ, ਉਹੋ ਜਿਹੇ ਜਪ ਤਪ ਕਰਨ ਦੁਆਰਾ ਜਿਉਂ ਜਿਉਂ ਸਾਡੀਆਂ ਆਸ਼ਾਵਾਂ ਪੂਰੀਆਂ ਹੁੰਦੀਆ ਹਨ ਸਾਨੂੰ ਆਪਣੇ ਜਪ ਤਪ ਤੇ ਯਕੀਨ ਹੋਰ ਵੀ ਵੱਧ ਜਾਂਦਾ ਹੈ ਤੇ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਪ੍ਰਮਾਤਮਾ ਸਾਡੇ ਜਪ ਤਪ ਤੋਂ ਖੁਸ਼ ਹੋ ਰਿਹਾ ਹੈ, ਅਸੀਂ ਆਪਣੇ ਮਨ ਵਿੱਚ ਆਪਣੀ ਇਹੋ ਜਿਹੀ ਭਗਤੀ ਤੇ ਹੋਰ ਪੱਕੇ ਹੋਈ ਜਾਂਦੇ ਹਾਂ। ਜਿਸ ਨੂੰ ਅਸੀਂ ਪ੍ਰਮਾਤਮਾ ਦੀ ਕ੍ਰਿਪਾ ਸਮਝਦੇ ਹਾਂ ਅਸਲ ਵਿੱਚ ਪ੍ਰਮਾਤਮਾ ਸਾਨੂੰ ਮਾਇਆ ਮੋਹ ਵਿੱਚ ਫਸਾ ਕੇ, ਉਲਝਾ ਕੇ ਸਾਡੀ ਖੁਆਰੀ ਕਰ ਰਿਹਾ ਹੁੰਦਾ ਹੈ। ਮਾਇਆ ਦੀ ਜਿਆਦਾ ਪ੍ਰਾਪਤੀ ਨੂੰ ਕੋਈ ਖੁਆਰੀ ਨਹੀਂ ਸਮਝਦਾ ਕਿਉਂਕਿ ਮਾਇਆ ਸਾਡੇ ਦੁਨਿਆਵੀ ਸੁੱਖਾਂ ਦਾ ਕਾਰਨ ਬਣਦੀ ਹੈ, ਹਰ ਕੋਈ ਮਾਇਆ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ। ਗੁਰੂ ਦੀ ਮਤਿ ਨੂੰ ਛੱਡ ਕੇ ਭਾਵ ਨਾਮ ਨੂੰ ਛੱਡ ਕੇ ਸਭ ਕੁੱਝ ਮਾਇਆ ਮੋਹ ਹੀ ਹੈ। ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਕਰਨਾ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਣਾ, ਮਹਾਂਪੁਰਸ਼ ਅਖਵਾਉਣਾ ਵੀ ਮਾਇਆ ਮੋਹ ਹੈ, ਸਾਡੀ ਤ੍ਰਿਸ਼ਨਾ ਹੈ। ਸਾਨੂੰ ਇਸ ਵਿੱਚ ਪਾਉਣ ਵਾਲਾ ਉਹ ਆਪ ਹੀ ਹੈ। ਇਹਨਾਂ ਦੁਨਿਆਵੀ ਦਾਤਾਂ ਦੀ, ਉੱਚੇ ਮਾਨ ਤਾਨ ਦੀ ਪ੍ਰਾਪਤੀ ਕਰਕੇ ਕੌਣ ਇਹ ਕਹਿੰਦਾ ਹੈ ਕਿ ਮੈਂ ਭੁੱਲਿਆ ਹੋਇਆ ਹਾਂ, ਬਲਕਿ ਆਪਣੇ ਜਪ ਤਪ ਵਿੱਚ ਉਹ ਹੋਰ ਕੜਾ ਹੋਈ ਜਾਂਦਾ ਹੈ, ਹੋਰ ਸਖਤ ਹੋਈ ਜਾਂਦਾ ਹੈ, ਹੋਰ ਪੱਕਾ ਹੋਈ ਜਾਂਦਾ ਹੈ। **(ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜ।)** ਇਹ ਬਹੁਤ ਵੱਡੀ ਸੱਚਾਈ ਹੈ ਜੋ ਸਾਡੇ ਸਾਹਮਣੇ ਹੈ, ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ। ਸਾਨੂੰ ਮਾਇਆ ਮੋਹ ਦੁਆਰਾ ਭੁਲਾਉਣ ਵਾਲਾ ਉਹ ਆਪ ਹੈ, ਖੁਆਰੀ ਕਰਨ ਵਾਲਾ ਉਹ ਆਪ ਹੈ। ਪਰ ਕੌਣ ਮੰਨ ਸਕਦਾ ਹੈ ਕਿ ਦਾਤਾਂ ਦੀ ਪ੍ਰਾਪਤੀ ਦੁਆਰਾ, ਆਸ਼ਾਵਾਂ ਦੀ ਪੂਰਤੀ ਦੁਆਰਾ ਕੋਈ ਖੁਆਰ ਹੋ ਰਿਹਾ ਹੈ, ਭੁੱਲਿਆ ਹੋਇਆ ਹੈ। ਉਸਦੇ ਭੁਲਾਉਣ ਦੇ ਤਰੀਕੇ ਅਜਬ ਹਨ। ਅਸੀਂ ਭੁੱਲੇ ਹੋਏ ਵੀ, ਖੁਆਰ ਹੁੰਦੇ ਹੋਏ ਵੀ ਉਸ ਦਾ ਸ਼ੁਕਰਾਨਾ ਕਰਦੇ ਹਾਂ, ਉਸ ਤੋਂ ਕੁਰਬਾਨ ਜਾਂਦੇ ਹਾਂ। ਜਿਤਨਾ ਸਾਡਾ ਦਾਤਾਂ ਨਾਲ ਮੋਹ ਵੱਧਦਾ ਹੈ ਉਤਨਾ ਹੀ ਅਸੀਂ ਦਾਤੇ ਤੋਂ ਦੂਰ ਹੋਈ ਜਾਂਦੇ ਹਾਂ **(ਦਾਤਿ ਪਿਆਰੀ ਵਿਸਰਿਆ ਦਾਤਾਰਾ॥)** ਅੰਗ - ੬੭੬ ਮਾਇਆ ਮੋਹ ਵਿੱਚੋਂ ਨਿਕਲਣਾ ਹੀ ਦਾਤੇ ਨਾਲ ਪਿਆਰ ਪਾਉਣਾ ਹੈ। ਮਾਇਆ ਮੋਹ ਦੇ ਵਿੱਚੋਂ ਨਿਕਲਣ ਲਈ ਜੋ ਵੀ ਸਾਡਾ ਉਪਰਾਲਾ ਹੈ ਅਸਲ ਵਿੱਚ ਉਹ ਸਾਡਾ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ

8/758

ਹੈ, ਨਾਮ ਜਪਣ ਦਾ ਮਾਰਗ ਹੈ। ਇੱਕੋ ਇੱਕ ਤਰੀਕਾ ਮਾਇਆ ਤੋਂ ਨਿਰਲੇਪ ਹੋ ਕੇ ਵਰਤਣ ਦਾ ਹੈ ਤੇ ਨਿਰਲੇਪ ਹੋਣ ਦਾ ਇੱਕੋ ਇੱਕ ਤਰੀਕਾ ਸੱਚ ਨੂੰ ਅਪਣਾਉਣਾ ਹੈ, ਗੁਣਾਂ ਦੁਆਰਾ ਵਿਚਰਨਾ ਹੈ, ਵਿਕਾਰਾਂ ਵਿੱਚੋਂ ਨਿਕਲਣਾ ਹੈ। ਮਾਇਆ ਮੋਹ ਸਾਨੂੰ ਵਿਕਾਰਾਂ ਵਿੱਚ ਫਸਾਉਂਦਾ ਹੈ ਤੇ ਇਸੇ ਲਈ ਵਿਕਾਰਾਂ ਵਿੱਚ ਰਹਿੰਦਿਆ ਅਸੀਂ ਜੋ ਕੁੱਝ ਵੀ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ, ਆਪਣਾ ਆਪ ਵਿਖਾਉਂਦੇ ਹਾਂ ਉਸ ਨੂੰ ਸਾਡੀਆਂ ਸਿਆਣਪਾ ਅਤੇ ਚਤੁਰਾਈਆਂ ਹੀ ਦੱਸਿਆ ਹੈ, ਸਾਡੀ ਖੁਆਰੀ ਹੀ ਦੱਸਿਆ ਹੈ ਪਰ ਇਸ ਗੱਲ ਨੂੰ ਅਸੀਂ ਕਦੇ ਮੰਨ ਨਹੀਂ ਸਕਦੇ ਕਿਉਂਕਿ ਇਹ ਸਭ ਕੁੱਝ ਸਾਡੇ ਕੋਲੋਂ ਉਹ ਆਪ ਹੀ ਕਰਵਾਉਂਦਾ ਹੈ। ਅਸਲ ਵਿੱਚ ਉਹ ਆਪ ਬਹੁਤ ਸਿਆਣਾ ਹੈ, ਉਹ ਜੋ ਚਾਹੇ ਸਾਡੇ ਕੋਲੋਂ ਮਹਿਸੂਸ ਕਰਵਾ ਸਕਦਾ ਹੈ, ਅਸੀਂ ਬਿਲਕੁਲ ਬੇਵਸ ਹਾਂ। ਇਹੀ ਗੱਲ ਹੇਠ ਲਿਖੇ ਸ਼ਬਦ ਦੁਆਰਾ ਸਮਝਾਈ ਹੋਈ ਹੈ। ਅਸੀਂ ਪਿੱਛੇ ਵੀ ਇਸ ਸ਼ਬਦ ਰਾਹੀਂ ਇਸ ਗੱਲ ਨੂੰ ਜਾਣਿਆ ਹੈ ਤੇ ਫਿਰ ਇੱਕ ਵਾਰੀ ਜਾਣਦੇ ਹਾਂ ਤਾਂ ਜੋ ਸਾਨੂੰ ਸਮਝ ਲੱਗ ਸਕੇ ਕਿ ਅਸੀਂ ਵਾਕਈ ਭੁਲੇਖੇ ਵਿੱਚ ਹਾਂ। ਇਹ ਗੱਲ ਸਾਨੂੰ ਸਦਾ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਸਾਡੀ ਜੋ ਵੀ ਕਰਨੀ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ, ਉਹ ਮਾਇਆ ਮੋਹ ਹੈ। ਗੁਰੂ ਦੀ ਬਜਾਇ ਕਿਸੇ ਹੋਰ ਦੇ ਪਿੱਛੇ ਲੱਗਣਾ ਵੀ ਮਾਇਆ ਮੋਹ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਦਵਾਉਣਾ ਜਾਂ ਸਮਝਣਾ ਵੀ ਮਾਇਆ ਮੋਹ ਹੈ, ਜਪ ਤਪ ਆਦਿ ਕਰਨੇ ਮਾਇਆ ਮੋਹ ਹੈ, ਸੱਚ ਸੰਜਮ ਆਦਿ ਕਰਨੇ ਮਾਇਆ ਮੋਹ ਹੈ, ਥਿਤਾਂ ਵਾਰਾਂ ਆਦਿ ਨੂੰ ਪੂਜਣਾ ਮਾਇਆ ਮੋਹ ਹੈ। ਇਹ ਕੁੱਝ ਸਾਡੇ ਕੋਲੋਂ ਮਨ ਦੀ ਮਾਇਆ ਮੋਹ ਵਾਲੀ ਸਮਝ ਭਾਵ ਸਾਡੀ ਨਾਸਮਝੀ ਵਾਲੀ ਮਤਿ ਭਾਵ ਮਨਮਤਿ ਹੀ ਕਰਵਾਉਂਦੀ ਹੈ ਜਿਸ ਵਿੱਚ ਗੁਰਮਤਿ ਨਹੀਂ ਹੁੰਦੀ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ, ਦ੍ਰਿੜ ਕੀਤਾ ਜਾ ਸਕਦਾ ਹੈ।

“ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥

ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥੧੦॥"

(ਅੰਗ ੯੧੮)

ਉਹ ਆਪ ਹੀ ਸਾਨੂੰ ਪਹਿਲੇ ਭਰਮ ਵਿੱਚ ਰੱਖਦਾ ਹੈ, ਆਪ ਹੀ ਮਾਇਆ ਮੋਹ ਵਿੱਚ ਫਸਾਉਂਦਾ ਹੈ, ਆਪ ਹੀ ਸਾਡੇ ਕੋਲੋਂ ਜਪ ਤਪ ਕਰਵਾਉਂਦਾ ਹੈ, ਚਤੁਰਾਈਆਂ ਵਾਲੀ ਭਗਤੀ ਕਰਵਾਉਂਦਾ ਹੈ ਭਾਵ ਸੱਚੀ ਭਗਤੀ ਦੀ ਸਹੀ ਸੋਝੀ ਪਾਉਣ ਤੋਂ ਦੂਰ ਰੱਖਦਾ ਹੈ ਤੇ ਆਪ ਹੀ ਇਹੋ ਜਿਹੀ ਭਗਤੀ ਕਰਵਾ ਕੇ ਆਪਣੇ ਆਪ ਤੇ ਕੁਰਬਾਨ ਕਰਵਾਈ ਜਾਂਦਾ ਹੈ ਭਾਵ ਸਾਨੂੰ ਝੂਠੀਆਂ ਤਸੱਲੀਆਂ ਵਿੱਚ ਰੱਖਦਾ ਹੈ ਕਿ ਜਿਹੋ ਜਿਹੀ ਭਗਤੀ ਅਸੀਂ ਕਰ ਰਹੇ ਹਾਂ ਉਹ ਬਿਲਕੁਲ ਠੀਕ ਕਰ ਰਹੇ ਹਾਂ। **(ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥)** ਉਸਨੂੰ ਜਾਣਨ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਹਕੀਕਤ ਵਿੱਚ ਹਰ ਕੋਈ ਮਨ ਦੀ ਨਾਸਮਝੀ ਵਾਲੀ ਮਤਿ ਦੁਆਰਾ, ਮਨ ਦੀ ਮਾਇਆ ਦੁਆਰਾ ਠੱਗਿਆ ਹੀ ਜਾ ਰਿਹਾ ਹੈ। ਇਹ ਠਗਉਲੀ ਸਾਡੇ ਮਨ ਦੇ ਵਿੱਚ ਹੈ, ਮਾਇਆ ਦੀ ਜੁਗਤਿ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮੋਹ ਠਗਉਲੀ ਹੈ। ਜਦ ਤੱਕ ਇਹ ਠਗਉਲੀ ਖ਼ਤਮ ਨਹੀਂ ਹੁੰਦੀ, ਉਸ ਨੂੰ ਪਹਿਚਾਣਿਆ ਨਹੀਂ ਜਾ ਸਕਦਾ। ਜਿਸ ਨੇ ਸਭ ਦੇ ਵਿੱਚ ਇਹ ਮੋਹ ਠਗਉਲੀ ਪਾਈ ਹੈ ਉਹ ਆਪ ਹੀ ਇਸ ਦੇ ਵਿੱਚੋਂ ਕੱਢ ਸਕਦਾ ਹੈ ਤੇ ਮਨ ਦੀ ਸਮਝ ਰਾਹੀਂ ਮਨ ਦੇ ਵਿੱਚੋਂ ਆਪਣੇ ਦਰਸ਼ਨ ਕਰਵਾ ਸਕਦਾ ਹੈ।

{ਕਹਿ ਕਬੀਰ ਠਗ ਸਿਉ ਮਨੁ ਮਾਨਿਆ॥ ਗਈ ਠਗਉਰੀ ਠਗੁ ਪਹਿਚਾਨਿਆ॥੩॥੩੯॥}

(ਅੰਗ ੩੩੧)

8/759

ਉਹ ਪ੍ਰਮਾਤਮਾ ਆਪ ਆਪਣੇ ਆਪ ਨੂੰ ਠੱਗ ਮੰਨਣ ਨੂੰ ਤਿਆਰ ਹੈ ਪਰ ਜੋ ਠੱਗੇ ਜਾ ਰਹੇ ਹਨ ਉਹ ਇਹ ਮੰਨਣ ਨੂੰ ਤਿਆਰ ਨਹੀਂ ਹੋ ਸਕਦੇ ਕਿ ਅਸੀਂ ਅਸਲ ਵਿੱਚ ਠੱਗੇ ਜਾ ਰਹੇ ਹਾਂ। ਗੁਰੂ ਦੇ ਬੋਲ ਕਦੇ ਗਲਤ ਨਹੀਂ ਹੋ ਸਕਦੇ, ਇਹ ਪ੍ਰਮਾਤਮਾ ਦੇ ਆਪਣੇ ਬੋਲ ਹਨ। ਉਸ ਦਾ ਹਰ ਬੋਲ ਸੱਚ ਹੈ। ਸਾਡਾ ਠੱਗੇ ਜਾਣਾ ਵੀ ਸੱਚ ਹੈ ਭਾਵੇਂ ਅਸੀਂ ਮਹਿਸੂਸ ਇਸ ਤੋਂ ਉਲਟ ਕਰਦੇ ਹਾਂ ਕਿਉਂਕਿ ਮਹਿਸੂਸ ਕਰਵਾਉਣ ਵਾਲਾ ਉਹ ਆਪ ਹੈ। ਜੇਕਰ ਅਸੀਂ ਆਪਣੇ ਅੰਦਰੋਂ ਠੱਗ ਦੀ ਪਹਿਚਾਣ ਕਰਨੀ ਚਾਹੁੰਦੇ ਹਾਂ, ਉਸ ਦੀ ਠੱਗੀ ਦੀ ਜੁਗਤਿ ਨੂੰ ਜਾਣਨਾ ਚਾਹੁੰਦੇ ਹਾਂ, ਉਸਦੀ ਠਗਉਲੀ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਤੇ ਉਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਜੋ ਕਿ ਹੇਠਲੀ ਪੰਗਤੀ ਦੁਆਰਾ ਸਪੱਸ਼ਟ ਹੈ।

"ਕਹਿ ਕਬੀਰ ਠਗ ਸਿਉ ਮਨੁ ਮਾਨਿਆ॥"

ਸਾਰੀ ਗੁਰਬਾਣੀ ਉਸੇ ਸੱਚੇ ਠੱਗ ਦਾ ਆਪਣਾ ਸੱਚਾ ਮਨ ਹੈ, ਉਹ ਆਪ ਹੈ। ਜਦ ਤੱਕ ਗੁਰਬਾਣੀ ਦੇ ਮਨ ਨਾਲ, ਗੁਰੂ ਦੇ ਸ਼ਬਦ ਨਾਲ, ਗੁਰੂ ਦੇ ਨਾਮ ਨਾਲ, ਗੁਰੂ ਦੀ ਮਤਿ ਨਾਲ ਇੱਕ ਨਹੀਂ ਹੁੰਦੇ, ਸਾਡੀ ਸੋਚ ਗੁਰੂ ਦੀ ਸੋਚ ਨਾਲ ਨਹੀਂ ਰਲਦੀ ਭਾਵ ਜਦ ਤੱਕ ਅਸੀਂ ਗੁਰੂ ਵਾਲੀ ਸਮਝ ਵਾਲਾ ਬਣਨ ਦੀ ਕੋਸ਼ਿਸ਼ ਨਹੀਂ ਕਰਦੇ, ਉੱਦਮ ਨਹੀਂ ਕਰਦੇ, ਜੋ ਕੁਝ ਗੁਰੂ ਸਾਨੂੰ ਸਮਝਾਉਂਦਾ ਹੈ ਉਹੋ ਜਿਹਾ ਬਣਨ ਦੀ ਕੋਸ਼ਿਸ਼ ਨਹੀਂ ਕਰਦੇ ਤਦ ਤੱਕ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ, ਸਾਡੀ ਇਹ ਠਗਉਲੀ ਖ਼ਤਮ ਨਹੀਂ ਹੋ ਸਕਦੀ। ਜਦ ਤੱਕ ਸਾਡੇ ਅੰਦਰ ਇਹ ਠਗਉਲੀ ਹੈ ਤਦ ਤੱਕ ਅਸੀਂ ਸਰੀਰਕ ਜਪ ਤਪ ਆਦਿ ਨੂੰ ਹੀ, ਸਰੀਰਕ ਸੁੱਚ ਨੇਮ ਸੰਜਮ ਆਦਿ ਨੂੰ ਹੀ ਪ੍ਰਮਾਤਮਾ ਦੀ ਭਗਤੀ ਸਮਝਾਂਗੇ ਤੇ ਕਦੇ ਨਹੀਂ ਮੰਨ ਸਕਾਂਗੇ ਕਿ ਅਸੀਂ ਠੱਗੇ ਜਾ ਰਹੇ ਹਾਂ, ਅਸੀਂ ਭੁੱਲੇ ਹੋਏ ਹਾਂ ਕਿਉਂਕਿ ਉਸਨੂੰ ਇਹ ਹੀ ਭਾਉਂਦਾ ਹੈ। ਹਰ ਕਿਸੇ ਨੂੰ ਉਸ ਨੇ ਉਸ ਦੇ ਕਰਮਾਂ ਅਨੁਸਾਰ ਬੰਨ੍ਹਿਆਂ ਹੋਇਆ ਹੈ। ਜਿਸ ਦੇ ਕਰਮਾਂ ਵਿੱਚ ਉਸਨੇ ਆਪਣਾ ਮੇਲ ਪਾਇਆ ਹੋਇਆ ਹੈ ਉਸ ਨੂੰ ਹੀ ਸੋਝੀ ਪਾ ਕੇ ਆਪਣੇ ਮਾਰਗ ਤੇ ਚਲਾ ਕੇ ਆਪਣੇ ਨਾਲ ਮਿਲਾਉਂਦਾ ਹੈ। ਜਿਸ ਕੋਲੋਂ ਮਰਜੀ ਚਤੁਰਾਈਆਂ ਕਰਾਵੇ, ਜਿਸ ਨੂੰ ਮਰਜੀ ਸੋਝੀ ਪਾਵੇ, ਇਹ ਸਭ ਉਸ ਦੀ ਦਇਆ ਤੇ ਨਿਰਭਰ ਹੈ। ਸਰੀਰਕ ਜਪ ਤਪ ਕਰਨ ਵਾਲੇ ਭਾਵੇਂ ਇਸ ਨੂੰ ਉਸ ਦੀ ਦਇਆ ਹੀ ਸਮਝਦੇ ਹਨ ਪਰ ਅਸਲ

ਵਿੱਚ ਸਾਡੇ ਕੋਲੋਂ ਇਹੋ ਜਿਹੇ ਕਰਮ ਕਰਵਾ ਕੇ ਸਾਨੂੰ ਉਹ ਭੁਲੇਖੇ ਵਿੱਚ ਰੱਖਦਾ ਹੈ, ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਬਹੁਤ ਹੀ ਸਪੱਸ਼ਟ ਹੈ।

"ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥
ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥੨॥੮॥੧੯॥"

(ਅੰਗ ੧੩੦੧)

8/760

ਇਸ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਭਗਤੀ ਬਾਰੇ ਸਹੀ ਸੋਝੀ ਪਾਈ ਹੋਈ ਹੈ। ਇਹਨਾਂ ਪੰਗਤੀਆਂ ਨੂੰ ਵਾਰ- ਵਾਰ ਵਿਚਾਰਨ ਦੀ ਲੋੜ ਹੈ। ਇੱਥੇ ਇਹੋ ਜਿਹੀ ਕੋਈ ਗੱਲ ਨਹੀਂ ਜਿਸ ਨੂੰ ਸਮਝਾਉਣ ਦੀ ਲੋੜ ਪਵੇ। ਸਾਰੀ ਗੱਲ ਬੜੀ ਆਸਾਨੀ ਨਾਲ ਹਰ ਕਿਸੇ ਨੂੰ ਸਮਝ ਆਉਣ ਵਾਲੀ ਹੈ।ਇਹ ਭਗਤੀ ਕਰਨ ਵਾਲਿਆ ਨੂੰ ਜੋ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਸਮਝਦੇ ਹਨ ਉਹਨਾਂ ਨੂੰ ਸਮਝਾਇਆ ਹੈ ਕਿ ਤੁਹਾਨੂੰ ਆਪਣੀ ਭਗਤੀ ਦਾ ਤਰੀਕਾ ਬਦਲਣ ਦੀ ਲੋੜ ਹੈ ਕਿਉਂਕਿ ਤੁਸੀਂ ਭੁੱਲੇ ਹੋਏ ਹੋ। ਜਿਹੋ ਜਿਹੀ ਭਗਤੀ ਤੁਸੀਂ ਕਰ ਰਹੇ ਹੋ ਉਸ ਦੇ ਨਾਲ ਤੁਹਾਡਾ ਛੁਟਕਾਰਾ ਨਹੀਂ ਹੋਣਾ, ਇਹੋ ਜਿਹੀ ਭਗਤੀ ਤੁਹਾਡੇ ਕੰਮ ਨਹੀਂ ਆਉਣੀ ਭਾਵ ਇਹ ਭਗਤੀ ਕਰਨ ਦਾ ਤਰੀਕਾ ਨਹੀਂ ਹੈ। ਇਹੋ ਜਿਹੀ ਭਗਤੀ ਕਰਨ ਵਾਲਾ ਕੀ ਕੋਈ ਮੰਨਣ ਨੂੰ ਤਿਆਰ ਹੁੰਦਾ ਹੈ ਕਿ ਉਹ ਗਲਤ ਕਰ ਰਿਹਾ ਹੈ। ਭਾਵੇਂ ਸਾਨੂੰ ਬੜਾ ਖੁੱਲ੍ਹ ਕੇ ਸਮਝਾਇਆ ਹੈ ਕਿ ਸਰੀਰਕ ਜਪ ਤਪ ਸਾਡੇ ਕਿਸੇ ਕੰਮ ਨਹੀਂ ਆਉਣੇ, ਸਾਡਾ ਨੇਮੀ ਬਣਨਾ ਕਿਸੇ ਕੰਮ ਨਹੀਂ ਆਉਣਾ, ਸਾਡੀ ਸਰੀਰਕ ਸੁੱਚ ਕਿਸੇ ਕੰਮ ਨਹੀਂ ਆਉਣੀ, ਸਾਡੇ ਸੰਜਮ-ਬਿਬੇਕ ਆਦਿ ਕਿਸੇ ਕੰਮ ਨਹੀਂ ਆਉਣੇ ਪਰ ਫਿਰ ਵੀ ਕੀ ਕੋਈ ਜਪ ਤਪ ਕਰਨ ਵਾਲਾ, ਸੁੱਚ ਸੰਜਮ ਕਰਨ ਵਾਲਾ ਕਦੇ ਇਸ ਗੱਲ ਨੂੰ ਮੰਨ ਸਕਦਾ ਹੈ ਕਿ ਉਹ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਘੋਰ ਅਗਿਆਨਤਾ ਵਿੱਚ ਡੁੱਬਿਆ ਹੋਇਆ ਹੈ। ਅਸੀਂ ਇਹੋ ਜਿਹੀ ਭਗਤੀ ਦੁਆਰਾ ਅਤਿ ਦੀ ਅਗਿਆਨਤਾ ਵਿੱਚ ਡੁੱਬੇ ਹੋਏ ਹਾਂ ਤੇ ਜੇਕਰ ਪ੍ਰਮਾਤਮਾ ਸਾਡੇ ਤੇ ਕਿਰਪਾ ਕਰਕੇ ਸਾਨੂੰ ਭਗਤੀ ਦੀ ਸਹੀ ਸੋਝੀ ਪਾ ਕੇ ਇਹੋ ਜਿਹੇ ਜਪ ਤਪ ਤੋਂ ਬਚਾ ਲਵੇ, ਸਾਨੂੰ ਇਹੋ ਜਿਹੀ ਸੁੱਚ ਸੰਜਮ ਕਰਨ ਤੋਂ ਬਖਸ਼ ਲਵੇ ਇਹ ਉਸਦੀ ਸਾਡੇ ਤੇ ਕਿਰਪਾ ਹੈ ਤਾਂ ਜੋ ਅਸੀਂ ਖੁਆਰੀ ਤੋਂ ਬਚ ਸਕੀਏ। ਹੁਣ ਬੜੇ ਹੀ ਧਿਆਨ ਨਾਲ ਵਿਚਾਰੋ ਕਿ ਅਸੀਂ ਹਰ ਕੋਈ ਇਸੇ ਨੂੰ ਭਾਵ ਇਹੋ ਜਿਹੇ ਸਰੀਰਕ ਜਪਾਂ ਤਪਾਂ ਨੂੰ, ਸੁੱਚ ਸੰਜਮ ਆਦਿ ਨੂੰ ਭਗਤੀ ਦਾ ਤਰੀਕਾ ਸਮਝਦੇ ਆਏ ਹਾਂ ਅਤੇ ਅੱਜ ਵੀ ਸਮਝ ਰਹੇ ਹਾਂ। ਉਨਾਂ ਤਰੀਕਿਆਂ ਕਰਕੇ ਬਾਣੀ ਸਾਨੂੰ ਭੁੱਲਿਆ ਹੋਇਆ ਕਹਿ ਰਹੀ ਹੈ ਪਰ ਇਹੋ ਜਿਹੇ ਭੁੱਲੇ ਹੋਏ ਕੀ ਕਦੇ ਆਪਣੇ ਆਪ ਨੂੰ ਭੁੱਲਿਆ ਹੋਇਆ ਮੰਨ ਸਕਦੇ ਹਨ। (**ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥ ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥**) ਹੁਣ ਗੁਰੂ ਤਾਂ ਭੁੱਲਿਆ ਨਹੀਂ ਹੋ ਸਕਦਾ। ਭੁੱਲ ਤਾਂ ਸਾਨੂੰ ਹੀ ਆਪਣੀ ਮੰਨਣੀ ਪੈਣੀ ਹੈ। ਮੰਨੇਗਾ ਉਹੀ ਜਿਸ ਨੂੰ ਉਹ ਆਪ ਮਨਾਵੇਗਾ ਜਿਸ ਨੇ ਸਾਨੂੰ ਭੁਲਾਇਆ ਹੋਇਆ ਹੈ, ਕੇਵਲ ਇੱਕੋ ਇੱਕ ਉਹ ਆਪ ਹੀ ਸਮਰੱਥ ਹੈ ਜੋ ਸਾਨੂੰ

8/761

ਇਸ ਭੁੱਲ ਵਿੱਚੋਂ ਕੱਢ ਸਕਦਾ ਹੈ। ਉਸ ਦੇ ਸੋਝੀ ਪਾਏ ਬਿਨ੍ਹਾਂ ਅਸੀਂ ਭੁੱਲੇ ਹੋਏ ਵੀ ਆਪਣੇ ਆਪ ਨੂੰ ਸੂਝਵਾਨ ਹੀ ਸਮਝੀ ਜਾਵਾਂਗੇ ਕਿਉਂਕਿ ਇਹ ਸਭ ਕੁੱਝ ਉਹ ਆਪ ਹੀ ਕਰਵਾਉਂਦਾ ਹੈ। ਆਉ ਇਸੇ ਗੱਲ ਨੂੰ ਹੋਰ ਵੀ ਬਰੀਕੀ ਨਾਲ ਜਾਣਨ ਲਈ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ ਤੇ ਇਸ ਗੱਲ ਦੀ ਸਮਝ ਲੱਗ ਹੀ ਜਾਵੇ ਭਾਵ ਵਿਸ਼ਵਾਸ ਆ ਜਾਵੇ ਉਸਦਾ ਭੁਲਾਇਆ ਹੋਇਆ ਭੁੱਲਿਆ ਹੀ ਰਹਿੰਦਾ ਹੈ ਤੇ ਸਾਨੂੰ ਸੱਚ ਮੁੱਚ ਭੁਲਾਉਣ ਵਾਲਾ ਉਹ ਪ੍ਰਮਾਤਮਾ ਹੀ ਹੈ। ਸ਼ਾਇਦ ਅਸੀਂ ਮੰਨ ਹੀ ਜਾਈਏ ਕਿ ਅਸੀਂ ਭੁੱਲੇ ਹੋਏ ਹਾਂ। ਸ਼ਾਇਦ ਸਾਨੂੰ ਗੁਰੂ ਦੀ ਗੱਲ ਤੇ ਯਕੀਨ ਆ ਹੀ ਜਾਵੇ। ਸ਼ਾਇਦ ਸਾਡੇ ਤੇ ਉਸਦੀ ਕਿਰਪਾ ਹੋ ਹੀ ਜਾਵੇ ਤੇ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸਮਝ ਲੱਗ ਜਾਵੇ ਤੇ ਅਸੀਂ ਭਰਮਾਂ ਵਾਲੀ ਭਗਤੀ ਦੇ ਮਾਰਗ ਨੂੰ ਛੱਡ ਕੇ ਸਹੀ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਕਰੀਏ।

ਸਲੋਕ ਮਃ੧॥

"ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ॥

ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ॥
ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ॥
ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਨੁ ਕਹੈ॥
ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਨੁ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਨੁ॥੧॥"

(ਅੰਗ ੯੫੨)

ਉੱਪਰ ਸ਼ਬਦ ਰਾਹੀਂ ਸਾਡੇ ਭਗਤੀ ਕਰਨ ਦੇ ਵੱਖਰੇ-ਵੱਖਰੇ ਤਰੀਕਿਆਂ ਦਾ ਵਰਣਨ ਕੀਤਾ ਹੋਇਆ ਹੈ ਜਿੰਨ੍ਹਾਂ ਦੁਆਰਾ ਅਸੀਂ ''ਸਤਿ'' ਦੀ ਪ੍ਰਾਪਤੀ ਕਰਨਾ ਚਾਹੁੰਦੇ ਹਾਂ, ਸੱਚ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ। ਉਸਦੀ ਪ੍ਰਾਪਤੀ ਲਈ ਅਸੀਂ ਅਨੇਕਾਂ ਹੀ ਭਗਤੀ ਦੇ ਉਪਰਾਲੇ ਕਰਦੇ ਹਾਂ ਪਰ ਸਾਡੇ ਹਰ ਉਪਰਾਲੇ ਦਾ ਖੰਡਨ ਕੀਤਾ ਹੋਇਆ ਹੈ। ਅਨੇਕਾਂ ਹੀ ਭਗਤੀ ਦਾ ਤਰੀਕਾ ਆਪਣੇ ਆਪ ਨੂੰ ਦੁੱਖ ਵਿੱਚ ਰੱਖਣਾ ਸਮਝਦੇ ਹਨ, ਦੁਖੀ ਜੀਵਨ ਬਤੀਤ ਕਰਨਾ ਭਗਤੀ ਦਾ ਮਾਰਗ ਸਮਝਦੇ ਹਨ। ਇਸ ਦੇ ਉਲਟ ਅਨੇਕਾਂ ਹੀ ਮਨੁੱਖ ਸੁੱਖ ਦੀ ਪ੍ਰਾਪਤੀ ਨੂੰ, ਦਾਤਾਂ ਦੀ ਪ੍ਰਾਪਤੀ ਨੂੰ ਆਪਣੀ ਭਗਤੀ ਦਾ ਫਲ ਸਮਝਦੇ ਹਨ। ਇਹੋ ਜਿਹੇ ਮਨੁੱਖ ਭੁਲੇਖੇ ਵਿੱਚ ਹੀ ਹਨ ਕਿ ਉਨ੍ਹਾਂ ਦੀ ਭਗਤੀ ਕਬੂਲ ਹੋ ਰਹੀ ਹੈ ਪਰ ਇਹ ਭਗਤੀ ਕਰਨ ਦਾ ਤਰੀਕਾ ਨਹੀਂ ਹੈ, ਸਾਡੀ ਭਗਤੀ ਦਾ ਪੈਮਾਨਾ ਨਹੀਂ ਹੈ। ਇਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। **(ਨਾ ਸਤਿ ਦੁਖੀਆ ਨਾ ਸਤਿ ਸੁਖੀਆ।)**

ਇਸੇ ਤਰ੍ਹਾਂ ਅਨੇਕਾਂ ਹੀ ਆਪਣੀ

8/762

ਭਗਤੀ ਦਾ ਤਰੀਕਾ ਪਾਣੀ ਦੀ ਪਵਿੱਤਰਤਾ ਦੇ ਨਾਲ ਜੋੜ ਕੇ ਕਰਦੇ ਹਨ। ਪਵਿੱਤਰ ਨਦੀਆਂ ਦਾ ਇਸ਼ਨਾਨ ਕਰਦੇ ਹਨ, ਪਾਣੀ ਵਿੱਚ ਖਲੋ ਕੇ ਪ੍ਰਮਾਤਮਾ ਨੂੰ ਯਾਦ ਕਰਦੇ ਹਨ, ਉਸਦਾ ਜਾਪ ਕਰਦੇ ਹਨ। ਇਹ ਵੀ ਭੁੱਲੇ ਹੋਏ ਹਨ। ਅਗਰ ਪਾਣੀ ਦੁਆਰਾ ਪਵਿੱਤਰ ਹੋ ਕੇ ਰੱਬ ਮਿਲਦਾ ਹੁੰਦਾ ਤਾਂ ਫਿਰ ਅਨੇਕਾਂ ਹੀ ਜੰਤ ਪਾਣੀ ਵਿੱਚ ਫਿਰਦੇ ਹਨ ਤੇ ਰੱਬ ਉਹਨਾਂ ਨੂੰ ਮਿਲ ਜਾਂਦਾ ਭਾਵ ਇਹ ਸਾਡਾ ਭਗਤੀ ਕਰਨ ਦਾ ਤਰੀਕਾ ਨਹੀਂ ਹੈ। **(ਨਾ ਸਤਿ ਪਾਣੀ ਜੰਤ ਫਿਰਹਿ॥)** ਅਨੇਕਾਂ ਹੀ ਭਗਤੀ ਕਰਨ ਵਾਲੇ ਆਪਣੇ ਕੇਸਾਂ ਨੂੰ ਮੁੰਡਣਾ ਭਗਤੀ ਦਾ ਮਾਰਗ ਸਮਝਦੇ ਹਨ, ਅਨੇਕਾਂ ਹੀ ਆਪਣੀ ਭਗਤੀ ਦਾ ਤਰੀਕਾ ਕੇਵਲ ਧਰਮ-ਗ੍ਰੰਥਾਂ ਦੇ ਪੜ੍ਹਨ ਨੂੰ ਸਮਝਦੇ ਹਨ ਤੇ ਇਸੇ ਤਰ੍ਹਾਂ ਅਨੇਕਾਂ ਹੀ ਮਨੁੱਖ ਪ੍ਰਮਾਤਮਾ ਦੀ ਪ੍ਰਾਪਤੀ ਲਈ ਦੇਸ਼ਾਂ ਵਿਦੇਸ਼ਾ ਵਿੱਚ,ਤੀਰਥ ਅਸਥਾਨਾਂ ਆਦਿ ਤੇ ਘੁੰਮਦੇ ਹਨ। ਇਹਨਾਂ ਸਾਰੇ ਤਰੀਕਿਆਂ ਦਾ ਖੰਡਨ ਕੀਤਾ ਹੈ।**(ਨਾ ਸਤਿ ਮੁੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ॥)** ਇਸੇ ਤਰ੍ਹਾਂ ਅਨੇਕਾਂ ਹੀ ਮਨੁੱਖ ਆਪਣੇ ਮਤ ਅਨੁਸਾਰ, ਜੰਗਲਾਂ ਵਿੱਚ ਫਿਰਨ ਦੁਆਰਾ, ਪਹਾੜਾਂ ਤੇ ਰਹਿਣ ਦੁਆਰਾ ਭਾਵ ਉੱਥੇ ਬੈਠ ਕੇ ਜਪ ਤਪ ਕਰਨ ਦੁਆਰਾ, ਦੁਨੀਆਂ ਤੋਂ ਵੱਖਰੇ ਹੋ ਕੇ ਇਕਾਂਤ ਵਿੱਚ ਜਾ ਕੇ ਜਪ ਤਪ ਕਰਨ ਦੁਆਰਾ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਦੇ ਹਨ। ਇਹ ਸਭ ਵੀ ਭੁੱਲੇ ਹੋਏ ਹਨ ਤੇ ਇਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਨਾਲ ਮੇਲ ਨਹੀਂ ਹੋ ਸਕਦਾ। **(ਨਾ ਸਤਿ ਰੁਖੀ ਬਿਰਖੀ ਪਥਰ।)**

ਇਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਤਾਂ ਨਹੀਂ ਮਿਲ ਸਕਦਾ ਤੇ ਜੋ ਕੁੱਝ ਮਿਲਦਾ ਹੈ ਉਹ ਨਾਲ ਹੀ ਸਮਝਾਇਆ ਹੋਇਆ ਹੈ।

"ਆਪ ਤਡਾਵਹਿ ਦੁਖ ਸਹਹਿ॥"

ਧਿਆਨ ਨਾਲ ਵਿਚਾਰੋ ਇਸ ਪੰਗਤੀ ਨੂੰ ਕਿ ਸਾਡੇ ਹੱਥ ਕੀ ਲੱਗਦਾ ਹੈ। ਕੇਵਲ ਸਾਡੀ ਖੁਆਰੀ ਹੋ ਰਹੀ ਹੈ, ਕੇਵਲ ਅਸੀਂ ਦੁੱਖ ਸਹਿ ਰਹੇ ਹਾਂ ਪਰ ਇਹੋ ਜਿਹੇ ਦੁੱਖ ਨੂੰ, ਖੁਆਰੀ ਨੂੰ ਅਸੀਂ ਕਦੇ ਨਹੀਂ ਮੰਨ ਸਕਦੇ ਕਿ ਇਹ ਗੱਲ ਸੱਚ ਹੈ। ਉਲਟਾ ਅਸੀਂ ਇਸ ਕਸ਼ਟ ਨੂੰ ਆਪਣੇ ਉੱਤੇ ਪ੍ਰਮਾਤਮਾ ਦੀ ਕ੍ਰਿਪਾ ਹੀ ਸਮਝਦੇ ਹਾਂ। ਹਰ ਕੋਈ ਸਰੀਰਕ ਜਪ ਤਪ ਦੁਆਰਾ ਖੁਆਰ ਹੀ ਹੋ ਰਿਹਾ ਹੈ ਪਰ ਮੰਨ ਕੋਈ ਨਹੀਂ ਸਕਦਾ ਕਿਉਂਕਿ ਜੇਕਰ ਸਮਝ ਲੱਗ ਜਾਵੇ ਤਾਂ ਫਿਰ ਕੋਈ ਖੁਆਰ ਹੀ ਕਿਉਂ ਹੋਵੇ। ਉਸਦਾ ਉਲਝਾਇਆ ਹੋਇਆ ਫਿਰ ਕੀ ਹੋਇਆ ਜੇਕਰ ਸਮਝ

8/763

ਹੀ ਲੱਗ ਜਾਵੇ। ਇਹੀ ਗੱਲ ਸ਼ਬਦ ਵਿੱਚ ਅੱਗੇ ਜਾ ਕੇ ਹੋਰ ਵੀ ਸਪੱਸ਼ਟ ਹੋ ਜਾਵੇਗੀ। ਇਸੇ ਤਰ੍ਹਾਂ ਅਨੇਕਾਂ ਹੀ ਜੋਗੀ ਅਤੇ ਸੰਨਿਆਸੀ ਆਦਿ ਹਾਥੀਆਂ ਨੂੰ ਵੱਸ ਵਿੱਚ ਕਰਕੇ ਜਗ੍ਹਾ-ਜਗ੍ਹਾ ਤੇ ਫਿਰਦੇ ਹਨ, ਭਿਖਿਆ ਆਦਿ ਮੰਗਦੇ ਹਨ ਜਿਸ ਨੂੰ ਉਹ ਆਪਣੀ ਭਗਤੀ ਦਾ ਮਾਰਗ ਸਮਝਦੇ ਹਨ। ਇਸੇ ਤਰ੍ਹਾਂ ਅਨੇਕਾਂ ਹੀ ਗਊਆਂ ਨੂੰ ਇਸ ਲਈ ਚੰਗਾ ਸਮਝਦੇ ਹਨ ਕਿ ਗਊਆਂ ਘਾਹ ਖਾਂਦੀਆਂ ਹਨ ਭਾਵ ਮਾਸ ਨਹੀਂ ਖਾਂਦੀਆਂ ਜਿਸ ਕਰਕੇ ਉਹ ਧਰਮ ਦੇ ਮਾਰਗ ਨੂੰ ਵਨਸਪਤੀ ਵਾਲੇ ਖਾਣੇ ਨਾਲ ਜੋੜਦੇ ਹਨ ਪਰ ਇਸ ਤਰੀਕੇ ਨਾਲ ਵੀ ਉਸ ਦੀ ਭਗਤੀ ਨਹੀਂ ਹੋ ਸਕਦੀ, ਉਸਨੂੰ ਪਾਇਆ ਨਹੀਂ ਜਾ ਸਕਦਾ।

(ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ॥)

ਇਸ ਉੱਪਰ ਵਾਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸਾਨੂੰ ਇੱਥੇ ਗਹਿਰਾਈ ਨਾਲ ਵੀ ਸਮਝਾਇਆ ਹੋਇਆ ਹੈ। ਹਾਥੀ ਨੂੰ ਸੰਗਲਾਂ ਵਿੱਚ ਬੰਨ ਕੇ ਉਸਨੂੰ ਵੱਸ ਵਿੱਚ ਕੀਤਾ ਜਾਂਦਾ ਹੈ ਤਾਂ ਕਿ ਉਹ ਉਹੀ ਕੁੱਝ ਕਰਹਿ ਜੋ ਉਸ ਕੋਲੋਂ ਕਰਵਾਉਣਾ ਚੰਗਾ ਲੱਗੇ ਭਾਵ ਉਹ ਉਹੋ ਜਿਹੀ ਮਰਿਆਦਾ ਵਿੱਚ ਰਹੇ ਜੋ ਮਰਿਆਦਾ ਉਸਨੂੰ ਸਿਖਾਈ ਜਾਂਦੀ ਹੈ। ਇਸੇ ਤਰ੍ਹਾਂ ਧਰਮ ਦਾ ਮਾਰਗ ਸਿਖਾਉਣ ਵਾਲੀਆਂ ਅਨੇਕਾਂ ਸੰਸਥਾਵਾਂ ਹਨ ਜੋ ਸਭ ਨੂੰ ਵੱਖਰਾ ਧਰਮ ਦਾ ਮਾਰਗ ਸਮਝਾਉਂਦੇ ਹਨ, ਆਪਣੀ ਆਪਣੀ ਬਣਾਈ ਹੋਈ ਧਰਮ ਦੀ ਮਰਿਆਦਾ ਸਮਝਾਉਂਦੇ ਹਨ ਤਾਂ ਜੋ ਉਹ ਉਸ ਮਰਿਆਦਾ ਦੇ ਵਿੱਚ ਹੀ ਚੱਲਣ। ਜਿਵੇਂ ਹਾਥੀ ਨੂੰ ਸੰਗਲ ਪਾ ਕੇ ਉਸ ਨੂੰ ਮਰਿਆਦਾ ਵਿੱਚ ਰੱਖਿਆ ਜਾਂਦਾ ਹੈ ਇਹ ਉਸੇ ਤਰ੍ਹਾਂ ਧਾਰਮਿਕ ਮਰਿਆਦਾ ਦੇ ਸੰਗਲ ਹਨ ਜੋ ਵੱਖਰੀਆਂ ਧਾਰਮਿਕ ਜੱਥੇਬੰਦੀਆਂ, ਧਾਰਮਿਕ ਸੰਸਥਾਵਾਂ ਆਪਣੇ ਨਾਲ ਜੁੜਨ ਵਾਲਿਆਂ ਨੂੰ ਪਾਉਂਦੇ ਹਨ ਤੇ ਧਰਮ ਦੇ ਮਾਰਗ ਤੇ ਚੱਲਣ ਦਾ ਆਪਣਾ ਆਪਣਾ ਵੱਖਰਾ ਮਾਰਗ ਸਮਝਾਉਂਦੇ ਹਨ, ਡੇਰਿਆ ਆਦਿ ਤੇ ਸਮਝਾਉਂਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਗੁਰੂ ਦੇ ਸਮਝਾਏ ਹੋਏ ਧਰਮ ਦੇ ਮਾਰਗ ਦੀ ਮਰਿਆਦਾ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦੀ ਹੈ ਤੇ ਇਹ ਮਰਿਆਦਾ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਤੋਂ ਬਿਨ੍ਹਾਂ ਮਨ ਦੀ ਨਾਸਮਝੀ ਕਰਕੇ ਸੰਸਾਰ ਵਿੱਚ ਅਨੇਕਾਂ ਹੀ ਭਗਤੀ ਦੇ ਮਾਰਗ ਬਣੇ ਹੋਏ ਹਨ ਜੋ ਕਿ ਉਨ੍ਹਾਂ ਨੇ ਬਣਾਏ ਹਨ ਜਿੰਨ੍ਹਾਂ ਨੂੰ ਸੱਚੇ ਧਰਮ ਗ੍ਰੰਥਾਂ ਦੁਆਰਾ ਸਮਝਾਏ ਗਏ ਸੱਚੇ ਧਰਮ ਦੀ ਸਮਝ ਨਹੀਂ ਆਈ ਤੇ ਦੂਸਰਿਆਂ ਨੂੰ ਭਗਤੀ ਦੇ ਵੱਖਰੇ-ਵੱਖਰੇ ਤਰੀਕੇ ਸਮਝਾਉਣ ਦੁਆਰਾ ਭਰਮਾਂ ਵਿੱਚ ਪਾਉਂਦੇ ਹਨ ਭਾਵ ਉਨ੍ਹਾਂ ਨੂੰ ਆਪਣੀ-ਆਪਣੀ ਬਣਾਈ ਹੋਈ ਧਰਮ ਦੀ ਮਰਿਆਦਾ ਤੇ ਦ੍ਰਿੜ ਕਰਦੇ ਹਨ, ਆਪਣੀ-ਆਪਣੀ ਮਰਿਆਦਾ ਨਾਲ ਬੰਨਦੇ ਹਨ ਜਿਵੇਂ ਕਿ ਹਾਥੀ ਨੂੰ ਮਰਿਆਦਾ ਵਿੱਚ ਰੱਖਣ ਲਈ ਸੰਗਲਾਂ ਨਾਲ ਬੰਨਿਆ ਜਾਂਦਾ ਹੈ ਤਾਂ ਜੋ ਉਹ ਸੰਗਲ ਪਾਉਣ ਵਾਲਿਆਂ ਦੀ ਸਮਝ ਅਨੁਸਾਰ ਚੱਲਣ, ਉਨ੍ਹਾਂ ਦਾ ਹੁਕਮ ਮੰਨਣ। ਧਰਮ ਦੇ ਮਾਰਗ ਤੇ ਚੱਲਣ ਲਈ ਕੇਵਲ ਗੁਰੂ ਦਾ ਹੁਕਮ ਹੀ ਸੱਚਾ ਹੁਕਮ ਹੈ ਜਿਸ ਤੇ ਚੱਲ ਕੇ "ਸਤਿ" ਨੂੰ ਭਾਵ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਹੋਰ ਸਭ ਤਰੀਕੇ ਵਿਅਰਥ ਹੀ ਹਨ ਜਿੰਨ੍ਹਾਂ ਅਨੇਕਾਂ ਤਰੀਕਿਆਂ ਦਾ ਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਕੋਈ ਸਾਨੂੰ ਖਾਣੇ ਦੀ ਮਰਿਆਦਾ ਨਾਲ ਜੋੜਦਾ ਹੈ, ਕੋਈ ਬਾਣੇ ਦੀ ਮਰਿਆਦਾ ਨਾਲ ਜੋੜਦਾ ਹੈ, ਕੋਈ ਖਾਸ ਸਮੇਂ ਉੱਠ ਕੇ ਸਰੀਰਕ ਜਪ ਤਪ ਦੀ ਮਰਿਆਦਾ ਨਾਲ ਜੋੜਦਾ ਹੈ ਤੇ ਇਸੇ ਤਰ੍ਹਾਂ ਅਨੇਕਾਂ ਹੀ ਮਰਿਆਦਾ ਬਣਾਈਆਂ ਹੋਈਆਂ ਹਨ ਜਿੰਨ੍ਹਾਂ ਨਾਲ ਬੱਝ ਕੇ ਸਤਿ ਨੂੰ, ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। (**ਨਾ ਸਤਿ ਹਸਤੀ ਬਧੇ ਸੰਗਲ**) ਇਸੇ ਪੰਗਤੀ ਵਿੱਚ ਸਾਨੂੰ ਸਾਡੀ ਮਰਿਆਦਾ ਹੀ ਸਮਝਾਈ ਹੋਈ ਹੈ ਜਿਸ ਮਰਿਆਦਾ ਨਾਲ ਜੋੜਨ ਵਾਲੇ ਬਹੁਤ ਹਨ ਪਰ ਇਸ ਤਰੀਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜਿਵੇਂ ਕਿ ਇਸ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ ਜੋ ਕਿ ਕੁੱਝ ਗਹਿਰਾਈ ਨਾਲ ਸਮਝਾਈ ਹੋਈ ਗੱਲ ਹੈ।

"ਨਾ ਸਤਿ ਗਾਈ ਘਾਹੁ ਚਰਹਿ॥"

ਧਰਮ ਦੇ ਮਾਰਗ ਨੂੰ ਲੈ ਕੇ ਭਾਰਤ ਵਰਸ਼ ਵਿੱਚ ਖਾਸ ਕਰਕੇ ਇਸ ਗੱਲ ਤੇ ਬਹੁਤ ਵਿਚਾਰ ਹੁੰਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਲਈ ਮਨੁੱਖ ਦਾ ਖਾਣਾ ਮਾਸਾਹਾਰੀ ਨਹੀਂ ਹੋਣਾ ਚਾਹੀਦਾ ਬਲਕਿ ਵਨਸਪਤੀ ਵਾਲਾ ਭੋਜਨ ਖਾਣਾ ਚਾਹੀਦਾ ਹੈ। ਇਹੋ ਜਿਹੇ ਵਿਚਾਰ ਖਾਸ ਕਰਕੇ ਹਿੰਦੂ ਸਮਾਜ ਵਿੱਚ ਬਹੁਤ ਪ੍ਰਚਲਿਤ ਹਨ ਜੋ ਕਿ ਸਦੀਆਂ ਤੋਂ ਚੱਲਦੇ ਆ ਰਹੇ ਹਨ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਸਾਡੇ ਖਾਣੇ ਦਾ ਧਰਮ ਦੇ ਮਾਰਗ ਨਾਲ ਸੰਬੰਧ ਨਹੀਂ ਹੈ। ਜੇਕਰ ਵਨਸਪਤੀ ਵਾਲਾ ਖਾਣਾ ਭਾਵ ਵੈਜੀਟੇਰਿਅਨ ਖਾਣਾ ਖਾਣ ਨਾਲ ਰੱਬ ਮਿਲਦਾ ਹੁੰਦਾ ਤਾਂ ਫਿਰ ਗਊ ਨੂੰ ਮਿਲ ਜਾਂਦਾ ਜੋ ਕੇਵਲ ਘਾਹ ਹੀ ਖਾਂਦੀ ਹੈ। ਮਾਸ ਨਾਲ

ਜੁੜੇ ਹੋਏ ਬਾਣੀ ਵਿੱਚ ਅਨੇਕਾਂ ਹੀ ਸ਼ਬਦ ਹਨ ਜਿੰਨ੍ਹਾਂ ਦੀ ਵਿਆਖਿਆ ਲੇਖ ਵਿੱਚ ਅੱਗੇ ਚੱਲਕੇ ਵਿਸਥਾਰ ਨਾਲ ਦਿੱਤੀ ਹੋਈ ਹੈ ਜਿਸ ਰਾਹੀਂ ਸਭ ਦੇ ਭਰਮ ਨਿਕਲ ਜਾਣਗੇ। ਧਰਮ ਦੇ ਮਾਰਗ ਦਾ ਸਾਡੇ ਖਾਣ ਪਾਣ ਨਾਲ ਸੰਬੰਧ ਨਹੀਂ ਹੈ। (**ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ॥**)

{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਥੈ ਹਉ ਬਹੁ ਬਿਧਿ ਹਢਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥}

(ਅੰਗ ੧੨੮੯-੧੨੯੦)

{ਪੈਨ੍ਣੁ ਖਾਣਾ ਚੀਤਿ ਨ ਪਾਈ ॥}

(ਅੰਗ ੧੩੩੧)

{ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

(ਅੰਗ ੪੭੨)

ਉੱਪਰ ਮੁੱਖ ਸ਼ਬਦ ਰਾਹੀਂ ਗਿਣਾਏ ਹੋਇ ਸਾਰੇ ਹੀ ਭਗਤੀ ਦੇ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ। ਸਭ ਨੂੰ ਪ੍ਰਮਾਤਮਾ ਨੇ ਆਪ ਹੀ ਇਹੋ ਜਿਹੇ ਮਾਰਗ ਤੇ ਪਾਇਆ ਹੋਇਆ ਹੈ ਤੇ ਸਹੀ ਸੋਝੀ ਪਾਉਣ ਤੋਂ ਦੂਰ ਰੱਖਿਆ ਹੋਇਆ ਹੈ। ਉਹ ਆਪਣੀ ਸਹੀ ਸੋਝੀ ਉੱਥੇ ਹੀ ਪਾਉਂਦਾ ਹੈ, ਜਿੱਥੇ ਉਸਨੇ ਆਪਣਾ ਮੇਲ ਕਰਨਾ ਹੁੰਦਾ ਹੈ। ਪੂਰੀ ਸੋਝੀ ਉਸ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਬਾਕੀ ਹਰ ਕਿਸੇ ਨੂੰ ਉਹ ਕਿਸੇ ਨਾ ਕਿਸੇ ਤਰੀਕੇ ਉਲਝਾਈ ਹੀ ਰੱਖਦਾ ਹੈ। ਆਪਣੇ ਸਹੀ ਮਾਰਗ ਤੇ ਉਹ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

“ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ॥”

"ਸਿਧਿ" ਤੋਂ ਭਾਵ ਹੈ ਸੋਝੀ, ਸਹੀ ਗਿਆਨ, ਧਰਮ ਦੇ ਸਹੀ ਮਾਰਗ ਦੀ ਸਮਝ ਭਗਤੀ ਦੇ ਸਹੀ ਮਾਰਗ ਦੀ ਸਮਝ। ਇਹੀ ਗੱਲ ਸ਼ਬਦ ਦੀਆਂ ਆਖਰੀ ਪੰਗਤੀਆਂ ਵਿੱਚ ਹੋਰ ਵੀ ਚੰਗੀ ਤਰ੍ਹਾਂ ਸਪੱਸ਼ਟ ਕੀਤੀ ਹੋਈ ਹੈ। ਸਾਨੂੰ ਸੋਝੀ ਪਾਉਣ ਵਾਲਾ ਉਹ ਆਪ ਹੈ। ਜਦ ਤੱਕ ਸਾਨੂੰ ਸਹੀ ਸੋਝੀ ਹੀ ਨਹੀਂ ਪੈਂਦੀ, ਅਸੀਂ ਭਗਤੀ ਦੇ ਸਹੀ ਮਾਰਗ ਤੇ ਚੱਲ ਹੀ ਕਿਵੇਂ ਸਕਦੇ ਹਾਂ। ਅਸੀਂ ਉਹੋ ਕੁੱਝ ਹੀ ਕਰਦੇ ਹਾਂ ਜਿਹੋ ਜਿਹੀ ਸੋਝੀ ਸਾਨੂੰ ਮਨ ਦੇ ਵਿੱਚੋਂ ਪੈਂਦੀ ਹੈ। ਪਰ ਮਨ ਸਾਡੇ ਵੱਸ ਵਿੱਚ ਨਹੀਂ ਹੈ, ਜੋਤਿ ਦਾ ਪ੍ਰਗਾਸ ਸਾਡੇ ਹੱਥ ਵਿੱਚ ਨਹੀਂ ਹੈ। ਜਿਸ ਦੀ ਜੋਤਿ ਹੈ ਉਸ ਵਿੱਚ ਉਸੇ ਦਾ ਹੀ ਪ੍ਰਗਾਸ ਹੈ, ਗਿਆਨ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਸੱਚੇ ਮਾਰਗ ਦੀ ਸਹੀ ਸੋਝੀ ਪਾਉਂਦਾ ਹੈ, ਆਪਣੇ ਸਹੀ ਮਾਰਗ ਤੇ ਚਲਾਉਂਦਾ ਹੈ ਉਸਦੇ ਨਾਲ ਹੀ ਮਨ ਦੇ ਵਿੱਚ

8/764

ਮਿਲਦਾ ਹੈ। ਉਸਦੇ ਨਾਲ ਮੇਲ ਵੀ ਮਨ ਦੀ ਸੋਝੀ ਦੁਆਰਾ ਹੀ ਹੈ ਤੇ ਮਨ ਦੇ ਵਿੱਚ ਹੀ ਉਸ ਦੇ ਨਾਲ ਮੇਲ ਹੁੰਦਾ ਹੈ। (**ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ॥**) ਉਸ ਦੇ ਨਾਲ ਮੇਲ ਕਰਨ ਦੀ ਸਹੀ ਸੋਝੀ ਗੁਰੂ ਦੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦਾ ਸ਼ਬਦ ਰੂਪ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ ਭਾਵ ਗੁਰੂ ਦਾ ਨਾਮ ਰੂਪ ਸੱਚਾ ਗਿਆਨ ਹੈ ਜੋ ਸਾਨੂੰ ਸੱਚੀ ਗੁਰਮਤਿ ਸਮਝਾਉਂਦਾ ਹੈ। ਜਿਸ ਦੇ ਅੰਦਰ ਗੁਰੂ ਦੀ ਸੱਚੀ ਮਤਿ ਵੱਸ ਜਾਂਦੀ ਹੈ ਭਾਵ ਜੋ ਉਸਦੀ ਮਤਿ ਅਨੁਸਾਰ ਵਿਚਰਦਾ ਹੈ ਪ੍ਰਮਾਤਮਾ ਕੋਲੋਂ ਵਡਿਆਈ ਉਸੇ ਨੂੰ ਹੀ ਮਿਲਦੀ ਹੈ ਭਾਵ ਪ੍ਰਮਾਤਮਾ ਕੋਲੋਂ ਵਡਿਆਈ ਲੈਣ ਦਾ ਇੱਕੋ ਇੱਕ ਤਰੀਕਾ ਉਸ ਦੀ ਦਿੱਤੀ ਹੋਈ ਮਤਿ ਤੇ ਚੱਲਣਾ ਹੈ। ਮਨ ਦੇ ਵਿੱਚ ਆਪਣੀ ਮਤਿ ਦੀ ਸਹੀ ਸੋਝੀ ਪਾ ਕੇ ਉਹ ਆਪ ਹੀ ਉਸ ਤੇ ਚਲਾ ਸਕਦਾ ਹੈ। **(ਨਾਨਕ ਤਾ ਕਉ ਮਿਲੈ ਵਡਾਈ ਜਿਸ ਘਟ ਭੀਤਰਿ ਸ਼ਬਦੁ ਰਵੈ॥)**

{ਸਬਦਿ ਰਵੈ ਮਨਿ ਗਿਆਨੁ॥}

(ਅੰਗ - ੯੩੭)

8/764-1

ਗੁਰੂ ਦੀ ਮਤਿ ਹੀ, ਗੁਰੂ ਦਾ ਸ਼ਬਦ ਹੀ ਸਾਨੂੰ ਸਹੀ ਸੋਝੀ ਪਾ ਸਕਦਾ ਹੈ ਪਰ ਉਹ ਪੂਰਨ ਸੱਚੀ ਸੋਝੀ ਸਾਨੂੰ ਤਾਂ ਹੀ ਪਵੇਗੀ ਜੇ ਸ਼ਬਦ ਰੂਪ ਗੁਰੂ ਭਾਵ ਪ੍ਰਮਾਤਮਾ ਸਾਡੇ ਅੰਦਰ ਵੱਸੇ। ਜੇਕਰ ਗੁਰੂ ਦਾ ਸ਼ਬਦ ਸਾਡੇ ਮੁੱਖ ਤੱਕ ਹੀ ਰਹੇਗਾ ਤਾਂ ਉਹ ਸਾਡੀ ਕਥਨੀ ਬਣ ਕੇ ਰਹਿ ਜਾਵੇਗਾ ਭਾਵ ਸ਼ਬਦ ਨੂੰ ਮੁੱਖ ਤੱਕ ਰੱਖਣ ਨਾਲ ਅਸੀਂ ਸਹੀ ਸੋਝੀ ਤੋਂ ਦੂਰ ਰਹਿੰਦੇ ਹਾਂ। ਸਹੀ ਸੋਝੀ ਸ਼ਬਦ ਦਾ ਮਨ ਵਿੱਚ ਵੱਸਣਾ ਹੈ, ਅੱਖਰ ਦਾ ਮਨ ਵਿੱਚ ਵੱਸਣਾ ਹੈ। ਜਦੋਂ ਸ਼ਬਦ ਸਾਡੇ ਮਨ ਵਿੱਚ ਵੱਸੇਗਾ ਫਿਰ ਉਹ ਸਾਡੀ ਕਰਨੀ ਬਣ ਜਾਵੇਗਾ ਭਾਵ ਸਾਡੇ ਅਮਲ ਬਦਲ ਜਾਣਗੇ ਜੋ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਦੇ ਸ਼ਬਦਾਂ ਦਾ ਮਕਸਦ ਸਾਨੂੰ ਭਾਵ ਸਾਰੇ ਸੰਸਾਰ ਨੂੰ ਚੰਗੀ ਕਰਨੀ ਨਾਲ ਜੋੜਨ ਦਾ ਹੀ ਹੈ ਤਾਂ ਜੋ ਕੋਈ ਮਾੜਾ ਕਰਮ ਨਾ ਕਰੇ, ਕਿਸੇ ਦੂਸਰੇ ਮਨੁੱਖ ਦਾ ਮਾੜਾ ਨਾ ਕਰੇ।

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥
ਪੰਚ ਜਨਾ ਸਿਉ ਸੰਗੁ ਨਿਵਾਰੈ॥}

(ਅੰਗ ੨੩੬)

ਸ਼ਬਦ ਦਾ ਅੰਦਰ ਵੱਸਣਾ ਗੁਰੂ ਦੀ ਮਤਿ ਦਾ ਮਨ ਦੇ ਵਿੱਚ ਵੱਸਣਾ ਹੈ ਤੇ ਗੁਰੂ ਦੀ ਮਤਿ ਸਾਨੂੰ ਜੋ ਸਮਝਾਉਂਦੀ ਹੈ ਉਹ ਉੱਪਰ

ਪੰਗਤੀ ਵਿੱਚ ਸਪੱਸ਼ਟ ਹੈ। ਵਿਕਾਰਾਂ ਨੂੰ ਤਿਆਗਣਾ ਹੀ ਸ਼ਬਦ ਦਾ, ਨਾਮ ਦਾ ਮਨ ਵਿੱਚ ਵਸਾਉਣਾ ਹੈ ਤੇ ਇਹ ਹੀ ਸਾਡੇ ਲਈ ਧਰਮ ਦੇ ਮਾਰਗ ਤੇ ਚੱਲਣ ਲਈ ਸਹੀ ਸੋਝੀ ਹੈ। ਔਗੁਣਾਂ ਨੂੰ ਤਿਆਗ ਕੇ ਹੀ ਸਾਡੀ ਸਮਾਜ ਦੇ ਵਿੱਚ ਵਿਚਰਨ ਚੰਗੀ ਹੋ ਸਕਦੀ ਹੈ, ਸਾਡੀ ਕਰਨੀ ਚੰਗੀ ਹੋ ਸਕਦੀ ਹੈ, ਸੁਕ੍ਰਿਤ ਹੋ ਸਕਦੀ ਹੈ। ਸਾਡੀ ਚੰਗੀ ਕਰਨੀ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ। ਪ੍ਰਮਾਤਮਾ ਦੀ ਭਗਤੀ ਹੈ ਜੋ ਕਿ ਸਾਰੇ ਜਗ ਲਈ ਇੱਕੋ ਜਿਹੀ ਹੈ।

ਆਓ ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੀਏ ਤੇ ਸਮਝੀਏ ਕਿ ਅਸੀਂ ਭਗਤੀ ਦੇ ਪੁੱਠੇ ਤਰੀਕਿਆਂ ਤੇ ਕਿਵੇਂ ਪੈਂਦੇ ਹਾਂ ਤੇ ਉਸੇ ਨੂੰ ਹੀ ਠੀਕ ਕਿਉਂ ਸਮਝਦੇ ਹਾਂ।

“ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਨੁ ਕਹੈ॥”

ਬੜੇ ਹੀ ਧਿਆਨ ਨਾਲ ਸਮਝੋ ਉਪਰਲੀ ਪੰਗਤੀ ਨੂੰ ਅਕਾਲ ਪੁਰਖ ਆਪ ਮਨੁੱਖ ਨਾਲ ਸਿੱਧਾ ਮੁਖਾਤਿਬ ਹੋ ਕੇ ਸਾਨੂੰ ਭਗਤੀ ਦੀ ਭਾਵ ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸਦੀ ਅਸਲ ਤਸਵੀਰ ਦਿਖਾ ਰਹੇ ਹਨ। ਉਹ ਸਾਡੇ ਨਾਲ ਰੂਬਰੂ ਹੋ ਕੇ ਸਾਨੂੰ ਇਹ ਕਹਿ ਰਹੇ ਹਨ ਕਿ ਸਭ ਦੇ ਅੰਦਰ ਮੈਂ ਆਪ ਹੀ ਹਾਂ, ਸਭ ਸਰੀਰ ਮੇਰੇ ਆਪਣੇ ਬਣਾਏ ਹੋਏ ਹੀ ਹਨ। ਸਭ ਦੇ ਅੰਦਰ ਮੈਂ ਆਪ ਹੀ ਵਰਤ ਰਿਹਾ ਹਾਂ। ਹਰ ਸਰੀਰ ਵਿੱਚ ਸਾਰੀ ਸੋਝੀ ਪਾਉਣ ਵਾਲਾ ਮੈਂ ਆਪ ਹੀ ਹਾਂ। ਇਹ ਮੇਰੀ ਆਪਣੀ ਮਰਜ਼ੀ ਹੈ ਕਿ ਮੈਂ ਜਿਹੜੇ ਮਰਜ਼ੀ ਸਰੀਰ ਵਿੱਚ ਜਿਹੋ ਜਿਹੀ ਮਰਜ਼ੀ ਸੋਝੀ ਪਾਵਾਂ, ਜਿਹੋ ਜਿਹੇ ਮਰਜ਼ੀ ਮਾਰਗ ਤੇ ਚਲਾਵਾਂ ਜਿਸ ਨੂੰ ਮਰਜ਼ੀ ਪੁੱਠੇ ਮਾਰਗ ਤੇ ਪਾ ਕੇ ਭਾਵ ਨਾਸਮਝੀ ਵਾਲੀ ਮਤਿ ਦੇ ਕੇ ਭਗਤੀ ਦੇ ਗਲਤ ਮਾਰਗ ਤੇ ਚਲਾਵਾਂ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਿੱਚ ਭਗਤੀ ਦੇ ਅਨੇਕਾਂ ਮਾਰਗਾਂ ਦੀ ਗੱਲ ਕੀਤੀ ਹੈ ਤੇ ਉਸਨੂੰ ਜਿਵੇਂ ਚਾਹੇ ਖੁਆਰ ਕਰਾਂ। ਲੇਕਿਨ ਨਾਲ ਹੀ ਇਹ ਗੱਲ ਵੀ ਸਪੱਸ਼ਟ ਕਰਕੇ ਸਮਝਾਈ ਹੈ ਕਿ ਪੁੱਠੇ ਮਾਰਗ ਤੇ ਚੱਲਦਿਆ ਵੀ, ਖੁਆਰ ਹੁੰਦਿਆ ਵੀ ਇਹ ਕੋਈ ਨਹੀਂ ਕਹਿ ਸਕਦਾ, ਮੰਨ ਸਕਦਾ ਕਿ ਉਹ ਖੁਆਰ ਹੋ ਰਿਹਾ ਹੈ ਭਾਵ ਉਹ ਇਹੀ

ਸਮਝੇਗਾ ਕਿ ਮੈਂ ਸਹੀ ਮਾਰਗ ਤੇ ਚੱਲ ਰਿਹਾ ਹਾਂ ਕਿਉਂਕਿ ਉਸਨੂੰ ਆਪਣੇ ਅੰਦਰੋਂ ਸਮਝ ਹੀ ਇਹ ਪੈਂਦੀ ਹੈ ਕਿ ਮੈਂ ਠੀਕ ਕਰ ਰਹਿਆ ਹਾਂ ਭਾਵ ਕਿਸੇ ਨੂੰ ਆਪਣੀ ਖੁਆਰੀ ਸਮਝ ਨਹੀਂ ਆ ਸਕਦੀ ਤੇ ਨਾ ਹੀ ਕੋਈ ਹੋਰ ਇਹ ਸਮਝਦਾ ਹੈ ਕਿ ਇਹੋ ਜਿਹੀ ਭਗਤੀ ਕਰਨ ਵਾਲੇ ਅਸਲ ਵਿੱਚ ਖੁਆਰ ਹੋ ਰਹੇ ਹਨ ਕਿਉਂਕਿ ਸਮਝ ਦਾ ਮਾਲਕ ਸਭ ਦੇ ਅੰਦਰ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜੋ ਆਪਣੀ ਖੇਡ ਖੇਡ ਰਹਿਆ ਹੈ ਜਿਸ ਦੀ ਖੇਡ ਨੂੰ ਆਪਣੇ ਆਪ ਕੋਈ ਨਹੀਂ ਸਮਝ ਸਕਦਾ ਭਾਵ ਹਰ ਕੋਈ ਇਹੋ ਜਿਹੇ ਤਰੀਕਿਆ ਨੂੰ ਹੀ ਭਗਤੀ ਦਾ ਮਾਰਗ ਸਮਝਦਾ ਹੈ। **(ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਨੁ ਕਹੈ॥)** ਇਹ ਪ੍ਰਮਾਤਮਾ ਦਾ ਆਪਣਾ ਸਿੱਧਾ ਐਲਾਨ ਹੈ ਕਿ ਤੁਸੀਂ ਭੁੱਲੇ ਹੋਏ ਵੀ, ਖੁਆਰ ਹੁੰਦੇ ਹੋਏ ਵੀ ਆਪਣੇ ਆਪ ਨੂੰ ਦੁੱਖਾਂ ਵਿੱਚ ਪਾਉਂਦੇ ਹੋਏ ਵੀ ਇਹੀ ਮਹਿਸੂਸ ਕਰੋਗੇ ਕਿ ਮੈਂ ਭਗਤੀ ਹੀ ਕਰ ਰਿਹਾ ਹਾਂ, ਮੈਂ ਜੋ ਕੁੱਝ ਕਰ ਰਿਹਾ ਹਾਂ ਉਹ ਠੀਕ ਕਰ ਰਿਹਾ ਹਾਂ। ਅਸੀਂ ਕਿਉਂ ਆਪਣੇ ਆਪ ਨੂੰ ਠੀਕ ਹੀ ਸਮਝਦੇ ਹਾਂ, ਇਸ ਦੀ ਸੋਝੀ ਅਗਲੀਆਂ ਪੰਗਤੀਆਂ ਦੁਆਰਾ ਪੈ ਜਾਵੇਗੀ।

“ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਨੁ॥

ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਨੁ॥੧॥”

ਇਹਨਾਂ ਪੰਗਤੀਆਂ ਰਾਹੀਂ ਵੀ ਵਾਹਿਗੁਰੂ ਆਪਣਾ ਪੂਰੀ ਲੋਕਾਈ ਨੂੰ ਸਿੱਧਾ ਐਲਾਨ ਸੁਣਾ ਰਹੇ ਹਨ, ਸ਼ਰੇਆਮ ਸੁਣਾ ਰਹੇ ਹਨ। ਅਕਾਲ ਪੁਰਖ ਆਪਣੀ ਬਾਣੀ ਰਾਹੀਂ ਪੂਰੇ ਸੰਸਾਰ ਨੂੰ ਸਿੱਧਾ ਸੰਬੋਧਨ ਕਰ ਰਹੇ ਹਨ ਕਿ ਜਿਸ ਨੂੰ ਮੈਂ ਆਪਣਾ ਸਿੱਧਾ ਮਾਰਗ ਦਿਖਾ ਦੇਵਾ, ਜਿਸ ਨੂੰ ਆਪਣੀ “ਸਿਧਿ” ਦੇ ਦੇਵਾ, ਜਿਸ ਨੂੰ ਆਪਣੀ ਸਹੀ ਸੋਝੀ ਪਾ ਦੇਵਾਂ ਭਾਵ ਜਿਸ ਨੂੰ ਭਗਤੀ ਦਾ ਸਹੀ ਮਾਰਗ ਸਮਝਾ ਦੇਵਾ ਉਸ ਨੂੰ ਕੋਈ ਭੁਲਾਣ ਵਾਲਾ ਨਹੀਂ ਜੰਮਿਆ, ਜੇ ਕੋਈ ਜ਼ੋਰ ਲਗਾ ਕੇ ਦੇਖਣਾ ਚਾਹੇ ਤਾਂ ਦੇਖ ਲਵੇ। ਉਸ ਦੇ ਭਗਤਾਂ ਤੇ ਅਨੇਕਾਂ ਨੇ ਜ਼ੋਰ ਲਗਾ ਕੇ ਦੇਖਿਆ ਹੈ ਪਰ ਉਹਨਾਂ ਨੂੰ ਕੋਈ ਭਟਕਾ ਨਹੀਂ ਸਕਿਆ। ਜਿੱਥੇ ਸਰੀਰ ਤਿਆਗਣ ਦੀ ਲੋੜ ਪਈ, ਸਰੀਰ ਤਿਆਗ ਦਿੱਤਾ ਪਰ ਮਾਰਗ ਨਹੀਂ ਛੱਡਿਆ। ਜਿਸ ਦੇ ਵਿੱਚ ਉਹ ਆਪਣੀ ਮਤਿ ਦ੍ਰਿੜ ਕਰ ਦਿੰਦਾ ਹੈ, ਜਿਸ ਨੂੰ ਉਹ ਆਪਣਾ ਪੰਚ ਬਣਾ ਦਿੰਦਾ ਹੈ, ਉਹ ਫਿਰ ਸਹੀ ਮਾਰਗ ਤੇ ਅਡੋਲ ਹੋ ਜਾਂਦਾ ਹੈ, ਉਸਨੂੰ ਕੋਈ ਭੁਲਾ ਨਹੀਂ ਸਕਦਾ। ਛੋਟੇ ਸਾਹਿਬਜਾਦਿਆਂ ਨੂੰ ਧਰਮ ਦਾ ਮਾਰਗ ਛੱਡਣ ਲਈ ਅਨੇਕਾਂ ਲਾਲਚ ਦਿੱਤੇ ਗਏ ਪਰ ਇਤਨੀ ਛੋਟੀ ਅਵੱਸਥਾ ਵਿੱਚ ਵੀ ਉਹ ਤਿਨਕਾ ਭਰ ਵੀ ਡੋਲੇ ਨਹੀਂ। ਉਹਨਾਂ ਨੇ ਹੱਸ ਕੇ ਸਰੀਰ ਤਿਆਗਣਾ ਕਬੂਲ ਕੀਤਾ। ਉਹ ਅੰਦਰ ਬੈਠਾ ਆਪ

ਹੀ ਦ੍ਰਿੜਤਾ ਦਿੰਦਾ ਹੈ, ਆਪਣੇ ਸੱਚੇ ਮਾਰਗ ਤੇ ਆਪ ਹੀ ਚਲਾ ਸਕਦਾ ਹੈ। ਇਸੇ ਤਰ੍ਹਾਂ ਜਿਸ ਨੂੰ ਉਹ ਸਹੀ ਮਾਰਗ ਤੋਂ ਭਟਕਾ ਦਿੰਦਾ ਹੈ, ਪੁੱਠੇ ਮਾਰਗ ਤੇ ਪਾ ਦਿੰਦਾ ਹੈ ਭਾਵ ਜਿਸ ਦੇ ਅੰਦਰ ਉਹ ਪੁੱਠੇ ਮਾਰਗ ਤੇ ਪਾ ਕੇ ਵੀ ਭਗਤੀ ਦੀ ਭਾਵਨਾ ਮਹਿਸੂਸ ਕਰਵਾਉਂਦਾ ਹੈ ਉਸਨੂੰ ਫਿਰ ਕੋਈ ਵੀ ਸਮਝਾਉਣ ਦੀ ਕੋਸ਼ਿਸ਼ ਕਰੇ ਤਾਂ ਉਹ ਸਮਝ ਨਹੀਂ ਸਕਦਾ। ਜਦ ਤੱਕ

8/766

ਉਹ ਆਪ ਨਾ ਚਾਹੇ, ਕੋਈ ਸਹੀ ਮਾਰਗ ਤੇ ਨਹੀਂ ਪੈ ਸਕਦਾ। ਕਿਸੇ ਦੀ ਗੱਲ ਦਾ ਅਸਰ ਤਾਂ ਹੀ ਹੋਵੇਗਾ ਜੇ ਉਹ ਹੋਣ ਦੇਵੇਗਾ, ਜੇਕਰ ਉਸਦੀ ਆਪਣੀ ਰਜ਼ਾ ਹੋਵੇਗੀ, ਆਪਣੀ ਕ੍ਰਿਪਾ ਹੋਵੇਗੀ। ਕਿਸੇ ਹੋਰ ਦੁਆਰਾ ਸਮਝਣ ਦਾ ਵੀ ਕੇਵਲ ਬਹਾਨਾ ਹੀ ਬਣਨਾ ਹੈ ਜੋ ਕਿ ਉਸ ਦੀ ਆਪਣੀ ਬਿਧਿ ਹੈ ਕਿਉਂਕਿ ਸਭ ਦੇ ਅੰਦਰ ਦੀ ਸਮਝ ਦਾ ਮਾਲਕ ਉਹ ਆਪ ਹੀ ਹੈ, ਬਿਧਿ ਵੀ ਉਸਦੀ ਆਪਣੀ ਮਰਜ਼ੀ ਹੈ। ਉਹ ਉਲਝਾਉਂਦਾ ਵੀ ਕਿਸੇ ਬਿਧਿ ਦੁਆਰਾ ਹੈ ਤੇ ਸੋਝੀ ਵੀ ਕਿਸੇ ਬਿਧਿ ਦੁਆਰਾ ਹੀ ਪਾਉਂਦਾ ਹੈ। ਕੋਈ ਭੁੱਲਿਆ ਹੀ ਕੀ ਹੋਇਆ ਜੋ ਉਹ ਇਹ ਸਮਝ ਸਕੇ ਕਿ ਮੈਂ ਭੁੱਲਿਆ ਹੋਇਆ ਹਾਂ। ਉਹ "**ਕਰਤਾ ਪੁਰਖ**" ਹੈ। ਉਸਦੀ ਹਰ ਗੱਲ ਪਰਫੈਕਟ ਹੈ ਜਿਸ ਤੋਂ ਉੱਪਰ ਹੋਰ ਕੁੱਝ ਨਹੀਂ ਹੋ ਸਕਦਾ ਕਿਉਂਕਿ ਸਭ ਕੁੱਝ ਉਹ ਆਪ ਹੀ ਹੈ। (**ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ॥੧॥**)

8/766-1

ਆਉ ਕੁੱਝ ਹੋਰ ਸ਼ਬਦਾਂ ਰਾਹੀਂ ਵੀ ਇਹ ਗੱਲ ਸਮਝੀਏ ਕਿ ਹਰ ਕੋਈ ਸਰੀਰਕ ਜਪ ਤਪ ਕਰਨ ਵਾਲਾ ਕਿਤਨਾ ਭੁੱਲਿਆ ਹੋਇਆ ਹੈ ਪਰ ਫਿਰ ਵੀ ਆਪਣੇ ਆਪ ਨੂੰ ਸਿਆਣਾ ਸਮਝਦਾ ਹੈ।

"ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥
ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ॥੧॥"

(ਅੰਗ ੪੧੨)

ਉਪਰਲੀਆਂ ਪੰਗਤੀਆਂ ਪੜ੍ਹਨ ਤੋਂ ਬਾਅਦ ਸਰੀਰਕ ਜਪ ਤਪ ਕਰਨ ਵਾਲਿਆਂ ਨੂੰ ਕੁੱਝ ਠੇਸ ਵੀ ਜਰੂਰ ਪਹੁੰਚੇਗੀ ਕਿਉਂਕਿ ਅਰਥ ਬੜੇ ਸਪੱਸ਼ਟ ਹਨ ਤੇ ਆਪਣੇ ਹਿਸਾਬ ਅਨੁਸਾਰ ਅਰਥਾਂ ਨੂੰ ਮੋੜਨ ਦੀ ਗੁੰਜਾਇਸ਼ ਨਹੀਂ ਨਿਕਲਦੀ। ਹਰ ਤਰੀਕੇ ਦਾ ਜਪ **(ਸਭਿ ਜਪ)** ਹਰ ਤਰੀਕੇ ਦਾ ਤਪ (**ਸਭ ਤਪ**) ਕੀ ਹੈ, ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਬੜੇ ਹੀ ਧਿਆਨ ਨਾਲ ਸਮਝੋ ਇਸ ਗੱਲ ਨੂੰ। ਵਾਰ-ਵਾਰ ਬਾਣੀ ਵਿੱਚ ਆਉਂਦਾ ਹੈ ਕਿ ਪ੍ਰਮਾਤਮਾ ਨੂੰ ਕਿਸੇ ਚਤੁਰਾਈ ਨਾਲ ਨਹੀਂ ਪਾਇਆ ਜਾ ਸਕਦਾ। ਸਾਡਾ ਹਰ ਜਪ ਚਤੁਰਾਈ ਹੈ, ਸਾਡਾ ਹਰ ਤਪ ਚਤੁਰਾਈ ਹੈ, ਸਿਵਾਏ ਚਤੁਰਾਈ ਦੇ ਕੁੱਝ ਨਹੀਂ ਭਾਵ ਪ੍ਰਮਾਤਮਾ ਨੂੰ ਕਿਸੇ ਵੀ ਸਰੀਰਕ ਜਪ ਤਪ ਨਾਲ ਨਹੀਂ ਪਾਇਆ ਜਾ ਸਕਦਾ। (**ਸਭਿ ਜਪ ਸਭਿ ਤਪ ਸਭ ਚਤੁਰਾਈ॥**) ਇਹ ਜਪ ਤਪ ਸਾਡੇ ਕੀ ਹਨ, ਅਸੀਂ ਕਿਉਂ ਕਰਦੇ ਹਾਂ ਇਸ ਦੀ ਸੋਝੀ ਨਾਲ ਹੀ ਪਾਈ ਹੋਈ ਹੈ।

"ਊਝੜਿ ਭਰਮੈ ਰਾਹਿ ਨ ਪਾਈ॥"

ਗੁਰੂ ਸਾਹਿਬ ਦਾ ਫੁਰਮਾਨ ਤਾਂ ਬਹੁਤ ਸਪੱਸ਼ਟ ਹੈ। ਹਰ ਕੋਈ ਸਮਝ ਸਕਦਾ ਹੈ ਪਰ ਇਹੋ ਜਿਹਾ ਜਪ ਤਪ ਕਰਨ ਵਾਲਿਆ ਨੂੰ ਕੋਈ ਪੁੱਛ ਕੇ ਵੇਖੇ। ਕੀ ਕੋਈ ਜਪ ਤਪ ਕਰਨ ਵਾਲਾ ਮੰਨ ਸਕਦਾ ਹੈ ਕਿ ਉਹ ਉਲਝਿਆ ਹੋਇਆ ਹੈ, ਅਸਲੀਅਤ ਤੋਂ ਭਟਕਿਆ ਹੋਇਆ ਹੈ, ਭਰਮਿਆ ਹੋਇਆ ਹੈ, ਬਲਕਿ ਉਹ ਜਪ ਤਪ ਨਾ ਕਰਨ ਵਾਲਿਆ ਨੂੰ ਭਟਕਿਆ ਹੋਇਆ ਸਮਝਦੇ ਹਨ।

8/766-2

ਅਸਲ ਵਿੱਚ ਇਹ ਭਗਤੀ ਦਾ ਮਾਰਗ ਹੈ ਹੀ ਨਿਰਾਲਾ। ਭਗਤੀ ਦੇ ਅਸਲ ਮਾਰਗ ਤੇ, ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ। ਸਭ ਸਰੀਰਕ ਜਪ ਤਪ ਕਰਨ ਵਾਲੇ ਭਗਤੀ ਦੇ ਸਹੀ ਮਾਰਗ ਦੀ ਸਮਝ ਤੋਂ ਸੋਝੀ ਵਿਹੂਣੇ ਹੀ ਹਨ, ਭਟਕਦੇ ਹੀ ਫਿਰਦੇ ਹਨ। ਜਦ ਤੱਕ ਸਹੀ ਸੋਝੀ ਨਹੀਂ ਪੈਂਦੀ, ਸਹੀ ਜਪ ਤਪ ਦੀ ਸੋਝੀ ਨਹੀਂ ਪੈਂਦੀ ਕਿ ਅਸਲ ਜਪ ਤਪ ਕੀ ਹੈ ਤਦ ਤੱਕ ਭਗਤੀ ਨਹੀਂ ਹੋ ਸਕਦੀ। ਇਹੋ ਜਿਹੇ ਸਰੀਰਕ ਜਪ ਤਪ ਲੇਖੇ ਨਹੀਂ ਪੈਂਦੇ ਭਾਵ ਅਸਲ ਮਨੋਰਥ ਦੀ ਪੂਰਤੀ ਨਹੀਂ ਹੁੰਦੀ ਭਾਵੇਂ ਸਮਾਜਿਕ ਵਡਿਆਈਆਂ ਬਥੇਰੀਆਂ ਮਿਲ ਜਾਂਦੀਆ ਹਨ।(**ਊਝੜਿ ਭਰਮੈ ਰਾਹਿ ਨ ਪਾਈ॥ ਬਿਨੁ ਬੂਝੇ ਕੋ ਥਾਇ ਨ ਪਾਈ॥**) ਅਗਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ।

"ਨਾਮ ਬਿਹੂਣੈ ਮਾਥੇ ਛਾਈ॥"

ਧਿਆਨ ਨਾਲ ਸਮਝੋ ਕਿ ਨਾਮ ਜਪਣਾ ਕੀ ਹੈ। ਜਿਸ ਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ ਉਹ ਤਾਂ ਸਰੀਰਕ ਜਪ ਹੀ ਹੈ, ਸਰੀਰਕ ਤਪ ਹੀ ਹੈ। ਹੋਰ ਇਸ ਤੋਂ ਇਲਾਵਾ ਕੀ ਹੈ? ਅਸੀਂ ਕੇਵਲ ਇੱਕ ਅੱਖਰ ਦੇ ਜਪ ਨੂੰ ਵਾਰ- ਵਾਰ ਬੋਲੀ ਜਾਣਾ, ਕਿਸੇ ਸਮਾਧੀ ਵਿੱਚ ਬੈਠ ਜਾਣਾ, ਕੋਈ ਸੁਰਤੀ ਲਗਾ ਕੇ ਬੈਠ ਜਾਣਾ ਹੀ ਨਾਮ ਦਾ ਜਪ ਤਪ ਸਮਝਦੇ ਹਾਂ। ਸਾਰੀ ਬਾਣੀ ਨਾਮ ਹੈ। ਬਾਣੀ ਨੂੰ ਅਸੀਂ ਸਰੀਰਕ ਕਿਰਿਆਵਾਂ ਦੁਆਰਾ ਹੀ ਪੜਦੇ ਸੁਣਦੇ ਹਾਂ। ਸਰੀਰਕ ਕਿਰਿਆਵਾਂ ਜਰੂਰੀ ਹਨ, ਹੱਥੀ ਸੇਵਾ ਕਰਨ ਲਈ ਵੀ ਸਰੀਰਕ ਕਿਰਿਆਵਾਂ ਜਰੂਰੀ ਹਨ। ਸਰੀਰਕ ਕਿਰਿਆਵਾਂ ਨੂੰ ਸਹੀ ਮਾਰਗ ਤੇ ਪਾ ਕੇ ਰੱਖਣਾ ਜਰੂਰੀ ਹੈ, ਕੇਵਲ ਮਾਰਗ ਨੂੰ ਸਮਝਣ ਦੀ ਲੋੜ ਹੈ। ਉੱਪਰ ਸ਼ਬਦ ਵਿੱਚ ਸਰੀਰਕ ਜਪ ਤਪ ਕਰਨ ਵਾਲਿਆ ਨੂੰ ਨਾਮ ਵਿਹੂਣੇ ਕਿਹਾ ਹੈ ਭਾਵ ਬੜਾ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਇਹ ਸਰੀਰਕ ਜਪ ਤਪ ਕਰਨੇ ਨਾਮ ਜਪਣਾ ਨਹੀਂ ਹੈ। ਇਹੋ ਜਿਹਾ ਜਪ ਤਪ ਕਰਕੇ ਅਸੀਂ ਨਾਮ ਵਿਹੂਣੇ ਹੀ ਹਾਂ ਕਿਉਂਕਿ ਸਾਨੂੰ ਨਾਮ ਦੀ ਸੋਝੀ ਹੀ ਨਹੀ। ਇਹੋ ਜਿਹੇ ਜਪ ਤਪ ਲੇਖੇ ਤਾਂ ਨਹੀਂ ਪੈਂਦੇ

8/766-3

ਬਲਕਿ ਇਹਨਾਂ ਨੂੰ ਸਿਰ ਸਵਾਹ ਪਾਉਣ ਦੇ ਬਰਾਬਰ ਹੀ ਕਿਹਾ ਹੈ ਭਾਵ ਕੇਵਲ ਸਾਡੀ ਖੁਆਰੀ ਹੀ ਕਿਹਾ ਹੈ। ਨਾਮ ਸੱਚ ਹੈ ਪਰ ਸੱਚ ਨੂੰ ਕੋਈ ਸਮਝ ਕੇ ਰਾਜੀ ਨਹੀਂ ਤੇ ਮੰਨ ਕੇ ਰਾਜੀ ਨਹੀਂ ਭਾਵ ਸੱਚ ਤੇ ਕੋਈ ਚੱਲ ਕੇ ਰਾਜੀ ਨਹੀਂ ਕਿਉਂਕਿ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣਾ ਬਹੁਤ ਔਖਾ ਹੈ ਜਿਸ ਲਈ ਆਪਣੀ ਨਾਸਮਝ ਮਤਿ ਭਾਵ ਮਨਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ ਤੇ ਉਹੀ ਕੁੱਝ ਕਰਨਾ ਪੈਂਦਾ ਹੈ ਜੋ ਗੁਰੂ ਨੂੰ ਚੰਗਾ ਲੱਗਦਾ ਹੈ। ਹਰ ਕੋਈ ਮੁੱਖੋਂ ਹੀ ਸੱਚਾ ਬਣਨਾ ਚਾਹੁੰਦਾ ਹੈ, ਗੱਲਾਂ ਨਾਲ ਹੀ ਸੱਚਾ ਬਣਨਾ ਚਾਹੁੰਦਾ ਹੈ, ਆਪਣੀ ਕਰਨੀ ਦੁਆਰਾ ਕੋਈ ਸੱਚਾ ਬਣ ਕੇ ਨਹੀਂ ਦਿਖਾਉਂਦਾ ਜੋ ਕਿ ਅਸਲ ਵਿੱਚ ਨਾਮ ਜਪਣਾ ਹੈ। ਹਰ ਕੋਈ ਭਰਮਿਆ ਹੀ ਫਿਰਦਾ ਹੈ। ਅਸਲ ਜਪ ਤਪ ਕੀ ਹੈ ਇਸਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਹੀ ਆ ਰਹੇ ਹਾਂ। ‘‘ਜਪ’’ ਗੁਰੂ ਦੀ ਗੱਲ ਨੂੰ ਮੰਨਣਾ ਹੈ ਤੇ ਤਪ ਉਸ ਗੱਲ ਤੇ ਅਮਲ ਕਰਨਾ ਹੈ ਭਾਵ ਜਿਸ ਲਈ ਸਾਨੂੰ ਤਪਣਾ ਪੈਂਦਾ ਹੈ, ਔਖਾ ਹੋਣਾ ਪੈਂਦਾ ਹੈ। ਇਸੇ ਲਈ ਜਪ ਤਪ ਦੀ ਗੱਲ ਬਾਣੀ ਰਾਹੀਂ ਵਾਰ-ਵਾਰ ਕੀਤੀ ਹੋਈ ਹੈ ਕਿਉਂਕਿ ਗੁਰੂ ਦੀ ਗੱਲ ਨੂੰ ਜਪ ਕੇ ਭਾਵ ਮੰਨ ਕੇ, ਸਮਝ ਕੇ ਉਸ ਤੇ ਅਮਲ ਨਹੀਂ ਕੀਤਾ ਤਾਂ ਉਸਦਾ ਕੀ ਫਾਇਦਾ। ਗੁਰੂ ਦੀ ਸਮਝਾਈ ਹੋਈ ਗੱਲ ਤੇ ਅਮਲ ਕਰਨਾ ਹੀ ਸਾਡਾ ਤਪ ਹੈ ਜਿਸ ਲਈ ਸਾਡੇ ਮਨ ਨੂੰ ਤਪਣਾ ਪੈਂਦਾ ਹੈ, ਗੁਰੂ ਦੀ ਗੱਲ ਨੂੰ ਮੰਨਣ ਦਾ ਸੇਕ ਸਹਿਣਾ ਪੈਂਦਾ ਹੈ ਜੋ ਕਿ ਬਹੁਤ ਔਖਾ ਹੈ ਤੇ ਇਸੇ ਲਈ ਗੁਰੂ ਦਾ ਨਾਮ ਜਪਣਾ ਔਖਾ ਹੈ ਕਿਉਂਕਿ ਨਾਲ ਤਪ ਵੀ ਕਰਨਾ ਜਰੂਰੀ ਹੈ।

ਆਓ ਹੁਣ ਅਗਲੇ ਸ਼ਬਦ ਦੁਆਰਾ ਫਿਰ ਸਮਝੀਏ ਕਿ ਧੰਨ ਧੰਨ ਅਕਾਲ ਪੁਰਖ ਦੀ ਜੋਤਿ ਦੁਆਰਾ ਭਗਤ ਨਾਮਦੇਵ ਜੀ ਨੇ ਸਾਨੂੰ ਕਿਹੋ ਜਿਹਾ ਜਪ ਤਪ ਕਰਨਾ ਸਿਖਾਇਆ ਹੈ ਤੇ ਅਸੀਂ ਕਰਦੇ ਕੀ ਕੁੱਝ ਹਾਂ। ਅਸਲ ਜਪ ਤਪ ਵਿੱਚ ਅਤੇ ਬਨਾਵਟੀ ਜਪ ਤਪ ਵਿੱਚ ਫ਼ਰਕ ਸਮਝਾਇਆ ਹੈ।

ਆਸਾ॥

“ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ॥ ਜਬ ਤੇ ਸੁਧੁ ਨਾਹੀ ਮਨੁ ਅਪਨਾ॥੧॥ਰਹਾਉ॥
ਸਿੰਘਚ ਭੋਜਨੁ ਜੋ ਨਰੁ ਜਾਨੈ॥ ਐਸੇ ਹੀ ਠਗਦੇਉ ਬਖਾਨੈ॥੨॥॥
ਨਾਮੇ ਕੇ ਸੁਆਮੀ ਲਾਹਿ ਲੇ ਝਗਰਾ॥ ਰਾਮ ਰਸਾਇਨ ਪੀਉ ਰੇ ਦਗਰਾ॥੩॥੪॥”

(ਅੰਗ ੪੮੫-੪੮੬)

ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਅਗਰ ਧਿਆਨ ਨਾਲ ਸਮਝੀਏ ਤਾਂ ਉੱਥੇ ਹੀ ਪ੍ਰਮਾਤਮਾ ਨੂੰ ਜਪਣ ਦੀ ਗੱਲ ਸਮਝ ਆ ਜਾਂਦੀ ਹੈ ਕਿ ਉਸਨੂੰ ਕਿਵੇਂ ਜਪਣਾ ਹੈ ਅਤੇ ਅਸੀਂ ਜਪਦੇ ਕਿਵੇਂ ਹਾਂ। ਸਾਡੇ ਮਨ ਦੀ ਬਿਰਤੀ ਨੂੰ ਸੱਪ ਦੇ ਨਾਲ ਤੁਲਨਾ ਕਰਕੇ ਸਮਝਾਇਆ ਹੈ। ਸੱਪ ਨੂੰ ਮਾੜਾ ਇਸ ਲਈ ਸਮਝਿਆ ਜਾਂਦਾ ਹੈ ਕਿ ਉਸਦੇ ਅੰਦਰ ਬਿਖ ਹੈ, ਜ਼ਹਿਰ ਹੈ। ਉਹ ਆਪਣੇ ਜ਼ਹਿਰ ਕਰਕੇ ਹੀ

8/766-4

ਦੂਸਰਿਆਂ ਨੂੰ ਡਸਦਾ ਹੈ, ਦੂਸਰਿਆਂ ਦਾ ਮਾੜਾ ਕਰਦਾ ਹੈ, ਦੂਸਰਿਆਂ ਨੂੰ ਮਾਰ ਦਿੰਦਾ ਹੈ, ਦੂਸਰਿਆਂ ਦਾ ਜੀਵਨ ਖਰਾਬ ਕਰਦਾ ਹੈ। ਸੱਪ ਦੇ ਅੰਦਰ ਦੀ ਬਿਖ ਹੀ ਉਸਨੂੰ ਦੂਸਰਿਆਂ ਦੀਆਂ ਨਜ਼ਰਾਂ ਵਿੱਚ ਮਾੜਾ ਬਣਾਉਂਦੀ ਹੈ। ਇਸੇ ਤਰ੍ਹਾਂ ਮਨੁੱਖ ਦੇ ਅੰਦਰ

ਦੀ ਬਿਖ ਮਨੁੱਖ ਦੇ ਅੰਦਰ ਦੀ ਮਾਇਆ ਮੋਹ ਵਾਲੀ ਬਿਰਤੀ ਹੈ, ਲੋਭ ਲਾਲਚ ਵਾਲੀ ਬਿਰਤੀ ਹੈ ਭਾਵ ਔਗੁਣ ਹਨ ਜੋ ਉਸਨੂੰ ਮਾੜਾ ਬਣਾਉਂਦੇ ਹਨ ਅਤੇ ਇਸੇ ਬਿਖ ਕਰਕੇ ਮਨੁੱਖ ਦੂਸਰਿਆਂ ਦਾ ਮਾੜਾ ਕਰਦਾ ਹੈ, ਦੂਸਰਿਆਂ ਦਾ ਜੀਵਨ ਖਰਾਬ ਕਰਦਾ ਹੈ। ਜੇਕਰ ਸੱਪ ਦੇ ਅੰਦਰ ਬਿਖ ਨਾ ਹੋਵੇ ਭਾਵ ਜੇਕਰ ਉਹ ਆਪਣੀ ਬਿਖ ਛੱਡ ਦੇਵੇ ਤਾਂ ਉਹ ਚੰਗਾ ਬਣ ਸਕਦਾ ਹੈ ਭਾਵ ਚੰਗਾ ਬਣਨ ਲਈ ਉਹ ਆਪਣੇ ਅੰਦਰ ਦੀ ਬਿਖ ਛੱਡ ਦੇਵੇ। ਤਿਆਗਣ ਦੀ ਲੋੜ ਤਾਂ ਬਿਖ ਦੀ ਹੈ ਪਰ ਸੱਪ ਬਿਖ ਨਹੀਂ ਛੱਡਦਾ ਉਹ ਆਪਣੀ ਕੁੰਜ ਛੱਡਦਾ ਹੈ। ਆਪਣੇ ਸਰੀਰ ਤੋਂ ਕੁੰਜ ਉਤਾਰਨ ਨਾਲ ਸੱਪ ਦਾ ਰੂਪ ਨਿਖਰ ਆਉਂਦਾ ਹੈ, ਉਹ ਬਾਹਰੋਂ ਚੰਗਾ ਲੱਗਣ ਲੱਗ ਜਾਂਦਾ ਹੈ। ਬਸ ਇਹੋ ਜਿਹਾ ਜਪ ਤਪ ਹੀ ਅਸੀਂ ਕਰਦੇ ਆ ਰਹੇ ਹਾਂ ਅਤੇ ਹੁਣ ਵੀ ਕਰੀ ਜਾ ਰਹੇ ਹਾਂ। ਅਸੀਂ ਬਾਹਰੋਂ-ਬਾਹਰੋਂ ਹੀ, ਆਪਣੇ ਜਪ ਤਪ ਦੇ ਵਿਖਾਵੇ ਦੁਆਰਾ ਹੀ ਆਪਣੇ ਆਪ ਨੂੰ ਸੁੰਦਰ ਦਿਖਾਉਣ ਵਿੱਚ ਲੱਗੇ ਹੋਏ ਹਾਂ। ਜਪ ਤਪ ਸਾਡੇ ਤਨ ਦੀ ਸੁੰਦਰਤਾ ਨਹੀਂ ਹੈ, ਬਾਹਰੋਂ ਸੁੰਦਰ ਦਿੱਸਣਾ ਨਹੀਂ ਹੈ, ਇਹ ਮਨ ਦੀ ਸੁੰਦਰਤਾ ਹੈ। ਇਹ ਮਨ ਦੀ ਮੈਲ ਛੱਡਣ ਦਾ ਮਾਰਗ ਹੈ। (**ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥**) ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

“ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥੧॥”

ਇਸ ਪੰਗਤੀ ਰਾਹੀਂ, ਜਿਹੋ ਜਿਹੇ ਅਸੀਂ ਜਪ ਤਪ ਕਰਦੇ ਹਾਂ ਉਹਨਾਂ ਨੂੰ ਬਗਲੇ ਦੇ ਨਾਲ ਜੋੜ ਕੇ ਸਮਝਾਇਆ ਹੋਇਆ ਹੈ ਭਾਵ ਸਾਨੂੰ ਬਗੁਲਾ ਭਗਤ ਕਹਿ ਕੇ ਸਮਝਾਇਆ ਹੋਇਆ ਹੈ। ਗੱਲ ਇੱਥੇ ਵੀ ਬਾਹਰੋਂ ਸੁੰਦਰ ਲੱਗਣ ਦੀ ਜਾਂ ਮਨ ਰਾਹੀਂ ਸੁੰਦਰ ਬਣਨ ਦੀ ਹੈ। ਫ਼ਰਕ ਸਾਡੀ ਕਥਨੀ ਅਤੇ ਕਰਨੀ ਦਾ ਹੀ ਸਮਝਾਇਆ ਹੋਇਆ ਹੈ ਕਿ ਜਪ ਤਪ ਸਾਡੀ ਕਥਨੀ ਹੈ ਜਾਂ ਸਾਡੀ ਕਰਨੀ ਹੈ। ਬਗੁਲਾ ਜਿਵੇਂ ਪਾਣੀ ਵਿੱਚ ਧਿਆਨ ਲਗਾਉਂਦਾ ਹੈ, ਉਹ ਕਿਸ ਲਈ ਲਗਾਉਂਦਾ ਹੈ,

8/766-5

ਇਹ ਹਰ ਕੋਈ ਸਮਝ ਸਕਦਾ ਹੈ। ਉਸਦਾ ਧਿਆਨ ਮੱਛੀ ਪਕੜਨ ਵਿੱਚ ਹੀ ਹੁੰਦਾ ਹੈ, ਉਸਦੀ ਭਾਵਨੀ ਸ਼ਿਕਾਰ ਨੂੰ ਕਾਬੂ ਕਰਨ ਵਿੱਚ ਹੁੰਦੀ ਹੈ ਪਰ ਦਿਖਾਵਾ ਭਗਤੀ ਵਾਲਾ ਹੁੰਦਾ ਹੈ ਕਿ ਜਿਵੇਂ ਉਹ ਰੱਬ ਨੂੰ ਯਾਦ ਕਰ ਰਿਹਾ ਹੁੰਦਾ ਹੈ। ਮਨ ਦੇ ਵਿੱਚ ਸ਼ੁੱਧੀ ਨਹੀਂ ਹੁੰਦੀ ਪਰ ਆਪਣੇ ਵਿਖਾਵੇ ਦੁਆਰਾ ਉਹ ਆਪਣੇ ਮਕਸਦ ਵਿੱਚ ਕਾਮਯਾਬ ਹੋ ਜਾਂਦਾ ਹੈ ਕਿਉਂਕਿ ਉਸਦਾ ਅਸਲ ਮਕਸਦ ਸ਼ਿਕਾਰ ਦੀ ਪ੍ਰਾਪਤੀ ਹੈ। ਸਾਡੀ ਭਗਤੀ ਨੂੰ ਵੀ ਬਗੁਲੇ ਦੀ ਭਗਤੀ ਨਾਲ ਜੋੜ ਕੇ ਦੱਸਿਆ ਹੈ। ਸਾਡੇ ਬਾਹਰੀ ਜਪ ਤਪ ਨੂੰ ਵੇਖ ਕੇ ਲੋਕ ਭਰਮ ਵਿੱਚ ਆ ਜਾਂਦੇ ਹਨ ਤੇ ਸਾਨੂੰ ਵਡਿਆਈ ਮਿਲਣੀ ਸ਼ੁਰੂ ਹੋ ਜਾਂਦੀ ਹੈ ਕਿ ਇਹ ਪ੍ਰਮਾਤਮਾ ਦੇ ਸੱਚੇ ਭਗਤ ਹਨ ਪਰ ਸਾਡੇ ਕਰਮ ਕਿਹੋ ਜਿਹੇ ਹਨ ਇਹ ਕੋਈ ਨਹੀਂ ਦੇਖਦਾ। ਅਸੀਂ ਆਪਣੇ ਮਕਸਦ ਵਿੱਚ ਕਾਮਯਾਬ ਹੋ ਜਾਂਦੇ ਹਾਂ ਕਿਉਂਕਿ ਸਾਡਾ ਅਸਲ ਮਕਸਦ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਾਬਤ ਕਰਨ ਦਾ ਹੁੰਦਾ ਹੈ ਜਿਵੇਂ ਕਿ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਜਪਾਂ ਤਪਾਂ ਦੁਆਰਾ ਸਾਨੂੰ ਉੱਚਾ, ਸੁੱਚਾ, ਭਗਤੀ ਵਾਲਾ ਸਮਝ ਕੇ ਸਾਨੂੰ ਇੱਜਤ ਮਾਣ ਦੇਣ ਵਾਲੇ ਬਥੇਰੇ ਬਣ ਜਾਂਦੇ ਹਨ। ਬਥੇਰੇ ਸਾਡੇ ਜਾਲ ਵਿੱਚ ਫਸ ਜਾਂਦੇ ਹਨ, ਸਾਡਾ ਸ਼ਿਕਾਰ ਬਣ ਜਾਂਦੇ ਹਨ। ਸਾਨੂੰ ਉੱਚੇ ਉੱਚੇ ਰੁਤਬੇ ਜਪ ਤਪ ਦੁਆਰਾ ਹੀ ਮਿਲਦੇ ਹਨ। ਸਾਡੇ ਮਨ ਦੇ ਵਿੱਚ ਕੀ ਹੈ, ਸਾਡੇ ਕਰਮ ਕਿਹੋ ਜਿਹੇ ਹਨ ਇਹਨਾਂ ਗੱਲਾਂ ਨੂੰ ਬਹੁਤਾ ਨਹੀਂ ਵਿਚਾਰਿਆ ਜਾਂਦਾ। ਆਉ ਹੁਣ ਸ਼ਬਦ ਦੀ ਅਗਲੀ ਪੰਗਤੀ ਜੋ ਕਿ ਰਹਾਉ ਵਾਲੀ ਪੰਗਤੀ ਹੈ ਉਸਨੂੰ ਸਮਝੀਏ ਕਿ ਜਪ ਤਪ ਅਸਲ ਵਿੱਚ ਕੀ ਹੈ।

“ਕਾਹੇ ਕਉ ਕੀਜੈ ਧਿਆਨੁ ਜਪੰਨਾ॥ ਜਬ ਤੇ ਸੁਧੁ ਨਾਹੀ ਮਨੁ ਅਪਨਾ॥੧॥ ਰਹਾਉ॥”

ਇਸ ਪੰਗਤੀ ਨੂੰ ਜਿਤਨੀ ਵਾਰੀ ਪੜ੍ਹ ਸਕਦੇ ਹੋ ਪੜੋ ਤੇ ਸਮਝੋ ਕਿ ਜਪ ਤਪ ਕੀ ਹੈ, ਧਿਆਨ ਜੋੜਨਾ ਕੀ ਹੈ। ਜਿਸ ਕਿਸੇ ਨੂੰ ਵੀ ਵੇਖਦੇ ਹਾਂ ਭਾਵ ਜੋ ਵੀ ਆਪਣੇ ਆਪ ਨੂੰ ਭਗਤੀ ਕਰਨ ਵਾਲੇ ਕਹਿੰਦੇ ਹਨ ਉਹ ਇਹ ਹੀ ਕਹਿੰਦੇ ਹਨ ਕਿ ਧਿਆਨ ਲਗਾ ਕੇ ਜਪਣਾ ਬੜਾ ਜਰੂਰੀ ਹੈ ਤੇ ਤਾਂ ਹੀ ਮਨ ਸ਼ੁੱਧ ਹੁੰਦਾ ਹੈ। ਉਪਰਲੀ ਪੰਗਤੀ ਨੂੰ ਪੜ੍ਹਨ ਤੋਂ ਬਾਅਦ ਕੀ ਉਹ ਆਪਣੀ ਇਸ ਗੱਲ ਤੇ ਪੂਰਾ ਉਤਰਦੇ ਹਨ। ਸ਼ਬਦ ਦੇ ਅਰਥ ਤਾਂ ਬਹੁਤ ਸਪੱਸ਼ਟ ਹਨ ਪਰ ਮੰਨਣ ਲਈ ਅਸੀਂ ਤਿਆਰ

8/766-6

ਨਹੀਂ ਹੁੰਦੇ ਭਾਵ ਗੁਰੂ ਦੀ ਮਤਿ ਨੂੰ ਛੱਡ ਕੇ ਆਪਣੀ ਮਤਿ ਵਰਤਦੇ ਹਾਂ ਜੋ ਸਾਡੀ ਭੁੱਲ ਦਾ ਕਾਰਨ ਹੈ। ਅਸਲ ਵਿੱਚ ਅਸੀਂ ਉਸਦੇ ਭੁਲਾਏ ਹੋਏ ਹੀ ਭੁੱਲੇ ਹੋਏ ਹਾਂ। ਉਸ ਦੇ ਸੋਝੀ ਪਾਏ ਬਿਨ੍ਹਾਂ ਹਰ ਕੋਈ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਭੁੱਲਿਆ ਹੀ ਰਹਿੰਦਾ ਹੈ। ਸ਼ਬਦ ਰਾਹੀਂ ਸਾਨੂੰ ਬਹੁਤ ਸਪੱਸ਼ਟ ਸਮਝ ਆ ਰਿਹਾ ਹੈ ਕਿ ਸਮਾਧੀਆਂ ਲਗਾ ਕੇ ਬੈਠ ਜਾਣਾ ਨਿਰਾ ਇੱਕ ਵਿਖਾਵਾ ਹੈ ਤੇ ਸਾਨੂੰ ਇਹ ਕੁੱਝ ਕਰਨ ਤੋਂ ਮਨ੍ਹਾ ਕੀਤਾ ਹੈ। **(ਕਾਹੇ ਕਉ ਕੀਜੈ ਧਿਆਨ ਜਪੰਨਾ॥ ਜਬ ਤੇ ਸੁਧੁ ਨਾਹੀ ਮਨੁ ਅਪਨਾ॥੧॥ ਰਹਾਉ॥)** ਸਾਰੀ ਗੱਲ ਆਪਣੇ ਆਪ ਨੂੰ ਸ਼ੁੱਧ ਕਰਨ ਦੀ ਹੈ, ਮਨ ਦੀ ਸ਼ੁੱਧੀ ਹੈ ਜੋ ਕਿ ਕੇਵਲ ਮਨ ਨੂੰ ਮਾਰਨ ਦੁਆਰਾ ਹੀ ਹੋ ਸਕਦੀ ਹੈ, ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੋ ਸਕਦੀ ਹੈ। ਕਿਸੇ ਸਰੀਰਕ ਜਪ ਤਪ ਦੁਆਰਾ ਮਨ ਦੀ ਸ਼ੁੱਧੀ ਨਹੀਂ ਹੋ ਸਕਦੀ ਜਿਵੇਂ ਕਿ ਪਿੱਛੇ ਵੀ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਸਾਡਾ ਹਿਰਦਾ ਸ਼ੁੱਧ ਨਹੀਂ ਹੁੰਦਾ ਤਦ ਤੱਕ ਅਸੀਂ ਕੇਵਲ ਕਰਮ ਕਾਡਾਂ ਵਿੱਚ ਹੀ ਹਾਂ। **{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}** ਅੰਗ- ੧੩੪੩

ਹਿਰਦਾ ਸ਼ੁੱਧ ਕੀਤੇ ਬਿਨ੍ਹਾਂ ਭਾਵ ਸੱਚ ਨੂੰ ਅਪਣਾਏ ਬਿਨ੍ਹਾਂ ਸਾਡੇ ਸਰੀਰਕ ਜਪ ਤਪ ਦੀ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕੀ ਕੀਮਤ ਪੈਂਦੀ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਜਿਸ ਨੂੰ ਇਹ ਸੋਝੀ ਪੈ ਜਾਵੇਗੀ ਉਹ ਫਿਰ ਉਹੋ ਜਿਹੇ ਜਪ ਤਪ ਕਰੇਗਾ ਜੋ ਸਾਡੇ ਲਈ ਅਸਲ ਜਪ ਤਪ ਹੈ ਭਾਵ ਸੱਚ ਦਾ ਮਾਰਗ ਹੈ, ਸੱਚ ਦੁਆਰਾ ਵਿਚਰਨ ਦਾ ਮਾਰਗ ਹੈ।

"ਸਿੰਘਚ ਭੋਜਨੁ ਜੋ ਨਰੁ ਜਾਨੈ॥ ਐਸੇ ਹੀ ਠਗਦੇਉ ਬਖਾਨੈ ॥੨॥"

"ਸਿੰਘਚ" ਤੋਂ ਭਾਵ ਹੈ ਸ਼ੇਰ ਦਾ। ਪੂਰੀ ਪੰਗਤੀ ਤੋਂ ਭਾਵ ਹੈ ਕਿ ਜੋ ਮਨੁੱਖ ਇਹ ਜਾਣਦਾ ਹੈ ਕਿ ਸ਼ੇਰ ਦਾ ਭੋਜਨ ਕੀ ਹੈ। ਸ਼ੇਰ ਦਾ ਭੋਜਨ ਹਰ ਕੋਈ ਜਾਣਦਾ ਹੈ। ਸ਼ੇਰ ਜੀਵਾਂ ਦਾ ਸ਼ਿਕਾਰ ਹੀ ਕਰਦਾ ਹੈ ਜੋ ਕਿ ਉਸਦਾ ਭੋਜਨ ਬਣਦੇ ਹਨ। ਸਾਨੂੰ ਇੱਥੇ ਬੜੀ ਗਹਿਰੀ ਗੱਲ ਸਮਝਾਈ ਹੋਈ ਹੈ ਕਿ ਮਾੜੇ ਕਰਮ ਕਰਨ ਵਾਲੇ ਮਨੁੱਖ ਨੂੰ ਪ੍ਰਮਾਤਮਾ ਕਿਹੋ ਜਿਹੀਆਂ ਸਜਾਵਾਂ ਦਿੰਦਾ ਹੈ।

8/766-7

ਸਾਨੂੰ ਉਹਨਾਂ ਸਜਾਵਾਂ ਤੋਂ ਸੁਚੇਤ ਕੀਤਾ ਹੈ ਤਾਂ ਜੋ ਅਸੀਂ ਆਪਣੇ ਜੀਵਨ ਨੂੰ ਸੁਧਾਰ ਲਈਏ ਤੇ ਵਿਅਰਥ ਦੇ ਜਪ ਤਪ ਤੋਂ ਬਚ ਕੇ ਅਸਲੀਅਤ ਤੇ ਆਈਏ ਭਾਵ ਆਪਣਾ ਹਿਰਦਾ ਸ਼ੁੱਧ ਕਰੀਏ। ਸਮਝਾਇਆ ਇਹ ਹੈ ਕਿ ਜਿਵੇਂ ਸ਼ੇਰ ਆਪਣੇ ਸ਼ਿਕਾਰ ਨੂੰ ਬੜੀ ਬੇਰਹਮੀ ਨਾਲ ਮਾਰਦਾ ਹੈ ਇਸੇ ਤਰ੍ਹਾਂ ਹੀ ਜਿਹੜੇ ਠੱਗੀਆਂ ਮਾਰਨ ਵਾਲੇ ਮਨੁੱਖ ਹਨ ਭਾਵ ਜਿੰਨ੍ਹਾਂ ਦਾ ਹਿਰਦਾ ਸ਼ੁੱਧ ਨਹੀਂ ਹੈ ਭਾਵੇਂ ਉਹ ਪ੍ਰਮਾਤਮਾ ਦਾ ਜਪ ਤਪ ਕਰਦੇ ਹਨ ਅੱਗੇ ਜਾ ਕੇ ਇਹੋ ਕੁੱਝ ਭੁਗਤਣਾ ਪੈਂਦਾ ਹੈ, ਇਹੋ ਜਿਹੇ ਕਸ਼ਟ, ਇਹੋ ਜਿਹੀਆਂ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ ਜੋ ਮਾੜੇ ਕਰਮਾਂ ਕਰਕੇ ਭੁਗਤਣੀਆਂ ਪੈਂਦੀਆਂ ਹਨ ਭਾਵ ਸਾਡੇ ਸਰੀਰਕ ਜਪ ਤਪ ਸਾਨੂੰ ਇਨ੍ਹਾਂ ਸਜਾਵਾਂ ਤੋਂ ਨਹੀਂ ਬਚਾ ਸਕਦੇ ਤੇ ਅਸੀਂ ਵਿਅਰਥ ਹੀ ਸਰੀਰਕ ਜਪਾਂ ਤਪਾਂ ਦੁਆਰਾ ਆਪਣੇ ਆਪ ਨੂੰ ਖੁਆਰ ਕਰਦੇ ਹਾਂ।

{ਸਿੰਘਚ ਭੋਜਨੁ ਜੋ ਨਰੁ ਜਾਨੈ॥ ਐਸੇ ਹੀ ਠਗ ਦੇਉ ਬਖਾਨੈ॥} ਠੱਗ ਅਤੇ ਦੇਉ ਨੂੰ ਵੱਖਰਾ-ਵੱਖਰਾ ਕਰਕੇ ਪੜ੍ਹਨਾ ਹੈ ਤੇ ਤਾਂ ਹੀ ਸਹੀ ਸੋਝੀ ਪਵੇਗੀ। ਠੱਗ ਸਾਨੂੰ ਕਿਹਾ ਹੈ ਜਿੰਨ੍ਹਾਂ ਦਾ ਹਿਰਦਾ ਸ਼ੁੱਧ ਨਹੀਂ ਹੈ, ਜੋ ਮਾੜੇ ਕਰਮ ਕਰਦੇ ਹਨ, ਜਿੰਨ੍ਹਾਂ ਦੇ ਅੰਦਰ ਬਿਖ ਹੈ। **"ਦੇਉ"** ਪ੍ਰਮਾਤਮਾ ਹੈ ਜਿਸ ਨੂੰ ਅਸੀਂ ਆਪਣੀਆਂ ਕਿਰਿਆਵਾਂ ਦੁਆਰਾ ਜਪਦੇ ਹਾਂ। ਜਦ ਤੱਕ ਸਾਡਾ ਹਿਰਦਾ ਸ਼ੁੱਧ ਨਹੀਂ ਹੈ ਸਾਡੇ ਇਹ ਸਰੀਰਕ ਜਪ ਤਪ ਕਿਸੇ ਲੇਖੇ ਨਹੀਂ ਹਨ। ਲੇਖਾ ਕਰਮਾਂ ਦਾ ਹੀ ਦੇਣਾ ਪੈਂਦਾ ਹੈ। ਬਚਣਾ ਚੰਗੇ ਕਰਮਾਂ ਵਾਲਿਆਂ ਨੇ ਹੀ ਹੈ, ਸੱਚੇ ਸੁੱਚੇ ਕਰਮਾਂ ਵਾਲਿਆਂ ਨੇ ਹੀ ਹੈ। ਮਾੜੇ ਕਰਮ ਕਰਨ ਵਾਲਿਆਂ ਨਾਲ ਉਹੀ ਕੁੱਝ ਹੋਣਾ

ਹੈ ਜੋ ਕਿ ਉੱਪਰ ਸਮਝਾਇਆ ਗਿਆ ਹੈ। ਸਾਨੂੰ ਸੁਚੇਤ ਇਸ ਗੱਲ ਤੋਂ ਕੀਤਾ ਹੈ ਕਿ ਆਪਣੇ ਦਿਖਾਵੇ ਵਾਲੇ ਜਪ ਤਪ ਨੂੰ ਅਸੀਂ ਕੋਈ ਚੰਗੇ ਕਰਮ ਸਮਝ ਕੇ ਭੁਲੇਖੇ ਵਿੱਚ ਨਾ ਬੈਠੇ ਰਹੀਏ। ਚੰਗੇ ਕਰਮ ਉਹੀ ਹਨ ਜਿੱਥੇ ਹਿਰਦਾ ਸ਼ੁੱਧ ਹੈ ਭਾਵ ਜਿਸਨੇ ਸਾਰੇ ਔਗੁਣ ਛੱਡੇ ਹੋਏ ਹਨ ਤੇ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਿਆ ਹੋਇਆ ਹੈ ਤੇ ਉਸ ਤੇ ਅਮਲ ਕਰਦਾ ਹੈ। ਆਉ ਹੁਣ ਆਖਰੀ ਪੰਗਤੀਆਂ ਨੂੰ ਵਿਚਾਰੀਏ ਤੇ ਸਮਝੀਏ ਕਿ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਕਿਸ ਕਰਕੇ ਹੈ ਜਿਸ ਲਈ ਮਨੁੱਖ ਨੂੰ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ। ਝਗੜਾ ਨਿਬੇੜਨ ਦਾ ਤਰੀਕਾ ਵੀ ਨਾਲ ਹੀ ਸਮਝਾਇਆ ਹੋਇਆ ਹੈ ਭਾਵ ਅਸਲੀ ਜਪ ਤਪ ਵੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਮੁੱਕ ਸਕਦਾ ਹੈ।

“ਨਾਮੇ ਕੇ ਸੁਆਮੀ ਲਾਹਿ ਲੇ ਝਗੜਾ॥ ਰਾਮ ਰਸਾਇਨ ਪੀਉ ਰੇ ਦਗਰਾ॥੩॥੪॥”

8/766-8

ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਇਸੇ ਗੱਲ ਦਾ ਹੈ ਕਿ ਸਾਡਾ ਹਿਰਦਾ ਸ਼ੁੱਧ ਨਹੀਂ ਹੁੰਦਾ ਜਿਸ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ। ਝਗੜਾ ਮਾੜੇ ਕਰਮ ਕਰਨ ਦੁਆਰਾ ਹੀ ਹੁੰਦਾ ਹੈ ਜੋ ਮਾੜੇ ਕਰਮ ਛੱਡੇ ਬਿਨ੍ਹਾਂ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਨਹੀਂ ਨਿਬੜ ਸਕਦਾ। ਸਾਡਾ ਹਰ ਉਹ ਕਰਮ ਮਾੜਾ ਕਰਮ ਹੈ ਜੋ ਕਰਮ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦਾ। ਪ੍ਰਮਾਤਮਾ ਇਹ ਝਗੜਾ ਨਿਬੇੜਨ ਲਈ ਸਦਾ ਹੀ ਤਿਆਰ ਹੈ ਪਰ ਅਸੀਂ ਤਿਆਰ ਨਹੀਂ ਹੁੰਦੇ। ਜਿਹੜੇ ਤਰੀਕੇ ਨਾਲ ਅਸੀਂ ਝਗੜਾ ਨਿਬੇੜਨਾ ਚਾਹੁੰਦੇ ਹਾਂ ਭਾਵ ਸਰੀਰਕ ਜਪ ਤਪ ਦੁਆਰਾ ਪ੍ਰਮਾਤਮਾ ਨੂੰ ਰਿਝਾਉਣਾ ਚਾਹੁੰਦੇ ਹਾਂ, ਉਸਨੂੰ ਉਹ ਮਨਜ਼ੂਰ ਨਹੀਂ ਹੈ। ਉਸ ਦੀਆਂ ਨਜ਼ਰਾਂ ਵਿੱਚ ਸਾਡੇ ਇਹੋ ਜਿਹੇ ਜਪ ਤਪ ਕੇਵਲ ਇੱਕ ਚਤੁਰਾਈ ਹੈ। ਚਤੁਰਾਈ ਨਾਲ ਉਸਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਤਰੀਕਾ ਨਾਲ ਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਝਗੜਾ ਨਿਬੇੜਿਆ ਜਾ ਸਕਦਾ ਹੈ। ਤਰੀਕਾ ਉਹੀ ਹੈ ਜੋ ਬਾਣੀ ਵਿੱਚ ਵਾਰ- ਵਾਰ ਸਮਝਾਇਆ ਜਾ ਰਿਹਾ ਹੈ ਅਤੇ ਹੇਠਲੀ ਪੰਗਤੀ ਦੁਆਰਾ ਸਪੱਸ਼ਟ ਹੈ।

"ਰਾਮ ਰਸਾਇਣ ਪੀਉ ਰੇ ਦਗਰਾ॥"

ਰਾਮ ਰਾਮ ਬੋਲੀ ਜਾਣ ਨਾਲ ਗੱਲ ਨਹੀਂ ਬਣਦੀ। ਰਾਮ ਨੇ ਜੋ ਸਾਡੇ ਲਈ ਰਸਾਇਣ ਦਿੱਤੀ ਹੈ, ਜੋ ਔਸ਼ਧੀ ਦਿੱਤੀ ਹੈ ਜੋ ਦਵਾਈ ਦਿੱਤੀ ਹੈ, ਉਸਨੂੰ ਪੀਣਾ ਪੈਣਾ ਹੈ। ਪੂਰੀ ਬਾਣੀ ਰਾਮ ਰਸਾਇਣ ਹੈ, ਨਾਮ ਰਸਾਇਣ ਹੈ, ਗੁਰੂ ਦੀ ਮਤਿ ਹੈ ਜੋ ਸਾਨੂੰ ਹਿਰਦਾ ਸ਼ੁੱਧ ਕਰਨ ਲਈ ਕਹਿੰਦੀ ਹੈ। ਹਿਰਦਾ ਤਾਂ ਹੀ ਸ਼ੁੱਧ ਹੋ ਸਕਦਾ ਹੈ ਜੇਕਰ ਸਾਡੇ ਔਗੁਣ ਨਿਕਲਣਗੇ।ਔਗੁਣ ਤਾਂ ਹੀ ਨਿਕਲਣਗੇ ਜੇਕਰ ਗੁਣਾਂ ਨੂੰ ਅਪਣਾਵਾਂਗੇ, ਸੱਚ ਨੂੰ ਅਪਣਾਵਾਂਗੇ। ਇਹ ਅਉਖਦ ਸੱਚ ਦੀ ਹੈ, ਗੁਣਾਂ ਦੀ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੀ ਹੈ। ਇਹ ਅਉਖਦ ਪੀਣੀ ਬਹੁਤ ਔਖੀ ਹੈ, ਬਹੁਤ ਕੌੜੀ ਦਵਾਈ ਹੈ। ਇਸ ਦੇ ਪੀਤੇ ਬਿਨ੍ਹਾਂ ਸਾਡਾ ਦਗਰਾਪਨ ਨਹੀਂ ਜਾ ਸਕਦਾ। ‘‘ਦਗਰਾਪਨ’’ ਸਾਡਾ ਦੋਗਲਾਪਨ ਹੈ। ਅਸੀਂ ਬਾਹਰੋਂ ਕੁੱਝ ਹੋਰ ਹਾਂ ਅਤੇ ਅੰਦਰੋਂ ਕੁੱਝ ਹੋਰ ਹਾਂ। ਬਾਹਰੋਂ-ਬਾਹਰੋਂ ਅਸੀਂ ਭਗਤ ਬਣਦੇ ਹਾਂ ਪਰ ਅੰਦਰ ਦੀ ਬਿਖ ਨਹੀਂ ਛੱਡਦੇ ਜਿਵੇਂ ਕਿ ਉੱਪਰ ਸ਼ਬਦ ਵਿੱਚ ਸਾਡੀ ਤੁਲਨਾ ਸੱਪ ਅਤੇ ਬਗਲੇ ਨਾਲ ਕਰਕੇ ਸਮਝਾਇਆ ਹੈ। ਬਿਨ੍ਹਾਂ ਹਿਰਦਾ ਸ਼ੁੱਧ ਕੀਤੇ ਉਸ ਪ੍ਰਮਾਤਮਾ ਦੀ ਕੋਈ ਭਗਤੀ ਨਹੀਂ ਹੈ ਤੇ ਨਾ ਹੀ ਉਸ ਦੇ ਨਾਲ ਕਿਸੇ ਦਾ ਝਗੜਾ ਨਿਬੜ ਸਕਦਾ ਹੈ। (**ਨਾਮੇ ਕੇ ਸੁਆਮੀ ਲਾਹਿ ਲੇ ਝਗੜਾ॥ ਰਾਮ ਰਸਾਇਨ ਪੀਉ ਰੇ ਦਗਰਾ॥੩॥੪॥**)

{ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥}

(ਅੰਗ - ੧੨੫੭)

8/766-9

ਬਾਣੀ ਦੇ ਵਿੱਚ ਇਹੋ ਜਿਹਾ ਭਗਤੀ ਕਰਨ ਦਾ ਕੋਈ ਤਰੀਕਾ ਨਹੀਂ ਛੱਡਿਆ ਜਿਸ ਦਾ ਖੰਡਨ ਨਾ ਕੀਤਾ ਹੋਵੇ ਕਿਉਂਕਿ ਸੱਚੀ ਭਗਤੀ ਵਿੱਚ ਦਿਖਾਵਾ ਹੈ ਹੀ ਨਹੀਂ। ਭਗਤੀ ਕੇਵਲ ਆਪਣੇ ਆਪ ਨੂੰ ਸੱਚਾ ਬਣਾਉਣਾ ਹੈ, ਔਗੁਣਾਂ ਤੋਂ ਰਹਿਤ ਹੋ ਕੇ ਸੱਚਾ ਸੁੱਚਾ ਜੀਵਨ ਬਤੀਤ ਕਰਨਾ ਹੈ ਜਿਸ ਲਈ ਕਿਸੇ ਦਿਖਾਵੇ ਦੀ, ਜਪ ਤਪ ਦੀ ਲੋੜ ਨਹੀਂ ਹੈ। ਆਪਣੇ ਆਪ ਨੂੰ ਸੱਚਾ ਕਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ। ਭਗਤੀ ਦਾ ਤਰੀਕਾ ਸਾਰੀ ਦੁਨੀਆਂ ਲਈ ਇੱਕੋ ਹੀ ਹੈ ਜੋ ਕਿ ਕੇਵਲ ਸੱਚ ਦਾ ਮਾਰਗ ਹੈ। ਸਰੀਰਕ ਜਪ ਤਪ ਭਾਵੇਂ ਜੋ ਕੋਈ ਵੀ ਕਰਦਾ ਹੈ ਭਾਵੇਂ ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਉਣ ਵਾਲਾ ਕਰਦਾ ਹੈ, ਉਹ ਹਰ ਕੋਈ ਗੁਰਮਤਿ ਦੇ ਉਲਟ ਹੈ। ਬਾਣੀ ਸਾਰੀ ਦੁਨੀਆਂ ਲਈ ਸਾਂਝੀ ਹੈ ਅਤੇ ਇਸ ਦਾ ਉਪਦੇਸ਼ ਵੀ ਸਾਰਿਆਂ ਲਈ ਸਾਂਝਾ ਹੀ ਹੈ। ਅਸੀਂ ਜਪ ਤਪ ਤਾਂ ਆਪਣੀ-ਆਪਣੀ ਧਰਮ ਵਿੱਚ ਆਸਥਾ ਰੱਖਣ ਅਨੁਸਾਰ ਕਰਦੇ ਹਾਂ ਤੇ ਉਹ ਤਰੀਕੇ ਵੱਖਰੇ-

ਵੱਖਰੇ ਹੋ ਸਕਦੇ ਹਨ ਪਰ ਕੀ ਕਦੇ ਸੱਚ ਵੀ ਵੱਖਰਾ-ਵੱਖਰਾ ਹੋ ਸਕਦਾ ਹੈ। ਸੱਚ ਸਭ ਲਈ ਇੱਕੋ ਜਿਹਾ ਹੈ, ਸਾਰੀ ਦੁਨੀਆਂ ਲਈ ਇੱਕੋ ਜਿਹਾ ਹੈ। ਗੁਰੂ ਦੇ ਸਿੱਖ ਅਖਵਾਉਣ ਵਾਲਿਆਂ ਲਈ ਵੀ ਸੱਚ ਉਹੀ ਕੁੱਝ ਹੈ ਜੋ ਹਰ ਕਿਸੇ ਲਈ ਹੈ। ਇੱਕੋ ਇੱਕ ਸੱਚ ਹੀ ਹੈ ਜੋ ਸਭ ਨੂੰ ਜੋੜ ਕੇ ਰੱਖ ਸਕਦਾ ਹੈ। ਪ੍ਰਮਾਤਮਾ ਆਪ ਸੱਚ ਹੈ ਤੇ ਉਸਦੀ ਭਗਤੀ ਵੀ ਕੇਵਲ ਸੱਚ ਦੁਆਰਾ ਹੀ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਸਾਡੇ ਔਗੁਣਾਂ ਕਰਕੇ ਹੈ ਭਾਵ ਮਨ ਦੀ ਮਾੜੀ ਸਮਝ ਕਰਕੇ ਹੈ, ਮਨਮਤਿ ਕਰਕੇ ਹੈ, ਹਉਮੈ ਕਰਕੇ ਹੈ, ਮਾਇਆ ਮੋਹ ਕਰਕੇ ਹੈ, ਮਨ ਦੀਆਂ ਤ੍ਰਿਸ਼ਨਾਵਾਂ ਕਰਕੇ ਹੈ ਜਿਸ ਕਰਕੇ ਅਸੀਂ ਔਗੁਣ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ। ਔਗੁਣ ਸਾਰਿਆਂ ਦੇ ਇੱਕੋ ਜਿਹੇ ਹਨ, ਪੰਜ ਦੂਤ ਸਾਰਿਆਂ ਦਾ ਇੱਕੋ ਜਿਹਾ ਨੁਕਸਾਨ ਕਰਦੇ ਹਨ। ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਭਗਤੀ ਦਾ ਤਰੀਕਾ ਸਾਰੀ ਦੁਨੀਆਂ ਲਈ ਇੱਕੋ ਹੀ ਹੈ, ਤਦ ਤੱਕ ਅਸੀਂ ਇਸੇ ਭੁਲੇਖੇ ਵਿੱਚ ਰਹਿੰਦੇ ਹਾਂ ਕਿ ਜੋ ਕੁੱਝ ਸਾਨੂੰ ਭਗਤੀ ਦੇ ਤਰੀਕਿਆਂ ਦਾ ਖੰਡਨ ਕਰਕੇ ਸਮਝਾਇਆ ਹੈ ਉਹ ਸ਼ਾਇਦ ਕਿਸੇ ਖਾਸ ਵਰਗ ਲਈ ਹੈ, ਸਿਮ੍ਰਿਤ ਸਾਸਤ੍ਰਾਂ ਦੇ ਪੜ੍ਹਨ ਵਾਲਿਆਂ ਲਈ ਹੈ ਕਿਉਂਕਿ ਆਮ ਤੌਰ ਤੇ ਇਹਨਾਂ

8/766-10

ਧਰਮ ਗ੍ਰੰਥਾਂ ਦੇ ਪੜ੍ਹਨ ਵਾਲੇ, ਮੰਨਣ ਵਾਲੇ ਹੀ ਬਹੁਤੇ ਜਪ ਤਪ ਵਿੱਚ ਪੈਂਦੇ ਹਨ। ਸਮਝਾਇਆ ਕੇਵਲ ਉਹਨਾਂ ਨੂੰ ਹੀ ਨਹੀਂ ਹੈ, ਅਸੀਂ ਵੀ ਵਿੱਚੇ ਹੀ ਹਾਂ। ਸਾਡੇ ਲਈ ਕੋਈ ਤਰੀਕਾ ਵੱਖਰਾ ਨਹੀਂ ਹੈ। ਔਗੁਣ ਛੱਡਣ ਲਈ ਕੇਵਲ ਉਹਨਾਂ ਨੂੰ ਨਹੀਂ ਸਮਝਾਇਆ, ਜਪ ਤਪ ਛੱਡਣ ਲਈ ਕੇਵਲ ਉਹਨਾਂ ਨੂੰ ਨਹੀਂ ਸਮਝਾਇਆ, ਇਹ ਉਪਦੇਸ਼ ਸਭ ਲਈ ਸਾਂਝਾ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਹਰ ਕੋਈ ਭਗਤੀ ਦੇ ਮੂਲ ਭਾਵ ਤੋਂ ਕਿਵੇਂ ਭਟਕਿਆ ਹੋਇਆ ਹੈ ਜਿਸ ਵਿੱਚ ਸਿੱਖ ਜਗਤ ਵੀ ਪੂਰੀ ਤਰ੍ਹਾਂ ਸ਼ਾਮਿਲ ਹੈ।

ਪ੍ਰਭਾਤੀ ਮਹਲਾ ੫॥

“ਮਨ ਮਹਿ ਕ੍ਰੋਧੁ ਮਹਾ ਅਹੰਕਾਰਾ॥ ਪੂਜਾ ਕਰਹਿ ਬਹੁਤੁ ਬਿਸਥਾਰਾ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ॥ ਅੰਤਰ ਕੀ ਮਲੁ ਕਬ ਹੀ ਨ ਜਾਏ॥੧॥
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ॥੧॥ ਰਹਾਉ॥
ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥
ਬਹੁਰਿ ਕਮਾਵਹਿ ਹੋਇ ਨਿਸੰਕ॥ ਜਮ ਪੁਰਿ ਬਾਂਧਿ ਖਰੇ ਕਾਲੰਕ॥੨॥
ਘੂਘਰ ਬਾਧਿ ਬਜਾਵਹਿ ਤਾਲਾ॥ ਅੰਤਰਿ ਕਪਟੁ ਫਿਰਹਿ ਬੇਤਾਲਾ॥
ਵਰਮੀ ਮਾਰੀ ਸਾਪੁ ਨ ਮੂਆ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ॥੩॥
ਪੁੰਅਰ ਤਾਪ ਗੇਰੀ ਕੇ ਬਸਤ੍ਰਾ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥
ਦੇਸੁ ਛੋਡਿ ਪਰਦੇਸਹਿ ਧਾਇਆ॥ ਪੰਚ ਚੰਡਾਲ ਨਾਲੇ ਲੈ ਆਇਆ॥੪॥
ਕਾਨ ਫਰਾਇ ਹਿਰਾਏ ਟੂਕਾ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ॥ ਵੇਸਿ ਨ ਪਾਈਐ ਮਹਾ ਦੁਖਿਆਰੀ॥੫॥
ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥ ਹੁਕਮੁ ਨ ਬੂਝੈ ਵਿਆਪਿਆ ਮਮਤਾ॥੬॥
ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ॥ ਪੂਛਹੁ ਸਗਲ ਬੇਦ ਸਿੰਮ੍ਰਿਤੇ॥
ਮਨਮੁਖ ਕਰਮ ਕਰੈ ਅਜਾਏ॥ ਜਿਉ ਬਾਲੂ ਘਰ ਠਉਰ ਨ ਠਾਈ॥੭॥
ਜਿਸ ਨੋ ਭਏ ਗੋਬਿੰਦ ਦਇਆਲਾ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ॥
ਕੋਟਿ ਮਧੇ ਕੋਈ ਸੰਤੁ ਦਿਖਾਇਆ॥ ਨਾਨਕੁ ਤਿਨ ਕੈ ਸੰਗਿ ਤਰਾਇਆ॥੮॥
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ॥ ਆਪਿ ਤਰੈ ਸਭੁ ਕੁਟੰਬੁ ਤਰਾਈਐ॥੧॥ ਰਹਾਉ ਦੂਜਾ॥੨॥”

(ਅੰਗ ੧੩੪੯)

ਸ਼ਬਦ ਦੇ ਹਰ ਪਦੇ ਵਿੱਚ ਸਾਡੀ ਭਗਤੀ ਦੇ ਹਰ ਤਰੀਕੇ ਨੂੰ ਖੰਡਿਆ ਹੈ ਪਰ ਨਾਲ ਦੀ ਨਾਲ ਅਸਲ ਭਗਤੀ ਦੀ ਸੋਝੀ ਵੀ ਪਾਈ ਹੋਈ ਹੈ ਜੋ ਕਿ ਸਾਰੀ ਦੁਨੀਆਂ ਲਈ ਇੱਕੋ ਜਿਹੀ ਹੈ। ਪ੍ਰਮਾਤਮਾ ਦੀ ਭਗਤੀ ਉਸ ਮਾਰਗ ਤੇ ਚੱਲ ਕੇ ਹੀ ਹੋਣੀ ਹੈ। ਨਾ ਕੋਈ

ਹੋਰ ਤਰੀਕਾ ਹੈ ਤੇ ਨਾ ਹੀ ਹੋ ਸਕਦਾ ਹੈ।

“ਮਨ ਮਹਿ ਕ੍ਰੋਧੁ ਮਹਾ ਅਹੰਕਾਰਾ॥ ਪੂਜਾ ਕਰਹਿ ਬਹੁਤੁ ਬਿਸਥਾਰਾ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ॥ ਅੰਤਰ ਕੀ ਮਲੁ ਕਬ ਹੀ ਨ ਜਾਏ॥੧॥”

ਅਸੀਂ ਪ੍ਰਮਾਤਮਾ ਦੀ ਆਪਣੇ ਵੱਲੋਂ ਭਾਵੇਂ ਕਿਹੜੇ ਤਰੀਕੇ ਦੁਆਰਾ ਪੂਜਾ ਕਰ ਲਈਏ ਕਿਉਂਕਿ ਉਸਦੀ ਪੂਜਾ ਕਰਨ ਦੇ ਤਰੀਕੇ ਪੂਰੀ ਦੁਨੀਆਂ ਵਿੱਚ ਲੋਕਾਂ ਨੇ ਅਨੇਕਾਂ ਹੀ ਅਨੇਕਾਂ ਬਣਾਏ ਹੋਏ ਹਨ। ਹਰ ਤਰੀਕੇ ਦਾ ਇੱਥੇ ਖੰਡਨ ਕੀਤਾ ਹੈ ਅਤੇ ਹਰ ਕਿਸੇ ਲਈ ਖੰਡਨ ਕੀਤਾ ਹੈ ਭਾਵੇਂ ਉਹ ਗੁਰੂ ਦਾ ਸਿੱਖ ਅਖਵਾਉਣ ਵਾਲਾ ਹੋਵੇ। ਦਿਖਾਵੇ ਵਾਲੀ ਪੂਜਾ ਦਾ ਖੰਡਨ ਕਰਨ ਦੀ ਵਜ੍ਹਾ ਸਭ ਲਈ ਇੱਕ ਸਮਾਨ ਹੈ। ਸਾਡੇ ਲਈ ਉਸ ਵਜ੍ਹਾ ਨੂੰ ਸਮਝਣਾ ਜਰੂਰੀ ਹੈ ਕਿਉਂਕਿ ਪ੍ਰਮਾਤਮਾ ਨੂੰ ਪੂਜਣ ਦਾ ਤਰੀਕਾ ਸਭ ਲਈ ਇੱਕੋ ਹੀ ਹੈ। ਕ੍ਰੋਧ ਅਹੰਕਾਰ ਸਭ ਲਈ ਇੱਕੋ

8/766-11

ਜਿਹਾ ਹੈ। ਪੂਜਾ ਭਾਵੇਂ ਕੋਈ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜ ਕੇ ਕਰੇ, ਜਿਹੜੇ ਮਰਜ਼ੀ ਤਰੀਕਿਆਂ ਨਾਲ ਕਰੇ ਪਰ ਔਗੁਣ ਸਭ ਲਈ ਬਰਾਬਰ ਹੀ ਹਨ। ਔਗੁਣ ਸਭ ਲਈ ਮਾੜੇ ਹਨ ਤੇ ਗੁਣ ਸਭ ਲਈ ਚੰਗੇ ਹਨ, ਗੁਰੂ ਦੇ ਸਿੱਖ ਲਈ ਵੀ ਚੰਗੇ ਹਨ। ਨਾ ਹੀ ਕਿਸੇ ਇਸ਼ਨਾਨ ਨਾਲ ਭਾਵ ਸਰੀਰਕ ਮਲ ਧੋਣ ਨਾਲ ਤੇ ਸਰੀਰ ਉੱਤੇ ਕਿਸੇ ਚੱਕਰ ਬਣਾਉਣ ਨਾਲ, ਲਗਾਉਣ ਨਾਲ ਪ੍ਰਮਾਤਮਾ ਦੀ ਕੋਈ ਪੂਜਾ ਹੁੰਦੀ ਹੈ ਭਾਵ ਇਹਨਾਂ ਗੱਲਾਂ ਨਾਲ ਪ੍ਰਮਾਤਮਾ ਨੂੰ ਨਹੀਂ ਰਿਝਾਇਆ ਜਾ ਸਕਦਾ। ਇਹ ਸਾਰਿਆਂ ਤੇ ਲਾਗੂ ਹੁੰਦੀ ਹੈ ਭਾਵੇਂ ਕੋਈ ਕਿਸੇ ਵੀ ਧਰਮ ਵਿੱਚ ਆਸਥਾ ਰੱਖਦਾ ਹੈ। ਗੱਲ ਤਾਂ ਸਾਰੀ ਹਿਰਦੇ ਦੀ ਮਲ ਧੋਣ ਦੀ ਹੈ ਜੋ ਕਿ ਹਰ ਕਿਸੇ ਲਈ ਇੱਕੋ ਜਿਹੀ ਹੈ ਕਿਉਂਕਿ ਪ੍ਰਮਾਤਮਾ ਦੀ ਪੂਜਾ ਹੈ ਹੀ ਹਿਰਦੇ ਨੂੰ ਸ਼ੁੱਧ ਕਰਨਾ। ਗੁਰੂ ਦੀ ਸਿੱਖਿਆ ਸਭ ਲਈ ਇੱਕੋ ਜਿਹੀ ਹੈ। ਗੁਰੂ ਦਾ ਸਿੱਖ ਉਹੀ ਹੈ ਜੋ ਵਿਕਾਰਾਂ ਨੂੰ ਛੱਡਦਾ ਹੈ। **(ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥)** (ਅੰਗ - ੨੮੬)

ਹਰ ਕੋਈ ਗੁਰੂ ਦਾ ਸਿੱਖ ਬਣ ਸਕਦਾ ਹੈ। ਗੁਰੂ ਸਾਰੀ ਦੁਨੀਆਂ ਦਾ ਇੱਕੋ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ। ਇਸੇ ਲਈ ਸਾਰੀ ਦੁਨੀਆਂ ਲਈ ਫੁਰਮਾਨ ਵੀ ਸਾਂਝਾ ਹੈ। ਕਿਸੇ ਲਈ ਕੋਈ ਭੇਦ ਭਾਵ ਨਹੀਂ ਹੈ। ਜੇਕਰ ਅਸੀਂ ਇਸ ਗੱਲ ਨੂੰ ਸਮਝ ਲਈਏ ਕਿ ਹਰ ਧਰਮ ਗ੍ਰੰਥਾਂ ਦਾ ਲਿਖਣ ਵਾਲਾ ਉਹ ਆਪ ਹੀ ਹੈ ਤਾਂ ਫਿਰ ਸਾਡੇ ਭੇਦ ਭਾਵ ਵੀ ਮਿਟ ਜਾਣਗੇ। ਦੇਹ ਕਦੇ ਗੁਰੂ ਨਹੀਂ ਹੋ ਸਕਦੀ। ਦੇਹ ਦੇ ਅੰਦਰ ਪ੍ਰਗਟ ਹੋਣ ਵਾਲੀ ਜੋਤਿ ਗੁਰੂ ਹੈ ਜੋ ਕਿ ਆਪ ਪ੍ਰਮਾਤਮਾ ਹੈ। ਇਸੇ ਲਈ ਬਾਣੀ ਵਿੱਚ ਸ਼ਬਦ ਨੂੰ ਗੁਰੂ ਕਹਿ ਕੇ ਸਮਝਾਇਆ ਹੈ, ਪ੍ਰਮਾਤਮਾ ਨੂੰ ਗੁਰੂ ਕਹਿ ਕੇ ਸਮਝਾਇਆ ਹੈ। ਖੁਦ ਧੰਨ ਧੰਨ ਅਕਾਲ ਪੁਰਖ ਰੂਪ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਸ ਗੱਲ ਦਾ ਚਾਨਣਾ ਪਾਇਆ ਹੈ ਕਿ ਗੁਰੂ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਬਿਲਕੁਲ ਸਪੱਸ਼ਟ ਹੈ।

“ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥
ਏਸੁ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥੪੩॥
ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥੪੪॥”

(ਅੰਗ - ੯੪੨)

8/766-12

ਉੱਪਰ ਪਹਿਲਾਂ ਸ਼ਬਦ ਵਿੱਚ ਸਿੱਧ ਗੋਸ਼ਟਿ ਦੌਰਾਨ ਸਿੱਧਾਂ ਦੇ ਸਵਾਲ ਹਨ ਤੇ ਦੂਸਰੇ ਸ਼ਬਦ ਰਾਹੀਂ ਧੰਨ ਧੰਨ ਪਹਿਲੀ ਪਾਤਸ਼ਾਹੀ ਦੀ ਜੋਤਿ ਰਾਹੀਂ ਅਕਾਲ ਪੁਰਖ ਦੇ ਜਵਾਬ ਹਨ। **"ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"** ਇਸ ਬਾਰੇ ਪਿੱਛੇ ਪਹਿਲਾ ਹੀ ਵਿਸਥਾਰ ਵਿੱਚ ਵਿਆਖਿਆ ਹੋ ਚੁੱਕੀ ਹੈ। ਇੱਥੇ ਅਸਲ ਗੱਲ ਸਮਝਣ ਵਾਲੀ ਇਹ ਹੈ ਕਿ ਧੰਨ ਧੰਨ ਪਹਿਲੀ ਪਾਤਸ਼ਾਹੀ ਦਾ ਇਤਨਾ ਉੱਚਾ ਗਿਆਨ ਕਿੱਥੋਂ ਆਉਂਦਾ ਸੀ ਜਿਸ ਨਾਲ ਸਿੱਧਾਂ ਨੂੰ ਹੈਰਾਨੀ ਹੁੰਦੀ ਸੀ। ਗੁਰੂ ਜੀ ਕੋਲ ਦੁਨੀਆਂ ਨਾਲੋਂ ਨਿਰਾਲਾ

ਗਿਆਨ ਸੀ ਤੇ ਇਹੀ ਸਿੱਧਾ ਦਾ ਸਵਾਲ ਸੀ ਕਿ "ਉਹ ਕਥਾ" ਭਾਵ "ਉਹ ਗਿਆਨ" ਤੁਹਾਨੂੰ ਕਿੱਥੋਂ ਆਉਂਦਾ ਹੈ, ਉਹ ਗਿਆਨ ਤੁਸੀਂ ਕਿੱਥੋਂ ਲੈਂਦੇ ਹੋ ਜਿਸ ਨੂੰ ਲੈ ਕੇ ਤੁਸੀਂ ਦੁਨੀਆਂ ਨਾਲੋਂ ਨਿਰਾਲੀ ਗੱਲ ਕਰਦੇ ਹੋ ਭਾਵ ਬੜੀ ਉੱਚੀ ਗੱਲ ਕਰਦੇ ਹੋ। ਤੁਹਾਡਾ ਗੁਰੂ ਕੌਣ ਹੈ ਜਿਸਦੇ ਤੁਸੀਂ ਚੇਲੇ ਹੋ, ਜੋ ਤੁਹਾਨੂੰ ਇਤਨਾ ਉੱਚਾ ਗਿਆਨ ਦਿੰਦਾ ਹੈ।

(ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥ ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥)

ਇਸ ਗੱਲ ਦਾ ਜਵਾਬ ਗੁਰੂ ਜੀ ਨੇ ਇਸ ਤਰ੍ਹਾਂ ਦਿੱਤਾ ਹੋਇਆ ਹੈ।

"ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥"

"ਅਕਥ" ਤੋਂ ਭਾਵ ਹੈ "ਪ੍ਰਮਾਤਮਾ" ਜੋ ਸਾਡੀ ਕਥਨੀ ਤੋਂ ਬਾਹਰ ਹੈ ਭਾਵ ਸਾਡੀ ਸਮਝ ਤੋਂ ਬਾਹਰ ਹੈ। "ਕਥਾ" ਤੋਂ ਭਾਵ ਹੈ ਪ੍ਰਮਾਤਮਾ ਦੀ ਗੱਲ, ਪ੍ਰਮਾਤਮਾ ਦਾ ਗਿਆਨ ਜਿਸ ਨਾਲ ਇਹ ਪਤਾ ਚੱਲਦਾ ਹੈ ਕਿ ਪ੍ਰਮਾਤਮਾ ਕੀ ਹੈ। ਸਾਡੇ ਅੰਦਰ ਕੋਈ ਵੀ ਗਿਆਨ ਹੋਵੇ, ਉਸਦੇ ਉਪਜਣ ਦੀ ਇੱਕੋ ਇੱਕ ਜਗ੍ਹਾ ਮਨੁੱਖ ਦਾ ਮਨ ਹੈ ਜਿੱਥੋਂ ਉਸ ਗਿਆਨ ਨੂੰ ਜਾਣਿਆ ਜਾ

8/766-13

ਸਕਦਾ ਹੈ। ਹੋਰ ਕੋਈ ਜਗ੍ਹਾ ਨਹੀਂ ਹੈ ਅਤੇ ਨਾ ਹੀ ਕੋਈ ਤਰੀਕਾ ਹੈ। ਜਦੋਂ ਵੀ ਪ੍ਰਮਾਤਮਾ ਨੇ ਆਪਣਾ ਭਗਤੀ ਵਾਲਾ ਉੱਚਾ ਗਿਆਨ ਦੇਣਾ ਹੈ ਉਹ ਕੇਵਲ ਮਨੁੱਖੀ ਮਨ ਵਿੱਚੋਂ ਪ੍ਰਗਟ ਹੋ ਕੇ ਹੀ ਦੇਣਾ ਹੈ, ਆਪਣੀ ਜੋਤਿ ਰਾਹੀਂ ਹੀ ਦੇਣਾ ਹੈ। ਇਹੀ ਗੱਲ ਧੰਨ ਧੰਨ ਪਹਿਲੀ ਪਾਤਸ਼ਾਹੀ ਨੇ ਸਿੱਧਾਂ ਨੂੰ ਜਵਾਬ ਦੇ ਕੇ ਸਮਝਾਈ ਹੈ ਕਿ ਮੈਨੂੰ ਗਿਆਨ ਦੇਣ ਵਾਲਾ ਆਪ ਪ੍ਰਮਾਤਮਾ ਹੈ ਤੇ ਅਸਲ ਵਿੱਚ ਉਹ ਹੀ ਗੁਰੂ ਹੈ, ਕੋਈ ਮਨੁੱਖੀ ਦੇਹ ਗੁਰੂ ਨਹੀਂ ਹੈ। "**ਨਾਨਕ ਜੁਗਿ ਜੁਗਿ ਗੁਰ ਗੋਪਾਲਾ॥**" ਇਸ ਕਰਕੇ ਮੇਰੇ ਕੋਲ ਉਹ ਗਿਆਨ ਹੈ ਜੋ ਤੁਹਾਡੇ ਕੋਲ ਨਹੀਂ ਹੈ, ਮੈਂ ਇਸ ਗਿਆਨ ਦੁਆਰਾ ਹੀ ਨਿਰਾਲਾ ਹਾਂ ਭਾਵ ਤੁਹਾਡੇ ਤੋਂ ਨਿਰਾਲੀ ਗੱਲ, ਵੱਖਰੀ ਗੱਲ ਕਰਦਾ ਹਾਂ। ਉਪਰਲੀ ਪੰਗਤੀ ਦੁਆਰਾ ਕਿਤਨਾ ਸਪੱਸ਼ਟ ਹੈ ਕਿ ਗੁਰੂ ਅਸਲ ਵਿੱਚ ਕੌਣ ਹੈ। ਸਭ ਦੇ ਅੰਦਰ "ਸ਼ਬਦ" ਹੀ ਵਰਤ ਰਿਹਾ ਹੈ ਜੋ ਕਿ ਉਸਦੀ ਜੋਤਿ ਹੈ। ਮਨੁੱਖ ਨੂੰ ਜੋ ਵੀ ਸਮਝ ਪੈਂਦੀ ਹੈ ਮਨ ਰੂਪ ਜੋਤਿ ਵਿੱਚੋਂ ਹੀ ਪੈਂਦੀ ਹੈ। ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿੱਚ ਸਾਡੇ ਅੰਦਰ ਆਪਣੀ ਜੋਤਿ ਦੁਆਰਾ ਹੀ ਵਿਚਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਆਪਣੇ ਸ਼ਬਦ ਰੂਪ ਦੁਆਰਾ ਸਾਨੂੰ ਮਨ ਦੇ ਵਿੱਚ ਉਹ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਸੱਚੇ ਗਿਆਨ ਦੁਆਰਾ ਪ੍ਰਮਾਤਮਾ ਆਪ ਹੀ ਗੁਰੂ ਹੈ। **(ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥)** ਅੰਗ-੯੩੭ ਜਿੱਥੇ ਉਹ ਆਪਣੇ ਆਪ ਨੂੰ ਜੋਤਿ ਰਾਹੀਂ ਪ੍ਰਗਟ ਕਰ ਲੈਂਦਾ ਹੈ ਉੱਥੇ ਉਹ ਆਪਣੇ ਆਪ ਨੂੰ ਸ਼ਬਦ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਉਸ ਦੇਹ ਦੇ ਰਾਹੀਂ ਉਹ ਆਪਣਾ ਸਿੱਧਾ ਗਿਆਨ, ਆਪਣੀ ਅਕਥ ਕਥਾ ਆਪ ਹੀ ਸੁਣਾਉਂਦਾ ਹੈ ਜੋ ਕਿ ਮਨ ਦੇ ਵਿੱਚ ਹੀ ਸੁਣਦੀ ਹੈ। ਸਾਰੀ ਗੁਰਬਾਣੀ ਅਕਥ ਕਥਾ ਹੈ ਜੋ ਕਿ ਅਨੇਕਾਂ ਸਰੀਰਾਂ ਦੁਆਰਾ ਆਪਣੀ ਜੋਤਿ ਰਾਹੀਂ ਪ੍ਰਗਟ ਹੋ ਕੇ ਉਸਨੇ ਆਪ ਹੀ ਲਿਖਾਈ ਹੋਈ ਹੈ। ਆਪ ਪ੍ਰਮਾਤਮਾ ਦੇਹ ਸਰੂਪ ਨਹੀਂ ਹੈ। ਦੇਹ ਕੇਵਲ ਉਸਨੂੰ ਭਾਵ ਉਸਦੇ ਨਿਰਗੁਣ ਰੂਪ ਨੂੰ, ਨਿਰੰਕਾਰ ਰੂਪ ਨੂੰ ਭਾਵ ਉਸਦੇ ਗਿਆਨ ਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ ਪਰ ਆਪ ਉਹ ਜੋਤਿ ਸਰੂਪ ਹੈ, ਨਿਰਗੁਣ ਸਰੂਪ ਹੈ, ਸ਼ਬਦ ਸਰੂਪ ਹੈ, ਗਿਆਨ ਸਰੂਪ ਹੈ, ਨਾਮ ਸਰੂਪ ਹੈ। ਜਦ ਤੱਕ ਅਸੀਂ ਇਸ ਭਰਮ ਵਿੱਚੋਂ ਨਹੀਂ ਨਿਕਲਦੇ ਕਿ ਪ੍ਰਮਾਤਮਾ ਸਰਗੁਣ ਸਰੂਪ ਦੇ ਅੰਦਰ ਆਪ ਨਿਰਗੁਣ ਸਰੂਪ ਹੈ ਤਦ ਤੱਕ ਅਸੀਂ ਧਰਮ ਦੀ ਨਾਸਮਝੀ ਕਰਕੇ ਇੱਕ ਦੂਜੇ ਨਾਲ ਵੰਡੀਆ ਹੀ ਪਾਈ ਜਾਵਾਂਗੇ। ਜੇਕਰ ਇਹ ਸਮਝ ਲੱਗ ਜਾਵੇ ਕਿ ਹਰ ਧਰਮ ਗ੍ਰੰਥ ਦਾ ਸਰੋਤ ਇੱਕ ਹੀ ਹੈ, ਹਰ ਧਰਮ ਗ੍ਰੰਥ ਦੇ ਵਿਚੋਂ ਨਾਮ ਹੀ ਸਮਝਾਇਆ ਹੋਇਆ ਹੈ ਤਾਂ ਫਿਰ ਸਾਡੀ ਇੱਕ ਦੂਸਰੇ ਦੇ ਪ੍ਰਤੀ ਦਵੈਸ਼ ਭਾਵਨਾ ਵੀ ਮਿਟ ਜਾਵੇਗੀ। ਧਰਮ ਗ੍ਰੰਥ ਭਾਵੇਂ ਅਨੇਕਾਂ ਹਨ ਪਰ ਸਭ ਦਾ ਸਰੋਤ ਇੱਕੋ ਹੀ ਹੈ ਜੋ ਕਿ ਗਿਆਨ ਸਰੂਪ ਹੈ, ਆਪ ਪ੍ਰਮਾਤਮਾ ਹੈ। ਆਓ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਸਰੀਰ ਰਾਹੀਂ ਪ੍ਰਗਟ ਹੋਈ ਅਕਾਲ ਪੁਰਖ ਦੀ ਜੋਤਿ ਦੁਆਰਾ ਉਚਾਰੇ ਹੋਏ ਇਸ ਸ਼ਬਦ ਰਾਹੀਂ ਸਮਝੀਏ।

ਗਉੜੀ॥

"ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ॥
ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ॥੧॥
ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥
ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥੧॥ ਰਹਾਉ॥

ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥੨॥੧੯॥੭੦॥"

(ਅੰਗ ੩੩੮-੩੩੯)

8/766-14

ਇਸ ਸ਼ਬਦ ਦੇ ਰਾਹੀਂ ਵੀ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕੋਈ ਦੇਹ ਸਰੂਪ ਨਹੀਂ ਹੋ ਸਕਦਾ। ਜੋ ਚੀਜ਼ ਦਿੱਸਣ ਵਾਲੀ ਹੈ ਉਹ ਨਾਸ਼ਵਾਨ ਹੈ। ਇਹ ਸਰੀਰ ਨਾਸ਼ਵਾਨ ਹੈ ਤੇ ਦੇਹ ਪ੍ਰਮਾਤਮਾ ਨਹੀਂ ਹੈ ਅਤੇ ਨਾ ਹੀ ਸਰੀਰ ਦੇ ਦਰਸ਼ਨ ਕਰਨਾ, ਕਿਸੇ ਆਕਾਰ ਰੂਪ ਦੇ ਦਰਸ਼ਨ ਕਰਨਾ ਪ੍ਰਮਾਤਮਾ ਨਾਲ ਮੇਲ ਕਰਨਾ ਹੈ। ਪ੍ਰਮਾਤਮਾ ਦੇ ਨਾਲ ਮੇਲ ਕੇਵਲ ਸ਼ਬਦ ਰੂਪ ਵਿੱਚ ਹੀ ਹੈ ਜੋ ਪ੍ਰਮਾਤਮਾ ਦਾ ਸ਼ਬਦ ਰੂਪ ਭਾਵ ਬ੍ਰਹਮ ਗਿਆਨ ਰੂਪ , ਨਾਮ ਰੂਪ ਸਦਾ ਲਈ ਥਿਰ ਹੈ। ਜੋ ਪ੍ਰਮਾਤਮਾ ਨੂੰ ਕੋਈ ਸਰਗੁਣ ਸਰੂਪ ਸਮਝਦੇ ਹਨ, ਉਹਨਾਂ ਨੂੰ ਉੱਪਰ ਸ਼ਬਦ ਰਾਹੀਂ ਇਹ ਕਹਿ ਕੇ ਸਮਝਾਇਆ ਹੈ ਕਿ ਜਦੋਂ ਇਹ ਦੇਹ ਸਰੂਪ ਨਹੀਂ ਸੀ ਤਾਂ ਉਦੋਂ ਪ੍ਰਮਾਤਮਾ ਕਿੱਥੇ ਰਹਿੰਦਾ ਸੀ। ਨਾ ਹੀ ਪ੍ਰਮਾਤਮਾ ਆਪ ਕੋਈ ਆਕਾਰ ਰੂਪ ਹੈ ਅਤੇ ਨਾ ਹੀ ਉਸਦਾ ਕੋਈ ਇੱਕ ਟਿਕਾਣਾ ਹੋ ਸਕਦਾ ਹੈ, ਖਾਸ ਟਿਕਾਣਾ ਹੋ ਸਕਦਾ ਹੈ ਭਾਵ ਕੋਈ ਖੰਡ ਬ੍ਰਹਿਮੰਡ ਹੋ ਸਕਦਾ ਹੈ।

(ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥੧॥ਰਹਾਉ॥)

ਜੇਕਰ ਕਿਸੇ ਦੇਹ ਸਰੂਪ ਨੂੰ ਗੁਰੂ ਮੰਨੀਏ ਤੇ ਉਸ ਦੇਹ ਸਰੂਪ ਦਾ ਕੋਈ ਮਾਂ ਬਾਪ ਵੀ ਜਰੂਰ ਹੋਵੇਗਾ। ਇਸ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਜਾ ਰਿਹਾ ਹੈ ਕਿ ਪ੍ਰਮਾਤਮਾ ਦਾ ਨਾ ਕੋਈ ਮਾਂ ਹੈ ਤੇ ਨਾ ਹੀ ਕੋਈ ਬਾਪ ਹੈ ਭਾਵ ਉਹ ਦੇਹ ਸਰੂਪ ਨਹੀਂ ਹੈ, ਉਹ ਜਨਮ ਮਰਨ ਤੋਂ ਰਹਿਤ ਹੈ। **(ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥੨॥੧੯॥੭੦॥)** ਪ੍ਰਮਾਤਮਾ ਸਭ ਲਈ ਇੱਕੋ ਜਿਹਾ ਹੈ, ਉਸਦਾ "ਨਾਮ" ਵੀ ਸਭ ਲਈ ਇੱਕੋ ਜਿਹਾ ਹੈ, ਸੱਚ ਸਭ ਲਈ ਇੱਕੋ ਜਿਹਾ ਹੈ, "ਸ਼ਬਦ" ਸਭ ਲਈ ਇੱਕੋ ਜਿਹਾ ਹੈ। ਅਸੀਂ ਕਹਿਣ ਨੂੰ ਤਾਂ ਕਹਿ ਦਿੰਦੇ ਹਾਂ ਕਿ ਪ੍ਰਮਾਤਮਾ ਇੱਕ ਹੀ ਹੈ, ਸਭ ਵਿੱਚ ਉਹੀ ਵਰਤਦਾ ਹੈ ਪਰ ਅਸਲ ਵਿੱਚ ਅਸੀਂ ਮੰਨਦੇ ਉਹੀ ਕੁੱਝ ਹਾਂ ਜਿੱਥੇ-ਜਿੱਥੇ ਸਾਡੀ ਧਰਮ ਦੀ ਆਸਥਾ ਜੁੜੀ ਹੁੰਦੀ ਹੈ। ਦੇਹ ਦੀ ਪੂਜਾ ਸਭ ਜਗ੍ਹਾ ਹੁੰਦੀ ਹੈ ਭਾਵੇਂ ਉਹ ਕਿਸੇ ਰੂਪ ਵਿੱਚ ਹੋਵੇ। ਉੱਚਾ ਅਸੀਂ ਕਿਸੇ ਦੇਹ ਨੂੰ ਹੀ ਮੰਨਦੇ ਹਾਂ, ਵਿਸ਼ਵਾਸ ਸਾਨੂੰ ਦੇਹ ਦੀਆਂ ਦੱਸੀਆਂ ਹੋਈਆ ਗੱਲਾਂ ਤੇ ਹੀ ਆਉਂਦਾ ਹੈ। ਦੇਹ ਦੇ ਮੋਹ ਵਿੱਚ ਅਸੀਂ ਗੁਰੂ ਦੀ ਮਤਿ ਤੋਂ ਦੂਰ ਹੋ ਜਾਂਦੇ ਹਾਂ। ਸਿੱਖ ਜਗਤ ਵੀ ਇਸ ਗੱਲ ਵਿੱਚ ਪਿੱਛੇ ਨਹੀਂ ਹੈ। ਜਗ੍ਹਾ-ਜਗ੍ਹਾ ਤੇ ਦੇਹ ਧਾਰੀਆਂ ਦੀ, ਸੰਤਾਂ ਅਦਿ ਦੀ ਪੂਜਾ ਹੋ ਰਹੀ ਹੈ, ਮਰਿਆਂ ਹੋਇਆਂ ਦੀ ਵੀ ਪੂਜਾ ਹੋ ਰਹੀ ਹੈ, ਜਗ੍ਹਾ-ਜਗ੍ਹਾ ਤੇ ਬਰਸੀਆਂ ਮਨਾਈਆ ਜਾਂਦੀਆਂ ਹਨ ਜੋ ਕਿ ਮੜੀਆਂ ਪੂਜਣ ਦੇ ਬਰਾਬਰ ਹੀ ਹੈ। ਦੇਹ ਦੇ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਸ਼ਬਦ ਰੂਪ ਹੈ, ਗੁਰੂ ਰੂਪ ਹੈ, ਸੱਚ ਰੂਪ ਹੈ। ਸੱਚਾ ਗਿਆਨ ਹੈ। ਕੇਵਲ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣਾ ਹੀ ਗਿਆਨ ਦੀ ਪੂਜਾ ਹੈ, ਪ੍ਰਮਾਤਮਾ ਦੀ ਪੂਜਾ ਹੈ,

8/766-15

ਨਾਮ ਦੀ ਪੂਜਾ ਹੈ ਜੋ ਕਿ ਕਿਸੇ ਵੀ ਧਰਮ ਵਿੱਚ ਆਸਥਾ ਰੱਖਣ ਵਾਲੇ ਲਈ ਇੱਕੋ ਜਿਹੀ ਹੈ। ਕੇਵਲ ਇੱਕ ਸੱਚ ਹੀ ਸਾਨੂੰ ਆਪਸ ਵਿੱਚ ਜੋੜ ਸਕਦਾ ਹੈ, ਧਰਮ ਗ੍ਰੰਥਾਂ ਵਿੱਚ ਦਿੱਤਾ ਹੋਇਆ ਉਸ ਪ੍ਰਮਾਤਮਾ ਦਾ ਨਾਮ ਭਾਵ ਉਸਦਾ ਸੱਚਾ ਗਿਆਨ ਹੀ ਸਾਨੂੰ ਸਭ ਨੂੰ ਇੱਕ ਕਰ ਸਕਦਾ ਹੈ। ਜੇਕਰ ਅਸੀਂ ਦੇਹ ਦੀ ਪੂਜਾ ਵਿੱਚ ਲੱਗੇ ਰਹਾਂਗੇ ਤਾਂ ਫਿਰ ਸਾਡਾ ਵਿਸ਼ਵਾਸ ਵੱਖਰਾ-ਵੱਖਰਾ ਬਣਿਆ ਰਹੇਗਾ, ਸਾਡੀ ਆਸਥਾ ਵੱਖਰੀ-ਵੱਖਰੀ ਬਣੀ ਰਹੇਗੀ ਤੇ ਅਸੀਂ ਇੱਕ ਨਹੀਂ ਹੋ ਸਕਾਂਗੇ। ਸੰਸਾਰ ਦੇ ਝਮੇਲੇ ਸਾਡੀ ਵੱਖਰੀ-ਵੱਖਰੀ ਆਸਥਾ ਕਰਕੇ ਹੀ ਬਣਦੇ ਹਨ। ਜੇਕਰ ਅਸੀਂ ਸੱਚੇ ਦਿਲ ਨਾਲ ਇਹ ਮੰਨ ਲਈਏ ਕਿ ਇੱਕੋ ਪ੍ਰਮਾਤਮਾ ਹੀ ਸਭ ਵਿੱਚ ਵੱਸਦਾ ਹੈ ਫਿਰ ਸਾਡੇ ਕੋਲੋਂ ਕਿਸੇ ਦਾ ਬੁਰਾ ਨਹੀਂ ਹੋ ਸਕੇਗਾ, ਸਾਡਾ ਕਿਸੇ ਨਾਲ ਮਜਹਬੀ ਝਗੜਾ ਨਹੀਂ ਹੋਵੇਗਾ ਬਲਕਿ ਸਾਰਿਆਂ ਵਿੱਚ ਆਪਣਾਪਨ ਨਜ਼ਰ ਆਵੇਗਾ। ਸੱਚ ਸਾਰੀ ਦੁਨੀਆਂ ਨੂੰ ਆਪਸ ਵਿੱਚ ਜੋੜਨ ਦੀ ਜੜ੍ਹ ਹੈ। ਇਹ ਜੜ੍ਹ ਜਿਤਨੀ ਮਜਬੂਤ ਹੋਵੇਗੀ ਉਤਨੀ ਹੀ ਇਹ ਦੁਨੀਆਂ ਸੌਖੀ ਹੋਵੇਗੀ, ਇਸ ਦਾ ਸੁੱਖ ਮਾਣੇਗੀ। ਸੱਚ ਦੀਆਂ ਜੜ੍ਹਾਂ ਕੱਟਣੀਆਂ ਕਿਤਨੀਆਂ ਮਾੜੀਆਂ ਹਨ ਇਹੀ ਸਾਨੂੰ ਗੁਰਬਾਣੀ ਵਾਰ-ਵਾਰ ਸਮਝਾ ਰਹੀ ਹੈ। ਸੱਚ ਤੋਂ ਦੂਰ ਜਾਣਾ ਪ੍ਰਮਾਤਮਾ ਤੋਂ ਦੂਰ ਜਾਣਾ ਹੈ ਅਤੇ ਸੱਚ ਦੇ ਨੇੜੇ ਲੱਗਣਾ ਪ੍ਰਮਾਤਮਾ ਦੇ ਨੇੜੇ ਲੱਗਣਾ ਹੈ।

ਆਓ ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਵਿਚਾਰੀਏ। ਅਤੇ ਸਮਝੀਏ ਕਿ ਸਾਡੀ ਭਗਤੀ ਵਿੱਚ ਰੁਕਾਵਟ ਕਿਵੇਂ ਪੈਂਦੀ ਹੈ ਤੇ ਉਸਦਾ ਹੱਲ ਕੀ ਹੈ।

“ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ॥੧॥ਰਹਾਉ॥
ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥
ਬਹੁਰਿ ਕਮਾਵਹਿ ਹੋਇ ਨਿਸੰਕ॥ ਜਮ ਪੁਰਿ ਬਾਂਧਿ ਖਰੇ ਕਾਲੰਕ॥੨॥”

ਸੰਜਮ ਕਰਨ ਦੇ ਤਰੀਕੇ ਸਭ ਦੇ ਆਪਣੇ-ਆਪਣੇ ਹਨ। ਸੱਚਾ ਸੰਜਮ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਗੁਰੂ ਸਾਨੂੰ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਤੇ ਅਸੀਂ ਪਿੱਛੇ ਸਮਝਿਆ ਹੈ। ਅਸੀਂ ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ, ਔਗੁਣਾਂ ਵਾਲੇ ਵਿਚਾਰਾਂ ਨੂੰ ਸੰਜਮ ਵਿੱਚ ਰੱਖਣਾ ਹੈ, ਵੱਸ ਵਿੱਚ ਰੱਖਣਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਸੰਜਮ ਨੂੰ ਅਸੀਂ ਆਪਣੇ ਸਰੀਰਕ ਦਿਖਾਵਿਆਂ ਨਾਲ ਤੇ ਉਨ੍ਹਾਂ ਗੱਲਾਂ ਨਾਲ ਜੋੜਿਆ ਹੋਇਆ ਹੈ ਜੋ ਕਿ ਸੱਚਾ ਸੰਜਮ ਨਹੀਂ ਹੈ। ਵੱਖਰੇ-ਵੱਖਰੇ ਧਰਮ ਵਿੱਚ ਆਸਥਾ ਰੱਖਣ ਵਾਲੇ ਵੱਖਰੇ-ਵੱਖਰੇ ਤਰੀਕੇ ਦੇ ਸੰਜਮ ਕਰਦੇ ਹਨ। ਸਿੱਖ ਜਗਤ ਵੀ ਇਸ ਵਿੱਚ ਸ਼ਾਮਿਲ ਹੈ। ਅਸੀਂ ਕੰਨ ਵਿੱਚ ਮੁੰਦਰਾਂ ਨਹੀਂ ਪਾਉਂਦੇ ਪਰ ਹੋਰ

8/766-16

ਤਰੀਕਿਆਂ ਨਾਲ ਸੰਜਮ ਕਰ ਲੈਂਦੇ ਹਾਂ। ਸੰਜਮ ਰਾਹੀਂ ਦਿਖਾਵਾ ਕੋਈ ਵੀ ਕਰੇ, ਕਿਸੇ ਤਰੀਕੇ ਨਾਲ ਵੀ ਕਰੇ, ਇਸ ਤਰੀਕੇ ਨਾਲ ਕੋਈ ਵੀ ਰੱਬ ਨੂੰ ਨਹੀਂ ਪਾ ਸਕਦਾ ਜਿਸ ਵਿੱਚ ਗੁਰੂ ਦੇ ਸਿੱਖ ਅਖਵਾਉਣ ਵਾਲੇ ਵੀ ਸ਼ਾਮਿਲ ਹਨ।**(ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ॥)** ਭਗਤੀ ਅਸਲ ਵਿੱਚ ਕੋਈ ਦਿਖਾਵਾ ਹੈ ਹੀ ਨਹੀਂ ਭਾਵੇਂ ਉਹ ਕਿਸੇ ਰੂਪ ਵਿੱਚ ਹੋਵੇ। ਭਗਤੀ ਦਾ ਤਰੀਕਾ ਹਰ ਕਿਸੇ ਲਈ ਉਹੀ ਹੈ ਜੋ ਕਿ ਆਪਣੇ ਆਪ ਨੂੰ ਮਾਇਆਂ ਮੋਹ ਵਿੱਚੋਂ ਕੱਢਣ ਦਾ ਹੈ।ਗੁਰਸਿੱਖ ਅਖਵਾਉਣ ਵਾਲਿਆਂ ਲਈ ਵੀ ਤਰੀਕਾ ਇਹੋ ਹੀ ਹੈ। **(ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ॥੧॥ਰਹਾਉ॥)** ਅਸੀਂ ਇਸ ਸ਼ਬਦ ਨੂੰ ਪੜ੍ਹ ਕੇ ਮੁੰਦਰਾਂ ਪਾਉਣੀਆਂ ਤਾਂ ਛੱਡ ਦਿੱਤੀਆਂ ਹਨ, ਮੁੰਦਰਾਂ ਪਾਉਣ ਵਾਲਿਆਂ ਨੂੰ ਚੰਗਾ ਨਹੀਂ ਸਮਝਦੇ ਪਰ ਜੋ ਅਸਲ ਗੱਲ ਹੈ ਉਸ ਤੇ ਕੋਈ ਅਮਲ ਨਹੀਂ ਕਰਦਾ ਜੋ ਕਿ ਸਾਰਿਆਂ ਲਈ ਇੱਕੋ ਜਿਹੀ ਹੈ। ਸਭ ਲਈ ਇੱਕੋ ਇੱਕ ਹੱਲ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਨਾ ਕਿ ਕੋਈ ਹੋਰ ਸੰਜਮ। ਸੱਚ ਤੋਂ ਬਿਨ੍ਹਾਂ ਸਭ ਕੁੱਝ ਮਾਇਆ ਮੋਹ ਹੈ। ਸੱਚ ਨਾਲ ਕਮਾਈ ਹੋਈ ਮਾਇਆ ਸੱਚ ਹੈ, ਪ੍ਰਮਾਤਮਾ ਨੂੰ ਪ੍ਰਵਾਨ ਹੈ। ਇਹੀ ਗੱਲ ਤੀਰਥਾਂ ਤੇ ਇਸ਼ਨਾਨ ਕਰਨ ਦੀ ਹੈ। ਆਪਣੀ-ਆਪਣੀ ਆਸਥਾ ਅਨੁਸਾਰ ਜਿਸ ਤੀਰਥ ਤੇ ਵੀ ਕੋਈ ਜਾਂਦਾ ਹੈ, ਉਸਨੂੰ ਪਵਿੱਤਰ ਸਮਝ ਕੇ ਹੀ ਜਾਂਦਾ ਹੈ। ਤੀਰਥਾਂ ਤੇ ਜਾਣ ਦਾ ਅਸਲ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਮਨੁੱਖ ਆਪਣੇ ਮਨ ਦੀ ਮੈਲ ਧੋ ਕੇ ਆਵੇ, ਆਪਣੇ ਮਨ ਨੂੰ ਪਵਿੱਤਰ ਕਰਕੇ ਆਵੇ। ਖਾਲੀ ਸਰੀਰ ਨੂੰ ਧੋਣ ਨਾਲ ਮਨ ਦੀ ਮੈਲ ਨਹੀਂ ਉਤਰ ਸਕਦੀ। ਮਨ ਦੀ ਮੈਲ ਮਨ ਨੂੰ ਮਾਰ ਕੇ ਹੀ ਉਤਰ ਸਕਦੀ ਹੈ, ਸੱਚ ਨੂੰ ਅਪਣਾ ਕੇ ਹੀ ਉਤਰ ਸਕਦੀ ਹੈ, ਮਨ ਦੇ ਵਿੱਚੋਂ ਕਪਟ ਤੇ ਵਿਕਾਰਾਂ ਨੂੰ ਕੱਢ ਕੇ ਹੀ ਉਤਰ ਸਕਦੀ ਹੈ, ਆਪਣੇ ਮਨ ਨੂੰ ਜਿੱਤ ਕੇ ਹੀ ਉਤਰ ਸਕਦੀ ਹੈ। ਜਦ ਤੱਕ ਸਾਡਾ ਇਹਨਾਂ ਪੰਜਾਂ ਦੂਤਾਂ ਤੋਂ ਪਿੱਛਾ ਨਹੀਂ ਛੁੱਟਦਾ, ਸਾਡੀ ਪਾਪਾਂ ਵਾਲੀ ਬਿਰਤੀ ਨਹੀਂ ਜਾਂਦੀ ਤਾਂ ਫਿਰ ਸਾਡਾ ਤੀਰਥ ਨਹਾਤਾ ਕਿਸੇ ਕੰਮ ਨਹੀਂ। ਇਹ ਗੱਲ ਸਭ ਤੇ ਇੱਕੋ ਜਿਹੀ ਪੂਰੀ ਉਤਰਦੀ ਹੈ, ਗੁਰਸਿੱਖ ਅਖਵਾਉਣ ਵਾਲਿਆਂ ਤੇ ਵੀ ਲਾਗੂ ਹੁੰਦੀ ਹੈ।

(ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥)

ਸਭ ਲਈ ਦਾਰੂ ਇੱਕੋ ਜਿਹਾ ਸੱਚ ਹੈ ਜੋ ਸਾਨੂੰ ਪਵਿੱਤਰ ਕਰ

8/766-17

ਸਕਦਾ ਹੈ।ਸੱਚ ਹੀ ਨਾਮ ਹੈ, ਸੱਚ ਹੀ ਤੀਰਥ ਹੈ ਜੋ ਕਿ ਸਭ ਲਈ ਸਾਂਝਾ ਹੈ।

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ॥}

(ਅੰਗ ੫੧੨)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥}

(ਅੰਗ ੬੮੭)

ਸਾਰੇ ਸੰਸਾਰ ਦੇ ਵਿੱਚ ਮਨ ਦਾ ਰੋਗ ਇੱਕੋ ਇੱਕ ਹੈ ਜੋ ਕਿ ਮਨ ਦੀ ਮੈਲ ਹੈ, ਅਗਿਆਨਤਾ ਰੂਪ ਮੈਲ ਹੈ, ਸੱਚ ਤੋਂ ਬਿਨ੍ਹਾਂ ਹਰ ਕੋਈ ਰੋਗੀ ਹੈ। ਹਰ ਕਿਸੇ ਲਈ ਦਾਰੂ ਇੱਕੋ ਇੱਕ ਹੈ ਜੋ ਸਭ ਲਈ ਸਾਂਝਾ ਹੈ ਜੋ ਕਿ ਸੱਚ ਹੈ, ਨਾਮ ਹੈ। ਰੋਗ ਸਾਡੇ ਮਨ ਦੀ ਮੈਲ ਹੈ ਜੋ ਕਿ ਕੇਵਲ ਸੱਚ ਨਾਲ ਹੀ ਜਾ ਸਕਦੀ ਹੈ। ਸੱਚ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਮਤਿ ਹੈ ਜੋ ਕਿ ਸਾਨੂੰ ਕੇਵਲ ਸੱਚ ਤੇ ਚੱਲਣ ਲਈ ਪ੍ਰੇਰਦੀ ਹੈ।

"ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥"

ਇਹ ਸੱਚ ਹੀ ਸਭ ਲਈ ਅਉਖਦ ਹੈ, ਦਵਾਈ ਹੈ ਜੋ ਸਾਰੇ ਸੰਸਾਰ ਲਈ ਸਾਂਝੀ ਹੈ ਜੋ ਸਾਡੇ ਮਨ ਦੀ ਮੈਲ ਧੋ ਸਕਦੀ ਹੈ ਤੇ ਸਾਨੂੰ ਪ੍ਰਮਾਤਮਾ ਨਾਲ ਮਿਲਾ ਸਕਦੀ ਹੈ।

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥}

(ਅੰਗ - ੪੬੮)

{ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥}

(ਅੰਗ - ੧੨੫੭)

ਤੀਰਥਾਂ ਤੇ ਜਾਣ ਦਾ ਜੋ ਅਸਲ ਮਨੋਰਥ ਹੈ, ਉਹ ਤਾਂ ਮਨ ਦੀ ਮੈਲ ਧੋਣ ਦਾ ਹੀ ਹੈ। ਇਸ ਗੱਲ ਦੀ ਸਹੀ ਸੋਝੀ ਨਾ ਹੋਣਾ ਸਾਡੇ ਲਈ ਪੁੱਠਾ ਕੰਮ ਕਰਦੀ ਹੈ। ਅਸੀਂ ਤੀਰਥਾਂ ਤੇ ਇਸ਼ਨਾਨ ਕਰਕੇ ਉਲਟੇ ਬੇਪ੍ਰਵਾਹ ਹੋ ਜਾਂਦੇ ਹਾਂ ਕਿ ਸਾਡੇ ਪੁਰਾਣੇ ਕੀਤੇ ਹੋਏ ਸਾਰੇ ਪਾਪ ਮੁੱਕ ਗਏ ਹਨ, ਧੁਪ ਗਏ ਹਨ ਤੇ ਹੁਣ ਅਸੀਂ ਹੋਰ ਪਾਪ ਕਰਨ ਜੋਗੇ ਹੋ ਗਏ ਹਾਂ ਤੇ ਉਹ ਵੀ ਇਸੇ ਤਰ੍ਹਾਂ ਇਸ਼ਨਾਨ ਕਰਕੇ ਧੋ ਲਵਾਂਗੇ। ਪਰ ਇਹੋ ਜਿਹੇ ਮਨੁੱਖਾਂ ਨੂੰ, ਇਹੋ ਜਿਹੀ ਸੋਚ ਰੱਖਣ ਵਾਲਿਆਂ ਨੂੰ ਕਿ ਸਰੋਵਰਾਂ ਵਿੱਚ ਇਸ਼ਨਾਨ ਕਰਨ ਨਾਲ ਸਾਡੇ ਪਾਪ ਧੁਲ ਜਾਂਦੇ ਹਨ, ਗੁਰੂ ਸਾਹਿਬ ਕਿਸ ਦ੍ਰਿਸ਼ਟੀ ਨਾਲ ਦੇਖਦੇ ਹਨ, ਉਹਨਾਂ ਨੂੰ ਕਿਹੋ ਜਿਹਾ ਕਹਿ ਰਹੇ ਹਨ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

8/766-18

(ਬਹੁਰਿ ਕਮਾਵਹਿ ਹੋਇ ਨਿਸੰਕ॥ ਜਮ ਪੁਰਿ ਬਾਂਧਿ ਖਰੇ ਕਾਲੰਕ॥੨॥)

ਗੁਰੂ ਸਾਹਿਬ ਦਾ ਇਹ ਫੁਰਮਾਨ ਸਭ ਤੇ ਲਾਗੂ ਹੁੰਦਾ ਹੈ। ਕੋਈ ਵੀ ਇਸ ਫੁਰਮਾਨ ਤੋਂ ਬਾਹਰ ਨਹੀਂ ਹੈ। ਸਾਡੇ ਮਨ ਦੀ ਮੈਲ ਸੱਚ ਦਾ ਇਸ਼ਨਾਨ ਕਰਨ ਦੁਆਰਾ ਹੀ ਧੁਪਦੀ ਹੈ। ਸੱਚ ਹੀ "ਅੰਮ੍ਰਿਤ ਸਰ" ਹੈ, ਅੰਮ੍ਰਿਤ ਦਾ ਸਰੋਵਰ ਹੈ, ਨਾਮ ਦਾ ਸਰੋਵਰ ਹੈ ਤੇ ਸੱਚ ਦਾ ਇਸ਼ਨਾਨ ਭਾਵ ਗੁਰੂ ਦੀ ਮਤਿ ਦਾ ਇਸ਼ਨਾਨ ਹੀ, ਗੁਰੂ ਦੇ ਗਿਆਨ ਦਾ ਇਸ਼ਨਾਨ ਹੀ ਅੰਮ੍ਰਿਤਸਰ ਦਾ ਇਸ਼ਨਾਨ ਹੈ। ਸੱਚ ਹੀ ਸਾਡੇ ਅੰਦਰੋਂ ਮਾਇਆ ਮੋਹ ਕੱਢ ਕੇ, ਸਾਡੀ ਤ੍ਰਿਸ਼ਨਾ ਕੱਢ ਕੇ ਸਾਨੂੰ ਔਗੁਣਾਂ ਤੋਂ ਬਚਾ ਸਕਦਾ ਹੈ।

{ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥}

(ਅੰਗ ੫੧੦)

{ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ॥}

(ਅੰਗ ੧੩੯੨)

{ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥}

(ਅੰਗ ੨੫੦)

ਧਰਮ ਦਾ ਮਾਰਗ ਤਾਂ ਆਪਣੇ ਆਪ ਨੂੰ ਪਵਿੱਤਰ ਕਰਨ ਦਾ ਹੀ ਹੈ, ਔਗੁਣਾਂ ਤੋਂ ਛੁਟਕਾਰਾ ਪਾਉਂਣ ਦਾ ਹੀ ਹੈ ਜੋ ਕਿ ਸਭ ਲਈ ਬਰਾਬਰ ਹੈ ਤੇ ਕੇਵਲ ਮਨ ਨੂੰ ਮਾਰਨ ਦੀ ਗੱਲ ਹੈ ਭਾਵ ਆਪਣੀ ਨਾਸਮਝ ਮਤਿ ਨੂੰ, ਮਨਮਤਿ ਨੂੰ ਛੱਡਣ ਦੀ ਲੋੜ ਹੈ। ਬਾਕੀ ਤਾਂ ਕੇਵਲ ਆਪਣੀ ਆਪਣੀ ਆਸਥਾ ਹੈ ਪਰ ਮਕਸਦ ਆਪਣੇ ਆਪ ਨੂੰ ਪਵਿੱਤਰ ਕਰਨ ਦਾ ਹੋਣਾ ਚਾਹੀਦਾ ਹੈ। ਮੁੱਖ ਸ਼ਬਦ ਦੇ ਅਗਲੇ ਪਦੇ ਵਿੱਚ ਵੀ ਆਪਣੇ ਆਪ ਨੂੰ ਔਗੁਣਾਂ ਤੋਂ ਮੁਕਤ ਕਰਨ ਦੀ ਗੱਲ ਹੀ ਸਮਝਾਈ ਹੋਈ ਹੈ।

“ਘੂਘਰ ਬਾਧਿ ਬਜਾਵਹਿ ਤਾਲਾ॥ ਅੰਤਰਿ ਕਪਟੁ ਫਿਰਹਿ ਬੇਤਾਲਾ॥
ਵਰਮੀ ਮਾਰੀ ਸਾਪੁ ਨ ਮੂਆ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ॥੩॥”

ਆਪਣੀ ਆਸਥਾ ਅਨੁਸਾਰ ਕੋਈ ਘੁੰਗਰੂ ਬੰਨ ਕੇ ਨਾਚ ਆਦਿ ਕਰਕੇ ਪ੍ਰਮਾਤਮਾ ਨੂੰ ਪ੍ਰਸੰਨ ਕਰਦੇ ਹਨ ਜਿਸ ਦਾ ਕਿ ਖੰਡਨ ਕੀਤਾ ਹੋਇਆ ਹੈ। ਅਸੀਂ ਇਹ ਗੱਲ ਤਾਂ ਮੰਨ ਲਈ ਕਿ ਇਹੋ ਜਿਹਾ ਨਾਚ ਕਰਕੇ ਦਿਖਾਉਣਾ ਫਜ਼ੂਲ ਹੈ, ਪਰ ਅਸਲ

8/766-19

ਵਿੱਚ ਪ੍ਰਮਾਤਮਾ ਖੁਸ਼ ਕਿਉਂ ਨਹੀਂ ਹੁੰਦਾ, ਉਸ ਵੱਲ ਅਸੀਂ ਧਿਆਨ ਨਹੀਂ ਦਿੰਦੇ ਜੋ ਕਿ ਨਾਲ ਹੀ ਸਮਝਾਇਆ ਹੋਇਆ ਹੈ।

(ਅੰਤਰਿ ਕਪਟੁ ਫਿਰਹਿ ਬੇਤਾਲਾ॥)

ਪ੍ਰਮਾਤਮਾ ਦੇ ਨਾਲ ਸਾਡੀ ਤਾਲ ਨਾ ਮਿਲਣ ਦਾ ਕਾਰਨ ਸਾਡੇ ਅੰਦਰ ਦੇ ਕਪਟ ਹਨ, ਸਾਡੇ ਮਨ ਦੇ ਵਿਕਾਰ ਹਨ ਜੋ ਕਿ ਸਭ ਲਈ ਇੱਕੋ ਜਿਹੇ ਹਨ। ਪ੍ਰਮਾਤਮਾ ਦੇ ਨਾਲ ਤਾਲ ਬਿਠਾਉਣ ਲਈ ਸਭ ਲਈ ਤਰੀਕਾ ਇੱਕੋ ਹੀ ਹੈ ਤੇ ਉਹ ਹੈ ਮਨ ਦੇ ਵਿਕਾਰ ਛੱਡਣੇ ਭਾਵ ਆਪਣੀ ਨਾਸਮਝ ਮਤਿ ਨੂੰ ਛੱਡਣਾ ਜਿਸ ਮਤਿ ਵਿੱਚ ਰਹਿੰਦਿਆਂ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਨਾਲ ਨਹੀਂ ਜੁੜ ਸਕਦੇ ਜੋ ਭਗਤੀ ਨਾਲ ਜੁੜਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਪ੍ਰਮਾਤਮਾ ਦਾ ਨਾਮ ਜਪਣ ਦਾ ਤਰੀਕਾ ਸਭ ਲਈ ਇੱਕੋ ਜਿਹਾ ਹੀ ਹੈ, ਗੁਰਸਿੱਖ ਅਖਵਾਉਣ ਵਾਲਿਆ ਲਈ ਵੀ ਉਹੀ ਹੈ। ਕੇਵਲ ਘੁੰਗਰੂ ਨਾ ਬੰਨ੍ਹ ਕੇ ਅਸੀਂ ਆਪਣੇ ਆਪ ਨੂੰ ਚੰਗਾ ਨਹੀਂ ਕਹਿ ਸਕਦੇ, ਚੰਗੇ ਤਾਂ ਹੀ ਬਣਾਂਗੇ ਜਦੋਂ ਵਿਕਾਰਾਂ ਤੋਂ ਮੁਕਤੀ ਪਾਵਾਂਗੇ। ਸਾਡੇ ਜੋ ਵੀ ਭਗਤੀ ਦੇ ਤਰੀਕੇ ਹਨ ਭਾਵੇਂ ਕੋਈ ਕਿਸੇ ਵੀ ਧਰਮ ਵਿੱਚ ਆਸਥਾ ਰੱਖਦਾ ਹੈ ਉਹਨਾਂ ਦਾ ਮਕਸਦ ਕੇਵਲ ਸੱਪ ਨੂੰ ਮਾਰਨ ਦਾ ਹੈ ਨਾ ਕਿ ਸੱਪ ਦੀ ਖੁੱਡ ਨੂੰ ਮਾਰਨ ਦਾ। ਅਸਲ ਵਿੱਚ ਹੋ ਤਾਂ ਇਹੀ ਕੁੱਝ ਰਿਹਾ ਹੈ ਭਾਵੇਂ ਤਰੀਕਾ ਹਰ ਕਿਸੇ ਦਾ ਆਪਣੀ-ਆਪਣੀ ਆਸਥਾ ਅਨੁਸਾਰ ਹੈ। ਜਦ ਤੱਕ ਸੱਪ ਨਹੀਂ ਮਰਦਾ ਭਾਵ ਜਦ ਤੱਕ ਸਾਡੇ ਅੰਦਰ ਦੀ ਬਿਖ ਨਹੀਂ ਮਰਦੀ, ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਮਤਿ ਨਹੀਂ ਨਿਕਲਦੀ ਤਦ ਤੱਕ ਸਾਡਾ ਹਰ ਤਰੀਕਾ ਕੇਵਲ ਖੁੱਡ ਤੇ ਡਾਂਗਾ ਮਾਰਨ ਵਾਲਾ ਹੀ ਹੈ, ਬਾਹਰੋਂ-ਬਾਹਰੋਂ ਵਿਖਾਵਾ ਕਰਨ ਵਾਲਾ ਹੀ ਹੈ। ਸੱਪ ਨੂੰ ਜੇਕਰ ਅਸੀਂ ਮਾਰਨਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਕਿਸੇ ਵਿਖਾਵੇ ਦੀ ਕੀ ਲੋੜ ਹੈ। ਸੱਚੇ ਹੋਣ ਤੋਂ ਸਾਨੂੰ ਕੌਣ ਰੋਕਦਾ ਹੈ। ਅਸੀਂ ਆਪ ਹੀ ਆਪਣੇ ਆਪ ਨੂੰ ਰੋਕਦੇ ਹਾਂ। ਅਸਲ ਵਿੱਚ ਅਸੀਂ ਸੱਚਾ ਹੋਣਾ ਹੀ ਨਹੀਂ ਚਾਹੁੰਦੇ, ਮਾਇਆ ਮੋਹ ਵਿੱਚੋਂ ਨਿਕਲਣਾ ਹੀ ਨਹੀਂ ਚਾਹੁੰਦੇ, ਅਸੀਂ ਕੇਵਲ ਪ੍ਰਮਾਤਮਾ ਨੂੰ ਇਹ ਦਿਖਾਉਂਦੇ ਹਾਂ ਕਿ ਅਸੀਂ ਸੱਚਾ ਹੋਣਾ ਚਾਹੁੰਦੇ ਹਾਂ। ਇਸ ਗੱਲ ਦਾ ਜਵਾਬ ਨਾਲ ਹੀ ਦਿੱਤਾ ਹੋਇਆ ਹੈ।

“ਵਰਮੀ ਮਾਰੀ ਸਾਪੁ ਨ ਮੂਆ॥
ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ॥੩॥”

ਜਿਸ ਪ੍ਰਮਾਤਮਾ ਨੇ ਸਾਨੂੰ ਬਣਾਇਆ ਹੈ, ਉਹ ਆਪ ਹੀ ਸਾਡੇ ਅੰਦਰ ਵਰਤ ਰਿਹਾ ਹੈ। ਉਹ ਅੰਤਰਜਾਮੀ ਹੈ ਤੇ ਜੋ ਕੁੱਝ ਸਾਡੇ ਮਨ ਵਿੱਚ ਚੱਲ ਰਿਹਾ ਹੁੰਦਾ ਹੈ, ਉਹ ਸਭ

8/766-20

ਕੁੱਝ ਜਾਣਦਾ ਹੁੰਦਾ ਹੈ। ਉਹ ਜਾਣਦਾ ਹੈ ਕਿ ਅਸੀਂ ਕੇਵਲ ਵਿਖਾਵਾ ਹੀ ਕਰ ਰਹੇ ਹਾਂ ਪਰ ਦਿਲੋਂ ਅਸੀਂ ਮੋਹ ਮਾਇਆ ਵਿੱਚੋਂ ਨਿਕਲਣਾ ਹੀ ਨਹੀਂ ਚਾਹੁੰਦੇ। ਇਹ ਗੱਲ ਸਾਰੇ ਸੰਸਾਰ ਤੇ ਲਾਗੂ ਹੁੰਦੀ ਹੈ, ਗੁਰਸਿੱਖ ਅਖਵਾਉਣ ਵਾਲਿਆ ਤੇ ਵੀ ਲਾਗੂ ਹੁੰਦੀ ਹੈ। ਕਿਸੇ ਖਾਸ ਧਰਮ ਵਿੱਚ ਆਸਥਾ ਰੱਖਣ ਵਾਲੇ ਨੂੰ ਕੇਵਲ ਉਸਦੇ ਬਾਹਰਲੇ ਪਹਿਰਾਵੇ, ਜਪ ਤਪ ਨੂੰ ਦੇਖ ਕੇ ਪਾਖੰਡੀ ਕਹਿ ਦੇਣਾ ਵੀ ਠੀਕ ਨਹੀਂ ਹੋਵੇਗਾ ਕਿਉਂਕਿ ਪਾਖੰਡ ਸਾਡੇ ਮਨ ਦੇ ਵਿੱਚ ਹੁੰਦਾ ਹੈ ਨਾ ਕਿ ਬਾਣਾ ਪਹਿਨਣ ਵਿੱਚ। ਜਿਸ ਦੇ ਹਿਰਦੇ ਵਿੱਚ ਸੱਚ ਨਹੀਂ ਹੈ ਉਹ ਸੱਚ ਤੇ ਨਾ ਚੱਲਣ ਕਰਕੇ ਪਾਖੰਡੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਅਨੁਸਾਰ ਨਾ ਚੱਲਣ ਕਰਕੇ ਧਾਰਮਿਕ ਪਾਖੰਡੀ ਹੈ ਭਾਵੇਂ ਉਹ ਕਿਸੇ ਵੀ ਧਰਮ ਵਿੱਚ ਆਸਥਾ ਰੱਖਦਾ ਹੋਵੇ। ਇਹ ਗੁਰਬਾਣੀ ਦਾ ਫੁਰਮਾਨ ਹੈ ਜੋ ਸਭ ਲਈ ਸਾਂਝਾ ਹੈ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਹਰ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਹੀ ਦਿੰਦਾ ਹੈ, ਨਾਮ ਤੇ ਚੱਲਣ ਦੀ ਭਾਵ ਨਾਮ ਜਪਣ ਦੀ ਸਿੱਖਿਆ ਹੀ

ਦਿੰਦਾ ਹੈ। "ਸਚੁ" ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਜੋ ਕਿ ਉਸਦਾ ਨਾਮ ਰੂਪ ਹੈ ਭਾਵ ਸੱਚ ਹੀ ਨਾਮ ਹੈ ਤੇ ਹਰ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਉਂਦਾ ਹੈ ਜਿਸ ਸੱਚੀ ਵਿਚਾਰ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ। ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਹੀ ਨਾਮ ਹੈ ਭਾਵ ਸ਼ਬਦਾਂ ਦੇ ਅੰਦਰ ਜੋ ਸਾਨੂੰ ਸੱਚ ਸਮਝਾਇਆ ਹੋਇਆ ਹੈ ਉਹ ਨਾਮ ਹੈ ਜਿਸਨੂੰ ਅਸੀਂ ਆਪਣੇ ਅੰਦਰ ਵਸਾਉਣਾ ਹੈ ਜੋ ਕਿ ਗੁਰੂ ਦੀ, ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਸਿੱਖਿਆ ਹੈ ਜੋ ਸੱਚੀ ਸਿੱਖਿਆ ਸਾਨੂੰ ਸੱਚ ਤੇ ਚੱਲਣ ਲਈ ਹੀ ਸਮਝਾਉਂਦੀ ਹੈ ਤਾਂ ਜੋ ਸਾਡੀ ਕਰਨੀ ਚੰਗੀ ਹੋਵੇ ਭਾਵ ਸਾਡੀ ਚੰਗੀ ਕਰਨੀ ਸਾਡੇ ਅੰਦਰ ਗੁਰਮਤਿ ਵਾਲੀ ਸੱਚੀ ਸਮਝ ਦਾ ਵੱਸਣਾ ਹੀ ਸਾਡੇ ਅੰਦਰ ਸੱਚ ਦਾ ਵੱਸਣਾ ਹੈ ਤੇ ਚੰਗੀ ਕਰਨੀ ਤੋਂ ਬਿਨ੍ਹਾਂ ਚੰਗੀ ਸੰਸਾਰਿਕ ਵਿਚਰਨ ਤੋਂ ਬਿਨ੍ਹਾਂ ਅਸੀਂ ਜੋ ਵੀ ਆਪਣੇ ਵੱਲੋਂ ਭਗਤੀ ਆਦਿ ਦੇ ਤਰੀਕੇ ਅਪਣਾਉਂਦੇ ਹਾਂ ਉਹ ਕੇਵਲ ਗੁਰੂ ਦੀ ਨਜਰਾਂ ਵਿੱਚ ਪਾਖੰਡ ਹੀ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ। (**ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥**)

ਆਓ ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਵਿਚਾਰੀਏ ਅਤੇ ਸਮਝੀਏ ਕਿ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਨ ਕੀ ਹੈ। ਇਹ ਕਾਰਨ ਸਾਰੀ ਮਨੁੱਖਤਾ ਤੇ ਲਾਗੂ ਹੁੰਦਾ ਹੈ, ਗੁਰਸਿੱਖ ਅਖਵਾਉਣ ਵਾਲਿਆ ਤੇ ਵੀ ਲਾਗੂ ਹੁੰਦਾ ਹੈ।

"ਪੂੰਅਰ ਤਾਪ ਗੇਰੀ ਕੇ ਬਸਤ੍ਰਾ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥
ਦੇਸੁ ਛੋਡਿ ਪਰਦੇਸਹਿ ਧਾਇਆ॥ ਪੰਚ ਚੰਡਾਲ ਨਾਲੇ ਲੈ ਆਇਆ॥੪॥"

ਆਪਣੀ ਧਾਰਮਿਕ ਆਸਥਾ ਅਨੁਸਾਰ ਕੋਈ ਅਗਨੀ ਜਲਾ ਕੇ ਉਸਦੀ ਪੂਜਾ ਕਰਦਾ ਹੈ ਤੇ ਆਪਣੀ ਧਾਰਮਿਕ ਮਰਿਆਦਾ ਅਨੁਸਾਰ ਵਸਤਰ ਪਹਿਨਦਾ ਹੈ। ਇਹੋ ਜਿਹੀ ਭਗਤੀ ਦਾ ਖੰਡਨ ਕੀਤਾ ਹੋਇਆ ਹੈ। ਇਸੇ ਤਰ੍ਹਾਂ ਕੋਈ ਘਰ-ਬਾਰ ਛੱਡ ਕੇ ਜੰਗਲਾਂ ਆਦਿ ਵਿੱਚ ਚਲੇ ਜਾਂਦੇ ਹਨ, ਡੇਰਿਆਂ ਆਦਿ ਤੇ ਚਲੇ ਜਾਂਦੇ ਹਨ ਜਿਸਨੂੰ ਕਿ ਉਹ ਭਗਤੀ ਦਾ ਮਾਰਗ ਸਮਝਦੇ ਹਨ। ਇਹੋ ਜਿਹਿਆਂ ਨੂੰ ਵੀ ਭੁੱਲਿਆ ਹੋਇਆ ਕਿਹਾ ਹੈ ਭਾਵ ਗ੍ਰਹਿਸਥ ਦੇ ਮਾਰਗ ਨੂੰ ਹੀ ਠੀਕ ਦੱਸਿਆ ਹੈ ਭਾਵੇਂ ਗ੍ਰਹਿਸਥ ਦਾ ਮਾਰਗ ਔਖਾ ਹੈ। ਇਸੇ ਤਰ੍ਹਾਂ ਕੁੱਝ ਲੋਕ ਆਤਮਿਕ ਸ਼ਾਂਤੀ ਦੀ ਭਾਲ ਵਿੱਚ ਪ੍ਰਦੇਸਾਂ ਵਿੱਚ ਵੀ ਜਾਂਦੇ ਹਨ ਭਾਵ ਅਨੇਕਾਂ ਜਗ੍ਹਾਂ ਦਾ ਭ੍ਰਮਣ ਕਰਦੇ ਹਨ।

8/766-21

ਇਸ ਮਾਰਗ ਦਾ ਵੀ ਖੰਡਨ ਕੀਤਾ ਹੋਇਆ ਹੈ। ਇਹਨਾਂ ਸਾਰੇ ਰਸਤਿਆਂ ਨੂੰ ਅਪਣਾਉਣਾ ਬੇਅਰਥ, ਬੇਮਾਇਨੇ ਹੈ। (**ਪੂੰਅਰ ਤਾਪ ਗੇਰੀ ਕੇ ਬਸਤ੍ਰਾ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥**) ਸੱਚੀ ਭਗਤੀ ਅਸਲ ਵਿੱਚ ਹੈ ਹੀ ਦੂਸਰਾ ਮਾਰਗ ਜੋ ਕਿ ਸਾਰੀ ਮਨੁੱਖਤਾ ਲਈ ਇੱਕੋ ਹੀ ਹੈ ਤੇ ਇਹ ਨਾਲ ਹੀ ਸਮਝਾਇਆ ਹੋਇਆ ਹੈ।

"ਪੰਚ ਚੰਡਾਲ ਨਾਲੇ ਲੈ ਆਇਆ ॥੪॥"

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਇਹਨਾਂ ਪੰਜ ਚੰਡਾਲਾਂ ਕਰਕੇ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਮਾੜੀ ਸਮਝ ਹੈ, ਅਗਿਆਨਤਾ ਵਾਲੀ ਸਮਝ ਹੈ ਜੋ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਸਾਡੀ ਮਨਮਤਿ ਹੈ ਜੋ ਸਾਨੂੰ ਗੁਰਮਤਿ ਤੋਂ ਦੂਰ ਰੱਖਦੀ ਹੈ, ਸੱਚ ਤੋਂ ਦੂਰ ਰੱਖਦੀ ਹੈ, ਗੁਰੂ ਦੇ ਨਾਮ ਤੋਂ ਦੂਰ ਰੱਖਦੀ ਹੈ। ਹਰ ਕਿਸੇ ਲਈ ਭਗਤੀ ਦਾ ਮਾਰਗ ਵਿਕਾਰਾਂ ਤੋਂ ਛੁਟਕਾਰਾ ਪਾਉਣਾ ਹੀ ਹੈ। ਗੁਰਸਿੱਖ ਅਖਵਾਉਣ ਵਾਲਿਆ ਲਈ ਵੀ ਮਾਰਗ ਇਹੋ ਹੀ ਹੈ। ਜੋ ਨਾਸਮਝੀ ਵਾਲੇ ਭਗਤੀ ਦੇ ਕਰਮ ਦੂਸਰੇ ਧਰਮ ਵਿੱਚ ਆਸਥਾ ਰੱਖਣ ਵਾਲੇ ਕਰਦੇ ਹਨ ਉਹਨਾਂ ਨੂੰ ਕੇਵਲ ਮਾੜਾ ਕਹਿ ਦੇਣਾ ਤੇ ਆਪਣੇ ਆਪ ਨੂੰ ਕੇਵਲ ਇਸੇ ਗੱਲ ਲਈ ਚੰਗਾ ਸਮਝ ਲੈਣਾ ਕਿ ਅਸੀਂ ਉਹ ਕੁੱਝ ਨਹੀਂ ਕਰਦੇ, ਇਸ ਤਰ੍ਹਾਂ ਅਸੀਂ ਸੱਚੇ ਨਹੀਂ ਬਣ ਸਕਦੇ। ਸੱਚੇ ਬਣਨ ਦਾ ਤਰੀਕਾ ਸਭ ਲਈ ਇੱਕੋ ਹੀ ਹੈ ਜੋ ਕਿ ਪੰਜਾਂ ਚਡਾਲਾਂ ਤੋਂ ਮੁਕਤੀ ਪਾਉਣਾ ਹੈ। ਬਾਕੀ ਸਾਰੇ ਤਰੀਕੇ ਸੱਪ ਦੀ ਖੁੱਡ ਕੁੱਟਣ ਵਾਲੇ ਹੀ ਹਨ ਜਿੰਨ੍ਹਾਂ ਦੁਆਰਾ ਸਾਡੇ ਅੰਦਰ ਦਾ ਸੱਪ ਨਹੀਂ ਮਰ ਸਕਦਾ, ਸਾਡੇ ਚੰਡਾਲ ਨਹੀਂ ਮਰ ਸਕਦੇ ਭਾਵ ਸਾਡੇ ਮਨ ਦੇ ਨਾਮਸਝ ਮਾੜੇ ਵਿਚਾਰ ਨਹੀਂ ਮਰ ਸਕਦੇ ਜਿੰਨ੍ਹਾਂ ਮਾੜੇ ਵਿਚਾਰਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਅਸਲ ਵਿੱਚ ਹਕੀਕਤ ਇਹ ਹੈ ਕਿ ਅਸੀਂ ਖੁੱਡ ਨੂੰ ਕੁੱਟਣਾ ਹੀ ਭਗਤੀ ਸਮਝਦੇ ਹਾਂ ਤੇ ਇਸ ਗੱਲ ਦਾ ਪ੍ਰਚਾਰ ਸਿੱਖ ਜਗਤ ਵਿੱਚ ਵੀ ਵੱਧਦਾ ਜਾ ਰਿਹਾ ਹੈ। ਹਰ ਕੋਈ ਸੌਖੇ ਤਰੀਕੇ ਪਿੱਛੇ ਲੱਗ ਕੇ ਪ੍ਰਮਾਤਮਾ ਨੂੰ ਖੁਸ਼ ਕਰਨਾ ਚਾਹੁੰਦਾ ਹੈ। ਇਹ ਕੇਵਲ ਮਨਮਤਿ ਦੀ ਉਪਜ ਹੈ। ਨਾਮ ਜਪਣਾ ਕੀ ਹੈ, ਇਸ ਗੱਲ ਦੀ ਸਾਨੂੰ ਸੋਝੀ ਨਹੀਂ ਪਈ ਤੇ ਅਸੀਂ ਔਗੁਣ ਛੱਡਣ ਨੂੰ ਕੋਈ ਖਾਸ ਅਹਿਮੀਅਤ ਹੀ ਨਹੀਂ ਦਿੰਦੇ ਕਿਉਂਕਿ ਅਸੀਂ ਆਪਣੀ ਭਗਤੀ ਕੇਵਲ ਇੱਕ ਅੱਖਰ ਦੇ ਜਪ ਨੂੰ ਹੀ ਬਣਾਇਆ ਹੋਇਆ ਹੈ ਅਤੇ ਇਹ ਭਰੋਸਾ ਕਰੀ ਬੈਠੇ

ਹਾਂ ਕਿ ਇੱਕ ਅੱਖਰ ਦੇ ਜਪ ਨੇ ਹੀ ਸਾਨੂੰ ਸਾਡੇ ਪਾਪਾਂ ਤੋਂ ਛੁਡਾ ਲੈਣਾ ਹੈ, ਸਾਡੇ ਪਾਪ ਧੁਪ ਜਾਣੇ ਹਨ। ਅਸੀਂ ਪਾਪ ਛੱਡਣ ਵੱਲ ਨਹੀਂ ਤੁਰ ਰਹੇ ਅਤੇ ਇਸੇ ਝੂਠੀ ਉਮੀਦ ਵਿੱਚ ਬੈਠੇ ਹਾਂ ਕਿ ਪਾਪ ਸਾਡੇ ਆਪੇ ਹੀ ਧੁਪਦੇ ਜਾ ਰਹੇ ਹਨ। ਮਾੜੇ ਕਰਮਾਂ ਦਾ ਲੇਖਾ ਦੇਣਾ ਹੀ ਪੈਂਦਾ ਹੈ। ਲੇਖਾ ਲੈਣ ਵਾਲੇ ਨੇ ਇਹ ਗੱਲ ਨਹੀਂ ਵਿਚਾਰਨੀ ਕਿ ਕਿਸੇ ਨੇ ਨਾਸਮਝੀ ਵਾਲੀ ਭਗਤੀ ਦੁਆਰਾ ਸੱਚਾ ਹੋਣ ਦੀ ਕੋਸ਼ਿਸ਼ ਕੀਤੀ ਹੈ ਤੇ ਭੁਲੇਖੇ ਵਿੱਚ ਹੀ ਮਾੜੇ ਕਰਮ ਕਰੀ ਗਿਆ ਹੈ। ਮਾੜੇ ਕਰਮਾਂ ਦੀ ਸਜ਼ਾ ਭੁਗਤਣੀ
8/766-22
ਹੀ ਪੈਂਦੀ ਹੈ। ਜਿਵੇਂ ਕਿ ਜਦੋਂ ਕੋਈ ਚੋਰ ਫੜਿਆ ਜਾਵੇ ਤੇ ਅਦਾਲਤ ਵਿੱਚ ਲੱਖ ਦਲੀਲਾਂ ਦੇਈ ਜਾਵੇ ਕਿ ਮੈਂ ਤਾਂ ਸੋਚਦਾ ਸੀ ਕਿ ਮੇਰੀ ਚੋਰੀ ਰੱਬ ਨੇ ਮੁਆਫ ਕਰ ਦਿੱਤੀ ਹੋਈ ਹੈ ਕਿਉਂਕਿ ਮੈਂ ਉਸਦਾ ਬੜਾ ਜਪ ਤਪ ਕੀਤਾ ਹੈ ਫਿਰ ਕੀ ਕੋਈ ਸਾਡੀ ਇਹੋ ਜਿਹੀ ਦਲੀਲ ਸੁਣੇਗਾ। ਸਜ਼ਾ ਭੁਗਤਣੀ ਹੀ ਪਵੇਗੀ।

{ਰਾਜਾ ਨਿਆਉ ਕਰੇ ਹਥਿ ਹੋਇ॥ਕਹੈ ਖੁਦਾਇ ਨ ਮਾਨੈ ਕੋਇ॥੩॥}

(ਅੰਗ ੩੫੦)

{ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥
ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥
ਸਤਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥
ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥
ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥}

(ਅੰਗ - ੮੮)

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥}

(ਅੰਗ - ੬੫)

ਪ੍ਰਮਾਤਮਾ ਦੀ ਸਜ਼ਾ ਤੋਂ ਸਾਨੂੰ ਕੇਵਲ ਸੱਚ ਬਚਾ ਸਕਦਾ ਹੈ, ਸਾਡੇ ਗੁਣ ਬਚਾ ਸਕਦੇ ਹਨ, ਸਾਡਾ ਔਗੁਣਾਂ ਦਾ ਤਿਆਗ ਬਚਾ ਸਕਦਾ ਹੈ। ਪ੍ਰਮਾਤਮਾ ਦਾ ਨਾਮ ਬਚਾ ਸਕਦਾ ਹੈ ਤੇ ਨਾਮ ਜਪਣਾ ਹੈ ਹੀ ਔਗੁਣਾਂ ਦਾ ਤਿਆਗ।

{ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥}

(ਅੰਗ ੧੧੪੭)

ਪੂਰੀ ਬਾਣੀ ਸਾਨੂੰ ਨਾਮ ਹੀ ਸਮਝਾ ਰਹੀ ਹੈ ਕਿਉਂਕਿ ਨਾਮ ਹੀ ਗੁਰਬਾਣੀ ਹੈ ਤੇ ਗੁਰਬਾਣੀ ਹੀ ਨਾਮ ਹੈ। ਨਾਮ ਦੀ ਸੋਝੀ ਬਿਨ੍ਹਾਂ ਗੁਰਬਾਣੀ ਦੀ ਸੋਝੀ ਨਹੀਂ ਪੈ ਸਕਦੀ ਤੇ ਗੁਰਬਾਣੀ ਦੀ ਸੱਚੀ ਸੋਝੀ ਬਿਨ੍ਹਾਂ ਨਾਮ ਦੀ ਸੋਝੀ ਨਹੀਂ ਪੈ ਸਕਦੀ। ਸਭ ਜਗ੍ਹਾ ਹਰ ਸ਼ਬਦ ਵਿੱਚ ਨਾਮ ਹੀ ਸਮਾਇਆ ਹੋਇਆ ਹੈ।

ਆਓ ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਵਿਚਾਰੀਏ ਤੇ ਉੱਥੋਂ ਨਾਮ ਜਪਣਾ ਸਮਝੀਏ।

“ਕਾਨ ਫਰਾਇ ਹਿਰਾਏ ਟੂਕਾ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ॥ ਵੇਸਿ ਨ ਪਾਈਐ ਮਹਾ ਦੁਖਿਆਰੀ॥੫॥”

ਇੱਥੇ ਜੋਗੀਆਂ ਦਾ ਮਾਰਗ ਸਮਝਾ ਕੇ ਉਸ ਮਾਰਗ ਨੂੰ ਖੰਡਿਆ ਹੋਇਆ ਹੈ। ਆਪਣੇ ਭਗਤੀ ਦੇ ਇਸ ਮਾਰਗ ਦੁਆਰਾ ਉਹ ਮਨੁੱਖਤਾ ਦਾ ਕੁੱਝ ਨਹੀਂ ਸਵਾਰਦੇ, ਉਲਟਾ ਉਹਨਾਂ ਤੇ ਬੋਝ ਬਣਦੇ ਹਨ ਅਤੇ ਆਪ ਵਿਅਰਥ ਵਿੱਚ ਤੰਗ ਹੀ ਹੁੰਦੇ ਹਨ। ਘਰ ਬਾਰ ਛੱਡ ਕੇ, ਧਿਆਨ ਘਰ ਦੇ ਵਿੱਚੋਂ ਮਿਲਣ ਵਾਲੇ ਸੁੱਖਾਂ ਵੱਲ ਹੀ ਰਹਿੰਦਾ ਹੈ। ਪੇਟ ਨੂੰ ਖਾਣੇ ਦੀ ਲੋੜ ਪੈਂਦੀ ਹੈ ਜਿਸ ਲਈ ਉਹ ਜਾ ਕੇ ਗ੍ਰਹਿਸਥੀਆਂ ਤੇ ਹੀ ਨਿਰਭਰ ਕਰਦੇ ਹਨ ਭਾਵ ਗ੍ਰਹਿਸਥ ਬਿਨ੍ਹਾਂ ਕਿਸੇ ਦਾ ਗੁਜ਼ਾਰਾ ਨਹੀਂ ਹੈ। ਜੇਕਰ ਸਾਰੇ ਹੀ ਇਹੋ ਜਿਹੇ ਭਗਤੀ

8/766-23

ਦੇ ਮਾਰਗ ਤੇ ਪੈ ਜਾਣ, ਤਾਂ ਕੀ ਮਨੁੱਖਤਾ ਪਨਪੇਗੀ ਭਾਵ ਗ੍ਰਹਿਸਥ ਦਾ ਮਾਰਗ ਹੀ ਉੱਤਮ ਹੈ ਜਿੱਥੋਂ ਸਾਡੀ ਸਰੀਰਕ ਲੋੜਾਂ ਦੀ ਪੂਰਤੀ ਹੋ ਸਕਦੀ ਹੈ। ਪੇਟ ਦੇ ਨਾਲ-ਨਾਲ ਕਾਮ ਵੀ ਮਨੁੱਖ ਦੀ ਵੱਡੀ ਲੋੜ ਹੈ, ਮਨੁੱਖਤਾ ਦੀ ਉਤਪਤੀ ਲਈ ਮੂਲ ਸਾਧਨ ਹੈ। ਗ੍ਰਹਿਸਥ ਤਿਆਗ ਕੇ ਕਾਮ ਦੀ ਲੋੜ ਲਈ ਫਿਰ ਇੱਧਰ-ਉੱਧਰ ਜੋ ਧਿਆਨ ਰੱਖਣਾ ਹੈ ਉਹ ਆਪਣੇ ਆਪ ਨੂੰ ਜਾਣ ਬੁੱਝ ਕੇ ਔਗੁਣਾਂ ਦੇ ਹਵਾਲੇ ਕਰਨਾ ਹੈ। ਗ੍ਰਹਿਸਥ ਵਿੱਚ ਰਹਿ ਕੇ ਮਨੁੱਖ ਇਸ ਔਗੁਣ ਤੋਂ ਬਚ ਸਕਦਾ ਹੈ। ਜੋ ਲੋਕ ਗ੍ਰਹਿਸਥ ਵਿੱਚ ਰਹਿੰਦਿਆਂ ਵੀ ਇਸ ਔਗੁਣ ਤੋਂ ਨਹੀਂ ਬਚਦੇ ਤੇ ਆਪਣੀ ਭਗਤੀ ਵੀ ਦਿਖਾਉਂਦੇ ਹਨ, ਕੀ ਉਹ ਪ੍ਰਮਾਤਮਾ ਨੂੰ ਕਦੇ ਕਬੂਲ ਹੋ ਸਕਦੇ ਹਨ? ਗ੍ਰਹਿਸਥ ਦੇ ਮਾਰਗ ਨੂੰ ਸੱਚੇ ਸੁੱਚੇ ਢੰਗ ਨਾਲ ਨਿਭਾਉਣਾ ਹੀ ਪ੍ਰਮਾਤਮਾ ਦੀ ਭਗਤੀ ਹੈ। ਗੱਲ ਇਹ ਨਹੀਂ ਹੈ ਕਿ ਜੋਗੀਆਂ ਦਾ ਵੇਸ ਕਿਹੋ ਜਿਹਾ ਹੈ।ਉਹ ਕੰਨਾਂ ਵਿੱਚ ਕੀ ਪਾਉਂਦੇ ਹਨ ਜਾਂ ਉਹਨਾਂ ਦਾ ਘਰੋ-ਘਰੀ ਮੰਗਣ ਦਾ ਤਰੀਕਾ ਕੀ ਹੈ ਜਾਂ ਉਹਨਾਂ ਦਾ ਪਹਿਰਾਵਾ ਕਿਹੋ ਜਿਹਾ ਹੈ। ਮਾੜਾ ਗ੍ਰਹਿਸਥ ਦਾ ਤਿਆਗ ਹੈ ਜੋ ਸਾਰਿਆਂ ਲਈ ਇੱਕੋ ਜਿਹਾ ਹੈ, ਗੁਰਸਿੱਖ ਅਖਵਾਉਣ ਵਾਲਿਆ ਤੇ ਵੀ ਲਾਗੂ ਹੁੰਦਾ ਹੈ ਜੋ ਗ੍ਰਹਿਸਥ ਦੇ ਤਿਆਗ ਨੂੰ ਭਗਤੀ ਦਾ ਮਾਰਗ ਸਮਝਦੇ ਹਨ। ਗ੍ਰਹਿਸਥ ਤਿਆਗਣ ਦੇ ਮਾਰਗ ਨੂੰ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਖੰਡਿਆ ਗਿਆ ਹੈ। ਜੋ ਮਾਰਗ ਇੱਕ ਲਈ ਮਾੜਾ ਹੈ ਉਹ ਸਭ ਲਈ ਮਾੜਾ ਹੈ। ਗੱਲ ਅਸੂਲ ਦੀ ਹੈ ਤੇ ਪ੍ਰਮਾਤਮਾ ਦਾ ਅਸੂਲ ਸਭ ਲਈ ਇੱਕੋ ਜਿਹਾ ਹੈ, ਕਿਸੇ ਨਾਲ ਕੋਈ ਭੇਦ ਭਾਵ ਨਹੀਂ ਹੈ। ਇਸ ਤਰੀਕੇ ਨਾਲ ਪ੍ਰਮਾਤਮਾ ਨੂੰ ਤਾਂ ਨਹੀਂ ਪਾਇਆ ਜਾ ਸਕਦਾ ਪਰ ਇਹ ਮਾਰਗ ਸਾਡੇ ਲਈ ਦੁੱਖਾਂ ਦਾ ਕਾਰਨ ਜਰੂਰ ਬਣ ਜਾਂਦਾ ਹੈ।

(ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ਵੇਸਿ ਨ ਪਾਈਐ ਮਹਾ ਦੁਖਿਆਰੀ॥੫॥)

ਆਓ ਹੁਣ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝੀਏ ਕਿ ਸਾਡੀ ਭਗਤੀ ਵਿੱਚ ਰੁਕਾਵਟ ਦਾ ਕਾਰਨ ਕੀ ਹੈ। ਰੁਕਾਵਟ ਦਾ ਕਾਰਨ ਸਭ ਲਈ ਇੱਕੋ ਜਿਹਾ ਹੈ ਅਤੇ ਗੁਰਸਿੱਖ ਅਖਵਾਉਣ ਵਾਲਿਆ ਲਈ ਵੀ ਕਾਰਨ ਉਹੀ ਹੈ।

“ਬੋਲੈ ਨਾਹੀ ਹੋਇ ਬੈਠਾ ਮੋਨੀ॥
ਅੰਤਰਿ ਕਲਪ ਭਵਾਈਐ ਜੋਨੀ॥ ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥
ਹੁਕਮੁ ਨ ਬੂਝੈ ਵਿਆਪਿਆ ਮਮਤਾ॥੬॥”

8/766-24

ਬਾਣੀ ਦੇ ਵਿੱਚ ਜੋ ਸਾਨੂੰ ਪ੍ਰਮਾਤਮਾ ਦੀ ਭਗਤੀ ਬਾਰੇ ਸਮਝਾਇਆ ਹੋਇਆ ਹੈ ਉਹ ਜਿਆਦਾਤਰ ਉਦਾਹਰਣਾਂ ਵੇਦਾਂ ਸਾਸਤਰਾਂ ਦੇ ਪੜ੍ਹਨ ਵਾਲਿਆ ਨਾਲ ਜੁੜੀਆਂ ਹੁੰਦੀਆਂ ਹਨ ਭਾਵ ਹਿੰਦੂ ਸਮਾਜ ਨਾਲ ਜੁੜੀਆਂ ਹੁੰਦੀਆਂ ਹਨ, ਸਾਡੇ ਵੱਡੇ ਵਡੇਰਿਆਂ ਨਾਲ ਜੁੜੀਆਂ ਹੁੰਦੀਆਂ ਹਨ ਕਿਉਂਕਿ ਅੱਜ ਸਿੱਖ ਜਗਤ ਵਿੱਚ ਬਹੁਤਾਂਤ ਗਿਣਤੀ ਉਹਨਾਂ ਦੀ ਹੈ ਜਿੰਨ੍ਹਾਂ ਦੇ ਵੱਡੇ ਵਡੇਰੇ ਵੇਦਾਂ ਸਾਸਤਰਾਂ ਦੇ ਮੰਨਣ ਵਾਲੇ ਹੀ ਸਨ। ਉਹਨਾਂ ਲੋਕਾਂ ਦੀ ਗਿਣਤੀ ਵੀ ਘੱਟ ਨਹੀਂ ਜਿੰਨ੍ਹਾਂ ਨੇ ਭਾਵੇਂ ਸਿੱਖੀ ਸਰੂਪ ਨੂੰ ਨਹੀਂ ਅਪਣਾਇਆ ਪਰ ਉਹਨਾਂ ਦੀ ਆਸਥਾ ਗੁਰਬਾਣੀ ਨਾਲ ਜੁੜੀ ਹੋਈ ਹੈ। ਸਾਡਾ ਭਗਤੀ ਕਰਨ ਦਾ ਤਰੀਕਾ ਭਾਵ ਜਿਸ ਨੂੰ ਅਸੀਂ ਭਗਤੀ ਕਰਨਾ ਸਮਝਦੇ ਹਾਂ ਉਹ ਅੱਜ ਵੀ ਉਹੀ ਹੈ ਜੋ ਹਿੰਦੂ ਸਮਾਜ ਨਾਲ ਮੇਲ ਖਾਂਦਾ ਹੈ। ਅਸੀਂ ਕੁੱਝ ਗੱਲਾਂ ਛੱਡ ਦਿੱਤੀਆਂ ਹਨ ਤੇ ਕੁੱਝ ਅਪਣਾ ਲਈਆਂ ਹਨ। ਸਾਡਾ ਜਪ ਤਪ ਕਰਨ ਦਾ ਤਰੀਕਾ ਸਾਨੂੰ ਹਿੰਦੂ ਸਮਾਜ ਦੇ ਵਿੱਚੋਂ ਹੀ ਮਿਲਿਆ ਹੈ ਜੋ ਕਿ ਸਮਾਧੀਆਂ ਲਗਾਉਣਾ ਹੈ, ਮੋਨੀ ਬਣ ਕੇ ਬੈਠਣਾ ਹੈ, ਸੁਰਤੀਆਂ ਜੋੜਨਾ ਹੈ ਭਾਵ ਸਰੀਰਕ ਕਿਰਿਆਵਾਂ ਦੁਆਰਾ ਪ੍ਰਮਾਤਮਾ ਨੂੰ

ਖੋਜਣ ਦਾ ਹੈ। ਉਹਨਾਂ ਦੀ ਆਸਥਾ ਵੀ ਦੇਹ ਨਾਲ ਜੁੜੀ ਹੋਈ ਹੈ ਤੇ ਆਸਥਾ ਸਿੱਖ ਜਗਤ ਦੀ ਵੀ ਦੇਹ ਨਾਲ ਜੁੜੀ ਹੋਈ ਹੈ। ਉਹ ਦੇਵੀ ਦੇਵਤਿਆਂ ਆਦਿ ਦੀ ਪੂਜਾ ਕਰਦੇ ਹਨ ਤੇ ਅਸੀਂ ਆਪਣੀ-ਆਪਣੀ ਆਸਥਾ ਅਨੁਸਾਰ ਕੁੱਝ ਮਨੁੱਖਾਂ ਨੂੰ ਧਰਮ ਦੀ ਸਿਰਮੌਰ ਮੂਰਤੀ ਮੰਨ ਕੇ ਪੂਜਦੇ ਹਾਂ ਭਾਵ ਸਾਡੀ ਆਸਥਾ ਦੇਹ ਨਾਲ ਜੁੜੀ ਹੋਈ ਹੈ। ਗੁਰੂ ਸਾਹਿਬਾਨ ਨੂੰ ਵੀ ਅਸੀਂ ਦੇਹ ਰੂਪ ਵਿੱਚ ਹੀ ਪੂਜਦੇ ਹਾਂ ਤੇ ਅੱਜਕੱਲ ਇਸ ਦਾ ਪ੍ਰਚਾਰ ਹੋਰ ਵੀ ਵੱਧਦਾ ਜਾ ਰਿਹਾ ਹੈ। ਸਿੱਖ ਜਗਤ ਵਿੱਚ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਗੁਰੂ ਸਾਹਿਬ ਦੀ ਮੂਰਤੀ, ਫੋਟੋ ਰੱਖ ਕੇ ਤੇ ਨਾਲ-ਨਾਲ ਉਹਨਾਂ ਦੇ ਬਰਾਬਰ ਆਪਣੇ ਸਿਰਮੌਰ ਦੀ ਮੂਰਤੀ ਰੱਖ ਕੇ ਉਹਨਾਂ ਨੂੰ ਮੱਥਾ ਟੇਕਿਆ ਜਾਂਦਾ ਹੈ। ਆਪਣੇ ਸਿਰਮੌਰ ਨੂੰ ਗੁਰੂ ਸਾਹਿਬ ਦੇ ਬਰਾਬਰ ਉੱਚਾ ਕਰਕੇ ਪੂਜਿਆਂ ਜਾਂਦਾ ਹੈ। ਵਾਰ-ਵਾਰ ਆਪਣੇ ਸਿਰਮੌਰ ਦੀ ਗਾਥਾ ਗਾਈ ਜਾਂਦੀ ਹੈ। ਜਿਸ ਗੁਰੂ ਨੇ ਆਪਣੀ ਬਾਣੀ ਰਾਹੀਂ ਵਾਰ-ਵਾਰ ਮੂਰਤੀ ਪੂਜਾ ਨੂੰ ਖੰਡਿਆ ਹੈ ਉਸੇ ਗੁਰੂ ਦੀ ਮੂਰਤੀ ਬਣਾ ਕੇ ਉਸਨੂੰ ਪੂਜਿਆ ਜਾ ਰਿਹਾ ਹੈ। ਆਪਣੇ ਸਿਰਮੌਰ ਦੀ ਪੂਜਾ ਕਰਨ ਲਈ ਗੁਰੂ ਸਾਹਿਬ ਦੀ ਮੂਰਤੀ ਨੂੰ ਢਾਲ ਬਣਾ ਕੇ ਵਰਤਿਆ ਜਾ ਰਿਹਾ ਹੈ। ਇਹਨਾਂ ਗੱਲਾਂ ਨਾਲ ਕੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਉੱਚਾ ਕਰ ਰਹੇ ਹਾਂ ਜਾਂ ਗੁਰੂ ਦੀ ਦੱਸੀ ਹੋਈ ਸਿੱਖਿਆ ਦੇ ਬਿਲਕੁਲ ਹੀ ਉਲਟ ਚੱਲ ਰਹੇ ਹਾਂ। ਇਸੇ ਤਰ੍ਹਾਂ ਭਰਮਾਂ

8/766-25

ਦੇ ਵੱਧਦੇ-ਵੱਧਦੇ ਇੱਕ ਦਿਨ ਅਸਲੀਅਤ ਬਿਲਕੁਲ ਹੀ ਕਿਨਾਰੇ ਰਹਿ ਜਾਂਦੀ ਹੈ। ਗੁਰੂ ਸਾਹਿਬਾਨ ਨੇ ਆਪਣੇ ਹੱਥੀ "ਅਕਾਲ ਤਖਤ" ਦੀ ਸਿਰਜਣਾ ਕੀਤੀ ਹੋਈ ਹੈ ਤਾਂ ਜੋ ਅਗਰ ਕੋਈ ਗੁਰੂ ਦੀ ਸਿੱਖਿਆ ਨੂੰ ਗਲਤ ਤਰੀਕੇ ਨਾਲ ਪੇਸ਼ ਕਰੇ ਤਾਂ ਉਹਨਾਂ ਨੂੰ ਸਮਝਾਇਆ ਜਾਵੇ। ਇਹ ਅਕਾਲ ਤਖਤ ਦਾ ਆਪਣਾ ਫਰਜ਼ ਹੈ ਜੇ ਕੋਈ ਸਮਝੇ ਤਾਂ। ਮੂਰਤੀਆਂ ਅੱਗੇ ਮੱਥੇ ਟੇਕਣ ਵਾਲਿਆਂ ਨੂੰ ਆਪ ਵੀ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ ਜੋ ਕੁੱਝ ਅਸੀਂ ਕਰ ਰਹੇ ਹਾਂ ਉਹ ਅਸਲ ਵਿੱਚ ਗੁਰੂ ਦੀ ਸਿੱਖਿਆ ਦੇ ਉਲਟ ਹੈ। ਅੱਜ ਜਿਹਨਾਂ ਨੂੰ ਅਸੀਂ ਧਰਮ ਦੇ ਸਿਰਮੌਰ ਸਮਝਦੇ ਹਾਂ, ਆਉਣ ਵਾਲੇ ਸਮੇਂ ਵਿੱਚ ਇਹਨਾਂ ਦੀ ਦੇਵਤਾ ਰੂਪ ਵਿੱਚ ਪੂਜਾ ਹੋਣ ਲੱਗ ਪਵੇਗੀ। ਹਰ ਕੋਈ ਜੱਥੇਬੰਦੀ ਅਗਰ ਧਿਆਨ ਨਾਲ ਸੋਚੀਏ ਤੇ ਆਪਣੇ ਸਿਰਮੌਰ ਨਾਲ ਹੀ ਬੱਝੀ ਹੋਈ ਹੈ ਤੇ ਆਪਣੀ-ਆਪਣੀ ਮਰਿਆਦਾ ਉੱਚੀ ਰੱਖਣ ਲਈ ਹੀ ਜੱਦੋ ਜਹਿਦ ਕਰਦੇ ਹਨ।ਸਾਨੂੰ ਜਾਗਣ ਦੀ ਲੋੜ ਹੈ ਅਤੇ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਧੰਨ-ਧੰਨ-ਧੰਨ-ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਪਰ ਕੋਈ ਨਹੀਂ ਹੈ ਜੋ ਕਿ ਅਕਾਲ ਪੁਰਖ ਦਾ ਆਪਣਾ ਰੂਪ ਹੈ, ਸ਼ਬਦ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਸ਼ਬਦ ਰੂਪ ਦੇ ਨਾਲ ਜੁੜਨ ਵਾਲਾ ਦੇਹ ਰੂਪ ਨਾਲ ਨਹੀਂ ਜੁੜ ਸਕਦਾ ਤੇ ਦੇਹ ਰੂਪ ਨਾਲ ਜੁੜਨ ਵਾਲਾ ਸ਼ਬਦ ਰੂਪ ਨਾਲ ਨਹੀਂ ਜੁੜ ਸਕਦਾ।

ਅਸੀਂ ਦੂਸਰੇ ਧਰਮ ਦੇ ਮੰਨਣ ਵਾਲਿਆਂ ਨੂੰ, ਉਹਨਾਂ ਦੇ ਪੂਜਾ ਕਰਨ ਦੇ ਤੌਰ ਤਰੀਕਿਆਂ ਨੂੰ ਮਾੜਾ ਤਾਂ ਕਹਿ ਦਿੰਦੇ ਹਾਂ ਪਰ ਜਦੋਂ ਧਿਆਨ ਨਾਲ ਵਿਚਾਰਾਂਗੇ, ਅਸੀਂ ਆਪਣੇ ਆਪ ਨੂੰ ਵੀ ਭੁਲੇਖੇ ਵਿੱਚ ਹੀ ਸਮਝਾਂਗੇ। ਕਿਸੇ ਨੂੰ ਮਾੜਾ ਕਹਿਣਾ ਕੋਈ ਹੱਲ ਨਹੀਂ ਹੈ ਬਲਕਿ ਆਪਣੇ ਆਪ ਨੂੰ ਠੀਕ ਕਰਨਾ ਹੱਲ ਹੈ। ਜੇ ਕੋਈ ਦੂਸਰਾ ਮੂਰਤੀ ਪੂਜਾ ਕਰੇ ਤਾਂ ਉਸਨੂੰ ਮਾੜਾ ਕਹਿ ਦਿੰਦੇ ਹਾਂ ਜੇਕਰ ਆਪ ਕਰੀਏ ਤਾਂ ਚੰਗੇ। ਦੂਜਾ ਕਰੇ ਤਾਂ ਅਧਰਮ ਆਪ ਕਰੀਏ ਤਾਂ ਧਰਮ। ਅਸਲ ਵਿੱਚ ਆਸਥਾ ਧਰਮ ਨਾਲ ਨਹੀਂ ਹੈ, ਆਸਥਾ ਆਪਣੇ-ਆਪਣੇ ਸਿਰਮੌਰ ਨਾਲ ਹੈ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧ ਰੱਖਦਾ ਹੋਵੇ। ਜਦੋਂ ਕੋਈ ਦੂਸਰੇ ਧਰਮ ਦਾ "ਮੋਨੀ" ਬਣ ਕੇ ਬੈਠੇ ਤਾਂ ਅਸੀਂ ਉਸਨੂੰ ਮਾੜਾ ਕਹਿੰਦੇ ਹਾਂ ਕਿਉਂਕਿ

8/766-26

ਬਾਣੀ ਉਸਦਾ ਖੰਡਨ ਕਰਦੀ ਹੈ। ਜਦੋਂ ਅਸੀਂ ਆਪ ਮੋਨੀ ਬਣ ਕੇ ਬੈਠ ਜਾਂਦੇ ਹਾਂ ਤਾਂ ਉਦੋਂ ਅਸੀਂ ਚੰਗੇ ਹਾਂ, ਅਸੀਂ ਭਗਤ ਹਾਂ, ਅਸੀਂ ਇਸ ਨੂੰ ਧਰਮ ਸਮਝਦੇ ਹਾਂ। ਜਿਸ ਗੱਲ ਦੀ ਗੁਰਬਾਣੀ ਪ੍ਰੋੜਤਾ ਨਹੀਂ ਕਰਦੀ ਉਹ ਠੀਕ ਹੋ ਹੀ ਨਹੀਂ ਸਕਦੀ ਭਾਵੇਂ ਉਹ ਕੁੱਝ ਕਿਸੇ ਵੀ ਧਰਮ ਵਿੱਚ ਆਸਥਾ ਰੱਖਣ ਵਾਲਾ ਕਰੇ। ਜੇਕਰ ਸਮਾਧੀਆਂ ਲਗਾਉਣੀਆ, ਸੁਰਤੀਆਂ ਜੋੜਨੀਆਂ, ਸਰੀਰਕ ਕਿਰਿਆਵਾਂ ਦੁਆਰਾ ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਮਾੜਾ ਹੈ ਤਾਂ ਫਿਰ ਉਹ ਸਭ ਲਈ ਮਾੜਾ ਹੈ, ਗੁਰਸਿੱਖ ਅਖਵਾਉਣ ਵਾਲਿਆਂ ਲਈ ਵੀ ਮਾੜਾ ਹੈ। ਪ੍ਰਮਾਤਮਾ ਨੂੰ ਨਾ ਮਿਲਣ ਦਾ ਕਾਰਨ ਸਭ ਦੇ ਲਈ ਇੱਕੋ ਹੀ ਹੈ ਜੋ ਕਿ ਸਾਡੇ ਅੰਦਰ ਦੀ ਕਲਪਨਾ ਹੈ, ਸਾਡੀ ਤ੍ਰਿਸ਼ਨਾ ਹੈ ਭਾਵ ਨਾਸਮਝ ਮਤਿ ਹੈ, ਅਗਿਆਨਤਾ ਹੈ, ਹਉਮੈ ਹੈ, ਮਾਇਆ ਮੋਹ ਹੈ ਜਿਸ ਕਰਕੇ ਅਸੀਂ ਜੂਨਾਂ ਵਿੱਚ ਪੈਂਦੇ ਹਾਂ। ਹੱਲ ਤ੍ਰਿਸ਼ਨਾ ਨੂੰ ਮਾਰਨ ਦੇ ਨਾਲ ਮਿਲਣਾ ਹੈ, ਆਪਣੇ ਮਨ ਨੂੰ ਸਮਝਾਉਣ ਦੇ ਨਾਲ ਮਿਲਣਾ ਹੈ, ਨਾ ਕਿ ਕਿਸੇ ਸਮਾਧੀਆਂ ਵਿੱਚ ਬੈਠ ਕੇ। ਇਹ ਤਰੀਕਾ ਸਭ ਲਈ ਇੱਕੋ ਹੀ ਹੈ ਭਾਵੇਂ ਆਸਥਾ ਜਿਸ ਮਰਜ਼ੀ ਧਰਮ ਵਿੱਚ ਹੋਵੇ। **(ਬੋਲੈ ਨਾਹੀ ਹੋਇ ਬੈਠਾ ਮੋਨੀ॥ਅੰਤਰਿ ਕਲਪ ਭਵਾਈਐ ਜੋਨੀ॥)** ਅੰਨ ਦਾ ਤਿਆਗ ਕਰਕੇ, ਵਰਤ ਆਦਿ ਰੱਖ ਕੇ ਪ੍ਰਮਾਤਮਾ ਨੂੰ ਖੁਸ਼ ਕਰਨਾ, ਉਸਦੀ ਭਗਤੀ ਸਮਝਣਾ ਸਾਡਾ ਭੁਲੇਖਾ ਦੱਸਿਆ ਹੈ। ਇਸ ਭੁਲੇਖੇ ਵਿੱਚੋਂ ਨਿਕਲਣਾ ਭਗਤੀ

ਨਹੀਂ ਹੈ ਭਾਵ ਵਰਤ ਆਦਿ ਨਾ ਰੱਖਣ ਨਾਲ ਕੋਈ ਭਗਤੀ ਨਹੀਂ ਹੋ ਜਾਣੀ ਭਾਵ ਇਸ ਗੱਲੋਂ ਕਿਸੇ ਦੂਸਰੇ ਨੂੰ ਮਾੜਾ ਸਮਝ ਲੈਣਾ ਤੇ ਆਪਣੇ ਆਪ ਨੂੰ ਚੰਗਾ ਸਮਝ ਲੈਣਾ ਵੀ ਭੁਲੇਖਾ ਹੀ ਹੈ। ਅਸੀਂ ਦੁੱਖ ਸਹਿਣੋਂ ਬਚ ਗਏ ਇਤਨਾ ਸਾਡੇ ਲਈ ਜਰੂਰ ਚੰਗਾ ਹੈ ਪਰ ਭਗਤੀ ਕੀ ਹੈ ਉਹ ਨਾਲ ਹੀ ਸਮਝਾਈ ਹੋਈ ਹੈ ਜੋ ਸਭ ਲਈ ਇੱਕੋ ਜਿਹੀ ਹੈ, ਗੁਰਸਿੱਖ ਅਖਵਾਉਣ ਵਾਲਿਆਂ ਲਈ ਵੀ ਮਾਰਗ ਉਹੀ ਹੈ ਜੋ ਕਿ ਇਸ ਤਰ੍ਹਾਂ ਸਮਝਾਇਆ ਹੋਇਆ ਹੈ।

“ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥ ਹੁਕਮੁ ਨ ਬੂਝੈ ਵਿਆਪਿਆ ਮਮਤਾ॥੬॥”

ਹੁਕਮ ਗੁਰੂ ਦੀ ਮਤਿ ਹੈ, ਹੁਕਮ ਗੁਰੂ ਦਾ ਗਿਆਨ ਹੈ। ਸਾਰੀ ਸ੍ਰਿਸ਼ਟੀ ਵਿੱਚ, ਸਭ ਖੰਡਾਂ ਬ੍ਰਹਿਮੰਡਾਂ ਵਿੱਚ ਕੇਵਲ ਇੱਕ ਪ੍ਰਮਾਤਮਾ ਦਾ ਹੁਕਮ ਹੀ ਚੱਲ ਰਿਹਾ ਹੈ। ਮਨੁੱਖ ਦੇ ਮਨ ਦੇ ਵਿੱਚ ਵੀ ਪ੍ਰਮਾਤਮਾ ਦਾ ਹੁਕਮ ਹੀ ਚੱਲਦਾ ਹੈ ਪਰ ਸਾਨੂੰ ਉਸਦੀ ਸੋਝੀ ਤ੍ਰੈਗੁਣੀ ਅਵੱਸਥਾ ਕਰਕੇ ਨਹੀਂ ਪੈਂਦੀ ਹੈ ਜਿਸ ਕਰਕੇ ਅਸੀਂ ਸੱਚ ਨਾਲ ਨਹੀਂ ਜੁੜ ਸਕਦੇ।

8/766-27

ਪ੍ਰਮਾਤਮਾ ਦਾ ਸੱਚਾ ਹੁਕਮ ਸੱਚ ਹੈ ਜਿਸ ਵਿੱਚ ਉਹ ਆਪ ਹੈ। ਪੂਰੀ ਗੁਰਬਾਣੀ ਸੱਚ ਹੈ, ਪ੍ਰਮਾਤਮਾ ਦਾ ਸੱਚਾ ਹੁਕਮ ਹੈ, ਉਸਦਾ ਸੱਚਾ ਗਿਆਨ ਹੈ ਜੋ ਸਾਨੂੰ ਕੇਵਲ ਸੱਚ ਦੇ ਮਾਰਗ ਤੇ ਚੱਲਣ ਲਈ ਪ੍ਰੇਰਦਾ ਹੈ। ਕੇਵਲ ਸੱਚ ਨੂੰ ਅਪਣਾਉਣ ਦੁਆਰਾ ਹੀ, ਉਸਦੀ ਸੱਚੀ ਮਤਿ ਨੂੰ ਅਪਣਾਉਣ ਦੁਆਰਾ ਹੀ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਨੂੰ ਕਾਬੂ ਕਰਕੇ ਮਾਇਆਂ ਮੋਹ ਵਿੱਚੋਂ ਨਿਕਲ ਸਕਦੇ ਹਾਂ, ਮਮਤਾ ਵਾਲੀ ਬਿਰਤੀ ਵਿੱਚੋਂ ਨਿਕਲ ਸਕਦੇ ਹਾਂ। ਇਹੀ ਭਗਤੀ ਦਾ ਮਾਰਗ ਹੈ ਜੋ ਸਭ ਲਈ ਇੱਕੋ ਜਿਹਾ ਹੈ, ਪੂਰੀ ਮਨੁੱਖਤਾ ਲਈ ਇੱਕੋ ਜਿਹਾ ਹੈ। ਗੁਰੂ ਦੇ ਹੁਕਮ ਨੂੰ ਮੰਨਣਾ ਹੀ ਗੁਰੂ ਨੂੰ ਮੰਨਣਾ ਹੈ, ਪ੍ਰਮਾਤਮਾ ਨੂੰ ਪੂਜਣਾ ਹੈ। (**ਹੁਕਮੁ ਨ ਬੂਝੈ ਵਿਆਪਿਆ ਮਮਤਾ॥੬॥**) ਇਹੀ ਭਗਤੀ ਦੀ ਗੱਲ ਅਗਲੇ ਪਦੇ ਵਿੱਚ ਸਮਝਾਈ ਹੋਈ ਹੈ।

“ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ॥
ਪੂਛਹੁ ਸਗਲ ਬੇਦ ਸਿੰਮ੍ਰਿਤੇ॥ਮਨਮੁਖ ਕਰਮ ਕਰੈ ਅਜਾਈ॥ ਜਿਉ ਬਾਲੂ ਘਰ ਠਉਰ ਨ ਠਾਈ॥੭॥”

ਗੁਰੂ ਦੇ ਹੁਕਮ ਨੂੰ ਮੰਨ ਕੇ ਹੀ ਭਾਵ ਸੱਚੇ ਸੁੱਚੇ ਕਰਮ ਕਰਕੇ ਹੀ, ਮਾਇਆ ਤੋਂ ਨਿਰਲੇਪ ਰਹਿ ਕੇ ਹੀ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਮਨੁੱਖ ਦੀ ਪਰਮ ਗਤਿ ਹੋ ਸਕਦੀ ਹੈ। ਪਰਮਗਤੀ ਉਸਦਾ ਹੁਕਮ ਆਪਣੇ ਅੰਦਰੋਂ ਹੀ ਬੁੱਝ ਕੇ ਹੋਣੀ ਹੈ ਜੋ ਹੁਕਮ ਸਾਡੇ ਅੰਦਰ ਹਰ ਵੇਲੇ ਵਰਤ ਰਿਹਾ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ, ਗਿਆਨ ਰੂਪ ਵਿੱਚ ਵਰਤਦਾ ਹੈ ਪਰ ਇਸ ਗੱਲ ਦੀ ਸੋਝੀ ਵੇਦਾਂ ਤੇ ਸਿਮ੍ਰਿਤੀਆ ਦੇ ਪੜ੍ਹਨ ਦੁਆਰਾ ਨਹੀਂ ਪੈਂਦੀ ਕਿਉਂਕਿ ਗਤਿ ਸਾਡੀ ਮਨ ਦੀ ਸਮਝ ਦੀ ਹੋਣੀ ਹੈ ਭਾਵ ਅਗਿਆਨਤਾ ਵਾਲੀ ਨਾਸਮਝਿ ਮਤਿ ਦੀ ਹੋਣੀ ਹੈ ਜਿਸਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਉਸਦੇ ਹੁਕਮ ਨੂੰ ਨਹੀਂ ਬੁੱਝ ਸਕਦੇ। ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਨਾਲ ਸਾਡੀ ਗਤ ਨਹੀਂ ਹੋ ਸਕਦੀ। ਸਾਡਾ ਕੰਮ ਕੇਵਲ ਸੱਚ ਦੇ ਮਾਰਗ ਤੇ ਚੱਲਣ ਦਾ ਹੈ, ਨਾਮ ਦੇ ਮਾਰਗ ਤੇ ਚੱਲਣ ਦਾ ਹੈ ਜੋ ਕਿ ਵੇਦਾਂ ਸ਼ਾਸਤਰਾਂ ਵਿੱਚ ਵੀ ਸਮਝਾਇਆ ਹੋਇਆ ਹੈ। ਫਲ ਉਸ ਪ੍ਰਮਾਤਮਾ ਨੇ ਆਪ ਦੇਣਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਅਸੀਂ ਵੇਦਾਂ ਸ਼ਾਸਤਰਾਂ ਦੇ ਵਿੱਚੋਂ ਸੱਚ ਨੂੰ ਲੈਣ ਦੀ ਬਜਾਏ, ਨਾਮ ਨੂੰ ਸਮਝਣ ਦੀ ਬਜਾਏ ਕਰਮ ਕਾਂਡਾਂ ਵਿੱਚ ਪੈ ਜਾਂਦੇ ਹਾਂ, ਜਪਾਂ ਤਪਾਂ ਵਿੱਚ ਪੈ ਜਾਂਦੇ ਹਾਂ, ਤੀਰਥ ਇਸ਼ਨਾਨਾਂ ਵਿੱਚ ਪੈ ਜਾਂਦੇ ਹਾਂ ਜਿਵੇਂ ਕਿ ਸ਼ਬਦ ਦੇ ਪਹਿਲੇ ਪਦਿਆਂ ਵਿੱਚ ਸਮਝਾਇਆ ਹੋਇਆ ਹੈ। ਇਹੋ ਜਿਹੇ ਕਰਮ ਸਾਡੇ ਕਿਸੇ ਲੇਖੇ ਨਹੀਂ ਪੈਂਦੇ, ਵਿਅਰਥ ਹੀ ਜਾਂਦੇ ਹਨ ਜਿਵੇਂ ਕਿ ਰੇਤ ਦਾ ਘਰ ਟਿਕ ਨਹੀਂ ਸਕਦਾ ਭਾਵ ਸਾਡੇ ਸਾਰੇ ਕਰਮ ਕਾਂਡ, ਜਪ ਤਪ ਆਦਿ ਸਾਨੂੰ ਪ੍ਰਮਾਤਮਾ

8/766-28

ਦੇ ਨਾਲ ਮੇਲ ਕਰਵਾਉਣ ਵਿੱਚ ਕਿਸੇ ਕੰਮ ਨਹੀਂ ਆਉਂਦੇ। ਇਹੋ ਜਿਹੇ ਜਪਾਂ ਤਪਾਂ ਵਿੱਚ ਪ੍ਰਮਾਤਮਾ ਉਹਨਾਂ ਨੂੰ ਹੀ ਪਾਉਂਦਾ ਹੈ ਜਿੱਥੇ ਉਸਦੀ ਆਪਣੀ ਕਿਰਪਾ ਨਹੀਂ ਹੁੰਦੀ ਭਾਵ ਉਹਨਾਂ ਨੂੰ ਸਹੀ ਸੋਝੀ ਪਾਉਣ ਤੋਂ ਦੂਰ ਰੱਖਦਾ ਹੈ। (**ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ॥ ਪੂਛਹੁ ਸਗਲ ਬੇਦ ਸਿੰਮ੍ਰਿਤੇ॥ਮਨਮੁਖ ਕਰਮ ਕਰੈ ਅਜਾਈ॥ ਜਿਉ ਬਾਲੂ ਘਰ ਠਉਰ ਨ ਠਾਈ॥੭॥**) ਉਹ ਆਪਣੀ ਕਿਰਪਾ ਕਿਵੇਂ ਕਰਦਾ ਹੈ ਇਹ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

“ਜਿਸ ਨੋ ਭਏ ਗੋਬਿੰਦ ਦਇਆਲਾ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ॥
ਕੋਟਿ ਮਧੇ ਕੋਈ ਸੰਤੁ ਦਿਖਾਇਆ॥ ਨਾਨਕੁ ਤਿਨ ਕੈ ਸੰਗਿ ਤਰਾਇਆ॥੮॥”

ਉੱਪਰ ਸ਼ਬਦ ਰਾਹੀਂ ਅਸੀਂ ਪਹਿਲਾਂ ਜਿਤਨੇ ਵੀ ਭਗਤੀ ਕਰਨ ਦੇ ਤਰੀਕੇ ਪੜ੍ਹੇ ਹਨ ਉਹਨਾਂ ਸਾਰਿਆਂ ਦਾ ਖੰਡਨ ਹੀ ਕੀਤਾ

ਹੋਇਆ ਹੈ ਭਾਵ ਉਹ ਭਗਤੀ ਨਹੀਂ ਹੈ ਭਾਵ ਉੱਥੇ ਪ੍ਰਮਾਤਮਾ ਦੀ ਕਿਰਪਾ ਨਹੀਂ ਹੈ ਭਾਵੇਂ ਇਹੋ ਜਿਹੀ ਭਗਤੀ ਕਰਨ ਵਾਲੇ ਇਸ ਨੂੰ ਪ੍ਰਮਾਤਮਾ ਦੀ ਕਿਰਪਾ ਹੀ ਸਮਝਦੇ ਹਨ। ਭਗਤੀ ਦਾ ਮਾਰਗ ਕਿਸੇ ਦਿਖਾਵੇ ਦਾ ਮਾਰਗ ਨਹੀਂ ਹੈ, ਉਹ ਕੇਵਲ ਪ੍ਰਮਾਤਮਾ ਨੇ ਸਾਨੂੰ ਚਤੁਰਾਈਆਂ ਵਿੱਚ ਪਾਇਆ ਹੋਇਆ ਹੈ ਤੇ ਕੇਵਲ ਸਾਡੀ ਖੁਆਰੀ ਹੀ ਕਰ ਰਿਹਾ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਆ ਰਹੀ। ਜਿਸ ਤੇ ਉਹ ਆਪਣੀ ਆਪ ਆਪਣੀ ਭਗਤੀ ਦੀ ਕਿਰਪਾ ਕਰਦਾ ਹੈ ਉਸਨੂੰ ਆਪਣੇ ਬਚਨਾਂ ਦੇ ਨਾਲ ਜੋੜਦਾ ਹੈ, ਗੁਰੂ ਦੀ ਮਤਿ ਦੇ ਨਾਲ ਜੋੜਦਾ ਹੈ ਭਾਵ ਉਸਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ, ਔਗੁਣਾਂ ਵਿੱਚੋਂ ਕੱਢਦਾ ਹੈ, ਮਾੜੇ ਕਰਮਾਂ ਤੋਂ ਬਚਾਉਂਦਾ ਹੈ ਕਿਉਂਕਿ ਇਹ ਸਭ ਕੁੱਝ ਸਾਨੂੰ ਪ੍ਰਮਾਤਮਾ ਤੋਂ ਦੂਰ ਕਰਦਾ ਹੈ ਜਿਵੇਂ ਕਿ ਉੱਪਰ ਸ਼ਬਦ ਦੇ ਪਹਿਲੇ ਪਦਿਆਂ ਵਿੱਚ ਸਮਝਾਇਆ ਹੋਇਆ ਹੈ। ਉਹ ਆਪਣੇ ਨਾਲੋਂ ਦੂਰੀ ਮਿਟਾਉਣ ਦੀ ਸਮਰੱਥਾ ਆਪ ਹੀ ਦਿੰਦਾ ਹੈ, ਆਪਣੀ ਮਤਿ ਤੇ ਆਪ ਹੀ ਚਲਾਉਂਦਾ ਹੈ, ਜਪਾਂ ਤਪਾਂ ਤੋਂ ਆਪ ਹੀ ਬਚਾਉਂਦਾ ਹੈ, ਮੌਨ ਧਾਰਨ ਕਰਨ ਤੋਂ ਆਪ ਹੀ ਬਚਾਉਂਦਾ ਹੈ, ਗ੍ਰਹਿਸਥ ਛੱਡਣ ਤੋਂ ਆਪ ਹੀ ਬਚਾਉਂਦਾ ਹੈ ਭਾਵ ਹਰ ਭਗਤੀ ਦੇ ਦਿਖਾਵੇ ਤੋਂ ਆਪ ਹੀ ਬਚਾਉਂਦਾ ਹੈ। ਉਸਦੀ ਕਿਰਪਾ ਦਾ ਤਰੀਕਾ ਸਭ ਲਈ ਇੱਕੋ ਜਿਹਾ ਹੈ, ਗੁਰਸਿੱਖ ਅਖਵਾਉਣ ਵਾਲਿਆਂ ਲਈ ਵੀ ਇਹੀ ਹੈ। ਜਿਸ ਮਨ ਦੇ ਵਿੱਚ ਝੂਠ ਵੱਸਦਾ ਹੈ, ਵਿਕਾਰ ਵੱਸਦੇ ਹਨ ਉੱਥੇ ਭਗਤੀ ਦਾ ਨਾਮ ਨਿਸ਼ਾਨ ਵੀ ਨਹੀਂ ਵੱਸ ਸਕਦਾ ਕਿਉਂਕਿ ਭਗਤੀ ਕੇਵਲ ਸਾਡੇ ਅੰਦਰ ਸੱਚ ਦਾ ਵੱਸਣਾ ਹੈ। ਸੱਚ ਸਾਰੀ ਸ੍ਰਿਸ਼ਟੀ ਲਈ ਇੱਕੋ ਜਿਹਾ ਹੈ। ਸੱਚ ਰੂਪ ਪ੍ਰਮਾਤਮਾ ਆਪ ਹੈ, ਪ੍ਰਮਾਤਮਾ ਸਾਰੀ ਸ੍ਰਿਸ਼ਟੀ ਲਈ ਇੱਕੋ ਜਿਹਾ ਹੈ

{ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥}

(ਅੰਗ ੯੨੨)

8/766-29

ਮਨੁੱਖ ਦੇ ਉੱਤੇ ਉਸ ਦੀ ਸਭ ਤੋਂ ਵੱਡੀ ਕਿਰਪਾ ਸੱਚ ਦੀ ਪ੍ਰਾਪਤੀ ਹੈ। ਸੱਚ ਹੀ ਨਾਮ ਹੈ, ਸੱਚ ਹੀ ਪ੍ਰਮਾਤਮਾ ਹੈ ਤੇ ਪ੍ਰਮਾਤਮਾ ਆਪ ਹੀ ਨਾਮ ਰੂਪ ਹੈ। ਸੱਚ ਨੂੰ ਜਪ ਕੇ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ। ਸੱਚ ਨੂੰ ਜਪਣਾ ਹੀ ਨਾਮ ਜਪਣਾ ਹੈ ਭਾਵ ਗੁਰੂ ਦੇ ਬਚਨਾਂ ਨੂੰ ਮੰਨਣਾ ਹੀ ਸੱਚ ਨੂੰ ਜਪਣਾ ਹੈ ਕਿਉਂਕਿ ਗੁਰੂ ਦਾ ਹਰ ਬਚਨ ਸਾਨੂੰ ਸੱਚ ਹੀ ਸਮਝਾਉਂਦਾ ਹੈ। (**ਜਿਸ ਨੋ ਭਏ ਗੋਬਿੰਦ ਦਇਆਲਾ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ॥**)

{ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥}

(ਅੰਗ - ੨੮੩)

ਪ੍ਰਮਾਤਮਾ ਆਪਣੇ ਆਪ ਨੂੰ ਕਦੇ ਹੀ ਕਰੋੜਾਂ ਕਰੋੜਾਂ ਸਰੀਰਾਂ ਵਿੱਚੋਂ ਕਿਸੇ ਵਿਰਲੇ ਸਰੀਰ ਰਾਹੀਂ ਪ੍ਰਗਟ ਕਰਦਾ ਹੈ ਜਿਸ ਰਾਹੀਂ ਉਹ ਆਪਣਾ ਸੱਚਾ ਗਿਆਨ ਦੁਨੀਆਂ ਵਿੱਚ ਵੰਡਦਾ ਹੈ। ''ਸੰਤ'' ਉਹ ਆਪ ਹੈ ਜੋ ਕਿ ਜੋਤਿ ਸਰੂਪ ਹੈ, ਨਿਰਗੁਣ ਸਰੂਪ ਹੈ, ਗਿਆਨ ਸਰੂਪ ਹੈ ਜਿਸ ਰਾਹੀਂ ਉਹ ਆਪਣਾ ਚੌਥੇ ਪਦ ਦਾ ਗਿਆਨ ਦੁਨੀਆਂ ਵਿੱਚ ਆਪਣਾ ਸੰਤ ਰੂਪ ਪ੍ਰਗਟ ਕਰਨ ਦੁਆਰਾ ਵੰਡਦਾ ਹੈ ਜਿਵੇਂ ਕਿ ਉਹ ਆਪਣੇ ਗੁਰੂ ਰੂਪ ਦੁਆਰਾ ਭਾਵ ਗੁਰਬਾਣੀ ਰੂਪ ਦੁਆਰਾ ਵੰਡ ਰਹਿਆ ਹੈ। ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਗੁਰੂ ਨੂੰ ਹੀ ਸੰਤ ਕਿਹਾ ਗਿਆ ਹੈ, ਸਾਧ ਕਿਹਾ ਗਿਆ ਹੈ। ਸਾਧ, ਸੰਤ ਉਹ ਆਪ ਹੈ ਜਿਸ ਦੇ ਬਚਨਾਂ ਦੁਆਰਾ ਮਨੁੱਖ ਤਰ ਸਕਦਾ ਹੈ। ਸੰਤ ਗੁਰੂ ਦੇ ਬਚਨ ਹਨ ਭਾਵ ਬਚਨਾਂ ਦੇ ਅੰਦਰ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਬ੍ਰਹਮ ਗਿਆਨ ਦੇ ਰੂਪ ਵਿੱਚ ਅਕਾਲਪੁਰਖ ਆਪ ਹੀ ਆਪਣੇ ਨਿਰੰਕਾਰ ਰੂਪ ਵਿੱਚ ਸੰਤ ਹੈ ਜਿੰਨ੍ਹਾਂ ਗੁਰੂ ਦੇ ਬਚਨਾਂ ਤੇ ਚੱਲ ਕੇ ਉਸ ਸਤਿਗੁਰ ਸੰਤ ਦੇ ਨਾਲ ਮੇਲ ਹੋ ਸਕਦਾ ਹੈ। **(ਕੋਟਿ ਮਧੇ ਕੋਈ ਸੰਤੁ ਦਿਖਾਇਆ॥ ਨਾਨਕੁ ਤਿਨ ਕੈ ਸੰਗਿ ਤਰਾਇਆ॥੮॥)** ਸਤਿਗੁਰ ਦੇ ਬਚਨ ਸਾਨੂੰ ਸੱਚ ਹੀ ਸਮਝਾਉਂਦੇ ਹਨ ਤੇ ਸੱਚ ਤੇ ਚੱਲ ਕੇ ਹੀ ਉਸ ਸੱਚ ਰੂਪ ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ। ਸਾਰੀ ਗੱਲ ਉਸਦੀ ਆਪਣੀ ਕਿਰਪਾ ਦੀ ਹੈ। ਮਨੁੱਖ ਦੇ ਭਾਗ ਕੇਵਲ ਉਸਦੀ ਕਿਰਪਾ ਤੇ ਨਿਰਭਰ ਹਨ। ਉਸਦੀ ਕਿਰਪਾ ਮਨ ਦੇ ਵਿੱਚ ਹੀ ਹੈ ਜਿੱਥੇ ਉਸਦਾ ਨਿਵਾਸ ਹੈ। ਆਪਣੇ ਬਚਨਾਂ ਦੇ ਨਾਲ ਉਹ ਕਿਸੇ ਨੂੰ ਜੋੜੇ, ਨਾ ਜੋੜੇ ਭਾਵ ਸਹੀ ਮਾਰਗ ਦੀ ਸੋਝੀ ਕਿਸੇ ਨੂੰ ਪਾਵੇ, ਨਾ ਪਾਵੇ ਇਹ ਸਭ ਕੁੱਝ ਉਸਦੀ ਕਿਰਪਾ ਤੇ ਨਿਰਭਰ ਹੈ।

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥}

(ਅੰਗ - ੬)

ਪ੍ਰਮਾਤਮਾ ਦੀ ਪੂਜਾ ਕੇਵਲ ਸੱਚ ਰਾਹੀਂ ਵਿਚਰਨ ਦੁਆਰਾ ਹੋ ਸਕਦੀ ਹੈ ਤੇ ਇਸ ਤੋਂ ਇਲਾਵਾ ਸਾਡਾ ਹਰ ਉਪਰਾਲਾ ਵਿਅਰਥ ਹੈ।

ਆਓ ਹੁਣ ਕਾਫੀ ਪਿੱਛੇ ਮੁੱਖ ਸ਼ਬਦ ਵੱਲ ਵਾਪਸ ਮੁੜੀਏ ਤੇ ਕੁੱਝ ਹੋਰ ਜਾਣੀਏ ਕਿ ਨਾਮ ਦੁਆਰਾ ਪੂਜਾ ਕਰਨੀ ਕੀ ਹੈ। ਰਹਾਉ ਵਾਲੇ ਇਸ ਸ਼ਬਦ ਨੂੰ ਧਿਆਨ ਵਿੱਚ ਰੱਖਣਾ ਜਰੂਰੀ ਹੈ।

"ਸੰਤਹੁ ਗੁਰਮੁਖਿ ਪੂਰਾ ਪਾਈ॥ ਨਾਮੋ ਪੂਜ ਕਰਾਈ॥੧॥ਰਹਾਉ॥"

(ਅੰਗ ੯੧੦)

ਉਪਰਲੀ ਪੰਗਤੀ ਦੇ ਅਤੇ ਇਸ ਤੋਂ ਅਗਲੀਆਂ ਕੁੱਝ ਪੰਗਤੀਆਂ ਦੇ ਅਰਥ ਅਸੀਂ ਪਿੱਛੇ ਜਾਣ ਚੁੱਕੇ ਹਾਂ। ਇਸ ਸਾਰੇ ਸ਼ਬਦ ਵਿੱਚ ਅਸੀਂ ਨਾਮ ਦੁਆਰਾ ਪੂਜਾ ਕਿਵੇਂ ਕਰਨੀ ਹੈ, ਇਹੀ ਸਮਝਾਇਆ ਹੋਇਆ ਹੈ। ਆਓ ਹੁਣ ਸ਼ਬਦ ਦੀਆਂ ਹੇਠ ਦਿੱਤੀਆ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ।

"ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ॥੪॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥੫॥"
8/767

ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਜਾਣਿਆ ਹੈ, ਗੁਰਬਾਣੀ ਦੇ ਅੰਦਰ ਦਾ ਧੁਰਾ ਸ਼ਬਦ ਦੀ ਵਿਚਾਰ ਹੈ। "ਸ਼ਬਦ ਵਿਚਾਰ" ਹੀ ਗੁਰੂ ਦੀ ਸੇਵਾ ਹੈ, "ਸ਼ਬਦ ਵਿਚਾਰ" ਹੀ ਗੁਰੂ ਦੀ ਭਗਤੀ ਹੈ, "ਸ਼ਬਦ ਦੀ ਵਿਚਾਰ" ਹੀ ਸਾਡਾ ਜਪ ਤਪ ਹੈ, "ਸ਼ਬਦ ਦੀ ਵਿਚਾਰ" ਹੀ ਸੱਚਾ ਨਾਮ ਹੈ ਅਤੇ ਇਸੇ ਲਈ ਬਾਣੀ ਵਿੱਚ ਕਿਹਾ ਗਿਆ ਹੈ

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ - ੯੦੪)

{ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥}

(ਅੰਗ - ੯੩੧)

ਸਭ ਕੁੱਝ ਸ਼ਬਦਾਂ ਦੀ ਵਿਚਾਰ ਹੈ। ਸਭ ਕੁੱਝ ਗੁਰੂ ਦੀ ਮਤਿ ਹੈ। ਸ਼ਬਦ ਗੁਰੂ ਹੈ ਤੇ ਵਿਚਾਰ ਉਸਦੀ ਮਤਿ ਹੈ। ਸ਼ਬਦ ਦੀ ਵਿਚਾਰ ਨੂੰ ਸਮਝਣਾ, ਜਾਣਨਾ, ਇੱਕ ਗੱਲ ਹੈ ਤੇ ਉਸ ਤੇ ਉਸ ਵਿਚਾਰ ਤੇ ਅਮਲ ਕਰਨਾ ਦੂਜੀ ਗੱਲ ਹੈ। ਪਹਿਲੀ ਸਾਡੀ ਕਥਨੀ ਹੈ ਤੇ ਦੂਸਰੀ ਸਾਡੀ ਕਰਨੀ ਹੈ। ਸ਼ਬਦਾਂ ਦੀ ਕੇਵਲ ਕਥਨੀ ਦੁਆਰਾ ਸਾਨੂੰ ਕੋਈ ਲਾਭ ਨਹੀਂ ਮਿਲਣਾ। ਲਾਭ ਕਥਨੀ ਨੂੰ ਕਰਨੀ ਵਿੱਚ ਬਦਲਣ ਨਾਲ ਮਿਲਣਾ ਹੈ। ਪ੍ਰਮਾਤਮਾ ਦੀ ਪੂਜਾ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ ਹੈ। ਅਨੇਕਾਂ ਹੀ ਅਨੇਕਾਂ ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਹੋਏ ਹਨ, ਉਸਦੀ ਪੂਜਾ ਵਿੱਚ ਲੱਗੇ ਹੋਏ ਹਨ ਪਰ ਫਿਰ ਵੀ ਉਹਨਾਂ ਨੂੰ ਮਨਮੁਖਿ ਕਿਹਾ ਹੈ ਤੇ ਉਹਨਾਂ ਨੂੰ ਸੰਤ ਕਹਿ ਕੇ ਸਮਝਾਇਆ ਹੈ ਕਿ ਉਹਨਾਂ ਨੂੰ ਭਗਤੀ ਦੀ ਸਮਝ ਨਹੀਂ ਹੈ ਭਾਵੇਂ ਉਹ ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਬਹੁਤ ਉੱਚਾ ਸਮਝਦੇ ਹਨ ਤੇ ਉਨ੍ਹਾਂ ਦੀ ਇਹੋ ਜਿਹੀ ਪੂਜਾ, ਭਗਤੀ ਕਿਸੇ ਲੇਖੇ ਨਹੀਂ ਲੱਗਦੀ। **(ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ॥੪॥)** ਪਹਿਲੀ ਗੱਲ ਤਾਂ ਪ੍ਰਮਾਤਮਾ ਦੀ ਪੂਜਾ ਕਰਨ ਵਾਲਾ ਕੋਈ ਇਹ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿ ਉਹ ਮਨਮੁਖਿ ਹੈ ਤੇ ਜੇਕਰ ਕੋਈ ਇਹ ਗੱਲ ਸੰਤ ਅਖਵਾਉਣ ਵਾਲੇ ਨੂੰ ਸਮਝਾਉਣਾ ਚਾਹੇ ਤੇ ਕੀ ਉਹ ਕਦੇ ਮੰਨ ਸਕਦਾ ਹੈ ਮੈਨੂੰ ਭਗਤੀ ਦੀ ਸਮਝ ਨਹੀਂ ਹੈ । ਹਰ ਕੋਈ ਆਪਣੀ ਪੂਜਾ ਤੇ ਮਾਣ ਹੀ ਕਰਦਾ ਹੈ ਤੇ ਇਹੀ ਸਮਝਦਾ ਹੈ ਕਿ ਪ੍ਰਮਾਤਮਾ ਇਸੇ ਤਰ੍ਹਾਂ ਹੀ ਖੁਸ਼ ਹੁੰਦਾ ਹੈ। ਸਾਡੀ ਪੂਜਾ ਲੇਖੇ ਕਿਉਂ ਨਹੀਂ ਪੈਂਦੀ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਅਸੀਂ ਪੂਜਾ ਆਪਣੀ ਕਥਨੀ ਦੁਆਰਾ ਕਰਦੇ ਹਾਂ। ਅਸੀਂ ਗੁਰੂ ਦੇ ਸ਼ਬਦ ਨੂੰ ਪੜ੍ਹਨ, ਸੁਣਨ ਤੇ ਉਸ ਨੂੰ ਵਾਰ-ਵਾਰ ਜਪਣ ਤੱਕ ਹੀ ਰਹਿੰਦੇ ਹਾਂ ਜਦਕਿ ਗੱਲ ਸ਼ਬਦ ਨੂੰ ਆਪਣੇ ਅੰਦਰ ਵਸਾਉਣ ਦੀ ਹੈ, ਸ਼ਬਦ ਦੁਆਰਾ ਆਪਣੇ ਆਪ ਨੂੰ ਮਾਰਨ ਦੀ ਹੈ, ਆਪਣੇ ਆਪ ਨੂੰ ਪਵਿੱਤਰ ਕਰਨ ਦੀ ਹੈ ਭਾਵ ਆਪਣੀ ਨਾਸਮਝ ਮਤਿ ਛੱਡਣ ਦੀ ਹੈ, ਅਗਿਆਨਤਾ ਛੱਡਣ ਦੀ ਹੈ। ਸ਼ਬਦ ਦੁਆਰਾ ਮਰਨਾ ਸ਼ਬਦ ਦੀ ਵਿਚਾਰ ਦੁਆਰਾ ਆਪਣੀ ਨਾਸਮਝ ਮਤਿ ਨੂੰ ਮਾਰਨਾ ਹੀ ਹੈ। ਜਿਉਂਦੇ ਜੀਅ ਆਪਣੇ ਆਪ ਨੂੰ ਮਾਰਨਾ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਹੈ ਭਾਵ ਸ਼ਬਦ ਮਰਨਾ, ਜੀਵਤ ਮਰਨਾ, ਸ਼ਬਦ ਦਾ ਵਿਚਾਰੀ ਹੋਣਾ

ਇੱਕੋ ਗੱਲ ਹੈ। ਬੜੀ ਸਪੱਸ਼ਟ ਜਿਹੀ ਗੱਲ ਹੈ, ਮਨਮਤਿ ਛੱਡ ਕੇ ਗੁਰਮਤਿ ਵਾਲਾ ਬਣਨਾ ਹੀ ਸ਼ਬਦ ਵਿਚਾਰ ਹੈ। ਮਨ ਦੇ ਵਿੱਚ ਮੈਲ ਰਹਿੰਦੇ ਹੋਏ ਅਸੀਂ ਗੁਰਮਤਿ ਵਾਲੇ ਨਹੀਂ ਅਖਵਾ ਸਕਦੇ, ਸ਼ਬਦ

8/768

ਦੇ ਵਿਚਾਰੀ ਨਹੀਂ ਅਖਵਾ ਸਕਦੇ। ਸ਼ਬਦ ਦਾ ਵਿਚਾਰੀ ਬਣੇ ਬਿਨ੍ਹਾਂ ਨਾ ਹੀ ਕੋਈ ਨਾਮ ਵਾਲਾ ਹੈ, ਨਾ ਹੀ ਕੋਈ ਸੇਵਾ ਵਾਲਾ ਹੈ, ਨਾ ਹੀ ਕੋਈ ਭਗਤੀ ਵਾਲਾ ਹੈ, ਨਾ ਹੀ ਕੋਈ ਜਪ ਤਪ ਵਾਲਾ ਹੈ। ਸ਼ਬਦ ਵਿਚਾਰੀ ਹੋਏ ਬਿਨ੍ਹਾਂ, ਮਨ ਨਿਰਮਲ ਹੋਏ ਬਿਨ੍ਹਾਂ ਭਾਵ ਗੁਰਮਤਿ ਦੀ ਸੱਚੀ ਸਮਝ ਪਏ ਬਿਨ੍ਹਾਂ ਸਾਡੀ ਪੂਜਾ ਕਿਸੇ ਲੇਖੇ ਨਹੀਂ ਪੈ ਸਕਦੀ। ਜੇਕਰ ਅਸੀਂ ਪ੍ਰਮਾਤਮਾ ਦੀ ਭਗਤੀ ਕਰਨਾ ਚਾਹੁੰਦੇ ਹਾਂ, ਆਪਣੀ ਭਗਤੀ ਲੇਖੇ ਲਗਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣਾ ਮਨ ਨਿਰਮਲ ਕਰਨਾ ਹੀ ਪਵੇਗਾ, ਪਵਿੱਤਰ ਕਰਨਾ ਹੀ ਪਵੇਗਾ, ਆਪਣੀ ਮਤਿ ਛੱਡਣੀ ਹੀ ਪਵੇਗੀ, ਔਗੁਣ ਰਹਿਤ ਹੋਣਾ ਹੀ ਪਵੇਗਾ ਜੋ ਕਿ ਸਭ ਕੁੱਝ ਉਸ ਦੇ ਹੱਥ ਵਿੱਚ ਹੈ। ਉਹ ਸਾਨੂੰ ਆਪਣੀ ਭਗਤੀ ਨਾਲ ਜੋੜੇ ਜਾਂ ਮਨਮੁਖਿ ਬਣਾ ਕੇ ਵਿਅਰਥ ਦੇ ਜਪ ਤਪ ਕਰਾਈ ਜਾਵੇ ਇਹ ਉਸ ਦੀ ਆਪਣੀ ਰਜ਼ਾ ਹੈ।

(ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥੫॥)

{ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ॥੭॥}

(ਅੰਗ - ੫੦੬)

ਉਸਦੀ ਕਿਰਪਾ ਬਿਨ੍ਹਾਂ ਕੋਈ ਸ਼ਬਦ ਵਿਚਾਰੀ ਨਹੀਂ ਬਣ ਸਕਦਾ, ਮਾਇਆਂ ਮੋਹ ਵਿੱਚੋਂ ਨਹੀਂ ਨਿਕਲ ਸਕਦਾ।

{ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ॥੮॥
ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ ॥
ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ ॥੯॥
ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ॥
ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ॥੧੦॥੧॥੬॥}

(ਅੰਗ - ੫੦੬)

ਜੇਕਰ ਸ਼ਬਦ ਦਾ ਵਿਚਾਰੀ ਬਣਨਾ ਹੈ ਤਾਂ ਉਹ ਗੁਰੂ ਦੇ ਅੱਗੇ ਨੱਚ ਕੇ ਹੀ ਬਣਿਆ ਜਾ ਸਕਦਾ ਹੈ, ਗੁਰੂ ਦੇ ਅੱਗੇ ਸਾਨੂੰ ਸਾਡੇ ਮਨ ਨੇ ਨਚਾਉਣਾ ਹੈ ਭਾਵ ਮਾਇਆ ਮੋਹ ਛੱਡਣ ਦੁਆਰਾ ਨਚਾਉਣਾ ਹੈ। ਗੁਰੂ ਦੇ ਭਾਣੇ ਵਿੱਚ ਰਹਿਣਾ ਹੀ, ਗੁਰੂ ਦੀ ਮਤਿ ਤੇ ਅਮਲ ਕਰਨਾ ਹੀ ਗਰੂ ਦੇ ਅੱਗੇ ਨੱਚਣਾ ਹੈ। ਗੁਰੂ ਦੇ ਭਾਣੇ ਵਿੱਚ ਤਾਂ ਹੀ ਆਇਆ ਜਾ ਸਕਦਾ ਹੈ ਜੇ ਅਸੀਂ ਔਗੁਣਾਂ ਤੋਂ ਰਹਿਤ ਹੋਈਏ, ਜਦੋਂ ਸਾਡੇ ਜਮ ਭਾਵ ਔਗੁਣ ਨਿਕਲ ਜਾਣ।

{ਨਾਚੁ ਰੇ ਮਨ ਗੁਰ ਕੈ ਆਗੈ॥ ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ॥ਰਹਾਉ॥}

(ਅੰਗ ੫੦੬)

8/769

ਉਸਦਾ ਭਾਣਾ ਮੰਨਣਾ ਬਹੁਤ ਔਖਾ ਹੈ, ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ, ਨਿਰਮਲ ਹੋਣਾ ਬਹੁਤ ਔਖਾ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

ਨੱਚਦਾ ਸਾਡਾ ਮਨ ਹੀ ਹੈ ਪਰ ਇਹ ਮਨ ਕਿਸ ਦੇ ਵੱਸ ਹੈ ਇਸ ਦੀ ਸੋਝੀ ਸਾਨੂੰ ਨਹੀਂ ਹੈ। ਇਸ ਮਨ ਨੂੰ ਨਚਾਉਣ ਵਾਲਾ ਕੌਣ ਹੈ ਇਹ ਗੁਰੂ ਹੀ ਜਾਣਦਾ ਹੈ ਭਾਵ ਪ੍ਰਮਾਤਮਾ ਆਪ ਹੀ ਜਾਣਦਾ ਹੈ ਤੇ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਆਪਣੇ ਮਨ ਨੂੰ ਨਹੀਂ ਜਾਣਿਆ ਜਾ ਸਕਦਾ। ਭਾਵੇਂ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੈ ਪਰ ਇਹ

ਮਨ ਹੀ ਸਾਨੂੰ ਇਹ ਮੰਨਣ ਤੋਂ ਰੋਕਦਾ ਹੈ ਕਿ ਮਨ ਪ੍ਰਮਾਤਮਾ ਹੈ। ਮਨੁੱਖ ਬਿਲਕੁਲ ਲਾਚਾਰ ਹੈ। ਜੋ ਕੁੱਝ ਉਸਨੂੰ ਭਾਉਂਦਾ ਹੈ ਉਹ ਉਸੇ ਤਰ੍ਹਾਂ ਮਨ ਨੂੰ ਨਚਾ ਰਿਹਾ ਹੈ ਜਿਸ ਦੁਆਰਾ ਮਨੁੱਖ ਨੱਚਦਾ ਹੈ। ਮਨੁੱਖ ਆਪਣੀ ਸੋਚ ਦੁਆਰਾ ਨੱਚਦਾ ਹੈ ਤੇ ਇਹ ਸੋਚ ਕਿੱਥੋਂ ਆਉਂਦੀ ਹੈ ਇਸ ਦੀ ਸੋਝੀ ਕਿਸੇ ਨੂੰ ਆਪਣੇ ਆਪ ਨਹੀਂ ਪੈ ਸਕਦੀ। ਇਹ ਸੋਝੀ ਕੇਵਲ ਉਸਦੇ ਭਗਤ ਨੂੰ ਹੀ ਪੈ ਸਕਦੀ ਹੈ ਭਾਵ ਇਸ ਮਨ ਦੇ ਗਿਆਨ ਦੀ ਸੋਝੀ ਪਏ ਬਿਨ੍ਹਾਂ ਉਸਦਾ ਕੋਈ ਭਗਤ ਨਹੀਂ ਬਣ ਸਕਦਾ ਤੇ ਇਹ ਵੀ ਸੋਝੀ ਨਾਲ ਹੀ ਪੈਂਦੀ ਹੈ ਕਿ ਅਸਲ ਵਿੱਚ ਭਗਤ ਹੈ ਕੌਣ। ਇਹ ਗੱਲ ਬਹੁਤ ਹੀ ਗਹਿਰੀ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਇੱਥੇ ਹੀ ਪ੍ਰਮਾਤਮਾ ਦਾ ਤੇ ਉਸਦੇ ਭਗਤ ਦਾ ਆਪਸ ਵਿੱਚ ਰਿਸ਼ਤਾ ਜੁੜਿਆ ਹੋਇਆ ਹੈ। ਇਹ ਰਿਸ਼ਤਾ ਮਨ ਦੇ ਵਿੱਚ ਹੀ ਹੈ। ਦੁਨੀਆਂ ਨੂੰ ਜੋ ਮਨੁੱਖੀ ਰੂਪ ਦਿੱਸਦਾ ਹੈ, ਉਸਦਾ ਜੋ ਸਰਗੁਣ ਰੂਪ ਦਿੱਸਦਾ ਹੈ ਉਹ ਭਗਤ ਹੈ ਭਾਵ ਫਲਾਣਾ ਮਨੁੱਖ ਭਗਤ ਹੈ ਪਰ ਜਿਸਨੂੰ ਅਸੀਂ ਭਗਤ ਕਹਿੰਦੇ ਹਾਂ, ਸਮਝਦੇ ਹਾਂ ਉਸ ਮਨੁੱਖ ਲਈ ਭਗਤ ਆਪ ਪ੍ਰਮਾਤਮਾ ਹੈ ਭਾਵ ਜਿਸ ਮਨੁੱਖੀ ਦੇਹ ਨੂੰ ਅਸੀਂ ਭਗਤ ਕਹਿੰਦੇ ਹਾਂ ਉਸ ਵਿੱਚ ਭਗਤ ਰੂਪ ਅਸਲ ਵਿੱਚ ਪ੍ਰਮਾਤਮਾ ਦੀ ਜੋਤਿ ਹੈ, ਮਨ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਇਹ ਬ੍ਰਹਮ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਕਿਉਂਕਿ ਇੱਕੋ ਇੱਕ ਉਹ ਆਪ ਹੀ ਬ੍ਰਹਮ ਗਿਆਨੀ ਹੈ, ਸਾਰੇ ਗਿਆਨ ਦਾ ਸ੍ਰੋਤ ਹੈ, ਮਾਲਕ ਹੈ ਭਾਵ ਜਿਸਨੂੰ ਅਸੀਂ ਭਗਤ ਕਹਿੰਦੇ ਹਾਂ, ਇਹ ਗੱਲ ਉਹ ਭਗਤ ਹੀ ਜਾਣਦਾ ਹੈ ਕਿ ਭਗਤ ਅਸਲ ਵਿੱਚ ਮੈਂ ਨਹੀਂ ਹਾਂ, ਆਪ ਪ੍ਰਮਾਤਮਾ ਹੈ ਪਰ ਲੋਕ ਮੈਨੂੰ ਭਗਤ ਸਮਝ ਰਹੇ ਹਨ। ਦੁਨੀਆਂ ਨੂੰ ਜੋ ਭਗਤ ਨਜ਼ਰ ਆਉਂਦਾ ਹੈ ਉਹ ਭਗਤ ਦਾ ਸਰਗੁਣ ਸਰੂਪ ਨਜ਼ਰ ਆਉਂਦਾ ਹੈ ਭਾਵ ਉਹ ਮਨੁੱਖ ਨੂੰ ਹੀ ਭਗਤ ਸਮਝਦੇ ਹਨ ਪਰ ‘‘ਭਗਤ’’ ਅਸਲ ਵਿੱਚ ਆਪ ਪ੍ਰਮਾਤਮਾ ਹੀ ਹੈ ਜੋ ਮਨੁੱਖ ਦੇ ਅੰਦਰ, ਸਰਗੁਣ ਸਰੂਪ ਦੇ ਅੰਦਰ ਨਿਰਗੁਣ ਰੂਪ ਵਿੱਚ, ਜੋਤਿ ਰੂਪ ਵਿੱਚ ਪ੍ਰਗਟ ਹੋਇਆ ਹੁੰਦਾ ਹੈ। ਉਸਦੇ ਭਗਤ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੇਰੀ ਆਪਣੀ ਕੋਈ ਹੋਂਦ ਨਹੀਂ ਹੈ ਤੇ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਪਰ ਦੁਨੀਆਂ ਨੂੰ ਇਸ ਗੱਲ ਦੀ ਸੋਝੀ ਨਹੀਂ ਹੈ। ਸਰਗੁਣ ਸਰੂਪ ਹੋਏ ਬਿਨ੍ਹਾਂ ਉਸ ਨਿਰਗੁਣ ਸਰੂਪ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਸਾਰੀ ਖੇਡ ਇਸ ਮਨ ਦੀ ਹੈ ਜਿਸਦੀ ਸੋਝੀ ਪਏ ਬਿਨ੍ਹਾਂ ਉਸ ਨਿਰਗੁਣ ਰੂਪ ਭਗਤ ਦੇ, ਉਸ ਨਿਰਗੁਣ ਰੂਪ, ਨਿਰੰਕਾਰ ਰੂਪ ਭਗਤੀ ਦੇ ਮਾਲਕ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ ਜੋ ਉਸਦੇ ਦਰਸ਼ਨ ਕੇਵਲ ਮਨ ਦੇ ਵਿੱਚੋਂ ਹੀ ਹੋ ਸਕਦੇ ਹਨ। ਆਓ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਕੁੱਝ ਗਹਿਰਾਈ ਨਾਲ ਸਮਝੀਏ ਤੇ ਜਾਣੀਏ ਕਿ ਇਸ ਮਨ ਨੂੰ ਨਚਾਉਣ ਵਾਲਾ ਕੌਣ ਹੈ ਤੇ ਭਗਤ ਕੌਣ ਹੈ, ਸੰਤ ਕੌਣ ਹੈ, ਗੁਰੂ ਕੌਣ ਹੈ, ਬ੍ਰਹਮ ਗਿਆਨੀ ਕੌਣ ਹੈ ਤੇ ਕਿੱਥੇ ਵੱਸਦਾ ਹੈ ਤੇ ਸਾਨੂੰ ਕਿਵੇਂ ਨਚਾਉਂਦਾ ਹੈ।

8/770

“ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ॥
ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ॥੨॥”

(ਅੰਗ - ੫੦੬)

ਸਾਨੂੰ ਸਭ ਨੂੰ ਨਚਾਉਣ ਵਾਲਾ ਕੌਣ ਹੈ ਇਸ ਗੱਲ ਨੂੰ ਸਮਝਣ ਵਿੱਚ ਤਾਂ ਕਿਸੇ ਨੂੰ ਕੋਈ ਦੁਚਿੱਤੀ ਨਹੀਂ ਹੋਣੀ ਚਾਹੀਦੀ। ਸਭ ਨੂੰ ਮਾਰਗ ਪਾਉਣ ਵਾਲਾ ਕੌਣ ਹੈ, ਉਹ ਆਪ ਹੀ ਹੈ। ਧਿਆਨ ਨਾਲ ਸਮਝੋ ਕਿ ਇੱਥੇ ਭਗਤ ਕਿਸ ਨੂੰ ਕਿਹਾ ਹੈ। **“ਆਪਿ ਨਚਾਏ ਸੋ ਭਗਤੁ ਕਹੀਐ”** ‘‘ਭਗਤੁ’’ ਆਪ ਪ੍ਰਮਾਤਮਾ ਨੂੰ ਹੀ ਕਿਹਾ ਹੈ ਜੋ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ, ਸੋਚ ਰੂਪ ਵਿੱਚ ਵਰਤ ਰਿਹਾ ਹੈ ਜੋ ਗਿਆਨ ਦਾ ਮਾਲਕ ਹੈ। ਜੋ ਵੀ ਪ੍ਰਮਾਤਮਾ ਦਾ ਭਗਤ ਰੂਪ ਬਣਦਾ ਹੈ ਉਹ ਮਨ ਦੇ ਵਿੱਚ ਸੱਚੀ ਭਗਤੀ ਦੀ ਸਮਝ ਦੁਆਰਾ ਹੀ ਬਣਦਾ ਹੈ ਤੇ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੈ। ਜਿਹੋ ਜਿਹੀ ਸੋਚ ਮਨੁੱਖ ਨੂੰ ਆਉਂਦੀ ਹੈ, ਜਿਹੋ ਜਿਹਾ ਗਿਆਨ ਮਨ ਵਿੱਚੋਂ ਮਿਲਦਾ ਹੈ, ਮਨੁੱਖ ਉਹੀ ਕੁੱਝ ਕਰਦਾ ਹੈ। ਜਿਸ ਮਨੁੱਖ ਦਾ ਵੀ ਪਿਆਰ ਉਸਨੇ ਆਪਣੇ ਨਾਲ ਪਾਉਣਾ ਹੈ, ਇਹ ਉਸਦੀ ਆਪਣੀ ਰਜ਼ਾ ਹੈ। ਉਸਨੂੰ ਸੋਚ ਹੀ ਗੁਣਾਂ ਵਾਲੀ ਮਿਲੇਗੀ ਭਾਵ ਮਨ ਦੀ ਸਮਝ ਹੀ ਗੁਣਾਂ ਵਾਲੀ ਮਿਲੇਗੀ ਜੋ ਕਿ ਮਨੁੱਖ ਦੇ ਵੱਸ ਵਿੱਚ ਨਹੀਂ ਹੈ। (**ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ॥**) ਜਿਸ ਨਾਲ ਉਸਨੇ ਪਿਆਰ ਨਹੀਂ ਪਾਉਣਾ, ਉਸਨੂੰ ਮਾਇਆ ਮੋਹ ਵਿੱਚ ਹੀ ਫਸਾਈ ਰੱਖਦਾ ਹੈ, ਉਸਦੀ ਸੋਚ ਹੀ ਉਹੋ ਜਿਹੀ ਪਾਉਂਦਾ ਹੈ। ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ। **“ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ॥੨॥”**

ਸਾਨੂੰ ਆਪਣੇ ਜੀਵਨ ਦਾ ਮਾਰਗ ਕਿੱਥੋਂ ਮਿਲਦਾ ਹੈ, ਇਸ ਨੂੰ ਸਮਝਣ ਦੀ ਲੋੜ ਹੈ। ਮਾਰਗ ਸਮਝਾਉਣ ਲਈ ਗੁਰੂ ਹੈ ਤੇ ਸੋਝੀ ਪੈਣ ਦੀ ਇੱਕੋ ਇੱਕ ਜਗ੍ਹਾ ਇਹ ਮਨ ਹੈ ਜੋ ਮਨ ਹਰ ਮਨੁੱਖ ਵਿੱਚ ਹੈ। ਹਰ ਸੋਝੀ ਮਨ ਦੇ ਰਾਹੀਂ ਹੀ ਪੈਂਦੀ ਹੈ, ਸਰੋਤ ਭਾਵੇਂ

ਕੋਈ ਵੀ ਹੋਵੇ। "ਗੁਰਬਾਣੀ" ਭਗਤਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ ਪ੍ਰਗਟ ਹੋਈ ਹੈ ਜੋ ਸਾਨੂੰ ਪ੍ਰਮਾਤਮਾ ਬਾਰੇ ਸੋਝੀ ਪਾਉਂਦੀ ਹੈ। ਸੋਝੀ ਪੈਣ ਦੀ ਜਗ੍ਹਾ ਕੇਵਲ ਮਨ ਹੈ। ਸੋਚਣ ਦੀ, ਸਮਝਣ ਦੀ ਗੱਲ ਇਹ ਹੈ ਕਿ ਭਗਤਾਂ ਨੂੰ ਗੁਰੂ ਸਾਹਿਬਾਨ ਨੂੰ ਸੋਝੀ ਕਿਵੇਂ ਪਈ ਤੇ ਕਿਸਨੇ ਪਾਈ। ਪਹਿਲੇ ਉਹਨਾਂ ਨੂੰ ਸੋਝੀ ਪਈ ਤੇ ਤਾਂ ਹੀ ਇਹ ਸੋਝੀ ਗੁਰਬਾਣੀ ਦੇ ਰੂਪ ਵਿੱਚ ਪ੍ਰਗਟ ਹੋਈ। ਗੁਰਬਾਣੀ ਵਿੱਚ ਸੋਝੀ ਭਾਵੇਂ ਅਨੇਕਾਂ ਸਰੀਰਾਂ ਦੁਆਰਾ ਆਈ ਹੈ ਪਰ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਸਭ ਨੂੰ ਇੱਕੋ ਜਿਹੀ ਪਈ ਹੈ ਭਾਵ ਗੁਰੂ ਦੀ ਗੱਲ ਦਾ ਮੂਲ ਭਾਵ

8/771

"ਪ੍ਰਿੰਸੀਪਲ" ਸਭ ਦਾ ਇੱਕ ਹੀ ਹੈ। ਸਭ ਵਿੱਚ ਕੇਵਲ ਇੱਕ ਪ੍ਰਮਾਤਮਾ ਦੀ ਜੋਤਿ ਹੈ ਜੋ ਕਿ ਮਨੁੱਖ ਦਾ ਮਨ ਹੈ। ਜੋ ਵੀ ਸੋਝੀ ਪੈਣੀ ਹੈ ਇਸ ਮਨ ਦੇ ਰਾਹੀਂ ਹੀ ਪੈਣੀ ਹੈ, ਜੋਤਿ ਦੇ ਰਾਹੀਂ ਹੀ ਪੈਣੀ ਹੈ ਤੇ ਹੋਰ ਕੋਈ ਤਰੀਕਾ ਹੋ ਹੀ ਨਹੀਂ ਸਕਦਾ। ਗੁਰਬਾਣੀ ਦੀ ਰਚਨਾ ਕਰਨ ਵਾਲੇ ਹਰ ਸਰੀਰ ਦੇ ਰਾਹੀਂ, ਇੱਕੋ ਜਿਹੀ ਸੋਝੀ, ਇੱਕੋ ਜਿਹਾ ਪ੍ਰਮਾਤਮਾ ਦਾ ਗਿਆਨ ਤਾਂ ਹੀ ਸੰਭਵ ਹੈ ਜੇਕਰ ਉਹ ਗਿਆਨ ਚੌਥੇ ਪਦ ਦਾ ਹੋਵੇ ਕਿਉਂਕਿ ਪੂਰੀ ਗੁਰਬਾਣੀ ਚੌਥੇ ਪਦ ਦਾ ਗਿਆਨ ਹੈ। ਉੱਥੇ ਤ੍ਰੈਗੁਣੀ ਅਵੱਸਥਾ ਦਾ ਗਿਆਨ ਟਿਕ ਹੀ ਨਹੀਂ ਸਕਦਾ। ਉਸਦੇ ਭਗਤ ਦੀ ਪਹਿਚਾਣ ਉਸਦੇ ਚੌਥੇ ਪਦ ਦਾ ਗਿਆਨ ਕਰਵਾਉਂਦਾ ਹੈ ਜੋ ਮਨੁੱਖ ਦੀ ਅਗਿਆਨਤਾ ਦੂਰ ਕਰਕੇ ਉਸਨੂੰ ਭਗਤੀ ਦੇ ਸਹੀ ਮਾਰਗ ਤੇ ਪਾ ਸਕਦਾ ਹੈ। ਆਪਣੇ ਭਗਤ ਰੂਪ ਵਿੱਚ ਮਨ ਦੇ ਵਿੱਚ ਸੱਚੀ ਸਮਝ ਪਾਉਣ ਦੁਆਰਾ ਪ੍ਰਮਾਤਮਾ ਆਪ ਹੀ ਗਾਉਣ ਵਾਲਾ ਹੈ ਤੇ ਆਪ ਹੀ ਸੁਣਾਉਣ ਵਾਲਾ ਹੈ ਜਿਸ ਦੁਆਰਾ ਉਸ ਦੇ ਮਨੁੱਖੀ ਰੂਪ ਦੀ ਅਗਿਆਨਤਾ ਦੂਰ ਹੁੰਦੀ ਹੈ। ਪ੍ਰਮਾਤਮਾ ਉੱਥੇ ਹੀ ਗਾ ਕੇ ਸੁਣਾਉਂਦਾ ਹੈ ਜਿੱਥੇ ਉਸ ਦਾ ਟਿਕਾਣਾ ਹੈ। ਉਸ ਦਾ ਟਿਕਾਣਾ ਮਨੁੱਖ ਦਾ ਮਨ ਹੈ। ਜਿਸ ਮਨ ਵਿੱਚ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉੱਥੇ ਉਹ ਆਪਣੀ ਗੱਲ ਆਪ ਸੁਣਾਉਂਦਾ ਹੈ ਜੋ ਕਿ ਮਨ ਦੇ ਵਿੱਚ ਹੀ ਸੁਣਾਉਂਦਾ ਹੈ। ਉਸ ਦਾ ਆਪ ਸੁਣਾਉਣਾ, ਚੌਥੇ ਪਦ ਦਾ ਗਿਆਨ ਹੈ ਜਿਸ ਵਿੱਚ ਉਹ ਆਪ ਹੈ। ਇਸ ਗੱਲ ਦੀ ਸੋਝੀ ਕੇਵਲ ਉਸਨੂੰ ਹੀ ਪੈ ਸਕਦੀ ਹੈ ਜਿੱਥੇ ਉਹ ਪ੍ਰਗਟ ਹੁੰਦਾ ਹੈ ਭਾਵ ਕੇਵਲ ਉਸਦੇ ਭਗਤ ਨੂੰ ਹੀ ਇਸ ਗੱਲ ਦੀ ਸੋਝੀ ਪੈ ਸਕਦੀ ਹੈ ਕਿ ਗਿਆਨ ਦਾ ਦਾਤਾ ਕੇਵਲ ਪ੍ਰਮਾਤਮਾ ਆਪ ਹੀ ਹੈ ਤੇ ਹਰ ਕੋਈ ਭੁਲੇਖੇ ਵਿੱਚ ਹੀ ਮਨ ਦੇ ਗਿਆਨ ਨੂੰ ਆਪਣਾ ਗਿਆਨ ਸਮਝਦਾ ਹੈ। ਸਾਰੀ ਦੁਨੀਆਂ ਮਨੁੱਖੀ ਰੂਪ ਨੂੰ ਹੀ ਭਗਤ ਸਮਝਦੀ ਹੈ ਤੇ ਸੱਚਾ ਭਗਤ ਹੀ ਕੇਵਲ ਇਸ ਗੱਲ ਨੂੰ ਸਮਝਦਾ ਹੈ ਕਿ ਭਗਤ ਅਸਲ ਵਿੱਚ ਉਹ ਆਪ ਪ੍ਰਮਾਤਮਾ ਹੈ ਜੋ ਸਾਰਾ ਗਿਆਨ ਦੇ ਰਿਹਾ ਹੈ ਤੇ ਉਹ ਆਪ ਹੀ ਗੁਰੂ ਹੈ ਜੋ ਗਿਆਨ ਦਾ ਸਰੋਤ ਹੈ। ਇਹ ਸਭ ਕੁੱਝ ਮਨ ਦਾ ਸੁਣਨਾ ਹੈ ਜੋ ਮਨੁੱਖੀ ਰੂਪ ਨੂੰ ਭਗਤ ਬਣਾਉਂਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਆਪਣੇ ਆਪ ਨੂੰ ਭਗਤ, ਸੰਤ, ਬ੍ਰਹਮ ਗਿਆਨੀ ਉਹ ਹੀ ਅਖਵਾ ਸਕਦਾ ਹੈ ਜਿਸ ਨੂੰ ਉਸ ਨਿਰਗੁਣ ਸਰੂਪ ਭਗਤ ਦੀ ਭਿਣਕ ਤੱਕ ਨਹੀਂ ਪਈ ਹੁੰਦੀ। ਇਸੇ ਲਈ ਭਗਤਾਂ ਨੇ, ਗੁਰੂ ਸਾਹਿਬਾਨ ਨੇ ਹੀ

8/772

ਕੇਵਲ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣਿਆ ਹੈ ਭਾਵ ਉਸਦੇ ਨਿਰੰਕਾਰ ਰੂਪ ਨੂੰ ਜਾਣਿਆ ਹੈ, ਬ੍ਰਹਮ ਗਿਆਨ ਰੂਪ ਨੂੰ ਜਾਣਿਆ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੁੰਦਾ। ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣੇ ਬਿਨ੍ਹਾਂ ਹਰ ਕੋਈ ਉਸਨੂੰ ਸਰਗੁਣ ਸਰੂਪ ਵਿੱਚ ਹੀ ਲੱਭਣ ਦੀ ਕੋਸ਼ਿਸ਼ ਕਰਦਾ ਹੈ, ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚੋਂ ਉਸਦੇ ਦਰਸ਼ਨਾਂ ਦੀਆਂ ਗੱਲਾਂ ਕਰਦਾ ਹੈ ਜੋ ਕਿ ਅਤਿ ਦਾ ਭੁਲੇਖਾ ਹੈ। ਜਿੰਨ੍ਹਾਂ ਭਗਤਾਂ ਨੇ ਉਸਦੇ ਅਸਲ ਰੂਪ ਦੇ ਦਰਸ਼ਨ ਕੀਤੇ ਹਨ, ਜੋ ਕਿ ਉਸਨੂੰ ਹੀ ਭਗਤ ਕਹਿੰਦੇ ਹਨ, ਆਪਣਾ ਗੁਰੂ ਕਹਿੰਦੇ ਹਨ, ਉਹ ਉਸਨੂੰ ਕੇਵਲ ਨਿਰਗੁਣ ਸਰੂਪ ਹੀ ਜਾਣਦੇ ਹਨ, ਕਹਿੰਦੇ ਹਨ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

"ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ॥ ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ॥੧॥
ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ॥ ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ॥੧॥ਰਹਾਉ॥
ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ॥ ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥੨॥
ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥ ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ॥੩॥
ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ॥ ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ॥੪॥੩੧॥੬੧॥"

(ਅੰਗ ੮੧੬)

ਮਨ ਤੋਂ ਇਲਾਵਾ ਪ੍ਰਮਾਤਮਾ ਨੂੰ ਕਿਤੇ ਹੋਰ ਜਗ੍ਹਾ ਤੋਂ ਖੋਜਣਾ, ਕਿਸੇ ਸਰਗੁਣ ਸਰੂਪ ਵਿੱਚ ਖੋਜਣਾ ਬਿਲਕੁਲ ਵਿਅਰਥ ਹੈ ਤੇ

ਕੇਵਲ ਸਾਡੀ ਭਟਕਣਾ ਹੈ। ਪ੍ਰਮਾਤਮਾ ਨੇ ਜਦੋਂ ਵੀ ਮਿਲਣਾ ਹੈ ਉਹ ਆਤਮਾ ਰਾਹੀਂ ਹੀ ਮਿਲਣਾ ਹੈ ਭਾਵ ਮਨ ਦੇ ਵਿੱਚ ਹੀ ਮਿਲਣਾ ਹੈ ਜਿੱਥੇ ਉਸਦਾ ਟਿਕਾਣਾ ਹੈ।

"ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ॥"

ਹੈਰਾਨੀ ਦੀ ਗੱਲ ਹੈ ਕਿ ਜਿਸ ਪ੍ਰਮਾਤਮਾ ਨੇ ਆਪ ਆਪਣੀ ਬਾਣੀ ਉਚਾਰੀ ਹੈ ਜੋ ਕਿ ਆਪ ਹੀ ਅਸਲ ਵਿੱਚ ਭਗਤ ਹੈ, ਗੁਰੂ ਹੈ, ਉਹ ਖੁਦ ਹੀ ਆਪਣੀ ਬਾਣੀ ਵਿੱਚ ਕਹਿ ਰਿਹਾ ਹੈ ਕਿ ਉਸਦਾ ਕੋਈ ਰੂਪ ਰੇਖ ਨਹੀਂ ਹੈ ਤੇ ਨਾ ਹੀ ਉਹ ਪੰਜਾਂ ਤੱਤਾਂ ਤੋਂ ਬਣਿਆ ਹੈ ਕਿਉਂਕਿ ਪੰਜਾਂ ਤੱਤਾਂ ਤੋਂ ਬਣੀ ਹਰ ਇੱਕ ਚੀਜ਼ ਨਾਸ਼ਵਾਨ ਹੈ ਤੇ ਪ੍ਰਮਾਤਮਾ ਆਪ ਅਬਿਨਾਸ਼ ਹੈ, ਉਹ ਕਦੇ ਖ਼ਤਮ ਹੋ ਹੀ ਨਹੀਂ ਸਕਦਾ ਭਾਵ ਉਹ ਆਪ ਕੋਈ ਸਰਗੁਣ ਸਰੂਪ ਨਹੀਂ ਹੈ। **"ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥੨॥"** ਪਰ ਇਸਦੇ ਬਾਵਜੂਦ ਇਹ ਕਹਿਣ ਵਾਲਿਆਂ ਦੀ ਕਮੀ ਨਹੀਂ ਜੋ ਇਹ ਕਹਿੰਦੇ ਹਨ ਕਿ ਉਹਨਾਂ ਨੇ ਪ੍ਰਮਾਤਮਾ ਦੇ ਸਰਗੁਣ ਰੂਪ ਵਿੱਚ ਦਰਸ਼ਨ ਕੀਤੇ ਹਨ ਅੱਖਾਂ ਨਾਲ ਦਿੱਸਣ ਵਾਲੇ ਆਕਾਰ ਰੂਪ ਦੇ ਦਰਸ਼ਨ ਕੀਤੇ ਹਨ, ਕਿਸੇ ਖੰਡ ਬ੍ਰਹਿਮੰਡ ਵਿੱਚ ਕੀਤੇ ਹਨ ਜੋ ਕਿ ਖਰਾ ਭੁਲੇਖਾ ਹੈ। ਕੋਈ ਲਿਸ਼ਕਾਰੇ ਦੀਆਂ ਗੱਲਾਂ ਕਰਦਾ ਹੈ, ਕਿਸੇ ਪ੍ਰਕਾਸ਼ ਦੀ ਗੱਲ ਕਰਦਾ ਹੈ, ਕੋਈ ਕਿਸੇ ਸਰਗੁਣ ਸਰੂਪ ਸੱਚਖੰਡ ਦੀ ਗੱਲ ਕਰਦਾ ਹੈ, ਕੋਈ ਕਿਸੇ ਗੁਰੂ ਸਾਹਿਬਾਨ ਦੀ ਦੇਹ ਦੇ ਦਰਸ਼ਨਾਂ ਦੀਆਂ ਗੱਲਾਂ ਕਰਦਾ ਹੈ ਤੇ ਇਸੇ ਨਾਲ ਹੀ ਦਾਅਵਾ ਕਰਦੇ ਹਨ ਕਿ ਉਹਨਾਂ ਨੇ

8/773

ਪ੍ਰਮਾਤਮਾ ਨੂੰ ਪਾ ਲਿਆ ਹੈ। ਇਹ ਸਭ ਕੁੱਝ ਉਸਦਾ ਆਪਣਾ ਪਾਇਆ ਹੋਇਆ ਭੁਲੇਖਾ ਹੈ, ਹੋਰ ਕੁੱਝ ਵੀ ਨਹੀਂ। ਜਿੰਨ੍ਹਾਂ ਨੇ ਉਸਦੇ ਅਸਲ ਦਰਸ਼ਨ ਕੀਤੇ ਹਨ, ਉਹ ਕੇਵਲ ਉਸਦੇ ਨਿਰਗੁਣ ਰੂਪ ਦੇ ਦਰਸ਼ਨਾਂ ਦੀ ਗੱਲ ਹੀ ਕਰਦੇ ਹਨ ਭਾਵ ਪ੍ਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ, ਉਹ ਪੰਜਾਂ ਤੱਤਾਂ ਤੋਂ ਬਾਹਰ ਹੈ, ਇਹ ਗੱਲ ਕੋਈ ਵਿਰਲੇ "ਜੋਗੀਸਰ" ਜਿੰਨ੍ਹਾਂ ਦਾ ਜੋਗ ਉਸ ਈਸ਼ਵਰ ਨਾਲ ਹੋਇਆ ਹੋਇਆ ਹੈ, ਉਹੀ ਕਰ ਸਕਦੇ ਹਨ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਭਰਮਾਂ ਵਿੱਚੋਂ ਨਿਕਲੀਏ।

"ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥੨॥ ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥ ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ॥੩॥"

"ਸੰਤਨ" ਤੋਂ ਭਾਵ ਹੈ ਸੰਤ ਦਾ ਭਾਵ ਪ੍ਰਮਾਤਮਾ ਦਾ। ਜਿਹੜੇ ਪ੍ਰਮਾਤਮਾ ਨੂੰ ਜਾਣ ਲੈਂਦੇ ਹਨ ਉਹ ਫਿਰ ਪ੍ਰਮਾਤਮਾ ਦੇ ਕਿਸੇ ਸਰਗੁਣ ਸਰੂਪ ਦੇ ਦਰਸ਼ਨਾਂ ਦੀ ਗੱਲ ਨਹੀਂ ਕਰਦੇ ਜਿਵੇਂ ਕਿ ਭੁਲੇਖੇ ਵਾਲੇ ਲੋਕ ਕਰਦੇ ਹਨ। ਬੜਾ ਸਪੱਸ਼ਟ ਹੈ ਕਿ ਜੋ ਮਨੁੱਖ ਪ੍ਰਮਾਤਮਾ ਨੂੰ ਕਿਸੇ ਦਿੱਸਣ ਵਾਲੇ ਸਰੂਪ ਦੀਆਂ ਗੱਲਾਂ ਕਰਦੇ ਹਨ, ਉਸ ਨਾਲ ਮਿਲਣ ਦੀਆਂ ਗੱਲਾਂ ਕਰਦੇ ਹਨ ਉਹਨਾਂ ਨੂੰ ਪ੍ਰਮਾਤਮਾ ਬਾਰੇ ਕੁੱਝ ਵੀ ਸੋਝੀ ਨਹੀਂ ਪਈ, ਮੇਲ ਤਾਂ ਦੂਰ ਦੀ ਗੱਲ ਹੈ। ਜਿਵੇਂ ਕਿ ਕੋਈ ਕਹਿੰਦੇ ਹਨ ਕਿ ਪ੍ਰਮਾਤਮਾ ਨੇੜੇ ਹੀ ਹੈ ਤੇ ਕੋਈ ਕਹਿੰਦੇ ਹਨ ਕਿ ਪ੍ਰਮਾਤਮਾ ਬਹੁਤ ਦੂਰ ਰਹਿੰਦਾ ਹੈ। ਕੋਈ ਉਸਦਾ ਟਿਕਾਣਾ ਕਿਸੇ ਖੰਡ ਬ੍ਰਹਿਮੰਡ ਵਿੱਚ ਸਮਝਦਾ ਹੈ ਤੇ ਕੋਈ ਉਸਦਾ ਟਿਕਾਣਾ ਸੱਤਵੇਂ ਅਸਮਾਨ ਤੇ ਸਮਝਦਾ ਹੈ। ਇਹੋ ਜਿਹੀਆਂ ਗੱਲਾਂ ਕਰਨ ਵਾਲਿਆਂ ਨੂੰ ਇਸ ਤਰੀਕੇ ਕਹਿ ਕੇ ਸਮਝਾਇਆ ਹੈ ਕਿ ਜਿਵੇਂ ਕੋਈ ਇਹ ਮੰਨੇ ਕਿ ਜਲ ਦੀ ਮੱਛੀ ਖਜ਼ੂਰ ਦੇ ਪੇੜ ਤੇ ਚੜ੍ਹੀ ਹੋਈ ਹੈ ਭਾਵ ਬਿਲਕੁਲ ਬੇਤੁਕੀ ਗੱਲ ਹੈ। ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ।

"ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥ ਜਲ ਕੀ ਮਾਛੁਲੀ ਚਰੈ ਖਜੂਰਿ॥੧॥"

(ਅੰਗ ੭੧੮)

ਜਿਹੜੇ ਪ੍ਰਮਾਤਮਾ ਨੂੰ ਅਸਲ ਰੂਪ ਵਿੱਚ ਪਾਉਂਦੇ ਹਨ, ਉਹ ਜਿਹੜੇ ਰੂਪ ਵਿੱਚ ਪਾਉਂਦੇ ਹਨ ਉਹ ਨਾਲ ਹੀ ਸਮਝਾਇਆ ਹੋਇਆ ਹੈ।

"ਕਾਂਇ ਰੇ ਬਕਬਾਦੁ ਲਾਇਓ॥ ਜਿਨਿ ਹਰਿ ਪਾਇਓ ਤਿਨਹਿ ਛਪਾਇਓ॥੧॥ ਰਹਾਉ॥"

(ਅੰਗ ੭੧੮)

ਇਹਨਾਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਆਮ ਕਰਕੇ ਇਸ ਸ਼ਬਦ ਦਾ ਅਰਥ ਕਰਨ ਵਾਲੇ ਇਸ

ਤੋਂ ਭਾਵ ਇਹ ਲੈਂਦੇ ਹਨ ਕਿ ਜੋ ਪ੍ਰਮਾਤਮਾ ਨੂੰ ਜਾਣਦੇ ਹਨ ਉਹ ਇਸ ਗੱਲ ਨੂੰ ਛੁਪਾ ਕੇ ਰੱਖਦੇ ਹਨ ਕਿ ਉਹਨਾਂ ਨੇ ਪ੍ਰਮਾਤਮਾ ਨੂੰ ਜਾਣ ਲਿਆ ਹੈ ਭਾਵ ਉਹ ਇਹ ਗੱਲ ਕਿਸੇ ਅੱਗੇ ਜਾਹਰ ਨਹੀਂ ਕਰਦੇ। ਪਰ ਇਸ ਪੰਗਤੀ ਦੇ ਅਰਥ ਇਹ ਨਹੀਂ ਹਨ। **8/774**

ਇਹ ਗੱਲ ਨਾਲ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤੀ ਹੋਈ ਹੈ ਜੋ ਕਿ ਇਸ ਤਰ੍ਹਾਂ ਹੈ।

“ਪੰਡਿਤੁ ਹੋਇ ਕੈ ਬੇਦੁ ਬਖਾਨੈ॥ਮੂਰਖੁ ਨਾਮਦੇਉ ਰਾਮਹਿ ਜਾਨੈ॥੨॥੧॥”

(ਅੰਗ ੭੧੮)

ਧਿਆਨ ਨਾਲ ਸਮਝੋ ਉਪਰਲੀ ਪੰਗਤੀ ਨੂੰ। ਧੰਨ ਧੰਨ ਭਗਤ ਨਾਮਦੇਵ ਜੀ ਬੜੇ ਸਪੱਸ਼ਟ ਤੌਰ ਤੇ ਕਹਿ ਰਹੇ ਹਨ ਕਿ ਉਹ ਪ੍ਰਮਾਤਮਾ ਨੂੰ ਜਾਣਦੇ ਹਨ। ਇੱਥੇ ਫਿਰ ਛੁਪਾਉਣ ਵਾਲੀ ਕੀ ਗੱਲ ਹੋਈ। ਅਸਲ ਵਿੱਚ ਪਿਛਲੀ ਪੰਗਤੀ ਵਿੱਚ **“ਛਪਾਇਓ”** ਤੋਂ ਭਾਵ ਹੈ ਆਪਣੇ ਉੱਪਰ ਪ੍ਰਮਾਤਮਾ ਦੀ ਛਾਪ ਲਗਾਉਣਾ ਭਾਵ ਜਿੱਥੇ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ, ਜੋ ਪ੍ਰਮਾਤਮਾ ਨੂੰ ਜਾਣ ਲੈਂਦੇ ਹਨ ਉਹਨਾਂ ਉੱਤੇ ਪ੍ਰਮਾਤਮਾ ਦੀ ਛਾਪ ਲੱਗ ਜਾਂਦੀ ਹੈ, ਉਸਦਾ ਨਿਸ਼ਾਨ ਲੱਗ ਜਾਂਦਾ ਹੈ ਭਾਵ ਉਹਨਾਂ ਦਾ ਆਪਾ ਮਿਟ ਜਾਂਦਾ ਹੈ ਤੇ ਉਹਨਾਂ ਨੂੰ ਸਮਝ ਲੱਗ ਜਾਂਦੀ ਹੈ ਕਿ ਮਨੁੱਖ ਦੀ ਕੋਈ ਆਪਣੀ ਹੋਂਦ ਨਹੀਂ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹ ਪ੍ਰਮਾਤਮਾ ਦਾ ਨਾਮ ਮਿਲਣ ਵਾਲੀ ਗੱਲ ਹੈ, ਮਨੁੱਖ ਦਾ ਨਾਮ ਮਿਟ ਕੇ ਉੱਪਰ ਪ੍ਰਮਾਤਮਾ ਦੀ “**ਨੇਮ ਪਲੇਟ**” ਲੱਗਣ ਵਾਲੀ ਗੱਲ ਹੈ।

{ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ॥੫॥}

(ਅੰਗ ੪੩੦)

ਇਸੇ ਲਈ ਧੰਨ ਧੰਨ ਭਗਤ ਨਾਮਦੇਵ ਜੀ ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਆਪਣੇ ਆਪ ਨੂੰ ਮੂਰਖ ਕਹਿ ਰਹੇ ਹਨ ਭਾਵ ਇਹ ਸੋਝੀ ਦੇ ਰਹੇ ਹਨ ਕਿ ਗਿਆਨ ਦੇਣ ਵਾਲਾ ਉਹ ਪ੍ਰਮਾਤਮਾ ਆਪ ਹੈ, ਭਗਤ ਉਹ ਆਪ ਹੈ ਤੇ ਮਨੁੱਖ ਦਾ ਆਪਣਾ ਕੋਈ ਗਿਆਨ ਨਹੀਂ ਹੈ। ਆਪਣੇ ਆਪ ਨੂੰ ਪੰਡਿਤ ਅਖਵਾਉਣਾਂ ਭਾਵ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾਉਣਾ, ਸੰਤ, ਬ੍ਰਹਮਗਿਆਨੀ ਆਦਿ ਅਖਵਾਉਣਾ ਤੇ ਨਾਲ ਹੀ ਪ੍ਰਮਾਤਮਾ ਨੂੰ ਜਾਣਨ ਦੀਆਂ ਗੱਲਾਂ ਕਰਨੀਆਂ ਆਪਣਾ ਆਪ ਦਿਖਾਉਣਾ ਹੈ ਕਿ ਉਸਨੂੰ ਪ੍ਰਮਾਤਮਾ ਦੀ ਸੋਝੀ ਨਹੀਂ ਹੈ। (**ਪੰਡਿਤੁ ਹੋਇ ਕੈ ਬੇਦੁ ਬਖਾਨੈ॥ ਮੂਰਖੁ ਨਾਮਦੇਉ ਰਾਮਹਿ ਜਾਨੈ॥੨॥੧॥**)

{ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥}

(ਅੰਗ - ੧੦੧੫)

{ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥}

(ਅੰਗ - ੧੩੩੮)

ਜਿਸਨੂੰ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ ਉਹ ਫਿਰ ਇਹ ਨਹੀਂ ਕਹਿੰਦਾ ਕਿ ਉਸਦੇ ਆਪਣੇ ਕੀਤਿਆਂ ਕੁੱਝ ਹੁੰਦਾ ਹੈ ਜਾਂ ਉਸ ਦੀ ਕਿਸੇ ਸਿਆਣਪ ਨਾਲ ਉਸਨੇ ਰੱਬ ਨੂੰ ਜਾਣਿਆ ਹੈ ਭਾਵ ਉਹਨਾਂ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮਨੁੱਖ ਕੇਵਲ ਨਾਮ ਮਾਤਰ ਹੀ ਹੈ, ਇੱਕ ਭਰਮ ਦਾ ਪੁਤਲਾ ਹੀ ਹੈ ਪਰ ਸਭ ਕੁੱਝ ਕਰਵਾਉਣ ਵਾਲਾ ਉਹ ੴ ਹੀ ਹੈ ਜਿੱਥੋਂ ਮਨੁੱਖ ਨੂੰ ਆਪਣੇ ਮਨ ਦੇ ਅੰਦਰੋਂ ਹੁਕਮ ਮਿਲਦਾ ਹੈ, ਮਨ ਦਾ ਗਿਆਨ ਮਿਲਦਾ ਹੈ। ਜਿਸਨੂੰ ਉਹ ਆਪਣਾ ਬ੍ਰਹਮ ਗਿਆਨ ਬਖਸ਼ ਦਿੰਦਾ ਹੈ, ਉਹ ਹੀ ਆਪਣੇ ਆਪ ਨੂੰ ਮੂਰਖ ਕਹਿ ਸਕਦਾ ਹੈ, ਬਾਕੀ ਕੇਵਲ ਚਤੁਰਾਈ ਹੈ। ਮਨੁੱਖ ਦੀ ਹਸਤੀ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ

8/775

ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

{ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥੬੨॥}

(ਅੰਗ ੧੩੬੭)

ਪ੍ਰਮਾਤਮਾ ਨੂੰ ਜਾਨਣਨ ਤੋਂ ਬਾਅਦ ਇਹ ਹੀ ਸਭ ਤੋਂ ਵੱਡੀ ਸੱਚਾਈ ਹੈ ਜਿਸਦੀ ਮਨੁੱਖ ਨੂੰ ਸੋਝੀ ਪੈਂਦੀ ਹੈ ਤੇ ਇਸਦੇ ਨਾਲ ਹੀ ਮਨੁੱਖ ਦਾ ਆਪਾ ਮਿਟਦਾ ਹੈ ਤੇ ਸਮਝ ਪੈਂਦੀ ਹੈ ਕਿ ਭਗਤ, ਸਾਧ, ਸੰਤ, ਗੁਰੂ, ਬ੍ਰਹਮ ਗਿਆਨੀ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ। ਮਨੁੱਖ ਦਾ ਸਰਗੁਣ ਸਰੀਰ ਕੇਵਲ ਉਸਦੇ ਨਿਰਗੁਣ ਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ। ਇਸੇ ਲਈ ਬਾਣੀ ਵਿੱਚ ਧੰਨ ਧੰਨ ਪਹਿਲੀ ਪਾਤਸ਼ਾਹੀ ਸਾਨੂੰ ਆਪ ਸਮਝਾ ਰਹੇ ਹਨ ਕਿ ਇਹ ਸਾਰੀ ਬਾਣੀ ਆਪਣੀ ਪ੍ਰਮਾਤਮਾ ਦੀ ਹੈ। ਬਾਣੀ ਨੂੰ ਉਚਾਰਿਆ ਭਾਵੇਂ ਮਨੁੱਖੀ ਸਰੀਰਾਂ ਦੁਆਰਾ ਹੈ ਪਰ ਗਿਆਨ ਸਿੱਧਾ ਮਨ ਦੇ ਰਾਹੀਂ ਪ੍ਰਮਾਤਮਾ ਕੋਲੋਂ ਹੀ ਆਉਂਦਾ ਹੈ। ਉਸਦੇ ਭਗਤ ਪ੍ਰਮਾਤਮਾ ਕੋਲੋਂ ਮਨ ਦੇ ਵਿੱਚੋਂ ਹੀ ਸੁਣਦੇ ਹਨ ਜਿਵੇਂ ਕਿ ਜਪੁਜੀ ਬਾਣੀ ਦੇ ਅਰਥਾਂ ਵਿੱਚ ਭਗਤਾਂ ਦਾ ਸੁਣਨਾ ਸਮਝਾਇਆ ਹੋਇਆ ਹੈ।

{ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥}

(ਅੰਗ ੩)

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥}

(ਅੰਗ ੭੨੨)

{ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥}

(ਅੰਗ ੭੬੩)

{ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥}

(ਅੰਗ ੩੦੮)

{ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੩)

{"ਆਪਸ ਕਉ ਆਪਿ ਦੀਨੋ ਮਾਨੁ॥ ਨਾਨਕ ਪ੍ਰਭ ਜਨੁ ਏਕੋ ਜਾਨੁ॥੮॥੧੪॥"}

(ਅੰਗ ੨੮੨)

ਮਨ ਦੇ ਵਿੱਚ ਪ੍ਰਮਾਤਮਾ ਦੀ ਗੱਲ ਸੁਣੇ ਬਿਨ੍ਹਾਂ ਕੋਈ ਭਗਤ ਨਹੀਂ

8/776

ਬਣ ਸਕਦਾ ਤੇ ਪ੍ਰਮਾਤਮਾ ਕੋਲੋਂ ਸੁਣਨ ਵਾਲਾ ਹੀ ਇਹ ਸਮਝ ਸਕਦਾ ਹੈ ਕਿ ਅਸਲ ਵਿੱਚ ਭਗਤ ਆਪ ਪ੍ਰਮਾਤਮਾ ਹੈ ਤੇ ਇਸੇ ਲਈ "ਪੋਥੀ" ਪ੍ਰਮਾਤਮਾ ਦਾ ਆਪਣਾ ਰੂਪ ਹੈ। ਇਸੇ ਤਰ੍ਹਾਂ ਹੀ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਸਰੀਰ ਰਾਹੀਂ ਪ੍ਰਗਟ ਹੋ ਕੇ ਉਸ ਨੂੰ ਮਾਣ ਬਖਸ਼ਦਾ ਹੈ ਤੇ ਇਹ ਉਸ ਮਨੁੱਖ ਦਾ ਸੱਚਾ ਮਾਣ ਹੈ, ਨਿਰਮਲ ਪ੍ਰਤਾਪ ਹੈ, ਜੋ ਕਿ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਮਾਣ ਹੈ ਜਿਵੇਂ ਕਿ ਉਹਨਾਂ ਦੁਆਰਾ ਉਚਾਰੀ ਹੋਈ ਬਾਣੀ ਰਾਹੀਂ ਸਮਝਿਆ ਜਾ ਸਕਦਾ ਹੈ। ਉਹ ਆਪਣੇ ਆਪ ਨੂੰ ਕੋਈ ਮਾਣ ਨਹੀਂ ਦਿੰਦੇ ਤੇ ਸਾਰਾ ਮਾਣ ਪ੍ਰਮਾਤਮਾ ਦਾ ਹੀ ਕਰਦੇ ਹਨ। ਬਿਨ੍ਹਾਂ ਪ੍ਰਮਾਤਮਾ ਦੀ ਸੋਝੀ ਪਏ ਜੋ ਵੀ ਕਿਸੇ ਨੂੰ ਧਰਮੀ ਅਖਵਾਉਣ ਦਾ ਮਾਣ ਮਿਲਦਾ ਹੈ ਉਹ ਮਨੁੱਖੀ ਮਾਣ ਹੈ। ਇਹ ਪ੍ਰਮਾਤਮਾ ਨੂੰ ਜਾਣਨ ਦਾ ਮਾਣ ਨਹੀਂ ਹੈ, ਇਹ ਉਸਦੇ ਸੱਚੇ ਗਿਆਨ ਦਾ ਮਾਣ ਨਹੀਂ ਹੈ, ਇਹ ਆਪਣੀ ਨਾਸਮਝੀ ਦਾ ਮਾਣ ਹੈ। ਇਸੇ ਲਈ ਜੋ ਉਸਨੂੰ ਜਾਣ ਲੈਂਦੇ ਹਨ ਉਹ ਉਲਟਾ ਆਪਣੇ ਆਪ ਨੂੰ ਮੂਰਖ ਅਖਵਾਉਂਦੇ ਹਨ ਕਿਉਂਕਿ ਉਹਨਾਂ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਸਿਆਣਾ ਕੌਣ ਹੈ। ਗੁਰਬਾਣੀ ਦਾ ਮਾਨ, ਗੁਰਬਾਣੀ ਦੇ ਗਿਆਨ ਦਾ ਮਾਨ ਪ੍ਰਮਾਤਮਾ ਦਾ ਮਾਨ ਹੈ। ਗੁਰਮਤਿ ਦਾ ਮਾਨ ਪ੍ਰਮਾਤਮਾ ਦਾ ਮਾਨ ਹੈ। **(ਆਪਸ ਕਉ ਆਪਿ ਦੀਨੋ ਮਾਨੁ॥ ਨਾਨਕ ਪ੍ਰਭ ਜਨੁ ਏਕੋ ਜਾਨੁ॥੮॥੧੪॥)**

"ਬਾਬਾ ਮੂਰਖੁ ਹਾ ਨਾਵੈ ਬਲਿ ਜਾਉ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ॥੧॥ਰਹਾਉ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥੨॥"

(ਅੰਗ ੧੦੧੫)

ਉੱਪਰ ਧਿਆਨ ਨਾਲ ਪੜ੍ਹੋ ਧੰਨ ਧੰਨ ਅਕਾਲ ਪੁਰਖ ਰੂਪ ਗੁਰੂ ਨਾਨਕ ਦੇਵ ਜੀ, ਬ੍ਰਹਮ ਗਿਆਨੀ ਨਾਨਕ ਦੇਵ ਜੀ, ਸੰਤ ਨਾਨਕ ਦੇਵ ਜੀ, ਸਾਧ ਨਾਨਕ ਦੇਵ ਜੀ, ਭਗਤ ਨਾਨਕ ਦੇਵ ਜੀ ਸਾਨੂੰ ਕੀ ਸਮਝਾ ਰਹੇ ਹਨ। ਉਹ ਆਪਣੇ ਆਪ ਨੂੰ ਮੂਰਖ ਕਹਿ ਕੇ ਅਕਾਲ ਪੁਰਖ ਦੀ ਵਡਿਆਈ ਕਰ ਰਹੇ ਹਨ ਭਾਵ ਇਹ ਸਮਝਾ ਰਹੇ ਹਨ ਕਿ ਮੈਨੂੰ ਇਤਨਾ ਉੱਚਾ ਗਿਆਨ ਦੇਣ ਵਾਲਾ ਕੌਣ ਹੈ, ਜਿਸ ਗਿਆਨ ਰਾਹੀਂ ਪੂਰੇ ਜੱਗ ਵਿੱਚ ਚਾਨਣ ਹੋ ਰਿਹਾ ਹੈ। "**ਨਾਵੈ ਬਲਿ ਜਾਉ**" ਤੋਂ ਭਾਵ ਹੈ ਮੈਂ ਉਸ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਤੋਂ, ਉਸਦੇ ਦਿੱਤੇ ਹੋਏ ਗਿਆਨ ਤੋਂ ਬਲਿਹਾਰੇ ਜਾਂਦਾ ਹਾਂ ਭਾਵ ਦੁਨੀਆਂ ਨੂੰ ਇਹ ਸਮਝਾਇਆ ਹੈ ਕਿ ਗਿਆਨ ਦਾ ਸਰੋਤ ਉਹ ਆਪ ਪ੍ਰਮਾਤਮਾ ਹੀ ਹੈ। (**ਬਾਬਾ ਮੂਰਖੁ ਹਾ ਨਾਵੈ ਬਲਿ ਜਾਉ॥**)

8/777

ਆਓ ਹੁਣ ਅਗਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਵਿਚਾਰੀਏ ਕਿ ਬਾਣੀ ਦੇ ਮੂਲ ਰਚਣਹਾਰ ਧੰਨ ਧੰਨ ਪਹਿਲੀ ਪਾਤਸ਼ਾਹੀ ਸਾਨੂੰ ਕਿਤਨੀ ਵੱਡੀ ਗੱਲ ਸਮਝਾ ਰਹੇ ਹਨ।

"ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ॥੧॥ ਰਹਾਉ॥"

ਇਹ ਗੁਰਬਾਣੀ ਦੀ ਰਚਨਾ ਜੱਗ ਨੂੰ ਤਾਰਨ ਲਈ ਕੀਤੀ ਗਈ ਹੈ ਭਾਵ ਸੰਸਾਰ ਨੂੰ ਅਗਿਆਨਤਾ ਵਿੱਚੋਂ ਕੱਢ ਕੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਰਚੀ ਗਈ ਹੈ, ਪ੍ਰਮਾਤਮਾ ਦੀ ਅਸਲੀਅਤ ਦੱਸਣ ਲਈ ਰਚੀ ਗਈ ਹੈ।**{ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥}** ਅੰਗ - ੧੪੦੯

ਬਾਣੀ ਦੇ ਚਰਨਾਂ ਨਾਲ ਜੁੜਨਾ ਬਾਣੀ ਦੇ ਗਿਆਨ ਨਾਲ ਜੁੜਨਾ ਹੈ ਭਾਵ ਗੁਰੂ ਦੀ ਮਤਿ ਨਾਲ ਜੁੜਨਾ ਹੈ ਜਿਸਨੇ ਸਾਨੂੰ ਹਨ੍ਹੇਰੇ ਵਿੱਚੋਂ ਕੱਢਣਾ ਹੈ, ਅਗਿਆਨਤਾ ਵਿੱਚੋਂ ਕੱਢਣਾ ਹੈ। **"ਤਮ"** ਤੋਂ ਭਾਵ ਹੈ ਹਨ੍ਹੇਰਾ ਭਾਵ ਮਨ ਦਾ ਹਨ੍ਹੇਰਾ ਭਾਵ ਅਗਿਆਨਤਾ। ਪ੍ਰਮਾਤਮਾ ਨੂੰ ਜਾਣਨ ਲਈ ਕਿ ਪ੍ਰਮਾਤਮਾ ਕੀ ਹੈ, ਇਸ ਬਾਰੇ ਹਰ ਕੋਈ ਅਗਿਆਨਤਾ ਵਿੱਚ ਹੀ ਹੈ, ਪੂਰਾ ਸੰਸਾਰ ਅਗਿਆਨਤਾ ਵਿੱਚ ਹੀ ਹੈ। ਬਾਣੀ ਸਾਨੂੰ ਉਹ ਗਿਆਨ ਦੇਣ ਲਈ ਰਚੀ ਗਈ ਹੈ ਜਿਸ ਦੁਆਰਾ ਸਾਡੀ ਅਗਿਆਨਤਾ ਦੂਰ ਹੋ ਸਕਦੀ ਹੈ ਤੇ ਅਸੀਂ ਉਸ ਪ੍ਰਮਾਤਮਾ ਨੂੰ ਸਮਝ ਸਕਦੇ ਹਾਂ, ਉਸ ਗਿਆਨ ਰੂਪ ਦੇ ਦਰਸ਼ਨ ਕਰ ਸਕਦੇ ਹਾਂ ਤੇ ਇਸ ਦੁਨਿਆਵੀ ਭਵਸਾਗਰ ਤੋਂ ਤਰ ਸਕਦੇ ਹਾਂ, ਆਪਣਾ ਆਵਾਗਉਣ ਮੇਟ ਸਕਦੇ ਹਾਂ, ਜੋ ਕਿ ਮਨ ਦੀ ਅਗਿਆਨਤਾ ਮਿਟਣ ਦੁਆਰਾ ਹੀ ਹੋ ਸਕਦਾ ਹੈ।

ਤਰਨਾ ਅਸੀਂ ਬਾਣੀ ਦੇ ਗਿਆਨ ਨਾਲ ਜੁੜ ਕੇ ਹੀ ਹੈ, ਗੁਰੂ ਦੀ ਦੱਸੀ ਹੋਈ ਮਤਿ ਦੇ ਨਾਲ ਜੁੜ ਕੇ ਹੀ ਹੈ, ਨਾਮ ਦੇ ਨਾਲ

ਜੁੜ ਕੇ ਹੀ ਹੈ। ਇਸ ਨਾਮ ਦੀ ਰਚਨਾ, ਬਾਣੀ ਦੀ ਰਚਨਾ ਕਿਸਨੇ ਕੀਤੀ ਹੈ, ਇਹ ਸਾਰਾ ਗਿਆਨ ਕਿੱਥੋਂ ਆਇਆ ਹੈ ਇਹੀ ਗੱਲ ਸਾਨੂੰ ਉੱਪਰ ਵਾਲੀ ਪੰਗਤੀ ਰਾਹੀਂ ਸਮਝਾਈ ਜਾ ਰਹੀ ਹੈ।

ਬਾਬਾ ਨਾਨਕ ਅਕਾਲ ਪੁਰਖ ਨੂੰ ਸੰਬੋਧਨ ਕਰਦੇ ਹੋਏ ਕਹਿ ਰਹੇ ਹਨ ਕਿ ਮੇਰੀ ਤੇ ਆਪਣੀ ਕੋਈ ਮਤਿ ਨਹੀਂ ਹੈ, ਮੈਂ ਮੂਰਖ ਹਾਂ ਤੇ ਸਾਰੀ ਮਤਿ ਤੇਰੀ ਹੀ ਹੈ, ਤੂੰ ਆਪ ਹੀ ਆਪਣੀ ਬਾਣੀ ਲਿਖਵਾ ਰਿਹਾ ਹੈ। ਤੂੰ ਆਪ ਹੀ ਸਭ ਕੁੱਝ ਕਰਨ ਵਾਲਾ ਹੈ, ਤੂੰ ਆਪ ਹੀ ਸਭ ਕੁੱਝ ਜਾਣਨ ਵਾਲਾ ਹੈ ਭਾਵ ਤੂੰ ਆਪ ਹੀ ਸਭ ਗਿਆਨ ਦਾ ਮਾਲਕ ਹੈ। **"ਤੂ ਕਰਤਾ ਤੂ ਦਾਨਾ ਬੀਨਾ"**

8/778

ਅਕਾਲ ਪੁਰਖ ਨੂੰ ਸੰਬੋਧਨ ਕਰਦੇ ਹੋਏ ਧੰਨ ਧੰਨ ਬਾਬਾ ਨਾਨਕ ਆਪਣੇ ਮੁੱਖੋਂ ਇਹ ਉਚਾਰ ਰਹੇ ਹਨ।

"ਤੇਰੈ ਨਾਮਿ ਤਰਾਉ ॥੧॥ ਰਹਾਉ ॥"

ਬੜੇ ਹੀ ਧਿਆਨ ਨਾਲ ਸਮਝੋ ਇਸ ਗੱਲ ਨੂੰ। ਇਸ ਤੋਂ ਭਾਵ ਹੈ ਕਿ ਹੇ ਅਕਾਲ ਪੁਰਖ ਤੂੰ ਜੋ ਮੈਨੂੰ ਨਾਮ ਸਿਖਾ ਰਿਹਾ ਹੈ, ਤੂੰ ਜੋ ਆਪਣਾ ਗਿਆਨ ਮੈਨੂੰ ਦੇ ਰਿਹਾ ਹੈ, ਤੂੰ ਜੋ ਆਪਣੀ ਮਤਿ ਦੇ ਰਿਹਾ ਹੈ, ਤੂੰ ਜੋ ਆਪਣਾ ਆਪ ਸਮਝਾ ਰਿਹਾ ਹੈ, ਮੈਂ ਉਸ ਗਿਆਨ ਦੁਆਰਾ, ਗੁਰਬਾਣੀ ਦੀ ਰਚਨਾ ਦੁਆਰਾ ਇਸ ਜੱਗ ਨੂੰ ਤਾਰ ਰਿਹਾ ਹਾਂ, ਇਸ ਜੱਗ ਵਿੱਚ ਗਿਆਨ ਵੰਡ ਰਿਹਾ ਹਾਂ, ਇਸ ਜੱਗ ਨੂੰ ਹਨ੍ਹੇਰੇ ਵਿੱਚੋਂ ਕੱਢ ਰਿਹਾ ਹਾਂ, ਇਸ ਜੱਗ ਦੀ ਅਗਿਆਨਤਾ ਦੂਰ ਕਰ ਰਿਹਾ ਹਾਂ। ਜਿਹੜਾ ਇਤਨਾ ਵੱਡਾ ਗਿਆਨ ਸੰਸਾਰ ਨੂੰ ਵੰਡਣ ਵਾਲਾ ਆਪਣੇ ਆਪ ਨੂੰ ਮੂਰਖ ਕਹਿ ਸਕਦਾ ਹੈ, ਇਹ ਗੱਲ ਉਹੀ ਕਹਿ ਸਕਦਾ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਭੇਦ ਮਿਟ ਜਾਂਦਾ ਹੈ ਜਿਵੇਂ ਕਿ ਬਾਬੇ ਨਾਨਕ ਦਾ ਪ੍ਰਮਾਤਮਾ ਦੇ ਨਾਲ ਕੋਈ ਭੇਦ ਹੈ ਹੀ ਨਹੀਂ, ਉਹ ਦੋਨੋਂ ਇੱਕ ਹੀ ਹਨ। ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਗਿਆਨਵਾਨ, ਸਿਆਣਾ ਉਹੀ ਕਹਿੰਦਾ ਹੈ ਜਿਸਨੂੰ ਪ੍ਰਮਾਤਮਾ ਦੀ ਸੋਝੀ ਨਹੀਂ ਪਈ। ਇਹ ਮਾਰਗ ਅਸਲ ਵਿੱਚ ਉਲਟਾ ਹੀ ਹੈ। ਉਸ ਪ੍ਰਮਾਤਮਾ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਆਪਣੇ ਅੰਦਰ ਦੀ ਮਤਿ ਨੂੰ ਆਪਣੀ ਹੀ ਸਮਝਦਾ ਹੈ, ਜਦ ਕਿ ਗੱਲ ਇਸ ਤੋਂ ਉਲਟ ਹੈ। ਸਾਡੀ ਇਸ ਮਤਿ ਨੇ ਹੀ ਸਾਨੂੰ ਰੱਬ ਤੋਂ ਦੂਰ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਉਸ ਸਿਆਣੇ ਦੀ ਆਪਣੇ ਅੰਦਰੋਂ ਸਮਝ ਨਹੀਂ ਪੈਂਦੀ ਤੇ ਅਸੀਂ ਆਪਣੇ ਆਪ ਨੂੰ ਹੀ ਸਿਆਣਾ ਸਮਝੀ ਬੈਠੇ ਹਾਂ ਪਰ ਸਾਨੂੰ ਇਹ ਗੱਲ ਸਮਝਾਉਣ ਵਾਲਾ ਉਹ ਆਪ ਹੀ ਹੈ, ਸਾਡੇ ਅੰਦਰ ਵਰਤ ਰਹੀ ਉਸ ਦੀ ਜੋਤਿ ਹੈ ਜਿਸ ਦੁਆਰਾ ਉਸਨੇ ਸਾਨੂੰ ਆਪਣੀ ਸੋਝੀ ਪੈਣ ਤੋਂ ਦੂਰ ਰੱਖਿਆ ਹੋਇਆ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **"ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥"**

ਅਸਲ ਵਿੱਚ ਨਾ ਕੋਈ ਮੂਰਖ ਹੈ ਤੇ ਨਾ ਹੀ ਕੋਈ ਸਿਆਣਾ ਹੈ। ਉਹ ਸਭ ਕੁੱਝ ਆਪ ਹੀ ਹੈ। ਮਨੁੱਖ ਦੇ ਪੱਲੇ ਕੇਵਲ ਭੁਲੇਖਾ ਹੈ। "ਮੂਰਖੁ" ਮਨੁੱਖ ਤੇ ਉਸ ਸਿਆਣੇ ਪ੍ਰਮਾਤਮਾ ਵਿੱਚ ਅਸਲ ਵਿੱਚ ਭੇਦ ਹੈ ਹੀ ਨਹੀਂ ਕਿਉਂਕਿ ਸਭ ਕੁੱਝ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ। **(ਮੂਰਖੁ ਸਿਆਣਾ ਏਕੁ ਹੈ)** ਇਸ ਤੋਂ ਪਹਿਲੀ ਪੰਗਤੀ ਰਾਹੀਂ ਗੁਰੂ ਸਾਹਿਬ ਆਪਣੇ ਆਪ ਨੂੰ "ਮੂਰਖ" ਕਹਿ ਰਹੇ ਹਨ ਤੇ ਉਪਰਲੀ ਪੰਗਤੀ ਰਾਹੀਂ ਆਪਣੇ ਆਪ ਨੂੰ ਇਸ ਮੂਰਖਤਾ ਰਾਹੀਂ ਉਸ ਸਿਆਣੇ ਪ੍ਰਮਾਤਮਾ ਨਾਲ ਇੱਕ ਕਹਿ ਰਹੇ ਹਨ ਭਾਵ ਸਿਆਣਾ ਕੇਵਲ ਉਹ ਪ੍ਰਮਾਤਮਾ ਆਪ ਹੀ ਹੈ ਤੇ ਜਿਹੜੇ ਮਨੁੱਖੀ ਸਰੀਰ ਦੇ ਮਨ ਰਾਹੀਂ ਉਹ ਪ੍ਰਗਟ ਹੋ ਜਾਂਦਾ ਹੈ ਉਸਨੂੰ ਉਹ ਆਪਣੇ ਵਰਗਾ ਸਿਆਣਾ ਬਣਾ ਲੈਂਦਾ ਹੈ। ਅਸਲ ਵਿੱਚ ਆਪਣੇ ਆਪ ਨੂੰ ਸੱਚੇ ਦਿਲੋਂ ਮੂਰਖ ਉਹ ਹੀ ਮੰਨਦਾ ਹੈ ਜਿਸਦੀ ਤ੍ਰੈਗੁਣਾਂ ਵਾਲੀ, ਅਗਿਆਨਤਾ ਵਾਲੀ ਬਿਰਤੀ ਖ਼ਤਮ ਹੋ ਜਾਂਦੀ ਹੈ ਤੇ ਜਿਸਦਾ ਮੇਲ ਉਸ ਸੱਚੇ ਗਿਆਨ ਦੇ ਸ੍ਰੋਤ ਦੇ ਨਾਲ, ਗਿਆਨ ਦੇ ਮਾਲਕ ਦੇ ਨਾਲ ਹੋ ਜਾਂਦਾ ਹੈ। ਮਨੁੱਖ ਦੀ ਮੂਰਖਤਾ ਵਿੱਚ ਵੀ ਉਹ ਆਪ ਹੀ ਹੈ ਤੇ ਉਸਦੀ ਸਿਆਣਪ ਵਿੱਚ ਵੀ ਉਹ ਆਪ ਹੀ ਹੈ। ਸਾਨੂੰ ਉਸਨੇ ਆਪਣੀ ਜੋਤਿ ਦੁਆਰਾ ਹੀ,

8/779

ਮਨ ਦੇ ਗਿਆਨ ਦੁਆਰਾ ਹੀ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਸਾਡੇ ਮਨ ਦਾ ਗਿਆਨ ਹੀ ਸਾਨੂੰ ਮੈਂ ਸਿਖਾਉਂਦਾ ਹੈ ਕਿ ਮੈਂ ਮਨੁੱਖ ਹਾਂ ਜਦ ਕਿ ਅਸਲ ਵਿੱਚ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ। ਨਾਮ ਕੇਵਲ ਉਸੇ ਦਾ ਹੀ ਹੈ, ਹੋਂਦ ਕੇਵਲ ਉਸੇ ਦੀ ਹੈ, ਮਨੁੱਖੀ ਹੋਂਦ ਕੇਵਲ ਉਸਦੀ ਜੋਤਿ ਦਾ ਦਿੱਤਾ ਹੋਇਆ ਤ੍ਰੈਗੁਣੀ ਗਿਆਨ ਹੈ ਜੋ ਮਨੁੱਖ ਨੂੰ ਆਪਣੀ ਹੋਂਦ ਸਮਝਣ ਤੇ ਮਜ਼ਬੂਰ ਕਰਦਾ ਹੈ ਕਿਉਂਕਿ ਇਹ ਮਨ ਸਾਡੇ ਵੱਸ ਨਹੀਂ ਹੈ, ਇਹ ਮਨ ਦਾ ਗਿਆਨ ਸਾਡੇ ਵੱਸ ਨਹੀਂ ਹੈ, ਇਸ ਮਨ ਦੀ ਸਮਝ ਦੇ ਵਿੱਚ ਆਪ ਪ੍ਰਮਾਤਮਾ ਹੀ ਹੈ।

"ਏਕ ਜੋਤਿ ਦੁਇ ਨਾਉ॥"

ਉੱਪਰ ਸ਼ਬਦ ਰਾਹੀਂ ਉਹੀ ਗੱਲ ਸਮਝਾਈ ਹੈ ਜੋ ਅਸੀਂ ਪਿੱਛੇ ਧੰਨ ਧੰਨ ਭਗਤ ਨਾਮਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲਾਂ ਰਾਹੀਂ, ਅਕਾਲ ਪੁਰਖ ਦੀ ਜੋਤਿ ਰਾਹੀਂ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਰਾਹੀਂ ਸਮਝਿਆ ਹੈ।

ਪ੍ਰਭਾਤੀ॥

{ਅਕੁਲ ਪੁਰਖ ਇਕੁ ਚਲਿਤੁ ਉਪਾਇਆ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥੧॥
ਜੀਅ ਕੀ ਜੋਤਿ ਨ ਜਾਨੈ ਕੋਈ॥ ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥}

(ਅੰਗ ੧੩੫੧)

ਮਨੁੱਖ ਦੇ ਵੱਸ ਹੀ ਕੀ ਹੈ ਕਿ ਉਹ ਪ੍ਰਮਾਤਮਾ ਨੂੰ ਜਾਣ ਸਕੇ। ਉਸਨੂੰ ਜਾਣਨ ਦਾ ਰਸਤਾ ਉਸਨੇ ਆਪ ਹੀ ਬੰਦ ਕੀਤਾ ਹੋਇਆ ਹੈ। ਜਿਹੜੀ ਜੋਤਿ ਨੂੰ ਜਾਣਨਾ ਹੈ ਉਹ ਜੋਤਿ ਹੀ ਸਾਨੂੰ "ਮੈਂ" ਸਮਝਾ ਰਹੀ ਹੈ, ਸਾਡੇ ਵਿੱਚ ਹਉਮੈ ਪਾ ਰਹੀ ਹੈ। ਬਿਨ੍ਹਾਂ ਹਉਮੈ ਛੱਡੇ, ਬਿਨ੍ਹਾਂ ਆਪਣੇ ਆਪ ਦੀ ਸਮਝ ਪਏ ਪ੍ਰਮਾਤਮਾ ਨੂੰ ਜਾਣਿਆ ਨਹੀਂ ਜਾ ਸਕਦਾ। ਜਿਸ ਰਸਤੇ ਤੋਂ ਹਉਮੈ ਆਉਂਦੀ ਹੈ, ਉਸੇ ਰਸਤੇ ਤੋਂ ਹੀ ਵਾਪਸ ਜਾ ਸਕਦੀ ਹੈ। ਜੋ ਸਾਡੇ ਅੰਦਰ ਹਉਮੈ ਪਾਉਂਦਾ ਹੈ ਉਸਦੀ ਮਰਜ਼ੀ ਨਾਲ ਹੀ ਜਾ ਸਕਦੀ ਹੈ। ਹਉਮੈ ਖ਼ਤਮ ਕਰਨ ਲਈ ਸਾਨੂੰ ਬਾਣੀ ਨੇ ਇੱਕੋ ਇੱਕ ਤਰੀਕਾ ਸ਼ਬਦ ਦੀ ਵਿਚਾਰ ਸਮਝਾਇਆ ਹੈ, ਸ਼ਬਦ ਦੁਆਰਾ ਮਰਨ ਦਾ ਤਰੀਕਾ ਸਮਝਾਇਆ ਹੈ, ਗੁਰੂ ਦੀ ਮਤਿ ਤੇ ਚੱਲਣ ਦਾ ਤਰੀਕਾ ਸਮਝਾਇਆ ਹੈ, ਉਸ ਤੇ ਅਮਲ ਕਰਨ ਦਾ ਤਰੀਕਾ ਸਮਝਾਇਆ ਹੈ ਭਾਵ ਨਾਮ ਜਪਣ ਦਾ ਤਰੀਕਾ ਸਮਝਾਇਆ ਹੈ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਹਉਮੈ ਜਾ ਸਕਦੀ ਹੈ, ਨਾਮ ਨੂੰ ਮੰਨ ਕੇ

8/780

ਹਉਮੈ ਜਾ ਸਕਦੀ ਹੈ। ਇਸੇ ਲਈ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਭ ਤੋਂ ਵੱਡਾ ਮੂਰਖ ਉਸਨੂੰ ਕਿਹਾ ਹੈ ਜੋ ਗੁਰੂ ਦੀ ਗੱਲ ਤੇ ਅਮਲ ਨਹੀਂ ਕਰਦੇ।

(ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥੨॥)

ਹੁਣ ਧਿਆਨ ਨਾਲ ਸਮਝੋ ਕਿ ਅਸਲ ਵਿੱਚ ਮੂਰਖ, ਵੱਡਾ ਮੂਰਖ ਕਿਸ ਨੂੰ ਕਿਹਾ ਹੈ। ਪ੍ਰਮਾਤਮਾ ਦਾ ਬਾਣੀ ਨੂੰ ਉਚਾਰਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਉਸ ਦੀ ਗੱਲ ਨੂੰ ਸਮਝੀਏ ਤੇ ਉਸਨੂੰ ਮੰਨੀਏ। ਪੂਰੀ ਗੁਰਬਾਣੀ ਨਾਮ ਹੈ, ਗੁਰੂ ਦੀ ਮਤਿ ਹੈ ਜਿਸ ਨੂੰ ਸਮਝ ਕੇ ਅਸੀਂ ਮੰਨਣਾ ਹੈ ਭਾਵ ਉਸ ਤੇ ਵਿਸ਼ਵਾਸ ਕਰਕੇ ਉਸ ਅਨੁਸਾਰ ਵਿਚਰਨਾ ਹੈ ਤੇ ਜੋ ਗੁਰੂ ਦੀ ਗੱਲ ਨੂੰ ਨਹੀਂ ਮੰਨਦੇ ਉਹ ਮੂਰਖ ਹਨ, ਮਹਾ ਮੂਰਖ ਹਨ।

ਉੱਪਰ ਸ਼ਬਦ ਵਿੱਚ ਪਿੱਛੇ ਜੋ ਸਮਝਾਇਆ ਹੋਇਆ ਹੈ ਅਗਰ ਉਸਨੂੰ ਧਿਆਨ ਨਾਲ ਸਮਝੀਏ ਤੇ ਇਹ ਸੋਝੀ ਵੀ ਨਾਲ ਹੀ ਪੈਂਦੀ ਹੈ ਕਿ ਨਾਮ ਕੀ ਹੈ। ਨਾਮ ਦੀ ਤੁਲਨਾ ਅਗਿਆਨਤਾ ਨਾਲ ਕਰਕੇ ਸਮਝਾਈ ਹੈ, ਮੂਰਖਤਾ ਨਾਲ ਕਰਕੇ ਸਮਝਾਈ ਹੈ ਕਿ ਨਾਮ ਅਗਿਆਨਤਾ ਦਾ ਉਲਟ ਰੂਪ ਹੈ ਭਾਵ ਗਿਆਨ ਰੂਪ ਹੈ। ਬਾਬੇ ਨਾਨਕ ਨੂੰ ਜੋ ਸੱਚਾ ਗਿਆਨ ਆਪ ਪ੍ਰਮਾਤਮਾ ਨੇ ਦਿੱਤਾ ਹੈ, ਜੋ ਨਾਮ ਪ੍ਰਮਾਤਮਾ ਨੇ ਆਪ ਦਿੱਤਾ ਹੈ ਉਹੀ ਉਹਨਾਂ ਬਾਣੀ ਵਿੱਚ ਉਚਾਰਿਆ ਹੈ ਤੇ ਇਸ ਉੱਚੇ ਗਿਆਨ ਲਈ, ਬ੍ਰਹਮ ਗਿਆਨ ਲਈ ਸਾਰੀ ਸ਼ੋਭਾ ਪ੍ਰਮਾਤਮਾ ਨੂੰ ਦਿੱਤੀ ਹੈ ਜੋ ਕਿ ਆਪ ਹੀ ਨਾਮ ਦੇ ਰੂਪ ਵਿੱਚ ਹੈ, ਆਪ ਗਿਆਨ ਦੇ ਰੂਪ ਵਿੱਚ ਹੈ ਤੇ ਸਭ ਨੂੰ ਗਿਆਨ ਦੇਣ ਵਾਲਾ ਉਹ ਆਪ ਹੀ ਹੈ। ਜਦ ਤੱਕ ਸਾਨੂੰ ਉਸਨੇ ਆਪਣੇ ਆਪ ਤੋਂ ਦੂਰ ਰੱਖਣਾ ਹੈ ਤਾਂ ਤੱਕ ਸਾਨੂੰ ਤ੍ਰੈਗੁਣਾਂ ਵਾਲਾ ਗਿਆਨ ਦੇਵੇਗਾ, ਹਉਮੈ ਵਾਲਾ ਗਿਆਨ ਦੇਵੇਗਾ, ਕੱਚਾ ਗਿਆਨ ਦੇਵੇਗਾ ਜਿਸ ਦੁਆਰਾ ਉਸ ਦੀ ਸੋਝੀ ਨਹੀਂ ਪੈ ਸਕਦੀ। ਉਸਦੀ ਸੋਝੀ ਉਸਦੇ ਸੱਚੇ ਗਿਆਨ ਵਿੱਚ ਹੈ ਜੋ ਕਿ ਉਸਦਾ ਚੌਥੇ ਪਦ ਦਾ ਗਿਆਨ ਹੈ। ਇਹ ਚੌਥੇ ਪਦ ਦਾ ਗਿਆਨ, ਸੱਚਾ ਗਿਆਨ ਭਾਵ ਉਸਦਾ ਨਾਮ ਤਾਂ ਹੀ ਮਿਲਦਾ ਹੈ ਜਦ ਉਹ ਆਪਣੀ ਜੋਤਿ ਰਾਹੀਂ ਮਨ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ। ਪੂਰੀ ਗੁਰਬਾਣੀ ਵਿੱਚ ਉਸ ਦੇ ਚੌਥੇ ਪਦ ਦਾ ਗਿਆਨ ਹੈ, ਉਸਦਾ ਸੱਚਾ ਗਿਆਨ ਹੈ, ਉਸਦੀ ਆਪਣੀ ਕਥਾ ਹੈ ਭਾਵ ਅਕਥ ਕਥਾ ਹੈ ਜੋ ਕਿ ਉਸਨੇ ਆਪ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਸੁਣਾਈ ਹੈ।

{ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ॥}

(ਅੰਗ ੧੧੭੧)

{ਜਿਸੁ ਭਾਵੈ ਤਿਸੁ ਆਪੇ ਦੇਇ ॥ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥

ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

ਜਦ ਤੱਕ ਉਹ ਕਿਸੇ ਸਰੀਰ ਰਾਹੀਂ ਪ੍ਰਗਟ ਨਹੀਂ ਹੁੰਦਾ, ਪ੍ਰਮਾਤਮਾ ਨੂੰ ਜਾਣਨਾ ਨਾ ਮੁਮਕਿਨ ਹੈ। ਉਹ ਆਪਣੇ ਆਪ ਨੂੰ ਆਪ ਹੀ ਪ੍ਰਗਟ ਕਰ ਸਕਦਾ ਹੈ, ਉਹ ਆਪਣੇ ਦਰਸ਼ਨ ਆਪ ਹੀ ਦੇ ਸਕਦਾ ਹੈ। ਉਹ ਪ੍ਰਗਟ ਵੀ ਮਨ

8/781

ਦੇ ਵਿੱਚ ਹੀ ਹੁੰਦਾ ਹੈ ਤੇ ਉਸਦੇ ਦਰਸ਼ਨ ਵੀ ਮਨ ਦੇ ਵਿੱਚ ਹੀ ਹੋ ਸਕਦੇ ਹਨ ਜੋ ਕਿ ਮਨ ਦੇ ਵਿੱਚ ਉਸਦਾ ਸੱਚਾ ਗਿਆਨ ਮਿਲਣ ਦੁਆਰਾ ਹੁੰਦੇ ਹਨ। (**ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥**) ਮਨ ਦੇ ਸੱਚੇ ਗਿਆਨ ਤੋਂ ਬਿਨ੍ਹਾਂ ਹੋਰ ਕੋਈ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਤਰੀਕਾ ਹੈ ਹੀ ਨਹੀਂ। ਉਸਦੇ ਦਰਸ਼ਨਾਂ ਦੇ ਨਾਲ ਹੀ ਚੌਥੇ ਪਦ ਦਾ ਗਿਆਨ ਹੈ, ਸੱਚਾ ਗਿਆਨ ਹੈ ਜਿਸ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ, ਨਾਮ ਦੀ ਰਚਨਾ ਹੋਈ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ ੧੨੩੯)

ਪੂਰੀ ਬਾਣੀ ਨਾਮ ਹੈ, ਪ੍ਰਮਾਤਮਾ ਦਾ ਆਪਣਾ ਨਾਮ ਹੈ ਤੇ ਇਸ ਬਾਣੀ ਦੁਆਰਾ ਹੀ ਭਾਵ ਨਾਮ ਨੂੰ ਮੰਨ ਕੇ ਹੀ ਭਾਵ ਗੁਰੂ ਦੀ ਮਤਿ ਨੂੰ ਮੰਨ ਕੇ ਹੀ ਸਾਡੇ ਅੰਦਰ ਨਾਮ ਵੱਸ ਸਕਦਾ ਹੈ ਭਾਵ ਮਨ ਦੇ ਵਿੱਚੋਂ ਗਿਆਨ ਦੇ ਮਾਲਕ ਦੇ, ਨਾਮ ਦੇ ਮਾਲਕ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ। ਜਿਸਨੂੰ ਆਪਣੀ ਬਾਣੀ ਮਨਾਏਗਾ ਉੱਥੇ ਹੀ ਉਹ ਆਪ ਵੱਸੇਗਾ। ਉਸਦੇ ਵੱਸਣ ਦੀ ਕਸਵੱਟੀ ਉਸਦੀ ਆਪਣੀ ਬਾਣੀ ਦੀ ਦਿੱਤੀ ਹੋਈ ਮਤਿ ਦਾ ਸਾਡੇ ਅੰਦਰ ਵੱਸਣਾ ਹੈ ਜੋ ਉਸਦਾ ਆਪਣਾ ਦਿੱਤਾ ਹੋਇਆਂ ਨਾਮ ਹੈ ਜੋ ਕਿ ਸਾਰੇ ਜੱਗ ਲਈ ਹੈ। ਨਾਮ ਸੱਚ ਹੈ ਤੇ ਸਾਰੀ ਬਾਣੀ ਸਾਨੂੰ ਸੱਚ ਦਾ ਮਾਰਗ ਹੀ ਸਮਝਾ ਰਹੀ ਹੈ ਭਾਵ ਸੱਚ ਤੇ ਚੱਲਣਾ ਹੀ ਨਾਮ ਨੂੰ ਮੰਨਣਾ ਹੈ, ਪ੍ਰਮਾਤਮਾ ਨੂੰ ਮੰਨਣਾ ਹੈ।

{ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥}

(ਅੰਗ ੧੫)

“ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥”

(ਅੰਗ ੩੬੧)

ਨਾਮ ਦੀ ਪ੍ਰਾਪਤੀ ਸਾਡੇ ਜੀਵਨ ਦੀ ਮੰਜ਼ਿਲ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਪ੍ਰਮਾਤਮਾ ਸੱਚ ਹੈ, ਨਾਮ ਸੱਚ ਹੈ ਤੇ ਉਸ ਸੱਚ ਦੀ, ਪ੍ਰਮਾਤਮਾ ਦੀ ਪ੍ਰਾਪਤੀ ਸਾਨੂੰ ਸੱਚੇ ਬਣ ਕੇ ਹੀ ਹੋ ਸਕਦੀ ਹੈ, ਸੱਚ ਜਪ ਕੇ ਹੀ ਹੋ ਸਕਦੀ ਹੈ। ਪ੍ਰਮਾਤਮਾ ਦੀ ਸੱਚੀ ਬਾਣੀ ਸਾਨੂੰ ਸੁੱਚਾ ਹੋਣ ਲਈ ਹੀ ਸਮਝਾ ਰਹੀ ਹੈ ਭਾਵ ਸਾਡੇ ਅੰਦਰ ਗੁਣ ਤਾਂ ਹੀ ਆ ਸਕਦੇ ਹਨ ਜੇਕਰ ਅਸੀਂ ਬਾਣੀ ਦੀ ਗੱਲ ਮੰਨ ਕੇ ਆਪਣੇ ਆਪ ਨੂੰ ਸੁੱਚਾ ਕਰੀਏ, ਪਵਿੱਤਰ ਕਰੀਏ ਭਾਵ ਔਗੁਣ ਰਹਿਤ ਕਰੀਏ। ਔਗੁਣ ਰਹਿਤ ਸਾਨੂੰ ਗੁਣਾਂ ਨੇ ਹੀ ਕਰਨਾ ਹੈ ਤੇ ਨਾਮ ਦੀ ਪ੍ਰਾਪਤੀ ਗੁਣਾਂ ਦੁਆਰਾ ਵਿਚਰ ਕੇ ਹੀ ਹੋਣੀ ਹੈ ਭਾਵ

8/782

ਪ੍ਰਮਾਤਮਾ ਦੇ ਨਾਲ ਮੇਲ ਗੁਣਾਂ ਦੁਆਰਾ ਵਿਚਰ ਕੇ ਹੀ ਹੋਣਾ ਹੈ, ਆਪਣੇ ਆਪ ਨੂੰ ਸੱਚਾ ਸੁੱਚਾ ਬਣਾ ਕੇ ਹੀ ਹੋਣਾ ਹੈ ਜਿਸ ਲਈ ਸਾਡਾ ਸੱਚਾ ਉੱਦਮ ਆਪਣੀ ਨਾਮਸਝ ਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਨੂੰ ਅਪਣਾਉਣ ਦਾ ਹੋਣਾ ਚਾਹੀਦਾ ਹੈ। ਕਿਸੇ ਅੱਖਰ ਦਾ ਜਪ ਕਰਨ ਵਾਲੇ ਜਿਸ ਨੂੰ ਕਿ ਨਾਮ ਜਪਣਾ ਕਹਿੰਦੇ ਹਨ, ਸਮਝਦੇ ਹਨ ਤੇ ਇਸੇ ਦਾ ਪ੍ਰਚਾਰ ਵੀ ਕਰਦੇ ਹਨ, ਜੇਕਰ ਉਹਨਾਂ ਦੇ ਨਾਲ ਕੋਈ ਗੁਣਾਂ ਦੀ ਗੱਲ ਕਰੇ ਤਾਂ ਉਹਨਾਂ ਦਾ ਜਵਾਬ ਹੁੰਦਾ ਹੈ ਕਿ ਇਹੋ ਜਿਹਾ ਨਾਮ ਜਪ ਕੇ ਮਨੁੱਖ ਵਿੱਚ ਆਪੇ ਹੀ ਗੁਣ ਆ ਜਾਂਦੇ ਹਨ, ਔਗੁਣ ਦੂਰ ਹੋ ਜਾਂਦੇ ਹਨ। ਹੁਣ ਧਿਆਨ ਨਾਲ ਵਿਚਾਰੋ ਉੱਪਰ ਵਾਲੀ ਪੰਗਤੀ ਨੂੰ। ਬਾਣੀ ਸਾਨੂੰ ਇਸ ਤੋਂ ਬਿਲਕੁਲ ਉਲਟ ਸਮਝਾ ਰਹੀ ਹੈ ਭਾਵ ਬਾਣੀ ਸਾਨੂੰ ਜੋ ਕੁੱਝ ਸਮਝਾ ਰਹੀ ਹੈ ਅਸੀਂ ਉਸਦਾ ਮਤਲਬ ਉਸ ਤੋਂ ਉਲਟ ਕੱਢ ਰਹੇ ਹਾਂ, ਉਸ ਤੋਂ ਬਿਲਕੁਲ ਉਲਟ ਚੱਲ ਰਹੇ ਹਾਂ। ਅਸੀਂ ਬਾਣੀ ਨੂੰ ਬਿਲਕੁਲ ਸਮਝ ਹੀ ਨਹੀਂ ਰਹੇ ਕਿਉਂਕਿ ਸਾਨੂੰ ਨਾਮ ਦੀ ਸੋਝੀ ਹੀ ਨਹੀਂ ਪਈ। ਬਾਣੀ ਸਾਨੂੰ ਕਹਿੰਦੀ ਹੈ ਕਿ ਪਹਿਲਾਂ ਬਾਣੀ ਨੂੰ ਪੜ੍ਹ ਕੇ, ਸਮਝ ਕੇ ਉਸ ਤੇ ਅਮਲ ਕਰਕੇ ਆਪਣੇ ਆਪ ਨੂੰ ਸੁੱਚਾ ਕਰੋ ਭਾਵ ਆਪਣਾ ਹਿਰਦਾ ਸ਼ੁੱਧ ਕਰੋ ਭਾਵ ਆਪਣੀ ਮਾੜੀ ਸਮਝ ਨੂੰ ਸ਼ੁੱਧ ਕਰੋ ਜਿਸ ਦੇ ਲਈ ਬਾਣੀ ਦੇ ਗੁਣ ਗ੍ਰਹਿਣ

ਕਰੋ ਭਾਵ ਔਗੁਣ ਛੱਡੋ ਤੇ ਗੁਣਾਂ ਦੁਆਰਾ ਵਿਚਰੋ ਤੇ ਗੁਣਾਂ ਦੇ ਨਾਲ ਹੀ ਨਾਮ ਦੀ ਪ੍ਰਾਪਤੀ ਹੋਣੀ ਹੈ ਪਰ ਨਾਮ ਦਾ ਜਪ ਤਪ ਕਰਨ ਵਾਲੇ ਕਹਿੰਦੇ ਹਨ ਕਿ ਨਾਮ ਜਪਣ ਨਾਲ ਗੁਣ ਪ੍ਰਾਪਤ ਹੁੰਦੇ ਹਨ ਤੇ ਆਪਣੇ ਆਪ ਸੁੱਚਾ ਹੋਣ ਦੀ ਕੋਈ ਲੋੜ ਨਹੀਂ ਭਾਵ ਔਗੁਣ ਛੱਡਣ ਦੀ ਲੋੜ ਨਹੀਂ ਉਹ ਆਪੇ ਹੀ ਛੁੱਟ ਛੱਟ ਜਾਣਗੇ ਭਾਵ ਸਾਡੀ ਮਨਸਾ ਹੀ ਔਗੁਣ ਛੱਡਣ ਵਾਲੀ ਨਹੀਂ ਹੈ। ਨਾਮ ਦਾ ਪਰਚਾਰ ਕਰਨ ਵਾਲੇ ਸਮਝਾਉਂਦੇ ਹੀ ਇਹੀ ਹਨ ਕਿ ਅਸਲੀ ਕੰਮ ਤਾਂ ਜਪ ਤਪ ਕਰਨ ਦਾ ਹੈ ਬਾਕੀ ਔਗੁਣ ਛੱਡਣੇ ਤਾਂ ਕੇਵਲ ਇੱਕ ਪਰਹੇਜ਼ ਮਾਤਰ ਹੀ ਹਨ ਭਾਵ ਅਸਲ ਦਵਾਈ ਉਹ ਨਾਮ ਦੇ ਜਪ ਤਪ ਨੂੰ ਸਮਝਦੇ ਹਨ ਤੇ ਔਗੁਣ ਛੱਡਣ ਨੂੰ ਕੇਵਲ ਇੱਕ ਪਰਹੇਜ਼ ਦਾ ਦਰਜ਼ਾ ਹੀ ਦਿੰਦੇ ਹਨ ਜਦ ਕਿ ਬਾਣੀ ਦਾ ਫੁਰਮਾਨ ਇਸ ਤੋਂ ਉਲਟ ਹੈ। **(ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥)** ਇਸ ਗੱਲ ਦਾ ਜਵਾਬ ਹੈ ਕੋਈ ਅੱਖਰ ਦਾ ਜਪ ਕਰਨ ਵਾਲਿਆਂ ਦੇ ਕੋਲ?

{ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥}

(ਅੰਗ - ੩੯)

ਬਾਣੀ ਸਾਨੂੰ ਇਹ ਸਮਝਾਉਂਦੀ ਹੈ ਕਿ ਔਗੁਣ ਛੱਡਣਾ ਹੀ ਨਾਮ ਜਪਣਾ ਹੈ ਤੇ ਜਪਾਂ ਤਪਾਂ ਤੋਂ ਪਰਹੇਜ਼ ਕਰਨਾ ਹੈ ਭਾਵ ਜਪਾਂ ਤਪਾਂ ਤੋਂ ਦੂਰ ਹੀ ਰਹਿਣਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਸਾਡੇ ਅੰਦਰ ਕਮਲ ਦਾ ਪੁੱਠਾ ਹੋਣਾ ਹੈ, ਸਾਡੀ ਮਤਿ ਦਾ ਪੁੱਠਾ ਹੋਣਾ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਕੀਤੀ ਹੋਈ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਨਾਮ ਦੀ ਪ੍ਰਾਪਤੀ ਕਰਨਾ ਹੀ ਸਾਡੇ ਜੀਵਨ ਦਾ ਮਕਸਦ ਹੈ ਪਰ ਨਾਮ ਤਾਂ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਪਹਿਲਾਂ ਹੀ ਲਈ ਬੈਠੇ ਹਨ ਤੇ ਹੁਣ ਪ੍ਰਾਪਤੀ ਕਿਸਦੀ ਕਰਨੀ ਚਾਹੁੰਦੇ ਹਾਂ।

8/783

ਮਃ ੩॥

"ਮਨਮੁਖ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥ ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ॥
ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ॥
ਓਇ ਧਰਮਿ ਰਲਾਏ ਨਾ ਰਲਨ੍ਹਿ ਓਨਾ ਅੰਦਰਿ ਕੂੜੁ ਸੁਆਉ॥
ਨਾਨਕ ਕਰਤੈ ਬਣਤ ਬਣਾਈ ਮਨਮੁਖ ਕੂੜੁ ਬੋਲਿ ਬੋਲਿ ਡੁਬੇ ਗੁਰਮੁਖਿ ਤਰੇ ਜਪਿ ਹਰਿ ਨਾਉ॥੨॥"

(ਅੰਗ ੫੧੧)

ਆਪਣੇ ਵੱਲੋਂ ਆਪਣੀ ਆਪਣੀ ਮਤਿ ਅਨੁਸਾਰ ਭਗਤੀ ਤਾਂ ਹਰ ਕੋਈ ਕਰ ਰਿਹਾ ਹੈ ਪਰ ਜਦ ਤੱਕ ਸਾਨੂੰ ਭਗਤੀ ਦੀ ਸਮਝ ਨਹੀਂ, ਅਸੀਂ ਮਨਮੁਖਿ ਹੀ ਹਾਂ ਭਾਵ ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸ ਭਗਤੀ ਦੁਆਰਾ ਅਸੀਂ ਗੁਰਮੁਖਿ ਨਹੀਂ ਹੋ ਸਕਦੇ। ਗੁਰਮੁਖਿ ਕੇਵਲ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਸਾਨੂੰ ਭਗਤੀ ਦੀ ਸਮਝ ਨਹੀਂ ਆਉਂਦੀ, ਜਦ ਤੱਕ ਸਾਡੀ ਮਤਿ ਪ੍ਰਮਾਤਮਾ ਨੇ ਪੁੱਠੀ ਕੀਤੀ ਹੋਈ ਹੈ, ਤਦ ਤੱਕ ਉੱਥੇ ਨਾ ਕੋਈ ਭਗਤੀ ਹੈ, ਨਾ ਕੋਈ ਨਾਮ ਜਪਣ ਵਾਲਾ ਹੈ ਭਾਵ ਸਾਡਾ ਹਰ ਉਪਰਾਲਾ ਵਿਅਰਥ ਹੈ।

(ਮਨਮੁਖ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ ੨੨੫)

ਮਨ ਦੇ ਪੁੱਠੇ ਕਮਲ ਦੁਆਰਾ, ਦੁਰਮਤਿ ਦੁਆਰਾ ਭਾਵ ਨਾਸਮਝ ਪੁੱਠੀ ਮਤਿ ਦੁਆਰਾ ਭਾਵ ਭਗਤੀ ਦੀ ਸਹੀ ਸੋਝੀ ਬਿਨ੍ਹਾਂ ਜੋ ਕੁੱਝ ਮਨੁੱਖ ਕਰਦਾ ਹੈ ਉਸ ਵਿੱਚ ਮਨਮੁੱਖਤਾ ਹੁੰਦੀ ਹੈ। (**ਮਨਮੁਖ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥**) ਸਾਡੀ ਮਨਮੁੱਖਤਾ ਕੀ ਹੈ, ਕਿਸ ਲਈ ਹੈ, ਇਹ ਨਾਲ ਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

"ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ॥"

"ਸਕਤੀ" ਤੋਂ ਭਾਵ ਹੈ ਮਾਇਆ ਦੀ ਤ੍ਰੈਗੁਣਾਂ ਵਾਲੀ ਜੁਗਤਿ, ਜਿਸ ਦੁਆਰਾ ਮਨੁੱਖ ਮਾਇਆ ਮੋਹ ਵਿੱਚ ਰਹਿੰਦਾ ਹੈ, ਅਗਿਆਨਤਾ ਵਿੱਚ ਰਹਿੰਦਾ ਹੈ ਤੇ ਤ੍ਰਿਸ਼ਨਾਵਾਂ ਵਿੱਚ ਫਸ ਕੇ, ਆਸਾਂ ਵਿੱਚ ਫਸ ਕੇ, ਉਹਨਾਂ ਦੀ ਪੂਰਤੀ ਲਈ ਮਾੜੇ ਕਰਮ ਕਰਦਾ ਹੈ, ਝੂਠ ਦਾ ਆਸਰਾ ਲੈਂਦਾ ਹੈ, ਸੱਚ ਮੰਨਣ ਤੋਂ ਦੂਰ ਰਹਿੰਦਾ ਹੈ, ਗੁਰੂ ਦੀ ਮਤਿ ਨਾਲੋਂ ਵਿਛੜਦਾ ਹੈ। ਸਭ ਦੇ ਅੰਦਰ ਪ੍ਰਮਾਤਮਾ ਦੀ "ਸ਼ਕਤੀ" ਹੀ ਵਰਤਦੀ ਹੈ ਜੋ ਕਿ ਉਸਦੀ ਮਾਇਆ ਵਾਲੀ ਜੁਗਤ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। ਇਹ

ਮਾਇਆ ਵਾਲੀ ਸਮਝ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਧਰਮ ਦੇ ਸੱਚੇ ਮਾਰਗ ਦੀ, ਨਾਮ ਜਪਣ ਦੇ ਮਾਰਗ ਦੀ ਸਾਨੂੰ ਸਮਝ ਨਹੀਂ ਪੈਣ ਦਿੰਦੀ ਭਾਵ ਸਾਡੀ ਮਤਿ ਨੂੰ ਮਾਇਆ ਮੋਹ ਵਿੱਚ ਰੱਖਦੀ ਹੈ, ਗੁਰਮਤਿ ਤੋਂ ਪੁੱਠੀ ਮਤਿ ਨਾਲ, ਮਨਮਤਿ ਨਾਲ ਜੋੜ ਕੇ ਰੱਖਦੀ ਹੈ। ਪ੍ਰਮਾਤਮਾ ਦੀ ਸਭ ਦੇ ਅੰਦਰ ਪਾਈ ਹੋਈ ਇਹ "ਸਕਤੀ" ਵਾਲੀ ਜੁਗਤਿ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਭਾਵ ਗੁਰਮਤਿ ਨਾਲੋਂ ਪੁੱਠੀ ਸਮਝ ਹੈ। ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਆਪਣੇ ਵੱਲੋਂ ਜੋ ਵੀ ਭਗਤੀ ਦਾ ਉਪਰਾਲਾ ਕਰਦਾ ਹੈ ਭਾਵ ਜਪ ਤਪ ਕਰਦਾ ਹੈ, ਉਸਦਾ ਇਹੋ ਜਿਹਾ ਉਪਾਉ ਬਿਲਕੁਲ ਝੂਠਾ ਹੀ ਹੈ ਭਾਵ ਵਿਅਰਥ ਹੀ ਜਾਂਦਾ ਹੈ ਭਾਵ ਮਾਇਆ ਮੋਹ ਵਿੱਚ ਵਿਚਰਦੇ ਹੋਏ ਭਗਤੀ ਨਹੀਂ ਹੋ ਸਕਦੀ। ਭਗਤੀ ਹੈ ਹੀ ਮਾਇਆ ਮੋਹ ਦਾ ਤਿਆਗ, ਔਗੁਣਾਂ ਦਾ ਤਿਆਗ। (**ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥ ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ॥**) ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਹੈ ਉਹ ਅਗਿਆਨੀ ਹੀ ਹੈ, ਮਨਮੁਖਿ ਹੀ ਹੈ ਤੇ ਉਹ ਭਗਤੀ ਦੀ ਸਹੀ ਸੋਝੀ ਤੋਂ ਵਿਛੜਿਆ ਹੋਇਆ ਹੈ

8/784

ਤੇ ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦਾ। ਇਹੋ ਜਿਹੇ ਮਨੁੱਖ ਆਖਰ ਪਛਤਾਉਂਦੇ ਹੀ ਹਨ ਭਾਵ ਜੂਨਾਂ ਵਿੱਚ ਰਹਿੰਦੇ ਹਨ।

{ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ॥}

(ਅੰਗ ੫੧੧)

ਭਗਤੀ ਮਨ ਦਾ ਮਾਰਨ ਹੈ ਭਾਵ ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਦੇ ਨਾਲ ਭਿੱਜਣ ਦਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਇੱਕ ਹੋਣ ਦਾ ਹੈ, ਉਸਦੇ ਦੱਸੇ ਹੋਏ ਮਾਰਗ ਤੇ ਚੱਲਣ ਦਾ ਹੈ, ਅਮਲ ਕਰਨ ਦਾ ਹੈ ਭਾਵ ਇਹ ਮਾਰਗ ਸਾਡੀ ਕਰਨੀ ਦਾ ਹੈ ਪਰ ਅਸੀਂ ਆਪਣੀ ਭਗਤੀ ਨੂੰ ਕਥਨੀ ਦਾ ਮਾਰਗ ਸਮਝਿਆ ਹੋਇਆ ਹੈ। ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਮੁੱਖੋਂ ਪਾਠ ਕਰੀ ਜਾਵੇ, ਪਰ ਉਸ ਤੇ ਅਮਲ ਨਾ ਕਰਨਾ, ਮੁੱਖੋਂ ਜਪ ਤਪ ਲਈ ਕੋਈ ਅੱਖਰ ਬੋਲੀ ਜਾਵੇ, ਸਮਾਧੀ ਲਗਾਣੀ ਪਰ ਅਮਲ ਨਾ ਕਰਨਾ। ਸਾਡੀ ਇਹੋ ਜਿਹੀ ਭਗਤੀ ਸਾਡੇ ਮੁੱਖੋਂ ਬੋਲੇ ਹੋਏ ਕੇਵਲ ਫਿੱਕੇ ਬੋਲ ਬਣ ਕੇ ਹੀ ਰਹਿ ਜਾਂਦੇ ਹਨ ਜੋ ਲੇਖੇ ਨਹੀਂ ਪੈਂਦੇ।

(ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ॥)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

ਉੱਪਰ ਪਹਿਲੀ ਪੰਗਤੀ ਵਿੱਚ ਸਾਡੀ ਕਥਨੀ ਦਰਸਾਈ ਹੈ ਤੇ ਦੂਸਰੀ ਪੰਗਤੀ ਵਿੱਚ ਅਸਲੀ ਭਗਤੀ ਦਾ ਤਰੀਕਾ ਸਮਝਾਇਆ ਹੋਇਆ ਹੈ ਭਾਵ ਸਾਡੀ ਕਰਨੀ ਸਮਝਾਈ ਹੈ।

"ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ॥
ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ॥੩॥੭॥"

(ਅੰਗ ੧੩੯੯)

ਉਪਰਲੀਆਂ ਪੰਗਤੀਆਂ ਦੁਆਰਾ ਵੀ ਧੰਨ ਧੰਨ ਭੱਟ ਸਾਹਿਬ ਜੀ ਨੇ ਸਾਨੂੰ ਅਕਾਲ ਪੁਰਖ ਦੇ ਉਹੀ ਬੋਲ ਸਮਝਾਏ ਹੋਏ ਹਨ ਜੋ ਅਸੀਂ ਇਸ ਤੋਂ ਉਪਰਲੀਆਂ ਪੰਗਤੀਆਂ ਦੁਆਰਾ ਸਮਝੇ ਹਨ। ਸਭ ਵਿੱਚ ਜੋਤਿ ਉਸ ਅਕਾਲ ਪੁਰਖ ਦੀ ਆਪਣੀ ਹੀ ਵਰਤਦੀ ਹੈ।

8/785

ਗੁਰਬਾਣੀ ਵਿੱਚ ਉਹੀ ਬਾਣੀ ਦਰਜ ਹੈ ਜੋ ਉਸਦੀ ਆਪਣੀ ਕਸਵੱਟੀ ਤੇ ਪੂਰੀ ਉਤਰਦੀ ਹੈ ਭਾਵ ਜੋ ਉਸਦੀ ਆਪਣੀ ਲਿਖਾਈ ਹੋਈ ਸੱਚੀ ਬਾਣੀ ਹੈ।

ਉੱਪਰ ਪਹਿਲੀ ਪੰਗਤੀ ਰਾਹੀਂ ਸਾਡੀ ਕਥਨੀ ਹੀ ਸਮਝਾਈ ਹੋਈ ਹੈ ਜੋ ਅਸੀਂ ਮੁੱਖੋਂ ਬੋਲ-ਬੋਲ ਕੇ ਕਰਦੇ ਹਾਂ ਤੇ ਜਿਸਨੂੰ ਅਸੀਂ ਆਪਣੀ ਪ੍ਰਮਾਤਮਾ ਅੱਗੇ ਬੇਨਤੀ ਸਮਝਦੇ ਹਾਂ। ਅਸਲ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ, ਸਾਡਾ ਬੇਨਤੀ ਕਰਨ ਦਾ ਅਸਲ ਤਰੀਕਾ ਸਮਝਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਮੁਕਤੀ ਪਾ ਸਕਦੇ ਹਾਂ। ਇਹ ਗੁਰੂ ਦੀ ਮਤਿ ਨੂੰ ਹਿਰਦੇ ਵਿੱਚ ਵਸਾਉਣ ਦੀ ਹੈ ਜੋ ਕਿ ਸਾਡੀ ਕਰਨੀ ਦੁਆਰਾ ਸਾਹਮਣੇ ਆਉਂਦੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਸਾਡੇ ਸੱਚੇ ਸੁੱਚੇ ਕਰਮ ਹਨ।

ਬਾਣੀ ਨੂੰ ਪੜ੍ਹਨ ਦਾ, ਸੁਣਨ ਦਾ ਆਪਣਾ ਰਸ ਹੈ। ਰਾਗਾਂ ਵਿੱਚ ਗਾਉਣ ਸੁਣਨ ਨਾਲ ਇਹ ਰਸ ਹੋਰ ਵੀ ਵੱਧ ਜਾਂਦਾ ਹੈ। ਜੇਕਰ ਅਸੀਂ ਇਸੇ ਰਸ ਨੂੰ ਅਸਲ ਰਸ ਸਮਝ ਬੈਠੀਏ ਤਾਂ ਫਿਰ ਉਸ ਰਸ ਤੱਕ ਨਹੀਂ ਪਹੁੰਚ ਸਕਾਂਗੇ ਜਿਸ ਰਸ ਦੁਆਰਾ ਸਾਨੂੰ ਮੁਕਤੀ ਮਿਲ ਸਕਦੀ ਹੈ, ਜਿਸਦੇ ਸਾਹਮਣੇ ਹਰੇਕ ਰਸ ਫਿਕਾ ਹੈ। ਉਸ ਰਸ ਦੀ ਪ੍ਰਾਪਤੀ ਬਾਣੀ ਨੂੰ ਮੰਨਣ ਦੇ ਨਾਲ ਹੈ ਜੋ ਸਾਡੇ ਲਈ ਸਭ ਰਸਾਂ ਨੂੰ ਮਿੱਠਾ ਬਣਾ ਦਿੰਦਾ ਹੈ।

(ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥)

(ਅੰਗ ੧੬)

ਇਸ ਸ਼ਬਦ ਦੇ ਅਰਥ ਅਸੀਂ ਪਿੱਛੇ ਜਾਣ ਚੁੱਕੇ ਹਾਂ ਤੇ ਇਹ ਵੀ ਸਮਝ ਚੁੱਕੇ ਹਾਂ ਕਿ ਪ੍ਰਮਾਤਮਾ ਦੀ ਖੁਸ਼ੀ ਸਾਨੂੰ ਕਿਸ ਤਰ੍ਹਾਂ ਮਿਲਦੀ ਹੈ। ਭਗਤੀ ਦਾ ਤਰੀਕਾ ਕੇਵਲ ਗੁਰੂ ਦੇ ਸਮਝਾਏ ਹੋਏ ਸੱਚ ਤੋਂ ਹੋਰ ਕੋਈ ਨਹੀਂ ਹੋ ਸਕਦਾ। ਗੁਰੂ ਆਪਣੇ ਹਰ ਸ਼ਬਦ ਰਾਹੀਂ ਸਾਨੂੰ ਸੱਚ ਹੀ ਸਮਝਾਉਂਦਾ ਹੈ ਜੋ ਸੱਚ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਸਾਰੇ ਸੰਸਾਰ ਲਈ ਇੱਕੋ ਜਿਹਾ ਸੱਚ ਹੈ ਜਿਸ ਸੱਚ ਨੂੰ ਅਸੀਂ ਜਪਣਾ ਹੈ ਭਾਵ ਮੰਨਣਾ ਹੈ। ਸੱਚ ਨੂੰ ਮੰਨੇ ਬਿਨ੍ਹਾਂ ਜੋ ਵੀ ਗੁਰੂ ਨਾਲ, ਪ੍ਰਮਾਤਮਾ ਨਾਲ ਰਲਣਾ ਚਾਹੁੰਦਾ ਹੈ, ਧਰਮੀ ਬਣਨਾ ਚਾਹੁੰਦਾ ਹੈ, ਉਹ ਨਹੀਂ ਬਣ ਸਕਦਾ ਕਿਉਂਕਿ ਜਦ ਤੱਕ ਮਨੁੱਖ ਦੇ ਅੰਦਰ ਕੂੜ ਹੈ ਉਸਦੇ ਅੰਦਰ ਭਗਤੀ ਦਾ ਮਨੋਰਥ ਹੋ ਹੀ ਨਹੀਂ ਸਕਦਾ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਕੂੜ ਸੱਚ ਤੋਂ, ਭਗਤੀ ਤੋਂ ਉਲਟ ਪਾਸਾ ਹੈ, ਪੁੱਠਾ ਪਾਸਾ ਹੈ।

(ਓਇ ਧਰਮਿ ਰਲਾਏ ਨਾ ਰਲਨਿ ਓਨਾ ਅੰਦਰਿ ਕੂੜ ਸੁਆਉ॥)

8/786

ਕੋਸ਼ਿਸ਼ ਤਾਂ ਹਰ ਕੋਈ ਇਹੋ ਹੀ ਕਰਦਾ ਹੈ ਕਿ ਝੂਠ ਬੋਲਣਾ ਵੀ ਨਾ ਛੱਡੀਏ, ਵਿਕਾਰ ਵੀ ਨਾ ਛੱਡੀਏ, ਮਾਇਆ ਮੋਹ ਵੀ ਨਾ ਛੱਡੀਏ ਪਰ ਧਰਮੀ ਵੀ ਅਖਵਾ ਲਈਏ। ਬਾਣੀ ਸਾਡੇ ਇਸ ਮਨੋਰਥ ਨੂੰ ਪ੍ਰਵਾਨ ਨਹੀਂ ਕਰਦੀ ਤੇ ਗੁਰੂ ਸਾਹਿਬ ਦਾ ਫੁਰਮਾਨ ਇਹ ਹੈ ਕਿ ਝੂਠ ਬੋਲਣ ਵਾਲਾ ਮਨੁੱਖ ਗੁਰੂ ਵਾਲਾ ਨਹੀਂ ਅਖਵਾ ਸਕਦਾ, ਉਹ ਨਿਗੁਰਾ ਹੀ ਹੈ।

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

{ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ ॥੧੯॥}

(ਅੰਗ ੯੧੦)

{ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥}

(ਅੰਗ ੧੪੦)

{ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥ ਪਿੰਜਰਿ ਪੰਖੀ ਬੰਧਿਆ ਕੋਇ ॥
ਛੇਰੀਂ ਭਰਮੈ ਮੁਕਤਿ ਨ ਹੋਇ ॥ ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥}

(ਅੰਗ ੮੩੯)

ਆਓ ਹੁਣ ਮੁੱਖ ਸ਼ਬਦ ਦੀ ਆਖਰੀ ਪੰਗਤੀ ਨੂੰ ਵਿਚਾਰੀਏ ਜਿੱਥੇ ਮਨਮੁਖਿ ਤੇ ਗੁਰਮੁਖਿ ਵਿੱਚ ਨਿਬੇੜਾ ਕਰ ਕੇ ਦੱਸਿਆ ਹੋਇਆ ਹੈ, ਝੂਠ ਤੇ ਸੱਚ ਵਿੱਚ ਨਿਬੇੜਾ ਕਰ ਕੇ ਦੱਸਿਆ ਹੋਇਆ ਹੈ।

“ਨਾਨਕ ਕਰਤੈ ਬਣਤ ਬਣਾਈ ਮਨਮੁਖ ਕੂੜੁ ਬੋਲਿ ਬੋਲਿ ਡੁਬੇ ਗੁਰਮੁਖਿ ਤਰੇ ਜਪਿ ਹਰਿ ਨਾਉ॥੨॥”

ਸ਼ਾਇਦ ਹੀ ਕੋਈ ਐਸਾ ਮਨੁੱਖ ਹੋਵੇਗਾ ਜਿਸਨੂੰ ਇਹ ਸਮਝਾਉਣਾ ਪਵੇ ਕਿ ਝੂਠ ਦਾ ਦੂਜਾ ਪਾਸਾ ਕੀ ਹੈ, ਝੂਠ ਦਾ ਉਲਟ ਕੀ ਹੈ। ਹਰ ਕੋਈ ਸਮਝ ਸਕਦਾ ਹੈ ਕਿ ਝੂਠ ਦਾ ਦੂਜਾ ਪਾਸਾ ਸੱਚ ਹੈ। ਛੋਟੇ ਛੋਟੇ ਬੱਚੇ ਵੀ ਇਸ ਗੱਲ ਨੂੰ ਸਮਝਦੇ ਹਨ। ਇਸੇ ਤਰ੍ਹਾਂ ਗੁਣਾਂ ਔਗੁਣਾਂ ਵਿੱਚ ਭੇਦ ਵੀ ਹਰ ਕੋਈ ਸਮਝ ਸਕਦਾ ਹੈ। ਜੇਕਰ ਕੋਈ ਇਸ ਗੱਲ ਨੂੰ ਨਹੀਂ ਸਮਝਦਾ ਤਾਂ ਉਹ ਇੱਕ ਅੱਖਰ ਦਾ ਜਪ ਕਰਨ ਵਾਲੇ ਨਹੀਂ ਸਮਝਦੇ। ਉਹ ਇੱਕ ਅੱਖਰ ਦੇ ਜਪ ਨੂੰ ਹੀ ਸੱਚ ਨੂੰ ਜਪਣਾ ਸਮਝਦੇ ਹਨ ਤੇ ਅੱਖਰ ਦੇ ਜਪ ਨੂੰ ਹੀ ਗੁਣ ਸਮਝਦੇ ਹਨ। ਉਹ ਇਸ ਭਰਮ ਵਿੱਚੋਂ ਨਿਕਲ ਹੀ ਨਹੀਂ ਸਕਦੇ ਕਿਉਂਕਿ ਜਿੰਨ੍ਹਾਂ ਕੋਲੋਂ ਉਹਨਾਂ ਨੇ ਇਹ ਕੁੱਝ ਜਾਣਿਆ ਹੈ ਉਹ ਉਹਨਾਂ ਨੂੰ ਹੀ ਸਿਆਣੇ ਸਮਝਦੇ ਹਨ। ਗੁਰੂ ਦੀ ਗੱਲ ਤੇ ਉਹਨਾਂ ਨੂੰ ਭਰੋਸਾ ਹੀ ਨਹੀਂ ਹੈ। ਆਪਣੇ ਇਸ ਜਪ ਤਪ ਕਰਕੇ ਹੀ ਉਹ ਆਪਣੇ ਆਪ ਨੂੰ ਗੁਰਮੁਖਿ ਸਮਝਦੇ ਹਨ ਤੇ ਜਪ ਨਾ ਕਰਨ ਵਾਲਿਆਂ ਨੂੰ ਮਨਮੁਖਿ ਸਮਝਦੇ ਹਨ। ਅਸਲ ਵਿੱਚ ਬਾਣੀ ਨੇ ਸਾਨੂੰ ਕਿਹੋ ਜਿਹਾ ਸੱਚ ਸਿਖਾਇਆ ਹੈ, ਗੁਣ ਸਿਖਾਏ ਹਨ, ਗੁਰਮੁਖਿ ਬਣਨਾ ਸਿਖਾਇਆ ਹੈ ਇਸ ਗੱਲ ਦੇ ਨਾਲ ਉਹਨਾਂ ਦਾ ਵਾਸਤਾ ਨਹੀਂ ਹੈ। ਜੇਕਰ ਇਸ ਗੱਲ ਨੂੰ ਸਮਝ ਲਈਏ ਫਿਰ ਮਨਮੁਖਿ ਤੇ ਗੁਰਮੁਖਿ ਵਿੱਚ ਫ਼ਰਕ ਸਮਝ ਆ ਜਾਵੇਗਾ ਤੇ ਨਾਮ ਜਪਣਾ ਕੀ ਹੈ ਇਸ ਦੀ ਸੋਝੀ ਵੀ ਪੈ ਜਾਵੇਗੀ। ਉੱਪਰ ਪੰਗਤੀ ਵਿੱਚ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਅਸੀਂ ਜੋ ਕੁੱਝ ਵੀ ਕਰਦੇ ਹਾਂ ਭਾਵ ਜਿਹੋ ਜਿਹਾ ਵੀ ਵਿਚਰਦੇ ਹਾਂ ਇਹ ਸਭ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਜੁਗਤਿ ਹੈ ਕਿ ਉਹ ਕਿਸਨੂੰ ਕਿਹੋ ਜਿਹੇ ਮਾਰਗ ਤੇ ਚਲਾਉਂਦਾ ਹੈ। ਉਹ ਕਦੇ ਕਰੋੜਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਸਹੀ ਸੋਝੀ ਪਾਉਂਦਾ ਹੈ ਤੇ ਉਸਨੂੰ ਤਾਰਦਾ ਹੈ ਕਿਉਂਕਿ ਉਸਦਾ ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ ਜੋ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। “**ਗੁਰਮੁਖਿ**” ਉਹ ਆਪ ਹੈ ਤੇ ਉਸਦੇ ਦਰਸ਼ਨਾਂ ਦੇ ਬਿਨ੍ਹਾਂ ਕੋਈ ਗੁਰਮੁਖਿ ਨਹੀਂ ਹੋ ਸਕਦਾ ਭਾਵ ਉਸ ਗੁਰਮੁਖਿ ਨੂੰ ਆਪਣੇ ਅੰਦਰੋਂ ਜਾਣਨ ਤੋਂ ਬਾਅਦ ਹੀ ਗੁਰਮੁਖਿ, ਮਨਮੁਖਿ ਵਿੱਚ ਭੇਦ ਸਮਝ ਆਉਂਦਾ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਆਪਣੀ ਜੁਗਤਿ ਦੁਆਰਾ ਮਾਇਆ ਮੋਹ ਵਿੱਚ ਹੀ ਰੱਖਿਆ ਹੋਇਆ ਹੈ,

8/787

ਆਪਣੀ ਸੋਝੀ ਤੋਂ ਅਗਿਆਨ ਹੀ ਰੱਖਿਆ ਹੋਇਆ ਹੈ, ਮਨਮੁਖਿ ਹੀ ਰੱਖਿਆ ਹੋਇਆ ਹੈ ਜਿਸ ਕਾਰਨ ਕੋਈ ਪੂਰੀ ਤਰ੍ਹਾਂ ਸੱਚ ਦੇ ਮਾਰਗ ਨੂੰ ਨਹੀਂ ਸਮਝ ਸਕਦਾ ਤੇ ਨਾ ਹੀ ਸੱਚ ਤੇ ਚੱਲ ਸਕਦਾ ਹੈ। ਸੰਸਾਰ ਦਾ ਸਭ ਤੋਂ ਵੱਡਾ ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਮਝ ਹੀ ਸੱਚ ਦੇ ਮਾਲਕ ਨੂੰ ਜਾਣਨ ਤੋਂ ਬਾਅਦ ਪੈਂਦੀ ਹੈ। ਸੱਚ ਕੇਵਲ ਗੁਰਬਾਣੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਉਸਦਾ ਗੁਰੂ ਰੂਪ ਹੈ। ਸੱਚ ਕੇਵਲ ਗੁਰਮਤਿ ਹੈ। ਸੱਚ ਕੇਵਲ ਨਾਮ ਹੈ। ਸੱਚ ਤੇ ਪੂਰੇ ਉਤਰੇ ਬਿਨ੍ਹਾਂ ਮਨੁੱਖ ਨੂੰ ਕੂੜ ਦਾ, ਝੂਠ ਦਾ ਆਸਰਾ ਲੈਣਾ ਹੀ ਪੈਂਦਾ ਹੈ ਭਾਵ ਸੱਚ ਤੇ ਕੋਈ ਪੂਰਾ ਨਹੀਂ ਉਤਰ ਸਕਦਾ, ਗੁਰੂ ਦੀ ਮਤਿ ਤੇ, ਨਾਮ ਤੇ ਕੋਈ ਪੂਰਾ ਨਹੀਂ ਉਤਰ ਸਕਦਾ ਜੋ ਕਿ ਬਹੁਤ ਹੀ ਔਖਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਝੂਠ ਦਾ ਆਸਰਾ ਲੈਣਾ ਮਨੁੱਖ ਦੀ ਮਜਬੂਰੀ ਹੈ ਕਿਉਂਕਿ ਇਹ ਕੁੱਝ ਪ੍ਰਮਾਤਮਾ ਸਾਡੇ ਕੋਲੋਂ ਆਪ ਕਰਵਾਉਂਦਾ ਹੈ ਤੇ ਜੋ ਵੀ ਝੂਠ ਦਾ ਆਸਰਾ ਲੈਂਦਾ ਹੈ ਉਸਦਾ ਡੁੱਬਣਾ ਤੈਅ ਹੈ ਭਾਵ ਇਸ ਮਾਇਆ ਦੇ ਭਵਸਾਗਰ ਚੋਂ ਨਿਕਲਿਆ ਨਹੀਂ ਜਾ ਸਕਦਾ ਭਾਵ ਉਹ ਸਾਨੂੰ ਕੱਢਣਾ ਹੀ ਨਹੀਂ ਚਾਹੁੰਦਾ ਕਿਉਂਕਿ ਇਹ ਉਸਦਾ ਸੰਸਾਰ ਨੂੰ ਚਲਾਉਣ ਦਾ ਆਪਣਾ ਤਰੀਕਾ ਹੈ, ਆਪਣੀ ਬਣਾਈ ਹੋਈ ਖੇਡ ਹੈ। ਉਹ ਕਿਸੇ ਵਿਰਲੇ ਨੂੰ ਹੀ, ਕਰੋੜਾਂ-ਕਰੋੜਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਤਾਰਦਾ ਹੈ ਭਾਵ ਮਨ ਦੀ ਅਗਿਆਨਤਾ ਤੋਂ ਤਾਰਦਾ ਹੈ ਤੇ ਆਪਣੇ ਨਾਲ ਮਿਲਾਉਂਦਾ ਹੈ, ਇਹ ਉਸਦਾ ਨਿਯਮ ਹੈ। ਜੇਕਰ ਡੁੱਬਦੇ ਅਸੀਂ ਝੂਠ ਬੋਲਣ ਦੇ ਨਾਲ ਹਾਂ ਤੇ ਫਿਰ ਤਰਨਾ ਅਸੀਂ ਸੱਚ ਦੇ ਨਾਲ ਹੀ ਹੈ। ਸੱਚ ਤੇ ਚੱਲਣਾ ਹੀ ਸੱਚ ਨੂੰ ਜਪਣਾ ਹੈ, ਨਾਮ ਜਪਣਾ ਹੈ। ਫੈਸਲਾ ਝੂਠ ਤੇ ਸੱਚ ਵਿੱਚ ਹੀ ਹੈ। ਮਨਮਤਿ ਝੂਠ ਹੈ, ਗੁਰਮਤਿ ਸੱਚ ਹੈ।

(ਮਨਮੁਖ ਕੂੜੁ ਬੋਲਿ ਬੋਲਿ ਡੁਬੇ ਗੁਰਮੁਖਿ ਤਰੇ ਜਪਿ ਹਰਿ ਨਾਉ॥੨॥)

8/788

ਜਦ ਤੱਕ ਸਾਡੇ ਅੰਦਰ ਦਾ ਕਮਲ ਪੁੱਠਾ ਹੈ, ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਭਾਵ ਜਦ ਤੱਕ ਪ੍ਰਮਾਤਮਾ ਸਾਨੂੰ ਸਹੀ ਸੋਝੀ ਨਹੀਂ ਪਾਉਣਾ ਚਾਹੁੰਦਾ ਤਦ ਤੱਕ ਅਸੀਂ ਬਿਲਕੁਲ ਸਪੱਸ਼ਟ ਸਮਝ ਆਉਂਦੇ ਹੋਏ ਅਰਥਾਂ ਨੂੰ ਵੀ ਉਲਟ ਸਮਝਦੇ ਹਾਂ। ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ “ਸੱਚ” ਨਾਮ ਹੈ ਭਾਵ ਟਰੁੱਥ ਭਾਵ ਸੱਚਾਈ ਨਾਮ ਹੈ ਭਾਵ ਜਿੱਥੇ ਝੂਠ ਨਹੀਂ ਹੈ ਉੱਥੇ ਨਾਮ ਹੈ। ਪਰ ਨਾਮ ਦਾ ਜਪ ਕਰਨ ਵਾਲੇ ਮੁੱਖੋਂ ਨਾਮ- ਨਾਮ ਬੋਲਣ ਨੂੰ ਹੀ ਸੱਚ ਸਮਝਦੇ ਹਨ ਪਰ ਸੱਚ ਬੋਲਣ ਨੂੰ ਨਾਮ

ਨਹੀਂ ਸਮਝਦੇ ਭਾਵ ਬਿਲਕੁਲ ਉਲਟ ਸਮਝਦੇ ਹਨ, ਸੱਚ ਦੇ ਮੂਲ ਅਰਥਾਂ ਨੂੰ ਹੀ ਉਲਟਾ ਕਰੀ ਜਾਂਦੇ ਹਨ। ਸੱਚ ਦਾ ਗਲਾ ਘੁਟ ਕੇ ਉਸ ਨੂੰ ਨਾਮ ਕਹੀ ਜਾਂਦੇ ਹਨ। ਨਾਮ-ਨਾਮ ਬੋਲੀ ਜਾਣਾ ਹੀ ਜਪ ਤਪ ਸਮਝਦੇ ਹਨ, ਆਪਣੇ ਆਪ ਨੂੰ ਤਪੀਆ ਅਖਵਾਉਂਦੇ ਹਨ। ਉਹਨਾਂ ਦੇ ਮਨ ਦੇ ਵਿੱਚ ਕੀ ਹੈ ਭਾਵ ਝੂਠ ਹੈ ਜਾਂ ਸੱਚ ਹੈ, ਗੁਣ ਹਨ ਜਾਂ ਔਗੁਣ ਹਨ, ਇਸ ਗੱਲ ਨੂੰ ਅਹਿਮੀਅਤ ਨਹੀਂ ਦਿੰਦੇ ਜੋ ਸਾਡੇ ਲਈ ਅਸਲ ਮਾਰਗ ਦੀ ਪਹਿਚਾਣ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝੀਏ।

ਸਲੋਕੁ ਮਃ ੩॥

{ਮਨ ਕਾ ਝੂਠਾ ਝੂਠੁ ਕਮਾਵੈ॥ ਮਾਇਆ ਨੋ ਫਿਰੈ ਤਪਾ ਸਦਾਵੈ॥
ਭਰਮੇ ਭੂਲਾ ਸਭਿ ਤੀਰਥ ਗਹੈ॥ ਓਹੁ ਤਪਾ ਕੈਸੇ ਪਰਮ ਗਤਿ ਲਹੈ॥
ਗੁਰ ਪਰਸਾਦੀ ਕੋ ਸਚੁ ਕਮਾਵੈ॥ ਨਾਨਕ ਸੋ ਤਪਾ ਮੋਖੰਤਰੁ ਪਾਵੈ॥੧॥}

(ਅੰਗ ੯੪੮)

ਮਃ ੩॥

{ਸੋ ਤਪਾ ਜਿ ਇਹੁ ਤਪੁ ਘਾਲੇ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ॥
ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ॥ ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥੨॥}

(ਅੰਗ ੯੪੮)

ਹੁਣ ਧਿਆਨ ਨਾਲ ਵਿਚਾਰੋ ਕਿ ਅਸੀਂ ਨਾਮ ਦੀ ਕਮਾਈ ਕਿਵੇਂ ਕਰਦੇ ਹਾਂ, ਸ਼ਬਦ ਦੀ ਸੰਭਾਲ ਕਿਵੇਂ ਕਰਦੇ ਹਾਂ। ਆਮ ਕਰਕੇ ਇੱਕੋ ਤਰੀਕਾ ਹੀ ਪ੍ਰਚਲਿਤ ਹੈ ਜਿਸਨੂੰ ਕਿ ਅਸੀਂ ਜਪ ਤਪ ਕਹਿੰਦੇ ਹਾਂ। ਸ਼ਬਦ ਪੜ੍ਹੀ ਜਾਣਾ ਜਾਂ ਸੁਣੀ ਜਾਣਾ ਤੇ ਮੁੱਖੋਂ ਸ਼ਬਦ ਨੂੰ ਵਾਰ- ਵਾਰ ਬੋਲੀ ਜਾਣਾ। ਇਸੇ

ਨੂੰ ਅਸੀਂ ਸ਼ਬਦ ਦੀ ਕਮਾਈ ਸਮਝਦੇ ਹਾਂ ਤੇ ਇਸੇ ਤਰੀਕੇ ਨਾਲ ਹੀ ਅਸੀਂ ਇਹ ਸਮਝਦੇ ਹਾਂ ਕਿ ਇਹ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। ਜਗ੍ਹਾ-ਜਗ੍ਹਾ ਇਸੇ ਗੱਲ ਦਾ ਪ੍ਰਚਾਰ ਹੈ। ਸਿੱਖ ਜਗਤ ਵਿੱਚ ਪਿਛਲੇ ਕੁੱਝ ਸਾਲਾਂ ਵਿੱਚ ਇਹ ਪ੍ਰਚਾਰ ਕੁੱਝ ਜਿਆਦਾ ਹੀ ਤੇਜ਼ੀ ਫੜ ਰਿਹਾ ਹੈ। ਸੁਣਨ ਵਾਲਿਆਂ ਦਾ ਰੁਝਾਨ ਵੇਖ ਕੇ ਰਾਗੀ ਸਿੰਘ ਵੀ ਅੱਜ ਕੱਲ੍ਹ ਇੱਕ ਅੱਖਰ ਦੀ ਧੁਨੀ ਤੇ ਹੀ ਜ਼ੋਰ ਪਾਉਣ ਲੱਗ ਪਏ ਹਨ। ਉਹੀ ਰਾਗੀ ਸਿੰਘ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿੱਚ ਆਉਂਦੇ ਗੁਰਦੁਆਰਿਆਂ ਵਿੱਚ ਕੀਰਤਨ ਕਰਦੇ ਹਨ ਤਾਂ ਕਿਸੇ ਅੱਖਰ ਦੀ ਧੁਨੀ ਨਹੀਂ ਲਗਾਉਂਦੇ ਭਾਵ ਜਿਸ ਅੱਖਰ ਨੂੰ ਨਾਮ ਸਮਝਦੇ ਹਨ ਉਸ ਅੱਖਰ ਦੀ ਧੁਨੀ ਨਹੀਂ ਲਗਾਉਂਦੇ ਕਿਉਂਕਿ ਉੱਥੇ ਉਨ੍ਹਾਂ ਨੂੰ ਇਸ ਗੱਲ ਲਈ ਮਨਾ ਕੀਤਾ ਜਾਂਦਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅੱਜ ਵੀ ਉਹ ਮਰਿਆਦਾ ਕਾਇਮ ਹੈ ਜੋ ਕਿ ਆਪ ਨਾਮ ਦੇ ਦਾਤਾ, ਬਾਣੀ ਦੇ ਦਾਤਾ ਅਕਾਲ ਪੁਰਖ ਰੂਪ ਧੰਨ ਧੰਨ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸ਼ੁਰੂ ਕੀਤੀ ਹੋਈ ਹੈ। ਧੁਨੀ ਲਗਾਉਣ ਵਾਲੇ ਰਾਗੀ ਸਿੰਘ ਨੂੰ ਉੱਥੇ ਉਚੇਚੇ ਤੌਰ ਤੇ ਮਨ੍ਹਾਂ ਕੀਤਾ ਜਾਂਦਾ ਹੈ ਕਿ ਇੱਥੇ ਕਿਸੇ ਅੱਖਰ ਦਾ ਜਪ ਨਹੀਂ ਕਰਨਾ। ਇਸ ਮਰਿਆਦਾ ਦੇ ਪਿੱਛੇ ਕਾਰਨ ਕੀ ਹੈ, ਅਸੀਂ ਇਸ ਨੂੰ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ। ਨਾ ਹੀ ਦਰਬਾਰ ਸਾਹਿਬ ਵਿਖੇ ਕੋਈ ਵੱਖਰਾ ਨਾਮ ਜਪਾਇਆ ਜਾਂਦਾ ਹੈ ਜੋ ਕਿ ਸ਼ੁਰੂ ਤੋਂ ਹੀ ਚੱਲਦੀ ਆ ਰਹੀ ਮਰਿਆਦਾ ਦੇ ਅਨੁਸਾਰ ਹੈ। ਉੱਥੇ ਕੇਵਲ ਸਵੇਰ ਤੋਂ ਰਾਤ ਤੱਕ ਗੁਰਬਾਣੀ ਕੀਰਤਨ ਹੀ ਕੀਤਾ ਜਾਂਦਾ ਹੈ, ਜੋ ਕਿ ਆਪਣੇ ਆਪ ਵਿੱਚ ਨਾਮ ਹੀ ਹੈ। **{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}** (ਅੰਗ - ੧੨੩੯) ਨਾਮ ਨੂੰ ਬਾਣੀ ਨਾਲੋਂ ਵੱਖਰਾ ਸਮਝਣਾ ਕੱਚਿਆਂ ਦੀ ਦੇਣ ਹੈ ਜਿੰਨ੍ਹਾਂ ਦੀ ਕੋਈ ਕਮੀ ਨਹੀਂ ਹੈ। ਜੰਮਦਿਆਂ ਨੂੰ ਹੀ ਇੱਕ ਅੱਖਰ ਨੂੰ ਨਾਮ ਸਮਝਣ ਦੀ, ਨਾਮ ਜਪਣ ਦੀ ਸੋਝੀ ਪਾ ਦਿੱਤੀ ਜਾਂਦੀ ਹੈ। ਜਿਆਦਾ ਤੋਂ ਜਿਆਦਾ ਬਾਣੀਆਂ ਕੰਠ ਕਰਨੀਆਂ ਹੀ ਧਰਮ ਸਮਝਾਇਆ ਜਾਂਦਾ ਹੈ ਤੇ ਇਹਨਾਂ ਗੱਲਾਂ ਕਰਕੇ ਹੀ ਉਹਨਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ। ਕੇਵਲ ਕਥਨੀ ਨੂੰ ਹੀ ਧਰਮ ਸਮਝਿਆ ਜਾ ਰਿਹਾ ਹੈ ਤੇ ਸਮਝਾਇਆ ਜਾ ਰਿਹਾ ਹੈ। ਕੇਵਲ ਧਰਮ ਅਸਥਾਨਾਂ ਤੇ ਸਵੇਰੇ ਸ਼ਾਮ ਮੱਥੇ ਟੇਕਣ ਨੂੰ ਹੀ ਧਰਮ ਸਮਝਿਆ ਤੇ ਸਮਝਾਇਆ ਜਾ ਰਿਹਾ ਹੈ। ਜਿਹੋ ਜਿਹੀ ਸੋਝੀ ਆਪਣੇ ਆਪ ਨੂੰ ਧਰਮ ਦੇ ਮਾਂ ਬਾਪ ਸਮਝਣ ਵਾਲਿਆਂ ਨੂੰ ਹੈ, ਉਹੋ ਜਿਹੀ ਸੋਝੀ ਅੱਗੇ ਬੱਚਿਆਂ ਨੂੰ ਪਾਈ ਜਾਂਦੀ ਹੈ। ਨਾਮ ਦੀ ਸਹੀ ਸੋਝੀ ਨਾ ਪੈਣ ਕਰਕੇ ਹੀ ਸਾਡੀਆਂ ਅੱਜ ਦੀਆਂ ਪੀੜੀਆਂ ਸੱਚ ਦੇ ਮਾਰਗ ਤੋਂ ਭਟਕਦੀਆਂ ਜਾ ਰਹੀਆਂ ਹਨ। ਅਸੀਂ ਬੱਚਿਆਂ ਨੂੰ ਸੱਚ ਦਾ ਮਾਰਗ ਸਿਖਾਉਣ ਦੀ

8/790

ਬਜਾਏ ਭਾਵ ਧਰਮ ਦਾ ਸਹੀ ਮਾਰਗ ਦਿਖਾਉਣ ਦੀ ਬਜਾਏ ਉਹਨਾਂ ਨੂੰ ਧਰਮ ਦਾ ਮਾਰਗ ਹੀ ਉਹ ਦਿਖਾਉਂਦੇ ਹਾਂ ਜਿਸ ਵਿੱਚ ਸੱਚ ਕਿਨਾਰੇ ਰਹਿ ਜਾਂਦਾ ਹੈ, ਅਸਲੀਅਤ ਕਿਨਾਰੇ ਰਹਿ ਜਾਂਦੀ ਹੈ, ਗੁਰੂ ਦੀ ਮਤਿ ਕਿਨਾਰੇ ਰਹਿ ਜਾਂਦੀ ਹੈ, ਜੀਵਨ ਦੀ ਅਸਲੀਅਤ ਸਾਹਮਣੇ ਹੀ ਨਹੀਂ ਆਉਂਦੀ। ਜਿਆਦਾਤਰ ਬੱਚੇ ਧਰਮ ਦੀ ਸਹੀ ਸੋਝੀ ਨਾ ਹੋਣ ਕਰਕੇ ਕੁਰਾਹੇ ਪਈ ਜਾਂਦੇ ਹਨ, ਮਾੜੇ ਕੰਮਾਂ ਵਿੱਚ ਲੱਗੀ ਜਾਂਦੇ ਹਨ, ਕੇਵਲ ਪੈਸਾ ਕਮਾਉਣ ਨੂੰ ਹੀ ਜਿੰਦਗੀ ਦਾ ਮਨੋਰਥ ਸਮਝੀ ਜਾਂਦੇ ਹਾਂ, ਭਾਵੇਂ ਉਹ ਕਿਸੇ ਤਰੀਕੇ ਨਾਲ ਵੀ ਆਵੇ। ਸਾਡੇ ਨੈਤਿਕ ਅਸੂਲਾਂ ਵਿੱਚ ਗਿਰਾਵਟ ਆਈ ਜਾ ਰਹੀ ਹੈ ਜਿਸ ਕਾਰਨ ਅੱਜ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ, ਜਿਸ ਤੋਂ ਹਰ ਕੋਈ ਦੁਖੀ ਹੈ।ਹਰ ਪਾਸੇ ਝੂਠ ਦਾ ਬੋਲ ਬਾਲਾ ਹੈ ਕਿਉਂਕਿ ਅਸੀਂ ਆਪਣੇ ਧਰਮ ਤੋਂ ਭਾਵ ਸੱਚ ਤੋਂ ਦੂਰ ਹੁੰਦੇ ਜਾ ਰਹੇ ਹਾਂ। ਨਾਮ ਦੀ ਸੋਝੀ ਦਾ ਨਾ ਪੈਣਾ, ਸਿੱਖ ਜਗਤ ਨੂੰ ਇਸ ਘੋਰ ਹਨ੍ਹੇਰੇ ਵਿੱਚ ਧੱਕਣ ਲਈ ਆਪਣਾ ਕੀ ਯੋਗਦਾਨ ਪਾ ਰਿਹਾ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਨਾਮ ਦਾ ਗਲਤ ਪ੍ਰਚਾਰ ਕਰਕੇ ਅਸੀਂ ਗੁਰੂ ਪ੍ਰਮਾਤਮਾ ਦੇ, ਗੁਰਬਾਣੀ ਦੇ ਅਸਲ ਮਨੋਰਥ ਦੀ ਬੇਅਦਬੀ ਕਰ ਰਹੇ ਹਾਂ, ਸਮਾਜ ਨੂੰ ਸੱਚ ਤੋਂ ਦੂਰ ਖਿੱਚ ਰਹੇ ਹਾਂ। ਜਿਤਨਾ ਅਸੀਂ ਸੱਚ ਤੋਂ ਦੂਰ ਜਾ ਰਹੇ ਹਾਂ ਉਤਨਾ ਹੀ ਅਸੀਂ ਪ੍ਰਮਾਤਮਾ ਤੋਂ ਦੂਰ ਜਾ ਰਹੇ ਹਾਂ, ਮਨੁੱਖਤਾ ਦੇ ਭਲੇ ਤੋਂ ਦੂਰ ਜਾ ਰਹੇ ਹਾਂ। ਇਤਨੀ ਵੱਡੀ ਬਾਣੀ ਦੇ ਇਤਨੇ ਵੱਡੇ ਗਿਆਨ ਤੋਂ ਅਸੀਂ ਕੀ ਲਾਭ ਲੈ ਰਹੇ ਹਾਂ, ਅਸੀਂ ਕੀ ਲਾਹਾ ਲੈ ਰਹੇ ਹਾਂ।ਲਾਹਾ ਸੱਚ ਵਿੱਚ ਹੈ, ਨਾਮ ਨੂੰ ਮੰਨਣ ਵਿੱਚ ਹੈ, ਚੰਗੇ ਕਰਮ ਕਰਨ ਵਿੱਚ ਹੈ, ਔਗੁਣ ਤਿਆਗਣ ਵਿੱਚ ਹੈ।

“ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥੮॥”

(ਅੰਗ ੪੧੮)

ਆਪਣੀ ਭਗਤੀ ਦੁਆਰਾ, ਜਪ ਤਪ ਦੁਆਰਾ ਸਭ ਦਾ ਮਕਸਦ ਉਸ ਤੱਤ ਦੀ ਪ੍ਰਾਪਤੀ ਹੈ ਜੋ ਸਾਨੂੰ ਤਾਰ ਸਕਦਾ ਹੈ। “ਤਤੁ” ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਇੱਕੋ ਹੀ ਹੈ ਜੋ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਤੇ ਸਾਰੀ ਬਾਣੀ ਸਾਨੂੰ ਤੱਤ ਹੀ ਸਮਝਾ ਰਹੀ ਹੈ। ਉੱਪਰ ਸ਼ਬਦ ਨੂੰ ਪੜ੍ਹ ਕੇ ਕੋਈ ਵੀ ਐਸਾ ਸੱਜਣ ਜੋ ਆਪਣੇ ਆਪ ਨੂੰ ਬਾਣੀ ਦਾ ਗਿਆਤਾ ਸਮਝਦਾ ਹੋਵੇ, ਅਖਵਾਉਂਦਾ ਹੋਵੇ, ਕੀ ਉਹ

8/791

ਇਹ ਮੰਨਣ ਤੋਂ ਇਨਕਾਰ ਕਰ ਸਕਦਾ ਹੈ ਕਿ “ਤਤੁ” ਦੀ ਪ੍ਰਾਪਤੀ ਕਿਵੇਂ ਹੋਣੀ ਹੈ। ਐਥੇ ਸਾਡੀ ਕੋਈ ਵੀ ਸਿਆਣਪ, ਕੋਈ ਵੀ ਹੋਰ ਤਰਕ ਕੰਮ ਨਹੀਂ ਆ ਸਕਦਾ ਪਰ ਫਿਰ ਵੀ ਜੇਕਰ ਸਾਡੇ ਅੰਦਰ ਇਹ ਗੱਲ ਦ੍ਰਿੜ ਹੋਈ ਹੋਈ ਹੈ ਕਿ “**ਤਤੁ**” ਦੀ ਪ੍ਰਾਪਤੀ ਕਿਸੇ ਜਪ ਤਪ ਦੁਆਰਾ ਹੀ ਹੁੰਦੀ ਹੈ, ਕਿਸੇ ਅੱਖਰ ਨੂੰ ਬੋਲ-ਬੋਲ ਕੇ ਹੀ ਹੁੰਦੀ ਹੈ, ਤਾਂ ਸਾਨੂੰ ਗੁਰੂ ਦੇ ਉਲਟ ਚੱਲਣ ਤੋਂ ਕੌਣ ਰੋਕ ਸਕਦਾ ਹੈ। ਜਦ ਤੱਕ ਉਹ ਪ੍ਰਮਾਤਮਾ ਆਪ ਨਾ ਚਾਹੇ ਭਾਵ ਉਸਦੇ ਸੋਝੀ ਪਾਏ ਬਿਨ੍ਹਾਂ ਸਾਨੂੰ ਸੋਝੀ ਪੈ ਹੀ ਨਹੀਂ ਸਕਦੀ। ਉਸਦਾ ਭੁਲਾਇਆ ਹੋਇਆ ਭੁੱਲਿਆ ਹੀ ਰਹਿੰਦਾ ਹੈ ਜਦ ਤੱਕ ਉਹ ਸਾਨੂੰ ਭੁਲੇਖੇ ਵਿੱਚ ਰੱਖਣਾ ਚਾਹੁੰਦਾ ਹੈ। ਬਿਨ੍ਹਾਂ ਔਗੁਣ ਛੱਡੇ, ਬਿਨ੍ਹਾਂ ਗੁਣ ਗ੍ਰਹਿਣ ਕੀਤੇ ਤੱਤ ਦੀ ਪ੍ਰਾਪਤੀ ਨਹੀਂ ਹੋ ਸਕਦੀ ਇਹ ਆਪਣਾ ਅਕਾਲ ਪੁਰਖ ਦਾ ਫੁਰਮਾਨ ਹੈ। ਇਹ ਸਰੀਰ ਪ੍ਰਮਾਤਮਾ ਨੇ ਸਾਨੂੰ ਧਰਮ ਕਮਾਉਣ ਲਈ ਦਿੱਤਾ ਹੈ ਤੇ ਇਸ ਸਰੀਰ ਰਾਹੀਂ ਧਰਮ ਦੀ ਖੇਤੀ ਕਰਨ ਲਈ ਉਸ ਵਿੱਚ ਕੇਵਲ ਸੱਚ ਦੇ ਬੀਜ ਨੂੰ ਹੀ ਫਲ ਲੱਗ ਸਕਦਾ ਹੈ ਜਿਸ ਦੁਆਰਾ ਤੱਤ ਦੀ ਪ੍ਰਾਪਤੀ ਹੋ ਸਕਦੀ ਹੈ। ਨਾਮ ਦਾ ਬੀਜ ਸੱਚ ਦਾ ਬੀਜ ਹੈ। ਆਪਣੇ ਅੰਦਰ ਗੁਰੂ ਦਾ ਸਮਝਾਇਆ ਹੋਇਆ ਸੱਚ ਬੀਜਣਾ ਹੀ ਨਾਮ ਬੀਜਣਾ ਹੈ। ਇਸ ਸਰੀਰ ਰਾਹੀਂ ਅਸੀਂ ਕਿਰਸ ਕਰਨੀ ਹੈ, ਕਿਰਸਾਨੀ ਕਰਨੀ ਹੈ, ਕਰਮ ਕਰਨੇ ਹਨ, ਕਿਰਤ ਕਰਨੀ ਹੈ ਜੋ ਸਭ ਲਈ ਜਰੂਰੀ ਹੈ। ਧਰਮ ਦੇ ਕਰਮ ਕਰਨ ਲਈ, ਧਰਮ ਵਾਲੀ ਕਿਰਤ ਕਰਨ ਲਈ ਸਿਰਫ਼ ਸਾਡੇ ਅੰਦਰ ਸੱਚ ਦਾ ਹੋਣਾ ਜਰੂਰੀ ਹੈ, ਗੁਣਾਂ ਦਾ ਹੋਣਾ ਜਰੂਰੀ ਹੈ। ਸੱਚ ਤੋਂ ਬਿਨ੍ਹਾਂ, ਗੁਣਾਂ ਤੋਂ ਬਿਨ੍ਹਾਂ ਅਸੀਂ ਜੋ ਵੀ ਕਿਰਤ ਕਰਦੇ ਹਾਂ ਉਹ ਧਰਮ ਵਾਲੀ ਕਿਰਤ ਨਹੀਂ ਹੋ ਸਕਦੀ ਭਾਵ ਸਾਡਾ ਧਰਮ ਸਾਡੀ ਸੱਚੀ ਕਰਨੀ ਹੈ ਸਾਡਾ ਸੱਚਾ ਸੁੱਚਾ ਜੀਵਨ ਹੈ। ਇਹ ਸਾਡੇ ਜੀਵਨ ਦਾ ਸੱਚਾ ਵਪਾਰ ਹੈ ਜਿਸ ਦੁਆਰਾ ਲਾਹੇ ਦੀ ਪ੍ਰਾਪਤੀ ਹੋ ਸਕਦੀ ਹੈ। ਸਾਡੇ ਹੋਰ ਸਭ ਤਰੀਕੇ ਜਿੰਨ੍ਹਾਂ ਦੁਆਰਾ ਅਸੀਂ ਭਾਵ ਸਰੀਰਕ ਕਿਰਿਆਵਾਂ ਦੇ ਜਪ ਤਪ ਰਾਹੀਂ ਜੋ ਲਾਹਾ ਖੱਟਣ ਦੀ ਕੋਸ਼ਿਸ਼ ਕਰਦੇ ਹਾਂ, ਆਪਣੇ ਆਪ ਨੂੰ ਨਾਮ ਦੇ ਵਪਾਰੀ ਸਮਝਦੇ ਹਾਂ, ਤੱਤ ਦੇ ਵਪਾਰੀ ਸਮਝਦੇ ਹਾਂ ਉਹ ਕਿਸੇ ਲੇਖੇ ਨਹੀਂ। ਅਸੀਂ ਆਪ ਭਰਮੇ ਹੋਏ ਹਾਂ, ਸੱਚ ਤੋਂ ਵਿਛੁੜੇ ਹੋਏ ਹਾਂ ਤੇ ਇਸੇ ਗੱਲ ਦਾ ਪ੍ਰਚਾਰ ਕਰਕੇ ਦੁਨੀਆਂ ਨੂੰ ਗੁਰੂ ਦੀ ਸੱਚੀ ਭਗਤੀ ਤੋਂ ਗੁੰਮਰਾਹ ਕਰ ਰਹੇ ਹਾਂ। ਸਾਨੂੰ ਧਰਮ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਆਮ ਦੁਨੀਆਂ

8/792

ਵਾਲੇ, ਜੋ ਗੁਰਬਾਣੀ ਨੂੰ ਆਪਣੇ ਆਪ ਨਹੀਂ ਸਮਝ ਸਕਦੇ ਜਾਂ ਸਮਝਣਾ ਨਹੀਂ ਚਾਹੁੰਦੇ ਉਹ ਆਪਣੇ ਮਾਰਗ ਦਰਸ਼ਕ ਦੇ ਰੂਪ ਵਿੱਚ ਦੇਖਦੇ ਹਨ। ਸਾਡੀ ਦੱਸੀ ਹੋਈ ਗੱਲ ਨੂੰ ਠੀਕ ਸਮਝ ਕੇ ਮੰਨਦੇ ਹਨ ਤੇ ਉਹ ਬੜੇ ਘੱਟ ਹਨ ਜਿਹੜੇ ਇਹ ਮੰਨਦੇ ਹਨ, ਸਮਝਦੇ ਹਨ ਕਿ ਬੋਲ-ਬੋਲ ਕੇ ਜਪੀ ਜਾਣਾ ਕੋਈ ਨਾਮ ਜਪਣਾ ਨਹੀਂ ਹੈ।ਨਾਮ ਦੀ ਪ੍ਰਾਪਤੀ ਕੀ ਹੈ, ਇਸ ਦੀ ਸੋਝੀ ਨਾਮ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਪੈ ਸਕਦੀ ਹੈ ਪਰ ਘੱਟੋ ਘੱਟ ਨਾਮ ਦੀ ਪ੍ਰਾਪਤੀ ਕਿਵੇਂ ਹੋਣੀ ਹੈ ਭਾਵ ਨਾਮ ਜਪਣਾ ਕੀ ਹੈ, ਇਸ ਗੱਲ ਦੀ ਸੋਝੀ ਹੋਵੇਗੀ ਤੇ ਤਾਂ ਹੀ ਕੋਈ ਨਾਮ ਦੀ ਪ੍ਰਾਪਤੀ ਕਰ ਸਕਦਾ ਹੈ, “ਤਤੁ” ਦੀ ਪ੍ਰਾਪਤੀ ਕਰ ਸਕਦਾ ਹੈ। ਜੋ “ਤਤੁ ਗਿਆਨ” ਦੀ ਪ੍ਰਾਪਤੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ।

{ਘੁਲਹਿ ਤਉ ਮਨ ਜਉ ਆਵਹਿ ਸਰਨਾ॥ ਨਾਮ ਤਤੁ ਕਲਿ ਮਹਿ ਪੁਨਹਚਰਨਾ॥}

(ਅੰਗ ੨੫੪)

ਨਾਮ ਦੀ ਪ੍ਰਾਪਤੀ ਜਾਂ ਤੱਤ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ ਜਿਵੇਂ ਕਿ ਉੱਪਰ ਵਾਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। **(ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥)** ਨਾਮ ਦੀ ਖੇਤੀ, ਨਾਮ ਦਾ ਵਪਾਰ ਅਸੀਂ ਆਪਣੇ ਵੱਲੋਂ ਕਰੀ ਤਾਂ ਜਾਂਦੇ ਹਾਂ ਪਰ ਅਸੀਂ ਉਹ ਕੁੱਝ ਨਹੀਂ ਕਰ ਰਹੇ ਜਿਹੋ ਜਿਹਾ ਵਪਾਰ ਕਰਨਾ ਸਾਨੂੰ ਸਮਝਾਇਆ ਹੈ। ਜਦ ਤੱਕ ਸਾਡਾ

ਵਪਾਰ ਗੁਰੂ ਦੀ ਮਤਿ ਦੇ ਅਨੁਸਾਰ ਨਹੀਂ ਹੈ ਤਦ ਤੱਕ ਉਸਦਾ ਕੋਈ ਲਾਭ ਵੀ ਨਹੀਂ ਹੈ ਕੇਵਲ ਆਪਣੇ ਆਪ ਨੂੰ ਝੂਠੀਆਂ ਤਸੱਲੀਆਂ ਦੇਣ ਵਾਲੀ ਗੱਲ ਹੈ। ਇਹ ਨਾਮ ਦਾ ਵਪਾਰ ਉਹੀ ਕਰ ਸਕਦਾ ਹੈ ਜੋ ਆਪਣੇ ਆਪ ਨੂੰ ਗੁਰੂ ਦੀ ਗੱਲ ਤੇ ਦ੍ਰਿੜ ਕਰਦਾ ਹੈ ਭਾਵ ਗੁਰੂ ਤੇ ਪੂਰਨ ਵਿਸ਼ਵਾਸ ਰੱਖਦਾ ਹੈ ਤੇ ਹੋਰ ਕਿਸੇ ਦੀ ਗੱਲ ਵਿੱਚ ਨਹੀਂ ਆਉਂਦਾ। ਗੁਰੂ ਆਪਣੀ ਮਤਿ ਤੇ ਵਿਸ਼ਵਾਸ ਉਸਨੂੰ ਹੀ ਦਿਵਾਉਂਦਾ ਹੈ ਜਿਸ ਤੇ ਉਹ ਆਪਣੀ ਵੱਡੀ ਕਿਰਪਾ ਕਰਦਾ ਹੈ। ਉਸਦੀ ਕਿਰਪਾ ਤੋਂ ਬਿਨ੍ਹਾਂ ਕੋਈ ਉਸਦਾ ਪੰਚ ਨਹੀਂ ਬਣ ਸਕਦਾ ਭਾਵ ਉਸ ਦੇ ਪੱਕੇ ਵਿਸ਼ਵਾਸ ਵਾਲਾ ਨਹੀਂ ਬਣ ਸਕਦਾ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਦ੍ਰਿੜ ਕਰੀਏ ਤੇ ਸਮਝੀਏ ਕਿ ਨਾਮ ਦਾ ਵਪਾਰ ਕਿਵੇਂ ਕਰਨਾ ਹੈ, ਤੱਤ ਦੀ ਪ੍ਰਾਪਤੀ ਕਿਵੇਂ ਕਰਨੀ ਹੈ।

ਆਸਾ ਮਹਲਾ ੫ ਅਸਟਪਦੀਆ ਘਰੁ ੨

ੴ ਸਤਿਗੁਰ ਪ੍ਰਸਾਦਿ॥

"ਪੰਚ ਮਨਾਏ ਪੰਚ ਰੁਸਾਏ॥ਪੰਚ ਵਸਾਏ ਪੰਚ ਗਵਾਏ॥੧॥
ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥੧॥ਰਹਾਉ॥
ਸਾਚ ਧਰਮ ਕੀ ਕਰਿ ਦੀਨੀ ਵਾਰਿ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ॥੨॥
ਨਾਮੁ ਖੇਤੀ ਬੀਜਹੁ ਭਾਈ ਮੀਤ॥ ਸਉਦਾ ਕਰਹੁ ਗੁਰੁ ਸੇਵਹੁ ਨੀਤ॥੩॥
ਸਾਂਤਿ ਸਹਜ ਸੁਖ ਕੇ ਸਭਿ ਹਾਟ॥ ਸਾਹ ਵਾਪਾਰੀ ਏਕੈ ਥਾਟ॥੪॥
ਜੇਜੀਆ ਡੰਨੁ ਕੋ ਲਏ ਨ ਜਗਾਤਿ॥ ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ॥੫॥
ਵਖਰੁ ਨਾਮੁ ਲਦਿ ਖੇਪ ਚਲਾਵਹੁ॥ ਲੈ ਲਾਹਾ ਗੁਰਮੁਖਿ ਘਰਿ ਆਵਹੁ॥੬॥
ਸਤਿਗੁਰੁ ਸਾਹੁ ਸਿਖ ਵਣਜਾਰੇ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ॥੭॥
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ॥ ਅਬਿਚਲ ਨਗਰੀ ਨਾਨਕ ਦੇਵ॥੮॥੧॥"

(ਅੰਗ ੪੩੦)

ਸ਼ਬਦ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

"ਪੰਚ" ਸ਼ਬਦ ਦੀ ਵਰਤੋਂ ਬਾਣੀ ਵਿੱਚ ਵਾਰ- ਵਾਰ ਆਉਂਦੀ

8/793

ਹੈ ਜਿਸ ਤੋਂ ਭਾਵ ਸਾਡੇ ਪੰਜ ਔਗੁਣਾਂ ਨਾਲ ਹੈ, ਵਿਕਾਰਾਂ ਨਾਲ ਹੈ ਜਿੰਨ੍ਹਾਂ ਨੂੰ ਸਾਡੇ ਲਈ ਚੋਰ ਤੇ ਠੱਗ ਕਹਿ ਕੇ ਸਮਝਾਇਆ ਹੈ ਤੇ ਵਾਰ-ਵਾਰ ਇਹਨਾਂ ਨੂੰ ਤਿਆਗਣ ਲਈ ਸਮਝਾਇਆ ਹੈ। "ਪੰਚ" ਸ਼ਬਦ ਨੂੰ ਸਾਡੇ ਲਈ ਚੰਗਾ ਕਹਿ ਕੇ ਵੀ ਸਮਝਾਇਆ ਹੈ ਜਿਵੇਂ ਕਿ ਜਪੁਜੀ ਬਾਣੀ ਵਿੱਚ ਇਸ ਸ਼ਬਦ ਦੀ ਵਰਤੋਂ ਹੋਈ ਹੈ। **{ਪੰਚ ਪਰਵਾਣ ਪੰਚ ਪਰਧਾਨੁ॥ਪੰਚੇ ਪਾਵਹਿ ਦਰਗਹਿ ਮਾਨੁ॥}** ਇੱਥੇ **"ਪੰਚ"** ਤੋਂ ਕੀ ਭਾਵ ਹੈ ਇਹ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਸਮਝਾਇਆ ਹੋਇਆ ਹੈ ਤੇ ਉੱਥੇ "**ਪੰਚ"** ਉਸ ਮਨੁੱਖ ਲਈ ਵਰਤਿਆ ਹੈ ਜਿਸ ਨੂੰ ਗੁਰੂ ਤੇ, ਪ੍ਰਮਾਤਮਾ ਤੇ ਪੂਰਨ ਵਿਸ਼ਵਾਸ ਆ ਜਾਂਦਾ ਹੈ ਕਿ ਪ੍ਰਮਾਤਮਾ ਕੀ ਹੈ ਭਾਵ ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੀ ਹੁੰਦਾ ਹੈ। ਇਹ ਮਨ ਦੀ ਪੂਰਨ ਅਡੋਲਤਾ ਦੀ ਅਵੱਸਥਾ ਹੈ, ਗੁਰਮਤਿ ਤੇ ਚੱਲਣ ਦੀ ਅਡੋਲਤਾ ਹੈ। ਉਹ ਕਿਸੇ ਮਨੁੱਖ ਨੂੰ **"ਪੰਚ"** ਆਪ ਹੀ ਬਣਾਉਂਦਾ ਹੈ, ਆਪਣੇ ਗਿਆਨ ਦੁਆਰਾ ਬਣਾਉਂਦਾ ਹੈ, ਮਨ ਦੇ ਵਿੱਚ ਪੂਰਨ ਗੁਰਮਤਿ ਦੀ ਸੋਝੀ ਪਾਉਣ ਦੁਆਰਾ ਬਣਾਉਂਦਾ ਹੈ, ਮਨ ਦੇ ਵਿੱਚ ਆਪਣੇ ਦਰਸ਼ਨਾਂ ਦੁਆਰਾ ਬਣਾਉਂਦਾ ਹੈ। ਉੱਪਰ ਸ਼ਬਦ ਦੇ ਅਰਥ ਜਾਣਨ ਤੋਂ ਪਹਿਲਾਂ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ **"ਪੰਚ"** ਕੀ ਹੈ ਇਸ ਨੂੰ ਬਰੀਕੀ ਨਾਲ ਸਮਝੀਏ ਤਾਂ ਜੋ ਕੋਈ ਭੁਲੇਖਾ ਨਾ ਰਹੇ। ਸਾਡੇ ਭੁਲੇਖੇ ਬਾਣੀ ਦੇ ਵਿੱਚ ਹੀ ਕੱਢੇ ਹੁੰਦੇ ਹਨ ਤੇ ਆਓ ਇਹੀ ਗੱਲ ਬਾਣੀ ਵਿੱਚ ਦਿੱਤੇ ਇਸ ਸ਼ਬਦ ਦੁਆਰਾ ਸਮਝੀਏ।

"ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥ ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ॥ ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ॥
ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ॥ ਆਪਿ ਛਡਾਏ ਛੂਟੀਐ ਵਡਾ ਆਪਿ ਧਣੀ॥
ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ॥ ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥੩੩॥"

(ਅੰਗ ੯੩੪)

ਇੱਥੇ ਗੁਰੂ ਨੂੰ ਇੱਕ ਪੇੜ ਦੀ ਤਰ੍ਹਾਂ ਕਹਿ ਕੇ ਸਮਝਾਇਆ ਹੈ ਤੇ ਮਨੁੱਖੀ ਮਨ ਨੂੰ ਇੱਕ ਪੰਖੀ

8/794

ਦੀ ਤਰ੍ਹਾਂ ਕਿਹਾ ਹੈ। ਪੰਖੀ ਸੁਭਾਵਿਕ ਤੌਰ ਤੇ ਹੀ ਉੱਡਣ ਵਾਲਾ ਹੁੰਦਾ ਹੈ, ਉਸਨੂੰ ਉੱਡਣਾ ਚੰਗਾ ਲੱਗਦਾ ਹੈ। ਮਨੁੱਖ ਦਾ ਮਨ ਵੀ ਇਸੇ ਤਰ੍ਹਾਂ ਹੀ ਹੈ ਜੋ ਟਿਕਦਾ ਨਹੀਂ, ਉੱਡਦਾ ਰਹਿੰਦਾ ਹੈ ਕਿਉਂਕਿ ਉਸਦਾ ਸੁਭਾਅ ਹੀ ਇਹੋ ਜਿਹਾ ਹੈ। ਇਸ ਮਨ ਨੂੰ ਵੱਸ ਵਿੱਚ ਕਰਨਾ ਬਹੁਤ ਔਖਾ ਹੈ, ਇਹ ਤ੍ਰਿਸ਼ਨਾ ਨਾਲ ਭਰਿਆ ਹੋਇਆ ਹੈ ਤੇ ਪੰਛੀ ਦੀ ਤਰ੍ਹਾਂ ਚੋਗਾ ਚੁਗਣ ਲਈ ਭਾਵ ਮਾਇਆ ਦੀ ਪ੍ਰਾਪਤੀ ਕਰਨ ਲਈ ਲਾਲਚ ਵਿੱਚ ਪੈ ਜਾਂਦਾ ਹੈ। ਮਨੁੱਖੀ ਮਨ ਲਾਲਚ ਨਾਲ ਭਰਿਆ ਹੋਇਆ ਹੈ ਜੋ ਕਿ ਆਪਣੇ ਲਾਲਚ ਦੇ ਕਾਰਨ ਇਸ ਤਰ੍ਹਾਂ ਫਸ ਜਾਂਦਾ ਹੈ ਜਿਵੇਂ ਕਿ ਪੰਛੀ ਜਿਆਦਾ ਚੋਗੇ ਦੇ ਲਾਲਚ ਕਰਕੇ ਜਾਲ ਵਿੱਚ ਫਸ ਜਾਂਦਾ ਹੈ। ਜੇਕਰ ਪੰਛੀ ਆਪਣੇ ਪੇੜ ਨੂੰ ਛੱਡ ਕੇ ਨਾ ਜਾਣ ਭਾਵ ਲਾਲਚ ਵਿੱਚ ਨਾ ਪੈਣ ਤੇ ਜੋ ਕੁੱਝ ਉਸ ਪੇੜ ਤੋਂ ਮਿਲਦਾ ਹੈ ਉਸੇ ਨਾਲ ਗੁਜ਼ਾਰਾ ਕਰਨ ਤਾਂ ਉਹ ਜਾਲ ਵਿੱਚ ਫਸਣ ਤੋਂ ਬਚ ਸਕਦੇ ਹਨ ਭਾਵ ਉਹਨਾਂ ਦੇ ਫਸਣ ਦਾ ਕਾਰਨ ਉਹਨਾਂ ਦਾ ਲਾਲਚ ਵਿੱਚ ਪੈਣਾ ਹੈ। ਇਸੇ ਤਰ੍ਹਾਂ ਮਨੁੱਖ ਵੀ ਮਾਇਆ ਦੇ ਲਾਲਚ ਵਿੱਚ ਆ ਕੇ ਆਪਣੇ ਆਪ ਨੂੰ ਫਸਾਉਣ ਦਾ ਕਾਰਨ ਆਪ ਬਣਾਉਂਦੇ ਹਨ। ਗੁਰੂ ਦੀ ਮਤਿ ਸਾਨੂੰ ਮਾਇਆ ਦੇ ਲੋਭ ਲਾਲਚ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ ਪਰ ਇਸ ਮਨ ਨੂੰ ਸਮਝਾਉਣਾ ਬਹੁਤ ਔਖਾ ਹੈ। ਜਿਸ ਤਰ੍ਹਾਂ ਪੰਖੀ ਤਰਵਰ ਤੇ ਟਿਕ ਕੇ ਨਹੀਂ ਬੈਠਦੇ, ਉਹੀ ਅਵੱਸਥਾ ਮਨੁੱਖ ਦੀ ਹੈ। ਜੋ ਮਨੁੱਖ ਗੁਰੂ ਦੀ ਮਤਿ ਤੇ ਟਿਕ ਕੇ ਨਹੀਂ ਬੈਠਦੇ, ਗੁਣਾਂ ਨੂੰ ਨਹੀਂ ਅਪਣਾਉਂਦੇ ਉਹ ਮਾਇਆ ਦੇ ਲੋਭ ਲਾਲਚ ਵਿੱਚ ਆ ਕੇ, ਔਗੁਣਾਂ ਵਿੱਚ ਫਸ ਕੇ ਆਪ ਹੀ ਆਪਣੇ ਆਪ ਨੂੰ ਫਾਹੀ ਪਵਾਉਂਦੇ ਹਨ ਜਿਸ ਦੁਆਰਾ ਉਹਨਾਂ ਤੇ ਭੀੜ ਬਣਦੀ ਹੈ ਭਾਵ ਪ੍ਰਮਾਤਮਾ ਦੀਆਂ ਸਜਾਵਾਂ ਦੇ ਹੱਕਦਾਰ ਬਣਦੇ ਹਨ।

(ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ॥ ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ॥)

ਪੰਖੀ ਦੀ ਤਰ੍ਹਾਂ ਪੇੜ ਦੇ ਉੱਤੋਂ ਉੱਡਣਾ ਭਾਵ ਉੱਥੇ ਟਿਕ ਕੇ ਨਾ ਬੈਠਣਾ ਹੀ ਸਾਡੇ ਲਈ ਦੁੱਖਾਂ ਦਾ ਕਾਰਨ ਬਣਦਾ ਹੈ ਭਾਵ ਗੁਰੂ ਦੀ ਮਤਿ ਤੇ ਨਾ ਟਿਕਣਾ ਹੀ ਸਾਡੇ ਲਈ ਦੁੱਖਾਂ ਦਾ ਕਾਰਨ ਹੈ। ਗੁਰੂ ਦੀ ਮਤਿ ਤੇ ਉਹੀ ਟਿਕ ਸਕਦਾ ਹੈ ਜਿਸ ਨੂੰ ਗੁਰੂ ਤੇ ਵਿਸ਼ਵਾਸ ਹੈ ਤੇ ਉਹ ਉਤਨੇ ਵਿੱਚ ਹੀ ਗੁਜ਼ਾਰਾ ਕਰਦਾ ਹੈ ਜੋ ਕੁਝ ਉਸਨੂੰ ਬਿਨ੍ਹਾਂ ਲਾਲਚ ਵਿੱਚ

8/795

ਪਏ, ਬਿਨ੍ਹਾਂ ਔਗੁਣਾਂ ਦਾ ਸਹਾਰਾ ਲਏ, ਗੁਣਾਂ ਦੁਆਰਾ ਭਾਵ ਚੰਗੀ ਕਰਨੀ ਦੁਆਰਾ, ਸੁਕ੍ਰਿਤ ਕਰਨੀ ਦੁਆਰਾ ਮਿਲਦਾ ਹੈ। ਜੋ ਤਰਵਰ ਨੂੰ ਛੱਡ ਕੇ ਨਹੀਂ ਜਾਂਦਾ ਭਾਵ ਜੋ ਤਰਵਰ ਤੇ ਹੀ ਰਹਿੰਦਾ ਹੈ, ਗੁਰੂ ਦੀ ਮਤਿ ਤੇ ਹੀ ਰਹਿੰਦਾ ਹੈ ਉਹ ਪੰਖੀ "ਪੰਚ" ਹੈ, ਉਹ ਮਨ "ਪੰਚ" ਹੈ, ਉਹ ਮਨੁੱਖ ਗੁਰੂ ਦਾ "ਪੰਚ" ਹੈ ਭਾਵ ਗੁਰਮਤਿ ਤੇ ਚੱਲਣ ਦੇ ਪੱਕੇ ਵਿਸ਼ਵਾਸ ਵਾਲਾ ਹੈ, ਉਸਦੀ ਗੱਲ ਤੇ ਟਿਕਣ ਵਾਲਾ ਹੈ, ਗੁਰੂ ਦੀ ਮਤਿ ਤੇ ਅਮਲ ਕਰਨ ਵਾਲਾ ਹੈ, ਸੱਚੀ ਸੁੱਚੀ ਕਰਨੀ ਕਰਨ ਵਾਲਾ ਹੈ।

(ਤਰਵਰਿ ਪੰਖੀ ਪੰਚ॥) ਇਹੋ ਜਿਹੇ ਮਨੁੱਖ ਹੀ ਤੱਤ ਚੁਗਦੇ ਹਨ, ਗੁਰੂ ਦੇ ਸੱਚ ਦਾ ਚੋਗਾ ਚੁਗਦੇ ਹਨ, ਗੁਰੂ ਦੇ ਸੱਚੇ ਵਿਚਾਰਾਂ ਦਾ ਚੋਗਾ ਚੁਗਦੇ ਹਨ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਦੇ ਹਨ ਭਾਵ ਉਸਦੇ ਹੀਰੇ ਮੋਤੀ ਚੁਗਦੇ ਹਨ ਭਾਵ ਗੁਰੂ ਦੀ ਮਤਿ ਦਾ ਤਤੁ ਸਾਰ ਅਪਣਾਉਂਦੇ ਹਨ ਭਾਵ ਇਹ ਗੁਰੂ ਦੇ ਨਾਲ ਮਿਲੇ ਹੋਏ ਹੁੰਦੇ ਹਨ, ਇਹਨਾਂ ਤੇ ਗੁਰੂ ਦੀ ਕਿਰਪਾ ਹੋਈ ਹੁੰਦੀ ਹੈ ਤੇ ਇਹਨਾਂ ਲਈ ਕੋਈ ਫਾਸ ਨਹੀਂ ਹੋ ਸਕਦੀ, ਰੱਤੀ ਭਰ ਵੀ ਇਹਨਾਂ ਲਈ ਪ੍ਰਮਾਤਮਾ ਦੀ ਦਰਗਾਹ ਵਿੱਚ ਕੁੱਝ ਮਾੜਾ ਨਹੀਂ ਹੋ ਸਕਦਾ ਭਾਵ ਇਹੋ ਜਿਹੇ ਮਨੁੱਖ ਪ੍ਰਮਾਤਮਾ ਦੀ ਦਰਗਾਹ ਵਿੱਚ ਪ੍ਰਵਾਨ ਹੁੰਦੇ ਹਨ।

(ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥)

ਉਸ ਸੱਚੇ ਪ੍ਰਮਾਤਮਾ ਦੀ ਮਨੁੱਖ ਤੇ ਵੱਡੀ ਕਿਰਪਾ ਕੀ ਹੈ ਭਾਵ ਉਹ ਸਾਨੂੰ ਇਸ ਆਵਾਗਉਣ ਤੋਂ ਕਿਵੇਂ ਛੁਡਾਉਂਦਾ ਹੈ, ਮਾਇਆ ਮੋਹ ਤੋਂ ਕਿਵੇਂ ਛੁਡਾਉਂਦਾ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਰੀ ਮਨੁੱਖਤਾ ਲਈ ਇੱਕੋ ਜਿਹਾ ਉਪਦੇਸ਼ ਹੈ।

"ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ॥"

ਛੁਟਣਾ ਅਸੀਂ ਆਪਣੇ ਕਰਮਾਂ ਦੇ ਨਾਲ ਹੀ ਹੈ ਕਿ ਅਸੀਂ ਕਰਮ ਕਿਹੋ ਜਿਹੇ ਕਰਨੇ ਹਨ ਭਾਵ ਸਾਡੀ ਕਰਨੀ ਕਿਹੋ ਜਿਹੀ ਹੋਵੇ। ਗੱਲ ਵਿਚਾਰਨ ਦੀ ਸਿਰਫ਼ ਇਤਨੀ ਹੈ ਕਿ ਉਹ ਕਿਹੜੀ ਮਣੀ ਹੈ ਜਿਸ ਨੂੰ ਅਸੀਂ ਕਰਮ ਕਰਨ ਲਈ ਹਮੇਸ਼ਾ ਹੀ

ਆਪਣੇ ਨਾਲ ਰੱਖਣਾ ਹੈ। ਇਹ ਮਣੀ ਗੁਰੂ ਦੇ ਦੱਸੇ ਹੋਏ ਗੁਣ ਹਨ, **"ਹਰਿ ਗੁਣ"** ਹਨ ਜਿੰਨ੍ਹਾਂ ਦੁਆਰਾ ਅਸੀਂ ਔਗੁਣਾਂ ਤੋਂ ਮੁਕਤ ਹੋ ਕੇ ਸੱਚੇ ਸੁੱਚੇ ਕਰਮ ਕਰਨੇ ਹਨ। ਕੇਵਲ ਇਹਨਾਂ ਚੰਗੇ ਕਰਮਾਂ ਦੁਆਰਾ ਹੀ, ਸੱਚੀ ਸੁੱਚੀ ਕਰਨੀ ਦੁਆਰਾ ਹੀ ਅਸੀਂ ਸੰਸਾਰ ਦੇ ਆਵਾਗਉਣ ਤੋਂ ਛੁੱਟ ਸਕਦੇ ਹਾਂ। ਉਸਦੀ ਆਪਣੀ ਕਿਰਪਾ ਤੋਂ ਬਿਨ੍ਹਾਂ ਕੋਈ ਨਹੀਂ ਛੁੱਟ ਸਕਦਾ ਭਾਵ ਉਸਦੀ ਆਪਣੀ ਕਿਰਪਾ ਬਿਨ੍ਹਾਂ ਉਸਦੀ ਮਤਿ, ਉਸਦੇ ਗੁਣ, ਉਸਦਾ ਨਾਮ ਸਾਡੇ ਅੰਦਰ ਦ੍ਰਿੜ ਨਹੀਂ ਹੋ ਸਕਦਾ। **(ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ॥ ਆਪਿ ਛਡਾਏ ਛੂਟੀਐ ਵਡਾ ਆਪਿ ਧਣੀ॥)**

8/796

ਉਸਦੀ ਕਿਰਪਾ ਬਿਨ੍ਹਾਂ ਅਸੀਂ ਉਸਦੇ ਪੰਚ ਨਹੀਂ ਬਣ ਸਕਦੇ, ਉਸਦੀ ਮਤਿ ਤੇ ਪੱਕੇ ਨਹੀਂ ਹੋ ਸਕਦੇ। ਵਾਰ-ਵਾਰ ਬਾਣੀ ਵਿੱਚ **"ਗੁਰ ਪ੍ਰਸਾਦਿ"** ਦੀ ਗੱਲ ਆਉਂਦੀ ਹੈ, ਪ੍ਰਮਾਤਮਾ ਦੀ ਕਿਰਪਾ ਦੀ ਗੱਲ ਆਉਂਦੀ ਹੈ। ਇਹ ਕਿਰਪਾ ਉਸਦੀ ਆਪਣੀ ਰਜ਼ਾ ਹੈ। ਆਪਣੇ ਗੁਣਾਂ ਰਾਹੀਂ ਮਨੁੱਖ ਕੋਲੋਂ ਕਰਮ ਕਰਾਉਣੇ ਭਾਵ ਉਸਨੂੰ ਔਗੁਣਾਂ ਤੋਂ ਬਚਾ ਕੇ ਰੱਖਣਾ ਇਹ ਉਸਦੀ ਮਨੁੱਖ ਤੇ ਬਹੁਤ ਵੱਡੀ ਕਿਰਪਾ ਹੈ ਤੇ ਇਸ ਦੇ ਨਾਲ ਹੀ ਉਹ ਆਪਣੇ ਦਰਸ਼ਨ ਦਿੰਦਾ ਹੈ ਤੇ ਮਨੁੱਖ ਨੂੰ ਆਵਾਗਉਣ ਤੋਂ ਮੁਕਤ ਕਰਦਾ ਹੈ। **(ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ॥)** ਉਹ ਆਪਣੀ ਵਡਿਆਈ ਕਿਸੇ ਮਨੁੱਖ ਕੋਲੋਂ ਆਪ ਹੀ ਕਰਵਾ ਸਕਦਾ ਹੈ, ਆਪਣੀ ਵਡਿਆਈ ਦੀ ਸਮਝ ਆਪ ਹੀ ਦੇ ਸਕਦਾ ਹੈ। ਮਨੁੱਖ ਦੇ ਸੱਚੇ ਸੁੱਚੇ ਕਰਮ ਹੀ, ਔਗੁਣ ਰਹਿਤ ਹੋ ਕੇ ਵਿਚਰਨਾ ਹੀ, ਮਾਇਆ ਮੋਹ ਵਿੱਚੋਂ ਨਿਕਲਣਾ ਹੀ, ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੱਚੀ ਸੁੱਚੀ ਕਿਰਤ ਕਰਨਾ ਹੀ ਉਸ ਦੀ ਵਡਿਆਈ ਹੈ, ਉਸ ਦੇ ਗੁਣ ਗਾਉਣੇ ਹਨ। ਇਹ ਸਭ ਉਸ ਦੇ ਆਪਣੇ ਵੱਸ ਹੈ ਕਿ ਉਹ ਕਿਸੇ ਕੋਲੋਂ ਆਪਣੀ ਵਡਿਆਈ ਕਰਾਵੇ ਭਾਵ ਸੱਚੇ ਸੁੱਚੇ ਕਰਮ ਕਰਾਵੇ ਜਾਂ ਕਿਸੇ ਨੂੰ ਅਗਿਆਨਤਾ ਵਿੱਚ ਰੱਖ ਕੇ ਉਸ ਕੋਲੋਂ ਵਿਅਰਥ ਦੇ ਜਪ ਤਪ ਕਰਾਈ ਜਾਵੇ, ਉਸਦੀ ਖੁਆਰੀ ਕਰੀ ਜਾਵੇ।

(ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥)

ਉੱਪਰ ਪਿਛਲੇ ਸ਼ਬਦ ਦੁਆਰਾ ਅਸੀਂ ਇਹ ਜਾਣਿਆ ਹੈ ਕਿ ਉਸਦਾ ਪੰਚ ਬਣਨਾ ਕੀ ਹੈ। ਹੁਣ ਸਾਨੂੰ ਇਸ ਤੋਂ ਪਿੱਛੇ ਵਾਲੇ ਸ਼ਬਦ ਦੀ ਸੋਝੀ ਪੈਣ ਵਿੱਚ ਆਸਾਨੀ ਹੋ ਜਾਵੇਗੀ। **"ਪੰਚ"** ਬਣਨਾ ਸਾਨੂੰ ਬਾਣੀ ਵਿੱਚ ਹੋਰ ਸ਼ਬਦਾਂ ਰਾਹੀਂ ਵੀ ਸਮਝਾਇਆ ਹੋਇਆ ਹੈ।

"ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥"

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਹ ਜਾਣਦੇ ਆ ਰਹੇ ਹਾਂ ਕਿ ਭਗਤੀ ਦਾ ਇੱਕੋ ਇੱਕ ਤਰੀਕਾ ਔਗੁਣਾਂ ਤੋਂ ਪਾਰ ਪਾਉਣਾ ਹੈ। ਉਹੀ ਗੱਲ ਇੱਥੇ ਸਮਝਾਈ ਹੋਈ ਹੈ। ਵਿਕਾਰਾਂ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਖੁਸ਼ ਨਹੀਂ ਕਰ ਸਕਦੇ ਕਿਉਂਕਿ ਵਿਕਾਰਾਂ ਨੂੰ ਛੱਡਣਾ ਹੀ ਉਸਦੀ ਭਗਤੀ ਹੈ। ਪੰਚ ਬਣਨਾ ਭਾਵ ਗੁਣਾਂ ਵਾਲਾ ਬਣਨਾ, ਗੁਰਮਤਿ ਵਾਲਾ ਬਣਨਾ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ। ਅਸੀਂ "ਪੰਚ" ਤਾਂ ਹੀ ਬਣ ਸਕਦੇ ਹਾਂ ਜੇਕਰ ਪਹਿਲਾਂ ਅਸੀਂ ਪੰਜ ਵਿਕਾਰਾਂ ਨੂੰ ਛੱਡੀਏ ਭਾਵ ਉਨ੍ਹਾਂ ਵਿਚਾਰਾਂ ਨੂੰ ਛੱਡੀਏ, ਮਾੜੇ ਵਿਚਾਰਾਂ ਨੂੰ ਛੱਡੀਏ ਜਿੰਨ੍ਹਾਂ ਵਿਚਾਰਾਂ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ, ਔਗੁਣ ਕਰਦੇ ਹਾਂ। ਅਸੀਂ ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਛੱਡਣ ਲਈ ਭਾਵ ਉਨ੍ਹਾਂ ਨੂੰ ਚੰਗੇ ਵਿਚਾਰ ਬਣਨ ਲਈ ਮਨਾਉਣਾ ਹੈ ਭਾਵ ਆਪਣੇ ਮਾੜੇ ਵਿਚਾਰਾਂ ਨੂੰ ਚੰਗੇ ਵਿਚਾਰਾਂ ਵਿੱਚ ਬਦਲਣਾ ਹੈ ਭਾਵ ਮਨਮਤਿ ਵਾਲੇ, ਮਾਇਆ ਮੋਹ ਵਾਲੇ ਵਿਚਾਰਾਂ ਨੂੰ ਗੁਰਮਤਿ ਵਾਲੇ ਵਿਚਾਰਾਂ ਵਿੱਚ ਬਦਲਣਾ ਹੈ ਜਿਸ ਲਈ ਮਨ ਦੇ ਮਾੜੇ ਵਿਚਾਰਾਂ ਨੂੰ ਰੁਸਾਉਣਾ ਪੈਂਦਾ ਹੈ ਕਿਉਂਕਿ ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ, ਮਨ ਦੀਆਂ ਇੱਛਾਵਾਂ ਦੀ ਪੂਰਤੀ ਸਭ ਨੂੰ ਚੰਗੀ ਲੱਗਦੀ ਹੈ ਜਿੰਨ੍ਹਾਂ ਇੱਛਾਵਾਂ ਨੂੰ ਛੱਡਣਾ ਪੈਂਦਾ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ ਭਾਵ ਗੁਰੂ ਦੇ ਪੰਚ ਬਣ ਕੇ ਵਿਚਰੀਏ। ਗੁਰੂ ਦੇ ਪੰਚ ਬਣਨ ਲਈ ਆਪਣੇ ਅੰਦਰ ਦੇ ਪੰਜਾਂ ਔਗੁਣਾਂ ਨੂੰ ਗਵਾਉਣਾ ਪਵੇਗਾ, ਭੁੱਲਣਾ ਪਵੇਗਾ ਭਾਵ ਪੰਜਾਂ ਔਗੁਣਾਂ ਤੋਂ ਦੂਰ ਹੋਣਾ ਪਵੇਗਾ। "ਪੰਚ" ਅਸਲ ਵਿੱਚ ਸਾਡੇ ਮਨ ਦੀ ਅਵੱਸਥਾ ਹੈ। ਮਨ ਦੀ ਅਵੱਸਥਾ ਕਰਕੇ ਹੀ ਅਸੀਂ ਔਗੁਣਾਂ ਵਿੱਚ ਰਹਿੰਦੇ ਹਾਂ ਤੇ ਮਨ ਦੀ ਅਵੱਸਥਾ ਕਰਕੇ ਹੀ ਅਸੀਂ ਔਗੁਣਾਂ ਵਿੱਚੋਂ ਨਿਕਲਦੇ ਹਾਂ। ਮਨ ਦੀ ਅਵੱਸਥਾ ਦਾ ਮੂਲ ਸਾਡੇ ਮਨ ਦੀ ਸੋਝੀ ਹੈ, ਮਨ ਦਾ ਗਿਆਨ ਹੈ। ਜਦ ਤੱਕ ਸਾਡਾ ਗਿਆਨ ਮਨਮਤਿ ਵਾਲਾ ਹੈ ਤਦ ਤੱਕ ਅਸੀਂ ਗੁਰਮਤਿ ਦੇ ਪੰਚ, ਗੁਰੂ ਦੇ ਪੰਚ, ਸ਼ਬਦ ਦੇ ਪੰਚ ਨਹੀਂ ਬਣ ਸਕਦੇ। ਸ਼ਬਦ ਦਾ ਪੰਚ ਸਾਨੂੰ ਸ਼ਬਦ ਦਾ ਗਿਆਨ, ਸ਼ਬਦ ਦੀ ਸੋਝੀ ਹੀ ਬਣਾਉਂਦੀ ਹੈ। ਸਾਡੇ ਅੰਦਰ ਸ਼ਬਦ ਦੀ ਸੋਝੀ ਦਾ ਵੱਸਣਾ ਹੀ ਗੁਰੂ ਦਾ ਪੰਚ ਬਣਨਾ ਹੈ। (**ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥**) ਆਪਣਾ ਪੰਚ ਸਾਨੂੰ ਪ੍ਰਮਾਤਮਾ ਆਪ ਹੀ ਬਣਾ ਸਕਦਾ

ਹੈ ਜੋ ਸਾਡੇ ਮਨ ਦੀ ਸਮਝ ਦਾ ਮਾਲਕ ਹੈ। ਗੁਰੂ ਪ੍ਰਮਾਤਮਾ ਦਾ ਪੰਚ ਬਣਨ ਨਾਲ ਹੀ ਉਸਦੇ ਨਾਲ ਸਾਡਾ ਮੇਲ ਹੁੰਦਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥"

ਬੜੇ ਹੀ ਧਿਆਨ ਨਾਲ ਸਮਝੋ ਉਪਰਲੀ ਪੰਗਤੀ ਨੂੰ। ਇੱਥੇ ਪ੍ਰਮਾਤਮਾ ਨੂੰ ਮਿਲਣ ਦੀ ਵਿਧੀ ਸਮਝਾਈ ਹੋਈ ਹੈ ਜਿਸ ਦੁਆਰਾ ਸਾਡਾ ਇਸ ਸੰਸਾਰ ਵਿੱਚ ਆਉਣਾ ਸਫ਼ਲ ਹੋ ਸਕਦਾ ਹੈ, ਸਾਡਾ ਘਰ ਵੱਸ ਸਕਦਾ ਹੈ ਭਾਵ ਅਸੀਂ ਆਪਣੇ ਅਸਲ ਘਰ ਵਿੱਚ ਪਹੁੰਚ ਸਕਦੇ ਹਾਂ, ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ। ਪ੍ਰਮਾਤਮਾ ਨੂੰ ਮਿਲਣ ਦੀ ਵਿਧੀ ਉਹੀ ਹੈ ਜੋ ਅਸੀਂ ਉੱਪਰ ਪਹਿਲੀਆਂ ਪੰਗਤੀਆਂ ਵਿੱਚ ਸਮਝੀ ਹੈ ਭਾਵ ਪੰਜੇ ਔਗੁਣਾਂ ਤੋਂ ਛੁਟਕਾਰਾ ਪਾਉਣਾ ਤੇ ਸੱਚੇ ਸੁੱਚੇ ਕਰਮ ਕਰਕੇ ਤੇ ਇਸ ਤੋਂ ਬਿਨ੍ਹਾਂ ਭਾਵ ਮਨ ਦੀ ਮਾੜੀ ਸਮਝ ਛੱਡਣ ਤੋਂ ਬਿਨ੍ਹਾਂ ਤੇ ਗੁਰੂ ਦੀ ਮਤਿ ਨੂੰ ਅਸਲ ਰੂਪ ਵਿੱਚ ਮੰਨਣ ਤੋਂ ਬਿਨ੍ਹਾਂ ਤੇ ਉਸ ਤੇ ਅਮਲ ਕਰਨ ਤੋਂ ਬਿਨ੍ਹਾਂ ਹੋਰ ਕੋਈ ਤਰੀਕਾ ਨਹੀਂ ਹੈ ਤੇ ਨਾ ਹੀ ਬਾਣੀ ਵਿੱਚ ਪ੍ਰਮਾਤਮਾ ਨੂੰ ਪਾਉਣ ਦਾ ਕੋਈ ਹੋਰ ਤਰੀਕਾ ਸਮਝਾਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਕੇਵਲ ਤੇ ਕੇਵਲ ਗੱਲ ਆਪਣੇ ਅੰਦਰ ਗੁਰੂ ਦੇ ਗਿਆਨ ਨੂੰ ਦ੍ਰਿੜ ਕਰਨ ਦੀ ਹੈ, ਉਸਦਾ ਪੰਚ ਬਣਨ ਦੀ ਹੈ, ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਰੱਖਣ ਦੀ ਹੈ ਤਾਂ ਜੋ ਅਸੀਂ ਆਪਣੀ ਮਾੜੀ ਮਤਿ ਛੱਡ ਸਕੀਏ, ਮਨਮਤਿ ਤਿਆਗ ਸਕੀਏ ਜੋ ਸਾਨੂੰ ਮਾਇਆ ਮੋਹ ਵਿੱਚ ਪਾ ਕੇ ਸਾਡੇ

8/798

ਕੋਲੋਂ ਮਾੜੇ ਕੰਮ ਕਰਵਾਉਂਦੀ ਹੈ ਜਿਵੇਂ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ, ਜੋ ਕਿ ਰਹਾਉ ਵਾਲੀ ਪੰਗਤੀ ਹੈ।

"ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥੧॥ਰਹਾਉ॥"

ਹੁਣ ਧਿਆਨ ਨਾਲ ਸਮਝੋ ਕਿ ਗੁਰੂ ਦੇ ਗਿਆਨ ਦਾ ਮਕਸਦ ਕੀ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦਾ ਗਿਆਨ ਹੀ ਹੈ ਤੇ ਉਸਦਾ ਮਕਸਦ ਸਾਡੇ ਅੰਦਰੋਂ "**ਦੁਰਤੁ**" ਕੱਢਣ ਦਾ ਹੈ, ਦੁਰਮਤਿ ਕੱਢਣ ਦਾ ਹੈ, ਮਾੜੀ ਸਮਝ ਕੱਢਣ ਦਾ ਹੈ ਭਾਵ ਸਾਡੇ ਅੰਦਰੋਂ ਭਰਮਾਂ ਵਾਲੀ, ਅਗਿਆਨਤਾ, ਨਾਸਮਝ ਮਤਿ ਕੱਢਣ ਦਾ ਹੈ, ਮਨਮਤਿ ਕੱਢਣ ਦਾ ਹੈ, ਹਉਮੈ ਕੱਢਣ ਦਾ ਹੈ, ਮਾਇਆ ਮੋਹ ਕੱਢਣ ਦਾ ਹੈ। ਸਾਡੇ ਅੰਦਰ ਗੁਰੂ ਦਾ ਗਿਆਨ, ਗੁਰੂ ਦੀ ਮਤਿ ਦ੍ਰਿੜ ਹੋਣ ਦੁਆਰਾ ਹੀ ਸਾਡੀ ਦੁਰਮਤਿ ਨਿਕਲਦੀ ਹੈ। ਸਾਡੇ ਅੰਦਰ ਗੁਰੂ ਦੇ ਗਿਆਨ ਦਾ ਦ੍ਰਿੜ ਹੋਣਾ ਜਾਂ ਨਾਮ ਦਾ ਦ੍ਰਿੜ ਹੋਣਾ ਇੱਕੋ ਹੀ ਗੱਲ ਹੈ। ਸਾਡੇ ਅੰਦਰ ਆਪਣਾ ਸੱਚਾ ਗਿਆਨ ਉਹ ਗੁਰੂ ਪ੍ਰਮਾਤਮਾ ਆਪ ਹੀ ਦ੍ਰਿੜ ਕਰ ਸਕਦਾ ਹੈ, ਆਪਣਾ ਨਾਮ ਆਪ ਹੀ ਦ੍ਰਿੜ ਕਰ ਸਕਦਾ ਹੈ, ਆਪਣੀ ਮਤਿ ਤੇ ਵਿਸ਼ਵਾਸ ਆਪ ਹੀ ਦਿਵਾ ਸਕਦਾ ਹੈ, ਸਾਡੇ ਅੰਦਰੋਂ ਮਾੜੀ ਮਤਿ, ਮਨਮਤਿ, ਦੁਰਤ, ਦੁਰਮਤਿ ਆਪ ਹੀ ਕੱਢ ਸਕਦਾ ਹੈ, ਆਪਣਾ ਪੰਚ ਆਪ ਹੀ ਬਣਾ ਸਕਦਾ ਹੈ ਤੇ ਇਸੇ ਦੇ ਵਿੱਚ ਹੀ ਉਸਦੀ ਕਿਰਪਾ ਛੁਪੀ ਹੋਈ ਹੈ ਜੋ ਮਨੁੱਖ ਦੀ ਸਮਝ ਤੋਂ ਬਾਹਰ ਹੈ। ਇਹਨਾਂ ਪੰਜ ਚੋਰਾਂ ਨੂੰ ਕਾਬੂ ਕੀਤੇ ਬਿਨ੍ਹਾਂ ਮਨੁੱਖ ਆਪਣਾ ਧਰਮ ਨਹੀਂ ਨਿਭਾ ਸਕਦਾ। ਮਨੁੱਖ ਦਾ ਧਰਮ ਸੱਚ ਕਮਾਉਣਾ ਹੈ, ਆਪਣੇ ਜੀਵਨ ਵਿੱਚ ਸੱਚ ਦੀ ਕਮਾਈ ਕਰਨਾ ਹੈ ਜੋ ਕਿ ਸਾਡੇ ਅੰਦਰ ਔਗੁਣਾਂ ਦੇ ਰਹਿੰਦਿਆਂ ਨਹੀਂ ਹੋ ਸਕਦੀ। ਜਦ ਤੱਕ ਮਨੁੱਖ ਦਾ ਅੰਦਰ ਸਾਫ਼ ਨਹੀਂ ਹੈ, ਜਦ ਤੱਕ ਅੰਦਰ ਮੈਲਾ ਹੈ, ਜਦ ਤੱਕ ਮਨ ਝੂਠਾ ਹੈ ਤਦ ਤੱਕ ਮਨੁੱਖ ਆਪਣੀ ਜ਼ਿੰਦਗੀ ਦੀ ਜੋ ਵੀ ਕਮਾਈ ਕਰਦਾ ਹੈ ਉਹ ਝੂਠ ਹੀ ਕਮਾਉਂਦਾ ਹੈ।

{ਮਨ ਕਾ ਝੂਠਾ ਝੂਠੁ ਕਮਾਵੈ॥ਮਾਇਆ ਨੋ ਫਿਰੈ ਤਪਾ ਸਦਾਵੈ॥}

(ਅੰਗ ੯੪੮)

ਜਦ ਤੱਕ ਮਨੁੱਖ ਦੇ ਅੰਦਰ ਔਗੁਣ ਹਨ ਉਹ ਜੋ ਕੁੱਝ ਵੀ ਕਰਦਾ ਹੈ ਭਾਵੇਂ ਆਪਣੇ ਵੱਲੋਂ ਧਰਮ ਦੇ ਕੰਮ ਕਰਦਾ ਹੈ, ਜਪ ਤਪ ਕਰਕੇ ਜਪੀ ਤਪੀ ਅਖਵਾਉਂਦਾ ਹੈ, ਇਹ ਧਰਮ ਦੀ ਕਮਾਈ ਨਹੀਂ ਹੈ। ਪੂਰੀ ਮਨੁੱਖਤਾ ਦਾ ਧਰਮ ਸੱਚ ਹੈ। **"ਸੱਚ"** ਝੂਠ ਤੋਂ ਰਹਿਤ ਹੈ, **"ਸੱਚ"** ਔਗੁਣਾਂ ਤੋਂ ਰਹਿਤ ਹੈ, ਸੱਚ ਹਰ ਭਰਮ ਤੋਂ ਰਹਿਤ ਹੈ। ਜਦ ਤੱਕ ਅਸੀਂ ਆਪਣੇ ਮਨ ਦੇ ਦੁਆਲੇ ਸੱਚ ਦੀ ਵਾੜ ਨਹੀਂ ਕਰਦੇ ਇਹ ਔਗੁਣ ਸਾਡੇ ਅੰਦਰ ਵੜਨ ਤੋਂ ਕਦੇ ਰੁਕ ਹੀ ਨਹੀਂ ਸਕਦੇ। ਇਹ ਸੱਚ ਦੀ ਵਾੜ ਹੀ ਧਰਮ ਦੀ ਵਾੜ ਹੈ, ਗੁਰਮਤਿ ਦੀ ਸੱਚੀ ਸਮਝ ਦੀ ਵਾੜ ਹੈ, ਸਾਡੇ ਮਨ ਦੀ ਸਮਝ ਦੇ ਦੁਆਲੇ ਧਰਮ ਦਾ ਪਹਿਰਾ ਹੈ। ਇਹ ਧਰਮ ਦੀ ਵਾੜ ਹੀ ਸਾਨੂੰ ਤੱਤੀ ਵਾਉ ਲੱਗਣ ਤੋਂ ਬਚਾਉਂਦੀ ਹੈ। ਇਹ ਤੱਤੀ ਵਾਉ ਔਗੁਣਾਂ ਦੀ ਵਾਉ ਹੈ ਜਿਸ ਦੁਆਰਾ ਮਨੁੱਖ ਦੁੱਖਾਂ

ਵਿੱਚ ਪੈਂਦਾ ਹੈ, ਵਿਕਾਰਾਂ ਵਿੱਚ ਪੈਂਦਾ ਹੈ। ਇਸ ਧਰਮ ਦੀ ਵਾੜ ਦੇ ਨਾਲ ਹੀ, ਇਸ ਸੱਚ ਦੀ **"ਰਾਮ ਕਾਰ"** ਦੇ ਨਾਲ ਹੀ ਮਨੁੱਖ ਗੁਰੂ

8/799

ਪ੍ਰਮਾਤਮਾ ਦੀ ਸ਼ਰਨ ਵਿੱਚ ਆਉਂਦਾ ਹੈ ਭਾਵ ਸੱਚ ਹੀ ਮਨੁੱਖ ਨੂੰ ਪ੍ਰਮਾਤਮਾ ਦੀ ਸ਼ਰਨ ਵਿੱਚ ਲਿਆਉਂਦਾ ਹੈ, ਨਾਮ ਦੀ ਸ਼ਰਨ ਵਿੱਚ ਲਿਆਉਂਦਾ ਹੈ ਕਿਉਂਕਿ ਪ੍ਰਮਾਤਮਾ ਆਪ ''ਸੱਚ'' ਹੈ ਤੇ ''ਸੱਚ'' ਹੀ ਉਸਦਾ ਨਾਮ ਹੈ।

{ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥}
(ਅੰਗ ੮੧੯)

ਗੁਰੂ ਦਾ ਗਿਆਨ ਬੀਚਾਰੇ ਬਿਨ੍ਹਾਂ ਅਸੀਂ ਆਪਣੇ ਔਗੁਣਾਂ ਨੂੰ ਕਾਬੂ ਨਹੀਂ ਕਰ ਸਕਦੇ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸਾਚ ਧਰਮ ਕੀ ਕਰਿ ਦੀਨੀ ਵਾਰਿ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ॥੨॥"

ਗੁਰੂ ਦੀ ਮਤਿ ਤੇ ਚੱਲੇ ਬਿਨ੍ਹਾਂ, ਸ਼ਬਦ ਦੀ ਮਤਿ ਤੇ ਚੱਲੇ ਬਿਨ੍ਹਾਂ ਅਸੀਂ ਆਪਣੇ ਔਗੁਣਾਂ ਨੂੰ ਕਾਬੂ ਨਹੀਂ ਕਰ ਸਕਦੇ ਭਾਵ ਸਾਡੇ ਲਈ ਗੁਰੂ ਦੇ ਗਿਆਨ ਨੂੰ ਵਿਚਾਰਨਾ ਇਹੀ ਹੈ, ਸ਼ਬਦ ਦੀ ਵਿਚਾਰ ਕਰਨਾ ਇਹੀ ਹੈ ਕਿ ਅਸੀਂ ਆਪਣੇ ਔਗੁਣਾਂ ਤੋਂ ਮੁਕਤ ਹੋ ਕੇ, ਮਨਮਤਿ ਤੋਂ ਮੁਕਤ ਹੋ ਕੇ ਭਾਵ ਮਨ ਦੀ ਮਾੜੀ ਸਮਝ ਤੋਂ ਮੁਕਤ ਹੋ ਕੇ ਸੱਚ ਦੇ ਧਰਮ ਨੂੰ ਅਪਣਾਈਏ ਭਾਵ ਸੱਚੇ, ਧਰਮੀ ਬਣੀਏ। ਇਹ ਧਰਮ ਸਾਰੀ ਦੁਨੀਆਂ ਲਈ, ਸਾਰੀ ਮਨੁੱਖਤਾ ਲਈ ਇੱਕੋ ਹੀ ਹੈ ਜੋ ਸਭ ਲਈ ਸਾਂਝਾ ਹੈ ਭਾਵ ਪੰਜੇ ਵਿਕਾਰਾਂ ਨੂੰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਆਪਣੇ ਅੰਦਰ ਵੜਣ ਤੋਂ ਰੋਕ ਕੇ ਰੱਖਣ ਦਾ ਹੈ ਤਾਂ ਜੋ ਹਰ ਕੋਈ ਸੱਚੇ ਸੁੱਚੇ ਕਰਮ ਕਰੇ, ਮਨੁੱਖਤਾ ਦੇ ਭਲੇ ਲਈ ਵਿਚਰੇ। **(ਸਾਚ ਧਰਮ ਕੀ ਕਰਿ ਦੀਨੀ ਵਾਰਿ॥ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ॥੨॥)** ਪੰਜੇ ਵਿਕਾਰ ਸਾਡੇ ਅੰਦਰ ਮਾੜੇ ਵਿਚਾਰਾਂ ਦੇ ਰੂਪ ਵਿੱਚ ਵੱਸੇ ਹੋਏ ਹਨ। ਗੁਰੂ ਦੇ ਗਿਆਨ ਦੇ ਵਿਚਾਰ ਚੰਗੇ ਵਿਚਾਰ ਹਨ ਤੇ ਸਾਡੇ ਅੰਦਰ ਗੁਰੂ ਦੀ ਮਤਿ ਦੇ ਵਿਚਾਰ ਵੱਸਣ ਨਾਲ ਸਾਡੇ ਮਾੜੇ ਵਿਚਾਰ ਕਾਬੂ ਆ ਜਾਂਦੇ ਹਨ। ਗੁਰੂ ਦੇ ਵਿਚਾਰ ਧਰਮ ਦੇ ਵਿਚਾਰ ਹਨ ਜੋ ਕਿ ਸਾਡੇ ਅੰਦਰ ਵਾੜ ਦਾ ਕੰਮ ਕਰਦੇ ਹਨ, ਔਗੁਣਾਂ ਨੂੰ ਮਨ ਦੇ ਵਿੱਚ ਵੜਨ ਤੋਂ ਰੋਕਦੇ ਹਨ ਤੇ ਇਹੀ ਗੁਰੂ ਦੇ ਵਿਚਾਰਾਂ ਦਾ ਮਕਸਦ ਹੈ। ਸਾਡੇ ਅੰਦਰ ਚੰਗੇ ਵਿਚਾਰਾਂ ਦੀ ਵਾੜ ਬਣਾ ਕੇ ਸਾਡੀ ਰਾਖੀ ਉਹ ਪ੍ਰਮਾਤਮਾ ਆਪ ਹੀ ਕਰਦਾ ਹੈ, ਔਗੁਣਾਂ ਤੋਂ ਸਾਨੂੰ ਆਪ ਹੀ ਬਚਾਉਂਦਾ ਹੈ। ਜਿਸ ਦੇ ਹੱਥ ਸਾਡੇ ਮਨ ਦੇ ਵਿਚਾਰ ਹਨ ਉਹ ਆਪ ਹੀ ਸਾਡੀ ਰਾਖੀ ਕਰ ਸਕਦਾ ਹੈ। ਜਿਸਨੂੰ ਉਹ ਆਪਣਾ ਪੰਚ ਬਣਾਉਂਦਾ ਹੈ ਉਸਦੀ ਪੰਜਾਂ ਵਿਕਾਰਾਂ ਤੋਂ ਰਾਖੀ ਆਪ ਹੀ ਕਰਦਾ ਹੈ, ਆਪਣਾ ਗਿਆਨ, ਆਪਣਾ ਨਾਮ, ਆਪਣੀ ਮਤਿ, ਆਪਣੇ ਵਿਚਾਰ ਮਨ ਦੇ ਵਿੱਚ ਆਪ ਹੀ ਦ੍ਰਿੜ ਕਰਦਾ ਹੈ।

ਅਸੀਂ ਇੱਥੇ ਨਾਮ ਦੀ ਖੇਤੀ ਕਰਨ ਲਈ ਆਏ ਹਾਂ ਤਾਂ ਜੋ ਇਸ ਖੇਤੀ ਦੀ ਉਪਜ ਨੂੰ, ਨਾਮ ਦੀ ਉਪਜ ਨੂੰ ਕਮਾ ਕੇ ਆਪਣੇ ਅਸਲ ਘਰ ਵਿੱਚ ਪਹੁੰਚ ਸਕੀਏ। ਨਾਮ ਦੀ ਉਪਜ ਬਿਨ੍ਹਾਂ ਉਸ ਪ੍ਰਮਾਤਮਾ ਨਾਲ ਨਹੀਂ ਮਿਲਿਆ ਜਾ ਸਕਦਾ। ਨਾਮ ਦੀ ਖੇਤੀ ਕਰਨ ਲਈ ਮਨ ਦੇ ਵਿੱਚ ਸੱਚ ਧਰਮ ਦੀ ਵਾੜ ਦਾ ਹੋਣਾ ਜਰੂਰੀ ਹੈ ਤਾਂ ਜੋ ਪੰਜ ਚੋਰ ਉਸ ਵਿੱਚ ਵੜ ਕੇ ਖੇਤੀ ਨੂੰ ਉਜਾੜ ਨਾ ਸਕਣ। ਜਿਸ ਮਨੁੱਖ ਦੇ ਅੰਦਰ ਸੱਚ ਦੇ ਧਰਮ ਦਾ ਪਹਿਰਾ ਨਹੀਂ ਹੈ ਉੱਥੇ ਨਾਮ ਦੀ ਖੇਤੀ ਨਹੀਂ ਉੱਗ ਸਕਦੀ। ਇਹ ਖੇਤੀ ਸਾਡੇ ਮਨ ਦੀ ਸਮਝ ਨੇ ਕਰਨੀ ਹੈ ਤੇ ਸਾਡੇ ਸਰੀਰ ਕੋਲੋਂ ਕਰਵਾਉਣੀ ਹੈ। ਇਹ ਸੱਚ ਦੀ ਖੇਤੀ ਹੈ ਜੋ ਸੱਚੇ ਸੁੱਚੇ ਜੀਵਨ ਦੁਆਰਾ ਹੋਣੀ ਹੈ, ਸੱਚ ਦੁਆਰਾ ਵਿਚਰ ਕੇ ਹੋਣੀ ਹੈ, ਔਗੁਣਾਂ ਤੋਂ ਰਹਿਤ ਹੋ ਕੇ ਹੋਣੀ ਹੈ। ਸਾਡਾ ਸੱਚਾ ਸੁੱਚਾ ਜੀਵਨ ਸਾਡੀ ਜ਼ਿੰਦਗੀ ਦਾ ਸੱਚਾ ਸੌਦਾ ਕਰਨ ਦਾ ਉਪਰਾਲਾ ਹੈ, ਸੱਚਾ ਵਪਾਰ ਕਰਨ ਦਾ ਤਰੀਕਾ ਹੈ ਤੇ ਇਹੀ ਗੁਰੂ ਦੀ ਨਿੱਤ ਨਿੱਤ ਸੱਚੀ ਸੇਵਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਨਾਮੁ ਖੇਤੀ ਬੀਜਹੁ ਭਾਈ ਮੀਤ॥ ਸਉਦਾ ਕਰਹੁ ਗੁਰੁ ਸੇਵਹੁ ਨੀਤ॥੩॥"

''**ਸੱਚਾ ਸੌਦਾ**'' ਆਪ ਪ੍ਰਮਾਤਮਾ ਹੈ ਜਿਸਨੂੰ ਅਸੀਂ ਪ੍ਰਾਪਤ ਕਰਨਾ ਹੈ ਜੋ ਕਿ ਸਾਨੂੰ ਸੱਚ ਦੁਆਰਾ ਵਿਚਰ ਕੇ ਪ੍ਰਾਪਤ ਹੋਣਾ ਹੈ। ਸੱਚ ਤੋਂ ਵਿਛੜ ਕੇ ਭਾਵ ਧਰਮ ਗ੍ਰੰਥਾਂ ਵਿੱਚ ਸਮਝਾਏ ਹੋਏ ਸੱਚ ਤੋਂ ਵਿਛੜ ਕੇ, ਆਪਣੇ ਧਰਮ ਤੋਂ ਵਿਛੜ ਕੇ ਗੁਰੂ ਦੀ ਸੇਵਾ ਨਹੀਂ ਹੋ

8/800

ਸਕਦੀ। ਸਾਡੇ ਸੱਚੇ ਸੁੱਚੇ ਕਰਮ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ

ਹੈ। ਸੱਚ ਤੇ ਚੱਲ ਕੇ ਹੀ ਅਸੀਂ ਮਨੁੱਖਤਾ ਦੀ ਸੇਵਾ ਕਰ ਸਕਦੇ ਹਾਂ ਤੇ ਮਨੁੱਖਤਾ ਦੀ ਸੇਵਾ ਹੀ ਅਸਲ ਵਿੱਚ ਗੁਰੂ ਦੀ, ਪ੍ਰਮਾਤਮਾ ਦੀ ਸੇਵਾ ਹੈ ਕਿਉਂਕਿ ਸਭ ਵਿੱਚ ਉਹ ਆਪ ਹੀ ਵੱਸ ਰਿਹਾ ਹੈ। ਕਿਸੇ ਨੂੰ ਬੇਵਜ੍ਹਾ ਦੁੱਖ ਦੇਣਾ ਗੁਰੂ ਪ੍ਰਮਾਤਮਾ ਨੂੰ ਦੁੱਖ ਦੇਣ ਵਾਲੀ ਗੱਲ ਹੈ, ਉਸ ਦੇ ਦੋਖੀ ਬਣਨ ਵਾਲੀ ਗੱਲ ਹੈ, ਸੰਤ ਦੇ ਦੋਖੀ ਬਣਨਾ ਹੈ। ਇਸ ਗੱਲ ਨੂੰ ਅੱਗੇ ਚੱਲ ਕੇ ਹੋਰ ਬਰੀਕੀ ਨਾਲ ਸਮਝਾਂਗੇ। **(ਨਾਮੁ ਖੇਤੀ ਬੀਜਹੁ ਭਾਈ ਮੀਤ ॥ਸਉਦਾ ਕਰਹੁ ਗੁਰੁ ਸੇਵਹੁ ਨੀਤ॥੩॥)**

ਸ਼ਬਦ ਦੀ ਵਿਚਾਰ ਹੀ ਗੁਰੂ ਦੀ ਸੇਵਾ ਹੈ, ਗੁਰੂ ਦੀ ਮਤਿ ਤੇ ਚੱਲਣਾ ਹੀ ਗੁਰੂ ਦੀ ਸੇਵਾ ਹੈ, ਇਹੀ ਗੁਰੂ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਵਾਰ-ਵਾਰ ਸ਼ਬਦਾਂ ਰਾਹੀਂ ਸਮਝਿਆ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥}

(ਅੰਗ ੨੨੩)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

ਜਦੋਂ ਅਸੀਂ ਨਾਮ ਦੀ ਖੇਤੀ ਕਰਾਂਗੇ, ਸੱਚ ਦੀ ਖੇਤੀ ਕਰਾਂਗੇ, ਗੁਰੂ ਦੀ ਮਤਿ ਦੀ ਖੇਤੀ ਕਰਾਂਗੇ ਭਾਵ ਜਦੋਂ ਪ੍ਰਮਾਤਮਾ ਦਾ ਨਾਮ ਜਪਾਂਗੇ ਭਾਵ ਜਦੋਂ ਆਪਣੇ ਮਨ ਦੀ ਸਮਝ ਦੇ ਵਿੱਚ ਗੁਰੂ ਦੀ ਸਮਝ ਦਾ ਬੀਜ ਬੀਜਣ ਦੁਆਰਾ ਸੱਚੇ ਸੁੱਚੇ ਕਰਮ ਕਰਾਂਗੇ ਤਾਂ ਫਿਰ ਇਹੋ ਜਿਹੀ ਖੇਤੀ ਵਿੱਚੋਂ ਉਪਜ ਵੀ ਨਾਮ ਵਾਲੀ ਹੋਵੇਗੀ, ਗੁਰੂ ਦੇ ਗਿਆਨ ਵਾਲੀ ਹੋਵੇਗੀ ਭਾਵ ਗੁਰੂ ਦੀ ਸਮਝ ਵਾਲੀ ਹੋਵੇਗੀ, ਬ੍ਰਹਮ ਗਿਆਨ ਵਾਲੀ ਹੋਵੇਗੀ। ਇਹ ਉਪਜ ਮਨ ਦੇ ਵਿੱਚ ਸੱਚੀ ਭਗਤੀ ਦੀ ਸਮਝ ਵਾਲੀ ਹੋਵੇਗੀ, ਮਨ ਦੇ ਸੰਤੋਖ ਵਾਲੀ ਹੋਵੇਗੀ, ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਭਾਵ ਸਹਜ ਗਿਆਨ ਵਾਲੀ ਹੋਵੇਗੀ, ਸਾਨੂੰ ਸੁੱਖ ਦੇਣ ਵਾਲੀ ਹੋਵੇਗੀ ਭਾਵ ਜਿਸ ਮਨ ਦੇ ਗਿਆਨ ਨਾਲ ਅਸੀਂ ਤ੍ਰਿਸ਼ਨਾ ਮੁਕਤ ਹੋ ਕੇ, ਮਾਇਆ ਮੋਹ ਤੋਂ ਮੁਕਤ ਹੋ ਕੇ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਇਹੋ ਜਿਹੀ ਖੇਤੀ ਕਰਨ ਵਾਲੇ ਸਰੀਰ ਮਨ ਦੀ ਸੱਚੀ ਸਮਝ ਭਾਵ ਨਾਮ ਦੀ ਖੇਤੀ ਕਰਨ ਵਾਲੇ ਸਰੀਰ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਦੇ ਭਾਵ ਉਹ ਕੇਵਲ ਨਾਮ ਹੀ ਜਪਦੇ ਹਨ, ਕੇਵਲ ਗੁਰੂ ਦੀ ਮਤਿ ਦੇ ਨਾਲ ਹੀ ਜੁੜਦੇ ਹਨ ਤੇ ਉਸ ਅਨੁਸਾਰ ਹੀ ਵਿਚਰਦੇ ਹਨ ਭਾਵ ਉਹ ਇਹ ਸੌਦਾ, ਨਾਮ ਰੂਪ ਸੌਦਾ ਕੇਵਲ ਗੁਰੂ ਦੀ ਹੱਟੀ ਤੋਂ ਹੀ ਖਰੀਦਦੇ ਹਨ ਭਾਵ ਸੱਚੇ ਸ਼ਾਹ ਦੀ ਹੱਟੀ ਤੋਂ, ਪ੍ਰਮਾਤਮਾ ਦੀ ਹੱਟੀ ਤੋਂ ਹੀ ਖਰੀਦਦੇ ਹਨ ਜੋ ਹੱਟੀ ਉਸਦੀ ਆਪਣੀ ਰਚੀ ਹੋਈ ਗੁਰਬਾਣੀ ਹੈ। ਇਸ ਹੱਟੀ ਦਾ ਸੌਦਾ ਉਹ ਸੌਦਾ ਹੈ ਜੋ ਉਸ ਪ੍ਰਮਾਤਮਾ ਨੂੰ ਭਾਉਂਦਾ ਹੈ, ਸ਼ਾਹ ਨੂੰ ਭਾਉਂਦਾ ਹੈ ਤੇ ਉਹ ਇਹ ਸੌਦਾ ਦੇਣ ਲਈ ਆਪ ਵਪਾਰੀ ਕੋਲ ਚੱਲ ਕੇ ਆਉਂਦਾ ਹੈ ਭਾਵ ਜਿਸ ਮਨੁੱਖ ਕੋਲ ਇਹ ਸੌਦਾ ਹੈ ਉਹ ਮਨ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੌਦਾ ਹੈ ਜੋ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਤੇ ਜਿੱਥੇ ਪ੍ਰਮਾਤਮਾ ਆਪਣਾ ਇਹ ਸੌਦਾ ਦਿੰਦਾ ਹੈ ਉੱਥੇ ਉਹ ਆਪ ਆਪਣੇ ਦਰਸ਼ਨ ਦਿੰਦਾ ਹੈ ਤੇ ਉਸ ਵਪਾਰੀ ਨੂੰ ਆਪਣੇ ਥਾਟ ਤੇ ਭਾਵ ਆਪਣੇ ਮਨ ਰੂਪ ਟਿਕਾਣੇ ਤੇ ਬਿਠਾ ਲੈਂਦਾ ਹੈ ਭਾਵ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। **(ਸਾਂਤਿ ਸਹਜ ਸੁਖ ਕੇ ਸਭਿ ਹਾਟ॥ਸਾਹ ਵਾਪਾਰੀ ਏਕੈ ਥਾਟ॥)** ਇਹ ਨਾਮ ਦਾ ਵਪਾਰ ਹੈ, ਉਸ "ਨਾਮ" ਰੂਪ ਪ੍ਰਮਾਤਮਾ ਨੂੰ ਭਾਵ ਨਾਮ ਦੇ ਮਾਲਕ ਨੂੰ ਮਿਲਣ ਦਾ ਵਪਾਰ ਹੈ, **8/801**

ਉਸ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਹੈ। ਸਾਰੀ ਬਾਣੀ ਵਿੱਚ ਸਾਨੂੰ ਨਾਮ ਦੇ ਵਪਾਰ ਦਾ ਇਹੀ ਤਰੀਕਾ ਸਮਝਾਇਆ ਹੈ ਪਰ ਨਾ ਸਮਝੀ ਕਰਕੇ ਅਸੀਂ ਨਾਮ ਦਾ ਉਹੋ ਜਿਹਾ ਵਪਾਰ ਕਰ ਰਹੇ ਹਾਂ ਜੋ ਸਾਡੇ ਕਿਸੇ ਕੰਮ ਨਹੀਂ ਆਉਣਾ। ਜਿਹੋ ਜਿਹੀ ਖੇਪ ਅਸੀਂ ਇਕੱਠੀ ਕਰ ਰਹੇ ਹਾਂ ਉਹੋ ਜਿਹੀ ਖੇਪ ਨਾਲ ਸਾਨੂੰ ਬਹੁਤ ਪਛਤਾਉਣਾ ਪੈਣਾ ਹੈ, ਪ੍ਰਮਾਤਮਾ ਨੂੰ ਨਾ ਪਾਉਣ ਕਰਕੇ ਬਹੁਤ ਰੋਣਾ ਪੈਣਾ ਹੈ। ਸਾਡੀ ਮਨਹਠਿ ਨੇ ਸਾਨੂੰ ਲੈ ਡੁੱਬਣਾ ਹੈ। ਪ੍ਰਮਾਤਮਾ ਦੇ ਦਰ ਤੇ ਜਾਣ ਲਈ ਸਿਵਾਏ ਸੱਚੇ ਸੁੱਚੇ ਕਰਮਾਂ ਦੇ ਕੁੱਝ ਕੰਮ ਨਹੀਂ ਆਉਣਾ। ਇਹ ਸੱਚ ਦਾ ਵਪਾਰ ਹੈ। ਸੱਚ ਪ੍ਰਮਾਤਮਾ ਆਪ ਹੈ ਤੇ ਸੱਚ ਦੁਆਰਾ ਵਿਚਰਨਾ ਹੀ ਉਸ ਨਾਮ ਦਾ, ਪ੍ਰਮਾਤਮਾ ਦਾ ਵਪਾਰ ਹੈ। ਇਹ ਗੁਣਾਂ ਦਾ ਵਪਾਰ ਹੈ ਜੋ ਕਿ ਔਗੁਣ ਛੱਡ ਕੇ ਹੀ ਹੋ ਸਕਦਾ ਹੈ।ਹੇਠ ਦਿੱਤੀਆਂ ਪੰਗਤੀਆਂ ਨੂੰ ਫਿਰ ਤੋਂ ਵਿਚਾਰੋ ਤੇ ਨਾਲ ਹੀ ਪੂਰੇ ਸ਼ਬਦ ਨੂੰ ਵਿਚਾਰੋ ਜਿੱਥੇ ਸਾਨੂੰ ਨਾਮ ਦਾ ਵਪਾਰ ਸਿਖਾਇਆ ਹੋਇਆ ਹੈ।

{ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥}

(ਅੰਗ ੪੧੮)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥੮॥}

(ਅੰਗ ੪੧੮)

ਪ੍ਰਮਾਤਮਾ ਨੂੰ ਉਹੀ ਉਹੀ ਕਰੀ ਜਾਣ ਨਾਲ, ਤੂਹੀ ਤੂਹੀ ਕਰੀ ਜਾਣ ਨਾਲ, ਰਾਮ ਰਾਮ ਕਰੀ ਜਾਣ ਨਾਲ, ਵਹਿਗੁਰੂ-ਵਾਹਿਗੁਰੂ ਕਰੀ ਜਾਣ ਨਾਲ, ਅੱਲ੍ਹਾ-ਅੱਲ੍ਹਾ ਕਰੀ ਜਾਣ ਨਾਲ ਸਾਡੇ ਹੱਥ ਜੋ ਲੱਗਦਾ ਹੈ ਇਹੀ ਉੱਪਰ ਸਮਝਾਇਆ ਹੋਇਆ ਹੈ ਭਾਵ ਕਿਸੇ ਅੱਖਰ ਦਾ ਜਪ ਕਰੀ ਜਾਣ ਨਾਲ ਅਸੀਂ ਪ੍ਰਮਾਤਮਾ ਦੀਆਂ ਸਜਾਵਾਂ ਤੋਂ ਨਹੀਂ ਬਚ ਸਕਦੇ ਜਿਸ ਕਰਕੇ ਸਾਨੂੰ ਰੋਣਾ ਹੀ ਪੈਣਾ ਹੈ। ਜਦ ਤੱਕ ਅਸੀਂ ਕੂੜ ਨਹੀਂ ਛੱਡਦੇ, ਸੱਚੇ ਨਹੀਂ ਬਣਦੇ,

8/802

ਅਸੀਂ ਨਾਮ ਦੇ ਵਪਾਰੀ ਨਹੀਂ ਬਣ ਸਕਦੇ। ਬੋਲ-ਬੋਲ ਕੇ ਕਿਰਿਆਵਾਂ ਕਰਨਾ ਕੇਵਲ ਦੁਨੀਆਂ ਨੂੰ ਦਿਖਾਉਣ ਵਾਲੀ ਗੱਲ ਹੈ, ਲੋਕਾਂ ਨੂੰ ਸੁਣਾਉਣ ਵਾਲੀ ਗੱਲ ਹੈ ਪਰ ਉਹ ਪ੍ਰਮਾਤਮਾ ਸਾਡੇ ਇਹੋ ਜਿਹੇ ਜਪਣ ਨੂੰ ਬਿਲਕੁਲ ਨਹੀਂ ਸੁਣਦਾ ਭਾਵ ਇਹੋ ਜਿਹਾ ਜਪ ਤਪ ਉੱਥੇ ਬਿਲਕੁਲ ਹੀ ਕਬੂਲ ਨਹੀਂ ਹੈ। **(ਉਹ ਨ ਸੁਣਹੀ ਕਤ ਹੀ ਤੁਮੁ ਲੋਕ ਸੁਣਾਵਹੁ॥)** ਉੱਪਰ ਸ਼ਬਦ ਦੀਆਂ ਹੇਠਲੀਆਂ ਪੰਗਤੀਆਂ ਵਿੱਚ ਬੜਾ ਸਪੱਸ਼ਟ ਤੌਰ ਤੇ ਨਿਰਣਾ ਕਰਕੇ ਸਮਝਾਇਆ ਹੋਇਆ ਹੈ ਜੋ ਹਰ ਕਿਸੇ ਨੂੰ ਆਸਾਨੀ ਨਾਲ ਸਮਝ ਆ ਸਕਦਾ ਹੈ। ਨਾਮ ਦਾ ਵਪਾਰ ਕੇਵਲ ਗੁਣਾਂ ਦਾ ਵਪਾਰ ਹੈ, ਔਗੁਣਾਂ ਨੂੰ ਛੱਡਣ ਦਾ ਮਾਰਗ ਹੈ। ਇਹ ਸੱਚ ਦਾ ਬੀਜ ਬੀਜਣ ਦਾ ਮਾਰਗ ਹੈ ਜੋ ਬੀਜ ਅਸੀਂ ਮਨ ਦੀ ਸਮਝ ਦੇ ਵਿੱਚ ਬੀਜਣਾ ਹੈ ਜਿਸ ਦੁਆਰਾ ਧਰਮ ਦੀ ਖੇਤੀ ਹੁੰਦੀ ਹੈ। ਧਰਮ ਦੀ ਖੇਤੀ ਕੇਵਲ ਸੱਚ ਨਾਲ ਹੋ ਸਕਦੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਚੱਲ ਕੇ ਹੋ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਹੋਰ ਹਰ ਤਰੀਕਾ ਕੇਵਲ ਸਾਡੀ ਮਨਮਤਿ ਹੈ, ਸਾਡਾ ਸਦੀਆਂ ਤੋਂ ਪਿਆ ਹੋਇਆ ਭੁਲੇਖਾ ਹੈ ਜਿਸਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ।

ਆਪਣੇ ਸੱਚੇ ਸੁੱਚੇ ਕਰਮਾਂ ਨਾਲ ਅਸੀਂ ਜੋ ਵੀ ਚੰਗਿਆਈ ਕਮਾਉਂਦੇ ਹਾਂ ਉਹੀ ਸਾਡੀ ਜਿੰਦਗੀ ਦਾ ਧਨੁ ਹੈ, ਸੱਚ ਦਾ ਧਨੁ ਹੈ ਭਾਵ ਸੱਚ ਤੇ ਚੱਲਣ ਦਾ ਧੰਨ ਹੈ, ਗੁਣਾਂ ਦਾ ਧੰਨ ਹੈ ਭਾਵ ਗੁਣਾਂ ਦੁਆਰਾ ਵਿਚਰਨ ਲਈ ਗੁਰੂ ਦੀ ਸੱਚੀ ਮਤਿ ਦਾ ਧੰਨ ਹੈ, ਨਾਮ ਦਾ ਧੰਨ ਹੈ। ਇਹ ਪਰਉਪਕਾਰ ਦਾ ਧੰਨ ਹੈ ਜੋ ਕਿ ਔਗੁਣਾਂ ਦੇ ਰਹਿੰਦਿਆਂ ਇਕੱਠਾ ਨਹੀਂ ਕੀਤਾ ਕਾ ਸਕਦਾ। ਮਾਇਆਂ ਮੋਹ ਵਿੱਚ ਰਹਿੰਦਿਆਂ, ਕਾਮਨਾਵਾਂ, ਤ੍ਰਿਸ਼ਨਾਵਾਂ ਵਿੱਚ ਰਹਿੰਦਿਆਂ ਅਸੀਂ ਔਗੁਣਾਂ ਦਾ ਸਹਾਰਾ ਲੈਂਦੇ ਹਾਂ ਜਿਸ ਦੁਆਰਾ ਅਸੀਂ ਦੂਸਰਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਾਂ, ਕਿਸੇ ਦਾ ਹੱਕ ਖਾਂਦੇ ਹਾਂ ਭਾਵ ਆਪਣੇ ਮਨੋਰਥ ਦੀ ਪੂਰਤੀ ਕਰਨ ਲਈ ਅਸੀਂ ਦੂਸਰਿਆਂ ਦਾ ਨੁਕਸਾਨ ਕਰਦੇ ਹਾਂ। ਔਗੁਣਾਂ ਦਾ ਤਿਆਗ ਬੜਾ ਔਖਾ ਹੈ ਪਰ ਇਸ ਤਿਆਗ ਦੇ ਬਿਨ੍ਹਾਂ ਅਸੀਂ ਪਰਉਪਕਾਰੀ ਨਹੀਂ ਬਣ ਸਕਦੇ। ਅਗਰ ਔਗੁਣਾਂ ਦੇ ਰਹਿੰਦਿਆਂ ਅਸੀਂ ਕਿਸੇ ਤੇ ਪਰਉਪਕਾਰ ਕਰਾਂਗੇ ਤੇ ਬੜਿਆਂ ਦਾ ਨੁਕਸਾਨ ਵੀ ਕਰਾਂਗੇ। ਪੂਰੀ ਤਰ੍ਹਾਂ ਪਰਉਪਕਾਰੀ ਬਣਨ ਲਈ

8/803

ਸਾਨੂੰ ਪੰਜਾਂ ਵਿਕਾਰਾਂ ਤੋਂ ਰਹਿਤ ਹੋਣਾ ਹੀ ਪਵੇਗਾ, ਜੋ ਕਿ ਬਹੁਤ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ। ਇਹੋ ਜਿਹਾ ਤਿਆਗੀ ਪ੍ਰਮਾਤਮਾ ਕਿਸੇ ਨੂੰ ਆਪ ਹੀ ਬਣਾ ਸਕਦਾ ਹੈ, ਇਹੋ ਜਿਹੀ ਦ੍ਰਿੜਤਾ ਉਹ ਆਪ ਹੀ ਦੇ ਸਕਦਾ ਹੈ ਜੋ ਸਾਡੇ ਮਨ ਦਾ ਮਾਲਕ ਹੈ, ਸਾਡੀ ਸੋਚ ਦਾ ਮਾਲਕ ਹੈ, ਸਾਰੀ ਸ੍ਰਿਸ਼ਟੀ ਦੇ ਗਿਆਨ ਦਾ ਮਾਲਕ ਹੈ।

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥
ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥
ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥
ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ ੧੧੪੭)

{ਆਖਣਿ ਅਉਖਾ ਸਾਚਾ ਨਾਉ ॥}

(ਅੰਗ ੯)

ਆਪਣੇ ਜੀਵਨ ਵਿੱਚ ਸੱਚ ਦੀ ਕਮਾਈ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਮਨ ਦੇ ਵਿੱਚ ਪਹਿਲੇ ਗੁਰੂ ਦੀ ਮਤਿ ਦੀ ਸੱਚੀ ਸੋਝੀ ਵੱਸੇ। ਸਾਡੇ ਮਨ ਦੀ ਸੱਚੀ ਸੋਝੀ ਹੀ ਸਾਡੀ ਸੱਚੀ ਰਾਸ ਹੈ, ਨਾਮ ਰਾਸ ਹੈ, ਨਾਮ ਧਨੁ ਹੈ ਜਿਸ ਦੁਆਰਾ ਅਸੀਂ ਆਪਣੀ ਜਿੰਦਗੀ ਵਿੱਚ ਸੱਚ ਦਾ ਧੰਨ, ਚੰਗੇ ਕਰਮਾਂ ਦਾ ਧੰਨ ਜੋੜ ਸਕਦੇ ਹਾਂ। ਜਦੋਂ ਮਨੁੱਖ ਕੋਲ ਇਹੋ ਜਿਹਾ ਧੰਨ ਹੋਵੇ ਤਾਂ ਇਹੋ ਜਿਹੇ ਧੰਨ ਦੀ ਖੇਪ ਤੇ ਕੋਈ ਡੰਨ ਨਹੀਂ ਲੱਗਣਾ, ਕੋਈ ਟੈਕਸ ਨਹੀਂ ਲੱਗ ਸਕਦਾ ਭਾਵ ਜਿਸ ਮਨੁੱਖ ਦੇ ਕੋਲ ਇਹੋ ਜਿਹੀ ਖੇਪ ਹੈ ਉਹ ਜਮਾਂ ਦੇ ਡਰ ਤੋਂ ਬਾਹਰ ਹੈ, ਉਹ ਧਰਮ ਰਾਜ ਦੇ ਲੇਖੇ ਤੋਂ ਬਾਹਰ ਹੈ ਕਿਉਂਕਿ ਇਹੋ ਜਿਹਾ ਮਨੁੱਖ ਪ੍ਰਮਾਤਮਾ ਦੇ ਨਾਲ ਮਿਲ ਜਾਂਦਾ ਹੈ ਤੇ ਉਸ ਦੇ ਉੱਤੇ ਪ੍ਰਮਾਤਮਾ ਦੀ ਛਾਪ ਲੱਗ ਜਾਂਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

(ਜੇਜੀਆ ਡੰਨੁ ਕੋ ਲਏ ਨ ਜਗਾਤਿ॥ ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ॥੫॥)

ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ, ''ਵੱਖਰ'' ਨਾਮ ਦੀ ਪ੍ਰਾਪਤੀ ਹੈ, ਸੱਚੇ ਸੌਦੇ ਦੀ ਪ੍ਰਾਪਤੀ ਹੈ। ''ਵੱਖਰ'' ਉਸ ਦੇ ਚੌਥੇ ਪਦ ਦਾ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਪੂਰੀ ਬਾਣੀ ਨਾਮ ਵੱਖਰ ਹੈ, ਚੌਥੇ ਪਦ ਦਾ ਗਿਆਨ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ, ਉਸਦੀ ਆਪਣੀ ਦਿੱਤੀ ਹੋਈ ਮਤਿ ਹੈ। ਉਸ ਦੀ ਮਤਿ ਦੀ ਪ੍ਰਾਪਤੀ, ਉਸਦੇ ਗਿਆਨ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਹੈ, ਵੱਖਰ ਦੀ ਪ੍ਰਾਪਤੀ ਹੈ। ਨਾਮ ਵੱਖਰ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਸਾਡੇ ਮਨ ਦੇ ਵਿੱਚੋਂ

ਹੀ ਉਪਜਦਾ ਹੈ, ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਉਪਜਦਾ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ, ਜਿਸ ਸੱਚੇ ਗਿਆਨ ਵਾਲੀ ਸਮਝ ਦੁਆਰਾ ਮਨੁੱਖ ਸੱਚੀ ਕਮਾਈ ਹੀ ਕਰਦਾ ਹੈ। ਵੱਖਰ ਦੀ ਪ੍ਰਾਪਤੀ ਤੋਂ ਪਹਿਲੇ ਸਾਡਾ ਉੱਦਮ ਇਹੋ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਉਸ ਵੱਖਰ ਦੀ ਦਿੱਤੀ ਹੋਈ ਮਤਿ ਅਨੁਸਾਰ ਵਿਚਰੀਏ ਤਾਂ ਜੋ "ਨਾਮ ਵਖਰ" ਦੀ ਪ੍ਰਾਪਤੀ ਹੋ ਸਕੇ।

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥}

(ਅੰਗ ੯੫੪)

ਇਹ ਚੌਥੇ ਪਦ ਦਾ ਗਿਆਨ ਹੀ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਮਨ ਦੇ ਵਿੱਚ ਸੱਚਾ ਗਿਆਨ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਨਿਸ਼ਾਨੀ ਹੈ ਤੇ ਇਹੀ ਲਾਹਾ ਹੈ ਜਿਸ ਨੂੰ ਲੈਣ ਲਈ ਸਾਨੂੰ ਮਨੁੱਖਾ ਜੀਵਨ ਮਿਲਿਆ ਹੈ ਤੇ ਇਸੇ ਲਾਹੇ ਦੀ ਪ੍ਰਾਪਤੀ ਦੁਆਰਾ, ਵੱਖਰ ਦੀ ਪ੍ਰਾਪਤੀ ਦੁਆਰਾ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ

8/804

ਦੁਆਰਾ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

(ਵਖਰੁ ਨਾਮੁ ਲਦਿ ਖੇਪ ਚਲਾਵਹੁ॥ ਲੈ ਲਾਹਾ ਗੁਰਮੁਖਿ ਘਰਿ ਆਵਹੁ॥੬॥)

ਇਹ ਨਾਮ ਦੀ ਵਣਜ ਕਿਵੇਂ ਕਰਨੀ ਹੈ, ਨਾਮ ਦੀ ਖੇਤੀ ਕਿਵੇਂ ਬੀਜਣੀ ਹੈ ਤੇ ਇਸ ਖੇਤੀ ਦੀ ਸੰਭਾਲ ਕਿਵੇਂ ਕਰਨੀ ਹੈ ਇਹ ਅਸੀਂ ਉੱਪਰ ਸ਼ਬਦ ਦੁਆਰਾ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ। ਇਹ ਸੱਚ ਦੀ ਖੇਤੀ ਹੈ ਜਿਸ ਦੀ ਰਾਖੀ ਝੂਠ ਤੋਂ ਕਰਨੀ ਹੈ। ਇਹ ਸਾਡੀ ਮਨ ਦੀ ਸਮਝ ਦੇ ਵਿੱਚ ਗੁਰਮਤਿ ਦੀ ਖੇਤੀ ਹੈ ਜਿਸ ਦੀ ਰਾਖੀ ਮਨਮਤਿ ਤੋਂ ਕਰਨੀ ਹੈ। ਇਹ ਗੁਣਾਂ ਦੀ ਖੇਤੀ ਹੈ, ਜਿਸ ਦੀ ਰਾਖੀ ਔਗੁਣਾਂ ਤੋਂ ਕਰਨੀ ਹੈ। ਇਹ ਧਰਮ ਦੀ ਖੇਤੀ ਹੈ, ਇਹ ਧਰਮ ਦਾ ਵਪਾਰ ਹੈ ਜੋ ਕਿ ਕੇਵਲ ਸੱਚ ਨੂੰ ਅਪਣਾ ਕੇ, ਗੁਣਾਂ ਨੂੰ ਅਪਣਾ ਕੇ ਕੀਤਾ ਜਾ ਸਕਦਾ ਹੈ। ਇਹੀ ਸਾਡਾ ਨਾਮ ਜਪਣਾ ਹੈ ਭਾਵ ਸਾਰੀ ਜਿੰਦਗੀ, ਅੱਠੇ ਪਹਿਰ ਸੱਚ ਦੁਆਰਾ ਵਿਚਰਨਾ ਹੈ, ਪੂਰਾ ਜੀਵਨ ਸੱਚੀ ਸੁੱਚੀ ਕਿਰਤ ਕਰਨੀ ਹੈ। ਇਹੋ ਜਿਹੀ ਵਣਜ, ਇਹੋ ਜਿਹੀ ਕਿਰਤ ਗੁਰੂ ਦੇ ਸਿੱਖ ਹੀ ਕਰ ਸਕਦੇ ਹਨ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਵਾਲੇ ਹੀ ਕਰ ਸਕਦੇ ਹਨ ਭਾਵ ਗੁਰੂ ਦਾ ਸਿੱਖ ਉਹੀ ਹੈ ਜੋ ਇਹੋ ਜਿਹੀ ਨਾਮ ਦੀ ਵਣਜ ਕਰਦਾ ਹੈ। ਗੁਰੂ ਦਾ ਨਾਮ ਜਪਣ ਵਾਲਾ ਬਣਨਾ ਜਾਂ ਗੁਰੂ ਦਾ ਸਿੱਖ ਬਣਨਾ ਇੱਕੋ ਹੀ ਗੱਲ ਹੈ ਜੋ ਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

{ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥}

(ਅੰਗ ੪੬੫)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

ਸਾਨੂੰ ਵਣਜ ਸਿਖਾਉਣ ਵਾਲਾ ਸਤਿਗੁਰੂ ਹੈ, ਉਸਦੀ ਬਾਣੀ ਹੈ ਜੋ ਕਿ ਆਪ ਪ੍ਰਮਾਤਮਾ ਹੈ। ਉਸਦੇ ਸਿੱਖ ਬਣ ਕੇ ਹੀ ਉਸਨੂੰ ਪਾਇਆ ਜਾ ਸਕਦਾ ਹੈ, ਉਸ ਸ਼ਾਹ ਦੇ ਨਾਲ ਰਲ ਕੇ ਬੈਠਿਆ ਜਾ ਸਕਦਾ ਹੈ। **(ਸਤਿਗੁਰ ਸਾਹ ਸਿਖ ਵਣਜਾਰੇ॥)** ਇਹੋ ਜਿਹੀ ਵਣਜ ਕਰਨ ਲਈ,ਗੁਰੂ ਦਾ ਸਿੱਖ ਬਣਨ ਲਈ ਸਾਡੀ ਪੂੰਜੀ, ਸਾਡੀ ਰਾਸਿ, ਗੁਰੂ ਦਾ ਨਾਮ ਹੈ ਜੋ ਕਿ ਸਾਨੂੰ ਉੱਪਰ ਸ਼ਬਦ ਵਿੱਚ ਸਮਝਾਇਆ ਗਿਆ ਹੈ, ਜਿਹੋ ਜਿਹੀ ਨਾਮ ਦੀ ਖੇਤੀ ਸਮਝਾਈ ਗਈ ਹੈ ਭਾਵ "ਨਾਮ" ਗੁਰੂ ਦੀ ਮਤਿ ਹੈ ਜੋ ਸਾਨੂੰ ਸੱਚ ਦਾ ਮਾਰਗ ਅਪਣਾਉਣ ਲਈ ਸਮਝਾਉਂਦੀ ਹੈ, ਸਾਨੂੰ ਔਗੁਣਾਂ ਤੋਂ ਰਹਿਤ ਹੋਣ ਲਈ ਪ੍ਰੇਰਦੀ ਹੈ ਜਿਸ ਦੁਆਰਾ ਅਸੀਂ ਸੱਚਾ ਸੁੱਚਾ ਜੀਵਨ ਬਤੀਤ ਕਰ ਸਕਦੇ ਹਾਂ। ਪੂੰਜੀ ਦੀ ਸਮਝ ਆਏ ਬਿਨ੍ਹਾਂ ਅਸੀਂ ਵਣਜ ਵੀ ਉਹੋ ਜਿਹੀ ਹੀ ਕਰਾਂਗੇ ਜਿਹੜੀ ਕਿਸੇ ਲੇਖੇ ਨਹੀਂ ਪੈਣੀ ਭਾਵ ਕਥਨੀ ਵਿੱਚ ਹੀ ਪਏ ਰਹਾਂਗੇ ਭਾਵ ਵਿਅਰਥ ਦੇ ਜਪ ਤਪ ਵਿੱਚ ਉਲਝੇ ਰਹਾਂਗੇ। ਪੂੰਜੀ ਸਾਡੀ ਸੱਚੀ ਸੋਝੀ ਹੈ, ਗੁਰਮਤਿ ਦੀ ਸੱਚੀ ਸੋਝੀ ਹੈ ਜੋ ਸਾਨੂੰ ਸੱਚੀ ਸੁੱਚੀ ਕਿਰਤ ਸਿਖਾਉਂਦੀ ਹੈ ਪਰ ਨਾ ਸਮਝੀ ਕਰਕੇ ਅਸੀਂ ਇਸ ਨੂੰ ਆਪਣੀ ਕਥਨੀ ਬਣਾਇਆ ਹੋਇਆ ਹੈ। ਪ੍ਰਮਾਤਮਾ ਦੇ ਦਰ ਤੇ ਲੇਖਾ ਸਭ ਲਈ ਹੈ। ਉਸ ਲੇਖੇ ਦੀ ਸੰਭਾਲ

8/805

ਸੱਚ ਦੇ ਨਾਲ ਹੋਣੀ ਹੈ ਭਾਵ ਸਾਨੂੰ ਲੇਖੇ ਤੋਂ ਸੱਚ ਨੇ ਬਚਾਉਣਾ ਹੈ। ਜੇਕਰ ਅਸੀਂ ਔਗੁਣਾਂ ਤੋਂ ਰਹਿਤ ਹੋਕੇ ਕਰਮ ਨਹੀਂ ਕੀਤੇ ਤਾਂ ਫਿਰ ਲੇਖਾ ਭੁਗਤਣਾ ਹੀ ਪਵੇਗਾ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ॥੭॥)** ਨਾਮ ਸੱਚ ਹੈ। ਸਾਨੂੰ ਲੇਖੇ ਤੋਂ ਨਾਮ ਨੇ ਹੀ ਬਚਾਉਣਾ ਹੈ, ਫਰਕ ਕੇਵਲ ਨਾਮ ਨੂੰ ਸਮਝਣ ਦਾ ਹੈ ਕਿ ਨਾਮ ਸਾਡੀ ਕਥਨੀ ਹੈ ਕਿ ਸਾਡੀ ਕਰਨੀ ਹੈ। ਮੁੱਖੋਂ ਨਾਮ-ਨਾਮ-ਨਾਮ-ਨਾਮ ਬੋਲੀ ਜਾਣਾ ਸੱਚ ਬੋਲਣਾ ਨਹੀਂ ਹੈ ਬਲਕਿ ਇਸ ਤੋਂ ਉਲਟ ਮੁੱਖੋਂ ਸੱਚ ਬੋਲਣਾ ਨਾਮ ਬੋਲਣਾ ਹੈ। ਇਹ ਭੇਦ ਸਮਝ ਆਏ ਬਿਨ੍ਹਾਂ ਅਸੀਂ ਗੁਰੂ ਦੇ ਸਿੱਖ ਕਦੇ ਨਹੀਂ ਬਣ ਸਕਦੇ, ਅਸੀਂ ਆਪਣੀ ਕਥਨੀ ਨੂੰ ਕਰਨੀ ਵਿੱਚ ਨਹੀਂ ਬਦਲ ਸਕਦੇ। ਆਓ ਹੁਣ ਸ਼ਬਦ ਦੇ ਆਖਰੀ ਪਦੇ ਨੂੰ ਵਿਚਾਰੀਏ ਜਿਸ ਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਸ਼ਬਦ ਦਾ ਹਰ ਪਦਾ ਇੱਕ ਦੂਜੇ ਨਾਲ ਜੁੜਿਆ ਹੁੰਦਾ ਹੈ ਤੇ ਸਾਰੇ ਸ਼ਬਦ ਤੋਂ ਭਾਵ ਇੱਕ ਹੀ ਹੁੰਦਾ ਹੈ।ਜੋ ਉੱਪਰ ਅਸੀਂ ਮੁੱਖ ਸ਼ਬਦ ਦੇ ਪਹਿਲੇ ਪਦਿਆਂ ਦੁਆਰਾ ਸਮਝਿਆ ਹੈ ਉਹੀ ਗੱਲ ਆਖਰੀ ਪਦੇ ਵਿੱਚ ਸਪੱਸ਼ਟ ਕੀਤੀ ਹੋਈ ਹੈ। ‘‘ਪੰਚ’’ ਬਣਨਾ ਹੀ ਸਮਝਾਇਆ ਹੋਇਆ ਹੈ ਜੋ ਇਸ ਪੂਰੇ ਸ਼ਬਦ ਦਾ ਸਾਰ ਹੈ।

“ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ॥ ਅਬਿਚਲ ਨਗਰੀ ਨਾਨਕ ਦੇਵ॥੮॥੧॥”

ਸਾਡਾ ਜਿੰਦਗੀ ਦਾ ਮਨੋਰਥ ਪ੍ਰਮਾਤਮਾ ਨੂੰ ਪਾਉਣ ਦਾ ਹੈ, ਪ੍ਰਮਾਤਮਾ ਦੇ ਘਰ ਵਿੱਚ ਵੱਸਣ ਦਾ ਹੈ ਜੋ ਕਿ ਸਾਡਾ ਅਸਲ ਘਰ ਹੈ, ਨਿੱਜ ਘਰ ਹੈ। ਜਿਵੇਂ ਕਿ ਅਸੀਂ ਸ਼ਬਦ ਦੇ ਸ਼ੁਰੂ ਵਿੱਚ ਜਾਣਿਆ ਸੀ ਕਿ ਪ੍ਰਮਾਤਮਾ ਨੂੰ ਉਸਦਾ ‘‘ਪੰਚ’’ ਬਣੇ ਬਿਨ੍ਹਾਂ ਨਹੀਂ ਪਾਇਆ ਜਾ ਸਕਦਾ ਭਾਵ ‘‘ਜਿਸ ਨੂੰ ਉਹ ਆਪ ਪੰਚ ਬਣਾਉਂਦਾ ਹੈ’’, ‘‘ਜਿਸਨੂੰ ਆਪਣੀ ਮਤਿ ਤੇ ਅਡੋਲ ਕਰਦਾ ਹੈ’’, ਜਿਸਨੂੰ ਪੰਜੇ ਔਗੁਣਾਂ ਵਿੱਚੋਂ ਕੱਢਦਾ ਹੈ ਉਹੀ ਉਸਨੂੰ ਪਾ ਸਕਦਾ ਹੈ। ਇਹੀ ਗੱਲ ਇਸ ਪਦੇ ਵਿੱਚ ਸਪੱਸ਼ਟ ਕੀਤੀ ਹੋਈ ਹੈ। ਉਸਦੀ ਮਤਿ ਤੇ ਅਡੋਲ ਹੋਏ ਬਿਨ੍ਹਾਂ ਅਸੀਂ ਨਾਮ ਦੀ ਖੇਤੀ ਨਹੀਂ ਕਰ ਸਕਦੇ, ਔਗੁਣਾਂ ਤੋਂ ਰਹਿਤ ਹੋਏ ਬਿਨ੍ਹਾਂ ਨਾਮ ਨਹੀਂ ਜਪ ਸਕਦੇ। ਪੰਜਾਂ ਨੂੰ ਰੁਸਾਏ ਬਿਨ੍ਹਾਂ ਅਸੀਂ ਸੱਚੀ ਸੁੱਚੀ ਕਿਰਤ ਨਹੀਂ ਕਰ ਸਕਦੇ। ਗੁਰੂ ਦੀ ਮਤਿ ਤੇ ਦ੍ਰਿੜ ਹੋਏ ਬਿਨ੍ਹਾਂ, ਉਸਦਾ ਨਾਮ ਦ੍ਰਿੜ ਹੋਏ ਬਿਨ੍ਹਾਂ, ਸੱਚਾ ਗਿਆਨ ਦ੍ਰਿੜ ਹੋਏ ਬਿਨ੍ਹਾਂ, ਦੁਰਮਤਿ ਨਿਕਲੇ ਬਿਨ੍ਹਾਂ

8/806

ਅਸੀਂ ਆਪਣੇ ਨਿੱਜ ਘਰ ਵਿੱਚ ਨਹੀਂ ਪਹੁੰਚ ਸਕਦੇ ਜਿਵੇਂ ਕਿ ਸ਼ਬਦ ਦੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

(ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ॥੧॥ਰਹਾਉ॥)

ਆਪਣੇ ਅਸਲ ਘਰ ਵਿੱਚ ਉਹੀ ਵੱਸ ਸਕਦਾ ਹੈ ਜਿਸ ਨੇ ਪੂਰੇ ਗੁਰੂ ਦੀ ਸੇਵਾ ਕੀਤੀ ਹੈ। ‘‘ਗੁਰੂ’’, ਗੁਰੂ ਦੀ ਮਤਿ ਹੈ। ਪੂਰੇ ਗੁਰੂ ਦੀ ਸੇਵਾ, ਪੂਰੇ ਗੁਰੂ ਦੀ ਸ਼ਬਦ ਵਿਚਾਰ ਹੈ ਭਾਵ ਪੂਰੇ ਗੁਰੂ ਦੀ ਗੱਲ ਨੂੰ ਮੰਨ ਕੇ ਉਸ ਤੇ ਅਡੋਲ ਹੋਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਬਿਨ੍ਹਾਂ ਗੁਰੂ ਦੀ ਮਤਿ ਤੇ ਅਡੋਲ ਹੋਏ, ਉਸ ਨਾਲ ਇੱਕ ਮਨ ਇੱਕ ਚਿੱਤ ਹੋਏ ਉਸਦੀ ਸੇਵਾ ਨਹੀਂ ਹੋ ਸਕਦੀ ਭਾਵ ਗੁਰੂ ਦੀ ਮਤਿ ਤੇ ਬਿਲਕੁਲ ਉਸੇ ਤਰ੍ਹਾਂ ਪੂਰਾ ਉਤਰਨਾ ਹੀ ਉਸ ਦੀ ਸੇਵਾ ਹੈ।**(ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ॥)** ਪ੍ਰਮਾਤਮਾ ਦਾ ਆਸਣ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਕਦੇ ਡੋਲਦਾ ਨਹੀਂ। ਉਹ ‘‘ਅਡੋਲ’’ ਹੈ ਭਾਵ ਉਹ ‘‘ਇੱਕ ਸੋਚ’’ ਵਾਲਾ ਹੈ, ਉੱਥੇ ਦੁਚਿੱਤੀ ਨਹੀਂ ਹੈ। ਉਹ ਜੋ ਕਹਿੰਦਾ ਹੈ, ਉਹ ਉਸੇ ਤਰ੍ਹਾਂ ਸੱਚ ਹੈ ਜਿਵੇਂ ਕਿ ਉਸਦੀ ਬਾਣੀ ਹੈ। ਗੁਰਬਾਣੀ ਉਸਦਾ ਅਡੋਲ ਸਿੰਘਾਸਨ ਹੈ, **“ਅਬਿਚਲ”** ਸਿੰਘਾਸਨ ਹੈ ਭਾਵ ਨਾ ਡੋਲਣ ਵਾਲਾ ਸਿੰਘਾਸਨ ਹੈ ਭਾਵ ਗੁਰਬਾਣੀ ਦੀ ਦੱਸੀ ਹੋਈ ਗੱਲ ਕਦੇ ਡੋਲ ਨਹੀਂ ਸਕਦੀ, ਕਦੇ ਬਦਲ ਨਹੀਂ ਸਕਦੀ ਕਿਉਂਕਿ ਉਹ ਬਿਲਕੁਲ ਸੱਚ ਹੈ। ਪ੍ਰਮਾਤਮਾ ਦਾ ਸਿੰਘਾਸਨ ਸਾਡੇ ਸਰੀਰ ਦੇ ਵਿੱਚ ਹੀ ਹੈ, ਇਸ ਸਰੀਰ ਰੂਪੀ ਨਗਰ ਵਿੱਚ ਹੀ ਹੈ ਜਿੱਥੇ ਪ੍ਰਮਾਤਮਾ ਦੇ ਨਾਲ ਮਿਲਿਆ ਜਾ ਸਕਦਾ ਹੈ, ਜਿੱਥੇ ਸ਼ਾਹ ਤੇ ਵਪਾਰੀ ਇੱਕ ਜਗ੍ਹਾ ਰਲ ਕੇ ਬੈਠ ਸਕਦੇ ਹਨ ਭਾਵ ਜੋ ਮਨੁੱਖ ਗੁਰੂ ਦੀ ਮਤਿ ਤੇ ਅਡੋਲ ਹੋ ਜਾਂਦਾ ਹੈ, ਜਿਸ ਦੇ ਅੰਦਰ ਉਹ ਆਪਣਾ ਨਾਮ ਦ੍ਰਿੜ ਕਰ ਦਿੰਦਾ ਹੈ, ਜਿਸ ਨੂੰ ਉਹ ਆਪਣੀ ਮਤਿ ਤੇ ਅਡੋਲ ਕਰ ਲੈਂਦਾ ਹੈ ਭਾਵ ਜਿਸ ਦੀ ਮਤਿ ਨੂੰ ਉਹ ‘‘ਅਬਿਚਲ’’ ਬਣਾ ਲੈਂਦਾ ਹੈ, ਉੱਥੇ ਹੀ ਆਪਣੇ ਦਰਸ਼ਨ ਦਿੰਦਾ ਹੈ। **(ਅਬਿਚਲ ਨਗਰੀ ਨਾਨਕ ਦੇਵ॥)। “ਦੇਵ”** ਤੋਂ ਭਾਵ ਹੈ ਆਪ ਪ੍ਰਮਾਤਮਾ। ਹੇਠ ਦਿੱਤੀਆਂ ਪੰਗਤੀਆਂ ਤੋਂ ਭਾਵ ਵੀ ਪ੍ਰਮਾਤਮਾ ਦੇ ਨਾਲ ਹੀ ਹੈ।

{ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ॥

ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ॥}

(ਅੰਗ ੭੮੩)

{ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ॥}

(ਅੰਗ ੭੮੩)

{ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ॥੪॥੬॥੯॥}

(ਅੰਗ ੭੮੩)

ਪੂਰੇ ਸ਼ਬਦ ਦੀਆਂ ਇਹਨਾਂ ਕੁੱਝ ਪੰਗਤੀਆਂ ਨੂੰ ਵਿਚਾਰਨ ਦੇ ਨਾਲ ਹੀ ਇਹ ਸਮਝ ਲੱਗ ਜਾਵੇਗੀ ਕਿ ਪੂਰੇ ਸ਼ਬਦ ਤੋਂ ਭਾਵ ਕੀ ਹੈ। ਪੂਰੇ ਸ਼ਬਦ ਵਿੱਚ ਪ੍ਰਮਾਤਮਾ ਦਾ ਮਨੁੱਖ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜੋ ਕਿ ਉਸਦੀ ਆਪਣੀ ਕਿਰਪਾ ਦੁਆਰਾ ਹੁੰਦਾ ਹੈ। **"ਸੁਖੁ"** ਤੋਂ ਭਾਵ ਹੈ "ਸੁਖੁ" ਦਾ ਮਾਲਕ ਆਪ ਪ੍ਰਮਾਤਮਾ ਜਿਸ ਦੀ ਪ੍ਰਾਪਤੀ ਨਾਮ ਜਪਣ ਦੁਆਰਾ ਹੁੰਦੀ ਹੈ, ਨਾਮ ਦੀ ਵਣਜ ਕਰਨ ਦੁਆਰਾ ਹੁੰਦੀ ਹੈ, ਨਾਮ ਦੀ ਖੇਤੀ ਕਰਨ ਦੁਆਰਾ ਹੁੰਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੁੰਦੀ ਹੈ। ਉਸਦੀ ਕਿਰਪਾ ਦੇ ਨਾਲ ਮਨੁੱਖ ਅਡੋਲ ਅਵੱਸਥਾ ਵਿੱਚ ਆ ਜਾਂਦਾ ਹੈ, ਉਸਦਾ ਪੰਚ ਬਣ ਜਾਂਦਾ ਹੈ, ਪ੍ਰਮਾਤਮਾ ਦੇ ਨਾਲ ਇੱਕ ਮਨ ਇੱਕ ਚਿੱਤ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਉਸ ਨੂੰ ਆਪਣੇ ਨਾਲ ਮੇਲ ਲੈਂਦਾ ਹੈ। **"ਗੋਬਿੰਦ"** ਤੋਂ ਭਾਵ ਹੈ ਪ੍ਰਮਾਤਮਾ। **"ਗੋਬਿੰਦ ਗੁਰੂ"** ਤੋਂ ਭਾਵ ਹੈ ਪ੍ਰਮਾਤਮਾ ਜੋ ਕਿ ਆਪ ਹੀ ਗੁਰੂ ਹੈ। ਇਹ ਗੱਲ ਅਸੀਂ ਪਿੱਛੇ ਵੀ ਹੇਠ ਦਿੱਤੀ ਪੰਗਤੀ ਦੁਆਰਾ ਜਾਣ ਚੁੱਕੇ ਹਾਂ।

{ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ॥੫੬॥}

(ਅੰਗ ੧੪੨੯)

{ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੩)

ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੀ ਸਾਡੇ ਮਨ ਦੀ ਸਭ ਤੋਂ ਵੱਡੀ ਇੱਛਾ ਹੈ, ਮਨੁੱਖ ਲਈ ਸਭ ਤੋਂ ਵੱਡਾ ਫ਼ਲ ਹੈ ਤੇ ਸਾਡੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਆਪ ਹੀ ਵਸਾ ਸਕਦਾ ਹੈ, ਆਪਣੇ ਦਰਸ਼ਨ ਆਪ ਹੀ ਦੇ ਸਕਦਾ ਹੈ।

(ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ॥)

ਘਰ, ਮੰਦਰ, ਹਟਨਾਲੇ, ਇਹ ਸਭ ਕੁੱਝ ਪ੍ਰਮਾਤਮਾ ਦੇ ਆਪਣੇ ਬਣਾਏ ਹੋਏ ਰੂਪ ਹਨ ਤੇ ਸਭ ਵਿੱਚ, ਹਰ ਸਰਗੁਣ ਸਰੂਪ

ਵਿੱਚ ਪ੍ਰਮਾਤਮਾ ਆਪ ਹੀ ਵੱਸਿਆ ਹੋਇਆ ਹੈ। "ਨਾਮ" ਭਾਵ ਬ੍ਰਹਮ ਗਿਆਨ ਪ੍ਰਮਾਤਮਾ ਦਾ ਨਿਰਗੁਣ ਸਰੂਪ ਹੈ ਜੋ ਕਿ ਹਰ ਸਰਗੁਣ ਸਰੂਪ ਦੇ ਬਣਾਉਣ ਵਾਲਾ ਹੈ ਅਤੇ ਉਸ ਨੂੰ ਚਲਾਉਣ ਵਾਲਾ ਹੈ। ਸਭ ਵਿੱਚ ਆਪਣੇ ਗਿਆਨ ਰੂਪ ਵਿੱਚ ਉਸਦਾ ਆਪਣਾ ਹੀ ਨਿਵਾਸ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੈ ਪਰ ਇਸ ਗੱਲ ਦੀ ਸਮਝ ਤਾਂ ਹੀ ਪੈਂਦੀ ਹੈ ਜਦੋਂ ਉਸ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ। ਹਰ ਵਸਤੂ ਵਿੱਚ ਉਹ ਆਪ ਹੀ ਸੋਹ ਰਿਹਾ ਹੈ ਭਾਵ ਹਰ ਵਸਤੂ ਦੀ ਸ਼ੋਭਾ ਪ੍ਰਮਾਤਮਾ ਦੀ ਬਖਸ਼ਿਸ਼ ਦੁਆਰਾ ਹੀ ਹੈ।

(ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ॥)

ਸ਼ਬਦ ਦੇ ਪਹਿਲੇ ਪਦੇ ਵਿੱਚ ਮਨ ਦੀ ਇੱਛਾ ਦੀ ਪੂਰਤੀ ਪ੍ਰਮਾਤਮਾ ਦੇ ਮੇਲ ਵਜੋਂ ਸਮਝਾਈ ਹੋਈ ਹੈ ਤੇ ਉਹੀ ਗੱਲ ਸ਼ਬਦ ਦੀ ਆਖਰੀ ਪੰਗਤੀ ਵਿੱਚ ਸਪੱਸ਼ਟ ਕੀਤੀ ਹੋਈ ਹੈ ਕਿ ਇਹ ਇੱਛਾ ਦੀ ਪੂਰਤੀ ਕੀ ਹੈ।

ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ॥੪॥੬॥੯॥

ਸਾਡੀ ਸਭ ਤੋਂ ਵੱਡੀ ਇੱਛਾ ਦੀ ਪੂਰਤੀ, ਉਸਨੂੰ ਜਪਣ ਦੇ ਫ਼ਲ ਦੀ ਪੂਰਤੀ ਉਸ ਗੁਰੂ ਪ੍ਰਮਾਤਮਾ ਨੂੰ ਪਾਉਣ ਦੀ ਹੈ ਜੋ ਕਿ ਉਸਦੀ ਆਪਣੀ ਕਿਰਪਾ ਦੁਆਰਾ ਹੀ ਪੂਰੀ ਹੋ ਸਕਦੀ ਹੈ।

ਸ਼ਬਦ ਦੀ ਪਹਿਲੀ ਪੰਗਤੀ ਵਿੱਚ ਪ੍ਰਮਾਤਮਾ ਨੂੰ **"ਗੋਬਿੰਦ ਗੁਰੂ"** ਕਹਿ ਕੇ ਸੰਬੋਧਨ ਕੀਤਾ ਹੈ ਤੇ ਆਖਰੀ ਪੰਗਤੀ ਵਿੱਚ **"ਗੁਰ ਪਰਮੇਸਰੁ"** ਕਹਿ ਕੇ ਸੰਬੋਧਨ ਕੀਤਾ ਹੈ ਭਾਵ **"ਗੋਬਿੰਦ"** ਸ਼ਬਦ ਪ੍ਰਮਾਤਮਾ ਲਈ ਵਰਤਿਆ ਗਿਆ ਹੈ ਤਾਂ ਜੋ ਅਸੀਂ ਕਿਸੇ ਭੁਲੇਖੇ ਵਿੱਚ ਨਾ ਪਈਏ। ਉਸ "ਗੋਬਿੰਦ" ਦੇ ਦਰਸ਼ਨ ਅਬਿਚਲ ਨਗਰੀ ਵਿੱਚ ਹੀ ਹੁੰਦੇ ਹਨ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੋ ਸਕਦੇ ਹਨ ਤੇ ਸਾਡੇ "ਮਨ" ਨੂੰ ਉਹ "ਅਬਿਚਲ ਨਗਰ" ਆਪ ਹੀ ਬਣਾ ਸਕਦਾ ਹੈ। ਇਸ ਮਨ ਨੂੰ ਅਬਿਚਲ ਬਣਾਉਣ ਲਈ, ਗੁਰੂ ਦੀ ਮਤਿ ਤੇ ਅਡੋਲ ਬਣਾਉਣ ਲਈ ਉਸ ਨੇ ਆਪ **"ਅਬਿਚਲ ਨੀਵ"** ਰੱਖੀ ਹੈ ਭਾਵ ਗੁਰਬਾਣੀ ਦੀ ਰਚਨਾ ਕੀਤੀ ਹੈ ਜਿਸ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਅਸੀਂ ਅਬਿਚਲ ਮਨ ਬਣ ਸਕਦੇ ਹਾਂ ਜੋ ਕਿ ਇਸ ਪੰਗਤੀ ਦੁਆਰਾ ਸ਼ਪੱਸ਼ਟ ਹੈ।

"ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ॥੩॥
ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ॥"

(ਅੰਗ ੭੮੩)

ਗੁਰੂ ਦੀ ਬਾਣੀ ਅਬਿਚਲ ਹੈ ਭਾਵ ਗੁਰਬਾਣੀ ਦਾ ਗਿਆਨ,

8/809

ਗੁਰੂ ਦੀ ਮਤਿ ਅਬਿਚਲ ਹੈ, ਅਡੋਲ ਹੈ, ਅਟੱਲ ਹੈ ਜੋ ਕਦੇ ਬਦਲ ਨਹੀਂ ਸਕਦੀ ਭਾਵ ਉਸਦਾ ਕਹਿਆ ਸੱਚ ਹੈ ਜੋ ਕਦੇ ਟਲ ਨਹੀਂ ਸਕਦਾ।

{ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥}

(ਅੰਗ ੫੪੮)

ਗੁਰੂ ਦੀ ਮਤਿ ਤੇ ਅਚਲ ਹੋਏ ਬਿਨ੍ਹਾਂ, ਅਡੋਲ ਹੋਏ ਬਿਨ੍ਹਾਂ ਭਾਵ ਉਸਦਾ ਪੰਚ ਬਣਨ ਦਾ ਉੱਦਮ ਕੀਤੇ ਬਿਨ੍ਹਾਂ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ ਤੇ ਉਸ ਦੇ ਦਰਸ਼ਨਾਂ ਦੇ ਬਿਨ੍ਹਾਂ ਉਸ ਦੀ ਮਤਿ ਤੇ ਅਚਲ ਹੋਣਾ ਵੀ ਨਾਮੁਮਕਿਨ ਹੈ ਭਾਵ ਉਹ ਆਪਣਾ ਪੰਚ ਮਨੁੱਖ ਨੂੰ ਆਪ ਹੀ ਬਣਾ ਸਕਦਾ ਹੈ। ਸਭ ਕੁਝ ਉਸਦੀ ਆਪਣੀ ਕਿਰਪਾ ਤੇ ਨਿਰਭਰ ਹੈ। ਜਿਸ ਨੇ ਆਪ ਹੀ ਅਬਿਚਲ ਰੂਪ ਗੁਰਬਾਣੀ ਦੀ ਰਚਨਾ ਕਰਵਾਈ ਹੈ, ਵੱਖਰੇ-ਵੱਖਰੇ ਸਰੀਰਾਂ ਰਾਹੀਂ ਪਰਗਟ ਹੋ ਕੇ ਗੁਰਬਾਣੀ ਰੂਪ ਗ੍ਰੰਥ ਦੀ ਨੀਂਵ ਰਖਾਈ ਹੈ ਜਿਸ ਦੀ ਮਤਿ ਅਟੱਲ ਹੈ ਭਾਵ ਇਸ ਵਿੱਚ ਪੂਰਨ ਸੱਚ ਹੈ ਜੋ ਸੱਚ ਕਦੇ ਡੋਲ ਨਹੀਂ ਸਕਦਾ। (**ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ॥੩॥**)

"ਅਬਿਚਲ ਨੀਵ" ਰੂਪ ਗੁਰਬਾਣੀ ਤੋਂ ਸਾਨੂੰ ਕੀ ਮਿਲਦਾ ਹੈ, ਇਸਦਾ ਮਨੋਰਥ ਕੀ ਹੈ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਹੈ।

"ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ॥"

ਗੁਰਬਾਣੀ ਸਾਨੂੰ ਗਿਆਨ ਦੇਣ ਲਈ ਹੀ ਉਚਾਰੀ ਗਈ ਹੈ ਤਾਂ ਜੋ ਅਸੀਂ ਉਸ ਤੇ ਅਮਲ ਕਰਕੇ ਉਸ ਤੋਂ ਲਾਭ ਲੈ ਸਕੀਏ ਭਾਵ ਪ੍ਰਮਾਤਮਾ ਨਾਲ ਮਿਲ ਸਕੀਏ। ਜਦ ਤੱਕ ਅਸੀਂ ਗੁਰੂ ਦੇ ਗਿਆਨ ਤੇ ਪੂਰੇ ਨਹੀਂ ਉਤਰਦੇ, ਜਦ ਤੱਕ ਸਾਡਾ ਧਿਆਨ ਗੁਰੂ ਦੇ ਗਿਆਨ ਵਾਲਾ ਨਹੀਂ ਬਣਦਾ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਭਾਵ ਗੁਰੂ ਦੀ ਗੱਲ ਨੂੰ ਪੂਰੀ ਤਰ੍ਹਾਂ ਆਪਣੇ ਧਿਆਨ ਵਿੱਚ ਲਿਆ ਕੇ ਹੀ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। **(ਗਿਆਨ ਧਿਆਨ ਪੂਰਨ ਪਰਮੇਸਰ॥)** ਇਸ ਪੰਗਤੀ ਰਾਹੀਂ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਗਿਆਨ ਧਿਆਨ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ। ਪ੍ਰਮਾਤਮਾ ਗਿਆਨ ਰੂਪ ਹੈ ਇਸ ਗੱਲ ਨੂੰ ਅਸੀਂ ਪਿੱਛੇ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ ੧੨੦)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥}

(ਅੰਗ ੭੯੮)

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ ੬੦੦)

{ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥
ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥}

(ਅੰਗ ੧੦੮)

{ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥}

(ਅੰਗ ੭੮੩)

ਗੁਰਬਾਣੀ ਮਨ ਦੇ "ਗਿਆਨ ਧਿਆਨ" ਰਾਹੀਂ ਹੀ ਆਈ ਹੈ ਭਾਵ ਪ੍ਰਮਾਤਮਾ ਦੇ ਕੋਲੋਂ ਹੀ ਆਈ ਹੈ। "ਗਿਆਨ ਧਿਆਨ" ਚੌਥੇ ਪਦ ਦਾ ਗਿਆਨ ਹੈ ਜਿਸ ਵਿੱਚ ਆਪ ਪ੍ਰਮਾਤਮਾ ਹੈ। ਜਦੋਂ ਸਾਡੇ ਮਨ ਦੇ ਧਿਆਨ ਨੂੰ ਪ੍ਰਮਾਤਮਾ ਆਪਣੇ ਗਿਆਨ ਨਾਲ ਜੋੜ ਲੈਂਦਾ ਹੈ, ਚੌਥੇ ਪਦ ਦੇ ਗਿਆਨ ਨਾਲ ਜੋੜ ਲੈਂਦਾ ਹੈ, ਉਸ ਅਵੱਸਥਾ ਦੁਆਰਾ ਹੀ ਉਹ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥}

(ਅੰਗ - ੧੨੪੩)

"ਹਰਿ ਹਰਿ" ਕੀ ਹੈ ਇਹ ਵੀ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ। ਹਰਿ ਹਰਿ ਗੁਰੂ ਦੀ ਵਿਚਾਰ ਹੈ, ਗੁਰੂ ਦੀ ਮਤਿ ਹੈ, ਗੁਰੂ ਦੀ ਕਥਾ ਹੈ, ਗੁਰੂ ਦਾ ਉਪਦੇਸ਼ ਹੈ ਜਿਸ ਨੂੰ ਸੁਣਨ ਦਾ ਸਾਨੂੰ ਹੁਕਮ ਕੀਤਾ ਹੋਇਆ ਹੈ ਤਾਂ ਜੋ ਉਸ ਤੋਂ ਗਿਆਨ ਲੈ ਕੇ ਅਸੀਂ ਉਸ ਨੂੰ ਆਪਣੇ ਧਿਆਨ ਵਿੱਚ ਉਤਾਰ ਸਕੀਏ।

(ਹਰਿ ਹਰਿ ਕਥਾ ਨਿਤ ਸੁਣੀਐ ਰਾਮ॥)

ਹਰਿ ਹਰਿ ਕਥਾ ਨੂੰ ਪੜ੍ਹਨਾ, ਸੁਣਨਾ ਜਾਂ ਜਪਣਾ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀ ਪੰਗਤੀ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ।

"ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥"

(ਅੰਗ ੨੨੯)

ਉੱਪਰ ਪੰਗਤੀ ਦੁਆਰਾ ਬਹੁਤ ਸਪੱਸ਼ਟ ਕਰਕੇ ਸਮਝਾਇਆ ਹੈ ਕਿ "ਹਰਿ" ਪੜ੍ਹਨਾ ਜਾਂ ਸੁਣਨਾ "ਹਰਿ" ਦੀ ਮਤਿ ਨੂੰ ਮੰਨਣਾ ਹੈ ਜੋ ਮਤਿ ਸਾਨੂੰ ਮਨ ਦੇ ਵਿਕਾਰ ਛੱਡਣ ਲਈ ਉਪਦੇਸ਼ ਦਿੰਦੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰੀਏ। ਸਾਰੀ ਬਾਣੀ ਸਾਨੂੰ

ਹਰਿ ਹਰਿ ਕਰਨਾ ਹੀ ਸਮਝਾ ਰਹੀ ਹੈ। ਮਨ ਦੇ ਵਿਕਾਰਾਂ ਤੋਂ ਪਾਰ ਪਾਉਣਾ ਹੀ ਭਉਜਲ ਸਾਗਰ ਤੋਂ ਪਾਰ ਪਾਉਣਾ ਹੈ ਭਾਵ ਮਾਇਆ ਮੋਹ ਦੇ ਸਾਗਰ ਤੋਂ ਪਾਰ ਪਾਉਣਾ ਹੈ। (**ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥**)

{ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥}

(ਅੰਗ ੧੦੮੬)

ਗੁਰੂ ਦਾ ਗਿਆਨ ਭਾਵ ਗੁਰੂ ਦੀ ਮਤਿ ਸਾਨੂੰ ਹਰਿ ਹਰਿ ਕਰਨਾ ਹੀ ਸਿਖਾਉਂਦੀ ਹੈ ਭਾਵ ਔਗੁਣ ਛੱਡ ਕੇ ਸਾਨੂੰ ਗੁਣਾਂ ਨਾਲ ਹੀ ਜੋੜਦੀ ਹੈ ਤੇ ਜੁੜਨਾ ਅਸੀਂ ਆਪਣੇ ਧਿਆਨ ਨੂੰ ਟਿਕਾ ਕੇ ਹੀ ਹੈ। ਸਾਨੂੰ ਗੁਰੂ ਦੀ ਮਤਿ ਤੇ ਅਡੋਲ, ਅਬਿਚਲ, ਪੰਚ ਸਾਡੇ ਧਿਆਨ ਨੇ ਹੀ ਬਣਾਉਣਾ ਹੈ। ਸਾਡੇ ਧਿਆਨ ਦਾ ਟਿਕਣਾ ਇਹ ਹੀ ਹੈ ਕਿ ਅਸੀਂ ਗੁਰੂ ਦੀ ਮਤਿ ਤੇ ਟਿਕੀਏ, ਆਪਣੇ ਮਨ ਦੇ ਵਿਚਾਰਾਂ ਨੂੰ ਸੱਚ ਤੇ ਟਿਕਾਈਏ, ਗੁਣਾਂ ਤੇ ਟਿਕਾਈਏ ਤੇ ਤਾਂ ਹੀ ਗੁਰੂ ਦੀ, ਪ੍ਰਮਾਤਮਾ ਦੀ ਪੂਜਾ ਹੋ ਸਕਦੀ ਹੈ, ਉਸਦੀ ਭਗਤੀ ਹੋ ਸਕਦੀ ਹੈ ਜੋ ਕਿ ਵਿਕਾਰਾਂ ਨੂੰ ਤਿਆਗ ਕੇ ਹੀ ਹੋ ਸਕਦੀ ਹੈ।

(ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥)

8/810

ਹੁਣ ਧਿਆਨ ਨਾਲ ਵਿਚਾਰੋ ਕਿ ਜੋ ਸਥਾਨ ਖ਼ਤਮ ਹੋਣ ਵਾਲਾ ਹੈ ਭਾਵ ਜੋ ਵਸਤੂ ਨਾਸ਼ਵਾਨ ਹੈ, ਕੀ ਉਹ ਆਪ ਪ੍ਰਮਾਤਮਾ ਹੋ ਸਕਦਾ ਹੈ ਜਾਂ ਪ੍ਰਮਾਤਮਾ ਦਾ ਮਹਿਲ ਹੋ ਸਕਦਾ ਹੈ। ਕੋਈ ਸਰਗੁਣ ਸਰੂਪ ਅਬਿਚਲ ਨਹੀਂ ਹੋ ਸਕਦਾ, ਅਡੋਲ ਰਹਿਣ ਵਾਲਾ ਨਹੀਂ ਹੋ ਸਕਦਾ, ਅਟੱਲ ਰਹਿਣ ਵਾਲਾ ਨਹੀਂ ਹੋ ਸਕਦਾ ਭਾਵ ਹਰ ਵਸਤੂ ਜਿਸ ਦਾ ਆਕਾਰ ਬਣ ਜਾਂਦਾ ਹੈ, ਉਹ ਨਾਸ਼ਵਾਨ ਹੈ। ਪ੍ਰਮਾਤਮਾ ਆਕਾਰ ਰੂਪ ਨੂੰ ਬਣਾਉਣ ਵਾਲਾ, ਉਸ ਨੂੰ ਚਲਾਉਣ ਵਾਲਾ ਤੇ ਉਸ ਨੂੰ ਨਾਸ਼ ਕਰਨ ਵਾਲਾ ਹੈ। ਉਸਦਾ "**ਆਪਣਾ ਨਗਰ**" ਜੋ ਕਿ "**ਅਬਿਚਲ ਨਗਰ**" ਹੈ ਉਹ ਕੇਵਲ ਨਿਰਗੁਣ ਸਰੂਪ ਹੀ ਹੋ ਸਕਦਾ ਹੈ ਜੋ ਕਿ ਕਦੇ ਨਾਸ਼ ਨਹੀਂ ਹੋ ਸਕਦਾ। ਗੁਰੂ ਦੀ ਮਤਿ ਅਬਿਨਾਸ਼ੀ ਹੈ, ਅਟੱਲ ਹੈ, ਜੋ ਕਿ ਗਿਆਨ ਰੂਪ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਗੁਰੂ ਦੀ ਮਤਿ ਹੀ, ਉਸ ਦੇ ਬਚਨ ਹੀ ਮਨੁੱਖ ਦੇ ਮਨ ਨੂੰ ਅਡੋਲ ਬਣਾ ਸਕਦੇ ਹਨ, ਹੋਰ ਕੋਈ ਨਹੀਂ ਬਣਾ ਸਕਦਾ। ਜਦ ਤੱਕ ਗੁਰੂ ਦੇ ਬਚਨਾਂ ਨੂੰ ਅਸੀਂ ਪੱਕੀ ਤਰ੍ਹਾਂ ਆਪਣੇ ਅੰਦਰ ਬੰਨ੍ਹ ਕੇ ਨਹੀਂ ਰੱਖਦੇ ਅਸੀਂ ਅਡੋਲ ਅਵੱਸਥਾ ਵਿੱਚ ਨਹੀਂ ਆ ਸਕਦੇ , ਸਾਡਾ ਮਨ ਅਬਿਚਲ ਨਗਰ ਨਹੀਂ ਬਣ ਸਕਦਾ। ਸਾਡਾ ਸਰੀਰ ਕੇਵਲ ਉਸ ਨਿਰਗੁਣ ਸਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ ਜਿਸ ਵਿੱਚੋਂ ਗਿਆਨ ਉਪਜਦਾ ਹੈ। "**ਅਬਿਚਲ**" ਮਨ ਦੇ ਗਿਆਨ ਰੂਪ ਨੇ ਹੀ ਹੋਣਾ ਹੈ, "ਮਨ" ਨੇ ਹੀ ਹੋਣਾ ਹੈ ਤੇ ਉੱਥੇ ਹੀ ਪ੍ਰਮਾਤਮਾ ਦੇ ਦਰਸ਼ਨ ਹੋਣੇ ਹਨ। ਇਹ ਗੱਲ ਹੇਠ ਦਿੱਤੇ ਸ਼ਬਦ ਨੂੰ ਪੜ੍ਹ ਕੇ ਹੋਰ ਵੀ ਸਪੱਸ਼ਟ ਹੋ ਜਾਵੇਗੀ।

ਸਾਰਗ ਮਹਲਾ ੫॥

"ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥੧॥ਰਹਾਉ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥੩॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥੪॥੬॥"

(ਅੰਗ ੧੨੦੪)

ਉਪਰਲੇ ਸ਼ਬਦ ਦੇ ਅਰਥ ਸਮਝਣ ਤੋਂ ਪਹਿਲਾ ਸਾਡੇ ਲਈ ਇਹ ਧਿਆਨ ਵਿੱਚ ਰੱਖਣਾ ਜਰੂਰੀ ਹੈ ਕਿ **"ਸਤਿ ਨਾਮ"** ਤੋਂ

ਕੀ ਭਾਵ ਹੈ। ਇਹ ਗੱਲ ਅਸੀਂ ਪਿੱਛੇ ਵੀ ਜਾਣੀ ਹੈ ਤੇ **"ਸਤਿ ਨਾਮ"** ਦੇ ਅਰਥ ਜਪੁਜੀ ਬਾਣੀ ਦੇ ਅਰਥਾਂ ਦੁਆਰਾ ਵੀ ਸਮਝਾਏ ਹੋਏ ਹਨ। **"ਸਤਿਨਾਮ"** ਤੋਂ ਭਾਵ ਹੈ ਕਿ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ

8/811

ਹੀ ਸੱਚੀ ਹੈ, ਸਦਾ ਰਹਿਣ ਵਾਲੀ ਹੈ, ਅਟੱਲ ਹੈ, ਨਿਹਚਲ ਹੈ, ਅਬਿਚਲ ਹੈ, ਅਬਿਨਾਸੀ ਹੈ। ਨਾਮ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆਂ ਹੈ। ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਜੋ ਕਿ ਸਭ ਜਗ੍ਹਾ, ਸਭ ਵਿੱਚ ਆਪਣੇ ਨਾਮ ਦੇ ਰੂਪ ਵਿੱਚ ਵੱਸਿਆ ਹੋਇਆ ਹੈ ਜੋ ਕਿ ਉਸਦਾ "ਗਿਆਨ" ਰੂਪ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਗਿਆਨ ਰੂਪ ਹੀ ਹੈ ਜਿਸ ਦੁਆਰਾ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਹਰ ਆਕਾਰ ਰੂਪ ਨੂੰ ਆਪਣੇ ਸਾਇੰਸ ਰੂਪ ਗਿਆਨ ਨਾਲ ਚਲਾ ਰਹਿਆ ਹੈ। ਪੂਰੀ ਸ੍ਰਿਸ਼ਟੀ ਵਿੱਚ ਇੱਕੋ ਇੱਕ "ਨਾਮ" ਦਾ ਹੋਣਾ ਹੀ "ਸਤਿ" ਹੈ ਭਾਵ ਸੱਚ ਹੈ ਜੋ ਹੋਂਦ ਪ੍ਰਮਾਤਮਾ ਦੀ ਸਦਾ ਤੋਂ ਚੱਲਦੀ ਆ ਰਹੀ ਹੈ ਤੇ ਚੱਲਦੀ ਹੀ ਰਹੇਗੀ ਜੋ ਉਸਦੀ ਹੋਂਦ ਕਦੇ ਬਿਨਸ ਨਹੀਂ ਸਕਦੀ ਤੇ ਬਾਕੀ ਹਰ ਆਕਾਰ ਰੂਪ ਹੋਂਦ ਜੋ ਪ੍ਰਮਾਤਮਾ ਦੀ ਆਪਣੀ ਹੀ ਬਣਾਈ ਹੋਈ ਹੈ ਉਹ ਟਿਕਣ ਵਾਲੀ ਨਹੀਂ ਹੈ, ਹਰ ਆਕਾਰ ਰੂਪ ਬਿਨਸਨਹਾਰ ਹੈ। ਕੇਵਲ ਨਿਰਗੁਣ ਸਰੂਪ ਦੀ ਭਾਵ ਨਿਰੰਕਾਰ ਰੂਪ ਦੀ ਹੋਂਦ ਸੱਚੀ ਹੈ ਤੇ ਪ੍ਰਮਾਤਮਾ ਆਪ ਨਿਰਗੁਣ ਸਰੂਪ ਹੈ। ਹਰ ਸਰਗੁਣ ਸਰੂਪ ਦਾ ਰਚਨਵਾਲਾ ਤੇ ਉਸ ਨੂੰ ਚਲਾਉਣ ਵਾਲਾ ਨਿਰਗੁਣ ਸਰੂਪ ਹੈ, ਆਪ ਪ੍ਰਮਾਤਮਾ ਹੈ। ਬਸ ਇਸੇ ਗੱਲ ਵਿੱਚ ਹੀ ਪ੍ਰਮਾਤਮਾ ਦਾ ਭੇਦ ਛੁਪਿਆ ਹੋਇਆ ਹੈ ਜੋ ਕਿ ਗੁਰਬਾਣੀ ਤੋਂ ਇਲਾਵਾ ਪੂਰੀ ਸ੍ਰਿਸ਼ਟੀ ਵਿੱਚ ਹੋਰ ਕੋਈ ਨਹੀਂ ਜਾਣਦਾ। ਹਰ ਧਰਮ ਗ੍ਰੰਥ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੋਈ ਹੈ ਪਰ ਉਨ੍ਹਾਂ ਦੀ ਰਚਨਾ ਕਰਨ ਵਾਲਿਆਂ ਸਰੀਰਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪਰਗਟ ਨਹੀਂ ਕੀਤਾ ਜਿਸ ਕਰਕੇ ਉਹ ਆਪਣੇ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਨਹੀਂ ਜਾਣ ਸਕੇ ਤੇ ਆਪਣੇ ਆਪ ਨੂੰ ਹੀ ਧਰਮ ਦੇ ਗਿਆਨੀ ਅਖਵਾਇਆ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਨੇ ਆਪਣਾ ਆਪ ਗੁਰਬਾਣੀ ਵਿੱਚ ਹੀ ਪ੍ਰਗਟ ਕੀਤਾ ਹੈ, ਵੱਖਰੇ-ਵੱਖਰੇ ਸਰੀਰਾਂ ਰਾਹੀਂ ਪਰਗਟ ਹੋ ਕੇ ਕੀਤਾ ਹੈ ਤੇ ਆਪਣੀ ਅਸਲੀਅਤ ਦੁਨੀਆਂ ਅੱਗੇ ਰੱਖੀ ਹੈ। ਗੁਰਬਾਣੀ ਦੀ ਰਚਨਾ ਤੋਂ ਪਹਿਲਾ ਜਿੱਥੇ ਵੀ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਆਪਣੀ ਅਸਲੀਅਤ ਦੱਸੀ ਹੋਈ ਸੀ ਉਸ ਨੂੰ ਗੁਰਬਾਣੀ ਦੇ ਭੰਡਾਰ ਵਿੱਚ ਸ਼ਾਮਿਲ ਕਰ ਦਿੱਤਾ ਹੈ। ਗੁਰਬਾਣੀ ਵਿੱਚ ਹਰ ਬੋਲ ਉਸ ਦਾ ਆਪਣਾ ਬੋਲ ਹੀ ਹੈ। ਸਾਰੀ ਬਾਣੀ ਉਸਦੀ ਆਪਣੀ ਜੋਤਿ ਹੈ। ਆਓ ਹੁਣ ਸ਼ਬਦ ਦੀ ਵਿਆਖਿਆ ਦੁਆਰਾ ਇਹ ਜਾਣੀਏ ਕਿ ਪ੍ਰਮਾਤਮਾ ਦਾ ਨਿਹਚਲ ਰੂਪ, **"ਸਤਿਨਾਮ"** ਕਿਸ ਰੂਪ ਵਿੱਚ ਹੈ।

"ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥੧॥ ਰਹਾਉ॥"

"ਮਾਈ ਸਤਿ ਸਤਿ ਸਤਿ ਹਰਿ" ਇਸ ਤੋਂ ਭਾਵ ਹੈ ਕਿ ਕੇਵਲ ਤੇ ਕੇਵਲ ਇੱਕ "ਹਰਿ" ਦੀ, ਪ੍ਰਮਾਤਮਾ ਦੀ ਹੋਂਦ ਸੱਚੀ ਹੈ ਭਾਵ ਇੱਕੋ ਇੱਕ "ਹਰਿ" ਦਾ ਹੋਣਾ ਹੀ ਸਤਿ ਹੈ। **"ਸਤਿ ਸਤਿ ਸਤਿ ਸਾਧਾ॥"** ਇਸ ਤੋਂ ਭਾਵ ਹੈ, ਜਿਸ ਤਰ੍ਹਾਂ ਪ੍ਰਮਾਤਮਾ ਆਪ ਸੱਚ ਹੈ, ਜਿਸ ਰੂਪ ਵਿੱਚ ਉਸਦੀ ਆਪਣੀ ਹੋਂਦ ਸੱਚ ਹੈ, ਉਸੇ ਰੂਪ ਵਿੱਚ ਉਹ ਆਪਣੇ ਸਾਧਾਂ ਦੇ ਰੂਪ ਵਿੱਚ ਸੱਚ ਹੈ, ਗੁਰੂ ਰੂਪ ਵਿੱਚ ਸੱਚ ਹੈ, ਭਗਤ ਰੂਪ ਵਿੱਚ ਸੱਚ ਹੈ ਭਾਵ ਆਪਣੇ ਅਵਤਾਰ ਰੂਪ ਵਿੱਚ ਜਿਸ ਸਰੀਰ ਦੇ ਰਾਹੀਂ ਪਰਗਟ ਹੁੰਦਾ ਹੈ ਉਹ ਉਸਦਾ ਸੱਚ ਰੂਪ ਹੈ, ਉਸਦਾ ਆਪਣਾ ਰੂਪ ਹੈ। (**ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥**) ਆਪਣੇ ਸਾਧ ਰੂਪ ਵਿੱਚ, ਗੁਰੂ ਰੂਪ ਵਿੱਚ, ਭਗਤ ਰੂਪ ਵਿੱਚ ਉਹ ਕਿਸ ਤਰ੍ਹਾਂ ਆਪਣਾ ਸੱਚ ਪ੍ਰਗਟ ਕਰਦਾ ਹੈ, ਆਪਣੀ ਹੋਂਦ ਪ੍ਰਗਟ ਕਰਦਾ ਹੈ, ਇਹ ਨਾਲ ਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

"ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥੧॥ ਰਹਾਉ॥"

ਇਸ ਗੱਲ ਨੂੰ ਕੁੱਝ ਬਰੀਕੀ ਨਾਲ ਸਮਝਣ ਦੀ ਲੋੜ ਹੈ। ਪਹਿਲੀਆਂ ਪੰਗਤੀਆਂ

8/812

ਦਾ ਅੰਦਰੂਨੀ ਭਾਵ ਗਹਿਰਾ ਹੈ ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ ਜਿੱਥੇ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਵਿੱਚ ਤੇ ਉਸ ਦੇ ਭਗਤਾਂ ਵਿੱਚ ਜੋ ਸਭ ਸਾਧ ਰੂਪ ਹਨ, ਉਹਨਾਂ ਦਾ ਪ੍ਰਮਾਤਮਾ ਨਾਲ ਕੋਈ ਭੇਦ ਨਹੀਂ ਹੈ। ਉਹਨਾਂ ਦੇ ਮੁੱਖੋਂ ਜੋ ਵੀ ਬਚਨ ਉਚਾਰੇ ਜਾਂਦੇ ਹਨ ਉਹ ਆਪਣੇ ਪ੍ਰਮਾਤਮਾ ਦੇ ਬੋਲ ਹਨ ਭਾਵ ਉੱਥੇ ਆਪ ਪ੍ਰਮਾਤਮਾ ਪ੍ਰਗਟ ਹੋਇਆ ਹੁੰਦਾ ਹੈ ਭਾਵ ਉੱਥੇ ਆਪ ਪ੍ਰਮਾਤਮਾ ਆਪਣੇ ਚੌਥੇ ਪਦ ਦਾ ਸੱਚਾ ਗਿਆਨ ਉਚਾਰਦਾ ਹੈ। ਇਹੀ ਗੁਰਬਾਣੀ ਦਾ ਸੱਚ ਹੈ। ਇਸੇ ਲਈ ਗੁਰਬਾਣੀ ਨੂੰ ਹੀ

ਸਾਧ ਕਿਹਾ ਗਿਆ ਹੈ, ਸੰਤ ਕਿਹਾ ਗਿਆ ਹੈ, ਗੁਰੂ ਕਿਹਾ ਗਿਆ ਹੈ, ਭਗਤ ਕਿਹਾ ਗਿਆ ਹੈ, ਆਪ ਪ੍ਰਮਾਤਮਾ ਕਿਹਾ ਗਿਆ ਹੈ। ਗੁਰੂ ਕੋਲੋਂ ਗਿਆਨ ਹੀ ਮਿਲਦਾ ਹੈ ਜੋ ਕਿ ਪ੍ਰਮਾਤਮਾ ਦਾ ਸੱਚਾ ਗਿਆਨ ਹੈ। ਜੋ ਸੱਚਾ ਗਿਆਨ ਨਹੀਂ ਦੇ ਸਕਦਾ ਉਹ ਗੁਰੂ ਨਹੀਂ ਬਣ ਸਕਦਾ। ਸੱਚਾ ਗਿਆਨ ਕੇਵਲ ਸੱਚੇ ਗੁਰੂ ਦੇ ਕੋਲ ਹੈ, ਪੂਰੇ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ। ਗੁਰੂ ਆਪਣਾ ਗਿਆਨ ਆਪਣੇ ਬਚਨਾਂ ਦੇ ਰੂਪ ਵਿੱਚ ਵੰਡਦਾ ਹੈ, ਸ਼ਬਦ ਰੂਪ ਵਿੱਚ ਵੰਡਦਾ ਹੈ। ਇਸੇ ਲਈ ਗੁਰੂ "ਸ਼ਬਦ" ਨੂੰ ਕਿਹਾ ਗਿਆ ਹੈ ਨਾ ਕਿ ਦੇਹ ਨੂੰ। ਦੇਹ ਬਿਨਸਨਹਾਰ ਹੈ ਤੇ ਨਾ ਬਿਨਸਨ ਵਾਲਾ ਗੁਰੂ ਦਾ ਸ਼ਬਦ ਹੈ ਭਾਵ ਸ਼ਬਦ ਦੇ ਅੰਦਰ ਦੀ ਸੋਝੀ ਹੈ, ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਵਿੱਚ ਆਪ ਪ੍ਰਮਾਤਮਾ ਹੈ। ਸ਼ਬਦਾਂ ਦੀ ਬਨਾਵਟ ਗੁਰੂ ਨਹੀਂ ਹੈ, ਸ਼ਬਦਾਂ ਦੇ ਅੰਦਰ ਦਾ ਗਿਆਨ ਗੁਰੂ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ - ੧੨੦)

ਪ੍ਰਮਾਤਮਾ ਅੱਖਰ ਦੀ ਬਨਾਵਟ ਵਿੱਚ ਨਹੀਂ ਹੈ, ਅੱਖਰ ਰਟਣ ਵਿੱਚ ਨਹੀਂ ਹੈ, ਪ੍ਰਮਾਤਮਾ ਅੱਖਰ ਦੇ ਗਿਆਨ ਵਿੱਚ ਹੈ। ਅੱਖਰ ਨੂੰ ਜਪਣਾ ਪ੍ਰਮਾਤਮਾ ਨੂੰ ਜਪਣਾ ਨਹੀਂ ਹੈ, ਅੱਖਰ ਦੇ ਦਿੱਤੇ ਗਿਆਨ ਨੂੰ ਜਪਣਾ ਪ੍ਰਮਾਤਮਾ ਨੂੰ ਜਪਣਾ ਹੈ। ਅੱਖਰ ਦਾ ਸਰਗੁਣ ਸਰੂਪ ਭਾਵ ਅੱਖਰ ਦੀ ਬਣਾਵਟ ਬਿਨਸਨਹਾਰ ਹੈ ਪਰ ਅੱਖਰ ਦੇ ਵਿੱਚ ਦਿੱਤਾ ਹੋਇਆ ਗਿਆਨ ਸਦਾ ਰਹਿਣ ਵਾਲਾ ਹੈ ਜਿਸ ਦੀ ਹੋਂਦ ਸਦਾ ਲਈ ਹੈ। ਅੱਖਰ ਦਾ ਗਿਆਨ ਕਦੇ ਨਹੀਂ ਬਿਨਸ ਸਕਦਾ। ਗੁਰਬਾਣੀ ਦੇ ਵਿੱਚ ਅੱਖਰਾਂ ਰਾਹੀਂ ਦਿੱਤਾ ਹੋਇਆ ਗਿਆਨ, ਸ਼ਬਦਾਂ ਰਾਹੀਂ ਦਿਤਾ ਗਿਆਨ ਕਦੇ ਨਹੀਂ ਬਿਨਸ ਸਕਦਾ, ਉਹ ਸਦਾ ਲਈ ਜੁਗੋ ਜੁਗ ਅਟੱਲ ਹੈ। ਅਸੀਂ ਨਿਹਚਲ, ਅਟੱਲ ਤਾਂ ਹੀ

8/813

ਬਣ ਸਕਦੇ ਹਾਂ, ਆਪਣੀ ਮਨ ਰੂਪ ਨਗਰੀ ਨੂੰ ਅਬਿਚਲ ਤਾਂ ਹੀ ਬਣਾ ਸਕਦੇ ਹਾਂ ਜੇਕਰ ਗੁਰੂ ਦੇ ਬਚਨਾਂ ਨੂੰ, ਗੁਰੂ ਦੇ ਗਿਆਨ ਨੂੰ, ਗੁਰੂ ਦੀ ਮਤਿ ਨੂੰ ਘੁੱਟ ਕੇ ਪੱਲੇ ਬੰਨ੍ਹ ਲਵਾਂਗੇ ਭਾਵ ਗੁਰੂ ਦੀ ਮਤਿ ਤੇ ਪੂਰੀ ਤਰ੍ਹਾਂ ਅਡੋਲ ਹੋ ਜਾਵਾਂਗੇ। ਇਹੀ ਪੂਰੇ ਸ਼ਬਦ ਵਿੱਚ ਸਮਝਾਈ ਹੋਈ ਗੱਲ ਦਾ ਸਾਰ ਹੈ ਜੋ ਕਿ ਰਹਾਉ ਵਾਲੀ ਪੰਗਤੀ ਹੈ।

(ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥੧॥ ਰਹਾਉ॥)

ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ, ਪ੍ਰਮਾਤਮਾ ਆਪ ਹੀ ਸਾਧ ਰੂਪ ਹੈ, ਗੁਰੂ ਰੂਪ ਹੈ। ਇਸੇ ਲਈ ਕੇਵਲ ਪ੍ਰਮਾਤਮਾ ਹੀ ਅਟੱਲ ਰੂਪ ਹੈ, ਨਿਹਚਲ ਰੂਪ ਹੈ ਜੋ ਆਪ ਹੀ ਗਿਆਨ ਦਾ ਮਾਲਕ ਹੈ ਤੇ ਸਭ ਕੁੱਝ ਆਪ ਹੀ ਹੈ। ਉਸਦਾ ਅਟੱਲ ਰੂਪ, ਨਿਹਚਲ ਰੂਪ ਕੀ ਹੈ ਇਸ ਦੀ ਸੋਝੀ ਅੱਗੇ ਸਾਰੇ ਸ਼ਬਦ ਰਾਹੀਂ ਪਾਈ ਹੋਈ ਹੈ ਜੋ ਕਿ ਸੰਖੇਪ ਵਿੱਚ ਦਿੱਤੀਆਂ ਹੇਠਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥੧॥"
"ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥੩॥"

ਪੂਰੀ ਗੁਰਬਾਣੀ ਆਪ ਪ੍ਰਮਾਤਮਾ ਹੈ ਤੇ ਉਸ ਵਿੱਚ ਪ੍ਰਮਾਤਮਾ ਆਪ ਗਿਆਨ ਰੂਪ ਵਿੱਚ ਹੈ, ਆਪਣੇ ਸ਼ਬਦ ਰੂਪ ਵਿੱਚ ਹੈ, ਨਾਮ ਰੂਪ ਵਿੱਚ ਹੈ। ਪ੍ਰਮਾਤਮਾ ਦੀ ਆਪਣੀ ਹੋਂਦ ਗਿਆਨ ਰੂਪ ਵਿੱਚ ਹੈ। ਨਾ ਬਿਨਸਨ ਵਾਲਾ ਉਸਦਾ ਗਿਆਨ ਹੈ, ਉਸਦੀ ਮਤਿ ਹੈ, ਉਸਦੇ ਬਚਨ ਹਨ ਜੋ ਕਿ ਗਿਆਨ ਰੂਪ ਹਨ। ਪ੍ਰਮਾਤਮਾ ਦੇ ਨਾਲ ਮਿਲਣ ਲਈ ਉਸਦਾ ਦਿੱਤਾ ਹੋਇਆ ਨਿਰਗੁਣ ਰੂਪ ਗਿਆਨ ਹੀ ਉਸਦੇ ਨਿਰਗੁਣ ਰੂਪ ਨਾਲ ਭਾਵ ਉਸਦੇ ਨਿਰੰਕਾਰ ਰੂਪ ਨਾਲ ਸਾਨੂੰ ਮੇਲ ਸਕਦਾ ਹੈ। ਉਸਦੇ ਗਿਆਨ ਤੇ ਅਟੱਲ ਹੋਏ ਬਿਨ੍ਹਾਂ, ਉਸਦੇ ਬਚਨਾਂ ਤੇ ਅਟੱਲ ਹੋਏ ਬਿਨ੍ਹਾਂ ਅਸੀਂ ਉਸ ਨਾਲ ਕਦੇ ਨਹੀਂ ਮਿਲ ਸਕਦੇ। ਅਡੋਲਤਾ ਸਾਡੇ ਮਨ ਦੀ ਅਵੱਸਥਾ ਹੈ, ਗਿਆਨ ਦੀ ਅਵੱਸਥਾ ਹੈ, ਸਹਜ ਗਿਆਨ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਭਾਵ ਨਾਮ ਦੀ ਸਮਝ ਵਾਲੀ ਅਵੱਸਥਾ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਉਹ ਗਿਆਨ ਰੂਪ ਵਿੱਚ ਅਡੋਲ ਹੈ ਤੇ ਉਸ ਦੇ ਨਾਲ ਮਿਲਣ ਲਈ ਉਸਦੇ ਗਿਆਨ ਦੇ ਨਾਲ ਇੱਕ ਮਿਕ ਹੋ ਕੇ ਹੀ ਮਿਲਿਆ ਜਾ ਸਕਦਾ ਹੈ, ਇੱਕ ਮਨ ਇੱਕ ਚਿਤ ਹੋ ਕੇ ਹੀ ਮਿਲਿਆ ਜਾ ਸਕਦਾ ਹੈ। ਦੁਚਿੱਤੀ ਵਿੱਚ,

8/814

ਦੁਬਿਧਾ ਵਿੱਚ ਅਡੋਲਤਾ ਨਹੀਂ ਹੈ। ਇਹ ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ਼ ਦੀ ਅਵੱਸਥਾ ਹੈ। ਜਦ ਤੱਕ ਸਾਡਾ ਮਨ ਗੁਰੂ ਦੀ ਗੱਲ ਤੋਂ ਇਲਾਵਾ ਕਿਸੇ ਵੀ ਹੋਰ ਦੀ ਗੱਲ ਮੰਨਦਾ ਹੈ ਜੋ ਗੁਰਮਤਿ ਤੇ ਪੂਰੀ ਨਹੀਂ ਉਤਰਦੀ ਤਾਂ ਇਹ ਸਾਡੀ ਦੁਚਿੱਤੀ ਹੈ, ਗੁਰੂ ਦੇ ਨਾਲ ਬੇਵਿਸ਼ਵਾਸੀ ਹੈ। ਗੁਰੂ ਦੀ ਗੱਲ ਤੇ, ਗੁਰੂ ਦੇ ਬਚਨਾਂ ਤੇ ਪੂਰਾ ਉਤਰਨਾ ਹੀ ਮਨ ਦੀ ਅਡੋਲਤਾ ਹੈ, ਗੁਰੂ ਤੇ ਅਟੱਲ ਵਿਸ਼ਵਾਸ ਹੈ। ਗੁਰੂ ਦੇ ਬਚਨਾਂ ਤੇ ਪੱਕੇ ਹੋਏ ਬਿਨ੍ਹਾਂ ਪ੍ਰਮਾਤਮਾ ਨੂੰ ਹੋਰ ਕਿਸੇ ਵੀ ਤਰੀਕੇ ਦੁਆਰਾ ਨਹੀਂ ਪਾਇਆ ਜਾ ਸਕਦਾ। ਗੁਰੂ ਦੇ ਬਚਨਾਂ ਦੇ ਨਾਲ ਮੇਲ ਹੀ ਗੁਰੂ ਦੇ ਨਾਲ ਮਿਲਣਾ ਹੈ। ਆਪ ਗੁਰੂ ਨਿਰਗੁਣ ਰੂਪ ਹੈ ਤੇ ਉਸ ਦੇ ਨਾਲ ਮੇਲ ਵੀ ਨਿਰਗੁਣ ਰੂਪ ਵਿੱਚ ਹੀ ਹੈ, ਗਿਆਨ ਰੂਪ ਵਿੱਚ ਹੀ ਹੈ।

(ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥੪॥੬॥)

ਗੁਰੂ ਦੇ ਬਚਨ ਕਦੇ ਬਿਨਸ ਨਹੀਂ ਸਕਦੇ ਉਹ ਆਪਣੀ ਗੱਲ ਤੇ ਪੂਰਾ ਉਤਰਦਾ ਹੈ। ਜੋ ਕੁਝ ਉਹ ਕਹਿੰਦਾ ਹੈ ਉਹ ਪੂਰਾ ਕਰਕੇ ਦਿਖਾਉਂਦਾ ਹੈ। ਉਹ ਜਿਸ ਤਰੀਕੇ ਨਾਲ ਮਿਲਦਾ ਹੈ ਉਹ ਤਰੀਕਾ ਕਦੇ ਬਦਲ ਨਹੀਂ ਸਕਦਾ। ਉਸ ਨੂੰ ਮਿਲਣ ਦਾ ਤਰੀਕਾ ਕੇਵਲ ਉਸਦੇ ਬਚਨਾਂ ਨੂੰ ਪੂਰੀ ਤਰ੍ਹਾਂ ਆਪਣੇ ਪੱਲੇ ਬੰਨ੍ਹ ਕੇ ਰੱਖਣਾ ਹੈ, ਗੁਰੂ ਦੀ ਮਤਿ ਨੂੰ ਸਦਾ ਯਾਦ ਰੱਖਣਾ ਹੈ ਤਾਂ ਜੋ ਸਾਡੇ ਕੋਲੋਂ ਕੋਈ ਮਾੜਾ ਕਰਮ ਨਾ ਹੋ ਸਕੇ। ਝੂਠ ਬੋਲਣ ਤੋਂ ਪਹਿਲਾ ਸਾਨੂੰ ਗੁਰੂ ਦੀ ਮਤਿ ਯਾਦ ਆ ਜਾਵੇ। ਕਿਸੇ ਦਾ ਮਾੜਾ ਕਰਨ ਤੋਂ ਪਹਿਲਾਂ, ਕਿਸੇ ਦਾ ਹੱਕ ਮਾਰਨ ਤੋਂ ਪਹਿਲਾਂ ਸਾਨੂੰ ਗੁਰੂ ਦੇ ਬਚਨ ਯਾਦ ਆ ਜਾਣ, ਰਿਸ਼ਵਤ ਲੈਣ ਤੋਂ ਪਹਿਲਾਂ ਗੁਰੂ ਦੇ ਬਚਨ ਸਾਡੇ ਕੰਮ ਆ ਜਾਣ, ਕਿਸੇ ਪਰਾਈ ਇਸਤਰੀ ਵੱਲ ਮਾੜੀ ਨਜ਼ਰ ਨਾਲ ਦੇਖਣ ਤੋਂ ਪਹਿਲਾਂ ਸਾਨੂੰ ਗੁਰੂ ਦੀ ਮਤਿ ਯਾਦ ਆ ਜਾਵੇ, ਸਾਨੂੰ ਵਾਹਿਗੁਰੂ ਦੀ ਮਤਿ ਯਾਦ ਆ ਜਾਵੇ। ਮਾਂ ਬਾਪ ਦੀ, ਬਜੁਰਗਾਂ ਦੀ ਦੇਖ ਭਾਲ ਕਿਵੇਂ ਕਰਨੀ ਹੈ, ਸੱਸ ਨੇ ਨੂੰਹ ਦੇ ਨਾਲ ਤੇ ਨੂੰਹ ਨੇ ਸੱਸ ਦੇ ਨਾਲ ਕਿਹੋ ਜਿਹਾ ਵਿਵਹਾਰ ਕਰਨਾ ਹੈ ਇਸ ਤੋਂ ਪਹਿਲਾਂ ਸਾਨੂੰ ਵਾਹਿਗੁਰੂ ਦੀ ਮਤਿ ਚੇਤੇ ਆ ਜਾਵੇ, ਕਿਸੇ ਨੂੰ ਬੇਵਜ੍ਹਾ ਦਬਾਉਣ ਤੋਂ ਪਹਿਲਾਂ, ਮਾਰਨ ਕੁੱਟਣ ਤੋਂ ਪਹਿਲਾਂ

8/815

ਸਾਨੂੰ ਵਾਹਿਗੁਰੂ ਦਾ ਬਚਨ ਚੇਤੇ ਆ ਜਾਵੇ। ਸਾਨੂੰ ਜਿੰਦਗੀ ਦੀ ਹਰ ਵਿਚਰਨ ਵਿੱਚ ਹਰ ਵੇਲੇ, ਅੱਠੇ ਪਹਿਰ ਗੁਰੂ ਦੀ ਮਤਿ ਦੀ ਲੋੜ ਹੈ ਜਿਸਨੂੰ ਪੱਲੇ ਬੰਨ੍ਹੇ ਬਿਨ੍ਹਾਂ ਅਸੀਂ ਆਪਣਾ ਜੀਵਨ ਸੱਚਾ ਸੁੱਚਾ ਹੋ ਕੇ ਬਤੀਤ ਕਰਨ ਦੇ ਸਮਰੱਥ ਨਹੀਂ ਹੋ ਸਕਦੇ। ਸੱਚਾ ਸੁੱਚਾ ਜੀਵਨ ਅਸੀਂ ਕੇਵਲ ਸੱਚ ਦੁਆਰਾ, ਗੁਣਾਂ ਦੁਆਰਾ ਵਿਚਰ ਕੇ ਹੀ ਬਤੀਤ ਕਰ ਸਕਦੇ ਹਾਂ। ਇਹੀ ਸੱਚ ਦਾ ਵਪਾਰ ਹੈ, ਗੁਣਾਂ ਦਾ ਵਪਾਰ ਹੈ, ਨਾਮ ਦਾ ਵਪਾਰ ਹੈ, ਅੱਠੇ ਪਹਿਰ ਨਾਮ ਜਪਣਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ।

ਮੂੰਹੋਂ ਹਰ ਵੇਲੇ ਗੁਰੂ-ਗੁਰੂ ਬੋਲਣ ਵਾਲੇ ਇਸੇ ਭੁਲੇਖੇ ਵਿੱਚ ਹਨ ਕਿ ਗੁਰੂ ਨੂੰ ਉਹਨਾਂ ਨੇ ਹਰ ਵੇਲੇ ਨਾਲ ਰੱਖਿਆ ਹੋਇਆ ਹੈ ਭਾਵ ਗੁਰੂ ਨੂੰ ਆਪਣੇ ਨਾਲ ਰੱਖਣਾ ਇਹੀ ਹੈ ਕਿ ਹਰ ਵੇਲੇ ਆਪਣੇ ਮਨ ਵਿੱਚ ਗੁਰੂ-ਗੁਰੂ ਕਰੀ ਜਾਉ, ਬੋਲੀ ਜਾਉ। ਇਹੋ ਜਿਹੇ ਤਰੀਕੇ ਨਾਲ ਗੁਰੂ ਨੂੰ ਆਪਣੇ ਨਾਲ ਰੱਖਣ ਦਾ ਕੀ ਲਾਭ। ਕਿਸੇ ਦਾ ਮਾੜਾ ਵੀ ਕਰੀ ਜਾਉ ਤੇ ਮੁੱਖੋਂ ਗੁਰੂ ਵੀ ਜਪੀ ਜਾਉ। ਇਸੇ ਲਈ ਇਹੋ ਜਿਹੇ ਜਪ ਤਪ ਨੂੰ ਕੇਵਲ ਚਤੁਰਾਈ ਕਿਹਾ ਹੈ। ਜਦ ਤੱਕ ਮਨ ਮੈਲਾ ਹੈ ਮੁੱਖੋਂ ਗੁਰੂ ਗੁਰੂ ਕਰੀ ਜਾਣਾ ਕੇਵਲ ਸਾਡਾ ਵੱਡਾ ਭਰਮ ਹੈ ਹੋਰ ਕੁੱਝ ਵੀ ਨਹੀਂ। "**ਗੁਰੂ**" ਅਸਲ ਵਿੱਚ ਗੁਰੂ ਦੇ ਬਚਨ ਹਨ ਜਿੰਨ੍ਹਾਂ ਨੂੰ ਅਸੀਂ ਆਪਣੇ ਪੱਲੇ ਬੰਨ੍ਹ

ਕੇ ਰੱਖਣਾ ਹੈ। **(ਸਤਿਗੁਰ ਬਚਨ ਬਚਨ ਹੈ ਸਤਿਗੁਰ॥)** ਅੰਗ - ੧੩੦੯

(ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥੧॥ ਰਹਾਉ॥)

ਗੁਰੂ ਦੇ ਬਚਨ ਗੁਰੂ ਦੀ ਰਸਾਇਣ ਹੈ, ਗੁਰੂ ਦੀ ਸਿੱਖਿਆ ਹੈ, ਗੁਰੂ ਦੀ ਦਵਾਈ ਹੈ ਜਿਸਨੂੰ ਸਾਡੇ ਮਨ ਨੇ ਪੀਣਾ ਹੈ ਤੇ ਅਸੀਂ ਵਿਕਾਰਾਂ ਤੋਂ ਮੁਕਤ ਹੋ ਸਕਦੇ ਹਾਂ।

{ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥ ਰਾਮ ਰਸਾਇਨ ਪੀਉ ਰੇ ਦਗਰਾ॥੩॥੪॥}

(ਅੰਗ - ੪੮੫-੪੮੬)

ਗੁਰੂ ਦੀ ਮਤਿ ਨੂੰ ਨਾ ਮੰਨਣ ਲਈ ਹੀ ਸਾਨੂੰ ਦਗਰਾ ਕਹਿਆ ਹੈ, ਭਗਤੀ ਦਾ ਦਿਖਾਵਾ ਕਰਨ ਲਈ ਦਗਰਾ ਭਾਵ ਦਗੇਬਾਜ ਕਹਿਆ ਹੈ ਜੋ ਦਗਾ ਅਸੀਂ ਗੁਰੂ ਦੇ ਨਾਲ ਕਰਦੇ ਹਾਂ।

ਆਓ ਇਸੇ ਗੱਲ ਨੂੰ ਹੁਣ ਹੇਠ ਦਿੱਤੇ ਅਨੰਦ ਸਾਹਿਬ ਦੀ ਬਾਣੀ ਵਿੱਚੋਂ ਦੋ ਸ਼ਬਦਾਂ ਦੁਆਰਾ ਸਮਝੀਏ, ਜਿੱਥੇ ਸਾਨੂੰ ਬਰੀਕੀ ਨਾਲ ਸਮਝਾਇਆ ਹੋਇਆ ਹੈ ਕਿ ਗੁਰੂ ਨੂੰ ਆਪਣੇ ਨਾਲ ਰੱਖਣਾ ਕੀ ਹੈ, ਤਾਂ ਜੋ ਅਸੀਂ ਆਪਣਾ ਜਨਮ ਸਵਾਰ ਸਕੀਏ। ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗੀ ਕਿ ਗੁਰੂ-ਗੁਰੂ ਕਰਨਾ ਸਾਡੀ ਕਥਨੀ ਹੈ ਜਾਂ ਕਰਨੀ।

"ਜੀਅਹੁ ਮੈਲੇ ਬਾਹਰਹੁ ਨਿਰਮਲ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥੧੯॥

ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥"

(ਅੰਗ - ੯੧੯)

ਉੱਪਰ ਦਿੱਤੇ ਦੋਨਾਂ ਸ਼ਬਦਾਂ ਨੂੰ ਇਕੱਠਾ ਵਿਚਾਰਾਂਗੇ ਤਾਂ ਸਹੀ ਸੋਝੀ ਪੈ ਜਾਵੇਗੀ। ਸਭ ਤੋਂ ਪਹਿਲਾਂ ਸਾਨੂੰ ਨਿਰਮਲ

ਹੋਣਾ ਸਮਝਾਇਆ ਹੈ। ਨਿਰਮਲਤਾ ਕੇਵਲ ਮਨ ਦੇ ਦੁਆਰਾ ਹੋ ਸਕਦੀ ਹੈ ਤੇ ਸਾਡਾ ਬਾਹਰੀ ਦਿਖਾਵਾ ਕਿਸੇ ਕੰਮ ਨਹੀਂ। ਬਾਹਰੋਂ-ਬਾਹਰੋਂ ਅਸੀਂ ਜਿਤਨੀ ਮਰਜ਼ੀ ਭਗਤੀ ਦਿਖਾਈਏ, ਭਾਵੇਂ ਸਾਰਾ-ਸਾਰਾ ਦਿਨ ਧਰਮ ਅਸਥਾਨਾਂ ਤੇ ਬੈਠੇ ਰਹੀਏ, ਪੜ੍ਹੀ ਜਾਈਏ, ਸੁਣੀ ਜਾਈਏ, ਸਵੇਰ ਸ਼ਾਮ ਮੱਥੇ ਟੇਕੀ ਜਾਈਏ ਪਰ ਜਦ ਤੱਕ ਸਾਡੇ ਮਨ ਤੇ ਅਸਰ ਨਹੀਂ ਹੋਇਆ, ਸਾਡਾ ਮਨ ਨਿਰਮਲ ਨਹੀਂ ਹੋਇਆ, ਮਨ ਪਵਿੱਤਰ ਨਹੀਂ ਹੋਇਆ, ਮਨ ਵਿੱਚੋਂ ਝੂਠ ਨਹੀਂ ਗਿਆ, ਮਨ ਵਿੱਚੋਂ ਵਿਕਾਰ ਨਹੀਂ ਨਿਕਲੇ, ਮਨ ਵਿੱਚ ਸੱਚ ਨਹੀਂ ਵੱਸਿਆ ਤਦ ਤੱਕ ਸਾਡੀ ਬਾਹਰਲੀ ਨਿਰਮਲਤਾ, ਬਾਹਰਲਾ ਜਪ ਤਪ ਕੇਵਲ ਸਾਡੀ ਕਥਨੀ ਬਦਨੀ ਹੈ ਜੋ ਲੇਖੇ ਵਿੱਚ ਨਹੀਂ ਪੈ ਸਕਦੀ। ਇਹੋ ਜਿਹੇ ਮਨੁੱਖ ਆਪਣੀ ਇਹ ਜਿੰਦਗੀ ਜੂਏ ਵਿੱਚ ਹਾਰਨ ਦੇ ਬਰਾਬਰ ਬਤੀਤ ਕਰਕੇ ਜਾਂਦੇ ਹਨ ਭਾਵ ਉਹਨਾਂ ਦਾ ਜਪ ਤਪ ਕੇਵਲ ਇੱਕ ਭੁਲੇਖਾ ਹੈ ਕਿ ਅਸੀਂ ਇਸ ਜਨਮ ਨੂੰ ਜਿੱਤ ਲਵਾਂਗੇ। ਮਨ ਨੂੰ ਨਿਰਮਲ ਕੀਤੇ ਬਿਨ੍ਹਾਂ ਉਹ ਆਪਣੇ ਜਨਮ ਨੂੰ ਜਿੱਤ ਕੇ ਨਹੀਂ ਜਾ ਸਕਦੇ, ਉਹ ਆਪਣੀ ਜਿੰਦਗੀ ਹਾਰ ਜਾਂਦੇ ਹਨ ਭਾਵ ਮੁੜ-ਮੁੜ ਜੂਨਾਂ ਵਿੱਚ ਹੀ ਰਹਿੰਦੇ ਹਨ। **(ਜੀਅਹੁ ਮੈਲੇ ਬਾਹਰਹੁ ਨਿਰਮਲ॥ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥)** ਇਸ ਜੂਏ ਵਿੱਚ ਹਾਰਨ ਦਾ ਕਾਰਨ ਸਾਡੇ ਮਨ ਦੀ ਤ੍ਰਿਸ਼ਨਾ ਹੈ, ਮਾਇਆ ਮੋਹ ਹੈ ਜੋ ਸਾਨੂੰ ਔਗੁਣ ਕਰਨ ਤੇ ਮਜ਼ਬੂਰ ਕਰਦੀ ਹੈ ਜਿਸਨੂੰ ਕਿ ਵੱਡਾ ਰੋਗ ਕਹਿ ਕੇ ਸਮਝਾਇਆ ਹੈ। ਸਾਰੀ ਦੁਨੀਆਂ ਲਈ ਇਹੀ ਰੋਗ ਹੈ ਜਿਸ ਕਰਕੇ ਹਰ ਕੋਈ ਆਪਣਾ ਜਨਮ ਹਾਰ ਕੇ ਜਾਂਦਾ ਹੈ। ਮਨੁੱਖ ਦੇ ਇਹ ਔਗੁਣ ਹੀ ਗੁਰੂ ਦੀ ਮਤਿ ਤੇ ਚੱਲਣ ਨਹੀਂ ਦਿੰਦੇ, ਸੱਚ ਤੇ ਚੱਲਣ ਨਹੀਂ ਦਿੰਦੇ। ਸਰੀਰਕ ਜਪ ਤਪ ਕਰਨੇ ਵੀ ਸੱਚ ਦੇ ਉਲਟ ਚੱਲਣ ਵਾਲੀ ਗੱਲ ਹੈ, ਗੁਰੂ ਦੀ ਮਤਿ ਤੋਂ ਉਲਟ ਚੱਲਣ ਵਾਲੀ ਗੱਲ ਹੈ ਕਿਉਂਕਿ ਇਹ ਭਗਤੀ ਨਹੀਂ, ਦਿਖਾਵਾ ਹੈ। ਤ੍ਰਿਸ਼ਨਾ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਤ੍ਰੈਗੁਣੀ ਅਵੱਸਥਾ

ਹੈ ਜਿਸ ਕਰਕੇ ਸਾਨੂੰ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ।

"ਮਰਣ" ਗੁਰੂ ਦੀ ਮਤਿ ਤੇ ਮਰਨਾ ਹੈ, ਗੁਰੂ ਦੇ ਸ਼ਬਦ ਦੁਆਰਾ ਮਰਨਾ ਹੈ ਜੋ ਮਰਨਾ ਆਪਣੀ ਮਤਿ ਛੱਡਣ ਦੁਆਰਾ ਹੀ ਹੋ ਸਕਦਾ ਹੈ। ਗੁਰੂ ਦੇ ਸ਼ਬਦ ਦੀ ਵਿਚਾਰ ਹੈ, ਗੁਰੂ ਦੇ ਬਚਨ ਹਨ ਜਿਸਨੂੰ ਕਿ ਮਨੁੱਖ ਵਿਸਾਰੀ ਰੱਖਦਾ ਹੈ ਭਾਵ ਜਦ ਤੱਕ ਮਨੁੱਖ ਮਾੜੇ ਕਰਮ ਕਰਦਾ ਹੈ ਉਸਨੂੰ ਮਰਨ ਵਿਸਰਿਆ ਹੁੰਦਾ ਹੈ, ਨਾਮ ਵਿਸਰਿਆ ਹੁੰਦਾ ਹੈ ਭਾਵ ਸ਼ਬਦ ਦੀ ਵਿਚਾਰ ਵਿਸਰੀ ਹੁੰਦੀ ਹੈ। **(ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥)** ਅਸੀਂ ਵੇਦ ਆਦਿਕ ਪੜ੍ਹ ਕੇ, ਧਰਮ ਗ੍ਰੰਥ ਆਦਿ ਪੜ੍ਹ ਕੇ ਉਸਦੇ ਵਿੱਚੋਂ ਲੈਣ ਵਾਲੀ ਮਤਿ ਨੂੰ ਨਹੀਂ ਲੈਂਦੇ, ਅਸਲੀਅਤ ਨੂੰ ਨਹੀਂ ਬੁੱਝਦੇ, ਸਮਝਦੇ, ਸੱਚ ਦੇ ਮਾਰਗ ਤੇ, ਨਾਮ ਦੇ ਮਾਰਗ ਤੇ ਨਹੀਂ ਚੱਲਦੇ ਤੇ ਇਸੇ ਕਾਰਨ ਆਪਣੇ ਜੀਵਨ ਨੂੰ ਭੂਤਨਿਆਂ ਦੀ ਤਰ੍ਹਾਂ ਬਣਾ ਲੈਂਦੇ ਹਨ ਭਾਵ ਝੂਠੀ ਜਿੰਦਗੀ ਜੀਉਂਦੇ ਹਾਂ, ਮਾੜੀ ਜਿੰਦਗੀ ਜਿਉਂਦੇ ਹਾਂ। **(ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥)** ਧਰਮ ਗ੍ਰੰਥਾਂ ਵਿੱਚ, ਵੇਦਾਂ ਵਿੱਚ ਸਾਨੂੰ ਸੱਚ ਤੇ ਚੱਲਣਾ ਸਿਖਾਇਆ ਹੈ, ਚੰਗੇ ਕਰਮ ਕਰਨੇ ਸਿਖਾਏ ਹਨ ਜੋ ਕਿ ਨਾਮ ਤੇ ਚੱਲਣ ਵਾਲੀ ਮਤਿ ਹੈ ਭਾਵ ਨਾਮ ਜਪਣਾ ਸਿਖਾਇਆ ਹੈ ਜਿਸ ਨੂੰ ਨਾ ਅਪਣਾਉਣ ਕਰਕੇ, ਨਾ ਮੰਨਣ

8/817

ਕਰਕੇ ਅਸੀਂ ਮਾੜਾ ਜੀਵਨ ਜਿਉਂਦੇ ਹਾਂ, ਜਿਸ ਜੀਵਨ ਦੀ ਤੁਲਨਾ ਭੂਤਨਿਆਂ ਨਾਲ ਕੀਤੀ ਗਈ ਹੈ। **(ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥)** ਵੇਦਾਂ ਵਿੱਚ "ਨਾਮ" ਕਿਸ ਨੂੰ ਕਿਹਾ ਗਿਆ ਹੈ, ਬਾਣੀ ਵਿੱਚ "ਨਾਮ" ਕਿਸ ਨੂੰ ਕਿਹਾ ਹੈ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਨਾਮ ਸੱਚ ਨੂੰ ਕਿਹਾ ਹੈ ਤੇ ਸੱਚ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥੧੯॥"

"ਸੱਚ" ਉਹ ਹੈ ਜਿੱਥੇ "ਕੂੜ" ਨਹੀਂ ਹੈ ਜਿੱਥੇ "ਝੂਠ" ਨਹੀਂ ਹੈ ਭਾਵ ਉਹ ਸੱਚ ਜੋ ਮਨ ਵਿੱਚ ਵੱਸ ਕੇ ਅੰਦਰੋਂ ਕੂੜ ਦੀ ਮੈਲ ਕੱਢ ਕੇ ਮਨ ਨੂੰ ਨਿਰਮਲ ਕਰਦਾ ਹੈ, ਮਨੁੱਖ ਨੂੰ ਪਵਿੱਤਰ ਬਣਾਉਂਦਾ ਹੈ। ਸੱਚ ਕੀ ਹੈ, ਕੂੜ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਮਤਿ ਸੱਚ ਹੈ ਤੇ ਜੋ ਮਤਿ ਗੁਰੂ ਦੀ ਮਤਿ ਨਾਲ ਮੇਲ ਨਹੀਂ ਖਾਂਦੀ ਉਹ ਕੂੜ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਹੈ। ਗੁਰਮਤਿ ਵਾਲੀ ਸਮਝ ਸਾਡੇ ਮਨ ਨੂੰ ਪਵਿੱਤਰ ਬਣਾਉਂਦੀ ਹੈ ਤੇ ਮਨਮਤਿ ਵਾਲੀ ਸਮਝ ਸਾਡੇ ਮਨ ਨੂੰ ਅਪਵਿੱਤਰ ਬਣਾਉਂਦੀ ਹੈ। ਸਾਡਾ ਮਨ ਸੱਚ ਵਾਲੀ ਸਮਝ ਨਾਲ ਹੀ ਨਿਰਮਲ ਹੁੰਦਾ ਹੈ। ਬਿਨ੍ਹਾਂ "ਸੱਚ" ਨੂੰ ਅਪਣਾਏ, ਇਸ ਜਨਮ ਨੂੰ ਕੋਈ ਨਹੀਂ ਜਿੱਤ ਸਕਦਾ ਤੇ ਇਸ ਜੀਵਨ ਨੂੰ ਹਾਰਨਾ ਤੈਅ ਹੈ। ਇਸ ਸੱਚ ਨੂੰ ਅਪਣਾਉਣਾ ਕੀ ਹੈ, ਇਸ ਸੱਚ ਦੇ ਨਾਲ ਅਸੀਂ ਕੀ ਕਰਨਾ ਹੈ, ਇਸ ਮਨ ਨੂੰ ਨਿਰਮਲ ਕਰਕੇ ਅਸੀਂ ਕੀ ਕਰਨਾ ਹੈ, ਪਵਿੱਤਰ ਕਿਸ ਲਈ ਕਰਨਾ ਹੈ ਭਾਵ ਸੱਚੇ ਹੋਣ ਦਾ ਮਕਸਦ ਕੀ ਹੈ, ਇਹ ਨਾਲ ਹੀ ਅਗਲੇ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥"

ਬਾਹਰੋਂ ਨਿਰਮਲ ਉਹੀ ਮਨੁੱਖ ਹੈ ਜੋ ਅੰਦਰੋਂ ਨਿਰਮਲ ਹੈ ਤੇ ਸੱਚ ਨੇ ਸਾਨੂੰ ਅੰਦਰੋਂ ਹੀ ਨਿਰਮਲ ਕਰਨਾ ਹੈ। ਜਿੱਥੇ ਸੱਚ ਹੈ ਉੱਥੇ ਆਪ ਸਤਿਗੁਰ ਹੈ, ਉੱਥੇ ਗੁਰੂ ਦੀ ਮਤਿ ਹੈ। ਇਹ ਸੱਚ ਸਾਡੀ ਕਰਨੀ ਲਈ ਹੈ ਭਾਵ ਜਿੰਦਗੀ ਵਿੱਚ ਸੱਚ ਦੁਆਰਾ ਵਿਚਰਨ ਲਈ ਹੈ ਜੋ ਕਿ ਸਾਡੀ ਸੱਚੀ ਸੁੱਚੀ ਕਰਨੀ ਹੈ। ਸਾਡੀ ਇਹੋ ਜਿਹੀ ਕਰਨੀ ਹੀ ਗੁਰੂ ਵਾਲੀ ਕਰਨੀ ਹੈ ਭਾਵ ਗੁਰੂ ਦੀ ਮਤਿ ਤੇ ਅਮਲ ਕਰਕੇ ਹੀ ਗੁਰੂ ਵਾਲੇ ਬਣਿਆ ਜਾ ਸਕਦਾ ਹੈ। ਗੁਰੂ ਵਾਲਾ ਸਾਨੂੰ ਸਾਡੀ ਕਰਨੀ ਨੇ ਬਣਾਉਣਾ ਹੈ ਨਾ ਕਿ ਸਾਡੀ ਕਥਨੀ ਨੇ ਜਿਵੇਂ ਕਿ ਨਾਮ ਦੀ ਸੋਝੀ ਨਾ ਹੋਣ ਕਰਕੇ ਜਿਆਦਾਤਰ ਲੋਕ ਉਲਝੇ ਹੋਏ ਹਨ ਭਾਵ ਮੁੱਖੋਂ ਨਾਮ- ਨਾਮ ਬੋਲੀ ਜਾਣਾ ਸੱਚ ਨਹੀਂ ਹੈ, ਗੁਰੂ ਵਾਲੀ ਕਰਨੀ ਨਹੀਂ ਹੈ, ਬਲਕਿ ਇਸ ਦੇ ਉਲਟ ਮੁੱਖੋਂ ਸੱਚ ਬੋਲਣਾ, ਸੱਚੇ ਸੁੱਚੇ ਕਰਮ ਕਰਨਾ ਸੱਚ ਨੂੰ ਜਪਣਾ ਹੈ, ਨਾਮ ਜਪਣਾ ਹੈ, ਗੁਰੂ ਵਾਲੇ ਬਣਨਾ ਹੈ। ਬਾਣੀ ਵਿੱਚ ਝੂਠ ਬੋਲਣ ਵਾਲੇ ਨੂੰ ਗੁਰੂ ਵਾਲਾ ਹੀ ਨਹੀਂ ਕਿਹਾ, ਨਿਗੁਰਾ ਆਖਿਆ ਹੈ।

(ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥)

(ਅੰਗ ੧੦੧੩)

8/818

ਗੁਰੂ ਵਾਲੀ ਕਰਨੀ ਤਾਂ ਹੋ ਸਕਦੀ ਹੈ ਜਦੋਂ ਮਨੁੱਖ ਦੇ ਅੰਦਰ ਨਿਰੋਲ ਸੱਚ ਵੱਸ ਜਾਵੇ ਭਾਵ ਜਿੱਥੇ ਝੂਠ ਦੀ ਗੱਲ ਹੀ ਨਾ ਹੋਵੇ, ਜਿਸ ਰਸਨਾ ਨੂੰ ਝੂਠ ਪਰਸੇ ਵੀ ਨਾ, ਜਿਹੜੇ ਮਨ ਵਿੱਚ ਮਨੁੱਖ ਦੀ ਮਨਸਾ, ਮਨੁੱਖ ਦੀ ਇੱਛਾ ਕੇਵਲ ਸੱਚ ਵਿੱਚ ਸਮਾਅ ਜਾਵੇ, ਗੁਰਮਤਿ ਵਿੱਚ ਸਮਾਅ ਜਾਵੇ ਭਾਵ ਜਿੱਥੇ ਸੱਚ ਤੋਂ ਬਿਨ੍ਹਾਂ ਹੋਰ ਕੁੱਝ ਵੀ ਚੰਗਾ ਨਾ ਲੱਗੇ। **(ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥)** ਇਹੋ ਜਿਹੇ ਸੱਚ ਦੁਆਰਾ ਵਿਚਰਨਾ ਹੀ, ਸਾਡੀ ਸੱਚੀ ਸੁੱਚੀ ਕਰਨੀ ਹੀ, ਸਾਡੀ ਅਸਲ ਵਣਜ ਹੈ ਜਿਸ ਦੁਆਰਾ ਉਸ ਰਤਨ ਦੀ ਭਾਵ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ ਜਿਸ ਲਈ ਸਾਨੂੰ ਇਹ ਜਨਮ ਮਿਲਿਆ ਹੈ ਭਾਵ ਇਸ ਤਰੀਕੇ ਅਸੀਂ ਆਪਣਾ ਜਨਮ ਜਿੱਤ ਸਕਦੇ ਹਾਂ, ਸਫ਼ਲ ਕਰ ਸਕਦੇ ਹਾਂ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ, ਉਸ ਦੀ ਭਗਤੀ ਦਾ ਤਰੀਕਾ, ਉਸ ਦਾ ਨਾਮ ਜਪਣ ਦਾ ਤਰੀਕਾ, ਉਸਦੀ ਸੇਵਾ ਦਾ ਤਰੀਕਾ, ਸੱਚਾ ਸੁੱਚਾ ਜੀਵਨ ਬਤੀਤ ਕਰਨਾ ਹੀ ਹੈ ਜਿਸ ਦੁਆਰਾ ਫ਼ਲ ਦੀ ਪ੍ਰਾਪਤੀ ਹੋ ਸਕਦੀ ਹੈ।

(ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥)

ਆਓ ਹੁਣ ਆਖਰੀ ਪੰਗਤੀ ਦੁਆਰਾ ਇਹ ਸਮਝੀਏ ਕਿ ਹਰ ਵੇਲੇ ਗੁਰੂ ਦੇ ਨਾਲ ਰਹਿਣਾ ਕੀ ਹੈ ਜਾਂ ਗੁਰੂ ਨੂੰ ਆਪਣੇ ਨਾਲ ਰੱਖਣਾ ਕੀ ਹੈ। ਇਹ ਸਾਡੀ ਕਥਨੀ ਹੈ ਜਾਂ ਸਾਡੀ ਕਰਨੀ ਹੈ। ਗੁਰੂ ਉਸੇ ਦੇ ਨਾਲ ਹੈ ਜਿਸ ਦੇ ਮਨ ਵਿੱਚ ਸੱਚ ਵੱਸਿਆ ਹੋਇਆ ਹੈ, ਜਿਸ ਦੀ ਮਨਸਾ ਸੱਚੀ ਹੈ, ਜਿਸ ਦੀ ਨੀਅਤ ਸੱਚੀ ਹੈ, ਜਿਸ ਦੀ ਭਾਵਨੀ ਸੱਚੀ ਹੈ ਜੋ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੈ ਭਾਵ ਜੋ ਆਪਣੇ ਮਨ ਦੁਆਰਾ ਨਿਰਮਲ ਹੈ, ਆਪਣੀ ਕਰਨੀ ਦੁਆਰਾ ਨਿਰਮਲ ਹੈ ਨਾ ਕਿ ਆਪਣੇ ਬਾਹਰੀ ਜਪ ਤਪ ਦੁਆਰਾ, ਵਿਖਾਵੇ ਦੁਆਰਾ, ਮਨਹਠਿ ਵਾਲੀ ਕਥਨੀ ਦੁਆਰਾ ਜਿਸ ਨੂੰ ਕਿ ਬਾਣੀ ਵਿੱਚ ਵਾਰ-ਵਾਰ ਖੰਡਿਆ ਗਿਆ ਹੈ। ਮੁੱਖੋਂ ਗੁਰੂ-ਗੁਰੂ ਬੋਲੀ ਜਾਈਏ ਪਰ ਸੱਚ ਦੀ ਬਜਾਏ ਝੂਠ ਬੋਲੀ ਜਾਈਏ ਤੇ ਫਿਰ ਵੀ ਗੁਰੂ ਵਾਲੇ ਅਖਵਾਈਏ ਤੇ ਇਹ ਕਹੀਏ ਕਿ ਅਸੀਂ ਗੁਰੂ ਨੂੰ ਆਪਣੇ ਨਾਲ ਰੱਖਿਆ ਹੋਇਆ ਹੈ ਫਿਰ ਇਸ ਤੋਂ ਵੱਡਾ ਭੁਲੇਖਾ ਹੋਰ ਕੀ ਹੋ ਸਕਦਾ ਹੈ। (**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥**) ਮੁੱਖੋਂ ਅੱਖਰ-ਅੱਖਰ ਬੋਲੀ ਜਾਣਾ ਇਹ ਸੱਚ ਹੈ ਜਾਂ ਸੱਚ ਬੋਲਣਾ ਅੱਖਰ ਨੂੰ ਜਪਣਾ ਹੈ, ਆਓ ਇਸ ਗੱਲ ਨੂੰ

8/819

ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਬਰੀਕੀ ਨਾਲ ਸਮਝੀਏ। ਸੱਚ ਰੂਪ ਪ੍ਰਮਾਤਮਾ ਨੂੰ, ਨਾਮ ਰੂਪ ਪ੍ਰਮਾਤਮਾ ਨੂੰ ਜਪਣ ਲਈ, ਸੱਚ ਦੀ ਸਿਫ਼ਤ ਸਾਲਾਹ ਕਰਨ ਲਈ ਭਾਵ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਲਈ ਕੀ ਤਰੀਕਾ ਹੈ ਇਹੀ ਗੱਲ ਸਮਝਾਈ ਹੋਈ ਹੈ। ਸੱਚ ਨੂੰ ਜਪਣ ਲਈ ਝੂਠ ਨੂੰ ਛੱਡਣ ਦੀ ਲੋੜ ਹੈ ਜਾਂ ਝੂਠ ਦੇ ਰਹਿੰਦਿਆਂ ਵੀ ਸੱਚ ਨੂੰ ਜਪਿਆ ਜਾ ਸਕਦਾ ਹੈ, ਇਹ ਨਿਰਣਾ ਹੇਠ ਦਿੱਤੇ ਸ਼ਬਦ ਨੂੰ ਜਾਣਨ ਤੋਂ ਬਾਅਦ ਆਪੇ ਹੀ ਹੋ ਜਾਵੇਗਾ। ਸ਼ਬਦ ਦੇ ਅਰਥ ਤੇ ਸ਼ਬਦ ਦੇ ਨਾਲ ਦਿੱਤੀ ਹੋਈ ਪਉੜੀ ਦੇ ਅਰਥ ਬੜੀ ਸਰਲਤਾ ਦੇ ਨਾਲ ਸਮਝ ਆਉਣ ਵਾਲੇ ਹਨ ਪਰ ਫਿਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

ਮਃ ੩॥

"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ॥ ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥
ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ॥ ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ॥੨॥"

(ਅੰਗ ੬੪੬)

ਪਉੜੀ॥

"ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ॥ ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ॥
ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥ ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ॥
ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ॥੧੦॥"

(ਅੰਗ ੬੪੬)

ਨਾਮ ਜਪਣ ਦਾ ਮਨੋਰਥ ਕੀ ਹੈ ਭਾਵ ਅਸੀਂ ਨਾਮ ਕਿਸ ਲਈ ਜਪਦੇ ਹਾਂ ਇਸ ਬਾਰੇ ਕਿਸੇ ਨੂੰ ਕੋਈ ਸ਼ੰਕਾ ਨਹੀਂ ਹੈ। ਮਨੋਰਥ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਹੈ ਤਾਂ ਜੋ ਇਸ ਜੀਵਨ ਵਿੱਚ ਰਹਿੰਦੇ ਮਨ ਦੇ ਆਵਾਗਉਣ ਤੋਂ ਮੁਕਤੀ ਪਾ ਸਕੀਏ। ਸਾਡੇ ਇਸ ਮਨੋਰਥ ਦੀ ਪੂਰਤੀ ਕਿਵੇਂ ਹੋਣੀ ਹੈ ਉਹ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਇਸ ਮਨੋਰਥ ਲਈ ਗੁਰਬਾਣੀ ਹੀ ਇੱਕ ਜੋ ਆਪ ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ, ਜੋ ਸਾਨੂੰ ਉਸ ਗੁਰੂ ਪ੍ਰਮਾਤਮਾ ਨਾਲ ਮਿਲਾ ਸਕਦੀ ਹੈ। ‘‘ਗੁਰੂ’’, ਗੁਰਬਾਣੀ ਦਾ ਸ਼ਬਦ ਹੈ ਜੋ ਸਾਨੂੰ ਸੋਝੀ ਪਾਉਂਦਾ ਹੈ, ਆਪਣਾ ਗਿਆਨ ਦਿੰਦਾ ਹੈ। ਗੁਰੂ ਦੇ ਵਿੱਚ, ਗੁਰਬਾਣੀ ਦੇ ਵਿੱਚ ਤੇ ਸ਼ਬਦਾਂ ਦੀ ਵਿਚਾਰ ਦੇ ਵਿੱਚ ਕੋਈ ਭੇਦ ਨਹੀਂ ਹੈ, ਕੋਈ ਵੱਖਰਾਪਨ ਨਹੀਂ ਹੈ ਭਾਵ ਸ਼ਬਦਾਂ ਦੀ ਵਿਚਾਰ ਹੀ ਸਾਡਾ ਗੁਰੂ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਸ਼ਬਦ ਦੀ ਵਿਚਾਰ ਦੁਆਰਾ ਹੋ ਸਕਦਾ ਹੈ। **(ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥)** ਸਾਨੂੰ **“ਸੱਚਾ ਸੌਦਾ”** ਜਿਸ ਦੀ ਪ੍ਰਾਪਤੀ ਲਈ, ਜਿਸਦੀ ਵਣਜ ਲਈ ਅਸੀਂ ਆਏ ਹਾਂ ਉਸਦਾ ‘‘ਹਟੁ’’ ਬਾਣੀ ਹੈ ਭਾਵ ਇਹ ਸੌਦਾ ਸਾਨੂੰ ਗੁਰਬਾਣੀ ਦੇ ਵਿੱਚੋਂ ਮਿਲਣਾ ਹੈ, ਬਾਣੀ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਮਿਲਣਾ ਹੈ। ਇਹ ਬਾਣੀ ਜੋ ਕਿ ਆਪਣੀ ਗੁਰੂ ਦੀ, ਪ੍ਰਮਾਤਮਾ ਦੀ ਹੱਟੀ ਹੈ ਇੱਥੇ ਕੇਵਲ ਸੱਚ ਵਿਕਦਾ ਹੈ ਭਾਵ ਗੁਰੂ ਕੇਵਲ ਸੱਚ ਦਾ ਵਪਾਰ ਕਰਦਾ ਹੈ। ਇਸ ਸੱਚ ਦੇ ਵਪਾਰ ਲਈ ਗੁਰਬਾਣੀ ਦੇ ਕੋਲ, ਗੁਰੂ ਦੇ ਕੋਲ ਰਤਨਾ ਦਾ ਭੰਡਾਰ ਹੈ ਭਾਵ ਸ਼ਬਦਾਂ ਦਾ ਭੰਡਾਰ ਹੈ ਜੋ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੰਦੇ ਹਨ ਜਿਸ ਸਿੱਖਿਆ ਨੂੰ ਮੰਨ ਕੇ ਅਸੀਂ ਆਪਣੀ ਜਿੰਦਗੀ ਦੀ ਵਿਚਰਨ ਕਰਨੀ ਹੈ। **(ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥)**

8/820

ਇਸ ਹੱਟੀ ਤੋਂ ਸੌਦਾ ਲੈਣਾ ਸਾਡੇ ਆਪਣੇ ਹੱਥ ਵੱਸ ਨਹੀਂ ਹੈ। ਇਹ ਸੌਦਾ ਸੱਚ ਦਾ ਹੈ, ਗੁਰੂ ਦੀ ਮਤਿ ਦਾ ਹੈ, ਨਾਮ ਦਾ ਹੈ। ਸਾਡੇ ਅੰਦਰ ਉਹ ਆਪਣੀ ਸੱਚੀ ਮਤਿ ਆਪ ਵਸਾ ਸਕਦਾ ਹੈ, ਸ਼ਬਦਾਂ ਦੀ ਵਿਚਾਰ ਆਪ ਵਸਾ ਸਕਦਾ ਹੈ। ਸੱਚ ਨੂੰ ਕਬੂਲ ਕਰਨਾ ਬਹੁਤ ਔਖਾ ਹੈ, ਨਾਮ ਨੂੰ ਕਬੂਲ ਕਰਨਾ ਬਹੁਤ ਔਖਾ ਹੈ ਕਿਉਂਕਿ ਇਸ ਨੂੰ ਕਬੂਲ ਕਰਨ ਲਈ ਸਾਨੂੰ ਸਾਰੇ ਔਗੁਣਾਂ ਤੋਂ ਰਹਿਤ ਹੋਣਾ ਪੈਂਦਾ ਹੈ, ਝੂਠ ਵਿਕਾਰ ਛੱਡਣੇ ਪੈਂਦੇ ਹਨ, ਮਾਇਆ ਮੋਹ ਛੱਡਣਾ ਪੈਂਦਾ ਹੈ ਜਿਸ ਨੂੰ ਛੱਡਣ ਦਾ ਭੈ ਸਭ ਦੇ ਵਿੱਚ ਹੈ। ਇਸ ਭੈ ਵਿੱਚੋਂ ਪ੍ਰਮਾਤਮਾ ਸਾਨੂੰ ਆਪ ਹੀ ਕੱਢ ਸਕਦਾ ਹੈ ਭਾਵ ਸੱਚ ਨੂੰ ਕਬੂਲ ਕਰਨ ਦਾ ਭੈ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਵਸਾ ਸਕਦਾ ਹੈ ਜਿਸ ਤਰੀਕੇ ਉਹ ਆਪਣੇ ਰਤਨਾ ਦੇ ਭੰਡਾਰ ਦੇ ਵਿੱਚੋਂ ਭਾਵ ਸ਼ਬਦਾਂ ਦੇ ਵਿਚਾਰਾਂ ਦੇ ਵਿੱਚੋਂ ਆਪਣੇ ਸ਼ਬਦਾਂ ਦੀ ਸਮਝ ਉਹ ਕਿਸੇ ਦੇ ਅੰਦਰ ਵਸਾਉਂਦਾ ਹੈ ਤੇ ਕਿਸੇ ਨੂੰ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਤੇ ਉਸ ਮਾਰਗ ਤੇ ਚਲਾਉਂਦਾ ਹੈ। (**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥ ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ॥**) ਆਉ ਇਸੇ ਗੱਲ ਨੂੰ ਆਓ ਹੇਠ ਪੰਗਤੀਆਂ ਦੁਆਰਾ ਹੋਰ ਵੀ ਸਪੱਸ਼ਟ ਕਰੀਏ।

{ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ॥
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ॥੪॥}

(ਅੰਗ ੫੯)

ਇਹ ਭਉਜਲ ਸਾਗਰ, ਮਾਇਆ ਮੋਹ ਦਾ ਸਾਗਰ ਹੈ, ਔਗੁਣਾਂ ਦਾ ਸਾਗਰ ਹੈ, ਲੋਭ ਲਾਲਚ ਦਾ, ਤ੍ਰਿਸ਼ਨਾ ਦਾ ਸਾਗਰ ਹੈ ਭਾਵ ਮਨਮਤਿ ਵਾਲੇ ਵਿਚਾਰਾਂ ਦਾ ਸਾਗਰ ਹੈ ਜਿਸ ਨੂੰ ਪਾਰ ਕਰਨਾ ਬਹੁਤ ਔਖਾ ਹੈ, ਬਿਖਮ ਹੈ, ਜਿਸ ਨੂੰ ਪਾਰ ਕਰਨ ਲਈ ਹਰ ਕੋਈ ਡਰਦਾ ਹੈ ਭਾਵ ਇਹ ਔਗੁਣਾਂ ਦਾ ਤਿਆਗ ਬਹੁਤ ਔਖਾ ਹੈ, ਸੱਚ ਨੂੰ ਅਪਣਾਉਣਾ ਬਹੁਤ ਔਖਾ ਹੈ ਜਿਸ ਤੋਂ ਕੇਵਲ ਸਾਨੂੰ ਗੁਰੂ ਆਪ ਹੀ ਪਾਰ ਉਤਾਰ ਸਕਦਾ ਹੈ, ਸਾਡੇ ਅੰਦਰ ਸੱਚ ਉਹ ਆਪ ਹੀ ਵਸਾ ਸਕਦਾ ਹੈ, ਆਪਣਾ ‘‘ਸੱਚਾ ਸੌਦਾ’’ ਉਸਦੀ ਆਪਣੀ ਮਰਜੀ ਦੁਆਰਾ ਹੀ ਕਿਸੇ ਨੂੰ ਮਿਲਦਾ ਹੈ। ਸਾਡੀ ਜਿੰਦਗੀ ਦਾ ਮਨੋਰਥ ਇਸ ਸੱਚੇ ਸੌਦੇ ਦੀ ਪ੍ਰਾਪਤੀ ਲਈ ਹੈ ਜਿਸ ਵਿੱਚ ਸਦਾ ਲਾਭ ਹੈ, ਲਾਹਾ ਹੈ। ਪ੍ਰਮਾਤਮਾ ਦੇ ਨਾਲ ਮੇਲ ਇਸ ਸੱਚੇ ਸੌਦੇ ਦੁਆਰਾ ਹੀ ਹੈ ਜੋ ਕਿ ਨਾਮ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਸੱਚ ਦੁਆਰਾ ਹੈ, ਉਸਦੀ ਮਤਿ ਦੁਆਰਾ ਹੈ, ਸ਼ਬਦ ਦੀ ਵਿਚਾਰ ਦੁਆਰਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

(ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥)

ਇਸ ਸੱਚੇ ਸੌਦੇ ਦੀ ਪ੍ਰਾਪਤੀ, ਲਾਹੇ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

8/821

"ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ॥"

ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਹਰ ਕੋਈ "ਵਿਖੁ" ਦੇ ਵਿੱਚ ਹੈ ਭਾਵ ਤ੍ਰੈਗੁਣਾਂ ਵਾਲੀ ਮਾਇਆਂ ਦੀ ਜੁਗਤਿ ਦੇ ਵਿੱਚ ਹੈ ਕਿ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ ਜਿਸ ਵਿੱਚ ਰਹਿੰਦਿਆਂ ਅਸੀਂ ਸੱਚੀ ਭਗਤੀ ਨੂੰ ਸਮਝਣ ਵਿੱਚ, ਨਾਮ ਨੂੰ ਸਮਝਣ ਵਿੱਚ ਭਾਵ ਧਰਮ ਦੇ ਮਾਰਗ ਦੇ ਸੱਚ ਨੂੰ ਸਮਝਣ ਵਿੱਚ ਭਰਮਾਂ ਵਿੱਚ ਰਹਿੰਦੇ ਹਾਂ ਜਿਸ ਸਮਝ ਦੇ ਰਹਿੰਦਿਆਂ ਮਨੁੱਖ ਦੇ ਵਿੱਚ ਪੂਰੀ ਤਰ੍ਹਾਂ ਸੱਚ ਨਹੀਂ ਵੱਸ ਸਕਦਾ। ਉਸ ਤੋਂ ਪਹਿਲਾਂ ਅਸੀਂ ਨਾਮ ਜਪਣ ਦਾ ਕੇਵਲ ਉੱਦਮ ਹੀ ਕਰ ਸਕਦੇ ਹਾਂ ਭਾਵ ਵੱਧ ਤੋਂ ਵੱਧ ਸੱਚ ਤੇ ਚੱਲਣ ਦੀ, ਗੁਰੂ ਦੀ ਮਤਿ ਤੇ ਚੱਲਣ ਦੀ, ਨਾਮ ਜਪਣ ਦੀ ਕੋਸ਼ਿਸ਼ ਕਰ ਸਕਦੇ ਹਾਂ ਜਿਸ ਲਈ ਸਾਨੂੰ ਬਾਣੀ ਵਿੱਚ ਵਾਰ- ਵਾਰ ਪ੍ਰੇਰਿਆ ਗਿਆ ਹੈ। ਇਹ ਉੱਦਮ ਸਾਨੂੰ ਬਿਲਕੁਲ ਦਿਲੋਂ ਚਾਹੀਦਾ ਹੈ ਤੇ ਇਹ ਹੀ ਸਾਡੀ ਪ੍ਰਮਾਤਮਾ ਦੇ ਨਾਲ ਮਿਲਣ ਦੀ ਸੱਚੀ ਇੱਛਾ ਦਾ ਪ੍ਰਗਟਾਵਾ ਹੈ। ਕਿਰਪਾ ਉਸਨੇ ਆਪ ਹੀ ਕਰਨੀ ਹੈ। ਸੱਚ ਤੇ ਚੱਲਣ ਦਾ ਉੱਦਮ ਜਿਸ ਉੱਦਮ ਦੁਆਰਾ ਅਸੀਂ ਆਪਣੇ ਅੰਦਰ ਦਾ ਸੱਚ ਪ੍ਰਗਟ ਕਰ ਸਕਦੇ ਹਾਂ ਉਹ ਕੇਵਲ ਤੇ ਕੇਵਲ ਸਾਡੀ ਕਰਨੀ ਹੈ। ਇਹ ਸਾਡੇ ਅੰਦਰ ਦਾ ਸੱਚ ਸਾਡੀ ਕਰਨੀ ਦੁਆਰਾ ਪ੍ਰਗਟ ਹੋਣਾ ਹੈ ਨਾ ਕਿ ਮੁੱਖੋਂ ਕਿਸੇ ਸੱਚੇ ਅੱਖਰ ਨੂੰ ਵਾਰ-ਵਾਰ ਜਪੀ ਜਾਣਾ ਜਿਸ ਨੂੰ ਕਿ ਅਸੀਂ ਨਾਮ ਜਪਣਾ ਸਮਝਦੇ ਹਾਂ। ਇਹ ਸੱਚ ਸਾਡੀ ਜਿੰਦਗੀ ਦਾ ਹਿੱਸਾ ਹੈ ਜਿਸਨੂੰ ਅਸੀਂ ਵੱਧ ਤੋਂ ਵੱਧ ਆਪਣੇ ਜੀਵਨ ਵਿੱਚ ਅਪਣਾਉਣਾ ਹੈ। ਪੂਰੀ ਤਰ੍ਹਾਂ ਸੱਚ ਤੇ ਉਹ ਪ੍ਰਮਾਤਮਾ ਕਿਸੇ ਮਨੁੱਖ ਨੂੰ ਆਪ ਹੀ ਪ੍ਰਗਟ ਹੋ ਕੇ ਚਲਾ ਸਕਦਾ ਹੈ। "ਸੱਚ" ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। "ਸੱਚ" ਉਹ ਹੈ ਜਿੱਥੇ ਗੁਰੂ ਦੀ ਮਤਿ ਹੈ। ਮੁੱਖੋਂ ਕੇਵਲ ਝੂਠ ਨਾ ਬੋਲ ਕੇ "ਸੱਚ" ਤੇ ਪੂਰਾ ਨਹੀਂ ਉਤਰਿਆ ਜਾ ਸਕਦਾ। ਪੂਰੀ ਤਰ੍ਹਾਂ ਗੁਰੂ ਦੀ ਮਤਿ ਅਨੁਸਾਰ ਵਿਚਰਨਾ ਹੀ "ਸੱਚ" ਨੂੰ ਅਪਣਾਉਣਾ ਹੈ। ਜੇਕਰ ਗੁਰੂ ਸਾਨੂੰ ਇਹ ਸਮਝਾ ਰਿਹਾ ਹੈ ਕਿ ਸਾਡੇ ਸਰੀਰਕ ਜਪ ਤਪ ਗਲਤ ਹਨ, ਇਹ ਭਗਤੀ ਦਾ ਦਿਖਾਵਾ ਹੈ ਤੇ ਫਿਰ ਇਹੋ ਜਿਹੇ ਜਪ ਤਪ ਕਰਨੇ ਵੀ ਗੁਰੂ ਦੀ ਮਤਿ ਤੋਂ ਉਲਟ ਚੱਲਣ ਵਾਲੀ ਗੱਲ ਹੈ ਭਾਵ ਇਹ ਸੱਚ ਦੇ ਉਲਟ ਚੱਲਣ ਵਾਲੀ ਗੱਲ ਹੈ। ਜੇਕਰ ਸਾਨੂੰ ਗੁਰੂ ਸਾਹਿਬ ਇਹ ਸਮਝਾਉਂਦੇ ਹਨ ਕਿ ਥਿਤਾਂ, ਵਾਰਾਂ ਨੂੰ ਪੂਜਣਾ ਇੱਕ ਨਾਸਮਝੀ ਹੈ, ਗਵਾਰਪੁਣਾ ਹੈ ਤੇ ਫਿਰ ਇਸ ਗੱਲ ਨੂੰ ਸੱਚ ਮੰਨ ਕੇ ਉਸ ਤੇ ਅਮਲ ਕਰਨਾ ਚਾਹੀਦਾ ਹੈ ਤੇ ਥਿਤਾਂ ਵਾਰਾਂ ਨੂੰ ਨਾ ਮੰਨਣਾ, ਸੱਚ ਦੇ ਉਲਟ ਨਾ ਚੱਲਣ ਵਾਲੀ ਗੱਲ ਹੈ। ਜੇਕਰ ਗੁਰੂ ਸਾਹਿਬ ਸਾਨੂੰ ਇਹ ਸਮਝਾਉਂਦੇ ਹਨ ਕਿ ਕਿਸੇ ਦੇਹਧਾਰੀ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝ ਕੇ ਉਸ ਦੀ ਪੂਜਾ ਨਹੀਂ ਕਰਨੀ ਤਾਂ ਫਿਰ ਇਸ ਗੱਲ ਨੂੰ ਸੱਚ ਕਰਕੇ ਮੰਨਣਾ ਸਾਡਾ ਫਰਜ਼ ਬਣ ਜਾਂਦਾ ਹੈ। ਜੇਕਰ ਧਿਆਨ ਨਾਲ ਵਿਚਾਰੀਏ ਤਾਂ ਸਾਰੇ ਪਾਸੇ ਹੋ ਇਹੋ ਕੁੱਝ ਹੀ ਰਿਹਾ ਹੈ। ਪੂਜਾ ਧਰਮ ਦੇ ਮਾਰਗ ਦੀ ਸੱਚੀ ਵਿਚਾਰਧਾਰਾ ਦੀ ਹੀ ਕਰਨੀ ਹੈ। ਗੁਰੂ ਤੋਂ ਉੱਚੀ ਤੇ ਸੱਚੀ ਵਿਚਾਰਧਾਰਾ ਸਾਨੂੰ ਹੋਰ ਕੌਣ ਦੇ ਸਕਦਾ ਹੈ। ਵੱਖਰੇ-ਵੱਖਰੇ ਆਦਾਰੇ ਆਪਣੀ ਆਪਣੀ ਵਿਚਾਰਧਾਰਾ ਨਾਲ ਹੀ ਵੰਡੇ ਹੋਏ ਹਨ। ਅਸਲ ਵਿੱਚ ਸਾਡਾ ਮੋਹ ਉਸ ਦੇਹ ਨਾਲ ਜੁੜਿਆ ਹੁੰਦਾ ਹੈ ਜਿਸਨੇ ਉਹ ਵਿਚਾਰਧਾਰਾ ਦਿੱਤੀ ਹੁੰਦੀ ਹੈ ਤੇ ਬਿਨ੍ਹਾਂ ਕਿਸੇ ਦੀ ਵਿਚਾਰਧਾਰਾ ਨੂੰ ਪਰਖਣ ਦੇ ਭਾਵ ਗੁਰੂ ਦੀ ਕਸਵੱਟੀ ਤੇ ਪਰਖਣ ਦੇ ਆਪਣੀ ਅਗਿਆਨਤਾ ਦੇ ਕਾਰਨ ਅਸੀਂ ਵੇਖੋ ਵੇਖੀ ਉਹਨਾਂ ਮਗਰ ਲੱਗ ਜਾਂਦੇ ਹਾਂ। ਇਹ ਸੱਚ ਦੇ ਉਲਟ ਚੱਲਣ ਵਾਲੀ ਗੱਲ ਹੈ, ਗੁਰੂ ਦੇ ਉਲਟ ਚੱਲਣ ਵਾਲੀ ਗੱਲ ਹੈ। ਜਿੱਥੇ ਗੁਰਮਤਿ ਨਹੀਂ ਹੈ, ਉੱਥੇ ਸੱਚ ਨਹੀਂ ਹੈ। ਸੱਚ ਦੀ ਕਸਵੱਟੀ ਇੱਕੋ ਇੱਕ ਆਪ ਗੁਰੂ ਹੈ, ਗੁਰਬਾਣੀ ਹੈ। ਜੋ ਗੱਲ ਗੁਰਬਾਣੀ ਤੇ ਖਰੀ ਨਹੀਂ ਉਤਰਦੀ ਉਹ ਸੱਚ ਨਹੀਂ ਹੈ, ਉਹ ਮਨਮਤਿ ਹੈ, ਮਾਇਆ ਮੋਹ ਹੈ। ਪ੍ਰਮਾਤਮਾ ਨੇ ਸਭ ਨੂੰ ਮਾਇਆ ਮੋਹ ਵਿੱਚ, ਤ੍ਰੈਗੁਣੀ ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਸਾਨੂੰ ਪੂਰੇ ਸੱਚ ਦੀ ਸਮਝ ਨਹੀਂ ਲੱਗਦੀ। ਮਨੁੱਖ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਉਹ ਆਪ ਹੀ ਚੌਥੇ ਪਦ ਵਾਲੀ ਅਵੱਸਥਾ ਵਿੱਚ ਬਦਲ ਸਕਦਾ ਹੈ। ਉਹ ਆਪ ਸੱਚ ਹੈ, ਸੱਚਾ ਗਿਆਨ ਹੈ ਤੇ ਆਪਣੇ ਸੱਚੇ ਗਿਆਨ ਦੁਆਰਾ ਹੀ ਉਹ ਮਨੁੱਖ ਦੇ ਵਿੱਚ ਪ੍ਰਗਟ ਹੁੰਦਾ ਹੈ। ਉਹ ਆਪਣੇ ਕਰਮ ਦੁਆਰਾ ਹੀ, ਆਪਣੀ ਬਖਸ਼ਿਸ਼ ਦੁਆਰਾ ਹੀ ਆਪਣਾ ਅੰਮ੍ਰਿਤ ਰਸ, ਨਾਮ ਰੱਸ ਭਾਵ ਗਿਆਨ ਰਸ ਮਨ ਦੀ ਸਮਝ ਰਾਹੀਂ ਪਿਆਉਂਦਾ ਹੈ ਜਿਸ ਤਰੀਕੇ ਉਹ ਮਨ ਦੇ ਵਿੱਚ ਵੱਸਦਾ ਹੈ।

(ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ॥)

ਆਓ ਹੁਣ ਸ਼ਬਦ ਦੀ ਆਖਰੀ ਪੰਗਤੀ ਨੂੰ ਵਿਚਾਰੀਏ ਤੇ ਸਮਝੀਏ ਕਿ ਅਸੀਂ ਆਪਣਾ ਕਾਰਜ ਕਿਵੇਂ ਸਵਾਰ ਸਕਦੇ ਹਾਂ

ਭਾਵ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਕਰ ਸਕਦੇ ਹਾਂ।

“ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ॥੨॥”

ਧਿਆਨ ਨਾਲ ਸਮਝੀਏ ਕਿ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀ ਹੈ, ਪ੍ਰਮਾਤਮਾ ਨੂੰ ਜਪਣਾ ਕੀ ਹੈ। ਪ੍ਰਮਾਤਮਾ ਤੇ ਸੱਚ ਦੇ ਵਿੱਚ

8/822

ਕੋਈ ਭੇਦ ਨਹੀਂ ਹੈ। ਸੱਚ ਨੂੰ ਸਲਾਹੁਣਾ ਹੀ ਪ੍ਰਮਾਤਮਾ ਨੂੰ ਸਲਾਹੁਣਾ ਹੈ ਭਾਵ ਸੱਚ ਦੁਆਰਾ ਜਿੰਦਗੀ ਵਿੱਚ ਵਿਚਰਨਾ ਹੀ ਪ੍ਰਮਾਤਮਾ ਦੀ ਸਿਫਤ ਸਾਲਾਹ ਹੈ। ਸੱਚ ਨੂੰ ਅਪਣਾਏ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਹੁਕਮ, ਰਜ਼ਾ ਵਿੱਚ ਨਹੀਂ ਆ ਸਕਦੇ, ਉਸਦੇ ਭਾਣੇ ਵਿੱਚ ਨਹੀਂ ਆ ਸਕਦੇ ਜਿਵੇਂ ਕਿ ਅਸੀਂ ਵਾਰ-ਵਾਰ ਪਿੱਛੇ ਵੀ ਸਮਝਦੇ ਆ ਰਹੇ ਹਾਂ। ਇਹ ਸੱਚ ਹੀ ਭਾਵ ਗੁਰਮਤਿ ਦੀ ਸੱਚੀ ਸਮਝ ਹੀ ਮਨੁੱਖ ਦਾ ਸਭ ਤੋਂ ਵੱਡਾ ਧੰਨ ਹੈ, ਨਾਮ ਧੰਨ ਹੈ, ਹਰਿ ਧੰਨ ਹੈ, ਗੁਰੂ ਦੀ ਮਤਿ ਦਾ ਧੰਨ ਹੈ, ਗੁਰੂ ਦੇ ਸੱਚੇ ਗਿਆਨ ਦਾ ਧੰਨ ਹੈ, ਗੁਣਾਂ ਦਾ ਧੰਨ ਹੈ ਜਿਸ ਧੰਨ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੁਆਰਾ ਭਾਵ ਖਰਚਣ ਦੁਆਰਾ ਭਾਵ ਗੁਰਮਤਿ ਅਨੁਸਾਰ ਚੱਲਣ ਦੁਆਰਾ ਉਹ ਧੰਨ-ਧੰਨ ਪ੍ਰਮਾਤਮਾ ਮਨੁੱਖ ਦਾ ਕਾਰਜ ਸਵਾਰਦਾ ਹੈ ਭਾਵ ਸੱਚ ਨੂੰ ਅਪਣਾਉਣ ਤੋਂ ਬਿਨ੍ਹਾਂ ਮਨੁੱਖ ਦੀ ਗਤਿ ਨਹੀਂ ਹੈ।

ਗੁਰਬਾਣੀ ਦਾ ਮਕਸਦ, ਗੁਰੂ ਦਾ ਮਕਸਦ ਆਪਣੀ ਗੱਲ ਨੂੰ ਪੂਰੀ ਤਰ੍ਹਾਂ ਸਮਝਾਉਣ ਨਾਲ ਹੁੰਦਾ ਹੈ ਤਾਂ ਜੋ ਅਸੀਂ ਉਸਦੇ ਅਸਲ ਭਾਵ ਨੂੰ ਸਮਝ ਕੇ ਉਸ ਤੋਂ ਲਾਭ ਲੈ ਸਕੀਏ। ਇਸੇ ਲਈ ਸ਼ਬਦ ਦੀ ਗੱਲ ਸਪੱਸ਼ਟ ਕਰਨ ਲਈ “ਰਹਾਉ” ਵਾਲੀ ਪੰਗਤੀ ਵਰਤੀ ਜਾਂਦੀ ਹੈ ਜਾਂ ਸ਼ਬਦਾਂ ਦੀ ਸੋਝੀ ਪਾਉਣ ਲਈ ਬਾਅਦ ਵਿੱਚ “ਪਉੜੀ” ਦੀ ਵਰਤੋਂ ਕੀਤੀ ਜਾਂਦੀ ਹੈ। ਬਾਣੀ ਵਿੱਚ “ਪਉੜੀ” ਦੇ ਮਕਸਦ ਨੂੰ ਸਮਝਣ ਲਈ “ਪਉੜੀ” ਅੱਖਰ ਦੇ ਮਤਲਬ ਨੂੰ ਸਮਝਣ ਦੀ ਲੋੜ ਹੈ। “ਪਉੜੀ” ਦੀ ਵਰਤੋਂ ਅਸੀਂ ਘਰਾਂ ਦੇ ਵਿੱਚ ਆਮ ਤੌਰ ਤੇ ਕਰਦੇ ਹਾਂ। ਪਉੜੀ ਰਾਹੀਂ ਅਸੀਂ ਨੀਵੀਂ ਜਗ੍ਹਾ ਤੋਂ ਉੱਚੀ ਜਗ੍ਹਾ ਤੇ ਚੜਦੇ ਹਾਂ। ਇਸੇ ਤਰ੍ਹਾਂ “ਪਉੜੀ” ਦਾ ਮਕਸਦ ਬਾਣੀ ਦੇ ਵਿੱਚ ਸਾਨੂੰ ਸਾਡੀ ਨੀਵੀਂ ਮਤਿ ਨੂੰ ਉੱਚੀ ਕਰਨ ਦੇ ਨਾਲ ਹੈ। ਸ਼ਬਦਾਂ ਦੇ ਅੰਦਰ ਦੇ ਅੰਦਰੂਨੀ ਭਾਵ ਨੂੰ ਸਮਝਣ ਲਈ ਸਾਡੀ ਮਤਿ ਬਹੁਤ ਨੀਵੀਂ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਨੀਵੀਂ ਮਤਿ ਵਿੱਚ, ਮਨ ਦੀ ਨੀਵੀਂ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਨਾਸਮਝ ਨੀਵੀਂ ਮਤਿ ਵਿੱਚ ਰਹਿੰਦੇ ਹੋਏ ਅਸੀਂ ਸ਼ਬਦਾਂ ਦੇ ਅੰਦਰੂਨੀ ਭਾਵ ਨੂੰ ਸਮਝਣ ਵਿੱਚ ਭਰਮ ਵਿੱਚ ਰਹਿੰਦੇ ਹਾਂ। ਸ਼ਬਦਾਂ ਤੋਂ ਬਾਅਦ ਦਿੱਤੀ ਹੋਈ “ਪਉੜੀ” ਸਾਡੀ ਨੀਵੀਂ ਮਤਿ ਨੂੰ ਉੱਚਾ ਚੁੱਕਣ ਲਈ ਹੁੰਦੀ ਹੈ ਤਾਂ ਜੋ ਅਸੀਂ ਸ਼ਬਦਾਂ ਦੇ ਅਸਲ ਭਾਵ ਨੂੰ ਸਮਝ ਸਕੀਏ, ਚੌਥੇ ਪਦ ਦੇ ਗਿਆਨ ਵਾਲੀ ਸਮਝ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਹੀ ਸਮਝ ਸਕੀਏ। ਸ਼ਬਦ ਦੇ “ਰਹਾਉ” ਵਾਲੀ ਪੰਗਤੀ ਵੀ ਸਾਨੂੰ ਸ਼ਬਦ ਦੇ ਸਾਰ ਦੀ ਗੱਲ ਹੀ ਸਮਝਾਉਂਦੀ ਹੈ। ਇਸੇ ਲਈ ਹਰ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਸ਼ਬਦ ਤੋਂ ਬਾਅਦ ਵਾਲੀ “ਪਉੜੀ” ਨੂੰ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ। ਉੱਪਰ ਵਿਚਾਰੇ ਗਏ ਸਾਰੇ ਸ਼ਬਦ ਵਿੱਚ, ਸ਼ਬਦ ਦਾ ਭਾਵ “ਸੱਚ” ਨਾਲ ਜੁੜਿਆ ਹੋਇਆ ਹੈ। ਆਮ ਕਰਕੇ ਇਹ ਧਾਰਨਾ ਬਣੀ ਹੋਈ ਹੈ ਕਿ ਮੁੱਖੋਂ ਅੱਖਰ ਦਾ ਜਪ ਕਰੀ ਜਾਣਾ ਹੀ ਸੱਚ ਹੈ ਭਾਵ ਇਹੀ ਸੱਚ ਨੂੰ ਜਪਣਾ ਹੈ, ਨਾਮ ਜਪਣਾ ਹੈ ਤਾਂ ਜੋ ਸਾਡੇ ਅੰਦਰ ਇਹ ਸਪੱਸ਼ਟ ਹੋ ਜਾਵੇ ਕਿ “ਸੱਚ” ਕੀ ਹੈ, “ਸੱਚ” ਨੂੰ ਜਪਣਾ ਕੀ ਹੈ, “ਸੱਚ” ਦੀ ਸਿਫਤ ਸਾਲਾਹ ਕਰਨੀ ਕੀ ਹੈ, ਇਹ ਨਾਲ ਹੀ ਪਉੜੀ ਵਿੱਚ “ਸੱਚ” ਦੀ ਤੁਲਨਾ “ਝੂਠ” ਨਾਲ ਕਰਕੇ ਦਿਖਾਈ ਹੋਈ ਹੈ ਜਿਵੇਂ ਕਿ ਹੋਰ ਵੀ ਅਨੇਕਾਂ ਹੀ ਸ਼ਬਦਾਂ ਵਿੱਚ ਇਹ ਤਰੀਕਾ ਵਰਤਿਆ ਹੋਇਆ ਹੈ। ਇਤਨੀ ਬਰੀਕੀ ਨਾਲ ਸਮਝਾਉਣ ਦੇ ਬਾਵਜੂਦ ਵੀ ਅਸੀਂ ਮੁੱਖੋਂ ਕਿਸੇ ਅੱਖਰ ਦੇ ਜਪ ਨੂੰ ਹੀ ਸੱਚ ਜਪਣਾ ਸਮਝਦੇ ਹਾਂ, ਗੁਣ ਸਮਝਦੇ ਹਾਂ, ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ। ਸੱਚ ਕੀ ਹੈ, ਇਸ ਨੂੰ ਸਮਝਣਾ ਦੱਸੋ ਕੀ ਔਖਾ ਹੈ। ਇੱਕ ਛੋਟਾ ਜਿਹਾ ਬੱਚਾ ਵੀ ਜਾਣਦਾ ਹੈ ਕਿ ਸੱਚ ਕੀ ਹੈ ਤੇ ਝੂਠ ਕੀ ਹੈ। ਆਓ ਸ਼ਬਦ ਦੀ ਪਉੜੀ ਦੁਆਰਾ ਇਹ ਸਮਝੀਏ ਕੀ “ਸੱਚ” ਕੀ ਹੈ, “ਨਾਮ” ਕੀ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਕੇਵਲ ਸੱਚ ਹੀ ਸਮਝਾਉਂਦਾ ਹੈ ਜਿਸ ਵਿੱਚ ਕੋਈ ਭਰਮ ਵਾਲੀ ਗੱਲ ਨਹੀਂ ਹੋ ਸਕਦੀ।

8/823

ਪਉੜੀ॥

“ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ॥ ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ॥
ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥ ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ॥

ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਣੀ॥੧੦॥"

(ਅੰਗ ੬੪੬)

ਪਿੱਛੇ ਸ਼ਬਦ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਪ੍ਰਮਾਤਮਾ ਦੇ ਹੱਟ ਤੇ ਕੇਵਲ "**ਸੱਚ**" ਵਿਕਦਾ ਹੈ ਤੇ ਇਹ "ਸੱਚ" ਉਹ ਆਪਣੀ ਬਖਸ਼ਿਸ਼ ਨਾਲ ਦਿੰਦਾ ਹੈ। ਉੱਪਰ ਪਉੜੀ ਦੇ ਵਿੱਚ ਸੱਚ ਦੀ ਬਜਾਏ ਇਹ ਕਹਿ ਕੇ ਸਮਝਾਇਆ ਹੈ ਕਿ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਆਪਣੇ ਨਾਮ ਨਾਲ ਜੋੜਦਾ ਹੈ ਜਿਸ ਦੁਆਰਾ ਮਨੁੱਖ ਦਾ ਕੂੜ ਦੂਰ ਹੁੰਦਾ ਹੈ। ਕੂੜ ਕੇਵਲ ਸੱਚ ਦੁਆਰਾ ਦੂਰ ਹੋ ਸਕਦਾ ਹੈ। ਸੱਚ ਹੀ ਪ੍ਰਮਾਤਮਾ ਆਪ ਹੈ ਤੇ ਸੱਚ ਹੀ ਨਾਮ ਹੈ। "**ਨਾਮ**" ਉਹ ਹੈ ਜਿੱਥੇ "**ਕੂੜ**" ਨਹੀਂ ਹੈ ਭਾਵ ਜਦ ਤੱਕ ਮਨੁੱਖ ਦੇ ਅੰਦਰ ਕੂੜ ਹੈ ਉੱਥੇ ਨਾਮ ਨਹੀਂ ਹੈ, ਉੱਥੇ ਸੱਚ ਨਹੀਂ ਹੈ। ਸੱਚ ਨੂੰ ਆਪਣੇ ਅੰਦਰ ਵਸਾਏ ਬਿਨ੍ਹਾਂ, ਕੂੜ ਨੂੰ ਅੰਦਰੋਂ ਕੱਢੇ ਬਿਨ੍ਹਾਂ ਸਾਡੇ ਅੰਦਰ ਨਾਮ ਨਹੀਂ ਵੱਸ ਸਕਦਾ, ਪ੍ਰਮਾਤਮਾ ਨਹੀਂ ਵੱਸ ਸਕਦਾ। ਸਾਡੇ ਅੰਦਰ ਨਾਮ ਦਾ ਵੱਸਣਾ, ਸੱਚ ਦਾ ਵੱਸਣਾ, ਪ੍ਰਮਾਤਮਾ ਦਾ ਵੱਸਣਾ ਇੱਕੋ ਹੀ ਗੱਲ ਹੈ ਜੋ ਕਿ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੋ ਸਕਦਾ ਹੈ। ਇਸੇ ਲਈ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਜਦ ਤੱਕ ਸਾਡੇ ਅੰਦਰ ਕੂੜ ਹੈ, ਸਾਡੇ ਅੰਦਰ ਵਿਕਾਰ ਹਨ ਉੱਥੇ ਕਦੇ ਨਾਮ ਨਹੀਂ ਹੁੰਦਾ, ਉਸ ਮਨ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ। ਉਹ ਆਪ "**ਸੱਚ**" ਹੈ, "**ਗੁਣ**" ਹੈ ਤੇ ਕੇਵਲ ਸੱਚੇ ਗੁਣਾਂ ਦੁਆਰਾ ਹੀ ਪ੍ਰਗਟ ਹੁੰਦਾ ਹੈ। ਉਹ ਆਪ ਗਿਆਨ ਹੈ, ਬ੍ਰਹਮ ਗਿਆਨ ਹੈ, ਸੱਚੀ ਗੁਰਮਤਿ ਹੈ ਤੇ ਉਹ ਪ੍ਰਗਟ ਵੀ ਗੁਰਮਤਿ ਦੁਆਰਾ, ਬ੍ਰਹਮ ਗਿਆਨ ਦੁਆਰਾ ਹੁੰਦਾ ਹੈ। ਜਦ ਤੱਕ ਅਸੀਂ ਨਾਮ ਨੂੰ ਤੇ ਸੱਚ ਨੂੰ ਵੱਖਰਾ-ਵੱਖਰਾ ਸਮਝਿਆ ਹੋਇਆ ਹੈ ਭਾਵ ਜਦ ਤੱਕ ਅਸੀਂ ਨਾਮ ਨੂੰ ਕੇਵਲ ਇੱਕ ਅੱਖਰ ਦੇ ਰੂਪ ਵਿੱਚ ਉਸਨੂੰ ਕੋਈ ਤੰਤ੍ਰ ਮੰਤ੍ਰ ਸਮਝਿਆ ਹੋਇਆ ਹੈ ਤਦ ਤੱਕ ਅਸੀਂ ਸੱਚ ਤੋਂ ਦੂਰ ਹੀ ਰਹਾਂਗੇ ਤੇ ਸਾਨੂੰ ਕੂੜ ਹੀ ਚੰਗਾ ਲੱਗੇਗਾ। ਗੁਰੂ ਦੀ ਮਤਿ ਸੱਚ ਹੈ ਤੇ ਮਨੁੱਖੀ ਮਤਿ ਭਾਵ ਮਨਮਤਿ ਕੂੜ ਹੈ ਜੋ ਕੂੜ ਸੱਚ ਨੂੰ ਮੰਨਣ ਦੁਆਰਾ ਹੀ ਦੂਰ ਹੋ ਸਕਦਾ ਹੈ। ਅਸੀਂ "**ਨਾਮੁ**" ਨੂੰ ਕੇਵਲ ਇੱਕ "**ਬਨਾਵਟੀ ਸੱਚ**" ਸਮਝਿਆ ਹੋਇਆ ਹੈ ਜਦ ਕਿ "ਸੱਚ" ਉਹ ਹੈ ਜੋ ਕਿ "**ਹਕੀਕਤ ਵਿੱਚ**" ਸੱਚ ਹੈ, ਅਸਲੀਅਤ ਵਿੱਚ ਸੱਚ ਹੈ, ਜਿਸ ਸੱਚ ਨੂੰ ਬੱਚੇ ਵੀ ਜਾਣਦੇ ਹਨ, ਅਨਪੜ੍ਹ ਵੀ ਜਾਣਦੇ ਹਨ ਭਾਵ "**ਸੱਚ**" ਉਹ ਹੈ ਜੋ ਕੂੜ ਨਹੀਂ ਹੈ, ਜੋ ਝੂਠ ਨਹੀਂ ਹੈ ਭਾਵ ਜੋ ਝੂਠ

8/824

ਦਾ ਉਲਟ ਹੈ ਭਾਵ ਜਿਹੜੇ ਸੱਚ ਦੇ ਨਾਲ ਸਾਡੀ ਝੂਠ ਤੇ ਪਾਪਾਂ ਵਾਲੀ ਬਿਰਤੀ ਦੂਰ ਹੋ ਜਾਂਦੀ ਹੈ। ਇਹ ਬਿਰਤੀ ਤਾਂ ਹੀ ਦੂਰ ਹੋਵੇਗੀ ਜਦੋਂ ਸਾਡੀ ਬਿਰਤੀ ਉਲਟ ਕੇ ਸੱਚ ਵਾਲੀ ਹੋ ਜਾਵੇਗੀ ਭਾਵ ਜਦੋਂ ਸਾਡਾ ਧਿਆਨ ਝੂਠ ਵਿੱਚੋਂ ਨਿਕਲ ਕੇ ਸੱਚ ਨਾਲ, ਨਾਮ ਨਾਲ ਜੁੜ ਜਾਵੇਗਾ, ਜਦੋਂ ਸਾਡੀ ਲਿਵ ਝੂਠ ਵਿੱਚੋਂ ਨਿਕਲ ਕੇ ਸੱਚ ਨਾਲ, ਨਾਮ ਨਾਲ ਜੁੜ ਜਾਵੇਗੀ। ਇਹੀ ਗੁਰੂ ਨਾਲ, ਪ੍ਰਮਾਤਮਾ ਦੇ ਨਾਲ ਲਿਵ ਲਾਉਣਾ ਹੈ, ਉਸਦਾ ਨਾਮ ਧਿਆਉਣਾ ਹੈ ਜਿਵੇਂ ਕਿ ਉੱਪਰ ਪਉੜੀ ਵਿੱਚ ਸਮਝਾਇਆ ਗਿਆ ਹੈ। ਜਦ ਤੱਕ ਸਾਡੇ ਮਨ ਦੀ ਮੈਲ ਨਹੀਂ ਉਤਰਦੀ ਭਾਵ ਸਾਨੂੰ ਵਿਕਾਰਾਂ ਵਿੱਚ ਰੱਖਣ ਵਾਲੀ ਨਾਸਮਝ ਮਤਿ ਨਹੀਂ ਨਿਕਲਦੀ ਤਦ ਤਕ ਨਾ ਹੀ ਉਸ ਮਨ ਵਿੱਚ ਨਾਮ ਹੈ, ਨਾ ਹੀ ਨਾਮ ਨਾਲ ਭਾਵ ਗੁਰੂ ਪ੍ਰਮਾਤਮਾ ਨਾਲ ਭਾਵ ਸੱਚ ਨਾਲ ਸਾਡੀ ਲਿਵ ਜੁੜ ਸਕਦੀ ਹੇ ਜੋ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥}

(ਅੰਗ ੭੦੪)

ਹੁਣ ਧਿਆਨ ਨਾਲ ਸੋਚੋ ਨਾਮ ਜਪਣਾ, ਨਾਮ ਨਾਲ ਲਿਵ ਜੋੜਨੀ ਕੀ ਇਹ ਕੋਈ ਸਾਡੀ ਸਰੀਰਕ ਕਿਰਿਆ ਹੈ ਜਿਸ ਕਰਕੇ ਸਾਡੀ ਰੱਬ ਨਾਲ ਲਿਵ ਜੁੜ ਜਾਵੇਗੀ। ਲਿਵ ਤਾਂ ਸੱਚ ਨਾਲ ਜੋੜਨੀ ਹੈ ਜੋ ਮਨ ਦੀ ਸਮਝ ਨੇ ਜੋੜਨੀ ਹੈ ਜੋ ਸਮਝ ਪ੍ਰਮਾਤਮਾ ਦੇ ਆਪਣੇ ਹੱਥ ਵਿੱਚ ਹੈ। ਅਸੀਂ ਐਂਵੇ ਵਿਅਰਥ ਵਿੱਚ ਹੀ ਸਰੀਰਕ ਕਿਰਿਆਵਾਂ ਕਰੀ ਜਾ ਰਹੇ ਹਾਂ। ਇਹਨਾਂ ਕਿਰਿਆਵਾਂ ਨੂੰ ਹੀ ਸੱਚ ਸਮਝੀ ਜਾਂਦੇ ਹਾਂ, ਗੁਣ ਸਮਝੀ ਜਾਂਦੇ ਹਾਂ, ਗੁਰਮਤਿ ਸਮਝੀ ਜਾਂਦੇ ਹਾਂ।

{ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ॥ਹਰਿ ਨਾਮੁ ਸਮਾਲਹਿ ਸੇ ਵਡਭਾਗੀ॥}

(ਅੰਗ ੧੨੦)

{ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥}

(ਅੰਗ ੯੨੧)

ਜੋ ਆਪਣੇ ਆਪ ਨੂੰ ਸੱਚ ਦੇ ਨਾਲ ਰੰਗਦੇ ਹਨ, ਗੁਰੂ ਦੀ ਸੱਚੀ ਮਤਿ ਦੇ ਨਾਲ ਰੰਗਦੇ ਹਨ, ਨਾਮ ਦੇ ਨਾਲ ਰੰਗਦੇ ਹਨ ਉਨ੍ਹਾਂ ਦੇ ਅੰਦਰ ਕੋਈ ਝੂਠ ਵਿਕਾਰ ਨਹੀਂ ਰਹਿੰਦਾ ਉਹਨਾਂ ਦਾ ਲਿਵ ਲਾਉਣਾ ਹੀ ਸੱਚੀ ਲਿਵ ਲਾਉਣਾ ਹੈ ਭਾਵ ਲਿਵ ਜੋੜਨ ਦਾ ਅਸਲ ਤਰੀਕਾ ਇਹੀ ਹੈ। ਸਾਡੇ ਹੋਰ ਸਭ ਤਰੀਕੇ ਵਿਅਰਥ ਹਨ, ਸਰੀਰਕ ਕਿਰਿਆਵਾਂ ਆਦਿ ਦੁਆਰਾ ਲਿਵ ਨਹੀਂ ਜੁੜ ਸਕਦੀ। ਸੱਚ ਦੇ ਨਾਲ ਲਿਵ ਲਾਉਣ ਵਾਲੇ ਹੀ, ਗੁਰੂ ਦੇ ਸਮਝਾਏ ਹੋਏ ਸੱਚੇ ਵਿਚਾਰਾਂ ਨੂੰ ਮੰਨਣ ਵਾਲੇ ਹੀ ਆਪਣੇ ਅੰਦਰ ਨਾਮ ਦੀ ਸੰਭਾਲ ਕਰਦੇ ਹਨ ਭਾਵ ਸੱਚ ਦੀ ਸੰਭਾਲ ਕਰਦੇ ਹਨ ਭਾਵ ਸੱਚੇ ਸੁੱਚੇ ਹੋ ਕੇ ਵਿਚਰਦੇ ਹਨ, ਚੰਗੇ ਕਰਮ ਕਰਦੇ ਹਨ। ਕੇਵਲ ਸੱਚ ਹੀ ਸਾਡੇ ਕੋਲੋਂ ਚੰਗੇ ਕਰਮ ਕਰਵਾ

8/825

ਸਕਦਾ ਹੈ। ਸੱਚ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਉਹ ਆਪ ਹੀ ਸਾਡੇ ਵਿੱਚ ਆਪਣਾ ਸੱਚ ਵਰਤਾ ਕੇ ਸਾਨੂੰ ਸੱਚ ਤੇ ਚਲਾ ਸਕਦਾ ਹੈ। ਉਪਰਲੀਆਂ ਪੰਗਤੀਆਂ ਵਿੱਚ ਲਿਵ ਲਾਉਣ ਦੁਆਰਾ ਨਾਮ ਦੀ ਸੰਭਾਲ ਦੀ ਗੱਲ ਦੱਸੀ ਹੋਈ ਹੈ। ਹੇਠਲੀ ਪੰਗਤੀ ਵਿੱਚ ਲਿਵ ਲੱਗਣ ਦੇ ਨਾਲ ਗੁਰੂ ਦੀ ਮਤਿ ਨੂੰ ਸੰਭਾਲਣ ਦੀ ਗੱਲ ਜੋੜੀ ਹੋਈ ਹੈ ਭਾਵ ਨਾਮ ਦੀ ਸੰਭਾਲ ਕਰਨਾ, ਗੁਰੂ ਦੀ ਮਤਿ ਦੀ ਸੰਭਾਲ ਕਰਨਾ, ਆਪਣੇ ਅੰਦਰ ਸੱਚ ਦੀ ਸੰਭਾਲ ਕਰਨਾ ਇੱਕੋ ਗੱਲ ਹੈ, ਰੱਤੀ ਜਿੰਨ੍ਹਾਂ ਫ਼ਰਕ ਨਹੀਂ ਹੈ। ਨਾਮ ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਸਾਨੂੰ ਸਿਰਫ਼ ਸੱਚ ਹੀ ਸਿਖਾਉਂਦੀ ਹੈ। ਸੱਚ ਹੀ ਆਪ ਪ੍ਰਮਾਤਮਾ ਹੈ ਜਿਸਨੂੰ ਉਸਦੇ ਸੱਚ ਤੇ ਚੱਲ ਕੇ ਹੀ ਪਾਇਆ ਜਾ ਸਕਦਾ ਹੈ ਜੋ ਉਸਨੂੰ ਪਾਉਣ ਦਾ ਸਾਰੀ ਦੁਨੀਆਂ ਲਈ ਇਹੋ ਇੱਕ ਤਰੀਕਾ ਹੈ। ਸਾਰੀ ਦੁਨੀਆਂ ਨੂੰ ਸੱਚ ਹੀ ਚਲਾ ਰਿਹਾ ਹੈ ਭਾਵ ਪ੍ਰਮਾਤਮਾ ਆਪ ਹੀ ਚਲਾ ਰਿਹਾ ਹੈ। ਦੁਨੀਆਂ ਸੱਚ ਤੇ ਖੜੀ ਹੈ, ਰੱਬ ਦੇ ਆਸਰੇ ਤੇ ਹੀ ਖੜੀ ਹੈ। ਉਸ ਸੱਚ ਰੂਪ ਪ੍ਰਮਾਤਮਾ ਦੀ ਜਦੋਂ ਪ੍ਰਾਪਤੀ ਹੁੰਦੀ ਹੈ ਭਾਵ ਜਦੋਂ ਉਸ ਦੇ ਨਾਲ ਮੇਲ ਹੁੰਦਾ ਹੈ ਉਹ ਸੱਚ ਦੇ ਰੂਪ ਵਿੱਚ ਹੀ ਹੁੰਦਾ ਹੈ। ਪੂਰੀ ਗੁਰਬਾਣੀ ਵਿੱਚ ਉਸਦਾ ਸੱਚ ਰੂਪ ਸੱਚਾ ਗਿਆਨ ਹੈ ਤੇ ਗੁਰਬਾਣੀ ਦੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਸਦਾ ਹੀ ਪਰਗਟ ਹੈ, ਸੱਚ ਦੇ ਰੂਪ ਵਿੱਚ ਪਰਗਟ ਹੈ ਜਿਸ ਸੱਚ ਦਾ ਅਸੀਂ ਆਸਰਾ ਲੈਣਾ ਹੈ ਤੇ ਉਸਦੇ ਆਸਰੇ ਚੱਲਣਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਸੱਚ ਰੂਪ ਦਾ ਪ੍ਰਗਟ ਹੋਣਾ ਉਸ ਦੇ ਨਾਲ ਮਨ ਦੇ ਵਿੱਚ ਮੇਲ ਹੀ ਹੈ। ਜਿੱਥੇ ਉਹ ਆਪਣੇ ਸੱਚ ਦੇ ਰੂਪ ਵਿੱਚ ਆਪ ਹੈ ਉੱਥੇ ਹੀ ਉਸ ਦੀ ਗੁਰਬਾਣੀ ਹੈ। ਉਹ ਆਪ ਗੁਰਬਾਣੀ ਦੇ ਰੂਪ ਵਿੱਚ ਹੈ ਤੇ ਆਪਣੀ ਗੁਰਬਾਣੀ ਦੇ ਅਰਥ ਉਹ ਆਪ ਹੀ ਜਾਣਦਾ ਹੈ। ਆਪਣੇ ਸੱਚੇ ਅਰਥਾਂ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ, ਕਿਸੇ ਦੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ। ਆਪਣੇ ਸੱਚੇ ਗਿਆਨ ਵਿੱਚ ਉਹ ਕਿਸੇ ਨੂੰ ਆਪ ਹੀ ਰਲਾ ਸਕਦਾ ਹੈ ਤੇ ਆਪਣੀ ਸੱਚ ਰੂਪ ਭਗਤੀ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ॥
ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ॥੨੨॥}

(ਅੰਗ ੩੧੩)

8/826

ਜਿਹੜਾ ਫ਼ਲ ਅਸੀਂ ਪ੍ਰਾਪਤ ਕਰਨ ਲਈ ਆਏ ਹਾਂ ਉਹ ਸੱਚ ਰੂਪ ਫ਼ਲ ਹੈ ਜੋ ਆਪ ਪ੍ਰਮਾਤਮਾ ਹੈ। ਸੱਚ ਦਾ ਫ਼ਲ ਝੂਠ ਦੇ ਵਿੱਚੋਂ ਪ੍ਰਾਪਤ ਨਹੀਂ ਹੋ ਸਕਦਾ। ਇਹ ਮਨ ਦੇ ਵਿੱਚ ਸੱਚੇ ਗਿਆਨ ਦਾ ਫ਼ਲ ਹੈ, ਨਾਮ ਮਿਲਣ ਦਾ ਫ਼ਲ ਹੈ ਜੋ ਮਨ ਦੇ ਵਿੱਚੋਂ ਉਪਜਦਾ ਹੈ ਤੇ ਮਨ ਨੇ ਹੀ ਚੱਖਣਾ ਹੈ।

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥}

(ਅੰਗ ੧੩੨੫)

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ ੧੧੭੦)

ਝੂਠੇ ਮਨ ਦੇ ਵਿੱਚੋਂ ਫ਼ਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਸੱਚ ਦਾ ਫ਼ਲ ਕੇਵਲ ਬਾਣੀ ਦੇ ਕੋਲ ਹੈ ਤੇ ਇਸੇ ਲਈ ਉਹ ਸੱਚੀ ਬਾਣੀ ਹੈ ਜੋ ਕੇਵਲ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੰਦੀ ਹੈ।

{ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ॥੧੯॥}

(ਅੰਗ ੯੧੦)

ਬਾਣੀ ਦੀ ਲਿਵ ਨਾਮ ਨਾਲ ਜੁੜੀ ਹੋਈ ਹੈ ਭਾਵ ਪ੍ਰਮਾਤਮਾ ਦੇ ਨਾਲ ਜੁੜੀ ਹੋਈ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜੀ ਹੋਈ ਹੈ। ਗੁਰੂ ਦੀ ਲਿਵ ਪ੍ਰਮਾਤਮਾ ਦੇ ਨਾਲ ਜੁੜੀ ਹੁੰਦੀ ਹੈ ਤੇ ਇਹ ਲਿਵ ਜੁੜਨ ਦੁਆਰਾ ਹੀ ਬਾਣੀ ਪ੍ਰਗਟ ਹੋਈ ਹੈ। ਪੂਰੀ ਬਾਣੀ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜਿਸ ਵਿੱਚ ਪ੍ਰਮਾਤਮਾ ਦਾ ਸੱਚ ਸਮਝਾਇਆ ਹੋਇਆ ਹੈ ਜੋ ਸਿੱਧਾ ਪ੍ਰਮਾਤਮਾ ਦੇ ਕੋਲੋਂ ਆਇਆ ਹੈ। ਨਾਮ ਦੇ ਨਾਲ ਲਿਵ ਜੁੜਨੀ ਪ੍ਰਮਾਤਮਾ ਦੇ ਨਾਲ ਮੇਲ ਹੈ। ਨਾਮ ਦੇ ਨਾਲ ਲਿਵ ਜੁੜਨੀ ਬ੍ਰਹਮ ਗਿਆਨ ਦੇ ਨਾਲ ਲਿਵ ਜੁੜਨੀ ਹੈ, ਗੁਰਮਤਿ ਦੇ ਨਾਲ ਲਿਵ ਜੁੜਨੀ ਹੈ। ਗੁਰੂ ਔਗੁਣਾਂ ਤੋਂ ਪੂਰੀ ਤਰ੍ਹਾਂ ਰਹਿਤ ਹੈ ਜਿਸ ਕੋਲ ਕੇਵਲ ਸੱਚ ਹੈ ਤੇ ਪੂਰੀ ਮਨੁੱਖਤਾ ਨੂੰ ਸੱਚ ਦਾ ਗਿਆਨ ਦਿੰਦਾ ਹੈ। ਗੁਰੂ ਦੇ ਮਨ ਵਿੱਚ ਸੱਚ ਹੈ ਇਸੇ ਲਈ ਉਸ ਦੇ ਮੁੱਖ ਤੇ ਸੱਚ ਹੈ, ਉਹ ਗੁਰਮੁਖਿ ਹੈ, ਉਹ ਬ੍ਰਹਮ ਗਿਆਨੀ ਹੈ। **"ਗੁਰਮੁਖਿ"**, ਮਨ ਦੀ ਅਵੱਸਥਾ ਹੈ, "ਬ੍ਰਹਮ ਗਿਆਨ" ਮਨ ਦੀ ਅਵੱਸਥਾ ਹੈ ਤੇ ਮਨੁੱਖ ਦਾ ਸਰਗੁਣ ਸਰੀਰ ਗਿਆਨ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ ਤੇ ਉਸ ਅਨੁਸਾਰ ਵਿਚਰਨ ਲਈ ਹੈ ਗੁਰਮੁਖਿ, ਬ੍ਰਹਮ ਗਿਆਨੀ ਉਹ ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਮਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਵਿਚਰ ਰਿਹਾ ਹੈ ਜਿਸ ਦੀ ਸੋਝੀ ਕੇਵਲ ਮਨ ਦੇ ਪ੍ਰਕਾਸ਼ ਦੁਆਰਾ ਹੀ ਪੈ ਸਕਦੀ ਹੈ, ਉਸ ਦੇ ਆਪ ਪ੍ਰਗਟ ਹੋਣ ਦੁਆਰਾ ਹੀ ਪੈ ਸਕਦੀ ਹੈ। ਇਹ ਮਨ ਦੀ ਸੋਝੀ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਂਦੀ ਹੈ ਤੇ ਸਾਨੂੰ ਆਪਣੇ ਆਪ ਦੀ ਸੋਝੀ ਪਾਉਂਦੀ ਹੈ, ਆਪਣੇ ਆਪ ਦੀ ਪਹਿਚਾਣ ਕਰਵਾਉਂਦੀ ਹੈ ਜਿਸ ਦੁਆਰਾ ਸਾਡੀ ਹਉਮੈ ਮਿਟਦੀ ਹੈ, ਆਪਣੇ ਅੰਦਰ ਹਰ ਵੇਲੇ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਦੀ ਸੋਝੀ ਪੈਂਦੀ ਹੈ, ਗਿਆਨ ਦੇ ਸ੍ਰੋਤ ਦੀ ਸੋਝੀ

8/827

ਪੈਂਦੀ ਹੈ। ਨਾਮ ਦੇ ਨਾਲ ਲਿਵ ਜੁੜਨੀ ਸੱਚ ਦੇ ਨਾਲ ਲਿਵ ਜੁੜਨੀ ਹੈ, ਸੱਚੇ ਗਿਆਨ ਦੇ ਨਾਲ ਲਿਵ ਜੁੜਨੀ ਹੈ ਜਿਵੇਂ ਕਿ ਗੁਰੂ ਦੀ ਜੁੜੀ ਹੋਈ ਹੈ। ਪ੍ਰਮਾਤਮਾ ਦੇ ਨਾਲ ਜੁੜਿਆ ਹੋਣ ਕਰਕੇ ਹੀ ਗੁਰੂ ਆਪ ਮੁਕਤ ਹੈ ਤੇ ਸਭ ਨੂੰ ਮੁਕਤੀ ਦਾ ਦਰ ਦਿਖਾਉਂਦਾ ਹੈ। ਗੁਰੂ, ਮੁਕਤ ਆਪਣੇ ਸੱਚ ਦੁਆਰਾ ਹੈ ਭਾਵ ਸੱਚੇ ਗਿਆਨ ਦੁਆਰਾ ਹੈ। ਸੱਚਾ ਗਿਆਨ ਹਰ ਭਰਮ ਤੋਂ ਮੁਕਤ ਹੈ, ਮਨ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਤੋਂ ਮੁਕਤ ਹੈ ਜਿੱਥੇ ਝੂਠ ਦਾ ਨਾਮ ਨਿਸ਼ਾਨ ਨਹੀਂ ਹੈ। ਭਗਤਾਂ ਦੇ ਸਰੀਰਾਂ ਦੇ ਰਾਹੀਂ ਤੇ ਗੁਰੂ ਸਾਹਿਬਾਨ ਦੇ ਸਰੀਰਾਂ ਦੇ ਰਾਹੀਂ ਉਸ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਪਹਿਲਾਂ ਆਪ ਉਨ੍ਹਾਂ ਸਰੀਰਾਂ ਰਾਹੀਂ ਸੱਚ ਤੇ ਚੱਲ ਕੇ ਦਿਖਾਇਆ ਹੈ ਤੇ ਤਾਂ ਹੀ ਮਨੁੱਖਤਾ ਨੂੰ ਸੱਚ ਤੇ ਚੱਲਣ ਦਾ ਗਿਆਨ ਦਿੱਤਾ ਹੈ ਭਾਵ ਪਹਿਲੇ ਆਪ ਨਾਮ ਜਪਿਆ ਹੈ ਤੇ ਤਾਂ ਹੀ ਮਨੁੱਖਤਾ ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ ਹੈ। ਉਹਨਾਂ ਨੇ ਸੱਚ ਦੁਆਰਾ ਪਹਿਲਾਂ ਆਪ ਸੱਚੇ ਸੁੱਚੇ ਕਰਮ ਕਰ ਕੇ ਦਿਖਾਏ ਹਨ ਤੇ ਤਾਂ ਹੀ ਸਾਰੀ ਮਨੁੱਖਤਾ ਨੂੰ ਸੱਚੇ ਸੁੱਚੇ ਕਰਮਾਂ ਲਈ ਪ੍ਰੇਰਿਆ ਹੈ। ਬਾਣੀ ਆਪ ਨਾਮ ਦੇ ਰੂਪ ਵਿੱਚ ਹੈ ਤੇ ਮਨੁੱਖਤਾ ਨੂੰ ਨਾਮ ਜਪਣ ਲਈ ਪ੍ਰੇਰ ਰਹੀ ਹੈ। ਬਾਣੀ ਆਪ ਨਾਮ ਨੂੰ ਸ਼ਬਦ ਰੂਪ ਵਿੱਚ ਪ੍ਰਗਟ ਕਰ ਰਹੀ ਹੈ ਤੇ ਸਭ ਨੂੰ ਸ਼ਬਦ ਰੂਪ ਵਿੱਚ ਹੀ ਜਪਣ ਦੀ ਪ੍ਰੇਰਨਾ ਦੇ ਰਹੀ ਹੈ। ਬਾਣੀ ਦੇ ਵਿੱਚ ਸੱਚਾ ਨਾਮ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ

"ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ॥
ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ॥ ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ॥
ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ॥
ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ॥੪॥੨॥"

(ਅੰਗ ੨੪੩)

ਕੇਵਲ ਪ੍ਰਮਾਤਮਾ ਦਾ ਨਾਮ ਹੀ ਸੱਚਾ ਹੈ ਤੇ ਇਸੇ ਲਈ ਅਸੀਂ ਆਪਣੇ ਵੱਲੋਂ ਇੱਕ ਅੱਖਰ ਨੂੰ, ਇੱਕ ਸ਼ਬਦ ਨੂੰ ਭਾਵ ਬਾਣੀ ਦੇ ਇੱਕ ਅੱਖਰ ਨੂੰ ਨਾਮ ਸਮਝ ਕੇ ਉਸਨੂੰ ਜਪਦੇ ਹਾਂ, ਉਸਨੂੰ ਰਟਦੇ ਹਾਂ ਤੇ ਇਸ ਦੇ ਨਾਲ ਹੀ ਅਸੀਂ ਇਹ ਸਮਝਦੇ ਹਾਂ ਕਿ ਉਹ ਸੱਚਾ ਪ੍ਰਮਾਤਮਾ ਸਾਨੂੰ ਮਿਲ ਜਾਵੇਗਾ। ਇਹੋ ਜਿਹਾ ਜਪ ਜਪਣ ਵਾਲੇ ਇਸੇ ਗੱਲ ਤੇ ਹੀ ਭਰੋਸਾ ਕਰਕੇ ਬੈਠੇ ਹਨ। ਉਸਦਾ ਨਾਮ ਸੱਚਾ ਹੈ, ਇਹ ਬਿਲਕੁਲ ਠੀਕ ਹੈ। **(ਤੇਰਾ ਨਾਮੁ ਸਚਾ ਜੀਉ)** ਉਸਦਾ ਨਾਮ ਕਿਵੇਂ ਸੱਚਾ ਹੈ, ਇਸ ਦੀ ਸੋਝੀ ਵੀ ਨਾਲ ਹੀ ਪਾਈ ਹੋਈ ਹੈ।

8/828

"ਸਬਦ ਸਚਾ ਵੀਚਾਰੋ॥" "ਨਾਮ ਸਚਾ" ਜਾਂ **"ਸਬਦ ਸਚਾ"** ਇੱਕੋ ਗੱਲ ਹੈ, ਕੋਈ ਫ਼ਰਕ ਨਹੀਂ। **"ਨਾਮ"** ਵੀ ਉਹ ਪ੍ਰਮਾਤਮਾ ਆਪ ਹੈ, **"ਸਬਦ"** ਵੀ ਉਹ ਆਪ ਹੈ ਤੇ ਉਹ ਆਪ ਹੀ ਗੁਰੂ ਹੈ। ਉਹ ਆਪ ਕਿਵੇਂ ਸੱਚਾ ਹੈ, ਇਹ ਨਾਲ ਹੀ ਸਮਝਾਇਆ ਹੋਇਆ ਹੈ। ਉਹ ਆਪਣੇ ਵਿਚਾਰਾਂ ਦੇ ਰਾਹੀਂ ਸੱਚਾ ਹੈ, ਉਸਦੇ ਵਿਚਾਰਾਂ ਦੇ ਵਿੱਚ ਕੇਵਲ ਸੱਚ ਹੀ ਹੁੰਦਾ ਹੈ। (**ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ॥**)

{ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ॥੧੪॥}

(ਅੰਗ ੧੦੫੭)

ਸਾਰੀ ਬਾਣੀ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਉਸਦਾ ਹਰ ਵਿਚਾਰ ਸੱਚਾ ਹੈ ਭਾਵ ਦੁਨੀਆਂ ਦੇ ਵਿੱਚ ਕੋਈ ਵੀ ਸੱਚਾ ਜਾਂ ਝੂਠਾ ਆਪਣੇ ਵਿਚਾਰਾਂ ਦੇ ਨਾਲ ਹੈ। ਜੇਕਰ ਅਸੀਂ ਆਪਣੇ ਆਪ ਨੂੰ ਸੱਚਾ ਬਣਾਉਣਾ ਹੈ, ਨਾਮ ਵਾਲਾ ਬਣਾਉਣਾ ਹੈ ਤੇ ਉਸ ਦੇ ਲਈ ਇੱਕੋ ਇੱਕ ਤਰੀਕਾ ਆਪਣੇ ਵਿਚਾਰਾਂ ਰਾਹੀਂ ਸੱਚੇ ਬਣਨ ਦਾ ਹੈ ਜੋ ਕਿ ਗੁਰੂ ਦੇ, ਸ਼ਬਦ ਦੇ ਸੱਚੇ ਵਿਚਾਰਾਂ ਨੂੰ ਮੰਨਣ ਦੁਆਰਾ ਬਣਿਆ ਜਾ ਸਕਦਾ ਹੈ ਤੇ ਆਪਣੇ ਵਿਚਾਰ ਭਾਵ ਆਪਣੀ ਮਤਿ ਨੂੰ ਛੱਡਣ ਦੁਆਰਾ ਬਣਿਆ ਜਾ ਸਕਦਾ ਹੈ। ਜੋ ਸਾਡੇ ਵਿਚਾਰ ਗੁਰੂ ਦੀ ਮਤਿ ਨਾਲ ਮੇਲ ਨਹੀਂ ਖਾਂਦੇ ਉਹ ਝੂਠੇ ਵਿਚਾਰ ਹਨ। ਜਦ ਤੱਕ ਸਾਡੇ ਵਿਚਾਰਾਂ ਦੇ ਵਿੱਚ ਝੂਠ ਹੈ ਤਦ ਤੱਕ ਸਾਡੇ ਅੰਦਰ ਨਾਮ ਵਾਲੇ ਵਿਚਾਰ ਨਹੀਂ ਹਨ, ਅਸੀਂ ਸ਼ਬਦ ਦੇ ਵਿਚਾਰੀ ਨਹੀਂ ਹਾਂ। ਮਨ ਦੇ ਵਿੱਚ ਝੂਠ ਦੇ ਰਹਿੰਦਿਆਂ ਕੀ ਕੇਵਲ ਇੱਕ ਅੱਖਰ ਦੇ ਜਪ ਦੁਆਰਾ ਅਸੀਂ ਆਪਣੇ ਆਪ ਨੂੰ ਨਾਮ ਵਾਲਾ ਕਹਿ ਸਕਦੇ ਹਾਂ ਭਾਵ ਸੱਚੇ ਵਿਚਾਰਾਂ ਵਾਲਾ ਕਹਿ ਸਕਦੇ ਹਾਂ। ਅਗਰ ਕਹਿੰਦੇ ਹਾਂ ਤਾਂ ਉਹ ਸਾਡਾ ਕੇਵਲ ਭੁਲੇਖਾ ਹੈ। ਨਾਮ ਨੂੰ ਜਪਣਾ ਨਾਮ ਦੇ ਵਿਚਾਰਾਂ ਨੂੰ ਜਪਣਾ ਹੈ, ਨਾਮ ਦਾ ਵਿਚਾਰੀ ਬਣਨਾ ਹੈ, ਸ਼ਬਦ ਦਾ ਵਿਚਾਰੀ ਬਣਨਾ ਹੈ ਭਾਵ "ਸੱਚ" ਨੂੰ ਮੂਲ ਰੂਪ ਵਿੱਚ ਆਪਣੇ ਵਿਚਾਰਾਂ ਵਿੱਚ ਲਿਆਉਣਾ ਹੈ। ਆਓ ਹੁਣ ਅਗਲੀ ਪੰਗਤੀ ਤੋਂ ਸਮਝੀਏ ਕਿ ਪ੍ਰਮਾਤਮਾ ਦਾ ਮਹਲ ਕਿਵੇਂ ਸੱਚਾ ਹੈ, ਉਸਦਾ ਟਿਕਾਣਾ ਕਿਵੇਂ ਸੱਚਾ ਹੈ। **"ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ॥"** ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦਾ ਆਪਣਾ ਮਹਲ ਹੈ, ਹਰ ਖੰਡ ਬ੍ਰਹਿਮੰਡ ਪ੍ਰਮਾਤਮਾ ਦਾ ਆਪਣਾ ਮਹਲ ਹੈ, ਹਰ ਘਟ ਪ੍ਰਮਾਤਮਾ ਦਾ ਆਪਣਾ ਮਹਲ ਹੈ। ਉਹ ਆਪਣੇ "**ਜਿਸ ਮਹਲ ਵਿੱਚ ਪ੍ਰਗਟ ਹੈ**", "**ਉਹ ਗੁਰਬਾਣੀ ਹੈ**" ਜਿਸ ਰਾਹੀਂ ਉਹ ਸਦਾ ਹੀ ਪ੍ਰਗਟ ਹੈ ਜਿੱਥੇ ਉਸਨੇ ਆਪਣੀ ਮੋਹਰ ਲਗਾਈ ਹੋਈ ਹੈ। ਗੁਰਬਾਣੀ ਰਾਹੀਂ ਉਹ ਆਪਣੇ ਸ਼ਬਦ ਰੂਪ ਵਿੱਚ ਪ੍ਰਗਟ ਹੈ ਜਿਸ ਰਾਹੀਂ ਉਹ ਮਨੁੱਖਤਾ ਨੂੰ ਆਪਣਾ ਸੱਚਾ ਗਿਆਨ ਵੰਡ ਰਿਹਾ ਹੈ। ਗੁਰਬਾਣੀ ਉਸਦੀ ਸੱਚੀ ਹੱਟੀ ਹੈ ਜਿੱਥੇ ਨਾਮ ਦਾ ਵਪਾਰ ਹੁੰਦਾ ਹੈ, ਸੱਚ ਦਾ ਵਪਾਰ ਹੁੰਦਾ ਹੈ ਜਿੱਥੋਂ ਹਰ ਸੋਝੀ ਸੱਚ ਵਾਲੀ ਮਿਲਦੀ ਹੈ।

8/829

ਉਹ ਸੱਚ ਦਾ ਵਪਾਰ, ਨਾਮ ਦਾ ਵਪਾਰ ਆਪਣੇ ਸੱਚੇ ਵਿਚਾਰਾਂ ਦੁਆਰਾ ਕਰਦਾ ਹੈ ਜਿੰਨ੍ਹਾਂ ਰਾਹੀਂ ਹਰ ਕਿਸੇ ਨੂੰ ਇੱਕੋ ਜਿਹੇ ਸੱਚ ਦੀ, ਇੱਕੋ ਜਿਹੇ ਨਾਮ ਦੀ ਸੋਝੀ ਪੈਂਦੀ ਹੈ ਜੋ ਨਾਮ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸੱਚ ਦੀ ਸੋਝੀ ਪੈਂਦੀ ਹੈ। ਇਹ ਸੱਚੇ ਵਿਚਾਰਾਂ ਦਾ ਵਪਾਰ, ਨਾਮ ਦਾ ਵਪਾਰ, ਸੱਚ ਦਾ ਵਪਾਰ ਹੈ। ਪ੍ਰਮਾਤਮਾ ਇਸੇ ਲਈ ਸੱਚਾ ਹੈ, ਉਸਦਾ ਮਹਲ ਸੱਚਾ ਹੈ ਕਿਉਂਕਿ ਉਹ ਕੇਵਲ ਸੱਚ ਦਾ ਵਪਾਰ ਕਰਦਾ ਹੈ। "**ਉਹ ਸੱਚ ਹੀ ਵੇਚਦਾ ਹੈ ਤੇ ਸੱਚ ਹੀ ਖਰੀਦਦਾ ਹੈ**" ਤੇ ਸਭ ਨੂੰ ਸੱਚ ਦਾ ਵਾਪਾਰ ਕਰਨਾ ਹੀ ਸਮਝਾਉਂਦਾ ਹੈ ਜੋ ਸੱਚ ਰੂਪ ਖੇਪ ਉਸਦੀ ਦਰਗਾਹ ਵਿੱਚ ਪਰਵਾਨ ਹੁੰਦੀ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। (**ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿ ਧਾਰਿ ॥ ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥ ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥ ਦੂਖੁ ਦਰਦੁ ਮਨ ਤੇ ਭਉ ਜਾਇ ॥ ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥**) ਅੰਗ - ੨੯੩ ਇਹ ਸੱਚ ਦਾ ਵਪਾਰ ਗੁਰੂ ਦੀ ਪੂਰੀ ਦੀਖਿਆ ਨੂੰ, ਪੂਰੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਹੁੰਦਾ ਹੈ। ਗੁਰੂ ਦੀ ਸਿੱਖਿਆ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਗੁਰੂ ਨੂੰ ਸੱਚ ਹੀ ਚੰਗਾ ਲੱਗਦਾ ਹੈ। ਉਹ ਝੂਠ ਦਾ ਗਾਹਕ ਨਹੀਂ ਹੈ। ਜੇ ਉਸ ਦੇ ਕੋਲ ਕੋਈ ਝੂਠ ਵੇਚਣ ਜਾਵੇ, ਝੂਠੇ ਵਿਚਾਰਾਂ ਦੁਆਰਾ ਭਗਤੀ ਕਰਕੇ, ਝੂਠਾ ਨਾਮ ਜਪਕੇ ਭਾਵ ਝੂਠ ਦੁਆਰਾ ਉਸਦੇ ਦਰ ਤੇ ਪ੍ਰਵਾਨ ਹੋਣਾ ਚਾਹੇ ਤਾਂ ਉਹ ਉਹਨਾਂ ਨੂੰ ਪ੍ਰਵਾਨ ਨਹੀਂ ਕਰਦਾ। ਉੱਥੇ ਕੇਵਲ ਸੱਚ ਦੁਆਰਾ ਪ੍ਰਵਾਨ ਹੋਇਆ ਜਾ ਸਕਦਾ ਹੈ। ਆਓ ਇਹੀ ਗੱਲ ਹੇਠ ਲਿਖੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

ਪਉੜੀ॥

“ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥ ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥ ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ॥੧੨॥”

(ਅੰਗ ੧੪੩)

ਸਭ ਤੋਂ ਪਹਿਲਾਂ ਸਾਨੂੰ ਇਸ ਗੱਲ ਤੇ ਯਕੀਨ ਕਰਨ ਦੀ ਲੋੜ ਹੈ ਕਿ ਜੋ ਕੁੱਝ ਵੀ ਅਸੀਂ ਕਰ ਰਹੇ ਹਾਂ ਉਹ ਸਾਡੇ ਵੱਸ ਨਹੀਂ ਹੈ। ਜਿਸ ਨੇ ਇਹ ਕੁਦਰਤ ਬਣਾਈ ਹੈ ਉਹ ਆਪ ਹੀ ਇਸ ਨੂੰ ਆਪਣੇ ਤਰੀਕੇ ਨਾਲ ਚਲਾ ਰਿਹਾ ਹੈ। ਕੋਈ ਵੀ ਮਨੁੱਖ ਖੋਟਾ ਜਾਂ ਖਰਾ, ਝੂਠਾ ਜਾਂ ਸੱਚਾ ਆਪਣੇ ਵਿਚਾਰਾਂ ਦੁਆਰਾ ਹੀ ਹੁੰਦਾ ਹੈ। ਸਾਨੂੰ ਖੋਟਾ ਜਾਂ ਖਰਾ ਬਣਾਉਣ ਵਾਲਾ ਪ੍ਰਮਾਤਮਾ ਆਪ ਹੈ, ਸਾਡੇ ਅੰਦਰ ਵਿਚਾਰ ਪਾਉਣ ਵਾਲਾ ਉਹ ਪ੍ਰਮਾਤਮਾ ਆਪ ਹੈ। ਉਹ ਸਾਡੇ ਵਿਚਾਰਾਂ ਦਾ ਮਾਲਕ ਹੈ ਤੇ ਮਨੁੱਖ ਦੀ ਪਰਖ ਉਸ ਦੇ ਕਰਮਾਂ ਦੁਆਰਾ ਹੁੰਦੀ ਹੈ ਤੇ ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ। ਜੋ ਵਿਚਾਰ ਦੇਣ ਵਾਲਾ ਹੈ ਉਹੀ ਇਹਨਾਂ ਨੂੰ ਪਰਖਣ ਵਾਲਾ ਹੈ। ਉਸ ਤੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ। (**ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥**) ਜਿਸ ਨੂੰ ਉਸਨੇ ਆਪਣੇ ਖਜ਼ਾਨੇ ਵਿੱਚ ਰਲਾਉਣਾ ਹੈ ਉਸ ਦੇ ਵਿਚਾਰ ਹੀ ਸੱਚੇ ਕਰੇਗਾ। ਉਸਦੇ ਖਜ਼ਾਨੇ ਵਿੱਚ ਕੇਵਲ ਸੱਚ ਹੈ, ਉਹ ਸੱਚੇ ਗੁਣਾਂ ਦਾ ਖਜ਼ਾਨਾ ਹੈ, ਸੱਚੇ ਗਿਆਨ ਦਾ ਖਜ਼ਾਨਾ ਹੈ,

8/830

ਬ੍ਰਹਮ ਗਿਆਨ ਦਾ ਖਜ਼ਾਨਾ ਹੈ ਜਿੱਥੇ ਕੇਵਲ ਗੁਰਮਤਿ ਹੈ। ਖਰੇ ਖਜ਼ਾਨੇ ਵਿੱਚ ਕੇਵਲ ਖਰਾ ਹੀ ਰਲ ਸਕਦਾ ਹੈ ਉੱਥੇ ਖੋਟਾ ਮਨੁੱਖ ਟਿਕ ਹੀ ਨਹੀਂ ਸਕਦਾ। ਜਿੰਨ੍ਹਾਂ ਦੇ ਵਿਚਾਰ ਖੋਟੇ ਹਨ ਉਹਨਾਂ ਨੂੰ ਪ੍ਰਮਾਤਮਾ ਨੇ ਪਹਿਲਾਂ ਹੀ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਜਿਸ ਨੂੰ ਉਸਨੇ ਆਪਣੇ ਨਾਲ ਮਿਲਾਉਣਾ ਹੈ ਪਹਿਲਾਂ ਉਸਨੂੰ ਖਰਾ ਬਣਾਵੇਗਾ, ਉਸਨੂੰ ਸਹੀ ਸੋਝੀ ਪਾ ਕੇ, ਉਸ ਦੇ ਵਿਚਾਰ ਚੰਗੇ ਬਣਾਵੇਗਾ। **(ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥)** ਆਓ ਹੁਣ ਅਗਲੀ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰੀਏ। ਬਾਣੀ ਨੂੰ ਧਿਆਨ ਨਾਲ ਸਮਝਾਂਗੇ ਤੇ ਤਾਂ ਹੀ ਸਾਡੇ ਤੇ ਉਸਦਾ ਅਸਰ ਹੋਵੇਗਾ, ਸਾਡੀ ਅਗਿਆਨਤਾ ਨਿਕਲੇਗੀ।

“ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥”

ਪ੍ਰਮਾਤਮਾ ਦੀ ਦਰਗਾਹ ਵਿੱਚ ਪਹੁੰਚਣ ਦੀ ਤਾਂਘ ਹਰ ਕੋਈ ਰੱਖਦਾ ਹੈ ਜਿਸ ਮਨ ਰੂਪ ਦਰਗਾਹ ਵਿੱਚ ਅਸੀਂ ਇਸ ਸਰੀਰ ਵਿੱਚ ਰਹਿੰਦੇ ਹੋਏ ਹੀ ਜਾ ਸਕਦਾ ਹਾਂ। ਅਸੀਂ ਉਸਦਾ ਜਪ ਤਪ ਇਸੇ ਲਈ ਕਰਦੇ ਹਾਂ ਕਿ ਅਸੀਂ ਪ੍ਰਮਾਤਮਾ ਨੂੰ ਪਾ ਲਈਏ। ਅਸੀਂ ਸਰੀਰਕ ਜਪ ਤਪ ਤਾਂ ਕਰੀ ਜਾਂਦੇ ਹਾਂ, ਪ੍ਰਮਾਤਮਾ ਅੱਗੇ ਆਪਣੀ ਪੁਕਾਰ ਤਾਂ ਕਰੀ ਜਾਂਦੇ ਹਾਂ ਪਰ ਇਹ ਪੁਕਾਰ ਕਰਨ ਦਾ ਤਰੀਕਾ ਸਾਡਾ ਠੀਕ ਨਹੀਂ ਹੈ ਕਿਉਂਕਿ ਜਿਸ ਅੱਗੇ ਅਸੀਂ ਪੁਕਾਰ ਕਰ ਰਹੇ ਹਾਂ ਉਹ ਕੇਵਲ ਸੱਚੇ ਮਨੁੱਖ ਦੀ ਪੁਕਾਰ ਸੁਣਦਾ ਹੈ ਨਾ ਕਿ ਖੋਟਿਆਂ ਦੀ। ਖੋਟਾ ਮਨੁੱਖ ਉਹ ਹੈ ਜਿਸ ਦੇ ਮਨ ਵਿੱਚ ਖੋਟ ਹੈ ਭਾਵ ਜਿਸਦੇ ਅੰਦਰ ਸੱਚ ਨਹੀਂ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਨਹੀਂ ਹੈ। ਖੋਟੇ ਰਹਿ ਕੇ ਉਸ ਦੇ ਅੱਗੇ ਪੁਕਾਰ ਕਰਨਾ ਕਿਸੇ ਲੇਖੇ ਨਹੀਂ ਹੈ।**(ਖੋਟੇ ਸਚੀ ਦਰਗਹ ਸੁਟੀਅਹਿ ਕਿਸ ਆਗੈ ਕਰਹਿ ਪੁਕਾਰ)** ਅਸੀਂ ਅਸਲੀਅਤ ਤੋਂ ਦੂਰ ਹਾਂ। ਆਪ ਅਸੀਂ ਖੋਟੇ ਹਾਂ ਪਰ ਜਾਣਾ ਸੱਚੀ ਦਰਗਾਹ ਵਿੱਚ ਚਾਹੁੰਦੇ ਹਾਂ। ਸੱਚੀ ਦਰਗਾਹ ਵਿੱਚ ਖੋਟਿਆਂ ਲਈ ਕੋਈ ਜਗ੍ਹਾ ਨਹੀਂ ਹੈ ਤੇ ਇਸੇ ਲਈ ਉਹਨਾਂ ਦੀ ਪੁਕਾਰ, ਉਹਨਾਂ ਦਾ ਜਪ ਤਪ, ਉਨ੍ਹਾਂ ਦੀ ਨਾਸਮਝੀ ਵਾਲੀ ਭਗਤੀ ਕਿਸੇ ਲੇਖੇ ਨਹੀਂ ਹੈ। ਸਾਡੀ ਪੁਕਾਰ ਵਿਅਰਥ ਜਾ ਰਹੀ ਹੈ ਭਾਵ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਹੈ ਕਿ ਅਸੀਂ ਜਪ ਤਪ ਕਿਵੇਂ ਕਰਨਾ ਹੈ। ਇਹ ਭਗਤੀ ਦਾ ਮਾਰਗ ਆਪਣੇ ਆਪ ਨੂੰ ਸੱਚੇ ਬਣਾਉਣ ਦਾ ਹੈ, ਆਪਣੇ ਮਨ ਦੀ ਖੋਟ ਕੱਢ ਕੇ ਉਸਨੂੰ ਸੱਚ ਵਿੱਚ ਬਦਲਣ ਦਾ ਹੈ ਭਾਵ ਆਪਣੇ ਵਿਚਾਰਾਂ ਨੂੰ ਬਦਲਣ ਦਾ ਹੈ, ਸ਼ਬਦ ਦੇ ਵਿਚਾਰੀ ਬਣਨ ਦਾ ਹੈ ਜੋ ਸੱਚੇ ਬਣਨ ਦਾ ਹੱਲ ਵੀ ਨਾਲ ਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

“ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥ ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥”

ਸਾਡਾ ਮਨ ਦੀ ਖੋਟ ਵਿੱਚੋਂ ਨਿਕਲਣ ਦਾ ਹੱਲ ਗੁਰੂ ਦੇ ਪਿੱਛੇ ਭੱਜਣ ਦੇ ਨਾਲ ਹੋਣਾ ਹੈ। ਜੇਕਰ ਗੁਰੂ ਕੋਈ "ਦੇਹ ਸਰੂਪ" ਹੋਵੇ ਤਾਂ ਉਸਦੇ ਪਿੱਛੇ ਭੱਜ ਲਈਏ। ਗੁਰੂ "ਸ਼ਬਦ" ਹੈ ਤੇ ਭੱਜਣਾ ਵੀ ਸ਼ਬਦ ਦੇ ਪਿੱਛੇ ਹੀ ਪਵੇਗਾ, ਨਾਮ ਦੇ ਪਿੱਛੇ ਭੱਜਣਾ ਪਵੇਗਾ। ਸ਼ਬਦ ਸੱਚ ਹੈ, ਨਾਮ ਸੱਚ ਹੈ ਜੋ ਕਿ ਗੁਰਮਤਿ ਦੀ ਸੱਚੀ ਸਮਝ ਦੁਆਰਾ ਸੱਚ ਹੈ ਤੇ ਭੱਜਣਾ ਵੀ ਸੱਚ ਦੇ ਪਿੱਛੇ ਹੀ ਪਵੇਗਾ, ਗੁਰਮਤਿ ਦੀ ਸੱਚੀ ਸਮਝ ਦੇ ਪਿੱਛੇ ਹੀ ਭੱਜਣਾ ਪਵੇਗਾ ਕਿਉਂਕਿ ਗੁਰਮਤਿ ਹੀ ਗੁਰੂ ਦਾ ਆਪਣਾ ਸੱਚ ਰੂਪ ਹੈ। ਸੱਚ ਨੂੰ ਫੜਨਾ ਔਖਾ ਹੈ, ਨਾਮ ਦੇ ਪਿੱਛੇ ਭਜਣਾ ਬਹੁਤ ਔਖਾ

8/831

ਹੈ, ਗੁਰਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ। ਸਾਡੀ ਸਾਰੀ ਕਰਣੀ ਦਾ ਸਾਰ, ਸਾਡੀ ਸਾਰੀ ਕਰਣੀ ਦਾ ਤੱਤ, ਸੱਚ ਹੈ। **(ਏਹਾ ਕਰਣੀ ਸਾਰੁ)** ਜਿਸ ਕਰਣੀ ਵਿੱਚ ਸੱਚ ਨਹੀਂ ਹੈ, ਜਿਸ ਕਰਣੀ ਵਿੱਚ ਗੁਰੂ ਦੀ ਮਤਿ ਨਹੀਂ ਹੈ, ਉਹ ਕਰਣੀ ਗੁਰੂ ਵਾਲੀ ਕਰਣੀ ਨਹੀਂ ਹੈ ਜੋ ਕਿ ਗੁਰੂ ਦੇ ਦਰ ਤੇ ਪ੍ਰਵਾਨ ਨਹੀਂ ਹੈ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ ੧੩੪੩)

ਸੱਚ ਤਾਂ ਹੀ ਸਾਡੇ ਲਈ ਸੱਚ ਬਣੇਗਾ ਜੇਕਰ ਸੱਚ ਸਾਡੇ ਹਿਰਦੇ ਵਿੱਚ ਵੱਸੇਗਾ, ਗੁਰੂ ਦੇ ਸ਼ਬਦ ਦਾ ਗਿਆਨ ਸਾਡੇ ਹਿਰਦੇ ਵਿੱਚ ਵੱਸੇਗਾ, ਨਾਮ ਸਾਡੇ ਮਨ ਵਿੱਚ ਵੱਸੇਗਾ, ਅੱਖਰ ਦੀ ਸਮਝ ਸਾਡੇ ਹਿਰਦੇ ਵਿੱਚ ਵੱਸੇਗੀ ਤੇ ਇਸ ਤੋਂ ਬਿਨ੍ਹਾਂ ਸਾਡੀ ਕਰਨੀ ਸੱਚੀ ਨਹੀਂ ਹੋ ਸਕਦੀ। ਜੇਕਰ ਸੱਚ ਕੇਵਲ ਸਾਡੇ ਮੁੱਖ ਤੱਕ ਰਹੇ, ਅੱਖਰ ਕੇਵਲ ਮੁੱਖ ਤੱਕ ਹੀ ਰਹੇ, ਸਾਡੀ ਰਸਨਾ ਤੱਕ ਹੀ ਰਹੇ ਪਰ ਹਿਰਦੇ ਵਿੱਚ ਨਾ ਹੋਵੇ ਤਾਂ ਸਾਡੀ ਕਰਨੀ ਸੱਚੀ ਨਹੀਂ ਹੋ ਸਕਦੀ। ਸੱਚ ਜਾਂ ਝੂਠ ਸਾਡੀ ਕਰਨੀ ਦੁਆਰਾ ਪ੍ਰਗਟ ਹੋਣਾ ਹੈ ਮੁੱਖੋਂ ਭਾਵੇਂ ਅਸੀਂ ਸੱਚੇ ਹੋਣ ਦਾ ਜਿਤਨਾ ਮਰਜੀ ਦਾਅਵਾ ਕਰੀ ਜਾਈਏ। ਅੰਦਰ ਝੂਠ ਹੋਣਾ ਤੇ ਮੁੱਖੋਂ ਸੱਚ ਦਿਖਾਉਣਾ ਸਿਵਾਇ ਪਾਖੰਡ ਦੇ ਕੁੱਝ ਵੀ ਨਹੀਂ। (**ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥**)

ਜਿਸ ਨੇ ਸਾਨੂੰ ਖੋਟਾ ਬਣਾਇਆ ਹੈ, ਉਹ ਹੀ ਸਾਨੂੰ ਖਰਾ ਬਣਾ ਸਕਦਾ ਹੈ। ਆਪਣੇ ਵਿਚਾਰਾਂ ਦੁਆਰਾ ਹੀ ਅਸੀਂ ਖੋਟੇ ਹਾਂ ਤੇ ਵਿਚਾਰਾਂ ਦੁਆਰਾ ਹੀ ਖਰੇ ਬਣਨਾ ਹੈ ਬਸ ਫ਼ਰਕ ਇਤਨਾ ਹੈ ਕਿ ਸਾਡੇ ਅੰਦਰ ਵਿਚਾਰ ਕਿਸ ਦੇ ਹਨ। ਮਨਮਤਿ ਦੇ ਵਿਚਾਰਾਂ ਨਾਲ ਅਸੀਂ ਖੋਟੇ ਹਾਂ ਤੇ ਗੁਰਮਤਿ ਦੇ ਵਿਚਾਰਾਂ ਨਾਲ ਅਸੀਂ ਖਰੇ ਹਾਂ। ਸ਼ਬਦ ਦੀ ਵਿਚਾਰ ਗੁਰੂ ਦੀ ਵਿਚਾਰ ਹੈ, ਗੁਰੂ ਦੀ ਮਤਿ ਹੈ। ਪ੍ਰਮਾਤਮਾ ਨੇ ਸਾਨੂੰ ਆਪਣੇ ਸ਼ਬਦ ਦੁਆਰਾ ਹੀ ਸਵਾਰਨਾ ਹੈ, ਆਪਣੇ ਸੱਚ ਦੁਆਰਾ ਹੀ ਸਵਾਰਨਾ ਹੈ ਭਾਵ ਉਸ ਨੇ ਸਾਡੇ ਵਿਚਾਰਾਂ ਨੂੰ ਬਦਲਣਾ ਹੈ ਜੋ ਕਿ ਉਸ ਦੇ ਹੱਥ ਵਿੱਚ ਹੀ ਹਨ। ਸਾਡੇ ਵਿਚਾਰਾਂ ਤੇ ਸਾਡਾ ਕੋਈ ਵੱਸ ਨਹੀਂ ਹੈ। ਇਸ ਦਾ ਯਕੀਨ ਉਸ ਦੇ ਆਪਣੇ ਦਿਵਾਏ ਹੀ ਆ ਸਕਦਾ ਹੈ ਜੋ ਆਪ ਸ਼ਬਦ ਰੂਪ ਵਿੱਚ, ਗਿਆਨ ਰੂਪ ਵਿੱਚ ਸਾਡੇ ਅੰਦਰ ਆਪਣੀ ਜੋਤਿ ਦੁਆਰਾ ਵਰਤ ਰਿਹਾ ਹੈ।

(ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥)

ਸ਼ਬਦ ਦਾ ਮਕਸਦ ਸਾਨੂੰ ਖਰੇ ਬਣਾਉਣ ਨਾਲ ਹੀ ਹੈ ਤੇ ਉਹ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਸ਼ਬਦ ਦੀ ਗੱਲ ਨੂੰ ਮੰਨੀਏ, ਨਾਮ ਨੂੰ ਮੰਨੀਏ ਤੇ ਮਨ ਦੀ ਖੋਟ ਦੂਰ ਕਰੀਏ ਭਾਵ ਮਨ ਦੀ ਨਾਸਮਝਿ ਮਤਿ ਨੂੰ ਛੱਡੀਏ ਜੋ ਸਾਨੂੰ ਗੁਰਮਤਿ ਤੋਂ ਉਲਟ ਚਲਾਉਂਦੀ ਹੈ।

8/832

ਪ੍ਰਮਾਤਮਾ ਦੀ ਸੱਚੀ ਦਰਗਾਹ ਵਿੱਚ ਖੋਟਿਆਂ ਲਈ ਭਾਵ ਝੂਠ ਬੋਲਣ ਵਾਲਿਆਂ ਲਈ, ਮਾੜੇ ਕਰਮ ਕਰਨ ਵਾਲਿਆ ਲਈ ਕੋਈ ਜਗ੍ਹਾ ਨਹੀਂ ਹੈ। ਉੱਥੇ ਉਹ ਪ੍ਰਵਾਨ ਹੁੰਦੇ ਹਨ, ਉੱਥੇ ਉਹ ਮੰਨੇ ਜਾਂਦੇ ਹਨ ਜਿੰਨ੍ਹਾਂ ਨੂੰ ਗੁਰੂ ਨਾਲ ਪਿਆਰ ਹੈ ਭਾਵ ਗੁਰੂ ਦੀ ਮਤਿ ਨਾਲ ਪਿਆਰ ਹੈ, ਗੁਰੂ ਦੇ ਸ਼ਬਦ ਦੀ ਸੱਚੀ ਸਮਝ ਨਾਲ ਪਿਆਰ ਹੈ, ਸੱਚ ਨਾਲ ਪਿਆਰ ਹੈ ਭਾਵ ਜੋ ਖੋਟੇ ਤੋਂ ਖਰੇ ਹੋ ਜਾਂਦੇ ਹਨ ਉਹ ਗੁਰੂ ਦੀ ਮਤਿ ਨੂੰ ਮੰਨ ਲੈਂਦੇ ਹਨ ਤੇ ਉਹੀ ਗੁਰੂ ਨਾਲ ਆਪਣਾ ਪ੍ਰੇਮ ਪਿਆਰ ਦਿਖਾਉਂਦੇ ਹਨ। ਹਿਰਦੇ ਵਿੱਚ ਸੱਚ ਵਸਾਏ ਬਿਨ੍ਹਾਂ, ਮੁੱਖੋਂ ਬੋਲ-ਬੋਲ ਕੇ ਗੁਰੂ ਨਾਲ ਪਿਆਰ ਦਿਖਾਉਣਾ ਕੇਵਲ ਇੱਕ ਪਾਖੰਡ ਹੈ, ਵਿਅਰਥ ਦੀ ਪੂਜਾ ਹੈ, ਕੇਵਲ ਆਪਣੇ ਆਪ ਨੂੰ ਖੁਆਰ ਕਰਨ ਵਾਲੀ ਗੱਲ ਹੈ। ਕੇਵਲ ਸੱਚ ਨਾਲ, ਗੁਰੂ ਦੀ ਮਤਿ ਨਾਲ ਪਿਆਰ ਕਰਨਾ, ਗੁਰੂ ਨਾਲ ਪਿਆਰ ਕਰਨਾ ਹੈ।

(ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥)

ਅੰਦਰ ਵਿਕਾਰਾਂ ਦੇ ਰਹਿੰਦਿਆਂ ਪ੍ਰਮਾਤਮਾ ਦੇ ਨਾਲ ਸੱਚਾ ਪਿਆਰ ਨਹੀਂ ਦਿਖਾਇਆ ਜਾ ਸਕਦਾ। ਗੁਰੂ ਨਾਲ ਆਪਣਾ ਪਿਆਰ ਸੱਚੇ ਬਣ ਕੇ ਹੀ ਦਿਖਾਇਆ ਜਾ ਸਕਦਾ ਹੈ ਤੇ ਸੱਚੇ ਬਣਨ ਲਈ ਵਿਕਾਰਾਂ ਦਾ ਤਿਆਗ ਜਰੂਰੀ ਹੈ, ਆਪਣੇ ਅੰਦਰ ਦੀ ਬਿਖ ਦਾ, ਮਾਇਆ ਮੋਹ ਦਾ, ਹਉਮੈ ਦਾ ਤਿਆਗ ਜਰੂਰੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਵਾਰ-ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

ਪ੍ਰਮਾਤਮਾ ਖਰਾ ਉਸ ਨੂੰ ਹੀ ਬਣਾਉਂਦਾ ਹੈ, ਆਪਣਾ ਸੱਚ ਉਸ ਨੂੰ ਹੀ ਬਖਸ਼ਦਾ ਹੈ, ਔਗੁਣ ਉਸੇ ਮਨੁੱਖ ਦੇ ਦੂਰ ਕਰਦਾ ਹੈ, ਆਪਣੀ ਮਤਿ ਨਾਲ ਉਸ ਨੂੰ ਹੀ ਜੋੜਦਾ ਹੈ, ਆਪਣਾ ਨਾਮ ਉਸੇ ਨੂੰ ਹੀ ਬਖਸ਼ਦਾ ਹੈ, ਆਪਣਾ ਸੱਚਾ ਪ੍ਰੇਮ ਉਸੇ ਨੂੰ ਹੀ ਬਖਸ਼ਦਾ ਹੈ ਜਿੱਥੇ ਉਹ ਆਪਣਾ ਮੇਲ ਕਰਦਾ ਹੈ। ਉਹ ਆਪਣਾ ਮੇਲ ਕਿਸੇ ਵਿਰਲੇ ਨਾਲ ਹੀ ਕਰਦਾ ਹੈ। ਇਹ ਉਸਦਾ ਆਪਣਾ ਰਚਿਆ ਹੋਇਆ ਅਸੂਲ ਹੈ। ਜੋ ਉਸ ਦੇ ਬਖਸ਼ੇ ਹੋਏ ਹਨ ਉਹ ਵਿਰਲੇ ਹੀ ਹਨ। ਉਹਨਾਂ ਦੀ ਗਿਣਤੀ ਕੋਈ ਤਾਂ ਕਰੇ ਜੇਕਰ ਉਸਦੀ ਕੋਈ ਲੋੜ ਹੋਵੇ ਭਾਵ ਗਿਣਤੀ ਉੱਥੇ ਕੀਤੀ ਜਾਂਦੀ ਹੈ ਜਿੱਥੇ ਬਹੁਤ ਸਾਰੇ ਹੋਣ ਪਰ ਉਸਦੇ ਬਖਸ਼ੇ ਹੋਏ ਵਿਰਲੇ ਹੀ ਹੁੰਦੇ ਹਨ। ਦੁਨੀਆਂ ਨੂੰ ਉਸ ਨੇ ਭਰਮ ਵਿੱਚ ਹੀ ਪਾਇਆ ਹੋਇਆ ਹੈ ਤੇ ਹਰ ਕੋਈ ਭੁੱਲਿਆ ਹੋਇਆ ਹੀ, ਮਨ ਦੀ ਖੋਟ ਦੂਰ ਕੀਤੇ ਬਿਨ੍ਹਾਂ ਹੀ ਉਸਨੂੰ ਜਪੀ ਜਾ ਰਿਹਾ ਹੈ ਜਿਸ ਨਾਲ ਮਨੁੱਖ ਦੀ ਹਉਮੈ ਹੋਰ ਵੱਧਦੀ ਹੈ।

(ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥ ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ॥੧੨॥)

8/833

ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਸਮਝੀਏ ਕਿ ਨਾਮ ਦਾ ਵਪਾਰ ਕੀ ਹੈ। ਸਾਡੇ ਲਈ ਨਾਮ ਦਾ ਵਪਾਰ ਉਹੀ ਹੈ ਜਿਹੋ ਜਿਹਾ ਵਪਾਰ ਗੁਰੂ ਆਪ ਕਰ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਵਪਾਰ ਸੱਚ ਦਾ ਵਪਾਰ ਹੈ ਜੋ ਵਪਾਰ ਮਨ ਦੇ ਵਿੱਚ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਹੋਣਾ ਹੈ ਜਿਸ ਦੁਆਰਾ ਅਸੀਂ ਆਪਣੀ ਜਿੰਦਗੀ ਜਿਉਣੀ ਹੈ, ਸੱਚ ਨੂੰ ਅਪਣਾ ਕੇ ਸੱਚੀ ਸੁੱਚੀ ਕਿਰਤ ਕਰਨੀ ਹੈ। ਇਹ ਸੱਚ ਦਾ ਵਪਾਰ ਜਦ ਤੱਕ ਸਾਡੇ ਲਈ ਮਿੱਠਾ ਨਹੀਂ ਬਣਦਾ ਅਸੀਂ ਇਹ ਵਪਾਰ ਨਹੀਂ ਕਰ ਸਕਦੇ। ਅਸੀਂ ਵਪਾਰ ਉਸੇ ਚੀਜ਼ ਦਾ ਕਰਦੇ ਹਾਂ ਜੋ ਸਾਨੂੰ ਮਿੱਠੀ ਲੱਗਦੀ ਹੈ ਭਾਵ ਜੋ ਸਾਨੂੰ ਚੰਗਾ ਲੱਗਦਾ ਹੈ। ਚੰਗੀ ਸਭ ਨੂੰ ਮਾਇਆ ਹੀ ਲੱਗਦੀ ਹੈ, ਵੱਧ ਤੋਂ ਵੱਧ ਮਾਇਆ ਕਮਾਉਣੀ ਚੰਗੀ ਲੱਗਦੀ ਹੈ ਜਿਸ ਦੁਆਰਾ ਅਸੀਂ ਸੱਚ ਤੋਂ ਭਟਕ ਜਾਂਦੇ ਹਾਂ, ਗੁਰੂ ਦੀ ਮਤਿ ਤੋਂ ਭਟਕ ਜਾਂਦੇ ਹਾਂ, ਨਾਮ ਤੋਂ ਭਟਕ ਜਾਂਦੇ ਹਾਂ। ਸੱਚ ਨੂੰ ਆਪਣੀ ਜਿੰਦਗੀ ਵਿੱਚ ਕਬੂਲ ਕਰਨਾ ਬਹੁਤ ਔਖਾ ਹੈ, ਸੱਚ ਤੇ ਚੱਲਣਾ ਕੌੜਾ ਲੱਗਦਾ ਹੈ, ਮਾਇਆ ਮੋਹ ਛੱਡਣਾ ਕੌੜਾ ਲੱਗਦਾ ਹੈ। ਜਦ ਤੱਕ ਸੱਚ ਮਿੱਠਾ ਨਹੀਂ ਲੱਗਦਾ, ਅਸੀਂ ਸੱਚ ਦਾ ਵਪਾਰ ਨਹੀਂ ਕਰਦੇ, ਨਾਮ ਦਾ ਵਪਾਰ ਨਹੀਂ ਕਰਦੇ। ਇਹ ਸੱਚ ਦਾ ਵਪਾਰ ਹੀ ਸਾਡੀ ਭਗਤੀ ਹੈ ਜਿਸ ਦੇ ਨਾਲ ਸਾਨੂੰ ਲਾਹਾ ਮਿਲਦਾ ਹੈ ਤੇ ਇਹ ਲਾਹਾ ਸਾਨੂੰ ਹਰ ਵੇਲੇ ਤਾਂ ਹੀ ਮਿਲ ਸਕਦਾ ਹੈ ਭਾਵ ਗੁਰੂ ਦੀ ਸ਼ਾਬਾਸ਼ੀ ਹਰ ਵੇਲੇ ਲੈਣ ਦਾ ਲਾਭ ਤਾਂ ਹੀ ਮਿਲ ਸਕਦਾ ਹੈ ਜੇਕਰ ਅਸੀਂ ਹਰ ਵੇਲੇ ਸੱਚੇ ਹੋ ਕੇ ਵਿਚਰੀਏ, ਅੱਠੇ ਪਹਿਰ ਸੱਚੇ ਰਹੀਏ ਭਾਵ ਅੱਠੇ ਪਹਿਰ ਨਾਮ ਜਪੀਏ, ਨਾਮ ਦਾ ਵਪਾਰ ਕਰੀਏ।

(ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ॥)

ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜ ਕਰੀਏ।

ਪਉੜੀ॥
“ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ॥
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ॥
ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ॥
ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ॥
ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ॥੨੧॥”

(ਅੰਗ ੩੧੨)

ਸੱਚ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ, ਇਹ ਗੁਰਬਾਣੀ ਦਾ ਫੁਰਮਾਨ ਹੈ। ਗੁਰੂ ਦੀ ਗੱਲ ਕਦੇ ਗਲਤ ਨਹੀਂ ਹੋ ਸਕਦੀ। ਸੱਚ ਕੇਵਲ ਗੁਰੂ ਦੀ ਮਤਿ ਹੈ, ਸੱਚ ਕੇਵਲ ਨਾਮ ਹੈ। "ਸਚੁ ਨਾਮੁ" ਕੋਈ ਵਿਰਲਾ ਹੀ ਧਿਆ ਸਕਦਾ ਹੈ, ਕਰੋੜਾਂ ਕਰੋੜਾਂ ਵਿੱਚੋਂ ਕੋਈ ਵਿਰਲਾ ਹੀ ਨਾਮ ਜਪ ਸਕਦਾ ਹੈ, ਪਰ ਇਸ ਤੋਂ ਉਲਟ ਕਰੋੜਾਂ ਹੀ ਕਹਿਣ ਵਾਲੇ ਹਨ ਕਿ ਉਹ ਨਾਮ ਜਪ ਰਹੇ ਹਨ। ਸੱਚ ਧਿਆਉਣ ਲਈ ਕੋਈ ਖਾਸ ਸਮਾਂ ਨਹੀਂ ਹੈ। ਸੱਚ ਮਨ ਵਿੱਚ ਗੁਰੂ ਦੀ ਸੱਚੀ ਮਤਿ ਵਸਾਉਣ ਨਾਲ ਧਿਆਇਆ

8/834

ਜਾਣਾ ਹੈ, ਅਰਾਧਿਆ ਜਾਣਾ ਹੈ, ਜਪਿਆ ਜਾਣਾ ਹੈ, ਸਿਮਰਿਆ ਜਾਣਾ ਹੈ। ਮਨ ਵਿੱਚ ਸੱਚ ਵੱਸਣ ਨਾਲ ਮਨੁੱਖ ਸਦਾ ਹੀ ਸੱਚਾ ਹੈ, ਬਿਨ੍ਹਾਂ ਬੋਲੇ ਹੀ ਸੱਚਾ ਹੈ, ਉਠਦਿਆਂ ਬੈਠਦਿਆਂ, ਸੌਂਦਿਆਂ ਜਾਗਦਿਆਂ ਹਰ ਵੇਲੇ ਹੀ ਸੱਚਾ ਹੈ। ਉੱਪਰ ਸ਼ਬਦ ਰਾਹੀਂ ਇਹ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਜੋ ਸੱਚ ਤੇ ਰਹਿੰਦਾ ਹੈ **(ਗੁਰਮੁਖਿ ਸਚੁ ਰਵੇ॥)** ਜੋ ਹਰ ਵੇਲੇ ਗੁਰੂ ਦੇ ਦੱਸੇ ਹੋਏ ਸੱਚ ਤੇ ਰਹਿੰਦਾ ਹੈ ਉਹੀ ਉਸਨੂੰ ਸੁੱਤਿਆਂ ਹੋਇਆਂ ਵੀ ਅਰਾਧਦਾ ਹੈ ਤੇ ਉਠਦਿਆਂ ਵੀ ਸੱਚ ਦੇ ਲੜ ਲੱਗ ਜਾਂਦਾ ਹੈ। ਗੁਰੂ ਦੀ ਮਤਿ ਤੇ ਰਹਿਣਾ, ਸੱਚ ਤੇ ਰਹਿਣਾ, ਨਾਮ ਤੇ ਰਹਿਣਾ ਬਹੁਤ ਔਖਾ ਹੈ, ਇਸੇ ਲਈ ਉਹਨਾਂ ਨੂੰ ਵਿਰਲੇ ਕਹਿ ਕੇ ਸਮਝਾਇਆ ਹੈ। **(ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ॥)** ਜੋ ਹਰ ਵੇਲੇ ਆਪਣੇ ਸੱਚ ਤੇ ਗੁਰੂ ਆਪ ਹੀ ਚੱਲ ਕੇ ਦਿਖਾਉਂਦਾ ਹੈ ਤੇ ਉਹ ਹਰ ਵੇਲੇ ਸੱਚ ਦੀ ਓਟ ਹੀ ਲੈਂਦਾ ਹੈ। ਇਸ ਲਈ ਸਾਨੂੰ ਗੁਰੂ ਤੋਂ ਹੀ ਬਲਿਹਾਰੇ ਜਾਣਾ ਚਾਹੀਦਾ ਹੈ ਜੋ ਸਾਨੂੰ ਸੱਚੀ ਮਤਿ ਦਿੰਦਾ ਹੈ ਤੇ ਆਪ ਆਪਣੇ ਜੀਵਨ ਵਿੱਚ ਸੱਚ ਤੇ ਚੱਲਕੇ ਦਿਖਾਉਂਦਾ ਹੈ ਭਾਵ ਨਾਮ ਜਪ ਕੇ ਦਿਖਾਉਂਦਾ ਹੈ। **(ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ॥)** ਗੁਰੂ ਇਸ ਸੱਚ ਦੀ ਪ੍ਰਾਪਤੀ ਪ੍ਰਮਾਤਮਾ ਦੇ ਕੋਲੋਂ ਕਰਦਾ ਹੈ ਜੋ ਗਿਆਨ ਦਾ ਦਾਤਾ ਹੈ, ਜੋ ਅਸਲ ਵਿੱਚ ਆਪ ਹੀ ਗੁਰੂ ਹੈ। ਸੱਚ ਹੀ ਆਪ ਪ੍ਰਮਾਤਮਾ ਹੈ ਤੇ ਸੱਚ ਹੀ ਗੁਰੂ ਹੈ। ਸੱਚ ਨੂੰ ਜਪਣਾ ਹੀ ਗੁਰੂ ਨੂੰ ਜਪਣਾ ਹੈ, ਵਾਹਿਗੁਰੂ ਨੂੰ ਜਪਣਾ ਹੈ, ਰਾਮ-ਰਾਮ ਕਰਨਾ ਹੈ, ਹਰਿ ਹਰਿ ਕਰਨਾ ਹੈ, ਖੁਦਾਇ ਖੁਦਾਇ ਕਰਨਾ ਹੈ। ਸੱਚ ਨੂੰ ਜਪਣਾ ਹੀ ਉਸ ਪ੍ਰਮਾਤਮਾ ਦੀ ਵਾਹੁ-ਵਾਹੁ ਕਰਨਾ ਹੈ। ਜੇਕਰ ਸਾਡੇ ਹਿਰਦੇ ਵਿੱਚ ਸੱਚ ਹੈ ਤਾਂ ਫਿਰ ਸਾਡੀ ਹਰ ਕਰਣੀ ਵਿੱਚ , ਹਰ ਵੇਲੇ, ਅੱਠੇ ਪਹਿਰ, ਸੁੱਤਿਆਂ ਜਾਗਦਿਆਂ ਉਸੇ ਦੀ ਵਾਹ ਵਾਹ ਹੈ ਕਿਉਂਕਿ ਉਹ ਆਪ ਸੱਚ ਹੈ।ਸੱਚ ਦੇ ਗੁਣ ਗਾਉਣੇ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਸੱਚ ਨੂੰ ਉੱਚਾ ਕਰਨਾ, ਗੁਰੂ ਪ੍ਰਮਾਤਮਾ ਨੂੰ ਉੱਚਾ ਕਰਨਾ ਹੈ। ਸੱਚ ਦੀ ਸਿਫ਼ਤ ਪ੍ਰਮਾਤਮਾ ਦੀ ਸਿਫ਼ਤ ਹੈ ਜੋ ਕਿ ਗੱਲਾਂ ਨਾਲ ਨਹੀਂ ਹੋ ਸਕਦੀ। ਸੱਚ ਨੂੰ ਅਪਣਾ ਕੇ ਹੋ ਸਕਦੀ ਹੈ, ਸੱਚੀ ਕਰਨੀ ਦੁਆਰਾ ਹੋ ਸਕਦੀ ਹੈ।

{ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ॥
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ॥੧॥}

(ਅੰਗ ੩੧੩)

{ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥}

(ਅੰਗ ੧੨੪੪)

ਜਿੰਨ੍ਹਾਂ ਨੂੰ ਸੱਚ ਭਾਉਂਦਾ ਹੈ, ਸੱਚ ਚੰਗਾ ਲੱਗਦਾ ਹੈ, ਉਹਨਾਂ ਨੂੰ ਹੀ ਪ੍ਰਮਾਤਮਾ ਭਾਉਂਦਾ ਹੈ ਤੇ ਉਹ ਹੀ ਪ੍ਰਮਾਤਮਾ ਦੀ ਸੱਚੀ ਦਰਗਾਹ ਦੇ ਗੁਣ ਗਾਉਂਦੇ ਹਨ। ਪ੍ਰਮਾਤਮਾ ਦੀ ਸੱਚੀ ਦਰਗਾਹ ਗੁਰਬਾਣੀ ਹੈ। ਜੋ ਸੱਚ ਦੁਆਰਾ, ਗੁਰਮਤਿ ਦੁਆਰਾ ਵਿਚਰਦੇ ਹਨ ਉਹੀ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ, ਗੁਰਬਾਣੀ ਦੇ ਗੁਣ ਗਾਉਂਦੇ ਹਨ। **(ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ॥)** ਆਖਰੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ।

"ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ॥੨੧॥"

8/835

ਮੁੱਖੋਂ "ਸੱਚ" ਬੋਲਣਾ ਹੀ ਸੱਚ ਨਾਮ ਬੋਲਣਾ ਹੈ। ਧੰਨ ਧੰਨ ਬਾਬੇ ਨਾਨਕ ਨੇ "ਸੱਚ" ਨਾਮ ਹੀ ਬੋਲਿਆ ਹੈ ਤੇ ਬਾਣੀ ਉਚਾਰੀ ਹੈ। ਪੂਰੀ ਬਾਣੀ "ਸਚੁ ਨਾਮੁ" ਹੈ, ਪ੍ਰਮਾਤਮਾ ਦਾ ਆਪਣਾ ਸੱਚ ਹੈ, ਪ੍ਰਮਾਤਮਾ ਦੇ ਆਪਣੇ ਬੋਲ ਹਨ। ਪ੍ਰਮਾਤਮਾ ਦੇ ਬੋਲ ਸਦਾ ਲਈ ਨਵੇਂ ਹੀ ਰਹਿੰਦੇ ਹਨ ਕਿਉਂਕਿ ਇਹ ਬੋਲ ਸੱਚੇ ਹਨ, ਉਸਦੇ ਆਪਣੇ ਬੋਲ ਹਨ। ਸੱਚੇ ਬੋਲ ਕਦੇ ਪੁਰਾਣੇ ਨਹੀਂ ਹੋ ਸਕਦੇ

ਭਾਵ ਉਹਨਾਂ ਨੂੰ ਕਦੇ ਝੂਠ ਸਾਬਤ ਨਹੀਂ ਕੀਤਾ ਜਾ ਸਕਦਾ। ਝੂਠ ਕਦੇ ਵੀ ਪੁਰਾਣਾ ਹੋ ਸਕਦਾ ਹੈ। ਜਦੋਂ ਸੱਚ ਸਾਹਮਣੇ ਆਵੇਗਾ ਫਿਰ ਝੂਠ ਆਪੇ ਹੀ ਪੁਰਾਣਾ ਹੋ ਜਾਵੇਗਾ ਤੇ ਅਸਲੀਅਤ ਸਾਹਮਣੇ ਆ ਜਾਵੇਗੀ। **(ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ॥੨੧॥)** ਗੁਰਬਾਣੀ ਦੇ ਬੋਲ ਸਦਾ ਲਈ ਨਵੇਂ ਹੀ ਰਹਿਣਗੇ ਤੇ ਗੁਰਬਾਣੀ ਦੇ ਬੋਲਾਂ ਤੋਂ ਉੱਪਰ ਹੋਰ ਸੱਚ ਨਹੀਂ ਹੋ ਸਕਦਾ ਜੋ ਗੁਰੂ ਦੇ ਬੋਲਾਂ ਨੂੰ ਕਦੇ ਗਲਤ ਸਾਬਤ ਕਰ ਸਕੇ। ਇਸ ਗੱਲ ਦੀ ਸੋਝੀ ਉਸ ਪ੍ਰਮਾਤਮਾ ਦੇ ਦਰਸ਼ਨ ਹੋਣ ਤੋਂ ਬਾਅਦ ਹੀ ਪੈ ਸਕਦੀ ਹੈ ਕਿ ਇਹ ਸਾਰੇ ਬੋਲ ਕਿੱਥੋਂ ਆਏ ਹਨ।

{ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥੧॥ ਰਹਾਉ॥}

(ਅੰਗ ੬੬੦)

ਪ੍ਰਮਾਤਮਾ ਆਪ ਸੱਚ ਹੈ ਜੋ ਕਿ ਕਦੇ ਪੁਰਾਣਾ ਨਹੀਂ ਹੋ ਸਕਦਾ ਭਾਵ ਉਸਦੀ ਦੱਸੀ ਹੋਈ ਗੱਲ, ਉਸਦਾ ਦਿੱਤਾ ਹੋਇਆ ਗਿਆਨ ਕਦੇ ਝੂਠ ਨਹੀਂ ਸਾਬਿਤ ਹੋ ਸਕਦਾ, ਉਹ ਸਦਾ ਸੱਚ ਹੀ ਰਹੇਗਾ।

{ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥ ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ॥੧॥}

(ਅੰਗ ੯੫੬)

ਉਹ ਸਦਾ ਤੋਂ ਆਪਣੇ ਸੱਚ ਰੂਪ ਦੁਆਰਾ ਹੀ ਹੈ ਜੋ ਕਿ ਕਦੇ ਮਿਟ ਨਹੀਂ ਸਕਦਾ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚ ਰੂਪ ਹੈ ਜੋ ਕਿ ਸਦਾ ਲਈ ਹੈ। ਗੁਰਬਾਣੀ ਦਾ ਗਿਆਨ ਸਦਾ ਤੋਂ ਹੀ ਨਵਾਂ ਹੈ, ਨਵਾਂ ਹੀ ਰਹੇਗਾ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਉਚਾਰਿਆ ਹੋਇਆ ਹੈ ਜੋ ਕਿ ਸਦਾ ਰਹਿਣ ਵਾਲਾ ਹੈ। ਅਸੀਂ ਗੁਰਬਾਣੀ ਦੇ ਇਸ ‘‘ਸਚੁ ਨਾਮੁ’’ ਦੇ ਨਾਲ ਜੁੜਨਾ ਹੈ, ਸੱਚੇ ਗਿਆਨ ਦੇ ਨਾਲ ਜੁੜਨਾ ਹੈ।

ਆਓ ਹੁਣ ਮੁੱਖ ਸ਼ਬਦ ਦੀ ਵਿਚਾਰ ਵੱਲ ਮੁੜੀਏ ਤੇ ਨਾਮ ਦੇ ਵਪਾਰ ਬਾਰੇ ਅਗਲੀਆਂ ਪੰਗਤੀਆਂ ਦੁਆਰਾ ਹੋਰ ਵੀ ਆਪਣੇ ਆਪ ਨੂੰ ਸਪੱਸ਼ਟ ਕਰੀਏ।

“ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ॥”

ਪਿੱਛੇ ਸ਼ਬਦਾਂ ਦੀ ਵਿਆਖਿਆ ਦੁਆਰਾ ਅਸੀਂ ਇਹ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ **“ਨਾਮ”** ਤੇ **“ਸੱਚ”** ਇੱਕੋ ਹੀ ਗੱਲ ਹੈ ਤੇ ‘‘ਨਾਮ’’ ਹੀ ‘‘ਵਖਰੁ’’ ਹੈ ਜਿਸ ਵਖਰੁ ਦੀ ਅਸੀਂ ਪ੍ਰਾਪਤੀ ਕਰਨੀ ਹੈ। ‘‘ਵਖਰੁ’’ **“ਸੱਚ”** ਹੀ ਹੈ। ਜੇਕਰ ਸੱਚ ਤੋਂ ਇਲਾਵਾ ਭਾਵ ਗੁਰਮਤਿ ਰੂਪ **“ਸਚੁ ਵਖਰੁ”** ਤੋਂ ਇਲਾਵਾ ਸਾਨੂੰ ਕੋਈ ਹੋਰ ਵਖਰ ਚੰਗਾ ਨਾ ਲੱਗੇ ਭਾਵ ਸਾਨੂੰ ਝੂਠ, ਔਗੁਣ ਚੰਗੇ ਨਾ ਲੱਗਣ ਤੇ ਤਾਂ ਹੀ ਅਸੀਂ ਹਰ ਵੇਲੇ ਨਾਮ ਲੈ ਸਕਦੇ ਹਾਂ, ਨਾਮ ਜਪ ਸਕਦੇ ਹਾਂ, ਅਸੀਂ ਹਰ ਪਲ ਨਾਮ ਜਪ ਸਕਦੇ ਹਾਂ ਭਾਵ ਸੱਚ ਨੂੰ ਜਪ ਸਕਦੇ ਹਾਂ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲ ਸਕਦੇ ਹਾਂ। ਜੇਕਰ ਸੱਚ ਤੋਂ ਇਲਾਵਾ ਸਾਨੂੰ

ਹੋਰ ਕੁਝ ਚੰਗਾ ਲੱਗਦਾ ਹੈ ਤਾਂ ਫਿਰ ਅਸੀਂ **“ਸਚੁ”** ਨੂੰ ਵਿਸਰ ਜਾਂਦੇ ਹਾਂ, **“ਨਾਮੁ”** ਨੂੰ ਵਿਸਰ ਜਾਂਦੇ ਹਾਂ। ਸਾਡੇ ਅੰਦਰ ਹਰ ਵੇਲੇ ਸੱਚ ਵੱਸਿਆ ਰਹੇ ਭਾਵ ਜੇਕਰ ਅਸੀਂ ਪਲ-ਪਲ ਸੱਚੇ ਹਾਂ ਤਾਂ ਫਿਰ ਅਸੀਂ ਅੱਠੇ ਪਹਿਰ ਨਾਮ ਜਪ ਰਹੇ ਹਾਂ, ਪ੍ਰਮਾਤਮਾ ਦੇ ਹੁਕਮ ਵਿੱਚ ਚੱਲ ਰਹੇ ਹਾਂ, ਗੁਰੂ ਦੀ ਮਤਿ ਅਨੁਸਾਰ ਚੱਲ ਰਹੇ ਹਾਂ। **(ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ॥)**

{ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥
ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥
ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥
ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੇ ॥੩॥}

(ਅੰਗ - ੬੭੬)

“ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ॥”

ਅਸੀਂ ਜੋ ਵੀ ਕਰਮ ਕਰਦੇ ਹਾਂ ਭਾਵ ਸਾਡੇ ਚੰਗੇ ਮੰਦੇ ਕਰਮਾਂ ਦਾ ਲੇਖਾ ਉਸਦੀ ਦਰਗਾਹ ਵਿੱਚ ਨਾਲ ਦੀ ਨਾਲ ਹੀ ਲਿਖਿਆ ਜਾ ਰਿਹਾ ਹੈ ਜੋ ਕਿ ਆਪ ਹੀ ਮਨ ਦੇ ਵਿੱਚ ਬੈਠਾ ਹੈ। ਜੋ ਵੀ ਅਸੀਂ ਕਰਮ ਕਰਦੇ ਹਾਂ ਉਸਦੇ ਦੋ ਪਹਿਲੂ ਹੁੰਦੇ ਹਨ। ਸਾਡੀ

ਕਰਣੀ ਵਿੱਚ ਜਾਂ ਸੱਚ ਹੁੰਦਾ ਹੈ ਜਾਂ ਝੂਠ ਹੁੰਦਾ ਹੈ। ਜਿਹੜੀ ਕਰਨੀ ਵਿੱਚ ਸੱਚ ਹੈ ਉਹ ਸਾਡੀ ਚੰਗੀ ਕਰਨੀ ਹੈ, ਸੁਕ੍ਰਿਤ ਕਰਨੀ ਹੈ ਤੇ ਜਿਹੜੀ ਕਰਨੀ ਵਿੱਚ ਝੂਠ ਹੈ ਉਹ ਸਾਡੀ ਮਾੜੀ ਕਰਨੀ ਹੈ। ਸਭ ਦੇ ਲੇਖੇ ਦੀ ਪਰਖ ਹੁੰਦੀ ਹੈ। ਚੰਗੇ ਲੇਖ ਉਸਦੇ ਲਿਖੇ ਜਾਂਦੇ ਹਨ ਜੋ ਸੱਚ ਤੇ ਚੱਲਦਾ ਹੈ ਤੇ ਇਹ ਕੇਵਲ ਉਸਦੀ ਬਖਸ਼ਿਸ਼ ਦੁਆਰਾ ਹੀ ਹੋ ਸਕਦਾ ਹੈ। ਮਨੁੱਖ ਨੂੰ ਸੱਚ ਉਹ ਆਪ ਹੀ ਬਖਸ਼ਦਾ ਹੈ, ਸੱਚਾ ਸੁੱਚਾ ਜੀਵਨ ਉਸਦੀ ਕਿਰਪਾ ਦੁਆਰਾ ਹੀ ਜੀਵਿਆ ਜਾ ਸਕਦਾ ਹੈ। ਸਾਡੇ ਇਹਨਾਂ ਚੰਗੇ ਲੇਖਾਂ ਦੁਆਰਾ ਹੀ ਸਾਡੇ ਚੰਗੇ ਭਾਗ ਬਣਦੇ ਹਨ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਸੱਚ ਬਖਸ਼ਦਾ ਹੈ, ਆਪਣੀ ਮਤਿ ਬਖਸ਼ਦਾ ਹੈ ਉਹੀ ਵੱਡੇ ਭਾਗਾਂ ਵਾਲਾ ਹੈ।

ਸਾਰੀ ਗੱਲ ਸਾਡੀ ਕਰਨੀ ਤੇ ਮੁਕਦੀ ਹੈ। ਜਦ ਤੱਕ ਸੱਚ ਸਾਡੀ ਕਰਨੀ ਵਿੱਚ ਨਹੀਂ ਆਉਂਦਾ ਤਦ ਤੱਕ ਸਾਡੇ ਲੇਖ ਚੰਗੇ ਨਹੀਂ ਹੋ ਸਕਦੇ ਤੇ ਲੇਖਾਂ ਦੀ ਪਰਖ ਵਿੱਚ ਅਸੀਂ ਕਦੇ ਵੀ ਪਾਸ ਨਹੀਂ ਹੋ ਸਕਦੇ। ਸਾਡੇ ਜੋ ਕਰਮ ਗੁਰਮਤਿ ਅਨੁਸਾਰ ਹਨ ਉਨ੍ਹਾਂ ਵਿੱਚ ਸੱਚ ਹੈ ਤੇ ਜੋ ਕਰਮ ਗੁਰਮਤਿ ਦੇ ਉਲਟ ਹਨ ਉਹ ਸਾਡੇ ਮਾੜੇ ਕਰਮ ਹਨ। ਸਾਡੀ ਕਥਨੀ ਕਿਸੇ ਕੰਮ ਨਹੀਂ ਆਉਣੀ ਤੇ ਨਾ ਹੀ ਕਥਨੀ ਨਾਲ ਅਸੀਂ ਆਪਣੇ ਆਪ ਨੂੰ ਸੱਚੇ ਕਹਿ ਸਕਦੇ ਹਾਂ। ਜਦ ਤੱਕ ਸਾਡੀ ਕਥਨੀ ਕਰਨੀ ਵਿੱਚ ਨਹੀਂ ਬਦਲਦੀ ਉਸ ਕਥਨੀ ਦਾ ਕੋਈ ਲਾਭ ਨਹੀਂ ਹੈ। ਪ੍ਰਮਾਤਮਾ ਨੇ ਕੇਵਲ ਸਾਡੇ ਚੰਗੇ ਮੰਦੇ ਕਰਮਾਂ ਨਾਲ, ਸਾਡੀਆਂ ਚੰਗਿਆਈਆਂ ਬੁਰਿਆਈਆਂ ਨਾਲ ਸਾਨੂੰ ਪਰਖਣਾ ਹੈ ਤੇ ਉੱਥੇ ਹੋਰ ਕੋਈ ਤਰੀਕਾ ਪ੍ਰਵਾਨ ਨਹੀਂ ਹੋ ਸਕਦਾ।

{ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥}

(ਅੰਗ - ੮)

8/837

ਸਾਡੀ ਜਿੰਦਗੀ ਦੀ ਸੇਵਾ ਘਾਲ ਸਾਡੀ ਚੰਗੀ ਕਰਨੀ ਦੁਆਰਾ ਹੈ। ਜਿੱਥੇ ਕਰਨੀ ਮਾੜੀ ਹੈ ਉੱਥੇ ਸੇਵਾ ਘਾਲ ਨਹੀਂ ਹੈ। ਜਿਸ ਨੇ ਸੱਚ ਨੂੰ ਧਿਆਇਆ ਹੈ ਉਹੀ ਆਪਣੀ ਸੇਵਾ ਘਾਲਣਾ ਸਫ਼ਲ ਕਰਕੇ ਗਿਆ ਹੈ ਭਾਵ ਉਸਨੇ ਹੀ ਨਾਮ ਜਪਿਆ ਹੈ।

"ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ॥੪॥੨॥"

ਮਨੁੱਖ ਲਈ ਸਭ ਤੋਂ ਵੱਡਾ ਰਸ, ਮਿੱਠਾ ਰਸ ,"ਨਾਮੁ" ਹੈ, "ਸਚੁ" ਹੈ, ਗੁਰੂ ਦਾ ਸੱਚਾ ਗਿਆਨ ਹੈ ਜੋ ਉਸਦੀ ਆਪਣੀ ਕਿਰਪਾ ਦੁਆਰਾ ਹੀ ਮਿਲ ਸਕਦਾ ਹੈ। ਨਾਮ ਪ੍ਰਮਾਤਮਾ ਆਪ ਹੈ, ਸੱਚ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਉਹ ਮਨੁੱਖ ਦੇ ਅੰਦਰ ਪ੍ਰਗਟ ਹੁੰਦਾ ਹੈ। "**ਸਚੁ**" ਉਸਦਾ ਸੱਚਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ ਤੇ ਇਸੇ ਲਈ "**ਗੁਰਬਾਣੀ ਵਿੱਚ ਕੇਵਲ ਸੱਚ ਹੈ**"। ਉਸਦੇ ਚੌਥੇ ਪਦ ਦਾ ਗਿਆਨ ਹੀ ਮਹਾ ਰਸ ਹੈ, ਸਭ ਤੋਂ ਵੱਡਾ ਰਸ ਹੈ, ਸਭ ਤੋਂ ਮਿੱਠਾ ਰਸ ਹੈ ਜਿਸ ਰਸ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ ਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ।

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥}

(ਅੰਗ ੧੦੩੨)

ਪੂਰੀ ਗੁਰਬਾਣੀ ਦੇ ਵਿੱਚ, ਹਰ ਸ਼ਬਦ ਦੇ ਵਿੱਚ ਇਹ "**ਮਹਾਰਸ**," ਇਹ "**ਮਿੱਠਾ ਰਸ**" ਹੀ ਭਰਿਆ ਹੋਇਆ ਹੈ ਜੋ ਸਾਨੂੰ "**ਸੱਚ**" ਦਾ ਭਾਵ ਉਸ ਪ੍ਰਮਾਤਮਾ ਦਾ ਸੱਚਾ ਗਿਆਨ ਦੇ ਰਿਹਾ ਹੈ। ਗੁਰਬਾਣੀ ਦੇ ਇਸ ਗਿਆਨ ਨੇ ਹੀ ਸਾਨੂੰ ਉਸ ਗਿਆਨ ਰੂਪ ਪ੍ਰਮਾਤਮਾ ਦੇ ਦਰਸ਼ਨ ਕਰਵਾਉਣੇ ਹਨ। "**ਗੁਰਬਾਣੀ ਦੇ ਸੱਚ**" ਨੇ ਹੀ ਸਾਨੂੰ ਉਸ "**ਸੱਚ ਰੂਪ ਪ੍ਰਮਾਤਮਾ**" ਦੇ ਦਰਸ਼ਨ ਕਰਵਾਉਣੇ ਹਨ। ਸੱਚ ਤੇ ਚੱਲਣ ਦਾ ਗਿਆਨ ਹੀ ਸਾਡੇ ਲਈ ਗੁਰਬਾਣੀ ਦਾ ਭੋਜਨ ਹੈ ਜਿਸ ਨੂੰ ਅਸੀਂ ਹਰ ਵੇਲੇ ਛਕਣਾ ਹੈ, ਅੱਠੇ ਪਹਿਰ ਛਕਣਾ ਹੈ। ਇਸ ਭੋਜਨ ਨੇ ਹੀ ਸਾਨੂੰ ਉਸ ਪ੍ਰਮਾਤਮਾ ਦੇ ਦਰਸ਼ਨ ਕਰਵਾਉਣੇ ਹਨ ਤੇ ਉਸ ਦੇ ਦਰਸ਼ਨਾਂ ਤੋਂ ਬਾਅਦ ਸਾਨੂੰ ਇਹ ਭੋਜਨ, ਇਹ ਸਭ ਤੋਂ ਮਿੱਠਾ ਰਸ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਸਿੱਧਾ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਹੀ ਉਸਦੇ ਪ੍ਰਗਟ ਹੋਣ ਨਾਲ ਮਿਲਦਾ ਹੈ ਜਿਸ ਦੁਆਰਾ ਮਨੁੱਖ ਦਾ ਪਾਰ ਉਤਾਰਾ ਹੁੰਦਾ ਹੈ।

"ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ॥੩॥"

(ਅੰਗ ੨੭੩)

ਹੁਣ ਧਿਆਨ ਨਾਲ ਸਮਝੋ ਕਿ ਬ੍ਰਹਮ ਗਿਆਨੀ ਕੌਣ ਹੈ ਜਿਸਦਾ ਭੋਜਨ ਕੇਵਲ ਗਿਆਨ ਹੈ, ਜਿਸਦਾ ਜੀਵਨ ਹੀ ਗਿਆਨ

ਨਾਲ ਚੱਲਦਾ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ **{ਬ੍ਰਹਮ ਗਿਆਨੀ ਆਪ ਨਿਰੰਕਾਰ}** ਉਹ ਆਪ ਗਿਆਨ ਰੂਪ ਹੈ, ਸਾਰੇ ਗਿਆਨ ਦਾ ਸ੍ਰੋਤ ਹੈ, ਗਿਆਨ ਦਾ ਮਾਲਕ ਹੈ ਤੇ ਮਨੁੱਖੀ ਦੇਹ ਵਿੱਚ ਅਤੇ ਹਰ ਇੱਕ ਆਕਾਰ ਰੂਪ ਵਿੱਚ ਉਸੇ ਦਾ ਗਿਆਨ ਹੀ ਵਰਤ ਰਿਹਾ ਹੈ। ਪ੍ਰਮਾਤਮਾ ਦੇ ਨਾਲ ਧਿਆਨ ਕੇਵਲ ਉਸਦੇ ਬ੍ਰਹਮ ਗਿਆਨ ਦੁਆਰਾ ਹੀ ਜੁੜ ਸਕਦਾ ਹੈ, ਜੋ ਕਿ ਉਹ ਆਪ ਹੀ ਜੋੜ ਸਕਦਾ ਹੈ, ਆਪਣੇ ਬ੍ਰਹਮ ਗਿਆਨ ਦੁਆਰਾ ਪ੍ਰਗਟ ਹੋ ਕੇ ਜੋੜ ਸਕਦਾ ਹੈ। ਉਹ ਪ੍ਰਮਾਤਮਾ ਆਪਣੇ ਗਿਆਨ ਰੂਪ ਦੁਆਰਾ ਹੀ "**ਨਿਰੰਕਾਰ**" ਹੈ, ਆਕਾਰ ਰਹਿਤ ਹੈ ਕਿਉਂਕਿ ਕੇਵਲ ਗਿਆਨ ਦਾ ਹੀ ਨਿਰੰਕਾਰ ਰੂਪ ਹੋ ਸਕਦਾ ਹੈ, ਹੋਰ ਕਿਸੇ ਚੀਜ਼ ਦਾ ਨਹੀਂ ਹੋ ਸਕਦਾ। ਪ੍ਰਮਾਤਮਾ ਦਾ ਆਪਣਾ ਭੋਜਨ ਗਿਆਨ ਹੈ ਤੇ ਇਸ ਲਈ ਉਹ ਸਾਰੀ ਸ੍ਰਿਸ਼ਟੀ ਨੂੰ ਆਪਣਾ ਭੋਜਨ ਹੀ ਵੰਡ ਰਿਹਾ ਹੈ, ਗਿਆਨ ਹੀ ਵੰਡ ਰਿਹਾ ਹੈ। ਪੂਰੀ ਗੁਰਬਾਣੀ ਉਸਦਾ ਭੋਜਨ ਹੈ, ਅੰਮ੍ਰਿਤ ਭੋਜਨ ਹੈ, ਉਸਦਾ ਆਪਣਾ ਆਪ ਹੈ, ਉਸਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ।

"ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥ ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥"

(ਅੰਗ - ੬੪੫)

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੀ ਹੈ। **(ਪੋਥੀ ਪਰਮੇਸਰ ਕਾ ਥਾਨੁ)** ਅੰਗ - ੧੨੨੬ ਉਹ ਆਪਣੇ ਸੱਚੇ ਭੋਜਨ ਦੁਆਰਾ ਗੁਰਬਾਣੀ ਵਿੱਚ ਵਿਰਾਜਮਾਨ ਹੈ। ਇਹ ਗਿਆਨ ਰੂਪ ਭੋਜਨ ਪ੍ਰਮਾਤਮਾ ਦੀ ਅਸਲੀਅਤ, ਉਸਦਾ "**ਤੱਤ ਸਾਰ**" ਬਿਆਨ ਕਰ ਰਿਹਾ ਹੈ। ਇਸ ਭੋਜਨ ਨੂੰ ਚੱਖੇ ਬਿਨ੍ਹਾਂ, ਛਕੇ ਬਿਨ੍ਹਾਂ, ਇਸ ਅੰਮ੍ਰਿਤ ਸਾਰੁ ਨੂੰ ਛਕੇ ਬਿਨ੍ਹਾਂ ਕਿਸੇ ਦੀ ਤ੍ਰਿਪਤੀ ਨਹੀਂ ਹੋ ਸਕਦੀ, ਕੋਈ ਮੋਖ ਦੁਆਰਾ ਨਹੀਂ ਪਾ ਸਕਦਾ। ਇਹ ਬ੍ਰਹਮ ਗਿਆਨ ਦਾ ਭੋਜਨ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ ਮੁਕਤੀ ਨਹੀਂ ਹੈ ਜੋ ਮੁਕਤੀ ਮਨ ਦੀ ਭਰਮਾਂ ਵਾਲੀ ਸਮਝ ਤੋਂ ਹੁੰਦੀ ਹੈ, ਮਨ ਦੀ ਅਗਿਆਨਤਾ ਤੋਂ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਸ ਭੋਜਨ ਦਾ ਮਾਲਕ ਉਹ ਆਪ ਹੈ ਤੇ ਇਸੇ ਲਈ ਇਹ ਭੋਜਨ ਅਲਭੁ ਹੈ, ਸੰਤ ਅਖਵਾਉਣ ਵਾਲਿਆਂ ਲਈ ਵੀ ਅਲਭੁ ਹੈ। **(ਇਹੁ ਭੋਜਨੁ ਅਲਭੁ ਹੈ ਸੰਤਹੁ)** ਇਹ ਬ੍ਰਹਮ ਗਿਆਨ ਦਾ ਭੋਜਨ ਕੇਵਲ ਤੇ ਕੇਵਲ "**ਗੁਰ ਵੀਚਾਰਿ**" ਦੁਆਰਾ ਲੱਭ ਸਕਦਾ ਹੈ। **(ਲਭੈ ਗੁਰ ਵਿਚਾਰਿ)** "**ਗੁਰ ਵਿਚਾਰਿ**", ਪੂਰੀ ਗੁਰਬਾਣੀ ਦੀ ਵਿਚਾਰ ਹੈ ਜੋ ਕਿ ਬ੍ਰਹਮ ਗਿਆਨ ਦੀ ਵਿਚਾਰ ਹੈ, ਗੁਰਬਾਣੀ ਦੀ ਵਿਚਾਰਧਾਰਾ ਹੈ। ਜੋ ਇਸ ਵਿਚਾਰਧਾਰਾ ਤੇ ਪੂਰਾ ਉਤਰੇਗਾ, ਬ੍ਰਹਮ ਗਿਆਨੀ ਪ੍ਰਮਾਤਮਾ ਦੀ ਵਿਚਾਰਧਾਰਾ ਤੇ ਪੂਰਾ ਉਤਰੇਗਾ ਉਹ ਹੀ ਉਸ ਬ੍ਰਹਮ ਗਿਆਨੀ ਨਾਲ ਮਿਲ ਸਕਦਾ ਹੈ, ਉਸਨੂੰ ਪਾ ਸਕਦਾ ਹੈ। ਹਰ ਕੋਈ ਖਾਮਖਾਹ ਸਰੀਰਕ ਜਪਾਂ ਤਪਾਂ ਵਿੱਚ ਹੀ ਉਲਝਿਆ ਫਿਰਦਾ ਹੈ ਜਿਸਦਾ ਵੱਡਾ ਕਾਰਨ ਨਾਮ ਦੀ ਸੋਝੀ ਨਾ ਪੈਣਾ ਹੈ। ਨਾਮ ਦੇ ਨਾਲ ਪ੍ਰੀਤ, ਸੱਚ ਦੇ ਨਾਲ ਪ੍ਰੀਤ, ਗੁਰਬਾਣੀ ਦੇ ਨਾਲ ਪ੍ਰੀਤ, ਇੱਕੋ ਹੀ ਗੱਲ ਹੈ, ਕੋਈ ਫ਼ਰਕ ਨਹੀਂ ਹੈ। ਜਦ ਤੱਕ ਸਾਨੂੰ ਗੁਰਬਾਣੀ ਨਾਲ ਪ੍ਰੀਤ ਨਹੀਂ ਹੈ ਭਾਵ ਜਦ ਤੱਕ ਸਾਨੂੰ ਗੁਰੂ ਦੇ ਦੱਸੇ ਹੋਏ ਸੱਚ ਦੇ ਨਾਲ ਪ੍ਰੀਤ ਨਹੀਂ ਹੈ, ਨਾਮ ਦੇ ਨਾਲ ਪ੍ਰੀਤ ਨਹੀਂ ਹੈ ਤਦ ਤੱਕ ਉਸ

ਪ੍ਰਮਾਤਮਾ ਦੇ ਦਰਸ਼ਨ ਵੀ ਨਹੀਂ ਹੋ ਸਕਦੇ। ਇਹ ਪ੍ਰੀਤ ਕੋਈ ਮੁੱਖੋਂ ਬੋਲਣ ਵਾਲੀ ਪ੍ਰੀਤ ਨਹੀਂ ਹੈ, ਇਹ ਗੁਰੂ ਦੀ ਮਤਿ ਦੇ ਨਾਲ ਪ੍ਰੀਤ ਹੈ, ਇਹ ਮਨ ਵਿੱਚ ਵੱਸਣ ਵਾਲੀ ਪ੍ਰੀਤ ਹੈ, ਇਹ "**ਅੰਤਰਿ ਪ੍ਰੇਮੁ**" ਹੈ ਜਿਸ ਨੇ ਸਾਨੂੰ ਸੱਚ ਤੇ ਚਲਾ ਕੇ ਸਾਡਾ ਜੀਵਨ ਸੁਧਾਰਨਾ ਹੈ। **(ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥)** ਅੰਗ ੧੦੩੨
ਸੱਚ ਨੇ ਸਾਡੀ ਰਹਿਤ ਨੂੰ ਬਦਲਣਾ ਹੈ ਵਰਨਾ ਸੱਚ ਕਿਸੇ ਲੇਖੇ ਨਹੀਂ।

"ਰਹਤ ਅਵਰ ਕਛੁ ਅਵਰ ਕਮਾਵਤ॥ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ਬਾਹਰਿ ਭੇਖ ਨ ਕਾਹੂ ਭੀਨ॥"

(ਅੰਗ - ੨੬੯)

ਜੋ ਕੁੱਝ ਵੀ ਅਸੀਂ ਜਪ ਤਪ ਕਰਦੇ ਹਾਂ, ਆਪਣੇ ਮੁੱਖੋਂ ਬੋਲ-ਬੋਲ ਕੇ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਦੇ ਹਾਂ, ਇਹ ਅਸੀਂ ਆਪਣੇ ਵੱਲੋਂ ਧਰਮ ਕਮਾਉਂਦੇ ਹਾਂ, ਧਰਮ ਦੀ ਕਮਾਈ ਕਰਦੇ ਹਾਂ। ਸਾਡੀ ਜੋ ਵੀ ਕਮਾਈ ਹੈ ਉਹ ਸਾਡੀ ਜਿੰਦਗੀ ਦੀ ਰਹਿਤ ਦੁਆਰਾ ਹੈ। ਅਸੀਂ ਚੰਗਾ ਮਾੜਾ ਜੋ ਵੀ ਕਮਾਉਂਦੇ ਹਾਂ ਉਹ ਆਪਣੀ ਰਹਿਤ ਦੁਆਰਾ ਕਮਾਉਂਦੇ ਹਾਂ। ਇਹ ਰਹਿਤ ਸਾਡੀ ਕਰਣੀ ਹੈ। ਅਸੀਂ ਸੱਚੀ ਰਹਿਤ ਨਾਲ, ਸੱਚੀ ਕਰਨੀ ਨਾਲ ਸੱਚ ਕਮਾਉਂਦੇ ਹਾਂ ਭਾਵ ਪ੍ਰਮਾਤਮਾ ਦੇ ਗੁਣ ਗਾਉਂਦੇ ਹਾਂ। ਸੱਚ

ਹੀ ਸਾਡਾ ਧਰਮ ਹੈ ਤੇ ਸੱਚ ਹੀ ਆਪ ਪ੍ਰਮਾਤਮਾ ਹੈ। ਜੋ ਕੁੱਝ ਸਾਡੇ ਮਨ ਵਿੱਚ ਹੈ ਉਸ ਦੇ ਨਾਲ ਸਾਡੀ ਰਹਿਤ ਬਣਦੀ ਹੈ, ਸਾਡੀ ਕਰਣੀ ਬਣਦੀ ਹੈ ਭਾਵ ਜਿਹੋ ਜਿਹੀ ਸਾਡੀ ਮਨ ਦੀ ਬਿਰਤੀ ਹੈ ਅਸੀਂ ਉਹੋ ਜਿਹੀ ਕਮਾਈ ਕਰਦੇ ਹਾਂ। ਗੁਰੂ ਪ੍ਰਮਾਤਮਾ ਦੇ ਨਾਲ ਅਸੀਂ ਆਪਣੀ ਪ੍ਰੀਤ ਆਪਣੀ ਕਰਨੀ ਦੀ ਬਜਾਇ ਮੁੱਖੋਂ ਬੋਲ-ਬੋਲ ਕੇ ਦਿਖਾਉਂਦੇ ਹਾਂ ਪਰ ਇਸ ਤਰੀਕੇ ਨਾਲ ਸਾਡੀ ਪ੍ਰਮਾਤਮਾ ਨਾਲ ਗੰਢ ਨਹੀਂ ਪੈ ਸਕਦੀ, ਮੇਲ ਨਹੀਂ ਹੋ ਸਕਦਾ। (**ਰਹਤ ਅਵਰ ਕਛੁ ਅਵਰ ਕਮਾਵਤ॥ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥ ਜਾਨਨਹਾਰ ਪ੍ਰਭੂ ਪਰਬੀਨ॥ਬਾਹਰਿ ਭੇਖ ਨ ਕਾਹੂ ਭੀਨ॥**) ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਵੀ ਦ੍ਰਿੜ ਕਰੀਏ।

{ਮਨ ਕਾ ਝੂਠਾ ਝੂਠੁ ਕਮਾਵੈ॥ਮਾਇਆ ਨੋ ਫਿਰੈ ਤਪਾ ਸਦਾਵੈ॥
ਭਰਮੇ ਭੂਲਾ ਸਭਿ ਤੀਰਥ ਗਹੈ॥ਓਹੁ ਤਪਾ ਕੈਸੇ ਪਰਮ ਗਤਿ ਲਹੈ॥
ਗੁਰ ਪਰਸਾਦੀ ਕੋ ਸਚੁ ਕਮਾਵੈ॥ਨਾਨਕ ਸੋ ਤਪਾ ਮੋਖੰਤਰੁ ਪਾਵੈ॥੧॥}

(ਅੰਗ ੯੪੮)

ਇਸ ਸ਼ਬਦ ਨੂੰ ਅਸੀਂ ਪਿੱਛੇ ਵੀ ਕੁੱਝ ਸੰਖੇਪ ਵਿੱਚ ਜਾਣਿਆ ਸੀ। ਇਸ ਸ਼ਬਦ ਨੂੰ ਹਮੇਸ਼ਾ ਹੀ ਆਪਣੇ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਤਾਂ ਜੋ ਸਾਨੂੰ ਆਪਣੀ ਜਿੰਦਗੀ ਦਾ ਸਹੀ ਮਾਰਗ ਹਮੇਸ਼ਾ ਹੀ ਚੇਤੇ ਰਹੇ। ਜੇ ਸਾਡੇ ਮਨ ਵਿੱਚ ਝੂਠ ਹੈ ਤਾਂ ਫਿਰ ਸਾਡੀ ਹਰ ਕਮਾਈ ਝੂਠ ਹੈ। ਜੇਕਰ ਅਸੀਂ ਆਪਣੀ ਜਿੰਦਗੀ ਵਿੱਚ ਝੂਠ ਰਾਹੀਂ ਵਿਚਰਦੇ ਹਾਂ ਤਾਂ ਜੋ ਕੁੱਝ

ਵੀ ਘਰ ਵਿੱਚ ਕਮਾ ਕੇ ਲਿਆਉਂਦੇ ਹਾਂ ਸਾਡੀ ਉਹ ਕਮਾਈ ਝੂਠੀ ਹੈ, ਮੈਲੀ ਹੈ, ਅਪਵਿੱਤਰ ਹੈ। ਇਹੋ ਜਿਹੀ ਝੂਠੀ ਕਮਾਈ ਦੁਆਰਾ ਅਸੀਂ ਜੋ ਵੀ ਅੰਨ ਖਰੀਦਦੇ ਹਾਂ, ਨਮਕ ਤੋਂ ਲੈ ਕੇ ਘਿਉ ਗੁੜ ਤੱਕ ਜੋ ਵੀ ਖਰੀਦਦੇ ਹਾਂ, ਉਹ ਕੁੱਝ ਖਾਣਾ ਸਾਡੇ ਲਈ ਅਪਵਿੱਤਰ ਹੈ। ਸਾਡੀ ਮਾੜੀ ਰਹਿਤ ਨਾਲ ਸਾਡੀ ਕਮਾਈ ਚੰਗੀ ਨਹੀਂ ਹੋ ਸਕਦੀ। ਇਹੋ ਜਿਹੀ ਬਿਰਤੀ ਵਿੱਚ ਹੀ ਅਸੀਂ ਨਾਲ ਨਾਲ ਪ੍ਰਮਾਤਮਾ ਦਾ ਜਪ ਤਪ ਵੀ ਕਰਦੇ ਹਾਂ, ਪਰ ਇਹੋ ਜਿਹਾ ਜਪ ਤਪ ਸਾਡਾ ਸਭ ਵਿਅਰਥ ਹੈ ਕਿਉਂਕਿ ਸਾਡਾ ਧਿਆਨ ਮਾਇਆ ਮੋਹ ਵਿੱਚ ਹੈ ਜਿਸ ਕਰਕੇ ਅਸੀਂ ਝੂਠ ਦਾ ਆਸਰਾ ਲੈਂਦੇ ਹਾਂ। **(ਮਨ ਕਾ ਝੂਠਾ ਝੂਠੁ ਕਮਾਵੈ॥ਮਾਇਆ ਨੋ ਫਿਰੈ ਤਪਾ ਸਦਾਵੈ॥)** ਮਨ ਦੇ ਵਿੱਚ ਝੂਠ ਦੇ ਰਹਿੰਦਿਆਂ, ਮਾੜੀ ਬਿਰਤੀ ਦੁਆਰਾ ਵਿਚਰਦਿਆਂ ਅਸੀਂ ਜਪ ਤਪ ਵੀ ਕਰਦੇ ਹਾਂ, ਅਨੇਕਾਂ ਤੀਰਥਾਂ ਤੇ ਵੀ ਜਾਂਦੇ ਹਾਂ ਤੇ ਇਹ ਉਮੀਦ ਰੱਖਦੇ ਹਾਂ ਕਿ ਬੜਾ ਧਰਮ ਦਾ ਕੰਮ ਕਰ ਰਹੇ ਹਾਂ ਤੇ ਸਾਡੀ ਇਹੋ ਜਿਹੀ ਭਗਤੀ ਸਾਨੂੰ ਪਾਰ ਲਗਾ ਦੇਵੇਗੀ। ਇਹੋ ਜਿਹੀ ਭਗਤੀ ਨੂੰ ਸਾਡਾ ਕੇਵਲ ਇੱਕ ਭਰਮ ਦੱਸਿਆ ਹੈ ਭਾਵ ਮਨ ਦੀ ਬਿਰਤੀ ਮੈਲੀ ਹੁੰਦੇ ਹੋਏ ਨਾ ਕੋਈ ਧਰਮ ਦੀ ਕਮਾਈ ਹੈ ਤੇ ਨਾ ਹੀ ਕੋਈ ਪ੍ਰਮਾਤਮਾ ਦੀ ਭਗਤੀ ਹੈ ਤੇ ਨਾ ਹੀ ਇਸ ਨਾਲ ਸਾਨੂੰ ਕੋਈ ਚੰਗਾ ਫ਼ਲ ਮਿਲ ਸਕਦਾ ਹੈ।

(ਭਰਮੇ ਭੂਲਾ ਸਭਿ ਤੀਰਥ ਗਹੈ ॥ਓਹੁ ਤਪਾ ਕੈਸੇ ਪਰਮ ਗਤਿ ਲਹੈ॥) ਸਾਡਾ ਧਰਮ ਕੀ ਹੈ, ਸਾਡਾ ਜਪ ਤਪ ਕੀ ਹੈ, ਸਾਡੀ ਭਗਤੀ ਕੀ ਹੈ ਜਿਸ ਦੁਆਰਾ ਅਸੀਂ ਮੋਖ ਦੀ ਪ੍ਰਾਪਤੀ ਕਰ ਸਕਦੇ ਹਾਂ, ਉਸ ਦਾ ਹੱਲ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ ਜੋ ਕਿ ਸਾਰੀ ਮਨੁੱਖਤਾ ਲਈ ਇੱਕੋ ਹੀ ਹੈ।

“ਗੁਰ ਪਰਸਾਦੀ ਕੋ ਸਚੁ ਕਮਾਵੈ॥ਨਾਨਕ ਸੋ ਤਪਾ ਮੋਖੰਤਰੁ ਪਾਵੈ॥੧॥”

ਸਿਵਾਇ ਸੱਚ ਤੋਂ ਹੋਰ ਕੋਈ ਨਹੀਂ ਜੋ ਸਾਡੀ ਰਾਖੀ ਕਰ ਸਕੇ, ਸਾਨੂੰ ਬਚਾ ਸਕੇ। ਪ੍ਰਮਾਤਮਾ ਆਪ ਸੱਚ ਹੈ, ਉਸਦਾ ਪਰਸਾਦ ਵੀ ਸੱਚ ਹੈ, ਉਸ ਦੀ ਕਿਰਪਾ ਵੀ ਸੱਚ ਹੈ। ਸੱਚ ਦੀ ਕਮਾਈ ਕਰਨ ਲਈ, ਨਾਮ ਦੀ ਕਮਾਈ ਕਰਨ ਲਈ, ਸ਼ਬਦ ਦੀ ਕਮਾਈ ਕਰਨ ਲਈ ਉਸ ਦੀ ਕਿਰਪਾ ਦੀ ਲੋੜ ਹੈ। ਜੋ ਸੱਚ ਦਾ ਮਾਲਕ ਹੈ, ਜੋ ਆਪ ਸੱਚ ਦੇ ਰੂਪ ਵਿੱਚ ਹੈ ਸਾਨੂੰ ਆਪਣੇ ਸੱਚ ਵਿੱਚ ਉਹ ਆਪ ਹੀ ਰਲਾ ਸਕਦਾ ਹੈ। ਸਾਡੇ ਮਨ ਵਿੱਚੋਂ ਝੂਠ ਉਹ ਆਪ ਹੀ ਕੱਢ ਸਕਦਾ ਹੈ। ਸਾਡੇ ਕੋਲੋਂ ਸੱਚੀ ਕਰਨੀ ਉਹ ਆਪ ਹੀ ਕਰਾ

ਸਕਦਾ ਹੈ, ਸਾਨੂੰ ਸੱਚੀ ਰਹਿਤ ਵਿੱਚ ਉਹ ਆਪ ਹੀ ਰੱਖ ਸਕਦਾ ਹੈ ਪਰ ਸੱਚ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ। ਜੇਕਰ ਸਾਡੇ ਅੰਦਰ ਸੱਚ ਹੈ, ਸਾਡੇ ਹਿਰਦੇ ਵਿੱਚ ਸੱਚ ਹੈ ਤਾਂ ਫਿਰ ਸਾਡੀ ਹਰ ਕਰਨੀ ਸੱਚੀ ਹੈ, ਸਾਡੀ ਹਰ ਕਮਾਈ ਸੱਚੀ

ਹੈ। ਇਹੋ ਜਿਹੀ ਕਮਾਈ ਨਾਲ ਅਸੀਂ ਜੋ ਕੁੱਝ ਵੀ ਘਰ ਵਿੱਚ ਲੈ ਕੇ ਆਉਂਦੇ ਹਾਂ ਉਹ ਸਭ ਪਵਿੱਤਰ ਹੈ। ਇਹੋ ਜਿਹੀ ਕਮਾਈ ਨਾਲ ਸਾਡਾ ਖਾਣਾ, ਪਹਿਨਣਾ, ਸਾਡੀ ਵਰਤੋਂ ਦਾ ਹਰ ਸਮਾਨ ਪਵਿੱਤਰ ਹੈ ਤੇ ਇਹੋ ਜਿਹੀ ਕਮਾਈ ਦੇ ਨਾਲ ਹੀ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਇਆ ਜਾ ਸਕਦਾ ਹੈ, ਮੋਖ ਪਾਇਆ ਜਾ ਸਕਦਾ ਹੈ। ਸਾਰੀ ਗੱਲ ਸਾਡੀ ਕਰਨੀ ਤੇ ਮੁਕਦੀ ਹੈ। ਜਦ ਤੱਕ ਸਾਡੀ ਰਹਿਤ ਮਾੜੀ ਹੈ, ਸਾਡੀ ਕਰਨੀ ਮਾੜੀ ਭਾਵ ਜਦ ਤੱਕ ਸਾਡੀ ਕਰਨੀ ਗੁਰੂ ਵਾਲੀ ਨਹੀਂ ਹੈ, ਜਦ ਤੱਕ ਸਾਡੀ ਰਹਿਤ ਗੁਰੂ ਵਾਲੀ ਨਹੀਂ ਹੈ ਤਦ ਤੱਕ ਅਸੀਂ ਕਮਾਈ ਵੀ ਉਹੋ ਜਿਹੀ ਕਰ ਰਹੇ ਹਾਂ ਜਿਹੋ ਜਿਹੀ ਸਾਡੀ ਰਹਿਤ ਹੈ। **(ਰਹਤ ਅਵਰ ਕਛੁ ਅਵਰ ਕਮਾਵਤ॥)**

ਗੁਰੂ ਨਾਲ ਪ੍ਰੀਤ ਜੋੜਨੀ ਕੀ ਹੈ , ਗੁਰੂ ਨੂੰ ਆਪਣਾ ਪ੍ਰੇਮ ਪਿਆਰ ਦਿਖਾਉਣਾ ਕੀ ਹੈ, ਇਹ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਜਾਣ ਚੁੱਕੇ ਹਾਂ। ਗੁਰੂ ਦੇ ਨਾਲ ਪਿਆਰ ਉਹੀ ਦਿਖਾਉਂਦਾ ਹੈ ਜੋ ਉਸਦੀ ਗੱਲ ਤੇ ਅਮਲ ਕਰਦਾ ਹੈ, ਜੋ ਝੂਠ ਦਾ ਆਸਰਾ ਛੱਡ ਕੇ ਸੱਚ ਦਾ ਲੜ ਫੜਦਾ ਹੈ ਭਾਵ ਜੋ ਆਪਣੀ ਕਰਨੀ ਸੁਧਾਰਦਾ ਹੈ। ਅਸੀਂ ਝੂਠ ਦਾ ਆਸਰਾ ਤਾਂ ਨਹੀਂ ਛੱਡਦੇ ਪਰ ਗੁਰੂ ਨਾਲ ਆਪਣੀ ਪ੍ਰੀਤ ਵੀ ਦਿਖਾਉਣੀ ਚਾਹੁੰਦੇ ਹਾਂ। ਅਸੀਂ ਮੁੱਖੋਂ ਬੋਲ-ਬੋਲ ਕੇ ਹੀ ਸੱਚੇ ਬਣਨਾ ਚਾਹੁੰਦੇ ਹਾਂ ਜਦ ਕਿ ਸਾਡੇ ਮਨ ਵਿੱਚ ਪ੍ਰੀਤ ਮਾਇਆ ਦੇ ਨਾਲ ਹੈ, ਵਿਕਾਰਾਂ ਦੇ ਨਾਲ ਹੈ। ਮੁੱਖੋਂ ਬੋਲ-ਬੋਲ ਕੇ ਅਸੀਂ ਪ੍ਰਮਾਤਮਾ ਨਾਲ ਗੰਢ ਬੰਨ੍ਹਣੀ ਚਾਹੰਦੇ ਹਾਂ, ਉਸ ਨਾਲ ਜੁੜਨਾ ਚਾਹੁੰਦੇ ਹਾਂ ਜੋ ਕਿ ਪ੍ਰਮਾਤਮਾ ਨੂੰ ਬਿਲਕੁਲ ਵੀ ਮਨਜ਼ੂਰ ਨਹੀਂ ਹੁੰਦਾ ਕਿਉਂਕਿ ਉਹ ਜਾਣਦਾ ਹੈ ਕਿ ਸਾਡੀ ਅਸਲ ਪ੍ਰੀਤ ਕਿੱਥੇ ਹੈ। **(ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥)** ਉਹ ਪ੍ਰਮਾਤਮਾ ਬਹੁਤ ਸਿਆਣਾ ਹੈ ਜੋ ਸਾਡੇ ਮਨ ਦੇ ਵਿੱਚ ਹੀ ਹੈ ਤੇ ਉਸ ਤੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ ਬਲਕਿ ਉਸਨੇ ਆਪ ਹੀ ਸਾਨੂੰ ਇਹੋ ਜਿਹੇ ਜਪਾਂ ਤਪਾਂ ਵਿੱਚ ਭਰਮਾਇਆ ਹੋਇਆ ਹੈ। ਉਲਟਾ ਅਸੀਂ ਉਸ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਉਸਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼

9/841

ਕਰ ਰਹੇ ਹਾਂ। ਬਾਹਰੋਂ -ਬਾਹਰੋਂ ਪ੍ਰਮਾਤਮਾ ਦਾ ਜਪ ਤਪ ਕਰੀ ਜਾਣਾ ਕੇਵਲ ਇੱਕ ਦਿਖਾਵਾ ਹੈ ਜਿਸ ਦਾ ਪ੍ਰਮਾਤਮਾ ਦੇ ਉੱਪਰ ਕੋਈ ਅਸਰ ਨਹੀਂ ਪੈਂਦਾ ਭਾਵ ਸਾਡਾ ਇਹੋ ਜਿਹਾ ਜਪ ਤਪ, ਮੁੱਖੋਂ ਬੋਲ-ਬੋਲ ਕੇ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਕਿਸੇ ਲੇਖੇ ਨਹੀਂ ਪੈਂਦੀ। **(ਜਾਨਨਹਾਰ ਪ੍ਰਭੂ ਪਰਬੀਨ॥ਬਾਹਰਿ ਭੇਖ ਨ ਕਾਹੂ ਭੀਨ॥)** ਆਓ ਹੁਣ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

“ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥੪॥੧੧॥੧੮॥”

(ਅੰਗ ੪੫੦)

ਪ੍ਰਮਾਤਮਾ ਨੂੰ ਗਾਉਣ ਵਾਲਾ ਕੌਣ ਹੈ, ਗਾਉਣ ਵਾਲੇ ਦੀ ਆਸਥਾ ਕਿਸ ਧਰਮ ਗ੍ਰੰਥ ਨਾਲ ਜੁੜੀ ਹੋਈ ਹੈ ਭਾਵ ਕਿਹੜਾ ਮਨੁੱਖ ਕਿਹੜੇ ਦੁਨਿਆਵੀ ਧਰਮ ਨਾਲ ਸੰਬੰਧ ਰੱਖਦਾ ਹੈ, ਇਸ ਗੱਲ ਦੀ ਕੋਈ ਵਿਚਾਰ ਨਹੀਂ ਹੈ। ਭਾਂਤਿ ਭਾਂਤਿ ਦੇ ਧਰਮ ਗ੍ਰੰਥਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਅਨੇਕਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਜਪਦੇ ਹਨ, ਉਸਦੇ ਨਾਲ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਸਿੱਖ ਜਗਤ ਵੀ ਉਸ ਵਿੱਚ ਸ਼ਾਮਿਲ ਹੈ। ਪ੍ਰਮਾਤਮਾ ਇਹੋ ਜਿਹੀ ਭਗਤੀ ਦੁਆਰਾ ਕਿਸੇ ਨਾਲ ਵੀ ਨਹੀਂ ਭਿੱਜਦਾ ਜਦ ਕਿ ਹਰ ਕੋਈ ਉਸ ਦੇ ਨਾਲ ਆਪਣੀ ਸ਼ਰਧਾ ਉਸ ਦੇ ਨਾਲ ਭਿੱਜਣ ਲਈ ਹੀ ਦਿਖਾਉਂਦਾ ਹੈ, ਉਸ ਨੂੰ ਰਿਝਾ ਕੇ ਉਸ ਨਾਲ ਜੁੜਨ ਲਈ ਹੀ ਦਿਖਾਉਂਦਾ ਹੈ। ਇਸ ਤਰੀਕੇ ਦੇ ਨਾਲ ਪ੍ਰਮਾਤਮਾ ਕਿਸੇ ਦੇ ਨਾਲ ਵੀ ਨਹੀਂ ਭਿੱਜਦਾ ਜਿਸ ਵਿੱਚ ਗੁਰਮੁਖਿ ਅਖਵਾਉਣ ਵਾਲੇ ਵੀ ਸ਼ਾਮਿਲ ਹਨ। ਜਵਾਬ ਸਾਰਿਆਂ ਲਈ ਇੱਕੋ ਹੀ ਹੈ ਕਿ ਪ੍ਰਮਾਤਮਾ ਕਿਉਂ ਨਹੀਂ ਭਿੱਜਦਾ। ਜਵਾਬ ਅਗਲੀ ਪੰਗਤੀ ਵਿੱਚ ਦਿੱਤਾ ਹੋਇਆ ਹੈ। **“ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥”**

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦੀ ਜੜ੍ਹ ਸਾਡੇ ਅੰਦਰ ਦੇ ਕਪਟ ਹਨ ਜਿੰਨ੍ਹਾਂ ਦੇ ਰਹਿੰਦਿਆਂ ਉਸ ਪ੍ਰਮਾਤਮਾ ਦੇ ਨਾਲ ਨਹੀਂ ਭਿੱਜਿਆ ਜਾ ਸਕਦਾ ਜਿੰਨ੍ਹਾਂ ਵਿਕਾਰਾਂ ਦੀ ਵਜ੍ਹਾ ਸਾਡੀ ਮਾੜੀ ਸਮਝ ਹੈ ਭਾਵ ਗੁਰੂ ਦੀ ਮਤਿ ਦਾ ਸਾਡੇ ਅੰਦਰ ਨਾ ਵੱਸਣਾ ਹੈ, ਨਾਮ ਦਾ ਸਾਡੇ ਅੰਦਰ ਨਾ ਹੋਣਾ ਹੈ ਜਿਸ ਕਰਕੇ ਸਾਡੇ ਧਿਆਨ ਦੇ ਵਿੱਚ ਵਿਕਾਰ ਵੱਸੇ ਰਹਿੰਦੇ ਹਨ। ਜਦ ਤੱਕ ਅਸੀਂ ਆਪਣੇ ਵਿਕਾਰਾਂ ਨੂੰ ਰੋ ਰਹੇ ਹਾਂ ਭਾਵ ਜਦ ਤੱਕ ਅਸੀਂ ਮਾਇਆ ਮੋਹ ਵਿੱਚ ਫਸ ਕੇ

9/842

ਮਾਇਆ ਨੂੰ ਰੋ ਰਹੇ ਹਾਂ ਤਦ ਤੱਕ ਉਸਦੀ ਭਗਤੀ ਕਿਵੇਂ ਹੋ ਸਕਦੀ ਹੈ ਭਾਵ ਵਿਕਾਰਾਂ ਦੇ ਰਹਿੰਦਿਆਂ ਸਾਡੇ ਅੰਦਰ ਪ੍ਰਮਾਤਮਾ ਦੀ ਭਗਤੀ ਭਾਵਨਾ ਨਹੀਂ ਹੈ, ਸਾਡੀ ਭਾਵਨਾ ਮਾਇਆ ਦੇ ਨਾਲ ਹੈ ਜੋ ਸਾਨੂੰ ਵਿਕਾਰਾਂ ਵੱਲ ਤੋਰਦੀ ਹੈ। ਇਹੋ ਜਿਹੀ ਨਾਸਮਝ ਭਗਤੀ ਦੁਆਰਾ ਭਾਵ ਜੋ ਭਗਤੀ ਦਾ ਪ੍ਰਗਟਾਵਾ ਅਸੀਂ ਮਨ ਦੇ ਵਿੱਚ ਵਿਕਾਰਾਂ ਦੇ ਰਹਿੰਦੇ ਹੋਏ ਕਰਦੇ ਹਾਂ ਉਸ ਦਾ ਫ਼ਲ ਸਾਨੂੰ ਕੀ ਮਿਲਦਾ ਹੈ, ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥”

ਸਾਡੇ ਮਨ ਦੇ ਵਿੱਚ ਵਿਕਾਰਾਂ ਨੂੰ ਜਨਮ ਦੇਣ ਵਾਲੀ ਤ੍ਰਿਸ਼ਨਾ ਹੈ ਜੋ ਕਿ ਬਹੁਤ ਵੱਡਾ ਰੋਗ ਹੈ। ਸਭ ਦੇ ਸਿਰ ਤੇ ਇਹੀ ਰੋਗ ਹੈ, ਹਰ ਕੋਈ ਇਸ ਰੋਗ ਦੇ ਨਾਲ ਪੀੜਤ ਹੈ। ਸਾਡੇ ਮਨ ਦੀ ਬਿਰਤੀ ਇਸੇ ਤ੍ਰਿਸ਼ਨਾ ਕਰਕੇ ਮਾੜੀ ਬਣਦੀ ਹੈ। ਮਨੁੱਖ ਚੰਗੇ ਮਾੜੇ ਕਰਮ ਆਪਣੇ ਮਨ ਦੀ ਬਿਰਤੀ ਦੁਆਰਾ ਹੀ ਕਰਦਾ ਹੈ ਤੇ ਮਨੁੱਖ ਨੂੰ ਫ਼ਲ ਵੀ ਕਰਮਾਂ ਦੁਆਰਾ ਹੀ ਮਿਲਦਾ ਹੈ। ਮਾੜੇ ਕਰਮਾਂ ਦਾ ਫ਼ਲ ਮਾੜਾ ਹੈ ਤੇ ਚੰਗੇ ਕਰਮਾਂ ਦਾ ਫ਼ਲ ਚੰਗਾ ਹੈ। ਜੇਕਰ ਸਾਡੇ ਮਨ ਵਿੱਚ ਤ੍ਰਿਸ਼ਨਾ ਹੈ, ਵਿਕਾਰ ਹਨ ਤਾਂ ਫਿਰ ਅਸੀਂ ਮਾੜੇ ਕਰਮ ਹੀ ਕਰਾਂਗੇ ਤੇ ਸਾਡੇ ਹੱਥ ਫ਼ਲ ਵੀ ਮਾੜਾ ਹੀ ਆਵੇਗਾ। ਫ਼ਲ ਦੇਣ ਵਾਲਾ ਆਪ ਪ੍ਰਮਾਤਮਾ ਹੈ ਜੋ ਸਾਡੇ ਮਨ ਦੀ ਬਿਰਥਾ ਨੂੰ ਜਾਣਦਾ ਹੈ। ਮਾੜੇ ਕਰਮਾਂ ਦਾ ਫ਼ਲ ਵੀ ਉਹ ਸਾਡੇ ਹੱਥ ਵਿੱਚ ਮਾੜਾ ਹੀ ਫੜਾਉਂਦਾ ਹੈ। ਫ਼ਲ ਸਾਡੀ ਕਰਨੀ ਦੁਆਰਾ ਹੈ ਭਾਵੇਂ ਮਾੜਾ ਫ਼ਲ ਲੈ ਲਈਏ ਤੇ ਭਾਵੇਂ ਚੰਗਾ। ਪ੍ਰਮਾਤਮਾ ਦੀ ਭਗਤੀ ਸਾਡੀ ਕਰਨੀ ਦੁਆਰਾ ਹੋਣੀ ਹੈ ਪਰ ਸਾਡਾ ਭਗਤੀ ਕਰਨ ਦਾ ਤਰੀਕਾ ਕਰਨੀ ਦੀ ਬਜਾਏ ਕਥਨੀ ਵਾਲਾ ਹੈ ਭਾਵ ਮੁੱਖੋਂ ਬੋਲ-ਬੋਲ ਕੇ ਕਰਨ ਵਾਲਾ ਹੈ ਜਿਸ ਨਾਲ ਪ੍ਰਮਾਤਮਾ ਸਾਡੇ ਨਾਲ ਨਹੀਂ ਭਿੱਜਦਾ। (**ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥ ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥**) ਪ੍ਰਮਾਤਮਾ ਦੀ ਭਗਤੀ ਕਿਵੇਂ ਹੁੰਦੀ ਹੈ ਇਹ ਆਖਰੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥੪॥੧੧॥੧੮॥”

ਭਗਤੀ ਕੀ ਹੈ, ਇਸ ਤੋਂ ਹੋਰ ਸਪੱਸ਼ਟ ਤਰੀਕੇ ਨਾਲ ਗੁਰੂ ਸਾਹਿਬ ਦੁਆਰਾ ਹੋਰ ਕੀ ਸਮਝਾਇਆ ਜਾਵੇ। ਹਰ ਕੋਈ ਬੜੀ ਆਸਾਨੀ ਨਾਲ ਸਮਝ ਸਕਦਾ ਹੈ। ਭਗਤੀ ਦੀ ਸ਼ੁਰੂਆਤ, ਭਗਤੀ ਦਾ ਮੂਲ ਹੀ ਹਿਰਦੇ ਦੀ ਸ਼ੁੱਧਤਾ ਹੈ। ਜਦ ਤੱਕ ਹਿਰਦਾ ਸ਼ੁੱਧ ਨਹੀਂ ਹੁੰਦਾ ਤਦ ਤੱਕ ਭਗਤੀ ਹੈ ਹੀ ਨਹੀਂ। ਹਿਰਦੇ ਦੀ ਸ਼ੁੱਧੀ ਦੁਆਰਾ ਜੋ ਅਸੀਂ ਭਗਤੀ ਕਰਾਂਗੇ ਉਸ ਦੁਆਰਾ ਸਾਨੂੰ ਫ਼ਲ ਦੀ ਪ੍ਰਾਪਤੀ ਵੀ “ਹਰਿ” ਦੇ ਰੂਪ ਵਿੱਚ ਹੋਵੇਗੀ। “ਹਰਿ” ਦੀ ਮਤਿ ਤੇ ਚੱਲ ਕੇ ਹੀ “ਹਰਿ” ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। **(ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥)** ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ, ਭਗਤੀ ਸਾਡੇ ਤੀਜੇ

ਉੱਦਮ ਨਾਲ ਹੋਣੀ ਹੈ। ਸਾਡੇ ਪਹਿਲੇ ਦੋ ਉੱਦਮ ਭਗਤੀ ਦੇ ਮਾਰਗ ਨੂੰ ਜਾਣਨ ਲਈ ਹਨ। ਸਾਡਾ ਪਹਿਲਾ ਉੱਦਮ ਅਕਾਲ ਪੁਰਖ ਦੀ ਬਾਣੀ ਨੂੰ ਪੜ੍ਹਨ, ਸੁਣਨ ਦਾ ਹੈ ਜੋ ਕਿ ਬਹੁਤ ਜਰੂਰੀ ਹੈ ਕਿਉਂਕਿ ਇਸ ਤੋਂ ਬਿਨ੍ਹਾਂ ਅਸੀਂ ਜਾਣ ਹੀ ਨਹੀਂ ਸਕਦੇ ਕਿ ਗੁਰੂ ਨੇ ਸਾਨੂੰ ਸਿੱਖਿਆ ਕੀ ਦਿੱਤੀ ਹੈ। ਦੂਜਾ ਉੱਦਮ ਗੁਰੂ ਦੀ ਸਿੱਖਿਆ ਨੂੰ ਸਮਝਣ ਦਾ ਹੈ, ਉਸ ਦੇ ਭਾਵ ਨੂੰ ਜਾਣਨ ਦਾ ਹੈ, ਸਿੱਖਿਆ ਦੇ ਮਨੋਰਥ ਨੂੰ ਜਾਣਨ ਦਾ ਹੈ ਜੋ ਕਿ ਹੋਰ ਵੀ ਜਰੂਰੀ ਹੈ। ਜਦ ਤੱਕ ਸਹੀ ਸਿੱਖਿਆ ਦੀ ਸੋਝੀ ਨਹੀਂ ਪਵੇਗੀ ਅਸੀਂ ਉਸ ਤੇ ਸਹੀ ਤਰੀਕੇ ਨਾਲ ਅਮਲ ਵੀ ਨਹੀਂ ਕਰ ਸਕਾਂਗੇ। ਗਲਤ ਸੋਝੀ ਪੈਣਾ ਵੀ ਸਾਨੂੰ ਪੁੱਠੇ ਰਾਹ ਤੋਰ ਦਿੰਦਾ ਹੈ, ਸਾਨੂੰ ਭਰਮ ਵਿੱਚ ਰੱਖਦਾ ਹੈ। ਗੁਰੂ ਦੀ ਗੱਲ ਨੂੰ ਧਿਆਨ ਨਾਲ ਸਮਝਣਾ ਅਤਿ ਜਰੂਰੀ ਹੈ। ਗੁਰਬਾਣੀ ਵਿੱਚ ਬਹੁਤ ਗਹਿਰ ਗੰਭੀਰਤਾ ਹੈ ਕਿਉਂਕਿ ਗੁਰੂ ਆਪ ਗਹਿਰ ਗੰਭੀਰ ਹੈ। ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ। ਬਾਣੀ ਨੂੰ ਸਮਝਣਾ ਸਾਡੇ ਲਈ ਬਾਣੀ ਨੂੰ ਖੋਜਣ ਵਾਲੀ ਗੱਲ ਹੈ ਕਿਉਂਕਿ ਇਹ ਬਹੁਤ ਗਹਿਰੀ ਹੈ। ਇਸ ਦੀ ਗਹਿਰਾਈ ਦੇ ਨਾਲ-ਨਾਲ ਹੀ ਸਾਨੂੰ ਕਾਫੀ ਸਾਰੀ ਸਿੱਖਿਆ ਬੜੀ ਸਰਲ ਭਾਸ਼ਾ ਵਿੱਚ ਵੀ ਦਿੱਤੀ ਹੈ ਤਾਂ ਜੋ ਅਸੀਂ ਗੁਰੂ ਦੀ ਗੱਲ ਨੂੰ ਆਸਾਨੀ ਨਾਲ ਸਮਝ ਸਕੀਏ ਤੇ ਕਿਸੇ ਭਟਕਣਾ ਤੋਂ ਬਚੀਏ, ਇੱਧਰ ਉੱਧਰ ਦੀਆਂ ਸੁਣੀਆ ਸੁਣਾਈਆ ਗੱਲਾਂ ਤੋਂ ਬਚੀਏ। ਬਾਣੀ ਆਪਣੀ ਹਰ ਗੱਲ ਦੀ ਆਪ ਹੀ ਕਸਵੱਟੀ ਹੈ ਤੇ ਇਸ ਨੂੰ ਖੋਜਣ ਦਾ ਆਪਣਾ ਹੀ ਅਨੰਦ ਹੈ। ਬਾਣੀ “**ਵਾਹੁ-ਵਾਹੁ**” ਨਾਲ ਭਰੀ ਹੋਈ ਹੈ। ਜਿਉਂ-ਜਿਉਂ ਬਰੀਕੀਆਂ ਸਮਝ ਆਉਣਗੀਆਂ ਮਨ ਵਿੱਚੋਂ ਆਪ ਹੀ ਵਾਹੁ-ਵਾਹੁ ਨਿਕਲੇਗੀ ਜੋ ਗੁਰੂ ਨਾਲ ਸਾਡੀ ਸ਼ਰਧਾ ਵਧਾਏਗੀ। ਅਸਲ ਵਾਹੁ-ਵਾਹੁ ਉਸ ਦਿਨ ਹੋਵੇਗੀ ਜਿਸ ਦਿਨ ਉਸ “**ਵਾਹੁ**” ਦੇ ਮਾਲਕ ਦੀ ਪ੍ਰਾਪਤੀ ਹੋ ਜਾਵੇਗੀ, ਉਸਦੇ ਨਾਲ ਮੇਲ ਹੋ ਜਾਵੇਗਾ ਤੇ ਸਮਝ ਲੱਗੇਗੀ ਕਿ ਉਸ ਦੀ ਹਰ ਰਚਨਾ ਵਾਹੁ-ਵਾਹੁ ਹੈ, ਉਹ ਕਿਤਨਾ ਕੁ ਵੱਡਾ ਹੈ। ਉਸ ਵਾਹੁ ਨੂੰ, ਪ੍ਰਮਾਤਮਾ ਨੂੰ ਜਾਣਨ ਲਈ ਉਸ ਦੀ ਭਗਤੀ ਦਾ ਮਾਰਗ ਸਾਨੂੰ ਸਾਡੇ ਪਹਿਲੇ ਦੋ ਉੱਦਮ ਸਮਝਾਉਂਦੇ ਹਨ। ਸਾਡਾ ਤੀਸਰਾ ਉੱਦਮ ਉਸ ਮਾਰਗ ਤੇ ਚੱਲਣ ਦਾ ਹੈ, ਉਸ ਮਾਰਗ ਨੂੰ ਅਪਣਾਉਣ ਦਾ ਹੈ, ਗੁਰੂ ਦੀ ਸਿੱਖਿਆ ਨੂੰ ਅਪਣਾਉਣ ਦਾ ਹੈ। ਗੁਰੂ ਦੀ ਸਿੱਖਿਆ ਸਾਨੂੰ ਸੱਚ ਸਿਖਾਉਂਦੀ ਹੈ ਤੇ ਕੇਵਲ ਗੁਰੂ ਦੇ ਸਮਝਾਏ ਹੋਏ

ਸੱਚ ਨੂੰ ਮੰਨਣ ਦੁਆਰਾ ਹੀ ਸਾਡਾ ਹਿਰਦਾ ਸ਼ੁੱਧ ਹੋ ਸਕਦਾ ਹੈ, ਸਾਡੇ ਮਨ ਦੇ ਵਿਕਾਰ ਨਿਕਲ ਸਕਦੇ ਹਨ। ਵਿਕਾਰ ਮਾਰਨ ਲਈ ਸੱਚ ਤੋਂ ਬਿਨ੍ਹਾਂ ਨਾ ਹੀ ਅੱਜ ਤੱਕ ਦੁਨੀਆਂ ਵਿੱਚ ਕੋਈ ਤਰੀਕਾ ਬਣਿਆ ਹੈ, ਨਾ ਹੀ ਕੋਈ ਹੈ ਤੇ ਨਾ ਹੀ ਕਦੇ ਹੋ ਸਕਦਾ ਹੈ। ਨਾ ਹੀ ਅੱਜ ਤੱਕ ਸੱਚ ਤੋਂ ਬਿਨ੍ਹਾਂ ਸੱਚੀ ਭਗਤੀ ਹੋਈ ਹੈ, ਨਾ ਹੀ ਸੱਚ ਤੋਂ ਬਿਨ੍ਹਾਂ ਹੋ ਰਹੀ ਹੈ ਅਤੇ ਨਾ ਹੀ ਕਦੇ ਸੱਚ ਨੂੰ ਅਪਣਾਉਣ ਤੋਂ ਬਿਨ੍ਹਾਂ ਹੋ ਸਕਦੀ ਹੈ। ਸੱਚ ਹੀ ਨਾਮ ਹੈ ਤੇ ਨਾਮ ਹੀ ਹਰ ਜੁਗ ਵਿੱਚ ਭਗਤੀ ਦਾ ਤਰੀਕਾ ਰਿਹਾ ਹੈ। ਅੱਜ ਵੀ ਭਗਤੀ ਦਾ ਤਰੀਕਾ ਨਾਮ ਹੈ ਤੇ ਜੁਗਾਂ-ਜੁਗਾਂ ਤੱਕ ਨਾਮ ਹੀ ਰਹੇਗਾ। ਆਓ ਹੇਠ ਲਿਖੀ ਪੰਗਤੀ ਨੂੰ ਸਦਾ ਯਾਦ ਰੱਖੀਏ ਤਾਂ ਜੋ ਸਾਡਾ ਹਮੇਸ਼ਾ ਹੀ ਮਾਰਗ ਦਰਸ਼ਨ ਹੁੰਦਾ ਰਹੇ ਤੇ ਅਸੀਂ ਆਪਣੇ ਭਗਤੀ ਦੇ ਮਾਰਗ ਤੋਂ ਕਦੇ ਵੀ ਨਾ ਭਟਕੀਏ।

“ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥ ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥”

(ਅੰਗ ੧੪੬-੧੪੭)

ਜਿੱਥੇ ਸਾਨੂੰ ਸੱਚ ਸਮਝਾਇਆ ਹੁੰਦਾ ਹੈ ਉੱਥੇ ਨਾਲ ਝੂਠ ਦੀ ਗੱਲ ਵੀ ਜਿਆਦਾਤਰ ਸ਼ਬਦਾਂ ਵਿੱਚ ਕੀਤੀ ਹੁੰਦੀ ਹੈ ਤਾਂ ਜੋ ਅਸੀਂ ਇਹ ਸਮਝ ਸਕੀਏ ਕਿ ਸੱਚ ਉਹ ਹੈ ਜੋ ਝੂਠ ਨਹੀਂ ਹੈ। ਉੱਪਰ ਸ਼ਬਦ ਰਾਹੀਂ ਬੜਾ ਸਪੱਸ਼ਟ ਹੈ ਕਿ ਅਸੀਂ ਪ੍ਰਮਾਤਮਾ ਦਾ ਘਰ ਇਸ ਲਈ ਗਵਾਇਆ ਹੋਇਆ ਹੈ ਕਿਉਂਕਿ ਸਾਡੇ ਅੰਦਰ ਝੂਠ ਹੈ, ਸਾਡਾ ਮਨ ਝੂਠਾ ਹੈ, ਵਿਕਾਰੀ ਹੈ ਤੇ ਸਾਡਾ ਸਾਰਾ ਵਖਾਣ ਵੀ ਝੂਠਾ ਹੈ ਭਾਵ ਸਾਡੀ ਵਿਚਰਨ ਵੀ ਝੂਠੀ ਹੈ, ਸਾਡੀ ਸਾਰੀ ਕਮਾਈ ਵੀ ਝੂਠੀ ਹੈ, ਸਾਡੇ ਅਮਲ ਮਾੜੇ ਹਨ। ਉਸ ਦੀ ਵਜ੍ਹਾ ਇਹ ਹੈ ਕਿ ਸਾਡੇ ਅੰਦਰ ਗੁਰੂ ਦਾ ਸ਼ਬਦ ਨਹੀਂ ਹੈ, ਸਾਡੇ ਅੰਦਰ ਗੁਰੂ ਦੀ ਮਤਿ ਨਹੀਂ ਹੈ ਜੋ ਕਿ ਸਾਨੂੰ ਸੱਚ ਹੀ ਸਿਖਾਉਂਦੀ ਹੈ। ਸਾਡੇ ਉੱਪਰ ਸੱਚ ਦਾ ਨਿਸ਼ਾਨ ਲੱਗਣਾ ਹੀ ਸ਼ਬਦ ਦਾ ਨਿਸ਼ਾਨ ਲੱਗਣਾ ਹੈ। ਪ੍ਰਮਾਤਮਾ ਦੇ ਮਹਲ ਵਿੱਚ ਜਾਣ ਦੀ ਜੋ ਰੋਕ ਹੈ, ਪ੍ਰਮਾਤਮਾ ਨੂੰ ਆਪਣੇ ਮਨ ਰੂਪ ਘਰ ਵਿੱਚ ਬੁਲਾਉਣ ਦੀ ਭਾਵ ਉਸ ਦੇ ਸਾਡੇ ਅੰਦਰ ਪਰਗਟ ਹੋਣ ਦੀ ਜੋ ਰੋਕ ਹੈ, ਉਸ ਦਾ ਕਾਰਨ ਸਾਡੇ ਮਨ ਦੇ ਵਿੱਚ ਝੂਠ ਦਾ ਹੋਣਾ ਹੈ। ਇਹ ਰੁਕਾਵਟ, ਇਹ ਠਾਕ ਤਾਂ ਹੀ ਦੂਰ ਹੋ ਸਕਦੀ ਹੈ ਜਦੋਂ ਸਾਡੇ ਅੰਦਰੋਂ ਝੂਠ ਨਿਕਲ ਕੇ ਉਸ ਦਾ ਸ਼ਬਦ ਵੱਸ ਜਾਵੇ, ਸੱਚ ਵੱਸ ਜਾਵੇ ਭਾਵ ਪ੍ਰਮਾਤਮਾ ਦੇ ਨਾਲ

9/845

ਸਾਡੇ ਵਿਛੋੜੇ ਦਾ ਕਾਰਨ ਸਾਡੇ ਅੰਦਰ ਸੱਚ ਦਾ ਨਾ ਹੋਣਾ ਹੈ। (**ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥ ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥**) ਸੱਚ ਕੇਵਲ ਗੁਰੂ ਦੀ ਮਤਿ ਹੈ ਜੋ ਸਾਨੂੰ ਸੱਚ ਦਾ ਮਾਰਗ ਹੀ ਦਿਖਾਉਂਦੀ ਹੈ, ਸਾਨੂੰ ਵਿਕਾਰਾਂ ਤੋਂ ਰਹਿਤ ਹੋਣ ਲਈ ਸਮਝਾਉਂਦੀ ਹੈ। ਹੇਠ ਲਿਖੀ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰੋ ਜਿੱਥੇ ਸਾਡੇ ਤਿੰਨੇ ਉੱਦਮ ਸਮਝਾਏ ਹੋਏ ਹਨ।

“ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥”

ਪਹਿਲਾ ਉੱਦਮ ਸੱਚ ਨੂੰ ਸੁਣਨ ਦਾ ਹੈ, ਗੁਰਬਾਣੀ ਨੂੰ ਸੁਣਨ ਦਾ ਹੈ, ਪ੍ਰਮਾਤਮਾ ਦੀ ਗੱਲ ਨੂੰ ਸੁਣਨ ਦਾ ਹੈ, ਉਸ ਦੇ ਹੁਕਮ ਨੂੰ ਸੁਣਨ ਦਾ ਹੈ, ਉਸ ਦੇ ਸ਼ਬਦ ਨੂੰ ਸੁਣਨ ਦਾ ਹੈ, ਨਾਮ ਨੂੰ ਸੁਣਨ ਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਸੁਣਨ ਦਾ ਹੈ ਜੋ ਕਿ ਅਸੀਂ ਕੰਨਾ ਦੁਆਰਾ ਸੁਣ ਸਕਦੇ ਹਾਂ ਜਾਂ ਆਪੇ ਗੁਰਬਾਣੀ ਪੜ ਕੇ ਗੁਰੂ ਦੀ ਗੱਲ ਨੂੰ ਸੁਣ ਸਕਦੇ ਹਾਂ। ਦੂਜਾ ਉੱਦਮ ਗੁਰੂ ਦੀ ਮਤਿ ਨੂੰ ਸੁਣ ਕੇ ਉਸਨੂੰ ਬੁੱਝਣ ਦਾ ਹੈ, ਉਸਨੂੰ ਸਮਝਣ ਦਾ ਹੈ। ਹਰ ਕੋਈ ਗੁਰੂ ਦੀ ਗੱਲ ਨੂੰ ਸੁਣਨ ਬੁੱਝਣ ਤੱਕ ਹੀ ਰਹਿ ਜਾਂਦਾ ਹੈ ਤੇ ਵਿੱਚੋਂ ਆਪਣੀ ਸਮਰੱਥਾ ਅਨੁਸਾਰ ਕੁੱਝ ਗੁਰੂ ਦੀਆਂ ਸਮਝਾਈਆਂ ਹੋਈਆਂ ਸੱਚੀਆਂ ਗੱਲਾਂ ਤੇ ਅਮਲ ਕਰਨ ਵਾਲੇ ਵੀ ਹੁੰਦੇ ਹਨ ਪਰ ਬਹੁਤੀ ਗਿਣਤੀ ਸੁਣਨ ਤੇ ਬੁੱਝਣ ਵਾਲਿਆ ਦੀ ਹੀ ਹੁੰਦੀ ਹੈ ਕਿਉਂਕਿ ਉਹ ਇਸ ਨੂੰ ਹੀ ਆਪਣੀ ਭਗਤੀ ਸਮਝਦੇ ਹਨ। ਪੂਰੀ ਤਰ੍ਹਾਂ ਗੁਰੂ ਦੀ ਮਤਿ ਨੂੰ ਮੰਨ ਕੇ, ਸੱਚ ਨੂੰ ਅਪਣਾ ਕੇ ਵਿਚਰਨਾ ਕਿਉਂਕਿ ਬਹੁਤ ਔਖਾ ਹੈ ਇਸ ਲਈ ਵਿਰਲਾ ਹੀ ਇਸ ਮਾਰਗ ਤੇ ਚੱਲ ਸਕਦਾ ਹੈ ਜੋ ਕਿ ਉਸ ਦੀ ਆਪਣੀ ਕਿਰਪਾ ਤੋਂ ਬਿਨ੍ਹਾਂ ਨਹੀਂ ਹੋ ਸਕਦਾ। ਇਹ ਤੀਜਾ ਉੱਦਮ ਗੁਰੂ ਦੀ ਗੱਲ ਨੂੰ, ਨਾਮ ਨੂੰ ਮੰਨਣ ਦਾ ਹੀ ਹੈ ਭਾਵ ਨਾਮ ਜਪਣ ਦਾ ਹੈ ਜੋ ਕਿ ਆਪਣੇ ਅੰਦਰੋਂ ਸੱਚ ਵਿਖਾਉਣ ਦਾ ਹੈ ਜੋ ਕਿ ਸਾਡੀ ਕਰਨੀ ਦੁਆਰਾ ਪ੍ਰਗਟ ਹੁੰਦਾ ਹੈ, ਸਾਡੀ ਹਰ ਕਰਨੀ ਦੁਆਰਾ ਪ੍ਰਗਟ ਹੁੰਦਾ ਹੈ। ਅੰਦਰ ਝੂਠ ਹੈ ਤਾਂ ਝੂਠ ਪ੍ਰਗਟ ਹੋਵੇਗਾ, ਸੱਚ ਹੈ ਤਾਂ ਸੱਚ ਪ੍ਰਗਟ ਹੋਵੇਗਾ। ਦੁਨੀਆਂ ਨੂੰ ਸਾਡੇ ਅੰਦਰ ਦਾ ਸੱਚ, ਝੂਠ ਜਾਣਨ ਵਿੱਚ ਭੁਲੇਖਾ ਲੱਗ ਸਕਦਾ ਹੈ ਪਰ ਉਸ ਪ੍ਰਮਾਤਮਾ ਤੋਂ ਕੁੱਝ ਵੀ ਛੁਪਿਆ ਨਹੀਂ ਹੈ। ਉਸ ਪ੍ਰਮਾਤਮਾ ਨੂੰ ਆਪਣੇ ਘਰ ਵਿੱਚ ਬੁਲਾਉਣ ਲਈ ਕੇਵਲ ਸੱਚ ਨੂੰ ਅਪਣਾਉਣਾ ਪਵੇਗਾ ਹੋਰ ਕੋਈ ਤਰੀਕਾ ਨਹੀਂ ਹੈ। **(ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮)**

ਜਿਵੇਂ ਕਿ ਵਾਰ- ਵਾਰ ਅਸੀਂ ਸਮਝਦੇ ਆ ਰਹੇ ਹਾਂ ਕਿ ਆਪਣੇ ਮੁੱਖੋਂ ਇੱਕ ਅੱਖਰ ਦੇ ਜਪ ਨੂੰ, ਜਿਸ ਨੂੰ ਕਿ ਅਸੀਂ ਨਾਮ ਜਪਣਾ ਕਹਿੰਦੇ ਹਾਂ, ਉਸੇ ਨੂੰ ਹੀ ਸੱਚ ਜਪਣਾ ਕਹਿੰਦੇ ਹਾਂ ਭਾਵ ਬਿਨ੍ਹਾਂ ਸੱਚ ਨੂੰ ਮਨ ਵਿੱਚ ਵਸਾਏ ਉਸੇ ਨੂੰ ਹੀ ਸੱਚ ਜਪਣਾ ਸਮਝਦੇ ਹਾਂ ਕਿਉਂਕਿ ਸਾਨੂੰ ਇਹ ਪਤਾ ਹੈ ਕਿ ਨਾਮ ਸੱਚ ਹੈ।

9/846

ਨਾਮ "**ਸੱਚ**" ਹੀ ਹੈ ਪਰ ਉਹ "**ਨਾਮ**" "**ਸੱਚ**" ਹੈ ਜਿਸ ਦੁਆਰਾ ਸਾਡੇ ਮਨ ਦੀ ਸਮਝ ਸੱਚੀ ਹੋ ਜਾਵੇ ਤਾਂ ਜੋ ਅਸੀਂ ਮੁੱਖੋਂ ਜੋ ਬੋਲ ਬੋਲੀਏ ਉਹ ਬੋਲ ਸੱਚੇ ਹੋ ਜਾਣ, ਸਾਡੇ ਮੁੱਖ ਦੀ ਬਾਣੀ ਸੱਚੀ ਹੋ ਜਾਵੇ ਭਾਵ ਅਸੀਂ ਜੋ ਕੁੱਝ ਵੀ ਬੋਲੀਏ ਸੱਚ ਹੀ ਬੋਲੀਏ ਭਾਵ ਸਾਡੀ ਰਸਨਾ ਤੇ ਕਦੇ ਵੀ ਝੂਠ ਨਾ ਹੋਵੇ। ਸਾਡੀ ਕਰਨੀ ਤਾਂ ਹੀ ਸੱਚੀ ਹੋਵੇਗੀ ਜਦੋਂ ਸੱਚ ਸਾਡੇ ਅੰਦਰ ਵੱਸਿਆ ਹੋਵੇਗਾ ਤੇ ਸਾਡੇ ਅੰਦਰ ਸੱਚ ਦਾ ਵੱਸਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆਏ ਹਾਂ।

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥}

(ਅੰਗ ੨੩)

{ਲੋਕ ਪਤੀਆਰੈ ਕਛੂ ਨ ਪਾਈਐ ॥ ਸਾਚਿ ਲਗੈ ਤਾ ਹਉਮੈ ਜਾਈਐ ॥੨॥
ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ ॥ ਗੁਰ ਪਰਸਾਦੀ ਨਾਮੁ ਧਿਆਏ ॥੩॥}

(ਅੰਗ ੭੩੬-੭੩੭)

{ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥}

(ਅੰਗ ੧੪੧)

{ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥
ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥}

(ਅੰਗ ੪੦੫)

{ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥}

(ਅੰਗ ੨੨੩)

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥}

(ਅੰਗ ੧੧੮੯)

{ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ ੪੩੭)

{ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥
ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ ॥

ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ ॥
ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥
ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥
ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥
ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥
ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ ॥੨॥}

(ਅੰਗ ੯੫੦)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥}

(ਅੰਗ ੩੬)

{ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥}

(ਅੰਗ ੫੫)

{ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥ ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥}

(ਅੰਗ ੭੮੬)

ਆਓ ਆਪਣਾ ਇਹ ਭੁਲੇਖਾ ਕਿ ਨਾਮ ਕੀ ਹੈ , ਮੁੱਖੋਂ ਨਾਮ ਬੋਲਣਾ ਕੀ ਹੈ, ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਕੀ ਹੈ, ਉਸਦੀ ਭਗਤੀ ਕੀ ਹੈ, ਇਹ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਵੀ ਸਮਝੀਏ ਜਿਵੇਂ ਕਿ ਅਸੀਂ ਇਹ ਗੱਲ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

{ਸਭੁ ਕੋ ਤੇਰਾ ਭਗਤੁ ਕਹਾਏ॥ਸੇਈ ਭਗਤ ਤੇਰੈ ਮਨਿ ਭਾਏ॥
ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ॥੨॥}

(ਅੰਗ ੧੨੨)

ਜੋ ਵੀ ਉਸ ਪ੍ਰਮਾਤਮਾ ਦਾ ਜਪ ਤਪ ਕਰ ਰਿਹਾ ਹੈ, ਭਗਤੀ ਕਰ ਰਹਿਆ ਹੈ ਭਾਵ ਪ੍ਰਮਾਤਮਾ ਦੀ ਭਗਤੀ ਦੁਨੀਆਂ ਅਨੇਕਾਂ ਤਰੀਕਿਆਂ ਦੁਆਰਾ ਕਰ ਰਹੀ ਹੈ ਤੇ ਹਰ ਕੋਈ ਆਪਣੀ ਭਗਤੀ ਦੇ ਤਰੀਕੇ ਨੂੰ ਠੀਕ ਸਮਝ ਕੇ ਹੀ ਕਰਦਾ ਹੈ, ਮੁੱਖੋਂ ਬੋਲ-ਬੋਲ ਕੇ ਜਪਣ ਵਾਲੇ ਵੀ ਆਪਣੀ ਭਗਤੀ ਕਰਨ ਦੇ ਤਰੀਕੇ ਨੂੰ ਠੀਕ ਸਮਝਦੇ ਹਨ, ਆਪਣੇ ਆਪ ਨੂੰ ਪ੍ਰਮਾਤਮਾ ਦਾ ਭਗਤ ਹੀ ਸਮਝਦੇ ਹਨ। ਸਾਡੇ ਸਮਝਣ ਨਾਲ ਕੁੱਝ ਨਹੀਂ ਹੁੰਦਾ, ਸਾਨੂੰ ਵੇਖਣ ਵਾਲਿਆਂ ਦੇ ਸਮਝਣ ਨਾਲ ਵੀ ਕੁੱਝ ਨਹੀਂ ਹੁੰਦਾ, ਵੇਖਣ ਵਾਲੇ ਸਾਡਾ ਸਰੀਰਕ ਜਪ ਤਪ ਵੇਖ ਕੇ ਸਾਨੂੰ ਭਗਤ ਹੀ ਸਮਝਦੇ ਹਨ। ਪਰ ਉਸ ਪ੍ਰਮਾਤਮਾ ਦਾ ਭਗਤ ਉਹ ਹੈ ਜੋ ਉਸਨੂੰ ਭਾਉਂਦਾ ਹੈ। ਉਸਨੂੰ ਕੀ ਭਾਉਂਦਾ ਹੈ, ਉਸਦੀ ਭਗਤੀ ਕਰਨਾ ਕੀ ਹੈ ਇਹ ਨਾਲ ਹੀ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੇਵਲ ਸੱਚ ਦੁਆਰਾ ਹੋ ਸਕਦੀ ਹੈ। ਉਹ ਸੱਚ ਕੀ ਹੈ, ਇਹ ਵੀ ਨਾਲ ਸਪੱਸ਼ਟ ਕੀਤਾ ਹੋਇਆ ਹੈ। ਸੱਚ ਉੱਥੇ ਹੈ ਜਿੱਥੇ ਮਨੁੱਖ ਦੀ ਬਾਣੀ ਸੱਚੀ ਹੈ, ਜਿਹੜੇ ਮਨੁੱਖ ਦੇ ਬੋਲ ਸੱਚੇ ਹਨ ਭਾਵ ਜੋ ਮਨੁੱਖ ਕੇਵਲ ਸੱਚ ਤੇ ਹੀ ਰਹਿੰਦਾ ਹੈ। ਪ੍ਰਮਾਤਮਾ ਕਿਉਂਕਿ ਆਪ ਸੱਚ ਹੈ ਇਸ ਲਈ ਉਸ ਦੇ ਰੰਗ ਵਿੱਚ ਵੀ ਸੱਚ ਨੂੰ ਅਪਣਾ ਕੇ ਰੰਗਿਆ ਜਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਭਗਤੀ ਬਖਸ਼ਦਾ ਹੈ, ਜਿਸ ਕੋਲੋਂ ਆਪਣੀ ਭਗਤੀ ਕਰਵਾਉਂਦਾ ਹੈ ਉਸ ਮਨੁੱਖ ਦੀ ਬਾਣੀ ਸੱਚੀ ਕਰਦਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜਦੋਂ ਮਨ ਵਿੱਚ ਸੱਚ ਹੋਵੇਗਾ। ਮਨ ਵਿੱਚ ਝੂਠ ਦੇ ਰਹਿੰਦਿਆਂ ਭਾਵ ਝੂਠੀ ਸਮਝ ਦੇ ਰਹਿੰਦਿਆਂ ਭਾਵ ਉਸ ਸਮਝ ਵਿੱਚ ਰਹਿੰਦਿਆਂ ਜੋ ਮਤਿ ਗੁਰੂ ਦੇ ਸੱਚ ਤੇ ਪੂਰੀ ਨਹੀਂ ਉਤਰਦੀ ਤਦ ਤੱਕ ਸਾਡੇ ਬੋਲ ਸੱਚੇ ਨਹੀਂ ਹੋ ਸਕਦੇ। ਸਾਡੇ ਸੱਚੇ ਬੋਲ ਸਾਡੀ ਕਰਨੀ ਦੁਆਰਾ ਹੀ ਸਾਹਮਣੇ ਆਉਂਦੇ ਹਨ। ਜੋ ਮਨੁੱਖ ਸੱਚੇ ਬੋਲ ਬੋਲਣ ਵਾਲਾ ਹੈ ਉਸਦੀ ਕਰਨੀ ਕਦੇ ਮਾੜੀ ਨਹੀਂ ਹੋ ਸਕਦੀ। **(ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ॥੨॥)** ਝੂਠ ਬੋਲਣ ਵਾਲਾ ਮਨੁੱਖ

9/847

ਕਦੇ ਪ੍ਰਮਾਤਮਾ ਦਾ ਭਗਤ ਨਹੀਂ ਹੋ ਸਕਦਾ। ਆਪਣੇ ਭੁਲੇਖੇ ਵਾਲੇ ਜਪ ਤਪ ਦੁਆਰਾ ਹੀ ਭਾਵ ਸਰੀਰਕ ਜਪ ਤਪ ਕਰਨ

ਦੁਆਰਾ ਹੀ ਅਸੀਂ ਆਪਣੇ ਆਪ ਨੂੰ ਭਗਤ ਸਮਝੀ ਜਾਂਦੇ ਹਾਂ ਅਤੇ ਅਖਵਾਈ ਜਾਂਦੇ ਹਾਂ।

ਉਸਦੇ ਸੱਚੇ ਭਗਤ ਦੀ ਨਿਸ਼ਾਨੀ ਕੀ ਹੈ, ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

ਅਸਟਪਦੀ॥

“ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥
ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥
ਗੁਰ ਪ੍ਰਸਾਦਿ ਬਿਖਿਆ ਪਰਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥੧॥”

(ਅੰਗ ੨੭੪)

ਇਸ ਸ਼ਬਦ ਰਾਹੀਂ ਗੁਰੂ ਦਾ ਭਗਤ ਕਿਹੋ ਜਿਹਾ ਹੁੰਦਾ ਹੈ, ਉਸਦੇ ਲੱਛਣ ਸਮਝਾਏ ਹੋਏ ਹਨ। ਬਿਨ੍ਹਾਂ ਗੁਰੂ ਦੇ ਨਾਲ ਪਿਆਰ ਪਾਉਣ ਦੇ, ਬਿਨ੍ਹਾਂ ਗੁਰੂ ਦੀ ਸੇਵਾ ਕੀਤੇ ਉਸਦੀ ਭਗਤੀ ਨਹੀਂ ਹੈ ਭਾਵ ਗੁਰੂ ਨਾਲ ਪਿਆਰ, ਗੁਰੂ ਦੀ ਸੇਵਾ, ਗੁਰੂ ਦੀ ਭਗਤੀ, ਉਸਦਾ ਨਾਮ ਜਪਣਾ, ਉਸਨੂੰ ਸਿਮਰਨਾ ਇੱਕੋ ਹੀ ਗੱਲ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣਾਂ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ। ਇਹ ਸਭ ਕੁੱਝ ਕੇਵਲ ਗੁਰੂ ਦੇ, ਸ਼ਬਦਾਂ ਦੇ ਸਮਝਾਏ ਹੋਏ ਸੱਚ ਨੂੰ ਮੰਨਣ ਦੁਆਰਾ ਹੋ ਸਕਦਾ ਹੈ ਤੇ ਇਹੀ ਇਸ ਉੱਪਰ ਵਾਲੇ ਸ਼ਬਦ ਦਾ ਤੱਤ ਸਾਰ ਹੈ। ਕੇਵਲ ਇੱਕ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝ ਲਈਏ ਤਾਂ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਨਾਲ, ਗੁਰੂ ਨਾਲ ਪਿਆਰ ਦਿਖਾਉਣਾ ਕੀ ਹੈ, ਉਸਦੇ ਦਰਸ਼ਨਾਂ ਦੀ ਇੱਛਾ ਕੌਣ ਰੱਖਦਾ ਹੈ। **“ਮਿਥਿਆ”** ਤੋਂ ਭਾਵ ਹੈ ਝੂਠ। ਜਿਹੜੇ ਮਨੁੱਖ ਦੀ ਰਸਨਾ ਨੂੰ, ਜੀਭ ਨੂੰ, ਮੁੱਖ ਨੂੰ ਝੂਠ ਪਰਸਦਾ ਤੱਕ ਵੀ ਨਹੀਂ ਭਾਵ ਜੋ ਮਨੁੱਖ ਝੂਠ ਦੇ ਨੇੜੇ ਵੀ ਨਹੀਂ ਲੱਗਦਾ, ਜਿਸ ਨੂੰ ਝੂਠ ਤੋਂ ਨਫ਼ਰਤ ਹੈ ਭਾਵ ਜਿਸਦੀ ਰਸਨਾ ਕੇਵਲ ਸੱਚ ਉਚਰਦੀ ਹੈ ਉਸ ਮਨੁੱਖ ਦੇ ਮਨ ਵਿੱਚ ਗੁਰੂ ਪ੍ਰਮਾਤਮਾ ਲਈ ਪ੍ਰੇਮ ਹੈ ਤੇ ਉਹ ਮਨੁੱਖ ਪ੍ਰਮਾਤਮਾ ਦੇ ਦਰਸ਼ਨਾਂ ਦੀ ਇੱਛਾ ਰੱਖਦਾ ਹੈ ਭਾਵ ਜਿਸ ਮਨੁੱਖ ਦੀ ਰਸਨਾ ਤੇ ਝੂਠ ਛੋਹ ਵੀ ਜਾਵੇ, ਟੱਚ ਵੀ ਕਰ ਜਾਵੇ, ਉਸ ਦੀ ਪ੍ਰਮਾਤਮਾ ਨਾਲ ਪ੍ਰੀਤ ਟੁੱਟਦੀ ਹੈ। ਉਹ ਪ੍ਰਮਾਤਮਾ ਆਪ ਸੱਚ ਹੈ ਤੇ ਉਸਨੂੰ ਕੇਵਲ ਸੱਚ ਦੁਆਰਾ ਹੀ ਪਾਇਆ ਜਾ ਸਕਦਾ ਹੈ। **(ਮਿਥਿਆ ਨਾਹੀ ਰਸਨਾ ਪਰਸ॥ਮਨ ਮਹਿ ਪ੍ਰੀਤਿ ਨਿਰੰਜਨ ਦਰਸ॥)** ਰਸਨਾ ਕੇਵਲ ਸੱਚ ਨਾਲ ਪਵਿੱਤਰ ਹੁੰਦੀ ਹੈ, ਨਾਮ ਨਾਲ ਪਵਿੱਤਰ ਹੁੰਦੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣ ਦੁਆਰਾ ਹੁੰਦੀ ਹੈ ਭਾਵ ਝੂਠ ਛੱਡਣ ਦੁਆਰਾ ਹੁੰਦੀ ਹੈ। ਰਸਨਾ ਤਾਂ ਹੀ ਸੱਚ ਬੋਲਦੀ ਹੈ ਜੇਕਰ ਮਨ ਦੇ ਵਿੱਚ ਸੱਚ ਹੋਵੇ। ਜੋ ਰਸਨਾ ਝੂਠ ਬੋਲਦੀ ਹੈ ਉਹ ਨਾਮ ਨਹੀਂ ਜਪਦੀ। ਸੱਚੀ ਸੁੱਚੀ ਕਿਰਤ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਸੱਚ ਦੁਆਰਾ ਵਿਚਰੀਏ। ਝੂਠ ਬੋਲਣ ਵਾਲਾ ਮਨੁੱਖ ਮਾੜੀ ਕਿਰਤ ਕਰਦਾ ਹੈ ਭਾਵ ਸੱਚ ਜਾਂ ਝੂਠ ਦਾ ਮਕਸਦ ਸਾਡੀ ਸੰਸਾਰਿਕ ਵਿਚਰਨ ਨਾਲ ਜੁੜਿਆ ਹੋਇਆ ਹੈ, ਸਾਡੇ ਚੰਗੇ ਜਾਂ ਮਾੜੇ ਕਰਮ ਕਰਨ ਨਾਲ ਜੁੜਿਆ ਹੋਇਆ ਹੈ।

“ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ਸਾਧ ਕੀ ਟਹਲ ਸੰਤਸੰਗਿ ਹੇਤ॥”

ਇਸ ਪੰਗਤੀ ਰਾਹੀਂ ਵੀ ਗੁਰੂ ਦੇ ਨਾਲ ਸਾਡਾ ਪਿਆਰ ਪਾਉਣਾ ਕੀ ਹੈ,

9/848

ਉਸ ਗੁਰੂ ਪ੍ਰਮਾਤਮਾ ਦੀ ਸੇਵਾ ਕੀ ਹੈ ਭਾਵ ਟਹਲ ਕੀ ਹੈ ਤੇ ਸਾਡਾ ਸੰਤਸੰਗਿ ਨਾਲ ਪਿਆਰ ਕਰਨਾ ਕੀ ਹੈ, ਇਹੀ ਗੱਲ ਸਮਝਾਈ ਹੋਈ ਹੈ ਜੋ ਕਿ ਸਾਡੀ ਸਮਾਜਿਕ ਵਿਚਰਨ ਨਾਲ ਜੁੜੀ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ। “ਸਾਧ” ਤੋਂ ਭਾਵ ਵੀ ਗੁਰੂ ਹੈ ਤੇ “ਸੰਤ” ਤੋਂ ਭਾਵ ਵੀ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚਲਕੇ ਇਸ ਗੱਲ ਨੂੰ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। “ਟਹਲ” ਤੋਂ ਭਾਵ ਸੇਵਾ ਹੈ ਤੇ “ਹੇਤ” ਤੋਂ ਭਾਵ ਪਿਆਰ ਹੈ। ਇੱਥੇ ਵੀ ਗੱਲ ਔਗੁਣ ਛੱਡਣ ਦੀ ਹੀ ਸਮਝਾਈ ਹੋਈ ਹੈ ਕਿਉਂਕਿ ਔਗੁਣਾਂ ਦੇ ਰਹਿੰਦੇ ਨਾ ਹੀ ਸਾਨੂੰ ਗੁਰੂ ਨਾਲ ਸੱਚਾ ਪਿਆਰ ਹੈ ਤੇ ਨਾ ਹੀ ਉਸਦੀ ਸੇਵਾ ਹੈ। ਜੇਕਰ ਸਾਡਾ ਧਿਆਨ ਪਰਾਈ ਇਸਤਰੀ ਵਿੱਚ ਹੈ ਭਾਵ ਜੇਕਰ ਅਸੀਂ ਪਰਾਈ ਇਸਤਰੀ ਦੇ ਨਾਲ ਕਾਮ ਦੇ ਇੱਛੁਕ ਹਾਂ ਤਾਂ ਫਿਰ ਉੱਥੇ ਗੁਰੂ ਦੀ ਸੇਵਾ ਨਹੀਂ ਹੈ, ਸਾਨੂੰ ਗੁਰੂ ਦੀ ਮਤਿ ਦੇ ਨਾਲ ਪਿਆਰ ਨਹੀਂ ਹੈ। ਮਾੜੇ ਕਰਮ ਕਰਦੇ ਹੋਏ ਸਾਡੀ ਬਿਰਤੀ ਗੁਰੂ ਵਾਲੀ ਨਹੀਂ ਹੋ ਸਕਦੀ, ਅਸੀਂ ਗੁਰੂ ਦਾ

ਬਚਨ ਨਿਭਾਉਣ ਵਾਲੇ ਨਹੀਂ ਹੋ ਸਕਦੇ। ਉਸਦੀ ਭਗਤੀ ਉਸਦੇ ਬਚਨਾਂ ਨੂੰ ਨਿਭਾਉਣਾ ਹੈ ਭਾਵ ਉਸਦੇ ਬਚਨਾਂ ਤੇ ਪੂਰਾ ਉਤਰਨਾ ਹੈ ਜੋ ਕਿ ਔਗੁਣਾਂ ਦਾ ਤਿਆਗ ਕਰਕੇ ਹੀ ਉਤਰਿਆ ਜਾ ਸਕਦਾ ਹੈ। ਸਾਡੇ ਚੰਗੇ ਕਰਮ, ਚੰਗੀ ਸੰਸਾਰਿਕ ਵਿਚਰਨ ਹੀ ਗੁਰੂ ਦੀ ਸੇਵਾ ਹੈ, ਗੁਰੂ ਦੇ ਨਾਲ ਪਿਆਰ ਹੈ। **(ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ਸਾਧ ਕੀ ਟਹਲ ਸੰਤਸੰਗਿ ਹੇਤ॥)**

“ਕਰਨ ਨ ਸੁਨੈ ਕਾਹੂ ਕੀ ਨਿੰਦਾ॥ਸਭ ਤੇ ਜਾਨੈ ਆਪਸ ਕਉ ਮੰਦਾ॥”

ਕਿਸੇ ਦੀ ਬੇਵਜ੍ਹਾ ਨਿੰਦਾ ਕਰਨਾ, ਕਿਸੇ ਨੂੰ ਬੇਵਜ੍ਹਾ ਮੰਦਾ ਕਹਿਣਾ ਸਾਡਾ ਵੱਡਾ ਔਗੁਣ ਹੈ ਤੇ ਇਹੋ ਜਿਹੀ ਗੱਲ ਨੂੰ ਸੁਣਨਾ ਵੀ ਭਾਵ ਝੂਠੀ ਗੱਲ ਤੇ ਯਕੀਨ ਕਰਨਾ ਵੀ ਮਾੜੀ ਗੱਲ ਹੈ। ਇਹ ਭਗਤੀ ਦਾ ਮਾਰਗ ਆਪਣੇ ਆਪ ਨੂੰ ਨੀਵਾਂ ਸਮਝਣ ਦਾ ਹੈ ਤੇ ਤਾਂ ਹੀ ਅਸੀਂ ਦੂਸਰਿਆਂ ਨੂੰ ਚੰਗਾ ਸਮਝ ਸਕਦੇ ਹਾਂ। ਅਸੀਂ ਆਪਣੀ ਮਤਿ ਦੁਆਰਾ ਆਪਣੇ ਆਪ ਨੂੰ ਸਿਆਣਾ ਸਮਝ ਕੇ ਆਪਣੇ ਆਪ ਨੂੰ ਚੰਗਾ ਸਮਝਦੇ ਹਾਂ ਤੇ ਤਾਂ ਹੀ ਅਸੀਂ ਦੂਸਰਿਆਂ ਨੂੰ ਮੰਦਾ ਕਹਿੰਦੇ ਹਾਂ। ਗੁਰੂ ਦੀ ਮਤਿ ਲਏ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਮੰਦਾ ਨਹੀਂ ਸਮਝ ਸਕਦੇ, ਨੀਵਾਂ ਨਹੀਂ ਸਮਝ ਸਕਦੇ, ਇਸ ਮਨ ਨੂੰ ਮੂਰਖ ਬਣਾ ਕੇ ਨਹੀਂ ਰੱਖ ਸਕਦੇ ਜੋ ਸਾਨੂੰ ਦੂਸਰਿਆਂ ਨੂੰ ਮੂਰਖ ਸਮਝਣ ਤੋਂ ਰੋਕ ਸਕਦਾ ਹੈ। ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਭ ਨੂੰ ਗਿਆਨ ਦੇਣ ਵਾਲਾ ਹੈ। ਹਰ ਕੋਈ ਉਸੇ ਦਾ ਰੂਪ ਹੀ ਹੈ।

{ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ॥੧੯॥}

(ਅੰਗ - ੪੭੩)

{ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥}

(ਅੰਗ - ੪੨੫)

{ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥}

(ਅੰਗ - ੧੨੩੮)

{ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥}

(ਅੰਗ - ੧੩੮੧)

{ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥
ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥੫॥
ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥
ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥}

(ਅੰਗ - ੭੫੭)

{ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥}

(ਅੰਗ - ੧੦੧੫)

ਆਪਣੀ ਸਿਆਣਪ ਤਿਆਗੇ ਬਿਨ੍ਹਾਂ, ਮਨਮਤਿ ਤਿਆਗੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ।

“ਗੁਰ ਪ੍ਰਸਾਦਿ ਬਿਖਿਆ ਪਰਹਰੈ॥ਮਨ ਕੀ ਬਾਸਨਾ ਮਨ ਤੇ ਟਰੈ॥”

ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਵੱਡਾ ਕਾਰਨ ਇੱਥੋਂ ਸਮਝਿਆ ਜਾ ਸਕਦਾ ਹੈ। ਇਸ ਕਾਰਨ ਨੂੰ ਸਮਝੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਸਾਡੇ ਸਾਰੇ ਔਗੁਣਾਂ ਦਾ ਮੂਲ ਸਾਡੇ ਮਨ ਦੀ ਵਾਸ਼ਨਾ ਹੈ, ਮਨ ਦੀ ਤ੍ਰਿਸ਼ਨਾ ਹੈ।

ਜਦ ਤੱਕ ਮਨੁੱਖ ਮਨ ਦੀ ਤ੍ਰਿਸ਼ਨਾ ਤੋਂ ਮੁਕਤ ਨਹੀਂ ਹੁੰਦਾ, ਮਨ ਵਿੱਚੋਂ ਤ੍ਰਿਸ਼ਨਾ ਨਹੀਂ ਟਲਦੀ ਤਦ ਤੱਕ ਮਨੁੱਖ ਮਾਇਆਂ ਮੋਹ ਵਿੱਚੋਂ ਨਹੀਂ ਨਿਕਲ ਸਕਦਾ, ਬਿਖਿਆ ਵਿੱਚੋਂ ਨਹੀਂ ਨਿਕਲ ਸਕਦਾ ਜਿਸ ਮੋਹ ਦੀ ਪੂਰਤੀ ਕਰਨ ਲਈ ਅਸੀਂ ਔਗੁਣਾਂ ਦਾ ਆਸਰਾ ਲੈਂਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ। ਇਹਨਾਂ ਤੋਂ ਛੁਟਕਾਰਾ ਪਾਉਣਾ ਮਨੁੱਖ ਦੇ ਵੱਸ ਨਹੀਂ ਹੈ ਪਰ ਇਸ ਦੇ ਲਈ ਉੱਦਮ ਅਸੀਂ ਹੀ ਕਰਨਾ ਹੈ। ਇਹ ਕੇਵਲ "ਗੁਰ ਪ੍ਰਸਾਦਿ" ਹੈ, ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੈ। ਜਿਸ ਤੇ ਉਹ ਆਪਣੀ ਕਿਰਪਾ ਕਰਦਾ ਹੈ, ਉਸੇ ਨੂੰ ਹੀ ਇਸ ਵਿੱਚੋਂ ਕੱਢਦਾ ਹੈ ਤੇ ਇਸ ਵਿੱਚੋਂ ਕੱਢ ਕੇ ਆਪਣੀ ਭਗਤੀ ਵਿੱਚ ਲਾਉਂਦਾ ਹੈ। **(ਗੁਰ ਪ੍ਰਸਾਦਿ ਬਿਖਿਆ ਪਰਹਰੈ॥ਮਨ ਕੀ ਬਾਸਨਾ ਮਨ ਤੇ ਟਰੈ॥)** ਮਨ ਦੇ ਵਿੱਚ ਬਿਖਿਆ ਦੇ ਰਹਿੰਦਿਆਂ, ਵਿਕਾਰਾਂ ਦੇ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਇਹੋ ਜਿਹੀ ਅਵੱਸਥਾ ਵਿੱਚ ਅਸੀਂ ਚੰਗੇ ਕਰਮ ਨਹੀਂ ਕਰ ਸਕਦੇ। ਪ੍ਰਮਾਤਮਾ ਦੀ ਭਗਤੀ ਕਰਨ ਵਾਲਾ ਉਹੀ ਹੁੰਦਾ ਹੈ ਜੋ ਸਾਰੇ ਔਗੁਣ ਤਿਆਗ ਦਿੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥੧॥"

ਅਸੀਂ ਜੋ ਵੀ ਔਗੁਣ ਕਰਦੇ ਹਾਂ ਉਸ ਦੇ ਵਿੱਚ ਸਰੀਰ ਦੀ ਕੋਈ ਨਾ ਕੋਈ ਇੰਦ੍ਰੀ ਸ਼ਾਮਿਲ ਹੁੰਦੀ ਹੈ। ਗੱਲ ਕਿਸੇ ਵੱਖਰੀ-ਵੱਖਰੀ ਇੰਦ੍ਰੀ ਦੀ ਨਹੀਂ ਹੈ। ਸਾਰੇ ਇੰਦ੍ਰਿਆਂ ਨੂੰ ਚਲਾਉਣ ਵਾਲਾ ਇੱਕੋ ਹੀ ਹੈ ਜੋ ਕਿ ਸਾਡਾ ਮਨ ਹੈ। ਹਰ ਇੰਦ੍ਰੀ ਮਨ ਦੇ ਵਿਚਾਰਾਂ ਰਾਹੀਂ ਭਾਵ ਮਨ ਦੇ ਹੁਕਮ ਵਿੱਚ ਹੀ ਚੱਲਦੀ ਹੈ। ਇੱਕ ਮਨ ਸੱਚਾ ਹੋ ਜਾਵੇ ਤਾਂ ਹਰ ਇੰਦ੍ਰੀ ਆਪੇ ਹੀ ਕਾਬੂ ਵਿੱਚ ਆ ਜਾਵੇਗੀ। ਕੀ ਮਜਾਲ ਕਿ ਅੱਖ ਕੋਈ ਮਾੜਾ ਦੇਖ ਜਾਵੇ, ਕੀ ਮਜਾਲ ਕਿ ਰਸਨਾ ਝੂਠ ਬੋਲ ਜਾਵੇ। ਭਗਤੀ ਹੈ ਹੀ ਮਨ ਦਾ ਮਾਰਨ, ਮਨ ਨੂੰ ਜਿੱਤਣਾ। ਇਸ ਮਨ ਨੂੰ ਜਿੱਤਣਾ ਸਭ ਤੋਂ ਔਖਾ ਕੰਮ ਹੈ, ਇਹ ਪੂਰੇ ਜੱਗ ਨੂੰ ਜਿੱਤਣ ਵਰਗਾ ਔਖਾ ਹੈ। ਹਰ ਕਿਸੇ ਲਈ ਇਹੋ ਇੱਕ ਮਾਰਗ ਹੈ ਜਿਸ ਦੁਆਰਾ ਭਗਤੀ ਹੋ ਸਕਦੀ ਹੈ।

{ਮਨ ਮਾਰੇ ਬਿਨੁ ਭਗਤਿ ਨ ਹੋਈ॥੨॥}

(ਅੰਗ ੩੨੯)

{ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥}

(ਅੰਗ ੬)

ਮਨ ਦਾ ਮਾਰਨ ਕਿਉਂਕਿ ਬਹੁਤ ਔਖਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਆਪਣੀ ਮਾੜੀ ਸਮਝ ਛੱਡਣੀ ਬਹੁਤ ਔਖੀ ਹੈ ਭਾਵ ਗੁਰੂ ਦੀ ਮਤਿ ਤੇ ਅਮਲ ਕਰਨਾ ਬਹੁਤ ਔਖਾ ਹੈ ਤੇ ਇਸੇ ਲਈ ਕੋਈ ਕਰੋੜਾਂ ਵਿੱਚੋਂ ਹੀ ਉਸਦਾ ਭਗਤ ਬਣ ਸਕਦਾ ਹੈ।

(ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥੧॥)

ਸੁਖਮਨੀ ਬਾਣੀ ਪੜ੍ਹਨ ਵਾਲਿਆਂ ਦੀ ਕਮੀ ਨਹੀਂ ਕਿਉਂਕਿ ਆਮ ਤੌਰ ਤੇ ਇਸ ਬਾਣੀ ਨੂੰ ਸੁੱਖਾਂ ਦੀ ਮਣੀ ਸਮਝ ਕੇ ਪੜ੍ਹਿਆ ਜਾਂਦਾ ਹੈ। ਸੁੱਖ ਦੀ ਪ੍ਰਾਪਤੀ ਸਾਨੂੰ ਕਿਵੇਂ ਹੋਣੀ ਹੈ ਇਹ ਵੀ ਵਾਰ-ਵਾਰ ਸਮਝਾਇਆ ਹੋਇਆ ਹੈ। ਖਾਲੀ ਅੱਖਰਾਂ ਦੀ ਗਿਣਤੀ ਕਰਨ ਨਾਲ ਤਾਂ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਹਰ ਸ਼ਬਦ ਸਾਨੂੰ ਕੁੱਝ ਨਾ ਕੁੱਝ ਸਮਝਾ ਰਿਹਾ ਹੈ ਤੇ ਬੜੇ ਸਰਲ ਤਰੀਕੇ ਨਾਲ

ਸਮਝਾ ਰਿਹਾ ਹੈ। ਜਿਵੇਂ ਸਾਰੀ ਬਾਣੀ ਨਾਮ ਹੈ, ਹਰ ਸ਼ਬਦ ਨਾਮ ਹੈ ਇਸੇ ਤਰ੍ਹਾਂ ਸੁਖਮਨੀ ਬਾਣੀ ਵੀ ਨਾਮ ਹੈ। ਸੁਖਮਨੀ ਬਾਣੀ ਦਾ ਹਰ ਸ਼ਬਦ ਸਾਨੂੰ ਨਾਮ ਦੀ ਸੋਝੀ ਹੀ ਪਾ ਰਿਹਾ ਹੈ।

{ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥}

(ਅੰਗ ੨੬੨)

ਗੁਰਬਾਣੀ ਦੇ ਹਰ ਸ਼ਬਦ ਦੀ ਮਹੱਤਤਾ ਉਤਨੀ ਹੀ ਹੈ ਜਿਤਨੀ ਸੁਖਮਨੀ ਬਾਣੀ ਦੇ ਹਰ ਸ਼ਬਦ ਦੀ ਹੈ। ਗੁਰਬਾਣੀ ਦਾ ਕੋਈ ਹਿੱਸਾ, ਕਿਸੇ ਨਾਲੋਂ ਘੱਟ ਵੱਧ ਨਹੀਂ ਹੈ, ਉੱਚਾ ਨੀਵਾਂ ਨਹੀਂ ਹੈ। ਪੂਰੀ ਬਾਣੀ ਦਾ ਹਰ ਸ਼ਬਦ ਸਾਨੂੰ ਸੁੱਖ ਦੀ ਪ੍ਰਾਪਤੀ ਹੀ

ਸਿਖਾਉਂਦਾ ਹੈ। ਪੂਰਾ ਗੁਰੂ ਆਪਣੀ ਪੂਰੀ ਬਾਣੀ ਦੇ ਰੂਪ ਵਿੱਚ ਹੈ। ਇਸੇ ਲਈ ਘੱਟੋ ਘੱਟ ਸਾਨੂੰ ਬਾਣੀ ਦੇ ਕੁੱਝ ਹਿੱਸਿਆਂ ਨੂੰ, ਕੁੱਝ ਸ਼ਬਦਾਂ ਨੂੰ, ਇੱਕ ਦੂਜੇ ਤੋਂ ਘੱਟ ਜਾਂ ਵੱਧ ਜਾਣਨ ਵਾਲਾ ਭੁਲੇਖਾ ਕਦੇ ਵੀ ਨਹੀਂ ਰੱਖਣਾ ਚਾਹੀਦਾ। ਬਾਣੀ ਦਾ ਹਰ ਸ਼ਬਦ ਦੁਖਭੰਜਨ ਹੈ ਤੇ ਕਿਸੇ ਖਾਸ ਸ਼ਬਦ ਦੇ ਜਪ ਨਾਲ ਜੇਕਰ ਅਸੀਂ ਇਹ ਸਮਝੀਏ ਕਿ ਦੁੱਖ ਜਲਦੀ ਦੂਰ ਹੁੰਦਾ ਹੈ ਤੇ ਦੂਸਰੇ ਸ਼ਬਦ ਪੜ੍ਹਨ ਨਾਲ ਘੱਟ ਲਾਭ ਮਿਲਦਾ ਹੈ ਇਹੋ ਜਿਹੀ ਸੋਚ ਬਹੁਤ ਹੀ ਨੀਵੀਂ ਹੈ। ਗੁਰਬਾਣੀ ਕੋਈ ਸਰੀਰਕ ਅੰਗ ਨਹੀਂ ਹੈ ਜਿਸ ਦੀ ਮਹੱਤਤਾ ਘੱਟ ਵੱਧ ਹੋ ਸਕਦੀ ਹੈ। ਉਹ ਸ਼ਬਦ ਰੂਪ ਹੈ, ਉਪਦੇਸ਼ ਰੂਪ ਹੈ ਤੇ ਗੁਰੂ ਦਾ ਕੋਈ ਵੀ ਉਪਦੇਸ਼ ਛੋਟਾ ਜਾਂ ਵੱਡਾ ਜਾਣ ਕੇ ਕੇਵਲ ਆਪਣੀ ਨਾਸਮਝ ਮਤਿ ਨੂੰ ਉੱਚਾ ਕਰਨ ਵਾਲੀ ਗੱਲ ਹੈ। ਗੁਰਬਾਣੀ ਭਰੋਸੇ ਦਾ ਨਾਮ ਹੈ, ਪੂਰਨ ਭਰੋਸੇ ਦਾ ਨਾਮ ਹੈ। ਕਿਸੇ ਗੱਲ ਤੇ ਘੱਟ ਭਰੋਸਾ ਰੱਖਣਾ ਤੇ ਕਿਸੇ ਗੱਲ ਤੇ ਵੱਧ ਭਰੋਸਾ ਰੱਖਣਾ ਕੇਵਲ ਮਨੁੱਖੀ ਸਿਆਣਪ ਹੈ, ਗੁਰੂ ਤੇ ਭਰੋਸਾ ਤੋੜਨ ਵਾਲੀ ਗੱਲ ਹੈ। ਜਿਹੋ ਜਿਹੀ ਸੋਝੀ ਸਾਨੂੰ ਬਾਕੀ ਬਾਣੀ ਵਿੱਚ ਪਾਈ ਹੋਈ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਜੋ ਮਾਰਗ ਸਾਨੂੰ ਬਾਕੀ ਬਾਣੀ ਵਿੱਚ ਸਮਝਾਇਆ ਹੋਇਆ ਹੈ, ਉਹੀ ਮਾਰਗ ਸੁਖਮਨੀ ਬਾਣੀ ਵਿੱਚ ਕੁੱਝ ਸਰਲ ਤਰੀਕੇ ਨਾਲ ਸਮਝਾਇਆ ਹੋਇਆ ਹੈ। ਜਿਹੋ ਜਿਹੀ ਵਿਆਖਿਆ ਪ੍ਰਮਾਤਮਾ ਦੀ ਬਾਕੀ ਬਾਣੀ ਵਿੱਚ ਕੀਤੀ ਹੋਈ ਹੈ, ਉਹੋ ਜਿਹੀ ਵਿਆਖਿਆ ਹੀ ਸੁਖਮਨੀ ਬਾਣੀ ਵਿੱਚ ਕੀਤੀ ਹੋਈ ਹੈ। ਵੱਖਰਾ ਕੁੱਝ ਵੀ ਨਹੀਂ ਹੈ। ਵੱਖਰਾ ਕੇਵਲ ਸਾਡਾ ਇੱਕ ਬਾਣੀ ਤੇ ਜਿਆਦਾ ਭਰੋਸਾ ਹੈ ਜੋ ਸਾਡਾ ਭਰੋਸਾ ਬਾਕੀ ਦੀ ਬਾਣੀ ਨਾਲੋਂ ਭਰੋਸਾ ਘਟਾਉਂਦਾ ਹੈ। ਬਾਣੀ-ਬਾਣੀ ਵਿੱਚ ਵਿਤਕਰਾ ਕਰਨਾ ਸਾਨੂੰ ਸ਼ੋਭਾ ਨਹੀਂ ਦਿੰਦਾ। ਪ੍ਰਮਾਤਮਾ ਕਿਸੇ ਨਾਲ ਵਿਤਕਰਾ ਨਹੀਂ ਕਰਦਾ ਪਰ ਅਸੀਂ

9/851

ਉਸ ਦੀ ਬਾਣੀ ਨਾਲ ਵੀ ਵਿਤਕਰਾ ਕਰਦੇ ਹਾਂ। ਉਸ ਗੁਰੂ ਰੂਪ ਪ੍ਰਮਾਤਮਾ ਦੀ ਬਾਣੀ ਨਾਲ ਵਿਤਕਰਾ ਕਰਕੇ, ਸ਼ਬਦ ਤੇ ਸ਼ਬਦ ਵਿੱਚ ਵਿਤਕਰਾ ਕਰਕੇ ਕੀ ਕਦੇ ਉਸ ਨੂੰ ਪਾਇਆ ਜਾ ਸਕਦਾ ਹੈ। ਧਿਆਨ ਨਾਲ ਵਿਚਾਰੋ ਤੇ ਇਹੋ ਜਿਹਾ ਪ੍ਰਚਾਰ ਕਦੇ ਭੁੱਲ ਕੇ ਵੀ ਨਾ ਕਰੋ। ਗੁਰਬਾਣੀ ਵਿੱਚੋਂ ਕੁੱਝ ਸ਼ਬਦਾਂ ਨੂੰ ਆਪਣੀ ਮਤਿ ਅਨੁਸਾਰ ਛਾਂਟ ਕੇ ਉਹਨਾਂ ਨੂੰ "ਦੁਖ ਭੰਜਨ" ਕਰਨ ਵਾਲੇ ਸ਼ਬਦਾਂ ਦੀ ਉਪਮਾ (ਸੰਗਿਆ) ਦੇਣਾ, ਦੁਖ ਭੰਜਨੀ ਗੁਟਕੇ ਛਾਪਣਾ ਅਤਿ ਦੀ ਅਗਿਆਨਤਾ ਹੈ। ਇਹੋ ਜਿਹਾ ਕਰਨ ਵਾਲੇ ਆਪ ਭਰਮੇ ਹੋਏ ਹਨ ਤੇ ਆਪਣੀ ਸਿਆਣਪ ਦਿਖਾਉਣ ਲਈ ਇਹਨਾਂ ਗੱਲਾਂ ਦਾ ਪ੍ਰਚਾਰ ਕਰਦੇ ਹਨ। ਸ਼ਬਦ ਜਿਹੜਾ ਮਰਜ਼ੀ ਪੜ੍ਹ ਲਵੋ, ਜਿਹੜਾ ਮਰਜ਼ੀ ਸੁਣ ਲਵੋ, ਲਾਭ ਅਮਲ ਕਰਨ ਨਾਲ ਹੀ ਮਿਲਦਾ ਹੈ। ਗੁਰੂ ਦਾ ਹਰ ਸ਼ਬਦ ਸਾਡੇ ਮਨ ਦੇ ਦੁੱਖ ਦੂਰ ਕਰਨ ਲਈ ਹੈ, ਸਾਨੂੰ ਰੱਬ ਦੇ ਨਾਲ ਮਿਲਾਉਣ ਲਈ ਹੈ। ਹਰ ਸ਼ਬਦ ਸਾਨੂੰ ਗਿਆਨ ਦੇਣ ਲਈ ਹੈ ਭਾਵ ਸਾਡੀ ਅਗਿਆਨਤਾ ਕੱਢਣ ਲਈ ਹੈ, ਮਨਮਤਿ ਕੱਢਣ ਲਈ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ ਜੋ ਸਾਡੇ ਦੁੱਖਾਂ ਦਾ ਕਾਰਨ ਹੈ। ਅਸਲ ਸੁੱਖ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਹੈ ਜੋ ਮੇਲ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਹੁੰਦਾ ਹੈ। ਸਾਡਾ ਸੱਚਾ ਉਪਰਾਲਾ ਮਨ ਦੇ ਦੁੱਖ ਵਿੱਚੋਂ ਨਿਕਲਣ ਦਾ ਹੋਣਾ ਚਾਹੀਦਾ ਹੈ। ਸਾਡੇ ਮਨ ਦੇ ਦੁੱਖਾਂ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਮੋਹ ਹੈ, ਤ੍ਰਿਸ਼ਨਾਵਾਂ ਹਨ ਜਿੰਨ੍ਹਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਮਨ ਦੇ ਵਿਕਾਰਾਂ ਵਿੱਚ ਰਹਿੰਦੇ ਹਾਂ। ਗੁਰੂ ਦਾ ਹਰ ਸ਼ਬਦ ਨਾਮ ਰੂਪ ਦਾਰੂ ਹੈ ਜੋ ਦਾਰੂ ਸਾਡੇ ਮਨ ਦੇ ਪੀਣ ਦਾ ਦਾਰੂ ਹੈ ਭਾਵ ਸਾਡੀ ਮਾੜੀ ਸਮਝ ਨੂੰ ਠੀਕ ਕਰਨ ਦਾ ਦਾਰੂ ਹੈ ਜਿਸ ਨੇ ਸਾਨੂੰ ਮਨ ਦੇ ਰੋਗ ਵਿੱਚੋਂ ਕੱਢਣਾ ਹੈ।

{ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥}

(ਅੰਗ ੧੨੫੭)

ਤਨ ਦੇ ਰੋਗ ਦੂਰ ਕਰਨ ਲਈ ਪ੍ਰਮਾਤਮਾ ਨੇ ਆਪਣਾ ਅਥਾਹ ਗਿਆਨ ਦਿੱਤਾ ਹੋਇਆ ਹੈ। ਭਾਵੇਂ ਕੋਈ ਵੈਦ ਹੈ, ਹਕੀਮ ਹੈ, ਡਾਕਟਰ ਹੈ, ਉਹ ਤਨ ਦਾ ਰੋਗ ਦੂਰ ਕਰਨ ਲਈ ਹੀ ਬੈਠੇ ਹਨ। ਸਭ ਨੂੰ ਗਿਆਨ ਦੇਣ ਵਾਲਾ ਇੱਕੋ ਪ੍ਰਮਾਤਮਾ ਹੀ ਹੈ। ਹਰ ਤਨ ਦਾ ਰੋਗ ਦੂਰ ਕਰਨ ਵਾਲੀ ਪੁਸਤਕ ਵਿੱਚ ਗਿਆਨ ਇੱਕੋ ਜਗ੍ਹਾ ਤੋਂ ਹੀ ਆਉਂਦਾ ਹੈ। ਆਪਣੀ ਸ੍ਰਿਸ਼ਟੀ ਨੂੰ ਚਲਾਉਣ ਲਈ ਉਸਨੇ ਹਰ ਇੰਤਜ਼ਾਮ ਕੀਤਾ ਹੋਇਆ ਹੈ, ਵੱਖਰਿਆਂ-ਵੱਖਰਿਆਂ ਤਰੀਕਿਆਂ ਨਾਲ ਕੀਤਾ ਹੋਇਆ ਹੈ, ਅਨੇਕਾਂ ਰੂਪਾਂ ਵਿੱਚ ਕੀਤਾ ਹੋਇਆ ਹੈ। "**ਸਾਇੰਸ**" ਧਰਮ ਨਾਲੋਂ ਕੋਈ ਵੱਖਰੀ ਨਹੀਂ ਹੈ ਬਲਕਿ ਧਰਮ ਦੀ ਮਦਦ ਲਈ ਹੈ। "**ਸਾਇੰਸ**" ਤੋਂ ਬਿਨ੍ਹਾਂ ਤਾਂ ਧਰਮ ਦੀ ਕਿਤਾਬ ਵੀ ਨਹੀਂ ਛਪ ਸਕਦੀ। ਧਰਮ ਦੀ ਕਿਤਾਬ ਲਿਖਣ ਲਈ ਸਾਇੰਸ ਬਿਨ੍ਹਾਂ ਸਰੀਰ ਵੀ ਨਹੀਂ ਬਣ ਸਕਦਾ। "**ਸਾਇੰਸ**" ਬਿਨ੍ਹਾਂ ਧਰਮ ਨੂੰ ਪੜ੍ਹਿਆ ਵੀ ਨਹੀਂ ਜਾ ਸਕਦਾ, ਸੁਣਿਆ ਵੀ ਨਹੀਂ ਜਾ ਸਕਦਾ, ਬੋਲਿਆ ਵੀ ਨਹੀਂ ਜਾ ਸਕਦਾ, ਸਮਝਿਆ ਵੀ ਨਹੀਂ ਜਾ ਸਕਦਾ ਤੇ ਅਮਲ ਵੀ ਨਹੀਂ ਕੀਤਾ ਜਾ ਸਕਦਾ। ਹਰ ਗੱਲ ਲਈ ਗਿਆਨ ਦੀ ਲੋੜ ਹੈ

ਤੇ ਸਭ ਕੁੱਝ ਗਿਆਨ ਦੁਆਰਾ ਹੀ ਚੱਲ ਰਿਹਾ ਹੈ। ਸਾਇੰਸ ਨੂੰ ਅਸੀਂ ਵੱਡਾ ਗਿਆਨ ਕਰਕੇ ਜਾਣਦੇ ਹਾਂ, ਉੱਚਾ ਗਿਆਨ ਕਰਕੇ ਜਾਣਦੇ ਹਾਂ ਜਿਸ ਦਾ ਮੂਲ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਅੱਜ ਜੋ ਗਿਆਨ ਵੱਡਾ ਲੱਗਦਾ ਹੈ, ਉਹੀ ਗਿਆਨ

9/852

ਆਪਣੇ ਤੋਂ ਵੱਡੇ ਗਿਆਨ ਨੂੰ ਖੋਜ ਕੇ ਆਪ ਛੋਟਾ ਰਹਿ ਜਾਂਦਾ ਹੈ। ਇਸ ਸ੍ਰਿਸ਼ਟੀ ਦਾ ਮੂਲ ਗਿਆਨ ਹੈ ਤੇ ਗਿਆਨ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਹ ਹਰ ਚੀਜ਼ ਵਿੱਚ ਆਪਣੇ ਗਿਆਨ ਰੂਪ ਵਿੱਚ ਹੀ ਵਰਤ ਰਿਹਾ ਹੈ ਜਿਸਦਾ ਆਪਣਾ ਕੋਈ ਰੂਪ ਰੇਖ ਨਹੀਂ ਹੈ, ਕੋਈ ਅੰਤ ਨਹੀਂ ਹੈ। ਉਹ ਅੱਖਾਂ ਨਾਲ ਦਿੱਸਣ ਵਾਲੀ ਵਸਤੂ ਨਹੀਂ ਹੈ, ਉਹ ਕੇਵਲ ਮਹਿਸੂਸ ਕਰਨ ਵਾਲੀ ਵਸਤੂ ਹੈ ਜਿਸ ਨੂੰ ਕੇਵਲ ਤੇ ਕੇਵਲ ਮਨ ਦੇ ਵਿੱਚੋਂ ਤੇ ਮਨ ਦੁਆਰਾ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਗਿਆਨ ਦਾ ਟਿਕਾਣਾ ਸਾਡਾ ਮਨ ਹੈ ਤੇ ਮਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ।

ਸਰੀਰ ਦੇ ਕਈ ਰੋਗ "**ਯੋਗ ਆਸਣ**" ਕਰਨ ਦੁਆਰਾ, "**ਸਰੀਰਕ ਕਿਰਿਆਵਾਂ**" ਕਰਨ ਦੁਆਰਾ ਵੀ ਦੂਰ ਹੁੰਦੇ ਹਨ ਤੇ ਇਸ ਦੇ ਵਿੱਚ ਵੀ ਗਿਆਨ ਹੈ। ਇਹਨਾਂ ਦਾ ਸਾਡੇ ਸਰੀਰ ਤੇ ਅਸਰ ਸਾਇੰਟਿਫਿਕ ਹੀ ਹੁੰਦਾ ਹੈ। ਅੱਖਰਾਂ ਦੇ ਜਪ ਦੁਆਰਾ ਅਸੀਂ ਸਮਾਧੀ ਆਦਿ ਲਗਾ ਕੇ, ਬੋਲ-ਬੋਲ ਕੇ ਸਰੀਰਕ ਕਿਰਿਆ ਕਰਦੇ ਹਾਂ ਜਿਸ ਦੁਆਰਾ ਸਾਨੂੰ ਕਈ ਸਰੀਰਕ ਰੋਗ, ਮਾਨਸਿਕ ਰੋਗ ਦੂਰ ਕਰਨ ਵਿੱਚ ਲਾਭ ਮਿਲਦਾ ਹੈ, ਸਰੀਰ ਨੂੰ ਤੇ ਦਿਮਾਗ ਨੂੰ ਆਰਾਮ ਮਿਲਦਾ ਹੈ। ਇਹ ਸਭ ਕੁੱਝ ਸਾਇੰਟਿਫਿਕਲੀ ਕੰਮ ਕਰਦਾ ਹੈ। ਇਹ ਵੀ ਆਪਣੇ ਵਿੱਚ ਸਾਇੰਸ ਹੀ ਹੈ। ਗਲਤ ਆਸਣ ਕਰਨ ਨਾਲ ਅਸਰ ਉਲਟਾ ਵੀ ਹੋ ਜਾਂਦਾ ਹੈ। ਵੱਖਰੇ-ਵੱਖਰੇ ਰੋਗੀਆਂ ਲਈ ਵੱਖਰੇ-ਵੱਖਰੇ ਆਸਣ ਦੱਸੇ ਜਾਂਦੇ ਹਨ ਜੋ ਕਿ ਆਪਣੇ ਆਪ ਵਿੱਚ ਇੱਕ ਉੱਚਾ ਗਿਆਨ ਹੈ। ਲੰਬੇ ਸਮੇਂ ਤੋ ਜੋਗੀ ਲੋਗ ਇਹੋ ਜਿਹੇ ਆਸਣ ਕਰਦੇ ਆ ਰਹੇ ਹਨ ਤੇ ਇਹਨਾਂ ਤੋਂ ਲਾਭ ਲੈਂਦੇ ਆ ਰਹੇ ਹਨ। ਇਹ ਵੀ ਪ੍ਰਮਾਤਮਾ ਦੀ ਆਪਣੀ ਵੱਡੀ ਕਿਰਪਾ ਹੈ ਜਿਸ ਨੇ ਇਹ ਗਿਆਨ ਬਖਸ਼ਿਆ ਹੋਇਆ ਹੈ। ਕਰੋੜਾਂ ਲੋਕ ਇਸ ਗਿਆਨ ਤੋਂ ਹਰ ਰੋਜ਼ ਲਾਭ ਲੈਂਦੇ ਹਨ। ਇਹਨਾਂ ਆਸਣਾਂ ਦਾ ਸਾਨੂੰ ਸਰੀਰਕ ਲਾਭ ਤਾਂ ਬਹੁਤ ਹੈ ਪਰ ਇਸ ਨੂੰ ਧਰਮ ਦੇ ਨਾਲ ਨਹੀਂ ਜੋੜਨਾ ਚਾਹੀਦਾ। ਆਸਣ ਕਰਨੇ ਆਪਣੇ ਆਪ ਵਿੱਚ ਪ੍ਰਮਾਤਮਾ ਦੀ ਕੋਈ ਭਗਤੀ ਨਹੀਂ ਹੈ ਪਰ ਇਹ ਸਾਰੀ ਮਨੁੱਖਤਾ ਲਈ ਅਤਿਅੰਤ ਹੀ ਲਾਭਕਾਰੀ ਹਨ ਜੋ ਕਿ ਉਸ ਪ੍ਰਮਾਤਮਾ ਦੀ ਬਹੁਤ ਵੱਡੀ ਦੇਣ ਹੈ। ਹਸਪਤਾਲਾਂ ਦੇ ਵਿੱਚ ਵੀ ਸਰੀਰਕ ਆਸਣ ਕਰਵਾਏ ਜਾਂਦੇ ਹਨ, ਫੀਜਿਓਥਰੈਪੀ ਕਰਵਾਈ ਜਾਂਦੀ ਹੈ ਜੋ ਕਿ ਬਿਲਕੁਲ ਸਾਇੰਟਿਫਿਕ ਹੈ।

ਆਓ ਹੁਣ ਸੁਖਮਨੀ ਬਾਣੀ ਦੀਆਂ ਕੁੱਝ ਹੋਰ ਪੰਗਤੀਆਂ ਨੂੰ ਵਿਚਾਰੀਏ ਤੇ ਸਮਝੀਏ ਕਿ ਅਸੀਂ

9/853

ਆਪਣੇ ਅਸਲ ਰੋਗ ਨੂੰ ਕਿਵੇਂ ਦੂਰ ਕਰਨਾ ਹੈ ਜਿਸ ਰੋਗ ਕਾਰਨ ਅਸੀਂ ਮਨ ਦੇ ਆਵਾਗਉਣ ਵਿੱਚ ਰਹਿੰਦੇ ਹਾਂ ਭਾਵ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦੇ ਹਾਂ।

"ਰਤਨੁ ਤਿਆਗਿ ਕਉਡੀ ਸੰਗਿ ਰਚੈ॥ਸਾਚੁ ਛੋਡਿ ਝੂਠ ਸੰਗਿ ਮਚੈ॥
ਜੋ ਛਡਨਾ ਸੁ ਅਸਥਿਰੁ ਕਰ�ि ਮਾਨੈ॥ਜੋ ਹੋਵਨੁ ਸੋ ਦੂਰਿ ਪਰਾਨੈ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥ਸੰਗਿ ਸਹਾਈ ਤਿਸੁ ਪਰਹਰੈ॥
ਚੰਦਨ ਲੇਪੁ ਉਤਾਰੈ ਧੋਇ॥ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ਅੰਧ ਕੂਪ ਮਹਿ ਪਤਿਤ ਬਿਕਰਾਲ॥
ਨਾਨਕ ਕਾਢਿ ਲੇਹੁ ਪ੍ਰਭ ਦਇਆਲ॥੪॥"

(ਅੰਗ ੨੬੭)

"ਕਰਤੂਤਿ ਪਸੂ ਕੀ ਮਾਨਸ ਜਾਤਿ॥ਲੋਕ ਪਚਾਰਾ ਕਰੈ ਦਿਨੁ ਰਾਤਿ ॥
ਬਾਹਰਿ ਭੇਖ ਅੰਤਰਿ ਮਲੁ ਮਾਇਆ ॥ਛਪਸਿ ਨਾਹਿ ਕਛੁ ਕਰੈ ਛਪਾਇਆ॥
ਬਾਹਰਿ ਗਿਆਨ ਧਿਆਨ ਇਸਨਾਨ॥ਅੰਤਰਿ ਬਿਆਪੈ ਲੋਭੁ ਸੁਆਨੁ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ॥ਗਲਿ ਪਾਥਰ ਕੈਸੇ ਤਰੈ ਅਥਾਹ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥ਨਾਨਕ ਤੇ ਜਨ ਸਹਜਿ ਸਮਾਤਿ॥੫॥"

(ਅੰਗ ੨੬੭)

ਉੱਪਰ ਸ਼ਬਦ ਰਾਹੀਂ ਬਹੁਤ ਹੀ ਸਰਲ ਭਾਸ਼ਾ ਵਿੱਚ ਸਾਨੂੰ ਸਾਡੇ ਫਰਜ਼ ਸਮਝਾਏ ਹੋਏ ਹਨ ਤੇ ਸਾਡੀਆਂ ਕਮੀਆਂ ਵੀ ਦੱਸੀਆਂ

ਹੋਈਆਂ ਹਨ ਤਾਂ ਜੋ ਅਸੀਂ ਉਹਨਾਂ ਤੋਂ ਬਚ ਸਕੀਏ ਭਾਵ ਗੁਰੂ ਦੀ ਸਿੱਖਿਆ ਨੂੰ ਮੰਨੀਏ ਤੇ ਉਸ ਤੇ ਅਮਲ ਕਰੀਏ। ਉੱਪਰ ਸ਼ਬਦਾਂ ਨੂੰ ਜੇਕਰ ਧਿਆਨ ਨਾਲ ਵਿਚਾਰੀਏ ਤਾਂ ਇੱਥੇ ਵੀ ਉਹੀ ਕੁੱਝ ਸਮਝਾਇਆ ਹੈ ਭਾਵ ਭਗਤੀ ਕਰਨ ਦਾ, ਨਾਮ ਜਪਣ ਦਾ ਉਹੀ ਮਾਰਗ ਸਮਝਾਇਆ ਹੋਇਆ ਹੈ ਜੋ ਕਿ ਸਾਰੀ ਗੁਰਬਾਣੀ ਵਿੱਚ ਸਮਝਾਇਆ ਹੋਇਆ ਹੈ। ਗੁਰਬਾਣੀ ਇੱਕ ਅਸੂਲ ਨਾਲ ਬੱਝੀ ਹੋਈ ਹੈ, ਇੱਕ ਪ੍ਰਿੰਸੀਪਲ ਤੇ ਚੱਲ ਰਹੀ ਹੈ, ਭਗਤੀ ਦਾ ਮਾਰਗ ਸਭ ਜਗ੍ਹਾ ਇੱਕੋ ਜਿਹਾ ਹੀ ਸਮਝਾਇਆ ਹੋਇਆ ਹੈ। ਗੁਰਬਾਣੀ ਸਾਡੇ ਮਨ ਦਾ ਰੋਗ ਦੂਰ ਕਰਨ ਲਈ ਹੈ ਤੇ ਤਨ ਦੇ ਰੋਗੀਆਂ ਦੀ ਮਦਦ ਕਰਨਾ ਵੀ ਸਿਖਾਉਂਦੀ ਹੈ। ਮਨ ਦਾ ਰੋਗ ਹੀ ਸਾਨੂੰ ਮਨੁੱਖਤਾ ਦੇ ਭਲੇ ਤੋਂ ਦੂਰ ਕਰਦਾ ਹੈ। ਸਾਡਾ ਰੋਗ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਦੂਰ ਹੋ ਸਕਦਾ ਹੈ ਤੇ ਕੇਵਲ ਉਸਦੀ ਕਿਰਪਾ ਦੁਆਰਾ ਹੋ ਸਕਦਾ ਹੈ। ਇਹ ਕਿਸੇ ਸਰੀਰਕ ਜਪ ਤਪ ਦੀ ਖੇਡ ਨਹੀਂ ਹੈ। ਇਹ ਮਨ ਦੇ ਔਗੁਣਾਂ ਦਾ ਰੋਗ ਹੈ, ਗੁਰੂ ਦੀ ਮਤਿ ਨੂੰ ਨਾ ਮੰਨਣ ਦਾ ਰੋਗ ਹੈ, ਆਪਣੀ ਮਤਿ ਨਾ ਛੱਡਣ ਦਾ ਰੋਗ ਹੈ ਜਿਸ ਕਰਕੇ ਹਰ ਕੋਈ ਰੋਗੀ ਹੈ। ਇਹ ਰੋਗ ਤ੍ਰਿਸ਼ਨਾ ਦਾ ਹੈ, ਮਾਇਆ ਦਾ ਹੈ, ਝੂਠ ਦਾ ਹੈ, ਵਿਕਾਰਾਂ ਦਾ ਹੈ ਜਿੰਨ੍ਹਾਂ ਦਾ ਸੰਬੰਧ ਸਾਡੇ ਮਨ ਦੀ ਸਮਝ ਦੇ ਨਾਲ ਹੈ। ਇਹ ਰੋਗ ਅਗਿਆਨਤਾ ਕਰਕੇ ਹੈ ਜਿਸ ਦਾ ਇਲਾਜ ਨਾਮ ਹੈ, ਗੁਰੂ ਦਾ ਸ਼ਬਦ ਹੈ, ਗੁਰੂ ਦਾ ਗਿਆਨ ਹੈ। ਤਨ ਦੇ ਰੋਗਾਂ ਦਾ ਇਲਾਜ ਵੀ ਨਾਮ ਹੀ ਹੈ, ਗਿਆਨ ਹੀ ਹੈ। ਹਰ ਰੋਗ ਦਾ ਇਲਾਜ ਕਿਸੇ ਨਾ ਕਿਸੇ ਗਿਆਨ ਦੁਆਰਾ ਹੀ ਹੁੰਦਾ ਹੈ, ਇਸੇ ਲਈ ਹਰ ਰੋਗ ਦਾ ਦਾਰੂ ਨਾਮ ਹੀ ਹੈ,

9/854

ਗੁਰੂ ਦਾ, ਪ੍ਰਮਾਤਮਾ ਦਾ ਗਿਆਨ ਹੀ ਹੈ ਜੋ ਸਭ ਦੇ ਵਿੱਚ ਆਪਣੇ ਗਿਆਨ ਦੁਆਰਾ, ਆਪਣੇ ਨਾਮ ਦੁਆਰਾ ਹੀ ਵਿਚਰਦਾ ਹੈ। ਸਭ ਤੋਂ ਵੱਡਾ ਰੋਗ ਨਾਮ ਦੀ ਸੋਝੀ ਨਾ ਹੋਣ ਦਾ ਹੈ, ਪ੍ਰਮਾਤਮਾ ਦੀ ਸੋਝੀ ਨਾ ਹੋਣ ਦਾ ਹੈ, ਸੱਚੇ ਗਿਆਨ ਦੀ ਸੋਝੀ ਨਾ ਹੋਣ ਦਾ ਹੈ, ਗਿਆਨ ਦੇ ਸ੍ਰੋਤ ਦੀ ਸੋਝੀ ਨਾ ਹੋਣ ਦਾ ਹੈ। ਸੱਚੇ ਗਿਆਨ ਦੀ ਭਾਵ ਬ੍ਰਹਮ ਗਿਆਨ ਦੀ ਸੋਝੀ ਵਿੱਚ ਹੀ ਪ੍ਰਮਾਤਮਾ ਦੀ ਸੋਝੀ ਹੈ। ਸਾਡੇ ਲਈ ਸਾਡੇ ਗਿਆਨ ਦਾ ਸ੍ਰੋਤ ਸਾਡਾ ਮਨ ਹੈ ਤੇ ਮਨ ਦੀ ਸੋਝੀ ਬਿਨ੍ਹਾਂ ਗਿਆਨ ਦੇ ਸ੍ਰੋਤ ਦੀ ਸੋਝੀ ਨਹੀਂ ਹੋ ਸਕਦੀ।

{ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥੧॥}

(ਅੰਗ ੬੪੭)

ਜਦ ਤੱਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਲੱਗਦੀ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ, ਉਹ ਕਿਸ ਰੂਪ ਵਿੱਚ ਵਰਤ ਰਿਹਾ ਹੈ ਤਦ ਤੱਕ ਸਾਨੂੰ ਹੇਠ ਲਿਖੇ ਸ਼ਬਦ ਦੀ ਕਦੇ ਵੀ ਸੋਝੀ ਨਹੀਂ ਪੈ ਸਕਦੀ।

“ਬੀਜ ਮੰਤ੍ਰੁ ਸਰਬ ਕੋ ਗਿਆਨੁ॥ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸ ਕੀ ਗਤਿ ਹੋਇ॥ਸਾਧਸੰਗਿ ਪਾਵੈ ਜਨੁ ਕੋਇ॥
ਕਰਿ ਕਿਰਪਾ ਅੰਤਰਿ ਉਰ ਧਾਰੈ॥ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥
ਸਰਬ ਰੋਗ ਕਾ ਅਉਖਦੁ ਨਾਮੁ॥ਕਲਿਆਣ ਰੂਪ ਮੰਗਲ ਗੁਣ ਗਾਮ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥੫॥”

(ਅੰਗ ੨੭੪)

ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤੇ ਸਮਝ ਲੱਗ ਜਾਵੇਗੀ ਕਿ ਪ੍ਰਮਾਤਮਾ ਸਭ ਵਿੱਚ ਆਪਣੇ ਕਿਸ ਰੂਪ ਵਿੱਚ ਵਿਚਰ ਰਿਹਾ ਹੈ। ਜੋ ਵੀ ਕੋਈ ਦੁਨੀਆਂ ਵਿੱਚ ਆਕਾਰ ਰੂਪ ਬਣਦਾ ਹੈ ਉਹ ਕਿਸੇ ਜੁਗਤਿ ਦੁਆਰਾ ਹੀ ਬਣਦਾ ਹੈ। ਕੋਈ ਵੀ ਬਨਸਪਤੀ ਪੈਦਾ ਹੁੰਦੀ ਹੈ, ਉਹ ਕਿਸੇ ਜੁਗਤਿ ਦੁਆਰਾ ਹੀ ਪੈਦਾ ਹੁੰਦੀ ਹੈ। ਪੰਜ ਤੱਤ ਵੀ ਕਿਸੇ ਜੁਗਤਿ ਦੁਆਰਾ ਹੀ ਪੈਦਾ ਹੋਏ ਹਨ ਭਾਵ ਬਣੇ ਹਨ। ਮਨੁੱਖ ਦਾ ਜਨਮ ਵੀ ਕਿਸੇ ਜੁਗਤਿ ਦੁਆਰਾ ਹੀ ਹੁੰਦਾ ਹੈ ਤੇ ਹਰ ਜੀਵ ਜੰਤ ਕਿਸੇ ਜੁਗਤਿ ਦੁਆਰਾ ਹੀ ਪੈਦਾ ਹੁੰਦਾ ਹੈ। ਇਸ ਜੁਗਤਿ ਨੂੰ ਅਸੀਂ **“ਬੀਜ”** ਦੇ ਰੂਪ, ਹਰ ਉਤਪਤੀ ਦੇ “ਮੂਲ” ਦੇ ਰੂਪ ਵਿੱਚ ਜਾਣਦੇ ਹਾਂ ਭਾਵ ਹਰ ਉਤਪਤੀ ਦੇ ਪਿੱਛੇ ਉਸਦਾ ਕੋਈ ਬੀਜ ਹੁੰਦਾ ਹੈ, ਕੋਈ ਮੂਲ ਹੁੰਦਾ ਹੈ, ਮੁੱਢ ਹੁੰਦਾ ਹੈ। ਮਨੁੱਖਾ ਜੀਵਨ ਵੀ ਬੀਜ ਪੈਣ ਦੇ ਨਾਲ ਹੀ ਬਣਦਾ ਹੈ ਭਾਵ ਹਰ ਵਸਤੂ ਦੀ ਹੋਂਦ ਬਣਨ ਦੇ ਪਿੱਛੇ ਉਸਦਾ ਬੀਜ ਹੈ। ਕਿਸੇ ਬੀਜ ਤੋਂ ਉਪਜ ਕੇ ਹੀ ਫਿਰ ਵੱਡੇ ਆਕਾਰ ਰੂਪ ਬਣ ਕੇ ਨਵੇਂ ਬੀਜਾਂ ਨੂੰ ਜਨਮ ਦਿੰਦੇ ਹਨ ਜਿਸ ਨਾਲ ਸੰਸਾਰ ਦੀ ਉਤਪਤੀ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਬੀਜ ਦੀ ਉਤਪਤੀ, ਸ੍ਰਿਸ਼ਟੀ ਨੂੰ ਬਣਾਉਣ ਦੀ ਉਤਪਤੀ ਭਾਵ ਸ੍ਰਿਸ਼ਟੀ ਦਾ ਮੂਲ ਰਚਨ ਕਿਸੇ ਗਿਆਨ ਦੁਆਰਾ ਹੀ ਬਣਿਆ ਭਾਵ ਸ੍ਰਿਸ਼ਟੀ ਦੀ ਉਤਪਤੀ ਕਿਸੇ ਮੰਤ੍ਰ ਦੁਆਰਾ ਹੋਈ ਹੈ। ਮੰਤ੍ਰ ਤੋਂ ਭਾਵ ਗਿਆਨ ਹੈ। ਇਹ ਬੀਜ ਹੀ ਉਹ ਮੰਤ੍ਰ ਹੈ ਭਾਵ ਗਿਆਨ ਰੂਪ ਮੰਤ੍ਰ ਹੈ, ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਮੰਤ੍ਰ ਹੈ, ਸਾਇੰਟਿਫਿਕ ਮੰਤ੍ਰ ਹੈ ਜਿਸ ਮੰਤ੍ਰ ਦੁਆਰਾ ਹਰ ਆਕਾਰ ਰੂਪ ਦੀ ਰਚਨਾ ਹੋਈ ਹੈ ਤੇ ਹਰ ਆਕਾਰ ਰੂਪ ਇਸ ਮੰਤ੍ਰ ਦੁਆਰਾ ਹੀ ਚੱਲ ਰਹਿਆ ਹੈ।

9/855

ਸਭ ਵਿੱਚ ਇੱਕੋ ਮੰਤ੍ਰ ਹੀ ਵਰਤ ਰਿਹਾ ਹੈ, ਇਹ ਗਿਆਨ ਹੀ ਵਰਤ ਰਿਹਾ ਹੈ ਭਾਵ ਹਰ ਵਸਤੂ ਦਾ ਮੂਲ, ਹਰ ਵਸਤੂ ਦਾ ਬੀਜ **“ਗਿਆਨ”** ਹੈ ਭਾਵ ਪ੍ਰਮਾਤਮਾ ਦਾ ਰਚਿਆ ਹੋਇਆ ਸਾਇੰਟਿਫਿਕ ਗਿਆਨ ਹੈ, ਉਸ ਦੀ ਰਚੀ ਹੋਈ ਸਾਇੰਸ ਹੈ ਜਿਸ ਆਪਣੀ ਸਾਇੰਸ ਦੁਆਰਾ ਉਹ ਸਭ ਨੂੰ ਬਣਾਉਣ ਵਾਲਾ, ਚਲਾਉਣ ਵਾਲਾ ਤੇ ਉਸ ਨੂੰ ਖ਼ਤਮ ਕਰਨ ਵਾਲਾ **“ਗਿਆਨ”** ਰੂਪ ਪ੍ਰਮਾਤਮਾ ਆਪ ਹੈ ਜੋ ਚੁੱਪ ਚੁਪੀਤੇ ਆਪਣਾ ਕੰਮ ਕਰੀ ਜਾ ਰਿਹਾ ਹੈ। **(ਬੀਜ ਮੰਤ੍ਰੁ ਸਰਬ ਕੋ ਗਿਆਨੁ॥)** ਉਸ ਗਿਆਨ ਨੂੰ ਨਾ ਕੋਈ ਦੇਖ ਸਕਦਾ ਹੈ, ਨਾ ਕੋਈ ਉਸਦਾ ਰੂਪ ਰੇਖ ਬਣ ਸਕਦਾ ਹੈ। ਗਿਆਨ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਹਰ ਵਸਤੂ ਦੇ ਵਿੱਚ ਗਿਆਨ ਹੈ ਜਿਸ ਗਿਆਨ ਦੁਆਰਾ ਉਹ ਵਸਤੂ ਬਣੀ ਹੈ ਤੇ ਚੱਲ ਰਹੀ ਹੈ। ਉਸ ਵਸਤੂ ਨੂੰ ਅਸੀਂ ਦੇਖ ਸਕਦੇ ਹਾਂ ਪਰ ਉਸਦੇ ਅੰਦਰ ਦੇ ਗਿਆਨ ਨੂੰ ਨਹੀਂ ਦੇਖ ਸਕਦੇ। ਅਸੀਂ ਇੱਕ ਪੇੜ ਨੂੰ ਫੁੱਲਦਾ ਫਲਦਾ ਦੇਖ ਸਕਦੇ ਹਾਂ ਪਰ ਉਹ ਕਿਵੇਂ ਫੁੱਲ ਫਲ ਰਿਹਾ ਹੈ, ਕੇਵਲ ਮਹਿਸੂਸ ਕਰ ਸਕਦੇ ਹਾਂ। ਪੇੜਾਂ ਰਾਹੀਂ ਹੋਰ ਬੀਜ ਵੀ ਬਣਦੇ ਹਨ ਜਿੰਨ੍ਹਾਂ ਬੀਜਾਂ ਨੂੰ ਅਸੀਂ ਦੇਖ ਸਕਦੇ ਹਾਂ ਪਰ ਉਨ੍ਹਾਂ ਦੇ ਅੰਦਰ ਦੇ ਗਿਆਨ ਨੂੰ ਨਹੀਂ ਦੇਖ ਸਕਦੇ ਜੋ ਬੀਜ ਦਾ ਮੂਲ ਹੈ। ਸਾਡਾ ਸਰੀਰ ਵੀ ਕਿਸੇ ਗਿਆਨ ਨਾਲ ਬਣਿਆ ਹੈ, ਗਿਆਨ ਰੂਪ ਬੀਜ ਪੈਣ ਨਾਲ ਬਣਿਆ ਹੈ ਤੇ ਚੱਲ ਵੀ ਕਿਸੇ ਗਿਆਨ ਦੇ ਨਾਲ ਹੀ ਰਿਹਾ ਹੈ। ਸਾਡੇ ਸਰਗੁਣ ਸਰੀਰ ਦੇ ਅੰਦਰ ਜੋ ਕੁੱਝ ਵੀ ਹੈ ਭਾਵ ਜੋ ਵੀ ਨਾੜੀਆਂ, ਹੱਡੀਆਂ, ਖ਼ੂਨ ਆਦਿ ਹਨ, ਸਭ ਕੁੱਝ ਕਿਸੇ ਗਿਆਨ ਦੁਆਰਾ ਹੀ ਬਣਿਆ ਹੈ ਤੇ ਗਿਆਨ ਦੁਆਰਾ ਹੀ ਚੱਲ ਰਿਹਾ ਹੈ। ਸਭ ਕੁਝ ਸਾਇੰਟਿਫਿਕ ਤਰੀਕੇ ਨਾਲ ਹੋ ਰਿਹਾ ਹੈ ਜਿਸ ਸਾਇੰਸ ਨੂੰ ਅਸੀਂ ਦੇਖ ਨਹੀਂ ਸਕਦੇ ਕਿ ਇਸ ਦੇ ਪਿੱਛੇ ਤਾਕਤ ਕੀ ਹੈ। ਸਭ ਵਿੱਚ ਤਾਕਤ ਗਿਆਨ ਤੋਂ ਹੀ ਆਉਂਦੀ ਹੈ, ਗਿਆਨ ਦੇ ਬਣਾਏ ਹੋਏ ਤੱਤਾਂ ਤੋ ਹੀ ਆਉਂਦੀ ਹੈ। ਸਾਡੇ ਅੰਦਰ ਜੋ ਵੀ ਐਨਰਜੀ ਪੈਦਾ ਹੁੰਦੀ ਹੈ ਉਹ ਸਭ ਗਿਆਨ ਨਾਲ ਰਚੀ ਹੋਈ ਸਾਇੰਸ ਦੁਆਰਾ ਹੀ ਪੈਦਾ ਹੁੰਦੀ ਹੈ ਤੇ ਸਭ ਕੁੱਝ ਆਪੇ ਹੀ ਹੋਈ ਜਾਂਦਾ ਹੈ। ਆਪਣੇ ਮੁੱਖੋਂ ਖਾਧਾ ਹੋਇਆ ਖਾਣਾ ਸਾਡੇ ਸਰੀਰ ਦੀ ਤਾਕਤ ਵਿੱਚ ਬਦਲ ਜਾਂਦਾ ਹੈ ਤੇ ਇਸੇ ਤਰ੍ਹਾਂ ਪੇੜ ਪੌਦੇ ਆਦਿ ਆਪਣਾ ਖਾਣਾ ਧਰਤੀ ਰਾਹੀਂ, ਹਵਾ ਰਾਹੀਂ

ਤੇ ਸੂਰਜ ਦੀ ਗਰਮੀ ਰਾਹੀਂ ਲੈਂਦੇ ਹਨ। ਸਭ ਕੁਝ ਗਿਆਨ ਦੁਆਰਾ ਹੀ ਹੋ ਰਿਹਾ ਹੈ ਜੋ ਕਿ ਨਜ਼ਰ ਨਹੀਂ ਆਉਂਦਾ ਪਰ ਸਭ ਨੂੰ ਬਣਾਉਣ ਵਾਲਾ, ਚਲਾਉਣ ਵਾਲਾ, ਬਚਾਉਣ ਵਾਲਾ ਤੇ ਖ਼ਤਮ ਕਰਨ ਵਾਲਾ ਉਹ ਗਿਆਨ ਹੀ ਹੈ। ਹਰ ਚੀਜ਼ ਬਿਨਸ ਸਕਦੀ ਹੈ ਭਾਵ ਹਰ ਸਰਗੁਣ ਸਰੂਪ ਬਿਨਸਨਹਾਰ ਹੈ ਪਰ ਕਦੇ ਨਾ ਬਿਨਸਨ ਵਾਲਾ ਕੇਵਲ ਗਿਆਨ ਹੈ। ਜਦ ਤੱਕ ਗਿਆਨ ਹੈ

9/856

ਉਸ ਗਿਆਨ ਨਾਲ ਫਿਰ ਤੋਂ ਜੋ ਮਰਜ਼ੀ ਬਣਾਇਆ ਜਾ ਸਕਦਾ ਹੈ। ਪ੍ਰਮਾਤਮਾ ਆਪ ਗਿਆਨ ਰੂਪ ਵਿੱਚ ਹੈ ਭਾਵ ਗਿਆਨ ਦਾ ਮਾਲਕ ਹੈ ਜੋ ਕਦੇ ਬਿਨਸ ਨਹੀਂ ਸਕਦਾ। ਉਹ ਆਪਣੀ ਖੇਡ ਜਦੋਂ ਮਰਜ਼ੀ ਸਮੇਟ ਸਕਦਾ ਹੈ, ਇਹ ਪਾਸਾਰਾ ਜਦੋਂ ਮਰਜ਼ੀ ਮੇਟ ਸਕਦਾ ਹੈ ਤੇ ਜਦੋਂ ਚਾਹੇ ਫਿਰ ਬਣਾ ਸਕਦਾ ਹੈ। ਉਹ ਗਿਆਨ ਦਾ ਮਾਲਕ ਹੈ, ਪੂਰੇ ਗਿਆਨ ਦਾ ਸ੍ਰੋਤ ਹੈ ਜਿਸ ਦਾ ਕੋਈ ਅੰਤ ਨਹੀਂ ਹੋ ਸਕਦਾ। ਸਾਨੂੰ ਚਲਾਉਣ ਵਾਲਾ ਸਾਡਾ ਮਨ ਹੈ ਜੋ ਕਿ ਸਾਡਾ ਗਿਆਨ ਦਾ ਸ੍ਰੋਤ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ ਮਨ ਦੇ ਗਿਆਨ ਦੁਆਰਾ ਹੀ ਕਰਦੇ ਹਾਂ। ਇਸ ਮਨ ਨੂੰ ਦੇਖਿਆ ਨਹੀਂ ਜਾ ਸਕਦਾ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਗਿਆਨ ਚੁੱਪ ਚੁਪੀਤੇ ਹੀ ਆਉਂਦਾ ਹੈ, ਬਿਨ੍ਹਾਂ ਕਿਸੇ ਆਵਾਜ਼ ਦੇ ਆਉਂਦਾ ਹੈ। ਮਨ ਦੇ ਗਿਆਨ ਨੂੰ ਮਹਿਸੂਸ ਕਰਨਾ ਹੀ ਮਨ ਦੀ ਗੱਲ ਨੂੰ ਸੁਣਨਾ ਹੈ, ਗਿਆਨ ਨੂੰ ਜਾਣਨਾ ਹੈ। ਇਸੇ ਲਈ ਪ੍ਰਮਾਤਮਾ ਦੇ ਦਰਸ਼ਨ ਕੇਵਲ ਮਨ ਦੇ ਵਿੱਚ ਹਨ, ਗਿਆਨ ਰੂਪ ਵਿੱਚ ਹਨ ਭਾਵ ਮਨ ਦੀ ਸਮਝ ਦੁਆਰਾ ਹੁੰਦੇ ਹਨ ਜਿਸ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਹਰ ਵਸਤੂ ਵਿੱਚ ਉਸਦਾ ਗਿਆਨ ਹੀ ਵਰਤ ਰਿਹਾ ਹੈ ਜਿਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਣੀ ਹੈ, ਉਸ ਦੇ ਆਪ ਸਮਝਾਉਣ ਨਾਲ ਹੀ ਪੈਣੀ ਹੈ, ਮਨ ਦੇ ਵਿੱਚ ਉਸ ਦੇ ਪ੍ਰਗਟ ਹੋਣ ਨਾਲ ਹੀ ਪੈਣੀ ਹੈ। ਆਓ ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੀਏ ਤੇ ਸਮਝੀਏ ਕਿ ਨਾਮ ਜਪਣਾ ਕੀ ਹੈ, ਨਾਮ ਦੀ ਪ੍ਰਾਪਤੀ ਕੀ ਹੈ, ਸਾਧਸੰਗਿ ਕੀ ਹੈ।

“ਬੀਜ ਮੰਤ੍ਰ ਸਰਬ ਕੋ ਗਿਆਨੁ॥ਚਹੁ ਵਰਨਾ ਮਹਿ ਜਪੈ ਕੋਊ ਨਾਮੁ॥”

ਜੇਕਰ ਸਾਨੂੰ ਗਿਆਨ ਦੀ ਸਮਝ ਲੱਗ ਜਾਵੇ ਤਾਂ ਫਿਰ ਨਾਮ ਦੀ ਸਮਝ ਵੀ ਲੱਗ ਜਾਵੇਗੀ। ਉਪਰਲੀਆਂ ਪੰਗਤੀਆਂ ਵਿੱਚ **“ਗਿਆਨ”** ਨੂੰ ਹੀ ਨਾਮ ਕਹਿ ਕੇ ਸਮਝਾਇਆ ਹੈ ਤੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਸਾਰੀ ਸ੍ਰਿਸ਼ਟੀ ਵਿੱਚ ਕੋਈ ਵਿਰਲਾ ਹੀ ਨਾਮ ਜਪ ਸਕਦਾ ਹੈ। ਨਾਮ ਦੀ ਪ੍ਰਾਪਤੀ ਬ੍ਰਹਮ ਗਿਆਨ ਦੀ ਪ੍ਰਾਪਤੀ ਹੈ, ਬ੍ਰਹਮ ਗਿਆਨੀ ਦੇ ਨਾਲ ਮੇਲ ਹੈ। **{ਗੁਰ ਗਿਆਨੁ ਪਦਾਰਥੁ ਨਾਮੁ ਹੈ}** ਅੰਗ - ੭੫੯

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥}

(ਅੰਗ ੧੦੩੨)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਵਿੱਚ ਵੀ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਜਪਣਾ ਉਸ ਦੀ ਪ੍ਰਾਪਤੀ ਲਈ ਉਪਰਾਲਾ ਕਰਨਾ ਹੈ, ਉੱਦਮ ਕਰਨਾ ਹੈ ਭਾਵ ਉਹ ਕੁੱਝ ਕਰਨਾ ਹੈ ਜੋ ਸਾਨੂੰ ਗੁਰੂ ਸਮਝਾਉਂਦਾ ਹੈ। ਪ੍ਰਮਾਤਮਾ ਨੂੰ ਅਸੀਂ ਤਾਂ ਹੀ ਜਪ ਸਕਦੇ ਹਾਂ ਜਦੋਂ ਸਾਨੂੰ ਉਸਦਾ ਜਪ ਤਪ ਸਮਝ ਆ ਜਾਂਦਾ ਹੈ ਜੋ ਕਿ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਸਮਝਾਉਂਦਾ ਹੈ।

9/857

ਉਹ ਕਿਸੇ ਵਿਰਲੇ ਸਰੀਰ ਰਾਹੀਂ ਹੀ ਪ੍ਰਗਟ ਹੁੰਦਾ ਹੈ ਤੇ ਇਸ ਲਈ ਕੋਈ ਵਿਰਲਾ ਹੀ ਉਸਨੂੰ ਜਪ ਸਕਦਾ ਹੈ, ਜਾਣ ਸਕਦਾ ਹੈ ਕਿ ਪ੍ਰਮਾਤਮਾ “ਗਿਆਨੁ” ਰੂਪ ਹੈ। ਨਾਮ ਅਸੀਂ ਉਦੋਂ ਹੀ ਜਪ ਸਕਦੇ ਹਾਂ ਜਦੋਂ ਨਾਮ ਸਾਡੇ ਅੰਦਰ ਵੱਸ ਜਾਂਦਾ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ, ਭਰਮਾਂ ਵਾਲੀ ਸਮਝ ਹੈ, ਅਗਿਆਨਤਾ ਹੈ ਤਦ ਤੱਕ ਅਸੀਂ ਨਾਮ ਨਹੀਂ ਜਪ ਸਕਦੇ। ਨਾਮ ਸਾਡੇ ਮਨ ਨੇ ਜਪਣਾ ਹੈ ਤੇ ਜਦ ਤੱਕ ਮਨ ਦੇ ਵਿੱਚ ਨਾਮ ਦੀ ਸੋਝੀ ਹੀ ਨਾ ਪਏ, ਨਾਮ ਨਹੀਂ ਜਪਿਆ ਜਾ ਸਕਦਾ। ਨਾਮ ਚੌਥੇ ਪਦ ਦੀ ਸੋਝੀ ਹੈ, ਬ੍ਰਹਮ ਗਿਆਨ ਦੀ ਸੋਝੀ ਹੈ ਤੇ ਇਸ ਸੋਝੀ ਦੁਆਰਾ ਹੀ ਨਾਮ ਜਪਿਆ ਜਾ ਸਕਦਾ ਹੈ। ਨਾਮ “ਸਚੁ” ਹੈ, ਨਾਮ ਆਪ “ਪ੍ਰਮਾਤਮਾ” ਹੈ ਤੇ ਜਦ ਤੱਕ “ਸਚੁ” ਸਾਡੇ ਅੰਦਰ ਵੱਸਿਆ ਹੀ ਨਹੀਂ, “ਪ੍ਰਮਾਤਮਾ” ਸਾਡੇ ਅੰਦਰ ਵੱਸਿਆ ਹੀ ਨਹੀਂ ਤਦ ਤੱਕ ਨਾਮ ਨਹੀਂ ਜਪਿਆ ਜਾ ਸਕਦਾ। ਪ੍ਰਮਾਤਮਾ ਨੂੰ ਜਪਣ ਦੀ ਸਭ ਤੋਂ ਵੱਡੀ ਨਿਸ਼ਾਨੀ ਇਹ ਹੈ ਕਿ ਸਾਨੂੰ ਸਭ ਵਿੱਚ

ਕੇਵਲ ਪ੍ਰਮਾਤਮਾ ਹੀ ਨਜ਼ਰ ਆਵੇ, ਹਰ ਹੋਂਦ ਪ੍ਰਮਾਤਮਾ ਦੀ ਹੀ ਨਜ਼ਰ ਆਵੇ ਤੇ ਉਸ ਤੋਂ ਬਿਨ੍ਹਾਂ ਹੋਰ ਹੋਂਦ ਝੂਠੀ ਨਜ਼ਰ ਆਵੇ। ਇਹੀ ਸੰਸਾਰ ਦਾ ਸਭ ਤੋਂ ਵੱਡਾ ਸੱਚ ਹੈ। ਜਦ ਤੱਕ ਅਸੀਂ "ਇਹ ਸੱਚ" ਨਹੀਂ ਬੋਲ ਸਕਦੇ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਪ ਸਕਦੇ। ਜਦ ਤੱਕ ਅਸੀਂ ਕਿਸੇ ਵੀ ਸੰਸਾਰਿਕ ਹੋਂਦ ਨੂੰ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਦੇ ਹਾਂ ਫਿਰ ਅਸੀਂ ਝੂਠ ਬੋਲਦੇ ਹਾਂ। ਅਸੀਂ ਆਪਣੀ "ਮਨੁੱਖੀ ਹੋਂਦ" ਸਮਝਦੇ ਹਾਂ, ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਦੇ ਹਾਂ ਜੋ ਕਿ ਅਸੀਂ ਝੂਠ ਬੋਲਦੇ ਹਾਂ। ਜੇਕਰ ਅਸੀਂ ਇਹ ਕਹੀਏ ਕਿ ਸਭ ਕੁੱਝ ਆਪ ਪ੍ਰਮਾਤਮਾ ਹੈ ਫਿਰ ਅਸੀਂ ਸੱਚ ਬੋਲਦੇ ਹਾਂ ਕਿਉਂਕਿ ਕੇਵਲ ਇੱਕ ਪ੍ਰਮਾਤਮਾ ਦਾ ਹੋਣਾ ਹੀ ਸੱਚ ਹੈ। ਉਹ "ਸਤਿਨਾਮੁ" ਹੈ, ਕੇਵਲ ਇੱਕ ਨਾਮ ਦਾ ਹੋਣਾ ਸੱਚ ਹੈ, ਪ੍ਰਮਾਤਮਾ ਦਾ ਹੋਣਾ ਹੀ ਸੱਚ ਹੈ।

{ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥੧॥}

(ਅੰਗ - ੧)

{ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥}

(ਅੰਗ - ੪੮੫)

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ - ੯)

ਜਦ ਤੱਕ ਇਹ "ਸੱਚ" ਰੂਪ ਪ੍ਰਮਾਤਮਾ ਸਾਨੂੰ ਆਪਣੇ ਅੰਦਰ ਨਜ਼ਰ ਨਹੀਂ ਆਉਂਦਾ ਤਦ ਤੱਕ ਸੰਸਾਰ ਦਾ ਇਹ ਸਭ ਤੋਂ ਵੱਡਾ "ਸਚੁ" ਸਾਨੂੰ ਬਾਹਰ ਨਜ਼ਰ ਨਹੀਂ ਆ ਸਕਦਾ। ਜਦ ਤੱਕ ਸਾਨੂੰ ਆਪਣੇ ਆਪ ਦੀ ਸਮਝ ਨਹੀਂ ਲੱਗਦੀ, ਆਪਣੀ ਹੋਂਦ ਝੂਠੀ ਨਜ਼ਰ ਨਹੀਂ ਆਉਂਦੀ ਤਦ ਤੱਕ ਕੋਈ ਹੋਰ ਹੋਂਦ ਵੀ ਝੂਠੀ ਨਜ਼ਰ ਨਹੀਂ ਆਉਂਦੀ। ਇਹੀ ਪ੍ਰਮਾਤਮਾ ਨੂੰ, ਨਾਮ ਨੂੰ ਜਾਨਣ ਦਾ ਭੇਦ ਹੈ ਜਿਸ ਦੁਆਰਾ "ਹਉਮੈ" ਦੂਰ ਹੁੰਦੀ ਹੈ ਤੇ ਸਭ ਵਿੱਚ ਨਾਮ ਹੀ ਨਜ਼ਰ ਆਉਂਦਾ ਹੈ, ਪ੍ਰਮਾਤਮਾ ਦਾ ਰੂਪ ਹੀ ਨਜ਼ਰ ਆਉਂਦਾ ਹੈ, ਸਭ ਜਗ੍ਹਾ ਨਾਮ ਹੀ ਵੱਸਿਆ ਹੋਇਆ ਦਿੱਸਦਾ ਹੈ, ਹਰ ਸਰਗੁਣ ਸਰੂਪ ਪ੍ਰਮਾਤਮਾ ਦੇ ਬ੍ਰਹਮ ਗਿਆਨ ਦੁਆਰਾ ਭਾਵ ਉਸਦੇ ਨਾਮ ਦੁਆਰਾ ਬਣਾਇਆ ਹੋਇਆ ਹੀ ਨਜ਼ਰ ਆਉਂਦਾ ਹੈ।

{ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥੫॥}

(ਅੰਗ - ੨੮੪)

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥}

(ਅੰਗ - ੧੪੨੭)

ਸਾਡੇ ਅੰਦਰ ਪ੍ਰਮਾਤਮਾ ਦਾ "ਸਚੁ" ਰੂਪ ਸਾਡਾ ਮਨ ਹੈ ਤੇ ਇਸ ਮਨ ਦੀ ਸੋਝੀ ਪਏ ਬਿਨ੍ਹਾਂ ਸਾਨੂੰ ਕਿਸੇ ਹੋਰ ਵਿੱਚ "ਸਚੁ" ਰੂਪ ਪ੍ਰਮਾਤਮਾ ਨਜ਼ਰ ਨਹੀਂ ਆ ਸਕਦਾ। ਮਨ ਦੇ ਵਿੱਚੋਂ ਹੀ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਆਪਣੇ ਗਿਆਨ ਦੁਆਰਾ ਸੱਚਾ ਹੈ ਤੇ ਸਭ ਜਗ੍ਹਾ ਉਹ ਆਪਣੇ ਸੱਚੇ ਗਿਆਨ ਦੁਆਰਾ ਹੀ ਸੱਚ ਵਰਤਾ ਰਿਹਾ ਹੈ, ਆਪਣੀ ਰਚੀ ਹੋਈ ਸੱਚੀ ਸਾਇੰਸ

ਦੁਆਰਾ ਸੱਚ ਵਰਤਾ ਰਹਿਆ ਹੈ। ਪੂਰੀ ਗੁਰਬਾਣੀ ਵਿੱਚ ਵੀ ਉਹ ਆਪਣੇ ਗਿਆਨ ਦੁਆਰਾ ਸੱਚਾ ਹੈ ਤੇ ਸੱਚੇ ਗਿਆਨ ਦੁਆਰਾ ਹੀ ਸਭ ਨੂੰ ਸੱਚ ਵੰਡ ਰਿਹਾ ਹੈ ਭਾਵ ਸੱਚੀ ਮਤਿ ਵੰਡ ਰਿਹਾ ਹੈ, ਗੁਰਮਤਿ ਦੀ ਸੱਚੀ ਸਮਝ ਵੰਡ ਰਿਹਾ ਹੈ ਤੇ ਆਪਣਾ ਸੱਚ ਸਮਝਾ ਰਿਹਾ ਹੈ, ਸੰਸਾਰ ਦਾ ਸੱਚ ਸਮਝਾ ਰਿਹਾ ਹੈ ਤੇ ਸੱਚ ਕਹਿਣਾ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

ਅਸੀਂ ਉਪਰਲੇ ਮਨੋਂ ਤੇ ਇਹ ਕਹਿ ਸਕਦੇ ਹਾਂ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ ਪਰ ਵਿਸ਼ਵਾਸ ਨਾਲ ਅਸੀਂ ਤਾਂ ਹੀ ਕਹਿ ਸਕਦੇ ਹਾਂ ਜਦੋਂ ਸਾਨੂੰ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਕੇ ਇਹ ਵਿਸ਼ਵਾਸ ਦਿਵਾਏ। ਮਨ ਦੇ ਵਿੱਚ ਵਿਸ਼ਵਾਸ ਉਹ ਆਪਣੇ ਗਿਆਨ ਦੁਆਰਾ ਹੀ ਦਿਵਾਉਂਦਾ ਹੈ, ਗਿਆਨ ਦੁਆਰਾ ਪ੍ਰਗਟ ਹੋ ਕੇ ਹੀ ਦਿਵਾਉਂਦਾ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਸਾਨੂੰ ਪ੍ਰਮਾਤਮਾ ਆਪਣੀ ਹੋਂਦ ਦਾ ਵਿਸ਼ਵਾਸ ਕਿਵੇਂ ਦਿਵਾਉਂਦਾ ਹੈ ਜਿਸ ਦੁਆਰਾ ਸਾਨੂੰ ਸਭ ਵਿੱਚ ਉਸੇ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਤੇ ਬਾਕੀ ਹਰ ਹੋਂਦ ਝੂਠੀ ਨਜ਼ਰ ਆਉਂਦੀ ਹੈ।

“ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥
ਬਸਤੁ ਮਾਹਿ ਲੇ ਬਸਤੁ ਗਡਾਈ॥ ਤਾ ਕਉ ਭਿੰਨ ਨ ਕਹਨਾ ਜਾਈ॥
ਬੂਝੈ ਬੂਝਨਹਾਰੁ ਬਿਬੇਕ॥ ਨਾਰਾਇਨ ਮਿਲੇ ਨਾਨਕ ਏਕ॥੨॥”

(ਅੰਗ - ੨੮੫)

“ਸਤਿ ਸਰੂਪੁ” ਕੇਵਲ ਇੱਕੋ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ ਭਾਵ ਹਰ ਸਰੂਪ ਜੋ ਵੀ ਅਸੀਂ ਦੇਖਦੇ ਹਾਂ ਉਹ ਪ੍ਰਮਾਤਮਾ ਦਾ ਹੀ ਹੈ, ਹਰ ਸਰੂਪ ਵਿੱਚ ਕੇਵਲ ਉਸੇ ਦਾ ਹੋਣਾ ਹੀ ਸਤਿ ਹੈ, ਸਚ ਹੈ। ਇਹੀ ਭਾਵ “ਸਤਿਨਾਮੁ” ਤੋਂ ਹੈ ਭਾਵ ਕੇਵਲ ਇੱਕ ਪ੍ਰਮਾਤਮਾ ਦਾ ਹੋਣਾ, ਕੇਵਲ ਉਸੇ ਦਾ ਸਰੂਪ ਹੋਣਾ, ਉਸਦੇ ਨਾਮ ਰੂਪ ਦਾ ਹੋਣਾ ਭਾਵ ਕੇਵਲ ਇੱਕ ਉਸੇ ਦੀ ਹੋਂਦ ਹੋਣਾ ਸੱਚ ਹੈ। ਹਰ ਸਰੂਪ ਕੇਵਲ ਉਸ ਪ੍ਰਮਾਤਮਾ ਦਾ ਹੀ ਹੈ, ਇਸ ਗੱਲ ਨੂੰ ਅਸੀਂ ਕੇਵਲ ਮਨ ਦੇ ਵਿੱਚੋਂ ਹੀ ਜਾਣ ਸਕਦੇ ਹਾਂ, ਮਨ ਦੇ ਵਿੱਚੋਂ ਸੋਝੀ ਪੈਣ ਦੁਆਰਾ ਹੀ ਮੰਨ ਸਕਦੇ ਹਾਂ ਤੇ ਤਾਂ ਹੀ ਸਾਨੂੰ ਪਤਾ ਲੱਗਦਾ ਹੈ ਕਿ ਸਭ ਕੁੱਝ ਕਰਨ ਕਰਾਵਣਹਾਰ ਉਹ ਆਪ ਪ੍ਰਮਾਤਮਾ ਹੀ ਹੈ ਤੇ ਸਭ ਦਾ ਮੂਲ ਉਹ ਆਪ ਪ੍ਰਮਾਤਮਾ ਹੀ ਹੈ ਭਾਵ ਹਰ ਸਰਗੁਣ ਸਰੂਪ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ, ਸਭ ਦਾ ਮੂਲ ਇੱਕੋ ਹੀ ਹੈ। **(ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥)**

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥}

(ਅੰਗ - ੪੪੧)

ਜਿਸ ਨੇ ਵੀ ਅੱਜ ਤੱਕ ਪ੍ਰਮਾਤਮਾ ਨੂੰ ਜਾਣਿਆ ਹੈ, ਆਪਣੇ ਮੂਲ ਨੂੰ ਪਛਾਣਿਆ ਹੈ, ਉਸਨੂੰ ਮਨ ਦੇ ਵਿੱਚੋਂ ਹੀ ਜਾਣਿਆ ਹੈ ਤੇ ਤਾਂ ਹੀ ਉਨ੍ਹਾਂ ਨੇ ਇਹ ਮੰਨਿਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਹਰ ਸਰਗੁਣ ਸਰੂਪ ਵਿੱਚ, ਮਾਇਆ ਰੂਪ ਆਕਾਰ ਵਿੱਚ ਉਹ ਆਪ ਹੀ ਹੈ। ਜਿੰਨ੍ਹਾਂ ਭਗਤਾਂ ਨੇ, ਗੁਰੂ ਸਾਹਿਬਾਨ ਨੇ ਸਾਨੂੰ ਪ੍ਰਮਾਤਮਾ ਦੀ ਸੱਚੀ ਸੋਝੀ ਪਾਈ ਹੈ ਉਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਹੀ ਪਛਾਣਿਆ ਹੈ ਤੇ ਉਸ ਕੋਲੋਂ ਸੋਝੀ ਲੈ ਕੇ ਉਸਦੀ ਸੱਚੀ ਬਾਣੀ ਉਚਾਰੀ ਹੈ, ਸੱਚਾ ਗਿਆਨ ਸੰਸਾਰ ਨੂੰ ਦਿੱਤਾ ਹੈ। ਮਨ ਦੇ ਵਿੱਚ ਆਪਣੇ ਹੋਣ ਦਾ ਵਿਸ਼ਵਾਸ ਪ੍ਰਮਾਤਮਾ ਕਿਵੇਂ ਦਿਵਾਉਂਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥”

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਇਸ ਗੱਲ ਦਾ ਵਿਸ਼ਵਾਸ ਪ੍ਰਮਾਤਮਾ ਆਪ ਹੀ ਦਿਵਾ ਸਕਦਾ ਹੈ ਤੇ ਤਾਂ ਹੀ ਅਸੀਂ ਮੰਨ ਸਕਦੇ ਹਾਂ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਇਹ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਜੋ ਕਿ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਸਾਡੇ ਅੰਦਰ ਗਿਆਨ ਰੂਪ ਵਿੱਚ ਹੈ ਤੇ ਉਹ ਆਪਣੇ ਆਪ ਨੂੰ ਪ੍ਰਗਟ ਵੀ ਗਿਆਨ ਰੂਪ ਵਿੱਚ ਹੀ ਕਰਦਾ ਹੈ। ਉਹ ਆਪਣੇ ਮਨ ਦੀ ਸਮਝ ਦੇ ਵਿੱਚ ਆਪਣੇ ਤੱਤ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ। **"ਤਤੁ ਗਿਆਨੁ**" ਉਸਦਾ ਆਪਣਾ ਰੂਪ ਹੈ, ਸੱਚੇ ਗਿਆਨ ਦਾ ਰੂਪ ਹੈ, ਚੌਥੇ ਪਦ ਦੇ ਗਿਆਨ ਦਾ ਰੂਪ ਹੈ, "ਬ੍ਰਹਮਗਿਆਨ" ਦਾ ਰੂਪ ਹੈ, "ਨਾਮ" ਦਾ ਰੂਪ ਹੈ। ਸਾਰੀ ਬਾਣੀ ਵਿੱਚ ਉਸਦਾ ਗਿਆਨ ਹੈ, ਤਤੁ ਗਿਆਨ ਹੈ, ਬ੍ਰਹਮਗਿਆਨ ਹੈ ਜੋ ਮਨ ਦੇ ਵਿੱਚ ਉਸਨੇ ਆਪਣੇ ਆਪ ਨੂੰ ਇਸ ਗਿਆਨ ਰੂਪ ਵਿੱਚ ਪ੍ਰਗਟ ਹੋ ਕੇ ਦਿੱਤਾ ਹੈ। ਆਪਣੇ ਸੱਚੇ ਗਿਆਨ ਦੀ ਸੋਝੀ ਉਹ ਮਨ ਦੇ ਵਿੱਚ ਆਪ ਹੀ ਸਮਝਾ ਸਮਝਾ ਕੇ ਪਾਉਂਦਾ ਹੈ ਤੇ ਤਾਂ ਹੀ ਉਹ ਗਿਆਨ ਬਾਹਰ ਆਉਂਦਾ ਹੈ ਜੋ ਕਿ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਸਭ ਦੇ ਸਾਹਮਣੇ ਹੈ। ਮਨ ਦੇ ਵਿੱਚ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਇਹ ਗੱਲ ਕੋਈ ਵੀ ਮਨੁੱਖ ਵਿਸ਼ਵਾਸ ਦੇ ਨਾਲ ਨਹੀਂ ਕਹਿ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਭਰਮ ਵਿੱਚ ਰਹਿੰਦਾ ਹੈ ਕਿ ਪ੍ਰਮਾਤਮਾ ਕੀ ਹੈ ਤੇ ਇਸ ਸ੍ਰਿਸ਼ਟੀ ਦਾ ਸੱਚ ਕੀ ਹੈ। ਸਭ ਤੋਂ ਪਹਿਲੇ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਅਸੀਂ ਕੋਈ ਪ੍ਰਮਾਤਮਾ ਨਾਲੋਂ ਵੱਖਰਾ ਸਰੂਪ ਨਹੀਂ ਹਾਂ, ਸਾਡੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ, ਅਸੀਂ ਪ੍ਰਮਾਤਮਾ ਦੇ ਆਪਣੇ ਹੀ ਰੂਪ ਹਾਂ ਜੋ ਅੰਦਰ ਬੈਠਾ ਇਸ ਮਨੁੱਖੀ ਦੇਹ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਹੈ। ਮਨ ਦੇ ਵਿੱਚ ਸਾਰਾ ਗਿਆਨ ਉਸੇ ਦੇ ਕੋਲੋਂ ਹੀ ਆ ਰਿਹਾ ਹੈ, ਹਰ ਕਿਸੇ ਦੇ ਮਨ ਦੇ ਵਿੱਚ ਉਸੇ ਦੇ ਕੋਲੋਂ ਹੀ ਆ ਰਿਹਾ ਹੈ। ਸਾਰੇ ਗਿਆਨ ਦਾ ਮਾਲਕ, ਗਿਆਨ ਦਾ ਸ੍ਰੋਤ ਉਹ ਆਪ ਹੀ ਹੈ ਜਿਸ ਦੁਆਰਾ ਉਹ ਆਪਣੀ ਸ੍ਰਿਸ਼ਟੀ ਚਲਾ ਰਿਹਾ ਹੈ। **(ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥)** "ਤਤੁ ਗਿਆਨੁ" ਉਹ ਗਿਆਨ ਹੈ ਜਿਸ ਗਿਆਨ ਵਿੱਚ ਪੂਰਨ ਸੱਚ ਹੁੰਦਾ ਹੈ ਜੋ ਗਿਆਨ ਹਰ ਭਰਮ ਤੋਂ ਰਹਿਤ ਹੁੰਦਾ ਹੈ। ਪ੍ਰਮਾਤਮਾ ਆਪ ਸੱਚ ਰੂਪ ਹੈ ਤੇ ਤਤੁ ਗਿਆਨ ਹੀ ਪ੍ਰਮਾਤਮਾ ਦਾ ਸੱਚ ਰੂਪ ਹੈ ਜਿਸ ਰੂਪ ਵਿੱਚ ਉਹ ਆਪਣੇ ਆਪ ਨੂੰ ਮਨ ਦੇ ਵਿੱਚ ਪਰਗਟ ਕਰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਇਸ "ਸਚੁ" ਰੂਪ ਦੇ ਦਰਸ਼ਨ ਕਰਨ ਤੋਂ ਬਾਅਦ ਹੀ ਸਭ ਵਿੱਚ ਉਹ ਸੱਚਾ ਨਜ਼ਰ ਆ ਸਕਦਾ ਹੈ, ਉਸਦਾ ਸੱਚੇ ਗਿਆਨ ਦਾ ਰੂਪ, ਤਤੁ ਗਿਆਨ ਦਾ ਰੂਪ ਭਾਵ ਬ੍ਰਹਮ ਗਿਆਨ ਦਾ ਰੂਪ ਭਾਵ ਉਸਦਾ ਨਾਮੁ ਰੂਪ ਨਜ਼ਰ ਆ ਸਕਦਾ ਹੈ। ਪ੍ਰਮਾਤਮਾ ਮਨ ਦੇ ਵਿੱਚ ਜੋ ਕੁੱਝ ਵੀ ਸੁਣਾਉਂਦਾ ਹੈ ਉਹ ਸੱਚ ਹੀ ਸੁਣਾਉਂਦਾ ਹੈ ਤੇ ਇਸੇ ਲਈ ਉਸਦੀ ਬਾਣੀ ਸੱਚੀ ਹੈ ਜਿਸਦੀ ਦੱਸੀ ਹੋਈ ਗੱਲ ਕਦੇ ਝੂਠ ਨਹੀਂ ਹੋ ਸਕਦੀ। ਉਸਦੀ ਗੁਰਮਤਿ ਸੱਚ ਹੈ ਤੇ "**ਤਤੁ ਗਿਆਨੁ**" ਹੈ ਤੇ ਮਨ ਦੇ ਵਿੱਚ ਉਸਦੇ ਦਰਸ਼ਨਾਂ ਤੋਂ ਬਾਅਦ ਹੀ ਸਾਨੂੰ ਉਸਦੇ ਸੱਚ ਦੀ ਸੋਝੀ ਪੈਂਦੀ ਹੈ, ਗੁਰਮਤਿ ਦੀ ਸੋਝੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਗੁਰਮਤਿ ਦੇ ਅੰਦਰ ਦੀ ਸੱਚੀ ਸਮਝ ਹੀ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਹੀ ਪ੍ਰਮਾਤਮਾ ਦਾ ਸੱਚਾ ਨਾਮ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਨਾਮ ਰੂਪ ਵਿੱਚ ਹੈ, ਤਤੁ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਮਨ ਦੇ ਵਿੱਚ ਉਸਦੀ ਸੱਚੀ ਗੁਰਮਤਿ ਦੀ ਭਾਵ ਨਾਮ ਦੀ ਸੱਚੀ ਸੋਝੀ ਪੈਣ ਤੋਂ ਬਾਅਦ ਹੀ ਮਨੁੱਖ ਉਸਦੀ ਗੁਰਮਤਿ ਅਨੁਸਾਰ ਵਿਚਰ ਸਕਦਾ ਹੈ, ਉਸਦਾ ਨਾਮ ਜਪ ਸਕਦਾ ਹੈ ਜੋ ਕਿ ਮਨ ਦੇ ਵਿੱਚ ਬੈਠਾ ਸਾਨੂੰ ਆਪ ਹੀ ਗੁਰਮਤਿ ਤੇ ਚੱਲਣ ਦੀ ਦ੍ਰਿੜਤਾ ਬਖ਼ਸ਼ਦਾ ਹੈ, ਸਾਨੂੰ ਮਾਇਆ ਮੋਹ ਤੇ ਵਿਕਾਰਾਂ ਵਿੱਚੋਂ ਕੱਢ ਲੈਂਦਾ ਹੈ ਤੇ ਮਨ ਨੂੰ ਸੱਚ ਤੇ ਚੱਲਣ ਲਈ ਅਡੋਲ ਬਣਾ ਦਿੰਦਾ ਹੈ। ਮਨ ਦੇ ਵਿੱਚ ਸੱਚ ਤੇ ਚੱਲਣ ਦਾ ਭੈਅ, ਮਾਇਆ ਮੋਹ ਛੱਡਣ ਦਾ ਡਰ ਉਹ ਆਪ ਹੀ ਕੱਢਦਾ ਹੈ, ਗੁਰਮਤਿ ਤੇ ਚੱਲਣ ਦਾ, ਸ਼ਬਦ ਅਨੁਸਾਰ ਚੱਲਣ ਦਾ ਭਉ ਉਹ ਆਪ ਹੀ ਕਬੂਲ ਕਰਵਾਉਂਦਾ ਹੈ ਤੇ ਮਨੁੱਖ ਨਿਰਭਉ ਹੋ ਕੇ ਵਿਚਰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ

"ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥"

ਪ੍ਰਮਾਤਮਾ ਦਾ ਘਰ ਨਿਰਭਉ ਦਾ ਘਰ ਹੈ ਤੇ ਨਿਰਭਉ ਹੋਏ ਬਿਨ੍ਹਾਂ ਉਸਦੇ ਘਰ ਵਿੱਚ ਨਹੀਂ ਵੱਸਿਆ ਜਾ ਸਕਦਾ। ਉਸਦਾ ਘਰ ਮਨ ਦੇ ਵਿੱਚ ਹੀ ਹੈ ਜੋ ਕਿ ਸੱਚੇ ਗਿਆਨ ਦਾ ਘਰ ਹੈ, ਸੱਚੀ ਸੋਝੀ ਦਾ ਘਰ ਹੈ, ਗੁਰਮਤਿ ਦੀ ਸੱਚੀ ਸਮਝ ਦਾ ਘਰ ਹੈ, ਨਾਮ ਦਾ ਘਰ ਹੈ ਭਾਵ ਗੁਰਮਤਿ ਤੇ ਚੱਲਣ ਦੀ ਅਡੋਲਤਾ ਦਾ ਘਰ ਹੈ ਜੋ ਕਦੇ ਡੋਲ ਨਹੀਂ ਸਕਦਾ। ਇਹ ਮਨ ਦੇ ਵਿੱਚ ਸੱਚ ਤੇ ਚੱਲਣ ਦੀ ਅਡੋਲਤਾ ਹੈ ਜਿਸਦੇ ਵਿੱਚ ਉਹ ਸਾਨੂੰ ਆਪ ਹੀ ਵਸਾਉਂਦਾ ਹੈ। ਮਨ ਦੇ ਵਿੱਚ ਉਸਦੇ ਸੱਚੇ ਗਿਆਨ ਵਿੱਚ ਸਮਾਉਣਾ ਹੀ ਉਸ ਪ੍ਰਮਾਤਮਾ ਵਿੱਚ ਸਮਾਉਣਾ ਹੈ। ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੱਚਾ ਗਿਆਨ ਮਿਲਣ ਦੁਆਰਾ ਹੀ ਸਾਨੂੰ ਇਹ ਸਮਝ

ਪੈਂਦੀ ਹੈ ਕਿ ਮਨੁੱਖ ਦਾ ਅਸਲ ਜਨਮ ਕੀ ਹੈ, ਮਨੁੱਖ ਦਾ ਉਪਜਣਾ, ਪੈਦਾ ਹੋਣਾ ਕੀ ਹੈ। ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੇਰੀ ਆਪਣੀ ਮਨੁੱਖੀ ਹੋਂਦ ਝੂਠ ਹੈ ਤੇ ਮੇਰੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਜੋ ਇਸ ਸਰੀਰ ਨੂੰ ਬਣਾ ਕੇ ਚਲਾ ਰਹਿਆ ਹੈ ਇਹ ਸਾਡਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੈ। ਸਾਡੀ ਭਰਮਾਂ ਵਾਲੀ ਸਮਝ ਦਾ ਖ਼ਤਮ ਹੋ ਕੇ ਪ੍ਰਮਾਤਮਾ ਦੀ ਸੱਚੀ ਸਮਝ ਦੇ ਵਿੱਚ ਸਮਾਅ ਜਾਣਾ ਹੀ, ਉਸਦੀ ਸਮਝ ਦੇ ਨਾਲ ਇੱਕ ਹੋ ਜਾਣਾ ਹੀ ਉਸ ਪ੍ਰਮਾਤਮਾ ਦੇ ਵਿੱਚ ਸਮਾਅ ਜਾਣਾ ਹੈ। ਇਹੀ ਜੋਤਿ ਦਾ ਜੋਤਿ ਵਿੱਚ ਰਲਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਵਾਰ ਸਮਝਿਆ ਹੈ। **(ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥)** ਅਗਲੀਆਂ ਪੰਗਤੀਆਂ ਵਿੱਚ ਵੀ ਇਹ ਗੱਲ ਸਪੱਸ਼ਟ ਕੀਤੀ ਹੋਈ ਹੈ।

“ਬਸਤੁ ਮਾਹਿ ਲੇ ਬਸਤੁ ਗਡਾਈ॥ ਤਾ ਕਉ ਭਿੰਨ ਨ ਕਹਨਾ ਜਾਈ॥”

ਸਭ ਤੋਂ ਜਰੂਰੀ ਸਮਝਣ ਵਾਲੀ ਗੱਲ ਇਹ ਹੈ ਕਿ ਪ੍ਰਮਾਤਮਾ ਦੀ “ਬਸਤੁ” ਕੀ ਹੈ, ਪ੍ਰਮਾਤਮਾ ਦੀ “ਵਸਤੂ” ਕੀ ਹੈ, “ਵਖਰ” ਕੀ ਹੈ, ਉਸਦੀ “ਜਿਨਸ” ਕੀ ਹੈ, ਉਸਦਾ “ਧਨੁ” ਕੀ ਹੈ। ਪ੍ਰਮਾਤਮਾ ਦੀ “ਬਸਤੁ” ਉਸਦਾ “ਬ੍ਰਹਮਗਿਆਨ” ਹੈ, ਉਸਦਾ ਨਾਮ ਹੈ। ਉਹ ਬ੍ਰਹਮਗਿਆਨ ਦਾ ਮਾਲਕ ਹੈ, ਬ੍ਰਹਮਗਿਆਨ ਦਾ ਸ੍ਰੋਤ ਹੈ ਤੇ ਆਪਣੇ ਬ੍ਰਹਮਗਿਆਨ ਦੁਆਰਾ ਹੀ ਵਿਚਰਦਾ ਹੈ। ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਵੀ ਉਸਨੇ ਆਪਣੇ ਬ੍ਰਹਮਗਿਆਨ ਦੁਆਰਾ ਹੀ ਰੱਖਿਆ ਹੋਇਆ ਹੈ, ਆਪਣੇ ਉੱਚੇ ਗਿਆਨ ਦੁਆਰਾ ਰੱਖਿਆ ਹੋਇਆ ਹੈ। ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਵੀ ਉਸੇ ਦੀ ਵਸਤੂ ਹੈ, ਤ੍ਰੈਗੁਣਾਂ ਵਿੱਚ ਵੀ ਗਿਆਨ ਉਸੇ ਦਾ ਹੀ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਉਸਦੇ ਬ੍ਰਹਮਗਿਆਨ ਦੁਆਰਾ ਹੀ ਮਿਟ ਸਕਦੀ ਹੈ, ਚੌਥੇ ਪਦ ਦੇ ਗਿਆਨ ਦੁਆਰਾ ਹੀ ਮਿਟ ਸਕਦੀ ਹੈ, ਖ਼ਤਮ ਹੋ ਸਕਦੀ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਦੀ ਸੋਝੀ ਪੈਂਦੀ ਹੈ, ਪ੍ਰਮਾਤਮਾ ਦੇ ਮਨ ਵਿੱਚ ਹੋਣ ਦੀ ਸੋਝੀ ਪੈਂਦੀ ਹੈ। “**ਬਸਤੁ ਮਾਹਿ**” ਤੋਂ ਭਾਵ ਹੈ ਕਿ ਜਿਸ ਵਸਤੂ ਦੀ, ਜਿਸ ਵੱਖਰ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਵਸਤੂ ਸਾਨੂੰ ਸਾਡੇ ਅੰਦਰ ਦੀ ਵਸਤੂ ਵਿੱਚੋਂ ਹੀ ਮਿਲਣੀ ਹੈ ਭਾਵ ਮਨ ਦੀ ਸਮਝ ਦੇ ਵਿੱਚੋਂ ਹੀ ਮਿਲਣੀ ਹੈ ਤੇ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਗਿਆਨ ਰੂਪ ਵਿੱਚ ਹੈ ਤੇ ਉਸਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਦੀ ਵਸਤੂ ਉਸਦਾ ਬ੍ਰਹਮਗਿਆਨ ਹੈ ਜੋ ਕਿ ਮਨ ਦੇ ਵਿੱਚੋਂ ਹੀ ਮਿਲਦਾ ਹੈ ਤੇ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਕੋਲੋਂ ਇਹ ਬ੍ਰਹਮਗਿਆਨ ਲੈ ਕੇ ਸਾਡੀ ਤ੍ਰੈਗੁਣਾਂ ਵਾਲੀ “ਬਸਤੁ”, ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ, ਤ੍ਰੈਗੁਣਾਂ ਵਾਲੇ ਗਿਆਨ ਦੀ ਅਵੱਸਥਾ ਖ਼ਤਮ ਹੁੰਦੀ ਹੈ।

(ਬਸਤੁ ਮਾਹਿ ਲੇ ਬਸਤੁ ਗਡਾਈ॥) “ਗਡਾਈ” ਤੋਂ ਭਾਵ ਹੈ ਮਿਲਾਈ ਭਾਵ ਆਪਸ ਵਿੱਚ ਰਲਾਈ ਭਾਵ ਮਨ ਦੇ ਵਿੱਚੋਂ ਚੌਥੇ ਪਦ ਵਾਲੀ ਸਮਝ ਲੈ ਕੇ ਉਸ ਵਿੱਚ ਤ੍ਰੈ ਗੁਣਾਂ ਵਾਲੀ ਸਮਝ ਨੂੰ ਮਿਲਾ ਦਿੱਤਾ ਭਾਵ ਇੱਕ ਕਰ ਦਿੱਤਾ। ਪ੍ਰਮਾਤਮਾ ਨੇ ਸਾਡੀ ਤ੍ਰੈਗੁਣਾਂ ਵਾਲੀ ਭਾਵ ਮਨ ਦੀ ਅਵੱਸਥਾ ਚੌਥੇ ਪਦ ਵਿੱਚ ਬਦਲ ਗਈ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਭਾਵ ਪ੍ਰਮਾਤਮਾ ਦੀ ਬ੍ਰਹਮ ਗਿਆਨ ਵਾਲੀ ਸਮਝ ਦੇ ਨਾਲ ਮੇਲ ਹੋ ਗਿਆ।

ਮਨ ਦੀ ਇਸ ਅਵੱਸਥਾ ਤੋਂ ਬਾਅਦ ਹੀ ਸਾਨੂੰ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖ ਵੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਹਰ ਸਰਗੁਣ ਸਰੂਪ ਉਸਦਾ ਆਪਣਾ ਹੀ ਰੂਪ ਹੈ ਭਾਵ ਹਰ ਵਸਤੂ ਵਿੱਚ ਉਹ ਆਪ ਹੀ ਆਪਣੀ ਜੋਤਿ ਦੁਆਰਾ, ਸ਼ਬਦ ਦੁਆਰਾ, ਸੱਚੇ ਗਿਆਨ ਦੁਆਰਾ ਵਿਚਰ ਰਿਹਾ ਹੈ। ਇਸ ਸੱਚੀ ਸੋਝੀ ਦੀ ਅਵੱਸਥਾ ਨਾਲ ਹੀ ਸਾਡਾ ਪ੍ਰਮਾਤਮਾ ਨਾਲੋਂ ਵੱਖਰਾਪਨ ਦੂਰ ਹੁੰਦਾ ਹੈ, ਉਸ ਨਾਲੋਂ ਭਿੰਨਤਾ ਦੂਰ ਹੁੰਦੀ ਹੈ ਭਾਵ ਉਸ ਤੋਂ ਬਾਅਦ ਮਨੁੱਖ ਆਪਣੀ ਕੋਈ ਵੱਖਰੀ ਹੋਂਦ ਨਹੀਂ ਸਮਝਦਾ, ਸਭ ਵਿੱਚ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। **(ਤਾ ਕਉ ਭਿੰਨ ਨ ਕਹਨਾ ਜਾਈ॥)**

ਪ੍ਰਮਾਤਮਾ ਨੂੰ ਬੁੱਝਣ ਦਾ, ਜਾਨਣ ਦਾ, ਉਸਨੂੰ ਮਿਲਣ ਦਾ ਕੇਵਲ ਇਹੋ ਤਰੀਕਾ ਹੈ, ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਬੂਝੈ ਬੂਝਨਹਾਰੁ ਬਿਬੇਕ॥

ਨਾਰਾਇਨ ਮਿਲੇ ਨਾਨਕ ਏਕ॥੨॥”

ਜੋ ਵੀ ਪ੍ਰਮਾਤਮਾ ਨੂੰ ਬੁੱਝਦਾ ਹੈ, ਜਾਣਦਾ ਹੈ, ਉਸਨੂੰ ਆਪਣੇ ਅੰਦਰੋਂ ਹੀ ਬੁੱਝਦਾ ਹੈ ਤੇ ਆਪਣੇ ਮਨ ਦੇ “ਬਿਬੇਕ” ਰੂਪ ਵਿੱਚ ਹੀ ਬੁੱਝਦਾ ਹੈ। “ਬਿਬੇਕ” ਸਾਡੀ ਬੁਧਿ ਹੈ, ਮਨ ਦਾ ਸੱਚਾ ਗਿਆਨ ਹੈ ਜਿਸ ਸੱਚੀ ਸਮਝ ਰਾਹੀਂ ਭਾਵ ਬ੍ਰਹਮ ਗਿਆਨ ਵਾਲੀ

ਸਮਝ ਰਾਹੀਂ ਪ੍ਰਮਾਤਮਾ ਸਭ ਦੇ ਅੰਦਰ ਵਰਤ ਰਿਹਾ ਹੈ। "ਬਿਬੇਕ" ਰੂਪ ਪ੍ਰਮਾਤਮਾ ਦਾ ਸੱਚੇ ਗਿਆਨ ਦਾ ਰੂਪ ਹੈ ਜਿਸ ਰਾਹੀਂ ਉਹ ਮਨ ਦੀ ਬੁੱਧ ਨੂੰ "ਬਿਬੇਕ ਬੁਧਿ" ਵਿੱਚ ਬਦਲ ਦਿੰਦਾ ਹੈ ਭਾਵ ਚੌਥੇ ਪਦ ਵਾਲੀ ਸਮਝ ਦੇ ਵਿੱਚ ਬਦਲ ਦਿੰਦਾ ਹੈ। ਉਹ ਆਪਣਾ ਸੱਚਾ ਗਿਆਨ ਮਨ ਦੀ ਇਸ ਅਵੱਸਥਾ ਦੁਆਰਾ ਹੀ ਬਖ਼ਸ਼ਦਾ ਹੈ ਤੇ ਮਨ ਦੀ ਇਹ ਅਵੱਸਥਾ ਹੀ ਪ੍ਰਮਾਤਮਾ ਦਾ ਗੁਰੂ ਰੂਪ ਹੈ ਜਿਸ ਦੁਆਰਾ ਉਸਨੇ ਗੁਰੂ ਰੂਪ ਧਾਰ ਕੇ ਗੁਰਬਾਣੀ ਦੀ ਰਚਨਾ ਕੀਤੀ ਹੈ। ਇਸੇ ਲਈ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਪ੍ਰਮਾਤਮਾ ਨੂੰ ਗੁਰੂ ਕਿਹਾ ਹੈ ਕਿਉਂਕਿ ਉਹ ਆਪ ਹੀ ਆਪਣਾ ਗੁਰੂ ਰੂਪ ਧਾਰ ਕੇ ਸੱਚਾ ਗਿਆਨ ਵੰਡਦਾ ਹੈ, ਪ੍ਰਗਟ ਕਰਦਾ ਹੈ। ਧੰਨ ਧੰਨ ਭਗਤ ਕਬੀਰ ਜੀ ਨੇ "ਬਿਬੇਕ" ਨੂੰ ਹੀ ਆਪਣਾ ਗੁਰੂ ਕਿਹਾ ਹੈ।

{ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ॥੪॥੫॥}

(ਅੰਗ - ੭੯੩)

ਪ੍ਰਮਾਤਮਾ ਸਾਡੇ ਅੰਦਰ ਗਿਆਨ ਰੂਪ ਵਿੱਚ ਹੀ ਹੈ ਤੇ ਮਨ ਦੇ ਵਿੱਚੋਂ ਗਿਆਨ ਦੇ ਮਾਲਕ ਨੂੰ ਬੁੱਝਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਣਾ ਹੈ ਜੋ ਕਿ ਉਹ ਆਪ ਹੀ ਬੁੱਝਾ ਸਕਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਆਪ ਦੀ ਸੋਝੀ ਪਾ ਸਕਦਾ ਹੈ। **(ਬੂਝੈ ਬੂਝਨਹਾਰੁ ਬਿਬੇਕ)** ਮਨ ਦੇ ਵਿੱਚੋਂ ਉਸਨੂੰ ਬੁੱਝਣਾ ਹੀ ਉਸਦੇ ਨਾਲ ਮੇਲ ਹੈ, ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਤਾਂ ਹੀ ਇਹ ਸਮਝ ਲੱਗਦੀ ਹੈ ਕਿ ਕੇਵਲ ਇੱਕ ਪ੍ਰਮਾਤਮਾ ਹੀ ਹੈ ਜੋ ਸਭ ਵਿੱਚ ਆਪ ਹੀ ਆਪਣੇ ਗਿਆਨ ਦੁਆਰਾ ਵਿਚਰ ਰਿਹਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਸਭ ਵਿੱਚ ਉਹ ਇੱਕੋ ਇੱਕ ਪ੍ਰਮਾਤਮਾ ਨਜ਼ਰ ਨਹੀਂ ਆ ਸਕਦਾ, ਵਿਸ਼ਵਾਸ ਨਹੀਂ ਆ ਸਕਦਾ। ਸਾਨੂੰ ਇਸ ਸ਼ਬਦ ਰਾਹੀਂ ਇਹੀ ਗੱਲ ਸਮਝਾਈ ਗਈ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ। **(ਨਾਰਾਇਨ ਮਿਲੇ ਨਾਨਕ ਏਕ॥੨॥)** ਸਭ ਕੁੱਝ ਆਪੇ ਆਪ ਹੋਣ ਦਾ ਵਿਸ਼ਵਾਸ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਗਿਆਨ ਰੂਪ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ।

{ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥੧॥}

(ਅੰਗ ੬੪੭)

ਜਦ ਤੱਕ ਮਨ ਦੇ ਵਿੱਚੋਂ ਅਸੀਂ ਪ੍ਰਮਾਤਮਾ ਦੇ ਕੋਲੋਂ ਉਸਦੇ ਗਿਆਨ ਦਾ ਭੋਜਨ ਨਹੀਂ ਚੱਖਦੇ ਤਦ ਤੱਕ ਉਸਦੇ ਦਰਸ਼ਨ ਨਹੀਂ ਹੋ ਸਕਦੇ। ਉਸਦੇ ਦਰਸ਼ਨ ਗਿਆਨ ਰੂਪ ਵਿੱਚ ਹੀ ਹਨ।

{ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥}

(ਅੰਗ ੧੦੩੨)

ਮਨ ਦੇ ਵਿੱਚ ਉਸਦੇ ਦਰਸ਼ਨ ਹੋਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਸਭ ਜਗ੍ਹਾ ਤੇ ਸਭ ਵਿੱਚ ਆਪਣੀ ਗਿਆਨ ਦੀ ਸੋਝੀ ਦੁਆਰਾ ਹੀ ਵਿਚਰ ਰਿਹਾ ਹੈ ਕਿਉਂਕਿ ਉਹ ਆਪ ਹੀ "ਗਿਆਨ ਅੰਜਨ" ਹੈ ਤੇ ਗਿਆਨ ਦੀ ਸੋਝੀ ਦਾ ਮਾਲਕ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥}

(ਅੰਗ ੪੫੬)

ਸਾਡੇ ਜੀਵਨ ਦਾ ਸਭ ਤੋਂ ਵੱਡਾ ਸੱਚ ਇਹੋ ਹੀ ਹੈ ਜਦੋਂ ਅਸੀਂ ਇਹ ਕਹਿ ਸਕੀਏ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹ ਸੱਚ ਬੋਲੇ ਬਿਨ੍ਹਾਂ ਅਸੀਂ ਗੁਰਮਤਿ ਤੇ ਪੂਰੇ ਨਹੀਂ ਉਤਰ ਸਕਦੇ ਕਿਉਂਕਿ ਗੁਰਮਤਿ, ਗੁਰਬਾਣੀ ਸਾਨੂੰ ਵਾਰ-ਵਾਰ ਇਹ ਸਮਝਾ ਰਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਤੇ ਵਿਸ਼ਵਾਸ ਆਏ ਬਿਨ੍ਹਾਂ ਅਸੀਂ ਨਾ ਹੀ ਪ੍ਰਮਾਤਮਾ ਦੇ ਨਿਰਗੁਣ ਸਰੂਪ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਉਸਨੂੰ ਸਭ ਵਿੱਚ ਦੇਖ ਸਕਦੇ ਹਾਂ। ਮਨ ਦੇ ਵਿੱਚ ਉਸਦੇ ਪ੍ਰਗਟ ਹੋਏ ਬਿਨ੍ਹਾਂ ਨਾ ਹੀ ਸਾਨੂੰ ਉਸਦੇ ਸੱਚੇ ਗਿਆਨ ਦੀ, ਗੁਰਮਤਿ ਦੇ ਸੱਚੇ ਮਾਰਗ ਦੀ ਸੋਝੀ ਪੈ ਸਕਦੀ ਹੈ ਜੋ ਕਿ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਪੈਣਾ ਤੇ ਉਸ ਅਨੁਸਾਰ ਵਿਚਰਨਾ ਹੀ ਨਾਮ ਜਪਣਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਏ ਬਿਨ੍ਹਾਂ ਉਸਨੂੰ ਜਪਿਆ ਵੀ ਨਹੀਂ ਜਾ ਸਕਦਾ। ਪ੍ਰਮਾਤਮਾ ਦੇ ਨਾਲ ਮੇਲ ਹੀ ਨਾਮ ਦੀ ਪ੍ਰਾਪਤੀ ਹੈ ਤੇ ਨਾਮ ਦੀ ਪ੍ਰਾਪਤੀ ਹੋਣ ਨਾਲ, "ਹਉਮੈ", "ਤ੍ਰੈਗੁਣ", "ਅਗਿਆਨਤਾ" ਮਿਟਣ ਨਾਲ ਹੀ

ਨਾਮ ਜਪਿਆ ਜਾ ਸਕਦਾ ਹੈ। ਇਸੇ ਲਈ ਸਾਨੂੰ ਵਾਰ-ਵਾਰ ਬਾਣੀ ਰਾਹੀਂ ਇਹ ਗੱਲ ਸਮਝਾਈ ਗਈ ਹੈ ਕਿ ਉਸਨੂੰ ਕੋਈ ਵਿਰਲਾ ਹੀ ਜਪ ਸਕਦਾ ਹੈ, ਸਾਰੀ ਸ੍ਰਿਸ਼ਟੀ ਵਿੱਚੋਂ, ਕ੍ਰੋੜਾਂ-ਕ੍ਰੋੜਾਂ ਵਿੱਚੋਂ ਕੋਈ ਵਿਰਲਾ ਹੀ ਜਪ ਸਕਦਾ ਹੈ।

(ਬੀਜ ਮੰਤ੍ਰ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥)

"ਜੋ ਜੋ ਜਪੈ ਤਿਸ ਕੀ ਗਤਿ ਹੋਇ॥ਸਾਧਸੰਗਿ ਪਾਵੈ ਜਨੁ ਕੋਇ॥"

ਗਤਿ ਉਸਦੀ ਹੀ ਹੁੰਦੀ ਹੈ, ਮੁਕਤੀ ਉਸ ਦੀ ਹੀ ਹੁੰਦੀ ਹੈ ਜੋ ਉਸ ਨੂੰ ਜਪਿ ਲੈਂਦਾ ਹੈ ਭਾਵ ਉਸਨੂੰ ਪਾ ਲੈਂਦਾ ਹੈ। ਉਸਨੂੰ ਪਾਉਣ ਤੋਂ ਬਿਨ੍ਹਾਂ ਮੁਕਤੀ ਨਹੀਂ ਹੈ ਤੇ ਪਾ ਉਸਨੂੰ ਕੋਈ ਵਿਰਲਾ ਹੀ ਸਕਦਾ ਹੈ ਜੋ ਕਿ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ। ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ **"ਸਾਧਸੰਗਿ"** ਕੀ ਹੈ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ **"ਸਾਧਸੰਗਿ"** ਕੋਈ ਵਿਰਲਾ ਹੀ ਪਾ ਸਕਦਾ ਹੈ। **"ਸਾਧ"** ਗੁਰੂ ਆਪ ਹੈ, ਆਪ ਪ੍ਰਮਾਤਮਾ ਹੈ ਤੇ ਉਸਦੇ ਨਾਲ **"ਸੰਗਿ"** ਉਸ ਦੇ ਨਾਲ ਮੇਲ ਹੈ। **"ਨਾਮ"** ਦੀ ਪ੍ਰਾਪਤੀ ਜਾਂ **"ਸਾਧਸੰਗਿ"** ਦੀ ਪ੍ਰਾਪਤੀ ਇੱਕੋ ਹੀ ਗੱਲ ਹੈ। ਨਾਮ ਬ੍ਰਹਮ ਗਿਆਨ ਹੈ ਤੇ ਉਸਦੀ ਪ੍ਰਾਪਤੀ ਵੀ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਨਾਮ ਹੈ, ਪੂਰੀ ਬਾਣੀ ਸਾਧ ਹੈ, ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਸੱਚਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਨਾਮ ਦੀ ਪ੍ਰਾਪਤੀ, **"ਸਾਧਸੰਗਿ"** ਦੀ ਪ੍ਰਾਪਤੀ ਬ੍ਰਹਮ ਗਿਆਨ ਦੀ ਪ੍ਰਾਪਤੀ ਹੈ ਜਿਸ ਦੁਆਰਾ ਉਸ ਗਿਆਨ ਰੂਪ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਉਸ ਦੀ ਸੱਚੀ ਬਾਣੀ ਦੇ ਅਸਲ ਭਾਵ ਨੂੰ ਜਾਣਿਆ ਜਾ ਸਕਦਾ ਹੈ।

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੨੨੬)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਉਸ ਦੀ ਬਾਣੀ ਦੇ ਤੱਤ ਸਾਰ ਨੂੰ ਜਾਣਨ ਦਾ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਮਨ ਦੇ ਵਿੱਚ ਹੀ ਹੈ ਤੇ ਉਹ ਆਪ ਆਪਣੀ ਸੋਝੀ ਮਨ ਦੇ ਵਿੱਚੋਂ ਹੀ ਪਾਉਂਦਾ ਹੈ ਤੇ ਹੋਰ ਕੋਈ ਤਰੀਕਾ ਹੈ ਹੀ ਨਹੀਂ। ਜਿਹੜੇ ਰਸਤੇ ਤੋਂ ਬਾਣੀ ਆਈ ਹੈ ਉਸੇ ਰਸਤੇ ਤੋਂ ਹੀ ਉਸਨੂੰ ਜਾਣਿਆ ਜਾ ਸਕਦਾ ਹੈ।

ਨਾਮ ਦੀ ਪ੍ਰਾਪਤੀ, ਸਾਧਸੰਗਿ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੋ ਸਕਦਾ ਹੈ। ਪ੍ਰਮਾਤਮਾ ਆਪਣੀ ਇਹ ਕਿਰਪਾ ਮਨੁੱਖ ਦੇ ਮਨ ਰਾਹੀਂ ਹੀ ਕਰਦਾ ਹੈ। ਉਹ ਆਪਣੇ ਆਪ ਨੂੰ

ਮਨੁੱਖ ਦੇ ਹਿਰਦੇ ਦੇ ਅੰਦਰ, ਮਨ ਦੇ ਅੰਦਰ ਵਸਾਉਂਦਾ ਹੈ, ਆਪਣੇ ਆਪ ਨੂੰ ਮਨ ਦੇ ਅੰਦਰ ਪ੍ਰਗਟ ਕਰਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਯਕੀਨ ਦਿਵਾਉਂਦਾ ਹੈ ਕਿ ਮਨ ਦੇ ਵਿੱਚ ਆਪ ਪ੍ਰਮਾਤਮਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਉਸ ਤਰੀਕੇ ਵਿਸ਼ਵਾਸ ਦਿਵਾਉਂਦਾ ਹੈ ਤੇ ਦਾਸ ਨੇ ਆਪਣੇ ਕੁੱਝ ਨਿੱਜੀ ਤਜਰਬੇ ਵੀ ਸਾਂਝੇ ਕੀਤੇ ਹਨ ਜਿਸ ਤਰੀਕੇ ਉਹ ਆਪਣੇ ਅੰਦਰ ਹੋਣ ਦਾ ਵਿਸ਼ਵਾਸ ਦਿਵਾਉਂਦਾ ਹੈ। ਉਸਦਾ ਪ੍ਰਗਟ ਹੋਣਾ ਗਿਆਨ ਦੇ ਰਾਹੀਂ ਹੀ ਹੈ ਜੋ ਕਿ ਸਾਡੇ ਮਨ ਦੇ ਅੰਦਰ ਸਦਾ ਹੀ ਮਨ ਦੇ ਵਿਚਾਰਾਂ ਦੇ ਰਾਹੀਂ, ਸੋਚ ਦੇ ਰਾਹੀਂ ਵਿਚਰ ਰਿਹਾ ਹੈ। ਪ੍ਰਮਾਤਮਾ ਦੇ ਅੰਦਰ ਪ੍ਰਗਟ ਹੋਣ ਦੇ ਨਾਲ ਹੀ , ਨਾਮ ਦੇ ਪ੍ਰਗਟ ਹੋਣ ਦੇ ਨਾਲ ਹੀ, ਸਾਧਸੰਗਿ ਬਣਨ ਦੇ ਨਾਲ ਹੀ ਉਹ ਮਨੁੱਖ ਨੂੰ ਮਨ ਦੇ ਵਿੱਚ ਚੰਗੇ ਵਿਚਾਰ ਦੇ ਕੇ ਮਾੜੇ ਵਿਚਾਰਾਂ ਤੋਂ ਤਾਰਦਾ ਹੈ। ਤਰਨਾ ਅਸੀਂ ਚੰਗੇ ਵਿਚਾਰਾਂ ਦੇ ਨਾਲ ਹੈ, ਨਿਕਲਣਾ ਅਸੀਂ ਮਾੜੇ ਵਿਚਾਰਾਂ ਦੇ ਵਿੱਚੋਂ ਹੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **"ਪਸ਼ੂ" "ਪ੍ਰੇਤ" "ਮੁਗਧ" "ਪਾਥਰ"** ਸਭ ਸਾਡੀਆਂ ਮਾੜੀਆਂ ਬਿਰਤੀਆਂ ਹਨ ਜਿਵੇਂ ਕਿ ਪਿੱਛੇ ਸ਼ਬਦਾਂ ਵਿੱਚ ਸਮਝਾਇਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਤਾਰਦਾ ਹੈ ਉਸਦੇ ਵਿਚਾਰ ਚੰਗੇ ਕਰ ਦਿੰਦਾ ਹੈ, ਉਸਨੂੰ ਆਪਣਾ ਸੱਚ ਬਖਸ਼ ਦਿੰਦਾ ਹੈ, ਆਪਣਾ ਸੱਚਾ ਗਿਆਨ ਬਖਸ਼ ਦਿੰਦਾ ਹੈ, ਚੌਥੇ ਪਦ ਦਾ ਗਿਆਨ ਬਖਸ਼ ਦਿੰਦਾ ਹੈ ਜਿਸ ਵਿੱਚ ਉਹ ਆਪ ਰਹਿੰਦਾ ਹੈ। **(ਕਰਿ ਕਿਰਪਾ ਅੰਤਰਿ ਉਰ ਧਾਰੈ ॥ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥**

ਪ੍ਰਮਾਤਮਾ ਆਪਣੇ ਗੁਰੂ ਰੂਪ ਵਿੱਚ ਆਪ ਆਪਣੇ ਬ੍ਰਹਮ ਗਿਆਨ ਦੁਆਰਾ, ਆਪਣੇ ਸੱਚ ਦੁਆਰਾ ਤਰਿਆ ਹੋਇਆ ਹੈ ਤੇ ਜਿਸ ਨੂੰ ਵੀ ਉਹ ਤਾਰਦਾ ਹੈ ਆਪਣੇ ਨਾਲ ਮਿਲਾ ਕੇ ਹੀ ਤਾਰਦਾ ਹੈ ਭਾਵ ਆਪਣਾ ਸੱਚਾ ਗਿਆਨ ਦੇ ਕੇ ਤਾਰਦਾ ਹੈ। ਤਰਦਾ

ਸੱਚਾ ਗਿਆਨ ਹੀ ਹੈ ਭਾਵ ਤਰਦੀ ਮਨੁੱਖ ਦੀ ਸੱਚੇ ਗਿਆਨ ਵਾਲੀ ਸਮਝ ਹੀ ਹੈ ਤੇ ਡੁੱਬਦੀ ਅਗਿਆਨਤਾ ਹੀ ਹੈ। ਡੁੱਬਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਤਰਦਾ ਚੌਥੇ ਪਦ ਦਾ ਗਿਆਨ ਹੈ। ਡੁੱਬਦੀ ਦੁਰਮਤਿ ਹੈ, ਮਨਮਤਿ ਹੈ ਤੇ ਤਰਦੀ ਗੁਰਮਤਿ ਹੈ। ਡੁੱਬਦੀ ਹਉਮੈ ਹੈ, ਮਨੁੱਖ ਦੀ "ਮੈਂ" ਹੈ ਭਾਵ ਡੁੱਬਦਾ ਝੂਠ ਹੈ ਤੇ ਤਰਦਾ ਸੱਚ ਹੈ ਜੋ ਕਿ ਉਹ ਆਪ ਹੀ ਹੈ ਭਾਵ ਡੁੱਬਦੀ ਮਨੁੱਖ ਦੀ ਹੋਂਦ ਹੈ ਤੇ ਤਰਦੀ ਉਸਦੀ ਆਪਣੀ ਹੋਂਦ ਹੈ। ਜਿੱਥੇ ਉਹ ਪ੍ਰਗਟ ਹੁੰਦਾ ਹੈ, ਸੋਝੀ ਇਸ ਗੱਲ ਦੀ ਹੀ ਪੈਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ ਤੇ ਸਭ ਕੁੱਝ ਕੇਵਲ ਪ੍ਰਮਾਤਮਾ ਇੱਕ ਆਪ ਹੀ ਹੈ। ਆਪਣੇ ਆਪ ਨੂੰ ਮਨੁੱਖ ਸਮਝਣਾ ਕੇਵਲ ਸਾਡਾ ਇੱਕ ਭਰਮ ਹੈ, ਝੂਠ ਹੈ ਜਿਸ ਨੂੰ ਕਿ ਉਹ ਆਪਣੇ ਸੱਚੇ ਗਿਆਨ ਦੁਆਰਾ ਦੂਰ ਕਰਕੇ ਆਪਣੇ ਗਿਆਨ ਰੂਪ ਦੇ ਦਰਸ਼ਨ ਕਰਵਾ ਦਿੰਦਾ ਹੈ। ਅਗਿਆਨਤਾ ਨੂੰ ਕੇਵਲ ਗਿਆਨ ਹੀ ਦੂਰ ਕਰ ਸਕਦਾ ਹੈ।

9/859

ਆਓ ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ ਤੇ ਸਮਝੀਏ ਕਿ ਹਰ ਰੋਗ ਮਿਟਾਉਣ ਵਾਲਾ ਕੌਣ ਹੈ।

"ਸਰਬ ਰੋਗ ਕਾ ਅਉਖਦੁ ਨਾਮੁ॥ਕਲਿਆਣ ਰੂਪ ਮੰਗਲ ਗੁਣ ਗਾਮ॥"

"ਸਰਬ ਰੋਗ" ਤੋਂ ਭਾਵ ਹੈ ਹਰ ਇੱਕ ਰੋਗ ਜਿਸ ਨੂੰ ਵੀ ਸ੍ਰਿਸ਼ਟੀ ਵਿੱਚ ਦੇਖਿਆ ਜਾਂ ਮਹਿਸੂਸ ਕੀਤਾ ਜਾ ਸਕਦਾ ਹੈ। ਹਰ ਰੋਗ ਦੇ ਪਿੱਛੇ ਕੋਈ ਨਾ ਕੋਈ ਕਾਰਨ ਹੁੰਦਾ ਹੈ। ਬਿਨ੍ਹਾਂ ਕਾਰਨ ਤੋਂ ਕੋਈ ਰੋਗ ਨਹੀਂ ਹੁੰਦਾ। ਕਿਸੇ ਵੀ ਰੋਗ ਦੀ ਦਵਾਈ ਉਸਦਾ ਕਾਰਨ ਬੁੱਝਣ ਦੁਆਰਾ ਹੀ ਸਮਝ ਵਿੱਚ ਆਉਂਦੀ ਹੈ। ਬਨਸਪਤੀ ਵਿੱਚ ਬਹੁਤ ਸਾਰੇ ਰੋਗ ਉਤਪੰਨ ਹੁੰਦੇ ਹਨ ਤੇ ਉਹਨਾਂ ਦਾ ਇਲਾਜ ਪਹਿਲਾਂ ਉਹਨਾਂ ਦੇ ਰੋਗ ਨੂੰ ਬੁੱਝ ਕੇ ਹੀ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਸਾਡੇ ਸਰੀਰ ਦੇ ਰੋਗ ਹਨ। ਹਰ ਸਰੀਰ ਦੇ ਰੋਗ ਪਿੱਛੇ ਵੀ ਕੋਈ ਨਾ ਕੋਈ ਕਾਰਨ ਹੁੰਦਾ ਹੈ ਤੇ ਇਲਾਜ ਵੀ ਕਾਰਨ ਨੂੰ ਸਮਝ ਕੇ ਹੀ ਕੀਤਾ ਜਾ ਸਕਦਾ ਹੈ। ਬੇਸਮਝੀ ਵਿੱਚ ਕੀਤਾ ਹੋਇਆ ਇਲਾਜ ਉਲਟਾ ਰੋਗ ਨੂੰ ਵਧਾ ਦਿੰਦਾ ਹੈ। ਰੋਗ ਦੀ ਸਮਝ ਆਉਣਾ ਜਾਂ ਨਾ ਆਉਣਾ ਕਿਸ ਦੇ ਵੱਸ ਹੈ, ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਰੋਗ ਦੇ ਲੱਗਣ ਵਿੱਚ ਵੀ ਕੋਈ ਗਿਆਨ ਹੁੰਦਾ ਹੈ ਭਾਵ ਕੋਈ ਸਾਇੰਟਿਫਿਕ ਵਜ੍ਹਾ ਹੁੰਦੀ ਹੈ ਤੇ ਉਸਨੂੰ ਦੂਰ ਵੀ ਕਿਸੇ ਗਿਆਨ ਦੁਆਰਾ ਹੀ ਕੀਤਾ ਜਾ ਸਕਦਾ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ, ਰੋਗ ਦਾ ਗਿਆਨ ਸਾਡੇ ਨਾਲੋਂ ਵੱਡਾ ਹੈ। ਅਰੋਗਤਾ ਲਿਆਉਣ ਲਈ ਉਸ ਰੋਗ ਦੇ ਗਿਆਨ ਵਾਲੀ ਸਮਝ ਨੂੰ ਭਾਵ ਉਸ ਸਾਇੰਟਿਫਿਕ ਗਿਆਨ ਨੂੰ ਬੁੱਝਣਾ ਜਰੂਰੀ ਹੈ। ਰੋਗ ਦਾ ਹੱਲ ਗਿਆਨ ਨੇ ਹੀ ਕਰਨਾ ਹੈ। ਹਰ ਰੋਗ ਦਾ ਇਲਾਜ ਗਿਆਨ ਹੈ। ਸਾਡੇ ਸਰੀਰ ਦੇ ਕਿਸੇ ਵਕਤ ਅਨੇਕਾਂ ਹੀ ਇਹੋ ਜਿਹੇ ਰੋਗ ਸਨ ਜਿੰਨ੍ਹਾਂ ਦੀ ਮਨੁੱਖ ਨੂੰ ਸੋਝੀ ਨਹੀਂ ਸੀ ਤੇ ਉਹ ਸਾਡੀ ਵੱਡੀ ਪੀੜਾ ਦਾ ਕਾਰਨ ਸਨ ਜਿਵੇਂ ਕਿ ਹੈਜਾ, ਪਲੇਗ, ਟੀਬੀ, ਚੇਚਕ, ਪੋਲੀਉ. ਬੀ ਪੀ ਆਦਿ। ਇਹੋ ਜਿਹੇ ਰੋਗਾਂ ਦਾ ਇਲਾਜ ਗਿਆਨ ਦੁਆਰਾ ਹੀ ਸੰਭਵ ਹੋਇਆ ਹੈ, ਸਾਇੰਸ ਦੇ ਗਿਆਨ ਨਾਲ ਹੀ ਹੋਇਆ ਹੈ। ਅੱਜ ਵੀ ਕੁੱਝ ਐਸੇ ਰੋਗ ਹਨ ਜਿਵੇਂ ਕਿ ਕੈਂਸਰ ਆਦਿ ਜਿੰਨ੍ਹਾਂ ਦੀ ਪੂਰੀ ਤਰ੍ਹਾਂ ਸੋਝੀ ਨਹੀਂ ਪੈ ਸਕੀ ਤੇ ਉਹਨਾਂ ਤੇ ਖੋਜ ਚੱਲ ਰਹੀ ਹੈ ਭਾਵ ਆਖਰ ਇਲਾਜ ਕਿਸੇ ਗਿਆਨ ਦੁਆਰਾ ਹੀ ਹੋਣਾ ਹੈ। ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਤੇ ਮੰਨਦਾ ਵੀ ਹੈ ਕਿ ਰੋਗ ਲਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਰੋਗ ਠੀਕ ਕਰਨ ਵਾਲਾ ਵੀ ਉਹ ਆਪ ਹੀ ਹੈ। ਇਹ ਬਿਲਕੁਲ ਠੀਕ ਗੱਲ ਹੈ। ਸਭ ਕੁੱਝ ਉਸਦੇ ਹੁਕਮ ਦੇ ਨਾਲ ਹੀ ਹੁੰਦਾ ਹੈ।

9/860

ਸਭ ਵਿੱਚ ਉਹ ਆਪ ਹੀ ਵਰਤ ਰਿਹਾ ਹੈ। ਕੇਵਲ ਉਸ ਦਾ ਰੂਪ ਜਾਣਨ ਦੀ ਲੋੜ ਹੈ ਕਿ ਉਹ ਕਿਸ ਰੂਪ ਵਿੱਚ ਵਰਤਦਾ ਹੈ ਜੋ ਕਿਸੇ ਨੂੰ ਨਜ਼ਰ ਵੀ ਨਹੀਂ ਆਉਂਦਾ। ਉਸਦਾ ਰੂਪ ਗਿਆਨ ਹੈ। ਹਰ ਰੋਗ ਦੇ ਪਿੱਛੇ ਵੀ ਕੋਈ ਨਾ ਕੋਈ ਗਿਆਨ ਹੈ ਤੇ ਹਰ ਰੋਗ ਦੀ ਦਵਾਈ ਵੀ ਗਿਆਨ ਹੈ ਜੋ ਕਿ ਉਸ ਦੇ ਆਪਣੇ ਹੱਥ ਵਿੱਚ ਹੈ। ਉਹ ਸਾਡੇ ਅੰਦਰ ਹੀ ਬੈਠਾ ਹੈ। ਉਹ ਸਾਨੂੰ ਜਿਹੋ ਜਿਹਾ ਚਾਹੇ ਗਿਆਨ ਦੇ ਸਕਦਾ ਹੈ। ਜਿਸ ਨੇ ਰੋਗ ਲਗਾਇਆ ਹੈ ਉਸਦਾ ਹੱਲ ਵੀ ਉਸਦੇ ਕੋਲ ਹੈ। ਉਹ ਸਾਡੇ ਸਰੀਰ ਦੇ ਰੋਗ ਸਾਨੂੰ ਬਿਨ੍ਹਾਂ ਰੋਗ ਦਾ ਹੱਲ ਸਮਝਾਏ ਵੀ ਠੀਕ ਕਰ ਸਕਦਾ ਹੈ। ਉਹ ਮਨੁੱਖ ਨੂੰ ਬਿਨ੍ਹਾਂ ਸੋਝੀ ਪਾਏ ਕੈਂਸਰ ਦੇ ਰੋਗ ਤੋਂ ਵੀ ਮੁਕਤ ਕਰ ਸਕਦਾ ਹੈ। ਉਹ ਸਭ ਕੁੱਝ ਕਰਨ ਦੇ ਸਮਰੱਥ ਹੈ। ਉਹ ਜੋ ਕੁੱਝ ਵੀ ਕਰਦਾ ਹੈ ਆਪਣੇ ਗਿਆਨ ਦੁਆਰਾ ਹੀ ਕਰਦਾ ਹੈ, ਸਾਇੰਟਿਫਿਕਲੀ ਹੀ ਕਰਦਾ ਹੈ। ਉਹ ਆਪ ਹੀ ਸਾਇੰਸ ਹੈ, "ਉਸ ਦਾ ਹੁਕਮ" ਉਸਦੀ ਰਚੀ ਹੋਈ ਸਾਇੰਸ ਹੈ, ਉਹ ਆਪ ਗਿਆਨ ਦਾ ਮਾਲਕ ਹੈ। ਉਹ ਕਿਸੇ ਤੰਤ੍ਰ ਮੰਤ੍ਰ ਦੇ ਵੱਸ ਨਹੀਂ ਹੈ, ਉਹ ਕੇਵਲ ਸਾਡਾ ਭੁਲੇਖਾ ਹੈ। ਮੁੱਖੋਂ ਬੋਲ-ਬੋਲ ਕੇ ਭਾਵ ਕਿਸੇ ਤੰਤ੍ਰ ਮੰਤਰ ਦੇ ਜਪ ਦੁਆਰਾ ਰੋਗ ਨਹੀਂ ਜਾਂਦਾ ਲੇਕਿਨ ਸਰੀਰਕ ਕਿਰਿਆਵਾਂ ਦੁਆਰਾ, ਮੈਡੀਟੇਸ਼ਨ ਦੁਆਰਾ ਲਾਭ ਜਰੂਰ ਮਿਲਦਾ ਹੈ ਜੇ ਸਹੀ ਢੰਗ ਨਾਲ ਕੀਤਾ ਜਾਵੇ। ਇਹ ਮੈਡੀਟੇਸ਼ਨ ਵੀ ਸਾਇੰਟਿਫਿਕ ਹੀ ਹੈ। ਕੋਈ ਵੀ

ਇਸ ਵਿਧੀ ਦੁਆਰਾ ਲਾਭ ਲੈ ਸਕਦਾ ਹੈ। ਮੁੱਖੋਂ ਭਾਵੇਂ ਕੋਈ ਬੋਲੇ ਜਾਂ ਨਾ ਬੋਲੇ ਲਾਭ ਹਰ ਕੋਈ ਲੈ ਸਕਦਾ ਹੈ। ਜਿਹੜੇ ਕੋਈ ਮੁੱਖੋਂ ਬੋਲ-ਬੋਲ ਕੇ ਕਿਸੇ ਜਪ ਦੁਆਰਾ ਰੋਗ ਨੂੰ ਦੂਰ ਕਰਨ ਦਾ ਤਰੀਕਾ ਸਮਝਦੇ ਹਨ ਜੇਕਰ ਕਦੀ ਕਿਸੇ ਨੂੰ ਕੋਈ ਹਾਰਟ ਅਟੈਕ ਆ ਜਾਵੇ ਜੋ ਕਿ ਇੱਕ ਆਮ ਜਿਹੀ ਗੱਲ ਹੈ, ਉਸ ਅਵੱਸਥਾ ਵਿੱਚ ਉਸ ਰੋਗ ਦਾ ਇਲਾਜ ਉਹ ਕਿਵੇਂ ਕਰਨਗੇ। ਮੁੱਖੋਂ ਬੋਲ-ਬੋਲ ਕੇ ਕੋਈ ਇਲਾਜ ਕਰਨਾ ਚਾਹੁੰਣਗੇ ਜਾਂ ਕਿਸੇ ਡਾਕਟਰ ਦੀ ਮਦਦ ਲੈਣਗੇ। ਕਿਸ ਗੱਲ ਤੇ ਭਰੋਸਾ ਜਿਆਦਾ ਕਰਨਗੇ, ਜਪ ਤਪ ਤੇ ਜਾਂ ਡਾਕਟਰ ਤੇ। ਡਾਕਟਰ ਦੇ ਵਿੱਚ ਵੀ ਆਪ ਪ੍ਰਮਾਤਮਾ ਹੀ ਬੈਠਾ ਹੈ ਕੋਈ ਹੋਰ ਨਹੀਂ ਹੈ। ਜੇਕਰ ਸ੍ਰਿਸ਼ਟੀ ਵਿੱਚ ਉਸਨੇ ਰੋਗਾਂ ਨੂੰ ਜਨਮ ਦਿੱਤਾ ਹੈ ਤੇ ਉਹਨਾਂ ਨੂੰ ਠੀਕ ਕਰਨ ਲਈ ਇਲਾਜ

9/861

ਵੀ ਉਸਨੇ ਆਪ ਹੀ ਬਣਾਏ ਹੋਏ ਹਨ। ਜੇਕਰ ਉਸਨੇ ਠੀਕ ਕਰਨਾ ਹੋਵੇ ਤਾਂ ਆਪ ਹੀ ਢੋਅ ਲਗਾ ਦਿੰਦਾ ਹੈ। ਜਿਸ ਡਾਕਟਰ ਨੂੰ ਅਸੀਂ ਅਣਜਾਣ ਸਮਝਦੇ ਹਾਂ ਉਸਨੂੰ ਵੀ ਸਿਆਣਾ ਬਣਾ ਕੇ ਠੀਕ ਕਰਵਾ ਦਿੰਦਾ ਹੈ ਤੇ ਜਿਸ ਨੂੰ ਨਹੀਂ ਬਚਾਉਣਾ ਹੁੰਦਾ ਉਸ ਲਈ ਸਿਆਣੇ ਤੋਂ ਸਿਆਣੇ ਡਾਕਟਰ ਕੋਲੋਂ ਵੀ ਗਲਤੀ ਕਰਵਾ ਦਿੰਦਾ ਹੈ। ਅਸੀਂ ਮਰੀਜ਼ ਨੂੰ ਕਿੱਥੇ ਲੈ ਕੇ ਜਾਣਾ ਹੈ, ਇਸ ਦੀ ਸੋਝੀ ਵੀ ਸਾਨੂੰ ਮਨ ਦੇ ਵਿੱਚੋਂ ਹੀ ਪੈਂਦੀ ਹੈ, ਗਿਆਨ ਦੇ ਰਾਹੀਂ ਹੀ ਪੈਂਦੀ ਹੈ ਤੇ ਗਿਆਨ ਦੇ ਰਾਹੀਂ ਹੀ ਸਾਰਾ ਇਲਾਜ ਹੁੰਦਾ ਹੈ। ਹਰ ਗੱਲ ਵਿੱਚ, ਹਰ ਵਿਚਰਨ ਵਿੱਚ ਕੇਵਲ ਗਿਆਨ ਹੀ ਗਿਆਨ ਹੈ। ਸਾਡੀ ਕਿਸਮਤ ਵੀ ਗਿਆਨ ਹੈ ਜੋ ਕਿ ਮਨ ਦੀ ਸੋਝੀ ਦੁਆਰਾ ਤੈਅ ਹੁੰਦੀ ਹੈ। ਮਨ ਦੀ ਸੋਝੀ ਰਾਹੀਂ ਹੀ ਅਸੀਂ ਅਮੀਰ ਬਣਦੇ ਹਾਂ ਤੇ ਮਨ ਦੀ ਸੋਝੀ ਰਾਹੀਂ ਹੀ ਅਸੀਂ ਅਮੀਰ ਤੋਂ ਗਰੀਬ ਬਣ ਜਾਂਦੇ ਹਾਂ। ਇਹੀ ਗਿਆਨ ਦੀ ਨੱਥ ਹੈ ਜੋ ਕਿ ਪ੍ਰਮਾਤਮਾ ਦੇ ਹੱਥ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਉਸ ਤੇ ਅਥਾਹ ਭਰੋਸਾ ਰੱਖਣ ਵਾਲੇ ਨੂੰ ਜੇਕਰ ਉਹ ਚਾਹੇ ਤਾਂ ਬਿਨ੍ਹਾਂ ਇਲਾਜ ਤੋਂ ਵੀ ਠੀਕ ਕਰ ਸਕਦਾ ਹੈ। ਉਹ ਸਭ ਕੁੱਝ ਕਰਨ ਦੇ ਸਮਰੱਥ ਹੈ।

ਸਾਡੇ ਮਨੁੱਖਾ ਜੀਵਨ ਦੇ ਮਨੋਰਥ ਦੀ ਪੂਰਤੀ ਵੀ ਗਿਆਨ ਦੇ ਹੱਥ ਵਿੱਚ ਹੀ ਹੈ। ਸਾਡੀ ਪ੍ਰਮਾਤਮਾ ਨਾਲੋਂ ਦੂਰੀ ਸਾਡੀ ਅਗਿਆਨਤਾ ਕਰਕੇ ਹੈ, ਸਾਡੀ ਮਨਮਤਿ ਕਰਕੇ ਹੈ, ਸਾਡੀ ਦੁਰਮਤਿ ਕਰਕੇ ਹੈ। ਇਸ ਅਗਿਆਨਤਾ ਵਿੱਚੋਂ ਸਾਨੂੰ ਉਹ ਗਿਆਨ ਰੂਪ ਪ੍ਰਮਾਤਮਾ ਹੀ ਕੱਢ ਸਕਦਾ ਹੈ, ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਕੱਢ ਸਕਦਾ ਹੈ। ਜਦ ਤੱਕ ਅਸੀਂ ਅਗਿਆਨਤਾ ਵਿੱਚ ਹਾਂ, ਅਸੀਂ ਤ੍ਰਿਸ਼ਨਾ ਅਤੇ ਮਾਇਆ ਮੋਹ ਦਾ ਸ਼ਿਕਾਰ ਹਾਂ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਨਾਲ ਨਹੀਂ ਮਿਲਿਆ ਜਾ ਸਕਦਾ। ਹਰ ਮਨੁੱਖ ਲਈ ਮਨ ਦੀ ਤ੍ਰਿਸ਼ਨਾ ਸਾਡਾ ਸਭ ਤੋਂ ਵੱਡਾ ਰੋਗ ਹੈ ਤੇ ਇਹ ਰੋਗ ਨਾਮ ਦੁਆਰਾ ਹੀ ਜਾ ਸਕਦਾ ਹੈ, ਉਸ ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਹੀ ਜਾ ਸਕਦਾ ਹੈ। ਜਦ ਤੱਕ ਉਹ ਆਪਣਾ ਸੱਚਾ ਗਿਆਨ ਸਾਡੇ ਅੰਦਰ ਨਹੀਂ ਵਸਾਉਂਦਾ ਅਸੀਂ ਮਾਇਆ ਮੋਹ ਵਿੱਚੋਂ ਨਹੀਂ ਨਿਕਲ ਸਕਦੇ ਤੇ ਸਾਡਾ ਇਹ ਰੋਗ ਨਹੀਂ ਜਾ ਸਕਦਾ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਰੋਗ ਦੀ ਅਉਖਦ ਉਹ ਆਪ ਪ੍ਰਮਾਤਮਾ ਹੈ ਭਾਵ ਉਸਦਾ ਨਾਮ ਹੈ, ਉਸਦਾ ਸੱਚਾ ਗਿਆਨ ਹੈ। **(ਸਰਬ ਰੋਗ ਕਾ ਅਉਖਦ ਨਾਮ॥)**

9/862

ਜਦ ਤੱਕ ਸਾਡੇ ਅੰਦਰ ਇਹ ਸ਼ੰਕਾ ਬਣੀ ਰਹੇਗੀ ਕਿ ਪ੍ਰਮਾਤਮਾ ਦਾ ਅਸਲ ਰੂਪ ਕੀ ਹੈ, ਤਦ ਤੱਕ ਨਾ ਤਾਂ ਅਸੀਂ ਨਾਮ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਸਾਨੂੰ ਗੁਰਬਾਣੀ ਦੇ ਅਸਲ ਭਾਵ ਦੀ ਸੋਝੀ ਪੈ ਸਕਦੀ ਹੈ। ਪ੍ਰਮਾਤਮਾ ਨੂੰ ਹਰ ਕੋਈ ਸ਼ਕਤੀ ਦਾ ਰੂਪ ਹੀ ਸਮਝਦਾ ਹੈ ਜੋ ਕਿ ਬਿਲਕੁਲ ਸੱਚ ਹੈ। ਉਸਦੀ ਸ਼ਕਤੀ ਦਾ ਕੋਈ ਅੰਤ ਨਹੀਂ ਹੈ। ਉਸ ਦੀ ਸ਼ਕਤੀ ਦੇ ਰੂਪ ਨੂੰ ਜਾਣੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਨਾ ਹੀ ਉਸ ਦੀ ਸ਼ਕਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸ਼ਕਤੀ ਉਸਦਾ ਉੱਚਾ ਗਿਆਨ ਹੈ, ਸਾਇੰਟਿਫਿਕ ਗਿਆਨ ਹੈ। ਗਿਆਨ ਦੀ ਸ਼ਕਤੀ ਦਾ ਕੋਈ ਅੰਤ ਨਹੀਂ ਹੈ, ਸਾਇੰਸ ਦਾ ਕੋਈ ਅੰਤ ਨਹੀਂ ਹੈ। ਕਿਸੇ ਵਕਤ ਮੁਲਕਾਂ ਦੀ ਸ਼ਕਤੀ ਤਲਵਾਰ ਤੇ ਨਿਰਭਰ ਕਰਦੀ ਸੀ, ਅੱਜ ਉਹੀ ਸ਼ਕਤੀ ਬੰਬਾਂ ਅਤੇ ਮਿਜਾਈਲਾਂ ਵਿੱਚ ਬਦਲ ਗਈ ਹੈ, ਨਵੇਂ ਤੋਂ ਨਵੇਂ ਹਥਿਆਰਾਂ ਵਿੱਚ ਬਦਲ ਰਹੀ ਹੈ। ਹਰ ਖੋਜ ਦੇ ਪਿੱਛੇ ਗਿਆਨ ਹੈ, ਪੰਜ ਤੱਤਾਂ ਦਾ ਮੇਲ ਹੈ ਜੋ ਪੰਜੇ ਤੱਤ ਆਪ ਖੁਦ ਗਿਆਨ ਦੀ ਉਪਜ ਹਨ। ਬਾਣੀ ਨੇ ਅਨੇਕਾਂ ਸ਼ਬਦਾਂ ਦੁਆਰਾ ਪ੍ਰਮਾਤਮਾ ਦਾ ਗਿਆਨ ਰੂਪ ਸਮਝਾਇਆ ਹੋਇਆ ਹੈ ਤੇ ਉਹ ਆਪ ਹੀ ਹਰ ਗਿਆਨ ਦਾ, ਪੂਰੇ ਗਿਆਨ ਦਾ ਸ੍ਰੋਤ ਹੈ। ਆਓ ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੀ ਰਸਨਾ ਤੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲਾਂ ਦੁਆਰਾ ਸਮਝੀਏ ਜਿੱਥੇ ਵਾਹਿਗੁਰੂ ਨੇ ਆਪ ਆਪਣਾ ਰੂਪ ਸਮਝਾਇਆ ਹੋਇਆ ਹੈ। ਸ਼ਬਦ ਦੇ ਭਾਵ ਗਹਿਰੇ ਹਨ, ਮਨ ਦੇ ਨਾਲ ਸੰਬੰਧਿਤ ਹਨ।

“ਸਿਵ ਕੀ ਪੁਰੀ ਬਸੈ ਬੁਧਿ ਸਾਰੁ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ॥
ਈਤ ਊਤ ਕੀ ਸੋਝੀ ਪਰੈ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ॥੧॥
ਨਿਜ ਪਦ ਊਪਰਿ ਲਾਗੋ ਧਿਆਨੁ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥”

(ਅੰਗ - ੧੧੫੯)

“ਸਿਵ” ਤੋਂ ਭਾਵ ਹੈ ਅਕਾਲ ਪੁਰਖ ਵਾਹਿਗੁਰੂ। “**ਸਿਵ ਕੀ ਪੁਰੀ**” ਤੋਂ ਭਾਵ ਹੈ ਪ੍ਰਮਾਤਮਾ ਦੇ ਰਹਿਣ ਦਾ ਟਿਕਾਣਾ ਭਾਵ ਪ੍ਰਮਾਤਮਾ ਦਾ ਉਹ ਟਿਕਾਣਾ ਜਿੱਥੋਂ ਮਨੁੱਖ ਉਸ ਨੂੰ ਪਾ ਸਕਦਾ ਹੈ, ਸਮਝ ਸਕਦਾ ਹੈ, ਜਾਣ ਸਕਦਾ ਹੈ, ਉਸਦੇ ਦਰਸ਼ਨ ਕਰ ਸਕਦਾ ਹੈ। ਉਹ ਆਪਣੇ ਟਿਕਾਣੇ ਤੇ ਕਿਸ ਰੂਪ ਵਿੱਚ ਵੱਸਦਾ ਹੈ ਇਹ ਉੱਪਰ ਪਹਿਲੀ ਪੰਗਤੀ ਵਿੱਚ ਹੀ ਸਪੱਸ਼ਟ ਕੀਤਾ ਹੋਇਆ ਹੈ।

“ਸਿਵ ਕੀ ਪੁਰੀ ਬਸੈ ਬੁਧਿ ਸਾਰ॥” ਉਹ ਸਿਵ ਭਾਵ ਪ੍ਰਮਾਤਮਾ ਸਾਡੇ ਅੰਦਰ ਸਾਡੀ ਬੁਧਿ ਦੇ ਵਿੱਚ, ਮਤਿ ਦੇ ਵਿੱਚ ਭਾਵ ਸਾਡੇ ਮਨ ਦੇ ਵਿੱਚ ਆਪਣੀ ਸ੍ਰੇਸ਼ਟ ਬੁਧਿ ਦੁਆਰਾ,ਉੱਚੀ ਬੁਧਿ ਦੁਆਰਾ ਵੱਸ ਰਿਹਾ ਹੈ ਭਾਵ ਉਹ

9/863

ਸਾਡੇ ਮਨ ਦੇ ਅੰਦਰ ਉੱਚੇ ਗਿਆਨ ਦੁਆਰਾ ਵੱਸ ਰਿਹਾ ਹੈ। ਉਸ ਦਾ ਉੱਚਾ ਗਿਆਨ ਉਸਦਾ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਉਸ ਚੌਥੇ ਪਦ ਦੇ ਗਿਆਨ ਦੇ ਮਾਲਕ ਦੇ ਮਨ ਦੇ ਵਿੱਚੋਂ ਦਰਸ਼ਨ ਨਹੀਂ ਹੁੰਦੇ ਭਾਵ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ। ਕਿਉਂਕਿ ਪ੍ਰਮਾਤਮਾ ਆਪ ਹੀ ਉੱਥੇ ਵੱਸਿਆ ਹੋਇਆ ਹੈ ਜਿਸ ਕਰਕੇ ਉਸਨੇ ਵਿੱਚ ਪੜਦਾ ਪਾ ਕੇ ਸਾਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਨੂੰ ਮਿਲਣ ਦਾ ਟਿਕਾਣਾ ਸਾਡਾ ਮਨ ਹੀ ਹੈ, ਸਾਡੇ ਮਨ ਦਾ ਗਿਆਨ ਹੀ ਹੈ, ਸਾਡੇ ਮਨ ਦੇ ਵਿਚਾਰ ਹੀ ਹਨ। ਪ੍ਰਮਾਤਮਾ ਦੇ ਨਾਲ ਮਿਲ ਕੇ ਮਨ ਦੇ ਵਿੱਚ ਉਸ ਦੇ ਨਾਲ ਵਿਚਾਰਾਂ ਹੀ ਹੁੰਦੀਆਂ ਹਨ, ਪ੍ਰਮਾਤਮਾ ਦੇ ਨਾਲ ਗੋਸ਼ਟੀ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮਿਲਣ ਤੋਂ ਬਾਅਦ ਪ੍ਰਮਾਤਮਾ ਕੋਲੋਂ ਉਸਦਾ ਸਿੱਧਾ ਗਿਆਨ ਹੀ ਮਿਲਦਾ ਹੈ, ਉਸਦੇ ਸੱਚੇ ਵਿਚਾਰ ਮਿਲਦੇ ਹਨ ਜੋ ਕਿ ਉਸਦਾ ਚੌਥੇ ਪਦ ਦਾ ਗਿਆਨ ਹੈ ਜਿਸ ਨਾਲ ਮਨੁੱਖ ਦੀ ਬੁਧਿ ਉੱਤਮ ਹੋ ਜਾਂਦੀ ਹੈ ਭਾਵ ਉਹ ਮਨੁੱਖ ਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਆਪਣੇ ਸੱਚੇ ਗਿਆਨ ਵਿੱਚ ਸ਼ਾਮਿਲ ਕਰ ਲੈਂਦਾ ਹੈ, ਆਪਣੇ ਸੱਚੇ ਵਿਚਾਰਾਂ ਵਾਲਾ ਬਣਾ ਲੈਂਦਾ ਹੈ, ਆਪਣੀ ਮਤਿ ਵਾਲਾ ਬਣਾ ਲੈਂਦਾ ਹੈ।

(ਸਿਵ ਕੀ ਪੁਰੀ ਬਸੈ ਬੁਧਿ ਸਾਰੁ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ॥) ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਉਸਦੇ ਵਿਚਾਰ ਹੀ ਮਿਲਦੇ ਹਨ, ਉਸਦਾ ਬ੍ਰਹਮ ਗਿਆਨ ਹੀ ਮਿਲਦਾ ਹੈ। ਗੁਰਬਾਣੀ ਦੀ ਰਚਨਾ ਉਸ ਦੇ ਦਿੱਤੇ ਹੋਏ ਸੱਚੇ ਵਿਚਾਰਾਂ ਦੁਆਰਾ ਹੀ ਹੋਈ ਹੈ। ਗੁਰੂ ਸਾਹਿਬਾਨ ਨੂੰ, ਭਗਤਾਂ ਨੂੰ, ਬਾਣੀ ਦੇ ਰਚਨ ਵਾਲਿਆਂ ਨੂੰ ਇੱਥੇ ਦੀ ਭਾਵ ਸੰਸਾਰ ਦੀ ਅਸਲੀਅਤ ਦੀ ਤੇ ਅੱਗੇ ਦੀ ਭਾਵ ਪ੍ਰਮਾਤਮਾ ਦੀ ਜੋ ਸੋਝੀ ਪਈ ਹੈ ਉਹ ਮਨ ਦੇ ਵਿੱਚੋਂ ਹੀ ਪਈ ਹੈ ਜੋ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਸ ਦੀ ਸੋਝੀ ਮਨ ਦੇ ਵਿਚਾਰਾਂ ਵਿੱਚੋਂ ਹੀ ਪੈਂਦੀ ਹੈ। ਆਪਣੀ ਸੋਝੀ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ।

ਮਨੁੱਖ ਦੇ ਵੱਸ ਕੁੱਝ ਵੀ ਨਹੀਂ ਹੈ। **(ਈਤ ਊਤ ਕੀ ਸੋਝੀ ਪਰੈ॥)** ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਪਤਾ ਚੱਲਦਾ ਹੈ ਕਿ ਸਭ ਜਗ੍ਹਾਂ ਉਹ ਆਪ ਹੀ ਵਰਤ ਰਿਹਾ ਹੈ ਤੇ ਸਭ ਜਗ੍ਹਾ ਉਸੇ ਦਾ ਗਿਆਨ ਹੀ ਵਰਤ ਰਿਹਾ ਹੈ। ਸਭ ਖੰਡ ਬ੍ਰਹਿਮੰਡ ਉਸੇ ਦੇ ਗਿਆਨ ਦੁਆਰਾ ਹੀ ਬਣੇ ਹਨ ਤੇ ਚੱਲ ਰਹੇ ਹਨ। ਉਹ ਸਭ ਵਿੱਚ ਆਪਣੇ ਗਿਆਨ ਦੁਆਰਾ ਰਮਿਆ ਹੋਇਆ ਹੈ।

9/864

ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਜੋ ਸਭ ਤੋਂ ਪਹਿਲੀ ਤੇ ਵੱਡੀ ਸੋਝੀ ਪੈਂਦੀ ਹੈ ਉਹ ਆਪਣੇ ਆਪ ਦੀ ਪੈਂਦੀ ਹੈ ਕਿ ਮੇਰਾ ਆਪਣਾ ਵਜੂਦ ਕੀ ਹੈ, ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

“ਕਉਨੁ ਕਰਮ ਮੇਰਾ ਕਰਿ ਕਰਿ ਮਰੈ॥੧॥”

ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਅਸੀਂ ਇਹੀ ਸਮਝਦੇ ਹਾਂ ਕਿ ਜੋ ਕੁੱਝ ਵੀ ਕਰਮ ਅਸੀਂ ਕਰ ਰਹੇ ਹਾਂ ਉਹ ਅਸੀਂ ਆਪ ਹੀ ਕਰ ਰਹੇ ਹਾਂ ਭਾਵ ਅਸੀਂ ਇਹ ਕਦੇ ਨਹੀਂ ਸਮਝ ਸਕਦੇ ਕਿ ਸਾਨੂੰ ਕਰਮ ਕਰਾਉਣ ਵਾਲਾ ਕੋਈ ਹੋਰ ਹੈ। ਪ੍ਰਮਾਤਮਾ ਦੇ ਮੇਲ ਤੋਂ ਬਾਅਦ ਭਾਵ ਜਦੋਂ ਪ੍ਰਮਾਤਮਾ ਅੰਦਰ ਪ੍ਰਗਟ ਹੋ ਕੇ ਇਹ ਸੋਝੀ ਪਾ ਦਿੰਦਾ ਹੈ ਕਿ ਮਨ ਦੇ ਵਿੱਚ ਜੋ ਵੀ ਗਿਆਨ ਮਿਲ ਰਿਹਾ ਹੈ ਉਹ ਗਿਆਨ ਪ੍ਰਮਾਤਮਾ ਕੋਲੋਂ ਹੀ ਆ ਰਿਹਾ ਹੈ ਤੇ ਮਨੁੱਖ ਦਾ ਆਪਣਾ ਕੋਈ ਗਿਆਨ ਨਹੀਂ ਹੈ ਤੇ ਤਾਂ ਹੀ ਮਨੁੱਖ ਇਸ ਗੱਲ ਨੂੰ ਮੰਨਦਾ ਹੈ, ਉਸਨੂੰ ਯਕੀਨ ਆਉਂਦਾ ਹੈ ਕਿ ਜੋ ਵੀ ਮੈਂ ਕਰਮ ਕਰਦਾ ਹਾਂ ਉਸ ਵਿੱਚ ਮੇਰਾ ਆਪਣਾ ਕੀਤਾ ਕੋਈ ਕਰਮ ਨਹੀਂ ਹੈ ਤੇ ਸਭ ਕੁੱਝ ਅੰਦਰੋਂ ਮਨ ਦੀ ਸਮਝ ਦੁਆਰਾ ਕਰਵਾਉਣ ਵਾਲਾ, ਮਨ ਨੂੰ ਚਲਾਉਣ ਵਾਲਾ ਆਪ ਪ੍ਰਮਾਤਮਾ ਹੈ। **(ਕਉਨ ਕਰਮ ਮੇਰਾ)** ਇਸ ਦੇ ਨਾਲ ਹੀ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਮੇਰਾ ਆਪਣਾ ਕੋਈ ਵਜੂਦ ਨਹੀਂ ਹੈ, ਮਨੁੱਖ ਦੀ ਕੋਈ ਵੱਖਰੀ ਹੋਂਦ ਨਹੀਂ ਹੈ, ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹ ਜਾਣਨ ਤੋਂ ਬਾਅਦ ਹੀ ਮਨੁੱਖ ਦੀ ਹਉਮੈ ਖ਼ਤਮ ਹੁੰਦੀ ਹੈ, ਉਸਦੀ ਮੈਂ ਖ਼ਤਮ ਹੁੰਦੀ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਜੋ ਅਗਿਆਨਤਾ ਮਨ ਦੇ ਵਿੱਚੋਂ ਆਪ ਹੀ ਕੱਢਦਾ ਹੈ, ਆਪਣੀ ਸੱਚੀ ਸਮਝ ਪਾਉਣ ਦੁਆਰਾ ਕੱਢਦਾ ਹੈ। ਜਦ ਤੱਕ ਮਨੁੱਖ ਦੀ ਮੈਂ ਖ਼ਤਮ ਨਹੀਂ ਹੁੰਦੀ ਤਦ ਤੱਕ ਮਨੁੱਖ ਇਹ ਸਮਝਦਾ ਹੈ ਕਿ ਮੈਂ ਜੋ ਵੀ ਕਰਮ ਕਰ ਰਿਹਾ ਹਾਂ ਉਹ ਮੈਂ ਆਪ ਹੀ ਕਰ ਰਿਹਾ ਹਾਂ। ਮੈਂ ਦੇ ਵਿੱਚ ਰਹਿੰਦਿਆਂ, ਹਉਮੈ ਦੇ ਵਿੱਚ ਰਹਿੰਦਿਆਂ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਸ ਵਿੱਚ ਆਪਣਾਪਨ ਸਮਝਦਾ ਹੈ ਤੇ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ ਦੁਨੀਆਂ ਤੋਂ ਚਲਾ ਜਾਂਦਾ ਹੈ, ਖੁਆਰ ਹੋ ਕੇ ਹੀ ਚਲਾ ਜਾਂਦਾ ਹੈ ਕਿਉਂਕਿ ਆਪਣੀ ਸਮਝ ਦੁਆਰਾ ਅਸੀਂ ਅਨੇਕਾਂ ਹੀ ਐਸੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ ਭਾਵ ਆਪਣੇ ਆਪ ਦੀ ਸੋਝੀ ਪਏ ਬਿਨ੍ਹਾਂ ਸਾਡਾ ਇਹ ਜੀਵਨ ਲੇਖੇ ਨਹੀਂ ਲੱਗਦਾ, ਜੀਵਨ ਦਾ ਅਸਲ ਮਨੋਰਥ ਪੂਰਾ ਨਹੀਂ ਹੁੰਦਾ। **(ਕਰਿ ਕਰਿ ਮਰੈ॥)** ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਇਸ ਗੱਲ ਦਾ ਯਕੀਨ ਉਹ ਆਪ ਹੀ ਕਰਵਾ ਸਕਦਾ ਹੈ। ਹੇਠ ਦਿੱਤੇ ਸ਼ਬਦ ਨੂੰ ਜੇਕਰ ਅਸੀਂ ਚੇਤੇ ਰੱਖੀਏ ਤਾਂ ਫਿਰ ਅਸੀਂ ਆਪਣੇ ਆਪ ਤੇ ਕਦੀ ਮਾਣ ਨਾ ਕਰੀਏ। ਇਸ ਸ਼ਬਦ ਦੇ ਅਰਥ ਪਿੱਛੇ ਵੀ ਜਾਣ ਚੁੱਕੇ ਹਾਂ ਤੇ ਇਹੀ ਮਨੁੱਖ ਦੀ ਅਸਲੀਅਤ ਹੈ।

ਮਃ ੨॥

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ॥੨॥}

(ਅੰਗ ੧੩੯)

ਜਦੋਂ ਵੀ ਕੋਈ ਪ੍ਰਮਾਤਮਾ ਨੂੰ ਜਾਣੇਗਾ ਉਸਨੂੰ ਆਪਣੇ ਅੰਦਰੋਂ ਹੀ ਜਾਣੇਗਾ, ਜੋ ਕਿ ਉਸਦਾ ਗਿਆਨ ਰੂਪ ਹੈ, ਉਸਦਾ ਜੋਤਿ ਰੂਪ ਹੈ। **“ਨਿਜ ਪਦ”** ਕੀ ਹੈ ਤੇ ਪ੍ਰਮਾਤਮਾ ਦੇ ਨਾਲ ਧਿਆਨ ਜੁੜਨਾ ਕੀ ਹੈ ਇਸ ਦੀ ਸੋਝੀ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਨਾਲ ਹੀ ਪਾਈ ਹੋਈ ਹੈ।

9/865

“ਨਿਜ ਪਦ ਊਪਰਿ ਲਾਗੋ ਧਿਆਨੁ॥”

“ਨਿਜ ਪਦ” ਬ੍ਰਹਮ ਗਿਆਨ ਦਾ ਪਦ ਹੈ ਸਾਡਾ “ਨਿਜ ਘਰ” ਹੈ ਭਾਵ ਸਾਡਾ ਅਸਲ ਘਰ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ, ਜਿਸ ਘਰ ਤੋਂ ਅਸੀਂ ਵਿਛੜੇ ਹੋਏ ਹਾਂ। ਇਹ ਪ੍ਰਮਾਤਮਾ ਦਾ ਘਰ ਹੈ, ਉਸ ਦੀ ਦਰਗਾਹ ਹੈ, ਉਸਦੇ ਮਹਲ ਹਨ, ਉਸਦਾ ਟਿਕਾਣਾ ਹੈ ਜੋ ਕਿ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। (**ਸਿਵ ਕੀ ਪੁਰੀ ਬਸੈ ਬੁਧਿ ਸਾਰੁ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ॥ ਈਤ ਊਤ ਕੀ ਸੋਝੀ ਪਰੈ॥**) ਉਸਦਾ ਟਿਕਾਣਾ ਸਾਡਾ ਮਨ ਹੈ, ਸਾਡੀ ਬਿਬੇਕ ਬੁਧਿ ਹੈ, ਸਾਡਾ ਸਹਿਜ ਗਿਆਨ ਹੈ, ਉਸਦਾ ਉੱਚਾ ਗਿਆਨ ਹੈ ਭਾਵ ਉਸਦਾ ਨਾਮ ਰੂਪ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ, ਉਸਦੀ ਜੋਤਿ ਹੈ। ਉਸਦੇ ਨਾਲ ਮੇਲ ਆਪਣੇ ਨਿਜ ਘਰ ਵਿੱਚ ਪਹੁੰਚਣਾ ਹੈ, ਉਸਦੀ ਜੋਤਿ ਵਿੱਚ ਰਲਣਾ ਹੈ, ਉਸਦੇ ਬ੍ਰਹਮ ਗਿਆਨ ਵਿੱਚ ਰਲਣਾ ਹੈ, ਨਾਮ ਵਾਲੀ ਸਮਝ ਵਿੱਚ ਰਲਣਾ ਹੈ। ਪ੍ਰਮਾਤਮਾ ਦੇ ਨਾਲ ਅਸੀਂ ਆਪਣੇ ਧਿਆਨ ਦੇ ਵਿੱਚ ਮਿਲਣਾ ਹੈ, ਮਨ ਦੇ ਵਿਚਾਰਾਂ ਦੇ ਵਿੱਚ ਮਿਲਣਾ ਹੈ। ਪ੍ਰਮਾਤਮਾ ਦੇ ਵਿਚਾਰਾਂ ਦੇ ਨਾਲ ਮਿਲ ਕੇ ਹੀ ਸਾਡੇ ਤ੍ਰੈਗੁਣਾਂ ਵਾਲੇ ਵਿਚਾਰ ਚੌਥੇ ਪਦ ਵਾਲੇ ਵਿਚਾਰ ਬਣਦੇ ਹਨ। ਇਹੀ ਪ੍ਰਮਾਤਮਾ ਦੇ ਨਾਲ ਧਿਆਨ ਦਾ ਜੁੜਨਾ ਹੈ, ਆਪਣਾ ਮਨ ਪ੍ਰਮਾਤਮਾ ਦੇ ਮਨ ਦੇ ਨਾਲ ਜੁੜਨਾ ਹੈ , ਆਪਣੀ ਮਤਿ ਦਾ ਗੁਰੂ ਦੀ ਮਤਿ ਦੇ ਨਾਲ ਜੁੜਨਾ ਹੈ, ਗੁਰੂ ਦੇ ਨਾਲ ਇੱਕ ਮਨ ਇੱਕ ਚਿਤ ਹੋਣਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਵਿਚਾਰਾਂ ਦਾ ਉੱਚਾ ਹੋਣਾ ਹੈ, ਤ੍ਰੈਗੁਣਾਂ ਦਾ ਖ਼ਤਮ ਹੋਣਾ ਹੈ, ਮਨੁੱਖ ਦੀ ਹੋਂਦ ਦਾ ਖ਼ਤਮ ਹੋਣਾ ਹੈ, ਹਉਮੈ ਦਾ ਖ਼ਤਮ ਹੋਣਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਗਟ ਹੋਣਾ ਹੈ, ਉਸ ਬ੍ਰਹਮ ਗਿਆਨੀ ਦਾ ਪ੍ਰਗਟ ਹੋਣਾ ਹੈ। “ਨਿਜ ਪਦ” ਦੀ ਪ੍ਰਾਪਤੀ ਹੋਏ ਬਿਨ੍ਹਾਂ ਉਸ ਪ੍ਰਮਾਤਮਾ ਦੀ, ਬ੍ਰਹਮ ਗਿਆਨ ਦੀ ਸੋਝੀ ਨਹੀਂ ਪੈ ਸਕਦੀ, ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਸ ਪ੍ਰਮਾਤਮਾ ਦੀ ਪ੍ਰਾਪਤੀ, ਨਿਜ ਘਰ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਸ ਗੱਲ ਦੀ ਸੋਝੀ ਧੰਨ ਧੰਨ ਭਗਤ ਕਬੀਰ ਜੀ ਨੇ ਅਕਾਲ ਪੁਰਖ ਦੀ ਵਡਿਆਈ ਦੇ ਰੂਪ ਵਿੱਚ ਅਗਲੀ ਪੰਗਤੀ ਵਿੱਚ ਇਸ ਤਰ੍ਹਾਂ ਕੀਤੀ ਹੋਈ ਹੈ।

“ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ ਰਹਾਉ॥”

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ। ਵਾਰ-ਵਾਰ ਸਮਝੋ ਉੱਪਰ ਵਾਲੀ ਪੰਗਤੀ ਨੂੰ। ਪ੍ਰਮਾਤਮਾ ਕੀ ਹੈ, ਨਾਮ ਕੀ ਹੈ, ਇਹ ਬੜਾ ਹੀ ਸਪੱਸ਼ਟ ਕੀਤਾ ਹੋਇਆ ਹੈ। ਇੱਥੇ ਪ੍ਰਮਾਤਮਾ ਦਾ ਤੇ ਨਾਮ ਦਾ ਰੂਪ ਸਮਝਾਇਆ ਹੋਇਆ ਹੈ। ਜੋ ਰੂਪ ਪ੍ਰਮਾਤਮਾ ਦਾ ਹੈ ਉਹੀ ਰੂਪ ਨਾਮ ਦਾ ਹੈ, ਰਾਮ ਦਾ ਹੈ,

9/866

ਵਾਹਿਗੁਰੂ ਦਾ ਹੈ। ਰੂਪ ਇੱਕੋ ਇੱਕ ਬ੍ਰਹਮ ਗਿਆਨ ਹੀ ਹੈ। ਨਾਮ ਆਪ ਪ੍ਰਮਾਤਮਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ। ਨਾਮ ਹੀ ਗੁਰਬਾਣੀ ਹੈ ਤੇ ਗੁਰਬਾਣੀ ਬ੍ਰਹਮ ਗਿਆਨ ਹੈ। ਗੁਰਬਾਣੀ ਦੇ ਸੱਚੇ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜੋ ਕਿ ਆਪ ਹੀ ਗੁਰੂ ਹੈ ਜੋ ਕਿ ਬ੍ਰਹਮ ਗਿਆਨ ਦੇ ਮਾਲਕ ਦੇ ਰੂਪ ਵਿੱਚ ਗੁਰੂ ਹੈ। ਸਾਰੀ ਸ੍ਰਿਸ਼ਟੀ ਨੂੰ ਪ੍ਰਮਾਤਮਾ ਹੀ ਚਲਾ ਰਿਹਾ ਹੈ, ਹਰ ਇੱਕ ਵਸਤੂ ਵਿੱਚ ਉਹ ਆਪ ਹੀ ਵੱਸਿਆ ਹੋਇਆ ਹੈ, ਘਟ ਘਟ ਦੇ ਵਿੱਚ ਉਹ ਆਪ ਹੀ ਵੱਸਿਆ ਹੋਇਆ ਹੈ। ਜੋ ਉਸਦਾ ਆਪਣਾ ਰੂਪ ਹੈ, ਉਹ ਉਸੇ ਦੁਆਰਾ ਹੀ ਵੱਸਿਆ ਹੋਇਆ ਹੈ। ਉਹ ਸਭ ਵਿੱਚ ਆਪਣੇ ਬ੍ਰਹਮ ਗਿਆਨ ਦੁਆਰਾ ਵੱਸਿਆ ਹੋਇਆ ਹੈ। ਉਹ ਸਭ ਵਿੱਚ ਆਪਣੀ ਜੋਤਿ ਦੁਆਰਾ ਵੱਸਿਆ ਹੋਇਆ ਹੈ, ਆਪਣੇ ਸ਼ਬਦ ਦੁਆਰਾ ਵੱਸਿਆ ਹੋਇਆ ਹੈ। ਉਸਦੀ ਜੋਤਿ ਉਸਦਾ ਬ੍ਰਹਮ ਗਿਆਨ ਰੂਪ ਹੈ, ਉਸਦਾ ਸ਼ਬਦ ਉਸਦੀ ਬ੍ਰਹਮ ਗਿਆਨ ਵਾਲੀ ਸਮਝ ਦਾ ਰੂਪ ਹੈ। ਪੂਰੀ ਗੁਰਬਾਣੀ ਉਸਦੀ ਜੋਤਿ ਹੈ, ਪੂਰੀ ਗੁਰਬਾਣੀ ਵਿੱਚ ਉਸਦੀ ਜੋਤਿ ਦਾ ਚਾਨਣ ਹੈ, ਉਸਦੇ ਸ਼ਬਦ ਦਾ ਚਾਨਣ ਹੈ, ਉਸਦੇ ਬ੍ਰਹਮ ਗਿਆਨ ਦਾ ਚਾਨਣ ਹੈ, ਉਸਦੇ ਨਿਰਗੁਣ ਸਰੂਪ ਦਾ ਚਾਨਣ ਹੈ ਜੋ ਉਸ ਦੇ ਹਰ ਸਰਗੁਣ ਸਰੂਪ ਨੂੰ ਚਾਨਣ ਦੇ ਰਿਹਾ ਹੈ, ਚਲਾ ਰਿਹਾ ਹੈ।

ਗੁਰਬਾਣੀ ਤਾਂ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾ ਰਹੀ ਹੈ ਕਿ ਪ੍ਰਮਾਤਮਾ ਦਾ ਰੂਪ ਕੀ ਹੈ, ਨਾਮ ਕੀ ਹੈ ਪਰ ਫਿਰ ਵੀ ਸਾਡੇ ਮਨ ਵਿੱਚ, ਹਰ ਕਿਸੇ ਦੇ ਮਨ ਵਿੱਚ ਪ੍ਰਮਾਤਮਾ ਬਾਰੇ ਨਕਸ਼ਾ ਕੁੱਝ ਹੋਰ ਹੀ ਬਣਿਆ ਹੋਇਆ ਹੈ। ਜੇਕਰ ਸਾਨੂੰ ਗੁਰੂ ਤੇ, ਗੁਰਬਾਣੀ ਤੇ ਵਿਸ਼ਵਾਸ ਹੈ ਤੇ ਫਿਰ ਜੋ ਕੁੱਝ ਗੁਰੂ ਸਾਨੂੰ ਸਮਝਾ ਰਿਹਾ ਹੈ, ਪ੍ਰਮਾਤਮਾ ਦਾ, ਨਾਮ ਦਾ ਰੂਪ ਇਹੀ ਕੁੱਝ ਹੈ ਜੋ ਉੱਪਰ ਅਸੀਂ ਪੜ੍ਹਿਆ ਹੈ। ਗੁਰੂ ਸਾਨੂੰ ਕਦੇ ਗਲਤ ਗੱਲ ਨਹੀਂ ਸਮਝਾ ਸਕਦਾ। ਉਹ ਆਪ ਸੱਚ ਹੈ, ਉਸਦੀ ਬਾਣੀ ਸੱਚ ਹੈ। ਉਸਨੂੰ ਮਿਲਣ ਤੋਂ ਬਾਅਦ ਹੀ ਸਾਨੂੰ ਇਹ ਯਕੀਨ ਆ ਸਕਦਾ ਹੈ ਤੇ ਉਸਨੂੰ ਮਨ ਦੇ ਵਿੱਚੋਂ ਮਨ ਦੀ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਦੇਖਣਾ ਹੀ ਦੁਨੀਆਂ ਦਾ ਸਭ ਤੋਂ ਵੱਡਾ ਅਸਚਰਜ ਹੈ। ਅਸਚਰਜਤਾ ਮਨੁੱਖ ਨੂੰ ਇਸੇ ਗੱਲ ਦੀ ਹੁੰਦੀ ਹੈ ਕਿ

ਜਿਸ ਪ੍ਰਮਾਤਮਾ ਨੂੰ ਬਿਲਕੁਲ ਹੀ ਪਹੁੰਚ ਤੋਂ ਬਾਹਰ ਸਮਝਿਆ ਹੋਇਆ ਸੀ, ਜਿਸ ਦੇ ਰੂਪ ਬਾਰੇ ਕਿਸੇ ਨੂੰ ਕੋਈ ਸਮਝ ਨਹੀਂ ਉਹ ਹਕੀਕਤ ਵਿੱਚ ਸਾਡੇ ਅੰਦਰ ਹੀ ਹੈ ਅਤੇ ਸਾਡੇ ਅੰਦਰ ਗਿਆਨ ਰੂਪ ਵਿੱਚ ਵਰਤ ਰਿਹਾ ਹੈ। ਇਸ ਅਸਚਰਜਤਾ ਦਾ ਅੰਦਾਜ਼ਾ ਉਸ ਦੇ ਦਰਸ਼ਨਾਂ ਤੋਂ ਬਾਅਦ ਹੀ ਹੋ ਸਕਦਾ ਹੈ। ਇਹ ਅਸਚਰਜਤਾ ਵੀ ਬਾਣੀ ਨੇ ਆਪ ਹੀ ਸਮਝਾਈ ਹੋਈ ਹੈ ਜੋ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝੀ ਜਾ ਸਕਦੀ ਹੈ

9/867

ਪਰ ਯਕੀਨ ਉਸ ਨੂੰ ਮਿਲਣ ਤੋਂ ਬਾਅਦ ਹੀ ਆਉਂਦਾ ਹੈ।

{ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ॥
ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ॥੧॥
ਦੇਖਹੁ ਅਚਰਜੁ ਭਇਆ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ॥ਰਹਾਉ॥}

(ਅੰਗ ੬੧੨)

ਇਹ ਗੱਲ ਸਾਨੂੰ ਵਾਰ- ਵਾਰ ਸਮਝਾਈ ਗਈ ਹੈ ਕਿ ਪ੍ਰਮਾਤਮਾ ਦੇ ਦਰਸ਼ਨ ਜਦੋਂ ਵੀ ਹੋਣੇ ਹਨ ਮਨ ਦੇ ਵਿੱਚੋਂ ਹੀ ਹੋਣੇ ਹਨ। ਜਦ ਤੱਕ ਸਾਡੀ ਮਤਿ ਪੁੱਠੀ ਹੈ, ਸਾਡੇ ਅੰਦਰ ਦਾ ਕਮਲ ਪੁੱਠਾ ਹੈ ਉਸ ਪ੍ਰਮਾਤਮਾ ਦੀ ਸੋਝੀ ਨਹੀਂ ਪੈ ਸਕਦੀ। ਕਮਲ ਦਾ ਸਿੱਧਾ ਹੋਣਾ ਉਸ ਪ੍ਰਮਾਤਮਾ ਦੀ ਸੋਝੀ ਪੈਣਾ ਹੈ। ਪੁੱਠਾ ਕਮਲ ਸਾਡੀ ਤ੍ਰੈਗੁਣੀ ਮਤਿ ਹੈ ਤੇ ਕਮਲ ਦਾ ਖਿੜਨਾ, ਕਮਲ ਦਾ ਸਿੱਧਾ ਹੋਣਾ ਚੌਥੇ ਪਦ ਦਾ ਗਿਆਨ ਹੈ, ਸਹਜ ਗਿਆਨ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪ ਹੀ ਮਨ ਦੇ ਪੁੱਠੇ ਕਮਲ ਵਿੱਚ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ।

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ ੨੨੫)

ਇਸ ਗੱਲ ਨੂੰ ਮੰਨਣਾ ਵੀ ਉਤਨਾ ਹੀ ਵੱਡਾ ਅਸਚਰਜ ਹੈ ਜਿਤਨਾ ਵੱਡਾ ਅਸਚਰਜ ਉਸ ਨੂੰ ਜਾਣਨ ਤੋਂ ਬਾਅਦ ਹੁੰਦਾ ਹੈ। ਇਸ ਲਈ ਇਹ ਅਸਚਰਜਤਾ ਸਾਡੇ ਅੰਦਰ ਬਣੀ ਹੀ ਰਹਿਣੀ ਹੈ ਪਰ ਪ੍ਰਮਾਤਮਾ ਦੀ ਸੱਚਾਈ ਇਹੋ ਹੀ ਹੈ ਜੋ ਕਿ ਆਪ ਗੁਰਬਾਣੀ ਸਮਝਾ ਰਹੀ ਹੈ, ਆਪ ਪ੍ਰਮਾਤਮਾ ਆਪਣਾ ਆਪ ਸਮਝਾ ਰਿਹਾ ਹੈ। (**ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ॥ ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ॥੧॥ ਦੇਖਹੁ ਅਚਰਜੁ ਭਇਆ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ॥ਰਹਾਉ॥**) ਆਓ ਇਸੇ ਗੱਲ ਨੂੰ ਅਗਲੇ ਸ਼ਬਦ ਦੁਆਰਾ ਹੋਰ ਵੀ ਬਰੀਕੀ ਨਾਲ ਸਮਝੀਏ।

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥
ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਉੱਪਰ ਸ਼ਬਦ ਰਾਹੀਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਦੀ ਅਵੱਸਥਾ ਦਰਸਾਈ ਹੋਈ ਹੈ। **"ਹੇਰਤ"** ਤੋਂ ਭਾਵ ਹੈ ਦੇਖਣਾ। ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਮਨੁੱਖ ਆਪਣੇ ਹਰ ਪਾਸੇ, ਹਰ ਗੱਲ ਦੇਖ ਦੇਖ ਕੇ ਹੈਰਾਨ ਹੀ ਹੈਰਾਨ ਹੋਈ ਜਾਂਦਾ ਹੈ ਕਿਉਂਕਿ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਜੋ ਵੀ ਮੈਂ ਦੇਖਦਾ ਹਾਂ ਸਭ ਦੇ ਵਿੱਚ ਕੇਵਲ ਪ੍ਰਮਾਤਮਾ ਹੀ ਵਰਤ ਰਿਹਾ ਹੈ, ਮੇਰੇ ਵਿੱਚ ਆਪ ਪ੍ਰਮਾਤਮਾ ਵਰਤ ਰਿਹਾ ਹੈ। ਇਸ ਤੋਂ ਵੱਡੀ ਹੋਰ ਕੋਈ ਹੈਰਾਨੀ ਨਜ਼ਰ ਨਹੀਂ ਆਉਂਦੀ ਕਿਉਂਕਿ ਯਕੀਨ ਹੋ ਜਾਂਦਾ ਹੈ ਕਿ ਪ੍ਰਮਾਤਮਾ ਸੱਚਮੁੱਚ ਹੀ ਮੇਰੇ ਅੰਦਰ ਹੈ, ਉਹ ਬਹੁਤ ਵੱਡਾ ਹੈ। ਉਹ ਹਰ

9/868

ਕਿਸੇ ਵਿੱਚ ਕਿਸ ਰੂਪ ਵਿੱਚ ਵਰਤ ਰਿਹਾ ਹੈ ਇਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ। ਪ੍ਰਮਾਤਮਾ ਨੂੰ ਜਾਣਨ ਤੋਂ ਪਹਿਲਾਂ ਮਨੁੱਖ ਆਪਣੇ ਆਪ ਨੂੰ ਕਦੇ ਵੀ ਪ੍ਰਮਾਤਮਾ ਦਾ ਹਿੱਸਾ ਨਹੀਂ ਮੰਨ ਸਕਦਾ, ਉਹ ਆਪਣੀ ਮੈਂ ਦੁਆਰਾ ਵਿਚਰਦਾ ਹੈ, ਹਉਮੈ ਦੁਆਰਾ ਵਿਚਰਦਾ ਹੈ।

ਮਨੁੱਖ ਦੀ ਮੈਂ, ਉਸਦੀ ਹਉਮੈ, ਪ੍ਰਮਾਤਮਾ ਆਪ ਹੀ ਦੂਰ ਕਰਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਕਰਦਾ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪਣੇ ਸ਼ਬਦ ਦੁਆਰਾ ਵਿਚਰ ਰਿਹਾ ਹੈ। ਜਦੋਂ ਮਨੁੱਖ ਨੂੰ ਸੋਝੀ ਪੈਂਦੀ ਹੈ, ਉਹ ਇਹ ਪੈਂਦੀ ਹੈ ਕਿ ਪ੍ਰਮਾਤਮਾ

ਆਪਣੇ ਸ਼ਬਦ ਦੁਆਰਾ ਕਿਵੇਂ ਵਿਚਰ ਰਿਹਾ ਹੈ, ਕਿਸ ਰੂਪ ਵਿੱਚ ਵਿਚਰ ਰਿਹਾ ਹੈ। ਉਸਦਾ ਉਹ ਰੂਪ ਸਾਡੇ ਮਨ ਦੇ ਅੰਦਰ ਦਾ ਗਿਆਨ ਹੈ ਭਾਵ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਗਿਆਨ ਰੂਪ ਵਿੱਚ ਵਿਚਰ ਰਿਹਾ ਹੈ ਤੇ ਇਹ ਹੀ ਉਸਦਾ ਮਨੁੱਖ ਦੇ ਅੰਦਰ ਆਪਣੇ ਸ਼ਬਦ ਦੁਆਰਾ ਵਿਚਰਨਾ ਹੈ। **(ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥)।**

ਹਰ ਵਸਤੂ ਵਿੱਚ ਪ੍ਰਮਾਤਮਾ ਆਪਣੇ ਸ਼ਬਦ ਦੁਆਰਾ ਹੀ ਵੱਸਿਆ ਹੋਇਆ ਹੈ, ਆਪਣੀ ਜੋਤਿ ਦੁਆਰਾ ਵਿਚਰ ਰਿਹਾ ਹੈ, ਆਪਣੇ ਗਿਆਨ ਦੁਆਰਾ ਵਿਚਰ ਰਿਹਾ ਹੈ ਕਿਉਂਕਿ ਉਹ ਆਪ ਬ੍ਰਹਮ ਗਿਆਨ ਹੈ, ਪੂਰੀ ਸਾਇੰਸ ਉਸਦਾ ਬ੍ਰਹਮ ਗਿਆਨ ਹੈ, ਉਹ ਹਰ ਗਿਆਨ ਦਾ ਮਾਲਕ ਹੈ, ਉਹ ਗਿਆਨ ਦਾ ਸ੍ਰੋਤ ਹੈ। ਇਹ ਗਿਆਨ ਹੀ ਉਸਦੀ ਸ਼ਕਤੀ ਹੈ, ਉਸਦੀ ਕਲਾ ਹੈ ਜੋ ਸਭ ਵਿੱਚ ਵਰਤ ਰਹੀ ਹੈ, ਜਿਸ ਨੂੰ ਕੋਈ ਦੇਖ ਨਹੀਂ ਸਕਦਾ। ਇਹੀ ਉਸਦਾ ਹੁਕਮ ਹੈ ਜੋ ਸਭ ਵਿੱਚ ਵਰਤ ਰਿਹਾ ਹੈ ਤੇ ਉਸਦੇ ਆਪਣੇ ਬੁਝਾਏ ਬਿਨ੍ਹਾਂ ਉਸ ਦੇ ਇਸ ਹੁਕਮ ਨੂੰ ਕੋਈ ਨਹੀਂ ਬੁੱਝ ਸਕਦਾ ਭਾਵ ਉਸਦੀ ਮਰਜ਼ੀ ਦੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਜਾਣ ਨਹੀਂ ਸਕਦਾ। ਜਾਨਣਾ ਤਾਂ ਦੂਰ, ਉਸਦੀ ਭਣਕ ਵੀ ਨਹੀਂ ਪੈ ਸਕਦੀ ਕਿਉਂਕਿ ਜੋ ਕੁੱਝ ਅਸੀਂ ਜਾਣਦੇ ਹਾਂ ਉਹ ਮਨ ਦੇ ਰਾਹੀਂ ਜਾਣਦੇ ਹਾਂ, ਮਨ ਦੇ ਗਿਆਨ ਰਾਹੀਂ ਜਾਣਦੇ ਹਾਂ ਤੇ ਗਿਆਨ ਦੇ ਰੂਪ ਵਿੱਚ ਉਹ ਆਪ ਹੈ। ਸਾਡੇ ਵੱਸ ਹੀ ਕੀ ਹੈ ਕਿ ਉਸ ਨੂੰ ਕੋਈ ਜਾਣ ਲਵੇ। ਜੇਕਰ ਸਾਨੂੰ ਹਉਮੈ ਵਿੱਚ ਰਹਿੰਦੇ, ਤ੍ਰੈ ਗੁਣਾਂ ਵਿੱਚ ਰਹਿੰਦੇ ਆਪਣੇ ਅੰਦਰੋਂ ਸੋਝੀ ਹੀ ਇਹ ਪਵੇ ਕਿ ਪ੍ਰਮਾਤਮਾ ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚ ਮਿਲਦਾ ਹੈ ਤਾਂ ਫਿਰ ਅਸੀਂ ਉਹੋ ਕੁੱਝ ਹੀ ਸਮਝਾਂਗੇ ਭਾਵ ਉਹ ਅੰਦਰ ਬੈਠਾ ਸਾਨੂੰ ਆਪ ਹੀ ਭੁਲਾਉਂਦਾ ਹੈ, ਆਪ ਹੀ ਆਪਣੇ

ਦਰਸ਼ਨਾਂ ਤੋਂ ਦੂਰ ਰੱਖਦਾ ਹੈ। ਸਾਨੂੰ ਐਥੇ ਬੈਠੇ ਹੀ ਇਹ ਮਹਿਸੂਸ ਕਰਵਾ ਸਕਦਾ ਹੈ ਕਿ ਅਸੀਂ ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚ ਘੁੰਮ ਰਹੇ ਹਾਂ, ਖੰਡਾਂ ਬ੍ਰਹਿਮੰਡਾਂ ਦੇ ਦਰਸ਼ਨ ਕਰ ਰਹੇ ਹਾਂ। ਉਹ ਸਾਨੂੰ ਕਿਸੇ ਵੀ ਹੱਦ ਤੱਕ ਉਲਝਾ ਸਕਦਾ ਹੈ ਕਿਉਂਕਿ ਉਹ ਆਪ ਗਿਆਨ ਦਾ ਮਾਲਕ ਹੈ, ਉਹ ਬਹੁਤ ਹੀ ਜਿਆਦਾ ਸਿਆਣਾ ਹੈ। ਦਾਸ ਨਾਲ ਇਹ ਸਭ ਕੁੱਝ ਪ੍ਰਤੱਖ ਰੂਪ ਵਿੱਚ ਬੀਤ ਚੁੱਕਾ ਹੈ।

ਇਹ ਗੱਲ ਉਪਰਲੇ ਮਨੋਂ ਹਰ ਕੋਈ ਮੰਨਦਾ ਹੈ, ਕਹਿੰਦਾ ਹੈ ਕਿ ਸਭ ਵਿੱਚ ਆਪ ਪ੍ਰਮਾਤਮਾ ਹੀ ਹੈ ਪਰ ਉਹ ਕਿਸ ਰੂਪ ਵਿੱਚ ਹੈ, ਇਹ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ ਭਾਵ ਮਨੁੱਖ ਦੀ ਆਪਣੀ ਸਮਝ ਤੋਂ ਬਾਹਰ ਹੈ। ਇਹ ਗੱਲ ਅਸੀਂ ਕੇਵਲ ਗੁਰੂ ਕੋਲੋਂ ਹੀ ਜਾਣ ਸਕਦੇ ਹਾਂ, ਜਾਂ ਆਪਣੇ ਅੰਦਰੋਂ ਉਸਦੇ ਦਰਸ਼ਨ ਕਰਨ ਦੁਆਰਾ ਜਾਣ ਸਕਦੇ ਹਾਂ, ਹੋਰ ਕੋਈ ਤਰੀਕਾ ਨਹੀਂ ਹੈ। ਆਓ ਗੁਰੂ ਪ੍ਰਮਾਤਮਾ ਦੇ ਰਾਹੀਂ ਜਾਣੀਏ ਕਿ ਉਹ ਹਰ ਇੱਕ ਦੇ ਵਿੱਚ ਕਿਵੇਂ ਵੱਸਿਆ ਹੋਇਆ ਹੈ।

“ਪਾਰਬ੍ਰਹਮ ਕੇ ਸਗਲੇ ਠਾਉ॥ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥
ਆਪੇ ਕਰਨ ਕਰਾਵਨ ਜੋਗੁ॥ਪ੍ਰਭ ਭਾਵੈ ਸੋਈ ਫੁਨਿ ਹੋਗੁ॥
ਪਸਰਿਓ ਆਪਿ ਹੋਇ ਅਨਤ ਤਰੰਗ॥ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥
ਜੈਸੀ ਮਤਿ ਦੇਇ ਤੈਸਾ ਪਰਗਾਸ॥ਪਾਰਬ੍ਰਹਮੁ ਕਰਤਾ ਅਬਿਨਾਸ॥
ਸਦਾ ਸਦਾ ਸਦਾ ਦਇਆਲ॥ਸਿਮਰਿ ਸਿਮਰਿ ਨਾਨਕ ਭਏ ਨਿਹਾਲ॥੮॥੯॥”

(ਅੰਗ ੨੭੫)

ਜੋ ਕੁੱਝ ਵੀ ਅਸੀਂ ਆਪਣੀ ਦ੍ਰਿਸ਼ਟੀ ਦੁਆਰਾ ਦੇਖ ਸਕਦੇ ਹਾਂ, ਜੋ ਵੀ ਕਿਸੇ ਵਸਤੂ ਬਾਰੇ ਅਸੀਂ ਆਪਣੇ ਕੰਨਾਂ ਦੁਆਰਾ ਸੁਣ ਸਕਦੇ ਹਾਂ ਉਹ ਹਰ ਚੀਜ਼ ਪ੍ਰਮਾਤਮਾ ਦੀ ਆਪਣੀ ਹੈ। ਜੋ ਚੀਜ਼ ਅਸੀਂ ਨਹੀਂ ਡਿੱਠੀ ਜਾਂ ਜਿਸ ਬਾਰੇ ਅਸੀਂ ਹਾਲੇ ਨਹੀਂ ਸੁਣਿਆ ਉਹ ਵੀ, ਸਭ ਕੁੱਝ ਵੀ ਪ੍ਰਮਾਤਮਾ ਦਾ ਹੀ ਹੈ ਭਾਵ ਡਿੱਠੀ, ਅਣਡਿੱਠੀ, ਸੁਣੀ, ਅਣਸੁਣੀ ਹਰ ਚੀਜ ਦਾ ਮਾਲਕ ਉਹ ਪ੍ਰਮਾਤਮਾ ਆਪ ਹੀ ਹੈ। **(ਪਾਰਬ੍ਰਹਮ ਕੇ ਸਗਲੇ ਠਾਉ॥)**

ਹਰ ਇੱਕ ਵਸਤੂ ਵਿੱਚ ਪ੍ਰਮਾਤਮਾ ਦਾ ਹੀ ਘਰ ਹੈ ਭਾਵ ਹਰ ਵਸਤੂ ਵਿੱਚ ਪ੍ਰਮਾਤਮਾ ਆਪ ਹੀ ਵੱਸਦਾ ਹੈ। ਉਹ ਆਪਣੇ ਹਰ ਘਰ ਨੂੰ ਆਪਣੀ ਲੋੜ ਮੁਤਾਬਿਕ ਰੱਖਦਾ ਹੈ, ਉਹ ਹਰ ਘਰ ਨੂੰ ਭਾਵ ਹਰ ਵਸਤੂ ਵਿੱਚ ਆਪਣੇ ਆਪ ਨੂੰ ਲੋੜ ਮੁਤਾਬਿਕ ਵਸਾਉਂਦਾ ਹੈ। ਘਰ ਸਾਰੇ ਉਸ ਦੇ ਹੀ ਹਨ ਪਰ ਉਸਦੀ ਵਿਚਰਨ ਹਰ ਘਰ ਵਿੱਚ ਵੱਖਰੀ ਹੈ। ਹਰ ਵਸਤੂ ਦਾ ਨਾਮ ਉਸ ਤਰੀਕੇ ਨਾਲ ਪੈਂਦਾ

ਹੈ ਜਿਸ ਤਰੀਕੇ ਨਾਲ ਉਸਦਾ ਘਰ ਵੱਸਿਆ ਹੁੰਦਾ ਹੈ ਭਾਵ ਹਰ ਵਸਤੂ ਦੀ ਪਹਿਚਾਣ ਉਸ ਵਸਤੂ ਦਾ ਆਪਣਾ ਰੂਪ ਕਰਵਾਉਂਦਾ ਹੈ ਪਰ ਉਸਦਾ ਰੂਪ ਉਸਦੇ ਅੰਦਰੋਂ ਹੀ ਬਣਦਾ ਹੈ, ਘਰ ਦੇ ਵਿੱਚੋਂ ਹੀ ਬਣਦਾ ਹੈ। ਜੋ ਕੋਈ ਵੀ ਵਸਤੂ ਬਣਦੀ ਹੈ ਉਸਦਾ ਕੋਈ ਨਾ ਕੋਈ ਆਕਾਰ ਬਣਦਾ ਹੈ। ਇਹ ਆਕਾਰ ਕਿਵੇਂ ਬਣਦਾ ਹੈ, ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਹਰ ਪੇੜ ਪੌਦੇ ਦਾ, ਹਰ ਬਨਸਪਤੀ ਦਾ, ਹਰ ਜੀਵ ਜੰਤੂ ਦਾ, ਹਰ ਮਨੁੱਖ ਦਾ ਕੋਈ ਨਾ ਕੋਈ ਆਕਾਰ ਹੈ, ਕੋਈ ਨਾ ਕੋਈ ਰੂਪ ਹੈ, ਸਰੂਪ ਹੈ। ਹਰ ਸਰੂਪ ਪ੍ਰਮਾਤਮਾ ਦਾ ਘਰ ਹੈ ਭਾਵ ਉਹ ਹਰ ਵਸਤੂ ਦੇ ਅੰਦਰ ਵੱਸਿਆ ਹੋਇਆ ਹੈ। ਉਹ ਜਿਹੋ ਜਿਹਾ ਰੂਪ ਉਸ ਵਸਤੂ ਦਾ ਬਣਾਉਂਦਾ ਹੈ ਉਹੋ ਜਿਹਾ ਉਸ ਵਸਤੂ ਦਾ ਨਾਮ ਪੈ ਜਾਂਦਾ ਹੈ। ਉਸਦੀ ਸ੍ਰਿਸ਼ਟੀ ਬਹੁਤ ਵੱਡੀ ਹੈ ਤੇ ਸ੍ਰਿਸ਼ਟੀ ਨੂੰ ਚਲਾਉਣ ਲਈ ਅਨੇਕਾਂ ਹੀ ਅਨੇਕਾਂ ਵਸਤੂਆਂ ਦੀ ਲੋੜ ਹੈ। ਹਰ ਵਸਤੂ ਦੇ ਆਕਾਰ ਨੂੰ ਬਣਾਉਣ ਦੇ ਪਿੱਛੇ ਪੰਜ ਤੱਤ ਹੀ ਹਨ। ਪੰਜ ਤੱਤ ਬਣਾਉਣ ਵਾਲਾ, ਪੈਦਾ ਕਰਨ ਵਾਲਾ ਉਹ ਪ੍ਰਮਾਤਮਾ ਆਪ ਹੈ। ਪੰਜਾਂ ਤੱਤਾਂ ਦਾ ਵੀ ਆਪਣਾ ਆਪਣਾ ਨਾਮ ਹੈ। ਨਾਮ ਵਸਤੂ ਦੇ ਗੁਣਾਂ ਅਨੁਸਾਰ ਪੈਂਦਾ ਹੈ ਭਾਵ ਹਰ ਵਸਤੂ ਵਿੱਚ ਕੋਈ ਨਾ ਕੋਈ ਗੁਣ ਹੁੰਦੇ ਹਨ ਜਿਸ ਦੁਆਰਾ ਉਸਦਾ ਨਾਮ ਬਣਦਾ ਹੈ। ਨਾਮ ਕਿਸੇ ਇੱਕ ਵਸਤੂ ਦਾ ਕੋਈ ਵੀ ਰੱਖੀਏ ਪਰ ਉਸਦੇ ਅੰਦਰ ਦੇ ਮੂਲ ਗੁਣ ਉਹੀ ਰਹਿੰਦੇ ਹਨ। ਅੰਬ ਦੇ ਪੇੜ ਦਾ ਨਾਮ ਅੰਬ ਦੇ ਗੁਣਾਂ ਕਰਕੇ ਹੈ, ਉਸਦੇ ਸਵਾਦ ਕਰਕੇ ਹੈ, ਉਸਦੇ ਅੰਦਰ ਦੇ ਗੁਣਾਂ ਦੇ ਕਰਕੇ ਹੈ, ਉਸਦੇ ਖੱਟੇ ਮਿੱਠੇ ਰਸ ਦੇ ਕਾਰਨ ਹੈ। ਕਿਸੇ ਹੋਰ ਮੁਲਕ ਵਿੱਚ ਅੰਬ ਨੂੰ ਕਿਸੇ ਹੋਰ ਨਾਮ ਦੇ ਨਾਲ ਜਾਣਿਆ ਜਾ ਸਕਦਾ ਹੈ ਪਰ ਉਸਦੇ ਅੰਦਰ ਦੇ ਮੂਲ ਗੁਣ ਉਹੀ ਹੁੰਦੇ ਹਨ। ਹਰ ਵਸਤੂ ਨੂੰ ਉਸਦੇ ਅੰਦਰ ਦੇ ਗੁਣਾਂ ਅਨੁਸਾਰ ਭਾਵ ਜਿਸ ਤਰੀਕੇ ਨਾਲ ਕੋਈ ਵਸਤੂ ਕੰਮ ਆਉਂਦੀ ਹੈ, ਜਿਹੋ ਜਿਹਾ ਕਿਸੇ ਵਸਤੂ ਤੋਂ ਲਾਭ ਮਿਲਦਾ ਹੈ ਜਾਂ ਉਸ ਦੁਆਰਾ ਕੋਈ ਨੁਕਸਾਨ ਹੁੰਦਾ ਹੈ, ਉਹੋ ਜਿਹਾ ਉਸਨੂੰ ਨਾਮ ਮਿਲ ਜਾਂਦਾ ਹੈ। **(ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥)**

ਵਸਤੂਆਂ ਦੇ ਨਾਮ ਮਨੁੱਖੀ ਭਾਸ਼ਾ ਅਨੁਸਾਰ ਵੱਖਰੇ-ਵੱਖਰੇ ਹੋ ਸਕਦੇ ਹਨ ਪਰ ਉਸ ਵਸਤੂ ਦਾ ਮੂਲ ਉਸਦੇ ਅੰਦਰ ਦੇ ਗੁਣ ਤੈਅ ਕਰਦੇ ਹਨ। ਹਰ ਵਸਤੂ ਦੇ ਗੁਣ ਕਿੱਥੋਂ ਪੈਦਾ ਹੁੰਦੇ ਹਨ, ਹਰ ਵਸਤੂ ਦਾ ਘਰ ਕਿੱਥੋਂ ਬਣਦਾ ਹੈ, ਕਿਵੇਂ ਬਣਦਾ ਹੈ, ਹਰ ਘਰ ਨੂੰ ਪ੍ਰਮਾਤਮਾ ਕਿਵੇਂ ਵਸਾਉਂਦਾ

9/871

ਹੈ, ਹਰ ਵਸਤੂ ਦਾ ਬੀਜ ਕਿੱਥੋਂ ਆਇਆ ਹੈ, ਹਰ ਵਸਤੂ ਦਾ ਮੂਲ ਰੂਪ ਬੀਜ ਕੀ ਹੈ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਹਰ ਵਸਤੂ ਦਾ ਮੂਲ ਗਿਆਨ ਹੈ, ਹਰ ਵਸਤੂ ਦਾ ਬੀਜ ਗਿਆਨ ਹੈ ਕਿਉਂਕਿ ਹਰ ਵਸਤੂ ਦਾ ਘਰ ਗਿਆਨ ਦੇ ਨਾਲ ਹੀ ਬਣਦਾ ਹੈ ਤੇ ਗਿਆਨ ਦਾ ਮੂਲ ਆਪ ਪ੍ਰਮਾਤਮਾ ਹੈ ਜਿਸ ਆਪਣੇ ਉੱਚੇ ਗਿਆਨ ਦੁਆਰਾ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਉਸਨੂੰ ਚਲਾ ਰਹਿਆ ਹੈ, ਆਪਣੇ ਸਾਇੰਟਿਫਿਕ ਗਿਆਨ ਦੁਆਰਾ ਚਲਾ ਰਹਿਆ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ।

(ਬੀਜ ਮੰਤ੍ਰ ਸਰਬ ਕੋ ਗਿਆਨੁ॥) ਮਨੁੱਖ ਅਨੇਕਾਂ ਹੀ ਅਨੇਕਾਂ ਵਸਤੂਆਂ ਆਪ ਬਣਾਉਂਦਾ ਹੈ ਤੇ ਧਿਆਨ ਨਾਲ ਸੋਚੋ ਕਿ ਹਰ ਵਸਤੂ ਨੂੰ ਬਣਾਉਣ ਦੇ ਪਿੱਛੇ ਕੀ ਹੈ। ਅਸੀਂ ਜੋ ਕੁੱਝ ਵੀ ਬਣਾਉਂਦੇ ਹਾਂ, ਜੋ ਵੀ ਆਕਾਰ ਕਿਸੇ ਵਸਤੂ ਨੂੰ ਦਿੰਦੇ ਹਾਂ ਉਸ ਦੇ ਪਿੱਛੇ ਕੀ ਹੈ। ਸਾਡੀ ਹਰ ਘਾੜਤ ਦੇ ਪਿੱਛੇ ਸਾਡੇ ਮਨ ਦਾ ਗਿਆਨ ਹੈ। ਹਰ ਪੁਸਤਕ ਨੂੰ ਲਿਖਣ ਦੇ ਪਿੱਛੇ ਮਨ ਦਾ ਗਿਆਨ ਹੈ। ਬਿਨ੍ਹਾਂ ਗਿਆਨ ਦੇ ਕੁੱਝ ਵੀ ਨਹੀਂ ਹੁੰਦਾ ਤੇ ਨਾ ਹੀ ਕੁੱਝ ਹੋ ਸਕਦਾ ਹੈ। ਜਦ ਤੱਕ ਅਸੀਂ ਇਸ ਮਨ ਨੂੰ ਨਹੀਂ ਸਮਝਦੇ ਤਦ ਤੱਕ ਅਸੀਂ ਗਿਆਨ ਦੇ ਸ੍ਰੋਤ ਨੂੰ ਨਹੀਂ ਸਮਝ ਸਕਦੇ ਕਿ ਇਹ ਸਾਰਾ ਗਿਆਨ ਦੇਣ ਵਾਲਾ ਕੌਣ ਹੈ।

{ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥੧॥}

(ਅੰਗ ੬੪੭)

ਮਨ ਦੀ ਸੋਝੀ ਪਏ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਹਰ ਵਸਤੂ ਦੇ ਮਾਲਕ ਨੂੰ ਨਹੀਂ ਜਾਣ ਸਕਦੇ, ਉਸ ਮਾਲਕ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਸਕਦੇ, ਉਸਦੇ ਜੋਤਿ ਰੂਪ ਨੂੰ ਨਹੀਂ ਜਾਣ ਸਕਦੇ ਕਿ ਉਹ ਆਪਣੀ ਜੋਤਿ ਦੁਆਰਾ ਉਹ ਹਰ ਵਸਤੂ ਵਿੱਚ ਕਿਵੇਂ ਤੇ ਕਿਸ ਰੂਪ ਵਿੱਚ ਵਰਤ ਰਿਹਾ ਹੈ। ਉਸ ਨੇ ਹਰ ਘਰ ਵਿੱਚ ਆਪਣੇ ਆਪ ਨੂੰ ਗਿਆਨ ਰੂਪ ਵਿੱਚ ਰੱਖਿਆ ਹੋਇਆ ਹੈ ਜੋ ਕਿ ਉਸਦਾ ਜੋਤਿ ਰੂਪ ਹੈ। ਹਰ ਵਸਤੂ ਨੂੰ ਜਿਹੋ ਜਿਹਾ ਗਿਆਨ ਮਿਲ ਰਿਹਾ ਹੈ, ਜਿਹੋ ਜਿਹਾ ਉਸ ਵਿੱਚ ਗਿਆਨ ਦਾ ਬੀਜ ਪਿਆ ਹੋਇਆ ਹੈ, ਜਿਹੋ ਜਿਹਾ ਬੀਜ ਮੰਤ੍ਰ ਹੈ ਉਸੇ ਅਨੁਸਾਰ ਹਰ ਵਸਤੂ ਆਪਣਾ ਕੰਮ ਕਰ ਰਹੀ ਹੈ। ਜਿਸ ਵਸਤੂ ਵਿੱਚ ਫ਼ਲ ਪੈਦਾ ਕਰਨ ਦਾ ਗਿਆਨ ਪੈ ਗਿਆ ਹੈ ਭਾਵ ਜਿਹੋ ਜਿਹਿਆ ਜਿਸ ਪੌਦੇ ਵਿੱਚ ਫ਼ਲ ਪੈਦਾ ਕਰਨ ਦਾ ਗਿਆਨ ਪੈ ਗਿਆ ਹੈ ਉਹ ਉਹੋ ਜਿਹੇ ਫ਼ਲ ਪੈਦਾ ਕਰੀ ਜਾ ਰਿਹਾ ਹੈ। ਸਬਜ਼ੀਆਂ ਪੈਦਾ ਕਰਨ ਦੇ ਪੌਦੇ ਆਪਣਾ ਕੰਮ ਕਰੀ

ਜਾ ਰਹੇ ਹਨ ਭਾਵ ਜਿਹੋ ਜਿਹਾ ਗਿਆਨ ਜਿਸ ਵਸਤੂ ਵਿੱਚ ਪਿਆ ਹੋਇਆ ਹੈ ਉਹ ਉਹੋ ਜਿਹਾ ਕੰਮ ਕਰੀ ਜਾ ਰਿਹਾ ਹੈ। "ਪਵਣ" ਆਪਣਾ ਕੰਮ ਕਰੀ ਜਾ ਰਹੀ ਹੈ, "ਪਾਣੀ" ਆਪਣਾ ਫਰਜ਼ ਨਿਭਾਈ ਜਾ ਰਿਹਾ ਹੈ, "ਅਗਨਿ" ਆਪਣਾ ਧਰਮ ਪੂਰਾ ਕਰ ਰਹੀ ਹੈ,

9/872

"ਧਰਤੀ" ਨੂੰ ਜੋ ਕੁੱਝ ਕਰਨ ਲਈ ਪ੍ਰਮਾਤਮਾ ਦਾ ਹੁਕਮ ਹੋਇਆ ਹੈ ਉਹ ਉਸੇ ਤਰ੍ਹਾਂ ਕਰੀ ਜਾ ਰਹੀ ਹੈ ਭਾਵ ਜਿਸ ਜਿਸ ਤਰੀਕੇ ਦਾ ਪ੍ਰਮਾਤਮਾ ਨੇ ਹਰ ਕਿਸੇ ਨੂੰ ਵਿਚਰਨ ਲਈ ਉਸ ਦੇ ਅੰਦਰ ਗਿਆਨ ਪਾਇਆ ਹੈ ਉਹ ਉਸੇ ਤਰੀਕੇ ਨਾਲ ਵਿਚਰ ਰਿਹਾ ਹੈ ਤੇ ਉਸਦੇ ਗੁਣਾਂ ਅਨੁਸਾਰ ਉਸ ਵਸਤੂ ਦਾ ਨਾਮ ਪੈ ਜਾਂਦਾ ਹੈ। **(ਪਾਰਬ੍ਰਹਮ ਕੇ ਸਗਲੇ ਠਾਉ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥)**

ਪ੍ਰਮਾਤਮਾ ਦਾ ਪਸਾਰਾ ਬਹੁਤ ਵੱਡਾ ਹੈ ਤੇ ਸਭ ਕੁੱਝ ਉਹ ਆਪ ਹੀ ਹੈ ਭਾਵ ਹਰ ਸਰਗੁਣ ਸਰੂਪ ਉਸਦਾ ਆਪਣਾ ਹੀ ਬਣਾਇਆ ਹੋਇਆ ਹੈ ਤੇ ਉਹ ਆਪ ਹੀ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਹਰ ਗੱਲ ਲਈ ਸਮਰੱਥ ਹੈ। ਉਹ ਕਰਦਾ ਸਭ ਕੁੱਝ ਆਪੇ ਹੀ ਹੈ ਪਰ ਇਸ ਦੀ ਸਮਝ ਕਿਸੇ ਨੂੰ ਆਪਣੇ ਆਪ ਨਹੀਂ ਲੱਗਦੀ ਕਿਉਂਕਿ ਸਾਡੀ ਸਮਝ ਦਾ ਮਾਲਕ ਉਹ ਆਪ ਹੀ ਹੈ। ਉਹ ਕਰਦਾ ਆਪ ਹੈ ਪਰ ਕਰਵਾਉਂਦਾ ਆਪਣੇ ਸਰਗੁਣ ਸਰੂਪ ਦੇ ਰਾਹੀਂ ਹੈ ਭਾਵ ਮਹਿਸੂਸ ਇਹੀ ਹੁੰਦਾ ਹੈ ਕਿ ਜੋ ਕੁੱਝ ਵੀ ਸਰਗੁਣ ਸਰੂਪ ਕਰ ਰਿਹਾ ਹੈ ਉਹ ਆਪ ਹੀ ਕਰ ਰਿਹਾ ਹੈ ਪਰ ਉਸ ਤੋਂ ਕਰਵਾਉਣ ਵਾਲਾ ਆਪ ਗੁਪਤ ਹੀ ਰਹਿੰਦਾ ਹੈ। ਉਹ ਹਰ ਵਸਤੂ ਵਿੱਚ ਗੁਪਤ ਹੀ ਵਰਤ ਰਿਹਾ ਹੈ, ਮਨੁੱਖੀ ਸਰੀਰ ਦੇ ਵਿੱਚ ਵੀ ਉਹ ਗੁਪਤ ਹੀ ਵਰਤ ਰਿਹਾ ਹੈ। ਉਹ ਗੁਪਤ ਰਹਿੰਦੇ ਹੋਏ ਵੀ ਸਭ ਕੁੱਝ ਕਰਵਾ ਸਕਦਾ ਹੈ ਕਿਉਂਕਿ ਉਹ ਇਸ ਦੇ ਸਮਰੱਥ ਹੈ। ਉਸਦਾ "ਗਿਆਨ ਰੂਪ", "ਜੋਤਿ ਰੂਪ" ਸਭ ਦੇ ਅੰਦਰ ਗੁਪਤ ਹੀ ਵਰਤਦਾ ਹੈ ਜਿਸ ਆਪਣੀ ਕਲਾ ਦੁਆਰਾ ਉਹ ਸਭ ਕੁੱਝ ਕਰਵਾਈ ਜਾ ਰਿਹਾ ਹੈ। **(ਆਪੇ ਕਰਨ ਕਰਾਵਨ ਜੋਗ॥)** ਜੋ ਕੁੱਝ ਵੀ ਸ੍ਰਿਸ਼ਟੀ ਵਿੱਚ ਹੋ ਰਿਹਾ ਹੈ, ਉਹੀ ਕੁੱਝ ਹੋ ਰਿਹਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ। ਪ੍ਰਮਾਤਮਾ ਆਪ ਤਾਂ ਨਿਰਗੁਣ ਸਰੂਪ ਹੈ ਪਰ ਜੋ ਕੁੱਝ ਹੁੰਦਾ ਹੈ ਭਾਵ ਜਿਸ ਤਰੀਕੇ ਸ੍ਰਿਸ਼ਟੀ ਚੱਲ ਰਹੀ ਹੈ ਉਹ ਸਰਗੁਣ ਸਰੂਪ ਦੁਆਰਾ ਹੁੰਦਾ ਹੈ ਜਿਸ ਨੂੰ ਅਸੀਂ ਦੇਖਦੇ ਜਾਂ ਮਹਿਸੂਸ ਕਰਦੇ ਹਾਂ। ਹਰ ਵਸਤੂ ਨੂੰ, ਸਰਗੁਣ ਸਰੂਪ ਨੂੰ ਚਲਾਉਣ ਵਾਲਾ ਉਹ ਆਪ ਹੈ ਭਾਵ "ਗਿਆਨ" ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਜਿਸਦਾ ਆਪਣਾ ਕੋਈ ਆਕਾਰ ਨਹੀਂ ਹੈ ਪਰ ਉਹ ਹਰ ਆਕਾਰ ਰੂਪ ਨੂੰ ਬਣਾਉਣ ਵਾਲਾ ਤੇ ਉਸਨੂੰ ਚਲਾਉਣ ਵਾਲਾ ਹੈ। ਜਿਹੋ ਜਿਹਾ ਕਿਸੇ ਵਸਤੂ ਨੂੰ ਪ੍ਰਮਾਤਮਾ ਚਲਾਉਣਾ ਚਾਹੁੰਦਾ ਹੈ, ਉਸ ਤੋਂ ਕੰਮ ਲੈਣਾ ਚਾਹੁੰਦਾ ਹੈ, ਉਹੋ ਜਿਹਾ ਉਸਨੂੰ ਗਿਆਨ ਦਿੰਦਾ ਹੈ। ਜੋ ਵਸਤੂ ਖ਼ਤਮ ਹੁੰਦੀ ਹੈ, ਉਹ ਵੀ ਗਿਆਨ ਦੁਆਰਾ ਹੀ ਖ਼ਤਮ ਹੁੰਦੀ ਹੈ ਭਾਵ ਜੋ ਉਸ ਗਿਆਨ ਰੂਪ ਨੂੰ, ਪ੍ਰਮਾਤਮਾ ਨੂੰ ਭਾਉਂਦਾ ਹੈ ਉਹੀ ਕੁੱਝ ਸੰਸਾਰ ਵਿੱਚ ਹੁੰਦਾ ਹੈ। ਸਭ ਕੁੱਝ

9/873

ਕਿਸੇ ਨਾ ਕਿਸੇ ਗਿਆਨ ਦੁਆਰਾ ਹੀ ਹੁੰਦਾ ਹੈ। **(ਪ੍ਰਭ ਭਾਵੈ ਸੋਈ ਫੁਨਿ ਹੋਗੁ॥)**

ਜੋ ਵੀ ਕੋਈ ਪਸਾਰਾ ਹੈ ਸਭ ਵਿੱਚ ਪ੍ਰਮਾਤਮਾ ਆਪ ਹੀ ਪਸਰਿਆ ਹੋਇਆ ਹੈ। ਜੋ ਪ੍ਰਮਾਤਮਾ ਦਾ ਆਪਣਾ ਰੂਪ ਹੈ ਉਹ ਉਸੇ ਦੁਆਰਾ ਹੀ ਪਸਰਿਆ ਹੋਇਆ ਹੈ ਤੇ ਉਸਦਾ ਪਸਰਣ ਦਾ ਤਰੀਕਾ ਹਰ ਵਸਤੂ ਵਿੱਚ ਵੱਖਰਾ-ਵੱਖਰਾ ਹੈ ਭਾਵ ਉਹ ਅਨੇਕਾਂ ਹੀ ਤਰੀਕਿਆਂ ਨਾਲ, ਆਪਣੇ ਅਨੇਕਾਂ ਹੀ ਗਿਆਨ ਦੇ ਤਰੀਕਿਆਂ ਨਾਲ ਆਪਣੇ ਪਸਾਰੇ ਵਿੱਚ ਪਸਰਿਆ ਹੋਇਆ ਹੈ। ਹਰ ਵਸਤੂ ਵਿੱਚ ਪ੍ਰਮਾਤਮਾ ਆਪਣੀ ਰਚੀ ਹੋਈ ਜੈਨੇਟਿਕ ਦੁਆਰਾ ਪਸਰਿਆ ਹੋਇਆ ਹੈ ਭਾਵ ਹਰ ਵਸਤੂ ਨੂੰ ਚਲਾਉਣ ਦਾ ਉਸ ਵਿੱਚ ਵੱਖਰਾ ਸਾਫਟਵੇਅਰ ਹੈ ਜੋ ਆਪਣੇ ਆਪ ਹੀ ਕੰਮ ਕਰਦਾ ਰਹਿੰਦਾ ਹੈ "ਸਾਫਟਵੇਅਰ ਇੰਜਨੀਅਰ" ਗੁਪਤ ਰੂਪ ਵਿੱਚ ਉਹ ਆਪ ਹੈ ਜੋ ਕਿ ਉਹ ਗਿਆਨ ਰੂਪ ਵਿੱਚ ਹੈ। **(ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥)** "ਗਿਆਨ ਅੰਜਨ" ਤੋਂ ਭਾਵ ਹੈ ਗਿਆਨ ਦੇ ਅੰਦਰ ਦੀ ਸੋਝੀ, ਗਿਆਨ ਦਾ ਮਕਸਦ। ਉਹ ਆਪਣੇ ਗਿਆਨ ਰਾਹੀਂ ਆਪਣੇ ਗਿਆਨ ਦਾ ਮਕਸਦ ਆਪ ਹੀ ਪੂਰਾ ਕਰਦਾ ਹੈ। ਉਹ ਹਰ ਵਸਤੂ ਵਿੱਚ ਆਪਣੇ ਮਕਸਦ ਦੀ ਪੂਰਤੀ ਲਈ ਆਪਣੇ ਗਿਆਨ ਰੂਪ ਵਿੱਚ ਭਰਪੂਰ ਹੈ ਤੇ ਬਿਨ੍ਹਾਂ ਕਿਸੇ ਨੂੰ ਨਜ਼ਰ ਆਉਣ ਤੋਂ ਉਹ ਆਪਣਾ ਹੁਕਮ ਸਭ ਵਿੱਚ ਉਹ ਆਪ ਹੀ ਵਰਤਾ ਰਿਹਾ ਹੈ। ਸਾਇੰਸ ਉਸਦਾ ਹੁਕਮ ਹੈ ਜੋ ਸਭ ਜਗ੍ਹਾ ਤੇ ਸਭ ਵਿੱਚ ਵਰਤ ਰਿਹਾ ਹੈ। ਸਾਡੇ ਅੰਦਰ ਵੀ ਉਸਦਾ ਹੁਕਮ ਸਾਇੰਟਿਫਿਕਲੀ ਹੀ ਵਰਤ ਰਿਹਾ ਹੈ ਭਾਵੇਂ ਇਹ ਸਾਡਾ ਤਨ ਹੈ ਜਾਂ ਮਨ ਹੈ। ਸਭ ਕੁੱਝ ਪ੍ਰਮਾਤਮਾ ਦੇ ਗਿਆਨ ਰਾਹੀਂ, ਵਿਗਿਆਨ ਰਾਹੀਂ ਹੀ ਹੋ ਰਿਹਾ ਹੈ। ਆਪਣੇ ਇਸ ਭਿੰਨ-ਭਿੰਨ ਸਰੂਪਾਂ ਦੁਆਰਾ ਉਸ ਨੇ ਆਪਣੇ ਪਸਾਰੇ ਨੂੰ ਅਨੇਕਾਂ ਰੰਗਾਂ

ਨਾਲ ਰੰਗਿਆਂ ਹੋਇਆ ਹੈ ਭਾਵ ਸਭ ਕੁੱਝ ਉਸ ਦੇ ਗਿਆਨ ਦੁਆਰਾ ਹੀ ਬਣਿਆ ਹੈ, ਗਿਆਨ ਦੁਆਰਾ ਹੀ ਸਭ ਕੁੱਝ ਚੱਲ ਰਿਹਾ ਹੈ ਤੇ ਗਿਆਨ ਦੁਆਰਾ ਹੀ ਵਸਤੂ ਦਾ ਅੰਤ ਹੋ ਜਾਂਦਾ ਹੈ। ਪ੍ਰਮਾਤਮਾ ਦੇ ਇਸ ਤਰੀਕੇ ਨੂੰ ਭਾਵ ਜਿਸ ਤਰੀਕੇ ਨਾਲ ਦੁਨੀਆਂ ਬਣੀ ਹੈ, ਚੱਲ ਰਹੀ ਹੈ ਤੇ ਬਿਨਸ ਰਹੀ ਹੈ, ਇਸ ਨੂੰ ਕੋਈ ਦੇਖ ਨਹੀਂ ਸਕਦਾ ਭਾਵ ਪ੍ਰਮਾਤਮਾ ਦੇ ਉਸ ਰੂਪ ਨੂੰ ਦੇਖਿਆ ਨਹੀਂ ਜਾ ਸਕਦਾ। ਉਸ ਨੂੰ ਸਰੀਰਕ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਗਿਆਨ ਕੋਈ ਦਿੱਸਣ ਵਾਲੀ ਵਸਤੂ ਨਹੀਂ ਹੈ, ਉਸਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ।

(ਪਸਰਿਓ ਆਪਿ ਹੋਇ ਅਨਤ ਤਰੰਗ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥)

{ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥੧॥ ਰਹਾਉ॥} (ਅੰਗ - ੪੬੯)

ਪ੍ਰਮਾਤਮਾ ਆਪਣੇ ਕਿਸ ਰੂਪ ਵਿੱਚ ਪਸਰਿਆ ਹੋਇਆ ਹੈ ਜਿਸ ਨੂੰ ਦੇਖਿਆ ਨਹੀਂ ਜਾ ਸਕਦਾ, ਇਹ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

"ਜੈਸੀ ਮਤਿ ਦੇਇ ਤੈਸਾ ਪਰਗਾਸ॥ ਪਾਰਬ੍ਰਹਮੁ ਕਰਤਾ ਅਬਿਨਾਸ॥"

ਸਭ ਤੋਂ ਵੱਡੀ ਅਤੇ ਜਰੂਰੀ ਗੱਲ ਸਮਝਣ ਦੀ ਇਹ ਹੈ ਕਿ ਪੂਰੀ ਸਿਸ਼੍ਟੀ ਵਿੱਚ ਜੋ **"ਮਤਿ"** ਵਰਤਦੀ ਹੈ, ਉਹ ਕਿੱਥੋਂ ਆਉਂਦੀ ਹੈ, ਉਸ ਮਤਿ ਦਾ ਮਾਲਕ ਕੌਣ ਹੈ। ਮਨੁੱਖ ਦੇ ਵਿੱਚ ਵੀ ਮਤਿ ਵਰਤਦੀ

9/874

ਹੈ ਜੋ ਕਿ ਸਾਡੇ ਮਨ ਦੇ ਵਿੱਚ ਵਰਤਦੀ ਹੈ। ਜਿਹੋ ਜਿਹੀ ਸਾਡੇ ਮਨ ਦੀ ਮਤਿ ਹੁੰਦੀ ਹੈ, ਉਹੀ ਸਾਡੇ ਮਨ ਦਾ ਪ੍ਰਗਾਸ ਹੁੰਦਾ ਹੈ, ਸਾਡੇ ਅੰਦਰ ਦਾ ਚਾਨਣ ਹੁੰਦਾ ਹੈ ਭਾਵ ਸਾਡੇ ਮਨ ਦਾ ਗਿਆਨ ਹੁੰਦਾ ਹੈ ਜਿਸ ਦੁਆਰਾ ਅਸੀਂ ਮਨ ਦੇ ਵਿੱਚੋਂ ਸਮਝਣ ਦੁਆਰਾ ਵਿਚਰਦੇ ਹਾਂ। ਜੇਕਰ ਸਾਨੂੰ ਚਲਾਉਣ ਵਾਲਾ ਸਾਡਾ ਮਨ ਹੈ, ਸਾਡੀ ਮਤਿ ਹੈ, ਇਸੇ ਤਰ੍ਹਾਂ ਸ਼੍ਰਿਸ਼ਟੀ ਦੀ ਹਰ ਚੀਜ਼ ਕਿਸੇ ਮਤਿ ਦੁਆਰਾ ਹੀ ਚੱਲ ਰਹੀ ਹੈ, ਕਿਸੇ ਗਿਆਨ ਦੁਆਰਾ ਹੀ ਚੱਲ ਰਹੀ ਹੈ। ਇਹੀ ਸ਼੍ਰਿਸ਼ਟੀ ਦਾ ਭੇਦ ਹੈ ਕਿ ਇਹ ਮਤਿ ਕਿੱਥੋਂ ਆਉਂਦੀ ਹੈ ਭਾਵ ਹਰ ਆਕਾਰ ਰੂਪ ਵਿੱਚ ਗਿਆਨ ਕਿੱਥੋਂ ਆਉਂਦਾ ਹੈ ਜਿਸ ਦੁਆਰਾ ਸ਼੍ਰਿਸ਼ਟੀ ਚੱਲ ਰਹੀ ਹੈ। ਸਭ ਨੂੰ ਮਤਿ ਦੇਣ ਵਾਲਾ, ਸਭ ਦੇ ਅੰਦਰ ਆਪਣੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਉਹ ਆਪ ਪ੍ਰਮਾਤਮਾ ਹੈ। ਜਿਸ ਵਿੱਚ ਉਹ ਜਿਹੋ ਜਿਹੀ ਮਤਿ ਪਾਉਂਦਾ ਹੈ ਉਸ ਵਸਤੂ ਵਿੱਚ ਉਹੋ ਜਿਹਾ ਪ੍ਰਕਾਸ਼ ਹੁੰਦਾ ਹੈ। ਸਾਰੀ "ਸਾਇੰਸ", "ਜੈਨੇਟਿਕ" ਪ੍ਰਮਾਤਮਾ ਦੀ ਮਤਿ ਹੈ ਜੋ ਸਭ ਵਿੱਚ ਉਸਦਾ ਪ੍ਰਕਾਸ਼ ਕਰ ਰਹੀ ਹੈ। ਜਿਹੋ ਜਿਹੀ ਮਤਿ ਉਸਨੇ ਪਾਣੀ ਵਿੱਚ ਪਾਈ ਹੈ ਉਹ ਉਸੇ ਸਮਝ ਦੁਆਰਾ ਵਿਚਰ ਰਿਹਾ ਹੈ, ਜਿਹੋ ਜਿਹੀ ਸਮਝ ਬਨਸਪਤੀ ਵਿੱਚ ਪਾਈ ਹੈ ਉਸੇ ਤਰ੍ਹਾਂ ਹਰ ਬਨਸਪਤੀ ਵਿਚਰ ਰਹੀ ਹੈ, ਜਿਹੋ ਜਿਹੀ ਮਤਿ ਜੀਵ ਜੰਤਾਂ ਵਿੱਚ ਪਾਈ ਹੈ ਉਸੇ ਅਨੁਸਾਰ ਉਹ ਵਿਚਰ ਰਹੇ ਹਨ। "**ਉਸਦੀ ਮਤਿ ਦਾ ਪ੍ਰਕਾਸ਼ ਹੀ ਉਸਦਾ ਹੁਕਮ ਹੈ ਜਿਸ ਨੂੰ ਹਰ ਕੋਈ ਮੰਨ ਰਿਹਾ ਹੈ**"। ਉਸਦਾ ਇਹ ਹੁਕਮ ਬੁੱਝਣ ਦੀ ਸਮਰੱਥਾ ਕੇਵਲ ਉਸਨੇ ਮਨੁੱਖ ਵਿੱਚ ਪਾਈ ਹੈ ਭਾਵ ਉਸਨੂੰ ਕੇਵਲ ਮਨੁੱਖ ਦੇ ਮਨ ਵਿੱਚ ਪਾਏ ਗਿਆਨ ਰਾਹੀਂ ਬੁੱਝਿਆ ਜਾ ਸਕਦਾ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਵੀ ਮਨੁੱਖ ਹੁਕਮ ਪ੍ਰਮਾਤਮਾ ਦਾ ਹੀ ਮੰਨ ਰਿਹਾ ਹੈ ਪਰ ਉਸਦੇ ਇਸ ਹੁਕਮ ਨੂੰ ਮਨ ਦੇ ਵਿੱਚੋਂ ਬੁੱਝਿਆ ਨਹੀਂ ਜਾ ਸਕਦਾ। **(ਜੈਸੀ ਮਤਿ ਦੇਇ ਤੈਸਾ ਪਰਗਾਸ॥)** ਆਪ ਪ੍ਰਮਾਤਮਾ ਕਰਤਾ ਹੈ ਭਾਵ ਸਭ ਪਸਾਰਾ ਉਸਦਾ ਆਪਣਾ ਕੀਤਾ ਹੋਇਆ ਹੈ। ਕਿਉਂਕਿ ਉਹ ਗਿਆਨ ਦਾ ਮਾਲਕ ਹੈ, ਇਸੇ ਲਈ ਉਹ ਕਰਤਾ ਹੈ ਕਿਉਂਕਿ ਜੋ ਕੁੱਝ ਵੀ ਹੁੰਦਾ ਹੈ ਸਭ ਕੁੱਝ ਉਸਦੇ ਗਿਆਨ ਦੁਆਰਾ ਹੀ ਹੁੰਦਾ ਹੈ। ਉਸਦੀ ਕੀਤੀ ਹੋਈ ਹਰ ਚੀਜ਼, ਉਸਦਾ ਬਣਾਇਆ ਹੋਇਆ ਹਰ ਆਕਾਰ ਬਿਨਸਨਹਾਰ ਹੈ ਪਰ ਉਸਨੂੰ ਬਣਾਉਣ ਵਾਲਾ "ਗਿਆਨ" ਆਪ ਅਬਿਨਾਸ ਹੈ। ਗਿਆਨ ਆਪ ਨਿਰਗੁਣ ਸਰੂਪ ਹੈ ਤੇ ਉਹ ਕਦੇ ਖ਼ਤਮ ਨਹੀਂ ਹੁੰਦਾ ਤੇ ਨਾ ਹੀ ਉਸਦਾ ਕੋਈ

9/875

ਅੰਤ ਹੈ। ਗਿਆਨ ਦਾ ਮਾਲਕ ਆਪਣੇ ਉੱਚੇ ਗਿਆਨ ਦੁਆਰਾ ਆਪਣੀ ਰਚਨਾ ਨੂੰ ਜਦੋਂ ਚਾਹੇ ਖ਼ਤਮ ਕਰ ਸਕਦਾ ਹੈ ਤੇ ਜਦੋਂ ਚਾਹੇ ਫਿਰ ਬਣਾ ਸਕਦਾ ਹੈ, ਜਿਸ ਤਰ੍ਹਾਂ ਅਸੀਂ ਕਿਸੇ ਚੀਜ਼ ਨੂੰ ਤੋੜ ਕੇ ਫਿਰ ਤੋਂ ਬਣਾ ਸਕਦੇ ਹਾਂ ਕਿਉਂਕਿ ਉਸ ਚੀਜ਼ ਨੂੰ ਬਣਾਉਣ ਦਾ ਗਿਆਨ ਖ਼ਤਮ ਨਹੀਂ ਹੁੰਦਾ। ਇਸੇ ਲਈ ਪ੍ਰਮਾਤਮਾ ਜੋ ਸਾਰੀ ਸ਼੍ਰਿਸ਼ਟੀ ਦਾ ਕਰਤਾ ਹੈ ਉਹ ਆਪ ਅਬਿਨਾਸੀ ਹੈ। **(ਪਾਰਬ੍ਰਹਮੁ ਕਰਤਾ ਅਬਿਨਾਸ॥)**

ਪ੍ਰਮਾਤਮਾ ਸਾਡੇ ਤੇ ਸਦਾ ਹੀ ਦਇਆਲ ਹੈ ਤੇ ਸਮਝਣ ਦੀ ਗੱਲ ਇਹ ਹੈ ਕਿ ਉਹ ਸਾਡੇ ਤੇ ਕਿਸ ਤਰ੍ਹਾਂ ਦਇਆਲ ਹੈ, ਉਸਦੀ

ਦਇਆ ਸਾਡੇ ਕੋਲ ਕਿਸ ਰੂਪ ਵਿੱਚ ਆ ਰਹੀ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਆਪਣੇ ਜੀਵਨ ਵਿੱਚ ਅਸੀਂ ਜੋ ਕੁੱਝ ਵੀ ਰਸ ਭੋਗਦੇ ਹਾਂ, ਜੋ ਕੁੱਝ ਖਾਂਦੇ, ਪਹਿਨਦੇ ਹਾਂ, ਜੋ ਕੁੱਝ ਨਜ਼ਾਰੇ ਦੇਖਦੇ ਹਾਂ ਉਹਨਾਂ ਦੇ ਪਿੱਛੇ ਕੌਣ ਹੈ ਤਾਂ ਉਸਦੀ ਦਇਆ ਸਮਝ ਲੱਗ ਜਾਵੇਗੀ। ਹਰ ਵਸਤੂ ਨੂੰ ਬਣਾਉਣ ਵਾਲਾ ਉਹ ਆਪ ਹੈ, ਮਨੁੱਖ ਨੂੰ ਬਣਾਉਣ ਵਾਲਾ ਉਹ ਆਪ ਹੈ, ਸੋਝੀ ਪਾਉਣ ਵਾਲਾ ਉਹ ਆਪ ਹੈ, ਹਰੇਕ ਰਸ ਬਣਾਉਣ ਵਾਲਾ ਉਹ ਆਪ ਹੈ, ਮਨ ਦੇ ਅਨੰਦ ਵਿੱਚ ਵੀ ਉਹ ਆਪ ਹੈ। ਜਿੱਥੇ ਕਿੱਥੇ ਉਸਦੀ ਦਇਆ ਦਾ ਭੰਡਾਰ ਹੈ ਤੇ ਸਦਾ ਸਦਾ ਤੋਂ ਸਭ ਕੁੱਝ ਦੇਣ ਵਾਲਾ ਉਹ ਆਪ ਹੀ ਹੈ। ਉਸਦੀ ਹਰ ਦਇਆ ਉਸਦੇ ਗਿਆਨ ਰੂਪ ਦੁਆਰਾ ਹੀ ਹੈ। ਦਇਆ ਕੀ ਹੈ, ਇਸ ਨੂੰ ਸਮਝਣ ਲਈ ਵੀ ਗਿਆਨ ਦੀ ਹੀ ਲੋੜ ਹੈ। **(ਸਦਾ ਸਦਾ ਸਦਾ ਦਇਆਲ॥ ਸਿਮਰਿ ਸਿਮਰਿ ਨਾਨਕ ਭਏ ਨਿਹਾਲ॥੮॥੯॥) {ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥}** ਅੰਗ - ੬

ਉਸ ਪ੍ਰਮਾਤਮਾ ਨੂੰ ਹਰ ਕੋਈ ਪਾਉਣਾ ਚਾਹੁੰਦਾ ਹੈ ਤੇ ਜੋ ਉਸ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਸਨੂੰ ਹੀ ਪ੍ਰਮਾਤਮਾ ਨਿਹਾਲ ਕਰਦਾ ਹੈ। ਪ੍ਰਮਾਤਮਾ ਨੂੰ ਸਿਮਰਿਆ ਵੀ ਉਸੇ ਰੂਪ ਵਿੱਚ ਜਾ ਸਕਦਾ ਹੈ ਜਿਸ ਰੂਪ ਵਿੱਚ ਉਹ ਵੱਸਦਾ ਹੈ। ਉਹ ਗਿਆਨ ਰੂਪ ਵਿੱਚ ਵੱਸਦਾ ਹੈ ਤੇ ਉਸਦਾ ਸਿਮਰਨ ਵੀ ਗਿਆਨ ਰੂਪ ਹੀ ਹੈ। ਗਿਆਨ ਸਾਡੇ ਮਨ ਵਿੱਚ ਹੈ ਤੇ ਉਸਨੂੰ ਸਿਮਰਿਆ ਵੀ ਮਨ ਦੇ ਵਿੱਚ ਹੀ ਜਾ ਸਕਦਾ ਹੈ। ਉਸਦਾ ਸਿਮਰਨ ਕੋਈ ਸਰੀਰਕ ਕਿਰਿਆਵਾਂ ਨਹੀਂ ਹਨ ਬਲਕਿ ਉਸਦਾ ਸਿਮਰਨ ਸਾਡੇ ਮਨ ਦੇ ਵਿਚਾਰ ਹਨ, ਸਾਡੇ ਮਨ ਦੀ ਲਗਨ ਹੈ, ਸਾਡੇ ਮਨ ਦੀ ਲਿਵ ਹੈ, ਸਾਡੇ ਮਨ ਦੀ ਧੁਨ ਹੈ, ਸਾਡੇ ਮਨ ਦੀ ਚਿੰਤਾ ਹੈ ਸਾਡੇ ਮਨ ਦਾ ਧਿਆਨ ਹੈ, ਸਾਡੇ ਮਨ ਦੀ ਸੋਚ ਹੈ। ਇਹ ਸਾਰੀਆਂ ਗੱਲਾਂ ਇੱਕੋ ਹੀ ਹਨ, ਸਾਰੀਆਂ ਗੱਲਾਂ ਮਨ ਦੀ ਸਮਝ ਦੇ ਨਾਲ ਜੁੜੀਆਂ ਹੋਈਆਂ ਹਨ, ਗਿਆਨ ਦੇ ਨਾਲ ਜੁੜੀਆਂ

9/876

ਹੋਈਆਂ ਹਨ। ਜਿਹੋ ਜਿਹੇ ਸਾਡੇ ਮਨ ਦੇ ਵਿਚਾਰ ਉੱਠਦੇ ਹਨ, ਜਿਸ ਚੀਜ਼ ਦੀ ਪ੍ਰਾਪਤੀ ਦੀ ਸਾਨੂੰ ਚਿੰਤਾ ਰਹਿੰਦੀ ਹੈ ਅਸੀਂ ਉਸੇ ਚੀਜ਼ ਨੂੰ ਸਿਮਰਦੇ ਹਾਂ। ਜੇਕਰ ਮਨ ਦੇ ਅੰਦਰ ਚਿੰਤਾ ਲੱਛਮੀ ਦੀ ਹੈ ਭਾਵ ਮਾਇਆ ਦੀ ਪ੍ਰਾਪਤੀ ਦੀ ਹੈ ਤਾਂ ਅਸੀਂ ਮਾਇਆ ਨੂੰ ਸਿਮਰਦੇ ਹਾਂ ਭਾਵ ਅਸੀਂ ਮਾਇਆ ਨੂੰ ਕਿਸੇ ਜਪ ਤਪ ਦੁਆਰਾ ਨਹੀਂ ਸਿਮਰਦੇ ਪਰ ਮਨ ਵਿੱਚ ਚਿੰਤਾ ਉਸਦੀ ਪ੍ਰਾਪਤੀ ਦੀ ਹੁੰਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਸਿਮਰਨ ਕੀ ਹੈ, ਇਸ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

ਗੂਜਰੀ॥

{ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥ ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸੂਕਰ ਜੋਨਿ ਵਲਿ ਵਲਿ ਅਉਤਰੈ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥
ਅੰਤਿ ਕਾਲਿ ਨਾਰਾਇਨੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥੫॥੨॥}

(ਅੰਗ ੫੨੬)

ਧੰਨ ਧੰਨ ਭਗਤ ਤਿਲੋਚਨ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਉਹਨਾਂ ਦੇ ਮੁੱਖੋਂ ਉਚਾਰੇ ਹੋਏ ਵਾਹਿਗੁਰੂ ਦੇ ਬੋਲਾਂ ਨੂੰ ਧਿਆਨ ਨਾਲ ਸਮਝੀਏ ਤੇ ਜਾਣੀਏ ਕਿ ਸਿਮਰਨ ਕੀ ਹੈ। ਸ਼ਬਦ ਵਿੱਚ ਜੋ ਅੰਤਿ ਕਾਲਿ ਦੀ ਗੱਲ ਕੀਤੀ ਹੋਈ ਹੈ, ਜੂਨਾਂ ਦੀ ਗੱਲ ਕੀਤੀ ਹੋਈ ਹੈ, ਇਨਾਂ ਗੱਲਾਂ ਨੂੰ ਅੱਗੇ ਚੱਲਕੇ ਬਰੀਕੀ ਨਾਲ ਸਮਝਾਂਗੇ। ਸਿਮਰਨ ਸਾਡੇ ਮਨ ਦੀ ਚਿੰਤਾ ਹੈ, ਸਾਡੇ ਮਨ ਦੀ ਇੱਛਾ ਹੈ ਕਿ ਅਸੀਂ ਪ੍ਰਾਪਤੀ ਕਿਸ ਦੀ ਕਰਨੀ ਚਾਹੁੰਦੇ ਹਾਂ ਭਾਵ ਅਸੀਂ ਸੁੱਖ ਕਿਸ ਗੱਲ ਵਿੱਚ ਮਹਿਸੂਸ ਕਰਦੇ ਹਾਂ। ਸਾਡਾ ਭਰੋਸਾ ਉਸੇ ਗੱਲ ਤੇ ਟਿਕਦਾ ਹੈ ਜਿੱਥੇ ਅਸੀਂ ਵਿਸਵਾਸ਼ ਰੱਖਦੇ ਹਾਂ ਕਿ ਇਸ ਚੀਜ਼ ਦੀ ਪ੍ਰਾਪਤੀ ਨਾਲ ਮੈਨੂੰ ਸੁੱਖ ਮਹਿਸੂਸ ਹੁੰਦਾ ਹੈ, ਮੇਰੀ ਚਿੰਤਾ ਦੂਰ ਹੁੰਦੀ ਹੈ, ਮੇਰੀ ਤ੍ਰਿਸ਼ਨਾ ਦੀ ਪੂਰਤੀ ਹੁੰਦੀ ਹੈ। ਜਦ ਤੱਕ ਸਾਨੂੰ ਚਿੰਤਾ ਦੁਨਿਆਵੀ ਪਦਾਰਥਾਂ ਦੀ ਲੱਗੀ ਹੋਈ ਹੈ ਤਾਂ ਫਿਰ ਆਪਣੀ ਚਿੰਤਾ ਦੂਰ ਕਰਨ ਲਈ ਅਸੀਂ ਆਪਣਾ ਸਾਰਾ ਉਪਰਾਲਾ ਉਹਨਾਂ ਵਸਤੂਆਂ ਦੀ ਪ੍ਰਾਪਤੀ ਵੱਲ ਲਗਾਵਾਂਗੇ ਭਾਵ

ਅਸੀਂ ਆਪਣਾ ਉੱਦਮ ਵਸਤੂਆਂ ਦੀ ਪ੍ਰਾਪਤੀ ਲਈ ਕਰਾਂਗੇ ਕਿਉਂਕਿ ਸਾਨੂੰ ਅਸਲ ਵਿੱਚ ਲਗਾਵ ਉਹਨਾਂ ਵਸਤੂਆਂ ਦੀ ਪ੍ਰਾਪਤੀ ਨਾਲ ਹੈ, ਸਾਡਾ ਵਿਸ਼ਵਾਸ ਦਾਤਾਂ ਦੇ ਸੁੱਖ ਨਾਲ ਹੈ, ਸਾਡਾ ਪਿਆਰ, ਸਾਡੀ ਚਿੰਤਾ ਦਾਤਾਂ ਦੇ ਨਾਲ ਹੈ, ਸਾਡਾ ਸਿਮਰਨ ਦਾਤਾਂ ਦੀ ਪ੍ਰਾਪਤੀ ਲਈ ਹੈ। ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਇਹਨਾਂ ਦਾਤਾਂ ਦੇ ਮੋਹ ਵਿੱਚ ਹੀ ਕਰਦੇ ਹਾਂ ਜਿਸ ਕਾਰਨ ਅਸੀਂ ਝੂਠ ਦਾ ਲੜ ਫੜਦੇ ਹਾਂ ਅਤੇ ਗੁਰੂ ਦੀ ਮਤਿ ਤੋਂ ਵਿਛੜ ਜਾਂਦੇ ਹਾਂ। ਗੁਰੂ ਪ੍ਰਮਾਤਮਾ ਦੀ ਪ੍ਰਾਪਤੀ ਕਰਨ

9/877

ਲਈ ਸਾਨੂੰ ਆਪਣਾ ਸਿਮਰਨ ਬਦਲਣ ਦੀ ਲੋੜ ਹੈ, ਆਪਣਾ ਉੱਦਮ ਬਦਲਣ ਦੀ ਲੋੜ ਹੈ, ਮਨ ਦੀ ਚਿੰਤਾ ਨੂੰ ਬਦਲਣ ਦੀ ਲੋੜ ਹੈ। ਪ੍ਰਮਾਤਮਾ ਨੂੰ ਕੇਵਲ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਦੁਆਰਾ ਸਿਮਰਿਆ ਜਾ ਸਕਦਾ ਹੈ ਜੋ ਸਾਨੂੰ ਕੇਵਲ ਸੱਚ ਦਾ ਮਾਰਗ ਦਿਖਾਉਂਦੀ ਹੈ। ਜਦ ਤੱਕ ਸਾਡੇ ਅੰਦਰ ਸੱਚ ਨੂੰ ਅਪਣਾਉਣ ਦੀ ਚਿੰਤਾ ਨਹੀਂ ਵੱਸਦੀ, ਸੱਚ ਤੇ ਚੱਲਣ ਦਾ ਭਉ ਨਹੀਂ ਵੱਸਦਾ ਭਾਵ ਸੱਚ ਤੇ ਚੱਲਣ ਦਾ ਭਉ ਕਬੂਲ ਨਹੀਂ ਹੁੰਦਾ ਸਾਡੇ ਅੰਦਰ ਪ੍ਰਮਾਤਮਾ ਦਾ ਸਿਮਰਨ ਨਹੀਂ ਵੱਸ ਸਕਦਾ। ਸਾਡੇ ਮਨ ਦੀ ਚਿੰਤਾ ਜਾਂ ਭਉ ਇੱਕੋ ਹੀ ਗੱਲ ਹੈ ਤੇ ਇਹ ਚਿੰਤਾ ਮਨ ਵਿੱਚ ਲਗਾਉਣ ਤੋਂ, ਗੁਰੂ ਦਾ ਭਉ ਕਬੂਲ ਕਰਨ ਤੋਂ ਹਰ ਕੋਈ ਭੱਜਦਾ ਹੈ ਤੇ ਅਸਲ ਵਿੱਚ ਇਹ ਭਉ ਨੂੰ ਕਬੂਲ ਕਰਨਾ ਹੀ ਉਸਦਾ ਨਾਮ ਜਪਣਾ ਹੈ, ਨਾਮ ਸਿਮਰਨਾ ਹੈ। **(ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥)** ਇਹ ਗੁਰਮਤਿ ਨੂੰ ਮੰਨਣ ਦੀ ਚਿੰਤਾ ਸਾਡੇ ਅੰਦਰ ਤਾਂ ਹੀ ਲੱਗੇਗੀ ਜੇਕਰ ਦਾਤਾਂ ਦੀ ਪ੍ਰਾਪਤੀ ਦੀ ਚਿੰਤਾ ਨਿਕਲੇਗੀ। ਪ੍ਰਮਾਤਮਾ ਨੇ ਸਾਡੇ ਅੰਦਰ ਆਪਣੀ ਸੱਚੀ ਮਤਿ ਦੁਆਰਾ ਵੱਸਣਾ ਹੈ ਤੇ ਉਸਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਣ ਦਾ ਉੱਦਮ ਕਰਨਾ ਹੈ, ਉਸਦੀ ਮਤਿ ਨੂੰ ਮੰਨਣ ਦੀ ਚਿੰਤਾ ਕਰਨਾ ਹੈ। ਇਹ ਗੁਰਮਤਿ ਤੇ ਚੱਲਣ ਦੀ ਚਿੰਤਾ ਹੈ। ਮੁਕਤੀ ਪ੍ਰਮਾਤਮਾ ਦੇ ਸਾਡੇ ਅੰਦਰ ਵੱਸਣ ਦੁਆਰਾ ਹੀ ਹੋਣੀ ਹੈ ਪਰ ਉਹ ਤਾਂ ਹੀ ਵੱਸੇਗਾ, ਜੇਕਰ ਸਾਡੇ ਅੰਦਰ ਉਸਦਾ ਸਿਮਰਨ ਹੋਵੇਗਾ, ਉਸਨੂੰ ਵਸਾਉਣ ਦੀ ਚਿੰਤਾ ਹੋਵੇਗੀ। ਚਿੰਤਾ ਮੂੰਹੋਂ ਬੋਲ-ਬੋਲ ਕੇ ਨਹੀਂ ਲਗਾਈ ਜਾ ਸਕਦੀ ਜਾਂ ਦਿਖਾਈ ਜਾ ਸਕਦੀ। ਇਹ ਮਨ ਦੀ ਖੇਡ ਹੈ ਜੋ ਪ੍ਰਮਾਤਮਾ ਦੇ ਆਪਣੇ ਵੱਸ ਵਿੱਚ ਹੈ। ਜਿਹੋ ਜਿਹੀ ਚਿੰਤਾ ਉਹ ਮਨੁੱਖ ਦੇ ਅੰਦਰ ਪਾਉਂਦਾ ਹੈ ਉਹੋ ਜਿਹਾ ਉੱਦਮ ਹੀ ਮਨੁੱਖ ਕਰਦਾ ਹੈ। ਜਿਸ ਦਿਨ ਉਹ ਆਪਣੀ ਸੱਚੀ ਚਿੰਤਾ ਪਾ ਦੇਵੇਗਾ ਤਾਂ ਹੀ ਸਾਡਾ ਉੱਦਮ ਬਦਲੇਗਾ। ਜਿਸ ਨੂੰ ਉਸਨੇ ਨਿਹਾਲ ਕਰਨਾ ਹੈ ਉਸ ਕੋਲੋਂ ਆਪਣਾ ਸੱਚਾ ਸਿਮਰਨ ਕਰਵਾਏਗਾ, ਆਪਣੀ ਮਤਿ ਬਖਸ਼ ਕੇ, ਆਪਣਾ ਸੱਚ ਬਖਸ਼ ਕੇ ਸੱਚੇ ਸੁੱਚੇ ਕਰਮ ਕਰਾਵੇਗਾ। ਜਿਸ ਤਰ੍ਹਾਂ ਪ੍ਰਮਾਤਮਾ ਦੀਆਂ ਦਾਤਾਂ, ਜਿਵੇਂ ਕਿ ਇਸ ਸ਼ਬਦ ਵਿੱਚ ਗਿਣਵਾਈਆਂ ਹੋਈਆਂ ਹਨ ਭਾਵ ਲੱਛਮੀ, ਘਰ ਆਦਿ ਜਿੰਨ੍ਹਾਂ ਨੂੰ ਅਸੀਂ ਪਾਉਣਾ ਚਾਹੁੰਦੇ ਹਾਂ, ਉਹਨਾਂ ਦੀ ਪ੍ਰਾਪਤੀ ਲਈ ਅਸੀਂ ਕੋਈ ਸਮਾਧੀਆਂ ਲਗਾ ਕੇ ਜਪ ਤਪ ਨਹੀਂ ਕਰਦੇ। ਇਸੇ ਤਰ੍ਹਾਂ ਪ੍ਰਮਾਤਮਾ ਨੂੰ ਪਾਉਣ ਲਈ, ਉਸ ਨੂੰ ਸਿਮਰਨ ਲਈ ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ, ਕੇਵਲ ਮਨ ਨੂੰ ਸ਼ੁੱਧ ਕਰਨ ਦੀ ਲੋੜ ਹੈ ਕਿਉਂਕਿ ਉਹ ਮਨ ਦੀ ਸ਼ੁੱਧੀ ਦੁਆਰਾ ਹੀ ਮਿਲਦਾ ਹੈ। ਹਰ ਵੇਲੇ ਮਨ ਨੂੰ ਸ਼ੁੱਧ ਰੱਖਣਾ ਹੀ ਉਸ ਨੂੰ ਹਰ ਵੇਲੇ ਸਿਮਰਨਾ ਹੈ। ਇਹੋ ਜਿਹੇ ਸਿਮਰਨ ਦੁਆਰਾ ਉਹ ਸਾਨੂੰ ਨਿਹਾਲ ਕਰ ਦਿੰਦਾ ਹੈ ਭਾਵ ਆਪਣੇ ਨਾਲ ਮੇਲ ਲੈਂਦਾ ਹੈ। ਉਸਦੇ ਮਾਰਗ ਤੇ ਚੱਲਣ ਦਾ ਉੱਦਮ ਕਰਦੇ ਕਰਦੇ ਉਹ ਸਾਡੇ ਤੇ ਆਪਣੀ ਕਿਰਪਾ ਕਰ ਦਿੰਦਾ ਹੈ।

(ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥੮॥੯॥)

ਪ੍ਰਮਾਤਮਾ ਕੋਲੋਂ ਸਾਨੂੰ ਜੋ ਵੀ ਫ਼ਲ ਮਿਲਦਾ ਹੈ ਉਸ ਫ਼ਲ ਦੇ ਪਿੱਛੇ ਉਸਦਾ ਗਿਆਨ ਰੂਪ ਹੀ ਹੁੰਦਾ ਹੈ। ਉਸਦੇ ਆਪਣੇ ਦਰਸ਼ਨ ਵੀ, ਉਸਦੇ ਆਪਣੇ ਆਪ ਮਿਲਣ ਦਾ ਫ਼ਲ ਵੀ ਗਿਆਨ ਰੂਪ ਵਿੱਚ ਹੈ। ਨਾਮ ਆਪ ਗਿਆਨ ਹੈ ਤੇ ਨਾਮ ਦਾ ਫ਼ਲ ਵੀ ਗਿਆਨ ਹੈ। ਉਸਦਾ ਫ਼ਲ ਕੀ ਹੈ, ਇਹ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਹੇਠ ਲਿਖੀ ਪੰਗਤੀ ਤੋਂ ਇਸ ਫ਼ਲ ਨੂੰ ਸਮਝਿਆ ਜਾ ਸਕਦਾ ਹੈ। ਇਹ ਸੱਚੇ ਗਿਆਨ ਦਾ ਫ਼ਲ ਹੈ, ਬ੍ਰਹਮ ਗਿਆਨ ਦਾ ਫ਼ਲ ਹੈ।

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥}

(ਅੰਗ ੧੪੭)

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ ੧੧੭੦)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

ਜਿਹੜਾ ਫ਼ਲ ਗੁਰੂ ਦੇ ਆਪਣੇ ਕੋਲ ਹੈ ਉਹ ਸਾਨੂੰ ਉਸੇ ਫ਼ਲ ਨਾਲ ਹੀ ਨਿਵਾਜੇਗਾ। ਗੁਰੂ ਆਪ ਸੰਤੋਖ ਦਾ ਰੁੱਖ ਹੈ ਭਾਵ ਉਸਦੀ ਤ੍ਰਿਸ਼ਨਾ ਮਿਟੀ ਹੋਈ ਹੈ ਤੇ ਉਹ ਔਗੁਣਾਂ ਤੋਂ

ਰਹਿਤ ਹੈ। ਜਿੱਥੇ ਤ੍ਰਿਸ਼ਨਾ ਨਹੀਂ ਉੱਥੇ ਹੀ ਸੰਤੋਖ ਹੈ, ਉਹੀ ਹਿਰਦਾ ਪਵਿੱਤਰ ਹੈ, ਨਿਰਮਲ ਹੈ, ਗੁਣਾਂ ਵਾਲਾ ਹੈ। ਜਿਸ ਹਿਰਦੇ ਵਿੱਚ ਸੱਚ ਹੈ, ਜੋ ਹਿਰਦਾ ਗੁਣਾਂ ਵਾਲਾ ਹੈ ਉੱਥੇ ਹੀ ਧਰਮ ਦੇ ਫੁੱਲ ਖਿੜ ਸਕਦੇ ਹਨ। ਸਭ ਤੋਂ ਪਹਿਲਾਂ ਫੁੱਲ ਦਾ ਹੋਣਾ ਜਰੂਰੀ ਹੈ ਤੇ ਪ੍ਰਮਾਤਮਾ ਦਾ ਫ਼ਲ ਲੈਣ ਲਈ ਭਾਵ ਉਸਦਾ ਮੇਲ ਲੈਣ ਲਈ "ਫੁੱਲ" ਧਰਮ ਵਾਲਾ ਹੋਣਾ ਚਾਹੀਦਾ ਹੈ। ਗੁਰੂ ਦੇ ਕੋਲ ਫੁੱਲ ਧਰਮ ਵਾਲਾ ਹੀ ਹੈ ਤੇ ਧਰਮ ਸੱਚ ਹੈ। ਜਿੱਥੇ ਸੱਚ ਹੈ ਉੱਥੇ ਹੀ ਧਰਮ ਹੈ ਤੇ ਉੱਥੇ ਹੀ ਪ੍ਰਮਾਤਮਾ ਦਾ ਮੇਲ ਹੈ। ਗੁਰੂ ਕੋਲ ਸੱਚ ਹੈ, ਧਰਮ ਹੈ ਇਸੇ ਲਈ ਗੁਰੂ ਕੋਲ ਫ਼ਲ ਵੀ ਸੱਚਾ ਹੈ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ। ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ। ਪਹਿਲੇ ਅਸੀਂ ਗੁਰੂ ਕੋਲੋਂ ਆਪਣਾ ਧਰਮ ਜਾਣਨਾ ਹੈ ਜੋ ਕਿ ਗੁਰੂ ਦਾ ਗਿਆਨ ਹੈ ਤੇ ਉਸਦੇ ਸੱਚੇ ਗਿਆਨ ਨੂੰ ਮੰਨਣ ਨਾਲ ਹੀ ਉਸਦਾ ਫ਼ਲ ਮਿਲਦਾ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ। ਗੁਰੂ ਸਾਨੂੰ ਗਿਆਨ ਹੀ ਵੰਡਦਾ ਹੈ ਕਿਉਂਕਿ ਗੁਰੂ ਪ੍ਰਮਾਤਮਾ ਆਪ ਗਿਆਨ ਰੂਪ ਹੈ, ਸ਼ਬਦ ਰੂਪ ਹੈ। ਉਸਦਾ ਸੱਚਾ ਗਿਆਨ ਬ੍ਰਹਮ ਗਿਆਨ ਹੈ ਜੋ ਕਿ ਗੁਰੂ ਦਾ ਧੰਨ ਹੈ, ਜੋ ਧੰਨ ਗੁਰੂ ਸਭ ਨੂੰ ਵੰਡਦਾ ਹੈ। ਪ੍ਰਮਾਤਮਾ ਦਾ ਰੂਪ ਸਮਝ ਆਏ ਬਿਨ੍ਹਾਂ ਅਸੀਂ ਉਸਦੀ ਮਹਿਮਾ ਨੂੰ ਨਹੀਂ ਜਾਣ ਸਕਦੇ। ਜੇਕਰ ਸਾਨੂੰ ਇਹ ਦ੍ਰਿੜ ਹੋ ਜਾਵੇ ਕਿ ਪ੍ਰਮਾਤਮਾ ਗਿਆਨ ਰੂਪ ਹੈ ਜੋ ਕਿ ਉਸਦਾ ਨਾਮ ਰੂਪ ਹੈ, ਤਾਂ ਹੀ ਅਸੀਂ ਹੇਠ ਦਿੱਤੀ ਪੰਗਤੀ ਨੂੰ ਸਮਝ ਸਕਦੇ ਹਾਂ ਜੋ ਕਿ ਪਿੱਛੇ ਵੀ ਸਮਝਾਈ ਗਈ ਹੈ।

(ਸਰਬ ਰੋਗ ਕਾ ਅਉਖਦੁ ਨਾਮੁ॥)

“ਕਲਿਆਣ ਰੂਪ ਮੰਗਲ ਗੁਣ ਗਾਮ॥” (ਅੰਗ ੨੭੪)

ਇਸ ਗੱਲ ਨੂੰ ਬੜੀ ਹੀ ਬਰੀਕੀ ਨਾਲ ਸਮਝਣ ਦੀ ਲੋੜ ਹੈ। ਜੋ ਰੂਪ ਆਪਣਾ ਨਾਮ ਦਾ ਹੈ, ਉਸਦਾ ਕਲਿਆਣ ਰੂਪ ਵੀ ਉਹੀ ਹੋ ਸਕਦਾ ਹੈ ਕਿਉਂਕਿ ਕਲਿਆਣ ਕਰਨ ਵਾਲਾ ਆਪ ਨਾਮ ਹੈ ਭਾਵ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ। ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ, ਸਾਡਾ ਹਰ ਰੋਗ ਕਿਸੇ ਗਿਆਨ ਦੁਆਰਾ ਹੀ ਜਾਂਦਾ ਹੈ ਤੇ ਉਹ ਪ੍ਰਮਾਤਮਾ ਆਪਣੇ ਗਿਆਨ ਦੁਆਰਾ ਹੀ ਮਨੁੱਖਤਾ ਦਾ ਕਲਿਆਣ ਕਰ ਰਿਹਾ ਹੈ। ਉਸਦੀ ਹਰ ਕਿਰਪਾ ਗਿਆਨ ਰੂਪ ਵਿੱਚ ਹੈ। ਪ੍ਰਮਾਤਮਾ ਦੇ “ਮੰਗਲ ਗੁਣ” ਭਾਵ ਉਹ ਗੁਣ ਜਿੰਨ੍ਹਾਂ ਨਾਲ ਪ੍ਰਮਾਤਮਾ ਨੂੰ ਖੁਸ਼ੀ ਮਿਲਦੀ ਹੈ, ਉਹ ਇਹੀ ਹੈ ਜਿਸ ਨਾਲ, ਅਸੀਂ ਗੁਣਾਂ ਨਾਲ ਕਲਿਆਣ ਵਾਲੇ ਕਰਮ ਕਰੀਏ। ਜੇਕਰ ਅਸੀਂ ਕਿਸੇ ਦਾ ਕਲਿਆਣ ਕਰਨਾ ਚਾਹੁੰਦੇ ਹਾਂ, ਕਿਸੇ ਦਾ ਭਲਾ ਕਰਨਾ ਚਾਹੁੰਦੇ ਹਾਂ, ਉਹ ਅਸੀਂ ਆਪਣੇ ਵਿਚਾਰਾਂ ਦੁਆਰਾ ਕਰ ਸਕਦੇ ਹਾਂ, ਮਨ ਦੇ ਗਿਆਨ ਦੁਆਰਾ ਕਰ ਸਕਦੇ ਹਾਂ। ਜੇਕਰ ਸਾਡੇ ਮਨ ਦੇ ਵਿਚਾਰ ਮਾੜੇ ਹਨ ਤਾਂ ਫਿਰ ਉਹਨਾਂ ਦਾ “ਰੂਪ” ਕਲਿਆਣ ਵਾਲਾ ਨਹੀਂ ਹੋ

9/879

ਸਕਦਾ। ਮਾੜੇ ਵਿਚਾਰਾਂ ਨਾਲ ਅਸੀਂ ਕਿਸੇ ਦਾ ਮਾੜਾ ਹੀ ਕਰਾਂਗੇ। ਜੇਕਰ ਸਾਡੇ ਮਨ ਦੇ ਵਿਚਾਰ ਗੁਰੂ ਦੀ ਮਤਿ ਵਾਲੇ ਹੋਣਗੇ, ਸੱਚੇ ਗਿਆਨ ਵਾਲੇ ਹੋਣਗੇ ਤਾਂ ਫਿਰ ਉਹਨਾਂ ਵਿਚਾਰਾਂ ਦਾ ਰੂਪ ਕਲਿਆਣ ਵਾਲਾ ਹੋਵੇਗਾ, ਮਨੁੱਖਤਾ ਦੇ ਭਲੇ ਵਾਲਾ ਹੋਵੇਗਾ। ਅਗਰ ਅਸੀਂ ਮਨੁੱਖਤਾ ਦਾ ਭਲਾ ਕਰਦੇ ਹਾਂ, ਕਲਿਆਣ ਕਰਦੇ ਹਾਂ, ਇਹੀ ਉਸ ਪ੍ਰਮਾਤਮਾ ਦੇ ਮੰਗਲ ਗੁਣ ਗਾਉਣਾ ਹੈ ਜਿਸ ਨਾਲ ਪ੍ਰਮਾਤਮਾ ਨੂੰ ਖੁਸ਼ੀ ਮਿਲਦੀ ਹੈ। ਨਾਮ ਸਾਡੇ ਮਨ ਨੇ ਜਪਣਾ ਹੈ ਕਿਉਂਕਿ ਨਾਮ ਨੂੰ ਕੇਵਲ ਮਨ ਹੀ ਜਪ ਸਕਦਾ ਹੈ ਭਾਵ ਗੁਰੂ ਦੇ ਵਿਚਾਰਾਂ ਨੂੰ ਸਾਡੇ ਮਨ ਨੇ ਹੀ ਮੰਨਣਾ ਹੈ। ਨਾਮ ਵੀ ਗਿਆਨ ਹੈ ਤੇ ਮਨ ਦੇ ਵਿੱਚ ਵੀ ਗਿਆਨ ਹੈ ਤੇ ਮਨ ਦੇ ਵਿੱਚ ਸੱਚਾ ਗਿਆਨ ਹੀ ਨਾਮ ਹੈ, ਆਪ ਪ੍ਰਮਾਤਮਾ ਹੈ। ਗੁਰੂ ਦੇ ਗਿਆਨ ਦੀ ਗੱਲ ਮਨ ਦਾ ਗਿਆਨ ਹੀ ਸਮਝ ਸਕਦਾ ਹੈ ਤੇ ਉਸ ਤੇ ਅਮਲ ਕਰ ਸਕਦਾ ਹੈ, ਉਸਨੂੰ ਜਪ ਸਕਦਾ ਹੈ। ਸਾਡੇ ਮਨ ਦੇ ਚੰਗੇ ਵਿਚਾਰ ਜਿੰਨ੍ਹਾਂ ਦਾ ਰੂਪ ਕਲਿਆਣ ਵਾਲਾ ਹੈ ਇਨ੍ਹਾਂ ਤੇ ਅਮਲ ਕਰਨਾ ਹੀ ਨਾਮ ਜਪਣਾ ਹੈ ਕਿਉਂਕਿ ਕੇਵਲ ਚੰਗੇ ਵਿਚਾਰਾਂ ਦੁਆਰਾ ਹੀ ਅਸੀਂ ਚੰਗੀ ਕਰਨੀ ਕਰ ਸਕਦੇ ਹਾਂ , ਮਨੁੱਖਤਾ ਦਾ ਭਲਾ ਕਰ ਸਕਦੇ ਹਾਂ। ਮਨ ਦੇ ਵਿੱਚ ਔਗੁਣਾਂ ਦੇ ਰਹਿੰਦੇ ਹੋਏ, ਤ੍ਰਿਸ਼ਨਾ, ਮਾਇਆ ਮੋਹ ਦੇ ਰਹਿੰਦੇ ਹੋਏ ਸਾਡੇ ਵਿਚਾਰ ਚੰਗੇ ਨਹੀਂ ਬਣ ਸਕਦੇ, ਉਹਨਾਂ ਦਾ ਕਲਿਆਣ ਰੂਪ ਨਹੀਂ ਬਣ ਸਕਦਾ ਤੇ ਇਸੇ ਲਈ ਪ੍ਰਮਾਤਮਾ ਦੇ ਮੰਗਲ ਗੁਣ ਨਹੀਂ ਗਾਏ ਜਾ ਸਕਦੇ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ ਭਾਵ ਇਸ ਮਨ ਦੀ ਬਿਰਤੀ ਨੂੰ ਸੱਚਾ ਰੱਖਣਾ ਹੀ ਉਸ ਪ੍ਰਮਾਤਮਾ ਦਾ ਨਾਮ ਜਪਣਾ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਵਾਰ-ਵਾਰ ਜਪ ਤਪ ਕਰਨ ਤੋਂ ਭਾਵ ਸਰੀਰਕ ਕਿਰਿਆਵਾਂ ਦੁਆਰਾ ਜਪ ਤਪ ਕਰਨ ਤੋਂ ਮਨ੍ਹਾ ਕੀਤਾ ਹੋਇਆ ਹੈ। ਉਹ ਕੇਵਲ ਸਾਡਾ ਦਿਖਾਵਾ ਹੈ, ਸਾਡਾ ਭਰਮ ਹੈ, ਹੋਰ ਕੁੱਝ ਵੀ ਨਹੀਂ ਜਿਸ ਨਾਲ ਉਲਟੀ ਸਾਡੀ ਹਉਮੈ ਹੀ ਵੱਧਦੀ ਹੈ, ਸਾਡੀ ਮਨਮਤਿ ਹੀ ਵੱਧਦੀ ਹੈ। ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਤਾਂ ਹਰ ਕੋਈ ਲਾਈ ਜਾ ਰਿਹਾ ਹੈ, ਸਾਡੇ ਸਾਰੇ ਜਪ ਤਪ ਸਾਡੀ ਜੁਗਤਿ ਹੀ ਹੈ ਪਰ ਉਸ ਪ੍ਰਮਾਤਮਾ ਨੂੰ ਇਹੋ ਜਿਹੀ ਜੁਗਤਿ ਦੁਆਰਾ ਨਹੀਂ ਪਾਇਆ ਜਾ ਸਕਦਾ। ਹਰ ਕੋਈ, ਜੋ ਵੀ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਲਗਾ ਰਿਹਾ ਹੈ ਉਹ ਉਸਨੂੰ ਆਪਣਾ ਧਰਮ ਦਾ ਮਾਰਗ ਹੀ ਸਮਝਦਾ ਹੈ, ਆਪਣੇ ਜਪ ਤਪ ਨੂੰ ਧਰਮ ਦਾ ਮਾਰਗ ਹੀ ਸਮਝਦਾ ਹੈ ਪਰ ਅਸਲ ਵਿੱਚ ਇਹ ਸਾਡਾ ਧਰਮ ਦਾ ਮਾਰਗ

9/880

ਨਹੀਂ ਹੈ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਨਹੀਂ ਹੈ। ਉਸਨੂੰ ਪਾਉਣ ਦਾ ਤਰੀਕਾ ਉਹ ਹੀ ਹੈ ਜੋ ਅਸੀਂ ਪਿੱਛੇ ਸਮਝਿਆ ਹੈ ਭਾਵ ਸਾਡੇ ਸੱਚੇ ਸੁੱਚੇ ਕਰਮ ਜਿਸ ਦੁਆਰਾ ਮਨੁੱਖਤਾ ਦਾ ਕਲਿਆਣ ਹੁੰਦਾ ਹੈ। **(ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥)** ਪ੍ਰਮਾਤਮਾ ਜਿਸਨੂੰ ਮਿਲਣਾ ਚਾਹੁੰਦਾ ਹੈ, ਉਸਨੂੰ ਕਿਸੇ ਭਰਮਾਂ ਵਾਲੀ ਜੁਗਤਿ ਵਿੱਚ ਨਹੀਂ ਪਾਉਂਦਾ, ਕਿਸੇ ਜਪ ਤਪ ਵਿੱਚ ਨਹੀਂ ਉਲਝਾਉਂਦਾ ਬਲਕਿ ਉਸ ਨੂੰ ਆਪਣਾ ਸੱਚ ਬਖਸ਼ਦਾ ਹੈ ਜਿਸ ਦੁਆਰਾ ਉਸ ਕੋਲੋਂ ਸੱਚੇ ਸੁੱਚੇ ਕਰਮ ਕਰਾਉਂਦਾ ਹੈ। ਇਹ ਸਭ ਕੁੱਝ ਉਸ ਦੇ ਆਪਣੇ ਵੱਸ ਹੈ ਕਿਉਂਕਿ ਉਹ ਆਪ ਹੀ ਗਿਆਨ ਦਾ ਮਾਲਕ ਹੈ, ਸਾਡੇ ਮਨ ਦੀ ਸਮਝ ਦਾ ਮਾਲਕ ਹੈ ਤੇ ਉਸ ਦੀ ਕਿਰਪਾ ਸਾਡੇ ਮਨ ਦੇ ਵਿੱਚ ਹੀ ਹੁੰਦੀ ਹੈ। **(ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥੫॥)**

9/881

ਲੇਖ ਵਿੱਚ ਕੁੱਝ ਪਿੱਛੇ ਹੇਠ ਦਿੱਤੇ ਸ਼ਬਦਾਂ ਦੀ ਚਰਚਾ ਕੀਤੀ ਸੀ ਪਰ ਉਹਨਾਂ ਦੇ ਭਾਵ ਬਾਰੇ ਵਿਆਖਿਆ ਨਹੀਂ ਸੀ ਕੀਤੀ। ਆਓ ਇਹਨਾਂ ਸ਼ਬਦਾਂ ਦੁਆਰਾ ਇਹ ਸਮਝਣ ਦੀ ਕੋਸ਼ਿਸ਼ ਕਰੀਏ ਕਿ ਜਨਮ ਨਾ ਸਫ਼ਲ ਹੋਣ ਵਿੱਚ ਕਾਰਣ ਕੀ ਹੈ। ਅਸੀਂ

ਆਪਣੇ ਵੱਲੋਂ ਭਗਤੀ ਵੀ ਕਰਦੇ ਹਾਂ ਪਰ ਫਿਰ ਵੀ ਸਾਡਾ ਜਨਮ ਵਿਅਰਥ ਜਾਂਦਾ ਹੈ। ਸਾਡਾ ਜਨਮ ਵਿਅਰਥ ਜਾਣ ਦੇ ਕਾਰਨ ਹੀ ਇਹਨਾਂ ਸ਼ਬਦਾਂ ਦੁਆਰਾ ਸਮਝਾਏ ਹੋਏ ਹਨ।

“ਰਤਨੁ ਤਿਆਗਿ ਕਉਡੀ ਸੰਗਿ ਰਚੈ॥ਸਾਚੁ ਛੋਡਿ ਝੂਠ ਸੰਗਿ ਮਚੈ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ॥ਜੋ ਹੋਵਨੁ ਸੋ ਦੂਰਿ ਪਰਾਨੈ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥ਸੰਗਿ ਸਹਾਈ ਤਿਸੁ ਪਰਹਰੈ॥
ਚੰਦਨ ਲੇਪੁ ਉਤਾਰੈ ਧੋਇ॥ਗਰਧਬ ਪ੍ਰੀਤਿ ਭਸਮ ਸੰਗਿ ਹੋਇ॥
ਅੰਧ ਕੂਪ ਮਹਿ ਪਤਿਤ ਬਿਕਰਾਲ॥ਨਾਨਕ ਕਾਢਿ ਲੇਹੁ ਪ੍ਰਭ ਦਇਆਲ॥੪॥

ਕਰਤੂਤਿ ਪਸੂ ਕੀ ਮਾਨਸ ਜਾਤਿ॥ਲੋਕ ਪਚਾਰਾ ਕਰੈ ਦਿਨੁ ਰਾਤਿ॥
ਬਾਹਰਿ ਭੇਖ ਅੰਤਰਿ ਮਲੁ ਮਾਇਆ॥ਛਪਸਿ ਨਾਹਿ ਕਛੁ ਕਰੈ ਛਪਾਇਆ॥
ਬਾਹਰਿ ਗਿਆਨ ਧਿਆਨ ਇਸਨਾਨ॥ਅੰਤਰਿ ਬਿਆਪੈ ਲੋਭੁ ਸੁਆਨੁ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ॥ਗਲਿ ਪਾਥਰ ਕੈਸੇ ਤਰੈ ਅਥਾਹ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥ਨਾਨਕ ਤੇ ਜਨ ਸਹਜਿ ਸਮਾਤਿ॥੫॥”

(ਅੰਗ - ੨੬੭)

“ਸੰਗਿ ਸਹਾਈ ਸੁ ਆਵੈ ਨ ਚੀਤਿ॥ਜੋ ਬੈਰਾਈ ਤਾ ਸਿਉ ਪ੍ਰੀਤਿ॥
ਬਲੂਆ ਕੇ ਗ੍ਰਿਹ ਭੀਤਰਿ ਬਸੈ॥ਅਨਦ ਕੇਲ ਮਾਇਆ ਰੰਗਿ ਰਸੈ॥
ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥ਕਾਲੁ ਨ ਆਵੈ ਮੂੜੇ ਚੀਤਿ॥
ਬੈਰ ਬਿਰੋਧ ਕਾਮ ਕ੍ਰੋਧ ਮੋਹ॥ਝੂਠ ਬਿਕਾਰ ਮਹਾ ਲੋਭ ਧ੍ਰੋਹ॥ਇਆਹੁ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥੭॥”

(ਅੰਗ - ੨੬੭)

ਉੱਪਰ ਸ਼ਬਦਾਂ ਦੁਆਰਾ ਸਾਨੂੰ ਅਕਾਲ ਪੁਰਖ ਨੇ ਬੜੇ ਹੀ ਸਰਲ ਤਰੀਕੇ ਨਾਲ ਸਮਝਾਇਆ ਹੋਇਆ ਹੈ ਤਾਂ ਜੋ ਸਾਡੇ ਅੰਦਰ ਕੋਈ ਭੁਲੇਖਾ ਨਾ ਰਹੇ ਕਿ ਇਸ ਜੀਵਨ ਨੂੰ ਸਫ਼ਲ ਕਰਨ ਦਾ ਤਰੀਕਾ ਕੀ ਹੈ। ਸਭ ਤੋਂ ਪਹਿਲੇ ਸਾਨੂੰ ਰਤਨ ਤੇ ਕਉਡੀ ਵਿੱਚ ਫ਼ਰਕ ਸਮਝਾਇਆ ਹੋਇਆ ਹੈ, ਕਿਉਂਕਿ ਅਸੀਂ ਇਸ ਜੀਵਨ ਵਿੱਚ ਰਤਨ ਦੀ ਪ੍ਰਾਪਤੀ ਕਰਨ ਲਈ ਆਏ ਹਾਂ। “ਰਤਨੁ” ਸੱਚ ਨੂੰ ਕਿਹਾ ਹੈ ਤੇ “ਕਉਡੀ” ਝੂਠ ਨੂੰ ਕਿਹਾ ਹੈ। ਸੱਚ ਨੂੰ ਤਿਆਗਣਾ ਰਤਨ ਨੂੰ ਤਿਆਗਣ ਵਾਲੀ ਗੱਲ ਹੈ, ਪ੍ਰਮਾਤਮਾ ਤੋਂ ਦੂਰ ਹੋਣ ਵਾਲੀ ਗੱਲ ਹੈ। ਜਿਤਨਾ ਹੀ ਕੋਈ ਝੂਠ ਦੇ ਨੇੜੇ ਹੈ, ਮਾੜੇ ਕਰਮਾਂ ਦੇ ਨੇੜੇ ਹੈ, ਔਗੁਣਾਂ ਦੇ ਨੇੜੇ ਹੈ, ਮਾਇਆ ਮੋਹ ਦੇ ਨੇੜੇ ਹੈ ਉਤਨਾ ਹੀ ਉਹ ਰਤਨ ਤੋਂ ਦੂਰ ਹੈ, ਸੱਚ ਰੂਪ ਪ੍ਰਮਾਤਮਾ ਤੋਂ ਦੂਰ ਹੈ ਭਾਵ ਗੁਰਮਤਿ ਤੋਂ ਦੂਰ ਹੈ, ਨਾਮ ਤੋਂ ਦੂਰ ਹੈ। ਸਾਡਾ ਸਹਾਈ ਸੱਚ ਨੇ ਹੋਣਾ ਹੈ ਤੇ ਉਸ ਨੂੰ ਛੱਡਣ ਨਾਲ ਸਾਡਾ ਪ੍ਰਮਾਤਮਾ ਕਿਵੇਂ ਸਹਾਈ ਬਣ ਸਕਦਾ ਹੈ। ਜੇਕਰ ਅਸੀਂ ਸੱਚ ਨੂੰ ਛੱਡ ਦਿੱਤਾ ਤਾਂ ਸਮਝੋ ਕਿ ਸੱਚ ਨੇ ਸਾਨੂੰ ਛੱਡ ਦਿੱਤਾ, ਅਸੀਂ ਵਾਹਿਗੁਰੂ ਨੂੰ ਛੱਡ ਦਿੱਤਾ ਤੇ ਵਾਹਿਗੁਰੂ ਨੇ ਸਾਨੂੰ ਛੱਡ ਦਿੱਤਾ। ਸੱਚ ਦੀ, ਗੁਰੂ ਦੀ ਮਤਿ ਦੀ ਤੁਲਨਾ ਚੰਦਨ ਦੇ ਨਾਲ ਕਰਕੇ ਦੱਸੀ ਹੈ। ਜੀਵ ਦੀ ਜਿਸ ਚੀਜ਼ ਦੇ ਨਾਲ ਪ੍ਰੀਤ ਹੈ ਉਹ ਉਸੇ ਨੂੰ ਹੀ ਪਾਉਣਾ ਚਾਹੁੰਦਾ

9/882

ਹੈ। ਖੋਤੇ ਦੀ ਪ੍ਰੀਤ ਮਿੱਟੀ ਦੇ ਨਾਲ ਹੁੰਦੀ ਹੈ, ਗੰਦਗੀ ਦੇ ਨਾਲ ਹੁੰਦੀ ਹੈ। ਉਸਦੇ ਉੱਪਰ ਜੇਕਰ ਚੰਦਨ ਲਗਾਇਆ ਜਾਵੇ ਤਾਂ ਉਹ ਉਸਨੂੰ ਚੰਗਾ ਨਹੀਂ ਸਮਝਦਾ ਕਿਉਂਕਿ ਉਸਦੀ ਪ੍ਰੀਤ ਚੰਦਨ ਨਾਲ ਨਹੀਂ ਹੈ। ਉਹ ਉਸ ਨੂੰ ਉਤਾਰ ਕੇ ਫਿਰ ਮਿੱਟੀ ਹੀ ਮਲ ਲੈਂਦਾ ਹੈ। ਮਿੱਟੀ ਦੀ ਤੁਲਨਾ ਝੂਠ ਦੇ ਨਾਲ ਕੀਤੀ ਹੈ, ਵਿਕਾਰਾਂ ਦੇ ਨਾਲ ਕੀਤੀ ਹੈ। ਮਨੁੱਖ ਵੀ ਜੇਕਰ ਸੱਚ ਨਾਲ ਪ੍ਰੀਤ ਨਹੀਂ ਕਰਦਾ ਭਾਵ ਗੁਰੂ ਦੀ ਮਤਿ ਨਾਲ ਪ੍ਰੀਤ ਨਹੀਂ ਕਰਦਾ, ਰਤਨ ਨਾਲ ਪ੍ਰੀਤ ਨਹੀਂ ਕਰਦਾ, ਉਸਦੀ ਪ੍ਰੀਤ ਕਉਡੀ ਦੇ ਨਾਲ ਹੈ, ਝੂਠ ਦੇ ਨਾਲ ਹੈ, ਉਸਦਾ ਮੋਹ ਮਾਇਆ ਦੇ ਨਾਲ ਹੈ, ਆਪਣੀ ਮਤਿ ਦੇ ਨਾਲ ਹੈ। ਗੁਰੂ ਰਤਨ ਹੈ, ਗੁਰੂ ਦਾ ਸ਼ਬਦ ਰਤਨ ਹੈ ਜੋ ਕਿ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੰਦਾ ਹੈ ਪਰ ਮਨੱਖ ਨੂੰ ਗੁਰੂ ਦੀ ਸਿੱਖਿਆ ਦੇ ਨਾਲ ਪ੍ਰੀਤ ਨਹੀਂ ਹੈ। ਗਰੂ ਦੀ ਸਿੱਖਿਆ ਸਾਡੇ ਮਨ ਦੀ ਸਮਝ ਲਈ ਚੰਦਨ ਦਾ ਲੇਪ ਹੈ ਪਰ ਅਸੀਂ ਇਸ ਨੂੰ ਲਗਾ ਕੇ ਰਾਜ਼ੀ ਨਹੀਂ ਭਾਵ ਅਸੀਂ ਗੁਰੂ ਦੀ ਸਿੱਖਿਆ ਨੂੰ ਮੰਨ ਕੇ ਰਾਜ਼ੀ ਨਹੀਂ। ਅਸੀਂ ਗੁਰੂ ਦੀ ਸਿੱਖਿਆ ਇੱਕ ਕੰਨੋ ਸੁਣਦੇ ਹਾਂ, ਦੂਸਰੇ ਕੰਨੋ ਕੱਢ ਦਿੰਦੇ ਹਾਂ। ਸਾਨੂੰ ਲੇਪ

ਮਿੱਟੀ ਦਾ ਹੀ ਚੰਗਾ ਲੱਗਦਾ ਹੈ, ਸਾਨੂੰ ਮਾਇਆ ਹੀ ਚੰਗੀ ਲੱਗਦੀ ਹੈ, ਸਾਨੂੰ ਝੂਠ ਦਾ ਮੋਹ ਹੀ ਚੰਗਾ ਲੱਗਦਾ ਹੈ। ਇਸ ਕਉਡੀ ਦੇ ਮੋਹ ਨੂੰ ਹੀ, ਝੂਠ ਦੇ ਮੋਹ ਨੂੰ ਹੀ ਸਾਡਾ ਹਨੇਰਾ ਖੂਹ ਆਖਿਆ ਹੈ, ਅੰਧ ਕੂਪ ਆਖਿਆ ਹੈ, ਅਗਿਆਨਤਾ ਦਾ ਖੂਹ ਆਖਿਆ ਹੈ ਜਿਸ ਦੇ ਵਿੱਚ ਅਸੀਂ ਡਿੱਗੇ ਪਏ ਹਾਂ ਤੇ ਆਪਣੀ ਇਸ ਝੂਠ ਦੀ ਬਿਰਤੀ ਕਾਰਨ ਹੀ ਸਾਨੂੰ ਪਤਿਤ ਕਿਹਾ ਹੈ। ਇੱਕ ਮਨੁੱਖ ਬਾਹਰੋਂ ਬਾਹਰੋਂ ਜਿਤਨੇ ਮਰਜ਼ੀ ਜਪ ਤਪ ਦਿਖਾਈ ਜਾਵੇ ਪਰ ਜੇਕਰ ਉਸਦੇ ਅੰਦਰ ਝੂਠ ਵੱਸਿਆ ਹੋਇਆ ਹੈ, ਵਿਕਾਰ ਹਨ ਤੇ ਫਿਰ ਉਹ ਪਤਿਤ ਹੀ ਹੈ। ਚੰਗੇ ਜਾਂ ਮਾੜੇ ਅਸੀਂ ਆਪਣੇ ਕਰਮਾਂ ਦੁਆਰਾ, ਆਪਣੀ ਕਿਰਤ ਦੁਆਰਾ ਬਣਨਾ ਹੈ ਨਾ ਕਿ ਗੁਰੂ ਅੱਗੇ ਮੱਥੇ ਟੇਕਣ ਦੁਆਰਾ ਜਾਂ ਜਪ ਤਪ ਦੇ ਦਿਖਾਵਿਆਂ ਦੁਆਰਾ। ਅਸੀਂ ਆਪਣੇ ਇਸ ਮਨ ਦੀ ਸਮਝ ਦੇ ਪਤਿਤ ਪੁਣੇ ਵਿੱਚੋਂ ਹੀ ਨਿਕਲਣਾ ਹੈ, ਕਉਡੀ ਨਾਲੋਂ ਆਪਣਾ ਸੰਗ ਛੱਡਣਾ ਹੈ ਭਾਵ ਮਨਮਤਿ ਨਾਲੋਂ ਸੰਗ ਛੱਡਣਾ ਹੈ ਤਾਂ ਜੋ ਰਤਨ ਦੇ ਨਾਲ ਜੁੜ ਸਕੀਏ, ਗੁਰੂ ਦੀ ਮਤਿ ਦੇ ਨਾਲ ਜੁੜ ਸਕੀਏ, ਸੱਚ ਦੇ ਨਾਲ ਜੁੜ ਸਕੀਏ, ਗੁਰੂ ਵਾਲੇ ਬਣ ਸਕੀਏ। ਸਾਡੀ ਪ੍ਰਮਾਤਮਾ ਅੱਗੇ ਇਹੀ ਬੇਨਤੀ ਹੋਣੀ ਚਾਹੀਦੀ ਹੈ ਕਿ ਉਹ ਸਾਨੂੰ ਝੂਠ ਵਿਕਾਰਾਂ ਵਿੱਚੋਂ ਕੱਢ ਕੇ ਆਪਣੇ ਸੱਚ ਨਾਲ ਜੋੜ ਲਵੇ, ਰਤਨ ਨਾਲ ਜੋੜ ਲਵੇ, ਆਪਣੇ ਸੱਚੇ ਗਿਆਨ ਨਾਲ ਜੋੜ ਲਵੇ, ਆਪਣੀ ਸੱਚੀ ਮਤਿ ਨਾਲ ਜੋੜ ਲਵੇ। **(ਚੰਦਨ ਲੇਪੁ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ ਅੰਧ ਕੂਪ ਮਹਿ ਪਤਿਤ ਬਿਕਰਾਲ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ॥ ੪॥)**

ਉਸ ‘‘ਰਤਨੁ’’ ਰੂਪ ਪ੍ਰਮਾਤਮਾ ਨੂੰ ਭਾਵ ਨਾਮ ਰੂਪ ਪ੍ਰਮਾਤਮਾ ਨੂੰ ਪਾਉਣਾ ਤਾਂ ਬਹੁਤ ਚਾਹੁੰਦੇ ਹਨ ਤੇ ਉਸ ਲਈ ਉਪਰਾਲਾ ਵੀ ਕਰਦੇ ਹਨ ਭਾਵ ਉਸਦੀ ਭਗਤੀ ਵੀ ਕਰਦੇ ਹਨ। ਅਸੀਂ ਜਿਹੋ ਜਿਹੀ ਭਗਤੀ ਕਰਦੇ ਹਾਂ, ਇਹ ਗੱਲ ਅੱਗੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਤੇ ਸਾਨੂੰ ਸਹੀ ਮਾਰਗ

9/883

ਦੀ ਸੋਝੀ ਵੀ ਪਾਈ ਹੋਈ ਹੈ। ਸਾਨੂੰ ਪ੍ਰਮਾਤਮਾ ਨੇ ਮਨੁੱਖੀ ਜਾਤਿ ਬਖਸ਼ੀ ਹੈ, ਉੱਚੀ ਜਾਤ ਬਖਸ਼ੀ ਹੈ ਤੇ ਇਸੇ ਮਨੁੱਖੀ ਜਾਤਿ ਦੁਆਰਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪਸ਼ੂ ਜਾਤਿ ਵਿੱਚ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਨੂੰ ਅਸੀਂ ਆਪਣੀ ਕਰਤੂਤ ਦੁਆਰਾ ਹੀ ਪਾ ਸਕਦੇ ਹਾਂ ਭਾਵ ਆਪਣੇ ਕਰਮਾਂ ਦੁਆਰਾ ਹੀ ਪਾ ਸਕਦੇ ਹਾਂ, ਚੰਗੇ ਕਰਮਾਂ ਦੁਆਰਾ ਪਾ ਸਕਦੇ ਹਾਂ, ਮਨੁੱਖਤਾ ਦੀ ਭਲਾਈ ਵਾਲੇ ਕਰਮਾਂ ਦੁਆਰਾ ਪਾ ਸਕਦੇ ਹਾਂ। ਅਸੀਂ ਜੋ ਵੀ ਕਰਮ ਕਰਦੇ ਹਾਂ ਆਪਣੀ ਸਮਝ ਦੁਆਰਾ ਕਰਦੇ ਹਾਂ, ਆਪਣੀ ਨੀਅਤ ਦੁਆਰਾ ਕਰਦੇ ਹਾਂ, ਆਪਣੀ ਭਾਵਨੀ ਦੁਆਰਾ ਕਰਦੇ ਹਾਂ। ਜੇਕਰ ਨੀਅਤ ਚੰਗੀ ਹੈ ਤਾਂ ਸਾਡੀ ਕਰਤੂਤ ਵੀ ਚੰਗੀ ਹੋਵੇਗੀ ਤੇ ਜੇਕਰ ਨੀਅਤ ਮਾੜੀ ਹੈ ਤਾਂ ਫਿਰ ਕਰਤੂਤ ਵੀ ਮਾੜੀ ਹੋਵੇਗੀ। ਸਾਡੇ ਮਨ ਦੀ ਬਿਰਤੀ ਨੂੰ ਪਸ਼ੂ ਦੀ ਬਿਰਤੀ ਦੇ ਨਾਲ ਭਾਵ ਕੁੱਤੇ ਦੀ ਬਿਰਤੀ ਦੇ ਨਾਲ ਤੁਲਨਾ ਕਰਕੇ ਸਮਝਾਇਆ ਹੋਇਆ ਹੈ। ਕੁੱਤੇ ਦੀ ਬਿਰਤੀ ਲੋਭ ਵਾਲੀ ਹੁੰਦੀ ਹੈ ਤੇ ਜੇਕਰ ਮਨੁੱਖ ਦੀ ਬਿਰਤੀ ਲੋਭ ਵਾਲੀ ਹੈ ਤਾਂ ਉਸਦੀ ਕਰਤੂਤ ਵੀ ਪਸ਼ੂਆਂ ਵਰਗੀ ਹੋਵੇਗੀ ਭਾਵ ਉਸਦੇ ਕਰਮ ਮਾੜੇ ਹੋਣਗੇ। ਮਨੁੱਖ ਕੋਲੋਂ ਮਾੜੇ ਕਰਮ ਸਾਡੀ ਲੋਭ ਵਾਲੀ ਬਿਰਤੀ ਕਰਵਾਉਂਦੀ ਹੈ, ਸਾਡਾ ਲਾਲਚ ਕਰਵਾਉਂਦਾ ਹੈ ਸਾਡੀ ਤ੍ਰਿਸ਼ਨਾ ਕਰਵਾਉਂਦੀ ਹੈ। ਜਦ ਤੱਕ ਸਾਡੇ ਅੰਦਰ ਲੋਭ ਹੈ, ਤ੍ਰਿਸ਼ਨਾ ਹੈ ਤਦ ਤੱਕ ਅਸੀਂ ਜੋ ਕੁੱਝ ਵੀ ਆਪਣੇ ਵੱਲੋਂ ਭਗਤੀ ਕਰਦੇ ਹਾਂ, ਦਿਨ ਰਾਤ ਆਪਣੀ ਭਗਤੀ ਦਿਖਾਉਂਦੇ ਹਾਂ ਉਹ ਫਿਰ ਕੇਵਲ ਇੱਕ ਲੋਕ ਪਚਾਰਾ ਹੀ ਹੈ, ਇੱਕ ਦੁਨੀਆ ਲਈ ਦਿਖਾਵਾ ਹੀ ਹੈ। ਸਾਡੀ ਪ੍ਰੀਤ ਕਉਡੀ ਦੇ ਨਾਲ ਹੈ ਪਰ ਦਿਖਾਵਾ ਰਤਨ ਦੇ ਨਾਲ ਹੈ। **(ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥ ਬਾਹਰਿ ਭੇਖ ਅੰਤਰਿ ਮਲੁ ਮਾਇਆ॥)** ਜਿਸ ਪ੍ਰਮਾਤਮਾ ਦੀ ਅਸੀਂ ਭਗਤੀ ਕਰ ਰਹੇ ਹਾਂ ਉਸ ਕੋਲੋਂ ਕੀ ਛੁਪਿਆ ਹੋਇਆ ਹੈ। ਲੋਕਾਂ ਦੀਆਂ ਨਜ਼ਰਾਂ ਵਿੱਚ ਇਹੋ ਜਿਹੀ ਭਗਤੀ ਦੁਆਰਾ ਅਸੀਂ ਚੰਗੇ ਬਣ ਸਕਦੇ ਹਾਂ ਪਰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਨਹੀਂ। ਉਸ ਸਾਡੀ ਨੀਅਤ ਨੂੰ ਜਾਣਦਾ ਹੈ, ਉਹ ਸਾਡੀਆਂ ਠੱਗੀਆਂ ਨੂੰ ਜਾਣਦਾ ਹੈ। ਉਹ ਜਾਣਦਾ ਹੈ ਕਿ ਸਾਡੇ ਅੰਦਰ ਸੱਚ ਹੈ ਜਾਂ ਝੂਠ ਹੈ। **(ਛਪਸਿ ਨਾਹਿ ਕਛੁ ਕਰੈ ਛਪਾਇਆ॥)** ਪ੍ਰਮਾਤਮਾ ਨੂੰ ਆਪਣੀ ਭਗਤੀ ਦਿਖਾਉਣ ਲਈ ਅਸੀਂ ਗੁਰੂ ਕੋਲੋਂ ਗਿਆਨ ਵੀ ਲੈਂਦੇ ਹਾਂ, ਆਪਣਾ

9/884

ਧਿਆਨ ਵੀ ਜੋੜ ਕੇ ਬੈਠਦੇ ਹਾਂ, ਸੁਰਤੀਆਂ ਸਮਾਧੀਆਂ ਆਦਿ ਜੋੜ ਕੇ ਬੈਠਦੇ ਹਾਂ, ਸਰੀਰਕ ਇਸ਼ਨਾਨ ਵੀ ਕਰਦੇ ਹਾਂ ਭਾਵ ਆਪਣੇ ਵੱਲੋਂ ਅਸੀਂ ਭਗਤੀ ਦੇ ਮਾਰਗ ਤੇ ਚੱਲਦੇ ਹਾਂ। ਲੇਕਿਨ ਜਦ ਤੱਕ ਸਾਡੇ ਅੰਦਰ ਲੋਭ ਲਾਲਚ ਵੜਿਆ ਹੋਇਆ ਹੈ, ਝੂਠ ਵੜਿਆ ਹੋਇਆ ਹੈ ਭਾਵ ਜਦ ਤੱਕ ਸਾਡੇ ਕਰਮ ਮਾੜੇ ਹਨ ਤਦ ਤੱਕ ਇਹੋ ਜਿਹੀ ਭਗਤੀ ਕੇਵਲ ਇੱਕ ਬਾਹਰੀ ਵਿਖਾਵਾ ਹੈ, ਦੁਨੀਆਂ ਲਈ ਵਿਖਾਵਾ ਹੈ ਲੇਕਿਨ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਹ ਕੋਈ ਭਗਤੀ ਨਹੀਂ ਹੈ ਕਿਉਂਕਿ ਅਸੀਂ ਸੱਚ ਤੋਂ

ਵਿਛੜੇ ਹੋਏ ਹਾਂ, "ਰਤਨ" ਤੋਂ ਵਿਛੜ ਕੇ ਕਉਡੀ ਨਾਲ ਜੁੜੇ ਹੋਏ ਹਾਂ। **(ਬਾਹਰਿ ਗਿਆਨ ਧਿਆਨ ਇਸਨਾਨ॥ਅੰਤਰਿ ਬਿਆਪੈ ਲੋਭੁ ਸੁਆਨੁ॥)** ਸਾਡੇ ਮਨ ਦੀ ਅਗਨਿ ਸਾਡੀ ਤ੍ਰਿਸ਼ਨਾ ਹੈ, ਸਾਡਾ ਕ੍ਰੋਧ ਹੈ, ਸਾਡਾ ਹੰਕਾਰ ਹੈ ਸਾਡੀ ਹਉਮੈ ਹੈ, ਜੋ ਸਾਨੂੰ ਸੱਚ ਤੇ ਚੱਲਣ ਤੋਂ ਦੂਰ ਰੱਖਦੀ ਹੈ, ਭਗਤੀ ਦੇ ਅਸਲ ਮਾਰਗ ਤੇ ਚੱਲਣ ਤੋਂ ਦੂਰ ਰੱਖਦੀ ਹੈ ਪਰ ਸਾਡੀ ਦਿਖਾਵੇ ਵਾਲੀ ਭਗਤੀ ਇਸ ਤੋਂ ਬਿਲਕੁਲ ਉਲਟ ਹੈ। ਅਸੀਂ ਮਨ ਨੂੰ ਨਿਰਮਲ ਕਰਨ ਦੀ ਬਜਾਏ ਤਨ ਨੂੰ ਨਿਰਮਲ ਕਰਦੇ ਹਾਂ, ਤਨ ਤੇ ਸੁਆਹ ਮਲਦੇ ਹਾਂ ਭਾਵ ਕੇਵਲ ਦਿਖਾਵਾ ਕਰਦੇ ਹਾਂ। ਸਾਡੇ ਅੰਦਰ ਦੀ ਅਗਨਿ ਹੀ ਭਾਵ ਸਾਡੇ ਔਗੁਣ ਹੀ ਭਾਵ ਮਨ ਦੇ ਨਾਸਮਝ ਮਾੜੇ ਵਿਚਾਰ ਹੀ ਸਾਡੇ ਗੱਲ ਵਿੱਚ ਪਏ ਹੋਏ ਪੱਥਰ ਹਨ, ਸਾਡੀ ਸਮਝ ਵਿੱਚ ਪਏ ਹੋਏ ਪੱਥਰ ਹਨ ਜਿੰਨ੍ਹਾਂ ਨੇ ਸਾਨੂੰ ਭਉਜਲ ਸਾਗਰ ਵਿੱਚ ਡੁਬੋਇਆ ਹੋਇਆ ਹੈ, ਮਾਇਆ ਦੇ ਸਾਗਰ ਵਿੱਚ ਡੁਬੋਇਆ ਹੋਇਆ ਹੈ। ਜਦ ਤੱਕ ਸਾਡੇ ਗੱਲ ਵਿੱਚ ਇਹਨਾਂ ਪੱਥਰਾਂ ਦਾ ਹਾਰ ਪਿਆ ਹੋਇਆ ਹੈ ਤਦ ਤੱਕ ਇਸ ਭਉਜਲ ਸਾਗਰ ਤੋਂ ਨਹੀਂ ਤਰਿਆ ਜਾ ਸਕਦਾ।

(ਅੰਤਰਿ ਅਗਨਿ ਬਾਹਰਿ ਤਨੁ ਸੁਆਹ॥ਗਲਿ ਪਾਥਰ ਕੈਸੇ ਤਰੈ ਅਥਾਹ॥)

ਭਗਤੀ ਦਾ ਅਸਲ ਤਰੀਕਾ ਵੀ ਨਾਲ ਹੀ ਸਮਝਾਇਆ ਹੋਇਆ ਹੈ। ਔਗੁਣਾਂ ਵਿੱਚੋਂ ਸਾਨੂੰ ਕੇਵਲ ਸੱਚ ਹੀ ਕੱਢ ਸਕਦਾ ਹੈ ਭਾਵ ਗੁਰੂ ਦੀ ਸੱਚੀ ਮਤਿ, ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਤੇ ਸੱਚ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ। ਜਿਸ ਦੇ ਅੰਦਰ ਉਹ ਆਪਣਾ ਸੱਚ ਵਸਾਉਂਦਾ ਹੈ ਉਹ ਹੀ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਲੰਘ ਸਕਦਾ ਹੈ। ਧਰਮ ਗ੍ਰੰਥਾਂ ਵਿੱਚ, ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸੱਚ ਹੀ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਹੀ ਹੈ ਜਿਸ ਸੱਚੀ ਸਮਝ ਨੂੰ ਮੰਨਣ ਦੁਆਰਾ ਅਸੀਂ ਮਨ ਦੀ ਨਾਸਮਝ ਮਾਇਆ ਮੋਹ ਵਾਲੀ ਸਮਝ ਤੋਂ ਪਾਰ ਪਾ ਸਕਦੇ ਹਾਂ। ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਲ ਜੋੜਦਾ ਹੈ ਉਹਨਾਂ ਨੂੰ ਸਹਜ ਦੁਆਰਾ ਜੋੜਦਾ ਹੈ, ਆਪਣਾ ਸਹਜ ਗਿਆਨ ਦਿੰਦਾ ਹੈ, ਚੌਥੇ ਪਦ ਦਾ ਗਿਆਨ ਦਿੰਦਾ ਹੈ, ਗੁਰਬਾਣੀ ਦੀ ਸੱਚੀ ਮਤਿ ਦਿੰਦਾ ਹੈ। **(ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥ਨਾਨਕ ਤੇ ਜਨ ਸਹਜਿ ਸਮਾਤਿ॥੫॥)**

ਅਗਲੇ ਸ਼ਬਦ ਦੀਆਂ ਕੇਵਲ ਆਖਰੀ ਪੰਗਤੀਆਂ ਹੀ ਜੇਕਰ ਵਿਚਾਰ ਲਈਏ ਤਾਂ ਸਮਝ ਲੱਗ ਜਾਵੇਗੀ ਕਿ

9/885

ਸਾਡਾ ਜਨਮ ਵਿਅਰਥ ਕਿਉਂ ਜਾਂਦਾ ਹੈ। ਜੇਕਰ ਕੋਈ ਸੱਚੇ ਦਿਲੋਂ ਜਨਮ ਮਰਨ ਦੇ ਗੇੜ ਚੋਂ ਨਿਕਲਣਾ ਚਾਹੁੰਦਾ ਹੈ, ਆਪਣਾ ਹਲਤ ਪਲਤ ਸਵਾਰਨਾ ਚਾਹੁੰਦਾ ਹੈ, ਤਾਂ ਇਸ ਬੜੇ ਹੀ ਆਸਾਨੀ ਨਾਲ ਸਮਝ ਆਉਣ ਵਾਲੇ ਸ਼ਬਦ ਦੀਆਂ ਇਹ ਪੰਗਤੀਆਂ ਵਿਚਾਰ ਲਵੇ।

"ਬੈਰ ਬਿਰੋਧ ਕਾਮ ਕ੍ਰੋਧ ਮੋਹ॥ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੁ ਜੁਗਤਿ ਬਿਹਾਨੇ ਕਈ ਜਨਮ॥ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥੭॥"

ਇੱਥੇ ਮਨੁੱਖ ਦੇ ਔਗੁਣ ਹੀ ਗਿਣਾਏ ਹੋਏ ਹਨ ਤੇ ਹਰ ਕੋਈ ਇਹੋ ਜਿਹੀ ਜੁਗਤਿ ਵਿੱਚ ਹੀ ਫਸਿਆ ਹੋਇਆ ਹੈ। ਇਹ ਉਸਦੀ ਮਾਇਆ ਦੀ ਜੁਗਤਿ ਹੈ, ਤ੍ਰੈਗੁਣਾਂ ਦੀ ਜੁਗਤਿ ਹੈ, ਸਿਵਸਕਤਿ ਦੀ ਜੁਗਤਿ ਹੈ। ਇਸ ਜੁਗਤਿ ਵਿੱਚੋਂ ਨਿਕਲਣਾ ਮਨੁੱਖ ਦੇ ਵੱਸ ਤੋਂ ਬਾਹਰ ਹੈ। ਨਾ ਮਨੁੱਖ ਕੋਲੋਂ ਇਸ ਜੁਗਤਿ ਵਿੱਚੋਂ ਨਿਕਲਿਆ ਜਾਂਦਾ ਹੈ ਤੇ ਨਾ ਹੀ ਇਹ ਜਨਮ ਲੇਖੇ ਲੱਗਦਾ ਹੈ। ਇਸੇ ਲਈ ਸਾਨੂੰ ਇਸ ਦਾ ਹੱਲ ਵੀ ਨਾਲ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਨੂੰ ਬੇਨਤੀ ਕਰਨ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ। ਜਿਸ ਨੇ ਇਹ ਜੁਗਤਿ ਸਾਡੇ ਅੰਦਰ ਪਾਈ ਹੋਈ ਹੈ ਉਹ ਆਪ ਹੀ ਸਾਨੂੰ ਇਸ ਜੁਗਤਿ ਵਿੱਚੋਂ ਕੱਢ ਸਕਦਾ ਹੈ। ਸਾਡੀ ਬੇਨਤੀ ਸੱਚੀ ਹੋਣੀ ਚਾਹੀਦੀ ਹੈ, ਤਹਿ ਦਿਲੋਂ ਹੋਣੀ ਚਾਹੀਦੀ ਹੈ ਕਿ ਅਸੀਂ ਦਿਲੋਂ ਔਗੁਣ ਛੱਡਣ ਲਈ ਤਿਆਰ ਹਾਂ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਅਪਣੇ ਨੇੜੇ ਲਗਾਉਂਦਾ ਹੈ, ਉਸਨੂੰ ਔਗੁਣਾਂ ਵਿੱਚੋਂ ਕੱਢਦਾ ਹੈ ਤੇ ਗੁਣਾਂ ਵਾਲਾ ਬਣਾਉਂਦਾ ਹੈ। ਆਪਣੇ ਆਪ ਨੂੰ ਇਸ ਬੇਨਤੀ ਲਈ ਤਿਆਰ ਕਰਨਾ ਹੀ ਸਭ ਤੋਂ ਔਖਾ ਹੈ, ਮਨ ਨੂੰ ਮਨਾਉਣਾ ਸਭ ਤੋਂ ਔਖਾ ਹੈ, ਮਨ ਨਾਲ ਜੂਝਣਾ ਪੈਂਦਾ ਹੈ, ਸੱਚ ਨੂੰ ਕਬੂਲ ਕਰਨ ਲਈ ਆਪਣਾ ਤਨ ਮਨ ਧੰਨ ਸਭ ਕੁੱਝ ਗੁਰੂ ਨੂੰ ਸੱਚੇ ਦਿਲੋਂ ਸੌਂਪਣਾ ਪੈਂਦਾ ਹੈ। ਜੇਕਰ ਅਸੀਂ ਆਪ ਸੱਚੇ ਦਿਲੋਂ ਅਰਦਾਸ ਕਰਾਂਗੇ ਤਾਂ ਫਿਰ ਉਹ ਸਾਡੀ ਸੱਚੀ ਅਰਦਾਸ ਹੋਵੇਗੀ।

{ਸਚਾ ਅਰਜੁ ਸਚੀ ਅਰਦਾਸਿ॥ਮਹਲੀ ਖਸਮੁ ਸੁਣੇ ਸਾਬਾਸਿ॥}

(ਅੰਗ ੩੫੫)

{ਕਾਮ ਕ੍ਰੋਧਿ ਲੋਭਿ ਮੋਹਿ ਬਾਧਾ॥ਮਹਾ ਗਰਤ ਮਹਿ ਨਿਘਰਤ ਜਾਤਾ॥੪॥
ਨਾਨਕ ਕੀ ਅਰਦਾਸਿ ਸੁਣੀਜੈ॥ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥੫॥੧੪॥੨੦॥}

(ਅੰਗ ੭੪੧)

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ ੪੬੮)

ਇਹ ਔਗੁਣ ਹੀ ਸਾਡੇ ਗਲ ਦੇ ਪੱਥਰ ਹਨ ਜਿੰਨ੍ਹਾਂ ਕਰਕੇ ਹਰ ਕੋਈ ਡੁੱਬਿਆ ਹੋਇਆ ਹੈ, ਮਾਇਆ ਮੋਹ ਦੇ ਸਾਗਰ ਵਿੱਚ ਡੁੱਬਿਆ ਹੋਇਆ ਹੈ। ਆਪਣੇ ਇਹ ਪੱਥਰ ਉਤਾਰ ਕੇ ਹੀ ਇਸ ਮਨ ਦੀ ਮਾਇਆ ਦੇ ਭਵ ਸਾਗਰ ਤੋਂ ਤਰਿਆ ਜਾ ਸਕਦਾ ਹੈ।

ਅਸੀਂ ਜਿਹੋ ਜਿਹੀ ਭਗਤੀ ਕਰ ਰਹੇ ਹਾਂ ਅਸੀਂ ਆਪਣੇ ਵੱਲੋਂ ਉਸ ਨੂੰ ਅਰਦਾਸ ਹੀ ਸਮਝਦੇ ਹਾਂ। ਇਹ ਸਾਡੀ ਸੱਚੀ ਅਰਦਾਸ ਨਹੀਂ ਹੈ। ਅਸੀਂ ਦਿਲੋਂ ਸੱਚਾ ਨਹੀਂ ਹੋਣਾ ਚਾਹੁੰਦੇ। ਅਸੀਂ

9/886

ਮਾਇਆ ਮੋਹ ਛੱਡਣਾ ਨਹੀਂ ਚਾਹੁੰਦੇ। ਸਾਡੀ ਸੱਚੀ ਅਰਦਾਸ ਸਾਡਾ ਮਨ ਦੀ ਸਮਝ ਉੱਤੇ "ਚੰਦਨ ਲੇਪ" ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਲੇਪ ਹੈ ਪਰ ਉਹ ਸਾਨੂੰ ਚੰਗਾ ਨਹੀਂ ਲੱਗਦਾ। ਸਾਡੀ ਅਰਦਾਸ ਕਰਨ ਦਾ ਤਰੀਕਾ ਕੁੰਚਰ ਇਸ਼ਨਾਨ ਵਾਲਾ ਹੈ, ਸੱਪ ਦੀ ਖੁੱਡ ਨੂੰ ਕੁੱਟਣ ਵਾਲਾ ਹੈ, ਤੁਖ ਕੁੱਟਣ ਵਾਲਾ ਹੈ ਜਿਸ ਨਾਲ ਹਾਸਲ ਕੁੱਝ ਨਹੀਂ ਹੁੰਦਾ ਤੇ ਉਲਟੀ ਸਾਡੀ ਹਉਮੈ ਹੀ ਵੱਧਦੀ ਹੈ। ਬਾਣੀ ਭਾਵੇਂ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਜਿਹੋ ਜਿਹਾ ਜਪ ਤਪ ਅਸੀਂ ਕਰਦੇ ਹਾਂ ਤੇ ਕਹਿੰਦੇ ਹਾਂ ਕਿ "ਹਰਿ ਹਰਿ" ਬੋਲਣ ਨਾਲ, "ਰਾਮ ਰਾਮ" ਬੋਲਣ ਨਾਲ, "ਵਾਹਿਗੁਰੂ ਵਾਹਿਗੁਰੂ" ਬੋਲਣ ਨਾਲ ਹਿਰਦਾ ਸ਼ੁੱਧ ਹੋ ਜਾਂਦਾ ਹੈ, ਪਰ ਇਸ ਤਰੀਕੇ ਸਾਡਾ ਹਿਰਦਾ ਸ਼ੁੱਧ ਨਹੀਂ ਹੋ ਸਕਦਾ। ਅਸੀਂ ਆਪਣੀ ਮਨਹਠਿ ਦੁਆਰਾ ਇਸੇ ਨੂੰ ਹੀ ਭਗਤੀ ਸਮਝਦੇ ਹਾਂ ਕਿਉਂਕਿ ਅਸਲ ਵਿੱਚ ਅਸੀਂ ਮਾਇਆ ਮੋਹ ਵਿੱਚੋਂ ਨਿਕਲਣਾ ਹੀ ਨਹੀਂ ਚਾਹੁੰਦੇ। ਹੇਠ ਦਿੱਤੇ ਸ਼ਬਦ ਨੂੰ ਅਸੀਂ ਪਿੱਛੇ ਵੀ ਸੰਖੇਪ ਵਿੱਚ ਜਾਣਿਆ ਹੈ ਤੇ ਆਓ ਫਿਰ ਤੋਂ ਵਿਚਾਰੀਏ ਤੇ ਆਪਣਾ ਭਰਮ ਦੂਰ ਕਰੀਏ ਤੇ ਸਮਝੀਏ ਕਿ ਅਸੀਂ ਕਿੰਨੀ ਵੱਡੀ ਅਗਿਆਨਤਾ ਵਿੱਚ ਹਾਂ।

"ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ॥ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥੧॥ ਰਹਾਉ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥
ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥੪॥੪॥"

(ਅੰਗ ੭੩੨)

{"ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ ਰਹਾਉ॥"}

(ਅੰਗ ੩੯)

ਉਪਰਲੇ ਸ਼ਬਦ ਰਾਹੀਂ ਸਾਨੂੰ ਹਰਿ ਹਰਿ ਕਰਨਾ ਹੀ ਸਿਖਾਇਆ ਹੋਇਆ ਹੈ, ਹਰਿ ਹਰਿ ਕਰਨ ਦਾ ਅਸਲ ਭਾਵ ਕੀ ਹੈ ਇਸ ਦੀ ਸੋਝੀ ਪਾਈ ਹੋਈ ਹੈ। ਮੁੱਖੋਂ ਹਰਿ ਹਰਿ ਕਰੀ ਜਾਣ ਦਾ ਸਪੱਸ਼ਟ ਰੂਪ ਵਿੱਚ ਖੰਡਨ ਕੀਤਾ ਹੋਇਆ ਹੈ ਤੇ ਇਸ ਗੱਲ ਦੀ ਜੋ ਅਸੀਂ ਵਕਾਲਤ ਕਰਦੇ ਹਾਂ ਕਿ ਹਰਿ ਹਰਿ ਬੋਲਣ ਨਾਲ ਹਿਰਦਾ ਆਪਣੇ ਆਪ ਸ਼ੁੱਧ ਹੋ ਜਾਂਦਾ ਹੈ ਭਾਵ ਆਪਣੇ ਆਪ ਹੀ ਕਪਟ ਨਿਕਲ ਜਾਂਦੇ ਹਨ ਇਸ ਗੱਲ ਦੀ ਵੀ ਨਿਖੇਧੀ ਕੀਤੀ ਹੋਈ ਹੈ। ਇਹ ਬਾਣੀ ਦਾ, ਗੁਰੂ ਪ੍ਰਮਾਤਮਾ ਦਾ ਆਪਣਾ ਹੀ ਸਪੱਸ਼ਟ ਫੁਰਮਾਨ ਹੈ। **(ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥)** **(ਮਨਮੁਖ ਹਰਿ ਹਰਿ**

ਕਰਿ ਥਕੇ ਮੈਲੁ ਨ ਸਕੀ ਧੋਇ॥) ਜਿਸ ਗੁਰੂ ਪ੍ਰਮਾਤਮਾ ਨੂੰ ਅਸੀਂ ਪਾਉਣਾ ਚਾਹੁੰਦੇ ਹਾਂ, ਉਸਦੇ ਆਪਣੇ ਦੱਸੇ ਹੋਏ ਅਸੂਲ ਦੇ ਉਲਟ ਚੱਲ ਕੇ ਉਸਨੂੰ ਕਿਵੇਂ ਪਾਇਆ ਜਾ ਸਕਦਾ ਹੈ। ਅਤਿ ਦੀ ਅਗਿਆਨਤਾ ਹੈ। ਹਰਿ ਹਰਿ ਕਰਨਾ ਕੋਈ ਤੰਤ੍ਰ ਮੰਤਰ ਦਾ ਕੰਮ ਨਹੀਂ ਕਰਦਾ। ਇਹ ਧਰਮ ਦਾ ਮਾਰਗ ਹੈ, ਸੱਚੇ ਕਰਮ ਕਰਨ ਦਾ ਮਾਰਗ ਹੈ ਜਿਸ ਦੀ ਸ਼ੁਰੂਆਤ ਹੀ ਹਿਰਦੇ ਦੀ ਸ਼ੁੱਧੀ ਹੈ। ਹਿਰਦੇ ਦੀ ਸ਼ੁੱਧੀ ਬਿਨ੍ਹਾਂ ਕੋਈ ਭਗਤੀ ਹੈ ਹੀ ਨਹੀਂ। ਜਦ ਤੱਕ ਸਾਡਾ ਹਿਰਦਾ ਸ਼ੁੱਧ ਨਹੀਂ ਅਸੀਂ ਹਰ ਦਿਨ ਅਨੇਕਾਂ ਹੀ ਕਰਮ ਕਰਦੇ ਹਾਂ, ਆਪਣੇ ਵੱਲੋਂ ਧਰਮ ਦੇ ਕਰਮ ਕਰਦੇ ਹਾਂ ਤੇ

9/887

ਇਹੋ ਜਿਹੇ ਸਾਡੇ ਧਰਮ ਕਰਮ ਕਿਸੇ ਲੇਖੇ ਨਹੀਂ ਪੈਂਦੇ। ਜਦ ਤੱਕ ਹਿਰਦਾ ਸ਼ੁੱਧ ਨਹੀਂ ਸੁਪਨੇ ਵਿੱਚ ਵੀ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਮੁੱਖੋਂ ਹਰਿ ਹਰਿ ਬੋਲੀ ਜਾਣਾ, ਕਿਸੇ ਅੱਖਰ ਦਾ ਜਪ ਕਰੀ ਜਾਣਾ, ਜਿਸਨੂੰ ਅਸੀਂ ਭਗਤੀ ਸਮਝਦੇ ਹਾਂ ਇਸ ਦੇ ਨਾਲ ਕਦੇ ਵੀ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। **(ਸੁਪਨੇ ਸੁਖ ਨ ਹੋਈ॥)** ਹਰ ਕੋਈ ਜਪ ਕਰਨ ਵਾਲੇ ਆਪਣੇ ਆਪ ਨੂੰ ਸਿਆਣਾ ਹੀ ਸਮਝਦੇ ਹਨ, ਗਿਆਨਵਾਨ ਹੀ ਸਮਝਦੇ ਹਨ, ਕੇਵਲ ਅੱਖਰਾਂ ਦਾ ਗਿਆਨ ਰੱਖਦੇ ਹਨ ਤੇ ਇਸੇ ਲਈ ਉਹਨਾਂ ਨੂੰ ਗਿਆਨੀ ਕਹਿ ਕੇ ਸੰਬੋਧਨ ਕੀਤਾ ਹੈ ਤੇ ਨਾਲ ਹੀ ਇਹ ਸਮਝਾਇਆ ਹੈ ਕਿ ਇਹੋ ਜਿਹਾ ਗਿਆਨੀ ਬਣਨ ਨਾਲ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ।

(ਗਿਆਨੀ ਗੁਰ ਬਿਨੁ ਭਗਤਿ ਨ ਹੋਈ॥) ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਅਸੀਂ "**ਹਰਿ ਹਰਿ**" "**ਗੁਰੂ ਗੁਰੂ**" ਕਰਕੇ ਪ੍ਰਮਾਤਮਾ ਨੂੰ ਜਪਦੇ ਹਾਂ ਭਾਵ ਉਸ ਦੇ ਅੱਖਰ ਨੂੰ ਜਪਦੇ ਹਾਂ ਤੇ ਆਪਣੇ ਆਪ ਨੂੰ ਸਿਆਣਾ ਸਮਝਦੇ ਹਾਂ, ਉਸਦੀ ਭਗਤੀ ਸਮਝਦੇ ਹਾਂ ਪਰ "**ਇਹੋ ਜਿਹੀ ਭਗਤੀ ਵਿੱਚ ਗੁਰੂ ਨਹੀਂ ਹੈ**", "**ਇਹ ਗੁਰ ਬਿਨ ਭਗਤੀ ਹੈ**" ਭਾਵ ਗੁਰੂ ਗੁਰੂ ਕਰਨ ਨਾਲ, ਹਰਿ ਹਰਿ ਕਰਨ ਨਾਲ ਸਾਡੀ ਭਗਤੀ ਵਿੱਚ "**ਗੁਰੂ**" ਨਹੀ ਹੈ। ਸਾਡੀ ਭਗਤੀ ਵਿੱਚ ਗੁਰੂ ਕਿਉਂ ਨਹੀਂ ਹੈ, ਸਾਡੀ ਭਗਤੀ ਗੁਰੂ ਵਾਲੀ ਕਿਉਂ ਨਹੀਂ ਹੈ, ਇਸ ਦੀ ਸੋਝੀ ਨਾਲ ਹੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ ਜੋ ਕਿ "**ਰਹਾਉ**" ਵਾਲੀ ਪੰਗਤੀ ਹੈ। **"ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ॥"**

ਅਸੀਂ ਹਰਿ ਹਰਿ ਜਪਦੇ ਹਾਂ, ਗੁਰੂ ਗੁਰੂ ਜਪਦੇ ਹਾਂ ਪਰ ਫਿਰ ਵੀ "**ਗੁਰੂ ਸਾਹਿਬ ਸਾਨੂੰ ਕੋਰਾ ਹੀ ਕਹਿ ਰਹੇ ਹਨ**"। ਕੋਰਾ ਸਾਡੇ ਮਨ ਨੂੰ ਕਿਹਾ ਹੈ ਜਿਸ ਉੱਤੇ ਅਸੀਂ ਗੁਰੂ ਦਾ ਰੰਗ ਚੜਾਉਣ ਦੀ ਕੋਸ਼ਿਸ਼ ਕਰਦੇ ਹਾਂ ਭਾਵ ਹਰਿ ਹਰਿ, ਗੁਰੂ ਗੁਰੂ ਬੋਲ ਕੇ ਆਪਣੇ ਆਪ ਨੂੰ ਗੁਰੂ ਦੇ ਰੰਗ ਵਿੱਚ ਰੰਗਦੇ ਹਾਂ, ਪ੍ਰਮਾਤਮਾ ਨਾਲ ਰੰਗਦੇ ਹਾਂ ਪਰ ਸਾਡੀ ਇਸ ਗੱਲ ਦਾ ਖੰਡਨ ਕਰਕੇ ਸਮਝਾਇਆ ਹੋਇਆ ਹੈ ਭਾਵ ਸਾਡੇ ਇਸ ਵਿਸ਼ਵਾਸ ਦਾ ਖੰਡਨ ਕੀਤਾ ਹੋਇਆ ਹੈ। **(ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ॥੧॥ ਰਹਾਉ॥)** ਭਾਵ **(ਹਿਰਦਾ ਸੁਧ ਨਾ ਹੋਈ)** ਜਦ ਤੱਕ ਗੁਰੂ ਦੀ ਮਤਿ ਸਾਡੇ ਅੰਦਰ ਨਹੀਂ ਵੱਸਦੀ, ਅੱਖਰ ਦਾ ਗਿਆਨ ਸਾਡੇ ਅੰਦਰ ਨਹੀਂ ਵੱਸਦਾ ਤਦ ਤੱਕ

9/888

ਸਾਡਾ ਮਨ ਗੁਰੂ ਵੱਲੋਂ ਕੋਰਾ ਹੀ ਹੈ। ਅਸੀਂ ਇਹੀ ਚਾਹੁੰਦੇ ਹਾਂ, ਲੋਚਦੇ ਹਾਂ ਕਿ ਗੁਰੂ ਦੀ ਮਤਿ ਤੇ ਅਮਲ ਕੀਤੇ ਬਿਨ੍ਹਾਂ ਹੀ ਕੇਵਲ ਮੁੱਖੋਂ ਬੋਲ-ਬੋਲ ਕੇ ਹੀ ਸਾਡੇ ਤੇ ਗੁਰੂ ਦਾ ਰੰਗ ਚੜ੍ਹ ਜਾਵੇ ਭਾਵ ਅਸੀਂ ਗੁਰਮਤਿ ਵਾਲੇ ਅਖਵਾ ਲਈਏ, ਗੁਰੂ ਵਾਲੇ ਅਖਵਾ ਲਈਏ ਤੇ ਇਸੇ ਤਰੀਕੇ ਸਾਡੀ ਭਗਤੀ ਲੇਖੇ ਲੱਗ ਜਾਵੇ। ਪਰ ਗੁਰੂ ਜੀ ਸਾਨੂੰ ਸਮਝਾ ਰਹੇ ਹਨ ਕਿ ਐਸਾ ਕਦੇ ਨਹੀਂ ਹੋ ਸਕਦਾ ਭਾਵ ਇਸ ਤਰੀਕੇ ਨਾਲ ਅਸੀਂ ਗੁਰੂ ਵਾਲੇ ਨਹੀਂ ਬਣ ਸਕਦੇ। ਗੁਰੂ ਵਾਲੇ ਗੁਰੂ ਦੀ ਗੱਲ ਮੰਨ ਕੇ ਹੀ ਬਣਿਆ ਜਾ ਸਕਦਾ ਹੈ, ਆਪਣੇ ਮਨ ਵਿੱਚੋਂ ਕਪਟ ਕੱਢ ਕੇ ਹੀ ਬਣਿਆ ਜਾ ਸਕਦਾ ਹੈ। ਹਰ ਕੋਈ ਚਾਹੁੰਦਾ ਇਹੋ ਹੀ ਹੈ ਕਿ ਗੁਰੂ ਦੀ ਭਗਤੀ ਗੁਰੂ ਦੀਆਂ ਗੱਲਾਂ ਪੜ੍ਹਨ, ਸੁਣਨ, ਬੋਲਣ ਨਾਲ ਹੀ ਹੋ ਜਾਵੇ, ਪਰ ਇਹ ਨਹੀਂ ਹੋ ਸਕਦਾ। ਇਹੀ ਗੱਲ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਜੋ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥}

(ਅੰਗ ੬੧੨)

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ॥੩॥}

(ਅੰਗ ੬੫)

{ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

ਅਸੀਂ ਮੁੱਖੋਂ ਭਾਵੇਂ ਜਿਹੜਾ ਮਰਜੀ ਅੱਖਰ ਬੋਲ ਲਈਏ ਪਰ ਗੱਲ ਤਾਂ ਸਾਰੀ ਗੁਰੂ ਦੇ ਭਾਣੇ ਨੂੰ ਮੰਨਣ ਦੀ ਹੈ, ਆਪਣੇ ਅੰਦਰ ਦੀ ਬਿਖ ਛੱਡਣ ਦੀ ਹੈ, ਹਉਮੈ ਛੱਡਣ ਦੀ ਹੈ, ਵਿਕਾਰਾਂ ਨੂੰ ਛੱਡਣ ਦੀ ਹੈ ਜਿੰਨ੍ਹਾਂ ਨੂੰ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਹੋ ਹੀ ਨਹੀਂ ਸਕਦੀ ਭਾਵ ਵਿਕਾਰਾਂ ਨੂੰ ਛੱਡੇ ਬਿਨ੍ਹਾਂ ਮਨੁੱਖ ਚੰਗੇ ਕਰਮ ਕਰ ਹੀ ਨਹੀਂ ਸਕਦਾ ਜੋ ਕਿ ਅਸਲ ਭਗਤੀ ਦਾ ਮਾਰਗ ਹੈ। ਜਦ ਤੱਕ ਸਾਡੇ ਅੰਦਰ ਕਪਟ ਹੈ ਭਾਵ ਮਾਇਆ ਦਾ ਛੱਲ ਹੈ ਤਦ ਤੱਕ ਹਰ ਕੋਈ ਮਨਮੁਖਿ ਹੈ ਤੇ ਹਰ ਕੋਈ ਰੋਗੀ ਹੈ, ਹਰ ਕਿਸੇ ਦੇ ਅੰਦਰ ਤ੍ਰਿਸ਼ਨਾ ਦਾ ਰੋਗ ਹੈ, ਹਉਮੈ ਰੋਗ ਹੈ। ਅਸੀਂ ਪ੍ਰਮਾਤਮਾ ਦੀ ਭਗਤੀ ਆਪਣੇ ਜਪ ਤਪ ਦੁਆਰਾ ਕਰਦੇ ਹਾਂ, ਅਨੇਕਾਂ ਤਰੀਕੇ ਦੀ ਸੁੱਚ ਸੰਜਮ ਵਰਤਦੇ ਹਾਂ, ਵਰਤ ਰੱਖਦੇ ਹਾਂ, ਆਪਣੇ ਆਪਣੇ ਤਰੀਕੇ ਨਾਲ ਪੂਜਾ ਕਰਦੇ ਹਾਂ। ਇਹੋ ਜਿਹਾ ਕਰਨ ਨਾਲ ਭਾਵ ਅਸੀਂ ਜਿਤਨੇ ਮਰਜ਼ੀ ਜਪ ਤਪ ਕਰ ਲਈਏ, ਹਰਿ ਹਰਿ ਕਰ ਲਈਏ, ਸੰਜਮ ਸੁੱਚ ਆਦਿ ਵਰਤ ਲਈਏ, ਜਿਤਨੀ ਮਰਜ਼ੀ ਗੁਰੂ ਪ੍ਰਮਾਤਮਾ ਦੀ ਆਪਣੇ ਆਪਣੇ ਤਰੀਕਿਆਂ ਨਾਲ ਪੂਜਾ ਕਰ ਲਈਏ ਪਰ ਇਸ ਨਾਲ ਸਾਡੇ ਮਨ ਦਾ ਰੋਗ ਨਹੀਂ ਜਾ ਸਕਦਾ, ਸਾਡੇ ਮਨ ਦੇ ਵਿਕਾਰ ਨਹੀਂ ਨਿਕਲ ਸਕਦੇ, ਸਾਡੇ ਮਨ ਦੀ ਮਾੜੀ ਸਮਝ ਨਹੀਂ ਨਿਕਲ ਸਕਦੀ ਭਾਵ ਵਿਕਾਰ ਕੱਢਣ ਦਾ ਤਰੀਕਾ ਇਹ ਹੈ ਹੀ ਨਹੀਂ। ਸਾਡਾ ਕੋਈ ਸਰੀਰਕ ਜਪ ਤਪ ਸਾਡੇ ਲੇਖੇ ਨਹੀਂ ਹੈ। **(ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ॥)** ਹਰਿ ਹਰਿ ਕਰਨ ਵਾਲਾ, ਜਪ ਤਪ ਕਰਨ ਵਾਲਾ, ਸੰਜਮ ਆਦਿ ਕਰਨ ਵਾਲਾ ਕੀ ਕਦੇ ਇਹ ਮੰਨ ਸਕਦਾ ਹੈ ਕਿ ਉਹ ਮਨਮੁਖਿ ਹੈ। ਇਹੋ ਜਿਹੇ ਜਪ ਤਪ ਕਰਨ ਵਾਲਾ ਹਰ ਕੋਈ ਆਪਣੇ ਆਪ ਨੂੰ ਗੁਰਮੁਖਿ ਹੀ ਸਮਝਦਾ ਹੈ, ਗਿਆਨਵਾਨ ਸਮਝਦਾ ਹੈ, ਭਗਤੀ ਕਰਨ ਵਾਲਾ ਸਮਝਦਾ ਹੈ ਤੇ ਸਮਾਜ ਵਿੱਚ ਇਹੀ ਸਾਡੀ ਭਗਤੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ ਜਿਸ ਕਰਕੇ ਸਾਨੂੰ ਸਮਾਜ ਵਿੱਚ ਉੱਚਾ ਰੁਤਬਾ ਮਿਲਦਾ ਹੈ। ਪਰ ਧਿਆਨ ਨਾਲ ਸਮਝੋ ਕਿ ਇਹੋ ਜਿਹੇ ਜਪ ਤਪ ਕਰਨ ਵਾਲਿਆਂ ਨੂੰ, ਅੱਖਰ ਦਾ ਜਪ ਕਰਨ ਵਾਲਿਆਂ ਨੂੰ, ਗੁਰੂ ਸਾਹਿਬ ਕੀ ਕਹਿ ਕੇ ਸੰਬੋਧਿਤ ਕਰ ਰਹੇ ਹਨ। ਗੁਰੂ ਸਾਹਿਬ ਇਹਨਾਂ ਨੂੰ ਮਨਮੁਖਿ ਕਹਿ ਰਹੇ ਹਨ। **(ਜਪ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗ ਨ ਜਾਈ)** ਦੋਨਾਂ ਵਿੱਚੋਂ ਠੀਕ ਕੌਣ ਹੈ, ਜਪ ਤਪ ਕਰਨ ਵਾਲੇ, "ਹਰਿ ਹਰਿ ਬੋਲਣ ਵਾਲੇ" ਜਾਂ "ਗੁਰੂ ਸਾਹਿਬ", ਇਸ ਗੱਲ ਦਾ ਫੈਸਲਾ ਇਹ ਲੇਖ ਪੜ੍ਹਨ ਵਾਲੇ ਆਪ ਹੀ ਕਰ ਲੈਣ ਕਿ ਅਸੀਂ "ਅਗਿਆਨਤਾ" ਦਾ ਪੱਖ ਲੈਣਾ ਹੈ ਜਾਂ ਗੁਰੂ ਦੇ ਸੱਚੇ "ਗਿਆਨ" ਦਾ, "ਝੂਠ" ਦਾ ਜਾਂ "ਸੱਚ" ਦਾ, ਕਿਸੇ "ਦੇਹ" ਦੇ ਪਿੱਛੇ ਲੱਗਣਾ ਹੈ ਜਾਂ "ਸ਼ਬਦ" ਦੇ। ਤੁਹਾਡੇ ਫੈਸਲੇ ਨੇ ਹੀ ਤੁਹਾਡੇ ਜੀਵਨ ਦੇ ਮਾਰਗ ਨੂੰ, ਭਗਤੀ ਦੇ ਮਾਰਗ ਨੂੰ ਤੈਅ ਕਰਨਾ ਹੈ ਕਿ ਅਸੀਂ ਆਪਣੇ ਰੋਗ ਵਿੱਚੋਂ ਨਿਕਲਣਾ ਹੈ ਜਾਂ ਉਸੇ ਵਿੱਚ ਹੀ ਫਸੇ ਰਹਿਣਾ ਹੈ। ਇਹ ਵਿਕਾਰਾਂ ਦਾ ਰੋਗ ਸਾਡੇ ਮਨ ਦਾ ਰੋਗ ਹੈ ਤੇ ਅਸੀਂ ਇਸ ਰੋਗ ਨੂੰ ਦੂਰ ਕਰਨ ਦਾ ਤਰੀਕਾ ਆਪਣਾ ਸਰੀਰਕ ਜਪ ਤਪ ਬਣਾਇਆ ਹੋਇਆ ਹੈ, ਹਰਿ ਹਰਿ ਕਰਨਾ ਬਣਾਇਆ ਹੋਇਆ ਹੈ ਭਾਵ ਕਿਸੇ ਅੱਖਰ ਦਾ ਜਪ ਬਣਾਇਆ ਹੋਇਆ ਹੈ ਜਿਸ ਨਾਲ ਸਾਡਾ ਸਮਾਜ ਵਿੱਚ ਮਾਨ ਸਨਮਾਨ ਵੱਧਦਾ ਹੈ ਤੇ ਉਸ ਦੇ ਨਾਲ ਸਾਡਾ ਅਭਿਮਾਨ ਵੱਧਦਾ ਹੈ, ਸਾਡੀ ਹਉਮੈ ਵੱਧਦੀ ਹੈ। ਇਹ

9/889

ਭਗਤੀ ਦਾ ਮਾਰਗ ਨਹੀਂ ਹੈ, ਇਹ ਗੁਰੂ ਨਾਲ ਪਿਆਰ ਦਿਖਾਉਣ ਦਾ ਤਰੀਕਾ ਨਹੀਂ ਹੈ। ਅਸਲ ਵਿੱਚ ਸਾਡਾ ਪਿਆਰ ਮਾਇਆ ਵਿੱਚ ਹੈ, ਆਪਣੇ ਮਾਨ ਅਭਿਮਾਨ ਵਿੱਚ ਹੈ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਦਿਖਾਉਣ ਵਿੱਚ ਹੈ ਜੋ ਕਿ ਭਗਤੀ ਤੋਂ ਉਲਟ ਪਾਸਾ ਹੈ। ਇਹੋ ਜਿਹੀ ਭਗਤੀ ਨਾਲ ਪ੍ਰਮਾਤਮਾ ਤਾਂ ਮਿਲ ਨਹੀਂ ਸਕਦਾ ਪਰ ਸਾਡੀ ਖੁਆਰੀ ਜਰੂਰ ਹੁੰਦੀ ਹੈ। **(ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ॥੨॥)** ਆਓ ਹੁਣ ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਵਿਚਾਰੀਏ ਕਿ ਸਾਡੇ ਇਸ ਹਰਿ ਹਰਿ ਕਰਨ ਨੂੰ, ਇਹੋ ਜਿਹਾ ਜਪ ਤਪ ਕਰਨ ਨੂੰ ਕੀ ਕਹਿ ਕੇ ਸਮਝਾਇਆ ਹੈ।

"ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥"

ਭਗਤੀ ਦਾ ਮੂਲ ਮਨ ਦੀ ਸਮਝ ਦੇ ਵਿੱਚ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੈ। ਜਦ ਤੱਕ ਇਹ ਮਨ ਵੱਸ ਵਿੱਚ ਨਹੀਂ ਹੈ, ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਮਨ ਹਰ ਵੇਲੇ ਉੱਡਦਾ ਰਹਿੰਦਾ ਹੈ, ਮਨ ਹਰ ਵੇਲੇ ਤ੍ਰਿਸ਼ਨਾਵਾਂ ਵਿੱਚ ਦੱਬਿਆ ਰਹਿੰਦਾ ਹੈ। ਜਦ ਤੱਕ ਤ੍ਰਿਸ਼ਨਾਵਾਂ ਕਾਬੂ ਨਹੀਂ ਆਉਂਦੀਆ ਮਨ ਵਿੱਚੋਂ ਕਪਟ ਵੀ ਨਹੀਂ ਜਾ ਸਕਦਾ, ਵਿਕਾਰ ਨਹੀਂ ਜਾ ਸਕਦੇ। ਮਨ ਕੇਵਲ ਸੱਚ ਨਾਲ ਟਿਕ ਸਕਦਾ ਹੈ, ਗੁਰੂ ਦੇ ਸ਼ਬਦ ਨਾਲ ਟਿਕ ਸਕਦਾ ਹੈ ਭਾਵ ਸ਼ਬਦ ਦੇ ਗਿਆਨ ਨਾਲ ਟਿਕ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਹਨ ਤਦ ਤੱਕ ਅਸੀਂ ਜਿਤਨਾ ਮਰਜ਼ੀ ਦਿਨ ਰਾਤ ਹਰਿ ਹਰਿ

ਕਰੀ ਜਾਈਏ, ਜਪ ਤਪ ਕਰੀ ਜਾਈਏ ਇਹ ਕੇਵਲ ਸਾਡਾ ਬਾਹਰੀ ਦਿਖਾਵਾ ਦੱਸਿਆ ਹੈ, ਸਾਡੀ ਅਤਿ ਦੀ ਸਿਆਣਪ ਦੱਸੀ ਹੈ ਤੇ ਇਸ ਤੋਂ ਇਲਾਵਾ ਹੋਰ ਕੁੱਝ ਨਹੀਂ ਹੈ ਭਾਵ ਕੇਵਲ ਸਾਡੀ ਖੁਆਰੀ ਹੈ।

{ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥}

(ਅੰਗ - ੪੧੨)

ਇਸ ਦਾ ਹੱਲ ਵੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ॥੩॥"

ਅਸੀਂ ਜੋ ਵੀ **"ਹਰਿ ਹਰਿ", "ਗੁਰੂ ਗੁਰੂ"** ਜਪਦੇ ਹਾਂ ਉਹ ਆਪਣੇ ਵੱਲੋਂ ਗੁਰੂ ਦੇ ਸ਼ਬਦ ਨੂੰ ਜਪਦੇ ਹਾਂ। ਸ਼ਬਦ ਨੂੰ ਜਪਣ ਦਾ ਮਨੋਰਥ ਕੀ ਹੈ, ਇਹੀ ਗੱਲ ਇੱਥੇ ਸਮਝਾਈ ਹੋਈ ਹੈ। ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹੈ, ਸਾਡੀ

9/890

ਅਗਿਆਨਤਾ ਦੂਰ ਕਰਨ ਲਈ ਹੈ, ਸਾਨੂੰ ਗਿਆਨ ਦੇਣ ਲਈ ਹੈ। ਅਸੀਂ ਸ਼ਬਦ ਨੂੰ ਆਪਣੇ ਅੰਦਰ ਚੀਨਣਾ ਹੈ। "ਚੀਨੈ" ਤੋਂ ਭਾਵ ਹੈ ਆਪਣੀ ਇੰਟਰੋਸਪੈਕਸ਼ਨ ਭਾਵ ਆਤਮ ਨਿਰੀਖਣ ਕਰਨਾ ਭਾਵ ਆਪਣੇ ਅੰਦਰ ਦੀ ਕਮੀ ਨੂੰ ਸਮਝ ਕੇ ਉਸ ਨੂੰ ਦੂਰ ਕਰਨਾ ਭਾਵ ਗੁਰੂ ਦੀ ਗੱਲ ਨੂੰ ਸਮਝ ਕੇ ਉਸ ਤੇ ਅਮਲ ਕਰਨਾ। ਜੇਕਰ ਅਸੀਂ ਸ਼ਬਦ ਤੇ ਅਮਲ ਨਹੀਂ ਕਰਨਾ ਫਿਰ ਉਹ ਸ਼ਬਦ "ਲਿਖਿਆ ਨਾ ਲਿਖਿਆ" ਸਾਡਾ "ਪੜਿਆ ਨਾ ਪੜਿਆ" ਇੱਕੋ ਗੱਲ ਹੀ ਹੈ। ਪੂਰੀ ਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਹਰ ਸ਼ਬਦ ਸਾਨੂੰ ਕੋਈ ਨਾ ਕੋਈ ਸੋਝੀ ਹੀ ਪਾ ਰਿਹਾ ਹੈ। "ਸ਼ਬਦ" ਗੁਰੂ ਦੀ ਮਤਿ ਹੈ ਤੇ "ਹਉਮੈ" ਸਾਡੀ ਮਤਿ ਹੈ। ਜੇਕਰ ਅਸੀਂ ਆਪਣੀ ਹਉਮੈ ਛੱਡ ਕੇ ਨਹੀਂ ਰਾਜ਼ੀ, ਮਨਮਤਿ ਛੱਡ ਕੇ ਨਹੀਂ ਰਾਜ਼ੀ ਫਿਰ ਅਸੀਂ ਗੁਰੂ ਦੀ ਮਤਿ ਲੈ ਕੇ ਨਹੀਂ ਰਾਜ਼ੀ। ਸ਼ਬਦ ਦੇ ਅੰਦਰ ਦੀ ਵਿਚਾਰ ਗੁਰੂ ਦਾ ਨਾਮ ਹੈ। ਹਉਮੈ ਤੇ ਨਾਮ ਦਾ ਆਪਸ ਵਿੱਚ ਵਿਰੋਧ ਹੈ। ਉੱਪਰ ਸ਼ਬਦ ਰਾਹੀਂ ਹਰਿ ਹਰਿ ਕਰਨ ਨੂੰ, ਕਿਸੇ ਅੱਖਰ ਦਾ ਜਪ ਕਰਨ ਨੂੰ ਸਾਡੀ "**ਹਉਮੈ**" ਦੱਸਿਆ ਹੈ ਭਾਵ ਉੱਥੇ ਨਾਮ ਨਹੀਂ ਹੈ। ਹਉਮੈ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਆਉਂਦਾ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}

(ਅੰਗ ੫੬੦)

ਜਦ ਤੱਕ ਸਾਡੇ ਅੰਦਰ ਮਨਮਤਿ ਹੈ ਤਦ ਤੱਕ ਸਾਡੇ ਅੰਦਰ ਗੁਰਮਤਿ ਨਹੀਂ ਹੈ, ਸਾਡੇ ਅੰਦਰ ਨਾਮ ਨਹੀਂ ਹੈ, ਸ਼ਬਦ ਦੀ ਵਿਚਾਰ ਨਹੀਂ ਹੈ ਭਾਵ ਜਦ ਤੱਕ ਅਸੀਂ ਮਨਮਤਿ ਨਹੀਂ ਛੱਡਦੇ, ਗੁਰੂ ਦੇ ਸ਼ਬਦ ਦੀ ਵਿਚਾਰ ਤੇ ਅਮਲ ਨਹੀਂ ਕਰਦੇ ਤਦ ਤੱਕ ਫਿਰ ਅਸੀਂ ਜਿਹੋ ਜਿਹਾ ਜਪ ਤਪ ਕਰਦੇ ਹਾਂ, ਜਿਹੋ ਜਿਹਾ "ਹਰਿ ਹਰਿ" "ਗੁਰ ਗੁਰ" ਕਰਦੇ ਹਾਂ ਉਸ ਨਾਲ ਅਸੀਂ ਵਾਰ-ਵਾਰ ਜੂਨਾਂ ਵਿੱਚ ਪੈਂਦੇ ਹਾਂ ਭਾਵ ਜਿਸ ਨੂੰ ਅਸੀਂ ਭਗਤੀ ਸਮਝਦੇ ਹਾਂ ਉਹ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਤੇ ਉਹ ਲੇਖੇ ਵਿੱਚ ਨਹੀਂ ਪੈਂਦੀ। ਸਾਨੂੰ ਪ੍ਰਮਾਤਮਾ ਦੇ ਸਹੀ ਮਾਰਗ ਦੀ ਸੋਝੀ ਕਿਉਂ ਨਹੀਂ ਪੈਂਦੀ, ਸਾਨੂੰ ਉਸਦਾ ਅਸਲ ਜਪ ਤਪ ਕਿਉਂ ਨਹੀਂ ਸਮਝ ਆਉਂਦਾ, ਸਾਨੂੰ ਨਾਮ ਧਿਆਉਣਾ ਕਿਉਂ ਨਹੀਂ ਸਮਝ ਆਉਂਦਾ, ਸਾਨੂੰ ਅਸਲ ਹਰਿ ਹਰਿ ਕਰਨਾ ਕਿਉਂ ਨਹੀਂ ਸਮਝ ਆਉਂਦਾ ਇਸ ਦੀ ਸੋਝੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ।

"ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥੪॥੪॥"

ਬੜੇ ਹੀ ਧਿਆਨ ਨਾਲ ਵਿਚਾਰੋ ਉੱਪਰ ਵਾਲੀ ਪੰਗਤੀ ਨੂੰ ਤੇ ਸਮਝੋ ਕਿ ਕੀ ਮੁੱਖੋਂ ਕੀ ਹਰਿ ਹਰਿ ਕਰਨ ਨੂੰ ਨਾਮ

9/891

ਧਿਆਉਣਾ ਕਿਹਾ ਹੈ? ਬੜਾ ਸਪੱਸ਼ਟ ਹੈ ਕਿ ਮੁੱਖੋਂ ਹਰਿ ਹਰਿ ਕਰਨਾ, ਨਾਮ ਧਿਆਉਣਾ ਨਹੀਂ ਹੈ ਤੇ ਇਹੋ ਜਿਹਾ ਹਰਿ ਹਰਿ, ਗੁਰੂ ਗੁਰੂ ਕਰਨ ਵਾਲੇ ਨਾਮ ਨਹੀਂ ਧਿਆਉਂਦੇ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮੁੱਖੋਂ ਹਰਿ ਹਰਿ ਕਰਨ ਨੂੰ ਕੇਵਲ ਸਾਡੀ ਅਗਿਆਨਤਾ ਕਿਹਾ ਹੈ, ਨਾਸਮਝੀ ਕਿਹਾ ਹੈ ਤੇ ਇਸ ਨੂੰ ਨਾਮ ਧਿਆਉਣਾ ਨਹੀਂ ਕਿਹਾ। ਉਸ ਪ੍ਰਮਾਤਮਾ ਦੀ ਕਿਰਪਾ ਬਿਨ੍ਹਾਂ ਸਾਨੂੰ ਨਾਮ ਧਿਆਉਣਾ ਕੀ ਹੈ, ਇਸ ਗੱਲ ਦੀ ਸੋਝੀ ਵੀ ਨਹੀਂ ਪੈ ਸਕਦੀ। ਆਪਣੀ ਸੋਝੀ ਉਹ ਆਪ ਹੀ ਕਿਸੇ ਤੇ ਕਿਰਪਾ ਕਰਕੇ ਪਾਉਂਦਾ ਹੈ, ਆਪਣੇ ਨਾਲ ਮੇਲ ਕਰਨ ਦੁਆਰਾ ਸਮਝਾਉਂਦਾ ਹੈ ਤੇ ਤਾਂ ਕੋਈ ਉਸਦਾ ਨਾਮ ਜਪ ਸਕਦਾ ਹੈ। ਉਹ ਆਪਣੀ ਮਤਿ ਦੇ ਨਾਲ ਆਪ ਹੀ ਕਿਸੇ ਵਿਰਲੇ ਨੂੰ ਜੋੜਦਾ ਹੈ, ਆਪਣੇ ਨਾਮ

ਦੇ ਨਾਲ, "**ਆਪਣੇ ਸੱਚ ਦੇ ਨਾਲ ਕਿਸੇ ਵਿਰਲੇ ਨੂੰ ਜੋੜ ਕੇ ਉਸ ਕੋਲੋਂ ਹੀ ਹਰਿ ਹਰਿ ਕਰਵਾਉਂਦਾ ਹੈ**"। ਸੱਚ ਦੁਆਰਾ ਵਿਚਰਨਾ ਹੀ, ਔਗੁਣ ਰਹਿਤ ਹੋ ਕੇ ਵਿਚਰਨਾ ਹੀ ਨਾਮ ਜਪਣਾ ਹੈ, ਅੱਠੇ ਪਹਿਰ ਹਰਿ ਹਰਿ ਕਰਨਾ ਹੈ, ਗੁਰੂ ਗੁਰੂ ਕਰਨਾ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਸੱਚ ਨਾਲ ਜੋੜਦਾ ਹੈ ਉਸਨੂੰ ਹੀ ਆਪਣੀ ਕਿਰਪਾ ਦੁਆਰਾ ਆਪਣਾ ਆਪ ਬੁਝਾਉਂਦਾ ਹੈ, ਆਪਣੇ ਆਪ ਦੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਉਸ ਦੀ ਮਤਿ ਵਿੱਚ ਸਮਾਇਆ ਰਹਿੰਦਾ ਹੈ ਭਾਵ ਮਨੁੱਖ ਨੂੰ ਆਪ ਹੀ ਮਨਮਤਿ ਵਿੱਚੋਂ ਕੱਢਦਾ ਹੈ, ਹਉਮੈ ਵਿੱਚੋਂ ਕੱਢਦਾ ਹੈ ਤੇ ਆਪਣੇ ਆਪ ਨਾਲ ਜੋੜ ਲੈਂਦਾ ਹੈ, ਨਾਮ ਨਾਲ ਜੋੜ ਲੈਂਦਾ ਹੈ। **(ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥੪॥੪॥)**

ਪ੍ਰਮਾਤਮਾ ਦਾ ਨਾਮ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਜਪਿਆ ਜਾ ਸਕਦਾ ਹੈ, ਹਉਮੈ ਖ਼ਤਮ ਹੋਣ ਨਾਲ ਹੀ ਜਪਿਆ ਜਾ ਸਕਦਾ ਹੈ ਜੋ ਕਿ ਉਹ ਆਪ ਹੀ ਜਪਾਉਂਦਾ ਹੈ ਭਾਵ ਆਪਣੇ ਸੱਚੇ ਮਾਰਗ ਤੇ ਆਪ ਹੀ ਚਲਾਉਂਦਾ ਹੈ।
ਆਓ ਇਸੇ ਗੱਲ ਨੂੰ ਅਗਲੇ ਸ਼ਬਦ ਦੁਆਰਾ ਸਮਝੀਏ ਤੇ ਜਾਣੀਏ ਕਿ ਸਰੀਰਕ ਜਪ ਤਪ ਸਾਡੇ ਨਿਰੇ ਭਰਮ ਹਨ ਜਿੰਨ੍ਹਾਂ ਨਾਲ ਸਾਡਾ ਹਿਰਦਾ ਸ਼ੁੱਧ ਨਹੀਂ ਹੋ ਸਕਦਾ ਬਲਕਿ ਉਲਟੀ ਸਾਡੀ ਹਉਮੈ ਵੱਧਦੀ ਹੈ ਭਾਵ ਇਹ ਸਾਡੇ ਜਪ ਤਪ ਸਾਡੇ ਧਰਮ ਦਾ ਮਾਰਗ ਨਹੀਂ ਹਨ, ਉਲਟਾ ਸਾਨੂੰ ਪ੍ਰਮਾਤਮਾ ਤੋਂ ਦੂਰ ਕਰਦੇ ਹਨ।

“ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ॥ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ॥ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ॥ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ॥ਸਤਿਗੁਰੁ ਸੇਵਿ ਸਦਾ ਸੁਖੁ ਹੋਈ॥
ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ॥ਆਵਹਿ ਜਾਂਹਿ ਮਰਹਿ ਮਰਿ ਜਾਈ॥੪॥
ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ॥ਇਸ ਨੋ ਵਿਆਪੈ ਸੋਗ ਸੰਤਾਪੁ॥
ਸੋ ਸੇਵਹੁ ਜਿਸੁ ਮਾਈ ਨ ਬਾਪੁ॥ਵਿਚਹੁ ਚੂਕੈ ਤਿਸਨਾ ਅਰੁ ਆਪ॥੫॥
ਜਹ ਜਹ ਦੇਖਾ ਤਹ ਤਹ ਸੋਈ॥ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਹਿਰਦੈ ਸਚੁ ਏਹ ਕਰਣੀ ਸਾਰੁ॥ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ॥ਘਰਿ ਬਾਹਰਿ ਏਕੋ ਕਰਿ ਜਾਣੁ॥
ਏਹਾ ਮਤਿ ਸਬਦੁ ਹੈ ਸਾਰੁ॥ਵਿਚਿ ਦੁਬਿਧਾ ਮਾਥੈ ਪਵੈ ਛਾਰੁ॥੭॥
ਕਰਣੀ ਕੀਰਤਿ ਗੁਰਮਤਿ ਸਾਰੁ॥ਸੰਤ ਸਭਾ ਗੁਣ ਗਿਆਨੁ ਬੀਚਾਰੁ॥
ਮਨੁ ਮਾਰੇ ਜੀਵਤ ਮਰਿ ਜਾਣੁ॥ਨਾਨਕ ਨਦਰੀ ਨਦਰਿ ਪਛਾਣੁ॥੮॥੩॥”

(ਅੰਗ ੧੩੪੩)

ਅਸੀਂ ਜੋ ਕੁੱਝ ਵੀ ਜਪ ਤਪ ਕਰਦੇ ਹਾਂ ਉਸ ਨਾਲ ਸਾਡਾ ਮਕਸਦ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦੇ ਨਾਲ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਹੀ ਅਸੀਂ ਸਾਰੇ ਜਪ ਤਪ ਕਰਦੇ ਹਾਂ।

9/892

ਪਹਿਲੀ ਪੰਗਤੀ ਵਿੱਚ ਸਾਡੇ ਜਪ ਤਪ ਕਰਨ ਦੇ ਤਰੀਕੇ ਸਮਝਾਏ ਹੋਏ ਹਨ। ਸਿੱਖ ਜਗਤ ਵਿੱਚ ਵੀ ਸਰੀਰਕ ਕਿਰਿਆਵਾਂ ਦੁਆਰਾ ਜਪ ਤਪ ਕਰਨ ਵਾਲਿਆ ਦੀ ਤੇ ਇਹੋ ਜਿਹਾ ਪ੍ਰਚਾਰ ਕਰਨ ਵਾਲਿਆ ਦੀ ਕਮੀ ਨਹੀਂ ਹੈ। ਅਗਲੀ ਪੰਗਤੀ ਵਿੱਚ ਹੀ ਇਹੋ ਜਿਹੇ ਜਪ ਤਪ ਬਾਰੇ ਨਿਰਣਾ ਦਿੱਤਾ ਹੋਇਆ ਹੈ। ਜਪ ਤਪ ਕਰਨ ਵਾਲਿਆ ਨੂੰ ਨਾਸਮਝ, ਭਰਮੇ ਹੋਏ ਕਿਹਾ ਹੈ, ਗੁਰੂ ਦੀ ਮਤਿ ਤੋਂ ਦੂਰ ਕਿਹਾ ਹੈ ਤੇ ਇਹ ਵੀ ਸਮਝਾਇਆ ਹੈ ਕਿ ਇਹੋ ਜਿਹੇ ਜਪ ਤਪ ਕਰਨ ਵਾਲੇ ਭਾਵ ਸਰੀਰਕ ਕਿਰਿਆਵਾਂ ਦੁਆਰਾ ਜਪ ਕਰਨ ਵਾਲੇ ਅਗਿਆਨਤਾ ਵਿੱਚ ਡੁੱਬੇ ਹੋਏ ਹਨ ਜਿਸ ਕਰਕੇ ਉਹ ਆਪਣਾ ਜੀਵਨ ਵਿਅਰਥ ਕਰਦੇ ਹਨ ਭਾਵ ਇਹਨਾਂ ਸਰੀਰਕ ਕਿਰਿਆਵਾਂ ਦੁਆਰਾ ਪ੍ਰਮਾਤਮਾ ਦੀ ਕੋਈ ਭਗਤੀ ਨਹੀਂ ਹੋ ਸਕਦੀ। (**ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥ ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥**) ਆਓ ਹੁਣ ਅਗਲੀ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰੀਏ ਕਿ ਇਹ ਸਰੀਰਕ ਜਪ ਤਪ ਸਾਡੇ ਲਈ ਕਿਹੋ ਜਿਹੇ ਕੰਮ ਆਉਂਦੇ ਹਨ।

“**ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ॥”**

ਇਸ ਪੰਗਤੀ ਰਾਹੀਂ ਸਾਡਾ ਸਰੀਰਕ ਜਪ ਤਪ ਵਿੱਚ ਵਿਸ਼ਵਾਸ ਦਿਖਾਇਆ ਹੋਇਆ ਹੈ ਪਰ ਨਾਲ ਹੀ ਇਸ ਨੂੰ ਸਾਡੀ

ਅਗਿਆਨਤਾ ਦੱਸਿਆ ਹੈ। ਆਪਣੇ ਵੱਲੋਂ ਅਸੀਂ ਪ੍ਰਮਾਤਮਾ ਦਾ ਜਪ ਤਪ ਆਪਣੇ ਮਨ ਦੀ ਮੈਲ ਦੂਰ ਕਰਨ ਲਈ ਕਰਦੇ ਹਾਂ ਜਾਂ ਦੂਰ ਕਰਨ ਦਾ ਸਾਧਨ ਸਮਝਦੇ ਹਾਂ। ਇਹ ਸਾਡੀ ਅਗਿਆਨਤਾ ਦੱਸੀ ਹੈ। ਮਨੁੱਖ ਦੁਨੀਆ ਦੇ ਵਿੱਚ ਹਉਮੈ ਦਾ ਭਰਿਆ ਹੋਇਆ ਹੀ ਆਉਂਦਾ ਹੈ, ਹਰ ਮਨੁੱਖ ਦੇ ਨਾਲ ਹੀ ਉਸਦੀ ਹਉਮੈ ਹੈ, ਉਸਦੀ ਮੈਂ ਹੈ, ਉਸਦਾ ਪ੍ਰਮਾਤਮਾ ਨਾਲੋਂ ਵੱਖਰਾਪਨ ਹੈ ਜਿਸ ਦਾ ਮੂਲ ਮਨ ਦੀ ਅਗਿਆਨਤਾ ਹੈ ਜੋ ਸਾਨੂੰ ਪ੍ਰਮਾਤਮਾ ਨੂੰ ਸਮਝਣ ਵਿੱਚ ਤੇ ਉਸਦੀ ਸੱਚੀ ਭਗਤੀ ਸਮਝਣ ਤੋਂ ਦੂਰ ਰੱਖਦੀ ਹੈ।

ਸਾਡਾ ਜਿੰਦਗੀ ਦਾ ਮਕਸਦ ਇਸ ਹਉਮੈ ਵਿੱਚੋਂ ਨਿਕਲਣ ਦਾ ਹੈ, ਆਪਣਾ ਆਪ ਛੱਡਣ ਦਾ ਹੈ, ਆਪਣੀ ਮਤਿ ਛੱਡਣ ਦਾ ਹੈ ਤਾਂ ਜੋ ਉਸ ਪ੍ਰਮਾਤਮਾ ਦੇ ਨਾਲ ਮੇਲ ਹੋ ਸਕੇ। ਸਾਡਾ ਇਹ ਭਗਤੀ ਦਾ ਤਰੀਕਾ ਭਾਵ ਸਾਡੇ ਸਰੀਰਕ ਜਪ ਤਪ ਆਦਿ ਸਾਡੀ ਹਉਮੈ ਦੂਰ ਕਰਨ ਦੀ ਬਜਾਏ ਉਲਟਾ ਇਸ ਵਿੱਚ ਵਾਧਾ ਕਰਦੇ ਹਨ। ਅਸੀਂ ਆਪਣੀ ਅਗਿਆਨਤਾ ਕਰਕੇ "ਹਉਮੈ" ਦੇ ਤੇ ਪਹਿਲਾਂ ਹੀ ਭਰੇ ਹੋਏ ਹਾਂ, **(ਅੰਧਾ ਭਰਿਆ)** ਜੋ ਸਾਡੇ ਅੰਦਰ ਦੀ ਮੈਲ ਦਾ ਕਾਰਨ ਹੈ, ਵਿਕਾਰਾਂ ਦਾ ਕਾਰਨ ਹੈ। ਅਸੀਂ ਇਸ ਮੈਲ

9/893

ਨੂੰ ਧੋਣਾ ਚਾਹੁੰਦੇ ਹਾਂ, ਹਉਮੈ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਤੇ ਇਸ ਨੂੰ ਧੋਣ ਦਾ ਤਰੀਕਾ ਆਪਣੇ ਜਪ ਤਪ ਸਮਝਦੇ ਹਾਂ। ਸਾਡਾ ਇਹ ਤਰੀਕਾ ਭਾਵ ਇਹੋ ਜਿਹੇ ਜਪ ਤਪ ਕਰਨ ਦੁਆਰਾ ਅਸੀਂ ਆਪਣੇ ਅੰਦਰ ਹਉਮੈ ਹੋਰ ਭਰੀ ਜਾਂਦੇ ਹਾਂ ਭਾਵ ਆਪਣੀ ਹਉਮੈ ਵਾਲੀ ਸਮਝ ਦੁਆਰਾ ਹੀ, ਅਗਿਆਨਤਾ ਵਾਲੀ ਸਮਝ ਦੁਆਰਾ ਹੀ ਆਪਣੀ ਅਗਿਆਨਤਾ ਕੱਢਣੀ ਚਾਹੁੰਦੇ ਹਾਂ ਤੇ ਉਲਟਾ ਆਪਣੀ ਅਗਿਆਨਤਾ ਵਿੱਚ ਹੀ ਵਾਧਾ ਕਰਦੇ ਹਾਂ। **(ਭਰਿ ਭਰਿ ਧੋਵੈ)** ਮਨ ਦੀ ਮੈਲ ਲੱਥਣ ਦੀ ਬਜਾਏ ਹੋਰ ਭਰ ਜਾਂਦੀ ਹੈ ਕਿਉਂਕਿ ਸਾਡਾ ਮੈਲ ਧੋਣ ਦਾ ਤਰੀਕਾ ਹੀ ਗਲਤ ਹੈ। ਜਪ ਤਪ ਨਾਲ ਕਦੇ ਸਾਡੀ ਹਉਮੈ ਜਾ ਹੀ ਨਹੀਂ ਸਕਦੀ, ਸਾਡੀ ਅਗਿਆਨਤਾ ਦੀ ਮੈਲ ਧੁਲ ਹੀ ਨਹੀਂ ਸਕਦੀ, ਬਲਕਿ ਸਾਡੀ ਹਉਮੈ, ਸਾਡਾ ਮਾਨ ਅਭਿਮਾਨ ਹੋਰ ਉੱਚਾ ਹੋ ਜਾਂਦਾ ਹੈ। ਅਸੀਂ ਆਪਣੀ ਅਗਿਆਨਤਾ ਨੂੰ ਅਗਿਆਨਤਾ ਦੁਆਰਾ ਕੱਢਣਾ ਚਾਹੁੰਦੇ ਹਾਂ, ਹਉਮੈ ਨੂੰ ਹਉਮੈ ਦੁਆਰਾ ਕੱਢਣਾ ਚਾਹੁੰਦੇ ਹਾਂ, ਮਨਮਤਿ ਨੂੰ ਮਨਮਤਿ ਦੁਆਰਾ ਕੱਢਣਾ ਚਾਹੁੰਦੇ ਹਾਂ ਜਿਸ ਦਾ ਅਸਰ ਪੁੱਠਾ ਪੈਂਦਾ ਹੈ। ਮੈਲ ਘੱਟਣ ਦੀ ਬਜਾਇ ਉਲਟਾ ਵੱਧ ਜਾਂਦੀ ਹੈ, ਸਾਡੇ ਅੰਦਰ ਮਨਹਠਿ ਹੋਰ ਵੱਧ ਜਾਂਦੀ ਹੈ ਕਿਉਂਕਿ ਸਮਾਜ ਵਿੱਚ ਕਿਸੇ ਜਪ ਤਪ ਕਰਨ ਵਾਲੇ ਨੂੰ ਗਲਤ ਕਹਿ ਕੇ ਦੇਖੋ ਤੇ ਇਸ ਗੱਲ ਦਾ ਅੰਦਾਜ਼ਾ ਆਪੇ ਹੀ ਲੱਗ ਜਾਵੇਗਾ।

(ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ॥) ਇਹੀ ਗੱਲ ਹੇਠ ਦਿੱਤੀ ਪੰਗਤੀ ਦੁਆਰਾ ਸਮਝੀ ਜਾ ਸਕਦੀ ਹੈ।

{ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥}

(ਅੰਗ ੫੫੪)

{ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥}

(ਅੰਗ ੧੨੩੯)

ਇਸ ਹਉਮੈ ਕਰਕੇ ਹੀ ਸਾਨੂੰ ਮਨ ਦੀਆਂ ਜੂਨਾਂ ਵਿੱਚ ਰਹਿਣਾ ਪੈਂਦਾ ਹੈ, ਆਵਾਗਉਣ ਵਾਲੀ ਸਮਝ ਵਿੱਚ ਰਹਿਣਾ ਪੈਂਦਾ ਹੈ। ਸਰੀਰਕ ਜਪ ਤਪ ਦੁਆਰਾ ਅਸੀਂ ਆਪਣੀ ਇਸ ਹਉਮੈ ਨੂੰ, ਆਪਣੀ ਮਨਮਤਿ ਨੂੰ, ਆਪਣੇ ਮਾਨ ਅਭਿਮਾਨ ਨੂੰ, ਮਨਹਠਿ ਨੂੰ ਛੱਡਣ ਦੀ ਬਜਾਏ ਅਸੀਂ ਉਲਟਾ ਹੋਰ ਵਧਾਈ ਜਾਂਦੇ ਹਾਂ। ਸਾਡੇ ਅੰਦਰ ਜਿਤਨੀ ਹਉਮੈ ਜਿਆਦਾ ਹੈ ਅਸੀਂ ਉਤਨਾ ਹੀ ਗੁਰੂ ਦੀ ਮਤਿ ਤੋਂ, ਨਾਮ ਤੋਂ ਦੂਰ ਹੁੰਦੇ ਹਾਂ ਕਿਉਂਕਿ ਸਾਡੇ ਅਤੇ ਪ੍ਰਮਾਤਮਾ ਵਿੱਚ ਵਿਥ ਇਸ ਹਉਮੈ ਕਾਰਨ ਹੀ ਹੈ।

ਜਿੱਥੇ ਹਉਮੈ ਹੈ, ਉੱਥੇ ਨਾਮ ਨਹੀਂ ਹੈ ਭਾਵ ਜਿੱਥੇ ਮਨਮਤਿ ਹੈ ਉੱਥੇ ਗੁਰਮਤਿ ਨਹੀਂ ਹੈ। ਸਾਡੇ ਇਹ ਸਰੀਰਕ ਜਪ ਤਪ ਸਭ ਫੋਕਟ ਕਰਮ ਹੀ ਹਨ ਕਿਉਂਕਿ ਇਹਨਾਂ ਵਿੱਚ ਗੁਰੂ ਦੀ ਮਤਿ ਨਹੀਂ ਹੈ, ਇਹਨਾਂ ਵਿੱਚ ਨਾਮ ਨਹੀਂ ਹੈ।

ਸਾਡੇ ਇਹੋ ਜਿਹੇ ਕਰਮ ਉਸ ਬਾਜੀਗਰ ਦੀ ਤਰ੍ਹਾਂ ਹੁੰਦੇ ਹਨ ਜੋ ਦੁਨੀਆ ਨੂੰ ਆਪਣੀ ਖੇਡ ਦੁਆਰਾ ਭਰਮ ਵਿੱਚ ਰੱਖਦੇ ਹਨ ਤੇ ਦੁਨੀਆ ਉਸਦੀ ਖੇਡ ਨੂੰ ਸੱਚ ਸਮਝਦੀ ਹੈ। ਬਾਜੀਗਰ ਸੱਚ ਨੂੰ ਜਾਣਦਾ ਹੈ ਪਰ ਉਹ ਝੂਠ ਨੂੰ ਸੱਚ ਬਣਾ ਕੇ

9/894

ਦਿਖਾਉਂਦਾ ਹੈ ਤੇ ਲੋਕ ਉਸਨੂੰ ਸਲਾਹੁੰਦੇ ਹਨ, ਉਸਨੂੰ ਮਾਣ ਮਿਲਦਾ ਹੈ। ਉਹ ਆਪਣੇ ਝੂਠ ਦੁਆਰਾ ਲੋਕਾਂ ਨੂੰ ਭਰਮ ਵਿੱਚ

ਪਾ ਕੇ ਆਪਣੇ ਝੂਠ ਨੂੰ ਸੱਚ ਦਿਖਾ ਕੇ ਉਸ ਤੇ ਮਾਣ ਕਰਦਾ ਹੈ, ਅਹੰਕਾਰ ਕਰਦਾ ਹੈ। ਆਪਣੇ ਆਪ ਨੂੰ ਝੂਠ ਦੁਆਰਾ ਉੱਚਾ ਸਾਬਤ ਕਰਦਾ ਹੈ।

ਇਸੇ ਤਰ੍ਹਾਂ ਅਸੀਂ ਆਪਣੇ ਜਪ ਤਪ ਦੁਆਰਾ, ਆਪਣੀ ਝੂਠੀ ਭਗਤੀ ਦੁਆਰਾ ਆਪਣੀ ਝੂਠੀ ਗੱਲ ਨੂੰ ਸੱਚ ਸਾਬਤ ਕਰਕੇ ਉਸ ਤੇ ਮਾਣ ਕਰਦੇ ਹਾਂ, ਉਸ ਤੇ ਅਹੰਕਾਰ ਕਰਦੇ ਹਾਂ, ਆਪਣੀ ਹਉਮੈ ਉੱਚੀ ਕਰਦੇ ਹਾਂ। ਅਸੀਂ ਦੁਨੀਆਂ ਨੂੰ ਭਰਮ ਵਿੱਚ ਰੱਖ ਸਕਦੇ ਹਾਂ ਪਰ ਉਸ ਪ੍ਰਮਾਤਮਾ ਕੋਲੋਂ ਕੀ ਛੁਪਿਆ ਹੋਇਆ ਹੈ। **(ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ॥੧॥)** ਨਾਮ ਅਸਲ ਵਿੱਚ ਸਾਡੀ ਕਰਨੀ ਹੈ ਨਾ ਕਿ ਸਰੀਰਕ ਜਪ ਤਪ। ਆਓ ਇਸੇ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਪੱਸ਼ਟ ਕਰੀਏ।

{ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ॥ ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ॥}

(ਅੰਗ ੫੯੧)

ਪ੍ਰਮਾਤਮਾ ਦਾ ਅਸਲ ਜਪ ਤਪ ਸਾਡੀ ਕਰਨੀ ਹੈ। ਸਾਡੇ ਅੰਦਰ ਦਾ ਸੱਚ ਝੂਠ ਸਾਡੀ ਕਰਨੀ ਦੁਆਰਾ ਬਾਹਰ ਆਉਂਦਾ ਹੈ। ਜਪ ਤਪ ਸਾਡੇ ਕੇਵਲ ਫੋਕਟ ਕਰਮ ਹੀ ਹਨ। ਸੱਚ ਝੂਠ ਦੀ ਪਹਿਚਾਣ ਪ੍ਰਮਾਤਮਾ ਨੇ ਸਭ ਵਿੱਚ ਪਾਈ ਹੋਈ ਹੈ। ਸਾਨੂੰ ਬਾਜੀਗਰ ਦੀ ਤਰ੍ਹਾਂ ਇਸ ਗੱਲ ਦਾ ਪਤਾ ਹੈ ਕਿ ਸੱਚ ਕੀ ਹੈ ਤੇ ਝੂਠ ਕੀ ਹੈ। ਅਸੀਂ ਸੱਚ ਜਾਣਦੇ ਹੋਏ ਵੀ ਝੂਠ ਦਾ ਆਸਰਾ ਲੈ ਕੇ ਦੁਨੀਆ ਨੂੰ ਠੱਗਦੇ ਹਾਂ ਭਾਵ ਆਪਣੇ ਝੂਠੇ ਦਿਖਾਵੇ ਦੁਆਰਾ, ਜਪ ਦੁਆਰਾ ਦੁਨੀਆਂ ਨੂੰ ਸੱਚੇ ਬਣਕੇ ਦਿਖਾਉਂਦੇ ਹਾਂ, ਆਪਣੀ ਮੈਲ ਧੋਣ ਦਾ ਸਾਧਨ ਸਮਝਦੇ ਹਾਂ। ਸਾਰਾ ਜਗ ਇਹੋ ਜਿਹੀ ਭਗਤੀ ਵਿੱਚ ਹੀ ਲੱਗਾ ਹੋਇਆ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਸੁਪਨਾ ਲੈ ਰਹੇ ਹਨ ਭਾਵ ਝੂਠੀ ਉਮੀਦ ਲਾਈ ਬੈਠੇ ਹਨ। ਇਹ ਕੇਵਲ ਸੁਪਨਾ ਲੈਣ ਵਾਲੀ ਗੱਲ ਹੈ, ਸੁਪਨੇ ਦੀ ਤਰ੍ਹਾਂ ਝੂਠ ਹੈ ਜੋ ਕਦੇ ਸੱਚ ਨਹੀਂ ਹੋ ਸਕਦਾ ਭਾਵ ਮਨ ਦੀ ਮੈਲ ਧੋਇ ਬਿਨ੍ਹਾਂ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨੀਆਂ ਵਿਅਰਥ ਹਨ। ਅਸੀਂ ਆਪਣੇ ਧੰਦੇ ਦੇ ਵਿੱਚ, ਕਰਨੀ ਦੇ ਵਿੱਚ ਤੇ ਮਾੜੇ ਬਣ ਕੇ ਵਿਚਰਦੇ ਹਾਂ, ਮਾੜੇ ਕਰਮ ਕਰਦੇ ਹਾਂ ਪਰ ਪ੍ਰਮਾਤਮਾ ਨੂੰ ਵੀ ਪਾਉਣਾ ਚਾਹੁੰਦੇ ਹਾਂ, ਸਰੀਰਕ ਜਪ ਤਪ ਦੁਆਰਾ ਪਾਉਣਾ ਚਾਹੁੰਦੇ ਹਾਂ ਜੋ ਕਿ ਇੱਕ ਸੁਪਨਾ ਲੈਣ ਦੇ ਬਰਾਬਰ ਹੈ ਭਾਵ ਇਸ ਤਰੀਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜਿਵੇਂ ਕਿ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

ਆਓ ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ ਤੇ ਸਮਝੀਏ ਕਿ ਨਾਮ ਜਪਣਾ ਕੀ ਹੈ।

“ਖਟੁ ਕਰਮ ਨਾਮੁ ਨਿਰੰਜਨੁ ਸੋਈ॥ ਤੂ ਗੁਣ ਸਾਗਰੁ ਅਵਗੁਣ ਮੋਹੀ॥੧॥ ਰਹਾਉ॥”

ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆ ਰਹੇ ਹਾਂ, ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ, ਨਾਮ ਉਸਦਾ ਸੱਚਾ ਗਿਆਨ ਹੈ, ਨਾਮ ਉਸਦੇ ਗੁਣ ਹਨ, ਨਾਮ ਸੱਚ ਹੈ, ਹਰ ਧਰਮ ਗ੍ਰੰਥ ਇੱਕੋ ਨਾਮ ਦੇ ਉੱਚੇ ਗਿਆਨ ਤੋਂ ਹੀ ਆਇਆ ਹੈ, ਇੱਕੋ ਅੱਖਰ ਤੋਂ ਆਇਆ ਹੈ, ਇੱਕੋ ਪ੍ਰਮਾਤਮਾ ਦੇ ਗਿਆਨ ਤੋਂ ਆਇਆ ਹੈ, ਉਹੀ ਗੱਲ ਇੱਥੇ ਉੱਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ। ਆਪਣੇ ਧਰਮ ਦੀ ਆਸਥਾ ਅਨੁਸਾਰ ਅਸੀਂ ਖਟ ਕਰਮ ਦੁਆਰਾ

ਪ੍ਰਮਾਤਮਾ ਦੀ ਭਗਤੀ ਕਰਦੇ ਹਾਂ। “ਖਟੁ ਕਰਮ” ਦੇ ਵਿੱਚ ਵੀ ਪ੍ਰਮਾਤਮਾ ਦਾ ਨਾਮ ਸਮਝਾਇਆ ਹੋਇਆ ਹੈ, ਗੁਣ ਸਮਝਾਏ ਹੋਏ ਹਨ ਕਿਉਂਕਿ ਪ੍ਰਮਾਤਮਾ ਭਾਵ “ਨਾਮ” ਗੁਣਾਂ ਦਾ ਸਾਗਰ ਹੈ। ਅਸੀਂ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਣਾਉਣ ਦੀ ਬਜਾਏ ਔਗੁਣਾਂ ਦੇ ਮੋਹ ਵਿੱਚ ਪੈ ਜਾਂਦੇ ਹਾਂ। ਧਰਮ ਗ੍ਰੰਥ ਸਾਨੂੰ ਔਗੁਣ ਛੱਡਣ ਲਈ ਹੀ ਪ੍ਰੇਰਦੇ ਹਨ, ਨਾਮ ਦੀ ਪੂਜਾ ਹੀ ਸਮਝਾਉਂਦੇ ਹਨ, ਗੁਣਾਂ ਦੀ ਪੂਜਾ ਹੀ ਸਮਝਾਉਂਦੇ ਹਨ ਪਰ ਅਸੀਂ ਗੁਣ ਲੈਣ ਦੀ ਬਜਾਏ ਸਰੀਰਕ ਜਪ ਤਪ ਵਿੱਚ ਪੈ ਜਾਂਦੇ ਹਾਂ। ਸਮਝਾਇਆ ਇਹ ਹੈ ਕਿ ਗੁਣਾਂ ਦੁਆਰਾ ਵਿਚਰਨਾ ਹੀ ਸਾਡੇ ਖਟ ਕਰਮ ਹਨ ਤੇ ਇਸ ਤੋਂ ਇਲਾਵਾ ਜਿਸ ਨੂੰ ਅਸੀਂ ਖਟ ਕਰਮ ਸਮਝਦੇ ਹਾਂ ਉਹ ਸਾਡੇ ਲੇਖੇ ਵਿੱਚ ਨਹੀਂ ਪੈਂਦੇ। **(ਖਟੁ ਕਰਮ ਨਾਮੁ ਨਿਰੰਜਨੁ ਸੋਈ॥ ਤੂ ਗੁਣ ਸਾਗਰੁ ਅਵਗੁਣ ਮੋਹੀ॥੧॥ ਰਹਾਉ॥)**

ਸ਼ਬਦ ਦੇ ਦੂਸਰੇ ਪਦੇ ਤੋਂ ਲੈ ਕੇ ਛੇਵੇਂ ਪਦੇ ਤੱਕ ਸਾਡੀ ਮਨਮਤਿ ਹੀ ਸਮਝਾਈ ਹੋਈ ਹੈ। ਜਦ ਤੱਕ ਅਸੀਂ ਮਨਮਤਿ ਵਿੱਚ ਹਾਂ ਸਾਡਾ ਮੋਹ ਮਾਇਆ ਵਿੱਚ ਹੈ। ਮਨਮਤਿ ਵਿੱਚ ਰਹਿੰਦਿਆਂ ਅਸੀਂ ਜੋ ਕੁੱਝ ਵੀ ਕਰਦੇ ਹਾਂ ਭਾਵੇਂ ਆਪਣੇ ਵੱਲੋਂ ਧਰਮ ਦੇ ਕਰਮ ਸਮਝ ਕੇ ਕਰਦੇ ਹਾਂ ਉਹ ਸਾਡੇ ਲੇਖੇ ਵਿੱਚ ਨਹੀਂ ਪੈਂਦੇ। ਸਾਨੂੰ ਮਨਮਤਿ ਛੱਡ ਕੇ ਗੁਰਮਤਿ ਲੈਣ ਲਈ ਪ੍ਰੇਰਨਾ ਕੀਤੀ

ਹੋਈ ਹੈ, ਨਾਮ ਤੇ ਚੱਲਣ ਦੀ ਪ੍ਰੇਰਨਾ ਕੀਤੀ ਹੋਈ ਹੈ। ਛੇਵੇਂ ਪਦੇ ਦੀਆਂ ਆਖਰੀ ਪੰਗਤੀਆਂ ਵਿੱਚ ਸਾਰੀਆਂ ਗੱਲਾਂ ਦਾ ਸਾਰ ਸਮਝਾਇਆ ਹੋਇਆ ਹੈ ਜੋ ਕਿ ਅਸੀਂ ਪਿੱਛੇ ਵੀ ਚਰਚਾ ਕਰਦੇ ਆਏ ਹਾਂ।

"ਹਿਰਦੈ ਸਚੁ ਏਹ ਕਰਣੀ ਸਾਰੁ॥ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥"

ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਪ੍ਰਮਾਤਮਾ ਦੀ ਭਗਤੀ ਸਾਡੀ ਕਰਨੀ ਦੁਆਰਾ ਹੈ, ਸਾਡੇ ਚੰਗੇ ਕਰਮਾਂ ਦੁਆਰਾ ਹੈ। ਪ੍ਰਮਾਤਮਾ ਦੀ ਭਗਤੀ ਤਾਂ ਹੀ ਹੋ ਸਕਦੀ ਹੈ ਜੇਕਰ ਸਾਡੀ ਕਰਨੀ ਚੰਗੀ ਹੈ। ਸਾਡੀ ਚੰਗੀ ਕਰਨੀ ਦਾ ਸਾਰ ਭਾਵ ਸਾਡੀ ਚੰਗੀ ਕਰਨੀ ਦਾ ਤੱਤ ਸਾਡੇ ਹਿਰਦੇ ਵਿੱਚ ਸੱਚ ਦਾ ਹੋਣਾ ਹੈ। ਜੇਕਰ ਹਿਰਦੇ ਵਿੱਚ ਝੂਠ ਹੈ, ਸਾਡੇ ਅੰਦਰ ਵਿਕਾਰ ਹਨ ਤਾਂ ਫਿਰ ਸਾਡੀ ਕਰਨੀ ਚੰਗੀ ਨਹੀਂ ਹੋ ਸਕਦੀ। ਹਿਰਦੇ ਵਿੱਚ, ਸਾਡੇ ਮਨ ਵਿੱਚ ਸੱਚ ਹੋਏ ਤੋਂ ਬਿਨ੍ਹਾਂ ਅਸੀਂ ਭਗਤੀ ਦਾ ਜੋ ਵੀ ਉਪਰਾਲਾ ਕਰਦੇ ਹਾਂ, ਜਪ ਤਪ ਆਦਿ ਕਰਦੇ ਹਾਂ, ਤੀਰਥ ਆਦਿ ਤੇ ਭਾਉਦੇ ਹਾਂ, ਉਹ ਸਭ ਪ੍ਰਮਾਤਮਾ

9/896

ਦੀ ਪੂਜਾ ਦਾ ਕੇਵਲ ਇੱਕ ਪਾਖੰਡ ਕਰਦੇ ਹਾਂ ਭਾਵ ਇਸ ਵਿੱਚ ਪ੍ਰਮਾਤਮਾ ਦੀ ਕੋਈ ਪੂਜਾ ਨਹੀਂ ਹੈ, ਕੇਵਲ ਅਸੀਂ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ। (**ਹਿਰਦੈ ਸਚੁ ਏਹ ਕਰਣੀ ਸਾਰੁ॥ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥**) ਆਓ ਹੁਣ ਸ਼ਬਦ ਦੇ ਅਗਲੇ ਪਦੇ ਨੂੰ ਵਿਚਾਰੀਏ ਤੇ ਸਮਝੀਏ ਕਿ ਸਾਡੀ ਦੁਬਿਧਾ ਕੀ ਹੈ।

"ਦੁਬਿਧਾ ਚੂਕੈ ਤਾਂ ਸਬਦੁ ਪਛਾਣੁ॥ਘਰਿ ਬਾਹਰਿ ਏਕੋ ਕਰਿ ਜਾਣੁ॥
ਏਹਾ ਮਤਿ ਸਬਦੁ ਹੈ ਸਾਰੁ॥ਵਿਚਿ ਦੁਬਿਧਾ ਮਾਥੈ ਪਵੈ ਛਾਰੁ॥੭॥"

ਗੁਰੂ **"ਸ਼ਬਦ"** ਹੈ, ਆਪ ਪ੍ਰਮਾਤਮਾ ਹੈ। ਅਸੀਂ ਉਸ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਹੀ ਇੱਥੇ ਮਾਨਸ ਜਨਮ ਵਿੱਚ ਆਏ ਹਾਂ। ਸਾਡੀ ਭਗਤੀ ਦਾ ਮਨੋਰਥ ਵੀ ਪ੍ਰਮਾਤਮਾ ਨਾਲ ਮਿਲਣ ਦਾ ਹੀ ਹੈ। ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਸਾਡੀ ਦੁਬਿਧਾ ਕਰਕੇ ਹੈ, ਸਾਡੀ ਦੁਚਿੱਤੀ ਕਰਕੇ ਹੈ, ਸਾਡੇ ਭਰਮਾਂ ਕਰਕੇ ਹੈ। ਦੁਬਿਧਾ ਖ਼ਤਮ ਹੋਏ ਬਿਨ੍ਹਾਂ ਅਸੀਂ ਉਸ ਗੁਰੂ ਪ੍ਰਮਾਤਮਾ ਦੀ, **"ਸ਼ਬਦ"** ਦੀ ਪਛਾਣ ਨਹੀਂ ਕਰ ਸਕਦੇ ਜੋ ਕਿ ਸਾਡੇ ਅੰਦਰ ਮਨ ਦੀ ਸਮਝ ਦੇ ਵਿੱਚ ਹੀ ਵਰਤ ਰਿਹਾ ਹੈ। ਜਦ ਤੱਕ ਅਸੀਂ ਮਨਮਤਿ ਵਿੱਚ ਹਾਂ ਤਦ ਤੱਕ ਅਸੀਂ ਮਨਮਤਿ ਛੱਡੇ ਬਿਨ੍ਹਾਂ ਗੁਰਮਤਿ ਨਾਲ ਨਹੀਂ ਜੁੜ ਸਕਦੇ ਕਿਉਂਕਿ **"ਸ਼ਬਦ"** ਦੇ ਅੰਦਰ ਦੀ ਸਮਝ ਹੀ ਗੁਰਮਤਿ ਹੈ। ਸਾਰੀ ਗੁਰਬਾਣੀ **"ਸ਼ਬਦ"** ਹੈ, ਗੁਰੂ ਹੈ, ਆਪ ਪ੍ਰਮਾਤਮਾ ਹੈ। **"ਸਬਦੁ"** ਆਪਣੀ ਸੱਚੀ ਸਮਝ ਕਰਕੇ ਸੱਚ ਹੈ, ਨਾਮ ਹੈ ਜਿਸ ਸੱਚੀ ਸਮਝ ਦੁਆਰਾ ਹੀ "**ਸਬਦੁ**" ਗੁਰੂ ਰੂਪ ਹੈ। ਉਸ ਵਿੱਚ ਦੁਚਿੱਤੀ ਨਹੀਂ ਹੈ, ਦੁਬਿਧਾ ਨਹੀਂ ਹੈ। ਜਦ ਤੱਕ ਸਾਡੇ ਅੰਦਰ ਦੁਬਿਧਾ ਹੈ, ਮਨਮਤਿ ਹੈ ਅਸੀਂ ਗੁਰੂ ਦੀ ਸਮਝ ਨਾਲ ਇੱਕ ਮਨ ਇੱਕ ਚਿਤ ਨਹੀਂ ਹੋ ਸਕਦੇ। ਦੁਬਿਧਾ ਸਾਡੇ ਮਨ ਦੇ ਵਿੱਚ ਹੈ, ਸਾਡੀ ਸੁਰਤਿ ਦੇ ਵਿੱਚ ਹੈ। ਮੇਲ ਅਸੀਂ ਸੁਰਤਿ ਤੇ **"ਸ਼ਬਦ"** ਦਾ ਕਰਨਾ ਹੈ, ਆਪਣੇ ਮਨ ਦੀ ਸਮਝ ਦਾ ਮੇਲ ਪ੍ਰਮਾਤਮਾ ਦੀ, ਸ਼ਬਦ ਦੀ ਸਮਝ ਦੇ ਨਾਲ ਕਰਨਾ ਹੈ, ਦੁਚਿੱਤੀ ਦਾ ਮੇਲ "**ਇੱਕ ਮਨ ਇੱਕ ਚਿੱਤ ਵਾਲੀ ਸਮਝ ਦੇ ਨਾਲ**" ਕਰਨਾ ਹੈ। ਧਿਆਨ ਨਾਲ ਸੋਚੋ ਕਿ ਮਨਮਤਿ ਛੱਡੇ ਬਿਨ੍ਹਾਂ ਆਪਣੀ ਸੁਰਤ ਦੀ ਸਮਝ ਛੱਡੇ ਬਿਨ੍ਹਾਂ ਕੀ ਗੁਰਮਤਿ ਦੇ ਨਾਲ ਮੇਲ ਹੋ ਸਕਦਾ ਹੈ, ਕੀ ਸੁਰਤਿ ਦਾ ਮੇਲ ਸ਼ਬਦ ਦੇ ਨਾਲ ਹੋ ਸਕਦਾ ਹੈ? **"ਸ਼ਬਦ"** ਵਾਲੀ ਸਮਝ ਦੇ ਵਿੱਚ ਕੇਵਲ ਸੱਚ ਹੈ, "**ਸ਼ਬਦ**" ਗੁਣਾਂ ਦਾ ਭੰਡਾਰ ਹੈ, ਸ਼ਬਦ ਦੀ ਸਮਝ ਮਾਇਆ ਮੋਹ ਤੋਂ ਰਹਿਤ ਹੈ, ਤ੍ਰਿਸ਼ਨਾ ਤੋਂ ਰਹਿਤ ਹੈ, ਔਗੁਣਾਂ ਵਾਲੇ ਵਿਚਾਰਾਂ ਤੋਂ ਰਹਿਤ ਹੈ। ਜਦ ਤੱਕ ਸਾਡੇ ਅੰਦਰ ਮਨਮਤਿ ਹੈ, ਮਾਇਆ ਮੋਹ ਹੈ, ਵਿਕਾਰ ਹਨ, ਤ੍ਰਿਸ਼ਨਾ ਹੈ ਤਦ ਤੱਕ ਕੀ ਸਾਡੀ ਕੋਈ ਔਕਾਤ ਹੈ ਕਿ ਅਸੀਂ ਸ਼ਬਦ ਨਾਲ ਮਿਲ ਸਕੀਏ, ਗੁਰੂ ਪ੍ਰਮਾਤਮਾ ਨਾਲ ਮਿਲ ਸਕੀਏ. ਸੱਚ ਨਾਲ ਮਿਲ ਸਕੀਏ, ਕੀ ਝੂਠ ਦੀ ਕੋਈ ਔਕਾਤ ਹੈ ਕਿ ਉਹ ਆਪਣੇ ਆਪ ਨੂੰ ਸੱਚ ਕਹਿ ਸਕੇ। ਸਾਡੀ ਸਾਰੀ ਨਾਸਮਝੀ

9/897

ਦੀ ਜੜ੍ਹ ਸਾਡੀ ਮਨਮਤਿ ਹੈ, ਸਾਡੀ ਮਨਹਠਿ ਹੈ, ਸਾਡੀ ਹਉਮੈ ਹੈ, ਸਾਡੀ ਦੁਚਿੱਤੀ ਹੈ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਸਾਨੂੰ **"ਸ਼ਬਦ"** ਨਾਲ ਮਿਲਣ ਤੋਂ ਦੂਰ ਰੱਖਦੀ ਹੈ। ਇਹ ਆਪਾ ਆਪ ਛੱਡਣ ਦਾ ਮਾਰਗ ਹੈ, ਇਹ ਗੁਰੂ ਦੀ ਮਤਿ ਤੇ ਚੱਲਣ ਦਾ ਮਾਰਗ ਹੈ ਤੇ ਉਹੀ ਸਾਡਾ ਸੱਚਾ ਜਪ ਤਪ ਹੈ। ਵਿਖਾਵੇ ਵਾਲੇ ਜਪ ਤਪ ਸਾਰੇ ਕੇਵਲ ਕਰਮ ਕਾਂਡ ਹਨ ਜੋ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੇਵਲ ਇੱਕ ਪਾਖੰਡ ਹੈ ਪਰ ਸਾਨੂੰ ਇਹੀ ਕਰਨੇ ਚੰਗੇ ਲੱਗਦੇ ਹਨ ਕਿਉਂਕਿ ਅਸੀਂ ਦੁਬਿਧਾ ਵਿੱਚ ਹਾਂ, ਸਾਨੂੰ ਇਹਨਾਂ ਨਾਲ ਮਾਨ ਸਨਮਾਨ ਮਿਲਦਾ ਹੈ ਪਰ ਅਸਲ ਵਿੱਚ ਇਹ ਸਾਡਾ ਭਰਮ ਹੈ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਕਰ ਰਹੇ ਹਾਂ। ਇਸ ਦੁਬਿਧਾ ਵਿੱਚੋਂ ਨਿਕਲੇ ਬਿਨ੍ਹਾਂ ਉਸ ਪ੍ਰਮਾਤਮਾ ਦੀ, **"ਸ਼ਬਦ"** ਰੂਪ ਗੁਰੂ ਦੀ, ਸੱਚੇ ਗਿਆਨ ਦੇ

ਮਾਲਕ ਦੀ ਆਪਣੇ ਅੰਦਰੋਂ ਪਛਾਣ ਨਹੀਂ ਹੋ ਸਕਦੀ। ਉਹ "ਸ਼ਬਦ" ਸਾਡੇ ਘਰ ਦੇ ਅੰਦਰ ਹੈ, ਸਾਡੇ ਮਨ ਦੇ ਅੰਦਰ ਹੈ ਤੇ ਉਹੀ ਸ਼ਬਦ ਬਾਹਰ ਸਭ ਜਗ੍ਹਾ ਪਸਰਿਆ ਹੋਇਆ ਹੈ। ਪਰ ਇਹ ਸਭ ਕੁੱਝ ਅਸੀਂ ਤਾਂ ਹੀ ਜਾਣ ਸਕਦੇ ਹਾਂ ਜਦੋਂ ਸਾਨੂੰ ਮਨ ਦੇ ਵਿੱਚੋਂ ਹੀ ਸੋਝੀ ਪੈ ਜਾਵੇਗੀ ਤੇ ਉਹ ਆਪ ਸਾਡੀ ਦੁਬਿਧਾ ਦੂਰ ਕਰ ਦੇਵੇਗਾ। ਸਾਡਾ ਸੱਚਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਮਨਮਤਿ ਛੱਡ ਕੇ ਗੁਰਮਤਿ ਅਨੁਸਾਰ ਵਿਚਰੀਏ ਤੇ ਸਰੀਰਕ ਜਪਾਂ ਤਪਾਂ ਤੋਂ, ਪਾਖੰਡਾਂ ਤੋਂ ਬਚੀਏ।
(ਦੁਬਿਧਾ ਚੂਕੈ ਤਾਂ ਸਬਦੁ ਪਛਾਣੁ॥ਘਰਿ ਬਾਹਰਿ ਏਕੋ ਕਰਿ ਜਾਣੁ॥) ਆਓ ਹੁਣ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ ਤੇ ਸਮਝੀਏ ਕਿ ਗੁਰੂ ਦੀ ਮਤਿ ਤੇ ਚੱਲਣਾ ਸਾਡੇ ਲਈ ਕਿੰਨਾ ਜਰੂਰੀ ਹੈ।

"ਏਹਾ ਮਤਿ ਸਬਦੁ ਹੈ ਸਾਰੁ॥ਵਿਚਿ ਦੁਬਿਧਾ ਮਾਥੈ ਪਵੈ ਛਾਰੁ॥੭॥"

ਉਪਰਲੀਆਂ ਪੰਗਤੀਆਂ ਦੁਆਰਾ ਸਮਝੀਏ ਕਿ ਸ਼ਬਦ ਦਾ ਸਾਰੁ ਕੀ ਹੈ, ਗੁਰੂ ਦਾ ਸਾਰੁ ਕੀ ਹੈ, ਤੱਤ ਕੀ ਹੈ। ਪੂਰੀ ਬਾਣੀ ਸ਼ਬਦ ਹੈ ਭਾਵ ਸ਼ਬਦ ਰੂਪ ਵਿੱਚ ਗੁਰੂ ਹੈ ਤੇ ਸ਼ਬਦ ਦਾ ਤੱਤ ਸਾਰੁ ਕੀ ਹੈ, ਸਾਡੇ ਲਈ ਸ਼ਬਦ ਦੀ ਮਤਿ ਕੀ ਹੈ। "ਸ਼ਬਦ" ਗੁਰੂ ਦੀ ਮਤਿ ਹੈ ਤੇ "**ਦੁਬਿਧਾ**" ਸਾਡੀ ਮਨਿਮਤਿ ਹੈ।"ਸ਼ਬਦ" ਦੀ, "ਗੁਰੂ" ਦੀ ਮਤਿ ਦਾ ਤੱਤ ਸਾਰ ਸਾਨੂੰ ਇਹ ਸਮਝਾਇਆ ਹੈ ਕਿ ਜਦ ਤੱਕ ਅਸੀਂ ਮਨਮਤਿ ਵਿੱਚ ਹਾਂ ਤਦ ਤੱਕ ਸਾਡਾ ਕੋਈ ਵੀ ਜਪ ਤਪ ਲੇਖੇ ਵਿੱਚ ਨਹੀਂ ਹੈ, ਕੇਵਲ ਆਪਣੇ ਉੱਪਰ ਸਵਾਹ ਪਾਉਣ ਵਾਲੀ ਗੱਲ ਹੈ ਭਾਵ ਨਿਰਾ ਪਾਖੰਡ ਹੈ ਤੇ ਆਪਣੀ ਖੁਆਰੀ ਹੈ। ਸਾਫ਼ ਤੌਰ ਤੇ ਇਹ ਸਮਝਾਇਆ ਹੈ ਕਿ ਆਪਣੀ ਮਤਿ ਛੱਡੋ ਅਤੇ ਗੁਰੂ ਦੀ ਮਤਿ ਲਵੋ, ਸ਼ਬਦ ਦੀ ਮਤਿ ਲਵੋ, ਝੂਠ ਤੇ ਪਾਖੰਡ ਵਾਲੀ ਭਗਤੀ ਛੱਡੋ ਤੇ ਸੱਚ ਤੇ ਚੱਲੋ।

{ਸਭਿ ਜਪ ਸਭਿ ਤਪ ਸਭ ਚਤੁਰਾਈ॥ਊਝੜਿ ਭਰਮੈ ਰਾਹਿ ਨ ਪਾਈ॥
ਬਿਨੁ ਬੂਝੇ ਕੋ ਥਾਇ ਨ ਪਾਈ॥ਨਾਮ ਬਿਹੂਣੈ ਮਾਥੇ ਛਾਈ॥੧॥}

(ਅੰਗ ੪੧੨)

ਸਾਡੇ ਹਰ ਤਰੀਕੇ ਦੇ ਜਪ ਨੂੰ, ਹਰ ਤਰੀਕੇ ਦੇ ਤਪ ਨੂੰ ਕੇਵਲ ਸਾਡੀ ਚਤੁਰਾਈ ਦੱਸਿਆ ਹੈ, ਸਾਡਾ ਭਰਮ ਦੱਸ ਕੇ ਸਾਨੂੰ ਭਗਤੀ ਦੇ ਰਾਹ ਤੋਂ ਭਟਕਿਆ ਹੋਇਆ ਦੱਸਿਆ ਹੈ ਤੇ ਇਹ ਕਿਸੇ ਵੀ ਤਰੀਕੇ ਦੇ ਸਰੀਰਕ ਜਪਾਂ ਤਪਾਂ ਨੂੰ ਕਿਸੇ ਲੇਖੇ ਨਹੀਂ ਦੱਸਿਆ ਤੇ ਉਲਟਾ ਸਾਨੂੰ ਨਾਮ ਵਿਹੂਣੇ ਦੱਸਿਆ ਹੈ ਜਦ ਕਿ ਅਸੀਂ ਆਪਣੇ ਜਪ ਨੂੰ ਨਾਮ ਜਪਣਾ ਸਮਝਦੇ ਹਾਂ। ਅਸੀਂ ਪੂਰੀ ਤਰ੍ਹਾਂ ਭਰਮੇ ਹੋਏ ਹਾਂ ਤੇ ਇਹੋ ਜਿਹੇ ਜਪ ਤਪ ਦੁਆਰਾ ਕੇਵਲ ਆਪਣੇ ਸਿਰ ਸਵਾਹ ਪਾਉਣ ਵਾਲੀ ਗੱਲ ਦੱਸਿਆ ਹੈ ਭਾਵ ਆਪਣੀ ਨਾਸਮਝੀ ਕਰਕੇ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰ ਰਹੇ ਹਾਂ। ਬਿਨ੍ਹਾਂ ਸੱਚ ਨੂੰ, ਗੁਰੂ ਦੀ ਮਤਿ ਨੂੰ ਅਪਣਾਏ ਸਾਡਾ ਹਰ ਭਗਤੀ ਦਾ ਉਪਰਾਲਾ ਕੇਵਲ ਪਾਖੰਡ ਹੀ ਦੱਸਿਆ ਹੈ।

9/898

ਇਤਨੀ ਵੱਡੀ ਗੁਰਬਾਣੀ ਸਾਨੂੰ ਕੁੱਝ ਸਮਝਾਉਣ ਲਈ ਹੀ ਰਚੀ ਗਈ ਹੈ, ਉਸ ਵਿੱਚੋਂ ਸੋਝੀ ਲੈ ਕੇ ਆਪਣਾ ਜੀਵਨ ਸੁਧਾਰਨ ਲਈ ਰਚੀ ਗਈ ਹੈ। ਜੇਕਰ ਸੋਝੀ ਹੀ ਇਸੇ ਗੱਲ ਦੀ ਲੈ ਲਈ ਕਿ ਸਾਰਾ ਦਿਨ ਬੈਠੇ ਇੱਕ ਸ਼ਬਦ ਨੂੰ ਰੱਟੀ ਜਾਉ ਤਾਂ ਫਿਰ ਦੁਬਿਧਾ ਕਿਵੇਂ ਮਰੇਗੀ, ਬਲਕਿ ਉਲਟੀ ਦੁਬਿਧਾ ਵੱਧੇਗੀ, ਮਨਹਠਿ ਵੱਧੇਗੀ ਅਸੀਂ ਅਸਲੀਅਤ ਤੋਂ ਹੋਰ ਦੂਰ ਹੋ ਜਾਵਾਂਗੇ। ਅਸੀਂ ਚੰਗੇ ਕਰਮ ਕਰਨ ਨੂੰ ਕੋਈ ਖਾਸ ਤਰਜੀਹ ਨਹੀਂ ਦੇਵਾਗੇ ਬਲਕਿ ਸ਼ਬਦ ਦੇ ਰੱਟੇ ਲਗਾਉਣ ਨੂੰ ਹੀ ਭਗਤੀ ਸਮਝਾਂਗੇ ਭਾਵ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਾਂਗੇ ਜਿਸਦਾ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮੁੱਲ ਨਹੀਂ ਪੈਂਦਾ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਭਗਤੀ ਕੀ ਹੈ, ਉੱਥੇ ਕੀਮਤ ਕਿਵੇਂ ਪੈਂਦੀ ਹੈ, ਸਾਡੀ ਦੁਬਿਧਾ ਕਿਵੇਂ ਮਰਦੀ ਹੈ, ਸਾਡੇ ਅੰਦਰੋਂ ਸ਼ਬਦ ਦੀ ਪਛਾਣ ਕਿਵੇਂ ਹੁੰਦੀ ਹੈ, ਇਹ ਆਖਰੀ ਪਦੇ ਵਿੱਚ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਅਸੀਂ ਆਪਣੇ ਅੰਦਰੋਂ ਸ਼ਬਦ ਰੂਪ ਗੁਰੂ ਨੂੰ, ਪ੍ਰਮਾਤਮਾ ਨੂੰ ਕਿਵੇਂ ਜਾਣ ਸਕਦੇ ਹਾਂ।

"ਕਰਣੀ ਕੀਰਤਿ ਗੁਰਮਤਿ ਸਾਰੁ॥ਸੰਤ ਸਭਾ ਗੁਣ ਗਿਆਨੁ ਬੀਚਾਰੁ॥
ਮਨੁ ਮਾਰੇ ਜੀਵਤ ਮਰਿ ਜਾਣੁ॥ਨਾਨਕ ਨਦਰੀ ਨਦਰਿ ਪਛਾਣੁ॥੮॥੩॥"

ਪਿਛਲੇ ਪਦੇ ਵਿੱਚ ਸਾਨੂੰ ਸ਼ਬਦ ਦਾ ਸਾਰ ਸਮਝਾਇਆ ਹੈ ਤੇ ਇਸ ਪਦੇ ਰਾਹੀਂ ਸਾਨੂੰ ਗੁਰਮਤਿ ਦਾ ਸਾਰ ਸਮਝਾਇਆ ਜਾ ਰਿਹਾ ਹੈ। ਗੱਲ ਇੱਕੋ ਹੀ ਹੈ, ਕੇਵਲ ਧਿਆਨ ਨਾਲ ਸਮਝਣ ਦੀ ਲੋੜ ਹੈ। ਭੇਦ ਮਨਮਤਿ ਅਤੇ ਗੁਰਮਤਿ ਦਾ ਹੀ ਸਮਝਾਇਆ ਹੋਇਆ ਹੈ, ਭੇਦ ਪ੍ਰਮਾਤਮਾ ਨੂੰ ਜਪਣ ਦਾ ਹੀ ਸਮਝਾਇਆ ਹੋਇਆ ਹੈ, ਉਸਦਾ ਜੱਸ ਗਾਉਣ ਦਾ ਤਰੀਕਾ ਸਮਝਾਇਆ ਹੋਇਆ ਹੈ। ਮਨਮਤਿ ਵਿੱਚ ਰਹਿੰਦਿਆਂ ਪ੍ਰਮਾਤਮਾ ਦਾ ਜੱਸ ਨਹੀਂ ਗਾਇਆ ਜਾ ਸਕਦਾ ਭਾਵ ਉਸਦਾ ਸੱਚਾ ਜੱਸ ਨਹੀਂ

ਗਾਇਆ ਜਾ ਸਕਦਾ। ਸਭ ਤੋਂ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਦਾ ਜੱਸ ਗਾਉਣ ਦਾ ਤਰੀਕਾ ਕੀ ਹੈ, ਉਸਦੀ **"ਕੀਰਤਿ"** ਗਾਉਣ ਦਾ ਤਰੀਕਾ ਕੀ ਹੈ। ਪ੍ਰਮਾਤਮਾ ਦੀ "**ਕੀਰਤਿ**" ਸਾਡੀ "**ਕਰਣੀ**" ਹੈ ਭਾਵ ਪ੍ਰਮਾਤਮਾ ਦਾ ਜਸ ਅਸੀਂ ਆਪਣੀ ਕਰਣੀ ਦੁਆਰਾ ਗਾਉਣਾ ਹੈ, ਆਪਣੇ ਕਰਮਾਂ ਦੁਆਰਾ ਗਾਉਣਾ ਹੈ। "**ਇਹ ਗੁਰਮਤਿ ਦਾ ਸਾਰ ਹੈ**", "**ਗੁਰਮਤਿ ਦਾ ਤੱਤ ਹੈ**"। ਇਸ ਤੋਂ ਵੱਧ ਸਾਨੂੰ ਸ਼ਬਦ ਦੁਆਰਾ ਹੋਰ ਕੀ ਸਮਝਾਇਆ ਜਾ ਸਕਦਾ ਹੈ ਕਿ ਪ੍ਰਮਾਤਮਾ ਦਾ ਜੱਸ ਗਾਉਣਾ ਕੀ ਹੈ ਭਾਵ ਪ੍ਰਮਾਤਮਾ ਦਾ ਜੱਸ ਕਿਸੇ ਸਰੀਰਕ ਜਪ ਤਪ ਦੁਆਰਾ ਨਹੀਂ ਗਾਇਆ ਜਾ ਸਕਦਾ ਬਲਕਿ ਸਾਡੀ ਚੰਗੀ ਕਰਣੀ ਹੀ ਉਸਦਾ ਜੱਸ ਗਾਉਣਾ ਹੈ, ਉਸਦਾ ਨਾਮ ਜਪਣਾ ਹੈ।

9/899

(ਕਰਣੀ ਕੀਰਤਿ ਗੁਰਮਤਿ ਸਾਰ॥) ਸਾਡੀ ਕਰਣੀ ਕਿਹੋ ਜਿਹੀ ਹੋਵੇ ਜਿਸ ਦੁਆਰਾ ਅਸੀਂ ਪ੍ਰਮਾਤਮਾ ਦਾ ਜੱਸ ਗਾ ਸਕੀਏ, ਉਸ ਦੀ ਸਿਫ਼ਤ ਸਾਲਾਹ ਕਰ ਸਕੀਏ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਸੰਤ ਸਭਾ ਗੁਣ ਗਿਆਨੁ ਬੀਚਾਰੁ॥"

ਸਾਡੀ ਕਰਣੀ ਸਾਨੂੰ ਗੁਰੂ ਨੇ ਸਮਝਾਉਣੀ ਹੈ, ਗੁਰੂ ਦੀ ਮਤਿ ਨੇ ਸਮਝਾਉਣੀ ਹੈ, ਸ਼ਬਦ ਦੀ ਵਿਚਾਰ ਨੇ ਸਮਝਾਉਣੀ ਹੈ, ਨਾਮ ਨੇ ਸਮਝਾਉਣੀ ਹੈ ਭਾਵ ਉਸ ਦੇ ਨਾਮ ਦੇ ਮਾਲਕ ਸੱਚੇ ਸੰਤ ਨੇ ਸਮਝਾਉਣੀ ਹੈ ਜੋ ਆਪ ਹੀ ਗੁਰੂ ਹੈ, ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਉਸਦਾ ਰੂਪ ਗੁਰਬਾਣੀ ਦੇ ਰੂਪ ਵਿੱਚ ਹੈ। "**ਸੰਤ ਦੀ ਸਭਾ**" "**ਗੁਰੂ ਦੀ ਸਭਾ**" ਗੁਰਬਾਣੀ ਦੇ ਰੂਪ ਵਿੱਚ ਸਦਾ ਹੀ ਬਣੀ ਹੋਈ ਹੈ ਜਿੱਥੋਂ ਅਸੀਂ ਹਰ ਵੇਲੇ ਉਸ ਦੀ ਮਤਿ ਲੈ ਸਕਦੇ ਹਾਂ ਤੇ ਆਪਣੀ ਕਰਣੀ ਜਾਣ ਸਕਦੇ ਹਾਂ। "**ਸੰਤ ਸਭਾ**" ਵਿੱਚੋਂ ਅਸੀਂ ਕੀ ਲੈਣਾ ਹੈ ਜਿਸ ਦੁਆਰਾ ਸਾਡੀ ਕਰਨੀ ਦਾ ਰੂਪ ਬਣੇ ਉਹ ਨਾਲ ਹੀ ਸਮਝਾਇਆ ਹੋਇਆ ਹੈ। ਗੁਰੂ ਸਾਨੂੰ "**ਗਿਆਨ**" ਦੇਣ ਲਈ ਹੈ, "**ਗੁਣ**" ਸਮਝਾਉਣ ਲਈ ਹੈ ਜੋ ਕਿ ਗੁਰਬਾਣੀ ਵਿੱਚ, "**ਸੰਤ ਸਭਾ**" ਵਿੱਚ ਸਾਨੂੰ ਵਾਰ-ਵਾਰ ਸਮਝਾਏ ਹੋਏ ਹਨ। ਗੱਲ ਕੇਵਲ ਇਹਨਾਂ ਨੂੰ ਵਿਚਾਰਨ ਦੀ ਹੈ, ਸ਼ਬਦ ਦੀ ਵਿਚਾਰ ਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਵਿਚਾਰਾਂ ਵਿੱਚ ਲਿਆਉਣ ਦੀ ਹੈ। ਜੇਕਰ ਸਾਡੇ ਵਿਚਾਰ ਗੁਣਾਂ ਵਾਲੇ ਬਣ ਜਾਣਗੇ ਤਾਂ ਫਿਰ ਔਗੁਣ ਆਪੇ ਹੀ ਦੂਰ ਹੋ ਜਾਣਗੇ, ਸਾਡੇ ਵਿਚਾਰ ਸ਼ੁੱਧ ਹੋ ਜਾਣਗੇ, ਸਾਡਾ ਹਿਰਦਾ ਸ਼ੁੱਧ ਹੋ ਜਾਵੇਗਾ, ਸਾਡੀ ਨੀਅਤ ਸਾਫ਼ ਹੋ ਜਾਵੇਗੀ ਜਿਸ ਦੁਆਰਾ ਸਾਡੀ ਕਰਨੀ ਸੱਚੀ ਸੁੱਚੀ ਹੋ ਜਾਵੇਗੀ, ਪਵਿੱਤਰ ਹੋ ਜਾਵੇਗੀ, ਨਿਰਮਲ ਹੋ ਜਾਵੇਗੀ । ਜੇਕਰ ਮਨ ਨਿਰਮਲ ਹੈ ਤੇ ਸਾਡੀ ਹਰ ਕਰਨੀ ਨਿਰਮਲ ਹੀ ਹੋਵੇਗੀ, ਪਵਿੱਤਰ ਹੋ ਜਾਵੇਗੀ ਭਾਵ ਚੰਗੀ ਹੋ ਜਾਵੇਗੀ ਭਾਵ ਭਗਤੀ ਵਾਲੀ ਹੋ ਜਾਵੇਗੀ। ਅਸੀਂ ਗੁਣਾਂ ਦੁਆਰਾ ਹੀ ਸੱਚੇ ਬਣ ਸਕਦੇ ਹਾਂ ਤੇ ਆਪਣੀ ਕਰਨੀ ਸੱਚੀ ਕਰ ਸਕਦੇ ਹਾਂ। ਸਾਡੇ ਅੰਦਰ ਸੱਚ ਤਾਂ ਹੀ ਵੱਸ ਸਕਦਾ ਹੈ, ਗੁਣ ਤਾਂ ਹੀ ਵੱਸ ਸਕਦੇ ਹਨ ਜੇਕਰ ਸਾਡੇ ਅੰਦਰੋਂ ਤ੍ਰਿਸ਼ਨਾ ਮਰੇ, ਮਾਇਆ ਮੋਹ ਦੂਰ ਹੋਵੇ ਜਿੰਨ੍ਹਾਂ ਕਰਕੇ ਸਾਡੇ ਅੰਦਰ ਔਗੁਣਾਂ ਵਾਲੇ ਵਿਚਾਰ ਉਪਜਦੇ ਹਨ। ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨਾ ਹੀ, ਤਿਆਗਣਾ ਹੀ ਆਪਣੇ ਮਨ ਦਾ ਮਾਰਨ ਹੈ ਭਾਵ ਆਪਣੇ ਮਨ ਨੂੰ ਮਾਰਨਾ ਹੈ, ਜਿਉਂਦਿਆਂ ਮਰਨਾ ਹੈ, ਗੁਰੂ ਦੇ ਸ਼ਬਦ ਦੁਆਰਾ ਮਰਨਾ ਹੈ ਭਾਵ ਸ਼ਬਦ ਦੀ ਮਤਿ ਨੂੰ ਮੰਨਣ ਦੁਆਰਾ ਆਪਣੀ ਮਤਿ ਨੂੰ ਛੱਡਣਾ ਹੈ ਜੋ ਕਿ ਸਭ ਤੋਂ ਔਖਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

(ਮਨੁ ਮਾਰੇ ਜੀਵਤ ਮਰਿ ਜਾਨੁ॥)

9/900

ਜਿਉਂਦੇ ਜੀ ਅਸੀਂ ਕੇਵਲ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣ ਦੁਆਰਾ ਮਰ ਸਕਦੇ ਹਾਂ, ਗੁਣਾਂ ਦੁਆਰਾ ਮਰ ਸਕਦੇ ਹਾਂ, ਦੁਚਿੱਤੀ ਮਰਨ ਦੁਆਰਾ ਮਰ ਸਕਦੇ ਹਾਂ, ਹਉਮੈ ਮਰਨ ਦੁਆਰਾ ਮਰ ਸਕਦੇ ਹਾਂ ਤੇ ਇਹੀ ਸਬਦੇ ਮਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਇਹ ਸਭ ਕਰਨਾ ਸਾਡੇ ਵੱਸ ਨਹੀਂ ਹੈ। ਉਹ ਪ੍ਰਮਾਤਮਾ ਆਪ ਹੀ ਸੱਚ ਦੇ ਰੂਪ ਵਿੱਚ ਹੈ ਤੇ ਆਪ ਹੀ ਗੁਣਾਂ ਦਾ ਮਾਲਕ ਹੈ। ਉਸ ਦੀ ਕਿਰਪਾ ਬਿਨਾਂ ਅਸੀਂ ਸੱਚ ਦੁਆਰਾ ਨਹੀਂ ਵਿਚਰ ਸਕਦੇ, ਸਾਡੇ ਵਿਚਾਰ ਗੁਣਾਂ ਵਾਲੇ ਨਹੀਂ ਬਣ ਸਕਦੇ, ਸ਼ਬਦਾਂ ਦੀ ਸਮਝ ਅਨੁਸਾਰ ਨਹੀਂ ਬਣ ਸਕਦੇ ਕਿਉਂਕਿ ਇਹ ਮਨ ਸਾਡੇ ਵੱਸ ਨਹੀਂ ਹੈ, ਇਹ ਵਿਚਾਰ ਸਾਡੇ ਵੱਸ ਨਹੀਂ ਹਨ। ਬਿਨ੍ਹਾਂ ਸੱਚ ਨੂੰ ਅਪਣਾਏ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਪਛਾਣਿਆ ਜਾ ਸਕਦਾ ਤੇ ਸੱਚ ਉਸ ਦੀ ਕਿਰਪਾ ਬਿਨ੍ਹਾਂ ਨਹੀਂ ਮਿਲ ਸਕਦਾ ਤੇ ਸੱਚ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ। ਉਹ **"ਨਦਰੀ"** ਭਾਵ ਸਭ ਤੇ ਆਪਣੀ ਕਿਰਪਾ ਕਰਨ ਵਾਲਾ, ਕੇਵਲ ਆਪਣੀ ਕਿਰਪਾ ਦੁਆਰਾ ਹੀ ਆਪਣੀ ਪਛਾਣ ਕਰਵਾਉਂਦਾ ਹੈ ਭਾਵ ਮਨ ਦੇ ਵਿੱਚ ਆਪਣੇ ਦਰਸ਼ਨ ਦਿੰਦਾ ਹੈ। **(ਨਾਨਕ ਨਦਰੀ ਨਦਰਿ ਪਛਾਨੁ॥)** ਇਹੀ ਆਪਣੇ ਅੰਦਰੋਂ "ਸ਼ਬਦ" ਦੀ ਪਛਾਣ ਕਰਨੀ ਹੈ।

ਉਸਦੀ ਕਿਰਪਾ ਉਸਦੇ ਸੱਚ ਦੇ ਵਿੱਚ ਹੈ, ਉਸਦੇ ਗੁਣਾਂ ਵਿੱਚ ਹੈ ਤੇ ਇਸ ਤੋਂ ਇਲਾਵਾ ਪ੍ਰਮਾਤਮਾ ਨੂੰ ਮਿਲਣ ਦੀ ਸਾਡੀ ਹਰ ਜੁਗਤਿ, ਹਰ ਤਰੀਕਾ, ਹਰ ਜਪ ਤਪ ਕੇਵਲ ਸਾਡੀ ਦੁਬਿਧਾ ਦਾ ਨਤੀਜਾ ਹੈ, ਹੋਰ ਕੁੱਝ ਵੀ ਨਹੀਂ। ਉੱਪਰ ਸ਼ਬਦ ਵਿੱਚ ਅਸੀਂ ਜਿਹੋ ਜਿਹਾ ਜਪ ਤਪ ਕਰਦੇ ਹਾਂ ਭਾਵ ਜੋ ਮੁੱਖੋਂ ਬੋਲ-ਬੋਲ ਕੇ ਪ੍ਰਮਾਤਮਾ ਨੂੰ ਜਪਦੇ ਹਾਂ ਉਸਨੂੰ ਸਾਡੀ ਇੱਕ ਭੁੱਲ ਦੱਸਿਆ ਹੈ। ਬਾਣੀ ਵਿੱਚ ਨਾਲ ਇਹ ਦਿਲਾਸਾ ਵੀ ਦਿੱਤਾ ਹੈ ਕਿ ਅਸੀਂ ਇਹ ਆਪਣੀ ਭੁੱਲ ਸੁਧਾਰ ਵੀ ਸਕਦੇ ਹਾਂ। ਉਸ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਸਾਡੀ ਪੂਰੀ ਜਿੰਦਗੀ ਹੈ, ਉਸ ਪ੍ਰਮਾਤਮਾ ਨੂੰ ਆਖਰੀ ਸੁਆਸ ਤੱਕ ਵੀ ਪਾਇਆ ਜਾ ਸਕਦਾ ਹੈ। ਜੇਕਰ ਉਹ ਸਾਨੂੰ ਭੁੱਲ ਵਿੱਚ ਰੱਖ ਸਕਦਾ ਹੈ ਤਾਂ ਸੋਝੀ ਵੀ ਪਾ ਸਕਦਾ ਹੈ ਕਿਉਂਕਿ ਸਭ ਕੁੱਝ ਉਸਦੇ ਆਪਣੇ ਹੱਥ ਵਿੱਚ ਹੀ ਹੈ।

ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਉਸ ਪ੍ਰਮਾਤਮਾ ਨੂੰ ਪਾਉਣ ਦੀ ਆਸ ਬਣਾ ਕੇ ਰੱਖੀਏ।

ਸੋਰਠਿ ਮਹਲਾ ੫॥

“ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥੧॥
ਹਰਿ ਆਰਾਧਿ ਨ ਜਾਨਾ ਰੇ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ਰਹਾਉ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ॥੩॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥੪॥੨॥੧੩॥”

(ਅੰਗ ੬੧੨)

9/901

ਅਸੀਂ ਪ੍ਰਮਾਤਮਾ ਦਾ ਜਪ ਤਪ ਪ੍ਰਮਾਤਮਾ ਦੀ ਵਡਿਆਈ ਕਰਨ ਲਈ ਹੀ ਕਰਦੇ ਹਾਂ। ਉਸ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕਿ ਉਹ ਕਿਤਨਾ ਕੁ ਵੱਡਾ ਹੈ ਉਸ ਦੀ ਵਡਿਆਈ ਕੀ ਹੋ ਸਕਦੀ ਹੈ? ਪਹਿਲੀਆਂ ਪੰਗਤੀਆਂ ਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਉਹ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ ਤੇ ਹਰ ਜੀਵ ਨੂੰ ਪੈਦਾ ਕਰਨ ਵਾਲਾ ਤੇ ਉਸ ਦੀ ਸੰਭਾਲ ਕਰਨ ਵਾਲਾ ਹੈ। ਉਹ ਗੁਣਾਂ ਦੇ ਨਾਲ ਭਰਪੂਰ ਹੈ। ਹਰ ਜੀਵ ਵਿੱਚ, ਵਸਤੂ ਵਿੱਚ ਉਸ ਦੇ ਦਿੱਤੇ ਹੋਏ ਗੁਣ ਹੀ ਭਰੇ ਹੋਏ ਹਨ। ਉਹ ਕਰੋੜਾਂ ਹੀ ਕਰੋੜਾਂ ਚੀਜ਼ਾਂ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਹੈ। ਉਸ ਦੇ ਗੁਣ ਕਿਤਨੇ ਕੁ ਹਨ ਉਹਨਾਂ ਨੂੰ ਕੋਈ ਬਿਆਨ ਨਹੀਂ ਕਰ ਸਕਦਾ। ਜਦ ਤੱਕ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਹਰ ਵਸਤੂ ਵਿੱਚ ਹਰ ਗੁਣ ਪ੍ਰਮਾਤਮਾ ਦਾ ਹੀ ਦਿੱਤਾ ਹੋਇਆ ਹੈ ਤੇ ਕਿਸ ਤਰੀਕੇ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਹਰ ਰੂਪ ਵਿੱਚ ਉਹ ਆਪ ਹੀ ਹੈ, ਆਪਣੇ ਨਿਰੰਕਾਰ ਰੂਪ ਵਿੱਚ ਹੈ ਤੇ ਜਦ ਤੱਕ ਅਸੀਂ ਉਸਦੇ ਨਿਰੰਕਾਰ ਰੂਪ ਨੂੰ ਨਹੀਂ ਸਮਝਦੇ ਤਦ ਤੱਕ ਅਸੀਂ ਉਸ ਦੇ ਦਰ ਤੇ ਮੂਰਖ ਹੀ ਹਾਂ ਭਾਵ ਪ੍ਰਮਾਤਮਾ ਨੂੰ ਉਸ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਮੂਰਖ ਹੀ ਹੈ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਸਾਡੀ ਮੂਰਖਤਾ ਹੀ ਹੈ।

ਜਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦੇ ਤਦ ਤੱਕ ਸਾਨੂੰ ਇਹ ਵਿਸ਼ਵਾਸ ਨਹੀਂ ਆ ਸਕਦਾ ਕਿ ਅਸਲ ਵਿੱਚ ਸਭ ਕੁੱਝ ਉਹ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ। (**ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥ ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥੧॥**) ਅਸੀਂ ਬਿਨ੍ਹਾਂ ਗੁਰੂ ਦੇ ਸੱਚੇ ਉਪਦੇਸ਼ ਨੂੰ ਜਾਣੇ ਉਸਨੂੰ ਆਪਣੀ ਮਤਿ ਦੁਆਰਾ ਜਪਦੇ ਹਾਂ। ਆਪਣੀ ਮਤਿ ਦੁਆਰਾ ਅਸੀਂ ਜਿਹੋ ਜਿਹਾ ਤਪ ਕਰਦੇ ਹਾਂ ਉਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਹਰਿ ਆਰਾਧਿ ਨ ਜਾਨਾ ਰੇ॥ਹਰਿ ਹਰਿ ਗੁਰੁ ਗੁਰੁ ਕਰਤਾ ਰੇ॥”

ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸਾਨੂੰ ਪ੍ਰਮਾਤਮਾ ਨੂੰ ਆਰਾਧਣ ਦੀ ਸਮਝ ਨਹੀਂ ਲੱਗੀ ਭਾਵ ਜੋ ਅਸੀਂ ਹਰਿ ਹਰਿ, ਗੁਰੂ ਗੁਰੂ ਕਰਕੇ ਜਾਂ ਕਿਸੇ ਹੋਰ ਅੱਖਰ ਨੂੰ ਬੋਲ ਬੋਲ ਕੇ ਪ੍ਰਮਾਤਮਾ ਨੂੰ ਜਪਦੇ ਹਾਂ ਉਹ ਉਸ ਨੂੰ ਆਰਾਧਣਾ ਨਹੀਂ ਹੈ,

ਇਹ ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਨਹੀਂ ਹੈ, ਇਹ ਪ੍ਰਮਾਤਮਾ ਦਾ ਸਿਮਰਨ ਨਹੀਂ ਹੈ, ਇਹ ਪ੍ਰਮਾਤਮਾ ਦੇ ਗੁਣ ਗਾਉਣੇ ਨਹੀਂ ਹਨ। ਉਸਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ, ਉਸਦੀ ਵਡਿਆਈ ਤਾਂ ਹੀ ਕੀਤੀ ਜਾ ਸਕਦੀ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਸਭ ਕੁੱਝ ਆਪ ਹੀ ਹੈ। **{ਕੇਵਡੁ ਵਡਾ ਡੀਠਾ ਹੋਇ॥}** (ਅੰਗ - ੯)

{ਗੁਣੁ ਏਹੋ ਹੋਰੁ ਨਾਹੀ ਕੋਇ॥ਨਾ ਕੋ ਹੋਆ ਨਾ ਕੋ ਹੋਇ॥੩॥}

(ਅੰਗ - ੯)

ਉੱਪਰ ਸਾਨੂੰ ਇਸ ਗੱਲ ਦੀ ਸੋਝੀ ਪਾ ਕੇ, ਕਿ ਸਾਡਾ ਜਪ ਤਪ ਠੀਕ ਨਹੀਂ ਹੈ, ਨਾਲ ਹੀ "ਰਹਾਉ" ਦੀ ਪੰਗਤੀ ਰਾਹੀਂ ਸਾਨੂੰ ਸਾਡੇ ਵੱਲੋਂ ਅਰਦਾਸ ਰਾਹੀਂ ਇਹ ਸਮਝਾਇਆ ਹੈ ਕਿ ਅਸੀਂ ਆਪਣੇ ਜਪ ਤਪ ਦਾ ਝੂਠਾ ਮਾਨ ਲੈ ਰਹੇ ਹਾਂ। ਇਹੋ ਜਿਹਾ ਨਾਮ ਜਪਣ ਵਾਲਿਆਂ ਨੂੰ ਭੁਲੇਖੇ ਵਿੱਚ ਹੀ ਲੋਕੀ ਮਾਣ ਦੇ ਕੇ ਰੱਬ ਦਾ ਦਾਸ ਮੰਨਦੇ ਹਨ, ਪ੍ਰਮਾਤਮਾ ਦੇ ਨੇੜੇ ਮੰਨਦੇ ਹਨ। **(ਹਰਿ ਜੀਉ ਨਾਮੁ ਪਰਿਓ ਰਾਮਦਾਸੁ॥ਰਹਾਉ॥)**

ਅਸੀਂ ਪ੍ਰਮਾਤਮਾ ਨੂੰ ਇੱਕ ਅੱਖਰ ਦੇ ਰੂਪ ਵਿੱਚ ਜਪਦੇ

9/902

ਹਾਂ ਕਿਉਂਕਿ ਸਾਨੂੰ ਇਹ ਸਮਝ ਹੀ ਨਹੀਂ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਅਸੀਂ ਉਸੇ ਦਾ ਹੀ ਰੂਪ ਹਾਂ, ਅਸੀਂ ਉਸ ਤੋਂ ਵੱਖਰੇ ਨਹੀਂ ਹਾਂ। ਅਸੀਂ ਅਣਜਾਣ ਹਾਂ ਤੇ ਪ੍ਰਮਾਤਮਾ ਨੂੰ ਕੁੱਝ ਹੋਰ ਸਮਝੀ ਬੈਠੇ ਹਾਂ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ॥)** ਭਾਵ ਪ੍ਰਮਾਤਮਾ ਦੇ ਅਸਲ ਰੂਪ ਦੀ ਸੋਝੀ ਸਾਨੂੰ ਕੁੱਝ ਵੀ ਨਹੀਂ ਹੈ। ਉਹ ਕਿਤਨਾ ਕੁ ਵੱਡਾ ਹੈ ਸਾਡੇ ਜਪ ਤਪ ਦੁਆਰਾ ਉਸ ਦੇ ਵੱਡੇਪਨ ਦਾ ਪਤਾ ਨਹੀਂ ਲੱਗਦਾ। ਕੇਵਲ ਗੱਲਾਂ ਨਾਲ, ਵੱਡਾ ਵੱਡਾ ਬੋਲੀ ਜਾਣ ਨਾਲ ਪ੍ਰਮਾਤਮਾ ਵੱਡਾ ਨਹੀਂ ਹੋ ਜਾਂਦਾ।

ਅਸੀਂ ਪ੍ਰਮਾਤਮਾ ਦਾ ਜਪ ਤਪ ਬੋਲ ਬੋਲ ਕੇ ਕਰਦੇ ਹਾਂ, ਸੁਣਾ ਸੁਣਾ ਕੇ ਕਰਦੇ ਹਾਂ ਕਿਉਂਕਿ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਉਹ ਪ੍ਰਮਾਤਮਾ ਸਾਡੇ ਵੇਖਣ ਤੇ ਸੁਣਨ ਵਿੱਚ ਆਪ ਹੀ ਹੈ, ਉਹ ਆਪ ਹੀ ਸਾਡੇ ਅੰਦਰ ਬੈਠਾ ਹੈ। ਅਸੀਂ ਪ੍ਰਮਾਤਮਾ ਨੂੰ ਕਿਤੇ ਦੂਰ ਸਮਝਦੇ ਹਾਂ, ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚ ਸਮਝਦੇ ਹਾਂ, ਕਿਸੇ ਆਕਾਸ਼ ਤੇ ਸਮਝਦੇ ਹਾਂ ਭਾਵ ਅਸੀਂ ਪ੍ਰਮਾਤਮਾ ਦਾ ਜਪ ਤਪ ਤਾਂ ਕਰਦੇ ਹਾਂ ਪਰ ਸਾਨੂੰ ਇਸ ਗੱਲ ਦੀ ਸੋਝੀ ਬਿਲਕੁਲ ਨਹੀਂ ਕਿ ਪ੍ਰਮਾਤਮਾ ਤਾਂ ਸਾਡੇ ਅੰਦਰ ਹੀ ਹੈ ਭਾਵ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਦੀ ਸੋਝੀ ਹੋਵੇ ਤਾਂ ਫਿਰ ਅਸੀਂ ਉਸ ਨੂੰ ਬੋਲ ਬੋਲ ਕੇ ਨਾ ਜਪੀਏ ਜਿਸ ਨੂੰ ਸਾਡੀ ਮੂਰਖਤਾ ਦੱਸਿਆ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥੨॥)**

ਉਹ ਪ੍ਰਮਾਤਮਾ ਬੇਅੰਤ ਹੈ ਜਿਸਦਾ ਕੋਈ ਅੰਤ ਹੋ ਹੀ ਨਹੀਂ ਸਕਦਾ ਭਾਵ ਜਿਸ ਦੀ ਕੋਈ ਲਿਮਿਟ ਭਾਵ ਸੀਮਾ ਹੋ ਹੀ ਨਹੀਂ ਸਕਦੀ ਲੇਕਿਨ ਅਸੀਂ ਆਪਣੇ ਜਪ ਤਪ ਦੁਆਰਾ ਉਸ ਪ੍ਰਮਾਤਮਾ ਨੂੰ ਇੱਕ ਅੱਖਰ ਰੂਪ ਸਮਝ ਕੇ ਉਸਦੀ ਇੱਕ ਲਿਮਿਟ ਬੰਨ੍ਹ ਦਿੱਤੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **"ਮਿਤਿ"** ਤੋਂ ਭਾਵ ਹੈ ਇੱਕ ਦਾਇਰਾ, ਇੱਕ ਲਿਮਿਟ, ਇੱਕ ਬਾਉਂਡਰੀ। ਅਸੀਂ ਪ੍ਰਮਾਤਮਾ ਨੂੰ ਇੱਕ ਅੱਖਰ ਰੂਪ ਵਿੱਚ ਇਸ ਲਈ ਸਮਝਿਆ ਹੋਇਆ ਹੈ ਕਿਉਂਕਿ ਅਸੀਂ ਪ੍ਰਮਾਤਮਾ ਨੂੰ ਅਸਲ ਵਿੱਚ ਜਾਣਿਆ ਹੀ ਨਹੀਂ ਕਿ ਉਹ ਕੀ ਹੈ। ਕਿਤਨਾ ਕੁ ਵੱਡਾ ਹੈ। ਉਹ ਬਹੁਤ ਵੱਡਾ ਹੈ ਜਿਵੇਂ ਕਿ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ)** ਅਸੀਂ ਇਤਨੇ ਵੱਡੇ ਪ੍ਰਮਾਤਮਾ ਨੂੰ ਕੇਵਲ ਇੱਕ ਅੱਖਰ ਰੂਪ ਸਮਝ ਕੇ ਉਸਨੂੰ ਬਹੁਤ ਛੋਟਾ ਬਣਾ ਦਿੱਤਾ ਹੈ ਭਾਵ ਜੋ ਮਨੁੱਖ ਪ੍ਰਮਾਤਮਾ ਨੂੰ ਇੱਕ ਅੱਖਰ ਰੂਪ ਕਹਿੰਦੇ ਹਨ, ਜਪਦੇ ਹਨ ਉਹਨਾਂ ਨੂੰ ਪ੍ਰਮਾਤਮਾ ਦੀ ਬਿਲਕੁਲ ਵੀ ਸੋਝੀ ਨਹੀਂ ਹੈ। **(ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥)** ਜਿਹੋ ਜਿਹਾ ਅਸੀਂ ਜਪ ਤਪ ਕਰਦੇ ਹਾਂ ਆਪਣੇ ਵੱਲੋਂ

9/903

ਅਸੀਂ ਗੁਰੂ ਉਪਦੇਸ਼ ਅਨੁਸਾਰ ਹੀ ਕਰਦੇ ਹਾਂ ਪਰ ਸਾਡੇ ਇਸ ਭਰਮ ਨੂੰ ਹੀ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਕੱਢਿਆ ਹੋਇਆ ਹੈ ਕਿ ਇਹੋ ਜਿਹਾ ਜਪ ਤਪ ਕਰਨਾ ਗੁਰੂ ਦਾ ਸਹੀ ਉਪਦੇਸ਼ ਨਹੀਂ ਹੈ ਭਾਵ ਸਾਨੂੰ ਪ੍ਰਮਾਤਮਾ ਨੂੰ ਜਪਣ ਲਈ ਗੁਰੂ ਦਾ ਸਹੀ ਉਪਦੇਸ਼ ਸਮਝ ਨਹੀਂ ਆਇਆ। ਇਹੋ ਜਿਹੇ ਅੱਖਰਾਂ ਦੇ ਜਪ ਤਪ ਨੂੰ ਸਾਡੀ ਮੂਰਖਤਾ ਕਹਿ ਕੇ ਦਰਸਾਇਆ ਹੈ। ਅਸੀਂ ਕਹਿਣ ਨੂੰ ਭਾਵੇਂ ਆਪਣੇ ਆਪ ਨੂੰ ਮੂਰਖ ਕਹਿ ਲਈਏ ਪਰ ਅਸਲੀਅਤ ਵਿੱਚ ਅਸੀਂ ਇਸ ਨੂੰ ਹੀ ਆਪਣਾ ਸਹੀ ਜਪ ਤਪ

ਸਮਝਦੇ ਹਾਂ, ਆਪਣੇ ਆਪ ਨੂੰ ਪੂਰਾ ਸਿਆਣਾ ਸਮਝਦੇ ਹਾਂ। ਸਾਡੀ ਪਰਖ ਉਦੋਂ ਹੁੰਦੀ ਹੈ ਜਦੋਂ ਸਾਨੂੰ ਕੋਈ ਇਹ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਸਾਡਾ ਇਹ ਜਪ ਤਪ ਠੀਕ ਨਹੀਂ ਹੈ, ਉਸ ਵੇਲੇ ਅਸੀਂ ਆਪਣੇ ਜਪ ਤਪ ਨੂੰ ਆਪਣੀ ਸਿਆਣਪ ਦੁਆਰਾ ਸਹੀ ਹੀ ਠਹਿਰਾਉਂਦੇ ਹਾਂ, ਆਪਣੇ ਆਪ ਨੂੰ ਮੂਰਖ ਮੰਨਣਾ ਤਾਂ ਦੂਰ ਦੀ ਗੱਲ ਹੈ। ਇਸ ਲਈ ਸਾਨੂੰ ਗੁਰੂ ਅੱਗੇ ਬੇਨਤੀ ਵੱਜੋਂ ਇਹ ਸਮਝਾਇਆ ਹੈ ਕਿ ਗੁਰੂ ਸਾਹਿਬ ਮੈਨੂੰ ਤੇਰਾ ਆਰਾਧਣਾ ਸਮਝ ਨਹੀਂ ਆਇਆ, ਮੈਂ ਆਪਣੀ ਮੂਰਖਤਾ ਵਿੱਚ ਹੀ ਤੈਨੂੰ ਬੋਲ ਬੋਲ ਕੇ ਜਪੀ ਗਿਆ ਹਾਂ, ਹਰਿ ਹਰਿ, ਗੁਰੂ ਗੁਰੂ ਕਰੀ ਗਿਆ ਹਾਂ, ਇਸ ਲਈ ਮੈਨੂੰ ਆਪਣਾ ਸਹੀ ਉਪਦੇਸ਼ ਦੇਵੋ, ਮੈਨੂੰ ਆਪਣਾ ਸਹੀ ਜਪ ਤਪ ਸਿਖਾਵੋ। ਜਪ ਤਪ ਕਰਨ ਵਾਲਾ ਕੌਣ ਆਪਣੇ ਆਪ ਨੂੰ ਮੂਰਖ ਮੰਨਦਾ ਹੈ, ਆਪਣੇ ਤੋਂ ਸਿਆਣਾ ਕਿਸ ਨੂੰ ਮੰਨਦਾ ਹੈ। ਅਗਲੀ ਪੰਗਤੀ ਰਾਹੀਂ ਸਾਨੂੰ ਗੁਰੂ ਸਾਹਿਬ ਨੇ ਇਹ ਸਾਡੇ ਵੱਲੋਂ ਹੀ ਸਾਨੂੰ ਗੁਰੂ ਅੱਗੇ ਬੇਨਤੀ ਕਰਨ ਦਾ ਹੁਕਮ ਸੁਣਾਇਆ ਹੈ ਕਿ ਗੁਰੂ ਸਾਹਿਬ ਮੈਨੂੰ ਸੱਚਾ ਜਪ ਕਰਨ ਦੀ ਸੋਝੀ ਪਾਉ ਭਾਵ ਸਾਨੂੰ ਹਕੀਕਤ ਵਿੱਚ ਆਪਣੇ ਆਪ ਨੂੰ ਮੂਰਖ ਮੰਨਣ ਲਈ ਸਮਝਾਇਆ ਹੈ। ਇਹ ਬੇਨਤੀ ਅਸੀਂ ਤਾਂ ਹੀ ਕਰ ਸਕਾਂਗੇ ਜੇਕਰ ਪਹਿਲਾਂ ਆਪਣੇ ਆਪ ਨੂੰ ਭੁੱਲਿਆ ਹੋਇਆ ਮੰਨਾਂਗੇ, ਹਕੀਕਤ ਵਿੱਚ ਆਪਣੇ ਆਪ ਨੂੰ ਨਾਮ ਜਪਣ ਬਾਰੇ ਮੂਰਖ ਮੰਨਾਂਗੇ। ਇੱਥੇ ਹੀ ਸਾਡੀ ਸਿਆਣਪ ਛੁਪੀ ਹੋਈ ਹੈ। **(ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ॥੩॥)**

ਗੁਰੂ ਦਾ ਉਪਦੇਸ਼ ਸਾਡੇ ਲਈ ਕੀ ਹੈ, ਉਸਨੂੰ ਆਰਾਧਣਾ ਕੀ ਹੈ, ਹਰਿ ਹਰਿ, ਗੁਰੂ ਗੁਰੂ ਕਰਨਾ ਕੀ ਹੈ, ਇਹ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

ਪਹਿਲੀ ਗੱਲ ਤਾਂ ਇਹ ਸਮਝੀਏ ਕਿ ਸਾਨੂੰ ਮੂਰਖ ਕਿਸ ਲਈ ਕਿਹਾ ਹੈ। ਅਸੀਂ ਮੂਰਖ ਆਪਣੀ ਵਿਕਾਰਾਂ ਵਾਲੀ ਬਿਰਤੀ ਕਰਕੇ ਹਾਂ, ਮਾੜੇ ਕਰਮਾਂ ਕਰਕੇ ਹਾਂ, ਜਿਵੇਂ ਕਿ ਅਸੀਂ ਪਿੱਛੇ ਅਨੇਕਾਂ

ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਸਨੂੰ ਵਿਕਾਰਾਂ ਵਾਲੀ ਬਿਰਤੀ ਵਿੱਚੋਂ ਕੱਢਦਾ ਹੈ, ਉਸਨੂੰ ਆਪਣੇ ਸੱਚ ਦੇ ਮਾਰਗ ਤੇ ਚਲਾਉਂਦਾ ਹੈ। ਪ੍ਰਮਾਤਮਾ ਕਦੇ ਵੀ ਮਨੁੱਖ ਤੇ ਆਪਣੀ ਇਹ ਕਿਰਪਾ ਕਰ ਸਕਦਾ ਹੈ, ਮਨੁੱਖ ਦੇ ਆਖਰੀ ਸੁਆਸ ਤੱਕ ਕਰ ਸਕਦਾ ਹੈ, ਮਨੁੱਖ ਦੀ ਨੀਅਤ ਸਾਫ਼ ਕਰ ਸਕਦਾ ਹੈ, ਵਿਕਾਰਾਂ ਵੱਲੋਂ ਤੌਬਾ ਕਰਵਾ ਸਕਦਾ ਹੈ ਭਾਵ ਮਨ ਦੀ ਮਾੜੀ ਸਮਝ ਵਿੱਚੋਂ, ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ ਤੇ ਨਾਮ ਜਪਣ ਦਾ ਅਸਲ ਮਾਰਗ ਸਮਝਾ ਸਕਦਾ ਹੈ। ਸਭ ਕੁੱਝ ਉਸ ਦੇ ਵੱਸ ਵਿੱਚ ਹੈ ਤੇ ਉਹ ਜਦੋਂ ਚਾਹੇ, ਜਿਸ ਤੇ ਚਾਹੇ ਆਪਣੀ ਕਿਰਪਾ ਕਰ ਸਕਦਾ ਹੈ। ਸਾਡੇ ਵੱਲੋਂ ਇਹੀ ਸੱਚੀ ਅਰਦਾਸ ਹੋਣੀ ਚਾਹੀਦੀ ਹੈ ਕਿ ਹੈ ਪ੍ਰਮਾਤਮਾ ਸਾਨੂੰ ਔਗੁਣਾਂ ਤੋ ਬਚਾ ਲੈ ਜੋ ਸੱਚੀ ਅਰਦਾਸ ਔਗੁਣਾਂ ਵਿੱਚੋਂ ਨਿਕਲਣ ਦਾ ਸਾਡਾ ਸੱਚਾ ਉੱਦਮ ਹੀ ਹੈ ਜਿਸ ਲਈ ਮੁੱਖੋਂ ਕੁੱਝ ਬੋਲਣ ਦੀ ਲੋੜ ਨਹੀਂ ਹੈ। ਜੇਕਰ ਅਸੀਂ ਮਨੋਂ ਸੱਚੇ ਬਣਨਾ ਚਾਹੁੰਦੇ ਹਾਂ ਤਾਂ ਫਿਰ ਸਾਡੀ ਅਰਦਾਸ ਵੀ ਸੱਚੀ ਹੈ।

{ਸਤੁ ਸੰਤੋਖੁ ਹੋਵੈ ਅਰਦਾਸਿ॥ਤਾ ਸੁਣਿ ਸਦਿ ਬਹਾਲੇ ਪਾਸਿ॥੧॥}

(ਅੰਗ ੯੭੯)

{ਸਚਾ ਅਰਜੁ ਸਚੀ ਅਰਦਾਸਿ॥}

(ਅੰਗ ੩੫੫)

{ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥}

(ਅੰਗ ੪੬੯)

ਔਗੁਣ ਛੱਡੇ ਬਿਨ੍ਹਾਂ ਸਾਡੀ ਅਰਦਾਸ ਵੀ ਸੱਚੀ ਨਹੀਂ ਹੈ। ਜਦ ਤੱਕ ਸਾਡਾ ਭਰੋਸਾ ਆਪਣੇ ਅੱਖਰਾਂ ਦੇ ਜਪ ਤਪ ਤੇ ਬਣਿਆ ਹੋਇਆ ਹੈ ਤਦ ਤੱਕ ਸਾਡਾ ਭਰੋਸਾ ਆਪਣੀ ਨਾਸਮਝਿ ਮਤਿ ਛੱਡਣ ਨਾਲ ਨਹੀਂ ਜੁੜਦਾ ਭਾਵ ਔਗੁਣ ਤਿਆਗ ਕੇ ਸੱਚੇ ਸੁੱਚੇ ਕਰਮ ਕਰਨ ਨਾਲ ਨਹੀਂ ਜੁੜਦਾ, ਗੁਰੂ ਦੇ ਸੱਚ ਨਾਲ ਜੁੜਨ ਲਈ ਨਹੀਂ ਜੁੜਦਾ ਭਾਵ ਗੁਰੂ ਅੱਗੇ ਸੱਚੀ ਅਰਦਾਸ ਕਰਨ ਨਾਲ ਨਹੀਂ ਜੁੜ ਸਕਦਾ। ਉਹ ਪ੍ਰਮਾਤਮਾ ਸਭ ਨੂੰ ਤਾਰ ਸਕਦਾ ਹੈ, ਵੱਡੇ ਵੱਡੇ ਅਪਰਾਧੀਆਂ ਨੂੰ ਤਾਰਦਾ ਆਇਆ ਹੈ ਤੇ ਸਭ ਨੇ ਆਪਣੇ ਅਪਰਾਧਾਂ ਤੋਂ ਤੌਬਾ ਕੀਤੀ ਹੈ ਭਾਵ ਉਸ ਨੇ ਆਪ ਕਰਵਾਈ ਹੈ ਪਰ ਆਪਣੇ ਅਪਰਾਧਾਂ ਨੂੰ, ਮਾੜੇ ਕਰਮਾਂ ਨੂੰ ਛੱਡਣ ਦਾ ਉੱਦਮ ਅਸੀਂ ਹੀ ਕਰਨਾ ਹੈ।

ਪ੍ਰਮਾਤਮਾ ਦਾ ਜਪ ਕਰਨ ਲਈ ਸਾਡੀ ਨੀਅਤ ਚੰਗੀ ਹੋਣੀ ਜਰੂਰੀ ਹੈ ਤੇ ਆਓ ਆਪਣੀ ਨੀਅਤ ਰਾਸ ਕਰਨ ਦਾ ਉਪਰਾਲਾ ਕਰੀਏ ਜੋ ਕਿ ਪ੍ਰਮਾਤਮਾ ਦਾ ਸੱਚਾ ਜਪ ਤਪ ਹੈ, ਉਸਦੇ ਅੱਗੇ ਸੱਚੀ ਅਰਦਾਸ ਹੈ। **(ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥)**

{ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੮੩)

ਅਸੀਂ ਗੁਰੂ ਗੁਰੂ ਕਰਦੇ ਹਾਂ ਤੇ ਇਸ ਉਮੀਦ ਤੇ ਰਹਿੰਦੇ ਹਾਂ ਕਿ ਗੁਰੂ ਗੁਰੂ ਕਰਨ ਨਾਲ ਹੀ ਸਾਨੂੰ ਮੁਕਤੀ ਮਿਲ ਜਾਵੇਗੀ। ਮੁਕਤੀ ਗੁਰੂ ਗੁਰੂ ਬੋਲਣ ਵਿੱਚ ਨਹੀਂ ਹੈ, ਮੁਕਤੀ ਗੁਰੂ ਦੇ ਦਰਸ਼ਨਾਂ ਵਿੱਚ ਹੈ ਜੋ ਮੁਕਤੀ ਆਪਣੀ ਮਨਮਤਿ ਛੱਡਣ ਦੁਆਰਾ ਹੀ ਭਾਵ ਨਾਸਮਝ ਅਗਿਆਨਤਾ ਵਾਲੀ ਸਮਝ ਭਾਵ ਹਉਮੈ ਛੱਡਣ ਦੁਆਰਾ ਹੀ ਮਿਲਦੀ ਹੈ ਭਾਵ ਗੁਰੂ ਦੀ ਸੱਚੀ ਮਤਿ ਸਾਡੇ ਅੰਦਰ ਵੱਸਣ ਦੁਆਰਾ ਹੀ ਮਿਲਦੀ ਹੈ। ਜਿਵੇਂ ਕਿ ਅਸੀਂ ਉੱਪਰ ਸ਼ਬਦ ਵਿੱਚ ਜਾਣਿਆ ਹੈ ਕਿ ਪ੍ਰਮਾਤਮਾ ਸਾਡੇ ਵੇਖਣ ਤੇ ਸੁਣਨ ਵਿੱਚ ਸਾਡੇ ਨਾਲ ਹੀ ਹੈ ਪਰ ਅਸੀਂ ਉਸਨੂੰ ਦੂਰ ਸਮਝਦੇ ਹਾਂ। **(ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥੨॥)** ਉਹ ਗੁਰੂ ਸਾਡੇ ਅੰਦਰ ਹੀ ਹੈ ਤੇ ਸਾਡੀ ਸਮਝ ਦੇ ਰੂਪ ਵਿੱਚ ਉਹ ਆਪ

9/905

ਹੀ ਵਰਤ ਰਿਹਾ ਹੈ। ਉਸਦੇ ਦਰਸ਼ਨ ਸਾਨੂੰ ਸਾਡੇ ਅੰਦਰੋਂ ਹੀ ਹੁੰਦੇ ਹਨ ਤੇ ਆਪਣੇ ਦਰਸ਼ਨ ਉਹ ਆਪ ਹੀ ਕਰਵਾਉਂਦਾ ਹੈ, ਆਪਣੇ ਹੋਣ ਦੀ ਗੱਲ ਉਹ ਮਨ ਦੇ ਵਿੱਚ ਪਰਗਟ ਹੋ ਕੇ ਆਪ ਹੀ ਸੁਣਾਉਂਦਾ ਹੈ। ਜਦ ਤੱਕ ਮਨੁੱਖ ਉਸਨੂੰ ਆਪਣੇ ਅੰਦਰੋਂ ਨਹੀਂ ਸੁਣਦਾ, ਉਸਦੇ ਦਰਸ਼ਨ ਨਹੀਂ ਹੁੰਦੇ। ਉਸਨੂੰ ਆਪਣੇ ਅੰਦਰੋਂ ਸੁਣ ਕੇ, ਦੇਖ ਕੇ ਭਾਵ ਉਸ ਦੇ ਨਾਲ ਮਿਲ ਕੇ ਹੀ ਇਹ ਪਤਾ ਚੱਲਦਾ ਹੈ ਕਿ ਉਹ ਗੁਰੂ ਪ੍ਰਮਾਤਮਾ ਕਿੰਨਾ ਕੁ ਵੱਡਾ ਹੈ, ਉਹ ਕਰੋੜਾਂ ਬ੍ਰਹਿਮੰਡਾਂ ਦਾ ਆਪ ਹੀ ਮਾਲਕ ਹੈ, ਸਭ ਨੂੰ ਪੈਦਾ ਕਰਨ ਵਾਲਾ ਤੇ ਪਾਲਣਾ ਕਰਨ ਵਾਲਾ ਉਹ ਆਪ ਹੀ ਹੈ ਭਾਵ ਉਸਦੀ ਵਡਿਆਈ ਦੀ ਸੋਝੀ ਉਸ ਗੁਰੂ ਰੂਪ ਪ੍ਰਮਾਤਮਾ ਦੇ ਮਨ ਦੇ ਵਿੱਚੋਂ ਉਸਨੇ ਗਿਆਨ ਰੂਪ, ਨਾਮ ਰੂਪ ਭਾਵ ਨਿਰੰਕਾਰ ਰੂਪ ਦੇ ਦਰਸ਼ਨ ਕਰਨ ਤੋਂ ਬਾਅਦ ਹੀ ਪਤਾ ਚੱਲਦੀ ਹੈ ਭਾਵ ਗੁਰੂ ਗੁਰੂ ਕਰੀ ਜਾਣ ਨਾਲ ਉਸ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਬਲਕਿ ਉਸ ਪ੍ਰਮਾਤਮਾ ਦੀ ਵਡਿਆਈ ਨੂੰ ਬਹੁਤ ਛੋਟਾ ਕਰਨ ਵਾਲੀ ਗੱਲ ਹੈ। ਇਤਨੇ ਵੱਡੇ ਪ੍ਰਮਾਤਮਾ ਨੂੰ ਇੱਕ ਅੱਖਰ ਰੂਪ ਵਿੱਚ, "ਮਿਤ" ਵਿੱਚ, "ਬਾਉਂਡਰੀ" ਵਿੱਚ ਸੀਮਤ ਕਰਨ ਵਾਲੀ ਗੱਲ ਹੈ। ਮੁਕਤੀ ਗੁਰੂ ਗੁਰੂ ਬੋਲੀ ਜਾਣ ਨਾਲ ਨਹੀਂ ਹੈ, ਮੁਕਤੀ ਉਸ ਗੁਰੂ ਦੇ ਦਰਸ਼ਨ ਕਰਨ ਦੇ ਨਾਲ ਹੈ, ਉਸਦੇ ਨਾਲ ਮੇਲ ਕਰਨ ਦੇ ਨਾਲ ਹੈ, ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਦਾ ਦਾਇਰਾ ਬੇਅੰਤ ਹੈ ਤੇ ਉਹ ਆਪਣੇ ਉੱਚੇ ਗਿਆਨ ਦੁਆਰਾ, ਨਾਮ ਦੁਆਰਾ ਕਿਤਨਾ ਕੁ ਵੱਡਾ ਹੈ ਤੇ ਉਹ ਸਭ ਕੁੱਝ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ। **(ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥੪॥੨॥੧੩॥)**

ਜਿਹੋ ਜਿਹਾ ਨਾਮ ਅਸੀਂ ਜਪਦੇ ਹਾਂ ਭਾਵ ਜਿਸਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ ਉਹੋ ਜਿਹੇ ਜਪ ਤਪ ਦੇ ਨਾਲ ਸਾਡੀ ਸੰਸਾਰ ਤੋਂ ਖਲਾਸੀ ਕਦੇ ਵੀ ਨਹੀਂ ਹੋ ਸਕਦੀ। ਜਦੋਂ ਸਾਨੂੰ ਨਾਮ ਜਪਣਾ ਆ ਜਾਵੇਗਾ ਤੇ ਸਾਡੀ ਖਲਾਸੀ ਤਾਂ ਹੀ ਹੋ ਸਕਦੀ ਹੈ। ਉਹ ਪ੍ਰਮਾਤਮਾ ਸਾਡੇ ਤੋਂ ਕੋਈ ਦੂਰ ਨਹੀਂ ਹੈ ਪਰ ਸਾਡੀ ਉਸ ਨਾਲੋਂ ਦੂਰੀ ਸਾਡੇ ਮਾੜੇ ਕਰਮਾਂ ਕਰਕੇ ਹੈ, ਸਾਡੀ ਮਨਮਤਿ ਕਰਕੇ, ਸਾਡੀ ਹਉਮੈ ਕਰਕੇ ਹੈ ਭਾਵ ਗੁਰੂ ਦੀ ਮਤਿ ਤੋਂ ਦੂਰੀ ਕਰਕੇ ਹੈ, ਗੁਰਬਾਣੀ ਦੇ ਸੱਚੇ ਗਿਆਨ ਦੇ ਲੜ ਨਾ ਲੱਗਣ ਕਰਕੇ ਹੈ, ਨਾਮ ਦੀ ਸੋਝੀ ਨਾ ਹੋਣ ਕਰਕੇ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਉਹੋ ਜਿਹਾ ਜਪ ਤਪ ਕਰੀਏ ਜਿਸ ਨਾਲ ਸਾਡਾ ਸੰਸਾਰ ਤੋਂ ਛੁਟਕਾਰਾ ਹੋ ਜਾਵੇ।

“ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ॥
ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ॥੧॥
ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ॥ ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ॥੧॥ ਰਹਾਉ॥
ਘੋਰ ਮਹਲ ਸਦਾ ਰੰਗਿ ਰਾਤਾ॥ਸੰਗਿ ਤੁਮ੍ਹਾਰੈ ਕਛੂ ਨ ਜਾਤਾ॥੨॥
ਰਖਹਿ ਪੋਚਾਰਿ ਮਾਟੀ ਕਾ ਭਾਂਡਾ॥ਅਤਿ ਕੁਚੀਲ ਮਿਲੈ ਜਮ ਡਾਂਡਾ॥੩॥
ਕਾਮ ਕ੍ਰੋਧਿ ਲੋਭਿ ਮੋਹਿ ਬਾਧਾ॥ਮਹਾ ਗਰਤ ਮਹਿ ਨਿਘਰਤ ਜਾਤਾ॥੪॥
ਨਾਨਕ ਕੀ ਅਰਦਾਸਿ ਸੁਣੀਜੈ॥ਡੂਬਤ ਪਾਹਨ ਪ੍ਰਭ ਮੇਰੇ ਲੀਜੈ॥੫॥੧੪॥੨੦॥”

(ਅੰਗ ੭੪੧)

9/906

ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਸਾਨੂੰ ਅੰਧਾ ਕਿਸ ਲਈ ਕਿਹਾ ਹੈ। ਹਰ ਮਨੁੱਖ ਵੇਖਦਾ ਹੈ, ਚੱਖਦਾ ਹੈ, ਸੁਣਦਾ ਹੈ ਜੋ ਕਿ ਸਭ ਲਈ ਇੱਕੋ ਜਿਹਾ ਹੈ ਪਰ ਫਿਰ ਵੀ ਸਾਨੂੰ ਅੰਧਾ ਕਿਹਾ ਹੈ। **“ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ॥”** ਇਸ ਗੱਲ ਦਾ ਜਵਾਬ ਅਗਲੀ ਪੰਗਤੀ ਵਿੱਚ ਦਿੱਤਾ ਹੋਇਆ ਹੈ। ਅਸੀਂ ਜੋ ਕੁੱਝ ਵੀ ਵੇਖਦੇ ਹਾਂ, ਸੁਣਦੇ ਹਾਂ, ਖਾਂਦੇ ਹਾਂ ਅਸੀਂ ਇਹ ਕੁੱਝ ਸਮਝਦੇ ਹਾਂ ਕਿ ਇਹ ਸਭ ਕੁੱਝ ਅਸੀਂ ਆਪ ਕਰ ਰਹੇ ਹਾਂ ਕਿਉਂਕਿ ਅਸੀਂ ਇਹ ਕਦੇ ਨਹੀਂ ਸਮਝ ਸਕਦੇ ਤੇ ਮੰਨ ਸਕਦੇ ਕਿ ਸਾਡੇ ਕੋਲੋਂ ਇਹ ਸਭ ਕੁੱਝ ਕਰਵਾਉਣ ਵਾਲਾ ਕੋਈ ਹੋਰ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੈ। ਉਹ ਆਪ ਹੀ ਅੰਦਰ ਬੈਠਾ ਸਭ ਕੁੱਝ ਕਰਵਾ ਰਿਹਾ ਹੈ। ਉਹ ਸਾਡੇ ਮਨ ਦੇ ਗਿਆਨ ਰੂਪ ਵਿੱਚ ਵਰਤ ਰਿਹਾ ਹੈ ਤੇ ਮਨੁੱਖ ਜੋ ਕੁੱਝ ਵੀ ਕਰਦਾ ਹੈ ਮਨ ਦੇ ਗਿਆਨ ਰਾਹੀਂ ਕਰਦਾ ਹੈ ਪਰ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਹੈ। ਪ੍ਰਮਾਤਮਾ ਨੇ ਆਪ ਹੀ ਸਾਨੂੰ ਅੰਧਾ ਕੀਤਾ ਹੋਇਆ ਹੈ ਭਾਵ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਇਸ ਗੱਲ ਦਾ ਯਕੀਨ ਉਸ ਪ੍ਰਮਾਤਮਾ ਦੇ ਮਨ ਦੇ ਵਿੱਚੋਂ ਦਰਸ਼ਨਾਂ ਤੋਂ ਬਾਅਦ ਹੀ ਆ ਸਕਦਾ ਹੈ, ਉਸਦੇ ਸੱਚੇ ਗਿਆਨ ਦੁਆਰਾ ਹੀ ਆ ਸਕਦਾ ਹੈ ਜੋ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਪਰਗਟ ਹੋਣ ਦੁਆਰਾ ਉਹ ਆਪ ਹੀ ਦਿੰਦਾ ਹੈ। ਇਹ ਦੁਨੀਆ ਦੀ ਸਭ ਤੋਂ ਵੱਡੀ ਸੱਚਾਈ ਹੈ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਬਾਕੀ ਹਰ ਕੋਈ ਭੁਲੇਖੇ ਵਿੱਚ ਹੀ ਹੈ। ਜੋ ਇਹ ਸਮਝਦਾ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਮੈਂ ਹਾਂ ਤੇ ਜੋ ਕੁੱਝ ਮੈਂ ਦੇਖ ਰਹਿਆ ਹਾਂ ਉਹ ਸਭ ਪ੍ਰਮਾਤਮਾ ਦਾ ਆਪਣਾ ਰੂਪ ਹੀ ਹਨ ਭਾਵ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਆਪਣੇ ਨਿਰੰਕਾਰ ਰੂਪ ਵਿੱਚ ਹੈ ਭਾਵ ਸਾਇੰਟਿਫਿਕ ਰੂਪ ਵਿੱਚ ਹੈ। ਸਾਡੀ **“ਮੈਂ”** ਸਾਡਾ ਸਭ ਤੋਂ ਵੱਡਾ ਭੁਲੇਖਾ ਹੈ। ਅਸਲ ਵਿੱਚ ਨਾ ਅਸੀਂ ਕੁੱਝ ਵੇਖਣ ਵਾਲੇ ਹਾਂ, ਨਾ ਅਸੀਂ ਆਪ ਕੁੱਝ ਸੁਣਨ ਵਾਲੇ ਹਾਂ, ਨਾ ਅਸੀਂ ਆਪ ਕੁੱਝ ਚੱਖਣ ਵਾਲੇ ਹਾਂ। ਸਾਨੂੰ ਇਹ ਸਭ ਲੱਗਦਾ ਜਰੂਰ ਹੈ ਪਰ ਅਸਲ ਵਿੱਚ ਇਹ ਝੂਠ ਹੈ, ਸਾਡੀ ਅਗਿਆਨਤਾ ਹੈ।

{ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ॥}
{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੯)

ਸਾਡੀ ਅਗਿਆਨਤਾ ਪ੍ਰਮਾਤਮਾ ਨੂੰ ਜਾਣਨ ਵਿੱਚ ਕਿਸ ਰੂਪ ਵਿੱਚ ਹੈ ਇਹ ਗੱਲ ਹੀ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

“ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ॥੧॥”

ਪ੍ਰਮਾਤਮਾ ਤੇ ਸਾਡੇ ਸਭ ਤੋਂ ਨਿਕਟ ਹੈ, ਉਹ ਹਰ ਘਟ ਦੇ ਵਿੱਚ ਹੈ ਪਰ ਅਸੀਂ ਆਪਣੀ ਅਗਿਆਨਤਾ ਕਰਕੇ ਇਹ ਮੰਨ ਨਹੀਂ ਸਕਦੇ ਕਿ ਪ੍ਰਮਾਤਮਾ ਆਪ ਹੀ ਅੰਦਰ ਵਰਤ ਰਿਹਾ ਹੈ। ਸਾਨੂੰ ਪਾਪੀ ਇਸੇ ਲਈ ਕਿਹਾ ਹੈ ਕਿ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹੁੰਦੇ ਹੋਏ ਵੀ ਉਸ ਨੂੰ ਜਾਣਦੇ ਨਹੀਂ ਤੇ ਗੁਰੂ ਦੇ ਗੱਲ ਤੇ ਵਿਸ਼ਵਾਸ ਨਹੀਂ ਕਰਦੇ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਾਨੂੰ ਇਹ ਸਮਝਾਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਅਸੀਂ ਉਸ ਦੀ ਗੱਲ ਨੂੰ ਮੰਨ ਨਹੀਂ ਸਕਦੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਗੱਲ ਮੰਨਣ ਲਈ ਸਾਨੂੰ ਆਪਣੀ ਮਤਿ, ਆਪਣੀ ਸਮਝ ਛੱਡਣੀ ਪੈਂਦੀ ਹੈ ਭਾਵ ਗੁਰੂ ਦੀ ਮਤਿ ਤੇ ਵਿਸ਼ਵਾਸ ਕਰਨਾ ਪੈਂਦਾ ਹੈ ਜੋ ਵਿਸ਼ਵਾਸ ਅਸੀਂ ਨਹੀਂ ਕਰਦੇ ਜਿਵੇਂ ਕਿ ਗੁਰੂ ਸਾਨੂੰ ਵਾਰ-ਵਾਰ ਇਹ ਗੱਲ ਸਮਝਾ ਰਿਹਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਕਰਨਾ ਪਾਪ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ, ਉਸਦੀ ਸੱਚੀ ਸੋਝੀ ਪਏ ਬਿਨ੍ਹਾਂ, ਗੁਰਮਤਿ ਦੀ ਸਹੀ ਸੋਝੀ ਪਏ ਬਿਨ੍ਹਾਂ ਅਸੀਂ ਆਪਣੀ ਮਤਿ ਦੁਆਰਾ ਹੀ ਵਿਚਰਦੇ ਹਾਂ ਤੇ ਗੁਰਮਤਿ ਤੋਂ ਦੂਰ ਰਹਿੰਦੇ ਹਾਂ। ਗੁਰਮਤਿ ਅਨੁਸਾਰ ਨਾ ਵਿਚਰਨਾ ਪਾਪ ਹੈ ਤੇ ਗੁਰਮਤਿ ਅਨੁਸਾਰ ਵਿਚਰਨਾ ਪੁੰਨ ਹੈ। ਅਸੀਂ

ਪ੍ਰਮਾਤਮਾ ਦਾ ਟਿਕਾਣਾ ਕਿਤੇ ਦੂਰ ਹੀ ਸਮਝਦੇ ਹਾਂ ਭਾਵ ਆਪਣੀ ਮਤਿ ਤੇ ਵਿਸ਼ਵਾਸ ਰੱਖਦੇ ਹਾਂ ਭਾਵ ਪ੍ਰਮਾਤਮਾ ਨੂੰ ਜਾਣਨ ਬਾਰੇ ਹਰ ਕੋਈ ਭੁਲੇਖੇ ਵਿੱਚ ਹੀ ਹੈ। ਅਸਲ ਵਿੱਚ ਹਰ ਮਨੁੱਖ ਆਪ ਹੀ ਪ੍ਰਮਾਤਮਾ ਦਾ ਰੂਪ ਹੈ ਪਰ ਇਸ ਗੱਲ ਦੀ ਸੋਝੀ ਪੈਣੀ ਸਭ ਤੋਂ ਮੁਸ਼ਕਿਲ ਗੱਲ ਹੈ ਤੇ ਦੁਨੀਆ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜੋ ਕਿ ਕੇਵਲ ਪ੍ਰਮਾਤਮਾ ਦੇ ਆਪਣੇ ਹੱਥ ਵਿੱਚ ਹੈ। ਪ੍ਰਮਾਤਮਾ ਦੀ ਸੋਝੀ ਨਾ ਪੈਣ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ। ਆਪਣੀ ਮਾੜੀ ਬਿਰਤੀ ਕਰਕੇ ਅਸੀਂ ਪਾਪ ਕਮਾਉਂਦੇ ਹਾਂ, ਮਾੜੇ ਕਰਮ ਕਰਦੇ ਹਾਂ ਤੇ ਪ੍ਰਮਾਤਮਾ ਦੇ ਦਰ ਤੇ ਪਾਪੀ ਅਖਵਾਉਂਦੇ ਹਾਂ ਕਿਉਂਕਿ ਸਾਨੂੰ ਇਹ ਭਰੋਸਾ ਹੀ ਨਹੀਂ ਕਿ ਪ੍ਰਮਾਤਮਾ ਅੰਦਰ ਬੈਠਾ ਸਭ ਕੁੱਝ ਦੇਖ ਰਿਹਾ ਹੈ। ਅਸੀਂ ਉਸਨੂੰ ਕਿਤੇ ਦੂਰ ਹੀ ਸਮਝਦੇ ਹਾਂ। ਜਦ ਤੱਕ ਅਸੀਂ ਇਸ ਮਾੜੀ ਬਿਰਤੀ ਤੋਂ ਨਹੀਂ ਛੁਟਦੇ ਤਦ ਤੱਕ ਆਵਾਗਉਣ ਵਾਲੀ ਨਾਸਮਝਿ ਮਤਿ ਤੋਂ ਛੁਟਕਾਰਾ ਵੀ ਨਹੀਂ ਹੋ ਸਕਦਾ। ਛੁਟਣ ਦਾ ਤਰੀਕਾ ਨਾਲ ਹੀ ਅਗਲੀ ਪੰਗਤੀ, ‘‘ਰਹਾਉ’’ ਵਾਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ॥ ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ॥੧॥ ਰਹਾਉ॥”

ਜਿਹੜੇ ਹਰਿ ਹਰਿ ਨਾਮ ਜਪਣ ਨੂੰ ਇੱਕ ਅੱਖਰ ਦਾ ਜਪ ਸਮਝਦੇ ਹਨ, ਨਾਮ ਦਾ ਪ੍ਰਚਾਰ ਕਰਦੇ ਹਨ, ਅੱਖਰ ਦੇ ਜਪ ਦਾ ਪ੍ਰਚਾਰ ਕਰਦੇ ਹਨ, ਉੱਪਰ ‘‘ਰਹਾਉ’’ ਵਾਲੀ ਪੰਗਤੀ ਨੂੰ ਪੜ੍ਹਨ ਤੋਂ ਬਾਅਦ ਉਹ ਆਪਣੀ ਪੂਰੀ ਸਿਆਣਪ ਵਰਤ ਕੇ ਇਹ ਦੱਸਣ ਕਿ ਨਾਮ ਵਿੱਚ ਤੇ ਅੰਮ੍ਰਿਤ ਬਾਣੀ ਵਿੱਚ ਕੀ ਫ਼ਰਕ ਹੈ। ਝੂਠੇ ਗਰੂਰ ਤੇ ਅੜੇ ਰਹਿਣਾ, ਅਗਿਆਨਤਾ ਤੇ ਅੜੇ ਰਹਿਣਾ, ਕੀ ਸਾਨੂੰ ਪ੍ਰਮਾਤਮਾ ਦੇ ਨੇੜੇ ਲਿਆ ਸਕਦਾ ਹੈ। ਇਸ ਤਰੀਕੇ ਨੇੜੇ ਤਾਂ ਅਸੀਂ ਕਦੇ ਨਹੀਂ ਲੱਗ ਸਕਦੇ ਪਰ ਆਪਣਾ ਗਰੂਰ ਵਧਾ ਕੇ, ਆਪਣੀ ਮਨਹਠਿ ਉੱਚੀ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਦੂਰੀ ਜਰੂਰ ਵਧਾ ਰਹੇ ਹਾਂ। ਸਾਰੀ ਬਾਣੀ ਹਰਿ ਹਰਿ ਹੈ, ਸਾਰੀ ਬਾਣੀ ਨਾਮ ਹੈ ਤੇ ਬਾਣੀ ਨੂੰ ਜਪਣਾ ਹੀ ਨਾਮ ਜਪਣਾ ਹੈ, ਹਰਿ ਹਰਿ ਕਰਨਾ ਹੈ, ਗੁਰੂ ਗੁਰੂ ਕਰਨਾ ਹੈ। ਗੁਰਬਾਣੀ ਗੁਰੂ ਦੀ ਮਤਿ ਹੈ, ਸ਼ਬਦ ਦੀ ਵਿਚਾਰ ਹੈ ਤੇ ਗੁਰੂ ਦੀ ਮਤਿ ਦੇ ਵਿਚਾਰੀ ਬਣਨਾ ਹੀ, ਗੁਰੂ ਦੀ ਵਿਚਾਰਧਾਰਾ ਨੂੰ ਅਪਣਾਉਣਾ ਹੀ ਨਾਮ ਜਪਣਾ ਹੈ। ਜੇਕਰ ਅਸੀਂ ਪਾਪਾਂ ਵਾਲੀ ਬਿਰਤੀ ਵਿੱਚੋਂ ਨਿਕਲਣਾ ਚਾਹੁੰਦੇ ਹਾਂ, ਹਉਮੈ ਖ਼ਤਮ ਕਰਨੀ ਚਾਹੁੰਦੇ ਹਾਂ ਤੇ ਉਸਦਾ ਇੱਕੋ ਇੱਕ ਹੱਲ ਗੁਰੂ ਦੇ ਸ਼ਬਦ

ਦਾ ਵਿਚਾਰੀ ਬਣਨਾ ਹੈ, ਗੁਰਮਤਿ ਦੀ ਸੱਚੀ ਸਮਝ ਤੇ ਪਹਿਰਾ ਦੇਣਾ ਹੈ, ਆਪਣੀ ਮਾੜੀ ਬਿਰਤੀ ਨੂੰ ਚੰਗੀ ਬਿਰਤੀ ਵਿੱਚ

ਬਦਲਣਾ ਹੈ ਤਾਂ ਜੋ ਅਸੀਂ ਮਾਇਆ ਮੋਹ ਵਾਲੀ ਮਾੜੀ ਸਮਝ ਵਿੱਚੋਂ ਨਿਕਲ ਸਕੀਏ ਜੋ ਕਿ ਸਾਡਾ ਪ੍ਰਮਾਤਮਾ ਦੇ ਨਾਲੋਂ ਦੂਰੀ ਦਾ ਕਾਰਨ ਹੈ, ਜਿਵੇਂ ਕਿ ਅਗਲੀਆਂ ਪੰਗਤੀਆਂ ਵਿੱਚ ਸਾਨੂੰ ਸੋਝੀ ਪਾਈ ਹੋਈ ਹੈ ਕਿ ਅਸੀਂ ਨਾਮ ਕਿਸ ਤਰੀਕੇ ਨਾਲ ਜਪਣਾ ਹੈ, ਅੰਮ੍ਰਿਤ ਬਾਣੀ ਨੂੰ ਕਿਸ ਤਰ੍ਹਾਂ ਜਪਣਾ ਹੈ। ਬਾਕੀ ਦੀਆਂ ਚਾਰੇ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਗੁਰੂ ਦੀ ਮਤਿ ਸਾਨੂੰ ਕੀ ਸਮਝਾ ਰਹੀ ਹੈ ਤਾਂ ਜੋ ਅਸੀਂ ਉਸ ਗੱਲ ਤੇ ਅਮਲ ਕਰਕੇ ਗੁਰਬਾਣੀ ਦੀ ਮਤਿ ਨੂੰ ਜਪ ਸਕੀਏ ਤੇ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ, ਮਨਮਤਿ ਤੋਂ, ਹਉਮੈ ਤੋਂ ਛੁਟਣ ਦਾ ਉਪਰਾਲਾ ਕਰ ਸਕੀਏ। (**ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥ ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ॥੧॥ ਰਹਾਉ॥**)

“ਘੋਰ ਮਹਲ ਸਦਾ ਰੰਗਿ ਰਾਤਾ॥ਸੰਗਿ ਤੁਮ੍ਹਾਰੈ ਕਛੂ ਨ ਜਾਤਾ॥੨॥
ਰਖਹਿ ਪੋਚਾਰਿ ਮਾਟੀ ਕਾ ਭਾਂਡਾ॥ਅਤਿ ਕੁਚੀਲ ਮਿਲੈ ਜਮ ਡਾਂਡਾ॥੩॥”

ਉਪਰਲੀ ਪੰਗਤੀ ਦੁਆਰਾ ਇਹ ਸਮਝੋ ਕਿ “ਰੰਗ ਵਿੱਚ ਰੱਤਣਾ” ਕੀ ਹੁੰਦਾ ਹੈ। “ਘੋਰ ਮਹਲ” ਤੋਂ ਭਾਵ ਹੈ ਘੋੜੇ ਤੇ ਮਹਲ ਭਾਵ ਸਾਡੀ “ਉੱਚੀ ਤ੍ਰਿਸ਼ਨਾ” ਸਾਡੀ ਵੱਡੀ ਇੱਛਾ ਕਿ ਸਾਨੂੰ ਇਹਨਾਂ ਚੀਜ਼ਾਂ ਦੀ ਪ੍ਰਾਪਤੀ ਹੋ ਜਾਵੇ। ਸਾਨੂੰ ਜਿਸ ਚੀਜ਼ ਦੀ ਪ੍ਰਾਪਤੀ ਦੀ ਚਿੰਤਾ ਹੁੰਦੀ ਹੈ ਅਸੀਂ ਉਸੇ ਚੀਜ਼ ਨੂੰ ਹੀ ਸਿਮਰਦੇ ਹਾਂ ਤੇ ਉਸੇ ਦੇ ਰੰਗ ਵਿੱਚ ਰੰਗੇ ਹੁੰਦੇ ਹਾਂ। ਘੋੜੇ, ਮਹਿਲਾਂ ਦੀ ਪ੍ਰਾਪਤੀ ਵਿੱਚ ਅਸੀਂ ਆਪਣੇ ਆਪ ਨੂੰ ਜਿਸ ਤਰੀਕੇ ਨਾਲ ਰੰਗਦੇ ਹਾਂ, ਉਹੀ ਤਰੀਕਾ ਆਪਣੇ ਆਪ ਨੂੰ ਗੁਰੂ ਦੇ ਨਾਲ ਰੰਗਣ ਦਾ ਹੈ, ਨਾਮ ਦੇ ਨਾਲ ਰੰਗਣ ਦਾ ਹੈ, ਸ਼ਬਦ ਦੇ ਨਾਲ ਰੰਗਣ ਦਾ ਹੈ। ਸ਼ਬਦ ਸਾਨੂੰ ਤ੍ਰਿਸ਼ਨਾ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ ਤੇ ਜਦੋਂ ਅਸੀਂ ਮਾਇਆ ਮੋਹ ਵਿੱਚੋਂ ਨਿਕਲ ਜਾਵਾਂਗੇ ਅਸੀਂ ਸ਼ਬਦ ਨਾਲ ਰੰਗੇ ਜਾਵਾਂਗੇ, ਗੁਰੂ ਨਾਲ ਰੰਗੇ ਜਾਵਾਂਗੇ। ਇਹੋ ਜਿਹਾ ਰੰਗ ਚੜਾਉਣ ਲਈ ਨਾ ਕਿਸੇ ਜਪ ਤਪ ਦੀ ਲੋੜ ਹੈ ਤੇ ਨਾ ਹੀ ਕੋਈ ਸਮਾਧੀਆਂ ਲਗਾਉਣ ਦੀ ਲੋੜ ਹੈ। ਜਿਹੜੇ ਤਰੀਕੇ ਅਸੀਂ ਮਾਇਆ ਨਾਲ ਰੰਗੇ ਹੋਏ ਹਾਂ, ਉਹੀ ਤਰੀਕਾ ਗੁਰੂ ਨਾਲ ਰੰਗਣ ਦਾ ਹੈ। ਸੱਚ ਦਾ ਰੰਗ ਚੜ੍ਹਨਾ ਨਾਮ ਦਾ ਰੰਗ ਚੜ੍ਹਨਾ ਹੈ, ਗੁਰੂ ਦੇ ਸ਼ਬਦ ਦਾ ਰੰਗ ਚੜ੍ਹਨਾ ਹੈ। ਮਾਇਆ ਕਮਾਉਣੀ ਸਾਡੀ ਜਿੰਦਗੀ ਦੀ ਲੋੜ ਹੈ ਤੇ ਇਹੀ ਮਾਇਆ ਜੇਕਰ ਸੱਚ ਦਾ ਰੰਗ

ਚੜ੍ਹਾ ਕੇ ਕਮਾਈ ਜਾਵੇ ਤਾਂ ਸਾਡੇ ਲਈ ਅਸਲ ਸੁੱਖ ਦਾ ਕਾਰਨ ਬਣਦੀ ਹੈ ਜਿਸ ਦੁਆਰਾ ਅਸੀਂ ਪਾਪਾਂ ਵਾਲੀ ਬਿਰਤੀ ਤੋਂ ਬਚ ਕੇ ਸੱਚੇ ਸੁੱਚੇ ਕਰਮਾਂ ਦੁਆਰਾ ਜਿੰਦਗੀ ਦੀ ਵਿਚਰਨ ਕਰਾਂਗੇ ਭਾਵ ਸਾਡੀ ਜੀਵਨ ਜਾਂਚ ਹੀ ਸਾਡਾ ਨਾਮ ਜਪਣਾ ਹੈ। ਜੇਕਰ ਸਾਡੀ ਕਿਰਤ ਚੰਗੀ ਹੈ ਸਾਡਾ ਇਹ ਤਰੀਕਾ ਗੁਰੂ ਦਾ ਜੱਸ ਗਾਉਣਾ ਹੈ ਤੇ ਜੇਕਰ ਸਾਡੀ ਕਿਰਤ ਮਾੜੀ ਹੈ ਉਸ ਵਿੱਚ ਗੁਰੂ ਦਾ ਜਸ ਨਹੀਂ ਹੈ ਭਾਵ ਗੁਰੂ ਦੀ ਮਤਿ ਦਾ ਜਸ ਨਹੀਂ ਹੈ ਭਾਵੇਂ ਮੁੱਖੋਂ ਅਸੀਂ ਜਿਤਨਾ ਮਰਜ਼ੀ ਜਪ ਤਪ ਕਰੀ ਜਾਈਏ।

{ਕਰਣੀ ਕੀਰਤਿ ਗੁਰਮਤਿ ਸਾਰੁ॥}

(ਅੰਗ - ੧੩੪੩)

ਸਾਰਾ ਫਰਕ ਸਾਡੀ ਕਥਨੀ ਕਰਨੀ ਵਿੱਚ ਹੈ। ਕਥਨੀ ਦੁਆਰਾ ਪ੍ਰਮਾਤਮਾ ਦਾ ਜੱਸ ਨਹੀਂ ਗਾਇਆ ਜਾ ਸਕਦਾ, ਉਸਦਾ ਜੱਸ ਸਾਡੀ ਸੱਚੀ ਸੁੱਚੀ ਕਿਰਤ ਹੈ। ਜਦ ਤੱਕ ਸਾਡਾ ਸਰੀਰ ਰੂਪ ਭਾਂਡਾ ਅੰਦਰੋਂ ਮਾੜਾ ਹੈ ਭਾਵ ਮਨ ਦੀ ਸਮਝ ਮਾੜੀ ਹੈ ਤਦ ਤੱਕ ਅਸੀਂ ਚੰਗੇ ਕਰਮ ਨਹੀਂ ਕਰਦੇ ਜਿਸ ਕਰਕੇ ਅਸੀਂ ਪ੍ਰਮਾਤਮਾ ਦੀਆਂ ਸਜਾਵਾਂ ਦੇ ਭਾਗੀਦਾਰ ਬਣਦੇ ਹਾਂ। (**ਘੋਰ ਮਹਲ ਸਦਾ ਰੰਗਿ ਰਾਤਾ॥ਸੰਗਿ ਤੁਮ੍ਹਾਰੈ ਕਛੂ ਨ ਜਾਤਾ॥੨॥ ਰਖਹਿ ਪੋਚਾਰਿ ਮਾਟੀ ਕਾ ਭਾਂਡਾ॥ਅਤਿ ਕੁਚੀਲ ਮਿਲੈ ਜਮ ਡਾਂਡਾ॥੩॥**)

ਜਿਸ ਸਰੀਰ ਨੂੰ ਪਾਲਣ ਲਈ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਸੁੱਖ ਭਾਲਦੇ ਹਾਂ ਉਹ ਸਾਡੇ ਕਿਸੇ ਕੰਮ ਨਹੀਂ ਆਉਣੇ। ਸਾਡੇ ਕੰਮ ਮਨ ਦਾ ਮਾਰਨ ਆਉਣਾ ਹੈ ਜਿਸ ਦੁਆਰਾ ਅਸੀਂ ਔਗੁਣ ਕਰਨ ਤੋਂ ਬਚ ਸਕਦੇ ਹਾਂ ਤੇ ਸਜਾਵਾਂ ਤੋਂ ਬਚ ਸਕਦੇ ਹਾਂ ਜਿਵੇਂ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਕਾਮ ਕ੍ਰੋਧਿ ਲੋਭਿ ਮੋਹਿ ਬਾਧਾ॥ ਮਹਾ ਗਰਤ ਮਹਿ ਨਿਘਰਤ ਜਾਤਾ॥੪॥”

ਮਨੁੱਖ ਦੇ ਡੁੱਬਣ ਦਾ ਕਾਰਨ ਕੀ ਹੈ, ਇਹ ਉਪਰਲੀ ਪੰਗਤੀ ਦੁਆਰਾ ਬਹੁਤ ਹੀ ਸਪੱਸ਼ਟ ਹੈ। ਇਹੀ ਸਾਡਾ ਪ੍ਰਮਾਤਮਾ ਤੋਂ ਦੂਰੀ ਦਾ ਕਾਰਨ ਹੈ ਜਿਸ ਦੀ ਜੜ੍ਹ ਸਾਡੀ ਤ੍ਰਿਸ਼ਨਾ ਵਿੱਚ ਹੈ, ਮਾਇਆ ਮੋਹ ਵਿੱਚ ਹੈ ਭਾਵ ਸਾਡੀ ਨਾਸਮਝ ਮਤਿ ਵਿੱਚ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਨਾਮ ਜਪਣ ਦੀ ਸਹੀ ਸਮਝ ਨਹੀਂ ਪੈਂਦੀ ਤੇ ਅਸੀਂ ਮਾੜੇ ਕਰਮ ਕਰਦੇ ਹਾਂ। ਨਿਕਲਣਾ ਤਾਂ ਅਸੀਂ ਇਸ

ਅਗਿਆਨਤਾ ਦੇ ਡੂੰਘੇ ਖੂਹ ਦੇ ਵਿੱਚੋਂ ਹੈ, ਹਉਮੈ ਵਿੱਚੋਂ ਹੈ, ਔਗੁਣਾਂ ਦੇ ਖੂਹ ਦੇ ਵਿੱਚੋਂ ਹੈ ਜਿਸ ਦੁਆਰਾ ਸਾਡੀ ਖਲਾਸੀ ਹੋਣੀ ਹੈ। ਫੈਸਲਾ ਅਸੀਂ ਇਹ ਕਰਨਾ ਹੈ ਕਿ ਖਲਾਸੀ ਕਿਸੇ ਜਪ ਤਪ ਦੁਆਰਾ ਹੋਣੀ ਹੈ ਜਾਂ ਔਗੁਣ ਛੱਡਣ ਨਾਲ ਹੋਣੀ ਹੈ ਭਾਵ ਗੁਰੂ ਦੀ ਮਤਿ ਤੇ ਅਮਲ ਕਰਕੇ ਹੋਣੀ ਹੈ ਜਾਂ ਮਨਮਤਿ ਨਾ ਛੱਡਣ ਨਾਲ ਹੋਣੀ ਹੈ।

ਅਸੀਂ ਆਪਣਾ ਸਾਰਾ ਵਿਸ਼ਵਾਸ ਆਪਣੇ ਸਰੀਰਕ ਜਪ ਤਪ ਤੇ ਟਿਕਾਇਆ ਹੋਇਆ ਹੈ ਤੇ ਔਗੁਣਾਂ ਨੂੰ ਅਸੀਂ ਇੱਕ ਪਰਹੇਜ਼ ਮਾਤਰ ਦਰਜ਼ਾ ਦਿੱਤਾ ਹੋਇਆ ਹੈ ਜਿਸ ਕਾਰਨ ਅਸੀਂ ਔਗੁਣਾਂ ਨੂੰ ਛੱਡਣ ਦੀ ਕੋਈ ਖਾਸ ਤਰਜੀਹ ਨਹੀਂ ਦਿੰਦੇ ਜਿਸ ਕਰਕੇ ਅਸੀਂ ਗੁਰੂ ਦੀ ਮਤਿ ਨਾਲੋਂ ਟੁੱਟੇ ਰਹਿੰਦੇ ਹਾਂ। ਨਾਮ ਜਪਣਾ ਜਾਂ ਔਗੁਣਾਂ ਦਾ ਤਿਆਗ ਕਰਨਾ ਕੋਈ ਦੋ ਵੱਖਰੀਆਂ ਗੱਲਾਂ ਨਹੀਂ ਹਨ। ਇਹੀ ਭੁਲੇਖਾ ਆਮ ਕਰਕੇ ਸਭ ਵਿੱਚ ਬਣਿਆ ਹੋਇਆ ਹੈ ਕਿ ਨਾਮ ਜਪਣਾ ਕੋਈ ਵੱਖਰੀ ਗੱਲ ਤੇ ਔਗੁਣ ਛੱਡਣੇ ਕੋਈ ਵੱਖਰੀ ਗੱਲ ਹੈ। ਜਦ ਤੱਕ ਅਸੀਂ

9/910

ਇਸ ਭੁਲੇਖੇ ਵਿੱਚ ਫਸੇ ਰਹਾਂਗੇ ਤਦ ਤੱਕ ਅਸੀਂ ਸੱਚਾ ਨਾਮ ਜਪ ਹੀ ਨਹੀਂ ਸਕਦੇ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਹੀ ਨਹੀਂ ਸਕਦੇ ਤੇ ਔਗੁਣਾਂ ਤੋਂ ਛੁਟੇ ਬਿਨ੍ਹਾਂ, ਮਨ ਦੀ ਅਗਿਆਨਤਾ ਤੋਂ ਛੁਟੇ ਬਿਨ੍ਹਾਂ, ਮਨ ਦੇ ਵਿੱਚ ਆਵਾਗਉਣ ਵਾਲੀ ਸਮਝ ਤੋਂ ਵੀ ਨਹੀਂ ਛੁਟਿਆ ਜਾ ਸਕਦਾ। ਜੇਕਰ ਔਗੁਣ ਛੱਡਣੇ ਆਪਣੇ ਵੱਸ ਹੋਣ ਭਾਵ ਜੇਕਰ ਗੁਰੂ ਦੀ ਮਤਿ ਤੇ ਚੱਲਣਾ, ਨਾਮ ਜਪਣਾ ਸਾਡੇ ਵੱਸ ਹੋਵੇ ਤਾਂ ਹਰ ਕੋਈ ਪ੍ਰਮਾਤਮਾ ਨੂੰ ਪਾ ਲਵੇ। ਅਸੀਂ ਕੇਵਲ ਪ੍ਰਮਾਤਮਾ ਅੱਗੇ ਅਰਦਾਸ ਹੀ ਕਰ ਸਕਦੇ ਹਾਂ ਤੇ ਹੋਰ ਕੁੱਝ ਨਹੀਂ ਕਰ ਸਕਦੇ। ਉਸ ਅੱਗੇ ਅਰਦਾਸ ਕਰਨੀ ਕੀ ਹੈ ਭਾਵ ਸਾਡੀ ਸੱਚੀ ਅਰਦਾਸ ਕੀ ਹੈ, ਇਹ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਅਸਲ ਵਿੱਚ ਸਾਡੀ ਸੱਚੀ ਅਰਦਾਸ ਹੀ ਉਸ ਦਾ ਨਾਮ ਜਪਣ ਦਾ ਉਪਰਾਲਾ ਹੈ। ਜਦ ਤੱਕ ਅਸੀਂ ਸੱਚ ਤੇ ਚੱਲਣਾ ਕਬੂਲ ਨਹੀਂ ਕਰਦੇ, ਵਿਕਾਰਾਂ ਵਿੱਚੋਂ ਨਿਕਲਣਾ ਕਬੂਲ ਨਹੀਂ ਕਰਦੇ ਤਦ ਤੱਕ ਸਾਡੀ ਹਰ ਅਰਦਾਸ ਭਾਵ ਉਸਨੂੰ ਮਿਲਣ ਦੀ ਅਰਦਾਸ ਲੇਖੇ ਵਿੱਚ ਨਹੀਂ ਪੈਂਦੀ। ਸਾਡੀ ਸੱਚੀ ਕਰਣੀ ਹੀ ਉਸ ਪ੍ਰਮਾਤਮਾ ਅੱਗੇ ਸਾਡੀ ਸੱਚੀ ਅਰਦਾਸ ਹੈ। ਜਦੋਂ ਸਾਡੀ ਬਿਰਤੀ ਔਗੁਣਾਂ ਵਿੱਚੋਂ ਨਿਕਲਣ ਵਾਲੀ ਬਣ ਜਾਵੇਗੀ, ਤਾਂ ਹੀ ਸਾਡੀ ਅਰਦਾਸ ਸੁਣੀ ਜਾਵੇਗੀ। ਸਾਨੂੰ ਅਰਦਾਸ ਕਰਾਉਣ ਵਾਲਾ ਵੀ ਉਹ ਆਪ ਹੈ। ਉਹ ਸਾਡੀ ਅਰਦਾਸ ਦੀ ਬਿਧਿ ਵੀ ਆਪ ਹੀ ਬਣਾਉਂਦਾ ਹੈ, ਆਪਣਾ ਸੱਚ ਬਖਸ਼ਣ ਦੀ ਬਿਧਿ ਵੀ ਉਹ ਆਪ ਹੀ ਬਣਾਉਂਦਾ ਹੈ, ਸਾਡੇ ਔਗੁਣ ਉਹ ਆਪ ਹੀ ਛੁਡਾ ਸਕਦਾ ਹੈ, ਇਸ ਸੰਸਾਰ ਤੋਂ ਛੁਟਕਾਰਾ ਉਹ ਆਪ ਹੀ ਦੇ ਸਕਦਾ ਹੈ। **(ਨਾਨਕ ਕੀ ਅਰਦਾਸਿ ਸੁਣੀਜੈ॥ਡੂਬਤ ਪਾਹਨ ਪ੍ਰਭ ਮੇਰੇ ਲੀਜੈ॥੫॥੧੪॥੨੦॥)** ਜਿਸ ਮਨੁੱਖ ਦੇ ਅੰਦਰ ਔਗੁਣਾਂ ਨੂੰ ਛੱਡਣ ਲਈ ਵਿਚਾਰ ਉੱਠਦੇ ਹਨ, ਇਸ ਨੂੰ ਪ੍ਰਮਾਤਮਾ ਦੀ ਬੜੀ ਵੱਡੀ ਕਿਰਪਾ ਸਮਝੋ ਕਿਉਂਕਿ ਇਹੋ ਜਿਹੇ ਵਿਚਾਰਾਂ ਨੇ ਹੀ ਸਾਡੇ ਕੋਲੋਂ ਨਾਮ ਜਪਣ ਦਾ ਉੱਦਮ ਕਰਾਉਣਾ ਹੈ, ਸਾਨੂੰ ਸਹੀ ਮਾਰਗ ਤੇ ਪਾਉਣਾ ਹੈ। ਸਾਨੂੰ ਸਹੀ ਮਾਰਗ ਨਾ ਮਿਲਣ ਦਾ ਕਾਰਨ ਨਾਮ ਦੀ ਸੋਝੀ ਦਾ ਨਾ ਹੋਣਾ ਹੈ ਜੋ ਸਾਨੂੰ ਔਗੁਣ ਛੱਡਣ ਦੀ ਅਹਿਮੀਅਤ ਨੂੰ ਸਮਝਣ ਤੋਂ ਦੂਰ ਰੱਖਦੀ ਹੈ ਕਿਉਂਕਿ ਅਸੀਂ ਆਪਣੀ ਸਾਰੀ ਅਹਿਮੀਅਤ ਆਪਣੇ ਸਰੀਰਕ ਜਪ ਤਪ ਨੂੰ ਦਿੱਤੀ ਹੋਈ ਹੈ ਜਿਸ ਨੇ ਸਾਡਾ ਕੁੱਝ ਨਹੀਂ ਸਵਾਰਨਾ ਤੇ ਨਾ ਹੀ ਇਸ ਤਰੀਕੇ ਕਿਸੇ ਦਾ ਸਵਰ ਸਕਦਾ ਹੈ।

9/911

ਜਦ ਤੱਕ ਅਸੀਂ ‘‘ਕਥਨੀ’’ ‘‘ਕਰਣੀ’’ ਵਿੱਚ ਫ਼ਰਕ ਨਹੀਂ ਸਮਝਦੇ ਤਦ ਤੱਕ ਅਸੀਂ ਨਾਮ ਨਹੀਂ ਜਪ ਸਕਦੇ। ਗੱਲਾਂ ਨਾਲ ਨਾਮ ਨਹੀਂ ਜਪਿਆ ਜਾ ਸਕਦਾ ਕਿਉਂਕਿ ਜਿਸ ਚੀਜ਼ ਦੀ ਸਾਨੂੰ ਭੁੱਖ ਹੈ ਉਹ ਭੁੱਖ ਗੱਲਾਂ ਨਾਲ ਪੂਰੀ ਨਹੀਂ ਹੋ ਸਕਦੀ ਜਿਵੇਂ ਕਿ ਸਾਡੀ ਸਰੀਰ ਦੀ ਭੁੱਖ ਸਾਡੀ ਕਰਨੀ ਦੁਆਰਾ ਮਿਟਦੀ ਹੈ, ਕੁੱਝ ਖਾਣ ਨਾਲ ਮਿਟਦੀ ਹੈ। ਇਸੇ ਤਰੀਕੇ ਪ੍ਰਮਾਤਮਾ ਨੂੰ ਪਾਉਣ ਦੀ ਭੁੱਖ ਸਾਡੀ ਕਥਨੀ ਨਹੀਂ ਸਾਡੀ ਕਰਨੀ ਨਾਲ ਮਿਟਣੀ ਹੈ, ਮਨ ਦਾ ਭੋਜਨ ਖਾਣ ਨਾਲ ਮਿਟਣੀ ਹੈ। ਉਸ ਭੁੱਖ ਦੀ ਤ੍ਰਿਪਤੀ ਸਾਡੀ ਕਰਨੀ ਦੁਆਰਾ ਹੋਣੀ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਆਪਣੀ ਕਰਣੀ ਬਦਲੀਏ।

ਮਃ੨॥

“ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ॥ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥
ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥੨॥”

(ਅੰਗ ੧੪੭)

ਬੜੇ ਧਿਆਨ ਨਾਲ ਪੜੋ ਤੇ ਸਮਝੋ ਉੱਪਰ ਵਾਲੇ ਸ਼ਬਦ ਨੂੰ। ਧੰਨ ਧੰਨ ਦੂਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ

ਦੇ ਇਸ ਸ਼ਬਦ ਦੁਆਰਾ ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ ਉਸ ਦੀ ਰੂਪ ਰੇਖ ਸਮਝਾਈ ਹੋਈ ਹੈ, ਬਹੁਤ ਹੀ ਸੋਹਣੇ ਢੰਗ ਨਾਲ ਨਕਸ਼ਾ ਖਿੱਚ ਕੇ ਸਮਝਾਇਆ ਹੋਇਆ ਹੈ। ਅਸੀਂ ਪ੍ਰਮਾਤਮਾ ਦੀ ਭਗਤੀ, ਉਸਦਾ ਆਖਣ, ਬੋਲ ਬੋਲ ਕੇ ਕਰਦੇ ਹਾਂ, ਆਖ ਆਖ ਕੇ ਬਾਣੀ ਨੂੰ ਪੜ੍ਹਦੇ ਹਾਂ ਤੇ ਬੋਲ ਬੋਲ ਕੇ ਉਸਦਾ ਨਾਮ ਜਪਦੇ ਹਾਂ ਪਰ ਇਸ ਤਰੀਕੇ ਨਾਲ ਸਾਡਾ ਰੱਜ ਨਹੀਂ ਹੋ ਸਕਦਾ ਭਾਵ ਸਾਡੀ ਭੁੱਖ ਨਹੀਂ ਲਹਿ ਸਕਦੀ ਜੋ ਭੁੱਖ ਪ੍ਰਮਾਤਮਾ ਨੂੰ ਜਾਣਨ ਦੀ ਹੈ। **(ਆਖਣੁ ਆਖਿ ਨ ਰਜਿਆ)**

ਅਸੀਂ ਪ੍ਰਮਾਤਮਾ ਦੀ ਭਗਤੀ ਧਰਮ ਗ੍ਰੰਥਾਂ ਦੇ ਸੁਣਨ ਦੁਆਰਾ ਕਰਦੇ ਹਾਂ, ਕੀਰਤਨ ਆਦਿ ਸੁਣਨ ਦੁਆਰਾ ਕਰਦੇ ਹਾਂ ਭਾਵ ਆਪਣੇ ਕੰਨਾਂ ਦੁਆਰਾ ਸ਼ਬਦਾਂ ਨੂੰ ਸੁਣਦੇ ਹਾਂ, ਪੜ੍ਹ ਪੜ੍ਹ ਕੇ ਸੁਣਦੇ ਹਾਂ ਪਰ ਇਸ ਤਰੀਕੇ ਨਾਲ ਵੀ ਸਾਡਾ ਰੱਜ ਨਹੀਂ ਹੋ ਸਕਦਾ ਭਾਵ ਸਾਡੀ ਭੁੱਖ ਨਹੀਂ ਜਾ ਸਕਦੀ ਭਾਵ ਉਸ ਪ੍ਰਮਾਤਮਾ ਨੂੰ ਮਿਲਣ ਦੀ ਭੁੱਖ ਨਹੀਂ ਜਾ ਸਕਦੀ। **(ਸੁਨਣਿ ਨ ਰਜੇ ਕੰਨ॥)** ਅਸੀਂ ਪ੍ਰਮਾਤਮਾ ਦੀ ਭਗਤੀ ਗੁਰੂ ਦੇ ਦਰਸ਼ਨਾਂ ਦੁਆਰਾ ਕਰਦੇ ਹਾਂ, ਅੱਖਾਂ ਦੁਆਰਾ ਗੁਰੂ ਦੇ ਦਰਸ਼ਨ ਕਰਦੇ ਹਾਂ ਭਾਵ ਹਰ ਕੋਈ ਆਪਣੀ ਸ਼ਰਧਾ ਅਨੁਸਾਰ ਗੁਰੂ ਦੇ, ਪ੍ਰਮਾਤਮਾ ਦੇ ਕਿਸੇ ਆਕਾਰ ਰੂਪ ਦਰਸ਼ਨ ਕਰਦਾ ਹੈ, ਮੂਰਤੀ ਰੂਪ ਦੇ ਦਰਸ਼ਨ ਕਰਦਾ ਹੈ ਪਰ ਇਹੋ ਜਿਹੇ ਦਰਸ਼ਨਾਂ ਨਾਲ ਸਾਡਾ ਰੱਜ ਨਹੀਂ ਹੋ ਸਕਦਾ, ਇਸ ਮਨ ਦੀ ਭੁੱਖ ਨਹੀਂ ਜਾ ਸਕਦੀ ਭਾਵ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਸਭ ਦੇ ਅੰਦਰ ਹੀ ਹੈ। **(ਅਖੀ ਦੇਖਿ ਨ ਰਜੀਆ)** ਅਸੀਂ ਭਗਤੀ ਪ੍ਰਮਾਤਮਾ ਦੀ ਖੁਸ਼ੀ ਲਈ ਕਰਦੇ ਹਾਂ ਤੇ ਸਾਡੀ ਭੁੱਖ ਨਾ ਲਹਿਣ ਦਾ ਕਾਰਨ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਸਾਡਾ ਰੱਜ ਪ੍ਰਮਾਤਮਾ ਨੇ ਆਪ ਹੀ ਕਰਨਾ ਹੈ, ਸਾਡੀ ਭੁੱਖ ਉਸਨੇ ਆਪ ਹੀ ਉਤਾਰਨੀ ਹੈ ਜੋ ਕਿ ਉਸ ਦੇ ਦਰਸ਼ਨਾਂ

ਦੁਆਰਾ ਹੈ ਭਾਵ ਇਸ ਮਨ ਦੀ ਭੁੱਖ ਕੇਵਲ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨਾਂ ਨਾਲ ਉਤਰ ਸਕਦੀ ਹੈ। ਉਹ ਸਾਡੀ ਭੁੱਖ ਤਾਂ ਹੀ ਉਤਾਰੇਗਾ ਜੇਕਰ ਅਸੀਂ ਉਸ ਦੇ ਅੱਗੇ ਉਹ ਕੁੱਝ ਰੱਖਾਂਗੇ ਜਿਸ ਚੀਜ਼ ਦਾ ਉਹ ਗਾਹਕ ਹੈ। ਉਹ ਕੇਵਲ ਗੁਣਾਂ ਦਾ ਗਾਹਕ ਹੈ। ਉਸ ਨੂੰ ਇੱਕੋ ਇੱਕ ਚੀਜ਼ ਜੋ ਵਧੀਆ ਲੱਗਦੀ ਹੈ, ਚੰਗੀ ਲੱਗਦੀ ਹੈ ਭਾਵ **"ਵੰਨ"** ਲੱਗਦੀ ਹੈ, ਉਹ ਸਾਡੇ ਗੁਣ ਹਨ। ਉਸਨੂੰ ਕੇਵਲ ਗੁਣਾਂ ਵਾਲੇ ਮਨੁੱਖ ਹੀ ਚੰਗੇ ਲੱਗਦੇ ਹਨ।

ਅਸੀਂ ਪ੍ਰਮਾਤਮਾ ਦੀ ਭਗਤੀ ਉਸਦੀ ਬਾਣੀ ਨੂੰ ਕੇਵਲ ਆਖਣ, ਸੁਣਨ, ਵੇਖਣ ਆਦਿ ਦੁਆਰਾ ਕਰਦੇ ਹਾਂ ਪਰ ਉਸ ਵਿੱਚ ਸਮਝਾਏ ਹੋਏ ਗੁਣਾਂ ਨੂੰ ਨਹੀਂ ਅਪਣਾਉਂਦੇ। **(ਗੁਣ ਗਾਹਕ ਇਕ ਵੰਨ)** ਇਸੇ ਗੱਲ ਨੂੰ ਅਗਲੀ ਪੰਗਤੀ ਵਿੱਚ ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ।

"ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥"

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ। ਇੱਥੇ ਸਾਡੀ ਕਥਨੀ ਤੇ ਕਰਨੀ ਵਿੱਚ ਫ਼ਰਕ ਹੀ ਸਮਝਾਇਆ ਹੋਇਆ ਹੈ ਜਿਸ ਕਰਕੇ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਬਣੀ ਹੋਈ ਹੈ ਭਾਵ ਆਪਣੇ ਵੱਲੋਂ ਭਗਤੀ ਕਰਦੇ ਹੋਏ ਵੀ ਅਸੀਂ ਪ੍ਰਮਾਤਮਾ ਨੂੰ ਨਹੀਂ ਭਾਉਂਦੇ। ਅਸੀਂ ਆਪਣੀ ਭੁੱਖ ਦਾ ਇਲਾਜ ਭਾਵ ਪ੍ਰਮਾਤਮਾ ਨੂੰ ਮਿਲਣ ਦਾ ਉਪਰਾਲਾ ਕੇਵਲ ਗੱਲਾਂ ਦੁਆਰਾ ਹੀ ਕਰਦੇ ਹਾਂ। ਪੜ੍ਹਦੇ ਹਾਂ, ਸੁਣਦੇ ਹਾਂ, ਦੇਖਦੇ ਹਾਂ, ਵਿਚਾਰਾਂ ਵੀ ਕਰਦੇ ਹਾਂ, ਤੀਰਥਾਂ ਆਦਿ ਤੇ ਵੀ ਜਾਂਦੇ ਹਾਂ, ਸਰੀਰਕ ਜਪ ਤਪ ਵੀ ਬਹੁਤ ਕਰਦੇ ਹਾਂ ਪਰ ਇਹ ਸਭ ਕੁੱਝ ਕੇਵਲ ਗੱਲਾਂ ਹੀ ਹਨ, ਸਾਡੀ ਕਥਨੀ ਹੀ ਹੈ ਤੇ ਇਹਨਾਂ ਗੱਲਾਂ ਨਾਲ ਸਾਡੀ ਭੁੱਖ ਨਹੀਂ ਉੱਤਰ ਸਕਦੀ ਕਿਉਂਕਿ ਪ੍ਰਮਾਤਮਾ ਕੇਵਲ ਕਥਨੀ ਦਾ ਗਾਹਕ ਨਹੀਂ ਹੈ, ਬਿਨ੍ਹਾਂ ਕਰਨੀ ਤੋਂ ਕਥਨੀ ਲੇਖੇ ਨਹੀਂ ਪੈਂਦੀ। ਜੇਕਰ ਸਾਡੇ ਸਾਹਮਣੇ ਖਾਣਾ ਪਿਆ ਹੋਵੇ ਤੇ ਅਸੀਂ ਇਹ ਕਹੀ ਜਾਈਏ ਕਿ ਅਸੀਂ ਖਾਣੇ ਨੂੰ ਖਾਣਾ ਹੈ, ਵਾਰ-ਵਾਰ ਇਹੀ ਗੱਲ ਕਹੀ ਜਾਈਏ ਕਿ ਅਸੀਂ ਖਾਣਾ ਹੈ ਤੇ ਕੀ ਇਸ ਤਰੀਕੇ ਸਾਡੀ ਭੁੱਖ ਦੂਰ ਹੋ ਜਾਵੇਗੀ। ਭੁੱਖ ਸਾਡੀ ਤਾਂ ਹੀ ਜਾਵੇਗੀ ਜੇਕਰ ਅਸੀਂ ਖਾਣਾ ਖਾਵਾਂਗੇ ਭਾਵ ਭੁੱਖ ਕਥਨੀ ਨਾਲ ਨਹੀਂ ਉਤਰਦੀ, ਕਰਨੀ ਨਾਲ ਉਤਰਦੀ ਹੈ। ਸਾਰੀ ਗੱਲ ਸਾਡੀ ਕਰਨੀ ਤੇ ਮੁਕਦੀ ਹੈ ਭਾਵ ਸਾਡੀ ਚੰਗੀ ਕਰਨੀ ਤੇ ਮੁਕਦੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮੰਨਣ ਨਾਲ ਤੇ ਔਗੁਣਾਂ ਨੂੰ ਛੱਡਣ ਤੇ ਮੁਕਦੀ ਹੈ। ਚੰਗੀ ਕਰਨੀ ਗੁਣਾਂ ਦੇ ਨਾਲ ਹੀ ਹੋਣੀ ਹੈ ਜੋ ਗੁਣ ਸਾਨੂੰ ਗੁਰੂ ਦੇ ਸ਼ਬਦਾਂ ਨੂੰ ਮੰਨਣ ਦੁਆਰਾ ਮਿਲਦੇ ਹਨ। ਗੁਣਾਂ ਨਾਲ ਸਾਡੀ ਕਰਨੀ ਹੀ ਸੁਧਰਦੀ ਹੈ ਵਰਨਾ ਗੁਣ ਕਿਸ ਲੇਖੇ, ਅਸੀਂ ਗੱਲਾਂ ਨਾਲ ਗੁਣੀ ਨਹੀਂ ਅਖਵਾ ਸਕਦੇ। ਸਾਡੀ ਗੁਣਾਂ ਦੀ ਪਰਖ ਸਾਡੀ ਕਰਨੀ ਦੁਆਰਾ ਹੀ ਹੁੰਦੀ ਹੈ। ਸਾਡਾ ਰੱਜ ਕਿਵੇਂ ਹੋਣਾ ਹੈ ਭਾਵ ਪ੍ਰਮਾਤਮਾ ਨੇ ਸਾਡੀ ਭੁੱਖ ਕਿਵੇਂ ਦੂਰ ਕਰਨੀ ਹੈ ਭਾਵ ਸਾਡੀ ਭਗਤੀ ਪਰਵਾਨ ਕਿਵੇਂ ਹੋਣੀ ਹੈ, ਸਾਡੀ ਸਾਰੀ ਭਗਤੀ ਦਾ ਸਾਰ ਸ਼ਬਦ ਦੀ ਆਖਰੀ

ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥੨॥”

ਅਸੀਂ ਧਰਮ ਗ੍ਰੰਥਾਂ ਦਾ ਪਾਠ ਕਰਦੇ ਹਾਂ ਭਾਵ ਗੁਰੂ ਦੀ ਗੱਲ ਨੂੰ ਪੜ੍ਹਦੇ ਸੁਣਦੇ ਹਾਂ। ਸਾਡੇ ਬੋਲਣ ਵਿੱਚ ਵਾਰ-ਵਾਰ ਗੁਣਾਂ ਦੀ ਗੱਲ ਆਉਂਦੀ ਹੈ, ਔਗੁਣਾਂ ਨੂੰ ਛੱਡਣ ਦੀ ਗੱਲ ਆਉਂਦੀ ਹੈ। ਗੁਣਾਂ ਨੂੰ ਗ੍ਰਹਿਣ ਕਰਨ ਦੀ ਤੇ ਔਗੁਣਾਂ ਨੂੰ ਛੱਡਣ ਦੀ ਗੱਲ ਕੇਵਲ ਸਾਡੇ ਕਹਿਣ ਤੱਕ ਰਹਿ ਜਾਂਦੀ ਹੈ ਭਾਵ ਕੇਵਲ ਕਥਨੀ ਬਣ ਕੇ ਰਹਿ ਜਾਂਦੀ ਹੈ। ਸਾਨੂੰ ਸਮਝਾਇਆ ਇਹ ਹੈ ਕਿ ਅਸੀਂ ਆਪਣੀ ਕਥਨੀ ਦੁਆਰਾ ਗੁਰੂ ਦੀ ਗੱਲ ਨੂੰ ਸਮਝਣਾ ਹੈ ਤੇ ਕੇਵਲ ਕਥਨੀ ਤੱਕ ਹੀ ਨਹੀਂ ਰਹਿਣਾ। ਅਸੀਂ ਗੁਣਾਂ ਨੂੰ ਕਹਿ ਕੇ ਭਾਵ ਗੁਣਾਂ ਨੂੰ ਬੋਲ ਕੇ, ਗੁਣਾਂ ਦੀਆਂ ਗੱਲਾਂ ਕਰਕੇ ਉਹਨਾਂ ਗੁਣਾਂ ਵਿੱਚ ਸਮਾਉਣਾ ਵੀ ਹੈ ਜੋ ਕਿ ਸਾਡੀ ਸਮਝ ਨੇ ਹੀ ਗੁਰੂ ਦੀ ਸਮਝ ਵਿੱਚ ਸਮਾਉਣਾ ਹੈ ਭਾਵ ਉਹਨਾਂ ਗੁਣਾਂ ਤੇ ਅਮਲ ਵੀ ਕਰਨਾ ਹੈ ਤਾਂ ਜੋ ਸਾਡੀ ਕਰਨੀ ਸੁਧਰ ਸਕੇ ਭਾਵ ਆਪਣੀ ਔਗੁਣਾਂ ਵਾਲੀ ਕਰਨੀ ਨੂੰ ਗੁਣਾਂ ਵਾਲੀ ਕਰਨੀ ਵਿੱਚ ਬਦਲਣਾ ਹੈ। **(ਗੁਣ ਕਹਿ ਗੁਣੀ ਸਮਾਇ॥)**

{ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥}

(ਅੰਗ ੬੬੯)

{ਕਥਨੀ ਕਹਿ ਭਰਮੁ ਨ ਜਾਈ॥ਸਭ ਕਥਿ ਕਥਿ ਰਹੀ ਲੁਕਾਈ॥
ਜਾ ਕਉ ਗੁਰਮੁਖਿ ਆਪਿ ਬੁਝਾਈ॥ਤਾ ਕੇ ਹਿਰਦੈ ਰਹਿਆ ਸਮਾਈ॥੩॥}

(ਅੰਗ ੬੫੫)

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥}

(ਅੰਗ ੪੧੮)

ਜੇਕਰ ਉੱਪਰ ਵਾਲੀ ਪੰਗਤੀ ਨੂੰ ਵਾਰ-ਵਾਰ ਰੱਟੀ ਜਾਈਏ ਤੇ ਕੀ ਸਾਡੀ ਇਹੋ ਜਿਹੀ ਕਥਨੀ ਨਾਲ ਸਾਡੇ ਔਗੁਣ ਨਿਕਲ ਜਾਣਗੇ? ਗੁਰੂ ਦੀ ਗੱਲ ਤੇ ਅਮਲ ਕਰਾਂਗੇ ਤੇ ਜਰੂਰ ਨਿਕਲ ਜਾਣਗੇ। ਇਹ ਸਾਡੀ ਭਗਤੀ ਦਾ ਤੱਤ ਸਾਰ ਹੈ ਜਿਸ ਦੁਆਰਾ ਸਾਡੀ ਭੁੱਖ ਉਤਰ ਸਕਦੀ ਹੈ। ਭੁੱਖ ਉਤਾਰਨ ਵਾਲਾ ਉਹ ਆਪ ਹੈ ਤੇ ਕਿਸੇ ਦੀ ਭੁੱਖ ਉਤਾਰਨ ਦਾ ਉਸਦਾ ਤਰੀਕਾ ਵੀ ਇੱਕੋ ਹੀ ਹੈ ਕਿਉਂਕਿ ਉਹ ਕੇਵਲ ਗੁਣਾਂ ਦਾ ਹੀ ਗਾਹਕ ਹੈ ਜੋ ਗੁਣ ਸਭ ਦੇ ਲਈ ਇੱਕੋ ਜਿਹੇ ਹੀ ਹਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਔਗੁਣਾਂ ਵਾਲੇ ਖੋਟੇ ਮਨੁੱਖ ਉੱਥੇ ਟਿਕ ਹੀ ਨਹੀ ਸਕਦੇ। ਸੱਚਾ ਹੋਏ ਬਿਨ੍ਹਾਂ ਭਾਵ ਗੁਣਾਂ ਨੂੰ ਅਪਣਾਏ ਬਿਨ੍ਹਾਂ ਸਾਡੀ ਪ੍ਰਮਾਤਮਾ ਦੇ ਦਰਬਾਰ ਵਿੱਚ ਕੋਈ ਕੀਮਤ ਨਹੀਂ ਹੈ ਜੋ ਕਿ ਨਾਲ ਹੀ ਸ਼ਬਦ ਦੀ ਪਉੜੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

ਪਉੜੀ॥

“ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ॥ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ॥
ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ॥ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ॥
ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ॥ਕੂੜੈ ਲਾਲਚਿ ਲਗਿ ਮਹਲੁ ਖੁਆਈਐ॥
ਸਭੁ ਜਗੁ ਠਗਿਓ ਠਗਿ ਆਈਐ ਜਾਈਐ॥ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ॥੧੯॥”

(ਅੰਗ ੧੪੭)

ਉੱਪਰ ਪਉੜੀ ਰਾਹੀਂ ਕੇਵਲ ਸੱਚ ਤੇ ਝੂਠ ਵਿੱਚ ਫ਼ਰਕ ਕਰਕੇ ਦੱਸਿਆ ਹੋਇਆ ਹੈ ਭਾਵ ਸਾਡੀ ਚੰਗੀ ਤੇ ਮਾੜੀ ਕਰਨੀ ਵਿੱਚ ਫ਼ਰਕ ਕਰਕੇ ਦੱਸਿਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾ ਹੈ, ਮਾਇਆ ਮੋਹ ਹੈ, ਤਦ ਤੱਕ ਅਸੀਂ ਝੂਠ ਵਾਲੀ ਬਿਰਤੀ ਵਿੱਚੋਂ ਨਹੀਂ ਨਿਕਲ ਸਕਦੇ, ਅਸੀਂ ਮਾੜੇ ਕਰਮ ਕਰਨ ਤੋਂ ਨਹੀਂ ਬਚ ਸਕਦੇ। ਚੰਗੇ ਕਰਮ ਕੇਵਲ ਅਸੀਂ ਸੱਚ ਦੁਆਰਾ ਹੀ ਕਰ ਸਕਦੇ ਹਾਂ, ਗੁਣਾਂ

ਦੁਆਰਾ ਹੀ ਕਰ ਸਕਦੇ ਹਾਂ। ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਸਾਨੂੰ ਸੱਚ ਤੇ ਝੂਠ ਵਿੱਚ ਫ਼ਰਕ ਕਰਕੇ ਹੀ ਸਮਝਾਇਆ ਹੈ ਜਿੱਥੇ ਸਾਡੀ ਕਥਨੀ ਦੀ ਕੋਈ ਕੀਮਤ ਨਹੀਂ ਹੈ। ਕੀਮਤ ਕੇਵਲ ਅਮਲਾਂ ਦੀ ਪੈਂਦੀ ਹੈ ਤੇ ਫਿਰ ਕਿਉਂ ਨਾ ਉਹੋ ਜਿਹੀ ਭਗਤੀ ਕਰੀਏ ਜਿਸ ਦੀ ਪ੍ਰਮਾਤਮਾ ਦੇ ਦਰਬਾਰ ਵਿੱਚ ਕੀਮਤ ਪੈਂਦੀ ਹੈ। ਕਥਨੀ ਦੀ ਕੀਮਤ ਕੇਵਲ ਇਸ ਸੰਸਾਰ ਤੱਕ ਹੈ ਜਿਤਨੀ ਮਰਜ਼ੀ ਪੁਆਈ ਜਾਉ। ਜਦ ਤੱਕ ਸਾਡੀ ਬਿਰਤੀ ਲੋਭ ਲਾਲਚ ਵਾਲੀ ਹੈ ਤਦ ਤੱਕ ਪ੍ਰਮਾਤਮਾ ਦੇ ਮੇਲ ਦੀ ਗੱਲ ਕਰਨੀ ਵੀ ਝੂਠ ਹੈ। **(ਕੂੜੈ ਲਾਲਚਿ ਲਗਿ ਮਹਲੁ ਖੁਆਈਐ॥)**

ਜਿਆਦਾਤਰ ਸ਼ਬਦਾਂ ਵਿੱਚ ਜਿੱਥੇ ਸਾਨੂੰ ਭਗਤੀ ਦਾ ਮਾਰਗ ਸਮਝਾਇਆ ਹੋਇਆ ਹੈ ਜੇਕਰ ਉਸਨੂੰ ਧਿਆਨ ਨਾਲ ਸਮਝਾਂਗੇ ਉੱਥੇ ਕਰਨੀ ਤੇ ਕਥਨੀ ਵਿੱਚ ਫ਼ਰਕ ਸਮਝਾਇਆ ਹੁੰਦਾ ਹੈ ਤਾਂ ਜੋ ਅਸੀਂ ਆਪਣੀ ਕਥਨੀ ਨੂੰ ਕਰਨੀ ਵਿੱਚ ਬਦਲ ਸਕੀਏ ਭਾਵ ਆਪਣੀ ਮਾੜੀ ਕਰਨੀ ਨੂੰ ਚੰਗੀ ਕਰਨੀ ਵਿੱਚ ਬਦਲ ਸਕੀਏ ਤੇ ਭਗਤੀ ਦੇ, ਨਾਮ ਜਪਣ ਦੇ ਸਹੀ ਮਾਰਗ ਤੇ ਚੱਲ ਸਕੀਏ। ਹਰ ਕੋਈ ਕਿਸੇ ਅੱਖਰ ਦੇ ਜਪ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਵਿੱਚ ਲੱਗਾ ਹੋਇਆ ਹੈ ਜੋ ਕਿ ਅਸੀਂ ਆਪਣੀ ਕਥਨੀ ਦੁਆਰਾ ਕਰਦੇ ਹਾਂ ਪਰ ਅਸਲ ਵਿੱਚ ਨਾਮ ਜਪਣ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਸਾਡੀ ਕਰਨੀ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜਿੱਥੇ ਸਾਨੂੰ ਬੜੀ ਬਰੀਕੀ ਨਾਲ ਨਾਮ ਜਪਣ ਦੀ ਸੋਝੀ ਪਾਈ ਹੋਈ ਹੈ, ਨਾਮ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਕਰਨੀ ਸਿਖਾਈ ਹੋਈ ਹੈ। ਸ਼ਬਦ ਦੇ ਭਾਵ ਗਹਿਰਾਈ ਵਿੱਚ ਹਨ।

ਸਿਰੀਰਾਗੁ ਮਹਲੁ ੧॥
"ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥੧॥
ਬਾਬਾ ਏਹੁ ਲੇਖਾ ਲਿਖਿ ਜਾਣੁ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥ ਰਹਾਉ॥
ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥੨॥
ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥
ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥
ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥੩॥
ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥"

(ਅੰਗ ੧੬)

ਇਸ ਸ਼ਬਦ ਰਾਹੀਂ ਅਸੀਂ ਆਪਣੇ ਜੀਵਨ ਵਿੱਚ ਨਾਮ ਦੀ ਸਿਫ਼ਤ ਸਾਲਾਹ ਕਿਵੇਂ ਲਿਖਣੀ ਹੈ ਇਸ ਨੂੰ ਬਰੀਕੀ ਨਾਲ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਦਰਬਾਰ ਵਿੱਚ ਸਾਡਾ ਲੇਖਾ ਉਹੋ ਜਿਹਾ ਲਿਖਿਆ ਜਾਣਾ ਹੈ ਜਿਹੋ ਜਿਹੀ ਅਸੀਂ ਨਾਮ ਦੀ ਲਿਖਤ ਲਿਖਾਂਗੇ। ਆਪਣੇ ਲੇਖ ਅਸੀਂ ਆਪ ਹੀ ਲਿਖਾਉਣੇ ਹਨ ਜੋ ਉਸਦੀ ਦਰਗਾਹ ਵਿੱਚ ਸਾਡੇ ਕੰਮ ਆਉਂਦੇ ਹਨ। ਸ਼ਬਦ ਦੀ ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਪੜੋ ਤੇ ਤਾਂ ਹੀ ਸਾਨੂੰ ਫਿਰ "ਰਹਾਉ" ਵਾਲੀ ਪੰਗਤੀ ਦੀ ਸੋਝੀ ਪਵੇਗੀ, ਪੂਰੇ ਸ਼ਬਦ ਦੀ ਸੋਝੀ ਪਵੇਗੀ, ਨਾਮ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦੀ ਸੋਝੀ ਪਵੇਗੀ।

"ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥"

ਨਾਮ ਦੁਆਰਾ ਸਿਫ਼ਤ ਸਾਲਾਹ ਕਰਨ ਲਈ ਭਾਵ ਉਸਦੀ ਸਿਫ਼ਤ

9/915

ਲਿਖਣ ਲਈ ਸਿਆਹੀ ਦੀ, ਕਾਗਜ਼ ਦੀ ਤੇ ਕਲਮ ਦੀ ਲੋੜ ਹੈ ਜਿਵੇਂ ਕਿ ਕੁੱਝ ਵੀ ਲਿਖਣ ਲਈ ਇਨ੍ਹਾਂ ਚੀਜਾਂ ਦੀ ਲੋੜ ਪੈਂਦੀ

ਹੈ। ਸਿਫ਼ਤ ਦੀ ਲਿਖਤ ਨੂੰ "ਸਰਗੁਣ ਸਰੂਪ" ਦੇਣ ਲਈ ਭਾਵ ਆਕਾਰ ਰੂਪ ਦੇਣ ਲਈ ਸਾਨੂੰ ਸਰਗੁਣ ਰੂਪ ਸਿਆਹੀ, ਸਰਗੁਣ ਕਾਗਜ਼ ਤੇ ਸਰਗੁਣ ਕਲਮ ਦੀ ਲੋੜ ਪੈਂਦੀ ਹੈ। ਨਾਮ ਦੀ ਸਿਫ਼ਤ, ਪ੍ਰਮਾਤਮਾ ਦੀ ਸਿਫ਼ਤ ਜਾਂ ਕਿਸੇ ਦੀ ਵੀ ਸਿਫ਼ਤ ਪਹਿਲੇ ਨਿਰਗੁਣ ਸਰੂਪ ਦੁਆਰਾ ਮਨ ਵਿੱਚ ਉਪਜਦੀ ਹੈ। ਮਨ ਵਿੱਚ ਉਸਦੀ ਸਿਫ਼ਤ ਲਈ ਸਿਆਹੀ ਕਲਮ ਤੇ ਕਾਗਜ਼ ਵੀ ਨਿਰਗੁਣ ਰੂਪ ਹੀ ਹੋ ਸਕਦਾ ਹੈ ਭਾਵ ਪ੍ਰਮਾਤਮਾ ਦੀ ਸਿਫ਼ਤ ਆਪਣੇ ਮਨ ਦੇ ਵਿੱਚ ਨਿਰਗੁਣ ਰੂਪ ਵਿੱਚ ਹੀ ਲਿਖੀ ਜਾ ਸਕਦੀ ਹੈ। ਮਨੁੱਖ ਦਾ ਸਰਗੁਣ ਸਰੂਪ ਸਰੀਰ ਨਿਰਗੁਣ ਰੂਪ ਨੂੰ ਭਾਵ ਗਿਆਨ ਰੂਪ ਨੂੰ ਆਪਣੇ ਅੰਦਰ ਮਨ ਦੇ ਵਿੱਚ ਟਿਕਾਉਣ ਲਈ ਹੈ, ਗਿਆਨ ਰੂਪ ਨੂੰ ਆਪਣੇ ਅੰਦਰੋਂ ਪ੍ਰਗਟ ਕਰਨ ਲਈ ਹੈ।

{ਨਿਰਗੁਨ ਹਰੀਆ ਸਰਗੁਨ ਧਰੀਆ॥}

(ਅੰਗ - ੭੪੬)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥}

(ਅੰਗ - ੨੮੭)

ਸਾਡਾ ਮਨੁੱਖੀ ਸਰੀਰ ਪ੍ਰਮਾਤਮਾ ਦੀ ਨਿਰਗੁਣ ਰੂਪ ਸਿਫ਼ਤ ਸਾਲਾਹ ਨੂੰ ਆਪਣੇ ਮਨ ਦੇ ਅੰਦਰ ਟਿਕਾਉਣ ਲਈ ਹੈ। ਪ੍ਰਮਾਤਮਾ ਦਾ ਨਿਰਗੁਣ ਰੂਪ ਭਾਵ ਨਿਰੰਕਾਰ ਰੂਪ ਜੋ ਕਿ ਉਸਦਾ ਗਿਆਨ ਰੂਪ ਹੈ ਉਹ ਸਾਡੇ ਅੰਦਰ ਹੀ ਵਰਤਦਾ ਹੈ ਜੋ ਕਿ ਸਾਡਾ ਮਨ ਹੈ। ਇਸ ਲਈ ਪਹਿਲੇ ਉਸ ਦੀ ਸਿਫ਼ਤ ਸਾਲਾਹ ਸਾਡੇ ਮਨ ਦੇ ਵਿੱਚ ਹੀ ਲਿਖੀ ਜਾ ਸਕਦੀ ਹੈ। ਇਹ ਹੱਥਾਂ ਨਾਲ ਲਿਖਣ ਵਾਲੀ ਸਿਫ਼ਤ ਸਾਲਾਹ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਹੱਥਾਂ ਨਾਲ ਲਿਖ ਕੇ ਕੇਵਲ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦੀ ਸੋਝੀ ਪਾਈ ਜਾ ਸਕਦੀ ਹੈ ਪਰ ਹਰ ਲਿਖਤ ਦਾ ਸ੍ਰੋਤ ਕੇਵਲ ਮਨ ਹੈ। ਸਭ ਤੋਂ ਪਹਿਲਾਂ ਸਾਨੂੰ ਨਾਮ ਦੀ ਸਿਫ਼ਤ ਸਾਲਾਹ ਲਿਖਣ ਲਈ ਸਿਆਹੀ ਤਿਆਰ ਕਰਨੀ ਸਮਝਾਇਆ ਹੈ ਕਿਉਂਕਿ ਬਿਨ੍ਹਾਂ ਸਿਆਹੀ ਤੋਂ ਕੁੱਝ ਨਹੀਂ ਲਿਖਿਆ ਜਾ ਸਕਦਾ। ਧਿਆਨ ਨਾਲ ਸਮਝੋ ਕਿ ਇਹ ਸਿਆਹੀ ਕਿਸ ਚੀਜ਼ ਦੀ ਬਣਨੀ ਹੈ। ਇਹ ਸਿਆਹੀ ਸਾਡੇ ਅੰਦਰੋਂ ਮਾਇਆ ਮੋਹ ਸਾੜਨ ਨਾਲ ਬਣਨੀ ਹੈ ਭਾਵ ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ ਨਾ ਇਹ ਸਿਆਹੀ ਬਣ ਸਕਦੀ ਹੈ ਤੇ ਨਾ ਹੀ ਪ੍ਰਮਾਤਮਾ ਦੀ, ਨਾਮ ਦੀ ਸਿਫ਼ਤ ਸਾਲਾਹ ਹੋ ਸਕਦੀ ਹੈ। **(ਜਾਲਿ ਮੋਹੁ ਘਸਿ ਮਸੁ ਕਰਿ)** ਸਭ ਤੋਂ ਔਖਾ ਇਸ ਮਾਇਆ ਮੋਹ ਵਿੱਚੋਂ, ਤ੍ਰਿਸ਼ਨਾ ਵਿੱਚੋਂ , ਸੰਸਾਰਿਕ ਦਾਤਾਂ ਦੇ ਮੋਹ ਵਿੱਚੋਂ ਨਿਕਲਣਾ ਹੈ ਤੇ ਇਹ ਸਿਆਹੀ ਬਣਾਉਣੀ ਬਹੁਤ ਔਖੀ ਹੈ। ਇਸੇ ਲਈ ਮਾਇਆ ਮੋਹ ਨੂੰ ਸਾੜ ਕੇ ਉਸਨੂੰ ਘਸਣ ਲਈ ਕਿਹਾ ਹੈ ਕਿਉਂਕਿ ਮਨ ਇਸਦੇ ਲਈ ਸੌਖਾ ਤਿਆਰ ਨਹੀਂ ਹੁੰਦਾ ਤੇ ਮਨ ਦੇ ਨਾਲ ਵਾਰ-ਵਾਰ ਜੂਝਣਾ ਪੈਂਦਾ ਹੈ। ਮਨ ਦੇ ਨਾਲ ਜੂਝ ਜੂਝ ਕੇ ਹੀ ਇਹ ਸਿਆਹੀ ਤਿਆਰ ਹੋ ਸਕਦੀ ਹੈ ਤੇ ਇਹ ਹੀ ਮਨ ਦਾ ਮਾਰਨ ਹੈ, ਮਨ ਨੂੰ ਜਿੱਤਣਾ ਹੈ, ਜਿਉਂਦੇ ਜੀ ਮਰਨਾ ਹੈ, ਸ਼ਬਦ ਦੁਆਰਾ ਮਰਨਾ ਹੈ ਭਾਵ ਆਪਣਾ

ਆਪ ਤਿਆਗ ਕੇ, ਆਪਣੀ ਮਤਿ ਤਿਆਗ ਕੇ ਗੁਰੂ ਦੀ ਮਤਿ ਨਾਲ ਜੁੜਨਾ ਹੈ, ਗੁਰੂ ਦੀ ਸ਼ਰਨ ਵਿੱਚ ਆਉਣਾ ਹੈ। ਇਹ ਉਸਦਾ ਭਗਤ ਬਣਨ ਦਾ ਮੂਲ ਹੈ ਤੇ ਜਦ ਤੱਕ ਅਸੀਂ ਮੂਲੋਂ ਹੀ ਭਗਤੀ ਨਾਲੋਂ ਵਿਛੁੜੇ ਹੋਏ ਹਾਂ ਫਿਰ ਅਸੀਂ ਨਾਮ ਦੀ ਸਿਫ਼ਤ ਸਾਲਾਹ ਕਿਵੇਂ ਕਰ ਸਕਦੇ ਹਾਂ। ਇਹ ਸਿਆਹੀ ਸਾਡੇ ਮਨ ਦੇ ਵਿੱਚ ਬਣਨੀ ਹੈ ਤੇ ਮਨ ਨੇ ਹੀ ਤਿਆਰ ਕਰਨੀ ਹੈ ਭਾਵ ਭਗਤੀ ਦਾ ਮੂਲ ਸਾਡੇ ਮਨ ਦੇ ਵਿੱਚ ਹੀ ਹੈ, ਸਾਡੀ ਸਮਝ ਦੇ ਵਿੱਚ ਹੀ ਹੈ ਤੇ ਮਨ ਦੀ ਸਮਝ ਦੇ ਵਿੱਚ ਹੀ ਇਸ ਨੂੰ ਫ਼ਲ ਲੱਗਦਾ ਹੈ ਜੋ ਕਿ ਉਸਦਾ ਸੱਚਾ ਗਿਆਨ ਹੈ, ਉਸਦਾ ਨਾਮ ਹੈ।

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥}

(ਅੰਗ - ੧੩੨੫)

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ - ੧੧੭੦)

ਸਿਆਹੀ ਬਣਨ ਤੋਂ ਬਾਅਦ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਲਿਖਣ ਲਈ ਕਾਗਜ਼ ਦੀ ਲੋੜ ਹੈ। ਇਹ ਕਾਗਜ਼ ਵੀ ਸਾਡੇ ਮਨ ਦੇ ਵਿੱਚ ਹੀ ਹੈ। ਇਹ ਕਾਗਜ਼ ਸਾਡੀ ਮਤਿ ਹੈ। **(ਮਤਿ ਕਾਗਦੁ ਕਰਿ ਸਾਰੁ॥)** ਲੇਖ ਇਸ ਕਾਗਜ਼ ਤੇ ਲਿਖੇ ਜਾਣੇ ਹਨ ਜੋ ਕਿ ਅਸੀਂ ਹਰ ਵੇਲੇ ਲਿਖਦੇ ਰਹਿੰਦੇ ਹਾਂ, ਅੱਠੇ ਪਹਿਰ ਸਾਡੀ ਸਮਝ ਦੇ ਵਿੱਚ ਮਨ ਦੇ ਵਿਚਾਰਾਂ ਰਾਹੀਂ ਇਹ ਲਿਖੇ ਜਾ ਰਹੇ ਹਨ। ਸਾਡੇ ਚੰਗੇ ਲੇਖ ਨੇ ਇਸ ਮਤਿ ਨੂੰ ਉੱਤਮ ਕਰਨਾ ਹੈ, ਸ੍ਰੇਸ਼ਟ ਕਰਨਾ ਹੈ, **"ਸਾਰ"** ਕਰਨਾ ਹੈ। ਮਤਿ ਤਾਂ ਹੀ **"ਸਾਰੁ"** ਹੋ ਸਕਦੀ ਹੈ ਜੇਕਰ ਉਸ ਵਿੱਚ ਮਾਇਆ ਮੋਹ ਨਹੀਂ ਹੈ ਭਾਵ ਉਸ ਵਿੱਚ ਮਾੜੇ ਵਿਚਾਰ ਨਹੀਂ ਹਨ ਭਾਵ ਸਾਡੇ ਕੋਲ ਸਿਆਹੀ ਚੰਗੀ ਹੈ ਭਾਵ ਸਭ ਕੁੱਝ ਇਹ ਮਨ ਹੀ ਹੈ। ਜਦ ਤੱਕ ਸਾਡੀ ਮਤਿ ਉੱਤਮ ਨਹੀਂ ਹੁੰਦੀ, ਪ੍ਰਮਾਤਮਾ ਦੀ ਸਿਫ਼ਤ ਸਾਲਾਹ ਨਹੀਂ ਹੋ ਸਕਦੀ ਤੇ ਨਾ ਹੀ ਸਾਡੇ ਚੰਗੇ ਲੇਖ ਲਿਖੇ ਜਾ ਸਕਦੇ ਹਨ ਭਾਵ ਉੱਤਮ ਮਤਿ ਦੁਆਰਾ ਵਿਚਰਨਾ ਹੀ, ਮਾਇਆ ਮੋਹ ਰਹਿਤ ਹੋ ਕੇ ਵਿਚਰਨਾ ਹੀ, ਸੱਚੇ ਸੁੱਚੇ ਹੋ ਕੇ ਵਿਚਰਨਾ ਹੀ, ਚੰਗੇ ਕਰਮ ਕਰਨਾ ਹੀ ਆਪਣੇ ਚੰਗੇ ਲੇਖ ਲਿਖਣਾ ਹੈ। ਆਪਣੇ ਚੰਗੇ ਲੇਖ ਲਿਖਣਾ ਹੀ ਨਾਮ ਦੀ ਸਿਫ਼ਤ ਸਾਲਾਹ ਹੈ, ਨਾਮ ਜਪਣਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। **(ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥)**

ਅਸੀਂ ਪ੍ਰਮਾਤਮਾ ਦੀ, ਨਾਮ ਦੀ ਸਿਫ਼ਤ ਸਾਲਾਹ ਪ੍ਰਮਾਤਮਾ ਨਾਲ ਪਿਆਰ ਦਿਖਾਉਣ ਲਈ ਕਰਦੇ ਹਾਂ। ਉਸਦਾ ਪਿਆਰ ਵੀ ਮਨ ਦੇ ਵਿੱਚ ਹੀ ਹੈ। ਗੁਰੂ ਪ੍ਰਮਾਤਮਾ ਦੀ ਮਤਿ ਦੇ ਨਾਲ ਪਿਆਰ ਹੀ ਗੁਰੂ ਦੇ ਨਾਲ ਪਿਆਰ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ। ਨਾਮ ਦੀ ਸਿਫ਼ਤ ਮਨ ਦੇ ਚੰਗੇ ਵਿਚਾਰਾਂ ਰੂਪ ਕਲਮ ਨੇ ਲਿਖਣੀ ਹੈ ਤੇ ਇਹ ਕਲਮ ਸਾਡਾ ਗੁਰੂ ਦੇ ਨਾਲ ਪਿਆਰ ਰੂਪ ਹੈ ਭਾਵ ਗੁਰੂ ਦੇ ਨਾਲ ਪਿਆਰ ਆਪਣੀ ਮਨ ਦੀ ਲਿਖਤ ਦੁਆਰਾ ਦਿਖਾਉਣਾ ਹੈ। **(ਭਾਉ ਕਲਮ ਕਰਿ ਚਿਤੁ ਲੇਖਾਰੀ)** ਜੇਕਰ ਸਾਡੀ ਲਿਖਤ ਚੰਗੀ ਹੈ ਤਾਂ ਫਿਰ ਸਾਡਾ ਗੁਰੂ ਦੇ ਨਾਲ ਪਿਆਰ ਹੈ। ਲਿਖਤ ਤਾਂ ਹੀ ਚੰਗੀ ਹੋ ਸਕਦੀ ਹੈ ਜੇਕਰ ਸਾਡੀ ਮਨ ਦੀ ਸਿਆਹੀ ਚੰਗੀ ਹੈ, ਸਾਡੀ ਸਿਆਹੀ ਵਿੱਚ ਮਾਇਆ ਮੋਹ ਨਹੀਂ ਹੈ,

9/917

ਸਾਡਾ ਕਾਗਜ਼ ਚੰਗਾ ਹੈ, ਸਾਡੀ ਮਤਿ ਉੱਤਮ ਹੈ ਭਾਵ ਮਾੜੀ ਮਤਿ ਦੁਆਰਾ, ਮਾਇਆ ਮੋਹ ਵਿੱਚ ਰਹਿੰਦੇ ਹੋਏ ਸਾਡੀ ਕਲਮ ਪਿਆਰ ਵਾਲੀ ਨਹੀਂ ਹੋ ਸਕਦੀ, ਗੁਰੂ ਨਾਲ ਪਿਆਰ ਨਹੀਂ ਦਿਖਾਇਆ ਜਾ ਸਕਦਾ ਭਾਵ ਕੇਵਲ ਪਿਆਰ ਦਾ ਦਿਖਾਵਾ ਹੈ। ਲਿਖਾਰੀ ਸਾਡਾ ਮਨ ਹੈ ਤੇ ਕਾਗਜ਼ ਵੀ ਆਪ ਮਨ ਹੈ, ਸਿਆਹੀ ਵੀ ਆਪ ਮਨ ਹੈ ਭਾਵ ਸਭ ਕੁੱਝ ਮਨ ਦੇ ਵਿੱਚ ਹੀ ਹੋਣਾ ਹੈ, ਸਭ ਲੇਖ ਮਨ ਦੇ ਵਿੱਚ ਹੀ ਲਿਖੇ ਜਾਂਦੇ ਹਨ। ਜੇਕਰ ਅਸੀਂ ਇਹ ਲੇਖ ਆਪਣੀ ਮਤਿ ਨਾਲ ਲਿਖਾਂਗੇ ਭਾਵ ਆਪਣੀ ਮਤਿ ਨੂੰ ਮੰਨਾਂਗੇ ਤਾਂ ਫਿਰ ਇਹ ਲੇਖ ਚੰਗੇ ਨਹੀਂ ਹੋ ਸਕਦੇ। ਚੰਗੇ ਲੇਖ ਕੇਵਲ ਗੁਰੂ ਦੀ ਮਤਿ ਨੂੰ ਮੰਨ ਕੇ ਹੋ ਸਕਦੇ ਹਨ, ਗੁਰੂ ਨੂੰ ਪੁੱਛ ਕੇ ਹੋ ਸਕਦੇ ਹਨ। ਲੇਖ ਸਾਡੇ ਵਿਚਾਰਾਂ ਦੁਆਰਾ ਹੀ ਲਿਖੇ ਜਾਣੇ ਹਨ। ਜੇਕਰ ਗੁਰੂ ਨੂੰ ਪੁੱਛ ਕੇ ਚੱਲਾਂਗੇ ਤਾਂ ਆਪਣੇ ਵਿਚਾਰਾਂ ਨੂੰ ਚੰਗਾ ਬਣਾ ਲਵਾਂਗੇ, ਆਪਣੇ ਵਿਚਾਰਾਂ ਦੀ ਲਿਖਤ ਚੰਗੀ ਬਣਾ ਲਵਾਂਗੇ। ਨਾਮ ਦੀ ਸਿਫ਼ਤ ਸਾਡੇ ਚੰਗੇ ਵਿਚਾਰਾਂ ਦੁਆਰਾ ਹੋਣੀ ਹੈ, ਗੁਰੂ ਦੀ ਮਤਿ ਵਾਲੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਹੋਣੀ ਹੈ, ਸ਼ਬਦ ਦੇ ਵਿਚਾਰੀ ਹੋ ਕੇ ਹੀ ਹੋਣੀ ਹੈ। **(ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥)** ਗੁਰੂ ਦੇ ਵਿਚਾਰਾਂ ਨੂੰ ਸਾਡੇ ਮਨ ਨੇ ਹੀ ਕਬੂਲ ਕਰਨਾ ਹੈ ਤੇ ਉਹ ਤਾਂ ਹੀ ਕਬੂਲ ਹੋ ਸਕਦੇ ਹਨ ਜੇਕਰ ਅਸੀਂ ਮਾਇਆ ਮੋਹ ਛੱਡ ਦੇਈਏ, ਮਨ ਦੇ ਮਾੜੇ ਵਿਚਾਰ ਛੱਡ ਦੇਈਏ, ਔਗੁਣਾਂ ਵਾਲੇ ਵਿਚਾਰ ਛੱਡ ਦੇਈਏ।

ਜੇਕਰ ਸਾਨੂੰ ਪਹਿਲੀਆਂ ਦੋ ਪੰਗਤੀਆਂ ਦੀ ਸੋਝੀ ਪੈ ਜਾਵੇਗੀ ਕਿ ਕੀ ਲਿਖਣਾ ਹੈ, ਕਿਵੇਂ ਲਿਖਣਾ ਹੈ, ਕਿਸ ਨੇ ਲਿਖਣਾ ਹੈ, ਕਿੱਥੇ ਲਿਖਣਾ ਹੈ ਤਾਂ ਫਿਰ ਅਗਲੀ ਪੰਗਤੀ ਦੀ ਸਮਝ ਪੈ ਜਾਵੇਗੀ ਕਿ ਨਾਮ ਦੀ ਲਿਖਤ ਲਿਖਣੀ ਕੀ ਹੈ ਜੋ ਲਿਖਤ ਸਾਡੇ ਮਨ ਦੇ ਵਿੱਚ ਲਿਖੀ ਜਾਣੀ ਹੈ ਕਿਉਂਕਿ ਗੁਰੂ ਦੀ ਮਤਿ ਨੂੰ ਮੰਨਣਾ ਹੀ ਨਾਮ ਨੂੰ ਮੰਨਣਾ ਹੈ, ਨਾਮ ਜਪਣਾ ਹੈ ਨਹੀਂ ਤਾਂ ਫਿਰ ਅਸੀਂ ਆਪਣੀ ਮਨਮਤਿ ਦੁਆਰਾ ਕੋਈ ਕਲਮ ਦਵਾਤ ਫੜ੍ਹ ਕੇ ਕਾਪੀ ਦੇ ਉੱਤੇ ਨਾਮ ਨਾਮ ਨਾਮ ਨਾਮ ਲਿਖੀ ਜਾਵਾਂਗੇ।

"ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥੧॥"

ਇਸ ਪੰਗਤੀ ਰਾਹੀਂ ਸਾਡੀ ਕਥਨੀ ਤੇ ਕਰਨੀ ਵਿੱਚ ਫ਼ਰਕ ਕਰਕੇ ਦੱਸਿਆ ਹੋਇਆ ਹੈ। ਗੱਲ ਲਿਖਣ ਦੀ ਹੀ ਹੈ, ਆਪਣੇ ਲੇਖ ਲਿਖਣ ਦੀ ਗੱਲ ਹੀ ਹੈ ਪਰ ਅਸੀਂ ਲਿਖਣਾ ਕਿਵੇਂ ਹੈ ਇਸ ਭੇਦ ਨੂੰ ਸਮਝਣ ਦੀ ਲੋੜ ਹੈ। ਨਾਮ ਦੀ ਲਿਖਤ ਲਿਖਣੀ ਕੀ ਹੈ, ਇਹ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਭਾਵ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਪਹਿਲੇ ਹੀ ਸਮਝਾ ਦਿੱਤੀ

ਗਈ ਹੈ। **(ਲਿਖੁ ਨਾਮੁ ਸਾਲਾਹ)** ਇਹ ਲਿਖਤ ਅਸੀਂ ਮਨ ਦੇ ਵਿਚਾਰਾਂ ਦੁਆਰਾ ਲਿਖਣੀ ਹੈ ਜੋ ਕਿ ਸਾਡੀ ਕਰਨੀ ਦੁਆਰਾ ਪ੍ਰਗਟ ਹੋਣੀ ਹੈ, ਮਾਇਆ ਮੋਹ ਵਿੱਚੋਂ ਨਿਕਲ ਕੇ ਸਾਡੇ ਚੰਗੇ ਕਰਮ ਕਰਨ ਦੁਆਰਾ ਹੋਣੀ ਹੈ। ਲੇਕਿਨ ਅਸੀਂ ਕੇਵਲ ਕਥਨੀ ਤੱਕ ਹੀ ਰਹਿੰਦੇ ਹਾਂ। ਅਸੀਂ ਧਰਮ ਗ੍ਰੰਥਾਂ ਦੀ ਕੇਵਲ ਲਿਖਤ ਨੂੰ ਪੜ੍ਹਨ ਤੇ ਮਾਣ ਕਰਦੇ ਹਾਂ ਭਾਵ ਉਹਨਾਂ ਨੂੰ ਪੜ੍ਹਨ ਸੁਣਨ ਤੇ ਮੁੱਖੋਂ ਜਪਣ ਤੱਕ ਰਹਿੰਦੇ ਹਾਂ। ਅਸੀਂ ਆਪਣੇ ਇਸ ਕਰਮ ਨੂੰ ਹੀ ਆਪਣੇ ਚੰਗੇ ਲੇਖ ਲਿਖਣੇ ਸਮਝਦੇ ਹਾਂ ਪਰ ਇਹੋ ਜਿਹੀ ਲਿਖਤ ਨਾਲ ਉਸ ਪ੍ਰਮਾਤਮਾ ਬਾਰੇ ਅਸੀਂ ਕੁੱਝ

9/918

ਨਹੀਂ ਜਾਣ ਸਕਦੇ ਭਾਵ ਉਸਦੇ ਦਰਸ਼ਨ ਨਹੀਂ ਕਰ ਸਕਦੇ। **(ਲਿਖੁ ਲਿਖੁ ਅੰਤੁ ਨ ਪਾਰਾਵਾਰੁ॥੧॥)** ਇਸੇ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਹੋਰ ਵੀ ਸਪੱਸ਼ਟ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।

{ਲੇਖ ਅਸੰਖ ਲਿਖਿ ਲਿਖਿ ਮਾਨੁ॥ਮਨਿ ਮਾਨਿਐ ਸਚੁ ਸੁਰਤਿ ਵਖਾਨੁ॥
ਕਥਨੀ ਬਦਨੀ ਪੜਿ ਪੜਿ ਭਾਰੁ॥ਲੇਖ ਅਸੰਖ ਅਲੇਖੁ ਅਪਾਰੁ॥੧॥}

(ਅੰਗ ੪੧੨)

ਇਸ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਪਹਿਲਾਂ ਹੀ ਜਾਣ ਚੁੱਕੇ ਹਾਂ। ਅਸੀਂ ਕੇਵਲ ਸ਼ਬਦਾਂ ਦੀ ਲਿਖਤ ਤੱਕ ਆਪਣੇ ਆਪ ਨੂੰ ਜੋੜਿਆ ਹੋਇਆ ਹੈ ਭਾਵ ਕੇਵਲ ਸ਼ਬਦਾਂ ਦੀ ਲਿਖਤ ਪੜ੍ਹੀ ਜਾਣ ਨੂੰ ਹੀ, ਵਾਰ-ਵਾਰ ਪੜ੍ਹੀ ਜਾਣ ਨੂੰ ਹੀ ਭਗਤੀ ਸਮਝਿਆ ਹੋਇਆ ਹੈ ਤੇ ਉਸੇ ਗੱਲ ਦਾ ਹੀ ਮਾਣ ਕਰੀ ਜਾ ਰਹੇ ਹਾਂ। ਜਦ ਤੱਕ ਅਸੀਂ ਧਰਮ ਗ੍ਰੰਥਾਂ ਦੀ ਲਿਖਤ ਨੂੰ ਆਪਣੇ ਮਨ ਦੇ ਵਿੱਚ ਮੰਨਦੇ ਨਹੀਂ ਭਾਵ ਧਰਮ ਗ੍ਰੰਥਾਂ ਦੀ ਲਿਖਤ ਰਾਹੀਂ ਸਾਨੂੰ ਜੋ ਕੁੱਝ ਸਮਝਾਇਆ ਗਿਆ ਹੈ ਉਸ ਸਮਝ ਨੂੰ ਆਪਣੀ ਸਮਝ ਦੇ ਵਿੱਚ ਨਹੀਂ ਲਿਖਦੇ ਭਾਵ ਉਸਦੇ ਵਿਚਾਰੀ ਨਹੀਂ ਬਣਦੇ, ਸ਼ਬਦਾਂ ਵਿੱਚ ਦੱਸੇ ਹੋਏ ਸੱਚ ਨੂੰ ਆਪਣੀ ਸੁਰਤਿ ਨਾਲ ਜੋੜ ਕੇ ਉਸਨੂੰ ਵਿਖਾਉਂਦੇ ਨਹੀਂ, ਉਸ ਤੇ ਵਖਾਣ ਨਹੀਂ ਕਰਦੇ ਭਾਵ ਉਸ ਤੇ ਅਮਲ ਨਹੀਂ ਕਰਦੇ ਤਦ ਤੱਕ ਲਿਖਤ ਦਾ ਮਨੋਰਥ ਪੂਰਾ ਨਹੀਂ ਹੁੰਦਾ। ਸ਼ਬਦ ਦਾ ਮਕਸਦ ਉਸਨੂੰ ਸਮਝ ਕੇ ਸ਼ਬਦਾਂ ਦੀ ਵਿਚਾਰ ਨੂੰ ਆਪਣੀ ਸੁਰਤਿ ਦੇ ਵਿਚਾਰਾਂ ਨਾਲ ਜੋੜਨ ਦਾ ਹੈ, ਸ਼ਬਦ ਸੁਰਤਿ ਨੂੰ ਇੱਕ ਕਰਨ ਦਾ ਹੈ, ਉਸ ਤੇ ਅਮਲ ਕਰਨ ਦਾ ਹੈ। **(ਮਨਿ ਮਾਨਿਐ ਸਚੁ ਸੁਰਤਿ ਵਖਾਨੁ॥)** ਅਮਲ ਕੀਤੇ ਬਿਨ੍ਹਾਂ ਸਭ ਕੁੱਝ ਸਾਡੀ ਕਥਨੀ ਬਦਨੀ ਹੈ ਤੇ ਲਿਖਤ ਨੂੰ ਪੜ੍ਹ ਪੜ੍ਹ ਕੇ ਅਸੀਂ ਆਪਣਾ ਭਾਰ ਵਧਾ ਰਹੇ ਹਾਂ, ਭਾਰੇ ਹੋਈ ਜਾ ਰਹੇ ਹਾਂ ਭਾਵ ਆਪਣਾ ਮਾਣ ਉੱਚਾ ਕਰੀ ਜਾ ਰਹੇ ਹਾਂ। ਇਹੋ ਜਿਹੇ ਲੇਖ ਭਾਵੇਂ ਅਸੀਂ ਅਸੰਖਾਂ ਪੜ੍ਹ ਲਈਏ ਭਾਵ ਜਿਤਨੇ ਮਰਜ਼ੀ ਧਰਮ ਗ੍ਰੰਥ ਪੜ੍ਹੀ ਜਾਈਏ, ਗੁਰਬਾਣੀ ਪੜ੍ਹੀ ਜਾਈਏ ਪਰ ਜੇਕਰ ਉਸ ਤੇ ਅਮਲ ਨਹੀਂ, ਉਹ "**ਅਲੇਖ**" ਭਾਵ "**ਪ੍ਰਮਾਤਮਾ**" ਸਾਡੇ ਲਈ "**ਅਪਾਰੁ**" ਹੀ ਰਹੇਗਾ ਭਾਵ ਸਾਡੀ ਪਹੁੰਚ ਤੋਂ ਬਾਹਰ ਹੀ ਰਹੇਗਾ। (**ਲੇਖ ਅਸੰਖ ਲਿਖਿ ਲਿਖਿ ਮਾਨੁ॥ਮਨਿ ਮਾਨਿਐ ਸਚੁ ਸੁਰਤਿ ਵਖਾਨੁ॥ ਕਥਨੀ ਬਦਨੀ ਪੜਿ ਪੜਿ ਭਾਰੁ॥ਲੇਖ ਅਸੰਖ ਅਲੇਖੁ ਅਪਾਰੁ॥੧॥**) ਪੂਰੇ ਸ਼ਬਦ ਤੋਂ ਭਾਵ ਹੈ ਪ੍ਰਮਾਤਮਾ ਦੀ ਭਗਤੀ ਕੋਈ ਕਥਨੀ ਬਦਨੀ ਨਹੀਂ ਹੈ, ਸ਼ਬਦਾਂ ਦੇ, ਲੇਖਾਂ ਦੇ ਰੱਟੇ ਲਗਾਉਣ ਨਾਲ ਨਹੀਂ ਹੈ ਬਲਕਿ ਉਹਨਾਂ ਦਾ ਸੱਚ ਸਮਝ ਕੇ ਉਹਨਾਂ ਦੁਆਰਾ ਆਪਣੇ ਵਿਚਾਰਾਂ ਨੂੰ ਬਦਲ ਕੇ ਉਸ ਤੇ ਅਮਲ ਕਰਨ ਦੀ ਲੋੜ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥੧॥}

(ਅੰਗ ੪੬੭)

ਨਾਮ ਦੀ ਸਿਫ਼ਤ ਸਾਲਾਹ ਅਸੀਂ ਕਿਵੇਂ ਕਰਨੀ ਹੈ ਇਹ ਅਸੀਂ ਮੁੱਖ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਜਾਣ ਚੁੱਕੇ ਹਾਂ ਭਾਵ ਨਾਮ ਦੀ ਸਿਫ਼ਤ ਨੂੰ ਅਸੀਂ ਆਪਣੇ ਮਨ ਦੇ ਵਿੱਚ ਲਿਖਣਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਹੈ,

9/919

ਆਪਣੀ ਮਤਿ ਨੂੰ ਉੱਤਮ ਕਰਨਾ ਹੈ ਭਾਵ ਆਪਣੀ ਕਰਨੀ ਨੂੰ ਉੱਤਮ ਕਰਨਾ ਹੈ ਨਾ ਕਿ ਕੇਵਲ ਕਥਨੀ ਬਦਨੀ ਵਿੱਚ ਪਏ ਰਹਿਣਾ ਹੈ, ਮਨਮਤਿ ਨਾਲ ਜੁੜੇ ਰਹਿਣਾ ਹੈ, ਭਰਮ ਵਿੱਚ ਪਏ ਰਹਿਣਾ ਹੈ। **(ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥੧॥)**

ਜੇਕਰ ਅਸੀਂ ਪ੍ਰਮਾਤਮਾ ਨੂੰ ਜਾਣਨਾ ਚਾਹੁੰਦੇ ਹਾਂ, ਪਾਉਣਾ ਚਾਹੁੰਦੇ ਹਾਂ ਜੋ ਕਿ ਸਾਡੀ ਭਗਤੀ ਦਾ ਮਕਸਦ ਹੋਣਾ ਚਾਹੀਦਾ ਹੈ ਤਾਂ ਫਿਰ ਉਸ ਦਾ ਤਰੀਕਾ ਇਹੋ ਜਿਹਾ ਲੇਖਾ ਲਿਖ ਕੇ ਹੈ ਭਾਵ ਜੋ ਜਿਹੋ ਜਿਹਾ ਲੇਖਾ ਸਾਨੂੰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਲਿਖਣਾ ਸਿਖਾਇਆ ਹੈ। **(ਬਾਬਾ ਏਹੁ ਲੇਖਾ ਲਿਖਿ ਜਾਣੁ॥)** ਭਾਵ ਜਦ ਤੱਕ ਸਾਡੇ ਮਨ ਦੇ ਅੰਦਰ ਗੁਰੂ ਦੇ ਸੱਚੇ ਵਿਚਾਰਾਂ ਦੀ ਲਿਖਤ ਨਹੀਂ ਲਿਖੀ ਜਾਂਦੀ, ਸੱਚ ਦੀ ਲਿਖਤ ਨਹੀਂ ਲਿਖੀ ਜਾਂਦੀ, ਗੁਣਾਂ ਦੀ ਲਿਖਤ ਨਹੀਂ ਲਿਖੀ ਜਾਂਦੀ ਭਾਵ ਜਦ ਤੱਕ ਸਾਡੇ ਕਰਮ ਚੰਗੇ ਨਹੀਂ ਬਣਦੇ ਤਦ ਤੱਕ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਭਾਵ ਉਸਦੀ ਭਗਤੀ ਕੇਵਲ ਸੱਚ ਨੂੰ ਅਪਣਾ ਕੇ ਹੀ ਹੋ ਸਕਦੀ ਹੈ। ਇਹੀ ਗੱਲ ਪੂਰੀ **"ਰਹਾਉ"** ਵਾਲੀ ਪੰਗਤੀ ਦਾ ਸਾਰ ਹੈ।

(ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥ ਰਹਾਉ॥) ਜੋ ਵੀ ਇਸ ਸੰਸਾਰ ਵਿੱਚ ਆਇਆ ਹੈ ਲੇਖਾ ਸਭ ਨੂੰ ਦੇਣਾ ਪੈਣਾ ਹੈ। ਸਾਡਾ ਲੇਖਾ ਹਰ ਵੇਲੇ ਲਿਖਿਆ ਜਾ ਰਿਹਾ ਹੈ। ਹਰ ਵੇਲੇ ਸਾਡੇ ਅੰਦਰ ਕੋਈ ਨਾ ਕੋਈ ਵਿਚਾਰ ਦ੍ਰਿੜ ਹੁੰਦਾ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ, ਕਰਮ ਕਰਦੇ ਹਾਂ। ਸਾਡੇ ਵਿਚਾਰ ਸਾਡੇ ਕਰਮਾਂ ਦੁਆਰਾ ਪ੍ਰਗਟ ਹੁੰਦੇ ਹਨ ਤੇ ਜਿਹੋ ਜਿਹੇ ਕਰਮ ਅਸੀਂ ਕਰਦੇ ਹਾਂ ਉਹੋ ਜਿਹੇ ਆਪਣੇ ਲੇਖ ਲਿਖਦੇ ਹਾਂ। ਮਾੜੇ ਕਰਮਾਂ ਦੇ ਨਾਲ ਮਾੜੇ ਲੇਖ ਲਿਖਦੇ ਹਾਂ ਤੇ ਚੰਗੇ ਕਰਮਾਂ ਦੇ ਨਾਲ ਚੰਗੇ ਲੇਖ ਲਿਖਦੇ ਹਾਂ। ਜਿਹੋ ਜਿਹੇ ਅਸੀਂ ਆਪਣੇ ਲੇਖ ਲਿਖਦੇ ਹਾਂ ਉਹਨਾਂ ਦੁਆਰਾ ਹੀ ਸਾਡਾ ਲੇਖਾ ਹੁੰਦਾ ਹੈ। ਲੇਖਾ ਸਭ ਨੂੰ ਦੇਣਾ ਪੈਂਦਾ ਹੈ ਜਿਸਦਾ ਫੈਸਲਾ ਪ੍ਰਮਾਤਮਾ ਦੇ ਦਰ ਤੇ ਹੁੰਦਾ ਰਹਿੰਦਾ ਹੈ ਜੋ ਦਰਿ ਉਸਦਾ ਸਾਡੇ ਅੰਦਰ ਹੀ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਅਸੀਂ ਦੁਖੀ ਕਿਸ ਲਈ ਹੁੰਦੇ ਹਾਂ। ਚੰਗੇ ਕਰਮ ਕਰਨ ਵਾਲਾ ਆਪਣਾ ਲੇਖਾ ਸੌਖਾ ਦੇ ਦਿੰਦਾ ਹੈ ਤੇ ਮਾੜੇ ਕਰਮਾਂ ਵਾਲਾ ਲੇਖਾ ਦੇਣ ਵਿੱਚ ਔਖਾ ਹੁੰਦਾ ਹੈ, ਸਜ਼ਾਵਾਂ ਦਾ ਹੱਕਦਾਰ ਬਣਦਾ ਹੈ। ਜਿਤਨੇ ਕਰਮ ਜ਼ਿਆਦਾ ਮਾੜੇ ਉਤਨੀਆਂ ਹੀ

9/920

ਜਿਆਦਾ ਸਜ਼ਾਵਾਂ ਦਾ ਭਾਗੀਦਾਰ ਬਣਨਾ ਪੈਂਦਾ ਹੈ।

{ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥ ਮਨਿ ਅੰਧੈ ਜਨਮੁ ਗਵਾਇਆ॥੩॥}

(ਅੰਗ ੪੬੪)

{ਕਰਣੀ ਕੀਰਤਿ ਗੁਰਮਤਿ ਸਾਰੁ॥ਸੰਤ ਸਭਾ ਗੁਣ ਗਿਆਨੁ ਬੀਚਾਰੁ॥}

(ਅੰਗ ੧੩੪੩)

ਅਸੀਂ ਕਥਨੀ ਦੁਆਰਾ ਆਪਣੇ ਲੇਖ ਚੰਗੇ ਬਣਾਉਣੇ ਚਾਹੁੰਦੇ ਹਾਂ ਕਿਉਂਕਿ ਸਾਨੂੰ ਸੋਝੀ ਹੀ ਭਰਮ ਵਾਲੀ ਪਈ ਹੋਈ ਹੈ। ਸਾਡੇ ਲੇਖ ਸਾਡੀ ਕਰਨੀ ਦੁਆਰਾ ਲਿਖੇ ਜਾਂਦੇ ਹਨ। ਪ੍ਰਮਾਤਮਾ ਦੇ ਦਰ ਤੇ ਨਿਪਟਾਰਾ ਸੱਚ ਝੂਠ ਦੁਆਰਾ ਹੁੰਦਾ ਹੈ। ਇੱਥੇ ਵਿਚਰਦੇ ਹੋਏ ਪ੍ਰਮਾਤਮਾ ਨੂੰ ਕੇਵਲ ਸੱਚ ਦੁਆਰਾ, ਸੱਚੀ ਕਰਨੀ ਦੁਆਰਾ ਹੀ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ, ਫੈਸਲਾ ਗੁਣਾਂ ਜਾਂ ਔਗੁਣਾਂ ਦੁਆਰਾ ਹੁੰਦਾ ਹੈ, ਉੱਥੇ ਕਥਨੀ ਦਾ ਕੋਈ ਮੁੱਲ ਨਹੀਂ ਪੈਂਦਾ। ਕਥਨੀ ਦਾ ਮੁੱਲ ਅਸੀਂ ਆਪਣੀ ਨਾਸਮਝੀ ਕਰਕੇ ਹੀ ਪਾਉਂਦੇ ਹਾਂ।

ਮਾੜੇ ਤਰੀਕੇ ਨਾਲ ਕਮਾਈ ਹੋਈ ਮਾਇਆਂ ਨਾਲ ਅਸੀਂ ਇੱਥੇ ਸੁੱਖ, ਮਹਿਸੂਸ ਕਰਦੇ ਹਾਂ, ਮਾਣ ਮਹਿਸੂਸ ਕਰਦੇ ਹਾਂ, ਦੁਨੀਆਂ ਦੀ ਵਾਹ ਵਾਹ ਖੱਟਦੇ ਹਾਂ ਪਰ ਇਸ ਚੀਜ਼ ਦਾ ਲੇਖਾ ਵੀ ਦੇਣਾ ਪੈਂਦਾ ਹੈ ਜਿਸ ਲਈ ਔਖਾ ਵੀ ਹੋਣਾ ਪੈਂਦਾ ਹੈ, ਪ੍ਰਮਾਤਮਾ ਦੀਆਂ ਸਜਾਵਾਂ ਵੀ ਸਹਿਣੀਆਂ ਪੈਂਦੀਆਂ ਹਨ ਜੋ ਸਾਨੂੰ ਸਮਝ ਨਹੀਂ ਪੈਂਦੀਆਂ। ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਇਹ ਲੇਖਾ ਨਿਬੇੜਨਾ ਚਾਹੁੰਦੇ ਹਾਂ, ਇਸ ਜੀਵਨ ਵਿੱਚ ਮੁਕਤੀ ਚਾਹੁੰਦੇ ਹਾਂ ਤਾਂ ਫਿਰ ਉਸਦਾ ਮੌਕਾ ਇਹ ਮਨੁੱਖਾ ਜੀਵਨ ਹੀ ਹੈ। ਲੇਖਾ ਨਿਬੇੜਨ ਵਾਲਾ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਇਹ ਲੇਖਾ ਸੱਚ ਦੇ ਨਾਲ ਨਿਬੜਨਾ ਹੈ ਭਾਵ ਸੱਚੇ ਬਣ ਕੇ ਨਿਬੜਨਾ ਹੈ। ਉਹ ਆਪ ਸੱਚਾ ਹੈ, ਆਪਣੇ ਸੱਚ ਦੁਆਰਾ ਸੱਚਾ ਹੈ ਤੇ ਉਸਦੇ ਸੱਚ ਨੂੰ ਅਪਣਾ ਕੇ ਹੀ, ਉਸਦੀ ਸੱਚੀ ਮਤਿ ਦੁਆਰਾ ਸੱਚਾ ਬਣ ਕੇ ਹੀ ਉਸ ਦੇ ਨਾਲ ਨਿਬੇੜਾ ਹੋ ਸਕਦਾ ਹੈ। ਅਸੀਂ ਉਸਦੇ ਨਾਲ ਨਿਬੇੜਾ ਗੱਲਾਂ ਦੇ ਨਾਲ ਕਰਨਾ ਚਾਹੁੰਦੇ ਹਾਂ, ਕੇਵਲ ਗੱਲਾਂ ਦੁਆਰਾ ਹੀ ਸੱਚੇ ਬਣਦੇ ਹਾਂ, ਕੇਵਲ ਪੜ੍ਹਨ ਸੁਣਨ ਦੁਆਰਾ ਹੀ ਸੱਚੇ ਬਣਦੇ ਹਾਂ, ਸਰੀਰਕ ਜਪ ਤਪ ਦੁਆਰਾ ਸੱਚੇ ਬਣਦੇ ਹਾਂ ਭਾਵ ਕਥਨੀ ਦੁਆਰਾ ਸੱਚੇ ਬਣਦੇ ਹਾਂ, ਆਪਣੇ ਦਿਖਾਵਿਆਂ ਦੁਆਰਾ ਸੱਚੇ ਬਣਦੇ ਹਾਂ। ਇਹੋ ਜਿਹਾ ਸੱਚਾ ਸਮਝਣ ਨਾਲ ਅਸੀਂ ਉਸ ਦੇ ਨਾਲ ਨਿਬੇੜਾ ਨਹੀਂ ਕਰ ਸਕਦੇ ਤੇ ਆਵਾਗਉਣ ਤੋਂ ਨਹੀਂ ਬਚ ਸਕਦੇ, ਸਜ਼ਾਵਾਂ ਤੋਂ ਨਹੀਂ ਬਚ ਸਕਦੇ। **(ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥ ਰਹਾਉ॥)**

ਆਓ ਹੁਣ ਸ਼ਬਦ ਦੇ ਅਗਲੇ ਪਦੇ ਨੂੰ ਵਿਚਾਰੀਏ ਤੇ ਹੋਰ ਸਮਝੀਏ ਕਿ ਨਾਮ ਜਪਣਾ ਕੀ ਹੈ, ਉਸਦੀ ਸਿਫ਼ਤ ਸਾਲਾਹ ਕੀ ਹੈ।

“ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥੨॥”

ਅਸੀਂ ਸੰਸਾਰਿਕ ਵਡਿਆਈਆਂ ਵਿੱਚ ਪੈ ਜਾਂਦੇ ਹਾਂ ਕਿਉਂਕਿ ਆਪਣੇ ਜਪ ਤਪ ਦੁਆਰਾ, ਕਥਨੀ ਬਦਨੀ ਦੁਆਰਾ ਇੱਥੇ ਸੰਸਾਰ ਵਿੱਚ ਵਡਿਆਈਆਂ ਮਿਲਦੀਆਂ ਹਨ ਜੋ ਕਿ ਬਹੁਤੀ ਦੇਰ ਨਹੀਂ ਰਹਿੰਦੀਆਂ। ਉਸਦੇ ਦਰਬਾਰ ਵਿੱਚ ਜਿਸਨੂੰ ਵਡਿਆਈ ਮਿਲਦੀ ਹੈ, ਉਸਦੀ ਖੁਸ਼ੀ, ਉਸਦਾ ਖੇੜਾ ਸਦਾ ਲਈ ਹੁੰਦਾ ਹੈ ਪਰ ਸੰਸਾਰਿਕ ਵਡਿਆਈਆਂ ਕੁੱਝ ਸਮੇਂ ਲਈ ਹੁੰਦੀਆਂ ਹਨ ਭਾਵ ਸਾਨੂੰ ਉਹ ਕੁੱਝ ਕਰਨਾ ਚਾਹੀਦਾ ਹੈ ਜਿਸ ਦੁਆਰਾ ਸਾਨੂੰ

ਸਦੀਵੀਂ ਖੁਸ਼ੀ ਦੀ ਪ੍ਰਾਪਤੀ ਹੋ ਜਾਵੇ। ਸਦੀਵੀਂ ਖੁਸ਼ੀ ਲੈਣ ਲਈ, ਉਸ ਦੇ ਦਰਬਾਰ ਵਿੱਚ ਆਪਣਾ ਮੁੱਖ ਉਜਲਾ ਕਰਨ ਲਈ ਸਾਡੇ ਮਨ ਦੇ ਵਿੱਚ ਨਾਮ ਦਾ ਵੱਸਣਾ ਜਰੂਰੀ ਹੈ। ਸਾਰਾ ਭੇਦ ਨਾਮ ਨੂੰ ਮਨ ਵਿੱਚ ਵਸਾਉਣ ਦਾ ਹੈ ਜੋ ਕਿ ਉਸਦੀ ਕਿਰਪਾ ਤੋਂ ਬਿਨ੍ਹਾਂ ਨਹੀਂ ਵੱਸ ਸਕਦਾ। ਅਸੀਂ ਆਪਣੀਆਂ ਗੱਲਾਂ ਕਰਨ ਦੁਆਰਾ ਭਾਵ ਮੁੱਖੋਂ ਬੋਲ ਬੋਲ ਕੇ ਨਾਮ ਜਪਦੇ ਹਾਂ ਭਾਵ ਇਸ ਨੂੰ ਨਾਮ ਜਪਣਾ ਸਮਝਦੇ ਹਾਂ ਪਰ ਇਹ ਸਾਡੇ ਲਈ ਕੇਵਲ ਇੱਕ ਕਥਨੀ ਹੈ, ਕੇਵਲ ਮੂੰਹ ਚੋਂ ਹਵਾ ਛੱਡਣ ਵਾਲੀ ਗੱਲ ਹੈ, ਕੇਵਲ ਇੱਕ ਮੂੰਹ ਦਾ ਸ਼ੋਰ ਹੈ **(ਗਲੀ ਵਾਉ ਦੁਆਉ)** ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸਾਡੀ ਕਥਨੀ ਵਾਲਾ ਜਪ ਕਿਸੇ ਲੇਖੇ ਨਹੀਂ ਹੈ ਭਾਵ ਉਸਦੇ ਦਰਬਾਰ ਵਿੱਚ ਇਹੋ ਜਿਹੇ ਜਪ ਤਪ ਦੀ ਕੋਈ ਵਡਿਆਈ ਨਹੀਂ ਮਿਲਦੀ ਭਾਵੇਂ ਸੰਸਾਰ ਵਿੱਚ ਸਾਨੂੰ ਇਹਨਾਂ ਦੁਆਰਾ ਹੀ ਵਡਿਆਈਆਂ ਮਿਲਦੀਆਂ ਹਨ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕਰੀਏ ਜਿਸ ਦੇ ਅਰਥ ਅਸੀਂ ਪਿੱਛੇ ਪਹਿਲਾਂ ਹੀ ਜਾਣ ਚੁੱਕੇ ਹਾਂ।

{ਭਉ ਮੁਚੁ ਭਾਰਾ ਵਡਾ ਤੋਲੁ॥ਮਨ ਮਤਿ ਹਉਲੀ ਬੋਲੇ ਬੋਲੁ॥
ਸਿਰਿ ਧਰਿ ਚਲੀਐ ਸਹੀਐ ਭਾਰੁ॥ਨਦਰੀ ਕਰਮੀ ਗੁਰ ਬੀਚਾਰੁ॥੧॥

ਭੈ ਬਿਨੁ ਕੋਇ ਨ ਲੰਘਸਿ ਪਾਰਿ॥ਭੈ ਭਉ ਰਾਖਿਆ ਭਾਇ ਸਵਾਰਿ॥੧॥ ਰਹਾਉ॥
ਭੈ ਤਨਿ ਅਗਨਿ ਭਖੈ ਭੈ ਨਾਲਿ॥ਭੈ ਭਉ ਘੜੀਐ ਸਬਦਿ ਸਵਾਰਿ॥
ਭੈ ਬਿਨੁ ਘਾੜਤ ਕਚੁ ਨਿਕਚ॥ਅੰਧਾ ਸਚਾ ਅੰਧੀ ਸਟ॥੨॥
ਬੁਧੀ ਬਾਜੀ ਉਪਜੈ ਚਾਉ॥ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਲੇਖ ਵਿੱਚ ਜਾਣ ਚੁੱਕੇ ਹਾਂ ਤੇ ਫਿਰ ਤੋਂ ਸੰਖੇਪ ਵਿੱਚ ਇਸ ਗੱਲ ਨੂੰ ਸਮਝੀਏ ਕਿ ਅਸੀਂ ਇੱਕ ਅੱਖਰ ਦੇ ਜਪ ਤਪ ਤੇ ਆਪਣੀ ਭਗਤੀ ਦੀ ਟੇਕ ਰੱਖੀ ਹੋਈ ਹੈ ਜੋ ਕਿ ਬਿਲਕੁਲ ਖੋਖਲੀ ਟੇਕ ਹੈ। ਅਸਲ ਵਿੱਚ ਗੁਰੂ ਦਾ **"ਭਉ"** ਹੀ ਤਾਂ ਨਾਮ ਹੈ ਜਿਸ ਨੂੰ ਅਸੀਂ ਮੰਨਣਾ ਨਹੀਂ ਚਾਹੁੰਦੇ ਤੇ ਹਰ ਕੋਈ ਭਉ ਨੂੰ ਮੰਨਣ ਤੋਂ ਭੱਜਦਾ ਹੈ, ਗੁਰੂ ਦੇ ਸੱਚ ਨੂੰ ਕਬੂਲ ਕਰਨ ਤੋਂ ਭੱਜਦਾ ਹੈ, ਡਰਦਾ ਹੈ। ਜਦ ਤੱਕ ਸਾਡੇ ਅੰਦਰ ਇਹ ਡਰ ਵੜਿਆ ਹੋਇਆ ਹੈ ਤਦ ਤੱਕ ਅਸੀਂ ਨਾਮ ਨਹੀਂ ਜਪ ਸਕਦੇ ਕਿਉਂਕਿ ਇਸ ਡਰ ਨੂੰ ਕਬੂਲ ਕਰਨਾ ਹੀ ਨਾਮ ਜਪਣਾ ਹੈ।

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ॥੧॥ ਰਹਾਉ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ॥੨॥}

(ਅੰਗ ੧੦੧੦)

9/922

ਉੱਪਰ "ਰਹਾਉ" ਵਾਲੀ ਪੰਗਤੀ ਨੂੰ ਧਿਆਨ ਨਾਲ ਪੜੋ ਤੇ ਸਮਝੋ ਕਿ ਨਾਮ ਕੀ ਹੈ। ਨਾਮ ਗੁਰੂ ਦੀ ਪੂਰੀ ਮਤਿ ਹੈ ਭਾਵ ਜਿਸਦੇ ਅੰਦਰ ਗੁਰੂ ਦੀ ਮਤਿ ਤੋਂ ਬਿਨ੍ਹਾਂ ਹੋਰ ਕੋਈ ਵੀ ਨਹੀਂ ਹੈ ਉਸਦੇ ਅੰਦਰ ਨਾਮ ਹੈ। ਗੁਰੂ ਦੀ ਮਤਿ ਤੇ ਕੋਈ ਪੂਰਾ ਨਹੀਂ ਉਤਰ ਸਕਦਾ।

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

ਤਾਂ ਹੀ ਨਾਮ ਨੂੰ "ਭਉ" ਕਹਿ ਕੇ ਸਮਝਾਇਆ ਹੈ ਕਿਉਂਕਿ ਨਾਮ ਤੇ ਪੂਰਾ ਉਤਰਨ ਦਾ ਭਉ ਸਭ ਵਿੱਚ ਹੈ ਤੇ ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ ਭਾਵ ਗੁਰੂ ਦੀ ਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਕਿਉਂਕਿ ਉਸ ਲਈ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਜਿੰਨ੍ਹਾਂ ਨੂੰ ਛੱਡਣ ਦਾ ਭਉ ਸਭ ਦੇ ਅੰਦਰ ਹੁੰਦਾ ਹੈ ਤੇ ਇਸੇ ਲਈ ਹਰ ਕੋਈ ਇਸ ਭਉ ਨੂੰ ਕਬੂਲ ਕਰਨ ਤੋਂ ਭੱਜਦਾ ਹੈ।

{ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ ੧੦੮੯)

(ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥)

ਅੰਮ੍ਰਿਤ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ, ਬ੍ਰਹਮ ਗਿਆਨ ਦੀ ਪ੍ਰਾਪਤੀ, ਗੁਰੂ ਦੀ ਮਤਿ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਉਸ ਡਰ ਤੋਂ ਨਾ ਭੱਜੀਏ ਜਿਸ ਡਰ ਨੂੰ ਕਬੂਲ ਕਰਨਾ ਬਹੁਤ ਔਖਾ ਹੈ, ਭਾਵ ਗੁਰਮਤਿ ਤੇ ਪੂਰੀ ਤਰ੍ਹਾਂ ਚੱਲਣ ਦੇ ਡਰ ਨੂੰ ਕਬੂਲ ਕੀਤੇ ਬਿਨ੍ਹਾਂ ਭਾਵ ਇਸ ਡਰ ਨੂੰ ਆਪਣੇ ਮਨ ਵਿੱਚੋਂ ਕੱਢੇ ਬਿਨ੍ਹਾਂ ਉਸ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਉਸਦੀ ਚਾਕਰੀ ਨਹੀਂ ਹੋ ਸਕਦੀ।

"ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥ ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥੨॥"

(ਅੰਗ ੪੭੫)

ਜੇਕਰ ਅਸੀਂ ਗੁਰੂ ਦੇ ਸੇਵਕ ਬਣਨਾ ਹੈ ਤਾਂ ਫਿਰ ਸਾਨੂੰ ਆਪਣੇ ਮਨ ਵਿੱਚੋਂ ਇਹ ਭਉ ਕੱਢਣਾ ਹੀ ਪਵੇਗਾ। ਇਹ ਭਉ, ਉਸ ਦੇ ਵਿੱਚ ਸਮਾਉਣ ਦਾ ਹੈ, ਖਸਮ ਦੇ ਵਿੱਚ ਸਮਾਉਣ ਦਾ ਹੈ। ਸਾਡਾ ਖਸਮ "ਸ਼ਬਦ" ਹੈ ਤੇ ਭਉ ਵੀ ਸ਼ਬਦ ਵਿੱਚ ਸਮਾਉਣ ਦਾ ਹੈ। ਸ਼ਬਦ ਗੁਰੂ ਦਾ ਗਿਆਨ ਹੈ, ਗੁਰੂ ਦੀ ਮਤਿ ਹੈ। "ਭਉ" ਗੁਰੂ ਦੀ ਮਤਿ ਵਿੱਚ ਸਮਾਉਣ ਦਾ ਹੈ, ਗੁਰੂ ਦੀ ਮਤਿ ਨੂੰ ਕਬੂਲ ਕਰਨ ਦਾ ਹੈ। ਭਉ ਆਪਣੀ ਮਨਮਤਿ ਤਿਆਗਣ ਦਾ ਹੈ, ਮਾਇਆ ਮੋਹ ਤਿਆਗਣ ਦਾ ਹੈ, ਮਨ ਦੀਆਂ ਇੱਛਾਵਾਂ ਛੱਡਣ ਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣ ਦਾ ਹੈ ਜੋ ਕਿ ਬਹੁਤ ਔਖਾ ਹੈ।

9/923

ਮਨਮਤਿ ਤਿਆਗੇ ਬਿਨਾਂ ਗੁਰਮਤਿ ਵਿੱਚ ਨਹੀਂ ਸਮਾਇਆ ਜਾ ਸਕਦਾ। ਝੂਠ ਤਿਆਗੇ ਬਿਨਾਂ ਸੱਚ ਵਿੱਚ ਨਹੀਂ ਸਮਾਇਆ ਜਾ ਸਕਦਾ। ਬਹੁਤ ਔਖਾ ਹੈ ਸੱਚ ਨੂੰ ਕਬੂਲ ਕਰਨਾ ਕਿਉਂਕਿ ਕੇਵਲ ਇੱਕ ਗੁਰੂ ਦੀ ਮਤਿ ਹੀ ਸੱਚ ਹੈ, ਕੇਵਲ ਇੱਕ ਉਸਦਾ ਭਉ ਕਬੂਲ ਕਰਨਾ ਹੀ ਸੱਚ ਹੈ, ਕੇਵਲ ਇੱਕ ਨਾਮ ਨੂੰ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਹੀ ਸੱਚ ਹੈ।

ਅਸੀਂ ਕੇਵਲ ਇੱਕ ਅੱਖਰ ਨੂੰ ਨਾਮ ਸਮਝ ਕੇ ਜਪਦੇ ਹਾਂ ਪਰ ਉਸ ਅੱਖਰ ਦੀ ਅਸਲੀਅਤ ਨੂੰ ਨਹੀਂ ਜਪਦੇ, ਉਸ ਅੱਖਰ ਦੇ ਗਿਆਨ ਨੂੰ ਨਹੀਂ ਜਪਦੇ। ਜੋ ਅੱਖਰ ਸਭ ਨੂੰ ਗਿਆਨ ਦੇਣ ਵਾਲਾ ਹੈ ਅਸੀਂ ਉਸਨੂੰ ਅਗਿਆਨਤਾ ਦਾ ਰੂਪ ਬਣਾ ਕੇ ਜਪਦੇ ਹਾਂ, ਉਸਨੂੰ ਅੰਧਾ ਰੂਪ ਬਣਾ ਕੇ ਜਪਦੇ ਹਾਂ ਭਾਵ ਅੱਖਰ ਦੇ ਮਨੋਰਥ ਨੂੰ ਅੰਧਾ ਬਣਾ ਕੇ ਜਪਦੇ ਹਾਂ। ਅਸੀਂ ਅਗਿਆਨਤਾ ਨੂੰ ਸੱਚਾ ਬਣਾ ਕੇ ਜਪਦੇ ਹਾਂ ਤੇ ਇਹੋ ਜਿਹਾ ਅੱਖਰ ਦਾ ਜਪ ਕਰਨ ਨਾਲ ਅਸੀਂ ਕੇਵਲ "**ਅੰਧੀ ਸੱਟ**" ਹੀ ਮਾਰਦੇ ਹਾਂ ਭਾਵ ਵਿਅਰਥ ਦਾ ਜਪ ਤਪ ਕਰਦੇ ਹਾਂ, ਆਪਣੇ ਆਪ ਨੂੰ ਖੁਆਰ ਕਰਦੇ ਹਾਂ। **(ਅੰਧਾ ਸਚਾ ਅੰਧੀ ਸਟ॥)**

ਇਸਨੂੰ ਕੇਵਲ ਸਾਡੀ ਸਿਆਣਪ ਦੱਸਿਆ ਹੈ, ਮਨ ਦੀ ਉਪਜ ਦੱਸਿਆ ਹੈ, ਵਿਅਰਥ ਦਾ ਚਾਉ ਦੱਸਿਆ ਹੈ ਜੋ ਕਿ ਪ੍ਰਮਾਤਮਾ ਸਾਨੂੰ ਭਰਮਾਉਣ ਲਈ ਆਪ ਹੀ ਕਰਵਾਉਂਦਾ ਹੈ। ਇਹ ਸਿਆਣਪ ਇਸ ਲਈ ਹੈ ਕਿਉਂਕਿ ਇਸ ਦੁਆਰਾ ਅਸੀਂ ਬਿਨ੍ਹਾਂ ਨਾਮ ਜਪਣ ਤੋਂ ਹੀ ਆਪਣੇ ਆਪ ਨੂੰ ਨਾਮ ਜਪਣ ਵਾਲਾ ਕਹਿੰਦੇ ਹਾਂ ਤੇ ਇਸ ਸਿਆਣਪ ਦੁਆਰਾ ਅਸੀਂ "ਭਉ" ਕਬੂਲ ਕਰਨ ਤੋਂ ਬਚਦੇ ਹਾਂ, ਸੱਚ ਅਪਣਾਉਣ ਤੋਂ ਬਚਦੇ ਹਾਂ, ਮਾਇਆ ਮੋਹ ਛੱਡਣ ਤੋਂ ਬਚਦੇ ਹਾਂ ਭਾਵ ਆਪਣੇ ਆਪ ਨੂੰ ਔਖਾ ਕਰਨ ਤੋਂ ਬਚਦੇ ਹਾਂ, **"ਭਉ"** ਮੰਨਣ ਦਾ ਸੇਕ ਸਹਿਣ ਤੋਂ ਬਚਦੇ ਹਾਂ, ਤਪਣ ਤੋਂ ਭਾਵ "ਤਾਉ" ਤੋਂ, ਸੇਕ ਸਹਿਣ ਤੋਂ ਬਚਦੇ ਹਾਂ ਕਿ ਸਾਨੂੰ ਸੰਸਾਰਿਕ ਸੁੱਖਾਂ ਤੋਂ ਔਖਾ ਨਾ ਹੋਣਾ ਪਵੇ। **(ਬੁਧੀ ਬਾਜੀ ਉਪਜੈ ਚਾਉ॥ਸਹਸ ਸਿਆਣਪ ਪਵੈ ਨ ਤਾਉ॥)**

ਇਹੋ ਜਿਹਾ ਅੱਖਰ ਦਾ ਜਪ ਤਪ ਕਰਨ ਵਾਲਿਆਂ ਨੂੰ ਮਨਮੁਖਿ ਕਹਿ ਕੇ ਸਮਝਾਇਆ ਹੈ ਭਾਵ ਗੁਰੂ ਦੀ ਮਤਿ ਤੋਂ ਹੀਣ ਕਹਿ ਕੇ ਸਮਝਾਇਆ ਹੈ ਤੇ ਉਹਨਾਂ ਦੇ ਇਹੋ ਜਿਹੇ ਬੋਲਾਂ ਨੂੰ ਭਾਵ ਮੁੱਖ ਦੁਆਰਾ ਜਪ ਤਪ ਨੂੰ ਕੇਵਲ ਮੁੱਖੋਂ ਹਵਾ ਛੱਡਣ ਵਾਲੀ ਗੱਲ ਦੱਸਿਆ ਹੈ, ਮੂੰਹ ਦਾ ਸ਼ੋਰ ਦੱਸਿਆ ਹੈ ਭਾਵ ਇੱਕ ਵਿਅਰਥ ਦੀ ਕਿਰਿਆ ਦੱਸਿਆ ਹੈ। **(ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥)**

9/924

ਇਹੋ ਜਿਹੀ ਕਿਰਿਆ ਵਿੱਚ ਕੇਵਲ ਸਾਡੀ ਕਥਨੀ ਹੈ ਪਰ ਕਰਨੀ ਨਹੀਂ ਹੈ। ਕਰਨੀ ਗੁਰੂ ਦੀ ਮਤਿ ਨੂੰ ਮੰਨਣ ਦੇ ਭਉ ਨੂੰ ਕਬੂਲ ਕਰਕੇ ਹੋ ਸਕਦੀ ਹੈ ਭਾਵ ਸਾਡੀ ਚੰਗੀ ਕਰਨੀ ਗੁਰੂ ਦੇ ਦੱਸੇ ਹੋਏ ਸੱਚ ਨੂੰ ਅਪਣਾ ਕੇ ਹੀ ਹੋ ਸਕਦੀ ਹੈ ਨਾ ਕਿ ਮੁੱਖੋਂ ਬੋਲ ਬੋਲ ਕੇ ਕਿਸੇ ਕਥਨੀ ਦੇ ਜਪ ਤਪ ਦੁਆਰਾ। ਇਹ ਜਪ ਤਪ ਕੇਵਲ ਸਾਡੀਆਂ ਸਿਆਣਪਾਂ ਹੀ ਹਨ, ਕੇਵਲ ਸਾਡੀ ਮਨਮਤਿ ਹੈ, ਸਾਡੇ ਹੌਲੇ ਬੋਲ ਹਨ ਜਿਸ ਨਾਲ ਅਸੀਂ ਉਸ ਪ੍ਰਮਾਤਮਾ ਦਾ ਵੱਡਾ ਤੋਲ ਭਾਵ ਗੁਰਮਤਿ ਤੇ ਪੂਰਾ ਉਤਰਨ ਦਾ ਤੋਲ ਨਹੀਂ ਤੁਲ ਸਕਦੇ। **(ਭਉ ਮੁਚੁ ਭਾਰਾ ਵਡਾ ਤੋਲੁ॥ਮਨ ਮਤਿ ਹਉਲੀ ਬੋਲੇ ਬੋਲੁ॥)**

ਆਓ ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਵਿਚਾਰੀਏ ਤੇ ਸਮਝੀਏ ਕਿ ਜਦੋਂ ਅਸੀਂ ਆਪਣੀ ਮਨਮਤਿ ਛੱਡ ਕੇ ਪ੍ਰਮਾਤਮਾ ਦੇ ਦਰ ਤੇ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੇ ਦਰ ਤੇ ਜਾਣਾ ਹੈ ਉੱਥੇ ਕਿਸ ਗੱਲ ਦੀ ਕਦਰ ਪੈਣੀ ਹੈ।

"ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥

ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥੩॥"

ਇਸ ਸੰਸਾਰ ਦੇ ਵਿੱਚ ਸਾਡੀ ਕਦਰ ਸਾਡੇ ਉੱਚੇ ਰੁਤਬੇ ਦੁਆਰਾ ਪੈਂਦੀ ਹੈ, ਸਾਡੇ ਉੱਚੇ ਅਹੁਦਿਆਂ ਦੁਆਰਾ ਤੇ ਜਿਆਦਾ ਮਾਇਆ ਇਕੱਠੀ ਕਰਨ ਦੁਆਰਾ ਪੈਂਦੀ ਹੈ ਭਾਵ ਸੱਚ ਦੀ ਕੋਈ ਬਹੁਤੀ ਕਦਰ ਨਹੀਂ ਪੈਂਦੀ। ਇਸੇ ਕਰਕੇ ਹਰ ਕੋਈ ਆਪਣੇ ਆਪ ਨੂੰ ਸੰਸਾਰ ਵਿੱਚ ਉੱਚਾ ਹੀ ਸਾਬਿਤ ਕਰਕੇ ਦਿਖਾਉਣਾ ਚਾਹੁੰਦਾ ਹੈ ਭਾਵੇਂ ਉਹ ਧਰਮ ਦਾ ਮਾਰਗ ਹੀ ਕਿਉਂ ਨਾ ਹੋਵੇ। ਇਸ ਗੱਲ ਦੀ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਕਿ ਉੱਥੇ ਕਿਸੇ ਸੰਸਾਰਿਕ ਰੁਤਬੇ ਦੀ ਕੋਈ ਕਦਰ ਨਹੀਂ ਪੈਂਦੀ। ਉੱਥੇ ਕਦਰ ਕੇਵਲ ਸੱਚ ਤੇ ਚੱਲਣ ਦੀ ਕਦਰ ਪੈਂਦੀ ਹੈ, ਗੁਣਾਂ ਦੀ ਪੈਂਦੀ ਹੈ ਭਾਵ ਨਾਮ ਦੀ ਪੈਂਦੀ ਹੈ, ਸੱਚੇ ਸੁੱਚੇ ਕਰਮਾਂ ਦੀ ਪੈਂਦੀ ਹੈ। **(ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥੩॥)** ਸ਼ਬਦ ਦੀ ਅਗਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

"ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥"

ਇਸ ਪੰਗਤੀ ਦੇ ਅਰਥ ਸਾਨੂੰ ਤਾਂ ਸਮਝ ਆਉਣਗੇ ਜੇਕਰ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ **"ਭੈ"** ਕੀ ਹੈ। ਇਸੇ ਲਈ ਅਸੀਂ ਪਿੱਛੇ ਸ਼ਬਦ ਦੁਆਰਾ "ਭੈ" ਦੀ ਗੱਲ ਵੀ ਨਾਲ ਹੀ ਸਮਝੀ ਹੈ ਤੇ ਪਿੱਛੇ ਵੀ ਲੇਖ ਵਿੱਚ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

10/925

ਗੁਰੂ ਦੇ "ਭੈ" ਨੂੰ ਕਬੂਲ ਕੀਤੇ ਬਿਨ੍ਹਾਂ, "ਸੱਚ" ਨੂੰ ਕਬੂਲ ਕੀਤੇ ਬਿਨ੍ਹਾਂ ਸੰਸਾਰ ਦੇ ਦੁੱਖਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ। ਜੇਕਰ ਅਸੀਂ ਇਸ "ਭੈ" ਨੂੰ ਆਪਣੇ ਨਾਲ ਲੈ ਕੇ ਚੱਲਦੇ ਹਾਂ ਭਾਵ ਜਦ ਤੱਕ ਅਸੀਂ ਇਸ "ਭੈ" ਨੂੰ ਆਪਣੇ ਅੰਦਰੋਂ ਨਹੀਂ ਕੱਢਦੇ ਇਸ "ਭੈ" ਨੇ ਸਾਡਾ ਪਿੱਛਾ ਨਹੀਂ ਛੱਡਣਾ। ਇਸੇ "ਭੈ" ਨੇ ਜੋ ਭੈ ਮਾਇਆ ਮੋਹ ਵਿੱਚੋਂ ਨਿਕਲਣ ਦਾ ਭੈ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਉਹ ਭੈ ਗੁਰੂ ਦੇ ਸੱਚ ਦੇ ਭੈ ਨੂੰ ਕਬੂਲ ਕੀਤੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਤੇ ਅਮਲ ਕੀਤੇ ਬਿਨ੍ਹਾਂ ਸਾਡੇ ਮਾੜੇ ਕਰਮ ਕੇਵਲ ਖਪਣ ਵਾਲੇ ਹਨ ਤੇ ਇਸੇ ਤਰ੍ਹਾਂ ਖਪ ਖਪ ਕੇ ਹੀ ਇਹ ਦੇਹ ਖ਼ਤਮ ਹੋ ਜਾਂਦੀ ਹੈ ਭਾਵ ਮਨੁੱਖ ਇਸ ਦੁਨੀਆਂ ਤੋਂ ਚਲਾ ਜਾਂਦਾ ਹੈ। **(ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥)**

{ਭੈ ਬਿਨੁ ਕੋਇ ਨ ਲੰਘਸਿ ਪਾਰਿ॥ ਭੈ ਭਉ ਰਾਖਿਆ ਭਾਇ ਸਵਾਰਿ॥੧॥ ਰਹਾਉ॥}

(ਅੰਗ ੧੫੧)

"ਗੁਰੂ ਦੇ ਭੈ" ਨੂੰ ਕਬੂਲ ਕਰਨਾ ਹੀ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੈ, ਪ੍ਰਮਾਤਮਾ ਦਾ ਨਾਮ ਜਪਣਾ ਹੈ। ਇਹੀ ਗੱਲ ਮੁੱਖ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ। ਆਪਣੇ ਅੰਦਰੋਂ ਮਾਇਆ ਮੋਹ ਨੂੰ ਸਾੜਨਾ ਹੀ ਉਸ ਦੇ ਭੈ ਨੂੰ ਕਬੂਲ ਕਰਨਾ ਹੈ। ਪ੍ਰਮਾਤਮਾ ਦੇ ਦਰ ਤੋਂ ਵਡਿਆਈ ਉਸ ਦਾ ਭਉ ਕਬੂਲ ਕਰਨ ਨਾਲ ਹੀ ਮਿਲਦੀ ਹੈ ਕਿਉਂਕਿ ਉਸ ਦੀ ਵਡਿਆਈ ਵੀ ਅਸੀਂ ਉਸ ਦਾ ਭਉ ਕਬੂਲ ਕਰਕੇ ਹੀ ਕਰ ਸਕਦੇ ਹਾਂ। ਉਸ ਦੀ ਸੱਚੀ ਵਡਿਆਈ ਕਰਕੇ ਹੀ ਸਾਨੂੰ ਉਸ ਦੇ ਦਰ ਤੋਂ ਵਡਿਆਈ ਮਿਲ ਸਕਦੀ ਹੈ, ਮਾਣ ਮਿਲ ਸਕਦਾ ਹੈ।

ਅਸੀਂ ਪ੍ਰਮਾਤਮਾ ਦੇ ਦਰ ਦੀ ਵਡਿਆਈ ਨੂੰ ਛੱਡ ਕੇ ਸੰਸਾਰਿਕ ਵਡਿਆਈਆਂ ਵਿੱਚ ਪੈ ਜਾਂਦੇ ਹਾਂ, ਆਪਣੇ ਆਪ ਨੂੰ ਉੱਚਾ ਸਾਬਿਤ ਕਰਦੇ ਹਾਂ ਪਰ ਇਹ ਵਡਿਆਈਆਂ ਸਾਡੇ ਕੰਮ ਨਹੀਂ ਆਉਂਦੀਆਂ ਤੇ ਸਾਨੂੰ ਮੁੜ ਮੁੜ ਮਨ ਦੇ ਆਵਾਗਉਣ ਵਿੱਚ ਹੀ ਪਾਉਂਦੀਆਂ ਹਨ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨ ਵਿੱਚ ਦੂਰ ਹੀ ਰੱਖਦੀਆਂ ਹਨ, ਸਾਡੇ ਜੀਵਨ ਦੇ ਅਸਲ ਮਨੋਰਥ ਦੀ ਪੂਰਤੀ ਤੋਂ ਦੂਰ ਹੀ ਰੱਖਦੀਆਂ ਹਨ ਭਾਵੇਂ ਕੋਈ ਦੁਨਿਆਵੀ ਵਡਿਆਈਆਂ ਦੁਆਰਾ ਕਿਤਨਾ ਵੱਡਾ ਕਿਉਂ ਨਾ ਅਖਵਾ ਲਵੇ। **(ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥)** ਜਦ ਤੱਕ ਅਸੀਂ ਸੰਸਾਰ ਦੇ ਵਿੱਚ ਵਿਚਰ ਰਹੇ ਹਾਂ ਸਾਡਾ ਨੇਹ ਕੂੜ ਦੇ ਨਾਲ ਲੱਗਾ ਰਹਿੰਦਾ ਹੈ ਭਾਵ ਮਨ ਦੀ ਨਾਮਸਝ ਝੂਠੀ ਮਤਿ ਦੇ ਨਾਲ ਲੱਗਾ ਰਹਿੰਦਾ ਹੈ ਭਾਵ ਅਸੀਂ ਸੱਚ ਤੋਂ ਦੂਰ ਰਹਿੰਦੇ ਹਾਂ, ਅਸੀਂ ਮਾਇਆ ਮੋਹ ਨਾਲ ਨੇਹ ਕਰਦੇ ਹਾਂ, ਸਾਡੇ ਅੰਦਰ ਮਾਇਆ ਮੋਹ ਨੂੰ ਛੱਡਣ ਦਾ ਭੈ ਬਣਿਆ ਰਹਿੰਦਾ

10/926

ਹੈ ਜੋ ਸਾਨੂੰ ਸੱਚ ਨਾਲ ਜੁੜਨ ਨਹੀਂ ਦਿੰਦਾ, ਨਾਮ ਨਾਲ ਜੁੜਨ ਨਹੀਂ ਦਿੰਦਾ। ਸੱਚ ਦੀ ਕਦਰ ਉਦੋਂ ਪੈਂਦੀ ਹੈ ਜਦੋਂ ਲੇਖਾ ਦੇਣਾ ਪੈਂਦਾ ਹੈ ਭਾਵ ਪ੍ਰਮਾਤਮਾ ਦੀਆਂ ਸਜਾਵਾਂ ਸਹਿਣੀਆਂ ਪੈਂਦੀਆਂ ਹਨ ਜਿੰਨ੍ਹਾਂ ਸਜਾਵਾਂ ਦੀ ਸਮਝ ਨਹੀਂ ਪੈਂਦੀ ਕਿ ਪ੍ਰਮਾਤਮਾ ਮੈਨੂੰ

ਸਜਾ ਕਿਸ ਲਈ ਦੇ ਰਹਿਆ ਹੈ। ਸੰਸਾਰ ਵਿੱਚ ਵਿਚਰਦਿਆਂ ਸਾਨੂੰ ਕੂੜ, ਝੂਠ ਹੀ ਚੰਗਾ ਲੱਗਦਾ ਹੈ, ਮਾਇਆ ਹੀ ਮੋਂਹਦੀ ਹੈ ਜੋ ਕਿ ਸਾਡੇ ਜੀਵਨ ਦੇ ਵਿਅਰਥ ਜਾਣ ਦਾ ਕਾਰਨ ਹੈ। **(ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥੪॥੬॥)**

ਪਿਛਲੇ ਸ਼ਬਦ ਰਾਹੀਂ ਅਸੀਂ ਆਪਣੇ ਲੇਖ ਲਿਖਣ ਦੀ ਗੱਲ ਸਮਝੀ ਹੈ ਤੇ ਉਹ ਲੇਖ ਲਿਖਣ ਲਈ ਜਿਹੋ ਜਿਹੇ ਕਾਗਜ਼ ਦੀ, ਕਲਮ ਦੀ, ਸਿਆਹੀ ਦੀ ਲੋੜ ਪੈਂਦੀ ਹੈ ਉਹ ਲੋੜ ਕਿੱਥੋਂ ਪੂਰੀ ਹੁੰਦੀ ਹੈ ਭਾਵ ਉਹ ਲੇਖ ਕਿਵੇਂ ਲਿਖੇ ਜਾ ਸਕਦੇ ਹਨ ਇਹ ਅਸੀਂ ਹੇਠ ਲਿਖੇ ਸ਼ਬਦਾਂ ਦੁਆਰਾ ਸਮਝ ਸਕਦੇ ਹਾਂ।

ਸਲੋਕ ਮਃ ੧॥
ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥੧॥

(ਅੰਗ ੧੨੯੧)

ਮਃ ੧॥
ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥੨॥

(ਅੰਗ ੧੨੯੧)

ਪਿਛਲੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਸਿਆਹੀ, ਕਾਗਜ਼ ਇਹ ਸਭ ਕੁੱਝ ਮਨ ਹੀ ਹੈ ਤੇ ਇਹ ਮਨ ਹੀ ਆਪ ਲਿਖਾਰੀ ਹੈ। ਜਦ ਤੱਕ ਇਹ ਲਿਖਾਰੀ ਮਨ ਤ੍ਰੈਗੁਣਾਂ ਵਿੱਚ ਹੈ, ਮਾਇਆ ਦੀ ਜੁਗਤਿ ਵਿੱਚ ਹੈ ਉਸ ਨੂੰ ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ ਕਿ ਅਸਲ ਵਿੱਚ ਇਹ ਲੇਖ ਲਿਖਾਉਣ ਵਾਲਾ ਕੌਣ ਹੈ, ਇਹ ਮਨ ਕੀ ਹੈ ਭਾਵ ਇਸ ਮਨ ਦੀ ਕੀਮਤ ਨੂੰ ਕੋਈ ਨਹੀਂ ਸਮਝ ਸਕਦਾ।

10/927

ਗੁਰਬਾਣੀ ਦੀ ਰਚਨਾ ਵੀ ਮਨ ਦੇ ਵਿੱਚੋਂ ਹੀ ਹੋਈ ਹੈ। ਜਦ ਤੱਕ ਲਿਖਤ ਮਨ ਦੇ ਵਿੱਚ ਹੈ ਤਦ ਤੱਕ ਉਸ ਦਾ ਸਰੂਪ "ਨਿਰਗੁਣ" ਹੈ ਭਾਵ ਪਹਿਲਾਂ ਗੱਲ ਮਨ ਦੇ ਵਿੱਚ ਲਿਖੀ ਜਾਂਦੀ ਹੈ ਤੇ ਉਸ ਤੋਂ ਬਾਅਦ ਉਸਦਾ "ਸਰਗੁਣ" ਸਰੂਪ ਬਣਦਾ ਹੈ ਭਾਵ ਉਹ ਗੱਲ ਸਰਗੁਣ ਸਰੂਪ ਵਿੱਚ ਸਰਗੁਣ ਰੂਪ ਕਾਗਜ ਤੇ ਲਿਖੀ ਜਾਂਦੀ ਹੈ। ਸਰਗੁਣ ਸਰੂਪ ਨੂੰ ਮਨੁੱਖ ਦਾ ਸਰਗੁਣ ਸਰੂਪ ਸਰੀਰ ਹੀ ਤਿਆਰ ਕਰਦਾ ਹੈ ਤੇ ਨਿਰਗੁਣ ਸਰੂਪ ਨੂੰ ਨਿਰਗੁਣ ਸਰੂਪ ਮਨ ਹੀ ਤਿਆਰ ਕਰਦਾ ਹੈ ਭਾਵ ਪਹਿਲੇ ਲਿਖਤ ਨਿਰਗੁਣ ਸਰੂਪ ਬਣਦਾ ਹੈ ਤੇ ਤਾਂ ਹੀ ਉਸ ਨਿਰਗੁਣ ਸਰੂਪ ਦਾ ਕੋਈ ਸਰਗੁਣ ਸਰੂਪ ਬਣਦਾ ਹੈ। ਮਨ ਦੇ ਵਿੱਚ ਗਿਆਨ ਦੇ ਨਿਰਗੁਣ ਸਰੂਪ ਦਾ ਲਿਖਾਰੀ ਕੌਣ ਹੈ, ਇਸ ਦੀ ਸੋਝੀ ਤ੍ਰੈਗੁਣਾਂ ਵਿੱਚ ਰਹਿੰਦਿਆਂ ਨਹੀਂ ਪੈ ਸਕਦੀ। ਉਸ ਦੀ ਸੋਝੀ ਕੇਵਲ ਚੌਥੇ ਪਦ ਦੁਆਰਾ ਪੈ ਸਕਦੀ ਹੈ।

ਗੁਰਬਾਣੀ ਦੀ ਰਚਨਾ ਵੱਖਰੇ-ਵੱਖਰੇ ਲਿਖਾਰੀਆਂ ਦੁਆਰਾ ਹੋਈ ਹੈ, ਸਭ ਨੇ ਹੀ ਨਾਮ ਦੀ ਰਚਨਾ ਕੀਤੀ ਹੈ, ਸਭ ਨੇ ਹੀ ਪ੍ਰਮਾਤਮਾ ਦੇ ਸੱਚ ਦੀ ਰਚਨਾ ਕੀਤੀ ਹੈ। ਪੂਰੀ ਗੁਰਬਾਣੀ ਨਾਮ ਦੀ ਰਚਨਾ ਹੈ, ਪ੍ਰਮਾਤਮਾ ਦੇ ਸੱਚ ਦੀ ਰਚਨਾ ਹੈ, ਪ੍ਰਮਾਤਮਾ ਦੀ ਆਪਣੀ ਵਿਆਖਿਆ ਹੈ, ਨਾਮ ਦੀ ਵਿਆਖਿਆ ਹੈ। ਉੱਪਰ ਦਿੱਤੇ ਪਹਿਲੇ ਸਲੋਕ ਨੂੰ ਧਿਆਨ ਨਾਲ ਸਮਝੋ ਕਿ ਨਾਮ ਨੂੰ ਲਿਖਾਉਣ ਵਾਲਾ, ਆਪਣੇ ਸੱਚ ਨੂੰ ਲਿਖਾਉਣ ਵਾਲਾ ਉਹ ਲੇਖਾਰੀ ਕੌਣ ਹੈ, ਉਹ ਕਾਗਜ਼, ਕਲਮ, ਉਹ ਸਿਆਹੀ ਤੇ ਭਾਂਡਾ ਕੌਣ ਹੈ ਜਿਸ ਨੂੰ ਧੰਨ ਧੰਨ ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਇਹ "ਧੰਨੁ ਧਨੁ" ਉਸ ਪ੍ਰਮਾਤਮਾ ਨੂੰ ਸੰਬੋਧਨ ਕੀਤਾ ਗਿਆ ਹੈ ਜੋ ਆਪ ਹੀ ਮਨ ਵਿੱਚ ਪ੍ਰਗਟ ਹੋ ਕੇ ਆਪਣਾ ਸੱਚ ਲਿਖਾਉਂਦਾ ਹੈ, ਆਪਣੇ ਆਪ ਦੀ ਸੋਝੀ ਪਾਉਂਦਾ ਹੈ ਭਾਵ ਇਹ ਸਾਰਾ ਗਿਆਨ ਨਿਰਗੁਣ ਰੂਪ ਵਿੱਚ ਪ੍ਰਮਾਤਮਾ ਦੇ ਕੋਲੋਂ ਆਉਂਦਾ ਹੈ ਤੇ ਉਹੀ ਇੱਕੋ ਇੱਕ ਗਿਆਨ ਦਾ ਸ੍ਰੋਤ ਹੈ ਤੇ ਮਨੁੱਖ ਕੋਲ ਆਪਣਾ ਕੋਈ ਗਿਆਨ ਨਹੀਂ ਹੈ ਜਿਸ ਮਨੁੱਖੀ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਮਨੁੱਖੀ ਸਰੀਰ ਨੂੰ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਉਸਦੇ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪ ਹੀ ਗੁਰੂ ਹੈ।
(ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥੧॥)
ਹੁਣ ਅਗਲੇ ਸਲੋਕ ਨੂੰ ਧਿਆਨ ਨਾਲ ਪੜੋ ਕਿ ਇਸ ਮਨ ਰੂਪ ਪੱਟੀ ਤੇ ਲੇਖ ਲਿਖਣ ਵਾਲਾ ਕੌਣ ਹੈ। ਸਾਡੀ ਮਨ ਦੀ ਪੱਟੀ ਤੇ ਜੋ ਵੀ ਲੇਖ ਲਿਖਿਆ ਹੋਇਆ ਹੈ, ਜੋ ਵੀ ਲਿਖਿਆ ਜਾ ਰਿਹਾ ਹੈ, ਜੋ ਵੀ ਲਿਖਿਆ ਜਾਣਾ ਹੈ ਭਾਵ ਸਾਡੇ ਮਨ ਦੇ ਅੰਦਰ ਜੋ ਵੀ ਗਿਆਨ ਹੈ ਉਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਸਾਡੇ

10/928

ਅੰਦਰ ਜੋ ਗਿਆਨ ਹੈ ਉਹ ਆਪ ਪ੍ਰਮਾਤਮਾ ਹੀ ਹੈ, ਉਹ ਆਪ ਹੀ ਵਿਚਰ ਰਿਹਾ ਹੈ ਤੇ ਮਨੁੱਖ ਦਾ ਆਪਣਾ ਕੋਈ ਗਿਆਨ ਨਹੀਂ ਹੈ। **(ਆਪੇ ਪਟੀ ਕਲਮ ਆਪਿ ਉਪਰ ਲੇਖ ਭਿ ਤੂੰ॥)** ਭਾਵ ਉਹ ਪ੍ਰਮਾਤਮਾ ਆਪ ਹੀ ਸਭ ਨੂੰ ਗਿਆਨ ਦੇਣ ਵਾਲਾ ਹੈ, ਆਪ ਹੀ ਗਿਆਨ ਦਾ ਮਾਲਕ ਹੈ ਤੇ ਆਪ ਹੀ ਗਿਆਨ ਰੂਪ ਵਿੱਚ ਵਿਚਰ ਰਿਹਾ ਹੈ। ਇਸੇ ਲਈ ਸਭ ਜਗ੍ਹਾ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਹੋ ਹੀ ਨਹੀਂ ਸਕਦਾ ਕਿਉਂਕਿ ਸਭ ਜਗ੍ਹਾ, ਸਭ ਵਿੱਚ ਉਹ ਆਪਣੇ ਗਿਆਨ ਰੂਪ ਵਿੱਚ ਹੀ ਵਰਤ ਰਿਹਾ ਹੈ। **(ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥)** ਇਸੇ ਲਈ ਜੋ ਮਨੁੱਖ ਆਪਣੇ ਅੰਦਰੋਂ ਮਨ ਨੂੰ ਨਹੀਂ ਪਹਿਚਾਣਦਾ ਉਸ ਨੂੰ ਗਿਆਨ ਦੀ ਸੋਝੀ ਨਹੀਂ ਪੈ ਸਕਦੀ। ਮਨ ਨੂੰ ਜਾਣੇ ਬਿਨ੍ਹਾਂ ਹਰ ਕੋਈ ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਹੀ ਸਮਝਦਾ ਹੈ, ਆਪਣੀ "ਮੈਂ" ਸਮਝਦਾ ਹੈ, ਆਪਣੇ ਆਪ ਨੂੰ ਉੱਚਾ ਅਖਵਾਉਂਦਾ ਹੈ।

{ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥੧॥}

(ਅੰਗ ੬੪੭)

ਜਿੰਨ੍ਹਾਂ ਨੇ ਬਾਣੀ ਉਚਾਰੀ ਹੈ ਉਹਨਾਂ ਨੇ ਗਿਆਨ ਨੂੰ ਆਪਣਾ ਕਰਕੇ ਨਹੀਂ ਦੱਸਿਆ ਬਲਕਿ ਗਿਆਨ ਨੂੰ "ਗੁਰੂ" ਕਰਕੇ ਦੱਸਿਆ ਹੈ, ਪ੍ਰਮਾਤਮਾ ਨੂੰ ਗੁਰੂ ਕਰਕੇ ਦੱਸਿਆ ਹੈ, ਪ੍ਰਮਾਤਮਾ ਨੂੰ ਬ੍ਰਹਮ ਗਿਆਨੀ ਕਹਿ ਕੇ ਦੱਸਿਆ ਹੈ ਪਰ ਆਪਣੇ ਆਪ ਨੂੰ ਬ੍ਰਹਮ ਗਿਆਨੀ ਨਹੀਂ ਕਿਹਾ ਕਿਉਂਕਿ ਉਹਨਾਂ ਨੂੰ ਮਨ ਦੀ ਪਰਤੀਤ ਸੀ। ਆਪਣੇ ਲੇਖ ਲਿਖਣੇ, ਮਾਇਆ ਮੋਹ ਵਿੱਚੋਂ ਨਿਕਲਣਾ, ਔਗੁਣਾਂ ਤੋਂ ਰਹਿਤ ਹੋਣਾ, ਪ੍ਰਮਾਤਮਾ ਦੇ ਭਉ ਨੂੰ ਕਬੂਲ ਕਰਨਾ ਇਸੇ ਲਈ ਸਾਡੇ ਵੱਸ ਨਹੀਂ ਹੈ ਕਿਉਂਕਿ ਜਿਸ ਦੁਆਰਾ ਲੇਖ ਲਿਖਣੇ ਹਨ, ਨਾ ਉਹ ਕਲਮ ਆਪਣੀ ਹੈ, ਨਾ ਉਹ ਕਾਗਜ਼ ਆਪਣਾ ਹੈ, ਨਾ ਸਿਆਹੀ ਬਣਾਉਣੀ ਸਾਡੇ ਵੱਸ ਹੈ, ਨਾ ਲਿਖਾਰੀ ਸਾਡੇ ਵੱਸ ਹੈ। ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਜਿਹੋ ਜਿਹੀ ਗਿਆਨ ਦੀ ਭੁਗਤਿ ਮਿਲਦੀ ਹੈ ਇਹ ਉਸਦੀ ਕਿਰਪਾ ਹੈ, ਉਸ ਦੀ ਰਜ਼ਾ ਹੈ।

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥}

(ਅੰਗ - ੬)

ਸਾਰਾ ਕੁੱਝ ਉਸ ਦੀ ਕਿਰਪਾ ਤੇ ਨਿਰਭਰ ਹੈ। ਜਦ ਤੱਕ ਉਸ ਦੀ ਮਰਜ਼ੀ ਸਾਨੂੰ ਆਪਣੇ ਨਾਲ ਜੋੜਨ ਦੀ ਨਹੀਂ ਬਣਦੀ ਉਹ ਸਾਨੂੰ ਭਰਮ ਭੁਲੇਖੇ ਵਿੱਚ ਹੀ ਰੱਖਦਾ ਹੈ। ਉਸ ਦੇ ਸੋਝੀ ਪਾਏ ਬਿਨ੍ਹਾਂ ਸਾਨੂੰ ਧਰਮ ਦੇ ਮਾਰਗ ਦੀ ਸਹੀ ਸੋਝੀ ਵੀ

10/929

ਨਹੀਂ ਪੈਂਦੀ। ਸਾਡੇ ਲਈ ਸੋਝੀ ਉਹੀ ਹੈ ਭਾਵ ਅਸੀਂ ਉਹੀ ਕੁੱਝ ਕਰਦੇ ਹਾਂ ਜੋ ਕੁੱਝ ਸਾਡੇ ਮਨ ਦੀ ਪੱਟੀ ਤੇ ਲਿਖਿਆ ਜਾਂਦਾ ਹੈ।

ਗੁਰੂ ਦਾ ਗਿਆਨ ਹੀ ਸਾਡੇ ਲਈ ਉਸਦੀ ਦਿੱਤੀ ਹੋਈ ਭਿਖਿਆ ਹੈ, ਦਾਨ ਹੈ। ਮਨ ਦੇ ਵਿੱਚ ਜਿਹੋ ਜਿਹਾ ਦਾਨ ਮਨੁੱਖ ਨੂੰ ਪ੍ਰਮਾਤਮਾ ਕੋਲੋਂ ਮਿਲਦਾ ਹੈ ਭਾਵ ਜਿਹੋ ਜਿਹੀ ਸਮਝ ਦਾ ਦਾਨ ਉਸਨੂੰ ਮਨ ਦੇ ਵਿੱਚ ਪ੍ਰਮਾਤਮਾ ਦਿੰਦਾ ਹੈ ਉਹ ਉਸੇ ਤਰ੍ਹਾਂ ਵਿਚਰਦਾ ਹੈ। ਜੇਕਰ ਉਸਦਾ ਦਾਨ ਚੰਗਾ ਮਿਲ ਜਾਵੇ ਤਾਂ ਮਨੁੱਖ ਦੇ ਕਰਮ ਚੰਗੇ ਬਣ ਜਾਂਦੇ ਹਨ ਤੇ ਜੇਕਰ ਉਸਦਾ ਦਾਨ ਸਾਨੂੰ ਖੁਆਰੀ ਕਰਨ ਵਾਲਾ ਹੋਵੇ ਤਾਂ ਅਸੀਂ ਉਹੋ ਕੁੱਝ ਹੀ ਕਰਦੇ ਹਾਂ ਜੋ ਧਰਮ ਦੇ ਮਾਰਗ ਅਨੁਸਾਰ ਨਹੀਂ ਹੁੰਦਾ ਭਾਵ ਸਾਡੇ ਆਪਣੇ ਵੱਸ ਕੁੱਝ ਨਹੀਂ ਹੈ। ਜੋ ਕੁੱਝ ਸਾਡੀ ਮਨ ਦੀ ਪੱਟੀ ਤੇ ਉਹ ਲਿਖਦਾ ਹੈ, ਇਹ ਹੀ ਉਸਦਾ ਦਾਨ ਹੈ ਜਿਸ ਦੁਆਰਾ ਅਸੀਂ ਉਸਦੀਆਂ ਨਜ਼ਰਾਂ ਵਿੱਚ ਚੰਗੇ ਮੰਦੇ ਬਣਦੇ ਹਾਂ।

ਆਪਣਾ ਦਾਨ ਉਹ ਆਪਣੀ ਮਰਜ਼ੀ ਨਾਲ ਹੀ ਦਿੰਦਾ ਹੈ। ਜਿਸਨੂੰ ਪ੍ਰਮਾਤਮਾ ਨੇ ਦਰਸ਼ਨ ਦੇਣੇ ਹੁੰਦੇ ਹਨ ਉਸਨੂੰ ਆਪ ਹੀ ਚੰਗਾ ਬਣਾਉਂਦਾ ਹੈ। ਮਨੁੱਖ ਨੂੰ ਚੰਗਾ ਬਣਾਉਣ ਲਈ ਉਸਦੇ ਅੰਦਰ ਉੱਦਮ ਵੀ ਆਪ ਹੀ ਬਖਸ਼ਦਾ ਹੈ। ਜਦ ਤੱਕ ਮਨੁੱਖ ਤ੍ਰੈਗੁਣਾਂ ਵਿੱਚ ਵਰਤਦਾ ਹੈ, ਉਹ ਆਪਣੇ ਮਨ ਦੇ ਗਿਆਨ ਨੂੰ ਆਪਣਾ ਹੀ ਸਮਝਦਾ ਹੈ ਤੇ ਇਸੇ ਲਈ ਉੱਦਮ ਕਰਨ ਦੀ ਜ਼ਿੰਮੇਵਾਰੀ ਵੀ ਮਨੁੱਖ ਦੇ ਨਾਮ ਹੀ ਹੈ। ਮਨੁੱਖ ਚੰਗੇ ਮੰਦੇ ਕੰਮਾਂ ਦੀਆਂ ਵਡਿਆਈਆਂ ਆਪ ਲੈਂਦਾ ਹੈ, ਆਪਣੀ ਸ਼ੋਭਾ ਬਣਾਉਂਦਾ ਹੈ ਤੇ ਇਸੇ ਲਈ ਮਾੜੇ ਕਰਮਾਂ ਦੀ ਜ਼ਿੰਮੇਵਾਰੀ ਵੀ ਉਸਦੇ ਸਿਰ ਹੀ ਹੁੰਦੀ ਹੈ। ਜੇਕਰ ਸਾਡੇ ਕੋਲੋਂ ਮਾੜੇ ਕਰਮ ਉਹ ਕਰਵਾਉਂਦਾ ਹੈ ਤੇ ਉਹਨਾਂ ਨੂੰ ਬਖਸ਼ਣ ਦੀ ਜ਼ਿੰਮੇਵਾਰੀ ਵੀ ਉਹ ਆਪ ਹੀ ਲੈਂਦਾ ਹੈ। ਜਦ ਤੱਕ ਵਡਿਆਈਆਂ ਅਸੀਂ ਆਪ ਲੈਂਦੇ ਹਾਂ ਤਦ ਤੱਕ ਔਗੁਣਾਂ ਦੀ ਜ਼ਿੰਮੇਵਾਰੀ ਵੀ ਸਾਡੀ ਹੈ। ਇਹ ਆਪਣੀ ਨਾਸਮਝੀ ਵਾਲੀ ਵਡਿਆਈ ਪ੍ਰਮਾਤਮਾ ਨੂੰ ਮੋੜਨ ਦਾ ਤਰੀਕਾ ਉਸਦੀ ਸੱਚੀ ਵਡਿਆਈ ਕਰਨਾ ਹੈ ਜੋ ਕਿ ਕੇਵਲ ਸੱਚ ਤੇ ਚੱਲ ਕੇ ਕੀਤੀ ਜਾ ਸਕਦੀ ਹੈ ਤੇ ਆਪਣੀ ਲਈ ਹੋਈ ਵਡਿਆਈ

ਮੋੜੀ ਜਾ ਸਕਦੀ ਹੈ। ਪ੍ਰਮਾਤਮਾ ਆਪ ਸੱਚ ਹੈ ਤੇ ਸੱਚ ਦੀ ਵਡਿਆਈ ਕਰਨਾ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ। ਸੱਚ ਨੂੰ ਅਪਣਾਉਣ ਨਾਲ ਸਾਡੇ ਔਗੁਣ ਬਖਸ਼ੇ ਜਾਂਦੇ ਹਨ। ਪ੍ਰਮਾਤਮਾ ਆਪਣਾ ਸੱਚ, ਆਪਣਾ ਸੱਚਾ ਦਾਨ ਕਿਸੇ ਵਿਰਲੇ ਨੂੰ ਦਿੰਦਾ ਹੈ ਕਿਉਂਕਿ ਉਸਦਾ ਦਾਨ ਲੈਣ ਲਈ ਤਿਆਰ ਵੀ ਕੋਈ ਵਿਰਲਾ ਹੀ ਹੁੰਦਾ ਹੈ। ਉਸਨੇ ਮਾਇਆ ਮੋਹ ਨੂੰ ਬਹੁਤ ਹੀ

10/930

ਪ੍ਰਬਲ ਬਣਾਇਆ ਹੋਇਆ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਇਸੇ ਲਈ ਸੱਚ ਦੀ ਕਸਵੱਟੀ ਤੇ ਪੂਰਾ ਉਤਰਨਾ ਬਹੁਤ ਔਖਾ ਹੈ, ਨਾਮ ਦੀ ਕਸਵੱਟੀ ਤੇ ਪੂਰਾ ਉਤਰਨਾ ਬਹੁਤ ਔਖਾ ਹੈ। ਸਭ ਕੁੱਝ ਉਸਦੀ ਕਿਰਪਾ ਤੇ ਨਿਰਭਰ ਹੈ, ਉਸਦੇ ਗਿਆਨ ਤੇ ਨਿਰਭਰ ਹੈ ਕਿ ਉਹ ਮਨੁੱਖ ਨੂੰ ਮਨ ਦੇ ਵਿੱਚ ਕਿਹੋ ਜਿਹਾ ਗਿਆਨ ਭਾਵ ਕਿਹੋ ਜਿਹੀ ਸਮਝ, ਕਿਹੋ ਜਿਹੀ ਮਤਿ ਬਖਸ਼ਦਾ ਹੈ। ਆਓ ਇਸੇ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਣ ਦੀ ਕੋਸ਼ਿਸ਼ ਕਰੀਏ।

ਆਸਾ ਮਹਲਾ ੧ ਤਿਤੁਕਾ॥

“ਕੋਈ ਭੀਖਕੁ ਭੀਖਿਆ ਖਾਇ॥ਕੋਈ ਰਾਜਾ ਰਹਿਆ ਸਮਾਇ॥
ਕਿਸ ਹੀ ਮਾਨੁ ਕਿਸੈ ਅਪਮਾਨੁ॥ਢਾਹਿ ਉਸਾਰੇ ਧਰੇ ਧਿਆਨੁ॥
ਤੁਝ ਤੇ ਵਡਾ ਨਾਹੀ ਕੋਇ॥ਕਿਸੁ ਵੇਖਾਲੀ ਚੰਗਾ ਹੋਇ॥੧॥
ਮੈ ਤਾਂ ਨਾਮੁ ਤੇਰਾ ਆਧਾਰੁ॥ਤੂੰ ਦਾਤਾ ਕਰਣਹਾਰੁ ਕਰਤਾਰੁ॥੧॥ ਰਹਾਉ॥
ਵਾਟ ਨ ਪਾਵਉ ਵੀਗਾ ਜਾਉ॥ਦਰਗਹ ਬੈਸਣ ਨਾਹੀ ਥਾਉ ॥
ਮਨ ਕਾ ਅੰਧੁਲਾ ਮਾਇਆ ਕਾ ਬੰਧੁ॥ਖੀਨ ਖਰਾਬੁ ਹੋਵੈ ਨਿਤ ਕੰਧੁ॥
ਖਾਣ ਜੀਵਣ ਕੀ ਬਹੁਤੀ ਆਸ॥ਲੇਖੈ ਤੇਰੈ ਸਾਸ ਗਿਰਾਸ॥੨॥
ਅਹਿਨਿਸਿ ਅੰਧੁਲੇ ਦੀਪਕੁ ਦੇਇ॥ਭਉਜਲ ਡੂਬਤ ਚਿੰਤ ਕਰੇਇ॥
ਕਹਹਿ ਸੁਣਹਿ ਜੋ ਮਾਨਹਿ ਨਾਉ॥ਹਉ ਬਲਿਹਾਰੈ ਤਾ ਕੈ ਜਾਉ॥
ਨਾਨਕੁ ਏਕ ਕਹੈ ਅਰਦਾਸਿ॥ਜੀਉ ਪਿੰਡੁ ਸਭੁ ਤੇਰੈ ਪਾਸਿ॥੩॥
ਜਾਂ ਤੂੰ ਦੇਹਿ ਜਪੀ ਤੇਰਾ ਨਾਉ॥ਦਰਗਹ ਬੈਸਣ ਹੋਵੈ ਥਾਉ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ॥ਗਿਆਨ ਰਤਨੁ ਮਨਿ ਵਸੈ ਆਇ॥
ਨਦਰਿ ਕਰੇ ਤਾ ਸਤਿਗੁਰੁ ਮਿਲੈ॥ ਪ੍ਰਣਵਤਿ ਨਾਨਕੁ ਭਵਜਲੁ ਤਰੈ॥੪॥੧੮॥”

(ਅੰਗ ੩੫੪)

ਐਥੇ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਕੋਈ ਸੰਸਾਰਿਕ ਭਿਖਿਆ ਲੈਣ ਬਾਰੇ ਭਿਖਾਰੀ ਦੀ ਗੱਲ ਨਹੀਂ ਸਮਝਾਈ ਹੋਈ। ਇੱਥੇ ਮਨ ਦੀ ਭਿਖਿਆ ਬਾਰੇ ਸਮਝਾਇਆ ਹੋਇਆ ਹੈ। ਅਸੀਂ ਵਾਰ-ਵਾਰ ਨਾਮ ਦਾਨ ਦੀ ਗੱਲ ਕਰਦੇ ਹਾਂ, ਨਾਮ ਦੀ ਭਿਖਿਆ ਦੀ ਗੱਲ ਕਰਦੇ ਹਾਂ ਤੇ ਉਸੇ ਭਿਖਿਆ ਬਾਰੇ ਹੀ ਇੱਥੇ ਸੋਝੀ ਪਾਈ ਹੋਈ ਹੈ। ਨਾਮ ਦੀ ਭਿਖਿਆ ਬਾਰੇ ਅਸੀਂ ਪਿੱਛੇ ਸ਼ਬਦ ਰਾਹੀਂ ਜਾਣ ਹੀ ਚੁੱਕੇ ਹਾਂ ਤੇ ਉਸ ਸ਼ਬਦ ਨੂੰ ਫਿਰ ਸੰਖੇਪ ਵਿੱਚ ਜਾਣਨ ਨਾਲ ਸਾਨੂੰ ਇਸ ਭਿਖਿਆ ਦੀ ਸਮਝ ਲੱਗ ਜਾਵੇਗੀ।

{ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥
ਕਰ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥੧॥
ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ॥੧॥ ਰਹਾਉ॥}

(ਅੰਗ ੭੨੧)

ਉਪਰਲੇ ਇਸ ਸ਼ਬਦ ਰਾਹੀਂ ਪ੍ਰਮਾਤਮਾ ਕੋਲੋਂ ਭਿਖਿਆ ਹੀ ਮੰਗੀ ਹੈ, ਉਸਦੇ ਭਉ ਦੀ ਭਿਖਿਆ ਮੰਗੀ ਹੈ ਜਿਵੇਂ ਕਿ ਪਿੱਛੇ ਲੇਖ ਵਿੱਚ ਇਸ ਸ਼ਬਦ ਦੀ ਵਿਆਖਿਆ ਰਾਹੀਂ ਅਸੀਂ ਸਮਝਿਆ ਹੈ ਕਿ ਗੁਰੂ ਦੇ ਭਉ ਨੂੰ ਮੰਨਣ ਦਾ ਦਾਨ ਮੰਗਿਆ ਹੈ ਜੋ ਭਉ ਸਭ ਦੇ ਅੰਦਰ ਮਾਇਆ ਮੋਹ ਛੱਡਣ ਦਾ ਹੈ, ਤ੍ਰਿਸ਼ਨਾਵਾਂ ਛੱਡਣ ਦਾ ਹੈ ਤੇ ਆਪਣੇ ਤਨੋ ਮਨੋ ਇਹ ਦਾਨ ਮੰਗਿਆ ਹੈ। ਉਸਦੇ “ਭਉ” ਨੂੰ ਕਬੂਲ ਕਰਨ ਦਾ ਦਾਨ ਮਿਲਣਾ ਹੀ ਉਸਦੇ ਨਾਮ ਦਾ ਦਾਨ ਮਿਲਣਾ ਹੈ ਜੋ ਦਾਨ ਮਿਲੇ ਬਿਨ੍ਹਾਂ ਪ੍ਰਮਾਤਮਾ ਦੇ ਦਰਸ਼ਨ

ਨਹੀਂ ਹੋ ਸਕਦੇ। ‘‘ਭਉ’’ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ ਤੇ ਇਸ ‘‘ਭਉ’’ ਦੀ ਭਿਖਿਆ ਲੈਣੀ ਬਹੁਤ ਔਖੀ ਹੈ ਭਾਵ ਗੁਰਮਤਿ ਤੇ ਚੱਲਣ ਦੀ ਭਿਖਿਆ ਲੈਣੀ ਬਹੁਤ ਔਖੀ ਹੈ ਕਿਉਂਕਿ ਇਹ ਭਿਖਿਆ ਲੈਣ ਲਈ ਆਪਣਾ ਤਨ ਮਨ ਨਿਉਛਾਵਰ, ਕੁਰਬਾਨ ਕਰਨਾ

10/931

ਪੈਂਦਾ ਹੈ ਭਾਵ ਆਪਣਾ ਆਪ ਤਿਆਗਣਾ ਪੈਂਦਾ ਹੈ ਭਾਵ ਆਪਣੀ ਮਤਿ ਪੂਰੀ ਤਰ੍ਹਾਂ ਤਿਆਗਣੀ ਪੈਂਦੀ ਹੈ।

ਪ੍ਰਮਾਤਮਾ ਦੀ ਇਹ ਭਿਖਿਆ ‘‘ਰਾਜਾ’’ ਬਣ ਕੇ ਨਹੀਂ ਲਈ ਜਾ ਸਕਦੀ। ਜਦ ਤੱਕ ਇਹ ਮਨ ਰਾਜਾ ਬਣਿਆ ਹੋਇਆ ਹੈ ਤਦ ਤੱਕ ਇਹ ਭੀਖਿਆ ਦੀ ਲੋੜ ਮਹਿਸੂਸ ਨਹੀਂ ਕਰਦਾ। ਰਾਜਾ ਆਪਣੇ ਆਪ ਵਿੱਚ ਸਮਾਇਆ ਹੋਇਆ ਰਹਿੰਦਾ ਹੈ ਭਾਵ ਆਪਣੀ ਮਤਿ ਵਿੱਚ ਸਮਾਇਆ ਰਹਿੰਦਾ ਹੈ। ਇਹ ਭਿਖਿਆ ਮੰਗਣੀ ਸੌਖੀ ਹੈ ਪਰ ਇਸ ਭਿਖਿਆ ਨੂੰ ਖਾਣਾ ਬਹੁਤ ਔਖਾ ਹੈ। ਇਹ ਨਾਮ ਦੀ ਭਿਖਿਆ ਹੈ ਭਾਵ ਗੁਰਮਤਿ ਤੇ ਚੱਲਣ ਦੇ ਭਉ ਨੂੰ ਕਬੂਲ ਕਰਨ ਦੀ ਭਿਖਿਆ ਹੈ, ਗੁਰੂ ਦੀ ਮਤਿ ਦੀ ਭਿਖਿਆ ਹੈ, ਸੱਚ ਦੀ ਭਿਖਿਆ ਹੈ ਜਿਸ ਸੱਚ ਨੂੰ ਕਬੂਲ ਕਰਨਾ ਬਹੁਤ ਔਖਾ ਹੈ।

(ਕੋਈ ਭੀਖਕੁ ਭੀਖਿਆ ਖਾਇ॥ ਕੋਈ ਰਾਜਾ ਰਹਿਆ ਸਮਾਇ॥)

ਧਰਮ ਦਾ ਮਾਰਗ, ਸੰਸਾਰਿਕ ਮਾਰਗ ਤੋਂ ਉਲਟ ਹੈ, ਨਿਰਾਲਾ ਹੈ। ਸੰਸਾਰ ਵਿੱਚ ਮਾਨ ਅਪਮਾਨ ਮਨੁੱਖ ਦੀ ਦੁਨਿਆਵੀ ਹੈਸੀਅਤ ਨਾਲ ਤੈਅ ਹੁੰਦਾ ਹੈ ਪਰ ਪ੍ਰਮਾਤਮਾ ਦੇ ਦਰਬਾਰ ਵਿੱਚ ਮਾਨ, ਅਪਮਾਨ ਮਨੁੱਖ ਦੀ ਚੰਗੀ, ਮਾੜੀ ਕਰਨੀ ਨਾਲ ਤੈਅ ਹੁੰਦਾ ਹੈ ਤੇ ਸਾਡੀ ਚੰਗੀ, ਮਾੜੀ ਕਰਨੀ ਸਾਡੀ ਚੰਗੀ ਜਾਂ ਮਾੜੀ ਸਮਝ ਨਾਲ ਜੁੜੀ ਹੋਈ ਹੈ। ਪ੍ਰਮਾਤਮਾ ਨੇ ਕਿਸ ਨੂੰ ਮਾਣ ਦੇਣਾ ਹੈ ਭਾਵ ਉਸਦੇ ਦਰ ਤੇ ਕਿਸ ਨੂੰ ਮਾਨ ਮਿਲਦਾ ਹੈ, ਕਿਸਨੂੰ ਅਪਮਾਨ ਮਿਲਦਾ ਹੈ ਇਹ ਉਸਦੇ ਆਪਣੇ ਹੱਥ ਹੈ ਕਿਉਂਕਿ ਸਾਡੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ। ਜਿਸ ਨੂੰ ਉਹ ਆਪਣੀ ਭਿਖਿਆ ਦਿੰਦਾ ਹੈ ਉਸਦਾ ਭਿਖਾਰੀ ਉਸ ਦੇ ਦਰ ਤੇ ਮਾਨ ਪਾਉਂਦਾ ਹੈ ਤੇ ਜਿਹੜਾ ਰਾਜਾ ਬਣ ਕੇ ਰਹਿੰਦਾ ਹੈ ਭਾਵ ਜੋ ਉਸਦੀ ਭਿਖਿਆ ਤੋਂ ਦੂਰ ਰਹਿੰਦਾ ਹੈ ਉਸਨੂੰ ਉਸਦੇ ਦਰ ਤੇ ਅਪਮਾਨ ਮਿਲਦਾ ਹੈ। ਉਸ ਕੋਲੋਂ ਭਿਖਿਆ ਉਹੀ ਲੈ ਸਕਦਾ ਹੈ ਜਿਸ ਦੀ ਉਹ ਸਮਝ, ਧਿਆਨ ਭਾਵ ਮਨ ਦੇ ਵਿਚਾਰ, ਮਨ ਦੀ ਸੋਚ, ਭਿਖਿਆ ਲੈਣ ਵਾਲੀ ਬਣਾਵੇਗਾ ਕਿਉਂਕਿ ਸਾਡੇ ਵਿਚਾਰਾਂ ਨੂੰ ਢਾਹੁਣਾ ਜਾਂ ਉਸਾਰਨਾ ਉਸਦੇ ਹੱਥ ਹੈ ਤੇ ਉਸਦੇ ਟਿਕਾਏ ਬਿਨ੍ਹਾਂ ਸਾਡਾ ਮਨ ਨਹੀਂ ਟਿਕ ਸਕਦਾ ਭਾਵ ਮਾਇਆ ਮੋਹ ਵਿੱਚ ਦੌੜਦਾ ਰਹਿੰਦਾ ਹੈ। **(ਕਿਸ ਹੀ ਮਾਨੁ ਕਿਸੈ ਅਪਮਾਨੁ ॥ਢਾਹਿ ਉਸਾਰੇ ਧਰੇ ਧਿਆਨੁ॥)**

ਮਨੁੱਖ ਜੋ ਕੁੱਝ ਵੀ ਹੈ ਉਹ ਆਪਣੇ ਮਨ ਦੇ ਵਿਚਾਰਾਂ ਦੁਆਰਾ ਹੈ, ਸਾਡੀ ਜੋ ਕੋਈ ਵੀ ਵਿਚਰਨ ਹੈ ਸਭ ਕੁੱਝ ਮਨ ਦੇ ਗਿਆਨ ਦੁਆਰਾ

10/932

ਹੈ, ਮਨ ਦੀ ਸੋਚ ਦੁਆਰਾ ਹੈ। ਇਹ ਮਨ ਦੇ ਗਿਆਨ ਦੀ ਡੋਰ ਉਸ ਪ੍ਰਮਾਤਮਾ ਦੇ ਹੱਥ ਵਿੱਚ ਹੈ ਤੇ ਇਸੇ ਲਈ ਮਨ ਦੇ ਵਿਚਾਰ ਸਾਡੇ ਵੱਸ ਵਿੱਚ ਨਹੀਂ। ਜਿਹੋ ਜਿਹੀ ਉਸ ਮਾਲਕ ਦੀ ਮਰਜ਼ੀ ਹੈ ਉਸੇ ਤਰ੍ਹਾਂ ਉਹ ਸਾਡੇ ਧਿਆਨ ਨੂੰ ਟਿਕਾਉਂਦਾ ਹੈ, ਆਪਣੇ ਗਿਆਨ ਨੂੰ ਸਾਡੇ ਅੰਦਰ ਧਰਦਾ ਹੈ। ਇਹੀ ਪ੍ਰਮਾਤਮਾ ਦਾ ਸਾਡੇ ਅੰਦਰ ਵਿਚਰਨ ਦਾ ਰਾਜ਼ ਹੈ, ਉਸ ਦੇ ਗੁਪਤ ਵਿਚਰਨ ਦਾ ਰਾਜ਼ ਹੈ ਜੋ ਕਿਸੇ ਦੀ ਸਮਝ ਵਿੱਚ ਨਹੀਂ ਆ ਸਕਦਾ। ਆਪਣਾ ਰਾਜ਼ ਉਹ ਆਪ ਹੀ ਖੋਲ ਸਕਦਾ ਹੈ। ਇਹ ਗੱਲ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣੀ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਪ੍ਰਮਾਤਮਾ ਦੀ ਇਸ ਗਿਆਨ ਦੀ ਨੱਥ ਨੂੰ ਫਿਰ ਇੱਕ ਵਾਰ ਦ੍ਰਿੜ ਕਰੀਏ।

{ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ॥
ਸਰ ਭਰਿ ਸੋਧੈ ਭੀ ਭਰਿ ਪੋਧੈ ਸਮਰਥ ਵੇਪਰਵਾਹੈ॥
ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ॥}

(ਅੰਗ ੯੩੫)

ਬਾਣੀ ਨੂੰ ਪੂਰਨ ਰੂਪ ਵਿੱਚ ਸਮਝਣ ਤੇ ਉਸ ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰਨ ਦੇ ਸਮਰੱਥ ਨਾ ਹੋਣਾ ਇਸ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਸਾਨੂੰ ਬਾਣੀ ਤੇ ਪੂਰਨ ਵਿਸ਼ਵਾਸ ਤਾਂ ਹੀ ਆਵੇਗਾ ਜਦੋਂ ਪ੍ਰਮਾਤਮਾ ਸਾਨੂੰ ਇਸ ਮਨ ਦੀ ਸੋਝੀ ਪਾ ਦੇਵੇਗਾ। ਇਸ ਮਨ ਦੀ ਸੋਝੀ ਕਿਸ ਦੇ ਵੱਸ ਹੈ, ਉਸ ਤੋਂ ਪਹਿਲਾਂ ਸਾਨੂੰ ਪੂਰੀ ਤਰ੍ਹਾਂ ਗੁਰੂ ਦੀ ਗੱਲ ਤੇ ਯਕੀਨ ਆਉਣਾ ਮੁਮਕਿਨ ਨਹੀਂ ਹੈ।

ਪ੍ਰਮਾਤਮਾ ਆਪ ਹੀ ਸਭ ਤੋਂ ਵੱਡਾ ਹੈ, ਆਪ ਹੀ ਸਭ ਕੁੱਝ ਹੈ ਤੇ ਹੋਰ ਕੋਈ ਹੈ ਹੀ ਨਹੀਂ। ਨਾ ਕੋਈ ਪ੍ਰਮਾਤਮਾ ਤੋਂ ਵੱਡਾ ਬਣ ਸਕੇ ਤੇ ਨਾ ਹੀ ਕੋਈ ਉਸ ਨੂੰ ਆਪਣੀ ਮਰਜ਼ੀ ਨਾਲ ਦੇਖ ਸਕੇ। ਪ੍ਰਮਾਤਮਾ ਆਪਣਾ ਆਪ ਕਿਸੇ ਨੂੰ ਦਿਖਾਵੇ ਇਹ ਉਸਦੀ ਆਪਣੀ ਰਜ਼ਾ ਹੈ ਭਾਵ ਉਹ ਆਪਣੇ ਦਰਸ਼ਨ ਆਪ ਹੀ ਕਰਾ ਸਕਦਾ ਹੈ। ਇੱਕੋ ਇੱਕ ਮੁੱਲ ਜੋ ਪ੍ਰਮਾਤਮਾ ਨੂੰ ਦੇਖਣ ਦਾ ਹੈ,

ਉਹ ਆਪਣੇ ਆਪ ਨੂੰ ਚੰਗਾ ਬਣਾਉਣਾ ਹੈ, ਆਪਣੇ ਆਪ ਨੂੰ ਉੱਤਮ ਬਣਾਉਣਾ ਹੈ ਜੋ ਕਿ ਆਪਣੀ ਮਤਿ ਨੂੰ ਉੱਚਾ ਬਣਾਉਣ ਦਾ ਹੈ ਭਾਵ ਕੇਵਲ ਆਪਣੀ ਮਤਿ ਦੁਆਰਾ ਉੱਤਮ ਮਨੁੱਖ ਬਣ ਕੇ ਉਸ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ, ਆਪਣੀ ਉੱਤਮ ਮਤਿ ਦੁਆਰਾ ਮਨ ਦੀ ਸਮਝ ਰਾਹੀਂ ਕੀਤੇ ਜਾ ਸਕਦੇ ਹਨ। **(ਤੁਝ ਤੇ ਵਡਾ ਨਾਹੀ ਕੋਇ॥**

10/933

ਕਿਸੁ ਵੇਖਾਲੀ ਚੰਗਾ ਹੋਇ॥੧॥) ਅੰਗ - ੩੫੪ ਹੁਣ ਧਿਆਨ ਨਾਲ ਸੋਚੋ ਕਿ ਪ੍ਰਮਾਤਮਾ ਤੋਂ ਵੱਡਾ ਵੀ ਕੋਈ ਹੈ, ਜਿਵੇਂ ਕਿ ਉਸ ਦਾ ਜਪ ਤਪ ਕਰਨ ਵਾਲੇ ਸੋਚਦੇ ਹਨ ਤੇ ਇਸ ਗੱਲ ਦਾ ਪ੍ਰਚਾਰ ਕਰਦੇ ਹਨ ਕਿ ਪ੍ਰਮਾਤਮਾ ਦਾ ਨਾਮ ਪ੍ਰਮਾਤਮਾ ਤੋਂ ਵੀ ਵੱਡਾ ਹੈ। ਇਹ ਕੇਵਲ ਨਾਮ ਦੀ ਸੋਝੀ ਨਾ ਹੋਣਾ ਹੈ। ਇਹ ਭੁਲੇਖਾ ਜਪੁਜੀ ਬਾਣੀ ਦੇ ਹੇਠ ਦਿੱਤੇ ਸ਼ਬਦ ਰਾਹੀਂ ਉਸ ਦੀ ਸਹੀ ਸੋਝੀ ਨਾ ਪੈਣ ਕਰਕੇ ਪਿਆ ਹੋਇਆ ਹੈ।

{ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥੨੪॥}

(ਅੰਗ - ੫)

ਇਸ ਬਾਰੇ ਚਰਚਾ ਅਸੀਂ ਪਿੱਛੇ ਲੇਖ ਵਿੱਚ ਵੀ ਕੀਤੀ ਹੋਈ ਹੈ ਤੇ ਇਸ ਸ਼ਬਦ ਦੇ ਅਰਥ ਅੱਗੇ ਚੱਲਕੇ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਕੀਤੇ ਜਾਣਗੇ। ਰੱਬ ਤੋਂ ਉੱਚਾ ਜੇਕਰ ਅਸੀਂ ਕਿਸੇ ਨੂੰ ਕਹਿ ਦੇਈਏ, ਇਸ ਤੋਂ ਵੱਡੀ ਅਗਿਆਨਤਾ ਨਹੀਂ ਹੋ ਸਕਦੀ ਜੋ ਕਿ ਗੁਰਬਾਣੀ ਦੀ ਵਿਚਾਰਧਾਰਾ ਦੇ ਬਿਲਕੁਲ ਹੀ ਉਲਟ ਹੈ।

ਬਾਣੀ ਨੇ ਕਿਤਨੀ ਵਾਰੀ ਸਮਝਾਇਆ ਹੈ ਕਿ ਰੱਬ ਤੋਂ ਉੱਚਾ ਕੋਈ ਨਹੀਂ ਹੈ ਪਰ ਫਿਰ ਵੀ ਅਸੀਂ ਭੁਲੇਖੇ ਵਿੱਚ ਪੈ ਜਾਂਦੇ ਹਾਂ। ਹੇਠ ਦਿੱਤੀਆਂ ਪੰਗਤੀਆਂ ਆਪਣੇ ਆਪ ਵਿੱਚ ਬਿਲਕੁਲ ਸਪੱਸ਼ਟ ਹਨ

{ਤੁਝ ਤੇ ਵਡਾ ਨਾਹੀ ਕੋਇ॥}

(ਅੰਗ ੩੫੪)

{ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥
ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ ॥੧॥ ਰਹਾਉ ॥}

(ਅੰਗ ੫੩੪)

{ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥}

(ਅੰਗ - ੨੬੮)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥}

(ਅੰਗ ੯੦੪)

ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਜਾਣੀਏ ਕਿ ਪ੍ਰਮਾਤਮਾ ਦੇ ਦਰਸ਼ਨ ਕਰਨ ਲਈ ਚੰਗਾ ਕਿਵੇਂ ਬਣਿਆ ਜਾ ਸਕਦਾ

10/934

ਹੈ।

"ਮੈ ਤਾਂ ਨਾਮੁ ਤੇਰਾ ਆਧਾਰੁ॥ ਤੂੰ ਦਾਤਾ ਕਰਣਹਾਰੁ ਕਰਤਾਰੁ॥੧॥ ਰਹਾਉ॥"

ਉਪਰਲੀਆਂ ਪੰਗਤੀਆਂ ਦੁਆਰਾ ਸਾਨੂੰ ਚੰਗਾ ਬਣਨਾ ਸਿਖਾਇਆ ਹੋਇਆ ਹੈ, ਉੱਤਮ ਮਨੁੱਖ ਬਣਨਾ ਸਿਖਾਇਆਂ ਹੋਇਆ ਹੈ। ਧਿਆਨ ਨਾਲ ਵਿਚਾਰੋ ਕਿ ਜਿਸ ਮਨੁੱਖ ਦੇ ਅੰਦਰ ਵਿਕਾਰ ਹਨ, ਜਿਸਦੀ ਨੀਅਤ ਮਾੜੀ ਹੈ, ਕੀ ਉਹ ਕਦੇ ਚੰਗਾ ਮਨੁੱਖ ਬਣ ਸਕਦਾ ਹੈ। ਚੰਗੇ ਅਸੀਂ ਕੇਵਲ ਗੁਣਾਂ ਦੁਆਰਾ ਬਣ ਸਕਦੇ ਹਾਂ, ਸੱਚ ਦੀ ਓਟ ਲੈ ਕੇ ਬਣ ਸਕਦੇ ਹਾਂ ਭਾਵ ਨਾਮ ਦੀ ਓਟ ਲੈ ਕੇ ਬਣ ਸਕਦੇ ਹਾਂ, ਗੁਰੂ ਦੀ ਮਤਿ ਦੀ ਓਟ ਲੈ ਕੇ ਬਣ ਸਕਦੇ ਹਾਂ। **(ਮੈ ਤਾਂ ਨਾਮੁ ਤੇਰਾ ਆਧਾਰੁ॥)** ਪਰ ਇਸ ਸੱਚ ਦੀ ਦਾਤ, ਨਾਮ ਦੀ ਦਾਤ ਉਸ ਦਾਤੇ ਦੇ ਹੱਥ ਵਿੱਚ ਹੈ, ਇਹ ਭਿਖਿਆ ਉਸ ਦੇ ਹੱਥ ਹੈ, ਉਸਦੀ ਮਰਜ਼ੀ ਦੇ ਬਿਨ੍ਹਾਂ ਸਾਨੂੰ ਇਹ ਦਾਤ ਨਹੀਂ ਮਿਲ ਸਕਦੀ ਕਿਉਂਕਿ ਇਹ ਦਾਤ ਸਾਡੀ ਚੰਗੀ ਸਮਝ ਹੈ, ਸਾਡੇ ਮਨ ਦਾ ਗੁਰਮਤਿ ਵਾਲੀ ਸੱਚੀ ਸਮਝ ਵਾਲਾ ਧਿਆਨ ਹੈ ਜੋ ਕਿ ਉਸ ਦੇ ਹੱਥ ਵਿੱਚ ਹੈ। ਜਦ ਤੱਕ ਉਸਦੀ ਸੱਚੀ ਮਤਿ ਦੀ ਦਾਤ ਨਹੀਂ ਮਿਲਦੀ ਅਸੀਂ ਜਿੰਦਗੀ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਅਸੀਂ ਚੰਗੇ ਮਨੁੱਖ ਨਹੀਂ ਬਣ ਸਕਦੇ ਕਿਉਂਕਿ ਸਾਨੂੰ ਸਹੀ ਮਾਰਗ ਤੇ ਗੁਰੂ ਦੇ ਸੱਚੇ ਗਿਆਨ

ਨੇ ਪਾਉਣਾ ਹੈ, ਨਾਮ ਨੇ ਪਾਉਣਾ ਹੈ।

"ਵਾਟ ਨ ਪਾਵਉ ਵੀਗਾ ਜਾਉ॥ ਦਰਗਹ ਬੈਸਣ ਨਾਹੀ ਥਾਉ॥" ਨਾਮ ਸਾਨੂੰ ਜੀਵਨ ਦਾ ਮਾਰਗ ਦਿਖਾਉਣ ਲਈ ਹੈ ਤੇ ਜਦ ਤੱਕ ਅਸੀਂ ਨਾਮ ਦੀ ਟੇਕ ਨਹੀਂ ਲੈਂਦੇ ਤਦ ਤੱਕ ਸਾਨੂੰ ਪ੍ਰਮਾਤਮਾ ਦੀ ਦਰਗਾਹ ਵਿੱਚ ਕੋਈ ਜਗ੍ਹਾ ਨਹੀਂ ਮਿਲ ਸਕਦੀ ਭਾਵ ਉਸਦੀ ਦਰਗਾਹ ਵਿੱਚ ਜਗ੍ਹਾ ਉਸ ਨੂੰ ਮਿਲਦੀ ਹੈ ਜਿਸ ਦੀ ਮਤਿ ਉੱਤਮ ਹੈ, ਜਿਸ ਦੀ ਕਰਣੀ ਉੱਤਮ ਹੈ। ਨਾਮ ਦੀ ਓਟ ਲਏ ਬਿਨ੍ਹਾਂ ਅਸੀਂ ਅੰਧੇ ਹਾਂ ਭਾਵ ਅਗਿਆਨਤਾ ਵਿੱਚ ਹਾਂ ਭਾਵ ਅਸੀਂ ਆਪਣੇ ਸਹੀ ਮਾਰਗ ਤੋਂ ਭਟਕੇ ਹੋਏ ਹਾਂ ਤੇ ਭਟਕਿਆ ਹੋਇਆ ਮਨੁੱਖ ਮਾਇਆ ਦੇ ਬੰਧਨਾਂ ਵਿੱਚ ਪੈ ਜਾਂਦਾ ਹੈ ਭਾਵ ਮਾਇਆ ਮੋਹ ਵਿੱਚ ਫੱਸ ਜਾਂਦਾ ਹੈ, ਵਿਕਾਰਾਂ ਵਿੱਚ ਫਸ ਜਾਂਦਾ ਹੈ ਜਿਸ ਨਾਲ ਉਹ ਚੰਗਾ ਮਨੁੱਖ ਨਹੀਂ ਬਣ ਸਕਦਾ ਤੇ ਨਿੱਤ

10/935

ਨਿੱਤ ਆਪਣੇ ਆਪ ਨੂੰ ਖੁਆਰ ਕਰਦਾ ਹੈ ਭਾਵ ਆਪਣਾ ਜੀਵਨ ਵਿਅਰਥ ਕਰਦਾ ਹੈ ਭਾਵ ਉਹ ਨਾਮ ਦੀ ਟੇਕ ਨਹੀਂ ਲੈਂਦਾ, ਧਰਮ ਦੇ ਮਾਰਗ ਤੇ ਨਹੀਂ ਚੱਲਦਾ। ਨਾਮ ਦਾ ਮਕਸਦ ਸਾਨੂੰ ਗਿਆਨ ਦੇ ਕੇ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਮਾਇਆ ਦੇ ਬੰਧਨ ਵਿੱਚੋਂ ਕੱਢਣ ਦਾ ਹੈ ਜੋ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਜੋ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਹਨ।

(ਮਨ ਕਾ ਅੰਧੁਲਾ ਮਾਇਆ ਕਾ ਬੰਧੁ॥
ਖੀਨ ਖਰਾਬੁ ਹੋਵੈ ਨਿਤ ਕੰਧੁ॥)

ਜਦ ਤੱਕ ਮਨੁੱਖ ਨਾਮ ਤੋਂ ਭਟਕਿਆ ਹੁੰਦਾ ਹੈ, ਜੀਵਨ ਦੇ ਸਹੀ ਮਾਰਗ ਤੋਂ ਭਟਕਿਆ ਹੁੰਦਾ ਹੈ ਤਾਂ ਫਿਰ ਉਹ ਮਾਇਆ ਮੋਹ ਵਿੱਚ ਪੈ ਕੇ, ਤ੍ਰਿਸ਼ਨਾਵਾਂ ਵਿੱਚ ਪੈ ਕੇ ਆਪਣੀਆਂ ਜਰੂਰਤਾਂ ਵਧਾਉਂਦਾ ਹੈ ਤੇ ਉਹਨਾਂ ਦੀ ਪੂਰਤੀ ਲਈ ਮਾੜੇ ਕਰਮ ਕਰਦਾ ਹੈ। **(ਖਾਣ ਜੀਵਣ ਕੀ ਬਹੁਤੀ ਆਸ॥)**

ਅਸੀਂ ਆਪਣੇ ਸਰੀਰਕ ਭੋਜਨ ਤੇ ਭਾਵ ਸਰੀਰਕ ਜਰੂਰਤਾਂ ਦੀ ਪੂਰਤੀ ਤੇ ਆਪਣੇ ਆਪ ਨੂੰ ਲਗਾਈ ਰੱਖਦੇ ਹਾਂ ਭਾਵ ਮਾਇਆ ਮੋਹ ਵਿੱਚ ਫਸੇ ਰਹਿੰਦੇ ਹਾਂ ਤੇ ਇਹ ਸਭ ਕੁੱਝ ਸਾਡੇ ਲੇਖੇ ਨਹੀਂ ਪੈਂਦਾ ਭਾਵ ਮਾੜੇ ਕਰਮ ਸਾਡੇ ਲੇਖੇ ਵਿੱਚ ਨਹੀਂ ਪੈਂਦੇ ਭਾਵੇਂ ਬਾਹਰੋਂ ਬਾਹਰੋਂ ਅਸੀਂ ਜਿਤਨਾ ਮਰਜ਼ੀ ਜਪ ਤਪ ਕਰ ਲਈਏ। ਲੇਖੇ ਵਿੱਚ ਮਨ ਦਾ ਭੋਜਨ ਪੈਣਾ ਹੈ, ਨਾਮ ਦਾ ਭੋਜਨ ਪੈਣਾ ਹੈ, ਗੁਰੂ ਦੀ ਮਤਿ ਦਾ ਭੋਜਨ ਪੈਣਾ ਹੈ, ਅੰਮ੍ਰਿਤ ਭੋਜਨ ਪੈਣਾ ਹੈ, ਸੱਚ ਦਾ ਭੋਜਨ ਪੈਣਾ ਹੈ। **(ਲੇਖੈ ਤੇਰੈ ਸਾਸ ਗਿਰਾਸ॥੨॥) "ਸਾਸ ਗਿਰਾਸ"** ਕੀ ਹੈ, ਇਹ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਹੀ ਸ਼ਬਦਾਂ ਦੁਆਰਾ ਜਾਣ ਚੁੱਕੇ ਹਾਂ। "ਨਾਮ" ਸਾਡੀ ਅਗਿਆਨਤਾ ਦੂਰ ਕਰਨ ਲਈ ਹੈ, ਸਾਨੂੰ ਗੁਰੂ ਦਾ ਗਿਆਨ ਸਮਝਾਉਣ ਲਈ ਹੈ, ਸਾਨੂੰ ਸਾਸ ਗਿਰਾਸ ਦੇਣ ਲਈ ਹੈ ਤੇ ਸਾਡੇ ਇਸ ਮਨ ਨੂੰ ਹਰ ਵੇਲੇ, ਦਿਨ ਰਾਤ ਗੁਰੂ ਦੇ ਗਿਆਨ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਮਾਰਗ ਤੋਂ ਭਟਕ ਨਾ ਜਾਈਏ ਭਾਵ ਹਰ ਵੇਲੇ ਨਾਮ ਦੁਆਰਾ, ਗੁਰੂ ਦੀ ਮਤਿ ਦੁਆਰਾ ਵਿਚਰੀਏ, ਹਰ ਵੇਲੇ ਗੁਰੂ ਦੀ ਮਤਿ ਨੂੰ ਜਪੀਏ ਭਾਵ ਹਰ ਵੇਲੇ ਦਿਨ ਰਾਤ ਨਾਮ ਜਪੀਏ ਕਿਉਂਕਿ ਇਸ ਮਨ ਨੂੰ ਹਰ ਵੇਲੇ ਗੁਰੂ ਦੀ ਮਤਿ ਦੀ ਲੋੜ ਹੈ ਜਿਵੇਂ ਕਿ ਨਾਲ ਹੀ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਕਿ ਸਾਡੇ ਮਨ ਦਾ "ਸਾਸ ਗਿਰਾਸ" ਕੀ ਹੈ। **(ਅਹਿਨਿਸਿ ਅੰਧੁਲੇ ਦੀਪਕੁ ਦੇਇ॥)** ਜੇਕਰ **"ਅਹਿਨਿਸ"** ਭਾਵ ਦਿਨ ਰਾਤ, ਅੱਠੇ ਪਹਿਰ ਅਸੀਂ ਕੇਵਲ ਮੁੱਖੋਂ ਗੁਰੂ ਗੁਰੂ ਕਰੀ ਜਾਈਏ ਪਰ ਗੁਰੂ ਦੀ ਮਤਿ ਨੂੰ ਯਾਦ ਨਾ ਰੱਖੀਏ ਤਾ ਫਿਰ ਇਹ

10/936

ਅਗਿਆਨੀ ਮਨ ਗੁਰੂ ਦੇ ਗਿਆਨ ਵਾਲਾ ਕਿਵੇਂ ਬਣ ਸਕਦਾ ਹੈ। ਸਾਨੂੰ ਮਾੜੇ ਕਰਮਾਂ ਤੋਂ ਗੁਰੂ ਦੀ ਮਤਿ ਨੇ ਬਚਾਉਣਾ ਹੈ, ਗੁਰੂ ਦੀ ਮਤਿ ਨੂੰ ਯਾਦ ਰੱਖ ਕੇ ਬਚਾਉਣਾ ਹੈ। ਜੇਕਰ ਮੁੱਖੋਂ ਦਿਨ ਰਾਤ ਗੁਰੂ ਗੁਰੂ ਕਰੀ ਜਾਈਏ ਤੇ ਨਾਲ ਨਾਲ ਮਾੜੇ ਕਰਮ ਕਰੀ ਜਾਈਏ ਤਾਂ ਫਿਰ ਅਸੀਂ ਕਿਹੜੀ ਭਗਤੀ ਕੀਤੀ ਤੇ ਕੀ ਸਾਨੂੰ ਇਹੋ ਜਿਹੀ ਭਗਤੀ ਦਾ ਪ੍ਰਮਾਤਮਾ ਦੇ ਦਰ ਤੋਂ ਲਾਭ ਮਿਲੇਗਾ? ਬਚਣਾ ਤਾਂ ਅਸੀਂ ਭਉਜਲ ਵਿੱਚ ਡੁੱਬਣ ਤੋਂ ਹੈ, ਮਾਇਆਂ ਮੋਹ ਵਿੱਚ ਡੁੱਬਣ ਤੋਂ ਹੈ, ਔਗੁਣਾਂ ਦੇ ਸਾਗਰ ਵਿੱਚ ਡੁੱਬਣ ਤੋਂ ਹੈ ਤੇ ਗੁਰੂ ਦੇ ਗਿਆਨ ਨੇ ਸਾਨੂੰ ਇਸ ਵਿੱਚ ਡੁੱਬਣ ਤੋਂ ਬਚਣ ਦੀ ਚਿੰਤਾ ਕਰਵਾਉਣੀ ਹੈ। ਮਨ ਦੇ ਵਿੱਚ ਇਹ ਚਿੰਤਾ ਦਾ ਲੱਗ ਜਾਣਾ ਹੀ ਕਿ ਮੈਂ ਮਾੜੇ ਕਰਮਾਂ ਤੋਂ ਬਚਣਾ ਹੈ, ਇਹ ਗੁਰੂ ਦੀ ਮਤਿ ਤੇ ਚੱਲਣ ਦੀ ਚਿੰਤਾ ਹੈ, ਨਾਮ ਜਪਣ ਦੀ ਚਿੰਤਾ ਹੈ, ਨਾਮ ਸਿਮਰਨ ਦੀ ਚਿੰਤਾ ਹੈ। ਜਿਸ ਗੱਲ ਦੀ ਚਿੰਤਾ ਸਾਨੂੰ ਮਨੋ ਲੱਗ ਜਾਵੇ, ਜਿਹੜੀ ਚਿੰਤਾ ਸਾਡੇ ਅੰਦਰ ਘਰ ਕਰ ਲਵੇ

ਤਾਂ ਫਿਰ ਅਸੀਂ ਉਸ ਚਿੰਤਾ ਦੁਆਰਾ ਹੀ ਵਿਚਰਦੇ ਹਾਂ। ਸਾਨੂੰ ਆਪਣਾ ਕੁਟੰਬ ਪਾਲਣ ਦੀ ਚਿੰਤਾ ਹੈ, ਸਾਨੂੰ ਬੱਚਿਆਂ ਨੂੰ ਸਕੂਲ ਭੇਜਣ ਦੀ ਚਿੰਤਾ ਹੈ, ਸਾਨੂੰ ਕੰਮਾਂ ਕਾਰਾਂ ਲਈ, ਮਾਇਆ ਕਮਾਉਣ ਲਈ ਦੁਕਾਨਾਂ ਤੇ ਦਫਤਰਾਂ ਵਿੱਚ ਜਾਣ ਦੀ ਚਿੰਤਾ ਹੈ ਕਿਉਂਕਿ ਇਸ ਚਿੰਤਾ ਨੇ ਸਾਡੇ ਅੰਦਰ ਆਪਣਾ ਘਰ ਬਣਾ ਲਿਆ ਹੈ ਕਿਉਂਕਿ ਇਹ ਸਾਡੀ ਜਿੰਦਗੀ ਦਾ ਮਨੋਰਥ ਬਣ ਜਾਂਦਾ ਹੈ। ਜੇਕਰ ਸਾਡਾ ਇਹ ਮਨੋਰਥ ਪੂਰਾ ਨਾ ਹੋਵੇ ਤਾਂ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ ਤੇ ਮਨੋਰਥ ਦੀ ਪੂਰਤੀ ਦੇ ਨਾਲ ਸੁੱਖ ਮਹਿਸੂਸ ਹੁੰਦਾ ਹੈ। ਇਸੇ ਚਿੰਤਾ ਨੂੰ ਸਮਝਣ ਦੀ ਲੋੜ ਹੈ। ਇਹ ਚਿੰਤਾ ਕੋਈ ਬੋਲ ਬੋਲ ਕੇ ਲਾਉਣੀ ਨਹੀਂ ਪੈਂਦੀ। ਇਹ ਚਿੰਤਾ ਮਨ ਵਿੱਚ ਵਸਾਉਣ ਦੀ ਗੱਲ ਹੈ। ਜਦੋਂ ਸਾਨੂੰ ਔਗੁਣ ਛੱਡਣ ਦੀ ਚਿੰਤਾ ਲੱਗ ਜਾਵੇਗੀ ਭਾਵ ਜੋ ਅਸੀਂ ਭਉਜਲ ਸਾਗਰ ਵਿੱਚ ਡੁੱਬ ਰਹੇ ਹਾਂ, ਉਸ ਵਿੱਚੋਂ ਨਿਕਲਣ ਦੀ ਚਿੰਤਾ ਲੱਗ ਜਾਵੇਗੀ ਭਾਵ ਜਦੋਂ ਇਹ ਚਿੰਤਾ ਸਾਡੇ ਮਨ ਵਿੱਚ ਵੱਸ ਜਾਵੇਗੀ ਤਾਂ ਫਿਰ ਇਹ ਸਾਡੀ ਜਿੰਦਗੀ ਦਾ ਮਨੋਰਥ ਬਣ ਜਾਵੇਗੀ ਤੇ ਫਿਰ ਅਸੀਂ ਇਸ ਮਨੋਰਥ ਦੀ ਪੂਰਤੀ

10/937

ਵਿੱਚ ਹੀ ਸੁੱਖ ਮਹਿਸੂਸ ਕਰਾਂਗੇ। ਗੁਰਮਤਿ ਤੇ ਚੱਲਣ ਦੀ ਚਿੰਤਾ ਨਾਲੋਂ ਵਿਛੜਨਾ ਗੁਰੂ ਦੀ ਮਤਿ ਨਾਲੋਂ ਵਿਛੜਨਾ ਹੈ, ਗੁਰੂ ਨਾਲੋਂ ਵਿਛੜਨਾ ਹੈ ਤੇ ਇਹ ਵਿਛੋੜਾ ਹੀ ਮਨੁੱਖ ਦਾ ਸਭ ਤੋਂ ਵੱਡਾ ਦੁੱਖ ਹੈ। ਇਸ ਵਿਛੋੜੇ ਦਾ ਦੁੱਖ ਕਿਸੇ ਵਿਰਲੇ ਨੂੰ ਹੀ ਲੱਗ ਸਕਦਾ ਹੈ। ਅਸੀਂ ਇਹ ਚਿੰਤਾ ਆਪਣੀ ਕਥਨੀ ਦੁਆਰਾ ਦਿਖਾਉਂਦੇ ਹਾਂ, ਗੱਲਾਂ ਦੁਆਰਾ ਦਿਖਾਉਂਦੇ ਹਾਂ, ਗੁਰੂ ਦੀ ਗੱਲ ਨੂੰ ਪੜ੍ਹਨ ਸੁਣਨ ਦੁਆਰਾ ਦਿਖਾਉਂਦੇ ਹਾਂ, ਮੱਥੇ ਟੇਕਣ ਦੁਆਰਾ ਦਿਖਾਉਂਦੇ ਹਾਂ, ਸਰੀਰਕ ਜਪ ਤਪ ਦੁਆਰਾ ਦਿਖਾਉਂਦੇ ਹਾਂ ਪਰ ਮਨ ਵਿੱਚ ਚਿੰਤਾ ਸਾਨੂੰ ਕੋਈ ਹੋਰ ਹੀ ਲੱਗੀ ਹੁੰਦੀ ਹੈ। ਸਾਡੀ ਚਿੰਤਾ ਸਾਡੀ ਕਰਨੀ ਦੁਆਰਾ ਪ੍ਰਗਟ ਹੁੰਦੀ ਹੈ। ਜੇਕਰ ਸਾਡੀ ਕਰਨੀ ਮਾੜੀ ਹੀ ਬਣੀ ਰਹਿੰਦੀ ਹੈ ਤਾਂ ਇਸ ਦਾ ਮਤਲਬ ਸਪੱਸ਼ਟ ਹੈ ਕਿ ਸਾਨੂੰ ਇਸ ਭਉਜਲ ਵਿੱਚ ਡੁੱਬਣ ਦੀ ਚਿੰਤਾ ਨਹੀਂ ਹੈ ਤੇ ਅਸੀਂ ਆਪਣੀ ਚਿੰਤਾ ਕੇਵਲ ਆਪਣੀ ਕਥਨੀ ਦੁਆਰਾ ਹੀ ਦਿਖਾਉਂਦੇ ਰਹਿੰਦੇ ਹਾਂ। ਇਹੋ ਜਿਹੀ ਚਿੰਤਾ ਦਿਖਾ ਕੇ ਅਸੀਂ ਆਪਣੇ ਆਪ ਨੂੰ ਤਸੱਲੀ ਦੇ ਲੈਂਦੇ ਹਾਂ, ਦੁਨਿਆਵੀ ਮਾਣ ਲੈ ਲੈਂਦੇ ਹਾਂ ਪਰ ਉਸਦੇ ਦਰਬਾਰ ਵਿੱਚ ਸਾਡੀ ਇਹੋ ਜਿਹੀ ਚਿੰਤਾ ਕਿਸੇ ਲੇਖੇ ਨਹੀਂ ਪੈਂਦੀ। **(ਅਹਿਨਿਸਿ ਅੰਧੁਲੇ ਦੀਪਕੁ ਦੇਇ॥ਭਉਜਲ ਡੂਬਤ ਚਿੰਤ ਕਰੇਇ॥)**

{ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥}

(ਅੰਗ - ੫੨੬)

ਸਾਡੇ ਮਨ ਦੀ ਚਿੰਤਾ ਹੀ ਸਾਡਾ ਸਿਮਰਨ ਹੈ ਜੋ ਸਾਡਾ ਧਿਆਨ ਲਗਾਉਂਦੀ ਹੈ। ਗੁਰਮਤਿ ਤੇ ਚੱਲਣ ਦੀ ਚਿੰਤਾ ਦਾ ਮਨ ਵਿੱਚ ਲੱਗ ਜਾਣਾ ਨਾਮ ਦਾ ਸਿਮਰਨ ਹੈ। ਅੱਠੇ ਪਹਿਰ ਗੁਰਮਤਿ ਦੀ ਚਿੰਤਾ ਉਸ ਦਾ ਹਰ ਵੇਲੇ ਨਾਮ ਜਪਣਾ ਹੈ।

ਸ਼ਬਦ ਦੀ ਅਗਲੀ ਪੰਗਤੀ ਵਿੱਚ ਸਾਡੀ ਕਥਨੀ ਕਰਨੀ ਵਿੱਚ ਫ਼ਰਕ ਕਰਕੇ ਸਮਝਾਇਆ ਹੋਇਆ ਹੈ ਭਾਵ ਜਿਸ ਨੂੰ ਅਸੀਂ ਆਪਣੀ ਭਗਤੀ ਸਮਝਦੇ ਹਾਂ ਤੇ ਅਸਲ ਭਗਤੀ ਕਿਵੇਂ ਹੋਣੀ ਹੈ ਉਸ ਵਿੱਚ ਫ਼ਰਕ ਕਰਕੇ ਸਮਝਾਇਆ ਹੋਇਆ ਹੈ।

“ਕਹਹਿ ਸੁਣਹਿ ਜੋ ਮਾਨਹਿ ਨਾਉ॥ ਹਉ ਬਲਿਹਾਰੈ ਤਾ ਕੈ ਜਾਉ॥”

ਜਦ ਤੱਕ ‘‘ਨਾਮ’’ ਦੀ ਸੋਝੀ ਨਹੀਂ, ਨਾ ਹੀ ਅਸੀਂ ਗੁਰਬਾਣੀ ਨੂੰ ਸਮਝ ਸਕਦੇ ਹਾਂ, ਉਸਦੇ ਅੰਦਰ ਦੇ ਭਾਵ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਭਗਤੀ ਨੂੰ ਸਮਝ ਸਕਦੇ ਹਾਂ। ਜਿਵੇਂ ਕਿ ਵਾਰ-ਵਾਰ ਸਮਝਦੇ ਆ ਰਹੇ ਹਾਂ ਗੁਰਬਾਣੀ ਦੇ ਅੰਦਰ ਦਾ ਸੱਚਾ ਗਿਆਨ ਹੀ ਭਾਵ ਬ੍ਰਹਮ ਗਿਆਨ ਹੀ ਨਾਮ ਹੈ, ਆਪ ਪ੍ਰਮਾਤਮਾ ਹੈ। ਗੁਰਬਾਣੀ ਦੀ ਸੱਚੀ ਮਤਿ ਦੇ ਨਾਲ ਜੁੜਨ ਤੋਂ ਬਿਨ੍ਹਾਂ ਗੁਰੂ ਪ੍ਰਮਾਤਮਾ ਨਾਲ ਨਹੀਂ ਜੁੜਿਆ ਜਾ ਸਕਦਾ। ਅਸੀਂ ਆਪਣੀ ਭਗਤੀ ਨੂੰ ਕਹਿਣ ਸੁਣਨ ਤੱਕ ਰੱਖਿਆ ਹੋਇਆ ਹੈ ਭਾਵ ਅਸੀਂ ਗੁਰਬਾਣੀ ਨੂੰ ਪੜ੍ਹਦੇ ਹਾਂ,

10/938

ਸੁਣਦੇ ਹਾਂ ਤੇ ਕਹਿ ਕਹਿ ਕੇ, ਬੋਲ ਬੋਲ ਕੇ ਜਪ ਤਪ ਕਰਦੇ ਹਾਂ ਤੇ ਇਸੇ ਨੂੰ ਹੀ ਅਸੀਂ ਆਪਣੀ ਭਗਤੀ ਸਮਝਦੇ ਹਾਂ। ਸਾਡੇ ਲਈ ਗੁਰਬਾਣੀ ਨੂੰ ਪੜ੍ਹਨਾ, ਸੁਣਨਾ ਜਰੂਰੀ ਹੈ ਭਾਵ ਸਾਡਾ ਜਰੂਰੀ ਉੱਦਮ ਹੈ। ਸਿਰਫ਼ ਇਤਨਾ ਕਰਨ ਨਾਲ ਸਾਡਾ ਫਰਜ਼ ਪੂਰਾ ਨਹੀਂ ਹੁੰਦਾ।ਅਸੀਂ ਗੁਰੂ ਦੀ ਗੱਲ ਨੂੰ ਪੜ੍ਹ ਕੇ, ਸੁਣ ਕੇ, ਉਸਨੂੰ ਸਮਝ ਕੇ, ਉਸਨੂੰ ਮੰਨਣਾ ਵੀ ਹੈ ਭਾਵ ਉਸ ਤੇ ਅਮਲ ਵੀ ਕਰਨਾ ਹੈ ਜਿਵੇਂ ਕਿ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਇਆ ਗਿਆ ਹੈ ਕਿ ਸਾਨੂੰ ਚੰਗੇ ਆਚਰਨ ਵਾਲੇ ਮਨੁੱਖ ਬਣਨਾ ਚਾਹੀਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਚਾਹੀਦਾ ਹੈ ਭਾਵ ਗੁਰੂ ਦੀ ਗੱਲ ਨੂੰ ਪੜ੍ਹ ਕੇ, ਸੁਣ ਕੇ ਸਮਝ ਕੇ ਫਿਰ ਉਸਨੂੰ ਮੰਨ ਕੇ ਮਨ ਦੀ ਮਾਇਆ ਮੋਹ ਵਾਲੀ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਉੱਦਮ ਵੀ ਕਰਨਾ ਹੈ ਭਾਵ ਇਸ ਅੰਧੇ ਮਨ ਨੂੰ

ਦੀਪਕ ਵੀ ਦੇਣਾ ਹੈ ਭਾਵ ਸਮਝਾਉਣਾ ਵੀ ਹੈ। ਜੇਕਰ ਅਸੀਂ ਕੇਵਲ ਪੜ੍ਹਨ ਸੁਣਨ ਤੱਕ ਹੀ ਰਹਿ ਜਾਈਏ ਤਾਂ ਫਿਰ ਨਾ ਤਾਂ ਬਾਣੀ ਲਿਖਣ ਵਾਲੇ ਦਾ ਮਨੋਰਥ ਪੂਰਾ ਹੁੰਦਾ ਹੈ ਤੇ ਨਾ ਉਸ ਨੂੰ ਪੜ੍ਹਨ ਸੁਣਨ ਵਾਲੇ ਦਾ। ਗੁਰੂ ਉਸ ਤੋਂ ਬਲਿਹਾਰੇ ਜਾਂਦਾ ਹੈ ਭਾਵ ਗੁਰੂ ਦੇ ਦਰਬਾਰ ਵਿੱਚ ਉਸਨੂੰ ਮਾਣ ਮਿਲਦਾ ਹੈ ਜੋ ਬਾਣੀ ਲਿਖਣ ਦੇ ਮਨੋਰਥ ਨੂੰ ਪੂਰਾ ਕਰਦਾ ਹੈ ਭਾਵ ਉਸਦੀ ਗੱਲ ਤੇ ਅਮਲ ਕਰਦਾ ਹੈ।

(ਅਹਿਨਿਸਿ ਅੰਧੁਲੇ ਦੀਪਕੁ ਦੇਇ॥ਭਉਜਲ ਡੂਬਤ ਚਿੰਤ ਕਰੇਇ॥ ਕਹਹਿ ਸੁਣਹਿ ਜੋ ਮਾਨਹਿ ਨਾਉ॥ਹਉ ਬਲਿਹਾਰੈ ਤਾ ਕੈ ਜਾਉ॥)

ਸਾਡੀ ਵੱਡੀ ਉਲਝਣ ਦਾ ਕਾਰਨ, ਅਗਿਆਨਤਾ ਦਾ ਕਾਰਨ, ਨਾਮ ਦੀ ਸੋਝੀ ਨਾ ਹੋਣਾ ਹੀ ਹੈ। ਨਾਮ ਨੂੰ ਮੰਨਣਾ ਹੀ ਭਾਵ ਗੁਰੂ ਦੀ ਮਤਿ ਤੇ ਅਮਲ ਕਰਨਾ ਹੀ ਸਾਡੀ ਪ੍ਰਮਾਤਮਾ ਅੱਗੇ ਉਸਦੇ ਨਾਲ ਮੇਲ ਕਰਨ ਦੀ ਸੱਚੀ ਅਰਦਾਸ ਹੈ ਤੇ ਇਹ ਅਰਦਾਸ ਆਪਣਾ ਤਨ ਮਨ ਗੁਰੂ ਨੂੰ ਸੌਂਪ ਕੇ ਹੀ ਪੂਰੀ ਹੁੰਦੀ ਹੈ। ਗੁਰੂ ਨੂੰ ਆਪਣਾ ਤਨ ਮਨ ਸੌਂਪਣਾ ਹੀ ਭਾਵ ਆਪਾ ਛੱਡਣਾ ਹੀ, ਆਪਣੀ ਮਨ ਦੀ ਸਮਝ ਨੂੰ ਪੂਰੀ ਤਰ੍ਹਾਂ ਛੱਡਣਾ ਹੀ, ਆਪਣੀ ਹਉਮੈ ਛੱਡਣਾ ਹੀ ਉਸ ਦਾ ਨਾਮ ਜਪਣਾ ਹੈ, ਉਸ ਦੇ ਨਾਮ ਨੂੰ ਮੰਨਣਾ ਹੈ। **(ਨਾਨਕੁ ਏਕ ਕਹੈ ਅਰਦਾਸਿ॥ਜੀਉ ਪਿੰਡੁ ਸਭੁ ਤੇਰੈ ਪਾਸਿ॥੩॥)** ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਲੈਣਾ ਹੀ ਸਾਡੀ ਉਸ ਦੇ ਅੱਗੇ ਸੱਚੀ ਅਰਦਾਸ ਹੈ। ਗੁਰੂ ਦੀ ਮਤਿ ਲੈਣਾ ਭਾਵ ਉਸ ਤੇ ਅਮਲ ਕਰਨਾ, ਨਾਮ ਨੂੰ ਮੰਨਣਾ ਸਾਡੇ ਵੱਸ ਤੋਂ ਬਾਹਰ ਹੈ। ਇਹ ਉਸ ਦੀ ਭਿਖਿਆ ਹੈ ਜਿਵੇਂ ਕਿ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਵਿੱਚ ਅਸੀਂ ਸਮਝਿਆ ਹੈ। ਜਦ ਤੱਕ ਸਾਨੂੰ ਉਹ ਆਪਣੀ ਭਿਖਿਆ ਨਹੀਂ ਦਿੰਦਾ, ਆਪਣੀ ਮਤਿ ਤੇ ਚੱਲਣ ਦੀ ਸਮਰੱਥਾ ਨਹੀਂ ਬਖਸ਼ਦਾ ਤਦ ਤੱਕ ਅਸੀਂ ਉਸਦਾ ਨਾਮ ਨਹੀਂ ਜਪ ਸਕਦੇ, ਅਸੀਂ

10/939

ਸੱਚ ਦੇ ਮਾਰਗ ਤੇ ਨਹੀਂ ਚੱਲ ਸਕਦੇ। ਉਸ ਦਾ ਨਾਮ ਜਪ ਕੇ ਹੀ ਭਾਵ ਗੁਰੂ ਦੀ ਮਤਿ ਗ੍ਰਹਿਣ ਕਰਕੇ ਹੀ ਭਾਵ ਉਸਦੀ ਭਿਖਿਆ ਮਿਲਣ ਨਾਲ ਹੀ ਉਸਦੀ ਦਰਗਾਹ ਵਿੱਚ ਬੈਠਣਾ ਮਿਲ ਸਕਦਾ ਹੈ ਭਾਵ ਉਸ ਦੇ ਨਾਲ ਮੇਲ ਹੋ ਸਕਦਾ ਹੈ। ਆਪਣਾ ਨਾਮ ਉਹ ਆਪ ਹੀ ਜਪਾ ਸਕਦਾ ਹੈ, ਆਪਣੀ ਮਤਿ ਤੇ ਉਹ ਆਪ ਹੀ ਚਲਾ ਸਕਦਾ ਹੈ, ਆਪਣਾ ਨਾਮ ਉਹ ਆਪ ਹੀ ਦੇ ਸਕਦਾ ਹੈ। ਉਸਦਾ ਨਾਮ ਮਿਲਣ ਤੋਂ ਪਹਿਲੇ ਉਸਦਾ ਨਾਮ ਨਹੀਂ ਜਪਿਆ ਜਾ ਸਕਦਾ। ਉਸਦਾ ਸੱਚਾ ਗਿਆਨ ਮਿਲਣ ਤੋਂ ਪਹਿਲਾਂ, ਗੁਰਮਤਿ ਦੀ ਸੱਚੀ ਸੋਝੀ ਪੈਣ ਤੋਂ ਪਹਿਲਾਂ ਉਸ ਅਨੁਸਾਰ ਨਹੀਂ ਵਿਚਰਿਆ ਜਾ ਸਕਦਾ। ਉਹ ਆਪਣਾ ਨਾਮ ਆਪ ਹੀ ਦਿੰਦਾ ਹੈ ਤੇ ਤਾਂ ਹੀ ਉਸਨੂੰ ਕੋਈ ਜਪ ਸਕਦਾ ਹੈ, ਉਸਦੇ ਨਾਲ ਮਿਲ ਸਕਦਾ ਹੈ।

(ਜਾਂ ਤੂੰ ਦੇਹਿ ਜਪੀ ਤੇਰਾ ਨਾਉ॥ ਦਰਗਹ ਬੈਸਣ ਹੋਵੈ ਥਾਉ॥)

ਜਦੋਂ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਆਪਣੀ ਸੱਚੀ ਮਤਿ ਬਖਸ਼ ਦਿੰਦਾ ਹੈ, ਆਪਣਾ ਸੱਚਾ ਗਿਆਨ ਬਖਸ਼ ਦਿੰਦਾ ਹੈ ਤਾਂ ਫਿਰ ਮਨੁੱਖ ਦੀ ਮਨਮਤਿ ਦੂਰ ਹੋ ਜਾਂਦੀ ਹੈ, ਉਸਦੀ ਦੁਰਮਤਿ ਦੂਰ ਹੋ ਜਾਂਦੀ ਹੈ ਕਿਉਂਕਿ ਪ੍ਰਮਾਤਮਾ ਜਿੱਥੇ ਆਪਣੇ ਆਪ ਨੂੰ ਵਸਾਉਂਦਾ ਹੈ, ਜਿਸ ਮਨ ਵਿੱਚ ਆਪਣੇ ਆਪ ਨੂੰ ਵਸਾਉਂਦਾ ਹੈ ਉੱਥੇ ਮਨੁੱਖ ਦੀ ਮਤਿ ਰਹਿ ਹੀ ਨਹੀਂ ਜਾਂਦੀ, ਉੱਥੇ ਉਸ ਦੀ ਆਪਣੀ ਸੱਚੀ ਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਬ੍ਰਹਮ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। **(ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ॥ਗਿਆਨ ਰਤਨੁ ਮਨਿ ਵਸੈ ਆਇ॥)** ਪ੍ਰਮਾਤਮਾ ਕੇਵਲ ਆਪਣੀ ਕਿਰਪਾ ਦੁਆਰਾ ਹੀ ਮਿਲ ਸਕਦਾ ਹੈ, ਆਪਣੇ ਆਪ ਨੂੰ ਮਿਲਣ ਦੀ ਸੱਚੀ ਅਰਦਾਸ ਮਨੁੱਖ ਕੋਲੋਂ ਉਹ ਆਪ ਹੀ ਕਰਵਾ ਸਕਦਾ ਹੈ, ਮਨੁੱਖ ਦੀ ਦੁਰਮਤਿ ਕੱਢ ਕੇ ਇਸ ਭਉਜਲ ਸਾਗਰ ਤੋਂ ਆਪ ਹੀ ਤਾਰ ਸਕਦਾ ਹੈ ਕਿਉਂਕਿ ਸਾਡੇ ਅੰਦਰ ਦੀ ਦੁਰਮਤਿ ਵਾਲੀ ਸਮਝ, ਮਾਇਆ ਮੋਹ ਵਾਲੀ ਸਮਝ ਭਾਵ ਸਾਡੇ ਅੰਦਰ ਦੇ ਮਾੜੇ ਵਿਚਾਰ ਹੀ ਸਾਡੇ ਅੰਦਰ ਦਾ ਭਵਜਲੁ ਸਾਗਰ ਹੈ ਜਿੰਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਨਾ ਗੁਰਮਤਿ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਾਂ ਤੇ ਨਾ ਹੀ ਉਸ ਅਨੁਸਾਰ ਚੱਲ ਸਕਦੇ ਹਾਂ। ਆਪਣੀ ਸੱਚੀ ਮਤਿ ਦੀ ਭਿਖਿਆਂ ਉਹ ਆਪ ਹੀ ਦਿੰਦਾ ਹੈ ਤੇ ਉਸਨੂੰ ਲੈਣ ਦੀ ਸਮਰੱਥਾ ਵੀ ਮਨੁੱਖ ਨੂੰ ਆਪ ਹੀ ਬਖਸ਼ਦਾ ਹੈ ਕਿਉਂਕਿ ਮਨ ਦੇ ਵਿਚਾਰਾਂ ਵਿੱਚ ਉਹ ਆਪ ਹੀ ਬੈਠਾ ਹੈ ਤੇ ਮਨੁੱਖ ਦਾ ਸਭ ਕੁੱਝ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ।

(ਨਦਰਿ ਕਰੇ ਤਾ ਸਤਿਗੁਰੁ ਮਿਲੈ॥ ਪ੍ਰਣਵਤਿ ਨਾਨਕੁ ਭਵਜਲੁ ਤਰੈ॥੪॥੧੮॥)

ਉਸ ਅਕਾਲ ਪੁਰਖ ਦੀ ਮਨੁੱਖ ਤੇ ਸਭ ਵੱਡੀ ਕਿਰਪਾ ਇਹ ਹੈ ਜਿਸ ਨੂੰ ਮਨਮਤਿ ਵਿੱਚੋਂ ਕੱਢ ਲਵੇ ਕਿਉਂਕਿ ਇਸ ਵਿੱਚੋਂ

ਨਿਕਲਣਾ ਮਨੁੱਖ ਲਈ ਸਭ ਤੋਂ ਕਠਿਨ ਕੰਮ ਹੈ, ਔਖਾ ਕੰਮ ਹੈ ਤੇ ਇਸੇ ਲਈ ਨਾਮ ਜਪਣਾ ਔਖਾ ਹੈ। ਬਿਨ੍ਹਾਂ ਮਨਮਤਿ ਛੱਡੇ ਸਾਡੇ ਅੰਦਰ ਗੁਰੂ ਦੀ ਮਤਿ ਨਹੀਂ ਵੱਸ ਸਕਦੀ ਤੇ ਬਿਨ੍ਹਾਂ ਗੁਰੂ ਦੀ ਸੱਚੀ ਮਤਿ ਵਸੇ ਉਸ ਦਾ ਨਾਮ ਨਹੀਂ ਧਿਆਇਆ ਜਾ

10/940

ਸਕਦਾ ਤੇ ਨਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਗਿਆਨ ਰੂਪ ਵਿੱਚ ਹੀ ਵਿਚਰ ਰਹਿਆ ਹੈ। ਸਭ ਕੁੱਝ ਉਸਦੇ ਆਪਣੇ ਵੱਸ ਹੈ। ਜੇਕਰ ਸਾਡੀ ਮਤਿ ਸਾਡੇ ਵੱਸ ਹੋਵੇ ਤਾਂ ਅਸੀਂ ਇਸ ਨੂੰ ਆਪ ਹੀ ਚੰਗੀ ਕਰ ਲਈਏ, ਸੁਮਤਿ ਕਰ ਲਈਏ ਭਾਵ ਬ੍ਰਹਮ ਗਿਆਨ ਵਾਲੀ ਕਰ ਲਈਏ ਪਰ ਇਹ ਮਤਿ ਅਕਾਲ ਪੁਰਖ ਦੇ ਵੱਸ ਹੈ। ਉਸਦੇ ਆਪ ਮਨ ਦੇ ਵਿੱਚ ਪਰਗਟ ਹੋ ਕੇ ਮਤਿ ਦਿੱਤੇ ਬਿਨ੍ਹਾਂ ਨਾ ਹੀ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈ ਸਕਦੀ ਹੈ, ਨਾਮ ਦੀ ਸੋਝੀ ਪੈ ਸਕਦੀ ਹੈ ਤੇ ਨਾਂ ਹੀ ਉਸ ਨੂੰ ਜਪਣ ਦੀ ਸਮਰੱਥਾ ਆ ਸਕਦੀ ਹੈ। ਹੇਠ ਦਿੱਤੀਆਂ ਪੰਗਤੀਆਂ ਦੁਆਰਾ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗੀ ਤੇ ਸੋਝੀ ਪੈ ਜਾਵੇਗੀ ਕਿ ਮਨਮਤਿ ਛੱਡ ਕੇ ਗੁਰੂ ਦੀ ਮਤਿ ਲੈਣਾ ਹੀ ਉਸ ਦਾ ਨਾਮ ਧਿਆਉਣਾ ਹੈ।

“ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ॥੩॥
ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ॥
ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ॥੪॥੫॥”

(ਅੰਗ ੮੦੦)

ਪੂਰੀ ਬਾਣੀ ਸਤਿਗੁਰ ਦੀ ਮਤਿ ਹੈ ਤੇ ਅਸੀਂ ਉਸ ਵਿੱਚੋਂ ਇੱਕ ਅੱਖਰ ਨੂੰ ਛਾਂਟ ਕੇ ਉਸ ਨੂੰ ਜਪਣਾ ਹੀ ਗੁਰੂ ਦੀ ਮਤਿ ਸਮਝ ਲਿਆ ਹੈ, ਜਦ ਕਿ ਪੂਰੀ ਗੁਰਬਾਣੀ ਵਿੱਚ ਕਿਤੇ ਨਹੀਂ ਲਿਖਿਆ ਕਿ “ਵਾਹਿਗੁਰੂ” ਅੱਖਰ ਨਾਮ ਹੈ ਭਾਵ ਇੱਕ ਅੱਖਰ ਨੂੰ ਨਾਮ ਨਹੀਂ ਕਿਹਾ ਭਾਵ ਇੱਕ ਅੱਖਰ ਦੇ ਜਾਪ ਨੂੰ ਨਾਮ ਨਹੀਂ ਕਿਹਾ। ਹਕੀਕਤ ਇਹ ਹੈ ਕਿ ਅਸੀਂ ਆਪਣੀ ਮਨਮਤਿ ਨੂੰ ਹੀ ਗੁਰਮਤਿ ਬਣਾਇਆ ਹੋਇਆ ਹੈ ਪਰ ਅਸਲ ਵਿੱਚ ਪੂਰੀ ਗੁਰਮਤਿ ਅਨੁਸਾਰ ਵਿਚਰਨਾ, ਹਰ ਵੇਲੇ ਨਾਮ ਧਿਆਉਣਾ ਹੈ। **(ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ॥੩॥)**

ਗੁਰੂ ਦੀ ਮਤਿ ਤੋਂ ਦੂਰ ਹੋ ਕੇ ਅਸੀਂ ਆਪਣੇ ਵੱਲੋਂ ਧਰਮ ਦੇ ਕਰਮ ਕਰਦੇ ਹਾਂ, ਆਪਣੇ ਵੱਲੋਂ ਧਰਮ ਦੇ ਮਾਰਗ ਤੇ ਚੱਲਦੇ ਹਾਂ ਪਰ ਜਦ ਤੱਕ ਸਾਡੇ ਅੰਦਰ ਮਨਮਤਿ ਹੈ ਭਾਵ ਮਾਇਆ ਮੋਹ ਹੈ, ਤ੍ਰਿਸ਼ਨਾ ਹੈ ਤਦ ਤੱਕ ਸਾਡੇ ਇਹੋ ਜਿਹੇ ਧਰਮ ਦੇ ਕਰਮ ਸਾਡੇ ਕਿਸੇ ਕੰਮ ਨਹੀਂ ਆਉਂਦੇ ਉਲਟਾ ਸਾਨੂੰ ਬੰਧਨ ਵਿੱਚ ਪਾਉਂਦੇ ਹਨ। ਜਿਵੇਂ ਕਿ ਇੱਕ ਮੱਕੜੀ ਆਪ ਜਾਲ ਬੁਣ ਕੇ ਉਸ ਵਿੱਚ ਆਪ ਹੀ ਫਸ ਜਾਂਦੀ ਹੈ ਤੇ ਉਸ ਦੀ ਕੀਤੀ ਮਿਹਨਤ ਕਿਸੇ ਲੇਖੇ ਨਹੀਂ ਲੱਗਦੀ ਇਸੇ ਤਰ੍ਹਾਂ ਔਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਆਪਣੇ ਆਪ ਲਈ ਜਾਲ ਬੁਣ ਰਹੇ ਹਾਂ। ਆਓ ਇਸ

10/941

ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ।

ਸੋਰਠਿ ਮਹਲਾ ੧ ਤਿਤੁਕੀ॥

“ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ॥੧॥
ਸੁਣਿ ਪੰਡਿਤ ਕਰਮਾ ਕਾਰੀ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥ ਰਹਾਉ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ॥

ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ॥੪॥
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥"

(ਅੰਗ ੬੩੫)

ਜਦ ਤੱਕ ਮਨੁੱਖ ਸੰਸਾਰ ਵਿੱਚ ਹੈ, ਨਾਮ ਦੀ ਪ੍ਰਾਪਤੀ ਤੋਂ ਬਿਨ੍ਹਾਂ ਹਰ ਕੋਈ ਬੰਧਨ ਵਿੱਚ ਹੈ। ਇਹ ਬੰਧਨ ਮਾਇਆ ਦੀ ਤ੍ਰੈਗੁਣੀ ਜੁਗਤਿ ਦਾ ਹੈ। ਜਦ ਤੱਕ ਮਨੁੱਖ ਇਸ ਜੁਗਤਿ ਤੋਂ ਪਾਰ ਨਹੀਂ ਪਾਉਂਦਾ ਉਸਦੇ ਬੰਧਨ ਨਹੀਂ ਕੱਟੇ ਜਾ ਸਕਦੇ। ਇਹ ਬੰਧਨ ਸਾਡੀ ਅਗਿਆਨਤਾ ਦੇ ਕਾਰਨ ਹਨ, ਸਾਡੇ ਤ੍ਰੈਗੁਣਾਂ ਦੇ ਕਾਰਨ ਹਨ ਤੇ ਇਹ ਬੰਧਨ ਕੇਵਲ ਨਾਮ ਦੁਆਰਾ ਕੱਟੇ ਜਾ ਸਕਦੇ ਹਨ, ਗੁਰੂ ਦੇ ਗਿਆਨ ਦੁਆਰਾ ਕੱਟੇ ਜਾ ਸਕਦੇ ਹਨ ਭਾਵ ਉਸਦੇ ਚੌਥੇ ਪਦ ਦੇ ਗਿਆਨ, ਬ੍ਰਹਮ ਗਿਆਨ ਦੁਆਰਾ ਕੱਟੇ ਜਾ ਸਕਦੇ ਹਨ। ਜਦ ਤੱਕ ਸਾਨੂੰ ਆਪਣੇ ਬੰਧਨਾਂ ਦਾ ਕਾਰਨ ਸਮਝ ਨਹੀਂ ਆਉਂਦਾ ਤਦ ਤੱਕ ਇਹਨਾਂ ਬੰਧਨਾਂ ਵਿੱਚੋਂ ਨਿਕਲਣ ਦਾ ਰਸਤਾ ਵੀ ਸਮਝ ਨਹੀਂ ਆ ਸਕਦਾ। ਰਸਤਾ ਤਾਂ ਅਸੀਂ ਸਭ ਨੇ ਲੱਭਿਆ ਹੋਇਆ ਹੈ ਪਰ ਉਹ ਰਸਤਾ ਅਗਿਆਨਤਾ ਵਾਲਾ ਹੈ। ਅਸੀਂ ਬੰਧਨਾਂ ਤੋਂ ਛੁਟਕਾਰਾ ਪਾਉਣ ਲਈ, ਆਵਾਗਉਣ ਤੋਂ ਛੁਟਕਾਰਾ ਪਾਉਣ ਲਈ ਅਨੇਕਾਂ ਤਰੀਕਿਆਂ ਦੁਆਰਾ ਪ੍ਰਮਾਤਮਾ ਦੀ ਭਗਤੀ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਧਰਮ ਕਰਮ ਕਹਿੰਦੇ ਹਾਂ ਭਾਵ ਧਰਮ ਵਾਲੇ ਕਰਮ ਕਹਿੰਦੇ ਹਾਂ, ਸਮਝਦੇ ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਸਮਝਦੇ ਹਾਂ। ਇਹੀ ਸਾਡਾ ਸਭ ਤੋਂ ਵੱਡਾ ਭੁਲੇਖਾ ਹੈ ਕਿਉਂਕਿ ਅਸੀਂ ਬੰਧਨ ਦੇ ਕਾਰਨ ਨੂੰ ਹੀ ਨਹੀਂ ਸਮਝਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਤੇ ਆਓ ਇਸ ਪੰਗਤੀ ਨੂੰ ਬੜੇ ਧਿਆਨ ਨਾਲ ਵਿਚਾਰੀਏ ਤੇ ਬਾਣੀ ਤੇ ਆਪਣਾ ਪੂਰਾ ਯਕੀਨ ਰੱਖ ਕੇ ਇਸ ਗੱਲ ਨੂੰ ਸਮਝੀਏ ਕਿਉਂਕਿ ਇਸ ਨੂੰ ਸਮਝੇ ਬਿਨ੍ਹਾਂ ਸਾਨੂੰ ਬੰਧਨਾਂ ਤੋਂ ਛੁੱਟਣ ਦੀ ਸੋਝੀ ਨਹੀਂ ਪੈ ਸਕਦੀ। ਬੜੀ ਵੱਡੀ ਗੱਲ ਸਾਨੂੰ ਬੜੇ ਸਰਲ ਤਰੀਕੇ ਨਾਲ ਸਮਝਾਈ ਹੋਈ ਹੈ।

"ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥"

10/942

ਮਨੁੱਖ ਜੋ ਕੁੱਝ ਵੀ ਕਰਦਾ ਹੈ ਭਾਵ ਜਿਹੋ ਜਿਹੇ ਕਰਮ ਕਰਦਾ ਹੈ ਉਹ ਆਪਣੀ ਮਨਸਾ ਦੁਆਰਾ ਕਰਦਾ ਹੈ ਭਾਵ ਮਨ ਦੀ ਇੱਛਾ ਦੁਆਰਾ ਕਰਦਾ ਹੈ, ਮਨ ਦੀ ਮਰਜ਼ੀ ਦੁਆਰਾ ਕਰਦਾ ਹੈ ਭਾਵ ਜੋ ਸਾਡਾ ਮਨ ਸਾਨੂੰ ਕਹਿੰਦਾ ਹੈ, ਅਸੀਂ ਉਹੋ ਕੁੱਝ ਕਰਦੇ ਹਾਂ। ਸਾਰੀ ਗੱਲ ਮਨ ਦੀ ਇੱਛਾ ਨੂੰ ਜਾਨਣ ਦੀ ਹੈ ਕਿ ਸਾਡਾ ਮਨ ਕੀ ਕਹਿੰਦਾ ਹੈ, ਕਿਉਂਕਿ ਬੰਧਨਾਂ ਵਿੱਚ ਪੈਣ ਦਾ ਕਾਰਨ ਜਾਂ ਬੰਧਨਾਂ ਵਿੱਚੋਂ ਨਿਕਲਣ ਦਾ ਕਾਰਨ ਸਾਡੀ ਮਨਸਾ ਹੀ ਹੈ, ਸਾਡੇ ਮਨ ਦੇ ਵਿਚਾਰ ਹੀ ਹਨ। ਸਾਰੀ ਗੱਲ ਮਨ ਦੇ ਵਿਚਾਰਾਂ ਤੇ ਨਿਬੜਦੀ ਹੈ। ਜੇਕਰ ਸਾਡੇ ਮਨ ਦੇ ਵਿਚਾਰਾਂ ਵਿੱਚ ਸੱਚ ਹੈ ਤਾਂ ਫਿਰ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਾਨੂੰ ਬੰਧਨਾਂ ਵਿੱਚੋਂ ਕੱਢਦਾ ਹੈ ਤੇ ਜਦੋਂ ਸਾਡੇ ਮਨ ਦੇ ਵਿਚਾਰਾਂ ਵਿੱਚ ਝੂਠ ਹੈ ਉਹ ਸਾਨੂੰ ਬੰਧਨਾਂ ਵਿੱਚ ਪਾਉਂਦਾ ਹੈ। ਸਾਨੂੰ ਸੱਚ ਤੋਂ ਦੂਰ ਸਾਡੇ ਅੰਦਰ ਦੀ ਤ੍ਰਿਸ਼ਨਾ ਕਰਦੀ ਹੈ, ਸਾਡੀ ਆਸਾ ਕਰਦੀ ਹੈ ਕਿਉਂਕਿ ਆਪਣੀਆਂ ਆਸਾਂ ਦੀ ਪੂਰਤੀ ਕਰਨ ਲਈ ਹੀ ਅਸੀਂ ਝੂਠ ਦਾ ਆਸਰਾ ਲੈਂਦੇ ਹਾਂ ਭਾਵ ਇਹ ਆਸਾ, ਤ੍ਰਿਸ਼ਨਾ ਸਾਡੇ ਮਨ ਦੇ ਵਿਚਾਰਾਂ ਨੂੰ ਮੈਲਾ ਕਰਦੀ ਹੈ ਭਾਵ ਸਾਡੇ ਮਨ ਨੂੰ ਮੈਲਾ ਬਣਾਉਂਦੀ ਹੈ। ਮੈਲੇ ਮਨ ਦੇ ਨਾਲ ਅਸੀਂ ਜੋ ਵੀ ਕਰਮ ਕਰਦੇ ਹਾਂ ਭਾਵੇਂ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਕਰਮ ਕਹਿੰਦੇ ਹਾਂ, ਜਿਵੇਂ ਕਿ ਅਸੀਂ ਅਨੇਕਾਂ ਪਾਠ ਪੂਜਾ ਕਰਦੇ ਹਾਂ, ਤੀਰਥਾਂ ਆਦਿ ਤੇ ਜਾਂਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਪਰ ਜਦ ਤੱਕ ਸਾਡੇ ਮਨ ਦੇ ਵਿੱਚ ਮੈਲ ਹੈ, ਸਾਡੇ ਮਨ ਦੇ ਵਿੱਚ ਵਿਕਾਰ ਹਨ, ਉਸ ਅਵੱਸਥਾ ਨਾਲ ਕੀਤੇ ਗਏ ਸਾਡੇ ਸਾਰੇ ਕਰਮ ਧਰਮ ਸਾਡੇ ਬੰਧਨ ਦਾ ਕਾਰਨ ਬਣਦੇ ਹਨ ਭਾਵ ਇਹੋ ਜਿਹੇ ਧਰਮ ਕਰਮ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਤੇ ਇਹਨਾਂ ਨਾਲ ਸਾਨੂੰ ਮੁਕਤੀ ਨਹੀਂ ਮਿਲ ਸਕਦੀ ਭਾਵ ਜਦ ਤੱਕ ਸਾਡਾ ਹਿਰਦਾ ਸ਼ੁੱਧ ਨਹੀਂ ਹੈ ਤਦ ਤੱਕ ਕੋਈ ਭਗਤੀ ਨਹੀਂ ਹੋ ਸਕਦੀ। (**ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥**) ਜਦ ਤੱਕ ਸਾਡੇ ਮਨ ਵਿੱਚ ਵਿਕਾਰ ਹਨ, ਮਾਇਆ ਮੋਹ ਹੈ, ਤ੍ਰਿਸ਼ਨਾ ਹੈ ਤਦ ਤੱਕ

ਸਾਨੂੰ ਨਾਮ ਵਿਸਰਿਆ ਹੋਇਆ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

“ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥”

10/943

ਮਾਇਆ ਮੋਹ ਜਨਮ ਤੋਂ ਹੀ ਸਾਡੇ ਵਿੱਚ ਪੈ ਕੇ ਆਉਂਦਾ ਹੈ ਜੋ ਕਿ ਤ੍ਰੈਗੁਣੀ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਮਨੁੱਖ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹੀ ਰਹਿੰਦਾ ਹੈ। ਜਦ ਤੱਕ ਮਨੁੱਖ ਤ੍ਰੈਗੁਣਾਂ ਵਿੱਚ ਹੈ ਤਦ ਤੱਕ ਉਹ ਆਪਣੀ ਮਤਿ ਅਨੁਸਾਰ ਪਾਪ ਪੁੰਨ ਵਿੱਚ ਪੈ ਜਾਂਦਾ ਹੈ ਪਰ ਅਸਲ ਵਿੱਚ ਪਾਪ ਕਿਸ ਵਿੱਚ ਹੈ ਅਤੇ ਪੁੰਨ ਕਿਸ ਵਿੱਚ ਹੈ ਇਸ ਗੱਲ ਦੀ ਸੋਝੀ ਉਸ ਨੂੰ ਨਹੀਂ ਹੁੰਦੀ। ਜਦ ਤੱਕ ਮਨੁੱਖ ਤ੍ਰੈਗੁਣਾਂ ਵਿੱਚ ਹੈ, ਮਾਇਆ ਦੀ ਜੁਗਤਿ ਵਿੱਚ ਹੈ ਉੱਥੇ ਨਾਮ ਨਹੀਂ ਹੈ। ਤ੍ਰੈਗੁਣਾਂ ਵਿੱਚ “ਹਉਮੈ” ਹੈ, “ਮੈ”" ਹੈ ਜੋ ਕਿ ਨਾਮ ਦੁਆਰਾ ਮਿਟਦੀ ਹੈ, ਚੌਥੇ ਪਦ ਦੇ ਗਿਆਨ ਦੁਆਰਾ ਮਿਟਦੀ ਹੈ ਤੇ ਨਾਮ ਦੀ ਪ੍ਰਾਪਤੀ ਤੋਂ ਬਿਨ੍ਹਾਂ ਹਰ ਕੋਈ ਮਨ ਦੀ ਨਾਸਮਝੀ ਕਰਕੇ ਬਿਨਸ ਜਾਂਦਾ ਹੈ ਖ਼ਤਮ ਹੋ ਜਾਂਦਾ ਹੈ ਭਾਵ ਮੁਕਤ ਨਹੀਂ ਹੋ ਸਕਦਾ। (**ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥**) ਮਨੁੱਖ ਦੀ ਆਸਾ ਤ੍ਰਿਸ਼ਨਾ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਜਾ ਸਕਦੀ ਹੈ ਤੇ ਉਸ ਦੇ ਸੱਚੇ ਗਿਆਨ ਬਿਨ੍ਹਾਂ ਸਾਡੇ ਕਰਮ ਚੰਗੇ ਨਹੀਂ ਹੋ ਸਕਦੇ ਭਾਵ ਸੱਚ ਬਿਨਾਂ ਸਾਡੇ

ਵਿਕਾਰ ਨਹੀਂ ਜਾ ਸਕਦੇ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ॥੧॥”

ਸਾਡੇ ਅੰਦਰ ਵਿਕਾਰਾਂ ਦੀ ਜੜ੍ਹ ਮਾਇਆ ਮੋਹ ਹੈ, ਤ੍ਰਿਸ਼ਨਾ ਹੈ, ਮਨਮਤਿ ਹੈ ਤੇ ਇਸ ਦੇ ਰਹਿੰਦਿਆਂ ਸਾਡੇ ਕਰਮ ਚੰਗੇ ਨਹੀਂ ਹੋ ਸਕਦੇ, ਵਿਕਾਰ ਰਹਿਤ ਨਹੀਂ ਹੋ ਸਕਦੇ ਭਾਵ ਮਾਇਆ ਮੋਹ ਛੱਡੇ ਬਿਨ੍ਹਾਂ ਅਸੀਂ ਵਿਕਾਰਾਂ ਵਿੱਚੋਂ ਨਹੀਂ ਨਿਕਲ ਸਕਦੇ ਤੇ ਸਾਡੇ ਕਰਮ ਚੰਗੇ ਨਹੀਂ ਹੋ ਸਕਦੇ, ਗੁਰੂ ਦੀ ਮਤਿ ਵਾਲੇ ਨਹੀਂ ਹੋ ਸਕਦੇ, ਨਾਮ ਵਾਲੇ ਨਹੀਂ ਹੋ ਸਕਦੇ। ਇਹ ਚੰਗੇ ਕਰਮ ਕਿਵੇਂ ਹੋ ਸਕਦੇ ਹਨ, ਸਾਡੇ ਬੰਧਨ ਕਿਵੇਂ ਟੁੱਟ ਸਕਦੇ ਹਨ ਇਹ ਅੱਗੇ ਰਹਾਉ ਦੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਸੁਣਿ ਪੰਡਿਤ ਕਰਮਾ ਕਾਰੀ॥

ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥ਰਹਾਉ॥”

ਉੱਪਰ ਪੰਡਿਤ ਨੂੰ ਕਹਿ ਕੇ ਸੰਬੋਧਨ ਕੀਤਾ ਹੈ ਭਾਵ ਜੋ ਆਪਣੇ ਆਪ ਨੂੰ ਗਿਆਨਵਾਨ ਅਖਵਾਉਂਦੇ ਹਨ, ਗਿਆਨੀ ਅਖਵਾਉਂਦੇ ਹਨ, ਜੋ ਦੂਸਰਿਆਂ ਨੂੰ ਧਰਮ ਦਾ ਮਾਰਗ ਦਿਖਾਉਂਦੇ ਹਨ, ਜੋ ਧਰਮ ਕਰਮ

10/944

ਆਪ ਵੀ ਕਰਦੇ ਹਨ ਤੇ ਦੂਜਿਆਂ ਨੂੰ ਵੀ ਸਿਖਾਉਂਦੇ ਹਨ ਭਾਵ ਗਿਆਨਵਾਨ ਅਖਵਾਉਣ ਵਾਲਿਆਂ ਦਾ ਭੁਲੇਖਾ ਦੂਰ ਕੀਤਾ ਹੈ ਤੇ ਉਹਨਾਂ ਨੂੰ ਉਹੋ ਜਿਹੇ ਕਰਮ ਕਰਨੇ ਸਿਖਾਏ ਹਨ ਜਿਸ ਨਾਲ ਸਾਨੂੰ “ਸੁਖ” ਦੀ ਪ੍ਰਾਪਤੀ ਹੋ ਜਾਵੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਜਾਵੇ, ਜਿਸ ਨਾਲ ਸਾਡੇ ਬੰਧਨ ਕੱਟੇ ਜਾਣ। ਸਾਰੀ ਗੱਲ ਆਪਣੇ ਮਨ ਦੇ ਅੰਦਰ, ਆਤਮਾ ਦੇ ਅੰਦਰ ਤੱਤ ਨੂੰ ਵਿਚਾਰਨ ਦੀ ਹੈ, ਗੁਰੂ ਦੀ ਮਤਿ ਨੂੰ ਵਿਚਾਰਨ ਦੀ ਹੈ ਜਿਸ ਦੁਆਰਾ ਸਾਡੇ ਕਰਮ ਬਦਲ ਕੇ ਚੰਗੇ ਹੋ ਜਾਣ **(ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥ਰਹਾਉ॥)** ਇਹੀ ਕੁੱਝ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥”

ਮਾਇਆ ਮੋਹ ਨੂੰ ਕੋਈ ਛੱਡ ਕੇ ਰਾਜ਼ੀ ਨਹੀਂ ਤੇ ਨਾ ਹੀ ਕੋਈ ਇਹ ਮੰਨਣ ਨੂੰ ਤਿਆਰ ਹੁੰਦਾ ਹੈ ਕਿ ਜੋ ਕੋਈ ਵੀ ਉਹ ਆਪਣੇ ਵੱਲੋਂ ਧਰਮ ਕਰਮ ਕਰਦਾ ਹੈ ਉਹ ਠੀਕ ਨਹੀਂ ਹੈ ਭਾਵ ਮਾਇਆ ਮੋਹ ਵਿੱਚ ਰਹਿੰਦੇ ਹੀ ਅਸੀਂ ਆਪਣੇ ਧਰਮ ਕਰਮ ਨੂੰ ਚੰਗਾ ਦੱਸਦੇ ਹਾਂ। ਆਪਣੇ ਜਪ ਤਪ ਨੂੰ ਠੀਕ ਦੱਸਦੇ ਹਾਂ। **“ਸਾਸਤ ਬੇਦ ਬਕੈ ਖੜੋ ਭਾਈ॥”** ਇਸ ਤੋਂ ਭਾਵ ਹੈ ਜਦੋਂ ਸਾਨੂੰ ਕੋਈ ਇਹ ਸਮਝਾਉਣ ਦੀ ਕੋਸ਼ਿਸ਼ ਕਰੇ, ਕਿਸੇ ਵਿਦਵਾਨ ਅਖਵਾਉਣ ਵਾਲਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰੇ ਤਾਂ ਉਹ ਫਿਰ ਅੱਗੋਂ ਆਪਣੇ ਧਰਮ ਗ੍ਰੰਥਾਂ ਦੇ ਬੋਲ ਸੁਣਾ ਕੇ ਬਹਿਸ ਕਰਦੇ ਹਨ ਤੇ ਉਸ ਤੇ ਅੜੇ ਰਹਿੰਦੇ ਹਨ ਭਾਵ ਆਪਣੀ ਗੱਲ ਤੇ ਖੜੋਤੇ ਰਹਿੰਦੇ ਹਨ, ਆਪਣੀ ਮਨਹਠਿ ਤੇ ਅੜੇ ਰਹਿੰਦੇ ਹਨ ਭਾਵ ਦੂਜੇ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੁੰਦੇ ਤੇ ਆਪਣੇ ਆਪ ਨੂੰ ਹੀ ਠੀਕ ਸਾਬਤ ਕਰਦੇ ਹਨ। ਇਹ ਗੱਲ ਸਾਰਿਆਂ ਤੇ ਲਾਗੂ ਹੁੰਦੀ ਹੈ, ਸਿੱਖ ਜਗਤ ਤੇ ਵੀ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਜਦੋਂ ਮਰਜ਼ੀ

ਅਜਮਾ ਕੇ ਦੇਖ ਲਵੋ। ਆਪਣੇ ਵੱਲੋਂ ਧਰਮ ਦੇ ਮਾਰਗ ਤੇ ਚੱਲਣ ਵਾਲਾ ਆਪਣੇ ਆਪ ਨੂੰ ਭੁੱਲਿਆ ਹੋਇਆਂ ਨਹੀਂ ਮੰਨਦਾ। ਕਰਮ ਤਾਂ ਉਹਨਾਂ ਦੇ ਭਾਵੇਂ ਚੰਗੇ ਨਹੀਂ ਹੁੰਦੇ ਭਾਵ ਕਰਮ ਉਹਨਾਂ ਦੇ ਸੰਸਾਰੀਆਂ ਵਾਲੇ ਹੀ ਹੁੰਦੇ ਹਨ, ਮਾਇਆ ਮੋਹ ਵਾਲੇ ਹੀ ਹੁੰਦੇ ਹਨ, ਆਸਾ ਮਨਸਾ ਵਾਲੇ ਹੀ ਹੁੰਦੇ ਹਨ ਪਰ ਉਹ ਇਹਨਾਂ ਕਰਮਾਂ ਨੂੰ ਅਹਿਮੀਅਤ ਨਹੀਂ ਦਿੰਦੇ ਤੇ ਆਪਣੇ ਦਿਖਾਵੇ ਵਾਲੇ ਕਰਮਾਂ ਨੂੰ ਹੀ ਧਰਮ ਵਾਲੇ ਕਰਮ ਕਹਿੰਦੇ ਹਨ। ਮਨ ਦੇ ਵਿਕਾਰ ਛੱਡਣ ਨੂੰ, ਔਗੁਣ ਛੱਡਣ ਨੂੰ ਉਹ ਇੱਕ ਪਰਹੇਜ਼ ਮਾਤਰ ਹੀ ਸਮਝਦੇ ਹਨ ਤੇ ਅਸਲ ਭਗਤੀ ਧਰਮ ਗ੍ਰੰਥਾਂ ਨੂੰ ਪੜ੍ਹਨ, ਸੁਣਨ ਤੇ ਜਪ ਤਪ ਕਰਨੇ ਹੀ ਸਮਝਦੇ ਹਨ ਤੇ ਇਹੀ ਕੁੱਝ ਪ੍ਰਚਾਰ ਵੀ ਕਰਦੇ ਹਨ। ਉਹ ਆਪ ਵੀ ਭਗਤੀ ਦੇ ਮਾਰਗ ਤੋਂ ਭਟਕੇ ਹੋਏ ਹਨ ਤੇ ਦੂਸਰਿਆਂ ਨੂੰ ਵੀ ਭਟਕਣਾ ਵਿੱਚ ਪਾਉਂਦੇ ਹਨ। **(ਸਾਸਤ੍ਰ ਬੇਦ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥)** ਧਰਮ ਦੇ ਕਰਮ ਕਰਨ ਲਈ ਮਨ ਦੀ ਮੈਲ ਕੱਢਣਾ ਜਰੂਰੀ ਹੈ, ਵਿਕਾਰਾਂ ਤੋਂ ਰਹਿਤ ਹੋਣਾ ਜਰੂਰੀ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥"

10/945

ਜਿਹੜੇ ਆਪਣੇ ਵੱਲੋਂ ਧਰਮ ਕਰਮ ਕਰਦੇ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਵੀ ਦੱਸਦੇ ਹਨ ਭਾਵ ਜੋ ਧਰਮ ਗ੍ਰੰਥਾਂ ਦੀ ਓਟ ਲੈ ਕੇ ਬਹਿਸ ਕਰਦੇ ਹਨ ਤੇ ਆਪਣੀ ਗੱਲ ਤੇ ਅੜੇ ਰਹਿੰਦੇ ਹਨ ਤੇ ਜੇਕਰ ਕੋਈ ਉਹਨਾਂ ਨੂੰ ਇਹ ਸਮਝਾਵੇ ਕਿ ਭਾਈ ਤੇਰਾ ਮਨ ਤੇ ਸਾਫ਼ ਨਹੀਂ ਤੇ ਫਿਰ ਇਹੋ ਜਿਹੀ ਭਗਤੀ ਦਾ ਕੀ ਫਾਇਦਾ ਤਾਂ ਉਹਨਾਂ ਦਾ ਸਭ ਤੋਂ ਪਹਿਲਾਂ ਜਵਾਬ ਇਹੀ ਹੁੰਦਾ ਹੈ ਕਿ ਮਨ ਦੀ ਮੈਲ ਧਰਮ ਕਰਮ ਦੁਆਰਾ ਹੀ ਦੂਰ ਹੁੰਦੀ ਹੈ, ਜਪ ਤਪ ਦੁਆਰਾ ਹੀ ਦੂਰ ਹੁੰਦੀ ਹੈ। ਇਸ ਗੱਲ ਨੂੰ ਅਗਰ ਅਜ਼ਮਾਉਣਾ ਹੋਵੇ ਤਾਂ ਕੋਈ ਵੀ ਅਜ਼ਮਾ ਕੇ ਦੇਖ ਸਕਦਾ ਹੈ। ਕਿਸੇ ਵੀ ਜਪ ਤਪ ਕਰਨ ਵਾਲੇ ਨਾਲ ਗੱਲ ਕਰਕੇ ਦੇਖੋ ਤਾਂ ਉਸ ਦਾ ਜਵਾਬ ਸੁਣ ਕੇ ਦੇਖ ਲੈਣਾ ਉਹ ਇਸੇ ਗੱਲ ਦੀ ਬਹਿਸ ਕਰੇਗਾ ਭਾਵੇਂ ਉਹ ਕਿਸੇ ਵੀ ਧਰਮ ਗ੍ਰੰਥ ਵਿੱਚ ਆਸਥਾ ਰੱਖਦਾ ਹੋਵੇ, ਗੁਰਸਿੱਖ ਅਖਵਾਉਣ ਵਾਲਿਆਂ ਉੱਤੇ ਵੀ ਇਹ ਗੱਲ ਪੂਰੀ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਸਭ ਦੇ ਵਿੱਚ ਪੂਰੀ ਮਨਹਠਿ ਹੈ। ਜਿਤਨਾ ਮਰਜ਼ੀ ਤਰਕ ਦੇਣ ਦੀ ਕੋਸ਼ਿਸ਼ ਕਰ ਲਵੋ, ਜਿਤਨੀ ਮਰਜ਼ੀ ਸ਼ਬਦਾਂ ਦੀ ਵਿਆਖਿਆ ਕਰਕੇ ਸੁਣਾ ਦਿਉ ਪਰ ਉਹ ਆਪਣੀ ਗੱਲ ਤੋਂ ਟੱਸ ਤੋਂ ਮੱਸ ਨਹੀਂ ਹੁੰਦੇ। ਭਾਵੇਂ ਇਹ ਗੱਲ ਬਾਣੀ ਵਿੱਚ ਵਾਰ-ਵਾਰ ਸਪੱਸ਼ਟ ਕੀਤੀ ਹੋਈ ਹੈ ਕਿ ਸਰੀਰਕ ਜਪ ਤਪ ਆਦਿ ਕਰਨ ਦੁਆਰਾ ਮਨ ਦੀ ਮੈਲ ਨਹੀਂ ਉਤਰਦੀ ਪਰ ਉਹਨਾਂ ਤੇ ਗੁਰੂ ਦੀ ਗੱਲ ਦਾ ਅਸਰ ਨਹੀਂ ਹੁੰਦਾ।

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥}

(ਅੰਗ ੭੩੨)

{ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥}

(ਅੰਗ ੩੯)

ਬੜੇ ਹੀ ਧਿਆਨ ਨਾਲ ਪੜੋ ਉੱਪਰ ਵਾਲੇ ਮੁੱਖ ਸ਼ਬਦ ਵਾਲੀ ਪੰਗਤੀ ਨੂੰ। ਜਦ ਤੱਕ ਸਾਡੇ ਅੰਦਰ ਮੈਲ ਹੈ, ਵਿਕਾਰਾਂ ਦੀ ਮੈਲ ਹੈ ਤਦ ਤੱਕ ਸਾਡਾ ਹਰ ਧਰਮ ਕਰਮ ਕੇਵਲ ਇੱਕ ਪਾਖੰਡ ਕਹਿ ਕੇ ਸਮਝਾਇਆ ਹੈ ਤੇ ਬੜਾ ਸਪੱਸ਼ਟ ਕਹਿ ਕੇ ਸਮਝਾਇਆ ਹੈ ਕਿ ਇਹੋ ਜਿਹੇ ਪਾਖੰਡ ਕਰਨ ਨਾਲ, ਸਰੀਰਕ ਜਪ ਤਪ ਆਦਿ ਕਰਨ ਨਾਲ ਸਾਡੇ ਮਨ ਦੇ ਵਿਕਾਰ ਕਦੇ ਨਹੀਂ ਦੂਰ ਹੋ ਸਕਦੇ। (**ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥**) ਗੁਰੂ ਦੀ ਮਤਿ ਅਨੁਸਾਰ ਨਾ ਵਿਚਰਨ ਦੁਆਰਾ ਅਸੀਂ ਜੋ ਵੀ ਆਪਣੇ ਵੱਲੋਂ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ ਉਹ ਕੇਵਲ ਸਾਡੇ ਦਿਖਾਵੇ ਹਨ ਭਾਵ ਭਗਤੀ ਦੇ ਪਾਖੰਡ ਹਨ ਜਿਸ ਨਾਲ ਉਲਟੀ ਸਾਡੀ ਹਉਮੈ ਵੱਧਦੀ ਹੈ, ਮਨਹਠਿ ਵੱਧਦੀ ਹੈ ਜਿਸ ਦੁਆਰਾ ਅਸੀਂ ਆਪਣੀ ਗੱਲ ਤੇ ਅੜੇ ਰਹਿੰਦੇ ਹਾਂ। ਜਿਤਨਾ ਕਿਸੇ ਨੇ ਜਿਆਦਾ ਜਪ ਤਪ ਕੀਤਾ ਹੋਵੇਗਾ ਉਤਨੀ ਹੀ ਉਸਦੀ ਮਨਹਠਿ ਵੱਧੀ ਹੋਵੇਗੀ, ਉਤਨੇ ਹੀ ਉਹ ਜਿਆਦਾ ਤਰਕ ਦੇਵੇਗਾ, ਜਿਆਦਾ ਬਹਿਸ ਕਰੇਗਾ ਤੇ ਆਪਣੀ ਗੱਲ ਤੇ ਅੜਿਆ ਰਹੇਗਾ ਭਾਵੇਂ ਉਸਨੂੰ ਲੱਖ ਸਮਝਾਉਣ ਦੀ ਕੋਸ਼ਿਸ਼ ਕਰ ਲਵੋ ਕਿ ਇਹ ਗੱਲ ਗੁਰਮਤਿ ਤੇ ਪੂਰੀ ਨਹੀਂ ਉਤਰਦੀ। ਉਹ ਗੁਰਮਤਿ ਨੂੰ ਭਾਵੇਂ ਛੱਡ ਦੇਵੇ ਪਰ ਮਨਮਤਿ ਬਹੁਤ ਔਖੀ ਛੱਡੇਗਾ।

{ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ॥੧॥} (ਅੰਗ ੧੩੪੩)

{ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥

ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

ਇਹੀ ਗੱਲ ਸਾਨੂੰ ਪਿੱਛੇ ਵੀ ਕਈ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਪਰ ਅਸੀਂ ਆਪਣੀ ਮਨਮਤਿ ਛੱਡਣ ਲਈ ਤਿਆਰ ਨਹੀਂ ਹੁੰਦੇ।

ਸਲੋਕ ਮਹਲਾ ੧॥

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥
ਵਡਾ ਆਖਣੁ ਭਾਰਾ ਤੋਲੁ॥ ਹੋਰ ਹਉਲੀ ਮਤੀ ਹਉਲੇ ਬੋਲ॥
ਧਰਤੀ ਪਾਣੀ ਪਰਬਤ ਭਾਰੁ॥ ਕਿਉ ਕੰਡੈ ਤੋਲੈ ਸੁਨਿਆਰੁ॥ ਤੋਲਾ ਮਾਸਾ ਰਤਕ ਪਾਇ ॥
ਨਾਨਕ ਪੁਛਿਆ ਦੇਇ ਪੁਜਾਇ॥ ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥}

(ਅੰਗ ੧੨੩੯)

ਐਨੇ ਵੱਡੇ ਪ੍ਰਮਾਤਮਾ ਨੂੰ ਅਸੀਂ ਤੋਲੇ, ਮਾਸੇ ਤੇ ਰੱਤੀਆਂ ਵਰਗੇ ਆਪਣੇ ਹੌਲੇ ਬੋਲਾਂ ਨਾਲ ਭਾਵ ਮੁੱਖ ਦੇ ਜਪ ਤਪ ਨਾਲ ਪਾਉਣਾ ਚਾਹੁੰਦੇ ਹਾਂ ਤੇ ਜੇਕਰ ਸਾਨੂੰ ਕੋਈ ਸਮਝਾਉਣ ਦੀ ਕੋਸ਼ਿਸ਼ ਕਰੇ ਤਾਂ ਅਸੀਂ ਇਹੀ ਜਵਾਬ ਦਿੰਦੇ ਹਾਂ ਕਿ ਅਸੀਂ ਇਸ ਤਰੀਕੇ ਹੀ ਪੂਜ ਆ ਜਾਵਾਂਗੇ ਭਾਵ ਭਗਤੀ ਤੇ ਪੂਰੇ ਉੱਤਰ ਜਾਵਾਂਗੇ। **(ਤੋਲਾ ਮਾਸਾ ਰਤਕ ਪਾਇ॥ਨਾਨਕ ਪੁਛਿਆ ਦੇਇ ਪੁਜਾਇ॥)** ਸਾਡੀ ਇਹ

10/946

ਮਨਮਤਿ ਹੀ, ਇਹ ਮਨਹਠਿ ਹੀ ਸਾਡਾ ਬੰਧਨਾਂ ਵਿੱਚ ਰਹਿਣ ਦਾ ਕਾਰਨ ਹੈ ਭਾਵ ਆਪਣੇ ਬੰਧਨਾਂ ਦਾ ਜਾਲ ਅਸੀਂ ਆਪ ਬੁਣਦੇ ਹਾਂ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

“ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ॥੨॥”

ਜਦ ਤੱਕ ਅਸੀਂ ਸੱਚ ਦੀ ਅਹਿਮੀਅਤ ਨਹੀਂ ਸਮਝਦੇ ਤਦ ਤੱਕ ਭਗਤੀ ਹੋ ਹੀ ਨਹੀਂ ਸਕਦੀ। ਜਿੱਥੇ ਸੱਚ ਨਹੀਂ ਹੈ ਉੱਥੇ ਭਗਤੀ ਨਹੀਂ ਹੈ। ਬਿਨ੍ਹਾਂ ਸੱਚ ਤੋਂ ਜੇਕਰ ਅਸੀਂ ਕਿਸੇ ਵੀ ਆਪਣੇ ਧਰਮ ਕਰਮ ਨੂੰ ਭਗਤੀ ਸਮਝਦੇ ਹਾਂ ਉਹ ਸਾਡਾ ਭੁਲੇਖਾ ਹੈ। ਗੁਰੂ ਦੀਆਂ ਨਜ਼ਰਾਂ ਵਿੱਚ ਉਹ ਕੇਵਲ ਪਾਖੰਡ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਾਂ। **(ਪਾਖੰਡਿ ਮੈਲੁ ਨ ਚੁਕਣੀ ਭਾਈ ਅੰਤਰਿ ਮੈਲੁ ਵਿਕਾਰੀ॥ ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ॥੨॥)**

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ - ੧੩੪੩)

ਬਿਨ੍ਹਾਂ ਮਨ ਦੇ ਵਿੱਚ ਸੱਚ ਦੇ ਹੋਏ ਸਾਡੇ ਸਾਰੇ ਧਰਮ ਕਰਮ ਉਸ ਮੱਕੜੀ ਦੇ ਜਾਲ ਦੀ ਤਰ੍ਹਾਂ ਹਨ ਜਿੰਨ੍ਹਾਂ ਵਿੱਚ ਉਹ ਆਪ ਹੀ ਸਿਰ ਦੇ ਭਾਰ ਡਿੱਗ ਕੇ ਮਰ ਜਾਂਦੀ ਹੈ। ਮੱਕੜੀ ਆਪਣਾ ਜਾਲਾ ਆਪਣੀ ਰੋਟੀ ਰੋਜ਼ੀ ਲਈ ਦੂਸਰਿਆਂ ਨੂੰ ਫਸਾਉਣ ਲਈ ਬੁਣਦੀ ਹੈ ਪਰ ਆਖਿਰ ਆਪ ਹੀ ਉਸ ਵਿੱਚ ਫਸ ਜਾਂਦੀ ਹੈ। ਅਸੀਂ ਮਾੜੇ ਕਰਮ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਕਰਦੇ ਹਾਂ ਤੇ ਉਸ ਰਾਹੀਂ ਦੂਸਰਿਆਂ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਹਾਂ, ਝੂਠ ਦਾ, ਵਿਕਾਰਾਂ ਦਾ ਆਸਰਾ ਲੈ ਕੇ ਦੂਸਰਿਆਂ ਨੂੰ ਦੁਖੀ ਕਰਦੇ ਹਾਂ, ਅਨੇਕਾਂ ਦਾ ਨੁਕਸਾਨ ਕਰਦੇ ਹਾਂ। ਜੇਕਰ ਇਹੋ ਜਿਹੇ ਕਰਮ ਕਰਦਿਆਂ ਹੋਇਆਂ ਅਸੀਂ ਆਪਣੇ ਆਪ ਨੂੰ ਜਪ ਤਪ ਦੁਆਰਾ ਧਰਮੀ ਮੰਨੀਏ ਤੇ ਇਹ ਕੇਵਲ ਇੱਕ ਪਾਖੰਡ ਹੈ। ਇਹੋ ਜਿਹੇ ਪਾਖੰਡ ਦੁਆਰਾ ਅਸੀਂ ਆਪਣੇ ਆਪ ਲਈ ਆਪ ਹੀ ਆਪਣੇ ਫੱਸਣ ਦਾ ਜਾਲ ਤਿਆਰ ਕਰਦੇ ਹਾਂ, ਆਪ ਹੀ ਆਪਣੇ ਸਿਰ ਭਾਰ ਚੜਾ ਰਹੇ ਹਾਂ ਭਾਵ ਆਪਣੇ ਬੰਧਨ ਆਪ ਬਣਾ ਰਹੇ ਹਾਂ ਭਾਵ ਸਾਡੇ ਵਿਕਾਰਾਂ ਵਾਲੇ ਕਰਮ ਹੀ ਸਾਨੂੰ ਬੰਧਨਾਂ ਵਿੱਚ ਪਾ ਕੇ ਰੱਖਦੇ ਹਨ। ਬੰਧਨਾਂ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਾਡੇ ਕਰਮ ਹੀ ਹਨ ਬਸ ਆਪਣੇ ਕਰਮ ਕਰਨ ਦਾ ਤਰੀਕਾ ਬਦਲਣ ਦੀ ਲੋੜ ਹੈ, ਵਿਕਾਰਾਂ ਵਿੱਚੋਂ ਨਿਕਲ ਕੇ ਸੱਚ ਦੁਆਰਾ ਵਿਚਰਨ ਦੀ ਲੋੜ ਹੈ ਤੇ ਇਹੀ ਉਸ ਪ੍ਰਮਾਤਮਾ ਦੀ ਸੱਚੀ ਭਗਤੀ ਹੈ, ਸਾਡੇ ਸੱਚੇ ਧਰਮ ਕਰਮ ਹਨ ਜੋ ਸਾਨੂੰ ਬੰਧਨ ਤੋਂ ਮੁਕਤ

10/947

ਕਰ ਸਕਦੇ ਹਨ ਤੇ ਸੱਚੇ ਸੁੱਚੇ ਕਰਮ ਅਸੀਂ ਤਾਂ ਹੀ ਕਰਾਂਗੇ ਜਦੋਂ ਪਹਿਲੇ ਆਪਣੀ ਨਾਸਮਝ ਮਤਿ ਛੱਡਾਂਗੇ ਤੇ ਗੁਰੂ ਦੀ ਮਤਿ ਨੂੰ ਮੰਨਾਂਗੇ। ਮੁਕਤੀ ਤਾਂ ਮਨ ਦੀ ਨਾਸਮਝ ਮਤਿ ਤੋਂ ਹੀ ਲੈਣੀ ਹੈ।

ਜਦ ਤੱਕ ਸਾਡੇ ਕਰਮ ਸੰਸਾਰੀਆਂ ਵਾਲੇ ਹਨ, ਵਿਕਾਰਾਂ ਵਾਲੇ ਹਨ ਤਦ ਤੱਕ ਸਾਡੇ ਵਿੱਚ ਦੁਰਮਤਿ ਹੈ ਤੇ ਜਿੱਥੇ ਦੁਰਮਤਿ ਹੈ ਉੱਥੇ ਗੁਰਮਤਿ ਨਹੀਂ ਹੋ ਸਕਦੀ। ਜਦ ਤੱਕ ਅਸੀਂ ਦੁਰਮਤਿ ਵਿੱਚ ਰਹਿ ਕੇ ਕਰਮ ਕਰਦੇ ਹਾਂ ਤਦ ਤੱਕ ਸਾਡਾ ਪਿਆਰ ਮਾਇਆ ਮੋਹ ਨਾਲ ਹੈ, ਵਿਕਾਰਾਂ ਨਾਲ ਹੈ ਜੋ ਸਾਡੀ ਖੁਆਰੀ ਦਾ ਕਾਰਨ ਹੈ। **(ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ**

ਖੁਆਈ॥) ਗੁਰੂ ਦੀ ਮਤਿ ਸਾਡੇ ਕਰਮ ਸੁਧਾਰਨ ਲਈ ਹੈ, ਸਾਨੂੰ ਵਿਕਾਰਾਂ ਵਿੱਚੋਂ ਕੱਢਣ ਲਈ ਹੈ, ਸਾਨੂੰ ਸਹੀ ਮਾਰਗ ਦਿਖਾਉਣ ਲਈ ਹੈ। ਮਾਰਗ ਸਾਨੂੰ ਗੁਰੂ ਦੇ ਗਿਆਨ ਨੇ ਦਿਖਾਉਣਾ ਹੈ, ਗੁਰੂ ਦੇ ਨਾਮ ਨੇ ਦਿਖਾਉਣਾ ਹੈ ਤੇ ਨਾਮ ਬਿਨ੍ਹਾਂ ਸਾਡਾ ਭਰਮ ਨਹੀਂ ਜਾ ਸਕਦਾ। ਭਰਮ ਤਾਂ ਗੁਰੂ ਦੇ ਗਿਆਨ ਨੇ ਕੱਢਣਾ ਹੈ ਫਿਰ ਨਾਮ ਤੇ ਗੁਰੂ ਦੇ ਗਿਆਨ ਵਿੱਚ ਫ਼ਰਕ ਕੀ ਰਹਿ ਗਿਆ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ॥) ਨਾਮ ਗੁਰੂ ਦਾ ਗਿਆਨ ਹੈ, ਗੁਰੂ ਦੀ ਮਤਿ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਨਾਮ ਜਪਣਾ ਗੁਰੂ ਦੇ ਗਿਆਨ ਨੂੰ ਜਪਣਾ ਹੈ। ਜੇਕਰ ਗਿਆਨ ਨੂੰ ਜਪਾਂਗੇ ਭਾਵ ਉਸ ਨੂੰ ਸਮਝ ਕੇ ਉਸ ਤੇ ਅਮਲ ਕਰਾਂਗੇ ਤੇ ਤਾਂ ਹੀ ਸਾਡੀ ਦੁਰਮਤਿ ਜਾ ਸਕਦੀ ਹੈ, ਸਾਡੇ ਕਰਮ ਬਦਲ ਸਕਦੇ ਹਨ ਭਾਵ ਸਾਡੇ ਮਾੜੇ ਕਰਮ ਚੰਗੇ ਕਰਮਾਂ ਵਿੱਚ ਬਦਲ ਸਕਦੇ ਹਨ। ਇਹ ਚੰਗੇ ਕਰਮ ਕਰਨਾ ਹੀ ਗੁਰੂ ਦੀ ਸੇਵਾ ਹੈ ਜਿਸ ਨਾਲ "ਸੁਖੁ" ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ ਤੇ ਮਨੁੱਖ ਦਾ ਆਵਾਗੁਉਣ ਕੱਟਿਆ ਜਾ ਸਕਦਾ ਹੈ ਭਾਵ ਬੰਧਨ ਮੁਕਤ ਹੋ ਸਕਦਾ ਹੈ। ਗੁਰੂ ਦੀ ਮਤਿ ਲੈ ਕੇ ਆਪਣੇ ਵਿਕਾਰਾਂ ਤੋਂ ਮੁਕਤ ਹੋਣਾ ਹੀ, ਆਪਣੀ ਆਸਾ ਤੋਂ ਮੁਕਤ ਹੋਣਾ ਹੀ, ਆਪਣੀ ਮਨਸਾ ਨੂੰ ਸ਼ੁੱਧ ਕਰਨਾ ਹੀ ਬੰਧਨਾਂ ਤੋਂ ਮੁਕਤ ਹੋਣਾ ਹੈ। ਪਹਿਲੇ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਤਾਂ ਹੀ ਉਸ ਦੇ ਦਰ ਤੋਂ ਮੁਕਤੀ ਮਿਲਦੀ ਹੈ, ਨਾਮ ਮਿਲਦਾ ਹੈ, ਉਸ ਦਾ ਸੱਚਾ ਗਿਆਨ ਮਿਲਦਾ ਹੈ, ਅਗਿਆਨਤਾ ਤੋਂ ਮੁਕਤੀ ਮਿਲਦੀ ਹੈ ਜਿਸ ਦੁਆਰਾ ਸਾਡਾ ਭਰਮ ਦੂਰ ਹੁੰਦਾ ਹੈ ਤੇ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ। ਸਾਡਾ ਸਾਰਾ ਉੱਦਮ ਵਿਕਾਰਾਂ ਤੋਂ ਮੁਕਤ ਹੋ ਕੇ ਵਿਚਰਨ ਦਾ ਹੋਣਾ ਚਾਹੀਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **(ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ॥੩॥)** ਸਾਡੇ ਮਨ ਨੂੰ ਸੱਚਾ

10/948

ਬਣਾਉਣ ਵਾਲਾ, ਸਹਜ ਦੀ ਅਵੱਸਥਾ ਵਿੱਚ ਲਿਆਉਣ ਵਾਲਾ ਉਹ ਪ੍ਰਮਾਤਮਾ ਆਪ ਹੈ। ਸਹਜ ਦੀ ਅਵੱਸਥਾ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ, ਉਸ ਦੇ ਸੱਚੇ ਗਿਆਨ ਦੀ ਅਵੱਸਥਾ ਹੈ, ਗੁਰੂ ਦੀ ਪੂਰਨ ਸੱਚੀ ਮਤਿ ਵਾਲੀ ਸਮਝ ਦੀ ਅਵੱਸਥਾ ਹੈ ਜਿਸ ਦੁਆਰਾ ਮਨ ਨਿਰਮਲ ਹੁੰਦਾ ਹੈ,ਪਵਿੱਤਰ ਹੁੰਦਾ ਹੈ ਤੇ ਮਨ ਉਸ ਪ੍ਰਮਾਤਮਾ ਦੇ ਨਾਲ ਉਸਦੇ ਸੱਚੇ ਗਿਆਨ ਵਿੱਚ ਸਮਾਅ ਜਾਂਦਾ ਹੈ, ਉਸਦੇ ਹੁਕਮ ਵਿੱਚ ਸਮਾਅ ਜਾਂਦਾ ਹੈ। ਇਹ ਸਹਜ ਦੀ ਅਵੱਸਥਾ ਮਨ ਦੇ ਵਿੱਚੋਂ ਹੀ ਉਪਜਦੀ ਹੈ, ਉਸ ਗੁਰੂ ਦੀ ਆਪਣੀ ਕਿਰਪਾ ਦੁਆਰਾ ਹੀ ਉਪਜਦੀ ਹੈ ਜਿਸ ਦੁਆਰਾ ਮਨੁੱਖ ਦੀ ਤ੍ਰੈਗੁਣੀ ਅਵੱਸਥਾ ਮਿਟਦੀ ਹੈ। ਇਹ ਤ੍ਰੈਗੁਣੀ ਅਵੱਸਥਾ ਦਾ ਮਿਟਣਾ ਹੀ ਬੰਧਨ ਤੋਂ ਮੁਕਤ ਹੋਣਾ ਹੈ ਜੋ ਕਿ ਕੇਵਲ ਪ੍ਰਮਾਤਮਾ ਆਪ ਹੀ ਕਰ ਸਕਦਾ ਹੈ, ਆਪ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਪ੍ਰਗਟ ਹੋ ਕੇ ਕਰ ਸਕਦਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ॥)**

ਪ੍ਰਮਾਤਮਾ ਸਾਡੇ ਅੰਦਰ ਹੀ ਵਰਤ ਰਿਹਾ ਹੈ, ਆਪਣੇ ਗਿਆਨ ਦੁਆਰਾ ਵਿਚਰ ਰਿਹਾ ਹੈ ਤੇ ਮਨ ਦੇ ਵਿੱਚ ਗਿਆਨ ਹੀ ਉਸਦਾ ਹੁਕਮ ਰੂਪ ਹੈ ਜੋ ਸਾਡੇ ਅੰਦਰ ਹਰ ਵੇਲੇ ਚੱਲ ਰਿਹਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦਾ ਤਰੀਕਾ, ਉਸਦੇ ਹੁਕਮ ਨੂੰ ਬੁੱਝਣ ਦਾ ਤਰੀਕਾ ਗੁਰੂ ਦੀ ਸੇਵਾ ਹੈ ਭਾਵ ਸਾਡੇ ਸੱਚੇ ਸੁੱਚੇ ਕਰਮ ਹਨ ਜੋ ਕਿ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਹੋ ਸਕਦੇ ਹਨ ਪਰ ਇਹ ਸਭ ਕੁੱਝ ਉਸਦੇ ਆਪਣੇ ਵੱਸ ਹੈ। ਉਹ ਮਨੁੱਖ ਨੂੰ ਸਹੀ ਮਾਰਗ ਤੇ ਆਪ ਹੀ ਪਾ ਸਕਦਾ ਹੈ, ਦੁਰਮਤਿ ਵਿੱਚੋ, ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਆਪ ਹੀ ਕੱਢ ਸਕਦਾ ਹੈ ਪਰ ਉਸਦੇ ਲਈ ਉੱਦਮ ਅਸੀਂ ਹੀ ਕਰਨਾ ਹੈ ਤੇ ਸੱਚੇ ਮਾਰਗ ਤੇ ਉਹ ਆਪ ਹੀ ਪਾਉਂਦਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ॥)** ਜਿਸ ਨੂੰ ਉਹ ਆਪਣੇ ਸਹੀ ਮਾਰਗ ਤੇ ਨਹੀਂ ਪਾਉਂਦਾ ਭਾਵ ਜੋ ਉਸਦੇ ਮਾਰਗ ਤੋਂ ਭਟਕੇ ਹੋਏ ਹਨ ਭਾਵ ਜਿੰਨ੍ਹਾਂ ਅੰਦਰ ਗੁਰਮਤਿ ਨਹੀਂ ਹੈ ਉਹਨਾਂ ਦੇ ਮਨ ਦੀ ਅਵੱਸਥਾ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

(ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ॥੪॥)

10/949

ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰੋ ਉੱਪਰ ਵਾਲੀ ਪੰਗਤੀ ਨੂੰ ਤੇ ਸਮਝੀਏ ਕਿ ਗੁਰੂ ਦਾ ਸਾਡੇ ਲਈ ਸਹੀ ਮਾਰਗ ਕੀ ਹੈ।

ਗੁਰੂ ਦਾ ਮਾਰਗ ਸਾਡੇ ਕਰਮਾਂ ਦੁਆਰਾ, ਸਾਡੀ ਕਰਨੀ ਦੁਆਰਾ, ਸਾਡੀ ਸੰਸਾਰਿਕ ਵਿਚਰਨ ਦੁਆਰਾ ਸਾਹਮਣੇ ਆਉਂਦਾ

ਹੈ, ਤੈਅ ਹੁੰਦਾ ਹੈ ਭਾਵ ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ ਭਾਵ ਸਾਡੇ ਕਰਮ ਚੰਗੇ ਹਨ ਕਿ ਮੰਦੇ ਹਨ। ਜਦ ਤੱਕ ਸਾਡੇ ਮਨ ਵਿੱਚ ਲੋਭ ਹੈ, ਝੂਠ ਹੈ ਤਦ ਤੱਕ ਸਾਡੇ ਕਰਮ ਚੰਗੇ ਨਹੀਂ ਹਨ ਭਾਵ ਸਾਡੇ ਅੰਦਰ ਧਰਮ ਨਹੀਂ ਹੈ, ਨਾਮ ਨਹੀਂ ਹੈ, ਗੁਰੂ ਦੀ ਮਤਿ ਨਹੀਂ ਹੈ ਭਾਵ ਅਸੀਂ ਗੁਰੂ ਦੇ ਮਾਰਗ ਤੋਂ ਭਟਕੇ ਹੋਏ ਹਾਂ ਕਿਉਂਕਿ ਗੁਰੂ ਦਾ ਮਾਰਗ, ਨਾਮ ਦਾ ਮਾਰਗ, ਸੱਚ ਦਾ ਮਾਰਗ ਹੈ ਤੇ ਅਸੀਂ ਚੰਗੇ ਕਰਮ ਸੱਚ ਦੁਆਰਾ ਹੀ ਕਰ ਸਕਦੇ ਹਾਂ। ਸੱਚ ਬੋਲਣ ਵਿੱਚ ਤੇ ਝੂਠ ਬੋਲਣ ਵਿੱਚ ਕਿਤਨਾ ਫ਼ਰਕ ਹੈ ਇਹ ਵੀ ਸਮਝਿਆ ਜਾ ਸਕਦਾ ਹੈ। ਝੂਠ ਬੋਲਣਾ ਜ਼ਹਿਰ ਖਾਣ ਦੇ ਬਰਾਬਰ ਦੱਸਿਆ ਹੈ ਭਾਵ ਸਾਡੇ ਲਈ ਬਹੁਤ ਹੀ ਮਾੜਾ ਦੱਸਿਆ ਹੈ। ਇਸ ਦੇ ਉਲਟ ਬਾਣੀ ਵਿੱਚ ਸੱਚ ਨੂੰ, ਨਾਮ ਨੂੰ ਅੰਮ੍ਰਿਤ ਕਹਿ ਕੇ ਦੱਸਿਆ ਹੈ ਜੋ ਸਾਡੇ ਕੋਲੋਂ ਚੰਗੇ ਕਰਮ ਕਰਾਉਂਦਾ ਹੈ। ਅੰਮ੍ਰਿਤ ਬੋਲਣ ਦੇ ਨਾਲ, ਸੱਚ ਬੋਲਣ ਦੇ ਨਾਲ ਉਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ, ਉਸ ਸੱਚ ਰੂਪ, ਅੰਮ੍ਰਿਤ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਭਾਵ ਉਸ ਨਾਲ ਮੇਲ ਹੁੰਦਾ ਹੈ ਜਿਸ ਨਾਲ ਬੰਧਨਾਂ ਵਾਲੇ ਵਿਚਾਰਾਂ ਤੋਂ, ਮਾਇਆ ਮੋਹ ਵਾਲੇ ਵਿਚਾਰਾਂ ਤੋਂ ਮੁਕਤੀ ਮਿਲਦੀ ਹੈ ਭਾਵ ਮਨ ਦੇ ਬੰਧਨ ਤੋਂ ਮੁਕਤੀ ਮਿਲਦੀ ਹੈ। ਸਾਨੂੰ ਚੰਗਾ ਜ਼ਹਿਰ ਲੱਗਦਾ ਹੈ ਭਾਵ ਖਾਂਦੇ ਅਸੀਂ ਜ਼ਹਿਰ ਹਾਂ, ਬੋਲਦੇ ਅਸੀਂ ਝੂਠ ਹਾਂ ਤੇ ਪ੍ਰਾਪਤੀ ਅੰਮ੍ਰਿਤ ਦੀ ਕਰਨੀ ਚਾਹੁੰਦੇ ਹਾਂ। ਇਹ ਕਿਹੜੇ ਨਿਆ ਵਾਲੀ ਗੱਲ ਹੈ, ਕੇਵਲ ਸਾਡੀ ਸਿਆਣਪ ਹੈ।

{ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥ ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥੨॥}

(ਅੰਗ ੪੨੪)

ਗੱਲ ਤਾਂ ਸਾਰੀ ਹਿਰਦੇ ਨੂੰ ਸ਼ੁੱਧ ਕਰਨ ਦੀ ਹੈ, ਅੰਦਰੋਂ ਬਿਖ ਕੱਢਣ ਦੀ ਹੈ, ਝੂਠ ਕੱਢਣ ਦੀ ਹੈ, ਦੁਰਮਤਿ ਛੱਡਣ ਦੀ ਹੈ, ਪਰ ਅਸੀਂ ਉਹ ਕੁੱਝ ਛੱਡ ਕੇ ਰਾਜੀ ਨਹੀਂ ਤੇ ਗੱਲਾਂ ਨਾਲ ਹੀ ਰੱਬ ਨੂੰ ਪਾਉਣਾ ਚਾਹੁੰਦੇ ਹਾਂ, ਕਥਨੀ ਨਾਲ ਹੀ ਰੱਬ ਨੂੰ ਪਾਉਣਾ ਚਾਹੁੰਦੇ ਹਾਂ। ਮੂੰਹੋਂ ਬੋਲ ਬੋਲ ਕੇ ਜਪ ਤਪ ਦਿਖਾਉਣੇ

10/950

ਕੇਵਲ ਮੂੰਹੋਂ ਹਵਾ ਛੱਡਣ ਵਾਲੀ ਗੱਲ ਹੈ, ਕੇਵਲ ਆਪਣੀ ਅਗਿਆਨਤਾ ਦਿਖਾਉਣ ਵਾਲੀ ਗੱਲ ਹੈ, ਚਤੁਰਾਈਆਂ ਨਾਲ ਰੱਬ ਨੂੰ ਰਿਝਾਉਣ ਵਾਲੀ ਗੱਲ ਹੈ ਜੋ ਕਿ ਆਪ ਗਿਆਨ ਦਾ ਦਾਤਾ ਹੈ ਤੇ ਸਾਡੇ ਅੰਦਰ ਹੀ ਬੈਠਾ ਸਭ ਕੁੱਝ ਦੇਖ ਰਿਹਾ ਹੈ ਤੇ ਸਾਨੂੰ ਮਨ ਦੀ ਮਾਇਆ ਦੁਆਰਾ ਆਪ ਹੀ ਉਲਝਾ ਰਿਹਾ ਹੈ, ਮਨ ਦੀ ਸਮਝ ਦੇ ਵਿੱਚ ਪੜਦਾ ਪਾ ਕੇ ਉਲਝਾ ਰਿਹਾ ਹੈ ਜਿਸ ਉਲਝਣ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ, ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਕਰਨਾ ਹੈ ਭਾਵ ਮਨਮਤਿ ਛੱਡਣ ਦੁਆਰਾ ਕਰਨਾ ਹੈ। ਆਪਣੀਆਂ ਇਹਨਾਂ ਸਿਆਣਪਾਂ ਨੂੰ ਹੀ ਅਸੀਂ ਚੰਗੇ ਕਰਮ ਕਰਨੇ ਸਮਝਦੇ ਹਾਂ, ਗੁਣ ਸਮਝਦੇ ਹਾਂ, ਸੱਚ ਤੇ ਚੱਲਣਾ ਸਮਝਦੇ ਹਾਂ ਜਦ ਕਿ ਭਗਤੀ ਵਾਲੇ, ਨਾਮ ਵਾਲੇ "ਕਰਮ" ਉਹ ਹਨ ਜੋ ਅਸੀਂ ਲੋਭ, ਲਾਲਚ ਛੱਡ ਕੇ ਕਰੀਏ, ਔਗੁਣ ਛੱਡ ਕੇ ਕਰੀਏ। **(ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ॥੪॥)** ਲੋਭ ਲਾਲਚ ਛੱਡਣ ਵਾਲਾ, ਝੂਠ ਨਾ ਬੋਲਣ ਵਾਲਾ ਤਾਂ ਕੋਈ ਵਿਰਲਾ ਹੀ ਹੋ ਸਕਦਾ ਹੈ ਪਰ ਬੋਲ-ਬੋਲ ਕੇ ਜਪ ਤਪ ਕਰਨ ਵਾਲੇ ਕਰੋੜਾਂ ਵਿੱਚ ਹਨ। ਸਭ ਭਰਮ ਵਿੱਚ ਹੀ ਹਨ।

{ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥੨੩॥}

(ਅੰਗ ੧੩੭੯)

ਨਾ ਹੀ ਕਿੱਕਰ ਬੀਜ ਕੇ ਕਿਸ਼ਮਿਸ਼ ਦੀ ਪ੍ਰਾਪਤੀ ਹੁੰਦੀ ਹੈ ਤੇ ਨਾ ਹੀ ਉੱਨ ਕੱਤ ਕੇ ਰੇਸ਼ਮ ਦੀ ਪ੍ਰਾਪਤੀ ਹੁੰਦੀ ਹੈ ਪਰ ਜਿਹੋ ਜਿਹੀ ਅਸੀਂ ਭਗਤੀ ਕਰਦੇ ਹਾਂ ਉੱਥੇ ਅਸੀਂ ਇਹੋ ਜਿਹੀ ਉਮੀਦ ਹੀ ਰੱਖਦੇ ਹਾਂ। ਕਰਮ ਮਾੜੇ ਕਰਦੇ ਹਾਂ ਤੇ ਫ਼ਲ ਚੰਗੇ ਕਰਮਾਂ ਦਾ ਭਾਲਦੇ ਹਾਂ। ਅਸੀਂ ਬੜੀ ਵੱਡੀ ਅਗਿਆਨਤਾ ਵਿੱਚ ਹਾਂ। ਇਹੀ ਮੁੱਖ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

"ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ॥੫॥"

ਜਦ ਤੱਕ ਅਸੀਂ ਕਰਮ ਮਾੜੇ ਕਰ ਰਹੇ ਹਾਂ ਤੇ ਨਾਲ ਨਾਲ ਆਪਣੇ ਜਪ ਤਪ ਕਰਕੇ ਆਪਣੇ ਵੱਲੋਂ ਭਗਤੀ ਕਰ ਰਹੇ ਹਾਂ, ਇਹੋ ਜਿਹੀ ਭਗਤੀ ਵਿੱਚੋਂ ਕੀ ਲੱਭਣਾ ਹੈ। ਇਹ ਕੇਵਲ ਪਾਣੀ ਵਿੱਚ ਮਧਾਣੀ ਪਾਉਣ ਵਾਲੀ ਗੱਲ ਹੈ। ਪਾਣੀ ਨੇ ਪਾਣੀ ਹੀ ਰਹਿਣਾ ਹੈ ਭਾਵ ਕੁੱਝ ਹਾਸਿਲ ਨਹੀਂ ਹੋਣਾ। ਇਸੇ ਲਈ ਜੇਕਰ ਸੱਚ ਦੀ ਪ੍ਰਾਪਤੀ ਕਰਨੀ ਹੈ ਤੇ ਉਹ ਸੱਚੇ ਬਣ ਕੇ ਹੀ ਹੋਣੀ ਹੈ, ਸੱਚੇ

ਕਰਮ ਕਰਕੇ ਹੀ ਹੋਣੀ ਹੈ। "ਜਲੁ" ਇੱਥੇ ਮਨਮਤਿ ਲਈ ਵਰਤਿਆ ਹੈ ਤੇ ਦਹੀ ਗੁਰਮਤਿ ਲਈ ਵਰਤਿਆ ਹੈ। "ਤਥੁ" ਦੀ ਪ੍ਰਾਪਤੀ ਗੁਰਮਤਿ ਨੂੰ ਰਿੜਕ ਕੇ ਭਾਵ ਗੁਰਮਤਿ ਤੇ ਚੱਲ ਕੇ ਹੀ ਹੋਣੀ ਹੈ। ਸਾਡੀ ਅਸਲ "ਵਥੁ" ਗੁਰੂ ਦੀ ਮਤਿ ਹੈ ਪਰ ਉਸ ਤੋਂ ਹਰ ਕੋਈ ਦੂਰ ਹੈ, ਗੁਰੂ ਦਾ ਸੱਚ ਅਪਣਾਉਣ ਤੋਂ ਹਰ ਕੋਈ ਦੂਰ ਹੈ ਤੇ ਹਰ ਕੋਈ ਇਹੀ ਚਾਹੁੰਦਾ ਹੈ ਕਿ ਬਿਨ੍ਹਾਂ ਸੱਚ ਨੂੰ ਅਪਣਾਏ ਹੀ, ਬਿਨ੍ਹਾਂ ਮਨਮਤਿ ਛੱਡੇ ਹੀ ਉਸ ਪ੍ਰਮਾਤਮਾ ਦੀ ਪ੍ਰਾਪਤੀ ਕਰ ਲਈਏ। ਹਰ ਕੋਈ ਮਨਮਤਿ ਦੇ ਪਿੱਛੇ ਹੀ

10/951

ਲੱਗਾ ਹੋਇਆ ਹੈ। **(ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ॥)**

ਗੁਰੂ ਦੀ ਮਤਿ ਲਏ ਬਿਨ੍ਹਾਂ ਸਾਡਾ ਭਰਮ ਨਹੀਂ ਜਾ ਸਕਦਾ, ਸਾਨੂੰ ਸਹੀ ਮਾਰਗ ਦੀ ਸੋਝੀ ਨਹੀਂ ਪੈ ਸਕਦੀ, ਸਾਡੀ ਖੁਆਰੀ ਨਹੀਂ ਜਾ ਸਕਦੀ ਤੇ ਉਸ ਪ੍ਰਮਾਤਮਾ ਨੂੰ ਅਸੀਂ ਨਹੀਂ ਬੁੱਝ ਸਕਦੇ ਜੋ ਕਿ ਹਰ ਘਟ ਦੇ ਵਿੱਚ ਆਪ ਹੀ ਹੈ ਭਾਵ ਉਸ ਦੇ ਕੋਲੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ। ਅਸੀਂ ਦੁਨੀਆਂ ਨੂੰ ਭਰਮ ਵਿੱਚ ਰੱਖ ਸਕਦੇ ਹਾਂ ਕਿ ਅਸੀਂ ਜਪ ਤਪ ਕਰਨ ਵਾਲੇ ਹਾਂ ਪਰ ਉਸ ਪ੍ਰਮਾਤਮਾ ਨੂੰ ਕੌਣ ਭਰਮ ਵਿੱਚ ਰੱਖ ਸਕਦਾ ਹੈ ਜੋ ਆਪ ਹੀ ਅੰਦਰ ਬੈਠਾ ਕਰਮ ਕਰਵਾ ਰਿਹਾ ਹੈ। **(ਗੁਰ ਬਿਨ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖ॥)**

ਸਾਡੀ ਜਿੰਦਗੀ ਦਾ ਮਨੋਰਥ ਕਰਮ ਧਰਮ ਕਰਨਾ ਹੀ ਹੈ ਪਰ ਇਸ ਦੀ ਸਹੀ ਸੋਝੀ ਹੋਣੀ ਵੀ ਜਰੂਰੀ ਹੈ ਕਿਉਂਕਿ ਇਹੀ ਤਾਂ ਅਸਲ ਵਿੱਚ ਸਾਡਾ ਨਾਮ ਜਪਣਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਇਸ ਜਿੰਦਗੀ ਦੇ ਮਨੋਰਥ ਦੀ ਪੂਰਤੀ ਹੋ ਸਕਦੀ ਹੈ। ਆਓ ਇਸੇ ਗੱਲ ਨੂੰ ਪੰਜਵੀਂ ਪਾਤਿਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਉਹੋ ਜਿਹੇ ਕਰਮ ਧਰਮ ਕਰੀਏ ਜਿਸ ਨਾਲ ਆਵਾਗੁਉਣ ਤੋਂ ਮੁਕਤ ਹੋ ਸਕੀਏ।

ਬਸੰਤੁ ਮਹਲਾ ੫ ਘਰੁ ੨ ਹਿੰਡੋਲ
ੴ ਸਤਿਗੁਰ ਪ੍ਰਸਾਦਿ॥
"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥
ਇਨ੍ ਬਿਧਿ ਪਾਸਾ ਢਾਲਹੁ ਬੀਰ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥੧॥ ਰਹਾਉ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ॥੪॥੧॥੧੯॥"

(ਅੰਗ ੧੧੮੫)

ਸ਼ਬਦ ਦੀ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਕਿ ਪ੍ਰਮਾਤਮਾ ਦਾ ਨਾਮ ਜਪਣ ਲਈ ਉਹ ਦੁਬਿਧਾ ਕੀ ਹੈ ਜਿਸ ਨੂੰ ਅਸੀਂ ਦੂਰ ਕਰਨਾ ਹੈ। ਦੁਬਿਧਾ ਦੂਰ ਕਰਨ ਦਾ ਤਰੀਕਾ ਸਾਡੀ "ਲਿਵ" ਦਾ ਲੱਗਣਾ ਹੈ। ਸਮਝਣਾ ਇਹ ਹੈ ਕਿ ਅਸੀਂ

10/952

ਲਿਵ ਕਿਸ ਦੇ ਨਾਲ ਲਗਾਣੀ ਹੈ। ਲਿਵ ਸਾਡੇ ਮਨ ਦੇ ਵਿਚਾਰ ਹਨ, ਸਾਡੀ ਮਨ ਦੀ ਧੁਨ ਹੈ, ਸਾਡੇ ਮਨ ਦੀ ਚਿੰਤਾ ਹੈ, ਸਾਡੇ ਮਨ ਦੀ ਸੋਝੀ ਹੈ ਜੋ ਸਾਡਾ ਮਾਰਗ ਦਰਸ਼ਨ ਕਰਦੀ ਹੈ। ਅਸੀਂ ਉਸੇ ਪਾਸੇ ਤੁਰਦੇ ਹਾਂ ਜਿੱਧਰ ਸਾਡੇ ਮਨ ਦੀ ਲਿਵ ਲੱਗੀ ਹੁੰਦੀ ਹੈ, ਜਿਸ ਕੰਮ ਵਿੱਚ ਸਾਨੂੰ ਦਿਲਚਸਪੀ ਹੁੰਦੀ ਹੈ ਭਾਵ ਜੋ ਕਰਨ ਲਈ ਸਾਡਾ ਮਨ ਰਾਜ਼ੀ ਹੁੰਦਾ ਹੈ। "ਦੁਬਿਧਾ" ਸਾਡੀ ਮਨਮਤਿ ਕਰਕੇ ਹੈ, ਸਾਡੀ ਦੁਚਿੱਤੀ ਕਰਕੇ ਹੈ, ਸਾਡੀ ਨਾਸਮਝੀ ਕਰਕੇ ਹੈ ਜੋ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਣ ਦਿੰਦੀ। ਹਰ ਕੋਈ ਆਪਣੀ ਦੁਚਿੱਤੀ ਕਰਕੇ ਸਹੀ ਮਾਰਗ ਤੋਂ ਵਿਛੜਿਆ ਹੋਇਆ ਹੈ। ਧਰਮ ਦਾ ਸਹੀ ਮਾਰਗ ਕੇਵਲ ਸਾਨੂੰ ਗੁਰੂ ਹੀ

ਦਿਖਾ ਸਕਦਾ ਹੈ ਤੇ ਹੋਰ ਕੋਈ ਨਹੀਂ। ਬਸ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਅਸੀਂ ਭਗਤੀ ਦਾ ਮਾਰਗ ਇੱਧਰੋਂ ਉਧਰੋਂ ਸਿੱਖਦੇ ਹਾਂ, ਅਨੇਕਾਂ ਦੇ ਕੋਲੋਂ ਸਿੱਖਦੇ ਹਾਂ ਤੇ ਵੱਖਰੇ-ਵੱਖਰੇ ਤਰੀਕੇ ਨਾਲ ਭਗਤੀ ਕਰਦੇ ਹਾਂ। ਸਾਨੂੰ ਜਿਸ ਤੇ ਵਿਸ਼ਵਾਸ ਹੁੰਦਾ ਹੈ, ਜਿਹੋ ਜਿਹੀ ਧਾਰਮਿਕ ਸੰਸਥਾ ਨਾਲ ਅਸੀਂ ਜੁੜੇ ਹੁੰਦੇ ਹਾਂ, ਕਿਸੇ ਸਿਰਮੌਰ ਨਾਲ ਜਿਸ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਾਂ ਤੇ ਅਨੇਕਾਂ ਤਰੀਕਿਆਂ ਨਾਲ ਜਿਵੇਂ ਜਿਵੇਂ ਕੋਈ ਦੱਸਦਾ ਹੈ ਉਸਦੇ ਪਿੱਛੇ ਲੱਗ ਜਾਂਦੇ ਹਾਂ। ਹਰ ਕਿਸੇ ਕੋਲ ਮਨਮਤਿ ਹੀ ਹੈ ਭਾਵ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ, ਗੁਰਮਤਿ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਦੁਚਿੱਤੀ ਹੀ ਹੈ ਭਾਵ ਹਰ ਕੋਈ ਭਰਮਾਂ ਵਿੱਚ ਹੀ ਹੈ। ਇਸੇ ਲਈ ਹਰ ਕੋਈ ਆਪਣੀ ਆਪਣੀ ਮਤਿ ਅਨੁਸਾਰ ਵੱਖਰੇ-ਵੱਖਰੇ ਮਾਰਗ ਤੇ ਪਾਉਂਦਾ ਹੈ ਤੇ ਬਾਹਰ ਦੀ ਮਤਿ ਮੰਨਣ ਨਾਲ ਅਸੀਂ ਗੁਰੂ ਦੀ ਮਤਿ ਤੋਂ ਵਿਛੜ ਜਾਂਦੇ ਹਾਂ। "ਇੱਕ ਮਤਿ" ਕੇਵਲ ਗੁਰੂ ਦੇ ਕੋਲ ਹੈ ਜੋ ਸਭ ਨੂੰ ਇੱਕੋ ਜਿਹੀ ਮਤਿ ਹੀ ਦਿੰਦਾ ਹੈ, ਸਭ ਨੂੰ ਇੱਕੋ ਜਿਹਾ ਮਾਰਗ ਹੀ ਸਮਝਾਉਂਦਾ ਹੈ। ਅਸੀਂ ਵੱਖਰੀਆਂ-ਵੱਖਰੀਆਂ ਮੱਤਾਂ ਲੈ ਕੇ ਪ੍ਰਮਾਤਮਾ ਨੂੰ ਜਪਣ ਵਿੱਚ ਵੰਡੇ ਹੋਏ ਹਾਂ। ਸਭ ਨੂੰ ਕੇਵਲ ਗੁਰੂ ਦੀ ਮਤਿ ਹੀ ਇੱਕ ਕਰ ਸਕਦੀ ਹੈ, ਇੱਕ ਥਾਂ ਇਕੱਠੇ ਕਰ ਸਕਦੀ ਹੈ ਭਾਵ ਇਕੱਤਰ ਕਰ ਸਕਦੀ ਹੈ ਨਹੀਂ ਤਾਂ ਅਸੀਂ ਖਿੰਡੇ ਹੋਏ ਹੀ ਰਹਾਂਗੇ। ਉੱਪਰ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਭ ਨੂੰ

10/953

ਗੁਰੂ ਦੇ ਤੰਬੂ ਹੇਠ, ਗੁਰੂ ਦੀ ਛੱਤਰੀ ਹੇਠ, ਗੁਰੂ ਦੀ ਛੱਤਰ ਛਾਇਆ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ ਹੋਇਆ ਹੈ ਭਾਵ ਦੂਜੀ ਮਤਿ ਛੱਡ ਕੇ ਗੁਰੂ ਦੀ ਮਤਿ ਨਾਲ ਲਿਵ ਲਾਉਣ ਦਾ ਸੱਦਾ ਦਿੱਤਾ ਹੋਇਆ ਹੈ ਜਿਸ ਨਾਲ ਸਾਡੀ ਦੁਬਿਧਾ ਦੂਰ ਹੋ ਸਕਦੀ ਹੈ। **(ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥)** ਇਹ ਗੁਰੂ ਦੀ ਭਗਤੀ ਦਾ ਮੂਲ ਹੈ ਕਿ ਅਸੀਂ ਕੇਵਲ ਗੁਰੂ ਦੀ ਮਤਿ ਨਾਲ ਜੁੜੀਏ।

ਇਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਭਾਵ ਮਨਮਤਿ ਦੀ ਸ਼ਰਨ ਛੱਡ ਕੇ, ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੈ ਜੋ ਕਿ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ, ਗੁਰੂ ਦੀ ਓਟ ਲੈਣਾ ਹੈ, ਨਾਮ ਦੀ ਓਟ ਲੈਣਾ ਹੈ, ਨਾਮ ਦੇ ਨਾਲ ਜੁੜਨਾ ਹੈ ਜਿਵੇਂ ਕਿ ਅਗਲੀ ਪੰਗਤੀ ਵਿੱਚ ਵਰਣਨ ਕੀਤਾ ਹੋਇਆ ਹੈ।

"ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥"

ਸਾਡੀ ਦੁਬਿਧਾ ਸਾਡੀ ਅਗਿਆਨਤਾ ਕਰਕੇ ਹੈ, ਮਨਮਤਿ ਕਰਕੇ ਹੈ ਤੇ ਇਸੇ ਲਈ ਹਰ ਕੋਈ ਗੁਰੂ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹੀ ਹੈ। ਗਿਆਨ ਦਾ ਸਾਗਰ ਗੁਰੂ ਹੈ, ਗਿਆਨ ਦਾ ਸੋਮਾ ਗੁਰੂ ਹੈ, ਸਾਡੀ ਅਗਿਆਨਤਾ ਗੁਰੂ ਹੀ ਕੱਢ ਸਕਦਾ ਹੈ ਭਾਵ ਗੁਰੂ ਦੀ ਮਤਿ ਹੀ ਕੱਢ ਸਕਦੀ ਹੈ, ਨਾਮ ਹੀ ਕੱਢ ਸਕਦਾ ਹੈ। ਜੇਕਰ ਅਸੀਂ ਜੁੜੇ ਮਨਮਤਿ ਨਾਲ ਹੋਏ ਹਾਂ, ਉਹਨਾਂ ਨਾਲ ਜੁੜੇ ਹੋਏ ਹਾਂ ਜੋ ਆਪ ਮਨਮਤਿ ਵਿੱਚ ਹਨ ਤਾਂ ਫਿਰ ਸਾਡੀ ਦੁਬਿਧਾ ਦੂਰ ਕਿਵੇਂ ਹੋ ਸਕਦੀ ਹੈ। ਅਸੀਂ ਜੋੜੀਦਾਰ ਨਾਮ ਦੇ ਬਣਨਾ ਹੈ ਭਾਵ ਨਾਮ ਨਾਲ ਜੁੜਨਾ ਹੈ, ਗੁਰੂ ਦੀ ਮਤਿ ਨਾਲ ਜੁੜਨਾ ਹੈ, ਗੁਰੂ ਦੇ ਗਿਆਨ ਨਾਲ ਜੁੜਨਾ ਹੈ ਭਾਵ ਨਾਮ ਦੇ ਨਾਲ ਲਿਵ ਲਾਉਣੀ ਹੈ। **(ਹਰਿ ਨਾਮੈ ਕੇ ਹੋਵਹੁ ਜੋੜੀ)** ਨਾਮ ਦੇ ਜੋੜੀ ਅਸੀਂ ਤਾਂ ਹੀ ਬਣ ਸਕਦੇ ਹਾਂ ਭਾਵ ਗੁਰੂ ਦੀ ਮਤਿ ਤਾਂ ਹੀ ਲੈ ਸਕਦੇ ਹਾਂ ਜੇਕਰ ਪਹਿਲਾਂ ਦੂਜਿਆਂ ਨਾਲੋਂ ਤੋੜਾਂਗੇ, ਦੂਜਿਆਂ ਦੀ ਮਿੱਤਰਤਾ ਛੱਡਾਂਗੇ। ਜੋ ਆਪ ਦੁਬਿਧਾ ਵਿੱਚ ਹੈ ਉਹ ਦੂਜੇ ਦੀ ਦੁਬਿਧਾ ਕਿਵੇਂ ਕੱਢ ਸਕਦਾ ਹੈ। ਦੁਬਿਧਾ ਰਹਿਤ ਕੇਵਲ ਗੁਰੂ ਹੀ ਹੈ, ਉਸਦਾ ਸੱਚਾ ਗਿਆਨ ਹੈ। ਗੁਰੂ ਨਾਲ ਪਿਆਰ ਦਿਖਾਉਣ ਲਈ ਦੂਸਰਾ ਮਨੁੱਖੀ ਪਿਆਰ ਭਾਵ ਜਿੰਨ੍ਹਾਂ ਮਨੁੱਖੀ ਸਰੀਰਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਮੰਨ ਕੇ ਉਨ੍ਹਾਂ ਨਾਲ ਪਿਆਰ ਪਾਇਆ ਹੈ ਉਸ ਮਨੁੱਖੀ ਦੇਹ ਦੀ ਆਸਥਾ ਤੋੜਨੀ ਪਵੇਗੀ। ਦੋ ਪਾਸੇ ਪਿਆਰ ਨਹੀਂ ਦਿਖਾਇਆ ਜਾ ਸਕਦਾ ਜੋ ਕਿ ਦੋ ਬੇੜੀਆਂ ਵਿੱਚ ਪੈਰ ਰੱਖਣ ਵਾਲੀ ਗੱਲ ਹੈ। ਗੁਰੂ ਦੀ

10/954

ਬੇੜੀ ਵਿੱਚ ਬੈਠਣ ਲਈ ਦੂਸਰਿਆਂ ਦੀ ਬੇੜੀ ਵਿੱਚੋਂ ਨਿਕਲਣਾ ਹੀ ਪਵੇਗਾ। ਆਓ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ ਕਿ ਜਦ ਤੱਕ ਅਸੀਂ ਕਿਸੇ ਹੋਰ ਦੀ ਆਸ ਮਨ ਵਿੱਚ ਰੱਖੀ ਹੋਈ ਹੈ ਤਦ ਤੱਕ ਸਾਡੀ ਘਾਲ ਕਿਸੇ ਲੇਖੇ ਨਹੀਂ ਪੈਂਦੀ।

{ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ॥
ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ ਸਾ ਨਿਹਫਲ ਆਸ ਸਭ ਬਿਰਥੀ ਜਾਈ॥੧॥ ਰਹਾਉ॥}

(ਅੰਗ ੮੫੯)

{ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ॥
ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ ਖਿਨ ਮਹਿ ਝੂਠੁ ਬਿਨਸਿ ਸਭ ਜਾਈ॥
ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ ਜੋ ਤੇਰਾ ਘਾਲਿਆ ਸਭੁ ਥਾਇ ਪਾਈ॥੩॥}

(ਅੰਗ ੮੫੯)

ਇੱਕ ਬਹੁਤ ਵੱਡਾ ਭੁਲੇਖਾ, ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਿਆ ਹੈ, ਗੁਰੂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਸਮਝਣਾ ਹੈ ਕਿਉਂਕਿ ਗੁਰੂ ਤੇ ਪ੍ਰਮਾਤਮਾ ਵਿੱਚ ਅਸਲ ਵਿੱਚ ਕੋਈ ਭੇਦ ਨਹੀਂ ਹੈ। ਜੁਗਾਂ-ਜੁਗਾਂ ਤੋਂ ਪ੍ਰਮਾਤਮਾ ਆਪ ਹੀ ਗੁਰੂ ਹੈ, ਆਪਣੇ ਗਿਆਨ ਰਾਹੀਂ ਗੁਰੂ ਹੈ। ਗੁਰੂ ਦੇ ਨਾਲ ਪਿਆਰ ਹੀ ਪ੍ਰਮਾਤਮਾ ਦੇ ਨਾਲ ਪਿਆਰ ਹੈ, ਗੁਰੂ ਤੇ ਆਸ ਰੱਖਣੀ ਹੀ ਪ੍ਰਮਾਤਮਾ ਤੇ ਆਸ ਰੱਖਣੀ ਹੈ। ‘‘ਗੁਰੂ’’ ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਦੇ ਨਾਲ ਪਿਆਰ ਹੀ ਪ੍ਰਮਾਤਮਾ ਨਾਲ ਪਿਆਰ ਹੈ ਭਾਵ ਗੁਰੂ ਦੀ ਮਤਿ ਤੋਂ ਬਿਨ੍ਹਾਂ ਜੇਕਰ ਕਿਸੇ ਵੀ ਹੋਰ ਦੀ ਮਤਿ ਨੂੰ ਭਾਵੇਂ ਅਸੀਂ ਕਿਤਨਾ ਵੀ ਉੱਚਾ ਸਮਝਦੇ ਹੋਈਏ ਤੇ ਜੇਕਰ ਉਹ ਮਤਿ ਗੁਰੂ ਦੀ ਮਤਿ ਤੇ ਪੂਰਾ ਨਹੀਂ ਉਤਰਦੀ ਪਰ ਫਿਰ ਵੀ ਉਸ ਤੇ ਵਿਸ਼ਵਾਸ ਕਰਨਾ ਇਹ ਸਾਡੀ ਗੁਰੂ ਨਾਲ ਬੇਵਿਸ਼ਵਾਸੀ ਹੈ ਭਾਵ ਸਾਨੂੰ ਗੁਰੂ ਤੇ ਆਸ ਨਹੀਂ ਹੈ, ਗੁਰੂ ਤੇ ਭਰੋਸਾ ਨਹੀਂ ਹੈ ਤੇ ਭਰੋਸਾ ਅਸਲ ਵਿੱਚ ਕਿਸੇ ਹੋਰ ਨਾਲ ਜੁੜਿਆ ਹੋਇਆ ਹੈ। ਇਹੀ ਗੱਲ ਅਸੀਂ ਪਿੱਛੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਵੀ ਜਾਣੀ ਸੀ।

10/955

ਮਹਲਾ ੨॥

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥੪॥}

(ਅੰਗ ੪੭੪)

ਅਸਲ ਵਿੱਚ ਸਾਨੂੰ ਦਿਲੀ ਪਿਆਰ ਉਸੇ ਨਾਲ ਹੀ ਹੁੰਦਾ ਹੈ ਜਿਸ ਦੀ ਅਸੀਂ ਗੱਲ ਮੰਨਦੇ ਹਾਂ, ਜਿਸ ਤੇ ਸਾਡਾ ਦਿਲੀ ਵਿਸ਼ਵਾਸ ਹੁੰਦਾ ਹੈ। ਉਸ ਦੀ ਗੱਲ ਗੁਰੂ ਦੀ ਮਤਿ ਤੇ ਪੂਰੀ ਉਤਰਦੀ ਹੈ ਜਾਂ ਨਹੀਂ, ਅਸੀਂ ਇਸ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਅੰਦਰੋਂ ਪਿਆਰ ਸਾਨੂੰ ਕਿਸੇ ਸਿਰਮੌਰ ਦੇ ਨਾਲ ਹੁੰਦਾ ਹੈ ਪਰ ਅਸੀਂ ਦਿਖਾਵਾ ਇਹ ਕਰਦੇ ਹਾਂ ਕਿ ਸਾਨੂੰ ਗੁਰੂ ਨਾਲ ਪਿਆਰ ਹੈ, ਪ੍ਰਮਾਤਮਾ ਨਾਲ ਪਿਆਰ ਹੈ। ਇਹ ਨਹੀਂ ਹੋ ਸਕਦਾ। ਇਹ ਗੁਰੂ ਪ੍ਰਮਾਤਮਾ ਦੇ ਨਾਲ ਇੱਕ ਝੂਠਾ ਪਿਆਰ ਦਿਖਾਉਣ ਵਾਲੀ ਗੱਲ ਹੈ। ਜਿਵੇਂ ਪਾਣੀ ਦੇ ਵਿੱਚ ਲੀਕ ਮਾਰਨ ਦੇ ਨਾਲ ਕੋਈ ਨਿਸ਼ਾਨ ਨਹੀਂ ਬਣਦਾ, ਕੋਈ ਅਸਰ ਨਹੀਂ ਪੈਂਦਾ, ਇਸੇ ਤਰ੍ਹਾਂ ਸਾਡਾ ਇਹੋ ਜਿਹਾ ਪਿਆਰ ਦਿਖਾਉਣ ਨਾਲ ਪ੍ਰਮਾਤਮਾ ਨੂੰ ਕੋਈ ਅਸਰ ਨਹੀ ਹੁੰਦਾ ਭਾਵ ਸਾਡਾ ਇਹੋ ਜਿਹਾ ਪਿਆਰ, ਇਹੋ ਜਿਹੀ ਭਗਤੀ, ਇਹੋ ਜਿਹਾ ਜਪ ਤਪ ਕਿਸੇ ਲੇਖੇ ਵਿੱਚ ਨਹੀਂ ਪੈਂਦਾ, ਜੋ ਗੁਰਮਤਿ ਅਨੁਸਾਰ ਨਹੀਂ ਹੈ।

ਆਓ ਹੁਣ ਮੁੱਖ ਸ਼ਬਦ ਨਾਲ ਜੁੜੀਏ ਤੇ ਸਮਝੀਏ ਕਿ ਨਾਮ ਦੇ ਜੋੜੀ ਹੋਏ ਬਿਨ੍ਹਾਂ ਸਾਡੀ ਭਗਤੀ ਨਹੀਂ ਹੋ ਸਕਦੀ, ਦੂਜਿਆਂ ਦੀ ਮਤਿ ਦਾ ਮੋਹ ਛੱਡੇ ਬਿਨ੍ਹਾਂ ਸਾਡਾ ਗੁਰੂ ਨਾਲ ਮੋਹ ਨਹੀਂ ਜੁੜ ਸਕਦਾ।

“ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥”

ਜੇਕਰ ਸਾਨੂੰ ਨਾਮ ਦਾ ਜੋੜੀ ਬਣਨਾ ਸਮਝ ਆ ਜਾਵੇਗਾ ਤਾਂ ਫਿਰ ਗੁਰੂ ਦੀ ਸ਼ਰਨ ਵਿੱਚ ਸਫ਼ਾ ਵਿਛਾ ਕੇ ਬੈਠਣਾ ਕੀ ਹੈ, ਇਹ ਵੀ ਸਮਝ ਆ ਜਾਵੇਗਾ। ਇਹ ‘‘ਸਫਾ’’ ‘‘ਗੁਰੂ ਦੀ ਮਤਿ’’ ਹੈ ਤੇ ਸਫਾ ਤੇ ਬੈਠਣਾ ਭਾਵ ਇਸ ਦਰੀ ਤੇ ਬੈਠਣਾ ਗੁਰੂ ਦੀ ਮਤਿ ਤੇ ਟਿਕ ਕੇ ਬੈਠਣਾ ਹੈ ਭਾਵ ਉਸ ਦੇ ਨਾਲ ਟਿਕੇ ਰਹਿਣਾ ਹੈ ਭਾਵ ਕੇਵਲ ਉਸ ਤੇ ਹੀ ਵਿਸ਼ਵਾਸ ਰੱਖਣਾ ਹੈ ਭਾਵ ਫਿਰ ਧਰਮ ਦੇ ਮਾਰਗ ਤੇ ਚੱਲਣ ਲਈ ਕਿਸੇ ਹੋਰ ਦੀ ਮਤਿ ਤੇ ਵਿਸ਼ਵਾਸ ਨਹੀਂ ਕਰਨਾ, ਕਿਸੇ ਹੋਰ ਦੀ ਆਸ ਨਹੀਂ ਰੱਖਣੀ ਤੇ ਕੇਵਲ ਗੁਰੂ ਤੇ ਹੀ ਆਸ ਰੱਖਣੀ ਹੈ।

ਕਿਸੇ ਜਗ੍ਹਾ ਤੇ ਸਫਾ ਵਿਛਾ ਕੇ ਤੇ ਉਸ ਉੱਪਰ ਬੈਠ ਕੇ ਅਸੀਂ ਆਪਣੀ ਕਥਨੀ ਦੁਆਰਾ ਨਾਮ ਜਪਣਾ ਸਮਝਦੇ ਹਾਂ ਜਿਹੋ ਜਿਹੀ ਜਪਣੀ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਗੁਰੂ ਦੀ ਮਤਿ ਨਾਲ ਜੁੜ ਕੇ ਅਸੀਂ ਜੋ ਚੰਗੇ ਕਰਮ ਕਰਦੇ ਹਾਂ, ਔਗੁਣਾਂ ਤੋਂ ਰਹਿਤ ਹੋ ਕੇ ਕਰਦੇ ਹਾਂ, ਮਨ ਦੀ ਸੁਚ ਰਾਹੀਂ ਜੋ ਕਰਮ ਕਰਦੇ ਹਾਂ, ਉਹੀ ਅਸਲ ਵਿੱਚ ਨਾਮ ਜਪਣਾ ਹੈ।

{ਜਿਉ ਜੋਰੁ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥}
(ਅੰਗ ੪੭੨)

ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਾਨੂੰ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ।

"ਇਨ੍ ਬਿਧਿ ਪਾਸਾ ਢਾਲਹੁ ਬੀਰ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥੧॥ ਰਹਾਉ॥"

10/956

ਸ਼ਬਦ ਦੇ ਇਸ ਪਦੇ ਰਾਹੀਂ ਸਾਨੂੰ ਜਿੰਦਗੀ ਦੀ ਚਉਪੜ ਦੀ ਬਾਜ਼ੀ ਖੇਡਣਾ ਸਿਖਾਇਆ ਹੈ ਜੋ ਬਾਜੀ ਖੇਡਣ ਦੁਅਰਾ ਅਸੀਂ ਨਾਮ ਜਪਣਾ ਹੈ। ਚਉਪੜ ਦੀ ਖੇਡ ਸਫਾ ਵਿਛਾ ਕੇ ਹੀ ਖੇਡੀ ਜਾਂਦੀ ਹੈ ਜਿਸ ਦੇ ਉੱਪਰ ਗੋਟੀ ਸੁੱਟ ਕੇ, ਪਾਸਾ ਢਾਲ ਕੇ, ਆਪਣੀ ਆਪਣੀ ਚਾਲ ਚੱਲ ਕੇ ਇਹ ਖੇਡ ਖੇਡੀ ਜਾਂਦੀ ਹੈ ਜਿਸ ਵਿੱਚ ਜਿੱਤ ਹਾਰ ਦਾ ਫੈਸਲਾ ਹੁੰਦਾ ਹੈ। ਕੋਈ ਹਾਰਦਾ ਹੈ ਕੋਈ ਜਿੱਤਦਾ ਹੈ।

ਇਹ ਜਿੰਦਗੀ ਦੀ ਖੇਡ ਅਸੀਂ ਨਾਮ ਜਪਣ ਦੁਆਰਾ ਖੇਡਣੀ ਹੈ ਜਿਸ ਦੁਆਰਾ ਜਿੱਤ ਹਾਰ ਦਾ ਫੈਸਲਾ ਹੋਣਾ ਹੈ। ਇਹ ਦਿਨ ਰਾਤ ਖੇਡਣ ਦੀ ਖੇਡ ਹੈ, ਸਾਰੀ ਜਿੰਦਗੀ ਖੇਡਣ ਦੀ ਖੇਡ ਹੈ, ਹਰ ਵੇਲੇ ਖੇਡਣ ਦੀ ਖੇਡ ਹੈ। ਜੋ ਇਸ ਖੇਡ ਵਿੱਚੋਂ ਜਿੱਤ ਜਾਵੇਗਾ ਉਹ ਦੁੱਖਾਂ ਵਿੱਚੋਂ ਨਿਕਲ ਜਾਵੇਗਾ ਤੇ ਜੋ ਇਸ ਖੇਡ ਵਿੱਚ ਹਾਰ ਜਾਵੇਗਾ ਉਹ ਫਿਰ ਦੁੱਖਾਂ ਵਿੱਚ ਹੀ ਪਿਆ ਰਹੇਗਾ। (**ਇਨ੍ ਬਿਧਿ ਪਾਸਾ ਢਾਲਹੁ ਬੀਰ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥੧॥ ਰਹਾਉ॥**) ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਇਹ ਖੇਡ ਅਸੀਂ ਕਿਵੇਂ ਖੇਡਣੀ ਹੈ, ਹਰ ਵੇਲੇ ਉਸ ਪ੍ਰਮਾਤਮਾ ਨੂੰ ਕਿਵੇਂ ਜਪਣਾ ਹੈ, ਇਹੀ ਗੱਲ ਸਮਝਾਈ ਹੋਈ ਹੈ ਭਾਵ ਰਹਾਉ ਵਾਲੀ ਪੰਗਤੀ ਦਾ ਵਿਸਥਾਰ ਸਮਝਾਇਆ ਹੋਇਆ ਹੈ।

"ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥"

ਬੜੇ ਹੀ ਧਿਆਨ ਨਾਲ ਵਿਚਾਰੋ ਉਪਰਲੀ ਪੰਗਤੀ ਨੂੰ ਤੇ ਸਮਝੋ ਕਿ ਇਸ ਚਉਪੜ ਦੀ ਖੇਡ ਨੂੰ ਸਜਾਉਣਾ ਕਿਸ ਨਾਲ ਹੈ, ਇਹ ਖੇਡ ਪੂਰੀ ਕਿਸ ਤਰ੍ਹਾਂ ਹੋਣੀ ਹੈ ਤੇ ਇਹ ਖੇਡ ਚੱਲਣੀ ਕਿਸ ਤਰੀਕੇ ਹੈ ਭਾਵ ਇਹ ਖੇਡ ਖੇਡੀ ਕਿਵੇਂ ਜਾਣੀ ਹੈ, ਇਹ ਨਾਮ ਜਪਿਆ ਕਿਵੇਂ ਜਾਣਾ ਹੈ ਕਿਉਂਕਿ ਇਹ ਖੇਡ ਨਾਮ ਜਪਣ ਦੀ ਖੇਡ ਹੈ। ਇਹ ਖੇਡ ਸਾਡੇ ਕਰਮ ਧਰਮ ਹਨ ਭਾਵ ਕਰਮ ਧਰਮ ਕਰਨਾ ਹੀ ਨਾਮ ਜਪਣਾ ਹੈ। ਜੋ ਕਰਮ ਅਸੀਂ ਧਰਮ ਦੇ ਅਨੁਸਾਰ ਕਰਦੇ ਹਾਂ, ਨਾਮ ਦੀ ਮਤਿ ਦੇ ਅਨੁਸਾਰ ਕਰਦੇ ਹਾਂ, ਧਰਮ ਦੀ ਮਤਿ ਦੇ ਅਨੁਸਾਰ ਕਰਦੇ ਹਾਂ, ਗੁਰੂ ਦੀ ਮਤਿ ਦੇ ਅਨੁਸਾਰ ਕਰਦੇ ਹਾਂ ਉਹ ਸਾਡੇ ਕਰਮ ਧਰਮ ਹਨ ਭਾਵ ਉਹਨਾਂ ਕਰਮਾਂ ਦੁਆਰਾ ਅਸੀਂ ਧਰਮ ਦੀ ਮਰਿਆਦਾ ਅਨੁਸਾਰ ਵਿਚਰਦੇ ਹਾਂ ਭਾਵ ਸੱਚ ਦੁਆਰਾ ਵਿਚਰਦੇ ਹਾਂ,

10/957

ਔਗੁਣਾਂ ਤੋਂ ਰਹਿਤ ਹੋ ਕੇ ਵਿਚਰਦੇ ਹਾਂ ਕਿਉਂਕਿ ਇਹ ਕਰਮ ਧਰਮ ਦੀ ਚਉਪੜ ਖੇਡਣ ਲਈ ਜੋ "ਗੋਟੀ" ਹੈ ਉਹ "ਸੱਚ" ਦੀ ਹੈ ਭਾਵ ਸੱਚ ਤੋਂ ਬਿਨ੍ਹਾਂ ਇਹ ਖੇਡ ਨਹੀਂ ਖੇਡੀ ਜਾ ਸਕਦੀ, ਸੱਚ ਤੋਂ ਬਿਨ੍ਹਾਂ ਕਰਮ ਧਰਮ ਨਹੀਂ ਕੀਤੇ ਜਾ ਸਕਦੇ ਭਾਵ ਜਦ ਤੱਕ ਸਾਡੇ ਅੰਦਰ ਵਿਕਾਰ ਹਨ, ਜਦ ਤੱਕ ਸਾਡੇ ਅੰਦਰ ਝੂਠ ਹੈ ਤਦ ਤੱਕ ਅਸੀਂ ਆਪਣੇ ਵੱਲੋਂ ਜਿਹੋ ਜਿਹੇ ਕਰਮ ਧਰਮ ਕਰਦੇ ਹਾਂ ਉਹ ਸਾਡੇ ਸੱਚੇ ਕਰਮ ਧਰਮ ਨਹੀਂ ਹਨ ਭਾਵ ਔਗੁਣਾਂ ਵਿੱਚ ਰਹਿੰਦੇ ਹੋਏ ਸਾਡੀ ਭਗਤੀ ਲੇਖੇ ਨਹੀਂ ਪੈਂਦੀ ਤੇ ਉਹੋ ਜਿਹੇ ਕਰਮ ਧਰਮ ਬੰਧਨਾਂ ਵਿੱਚ ਹੀ ਪਾਉਂਦੇ ਹਨ ਜਿੰਨ੍ਹਾਂ ਕਰਕੇ ਅਸੀਂ ਇਹ ਜਿੰਦਗੀ ਦੀ ਬਾਜ਼ੀ ਹਾਰ ਜਾਂਦੇ ਹਾਂ। ਆਪਣਾ ਇਹ ਜਨਮ ਜੂਏ ਵਿੱਚ ਹਾਰ ਜਾਂਦੇ ਹਨ। ਬਿਨ੍ਹਾਂ ਸੱਚ ਦੇ ਸਾਡੇ ਕਰਮ ਧਰਮ ਨਹੀਂ ਹੋ ਸਕਦੇ ਜਿਵੇਂ ਕਿ ਅਸੀਂ ਇਸ ਤੋਂ ਪਿਛਲੇ ਸ਼ਬਦ ਰਾਹੀਂ ਸਮਝਿਆ ਸੀ।

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥}

ਸੱਚ ਦੁਆਰਾ ਕਰਮ ਧਰਮ ਸਾਡੇ ਤਾਂ ਹੀ ਹੋ ਸਕਦੇ ਹਨ ਜੇਕਰ ਅਸੀਂ ਵਿਕਾਰਾਂ ਤੋਂ ਮੁਕਤ ਹੋਈਏ ਭਾਵ ਇਹ ਜਿੰਦਗੀ ਦੀ ਚਉਪੜ ਦੁਆਰਾ, ਇਸ ਖੇਡ ਦੁਆਰਾ ਅਸੀਂ ਤਾਂ ਹੀ ਜਿੱਤ ਸਕਦੇ ਹਾਂ ਜੇਕਰ ਸਾਡੀ ਇਹ ਖੇਡ ਪ੍ਰਮਾਤਮਾ ਨੂੰ ਚੰਗੀ ਲੱਗੇ। ਉਸ ਨੂੰ ਕਿਹੋ ਜਿਹੀ ਚਉਪੜ ਖੇਡ ਚੰਗੀ ਲੱਗਦੀ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥”

ਕਮਾਲ ਹੈ ਬਾਣੀ ਦੀ। ਕਮਾਲ ਹੈ ਉਸਦੇ ਸਮਝਾਉਣ ਦੀ। ਜਦੋਂ ਬਾਣੀ ਸਮਝ ਆਵੇਗੀ ਫਿਰ ਹਿਰਦੇ ਵਿੱਚੋਂ ਆਪ ਹੀ ਵਾਹੁ ਵਾਹੁ ਨਿਕਲੇਗੀ। **(ਵਾਹੁ ਵਾਹੁ ਬਾਣੀ ਨਿਰੰਕਾਰ ਹੈ)** ਅੰਗ - 515 ਬਾਣੀ ਵਾਹੁ ਵਾਹੁ ਨਾਲ ਭਰੀ ਹੋਈ ਹੈ ਪਰ ਉਸ ਦੀ ਖੋਜ ਬਹੁਤ ਗਹਿਰੀ ਹੈ ਜੋ ਉਸਦੀ ਕਿਰਪਾ ਨਾਲ ਹੀ ਹੁੰਦੀ ਹੈ। ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਵਿਕਾਰਾਂ ਦੇ ਰਹਿੰਦੇ ਹੋਏ ਕੀ ਅਸੀਂ ਸੱਚ ਦੀ ਗੋਟੀ ਨਾਲ ਇਹ ਜਿੰਦਗੀ ਦੀ ਖੇਡ ਖੇਡ ਸਕਦੇ ਹਾਂ। “ਨਾਮ” ਸੱਚ ਹੈ ਤੇ ਇਹ ਜਿੰਦਗੀ ਦੀ ਚਉਪੜ ਨਾਮ ਜਪਣ ਦੁਆਰਾ ਹੀ ਖੇਡੀ ਜਾਣੀ ਹੈ ਜਿਵੇਂ ਕਿ ਉੱਪਰ ਰਹਾਉ ਵਾਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਅਸੀਂ ਇੱਕ ਅੱਖਰ ਨੂੰ ਨਾਮ ਮੰਨ ਕੇ, “**ਅੱਖਰ**” ਦੇ ਜਪਣ ਨੂੰ “**ਸੱਚ ਮੰਨ ਕੇ**”, “**ਸੱਚ**” ਨੂੰ ਇੱਕ “**ਬਨਾਵਟੀ ਸੱਚ**” ਬਣਾਇਆ ਹੋਇਆ ਹੈ ਜਦ ਕਿ ਝੂਠ ਨੂੰ, ਵਿਕਾਰਾਂ ਨੂੰ ਛੱਡਣਾ ਸੱਚ ਨਹੀਂ ਸਮਝਿਆ ਹੋਇਆ। (**ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥**)

10/958

ਅਸੀਂ ਇੱਕ ਅੱਖਰ ਰੂਪ ਬਨਾਵਟੀ ਨਾਮ ਜਪ ਕੇ, ਇਹੋ ਜਿਹਾ ਨਕਲੀ ਸੱਚ ਜਪ ਕੇ ਉਸ ਪ੍ਰਮਾਤਮਾ ਨੂੰ ਰਿਝਾਣਾ ਚਾਹੁੰਦੇ ਹਾਂ ਭਾਵ ਨਕਲੀ ਸੱਚ ਨਾਲ ਰਿਝਾਣਾ ਚਾਹੁੰਦੇ ਹਾਂ, ਨਕਲੀ ਖੇਡ ਖੇਡ ਕੇ ਉਸ ਦੇ ਪਿਆਰੇ ਬਣਨਾ ਚਾਹੁੰਦੇ ਹਾਂ ਤੇ ਬੜੇ ਦ੍ਰਿੜ ਵਿਸ਼ਵਾਸ ਨਾਲ ਅਸੀਂ ਪਿਆਰੇ ਬਣੇ ਵੀ ਬੈਠੇ ਹਾਂ ਪਰ ਇਹ ਤਾਂ ਸਮਝੀਏ ਕਿ ਉਸ ਨੂੰ ਕਿਹੋ ਜਿਹੀ ਖੇਡ ਪਿਆਰੀ ਲੱਗਦੀ ਹੈ, ਕਿਹੋ ਜਿਹਾ ਨਾਮ ਜਪਣਾ ਚੰਗਾ ਲੱਗਦਾ ਹੈ। ਆਓ ਹੇਠ ਦਿੱਤੀਆਂ ਪੰਗਤੀਆਂ ਨੂੰ ਇੱਕ ਵਾਰੀ ਫਿਰ ਸਮਝੀਏ ਕਿ ਨਾਮ ਕਿਹੋ ਜਿਹਾ ਸੱਚ ਹੈ ਤੇ ਨਾਮ ਜਪਣਾ ਕੀ ਹੈ।

{ਪ੍ਰਥਮੇ ਛੋਡੀ ਪਰਾਈ ਨਿੰਦਾ॥ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ ਰਹਾਉ॥}

(ਅੰਗ ੧੧੪੭)

ਵੱਡੇ ਤੋਂ ਵੱਡਾ ਆਪਣੇ ਆਪ ਨੂੰ ਸਿਆਣਾ ਅਖਵਾਉਣ ਵਾਲਾ, ਇੱਕ "ਅੱਖਰ" ਨੂੰ ਨਾਮ ਕਹਿਣ, ਸਮਝਣ ਤੇ ਦੂਸਰਿਆਂ ਨੂੰ ਸਮਝਾਉਣ ਵਾਲਾ ਜੇਕਰ ਉਹ "ਹਕੀਕਤ" ਵਿੱਚ ਆਪਣੀ ਆਸਥਾ ਗੁਰੂ ਤੇ ਰੱਖਦਾ ਹੈ, ਗੁਰੂ ਦੀ ਮਤਿ ਤੇ ਭਰੋਸਾ ਰੱਖਦਾ ਹੈ ਤਾਂ ਫਿਰ ਦੱਸੇ ਕਿ ਉੱਪਰ ਸ਼ਬਦ ਵਿੱਚ ਨਾਮ ਜਪਣਾ ਕਿਸ ਨੂੰ ਕਿਹਾ ਹੈ, ਨਾਮ ਜਪਣ ਵਾਲਾ ਕਿਸ ਨੂੰ ਕਿਹਾ ਹੈ। ਇੱਕ ਅੱਖਰ ਨੂੰ ਨਾਮ ਸਮਝਣਾ ਕੇਵਲ ਮਨਮਤਿ ਦੀ ਦੁਹਾਈ ਦੇਣ ਵਾਲੀ ਗੱਲ ਹੈ, ਪਰਮਿਤ੍ਰੀ ਹੈ, ਦੂਜਾ ਭਾਉ ਹੈ ਹੋਰ ਕੁੱਝ ਵੀ ਨਹੀਂ। ਔਗੁਣਾਂ ਦਾ ਤਿਆਗ ਹੀ ਨਾਮ ਜਪਣਾ ਹੈ, ਸੱਚ ਨੂੰ ਅਪਣਾਉਣਾ ਹੀ ਨਾਮ ਜਪਣਾ ਹੈ ਭਾਵ ਸੱਚੇ ਸੁੱਚੇ ਕਰਮ ਕਰਨਾ ਹੀ ਨਾਮ ਜਪਣਾ ਹੈ ਤੇ ਇਹੀ ਨਾਮ ਸਾਨੂੰ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੋਇਆ ਹੈ।

ਜਦ ਤੱਕ ਅਸੀਂ ਵਿਕਾਰਾਂ ਨੂੰ ਨਹੀਂ ਜਿੱਤਦੇ, ਗੁਰੂ ਦੇ ਸ਼ਬਦ ਤੇ ਪੂਰੇ ਨਹੀਂ ਉਤਰਦੇ, ਗੁਰੂ ਦੇ ਸ਼ਬਦ ਦੁਆਰਾ ਆਪਣੇ ਮਨ ਨੂੰ ਨਹੀਂ ਮਾਰਦੇ, ਅਸੀਂ ਕਰਮ ਧਰਮ ਨਹੀਂ ਕਰ ਸਕਦੇ, ਜ਼ਿੰਦਗੀ ਦੀ ਚਉਪੜ ਉਸ ਤਰੀਕੇ ਨਾਲ ਨਹੀਂ ਖੇਡ ਸਕਦੇ ਜਿਹੋ ਜਿਹੀ ਖੇਡ ਪ੍ਰਮਾਤਮਾ ਨੂੰ

10/959

ਪਿਆਰੀ ਲੱਗਦੀ ਹੈ। **(ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥)** ਜੇਕਰ ਸਾਨੂੰ ਇਹ ਜ਼ਿੰਦਗੀ ਦੀ ਚਉਪੜ ਖੇਡਣੀ ਆ ਜਾਵੇ, ਤਾਂ ਹੀ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੀ ਸਹੀ ਸੋਝੀ ਪਵੇਗੀ।

"ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥"

(ਅੰਗ - ੧੧੮੫)

ਜੇਕਰ ਉਪਰਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਾਂਗੇ, ਇੱਥੇ ਸਾਨੂੰ ਹਰ ਵੇਲੇ ਭਾਵ ਅੱਠੇ ਪਹਿਰ ਸਾਡੀ ਵਿਚਰਨ ਕਿਹੋ ਜਿਹੀ ਹੋਵੇ ਇਹੀ ਸੋਝੀ ਪਾਈ ਹੋਈ ਹੈ। ਜੋ ਕੁੱਝ ਅਸੀਂ ਸਵੇਰੇ ਉੱਠ ਕੇ ਕਰਨਾ ਹੈ, ਉਹੀ ਅਸੀਂ ਅੱਠੇ ਪਹਿਰ ਕਰਨਾ ਹੈ, ਸੁੱਤੇ ਹੋਏ ਵੀ ਉਹੀ ਕੁੱਝ ਕਰਨਾ ਹੈ। ਅਸੀਂ ਹਰ ਵੇਲੇ ਪ੍ਰਮਾਤਮਾ ਨੂੰ ਅਰਾਧਣਾ ਹੈ ਭਾਵ ਹਰ ਵੇਲੇ ਆਪਣਾ ਧਿਆਨ ਨਾਮ ਨਾਲ ਜੋੜ ਕੇ ਰੱਖਣਾ ਹੈ, ਧਰਮ ਦੇ ਸੱਚੇ ਮਾਰਗ ਨਾਲ ਜੋੜ ਕੇ ਰੱਖਣਾ ਹੈ ਜਿਸ ਦੁਆਰਾ ਅਸੀਂ ਕਰਮ ਧਰਮ ਕਰ ਸਕੀਏ। ਨਾਮ "**ਗੁਰਬਾਣੀ**" ਹੈ ਤੇ ਗੁਰਬਾਣੀ ਦਾ ਇਸ਼ਨਾਨ ਹੀ ਨਾਮ ਦਾ ਇਸ਼ਨਾਨ ਹੈ, ਗੁਰੂ ਦੀ ਮਤਿ ਦਾ ਇਸ਼ਨਾਨ ਹੈ ਜਿਵੇਂ ਕਿ ਹੋਰ ਵੀ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਅਤੇ ਅਸੀਂ ਪਿੱਛੇ ਵੀ ਲੇਖ ਵਿੱਚ ਸਮਝ ਚੁੱਕੇ ਹਾਂ। ਬਾਣੀ ਦੇ ਵਿੱਚ ਸਰੀਰਕ ਇਸ਼ਨਾਨ ਨੂੰ, ਤਨ ਦੇ ਇਸ਼ਨਾਨ ਨੂੰ ਭਗਤੀ ਲਈ ਅਹਿਮੀਅਤ ਨਹੀਂ ਦਿੱਤੀ ਹੋਈ। ਇਹ ਇਸ਼ਨਾਨ ਗੁਰੂ ਦੇ ਗਿਆਨ ਦਾ ਇਸ਼ਨਾਨ ਹੈ ਜੋ ਇਸ਼ਨਾਨ ਪੂਰੇ ਸੰਸਾਰ ਨੂੰ ਗੁਰਬਾਣੀ ਕਰਾਉਂਦੀ ਹੈ। ਪੂਰੀ ਗੁਰਬਾਣੀ ਅੰਮ੍ਰਿਤ ਦਾ ਸਰੋਵਰ ਹੈ ਤੇ ਇਸ ਦਾ ਇਸ਼ਨਾਨ ਕੇਵਲ ਇਸ ਵਿੱਚ ਟੁੱਬੀ ਲਾਉਣ ਦੁਆਰਾ ਨਹੀਂ ਹੁੰਦਾ। ਇਸ ਸਰੋਵਰ ਦੇ ਵਿੱਚ ਲਾਲ, ਹੀਰੇ, ਮੋਤੀ, ਮਾਣਕ ਭਰੇ ਹੋਏ ਹਨ ਭਾਵ ਇਹ ਗੁਰੂ ਦੇ ਸ਼ਬਦਾਂ ਦੀ ਉੱਚੀ ਤੇ ਸੱਚੀ ਵਿਚਾਰ ਦਾ ਭੰਡਾਰ ਹੈ ਜੋ ਕਿ ਗੁਰੂ ਦਾ ਅਨਮੋਲ ਖਜ਼ਾਨਾ ਹੈ। ਇਸ ਖਜ਼ਾਨੇ ਦੇ ਕੇਵਲ ਦਰਸ਼ਨ ਕਰਨ ਨਾਲ ਸਾਡਾ ਇਸ਼ਨਾਨ ਪੂਰਾ ਨਹੀਂ ਹੁੰਦਾ ਭਾਵ ਗੁਰਬਾਣੀ ਨੂੰ ਜੇਕਰ ਅਸੀਂ ਕੇਵਲ ਪੜ੍ਹਨ ਸੁਣਨ ਤੱਕ ਹੀ ਰਹਿੰਦੇ ਹਾਂ ਤਾਂ ਇਹ ਇਸ਼ਨਾਨ ਪੂਰਾ ਨਹੀਂ ਹੁੰਦਾ। ਜਦ ਤੱਕ ਅਸੀਂ ਖਜ਼ਾਨੇ ਵਿੱਚੋਂ ਹੀਰੇ ਮੋਤੀ ਚੁਗਦੇ

ਨਹੀਂ ਇਹ ਇਸ਼ਨਾਨ ਪੂਰਾ ਨਹੀਂ ਹੁੰਦਾ। ਇਹ ਹੀਰੇ ਮੋਤੀ ਸਾਡੇ ਸਾਹਮਣੇ ਪਏ ਹੋਏ ਹਨ ਜੋ ਕਿ ਗੁਰੂ ਦੀ ਮਤਿ ਦੇ ਰੂਪ ਵਿੱਚ ਹਨ, ਗੁਰੂ ਦੇ ਗੁਣਾਂ ਦੇ ਰੂਪ ਵਿੱਚ ਹਨ, ਨਾਮ ਧੰਨ ਦੇ ਰੂਪ ਵਿੱਚ ਹਨ। ਇਹ ਹੀਰੇ ਮੋਤੀ ਸਾਡੇ ਮਨ ਨੇ ਚੁਗਣੇ ਹਨ ਪਰ ਮਨ ਤਾਂ ਹੀ

10/960

ਚੁਗ ਸਕਦਾ ਹੈ ਜੇਕਰ ਸਾਨੂੰ ਇਹ ਹੀਰੇ ਮੋਤੀ ਚੰਗੇ ਲੱਗਣ, ਸਾਡਾ ਪਿਆਰ ਇਹਨਾਂ ਲਈ ਜੁੜੇ। ਇਹਨਾਂ ਨਾਲ ਮੋਹ ਪਿਆਰ ਜੋੜਨ ਤੋਂ ਪਹਿਲਾਂ ਸਾਨੂੰ ਆਪਣੇ ਵਿੱਚੋਂ ਦੂਜਾ ਭਾਉ ਕੱਢਣਾ ਪਵੇਗਾ, ਮਾਇਆ ਮੋਹ ਵਿੱਚੋਂ ਨਿਕਲਣਾ ਪਵੇਗਾ, ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ ਪਵੇਗਾ, ਮਨਮਤਿ ਵਿੱਚੋਂ ਨਿਕਲਣਾ ਪਵੇਗਾ, ਝੂਠ ਤੇ ਵਿਕਾਰਾਂ ਵਾਲੀ ਮਾੜੀ ਸਮਝ ਵਿੱਚੋਂ ਨਿਕਲਣਾ ਪਵੇਗਾ ਕਿਉਂਕਿ ਇਹ ਹੀਰੇ ਮੋਤੀ ਸੱਚ ਦੀ ਵੱਥ ਹੈ ਜੋ ਝੂਠੀ ਵੱਥ ਵਿੱਚ ਨਹੀਂ ਰੱਲ ਸਕਦੀ। ਇਹ ਹੀਰੇ ਮੋਤੀ ਸਾਡੇ ਹਿਰਦੇ ਨੂੰ ਸ਼ੁੱਧ ਕਰਨ ਲਈ ਹਨ ਤੇ ਹਿਰਦੇ ਨੂੰ ਸ਼ੁੱਧ ਕੀਤੇ ਬਿਨ੍ਹਾਂ ਭਾਵ ਮਨ ਦੇ ਵਿੱਚੋਂ ਵਿਕਾਰਾਂ ਦੀ ਮੈਲ ਕੱਢੇ ਬਿਨ੍ਹਾਂ, ਭਰਮਾਂ ਨਾਲ ਭਰੀ ਹੋਈ ਅਗਿਆਨਤਾ ਦੀ ਮੈਲ ਕੱਢੇ ਬਿਨ੍ਹਾਂ ਇਸ ਸਰੋਵਰ ਦਾ ਇਸ਼ਨਾਨ ਪੂਰਾ ਨਹੀਂ ਹੋ ਸਕਦਾ। ਇਹ ਹੀਰੇ ਮੋਤੀ ਚੁਗਣਾ ਅਸਲ ਵਿੱਚ ਗੁਰੂ ਦੀ ਮਤਿ ਤੇ ਪੂਰਾ ਉਤਰਨਾ ਹੈ ਭਾਵ ਉਸ ਤੇ ਅਮਲ ਕਰਨਾ ਹੈ। ਇਹ ਇਸ਼ਨਾਨ ਬਹੁਤ ਔਖਾ ਹੈ ਤੇ ਇਹ ਹੀ ਨਾਮ ਇਸ਼ਨਾਨ ਹੈ, ਨਾਮ ਜਪਣਾ ਹੈ ਜੋ ਕਿ ਬਹੁਤ ਔਖਾ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਕੁੱਝ ਹੋਰ ਵੀ ਬਰੀਕੀ ਨਾਲ ਸਮਝੀਏ।

{ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥
ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ॥੬॥}

(ਅੰਗ ੫੧੦)

ਬਾਣੀ ਸਾਨੂੰ ਵਾਰ-ਵਾਰ, ਜਿਵੇਂ ਕਿ ਅਸੀਂ ਪਿੱਛੇ ਸੈਂਕੜੇ ਸ਼ਬਦਾਂ ਦੁਆਰਾ ਇਹ ਸਮਝ ਚੁੱਕੇ ਹਾਂ, ਔਗੁਣ ਛੱਡਣ ਲਈ ਹੀ ਸਮਝਾ ਰਹੀ ਹੈ ਕਿਉਂਕਿ ਬਿਨ੍ਹਾਂ ਔਗੁਣ ਛੱਡੇ ਅਸੀਂ ਕਰਮ ਧਰਮ ਨਹੀਂ ਕਰ ਸਕਦੇ ਭਾਵ ਸੱਚੇ ਸੁੱਚੇ ਕਰਮ ਨਹੀਂ ਕਰ ਸਕਦੇ। ਇਸ ਜੀਵਨ ਦੀ ਚਉਪੜ ਦੀ ਖੇਡ ਵਿੱਚ ਜਿੱਤ ਨਹੀਂ ਸਕਦੇ। ਸੱਚੇ ਸੁੱਚੇ ਕਰਮ ਕਰਨਾ ਹੀ ਉਸ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਜੋ ਕਿ ਉਹ ਕਿਸੇ ਕੋਲੋਂ ਆਪ ਹੀ ਕਰਵਾ ਸਕਦਾ ਹੈ ਭਾਵ ਆਪ ਹੀ ਕਿਸੇ ਤੇ ਆਪਣੀ ਕਿਰਪਾ ਕਰਕੇ ਉਸ ਨੂੰ ਔਗੁਣਾਂ ਵਿੱਚੋਂ ਕੱਢ ਕੇ ਆਪਣੀ ਵਡਿਆਈ ਕਰਵਾਉਂਦਾ ਹੈ। ਇਹ ਇਸ਼ਨਾਨ ਸਾਡੇ ਮਨ ਦਾ ਇਸ਼ਨਾਨ ਹੈ ਜਿਸ ਦੁਆਰਾ ਮਨ ਨੇ ਆਪਣੀ ਮੈਲ ਉਤਾਰਨੀ ਹੈ। ਮਨੁੱਖ ਕੋਲੋਂ ਜੋ ਵੀ ਮਾੜੇ ਕਰਮ ਕਰਵਾਉਂਦੀਆਂ ਹਨ ਉਹ ਮਨ ਦੀਆਂ ਤ੍ਰਿਸ਼ਨਾਵਾਂ ਹੀ ਕਰਵਾਉਂਦੀਆਂ ਹਨ ਜਿੰਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਹੀ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਵਿੱਚ ਰਹਿੰਦੇ ਹਾਂ।

{ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ॥੧੩॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ॥੧੪॥}

(ਅੰਗ ੯੦੯)

ਜਿਵੇਂ ਕਿ ਅਸੀਂ ਪਿੱਛੇ ਵੀ ਵਾਰ-ਵਾਰ ਸਮਝਦੇ ਆ ਰਹੇ

10/961

ਹਾਂ, ਜੋ ਪ੍ਰਮਾਤਮਾ ਗੁਰਬਾਣੀ ਵਿੱਚ ਹੈ ਉਹੀ ਪ੍ਰਮਾਤਮਾ ਸਾਡੇ ਸਰੀਰ ਵਿੱਚ ਹੈ ਭਾਵ ਸਾਡੇ ਮਨ ਵਿੱਚ ਹੈ। ਗੁਰਬਾਣੀ ਰੂਪੀ ਸਰੋਵਰ ਸਾਨੂੰ ਸਮਝਾਉਣ ਲਈ ਹੈ ਤੇ ਮਨ ਰੂਪੀ ਸਰੋਵਰ ਸਾਡੇ ਅੰਦਰ ਹੈ ਤੇ ਉਸ ਵਿੱਚ ਇਸ਼ਨਾਨ ਕਰਨ ਵਾਲਾ ਵੀ ਮਨ ਹੀ ਹੈ। ਸਾਡੇ ਮਨ ਦੇ ਵਿੱਚ ਗਿਆਨ ਹੀ ਹੁੰਦਾ ਹੈ ਤੇ ਇਹ ਇਸ਼ਨਾਨ ਗਿਆਨ ਦੀ ਸੋਝੀ ਦੁਆਰਾ ਹੋਣਾ ਹੈ। ਗੁਰੂ ਦੇ ਉੱਚੇ ਗਿਆਨ ਨੇ ਸਾਡੇ ਮਨ ਦੇ ਨੀਵੇਂ ਗਿਆਨ ਨੂੰ ਇਸ਼ਨਾਨ ਕਰਾਉਣਾ ਹੈ, ਮਨ ਨੇ ਹੀ ਮਨ ਨੂੰ ਮਨਾਉਣਾ ਹੈ, ਹੀਰੇ ਨੇ ਹੀ ਹੀਰੇ ਨੂੰ ਬੇਧਣਾ ਹੈ, ਚੌਥੇ ਪਦ ਵਾਲੇ ਗਿਆਨ ਨੇ ਤ੍ਰੈਗੁਣੀ ਗਿਆਨ ਨੂੰ ਬੇਧਣਾ ਹੈ, ਮਨਾਉਣਾ ਹੈ। ਹਰ ਕੋਈ ਤ੍ਰੈਗੁਣੀ ਗਿਆਨ ਵਾਲੀ ਅਵੱਸਥਾ ਵਿੱਚ ਹੀ ਵਿਚਰਦਾ ਹੈ ਤੇ ਚੌਥੇ ਪਦ ਦੇ ਗਿਆਨ ਵਾਲਾ ਪ੍ਰਮਾਤਮਾ ਵੀ ਮਨ ਦੇ ਵਿੱਚ ਹੀ ਹੈ। ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਵਾਲਾ, ਭਰਮਾਂ ਵਿੱਚ ਰੱਖਣ ਵਾਲਾ, ਅਗਿਆਨਤਾ ਵਿੱਚ ਰੱਖਣ ਵਾਲਾ ਉਹ ਚੌਥੇ ਪਦ ਦੇ ਗਿਆਨ ਦਾ ਮਾਲਕ ਆਪ ਪ੍ਰਮਾਤਮਾ ਹੀ ਹੈ। ਸਾਡਾ ਮਨ ਦਾ ਇਸ਼ਨਾਨ ਉਸ ਦੇ ਹੱਥ ਵਿੱਚ ਹੈ, ਆਪਣੀ ਮਤਿ ਉੱਤੇ ਚਲਾਉਣਾ ਉਸ ਦੇ ਹੱਥ ਵੱਸ ਹੈ ਕਿਉਂਕਿ ਉਸਦੀ

ਮਤਿ ਦੇ ਨਾਲ ਜੁੜਨਾ ਹੀ ਉਸ ਦੇ ਨਾਲ ਲਿਵ ਲੱਗਣਾ ਹੈ। ਉਸ ਦੀ ਮਤਿ ਦਾ ਇਸ਼ਨਾਨ ਹੀ ਨਾਮ ਦਾ ਇਸ਼ਨਾਨ ਹੈ ਤੇ ਇਸ ਨਾਮ ਦੇ ਇਸ਼ਨਾਨ ਨਾਲ ਹੀ, ਸ਼ਬਦਾਂ ਦੀ ਸੱਚੀ ਸਮਝ ਦੇ ਇਸ਼ਨਾਨ ਨਾਲ ਹੀ ਮਨੁੱਖ ਦਾ ਮਨ ਨਿਰਮਲ ਹੁੰਦਾ ਹੈ, ਪਵਿੱਤਰ ਹੁੰਦਾ ਹੈ, ਸੱਚਾ ਹੁੰਦਾ ਹੈ, ਮੈਲ ਰਹਿਤ ਹੁੰਦਾ ਹੈ ਭਾਵ ਔਗੁਣ ਰਹਿਤ ਹੁੰਦਾ ਹੈ। ਇਹ ਨਾਮ ਦਾ ਇਸ਼ਨਾਨ, ਗੁਰਬਾਣੀ ਦਾ ਇਸ਼ਨਾਨ, ਅੰਮ੍ਰਿਤ ਦਾ ਇਸ਼ਨਾਨ ਇੱਕੋ ਗੱਲ ਹੈ ਤੇ ਸਭ ਤੋਂ ਭਾਵ ਇੱਕੋ ਇੱਕ ਮਨ ਦੀ ਮੈਲ ਧੋਣ ਨਾਲ ਹੀ ਹੈ। ਜਿਹੜੇ ਮਨ ਵਿੱਚ ਮੈਲ ਹੈ ਉੱਥੇ ਨਾਮ ਨਹੀਂ ਹੈ, ਗੁਰੁ ਦੀ ਮਤਿ ਨਹੀਂ ਹੈ। **(ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ॥੧੪॥)**

ਉੱਪਰ ਮੁੱਖ ਸ਼ਬਦ ਵਿੱਚ ਪਰਭਾਤੇ ਉੱਠ ਕੇ ਇਸ਼ਨਾਨ ਕਰਨ ਦੀ ਗੱਲ ਸਮਝਾਈ ਹੋਈ ਹੈ। ਪਹਿਲੇ ਗੱਲ "ਇਸ਼ਨਾਨ" ਨੂੰ ਸਮਝਣ ਦੀ ਹੈ ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ ਕਿ ਇਹ ਇਸ਼ਨਾਨ ਕਰਨਾ ਕੀ ਹੈ। ਜੇਕਰ ਸਾਨੂੰ ਇਸ਼ਨਾਨ ਕਰਨਾ

ਸਮਝ ਆ ਗਿਆ ਹੈ ਤਾਂ ਫਿਰ ਇਸ ਗੱਲ ਦੀ ਸੋਝੀ ਵੀ ਪੈ ਜਾਵੇਗੀ ਕਿ ਇਸ਼ਨਾਨ ਵੱਡਾ ਹੈ ਜਾਂ ਪਰਭਾਤ ਵੱਡੀ ਹੈ, ਇਸ਼ਨਾਨ ਦੀ ਮਹੱਤਤਾ ਜਿਆਦਾ ਹੈ ਜਾਂ ਪਰਭਾਤ ਦੀ ਮਹੱਤਤਾ ਵੱਡੀ ਹੈ, ਇਸ਼ਨਾਨ ਵੱਡਾ ਹੈ ਜਾਂ ਕਿ ਕੋਈ ਵੇਲਾ ਵੱਡਾ ਹੈ, ਗੁਰੂ ਦੀ ਮਤਿ ਵੱਡੀ ਹੈ, ਗੁਰੂ ਆਪ ਵੱਡਾ ਹੈ, ਪ੍ਰਮਾਤਮਾ ਆਪ ਵੱਡਾ ਹੈ, ਨਾਮ ਆਪ ਵੱਡਾ ਹੈ ਜਾਂ ਉਸ ਦਾ ਬਣਾਇਆ ਹੋਇਆ ਕੋਈ ਸਮਾਂ ਵੱਡਾ ਹੈ। ਕੀ ਕੋਈ ਪਹਿਰ ਵੱਡਾ ਛੋਟਾ ਹੈ ਜਾਂ ਕਿਸੇ ਸਮੇਂ ਸਮੇਂ ਵਿੱਚ ਕੋਈ ਫ਼ਰਕ ਹੈ ਭਾਵ ਕੀ ਪ੍ਰਮਾਤਮਾ ਨੇ ਆਪਣੇ ਦਰਸ਼ਨ ਦੇਣ ਲਈ ਕੋਈ ਖਾਸ ਸਮਾਂ ਮੁਕੱਰਰ ਕੀਤਾ ਹੋਇਆ ਹੈ। ਇਸ਼ਨਾਨ ਤਾਂ ਸਾਡੀ ਮੈਲ ਧੋਂਣ ਲਈ ਹੈ ਤੇ ਕੀ ਕਿਸੇ ਖਾਸ ਸਮੇਂ ਹੀ ਮੈਲ ਧੁਪਦੀ ਹੈ ਜੋ ਅੱਗੇ ਪਿੱਛੇ ਨਹੀਂ ਧੁਪਦੀ। ਜਾਂ ਇਹ ਮੈਲ ਕਿਸੇ ਖਾਸ ਸਮੇਂ ਧੋ ਕੇ ਰੱਖਣੀ ਹੈ ਤੇ ਅੱਗੇ ਪਿੱਛੇ ਬੇਸ਼ੱਕ ਇਹੀ ਮੈਲ ਸਾਡੇ ਨਾਲ ਹੀ ਰਹੇ। ਆਓ ਆਪਣੇ ਇਸ ਭੁਲੇਖੇ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਣ ਦੀ ਕੋਸ਼ਿਸ਼ ਕਰੀਏ।

"ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ॥
ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ॥
ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥
ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ ਧਰੰ॥
ਜਗਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁ ਬਿਧਿ ਬਰਨੰ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੪॥"

(ਅੰਗ ੧੪੦੨)

ਹਰ ਘਟ ਦੇ ਵਿੱਚ ਭਾਵ ਹਰ ਮਨ ਦੇ ਵਿੱਚ ਪ੍ਰਮਾਤਮਾ ਦਾ ਪਰਤਾਪ ਹੈ ਭਾਵ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ। ਪ੍ਰਮਾਤਮਾ ਦੇ ਇਸ ਪਰਤਾਪ ਦੀ ਸੋਝੀ ਮਨ ਵਿੱਚ ਉਸ ਦੇ ਪ੍ਰਕਾਸ਼ ਦੁਆਰਾ ਪੈਂਦੀ ਹੈ, ਮਨ ਦੇ ਵਿੱਚ ਗੁਰੂ ਦੇ ਉੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਪੈਂਦੀ ਹੈ ਜੋ ਮਨ ਦਾ ਪ੍ਰਕਾਸ਼ ਸਾਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਦਾ ਹੈ। ਉਸ ਪ੍ਰਮਾਤਮਾ ਦਾ ਜੱਸ ਕੀ ਹੈ, ਉਸਦਾ ਪਰਤਾਪ ਕੀ ਹੈ ਭਾਵ ਉਹ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਇਹ ਮਨ ਦੇ ਪ੍ਰਕਾਸ਼ ਦੁਆਰਾ ਹੀ ਪਤਾ ਚੱਲਦਾ ਹੈ। ਜਿੰਨ੍ਹਾਂ ਦੇ ਮਨ ਵਿੱਚ ਪ੍ਰਕਾਸ਼ ਹੋਇਆ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ ਜੱਸ ਗਾਇਆ ਹੈ, ਉਸਦਾ ਪਰਤਾਪ ਸਮਝਾਇਆ ਹੈ।

ਸਾਡੇ ਜੀਵਨ ਦਾ ਮਨੋਰਥ ਵੀ ਉਸ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਕਰਨਾ ਹੈ, ਉਸਦੇ ਪਰਾਤਪ ਨੂੰ ਜਾਣਨਾ ਹੈ ਤੇ ਇਹੀ ਸਾਡੇ ਲਈ ਗੁਰਬਾਣੀ ਦੀ ਸਿੱਖਿਆ ਹੈ। ਪ੍ਰਮਾਤਮਾ ਨੂੰ ਜਾਣਨ ਲਈ ਹੀ ਅਸੀਂ ਉਸਦੀ ਭਗਤੀ ਕਰਦੇ ਹਾਂ। ਪ੍ਰਮਾਤਮਾ ਦੀ ਭਗਤੀ ਕਰਨ ਲਈ ਅਸੀਂ ਪਰਭਾਤ ਵੇਲੇ ਉੱਠਦੇ ਹਾਂ ਤੇ ਉਸ ਦੀ ਬਾਣੀ ਨੂੰ ਪੜ੍ਹਦੇ ਹਾਂ, ਸੁਣਦੇ ਹਾਂ, ਗਾਉਂਦੇ ਹਾਂ ਤੇ ਇਸ ਤਰ੍ਹਾਂ ਅਸੀਂ ਬਾਣੀ ਦਾ ਇਸ਼ਨਾਨ ਕਰਦੇ ਹਾਂ, ਗੁਰੂ ਦੀ ਪੂਜਾ ਕਰਨ ਦਾ ਤਰੀਕਾ ਸਮਝਦੇ ਹਾਂ।

(ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ॥)

ਪਰਭਾਤ ਵੇਲਾ ਸਾਡੇ ਉੱਠਣ ਲਈ ਇੱਕ ਉੱਤਮ ਵੇਲਾ ਹੈ, ਹਰ ਕੰਮ ਲਈ ਉੱਤਮ ਵੇਲਾ ਹੈ ਕਿਉਂਕਿ ਉਸ ਵੇਲੇ ਮਨੁੱਖ ਸਰੀਰਕ ਅਤੇ ਦਿਮਾਗੀ ਤੌਰ ਤੇ ਤਰੋ ਤਾਜ਼ਾ ਹੁੰਦਾ ਹੈ, ਥਕਾਨ ਰਹਿਤ ਹੁੰਦਾ ਹੈ, ਕੰਮਾਂ ਕਾਰਾਂ ਤੋਂ ਜਿਆਦਾਤਰ ਵਿਹਲਾ ਹੁੰਦਾ ਹੈ,

ਜਿਆਦਾਤਰ ਚਾਰੇ ਪਾਸੇ ਸ਼ਾਂਤੀ ਦਾ ਮਾਹੌਲ ਹੁੰਦਾ ਹੈ, ਹਵਾ ਤਾਜੀ ਤੇ ਨਰੋਈ ਹੁੰਦੀ ਹੈ, ਲਾਭਕਾਰੀ ਹੁੰਦੀ ਹੈ। ਪਰਭਾਤ ਵੇਲੇ ਜਾਗਣਾ ਸਾਡੇ ਲਈ ਚੰਗਾ ਹੀ ਹੈ, ਬਾਣੀ ਨੂੰ ਪੜ੍ਹਨਾ, ਸੁਣਨਾ, ਗਾਉਣਾ ਵੀ ਚੰਗਾ ਹੈ ਕਿਉਂਕਿ ਬਾਣੀ ਨੇ ਹੀ ਸਾਨੂੰ ਗੁਰੂ ਦਾ ਗਿਆਨ ਦੇਣਾ ਹੈ ਜਿਸ ਦੁਆਰਾ ਸਾਡੇ ਮਨ ਦਾ ਇਸ਼ਨਾਨ ਹੋਣਾ ਹੈ। ਪ੍ਰਮਾਤਮਾ ਦੀ ਪੂਜਾ ਅਸਲ ਵਿੱਚ ਮਨ ਦੇ ਇਸ਼ਨਾਨ ਦੁਆਰਾ ਹੋਣੀ ਹੈ, ਮਨ ਨੂੰ ਉੱਤਮ ਕਰਨ ਦੁਆਰਾ ਹੋਣੀ ਹੈ, ਮਨ ਨੂੰ ਸ਼ੁੱਧ ਕਰਨ ਦੁਆਰਾ ਹੋਣੀ ਹੈ ਭਾਵ ਸਾਡੀ ਭਗਤੀ ਦਾ ਮਨੋਰਥ ਤਾਂ ਪੂਰਾ ਹੁੰਦਾ ਹੈ ਜੇਕਰ

10/964

ਅਸੀਂ ਮਨ ਦੀ ਸ਼ੁੱਧੀ ਦੁਆਰਾ ਉਸਦੀ ਪੂਜਾ ਕਰੀਏ।

{ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥
ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ॥੬॥}

(ਅੰਗ ੫੧੦)

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਕਿ ਮਨ ਦੀ ਤ੍ਰਿਸ਼ਨਾ ਹੀ, ਮਾਇਆ ਮੋਹ ਹੀ ਸਾਡੇ ਵਿਕਾਰਾਂ ਦੀ ਜੜ੍ਹ ਹੈ ਤੇ ਇਸ ਅਗਨਿ ਦੇ ਬੁਝੇ ਬਿਨ੍ਹਾਂ ਮਨ ਸ਼ੁੱਧ ਨਹੀਂ ਹੋ ਸਕਦਾ ਤੇ ਮਨ ਸ਼ੁੱਧ ਹੋਏ ਬਿਨ੍ਹਾਂ ਉਸ ਪ੍ਰਮਾਤਮਾ ਦੀ ਪੂਜਾ ਨਹੀਂ ਹੋ ਸਕਦੀ।

ਅਸੀਂ ਗੁਰਬਾਣੀ ਨੂੰ ਪੜ੍ਹਨ, ਸੁਣਨ ਤੇ ਗਾਉਣ ਤੱਕ ਹੀ ਉਸਦੀ ਪੂਜਾ ਦੀ ਬਿਧਿ ਸਮਝਦੇ ਹਾਂ, ਸਹੀ ਤਰੀਕਾ ਸਮਝਦੇ ਹਾਂ ਤੇ ਸਭ ਪਾਸੇ ਇਹੀ ਕੁੱਝ ਹੋ ਰਿਹਾ ਹੈ। ਪ੍ਰਮਾਤਮਾ ਦੀ ਅਸਲ ਪੂਜਾ, ਅਸਲ ਪੂਜਾ ਦੀ ਵਿਧੀ ਮਨ ਦੀ ਸ਼ੁੱਧੀ ਦੁਆਰਾ ਹੈ, ਮਨ ਵਿੱਚ ਗੁਰੂ ਦੀ ਮਤਿ ਨੂੰ ਵਸਾਉਣਾ ਹੈ, ਉਸਦੀ ਮਤਿ ਦਾ ਇਸ਼ਨਾਨ ਕਰਨਾ ਹੈ, ਉਹ ਪਰਭਾਤ ਆਪਣੇ ਮਨ ਵਿੱਚ ਚੜਾਉਣਾ ਹੈ, ਉਹ ਉੱਤਮ ਵੇਲਾ ਮਨ ਵਿੱਚ ਬਣਾਉਣਾ ਹੈ।

(ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥)

ਮਨ ਦੀ ਪਰਭਾਤ ਸਾਡੇ ਮਨ ਦਾ ਚਾਨਣ ਹੈ, ਸਾਡੇ ਮਨ ਦਾ ਪ੍ਰਕਾਸ਼ ਹੈ ਜਿਸ ਨੇ ਸਾਡੇ ਮਨ ਦੀ ਅਗਿਆਨਤਾ ਦਾ ਹਨੇਰਾ ਕੱਟਣਾ ਹੈ, ਸਾਡੇ ਅੰਦਰ ਅਗਿਆਨਤਾ ਦੀ ਰਾਤ ਕੱਟ ਕੇ ਦਿਨ ਦਾ ਉਜਾਲਾ ਕਰਨਾ ਹੈ। ਇਹ ਮਨ ਦੀ ਪਰਭਾਤ ਕੀ ਹੈ ਆਓ ਇਸ ਨੂੰ ਬਰੀਕੀ ਨਾਲ ਸਮਝਣ ਲਈ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ। ਸ਼ਬਦ ਦੇ ਭਾਵ ਕਾਫ਼ੀ ਗਹਿਰਾਈ ਵਿੱਚ ਹਨ ਤੇ ਇਸ ਲਈ ਧਿਆਨ ਨਾਲ ਸਮਝਣ ਦੀ ਲੋੜ ਹੈ ਖਾਸ ਕਰਕੇ ''ਰਹਾਉ'' ਵਾਲੀ ਪੰਗਤੀ ਨੂੰ ਬਰੀਕੀ ਨਾਲ ਸਮਝੋ ਤਾਂ ਜੋ ਸਾਰੇ ਸ਼ਬਦ ਦੇ ਭਾਵ ਨੂੰ ਸਮਝ ਸਕੀਏ।

ਆਸਾ ਮਹਲਾ ੫॥
"ਜੈਸੇ ਕਿਰਸਾਨੁ ਬੋਵੈ ਕਿਰਸਾਨੀ॥ਕਾਚੀ ਪਾਕੀ ਬਾਢਿ ਪਰਾਨੀ॥੧॥
ਜੋ ਜਨਮੈ ਸੋ ਜਾਨਹੁ ਮੂਆ॥ਗੋਵਿੰਦ ਭਗਤੁ ਅਸਥਿਰੁ ਹੈ ਥੀਆ॥੧॥ਰਹਾਉ॥
ਦਿਨ ਤੇ ਸਰਪਰ ਪਉਸੀ ਰਾਤਿ॥ਰੈਣਿ ਗਈ ਫਿਰਿ ਹੋਇ ਪਰਭਾਤਿ॥੨॥
ਮਾਇਆ ਮੋਹਿ ਸੋਇ ਰਹੇ ਅਭਾਗੇ॥ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ॥ਮੁਖ ਊਜਲ ਹੋਇ ਨਿਰਮਲ ਚੀਤ॥੪॥੧੯॥"

(ਅੰਗ ੩੭੫)

ਜਿਵੇਂ ਕਿ ਪਿੱਛੇ ਲੇਖ ਰਾਹੀਂ ਅਸੀਂ ਇਸ ਗੱਲ ਨੂੰ ਮਹਿਸੂਸ ਕੀਤਾ ਹੋਵੇਗਾ, ਗੁਰਬਾਣੀ ਦਾ ਗਿਆਨ ਬਹੁਤ ਹੀ ਗਹਿਰਾ ਹੈ। ਅਨੇਕਾਂ ਹੀ ਸ਼ਬਦ ਮਨੁੱਖ ਦੀ ਸਮਝਣ ਦੀ ਸਮਰੱਥਾ ਤੋਂ ਬਾਹਰ ਹਨ। ਸਮਝਣਾ ਸ਼ਬਦ ਦੇ ਭਾਵ ਨੂੰ ਹੁੰਦਾ ਹੈ ਜੋ ਕਿ ਬਹੁਤ ਗਹਿਰਾ ਹੁੰਦਾ ਹੈ। ਖਾਲੀ ਲਫਜ਼ੀ ਅਰਥਾਂ ਦੁਆਰਾ ਬਿਨ੍ਹਾਂ ਸ਼ਬਦਾਂ ਦੇ ਅੰਦਰੂਨੀ ਭਾਵ ਨੂੰ ਜਾਣੇ ਸਾਨੂੰ ਕੋਈ ਸੋਝੀ ਨਹੀਂ ਪੈ ਸਕਦੀ। ਸ਼ਬਦ ਦੀ ਹਰ ਪੰਗਤੀ ਦੂਸਰੀਆਂ ਪੰਗਤੀਆਂ ਦੇ ਭਾਵ ਨਾਲ ਜੁੜੀ ਹੁੰਦੀ ਹੈ ਤੇ ਇਸੇ ਲਈ ਹਰ ਪੰਗਤੀ ਨੂੰ ਧਿਆਨ ਨਾਲ ਵਿਚਾਰਨਾ ਜਰੂਰੀ ਹੁੰਦਾ ਹੈ। ਹੁਣ ਜੇਕਰ ਉੱਪਰ ਵਾਲੇ ਸ਼ਬਦ ਨੂੰ ਪੜ੍ਹੀਏ ਤਾਂ ਇੱਕ ਪੰਗਤੀ ਵਿੱਚ ਕਿਰਸਾਣ ਦੀ ਕਿਰਸਾਨੀ ਬਾਰੇ ਗੱਲ ਕੀਤੀ ਹੋਈ ਹੈ, ਇੱਕ ਪੰਗਤੀ ਵਿੱਚ ਮਨੁੱਖ ਦੇ ਜਨਮ ਮਰਨ ਦੀ ਗੱਲ ਕੀਤੀ ਹੋਈ ਹੈ, ਇੱਕ ਪੰਗਤੀ

ਵਿੱਚ ਦਿਨ ਰਾਤ ਦੀ ਗੱਲ

10/965

ਕੀਤੀ ਹੋਈ ਹੈ, ਪਰਭਾਤ ਦੀ ਗੱਲ ਕੀਤੀ ਹੋਈ ਹੈ। ਇਸੇ ਤਰ੍ਹਾਂ ਰਹਾਉ ਦੀ ਪੰਗਤੀ ਵਿੱਚ ਪ੍ਰਮਾਤਮਾ ਦੇ ਭਗਤ ਦੇ ਅਸਥਿਰ ਹੋਣ ਦੀ ਗੱਲ ਕੀਤੀ ਹੋਈ ਹੈ ਤੇ ਅਗਲੀਆਂ ਪੰਗਤੀਆਂ ਵਿੱਚ ਮਾਇਆ ਮੋਹ ਦੀ ਗੱਲ ਕੀਤੀ ਹੋਈ ਹੈ ਤੇ ਮਨੁੱਖ ਦੇ ਸੌਣ, ਜਾਗਣ ਦੀ ਗੱਲ ਕੀਤੀ ਹੋਈ ਹੈ। ਜੇਕਰ ਸਾਰੇ ਸ਼ਬਦ ਦੇ ਪੰਗਤੀ ਦਰ ਪੰਗਤੀ ਲਫਜ਼ੀ ਅਰਥ ਕਰੀਏ ਤਾਂ ਬੜੇ ਸੌਖੇ ਹੋ ਜਾਂਦੇ ਹਨ, ਬੜੀ ਸਰਲਤਾ ਨਾਲ ਸਮਝ ਆ ਜਾਂਦੇ ਹਨ ਤੇ ਆਮ ਤੌਰ ਤੇ ਸ਼ਬਦਾਂ ਦੇ ਅਰਥ ਕਰਨ ਦਾ ਸਾਡਾ ਇਹੀ ਤਰੀਕਾ ਹੈ। ਸਾਰੀ ਗੱਲ ਭਾਵ ਨੂੰ ਸਮਝਣ ਦੀ ਹੈ। ‘‘ਰਹਾਉ’’ ਵਾਲੀ ਪੰਗਤੀ ਰਾਹੀਂ ਜਾਂ ਸ਼ਬਦਾਂ ਤੋਂ ਬਾਅਦ ਪਉੜੀ ਰਾਹੀਂ ਸਾਨੂੰ ਸ਼ਬਦ ਦਾ ਅੰਦਰੂਨੀ ਭਾਵ ਹੀ ਸਮਝਾਇਆ ਹੋਇਆ ਹੁੰਦਾ ਹੈ ਤੇ ਜਦ ਤੱਕ ਅਸੀਂ ਉਸ ਭਾਵ ਤੇ ਨਹੀਂ ਅਪੜਦੇ ਤਦ ਤੱਕ ਸਮਝੋ ਕਿ ਸਾਨੂੰ ਸ਼ਬਦ ਦੇ ਅਰਥ ਸਮਝ ਨਹੀਂ ਆਏ। ਸ਼ਬਦ ਦੀ ਹਰ ਪੰਗਤੀ ਸਾਨੂੰ ਅਸਲ ਭਾਵ ਸਮਝਣ ਵਿੱਚ ਹੀ ਮਦਦ ਕਰਦੀ ਹੈ।

ਉੱਪਰ ਵਾਲੇ ਸ਼ਬਦ ਦੇ ਗਹਿਰੇ ਭਾਵ ਨੂੰ ਸਮਝਣ ਲਈ ਆਓ ਪਹਿਲਾਂ ‘‘ਰਹਾਉ’’ ਵਾਲੀ ਪੰਗਤੀ ਨੂੰ ਸਮਝੀਏ ਕਿ ਪ੍ਰਮਾਤਮਾ ਦਾ ਭਗਤ ਕਿਹੋ ਜਿਹਾ ਹੁੰਦਾ ਹੈ ਭਾਵ ਭਗਤੀ ਕਰਨ ਦਾ ਤਰੀਕਾ ਕੀ ਹੈ। ਪੂਰੇ ਸ਼ਬਦ ਵਿੱਚ ਸਾਨੂੰ ਭਗਤੀ ਕਰਨਾ ਹੀ ਸਮਝਾਇਆ ਹੋਇਆ ਹੈ।

“ਜੋ ਜਨਮੈ ਸੋ ਜਾਨਹੁ ਮੂਆ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ॥੧॥ ਰਹਾਉ॥”

ਪ੍ਰਮਾਤਮਾ ਦਾ ਭਗਤ ਉਹ ਹੈ ਜੋ **“ਅਸਥਿਰ”** ਹੋ ਗਿਆ ਹੈ ਭਾਵ ਜੋ ਪੂਰਨ ਅਡੋਲਤਾ ਵਿੱਚ ਆ ਗਿਆ ਹੈ, ਜਿਸ ਦਾ ਮਨ ਡੋਲਣ ਤੋਂ ਹੱਟ ਗਿਆ ਹੈ, ਜੋ ਜਨਮ ਮਰਨ ਤੋਂ ਰਹਿਤ ਹੋ ਗਿਆ ਹੈ ਭਾਵ ਜੋ ਪ੍ਰਮਾਤਮਾ ਦੇ ਨਿਰਗੁਣ ਰੂਪ ਵਿੱਚ, ਨਿਰੰਕਾਰ ਰੂਪ ਵਿੱਚ ਭਾਵ ਨਾਮ ਰੂਪ ਵਿੱਚ, ਬ੍ਰਹਮ ਗਿਆਨ ਰੂਪ ਵਿੱਚ ਸਮਾਅ ਗਿਆ ਹੈ। ਹੁਣ ਵਿਚਾਰਨ ਦੀ ਗੱਲ ਇਹ ਹੈ ਕਿ ਸਾਨੂੰ ਅਡੋਲ ਕੌਣ ਬਣਾ ਸਕਦਾ ਹੈ, ਸਾਡੇ ਮਨ ਨੂੰ ਕੌਣ ਟਿਕਾ ਸਕਦਾ ਹੈ, ਸਾਡੇ ਮਨ ਨੂੰ ਪ੍ਰਮਾਤਮਾ ਨਾਲ ਕੌਣ ਮਿਲਾ ਸਕਦਾ ਹੈ। ਸਾਡੇ ਮਨ ਨੂੰ ਅਡੋਲ ਉਹ ਬਣਾ ਸਕਦਾ ਹੈ ਜੋ ਆਪ ਅਡੋਲ ਹੈ, ਜੋ ਆਪ ਜਨਮ ਮਰਨ ਤੋਂ ਰਹਿਤ ਹੈ। ਆਪ ਅਡੋਲ ਤੇ ਜਨਮ ਮਰਨ ਤੋਂ ਰਹਿਤ ਕੇਵਲ ਪ੍ਰਮਾਤਮਾ ਹੈ, ਉਸਦੀ ਗੁਰਬਾਣੀ ਹੈ। ਉਸ ਦੇ ਵਿੱਚ ਤੇ ਉਸਦੀ ਬਾਣੀ ਵਿੱਚ ਕੋਈ ਭੇਦ ਨਹੀਂ ਹੈ। ਅਡੋਲ ਉਸ ਦਾ ਸ਼ਬਦ ਹੈ, ਅਡੋਲ ਉਸਦਾ ਬਚਨ ਹੈ, ਅਡੋਲ ਉਸਦੀ ਮਤਿ ਹੈ ਜਿਵੇਂ ਕਿ ਅਸੀਂ

10/966

ਪਿੱਛੇ ਵੀ ਇਸ ਲੇਖ ਰਾਹੀਂ ਜਾਣਿਆ ਹੈ।

{ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ॥
ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ॥੧॥}

(ਅੰਗ ੯੯੪)

{ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ਆਪਿ ਅਡੋਲੁ ਨ ਕਬਹੂ ਡੋਲੈ॥}

(ਅੰਗ ੨੯੪)

ਸਾਰਗ ਮਹਲਾ ੫॥

{ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥੧॥ ਰਹਾਉ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥੩॥

ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥੪॥੬॥}

(ਅੰਗ ੧੨੦੪)

ਜੋ ਵੀ ਵਸਤੂ ਬਿਨਸਨਹਾਰ ਹੈ ਭਾਵ ਜਿਸ ਦੀ ਆਪਣੀ ਹੋਂਦ ਪੱਕੀ ਨਹੀਂ ਹੈ ਉਹ ਅਸਥਿਰ ਨਹੀਂ ਰਹਿ ਸਕਦੀ ਕਿਉਂਕਿ ਉਸਨੇ ਆਖਿਰ ਕਦੇ ਨਾ ਕਦੇ ਖਤਮ ਹੋ ਹੀ ਜਾਣਾ ਹੈ। ਹਰ ਕੋਈ ਦਿੱਸਣ ਵਾਲੀ ਚੀਜ, ਹਰ ਕੋਈ ਆਕਾਰ ਵਾਲੀ ਚੀਜ, ਹਰ ਸਰਗੁਣ ਸਰੂਪ ਬਿਨਸਨਹਾਰ ਹੈ। ਨਾ ਬਿਨਸਨਹਾਰ, ਸਦਾ ਅਡੋਲ ਰਹਿਣ ਵਾਲਾ ਕੇਵਲ ਨਿਰਗੁਣ ਰੂਪ ਹੈ ਭਾਵ ਨਿਰੰਕਾਰ ਰੂਪ ਹੈ ਜੋ ਕਿ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਆਪ ਗਿਆਨ ਸਰੂਪ ਹੈ ਜੋ ਕਿ ਕਦੇ ਨਹੀਂ ਬਿਨਸਦਾ। ਗੁਰਬਾਣੀ ਦਾ ਗਿਆਨ, ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ, ਸੱਚਾ ਗਿਆਨ ਭਾਵ ਬ੍ਰਹਮ ਗਿਆਨ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਜੋ ਕਿ ਸਦਾ ਹੀ ਅਡੋਲ ਰਹਿਣ ਵਾਲਾ ਹੈ, ਸਦਾ ਹੀ ਅਸਥਿਰ ਰਹਿਣ ਵਾਲਾ ਹੈ। ਗੁਰਬਾਣੀ ਦੇ ਬੋਲ ਅਟਲਾਧੇ ਹਨ, ਅਟੱਲ ਹਨ, ਸਦਾ ਲਈ ਹਨ ਭਾਵ ਸਦਾ ਰਹਿਣ ਵਾਲੇ ਹਨ ਕਿਉਂਕਿ ਇਹ ਪ੍ਰਮਾਤਮਾ ਦਾ ਸੱਚਾ ਗਿਆਨ ਹੈ। ਮਨੁੱਖ ਨੂੰ, ਉਸਦੀ ਭਗਤੀ ਕਰਨ ਵਾਲੇ ਨੂੰ ਜੇ ਕੋਈ "ਅਡੋਲ" ਬਣਾ ਸਕਦਾ ਹੈ, "ਅਸਥਿਰ" ਬਣਾ ਸਕਦਾ ਹੈ ਤੇ ਉਹ ਕੇਵਲ ਗੁਰਬਾਣੀ ਦਾ ਸੱਚਾ ਗਿਆਨ ਹੈ ਜੋ ਆਪ "ਅਸਥਿਰ" ਹੈ। ਬਸ ਇਸੇ ਗੱਲ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਕਿਉਂਕਿ "ਅਸਥਿਰ" ਹੋਏ ਬਿਨ੍ਹਾਂ ਉਸ ਪ੍ਰਮਾਤਮਾ ਦੇ ਨਾਲ ਨਹੀਂ ਮਿਲਿਆ ਜਾ ਸਕਦਾ, ਉਸਦਾ ਭਗਤ ਨਹੀਂ ਬਣਿਆ ਜਾ ਸਕਦਾ। ਉੱਪਰ ਸਾਰੇ ਸ਼ਬਦ ਵਿੱਚ ਸਾਨੂੰ ਇਹੀ ਸਮਝਾਇਆ ਗਿਆ ਹੈ ਕਿ

10/967

ਸਾਨੂੰ "ਅਸਥਿਰ" ਕਿਸ ਨੇ ਬਣਾਉਣਾ ਹੈ। ਅਸੀਂ ਪ੍ਰਮਾਤਮਾ ਦੇ ਨਾਲ ਮਿਲਣ ਲਈ ਜੋ ਕੁੱਝ ਆਪਣਾ ਭਗਤੀ ਦਾ ਤਰੀਕਾ ਸਮਝਿਆ ਹੋਇਆ ਹੈ, ਉਸ ਨੂੰ ਉਜਾਗਰ ਕਰਕੇ ਸਾਨੂੰ ਭਗਤੀ ਦੀ ਸਹੀ ਸੇਧ ਦਿਖਾਈ ਹੋਈ ਹੈ। ਅਸੀਂ ਆਪਣੀ ਭਗਤੀ ਕਰਨ ਲਈ ਓਟ ਕਿਸ ਦੀ ਲੈਂਦੇ ਹਾਂ ਤੇ ਓਟ ਕਿਸ ਚੀਜ਼ ਦੀ ਲੈਣੀ ਚਾਹੀਦੀ ਹੈ, ਇਹ ਸਮਝਾਇਆ ਹੋਇਆ ਹੈ। ਜੇਕਰ ਅਸੀਂ ਓਟ ਉਸ ਚੀਜ਼ ਦੀ ਲਵਾਂਗੇ ਜੋ "ਅਸਥਿਰ" ਨਹੀਂ ਹੈ, ਜਿਸ ਦਾ ਆਪਣਾ ਵਜੂਦ ਪੱਕਾ ਨਹੀਂ ਹੈ, "ਜੋ ਆਪ ਅਡੋਲ ਨਹੀਂ ਹੈ" "ਉਹ ਸਾਨੂੰ ਅਡੋਲ ਕਿਵੇਂ ਬਣਾ ਸਕਦੀ ਹੈ"। "ਜੋ ਚੀਜ ਆਪ ਬਿਨਸਨਹਾਰ ਹੈ ਉਹ ਸਾਨੂੰ ਬਿਨਸਨ ਤੋਂ ਕਿਵੇਂ ਬਚਾ ਸਕਦੀ ਹੈ"। ਅਸੀਂ ਆਪਣੀ ਭਗਤੀ ਦੀ ਓਟ, ਟੇਕ, ਇੱਕ ਖਾਸ ਸਮੇਂ ਤੇ ਰੱਖੀ ਹੋਈ ਹੈ, ਪਰਭਾਤ ਵੇਲੇ ਤੇ ਰੱਖੀ ਹੋਈ ਹੈ ਜਿਸ ਨੂੰ ਅਸੀਂ ਅੰਮ੍ਰਿਤ ਵੇਲਾ ਸਮਝਦੇ ਹਾਂ। ਅਸੀਂ ਇਹ ਸਮਝਦੇ ਹਾਂ ਕਿ ਪਰਭਾਤ ਵੇਲੇ ਦੇ ਜਾਗਣੇ ਤੋਂ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਭਾਵ ਉਸ "ਵੇਲੇ" ਦੀ ਸੰਭਾਲ ਨੂੰ ਹੀ ਪ੍ਰਮਾਤਮਾ ਦੀ ਭਗਤੀ ਦਾ ਵੇਲਾ ਸਮਝਦੇ ਹਾਂ। ਸਾਡੀ ਸਾਰੀ ਭਗਤੀ ਦੀ ਆਸਥਾ ਇਸ ਖਾਸ ਸਮੇਂ ਨਾਲ ਹੀ ਜੁੜੀ ਹੋਈ ਹੈ, ਵੇਲੇ ਨਾਲ, ਵਕਤ ਨਾਲ ਜੁੜੀ ਹੋਈ ਹੈ ਤੇ ਹਰ ਪਾਸੇ ਇਸੇ ਗੱਲ ਦਾ ਪ੍ਰਚਾਰ ਹੈ। ਜੋ ਵੇਲਾ ਖੁਦ ਥਿਰ ਰਹਿਣ ਵਾਲਾ ਨਹੀਂ ਹੈ ਭਾਵ ਬਿਨਸਨਹਾਰ ਹੈ ਉਸ ਨਾਲ ਜੁੜਕੇ ਸਾਡਾ ਮਨ ਕਿਵੇਂ ਥਿਰ ਰਹਿ ਸਕਦਾ ਹੈ, ਅਸੀਂ ਜਨਮ ਮਰਨ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ। (**ਜੋ ਜਨਮੈ ਸੋ ਜਾਨਹੁ ਮੂਆ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ॥੧॥ ਰਹਾਉ॥**) ਆਓ ਹੁਣ ਸ਼ਬਦ ਦੀਆਂ ਸਾਰੀਆਂ ਪੰਗਤੀਆਂ ਵੱਲ ਧਿਆਨ ਦੇਈਏ। ਸਭ ਤੋਂ ਪਹਿਲਾਂ ਸਾਨੂੰ ਕਿਰਸਾਨ ਦੀ ਕਿਰਸਾਨੀ ਦਾ ਹਵਾਲਾ ਦੇ ਕੇ ਕੁੱਝ ਸਮਝਾਇਆ ਹੋਇਆ ਹੈ।

"ਜੈਸੇ ਕਿਰਸਾਨੁ ਬੋਵੈ ਕਿਰਸਾਨੀ॥ਕਾਚੀ ਪਾਕੀ ਬਾਢਿ ਪਰਾਨੀ॥੧॥"

ਕਿਸਾਨ ਆਪਣੀ ਫ਼ਸਲ ਬੀਜਦਾ ਹੈ ਤੇ ਕਿਸਾਨ ਉਸ ਫ਼ਸਲ ਦਾ ਮਾਲਕ ਹੈ। ਫ਼ਸਲ ਨੂੰ ਵੱਢਣ ਲਈ ਹੀ ਬੀਜਿਆ ਜਾਂਦਾ ਹੈ ਭਾਵ ਉਹ ਫ਼ਸਲ ਸਦਾ ਲਈ ਨਹੀਂ ਰਹਿ ਸਕਦੀ, ਉਸ ਨੇ ਬਿਨਸਣਾ ਹੀ ਹੈ। ਕਿਸਾਨ ਦੀ ਮਰਜ਼ੀ ਹੈ ਕਿ ਉਹ ਫ਼ਸਲ ਨੂੰ ਪੱਕੀ ਵੱਢੇ ਜਾਂ ਕੱਚੀ ਵੱਢ ਲਵੇ ਕਿਉਂਕਿ ਉਹ ਉਸਦਾ ਮਾਲਕ ਹੈ। ਸਭ ਦਾ ਮਾਲਕ ਆਪ ਪ੍ਰਮਾਤਮਾ

10/968

ਹੈ। ਸਮਝਾਇਆ ਇਹ ਹੋਇਆ ਹੈ ਕਿ ਪ੍ਰਮਾਤਮਾ ਸਭ ਨੂੰ ਪੈਦਾ ਕਰਨ ਵਾਲਾ ਹੈ, ਸਾਰੀ ਸ੍ਰਿਸ਼ਟੀ ਦੀ ਉਪਜ ਕਰਨ ਵਾਲਾ ਹੈ ਤੇ ਇਹ ਉਸ ਦੀ ਮਰਜ਼ੀ ਹੈ ਕਿ ਉਹ ਆਪਣੀ ਉਪਜ ਨੂੰ, ਆਪਣੀ ਖੇਤੀ ਨੂੰ ਜਦੋਂ ਮਰਜ਼ੀ ਵੱਢ ਲਵੇ, ਕੱਚੀ ਵੱਢੇ ਭਾਵੇਂ ਪੱਕੀ ਵੱਢੇ। ਇਹ ਉਸਦੀ ਆਪਣੀ ਬਣਾਈ ਹੋਈ ਖੇਡ ਹੈ ਉਹ ਜਦੋਂ ਚਾਹੇ ਇਸ ਖੇਡ ਨੂੰ ਸਮੇਟ ਸਕਦਾ ਹੈ। ਇਹ ਤੈਅ ਹੈ ਕਿ ਜੋ

ਵੀ ਵਸਤੂ ਪੈਦਾ ਹੋਈ ਹੈ ਉਸਦਾ ਵਿਨਾਸ ਹੋਣਾ ਤੈਅ ਹੈ, ਹਰ ਚੀਜ਼ ਬਿਨਸਨਹਾਰ ਹੈ ਭਾਵ ਥਿਰ ਰਹਿਣ ਵਾਲੀ ਨਹੀਂ ਹੈ। **(ਜੋ ਜਨਮੈ ਸੋ ਜਾਨਹੁ ਮੂਆ॥)** ਅਗਰ ਸਦਾ ਲਈ ਕੋਈ ਥਿਰ ਰਹਿਣ ਵਾਲਾ ਹੈ ਤੇ ਉਹ ਪ੍ਰਮਾਤਮਾ ਆਪ ਹੈ। ਅਸੀਂ ਪਿੱਛੇ ਵਾਰ-ਵਾਰ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਤੇ ਉਸਦੇ ਭਗਤ ਵਿੱਚ ਕੋਈ ਫ਼ਰਕ ਨਹੀਂ ਹੈ ਕਿਉਂਕਿ ਅਸਲ ਵਿੱਚ ਭਗਤ ਉਹ ਆਪ ਹੀ ਹੈ, ਗੁਰੂ ਉਹ ਆਪ ਹੀ ਹੈ ਕਿਉਂਕਿ ਗੁਰੂ ਅਸਲ ਵਿੱਚ ਸ਼ਬਦ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਪੂਰੀ ਬਾਣੀ ਭਗਤ ਹੈ, ਪੂਰੀ ਬਾਣੀ ਗੁਰੂ ਹੈ, ਪੂਰੀ ਬਾਣੀ ਪ੍ਰਮਾਤਮਾ ਆਪ ਹੈ, ਪੂਰੀ ਬਾਣੀ ਅਡੋਲ ਹੈ। "ਅਡੋਲ" ਅਸਲ ਵਿੱਚ "ਬ੍ਰਹਮ ਗਿਆਨ" ਹੈ ਜਿਸ ਵਿੱਚ ਪ੍ਰਮਾਤਮਾ ਦਾ ਪੂਰਨ ਸੱਚ ਹੈ। "ਬ੍ਰਹਮ ਗਿਆਨ" ਦੁਆਰਾ ਸਮਝਾਈ ਹੋਈ ਹਰ ਗੱਲ ਪੂਰਨ ਸੱਚ ਹੈ ਜਿਸ ਨੂੰ ਕਦੇ ਝੂਠਾ ਸਾਬਿਤ ਨਹੀਂ ਕੀਤਾ ਜਾ ਸਕਦਾ, ਗੁਰੂ ਦੇ ਬਚਨ ਸਦਾ ਰਹਿਣ ਵਾਲੇ ਹਨ, ਸਦਾ ਅਡੋਲ ਰਹਿਣ ਵਾਲੇ ਹਨ, "ਸਦਾ ਥਿਰ" ਰਹਿਣ ਵਾਲੇ ਹਨ, "ਸਦਾ ਅਟੱਲ" ਰਹਿਣ ਵਾਲੇ ਹਨ ਜਿਹੜੇ ਕਦੇ ਬਦਲ ਨਹੀਂ ਸਕਦੇ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚ ਸਮਝਾ ਰਹੀ ਹੈ ਤੇ ਗੁਰਬਾਣੀ ਦਾ ਦੱਸਿਆ ਹੋਇਆ ਸੱਚ ਸਦਾ ਟਿਕਣ ਵਾਲਾ ਹੈ ਭਾਵ "ਗੁਰੂ ਦੀ ਮਤਿ ਸਦਾ ਥਿਰ ਰਹਿਣ ਵਾਲੀ ਹੈ"। ਆਦਿ ਤੋਂ ਲੈ ਕੇ ਸਾਰੀ ਸ੍ਰਿਸ਼ਟੀ ਨੂੰ ਬ੍ਰਹਮ ਗਿਆਨ ਹੀ ਚਲਾ ਰਿਹਾ ਹੈ ਭਾਵ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਸੱਚੀ ਸਾਇੰਸ ਹੀ ਚਲਾ ਰਹੀ ਹੈ। ਪੂਰੀ ਸਾਇੰਸ ਦੇ ਵਿੱਚ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਹੈ ਜੋ ਕਦੇ ਨਹੀਂ ਬਿਨਸਦਾ।

10/969

"ਬ੍ਰਹਮ ਗਿਆਨ" ਦਾ ਮਾਲਕ ਸ੍ਰਿਸ਼ਟੀ ਨੂੰ ਜਦੋਂ ਚਾਹੇ ਬਣਾ ਸਕਦਾ ਹੈ ਤੇ ਜਦੋਂ ਚਾਹੇ ਉਸਨੂੰ ਸਮੇਟ ਸਕਦਾ ਹੈ ਪਰ ਉਹ ਆਪ ਸਦਾ **"ਅਸਥਿਰ"** ਰਹਿਣ ਵਾਲਾ ਹੈ। ਉਸਦਾ ਭਗਤ ਬ੍ਰਹਮ ਗਿਆਨ ਵਾਲੀ ਧਾਰਮਿਕ ਸਮਝ ਦੁਆਰਾ ਵਿਚਰਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਉਸਦਾ ਭਗਤ ਅਡੋਲਤਾ ਵਿੱਚ ਸੱਚੇ ਗਿਆਨ ਦੁਆਰਾ, ਗੁਰੂ ਦੀ ਮਤਿ ਦੁਆਰਾ, ਬ੍ਰਹਮ ਗਿਆਨ ਦੁਆਰਾ ਹੀ ਆਉਂਦਾ ਹੈ ਜੋ ਬ੍ਰਹਮ ਗਿਆਨ ਉਸਨੂੰ ਮਨ ਦੇ ਵਿੱਚੋਂ ਹੀ ਸਿੱਧਾ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ। **(ਗੋਵਿੰਦ ਭਗਤੁ ਅਸਥਿਰੁ ਹੈ ਥੀਆ॥੧॥ ਰਹਾਉ॥)** ਭਗਤਾਂ ਦੇ ਸਰੀਰਾਂ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਜਿੱਥੇ ਵੀ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਗੁਰਬਾਣੀ ਦੀ ਰਚਨਾ ਕੀਤੀ ਹੈ, ਉਹ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਭਾਵ ਨਾਮ ਰੂਪ ਦੁਆਰਾ ਪ੍ਰਗਟ ਹੋ ਕੇ ਹੀ ਕੀਤੀ ਹੈ ਤੇ ਕੋਈ ਵੀ ਮਨੁੱਖੀ ਮਨ ਜੋ ਅਡੋਲਤਾ ਵਿੱਚ ਆਉਂਦਾ ਹੈ ਉਹ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਭਾਵ ਸੱਚੀ ਭਗਤੀ ਦੀ ਸਮਝ ਦੁਆਰਾ ਹੀ ਆਉਂਦਾ ਹੈ ਤੇ "**ਅਡੋਲ ਹੋਏ ਬਿਨਾਂ ਉਸਦਾ ਭਗਤ ਨਹੀਂ ਬਣਿਆ ਜਾ ਸਕਦਾ**"। ਮਨ ਦੀ ਅਡੋਲਤਾ ਸਾਡੇ ਅੰਦਰ ਦੀ ਜੋਤਿ ਦੁਆਰਾ ਆਉਂਦੀ ਹੈ, ਮਨ ਦੇ ਵਿੱਚੋਂ ਹੀ ਆਉਂਦੀ ਹੈ ਜਿੱਥੇ ਪ੍ਰਮਾਤਮਾ ਆਪ ਵਿਚਰਦਾ ਹੈ। ਜਿੱਥੇ ਮਨ ਦੀ ਅਡੋਲਤਾ ਹੈ ਉੱਥੇ ਉਹ ਆਪ ਹੀ ਪ੍ਰਗਟ ਹੁੰਦਾ ਹੈ।

{ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥}

(ਅੰਗ - ੧੪੦੮)

ਹੁਣ ਵਿਚਾਰਨ ਦੀ ਗੱਲ ਇਹ ਹੈ ਕਿ **"ਅਸੀਂ ਆਪਣੇ ਮਨ ਨੂੰ ਅਡੋਲ ਕਰਨ ਲਈ ਆਸਰਾ ਕਿਸ ਦਾ ਲੈਣਾ ਹੈ", "ਉੱਚਾ ਕਿਸ ਨੂੰ ਮੰਨਣਾ ਹੈ," "ਜੋ ਆਪ ਅਡੋਲ ਹੈ ਜਾਂ ਕਿ ਉਸਨੂੰ ਜੋ ਆਪ ਹੀ ਬਿਨਸਨਹਾਰ ਹੈ"**। ਸਾਨੂੰ ਇਸ ਮੁੱਖ ਸ਼ਬਦ ਵਿੱਚ ਇਹੀ ਗੱਲ ਸਮਝਾਈ ਹੋਈ ਹੈ ਜੋ ਕਿ ਅਗਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੋ ਜਾਵੇਗੀ।

"ਦਿਨ ਤੇ ਸਰਪਰ ਪਉਸੀ ਰਾਤਿ॥ ਰੈਣਿ ਗਈ ਫਿਰਿ ਹੋਇ ਪਰਭਾਤਿ॥੨॥"

ਜਦੋਂ ਦਿਨ ਚੜ੍ਹਦਾ ਹੈ ਫਿਰ ਇਹ ਯਕੀਨੀ ਗੱਲ ਹੈ ਕਿ ਦਿਨ ਤੋਂ ਬਾਅਦ ਰਾਤ ਆਉਣੀ ਹੈ ਭਾਵ **"ਦਿਨ ਟਿਕ ਨਹੀਂ ਸਕਦਾ", "ਦਿਨ ਅਸਥਿਰ ਨਹੀਂ ਹੈ", "ਦਿਨ ਦਾ ਬਿਨਸਨਾ ਤੈਅ ਹੈ"** ਤੇ ਦਿਨ ਤੋਂ ਬਾਅਦ ਰਾਤ ਪੈ ਜਾਂਦੀ ਹੈ। **"ਰਾਤ ਦਾ ਬਿਨਸਨਾ ਵੀ ਤੈਅ ਹੈ"** ਤੇ ਰਾਤ ਤੋਂ ਬਾਅਦ ਪਰਭਾਤ ਆ ਜਾਂਦੀ ਹੈ। **"ਪਰਭਾਤ ਦਾ ਮਿਟ ਜਾਣਾ ਵੀ ਤੈਅ ਹੈ"** ਭਾਵ ਪਰਭਾਤ ਵੀ ਕੋਈ ਟਿਕਣ ਵਾਲੀ ਨਹੀਂ ਹੈ, ਉਹ ਵੀ ਬਿਨਸ ਜਾਂਦੀ ਹੈ। ਦਿਨ ਰਾਤ ਬਣਾਉਣ ਵਾਲਾ, ਪਰਭਾਤ ਬਣਾਉਣ ਵਾਲਾ ਆਪ ਪ੍ਰਮਾਤਮਾ ਹੈ। ਕੇਵਲ ਉਹ ਆਪ ਹੀ ਸਥਿਰ ਹੈ ਤੇ ਉਸਦੀ ਬਣਾਈ ਹੋਈ ਹਰ ਹੋਂਦ ਬਿਨਸਨ ਵਾਲੀ ਹੈ, "**ਪਰਭਾਤ ਵੀ ਬਿਨਸਨਹਾਰ ਹੈ**"। "ਹੁਣ ਧਿਆਨ ਨਾਲ ਸੋਚੋ ਕਿ ਪਰਭਾਤ ਉੱਚੀ ਹੈ ਜਾਂ ਪਰਭਾਤ ਨੂੰ ਬਣਾਉਣ ਵਾਲਾ"। ਪਰਭਾਤ ਵੇਲੇ ਦਾ ਉੱਠਣਾ ਚੰਗਾ ਮੰਨਿਆ ਜਾਂਦਾ ਹੈ ਪਰ ਅਸੀਂ ਉੱਠਦੇ ਕਿਸ ਮਕਸਦ ਲਈ ਹਾਂ, ਇਸ ਨੂੰ ਸਮਝਣ

ਦੀ ਲੋੜ ਹੈ।

10/970

"ਉੱਠਣਾ ਵੱਡਾ ਹੈ ਜਾਂ ਉੱਠਣ ਦਾ ਮਕਸਦ ਵੱਡਾ ਹੈ"। "ਉੱਠਣਾ ਵੱਡਾ ਹੈ ਜਾਂ ਆਪਣੇ ਆਪ ਨੂੰ ਥਿਰ ਕਰਨਾ ਵੱਡਾ ਹੈ"। ਥਿਰ ਸਾਨੂੰ ਗੁਰੂ ਨੇ ਕਰਨਾ ਹੈ ਭਾਵ ਗੁਰੂ ਦੀ ਮਤਿ ਨੇ ਕਰਨਾ ਹੈ ਤੇ **"ਗੁਰੂ ਦੀ ਮਤਿ ਤੋਂ ਵੱਡਾ ਭਾਵ ਨਾਮ ਤੋਂ ਵੱਡਾ ਕੋਈ ਨਹੀਂ"**। ਫੈਸਲਾ ਇਸ ਗੱਲ ਵਿੱਚ ਕਰਨਾ ਹੈ ਕਿ ਗੁਰੂ ਦੀ ਮਤਿ "ਹਰ ਵੇਲੇ" "ਇੱਕੋ ਜਿਹੀ" ਵੱਡੀ ਹੈ ਜਾਂ ਕਿਸੇ "ਖਾਸ ਵੇਲੇ" "ਜਿਆਦਾ ਵੱਡੀ" ਹੈ ਤੇ ਅੱਗੇ ਪਿੱਛੇ ਘੱਟ ਵੱਡੀ ਹੈ। ਕੀ ਗੁਰੂ ਦਾ ਗਿਆਨ ਕਿਸੇ ਖਾਸ ਵੇਲੇ ਜਿਆਦਾ ਵੱਡਾ ਹੈ ਤੇ ਵੇਲੇ ਅਨੁਸਾਰ, ਸਮੇਂ ਅਨੁਸਾਰ ਉਸ ਵਿੱਚ ਕੋਈ ਫ਼ਰਕ ਆ ਜਾਂਦਾ ਹੈ। ਗੁਰੂ ਦੀ ਮਤਿ ਸਾਨੂੰ ਸੱਚ ਦਾ ਉਪਦੇਸ਼ ਦਿੰਦੀ ਹੈ ਭਾਵ ਹਰ ਵੇਲੇ, ਅੱਠੇ ਪਹਿਰ ਸੱਚੇ ਰਹਿਣ ਦਾ ਉਪਦੇਸ਼ ਦਿੰਦੀ ਹੈ, ਗੁਰੂ ਦੀ ਆਗਿਆ ਵਿੱਚ ਰਹਿਣ ਦਾ ਉਪਦੇਸ਼ ਦਿੰਦੀ ਹੈ ਭਾਵ ਅੱਠੇ ਪਹਿਰ ਨਾਮ ਸਿਮਰਨ ਵਿੱਚ ਰਹਿਣ ਦਾ ਉਪਦੇਸ਼ ਦਿੰਦੀ ਹੈ। ਕੀ ਕਿਸੇ ਖਾਸ ਸਮੇਂ, ਕਿਸੇ ਖਾਸ ਪਹਿਰ ਵਿੱਚ ਸੱਚ ਜਿਆਦਾ ਉੱਚਾ ਹੈ, ਨਾਮ ਜਿਆਦਾ ਵੱਡਾ ਹੈ ਤੇ ਬਾਕੀ ਦੇ ਪਹਿਰਾਂ ਵਿੱਚ ਸੱਚ ਦੀ ਵੁੱਕਤ ਘੱਟ ਜਾਂਦੀ ਹੈ, ਨਾਮ ਛੋਟਾ ਹੋ ਜਾਂਦਾ ਹੈ। ਵੱਡਾ ਅਸਲ ਵਿੱਚ ਸੱਚ ਹੈ ਨਾ ਕਿ ਕੋਈ ਖਾਸ ਵੇਲਾ ਤੇ ਇਹੀ ਗੱਲ ਸਾਨੂੰ ਹੋਰ ਸ਼ਬਦਾਂ ਰਾਹੀਂ ਵੀ ਸਮਝਾਈ ਹੋਈ ਹੈ ਜਿਸ ਦੀ ਵਿਆਖਿਆ ਅੱਗੇ ਜਾ ਕੇ ਕੀਤੀ ਜਾਵੇਗੀ। ਜਾਗਣਾ ਅਸਲ ਵਿੱਚ ਸਾਡੇ ਮਨ ਨੇ ਹੀ ਹੈ ਜੋ ਹਰ ਵੇਲੇ ਸੁੱਤਾ ਹੋਇਆ ਹੈ। ਜਦ ਤੱਕ ਸਾਡੇ ਮਨ ਵਿੱਚ ਪਰਭਾਤ ਨਹੀਂ ਚੜ੍ਹਦੀ ਤਦ ਤੱਕ ਸਾਡਾ ਜਾਗਣਾ ਨਹੀਂ ਹੋ ਸਕਦਾ। ਪਰਭਾਤ ਦਾ ਜਾਗਣਾ ਤਨ ਦਾ ਜਾਗਣਾ ਨਹੀਂ ਹੈ ਕਿਉਂਕਿ ਤਨ ਦੁਆਰਾ ਜਾਗ ਕੇ ਵੀ ਜੇਕਰ ਸਾਡਾ ਮਨ ਸੁੱਤਾ ਹੋਇਆ ਹੈ ਤਾਂ ਫਿਰ ਸਾਨੂੰ ਉਹ ਜਾਗਣ ਦਾ ਲਾਭ ਕੀ ਮਿਲੇਗਾ। ਜੇਕਰ ਜਾਗਣ ਤੋਂ ਬਾਅਦ, ਉੱਠਣ ਤੋਂ ਬਾਅਦ ਅਸੀਂ ਕਰਮ ਮਾੜੇ ਹੀ ਕਰਨੇ ਹਨ ਭਾਵ ਜੇਕਰ ਸਾਡਾ ਹਿਰਦਾ ਸ਼ੁੱਧ ਨਹੀਂ ਹੁੰਦਾ, ਅਸੀਂ ਹਿਰਦੇ ਨੂੰ ਸ਼ੁੱਧ ਕਰਨ ਦਾ ਉਪਰਾਲਾ ਨਹੀਂ ਕਰਦੇ ਤੇ ਫਿਰ ਸਾਨੂੰ ਲਾਭ ਕੀ ਮਿਲਿਆ। **{ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥}** ਅੰਗ - ੧੨੪੪ ਕਹਿਣ ਨੂੰ ਤਾਂ ਅਸੀਂ ਉੱਠ ਕੇ ਨਾਮ ਜਪਦੇ ਹਾਂ ਪਰ ਧਿਆਨ ਨਾਲ ਸਮਝੋ ਕਿ ਉਹ ਕਿਹੜਾ ਨਾਮ ਹੈ ਜੋ ਚੋਰੀ ਵੀ ਹੋ ਜਾਂਦਾ ਹੈ ਤੇ ਉਸਦੀ ਚੋਰੀ ਕੌਣ ਕਰਦਾ ਹੈ। ਨਾਮ ਦੀ ਚੋਰੀ ਕਿਸੇ ਦਾ ਹੱਕ ਖਾਣ ਨਾਲ ਹੁੰਦੀ ਹੈ ਭਾਵ ਮਾੜੇ ਕਰਮ ਕਰਨ ਨਾਲ ਹੁੰਦੀ ਹੈ, ਮਨ ਦੇ ਵਿਕਾਰਾਂ ਦੁਆਰਾ ਹੁੰਦੀ ਹੈ, ਔਗੁਣਾਂ ਦੁਆਰਾ ਹੁੰਦੀ ਹੈ। ਚੋਰੀ ਗੁਣਾਂ ਦੀ ਹੁੰਦੀ ਹੈ ਤੇ ਚੋਰ ਸਾਡੇ ਔਗੁਣ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਹ ਸਾਡੇ ਚੋਰ ਰੂਪ ਵਿਚਾਰ ਹਨ ਤੇ ਗੁਣ ਸਾਡੇ ਸਾਧ ਰੂਪ ਵਿਚਾਰ ਹਨ। ਜਿੱਥੇ ਚੋਰ ਹਨ, ਉੱਥੇ ਸਾਧ ਵਾਲੀ ਮਤਿ ਨਹੀਂ ਹੋ ਸਕਦੀ, ਉੱਥੇ ਗੁਰੂ ਦਾ ਗਿਆਨ ਨਹੀਂ ਹੋ ਸਕਦਾ ਭਾਵ ਉੱਥੇ ਗੁਰੂ ਦੀ ਮਤਿ ਨਹੀ ਹੋ ਸਕਦੀ। ਇਹ ਚੋਰਾਂ ਨੂੰ ਅਸੀਂ ਆਪਣਾ ਬਣਾਇਆ ਹੋਇਆ ਹੈ ਤੇ ਗੁਰੂ ਨੂੰ ਅਸੀਂ ਪਰਾਇਆ ਬਣਾਇਆ ਹੋਇਆ ਹੈ। ਅਸੀਂ ਚੋਰਾਂ ਦੇ ਨਾਲ ਰਲੇ ਹੋਏ ਹਾਂ ਜੋ ਨਾਮ ਦੀ ਚੋਰੀ ਕਰਦੇ ਹਨ, ਗੁਰੂ ਦੀ ਮਤਿ ਦੀ ਚੋਰੀ ਕਰਦੇ ਹਨ, ਸਾਨੂੰ ਗੁਰੂ ਤੋਂ ਦੂਰ ਰੱਖਦੇ ਹਨ। ਸਾਨੂੰ ਭਲਕੇ ਉੱਠ ਕੇ ਭਾਵ ਹਰ ਰੋਜ਼ ਸਵੇਰੇ ਉੱਠ ਕੇ ਨਾਮ ਧਿਆਉਣ ਦਾ ਹੁਕਮ ਹੈ ਨਾ ਕਿ ਨਾਮ ਨੂੰ ਚੋਰੀ ਕਰਵਾਉਣ ਦਾ। ਹਰ ਵੇਲੇ ਨਾਮ ਧਿਆਉਣ ਵਾਲਾ ਗੁਰੂ ਆਪ ਹੀ ਹੈ ਜੋ "ਸਤਿਗੁਰ" ਦਾ ਸਿੱਖ ਹੈ ਭਾਵ ਸਤਿਗੁਰ ਦੀ, ਪ੍ਰਮਾਤਮਾ ਦੀ ਸਿੱਖਿਆ ਨੂੰ ਮੰਨਣ ਵਾਲਾ ਹੈ। **{ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥}** ਅੰਗ - ੩੦੫ **{ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥}** (ਅੰਗ - ੧੨੪੪) ਜੋ ਨਾਮ ਧਿਆਉਣ ਵਾਲਾ ਮਨੁੱਖ ਹੈ, ਉਸਦੇ ਅੰਦਰੋਂ ਨਾਮ ਦੀ ਚੋਰੀ ਹੋ ਹੀ ਨਹੀਂ ਸਕਦੀ। ਜਦੋਂ ਨਾਮ ਸਾਡੇ ਅੰਦਰ ਵੱਸ ਜਾਵੇਗਾ ਇਹ ਸਾਡੀ ਮਨ ਦੀ ਅਵੱਸਥਾ ਨੂੰ "ਅਡੋਲ", "ਅਸਥਿਰ" ਬਣਾ ਦੇਵੇਗਾ ਤੇ ਫਿਰ ਅਸੀਂ ਗੁਰੂ ਨਾਲ ਇੱਕ ਮਨ ਇੱਕ ਚਿੱਤ ਹੋ ਕੇ ਵਿਚਰਾਂਗੇ। ਫਿਰ ਇਹ ਔਗੁਣ ਸਾਨੂੰ ਚੰਗੇ ਨਹੀਂ ਲੱਗਣਗੇ, ਫਿਰ ਸਾਡੇ ਅੰਦਰੋਂ ਨਾਮ ਦੀ ਚੋਰੀ ਨਹੀਂ ਹੋਵੇਗੀ, ਫਿਰ ਅਸੀਂ ਗੁਰੂ ਦੀ ਮਤਿ ਤੇ ਅਡੋਲ ਹੋ ਕੇ ਕੇਵਲ ਸੱਚ ਦੁਆਰਾ ਹੀ ਵਿਚਰਾਂਗੇ। ਜਦ ਤੱਕ ਗੁਰੂ ਦੀ ਮਤਿ ਭਾਵ ਗੁਰੂ ਦਾ "ਨਾਮ" ਸਾਡੇ ਅੰਦਰ ਦ੍ਰਿੜ ਨਹੀਂ ਹੁੰਦਾ ਇਹ ਸਾਡਾ "ਨਾਮੁ ਧਨੁ" ਨਹੀਂ ਬਣਦਾ। "ਨਾਮੁ ਧਨੁ" ਸਾਡੇ ਮਨ ਦੀ ਅਡੋਲ ਅਵੱਸਥਾ ਹੈ, ਗੁਰੂ ਦੇ ਸੱਚੇ ਗਿਆਨ ਦੀ ਪੂਰਨ ਸਮਝ ਵਾਲੀ ਅਵੱਸਥਾ ਹੈ, ਗੁਰੂ ਦੇ ਸੱਚੇ ਗੁਣਾਂ ਨੂੰ ਮੰਨਣ ਵਾਲੀ ਅਵੱਸਥਾ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਮਨ ਕਦੇ ਲੋਭ ਲਾਲਚ ਵਿੱਚ ਫਸ ਕੇ ਡੋਲਦਾ ਨਹੀਂ। ਇਸ ਅਵੱਸਥਾ ਵਿੱਚ ਪ੍ਰਮਾਤਮਾ ਕਿਸੇ ਨੂੰ ਆਪ ਹੀ ਲਿਆ ਸਕਦਾ ਹੈ। ਇਹ ਉਸਦੇ ਨਾਲ ਮੇਲ ਦੀ ਅਵੱਸਥਾ ਹੈ। ਇਸ ਅਵੱਸਥਾ ਤੋਂ ਬਿਨ੍ਹਾਂ ਹਰ ਕਿਸੇ ਨੂੰ ਸੁੱਤਾ ਹੋਇਆ ਹੀ ਆਖਿਆ ਹੈ। ਇਹ ਅਡੋਲ ਅਵੱਸਥਾ ਹੀ ਸਾਡੇ ਮਨ ਦਾ ਜਾਗਣਾ ਹੈ, ਸਾਡੇ ਮਨ ਦੀ ਪ੍ਰਭਾਤ ਹੈ ਜੋ ਸਦਾ ਥਿਰ ਰਹਿਣ ਵਾਲੀ ਹੈ। ਦੁਨਿਆਵੀ ਪ੍ਰਭਾਤ ਬਿਨਸਨਹਾਰ ਹੈ ਪਰ ਮਨ ਦੀ ਪ੍ਰਭਾਤ ਸਦਾ ਟਿਕਣ ਵਾਲੀ ਹੈ ਕਿਉਂਕਿ ਮਨ ਦੀ ਪ੍ਰਭਾਤ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਲ ਮਿਲ ਜਾਂਦਾ

ਹੈ ਜੋ ਕਦੇ ਬਿਨਸ ਨਹੀਂ ਸਕਦਾ। ਦੁਨਿਆਵੀ ਤੌਰ ਤੇ ਸਾਡਾ ਸਵੇਰੇ, ਪ੍ਰਭਾਤ ਵੇਲੇ ਉੱਠਣਾ ਬਹੁਤ ਚੰਗਾ ਹੈ ਪਰ ਅਸੀਂ ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਨਹੀਂ ਚੱਲਣਾ। ਉੱਚਾ ਅਸਲ ਵਿੱਚ ਗੁਰੂ ਦਾ ਗਿਆਨ ਹੈ, ਗੁਰਬਾਣੀ ਦਾ ਗਿਆਨ ਹੈ ਜਿਸਨੂੰ ਗ੍ਰਹਿਣ ਕਰਨ ਲਈ ਅਸੀਂ ਉੱਠਣਾ ਹੈ। ਬਾਣੀ ਨੂੰ ਪੜ੍ਹਨਾ ਸੁਣਨਾ ਸਾਡੇ ਲਈ ਹੁਕਮ ਹੈ ਤੇ ਅਸੀਂ ਬਾਣੀ ਨੂੰ ਜਿਸ ਵੇਲੇ ਵੀ ਪੜ੍ਹ ਲਈਏ ਉਸਦੇ ਅਰਥ ਉਹੀ ਰਹਿਣੇ ਹਨ। ਜੋ ਅਰਥ ਪਰਭਾਤ ਵੇਲੇ ਹਨ, ਉਹੀ ਅਰਥ ਰਾਤ ਵੇਲੇ ਹਨ, ਗੱਲ ਸਿਰਫ਼ ਉਹਨਾਂ ਨੂੰ ਮੰਨਣ ਦੀ ਹੈ, ਉਹਨਾਂ ਤੇ ਅਮਲ ਕਰਨ ਦੀ ਹੈ ਜਿਸ ਵੇਲੇ ਮਰਜ਼ੀ ਕਰ ਲਵੋ। ਕਿਸੇ ਵੇਲੇ ਨੂੰ ਵੱਡਾ ਜਾਂ ਛੋਟਾ ਸਮਝਣਾ, ਭਗਤੀ ਦੇ ਮੂਲ ਸਿਧਾਂਤ ਦੇ ਹੀ ਉਲਟ ਹੈ। ਪ੍ਰਮਾਤਮਾ ਹਰ ਵੇਲੇ ਇੱਕੋ ਜਿਹਾ ਹੀ ਹੈ। ਕਿਸੇ ਖਾਸ ਸਮੇਂ ਨੂੰ ਉੱਚਾ ਮੰਨਣਾ, ਸਮੇਂ ਦੇ ਨਾਲ ਜੁੜਨਾ ਸਾਡੀ ਭੁੱਲ ਦੱਸੀ ਹੋਈ ਹੈ। ਆਓ ਇਹੀ ਗੱਲ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਵਾਹਿਗੁਰੂ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਗਉੜੀ ਮਹਲਾ ੧॥

“ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰ ਕੈ ਸਬਦਿ ਪਛਾਨਾ॥੧॥ ਰਹਾਉ॥
ਜਿਸੁ ਨਰ ਰਾਮੁ ਰਿਦੈ ਹਰਿ ਰਾਸਿ॥ ਸਹਜਿ ਸੁਭਾਇ ਮਿਲੇ ਸਾਬਾਸਿ॥੨॥
ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥”

(ਅੰਗ - ੧੫੪)

ਪ੍ਰਮਾਤਮਾ “ਅਕਥ” ਹੈ ਜਿਸਨੂੰ ਕਥਿਆ ਨਹੀਂ ਜਾ ਸਕਦਾ, ਸਮਝਿਆ ਨਹੀਂ ਜਾ ਸਕਦਾ। ਉਹ ਆਪਣੇ ਆਪ ਦੀ ਸੋਝੀ ਆਪ ਹੀ ਪਾ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ। ਪੂਰੀ ਗੁਰਬਾਣੀ ਉਸ ਅਕਥ ਰੂਪ ਵਾਹਿਗੁਰੂ ਦੀ “ਅਕਥ ਕਥਾ” ਹੈ ਜਿਸ ਅਕਥ ਰੂਪ ਪ੍ਰਮਾਤਮਾ ਨੇ ਆਪ ਹੀ ਗੁਰਬਾਣੀ ਰਾਹੀਂ ਆਪਣੇ ਅਕਥ ਰੂਪ ਦੀ ਕਥਾ ਸੁਣਾਈ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਆਪਣੇ ਆਪ ਦੀ ਸੋਝੀ ਪਾਈ ਹੈ ਕਿ ਪ੍ਰਮਾਤਮਾ ਕੀ ਹੈ ਜੋ ਹਰ ਕਿਸੇ ਲਈ ਅਕਥ ਹੀ ਹੈ ਭਾਵ ਉਸਨੂੰ ਆਪਣੇ ਆਪ ਕੋਈ ਨਹੀਂ ਸਮਝ ਸਕਦਾ, ਬੁੱਝ ਸਕਦਾ, ਬਿਆਨ ਕਰ ਸਕਦਾ। ਗੁਰਬਾਣੀ ਦੀ ਰਚਨਾਂ ਅਨੇਕਾਂ ਸਰੀਰਾਂ ਰਾਹੀਂ ਹੋਈ ਹੈ ਤੇ ਇਨ੍ਹਾਂ ਸਾਰੇ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੀ ਕਥਾ ਆਪ ਹੀ ਬਿਆਨ ਕੀਤੀ ਹੈ।

“ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥”

ਉੱਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਹ ਜਾਣ ਸਕੀਏ ਕਿ ਪ੍ਰਮਾਤਮਾ ਆਪਣਾ ਅੰਮ੍ਰਿਤ ਮਨੁੱਖੀ ਸਰੀਰ ਨੂੰ ਕਿਸ ਤਰੀਕੇ ਪਿਆਉਂਦਾ ਹੈ, ਕਿਸ ਰੂਪ ਵਿੱਚ ਪਿਆਉਂਦਾ ਹੈ ਤੇ ਕਿਸ ਮਕਸਦ ਲਈ ਪਿਆਉਂਦਾ ਹੈ। ਉਸਦਾ ਅੰਮ੍ਰਿਤ ਹੀ ਉਸਦਾ ਨਾਮ ਹੈ ਜੋ ਆਪਣਾ ਨਾਮ ਪ੍ਰਮਾਤਮਾ ਆਪ ਹੀ ਕਿਸੇ ਨੂੰ ਦੇ ਸਕਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ, ਆਪਣਾ ਅੰਮ੍ਰਿਤ ਪਿਆਉਣ ਦੁਆਰਾ ਦਿੱਤਾ ਹੈ।

ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੀ ਕਥਾ ਅਖਵਾਈ ਹੈ, ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਆਪਣਾ ਅੰਮ੍ਰਿਤ ਪਿਆਇਆ ਹੈ। ਇਹ ਅੰਮ੍ਰਿਤ ਮਨ ਦਾ ਅੰਮ੍ਰਿਤ ਹੈ, ਮਨ ਦੀ ਸੋਝੀ ਦਾ ਅੰਮ੍ਰਿਤ ਹੈ, ਮਨ ਦੇ ਸੱਚੇ ਗਿਆਨ ਦਾ ਅੰਮ੍ਰਿਤ ਹੈ, ਬ੍ਰਹਮਗਿਆਨ ਦਾ ਅੰਮ੍ਰਿਤ ਹੈ, ਜਿਸ ਉੱਚੇ ਦੁਆਰਾ “**ਅੰਮ੍ਰਿਤ ਬਾਣੀ**” ਦੀ ਰਚਨਾ ਹੋਈ ਹੈ, ਬ੍ਰਹਮਗਿਆਨ ਦੀ ਰਚਨਾ ਹੋਈ ਹੈ, ਗੁਰੂ ਦੇ ਨਾਮ ਦੀ ਸਿੱਖਿਆ ਦੀ ਰਚਨਾ ਹੋਈ ਹੈ ਤੇ ਇਸੇ ਲਈ ਗੁਰਬਾਣੀ ਅੰਮ੍ਰਿਤ ਭੋਜਨ ਨਾਲ ਭਰਪੂਰ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਭਰਪੂਰ ਹੈ ਜੋ ਸਾਨੂੰ ਪ੍ਰਮਾਤਮਾ ਦਾ ਤੱਤ ਸਾਰ ਸਮਝਾ ਰਹੀ ਹੈ, ਪ੍ਰਮਾਤਮਾ ਦੀ ਅਸਲੀਅਤ ਸਮਝਾ ਰਹੀ ਹੈ।

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥}

(ਅੰਗ - ੬੪੫)

ਗੁਰਬਾਣੀ ਵਿੱਚ ਜੋ ਵਸਤੂ ਹੈ ਭਾਵ ਬ੍ਰਹਮਗਿਆਨ ਹੈ, ਇਹ ਪ੍ਰਮਾਤਮਾ ਦੀ ਆਪਣੀ ਵਸਤੂ ਹੈ ਭਾਵ ਉਸਨੇ ਆਪ ਹੀ ਆਪਣੀ

ਬਾਣੀ ਲਿਖਵਾਈ ਹੋਈ ਹੈ। ਪਹਿਲਾਂ ਉਸਨੇ ਆਪਣਾ ਅੰਮ੍ਰਿਤ ਮਨ ਦੇ ਵਿੱਚ ਪ੍ਰਗਟ ਹੋ ਕੇ ਪਿਆਇਆ ਹੈ ਤੇ ਤਾਂ ਹੀ ਇਹ ਅੰਮ੍ਰਿਤ ਭਾਵ ਗੁਰੂ ਦਾ ਨਾਮ, ਬ੍ਰਹਮ ਗਿਆਨ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਸਦਾ ਹੀ ਪ੍ਰਗਟ ਹੈ। **(ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥)** ਇਹ ਉਹ ਨਿਰਗੁਣ ਰੂਪ ਭਾਵ ਨਿਰੰਕਾਰ ਰੂਪ ਨਾਮ ਦਾ ਅੰਮ੍ਰਿਤ ਹੈ ਜਿਸਦੇ ਪੀਣ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਸਾਡੀ ਅਵੱਸਥਾ ਗੁਰਮੁਖਿ ਵਾਲੀ ਬਣਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਅੰਮ੍ਰਿਤ ਬਖ਼ਸ਼ ਕੇ ਗੁਰਮੁਖਿ ਰੂਪ ਬਣਾਇਆ ਹੈ, ਆਪਣਾ ਰੂਪ ਬਣਾਇਆ ਹੈ, ਉਨ੍ਹਾਂ ਨੇ ਹੀ ਉਸਦੀ ਬਾਣੀ ਉਚਾਰੀ ਹੈ ਤੇ ਇਸੇ ਲਈ ਗੁਰਬਾਣੀ ਗੁਰਮੁਖਿ ਰੂਪ ਹੈ ਜੋ ਸਾਨੂੰ ਮਨਮੁਖਿ ਤੋਂ ਗੁਰਮੁਖਿ ਬਣਨਾ ਸਿਖਾਉਂਦੀ ਹੈ।

ਮਨ ਦੇ ਵਿੱਚ ਇਸ ਅੰਮ੍ਰਿਤ ਦੀ ਪ੍ਰਾਪਤੀ ਹੋਣ ਨਾਲ, ਗੁਰਮਤਿ ਦੀ ਸੱਚੀ ਸੋਝੀ ਦੀ ਪ੍ਰਾਪਤੀ ਹੋਣ ਨਾਲ ਹੀ ਸਾਡੇ ਅੰਦਰੋਂ ਮਾਇਆ ਮੋਹ ਦਾ ਭੈ ਦੂਰ ਹੁੰਦਾ ਹੈ ਭਾਵ ਮਾਇਆ ਮੋਹ ਛੱਡਣ ਦਾ ਭਉ ਦੂਰ ਹੁੰਦਾ ਹੈ, ਸੱਚ ਤੇ ਚੱਲਣ ਦਾ, ਗੁਰਮਤਿ ਤੇ ਚੱਲਣ ਦਾ ਭਉ ਕਬੂਲ ਹੁੰਦਾ ਹੈ ਕਿਉਂਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਸਾਨੂੰ ਆਪਣੇ ਜੀਵਨ ਦੇ ਸਹੀ ਮਾਰਗ ਦੀ ਸੋਝੀ, ਸੱਚ ਤੇ ਚੱਲਣ ਦੀ ਸੋਝੀ ਪੈ ਜਾਂਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਨਾਮ ਦੇ ਵਿੱਚ ਸਮਾਅ ਜਾਂਦਾ ਹੈ, ਗੁਰੂ ਦੀ ਮਤਿ ਦੇ ਵਿੱਚ ਸਮਾਅ ਜਾਂਦਾ ਹੈ ਤੇ ਉਸ ਅਨੁਸਾਰ ਹੀ ਵਿਚਰਦਾ ਹੈ। **(ਅਨ ਭੈ ਵਿਸਰੇ ਨਾਮਿ ਸਮਾਇਆ॥੧॥)**

“ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰ ਕੈ ਸਬਦਿ ਪਛਾਨਾ॥੧॥ ਰਹਾਉ॥”

ਇਸ ਮਾਇਆ ਮੋਹ ਦੇ ਭਉ ਵਿੱਚੋਂ ਮਨੁੱਖ ਆਪਣੇ ਆਪ ਨਹੀਂ ਨਿਕਲ ਸਕਦਾ। ਜਿਸਨੇ ਸਾਡੇ ਅੰਦਰ ਇਹ ਮਾਇਆ ਮੋਹ ਨਾਲ ਪਿਆਰ ਪਵਾਇਆ ਹੋਇਆ ਹੈ, ਮਾਇਆ ਮੋਹ ਛੱਡਣ ਦਾ ਡਰ ਪਾਇਆ ਹੋਇਆ ਹੈ ਉਹ ਆਪ ਹੀ ਸਾਨੂੰ ਇਸ ਡਰ ਵਿੱਚੋਂ ਕੱਢ ਸਕਦਾ ਹੈ, ਔਗੁਣਾਂ ਨੂੰ ਛੱਡਣ ਦੇ, ਤ੍ਰਿਸ਼ਨਾਵਾਂ ਨੂੰ ਛੱਡਣ ਦੇ ਭੈ ਵਿੱਚੋਂ ਕੱਢ ਸਕਦਾ ਹੈ। ਸਾਡੇ ਅੰਦਰੋਂ ਇਹ ਮਾਇਆ ਮੋਹ ਛੱਡਣ ਦਾ ਡਰ ਗੁਰਮਤਿ ਤੇ ਚੱਲਣ ਦਾ ਡਰ, ਸੱਚ ਤੇ ਚੱਲਣ ਦਾ ਡਰ ਵੱਸਣ ਨਾਲ ਨਿਕਲਦਾ ਹੈ। ਅਸਲ ਭਉ ਗੁਰਮਤਿ ਨੂੰ ਮੰਨਣ ਦਾ ਤੇ ਉਸ ਤੇ ਚੱਲਣ ਦਾ ਭਉ ਹੈ ਜਿਸ ਆਪਣੇ ਸੱਚੇ ਭਉ ਨੂੰ ਉਹ ਸਾਡੇ ਅੰਦਰ ਆਪ ਹੀ ਵਸਾਉਂਦਾ ਹੈ। ਗੁਰਮਤਿ ਦਾ ਭਉ ਵੱਸਣਾ ਹੀ, ਸੱਚ ਤੇ ਚੱਲਣ ਦਾ ਭਉ ਵੱਸਣਾ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ। ਮਾਇਆ ਮੋਹ ਦਾ ਝੂਠਾ ਡਰ ਗੁਰਮਤਿ ਦੇ ਸੱਚੇ ਡਰ ਵਿੱਚ ਸਮਾਅ ਜਾਂਦਾ ਹੈ ਭਾਵ ਗੁਰਮਤਿ ਹਾਵੀ ਹੋ ਜਾਂਦੀ ਹੈ ਤੇ ਮਾਇਆ ਮੋਹ ਮੁੱਕ ਜਾਂਦਾ ਹੈ। “ਗੁਰਮਤਿ” ਮਨਮਤਿ ਨੂੰ ਖ਼ਤਮ ਕਰ ਦਿੰਦੀ ਹੈ, “ਨਾਮ” ਹਉਮੈ ਨੂੰ ਖ਼ਤਮ ਕਰ ਦਿੰਦਾ ਹੈ, “ਸੱਚਾ ਗਿਆਨ” ਸਾਡੀ ਅਗਿਆਨਤਾ ਨੂੰ ਖ਼ਤਮ ਕਰ ਦਿੰਦਾ ਹੈ, “ਬ੍ਰਹਮਗਿਆਨ” ਸਾਡੀ “ਤ੍ਰੈਗੁਣਾਂ” ਵਾਲੀ ਅਵੱਸਥਾ ਦੂਰ ਕਰ ਦਿੰਦਾ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਆਪਣਾ ਸੱਚ ਵਸਾ ਦਿੰਦਾ ਹੈ, ਆਪਣਾ ਨਾਮ ਵਸਾ ਦਿੰਦਾ ਹੈ। **(ਕਿਆ ਡਰੀਐ ਡਰੁ ਡਰਹਿ ਸਮਾਨਾ॥)**

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥}

(ਅੰਗ - ੧੦੧੦)

ਮਨ ਦੀ ਇਹ ਅਵੱਸਥਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਨਣ ਦੀ ਅਵੱਸਥਾ ਹੈ। ਸ਼ਬਦ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜੋ ਕਿ ਪੂਰਾ ਗੁਰੂ ਭਾਵ ਪ੍ਰਮਾਤਮਾ ਸਾਨੂੰ ਮਨ ਦੇ ਵਿੱਚ ਹੀ ਦਿੰਦਾ ਹੈ ਤੇ ਉਸਦੇ ਇਸ ਸੱਚੇ ਗਿਆਨ ਦੁਆਰਾ ਹੀ ਮਨ ਦੇ ਵਿੱਚੋਂ ਉਸਦੀ ਪਹਿਚਾਣ ਹੁੰਦੀ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਹੀ ਵਰਤ ਰਿਹਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ। **(ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰ ਕੈ ਸਬਦਿ ਪਛਾਨਾ॥੧॥ ਰਹਾਉ॥)** ਮਨ ਦੇ ਵਿੱਚੋਂ ਪ੍ਰਮਾਤਮਾ ਪਹਿਚਾਣ ਹੋਣ ਨਾਲ ਹੀ ਸਾਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਸਾਡੀ “ਮੈਂ” ਭਾਵ ਹਉਮੈ ਖ਼ਤਮ ਹੁੰਦੀ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

ਸਾਡੀ ਸੱਚੀ ਰਾਸਿ, “ਹਰਿ ਰਾਸਿ” ਜਿਸ ਦੁਆਰਾ ਅਸੀਂ ਨਾਮ ਜਪ ਸਕਦੇ ਹਾਂ ਉਹ ਮਨ ਦੇ ਵਿੱਚ ਸੱਚੇ ਗਿਆਨ ਦਾ ਮਿਲਣਾ ਹੀ ਹੈ, ਗੁਰਮਤਿ ਦੀ ਸੱਚੀ ਸੋਝੀ ਪੈਣਾ ਹੀ ਹੈ ਜਿਸ ਦੁਆਰਾ ਅਸੀਂ ਆਪਣੇ ਜੀਵਨ ਦੇ ਸਹੀ ਮਾਰਗ ਤੇ ਚੱਲਦੇ ਹਾਂ। ਇਸ ਸੱਚੇ ਗਿਆਨ ਦੀ ਰਾਸਿ ਦੁਆਰਾ ਸਾਡਾ ਸੁਭਾਅ ਹੀ ਬਦਲਦਾ ਹੈ, ਸਾਡੀ ਮਤਿ ਹੀ ਬਦਲਦੀ ਹੈ, ਸਾਡੇ ਮਨ ਦੀ ਬਿਰਤੀ ਹੀ ਬਦਲਦੀ ਹੈ ਜੋ ਕਿ ਸਹਜ ਦੀ ਅਵੱਸਥਾ ਵਾਲੀ ਬਣ ਜਾਂਦੀ ਹੈ, ਚੌਥੇ ਪਦ ਦੇ ਗਿਆਨ ਵਾਲੀ ਬਣ ਜਾਂਦੀ ਹੈ। ਪ੍ਰਮਾਤਮਾ ਦੇ ਗੁਣ ਇਸ ਅਵੱਸਥਾ ਦੁਆਰਾ ਹੀ ਗਾਏ ਜਾ ਸਕਦੇ ਹਨ ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਮਨੁੱਖ ਦਾ ਸਭ ਤੋਂ ਵੱਡਾ ਗੁਣ ਇਹੋ ਹੀ ਹੈ ਕਿ ਉਸਨੂੰ ਸਭ ਵਿੱਚ ਕੇਵਲ ਪ੍ਰਮਾਤਮਾ ਹੀ ਨਜ਼ਰ ਆਵੇ।

{ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥}

(ਅੰਗ-੯)

ਮਨੁੱਖ ਇਸ ਗੱਲ ਨੂੰ ਤਾਂ ਹੀ ਮੰਨ ਸਕਦਾ ਹੈ ਜੇਕਰ ਪਹਿਲੇ ਆਪਣੇ ਆਪ ਨੂੰ ਸਮਝੇ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਵੇਖੇ। ਇਹੀ ਦੁਨੀਆਂ ਦਾ ਸਭ ਤੋਂ ਵੱਡਾ ਸੱਚ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਇਹ ਸੱਚ ਮਨੁੱਖ ਤਾਂ ਹੀ ਬੋਲ ਸਕਦਾ ਹੈ ਜੇਕਰ ਉਸ ਸੱਚੇ ਨੂੰ ਪਹਿਲਾਂ ਆਪਣੇ ਅੰਦਰੋਂ ਵੇਖ ਲਵੇ। ਮਨ ਦੀ ਇਸ ਸਹਜ ਵਾਲੀ ਅਵੱਸਥਾ ਦੁਆਰਾ ਭਾਵ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਦੁਆਰਾ ਭਾਵ ਨਾਮ ਦੀ ਪ੍ਰਾਪਤੀ ਵਾਲੀ ਅਵੱਸਥਾ ਦੁਆਰਾ ਜਦੋਂ ਮਨੁੱਖ ਵਿਚਰਦਾ ਹੈ, ਉਸਦੇ ਹੁਕਮ ਅਨੁਸਾਰ ਵਿਚਰਦਾ ਹੈ, ਉਸ ਦੇ ਦਰ ਤੋਂ ਤਾਂ ਹੀ ਸ਼ਾਬਾਸ਼ੀ ਮਿਲਦੀ ਹੈ ਭਾਵ ਮਾਨ ਮਿਲਦਾ ਹੈ। **(ਜਿਸੁ ਨਰ ਰਾਮੁ ਰਿਦੈ ਹਰਿ ਰਾਸਿ॥ ਸਹਜਿ ਸੁਭਾਇ ਮਿਲੇ ਸਾਬਾਸਿ॥੨)**

ਜਦ ਤੱਕ ਸਾਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਪ੍ਰਮਾਤਮਾ ਨੂੰ ਜਪਣ ਦੀ ਸੋਝੀ ਨਹੀਂ ਪੈਂਦੀ ਭਾਵ ਜਦ ਤੱਕ ਸਾਡੇ ਮਨ ਦੇ ਵਿੱਚੋਂ ਅਗਿਆਨਤਾ ਦੂਰ ਨਹੀਂ ਹੁੰਦੀ, ਹਉਮੈ ਦੂਰ ਨਹੀਂ ਹੁੰਦੀ ਤਦ ਤੱਕ ਅਸੀਂ ਆਪਣੀ ਮਤਿ ਦੁਆਰਾ, ਮਨਮਤਿ ਦੁਆਰਾ ਹੀ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥"

ਸਾਡਾ ਪ੍ਰਮਾਤਮਾ ਦੀ ਭਗਤੀ ਕਰਨ ਦਾ ਮਕਸਦ ਇਹੀ ਹੈ ਕਿ ਅਸੀਂ ਆਪਣਾ ਕਾਰਜ ਸਵਾਰੀਏ ਭਾਵ ਇਸ ਮਨੁੱਖਾ ਜੀਵਨ ਨੂੰ ਸਫ਼ਲ ਕਰੀਏ, ਆਵਾਗਉਣ ਵਾਲੀ ਸਮਝ ਤੋਂ ਮੁਕਤ ਹੋਈਏ। ਅਸੀਂ ਆਪਣਾ ਇਹ ਕਾਰਜ ਸਵਾਰਨ ਲਈ, ਆਪਣੀ ਭਗਤੀ ਦਾ ਫ਼ਰਜ਼ ਨਿਭਾਉਣ ਲਈ ਖਾਸ ਸਮੇਂ ਨਾਲ ਜੁੜਨ ਨੂੰ ਅਹਿਮੀਅਤ ਦਿੰਦੇ ਹਾਂ। ਕੋਈ ਸਵੇਰ ਦੇ ਵੇਲੇ ਨੂੰ ਅਹਿਮੀਅਤ ਦਿੰਦਾ ਹੈ, ਪ੍ਰਭਾਤ ਵੇਲੇ ਨੂੰ ਅਹਿਮੀਅਤ ਦਿੰਦਾ ਹੈ ਤੇ ਇਸੇ ਤਰ੍ਹਾਂ ਕੋਈ ਸ਼ਾਮ ਦੇ ਵੇਲੇ ਨੂੰ ਅਹਿਮੀਅਤ ਦਿੰਦਾ ਹੈ ਭਾਵ ਅਸੀਂ ਸਮੇਂ ਨਾਲ ਜੁੜਨਾ, ਸਮੇਂ ਦੀ ਸੰਭਾਲ ਕਰਨਾ ਬਹੁਤ ਉੱਚਾ ਮੰਨਦੇ ਹਾਂ, ਸਮੇਂ ਦੇ ਪਾਬੰਦ ਹੋ ਕੇ ਭਗਤੀ ਦਾ ਜਪ ਤਪ ਕਰਦੇ ਹਾਂ। ਜਿਸਨੂੰ ਅਸੀਂ ਅੰਮ੍ਰਿਤ ਵੇਲਾ ਕਹਿੰਦੇ ਹਾਂ ਅਸੀਂ ਉਸ ਖਾਸ ਸਮੇਂ ਦੀ ਸੰਭਾਲ ਕਰਨੀ ਹੀ ਉੱਤਮ ਸਮਝਦੇ ਹਾਂ ਭਾਵ ਕਿਸੇ ਸਮੇਂ ਨੂੰ ਵੱਡਾ ਮੰਨਦੇ ਹਾਂ। **(ਜਾਹਿ ਸਵਾਰੈ ਸਾਝ ਬਿਆਲ॥)** "ਬਿਆਲ" ਸਵੇਰ ਦੇ ਵਕਤ ਨੂੰ ਕਹਿੰਦੇ ਹਨ। ਜੋ ਇਸ ਤਰ੍ਹਾਂ ਸਮੇਂ ਦੇ ਨਾਲ ਆਪਣੇ ਆਪ ਨੂੰ ਜੋੜਦੇ ਹਨ, ਸਮੇਂ ਦੇ ਨਾਲ ਆਪਣੇ ਆਪ ਨੂੰ ਬੰਨ੍ਹਦੇ ਹਨ, ਪਾਬੰਧ ਕਰਦੇ ਹਨ ਉਨ੍ਹਾਂ ਨੂੰ "**ਮਨਮੁਖ**" ਹੀ ਕਿਹਾ ਹੈ ਭਾਵ ਨਾਸਮਝ ਕਿਹਾ ਹੈ। **(ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥)** "ਕਾਲ" ਸਮੇਂ ਨੂੰ ਕਹਿੰਦੇ ਹਨ ਜਿਵੇਂ ਕਿ ਪਹਿਲੇ ਸਵੇਰ ਸ਼ਾਮ ਦੀ ਗੱਲ ਕੀਤੀ ਹੋਈ ਹੈ। ਅਗਰ ਧਿਆਨ ਨਾਲ ਸਮਝੋ ਤਾਂ ਸਭ ਪਾਸੇ ਇਹੀ ਕੁੱਝ ਹੀ ਹੋ ਰਿਹਾ ਹੈ ਭਾਵ ਕਿਸੇ ਖਾਸ ਸਮੇਂ ਨੂੰ ਭਗਤੀ ਲਈ ਹਰ ਕੋਈ ਉੱਚਾ ਮੰਨਦਾ ਹੈ ਭਾਵੇਂ ਕੋਈ ਜਿਹੜੇ ਵੀ ਧਰਮ ਵਿੱਚ ਆਸਥਾ ਰੱਖਦਾ ਹੋਵੇ। ਸਮੇਂ ਨੂੰ ਹਰ ਕਿਸੇ ਨੇ ਮਹੱਤਤਾ ਦਿੱਤੀ ਹੋਈ ਹੈ। ਸਮਾਂ ਕੋਈ ਵੱਡਾ ਜਾਂ ਛੋਟਾ ਨਹੀਂ ਹੈ, ਮਾੜਾ ਜਾਂ ਚੰਗਾ ਨਹੀਂ ਹੈ। ਮਾੜੇ ਜਾਂ ਚੰਗੇ ਅਸੀਂ ਆਪ ਹਾਂ। ਗੁਰਬਾਣੀ ਸਾਨੂੰ ਹਰ ਵੇਲੇ ਅੱਠੇ ਪਹਿਰ ਸੱਚ ਦੁਆਰਾ ਵਿਚਰਨ ਦੀ ਸਿੱਖਿਆ ਹੀ ਦੇ ਰਹੀ ਹੈ, ਕਿਸੇ ਸਮੇਂ ਵਿੱਚ ਫ਼ਰਕ ਕਰਨ ਲਈ ਨਹੀਂ ਸਮਝਾ ਰਹੀ ਹੈ ਤੇ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥"

ਜਦ ਤੱਕ ਪ੍ਰਮਾਤਮਾ ਸਾਨੂੰ ਆਪ ਅੰਦਰ ਪ੍ਰਗਟ ਹੋ ਕੇ ਸੋਝੀ ਨਹੀਂ ਪਾਉਂਦਾ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਅਸੀਂ ਸਮਝਿਆ ਹੈ ਤਦ ਤੱਕ ਸਾਡੀ ਅਗਿਆਨਤਾ ਦੂਰ ਨਹੀਂ ਹੁੰਦੀ, ਸਾਡਾ ਭਰਮ ਦੂਰ ਨਹੀ ਹੁੰਦਾ ਭਾਵ ਜਿੱਥੇ ਪ੍ਰਮਾਤਮਾ ਮਨ ਦੇ ਵਿੱਚ ਵੱਸਦਾ ਹੈ ਉਹ ਆਪਣੇ ਸੱਚੇ ਗਿਆਨ ਦੁਆਰਾ ਸਾਨੂੰ ਹਰ ਭਰਮ ਵਿੱਚੋਂ ਹੀ ਕੱਢਦਾ ਹੈ ਤੇ ਤਾਂ ਹੀ ਕਿਸੇ ਨੂੰ ਪੂਰਾ ਕਰਦਾ ਹੈ ਭਾਵ ਪੂਰੀ ਗੁਰਮਤਿ ਦੀ ਸੱਚੀ ਸਮਝ ਵਾਲੀ ਮਤਿ ਵਾਲਾ ਕਰਦਾ ਹੈ। ਗੁਰੂ ਪੂਰੀ ਮਤਿ ਵਾਲਾ ਹੈ ਜਿਸਦਾ ਹਰ ਭਰਮ ਨਿਕਲਿਆ ਹੋਇਆ ਹੈ, ਜੋ ਪ੍ਰਮਾਤਮਾ ਦੇ ਨਾਲ ਇੱਕ ਮਿਕ ਹੈ। ਇਸ ਲਈ ਸਾਨੂੰ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖ ਕੇ ਉਸੇ ਅਨੁਸਾਰ ਹੀ ਵਿਚਰਨਾ ਚਾਹੀਦਾ ਹੈ ਤੇ ਆਪਣੀ ਮਨਮਤਿ ਦੁਆਰਾ, ਇਧਰੋਂ ਉਧਰੋਂ ਸੁਣੀਆਂ ਹੋਈਆਂ ਗੱਲਾਂ ਤੇ ਵਿਸ਼ਵਾਸ ਨਹੀਂ ਰੱਖਣਾ ਚਾਹੀਦਾ। ਜੇਕਰ ਗੁਰੂ ਸਾਨੂੰ ਇਹ ਸਮਝਾ ਰਿਹਾ ਹੈ ਕਿ ਸਾਨੂੰ ਸਮੇਂ-ਸਮੇਂ ਵਿੱਚ ਫ਼ਰਕ ਨਹੀਂ ਕਰਨਾ ਚਾਹੀਦਾ, ਕਿਸੇ ਖਾਸ ਸਮੇਂ ਨੂੰ ਭਗਤੀ ਦਿਖਾਉਣ ਲਈ ਉੱਚਾ ਨਹੀਂ ਮੰਨਣਾ ਚਾਹੀਦਾ ਤੇ ਫਿਰ ਸਾਨੂੰ ਉਸਦੀ ਗੱਲ ਤੇ ਵਿਸ਼ਵਾਸ

ਕਰਕੇ ਉਸਨੂੰ ਮੰਨਣਾ ਚਾਹੀਦਾ ਹੈ। "ਗੁਰਮੁਖਿ" ਆਪ ਗੁਰੂ ਹੈ, ਪ੍ਰਮਾਤਮਾ ਹੈ ਤੇ ਉਸਦੇ ਨਾਲ ਮੇਲ ਹੋਏ ਬਿਨ੍ਹਾਂ ਹਰ ਕੋਈ ਮਨਮੁਖਿ ਵਾਲੀ ਅਵੱਸਥਾ ਵਿੱਚ ਹੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਅਸਲੀਅਤ ਦੀ ਸੋਝੀ ਨਹੀਂ ਪੈਂਦੀ ਤੇ ਸਾਡੇ ਕੋਲ ਇੱਕੋ ਇੱਕ ਤਰੀਕਾ ਇਹ ਹੀ ਹੈ ਕਿ ਅਸੀਂ ਗੁਰੂ ਦੀ ਉੱਚੀ ਮਤਿ ਤੇ ਵਿਸ਼ਵਾਸ ਕਰੀਏ ਤੇ ਆਪਣੀ ਮਤਿ ਨੂੰ ਉੱਚਾ ਨਾ ਮੰਨੀਏ। ਇਹ ਸਾਰਾ ਜੀਵਨ ਹੀ ਅੰਮ੍ਰਿਤ ਦੀ ਪ੍ਰਾਪਤੀ ਕਰਨ ਦਾ ਵੇਲਾ ਹੈ ਭਾਵ ਉਸ ਅੰਮ੍ਰਿਤ ਰੂਪ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ ਜਿਵੇਂ ਕਿ ਅਸੀਂ ਅੱਗੇ ਚੱਲਕੇ "**ਜਪੁਜੀ**" ਬਾਣੀ ਦੇ ਅਰਥਾਂ ਰਾਹੀਂ ਬਰੀਕੀ ਨਾਲ ਸਮਝਾਂਗੇ ਕਿ ਅੰਮ੍ਰਿਤ ਵੇਲਾ ਕੀ ਹੈ।

ਪ੍ਰਮਾਤਮਾ ਹਰ ਵੇਲੇ ਇੱਕੋ ਜਿਹਾ ਹੀ ਵਰਤਦਾ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਦੇ ਮਾਰਗ ਤੇ ਚੱਲਣ ਦਾ ਹੈ। ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਉਸਦੀ ਭਗਤੀ ਨਹੀਂ ਹੋ ਸਕਦੀ ਜੋ ਗੁਰਬਾਣੀ ਦਾ ਆਪਣਾ ਹੀ ਫੁਰਮਾਨ ਹੈ।

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥}

(ਅੰਗ ੩੫)

{ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ॥
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ॥}

(ਅੰਗ ੩੧੨)

ਸੱਚ ਦੀ ਲੋੜ ਸਾਨੂੰ ਹਰ ਵੇਲੇ ਹੈ, ਨਾਮ ਜਪਣ ਦੀ ਲੋੜ ਸਾਨੂੰ ਹਰ ਵੇਲੇ ਹੈ ਭਾਵ ਗੁਰੂ ਦੀ ਮਤਿ ਤੇ ਚੱਲਣ ਦੀ ਲੋੜ

ਸਾਨੂੰ ਹਰ ਵੇਲੇ ਹੈ ਤੇ ਹਰ ਵੇਲੇ ਗੁਰੂ ਦੀ ਮਤਿ ਤੇ ਅਡੋਲ ਰਹਿਣਾ ਹੀ ਮਨੁੱਖ ਦੀ ਅਡੋਲਤਾ ਵਾਲੀ ਅਵੱਸਥਾ ਹੈ ਤੇ ਇਹੀ ਸਾਡਾ ਹਰ ਵੇਲੇ ਦਾ ਜਾਗਣਾ ਹੈ ਜਿਵੇਂ ਕਿ ਪਿੱਛੇ ਵਾਲੇ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ ਜਿਸ ਸ਼ਬਦ ਨੂੰ ਅਸੀਂ ਸਮਝ ਰਹੇ ਹਾਂ।

"ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥"

ਇਹ ਆਮ ਕਰਕੇ ਧਾਰਨਾ ਬਣੀ ਹੋਈ ਹੈ ਕਿ ਜੋ ਪਰਭਾਤ ਵੇਲੇ ਉੱਠ ਕੇ ਜਪ ਤਪ ਨਹੀਂ ਕਰਦੇ, ਜਿਸ ਨੂੰ ਕਿ ਅਸੀਂ ਆਪਣੀ ਮਤਿ ਦੁਆਰਾ ਅੰਮ੍ਰਿਤ ਵੇਲਾ ਕਹਿੰਦੇ ਹਾਂ, ਉਹਨਾਂ ਨੂੰ ਅਸੀਂ ਅਭਾਗੇ ਸਮਝਦੇ ਹਾਂ। ਅੰਮ੍ਰਿਤ ਵੇਲੇ ਦੀ ਅਸਲ ਵਿੱਚ ਸਾਨੂੰ ਸਮਝ ਨਹੀਂ ਹੈ ਤੇ ਇਸ ਦੀ ਚਰਚਾ ਅੱਗੇ ਜਾ ਕੇ ਬਰੀਕੀ ਨਾਲ ਕਰਾਂਗੇ। ਅੰਮ੍ਰਿਤ ਵੇਲਾ ਅਸਲ ਵਿੱਚ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ ਜੋ ਕਿ ਸਾਡਾ ਸਾਰਾ ਮਨੁੱਖਾ ਜੀਵਨ ਹੈ ਜਿਵੇਂ ਕਿ ਸੰਖੇਪ ਵਿੱਚ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਸਮਝਾਇਆ ਹੋਇਆ ਹੈ। ਅੰਮ੍ਰਿਤ ਵੇਲਾ ਸਾਡੇ ਮਨ ਦੇ ਵਿੱਚ ਉਹ ਵੇਲਾ ਹੈ ਜਦੋਂ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦੇ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਵੇਲੇ ਮਨੁੱਖ ਮਨ ਦੀ ਅਗਿਆਨਤਾ ਵਿੱਚੋਂ ਜਾਗ ਕੇ ਭਾਗਾਂ ਵਾਲਾ ਬਣਦਾ ਹੈ। ਉਪਰਲੀਆਂ ਪੰਗਤੀਆਂ ਦੁਆਰਾ ਆਓ ਸਮਝੀਏ ਕਿ ਅਭਾਗੇ ਕਿੰਨ੍ਹਾਂ ਨੂੰ ਕਿਹਾ ਹੈ ਤੇ ਅਸਲ ਵਿੱਚ ਸੁੱਤੇ ਹੋਏ ਕਿੰਨ੍ਹਾਂ ਨੂੰ ਕਿਹਾ ਹੈ। ਜੋ ਵੀ ਮਨੁੱਖ ਮਾਇਆ ਮੋਹ ਵਿੱਚ ਹੈ, ਉਹ ਸੁੱਤਾ ਹੋਇਆ ਹੀ ਹੈ, ਉਹ ਹਰ ਵੇਲੇ ਸੁੱਤਾ ਹੋਇਆ ਹੀ ਹੈ। ਇਹ ਮਨ ਦਾ ਸੁੱਤਾ ਹੋਇਆ ਹੋਣਾ ਹੈ ਭਾਵੇਂ ਤਨ ਵੱਲੋਂ ਅਸੀਂ ਜਾਗਦੇ ਹੀ ਹੁੰਦੇ ਹਾਂ ਭਾਵੇਂ ਉਹ ਵੇਲਾ ਪਰਭਾਤ ਵੇਲਾ ਹੀ ਕਿਉਂ ਨਾ ਹੋਵੇ। ਜਾਗਣਾ ਅਸੀਂ ਅਸਲ ਵਿੱਚ ਆਪਣੇ ਵਿਕਾਰਾਂ ਤੋਂ ਹੈ ਜਿਸ ਦਾ ਮੂਲ ਮਾਇਆ ਮੋਹ ਹੈ, ਸਾਡੀ ਅਗਿਆਨਤਾ ਹੈ। ਸਭ ਨੂੰ ਪ੍ਰਮਾਤਮਾ ਨੇ ਮਨ ਦੀ ਅਗਿਆਨਤਾ ਵਿੱਚ ਰੱਖ ਕੇ ਆਪ ਹੀ ਸੁਆਇਆ ਹੋਇਆ ਹੈ ਤੇ ਕਿਸੇ ਨੂੰ ਆਪ ਹੀ ਇਸ ਨੀਂਦ ਵਿੱਚੋਂ ਜਗਾਉਂਦਾ ਹੈ, ਆਪਣਾ ਨਾਮ, ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਜਗਾਉਂਦਾ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

ਗੁਰੂ ਦੀ ਮਤਿ ਸਾਨੂੰ ਇਸ ਮਾਇਆ ਮੋਹ ਵਿੱਚੋਂ ਨਿਕਲਣ ਲਈ ਪ੍ਰੇਰਦੀ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਲਈ ਪ੍ਰੇਰਦੀ ਹੈ ਕਿਉਂਕਿ ਸਾਡੇ ਮਨ ਦਾ ਡੋਲਣਾ ਇਸ ਮਾਇਆ ਮੋਹ ਕਰਕੇ ਹੈ, ਮਨ ਦੀ ਨਾਸਮਝ ਮਤਿ ਕਰਕੇ ਹੈ। ਮਾਇਆ ਮੋਹ ਵਿੱਚ ਫਸ ਕੇ ਅਸੀਂ ਸੱਚ ਤੋਂ ਡੋਲ ਜਾਂਦੇ ਹਾਂ। ਗੁਰੂ ਦੀ ਮਤਿ ਦੇ ਮੋਹ ਤੋਂ ਬਿਨ੍ਹਾਂ ਸਭ ਕੁੱਝ ਮਾਇਆ ਮੋਹ ਹੈ। ਸਾਡਾ ਮਾਨ ਅਭਿਮਾਨ ਸਭ ਮਾਇਆ ਮੋਹ ਹੈ, ਸੱਚੀ ਗੱਲ ਨੂੰ ਸੱਚੀ ਨਾ ਕਹਿਣਾ ਮਾਇਆ ਮੋਹ ਹੈ, ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਵੀ ਮਤਿ ਦੇ ਪਿੱਛੇ

ਚੱਲਣਾ ਮਾਇਆ ਮੋਹ ਹੈ, ਸਾਡੀ ਅਗਿਆਨਤਾ ਹੈ। ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ ਤੇ ਅਸਲ ਵਿੱਚ ਇਹ

ਹੀ ਨਾਮ ਜਪਣਾ ਹੈ। ਬਹੁਤ ਔਖਾ ਹੈ ਨਾਮ ਜਪਣਾ। ਆਪਣਾ ਨਾਮ ਉਹ ਆਪ ਹੀ ਜਪਾ ਸਕਦਾ ਹੈ, ਮਾਇਆ ਮੋਹ ਵਿੱਚੋਂ ਮਨੁੱਖ ਨੂੰ ਉਹ ਆਪ ਹੀ ਕੱਢ ਸਕਦਾ ਹੈ, ਸਾਡੀ ਨੀਂਦ ਵਿੱਚੋਂ ਸਾਨੂੰ ਉਹ ਆਪ ਹੀ ਜਗਾ ਸਕਦਾ ਹੈ, ਸਾਡੇ ਮਨ ਵਿੱਚ ਪਰਭਾਤ ਦਾ ਜਾਗਣਾ ਉਹ ਆਪ ਹੀ ਕਰ ਸਕਦਾ ਹੈ। ਇਹ ਉਸਦੇ ਸੱਚੇ ਗਿਆਨ ਦੀ ਪਰਭਾਤ ਹੈ, ਬ੍ਰਹਮ ਗਿਆਨ ਦੀ ਸਮਝ ਵਾਲੀ ਭਾਵ ਨਾਮ ਦੀ ਸਮਝ ਵਾਲੀ ਪਰਭਾਤ ਹੈ ਜੋ ਉਸਦੇ ਆਪਣੇ ਹੱਥ ਹੈ। ਇਹ ਸਭ ਕੁੱਝ ਗੁਰਪ੍ਰਸਾਦਿ ਹੈ ਤੇ ਇਹੋ ਜਿਹਾ ਮਨ ਦਾ ਜਾਗਣਾ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦਾ ਹੈ ਭਾਵ ਆਪਣਾ ਨਾਮ ਉਹ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ, ਉਸਦਾ ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ।

{ਨਾਮ ਤੁਲਿ ਕਛੁ ਅਵਰੁ ਨ ਹੋਇ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥੨॥}

(ਅੰਗ ੨੬੫)

ਹਰ ਕਿਸੇ ਨੂੰ ਪ੍ਰਮਾਤਮਾ ਨੇ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਇਸ ਅਗਿਆਨਤਾ ਦੀ ਨੀਂਦ ਵਿੱਚੋਂ ਉਹ ਆਪ ਹੀ ਜਗਾ ਸਕਦਾ ਹੈ ਜੋ ਸਾਡੇ ਮਨ ਦੇ ਵਿੱਚ ਹੀ ਹੈ। ਜਿਸ ਨੂੰ ਉਹ ਜਗਾਉਂਦਾ ਹੈ, ਮਨ ਦੇ ਵਿੱਚ ਆਪਣਾ ਸੱਚਾ ਗਿਆਨ, ਚੌਥੇ ਪਦ ਦਾ ਗਿਆਨ ਦੇ ਕੇ ਹੀ ਜਗਾਉਂਦਾ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥}

(ਅੰਗ - ੧੩੦੮)

ਆਪਣਾ ਚੌਥਾ ਪਦ ਉਹ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੋਇਆ ਹੈ ਕਿ ਕੋਈ ਕਰੋੜਾਂ ਵਿੱਚੋਂ ਵਿਰਲਾ ਹੀ ਉਸਦਾ ਸੇਵਕ ਬਣ ਸਕਦਾ ਹੈ, ਕੋਈ ਵਿਰਲਾ ਹੀ ਮਾਇਆ ਮੋਹ ਵਿੱਚੋਂ ਨਿਕਲ ਕੇ ਤੱਤ ਦਾ ਵਿਚਾਰੀ ਬਣ ਸਕਦਾ ਹੈ। ਮਾਇਆ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਉਸਦੀ ਭਗਤੀ ਨਹੀਂ ਹੋ ਸਕਦੀ।

{ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥੧॥ਰਹਾਉ॥}

(ਅੰਗ ੪੯੫)

{ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ॥}

(ਅੰਗ ੫੦੬)

{ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥੧॥}

(ਅੰਗ ੯੪)

ਸਾਡੇ ਅੰਦਰ ਦਾ ਮਾਇਆ ਮੋਹ ਸਾਡੀ ਵੱਡੀ ਅਗਿਆਨਤਾ ਹੈ, ਮਨਮਤਿ ਹੈ। ਜਾਗਣਾ ਅਸੀਂ ਇਸ ਅਗਿਆਨਤਾ ਤੋਂ ਹੀ ਹੈ ਤੇ ਜਗਾਉਣਾ ਸਾਨੂੰ ਗੁਰੂ ਦੇ ਸੱਚੇ ਗਿਆਨ ਨੇ ਹੀ ਹੈ ਤੇ ਮਨ ਦੀ ਨੀਂਦ ਤੋਂ ਅਸੀਂ ਤਾਂ ਹੀ ਜਾਗਾਂਗੇ ਜੋ ਗੁਰੂ ਦੇ ਸੱਚੇ ਗਿਆਨ ਨੂੰ ਮੰਨਾਂਗੇ ਭਾਵ ਉਸ ਦਾ ਨਾਮ ਜਪਾਂਗੇ ਤੇ ਮਨ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਨੂੰ ਛੱਡਾਂਗੇ। ਰਾਤ ਦਾ ਹਨੇਰਾ ਸਾਡੀ ਅਗਿਆਨਤਾ ਦਾ ਹਨੇਰਾ ਹੈ ਜੋ ਕਿ ਸਾਡੇ ਮਨ ਦੇ

ਵਿੱਚ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੈ। ਸਾਡੇ ਮਨ ਦਾ ਹਨੇਰਾ ਪਰਭਾਤ ਨੇ ਦੂਰ ਕਰਨਾ ਹੈ, ਪਰਭਾਤ ਦੇ ਇਸ਼ਨਾਨ ਨੇ ਦੂਰ ਕਰਨਾ ਹੈ, ਗੁਰੂ ਦੇ ਗਿਆਨ ਦੇ ਪ੍ਰਕਾਸ਼ ਨੇ ਦੂਰ ਕਰਨਾ ਹੈ ਭਾਵ ਗੁਰੂ ਦੇ ਗਿਆਨ ਨੇ ਸਾਡੀ ਅਗਿਆਨਤਾ ਦੂਰ ਕਰਕੇ ਸਾਡੇ ਮਨ ਵਿੱਚ ਪਰਭਾਤ ਦਾ ਚਾਨਣ ਕਰਨਾ ਹੈ, ਗੁਰੂ ਦੀ ਮਤਿ ਦਾ ਚਾਨਣ ਕਰਨਾ ਹੈ ਜਿਸ ਦੁਆਰਾ ਸਾਡੇ ਮਨ ਵਿੱਚੋਂ ਮਾਇਆਂ ਮੋਹ ਨਿਕਲਣਾ ਹੈ, ਤ੍ਰਿਸ਼ਨਾ ਦੂਰ ਹੋਣੀ ਹੈ ਜੋ ਤ੍ਰਿਸ਼ਨਾਵਾਂ ਦਾ ਕਾਰਨ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ।

{ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥}

(ਅੰਗ ੫੧੦)

ਇੱਕ ਵਾਰੀ ਮਨੁੱਖ ਇਹੋ ਜਿਹਾ ਇਸ਼ਨਾਨ ਕਰ ਲਵੇ ਜੋ ਕਿ ਉਹ ਆਪ ਹੀ ਕਰਵਾ ਸਕਦਾ ਹੈ ਤਾਂ ਫਿਰ ਸਾਡੇ ਮਨ ਵਿੱਚ ਸਦਾ ਲਈ ਦਿਨ ਚੜ੍ਹਿਆ ਰਹਿੰਦਾ ਹੈ। ਪਰਭਾਤ ਤੋਂ ਬਾਅਦ ਦਿਨ ਹੀ ਚੜ੍ਹਦਾ ਹੈ। ਇਹੋ ਜਿਹਾ ਦਿਨ ਚੜ੍ਹਨ ਨਾਲ ਮਨੁੱਖ ਫਿਰ

ਸਦਾ ਲਈ ਜਾਗਦਾ ਰਹਿੰਦਾ ਹੈ ਤੇ ਉਸਦੀ ਮਾਇਆ ਮੋਹ ਵਾਲੀ ਨੀਂਦ ਖ਼ਤਮ ਹੋ ਜਾਂਦੀ ਹੈ। ਬਾਣੀ ਸਾਨੂੰ ਇਹੋ ਜਿਹਾ ਜਾਗਣਾ ਹੀ ਸਿਖਾ ਰਹੀ ਹੈ। ਭਗਤੀ ਮਨ ਦੇ ਜਾਗਣ ਨਾਲ ਹੋਣੀ ਹੈ ਤੇ ਤਨ ਦਾ ਜਾਗਣਾ, ਸਰੀਰਕ ਜਾਗਣਾ ਇੱਕ ਦੁਨਿਆਵੀ ਜਾਗਣਾ ਹੈ ਜੋ ਹਰ ਕੋਈ ਜਾਗ ਲੈਂਦਾ ਹੈ। ਔਖਾ ਮਨ ਨੂੰ ਜਗਾਉਣਾ ਹੈ, ਜਿਸ ਲਈ ਮਨ ਨੂੰ ਮਾਰਨਾ ਪੈਂਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਪੈਂਦਾ ਹੈ। ਅਭਾਗਾ ਉਹੀ ਹੈ ਜਿਸ ਦੇ ਅੰਦਰ ਮਾਇਆ ਮੋਹ ਹੈ ਤੇ ਭਾਗਾਂ ਵਾਲਾ ਉਹ ਹੈ ਜਿਸ ਨੂੰ ਪ੍ਰਮਾਤਮਾ ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ, ਔਗੁਣਾਂ ਵਿੱਚੋਂ ਕੱਢ ਲੈਂਦਾ ਹੈ ਤੇ ਆਪਣੀ ਮਤਿ ਤੇ ਚਲਾ ਲੈਂਦਾ ਹੈ। ਇਹੋ ਜਿਹੇ ਭਾਗ ਕਿਸੇ ਵਿਰਲੇ ਦੇ ਹੀ ਬਣਦੇ ਹਨ।

{ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥੧॥}

(ਅੰਗ - ੯੪)

ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ ਤੇ ਸਮਝੋ ਕਿ ਨਾਮ ਕੀ ਹੈ। ਜਦ ਤੱਕ ਸਾਨੂੰ ਇਹ ਹੀ ਨਹੀਂ ਸਮਝ ਆਵੇਗੀ ਕਿ ਨਾਮ ਕੀ ਹੈ ਤਦ ਤੱਕ ਸਾਨੂੰ ਨਾਮ ਜਪਣਾ ਕਿਵੇਂ ਸਮਝ ਆ ਸਕਦਾ ਹੈ। ਉਹ ਸੋਝੀ ਹੀ ਕਿਸੇ ਵਿਰਲੇ ਨੂੰ ਪਾਉਂਦਾ ਹੈ, ਗੁਰੂ ਦੀ ਮਤਿ ਉਹ ਕਿਸੇ ਵਿਰਲੇ ਨੂੰ ਹੀ ਸਮਝਾਉਂਦਾ ਹੈ, ਕਿਸੇ ਵਿਰਲੇ ਨੂੰ ਹੀ ਅਗਿਆਨਤਾ ਵਿੱਚੋਂ ਕੱਢਦਾ ਹੈ ਤੇ ਇਸ ਲਈ ਕੋਈ ਵਿਰਲਾ ਹੀ ਉਸ ਦੀ ਮਤਿ ਤੇ ਚੱਲ ਸਕਦਾ ਹੈ। ਸਾਡੇ ਅੰਦਰ ਮਾਇਆ ਮੋਹ ਭਰਿਆ

10/974

ਹੋਇਆ ਹੈ ਤੇ ਅਖਵਾਉਂਦੇ ਅਸੀਂ ਨਾਮ ਵਾਲੇ ਹਾਂ ਭਾਵ ਹਰ ਕੋਈ ਆਪਣੇ ਆਪ ਨੂੰ ਵਿਰਲਾ ਹੀ ਸਮਝਦਾ ਹੈ। ਗੁਰੂ ਸਾਹਿਬ ਸਾਨੂੰ ਇਹ ਸਿਖਾ ਰਹੇ ਹਨ ਕਿ ਕ੍ਰੋੜਾਂ ਵਿੱਚੋਂ, ਕੋਈ ਵਿਰਲਾ ਹੀ ਉਸਦਾ ਨਾਮ ਜਪਣ ਵਾਲਾ ਹੋ ਸਕਦਾ ਹੈ ਤੇ ਅਸਲ ਵਿੱਚ ਕ੍ਰੋੜਾਂ ਜਪਣ ਵਾਲਿਆਂ ਵਿੱਚੋਂ ਕੋਈ ਵਿਰਲਾ ਹੀ ਹੋ ਸਕਦਾ ਹੈ ਜੋ ਇਹ ਕਹੇ ਕਿ ਉਹ ਨਾਮ ਜਪਣ ਵਾਲਾ ਨਹੀਂ ਹੈ। ਆਪਣੇ ਸਹੀ ਮਾਰਗ ਦੀ ਪ੍ਰਮਾਤਮਾ ਸੋਝੀ ਹੀ ਕਿਸੇ ਵਿਰਲੇ ਨੂੰ ਪਾਉਂਦਾ ਹੈ ਕਿਉਂਕਿ ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਜੋ ਕਦੇ ਬਦਲ ਨਹੀਂ ਸਕਦਾ। ਉਸਨੇ ਸਭ ਨੂੰ ਆਪ ਹੀ ਭੁਲੇਖੇ ਵਿੱਚ ਰੱਖਿਆ ਹੋਇਆ ਹੈ, ਅਣਜਾਣ ਬਣਾ ਕੇ ਰੱਖਿਆ ਹੋਇਆ ਹੈ। ਅਣਜਾਣੇ ਵਿੱਚ ਵੀ ਜੋ ਅਸੀਂ ਚੰਗੇ ਕਰਮ ਕਰਦੇ ਹਾਂ, ਜਿੰਨ੍ਹਾਂ ਨੂੰ ਅਸੀਂ ਭਾਵੇਂ ਨਾਮ ਜਪਣਾ ਨਹੀਂ ਸਮਝਦੇ ਅਸਲ ਵਿੱਚ ਉਹ ਹੀ ਨਾਮ ਜਪਣ ਦਾ ਮਾਰਗ ਹੈ। ਸਾਡੀ ਪਤਿ ਚੰਗੇ ਕਰਮਾਂ ਦੁਆਰਾ ਉੱਚੀ ਹੁੰਦੀ ਹੈ। ਇਹ ਪਤਿ ਦੀਆਂ ਪਉੜੀਆਂ ਹੀ ਸਾਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਚਾ ਕਰਦੀਆਂ ਹਨ। ਇਹ ਸੱਚ ਦੀਆਂ ਪਉੜੀਆਂ ਹਨ ਤੇ ਜਿਉਂ-ਜਿਉਂ ਅਸੀਂ ਸੱਚ ਨੂੰ ਜਪਦੇ ਹਾਂ ਭਾਵ ਸੱਚ ਤੇ ਚੱਲਦੇ ਹਾਂ ਅਸੀਂ ਨਾਮ ਦੀ ਵਡਿਆਈ ਕਰਦੇ ਹਾਂ, ਸੱਚ ਦੀ ਵਡਿਆਈ ਕਰਦੇ ਹਾਂ, ਪ੍ਰਮਾਤਮਾ ਦੀ ਵਡਿਆਈ ਕਰਦੇ ਹਾਂ। ਨਾਲ ਹੀ ਜੋ ਜੋ ਅਸੀਂ ਮਾੜੇ ਕਰਮ ਕਰਦੇ ਹਾਂ ਉਹ ਸਾਡੇ ਅੰਦਰੋਂ ਨਾਮ ਦੀ ਚੋਰੀ ਹੈ ਕਿਉਂਕਿ ਔਗੁਣ ਹੀ ਸਾਡੇ ਚੋਰ ਹਨ ਜੋ ਸਾਡੀ ਪਤਿ ਖਰਾਬ ਕਰਦੇ ਹਨ ਤੇ ਸਾਨੂੰ ਨੀਵੀਂ ਪਉੜੀ ਤੇ ਉਤਾਰ ਦਿੰਦੇ ਹਨ। ਜਿਤਨੇ ਚੰਗੇ ਕਰਮ ਕਰਾਂਗੇ, ਉਤਨੀਆਂ ਹੀ ਪਉੜੀਆਂ ਚੜਾਂਗੇ।

{ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥}

(ਅੰਗ - ੨)

ਪ੍ਰਮਾਤਮਾ ਨੂੰ ਜਪਣ ਦਾ ਇਹੀ ਤਰੀਕਾ ਹੈ, ਨਾਮ ਜਪਣ ਦਾ, ਉਸ ਦੇ ਸਿਮਰਨ ਦਾ ਇਹੀ ਤਰੀਕਾ ਹੈ ਤੇ ਬਾਕੀ ਕੇਵਲ ਸਾਡਾ ਭੁਲੇਖਾ ਹੈ, ਨਾਮ ਦੀ ਸੋਝੀ ਦਾ ਨਾ ਹੋਣਾ ਹੈ। ਆਓ ਹੇਠ ਲਿਖੀ ਪੰਗਤੀ ਨੂੰ ਸਦਾ ਹੀ ਧਿਆਨ ਵਿੱਚ ਰੱਖੀਏ ਤਾਂ ਜੋ ਅਸੀਂ ਹਮੇਸ਼ਾ ਗੁਰੂ ਦੇ ਮਾਰਗ ਤੇ ਚੱਲਦੇ ਰਹੀਏ, ਨਾਮ ਦੇ ਮਾਰਗ ਤੇ ਚੱਲਦੇ ਰਹੀਏ।

"ਕਹਹਿ ਸੁਣਹਿ ਜੋ ਮਾਨਹਿ ਨਾਉ॥ਹਉ ਬਲਿਹਾਰੈ ਤਾ ਕੈ ਜਾਉ॥"

(ਅੰਗ ੩੫੪)

ਬਾਣੀ ਪੜ੍ਹਨੀ ਸੁਣਨੀ ਸਾਡੇ ਲਈ ਜਰੂਰੀ ਹੈ ਕਿਉਂਕਿ ਸਾਨੂੰ ਉੱਥੋਂ ਹੀ ਗੁਰੂ ਦੀ ਮਤਿ ਮਿਲਣੀ ਹੈ। ਗੁਰਬਾਣੀ ਦੇ ਰੂਪ ਵਿੱਚ ਗੁਰੂ ਦੇ ਦਰਵਾਜ਼ੇ ਸਾਡੇ ਲਈ ਸਦਾ ਹੀ ਖੁੱਲੇ ਹਨ ਤੇ ਉਹ ਹਰ ਵੇਲੇ ਇੱਕੋ ਜਿਹੀ ਮਤਿ ਦਿੰਦਾ ਹੈ। ਅਸੀਂ ਰੋਜ ਗੁਰੂ ਦੀ ਮਤਿ

ਲੈ ਕੇ ਵਾਪਸ ਆ ਜਾਂਦੇ ਹਾਂ ਤੇ ਸਾਰੀ ਜਿੰਦਗੀ ਇਸੇ ਤਰ੍ਹਾਂ ਹੀ ਬਿਤਾ ਦਿੰਦੇ ਹਾਂ। ਬਿਨ੍ਹਾਂ ਅਮਲ ਕੀਤੇ ਭਾਵ ਬਿਨ੍ਹਾਂ ਗੁਰੂ ਦੀ ਮਤਿ ਨੂੰ ਮੰਨੇ ਸਾਡੇ ਤੇ ਉਹਨਾਂ ਦੇ ਵਿੱਚ ਕੀ ਫ਼ਰਕ ਰਹਿ ਜਾਵੇਗਾ ਜਿਹੜੇ ਗੁਰੂ ਦੀ ਮਤਿ ਲੈਣ ਹੀ ਨਹੀਂ ਜਾਂਦੇ।

10/975

ਉਹਨਾਂ ਵਿੱਚ ਵੀ ਮਾਇਆ ਮੋਹ ਹੈ ਤੇ ਸਾਡੇ ਵਿੱਚ ਵੀ ਮਾਇਆ ਮੋਹ ਹੈ। ਜਿਹੋ ਜਿਹੇ ਕਰਮ ਉਹ ਕਰਦੇ ਹਨ ਉਹੋ ਜਿਹੇ ਕਰਮ ਅਸੀਂ ਕਰਦੇ ਹਾਂ। ਉਹ ਧਰਮੀ ਨਹੀਂ ਅਖਵਾਉਣਾ ਚਾਹੁੰਦੇ ਤੇ ਅਸੀਂ ਧਰਮੀ ਅਖਵਾ ਲੈਂਦੇ ਹਾਂ। ਉਹ ਪੜ੍ਹਨ ਸੁਣਨ ਦਾ ਮਾਨ ਨਹੀਂ ਕਰਦੇ ਤੇ ਅਸੀਂ ਇਸੇ ਗੱਲ ਦਾ ਬੜਾ ਮਾਨ ਕਰਦੇ ਹਾਂ ਭਾਵ ਸਾਡੇ ਅੰਦਰ ਉਲਟੀ ਹਉਮੈ ਵੱਧ ਜਾਂਦੀ ਹੈ। ਉਹ ਸਾਨੂੰ ਉੱਚਾ ਸਮਝਦੇ ਹਨ, ਸਾਨੂੰ ਇੱਜ਼ਤ ਨਾਲ ਵੇਖਦੇ ਹਨ ਤੇ ਸਾਨੂੰ ਉਹ ਨੀਵੇਂ ਨਜ਼ਰ ਆਉਂਦੇ ਹਨ। ਜਦ ਤੱਕ ਸਾਡੇ ਕਰਮ ਨਹੀਂ ਸੁਧਰਦੇ ਸਾਡੇ ਤੇ ਉਹਨਾਂ ਵਿੱਚ ਕੀ ਫ਼ਰਕ ਰਹਿ ਗਿਆ, ਉਲਟੀ ਸਾਡੀ ਹਉਮੈ ਵੱਧ ਗਈ ਤੇ ਅਸੀਂ ਖੱਟਿਆ ਕੀ? ਪ੍ਰਮਾਤਮਾ ਦੇ ਘਰ ਵਿੱਚ "ਪਤਿ" ਕੇਵਲ ਸੱਚ ਤੇ ਅਮਲ ਕਰਕੇ ਪੈਂਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸੇ ਲਈ ਬਾਣੀ ਵਿੱਚ ਵਾਰ-ਵਾਰ ਮਾਇਆ ਮੋਹ ਵਿੱਚੋਂ ਨਿਕਲਣ ਲਈ ਪ੍ਰੇਰਿਆ ਹੈ ਜਿਸ ਨੇ ਸਾਡਾ ਸਵਾਰਨਾ ਹੈ। ਕਿਸੇ ਵੇਲੇ ਨੂੰ ਉੱਚਾ ਨੀਵਾਂ ਸਮਝ ਕੇ ਸਾਨੂੰ ਕੋਈ ਵੱਖਰਾ ਲਾਭ ਨਹੀਂ ਮਿਲਣਾ ਬਲਕਿ ਇਸ ਤਰੀਕੇ ਅਸੀਂ ਗੁਰਮਤਿ ਦੇ ਉਲਟ ਗੱਲ ਕਰਦੇ ਹਾਂ। ਪ੍ਰਮਾਤਮਾ ਦੇ ਘਰ ਵਿੱਚ ਹਰ ਸਮਾਂ ਇੱਕੋ ਜਿਹਾ ਹੈ। ਪਰਭਾਤ ਵੇਲੇ ਦਾ ਸਮਾਂ ਜਾਗਣ ਲਈ ਹਰ ਕਿਸੇ ਲਈ ਚੰਗਾ ਹੈ ਤੇ ਹਰ ਕੰਮ ਲਈ ਚੰਗਾ ਹੈ ਪਰ ਉਸਦਾ ਸਹੀ ਲਾਭ ਸਾਨੂੰ ਤਾਂ ਹੀ ਮਿਲੇਗਾ ਜੇਕਰ ਬਾਣੀ ਨੂੰ ਪੜ੍ਹ ਕੇ, ਸੁਣ ਕੇ ਉਸ ਤੇ ਅਮਲ ਵੀ ਕਰਾਂਗੇ। ਬਿਨ੍ਹਾਂ ਅਮਲ ਕਰਨ ਤੋਂ ਸਾਡੇ ਬਾਕੀ ਦੇ ਉੱਦਮ ਵੀ ਵਿਅਰਥ ਜਾਂਦੇ ਹਨ।

"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥੨॥"

(ਅੰਗ ੪੭੪)

ਗੁਰੂ ਨੂੰ ਸਲਾਮ ਕਰਨ ਤਾਂ ਅਸੀਂ ਹਰ ਰੋਜ਼ ਹੀ ਜਾਂਦੇ ਹਾਂ ਤੇ ਇਸੇ ਨੂੰ ਆਪਣੀ ਪੂਜਾ ਸਮਝਦੇ ਹਾਂ ਭਾਵ ਕਹਿਣ ਸੁਣਨ ਤੱਕ ਹੀ ਰਹਿੰਦੇ ਹਾਂ। ਜਦੋਂ ਗੱਲ ਮੰਨਣ ਤੇ ਆਉਂਦੀ ਹੈ, ਮਾਇਆ ਮੋਹ ਛੱਡਣ ਦੀ ਆਉਂਦੀ ਹੈ, ਉੱਥੇ ਸਾਡੇ ਵੱਲੋਂ ਜਵਾਬ ਹੁੰਦਾ ਹੈ, ਹਰ ਵੇਲੇ ਜਵਾਬ ਹੈ ਭਾਵ ਜਵਾਬ ਦੇਣ ਲਈ ਅਸੀਂ ਕੋਈ ਵੇਲਾ ਵਖਤ ਨਹੀਂ ਵਿਚਾਰਦੇ। ਜਵਾਬ ਸਾਡਾ ਹਰ ਵੇਲੇ ਹੀ ਹੁੰਦਾ ਹੈ।

10/976

ਗੁਰੂ ਦੀ ਗੱਲ ਨੂੰ, ਗੁਰੂ ਦੀ ਸਿੱਖਿਆ ਨੂੰ ਜਵਾਬ ਨਾ ਦੇਣਾ, ਜੋ ਕਿ ਸਾਡਾ ਅਸਲ ਉੱਦਮ ਹੋਣਾ ਚਾਹੀਦਾ ਹੈ, ਉੱਥੇ ਅਸੀਂ ਪੂਰੇ ਨਹੀਂ ਉਤਰਦੇ ਜਿਸ ਨਾਲ ਸਾਡੀ ਸਲਾਮ ਵੀ ਬੇਕਾਰ ਜਾਂਦੀ ਹੈ ਭਾਵ ਸਾਡਾ ਕਹਿਆ ਸੁਣਿਆ ਵੀ ਲੇਖੇ ਨਹੀਂ ਪੈਂਦਾ। (**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥੨॥**) ਸਾਡੀ ਅਸਲੀਅਤ ਕੀ ਹੋਣੀ ਚਾਹੀਦੀ ਹੈ, ਉਹ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀ ਜਾ ਸਕਦੀ ਹੈ।

"ਕਹਨ ਕਹਾਵਨ ਸਗਲ ਜੰਜਾਰ॥ ਨਾਨਕ ਦਾਸ ਸਚੁ ਕਰਣੀ ਸਾਰ॥੪॥੫॥"

(ਅੰਗ - ੧੨੯੯)

ਪ੍ਰਮਾਤਮਾ ਦੀ ਭਗਤੀ ਸਾਡੀ ਕਿਸੇ ਕਥਨੀ ਦੁਆਰਾ ਨਹੀਂ ਹੋਣੀ। ਕਥਨੀ ਕੇਵਲ ਗੁਰੂ ਦੀ ਗੱਲ ਨੂੰ ਸਮਝਣ ਲਈ ਹੈ ਤਾ ਜੋ ਅਸੀਂ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲ ਸਕੀਏ। ਜੇਕਰ ਸਾਡੀ "ਕਥਨੀ" ਕਰਣੀ ਵਿੱਚ ਨਹੀਂ ਬਦਲਦੀ ਫਿਰ ਉਹ ਕਥਨੀ ਕਿਹੜੇ ਲੇਖੇ। ਕੇਵਲ ਆਪਣੇ ਆਪ ਨੂੰ ਤਸੱਲੀ ਦੇਣ ਵਾਲੀ ਗੱਲ ਹੈ। ਬਾਣੀ ਨੂੰ ਪੜ੍ਹਨ, ਸੁਣਨ ਨਾਲ ਸਾਨੂੰ ਇਹ ਸਪੱਸ਼ਟ ਸਮਝ ਆਉਂਦਾ ਹੈ ਕਿ ਅਸੀਂ ਮਾਇਆ ਮੋਹ ਵਿੱਚੋਂ ਨਿਕਲਣਾ ਹੈ, ਵਿਕਾਰਾਂ ਵਾਲੀ ਜਿੰਦਗੀ ਵਿੱਚੋਂ ਨਿਕਲਣਾ ਹੈ, ਝੂਠ ਫਰੇਬ ਛੱਡਣਾ ਹੈ ਭਾਵ ਸੱਚ ਦੁਆਰਾ ਵਿਚਰਨਾ ਹੈ। ਜੇਕਰ ਅਸੀਂ ਗੁਰੂ ਦਾ ਦਾਸ ਬਣਨਾ ਹੈ ਤਾਂ ਉਹ ਕੇਵਲ ਸੱਚ ਦੁਆਰਾ ਬਣਿਆ ਜਾ ਸਕਦਾ ਹੈ ਭਾਵ ਸੱਚ ਨੂੰ ਅਪਣਾ ਕੇ ਬਣਿਆ ਜਾ ਸਕਦਾ ਹੈ ਤੇ ਕੇਵਲ ਕਥਨੀ ਦੁਆਰਾ ਅਸੀਂ ਗੁਰੂ ਦੇ ਦਾਸ ਨਹੀਂ ਬਣ ਸਕਦੇ। ਸੱਚ ਨਾਲ ਸਾਡੀ ਕਰਨੀ ਹੀ ਸੁਧਰਨੀ ਹੈ ਵਰਨਾ ਸੱਚ ਕਿਸ ਲੇਖੇ। ਸਾਡੀ ਉੱਤਮ ਕਰਨੀ "ਸੱਚ" ਦੁਆਰਾ ਹੀ ਹੋ ਸਕਦੀ ਹੈ ਜੋ ਸਾਨੂੰ ਗੁਰੂ ਦਾ ਦਾਸ ਬਣਾ ਸਕਦੀ ਹੈ। ਆਓ ਆਪਣੀ ਕਰਨੀ ਸੁਧਾਰੀਏ ਤੇ ਲਾਹਾ ਖੱਟਣ ਦਾ ਉਪਰਾਲਾ ਕਰੀਏ। ਇਹ ਸਾਡੀ ਸੱਚੀ ਕਰਨੀ ਹੀ ਉਸ ਪ੍ਰਮਾਤਮਾ ਦੇ ਗੁਣ ਗਾਉਣਾ ਹੈ ਜਿਸ ਦੁਆਰਾ ਸਾਡਾ ਉਸ ਦੇ ਦਰਬਾਰ ਵਿੱਚ ਮੁੱਖ ਉੱਜਲ ਹੋ ਸਕਦਾ ਹੈ ਭਾਵ ਉੱਥੇ ਸਾਨੂੰ ਮਾਣ ਮਿਲ ਸਕਦਾ ਹੈ। ਮੁੱਖ ਉੱਜਲ ਸਾਡੇ ਮਨ ਦੇ ਨਿਰਮਲ ਹੋਣ ਨਾਲ ਹੁੰਦਾ ਹੈ, ਮਨ ਦੇ

ਪਵਿੱਤਰ ਹੋਣ ਨਾਲ ਹੁੰਦਾ ਹੈ, ਵਿਕਾਰਾਂ ਵਿੱਚੋਂ ਨਿਕਲਣ ਨਾਲ ਹੁੰਦਾ ਹੈ ਭਾਵ

10/977

ਸੱਚ ਨੂੰ ਅਪਣਾਉਣ ਨਾਲ ਹੁੰਦਾ ਹੈ ਤੇ ਇਹੀ ਮੁੱਖ ਸ਼ਬਦ ਦੀਆਂ ਆਖਰੀ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ ਜਿਸ ਸ਼ਬਦ ਦੁਆਰਾ ਅਸੀਂ ਮਨ ਦੀ ਪਰਭਾਤ ਨੂੰ ਜਾਣਿਆ ਹੈ, ਮਾਇਆ ਮੋਹ ਵਿੱਚੋਂ ਜਾਗਣਾ ਸਮਝਿਆ ਹੈ।

(ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ॥ ਮੁਖ ਊਜਲ ਹੋਇ ਨਿਰਮਲ ਚੀਤ॥੪॥੧੯॥)

ਮਨ ਦੀ ਪਰਭਾਤ ਕੀ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ, ਪ੍ਰਭਾਤ ਵੱਡੀ ਹੈ ਜਾਂ ਪ੍ਰਭਾਤ ਨੂੰ ਬਣਾਉਣ ਵਾਲਾ ਵੱਡਾ ਹੈ, ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

ਸਲੋਕ ਮਃ ੫॥

“ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥ ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥੧॥”

ਮਃ ੫॥

“ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ॥੨॥”

ਪਉੜੀ॥

“ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ॥
ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ॥ ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ॥
ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ॥ ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ॥੬॥”

(ਅੰਗ - ੩੧੯)

ਪਹਿਲਾਂ ਉੱਪਰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖ ਰਾਹੀਂ ਪ੍ਰਮਾਤਮਾ ਦੇ ਉਚਾਰੇ ਹੋਏ ਦੋ ਸਲੋਕ ਹਨ ਤੇ ਨਾਲ ਹੀ ਪਉੜੀ ਹੈ। ਜਿਵੇਂ ਕਿ ਅਸੀਂ ਇਸ ਗੱਲ ਨੂੰ ਸਮਝਦੇ ਹੀ ਹਾਂ ਕਿ ਪਉੜੀ ਦੇ ਰਾਹੀਂ ਸਲੋਕਾਂ ਵਿੱਚ ਦਿੱਤੇ ਸ਼ਬਦ ਦੇ ਭਾਵ ਨੂੰ ਸਮਝਾਇਆ ਹੁੰਦਾ ਹੈ। ਇੱਕ ਸਲੋਕ ਦਾ ਭਾਵ ਦੂਸਰੇ ਸਲੋਕਾਂ ਦੇ ਭਾਵ ਨਾਲ ਜੁੜਿਆ ਹੋਇਆ ਹੀ ਹੁੰਦਾ ਹੈ। ਉੱਪਰ ਸਲੋਕਾਂ ਰਾਹੀਂ ਸਾਡੇ ਮਨ ਦੀ ਅਵੱਸਥਾ ਪ੍ਰਭਾਤ ਵੇਲੇ ਦੇ ਨਾਲ ਜੋੜ ਕੇ ਸਮਝਾਈ ਹੋਈ ਹੈ। ਜਿਵੇਂ ਪ੍ਰਭਾਤ ਵੇਲਾ ਸਭ ਨੂੰ ਚੰਗਾ ਲੱਗਦਾ ਹੈ, ਉੱਤਮ ਲੱਗਦਾ ਹੈ, ਅਨੰਦਦਾਇਕ ਲੱਗਦਾ ਹੈ ਇਸੇ ਤਰ੍ਹਾਂ ਜਦੋਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ, ਉਹ ਸਮਾਂ ਸਾਨੂੰ ਭਾਵ ਮਨ ਦੀ ਉਹ ਅਵੱਸਥਾ ਸਾਨੂੰ ਬੜੀ ਆਨੰਦਦਾਇਕ ਲੱਗਦੀ ਹੈ, ਉਸ ਵਿੱਚ ਸੁੱਖ ਮਹਿਸੂਸ ਹੁੰਦਾ ਹੈ। ਇਹ ਉਹ ਅਨੰਦ ਹੈ ਜਿਸ ਦਾ ਅੰਦਾਜ਼ਾ ਉਸ ਅਨੰਦ ਦੀ ਪ੍ਰਾਪਤੀ ਹੋਣ ਤੋਂ ਬਾਅਦ ਹੀ ਲੱਗ ਸਕਦਾ ਹੈ।

“ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥ ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥੧॥”

ਚਿੜੀਆਂ ਜਾਂ ਹੋਰ ਪੰਛੀ ਸਵੇਰੇ-ਸਵੇਰੇ ਉੱਠ ਕੇ ਚਹਿਕਦੇ ਹਨ ਤੇ ਉਨ੍ਹਾਂ ਦਾ ਇਹ ਚਹਿਕਣ ਦਾ ਵੇਲਾ ਪ੍ਰਭਾਤ ਵੇਲੇ ਦੇ ਚਾਨਣ ਦੀ ਸ਼ੁਰੂਆਤ ਹੁੰਦੀ ਹੈ ਤੇ ਉਨ੍ਹਾਂ ਦੀ ਆਵਾਜ਼ ਮਨ ਨੂੰ ਮੋਂਹਦੀ ਹੈ ਕਿਉਂਕਿ ਉਸ ਸਮੇਂ ਸਾਰੇ ਪਾਸੇ ਖਾਮੋਸ਼ੀ ਹੁੰਦੀ ਹੈ ਤੇ ਧਿਆਨ ਉਨ੍ਹਾਂ ਵੱਲ ਹੀ ਜਾਂਦਾ ਹੈ ਤੇ ਉਹ ਸਮਾਂ ਬਹੁਤ ਸੁੰਦਰ ਲੱਗਦਾ ਹੈ। ਇਸੇ ਤਰ੍ਹਾਂ ਨਦੀਆਂ, ਦਰਿਆਵਾਂ ਆਦਿ ਦੇ ਵਿੱਚ ਪ੍ਰਭਾਤ ਦੀ ਰੌਸ਼ਨੀ ਦੁਆਰਾ ਤਰੰਗਾਂ, ਲਹਿਰਾਂ ਉੱਠਦੀਆਂ ਦਿੱਸਣ ਲੱਗ ਪੈਂਦੀਆਂ ਹਨ ਤੇ ਚਾਰੇ ਪਾਸੇ ਖਾਮੋਸ਼ੀ ਦਾ ਮਾਹੌਲ ਹੋਣ ਕਰਕੇ ਉਹ ਮਨ ਨੂੰ ਬਹੁਤ ਭਾਉਂਦੀਆਂ ਹਨ, ਕੁਦਰਤੀ ਨਜ਼ਾਰਾ ਦਿੱਸਦਾ ਹੈ ਜੋ ਬਹੁਤ ਚੰਗਾ ਲੱਗਦਾ ਹੈ। ਕੁਦਰਤ ਦੇ ਨਜ਼ਾਰੇ ਅਸਚਰਜਤਾ ਭਰੇ ਹਨ ਤੇ ਸਾਨੂੰ ਇਨ੍ਹਾਂ ਦੀ ਸਮਝ ਨਹੀਂ ਲੱਗਦੀ ਕਿ ਇਨ੍ਹਾਂ ਵਿੱਚ ਇਹ ਅਸਚਰਜਤਾ ਕਿੱਥੋਂ ਆਈ ਹੈ, ਕਿਵੇਂ ਆਈ ਹੈ, ਇਹ ਕਿਵੇਂ ਬਣੇ ਹਨ। ਕੁਦਰਤ ਦੇ ਇਨ੍ਹਾਂ ਨਜ਼ਾਰਿਆਂ ਦੀ ਸਮਝ ਤਾਂ ਹੀ ਪੈਂਦੀ ਹੈ ਭਾਵ ਇਨ੍ਹਾਂ ਦੇ ਮਾਲਕ ਦੀ, ਇਨ੍ਹਾਂ ਦੇ ਬਣਾਉਣ ਵਾਲੇ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਅਸੀਂ ਨਾਮ ਦੇ ਨਾਲ ਜੁੜ ਜਾਂਦੇ ਹਾਂ, ਜਦੋਂ ਸਾਡੇ ਤੇ ਨਾਮ ਦਾ ਰੰਗ ਚੜ੍ਹ ਜਾਂਦਾ ਹੈ ਭਾਵ ਜਦੋਂ ਸਾਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਪ੍ਰਮਾਤਮਾ ਨੇ ਆਪਣੀ

ਹਰ ਰਚਨਾ ਆਪਣੇ ਨਾਮ ਦੁਆਰਾ ਹੀ ਰਚੀ ਹੈ, ਬ੍ਰਹਮ ਗਿਆਨ ਦੁਆਰਾ ਹੀ ਰਚੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਦੇ ਆ ਰਹੇ ਹਾਂ। ਜਦੋਂ ਮਨ ਦੀ ਸਮਝ ਦੇ ਅੰਦਰ ਨਾਮ ਦਾ ਰੰਗ ਚੜ੍ਹ ਜਾਂਦਾ ਹੈ ਫਿਰ ਪ੍ਰਮਾਤਮਾ ਦੀ ਹਰ ਰਚਨਾ ਉਸਦੇ ਨਾਮ ਨਾਲ ਰੰਗੀ ਹੋਈ ਹੀ ਦਿੱਸਦੀ ਹੈ ਉਸ ਦੇ ਬ੍ਰਹਮ ਗਿਆਨ ਦੁਆਰਾ, ਉਸ ਦੀ ਉੱਚੀ ਸਾਇੰਸ ਦੁਆਰਾ ਰਚੀ ਹੋਈ ਹੀ ਦਿੱਸਦੀ ਹੈ। **(ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥੧॥)** "ਸੰਤਨ" ਤੋਂ ਭਾਵ ਹੈ ਸੰਤ ਨੇ, ਪ੍ਰਮਾਤਮਾ ਨੇ। ਹਰ ਰੂਪ ਜੋ ਅਸੀਂ ਦੇਖਦੇ ਹਾਂ, ਇਹ ਸਭ ਪ੍ਰਮਾਤਮਾ ਨੇ ਹੀ ਰਚੇ ਹੋਏ ਹਨ ਤੇ ਕਿਵੇਂ ਰਚੇ ਹੋਏ ਹਨ, ਕਿਸ ਵਿਧੀ ਦੁਆਰਾ ਰਚੇ ਹੋਏ ਹਨ ਭਾਵ ਉਨ੍ਹਾਂ ਵਿੱਚ ਇਤਨੀ ਅਸਚਰਜਤਾ ਕਿੱਥੋਂ ਆਈ ਹੈ ਇਹ ਸੋਝੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਤੋਂ ਬਾਅਦ ਹੀ ਪੈਂਦੀ ਹੈ ਕਿ ਉਹ ਆਪ ਹੀ ਪਾਉਂਦਾ ਹੈ।

ਨਾਮ ਦੇ ਨਾਲ ਸਾਡਾ ਰੰਗ ਕਿਸ ਰੂਪ ਵਿੱਚ ਜੁੜਦਾ ਹੈ, ਇਹੀ ਗੱਲ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ ਤੇ ਉਸ ਅਸਲ ਆਨੰਦ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਪ੍ਰਭਾਤ ਵੇਲੇ ਵਾਲੇ ਅਨੰਦ ਦੇ ਮੁਕਾਬਲੇ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦਾ ਆਨੰਦ ਕਿਵੇਂ ਲੱਗਦਾ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ॥੨॥"

ਪ੍ਰਭਾਤ ਵੇਲੇ ਦਾ ਨਜ਼ਾਰਾ ਸਾਨੂੰ ਬਹੁਤ ਚੰਗਾ ਲੱਗਦਾ ਹੈ, ਸਭ ਨੂੰ ਚੰਗਾ ਲੱਗਦਾ ਹੈ ਕਿਉਂਕਿ ਪ੍ਰਭਾਤ ਵੇਲਾ ਉੱਠਣ ਲਈ ਵੀ ਚੰਗਾ ਵੇਲਾ ਹੈ, ਸਭ ਕੰਮਾਂ ਲਈ ਚੰਗਾ ਵੇਲਾ ਹੈ, ਜਿਵੇਂ ਅਸੀਂ ਪਿਛਲੇ ਸਲੋਕ ਰਾਹੀਂ ਸਮਝਿਆ ਹੈ। ਸਾਡੀ ਅਸਲ ਖੁਸ਼ੀ, ਅਸਲ ਅਨੰਦ ਉਸ ਗੱਲ ਵਿੱਚ ਹੈ ਜਦੋਂ ਸਾਡਾ ਘਰ ਮੰਦਰ ਬਣ ਜਾਵੇ ਭਾਵ ਸਾਡਾ ਮਨ ਪ੍ਰਮਾਤਮਾ ਦਾ ਮੰਦਰ ਬਣ ਜਾਵੇ। ਉਹ ਤਾਂ ਹੀ ਬਣ ਸਕਦਾ ਹੈ ਜਦੋਂ ਪ੍ਰਮਾਤਮਾ ਸਾਡੇ ਚਿੱਤ ਵਿੱਚ ਆ ਜਾਵੇ, ਮਨ ਦੇ ਵਿੱਚ ਆ ਜਾਵੇ ਭਾਵ ਜਦੋਂ ਮਨ ਦੇ ਵਿੱਚ ਸਾਡਾ ਉਸਦੇ ਨਾਲ ਮੇਲ ਹੋ ਜਾਵੇ ਭਾਵ ਜਦੋਂ ਸਾਨੂੰ ਨਾਮ ਦੀ ਪ੍ਰਾਪਤੀ ਹੋਣ ਨਾਲ ਸਾਡੀ ਸਮਝ ਤੇ ਨਾਮ ਦਾ ਰੰਗ ਚੜ੍ਹ ਜਾਵੇ, ਬ੍ਰਹਮ ਗਿਆਨ ਦਾ ਰੰਗ ਚੜ੍ਹ ਜਾਵੇ। ਜੋ ਆਨੰਦ ਸਾਨੂੰ ਬਾਹਰ ਦੀ ਪ੍ਰਭਾਤ ਦੇਖ ਕੇ ਮਿਲਦਾ ਹੈ ਉਹ ਪ੍ਰਭਾਤ ਦੇ ਆਨੰਦ ਨਾਲੋਂ ਇਸ ਮਨ ਦੀ ਪ੍ਰਭਾਤ ਦਾ ਆਨੰਦ ਬਹੁਤ ਵੱਡਾ ਹੈ। ਮਨ ਦੀ ਪ੍ਰਭਾਤ ਮਨ ਦੇ ਵਿੱਚ ਗੁਰੂ ਦਾ ਸੱਚਾ ਗਿਆਨ ਮਿਲਣ ਨਾਲ ਚੜ੍ਹਦੀ ਹੈ ਜੋ ਸਾਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਦੀ ਹੈ ਤੇ ਸਾਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਦਾ ਘਰ ਸਾਡਾ ਮਨ ਹੀ ਹੈ। ਸਾਡੀ ਅਸਲ ਖੁਸ਼ੀ ਆਪਣੇ ਘਰ ਨੂੰ ਮੰਦਰ ਵਿੱਚ ਬਦਲ ਜਾਣ ਨਾਲ ਮਿਲਦੀ ਹੈ ਜਦੋਂ ਉਸ ਦੁਨਿਆਵੀ ਨਜ਼ਾਰੇ ਬਣਾਉਣ ਵਾਲੇ ਦੀ ਸੋਝੀ ਪੈ ਜਾਂਦੀ ਹੈ। ਫਿਰ ਉਸਦੇ ਹਰ ਨਜ਼ਾਰੇ ਵਿੱਚ ਨਜ਼ਾਰਿਆਂ ਦਾ ਮਾਲਕ ਹੀ ਨਜ਼ਰ ਆਉਂਦਾ ਹੈ। ਫਿਰ ਪ੍ਰਭਾਤ ਵੇਲਾ ਵੱਡਾ ਨਹੀਂ ਲੱਗਦਾ, ਉਸ ਪ੍ਰਭਾਤ ਨੂੰ ਬਣਾਉਣ ਵਾਲਾ ਵੱਡਾ ਲੱਗਦਾ ਹੈ। (**ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥**) ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ॥੨॥"

ਵੱਡਾ ਇੱਕੋ ਹੀ ਹੈ ਜੋ ਆਪ ਪ੍ਰਮਾਤਮਾ ਹੈ। ਹਰ ਵਡਿਆਈ ਦੇ ਪਿੱਛੇ, ਹਰ ਵਡਿਆਈ ਦਾ ਮਾਲਕ ਉਹ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਸੋਝੀ ਪਏ ਬਿਨ੍ਹਾਂ ਸਾਨੂੰ ਸਭ ਵਿੱਚ, ਪ੍ਰਮਾਤਮਾ ਦੀ ਹਰ ਰਚਨਾ ਵਿੱਚ ਉਸ ਨੂੰ ਰਚਣ ਵਾਲਾ ਨਜ਼ਰ ਨਹੀਂ ਆਉਂਦਾ। ਜਿਵੇਂ ਪ੍ਰਭਾਤ ਵੇਲੇ ਉੱਠ ਕੇ ਸਾਨੂੰ ਪੰਛੀ ਚਹਿਕਦੇ ਹੋਏ ਬਹੁਤ ਚੰਗੇ ਲੱਗਦੇ ਹਨ ਤੇ ਅਸੀਂ ਉਨ੍ਹਾਂ ਪੰਛੀਆਂ ਦੀ ਵਡਿਆਈ ਕਰਦੇ ਹਾਂ ਪਰ ਉਨ੍ਹਾਂ ਪੰਛੀਆਂ ਵਿੱਚ ਅਸਲ ਵਡਿਆਈ ਸਾਨੂੰ ਨਜ਼ਰ ਨਹੀਂ ਆਉਂਦੀ। ਅਸਲ ਵਡਿਆਈ ਉਸਦੀ ਹੈ ਜਿਸਨੇ ਉਨ੍ਹਾਂ ਨੂੰ ਇਹ ਸੋਹਣਾ ਰੰਗ ਰੂਪ ਦਿੱਤਾ ਹੈ, ਚਹਿਕਣ ਲਈ ਸੋਹਣੀ ਸੁਰ ਦਿੱਤੀ ਹੈ, ਸੁਰੀਲੀ ਆਵਾਜ਼ ਦਿੱਤੀ ਹੈ। ਇਸੇ ਤਰ੍ਹਾਂ ਦੁਨੀਆਂ ਦੀ ਹਰ ਵਡਿਆਈ ਦੇ ਪਿੱਛੇ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਹਰ ਰਚਨਾ ਉਸ ਪ੍ਰਮਾਤਮਾ ਦੀ ਵਡਿਆਈ ਹੀ ਬਿਆਨ ਕਰਦੀ ਹੈ। ਪਹਾੜ ਸਾਨੂੰ ਬਹੁਤ ਮੋਂਹਦੇ ਹਨ, ਬਰਫ਼ੀਲੀਆਂ ਚੋਟੀਆਂ ਸਾਨੂੰ ਮੋਂਹਦੀਆਂ ਹਨ ਪਰ ਇਸ ਵਿੱਚ ਵਡਿਆਈ ਪਹਾੜ ਦੀ ਨਹੀਂ ਹੈ, ਇਸਨੂੰ ਬਣਾਉਣ ਵਾਲੇ ਦੀ ਹੈ ਤੇ ਉਸ ਦੇ ਉੱਪਰ ਬਰਫ਼ ਦੀ ਚਾਦਰ ਵਿਛਾਉਣ ਵਾਲੇ ਦੀ ਹੈ। ਇਹੀ ਗੱਲ ਉਸਦੇ ਮਨੁੱਖੀ ਸਰੂਪ ਵਿੱਚ ਹੈ। ਮਨੁੱਖਾਂ ਨੂੰ ਬਹੁਤ ਵਡਿਆਈਆਂ ਮਿਲਦੀਆਂ ਹਨ ਪਰ ਅਸਲ ਵਿੱਚ ਉਨ੍ਹਾਂ ਨੂੰ ਵਡਿਆਈਆਂ ਦੇ ਕੇ ਅਸੀਂ ਉਨ੍ਹਾਂ ਨੂੰ ਹੀ ਉੱਚਾ ਕਰਦੇ ਹਾਂ। ਇੱਕ ਰਾਜੇ ਨੂੰ ਵਡਿਆਈ ਦੇ ਕੇ ਅਸੀਂ ਰਾਜੇ ਨੂੰ ਹੀ ਉੱਚਾ ਕਰਦੇ ਹਾਂ ਪਰ ਹਰ ਵਡਿਆਈ ਦੇ ਪਿੱਛੇ ਕੌਣ ਹੈ ਇਸ ਗੱਲ ਦੀ ਸਾਨੂੰ ਸੋਝੀ ਨਹੀਂ ਹੈ। ਅਸੀਂ ਕੰਪਿਊਟਰ ਦਾ, ਟੀਵੀ ਦਾ, ਮੋਬਾਇਲ ਦਾ ਸੁੱਖ ਮਾਣਦੇ ਹਾਂ ਤੇ ਇਨ੍ਹਾਂ ਦੀ ਖੋਜ ਕਰਨ ਵਾਲਿਆਂ ਨੂੰ ਵੱਡਾ ਜਾਣ ਕੇ ਉਨ੍ਹਾਂ ਦੀ ਵਡਿਆਈ ਕਰਦੇ ਹਾਂ ਪਰ

ਉਨ੍ਹਾਂ ਦੀ ਖੋਜ ਦੇ ਪਿੱਛੇ ਦਿਮਾਗ ਕਿਸਦਾ ਹੈ, ਗਿਆਨ ਕਿੱਥੋਂ ਆਉਂਦਾ ਹੈ, ਇਸ ਗੱਲ ਦੀ ਸੋਝੀ ਸਾਨੂੰ ਨਹੀਂ ਹੈ। ਜਦ ਤੱਕ ਸਾਨੂੰ ਹਰ ਰੂਪ ਵਿੱਚ, ਹਰ ਸਰਗੁਣ ਸਰੂਪ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਨਜ਼ਰ ਨਹੀਂ ਆਉਂਦੀ ਅਸੀਂ ਪ੍ਰਮਾਤਮਾ ਦੀ ਵਡਿਆਈ ਨਹੀਂ ਕਰ ਸਕਦੇ। ਪ੍ਰਮਾਤਮਾ ਦਾ ਮਿੱਤਰ ਭਾਵ ਪ੍ਰਮਾਤਮਾ ਨੂੰ ਸਲਾਹੁਣ ਵਾਲਾ ਉਹੀ ਹੈ ਜਿਸਨੂੰ ਹਰ ਰਚਨਾ ਵਿੱਚ, ਹਰ ਸਰੂਪ ਵਿੱਚ, ਹਰ ਵਡਿਆਈ ਵਿੱਚ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਤੇ ਜੋ ਪ੍ਰਮਾਤਮਾ ਦੀ ਬਜਾਇ ਕਿਸੇ ਹੋਰ ਨੂੰ ਵੱਡਾ ਸਮਝਦੇ ਹਨ, ਕਿਸੇ ਹੋਰ ਨੂੰ ਵਡਿਆਈਆਂ ਦਾ ਕਾਰਨ ਸਮਝਦੇ ਹਨ ਭਾਵ ਜਿੰਨ੍ਹਾਂ ਨੂੰ ਸਭ ਦੇ ਵਿੱਚ ਪ੍ਰਮਾਤਮਾ ਦੀ ਹੋਂਦ ਨਜ਼ਰ ਨਹੀਂ ਆਉਂਦੀ ਉਹ ਪ੍ਰਮਾਤਮਾ ਦੇ ਮੀਤ ਨਹੀਂ ਹਨ, ਉਸਦੇ ਮਿੱਤਰ ਨਹੀਂ ਹਨ, ਉਸਦੀ ਸਿਫ਼ਤ ਕਰਨ ਵਾਲੇ ਨਹੀਂ ਹਨ, ਉਹ ਕੁਮਿਤ ਹਨ। **(ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ॥੨॥)**

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ - ੯)

ਦੁਨੀਆਂ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਵੱਡਾ ਕਰਕੇ ਪੂਜਦੀ ਹੈ, ਉਨ੍ਹਾਂ ਦੀ ਵਡਿਆਈ ਕਰਦੀ ਹੈ ਤੇ ਇਸੇ ਲਈ ਉਨ੍ਹਾਂ ਦੀ ਪੂਜਾ ਨੂੰ ਠੀਕ ਨਹੀਂ ਦੱਸਿਆ। ਬ੍ਰਹਮਾ ਨੂੰ ਵੇਦਾਂ ਦਾ ਰਚਨ ਵਾਲਾ ਕਰਕੇ ਵੱਡਾ ਮੰਨਿਆ ਜਾਂਦਾ ਹੈ, ਵੱਡੇ ਗਿਆਨ ਕਰਕੇ ਵੱਡਾ ਮੰਨਿਆ ਜਾਂਦਾ ਹੈ ਪਰ ਅਸਲ ਵਿੱਚ ਇਹ ਸਾਡੇ ਅੰਦਰ ਗਿਆਨ ਪਾਉਣ ਵਾਲਾ ਕੌਣ ਹੈ, ਬ੍ਰਹਮਾ ਨੂੰ ਵੇਦ ਲਿਖਵਾਉਣ ਵਾਲਾ ਕੌਣ ਹੈ ਇਸ ਗੱਲ ਦੀ ਸੋਝੀ ਸਾਨੂੰ ਨਹੀਂ ਹੈ ਜਿਸ ਕਰਕੇ ਅਸੀਂ ਉਸਨੂੰ ਵੱਡਾ ਮੰਨਦੇ ਹਾਂ। ਇਹ ਸੋਝੀ ਬ੍ਰਹਮਾ ਨੂੰ ਆਪ ਵੀ ਨਹੀਂ ਪਈ ਕਿ ਮੇਰੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ, ਅਸਲ ਵਿੱਚ ਉਹ ਵੱਡਾ ਕੌਣ ਹੈ। ਜਿਸਨੂੰ ਆਪਣੇ ਅੰਦਰੋਂ ਉਸ ਵੱਡੇ ਦੀ ਸੋਝੀ ਪੈ ਜਾਂਦੀ ਹੈ, ਉਹ ਫਿਰ ਬ੍ਰਹਮਾ ਨੂੰ ਵੱਡਾ ਨਹੀਂ ਕਹਿ ਸਕਦਾ। ਇਸੇ ਲਈ ਗੁਰਬਾਣੀ ਵਿੱਚ ਬ੍ਰਹਮਾ ਆਦਿ ਸਭ ਨੂੰ ਤ੍ਰੈਗੁਣਾਂ ਵਿੱਚ ਹੀ ਦੱਸਿਆ ਹੈ, ਭੁੱਲੇ ਹੋਏ ਦੱਸਿਆ ਹੈ, ਅਗਿਆਨਤਾ ਵਿੱਚ ਦੱਸਿਆ ਹੈ ਕਿਉਂਕਿ ਉਨ੍ਹਾਂ ਨੂੰ ਮਨ ਦੀ ਸੋਝੀ ਨਹੀਂ ਪਈ, ਗਿਆਨ ਦੇ ਸ੍ਰੋਤ ਦੀ ਸੋਝੀ ਨਹੀਂ ਪਈ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਆਪਣੇ ਆਪ ਨੂੰ ਵੱਡਾ ਨਹੀਂ ਆਖਿਆ, ਕੇਵਲ ਪ੍ਰਮਾਤਮਾ ਨੂੰ ਵੱਡਾ ਆਖਿਆ ਹੈ, ਗਿਆਨ ਦੇ ਮਾਲਕ ਨੂੰ, ਗਿਆਨ ਦੇ ਸ੍ਰੋਤ ਨੂੰ ਵੱਡਾ ਆਖਿਆ ਹੈ ਜਿੱਥੋਂ ਗੁਰਬਾਣੀ ਦਾ ਗਿਆਨ ਆਇਆ ਹੈ। ਉਨ੍ਹਾਂ ਨੇ ਬ੍ਰਹਮਗਿਆਨ ਦੇਣ ਵਾਲੇ ਬ੍ਰਹਮਗਿਆਨੀ ਨੂੰ ਵੱਡਾ ਆਖਿਆ ਹੈ, ਗਿਆਨ ਲੈਣ ਵਾਲੇ ਨੂੰ ਵੱਡਾ ਨਹੀਂ ਆਖਿਆ। ਬੇਸਮਝੀ ਕਰਕੇ ਅਸੀਂ ਮਨੁੱਖੀ ਦੇਹ ਨੂੰ ਵੱਡਾ ਕਰਕੇ ਪੂਜਦੇ ਹਾਂ ਜਦ ਕਿ ਵੱਡਾ ਉਹ ਸਾਡੇ ਅੰਦਰ ਦਾ ਸ਼ਬਦ ਰੂਪ ਹੈ, ਜੋਤਿ ਰੂਪ ਹੈ, ਗਿਆਨ ਰੂਪ ਹੈ। ਸਿੱਖ ਜਗਤ ਵਿੱਚ ਵੀ ਮਨੁੱਖ ਦੇਹ ਦੀ ਪੂਜਾ ਕਰਨ ਵਾਲੇ ਬਹੁਤ ਹਨ ਜਿੰਨ੍ਹਾਂ ਸਰੀਰਾਂ ਨੂੰ ਉਨ੍ਹਾਂ ਨੇ ਵੱਡਾ ਕਰਕੇ ਮੰਨਿਆ ਹੋਇਆ ਹੈ। ਅਨੇਕਾਂ ਨੂੰ ਅਸੀਂ ਸੰਤ, ਬ੍ਰਹਮਗਿਆਨੀ ਮੰਨਿਆ ਹੋਇਆ ਹੈ ਤੇ ਅਸੀਂ ਉਨ੍ਹਾਂ ਦੇ ਬਚਨਾਂ ਅਨੁਸਾਰ ਹੀ ਵਿਚਰਦੇ ਹਾਂ, ਹਰ ਗੱਲ ਵਿੱਚ ਉਨ੍ਹਾਂ ਨੂੰ ਹੀ ਵਡਿਆਉਂਦੇ ਹਾਂ, ਉਨ੍ਹਾਂ ਦੇ ਗੁਣ ਗਾਉਂਦੇ ਹਾਂ। ਗੁਰਬਾਣੀ ਨੂੰ ਵੱਡਾ ਮੰਨਣ ਵਾਲਾ ਧਰਮ ਦੀ ਸਿੱਖਿਆ ਲਈ ਕਿਸੇ ਹੋਰ ਨੂੰ ਵੱਡਾ ਨਹੀਂ ਮੰਨ ਸਕਦਾ। ਕਿਸੇ ਨੂੰ ਸੱਚ ਤੇ ਚੱਲਣ ਲਈ ਵਡਿਆਈ ਦੇਣੀ ਚੰਗੀ ਗੱਲ ਹੈ ਪਰ ਪਹਿਲੇ ਸਾਨੂੰ ਸੱਚ ਦੀ ਸਮਝ ਵੀ ਹੋਣੀ ਜਰੂਰੀ ਹੈ। ਸੱਚ ਕੇਵਲ ਸਾਨੂੰ ਗੁਰਬਾਣੀ ਹੀ ਸਮਝਾ ਸਕਦੀ ਹੈ। ਗੁਰਬਾਣੀ ਸਾਨੂੰ ਜੋ ਸਭ ਤੋਂ ਵੱਡਾ ਸੱਚ ਸਮਝਾਉਂਦੀ ਹੈ ਉਹ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਕੇਵਲ ਇੱਕ ਉਸੇ ਦਾ ਹੋਣਾ ਹੀ ਸੱਚ ਹੈ ਤੇ ਬਾਕੀ ਹਰ ਹੋਂਦ ਝੂਠੀ ਹੈ। ਜਦ ਤੱਕ ਸਾਨੂੰ ਇਹ ਸੱਚ ਬੋਲਣਾ ਨਹੀਂ ਆਉਂਦਾ ਤਦ ਤੱਕ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ, ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਸਾਡਾ ਸਭ ਤੋਂ ਵੱਡਾ ਗੁਣ ਇਹੋ ਹੈ ਕਿ ਅਸੀਂ ਇਹ ਕਹਿ ਸਕੀਏ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

{ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥}

(ਅੰਗ - ੯)

ਇਸ ਗੁਣ ਦੀ ਪ੍ਰਾਪਤੀ ਹੋਣ ਨਾਲ ਪ੍ਰਮਾਤਮਾ ਆਪ ਹੀ ਆਪਣੇ ਗੁਣਾਂ ਦੁਆਰਾ ਸਾਨੂੰ ਨਿਵਾਜਦਾ ਹੈ, ਆਪਣੀ ਸੱਚੀ ਸੋਝੀ ਦੁਆਰਾ ਨਿਵਾਜਦਾ ਹੈ। ਪ੍ਰਮਾਤਮਾ ਦੀ ਵਡਿਆਈ ਉਸਦਾ ਵੱਡਾਪਨ ਜਾਣਨ ਤੋਂ ਬਾਅਦ ਹੀ ਹੋ ਸਕਦੀ ਹੈ।

{ਕੇਵਡੁ ਵਡਾ ਡੀਠਾ ਹੋਇ॥}

(ਅੰਗ - ੯)

ਜਿੰਨ੍ਹਾਂ ਨੇ ਗੁਰਾਬਾਣੀ ਰਾਹੀਂ ਪ੍ਰਮਾਤਮਾ ਦੀ ਵਡਿਆਈ ਲਿਖੀ ਹੈ, ਉਨ੍ਹਾਂ ਨੇ ਉਸਦਾ ਵੱਡਾਪਨ ਦੇਖ ਕੇ ਹੀ ਲਿਖੀ ਹੈ। ਜਿੰਨ੍ਹਾਂ ਨੇ ਹਰ ਦੁਨਿਆਵੀ ਹੋਂਦ ਨੂੰ, ਮਾਇਆ ਰੂਪ ਨੂੰ, ਸਰਗੁਣ ਰੂਪ ਨੂੰ ਪ੍ਰਮਾਤਮਾ ਦਾ ਹੀ ਰੂਪ ਲਿਖਿਆ ਹੈ ਉਨ੍ਹਾਂ ਨੇ ਇਸ ਗੱਲ ਨੂੰ ਜਾਣ ਕੇ ਹੀ ਲਿਖਿਆ ਹੈ, ਪ੍ਰਮਾਤਮਾ ਦੇ ਨਾਲ ਮੇਲ ਹੋਣ ਕਰਕੇ ਹੀ ਲਿਖਿਆ ਹੈ।

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥}

(ਅੰਗ ੧੪੨੭)

ਇਸੇ ਲਈ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਿੱਚ ਪਹਿਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ ਕਿ ਸਾਰੇ ਰੂਪ ਉਸ ਪ੍ਰਮਾਤਮਾ ਦੇ ਭਾਵ "ਸੰਤ" ਰੂਪ ਗੁਰੂ ਪ੍ਰਮਾਤਮਾ ਦੇ ਹੀ ਰਚੇ ਹੋਏ ਹਨ ਤੇ ਇਸ ਗੱਲ ਦੀ ਸੋਝੀ ਸਾਨੂੰ ਤਾਂ ਹੀ ਪੈ ਸਕਦੀ ਹੈ ਜਦੋਂ ਸਾਡਾ ਸੰਗ ਨਾਮ ਦੇ ਮਾਲਕ ਦੇ ਨਾਲ ਹੋ ਜਾਵੇ, ਜਦੋਂ ਅਸੀਂ ਨਾਮ ਦੇ ਨਾਲ ਰੰਗੇ ਜਾਈਏ ਭਾਵ ਪ੍ਰਮਾਤਮਾ ਦੇ ਨਾਲ ਮਿਲ ਜਾਈਏ, ਉਸਦੇ ਸੱਚੇ ਗਿਆਨ ਦੇ ਨਾਲ ਰਲ ਜਾਈਏ। **(ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥੧॥)** ਨਾਲ ਹੀ ਸਾਨੂੰ ਅਗਲੇ ਸਲੋਕ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਇਹ ਅਵੱਸਥਾ ਸਾਡੀ ਤਾਂ ਹੀ ਬਣਦੀ ਹੈ ਜਦੋਂ ਸਾਡਾ ਘਰ ਮੰਦਰ ਬਣ ਜਾਵੇ ਭਾਵ ਜਦੋਂ ਪ੍ਰਮਾਤਮਾ ਸਾਡੇ ਚਿੱਤ ਵਿੱਚ ਆ ਜਾਵੇ ਭਾਵ ਉਸਦੇ ਨਾਲ ਮੇਲ ਹੋ ਜਾਵੇ। **(ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥)** ਪ੍ਰਮਾਤਮਾ ਦਾ ਸਾਡੇ ਚਿੱਤ ਵਿੱਚ ਆਉਣਾ ਸਾਡੇ ਅੰਦਰ ਉਸਦੇ ਨਾਲ ਮੇਲ ਹੀ ਹੈ ਜੋ ਕਦੇ ਹੀ ਕ੍ਰੋੜਾਂ ਕ੍ਰੋੜਾਂ ਵਿੱਚੋਂ ਪ੍ਰਮਾਤਮਾ ਕਿਸੇ ਦੇ ਨਾਲ ਆਪਣਾ ਮੇਲ ਕਰਦਾ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥"

(ਅੰਗ - ੧੪੨੭)

ਇਸੇ ਲਈ ਕ੍ਰੋੜਾਂ ਵਿੱਚੋਂ ਕੋਈ ਵਿਰਲਾ ਹੀ ਹੁੰਦਾ ਹੈ ਜੋ ਪ੍ਰਮਾਤਮਾ ਨੂੰ ਜਪ ਸਕਦਾ ਹੈ, ਉਸਦੀ ਵਡਿਆਈ ਕਰ ਸਕਦਾ ਹੈ। ਅਗਿਆਨਤਾ ਵਿੱਚ, ਮਾਇਆ ਵਿੱਚ, ਮਾਇਆ ਮੋਹ ਦੀ ਜੁਗਤਿ ਵਿੱਚੋਂ ਕਿਸੇ ਵਿਰਲੇ ਨੂੰ ਹੀ ਪ੍ਰਮਾਤਮਾ ਕੱਢਦਾ ਹੈ ਤੇ ਤਾਂ ਹੀ ਸਾਡਾ ਮਨ ਡੋਲਣੋ ਹੱਟਦਾ ਹੈ ਤੇ ਅਡੋਲ ਅਵੱਸਥਾ ਵਿੱਚ ਆਉਂਦਾ ਹੈ। ਮਨ ਦੀ ਅਡੋਲਤਾ ਬਿਨ੍ਹਾਂ ਅਸੀਂ ਪ੍ਰਮਾਤਮਾ ਦੀ ਵਡਿਆਈ ਨਹੀਂ ਕਰ ਸਕਦੇ ਤੇ ਮਨ ਦੀ ਅਡੋਲਤਾ ਉਸਦੇ ਦਰਸ਼ਨਾਂ ਨਾਲ ਹੀ ਆਉਂਦੀ ਹੈ। ਮਨ ਦੀ ਅਡੋਲਤਾ ਦੁਆਰਾ ਹੀ ਉਸ ਪ੍ਰਮਾਤਮਾ ਦੀ ਸਮਝ ਲੱਗਦੀ ਹੈ ਕਿ ਉਹ ਕਿਸ ਰੂਪ ਵਿੱਚ ਅਡੋਲ ਹੈ। ਉਹ ਆਪਣੇ ਨਿਰਗੁਣ ਸਰੂਪ ਦੁਆਰਾ, ਨਿਰੰਕਾਰ ਰੂਪ ਦੁਆਰਾ ਅਡੋਲ ਹੈ ਤੇ ਉਸਦੇ ਇਸ ਰੂਪ ਨੂੰ ਜਾਣਨ ਦੁਆਰਾ ਹੀ ਸਾਨੂੰ ਪ੍ਰਮਾਤਮਾ ਦੇ ਬਿਨਸਣਹਾਰ ਰੂਪ ਦੀ ਸੋਝੀ ਪੈਂਦੀ ਹੈ, ਸਰਗੁਣ ਸਰੂਪ ਦੀ ਸੋਝੀ ਪੈਂਦੀ ਹੈ। ਪ੍ਰਭਾਤ ਵੇਲਾ ਵੀ ਬਿਨਸਣਹਾਰ ਹੈ, ਹਰ ਸਮਾਂ ਬਿਨਸਣਹਾਰ ਹੈ ਤੇ ਇਸੇ ਲਈ ਸਾਨੂੰ ਉਸਦੇ ਨਾਲ ਜੁੜਨਾ ਚਾਹੀਦਾ ਹੈ ਜੋ ਬਿਨਸਣਹਾਰ ਨਹੀਂ ਹੈ। "ਸਬਦ" ਬਿਨਸਣਹਾਰ ਨਹੀਂ ਹੈ, ਗੁਰੂ ਦੀ ਮਤਿ ਬਿਨਸਣਹਾਰ ਨਹੀਂ ਹੈ, ਸੱਚਾ ਗਿਆਨ ਬਿਨਸਣਹਾਰ ਨਹੀਂ ਹੈ। ਗੁਰੂ ਦੀ ਮਤਿ ਅਸੀਂ ਜਿਹੜੇ ਸਮੇਂ ਮਰਜ਼ੀ ਲੈ ਲਈਏ ਉਹ ਇੱਕੋ ਜਿਹੀ ਹੀ ਰਹਿੰਦੀ ਹੈ। ਸੰਭਾਲ ਅਸੀਂ ਗੁਰੂ ਦੀ ਮਤਿ ਦੀ ਕਰਨੀ ਹੈ। ਕਿਸੇ ਵੇਲੇ ਦੀ ਸੰਭਾਲ ਕਰਨੀ ਅਸੀਂ ਉਸ ਵੇਲੇ ਨੂੰ ਉੱਚਾ ਮੰਨਦੇ ਹਾਂ, ਉਸ ਵੇਲੇ ਦੀ ਵਡਿਆਈ ਕਰਦੇ ਹਾਂ। ਗੁਰਮਤਿ ਦੀ ਵਡਿਆਈ ਹਰ ਵੇਲੇ ਇੱਕੋ ਜਿਹੀ ਹੈ। ਗੁਰਮਤਿ ਦੀ ਸੰਭਾਲ ਹੀ ਨਾਮ ਦੀ ਸੰਭਾਲ ਹੈ ਜੋ ਅਸੀਂ ਹਰ ਵੇਲੇ ਕਰਨੀ ਹੈ, ਅੱਠੇ ਪਹਿਰ ਇੱਕੋ ਜਿਹੀ ਕਰਨੀ ਹੈ। ਨਾਮ ਦੀ ਸੰਭਾਲ ਤਾਂ ਅਸੀਂ ਔਗੁਣਾਂ ਤੋਂ ਕਰਨੀ ਹੈ, ਵਿਕਾਰਾਂ ਤੋਂ ਕਰਨੀ ਹੈ ਜੋ ਨਾਮ ਦੇ ਚੋਰ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਕਰਨੀ ਹੈ ਜੋ ਸਾਡੇ ਅੰਦਰੋਂ ਗੁਰੂ ਦੇ ਗੁਣਾਂ ਨੂੰ ਚੁਰਾਉਂਦੇ ਹਨ, ਗੁਰਮਤਿ ਨੂੰ ਚੁਰਾਉਂਦੇ ਹਨ। ਅਸੀਂ ਕੇਵਲ ਕਿਸੇ ਖਾਸ ਵੇਲੇ ਦੀ ਸੰਭਾਲ ਕਰੀ ਜਾਂਦੇ ਹਾਂ ਜਿਸਨੂੰ ਅਸੀਂ ਆਪਣੀ ਮਤਿ ਅਨੁਸਾਰ ਅੰਮ੍ਰਿਤ ਵੇਲੇ ਦਾ ਨਾਮ ਦਿੱਤਾ ਹੋਇਆ ਹੈ। ਇੱਕ ਖਾਸ ਵੇਲੇ ਦੀ ਸੰਭਾਲ ਨੂੰ ਹੀ ਅਸੀਂ ਆਪਣੀ ਭਗਤੀ ਦਾ ਰੰਗ ਦਿੱਤਾ ਹੋਇਆ ਹੈ ਪਰ ਮਨ ਦੇ ਚੋਰਾਂ ਨੂੰ ਰੋਕ ਕੇ ਨਾਮ ਦੀ ਸੰਭਾਲ ਕਰਨ ਦੀ ਸਾਨੂੰ ਕੋਈ ਚਿੰਤਾ ਨਹੀਂ ਹੈ। ਅੰਮ੍ਰਿਤ ਵੇਲਾ ਅੱਠੇ ਪਹਿਰ ਹੀ ਹੈ, ਸਾਰਾ ਜੀਵਨ ਹੈ ਜਿਸ ਵਿੱਚ ਅਸੀਂ ਹਰ ਵੇਲੇ, ਦਿਨ ਰਾਤ ਸੱਚੇ ਸੁੱਚੇ ਹੋ ਕੇ ਹੀ ਵਿਚਰਨਾ ਹੈ, ਨਾਮ ਦੀ ਸੰਭਾਲ ਕਰਕੇ ਵਿਚਰਨਾ ਹੈ। ਅੰਮ੍ਰਿਤ ਵੇਲਾ ਉਸ ਅੰਮ੍ਰਿਤ ਨੂੰ ਪਾਉਣ ਦਾ ਵੇਲਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ ਜੋ ਕਿ ਸਾਰਾ ਮਨੁੱਖਾ ਜੀਵਨ ਹੈ। ਪ੍ਰਮਾਤਮਾ ਕਿਸੇ ਸਮੇਂ ਦਾ ਬੱਝਾ ਹੋਇਆ ਨਹੀਂ ਹੈ।

ਆਓ ਹੁਣ ਮੁੱਖ ਸ਼ਬਦ ਦੇ ਸਲੋਕਾਂ ਦੀ ਪਉੜੀ ਨੂੰ ਵਿਚਾਰੀਏ ਜਿੱਥੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ

ਹੈ ਤੇ ਪ੍ਰਮਾਤਮਾ ਨੂੰ ਉਸਦੇ ਹਰ ਰੂਪ ਵਿੱਚ, ਹਰ ਨਜ਼ਾਰੇ ਵਿੱਚ, ਹਰ ਵਡਿਆਈ ਵਿੱਚ ਤਾਂ ਹੀ ਦੇਖਿਆ ਜਾ ਸਕਦਾ ਹੈ ਜੇਕਰ ਉਸਦੇ ਨਾਲ ਮੇਲ ਹੋ ਜਾਵੇ ਜੋ ਕਿ ਉਹ ਕਿਸੇ ਵਿਰਲੇ ਨਾਲ ਹੀ ਕਰਦਾ ਹੈ।

“ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ॥
ਤਿਸੈ ਪਰਾਪਤਿ ਭਾਇਹੁ ਜਿਸੁ ਦੇਇ ਬਿਧਾਤਾ॥ ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ॥
ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ॥ ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ॥੬॥”

ਹਰ ਧਨੁ ਕੀ ਹੈ, ਇਸ ਦੀ ਸੋਝੀ ਬਿਨ੍ਹਾਂ ਅਸੀਂ ਉੱਪਰ ਵਾਲੇ ਸ਼ਬਦ ਨੂੰ ਨਹੀਂ ਸਮਝ ਸਕਦੇ। ਹਰ ਧਨੁ ਪ੍ਰਮਾਤਮਾ ਦਾ ਆਪਣਾ ਸੱਚਾ ਧਨੁ ਹੈ ਭਾਵ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ। ਇਹ ਧਨੁ ਹੀ ਸਾਡੀ ਸੱਚੀ ਰਾਸਿ ਹੈ, ਗੁਰਮਤਿ ਦੀ ਸੱਚੀ ਸੋਝੀ ਦੀ ਰਾਸਿ ਹੈ ਤੇ ਇਸੇ ਸੱਚੀ ਸੋਝੀ ਵਿੱਚ ਆਪ ਪ੍ਰਮਾਤਮਾ ਹੈ ਜਿਸ ਸੱਚੀ ਸੋਝੀ ਦੁਆਰਾ ਉਸਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਇਹ ਆਪਣਾ ਧੰਨ, ਇਹ ਰਾਸਿ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ ਤੇ ਇਸੇ ਲਈ ਕੋਈ ਵਿਰਲਾ ਹੀ ਉਸਨੂੰ ਜਾਣ ਸਕਦਾ ਹੈ। **(ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ॥ ਤਿਸੈ ਪਰਾਪਤਿ ਭਾਇਹੁ ਜਿਸੁ ਦੇਇ ਬਿਧਾਤਾ॥)** ਪ੍ਰਮਾਤਮਾ ਦਾ ਇਹ ਧੰਨ ਕਿਸੇ ਖਾਸ ਸਮੇਂ ਹੀ ਨਹੀਂ ਮਿਲਦਾ, ਉਹ ਸਾਨੂੰ ਕਿਸੇ ਸਮੇਂ ਵੀ ਦੇ ਸਕਦਾ ਹੈ। ਪ੍ਰਾਪਤੀ ਤਾਂ ਅਸੀਂ ਇਸ ਧੰਨ ਦੀ ਕਰਨੀ ਹੈ, ਗੁਰੂ ਦੇ ਸੱਚੇ ਗਿਆਨ ਦੀ ਕਰਨੀ ਹੈ ਜੋ ਗੁਰਬਾਣੀ ਰਾਹੀਂ ਅਸੀਂ ਹਰ ਵੇਲੇ ਲੈ ਸਕਦੇ ਹਾਂ। ਉਹ ਧੰਨ ਹਰ ਵੇਲੇ ਇੱਕੋ ਜਿਹਾ ਹੀ ਹੈ। ਇਸ ਧੰਨ ਦੀ ਲੋੜ ਵੀ ਸਾਨੂੰ ਹਰ ਵੇਲੇ ਹੈ ਜਿਸਨੂੰ ਸਦਾ ਆਪਣੇ ਨਾਲ ਰੱਖਣ ਦੀ ਲੋੜ ਹੈ, ਸੰਭਾਲ ਕੇ ਰੱਖਣ ਦੀ ਲੋੜ ਹੈ ਤਾਂ ਜੋ ਪੰਜ ਚੋਰ ਇਸ ਨੂੰ ਚੁਰਾ ਨਾ ਲੈਣ। ਇਸ ਧੰਨ ਦੀ ਸੰਭਾਲ ਨਾਲ ਸਾਡਾ ਮਨ ਤਨ ਮਉਲਣਾ ਹੈ ਭਾਵ ਸਾਨੂੰ ਅਸਲ ਆਨੰਦ ਦੀ ਪ੍ਰਾਪਤੀ ਹੋਣੀ ਹੈ ਤੇ ਪ੍ਰਮਾਤਮਾ ਦੇ ਰੰਗ ਵਿੱਚ, ਨਾਮ ਦੇ ਰੰਗ ਵਿੱਚ ਅਸੀਂ ਰੰਗੇ ਜਾ ਸਕਦੇ ਹਾਂ। ਗੁਰੂ ਦੇ ਸੱਚੇ ਗਿਆਨ ਦੇ ਨਾਲ ਰੰਗੇ ਜਾਣਾ ਹੀ, ਹਰਿ ਧੰਨ ਨਾਲ ਰੰਗੇ ਜਾਣਾ ਹੀ, ਨਾਮ ਨਾਲ ਰੰਗੇ ਜਾਣਾ ਹੈ, ਪ੍ਰਮਾਤਮਾ ਨਾਲ ਰੰਗੇ ਜਾਣਾ ਹੈ। **(ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ॥)** ਮਨ ਦੀ ਇਹ ਨਾਮ ਵਾਲੀ ਸੱਚੀ ਸਮਝ ਦੀ ਅਵੱਸਥਾ ਹੀ ਸਾਡਾ “ਸਾਧਸੰਗ” ਹੈ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਸੰਗ ਹੈ ਭਾਵ ਉਸਦੇ ਸੱਚੇ ਗਿਆਨ ਨਾਲ ਸੰਗ ਹੀ ਸਾਧਸੰਗ ਹੈ ਜੋ ਸੰਗ ਮਨ ਦੇ ਵਿੱਚ ਹੀ ਹੁੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਕਿਉਂਕਿ ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਸਾਡੇ ਮਾੜੇ ਵਿਚਾਰ ਖ਼ਤਮ ਹੋ ਜਾਂਦੇ ਹਨ, ਦੋਖ ਭਾਵ ਵਿਚਾਰ ਖਾਧੇ ਜਾਂਦੇ ਹਨ ਭਾਵ ਮਨੁੱਖ ਔਗੁਣ ਰਹਿਤ ਹੋ ਜਾਂਦਾ ਹੈ। ਔਗੁਣਾਂ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਦੇ ਗੁਣ ਨਹੀਂ ਗਾ ਸਕਦੇ। **(ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ॥)** ਪ੍ਰਮਾਤਮਾ ਆਪਣਾ ਹਰਿ ਧਨ ਬਖ਼ਸ਼ ਕੇ ਆਪ ਹੀ ਸਾਨੂੰ ਔਗੁਣਾਂ ਵਿੱਚੋਂ ਕੱਢਦਾ ਹੈ। ਗੁਰੂ ਦੀ ਸੱਚੀ ਮਤਿ ਦੀ ਪ੍ਰਾਪਤੀ ਹੋਣ ਦੁਆਰਾ, ਔਗੁਣ ਰਹਿਤ ਹੋ ਕੇ ਵਿਚਰਨਾ ਹੀ ਸਾਡਾ ਅਸਲੀ ਜੀਵਨ ਜਿਉਣ ਦਾ ਤਰੀਕਾ ਹੈ ਤੇ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲਈਏ ਕਿ ਸਭ ਕੁੱਝ ਉਹ ਆਪ ਹੀ ਹੈ। ਮਨ ਦੇ ਵਿੱਚ ਉਸਨੂੰ ਪਹਿਚਾਨਣ ਤੋਂ ਬਾਅਦ ਹੀ ਉਹ ਸਾਨੂੰ ਆਪਣੀ ਸੱਚੀ ਮਤਿ ਦ੍ਰਿੜ ਕਰਵਾਉਂਦਾ ਹੈ, ਨਾਮ ਦ੍ਰਿੜ ਕਰਵਾਉਂਦਾ ਹੈ ਤੇ ਉਸਤੇ ਚਲਾਉਂਦਾ ਹੈ। **(ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥੬॥)** ਸ਼ਬਦ ਦੀ ਇਸ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਵਿਚਾਰੋ ਕਿ ਸਾਡਾ ਅਸਲ ਜੀਉਣਾ ਕੀ ਹੈ। ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣੇ ਬਿਨ੍ਹਾਂ ਹਰ ਕੋਈ ਮੈਂ ਵਿੱਚ ਹੈ, ਹਉਮੈ ਵਿੱਚ ਹੈ ਕਿ ਇਹ ਮਨੁੱਖੀ ਸਰੀਰ ਮੇਰਾ ਹੈ ਜਦ ਕਿ ਇਹ ਸਮਝਣਾ ਸਾਡਾ ਵੱਡਾ ਭਰਮ ਹੈ ਕਿਉਂਕਿ ਸਾਡੇ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਅਸਲ ਜਿਉਣਾ ਮਨੁੱਖ ਦਾ ਉਦੋਂ ਹੀ ਹੁੰਦਾ ਹੈ ਜਦੋਂ ਮਨੁੱਖ ਨੂੰ ਸਭ ਦੇ ਵਿੱਚ ਪ੍ਰਮਾਤਮਾ ਦਾ ਰੂਪ ਹੀ ਨਜ਼ਰ ਆਉਂਦਾ ਹੈ। (**ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥੬॥**)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥}

(ਅੰਗ - ੮੮)

ਪ੍ਰਮਾਤਮਾ ਦੀ ਵਡਿਆਈ ਕਿਤਨੀ ਵੱਡੀ ਹੈ, ਇਹ ਉਸਨੂੰ ਜਾਣਨ ਤੋਂ ਬਾਅਦ ਹੀ ਪਤਾ ਚੱਲਣੀ ਹੈ, ਉਸਦੇ ਨਾਲ ਮਨ ਦੇ ਵਿੱਚ ਮਿੱਤਰਤਾ ਹੋਣ ਤੋਂ ਬਾਅਦ ਹੀ ਪਤਾ ਚੱਲਦੀ ਹੈ। **(ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੂਮਿਤ॥੨॥)**

ਪ੍ਰਭਾਤ ਵੇਲਾ ਵੱਡਾ ਨਹੀਂ, ਪ੍ਰਭਾਤ ਵੇਲੇ ਨੂੰ ਬਣਾਉਣ ਵਾਲਾ ਵੱਡਾ ਹੈ। ਅਸੀਂ ਕਿਸੇ ਵੇਲੇ ਨੂੰ ਵੱਡਾ ਮੰਨਣ ਦੀ ਬਜਾਇ ਉਸ ਵੇਲੇ ਦੇ ਬਣਾਉਣ ਵਾਲੇ ਨਾਲ ਜੁੜਨਾ ਹੈ ਭਾਵ ਉਸਦੀ ਮਤਿ ਦੇ ਨਾਲ ਜੁੜਨਾ ਹੈ ਜੋ ਉਸਦੀ ਸੱਚੀ ਮਤਿ ਉਸਦੇ ਕੋਲੋਂ ਹਰ ਵੇਲੇ ਮਿਲ ਸਕਦੀ ਹੈ ਤੇ ਸਾਨੂੰ ਸਭ ਦੇ ਮਾਲਕ ਦੇ ਦਰਸ਼ਨ ਕਰਵਾ ਸਕਦੀ ਹੈ। ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਜਿੱਥੋਂ ਪਰਭਾਤ ਦੇ ਜਾਗਣੇ ਦੀ ਚਰਚਾ ਸ਼ੁਰੂ ਕੀਤੀ ਸੀ ਭਾਵ ਉਸ ਜਿੰਦਗੀ ਦੀ ਚਉਪੜ ਖੇਡਣ ਵਾਲੇ ਸ਼ਬਦ ਨੂੰ ਅੱਗੇ ਵਧਾਈਏ ਤੇ ਸਮਝੀਏ ਕਿ ਧਰਮ ਕਰਮ ਕੀ ਹੈ। ਸ਼ਬਦ ਦੀ ਵਿਆਖਿਆ ਨੂੰ ਸਮਝਣ ਵਿੱਚ ਤਾਂ ਜੋ ਸਾਨੂੰ ਆਸਾਨੀ ਰਹੇ, ਇਸ ਕਰਕੇ ਪੂਰਾ ਸ਼ਬਦ ਨੀਚੇ ਫਿਰ ਤੋਂ ਦਿੱਤਾ ਜਾ ਰਿਹਾ ਹੈ।

“ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥
ਇਨ੍ ਬਿਧਿ ਪਾਸਾ ਢਾਲਹੁ ਬੀਰ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥੧॥ਰਹਾਉ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ॥੪॥੧॥੧੯॥”

(ਅੰਗ ੧੧੮੫)

ਹੇਠ ਦਿੱਤੀ ਹੋਈ ਪੰਗਤੀ ਦੇ ਅਰਥ ਸਮਝਣ ਲਈ ਅਸੀਂ ਪਹਿਲਾਂ ਪਰਭਾਤ ਦਾ ਇਸ਼ਨਾਨ ਸਮਝਿਆ ਹੈ ਕਿਉਂਕਿ ਇਸ ਤੋਂ ਬਿਨ੍ਹਾਂ ਅਸੀਂ ਇਸ ਪੰਗਤੀ ਦੇ ਅਰਥ ਨਹੀਂ ਸਮਝ ਸਕਦੇ।

“ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥”

ਹੁਣ ਅਸੀਂ ਪਰਭਾਤ ਦੇ ਇਸ਼ਨਾਨ ਨੂੰ ਸਮਝ ਚੁੱਕੇ ਹਾਂ ਕਿ ਪਰਭਾਤ ਦਾ ਉੱਠਣਾ ਕੀ ਹੈ। ਜੇਕਰ ਇਸ਼ਨਾਨ ਸਮਝ ਆ ਗਿਆ ਤਾ ਫਿਰ ਅਰਾਧਣਾ ਵੀ ਸਮਝ ਆ ਜਾਵੇਗਾ ਕਿਉਂਕਿ ਮਨ ਦੇ ਇਸ਼ਨਾਨ ਬਿਨ੍ਹਾਂ ਉਸ ਨੂੰ ਅਰਾਧਿਆ ਨਹੀਂ ਜਾ ਸਕਦਾ। ਮਨ ਦਾ ਇਸ਼ਨਾਨ ਕਰਨਾ ਹੀ ਗੁਰੂ ਪ੍ਰਮਾਤਮਾ ਨੂੰ ਅਰਾਧਣਾ ਹੈ। ਮਨ ਦਾ ਇਸ਼ਨਾਨ ਸਾਡਾ ਹਰ ਵੇਲੇ ਦਾ ਇਸ਼ਨਾਨ ਹੈ, ਅੱਠੇ ਪਹਿਰ ਦਾ ਇਸ਼ਨਾਨ ਹੈ। ਇਸ ਇਸ਼ਨਾਨ ਦੁਆਰਾ ਮਨੁੱਖ ਸਰੀਰਕ ਰੂਪ ਵਿੱਚ ਸੁੱਤਾ ਹੋਇਆ ਵੀ ਜਾਗਦਾ ਹੈ, ਉਸ ਨੂੰ

ਸੁੱਤਿਆਂ ਹੋਇਆ ਵੀ ਅਰਾਧਦਾ ਹੈ। ਜੋ ਮਨੁੱਖ ਸਰੀਰਕ ਤੌਰ ਤੇ ਜਾਗਦੇ ਹੋਏ ਸੱਚਾ ਹੈ, ਉਹ ਸੁੱਤਾ ਹੋਇਆ ਵੀ ਸੱਚਾ ਹੀ ਰਹਿੰਦਾ ਹੈ। ਇੱਕ ਵਾਰੀ ਮਨ ਸੱਚਾ ਹੋ ਜਾਵੇ, ਉਸ ਲਈ ਹਰ ਵੇਲਾ ਇੱਕੋ ਜਿਹਾ ਹੀ ਹੈ। ਉਹ ਸੱਚ ਵਿੱਚ ਹੀ ਸੋਂਦਾ ਹੈ ਤੇ ਸੱਚ ਵਿੱਚ ਹੀ ਜਾਗਦਾ ਹੈ।

ਪਉੜੀ॥
{ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ॥
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ॥}

(ਅੰਗ ੩੧੨)

ਸਾਨੂੰ ਅੱਠੇ ਪਹਿਰ ਨਾਮ ਅਰਾਧਣ ਦਾ ਹੁਕਮ ਹੈ, ਨਾਮ ਜਪਣ ਦਾ ਹੁਕਮ ਹੈ, ਨਾਮ ਸਿਮਰਨ ਦਾ ਹੁਕਮ ਹੈ, ਗੁਰੂ ਪ੍ਰਮਾਤਮਾ ਨੂੰ ਸਿਮਰਨ ਦਾ ਹੁਕਮ ਹੈ। ਹਰ ਵੇਲੇ ਸੱਚ ਵਿੱਚ ਰਹਿਣਾ ਹੀ ਭਾਵ ਸੱਚ ਦਾ ਇਸ਼ਨਾਨ ਹੀ ਉਸ ਪ੍ਰਮਾਤਮਾ ਨੂੰ ਹਰ ਵੇਲੇ ਜਪਣਾ ਹੈ। ਸੱਚ ਉੱਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ, ਗੁਰੂ ਦੀ ਮਤਿ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ ਤੇ ਉਹ ਵਿਰਲਾ ਕਿਸੇ ਨੂੰ ਆਪ ਹੀ ਬਣਾ ਸਕਦਾ ਹੈ। ਉੱਦਮ ਕਰਨਾ ਸਾਡਾ ਫਰਜ਼ ਹੈ। ਇਹ ਉੱਦਮ ਅਸੀਂ ਪੂਰਾ ਜੀਵਨ ਹੀ ਕਰਨਾ ਹੈ ਤੇ ਉਸਦੀ

ਕਿਰਪਾ ਸਾਡੇ ਤੇ ਕਦੇ ਵੀ ਹੋ ਸਕਦੀ ਹੈ। ਉਹ ਆਪਣੀ ਕਿਰਪਾ ਆਖਰੀ ਸਵਾਸ ਤੱਕ ਵੀ ਕਰ ਸਕਦਾ ਹੈ। ਇਹ ਆਸ ਸਾਨੂੰ ਕਦੇ ਨਹੀਂ ਛੱਡਣੀ ਚਾਹੀਦੀ। ਸਾਨੂੰ ਹਰ ਵੇਲੇ ਉੱਦਮ ਸੱਚ ਦਾ ਹੀ ਕਰਨਾ ਚਾਹੀਦਾ ਹੈ। ਜੇਕਰ ਅਸੀਂ ਸੱਚਾ ਉੱਦਮ ਕਰਾਂਗੇ ਤਾਂ ਉਹ ਮਾਲਕ ਕਿਰਪਾ ਵੀ ਜਰੂਰ ਕਰਦਾ ਹੈ, ਮਾਇਆ ਮੋਹ ਦੇ ਬਿਖਮ ਸਾਗਰ ਵਿੱਚੋਂ ਸਾਨੂੰ ਉਬਾਰਦਾ ਹੈ। ਇਹ ਭਉਜਲ ਸਾਗਰ ਅਸੀਂ ਮਨ ਦੀ ਸਮਝ ਦੁਆਰਾ ਲੰਘਣਾ ਹੈ, ਮਨ ਦੇ ਗਿਆਨ ਦੁਆਰਾ ਲੰਘਣਾ ਹੈ, ਸਹਜ ਦੀ ਅਵੱਸਥਾ ਦੁਆਰਾ ਲੰਘਣਾ ਹੈ ਜੋ ਕਿ ਮਨ ਦੇ ਵਿੱਚੋਂ ਹੀ ਉਪਜਦੀ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਸਹਜ ਦੀ ਅਵੱਸਥਾ ਵਿੱਚ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਤੇ ਉਹ ਆਪਣੇ ਘਰ ਵਿੱਚ ਆਪ ਹੀ ਲੈ ਜਾ ਸਕਦਾ ਹੈ ਭਾਵ ਆਪਣਾ ਸਹਜ ਗਿਆਨ ਸਾਡੇ ਅੰਦਰ ਆਪ ਹੀ ਉਪਜਾ ਸਕਦਾ ਹੈ।

10/979

ਸਹਜ ਦਾ ਘਰ ਹੀ ਸਾਡੇ ਲਈ ਅਸਲ ਘਰ ਹੈ, ਨਿੱਜ ਘਰ ਹੈ ਜਿਸ ਦੁਆਰਾ ਸਾਡੀ ਪ੍ਰਮਾਤਮਾ ਨਾਲ ਸਾਂਝ ਪੈਂਦੀ ਹੈ, ਗੁਰੂ ਦੀ ਸੱਚੀ ਮਤਿ ਨਾਲ ਸਾਂਝ ਪੈਂਦੀ ਹੈ ਜਿਸ ਦੁਆਰਾ ਇਹ ਔਗੁਣਾਂ ਦਾ ਸਾਗਰ ਲੰਘਿਆ ਜਾ ਸਕਦਾ ਹੈ। ਉਸਦਾ "ਸਹਜ ਘਰ" ਸੱਚ ਦਾ ਘਰ ਹੈ ਜੋ ਕਿ ਵਿਕਾਰਾਂ ਤੋਂ ਰਹਿਤ ਹੈ। ਇਸ ਲਈ ਉਹ ਆਪ ਹੀ ਸਾਨੂੰ ਆਪਣੀ ਕਿਰਪਾ ਕਰਕੇ ਆਪਣੇ ਚੌਥੇ ਪਦ ਦੇ ਗਿਆਨ ਵਿੱਚ ਮਿਲਾ ਕੇ ਇਸ ਸਾਗਰ ਤੋਂ ਪਾਰ ਕਰਾਉਂਦਾ ਹੈ।

(ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥)

ਸਾਡੇ ਲਈ ਇਹ ਜੀਵਨ ਇੱਕ ਚਉਪੜ ਦੀ ਖੇਡ ਖੇਡਣ ਦੀ ਤਰ੍ਹਾਂ ਹੈ ਪਰ ਅਸਲ ਵਿੱਚ ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਇੱਕ ਖੇਡ ਹੈ। ਇਸ ਸੰਸਾਰ ਵਿੱਚ ਸਭ ਨੂੰ ਖਿਡਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਮਝ ਆਪਣੇ ਇਸ ਨਿੱਜ ਘਰ ਵਿੱਚ ਪਹੁੰਚ ਕੇ ਹੀ ਲੱਗ ਸਕਦੀ ਹੈ। ਇਹ ਜਿੰਦਗੀ ਦੀ ਚਉਪੜ ਦੀ ਬਾਜ਼ੀ ਵਿੱਚੋਂ ਉਹ ਆਪ ਹੀ ਜਿੱਤਾ ਸਕਦਾ ਹੈ, ਜਿਹੋ ਜਿਹੀ ਖੇਡ ਉਸ ਨੂੰ ਚੰਗੀ ਲੱਗਦੀ ਹੈ ਉਹੋ ਜਿਹੀ ਖੇਡ ਉਹ ਆਪ ਹੀ ਖਿਡਾ ਸਕਦਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ ਨੂੰ ਅਸੀਂ ਆਪ ਨਹੀਂ ਜਿੱਤ ਸਕਦੇ, ਅਸੀਂ ਇਹਨਾਂ ਤੋਂ ਪਾਰ ਨਹੀਂ ਪਾ ਸਕਦੇ, ਇਹਨਾਂ ਵਿੱਚੋਂ ਉਹ ਆਪ ਹੀ ਕੱਢ ਸਕਦਾ ਹੈ। ਪਰਭਾਤ ਦਾ ਇਸ਼ਨਾਨ ਸਾਨੂੰ ਉਹ ਆਪ ਹੀ ਕਰਵਾ ਸਕਦਾ ਹੈ। ਸਭ ਕੁੱਝ ਉਸਦੇ ਆਪਣੇ ਵੱਸ ਹੈ ਤੇ ਜਿਸ ਤੇ ਉਸਦੀ ਕਿਰਪਾ ਹੈ ਉਹੀ ਉਸ ਦੇ ਘਰ ਵਿੱਚ ਪਹੁੰਚ ਸਕਦਾ ਹੈ। **(ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥ ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥ ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥ ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ॥ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ॥੪॥੧॥੧੯॥)** ਬੜਾ ਸਪੱਸ਼ਟ ਹੈ ਕਿ ਵਿਕਾਰਾਂ ਨੂੰ ਜਿੱਤਣਾ ਹੀ ਆਪਣੇ ਇਸ ਜੀਵਨ ਦੀ ਖੇਡ ਨੂੰ ਜਿੱਤਣਾ ਹੈ ਤੇ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਣ ਦਾ ਭਾਵ ਉਸ ਨਾਲ ਮਿਲਣ ਦਾ ਇਹੀ ਤਰੀਕਾ ਹੈ। ਮਨ ਦੇ ਵਿਕਾਰਾਂ ਨੂੰ ਮਾਰਨਾ ਹੀ ਮਨ ਨੂੰ ਮਾਰਨਾ ਹੈ, ਤ੍ਰਿਸ਼ਨਾਵਾਂ ਨੂੰ ਮਾਰਨਾ ਹੈ ਤੇ ਇਸੇ ਲਈ ਸਾਡਾ ਹਰ ਕਿਸੇ ਦਾ ਇਹੀ ਉੱਦਮ ਹੋਣਾ ਚਾਹੀਦਾ ਹੈ ਕਿ ਅਸੀਂ ਇਸ ਮਨ ਨੂੰ ਨਿਰਮਲ ਕਰੀਏ, ਆਪਣੇ ਹਿਰਦੇ ਨੂੰ ਸ਼ੁੱਧ ਕਰੀਏ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਔਗੁਣ ਮੁਕਤ ਹੋ ਕੇ ਹੀ ਮਨ ਥਿਰ ਹੋ ਸਕਦਾ ਹੈ।

ਪਿੱਛੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਮਨ ਦੇ ਥਿਰ ਹੋਏ ਬਿਨ੍ਹਾਂ ਉਸ ਦਾ ਭਗਤ ਨਹੀਂ ਬਣਿਆ

10/980

ਜਾ ਸਕਦਾ। ਮਨ ਦਾ ਥਿਰ ਹੋਣਾ, ਇੱਕ ਮਨ ਇੱਕ ਚਿੱਤ ਹੋਣ ਦੀ ਅਵੱਸਥਾ ਹੈ ਭਾਵ ਜਿੱਥੇ ਦੁਚਿੱਤੀ ਨਹੀਂ ਹੈ। ਇਸੇ ਲਈ ਪੂਰੀ ਬਾਣੀ ਵਿੱਚ ਕੋਈ ਦੁਚਿੱਤੀ ਨਹੀਂ ਹੈ ਕਿਉਂਕਿ ਬਾਣੀ ਦੀ ਰਚਨਾ **"ਇੱਕ ਮਨ ਇੱਕ ਚਿੱਤ" ਤੋਂ ਹੋਈ ਹੈ, "ਇੱਕ ਸੋਚ" ਤੋਂ ਹੋਈ ਹੈ, "ਥਿਰ ਮਨ"** ਤੋਂ ਹੋਈ ਹੈ, ਭਗਤਾਂ ਦੇ ਮਨ ਤੋਂ ਹੋਈ ਹੈ, ਗੁਰੂ ਸਾਹਿਬਾਨ ਦੇ ਮਨ ਤੋਂ ਹੋਈ ਹੈ, ਪ੍ਰਮਾਤਮਾ ਦੇ ਆਪਣੇ ਮਨ ਤੋਂ ਹੋਈ ਹੈ, ਮਨ ਵਿੱਚ ਉਸਦੇ ਆਪ ਪ੍ਰਗਟ ਹੋਣ ਨਾਲ ਹੋਈ ਹੈ।

ਜਦ ਤੱਕ ਮਨੁੱਖ ਤ੍ਰੈਗੁਣਾਂ ਵਿੱਚ ਹੈ ਤਦ ਤੱਕ ਉਸਦੀ ਦੁਚਿੱਤੀ ਨਹੀਂ ਜਾ ਸਕਦੀ। ਇਸੇ ਲਈ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ

ਸਭ ਨੂੰ ਦੁਹਾਗਣ ਦਾ ਦਰਜ਼ਾ ਦਿੱਤਾ ਹੈ ਕਿਉਂਕਿ ਮਨ ਦੀ ਇਸ ਅਵੱਸਥਾ ਵਿੱਚ ਸਾਡਾ ਸੁਹਾਗ "ਮਾਇਆ ਦੀ ਜੁਗਤਿ" ਹੈ ਜਿਸ ਦਾ ਮਕਸਦ ਸਾਨੂੰ ਦੁਚਿੱਤੀ ਵਿੱਚ ਰੱਖਣਾ ਹੈ। ਮਾਇਆ ਦੀ ਜੁਗਤਿ ਵਿੱਚ ਰਹਿੰਦੇ ਹੋਏ, ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਤ੍ਰੈਗੁਣਾਂ ਵਾਲੇ ਗਿਆਨ ਵਿੱਚ ਰਹਿੰਦੇ ਹੋਏ, ਵਿਚਰਦੇ ਹੋਏ ਅਸੀਂ ਆਪਣੇ ਆਪ ਨੂੰ ਸੁਹਾਗਣ ਨਹੀਂ ਕਹਿ ਸਕਦੇ। ਸਾਡਾ ਸੁਹਾਗ ਆਪ ਪ੍ਰਮਾਤਮਾ ਹੈ ਜੋ ਚੌਥੇ ਪਦ ਦੇ ਗਿਆਨ ਵਿੱਚ ਹੈ, ਜੋ ਸਾਡੇ ਸਾਹਮਣੇ ਗੁਰਬਾਣੀ ਦੇ ਰੂਪ ਵਿੱਚ ਹੈ। ਸਾਡਾ ਅਸਲ ਸੁਹਾਗ ਸਾਡੇ ਅੰਦਰ ਸਾਡੇ ਮਨ ਦੇ ਵਿੱਚ ਵੀ ਉਹ ਆਪ ਹੀ ਵੱਸ ਰਿਹਾ ਹੈ ਤੇ ਉਸਦੀ ਸੁਹਾਗਣ ਬਣੇ ਬਿਨ੍ਹਾਂ ਅਸੀਂ ਥਿਰ ਦੀ ਅਵੱਸਥਾ ਵਿੱਚ ਨਹੀਂ ਆ ਸਕਦੇ। ਸਾਡਾ ਸੁਹਾਗ "ਬ੍ਰਹਮ ਗਿਆਨੀ" ਹੈ ਜੋ ਆਪਣੇ ਬ੍ਰਹਮ ਗਿਆਨ ਦੁਆਰਾ ਭਾਵ ਆਪਣਾ ਬ੍ਰਹਮ ਗਿਆਨ ਬਖਸ਼ ਕੇ ਸਾਨੂੰ ਆਪਣੀ ਪਤਨੀ ਬਣਾਉਂਦਾ ਹੈ। ਸਾਨੂੰ "ਥਿਰ" ਮਨ ਦੀ ਅਵੱਸਥਾ ਵਿੱਚ ਪਹੁੰਚਾਣ ਲਈ ਪ੍ਰਮਾਤਮਾ ਨੇ ਆਪ ਹੀ ਪ੍ਰਗਟ ਹੋ ਕੇ ਸਾਡੇ ਲਈ ਗੁਰਬਾਣੀ ਦੀ ਰਚਨਾ ਕੀਤੀ ਹੈ। ਜੇਕਰ ਅਸੀਂ ਗੁਰਬਾਣੀ ਨੂੰ ਆਪਣਾ ਸੁਹਾਗ ਮੰਨ ਕੇ ਚੱਲਾਂਗੇ ਤਾਂ ਫਿਰ ਉਸ ਸੁਹਾਗ ਦੇ ਦਰਸ਼ਨ ਮਨ ਦੇ ਵਿੱਚੋਂ ਹੀ ਕਰ ਸਕਾਂਗੇ ਭਾਵ ਉਸ ਦੇ ਦਰਸ਼ਨ ਕਰਨ ਲਈ ਇੱਕੋ ਇੱਕ ਮਾਰਗ ਗੁਰਬਾਣੀ ਹੈ ਜਿਸ ਦਾ ਆਪਣਾ ਗਿਆਨ "ਥਿਰ" ਹੈ, ਸਦਾ ਰਹਿਣ ਵਾਲਾ ਹੈ। ਆਪਣੇ ਸੁਹਾਗ ਦੀ ਪ੍ਰਾਪਤੀ ਅਸੀਂ ਤਾਂ ਹੀ ਕਰ ਸਕਾਂਗੇ ਜੇਕਰ ਸਾਨੂੰ ਇਹ ਪੂਰਨ ਵਿਸ਼ਵਾਸ ਹੋਵੇਗਾ ਕਿ ਮੈਨੂੰ ਕਿਸੇ ਹੋਰ ਸੁਹਾਗ ਦੀ ਲੋੜ ਨਹੀਂ ਭਾਵ ਗੁਰਬਾਣੀ ਤੇ ਪੂਰਨ ਵਿਸ਼ਵਾਸ ਰੱਖੀਏ ਕਿ ਇਸ ਤੋਂ ਬਿਨ੍ਹਾਂ ਸਾਨੂੰ ਉਸ ਪ੍ਰਮਾਤਮਾ ਦੇ ਦਰਸ਼ਨ ਹੋਰ

10/981

ਕੋਈ ਨਹੀਂ ਕਰਾ ਸਕਦਾ। ਗੁਰੂ ਦੀ ਮਤਿ ਤੋਂ ਇਲਾਵਾ ਹੋਰ ਕਿਸੇ ਤੇ ਭਰੋਸਾ ਨਾ ਰੱਖੀਏ ਤੇ ਜਿਵੇਂ ਜਿਵੇਂ ਸਾਨੂੰ ਗੁਰਬਾਣੀ ਸਮਝਾਉਂਦੀ ਹੈ, ਉਸੇ ਤਰ੍ਹਾਂ ਆਪਣੇ ਜੀਵਨ ਨੂੰ ਸਵਾਰੀਏ। ਕਿਸੇ ਵੀ ਕੱਚੀ ਬਾਣੀ ਤੇ, ਕਿਸੇ ਵੀ ਹੋਰ ਮਤਿ ਤੇ ਆਪਣਾ ਵਿਸ਼ਵਾਸ ਨਾ ਟਿਕਾਈਏ। ਗੁਰੂ ਦੀ ਮਤਿ ਤੋਂ ਉੱਪਰ ਹੋਰ ਕੁੱਝ ਨਹੀਂ ਹੈ, ਇਸ ਗੱਲ ਤੇ ਪੂਰਨ ਵਿਸ਼ਵਾਸ ਰੱਖੀਏ। ਗੁਰੂ ਦੀ ਮਤਿ ਤੇ ਵਿਸ਼ਵਾਸ ਕਰਨਾ ਹੀ ਉਸ ਪ੍ਰਮਾਤਮਾ ਦੇ ਨਾਲ ਆਪਣੇ ਵਿਸ਼ਵਾਸ ਨੂੰ ਜੋੜਨਾ ਹੈ। ਇਸ ਗੱਲ ਦਾ ਯਕੀਨ ਕਿਸੇ ਨੂੰ ਤਾਂ ਹੀ ਆਵੇਗਾ ਜਦੋਂ ਉਸ "ਪ੍ਰਮਾਤਮਾ ਦੇ ਦਰਸ਼ਨ", ਉਸ ਦੇ ਗਿਆਨ ਰੂਪ ਦੇ ਦਰਸ਼ਨ ਇਸ ਮਨ ਦੇ ਵਿੱਚੋਂ ਹੀ ਹੋ ਜਾਣਗੇ ਤੇ ਤਾਂ ਹੀ ਸਮਝ ਲੱਗੇਗੀ ਕਿ ਗੁਰਬਾਣੀ ਕਿੰਨੀ ਉੱਚੀ ਹੈ ਭਾਵ ਪ੍ਰਮਾਤਮਾ ਦਾ ਆਪਣਾ ਰੂਪ ਹੀ ਹੈ ਤੇ ਹੋਰ ਕੱਚੀਆਂ ਬਾਣੀਆਂ ਉਸ ਸੱਚੀ ਬਾਣੀ ਦੇ ਅੱਗੇ ਕਿੰਨੀਆਂ ਤੁਛ ਹਨ। ਸੱਚੀ ਬਾਣੀ ਕੇਵਲ ਮਨ ਦੇ ਵਿੱਚ ਸਿੱਧੀ ਸੱਚ ਰੂਪ ਪ੍ਰਮਾਤਮਾ ਦੇ ਕੋਲੋਂ ਹੀ ਆ ਸਕਦੀ ਹੈ ਜਿਸ ਦੀ ਸਮਝ ਤੇ ਉਸਦੀ ਗਹਿਰਾਈ ਉਸ ਨਾਲ ਮਨ ਦੇ ਵਿੱਚ ਉਸਦੇ ਬ੍ਰਹਮ ਗਿਆਨ ਰੂਪ ਦੇ ਨਾਲ, ਨਾਮ ਰੂਪ ਦੇ ਨਾਲ ਮਿਲਣ ਤੋਂ ਬਾਅਦ ਹੀ ਲੱਗਦੀ ਹੈ ਜੋ ਮਨੁੱਖ ਨੂੰ ਥਿਰ ਅਵੱਸਥਾ ਵਿੱਚ ਲਿਆ ਸਕਦੀ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜਿੱਥੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ।

ਆਸਾ ਮਹਲਾ ੫॥

"ਦੂਖੁ ਘਨੋ ਜਬ ਹੋਤੇ ਦੂਰਿ॥ ਅਬ ਮਸਲਤਿ ਮੋਹਿ ਮਿਲੀ ਹਦੂਰਿ॥੧॥
ਚੁਕਾ ਨਿਹੋਰਾ ਸਖੀ ਸਹੇਰੀ॥ ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ॥੧॥ ਰਹਾਉ॥
ਨਿਕਟਿ ਆਨਿ ਪ੍ਰਿਅ ਸੇਜ ਧਰੀ॥ ਕਾਣਿ ਕਢਨ ਤੇ ਛੂਟਿ ਪਰੀ॥੨॥
ਮੰਦਰਿ ਮੇਰੈ ਸਬਦਿ ਉਜਾਰਾ॥ ਅਨਦ ਬਿਨੋਦੀ ਖਸਮੁ ਹਮਾਰਾ॥੩॥
ਮਸਤਕਿ ਭਾਗੁ ਮੈ ਪਿਰੁ ਘਰਿ ਆਇਆ॥ ਥਿਰੁ ਸੋਹਾਗੁ ਨਾਨਕ ਜਨ ਪਾਇਆ॥੪॥੨॥੫੩॥"

(ਅੰਗ ੩੮੪)

ਸ਼ਬਦ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ ਕਿ ਸਾਡੇ ਲਈ ਵੱਡਾ ਦੁੱਖ ਕੀ ਹੈ ਤੇ ਉਹ ਦੂਰ ਕਿਵੇਂ ਹੁੰਦਾ ਹੈ।

"ਦੂਖੁ ਘਨੋ ਜਬ ਹੋਤੇ ਦੂਰਿ॥
ਅਬ ਮਸਲਤਿ ਮੋਹਿ ਮਿਲੀ ਹਦੂਰਿ॥੧॥"

ਸਾਡੇ ਦੁੱਖਾਂ ਦਾ ਕਾਰਨ ਗੁਰੂ ਨਾਲੋਂ, ਪ੍ਰਮਾਤਮਾ ਨਾਲੋਂ ਵਿਛੋੜਾ ਹੈ ਭਾਵ ਉਸਦੀ ਮਤਿ ਨਾਲੋਂ ਵਿਛੋੜਾ ਹੈ, ਬ੍ਰਹਮ ਗਿਆਨ ਵਾਲੀ ਸਮਝ ਨਾਲੋਂ, ਨਾਮ ਵਾਲੀ ਸਮਝ ਨਾਲੋਂ ਵਿਛੋੜਾ ਹੈ ਭਾਵ ਨਾਮ ਨਾਲੋਂ ਵਿਛੋੜਾ ਹੈ। ਜਦ ਤੱਕ ਅਸੀਂ ਗੁਰੂ ਦੀ ਮਤਿ ਨਾਲੋਂ ਵਿਛੜੇ ਹੋਏ

10/982

ਹਾਂ, ਨਾਮ ਨਾਲੋਂ ਵਿਛੁੜੇ ਹੋਏ ਹਾਂ ਤਦ ਤੱਕ ਅਸੀਂ ਸੱਚ ਨਾਲੋਂ ਵਿਛੁੜੇ ਹੁੰਦੇ ਹਾਂ ਤੇ ਇਹੋ ਜਿਹੀ ਅਵੱਸਥਾ ਦੁਆਰਾ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦੇ ਤੇ ਉਹੀ ਸਾਡੇ ਲਈ ਦੁੱਖਾਂ ਦਾ ਕਾਰਨ ਬਣਦੇ ਹਨ, ਸਾਨੂੰ ਵਾਰ-ਵਾਰ ਮਨ ਦੇ ਆਵਾਗਉਣ ਦੇ ਡਰ ਵਿੱਚ ਪਾਉਂਦੇ ਹਨ, ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਦੇ ਡਰ ਵਿੱਚ ਪਾਉਂਦੇ ਹਨ। **(ਦੂਖੁ ਘਨੋ ਜਬ ਹੋਤੇ ਦੂਰਿ॥)** ਸਾਡਾ ਇਹ ਦੁੱਖ ਦੂਰ ਕਿਵੇਂ ਹੁੰਦਾ ਹੈ ਇਹ ਨਾਲ ਹੀ ਸਮਝਾਇਆ ਹੋਇਆ ਹੈ। ਸਾਡੇ ਦੁੱਖਾਂ ਦਾ ਕਾਰਨ ਗੁਰੂ ਦਾ ਸਹੀ ਮਸ਼ਵਰਾ ਭਾਵ **"ਮਸਲਤਿ"** ਨਾ ਮਿਲਣ ਕਰਕੇ ਹੈ। ਗੁਰੂ ਦਾ ਮਸ਼ਵਰਾ ਹੀ ਸਾਨੂੰ ਗੁਰਬਾਣੀ ਕੋਲੋਂ ਮਿਲਦਾ ਹੈ।

ਜੇਕਰ ਅਸੀਂ ਗੁਰੂ ਕੋਲੋਂ ਜੋ ਮਸ਼ਵਰਾ ਮਿਲਦਾ ਹੈ ਉਸ ਅਨੁਸਾਰ ਆਪਣੇ ਜੀਵਨ ਨੂੰ ਬਦਲ ਲਈਏ ਤਾਂ ਸਾਡੇ ਦੁੱਖ ਦੂਰ ਹੋ ਸਕਦੇ ਹਨ। ਸਾਡਾ ਪੂਰਾ ਉੱਦਮ ਗੁਰੂ ਦੇ ਮਸ਼ਵਰੇ ਅਨੁਸਾਰ ਚੱਲਣ ਦਾ ਹੀ ਹੋਣਾ ਚਾਹੀਦਾ ਹੈ, ਬਾਕੀ ਕਿਰਪਾ ਉਹ ਆਪ ਹੀ ਕਰਦਾ ਹੈ, ਆਪਣੇ ਦਰਸ਼ਨ ਮਨ ਦੇ ਵਿੱਚ ਉਹ ਆਪ ਹੀ ਦਿੰਦਾ ਹੈ। ਜੋ ਮਸ਼ਵਰਾ ਉਸਨੇ ਗੁਰਬਾਣੀ ਵਿੱਚ ਦਿੱਤਾ ਹੋਇਆ ਹੈ ਉਹ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪਰਗਟ ਹੋ ਕੇ ਦਿੱਤਾ ਹੋਇਆ ਹੈ। ਉਹੀ ਮਸ਼ਵਰਾ ਉਹ ਫਿਰ ਕਿਸੇ ਦੇ ਮਨ ਦੇ ਵਿੱਚ ਪ੍ਰਗਟ ਹੋ ਕੇ ਦਿੰਦਾ ਹੈ। ਉਸਦਾ ਮਸ਼ਵਰਾ ਸਦਾ ਹੀ ਸੱਚ ਦਾ ਹੈ ਤੇ ਮਨ ਦੇ ਵਿੱਚੋਂ ਉਸਦਾ ਮਸ਼ਵਰਾ ਬਿਲਕੁਲ ਉਸਦੀ ਗੁਰਬਾਣੀ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਮਿਲਦਾ ਹੈ ਕਿਉਂਕਿ ਉਸ ਵਿੱਚ ਤੇ ਗੁਰਬਾਣੀ ਵਿੱਚ ਕੋਈ ਭੇਦ ਨਹੀਂ ਹੈ। **"ਉਹ ਆਪ ਵੀ ਬ੍ਰਹਮ ਗਿਆਨ ਹੈ" ਤੇ "ਗੁਰਬਾਣੀ ਵੀ ਬ੍ਰਹਮ ਗਿਆਨ ਹੈ।"** ਉਹ ਆਪ ਵੀ ਨਾਮ ਹੈ ਤੇ ਪੂਰੀ ਗੁਰਬਾਣੀ ਵੀ ਉਸਦਾ ਨਾਮ ਹੈ। ਜਿਸ ਸਰੀਰ ਰਾਹੀਂ ਉਹ ਪ੍ਰਗਟ ਹੁੰਦਾ ਹੈ ਉਹ ਬ੍ਰਹਮ ਗਿਆਨ ਦੁਆਰਾ ਹੀ ਹੁੰਦਾ ਹੈ, ਆਪਣੀ ਜੋਤਿ ਦੁਆਰਾ ਪ੍ਰਗਟ ਹੁੰਦਾ ਹੈ। ਇਸੇ ਲਈ ਜਿਸ ਸਰੀਰ ਵਿੱਚੋਂ ਵੀ ਪ੍ਰਗਟ ਹੋ ਕੇ ਉਸਨੇ ਆਪਣਾ ਬ੍ਰਹਮ ਗਿਆਨ ਉਚਾਰਿਆ ਹੈ, ਸਭ ਵਿੱਚ ਮੂਲ ਭਾਵ ਇੱਕੋ ਹੀ ਹੈ ਭਾਵ ਕਿਸੇ ਵੀ ਸ਼ਬਦ ਦਾ ਅੰਦਰੂਨੀ ਭਾਵ ਗੁਰਬਾਣੀ ਦੇ ਕਿਸੇ ਵੀ ਦੂਸਰੇ ਸ਼ਬਦ ਦੇ ਅੰਦਰੂਨੀ ਭਾਵ ਅਨੁਸਾਰ ਹੀ ਹੁੰਦਾ ਹੈ। ਤ੍ਰੈਗੁਣਾਂ ਦੀ ਅਵੱਸਥਾ ਵਿੱਚ ਰਹਿੰਦਿਆਂ ਹਰ ਸ਼ਬਦ ਦੇ ਅੰਦਰੂਨੀ ਭਾਵ ਨੂੰ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਅਨੇਕਾਂ ਹੀ ਸ਼ਬਦਾਂ ਵਿੱਚ ਅੰਦਰੂਨੀ ਭਾਵ ਨੂੰ ਕੇਵਲ ਚੌਥੇ ਪਦ ਦੇ ਗਿਆਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ

10/983

ਭਾਵ ਮਨ ਦੇ ਵਿੱਚ ਬ੍ਰਹਮ ਗਿਆਨ ਵਾਲੀ, ਨਾਮ ਵਾਲੀ ਸੋਝੀ ਪੈਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਜਦ ਤੱਕ ਪ੍ਰਮਾਤਮਾ ਮਨ ਵਿੱਚ ਪ੍ਰਗਟ ਨਹੀਂ ਹੁੰਦਾ ਸਾਨੂੰ ਮਨ ਦੀ ਸਮਝ ਆ ਵੀ ਕੀ ਸਕਦੀ ਹੈ। ਜਦੋਂ ਪ੍ਰਮਾਤਮਾ ਮਨ ਵਿੱਚ ਪ੍ਰਗਟ ਹੋ ਜਾਂਦਾ ਹੈ ਤਾਂ ਪ੍ਰਮਾਤਮਾ ਕੋਲੋਂ ਮਸ਼ਵਰਾ ਸਿੱਧਾ ਮਨ ਦੇ ਵਿੱਚ ਹੀ ਮਿਲਦਾ ਹੈ, ਪ੍ਰਮਾਤਮਾ ਆਪਣੀ ਗੱਲ ਮਨ ਦੇ ਵਿੱਚ ਹੀ ਸਮਝਾਉਂਦਾ ਹੈ ਕਿਉਂਕਿ ਉਹ ਆਪ ਹਰ ਵੇਲੇ ਮਨ ਦੇ ਵਿੱਚ ਹੀ ਹੈ, ਉਹ ਹਰ ਵੇਲੇ ਮਨ ਵਿੱਚ ਹਾਜ਼ਰ ਹੈ ਤੇ ਇਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਸੁਣਨਾ ਹੈ ਜਿਵੇਂ ਕਿ ਅੱਗੇ ਚੱਲਕੇ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨਾਲ ਗੋਸ਼ਟੀ ਮਨ ਦੇ ਵਿੱਚ ਹੀ ਹੁੰਦੀ ਹੈ ਤੇ ਸਾਰੀ ਗੁਰਬਾਣੀ ਇਸ ਮਨ ਦੀ ਗੋਸ਼ਟੀ ਦੁਆਰਾ ਹੀ ਆਈ ਹੈ, ਮਨ ਦੀ ਮਸਲਤਿ ਦੁਆਰਾ ਹੀ ਆਈ ਹੈ ਜਿਸ ਦਾ ਅੰਦਾਜ਼ਾ ਮਸਲਤਿ ਮਿਲਣ ਤੋਂ ਬਾਅਦ ਹੀ ਲਗਾਇਆ ਜਾ ਸਕਦਾ ਹੈ। ਉਸ ਤੋਂ ਪਹਿਲਾਂ ਇਸ ਮਨ ਨੂੰ ਕੋਈ ਨਹੀਂ ਸਮਝ ਸਕਦਾ। ਮਨੁੱਖ ਦੇ ਦੁੱਖ, ਮਨੁੱਖ ਦਾ ਆਵਾਗੁਉਣ ਦਾ ਦੁੱਖ, ਹਉਮੈ ਦਾ ਦੁੱਖ, ਤ੍ਰਿਸ਼ਨਾਵਾਂ ਦਾ ਦੁੱਖ, ਮਨੁੱਖ ਦਾ ਗੁਰਮਤਿ ਤੋਂ ਦੂਰੀ ਦਾ ਦੁੱਖ ਇਸ ਮਸਲਤਿ ਦੁਆਰਾ ਹੀ ਦੂਰ ਹੁੰਦਾ ਹੈ।

(ਦੂਖੁ ਘਨੋ ਜਬ ਹੋਤੇ ਦੂਰਿ॥ ਅਬ ਮਸਲਤਿ ਮੋਹਿ ਮਿਲੀ ਹਦੂਰਿ॥੧॥)

ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਹ ਜਾਣਦੇ ਆ ਰਹੇ ਹਾਂ, ਮਨ ਦੇ ਵਿੱਚ ਪ੍ਰਮਾਤਮਾ ਦਾ ਪ੍ਰਗਟ ਹੋਣਾ ਹੀ ਨਾਮ ਦਾ ਪ੍ਰਗਟ ਹੋਣਾ ਹੈ ਕਿਉਂਕਿ ਨਾਮ ਆਪ ਪ੍ਰਮਾਤਮਾ ਹੈ ਤੇ ਇਹੀ ਨਾਮ ਮਿਲਣਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਫ਼ਲ ਹੈ। ਇਹ ਫ਼ਲ ਗਿਆਨ ਦਾ ਫ਼ਲ ਹੈ, ਬ੍ਰਹਮ ਗਿਆਨ ਦਾ ਫ਼ਲ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ।

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥}

(ਅੰਗ ੧੪੭)

{ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥}

(ਅੰਗ ੧੧੬੯)

{ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ॥੫॥}

(ਅੰਗ ੧੩੨੫)

{ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ॥ ਕਹੁ ਨਾਨਕ ਪਾਵਹਿ ਵਿਰਲੇ ਕੇਇ॥੪॥੭॥}

(ਅੰਗ ੧੧੭੦)

10/984

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥}

(ਅੰਗ ੭੫੯)

{ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ॥
ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ॥੧॥}

(ਅੰਗ ੫੦੧)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

ਉਪਰਲੀਆਂ ਸਾਰੀਆਂ ਪੰਗਤੀਆਂ ਨੂੰ ਜੇਕਰ ਧਿਆਨ ਨਾਲ ਵਿਚਾਰੀਏ ਤਾਂ ਇਹ ਸਮਝ ਲੱਗ ਜਾਵੇਗੀ ਕਿ ਭਗਤੀ ਦੇ ਉੱਦਮ ਦਾ, ਸੱਚ ਤੇ ਚੱਲਣ ਦੇ ਉੱਦਮ ਦਾ ਫ਼ਲ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਉਹ ਫ਼ਲ ਕੇਵਲ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ ਤੇ ਗਿਆਨ ਮਨ ਦੇ ਵਿੱਚ ਹੀ ਮਿਲਦਾ ਹੈ ਜਿੱਥੇ ਆਪ ਪ੍ਰਮਾਤਮਾ ਪ੍ਰਗਟ ਹੋ ਕੇ ਇਹ ਫ਼ਲ ਦਿੰਦਾ ਹੈ ਤੇ ਉਸਦਾ ਇਹ ਗਿਆਨ ਰੂਪ ਫ਼ਲ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦਾ ਹੈ। ਇਹ "ਬਿਬੇਕ ਬੁਧਿ" ਦਾ ਫ਼ਲ ਹੈ ਜਿਸ ਦੁਆਰਾ ਮਨੁੱਖ ਦੀ ਮਤਿ ਉੱਤਮ ਬਣਦੀ ਹੈ, ਗੁਰੂ ਦੀ ਮਤਿ ਅਨੁਸਾਰ ਬਣਦੀ ਹੈ। ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਮਿਲਣ ਵਾਲਾ ਇਹ ਸੱਚਾ ਗਿਆਨ ਭਾਵ ਬ੍ਰਹਮ ਗਿਆਨ ਸਾਨੂੰ ਤ੍ਰੈਗੁਣਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ ਕਿਉਂਕਿ ਪ੍ਰਮਾਤਮਾ ਕੋਲੋਂ ਸਿੱਧਾ ਮਨ ਦੇ ਵਿੱਚ ਮਿਲਣ ਵਾਲਾ ਗਿਆਨ ਚੌਥੇ ਪਦ ਵਾਲਾ ਗਿਆਨ ਹੁੰਦਾ ਹੈ, ਬ੍ਰਹਮ ਗਿਆਨ ਹੁੰਦਾ ਹੈ ਜੋ ਕਿ ਉਸਦੇ ਨਾਮ ਦੇ ਰੂਪ ਵਿੱਚ ਹੁੰਦਾ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਬਿਬੇਕ ਬੁਧਿ ਦੁਆਰਾ ਹੀ ਬਾਣੀ ਉਚਾਰਨ ਕੀਤੀ ਹੈ। ਇਹ ਬ੍ਰਹਮ ਗਿਆਨ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮਸਲਤਿ ਦੁਆਰਾ ਹੀ ਮਿਲਦਾ ਹੈ। ਜਿਵੇਂ ਜਿਵੇਂ ਉਸਨੂੰ ਭਾਉਂਦਾ ਹੈ, ਜੋ ਜੋ ਉਸਨੇ ਉਚਾਰਨ ਕਰਵਾਉਣਾ ਹੁੰਦਾ ਹੈ, ਉਹੋ ਜਿਹਾ ਗਿਆਨ ਅੰਦਰੋਂ ਮਿਲਦਾ ਰਹਿੰਦਾ ਹੈ।

{ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥

ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ॥੪॥੧॥}

(ਅੰਗ ੭੧੧)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ "ਬਿਬੇਕ ਬੁਧਿ" ਨੂੰ ਹੀ "ਨਾਮ" ਕਿਹਾ ਹੈ, ਗੁਰੂ ਕਿਹਾ ਹੈ, ਗੁਰੂ ਦਾ ਗਿਆਨ ਕਿਹਾ ਹੈ। ਇਹ ਚੌਥੇ ਪਦ ਦਾ ਗਿਆਨ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਦਾ ਫ਼ਲ ਹੈ, ਨਾਮ ਦੀ ਪ੍ਰਾਪਤੀ ਹੈ ਜੋ ਬੜੇ ਹੀ ਭਾਗਾਂ ਨਾਲ ਪ੍ਰਮਾਤਮਾ ਕੋਲੋਂ ਮਿਲਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ "ਨਾਮ", "ਗੁਰੂ", "ਸ਼ਬਦ", "ਗੁਰੂ ਦੀ ਮਤਿ", "ਪ੍ਰਮਾਤਮਾ", "ਬ੍ਰਹਮ ਗਿਆਨ" ਸਭ ਇੱਕੋ ਗੱਲ ਹੀ ਹੈ ਭਾਵ ਸਭ ਕੁੱਝ ਬ੍ਰਹਮ ਗਿਆਨ ਨਾਲ ਜੁੜਿਆ ਹੋਇਆ ਹੈ ਕਿਉਂਕਿ ਪ੍ਰਮਾਤਮਾ ਆਪਣੇ ਬ੍ਰਹਮ ਗਿਆਨ

10/985

ਦੇ ਰੂਪ ਵਿੱਚ ਹੀ, ਆਪਣੇ ਨਾਮ ਦੇ ਰੂਪ ਵਿੱਚ ਹੀ, ਸ਼ਬਦ ਦੇ ਰੂਪ ਵਿੱਚ ਹੀ ਸਭ ਜਗ੍ਹਾ ਪਸਰਿਆ ਹੋਇਆ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਹਰ ਕਿਸੇ ਨੂੰ ਆਪਣੇ ਵੱਸ ਵਿੱਚ ਰੱਖਣ ਵਾਲਾ ਬ੍ਰਹਮ ਗਿਆਨ ਹੈ ਭਾਵ ਪ੍ਰਮਾਤਮਾ ਆਪ ਹੈ, ਉਸਦਾ ਨਾਮ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਹੈ ਜਿਸ ਆਪਣੇ ਉੱਚੇ ਗਿਆਨ ਦੁਆਰਾ ਉਸਨੇ ਸਭ ਨੂੰ ਵੱਸ ਵਿੱਚ ਰੱਖਿਆ ਹੋਇਆ ਹੈ। ਇਸ ਗੱਲ ਦੀ ਸੋਝੀ ਨਾਮ ਦੀ ਪ੍ਰਾਪਤੀ ਹੋਣ ਤੋਂ ਬਾਅਦ ਹੀ, ਨਾਮ ਫ਼ਲ, ਗਿਆਨ ਫ਼ਲ, ਬਿਬੇਕ ਬੁਧਿ ਮਿਲਣ ਤੋਂ ਬਾਅਦ ਹੀ ਪੈ ਸਕਦੀ ਹੈ, ਉਸ ਨਾਮ ਦੇ ਨਾਲ ਮਸਲਤਿ ਹੋਣ ਤੋਂ ਬਾਅਦ ਹੀ ਪੈ ਸਕਦੀ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮਸ਼ਵਰਾ ਜਾਂ ਨਾਮ ਦੇ ਨਾਲ ਮਸ਼ਵਰਾ ਇੱਕੋ ਹੀ ਗੱਲ ਹੈ ਤੇ ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਦ੍ਰਿੜ ਕਰੀਏ।

ਪਉੜੀ॥

"ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ॥
ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥੧੫॥"

(ਅੰਗ ੫੯੨)

ਰੱਖਣਹਾਰਾ ਤਾਂ ਸਭ ਨੂੰ ਪ੍ਰਮਾਤਮਾ ਆਪ ਹੀ ਹੈ, ਸਭ ਨੂੰ ਪਾਲਣਵਾਲਾ ਉਹ ਆਪ ਹੀ ਹੈ। ਜਦ ਤੱਕ ਮਨੁੱਖ ਮਨਮਤਿ ਵਿੱਚ ਹੈ, ਤ੍ਰੈਗੁਣਾਂ ਵਿੱਚ ਹੈ, ਇਹ ਸਾਡੀ ਅਵੱਸਥਾ ਵੀ ਪ੍ਰਮਾਤਮਾ ਦੀ ਆਪਣੀ ਹੀ ਬਣਾਈ ਹੋਈ ਹੈ ਭਾਵ ਸਭ ਕੁੱਝ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਹੁੰਦਾ ਹੈ ਪਰ ਇਹੋ ਜਿਹੀ ਅਵੱਸਥਾ ਵਿੱਚ ਅਸੀਂ ਆਪਣੀ ਰਾਖੀ ਔਗੁਣਾਂ ਤੋਂ ਨਹੀਂ ਕਰ ਸਕਦੇ, ਵਿਕਾਰਾਂ ਤੋਂ ਨਹੀਂ ਕਰ ਸਕਦੇ, ਮਾਇਆ ਮੋਹ ਵਿੱਚੋਂ ਨਹੀਂ ਨਿਕਲ ਸਕਦੇ ਕਿਉਂਕਿ ਸਾਨੂੰ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ। ਵਿਕਾਰਾਂ ਤੋਂ ਸਾਡੀ ਰਾਖੀ ਮਨ ਦੇ ਵਿੱਚ ਨਾਮ ਦੇ ਪ੍ਰਕਾਸ਼ ਦੁਆਰਾ ਹੀ ਹੋ ਸਕਦੀ ਹੈ, ਉਸ ਦੇ ਆਪ ਪ੍ਰਗਟ ਹੋਣ ਦੁਆਰਾ ਹੀ ਹੋ ਸਕਦੀ ਹੈ ਤੇ ਉਸ ਦੇ ਪ੍ਰਗਟ ਹੋਣ ਤੋਂ ਬਾਅਦ ਹੀ ਸੱਚੀ ਗੁਰਮਤਿ ਦੀ ਸੋਝੀ ਪੈਂਦੀ ਹੈ ਤੇ ਮਨੁੱਖ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ ਜਿਸ ਦੁਆਰਾ ਉਹ ਵਿਕਾਰਾਂ ਵਿੱਚ ਨਹੀਂ ਪੈਂਦਾ ਭਾਵ ਪ੍ਰਮਾਤਮਾ ਅੰਦਰ ਪ੍ਰਗਟ ਹੋ ਕੇ, ਮਨ ਦੀ ਸਮਝ ਦੇ ਵਿੱਚ ਆਪਣਾ ਨਾਮ ਵਸਾ ਕੇ ਮਨੁੱਖ ਨੂੰ ਆਪਣੇ ਸੱਚੇ ਗਿਆਨ ਦੁਆਰਾ ਆਪ ਹੀ ਚਲਾਉਂਦਾ ਹੈ, ਮਨਮਤਿ ਦੂਰ ਕਰਕੇ ਹੀ ਚਲਾਉਂਦਾ ਹੈ, ਹਉਮੈ ਵਿੱਚੋਂ ਕੱਢ ਕੇ ਹੀ ਚਲਾਉਂਦਾ ਹੈ ਕਿਉਂਕਿ ਉਸਦੇ ਪ੍ਰਗਟ ਹੋਣ ਨਾਲ ਮਨੁੱਖ ਦੀ ਹੋਂਦ ਕੇਵਲ ਨਜ਼ਰ ਹੀ ਆਉਂਦੀ ਹੈ ਕਿਉਂਕਿ ਮਨ ਦੇ

10/986

ਵਿੱਚ ਗਿਆਨ ਕਿੱਥੋਂ ਆਉਂਦਾ ਹੈ ਭਾਵ ਮਨੁੱਖੀ ਸਰੀਰ ਨੂੰ ਚਲਾਉਣ ਵਾਲਾ ਕੌਣ ਹੈ, ਉਸਦਾ ਮਾਲਕ ਕੌਣ ਹੈ, ਉਸਦਾ ਰੱਖਣਹਾਰਾ ਕੌਣ ਹੈ, ਇਸ ਗੱਲ ਦੀ ਸੋਝੀ ਮਨੁੱਖ ਨੂੰ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਪੈ ਜਾਂਦੀ ਹੈ ਤੇ ਇਹ ਸਮਝ ਆ ਜਾਂਦੀ ਹੈ ਕਿ ਪ੍ਰਮਾਤਮਾ ਆਪ ਹੀ ਮਾਤਾ ਪਿਤਾ ਦਾ ਰੂਪ ਹੈ ਭਾਵ ਸਭ ਦੀ ਸੰਭਾਲ ਕਰਨ ਵਾਲਾ ਉਹ ਆਪ ਹੀ ਹੈ, ਸਭ ਵਿੱਚ ਉਹ ਆਪ ਹੀ ਵਿਚਰ ਰਿਹਾ ਹੈ ਤੇ ਸਾਡਾ ਅਸਲ ਵਿੱਚ ਮਿੱਤਰ ਸਕਾ ਉਹ ਆਪ ਹੀ ਹੈ। ਦੁਨਿਆਵੀ ਤੌਰ ਤੇ ਜੋ ਸਾਡੇ ਮਾਤਾ, ਪਿਤਾ

ਹਨ, ਮਿੱਤਰ ਸਕਾ ਆਦਿ ਹਨ, ਅਸਲ ਵਿੱਚ ਉਹ ਸਭ ਪ੍ਰਮਾਤਮਾ ਦਾ ਹੀ ਰੂਪ ਹਨ ਜਿੰਨ੍ਹਾਂ ਦੇ ਰਾਹੀਂ ਪ੍ਰਮਾਤਮਾ ਸਾਡੀ ਪਾਲਣਾ ਕਰਦਾ ਹੈ, ਸਾਡੇ ਨਾਲ ਮਿੱਤਰਤਾ ਦਾ ਰੂਪ ਨਿਭਾਉਂਦਾ ਹੈ। ਇਸ ਗੱਲ ਦੀ ਸੋਝੀ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਜਾਣਨ ਤੋਂ ਬਾਅਦ ਹੀ ਪੈਂਦੀ ਹੈ ਕਿ ਸਭ ਦੇ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ, ਹਰ ਰੂਪ ਉਸੇ ਦਾ ਹੀ ਰੂਪ ਹੈ। (**ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ॥ ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰ ਹਮਾਰਾ॥**) ਮਨ ਦੇ ਵਿੱਚ ਨਾਮ ਦੇ ਪ੍ਰਗਟ ਹੋਣ ਤੋਂ ਬਾਅਦ ਹੀ ਇਸ ਗੱਲ ਦੀ ਸੋਝੀ ਪੈ ਸਕਦੀ ਹੈ ਜਿਵੇਂ ਕਿ ਹੇਠ ਦਿੱਤੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥”

ਪ੍ਰਮਾਤਮਾ ਨੂੰ ਜਾਣਨ ਦੀ ਇਹੀ ਇੱਕੋ ਇੱਕ ਵੱਡੀ ਸੱਚਾਈ ਹੈ ਤੇ ਦੂਸਰੀ ਕੋਈ ਨਹੀਂ ਹੋ ਸਕਦੀ। ਪ੍ਰਮਾਤਮਾ ਦੇ ਨਾਲ ਭਾਵ ਨਾਮ ਦੇ ਨਾਲ ਮਨ ਦੇ ਵਿੱਚ ਹੀ, ਨਿਰਗੁਣ ਰੂਪ ਵਿੱਚ ਹੀ ਭਾਵ ਉਸਦੇ ਨਾਲ ਮਨ ਦੇ ਵਿੱਚ ਨਿਰੰਕਾਰ ਰੂਪ ਵਿੱਚ ਹੀ ਭਾਵ ਗਿਆਨ ਰੂਪ ਵਿੱਚ ਹੀ ਮਨ ਦੇ ਵਿੱਚ ਉਸ ਨਾਲ ਗੱਲਾਂ ਹੁੰਦੀਆਂ ਹਨ, ਉਸ ਨਾਲ ਮਸਲਤਿ ਹੁੰਦੀ ਹੈ, ਗੋਸ਼ਟੀ ਹੁੰਦੀ ਹੈ ਤੇ ਤਾਂ ਹੀ ਇਸ ਮਨ ਦੀ ਸੋਝੀ ਪੈਂਦੀ ਹੈ, ਜਿਵੇਂ ਕਿ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਿਆ ਹੈ ਕਿ ਇਹ ਮਨ ਕੀ ਹੈ। **(ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥)**

{ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥
ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥ ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥
ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥
ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥
ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥
ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥੧॥}

(ਅੰਗ ੯੫੮)

ਮਨ ਦੀ ਸਮਝ ਦੇ ਮਾਲਕ ਨੂੰ ਜਾਨਣਾ ਹੀ ਪ੍ਰਮਾਤਮਾ ਨੂੰ ਜਾਣਨਾ ਹੈ। ਸਭ ਦੀ ਸਾਰ ਕਰਨ ਵਾਲਾ ਉਹ ਪ੍ਰਮਾਤਮਾ ਹੀ ਹੈ, ਇਹ ਉਸ ਨੂੰ ਭਾਵ ਉਸਦੇ ਨਾਲ ਮਨ ਦੇ ਵਿੱਚ ਨਿਰੰਕਾਰ ਰੂਪ ਵਿੱਚ ਹੀ ਭਾਵ ਗਿਆਨ ਰੂਪ ਵਿੱਚ ਹੀ ਮਨ ਦੇ ਵਿੱਚ ਜਾਣਨ ਤੋਂ ਬਾਅਦ ਹੀ ਪਤਾ ਚੱਲਦਾ ਹੈ। ਨਾਮ ਦੀ ਸੰਗਤ ਮਨ ਦੇ ਵਿੱਚ ਹੀ ਹੁੰਦੀ ਹੈ ਜੋ ਕਿ ਮਨੁੱਖ ਲਈ ਸਭ ਤੋਂ ਪਿਆਰੀ ਸੰਗਤ ਹੈ, ਜਿਸ ਤੋਂ ਉੱਚੀ ਸੰਗਤ ਹੋਰ ਕੋਈ ਨਹੀਂ ਹੋ ਸਕਦੀ। ਪ੍ਰਮਾਤਮਾ ਦੇ ਨਾਲ, ਨਾਮ ਦੇ ਨਾਲ ਸੰਗਤ ਹੋਣ ਦੇ ਨਾਲ ਹੀ ਮਨੁੱਖ ਨਾਮ ਦੇ **“ਕੁਲੁ”** ਵਾਲਾ, ਨਾਮ ਦੀ ਜਾਤਿ ਵਾਲਾ, ਨਾਮ ਦੇ ਪਰਵਾਰ ਵਾਲਾ ਭਾਵ ਗੁਰੂ ਪ੍ਰਮਾਤਮਾ ਦੇ ਪਰਵਾਰ ਵਾਲਾ ਬਣਦਾ ਹੈ, ਗੁਰਮਤਿ ਦੇ ਸੱਚੇ ਗਿਆਨ ਦੇ ਪਰਵਾਰ ਵਾਲਾ ਬਣਦਾ ਹੈ, ਬ੍ਰਹਮ ਗਿਆਨ ਦੇ ਪਰਵਾਰ ਵਾਲਾ ਬਣਦਾ ਹੈ। **(ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥)**

10/986- 1

ਪ੍ਰਮਾਤਮਾ ਦੇ, ਗੁਰੂ ਦੇ ਪਰਵਾਰ ਵਾਲਾ ਬਣਨਾ ਕੀ ਹੈ ਇਹ ਅਸੀਂ ਪਿੱਛੇ ਵੀ ਸਮਝਿਆ ਸੀ।

{ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ॥ ਜੇ ਕੋ ਬੂਝੈ ਏਹੁ ਬੀਚਾਰੁ॥੪॥੯॥}

(ਅੰਗ ੩੫੧)

ਇਹ ਉੱਚਾ ਪਰਵਾਰ ਸਾਡਾ ਪ੍ਰਮਾਤਮਾ ਦੇ ਨਾਲ ਸਾਡੇ ਮਨ ਦੇ ਵਿੱਚ ਹੀ ਬਣਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਸੀ,

“ਰਾਗ” ਸਾਡੇ ਮਨ ਨੂੰ ਕਿਹਾ ਹੈ, ਸਾਡੇ ਮਨ ਦੇ ਗਿਆਨ ਨੂੰ ਕਿਹਾ ਹੈ ਤੇ ‘‘ਰਤਨ’’ ਆਪ ਪ੍ਰਮਾਤਮਾ, ਉਸਦਾ ਚੌਥੇ ਪਦ ਦਾ ਗਿਆਨ ਹੈ, ਉਸਦੇ ਸ਼ਬਦ ਦਾ ਗਿਆਨ ਹੈ। ਪ੍ਰਮਾਤਮਾ ਦੇ ਨਾਲ ਇਸ ਮੇਲ ਤੋਂ ਬਾਅਦ ਹੀ ਮਨ ਦੇ ਵਿੱਚ ਬ੍ਰਹਮ ਗਿਆਨ ਉਪਜਦਾ ਹੈ ਜੋ ਕਿ ਅੰਮ੍ਰਿਤ ਸਾਰ ਹੈ, ਪ੍ਰਮਾਤਮਾ ਦੇ ਨਾਮ ਦਾ ਸਾਰ ਹੈ। **“ਅੰਮ੍ਰਿਤ”** ਤੋਂ ਭਾਵ ਹੈ ਆਪ ਪ੍ਰਮਾਤਮਾ ਭਾਵ ਪ੍ਰਮਾਤਮਾ ਦਾ ਨਾਮ ਰੂਪ ਤੇ **“ਸਾਰ”** ਤੋਂ ਭਾਵ ਹੈ ਤੱਤ ਭਾਵ ਪ੍ਰਮਾਤਮਾ ਦੀ ਅਸਲੀਅਤ, ਪ੍ਰਮਾਤਮਾ ਦਾ ‘‘ਆਪਣਾ ਆਪ’’ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਗੁਰਬਾਣੀ ਦੀ ਰਚਨਾ ਮਨ ਦੇ ਵਿੱਚੋਂ ਇਸ ਅੰਮ੍ਰਿਤ ਸਾਰ ਦੇ ਉਪਜਣ ਦੁਆਰਾ ਹੀ ਹੋਈ ਹੈ ਜਿਸ ਕਰਕੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਉਸਦਾ ਬ੍ਰਹਮ ਗਿਆਨ ਰੂਪ ਹੈ, ਉਸਦਾ ਨਾਮ ਰੂਪ ਹੈ। ਪੂਰੀ ਗੁਰਬਾਣੀ ਅੰਮ੍ਰਿਤ ਸਾਰ ਹੈ। ਇਹ ਬ੍ਰਹਮ ਗਿਆਨ ਹੀ ਪ੍ਰਮਾਤਮਾ ਦਾ ਧਨ ਮਾਲ ਹੈ ਭਾਵ ਉਹ ਪ੍ਰਮਾਤਮਾ ਆਪ ਹੀ ਗਿਆਨ ਦਾ ਮਾਲਕ ਹੈ ਜਿਸ ਦੁਆਰਾ ਉਹ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਇਹ ਪ੍ਰਮਾਤਮਾ ਦਾ ਧਨ ਮਾਲ ਸਾਡੇ ਮਨ ਦੇ ਵਿੱਚ ਹੀ ਹੈ, ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ ਤੇ ਜਦ ਤੱਕ ਸਾਨੂੰ ਇਹਨਾਂ ਵਿਚਾਰਾਂ ਦੀ ਸੋਝੀ ਨਹੀਂ ਪੈਂਦੀ ਕਿ ਇਹ ਮਨ ਦੇ ਵਿਚਾਰ ਕਿੱਥੋਂ ਆਉਂਦੇ ਹਨ ਤਦ ਤੱਕ ਸਾਨੂੰ ਇਸ ਧਨ ਦੀ ਪ੍ਰਾਪਤੀ ਨਹੀਂ ਹੁੰਦੀ।

ਜਦੋਂ ਅਸੀਂ ਇਹਨਾਂ ਮਨ ਦੇ ਵਿਚਾਰਾਂ ਨੂੰ ਬੁੱਝ ਲਵਾਂਗੇ ਫਿਰ ਸਾਨੂੰ ਇਸ ਧਨ ਦੀ ਪ੍ਰਾਪਤੀ ਹੋ ਜਾਵੇਗੀ ਭਾਵ ਪ੍ਰਮਾਤਮਾ ਦੀ ਸੋਝੀ ਪੈ ਜਾਵੇਗੀ ਤੇ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ, ਨਾਮ ਦੀ ਪ੍ਰਾਪਤੀ ਹੋ ਜਾਵੇਗੀ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਜਾਵੇਗੀ। ਗੁਰੂ ਸਾਹਿਬ ਨੇ ਹਰ ਸ਼ਬਦ ਉਚਾਰ ਕੇ ਸਾਨੂੰ ਆਪਣਾ ਵਿਚਾਰ ਦਿੱਤਾ ਹੈ, ਆਪਣਾ ਗਿਆਨ ਦਿੱਤਾ ਹੈ। ਜੋ ਕੋਈ ਇਸ ਗੱਲ ਨੂੰ ਬੁੱਝ ਲਵੇਗਾ ਕਿ ਇਹ ਵਿਚਾਰ ਕਿੱਥੋਂ ਆਉਂਦਾ ਹੈ, ਇਹ ਗਿਆਨ ਕਿੱਥੋਂ ਆਉਂਦਾ ਹੈ, ਉਸਨੂੰ ਪ੍ਰਮਾਤਮਾ ਦੇ ਇਸ ਧਨ ਦੀ ਪ੍ਰਾਪਤੀ ਹੋ ਜਾਵੇਗੀ, ਬ੍ਰਹਮ ਗਿਆਨ ਦੀ ਸੋਝੀ ਪੈ ਜਾਵੇਗੀ, ਪ੍ਰਮਾਤਮਾ ਦੀ ਮਨ ਦੇ ਵਿੱਚੋਂ ਸੋਝੀ

10/986-2

ਪੈ ਜਾਵੇਗੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇਗਾ, ਪ੍ਰਮਾਤਮਾ ਦੇ ਵਿਚਾਰਾਂ ਦੇ ਨਾਲ ਮੇਲ ਹੋ ਜਾਵੇਗਾ, ਨਾਮ ਦੇ ਨਾਲ ਮੇਲ ਹੋ ਜਾਵੇਗਾ। **(ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥ ਨਾਨਕ ਕਰਤੇ ਕਾ ਇਹੁ ਧਨੁ ਮਾਲੁ॥ ਜੇ ਕੋ ਬੂਝੈ ਏਹੁ ਬੀਚਾਰੁ॥੪॥੯॥)** ਮਨ ਦੇ ਵਿਚਾਰਾਂ ਨੂੰ ਬੁੱਝਣਾ ਹੀ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣਾ ਹੈ, ਜਿਸ ਹੁਕਮ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ।

10/987

ਇਹੋ ਜਿਹਾ ਹੁਕਮ ਬੁੱਝਣ ਦੇ ਨਾਲ ਹੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਅਦ ਹੀ ਮਨੁੱਖ ਦਾ ਹਲਤਿ ਪਲਤਿ ਸਵਾਰਦਾ ਹੈ ਭਾਵ ਇਹ ਮਨੁੱਖਾ ਜੀਵਨ ਸਿਰੇ ਚੜ੍ਹਦਾ ਹੈ, ਇਸ ਜੀਵਨ ਦੇ ਅਸਲ ਮਨੋਰਥ ਦੀ ਪੂਰਤੀ ਹੁੰਦੀ ਹੈ ਜੋ ਕਿ ਮਨੁੱਖ ਦੇ ਆਪਣੇ ਵੱਸ ਵਿੱਚ ਨਹੀਂ ਹੈ। ਉਹ ਆਪਣਾ ਨਾਮ ਆਪ ਹੀ ਦੇ ਸਕਦਾ ਹੈ ਭਾਵ ਆਪਣੇ ਨਾਲ ਉਹ ਆਪ ਹੀ ਮਿਲਾ ਸਕਦਾ ਹੈ ਭਾਵ ਕੋਈ ਮਨੁੱਖੀ ਟੇਕ ਰੱਖਣੀ ਕਿ ਉਹ ਸਾਨੂੰ ਪ੍ਰਮਾਤਮਾ ਨਾਲ ਮਿਲਾ ਸਕਦਾ ਹੈ, ਸਾਨੂੰ ਨਾਮ ਨਾਲ ਜੋੜ ਸਕਦਾ ਹੈ, ਸਾਡੀ ਰੱਖਿਆ ਦਾ ਸਾਧਨ ਬਣ ਸਕਦਾ ਹੈ, ਸਾਡਾ ਹਲਤਿ ਪਲਤਿ ਸਵਾਰਨ ਵਿੱਚ ਸਹਾਈ ਹੋ ਸਕਦਾ ਹੈ, ਇਹ ਸਾਡਾ ਬਹੁਤ ਹੀ ਵੱਡਾ ਭੁਲੇਖਾ ਹੈ ਜਿਵੇ ਕਿ ਇਸ ਤੋਂ ਪਿਛਲੇ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥੧੫॥)**

ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਸਮਝੀਏ ਕਿ ‘‘ਥਿਰ’’ ਉਹੀ ਹੋ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਕਰਦਾ ਹੈ। ਥਿਰ ਅਸੀਂ ਗੁਰੂ ਦੇ ਗਿਆਨ ਦੇ ਨਾਲ ਹੀ ਹੋਣਾ ਹੈ, ਮਨ ਦੇ ਸੱਚੇ ਤੇ ਪੱਕੇ ਵਿਸ਼ਵਾਸ ਦੇ ਨਾਲ ਹੀ ਹੋਣਾ ਹੈ, ਗੁਰੂ ਦੇ ਪੰਚ ਬਣ ਕੇ ਹੀ ਹੋਣਾ ਹੈ, ਸਾਡੇ ਅੰਦਰ ਗੁਰੂ ਦਾ ਨਾਮ ਦ੍ਰਿੜ ਹੋਣ ਦੇ ਨਾਲ ਹੀ ਹੋਣਾ ਹੈ, ਦੁਬਿਧਾ ਦੂਰ ਹੋਣ ਦੇ ਨਾਲ ਹੀ ਹੋਣਾ ਹੈ ਭਾਵ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਵੱਸਣ ਦੇ ਨਾਲ ਹੀ ਹੋਣਾ ਹੈ।

“ਚੁਕਾ ਨਿਹੋਰਾ ਸਖੀ ਸਹੇਰੀ॥ ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ॥੧॥ਰਹਾਉ॥”

ਬੜੇ ਹੀ ਧਿਆਨ ਨਾਲ ਸਮਝੋ ਉੱਪਰ ‘‘ਰਹਾਉ’’ ਵਾਲੀ ਪੰਗਤੀ ਨੂੰ ਕਿ ਮਨੁੱਖ ਤੇ ਪ੍ਰਮਾਤਮਾ ਵਿੱਚ ਪੜਦਾ ਕਿਸ ਗੱਲ ਦਾ ਹੈ। ਪੜਦਾ ਭਰਮ ਦਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਨ ਦੇ ਵਿੱਚੋਂ ਇਸ ਭਰਮ ਦਾ ਨਿਕਲਣਾ

ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਹੈ ਭਾਵ ਸਾਡੇ ਅੰਦਰ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਸਾਨੂੰ ਉਸ ਨੇ ਭਰਮ ਦੇ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਸਾਡੀ ਹਉਮੈ ਹੈ, ਸਾਡੀ "ਮੈਂ" ਬਣੀ ਹੋਈ ਹੈ, ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਬਣੀ ਹੋਈ ਹੈ ਜਿਸ ਮਨ ਦੀ ਨਾਸਮਝੀ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ, ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦੇ ਹਾਂ।

10/988

ਇਹ ਸਾਡੇ ਅੰਦਰ ਸ਼ਿਵ ਸ਼ਕਤੀ ਦੀ ਜੁਗਤਿ ਵਰਤ ਰਹੀ ਹੈ। ਇਹ ਭਰਮ ਦਾ ਪੜਦਾ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨ ਦੀ ਅਗਿਆਨਤਾ ਦਾ ਪੜਦਾ ਉਹ ਆਪ ਹੀ ਖੋਲ ਸਕਦਾ ਹੈ, ਆਪਣੇ ਬ੍ਰਹਮ ਗਿਆਨ ਦੁਆਰਾ ਖੋਲ ਸਕਦਾ ਹੈ ਜਿਸ ਨਾਲ ਮਨ ਦੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ ਤੇ ਆਪਣੇ ਆਪ ਦੀ ਪਹਿਚਾਣ ਹੁੰਦੀ ਹੈ। ਆਪਣੀ ਪਹਿਚਾਣ ਹੋਣ ਦੇ ਨਾਲ ਹੀ ਸਾਡੀ "ਮੈਂ" ਖ਼ਤਮ ਹੁੰਦੀ ਹੈ, ਸਾਡੀ ਹਉਮੈ ਖ਼ਤਮ ਹੁੰਦੀ ਹੈ। **(ਚੁਕਾ ਨਿਹੋਰਾ ਸਖੀ ਸਹੇਰੀ॥)** ਇਹ ਹਉਮੈ ਦਾ ਖ਼ਤਮ ਹੋਣਾ ਹੀ, ਇਹ ਭਰਮ ਦਾ ਪੜਦਾ ਦੂਰ ਹੋਣਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੈ। ਉਹ ਜਿਸਨੂੰ ਆਪਣੇ ਨਾਲ ਮਿਲਾਉਂਦਾ ਹੈ ਉਸਦਾ ਉਹ ਮਨ ਦੇ ਵਿੱਚੋਂ ਭਰਮ ਹੀ ਕੱਢਦਾ ਹੈ। **(ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ॥੧॥ ਰਹਾਉ॥)** ਇਹ ਭਰਮ ਸਾਡਾ ਤਾਂ ਹੀ ਨਿਕਲਦਾ ਹੈ ਜਦੋਂ ਸਾਨੂੰ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਕੋਲੋਂ ਸਿੱਧਾ ਗਿਆਨ ਮਿਲਦਾ ਹੈ, ਉਸਦੇ ਨਾਲ ਸਿੱਧੀਆਂ ਗੱਲਾਂ ਹੁੰਦੀਆਂ ਹਨ, ਉਸਦੇ ਨਾਲ ਮਨ ਦੇ ਵਿੱਚ ਮਸ਼ਵਰਾ ਹੁੰਦਾ ਹੈ। ਪ੍ਰਮਾਤਮਾ ਇਸੇ ਤਰ੍ਹਾਂ ਹੀ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਤੇ ਆਪਣੇ ਸੱਚੇ ਗਿਆਨ ਨਾਲ ਭਾਵ ਚੌਥੇ ਪਦ ਦੇ ਗਿਆਨ ਨਾਲ ਜੋੜਦਾ ਹੈ, ਸਹਜ ਗਿਆਨ ਨਾਲ ਜੋੜਦਾ ਹੈ। ਸਾਡੀ ਦੁਚਿੱਤੀ, ਸਾਡੀ ਦੁਬਿਧਾ ਇਸ ਸਹਜ ਗਿਆਨ ਦੁਆਰਾ ਹੀ ਦੂਰ ਹੁੰਦੀ ਹੈ ਤੇ ਇਹ ਸਹਜ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਪ੍ਰਗਟ ਹੁੰਦਾ ਹੈ। ਸਾਨੂੰ ਦੁਬਿਧਾ ਵਿੱਚੋਂ ਉਹ ਆਪ ਹੀ ਕੱਢ ਸਕਦਾ ਹੈ।

{ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥}

(ਅੰਗ - ੯੧੯)

ਮਨ ਦੇ ਵਿੱਚ ਪ੍ਰਮਾਤਮਾ ਦੇ ਪਰਗਟ ਹੋਣ ਨਾਲ ਸਾਡੀ ਤ੍ਰੈਗੁਣਾਂ ਵਾਲੀ ਮਤਿ, ਚੌਥੇ ਪਦ ਵਾਲੀ ਮਤਿ ਦੇ ਵਿੱਚ, **"ਪਰਗਟੁ"** ਵਾਲੀ ਮਤਿ ਦੇ ਵਿੱਚ ਭਾਵ ਪ੍ਰਮਾਤਮਾ ਦੀ ਚੌਥੇ ਪਦ ਦੇ ਗਿਆਨ ਵਾਲੀ ਮਤਿ ਵਿੱਚ ਬਦਲ ਜਾਂਦੀ ਹੈ ਤੇ ਸਾਡੇ ਅੰਦਰੋਂ ਸ਼ਿਵ ਸ਼ਕਤੀ ਵਾਲੀ ਜੁਗਤਿ ਜਿਸ ਦੁਆਰਾ ਪ੍ਰਮਾਤਮਾ ਨੇ ਮਨੁੱਖ ਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਉਹ ਅਗਿਆਨਤਾ ਰੂਪ ਪੜਦਾ, ਭਰਮ ਰੂਪ ਪੜਦਾ ਖ਼ਤਮ ਹੋ ਕੇ ਮਨ ਦੇ ਵਿੱਚ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ ਜੋ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ॥}

(ਅੰਗ ੧੬੩)

ਪ੍ਰਮਾਤਮਾ ਦਾ ਨਾਮ ਜਪਣ ਦਾ ਮਕਸਦ ਮਨ ਦੀ ਨਾਸਸਝ ਮਤਿ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੀ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

10/989

ਗੁਰੂ ਦੇ ਨਾਮ ਦੁਆਰਾ ਮਨ ਦੇ ਵਿੱਚੋਂ ਇਹ ਭਰਮ ਦਾ ਪੜਦਾ ਦੂਰ ਹੋਣ ਨਾਲ ਹੀ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਆਪ ਹੀ ਅਸਲ ਵਿੱਚ ਗੁਰੂ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੀ ਗੁਰੂ ਦੇ ਨਾਲ ਮੇਲ ਹੈ। ਬ੍ਰਹਮ ਗਿਆਨ ਹੀ ਗੁਰੂ ਹੈ ਤੇ ਬ੍ਰਹਮ ਗਿਆਨ ਹੀ ਆਪ ਪ੍ਰਮਾਤਮਾ ਹੈ ਭਾਵ ਉਹ ਆਪ ਹੀ ਗੁਰੂ ਦਾ ਰੂਪ ਧਾਰਨ ਕਰਕੇ, ਮਨੁੱਖੀ ਸਮਝ ਦੇ ਵਿੱਚ ਪਰਗਟ ਹੋ ਕੇ ਆਪ ਹੀ ਆਪਣੀ ਬਾਣੀ ਉਚਾਰਦਾ ਹੈ ਜਿਵੇਂ ਕਿ ਉਸਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਪਰਗਟ ਹੋ ਕੇ ਗੁਰਬਾਣੀ ਉਚਾਰੀ ਹੈ। ਇਸੇ ਲਈ ਪ੍ਰਮਾਤਮਾ ਨੂੰ ਮਿਲਣ ਦਾ ਸਾਧਨ ਉਸ ਦੀ ਸੱਚੀ ਬਾਣੀ ਹੈ, ਉਸਦਾ ਸੱਚਾ ਗਿਆਨ ਹੈ, ਉਸਦੀ ਗੁਰਬਾਣੀ ਹੈ, ਉਸਦਾ ਆਪਣਾ ਰਚਿਆ ਹੋਇਆ ਬ੍ਰਹਮ ਗਿਆਨ ਹੈ। ਗੁਰਬਾਣੀ ਤੇ ਜੇਕਰ ਅਸੀਂ ਆਪਣਾ ਪੂਰਨ ਵਿਸ਼ਵਾਸ ਲੈ ਕੇ ਚੱਲਾਂਗੇ ਤੇ ਤਾਂ ਹੀ ਉਸ ਨੂੰ ਪਾ ਸਕਾਂਗੇ ਕਿਉਂਕਿ ਗੁਰਬਾਣੀ ਪ੍ਰਤੱਖ ਪ੍ਰਮਾਤਮਾ ਦਾ ਹੀ ਰੂਪ ਹੈ।

ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ ਪ੍ਰਮਾਤਮਾ ਦੇ ਨਾਲ ਮਿਲਣ ਦੀ ਸੇਜ ਸਾਡਾ ਮਨ ਹੈ। ਉਸਦੀ ਸੇਜ ਸ਼ਬਦ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ। ਸਾਡੀ ਪ੍ਰਮਾਤਮਾ ਦੇ ਨਾਲੋਂ ਦੂਰੀ ਅਗਿਆਨਤਾ ਕਰਕੇ ਹੈ ਜੋ ਅਗਿਆਨਤਾ ਮਨ ਦੇ ਵਿੱਚੋਂ

ਹੀ ਉਪਜਦੀ ਹੈ। ਪ੍ਰਮਾਤਮਾ ਦੀ ਸੇਜ ਸੱਚਾ ਗਿਆਨ ਹੈ ਜੋ ਕਿ ਮਨ ਦੇ ਵਿੱਚੋਂ ਹੀ ਉਪਜਦਾ ਹੈ। ਪ੍ਰਮਾਤਮਾ ਦੇ ਨਾਲ ਨਿਕਟਤਾ ਸਾਡੀ ਅਗਿਆਨਤਾ ਦੂਰ ਹੋਣ ਨਾਲ ਹੀ ਹੁੰਦੀ ਹੈ ਤੇ ਸਾਨੂੰ ਇਸ ਅਗਿਆਨਤਾ ਵਿੱਚੋਂ, ਭਰਮ ਵਿੱਚੋਂ ਉਹ ਆਪ ਹੀ ਕੱਢਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਪ੍ਰਗਟ ਹੋ ਕੇ ਕੱਢਦਾ ਹੈ।

(ਨਿਕਟਿ ਆਨਿ ਪ੍ਰਿਅ ਸੇਜ ਧਰੀ॥) ਭਾਵ ਪ੍ਰਮਾਤਮਾ ਨਾਲੋਂ ਦੂਰੀ ਮਿਟ ਜਾਂਦੀ ਹੈ। ਜਦ ਤੱਕ ਮਨ ਦੇ ਵਿੱਚੋਂ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਅਸੀਂ ਪੂਰਨ ਵਿਸ਼ਵਾਸ ਦੇ ਨਾਲ ਉਸ ਨਾਲ ਨਹੀਂ ਜੁੜ ਸਕਦੇ ਤੇ ਅਸੀਂ ਪ੍ਰਮਾਤਮਾ ਨੂੰ ਜਾਣਨ ਲਈ ਇੱਧਰ ਉੱਧਰ ਭਟਕਦੇ ਹਾਂ, ਕਿਸੇ ਹੋਰ ਉੱਪਰ ਆਸ ਰੱਖਦੇ ਹਾਂ ਕਿ ਸ਼ਾਇਦ ਸਾਨੂੰ ਕੋਈ ਪ੍ਰਮਾਤਮਾ ਨਾਲ ਮਿਲਾ ਸਕਦਾ ਹੈ। ਉਸਨੂੰ ਮਿਲਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਗੁਰੂ ਤੋਂ ਇਲਾਵਾ ਭਾਵ ਉਸ ਦੇ ਆਪਣੇ ਦਿੱਤੇ ਹੋਏ ਸੱਚੇ ਗਿਆਨ ਤੋਂ ਇਲਾਵਾ ਪ੍ਰਮਾਤਮਾ ਨਾਲ ਕੋਈ ਨਹੀਂ ਮਿਲਾ ਸਕਦਾ ਤੇ ਕਿਸੇ

10/990

ਹੋਰ ਦਾ ਆਸਰਾ ਲੈਣਾ ਬਿਲਕੁਲ ਵਿਅਰਥ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

(ਕਾਣਿ ਕਢਨ ਤੇ ਛੂਟਿ ਪਰੀ॥੨॥)

ਮਨ ਦੇ ਵਿੱਚ ਇਹ ਸੇਜ ਕਿਸ ਰੂਪ ਵਿੱਚ ਬਣਦੀ ਹੈ ਤੇ ਕਿਵੇਂ ਬਣਦੀ ਹੈ ਇਸ ਦੀ ਸੋਝੀ ਨਾਲ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਪਾਈ ਹੋਈ ਹੈ।

“ਮੰਦਰਿ ਮੇਰੈ ਸਬਦਿ ਉਜਾਰਾ॥ਅਨਦ ਬਿਨੋਦੀ ਖਸਮੁ ਹਮਾਰਾ॥੩॥”

ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ ਸਾਡਾ ਘਰ, ਮੰਦਰ ਸਾਡਾ ਮਨ ਹੈ। ਇਸੇ ਮਨ ਰੂਪ ਘਰ ਵਿੱਚ ਅਸੀਂ ਰਹਿੰਦੇ ਹਾਂ ਤੇ ਇਸੇ ਮਨ ਵਿੱਚ ਰੱਬ ਰਹਿੰਦਾ ਹੈ। ਉਸਦਾ ਮਨ ਮੰਦਰ ਰੂਪ ਹੈ ਜੋ ਕਿ ਮਨ ਦਾ ਸਹਜ ਗਿਆਨ ਰੂਪ ਹੈ ਭਾਵ ਚੌਥੇ ਪਦ ਦੇ ਗਿਆਨ ਵਾਲਾ ਰੂਪ ਹੈ ਤੇ ਪੂਰੀ ਗੁਰਬਾਣੀ ਵੀ ਪ੍ਰਮਾਤਮਾ ਦਾ ਆਪਣਾ ਘਰ ਹੈ ਜਿਸ ਵਿੱਚ ਉਹ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਪਰ ਸਾਡੀ ਉਸ ਤੱਕ ਪਹੁੰਚ ਨਹੀਂ ਹੋ ਸਕਦੀ ਕਿਉਂਕਿ ਸਾਨੂੰ ਉਸਨੇ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ, ਸ਼ਬਦ ਨੂੰ ਬੁੱਝਣ ਤੋਂ ਦੂਰ ਰੱਖਿਆ ਹੋਇਆ ਹੈ, ਆਪਣੇ ਆਪ ਨੂੰ ਬੁੱਝਣ ਤੋਂ ਦੂਰ ਰੱਖਿਆ ਹੋਇਆ ਹੈ। ਸਾਡੇ ਅੰਦਰ ਪ੍ਰਮਾਤਮਾ ਸ਼ਬਦ ਰੂਪ ਵਿੱਚ ਵਰਤਦਾ ਹੈ, ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਹੀ ਵਰਤਦਾ ਹੈ ਤੇ ਜਦ ਤੱਕ ਸਾਡੇ ਮਨ ਦੇ ਅੰਦਰ ਉਸ ਦੇ ਸ਼ਬਦ ਦਾ ਉਜਾਰਾ ਨਹੀਂ ਹੁੰਦਾ, ਬ੍ਰਹਮ ਗਿਆਨ ਦਾ ਉਜਾਰਾ ਨਹੀਂ ਹੁੰਦਾ, ਚਾਨਣ ਨਹੀਂ ਹੁੰਦਾ, ਉਸਨੂੰ ਬੁੱਝਿਆ ਨਹੀਂ ਜਾ ਸਕਦਾ। ਮਨ ਦੀ ਸਮਝ ਦੇ ਵਿੱਚ ਆਪਣਾ ਚਾਨਣ ਉਹ ਆਪ ਹੀ ਕਰਦਾ ਹੈ, ਸੱਚੇ ਗਿਆਨ ਦਾ ਚਾਨਣ ਕਰਦਾ ਹੈ ਤੇ ਮਨ ਵਿੱਚ ਉਸ ਦੇ ਇਸ ਗਿਆਨ ਰੂਪੀ ਚਾਨਣ ਦੁਆਰਾ ਹੀ ਉਸ ਦੇ ਦਰਸ਼ਨ ਹੁੰਦੇ ਹਨ, ਉਸ ਦੀ ਸੇਜ ਦੀ ਸੋਝੀ ਪੈਂਦੀ ਹੈ ਜਿਸ ਆਪਣੀ ਸੇਜ ਦੁਆਰਾ ਉਹ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਆਪਣੀ ਮਸਲਤਿ ਦੁਆਰਾ ਚੌਥੇ ਪਦ ਦੇ ਗਿਆਨ ਵਿੱਚ ਬਦਲ ਦਿੰਦਾ ਹੈ। ਸਾਡੇ ਅੰਦਰ ਪ੍ਰਮਾਤਮਾ ਦੀ ਸੇਜ ਸਾਡਾ ਮਨ ਹੀ ਹੈ ਤੇ ਉਸਦੇ ਨਾਲ ਸੇਜ ਦਾ ਇੱਕ ਹੋਣਾ ਉਸਦੇ ਸੱਚੇ ਗਿਆਨ ਦੇ ਨਾਲ ਸਾਡੀ ਸਮਝ ਦਾ ਇੱਕ ਹੋਣਾ ਹੈ ਤੇ ਇਹੀ ਸਾਡੀ ਸਮਝ ਦੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੀ ਸੇਜ ਦੇ ਉਹ ਆਪ ਹੀ ਨਿਕਟ ਲਿਆਉਂਦਾ ਹੈ ਭਾਵ ਸਾਡੇ ਮਨ ਦੇ ਵਿੱਚ ਪਈ ਹੋਈ ਦੂਰੀ ਉਹ ਆਪ ਹੀ ਦੂਰ ਕਰਦਾ ਹੈ ਭਾਵ ਮਨ ਦਾ ਪੜਦਾ, ਮਨ ਦੀ ਅਗਿਆਨਤਾ ਆਪ ਹੀ ਦੂਰ ਕਰਦਾ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਉਹ ਆਪ ਹੀ ਦੂਰ ਕਰਦਾ ਹੈ। ਇਹੀ ਪ੍ਰਮਾਤਮਾ ਦਾ ਮਨ ਦੇ ਵਿੱਚ ਮੇਲ ਦੁਆਰਾ ਸਾਡੇ ਨਾਲ ਭੋਗ ਕਰਨਾ ਹੈ ਜੋ ਭੋਗ ਉਹ ਸਾਡੀ ਸਮਝ ਦੇ ਨਾਲ ਕਰਦਾ ਹੈ ਭਾਵ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਆਪਣੇ ਬ੍ਰਹਮ ਗਿਆਨ ਦੇ ਨਾਲ ਭੋਗਦਾ ਹੈ, ਸਾਡੀ ਹਉਮੈ ਵਾਲੀ ਸਮਝ ਨੂੰ ਆਪਣੇ ਨਾਮ ਵਾਲੀ ਸਮਝ ਦੇ ਨਾਲ ਭੋਗਦਾ ਹੈ ਤੇ ਤਾਂ ਹੀ ਸਾਡੇ ਅੰਦਰ ਦੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣਦੀ ਹੈ, ਸਹਜ ਗਿਆਨ ਵਾਲੀ ਸਮਝ ਬਣਦੀ ਹੈ, ਬਿਬੇਕ ਬੁਧਿ ਵਾਲੀ ਸਮਝ ਬਣਦੀ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਵਾਲੀ ਸਮਝ ਵਿੱਚ ਬਦਲਦੀ ਹੈ। ਮਨੁੱਖ ਦੀ ਇਹ ਅਵੱਸਥਾ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ ਹਕੀਕਤ ਵਿੱਚ ਬੜੀ ਅਨੰਦ ਵਾਲੀ ਹੈ। ਪ੍ਰਮਾਤਮਾ ਮਨ ਦੇ ਵਿੱਚ ਮਨੁੱਖ ਨੂੰ ਹਸਾਉਣ ਲਈ ਮਜ਼ਾਕ ਵਾਲੀਆਂ ਗੱਲਾਂ ਵੀ ਕਰਕੇ ਸੁਣਾਉਂਦਾ ਹੈ ਤੇ ਜੇਕਰ ਹਸਾਉਣ ਤੇ ਆ ਜਾਵੇ ਤਾਂ ਹਸਾਈ ਹੀ ਜਾਂਦਾ ਹੈ ਤੇ ਹੋਰ ਕੋਈ ਵੀ ਦੂਸਰਾ ਇਸ ਹਾਸੇ ਦੀ ਵਜ੍ਹਾ ਨੂੰ ਨਹੀਂ ਸਮਝ ਸਕਦਾ ਤੇ ਨਾ ਹੀ ਇਹ ਗੱਲ ਕਿਸੇ ਨੂੰ ਸਮਝਾਈ ਜਾ ਸਕਦੀ ਹੈ। ਇਹ ਇੱਕ ਬਹੁਤ ਵੱਡੀ ਅਸਚਰਜਤਾ ਹੈ ਜਿਸ ਦਾ ਬਿਆਨ ਨਹੀਂ

ਕੀਤਾ ਜਾ ਸਕਦਾ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਅਨਦ ਬਿਨੋਦੀ ਖਸਮੁ ਹਮਾਰਾ॥੩॥)**

ਸਾਡੇ ਭਾਗ ਬਣਾਉਣ ਵਾਲਾ ਉਹ ਆਪ ਹੀ ਹੈ ਕਿਉਂਕਿ ਸਭ

10/991

ਕੁੱਝ ਉਸਦੇ ਆਪਣੇ ਹੀ ਵੱਸ ਹੈ। ਜਿਸ ਮਨ ਰੂਪ ਘਰ ਵਿੱਚ ਉਹ ਆ ਕੇ ਆਪਣੇ ਦਰਸ਼ਨ ਦਿੰਦਾ ਹੈ ਭਾਵ ਜਿਸ ਮਨ ਵਿੱਚ ਉਹ ਪ੍ਰਗਟ ਹੁੰਦਾ ਹੈ ਉਹ ਵਡਭਾਗੀ ਹੁੰਦਾ ਹੈ ਤੇ ਉਸ ਨੂੰ ਵਡਭਾਗੀ ਉਹ ਆਪ ਹੀ ਬਣਾਉਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਮਸਤਕਿ ਭਾਗੁ ਮੈ ਪਿਰੁ ਘਰਿ ਆਇਆ॥)** ਹੁਣ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ "**ਥਿਰ**" ਹੋਣਾ ਕੀ ਹੈ ਤੇ ਥਿਰ ਬਣਾਉਣ ਵਾਲਾ ਕੌਣ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਤੇ ਆਖਰੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥੨॥੫੩॥"

ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ। **"ਥਿਰ"** ਮਨੁੱਖ ਹੈ ਜਾਂ ਉਸ ਦਾ "**ਸੁਹਾਗ**" ਹੈ। ਸੁਹਾਗਣ ਹੋਏ ਬਿਨ੍ਹਾਂ ਕੋਈ ਥਿਰ ਨਹੀਂ ਹੋ ਸਕਦਾ। "**ਥਿਰ**" ਸੁਹਾਗਣ ਦਾ ਸੁਹਾਗ ਹੈ। "ਸੋਹਾਗੁ" ਬ੍ਰਹਮ ਗਿਆਨ ਹੈ, ਬ੍ਰਹਮ ਗਿਆਨੀ ਹੈ ਜੋ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦੀ ਸੁਹਾਗਣ ਸਾਡੀ ਗੁਰਮਤਿ ਦੇ ਸੱਚੇ ਗਿਆਨ ਵਾਲੀ ਸਮਝ ਹੈ ਜਿਸਨੂੰ ਭਗਤੀ ਦੇ ਸੱਚੇ ਮਾਰਗ ਦੀ ਪੂਰੀ ਸਮਝ ਹੁੰਦੀ ਹੈ, ਸੱਚ ਦੀ ਸਮਝ ਹੁੰਦੀ ਹੈ ਤੇ ਗੁਰੂ ਦੇ ਸਮਝਾਏ ਹੋਏ ਸੱਚ ਤੇ ਥਿਰ ਹੋ ਕੇ ਚੱਲਦੀ ਹੈ, ਪੱਕੀ ਹੋ ਕੇ ਚੱਲਦੀ ਹੈ। ਮਨੁੱਖੀ ਦੇਹ ਜੋ ਕਿ ਸਰਗੁਣ ਸਰੂਪ ਹੈ ਉਹ ਉਸ ਨਿਰਗੁਣ ਸਰੂਪ ਸੁਹਾਗ ਨੂੰ, ਨਿਰੰਕਾਰ ਰੂਪ ਸੁਹਾਗ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ। **(ਨਿਰਗੁਨ ਹਰੀਆ ਸਰਗੁਨ ਧਰੀਆ॥)**

ਬ੍ਰਹਮ ਗਿਆਨੀ ਬ੍ਰਹਮ ਗਿਆਨ ਦੇਣ ਵਾਲਾ ਹੈ, ਬ੍ਰਹਮ ਗਿਆਨ ਦਾ ਮਾਲਕ ਹੈ, ਬ੍ਰਹਮ ਗਿਆਨ ਸਦਾ ਥਿਰ ਰਹਿਣ ਵਾਲਾ ਹੈ ਜੋ ਕਦੇ ਡੋਲ ਨਹੀਂ ਸਕਦਾ। ਬ੍ਰਹਮ ਗਿਆਨ ਦੁਆਰਾ ਉਪਜੇ ਹੋਏ ਵਿਚਾਰ ਸੱਚੇ ਹੁੰਦੇ ਹਨ ਜੋ ਕਦੇ ਬਦਲ ਨਹੀਂ ਸਕਦੇ। ਗੁਰਬਾਣੀ ਇਸੇ ਲਈ ਅਡੋਲ ਹੈ, ਕਿਉਂਕਿ ਉਹ ਬ੍ਰਹਮ ਗਿਆਨ ਤੋਂ ਉਪਜੀ ਹੈ।

{ਬ੍ਰਹਮ ਗਿਆਨੀ ਆਪਿ ਨਿਰੰਕਾਰੁ॥}

ਇਸ ਗੱਲ ਨੂੰ ਤਾਂ ਹੀ ਸਮਝਿਆ ਜਾ ਸਕਦਾ ਹੈ ਜਦੋਂ ਉਸ ਬ੍ਰਹਮ ਗਿਆਨੀ ਦੇ ਮਨ ਦੇ ਵਿੱਚੋਂ ਦਰਸ਼ਨ ਹੋ ਜਾਣਗੇ ਤੇ ਮਨੁੱਖ ਦੀ ਮੈਂ ਖ਼ਤਮ ਹੋ ਜਾਵੇਗੀ, ਹਉਮੈ ਖ਼ਤਮ ਹੋ ਜਾਵੇਗੀ। ਜਦੋਂ ਤੱਕ "ਮੈਂ" ਬਣੀ ਹੋਈ ਹੈ ਤਦ ਤੱਕ ਇਹ ਦੇਹ ਹੀ ਗਿਆਨੀ ਹੈ ਤੇ ਇਹ ਦੇਹ ਹੀ ਬ੍ਰਹਮ ਗਿਆਨੀ ਹੈ। ਨਿਰਗੁਣ ਰੂਪ ਦੇ ਦਰਸ਼ਨ ਹੋਏ ਬਿਨ੍ਹਾਂ ਇਸ ਸਰਗੁਣ ਸਰੂਪ ਦੀ ਸਮਝ ਨਹੀਂ ਪੈ ਸਕਦੀ। ਮਨੁੱਖ ਨੂੰ ਆਪਣੀ ਮਤਿ ਤੇ ਥਿਰ ਉਹ ਆਪ ਹੀ ਕਰਦਾ ਹੈ, ਅਡੋਲ ਉਹ ਆਪ ਹੀ ਬਣਾਉਂਦਾ ਹੈ। ਅਡੋਲ ਸਾਨੂੰ ਗਿਆਨ ਨੇ ਬਣਾਉਣਾ ਹੈ, ਗੁਰੂ ਦੇ ਸੱਚੇ ਗਿਆਨ ਨੇ ਬਣਾਉਣਾ ਹੈ, ਗੁਰਬਾਣੀ ਦੀ ਮਤਿ ਨੇ ਬਣਾਉਣਾ ਹੈ ਜੋ ਆਪ ਅਡੋਲ ਹੈ। ਅਡੋਲ ਸਾਨੂੰ ਕਿਸੇ ਸਮੇਂ ਨੇ ਨਹੀਂ ਬਣਾਉਣਾ, ਕਿਸੇ ਖਾਸ ਵੇਲੇ ਨੇ ਨਹੀਂ ਬਣਾਉਣਾ, ਤਨ ਦੇ ਕਿਸੇ ਖਾਸ ਵੇਲੇ ਦੇ ਜਾਗਣੇ ਨੇ ਨਹੀਂ ਬਣਾਉਣਾ। ਕਿਸੇ ਖਾਸ ਵੇਲੇ ਦੀ ਸੰਭਾਲ

10/992

ਕਰਨ ਨਾਲ ਅਸੀਂ ਅਡੋਲ ਨਹੀਂ ਹੋਣਾ ਭਾਵ ਅਸੀਂ ਉਸ ਚੀਜ਼ ਨਾਲ ਜੁੜੀਏ ਜੋ ਸਦਾ ਥਿਰ ਰਹਿਣ ਵਾਲੀ ਹੈ। ਸਦਾ ਥਿਰ ਰਹਿਣ ਵਾਲੀ ਗੁਰੂ ਦੀ ਮਤਿ ਹੈ, ਬ੍ਰਹਮ ਗਿਆਨ ਹੈ। ਜੋ ਆਪ ਅਡੋਲ ਨਹੀਂ ਹੈ ਉਹ ਕਿਸੇ ਨੂੰ ਕਿਵੇਂ ਅਡੋਲ ਬਣਾ ਸਕਦਾ ਹੈ। ਸੰਭਾਲ ਗੁਰੂ ਦੀ ਮਤਿ ਦੀ ਕਰਨੀ ਹੈ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ। ਅਡੋਲਤਾ ਸਾਡੇ ਅੰਦਰ ਗੁਰੂ ਦੀ ਮਤਿ ਨੇ ਲਿਆਉਣੀ ਹੈ, ਗੁਰੂ ਦੇ ਗਿਆਨ ਨੇ ਲਿਆਉਣੀ ਹੈ ਤੇ ਆਓ ਇਸੇ ਲਈ ਗੁਰੂ ਦੀ ਮਤਿ ਦੀ ਸੰਭਾਲ ਕਰੀਏ, ਨਾਮ ਤੇ ਪੱਕੇ ਹੋਈਏ, ਗੁਰਬਾਣੀ ਤੇ ਭਰੋਸਾ ਕਰੀਏ ਤੇ ਹੋਰ ਦੂਜੇ ਤੀਜੇ ਭਰੋਸੇ ਸਾਨੂੰ ਪਾਰ ਨਹੀਂ ਲਗਾ ਸਕਦੇ। ਭਰੋਸਾ ਉਸ ਤੇ ਕਰੀਏ ਜੋ ਆਪ ਅਡੋਲ ਹੈ, ਆਪ ਥਿਰ ਹੈ। **(ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥੨॥੫੩॥)**

ਜਦ ਤੱਕ ਸਾਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਜਦ ਤੱਕ ਪ੍ਰਮਾਤਮਾ ਬਾਰੇ ਸਾਡੀ ਦੁਚਿੱਤੀ ਦੂਰ ਨਹੀਂ ਹੁੰਦੀ ਤਦ ਤੱਕ ਅਸੀਂ ਮਨ ਦੀ ਅਡੋਲਤਾ ਵਿੱਚ ਨਹੀਂ ਆ ਸਕਦੇ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਜੁੜ ਕੇ ਹੀ ਸਾਡੇ ਅੰਦਰ ਗੁਰਮਤਿ ਵੱਸਦੀ ਹੈ, ਉਸਦਾ ਸੱਚਾ ਨਾਮ ਵੱਸਦਾ ਹੈ ਤੇ ਫਿਰ ਸਾਡਾ ਮਨ ਨਾਮ ਨਾਲ ਹੀ ਜੁੜਿਆ ਰਹਿੰਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਨਾਲ ਹੀ ਜੁੜਿਆ ਰਹਿੰਦਾ ਹੈ ਤੇ ਹੋਰ ਕਿਸੇ ਦੀ ਮਤਿ ਨਾਲ ਨਹੀਂ ਜੁੜਦਾ। ਇਹ ਨਾਮ ਦੇ ਨਾਲ ਜੁੜਨਾ ਕੀ ਹੈ, ਨਾਮ ਦੇ ਨਾਲ ਮਨ ਲਗਾਉਣਾ ਕੀ ਹੈ, ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ।

“ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥੧॥
ਬਾਹਰਿ ਸੂਤੁ ਸਗਲ ਸਿਉ ਮਉਲਾ ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥੧॥ ਰਹਾਉ॥
ਮੁਖ ਕੀ ਬਾਤ ਸਗਲ ਸਿਉ ਕਰਤਾ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥੨॥
ਦੀਸਿ ਆਵਤ ਹੈ ਬਹੁਤੁ ਭੀਹਾਲਾ॥ ਸਗਲ ਚਰਨ ਕੀ ਇਹੁ ਮਨੁ ਰਾਲਾ॥੩॥
ਨਾਨਕ ਜਨਿ ਗੁਰੁ ਪੂਰਾ ਪਾਇਆ॥ ਅੰਤਰਿ ਬਾਹਰਿ ਏਕੁ ਦਿਖਾਇਆ॥੪॥੩॥੫੪॥”

(ਅੰਗ ੩੮੪)

ਬੜੇ ਹੀ ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰਨਾ ਕਿ ਨਾਮ ਦੇ ਨਾਲ ਜੁੜਨਾ, ਨਾਮ ਦੇ ਨਾਲ ਮਨ ਲੱਗਣਾ ਕੋਈ ਸਾਡੀ ਸਰੀਰਕ ਕਿਰਿਆ ਹੈ ਜਾਂ ਸਾਡੀ ਵਿਚਰਨ ਹੈ, ਸਮਾਜ ਦੇ ਵਿੱਚ ਵਿਚਰਨ ਦਾ ਤਰੀਕਾ ਹੈ। **“ਠਾਠਾ ਬਾਗਾ”** ਤੋਂ ਭਾਵ ਹੈ ਸਾਡੀ ਲੋਕਾਂ ਦੇ ਨਾਲ ਵਿਚਰਨ ਕਿਹੋ ਜਿਹੀ ਬਣਦੀ ਹੈ। ਇਹ ਵਿਚਰਨ ਦੁਨਿਆਵੀ ਰਿਸ਼ਤਿਆਂ ਨਾਲ ਸੰਬੰਧਿਤ ਹੈ ਕਿ ਨਾਮ ਨਾਲ ਮਨ ਲੱਗਣ ਤੋਂ ਬਾਅਦ ਸਾਨੂੰ ਦੁਨਿਆਵੀ ਰਿਸ਼ਤੇ ਕਿਸ ਤਰ੍ਹਾਂ ਦੇ ਲੱਗਦੇ ਹਨ ਭਾਵ ਉਸ ਤੋਂ ਬਾਅਦ ਸਾਨੂੰ ਇਹ ਦੁਨਿਆਵੀ ਰਿਸ਼ਤੇ ਓਪਰੇ ਓਪਰੇ ਜਿਹੇ ਲੱਗਦੇ ਹਨ। “ਠਾਠਾ ਬਾਗਾ” ਤੋਂ

ਭਾਵ ਹੈ ਓਪਰੇ ਓਪਰੇ। ਰਿਸ਼ਤੇ ਸਾਡਾ ਮਨ ਤੈਅ ਕਰਦਾ ਹੈ। ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਕੋਲੋਂ ਨਾਮ ਮਿਲਣ ਨਾਲ, ਨਾਮ ਦੇ ਨਾਲ ਜੁੜਨ ਨਾਲ ਸਾਡੇ ਮਨ ਦੀ ਅਵੱਸਥਾ ਬਦਲ ਜਾਂਦੀ ਹੈ, ਸਾਡੀ ਸੋਚ ਬਦਲ ਜਾਂਦੀ ਹੈ, ਸਾਡੇ ਵਿਚਾਰ ਬਦਲ ਜਾਂਦੇ ਹਨ ਕਿਉਂਕਿ ਸਾਨੂੰ ਸੋਝੀ ਪੈ ਜਾਂਦੀ ਹੈ ਕਿ ਪ੍ਰਮਾਤਮਾ ਕੀ ਹੈ। ਨਾਮ ਦੇ ਮਿਲਣ ਨਾਲ ਹੀ ਇਹ ਯਕੀਨ ਆਉਂਦਾ ਹੈ ਕਿ ਸਭ ਵਿੱਚ ਪ੍ਰਮਾਤਮਾ ਹੀ ਹੈ, ਸਭ ਵਿੱਚ ਉਹ ਆਪ ਹੀ ਵਰਤ ਰਿਹਾ ਹੈ ਪਰ ਦੂਸਰਿਆਂ ਨੂੰ ਇਸ ਗੱਲ ਦੀ ਸੋਝੀ ਨਹੀਂ ਹੈ ਭਾਵ ਹਰ ਕੋਈ ਭੁਲੇਖੇ ਵਿੱਚ ਹੀ ਮੈਂ ਮੈਂ ਕਰ ਰਿਹਾ ਹੈ ਭਾਵ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਹੀ ਸਮਝਦਾ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਨਾਸਮਝੀ ਹੈ ਭਾਵ ਹਉਮੈ ਹੈ। ਨਾਮ ਮਿਲਣ ਦੇ ਨਾਲ ਅਸੀਂ ਦੂਸਰਿਆਂ ਨੂੰ ਇਸ ਗੱਲ ਦਾ ਯਕੀਨ ਨਹੀਂ ਦਿਵਾ ਸਕਦੇ ਕਿ ਤੁਸੀਂ ਪ੍ਰਮਾਤਮਾ ਦਾ ਹੀ ਰੂਪ ਹੋ ਤੇ ਨਾ ਹੀ ਕੋਈ ਇਸ ਗੱਲ ਨੂੰ ਮੰਨ ਸਕਦਾ ਹੈ। ਨਾਮ ਵਾਲੀ ਅਵੱਸਥਾ ਦੇ ਵਿੱਚ ਅਸੀਂ ਸਭ ਵਿੱਚ ਪ੍ਰਮਾਤਮਾ ਦਾ ਹੀ ਰੂਪ ਦੇਖਦੇ ਹਾਂ ਤੇ ਇਸੇ ਲਈ ਹਰ ਕਿਸੇ ਨਾਲ ਰਿਸ਼ਤਾ ਇੱਕ ਓਪਰਾ ਰਿਸ਼ਤਾ ਹੀ ਬਣ ਕੇ ਰਹਿ ਜਾਂਦਾ ਹੈ। ਰਿਸ਼ਤਾ ਸਭ ਦਾ ਅਸਲ ਵਿੱਚ ਇੱਕ ਹੀ ਹੈ ਭਾਵ ਸਭ ਵਿੱਚ ਆਪ ਪ੍ਰਮਾਤਮਾ ਹੀ ਹੈ, ਹਰ ਕੋਈ ਪ੍ਰਮਾਤਮਾ ਦਾ ਰੂਪ ਹੀ ਹੈ ਪਰ ਨਾਮ ਦੀ ਸੋਝੀ ਤੋਂ ਬਿਨਾਂ ਭਾਵ ਨਾਮ ਮਿਲਣ ਤੋਂ ਬਿਨ੍ਹਾਂ ਇਸ ਰਿਸ਼ਤੇ ਨੂੰ ਸਮਝਿਆ ਨਹੀਂ ਜਾ ਸਕਦਾ ਤੇ ਨਾ ਹੀ ਨਾਮ ਮਿਲਣ ਤੋਂ ਬਾਅਦ ਕਿਸੇ ਨੂੰ ਸਮਝਾਇਆ ਜਾ ਸਕਦਾ ਹੈ, ਕਿਉਂਕਿ ਆਪਣਾ ਨਾਮ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ ਜੋ ਕਿ ਮਨ ਦੇ ਵਿੱਚ ਉਸ ਦੇ ਪ੍ਰਗਟ ਹੋਣ ਦੁਆਰਾ ਹੀ ਮਿਲਦਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਹੋਣ ਦਾ ਵਿਸ਼ਵਾਸ ਉਹ ਆਪ ਹੀ ਦਿਵਾ ਸਕਦਾ ਹੈ। (**ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥੧॥**) ਜਦੋਂ ਸਭ ਵਿੱਚ ਪ੍ਰਮਾਤਮਾ ਨਜ਼ਰ ਆਉਣ ਲੱਗ ਪਵੇ ਫਿਰ ਅਸੀਂ ਕਿਸੇ ਦਾ ਬੁਰਾ ਨਹੀਂ ਕਰ ਸਕਦੇ, ਕਿਸੇ ਦਾ ਮਾੜਾ ਨਹੀਂ ਕਰ ਸਕਦੇ ਕਿਉਂਕਿ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਕਿਸੇ ਦੇ ਨਾਲ ਵੀ ਮਾੜਾ ਕਰਨਾ ਪ੍ਰਮਾਤਮਾ ਦੇ ਨਾਲ ਮਾੜਾ ਕਰਨਾ ਹੈ। ਬਾਣੀ ਵੀ ਸਾਨੂੰ ਇਸੇ ਲਈ ਵਾਰ-ਵਾਰ ਸਮਝਾਉਂਦੀ ਹੈ ਕਿ ਸਭ ਵਿੱਚ ਪ੍ਰਮਾਤਮਾ ਨੂੰ ਹੀ ਵੇਖੋ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਭਾਵ ਮਾੜੇ ਕਰਮ ਕਰਨ ਤੋਂ ਬਚੀਏ। ਨਾਮ ਦੀ ਸੋਝੀ ਪੈਣ ਤੋਂ ਬਾਅਦ ਜੇ ਕੋਈ ਪ੍ਰਮਾਤਮਾ ਨੂੰ ਜਾਨਣ ਵਾਲੇ ਦੇ ਨਾਲ ਮਾੜਾ ਕਰਦਾ ਹੈ, ਕੋਈ ਮਾੜਾ ਬੋਲ ਬੋਲਦਾ ਹੈ ਤਾਂ ਉਹ ਉਸਨੂੰ ਨਜ਼ਰ ਅੰਦਾਜ਼

ਕਰ ਦਿੰਦਾ ਹੈ ਕਿਉਂਕਿ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਮਾੜਾ ਬੋਲਣ ਵਾਲੇ ਦੇ, ਮਾੜਾ ਕਰਨ ਵਾਲੇ ਦੇ ਆਪਣੇ ਵੱਸ ਕੁੱਝ

ਨਹੀਂ ਹੈ ਤੇ ਸਭ ਕੁੱਝ ਕਰਵਾਉਣ ਵਾਲਾ ਉਹ ਸਭ ਦੇ ਅੰਦਰ ਬੈਠਾ ਆਪ ਪ੍ਰਮਾਤਮਾ ਹੀ ਹੈ ਜਿਸ ਨੇ ਇਸ ਨੂੰ ਸਹੀ ਸੋਝੀ ਤੋਂ ਦੂਰ ਰੱਖਿਆ ਹੋਇਆ ਹੈ, ਉਸ ਕੋਲੋਂ ਮਾੜੇ ਲੇਖ ਲਿਖਵਾ ਰਿਹਾ ਹੈ। ਨਾਮ ਨਾਲ ਜੁੜਨ ਤੋਂ ਬਾਅਦ ਸਾਡੀ ਵਿਚਰਨ ਹੀ ਸੁਧਰਦੀ ਹੈ ਕਿਉਂਕਿ ਉਹ ਅੰਦਰ ਬੈਠਾ ਸੱਚ ਦਾ ਮਾਲਕ ਫਿਰ ਸੱਚੀ ਮਤਿ ਦਿੰਦਾ ਹੈ, ਆਪਣੀ ਨਾਮ ਜਪਾਉਣ ਵਾਲੀ ਮਤਿ ਹੀ ਦਿੰਦਾ ਹੈ ਭਾਵ ਗੁਰਮਤਿ ਤੇ ਹੀ ਚਲਾਉਂਦਾ ਹੈ, ਮਾਇਆ ਮੋਹ ਤੋਂ ਦੂਰ ਰੱਖਦਾ ਹੈ, ਆਪਣੇ ਭਾਣੇ ਵਿੱਚ ਰੱਖਦਾ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤੀ ਹੋਈ ਹੈ।

“ਬਾਹਰਿ ਸੂਤੁ ਸਗਲ ਸਿਉ ਮਉਲਾ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥੧॥ ਰਹਾਉ॥”

ਅਸੀਂ ਇਸ ਸੰਸਾਰ ਵਿੱਚ ਆਪਣਾ ਜੀਵਨ ਬਤੀਤ ਕਰਨ ਲਈ ਆਏ ਹਾਂ ਤੇ ਆਪਣਾ ਜੀਵਨ ਬਤੀਤ ਕਰਨ ਲਈ ਆਪਣੀਆਂ ਜਰੂਰਤਾਂ ਵੀ ਅਸੀਂ ਇੱਥੋਂ ਹੀ ਪੂਰੀਆਂ ਕਰਨੀਆਂ ਹਨ। ਸਮਾਜ ਵਿੱਚ ਸਾਡੇ ਦੁਨਿਆਵੀ ਪ੍ਰਭਾਵ ਭਾਵ ਦੁਨੀਆਂ ਵਾਲੇ ਸਾਨੂੰ ਕਿਹੋ ਜਿਹਾ ਸਮਝਦੇ ਹਨ, ਇਹ ਸਾਡੀ ਵਿਚਰਨ ਦੁਆਰਾ ਹੀ ਤੈਅ ਹੁੰਦਾ ਹੈ। ਸਾਡੀ ਵਿਚਰਨ ਹੀ ਸਾਨੂੰ ਮਾੜਾ ਅਖਵਾਉਂਦੀ ਹੈ ਤੇ ਸਾਡੀ ਵਿਚਰਨ ਹੀ ਸਾਨੂੰ ਚੰਗਾ ਅਖਵਾਉਂਦੀ ਹੈ ਭਾਵ ਸੰਸਾਰ ਦੇ ਵਿੱਚ ਸਾਡੀ “ਇਮੇਜ“, ਸਾਡੀ ਵਿਚਰਨ ਦੁਆਰਾ ਬਣਦੀ ਹੈ, ਸਾਡੀ ਕਰਨੀ ਦੁਆਰਾ ਬਣਦੀ ਹੈ। ਨਾਮ ਵਾਲਾ ਬਣਨ ਦੇ ਨਾਲ, ਨਾਮ ਦੇ ਨਾਲ ਜੁੜਨ ਦੁਆਰਾ, ਨਾਮ ਦੇ ਨਾਲ ਮਨ ਲੱਗਣ ਦੁਆਰਾ ਦੁਨੀਆਂ ਵਿੱਚ ਭਾਵ ਸੰਸਾਰਿਕ ਰਿਸ਼ਤਿਆਂ ਵਿੱਚ ਉਹ ਸਾਰਿਆਂ ਨਾਲ ਚੰਗਾ ਬਣ ਕੇ ਚੱਲਦਾ ਹੈ ਭਾਵ ਉਹ ਆਪਣੀ ਵਿਚਰਨ ਦੁਆਰਾ, ਆਪਣੀ ਕਰਨੀ ਦੁਆਰਾ ਕਿਸੇ ਦਾ ਮਾੜਾ ਨਹੀਂ ਕਰਦਾ, ਕਿਸੇ ਲਈ ਦਿਲੋਂ ਮਾੜਾ ਨਹੀਂ ਸੋਚਦਾ, ਕਿਸੇ ਨਾਲ ਦਿਲੋਂ ਕਰੋਧ ਨਹੀਂ ਕਰਦਾ ਭਾਵ ਆਪਣੇ ਮਨ ਵਿੱਚ ਕਿਸੇ ਲਈ ਦਵੈਸ਼ ਭਾਵਨਾ ਨਹੀਂ ਰੱਖਦਾ, ਸਭ ਲਈ ਚੰਗਾ ਹੀ ਸੋਚਦਾ ਹੈ। **(ਬਾਹਰਿ ਸੂਤ ਸਗਲ ਸਿਉ ਮਉਲਾ)** ਇਹੋ ਜਿਹੇ ਮਨੁੱਖਾਂ ਦੇ ਅੰਦਰ ਕੀ ਹੈ ਤੇ ਬਾਹਰ ਕੀ ਹੈ

10/995

ਭਾਵ ਮਨ ਵਿੱਚ ਕੀ ਹੈ ਤੇ ਉਸਦਾ ਪ੍ਰਗਟਾਵਾ ਕੀ ਹੈ ਇਸ ਵਿੱਚ ਫ਼ਰਕ ਨਹੀਂ ਹੁੰਦਾ ਭਾਵ ਉਹਨਾਂ ਦੀ ਕਥਨੀ ਕਰਨੀ ਵਿੱਚ ਫ਼ਰਕ ਨਹੀਂ ਹੁੰਦਾ। ਉਹਨਾਂ ਦਾ ਮਨ ਵੀ ਸਾਫ਼ ਹੁੰਦਾ ਹੈ ਤੇ ਬਾਹਰ ਦਾ ਵਿਹਾਰ ਵੀ ਸਾਫ਼ ਹੁੰਦਾ ਹੈ। ਅੰਦਰ ਵੀ ਸੂਤ ਹੁੰਦਾ ਹੈ ਤੇ ਬਾਹਰ ਵੀ ਸੂਤ ਹੁੰਦਾ ਹੈ। ਬਾਹਰ ਸੂਤ ਤਾਂ ਹੀ ਹੋ ਸਕਦਾ ਹੈ, ਚੰਗਾ ਤਾਂ ਹੀ ਹੋ ਸਕਦਾ ਹੈ, ਜੇਕਰ ਅੰਦਰ ਵੀ ਸੂਤ ਹੋਵੇ। ਜੇਕਰ ਅੰਦਰ ਸੂਤ ਹੈ ਭਾਵ ਜੇਕਰ ਸਾਡਾ ਮਨ ਸਾਫ਼ ਹੈ ਤਾਂ ਹੀ ਸਾਡੀ ਬਾਹਰ ਦੀ ਵਿਚਰਨ ਸੂਤ ਹੋ ਸਕਦੀ ਹੈ ਭਾਵ ਸਾਫ਼ ਸੁਥਰੀ ਹੋ ਸਕਦੀ ਹੈ ਤੇ ਅਸੀਂ ਦੁਨਿਆਵੀ ਰਿਸ਼ਤੇ ਚੰਗੇ ਰੱਖ ਸਕਦੇ ਹਾਂ, ਆਪਣੀ ਇਮੇਜ ਸਾਫ਼ ਸੁਥਰੀ ਬਣਾ ਸਕਦੇ ਹਾਂ।

(ਬਾਹਰਿ ਸੂਤੁ ਸਗਲ ਸਿਉ ਮਉਲਾ॥)

ਇਹੀ ਗੱਲ ਅਸੀਂ ਪਿੱਛੇ ਲੇਖ ਦੁਆਰਾ ਸਮਝੀ ਸੀ ਕਿ ਉਸਦਾ ਭਗਤ ਕਿਹੋ ਜਿਹਾ ਹੁੰਦਾ ਹੈ, ਉਸਦਾ ਨਾਮ ਜਪਣ ਵਾਲਾ ਕਿਹੋ ਜਿਹਾ ਹੁੰਦਾ ਹੈ।

{ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥੨॥
ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥}

(ਅੰਗ ੭੨੧)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫ਼ੀ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ। ਉੱਪਰ ਪੰਗਤੀਆਂ ਰਾਹੀਂ ਉਸਦੇ ਭਗਤ ਦੇ, ਉਸਦਾ ਨਾਮ ਜਪਣ ਵਾਲੇ ਦੇ ਲੱਛਣ ਹੀ ਗਿਣਵਾਏ ਹੋਏ ਹਨ, ਉਸਦਾ ਦੁਨਿਆਵੀ ਕਾਰ ਵਿਹਾਰ ਕਿਹੋ ਜਿਹਾ ਹੁੰਦਾ ਹੈ, ਇਹ ਹੀ ਸਮਝਾਇਆਂ ਹੋਇਆ ਹੈ, ਮਨੁੱਖ ਦੇ ਵਿੱਚ ਗੁਣ ਕਿਹੋ ਜਿਹੇ ਹੋਣ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਦੀ ਭਿਖਿਆ ਮਿਲਦੀ ਹੈ, ਉਸਦਾ ਨਾਮ ਮਿਲਦਾ ਹੈ, ਇਹ ਹੀ ਸਮਝਾਇਆ ਹੋਇਆ ਹੈ। ਚੰਗੀ ਕਰਨੀ ਅਸੀਂ ਗੁਣਾਂ ਦੁਆਰਾ ਵਿਚਰ ਕੇ ਹੀ ਕਰ ਸਕਦੇ ਹਾਂ ਭਾਵ ਸਾਨੂੰ ਇਹੋ ਸਾਡੀ ਭਗਤੀ , ਨਾਮ ਜਪਣਾ ਸਮਝਾਇਆ ਹੋਇਆ ਹੈ ਕਿ ਸਾਡੀ ਸੰਸਾਰ ਵਿੱਚ ਵਿਚਰਨ ਚੰਗੀ ਹੋਵੇ। ਸਾਡੀ ਵਿਚਰਨ, ਸਾਡਾ ਕਾਰ ਵਿਹਾਰ ਤਾਂ ਹੀ ਚੰਗਾ ਹੋ ਸਕਦਾ ਹੈ ਜੇਕਰ ਅਸੀਂ ਮਾਇਆ ਮੋਹ ਵਿੱਚੋਂ ਉੱਪਰ ਉੱਠ ਕੇ ਵਿਚਰੀਏ ਭਾਵ ਮਾਇਆ ਵਿੱਚ ਖੱਚਤ ਨਾ ਹੋਈਏ। ਜਿਵੇਂ ਕਮਲ ਚਿੱਕੜ ਵਿੱਚ ਰਹਿੰਦਾ ਹੋਇਆ ਵੀ, ਪਾਣੀ ਵਿੱਚ ਰਹਿੰਦਾ ਹੋਇਆ ਵੀ ਉਸ ਵਿੱਚ ਡੁੱਬਦਾ ਨਹੀਂ ਹਾਲਾਂਕਿ ਉਸ ਦੀ ਰੋਜ਼ੀ ਉਸਨੂੰ ਉੱਥੇ ਰਹਿਣ ਨਾਲ ਹੀ ਮਿਲਦੀ ਹੈ ਭਾਵ ਇਹ ਮਾਇਆ

ਸਾਡੇ ਲਈ ਜਰੂਰੀ ਹੈ ਕਿਉਂਕਿ ਇਸਦੇ ਦੁਆਰਾ ਹੀ ਸਾਡੀ ਪਾਲਣਾ ਹੁੰਦੀ ਹੈ ਪਰ ਇਸ ਨੂੰ ਕਮਾਉਣ ਲਈ ਅਸੀਂ ਇਸਦੇ ਮੋਹ ਵਿੱਚ ਨਹੀਂ ਫਸਣਾ, ਤ੍ਰਿਸ਼ਨਾ ਵਿੱਚ ਨਹੀਂ ਫਸਣਾ ਜਿਸਦੇ ਕਾਰਨ ਮਨੁੱਖ ਝੂਠ ਦਾ, ਵਿਕਾਰਾਂ ਦਾ ਆਸਰਾ ਲੈਂਦਾ ਹੈ ਭਾਵ ਮਾਇਆ ਮੋਹ ਵਿੱਚ ਡੁੱਬਦਾ ਹੈ ਤੇ ਉਸਦੀ ਸੰਸਾਰ ਦੇ ਵਿੱਚ ਵਿਚਰਨ ਮਾੜੀ ਹੁੰਦੀ ਹੈ, ਉਸਦੀ ਇਮੇਜ ਖਰਾਬ ਹੁੰਦੀ ਹੈ ਤੇ ਉਸਦੇ ਸਭ ਦੇ ਨਾਲ ਰਿਸ਼ਤੇ ਚੰਗੇ ਨਹੀਂ ਰਹਿ ਸਕਦੇ ਭਾਵ ਉਹ **"ਸਗਲ ਸਿਉ ਮਉਲਾ"** ਵਾਲੀ ਅਵੱਸਥਾ ਨਹੀਂ ਬਣਾ ਸਕਦਾ।

(ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥੧॥ ਰਹਾਉ॥)

ਜਿਵੇਂ ਕਿ ਅਸੀਂ ਪਿੱਛੇ ਵੀ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਦੇ ਆ ਰਹੇ ਹਾਂ ਕਿ ਨਾਮ ਜਪਣਾ ਸਾਡੀ ਸੱਚੀ ਸੁੱਚੀ ਕਿਰਤ ਹੈ, ਉਹੀ ਗੱਲ ਇੱਥੇ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਹੇਠ ਦਿੱਤੀ ਪੰਗਤੀ ਨੂੰ ਅਸੀਂ ਪਿੱਛੇ ਵੀ ਵਿਚਾਰਿਆ ਸੀ। ਜੋ ਗੱਲ ਉੱਥੇ ਸਮਝਾਈ ਹੋਈ ਹੈ

10/996

ਉਹੀ ਗੱਲ ਇਸ ਪਿਛਲੇ ਸ਼ਬਦ ਦੁਆਰਾ ਸਮਝਾਈ ਹੋਈ ਹੈ। ਗੱਲ ਸਿਰਫ਼ ਧਿਆਨ ਨਾਲ ਸਮਝਣ ਦੀ ਹੈ।

"ਮਾਣਸ ਮੂਰਤਿ ਨਾਨਕੁ ਨਾਮੁ॥ਕਰਣੀ ਕੁਤਾ ਦਰਿ ਫੁਰਮਾਨੁ॥"

(ਅੰਗ ੩੫੦)

ਸਾਡੀ "**ਮੂਰਤਿ**" ਸਾਡੀ ਫੋਟੋ ਹੈ, ਸਾਡੀ "**ਇਮੇਜ**" ਹੈ ਕਿ ਲੋਕ ਸਾਨੂੰ ਕਿਸ ਤਰ੍ਹਾਂ ਦਾ ਜਾਣਦੇ ਹਨ। ਚੰਗਾ ਕਰਕੇ ਜਾਣਦੇ ਹਨ ਜਾਂ ਮਾੜਾ ਕਰਕੇ ਜਾਣਦੇ ਹਨ ਤੇ ਸਾਡੇ ਅੰਦਰ ਨਾਮ ਦੀ ਪਹਿਚਾਣ ਸਾਡੀ ਇਮੇਜ ਦੁਆਰਾ ਹੁੰਦੀ ਹੈ ਤੇ ਸਾਡੀ ਚੰਗੀ ਇਮੇਜ ਸਾਡੀ ਚੰਗੀ ਕਰਨੀ, ਸਾਡੀ ਚੰਗੀ ਕਿਰਤ, ਸਾਡੇ ਚੰਗੇ ਕਾਰ ਵਿਹਾਰ ਦੁਆਰਾ ਬਣਦੀ ਹੈ। ਸਾਡੀ ਮਾੜੀ ਕਰਨੀ ਸਾਨੂੰ ਮਾੜਾ ਬਣਾਉਂਦੀ ਹੈ ਤੇ ਸਾਡੀ ਚੰਗੀ ਕਰਨੀ ਸਾਨੂੰ ਚੰਗਾ ਬਣਾਉਂਦੀ ਹੈ। ਆਪਣੀ ਮਾੜੀ ਕਰਨੀ ਕਰਕੇ ਮਨੁੱਖ ਕਿਸੇ ਕੋਲੋਂ ਕੁੱਤਾ ਵੀ ਅਖਵਾਉਂਦਾ ਹੈ ਭਾਵ ਮਾੜਾ ਅਖਵਾਉਂਦਾ ਹੈ ਤੇ ਸਾਡੀ ਕਰਨੀ ਹੀ ਭਾਵ ਚੰਗੀ ਕਰਨੀ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਵਾਉਂਦੀ ਹੈ। ਪ੍ਰਮਾਤਮਾ ਦੇ ਦਰ ਤੋਂ ਫੁਰਮਾਨ ਸਾਡੀ ਚੰਗੀ ਕਰਨੀ ਦੁਆਰਾ ਹੀ ਆਉਂਦਾ ਹੈ ਭਾਵ ਜੋ ਸੱਚੇ ਸੁੱਚੇ ਕਰਮਾਂ ਦੁਆਰਾ ਵਿਚਰਦਾ ਹੈ ਉਸਦੀ ਕਰਨੀ ਨਾਮ ਜਪਣ ਵਾਲੀ ਹੈ ਤੇ ਜੋ ਮਾੜੇ ਕਰਮ ਕਰਦਾ ਹੈ ਉਹ ਨਾਮ ਵਿਹੂਣਾ ਹੈ, ਸੱਚ ਵਿਹੂਣਾ ਹੈ, ਗੁਰਮਤਿ ਵਿਹੂਣਾ ਹੈ।

ਜਦੋਂ ਮਨੁੱਖ ਨਾਮ ਵਾਲਾ ਬਣ ਕੇ ਵਿਚਰਦਾ ਹੈ, ਅਨੇਕਾਂ ਦੇ ਨਾਲ ਹੀ ਉਸਦਾ ਵਾਹ ਪੈਂਦਾ ਹੈ, ਵਿਚਾਰ ਵਟਾਂਦਰੇ ਹੁੰਦੇ ਹਨ। ਹਰ ਕੋਈ ਆਪਣੀ ਗੱਲ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ, ਧਰਮ ਦਾ ਮਾਰਗ ਸਮਝਾਉਣ ਲਈ, ਨਾਮ ਦਾ ਮਾਰਗ ਸਮਝਾਉਣ ਲਈ ਆਪਣਾ ਪੱਖ ਦੱਸਦਾ ਹੈ ਪਰ ਜੋ ਮਨੁੱਖ ਨਾਮ ਵਾਲਾ ਹੈ ਉਹ ਕੇਵਲ ਨਾਮ ਦੁਆਰਾ ਹੀ ਵਿਚਰਦਾ ਹੈ, ਸੱਚ ਦੁਆਰਾ ਹੀ ਵਿਚਰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਜੀਵਨ ਜੀਉਣ ਦਾ ਸਹੀ ਮਾਰਗ ਕੀ ਹੈ। ਉਹ ਕਿਸੇ ਦੇ ਭਰਮਾਉਣ ਨਾਲ ਭਟਕ ਨਹੀਂ ਸਕਦਾ। ਜੋ ਗੱਲ ਗੁਰਮਤਿ ਅਨੁਸਾਰ ਨਹੀਂ ਹੈ, ਉਹ ਉਸ ਗੱਲ ਨੂੰ ਨਹੀਂ ਮੰਨਦਾ ਤੇ ਉਹੀ ਕਰਦਾ ਹੈ ਜੋ ਗੁਰਮਤਿ ਅਨੁਸਾਰ ਹੁੰਦਾ ਹੈ। ਉਹ ਸੁਣਦਾ ਉਹੀ ਕੁਝ ਹੈ ਜੋ ਮਨ ਦੇ ਵਿੱਚੋਂ ਉਸਨੂੰ ਸੋਝੀ ਪੈਂਦੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

(ਮੁਖ ਕੀ ਬਾਤ ਸਗਲ ਸਿਉ ਕਰਤਾ॥ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥੨॥)

10/997

ਸਾਡੇ ਅੰਦਰ ਨਾਮ ਦਾ ਵੱਸਣਾ, ਨਾਮ ਦੇ ਨਾਲ ਜੁੜਨਾ ਤਾਂ ਹੀ ਪੂਰਾ ਹੁੰਦਾ ਹੈ ਜਦੋਂ ਉਸ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ, ਮਨ ਦੀ ਸੋਝੀ ਪੈ ਜਾਂਦੀ ਹੈ, ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

"ਦੀਸਿ ਆਵਤ ਹੈ ਬਹੁਤੁ ਭੀਹਾਲਾ॥ਸਗਲ ਚਰਨ ਕੀ ਇਹੁ ਮਨੁ ਰਾਲਾ॥੩॥"

ਉੱਪਰ ਵਾਲੀ ਪੰਗਤੀ ਦੇ ਅਰਥ ਸਮਝਣ ਲਈ ਪੂਰੀ ਇਕਾਗਰਤਾ ਦੀ ਲੋੜ ਹੈ ਕਿਉਂਕਿ ਇਹ ਅਰਥ ਕਾਫ਼ੀ ਗਹਿਰਾਈ ਵਾਲੇ ਹਨ। ਇੱਥੇ ਸਾਡੇ ਮਨ ਬਾਰੇ ਸਮਝਾਇਆ ਹੋਇਆ ਹੈ ਕਿ ਇਹ ਮਨ ਕੀ ਹੈ। ਇਸ ਮਨ ਦੀ ਸੋਝੀ ਪੈਣਾ ਹੀ ਪ੍ਰਮਾਤਮਾ ਦੀ

ਸੋਝੀ ਪੈਣਾ ਹੈ, "ਗਿਆਨ" ਦੇ ਮੂਲ ਦੀ ਸੋਝੀ ਪੈਣਾ ਹੈ ਕਿ ਇਸ ਗਿਆਨ ਦਾ ਮਾਲਕ ਕੌਣ ਹੈ। ਬਾਣੀ ਵਿੱਚ ਵਾਰ-ਵਾਰ ਬਿਖਮ ਸਾਗਰ ਦੀ, ਭਵਜਲ ਸਾਗਰ ਦੀ, ਮਾਇਆ ਮੋਹ ਦੇ ਸਾਗਰ ਦੀ ਗੱਲ ਆਉਂਦੀ ਹੈ ਜਿਸ ਨੂੰ ਤਰਨਾ ਬਹੁਤ ਔਖਾ ਹੈ। ਇਹ ਸਾਗਰ ਬਹੁਤ ਹੀ ਭੀਹਾਲਾ ਹੈ ਜਿਸ ਤੋਂ ਪਾਰ ਪਾਉਣਾ ਬਹੁਤ ਔਖਾ ਹੈ। ਨਾਮ ਮਿਲਣ ਤੋਂ ਬਾਅਦ, ਨਾਮ ਦੇ ਨਾਲ ਜੁੜਨ ਤੋਂ ਬਾਅਦ ਭਾਵ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਇਹ ਬਹੁਤ ਹੀ ਭੀਹਾਲਾ ਸਾਗਰ ਸਾਨੂੰ ਦਿੱਸ ਪੈਂਦਾ ਹੈ, ਨਜ਼ਰ ਆ ਜਾਂਦਾ ਹੈ ਭਾਵ ਸੋਝੀ ਪੈ ਜਾਂਦੀ ਹੈ ਕਿ ਇਹ ਭੀਹਾਲਾ ਸਾਗਰ ਕੀ ਹੈ ਜੋ ਕਿ ਸਾਡੇ ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਦਾ ਸਾਗਰ ਹੈ, ਮਾਇਆ ਮੋਹ ਦਾ ਸਾਗਰ ਹੈ ਜਿਸ ਤੋਂ ਪਾਰ ਪਾਉਣਾ ਬਹੁਤ ਔਖਾ ਹੈ।

(ਦੀਸਿ ਆਵਤ ਹੈ ਬਹੁਤੁ ਭੀਹਾਲਾ॥)

ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਜਾਣਿਆ ਹੈ ਕਿ ਇਹ "ਦੁਤਰ ਸਾਗਰ", ਮਾਇਆ ਮੋਹ ਦਾ ਸਾਗਰ ਹੈ। ਇਹ ਦੁਤਰ ਸਾਗਰ ਸਾਡੇ ਮਨ ਦੇ ਵਿੱਚ ਹੀ ਹੈ ਜਿਸ ਤੋਂ ਪਾਰ ਪਾਉਣਾ ਬਹੁਤ ਔਖਾ ਹੈ। ਇਹ ਸਾਡੇ ਔਗੁਣਾਂ ਦਾ ਸਾਗਰ ਹੈ, ਸਾਡੇ ਮਾੜੇ ਵਿਚਾਰਾਂ ਦਾ ਸਾਗਰ ਹੈ ਜਿਸ ਤੋਂ ਪਾਰ ਪਾਉਣਾ ਬਹੁਤ ਔਖਾ ਹੈ, ਇਸ ਮਨ ਦੀ ਤ੍ਰਿਸ਼ਨਾ ਤੋਂ ਪਾਰ ਪਾਉਣਾ ਬਹੁਤ ਔਖਾ ਹੈ ਜੋ ਸਾਡੇ ਸਾਰੇ ਵਿਕਾਰਾਂ ਦਾ ਮੂਲ ਹੈ। ਮਾਇਆ ਮੋਹ ਬਹੁਤ ਹੀ ਪ੍ਰਬਲ ਹੈ ਤੇ ਇਸ ਦੇ ਵਿੱਚੋਂ ਨਿਕਲਣਾ, ਇਸ ਦੇ ਮੋਹ ਵਿੱਚੋਂ ਨਿਕਲਣਾ, ਮਾਨ-ਅਭਿਮਾਨ ਛੱਡਣਾ ਭਾਵ ਗੁਰੂ ਦੀ ਮਤਿ ਅਨੁਸਾਰ

10/998

ਚੱਲਣਾ, ਨਾਮ ਜਪਣਾ, ਗੁਰੂ ਦਾ ਭਉ ਕਬੂਲ ਕਰਨਾ, ਗੁਰਮਤਿ ਦੇ ਤੋਲ ਤੇ ਪੂਰਾ ਉਤਰਨਾ ਬਹੁਤ ਹੀ ਔਖਾ ਹੈ।

{ਭਉ ਮੁਚੁ ਭਾਰਾ ਵਡਾ ਤੋਲੁ॥ਮਨ ਮਤਿ ਹਉਲੀ ਬੋਲੇ ਬੋਲੁ॥
ਸਿਰਿ ਧਰਿ ਚਲੀਐ ਸਹੀਐ ਭਾਰੁ॥ਨਦਰੀ ਕਰਮੀ ਗੁਰ ਬੀਚਾਰੁ॥੧॥}

(ਅੰਗ ੧੫੧)

ਇਸ ਸਾਗਰ ਤੋਂ ਪਾਰ ਪਾਉਣਾ ਸਿਰ ਦੇ ਭਾਰ ਚੱਲਣ ਵਾਲੀ ਗੱਲ ਹੈ ਭਾਵ ਬਹੁਤ ਔਖਾ ਹੈ। ਇਹ ਤਨ, ਮਨ, ਧੰਨ ਸੌਂਪਣ ਦਾ ਮਾਰਗ ਹੈ, ਤਲੀ ਤੇ ਸੀਸ ਧਰਨ ਵਾਲਾ ਮਾਰਗ ਹੈ, ਆਪਣਾ ਆਪ ਗਵਾਉਣ ਵਾਲਾ ਮਾਰਗ ਹੈ, ਆਪਣੀ ਮਤਿ ਨੂੰ, ਮਨਮਤਿ ਨੂੰ ਪੂਰਨ ਰੂਪ ਵਿੱਚ ਛੱਡਣ ਦਾ ਮਾਰਗ ਹੈ ਭਾਵ ਬਹੁਤ ਹੀ ਜਿਆਦਾ ਔਖਾ ਹੈ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਮੰਨ ਕੇ ਭਗਤੀ ਦੇ ਮਾਰਗ ਤੇ ਚੱਲਣਾ। ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲਣਾ ਹੀ ਨਾਮ ਦਾ ਮਾਰਗ ਹੈ, ਭਗਤੀ ਦਾ ਮਾਰਗ ਹੈ।

ਸਾਰੀ ਗੱਲ ਮਨ ਨੂੰ ਜਿੱਤਣ ਦੀ ਹੈ। ਇਸ ਮਨ ਨੂੰ ਜਿੱਤਣਾ ਜੱਗ ਨੂੰ ਜਿੱਤਣ ਵਾਲੀ ਗੱਲ ਹੈ ਭਾਵ ਬਹੁਤ ਹੀ ਔਖਾ ਹੈ। ਨਾਮ ਮਿਲਣ ਦੇ ਨਾਲ ਇਸ ਮਨ ਦੀ ਹੀ ਸੋਝੀ ਪੈਂਦੀ ਹੈ ਕਿ ਇਹ ਮਨ ਕੀ ਹੈ ਤੇ ਨਾਲ ਹੀ ਇਹ ਵੀ ਸੋਝੀ ਪੈਂਦੀ ਹੈ ਕਿ ਇਸਨੂੰ ਜਿੱਤਣਾ ਕਿਸ ਲਈ ਔਖਾ ਹੈ, ਆਪਣੇ ਮਨ ਦੇ ਮੰਦੇ ਵਿਚਾਰਾਂ ਤੋਂ ਪਾਰ ਪਾਉਣਾ ਕਿਸ ਲਈ ਔਖਾ ਹੈ। ਤਰਨਾ ਤੇ ਅਸੀਂ ਅਸਲ ਵਿੱਚ ਆਪਣੇ ਮਨ ਦੇ ਮੰਦੇ ਵਿਚਾਰਾਂ ਤੋਂ ਹੀ ਹੈ ਭਾਵ ਆਪਣੇ ਮੰਦੇ ਵਿਚਾਰਾਂ ਨੂੰ ਚੰਗਾ ਬਣਾਉਣਾ ਹੀ, ਹਰ ਗੱਲ ਲਈ ਚੰਗਾ ਬਣਾਉਣਾ ਹੀ, ਗੁਰਮਤਿ ਅਨੁਸਾਰ ਬਣਾਉਣਾ ਹੀ ਇਸ ਭਵਜਲ ਸਾਗਰ ਤੋਂ ਪਾਰ ਪਾਉਣਾ ਹੈ। ਇਹ ਸੋਝੀ ਮਨ ਨੂੰ ਜਾਣਨ ਤੋਂ ਬਾਅਦ ਹੀ ਪੈਂਦੀ ਹੈ ਕਿ ਇਸ ਤੋਂ ਪਾਰ ਪਾਉਣਾ ਮਨੁੱਖ ਦੀ ਸਮਰੱਥਾ ਤੋਂ ਬਾਹਰ ਕਿਸ ਲਈ ਹੈ ਤੇ ਜਿਵੇਂ ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ ਕਿ ਇਸ ਭਵਜਲ ਸਾਗਰ ਤੋਂ ਗੁਰੂ ਪ੍ਰਮਾਤਮਾ ਆਪ ਹੀ ਪਾਰ ਲੰਘਾ ਸਕਦਾ ਹੈ ਭਾਵ ਮਨ ਦੀ ਹਉਮੈ ਵਾਲੀ ਸਮਝ ਵਿੱਚੋਂ ਅਗਿਆਨਤਾ ਵਾਲੀ ਸਮਝ ਵਿੱਚੋਂ ਸਾਨੂੰ ਪ੍ਰਮਾਤਮਾ ਆਪ ਹੀ ਪਾਰ ਲੰਘਾ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਉਸਦਾ ਪਾਰ ਲਗਾਉਣ ਦਾ ਤਰੀਕਾ ਕੀ ਹੈ, ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

10/999

"ਸਗਲ ਚਰਨ ਕੀ ਇਹੁ ਮਨੁ ਰਾਲਾ॥੨॥"

ਗੁਰੂ ਦੀ ਚਰਨ ਧੂੜ ਕੀ ਹੈ, ਇਹ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਜਾਣਿਆ ਹੀ ਹੈ। "ਗੁਰੂ" ਸ਼ਬਦ ਹੈ ਤੇ "ਸ਼ਬਦ" ਦੀ

ਚਰਨ ਧੂੜ ਸ਼ਬਦ ਦਾ ਦਿੱਤਾ ਹੋਇਆ ਗਿਆਨ ਹੈ। ਪੂਰੀ ਗੁਰਬਾਣੀ ਸਾਨੂੰ ਆਪਣੀ ਚਰਨ ਧੂੜ ਵੰਡ ਰਹੀ ਹੈ, ਸ਼ਬਦ ਦਾ ਗਿਆਨ ਵੰਡ ਰਹੀ ਹੈ। **"ਸਗਲ ਚਰਨ"** ਤੋਂ ਭਾਵ ਹੈ ਹਰ ਕਿਸੇ ਵਿੱਚ ਪ੍ਰਮਾਤਮਾ ਦੀ ਚਰਨ ਧੂੜ ਹੀ ਵਰਤ ਰਹੀ ਹੈ, ਉਸੇ ਦਾ ਸ਼ਬਦ ਹੀ ਵਰਤ ਰਿਹਾ ਹੈ, ਉਸੇ ਦਾ ਗਿਆਨ ਹੀ ਵਰਤ ਰਿਹਾ ਹੈ। ਜੋ ਪ੍ਰਮਾਤਮਾ ਸਭ ਜਗ੍ਹਾ ਵਰਤ ਰਿਹਾ ਹੈ, ਸਭ ਵਿੱਚ ਰਸਿਆ ਹੋਇਆ ਹੈ, ਸਾਡਾ ਮਨ ਵੀ ਉਸੇ ਦੀ ਚਰਨ ਧੂੜ ਹੈ ਭਾਵ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦਾ ਗਿਆਨ ਹੀ ਵਰਤ ਰਿਹਾ ਹੈ, ਉਸਦਾ ਸ਼ਬਦ ਵਰਤ ਰਿਹਾ ਹੈ ਭਾਵ ਨਾਮ ਮਿਲਣ ਦੁਆਰਾ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਇਹ ਮਨ ਕੀ ਹੈ। ਜਿਸਦਾ ਦਿੱਤਾ ਹੋਇਆ ਮਨ ਦੇ ਵਿੱਚ ਗਿਆਨ ਹੈ ਉਹੀ ਮਨ ਦਾ ਮਾਲਕ ਹੈ। ਮਨ ਦੀ ਹੋਂਦ ਮਨ ਦੇ ਗਿਆਨ ਕਰਕੇ ਹੈ ਤੇ ਜਿਸਦਾ ਗਿਆਨ ਹੈ ਉਸੇ ਦੀ ਇਹ ਹੋਂਦ ਹੈ। ਮਨ ਦਾ ਗਿਆਨ ਨਿਰਗੁਣ ਰੂਪ ਵਿੱਚ ਹੈ, ਨਿਰੰਕਾਰ ਰੂਪ ਵਿੱਚ ਹੈ ਤੇ ਇਸੇ ਲਈ ਪ੍ਰਮਾਤਮਾ ਦੇ ਸਰੂਪ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ਪਰ ਉਸਨੂੰ ਕੋਈ ਦੁਨਿਆਵੀ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਉਹ ਮਨ ਦੀਆਂ ਅੱਖਾਂ ਨਾਲ ਹੀ ਨਜ਼ਰ ਆਉਂਦਾ ਹੈ, ਦਿਬ ਦ੍ਰਿਸ਼ਟਿ ਦੁਆਰਾ ਨਜ਼ਰ ਆਉਂਦਾ ਹੈ, ਬ੍ਰਹਮ ਗਿਆਨ ਦੁਆਰਾ ਨਜ਼ਰ ਆਉਂਦਾ ਹੈ। ਮਨ ਦੀ ਸੋਝੀ ਪੈਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਮਨ ਦੇ ਵਿਚਾਰਾਂ ਦਾ ਮਾਲਕ ਕੌਣ ਹੈ। ਜੋ ਇਹਨਾਂ ਵਿਚਾਰਾਂ ਦਾ ਮਾਲਕ ਹੈ ਉਹੀ ਇਹਨਾਂ ਵਿਚਾਰਾਂ ਨੂੰ ਬਦਲ ਕੇ ਚੰਗੇ ਬਣਾ ਸਕਦਾ ਹੈ, ਭਵਜਲ ਸਾਗਰ ਤੋਂ ਪਾਰ ਲੰਘਾ ਸਕਦਾ ਹੈ। ਉਹ ਆਪਣਾ ਨਾਮ ਆਪ ਹੀ ਜਪਾ ਸਕਦਾ ਹੈ ਭਾਵ ਆਪਣੀ ਸੱਚੀ ਗੁਰਮਤਿ ਦੀ ਸਮਝ ਆਪ ਹੀ ਪਾ ਸਕਦਾ ਹੈ।

ਆਪਣਾ ਨਾਮ ਉਹ ਆਪਣੀ ਸੱਚੀ ਕਿਰਪਾ ਕਰਕੇ ਹੀ ਜਪਾਉਂਦਾ ਹੈ ਤੇ ਜਿਸ ਤੇ ਉਹ ਆਪਣੀ ਸੱਚੀ ਕਿਰਪਾ ਕਰਦਾ ਹੈ ਉਸ

10/1000

ਮਨੁੱਖ ਨੂੰ ਉਹ ਵਿਕਾਰਾਂ ਦੇ ਵਿੱਚੋਂ ਕੱਢਦਾ ਹੈ ਕਿਉਂਕਿ ਵਿਕਾਰਾਂ ਦੇ ਰਹਿੰਦਿਆਂ ਉਸ ਦਾ ਨਾਮ ਨਹੀਂ ਜਪਿਆ ਜਾ ਸਕਦਾ। ਅਸਲ ਵਿੱਚ ਵਿਕਾਰਾਂ ਵਿੱਚੋਂ ਨਿਕਲਣਾ ਹੀ ਉਸ ਦਾ ਨਾਮ ਜਪਣਾ ਹੈ ਕਿਉਂਕਿ ਸੱਚੇ ਸੁੱਚੇ ਕਰਮ ਮਨੁੱਖ ਵਿਕਾਰ ਰਹਿਤ ਹੋ ਕੇ ਹੀ ਕਰ ਸਕਦਾ ਹੈ। ਉਹ ਆਪਣਾ ਨਾਮ ਕਿਵੇਂ ਜਪਾਉਂਦਾ ਹੈ, ਆਪਣਾ ਸੱਚਾ ਗਿਆਨ ਕਿਵੇਂ ਜਪਾਉਂਦਾ ਹੈ, ਆਪਣੇ ਚਰਨ ਕਿਵੇਂ ਜਪਾਉਂਦਾ ਹੈ, ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀ ਪੰਗਤੀ ਦੁਆਰਾ ਸਮਝੀਏ।

"ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥੨॥"

(ਅੰਗ ੧੧੯੩)

ਜੀਵਨ ਵਿੱਚ ਜੋ ਕੁੱਝ ਵੀ ਸਾਨੂੰ ਮਿਲਦਾ ਹੈ ਭਾਵ ਜੋ ਅਨੇਕਾਂ ਦਾਤਾਂ ਅਸੀਂ ਵਰਤਦੇ ਹਾਂ ਉਹ ਸਭ ਕੁੱਝ ਦੇਣ ਵਾਲਾ ਉਹ ਆਪ ਪ੍ਰਮਾਤਮਾ ਹੈ ਭਾਵ ਸਭ ਉਸੇ ਦੀ ਕਿਰਪਾ ਹੈ। ਇਹ ਉਸ ਦਾ ਬਿਰਦ ਹੈ ਕਿ ਉਹ ਸਭ ਦੀ ਪਾਲਨਾ ਕਰਦਾ ਹੈ ਤੇ ਹਰ ਕੋਈ ਮਨੁੱਖ ਜਿਹੋ ਜਿਹੇ ਵੀ ਕਰਮ ਕਰਦਾ ਹੈ ਸਭ ਕੁੱਝ ਕਰਵਾਉਣ ਵਾਲਾ ਉਹ ਆਪ ਹੀ ਹੈ। ਉਸਦੀ ਸੱਚੀ ਕਿਰਪਾ ਕੀ ਹੈ, ਉਸਦਾ ਸੱਚਾ ਢੋਅ ਲੱਗਣਾ ਕੀ ਹੈ, ਇਸ ਗੱਲ ਨੂੰ ਸਮਝਣਾ ਤੇ ਯਕੀਨ ਕਰਨਾ ਬਹੁਤ ਹੀ ਜਰੂਰੀ ਹੈ। ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਾਨੂੰ ਇਹ ਗੱਲ ਸਮਝਾਈ ਗਈ ਹੈ ਕਿ ਜੋ ਮਨੁੱਖ ਔਗੁਣਾਂ ਵਿੱਚੋਂ ਨਿਕਲਦਾ ਹੈ ਇਹ ਉਸ ਪ੍ਰਮਾਤਮਾ ਦੀ ਉਸ ਤੇ ਵੱਡੀ ਕਿਰਪਾ ਹੈ। ਇਹੀ ਗੱਲ ਇੱਥੇ ਉਪਰਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ। ਜਦ ਤੱਕ ਮਨੁੱਖ ਦੇ ਵਿੱਚ ਔਗੁਣ ਰਹਿੰਦੇ ਹਨ ਤਦ ਤੱਕ ਉਸ ਦੇ ਕਰਮ ਵੀ ਮਾੜੇ ਰਹਿੰਦੇ ਹਨ ਤੇ ਉਸਦੀ ਹਰ ਵੇਲੇ ਖੁਆਰੀ ਹੁੰਦੀ ਰਹਿੰਦੀ ਹੈ ਜਿਹਨਾਂ ਕਰਕੇ ਮਨੁੱਖ ਵਾਰ-ਵਾਰ ਮਨ ਦੇ ਆਵਾਗੁਉਣ ਦੇ ਗੇੜ ਵਿੱਚ ਪੈਂਦਾ ਹੈ, ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ ਭਾਵ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ। ਜਦ ਤੱਕ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਤਦ ਤੱਕ ਹੀ ਉਹ ਮਾੜੇ ਕਰਮ ਕਰਦਾ ਹੈ ਭਾਵ ਸੱਚੀ ਗੁਰਮਤਿ ਨੂੰ ਸਮਝਣ ਵਿੱਚ ਤੇ ਉਸਨੂੰ ਮੰਨਣ ਤੋਂ ਦੂਰ ਰਹਿੰਦਾ ਹੈ। ਸਾਡੇ ਪੰਜ ਵਿਕਾਰਾਂ ਨੂੰ ਭਾਵ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਨੂੰ ਮਹਾਬਲੀ ਕਹਿ ਕੇ

10/1001

ਉਚਾਰਿਆ ਹੈ ਭਾਵ ਇਹਨਾਂ ਤੋਂ ਪਾਰ ਪਾਉਣਾ ਬਹੁਤ ਔਖਾ ਹੈ, ਇਸਦੇ ਲਈ ਮਨ ਨੂੰ ਜਿੱਤਣਾ ਪੈਂਦਾ ਹੈ, ਮਨ ਨੂੰ ਮਾਰਨਾ ਪੈਂਦਾ ਹੈ ਤੇ ਅਸਲ ਵਿੱਚ ਇਹਨਾਂ ਤੋਂ ਪਾਰ ਪਾਏ ਬਿਨ੍ਹਾਂ ਇਹ ਭਉਜਲ ਸਾਗਰ ਪਾਰ ਨਹੀਂ ਹੋ ਸਕਦਾ। ਅਸਲ ਵਿੱਚ ਇਹਨਾਂ ਮਹਾਬਲੀਆਂ ਤੋਂ ਪਾਰ ਪਾਉਣਾ ਹੀ ਇਸ ਭਉਜਲ ਸਾਗਰ ਤੋਂ ਪਾਰ ਪਾਉਣਾ ਹੈ। ਜਿਸਨੂੰ ਪ੍ਰਮਾਤਮਾ ਸੱਚਾ ਢੋਅ ਲਗਾਉਂਦਾ ਹੈ ਭਾਵ ਜਿਸ ਤੇ ਆਪਣੀ ਸੱਚੀ ਕਿਰਪਾ ਕਰਦਾ ਹੈ ਉਸਨੂੰ ਇਹਨਾਂ ਪੰਜੇ ਵਿਕਾਰਾਂ ਤੋਂ ਬਚਾਉਂਦਾ ਹੈ। ਇਹ ਪੰਜੇ ਵਿਕਾਰ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹਨ ਤੇ ਇਹ ਮਨ ਦੇ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ। ਅਸੀਂ ਇਹਨਾਂ ਤੋਂ ਪਾਰ ਨਹੀਂ ਪਾ ਸਕਦੇ। ਸਾਡੇ ਮਨ ਦੇ ਵਿਚਾਰ ਉਹ ਆਪ ਹੀ ਬਦਲ ਸਕਦਾ ਹੈ। ਸਾਡੇ ਮਨ ਦੇ ਵਿਚਾਰ ਸਾਡੇ ਮਨ ਦੇ ਗਿਆਨ ਨਾਲ ਬੱਝੇ ਹੋਏ ਹਨ ਕਿਉਂਕਿ ਸਾਡਾ ਮਨ ਉਸਦੇ ਗਿਆਨ ਅਨੁਸਾਰ ਚੱਲਦਾ ਹੈ, ਉਸਦੇ ਚਰਨ ਹੀ ਜਪਦਾ ਹੈ। ਜਿਹੋ ਜਿਹੀ ਮਨ ਦੇ ਵਿੱਚ ਸਾਨੂੰ ਚਰਨ ਧੂੜ ਮਿਲਦੀ ਹੈ ਉਹੋ ਜਿਹੇ ਸਾਡੇ ਵਿਚਾਰ ਬਣਦੇ ਹਨ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਾਨੂੰ ਪ੍ਰਮਾਤਮਾ ਨੇ ਆਪ ਹੀ ਰੱਖਿਆ ਹੋਇਆ ਹੈ, ਆਪਣੇ ਸੱਚੇ ਗਿਆਨ ਤੋਂ ਉਸਨੇ ਆਪ ਹੀ ਦੂਰ ਰੱਖਿਆ ਹੋਇਆ ਹੈ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਨ ਵੀ ਸਾਡੇ ਮਨ ਦੇ ਮਾੜੇ ਵਿਚਾਰ ਹੀ ਹਨ ਭਾਵ ਔਗੁਣ ਹੀ ਹਨ ਜੋ ਕਿ ਤ੍ਰੈਗੁਣੀ ਅਵੱਸਥਾ ਦੀ, ਮਾਇਆ ਦੀ ਜੁਗਤਿ ਦੀ ਦੇਣ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਸੱਚੀ ਮਤਿ ਨੂੰ ਸਮਝਣ ਤੇ ਮੰਨਣ ਵਿੱਚ ਅਗਿਆਨਤਾ ਵਿੱਚ ਰਹਿੰਦੇ ਹਾਂ। ਇਸ ਅਵੱਸਥਾ ਵਿੱਚੋਂ ਸਾਨੂੰ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਜੋ ਕਿ "**ਉਸਦੇ ਆਪਣੇ ਚਰਨ**" ਭਾਵ "**ਮਾਇਆ ਦੀ ਜੁਗਤਿ ਤੋਂ ਰਹਿਤ ਚਰਨ**" ਉਸਦਾ ਚੌਥੇ ਪਦ ਦਾ ਗਿਆਨ ਹੈ, ਸੱਚਾ ਗਿਆਨ ਹੈ। ਉਹ ਆਪਣਾ ਚੌਥੇ ਪਦ ਦਾ ਗਿਆਨ ਦੇ ਕੇ ਮਨੁੱਖ ਨੂੰ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਤ੍ਰੈਗੁਣਾਂ ਵਿੱਚੋਂ ਕੱਢਦਾ ਹੈ, ਵਿਕਾਰਾਂ ਵਿੱਚੋਂ ਕੱਢਦਾ ਹੈ ਭਾਵ ਮਨੁੱਖ ਦੇ ਵਿਚਾਰਾਂ ਨੂੰ ਬਦਲ ਕੇ ਆਪਣਾ ਸੱਚ ਵਸਾ ਦਿੰਦਾ ਹੈ ਆਪਣੀ ਮਤਿ ਵਸਾ ਦਿੰਦਾ ਹੈ ਕਿਉਂਕਿ ਉਹ ਆਪ ਹੀ ਮਨ ਦੇ ਵਿੱਚ ਵਿਚਰ ਰਿਹਾ ਹੈ।

(ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥)

10/1002

ਮਨੁੱਖ ਦਾ ਆਪਣਾ ਹੋਣਾ ਭਾਵ ਆਪਣੀ ਕੋਈ ਵੱਖਰੀ ਹੋਂਦ ਸਮਝਣਾ "ਮੈਂ" ਸਮਝਣਾ ਕੇਵਲ ਭੁਲੇਖਾ ਹੀ ਹੈ ਜੋ ਕਿ ਮਨ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਨਾਲ, ਬ੍ਰਹਮ ਗਿਆਨ ਦੇ ਮਾਲਕ ਦੇ, ਨਾਮ ਦੇ ਮਾਲਕ ਦੇ ਪ੍ਰਗਟ ਹੋਣ ਨਾਲ ਮਿਟ ਜਾਂਦਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਦਾ ਮਿਟਣਾ ਹੀ ਸਾਡੇ ਭੁਲੇਖੇ ਦਾ ਮਿਟਣਾ ਹੈ, ਭਰਮ ਦਾ ਮਿਟਣਾ ਹੈ, ਸਾਡੀ ਹਉਮੈ ਦਾ ਮਿਟਣਾ ਹੈ ਤੇ ਉਸ ਤੋਂ ਬਾਅਦ ਮਨੁੱਖ ਨਿੱਤ ਨਵਾਂ ਹੀ ਰਹਿੰਦਾ ਹੈ, ਨਿੱਤ ਸੱਚਾ ਹੀ ਰਹਿੰਦਾ ਹੈ। ਹਉਮੈ ਦੇ ਮਿਟਣ ਨਾਲ ਭਾਵ ਮਨ ਦੀ ਅਗਿਆਨਤਾ ਮਿਟਣ ਦੇ ਨਾਲ ਹੀ ਮਨ ਦੇ ਸਭ ਰੋਗ ਮਿਟਦੇ ਹਨ। ਸਾਡੇ ਮਨ ਦੇ ਰੋਗਾਂ ਦਾ ਕਾਰਨ ਸਾਡੇ ਔਗੁਣ ਹਨ, ਸਾਡੇ ਮਾੜੇ ਵਿਚਾਰ ਹਨ ਤੇ ਸਾਡੇ ਇਹ ਰੋਗ ਮਨ ਦੇ ਵਿੱਚ ਉਸਦੇ ਚਰਨ ਜਪੇ ਜਾਣ ਦੁਆਰਾ ਭਾਵ ਉਸਦਾ ਨਾਮ ਜਪੇ ਜਾਣ ਦੁਆਰਾ ਹੀ ਦੂਰ ਹੁੰਦੇ ਹਨ, ਮਨ ਦੇ ਵਿੱਚ ਗੁਰੂ ਦੀ ਸੱਚੀ ਮਤਿ ਵੱਸਣ ਦੁਆਰਾ ਹੀ ਦੂਰ ਹੁੰਦੇ ਹਨ। ਗੁਰੂ ਦੀ ਸੱਚੀ ਮਤਿ ਦਾ ਵੱਸਣਾ ਹੀ ਸਾਡੇ ਅੰਦਰ ਦੀ ਨਾਮ ਅਉਖਦ ਹੈ, ਨਾਮ ਦੀ ਦਵਾਈ ਹੈ ਜੋ ਸਾਡੇ ਰੋਗ ਦੂਰ ਕਰਦੀ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

(ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥)

ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਸੀ, ਸਦਾ ਨਵਾਂ ਰਹਿਣ ਵਾਲਾ ਸੱਚ ਹੈ, ਆਪ ਪ੍ਰਮਾਤਮਾ ਹੈ, ਸੱਚੇ ਵਿਚਾਰ ਹਨ ਜੋ ਕਦੇ ਬਦਲ ਨਹੀਂ ਸਕਦੇ, ਕਦੇ ਪੁਰਾਣੇ ਨਹੀਂ ਹੋ ਸਕਦੇ। ਸੱਚ ਸਦਾ ਹੀ ਨਵਾਂ ਰਹਿੰਦਾ ਹੈ ਪਰ ਝੂਠ ਨੂੰ ਪੁਰਾਣਾ ਹੁੰਦੇ ਭਾਵੇਂ ਵਕਤ ਲੱਗ ਸਕਦਾ ਹੈ ਪਰ ਅਖੀਰ ਝੂਠ ਪੁਰਾਣਾ ਹੋ ਹੀ ਜਾਂਦਾ ਹੈ ਕਿਉਂਕਿ ਸੱਚ ਉਸਨੂੰ ਪੁਰਾਣਾ ਕਰ ਦਿੰਦਾ ਹੈ। ਸੱਚ ਆਪ ਕਦੇ ਨਹੀਂ ਪੁਰਾਣਾ ਹੋ ਸਕਦਾ। ਬ੍ਰਹਮ ਗਿਆਨ ਦੇ ਰਾਹੀਂ ਸਾਨੂੰ ਜੋ ਵੀ ਗਿਆਨ ਮਿਲਦਾ ਹੈ ਉਹ ਸੱਚਾ ਗਿਆਨ ਹੈ ਜੋ ਕਿ ਸਦਾ ਰਹਿਣ ਵਾਲਾ ਹੈ, ਸਦਾ ਟਿਕਣ ਵਾਲਾ ਹੈ, ਸਦਾ ਹੀ ਨਵਾਂ ਰਹਿੰਦਾ ਹੈ। ਇਸੇ ਲਈ ਗੁਰੂ ਪ੍ਰਮਾਤਮਾ ਦੇ ਬੋਲ ਸਦਾ ਹੀ ਨਵੇਂ ਹਨ, ਗੁਰਬਾਣੀ ਸਦਾ ਲਈ ਹੀ ਨਵੀਂ ਹੈ।

ਜਦ ਤੱਕ ਮਨੁੱਖ ਦੇ ਮਹਾਬਲੀ ਵਿਕਾਰ ਕਾਬੂ ਵਿੱਚ ਨਹੀਂ ਆਉਂਦੇ, ਜਦ ਤੱਕ ਮਨੁੱਖ ਦੇ ਵਿਚਾਰ ਸਦਾ ਟਿਕਣ ਵਾਲੇ ਸੱਚੇ ਵਿਚਾਰ ਨਹੀਂ ਬਣਦੇ, ਗੁਰਮਤਿ ਵਾਲੇ ਨਹੀਂ ਬਣਦੇ ਭਾਵ ਜਦ ਤੱਕ ਮਨ ਦੇ ਵਿਚਾਰਾਂ ਅੰਦਰ ਸੱਚ ਨਹੀਂ ਵੱਸਦਾ ਭਾਵ ਨਾਮ ਨਹੀਂ ਵੱਸਦਾ ਭਾਵ ਜਦ ਤੱਕ ਮਨੁੱਖ ਹਰ ਵੇਲੇ, ਦਿਨ ਰਾਤ, ਅੱਠੇ ਪਹਿਰ ਸੱਚਾ ਨਹੀਂ ਰਹਿੰਦਾ ਤਦ ਤੱਕ ਉਹ ਅੱਠੇ ਪਹਿਰ

ਨਾਮ ਨਹੀਂ ਧਿਆਉਂਦਾ ਜੋ ਕਿ ਅਗਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

“ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥”

ਅੱਠੇ ਪਹਿਰ ਮਨ ਦੇ ਮਹਾਬਲੀਆਂ ਤੋਂ ਰਹਿਤ ਹੋ ਕੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋ ਰਹਿਤ ਹੋ ਕੇ ਸੱਚ ਦੁਆਰਾ ਵਿਚਰਨਾ ਹੀ ਉਸ ਪ੍ਰਮਾਤਮਾ ਦਾ ਅੱਠੇ ਪਹਿਰ ਨਾਮ ਜਪਣਾ ਹੈ ਭਾਵ ਅੱਠੇ ਪਹਿਰ ਸੱਚ ਨੂੰ ਜਪਣਾ ਹੈ। ਇਹੋ ਜਿਹਾ ਮਨੁੱਖ ਜਾਗਦੇ ਹੋਏ

10/1003

ਵੀ ਸੱਚਾ ਹੈ ਤੇ ਸਰੀਰਕ ਤੌਰ ਤੇ ਸੁੱਤਾ ਹੋਇਆ ਵੀ ਸੱਚਾ ਹੈ ਕਿਉਂਕਿ ਉਸਦਾ ਮਨ ਸੁੱਤੇ ਹੋਏ ਵੀ ਜਾਗਦਾ ਹੈ, ਉਸਦੇ ਅੰਦਰ ਵਿਕਾਰ ਨਹੀਂ ਵੜ ਸਕਦੇ ਭਾਵ ਉਹ ਹਰ ਵੇਲੇ ਸੱਚਾ ਹੀ ਰਹਿੰਦਾ ਹੈ। ਇਹ ਸਭ ਕੁੱਝ ਉਸ ਪ੍ਰਮਾਤਮਾ ਦੇ ਆਪਣੇ ਵੱਸ ਹੈ ਜਿਸਦੇ ਵੱਸ ਵਿੱਚ ਸਾਡੇ ਮਨ ਦੀ ਸਮਝ ਹੈ। ਉਹ ਮਨੁੱਖ ਦੇ ਅੰਦਰ ਆਪਣੇ ਸੱਚੇ ਗਿਆਨ ਦੁਆਰਾ ਪ੍ਰਗਟ ਹੋ ਕੇ ਆਪ ਹੀ ਵਿਕਾਰਾਂ ਵਿੱਚੋਂ ਕੱਢਦਾ ਹੈ, ਆਪਣਾ ਸੱਚਾ ਗਿਆਨ ਬਖਸ਼ ਕੇ ਸੱਚ ਤੇ ਚਲਾਉਂਦਾ ਹੈ ਭਾਵ ਨਾਮ ਜਪਾਉਂਦਾ ਹੈ। ਜਿਸ ਨੂੰ ਪ੍ਰਮਾਤਮਾ ਨੇ ਆਪਣੇ ਨਾਲ ਮਿਲਾਉਣਾ ਹੈ, ਆਪਣੇ ਨਾਲ ਰਲਾਉਣਾ ਹੈ, ਉਸਦਾ ਇਹੀ ਤਰੀਕਾ ਹੈ। ਮਨ ਦੇ ਵਿੱਚ ਉਸਦੇ ਸੱਚੇ ਗਿਆਨ ਵਿੱਚ ਰਲਣਾ, ਮਨ ਵਿੱਚ ਉਸਨੂੰ ਪਹਿਚਾਨਣਾ ਹੀ ਉਸ ਦੇ ਨਾਲ ਮੇਲ ਹੈ, ਆਪਣੇ ਮੂਲ ਦੇ ਵਿੱਚ ਰਲਣਾ ਹੈ। ਜਿਸ ਨੇ ਸਾਨੂੰ ਬਣਾਇਆ ਹੈ ਉਸਦੇ ਨਾਲ ਰਲਣਾ ਹੈ, ਉਸ ਦੇ ਨਾਲ ਇੱਕ ਮਿਕ ਹੋਣਾ ਹੈ। **(ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥੨॥)** ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਭਾਵ ਸੰਤ ਆਦਿ ਅਖਵਾਉਣ ਵਾਲਿਆਂ ਦੇ, ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਇਸ ਉੱਪਰ ਵਾਲੇ ਸ਼ਬਦ ਨੂੰ ਵੀ ਅਸੀਂ ਤੋੜ ਮਰੋੜ ਕੇ ਪੇਸ਼ ਨਾ ਕਰੀਏ, ਗੁਰਮਤਿ ਦੇ ਦੋਖੀ ਨਾ ਬਣੀਏ ਭਾਵ ਗੁਰਮਤਿ ਦੇ ਬੋਲਾਂ ਨੂੰ ਨਾ ਵਿਗਾੜੀਏ ਭਾਵ ਦੂਸਰਿਆਂ ਨੂੰ ਉਹੋ ਜਿਹਾ ਨਾਮ ਜਪਣਾ ਸਮਝਾਈਏ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੁਆਰਾ ਹਰ ਕੋਈ ਸਪੱਸ਼ਟ ਤਰੀਕੇ ਨਾਲ ਸਮਝ ਸਕਦਾ ਹੈ ਕਿ ਮਨ ਦੇ ਮਾੜੇ ਵਿਚਾਰਾਂ ਨੂੰ ਛੱਡਣਾ ਹੀ ਨਾਮ ਜਪਣਾ ਹੈ।

ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਸ਼ਬਦ ਦੀਆਂ ਅਖੀਰ ਵਾਲੀਆਂ ਪੰਗਤੀਆਂ ਨੂੰ ਸਮਝੀਏ।

“ਨਾਨਕ ਜਨਿ ਗੁਰੁ ਪੂਰਾ ਪਾਇਆ॥ ਅੰਤਰਿ ਬਾਹਰਿ ਏਕੁ ਦਿਖਾਇਆ॥੪॥੩॥੫੪॥”

ਜਦੋਂ ਗੁਰੂ ਦੀ, ਪ੍ਰਮਾਤਮਾ ਦੀ ਚਰਨ ਧੂੜ ਮਨ ਦੇ ਵਿੱਚ ਵੱਸ ਜਾਂਦੀ ਹੈ, ਜਦੋਂ ਉਸਦਾ ਸੱਚਾ ਗਿਆਨ ਮਨ ਵਿੱਚ ਪ੍ਰਗਟ ਹੋ ਜਾਂਦਾ ਹੈ, ਇਹੀ ਪੂਰੇ ਗੁਰੂ ਨੂੰ ਪਾਉਣਾ ਹੈ। ਇਹ ਸੱਚਾ ਗਿਆਨ, ਬ੍ਰਹਮ ਗਿਆਨ ਹੀ ਆਪ ਗੁਰੂ ਪ੍ਰਮਾਤਮਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵਰਤ ਰਿਹਾ ਹੈ ਉਸੇ ਰੂਪ ਵਿੱਚ ਬਾਹਰ ਭਾਵ ਹਰ ਜਗ੍ਹਾ ਵਰਤ ਰਿਹਾ ਹੈ, ਆਪਣੀ ਸੱਚੀ ਸਾਇੰਸ ਦੇ ਰੂਪ ਵਿੱਚ ਵਰਤ ਰਿਹਾ ਹੈ। ਉਹ ਸਾਡੇ ਅੰਦਰ ਵੀ ਗਿਆਨ ਰੂਪ ਵਿੱਚ ਹੈ ਤੇ ਬਾਹਰ ਵੀ ਸਭ ਜਗ੍ਹਾਂ ਗਿਆਨ ਰੂਪ ਵਿੱਚ ਵਰਤ ਰਿਹਾ ਹੈ, ਆਪਣੀ ਸੱਚੀ ਸਾਇੰਸ ਦੇ ਰੂਪ ਵਿੱਚ ਵਰਤ ਰਿਹਾ ਹੈ। ਉਹ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ ਤੇ ਬਾਹਰ ਵੀ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਹ ਹਰ ਆਕਾਰ ਰੂਪ ਵਿੱਚ ਵਰਤ ਰਿਹਾ ਹੈ।

10/1004

ਉਸਨੂੰ ਮਨ ਦੇ ਅੰਦਰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ, ਮਨ ਦੀਆਂ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਤੇ ਬਾਹਰ ਵੀ ਉਸਨੂੰ ਮਨ ਦੀਆਂ ਅੱਖਾਂ ਨਾਲ ਹੀ ਮਹਿਸੂਸ ਕੀਤਾ ਜਾਂਦਾ ਹੈ। ਇਸ ਦਾ ਵਿਸ਼ਵਾਸ ਕੇਵਲ ਮਨ ਦੇ ਵਿੱਚੋਂ ਹੀ ਆ ਸਕਦਾ ਹੈ, ਮਨ ਦੇ ਵਿੱਚੋਂ ਉਸਨੂੰ ਸੁਣਨ ਦੁਆਰਾ ਹੀ ਆ ਸਕਦਾ ਹੈ ਤੇ ਤਾਂ ਹੀ ਪ੍ਰਮਾਤਮਾ ਸਭ ਵਿੱਚ ਨਜ਼ਰ ਆਉਂਦਾ ਹੈ।

ਉੱਪਰ ਸ਼ਬਦਾਂ ਦੁਆਰਾ ਅਸੀਂ ਇਹ ਬਰੀਕੀ ਨਾਲ ਸਮਝਿਆ ਹੈ ਕਿ ਨਾਮ ਜਪਣਾ ਸਾਡੀ ਸੱਚੀ ਸੁੱਚੀ ਕਰਨੀ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਹਨ ਤਦ ਤੱਕ ਅਸੀਂ ਨਾਮ ਤੋਂ ਵਿਛੜੇ ਹੋਏ ਹਾਂ ਤੇ ਕਿਸੇ ਅੱਖਰ ਨੂੰ ਇੱਕ ਨਾਮ ਦੀ ਸੰਗਿਆ ਦੇ ਕੇ ਉਸ ਨੂੰ ਰੱਟੀ ਜਾਣ ਨਾਲ ਸਾਡੀ ਕਰਨੀ ਕਿਵੇਂ ਸੁਧਰ ਸਕਦੀ ਹੈ, ਕਿਵੇਂ ਚੰਗੀ ਹੋ ਸਕਦੀ ਹੈ। ਹਰਿ ਹਰਿ ਨਾਮ ਗੁਰੂ ਦੀ

ਮਤਿ ਹੈ ਤੇ ਉਸਨੂੰ ਮਨ ਦੇ ਵਿੱਚ ਧਾਰੇ ਬਿਨ੍ਹਾਂ ਚੰਗੀ ਕਰਨੀ ਨਹੀਂ ਹੋ ਸਕਦੀ ਤੇ ਨਾ ਹੀ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ ਕਿਉਂਕਿ ਸਾਡੀ ਸੱਚੀ ਕਿਰਤ ਹੀ ਨਾਮ ਦਾ ਜੱਸ ਗਾਉਣਾ ਹੈ ਭਾਵ ਗੁਰਮਤਿ ਦਾ ਜੱਸ ਗਾਉਣਾ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

ਬਿਹਾਗੜਾ ਮਹਲਾ ੪॥

"ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ ਹਰਿ ਕੀਰਤਿ ਹਰਿ ਮਨਿ ਧਾਰੇ ਰਾਮ॥"

(ਅੰਗ ੫੩੯)

"ਸੁਕ੍ਰਿਤੁ" ਤੋਂ ਭਾਵ ਹੈ ਸਾਡੀ ਸੱਚੀ ਸੁੱਚੀ ਕਿਰਤ, ਸਾਡੀ ਚੰਗੀ ਕਰਨੀ। ਇਸ ਜੱਗ ਦੇ ਵਿੱਚ ਵਿਚਰਦੇ ਹੋਏ ਅਸੀਂ ਅਨੇਕਾਂ ਹੀ ਕਰਮ ਕਰਦੇ ਹਾਂ। ਸਾਡੀ ਚੰਗੀ ਕਰਨੀ ਭਾਵ ਸਾਡੇ ਸੱਚੇ ਸੁੱਚੇ ਕਰਮ ਕਰਨੇ ਉਸ ਪ੍ਰਮਾਤਮਾ ਦਾ ਜੱਸ ਗਾਉਣਾ ਹੈ, ਨਾਮ ਦਾ ਜੱਸ ਗਾਉਣਾ ਹੈ। **(ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ)** ਇਹ ਸਾਡੀ ਚੰਗੀ ਕਰਨੀ ਤਾਂ ਹੀ ਹੋ ਸਕਦੀ ਹੈ, ਪ੍ਰਮਾਤਮਾ ਦਾ ਜੱਸ ਤਾਂ ਹੀ ਗਾਇਆ ਜਾ ਸਕਦਾ ਹੈ ਜੇਕਰ ਅਸੀਂ ਉਸ ਪ੍ਰਮਾਤਮਾ ਦੇ, ਹਰਿ ਦੇ ਦੱਸੇ ਹੋਏ ਗੁਣ ਆਪਣੇ ਮਨ ਵਿੱਚ ਧਾਰਨ

10/1005

ਕਰਾਂਗੇ ਕਿਉਂਕਿ ਸੱਚੀ ਕਰਨੀ ਗੁਣਾਂ ਨਾਲ ਹੀ ਹੋ ਸਕਦੀ ਹੈ, ਮਨ ਦੇ ਵਿੱਚੋਂ ਵਿਕਾਰਾਂ ਨੂੰ ਕੱਢ ਕੇ ਹੀ ਹੋ ਸਕਦੀ ਹੈ। **(ਹਰਿ ਕੀਰਤਿ ਹਰਿ ਮਨਿ ਧਾਰੇ ਰਾਮ)** ਆਪਣੇ ਆਪ ਨੂੰ ਵਿਕਾਰਾਂ ਤੋਂ ਰਹਿਤ ਕਰਕੇ ਵਿਚਰਨਾ ਹੀ ਨਾਮ ਧਿਆਉਣਾ ਹੈ ਜਿਵੇਂ ਕਿ ਸ਼ਬਦ ਦੀ ਹੇਠ ਦਿੱਤੀ ਪੰਗਤੀ ਦੁਆਰਾ ਸਪੱਸ਼ਟ ਹੈ।

"ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ॥"

ਗੁਰੂ ਸਾਹਿਬ ਸਾਨੂੰ ਇਸ ਤੋਂ ਸਪੱਸ਼ਟ ਤਰੀਕੇ ਨਾਲ ਹੋਰ ਕੀ ਸਮਝਾਉਣ ਕਿ ਨਾਮ ਧਿਆਉਣਾ ਕੀ ਹੈ ਜਿਵੇਂ ਕਿ ਉੱਪਰ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਤੇ ਉਨ੍ਹਾਂ ਦੀ ਮਤਿ ਨੂੰ ਛੱਡਣ ਦੀ ਲੋੜ ਹੈ ਜੋ ਸਾਨੂੰ ਗਲਤ ਨਾਮ ਸਿਖਾਉਂਦੇ ਹਨ। ਬੜਾ ਸਪੱਸ਼ਟ ਹੈ ਕਿ ਜਿੰਨ੍ਹਾਂ ਨੇ ਪੰਜਾਂ ਵਿਕਾਰਾਂ ਨੂੰ ਵੱਸ ਵਿੱਚ ਕੀਤਾ ਹੋਇਆ ਹੈ ਭਾਵ ਪੰਜ ਵਿਕਾਰ ਜਿੰਨ੍ਹਾਂ ਦੇ ਵੱਸ ਵਿੱਚ ਆਏ ਹੋਏ ਹਨ ਉਹੀ ਨਾਮ ਧਿਆਉਂਦੇ ਹਨ ਭਾਵ ਇਸ ਮਨ ਨੂੰ ਸ਼ੁੱਧ ਕੀਤੇ ਬਿਨ੍ਹਾਂ, ਵਿਕਾਰਾਂ ਨੂੰ ਛੱਡੇ ਬਿਨ੍ਹਾਂ ਪ੍ਰਮਾਤਮਾ ਦਾ ਜੱਸ ਨਹੀਂ ਗਾਇਆ ਜਾ ਸਕਦਾ, ਵਿਕਾਰਾਂ ਨੂੰ ਛੱਡੇ ਬਿਨ੍ਹਾਂ ਅਸੀਂ ਸੁਕ੍ਰਿਤ ਨਹੀਂ ਕਰ ਸਕਦੇ, ਉਸਦਾ ਨਾਮ ਨਹੀਂ ਧਿਆ ਸਕਦੇ। **(ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ॥)**

ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆ ਰਹੇ ਹਾਂ ਕਿ ਇਹਨਾਂ ਵਿਕਾਰਾਂ ਤੋਂ ਸਾਨੂੰ ਪ੍ਰਮਾਤਮਾ ਆਪ ਹੀ ਰੱਖ ਸਕਦਾ ਹੈ ਤੇ ਇਸ ਲਈ ਸਾਡੀ ਪ੍ਰਮਾਤਮਾ ਅੱਗੇ ਸੱਚੀ ਅਰਦਾਸ ਇਹੀ ਹੋਣੀ ਚਾਹੀਦੀ ਹੈ, ਸੱਚੀ ਮੰਗ ਇਹੀ ਹੋਣੀ ਚਾਹੀਦੀ ਹੈ ਕਿ ਪ੍ਰਮਾਤਮਾ ਸਾਨੂੰ ਇਹਨਾਂ ਵਿਕਾਰਾਂ ਤੋਂ ਰੱਖ ਲਵੇ, ਇਹਨਾਂ ਤੋਂ ਸਾਡੀ ਰਾਖੀ ਕਰੇ ਜੋ ਦਿਨ ਰਾਤ ਸਾਨੂੰ ਲੁੱਟੀ ਜਾ ਰਹੇ ਹਨ। ਆਓ ਹੇਠ ਦਿੱਤੇ ਸ਼ਬਦਾਂ ਦੁਆਰਾ ਆਪਣੀ ਸੱਚੀ ਅਰਦਾਸ ਨੂੰ ਸਮਝੀਏ।

ਸਲੋਕ ਮਃ ੫॥

"ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ॥
ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ॥੧॥"

(ਅੰਗ ੫੨੩)

ਮਃ ੫॥

"ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ॥੨॥"

(ਅੰਗ ੫੨੩)

ਇਹੋ ਜਿਹੀ ਅਰਦਾਸ ਲਈ ਆਪਣੇ ਆਪ ਨੂੰ ਤਿਆਰ ਕਰਨਾ ਹੀ, ਮਨ ਵਿੱਚ ਪੱਕੀ ਧਾਰਨਾ ਕਰਨਾ ਹੀ ਸਾਡਾ ਅਰਦਾਸ ਲਈ

ਸੱਚਾ ਉੱਦਮ ਹੈ ਕਿਉਂਕਿ ਇਸ ਮਨ ਨੂੰ ਸਮਝਾਉਣਾ ਹੀ ਸਭ ਤੋਂ ਔਖੀ ਗੱਲ ਹੈ। ਅਸੀਂ ਮਨ ਨੂੰ ਸਮਝਾਉਣ ਦੀ ਬਜਾਏ ਭਾਵ ਔਗੁਣਾਂ ਨੂੰ ਛੱਡਣ ਦੀ ਬਜਾਇ ਇੱਕ ਅੱਖਰ ਦੇ ਜਾਪ

10/1006

ਨੂੰ ਹੀ ਆਪਣੀ ਅਰਦਾਸ ਸਮਝਦੇ ਹਾਂ, ਕੇਵਲ ਪੜ੍ਹਨ ਸੁਣਨ ਨੂੰ ਹੀ ਅਰਦਾਸ ਸਮਝਦੇ ਹਾਂ ਪਰ ਇਹ ਸੱਚੀ ਅਰਦਾਸ ਮਨ ਨੂੰ ਮਾਰ ਕੇ ਹੀ ਹੋ ਸਕਦੀ ਹੈ। ਜਦ ਤੱਕ ਅਸੀਂ ਇਸ ਭੁਲੇਖੇ ਵਿੱਚ ਬੈਠੇ ਰਹਾਂਗੇ ਭਾਵ ਜਦ ਤੱਕ ਸੱਚ ਨੂੰ ਅਪਣਾਏ ਬਿਨ੍ਹਾਂ ਹੀ, ਮਾੜੇ ਕਰਮ ਕਰਦੇ ਹੋਏ ਵੀ ਆਪਣੇ ਆਪ ਨੂੰ ਨਾਮ ਜਪਣ ਵਾਲਾ ਸਮਝੀ ਜਾਵਾਂਗੇ ਤਦ ਤੱਕ ਅਸੀਂ ਕਿਤਨੇ ਭੁਲੇਖੇ ਵਿੱਚ ਹਾਂ, ਇਸ ਭੁਲੇਖੇ ਨੂੰ ਨਾਲ ਹੀ ਅਗਲੀਆਂ ਪੰਗਤੀਆਂ ਦੁਆਰਾ ਕੱਢਿਆ ਹੋਇਆ ਹੈ।

“ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ॥

ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ॥੨॥”

ਸੱਚ ਨੂੰ ਅਪਣਾਏ ਬਿਨ੍ਹਾਂ ਭਾਵ ਗੁਰੂ ਦੇ ਨਾਮ ਨੂੰ ਮੰਨੇ ਬਿਨ੍ਹਾਂ ਸਾਡੀ ਕਿਰਤ ਚੰਗੀ ਨਹੀਂ ਹੋ ਸਕਦੀ। ਕਿਰਤ ਅਸੀਂ ਆਪਣੀਆਂ ਜਿੰਦਗੀ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਕਰਦੇ ਹਾਂ ਭਾਵ ਆਪਣੇ ਖਾਣ, ਪੀਣ, ਪਹਿਨਣ ਆਦਿ ਲਈ ਕਿਰਤ ਕਰਦੇ ਹਾਂ। ਮਾੜੀ ਕਿਰਤ ਦੁਆਰਾ ਭਾਵ ਝੂਠ ਤੇ ਵਿਕਾਰਾਂ ਦਾ ਆਸਰਾ ਲੈ ਕੇ ਅਸੀਂ ਜੋ ਕੁੱਝ ਵੀ ਖਰੀਦ ਕੇ ਲਿਆਉਂਦੇ ਹਾਂ ਉਸ ਦੇ ਨਾਲ ਅਸੀਂ ਆਪਣਾ ਜੀਵਨ ਖਰਾਬ ਕਰਦੇ ਹਾਂ ਭਾਵ ਆਪਣਾ ਇਸ ਜਿੰਦਗੀ ਦਾ ਸੱਚਾ ਮਨੋਰਥ ਗਵਾ ਦਿੰਦੇ ਹਾਂ। ਅਸੀਂ ਆਪਣੀ ਜਿੰਦਗੀ ਦਾ ਸੱਚਾ ਮਨੋਰਥ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਮਨੋਰਥ ਸੱਚ ਦੁਆਰਾ ਵਿਚਰ ਕੇ ਪੂਰਾ ਕਰ ਸਕਦੇ ਹਾਂ, ਮਾਇਆ ਨੂੰ ਸੱਚੇ ਸੁੱਚੇ ਢੰਗ ਨਾਲ ਕਮਾ ਕੇ ਤੇ ਵਰਤ ਕੇ ਕਰ ਸਕਦੇ ਹਾਂ ਤੇ ਸਾਡੀ ਇਹੋ ਜਿਹੀ ਵਿਚਰਨ ਹੀ ਨਾਮ ਦੀ ਵਡਿਆਈ ਹੈ, ਪ੍ਰਮਾਤਮਾ ਦਾ ਜਸ ਗਾਉਣਾ ਹੈ, ਉਸਨੂੰ ਧਿਆਉਣਾ ਹੈ ਭਾਵ ਹਰ ਵੇਲੇ ਉਸਦੀ ਮਤਿ ਨੂੰ ਧਿਆਨ ਵਿੱਚ ਰੱਖਣਾ ਹੈ। ਸੱਚ ਨੂੰ ਅਪਣਾਏ ਬਿਨ੍ਹਾਂ ਸਾਡਾ ਜੀਵਨ ਧ੍ਰਿਗ ਹੈ, ਸਾਡਾ ਜਿਉਣਾ ਧ੍ਰਿਗ ਹੈ। (**ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ॥ ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ॥੧॥) (ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ॥ ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ॥੨॥**)

“ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ॥”

(ਅੰਗ - ੫੯੮)

ਉੱਪਰ ਵਾਲੀ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਹਰ ਵੇਲੇ ਸਤਿਗੁਰੂ, ਹਰ ਵੇਲੇ ਨਾਮ ਮੇਰੇ ਨਾਲ ਇਸ ਤਰ੍ਹਾਂ ਹੈ ਕਿ ਹਰ ਥਾਂ ਮੈਨੂੰ ਛੱਡਾ ਲੈਂਦਾ ਹੈ ਭਾਵ ਔਗੁਣਾਂ ਤੋਂ ਬਚਾ ਲੈਂਦਾ ਹੈ। ਸਾਨੂੰ ਆਪਣੀ ਜਿੰਦਗੀ ਦੀ ਵਿਚਰਨ ਵਿੱਚ ਵਾਰ-ਵਾਰ ਸੱਚ ਝੂਠ ਦਾ ਸਾਹਮਣਾ ਕਰਨਾ ਪੈਂਦਾ ਹੈ, ਗੁਣਾਂ ਔਗੁਣਾਂ ਵਿੱਚੋਂ ਇੱਕ ਦੇ ਨਾਲ ਲੱਗਣਾ ਪੈਂਦਾ ਹੈ, ਚੰਗੇ ਮਾੜੇ ਕਰਮ ਦਾ ਫਰਕ ਸੋਚਣਾ ਪੈਂਦਾ ਹੈ, ਨਫਾ ਨੁਕਸਾਨ ਸੋਚਣਾ ਪੈਂਦਾ ਹੈ, ਝੂਠ ਬੋਲਣ ਨਾਲ ਮਾਇਆ ਦਾ ਨਫਾ ਹੁੰਦਾ ਹੈ ਤੇ ਸੱਚ ਬੋਲਣ ਨਾਲ ਨੁਕਸਾਨ ਹੁੰਦਾ ਹੈ ਪਰ ਜੇਕਰ ਸਤਿਗੁਰ ਸਾਡੇ ਨਾਲ ਹੈ

10/1007

ਭਾਵ ਜੇਕਰ ਸਤਿਗੁਰ ਦੀ ਮਤਿ, ਸਤਿਗੁਰ ਦੇ ਬਚਨ ਸਾਡੇ ਅੰਦਰ ਦ੍ਰਿੜ ਹਨ ਤਾਂ ਫਿਰ ਅਸੀਂ ਸੱਚ ਤੇ ਹੀ ਚੱਲਾਂਗੇ ਭਾਵ ਗੁਰੂ ਦਾ ਨਾਮ ਹੀ ਜਪਾਂਗੇ ਭਾਵੇਂ ਉਸ ਵਿੱਚ ਸਾਨੂੰ ਨਫਾ ਹੋਵੇ ਭਾਵੇਂ ਨੁਕਸਾਨ ਹੋਵੇ। ਅਸੀਂ ਮਾਇਆ ਦਾ ਲੋਭ ਛੱਡ ਦਿਆਂਗੇ ਪਰ ਗੁਰੂ ਦੀ ਮਤਿ ਨੂੰ ਨਹੀ ਛੱਡਾਂਗੇ। ਜਦੋਂ ਸਾਡੇ ਤੇ ਗੁਰੂ ਦੀ ਕਿਰਪਾ ਹੁੰਦੀ ਹੈ ਉਹ ਸਾਨੂੰ ਸਭ ਜਗ੍ਹਾ ਵਿਕਾਰਾਂ ਤੋਂ, ਔਗੁਣਾਂ ਤੋਂ ਛਡਾ ਲੈਂਦਾ ਹੈ, ਔਗੁਣਾਂ ਤੋਂ ਰੱਖ ਲੈਂਦਾ ਹੈ, ਹਰ ਥਾਂ ਸਾਡੀ ਰੱਖਿਆ ਕਰਦਾ ਹੈ ਭਾਵ ਸਾਡੇ ਅੰਦਰ ਸੱਚ ਦੀ ਰੱਖਿਆ ਕਰਦਾ ਹੈ ਤੇ ਵਿਕਾਰਾਂ ਨੂੰ ਮਾਰ ਦਿੰਦਾ ਹੈ। ਉਹ ਸਾਨੂੰ ਸਭ ਜਗ੍ਹਾ ਮਨ ਦੇ ਵਿੱਚ, ਸਾਡੀ ਹਰ ਵਿਚਰਨ ਦੇ ਵਿੱਚ ਸਹੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਅਸੀਂ ਵਿਕਾਰਾਂ ਤੋਂ ਬਚੇ ਰਹਿੰਦੇ ਹਾਂ।

(ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥)

ਸ਼ਬਦ ਦੀਆਂ ਹੇਠਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਨਾਮ ਸਿਮਰਨਾ ਕੀ ਹੈ, ਰਾਮ-ਰਾਮ ਕਰਨਾ ਕੀ ਹੈ।

ਆਸਾ ਮਹਲਾ ੫॥

“ਕਾਮੁ ਕ੍ਰੋਧੁ ਲੋਭੁ ਤਿਆਗੁ॥ ਮਨਿ ਸਿਮਰਿ ਗੋਬਿੰਦ ਨਾਮ॥ ਹਰਿ ਭਜਨ ਸਫਲ ਕਾਮ॥੧॥ ਰਹਾਉ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥ ਮਨ ਸੰਤਨਾ ਕੈ ਚਰਨਿ ਲਾਗੁ॥੧॥
ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ॥
ਕਰਿ ਭਗਤਿ ਨਾਨਕ ਪੂਰਨ ਭਾਗੁ॥੨॥੪॥੧੫੫॥”

(ਅੰਗ ੪੦੮)

10/1008

ਪਹਿਲੀ ਪੰਗਤੀ ਨੂੰ ਹੀ ਜੇਕਰ ਧਿਆਨ ਨਾਲ ਸਮਝੀਏ ਤਾਂ ਸਮਝ ਆ ਜਾਵੇਗੀ ਕਿ ਨਾਮ ਜਪਣ ਤੋਂ ਪਹਿਲਾਂ ਨਾਮ ਜਪਣ ਦੀ ਸ਼ਰਤ ਪੂਰੀ ਕਰਨੀ ਜਰੂਰੀ ਹੈ। ਸ਼ਰਤ ਕਾਮ, ਕ੍ਰੋਧ, ਲੋਭ ਤੇ ਮੋਹ ਤਿਆਗਣ ਦੀ ਹੈ, ਗੁਰੂ ਦਾ ਹੁਕਮ ਮੰਨਣ ਦੀ ਹੈ। ਬਿਨ੍ਹਾਂ ਇਸ ਸ਼ਰਤ ਨੂੰ ਪੂਰੀ ਕੀਤੇ ਪ੍ਰਮਾਤਮਾ ਨੂੰ ਨਹੀਂ ਸਿਮਰਿਆ ਜਾ ਸਕਦਾ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ। ਅਸਲ ਵਿੱਚ ਇਸ ਸ਼ਰਤ ਨੂੰ ਪੂਰਾ ਕਰਨਾ ਹੀ, ਇਸ ਹੁਕਮ ਨੂੰ ਮੰਨਣਾ ਹੀ ਨਾਮ ਜਪਣਾ ਹੈ। ਅਸੀਂ ਗੁਰੂ ਦੇ ਹੁਕਮ ਨੂੰ ਹੀ ਸਿਮਰਨਾ ਹੈ ਭਾਵ ਮੰਨਣਾ ਹੈ, ਆਪਣੇ ਮਨ ਦੇ ਵਿੱਚ ਸਿਮਰਨਾ ਹੈ ਭਾਵ ਮਨ ਵਿੱਚੋਂ ਵਿਕਾਰਾਂ ਨੂੰ ਕੱਢ ਕੇ ਆਪਣੇ ਮਨ ਦੀ ਅਵੱਸਥਾ ਨੂੰ ਬਦਲਣਾ ਹੈ। **(ਕਾਮੁ ਕ੍ਰੋਧੁ ਲੋਭੁ ਤਿਆਗੁ॥ ਮਨਿ ਸਿਮਰਿ ਗੋਬਿੰਦ ਨਾਮ॥)** ਮਨ ਦੇ ਵਿੱਚੋਂ ਵਿਕਾਰ ਨਿਕਲਣ ਦੇ ਨਾਲ ਹੀ ਸਾਡੇ ਅੰਦਰ ਨਾਮ ਵੱਸਦਾ ਹੈ, ਸੱਚ ਵੱਸਦਾ ਹੈ। ਪ੍ਰਮਾਤਮਾ ਦਾ ਭਜਨ ਇਹ ਵਿਕਾਰ ਛੱਡ ਕੇ ਹੀ ਹੋ ਸਕਦਾ ਹੈ ਤੇ ਇਸ ਦੁਆਰਾ ਹੀ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ ਕਿਉਂਕਿ ਸਾਡਾ ਜੀਵਨ ਚੰਗੇ ਕਰਮ ਕਰਕੇ ਸਫ਼ਲ ਹੋਣਾ ਹੈ, ਨਾਮ ਜਪਣ ਦੁਆਰਾ ਹੋਣਾ ਹੈ। **(ਹਰਿ ਭਜਨ ਸਫਲ ਕਾਮੁ॥ਰਹਾਉ॥)**

ਇਤਨੇ ਵਿਕਾਰ ਛੱਡ ਕੇ ਵੀ ਖਲਾਸੀ ਨਹੀਂ ਹੋਣੀ ਕਿਉਂਕਿ ਸੱਚੇ ਸੁੱਚੇ ਕਰਮ ਔਗੁਣਾਂ ਤੋਂ ਪੂਰੀ ਤਰ੍ਹਾਂ ਰਹਿਤ ਹੋ ਕੇ ਹੀ ਹੋ ਸਕਦੇ ਹਨ, ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਮੰਨ ਕੇ ਹੀ ਹੋ ਸਕਦੇ ਹਨ ਭਾਵ ਰਾਮ-ਰਾਮ ਕਰਨਾ, ਮਨ ਵਿੱਚ ਰਾਮ ਦਾ ਵੱਸਣਾ,

ਰਾਮ ਦੀ ਮਤਿ ਦਾ ਵੱਸਣਾ ਬਹੁਤ ਹੀ ਔਖਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਬਾਕੀ ਦੇ ਵਿਕਾਰਾਂ ਦੀ ਗਿਣਤੀ ਵੀ ਸ਼ਰਤ ਦੇ ਰੂਪ ਵਿੱਚ ਲਗਾਈ ਹੋਈ ਹੈ, ਰਾਮ-ਰਾਮ ਕਰਨ ਦੀ ਪ੍ਰੀ ਕੰਡੀਸ਼ਨ ਲਗਾਈ ਹੋਈ ਹੈ।

"ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥"

ਔਗੁਣਾਂ ਤੋਂ ਮੁਕਤ ਹੋਏ ਬਿਨ੍ਹਾਂ ਨਾ ਹੀ ਕੋਈ ਰਾਮ-ਰਾਮ ਕਰ ਸਕਦਾ ਹੈ ਜਾਂ ਕਿਸੇ ਹੋਰ ਅੱਖਰ ਦਾ ਨਾਮ ਸਿਮਰਨ ਕਰ ਸਕਦਾ ਹੈ। ਜੇਕਰ ਕੋਈ ਕਿਸੇ ਅੱਖਰ ਦੇ ਜਪ ਨੂੰ ਹੀ ਨਾਮ ਜਪਣਾ ਸਮਝਦਾ ਹੈ ਤਾਂ ਫਿਰ ਇਹ ਬਹੁਤ ਵੱਡਾ ਭੁਲੇਖਾ ਹੈ, ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਸਾਡਾ ਅਤਿ ਦਾ ਭੁਲੇਖਾ ਹੈ। ਰਾਮ ਰਾਮ ਜਪਣਾ ਬਹੁਤ ਔਖਾ ਹੈ ਕਿਉਂਕਿ ਰਾਮ ਰਾਮ ਜਪਣ ਲਈ ਭਾਵ ਗੁਰੂ ਦਾ ਨਾਮ ਜਪਣ ਲਈ ਸਾਰੇ ਔਗੁਣ ਛੱਡਣੇ ਪੈਂਦੇ ਹਨ। ਅਸੀਂ ਅੱਜ ਕੱਲ੍ਹ ਸਿੱਖ ਜਗਤ ਵਿੱਚ ਵਾਹਿਗੁਰੂ ਵਾਹਿਗੁਰੂ ਜਪ ਕੇ ਹੀ ਕੰਮ ਚਲਾ ਲੈਂਦੇ ਹਾਂ ਤੇ ਇਸ ਅੱਖਰ ਨੂੰ ਜਪਣਾ ਹੀ ਨਾਮ ਜਪਣਾ ਬਣਾ ਲਿਆ ਹੈ। ਔਗੁਣ ਛੱਡਣ ਨੂੰ ਅਸੀਂ ਨਾਮ ਨਾਲ ਜੋੜਦੇ ਹੀ ਨਹੀਂ। ਗੋਬਿੰਦ ਨਾਮ, ਰਾਮ ਨਾਮ ਕੀ ਕੋਈ ਵਾਹਿਗੁਰੂ ਨਾਮ ਨਾਲੋਂ ਵੱਖਰੇ ਨਾਮ ਹਨ? ਕੀ "ਵਾਹਿਗੁਰੂ" ਨਾਮ ਨੇ ਸਾਨੂੰ ਔਗੁਣਾਂ ਤੋਂ ਛੁਟ ਦਿੱਤੀ ਹੋਈ ਹੈ ਕਿ ਤੁਸੀਂ ਮਾੜੇ ਕਰਮ ਕਰੀ ਜਾਉ? ਕੀ ਸਿੱਖ ਜਗਤ ਨੂੰ ਇਹ ਛੁਟ ਮਿਲੀ ਹੋਈ ਹੈ? ਕੀ ਗੋਬਿੰਦ ਨਾਮ, ਰਾਮ ਨਾਮ ਕਿਸੇ ਹੋਰ ਲਈ ਹੈ ਤੇ ਵਾਹਿਗੁਰੂ ਨਾਮ ਕਿਸੇ ਹੋਰ ਲਈ ਹੈ। ਅਸੀਂ ਨਾਮ, ਨਾਮ ਦੇ ਵਿੱਚ ਫ਼ਰਕ ਪਾਈ ਜਾਂਦੇ ਹਾਂ, ਪ੍ਰਮਾਤਮਾ ਵਿੱਚ ਹੀ ਫ਼ਰਕ ਪਾਈ ਜਾਂਦੇ ਹਾਂ, ਗੁਰੂ ਦੀ ਬਾਣੀ ਵਿੱਚ ਹੀ ਫ਼ਰਕ ਪਾਈ ਜਾਂਦੇ ਹਾਂ, ਅਤਿ ਦਾ ਭਰਮ ਹੈ। (**ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥**)

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥
ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥
ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥
ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ ੧੧੪੭)

ਇਹਨਾਂ ਔਗੁਣਾਂ ਨੂੰ ਛੱਡੇ ਬਿਨ੍ਹਾਂ ਸਾਡਾ ਮਨ ਗੁਰੂ ਦੇ ਚਰਨਾਂ ਨਾਲ ਨਹੀਂ ਜੁੜ ਸਕਦਾ, ਗੁਰੂ ਦੀ ਮਤਿ ਨਾਲ ਨਹੀਂ ਜੁੜ ਸਕਦਾ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸੰਤ "ਗੁਰੂ" ਹੈ ਤੇ ਗੁਰੂ ਉੱਚਾ

ਆਪਣੇ ਗੁਣਾਂ ਦੁਆਰਾ ਹੈ ਤੇ ਆਪਣੇ ਗੁਣਾਂ ਕਰਕੇ ਹੀ ਗੁਰੂ ਔਗੁਣਾਂ ਤੋਂ ਰਹਿਤ ਹੈ। ਗੁਰੂ ਦੀ ਮਤਿ ਸਾਨੂੰ ਗੁਣਾਂ ਦੇ ਨਾਲ ਹੀ ਜੋੜਦੀ ਹੈ। **"ਸੰਤਨਾ"** ਤੋਂ ਭਾਵ ਹੈ ਸੰਤ ਦੀ ਮਤਿ, ਗੁਰੂ ਦੇ ਸ਼ਬਦਾਂ ਦੀ ਮਤਿ, ਗੁਰੂ ਰੂਪ ਸੰਤ ਦੇ ਗੁਣ, ਗੁਰੂ ਦੇ ਗੁਣ। ਗੁਰੂ ਦੇ ਗੁਣਾਂ ਦੇ ਨਾਲ ਜੁੜ ਕੇ ਹੀ ਗੁਰੂ ਦੇ ਚਰਨਾਂ ਨਾਲ ਲੱਗਿਆ ਜਾ ਸਕਦਾ ਹੈ, ਉਸਦੀ ਮਤਿ ਨਾਲ ਜੁੜਿਆ ਜਾ ਸਕਦਾ ਹੈ। **(ਮਨ ਸੰਤਨਾ ਕੈ ਚਰਣ ਲਾਗੁ॥)**

"ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ॥
ਕਰਿ ਭਗਤਿ ਨਾਨਕ ਪੂਰਨ ਭਾਗੁ॥੨॥੪॥੧੫੫॥"

ਉਹ ਪ੍ਰਮਾਤਮਾ ਪਤਿਤ ਪਾਵਨ ਹੈ, ਜੋ ਪਤਿਤ ਮਨੁੱਖ ਨੂੰ ਪਵਿੱਤਰ ਬਣਾ ਦਿੰਦਾ ਹੈ। ਪਤਿਤ ਅਸੀਂ ਆਪਣੇ ਔਗੁਣਾਂ ਕਰਕੇ ਹਾਂ ਤੇ ਪਵਿੱਤਰ ਸਾਨੂੰ ਗੁਣਾਂ ਨੇ ਬਣਾਉਣਾ ਹੈ, ਸੱਚ ਨੇ ਬਣਾਉਣਾ ਹੈ, ਗੁਰੂ ਦੀ ਮਤਿ ਨੇ ਬਣਾਉਣਾ ਹੈ। ਜਦ ਤੱਕ ਅਸੀਂ ਪਤਿਤ ਹਾਂ ਅਸੀਂ ਸੁੱਤੇ ਹੋਏ ਹਾਂ, ਅਸੀਂ ਮਾਇਆ ਮੋਹ ਵਿੱਚ ਸੁੱਤੇ ਹੋਏ ਹਾਂ, ਔਗੁਣਾਂ ਵਿੱਚ ਸੁੱਤੇ ਹੋਏ ਹਾਂ, ਮਨ ਦੀ ਅਗਿਆਨਤਾ ਵਿੱਚ ਸੁੱਤੇ ਹੋਏ ਹਾਂ। ਗੁਰੂ ਦੀ ਮਤਿ ਨੂੰ ਸਿਮਰ ਕੇ ਹੀ ਅਸੀਂ ਜਾਗ ਸਕਦੇ ਹਾਂ ਭਾਵ ਗੁਰੂ ਦੇ ਗੁਣਾਂ ਨੂੰ ਲੈ ਕੇ, ਔਗੁਣਾਂ ਨੂੰ ਕੱਢ ਕੇ

ਹੀ ਇਸ ਮਨ ਦਾ ਜਾਗਣਾ ਹੋ ਸਕਦਾ ਹੈ ਤੇ ਸਾਡੀ ਪਤਿਤ ਵਾਲੀ ਅਵੱਸਥਾ ਪਾਵਨ ਹੋ ਸਕਦੀ ਹੈ।

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਸੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

ਉਹ ਪ੍ਰਮਾਤਮਾ ਆਪ ਪਤਿਤ ਪਾਵਨ ਹੈ ਭਾਵ ਉਹ ਆਪ ਹੀ ਸਾਨੂੰ ਔਗੁਣਾਂ ਵਿੱਚੋਂ ਕੱਢ ਸਕਦਾ ਹੈ। ਮਾਇਆ ਮੋਹ ਵਾਲੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਵਿੱਚੋਂ ਕੱਢ ਸਕਦਾ ਹੈ। ਪਾਵਨ ਹੋਣ ਦਾ ਅਸੀਂ ਉੱਦਮ ਜਰੂਰ ਕਰਨਾ ਹੈ ਕਿਉਂਕਿ ਇਹ ਉੱਦਮ ਸਾਡੇ ਸਿਰ ਲਾਇਆ ਹੋਇਆ ਹੈ। ਉੱਦਮ ਕਰਨ ਤੋਂ ਪਹਿਲਾਂ ਇਹ ਸੋਝੀ ਪੈਣੀ ਵੀ ਜਰੂਰੀ ਹੈ ਕਿ ਅਸੀਂ ਉੱਦਮ ਕਰਨਾ ਕਿਸ ਗੱਲ ਦਾ ਹੈ। ਜੇਕਰ ਸਾਰਾ ਦਿਨ ਬੈਠੇ ਮੁੱਖੋਂ ਰਾਮ-ਰਾਮ, ਜਾਂ ਵਾਹਿਗੁਰੂ ਵਾਹਿਗੁਰੂ ਬੋਲੀ ਜਾਵਾਂਗੇ ਤਾਂ ਫਿਰ ਪਤਿਤ ਤੋਂ ਪਾਵਨ ਨਹੀਂ ਬਣ ਸਕਦੇ ਕਿਉਂਕਿ ਸਾਡਾ ਉੱਦਮ ਹੀ ਠੀਕ ਨਹੀਂ। ਪਾਵਨ ਹੋਏ ਬਿਨ੍ਹਾਂ ਉਸ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਤੇ ਪਾਵਨ ਬਣਨ ਨਾਲ ਹੀ ਅਸੀਂ ਪੂਰੇ ਭਾਗ ਵਾਲੇ ਬਣਦੇ ਹਾਂ ਜੋ ਕਿ ਸਾਨੂੰ ਪ੍ਰਮਾਤਮਾ ਆਪ ਹੀ ਬਣਾਉਂਦਾ ਹੈ। **(ਕਰਿ ਭਗਤਿ ਨਾਨਕ ਪੂਰਾ ਭਾਗੁ॥)**

ਸਾਡੀ ਭਗਤੀ ਦਾ ਮਨੋਰਥ ਆਪਣੇ

10/1010

ਇਸ ਝੂਠੇ ਆਵਾਗਉਣ ਤੋਂ ਛੁੱਟਣ ਦਾ ਹੈ ਜਿਸ ਆਵਾਗਉਣ ਤੋਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਛੁੱਟ ਸਕਦੇ ਹਾਂ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਣ ਦਾ ਕਾਰਨ ਸਾਡੀ ਅਗਿਆਨਤਾ ਹੈ ਤੇ ਇਸ ਝੂਠੇ ਆਵਾਗਉਣ ਤੋਂ ਬਚਣ ਦੀ ਜੋ ਸ਼ਰਤ ਹੈ, ਪ੍ਰੀ ਕੰਡੀਸ਼ਨ ਹੈ ਉਹ ਸਾਡੇ ਸੱਚੇ ਸੁੱਚੇ ਕਰਮ ਹਨ ਤੇ ਉਹ ਤਾਂ ਹੀ ਹੋ ਸਕਦੇ ਹਨ ਜੇਕਰ ਅਸੀਂ ਵਿਕਾਰਾਂ ਤੋਂ ਰਹਿਤ ਹੋਈਏ ਭਾਵ ਮਨ ਦੀ ਮਾੜੀ ਸਮਝ ਤੋਂ ਰਹਿਤ ਹੋਈਏ। ਇਸ ਗੱਲ ਦਾ ਸਾਡੇ ਅੰਦਰ ਦ੍ਰਿੜ ਹੋਣਾ ਬਹੁਤ ਜਰੂਰੀ ਹੈ ਕਿ ਸਾਡੇ ਔਗੁਣਾਂ ਦਾ ਕਾਰਨ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ। ਸਾਡੀ ਖਲਾਸੀ ਇਹਨਾਂ ਵਿਕਾਰਾਂ ਤੋਂ ਰਹਿਤ ਹੋ ਕੇ ਹੀ ਹੋਣੀ ਹੈ ਨਾ ਕਿ ਕਿਸੇ ਸਰੀਰਕ ਜਪ ਤਪ ਦੁਆਰਾ।

ਆਓ ਇਸੇ ਗੱਲ ਨੂੰ ਦ੍ਰਿੜ ਕਰਨ ਲਈ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਨੂੰ ਸਮਝੀਏ।

“ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ॥
ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ॥੩॥”

(ਅੰਗ ੪੦੩)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਪੜੋ ਤੇ ਸਮਝੋ ਕਿ ਸਾਨੂੰ ਮਨ ਦੀ ਆਵਾਗਉਣ ਵਾਲੀ ਸਮਝ ਵਿੱਚ ਕਿਸ ਵਜ੍ਹਾ ਤੋਂ ਰਹਿਣਾ ਪੈਂਦਾ ਹੈ। ਅਰਥ ਆਪਣੇ ਆਪ ਹੀ ਬੜੇ ਸਪੱਸ਼ਟ ਹਨ।

ਸਾਡੀ ਦੁਸ਼ਮਣ ਮਾਇਆ ਮੋਹ ਵਾਲੀ ਬਿਰਤੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ, ਹਉਮੈ ਵਾਲੀ ਸਮਝ ਹੈ ਜਿਸ ਵਿੱਚ ਹਰ ਕੋਈ ਸੁੱਤਾ ਪਿਆ ਹੈ ਤੇ ਜਿਸ ਲਈ ਹਰ ਕੋਈ ਅਭਾਗਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ।

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

ਹਰ ਕੋਈ ਮਨ ਦੀ ਨਾਸਮਝੀ ਕਰਕੇ ਮਾਇਆ ਦੇ ਰਸਾਂ ਵਿੱਚ ਫਸਿਆ ਹੋਇਆ ਹੈ ਜਿਸ ਦੀ ਪੂਰਤੀ ਲਈ ਅਸੀਂ ਵਿਕਾਰਾਂ

ਦਾ ਆਸਰਾ ਲੈਂਦੇ ਹਾਂ, ਜਿਸ ਲਈ ਪ੍ਰਮਾਤਮਾ ਸਾਨੂੰ ਵਾਰ-ਵਾਰ ਮਨ ਦੀ ਨਾਸਮਝੀ ਦੇ ਆਵਾਗਉਣ ਵਿੱਚ ਪਾਉਂਦਾ ਹੈ ਜਿਸ ਮਨ ਦੀ ਨਾਸਮਝੀ ਕਰਕੇ ਅਸੀਂ ਪ੍ਰਮਾਤਮਾ ਕੋਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਗੁਰਮਤਿ ਦੀ ਸੱਚੀ ਸਮਝ ਨੂੰ ਮੰਨੇ ਬਿਨ੍ਹਾਂ ਭਾਵ ਇਹਨਾਂ ਔਗੁਣਾਂ ਤੋਂ ਛੁੱਟੇ ਬਿਨ੍ਹਾਂ ਜੇਕਰ ਅਸੀਂ ਇਹ ਉਮੀਦ ਲਗਾ ਕੇ ਬੈਠ ਜਾਈਏ ਕਿ ਸਾਡਾ ਕੋਈ ਸਰੀਰਕ ਜਪ ਤਪ ਸਾਨੂੰ ਪਾਰ ਲਗਾ ਦੇਵੇਗਾ ਤਾਂ ਫਿਰ ਅਸੀਂ ਵੱਡੇ ਭੁਲੇਖੇ ਵਿੱਚ ਬੈਠੇ ਹਾਂ ਕਿ ਅਸੀਂ ਉਸਨੂੰ ਆਪਣੇ ਅੰਦਰੋਂ ਜਾਣ ਲਵਾਂਗੇ ਤੇ ਮਨ ਦੀ ਨਾਸਮਝੀ ਵਾਲੇ ਆਵਾਗਉਣ ਤੋਂ ਛੁਟ ਜਾਵਾਂਗੇ। ਆਓ ਇਸੇ ਗੱਲ ਨੂੰ ਇੱਕ ਹੋਰ ਸ਼ਬਦ ਦੀ ਪੰਗਤੀ ਦੁਆਰਾ ਦ੍ਰਿੜ ਕਰੀਏ।

{ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ॥

ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ॥੩॥}

(ਅੰਗ ੫੦੨)

10/1011

ਸਾਡੇ ਵਾਰ-ਵਾਰ ਆਵਾਗਉਣ ਦਾ ਕਾਰਨ ਸਾਡੇ ਔਗੁਣ ਹੀ ਹਨ, ਸਾਡੇ ਮਾੜੇ ਕਰਮ ਹੀ ਹਨ ਜਿਸ ਦਾ ਕਾਰਨ ਸਾਡੇ ਅੰਦਰ ਗੁਰੂ ਦੀ ਸੱਚੀ ਸਮਝ ਦਾ, ਨਾਮ ਵਾਲੀ ਸਮਝ ਦਾ ਨਾ ਹੋਣਾ ਹੈ। ਜਦ ਤੱਕ ਅਸੀਂ ਗੁਰੂ ਦੀ ਮਤਿ ਨੂੰ ਨਹੀਂ ਸਿਮਰਦੇ ਭਾਵ ਨਹੀਂ ਮੰਨਦੇ ਭਾਵ ਇਹਨਾਂ ਔਗੁਣਾਂ ਤੋਂ ਰਹਿਤ ਨਹੀਂ ਹੁੰਦੇ ਤਦ ਤੱਕ ਸਾਡਾ ਆਵਗਉਣ ਨਹੀਂ ਛੁਟ ਸਕਦਾ।

ਆਓ ਹੁਣ ਇੱਕ ਹੋਰ ਸ਼ਬਦ ਦੀ ਪੰਗਤੀ ਨੂੰ ਵਿਚਾਰੀਏ ਤੇ ਇਸ ਜਨਮ ਮਰਨ ਤੋਂ ਅਸੀਂ ਕਿਵੇਂ ਛੁੱਟਣਾ ਹੈ, ਇਹ ਜਾਣੀਏ।

“ਕਾਮ ਕ੍ਰੋਧ ਲੋਭੁ ਮੋਹੁ ਤਜੋ॥ਜਨਮ ਮਰਨ ਦੁਹੁ ਤੇ ਰਹਿਓ॥੬॥”

(ਅੰਗ ੨੪੧)

ਮਨ ਦੀ ਨਾਸਮਝੀ ਦੇ ਜਨਮ ਮਰਨ ਤੋਂ ਬਚਣ ਲਈ ਤਰੀਕਾ, ਸ਼ਰਤ ਭਾਵ ਪ੍ਰੀ ਕੰਡੀਸ਼ਨ ਇੱਕੋ ਹੀ ਹੈ ਭਾਵੇਂ ਜਿੱਥੋਂ ਮਰਜ਼ੀ ਪੜ੍ਹ ਲਵੋ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਰਾਹੀਂ ਸਮਝਿਆ ਹੈ। ਕਿਤੇ ਇਸ ਤਰੀਕੇ ਨੂੰ ਨਾਮ ਜਪਣਾ ਕਹਿ ਕੇ ਸਮਝਾਇਆ ਹੈ, ਕਿਤੇ ਸੱਚ ਕਹਿ ਕੇ ਸਮਝਾਇਆ ਹੈ, ਕਿਤੇ ਸਾਧ ਸੰਗਤ ਕਹਿ ਕੇ ਸਮਝਾਇਆ ਹੈ, ਕਿਤੇ ਸਤਿ ਸੰਗਤ ਕਹਿ ਕੇ ਸਮਝਾਇਆ ਹੈ, ਕਿਤੇ ਗੁਰਮਤਿ ਕਹਿ ਕੇ ਸਮਝਾਇਆ ਹੈ, ਕਿਤੇ ਸ਼ਬਦ ਦੀ ਵਿਚਾਰ ਕਹਿ ਕੇ ਸਮਝਾਇਆ ਹੈ, ਕਿਤੇ ਸਬਦਿ ਮਰਨਾ ਕਹਿ ਕੇ ਸਮਝਾਇਆ ਹੈ, ਕਿਤੇ ਮਨ ਦਾ ਮਾਰਨਾ ਕਹਿ ਕੇ ਸਮਝਾਇਆ ਹੈ, ਕਿਤੇ ਮਾਇਆ ਮੋਹ ਤਜਣਾ ਕਹਿ ਕੇ ਸਮਝਾਇਆ ਹੈ, ਕਿਤੇ ਆਸਾ, ਤ੍ਰਿਸ਼ਨਾ ਤੋਂ ਮੁਕਤ ਹੋਣਾ ਕਹਿ ਕੇ ਸਮਝਾਇਆ ਹੈ, ਕਿਤੇ ਰਾਮ-ਰਾਮ ਕਰਨਾ ਕਹਿ ਕੇ ਸਮਝਾਇਆ ਹੈ, ਕਿਤੇ ਹਰਿ ਹਰਿ ਕਰਨਾ ਕਹਿ ਕੇ ਸਮਝਾਇਆ ਹੈ, ਕਿਤੇ ਅੱਠੇ ਪਹਿਰ ਸਿਮਰਨਾ ਕਹਿ ਕੇ ਸਮਝਾਇਆ ਹੈ, ਕਿਤੇ ਗੁਰੂ ਦੇ ਬੋਹਿਥ ਤੇ ਬੈਠਣਾ ਕਹਿ ਕੇ ਸਮਝਾਇਆ ਹੈ, ਕਿਤੇ ਪਰਭਾਤ ਵੇਲੇ ਦਾ ਜਾਗਣਾ ਕਹਿ ਕੇ ਸਮਝਾਇਆ ਹੈ, ਕਿਤੇ ਅੰਮ੍ਰਿਤਸਰ ਦਾ ਇਸ਼ਨਾਨ ਕਹਿ ਕੇ ਸਮਝਾਇਆ ਹੈ, ਕਿਤੇ ਮਨਮਤਿ ਛੱਡਣਾ ਕਹਿ ਕੇ ਸਮਝਾਇਆ ਹੈ, ਕਿਤੇ ਸਵਾਸ-ਸਵਾਸ ਜਪਣਾ ਕਹਿ ਕੇ ਸਮਝਾਇਆ ਹੈ, ਕਿਤੇ ਸਾਸ ਗਿਰਾਸ ਜਪਣਾ ਕਹਿ ਕੇ ਸਮਝਾਇਆ ਹੈ, ਕਿਤੇ ਗੁਰੂ ਦੀ ਸ਼ਰਨ ਵਿੱਚ ਆਉਣਾ ਕਹਿ ਕੇ ਸਮਝਾਇਆ ਹੈ, ਕਿਤੇ ਗੁਰੂ ਨੂੰ

10/1012

ਤਨ ਮਨ ਸੋਂਪਣਾ ਕਹਿ ਕੇ ਸਮਝਾਇਆ ਹੈ, ਕਿਤੇ ਆਪਣਾ ਆਪ ਤਿਆਗਣਾ ਕਹਿ ਕੇ ਸਮਝਾਇਆ ਹੈ, ਕਿਤੇ ਗੁਰੂ ਦਾ ਭਉ ਮੰਨਣਾ ਕਹਿ ਕੇ ਸਮਝਾਇਆ ਹੈ, ਕਿਤੇ ਗੁਰੂ ਦਾ ਪੂਰਾ ਤੋਲ ਤੁਲਣਾ ਕਹਿ ਕੇ ਸਮਝਾਇਆ ਹੈ, ਕਿਤੇ ਨਾਮ ਵਣਜ ਕਹਿ ਕੇ ਸਮਝਾਇਆ ਹੈ, ਕਿਤੇ ਨਾਮ ਬੀਜਣਾ ਕਹਿ ਕੇ ਸਮਝਾਇਆ ਹੈ, ਕਿਤੇ ਗੁਣਾਂ ਦਾ ਵਪਾਰ ਕਹਿ ਕੇ ਸਮਝਾਇਆ ਹੈ, ਕਿਤੇ ਗੁਰੂ ਦੀ ਚਰਨ ਧੂੜ ਲੈਣਾ, ਬਣਨਾ ਕਹਿ ਕੇ ਸਮਝਾਇਆ ਹੈ, ਕਿਤੇ ਲਾਲੁ ਰਤਨੁ ਪ੍ਰਾਪਤ ਕਰਨਾ ਕਹਿ ਕੇ ਸਮਝਾਇਆ ਹੈ, ਕਿਤੇ ਸੁਹਾਗਣ ਬਣਨਾ ਕਹਿ ਕੇ ਸਮਝਾਇਆ ਹੈ, ਕਿਤੇ ਗੁਰੂ ਦੇ ਚਰਨ ਜਪਣਾ ਕਹਿ ਕੇ ਸਮਝਾਇਆ ਹੈ, ਕਿਤੇ ਸੱਚੀ ਅਰਦਾਸ ਕਰਨੀ ਕਹਿ ਕੇ ਸਮਝਾਇਆ ਹੈ, ਕਿਤੇ ਹਰਿ ਰਸ ਕਹਿ ਕੇ ਸਮਝਾਇਆ ਹੈ, ਕਿਤੇ ਹਰਿ ਧੰਨ ਕਹਿ ਕੇ ਸਮਝਾਇਆ ਹੈ, ਕਿਤੇ ਅੰਮ੍ਰਿਤ ਪੀਣਾ ਕਹਿ ਕੇ ਸਮਝਾਇਆ ਹੈ, ਕਿਤੇ ਗਿਆਨ ਨੂੰ ਜਪਣਾ ਕਹਿ ਕੇ ਸਮਝਾਇਆ ਹੈ, ਕਿਤੇ ਹੰਸ ਬਣਨਾ ਕਹਿ ਕੇ ਸਮਝਾਇਆ ਹੈ, ਕਿਤੇ ਲਿਵ ਲਗਾਉਣਾ ਕਹਿ ਕੇ ਸਮਝਾਇਆ ਹੈ, ਕਿਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਸਾਉਣਾ ਕਹਿ ਕੇ ਸਮਝਾਇਆ ਹੈ, ਕਿਤੇ ਨਾਮ ਨੂੰ ਹਿਰਦੇ ਵਸਾਉਣਾ ਕਹਿ ਕੇ ਸਮਝਾਇਆ ਹੈ, ਕਿਤੇ ਅੱਖਰ ਦਾ ਭੇਦ ਲੈਣਾ ਕਹਿ ਕੇ ਸਮਝਾਇਆ ਹੈ, ਕਿਤੇ ਸ਼ਬਦ ਸੁਧਿ ਲੈਣੀ ਕਹਿ ਕੇ ਸਮਝਾਇਆ ਹੈ, ਕਿਤੇ ਆਪਣਾ ਅੱਗਾ ਸਵਾਰਨਾ ਕਹਿ ਕੇ

ਸਮਝਾਇਆ ਹੈ, ਕਿਤੇ ਪੰਚ ਬਣਨਾ ਕਹਿ ਕੇ ਸਮਝਾਇਆ ਹੈ, ਆਦਿ, ਅਦਿ, ਆਦਿ। ਹਰ ਗੱਲ ਤੋਂ ਇੱਕੋ ਇੱਕ ਭਾਵ ਗੁਰੂ ਦੀ ਮਤਿ ਦੇ ਨਾਲ ਜੁੜਨ ਦਾ ਹੈ, ਉਸਨੂੰ ਸਮਝ ਕੇ ਉਸ ਤੇ ਅਮਲ ਕਰਨ ਦਾ ਹੈ, ਵਿਕਾਰ ਛੱਡਣ ਦਾ ਹੈ, ਮਾੜੇ ਕਰਮ, ਮਾੜੀ ਕਿਰਤ ਛੱਡਣ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਤੇ ਗੁਰੂ ਦੇ ਦੱਸੇ ਹੋਏ ਸੱਚ ਅਨੁਸਾਰ ਇੱਕ ਸੱਚਾ ਸੁੱਚਾ ਜੀਵਨ ਬਤੀਤ ਕਰਨ ਨਾਲ ਹੈ, ਪਰਉਪਕਾਰੀ ਬਣ ਕੇ ਜਿਉਣ ਦਾ ਹੈ ਜੋ ਕਿ ਇੱਕੋ ਇੱਕ ਸਾਡਾ ਭਗਤੀ ਦਾ ਮਾਰਗ ਹੈ, ਪ੍ਰਮਾਤਮਾ ਦੇ ਨਾਲ ਜੁੜਨ ਦਾ ਮਾਰਗ ਹੈ, ਔਗੁਣਾਂ ਤੋਂ ਮੁਕਤ ਹੋਣ ਦਾ ਮਾਰਗ ਹੈ, ਮਨ ਦੀ ਝੂਠੀ ਸਮਝ ਵਾਲੇ ਆਵਾਗਉਣ ਤੋਂ ਮੁਕਤ ਹੋਣ ਦਾ ਮਾਰਗ ਹੈ।

10/1013

“ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ਪੰਚ ਜਨਾ ਸਿਉ ਸੰਗੁ ਨਿਵਾਰੈ॥
ਦਸ ਇੰਦ੍ਰੀ ਕਰਿ ਰਾਖੈ ਵਾਸਿ॥ਤਾ ਕੈ ਆਤਮੈ ਹੋਇ ਪਰਗਾਸੁ॥੧॥”

(ਅੰਗ ੨੩੬)

ਹਿਰਦੇ ਵਿੱਚ ਨਾਮ ਵਸਾਣਾ ਕੀ ਹੈ, ਇਸ ਗੱਲ ਨੂੰ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਬੜੇ ਧਿਆਨ ਨਾਲ ਸਮਝੋ। ਜਦ ਤੱਕ ਪੰਜਾਂ ਮਹਾਬਲੀਆਂ ਤੋਂ, ਪੰਜਾਂ ਵਿਕਾਰਾਂ ਤੋਂ ਭਾਵ ਕਾਮ,ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀ ਮਤਿ ਤੋਂ ਭਾਵ ਮਨਮਤਿ ਤੋਂ ਸਾਡਾ ਸਾਥ ਨਹੀਂ ਛੁਟਦਾ ਤਦ ਤੱਕ ਗੁਰੂ ਦਾ ਸ਼ਬਦ ਸਾਡੇ ਅੰਦਰ ਨਹੀਂ ਵੱਸਿਆ। ਗੱਲਾਂ ਨਾਲ ਤਾਂ ਅਸੀਂ ਰੋਜ਼ ਹੀ ਵਸਾਉਂਦੇ ਹਾਂ, ਸਵੇਰੇ ਸ਼ਾਮ ਵਸਾਉਂਦੇ ਹਾਂ ਪਰ ਇਸ ਨਾਲ ਫ਼ਰਕ ਕੀ ਪੈਂਦਾ ਹੈ, ਕੇਵਲ ਮਨਹਠਿ ਵੱਧਦੀ ਹੈ, ਮਾਇਆ ਮੋਹ ਉੱਥੇ ਦਾ ਉੱਥੇ ਹੀ ਖੜਾ ਹੈ। ਮਨ ਨੂੰ ਮਾਰੇ ਬਿਨ੍ਹਾਂ ਭਾਵ ਮਨ ਦੀ ਮਾੜੀ ਸਮਝ ਨੂੰ ਮਾਰੇ ਬਿਨ੍ਹਾਂ, ਛੱਡੇ ਬਿਨ੍ਹਾਂ ਸਾਡਾ ਇਹਨਾਂ ਵਿਕਾਰਾਂ ਤੋਂ ਮੋਹ ਨਹੀਂ ਛੁੱਟ ਸਕਦਾ। ਇਹ ਹੀ ਕੇਵਲ ਮਨ ਨੂੰ ਮਾਰਨ ਦਾ ਮਾਰਗ ਹੈ। ਇਹ ਮਨ ਦੀ ਮਾਇਆ ਮੋਹ ਵਾਲੀ, ਤ੍ਰਿਸ਼ਨਾਵਾਂ ਦੀ ਭਰੀ ਹੋਈ ਸਮਝ ਸਾਡਾ ਬਹੁਤ ਵੱਡਾ ਰੋਗ ਹੈ ਤੇ ਇਹ ਰੋਗ ਸਿਰ ਮਾਰਨ ਨਾਲ ਨਹੀਂ ਜਾ ਸਕਦਾ, ਕੇਵਲ ਮਨ ਮਾਰਨ ਨਾਲ ਹੀ ਜਾ ਸਕਦਾ ਹੈ। ਗੁਰੂ ਦੇ ਸ਼ਬਦ ਤੇ ਅਮਲ ਕਰਨ ਲਈ ਦੱਸੋ ਸਿਰ ਹਿਲਾਉਣ ਦੀ ਕੀ ਲੋੜ ਹੈ, ਦਿਖਾਵੇ ਕਰਨ ਦੀ ਕੀ ਲੋੜ ਹੈ। ਜਿਸ ਪ੍ਰਮਾਤਮਾ ਨੂੰ ਅਸੀਂ ਇਹ ਕੁੱਝ ਕਰਕੇ ਦਿਖਾਉਂਦੇ ਹਾਂ ਉਸ ਨੇ ਸਾਡੇ ਕਰਮ ਦੇਖਣੇ ਹਨ, ਸਾਡੀ ਦੁਨਿਆਵੀ ਵਿਚਰਨ ਦੇਖਣੀ ਹੈ ਤੇ ਸਿਰ ਮਾਰਨ ਨਾਲ ਸਾਡੀ ਕਿਰਤ ਚੰਗੀ ਨਹੀਂ ਹੋ ਸਕਦੀ। ਚੰਗੀ ਕਿਰਤ ਮਨ ਨੂੰ ਸਮਝਾ ਕੇ ਹੀ ਹੋਣੀ ਹੈ, ਇੰਦਰੀਆਂ ਨੂੰ ਮਾਇਆ ਦੇ ਰਸਾਂ ਤੋਂ ਬਚਾ ਕੇ ਹੋਣੀ ਹੈ ਭਾਵ ਮਨ ਦੀ ਤ੍ਰਿਸ਼ਨਾਵਾਂ ਵਾਲੀ ਸਮਝ ਨੂੰ ਵੱਸ ਵਿੱਚ ਕਰਕੇ ਹੀ ਹੋਣੀ ਹੈ। ਪ੍ਰਮਾਤਮਾ ਦਾ ਪਰਗਾਸ ਸੱਚੇ ਮਨ ਵਿੱਚ ਹੀ ਹੁੰਦਾ ਹੈ।ਵਿਕਾਰਾਂ ਨੂੰ ਛੱਡਣਾ ਬਹੁਤ ਔਖਾ ਹੈ ਪਰ ਜੋ ਤਰੀਕਾ ਅਸੀਂ ਅਪਣਾਉਂਦੇ ਹਾਂ ਉਹ ਸਾਡਾ ਉੱਦਮ ਹੀ ਗਲਤ ਹੈ। ਘੱਟੋ ਘੱਟ ਸਾਡਾ ਉੱਦਮ ਇਹਨਾਂ ਵਿਕਾਰਾਂ ਵਿੱਚੋਂ ਨਿਕਲਣ ਦਾ ਹੀ ਹੋਣਾ ਚਾਹੀਦਾ ਹੈ, ਘੱਟੋ ਘੱਟ ਸਾਡਾ ਮਾਰਗ ਤਾਂ ਠੀਕ ਹੋਣਾ ਚਾਹੀਦਾ ਹੈ। ਗੁਰੂ ਦੀ ਸਿੱਖਿਆ ਸਾਨੂੰ ਸੱਚੇ ਸੁੱਚੇ ਕਰਮ ਕਰਨ ਲਈ ਹੈ, ਜਪਾਂ ਤਪਾਂ ਤੋਂ ਬਚਣ ਲਈ ਹੈ, ਪਰ ਸਾਨੂੰ ਇਹ ਭਰਮ ਖਾ ਗਿਆ ਹੈ ਕਿ ਪ੍ਰਮਾਤਮਾ ਕਿਸੇ ਸਰੀਰਕ

10/1014

ਜਪ ਤਪ ਦੁਆਰਾ ਹੀ ਮਿਲਦਾ ਹੈ। **(ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ਪੰਚ ਜਨਾ ਸਿਉ ਸੰਗੁ ਨਿਵਾਰੈ॥ ਦਸ ਇੰਦ੍ਰੀ ਕਰਿ ਰਾਖੈ ਵਾਸਿ॥ਤਾ ਕੈ ਆਤਮੈ ਹੋਇ ਪਰਗਾਸੁ॥੧॥)**

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ ੧੧੭)

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ਨਾ ਮੋਹੁ ਤੂਟੈ ਨਾ ਥਾਇ ਪਾਹਿ॥੫॥}

(ਅੰਗ ੩੫੬)

“ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ॥
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ॥੨॥”

(ਅੰਗ ੬੧੪)

ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਅਸਲ ਸੁੱਖ ਦੀ ਪ੍ਰਾਪਤੀ ਉਸ

ਗੁਰੂ ਪ੍ਰਮਾਤਮਾ ਦੇ ਮੇਲ ਵਿੱਚ ਹੈ ਪਰ ਅਸੀਂ ਇਹ ਸੁੱਖ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਵਿੱਚੋਂ ਲੱਭਦੇ ਹਾਂ, ਮਾਇਆ ਵਿੱਚੋਂ ਲੱਭਦੇ ਹਾਂ ਜਿਸ ਦੇ ਲਈ ਅਸੀਂ ਵਿਕਾਰਾਂ ਦਾ ਆਸਰਾ ਲੈਂਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ। ਇਹ ਮਾਇਆ ਦੇ ਸੁੱਖ ਸਾਨੂੰ ਬਹੁਤ ਲੁਭਾਉਂਦੇ ਹਨ ਪਰ ਸਾਨੂੰ ਮਨ ਦੀ ਨਾਸਮਝੀ ਦੇ ਆਵਾਗਉਣ ਵਿੱਚ ਹੀ ਪਾਉਂਦੇ ਹਨ ਭਾਵ ਸਾਨੂੰ ਮਨ ਦੇ ਦੁੱਖ ਨਾਲ ਜੋੜ ਕੇ ਰੱਖਦੇ ਹਨ। "ਸੁਖੁ" ਰੂਪ ਪ੍ਰਮਾਤਮਾ ਆਪ ਹੈ ਤੇ ਇਹ "ਸੁਖੁ" ਵਿਕਾਰਾਂ ਵਿੱਚ ਰਹਿੰਦੇ ਹੋਏ ਨਹੀਂ ਪਾਇਆ ਜਾ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਿਕਾਰਾਂ ਵਿੱਚੋਂ ਨਿਕਲ ਕੇ ਹੀ ਹੋ ਸਕਦਾ ਹੈ, ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲ ਕੇ ਹੀ ਹੋ ਸਕਦਾ ਹੈ। **(ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ॥)** ਅਸਲ ਸੁੱਖ ਦੀ ਪ੍ਰਾਪਤੀ ਕਿਵੇਂ ਹੋਣੀ ਹੈ ਭਾਵ ਉਹ ਸਦੀਵੀਂ ਸੁੱਖ ਕਿਵੇਂ ਮਿਲਣਾ ਹੈ ਉਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ॥੨॥"

ਜਿਵੇਂ ਕਿ ਲੇਖ ਵਿੱਚ ਕੁੱਝ ਸ਼ਬਦ ਪਿੱਛੇ ਅਸੀਂ ਇਹ ਸਮਝਿਆ ਹੈ ਕਿ ਸਗਲ ਦੀ ਰੇਨ ਹੋਣਾ ਕੀ ਹੈ, ਉਹੀ ਗੱਲ ਇੱਥੇ ਸਪੱਸ਼ਟ ਕੀਤੀ ਹੋਈ ਹੈ। "**ਸਗਲ ਕੀ ਰੇਨ**" ਤੋਂ ਭਾਵ ਹੈ ਗੁਰੂ ਪ੍ਰਮਾਤਮਾ ਦੀ ਰੇਨ ਹੋ ਜਾਣਾ, ਗੁਰੂ ਦੀ ਚਰਨ ਧੂੜ ਹੋ ਜਾਣਾ, ਸੰਤ ਰੇਨ ਹੋ ਜਾਣਾ। "**ਰੇਨ**" ਤੋਂ ਭਾਵ ਹੈ ਆਪਣੇ ਮਨ ਦੀ ਸਮਝ ਨੂੰ ਰੇਨ ਕਰਨਾ ਭਾਵ ਆਪਣੀ ਮਤਿ ਨੂੰ ਪੂਰੀ ਤਰ੍ਹਾਂ ਛੱਡਣਾ ਤੇ ਗੁਰੂ ਦੀ ਮਤਿ ਨਾਲ ਇੱਕ ਹੋਣਾ। ਸਭ ਵਿੱਚ, ਸਗਲ ਵਿੱਚ, ਗਿਆਨ ਦੇਣ ਵਾਲਾ, ਮਤਿ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਆਪਣੀ ਸੱਚੀ ਮਤਿ, ਉਸਦੀ ਚਰਨ ਰੇਨ, "**ਸੰਤ ਰੇਨ**" ਗੁਰਬਾਣੀ ਦੀ ਸੱਚੀ ਸਮਝ ਹੈ ਭਾਵ ਗੁਰਬਾਣੀ ਦਾ ਗਿਆਨ ਹੈ, ਗੁਰਬਾਣੀ ਦੀ ਮਤਿ ਹੈ। ਗੁਰਬਾਣੀ ਦੀ ਮਤਿ ਵਾਲਾ ਬਣਨਾ "ਸਗਲ ਕੀ ਰੇਨ" ਬਣਨਾ ਹੈ, ਆਪਣੇ ਅੰਦਰ ਗੁਰੂ ਦੇ ਚਰਨ ਕਮਲਾਂ ਨੂੰ ਵਸਾਉਣਾ ਹੈ, ਉਸਦੇ ਚਰਨ ਕਮਲਾਂ ਨੂੰ ਧੋ-ਧੋ ਕੇ ਪੀਣਾ ਹੈ ਭਾਵ ਉਸ ਤੇ ਹੀ ਹਰ ਵੇਲੇ ਅਮਲ ਕਰਨਾ ਹੈ ਤੇ ਇਸ ਦੁਆਰਾ ਹੀ ਸਾਨੂੰ ਸਦਾ ਅਨੰਦ ਦੇਣ ਵਾਲੇ, ਸਾਨੂੰ ਸਦਾ

10/1015

ਹੀ ਖੇੜੇ ਵਿੱਚ ਰੱਖਣ ਵਾਲੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੀ ਮਤਿ, ਚਰਨ ਰੇਨ, ਅੰਦਰ ਵੱਸਣ ਨਾਲ ਮਨੁੱਖ ਮਾਨ ਅਭਿਮਾਨ ਵਿੱਚੋਂ ਨਿਕਲ ਜਾਂਦਾ ਹੈ ਤੇ ਕਿਸੇ ਨੂੰ ਨੀਵਾਂ ਨਹੀਂ ਸਮਝਦਾ, ਸਭ ਵਿੱਚ ਪ੍ਰਮਾਤਮਾ ਨੂੰ ਹੀ ਵੇਖਦਾ ਹੈ। ਇਹ "**ਸਗਲ ਦੀ ਰੀਨਾ**" ਹੋਣਾ ਹੈ। ਵਿਕਾਰਾਂ ਵਿੱਚੋਂ ਨਿਕਲੇ ਬਿਨ੍ਹਾਂ ਸਾਡੇ ਅੰਦਰ ਗੁਰੂ ਦੇ ਚਰਨ ਕਮਲ ਨਹੀਂ ਵੱਸ ਸਕਦੇ ਤੇ ਉਸ ਅਸਲ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। (**ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ॥ ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ॥੨॥**)

"ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ॥੧॥ ਰਹਾਉ॥"

(ਅੰਗ ੩੫੬)

ਇਸ ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲਾਂ ਹੀ ਸਮਝ ਚੁੱਕੇ ਹਾਂ ਤੇ ਕੇਵਲ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਫਿਰ ਤੋਂ ਯਾਦ ਕਰ ਰਹੇ ਹਾਂ ਤਾਂ ਜੋ ਸਾਨੂੰ ਦ੍ਰਿੜ ਹੋ ਜਾਵੇ ਕਿ ਇਹਨਾਂ ਔਗੁਣਾਂ ਤੋਂ ਪਾਰ ਪਾਉਣਾ ਸਾਡਾ ਆਪਣਾ ਹੀ ਉੱਦਮ ਹੈ ਤੇ ਇਹ ਕਿਸੇ ਜਪ ਤਪ ਦੁਆਰਾ ਦੂਰ ਨਹੀਂ ਹੁੰਦੇ। ਇਹ ਔਗੁਣ ਸਾਡੀ ਮਰਜ਼ੀ ਦੇ ਨਾਲ ਹੀ ਹੁੰਦੇ ਹਨ ਭਾਵ ਸਾਨੂੰ ਚੰਗੇ ਲੱਗਦੇ ਹਨ ਤੇ ਇਹਨਾਂ ਵਿੱਚੋਂ ਨਿਕਲਣਾ ਵੀ ਸਾਡੀ ਜਿੰਮੇਦਾਰੀ ਬਣਦੀ ਹੈ। ਜੇਕਰ ਆਪਣੇ ਔਗੁਣਾਂ ਦਾ ਰਸ ਅਸੀਂ ਭੋਗਦੇ ਹਾਂ, ਤਾਂ ਫਿਰ ਇਹਨਾਂ ਦੁਆਰਾ ਜੋ ਅਸੀਂ ਮਾੜੇ ਕਰਮ ਕਰਦੇ ਹਾਂ ਉਸ ਦੀ ਸਜ਼ਾ ਦੇ ਹੱਕਦਾਰ ਵੀ ਅਸੀਂ ਹੀ ਬਣਦੇ ਹਾਂ। ਅਸੀਂ ਕੋਈ ਵੀ ਵਿੱਦਿਆ ਗ੍ਰਹਿਣ ਕਰੀਏ ਜਦ ਤੱਕ ਉਹ ਵਿੱਦਿਆ ਵਿਚਾਰੀ ਨਾ ਜਾਏ ਭਾਵ ਜਦ ਤੱਕ ਸਾਡੇ ਵਿਚਾਰ ਉਸ ਵਿੱਦਿਆ ਵਾਲੇ ਨਹੀਂ ਬਣਦੇ, ਉਸ ਤੇ ਅਮਲ ਨਹੀਂ ਹੁੰਦਾ ਤਾਂ ਫਿਰ ਉਹ ਵਿੱਦਿਆ ਲੈਣ ਦਾ ਮਨੋਰਥ ਪੂਰਾ ਨਹੀਂ ਹੁੰਦਾ। ਡਾਕਟਰੀ ਵਿੱਦਿਆ ਲੈ ਕੇ ਜੇਕਰ ਅਸੀਂ ਉਸ ਨੂੰ ਆਪਣੇ ਅਮਲ ਵਿੱਚ ਨਹੀਂ ਲਿਆਉਂਦੇ ਤਾਂ ਫਿਰ ਉਹ ਵਿੱਦਿਆ ਕਿਹੜੇ ਕੰਮ ਦੀ। ਪਰਉਪਕਾਰੀ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਉਸ ਵਿੱਦਿਆ ਨੂੰ ਉਸ ਦੇ ਅਸਲ ਮਨੋਰਥ ਅਨੁਸਾਰ ਵਰਤੀਏ, ਉਸ ਦੇ ਅਸਲ ਮਨੋਰਥ ਦੀ ਪੂਰਤੀ ਕਰੀਏ।

(ਵਿਦਿਆ ਵੀਚਾਰੀ ਤਾਂ ਪਰਉਪਕਾਰੀ॥)

ਅਸੀਂ ਹਰ ਰੋਜ਼ ਬਾਣੀ ਨੂੰ ਪੜ੍ਹਦੇ ਹਾਂ, ਸੁਣਦੇ ਹਾਂ ਤੇ ਉਸ ਵਿੱਚੋਂ ਗਿਆਨ ਵੀ ਲੈਂਦੇ ਹਾਂ, ਕਥਾ ਵੀ ਸੁਣਦੇ ਹਾਂ। ਅਸੀਂ ਰੋਜ਼ ਇਹ

10/1016

ਗਿਆਨ ਲੈਂਦੇ ਹਾਂ, ਰੋਜ਼ ਇਹ ਪੜ੍ਹਦੇ ਸੁਣਦੇ ਹਾਂ ਕਿ ਸਾਡੇ ਪੰਜ ਵਿਕਾਰ ਬਹੁਤ ਮਾੜੇ ਹਨ ਤੇ ਇਹਨਾਂ ਨੂੰ ਛੱਡਣਾ ਚਾਹੀਦਾ ਹੈ। ਇਹ ਪੜ੍ਹਦੇ ਸੁਣਦੇ ਸਾਡੀਆਂ ਉਮਰਾਂ ਲੰਘ ਗਈਆਂ ਹਨ ਪਰ ਜਦ ਤੱਕ ਅਸੀਂ ਇਸ ਗੱਲ ਤੇ ਅਮਲ ਨਹੀਂ ਕੀਤਾ ਤਾਂ ਸਾਡਾ ਪੜ੍ਹਿਆ ਸੁਣਿਆ ਕਿਸ ਲੇਖੇ। ਸਾਡੀ ਜਿੰਦਗੀ ਦਾ ਮਨੋਰਥ **"ਤੀਰਥ ਵਾਸੀ"** ਬਣਨ ਦਾ ਹੈ। ਗੁਰੂ ਦੇ ਤੀਰਥ ਦਾ ਵਾਸੀ ਬਣਨਾ ਜਾਂ ਨਾਮ ਦਾ ਵਾਸੀ ਬਣਨਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੈ। ਤੀਰਥ ਨਾਮ ਹੈ। ਤੀਰਥ ਵਾਸੀ ਤੋਂ ਭਾਵ ਨਾਮ ਦੇ ਵਾਸੀ ਬਣਨਾ ਹੈ। ਨਾਮ ਦੇ ਵਾਸੀ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਪਹਿਲੇ ਅਸੀਂ ਇਹਨਾਂ ਪੰਜਾਂ ਵਿਕਾਰਾਂ ਨੂੰ ਰਾਸ ਕਰਾਂਗੇ ਭਾਵ ਇਹਨਾਂ ਪੰਜੇ ਵਿਕਾਰਾਂ ਦਾ ਤਿਆਗ ਕਰਾਂਗੇ ਭਾਵ ਜਦ ਤੱਕ ਸਾਡੇ ਅੰਦਰ ਇਹ ਵਿਕਾਰ ਹਨ ਅਸੀਂ ਨਾਮ ਦੇ ਵਾਸੀ ਨਹੀਂ ਬਣ ਸਕਦੇ, ਗੁਰੂ ਦੇ ਤੀਰਥ ਦੇ ਵਾਸੀ ਨਹੀਂ ਬਣ ਸਕਦੇ।

(ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥੧॥)

ਤੀਰਥ ਹੀ ਨਾਮ ਹੈ, ਤੀਰਥ ਹੀ ਪੂਰਾ ਗੁਰੂ ਹੈ ਭਾਵ ਗੁਰੂ ਦੀ ਮਤਿ ਹੈ। ਜੋ ਗੁਰੂ ਦੀ ਮਤਿ ਵਾਲਾ ਹੈ ਉਹ ਇਹਨਾਂ ਪੰਜਾਂ ਵਿਕਾਰਾਂ ਨੂੰ ਆਪਣੇ ਵੱਸ ਵਿੱਚ ਰੱਖਦਾ ਹੈ, ਸੰਜਮ ਵਿੱਚ ਰੱਖਦਾ ਹੈ ਤੇ ਇਹੀ ਸਾਡਾ ਸੱਚਾ ਸੰਜਮ ਹੈ। ਇਹ ਸੰਜਮ ਸਾਡੇ ਮਨ ਦਾ ਸੰਜਮ ਹੈ ਜੋ ਸੰਜਮ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਨੂੰ ਮਨ ਦੀ ਸਮਝ ਦੇ ਵਿੱਚ ਵਸਾਉਣ ਦੁਆਰਾ ਕੀਤਾ ਜਾ ਸਕਦਾ ਹੈ।

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥}

(ਅੰਗ ੬੮੭)

{ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥}

(ਅੰਗ ੧੪੦)

ਆਓ ਹੁਣ ਪਿਛਲੇ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਸਮਝੀਏ ਕਿ ਇਹਨਾਂ ਪੰਜਾਂ ਔਗੁਣਾਂ ਨੂੰ ਰਾਸ ਕਰਨਾ ਕਿਸ ਦੀ ਜਿੰਮੇਦਾਰੀ ਬਣਦੀ ਹੈ ਕਿਉਂਕਿ ਇਹ ਜਿੰਮੇਦਾਰੀ ਨਿਭਾਏ ਬਿਨ੍ਹਾਂ ਅਸੀਂ ਪੂਰੇ ਨਾਮ ਵਾਲੇ ਨਹੀਂ ਬਣ ਸਕਦੇ, ਇਹ ਸ਼ਰਤ ਪੂਰੀ ਕੀਤੇ ਬਿਨ੍ਹਾਂ ਅਸੀਂ ਪੂਰੇ ਗੁਰੂ ਵਾਲੇ ਨਹੀਂ ਬਣ ਸਕਦੇ, ਪੂਰੇ ਗੁਰੂ ਦੇ ਸਿੱਖ ਭਾਵ ਉਸਦੀ ਸਿੱਖਿਆ ਵਾਲੇ ਨਹੀਂ ਬਣ ਸਕਦੇ।

"ਘੁੰਘਰੂ ਵਾਜੈ ਜੇ ਮਨੁ ਲਾਗੈ॥

10/1017

ਤਉ ਜਮੁ ਕਹਾ ਕਰੇ ਮੋ ਸਿਉ ਆਗੈ॥੧॥ਰਹਾਉ॥"

ਜੇਕਰ ਸਾਡੇ ਸਾਹਮਣੇ ਘੁੰਗਰੂ ਪਿਆ ਹੋਵੇ, ਕੀ ਉਹ ਆਪਣੇ ਆਪ ਵੱਜ ਸਕਦਾ ਹੈ? ਭਾਵ ਨਹੀਂ ਵੱਜ ਸਕਦਾ। ਸਾਡੇ ਮਨ ਦੇ ਵਿਕਾਰਾਂ ਨੂੰ ਘੁੰਗਰੂ ਦੇ ਨਾਲ ਤੁਲਨਾ ਕਰਕੇ ਸਮਝਾਇਆ ਹੈ। ਜਦੋਂ ਅਸੀਂ ਘੁੰਗਰੂ ਦੀ ਆਵਾਜ਼ ਸੁਣਨੀ ਚਾਹਾਂਗੇ, ਜਦੋਂ ਸਾਡਾ ਮਨ ਕਰੇਗਾ ਕਿ ਇਸ ਘੁੰਗਰੂ ਨੂੰ ਵਜਾਈਏ ਤਾਂ ਫਿਰ ਉਹ ਸਾਡੇ ਵਜਾਉਣ ਨਾਲ ਹੀ ਵੱਜੇਗਾ, ਉਹ ਆਪਣੇ ਆਪ ਨਹੀਂ ਵੱਜ ਸਕਦਾ। ਇਸੇ ਤਰ੍ਹਾਂ ਸਾਡੇ ਮਨ ਦੇ ਵਿਕਾਰ ਹਨ ਜੋ ਕਿ ਸਾਡੀ ਮਰਜ਼ੀ ਦੇ ਨਾਲ ਹੀ ਲਾਗੂ ਹੁੰਦੇ ਹਨ। ਵਿਕਾਰਾਂ ਦੀ ਆਪਣੀ ਕੋਈ ਵੱਖਰੀ ਮਰਜ਼ੀ ਨਹੀਂ ਹੈ, ਉਹ ਸਾਡੀ ਮਰਜ਼ੀ ਦੇ ਨਾਲ ਹੀ ਚੱਲਦੇ ਹਨ, ਉਹ ਸਾਡੇ ਲਾਏ ਹੋਏ ਹੀ ਅੱਗੇ ਲੱਗੇ ਹੋਏ ਹਨ ਭਾਵ ਅਸੀਂ ਉਹਨਾਂ ਦੇ ਪਿੱਛੇ ਲੱਗੇ ਹੋਏ ਹਾਂ ਭਾਵ ਅਸੀਂ ਇਹਨਾਂ ਔਗੁਣਾਂ ਦੀ ਜਿੰਮੇਦਾਰੀ ਲੈਣ ਤੋਂ ਬਚ ਨਹੀਂ ਸਕਦੇ। ਗੁਰੂ ਸਾਨੂੰ ਵਾਰ-ਵਾਰ ਇਹ ਗੱਲ ਸਮਝਾ ਰਿਹਾ ਹੈ, ਸਾਨੂੰ ਇਹ ਮਤਿ ਦੇ ਰਿਹਾ ਹੈ ਕਿ ਵਿਕਾਰਾਂ ਤੋਂ ਬਚੋ, ਇਹਨਾਂ ਨੂੰ ਰਾਸ ਕਰੋ ਪਰ ਅਸੀਂ ਫਿਰ ਵੀ ਇਸ ਗੱਲ ਵੱਲੋਂ ਅੱਖਾਂ ਮੀਟੀਆਂ ਹੋਈਆਂ ਹਨ, ਜਾਣ ਬੁੱਝ ਕੇ ਸੁੱਤੇ ਪਏ ਹਾਂ ਕਿਉਂਕਿ ਅਸਲ ਵਿੱਚ ਸਾਨੂੰ ਸੁੱਖ ਹੀ ਮਾਇਆ ਦੀ ਪ੍ਰਾਪਤੀ ਦੇ ਨਾਲ ਮਿਲਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਪੂਰੀਆਂ ਹੋਣ ਦੇ ਨਾਲ ਮਿਲਦਾ ਹੈ ਤੇ ਅਸੀਂ ਇਹਨਾਂ ਵਿੱਚੋਂ ਨਿਕਲਣਾ ਹੀ ਨਹੀਂ ਚਾਹੁੰਦੇ। ਅਸੀਂ ਜੋ ਵੀ ਮਾੜਾ ਕਰਮ ਕਰਦੇ ਹਾਂ ਉਹ ਮਾਇਆ ਮੋਹ ਵਿੱਚ ਹੀ ਕਰਦੇ ਹਾਂ ਤੇ ਕਿਸੇ ਦਾ ਮਾੜਾ ਕਰਨ ਤੋਂ ਪਹਿਲੇ ਸਾਨੂੰ ਇਹ ਪਤਾ ਹੁੰਦਾ ਹੈ ਕਿ ਮੈਂ ਕਿਸੇ ਦਾ ਆਪਣੇ ਸੁੱਖ ਲਈ ਕਰ ਰਿਹਾ ਹਾਂ। ਇਹੀ ਗੱਲ ਭਗਤ ਕਬੀਰ ਜੀ ਨੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਈ ਹੋਈ ਹੈ।

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥}

(ਅੰਗ ੧੩੭੬)

ਜਦ ਤੱਕ ਅਸੀਂ ਇਸ ਗੱਲ ਤੇ ਦ੍ਰਿੜ ਨਹੀਂ ਹੁੰਦੇ ਭਾਵ ਮਨ ਦੀ ਮੁਕਤੀ ਮਿਲਣ ਦੀ ਸ਼ਰਤ, "ਪ੍ਰੀ ਕੰਡੀਸ਼ਨ" ਪੂਰੀ ਨਹੀਂ ਕਰਦੇ ਤਦ ਤੱਕ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਦੂਰ ਨਹੀਂ ਹੋ ਸਕਦਾ ਤੇ ਅਸੀਂ ਮਨ ਦੀ ਨਾਸਮਝੀ ਕਰਕੇ ਆਪਣੇ ਆਪ ਨੂੰ ਆਵਾਗਉਣ ਵਿੱਚ ਹੀ ਸਮਝਦੇ ਹਾਂ। ਕਿਸੇ ਸਰੀਰਕ ਜਪ ਤਪ ਨੇ ਸਾਨੂੰ ਸਜ਼ਾਵਾਂ ਤੋਂ ਨਹੀਂ ਛੁਡਾਉਣਾ। ਮੁਕਤੀ ਕੇਵਲ ਸੱਚ ਦੇ ਨਾਲ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੇ ਨਾਲ ਹੈ ਜੋ ਗੁਰੂ ਦੀ ਸੱਚੀ ਸਮਝ ਸਾਨੂੰ ਮਨ ਦੇ ਹਰ ਭਰਮ ਤੋਂ, ਮਨ ਦੇ ਹਰ ਮਾੜੇ ਵਿਚਾਰਾਂ ਤੋਂ ਮੁਕਤ ਕਰਦੀ ਹੈ ਤੇ ਬਾਕੀ ਹਰ ਉਪਰਾਲਾ, ਹਰ ਉੱਦਮ ਵਿਅਰਥ ਹੈ।

"ਸਚ ਬਿਨੁ ਸਤੁ ਸੰਤੋਖੁ ਨ ਪਾਵੈ॥

10/1018

ਬਿਨੁ ਗੁਰ ਮੁਕਤਿ ਨ ਆਵੈ ਜਾਵੈ॥ ਮੂਲ ਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ॥੬॥"

(ਅੰਗ ੧੦੪੦)

ਜਦ ਤੱਕ ਸਾਨੂੰ ਸੰਤੋਖ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਜਦ ਤੱਕ ਅਸੀਂ ਮਾਇਆ ਮੋਹ ਵਿੱਚੋਂ ਨਹੀਂ ਨਿਕਲਦੇ ਭਾਵ ਜਦ ਤੱਕ ਇਹ ਮਨ ਟਿਕਾਅ ਵਿੱਚ ਨਹੀਂ ਆਉਂਦਾ ਤਦ ਤੱਕ ਸਾਨੂੰ ਮਨ ਦੇ ਮਾੜੇ ਵਿਚਾਰਾਂ ਤੋਂ ਮੁਕਤੀ ਨਹੀਂ ਮਿਲ ਸਕਦੀ ਤੇ ਸਾਡਾ ਝੂਠਾ ਆਵਾਗਉਣ ਨਹੀਂ ਮਿਟ ਸਕਦਾ। ਇਸ ਮਨ ਨੂੰ ਟਿਕਾਉਣ ਦਾ, ਸੰਤੋਖ ਵਿੱਚ ਲਿਆਉਣ ਦਾ ਇੱਕੋ ਇੱਕੋ ਸਾਧਨ ਗੁਰੂ ਦਾ ਸਮਝਾਇਆ ਹੋਇਆ "ਸੱਚ" ਹੈ। ਜਦ ਤੱਕ ਸਾਡੇ ਮਨ ਦੇ ਵਿੱਚ ਤ੍ਰਿਸ਼ਨਾਵਾਂ ਹਨ ਇਹ ਮਨ ਟਿਕਾਅ ਵਿੱਚ ਨਹੀਂ ਰਹਿੰਦਾ, ਇਹ ਮਾਇਆ ਵਿੱਚ ਦੌੜਦਾ ਹੈ, ਵਿਕਾਰਾਂ ਵਿੱਚ ਰਹਿੰਦਾ ਹੈ। ਮਨ ਨੂੰ ਇੱਕੋ ਇੱਕ ਸੱਚ ਹੀ ਟਿਕਾਅ ਵਿੱਚ ਲਿਆ ਸਕਦਾ ਹੈ ਕਿਉਂਕਿ ਇੱਕੋ ਇੱਕ ਸੱਚ ਹੀ ਸਾਨੂੰ ਤ੍ਰਿਸ਼ਨਾਵਾਂ ਤੋਂ ਮੁਕਤ ਕਰ ਸਕਦਾ ਹੈ, ਔਗੁਣਾਂ ਤੋਂ ਬਚਾ ਸਕਦਾ ਹੈ। ਸੱਚ ਹੀ ਗੁਰੂ ਦਾ ਨਾਮ ਹੈ ਭਾਵ ਗੁਰੂ ਦੀ ਸੱਚੀ ਮਤਿ ਹੈ। ਗੁਰੂ ਦੇ ਸ਼ਬਦਾਂ ਦੀ ਹਰ ਵਿਚਾਰ ਸਾਨੂੰ ਸੱਚ ਤੇ ਚੱਲਣ ਦਾ ਉਪਦੇਸ਼ ਹੀ ਦਿੰਦੀ ਹੈ। ਹਰ ਕੋਈ ਆਮ ਕਰਕੇ ਇਸ ਗੱਲ ਤੋਂ ਪ੍ਰੇਸ਼ਾਨ ਹੁੰਦਾ ਹੈ ਕਿ ਸਾਡਾ ਮਨ ਨਹੀਂ ਟਿਕਦਾ।

ਅਸੀਂ ਮਨ ਦੇ ਵਿੱਚ ਵੱਖਰੇ-ਵੱਖਰੇ ਖਿਆਲਾਂ ਦੇ ਉਪਜਣ ਨੂੰ ਮਨ ਦਾ ਭਟਕਣਾ ਸਮਝਦੇ ਹਾਂ, ਮਨ ਦਾ ਉੱਡਣਾ ਸਮਝਦੇ ਹਾਂ, ਮਨ ਦਾ ਟਿਕਾਅ ਵਿੱਚ ਨਾ ਹੋਣਾ ਸਮਝਦੇ ਹਾਂ। ਅਸਲ ਵਿੱਚ ਇਹ ਮਨ ਦਾ ਉੱਡਣਾ, ਮਨ ਦਾ ਟਿਕਾਅ ਵਿੱਚ ਨਾ ਰਹਿਣਾ ਨਹੀਂ ਹੈ। ਮਨ ਦੇ ਵਿੱਚ ਖਿਆਲਾਂ ਦਾ ਉਪਜਣਾ ਮਨ ਦਾ ਸੁਭਾਅ ਹੈ ਜੋ ਸਾਨੂੰ ਸਾਡੀ ਦੁਨਿਆਵੀ ਵਿਚਰਨ ਦੇ ਨਾਲ ਜੋੜ ਕੇ ਰੱਖਦਾ ਹੈ, ਸਾਨੂੰ ਚੰਗੇ ਮਾੜੇ ਦੀ ਸੋਝੀ ਪਾਉਂਦਾ ਰਹਿੰਦਾ ਹੈ। ਜਿਵੇਂ ਕਿ ਅਸੀਂ ਕਿਸੇ ਵਕਤ ਪਾਠ ਕਰਦੇ ਹੋਈਏ, ਕੀਰਤਨ ਸੁਣਦੇ ਹੋਈਏ ਪਰ ਅਚਾਨਕ ਸਾਡਾ ਮਨ ਸਾਨੂੰ ਕੋਈ ਹੋਰ ਗੱਲ ਯਾਦ ਕਰਵਾ ਦੇਵੇ ਇਹ ਮਨ ਦਾ ਭਟਕਣਾ ਨਹੀਂ ਹੈ। ਕਿਸੇ ਵੇਲੇ ਮਨ ਦੇ ਵਿੱਚ ਚੱਲ ਰਹੇ ਵਿਚਾਰਾਂ ਤੋਂ ਰਹਿਤ ਹੋ ਜਾਣਾ ਤੇ ਹੋਰ ਵਿਚਾਰਾਂ ਦਾ ਆ ਜਾਣਾ ਇਹ ਮਨ ਦਾ ਭਟਕਣਾ ਨਹੀਂ ਹੈ ਤੇ ਨਾ ਹੀ ਸਾਨੂੰ ਇਹਨਾਂ ਗੱਲਾਂ ਤੋਂ ਘਬਰਾਉਣਾ ਚਾਹੀਦਾ ਹੈ। ਇਹ ਮਨ ਦਾ ਸੁਭਾਉ

10/1019

ਹੈ ਤੇ ਉਹ ਆਪਣਾ ਫਰਜ਼ ਨਿਭਾਉਂਦਾ ਰਹਿੰਦਾ ਹੈ। "ਮਨ" ਨੂੰ ਟਿਕਾਉਣਾ ਅਸਲ ਵਿੱਚ ਗੁਰੂ ਦੀ ਮਤਿ ਤੇ ਟਿਕਾਉਣਾ ਹੈ, ਆਪਣੇ ਆਪ ਨੂੰ ਗੁਰੂ ਦੀ ਮਤਿ ਤੇ ਅਡੋਲ ਕਰਨਾ ਹੈ, ਹਰ ਵੇਲੇ ਸੱਚੇ ਬਣ ਕੇ ਰਹਿਣਾ ਹੈ। ਜੇਕਰ ਸਾਡੇ ਅੰਦਰ "ਸੱਚ" ਦ੍ਰਿੜ ਹੋ ਜਾਵੇ, ਨਾਮ ਦ੍ਰਿੜ ਹੋ ਜਾਵੇ ਤਾਂ ਫਿਰ ਇਹ ਮਨ ਵਿਕਾਰਾਂ ਵਿੱਚ ਨਹੀਂ ਭਟਕਦਾ ਭਾਵ ਵਿਕਾਰਾਂ ਵਾਲੇ ਵੀਚਾਰਾਂ ਨੂੰ ਕਬੂਲ ਨਹੀਂ ਕਰਦਾ, ਤ੍ਰਿਸ਼ਨਾਵਾਂ ਨੂੰ ਕਬੂਲ ਨਹੀਂ ਕਰਦਾ, ਮਾੜੇ ਕਰਮ ਕਰਨੇ ਕਬੂਲ ਨਹੀਂ ਕਰਦਾ ਕਿਉਂਕਿ ਉਹ ਸੱਚ ਤੇ ਟਿਕ ਜਾਂਦਾ ਹੈ, ਗੁਰੂ ਦੀ ਮਤਿ ਤੇ ਟਿਕ ਜਾਂਦਾ ਹੈ, ਉਹ ਸਤ ਸੰਤੋਖ ਵਿੱਚ ਆ ਜਾਂਦਾ ਹੈ। ਮਨ ਦੇ ਮਾੜੇ ਖਿਆਲਾਂ ਤੋਂ ਉਬਰ ਕੇ ਰਹਿਣਾ ਹੀ ਮਾੜੇ ਖਿਆਲਾਂ ਤੋਂ ਤਰਨਾ ਹੈ, ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ ਤੇ ਇਹ ਹੀ "**ਮਨ ਦਾ ਟਿਕਾਉ**" ਹੈ। ਮਾੜੇ

ਖਿਆਲ ਤਾਂ ਮਨ ਵਿੱਚ ਆਉਂਦੇ ਹੀ ਹਨ, ਇਹ ਮਨ ਦਾ ਸੁਭਾਅ ਹੈ ਪਰ ਅਸੀਂ ਸੱਚ ਤੇ ਅਡੋਲ ਰਹਿਣਾ ਹੈ। "**ਇਹੀ ਮਨ ਦਾ ਟਿਕਾਉ ਹੈ**"। **(ਸਚ ਬਿਨੁ ਸਤੁ ਸੰਤੋਖ ਨ ਪਾਵੈ॥)**

ਇਸ ਗੱਲ ਨੂੰ ਅਸੀਂ ਪਿੱਛੇ ਵੀ ਹੇਠ ਦਿੱਤੇ ਸ਼ਬਦ ਦੁਆਰਾ ਬਰੀਕੀ ਨਾਲ ਸਮਝਿਆ ਸੀ।

{ਮਨ ਕਾ ਸੁਭਾਉ ਮਨਹਿ ਬਿਆਪੀ॥ ਮਨਹਿ ਮਾਰਿ ਕਵਨ ਸਿਧਿ ਥਾਪੀ॥੧॥}

(ਅੰਗ ੩੨੮)

ਗੁਰੂ ਦੇ ਬਿਨ੍ਹਾਂ ਸਾਡੀ ਮੁਕਤੀ ਨਹੀਂ ਹੈ ਤੇ ਸੱਚ ਦੇ ਬਿਨ੍ਹਾਂ ਵੀ ਸਾਡੀ ਮੁਕਤੀ ਨਹੀਂ ਹੈ। ਅਸਲ ਵਿੱਚ ਸੱਚ ਹੀ ਗੁਰੂ ਹੈ, ਆਪ ਪ੍ਰਮਾਤਮਾ ਹੈ ਜੋ ਸੱਚ ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸੱਚ ਨਾਲ ਜੁੜਨਾ ਹੀ ਗੁਰੂ ਨਾਲ ਜੁੜਨਾ ਹੈ, ਪ੍ਰਮਾਤਮਾ ਨਾਲ ਜੁੜਨਾ ਹੈ, ਨਾਮ ਨਾਲ ਜੁੜਨਾ ਹੈ, ਗੁਰੂ ਦੇ ਸ਼ਬਦ ਨਾਲ ਜੁੜਨਾ ਹੈ, ਗੁਰੂ ਦੀ ਮਤਿ ਨਾਲ ਜੁੜਨਾ ਹੈ। ਇਸ ਸੱਚ ਦੇ ਨਾਲ ਜੁੜ ਕੇ ਹੀ ਅਸੀਂ ਇਸ ਭਉਜਲ ਸਾਗਰ ਤੋਂ ਤਰਨਾ ਹੈ, ਮੁਕਤ ਹੋਣਾ ਹੈ ਭਾਵ ਮਨ ਦੀ ਨਾਸਮਝ ਮਤਿ ਤੋਂ ਮੁਕਤ ਹੋਣਾ ਹੈ।

{ਸਚੁ ਹਰਿ ਨਾਮੁ ਸਚੁ ਹੈ ਸਰਣਾ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ॥}

(ਅੰਗ ੧੦੪੦)

"ਸੱਚ" ਬਿਨ੍ਹਾਂ ਗੁਰੂ ਦੀ ਸ਼ਰਨ ਵਿੱਚ ਨਹੀਂ ਆਇਆ ਜਾ ਸਕਦਾ ਭਾਵ ਜੇਕਰ ਅਸੀਂ ਆਪਣੇ ਜੀਵਨ ਵਿੱਚ ਮਨ ਦੀ ਅਗਿਆਨਤਾ ਤੋਂ ਮੁਕਤ ਹੋਣਾ ਚਾਹੁੰਦੇ ਹਾਂ ਤਾਂ ਉਸ ਲਈ ਇੱਕੋ ਇੱਕ ਸ਼ਰਤ, ਪ੍ਰੀ ਕੰਡੀਸ਼ਨ ਸੱਚ ਹੈ, ਸੱਚ ਨੂੰ ਅਪਣਾਉਣਾ ਹੈ, ਜਿਸ ਨੇ ਸਾਨੂੰ ਇਹਨਾਂ ਵਿਕਾਰਾਂ ਵਾਲੀ ਨਾਸਮਝ ਮਤਿ ਤੋਂ ਮੁਕਤ ਕਰਨਾ ਹੈ, ਮਨਮਤਿ ਤੋਂ ਮੁਕਤ ਕਰਨਾ ਹੈ ਜਿਸ ਮਨਮਤਿ ਵਿੱਚ ਰਹਿੰਦਿਆਂ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ, ਸੱਚ ਦੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ। ਆਪਣਾ ਸੱਚ ਸਾਨੂੰ ਪ੍ਰਮਾਤਮਾ ਆਪ ਹੀ ਬਖਸ਼ ਸਕਦਾ ਹੈ ਜੋ ਕਿ ਸਾਡੇ ਤੇ ਉਸਦਾ ਬਹੁਤ ਵੱਡਾ ਕਰਮ ਹੈ।

10/1020

ਜਦ ਤੱਕ ਸਾਨੂੰ ਸੱਚ ਦੀ ਮਹਿਮਾ ਸਮਝ ਨਹੀਂ ਆਉਂਦੀ, ਸੱਚ ਦੀ ਇੰਪੋਰਟੈਂਸ, ਮਹੱਤਤਾ ਸਮਝ ਨਹੀਂ ਆਉਂਦੀ ਤਦ ਤੱਕ ਅਸੀਂ ਉਸ ਨੂੰ ਅਪਣਾਉਣ ਦਾ ਉੱਦਮ ਹੀ ਨਹੀਂ ਕਰ ਸਕਦੇ। ਸਾਡੇ ਅੰਦਰ ਮਹਿਮਾ ਇੱਕ ਅੱਖਰ ਦੇ ਜਪ ਤਪ ਦੀ ਹੈ, ਕਿਸੇ ਖਾਸ ਵੇਲੇ ਦੀ ਹੈ, ਗੁਰਬਾਣੀ ਨੂੰ ਪੜ੍ਹਨ ਸੁਣਨ ਦੀ ਹੈ। ਇੱਕ ਅੱਖਰ ਦੇ ਜਪ ਨੂੰ ਅਸੀਂ ਉੱਚੀ ਮਹਿਮਾ ਦਿੱਤੀ ਹੋਈ ਹੈ, ਆਪਣੀ ਅਸਲ ਅਉਖਦ ਸਮਝਿਆ ਹੋਇਆ ਹੈ ਤੇ ਅਸਲ ਸੱਚ ਨੂੰ ਕੇਵਲ ਇੱਕ ਪਰਹੇਜ਼ ਮਾਤਰ ਹੀ ਸਮਝਿਆ ਹੋਇਆ ਹੈ ਭਾਵ ਸੱਚ ਨੂੰ ਅਪਣਾਉਣ ਦੀ, ਵਿਕਾਰਾਂ ਨੂੰ ਛੱਡਣ ਦੀ, ਮਾਇਆ ਮੋਹ ਨੂੰ ਛੱਡਣ ਦੀ ਕੋਈ ਖਾਸ ਅਹਿਮੀਅਤ ਨਹੀਂ ਦਿੱਤੀ ਹੋਈ। ਜਦ ਤੱਕ ਅਸੀਂ ਆਪਣਾ ਉੱਦਮ ਨਹੀਂ ਬਦਲਾਂਗੇ, ਅਸਲ ਸੱਚ ਨੂੰ ਪ੍ਰਾਪਤ ਨਹੀਂ ਕਰਨਾ ਚਾਹਾਂਗੇ ਭਾਵ ਗੁਰੂ ਦੀ ਸੱਚੀ ਮਤਿ ਨੂੰ ਸਮਝ ਕੇ ਉਸਨੂੰ ਮੰਨਣਾ ਨਹੀਂ ਚਾਹਾਂਗੇ, ਉਸ ਤੇ ਅਮਲ ਕਰਨਾ ਨਹੀਂ ਚਾਹਾਂਗੇ ਤਾਂ ਫਿਰ ਸੱਚ ਸਾਡੇ ਅੰਦਰ ਵੱਸ ਕਿਵੇਂ ਸਕਦਾ ਹੈ। "ਸੱਚ" ਆਪ ਗੁਰੂ ਹੈ ਤੇ ਸੱਚ ਦੀ ਕਦਰ ਨਾ ਪਾਉਣਾ ਗੁਰੂ ਦੀ ਬੇਕਦਰੀ ਹੈ, ਗੁਰੂ ਦੇ ਬਚਨਾਂ ਦੀ ਬੇਕਦਰੀ ਹੈ। ਜਿਸ ਸੱਚ ਨੇ ਸਾਨੂੰ ਮੁਕਤ ਕਰਨਾ ਹੈ, ਜਦ ਤੱਕ ਅਸੀਂ ਉਸ ਤੋਂ ਮੂੰਹ ਮੋੜਿਆ ਹੋਇਆ ਹੈ ਤਾਂ ਫਿਰ ਅਸੀਂ ਮੁਕਤ ਹੋਣ ਤੋਂ ਵੀ ਮੂੰਹ ਮੋੜਿਆ ਹੋਇਆ ਹੈ। **(ਬਿਨੁ ਗੁਰ ਮੁਕਤਿ ਨ ਆਵੈ ਜਾਵੈ॥)**

ਅਸੀਂ ਮੁਕਤੀ ਵੀ ਪਾਉਣਾ ਚਾਹੁੰਦੇ ਹਾਂ ਤੇ ਇਹ ਵੀ ਮੰਨਦੇ ਹਾਂ ਕਿ ਮੁਕਤੀ ਗੁਰੂ ਆਪ ਹੀ ਦੇ ਸਕਦਾ ਹੈ। ਮੁਕਤੀ ਗੁਰੂ ਉਸਨੂੰ ਦਿੰਦਾ ਹੈ ਜੋ ਉਸ ਦੇ ਧੜੇ ਵਾਲਾ ਬਣਦਾ ਹੈ। ਗੁਰੂ ਤੋਂ ਦੂਸਰਾ ਧੜਾ ਮਾਇਆ ਮੋਹ ਦਾ ਹੈ। ਅਸੀਂ ਇਹਨਾਂ ਦੋਨਾਂ ਧੜਿਆਂ ਵਿੱਚੋਂ ਹੀ ਚੋਣ ਕਰਨੀ ਹੈ ਕਿ ਸਾਨੂੰ ਕਿਹੜਾ ਧੜਾ ਚੰਗਾ ਲੱਗਦਾ ਹੈ। ਇੱਕ ਧੜੇ ਵਿੱਚ ਮੁਕਤੀ ਹੈ ਅਤੇ ਦੂਜੇ ਧੜੇ ਵਿੱਚ ਮਨ ਦਾ ਮਾਇਆ ਮੋਹ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਉਸ ਤੋਂ ਬਾਅਦ ਅਸੀਂ ਇਹ ਫੈਸਲਾ ਕਰੀਏ ਕਿ ਅਸੀਂ ਕਿਸ ਦੇ ਧੜੇ ਵਿੱਚ ਬੈਠਣਾ ਹੈ।

10/1021

“ਏਹ ਸਭਿ ਧੜੇ ਮਾਇਆ ਮੋਹ ਪਸਾਰੀ॥ ਮਾਇਆ ਕਉ ਲੂਝਹਿ ਗਾਵਾਰੀ
ਜਨਮਿ ਮਰਹਿ ਜੂਐ ਬਾਜੀ ਹਾਰੀ॥ ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ॥੩॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ॥੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥ ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ॥
ਜੈਸਾ ਬੀਜੈ ਤੈਸਾ ਖਾਵੈ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਨਿ ਆਵੈ॥੫॥੨॥੫੪॥”

(ਅੰਗ ੩੬੬)

ਇੱਕੋ ਇੱਕ ਗੁਰੂ ਦੀ ਟੇਕ ਲੈਣਾ ਹੀ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਹੀ ਗੁਰੂ ਦੇ ਧੜੇ ਵਾਲਾ ਬਣਨਾ ਹੈ, ਗੁਰੂ ਤੋਂ ਇਲਾਵਾ ਹਰ ਟੇਕ ਝੂਠੀ ਹੈ, ਹਰਿ ਮਤਿ ਪ੍ਰਮਾਤਮਾ ਨਾਲ ਮਿਲਾਣ ਵਿੱਚ ਝੂਠੀ ਹੈ। ਧੜੇ ਦੋ ਹੀ ਹਨ। ਇੱਕ ਪਾਸੇ ਮਾਇਆ ਮੋਹ ਹੈ, ਮਨਮਤਿ ਹੈ ਤੇ ਦੂਜੇ ਪਾਸੇ ਗੁਰੂ ਦੀ ਮਤਿ ਹੈ। ਇੱਕ ਪਾਸੇ ਝੂਠ ਹੈ ਤੇ ਦੂਜੇ ਪਾਸੇ ਸੱਚ ਹੈ। ਇੱਕ ਪਾਸੇ ਹਉਮੈ ਹੈ ਤੇ ਦੂਜੇ ਪਾਸੇ ਨਾਮ ਹੈ ਭਾਵ ਸੱਚ ਹੈ। ਇੱਕ ਪਾਸੇ ਮਨ ਦੀ ਨਾਸਮਝੀ ਰੂਪ ਆਵਾਗਉਣ ਹੈ ਤੇ ਦੂਜੇ ਪਾਸੇ ਮਨ ਦੀ ਨਾਸਮਝੀ ਤੋਂ ਮੁਕਤੀ ਹੈ। ਹਰ ਕੋਈ ਮਾਇਆ ਮੋਹ ਦੀ ਜੁਗਤ ਵਿੱਚ ਵਿਚਰਦਾ ਹੈ, ਭਰਮ ਵਿੱਚ, ਦੁਬਿਧਾ ਵਿੱਚ, ਹਉਮੈ ਵਿੱਚ ਵਿਚਰਦਾ ਹੈ ਤੇ ਗੁਰੂ ਤੋਂ ਇਲਾਵਾ ਸਾਨੂੰ ਇਸ ਅਵੱਸਥਾ ਵਿੱਚੋਂ ਕੋਈ ਨਹੀਂ ਕੱਢ ਸਕਦਾ। ਜੋ ਆਪ ਮਨ ਦੇ ਭਰਮ ਵਿੱਚ ਹੈ ਉਹ ਦੂਸਰੇ ਨੂੰ ਭਰਮ ਵਿੱਚੋਂ ਨਹੀਂ ਕੱਢ ਸਕਦਾ। ਜੋ ਆਪ ਮਾਇਆ ਮੋਹ ਵਿੱਚ ਹੈ ਉਹ ਦੂਸਰੇ ਨੂੰ ਮਾਇਆ ਮੋਹ ਵਿੱਚੋਂ ਨਹੀਂ ਕੱਢ ਸਕਦਾ। ਸਾਡੀ ਅਸਲ ਵਿੱਚ ਪ੍ਰਮਾਤਮਾ ਤੋਂ ਦੂਰੀ ਮਾਇਆ ਮੋਹ ਦੇ ਕਾਰਨ ਹੈ ਤੇ ਇਸੇ ਲਈ ਜੋ ਮਾਇਆ ਮੋਹ ਵਿੱਚ ਖੁੱਭਿਆ ਹੋਇਆ ਹੈ ਉਸਨੂੰ ਉੱਪਰ ਸ਼ਬਦ ਵਿੱਚ ਗਵਾਰ ਕਹਿ ਕੇ ਸਮਝਾਇਆ ਹੈ ਜੋ ਕਿ ਵਾਰ-ਵਾਰ ਜੰਮਦਾ ਮਰਦਾ ਹੈ ਤੇ ਆਪਣਾ ਇਹ ਜਨਮ ਹਾਰ ਕੇ ਜਾਂਦਾ ਹੈ ਭਾਵ ਮਾਇਆ ਮੋਹ ਵਿੱਚ ਪੈ ਕੇ ਆਪਣਾ ਜਨਮ ਵਿਅਰਥ ਗਵਾ ਜਾਂਦਾ ਹੈ, ਆਪਣੇ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ।

(ਮਾਇਆ ਕਉ ਲੂਝਹਿ ਗਾਵਾਰੀ॥ ਜਨਮਿ ਮਰਹਿ ਜੂਐ ਬਾਜੀ ਹਾਰੀ॥)

ਬਹੁਤ ਸਪੱਸ਼ਟ ਸਮਝਾਇਆ ਹੈ ਕਿ ਜਦ ਤੱਕ ਮਨੁੱਖ ਦਾ ਧੜਾ, ਮਨੁੱਖ ਦੀ ਟੇਕ ਮਾਇਆ ਮੋਹ ਵਿੱਚ ਹੈ ਤਦ ਤੱਕ ਉਸ ਦੀ ਟੇਕ ਗੁਰੂ ਤੇ ਨਹੀਂ ਹੈ, ਉਸਦਾ ਧੜਾ ਗੁਰੂ ਵਾਲਾ ਨਹੀਂ ਹੈ ਤੇ ਮਾਇਆ ਮੋਹ ਵਿੱਚ ਰਹਿੰਦਿਆਂ ਮੁਕਤ ਨਹੀਂ ਹੋਇਆ ਜਾ ਸਕਦਾ। ਗੁਰੂ ਦੀ ਟੇਕ ਵਾਲਾ ਬਣਨਾ, ਗੁਰੂ ਦੇ ਧੜੇ ਵਾਲਾ ਬਣਨਾ ਇਸ ਮਾਇਆ ਮੋਹ ਵਿੱਚੋਂ ਨਿਕਲਣਾ ਹੈ ਜਿਸ ਦੁਆਰਾ ਸਾਡਾ ਜੀਵਨ ਸਵਰ ਸਕਦਾ ਹੈ। **(ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ॥੩॥) “ਹਰਿ”** ਵਾਲੇ ਬਣਨਾ, “ਗੁਰੂ” ਵਾਲੇ ਬਣਨਾ ਕੀ ਹੈ, ਇਸ ਗੱਲ ਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਗੁਰੂ ਵਾਲੇ, ਹਰਿ ਵਾਲੇ, ਹਰਿ ਹਰਿ ਕਰਨ ਵਾਲੇ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਹਰਿ ਦੀ ਮਤਿ ਲੈ ਕੇ ਮਾਇਆ ਮੋਹ ਵਿੱਚੋਂ ਨਿਕਲਦੇ ਹਾਂ, ਵਿਕਾਰਾਂ ਵਿੱਚੋਂ ਨਿਕਲਦੇ ਹਾਂ। ਜਦੋਂ ਮਨ ਵਿੱਚ ਮਾਇਆ ਮੋਹ ਆਪਣੇ ਪੂਰੇ ਜੋਬਨ ਤੇ ਹੁੰਦਾ ਹੈ ਉਹ ਕਲਯੁੱਗ ਹੁੰਦਾ ਹੈ। ਕਲਯੁੱਗ ਵਿੱਚ ਪੰਜਾਂ ਚੋਰਾਂ ਦੇ ਨਾਲ ਝਗੜਾ ਕਰਨਾ ਵੀ ਔਖਾ ਹੋ ਜਾਂਦਾ ਹੈ ਭਾਵ ਇਹਨਾਂ ਤੋਂ ਪਾਰ ਪਾਉਣਾ ਔਖਾ ਹੋ

10/1022

ਜਾਂਦਾ ਹੈ ਭਾਵ ਸਾਡੇ ਅੰਦਰ ਜਿਤਨਾ ਮਾਇਆ ਮੋਹ ਪ੍ਰਬਲ ਹੋ ਜਾਂਦਾ ਹੈ ਉਤਨਾ ਹੀ ਇਹਨਾਂ ਚੋਰਾਂ ਨਾਲ ਨਿਪਟਣਾ ਔਖਾ ਹੋ

ਜਾਂਦਾ ਹੈ। ਸਾਡੇ ਅੰਦਰ ਮਾਇਆ ਮੋਹ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੈ। ਜਿੱਥੇ ਮਾਇਆ ਮੋਹ ਜ਼ਿਆਦਾ ਹੈ ਉੱਥੇ ਵਿਕਾਰ ਵੀ ਵੱਧ ਜਾਂਦੇ ਹਨ। ਮਾਇਆ ਮੋਹ ਦੇ ਨਾਲ ਧੜਾ ਰੱਖਣਾ ਇਹਨਾਂ ਵਿਕਾਰਾਂ ਦੇ ਨਾਲ ਧੜਾ ਰੱਖਣਾ ਹੈ ਕਿਉਂਕਿ ਜਿੱਥੇ ਮਾਇਆ ਮੋਹ ਦੇ ਨਾਲ ਧੜਾ ਹੈ ਉੱਥੇ ਵਿਕਾਰਾਂ ਦੇ ਨਾਲ ਧੜਾ ਆਪੇ ਹੀ ਬਣ ਜਾਂਦਾ ਹੈ ਜਿਵੇਂ ਕਿ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ। (**ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ॥**)

"ਜੁਗ" ਦਾ ਮੂਲ ਭਾਵ ਸਮੇਂ ਦੇ ਨਾਲ ਹੈ। ਇੱਕ ਲੰਬੇ ਸਮੇਂ ਨੂੰ ਅਸੀਂ ਜੁਗ ਦੀ ਸੰਗਿਆ ਦੇ ਦਿੰਦੇ ਹਾਂ। ਵੇਦਾਂ ਦੇ ਮਤਿ ਅਨੁਸਾਰ ਸਮੇਂ ਨੂੰ ਚਾਰ ਜੁਗਾਂ ਵਿੱਚ ਵੰਡਿਆ ਗਿਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮੇਂ ਅਨੁਸਾਰ ਨਹੀਂ ਬਦਲਦਾ ਤੇ ਨਾ ਹੀ ਪ੍ਰਮਾਤਮਾ ਕਿਸੇ ਸਮੇਂ ਨਾਲ ਬੱਝਿਆ ਹੋਇਆ ਹੈ। ਜੁਗ ਤੋਂ ਭਾਵ ਕੇਵਲ ਵੱਖਰ-ਵੱਖਰੇ ਸਮਿਆਂ ਦਾ ਬਿਉਰਾ ਬਣਾਉਣ ਲਈ ਹੈ, ਜਾਣਕਾਰੀ ਰੱਖਣ ਲਈ ਹੈ, ਆਪਣੇ ਅਤੀਤ ਵਿੱਚ ਜਾਣ ਲਈ ਹੈ। ਪ੍ਰਮਾਤਮਾ ਕਿਸੇ ਜੁਗ ਵਿੱਚ ਘੱਟ ਜਾਂ ਵੱਧ ਨਹੀਂ ਹੈ। ਪ੍ਰਮਾਤਮਾ ਹਰ ਸਮੇਂ ਮਨ ਦੇ ਵਿੱਚ ਹੀ ਵਰਤਦਾ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਸਾਡੇ ਮਨ ਦੀ ਅਵੱਸਥਾ ਤੈਅ ਕਰਦੀ ਹੈ। ਇਸੇ ਗੱਲ ਨੂੰ ਅਸੀਂ ਅੱਗੇ ਜਾ ਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਵੱਖਰੇ-ਵੱਖਰੇ ਜੁਗਾਂ ਨੂੰ ਸਾਡੇ ਮਨ ਦੀਆਂ ਵੱਖਰੀਆਂ-ਵੱਖਰੀਆਂ ਬਿਰਤੀਆਂ, ਵਿਚਾਰਾਂ, ਅਵੱਸਥਾਵਾਂ ਨਾਲ ਜੋੜ ਕੇ ਵੀ ਸਮਝਾਇਆ ਹੋਇਆ ਹੈ। ਕਲਯੁੱਗ ਸਾਡੇ ਅੰਦਰ ਪ੍ਰਬਲ ਮਾਇਆਂ ਮੋਹ ਦੀ ਅਵਸਥਾ ਹੈ। ਕਲਿਜੁਗ ਸਾਡੇ ਸਭ ਦੇ ਅੰਦਰ ਸਦਾ ਤੋਂ ਹੀ ਵਰਤ ਰਿਹਾ ਹੈ। ਕਲਯੁੱਗ ਨੂੰ ਸਮਝਣ ਲਈ ਆਪਣੇ ਅੰਦਰ ਦੀ "ਕਲਿ" ਨੂੰ ਸਮਝਣ ਦੀ ਲੋੜ ਹੈ। ਸਾਡੇ ਅੰਦਰ ਦੀ ਕਲਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ।

{ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥}

(ਅੰਗ ੨੧੦)

ਕਲਿ ਸਾਡੇ ਅੰਦਰ ਮਨ ਦੀ ਕਾਲਖ ਹੈ ਭਾਵ ਅਗਿਆਨਤਾ ਹੈ ਜਿਸ ਅਗਿਆਨਤਾ ਵਿੱਚੋਂ ਸਾਨੂੰ ਗੁਰੂ ਦਾ ਗਿਆਨ ਹੀ ਕੱਢ ਸਕਦਾ ਹੈ।

{ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥}

(ਅੰਗ ੭੫੦)

{ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥}

(ਅੰਗ ੯੦੩)

ਸਾਨੂੰ ਇਸ ਕਲਯੁੱਗ ਦੇ ਧੜੇ ਵਿੱਚੋਂ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਤੇ ਆਪਣੇ ਧੜੇ ਵਿੱਚ ਮਿਲਾ ਸਕਦਾ ਹੈ। ਉਸਦਾ ਧੜਾ ਸਤਿਸੰਗਿ ਦਾ ਧੜਾ ਹੈ ਭਾਵ ਸੱਚ ਦੀ ਸੰਗਤ ਦਾ ਧੜਾ ਹੈ, ਹਰਿ ਦਾ ਆਪਣਾ ਧੜਾ ਹੈ ਭਾਵ ਹਰਿ ਹਰਿ ਕਰਨ ਵਾਲਾ ਧੜਾ ਹੈ ਜਿਸ ਧੜੇ ਵਿੱਚ ਸਾਡੇ ਮਨ ਦੀ ਸਮਝ ਗੁਰੂ ਦੀ ਮਤਿ ਦੇ ਸੱਚ ਨਾਲ ਇੱਕ ਹੋ ਜਾਂਦੀ ਹੈ, ਨਾਮ ਦੀ ਸਮਝ ਵਾਲੀ ਬਣ ਜਾਂਦੀ ਹੈ। ਸੱਚ ਦੀ ਸੰਗਤ ਪਾ ਕੇ ਮਨੁੱਖ ਹਰਿ ਹਰਿ ਕਰਦਾ ਹੈ ਭਾਵ ਉਸ ਅਵੱਸਥਾ ਦੁਆਰਾ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਸ ਵਿੱਚ ਹਰਿ ਦੀ ਮਤਿ ਹੁੰਦੀ ਹੈ,

10/1023

ਉਸ ਸੱਚੀ ਮਤਿ ਵਿੱਚ ਮਾਇਆ ਮੋਹ ਨਹੀਂ ਹੁੰਦਾ, ਵਿਕਾਰ ਨਹੀਂ ਹੁੰਦੇ, ਪੰਜ ਚੋਰ ਨਹੀਂ ਹੁੰਦੇ। **(ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ॥ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ॥੪॥)** ਸਾਡੀ ਜਿੰਦਗੀ ਦਾ ਮਨੋਰਥ ਧਰਮ ਨੂੰ ਕਮਾਉਣਾ ਹੈ ਤੇ ਅਸੀਂ ਆਪਣੇ ਵੱਲੋਂ ਜੋ ਕੋਈ ਵੀ ਜਪ ਤਪ ਕਰਦੇ ਹਾਂ, ਬਾਣੀ ਪੜ੍ਹਦੇ ਹਾਂ ਸੁਣਦੇ ਹਾਂ ਉਸ ਨੂੰ ਧਰਮ ਦਾ ਮਾਰਗ ਸਮਝਦੇ ਹਾਂ। ਧਰਮ "ਹਰਿ" ਧੜੇ ਦੇ ਨਾਲ ਹੈ, "ਗੁਰੂ ਵਾਲੇ ਧੜੇ" ਦੇ ਵਿੱਚ ਹੈ ਭਾਵ ਧਰਮ ਉੱਥੇ ਹੈ ਜਦੋਂ ਅਸੀਂ ਮਾਇਆ ਮੋਹ ਵਿੱਚੋਂ ਨਿਕਲ ਕੇ, ਵਿਕਾਰਾਂ ਵਿੱਚੋਂ ਨਿਕਲ ਕੇ ਸੱਚ ਦੇ ਧੜੇ ਵਿੱਚ ਆ ਜਾਂਦੇ ਹਾਂ। ਜਦ ਤੱਕ ਸਾਡੇ ਅੰਦਰ ਮਿਥਿਆ ਹੈ ਭਾਵ ਝੂਠ ਹੈ, ਗੁਰੂ ਤੋਂ ਬਿਨ੍ਹਾਂ ਕੋਈ ਦੂਸਰੀ ਟੇਕ ਹੈ ਭਾਵ ਦੂਜਾ ਭਾਉ ਹੈ ਤਦ ਤੱਕ ਅਸੀਂ ਗੁਰੂ ਤੋਂ ਦੂਸਰੇ ਧੜੇ ਵਿੱਚ ਹਾਂ ਕਿਉਂਕਿ

ਇਹੋ ਜਿਹੇ ਧੜੇ ਵਿੱਚ ਰਹਿ ਕੇ ਅਸੀਂ ਮਾੜੇ ਕਰਮ ਕਰਦੇ ਹਾਂ, ਦੂਸਰਿਆਂ ਦੀ ਕਮਜ਼ੋਰੀ ਦਾ ਫਾਇਦਾ ਚੁੱਕਦੇ ਹਾਂ, ਦੂਸਰਿਆਂ ਨੂੰ ਨੀਵਾਂ ਸਮਝਦੇ ਹਾਂ ਤੇ ਆਪਣੇ ਆਪ ਨੂੰ ਉੱਚਾ ਸਮਝਦੇ ਹਾਂ ਭਾਵ ਸਾਡੀ ਦੁਨਿਆਵੀਂ ਵਿਚਰਨ ਮਾੜੀ ਹੋ ਜਾਂਦੀ ਹੈ। ਇਸ ਮਾਇਆ ਮੋਹ ਵਾਲੇ ਧੜੇ ਵਿੱਚ ਧਰਮ ਨਹੀਂ ਹੈ। ਧਰਮ ਸੱਚ ਹੈ, ਨਾਮ ਹੈ। ਜਿੱਥੇ ਸਾਡੇ ਕਰਮ ਮਾੜੇ ਹਨ ਉੱਥੇ ਸੱਚ ਨਹੀਂ ਹੈ, ਨਾਮ ਨਹੀਂ ਹੈ, ਧਰਮ ਨਹੀਂ ਹੈ। ਧਰਮ ਕੇਵਲ ਚੰਗੇ ਕਰਮ ਦੁਆਰਾ ਨਿਭਾਇਆ ਜਾ ਸਕਦਾ ਹੈ ਭਾਵ ਗੁਰੂ ਦੇ ਧੜੇ ਵਾਲਾ ਬਣਕੇ ਨਿਭਾਇਆ ਜਾ ਸਕਦਾ ਹੈ। ਜੇਕਰ ਅਸੀਂ ਕਰਮ ਮਾੜੇ ਕਰਦੇ ਹਾਂ ਤੇ ਮੁੱਖੋਂ ਕਿਸੇ ਅੱਖਰ ਦਾ ਜਪ ਕਰੀ ਜਾਂਦੇ ਹਾਂ ਫਿਰ ਇਹ ਕਿਹੋ ਜਿਹਾ ਨਾਮ ਹੈ, ਧਰਮ ਹੈ ਜਾਂ ਸੱਚ ਹੈ। ਧਰਮ ਸਾਡੀ ਵਿਚਰਨ ਨਾਲ ਤੈਅ ਹੁੰਦਾ ਹੈ। ਮਾੜੀ ਵਿਚਰਨ ਦਾ ਫ਼ਲ ਮਾੜਾ ਮਿਲਦਾ ਹੈ। ਗੁਰੂ ਦੇ ਧੜੇ ਵਾਲਾ ਬਣ ਕੇ ਸਾਡੀ ਦੁਨਿਆਵੀ ਵਿਚਰਨ ਚੰਗੀ ਹੋ ਜਾਂਦੀ ਹੈ, "ਧਰਮ" ਵਾਲੀ ਹੋ ਜਾਂਦੀ ਹੈ ਤੇ ਇਹੋ ਜਿਹੀ ਵਿਚਰਨ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ, ਇਸ ਸੰਸਾਰ ਵਿੱਚੋਂ ਆਪਣਾ ਜੀਵਨ ਜਿੱਤ ਕੇ ਪ੍ਰਮਾਤਮਾ ਕੋਲ ਆ ਸਕਦੇ ਹਾਂ ਭਾਵ ਆਪਣਾ ਮਨੁੱਖਾ ਜੀਵਨ ਸਫ਼ਲ ਕਰ ਸਕਦੇ ਹਾਂ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

(ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥ ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ॥
ਜੈਸਾ ਬੀਜੈ ਤੈਸਾ ਖਾਵੈ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ॥੫॥੨॥੫੪॥)

10/1024

ਉਪਰਲੀਆਂ ਪੰਗਤੀਆਂ ਰਾਹੀਂ ਹੁਣ ਇਹ ਵੀ ਧਿਆਨ ਨਾਲ ਸਮਝੋ ਕਿ "**ਧਰਮ**" ਕੀ ਹੈ। ਜਦ ਤੱਕ ਸਾਡੇ ਅੰਦਰ ਮਿਥਿਆ ਹੈ, ਝੂਠ ਹੈ, ਗੁਰੂ ਤੋਂ ਇਲਾਵਾ ਅਸੀਂ ਕਿਸੇ ਹੋਰ ਨਾਲ ਧਰਮ ਦੀ ਟੇਕ ਰੱਖੀ ਹੋਈ ਹੈ, ਕਿਸੇ ਦੇਹ ਨੂੰ ਉੱਚਾ ਸਮਝ ਕੇ ਉਸਨੂੰ ਧਰਮ ਦਾ ਮਾਰਗ ਦੱਸਣ ਵਾਲਾ ਸਮਝਿਆ ਹੋਇਆ ਹੈ ਤਾਂ ਫਿਰ ਅਸੀਂ ਗੁਰੂ ਦੇ ਧੜੇ ਵਾਲੇ ਨਹੀਂ ਬਣ ਸਕਦੇ, ਅਸੀਂ "**ਧਰਮ**" ਨਾਲ ਨਹੀਂ ਜੁੜ ਸਕਦੇ। ਗੁਰੂ ਦਾ ਧੜਾ "ਧਰਮ" ਵਾਲਾ ਧੜਾ ਹੈ, ਨਾਮ ਵਾਲਾ ਧੜਾ ਹੈ ਕਿਉਂਕਿ ਪੂਰੀ ਬਾਣੀ ਅਸਲ ਵਿੱਚ ਨਾਮ ਧਰਮ ਹੈ ਜੋ ਸਾਨੂੰ ਨਾਮ ਦੀ ਸਮਝ ਪਾਉਣ ਦੁਆਰਾ ਸਾਡਾ ਧਰਮ ਦਾ ਮਾਰਗ ਸਮਝਾ ਰਹੀ ਹੈ, ਸਾਨੂੰ ਸੱਚ ਤੇ ਚੱਲਣ ਦਾ ਮਾਰਗ ਸਮਝਾ ਰਹੀ ਹੈ ਤੇ ਆਓ ਇਹੀ ਗੱਲ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

"ਪ੍ਰਭ ਦਾਤਉ ਦਾਤਾਰ ਪਰਿਉ ਜਾਚਕੁ ਇਕੁ ਸਰਨਾ॥ ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ॥
ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥ ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥
ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥੯॥"

(ਅੰਗ ੧੩੮੬)

ਉੱਪਰ ਸ਼ਬਦ ਦੀਆਂ ਪੰਗਤੀਆਂ ਵਿੱਚ ਸਾਡੀ ਗੁਰੂ ਅੱਗੇ ਅਰਦਾਸ ਸਮਝਾਈ ਹੋਈ ਹੈ ਜਿਸ ਦੁਆਰਾ ਅਸੀਂ ਇਸ ਭਵਜਲ ਤੋਂ ਤਰ ਸਕਦੇ ਹਾਂ, ਮਾਇਆ ਮੋਹ ਦੇ ਸਾਗਰ ਤੋਂ ਤਰ ਸਕਦੇ ਹਾਂ। ਇਸ ਭਉਜਲ ਸਾਗਰ ਤੋਂ ਤਰਨ ਲਈ **"ਸੰਤ ਰੇਨ"** ਦਾ ਦਾਨ ਮੰਗਿਆ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ **"ਸੰਤ"** ਗੁਰੂ ਹੈ ਤੇ **"ਰੇਨ"** ਉਸਦੀ ਚਰਨ ਧੂੜ ਹੈ, ਉਸਦਾ ਸੱਚਾ ਗਿਆਨ ਹੈ, ਉਸਦੀ ਦਿੱਤੀ ਹੋਈ ਮਤਿ ਹੈ ਜਿਸ ਸੱਚੀ ਮਤਿ ਦੇ ਹਿਰਦੇ ਵਿੱਚ ਵੱਸਣ ਦੁਆਰਾ ਇਸ ਮਾਇਆ ਮੋਹ ਦੇ ਸਾਗਰ ਤੋਂ ਤਰਿਆ ਜਾ ਸਕਦਾ ਹੈ ਅਤੇ ਉਸ ਦੇ ਮਨ ਦੇ ਵਿੱਚ ਦਰਸ਼ਨ ਹੋ ਸਕਦੇ ਹਨ। ਆਪਣੀ ਚਰਨ ਧੂੜ ਗੁਰੂ ਪ੍ਰਮਾਤਮਾ ਉਸ ਨੂੰ ਹੀ ਦਿੰਦਾ ਹੈ ਭਾਵ ਆਪਣੀ ਮਤਿ ਉਸੇ ਦੇ ਮਨ ਵਿੱਚ ਹੀ ਵਸਾਉਂਦਾ ਹੈ ਜਿੱਥੇ ਉਸਨੂੰ ਭਾਉਂਦਾ ਹੈ ਭਾਵ ਇਹ ਸਭ ਕੁੱਝ ਉਸਦੀ ਕਿਰਪਾ ਦੁਆਰਾ ਹੀ ਹੈ ਜੇਕਰ ਕਿਸੇ ਨੂੰ ਉਹ ਆਪਣੀ ਮਤਿ ਤੇ ਚਲਾਉਂਦਾ ਹੈ। ਇਹ ਗੁਰੂ ਦੀ ਮਤਿ ਤੇ ਚੱਲਣਾ ਹੀ ਉਸ ਦੀ ਭਗਤੀ ਹੈ ਤੇ ਜੇਕਰ ਸਾਡੇ ਮਨ ਵਿੱਚ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਚਾਉ ਹੈ ਤਾਂ ਫਿਰ ਅਸੀਂ ਪ੍ਰਮਾਤਮਾ ਕੋਲੋਂ ਇਹੋ ਜਿਹੀ ਭਗਤੀ ਮੰਗਾਂਗੇ ਭਾਵ ਉਸਦੀ ਮਤਿ ਦਾ ਦਾਨ ਮੰਗਾਂਗੇ, ਉਸ ਦੇ ਸੱਚ ਦਾ ਦਾਨ ਮੰਗਾਂਗੇ ਜਿਸ ਦੁਆਰਾ ਸਾਡਾ ਦੌੜਦਾ ਹੋਇਆ ਮਨ ਠਹਿਰ ਸਕਦਾ ਹੈ। ਮਨ ਹਰ ਵੇਲੇ ਤ੍ਰਿਸ਼ਨਾਵਾਂ ਵਿੱਚ ਦੌੜਦਾ ਹੈ ਤੇ ਉਸ ਨੂੰ ਠਹਿਰਾਵ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਹੀ ਆਉਂਦਾ ਹੈ, ਗੁਰੂ ਦੀ ਮਤਿ ਨੂੰ ਮਨ ਵਿੱਚ ਵੱਸਾ ਕੇ ਭਾਵ ਉਸ ਤੇ ਅਮਲ ਕਰਕੇ ਹੀ ਆਉਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਦੁਆਰਾ ਹੀ ਆਉਂਦਾ ਹੈ ਭਾਵ ਜਦ ਤੱਕ ਸਾਡੇ ਅੰਦਰ ਇਹ ਚਾਉ ਨਹੀਂ

10/1025

ਉਪਜਦਾ ਕਿ ਅਸੀਂ ਮਾਇਆ ਮੋਹ ਤੋਂ ਮੁਕਤ ਹੋਈਏ, ਮਨ ਦੀ ਇੱਛਾਵਾਂ ਤੋਂ ਮੁਕਤ ਹੋਈਏ ਤਦ ਤੱਕ ਨਾ ਭਗਤੀ ਹੋ ਸਕਦੀ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ। **(ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥)** ਸਾਡੇ ਅੰਦਰ ਇਹੋ ਜਿਹਾ ਚਾਉ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ ਕਿਉਂਕਿ ਇਹ ਮਾਇਆ ਮੋਹ ਵਿੱਚੋਂ ਨਿਕਲਣ ਦਾ ਚਾਅ ਕੋਈ ਵਿਰਲਾ ਹੀ ਕਬੂਲ ਕਰ ਸਕਦਾ ਹੈ। ਪ੍ਰਮਾਤਮਾ ਨਾਲ ਮਿਲਣ ਦਾ ਚਾਉ ਤਾਂ ਵੜ੍ਹਿਆਂ ਨੂੰ ਹੈ, ਉਸਦੇ ਦਰਸ਼ਨ ਕਰਨ ਦਾ ਚਾਅ ਤਾਂ ਬੜਿਆਂ ਨੂੰ ਹੈ ਪਰ ਮਾਇਆ ਮੋਹ ਨੂੰ ਛੱਡਣ ਦਾ ਚਾਅ, ਕੇਵਲ ਸੱਚ ਤੇ ਚੱਲਣ ਦਾ ਚਾਅ ਜੋ ਕਿ ਉਸਦੀ ਭਗਤੀ ਦੀ ਸ਼ਰਤ ਹੈ, ਪ੍ਰੀ ਕੰਡੀਸ਼ਨ ਹੈ, ਇਸ ਚਾਉ ਨੂੰ ਕੋਈ ਸਮਝਦਾ ਹੀ ਨਹੀਂ। ਸਾਡਾ ਇਹ ਚਾਉ ਪੂਰਾ ਕਰਨ ਲਈ, ਪ੍ਰਮਾਤਮਾ ਦੇ ਦਰਸ਼ਨਾਂ ਦਾ ਚਾਉ ਪੂਰਾ ਕਰਨ ਲਈ ਸਾਨੂੰ ਉਸਨੇ ਨਾਮ ਧਰਮ ਦਾ ਮਾਰਗ ਦਿੱਤਾ ਹੈ ਜਿਸ ਤੇ ਚੱਲਣ ਦਾ ਉੱਦਮ ਕਰ ਕੇ ਅਸੀਂ ਆਪਣਾ ਚਾਉ ਪੂਰਾ ਕਰ ਸਕਦੇ ਹਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰ ਸਕਦੇ ਹਾਂ ਤੇ ਇਸ ਗੱਲ ਤੇ ਵਿਸ਼ਵਾਸ ਕਰ ਸਕਦੇ ਹਾਂ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਸਾਰੀ ਗੱਲ ਮਨ ਦੇ ਵਿੱਚ ਗੁਰੂ ਦਾ ਸੱਚਾ ਗਿਆਨ ਵੱਸਣ ਦੀ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੈ।

“ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥”

ਪ੍ਰਮਾਤਮਾ ਨੇ ਕਲਯੁੱਗ ਨੂੰ ਕਿਵੇਂ ਉਧਾਰਿਆ ਹੈ ਭਾਵ ਕਲਯੁੱਗੀ ਜੀਵਾਂ ਤੇ ਪ੍ਰਮਾਤਮਾ ਨੇ ਆਪਣੀ ਕਿਰਪਾ ਕਿਵੇਂ ਕੀਤੀ ਹੈ, ਉਹ **“ਨਾਮ ਧਰਮ”** ਬਖਸ਼ ਕੇ ਕੀਤੀ ਹੈ, **“ਇੱਕ”** ਨਾਮ ਧਰਮ ਬਖਸ਼ ਕੇ ਕੀਤੀ ਹੈ ਭਾਵ ਸਾਰੇ ਸੰਸਾਰ ਦਾ ਪ੍ਰਮਾਤਮਾ ਦੇ ਦਰਸ਼ਨਾਂ ਦਾ ਚਾਉ ਪੂਰਾ ਕਰਨ ਦਾ ਤਰੀਕਾ ਇੱਕ ਹੀ ਹੈ। ਇਹ ਨਾਮ ਧਰਮ ਸਾਰੇ ਸੰਸਾਰ ਲਈ ਪ੍ਰਮਾਤਮਾ ਨੂੰ ਸਮਝਣ ਦਾ ਤੇ ਉਸ ਨੂੰ ਪਾਉਣ ਦਾ ਇੱਕੋ ਇੱਕ ਮਾਰਗ ਹੈ। ਇਹ ਮਨ ਦੀ “ਕਲਿ” ਹੀ ਭਾਵ ਮਨ ਦੀ ਅਗਿਆਨਤਾ ਹੀ ਜੋ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਦੀ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ ਉਹ ਸਾਨੂੰ ਸਾਰੇ ਸੰਸਾਰ ਦਾ ਇੱਕੋ ਧਰਮ ਭਾਵ ਸੱਚ ਦਾ ਧਰਮ, ਸੱਚ ਤੇ ਚੱਲਣ ਦਾ ਧਰਮ ਸਮਝਣ ਤੋਂ ਦੂਰ ਰੱਖਦੀ ਹੈ ਤੇ ਸਾਨੂੰ ਵੱਖਰੇ-ਵੱਖਰੇ ਧਰਮ ਦੇ ਮਾਰਗ ਸਮਝਣ ਦੇ ਨਾਲ ਜੋੜਦੀ ਹੈ।

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ ੧੧੮੮)

ਗੁਰਬਾਣੀ ਦੀ ਰਚਨਾ ਕਰਕੇ ਪ੍ਰਮਾਤਮਾ ਨੇ ਕਲਯੁੱਗੀ ਜੀਵਾਂ ਨੂੰ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਦਿਖਾਇਆ ਹੈ। ਇਹ ਗੁਰਬਾਣੀ ਦੁਨੀਆਂ ਦਾ ਹਨੇਰਾ ਕੱਟਣ ਲਈ ਭਾਵ ਅਗਿਆਨਤਾ ਕੱਟਣ ਲਈ ਭਾਵ ਮਨ ਦੀ “**ਕਲਿ**” ਵਿੱਚੋਂ ਕੱਢਣ ਲਈ “**ਚਰਾਗ**” ਰੂਪ ਹੈ ਭਾਵ ਗਿਆਨ ਦਾ ਪ੍ਰਕਾਸ਼ ਹੈ। ਪੂਰੀ ਗੁਰਬਾਣੀ ਸਾਨੂੰ “**ਸੰਤ ਰੇਨ**” ਵੰਡ ਰਹੀ ਹੈ, ਆਪਣਾ ਸੱਚਾ ਗਿਆਨ ਵੰਡ ਰਹੀ ਹੈ ਜਿਸ ਦੁਆਰਾ ਸਾਡੇ ਮਨ ਦੀ “**ਕਲਿ**” ਭਾਵ ਸਾਡੀ ਅਗਿਆਨਤਾ ਜਾ ਸਕਦੀ ਹੈ ਤੇ ਮਨ ਦੇ ਵਿੱਚੋਂ ਉਸ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ। “**ਸੰਤ ਰੇਨ**” ਦਾ ਦਾਨ ਪ੍ਰਮਾਤਮਾ ਦੇ ਨਾਲ ਮੇਲ ਦਾ ਦਾਨ ਹੈ, ਉਸਦੀ ਸੱਚੀ ਮਤਿ ਦਾ ਦਾਨ ਹੈ, ਬ੍ਰਹਮ ਗਿਆਨ ਦਾ ਦਾਨ ਹੈ, ਨਾਮ ਦਾ ਦਾਨ ਹੈ, ਬਿਬੇਕ ਬੁਧਿ ਦਾ ਦਾਨ ਹੈ।

{ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥੧॥}

(ਅੰਗ ੬੭)

10/1026

ਇਹ “**ਨਾਮ ਧਰਮ**” ਇਸ ਸ੍ਰਿਸ਼ਟੀ ਨੂੰ ਆਪ ਪ੍ਰਮਾਤਮਾ ਨੇ ਦਿੱਤਾ ਹੈ। **“ਨਾਮ”** ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਤੇ **“ਨਾਮ”** ਦੇ ਰੂਪ ਵਿੱਚ ਹੀ ਗੁਰਬਾਣੀ ਹੈ ਜੋ ਕਿ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ ਤੇ ਗੁਰੂ ਦੀ ਮਤਿ ਹੀ ਭਾਵ ਗੁਰੂ ਦਾ ਨਾਮ ਹੀ ਸਭ ਲਈ **“ਧਰਮ”** ਹੈ ਭਾਵ ਪੂਰੀ ਗੁਰਬਾਣੀ ਸਾਨੂੰ ਸਾਡਾ ਧਰਮ ਹੀ ਸਮਝਾ ਰਹੀ ਹੈ, ਧਰਮ ਦਾ ਮਾਰਗ ਹੀ ਸਮਝਾ ਰਹੀ ਹੈ। ਆਓ ਹੁਣ ਸ਼ਬਦ ਦੀ ਆਖਰੀ ਪੰਗਤੀ ਨੂੰ ਵਿਚਾਰੀਏ ਤੇ ਸਮਝੀਏ ਕਿ ਸਾਰੀ ਸ੍ਰਿਸ਼ਟੀ ਦਾ ਗੁਰੂ ਅਸਲ ਵਿੱਚ ਕੌਣ ਹੈ।

“ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥੯॥”

“ਨਾਮ ਧਰਮ” ਰਾਹੀਂ ਭਾਵ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਸਾਰੀ ਸ੍ਰਿਸ਼ਟੀ ਦੇ ਵਿੱਚ ਪ੍ਰਗਟ ਕੀਤਾ ਹੋਇਆ ਹੈ, ਆਪਣੇ ਗੁਰੂ ਰੂਪ ਵਿੱਚ ਪ੍ਰਗਟ ਕੀਤਾ ਹੋਇਆ ਹੈ ਜਿੱਥੋਂ ਹਰ ਕੋਈ ਆਪਣਾ ਧਰਮ ਸਮਝ ਸਕਦਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਉਸਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਨ ਜਿੱਥੇ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਆਪਣੀ ਬਾਣੀ ਲਿਖਵਾਈ ਹੈ। ਇਸੇ ਲਈ ਬਾਣੀ ਸਾਰੇ ਸੰਸਾਰ ਲਈ ਇੱਕੋ ਜਿਹੀ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਸੱਚਾ ਰੂਪ ਹੈ ਤੇ ਪ੍ਰਮਾਤਮਾ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਗੁਰਬਾਣੀ ਹਰ ਮਨੁੱਖ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾ ਰਹੀ ਹੈ, ਪ੍ਰਮਾਤਮਾ ਦਾ ਇੱਕੋ ਇੱਕ ਨਿਰਗੁਣ

10/1026-ੳ

ਰੂਪ, ਨਿਰੰਕਾਰ ਰੂਪ ਹੀ ਸਮਝਾ ਰਹੀ ਹੈ ਭਾਵ “ਗਿਆਨ ਰੂਪ” ਹੀ ਸਮਝਾ ਰਹੀ ਹੈ ਜੋ ਉਸਦਾ ਰੂਪ ਸਭ ਲਈ ਇੱਕੋ ਜਿਹਾ ਹੀ ਹੈ। ਭਾਵੇਂ ਕੋਈ ਹਿੰਦੂ ਹੈ, ਮੁਸਲਮਾਨ ਹੈ, ਇਸਾਈ ਹੈ ਜਾਂ ਕੋਈ ਪ੍ਰਮਾਤਮਾ ਲਈ ਕਿਸੇ ਵੀ ਰੂਪ ਵਿੱਚ ਆਪਣੀ ਆਸਥਾ ਪ੍ਰਗਟ ਕਰਦਾ ਹੈ, ਪ੍ਰਮਾਤਮਾ ਦਾ ਰੂਪ ਕਿਸੇ ਮਨੁੱਖ ਲਈ ਹੋਰ ਤੇ ਕਿਸੇ ਮਨੁੱਖ ਲਈ ਹੋਰ ਨਹੀਂ ਹੋ ਸਕਦਾ। ਉਹ ਸਾਰੇ ਸੰਸਾਰ ਵਿੱਚ ਇੱਕੋ ਜਿਹਾ ਹੀ ਵਰਤਦਾ ਹੈ, ਆਪਣੀ ਸੱਚੀ ਸਾਇੰਸ ਦੇ ਰੂਪ ਵਿੱਚ ਵਰਤਦਾ ਹੈ। ਉਸਦੀਆਂ ਬਣਾਈਆਂ ਹੋਈਆਂ ਦਾਤਾਂ ਸਭ ਲਈ ਇੱਕੋ ਜਿਹੀਆਂ ਹੀ ਹਨ ਜੋ ਕਿ ਉਸਦੇ ਨਿਰਗੁਣ ਸਰੂਪ ਦੁਆਰਾ ਬਣੀਆਂ ਹਨ ਭਾਵ ਉਸਦੇ ਬ੍ਰਹਮ ਗਿਆਨ ਰੂਪ ਦੁਆਰਾ ਬਣੀਆਂ ਹਨ, ਉਸਦੇ ਨਾਮ ਦੁਆਰਾ ਬਣੀਆਂ ਹਨ। ਉਸਦੇ ਬਣਾਏ ਹੋਏ ਸਮੁੰਦਰ, ਪਹਾੜ, ਹਵਾ, ਪਾਣੀ, ਫ਼ਲ, ਫੁੱਲ ਸਭ ਲਈ ਇੱਕੋ ਜਿਹੇ ਹੀ ਹਨ। ਉਸਦੇ ਬਣਾਏ ਹੋਏ ਗੁਣ, ਔਗੁਣ ਵੀ ਸਭ ਲਈ ਇੱਕੋ ਜਿਹੇ ਹੀ ਹਨ ਜਿੰਨ੍ਹਾਂ ਦੁਆਰਾ ਅਸੀਂ ਇਸ ਸੰਸਾਰ ਵਿੱਚ ਵਿਚਰਦੇ ਹਾਂ। ਗੁਣ ਸਭ ਲਈ ਚੰਗੇ ਹਨ ਤੇ ਔਗੁਣ ਸਭ ਲਈ ਮਾੜੇ ਹਨ। ਇਹੋ ਕੁੱਝ ਸਾਨੂੰ ਵੇਦ, ਸ਼ਾਸਤਰ ਸਮਝਾਉਂਦੇ ਹਨ, ਕੁਰਾਨ ਦੀ ਸਿੱਖਿਆ ਸਮਝਾਉਂਦੀ ਹੈ, ਬਾਈਬਲ ਦੀ ਸਿੱਖਿਆ ਸਮਝਾਉਂਦੀ ਹੈ ਜਾਂ ਹੋਰ ਕੋਈ ਸੱਚੇ ਧਰਮ ਗ੍ਰੰਥ ਸਮਝਾਉਂਦੇ ਹਨ। ਗੁਰਬਾਣੀ ਰਾਹੀਂ ਸਾਡੇ ਸੰਸਾਰਿਕ ਧਰਮ ਨੂੰ ਸਮਝਣ ਲਈ ਭੁਲੇਖੇ ਹੀ ਕੱਢੇ ਹੋਏ ਹਨ। ਸਭ ਨੂੰ ਇੱਕੋ ਇੱਕ ਸੱਚ ਦਾ ਮਾਰਗ ਹੀ ਸਮਝਾਇਆ ਹੋਇਆ ਹੈ। ਜੋ ਮਾਰਗ ਹਿੰਦੂ ਵੀਰਾਂ ਨੂੰ ਸਮਝਾਇਆ ਹੈ ਉਹੀ ਮਾਰਗ ਮੁਸਲਮਾਨ ਵੀਰਾਂ ਨੂੰ ਸਮਝਾਇਆ ਹੋਇਆ ਹੈ। ਸਾਡਾ ਧਰਮਾਂ ਦਾ ਵੱਖਰਾਪਨ ਅਸਲ ਵਿੱਚ ਪ੍ਰਮਾਤਮਾ ਨੂੰ ਭਾਵ ਪ੍ਰਮਾਤਮਾ ਦੇ ਨਿਰਗੁਣ ਸਰੂਪ ਨੂੰ ਨਾ ਸਮਝਣ ਵਿੱਚ ਹੈ ਭਾਵ ਉਸਦੇ ਨਾਮ ਰੂਪ ਨੂੰ, ਬ੍ਰਹਮ ਗਿਆਨ ਰੂਪ ਨੂੰ, ਸਾਇੰਸ ਰੂਪ ਨੂੰ ਨਾਂ ਸਮਝਣ ਵਿੱਚ ਹੈ। ਪ੍ਰਮਾਤਮਾ ਦਾ ਨਿਰਗੁਣ ਸਰੂਪ ਕੀ ਹੈ, ਇਹ ਪੂਰੇ ਸੰਸਾਰ ਨੂੰ ਪ੍ਰਮਾਤਮਾ ਨੇ “ਗੁਰਬਾਣੀ” ਰਾਹੀਂ ਹੀ ਸਮਝਾਇਆ ਹੈ ਜੋ ਕਿ ਗੁਰਬਾਣੀ ਦੀ ਅਸਲ ਮਹੱਤਤਾ ਹੈ। ਪ੍ਰਮਾਤਮਾ ਆਪ ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ ਤੇ ਸਭ ਲਈ ਇੱਕੋ ਜਿਹਾ ਹੀ ਹੈ ਜਿਸ ਕਰਕੇ ਉਸਦਾ ਨਾਮ ਸਭ ਲਈ ਇੱਕੋ ਜਿਹਾ ਹੈ, ਕਿਸੇ ਲਈ ਰੱਤੀ ਭਰ ਵੀ ਭੇਦ ਨਹੀਂ ਹੈ। ਜਿਸਨੂੰ ਪ੍ਰਮਾਤਮਾ ਦਾ ਇਹ ਰੂਪ ਸਮਝ ਆ ਜਾਂਦਾ ਹੈ ਉਹ ਮਨੁੱਖ ਫਿਰ ਕਦੇ ਵੀ ਮਨੁੱਖ-ਮਨੁੱਖ ਵਿੱਚ ਭੇਦ ਨਹੀਂ ਸਮਝ ਸਕਦਾ। ਉਸਨੂੰ ਫਿਰ ਹਰ ਮਨੁੱਖ ਦੇ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਤੇ ਫਿਰ ਉਹ ਕਿਸੇ ਨਾਲ ਭੇਦ ਭਾਵ ਕਰ ਵੀ ਕਿਵੇਂ ਸਕਦਾ ਹੈ। ਇਹ ਭੇਦ ਮਨ ਦੇ ਵਿੱਚ ਹੈ ਤੇ ਮਨ ਦੇ ਵਿੱਚੋਂ ਹੀ ਸਮਝ ਆ ਸਕਦਾ ਹੈ। ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ, ਨਿਰਗੁਣ ਰੂਪ ਵਿੱਚ ਹੀ ਹੈ, ਗਿਆਨ ਰੂਪ ਵਿੱਚ ਹੀ ਹੈ ਤੇ ਜਿੰਨ੍ਹਾਂ ਸਰੀਰਾਂ ਰਾਹੀਂ ਉਸਨੇ ਆਪਣੇ ਆਪ ਨੂੰ ਇਸ ਨਿਰਗੁਣ ਰੂਪ ਰਾਹੀਂ ਪ੍ਰਗਟ ਕੀਤਾ ਹੈ, ਆਪਣੇ ਉਸੇ ਰੂਪ ਰਾਹੀਂ ਉਸਨੇ ਆਪਣੇ ਆਪ ਨੂੰ ਗੁਰਬਾਣੀ ਦੇ ਰਾਹੀਂ ਸਾਰੇ ਜਗ ਵਿੱਚ ਪ੍ਰਗਟ ਕੀਤਾ ਹੋਇਆ ਹੈ। **(ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥੯॥)** ਸਾਰੇ ਜਗਤ ਦਾ ਗੁਰੂ ਇੱਕੋ ਇੱਕ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ। ਸਾਰੇ ਸੱਚੇ ਧਰਮ ਗ੍ਰੰਥ ਪ੍ਰਮਾਤਮਾ ਦੇ ਆਪਣੇ ਉਚਾਰੇ ਹੋਏ ਹੀ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਉਹ ਪੂਰੇ ਗਿਆਨ ਦਾ ਮਾਲਕ ਹੈ ਤੇ ਆਪਣੇ ਗਿਆਨ ਦੇ ਰੂਪ ਵਿੱਚ ਹੀ ਉਹ ਸਭ ਦਾ ਗੁਰੂ ਹੈ।

10/1026-ਅ

ਗੁਰੂ ਰੂਪ ਉਸਦਾ “**ਬ੍ਰਹਮਗਿਆਨ**” ਰੂਪ ਹੈ ਜੋ ਕਿ ਨਿਰਗੁਣ ਰੂਪ ਹੈ, ਸ਼ਬਦ ਰੂਪ ਹੈ, ਉਸਦਾ ਨਾਮ ਰੂਪ ਹੈ। “**ਗੁਰਬਾਣੀ**” ਰਾਹੀਂ ਪ੍ਰਮਾਤਮਾ ਆਪਣੇ ਇਸ ਨਿਰਗੁਣ ਰੂਪ ਰਾਹੀਂ ਭਾਵ ਨਾਮ ਰੂਪ ਰਾਹੀਂ ਹੀ ਪ੍ਰਗਟ ਹੈ ਜਿਸ ਆਪਣੇ ਗਿਆਨ ਰੂਪ ਦੁਆਰਾ ਉਹ ਜੋ ਕਿ ਸਾਰੇ ਸੰਸਾਰ ਨੂੰ ਆਪਣਾ ਸੱਚ ਸਮਝਾ ਰਿਹਾ ਹੈ, ਧਰਮ ਦਾ ਸੱਚਾ ਮਾਰਗ ਸਮਝਾ ਰਿਹਾ ਹੈ। ਸੱਚ ਦੀ ਗੱਲ ਤਾਂ ਹਰ ਕੋਈ ਕਰਦਾ ਹੈ ਪਰ ਪੂਰਨ ਸੱਚ ਦੀ ਸੋਝੀ ਕਿਸੇ ਕੋਲ ਵੀ ਨਹੀਂ ਹੈ। ਪੂਰਨ ਸੱਚ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ

ਪ੍ਰਮਾਤਮਾ ਦਾ ਪੂਰਨ ਸੱਚ ਸਾਨੂੰ ਗੁਰਬਾਣੀ ਕੋਲੋਂ ਹੀ ਸਮਝ ਆ ਸਕਦਾ ਹੈ। ਜਦ ਤੱਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਪ੍ਰਮਾਤਮਾ ਆਪ "**ਸੱਚ**" ਕਿਸ ਰੂਪ ਵਿੱਚ ਹੈ ਤਦ ਤੱਕ ਸਾਨੂੰ ਇਹ ਪੂਰਨ ਸੱਚ ਸਮਝ ਨਹੀਂ ਆ ਸਕਦਾ। ਪ੍ਰਮਾਤਮਾ ਆਪਣੇ "ਨਾਮ" ਦੁਆਰਾ "**ਸੱਚ**" ਹੈ, ਨਾਮ ਦੁਆਰਾ ਸੱਚਾ ਹੈ। "**ਨਾਮ**" ਉਸਦਾ "**ਬ੍ਰਹਮਗਿਆਨ**" ਹੈ, ਉਹ ਬ੍ਰਹਮਗਿਆਨ ਦਾ ਦਾਤਾ ਹੈ, ਬ੍ਰਹਮਗਿਆਨ ਦਾ ਸ੍ਰੋਤ ਹੈ। ਉਹ ਕੇਵਲ ਆਪ ਹੀ ਬ੍ਰਹਮਗਿਆਨੀ ਹੈ। ਸਾਰੇ ਸੰਸਾਰ ਲਈ ਉਹ ਇਸੇ ਲਈ ਇੱਕੋ ਜਿਹਾ ਹੈ ਕਿਉਂਕਿ ਸਭ ਕੁੱਝ ਉਸਦੇ ਬ੍ਰਹਮਗਿਆਨ ਦੁਆਰਾ ਉਪਜਿਆ ਹੈ ਤੇ ਸਭ ਕੁੱਝ ਬ੍ਰਹਮਗਿਆਨ ਦੁਆਰਾ ਹੀ ਚੱਲ ਰਿਹਾ ਹੈ। ਸਭ ਵਿੱਚ ਉਸਦਾ ਹੁਕਮ ਉਸਦੇ ਬ੍ਰਹਮਗਿਆਨ ਦੁਆਰਾ ਹੀ ਸਮਾਇਆ ਹੋਇਆ ਹੈ। ਸਾਡੇ ਅੰਦਰ ਵੀ ਉਹ ਬ੍ਰਹਮਗਿਆਨ ਰੂਪ ਵਿੱਚ ਹੀ ਹੈ ਜਿਸ ਦੁਆਰਾ ਸਾਨੂੰ ਉਹ ਆਪਣੇ ਹੁਕਮ ਦੁਆਰਾ ਚਲਾ ਰਿਹਾ ਹੈ। ਉਹ ਸਭ ਵਿੱਚ ਆਪਣਾ ਹੁਕਮ ਸਾਇੰਟਿਫਿਕ ਤਰੀਕੇ ਨਾਲ ਹੀ ਚਲਾ ਰਿਹਾ ਹੈ। ਇਹ ਬ੍ਰਹਮਗਿਆਨ ਹੀ ਉਸਦਾ ਸਾਇੰਟਿਫਿਕ ਤਰੀਕਾ ਹੈ ਜਿਸ ਦੁਆਰਾ ਉਹ ਸਭ ਨੂੰ ਚਲਾ ਰਿਹਾ ਹੈ। ਉਹ ਸਭ ਨੂੰ ਇੱਕੋ ਜਿਹੇ ਤਰੀਕੇ ਨਾਲ ਹੀ ਚਲਾ ਰਿਹਾ ਹੈ। ਹਰ ਮਨੁੱਖ ਨੂੰ ਵੀ ਉਹ ਇੱਕੋ ਜਿਹੇ ਤਰੀਕੇ ਨਾਲ ਚਲਾਉਂਦਾ ਹੈ ਪਰ ਕਿਸੇ ਨੂੰ ਵੀ ਉਹ ਆਪਣਾ ਤਰੀਕਾ ਸਮਝ ਨਹੀਂ ਆਉਣ ਦਿੰਦਾ ਕਿਉਂਕਿ ਉਹ ਆਪ ਹੀ ਸਭ ਨੂੰ ਭਰਮ ਵਿੱਚ ਰੱਖਕੇ ਇਸ ਦੁਨੀਆਂ ਨੂੰ ਆਪਣੀ ਇੱਕ ਖੇਡ ਦੇ ਰੂਪ ਵਿੱਚ ਚਲਾ ਰਿਹਾ ਹੈ। ਉਸਦੀ ਇਸ ਖੇਡ ਦੀ ਸੋਝੀ ਪਏ ਬਿਨ੍ਹਾਂ ਸਾਨੂੰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਨਜ਼ਰ ਨਹੀਂ ਆ ਸਕਦਾ ਕਿਉਂਕਿ ਉਹ ਆਪ ਬ੍ਰਹਮਗਿਆਨ ਦੇ ਰੂਪ ਵਿੱਚ ਹੈ ਤੇ ਉਸਨੂੰ ਕੇਵਲ ਬ੍ਰਹਮਗਿਆਨ ਦੀ ਸੋਝੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਉਹ ਆਪ "**ਨਾਮ**" ਦੇ ਰੂਪ ਵਿੱਚ ਹੈ ਤੇ ਉਸਨੂੰ ਕੇਵਲ ਨਾਮ ਦੀ ਪ੍ਰਾਪਤੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਨਾਮ ਹੀ ਸੱਚ ਹੈ ਤੇ ਸੱਚ ਨੂੰ ਕੇਵਲ ਸੱਚ ਦੀ ਪ੍ਰਾਪਤੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਪੂਰਨ ਸੱਚ ਕੇਵਲ ਬ੍ਰਹਮਗਿਆਨ ਹੈ ਤੇ ਬ੍ਰਹਮਗਿਆਨ ਦੀ ਪ੍ਰਾਪਤੀ ਦੁਆਰਾ ਹੀ ਸੱਚ ਦੇ ਮਾਲਕ ਦੀ ਭਾਵ ਪੂਰਨ ਸੱਚ ਦੀ ਸੋਝੀ ਪੈ ਸਕਦੀ ਹੈ। ਗੁਰਬਾਣੀ ਕੋਲ "**ਪੂਰਨ ਬ੍ਰਹਮਗਿਆਨ**" ਹੈ ਤੇ ਇਸੇ ਲਈ ਗੁਰਬਾਣੀ ਪੂਰਾ ਗੁਰੂ ਹੈ, ਉਸ ਕੋਲ ਪੂਰਨ ਸੱਚ ਹੈ, ਪੂਰੀ ਗੁਰਬਾਣੀ ਨਾਮ ਹੈ ਜੋ ਸੰਸਾਰ ਨੂੰ ਪ੍ਰਮਾਤਮਾ ਦਾ ਪੂਰਨ ਸੱਚ ਸਮਝਾ ਰਹੀ ਹੈ, ਪ੍ਰਮਾਤਮਾ ਦਾ ਤੱਤ ਸਾਰ ਸਮਝਾ ਰਹੀ ਹੈ, ਪੂਰਨ ਅਸਲੀਅਤ ਸਮਝਾ ਰਹੀ ਹੈ। ਜਿਸਦੇ ਕੋਲ ਪੂਰਨ ਸੱਚ ਹੈ, ਉਹੀ ਪੂਰਨ ਸੱਚ ਤੇ ਆਪ ਚੱਲ ਸਕਦਾ ਹੈ ਤੇ ਦੂਸਰਿਆਂ ਨੂੰ ਪੂਰਨ ਸੱਚ ਦਾ

10/1026-ਏ

ਮਾਰਗ ਸਮਝਾ ਸਕਦਾ ਹੈ। ਜਿਸਦੇ ਅੰਦਰ ਬ੍ਰਹਮ ਗਿਆਨ ਰੂਪ ਸੱਚੇ ਗਿਆਨ ਦਾ ਪ੍ਰਕਾਸ਼ ਹੈ, ਉਹੀ ਦੂਸਰਿਆਂ ਨੂੰ ਸੱਚਾ ਗਿਆਨ ਦੇ ਸਕਦਾ ਹੈ। ਜਿਸਦੇ ਅੰਦਰ ਬ੍ਰਹਮ ਗਿਆਨ ਰੂਪ ਨਾਮ ਹੈ, ਉਹ ਆਪ ਨਾਮ ਦੇ ਮਾਰਗ ਤੇ, ਗੁਰਮਤਿ ਦੀ ਸੱਚੀ ਸਮਝ ਦੇ ਮਾਰਗ ਤੇ ਚੱਲ ਸਕਦਾ ਹੈ ਭਾਵ ਨਾਮ ਜਪ ਸਕਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾ ਸਕਦਾ ਹੈ।

ਬ੍ਰਹਮਗਿਆਨ ਦੀ ਪ੍ਰਾਪਤੀ ਬਿਨ੍ਹਾਂ, ਨਾਮ ਦੀ ਪ੍ਰਾਪਤੀ ਬਿਨ੍ਹਾਂ, ਅਸੀਂ ਸੱਚ ਨੂੰ ਨਹੀਂ ਸਮਝ ਸਕਦੇ ਤੇ ਨਾ ਹੀ ਪੂਰਨ ਰੂਪ ਵਿੱਚ ਉਸ ਤੇ ਚੱਲਿਆ ਜਾ ਸਕਦਾ ਹੈ।

ਜੋ ਸੱਚ ਹੈ, ਉਸਦਾ ਦੂਜਾ ਪਾਸਾ ਝੂਠ ਹੈ। ਜੋ ਕੁੱਝ ਸਾਨੂੰ ਗੁਰਬਾਣੀ ਸਮਝਾਉਂਦੀ ਹੈ ਉਹ ਸੱਚ ਹੈ ਭਾਵ ਉਸ ਅਨੁਸਾਰ ਆਪਣਾ ਜੀਵਨ ਬਣਾਉਣਾ ਸੱਚ ਤੇ ਚੱਲਣਾ ਹੈ ਤੇ ਇਹੀ ਸਭ ਦਾ ਧਰਮ ਹੈ। ਗੁਰਬਾਣੀ ਸਾਨੂੰ ਇਹ ਸਮਝਾਉਂਦੀ ਹੈ ਕਿ ਮਨੁੱਖ-ਮਨੁੱਖ ਵਿੱਚ ਫ਼ਰਕ ਸਮਝਣਾ ਗਲਤ ਹੈ ਤਾਂ ਫਿਰ ਇਸ ਗੱਲ ਨੂੰ ਮੰਨਣਾ ਸੱਚ ਨੂੰ ਮੰਨਣਾ ਹੈ। ਜੇਕਰ ਕੋਈ ਇਹ ਅਖਵਾਉਂਦਾ ਹੈ ਕਿ ਉਹ ਗੁਰੂ ਦਾ ਸਿੱਖ ਹੈ, ਗੁਰਬਾਣੀ ਦਾ ਸਿੱਖ ਹੈ ਫਿਰ ਉਸਨੂੰ ਨਾ ਹਿੰਦੂ ਮਾੜਾ ਲੱਗ ਸਕਦਾ ਹੈ, ਨਾ ਮੁਸਲਮਾਨ, ਨਾ ਇਸਾਈ ਤੇ ਨਾ ਹੀ ਕੋਈ ਕਿਸੇ ਹੋਰ ਧਰਮ ਨੂੰ ਮੰਨਣ ਵਾਲਾ ਸਿਰਫ਼ ਇਸ ਗੱਲ ਕਰਕੇ ਮਾੜਾ ਲੱਗ ਸਕਦਾ ਹੈ ਕਿ ਉਹ ਗੁਰਬਾਣੀ ਨੂੰ ਛੱਡ ਕੇ ਕਿਸੇ ਹੋਰ ਧਰਮ ਵਿੱਚ ਆਸਥਾ ਰੱਖਦਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਉਨ੍ਹਾਂ ਸਰੀਰਾਂ ਰਾਹੀਂ ਹੀ ਉਸਨੇ ਆਪਣੀ ਪੂਰੀ ਗੱਲ ਤੇ ਅਮਲ ਕਰਕੇ ਦਿਖਾਇਆ ਹੈ ਤਾਂ ਜੋ ਅਸੀਂ ਗੁਰਬਾਣੀ ਦੀ ਅਸਲੀਅਤ ਨੂੰ ਸਮਝ ਸਕੀਏ। ਧੰਨ ਧੰਨ ਨੌਵੀਂ ਪਾਤਸ਼ਾਹੀ ਦੇ ਸਰੀਰ ਰਾਹੀਂ ਪ੍ਰਮਾਤਮਾ ਨੇ ਆਪ ਹੀ ਇਸ ਗੱਲ ਤੇ ਪੂਰਾ ਉਤਰ ਕੇ ਦਿਖਾਇਆ ਹੈ। ਹਿੰਦੂ ਧਰਮ ਵਿੱਚ ਆਸਥਾ ਰੱਖਣ ਵਾਲਿਆਂ ਲਈ ਆਪ ਕੁਰਬਾਨੀ ਦਿੱਤੀ ਹੈ ਕਿਉਂਕਿ ਕਿਸੇ ਨੂੰ ਵੀ ਧਰਮ ਵਿੱਚ ਆਸਥਾ ਬਦਲਣ ਲਈ ਮਜ਼ਬੂਰ ਕਰਨਾ ਧਰਮ ਨਹੀਂ ਹੈ।

ਇਸੇ ਲਈ ਉਨ੍ਹਾਂ ਨੇ ਧਰਮ ਲਈ ਸੀਸ ਦਿੱਤਾ ਹੈ ਭਾਵ ਸੱਚ ਲਈ, ਸੱਚ ਨੂੰ ਉੱਚਾ ਕਰਨ ਲਈ, ਪ੍ਰਮਾਤਮਾ ਦੇ ਨਾਮ ਨੂੰ ਉੱਚਾ ਕਰਨ ਲਈ ਸੀਸ ਦਿੱਤਾ ਹੈ। ਜੋ ਸੱਚ ਨਹੀਂ ਉਹ ਝੂਠ ਹੈ। ਕਿਸੇ ਨੂੰ ਧਰਮ ਬਦਲਣ ਲਈ ਮਜ਼ਬੂਰ ਕਰਨਾ ਝੂਠ ਹੈ,

ਗਲਤ ਹੈ। ਇਸੇ ਤਰ੍ਹਾਂ ਕੋਈ ਹਿੰਦੂ ਵੀਰ ਜੇਕਰ ਆਪਣੀ ਜ਼ੁਬਾਨ ਤੋਂ ਭਾਵੇਂ ਸਾਰਾ ਦਿਨ ਝੂਠ ਨਹੀਂ ਬੋਲਦਾ, ਕੋਈ ਮਾੜਾ ਕਰਮ ਨਹੀਂ ਕਰਦਾ ਪਰ ਅਗਰ ਇਹ ਕਹਿੰਦਾ ਹੈ ਕਿ ਮੁਸਲਮਾਨ ਮਾੜੇ ਹਨ, ਉਨ੍ਹਾਂ ਦਾ ਧਰਮ ਮਾੜਾ ਹੈ ਫਿਰ ਉਹ ਸੱਚ ਨਹੀਂ ਬੋਲਦਾ, ਉਹ ਸੱਚ ਤੇ ਪੂਰਾ ਨਹੀਂ ਉਤਰਦਾ। ਧਰਮ, ਅਧਰਮ ਸਾਡੇ ਚੰਗੇ, ਮਾੜੇ ਵਿਚਾਰ ਹੀ ਹਨ। ਸਭ ਤੇ ਇਹੀ ਗੱਲ ਲਾਗੂ ਹੁੰਦੀ ਹੈ ਭਾਵੇਂ ਕੋਈ ਮੁਸਲਮਾਨ ਹੈ ਜਾਂ ਇਸਾਈ ਹੈ। ਮਾੜੀ ਗੱਲ ਸਭ ਲਈ ਮਾੜੀ ਹੈ ਤੇ ਚੰਗੀ ਗੱਲ ਸਭ ਲਈ ਚੰਗੀ ਹੈ। ਕਿਸੇ ਦੂਸਰੇ ਨੂੰ ਆਪਣੇ ਧਰਮ ਵਿੱਚ ਸ਼ਾਮਿਲ ਕਰਨ ਦੇ ਉਪਰਾਲੇ ਕਰਨੇ, ਲੋਭ ਲਾਲਚ ਆਦਿ ਦੇਣੇ ਗਲਤ ਗੱਲ ਹੈ। ਜੋ ਸੱਚ ਨੂੰ ਜਾਣਦਾ ਹੈ, ਸਮਝਦਾ ਹੈ,

10/1026-ਸ

ਉਸਨੂੰ ਫਿਰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਦਾ ਰੂਪ ਹੀ ਦਿਸਦਾ ਹੈ। ਸੱਚ ਨੂੰ ਜਾਣਨਾ ਬਹੁਤ ਔਖਾ ਹੈ। "ਸੱਚ" ਨੂੰ ਜਾਣਨਾ ਪ੍ਰਮਾਤਮਾ ਨੂੰ ਜਾਣਨਾ ਹੈ। "ਸੱਚ" ਕੇਵਲ ਬ੍ਰਹਮਗਿਆਨ ਹੈ ਜਿਸ ਦੁਆਰਾ ਪੂਰਨ ਸੱਚਾਈ ਦੀ ਸੋਝੀ ਪੈਂਦੀ ਹੈ ਤੇ ਆਪਣਾ ਸੱਚ ਪ੍ਰਮਾਤਮਾ ਆਪ ਹੀ ਕਿਸੇ ਨੂੰ ਦੇ ਸਕਦਾ ਹੈ, ਆਪਣਾ ਨਾਮ ਆਪ ਹੀ ਕਿਸੇ ਨੂੰ ਦੇ ਸਕਦਾ ਹੈ। **(ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥)**

ਇਸਾਈ ਭਾਈਚਾਰਾ ਸੱਚ ਨੂੰ ਹੀ ਪ੍ਰਮਾਤਮਾ ਦਾ ਰੂਪ ਸਮਝਦਾ ਹੈ, ਮੰਨਦਾ ਹੈ। (**ਗਾਡ ਇਜ਼ ਟਰੁਥ**) ਇਹ ਬਹੁਤ ਚੰਗੀ ਗੱਲ ਹੈ। ਇਸੇ ਲਈ ਅੰਗਰੇਜ਼ਾਂ ਦੇ ਮੁਲਕਾਂ ਵਿੱਚ ਸੱਚਾਈ ਦੀ ਕਦਰ ਜਿਆਦਾ ਹੈ। ਭਾਵੇਂ ਉਸ ਪ੍ਰਮਾਤਮਾ ਦਾ ਸੱਚ ਰੂਪ ਕੀ ਹੈ, ਬ੍ਰਹਮਗਿਆਨ ਰੂਪ ਕੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਇਹ ਮਨ ਕੀ ਹੈ, ਇਸ ਗੱਲ ਦੀ ਸੋਝੀ ਉਨ੍ਹਾਂ ਨੂੰ ਵੀ ਨਹੀਂ ਹੈ। ਪੂਰਨ ਸੱਚ ਦੀ ਸੋਝੀ ਪੈਣ ਨਾਲ ਅਸੀਂ ਦੂਸਰਿਆਂ ਨੂੰ ਧਰਮ ਬਦਲਣ ਲਈ ਲੋਭ ਲਾਲਚ ਨਹੀਂ ਪਾ ਸਕਦੇ। ਸਾਰੀ ਮਨੁੱਖਤਾ ਦੀ ਸੇਵਾ ਹੀ ਉਸ ਪ੍ਰਮਾਤਮਾ ਦੀ ਸੱਚੀ ਸੇਵਾ ਹੈ ਤੇ ਮਨੁੱਖ-ਮਨੁੱਖ ਵਿੱਚ ਫ਼ਰਕ ਸਮਝ ਕੇ ਉਸ ਪ੍ਰਮਾਤਮਾ ਨਾਲ ਇੱਕ ਨਹੀਂ ਹੋਇਆ ਜਾ ਸਕਦਾ।

ਗੁਰਬਾਣੀ ਕਿਸੇ ਇੱਕ ਵੱਖਰੇ ਧਰਮ ਲਈ ਨਹੀਂ ਪ੍ਰਗਟ ਹੋਈ। ਉਹ ਸਾਰੀ ਮਨੁੱਖਤਾ ਲਈ ਪ੍ਰਗਟ ਹੋਈ ਹੈ, ਸਾਰੀ ਮਨੁੱਖਤਾ ਨੂੰ ਉਸ "**ਇਕੁ**" ਦੇ ਨਾਲ ਜੋੜਨ ਲਈ ਹੋਈ ਹੈ। ਸਾਡੇ ਅੰਦਰ ਅਨੇਕਤਾ ਦਾ ਕਾਰਨ ਸਾਡੀ ਅਗਿਆਨਤਾ ਹੈ ਤੇ ਗੁਰਬਾਣੀ ਦਾ ਮੂਲ ਮਕਸਦ ਹੀ ਸਾਨੂੰ ਇਸ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਪੂਰੇ ਜੱਗ ਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਸੱਚ ਨੂੰ ਜਾਣ ਸਕੀਏ ਜਿਸ ਦੁਆਰਾ ਸਾਡਾ ਸਭ ਦਾ ਉਧਾਰ ਹੋ ਸਕਦਾ ਹੈ। ਇਹ "ਪੂਰੀ ਬਾਣੀ" ਪ੍ਰਮਾਤਮਾ ਨੇ ਆਪ ਹੀ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਇਸ ਸੰਸਾਰ ਨੂੰ ਦਿੱਤੀ ਹੈ, ਸਾਡੇ ਅੰਦਰ ਹਰ ਵੇਲੇ ਚੱਲ ਰਹੇ ਅਗਿਆਨਤਾ ਰੂਪ ਕਲਿਯੁੱਗ ਨੂੰ ਉਧਾਰਣ ਲਈ ਦਿੱਤੀ ਹੈ। "**ਗੁਰਬਾਣੀ**" ਦੀ ਰਚਨਾ, "**ਨਾਮ ਧਰਮ**" ਦੀ ਰਚਨਾ ਤੋਂ ਪਹਿਲਾਂ ਅਸੀਂ ਪ੍ਰਮਾਤਮਾ ਦੀ ਅਸਲੀਅਤ ਸਮਝਣ ਵਿੱਚ, ਉਸਦਾ ਨਿਰਗੁਣ ਰੂਪ ਜਾਣਨ ਲਈ, ਪ੍ਰਮਾਤਮਾ ਨੂੰ ਸਮਝਣ ਲਈ ਅਗਿਆਨਤਾ ਵਿੱਚ ਹੀ ਸੀ ਜਿਸ ਕਰਕੇ ਅਸੀਂ ਦੇਹ ਰੂਪ ਦੀ ਪੂਜਾ ਕਰਦੇ ਸੀ, ਦੇਹ ਰੂਪ ਨੂੰ ਗੁਰੂ ਮੰਨਦੇ ਸੀ ਤੇ ਦੇਹ ਰੂਪ ਨੂੰ ਹੀ ਭਾਵ ਆਕਾਰ ਰੂਪ ਨੂੰ ਹੀ ਪ੍ਰਮਾਤਮਾ ਦਾ ਰੂਪ ਕਰਕੇ ਜਾਣਦੇ ਸੀ। ਜੁਗਾਂ ਨੂੰ ਅਸੀਂ ਕੇਵਲ ਸਮੇ ਦੇ ਨਾਲ ਜੋੜਿਆ ਹੋਇਆ ਹੈ। ਚੰਗਾ ਮਾੜਾ ਕੋਈ ਸਮਾਂ ਨਹੀਂ ਹੈ। ਗੁਰਬਾਣੀ ਦੇ ਸ਼ਬਦਾਂ ਰਾਹੀਂ ਜੁਗਾਂ ਨੂੰ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਜੋੜ ਕੇ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝ ਚੁੱਕੇ ਹਾਂ। ਸਾਡੇ ਅੰਦਰ ਦੇ ਮਾੜੇ ਵਿਚਾਰ ਮਾੜਾ ਜੁਗ ਹੈ ਤੇ ਚੰਗੇ ਵਿਚਾਰ ਜਿੰਨਾ ਵੀ ਵਿਚਾਰਾਂ ਨੂੰ ਭਗਤੀ ਦੇ ਮਾਰਗ ਦੀ ਪੂਰੀ ਸਮਝ ਹੈ, ਚੰਗੀ ਸਮਝ ਹੈ ਉਹ ਸਾਡੇ ਅੰਦਰ ਦਾ ਚੰਗਾ ਜੁਗ ਹੈ। ਇਹ ਜੁਗ ਰੂਪ ਰਥ ਜੋ ਸਾਡੇ ਵਿਚਾਰਾਂ ਦੇ ਵਿੱਚ ਚੱਲਦਾ ਰਹਿੰਦਾ ਹੈ ਤੇ ਸਾਡੇ ਵਿਚਾਰਾਂ ਨੂੰ ਚੰਗੇ ਮਾੜੇ ਵਿਚਾਰਾਂ ਵਿੱਚ ਬਦਲਦਾ ਹੈ। ਸਾਡੇ ਮਨ ਦੇ ਵਿਚਾਰਾਂ ਦੇ ਅੰਦਰ ਇਹ ਜੁਗ ਬਦਲਣ ਵਾਲਾ ਰਥ ਪ੍ਰਮਾਤਮਾ ਆਪ ਹੀ ਚਲਾਉਂਦਾ ਰਹਿੰਦਾ ਹੈ ਜੋ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ।

{ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥}

(ਅੰਗ ੪੭੦)

ਉੱਚਾ ਅਸਲ ਵਿੱਚ ਕੋਈ ਸਮਾਂ ਨਹੀਂ ਹੈ, "**ਉੱਚੀ ਗੁਰਬਾਣੀ ਹੈ**" ਜਿਸ ਨੇ ਸਾਡੇ ਅੰਦਰ ਚੱਲ ਰਹੇ ਕਲਯੁੱਗ ਦੀ ਸ਼ੋਭਾ ਵਧਾਈ ਹੈ ਭਾਵ ਉਸ ਵਿੱਚ ਆਪਣੀ ਸੱਚੀ ਸਮਝ ਪਾਈ ਹੈ ਤੇ ਮਨ ਦੀ ਸਮਝ ਦੇ ਕਲਿ ਦੇ ਜੁਗ ਭਾਵ ਕਲਿ ਵਾਲੇ, ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਸੱਚਾ ਉਪਰਾਲਾ ਕੀਤਾ ਹੈ ਭਾਵ ਨਾਮ ਬਖਸ਼ਿਆ ਹੈ। ਆਓ ਇਹੀ ਗੱਲ ਅਗਲੇ ਸ਼ਬਦ ਦੁਆਰਾ ਸਮਝਣ

10/1027

ਦੀ ਕੋਸ਼ਿਸ਼ ਕਰੀਏ।

{ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ॥
ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ॥੧॥
ਕਲਿਜੁਗੁ ਉਧਾਰਿਆ ਗੁਰਦੇਵ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ॥੧॥ ਰਹਾਉ॥
ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ॥
ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ॥੨॥
ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥੩॥
ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ॥
ਕਰ ਜੋੜਿ ਨਾਨਕ ਦਾਨੁ ਮਾਗੈ ਅਪਣਿਆ ਸੰਤਾ ਦੇਹਿ ਹਰਿ ਦਰਸੁ॥੪॥੫॥੧੪੦॥}

(ਅੰਗ ੪੦੬)

ਇਸ ਸ਼ਬਦ ਰਾਹੀਂ ਵੀ ਸਾਨੂੰ "ਬਾਣੀ ਦੀ ਮਹੱਤਤਾ" ਹੀ ਸਮਝਾਈ ਹੋਈ ਹੈ ਜੋ ਮਹੱਤਤਾ ਮਨ ਦੀ ਸਮਝ ਦੁਆਰਾ ਹੀ ਉੱਚੀ ਹੁੰਦੀ ਹੈ। ਸ਼ਬਦ ਦੇ ਪਹਿਲੇ ਪਦੇ ਨੂੰ ਹੀ ਧਿਆਨ ਨਾਲ ਵਿਚਾਰੋ ਅਤੇ ਸਮਝੋ ਕਿ ਪ੍ਰਮਾਤਮਾ ਨੇ ਸਾਡੇ ਤੇ ਕਿਸ ਤਰ੍ਹਾਂ ਆਪਣੀ ਇਤਨੀ ਵੱਡੀ ਕਿਰਪਾ ਕੀਤੀ ਹੈ, ਸਾਡੇ ਤੇ ਇਤਨੀ ਵੱਡੀ ਬਖਸ਼ਿਸ਼ ਕੀਤੀ ਹੈ। ਪ੍ਰਮਾਤਮਾ ਨੇ ਸਾਡੇ ਤੇ ਇਹ ਕਿਰਪਾ **"ਹਰਿ ਨਾਮ"** ਬਖਸ਼ ਕੇ ਕੀਤੀ ਹੈ ਭਾਵ ਇਹ "ਗੁਰਬਾਣੀ" ਬਖਸ਼ ਕੇ ਕੀਤੀ ਹੈ ਜੋ ਉਸਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪਣਾ ਨਾਮ ਬਖਸ਼ਣ ਦੁਆਰਾ ਕੀਤੀ ਹੈ, ਗੁਰਮਤਿ ਰੂਪ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਭਾਵ ਬ੍ਰਹਮ ਗਿਆਨ ਬਖਸ਼ਣ ਦੁਆਰਾ ਕੀਤੀ ਹੈ। **(ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ॥੧॥)** ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ ਕਿ ਨਾਮ ਗੁਰੂ ਦੀ ਬਾਣੀ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ ੧੨੩੯)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥
ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥੧੧॥
ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥
ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥੧੨॥
ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥

ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥
ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥
ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥੧੪॥੧॥੨॥੧੧॥}

(ਅੰਗ ੭੫੯)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ ੧੨੪੩)

{ਲਿਖੁ ਲੇਖਣਿ ਕਾਗਦਿ ਮਸਵਾਣੀ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ ਰਹਾਉ॥}

(ਅੰਗ ੧੯੫)

{ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ॥ਗੁਰਮਤਿ ਸਾਰੁ ਹੋਰ ਨਾਮ ਬਿਹੂਨੀ॥੨੦॥}

(ਅੰਗ ੯੩੨)

ਉਪਰਲੀਆਂ ਪੰਗਤੀਆਂ ਨੂੰ ਵੀ ਧਿਆਨ ਨਾਲ ਪੜੋ ਤੇ ਸਮਝੋ ਕਿ ਨਾਮ ਕੀ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਸੱਚ ਨਾਮ ਕੀ ਹੈ।

{ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ॥ ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ॥}

(ਅੰਗ ੩੧੯)

ਧਿਆਨ ਨਾਲ ਸਮਝੋ ਕਿ "ਸਚੁ" ਕੀ ਹੈ, "ਨਾਮ" ਕੀ ਹੈ, ਕਰਤਾ ਪੁਰਖੁ ਕੀ ਹੈ, ਰਤਨਾ ਖਾਣੀ ਕੀ ਹੈ। ਜਿਵੇਂ ਕਿ ਅਸੀਂ ਸ਼ੁਰੂ ਤੋਂ ਹੀ ਜਾਣਦੇ ਆ ਰਹੇ ਹਾਂ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਪ੍ਰਤੱਖ ਰੂਪ ਹੈ ਭਾਵ ਇਹ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ ਤੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਨਾਮ ਰੂਪ ਹੈ।

10/1028

{ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥}

(ਅੰਗ ੧੨੦੮)

"ਏਹ ਰਤਨਾ ਖਾਣੀ" ਤੋਂ ਭਾਵ ਹੈ ਇਹ ਗੁਰਬਾਣੀ ਜੋ ਅਸੀਂ ਪੜ੍ਹ ਰਹੇ ਹਾਂ। ਇਹ ਪੂਰੀ ਗੁਰਬਾਣੀ ਰਤਨਾ ਦੀ ਖਾਣ ਹੈ, ਸ਼ਬਦਾਂ ਦੀ ਖਾਣ ਹੈ, ਸ਼ਬਦਾਂ ਦਾ ਭੰਡਾਰ ਹੈ। ਗੁਰੂ ਦਾ ਸ਼ਬਦ ਹੀ ਨਾਮ ਹੈ ਤੇ ਗੁਰੂ ਦਾ ਸ਼ਬਦ ਹੀ ਰਤਨ ਹੈ ਭਾਵ ਗੁਰੂ ਦਾ ਹਰ ਸ਼ਬਦ ਉਸਦਾ ਨਾਮ ਹੈ।

{ਗੁਰ ਕਾ ਸਬਦੁ ਰਤੰਨੁ ਹੈ॥}

(ਅੰਗ ੯੨੦)

"ਸੱਚ, ਨਾਮ, ਗੁਰੂ, ਗੁਰਬਾਣੀ, ਪ੍ਰਮਾਤਮਾ, ਇੱਕੋ ਗੱਲ ਹੈ। ਇਸੇ ਗੁਰਬਾਣੀ ਨੂੰ ਹੀ ਅਸੀਂ ਸਿਮਰਨਾ ਹੈ ਤੇ

ਗੁਰਬਾਣੀ ਨੂੰ ਸਿਮਰਨਾ ਹੀ ਸੱਚ ਨੂੰ, ਨਾਮ ਨੂੰ, ਕਰਤਾ ਪੁਰਖ ਨੂੰ ਸਿਮਰਨਾ ਹੈ ਭਾਵ ਗੁਰਬਾਣੀ ਦੀ ਮਤਿ ਨੂੰ ਹਰ ਵੇਲੇ ਧਿਆਨ ਵਿੱਚ ਵੱਸਾ ਕੇ ਰੱਖਣਾ, ਆਪਣੇ ਸਿਮਰਨ ਵਿੱਚ ਭਾਵ ਮਨ ਦੀ ਸਮਝ ਵਿੱਚ ਰੱਖਣਾ ਹੀ ਸੱਚ ਨੂੰ, ਨਾਮ ਨੂੰ, ਪ੍ਰਮਾਤਮਾ ਨੂੰ ਸਿਮਰਨਾ ਹੈ। ਪੂਰੀ ਗੁਰਬਾਣੀ ਸਾਨੂੰ ਸੱਚ ਹੀ, ਨਾਮ ਹੀ ਸਮਝਾ ਰਹੀ ਹੈ ਤੇ ਇਸੇ ਸੱਚੇ ਗਿਆਨ ਦੇ ਵਿੱਚ ਪ੍ਰਮਾਤਮਾ ਆਪ ਹੈ ਤੇ ਬੜੇ ਭਾਗਾਂ ਨਾਲ ਹੀ ਉਸਨੂੰ ਕੋਈ ਸਿਮਰ ਸਕਦਾ ਹੈ, ਜਪ ਸਕਦਾ ਹੈ ਭਾਵ ਸਮਝ ਸਕਦਾ ਹੈ ਤੇ ਗੁਰੂ ਦੀ ਸੱਚੀ ਮਤਿ ਅਨੁਸਾਰ ਚਲ ਸਕਦਾ ਹੈ।"

ਪੂਰੇ ਸੰਸਾਰ ਨੂੰ ਇਹ ਨਾਮ ਬਖਸ਼ ਕੇ ਭਾਵ ਇਹ ਗੁਰਬਾਣੀ ਬਖਸ਼ ਕੇ ਪ੍ਰਮਾਤਮਾ ਨੇ ਸਾਡੇ ਤੇ ਆਪਣੀ ਵੱਡੀ ਕਿਰਪਾ ਕੀਤੀ ਹੈ। ਪ੍ਰਮਾਤਮਾ ਦਾ ਦਰਸ਼ਨ ਅਸੀਂ ਇਸ ਬਾਣੀ ਦੁਆਰਾ ਹੀ ਪਾ ਸਕਦੇ ਹਾਂ ਤੇ ਜਿਸ ਦੇ ਪ੍ਰਮਾਤਮਾ ਨੇ ਚੰਗੇ ਭਾਗ ਬਣਾਏ ਹਨ ਉਸਨੂੰ ਆਪਣੀ ਬਾਣੀ ਦੀ ਸੱਚੀ ਮਤਿ ਬਖਸ਼ੇਗਾ ਭਾਵ ਆਪਣਾ ਨਾਮ ਬਖਸ਼ੇਗਾ ਤੇ ਮਨ ਦੀ ਸੱਚੀ ਸਮਝ ਰਾਹੀਂ ਆਪਣੇ ਦਰਸ਼ਨ ਕਰਾਵੇਗਾ, ਆਪਣੇ ਬ੍ਰਹਮ ਗਿਆਨ ਰੂਪ ਦੇ, ਨਾਮ ਰੂਪ ਦੇ ਦਰਸ਼ਨ ਕਰਾਵੇਗਾ। ਮਨ ਦੀ ਕਲਯੁਗੀ ਸਮਝ ਵਿੱਚ ਰਹਿਣ ਵਾਲੇ ਜੀਵਾਂ ਤੇ ਇਹੀ ਪ੍ਰਮਾਤਮਾ ਦੀ ਵੱਡੀ ਕਿਰਪਾ ਹੈ ਜਿਸ ਦੁਆਰਾ ਉਸ ਨੇ ਸਾਡਾ ਉਧਾਰ ਕੀਤਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

"ਕਲਿਜੁਗੁ ਉਧਾਰਿਆ ਗੁਰਦੇਵ॥ ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ॥੧॥ ਰਹਾਉ॥"

(ਅੰਗ ੪੦੬)

ਗੁਰਬਾਣੀ ਦੀ ਰਚਨਾ ਹੋਣ ਤੋਂ ਪਹਿਲਾਂ ਧਰਮ ਦੀ ਸਮਝ ਨਾ ਹੋਣ ਕਰਕੇ ਮਨੁੱਖ-ਮਨੁੱਖ ਵਿੱਚ ਫ਼ਰਕ ਸਮਝਿਆ ਜਾਂਦਾ ਸੀ। ਧਰਮ ਦਾ ਗਿਆਨ ਰੱਖਣ ਵਾਲੇ ਆਪਣੇ ਆਪ ਨੂੰ ਉੱਚਾ ਸਮਝਦੇ ਸਨ ਭਾਵ ਬ੍ਰਾਹਮਣ ਆਦਿ ਜਿੰਨ੍ਹਾਂ ਨੂੰ ਕਿ ਉੱਚੀ ਜਾਤ ਵਾਲੇ ਮੰਨਿਆ ਜਾਂਦਾ ਸੀ ਤੇ ਨੀਵੀਂ ਜਾਤ ਵਾਲਿਆਂ ਨੂੰ ਧਰਮ ਦੇ ਗਿਆਨ ਤੋਂ ਵਾਂਝਾ ਰੱਖਿਆ ਜਾਂਦਾ ਸੀ। ਧਰਮ ਦਾ ਗਿਆਨ ਰੱਖਣ ਵਾਲੇ ਭਾਵ ਵੇਦਾਂ ਸ਼ਾਸਤਰਾਂ ਆਦਿ ਦਾ ਗਿਆਨ ਰੱਖਣ ਵਾਲੇ ਆਪਣੇ ਆਪ ਨੂੰ ਗੁਰੂ ਥਾਪ ਲੈਂਦੇ ਸਨ ਤੇ ਨੀਵੀਂ ਜਾਤਾਂ ਵਾਲਿਆਂ ਕੋਲੋਂ ਆਪਣੀ ਸੇਵਾ ਕਰਾਉਂਦੇ ਸਨ ਭਾਵ ਆਪਣੇ ਆਪ ਨੂੰ ਵੱਡਾ ਸਮਝਦੇ ਸਨ ਤੇ ਆਪਣੇ ਗਿਆਨ ਰਾਹੀਂ ਦੂਸਰਿਆਂ ਨੂੰ ਨੀਵਾਂ ਬਣਾਉਂਦੇ ਸਨ ਭਾਵ

10/1029

ਉਹਨਾਂ ਨੂੰ ਦਬਾ ਕੇ ਰੱਖਿਆ ਹੋਇਆ ਸੀ। ਧਰਮ ਦਾ ਸਹੀ ਮਾਰਗ ਨਾ ਉਹਨਾਂ ਦੇ ਆਪਣੇ ਕੋਲ ਸੀ ਤੇ ਨਾ ਹੀ ਉਹ ਕਿਸੇ ਨੂੰ ਸਹੀ ਮਾਰਗ ਤੇ ਪਾ ਸਕਦੇ ਸਨ। "ਦੇਹ ਰੂਪ" ਹੀ ਗੁਰੂ ਬਣੀ ਬੈਠੇ ਸਨ, ਦੇਹ ਰੂਪ ਦੇਵੀ- ਦੇਵਤਿਆਂ ਆਦਿ ਦੀ ਪੂਜਾ ਹੁੰਦੀ ਸੀ ਤੇ ਦੇਹ ਰੂਪ ਵਿੱਚ ਹੀ ਭਾਵ ਕਿਸੇ ਆਕਾਰ ਰੂਪ ਵਿੱਚ ਹੀ ਪ੍ਰਮਾਤਮਾ ਨੂੰ ਥਾਪਿਆ ਹੋਇਆ ਸੀ ਭਾਵ ਸਭ ਪਾਸੇ ਅਗਿਆਨਤਾ ਹੀ ਭਰਪੂਰ ਸੀ। ਪ੍ਰਮਾਤਮਾ ਕੀ ਹੈ, ਇਸ ਬਾਰੇ ਸੱਚਾ ਗਿਆਨ ਕਿਸੇ ਦੇ ਕੋਲ ਵੀ ਨਹੀਂ ਸੀ। ਗੁਰਬਾਣੀ ਦੀ ਰਚਨਾ ਕਰਕੇ, ਭਗਤਾਂ ਤੇ ਗੁਰੂ ਸਾਹਿਬਾਨ ਦੀ ਸੱਚੀ ਬਾਣੀ ਇੱਕ ਥਾਂ ਪਰੋ ਕੇ ਗੁਰਬਾਣੀ ਦੀ ਰਚਨਾ ਕੀਤੀ ਗਈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ, ਆਪਣਾ ਸੱਚਾ ਗਿਆਨ ਬਖਸ਼ ਕੇ ਉੱਚੇ ਨੀਵੇਂ ਦਾ ਭੇਦ ਖ਼ਤਮ ਕੀਤਾ ਹੈ, ਦੇਹ ਨੂੰ ਗੁਰੂ ਨਹੀਂ ਮੰਨਿਆ ਭਾਵ ਦੇਹ ਦੀ ਵਡਿਆਈ ਖ਼ਤਮ ਕੀਤੀ ਹੈ ਤੇ ਮਨੁੱਖ ਨੂੰ ਸ਼ਬਦ ਗੁਰੂ ਦੇ ਨਾਲ ਜੋੜਿਆ ਹੈ, ਸਿੱਧਾ ਪ੍ਰਮਾਤਮਾ ਦੇ ਨਾਲ ਜੁੜਨ ਦਾ ਤਰੀਕਾ ਸਮਝਾਇਆ ਹੈ। ਅਸਲ ਵਿੱਚ "ਗੁਰੂ" ਪ੍ਰਮਾਤਮਾ ਆਪ ਹੀ ਹੈ ਜੋ ਹਰ ਘਟ ਦੇ ਵਿੱਚ ਵੱਸਿਆ ਹੋਇਆ ਹੈ ਤੇ ਜਿਸਨੂੰ ਪਾਉਣ ਲਈ ਕਿਸੇ ਮਨੁੱਖੀ ਟੇਕ ਦੀ ਲੋੜ ਨਹੀਂ ਹੈ। ਕੇਵਲ ਗੁਰਬਾਣੀ ਦੀ ਟੇਕ ਭਾਵ ਗੁਰਬਾਣੀ ਦੇ ਸੱਚੇ ਗਿਆਨ ਦੀ ਟੇਕ ਮਨੁੱਖ ਨੂੰ ਪ੍ਰਮਾਤਮਾ ਦੇ ਨਾਲ ਜੋੜ ਦਿੰਦੀ ਹੈ। ਗੁਰੂ ਦਾ ਸ਼ਬਦ, ਗੁਰੂ ਦੀ ਮਤਿ ਸਾਨੂੰ ਉਸ ਸ਼ਬਦ ਰੂਪ ਪ੍ਰਮਾਤਮਾ ਦੇ ਨਾਲ, ਨਿਰਗੁਣ ਪ੍ਰਮਾਤਮਾ ਦੇ ਨਾਲ, ਗਿਆਨ ਰੂਪ ਪ੍ਰਮਾਤਮਾ ਦੇ ਨਾਲ ਜੋੜ ਦਿੰਦੀ ਹੈ। ਭਾਵੇਂ ਕੋਈ ਸੰਸਾਰਿਕ ਦਰਜ਼ੇ ਦੇ ਅਨੁਸਾਰ ਕਿਤਨਾ ਹੀ ਛੋਟਾ ਕਿਉਂ ਨਾ ਹੋਵੇ, ਮਲ ਮੂਤ ਚੁੱਕਣ ਵਾਲਾ ਹੋਵੇ, ਬਿਲਕੁਲ ਨਾ ਸਮਝ ਹੋਵੇ, ਉਹ ਸ਼ਬਦ ਰੂਪ ਗੁਰੂ ਕੋਲੋਂ ਗਿਆਨ ਲੈ ਕੇ ਪ੍ਰਮਾਤਮਾ ਦੀ ਸੇਵਾ ਵਿੱਚ ਲੱਗ ਸਕਦਾ ਹੈ ਤੇ ਪ੍ਰਮਾਤਮਾ ਨੂੰ ਪਾ ਸਕਦਾ ਹੈ। ਸਭ ਨੂੰ ਬਣਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਸਭ ਵਿੱਚ ਉਹ ਆਪ ਹੀ ਵਰਤ ਰਿਹਾ ਹੈ, ਇਸ ਲਈ ਕਿਸੇ ਹੋਰ ਮਨੁੱਖੀ ਟੇਕ ਦੀ ਕੋਈ ਜਗ੍ਹਾ ਨਹੀਂ ਬਚਦੀ। ਗੁਰੂ ਪ੍ਰਮਾਤਮਾ ਦੀ ਸੇਵਾ ਕੀ ਹੈ, ਇਸ ਗੱਲ ਨੂੰ ਪਹਿਲੇ ਧਰਮ ਅਸਥਾਨਾਂ ਤੇ ਪੂਜਾ ਕਰਨਾ, ਦੇਹ ਧਾਰੀਆਂ ਦੀ, ਉੱਚੀ ਜਾਤ ਪਾਤ ਵਾਲਿਆਂ ਦੀ ਸੇਵਾ ਕਰਨਾ ਹੀ ਸਮਝਿਆ ਜਾਂਦਾ ਸੀ। ਨੀਵੀਂ ਜਾਤਿ ਵਾਲਿਆਂ ਨੂੰ ਧਰਮ

ਅਸਥਾਨਾਂ ਤੇ ਪੂਜਾ, ਸੇਵਾ ਆਦਿ ਵੀ ਨਹੀਂ ਕਰਨ ਦਿੱਤੀ ਜਾਂਦੀ ਸੀ। ਨੀਵੀਂ ਜਾਤਿ ਵਾਲੇ ਆਪਣੇ ਆਪ ਨੂੰ ਸੇਵਾ ਵਿਹੂਣੇ, ਭਗਤੀ ਵਿਹੂਣੇ ਹੀ ਸਮਝਦੇ ਹਨ। ਗੁਰਬਾਣੀ ਰਾਹੀਂ ਅਕਾਲ ਪੁਰਖ ਨੇ ਸਾਨੂੰ

10/1029-ੳ

ਇਸ ਭਰਮ ਵਿੱਚੋਂ ਕੱਢਿਆ ਹੈ ਕਿ ਪ੍ਰਮਾਤਮਾ ਦੀ ਸੇਵਾ ਕਿਸ ਰੂਪ ਵਿੱਚ ਹੁੰਦੀ ਹੈ। ਉਸਦੀ ਸੇਵਾ ਸਾਡੀ ਕਿਰਤ ਦੁਆਰਾ ਹੀ ਹੁੰਦੀ ਹੈ ਭਾਵ ਸੱਚੀ ਸੁੱਚੀ ਕਰਨੀ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਭਾਵੇਂ ਅਸੀਂ ਕਿਸੇ ਨੂੰ ਸਮਾਜ ਵਿੱਚ ਨੀਵੇਂ ਦਰਜੇ ਵਾਲਾ ਬਣਾਇਆ ਹੋਇਆ ਸੀ ਪਰ ਕਿਰਤ ਤਾਂ ਉਹ ਵੀ ਕਰਦੇ ਸਨ ਤੇ ਅੱਜ ਵੀ ਕਰਦੇ ਹਨ। ਭਾਵੇਂ ਉਨ੍ਹਾਂ ਨੂੰ ਧਰਮ ਅਸਥਾਨਾਂ ਤੇ ਨਹੀਂ ਸੀ ਜਾਣ ਦਿੱਤਾ ਜਾਂਦਾ ਪਰ ਪ੍ਰਮਾਤਮਾ ਦੀ ਸੇਵਾ ਉਹ ਆਪਣੀ ਕਿਰਤ ਦੁਆਰਾ ਕਰਦੇ ਸਨ ਜਿਸਦੇ ਲਈ ਇਹ ਜਰੂਰੀ ਨਹੀਂ ਕਿ ਅਸੀਂ ਧਰਮ ਅਸਥਾਨਾਂ ਤੇ ਜਾ ਕੇ ਹੀ ਸੇਵਾ ਕਰ ਸਕਦੇ ਹਾਂ। ਧਰਮ ਗ੍ਰੰਥਾਂ ਰਾਹੀਂ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ ਤਾਂ ਜੋ ਅਸੀਂ ਸੱਚੀ ਸੁੱਚੀ ਕਿਰਤ ਕਰੀਏ। ਧਰਮ ਅਸਥਾਨਾਂ ਤੇ ਜਾਣ ਵਾਲੇ ਇਹ ਜਰੂਰੀ ਨਹੀਂ ਕਿ ਉਹ ਕਿਰਤ ਵੀ ਚੰਗੀ ਹੀ ਕਰਦੇ ਹਨ। ਜਿਸ ਕੋਲੋਂ ਪ੍ਰਮਾਤਮਾ ਸੱਚੀ ਸੁੱਚੀ ਕਿਰਤ ਕਰਵਾ ਰਿਹਾ ਹੈ ਉਸਨੂੰ ਉਸਨੇ ਆਪਣੀ ਸੇਵਾ ਤੇ ਲਾਇਆ ਹੋਇਆ ਹੈ। ਸਭ ਦੇ ਅੰਦਰ ਉਹ ਆਪ ਹੀ ਬੈਠਾ ਹੈ। ਸੱਚ ਤੇ ਚੱਲਣ ਦੁਆਰਾ ਉਹ ਘਰ ਬੈਠੇ ਹੀ ਮਿਲ ਜਾਂਦਾ ਹੈ। **(ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥੧੦੪॥)** ਅੰਗ - 1383 ਉਸ ਦੀ ਸੇਵਾ ਕਰਨ ਲਈ ਕੇਵਲ ਚੰਗੀ ਨੀਅਤ ਦੀ ਲੋੜ ਹੈ ਜੋ ਉਸਦੀ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ। ਉਸ ਦੀਆਂ ਨਜ਼ਰਾਂ ਵਿੱਚ ਹਰ ਕੋਈ ਇੱਕੋ ਜਿਹਾ ਹੀ ਹੈ। ਉਹ ਆਪਣੀ ਕ੍ਰਿਪਾ ਕਿਸੇ ਤੇ ਵੀ ਕਰ ਸਕਦਾ ਹੈ। ਜਿਸ ਨੂੰ ਅਸੀਂ ਛੋਟੇ ਤੋਂ ਛੋਟਾ ਸਮਝਦੇ ਹਾਂ, ਨੀਵੇਂ ਤੋਂ ਨੀਵਾਂ ਸਮਝਦੇ ਹਾਂ ਉਸ ਤੇ ਵੀ ਕਰ ਸਕਦਾ ਹੈ। ਉਸਦੀ ਕ੍ਰਿਪਾ ਲਈ ਇਹ ਜਰੂਰੀ ਨਹੀਂ ਕਿ ਅਸੀਂ ਧਰਮ ਗ੍ਰੰਥਾਂ ਦੇ ਗਿਆਤਾ ਹੋਈਏ। ਉਸਦੇ ਲਈ ਪੜ੍ਹੇ-ਅਨਪੜ੍ਹੇ ਵਿੱਚ ਫ਼ਰਕ ਨਹੀਂ ਹੈ। ਉਹ ਅਨਪੜ੍ਹ ਤੇ ਵੀ ਆਪਣੀ ਕ੍ਰਿਪਾ ਕਰ ਸਕਦਾ ਹੈ। ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ। **(ਪੜਿਆ ਅਣਪੜਿਆ ਪਰਮ ਗਤਿ ਪਾਵੈ॥੧॥)** ਅੰਗ - 197 ਜਿੰਨ੍ਹਾਂ ਭਗਤਾਂ ਦੇ ਸਰੀਰਾਂ ਰਾਹੀਂ ਉਸਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਬਾਣੀ ਦੀ ਰਚਨਾ ਕਰਵਾਈ ਹੈ, ਇਨ੍ਹਾਂ ਗੱਲਾਂ ਦੇ ਪ੍ਰਮਾਣ ਉਨ੍ਹਾਂ ਦੀ ਜੀਵਨੀ ਤੋਂ ਹੀ ਮਿਲ ਜਾਂਦੇ ਹਨ। ਆਪਣਾ ਆਪ ਪ੍ਰਗਟ ਕਰਨ ਲਈ ਨਾ ਉਸਨੇ ਛੋਟੀ-ਵਡੀ ਜਾਤ ਦੇਖੀ ਹੈ, ਨਾ ਪੜ੍ਹੇ-ਅਨਪੜ੍ਹੇ ਦਾ ਫ਼ਰਕ ਕੀਤਾ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ। ਉਸਦੀਆਂ ਨਜ਼ਰਾਂ ਵਿੱਚ ਕੇਵਲ ਸਾਡੇ ਕਰਮਾਂ ਦੀ, ਸਾਡੀ ਕਰਨੀ ਦੀ ਅਹਿਮੀਅਤ ਪੈਂਦੀ ਹੈ, ਹੋਰ ਕੁੱਝ ਵੀ ਕੰਮ ਨਹੀਂ ਆਉਂਦਾ। ਜਿੰਨ੍ਹਾਂ ਨੂੰ ਅਸੀਂ ਛੋਟੀਆਂ ਜਾਤਾਂ ਵਾਲਾ ਸਮਝ ਕੇ ਜਾਣਦੇ ਹਾਂ, ਜੇਕਰ ਉਹ ਕਰਨੀ ਚੰਗੀ ਕਰ ਰਹੇ ਹਨ ਤਾਂ ਫਿਰ ਉਹ ਪ੍ਰਮਾਤਮਾ ਦੀ ਸੇਵਾ ਵਿੱਚ ਹੀ ਹਨ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਨੀਵੀਂ ਜਾਤ ਵਾਲਿਆਂ ਨੂੰ ਉੱਚਾ ਕਰਕੇ ਨਿਵਾਜ਼ਿਆ ਹੈ, ਜਾਤ, ਪਾਤ ਦਾ ਭੇਦ ਮਿਟਾਇਆ ਹੈ ਤੇ ਉਨ੍ਹਾਂ ਨੂੰ ਉਨ੍ਹਾਂ ਦੀ ਕਿਰਤ ਰਾਹੀਂ ਪ੍ਰਮਾਤਮਾ ਦੀ ਸੇਵਾ ਵਿੱਚ ਦੱਸਿਆ ਹੈ। ਗੁਰਬਾਣੀ ਦਾ ਮਕਸਦ ਕਲਿਜੁਗੀ ਸਮਝ ਵਾਲੇ ਜੀਵਾਂ ਦਾ ਉਧਾਰ ਕਰਨ ਨਾਲ ਹੀ ਹੈ, ਅਗਿਆਨਤਾ ਵਿੱਚੋਂ ਕੱਢ ਕੇ ਸੱਚੀ ਸੋਝੀ ਪਾਉਣ ਨਾਲ ਹੀ ਹੈ। **(ਕਲਿਜੁਗੁ ਉਧਾਰਿਆ ਗੁਰਦੇਵ॥ ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ॥੧॥ਰਹਾਉ॥)**

{ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ॥੭॥}

(ਅੰਗ - ੪੬੬)

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ, ਪ੍ਰਮਾਤਮਾ ਦੀ ਸੇਵਾ ਦਾ ਤਰੀਕਾ ਇਹੋ ਹੀ ਹੈ, ਉਸਦੀ ਵਡਿਆਈ ਕਰਨ ਦਾ ਤਰੀਕਾ ਇਹੋ ਹੀ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੇ ਪਰਮਾਣ ਦੁਆਰਾ ਫਿਰ ਤੋਂ ਵਿਚਾਰਿਆ ਜਾ ਸਕਦਾ ਹੈ। ਗੁਰੂ ਦੀ ਸੇਵਾ ਦਾ ਮਾਰਗ ਬਹੁਤ ਔਖਾ ਹੈ।

"ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ॥"

10/1030

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕਰਾਉਣ ਵਿੱਚ ਇੱਕੋ ਇੱਕ ਵਿਚੋਲਾ ਗੁਰੂ ਹੈ ਤੇ ਅਸਲ ਵਿੱਚ ਗੁਰੂ ਵੀ ਉਹ ਆਪ ਹੀ ਹੈ ਜਿਸ ਨੇ ਗੁਰੂ ਦਾ ਰੂਪ ਧਾਰਣ ਕਰਕੇ ਆਪ ਹੀ ਬਾਣੀ ਉਚਾਰੀ ਹੈ ਤੇ ਉਹ ਆਪ ਹੀ ਸਭ ਦੇ ਮਨ ਵਿੱਚ ਸਮਾਇਆ ਹੋਇਆ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਅਸਲ ਵਿੱਚ ਵਿਚੋਲਾ ਵੀ ਉਹ ਆਪ ਹੀ ਹੈ ਤੇ ਮਨੁੱਖ ਨਾਲ ਉਸਦਾ ਰਿਸ਼ਤਾ ਸਿੱਧਾ ਆਪਸ ਵਿੱਚ ਹੀ ਹੈ। ਦੋਨਾਂ ਦੀ ਠਉਰ ਇੱਕ ਹੀ ਹੈ, ਸਾਡਾ ਮਨ ਹੀ ਹੈ। ਪੂਰੀ ਗੁਰਬਾਣੀ ਦਾ ਗਿਆਨ ਮਨ ਦੇ ਵਿੱਚੋਂ ਹੀ ਆਇਆ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ ੧੨੪੩)

ਜਿਸ ਮਨ ਨੂੰ ਅਸੀਂ ਆਪਣਾ ਸਮਝਦੇ ਹਾਂ ਅਸਲ ਵਿੱਚ ਉਹ ਆਪ ਪ੍ਰਮਾਤਮਾ ਹੀ ਹੈ। ਜਿਸਨੂੰ ਅਸੀਂ ਆਤਮਾ ਸਮਝਦੇ ਹਾਂ ਅਸਲ ਵਿੱਚ ਉਹ ਆਪ ਪ੍ਰਮਾਤਮਾ ਹੀ ਹੈ। ਮਨੁੱਖ ਤੇ ਗੁਰੂ ਪ੍ਰਮਾਤਮਾ ਵਿੱਚ ਕੇਵਲ ਇੱਕ ਭਰਮ ਦਾ ਪੜਦਾ ਹੈ ਹੋਰ ਕੁੱਝ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਜਦੋਂ ਮਨੁੱਖ ਦਾ ਰਿਸ਼ਤਾ ਸਿੱਧਾ ਪ੍ਰਮਾਤਮਾ ਦੇ ਨਾਲ ਹੈ ਤਾਂ ਫਿਰ ਵਿੱਚ ਧਰਮਰਾਜ ਦਾ ਵੀ ਕੋਈ ਰੋਲ ਭਾਵ ਭੂਮਿਕਾ ਨਹੀਂ ਰਹਿ ਜਾਂਦੀ ਤੇ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

"ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ॥੨॥"

ਧਰਮ ਰਾਜ ਪ੍ਰਮਾਤਮਾ ਦੇ ਹੁਕਮ ਤੋਂ ਬਾਹਰ ਨਹੀਂ ਹੈ ਉਹ ਕੇਵਲ ਗੁਰੂ ਪ੍ਰਮਾਤਮਾ ਦੇ ਹੁਕਮ ਦੀ ਪਾਲਣਾ ਹੀ ਕਰਦਾ ਹੈ। ਧਰਮ ਰਾਜ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਧਰਮ ਦਾ ਮਾਰਗ ਸਮਝਾਉਣ ਵਾਲਾ ਤੇ ਉਸ ਮਾਰਗ ਤੇ ਚਲਾਉਣ ਵਾਲਾ ਰੂਪ ਹੈ। ਪੂਰੀ ਗੁਰਬਾਣੀ ਦੀ ਸੱਚੀ ਮਤਿ ਜੋ ਸਾਨੂੰ ਸਭ ਨੂੰ, ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਉਂਦੀ ਹੈ ਇਹ ਪ੍ਰਮਾਤਮਾ ਦਾ ਧਰਮ ਰਾਜ ਰੂਪ ਹੈ ਜੋ ਕਿ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਮਨੁੱਖ ਨੂੰ ਪ੍ਰਮਾਤਮਾ ਦੇ ਨਾਲ ਜੋੜਨ ਵਿੱਚ ਉਸਦੀ ਕੋਈ ਵੱਖਰੀ ਭੂਮਿਕਾ ਨਹੀਂ ਹੈ ਤੇ ਜੋ ਮਨੁੱਖ ਪ੍ਰਮਾਤਮਾ ਦੇ ਨਾਲ ਜੁੜ ਜਾਂਦਾ ਹੈ, ਉੱਥੇ ਧਰਮਰਾਜ ਦੀ ਕੋਈ ਭੂਮਿਕਾ ਨਹੀਂ ਰਹਿ ਜਾਂਦੀ। ਗੁਰਬਾਣੀ ਦੀ ਰਚਨਾ ਹੋਣ ਦੇ ਨਾਲ ਮਨੁੱਖ ਨੂੰ ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਜੁੜਨ ਲਈ ਇੱਕ ਸਿੱਧਾ ਮਾਰਗ ਮਿਲ ਗਿਆ ਹੈ, ਧਰਮਰਾਜ ਨੂੰ ਜਾਣਨ ਤੋਂ ਬਚਣ ਦਾ ਮਾਰਗ ਮਿਲ ਗਿਆ ਹੈ ਤੇ ਇਹੀ ਧਰਮਰਾਜ ਦੇ ਬਿਸਮਾਦ ਹੋਣ ਦਾ ਕਾਰਨ ਹੈ, ਉਸਦੇ ਹੈਰਾਨ ਹੋਣ ਦਾ ਕਾਰਨ ਹੈ ਕਿ ਹੁਣ ਉਸ ਦੀ ਅਹਿਮੀਅਤ ਘੱਟ ਗਈ ਹੈ ਕਿਉਂਕਿ

ਜੋ ਸੱਚੇ ਗੁਰੂ ਦੀ ਪੈਰੀ ਲੱਗ ਜਾਂਦਾ ਹੈ ਭਾਵ ਜੋ ਸ਼ਬਦ ਗੁਰੂ ਦੀ ਸ਼ਰਨ ਵਿੱਚ ਆ ਜਾਂਦਾ ਹੈ, ਉਹ ਧਰਮਰਾਜ ਦੇ ਲੇਖੇ ਤੋਂ ਬਾਹਰ ਹੋ ਜਾਂਦਾ ਹੈ ਭਾਵ ਸੱਚੇ ਮਾਰਗ ਤੇ ਚੱਲਣ ਦੇ ਨਾਲ ਸਜਾਵਾਂ ਤੋਂ ਬਚ ਜਾਂਦਾ ਹੈ। ਗੁਰਬਾਣੀ ਮਨੁੱਖਾਂ ਦਾ ਉਧਾਰ ਕਰਨ ਲਈ ਆਈ ਹੈ, ਸਾਨੂੰ ਮਨ ਦੀਆਂ ਸਜ਼ਾਵਾਂ ਤੋਂ ਬਚਾਉਣ ਲਈ ਆਈ ਹੈ, ਸਾਨੂੰ ਸੱਚ ਦੀ ਸੋਝੀ ਪਾਉਣ ਲਈ ਆਈ ਹੈ, ਭਰਮ ਵਿੱਚੋਂ ਕੱਢਣ ਲਈ ਆਈ ਹੈ ਤਾਂ ਜੋ ਅਸੀਂ ਉਹੋ ਜਿਹੇ ਕਰਮ ਕਰੀਏ ਭਾਵ ਮਾੜੇ ਕਰਮ ਨਾ ਕਰੀਏ ਜਿੰਨ੍ਹਾਂ ਕਰਕੇ ਸਾਨੂੰ ਪਰੇਸ਼ਾਨ ਹੋਣਾ ਪੈਂਦਾ ਹੈ, ਟੈਂਨਸ਼ਨਾਂ ਵਿੱਚ ਪੈਣਾ ਪੈਂਦਾ ਹੈ।

10/1031

ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਧਰਮਰਾਜ ਵੀ ਉਸਦਾ ਆਪਣਾ ਹੀ ਰੂਪ ਹੈ। ਧਰਮਰਾਜ ਦਾ ਲੇਖਾ ਕੀ ਹੈ, ਉਸਦੀ ਸੋਝੀ ਸਾਨੂੰ ਉਸਨੇ ਆਪ ਗੁਰਬਾਣੀ ਰਾਹੀਂ ਹੀ ਪਾਈ ਹੋਈ ਹੈ। ਜੋ ਗੁਰਬਾਣੀ ਦੇ ਲੇਖੇ ਵਿੱਚੋਂ ਪਾਰ ਹੈ, ਉਹ ਧਰਮਰਾਜ ਦੇ ਲੇਖੇ ਵਿੱਚੋਂ ਵੀ ਪਾਰ ਹੈ। ਆਓ ਇਹੀ ਗੱਲ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

{ਸਭਨਾ ਕਾ ਦਰਿ ਲੇਖਾ ਹੋਇ॥ਕਰਣੀ ਬਾਝਹੁ ਤਰੈ ਨ ਕੋਇ॥
ਸਚੋ ਸਚੁ ਵਖਾਣੈ ਕੋਇ॥ਨਾਨਕ ਅਗੈ ਪੁਛ ਨ ਹੋਇ॥੨॥}

(ਅੰਗ ੯੫੨)

ਅਗਰ ਗੱਲ ਨੂੰ ਧਿਆਨ ਨਾਲ ਸਮਝੋਗੇ ਤਾਂ "**ਧਰਮਰਾਜ**" ਦੀ ਕਚਹਿਰੀ ਗੁਰਬਾਣੀ ਦੇ ਵਿੱਚ ਹੀ ਲੱਗੀ ਹੋਈ ਹੈ ਜੋ ਸਾਨੂੰ "**ਧਰਮ**" ਦੀ ਸੋਝੀ ਪਾ ਰਹੀ ਹੈ। "**ਧਰਮਰਾਜ** "ਦਾ ਦਰ "**ਪ੍ਰਮਾਤਮਾ**" ਦਾ ਹੀ ਦਰ ਹੈ, ਸੱਚ ਦਾ ਦਰ ਹੈ ਤੇ ਇਸ ਦਰ ਤੋਂ ਪਾਸ ਅਸੀਂ ਸੱਚ ਦੁਆਰਾ ਹੀ ਹੋ ਸਕਦੇ ਹਾਂ। ਸੱਚ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਹੈ, ਨਾਮ ਦੀ ਸਮਝ ਹੈ, ਸਾਡੇ ਸੱਚੇ ਕਰਮ ਹਨ, ਸਾਡੀ ਸੱਚੀ ਸੁੱਚੀ ਕਰਨੀ ਹੈ ਜੋ ਕਿ ਗੁਰਬਾਣੀ ਸਾਨੂੰ ਸਮਝਾ ਰਹੀ ਹੈ। ਇਸ ਸੱਚ ਦੀ, ਨਾਮ ਦੀ ਕਚਹਿਰੀ ਵਿੱਚੋਂ ਪਾਸ ਹੋ ਕੇ ਅਸੀਂ ਕਚਹਿਰੀ ਦੇ ਰਾਜੇ ਨਾਲ ਮਿਲ ਜਾਂਦੇ ਹਾਂ। ਇਹ ਗੁਰਬਾਣੀ ਗੁਰੂ ਹੀ ਸਾਡਾ ਵਿਚੋਲਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਅਸੀਂ ਗੁਰਬਾਣੀ ਰਾਹੀਂ ਹੀ ਆਪਣਾ ਲੇਖਾ ਦੇਣਾ ਸਮਝ ਸਕਦੇ ਹਾਂ ਤੇ ਜੋ ਇਸ ਲੇਖੇ ਨੂੰ ਸਮਝ ਕੇ ਉਸ ਤੇ ਅਮਲ ਕਰ ਲੈਂਦਾ ਹੈ, ਗੁਰਬਾਣੀ ਦੀ ਸਿੱਖਿਆ ਨੂੰ ਆਪਣੇ ਮਨ ਵਿੱਚ ਵਸਾ ਲੈਂਦਾ ਹੈ ਭਾਵ ਗੁਰੂ ਦੇ ਹਰਿ ਨਾਮ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ, ਉਸਦੇ ਲੇਖੇ ਦੇ ਕਾਗਜ਼ ਇੱਥੇ ਹੀ ਫਟ ਜਾਂਦੇ ਹਨ, ਲੇਖਾ ਇੱਥੇ ਹੀ ਨਿਬੜ ਜਾਂਦਾ ਹੈ ਭਾਵ ਲੇਖਾ ਨਿਬੇੜਨ ਦਾ ਰਸਤਾ ਸਾਨੂੰ ਗੁਰਬਾਣੀ ਹੀ ਸਮਝਾ ਰਹੀ ਹੈ।

{ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ॥
ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥੪॥੫॥}

(ਅੰਗ ੬੯੮)

ਆਓ ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਵਿਚਾਰੀਏ ਤੇ ਸਮਝੀਏ ਕਿ ਕਲਯੁੱਗ ਨੂੰ ਸਾਰਿਆਂ ਵਿੱਚੋਂ ਉੱਤਮ ਕਿਉਂ ਕਿਹਾ ਹੈ

"ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥੩॥"

10/1032

ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦਿਆਂ ਦੁਆਰਾ ਜਾਣਿਆ ਹੈ ਹਰ ਕੋਈ ਮਨ ਦੀ ਕਲਿ ਵਿੱਚ ਹੈ ਭਾਵ ਪ੍ਰਮਾਤਮਾ ਨੂੰ ਜਾਣਨ ਦੀ ਅਗਿਆਨਤਾ ਵਿੱਚ ਹੈ ਭਾਵ ਸਭ ਦੇ ਅੰਦਰ ਪ੍ਰਮਾਤਮਾ ਨੇ ਕਲਿ ਵਾਲੀ ਸਮਝ ਪਾ ਕੇ ਮਨ ਦੇ ਕਲਿਜੁਗ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਨੇ ਆਪਣੀ ਬਾਣੀ ਦੀ ਬਖਸ਼ਿਸ਼ ਕਰਕੇ ਸਾਡੇ ਮਨ ਦੇ ਕਲਿਜੁਗ ਨੂੰ ਨਿਵਾਜਿਆ ਹੈ। ਜੁਗ ਸਾਰੇ ਉੱਤਮ ਹਨ ਭਾਵ ਸਮਾਂ ਮਨੁੱਖ ਲਈ ਕੋਈ ਵੀ ਮਾੜਾ ਨਹੀਂ ਹੈ, ਮਾੜਾ ਜਾਂ ਚੰਗਾ ਸਾਡਾ ਮਨ ਹੈ ਭਾਵ ਸਾਡੀ ਅਗਿਆਨਤਾ ਵਾਲੀ ਸਮਝ ਮਾੜੀ ਹੈ ਤੇ ਗੁਰਮਤਿ ਦੇ ਗਿਆਨ ਵਾਲੀ ਸਮਝ ਚੰਗੀ ਹੈ। ਜੁਗਾਂ ਤੋਂ ਹੀ ਭਾਵ ਲੰਬੇ ਸਮੇਂ ਤੋਂ ਹੀ ਜਿੰਨ੍ਹਾਂ ਨੂੰ ਅਸੀਂ ਜੁਗਾਂ ਦਾ ਨਾਮ ਦਿੱਤਾ ਹੋਇਆ ਹੈ, ਸਤਿਜੁਗ, ਤ੍ਰੇਤਾ, ਦੁਆਪਰ ਆਖਦੇ ਹਾਂ ਤਦ ਤੋਂ ਹੀ ਅਸੀਂ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ

ਵਿੱਚ ਅਸਮਰੱਥ ਸੀ, ਸਾਡੇ ਕੋਲ ਉਹ ਗਿਆਨ ਨਹੀਂ ਸੀ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਅਸਲ ਰੂਪ ਨੂੰ ਭਾਵ ਉਸਦੇ ਨਿਰਗੁਣ ਰੂਪ ਨੂੰ, ਸ਼ਬਦ ਰੂਪ ਨੂੰ ਜਾਣ ਸਕਦੇ। ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਗੁਰੂ ਧਾਰਣ ਕਰਦੇ ਸੀ, ਅਨੇਕਾਂ ਜਪ ਤਪ ਕਰਦੇ ਸੀ, ਜੰਗਲਾਂ ਵਿੱਚ ਭਰਮਦੇ ਸੀ, ਪਹਾੜਾਂ ਦੀਆਂ ਟੀਸੀਆਂ ਤੇ ਗੁਫ਼ਾਵਾਂ ਵਿੱਚ ਪ੍ਰਮਾਤਮਾ ਨੂੰ ਲੱਭਦੇ ਸੀ, ਤੀਰਥਾਂ ਤੇ ਭਟਕਦੇ ਰਹਿੰਦੇ ਸੀ, ਅਨੇਕਾਂ ਹੀ ਸਰੀਰਕ ਕਿਰਿਆਵਾਂ, ਸਾਧਨਾ ਆਦਿ ਕਰਦੇ ਸੀ, ਮੂਰਤੀਆਂ ਦੀ ਪੂਜਾ ਕਰਦੇ ਸੀ, ਅਨੇਕਾਂ ਰੰਗ ਤਮਾਸ਼ੇ ਕਰਦੇ ਸੀ, ਥਿਤਾਂ, ਵਾਰਾਂ ਆਦਿ ਨੂੰ ਪੂਜਦੇ ਸੀ, ਮੜੀਆਂ ਮਸਾਣਾਂ ਨੂੰ ਪੂਜਦੇ ਸੀ ਜਿਸ ਦੁਆਰਾ ਪ੍ਰਮਾਤਮਾ ਪ੍ਰਸੰਨ ਹੋ ਜਾਵੇ, ਦੇਵੀ ਦੇਵਤਿਆਂ ਆਦਿ ਨੂੰ ਖੁਸ਼ ਕਰਨ ਲਈ ਬਲੀਆਂ ਚੜਾਉਂਦੇ ਸੀ ਭਾਵ ਅਸੀਂ ਪ੍ਰਮਾਤਮਾ ਦੀ ਭਗਤੀ ਕਰਨ ਲਈ ਘੋਰ ਅਗਿਆਨਤਾ ਵਿੱਚ ਸੀ। ਗੁਰਬਾਣੀ ਨੇ ਸਾਨੂੰ ਇਸ ਅਗਿਆਨਤਾ ਵਿੱਚੋਂ ਕੱਢਿਆ ਹੈ, ਭਰਮ ਭੁਲੇਖਿਆਂ ਵਿੱਚੋਂ ਕੱਢਿਆ ਹੈ, ਸਾਨੂੰ ਖੁਆਰ ਹੋਣ ਤੋਂ ਬਚਾਇਆ ਹੈ ਅਤੇ ਸਾਡਾ ਪ੍ਰਮਾਤਮਾ ਦੇ ਨਾਲ ਮਿਲਣ ਦਾ ਸਿੱਧਾ ਰਸਤਾ ਸਮਝਾਇਆ ਹੈ। ਸਾਨੂੰ ਸੱਚੇ ਕਰਮਾਂ ਦਾ ਰਸਤਾ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਲਈ ਕੇਵਲ ਸੱਚ ਤੇ ਚੱਲਣ ਦੀ ਲੋੜ ਹੈ, ਕੇਵਲ ਸੱਚੇ ਸੁੱਚੇ ਕਰਮ ਕਰਨ ਦੀ ਲੋੜ ਹੈ, ਸੱਚੇ ਸੁੱਚੇ ਤਰੀਕੇ ਨਾਲ ਗ੍ਰਹਿਸਥ ਚਲਾਉਣ ਦੀ ਲੋੜ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾ ਲਿਆ ਜਾਂਦਾ ਹੈ ਤੇ ਇਹੋ ਜਿਹੀ ਭਗਤੀ ਕਰਨ ਨਾਲ ਸਾਨੂੰ ਉਸਦਾ ਸਿੱਧਾ ਹੱਥੋ ਹੱਥ ਲਾਭ ਮਿਲਦਾ ਹੈ ਤੇ ਸਾਡੇ ਰਸਤੇ ਵਿੱਚ ਹੋਰ ਕੋਈ ਨਹੀਂ ਆਉਂਦਾ ਭਾਵ ਉਹ ਆਪ ਹੀ ਗੁਰੂ ਹੈ, ਵਿਚੋਲਾ ਹੈ ਤੇ ਉਸ ਦੀ ਮਤਿ ਅਨੁਸਾਰ ਚੱਲਣ ਨਾਲ ਉਹ ਆਪ ਹੀ ਸਾਨੂੰ ਆਪਣੇ ਨਾਲ ਮੇਲਦਾ ਹੈ ਤੇ ਸਾਨੂੰ ਲੇਖਾ ਦੇਣ ਲਈ ਕੋਈ ਨਹੀਂ ਪਕੜ ਸਕਦਾ ਭਾਵ ਅਸੀਂ ਲੇਖੇ ਤੋਂ ਮੁਕਤ ਹੋ ਜਾਂਦੇ ਹਾਂ। ਸੱਚੀ ਸੁੱਚੀ ਕਿਰਤ ਕਰਨੀ ਹੀ ਉਸਦੀ ਭਗਤੀ ਹੈ ਤੇ ਜਿਵੇਂ ਜਿਵੇਂ ਅਸੀਂ ਸੱਚ ਤੇ ਚੱਲਦੇ ਹਾਂ ਸਾਡੀ ਪੱਤ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਚੀ ਹੁੰਦੀ ਜਾਂਦੀ ਹੈ, ਹੱਥੋ ਹੱਥ ਉੱਚੀ ਹੁੰਦੀ ਰਹਿੰਦੀ ਹੈ ਭਾਵ ਸਾਨੂੰ ਉਸਦਾ ਲਾਭ ਨਾਲ ਦੀ ਨਾਲ ਹੀ ਮਿਲਦਾ ਰਹਿੰਦਾ ਹੈ ਤੇ ਸਾਨੂੰ ਭਗਤੀ ਲਈ ਕਿਸੇ ਹੋਰ ਉਪਰਾਲੇ ਦੀ ਲੋੜ ਨਹੀਂ ਹੈ। ਸਾਡੀ ਸੱਚੀ ਸੁੱਚੀ ਕਿਰਤ ਸਾਨੂੰ ਸਿੱਧਾ ਪ੍ਰਮਾਤਮਾ ਦੇ ਨਾਲ ਜੋੜ ਦਿੰਦੀ ਹੈ ਤੇ ਸਾਨੂੰ ਹੋਰ ਕਿਸੇ ਮਨੁੱਖੀ ਟੇਕ ਦੀ ਲੋੜ ਨਹੀਂ ਹੈ। **(ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥੩॥)**

10/1033

ਹੁਣ ਧਿਆਨ ਨਾਲ ਸੋਚੋ ਕਿ ਅਨੇਕਾਂ ਹੀ ਅਨੇਕਾਂ ਧਾਰਮਿਕ ਸੰਸਥਾਵਾਂ, ਜੱਥੇਬੰਦੀਆਂ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣ ਦਾ ਦਾਅਵਾ ਕਰਦੇ ਹਨ, ਪੂਰੇ ਭਾਰਤ ਵਿੱਚ ਤੇ ਹੋਰ ਵੀ ਦੁਨੀਆਂ ਵਿੱਚ ਕਿੰਨੀ ਕੁ ਗਿਣਤੀ ਵਿੱਚ ਆਪਣੇ ਡੇਰੇ ਬਣਾਈ ਬੈਠੇ ਹਨ ਉਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸਿੱਖ ਜਗਤ ਵਿੱਚ ਵੀ ਇਹੋ ਜਿਹੇ ਡੇਰਿਆਂ ਦੀ ਭਰਮਾਰ ਹੈ। ਪ੍ਰਮਾਤਮਾ ਨੂੰ ਪਾਉਣ ਲਈ ਕੀ ਸਾਨੂੰ ਇਹੋ ਜਿਹੇ ਦਲਾਲਾਂ ਦੀ ਕੋਈ ਲੋੜ ਹੈ? ਜੇਕਰ ਸਾਨੂੰ ਬਾਣੀ ਦੀ ਸਮਝ ਲੱਗ ਜਾਵੇ ਤਾਂ ਇਹੋ ਜਿਹੇ ਦਲਾਲਾਂ ਦੇ ਡੇਰੇ ਆਪੇ ਹੀ ਪੁੱਟੇ ਜਾਣਗੇ। ਪ੍ਰਮਾਤਮਾ ਨੇ ਸਾਨੂੰ ਇਹੋ ਜਿਹੇ ਭੁਲੇਖਿਆਂ ਵਿੱਚੋਂ ਨਿਕਲਣ ਲਈ ਗੁਰਬਾਣੀ ਦਿੱਤੀ ਹੈ, ਅਗਿਆਨਤਾ ਵਿੱਚੋਂ ਨਿਕਲਣ ਲਈ ਗੁਰਬਾਣੀ ਦਿੱਤੀ ਹੈ। ਗੁਰਬਾਣੀ ਦੀ ਸੱਚੀ ਸੋਝੀ ਪੈਣੀ ਸਾਡੇ ਲਈ ਤੇ ਸਾਰੇ ਸੰਸਾਰ ਲਈ ਅਤਿ ਜਰੂਰੀ ਹੈ ਤੇ ਇਸੇ ਲਈ ਦਾਸ ਰਾਹੀਂ ਪ੍ਰਮਾਤਮਾ ਆਪ ਹੀ ਇਹ ਉਪਰਾਲਾ ਕਰਵਾ ਰਿਹਾ ਹੈ।

ਬਾਣੀ ਦੇ ਵਿੱਚ ਹੀ ਕਲਿਯੁਗ ਨੂੰ ਸਭ ਤੋਂ ਮਾੜਾ ਕਹਿ ਕੇ ਵੀ ਸਮਝਾਇਆ ਹੈ ਤੇ ਸਤਿਯੁਗ ਨੂੰ ਸਭ ਤੋਂ ਚੰਗਾ ਕਹਿ ਕੇ ਸਮਝਾਇਆ ਹੈ। ਜਿਵੇਂ ਕਿ ਪਿੱਛੇ ਵੀ ਕੁੱਝ ਜ਼ਿਕਰ ਕੀਤਾ ਹੈ ਕਿ ਅਸਲ ਵਿੱਚ ਚੰਗਾ ਮਾੜਾ ਕੋਈ ਜੁਗ ਨਹੀਂ ਹੈ, ਕੋਈ ਸਮਾਂ ਨਹੀਂ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹਰ ਸਮੇਂ ਇੱਕੋ ਜਿਹਾ ਹੀ ਹੁੰਦਾ ਹੈ। ਸਾਡੇ ਮਨ ਦੀ ਅਵੱਸਥਾ, ਸਾਡੇ ਅੰਦਰ ਨਾਮ ਦੀ ਅਵੱਸਥਾ ਤੇ ਸਾਡੇ ਮਨ ਦੀ ਅਵੱਸਥਾ ਨੂੰ ਵੀ ਜੁਗਾਂ ਦੇ ਨਾਲ ਜੋੜ ਕੇ ਸਮਝਾਇਆ ਹੋਇਆ ਹੈ ਜਿਸ ਨੂੰ ਅਸੀਂ ਪਿੱਛੇ ਸਮਝਿਆ ਵੀ ਹੈ ਤੇ ਹੋਰ ਵੀ ਸਮਝਾਂਗੇ। ਆਓ ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆ ਨੂੰ ਸਮਝੀਏ।

“ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ॥
ਕਰ ਜੋੜਿ ਨਾਨਕ ਦਾਨੁ ਮਾਗੈ ਅਪਣਿਆ ਸੰਤਾ ਦੇਹਿ ਹਰਿ ਦਰਸੁ॥੪॥੫॥੧੪੦॥”

ਇਹਨਾਂ ਪੰਗਤੀਆਂ ਦੇ ਅਰਥ ਸਮਝਣ ਲਈ ਸਾਨੂੰ ਇਸ ਤੋਂ ਪਿਛਲੇ ਵਾਲੇ ਸ਼ਬਦ ਨੂੰ ਫਿਰ ਤੋਂ ਵਿਚਾਰਨ ਦੀ ਲੋੜ ਹੈ।

{ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥}

ਪ੍ਰਮਾਤਮਾ ਸਾਨੂੰ ਆਪਣੇ ਦਰਸ਼ਨ ਦਿੰਦਾ ਹੈ, ਇਹ ਉਸਦਾ ਬਿਰਦ ਹੈ ਭਾਵ ਇਹ ਉਸਦਾ ਸੁਭਾਅ ਹੈ ਭਾਵ ਇਹ ਉਸਦਾ

10/1034

ਆਪਣਾ ਬਣਾਇਆ ਹੋਇਆ ਅਸੂਲ ਹੈ। ਗੱਲ ਸਾਡੇ ਮਨ ਦੀ ਬਿਰਤੀ ਦੀ ਹੈ, ਸਾਡੇ ਮਨ ਦੇ ਚਾਉ ਦੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ, ਉਸਦੇ ਦਰਸ਼ਨ ਮਨ ਦੇ ਠਹਰਾਵ ਨਾਲ ਹੋਣੇ ਹਨ ਤੇ ਜੇਕਰ ਸਾਡੇ ਅੰਦਰ ਚਾਅ ਇਸ ਮਨ ਨੂੰ ਸੰਤੋਖ ਵਿੱਚ ਲਿਆਉਣ ਦਾ ਹੋਵੇਗਾ ਫਿਰ ਤਾਂ ਹੀ ਅਸੀਂ "**ਸੰਤ ਰੇਨ**" ਦੇ ਨਾਲ ਜੁੜਾਂਗੇ, ਗੁਰੁ ਦੀ ਮਤਿ ਦੇ ਨਾਲ ਜੁੜਾਂਗੇ ਭਾਵ ਗੁਰੂ ਦੀ ਮਤਿ ਨੂੰ, ਉਸਦੇ ਨਾਮ ਨੂੰ ਪੂਰੀ ਤਰ੍ਹਾਂ ਮੰਨਾਂਗੇ। ਗੁਰੂ ਕੋਲੋਂ ਉਸ ਦੀ ਮਤਿ ਨੂੰ ਮੰਗਣ ਦਾ ਚਾਉ ਹੀ ਮਨੁੱਖ ਦੀ ਗੁਰੂ ਪ੍ਰਮਾਤਮਾ ਅੱਗੇ ਸੱਚੀ ਅਰਦਾਸ ਹੈ, ਉਸਦਾ ਸੱਚਾ ਦਾਨ ਮੰਗਣਾ ਹੈ, ਉਸਦੇ ਦਰਸ਼ਨ ਮੰਗਣਾ ਹੈ। ਅਗਰ ਧਿਆਨ ਨਾਲ ਸਮਝੋਗੇ ਤਾਂ ਸਾਡੇ ਮਨ ਦੀ ਸੱਚੀ ਬਿਰਤੀ ਹੀ ਸਾਡੀ ਪ੍ਰਮਾਤਮਾ ਅੱਗੇ ਅਰਦਾਸ ਹੈ। ਜੇਕਰ ਸਾਡੇ ਮਨ ਦੀ ਬਿਰਤੀ ਸੱਚੀ ਹੈ ਤਾਂ ਫਿਰ ਸਾਡੀ ਅਰਦਾਸ ਵੀ ਸੱਚੀ ਹੈ ਭਾਵ ਇਹੋ ਜਿਹੀ ਅਰਦਾਸ ਪ੍ਰਮਾਤਮਾ ਦੇ ਦਰਸ਼ਨ ਮੰਗਣ ਵਾਲੀ ਅਰਦਾਸ ਹੈ। ਜੇਕਰ ਸਾਡੀ ਬਿਰਤੀ ਸੱਚੀ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲੀ ਹੋਈ ਹੈ, ਵਿਕਾਰਾਂ ਵਿੱਚੋਂ ਨਿਕਲੀ ਹੋਈ ਹੈ ਤਾਂ ਫਿਰ ਇਹੋ ਜਿਹੀ ਬਿਰਤੀ ਸਾਡੇ ਕੋਲੋਂ ਸੱਚੀ ਸੁੱਚੀ ਕਿਰਤ ਕਰਾਉਂਦੀ ਹੈ, ਸਾਡੀ ਦੁਨਿਆਵੀ ਵਿਚਰਨ ਨੂੰ ਸੱਚਾ ਸੁੱਚਾ ਬਣਾਉਂਦੀ ਹੈ, ਸਾਨੂੰ ਪਰਉਪਕਾਰੀ ਬਣਾਉਂਦੀ ਹੈ ਤੇ ਸਾਡੀ ਇਹ ਚੰਗੀ ਵਿਚਰਨ ਹੀ ਪ੍ਰਮਾਤਮਾ ਦੇ ਦਰਸ਼ਨਾਂ ਦੀ ਸੱਚੀ ਅਰਦਾਸ ਹੈ। ਸਾਡੇ ਮਨ ਦੀ ਸੱਚੀ ਬਿਰਤੀ ਹੀ ਸਾਡੇ ਅੰਦਰ ਧਰਮ ਦਾ ਫੁੱਲ ਹੈ ਜਿਸਨੂੰ ਪ੍ਰਮਾਤਮਾ ਫ਼ਲ ਲਗਾਉਂਦਾ ਹੈ ਜੋ ਕਿ ਉਸਦੇ ਦਰਸ਼ਨ ਦੇ ਰੂਪ ਵਿੱਚ ਮਿਲਦਾ ਹੈ।

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਧਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥
ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥
ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥੬॥
ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ ॥
ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥੭॥
ਜਬ ਲਗੁ ਸਾਸੁ ਸਾਸੁ ਮਨ ਅੰਤਰਿ ਤਤੁ ਬੇਗਲ ਸਰਨਿ ਪਰੀਜੈ ॥
ਨਾਨਕ ਕ੍ਰਿਪਾ ਕ੍ਰਿਪਾ ਕਰਿ ਧਾਰਹੁ ਮੈ ਸਾਧੂ ਚਰਨ ਪਖੀਜੈ ॥੮॥੪॥}

(ਅੰਗ ੧੩੨੫)

{ਆਪੇ ਕੁਦਰਤਿ ਕਰੇ ਸਾਜਿ ॥ ਸਚੁ ਆਪਿ ਨਿਬੇੜੇ ਰਾਜੁ ਰਾਜਿ ॥ ਗੁਰਮਤਿ ਊਤਮ ਸੰਗਿ ਸਾਥਿ ॥
ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥ ਮਤ ਬਿਸਰਸਿ ਰੇ ਮਨ ਰਾਮ ਬੋਲਿ ॥
ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥
ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ ਗੁਰ ਸੇਵ ਤਰੇ ਤਜਿ ਮੇਰ ਤੋਰ ॥
ਨਰ ਨਿੰਦਕ ਲੋਭੀ ਮਨਿ ਕਠੋਰ ॥ ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥
ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ ੧੧੭੦)

ਜੇਕਰ ਅਸੀਂ ਮਾਇਆ ਮੋਹ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਇਹ ਵੀ ਜਰੂਰੀ ਹੈ ਕਿ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝੀਏ ਕਿ ਮਾਇਆ ਮੋਹ ਕੀ ਹੈ। ਬਾਣੀ ਵਿੱਚ ਸਾਨੂੰ ਵਾਰ-ਵਾਰ ਮਾਇਆ ਮੋਹ ਵਿੱਚੋਂ ਨਿਕਲਣ ਲਈ ਹੀ ਪ੍ਰੇਰਿਆ ਹੈ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਨਹੀਂ ਜਪ ਸਕਦੇ। ਜਿਵੇਂ ਕਿ ਪਿੱਛੇ ਵੀ ਅਸੀਂ ਜ਼ਿਕਰ ਕੀਤਾ ਹੈ, ਮਾਇਆ ਤੋਂ ਭਾਵ ਕੇਵਲ ਪੈਸਾ, ਧੰਨ ਨਹੀਂ ਹੈ। ਮਨ ਦੀ ਮਾਇਆ ਤੋਂ ਭਾਵ ਮਨ ਦੀ ਸਮਝ ਦੇ ਵਿੱਚ ਮਾਇਆ ਦੀ ਤ੍ਰੈਗੁਣੀ ਜੁਗਤਿ ਹੈ, ਪ੍ਰਮਾਤਮਾ ਦਾ ਸਭ ਨੂੰ ਆਪਣੇ ਆਪ ਨੂੰ ਸਮਝਣ ਤੋਂ, ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖਣ ਦਾ ਤਰੀਕਾ ਹੈ। ਇਸ

ਸੰਸਾਰ ਨੂੰ ਬਣਾ ਕੇ ਉਸ ਨੂੰ ਚਲਾਉਣ ਦਾ ਤਰੀਕਾ ਹੈ, ਇਸ ਸੰਸਾਰਿਕ ਖੇਡ ਨੂੰ ਚਲਾਉਣ ਦਾ ਤਰੀਕਾ ਹੈ। ਮਨ ਦਾ ਮਾਇਆ ਮੋਹ ਸਾਡੀ ਪ੍ਰਮਾਤਮਾ ਨੂੰ ਜਾਣਨ ਬਾਰੇ

10/1035

ਅਗਿਆਨਤਾ ਹੈ, ਸਾਡੀ ਭਰਮਾਂ ਵਾਲੀ ਸਮਝ ਹੈ। ਇੱਕ ਪਾਸੇ ਪ੍ਰਮਾਤਮਾ ਆਪ ਹੈ ਭਾਵ ਉਸਦੀ ਆਪਣੀ ਮਤਿ ਹੈ, ਉਸਦਾ ਆਪਣਾ ਸੱਚਾ ਗਿਆਨ ਹੈ ਤੇ ਦੂਸਰੇ ਪਾਸੇ ਮਾਇਆ ਮੋਹ ਹੈ। ਗੁਰਬਾਣੀ ਪ੍ਰਮਾਤਮਾ ਦਾ ਸਾਨੂੰ ਬਖਸ਼ਿਆ ਹੋਇਆ ਸੱਚਾ ਗਿਆਨ ਹੈ, ਉਸਦੀ ਸੱਚੀ ਮਤਿ ਹੈ। ਗੁਰਬਾਣੀ ਦੀ ਸੱਚੀ ਮਤਿ ਤੋਂ ਬਿਨ੍ਹਾਂ ਸਭ ਕੁੱਝ ਮਾਇਆ ਮੋਹ ਹੈ, ਭਰਮ ਹੈ, ਅਗਿਆਨਤਾ ਹੈ ਭਾਵ **"ਮਨਮਤਿ"**ਹੈ, ਹਉਮੈ ਹੈ। ਇੱਕ ਪਾਸੇ ਬ੍ਰਹਮ ਗਿਆਨ ਹੈ ਤੇ ਦੂਜੇ ਪਾਸੇ ਤ੍ਰੈਗੁਣੀ ਅਵੱਸਥਾ ਹੈ। ਜਿੱਥੇ ਤ੍ਰੈਗੁਣੀ ਅਵੱਸਥਾ ਹੈ, ਉੱਥੇ ਮਾਇਆ ਮੋਹ ਹੈ। ਮਾਇਆ ਮੋਹ ਵਿੱਚੋਂ ਸਾਨੂੰ ਬ੍ਰਹਮ ਗਿਆਨ ਕੱਢ ਸਕਦਾ ਹੈ, ਗੁਰੂ ਦਾ ਸੱਚਾ ਗਿਆਨ ਕੱਢ ਸਕਦਾ ਹੈ, ਕੇਵਲ "ਗੁਰਬਾਣੀ" ਦੀ ਸੱਚੀ ਸਮਝ ਕੱਢ ਸਕਦੀ ਹੈ ਜੋ ਕਿ ਬ੍ਰਹਮ ਗਿਆਨ ਹੈ ਭਾਵ ਗੁਰੂ ਦਾ ਨਾਮ ਹੈ। ਜਿੱਥੇ ਮਨਮਤਿ ਹੈ, ਉੱਥੇ ਮਾਇਆ ਮੋਹ ਹੈ ਤੇ ਇਸ ਮਨਮਤਿ ਵਿੱਚ ਰਹਿੰਦਿਆਂ, "ਹਉ" ਵਿੱਚ ਰਹਿੰਦਿਆਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਸਾਡਾ ਉਧਾਰ ਗੁਰਬਾਣੀ ਨੇ ਕਰਨਾ ਹੈ, ਗੁਰਮਤਿ ਦੀ ਸੱਚੀ ਸਮਝ ਨੇ ਕਰਨਾ ਹੈ। ਆਓ ਮਾਇਆ ਮੋਹ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਜਾਣੀਏ ਕਿ ਮਨ ਦਾ ਮਾਇਆ ਮੋਹ ਸਾਨੂੰ ਕਿਸ ਤਰੀਕੇ ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਭਟਕਾਉਂਦਾ ਹੈ, ਗੁਰਮਤਿ ਤੋਂ ਭਟਕਾਉਂਦਾ ਹੈ ਤਾਂ ਜੋ ਅਸੀਂ ਗੁਰਮਤਿ ਨੂੰ ਅਪਣਾ ਕੇ ਆਪਣਾ ਉਧਾਰ ਕਰੀਏ।

ਰਾਗੁ ਆਸਾ ਘਰੁ ੨ ਮਹਲਾ ੫

ੴ ਸਤਿਗੁਰ ਪ੍ਰਸਾਦਿ॥

"ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥
ਭਾਈ ਮੀਤ ਕੁਟੰਬ ਦੇਖਿ ਬਿਬਾਦੇ॥ਹਮ ਆਈ ਵਸਗਤਿ ਗੁਰ ਪਰਸਾਦੇ॥੧॥
ਐਸਾ ਦੇਖਿ ਬਿਮੋਹਿਤ ਹੋਏ॥ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥੧॥ ਰਹਾਉ॥
ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ॥ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ॥
ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ॥
ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥੨॥
ਤਪੁ ਕਰਤੇ ਤਪਸੀ ਭੂਲਾਏ॥ਪੰਡਿਤ ਮੋਹੇ ਲੋਭਿ ਸਬਾਏ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥੩॥
ਗਿਆਨੀ ਕੀ ਹੋਇ ਵਰਤੀ ਦਾਸਿ॥ਕਰ ਜੋੜੇ ਸੇਵਾ ਕਰੇ ਅਰਦਾਸਿ॥
ਜੋ ਤੂੰ ਕਹਹਿ ਸੁ ਕਾਰ ਕਮਾਵਾ॥ਜਨ ਨਾਨਕ ਗੁਰਮੁਖ ਨੇੜਿ ਨ ਆਵਾ॥੪॥੧॥"

(ਅੰਗ ੩੭੦)

ਇਸ ਉਪਰਲੇ ਸ਼ਬਦ ਰਾਹੀਂ ਮਾਇਆ ਮੋਹ ਦੇ ਰੂਪ ਹੀ ਸਮਝਾਏ ਹੋਏ ਹਨ ਜੋ ਸਾਨੂੰ ਭਗਤੀ ਦੇ ਸੱਚੇ ਮਾਰਗ ਨਾਲ ਜੁੜਨ ਤੋਂ ਦੂਰ ਰੱਖਦੇ ਹਨ ਭਾਵ ਇਹ ਮਨ ਦੀ ਮਾਇਆ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਦੁਨਿਆਵੀ ਧੰਨ ਦੌਲਤ ਵੀ ਮਾਇਆ ਹੀ ਹੈ ਤੇ ਇਸ ਦੇ ਨਾਲ ਨਾਲ ਉੱਪਰ ਸ਼ਬਦ ਰਾਹੀਂ ਇਸਦਾ ਦੂਸਰਾ ਰੂਪ ਵੀ ਸਮਝਾਇਆ ਹੋਇਆ ਹੈ ਜਿਸ ਰੂਪ ਵਿੱਚ ਮਾਇਆ ਸਾਡੇ ਮਨ ਦੇ ਵਿੱਚ ਵਿਚਰਦੀ ਹੈ।

ਜਿਹੜੇ ਮਨੁੱਖ ਧੰਨ ਦੌਲਤ ਨਾਲ ਬਹੁਤੀ ਪ੍ਰੀਤ ਜੋੜਦੇ ਹਨ ਭਾਵ ਦੁਨਿਆਵੀ ਮਾਇਆ ਦੇ ਜਾਲ ਵਿੱਚ ਫਸਦੇ ਹਨ ਉਹਨਾਂ ਦੀ ਨੈਤਿਕਤਾ ਨੀਵੀਂ ਕਰਨ ਦਾ ਕਾਰਨ ਇਹ ਮਾਇਆ ਮੋਹ ਹੀ ਬਣਦਾ ਹੈ ਜਿਸ ਦੀ ਪੂਰਤੀ ਲਈ ਮਨੁੱਖ ਮਾੜੇ ਕੰਮਾਂ ਦਾ ਆਸਰਾ ਲੈਂਦਾ ਹੈ। ਇੱਕ ਵਾਰੀ ਜੋ ਮਨੁੱਖ ਦੁਨਿਆਵੀ ਮਾਇਆ ਦਾ ਸੁੱਖ ਮਾਣ ਲੈਂਦੇ ਹਨ ਭਾਵ ਜੋ ਮਾਇਆ ਨੂੰ ਹੀ ਆਪਣੇ ਸੁੱਖਾਂ ਦਾ ਕਾਰਨ ਸਮਝਦੇ ਹਨ ਫਿਰ ਉਹਨਾਂ ਦੇ ਅੰਦਰ ਇਸ ਗੱਲ ਦਾ ਭਉ ਬੈਠ ਜਾਂਦਾ ਹੈ ਕਿ ਹੁਣ ਮਾਇਆ ਘੱਟ ਨਾ ਹੋ ਜਾਵੇ ਤੇ ਇਸੇ ਭਉ ਕਾਰਨ ਹੋਰ ਮਾਇਆ ਵਿੱਚ ਉਲਝ ਜਾਂਦੇ ਹਨ ਤੇ ਆਪਣੇ ਆਪ ਨੂੰ ਪ੍ਰੇਸ਼ਾਨ ਕਰੀ ਜਾਂਦੇ ਹਨ। ਜਿਉਂ ਜਿਉਂ ਮਾਇਆ ਦੀ ਲਾਲਸਾ ਵੱਧਦੀ ਜਾਂਦੀ ਹੈ, ਨਾਲ-ਨਾਲ ਪ੍ਰੇਸ਼ਾਨੀਆਂ ਵੀ ਵੱਧਦੀਆਂ ਹਨ, ਚਿੰਤਾ ਵੀ ਵੱਧਦੀ ਹੈ। **(ਜਿਨਿ ਲਾਈ**

ਪ੍ਰੀਤਿ ਸੋਈ ਫਿਰਿ ਖਾਇਆ॥ ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥)

10/1036

ਪਰਵਾਰ ਦੇ ਵਿੱਚ ਝਗੜਿਆਂ ਦਾ ਕਾਰਨ ਇਹ ਮਾਇਆ ਹੀ ਬਣਦੀ ਹੈ ਜਿਸ ਨਾਲ ਸਾਡੀਆਂ ਪ੍ਰੇਸ਼ਾਨੀਆਂ ਵੱਧਦੀਆਂ ਹਨ ਕਿਉਂਕਿ ਸਭ ਨੂੰ ਇਹ ਮਾਇਆ ਹੀ ਚੰਗੀ ਲੱਗਦੀ ਹੈ। ਮਨੁੱਖ ਦੇ ਅੰਦਰ ਪ੍ਰਮਾਤਮਾ ਨੇ ਆਪਣੀ ਮਾਇਆ ਦੀ ਜੁਗਤਿ ਦੇ ਨਾਲ ਮਾਇਆ ਵਿੱਚ ਇਤਨਾ ਪਿਆਰ ਪਾਇਆ ਹੋਇਆ ਹੈ ਕਿ ਇਸ ਵਿੱਚੋਂ ਨਿਕਲਣਾ ਬਹੁਤ ਮੁਸ਼ਕਿਲ ਹੈ। ਜਿਸ ਨੇ ਸਾਡੇ ਅੰਦਰ ਇਸ ਦਾ ਮੋਹ ਪਾਇਆ ਹੋਇਆ ਹੈ ਉਹ ਆਪ ਹੀ ਇਸ ਨੂੰ ਵੱਸ ਵਿੱਚ ਕਰਵਾ ਸਕਦਾ ਹੈ। ਮਾਇਆ ਮੋਹ ਸਾਡੇ ਮਨ ਦੀ ਸਮਝ ਹੈ, ਸਾਡੇ ਮਨ ਦੇ ਵਿਚਾਰ ਹਨ ਜੋ ਕਿ ਸਾਡੇ ਵੱਸ ਵਿੱਚ ਨਹੀਂ ਹਨ। ਜਿਸਦੇ ਇਹ ਵਿਚਾਰ ਹਨ, ਉਹੀ ਇਹਨਾਂ ਨੂੰ ਵੱਸ ਵਿੱਚ ਕਰ ਸਕਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ ਭਾਵ ਉਸਦੇ ਵਿਚਾਰਾਂ ਨੂੰ, ਉਸਦੀ ਸੋਚ ਨੂੰ ਬਦਲ ਦਿੰਦਾ ਹੈ। **(ਭਾਈ ਮੀਤ ਕੁਟੰਬ ਦੇਖਿ ਬਿਬਾਦੇ॥ਹਮ ਆਈ ਵਸਗਤਿ ਗੁਰ ਪਰਸਾਦੇ॥੧॥)**

ਸਾਡੇ ਮਨ ਦੇ ਵਿੱਚ ਹੀ ਤ੍ਰੈਗੁਣੀ ਵਿਚਾਰ ਹਨ ਤੇ ਸਾਡੇ ਮਨ ਦੇ ਵਿੱਚ ਹੀ ਸਹਜ ਹੈ ਭਾਵ ਚੌਥੇ ਪਦ ਵਾਲਾ ਗਿਆਨ ਹੈ। ਪ੍ਰਮਾਤਮਾ ਸਾਨੂੰ ਕਿਸ ਅਵੱਸਥਾ ਵਿੱਚ ਰੱਖਦਾ ਹੈ ਇਹ ਉਸਦੇ ਹੱਥ ਹੈ।

“ਐਸਾ ਦੇਖਿ ਬਿਮੋਹਿਤ ਹੋਏ॥

ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥੧॥ ਰਹਾਉ॥”

ਇੱਥੇ ਹੁਣ ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਰਾਹੀਂ ਮਾਇਆ ਦਾ ਦੂਸਰਾ ਰੂਪ ਸਮਝਾਇਆ ਹੋਇਆ ਹੈ। ਸਾਧਕ ਸਿਧ ਆਦਿ ਉਹ ਹਨ ਜੋ “**ਧਨ ਰੂਪ**” ਮਾਇਆ ਵਿੱਚੋਂ ਨਿਕਲ ਕੇ, ਧੰਨ ਦੌਲਤ ਦਾ ਤਿਆਗ ਕਰਕੇ ਪ੍ਰਮਾਤਮਾ ਦੀ ਸਾਧਨਾ ਵਿੱਚ ਲੱਗ ਜਾਂਦੇ ਹਨ, ਘਰ ਬਾਰ ਛੱਡ ਕੇ ਕਿਤੇ ਸਮਾਧੀ ਵਿੱਚ ਜਾ ਬੈਠਦੇ ਹਨ ਕਿਉਂਕਿ ਉਹਨਾਂ ਨੂੰ ਮਾਇਆ ਦਾ ਇਹੋ ਜਿਹਾ ਰੂਪ ਆਕਰਸ਼ਿਤ ਕਰਦਾ ਹੈ, ਮੋਂਹਦਾ ਹੈ ਭਾਵ ਭਾਵੇਂ ਉਹ ਧੰਨ ਦੌਲਤ ਦੇ ਲਾਲਚ ਵਿੱਚੋਂ ਨਿਕਲ ਜਾਂਦੇ ਹਨ ਪਰ ਮਾਇਆ ਦੇ ਦੂਸਰੇ ਰੂਪ ਦੁਆਰਾ ਮੋਹੇ ਜਾਂਦੇ ਹਨ ਜੋ ਮਾਇਆ ਦਾ ਦੂਸਰਾ ਰੂਪ ਸਾਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਪਾਉਂਦਾ ਹੈ, ਧਰਮ ਦੇ ਸੱਚੇ ਮਾਰਗ ਤੋਂ ਭਟਕਾਉਂਦਾ ਹੈ। ਅਨੇਕਾਂ ਹੀ ਮਨੁੱਖ ਇਸ ਨਾਸਮਝੀ ਵਾਲੀ ਭਗਤੀ ਨੂੰ ਹੀ ਭਾਵ ਇਹੋ ਜਿਹੇ ਜਪ ਤਪ ਨੂੰ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਸਮਝਦੇ ਹਨ ਭਾਵ ਮਨ ਦੇ ਮਾਇਆ ਮੋਹ ਦੇ ਨਾਲ

10/1037

ਬਿਮੋਹਿਤ ਹੁੰਦੇ ਹਨ। ਜੇਕਰ ਧਿਆਨ ਨਾਲ ਵਿਚਾਰੀਏ ਤਾਂ ਇਹੀ ਸਭ ਪਾਸੇ ਭਗਤੀ ਦਾ ਤਰੀਕਾ ਮੰਨਿਆ ਜਾਂਦਾ ਹੈ ਪਰ ਬਾਣੀ ਇਸ ਨੂੰ ਇੱਕ ਮਾਇਆ ਦੀ ਜੁਗਤਿ ਦੀ ਠੱਗੀ ਕਹਿ ਕੇ ਸਮਝਾ ਰਹੀ ਹੈ। **(ਸਭਿ ਧ੍ਰੋਹਨਿ ਧ੍ਰੋਹੇ॥)** ਕੇਵਲ ਇੱਕ ਸਾਧੂ ਹੀ ਭਾਵ ਗੁਰੂ ਹੀ ਮਾਇਆ ਦੇ ਇਸ ਰੂਪ ਤੋਂ, ਮਾਇਆ ਦੀ ਜੁਗਤਿ ਦੀ ਇਸ ਠੱਗੀ ਤੋਂ ਬਾਹਰ ਹੈ ਕਿਉਂਕਿ ਗੁਰੂ ਤ੍ਰੈਗੁਣਾਂ ਦੀ ਜੁਗਤਿ ਤੋਂ ਬਾਹਰ ਹੈ, ਉਹ ਚੌਥੇ ਪਦ ਵਿੱਚ ਵਰਤਦਾ ਹੈ, ਉਹ ਅਗਿਆਨਤਾ ਤੋਂ ਬਾਹਰ ਹੈ, ਉਹ ਹਰ ਭਰਮ ਤੋਂ ਬਾਹਰ ਹੈ, ਉਹ ਮਨਮਤਿ ਤੋਂ ਬਾਹਰ ਹੈ। ਗੁਰੂ ਆਪਣੀ ਗੁਰਮਤਿ ਵਾਲੀ ਸੱਚੀ ਸਮਝ ਦੇ ਵਿੱਚ ਹੈ ਭਾਵ ਜਿੱਥੇ ਮਾਇਆ ਦੀ ਜੁਗਤਿ ਹੈ ਉੱਥੇ ਭਰਮ ਹੈ, ਅਗਿਆਨਤਾ ਹੈ, ਮਨਮਤਿ ਹੈ। ਸਭ ਸਿਧ ਸਾਧਿਕ, ਸੁਰਦੇਵ ਆਦਿ ਤੇ ਉਹ ਮਨੁੱਖ ਜੋ ਇਹਨਾਂ ਦੀ ਸਮਝ ਦੇ ਪਿੱਛੇ ਲੱਗਦੇ ਹਨ, ਜਪ ਤਪ ਆਦਿ ਕਰਦੇ ਹਨ, ਰਿਧੀਆਂ ਸਿਧੀਆਂ ਵਿੱਚ ਪੈਂਦੇ ਹਨ ਭਾਵੇਂ ਉਹ ਧੰਨ ਦੌਲਤ ਦਾ, ਪਰਿਵਾਰ ਦਾ, ਗ੍ਰਿਹਸਥ ਦਾ ਤਿਆਗ ਵੀ ਕਰ ਜਾਂਦੇ ਹਨ ਪਰ ਫਿਰ ਵੀ ਉਹ ਮਾਇਆ ਵਿੱਚ ਹੀ ਰਹਿੰਦੇ ਹਨ, ਮਾਇਆ ਮੋਹ ਵਿੱਚ ਹੀ ਰਹਿੰਦੇ ਹਨ। ਸਿਰਫ਼ ਮਾਇਆ ਦਾ ਉਹਨਾਂ ਨੂੰ ਮੋਹਣ ਦਾ ਤਰੀਕਾ ਬਦਲ ਜਾਂਦਾ ਹੈ ਤੇ ਉਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਹੋਰ ਵੀ ਸਪੱਸ਼ਟ ਕੀਤੀ ਹੋਈ ਹੈ ਭਾਵ ਮਾਇਆ ਦਾ ਹੀ ਦੂਸਰਾ ਰੂਪ ਸਮਝਾਇਆ ਹੋਇਆ ਹੈ।

“ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ॥”

ਇਹ ਸਾਰਾ ਸ਼ਬਦ ਮਨ ਦੀ ਮਾਇਆ ਉੱਤੇ ਹੀ ਕੇਂਦਰਿਤ ਹੈ ਤੇ ਹਰ ਪੰਗਤੀ ਦੁਆਰਾ ਮਾਇਆ ਦਾ ਰੂਪ ਹੀ ਸਮਝਾਇਆ ਹੋਇਆ ਹੈ। ਉਦਾਸੀ ਉਹ ਹੁੰਦੇ ਹਨ ਜੋ ਪ੍ਰਮਾਤਮਾ ਨੂੰ ਪਾਉਣ ਲਈ ਘਰ ਬਾਰ ਛੱਡ ਕੇ ਚਲੇ ਜਾਂਦੇ ਹਨ, ਧੰਨ ਦੌਲਤ ਤਿਆਗ ਕੇ ਚਲੇ ਜਾਂਦੇ ਹਨ ਪਰ ਇਹ ਵੀ ਮਾਇਆ ਦੀ ਹੀ ਜੁਗਤਿ ਹੈ ਜਿਸ ਨੇ ਉਹਨਾਂ ਨੂੰ ਭਰਮਾਇਆ ਹੋਇਆ ਹੈ, ਭਗਤੀ ਦੇ ਸਹੀ

ਮਾਰਗ ਤੋਂ ਭਰਮਾਇਆ ਹੋਇਆ ਹੈ। ‘‘ਕਾਮ’’ ਮਨੁੱਖ ਦੀ ਬੁਨਿਆਦੀ ਲੋੜ ਹੈ ਜਿਸ ਦੀ ਸਹੀ ਤਰੀਕੇ ਨਾਲ ਪੂਰਤੀ ਗ੍ਰਹਿਸਥ ਵਸਾ ਕੇ ਹੋ ਸਕਦੀ ਹੈ, ਗ੍ਰਹਿਸਥੀ ਬਣ ਕੇ ਹੋ ਸਕਦੀ ਹੈ ਤੇ ਇਸ ਦੇ ਨਾਲ ਹੀ ਮਨੁੱਖਤਾ ਪਨਪਦੀ ਹੈ, ਸੰਸਾਰਿਕ ਖੇਡ ਚੱਲਦੀ ਹੈ। ਮਨੁੱਖ ਨੂੰ ਗ੍ਰਹਿਸਥ ਜੀਵਨ ਤੋਂ ਉਦਾਸ ਵੀ ਇਹ ਮਾਇਆ ਦੀ ਜੁਗਤਿ ਹੀ

10/1038

ਬਣਾਉਂਦੀ ਹੈ ਤੇ ਮਨੁੱਖ ਨੂੰ ਭਰਮਾ ਕੇ ਉਸਨੂੰ ਕੇਵਲ ਖੁਆਰ ਹੀ ਕਰਦੀ ਹੈ। ਗ੍ਰਹਿਸਥ ਦੇ ਵਿੱਚ ਰਹਿ ਕੇ ਵੀ ਮਾਇਆ ਹੀ ਵਰਤਦੀ ਹੈ ਪਰ ਜੋ ਇਸਨੂੰ ਇਕੱਠਾ ਕਰਨ ਵਿੱਚ ਲੱਗ ਜਾਂਦੇ ਹਨ ਉਹ ਵੀ ਇਸ ਦੀ ਜੁਗਤਿ ਵਿੱਚ ਫਸ ਜਾਂਦੇ ਹਨ ਭਾਵ ਕੋਈ ਆਪਣੇ ਆਪ ਮਾਇਆ ਦੇ ਜਾਲ ਵਿੱਚ ਨਹੀਂ ਫਸਦਾ, ਮਾਇਆ ਦੀ ਜੁਗਤਿ ਹੀ ਮਨੁੱਖ ਨੂੰ ਇਸ ਵਿੱਚ ਫਸਾਉਂਦੀ ਹੈ ਭਾਵ ਮਨੁੱਖ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ, ਪ੍ਰਮਾਤਮਾ ਦੀ ਆਪਣੀ ਪਾਈ ਹੋਈ ਇਹ ਜੁਗਤਿ ਸਾਨੂੰ ਸਾਡੇ ਸਹੀ ਮਾਰਗ ਦੀ ਸੋਝੀ ਪੈਣ ਹੀ ਨਹੀਂ ਦਿੰਦੀ। **(ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ॥)** ਆਓ ਹੁਣ ਅਗਲੀ ਪੰਗਤੀ ਨੂੰ ਫਿਰ ਧਿਆਨ ਨਾਲ ਵਿਚਾਰੀਏ।

“ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ॥”

‘‘ਸਤੀ’’ ਅਖਵਾਉਣ ਵਾਲੇ ਉਹ ਹੁੰਦੇ ਹਨ ਜੋ ਆਪਣੇ ਵੱਲੋਂ ‘‘ਸਤਿ’’ ਦੇ ਨਾਲ ਜੁੜੇ ਹੋਏ ਹੁੰਦੇ ਹਨ, ਆਪਣੇ ਆਪ ਨੂੰ ਸੱਚੇ ਧਰਮ ਦੇ ਮਾਰਗ ਦੇ ਨਾਲ ਜੁੜੇ ਹੋਏ ਸਮਝਦੇ ਹਨ ਜਿਵੇਂ ਕਿ ਭਾਰਤ ਵਰਸ਼ ਵਿੱਚ ਪ੍ਰਾਚੀਨ ਸਮੇਂ ਤੋਂ ਇਹ ਪ੍ਰਥਾ ਚੱਲਦੀ ਆ ਰਹੀ ਹੈ। ਧਰਮ ਦਾ ਮਾਰਗ ਅਪਣਾਉਣ ਵਾਲੇ ਕਿਸੇ ਨਾ ਕਿਸੇ ਨੂੰ ਭਾਵ ਕਿਸੇ ਦੇਹ ਰੂਪ ਨੂੰ ਆਪਣਾ ਗੁਰੂ ਧਾਰਦੇ ਹਨ ਤੇ ਫਿਰ ਉਸ ਕੋਲੋਂ ਦੀਖਿਆ ਲੈਂਦੇ ਹਨ, ਸਿੱਖਿਆ ਲੈਂਦੇ ਹਨ ਭਾਵ ਆਪਣਾ ਧਰਮ ਨਿਭਾਉਣ ਦੀ ਸਿੱਖਿਆ ਲੈਂਦੇ ਹਨ। ਉਹ ਉਸੇ ਅਨੁਸਾਰ ਵਿਚਰਦੇ ਹਨ ਜਿਹੋ ਜਿਹੀ ਉਹਨਾਂ ਨੂੰ ਸਿੱਖਿਆ ਮਿਲਦੀ ਹੈ। ਉਹ ਆਪਣੇ ਦੁਨਿਆਵੀ ਗੁਰੂ ਦੀ ਸਿੱਖਿਆ ਨੂੰ, ਗੁਰੂ ਦੇ ਬਚਨਾਂ ਨੂੰ ਸਤਿ ਕਰਕੇ ਮੰਨਦੇ ਹਨ ਤੇ ਉਹਨਾਂ ਦੇ ਬਚਨਾਂ ਤੇ ਪੂਰਾ ਉਤਰ ਕੇ ਸਤੀ ਅਖਵਾਉਂਦੇ ਹਨ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਣ ਵਾਲਾ ਅਖਵਾਉਂਦੇ ਹਨ। ਜਿਸ ਨੂੰ ਜਿਤਨੀ ਸਮਝ ਹੁੰਦੀ ਹੈ ਉਹ ਉਹੋ ਜਿਹੀ ਹੀ ਧਰਮ ਦੀ ਸਿੱਖਿਆ ਦਿੰਦਾ ਹੈ। ਪ੍ਰਾਚੀਨ ਸਮੇਂ ਤੋਂ ਹੀ ਸਰੀਰਕ ਜਪ ਤਪ ਨੂੰ ਤੇ ਅਨੇਕਾਂ ਤਰੀਕਿਆਂ ਦੁਆਰਾ ਸੰਜਮ ਰੱਖਣਾ, ਧਰਮ ਦਾ ਮਾਰਗ ਸਮਝਿਆ ਜਾਂਦਾ ਰਿਹਾ ਹੈ ਜਿੰਨ੍ਹਾਂ ਦਾ ਗੁਰਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਆਪਣੇ ਆਪਣੇ ਬਣਾਏ ਹੋਏ ਸੰਜਮ ਆਦਿ ਨਿਭਾਉਣ ਵਿੱਚ ਮਨੁੱਖ ਵਿਅਰਥ ਵਿੱਚ ਹੀ ਆਪਣੇ ਆਪ ਨੂੰ ਖੁਆਰ ਕਰਦਾ ਰਹਿੰਦਾ ਹੈ ਜੋ ਕਿ ਧਰਮ ਦਾ ਮਾਰਗ ਨਹੀਂ ਹੈ। ਜੇਕਰ ਕਿਸੇ ਦੁਨਿਆਵੀ ਗੁਰੂ ਕੋਲੋਂ ਇਹ

10/1039

ਸਿੱਖਿਆ ਮਿਲ ਜਾਵੇ ਕਿ ਤੁਸੀਂ ਧਰਤੀ ਉੱਤੇ ਹੀ ਸੋਂਣਾ ਹੈ, ਇੱਕ ਲੱਤ ਤੇ ਖਲੋ ਕੇ ਜਪ ਕਰਨਾ ਹੈ, ਨੰਗੀ ਪੈਰੀ ਫਿਰਨਾ ਹੈ, ਠੰਡ ਵਿੱਚ ਵੀ ਬਹੁਤ ਵਸਤਰ ਨਹੀਂ ਪਹਿਨਣੇ, ਕੇਵਲ ਠੰਡੇ ਪਾਣੀ ਨਾਲ ਇਸ਼ਨਾਨ ਕਰਨਾ ਹੈ, ਕਿਸੇ ਖਾਸ ਥਿਤ ਵਾਰ ਤੇ ਕੋਈ ਜਪ ਤਪ ਕਰਨਾ ਹੈ, ਵਰਤ ਰੱਖ ਕੇ ਭੁੱਖਿਆਂ ਰਹਿਣਾ ਹੈ ਆਦਿਕ ਆਦਿਕ। ਇਹੋ ਜਿਹੇ ਬਚਨ ਮੰਨਣ ਵਾਲੇ ਆਪਣੇ ਆਪ ਨੂੰ ਸੱਚੀ ਸਿੱਖਿਆ ਤੇ ਚੱਲਣ ਵਾਲੇ, ਆਪਣੇ ਆਪ ਨੂੰ ਗੁਰੂ ਦੇ ਸੱਚੇ ਅਨੁਯਾਈ, ‘‘ਸਤੀ’’ ਅਖਵਾਉਂਦੇ ਹਨ ਪਰ ਇਹੋ ਜਿਹਾ ਸਤੀ ਅਖਵਾਉਣਾ ਕਿਤਨਾ ਔਖਾ ਹੈ, ਸਰੀਰ ਨੂੰ ਕਿਤਨੇ ਕਸ਼ਟ ਦੇਣੇ ਪੈਂਦੇ ਹਨ, ਇਹ ਸਮਝਿਆ ਜਾ ਸਕਦਾ ਹੈ। ਇਹ ਧਰਮ ਦਾ ਸੱਚਾ ਮਾਰਗ ਨਾ ਹੁੰਦੇ ਹੋਏ ਵੀ ਅਸੀਂ ਇਸ ਨੂੰ ਧਰਮ ਦਾ ਸੱਚਾ ਮਾਰਗ ਸਮਝਦੇ ਹਾਂ। ਉੱਪਰ ਸ਼ਬਦ ਵਿੱਚ ਇਸਨੂੰ ਸਾਡਾ ਭਰਮ ਕਹਿ ਕੇ ਸਮਝਾਇਆ ਹੈ, ਮਾਇਆ ਦੀ ਜੁਗਤਿ ਕਹਿ ਕੇ ਸਮਝਾਇਆ ਹੈ ਜੋ ਜੁਗਤਿ ਸਾਨੂੰ ਭਰਮ ਵਿੱਚ ਰੱਖ ਕੇ ਵੀ ਸਾਨੂੰ ਭਰਮਿਆ ਹੋਇਆ ਨਹੀਂ ਮੰਨਣ ਦਿੰਦੀ। ਅਸੀਂ ਆਪਣੀ ਖੁਆਰੀ ਕਰਕੇ ਵੀ ਉਸ ਵਿੱਚ ਆਪਣੀ ਤਸੱਲੀ ਸਮਝਦੇ ਹਾਂ ਪਰ ਅਸਲ ਵਿੱਚ ਪ੍ਰਮਾਤਮਾ ਦੇ ਦਰ ਤੇ ਇਹ ਸਾਡਾ ਕੋਈ ਭਗਤੀ ਦਾ ਤਰੀਕਾ ਨਹੀਂ ਹੈ ਭਾਵ ਅਸੀਂ ਬਿਨ੍ਹਾਂ ਧਰਮ ਦੀ ਸੋਝੀ ਤੋਂ ਹੀ ਆਪਣੇ ਆਪ ਨੂੰ ਧਰਮੀ ਸਮਝੀ ਜਾਂਦੇ ਹਾਂ। **(ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ॥)**ਜੇਕਰ ਸਿੱਖ ਜਗਤ ਵੱਲ ਧਿਆਨ ਮਾਰੀਏ ਤਾਂ ਇਹੋ ਜਿਹੇ ਭਰਮ ਦਾ ਸ਼ਿਕਾਰ ਹੋਣ ਵਾਲਿਆਂ ਦੀ ਕਮੀ ਨਹੀਂ ਹੈ। ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਦੇ ਕੇ ਜੋ ਸਾਡੇ ਤੇ ਇਤਨੀ ਵੱਡੀ ਕਿਰਪਾ ਕੀਤੀ ਹੈ ਅਸੀਂ ਉਸਦਾ ਲਾਭ ਨਹੀਂ ਚੁੱਕ ਰਹੇ। ਅਸੀਂ ਵੀ ਉਸੇ ਤਰ੍ਹਾਂ ਸਰੀਰਕ ਜਪਾਂ ਤਪਾਂ ਵਿੱਚ ਉਲਝੇ ਹੋਏ ਹਾਂ, ਕਿਸੇ ਖਾਸ ਸਮੇ ਨੂੰ ਉੱਚਾ ਮੰਨ ਕੇ ਚੱਲਦੇ ਹਾਂ, ਥਿਤਾਂ ਵਾਰਾਂ ਵਿੱਚ ਵੀ ਅਸੀਂ ਉਲਝੇ ਹੋਏ ਹਾਂ,

ਮੱਸਿਆ, ਸੰਗ੍ਰਾਦਾਂ ਉੱਤੇ ਗੁਰਦਵਾਰਿਆਂ ਵਿੱਚ ਸੰਗਤਾਂ ਦੀ ਭੀੜ ਨੂੰ ਦੇਖ ਕੇ ਇਸਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਵੱਖਰੇ-ਵੱਖਰੇ ਗੁਰਦਵਾਰਿਆਂ ਦੀ ਕੋਈ ਖਾਸ ਵੱਖਰੀ-ਵੱਖਰੀ ਅਹਿਮੀਅਤ ਵੀ ਸਮਝੀ ਹੋਈ ਹੈ। ਗੁਰੂ ਦੀ ਮਤਿ ਨਾਲੋਂ ਕਿਸੇ ਖਾਸ ਜਗ੍ਹਾ ਨੂੰ ਜ਼ਿਆਦਾ ਅਹਿਮੀਅਤ ਦਿੱਤੀ

10/1040

ਹੋਈ ਹੈ, ਕਿਸੇ ਖਾਸ ਸ਼ਖਸ਼ਿਅਤ ਨੂੰ ਜਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ। ਗੁਰਬਾਣੀ ਦੇ ਨਾਲ ਕਿਸੇ ਕੱਚੀ ਪੁਸਤਕ ਨੂੰ, ਕੱਚੀ ਬਾਣੀ ਨੂੰ ਵੀ ਬਰਾਬਰ ਦੀ ਜਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ। ਇਹੋ ਜਿਹਾ ਕਰਕੇ ਅਸੀਂ ਆਪਣੇ ਆਪ ਨੂੰ ਸੱਚ ਦੇ ਮਾਰਗ ਤੇ ਚੱਲਣ ਵਾਲੇ, ਧਰਮ ਦੇ ਮਾਰਗ ਤੇ ਚੱਲਣ ਵਾਲਾ ਹੀ ਸਮਝਦੇ ਹਾਂ ਪਰ ਅਸਲ ਵਿੱਚ ਇਹ ਸਭ ਮਾਇਆ ਮੋਹ ਹੈ, ਮਾਇਆ ਦੀ ਜੁਗਤਿ ਦਾ ਪ੍ਰਤਾਪ ਹੈ, ਉਸਦਾ ਪਾਇਆ ਹੋਇਆ ਭਰਮ ਹੈ, ਸਾਡੀ ਅਗਿਆਨਤਾ ਹੈ ਕਿਉਂਕਿ ਸਾਨੂੰ ਸੱਚੇ ਗੁਰੂ ਦੀ ਸਿੱਖਿਆ, ਸ਼ਬਦ ਗੁਰੂ ਦੀ ਸਿੱਖਿਆ ਇਹ ਕੁੱਝ ਨਹੀਂ ਸਿਖਾਉਂਦੀ ਕਿ ਅਸੀਂ ਕਿਸੇ ਕੱਚੀ ਬਾਣੀ ਦੀ ਮਤਿ ਨਾਲ ਜੁੜੀਏ। ਇਸ ਮਾਇਆ ਮੋਹ ਦੀ ਜੁਗਤਿ ਤੋਂ ਅਸੀਂ ਕਿਵੇਂ ਨਿਕਲ ਸਕਦੇ ਹਾਂ ਭਾਵ ਸਾਡੀ ਇਹ ਅਗਿਆਨਤਾ ਕਿਵੇਂ ਜਾ ਸਕਦੀ ਹੈ, ਸਾਡੀ ਇਹ ਖੁਆਰੀ ਕਿਵੇਂ ਰੁਕ ਸਕਦੀ ਹੈ, ਸਾਨੂੰ ਧਰਮ ਦਾ ਸੱਚਾ ਮਾਰਗ ਕਿੱਥੋਂ ਮਿਲ ਸਕਦਾ ਹੈ, ਉਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ

“ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥੨॥”

ਸਤਿਗੁਰ “ਸ਼ਬਦ” ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਗੁਰਬਾਣੀ ਦਾ ਸੱਚਾ ਗਿਆਨ ਹੈ ਜੋ ਹਰ ਭਰਮ ਤੋਂ ਰਹਿਤ ਹੈ। ਸਾਨੂੰ ਇਸ ਅਗਿਆਨਤਾ ਵਿੱਚੋਂ ਗੁਰਬਾਣੀ ਦਾ ਗਿਆਨ ਹੀ ਕੱਢ ਰਿਹਾ ਹੈ। ਸਾਨੂੰ ਗੁਰਬਾਣੀ ਸਪੱਸ਼ਟ ਸਮਝਾ ਰਹੀ ਹੈ ਕਿ ਸਰੀਰਕ ਜਪ ਤਪ ਕਰਨੇ ਧਰਮ ਦਾ ਮਾਰਗ ਨਹੀਂ ਹੈ ਬਲਕਿ ਸਾਡੀ ਖੁਆਰੀ ਹੈ। ਸਰੀਰ ਨੂੰ ਕਸ਼ਟ ਦੇਣਾ, ਇਹ ਕੋਈ ਧਰਮ ਦਾ ਮਾਰਗ ਨਹੀਂ ਹੈ। ਨੰਗੀ ਪੈਰੀ ਦੂਰੋਂ ਚੱਲ ਕੇ ਗੁਰੂ ਦੇ ਦੁਆਰੇ ਤੇ ਆਉਣਾ ਕੋਈ ਸ਼ਰਧਾ ਦਿਖਾਉਣ ਵਾਲੀ ਗੱਲ ਨਹੀਂ ਹੈ। ਸੰਜਮੀ ਬਣਨਾ ਭਾਵ ਅਨੇਕਾਂ ਤਰੀਕਿਆਂ ਨਾਲ ਸਰੀਰਕ ਸੁੱਚ ਵਰਤਾਣਾ ਭਾਵ ਸੱਚੇ ਸੁੱਚੇ ਬਣ ਕੇ ਦਿਖਾਉਣਾ, ਕਿਸੇ ਦੇ ਹੱਥ ਦਾ ਨਾ ਖਾਣਾ ਆਦਿਕ ਤਰੀਕਿਆਂ ਨਾਲ ਜੋ ਅਸੀਂ ਵਿਚਰਦੇ ਹਾਂ ਗੁਰਬਾਣੀ ਸਾਨੂੰ ਇਹਨਾਂ ਦੇ ਉਲਟ ਸਮਝਾਉਂਦੀ ਹੈ। ਥਿਤਾਂ ਵਾਰਾਂ ਨੂੰ ਮੰਨਣ ਤੋਂ, ਵਰਤ ਆਦਿ ਰੱਖਣ ਤੋਂ ਸਾਨੂੰ ਮਨ੍ਹਾ ਹੀ ਕਰਦੀ ਹੈ। ਇਹਨਾਂ ਸਭ ਤੋਂ ਬਚ ਉਹੀ ਸਕਦਾ ਹੈ ਜਿਹੜਾ ਗੁਰੂ ਦੇ ਚਰਨਾਂ ਨਾਲ ਲੱਗ ਜਾਂਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ। ਕੇਵਲ ਗੁਰੂ ਦੇ ਅੱਗੇ ਮੱਥਾ ਟੇਕਣ ਨਾਲ ਗੁਰੂ

10/1041

ਦੇ ਚਰਨਾਂ ਨਾਲ ਨਹੀਂ ਜੁੜਿਆ ਜਾ ਸਕਦਾ। ਚਰਨਾਂ ਨਾਲ ਤਾਂ ਹੀ ਜੁੜਿਆ ਜਾ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਮਤਿ ਨਾਲ ਜੁੜੀਏ ਭਾਵ ਉਸ ਤੇ ਅਮਲ ਕਰੀਏ। ਅਸੀਂ ਮੱਥੇ ਵੀ ਰੋਜ਼ ਟੇਕੀ ਜਾਂਦੇ ਹਾਂ ਪਰ ਸਾਡੇ ਅੰਦਰ ਭਰਮ ਉਸੇ ਤਰ੍ਹਾਂ ਹੀ ਟਿਕੇ ਹੋਏ ਹਨ, ਮਨਮਤਿ ਉਸੇ ਤਰ੍ਹਾਂ ਹੀ ਹਾਵੀ ਹੈ, ਭਰਮ, ਅਗਿਆਨਤਾ ਭਾਵ ਮਾਇਆ ਦੀ ਜੁਗਤਿ ਉਸੇ ਤਰ੍ਹਾਂ ਹੀ ਵਰਤ ਰਹੀ ਹੈ। ਇਹ ਮਾਇਆ ਦੀ ਜੁਗਤਿ ਬਹੁਤ ਪ੍ਰਬਲ ਹੈ ਜੋ ਸਾਨੂੰ ਭਰਮ ਵਿੱਚ ਹੀ ਰੱਖਦੀ ਹੈ। ਇਸ ਨੇ ਹਰ ਕਿਸੇ ਨੂੰ ਭੁਲਾਇਆ ਹੋਇਆ ਹੈ ਕਿਉਂਕਿ ਅਸਲੀ ਮਕਸਦ ਹੀ ਹਰ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਭਾਵੇਂ ਕੋਈ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ।

“ਤਪੁ ਕਰਤੇ ਤਪਸੀ ਭੂਲਾਏ॥”

ਉਹ ਕਿਹੜਾ ਤਪ ਕਰਨ ਵਾਲਾ ਹੈ ਜੋ ਇਹ ਕਹੇ ਕਿ ਉਹ ਭੁੱਲਿਆ ਹੋਇਆ ਹੈ। ਜੇਕਰ ਆਪਣੇ ਆਪ ਸਮਝ ਆ ਜਾਵੇ ਤਾਂ ਫਿਰ ਮਾਇਆ ਦੀ ਜੁਗਤਿ ਹੀ ਕੀ ਹੋਈ। ਪ੍ਰਮਾਤਮਾ ਜੋ ਕੁੱਝ ਵੀ ਕਰਦਾ ਹੈ ਉਸਦਾ ਕੰਮ ਬਿਲਕੁਲ ਪਰਫੈਕਟ ਹੁੰਦਾ ਹੈ, ਉਹ ਕਰਤਾ ਪੁਰਖ ਹੈ। ਉਸਦੀ ਜੁਗਤਿ ਦਾ ਮਕਸਦ ਹੀ ਦੁਨੀਆਂ ਨੂੰ ਭੁਲੇਖੇ ਵਿੱਚ ਰੱਖਣਾ ਹੈ ਤੇ ਇਸੇ ਲਈ ਉਸਦੀ ਜੁਗਤਿ ਨੂੰ ਕੋਈ ਸਮਝ ਵੀ ਕਿਵੇਂ ਸਕਦਾ ਹੈ। ਆਪਣੀ ਜੁਗਤਿ ਉਹ ਆਪ ਹੀ ਸਮਝਾ ਸਕਦਾ ਹੈ। ਇਹ ਜੁਗਤਿ ਉਸਦੇ ਮੇਲ ਦੁਆਰਾ ਹੀ ਸਮਝ ਆਉਂਦੀ ਹੈ। ਸਰੀਰਕ “ਤਪੁ” ਭਾਵੇਂ ਕੋਈ ਵੀ ਕਰਦਾ ਹੈ ਉਹ ਭੁੱਲਿਆ ਹੋਇਆ ਹੀ ਹੈ। ਸਿੱਖ ਜਗਤ ਵਿੱਚ ਵੀ ਜਪ ਤਪ ਕਰਨ ਵਾਲਿਆਂ ਨੂੰ ਹੀ ਭਗਤੀ ਕਰਨ ਵਾਲੇ ਸਮਝਿਆ ਜਾਂਦਾ ਹੈ ਤੇ ਉਹਨਾਂ ਦੀ ਮਹਾਨਤਾ ਇਹਨਾਂ ਸਰੀਰਕ ਜਪਾਂ ਤਪਾਂ ਕਰਕੇ ਹੀ ਬਣਦੀ ਹੈ, ਉਹਨਾਂ ਨੂੰ ਉੱਚਾ ਥਾਪਿਆ ਜਾਂਦਾ ਹੈ। ਸਰੀਰਕ ਜਪਾਂ ਤਪਾਂ ਕਾਰਨ ਹੀ ਅਸੀਂ ਕਿਸੇ ਨੂੰ ਸੰਤ ਜਾਂ

ਬ੍ਰਹਮ ਗਿਆਨੀ ਦਾ ਦਰਜਾ ਦੇ ਦਿੰਦੇ ਹਾਂ। ਉਹਨਾਂ ਦੀਆਂ ਗੱਲਾਂ ਗੁਰਬਾਣੀ ਨਾਲ ਮੇਲ ਖਾਣ ਜਾਂ ਨਾ ਖਾਣ, ਅਸੀਂ ਇਸ ਗੱਲ ਨੂੰ ਨਹੀਂ ਵਿਚਾਰਦੇ। ਤਪ ਕਰਨ ਵਾਲਾ ਹਰ ਕੋਈ ਭੁੱਲਿਆ ਹੋਇਆ ਹੀ ਹੈ ਤੇ ਉਹਨਾਂ ਨੂੰ ਵੱਡਾ ਬਣਾਉਣ ਵਾਲੇ ਵੀ ਭੁੱਲੇ ਹੋਏ ਹਨ। (**ਤਪੁ ਕਰਤੇ ਤਪਸੀ ਭੂਲਾਏ॥**)

{ਕੋਈ ਜਾਣਿ ਨ ਭੂਲੈ ਭਾਈ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥੧॥ ਰਹਾਉ॥}

(ਅੰਗ ੧੩੪੪)

{ਸੁਣਿਐ ਜੋਗ ਜੁਗਤਿ ਤਨਿ ਭੇਦ॥}

(ਅੰਗ ੨)

ਪ੍ਰਮਾਤਮਾ ਦੀ ਪਾਈ ਹੋਈ ਇਹ ਮਾਇਆ ਦੀ ਜੁਗਤਿ ਮਨ ਦੇ ਵਿੱਚ ਹੀ ਵਰਤਦੀ ਹੈ ਤੇ ਮਨ ਦੇ ਵਿੱਚੋਂ ਹੀ ਬੁੱਝੀ ਜਾ ਸਕਦੀ ਹੈ। ਜਿਸ ਨੇ ਇਹ ਜੁਗਤਿ ਪਾਈ ਹੋਈ ਹੈ, ਬੁੱਝਾ ਵੀ ਉਹ ਆਪ ਹੀ ਸਕਦਾ ਹੈ। ਇਸ ਜੁਗਤਿ ਦਾ ਬੁੱਝਣਾ ਹੀ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਹੈ, ਉਸਦੇ ਨਾਲ ਜੋਗ ਹੈ ਜਿਸ ਨਾਲ ਇਸ ਤਨ ਦਾ ਭੇਦ ਸਮਝ ਆਉਂਦਾ ਹੈ ਭਾਵ ਆਪਣੇ

ਆਪ ਦੀ ਸੋਝੀ ਪੈਂਦੀ ਹੈ ਕਿ ਸਾਡਾ ਪ੍ਰਮਾਤਮਾ ਨਾਲੋਂ ਆਪਣੇ ਆਪ ਨੂੰ ਵੱਖਰਾ ਸਮਝਣ ਦਾ ਭੇਦ ਕੀ ਹੈ ਭਾਵ ਪ੍ਰਮਾਤਮਾ ਦੀ ਉਹ ਜੁਗਤਿ ਕੀ ਹੈ ਜਿਸ ਦੁਆਰਾ ਅਸੀਂ ਉਸ ਨੂੰ ਆਪਣੇ ਅੰਦਰੋਂ ਸਮਝ ਨਹੀਂ ਸਕਦੇ। ਇਹ ਭੇਦ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਸੁਣ ਕੇ ਹੀ ਸਮਝ ਆਉਂਦਾ ਹੈ, ਮਨ ਦੇ ਵਿੱਚ ਉਸਦੇ ਪ੍ਰਗਟ ਹੋਣ ਦੇ ਨਾਲ ਹੀ ਸਮਝ ਆਉਂਦਾ ਹੈ, ਉਸ ਕੋਲੋਂ ਉਸਦਾ ਸੱਚਾ ਗਿਆਨ ਮਿਲਣ ਦੁਆਰਾ, ਉਸਦਾ ਬ੍ਰਹਮ ਗਿਆਨ ਉਸ ਕੋਲੋਂ ਸੁਣਨ ਦੁਆਰਾ ਹੀ ਭਾਵ ਉਸ ਦੇ ਨਾਮ ਦੀ ਸੋਝੀ ਪੈਣ ਦੁਆਰਾ ਹੀ ਸਮਝ ਆਉਂਦਾ ਹੈ ਜਿਸ ਦੁਆਰਾ ਮਨੁੱਖ ਦਾ ਇਹ ਮਾਇਆ ਰੂਪੀ ਭਰਮ ਦਾ, ਅਗਿਆਨਤਾ ਦਾ ਪਿਆ ਹੋਇਆ ਪੜਦਾ ਦੂਰ ਹੁੰਦਾ ਹੈ, ਇਹ ਅਗਿਆਨਤਾ ਦਾ ਬੰਧਨ ਕੱਟਿਆ ਜਾਂਦਾ ਹੈ, ਜਿਸ ਦੁਆਰਾ ਮਨੁੱਖ ਨੂੰ ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤੀ ਮਿਲਦੀ ਹੈ। ਮੁਕਤ ਅਸੀਂ ਮਨ ਦੀ ਅਗਿਆਨਤਾ ਤੋਂ ਹੀ ਹੋਣਾ ਹੈ ਤੇ ਇਸ ਤੋਂ ਮੁਕਤੀ ਸਾਨੂੰ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ, ਉਸਦਾ ਚੌਥੇ ਪਦ ਦਾ ਗਿਆਨ ਹੀ ਦੇ ਸਕਦਾ ਹੈ ਭਾਵ ਗੁਰੂ ਦਾ ਨਾਮ ਹੀ ਦੇ ਸਕਦਾ ਹੈ।

ਇਸ ਜੁਗਤਿ ਦੁਆਰਾ ਭਾਵ ਮਨ ਦੀ ਮਾਇਆ ਦੁਆਰਾ ਤਪ ਕਰਨ ਵਾਲੇ ਤਪਸੀ ਵੀ ਭੁੱਲੇ ਫਿਰਦੇ ਹਨ ਭਾਵ ਜਿਸ ਤਪ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਫਿਰ ਵੀ ਉਹ ਪ੍ਰਮਾਤਮਾ ਨੂੰ ਪਾਉਣ ਦਾ ਇਹੀ ਮਾਰਗ ਸਮਝਦੇ ਹਨ ਤੇ ਤਪ ਕਰੀ ਜਾਂਦੇ ਹਨ, ਤੇ ਆਪਣੇ ਆਪ ਨੂੰ ਠੀਕ ਹੀ ਸਮਝਦੇ ਹਨ। (**ਤਪੁ ਕਰਤੇ ਤਪਸੀ ਭੂਲਾਏ॥**) ਮਨ ਦਾ ਮਾਇਆ ਮੋਹ ਸਾਨੂੰ ਕਿਸ ਤਰੀਕੇ ਭਗਤੀ ਦੇ ਮਾਰਗ ਤੋਂ ਭਟਕਾਉਂਦਾ ਹੈ, ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਦੇ ਹਾਂ।

“ਪੰਡਿਤ ਮੋਹੇ ਲੋਭਿ ਸਬਾਏ॥”

“ਪੰਡਿਤ” ਭਾਵ ਜੋ ਧਰਮ ਦਾ ਗਿਆਨ ਰੱਖਦੇ ਹਨ, ਜੋ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਭਾਵੇਂ ਉਹ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦੇ ਹੋਣ, ਉਹਨਾਂ ਨੂੰ ਵੀ ਮਾਇਆ ਮੋਹ ਵਿੱਚ ਦੱਸਿਆ ਹੈ। ਉਹਨਾਂ ਅੰਦਰ ਆਪਣਾ ਧਾਰਮਿਕ ਗਿਆਨ ਉੱਚਾ ਕਰਕੇ ਸਮਝਾਉਣ ਦਾ ਮੋਹ ਹੈ ਜੋ ਕਿ ਉਹਨਾਂ ਦੇ ਅੰਦਰ ਦਾ ਲੋਭ ਹੈ, ਤ੍ਰਿਸ਼ਨਾ ਹੈ। ਹਰ ਧਾਰਮਿਕ ਵਿਦਵਾਨ ਵਿੱਚ ਇਹ ਤ੍ਰਿਸ਼ਨਾ ਹੁੰਦੀ ਹੈ ਕਿ ਉਸਨੂੰ ਉਸ ਦੇ ਧਾਰਮਿਕ ਗਿਆਨ ਦੀ ਵਡਿਆਈ ਮਿਲੇ। ਅਸਲ ਵਿੱਚ ਪੰਡਿਤ ਕੌਣ ਹੈ ਭਾਵ ਪੰਡਿਤ ਬਣਨਾ ਕੀ ਹੈ, ਇਸ ਗੱਲ ਦੀ ਸੋਝੀ ਨਹੀਂ ਹੁੰਦੀ। ਜੇਕਰ ਧਿਆਨ ਨਾਲ ਸਮਝਾਂਗੇ ਤਾਂ ਪੰਡਿਤ ਉਹ ਹੈ ਜਿਸ ਕੋਲ ਧਰਮ ਦਾ ਸੱਚਾ ਗਿਆਨ ਹੈ ਜੋ ਕਿ ਕੇਵਲ ਗੁਰੂ ਹੈ। ਪੰਡਿਤ ਆਪ ਗੁਰੂ ਹੈ, ਆਪ ਪ੍ਰਮਾਤਮਾ ਹੈ। ਚੌਥੇ ਪਦ ਦੇ ਗਿਆਨ ਬਿਨ੍ਹਾਂ ਪੰਡਿਤ ਨਹੀਂ ਬਣਿਆ ਜਾ ਸਕਦਾ ਤੇ ਚੌਥੇ ਪਦ ਦੁਆਰਾ ਹੀ ਸਮਝ ਆਉਂਦੀ ਹੈ ਕਿ ਪੰਡਿਤ ਅਸਲ ਵਿੱਚ ਆਪ ਪ੍ਰਮਾਤਮਾ ਹੈ ਜੋ ਸਭ ਨੂੰ ਗਿਆਨ ਦੇਣ ਵਾਲਾ ਹੈ,

10/1043

ਸਾਰੇ ਗਿਆਨ ਦਾ ਸ੍ਰੋਤ ਹੈ ਜਿਸਨੇ ਆਪ ਹੀ ਮਨ ਦੀ ਸਮਝ ਵਿੱਚ ਪ੍ਰਗਟ ਹੋ ਕੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਸਰੀਰਾਂ ਨੂੰ ਧਰਮ ਦਾ ਸੱਚਾ ਗਿਆਨ ਦਿੱਤਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਸੋ ਪੰਡਿਤੁ ਜੋ ਮਨੁ ਪਰਬੋਧੈ॥ਰਾਮ ਨਾਮੁ ਆਤਮ ਮਹਿ ਸੋਧੈ॥
ਰਾਮ ਨਾਮ ਸਾਰੁ ਰਸੁ ਪੀਵੈ॥ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥
ਹਰਿ ਕੀ ਕਥਾ ਹਿਰਦੈ ਬਸਾਵੈ॥ਸੋ ਪੰਡਿਤੁ ਫਿਰਿ ਜੋਨਿ ਨ ਆਵੈ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ਸੂਖਮ ਮਹਿ ਜਾਨੈ ਅਸਥੂਲੁ॥
ਚਹੁ ਵਰਨਾ ਕਉ ਦੇ ਉਪਦੇਸੁ॥ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥੪॥”

(ਅੰਗ ੨੭੪)

ਗਿਆਨ ਲੈਣਾ ਚੰਗੀ ਗੱਲ ਹੈ। ਗੁਰੂ ਕੋਲੋਂ ਗਿਆਨ ਹੀ ਮਿਲਦਾ ਹੈ। ਜਿਤਨਾ ਮਰਜ਼ੀ ਗਿਆਨ ਲਈਏ, ਗੁਰੂ ਗਿਆਨ ਦਾ ਭੰਡਾਰ ਹੈ ਤੇ ਗੁਰੂ ਕੋਲੋਂ ਜਿਤਨਾ ਮਰਜੀ ਧਾਰਮਿਕ ਗਿਆਨ ਲੈ ਲਵੋ। ਗੱਲ ਸਾਰੀ ਗੁਰੂ ਕੋਲੋਂ ਗਿਆਨ ਲੈਣ ਦੇ ਮਕਸਦ ਦੀ ਹੈ। ਗੁਰੂ ਦਾ ਗਿਆਨ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣ ਲਈ ਹੈ ਤਾਂ ਜੋ ਅਸੀਂ ਉਸ ਨੂੰ ਜਾਣ ਸਕੀਏ।

{ਜਗਿ ਗਿਆਨੀ ਵਿਰਲਾ ਆਚਾਰੀ॥ ਜਗਿ ਪੰਡਿਤੁ ਵਿਰਲਾ ਵੀਚਾਰੀ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

ਇਹ ਗੱਲ ਅਸੀਂ ਲੇਖ ਦੇ ਸ਼ੁਰੂ ਵਿੱਚ ਵੀ ਸਮਝੀ ਸੀ ਅਤੇ ਬਾਅਦ ਵਿੱਚ ਵੀ ਸਮਝੀ ਸੀ ਜਿੱਥੇ ਸਾਡਾ ਗਿਆਨ ਲੈਣ ਦਾ ਮਕਸਦ ਸਮਝਾਇਆ ਹੋਇਆ ਹੈ। ਗਿਆਨ ਇਕੱਠਾ ਕਰਨ ਵਾਲਿਆਂ ਨਾਲ ਤਾਂ ਜਗ ਭਰਿਆ ਪਿਆ ਹੈ ਪਰ ਉਹ ਗਿਆਨ ਸਾਡੀ ਕਥਨੀ ਤੱਕ ਹੀ ਰਹਿ ਜਾਂਦਾ ਹੈ। ਅਸਲ ਗਿਆਨੀ ਬਣਨਾ, ਅਖਵਾਉਣਾ ਬਹੁਤ ਹੀ ਉੱਚੀ ਗੱਲ ਹੈ। ਜਦ ਤੱਕ ਗੁਰੂ ਦਾ ਸੱਚਾ ਗਿਆਨ ਸਾਡੇ ਮਨ ਵਿੱਚ ਨਹੀਂ ਵੱਸਦਾ, ਸਾਡੇ ਵਿਚਾਰ ਉਸ ਗਿਆਨ ਦੇ ਅਨੁਸਾਰ ਨਹੀਂ ਬਣਦੇ ਭਾਵ ਜਦ ਤੱਕ ਅਸੀਂ ਗੁਰੂ ਦੇ ਗਿਆਨ ਤੇ ਅਮਲ ਨਹੀਂ ਕਰਦੇ ਤਦ ਤੱਕ ਉਸ ਗਿਆਨ ਦਾ ਮਕਸਦ ਪੂਰਾ ਨਹੀਂ ਹੁੰਦਾ।

11/1044

ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਚੰਗਾ ਆਚਾਰੀ ਬਣਾਉਣਾ ਹੈ, ਚੰਗਾ ਬਿਉਹਾਰੀ ਬਣਾਉਣਾ ਹੈ, ਚੰਗੀ ਵਿਚਰਨ ਵਾਲਾ ਬਣਾਉਣਾ ਹੈ, ਨਾਮ ਵਾਲਾ ਬਣਾਉਣਾ ਹੈ। ਬਾਣੀ ਸਾਨੂੰ ਇਹੋ ਜਿਹਾ ਧਰਮ ਦਾ ਪੰਡਿਤ ਬਣਨਾ ਸਿਖਾ ਰਹੀ ਹੈ ਭਾਵ ਧਰਮ

ਦਾ ਗਿਆਨੀ ਬਣਨਾ ਸਿਖਾ ਰਹੀ ਹੈ।

“ਸੋ ਪੰਡਿਤੁ ਜੋ ਮਨੁ ਪਰਬੋਧੈ॥ਰਾਮ ਨਾਮੁ ਆਤਮ ਮਹਿ ਸੋਧੈ॥”

ਗੁਰੂ ਦਾ ਗਿਆਨ ਲੈਣਾ ਕੋਈ ਔਖਾ ਨਹੀਂ ਹੈ, ਔਖਾ ਅਸਲ ਵਿੱਚ ਉਸਨੂੰ ਮਨ ਵਿੱਚ ਵਸਾਉਣਾ ਹੈ, ਆਪਣੇ ਮਨ ਨੂੰ ਉਸ ਅਨੁਸਾਰ ਬਣਾਉਣਾ ਹੈ, ਆਪਣੇ ਮਨ ਨੂੰ ਪਰਬੋਧਣਾ ਹੈ। ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਉਸ ਦਾ **“ਰਾਮ ਨਾਮ”** ਹੈ, ਉਸਦੀ ਗੁਰਬਾਣੀ ਹੈ, ਉਸਦੇ ਭੇਜੇ ਹੋਏ ਧਰਮ ਗ੍ਰੰਥ ਹਨ ਜੋ ਸਾਨੂੰ ਸੱਚ ਦਾ ਮਾਰਗ ਦਿਖਾਉਂਦੇ ਹਨ, ਸਾਨੂੰ ਚੰਗੇ ਕਰਮ ਕਰਨ ਲਈ ਪ੍ਰੇਰਦੇ ਹਨ। ਇਨ੍ਹਾਂ ਸੱਚੇ ਧਰਮ ਗ੍ਰੰਥਾਂ ਦੀ ਪ੍ਰੇਰਨਾ ਨਾਲ ਹੀ ਅਸੀਂ ਆਪਣੇ ਆਪ ਨੂੰ ਸੋਧਣਾ ਹੈ, ਆਪਣੇ ਵਿਚਾਰਾਂ ਨੂੰ ਸੋਧ ਕੇ ਗੁਰੂ ਦੇ ਵਿਚਾਰਾਂ ਵਾਲਾ ਬਣਾਉਣਾ ਹੈ ਭਾਵ ਇਹੋ ਜਿਹਾ ਪੰਡਿਤ ਬਣਨਾ ਹੈ, ਇਹੋ ਜਿਹਾ ਗਿਆਨੀ ਬਣਨਾ ਹੈ। “**ਪੰਡਿਤੁ**” ਉਹ ਹੈ ਜਿਸਨੇ ਆਪਣੇ ਮਨ ਨੂੰ ਪਰਬੋਧਿਆ ਹੋਇਆ ਹੈ। ਪ੍ਰਮਾਤਮਾ ਦੇ “**ਗੁਰੂ**” ਰੂਪ ਜੋ ਆਪਣਾ ਰੂਪ ਉਸਨੇ ਗੁਰਬਾਣੀ ਦੀ ਰਚਨਾ ਕਰਨ ਲਈ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪ੍ਰਗਟ ਕੀਤਾ ਹੈ ਉਨ੍ਹਾਂ ਸਰੀਰਾਂ ਰਾਹੀਂ ਉਸਨੇ ਉਨ੍ਹਾਂ ਦੇ ਮਨ ਨੂੰ, ਆਪਣੇ ਮਨ ਨੂੰ ਪਰਬੋਧਿਆ ਹੈ, ਸੱਚੇ ਗਿਆਨ ਨਾਲ ਪਰਬੋਧਿਆ ਹੈ। ਇਸੇ ਲਈ “**ਪੰਡਿਤੁ**” ਆਪ ਗੁਰੂ ਹੈ, ਆਪ ਪ੍ਰਮਾਤਮਾ ਹੈ। “**ਪੰਡਿਤੁ**” ਪ੍ਰਮਾਤਮਾ ਦਾ “**ਗੁਰੂ**” ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ “ਪੰਡਿਤੁ” ਰੂਪ ਹੈ, ਗਿਆਨੀ ਰੂਪ ਹੈ, ਬ੍ਰਹਮ ਗਿਆਨੀ ਰੂਪ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

“ਰਾਮ ਨਾਮ ਸਾਰੁ ਰਸੁ ਪੀਵੈ॥ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਅਤੇ ਸਮਝਣ ਦੀ ਲੋੜ ਹੈ ਕਿ ਉਹ ਕਿਹੜਾ ਪੰਡਿਤ ਹੈ, ਧਰਮ ਦਾ ਗਿਆਨੀ ਹੈ, ਜੋ ਸਾਰੇ ਜੱਗ ਨੂੰ ਉਪਦੇਸ਼ ਕਰਨ ਵਾਲਾ ਹੈ, ਜਿਸ ਦੇ ਉਪਦੇਸ਼ ਦੁਆਰਾ ਹਰ ਕੋਈ ਜੀਵਨ ਜੀ ਰਿਹਾ ਹੈ। ਉਪਦੇਸ਼ ਕੇਵਲ ਗੁਰੂ ਹੀ ਕਰ ਸਕਦਾ ਹੈ ਤੇ ਇਹ ਕਿਹੜਾ ਗੁਰੂ ਹੈ ਜਿਸਦਾ ਉਪਦੇਸ਼ ਸਭ ਵਿੱਚ ਵੱਸਿਆ ਹੋਇਆ ਹੈ, ਜਿਸ ਦੇ ਉਪਦੇਸ਼ ਦੁਆਰਾ ਹਰ ਕੋਈ ਆਪਣਾ ਜੀਵਨ ਜੀ ਰਿਹਾ ਹੈ। ਇਹ ਪੰਡਿਤ ਭਾਵ ਧਾਰਮਿਕ ਗੁਰੂ ਆਪ ਪ੍ਰਮਾਤਮਾ ਹੈ ਜੋ ਸਾਰੀ ਸ੍ਰਿਸ਼ਟੀ ਦਾ ਗੁਰੂ ਹੈ, ਜੋ ਹਰ ਕਿਸੇ ਨੂੰ ਗਿਆਨ ਦੇਣ ਵਾਲਾ ਹੈ। ਇਸੇ ਲਈ ਗੁਰੂ ਰੂਪ “ਗੁਰਬਾਣੀ” ਪ੍ਰਮਾਤਮਾ ਦਾ ਆਪਣਾ ਪ੍ਰਤੱਖ ਰੂਪ ਹੈ। ਆਪਣਾ ਚੌਥੇ ਪਦ ਦਾ ਗਿਆਨ ਪ੍ਰਮਾਤਮਾ ਆਪਣੇ ਬਣਾਏ ਹੋਏ ਕਿਸੇ ਸਰੀਰ ਰਾਹੀਂ ਪ੍ਰਗਟ ਹੋ ਕੇ ਹੀ ਦਿੰਦਾ ਹੈ ਜੋ ਕਿ ਉਸਦਾ ਸੱਚਾ ਧਾਰਮਿਕ ਗਿਆਨ ਹੈ। ਹਰ ਮਨੁੱਖ ਤ੍ਰੈਗੁਣੀ ਅਵੱਸਥਾ ਵਾਲੇ, ਮਾਇਆ ਦੀ ਜੁਗਤਿ ਵਾਲੇ ਗਿਆਨ ਵਿੱਚ ਵਿਚਰਦਾ ਹੈ ਜਿਸ ਵਿੱਚ ਰਹਿੰਦਿਆਂ ਅਸੀਂ

11/1045

ਇਹ ਨਹੀਂ ਜਾਣ ਸਕਦੇ ਕਿ ਸਾਡੇ ਅੰਦਰ ਇਹ ਗਿਆਨ ਕਿੱਥੋਂ ਆਉਂਦਾ ਹੈ। ਗਿਆਨ ਦਾ ਸ੍ਰੋਤ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਪਰ ਤ੍ਰੈਗੁਣਾਂ ਵਿੱਚ ਸਾਨੂੰ ਪ੍ਰਮਾਤਮਾ ਨੂੰ ਜਾਨਣ ਦਾ ਆਪਣੇ ਅੰਦਰੋਂ ਸੱਚਾ ਗਿਆਨ ਨਹੀਂ ਮਿਲਦਾ, ਕਿਉਂਕਿ ਉਸ ਵਿੱਚ ਦੁਚਿੱਤੀ ਹੁੰਦੀ ਹੈ, ਭਰਮ ਹੁੰਦਾ ਹੈ, ਅਗਿਆਨਤਾ ਹੁੰਦੀ ਹੈ, ਹਉਮੈ ਹੁੰਦੀ ਹੈ, ਮਾਇਆ ਦੀ ਜੁਗਤਿ ਹੁੰਦੀ ਹੈ। ਉਸਦਾ ਸੱਚਾ ਗਿਆਨ, ਉਸਨੂੰ ਆਪਣੇ ਅੰਦਰੋਂ ਜਾਣਨ ਦਾ ਗਿਆਨ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਬ੍ਰਹਮ ਗਿਆਨ ਮਿਲਣ ਦੁਆਰਾ ਹੀ ਤ੍ਰੈਗੁਣਾਂ ਵਾਲੀ ਜੁਗਤਿ ਦੀ ਸਮਝ ਪੈਂਦੀ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉੱਥੇ ਆਪਣੇ “ਰਾਮ ਨਾਮ” ਦਾ “ਸਾਰ ਰਸ” ਪਿਆਉਂਦਾ ਹੈ ਭਾਵ ਆਪਣੇ ਤੱਤ ਗਿਆਨ ਦਾ ਰਸ, ਬ੍ਰਹਮ ਗਿਆਨ ਦਾ ਰਸ, “ਹਰਿ ਰਸ” ਪਿਆਉਂਦਾ ਹੈ। ਹਰਿ ਰਸ ਪੀਣਾ, ਅੰਮ੍ਰਿਤ ਪੀਣਾ, ਹਰਿ ਰਸ ਚੱਖਣਾ, ਨਾਮ ਰਸ ਪੀਣਾ, ਇੱਕੋ ਗੱਲ ਹੀ ਹੈ। ਸਭ ਤੋਂ ਭਾਵ ਮਨ ਦੀ ਸਮਝ ਦੇ ਵਿੱਚ ਬ੍ਰਹਮ ਗਿਆਨ ਦੇ ਰਸ ਨੂੰ ਚੱਖਣਾ ਹੈ ਭਾਵ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ। ਗੁਰਬਾਣੀ ਇਸ ਰਸ ਨੂੰ ਵੱਖਰੇ-ਵੱਖਰੇ ਸਰੀਰਾਂ ਦੀ ਸਮਝ ਰਾਹੀਂ ਚੱਖ ਕੇ ਹੀ ਉਚਾਰਨ ਹੋਈ ਹੈ ਤੇ ਇਸੇ ਲਈ ਗੁਰਬਾਣੀ ਉਚਾਰਨ ਵਾਲੇ ਸਰੀਰਾਂ ਨੇ “ਪ੍ਰਮਾਤਮਾ” ਨੂੰ ਹੀ “ਗੁਰੂ” ਦੱਸਿਆ ਹੈ ਜਿੱਥੋਂ ਇਹ ਸਾਰਾ ਗਿਆਨ ਆਇਆ ਹੈ। ਅਸਲ ਵਿੱਚ ਸਭ ਦੇ ਅੰਦਰ ਗਿਆਨ, ਇੱਕੋ ਇੱਕ ਪ੍ਰਮਾਤਮਾ ਦੇ ਕੋਲੋਂ ਹੀ ਆ ਰਿਹਾ ਹੈ। ਜਦ ਤੱਕ ਸਾਡੇ ਅੰਦਰ ਇਹ ਗਿਆਨ ਚੱਲਦਾ ਰਹਿੰਦਾ ਹੈ, ਇਹ ਮਨ ਚੱਲਦਾ ਰਹਿੰਦਾ ਹੈ। ਜਦ ਤੱਕ ਸਾਡਾ ਦਿਮਾਗ ਜਿੰਦਾ ਰਹਿੰਦਾ ਹੈ ਜਿੱਥੋਂ ਇਹ ਗਿਆਨ ਉਪਜਦਾ ਹੈ ਤਦ ਤੱਕ ਹੀ ਮਨੁੱਖ ਜਿੰਦਾ ਹੈ। ਹਰ ਕਿਸੇ ਵਿੱਚ, ਹਰ ਜੀਵ ਵਿੱਚ, ਪ੍ਰਮਾਤਮਾ ਦੀ ਬਣਾਈ ਹੋਈ ਹਰ ਹੋਂਦ ਵਿੱਚ ਗਿਆਨ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ। ਹਰ ਵਸਤੂ ਦਾ ਜੀਵਨ ਪ੍ਰਮਾਤਮਾ ਦੇ ਗਿਆਨ ਨਾਲ ਬਣਿਆ ਹੈ ਤੇ ਪ੍ਰਮਾਤਮਾ ਦੇ ਗਿਆਨ ਨਾਲ ਹੀ ਚੱਲ ਰਿਹਾ ਹੈ ਤੇ ਪ੍ਰਮਾਤਮਾ

ਗਿਆਨ ਨਾਲ ਹੀ ਭਾਵ ਸਭ ਕੁੱਝ ਪ੍ਰਮਾਤਮਾ ਦੇ ਨਾਮ ਨਾਲ ਹੀ, ਉਸਦੇ ਸਾਇੰਟਿਫਿਕ ਗਿਆਨ ਨਾਲ ਹੀ, ਬ੍ਰਹਮਗਿਆਨ ਨਾਲ ਹੀ ਬਣਿਆ ਹੈ ਤੇ ਉਸਦੇ ਬ੍ਰਹਮ ਗਿਆਨ ਰੂਪ ਵਾਲੀ ਸਾਇੰਸ ਦੁਆਰਾ ਹੀ ਖਤਮ ਹੋ ਜਾਂਦਾ ਹੈ।

{ਗੁਰ ਗਿਆਨੁ ਅਪਾਰਾ ਸਿਰਜਣਹਾਰਾ ਜਿਨਿ ਸਿਰਜੀ ਤਿਨਿ ਗੋਈ ॥}

(ਅੰਗ ੬੮੮)

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ ੪੫੬)

"ਹਰਿ ਕੀ ਕਥਾ ਹਿਰਦੈ ਬਸਾਵੈ॥ਸੋ ਪੰਡਿਤੁ ਫਿਰਿ ਜੋਨਿ ਨ ਆਵੈ॥"

"ਹਰਿ ਕੀ ਕਥਾ" ਪ੍ਰਮਾਤਮਾ ਦਾ ਸੱਚਾ ਗਿਆਨ ਹੈ। ਪੂਰੀ ਗੁਰਬਾਣੀ ਹਰਿ ਕੀ ਕਥਾ ਹੈ, ਪੂਰੀ ਬਾਣੀ ਸਾਨੂੰ ਗੁਰੂ ਪ੍ਰਮਾਤਮਾ ਦਾ ਸੱਚਾ ਉਪਦੇਸ਼ ਸੁਣਾ ਰਹੀ ਹੈ ਤੇ ਜਦ ਤੱਕ ਇਹ ਉਪਦੇਸ਼ ਕਿਸੇ ਦੇ ਹਿਰਦੇ ਵਿੱਚ ਨਹੀਂ ਵੱਸਦਾ ਭਾਵ ਉਸਦੇ ਵਿਚਾਰ ਗੁਰਬਾਣੀ ਦੇ ਗਿਆਨ ਅਨੁਸਾਰ ਨਹੀਂ ਬਣਦੇ ਤਦ ਤੱਕ ਉਹ ਮਨ ਦੇ ਆਵਾਗਉਣ ਦੇ ਗੇੜ ਤੋਂ ਨਹੀਂ ਬਚ ਸਕਦਾ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਹੀਂ ਨਿਕਲ ਸਕਦਾ ਜੋ ਸਾਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਾਉਂਦਾ ਹੈ ਤੇ ਅਸੀਂ ਆਪਣੇ ਆਪ ਨੂੰ ਦੁਨਿਆਵੀ ਆਵਾਗਉਣ ਵਿੱਚ ਸਮਝਦੇ ਹਾਂ ਜੋ ਕਿ ਸਾਡਾ ਵੱਡਾ ਭਰਮ ਹੈ। ਸੱਚਾ ਪੰਡਿਤ ਬਣਨ ਦੁਆਰਾ ਮਨੁੱਖ ਆਵਾਗਉਣ ਤੋਂ ਰਹਿਤ ਹੋ ਸਕਦਾ ਹੈ। ਇਹੋ

ਜਿਹੇ ਸੱਚੇ ਧਾਰਮਿਕ **"ਪੰਡਿਤ"**, ਉਸ ਦੇ ਭਗਤ, ਗੁਰੂ ਸਾਹਿਬਾਨ ਤੇ ਹੋਰ ਅਨੇਕਾਂ ਬਾਣੀ ਦੇ ਰਚਣ ਵਾਲੇ ਹੋਏ ਹਨ। ਇਹੋ ਜਿਹਾ ਪੰਡਿਤ ਪ੍ਰਮਾਤਮਾ ਕਿਸੇ ਨੂੰ ਆਪ ਹੀ ਉਸ ਵਿੱਚ ਪ੍ਰਗਟ ਹੋ ਕੇ ਬਣਾ ਸਕਦਾ ਹੈ ਭਾਵ ਇਹ ਬਿਲਕੁਲ ਉਸਦੀ ਆਪਣੀ ਕਿਰਪਾ ਹੈ। ਅਸੀਂ ਕੇਵਲ ਉੱਦਮ ਕਰਨਾ ਹੈ, ਅਸੀਂ ਸੱਚੇ ਪੰਡਿਤ ਬਣਨ ਦਾ ਉੱਦਮ ਕਰਨਾ ਹੈ, ਅਸੀਂ ਆਪਣਾ ਜੀਵਨ ਗੁਰੂ ਦੇ ਗਿਆਨ ਅਨੁਸਾਰ ਢਾਲਣ ਦਾ ਉੱਦਮ ਕਰਨਾ ਹੈ। ਕਿਰਪਾ ਉਸ ਨੇ ਆਪ ਹੀ ਕਰਨੀ ਹੈ। ਉਸਦਾ ਸੱਚਾ ਪੰਡਿਤ ਬਣਨਾ ਪ੍ਰਮਾਤਮਾ ਦੇ ਨਾਲ ਮੇਲ ਹੀ ਹੈ ਜਿਸ ਮਨ ਦੀ ਅਵੱਸਥਾ ਦੁਆਰਾ ਇਹ ਸੋਝੀ ਪੈਂਦੀ ਹੈ ਕਿ ਪੰਡਿਤ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ, ਕੋਈ ਮਨੁੱਖ ਨਹੀਂ ਹੈ।

"ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ਸੂਖਮ ਮਹਿ ਜਾਨੈ ਅਸਥੂਲੁ॥"

ਇਹਨਾਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਇਹ ਅਰਥ ਕਾਫ਼ੀ ਗਹਿਰਾਈ ਵਿੱਚ ਹਨ। ਇੱਥੇ ਪੰਡਿਤ ਬਣਨ ਦੀ ਨਿਸ਼ਾਨੀ ਸਮਝਾਈ ਹੋਈ ਹੈ ਕਿ ਅਸਲ ਵਿੱਚ ਪੰਡਿਤ ਬਣਨਾ ਕੀ ਹੈ ਭਾਵ ਧਰਮ ਦਾ ਵਿਦਵਾਨ ਬਣਨਾ ਕੀ ਹੈ ਭਾਵ ਕਿਸੇ ਨੂੰ ਪ੍ਰਮਾਤਮਾ ਕੋਲੋਂ ਬ੍ਰਹਮ ਗਿਆਨ ਮਿਲਣ ਦੀ ਨਿਸ਼ਾਨੀ ਕੀ ਹੈ। **"ਬੇਦ"** ਬ੍ਰਹਮਾ ਨੇ ਉਚਾਰੇ ਹਨ ਤੇ ਇਸੇ ਤਰ੍ਹਾਂ ਪੁਰਾਨ ਤੇ ਸਿੰਮ੍ਰਿਤੀਆਂ ਦੀ ਰਚਨਾ ਹੋਈ ਹੈ ਜੋ ਕਿ ਗਿਆਨ ਨਾਲ ਭਰਪੂਰ ਹਨ ਤੇ ਇਹਨਾਂ ਦੇ ਰਚਣ ਵਾਲਿਆਂ ਨੂੰ ਉੱਚੇ ਪੰਡਿਤ ਸਮਝਿਆ ਜਾਂਦਾ ਹੈ, ਉੱਚੇ ਗਿਆਨ ਵਾਲੇ ਸਮਝਿਆ ਜਾਂਦਾ ਹੈ ਪਰ ਇਹਨਾਂ ਸਭ ਨੂੰ ਭਾਵ ਬ੍ਰਹਮਾਂ ਆਦਿਕ ਸਭ ਨੂੰ ਗੁਰਬਾਣੀ ਤ੍ਰੈਗੁਣਾਂ ਵਿੱਚ ਹੀ ਦੱਸਦੀ ਹੈ, ਭੁੱਲੇ ਹੋਏ ਹੀ ਦੱਸਦੀ ਹੈ, ਆਵਾਗਉਣ ਵਿੱਚ ਹੀ ਦੱਸਦੀ ਹੈ। ਇਹਨਾਂ ਸਭ ਨੇ ਇਤਨੇ ਵੱਡੇ ਗ੍ਰੰਥਾਂ ਦੀ ਰਚਨਾ ਕਰਕੇ ਉਸਨੂੰ ਆਪਣਾ ਗਿਆਨ ਕਿਹਾ ਹੈ, ਆਪਣੇ ਆਪ ਨੂੰ ਗਿਆਨੀ ਅਖਵਾਇਆ ਹੈ ਭਾਵ ਇਹਨਾਂ ਨੂੰ ਇਹ ਸਮਝ ਨਹੀਂ ਲੱਗੀ ਕਿ ਅਸਲ ਵਿੱਚ ਸਾਡੇ ਅੰਦਰ ਜੋ ਗਿਆਨ ਆਉਂਦਾ ਹੈ, ਜੋ ਵੀ ਸੋਝੀ ਸਾਨੂੰ ਪੈਂਦੀ ਹੈ ਉਹ ਸੋਝੀ ਪਾਉਣ ਵਾਲਾ ਕੌਣ ਹੈ, ਇਹ ਸਾਰੇ ਗਿਆਨ ਦਾ ਸ੍ਰੋਤ ਕੌਣ ਹੈ। ਇਹੀ ਪ੍ਰਮਾਤਮਾ ਨੂੰ ਜਾਣਨ ਦਾ ਭੇਦ ਹੈ। ਅਸਲ ਪੰਡਿਤ, ਅਸਲ ਗਿਆਨੀ ਉਹ ਹੈ ਜੋ ਇਸ ਭੇਦ ਨੂੰ ਜਾਣ ਲੈਂਦਾ ਹੈ ਕਿ ਸਾਰੇ ਗਿਆਨ ਦਾ ਦਾਤਾ ਉਹ ਆਪ ਪ੍ਰਮਾਤਮਾ ਹੀ ਹੈ ਤੇ ਇਸੇ ਕਰਕੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ, ਉਸਦੇ ਸ਼ਬਦ ਰੂਪ ਨੂੰ ਗੁਰੂ ਕਿਹਾ ਹੈ। ਆਪਣੇ ਆਪ ਕੋਈ ਵੀ ਪ੍ਰਮਾਤਮਾ ਦੇ ਇਸ ਭੇਦ ਨੂੰ ਨਹੀਂ ਜਾਣ ਸਕਦਾ। ਆਪਣਾ ਭੇਦ ਪ੍ਰਮਾਤਮਾ ਆਪ ਹੀ ਖੋਲ੍ਹ ਸਕਦਾ ਹੈ ਤੇ ਉਹ ਆਪ ਹੀ ਖੋਲਦਾ ਹੈ, ਮਨ ਦੇ ਵਿੱਚ ਹੀ ਖੋਲ੍ਹਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਖੋਲ੍ਹਦਾ ਹੈ, ਮਨ ਦੇ ਵਿੱਚ ਆਪਣੀ ਗੱਲ ਆਪ

ਹੀ ਸੁਣਾਉਂਦਾ ਹੈ,

11/1047

ਮਨੁੱਖ ਨੂੰ ਤ੍ਰੈਗੁਣਾਂ ਵਿੱਚੋਂ ਆਪ ਹੀ ਚੌਥੇ ਪਦ ਵਿੱਚ ਲਿਆਉਂਦਾ ਹੈ।

{ਸੁਣਿਐ ਜੋਗ ਜੁਗਤਿ ਤਨਿ ਭੇਦ॥ਸੁਣਿਐ ਸਾਸਤ ਸਿਮ੍ਰਿਤਿ ਵੇਦ॥}

(ਅੰਗ ੨)

ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੇ ਨਾਲ ਹੀ ਭਾਵ ਗਿਆਨ ਦੇ ਸ੍ਰੋਤ ਨੂੰ ਜਾਣਨ ਤੋਂ ਬਾਅਦ ਹੀ ਇਹ ਸੋਝੀ ਪੈਂਦੀ ਹੈ ਕਿ ਇਹ ਗਿਆਨ ਮਨੁੱਖ ਦਾ ਆਪਣਾ ਨਹੀਂ ਹੈ। ਇਹਨਾਂ ਵੇਦਾਂ ਸਾਸਤਰਾਂ ਦੇ ਲਿਖਣ ਵਾਲਿਆਂ ਨੂੰ ਇਹ ਸਮਝ ਨਹੀਂ ਆਈ ਕਿ ਸਾਨੂੰ ਗਿਆਨ ਦੇਣ ਵਾਲਾ ਕੌਣ ਹੈ। ਜਦੋਂ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਗਿਆਨ ਦਾ ਸ੍ਰੋਤ ਕੀ ਹੈ, ਤਾਂ ਹੀ ਇਹ ਸਮਝ ਪੈਂਦੀ ਹੈ ਕਿ ਇਹਨਾਂ ਵੇਦਾਂ ਸਾਸਤਰਾਂ ਦਾ, ਧਰਮ ਗ੍ਰੰਥਾਂ ਦਾ "ਮੂਲ" ਕੀ ਹੈ, ਇਹਨਾਂ ਵਿੱਚ ਉੱਚੇ ਗਿਆਨ ਦਾ ਮੂਲ ਕੀ ਹੈ, ਇਹਨਾਂ ਦਾ ਸ੍ਰੋਤ ਕੀ ਹੈ ਭਾਵ ਇਹਨਾਂ ਵਿੱਚ ਗਿਆਨ ਪਾਉਣ ਵਾਲਾ ਕੌਣ ਹੈ। ਜਿਸ ਨੂੰ ਉਹ ਆਪ ਪੰਡਿਤ ਬਣਾਉਂਦਾ ਹੈ, ਜਿਸ ਮਨ ਦੇ ਵਿੱਚ ਉਹ ਸਾਰੀ ਸ੍ਰਿਸ਼ਟੀ ਦਾ ਪੰਡਿਤ ਆਪ ਪ੍ਰਗਟ ਹੁੰਦਾ ਹੈ, ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਰੇ ਗਿਆਨ ਦਾ ਮੂਲ ਕੌਣ ਹੈ, ਮੁੱਢ ਕੌਣ ਹੈ। **(ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥)**

"ਸੂਖਮ ਮਹਿ ਜਾਨੈ ਅਸਥੂਲੁ॥"

"ਸੂਖਮ" ਪ੍ਰਮਾਤਮਾ ਦਾ ਨਿਰਗੁਣ ਰੂਪ ਹੈ ਤੇ "**ਅਸਥੂਲ**" ਉਸ ਦਾ ਸਰਗੁਣ ਰੂਪ ਹੈ। ਸਾਡਾ ਸਰੀਰ ਅਸਥੂਲ ਰੂਪ ਹੈ ਤੇ ਸਾਡੇ ਅੰਦਰ ਮਨ ਸੂਖਮ ਰੂਪ ਹੈ। ਸਰੂਪ ਦੋਵੇਂ ਪ੍ਰਮਾਤਮਾ ਦੇ ਆਪਣੇ ਹੀ ਹਨ ਪਰ ਸਰਗੁਣ ਰੂਪ ਦਾ ਮਾਲਕ ਨਿਰਗੁਣ ਰੂਪ ਹੀ ਹੈ। ਇਹ ਸਰਗੁਣ ਰੂਪ ਸਰੀਰ ਜੋ ਕੁੱਝ ਵੀ ਜਾਣਦਾ ਹੈ ਭਾਵ ਜੋ ਕੁੱਝ ਵੀ ਇਸਨੂੰ ਸੋਝੀ ਪੈਂਦੀ ਹੈ ਉਹ "ਸੂਖਮ" ਦੇ ਰਾਹੀਂ ਪੈਂਦੀ ਹੈ, ਨਿਰਗੁਣ ਰੂਪ ਦੇ ਰਾਹੀਂ, ਨਿਰੰਕਾਰ ਰੂਪ ਦੇ ਰਾਹੀਂ ਪੈਂਦੀ ਹੈ ਭਾਵ ਅਸਥੂਲ ਦੀ ਆਪਣੀ ਕੋਈ ਵੱਖਰੀ ਜਾਣਕਾਰੀ ਨਹੀਂ ਹੈ। ਉਸਨੂੰ ਸਭ ਸੋਝੀ ਪਾਉਣ ਵਾਲਾ ਸੂਖਮ ਰੂਪ ਹੀ ਹੈ। ਦੁਨੀਆਂ ਵਿੱਚ ਜੋ ਕੁੱਝ ਵੀ ਗਿਆਨ ਆਇਆ ਹੈ ਉਹ ਸੂਖਮ ਦੇ ਰਾਹੀਂ ਹੀ ਆਇਆ ਹੈ ਭਾਵ ਇੱਕੋ ਇੱਕ ਗਿਆਨ ਦਾ ਸ੍ਰੋਤ ਸੂਖਮ ਹੀ ਹੈ। ਨਿੱਤ ਨਵਾਂ ਗਿਆਨ ਸੂਖਮ ਦੇ ਰਾਹੀਂ ਹੀ ਉਪਜਦਾ ਹੈ। ਸੂਖਮ ਰੂਪ, ਨਿਰਗੁਣ ਰੂਪ ਕੇਵਲ ਆਪ ਪ੍ਰਮਾਤਮਾ ਹੈ। ਸਾਰੇ ਗਿਆਨ ਦਾ ਸ੍ਰੋਤ ਕੇਵਲ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦਾ ਅਸਥੂਲ ਰੂਪ ਕੀ ਹੈ, ਸਰਗੁਣ ਰੂਪ ਕੀ ਹੈ, ਆਕਾਰ ਰੂਪ ਕੀ ਹੈ, ਮਾਇਆ ਰੂਪ ਕੀ ਹੈ, ਇਸਦਾ ਮਾਲਕ ਕੌਣ ਹੈ, ਇਸ ਗੱਲ ਦੀ ਸੋਝੀ ਵੀ ਉਸਦੇ ਸੂਖਮ ਰੂਪ ਰਾਹੀਂ, ਨਿਰਗੁਣ ਰੂਪ ਰਾਹੀਂ, ਨਿਰੰਕਾਰ ਰੂਪ ਰਾਹੀਂ ਹੀ ਪੈਂਦੀ ਹੈ ਜੋ ਕਿ ਮਨ ਦੇ ਵਿੱਚ ਪਰਗਟ ਹੋ ਕੇ ਉਹ ਆਪ ਹੀ ਪਾਉਂਦਾ ਹੈ।

{ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥੧॥}

(ਅੰਗ ੭੫੬)

11/1048

{ਜਬ ਦੇਖਉ ਤਬ ਸਭੁ ਕਿਛੁ ਮੂਲੁ॥ਨਾਨਕ ਸੋ ਸੂਖਮੁ ਸੋਈ ਅਸਥੂਲੁ॥੫॥}

(ਅੰਗ ੨੯੧)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ਕਲਾ ਧਾਰਿ ਜਿਨਿ ਸਗਲੀ ਮੋਹੀ॥}

(ਅੰਗ ੨੯੭)

{ਸੂਖਮ ਅਸਥੂਲ ਸਗਲ ਭਗਵਾਨ॥ਨਾਨਕ ਗੁਰਮੁਖਿ ਬ੍ਰਹਮੁ ਪਛਾਨ॥੧੪॥}

(ਅੰਗ ੨੯੯)

ਸੂਖਮ ਰੂਪ, ਨਿਰਗੁਣ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਭਾਵ ਉਸਦੇ ਬ੍ਰਹਮ ਗਿਆਨ ਰੂਪ ਦੀ ਪ੍ਰਾਪਤੀ, ਨਾਮ ਰੂਪ ਦੀ ਪ੍ਰਾਪਤੀ ਮਨ

ਦੇ ਸੂਖਮ ਰੂਪ ਵਿੱਚ ਹੀ ਹੁੰਦੀ ਹੈ। "ਗਿਆਨ ਰੂਪ" ਪੰਡਿਤ ਦੀ ਪ੍ਰਾਪਤੀ ਭਾਵ ਗੁਰੂ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਮਨ ਦੇ ਵਿੱਚ "**ਗਿਆਨ ਰੂਪ**" ਵਿੱਚ ਹੀ ਹੁੰਦੀ ਹੈ। ਉਸ ਗੁਰੂ ਰੂਪ "**ਪੰਡਿਤ**" ਨੂੰ ਮਿਲਣ ਤੋਂ ਪਹਿਲਾਂ "**ਪੰਡਿਤ**" ਬਣਨ ਦੀ, ਪੰਡਿਤ ਅਖਵਾਉਣ ਦੀ ਸਮਝ ਨਹੀਂ ਆਉਂਦੀ। ਜਿੰਨ੍ਹਾਂ ਨੂੰ ਉਸਨੇ ਆਪਣਾ ਪੰਡਿਤ ਬਣਾਇਆ ਹੋਇਆ ਹੈ, ਆਪਣੇ ਗਿਆਨ ਵਾਲਾ ਬਣਾਇਆ ਹੈ, ਉਹਨਾਂ ਦੇ ਰਾਹੀਂ ਗੁਰਬਾਣੀ ਲਿਖਾਉਣ ਦੁਆਰਾ ਬਣਾਇਆ ਹੈ, ਉਹਨਾਂ ਨੇ ਆਪਣੇ ਆਪ ਨੂੰ ਗਿਆਨਵਾਨ ਨਹੀਂ ਆਖਿਆ। ਉਹਨਾਂ ਨੇ ਉਸ ਪ੍ਰਮਾਤਮਾ ਨੂੰ ਹੀ "**ਪੰਡਿਤ**", ਬ੍ਰਹਮ ਗਿਆਨੀ ਕਿਹਾ ਹੈ, ਗੁਰੂ ਕਿਹਾ ਹੈ।

"ਚਹੁ ਵਰਨਾ ਕਉ ਦੇ ਉਪਦੇਸੁ॥ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥੪॥"

ਹੁਣ ਅਸੀਂ ਇਹ ਸਮਝ ਸਕਦੇ ਹਾਂ ਕਿ ਉਹ ਕਿਹੜਾ "ਪੰਡਿਤ" ਹੈ ਜੋ ਚਹੁ ਵਰਨਾ ਨੂੰ ਭਾਵ ਸਭ ਨੂੰ ਉਪਦੇਸ਼ ਕਰਨ ਵਾਲਾ ਹੈ, ਜੋ "ਜੁਗਾਂ ਜੁਗਾਂ" ਤੋਂ ਸਭ ਨੂੰ ਉਪਦੇਸ਼ ਸੁਣਾਉਂਦਾ ਆ ਰਿਹਾ ਹੈ। ਉਸ ਪ੍ਰਮਾਤਮਾ ਰੂਪ ਗੁਰੂ ਨੂੰ, "**ਪੰਡਿਤ**" ਨੂੰ ਭਾਵ ਉਸ "**ਗਿਆਨ ਦੇ ਮਾਲਕ**" ਨੂੰ ਹੀ ਅਸਲ ਵਿੱਚ ਸਭ ਦਾ ਸੱਚਾ ਪ੍ਰਨਾਮ ਹੈ, ਸਭ ਵਿੱਚ ਉਸ ਦਾ ਹੀ ਹੁਕਮ ਚੱਲ ਰਿਹਾ ਹੈ ਤੇ ਅਸਲ ਵਿੱਚ ਹਰ ਕੋਈ, ਹਰ ਵੇਲੇ ਉਸਦੇ ਅੱਗੇ ਹੀ ਝੁਕ ਰਿਹਾ ਹੈ, ਉਸ ਦੇ ਹੁਕਮ ਦੇ ਅੱਗੇ ਹੀ ਝੁਕ ਰਿਹਾ ਹੈ ਭਾਵ ਉਸਦੀ ਸਮਝ ਅੱਗੇ ਹੀ ਝੁਕ ਰਿਹਾ ਹੈ ਜਿਸ ਦਾ ਹੁਕਮ ਸਾਡੇ ਅੰਦਰ ਹਰ ਵੇਲੇ ਸਾਡੀ ਸਮਝ ਦੇ ਰੂਪ ਵਿੱਚ ਚੱਲ ਰਿਹਾ ਹੈ। ਗੁਰਬਾਣੀ ਰਾਹੀਂ ਉਸਦੇ ਦਿੱਤੇ ਹੋਏ ਉਪਦੇਸ਼, ਹੁਕਮ ਅੱਗੇ ਝੁਕਣਾ ਉਸ ਪੰਡਿਤ, ਪ੍ਰਮਾਤਮਾ ਦੇ ਅੱਗੇ ਝੁਕਣਾ ਹੀ ਹੈ।

{ਆਦੇਸੁ ਤਿਸੈ ਆਦੇਸੁ॥ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥}

(ਅੰਗ ੬)

ਜਦ ਤੱਕ ਅਸੀਂ ਤ੍ਰੈਗੁਣੀ ਅਵੱਸਥਾ ਵਿੱਚ ਹਾਂ ਸਾਡਾ ਇਸ ਗੱਲ ਨੂੰ ਸਮਝਣਾ ਮੁਮਕਿਨ ਨਹੀਂ ਹੈ, ਕਿਉਂਕਿ ਸਭ ਦੇ ਵਿੱਚ ਹੀ ਉਸਦੀ ਪਾਈ ਹੋਈ ਮਾਇਆ ਦੀ ਜੁਗਤਿ ਵਰਤ ਰਹੀ ਹੈ। ਮਨ ਦੀ ਇਸ ਅਵੱਸਥਾ ਵਿੱਚ ਰਹਿੰਦੇ ਹੋਏ ਭਾਵ ਮਨ ਦੇ ਭਰਮ ਵਿੱਚ ਰਹਿੰਦੇ ਹੋਏ ਕਿਸੇ ਨੂੰ ਪਿਆਰ ਨਾਲ ਪੰਡਿਤ ਜਾਂ ਗਿਆਨੀ ਕਹਿ ਕੇ ਪੁਕਾਰਨਾ ਸਾਨੂੰ ਮਾੜਾ ਨਹੀਂ ਬਣਾ ਦਿੰਦਾ, ਇਹ ਸਾਡਾ ਕਿਸੇ ਨੂੰ ਆਮ ਕਰਕੇ ਸੰਬੋਧਨ ਕਰਨ ਦਾ ਤਰੀਕਾ ਹੈ, ਕਿਸੇ ਨੂੰ ਸਤਿਕਾਰ ਵਜੋਂ ਪੁਕਾਰਨ ਦਾ ਤਰੀਕਾ ਹੈ ਤੇ ਗੁਰਬਾਣੀ ਸਾਨੂੰ ਕਿਹੋ ਜਿਹਾ ਪੰਡਿਤ, ਗਿਆਨੀ ਬਣਨ ਲਈ ਪ੍ਰੇਰ ਰਹੀ ਹੈ ਇਸ ਨੂੰ ਸਮਝਣਾ ਵੀ ਸਾਡਾ ਫਰਜ਼ ਬਣ ਜਾਂਦਾ ਹੈ ਤਾਂ ਜੋ ਅਸੀਂ ਗੁਰੂ ਦੇ ਗਿਆਨ ਦੇ ਅਸਲ ਮਨੋਰਥ ਨੂੰ ਪੂਰਾ ਕਰ ਸਕੀਏ ਤੇ ਆਪਣੇ ਜੀਵਨ ਦਾ ਸੱਚਾ ਮਨੋਰਥ ਵੀ ਪੂਰਾ ਕਰੀਏ। ਇਥੇ ਇਹ ਗੱਲ ਕਰਨੀ ਵੀ ਜਰੂਰੀ ਹੈ ਕਿ ਜੋ ਆਪਣੇ ਆਪ ਨੂੰ

ਬ੍ਰਹਮ ਗਿਆਨੀ ਅਖਵਾਉਂਦੇ ਹਨ ਜਾਂ ਸੰਤ ਅਖਵਾਉਂਦੇ ਹਨ, ਉਸ ਤੋਂ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਅਖਵਾਉਣ ਵਾਲੀ ਗੱਲ ਹੈ, ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੀ ਗੱਲ ਹੈ। ਅਸਲ ਵਿੱਚ ਸੱਚੇ ਬ੍ਰਹਮ ਗਿਆਨ ਦੀ ਪ੍ਰਾਪਤੀ ਨਾਲ ਹੀ ਸਾਡੀ "ਮੈਂ" ਖ਼ਤਮ ਹੁੰਦੀ ਹੈ ਪਰ ਆਪਣੇ ਆਪ ਨੂੰ ਇਹੋ ਜਿਹਾ ਉੱਚਾ ਅਖਵਾ ਕੇ ਸਾਡੀ "ਮੈਂ" ਹੋਰ ਉੱਚੀ ਹੋ ਜਾਂਦੀ ਹੈ ਜਿਸ ਤੋਂ ਸਪੱਸ਼ਟ ਭਾਵ ਇਹ ਹੈ ਕਿ ਨਾ ਸਾਨੂੰ ਇਹ ਸਮਝ ਆਇਆ ਹੈ ਕਿ "ਬ੍ਰਹਮ ਗਿਆਨ" ਕੀ ਹੈ ਤੇ ਨਾ ਹੀ ਇਹ ਸਮਝ ਆਇਆ ਹੈ ਕਿ "ਸੰਤ ਕੌਣ" ਹੈ। ਕਿਸੇ ਨੂੰ ਸੰਤ ਜਾਂ ਬ੍ਰਹਮ ਗਿਆਨੀ ਕਹਿਣ ਵਾਲਿਆਂ ਤੇ ਵੀ ਇਹ ਗੱਲ ਉਤਨੀ ਹੀ ਲਾਗੂ ਹੁੰਦੀ ਹੈ। ਜੋ ਇਹੋ ਜਿਹਾ ਕਹਿੰਦੇ ਹਨ, ਕਿਸੇ ਨੂੰ ਇਹੋ ਜਿਹਾ ਕਹਿ ਕੇ ਵਡਿਆਈਆਂ ਦਿੰਦੇ ਹਨ, ਉਸ ਤੋਂ ਸਿੱਧਾ ਭਾਵ ਇਹ ਹੈ ਕਿ ਉਹਨਾਂ ਨੂੰ ਗੁਰਬਾਣੀ ਦੀ ਬਿਲਕੁਲ ਹੀ ਸਮਝ ਨਹੀਂ ਪਈ, ਉਹ ਦੇਹ ਦੇ ਮੋਹ ਵਿੱਚ ਹੀ ਫਸੇ ਹੋਏ ਹਨ, ਮਾਇਆ ਮੋਹ ਵਿੱਚ ਫਸੇ ਹੋਏ ਹਨ, ਅਗਿਆਨਤਾ ਵਿੱਚ ਵਿਚਰ ਰਹੇ ਹਨ।

ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਹੋਰ ਵੀ ਜਾਣੀਏ ਕਿ ਮਾਇਆਂ ਮੋਹ ਦੁਆਰਾ ਹੀ ਹਰ ਕੋਈ ਵਿਚਰ ਰਿਹਾ ਹੈ ਜਿੱਥੇ ਗੁਰੂ ਦੀ ਮਤਿ ਨਹੀਂ ਹੈ ਉੱਥੇ ਕੇਵਲ ਮਾਇਆਂ ਮੋਹ ਹੀ ਹੈ। **(ਪੰਡਿਤ ਮੋਹੇ ਲੋਭਿ ਸਬਾਏ॥)** ਹੁਣ ਇਸ ਪੰਗਤੀ ਦੇ ਅਰਥ ਅਸੀਂ ਬਰੀਕੀ ਨਾਲ ਸਮਝ ਸਕਦੇ ਹਾਂ ਤੇ ਗੁਰੂ ਦੇ ਸੱਚੇ ਗਿਆਨ ਨੂੰ ਵਿਚਾਰਨ ਤੋਂ ਬਿਨ੍ਹਾਂ, ਉਸਦੇ ਆਚਾਰੀ ਹੋਏ ਬਿਨ੍ਹਾਂ ਇਹ ਸਾਡੇ ਮਨ ਦਾ ਲੋਭ ਲਾਲਚ ਹੀ ਹੈ, ਮਾਇਆ ਮੋਹ ਹੀ ਹੈ।

"ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥੩॥"

ਮਾਇਆ ਮੋਹ ਵਿੱਚੋਂ ਪ੍ਰਮਾਤਮਾ ਸਾਨੂੰ ਆਪ ਹੀ ਕੱਢ ਸਕਦਾ ਹੈ, ਸਾਡੀ ਅਗਿਆਨਤਾ ਉਹ ਆਪ ਹੀ ਦੂਰ ਕਰ ਸਕਦਾ ਹੈ,

ਆਪਣੇ ਸੱਚੇ ਗਿਆਨ ਨਾਲ ਸਾਨੂੰ ਆਪ ਹੀ ਜੋੜ ਸਕਦਾ ਹੈ। ਉਸ ਦਾ ਸੱਚਾ ਗਿਆਨ ਉਸਦਾ ਚੌਥੇ ਪਦ ਦਾ ਗਿਆਨ ਹੈ। "ਗਿਆਨੀ" ਬਣਨਾ ਗੁਰੂ ਦੇ ਗਿਆਨ ਦੇ ਨਾਲ ਸਾਡੀ ਸਮਝ ਦਾ ਮੇਲ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਜਾ ਸਕਦਾ ਹੈ।

"ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥"

"ਮਾਇਆ" ਦਾਸੀ ਤਾਂ ਪ੍ਰਮਾਤਮਾ ਦੀ ਆਪਣੀ ਹੀ ਹੈ ਜੋ ਕਿ ਆਪ

11/1050

ਹੀ ਅਸਲ ਵਿੱਚ ਪੰਡਿਤ ਹੈ, ਗਿਆਨੀ ਹੈ। ਜਿੱਥੇ ਵੀ ਮਾਇਆ ਮੋਹ ਵਰਤ ਰਿਹਾ ਹੈ, ਤ੍ਰੈਗੁਣ ਵਰਤ ਰਹੇ ਹਨ ਉਹ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਵਰਤ ਰਹੇ ਹਨ। ਉਹ ਗਿਆਨ ਦਾ ਮਾਲਕ ਗਿਆਨੀ ਹੀ ਆਪ ਸਭ ਦੇ ਮਨ ਵਿੱਚ ਹੈ ਤੇ ਜਿੱਥੇ ਉਹ ਪ੍ਰਗਟ ਹੁੰਦਾ ਹੈ ਉੱਥੇ ਉਸ ਗਿਆਨੀ ਦੀ ਸੋਝੀ ਪੈ ਜਾਂਦੀ ਹੈ। ਮਾਇਆ ਮੋਹ ਸਾਡੀ ਤ੍ਰੈਗੁਣਾਂ ਵਾਲੀ ਜੁਗਤਿ ਹੈ ਜੋ ਕਿ ਮਨ ਦੇ ਵਿੱਚ ਉਸ ਸੱਚੇ ਗਿਆਨੀ ਦੇ ਪ੍ਰਗਟ ਹੋਣ ਨਾਲ ਦੂਰ ਹੋ ਜਾਂਦੀ ਹੈ ਭਾਵ ਉਸ ਦੇ ਪ੍ਰਗਟ ਹੋਣ ਨਾਲ ਮਨੁੱਖ ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲ ਜਾਂਦਾ ਹੈ। ਜਦੋਂ ਮਾਇਆ ਦਾ ਸਵਾਮੀ ਮਨ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ ਉਹ ਉਸ ਮਨੁੱਖ ਦੀ ਬਿਰਤੀ ਨੂੰ ਅਡੋਲ ਬਣਾ ਦਿੰਦਾ ਹੈ, ਆਪਣੇ ਮਾਰਗ ਤੇ ਚੱਲਣ ਵਾਲਾ ਬਣਾ ਦਿੰਦਾ ਹੈ ਤੇ ਫਿਰ ਦੁਚਿੱਤੀ, ਭਰਮ, ਅਗਿਆਨਤਾ ਵਾਲੀ ਸਮਝ ਜੋ ਕਿ ਪ੍ਰਮਾਤਮਾ ਦੀ ਦਾਸੀ ਹੈ, ਉਸਦਾ ਅਸਰ ਖ਼ਤਮ ਹੋ ਜਾਂਦਾ ਹੈ। (**ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥3॥ ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥**)

{ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥}

(ਅੰਗ ੮੭੫)

ਗਿਆਨੀ ਬਣਨਾ ਬਹੁਤ ਹੀ ਉੱਚੀ ਗੱਲ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਜੋ ਤੂੰ ਕਹਹਿ ਸੁ ਕਾਰ ਕਮਾਵਾ॥ਜਨ ਨਾਨਕ ਗੁਰਮੁਖ ਨੇੜਿ ਨ ਆਵਾ॥੪॥੧॥"

ਅਸਲ ਵਿੱਚ ਤ੍ਰੈਗੁਣੀ ਗਿਆਨ ਵਾਲੀ ਅਵੱਸਥਾ ਦਾ ਮਾਲਕ ਬ੍ਰਹਮ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਆਪ ਪ੍ਰਮਾਤਮਾ ਹੈ ਤੇ ਤ੍ਰੈਗੁਣੀ ਅਵੱਸਥਾ ਬ੍ਰਹਮ ਗਿਆਨ ਦੀ ਦਾਸੀ ਹੈ। ਮਨ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੇ ਨਾਲ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਕਿਉਂਕਿ ਅੰਦਰ ਸੋਚ ਪ੍ਰਮਾਤਮਾ ਦੀ ਆਪਣੀ ਹੀ ਹੈ ਤੇ ਕੇਵਲ ਸੋਚ ਦਾ ਸਰੂਪ ਹੀ ਬਦਲਦਾ ਹੈ। ਜੋ ਗੱਲ ਗੁਰੂ ਪ੍ਰਮਾਤਮਾ ਨੂੰ ਨਹੀਂ ਭਾਉਂਦੀ ਫਿਰ ਉਹ ਕੰਮ ਹੋ ਹੀ ਨਹੀਂ ਸਕਦਾ ਕਿਉਂਕਿ ਅੰਦਰ ਕਰਵਾਉਣ ਵਾਲਾ ਆਪ ਹੀ ਪ੍ਰਗਟ ਹੁੰਦਾ ਹੈ ਤੇ ਇਸੇ ਕਰਕੇ ਮਾਇਆ ਮੋਹ ਫਿਰ ਨੇੜੇ ਨਹੀਂ ਆਉਂਦਾ ਭਾਵ ਚੌਥੇ ਪਦ ਦਾ ਗਿਆਨ, ਪ੍ਰਮਾਤਮਾ ਨੂੰ ਜਾਣਨ ਦਾ ਸੱਚਾ ਗਿਆਨ ਫਿਰ ਤ੍ਰੈਗੁਣੀ ਗਿਆਨ ਨੂੰ, ਉਲਝਣਾ ਵਿੱਚ ਪਾਉਣ ਵਾਲੇ ਗਿਆਨ ਨੂੰ, ਸੱਚਾ ਮਾਰਗ ਭਟਕਾਉਣ ਵਾਲੇ ਗਿਆਨ ਨੂੰ ਆਪਣੇ ਨੇੜੇ ਨਹੀਂ ਆਉਣਾ ਦਿੰਦਾ। (**ਜੋ ਤੂੰ ਕਹਹਿ ਸੁ ਕਾਰ ਕਮਾਵਾ॥ਜਨ ਨਾਨਕ ਗੁਰਮੁਖ ਨੇੜਿ ਨ ਆਵਾ॥੪॥੧॥**)

ਪ੍ਰਮਾਤਮਾ ਤੇ ਮਨੁੱਖ ਦੇ ਵਿੱਚ ਭੇਦ ਦੀ ਦੀਵਾਰ ਕੇਵਲ ਗਿਆਨ ਰੂਪ ਵਿੱਚ ਹੀ ਹੈ। ਆਪ ਗੁਰੂ ਪ੍ਰਮਾਤਮਾ ਚੌਥੇ ਪਦ ਦੇ ਗਿਆਨ ਵਿੱਚ ਹੈ ਤੇ ਮਨੁੱਖ ਨੂੰ ਉਸਨੇ ਤ੍ਰੈਗੁਣੀ ਗਿਆਨ ਵਿੱਚ ਰੱਖਿਆ ਹੋਇਆ ਹੈ ਤੇ ਅਸਲ ਵਿੱਚ ਇਹ ਤ੍ਰੈਗੁਣੀ ਗਿਆਨ ਵਾਲੀ ਅਵੱਸਥਾ ਹੀ ਸਾਡੀ ਹਉਮੈ ਹੈ, ਸਾਡੀ ਮੈਂ ਹੈ, ਸਾਡਾ ਪ੍ਰਮਾਤਮਾ ਤੋਂ ਵੱਖਰਾਪਨ ਹੈ, ਸਾਡੇ ਮਨ ਦੇ ਵਿੱਚ ਉਸਦੀ ਪਾਈ ਹੋਈ ਦੀਵਾਰ ਹੈ, ਪੜਦਾ ਹੈ, ਬੰਧਨ ਹੈ। ਜਦੋਂ ਵੀ ਸਾਡਾ ਪ੍ਰਮਾਤਮਾ ਨਾਲ ਮੇਲ

11/1051

ਹੋਣਾ ਹੈ ਇਹ ਤ੍ਰੈਗੁਣਾਂ ਵਾਲਾ ਬੰਧਨ ਟੁੱਟ ਕੇ ਹੀ ਹੋਣਾ ਹੈ। ਆਓ ਇਸੇ ਗੱਲ ਨੂੰ ਅੱਗੇ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਮਝੀਏ ਕਿ ਅਸਲ ਵਿੱਚ ਗਿਆਨ ਦਾ ਮਾਲਕ ਕੋਣ ਹੈ, ਗਿਆਨ ਦਾ ਸੁਵਾਮੀ ਕੌਣ ਹੈ ਜੋ ਸਾਡੀ ਅਗਿਆਨਤਾ ਦਾ ਬੰਧਨ ਤੋੜ ਸਕਦਾ ਹੈ।

ਬਸੰਤੁ ਮਹਲਾ ੧ ਹਿੰਡੋਲ॥

“ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ॥ ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ॥੧॥
ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥
ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥੧॥ ਰਹਾਉ॥
ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥੨॥
ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ॥
ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ॥੩॥੨॥੧੦॥”

(ਅੰਗ ੧੧੭੧)

ਸ਼ਬਦ ਦੇ ਅਰਥ ਗਹਿਰਾਈ ਵਿੱਚ ਹਨ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ। ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਸਾਡਾ ਪੇਕਾ ਘਰ ਕੀ ਹੈ। ਜੇਕਰ ਸਾਨੂੰ ਇਹ ਸਮਝ ਆ ਜਾਵੇ ਕਿ ਉਹ ਕਿਹੜੀ ਵੱਥ ਹੈ ਜਿਹੜੀ ਸਾਨੂੰ ਸਹੁਰੇ ਘਰ ਨਾਲ ਜੋੜਦੀ ਹੈ ਤਾਂ ਫਿਰ ਪੇਕਾ ਘਰ ਵੀ ਸਮਝ ਆ ਜਾਵੇਗਾ। ਸਹੁਰਾ ਘਰ ਸਾਡਾ ਪ੍ਰਮਾਤਮਾ ਦਾ ਘਰ ਹੈ, ਸਾਡਾ ਅਸਲ ਘਰ ਹੈ, ਜਿਸ ਘਰ ਨੂੰ ਹਰ ਕੋਈ ਪ੍ਰਾਪਤ ਕਰਨਾ ਚਾਹੁੰਦਾ ਹੈ ਤੇ ਇਸ ਸਹੁਰੇ ਘਰ ਨੂੰ ਪ੍ਰਾਪਤ ਵੀ ਇਸ ਮਨੁੱਖੀ ਸਰੀਰ ਦੁਆਰਾ ਹੀ ਕੀਤਾ ਜਾ ਸਕਦਾ ਹੈ। ਸਾਡਾ ਆਪਣੇ ਸਹੁਰੇ ਘਰ ਨਾਲ ਵਿਛੋੜਾ ਉਸ ਵਥੁ ਦੀ ਸਾਂਝ ਨਾ ਹੋਣ ਕਰਕੇ ਹੈ ਜੋ ਵਥੁ ਸਾਨੂੰ ਪ੍ਰਮਾਤਮਾ ਦੇ ਘਰ ਨਾਲ ਜੋੜਦੀ ਹੈ। ਇਹ ਵਥੁ ਹੀ ਸਾਨੂੰ ਅੱਗੇ ਸ਼ਬਦ ਵਿੱਚ ਸਮਝਾਈ ਹੋਈ ਹੈ ਜਿਸ ਦੁਆਰਾ ਅਸੀਂ ਆਪਣੇ ਸਹੁਰੇ ਘਰ ਨੂੰ ਭਾਵ ਉਸ ਕੰਤ ਰੂਪ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆ ਰਹੇ ਹਾਂ, ਸਾਡਾ ਸਹੁਰਾ ਘਰ, ਪ੍ਰਮਾਤਮਾ ਦਾ ਘਰ ਸਾਡੇ ਮਨ ਦੇ ਵਿੱਚ ਹੀ ਹੈ ਤੇ ਉਸ ਨਾਲ ਸਾਂਝ ਸਾਡੇ ਮਨ ਦੇ ਗਿਆਨ ਦੁਆਰਾ ਪੈਂਦੀ ਹੈ, ਚੌਥੇ ਪਦ ਦੇ ਗਿਆਨ ਦੁਆਰਾ ਪੈਂਦੀ ਹੈ। ਇਹ “ਵਥੁ” ਨਾਮ ਦੀ ਵਥੁ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੀ ਵਥੁ ਹੈ, ਗੁਰਮਤਿ ਦੀ ਸੱਚੀ ਸਮਝ ਦੀ ਵਥੁ ਹੈ, ਬ੍ਰਹਮ ਗਿਆਨ ਦੀ ਵਥੁ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ, “ਗੁਰਬਾਣੀ ਅਨੁਸਾਰ” ਭਾਵ ਪ੍ਰਮਾਤਮਾ ਦੇ ਦਿੱਤੇ ਹੋਏ “ਬ੍ਰਹਮ ਗਿਆਨ” ਅਨੁਸਾਰ ਚੱਲ ਕੇ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੇ ਫ਼ਲ ਦੇ ਰੂਪ ਵਿੱਚ ਹੁੰਦੀ ਹੈ। ਗੁਰੂ ਦੇ ਦੱਸੇ ਹੋਏ ਧਰਮ ਦੇ ਮਾਰਗ ਤੇ ਚੱਲਣ ਦੇ ਉੱਦਮ ਦਾ ਜੋ ਫ਼ਲ ਪ੍ਰਾਪਤ ਹੁੰਦਾ ਹੈ ਉਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਉਸਦਾ ਫ਼ਲ ਗਿਆਨ ਰੂਪ ਵਿੱਚ ਹੀ ਮਿਲਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ ਭਾਵ ਨਾਮ ਵਾਲੀ ਸਮਝ ਦੇ ਰੂਪ ਵਿੱਚ ਮਿਲਦਾ ਹੈ।

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ॥
ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ॥੧॥
ਸਤਿਗੁਰ ਤੇ ਹਰਿ ਪਾਈਐ ਭਾਈ॥
ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ॥੧॥ ਰਹਾਉ॥

(ਅੰਗ ੪੨੫)

11/1052

ਇਹ ਨਾਮ ਦੀ “ਵਥੁ” ਹੀ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸਨੂੰ ਅਸੀਂ ਪਾਉਣਾ ਚਾਹੁੰਦੇ ਹਾਂ ਤੇ ਇਸ “ਵਥੁ” ਦੀ ਪ੍ਰਾਪਤੀ ਦੇ ਨਾਲ ਹੀ ਸਾਡੇ ਅੰਦਰ ਦੇ ਕਪਾਟ ਖੁੱਲਦੇ ਹਨ ਜਿਸ ਨਾਲ ਉਸ “ਗਿਆਨ ਰੂਪ” ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਇਹ “ਵਥੁ” ਹੀ “ਨਾਮ ਨਿਧਾਨ” ਹੈ, “ਨਾਮ ਧਨ” ਹੈ ਜਿਸ ਦੇ ਦਰਸ਼ਨ ਮਨ ਦੇ ਵਿੱਚੋਂ ਹੁੰਦੇ ਹਨ, ਉਸਦੀ ਆਪਣੀ ਕਿਰਪਾ ਦੁਆਰਾ ਹੁੰਦੇ ਹਨ, ਆਪਣੀ ਵੱਥ ਉਹ ਆਪ ਹੀ ਦਿੰਦਾ ਹੈ, “ਆਪਣਾ ਨਾਮ” ਉਹ ਆਪ ਹੀ ਦਿੰਦਾ ਹੈ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਪਿੱਛੇ ਸਮਝਿਆ ਹੈ।

ਜੇਕਰ ਸਾਨੂੰ ਪ੍ਰਮਾਤਮਾ ਨਾਲ ਆਪਣੀ ਸਾਂਝ ਪੈਣ ਦੀ ਸਮਝ ਪੈ ਜਾਵੇ ਕਿ ਉਹ ਸਾਂਝ ਕਿਵੇਂ ਪੈਂਦੀ ਹੈ ਤਾਂ ਫਿਰ ਸਾਡਾ ਪੇਕਾ ਘਰ ਕੀ ਹੈ, ਇਸ ਨੂੰ ਵੀ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲੇ ਸਾਡਾ ਉਹ ਘਰ ਹੈ ਜਿੱਥੇ ਅਸੀਂ ਪ੍ਰਮਾਤਮਾ ਦੀ ਵੱਥ ਤੋਂ ਵਿਛੁੜੇ ਹੋਏ ਹਾਂ ਭਾਵ ਅਸੀਂ ਅਗਿਆਨਤਾ ਵਿੱਚ ਹਾਂ, ਭਰਮ ਵਿੱਚ ਹਾਂ, ਹਉਮੈ ਵਿੱਚ ਹਾਂ, ਮਨਮਤਿ

ਵਿੱਚ ਹਾਂ, ਮਾਇਆ ਦੀ ਜੁਗਤਿ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ, ਵਿਕਾਰਾਂ ਵਿੱਚ ਹਾਂ ਤੇ ਇਹੋ ਜਿਹੇ ਵਿਚਾਰਾਂ ਵਾਲੀ ਮਾੜੀ ਸਮਝ ਦਾ ਘਰ ਹੀ ਸਾਡਾ ਪੇਕਾ ਘਰ ਹੈ। ਪੇਕਾ ਘਰ ਵੀ ਸਾਡੇ ਮਨ ਦੀ ਅਵੱਸਥਾ ਹੈ ਤੇ ਸਹੁਰਾ ਘਰ ਵੀ ਸਾਡੇ ਮਨ ਦੀ ਅਵੱਸਥਾ ਹੈ। ਦੁਚਿੱਤੀ ਸਾਡਾ ਪੇਕਾ ਘਰ ਹੈ ਤੇ ਇੱਕ ਮਨ ਇੱਕ ਚਿੱਤ ਸਾਡਾ ਸਹੁਰਾ ਘਰ ਹੈ। ਦੁਬਿਧਾ, ਤ੍ਰੈਗੁਣ ਸਾਡਾ ਪੇਕਾ ਘਰ ਹੈ ਤੇ ਸਹਜ ਦੀ ਅਵੱਸਥਾ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਸਾਡਾ ਸਹੁਰਾ ਘਰ ਹੈ। ਇਸ ਪੇਕਾ ਘਰ ਵਿੱਚ ਰਹਿੰਦੇ ਹੋਏ, ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਕੁਚੱਜੇ ਬਣੇ ਰਹਿੰਦੇ ਹਾਂ ਭਾਵ ਸਾਨੂੰ ਆਪਣੀ ਸਹੀ ਜਿੰਦਗੀ ਜਿਉਣ ਦਾ ਚੱਜ ਨਹੀਂ ਆਉਂਦਾ। ਜਦ ਤੱਕ ਅਸੀਂ ਕਚੁੱਜੇ ਹੋ ਕੇ ਵਿਚਰਦੇ ਹਾਂ ਤਦ ਤੱਕ ਸਾਨੂੰ ਪ੍ਰਮਾਤਮਾ ਦੇ ਨਾਲ ਰੱਖਣੀ ਨਹੀਂ ਆਉਂਦੀ ਭਾਵ ਉਸ ਨਾਲ ਬਣਾ ਕੇ ਰੱਖਣੀ ਨਹੀਂ ਆਉਂਦੀ। ਗੁਰੂ ਦੀ ਮਤਿ ਦੇ ਨਾਲ ਬਣਾ ਕੇ ਰੱਖਣੀ ਭਾਵ ਗੁਰੂ ਦੀ ਮਤਿ ਤੇ ਅਮਲ ਕਰਨਾ ਪ੍ਰਮਾਤਮਾ ਦੇ ਨਾਲ ਬਣਾ ਕੇ ਰੱਖਣ ਦਾ ਤਰੀਕਾ ਹੈ। ਉਸ ਨਾਲ ਕੇਵਲ ਅਸੀਂ ਚੰਗੇ ਬਣ ਕੇ ਹੀ ਭਾਵ ਚੰਗੇ ਅਤੇ ਸੱਚੇ ਸੁੱਚੇ ਕਰਮ ਕਰਕੇ ਹੀ ਬਣਾ ਕੇ ਰੱਖ ਸਕਦੇ ਹਾਂ। ਕੁਚੱਜੇ ਕੰਮ ਕਰਦੇ ਹੋਏ, ਆਪਣੇ ਵਿਕਾਰਾਂ ਦੁਆਰਾ ਆਪਣੀਆਂ ਤ੍ਰਿਸ਼ਨਾਵਾਂ ਪੂਰੀਆਂ ਕਰਨ ਦਾ ਰਸ ਅਸੀਂ ਆਪ ਹੀ ਮਾਣਦੇ ਹਾਂ ਤੇ ਇਸ ਕਰਕੇ ਉਹਨਾਂ ਦਾ ਦੋਸ਼ ਵੀ ਸਾਡੇ ਸਿਰ ਹੀ ਆਉਂਦਾ ਹੈ।

(ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ॥ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ॥੧॥) ਉੱਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਹੁਰੇ ਘਰ ਵਿੱਚ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਸਾਡੀ "ਵਥੁ" ਭਾਵ ਮਨ ਦਾ ਗਿਆਨ, ਮਨ ਦੇ ਵਿਚਾਰ ਪ੍ਰਮਾਤਮਾ ਨਾਲ ਸਾਂਝੇ ਹੋ ਜਾਂਦੇ ਹਨ ਤੇ ਪੇਕੇ ਘਰ ਵਿੱਚ ਸਾਡੇ ਵਿਚਾਰ ਵੱਖਰੇ-ਵੱਖਰੇ ਹੁੰਦੇ ਹਨ।

ਪ੍ਰਮਾਤਮਾ ਨੇ ਸਾਨੂੰ ਆਪ ਹੀ ਆਪਣੇ ਤੋਂ ਵੱਖਰਾ ਕੀਤਾ ਹੋਇਆ ਹੈ, ਆਪਣੀ ਵੱਥ ਤੋਂ ਭਾਵ ਬ੍ਰਹਮ ਗਿਆਨ ਰੂਪ ਵੱਥ ਤੋਂ, ਨਾਮ ਦੀ ਵੱਥ ਤੋਂ, ਚੌਥੇ ਪਦ ਦੇ ਗਿਆਨ ਦੀ ਵੱਥ ਤੋਂ ਵੱਖਰਾ ਕੀਤਾ ਹੋਇਆ ਹੈ। ਉਸਦੀ ਆਪਣੀ ਸੱਚੀ ਵੱਥ ਵਿੱਚ ਕੋਈ ਭਰਮ ਨਹੀਂ ਹੈ, ਕੋਈ

11/1053

ਅਗਿਆਨਤਾ ਨਹੀਂ ਹੈ, ਕੋਈ ਮਾਇਆ ਮੋਹ ਨਹੀਂ ਹੈ ਪਰ ਪੇਕਾ ਘਰ ਮਾਇਆ ਮੋਹ ਵਾਲਾ ਹੈ, ਭਰਮ ਵਾਲਾ ਹੈ। ਪ੍ਰਮਾਤਮਾ ਨੇ ਸਾਨੂੰ ਆਪ ਹੀ ਆਪਣੀ ਵੱਥ ਤੋਂ ਦੂਰ ਕਰਕੇ ਸਾਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਪੜਦੇ ਵਿੱਚ ਰੱਖਿਆ ਹੋਇਆ ਹੈ, ਮਨਮਤਿ ਵਿੱਚ ਰੱਖਿਆ ਹੋਇਆ ਹੈ, ਭੁਲੇਖੇ ਵਿੱਚ ਰੱਖਿਆ ਹੋਇਆ ਹੈ ਕਿਉਂਕਿ ਇਹ ਉਸਦਾ ਇਸ ਸੰਸਾਰ ਦੀ ਖੇਡ ਨੂੰ ਬਣਾਉਣ ਤੇ ਚਲਾਉਣ ਦਾ ਤਰੀਕਾ ਹੈ।

"ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥"

ਪ੍ਰਮਾਤਮਾ ਨੇ ਸਾਡੇ ਅੰਦਰ "ਮੈਂ" ਪਾ ਕੇ, ਹਉਮੈ ਪਾ ਕੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਪੇਕੇ ਘਰ ਵਿੱਚ ਰੱਖਿਆ ਹੋਇਆ ਹੈ। ਇਹ "ਮੈਂ" ਹੀ ਸਾਡਾ ਪੇਕਾ ਘਰ ਹੈ। ਉਸਦਾ ਘਰ ਤੂੰ ਹੈ, ਸਹੁਰਾ ਘਰ ਤੂੰ ਹੈ, ਨਾਮ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਘਰ ਹੈ।

ਸਾਡੇ ਅੰਦਰ ਦੀ ਜੋ "ਹਉ" ਹੈ ਭਾਵ ਜੋ "ਮੈਂ" ਹੈ ਅਸਲ ਵਿੱਚ ਇਹ ਆਪ ਹੀ ਇੱਕ ਭਰਮ ਹੈ। ਅਸਲ ਵਿੱਚ ਇਹ "ਮੈਂ" ਆਪਣੇ ਆਪ ਵਿੱਚ ਕੁੱਝ ਨਹੀਂ ਹੈ, ਇਹ ਇੱਕ "ਭਰਮ" ਵਾਲੇ ਵਿਚਾਰਾਂ ਦੀ ਉਪਜ ਹੈ ਜੋ ਭਰਮ ਸਾਡੇ ਅੰਦਰੋਂ ਹੀ ਆਉਂਦਾ ਹੈ। ਇਹ ਸਾਡੇ ਅੰਦਰ ਦੀ "ਮੈਂ" ਉਸਦੀ ਆਪਣੀ ਹੀ ਪਾਈ ਹੋਈ ਹੈ ਜੋ ਸਾਨੂੰ ਅਨੇਕਾਂ ਹੀ ਭਰਮਾਂ ਵਿੱਚ ਪਾ ਕੇ ਰੱਖਦੀ ਹੈ। ਇਹ ਭਰਮ ਸਾਡੇ ਅੰਦਰ ਕਿੱਥੋਂ ਆਉਂਦਾ ਹੈ ਤੇ ਕਿਵੇਂ ਆਉਂਦਾ ਹੈ ਇਹ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

"ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥੧॥ ਰਹਾਉ॥"

ਇਹ "ਅੱਖਰ" ਕੀ ਹਨ ਇਹ ਅਸੀਂ ਪਿੱਛੇ ਵੀ ਜਾਣ ਚੁੱਕੇ ਹਾਂ ਤੇ ਜਪੁਜੀ ਸਾਹਿਬ ਬਾਣੀ ਦੇ ਅਰਥਾਂ ਵਿੱਚ ਵੀ ਇਹ "ਅੱਖਰ" ਕੀ ਹਨ ਇਹ ਸਮਝਾਇਆ ਹੋਇਆ ਹੈ। ਸਾਡੇ ਅੰਦਰ ਜੋ ਵੀ ਭਰਮ ਪੈਦਾ ਹੁੰਦਾ ਹੈ ਉਹ ਮਨ ਦੇ ਗਿਆਨ ਦੁਆਰਾ ਹੀ ਪੈਦਾ ਹੁੰਦਾ ਹੈ, ਮਨ ਦੀ ਸਮਝ ਦੇ ਵਿੱਚ ਹੀ ਉਪਜਦਾ ਹੈ, ਮਨ ਦੇ ਵਿੱਚ ਅੱਖਰਾਂ ਦੇ ਰੂਪ ਵਿੱਚ ਉਪਜਦਾ ਹੈ। ਇਹ ਅੱਖਰ ਸਾਡਾ ਨਿਰਗੁਣ ਰੂਪ ਗਿਆਨ ਹੈ ਜਿਸ ਦੀ ਉਪਜ ਮਨ ਦੇ ਵਿੱਚੋਂ ਹੀ ਹੁੰਦੀ ਹੈ। ਪੂਰੀ ਸ੍ਰਿਸ਼ਟੀ ਵਿੱਚ ਜੋ ਵੀ ਕਿਸੇ ਅੱਖਰ ਦਾ ਸਰਗੁਣ ਰੂਪ ਬਣਦਾ ਹੈ ਭਾਵ ਲਿਖਤ ਰੂਪ ਬਣਦਾ ਹੈ ਉਸਦਾ ਨਿਰਗੁਣ ਰੂਪ ਪਹਿਲਾਂ ਮਨ ਦੇ ਵਿੱਚ ਹੀ ਉਪਜਦਾ ਹੈ। ਸਾਡੇ ਮਨ ਦੇ ਵਿੱਚ ਇਹ "ਅੱਖਰ" ਲਿਖਣ ਵਾਲਾ ਕੌਣ ਹੈ ਇਸ ਗੱਲ ਨੂੰ ਨਾ ਜਾਣ ਸਕਣਾ ਹੀ ਸੰਸਾਰ ਦਾ ਸਭ ਤੋਂ ਵੱਡਾ ਭਰਮ ਹੈ।

“ਭਰਮ” ਆਪਣੇ ਅੰਦਰੋਂ ਇਸ ਨਿਰਗੁਣ ਸਰੂਪ ਅੱਖਰ ਨੂੰ ਜਾਣਨ ਦਾ ਹੀ ਹੈ। “ਅੱਖਰ” ਦਾ ਨਿਰਗੁਣ ਰੂਪ ਭਾਵ ਅੱਖਰ ਦੇ ਅੰਦਰ ਦੀ ਸੋਝੀ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝ ਚੁੱਕੇ ਹਾਂ।

{ਹੁਕਮੀ ਸਗਲ ਕਰੇ ਆਕਾਰ॥ਆਪੇ ਜਾਣੈ ਸਰਬ ਵੀਚਾਰ॥
ਅਖਰ ਨਾਨਕ ਅਖਿਓ ਆਪਿ॥ਲਹੈ ਭਰਾਤਿ ਹੋਵੈ ਜਿਸੁ ਦਾਤਿ॥੨॥}

(ਅੰਗ ੧੫੦)

11/1054

ਪਉੜੀ॥

{ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ॥ ਅਖਰ ਕਰਿ ਕਰਿ ਬੇਦ ਬੀਚਾਰੇ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ॥ ਅਖਰ ਨਾਦ ਕਥਨ ਵਖ੍ਯਾਨਾ॥
ਅਖਰ ਮੁਕਤਿ ਜੁਗਤਿ ਭੈ ਭਰਮਾ॥ ਅਖਰ ਕਰਮ ਕਿਰਤਿ ਸੁਚ ਧਰਮਾ॥
ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥੫੪॥}

(ਅੰਗ ੨੬੧)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ ੧੨੦)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥}

(ਅੰਗ ੪੫੬)

ਜਿਵੇਂ ਕਿ ਉੱਪਰ ਸ਼ਬਦਾਂ ਦੁਆਰਾ ਸਪੱਸ਼ਟ ਹੈ, ਸਭ ਦੇ ਅੰਦਰ ਅੱਖਰ ਲਿਖਣ ਵਾਲਾ ਉਹ ਆਪ ਹੀ ਹੈ, ਸਭ ਦੇ ਅੰਦਰ ਗਿਆਨ ਦੇਣ ਵਾਲਾ, ਸਾਡੇ ਮਨ ਦੇ ਵਿਚਾਰ ਬਣਾਉਣ ਵਾਲਾ ਉਹ ਆਪ ਹੀ ਹੈ ਭਾਵ ਗਿਆਨ ਦਾ ਮਾਲਕ ਉਹ ਆਪ ਹੀ ਹੈ ਤੇ ਆਪਣੇ ਗਿਆਨ ਦੇ ਰੂਪ ਵਿੱਚ ਹੀ ਸਭ ਵਿੱਚ ਵਿਚਰਦਾ ਹੈ। ਸਾਰੇ ਬੇਦ ਸਾਸਤ੍ਰ ਆਦਿ ਇੱਕ ਅੱਖਰ ਤੋਂ ਹੀ ਆਏ ਹਨ ਭਾਵ ਸਭ ਗਿਆਨ ਦਾ ਮੂਲ ਉਹ ਆਪ ਹੀ ਹੈ ਭਾਵੇਂ ਉਹਨਾਂ ਦੇ ਉਚਾਰਨ ਵਾਲਿਆਂ ਨੂੰ ਇਸ ਗੱਲ ਦੀ ਸੋਝੀ ਨਹੀਂ ਪਾਈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਇਸ ਗੱਲ ਦੀ ਸੋਝੀ ਪੈ ਹੀ ਨਹੀਂ ਸਕਦੀ ਕਿ ਸਾਡੇ ਅੰਦਰ ਦੇ ਅੱਖਰ ਦਾ ਸ੍ਰੋਤ ਕੀ ਹੈ। **(ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ॥)**

ਇਹ ਸਾਰੀ ਸ੍ਰਿਸ਼ਟੀ ਦੀ ਰਚਨਾ ਅੱਖਰ ਦੇ ਵਿੱਚ ਹੀ ਹੋਈ ਹੈ ਭਾਵ ਸਭ ਦੇ ਵਿੱਚ ਪ੍ਰਮਾਤਮਾ ਦਾ ਅੱਖਰ ਹੀ ਵਰਤ ਰਿਹਾ ਹੈ ਭਾਵ ਸਭ ਕੁੱਝ ਪ੍ਰਮਾਤਮਾ ਦੇ ਗਿਆਨ ਦੁਆਰਾ ਹੀ ਬਣਿਆ ਹੈ ਤੇ ਸਭ ਵਿੱਚ ਉਸਦਾ ਗਿਆਨ ਹੀ ਵਰਤ ਰਿਹਾ ਹੈ। **(ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ॥)**

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਲਿਖੇ ਹੋਏ ਹਨ।

ਪਹਿਲਾਂ ਜੋ ਅੱਖਰ ਮਨ ਦੇ ਵਿੱਚ ਉਪਜਦਾ ਹੈ, ਉਹੀ ਸਾਡੀ ਬਾਣੀ ਹੈ, ਸਾਡੇ ਬੋਲ ਹਨ ਭਾਵ ਸਾਡੇ ਜੋ ਵੀ ਬੋਲ ਹਨ ਉਹ ਸਾਡੇ ਮਨ ਦੇ ਵਿੱਚ ਉਪਜਣ ਵਾਲੇ ਵਿਚਾਰ ਹਨ ਤੇ ਉਹਨਾਂ ਵਿਚਾਰਾਂ ਨੂੰ ਸਾਡੇ ਅੰਦਰ ਲਿਖਣ ਵਾਲਾ ਆਪ ਪ੍ਰਮਾਤਮਾ ਹੈ। ਸਾਡੀ ਆਪਣੀ ਕੋਈ ਵੱਖਰੀ ਬਾਣੀ ਨਹੀਂ ਹੈ ਭਾਵ ਮਨ ਤੋਂ ਬਿਨ੍ਹਾਂ ਸਾਡੇ ਵਿਚਾਰਾਂ ਦਾ ਹੋਰ ਕੋਈ ਸ੍ਰੋਤ ਨਹੀਂ ਹੈ ਭਾਵ ਸਾਨੂੰ ਸਾਰੇ ਵਿਚਾਰ ਦੇਣ ਵਾਲਾ ਇੱਕੋ ਇੱਕ ਮਨ ਹੀ ਹੈ ਜਿਸ ਮਨ ਦੇ ਵਿੱਚ ਵਿਚਾਰ ਪਾਉਣ ਵਾਲਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। **(ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥੧॥ਰਹਾਉ॥)** ਸਾਨੂੰ ਭੁਲਾਉਣ ਵਾਲੇ ਸਾਡੇ ਮਨ ਦੇ ਅੱਖਰ ਹਨ, ਮਨ ਦੇ ਵਿਚਾਰ ਹਨ, ਮਨ ਦੀ ਸੋਚ ਹੈ, ਮਨ ਦੇ ਵਿੱਚ ਉਪਜਣ ਵਾਲੇ ਪ੍ਰਮਾਤਮਾ ਦੇ ਬੋਲ ਹਨ ਤੇ ਜੇਕਰ ਇਹ ਅੱਖਰ ਸਾਡੇ ਨਹੀਂ ਹਨ ਤਾਂ ਫਿਰ ਸਾਨੂੰ ਭੁਲਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ। ਆਪਣੇ ਆਪ ਜਾਣ ਕੇ ਕੋਈ ਨਹੀਂ ਭੁੱਲਦਾ। ਹਰ ਕੋਈ ਉਸੇ ਦਾ ਭੁਲਾਇਆ ਹੀ ਭੁੱਲਿਆ ਹੋਇਆ ਹੈ। **{ਕੋਈ ਜਾਣ ਨ ਭੂਲੈ ਭਾਈ॥}**

“ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥੨॥”

10/1055

ਉਪਰਲੀਆਂ ਪੰਗਤੀਆਂ ਰਾਹੀਂ, ਜਿੰਨ੍ਹਾਂ ਨੂੰ ਪ੍ਰਮਾਤਮਾ ਚੰਗੀ ਸੋਚ ਦਿੰਦਾ ਹੈ, ਚੰਗੇ ਵਿਚਾਰ ਦਿੰਦਾ ਹੈ ਭਾਵ ਜਿੰਨ੍ਹਾਂ ਦੇ ਮਨ ਵਿੱਚ ਚੰਗੇ ਅੱਖਰ ਲਿਖਦਾ ਹੈ, ਉਹ ਕਿਹੋ ਜਿਹੇ ਕਰਮ ਕਰਦੇ ਹਨ ਜਿਸ ਤਰੀਕੇ ਉਹ ਪ੍ਰਮਾਤਮਾ ਨੂੰ ਚੰਗੇ ਲੱਗ ਸਕਦੇ ਹਨ ਇਹ ਸਮਝਾਇਆ ਹੋਇਆ ਹੈ। ਇੱਕ ਇਸਤਰੀ ਆਪਣੇ ਪਤੀ ਦਾ ਪਿਆਰ ਕਿਵੇਂ ਪਾਉਂਦੀ ਹੈ, ਇਸ ਦੀ ਮਿਸਾਲ ਦੇ ਕੇ ਸਮਝਾਇਆ ਹੋਇਆ ਹੈ। ਇੱਕ ਸਿਆਣੀ ਪਤਨੀ ਆਪਣੇ ਘਰ ਨੂੰ ਕਿਵੇਂ ਰੱਖਦੀ ਹੈ, ਇਸ ਦੀ ਮਿਸਾਲ ਦਿੱਤੀ ਹੋਈ ਹੈ। ਆਪਣੇ ਆਪ ਨੂੰ ਸ਼ਿੰਗਾਰ ਕੇ ਰੱਖਣਾ ਇਹ ਨਾਰੀ ਦਾ ਸੁਭਾਅ ਹੈ। ਆਪਣੀ ਇਹ ਜਰੂਰਤ ਉਹ ਕਿਵੇਂ ਪੂਰੀ ਕਰਦੀ ਹੈ ਇਸ ਨੂੰ ਸਮਝਣ ਦੀ ਲੋੜ ਹੈ। ਸਿਆਣੀ ਇਸਤਰੀ ਆਪਣਾ ਸ਼ੌਂਕ ਪੂਰਾ ਕਰਨ ਲਈ ਆਪਣੇ ਕੱਪੜਿਆਂ ਤੇ ਕਢਾਈ ਆਪ ਹੀ ਕਰ ਲੈਂਦੀ ਹੈ ਭਾਵ ਆਪ ਔਖੀ ਹੋ ਲੈਂਦੀ ਹੈ, ਆਪਣਾ ਮਨ ਮਾਰ ਲੈਂਦੀ ਹੈ ਪਰ ਕਿਸੇ ਤੇ ਬੋਝ ਨਹੀਂ ਪਾਉਂਦੀ। ਉਹ ਆਪਣੇ ਅੰਦਰ ਆਪ ਹੀ ਗੁਣ ਪੈਦਾ ਕਰਕੇ, ਗੁਣ ਸਿਖ ਕੇ ਆਪਣਾ ਸ਼ੌਕ ਪੂਰਾ ਕਰ ਲੈਂਦੀ ਹੈ ਭਾਵ ਘਰ ਵਾਲੇ ਨੂੰ ਫਜ਼ੂਲ ਖਰਚ ਤੋਂ ਬਚਾਉਂਦੀ ਹੈ। ਅਗਰ ਧਿਆਨ ਨਾਲ ਸੋਚੀਏ ਤੇ ਸਾਡੀਆਂ ਫਜ਼ੂਲ ਖਰਚੀਆਂ ਹੀ ਸਾਡੇ ਔਗੁਣਾਂ ਦਾ ਕਾਰਨ ਬਣਦੀਆਂ ਹਨ ਜੋ ਕਿ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਪੂਰੀਆਂ ਕਰਨ ਲਈ ਕਰਦੇ ਹਾਂ। ਇਹੀ ਆਪਣੇ ਘਰ ਨੂੰ ਰੱਖਣ ਦਾ ਤਰੀਕਾ ਹੈ ਭਾਵ ਮਾੜੇ ਕਰਮ ਕਰਨ ਤੋਂ ਬਚਣਾ ਹੈ। ਜੇਕਰ ਸਾਨੂੰ ਆਪਣਾ ਘਰ ਰੱਖਣਾ ਨਹੀਂ ਆਵੇਗਾ ਤਾਂ ਫਿਰ ਅਸੀਂ ਆਪਣੀਆਂ ਫਜ਼ੂਲ ਖਰਚੀਆਂ ਨੂੰ, ਤ੍ਰਿਸ਼ਨਾਵਾਂ ਨੂੰ ਪੂਰਾ ਕਰਨ ਲਈ ਬੁਰਾ ਸਵਾਦ ਚੱਖਾਂਗੇ ਭਾਵ ਔਗੁਣਾਂ ਦਾ ਸਹਾਰਾ ਲਵਾਂਗੇ। ਆਪਣੇ ਮਨ ਨੂੰ ਮਾਰ ਕੇ, ਸੰਤੋਖ ਵਿੱਚ ਰਹਿ ਕੇ, ਗੁਣਾਂ ਦੁਆਰਾ ਵਿਚਰ ਕੇ, ਮਾੜੇ ਕਰਮਾਂ ਤੋਂ ਬਚ ਕੇ ਅਸੀਂ ਆਪਣੇ ਘਰ ਨੂੰ ਰੱਖ ਸਕਦੇ ਹਾਂ ਤੇ ਉਸ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਪਾ ਸਕਦੇ ਹਾਂ, ਉਸਦੀ ਨਾਰ ਬਣ ਸਕਦੇ ਹਾਂ। (**ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ॥ ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥੨॥**)

ਚੰਗੇ ਕਰਮ ਮਨੁੱਖ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਅਪਣਾ ਕੇ ਹੀ ਕਰ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ॥
ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ॥੩॥੨॥੧੦॥”

ਅਸੀਂ ਇੱਧਰੋਂ ਉਧਰੋਂ, ਧਰਮ ਗ੍ਰੰਥਾਂ ਰਾਹੀਂ ਜਿਤਨਾ ਮਰਜ਼ੀ ਗਿਆਨ ਇਕੱਠਾ ਕਰ ਲਈਏ, ਆਪਣੇ ਆਪ ਨੂੰ ਸਿਆਣੇ ਵਿਦਵਾਨ ਅਖਵਾ ਲਈਏ ਪਰ ਫਿਰ ਵੀ ਅਸੀਂ ਇਸ ਤਰੀਕੇ ਪ੍ਰਮਾਤਮਾ ਦੇ ਨਾਲ ਨਹੀਂ ਮਿਲ ਸਕਦੇ। ਸਾਨੂੰ ਕੇਵਲ ਉੱਚੇ ਗਿਆਨ ਨੇ ਪਾਰ ਨਹੀਂ ਲਗਾਉਣਾ। ਪਾਰ ਅਸੀਂ

10/1056

ਤਾਂ ਲੱਗਣਾ ਹੈ ਜਦੋਂ ਸਾਨੂੰ ਉਸ ਗਿਆਨ ਲੈਣ ਦਾ ਮਕਸਦ ਸਮਝ ਆਵੇਗਾ। ਜੇਕਰ ਉਹ ਗਿਆਨ ਲੈ ਕੇ ਉਸ ਵਿੱਚੋਂ ਗੁਣ ਨਹੀਂ ਸਿੱਖੇ, ਆਪਣੇ ਆਪ ਨੂੰ ਗੁਣਾਂ ਵਾਲਾ ਨਹੀਂ ਬਣਾਇਆ ਫਿਰ ਉਹ ਉੱਚਾ ਗਿਆਨ ਕਿਸ ਕੰਮ ਦਾ। ਸਾਡੇ ਮਨ ਦੇ ਅੱਖਰ ਸਦਾ ਹੀ ਸਾਡੇ ਨਾਲ ਹਨ ਤੇ ਸਾਡੀ ਸਾਰੀ ਕਰਨੀ ਮਨ ਦੇ ਅੱਖਰਾਂ ਅਨੁਸਾਰ ਹੀ ਹੋਣੀ ਹੈ। ਜੇਕਰ ਸਾਨੂੰ ਮਨ ਦਾ ਅੱਖਰ ਸੋਝੀ ਹੀ ਇਹ ਪਾਉਂਦਾ ਹੈ ਕਿ ਅਸੀਂ ਕੇਵਲ ਧਰਮ ਦਾ ਗਿਆਨ ਹੀ ਇਕੱਠਾ ਕਰੀ ਜਾਣਾ ਹੈ, ਤਾਂ ਫਿਰ ਅਸੀਂ ਉਹੀ ਕੁੱਝ ਕਰੀ ਜਾਵਾਂਗੇ। ਸਾਡੇ ਮਨ ਦਾ ਮਾਲਕ ਸਾਡੇ ਮਨ ਦਾ ਅੱਖਰ ਹੈ, ਮਨ ਦੀ ਧੁਨ ਹੈ, ਜਿਸ ਪਾਸੇ ਉਸਦੀ ਮਰਜ਼ੀ ਸਾਡੀ ਧੁਨ ਲਗਾ ਦੇਵੇ। ਉਸਨੇ ਸਭ ਦੇ ਅੰਦਰ ਮਾਇਆ ਦੀ ਧੁਨ ਲਗਾਈ ਹੋਈ ਹੈ ਜਿਸ ਕਰਕੇ ਅਸੀਂ ਹਰ ਵੇਲੇ ਮਾਇਆ ਮੋਹ ਵਿੱਚ ਰਹਿੰਦੇ ਹਾਂ। ਸਾਡੇ ਮਨ ਦੇ ਅੱਖਰ ਨੇ ਹੀ ਸਾਨੂੰ ਦੁਚਿੱਤੀ ਵਿੱਚ ਰੱਖਿਆ ਹੋਇਆ ਹੈ ਤੇ ਸਾਡੇ ਮਨ ਦੇ ਅੱਖਰ ਨੇ ਹੀ ਸਾਨੂੰ ਇੱਕ ਮਨ ਇੱਕ ਚਿੱਤ ਬਣਾਉਣਾ ਹੈ। ਜਦ ਤੱਕ ਅਸੀਂ ਦੁਚਿੱਤੀ ਵਿੱਚ ਹਾਂ ਸਾਨੂੰ ਆਪਣਾ ਸਹੀ ਮਾਰਗ ਸਮਝ ਨਹੀਂ ਆਉਂਦਾ ਤੇ ਅਸੀਂ ਭਰਮ ਵਿੱਚ ਹੀ ਰਹਿੰਦੇ ਹਾਂ। ਆਪਣੇ ਵੱਲੋਂ ਅਸੀਂ ਅਨੇਕਾਂ ਧਰਮ ਦੇ ਕਰਮ ਕਰਦੇ ਹਾਂ, ਅਨੇਕਾਂ ਸਰੀਰਕ ਜਪ ਤਪ ਕਰਦੇ ਹਾਂ, ਤੀਰਥਾਂ ਆਦਿ ਤੇ ਭਉਂਦੇ ਹਾਂ, ਸਰੀਰਕ ਕਿਰਿਆਵਾਂ ਆਦਿ ਕਰਦੇ ਹਾਂ, ਸੁਰਤੀਆਂ ਸਮਾਧੀਆਂ ਆਦਿ ਲਗਾਉਂਦੇ ਹਾਂ,

ਜੋ ਕਿ ਕੇਵਲ ਸਾਡੀ ਦੁਚਿੱਤੀ ਦਾ ਹੀ ਨਤੀਜਾ ਹੈ। ਇਹ ਸਾਡੀ ਦੁਚਿੱਤੀ ਭਾਵ ਜੋ ਸਾਨੂੰ ਦੋ ਪਾਸੇ ਰੱਖਦੀ ਹੈ, ਦੋ ਬੇੜੀਆਂ ਦਾ ਸਵਾਰ ਬਣਾ ਕੇ ਰੱਖਦੀ ਹੈ ਇਹ ਸਾਡੇ ਅੰਦਰੋਂ ਅੱਖਰ ਦੀ ਹੀ ਉਪਜ ਹੈ।

(ਦੁਇ ਅਖਰ ਦੁਇ ਨਾਵਾ॥) ਅੱਖਰ ਦੀ ਸੋਝੀ ਵਿੱਚ ਪ੍ਰਮਾਤਮਾ ਆਪ ਹੈ ਭਾਵ ਸਾਡੇ ਮਨ ਦੇ ਵਿੱਚ ਗਿਆਨ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਜਦ ਤੱਕ ਸਾਨੂੰ ਉਹ ਆਪ ਹੀ ਭਰਮ ਵਿੱਚ, ਦੁਬਿਧਾ ਵਿੱਚ, ਦੁਚਿੱਤੀ ਵਿੱਚ, ਮਨਮਤਿ ਵਿੱਚ, ਅਗਿਆਨਤਾ ਵਿੱਚ ਰੱਖਣਾ ਚਾਹੁੰਦਾ ਹੈ ਤਦ ਤੱਕ ਅਸੀਂ ਕਰ ਹੀ ਕੀ ਸਕਦੇ ਹਾਂ। ਸਾਡਾ ਧਰਮ ਗ੍ਰੰਥਾਂ ਦਾ ਹਾਸਿਲ ਕੀਤਾ ਉੱਚਾ ਗਿਆਨ ਵੀ ਕਿਸੇ ਕੰਮ ਨਹੀਂ ਆਉਂਦਾ। ਜਦ ਤੱਕ ਉਹ ਸਾਡੇ ਗਿਆਨ ਨੂੰ, ਸਾਡੀ ਕਥਨੀ ਨੂੰ ਕਰਨੀ ਵਿੱਚ ਨਹੀਂ ਬਦਲਦਾ, ਸੱਚ ਵਿੱਚ ਨਹੀਂ ਬਦਲਦਾ ਤਦ ਤੱਕ ਸਾਡੀ ਦੁਚਿੱਤੀ ਨਹੀਂ ਜਾ ਸਕਦੀ। ਦੋ ਬੇੜੀਆਂ ਵਿੱਚ ਰਹਿੰਦੇ ਹੋਏ ਅਸੀਂ ਪਾਰ ਨਹੀਂ ਲੰਘ ਸਕਦੇ। ਪਾਰ ਅਸੀਂ ਉਦੋਂ ਹੀ ਲੰਘ ਸਕਦੇ ਹਾਂ ਜਦੋਂ ਇੱਕ ਬੇੜੀ ਤੇ ਸਵਾਰ ਹੋਵਾਂਗੇ, ਇੱਕ ਮਨ ਇੱਕ ਚਿਤ ਵਾਲੀ ਬੇੜੀ ਤੇ ਸਵਾਰ ਹੋਵਾਂਗੇ ਤੇ ਇਹੀ

10/1057

ਪ੍ਰਮਾਤਮਾ ਦੀ, ਗੁਰੂ ਦੀ ਆਪਣੀ ਬੇੜੀ ਹੈ, ਗੁਰਮਤਿ ਦੀ ਬੇੜੀ ਹੈ ਜੋ ਸਾਨੂੰ ਪਾਰ ਲੰਘਾ ਸਕਦੀ ਹੈ। ਜਿਸ ਦੀ ਇਹ ਬੇੜੀ ਹੈ ਉਸ ਦੀ ਬੇੜੀ ਤੇ ਉਹ ਆਪ ਹੀ ਕਿਸੇ ਨੂੰ ਬਿਠਾ ਸਕਦਾ ਹੈ। ਮਨਮਤਿ ਦੀ ਬੇੜੀ ਵਿੱਚੋਂ ਕੱਢ ਕੇ ਗੁਰਮਤਿ ਦੀ ਬੇੜੀ ਵਿੱਚ ਉਹ ਆਪ ਹੀ ਬਿਠਾ ਸਕਦਾ ਹੈ ਜੋ ਸਾਡੇ ਅੰਦਰ ਦੀ ਸੋਚ ਦਾ ਮਾਲਕ ਹੈ। **{ਸੋਚੈ ਸੋਚ ਨਾ ਹੋਵਈ ਜੇ ਸੋਚੀ ਲਖ ਵਾਰ}** ਅੰਗ - ੧ ਇਹ ਮਨ ਦੇ ਵਿਚਾਰਾਂ ਦੀ ਬੇੜੀ ਹੈ ਤੇ ਸਾਡੇ ਵਿਚਾਰਾਂ ਦੇ ਵਿੱਚ ਸੱਚ ਉਹ ਆਪ ਹੀ ਵਸਾ ਸਕਦਾ ਹੈ, ਆਪਣੀ ਸੱਚ ਦੀ ਬੇੜੀ ਤੇ, ਆਪਣੇ ਸੱਚੇ ਗਿਆਨ ਦੀ ਬੇੜੀ ਤੇ ਉਹ ਆਪ ਹੀ ਬਿਠਾ ਸਕਦਾ ਹੈ। ਗੁਰੂ ਪ੍ਰਮਾਤਮਾ ਦੀ ਸੱਚ ਦੀ ਬੇੜੀ ਤੇ ਬੈਠਣਾ ਕੀ ਹੈ, ਦੁਇ ਅਖਰ ਦੁਇ ਨਾਵਾ ਕੀ ਹੈ, ਇਸ ਬੇੜੀ ਰਾਹੀਂ ਪਾਰ ਲੰਘਣਾ ਕੀ ਹੈ ਜੋ ਇਸ ਗੱਲ ਨੂੰ ਸਮਝ ਲੈਂਦਾ ਹੈ, ਜਾਣ ਲੈਂਦਾ ਹੈ ਭਾਵ ਬੇੜੀ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹੀ ਪੜ੍ਹਿਆ ਹੋਇਆ ਸਿਆਣਾ ਪੰਡਿਤ ਹੈ ਭਾਵ ਧਰਮ ਦੇ ਮਾਰਗ ਨੂੰ ਜਾਣਨ ਵਾਲਾ ਤੇ ਸੱਚਾ ਧਰਮ ਦਾ ਮਾਰਗ ਸਮਝਾਉਣ ਵਾਲਾ ਪੰਡਿਤ ਹੈ, ਗਿਆਨਵਾਨ ਮਨੁੱਖ ਹੈ। **(ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ॥ ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ॥੩॥੨॥੧੦॥)**

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥ ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥
ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥
ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥}

(ਅੰਗ ੨੦)

ਸੱਚ ਕੇਵਲ ਗੁਰੂ ਦੀ ਮਤਿ ਹੈ, ਸੱਚਾ ਗਿਆਨ ਹੈ, ਨਾਮ ਹੈ। ਜੇਕਰ ਸਾਡੇ ਅੰਦਰ ਪ੍ਰਮਾਤਮਾ ਦੀ ਨਾਰ ਬਣਨ ਦੀ ਇੱਛਾ ਹੈ ਤੇ ਫਿਰ ਉਸ ਲਈ ਸਾਡਾ ਇੱਕੋ ਇੱਕ ਉੱਦਮ ਗੁਰਮਤਿ ਦੀ ਬੇੜੀ ਤੇ ਚੜ੍ਹਨ ਦਾ ਹੋਣਾ ਚਾਹੀਦਾ ਹੈ, ਸੱਚ ਦੀ ਬੇੜੀ ਤੇ ਚੜ੍ਹਨ ਦਾ ਹੋਣਾ ਚਾਹੀਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੋਣਾ ਚਾਹੀਦਾ ਹੈ ਜੋ ਕਿ ਗੁਰਮਤਿ ਦਾ ਸਾਰ ਹੈ। ਗੁਰੂ ਸਾਨੂੰ ਸੱਚ ਹੀ ਸਮਝਾਉਂਦਾ ਹੈ ਤੇ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣਾ ਹੀ ਸੱਚ ਦੀ ਬੇੜੀ ਤੇ ਚੜ੍ਹਨਾ ਹੈ।

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਿਆ ਹੈ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਸਾਡੀ ਤ੍ਰੈਗੁਣੀ ਅਵੱਸਥਾ ਹੈ, ਸਾਡੀ ਦੁਚਿੱਤੀ ਹੈ, ਭਰਮ ਹੈ, ਅਗਿਆਨਤਾ ਹੈ, ਸਾਡੀ ਹਉਮੈ ਹੈ ਤੇ ਮਨ ਦੀ ਇਸ ਅਗਿਆਨਤਾ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਆਪ ਪ੍ਰਮਾਤਮਾ ਹੀ ਕੱਢ ਸਕਦਾ ਹੈ ਤੇ ਹੋਰ ਕੋਈ ਵੀ ਮਨੁੱਖੀ ਟੇਕ ਸਾਨੂੰ ਪ੍ਰਮਾਤਮਾ ਨਾਲ ਨਹੀਂ ਮਿਲਾ ਸਕਦੀ। ਜਿਸ ਨੇ ਇਹ ਅਗਿਆਨਤਾ ਪਾਈ ਹੋਈ ਹੈ, ਉਹੀ ਇਸ ਨੂੰ ਕੱਢ ਸਕਦਾ ਹੈ ਕਿਉਂਕਿ ਇਹ ਤ੍ਰੈ ਗੁਣੀ ਸਮਝ ਵਾਲੀ ਅਗਿਆਨਤਾ ਕੇਵਲ ਚੌਥੇ ਪਦ ਦੇ ਗਿਆਨ ਦੁਆਰਾ ਨਿਕਲ ਸਕਦੀ ਹੈ, ਗੁਰੂ ਦੇ ਨਾਮ ਦੁਆਰਾ ਨਿਕਲ ਸਕਦੀ ਹੈ ਜੋ ਕੇਵਲ ਤੇ ਕੇਵਲ ਨਾਮ ਦੇ ਮਾਲਕ ਪ੍ਰਮਾਤਮਾ ਦੇ ਆਪਣੇ ਹੱਥ ਵਿੱਚ ਹੈ। ਜੋ ਮਨੁੱਖ ਖੁਦ ਤ੍ਰੈਗੁਣਾਂ ਵਿੱਚ ਹੈ, ਖੁਦ ਪ੍ਰਮਾਤਮਾ ਨੂੰ ਜਾਨਣ ਵਿੱਚ ਅਗਿਆਨਤਾ ਵਿੱਚ ਹੈ, ਦੁਚਿੱਤੀ ਵਿੱਚ ਹੈ ਉਹ ਕਿਸੇ ਦਾ ਭਰਮ ਕਿਵੇਂ ਕੱਢ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਸੱਚੀ ਮਤਿ ਕੇਵਲ ਗੁਰੂ ਦੇ ਕੋਲ ਹੀ ਹੈ ਤੇ ਸਾਡੀ ਹੋਰ ਹਰ ਮਨੁੱਖੀ ਟੇਕ ਵਿਅਰਥ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੀ ਸੋਝੀ ਵਾਲਾ ਸਮਝ ਕੇ ਉਨ੍ਹਾਂ ਕੋਲੋਂ ਭਗਤੀ ਦਾ ਮਾਰਗ ਸਮਝਦੇ ਹਾਂ, ਨਾਮ ਜਪਣਾ ਸਮਝਦੇ ਹਾਂ। ਸਾਡੀ ਅਗਿਆਨਤਾ ਉਹੀ ਕੱਢ ਸਕਦਾ ਹੈ ਜੋ ਆਪ ਗਿਆਨ ਦਾ ਮਾਲਕ ਹੈ, ਜੋ ਆਪ ਸਭ ਵਿੱਚ "**ਅੱਖਰ ਰੂਪ**" ਵਿੱਚ ਵਰਤ ਰਿਹਾ ਹੈ। ਆਓ ਇਹੀ ਗੱਲ ਹੇਠ ਦਿੱਤੇ ਅਗਲੇ ਸ਼ਬਦ ਦੁਆਰਾ ਦ੍ਰਿੜ ਕਰੀਏ।

ਬਸੰਤੁ ਹਿੰਡੋਲ ਮਹਲਾ ੧॥

"ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥੧॥
ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥ ਕਿਨ ਬਿਧਿ ਪਾਵਉ ਪ੍ਰਾਨਪਤੀ॥੧॥ ਰਹਾਉ॥
ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥੨॥
ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥੩॥
ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥੪॥੩॥੧੧॥"

(ਅੰਗ ੧੧੭੧)

"ਨਗਰੀ" ਸਾਡਾ ਇਹ ਸਰੀਰ ਹੈ ਜਿਸ ਵਿੱਚ ਸਾਡੇ ਅੰਦਰ ਦੀ ਸਮਝ ਸਾਡਾ ਮਨੁੱਖਾ ਜੀਵਨ ਤਹਿ ਕਰਦੀ ਹੈ ਤੇ ਸੱਚਾ ਜੀਵਨ ਜਿਉਣ ਵਿੱਚ ਅਸੀਂ ਸਦਾ ਹੀ ਕੱਚੇ ਹਾਂ ਭਾਵ ਮਨ ਦੀ ਨਾਸਮਝੀ ਵਿੱਚ ਹਾਂ। ਸਾਨੂੰ ਕੱਚਾ ਬਣਾਉਣ ਵਾਲਾ ਸਾਡਾ **"ਰਾਜਾ"** ਹੈ

11/1058

ਭਾਵ ਸਾਡਾ "ਮਨ" ਹੈ ਜੋ ਇਸ ਨਗਰੀ ਨੂੰ ਚਲਾਉਂਦਾ ਹੈ। ਇਹ ਮਨ ਤ੍ਰੈਗੁਣੀ ਅਵੱਸਥਾ ਵਿੱਚ ਵਿਚਰਦਾ ਹੈ ਤੇ ਅਸਲ ਵਿੱਚ ਇਹ ਤ੍ਰੈਗੁਣੀ ਅਵੱਸਥਾ ਹੀ ਮਨੁੱਖ ਦਾ ਬਚਪਨਾ ਹੈ, ਕੱਚਾਪਨ ਹੈ, ਮਨੁੱਖ ਦੀ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਦੀ ਅਗਿਆਨਤਾ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ, ਮਾਇਆ ਮੋਹ ਵਿੱਚ ਰਹਿੰਦੇ ਹੋਏ ਸਾਡਾ ਪਿਆਰ ਦੁਸ਼ਟਾਂ ਦੇ ਨਾਲ ਜੁੜਦਾ ਹੈ ਭਾਵ ਵਿਕਾਰਾਂ ਦੇ ਨਾਲ ਜੁੜਦਾ ਹੈ ਸਾਡੇ ਅੰਦਰ ਦੇ ਮਾੜੇ ਵਿਚਾਰ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਭਾਵ ਸਾਡੇ ਅੰਦਰ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਸਾਡੇ ਦੁਸ਼ਟ ਹਨ ਤੇ ਸਾਨੂੰ ਸਾਡੇ ਜੀਵਨ ਦੇ ਸਹੀ ਮਾਰਗ ਤੇ ਨਹੀਂ ਚੱਲਣ ਦਿੰਦੇ। ਸਾਡਾ ਮਾਇਆ ਮੋਹ, ਮਨ ਦਾ ਬਚਪਨਾ, ਮਨ ਦਾ ਕੱਚਾਪਨ ਸਾਨੂੰ ਸਹੀ ਮਾਰਗ ਦੀ ਸੋਝੀ ਨਹੀਂ ਪੈਣ ਦਿੰਦਾ। **(ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥)** ਸਾਡਾ ਮਨ ਬਾਲਕ ਕਿਸ ਲਈ ਹੈ, ਅਣਜਾਣ ਕਿਸ ਲਈ ਹੈ ਭਾਵ ਇਸ ਨੂੰ ਅਣਜਾਣ ਕੌਣ ਬਣਾਉਂਦਾ ਹੈ, ਇਸਦੀ ਸੋਝੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ।

"ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥੧॥"

ਸਾਡੇ ਮਨ ਦਾ ਬਾਲਕਪਨ ਭਾਵ ਸਾਡੀ ਅਗਿਆਨਤਾ ਪ੍ਰਮਾਤਮਾ ਨੂੰ ਸਮਝਣ ਬਾਰੇ ਹੈ, ਧਰਮ ਦਾ ਸਹੀ ਮਾਰਗ ਸਮਝਣ ਬਾਰੇ ਹੈ। ਉਪਰਲੀਆਂ ਪੰਗਤੀਆਂ ਦੀ ਸਮਝ ਸਾਨੂੰ ਤਾਂ ਹੀ ਪਵੇਗੀ ਜੇਕਰ ਅਸੀਂ ਇਸ ਸ਼ਬਦ ਤੋਂ ਪਹਿਲੇ ਵਿਚਾਰੇ ਗਏ ਸ਼ਬਦ ਨੂੰ ਧਿਆਨ ਵਿੱਚ ਰੱਖਾਂਗੇ, ਜਿਸ ਦੁਆਰਾ ਅਸੀਂ ਸਮਝਿਆ ਸੀ ਕਿ ਮਨ ਦਾ ਅੱਖਰ ਕੀ ਹੈ ਤੇ **"ਦੁਇ"** ਕੀ ਹੈ। **{ਦੁਇ ਅੱਖਰ ਦੁਇ ਨਾਵਾ॥}** ਇਸ **"ਦੁਇ"** ਕਰਕੇ ਹੀ ਪ੍ਰਮਾਤਮਾ ਨੇ ਸਭ ਨੂੰ ਦੁਚਿੱਤੀ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਪ੍ਰਮਾਤਮਾ ਨੂੰ ਜਾਣਨ ਬਾਰੇ ਇਸ ਮਨ ਨੂੰ ਬਾਲਕ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਇਸ "**ਦੁਇ**" ਵਿੱਚੋਂ, ਦੁਚਿੱਤੀ ਵਿੱਚੋਂ, ਦੁਬਿਧਾ ਵਿੱਚੋਂ ਸਾਨੂੰ ਸਿਵਾਏ ਪ੍ਰਮਾਤਮਾ ਦੇ ਹੋਰ ਕੋਈ ਨਹੀਂ ਕੱਢ ਸਕਦਾ। ਇਸ ਮਕਸਦ ਲਈ ਸਾਡੇ ਮਾਂ, ਬਾਪ ਜਾਂ ਹੋਰ ਕੋਈ ਸਿਆਣਾ ਪੰਡਿਤ ਭਾਵ ਧਰਮ ਦੇ ਵਿਦਵਾਨ ਵੀ ਸਾਡੇ ਕੰਮ ਨਹੀਂ ਆ ਸਕਦੇ। ਵਿਦਵਾਨ ਅਖਵਾਉਣ ਵਾਲਿਆਂ ਨੂੰ ਵੀ ਦੁਚਿੱਤੀ ਵਿੱਚ ਦੱਸਿਆ ਹੈ। ਹਰ ਕੋਈ **"ਦੁਇ"** ਵਿੱਚ ਹੀ ਹੈ ਭਾਵ ਪ੍ਰਮਾਤਮਾ ਦੀ ਤ੍ਰੈਗੁਣੀ ਜੁਗਤਿ ਹਰ ਕਿਸੇ ਨੂੰ ਮਨ ਦੇ ਅੰਦਰੋਂ **"ਦੁਇ"** ਦਾ ਅੱਖਰ ਹੀ ਪੜਾਉਂਦੀ ਹੈ ਭਾਵ ਉਸਨੂੰ ਦੁਚਿੱਤੀ ਵਿੱਚ ਰੱਖਣ ਵਾਲਾ ਗਿਆਨ ਹੀ ਪੜਾਉਂਦੀ ਹੈ ਭਾਵੇਂ ਕੋਈ ਆਪਣੇ ਆਪ ਨੂੰ ਪੰਡਿਤ ਅਖਵਾਉਂਦਾ ਹੈ, ਧਰਮ ਦੇ ਮਾਰਗ ਦਾ ਉੱਚਾ ਗਿਆਨੀ ਅਖਵਾਉਂਦਾ ਹੈ ਤੇ ਇਹੋ ਜਿਹੇ ਉੱਚੇ ਅਖਵਾਉਣ ਵਾਲਿਆਂ ਨੂੰ ਹੀ ਸ਼ਬਦ ਦੁਆਰਾ ਸੋਝੀ ਪਾਈ ਹੋਈ ਹੈ। **(ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥੧॥)** ਜੇਕਰ ਹਰ ਕੋਈ ਦੁਚਿੱਤੀ ਵਿੱਚ ਹੈ, ਹਰ ਕੋਈ ਪ੍ਰਮਾਤਮਾ ਨੂੰ ਜਾਣਨ ਵਿੱਚ ਅਸਮਰੱਥ ਹੈ, ਆਪਣੇ ਆਪ ਨੂੰ ਧਰਮ ਦੀ ਸਮਝ ਵਾਲਾ ਵੀ ਅਸਮਰੱਥ ਹੈ ਫਿਰ "**ਉਹ ਕਿਹੜਾ ਪੰਡਿਤ**" ਹੈ,

11/1059

ਗਿਆਨੀ ਹੈ, ਜੋ ਸਾਨੂੰ ਸਾਡੇ ਜੀਵਨ ਦਾ ਸਹੀ ਮਾਰਗ ਦੱਸ ਸਕਦਾ ਹੈ, ਸਹੀ ਮਤਿ ਦੇ ਸਕਦਾ ਹੈ ਜਿਸ ਨੂੰ ਪੁੱਛ ਕੇ ਤੇ ਉਸ ਅਨੁਸਾਰ ਚੱਲਕੇ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ। ਇਹੀ ਸੋਝੀ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ।

"ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥ਕਿਨ ਬਿਧਿ ਪਾਵਉ ਪ੍ਰਾਨਪਤੀ॥੧॥ਰਹਾਉ॥"

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਹੈ ਸਾਰੀ ਸ੍ਰਿਸ਼ਟੀ ਦਾ ਪੰਡਿਤ ਇੱਕੋ ਹੀ ਹੈ, ਸਭ ਦਾ ਗੁਰੂ ਇੱਕੋ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ ਤੇ ਸਭ ਦਾ ਸਵਾਮੀ ਹੈ। ਕੇਵਲ ਇੱਕ ਉਹ ਆਪ ਹੀ ਆਪਣੇ ਆਪ ਨੂੰ ਜਨਾਉਣ ਦੀ ਸਹੀ ਮਤਿ ਦੇ ਸਕਦਾ ਹੈ। "ਉਹ ਸਵਾਮੀ ਪੰਡਿਤ" ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਸਦਾ ਹੀ ਮੌਜੂਦ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿੱਥੇ ਉਹ ਆਪਣੇ ਸੱਚੇ ਗਿਆਨ ਦੁਆਰਾ ਸਦਾ ਹੀ ਪ੍ਰਗਟ ਹੈ। ਪ੍ਰਮਾਤਮਾ ਦੇ ਨਾਲ ਮਿਲਣ ਦਾ ਸਾਨੂੰ ਸੱਚਾ ਗਿਆਨ

ਕੇਵਲ ਉੱਥੋਂ ਹੀ ਮਿਲ ਸਕਦਾ ਹੈ ਤੇ ਸਾਡੀ ਹੋਰ ਹਰ ਮਨੁੱਖੀ ਟੇਕ ਵਿਅਰਥ ਹੀ ਹੈ। ਕੇਵਲ ਇੱਕ ਗੁਰੂ ਦੇ ਲੜ ਲੱਗ ਕੇ ਹੀ ਉਸਨੂੰ ਪਾਇਆ ਜਾ ਸਕਦਾ ਹੈ। ਜਿਸ ਦੀ ਇਹ ਗੁਰਬਾਣੀ ਹੈ, ਉਹ ਹੀ ਸਾਡੇ ਮਨ ਦੇ ਅੰਦਰ ਹੈ। ਗੁਰਬਾਣੀ ਦੀ ਸੱਚੀ ਸਮਝ ਤੇ ਭਰੋਸਾ ਕਰਨਾ ਹੀ ਪ੍ਰਮਾਤਮਾ ਤੇ ਭਰੋਸਾ ਕਰਨਾ ਹੈ। ਗੁਰਬਾਣੀ ਦੀ ਸੱਚੀ ਸਿੱਖਿਆ ਨੂੰ ਮੰਨਣਾ ਹੀ ਪ੍ਰਮਾਤਮਾ ਨੂੰ ਮੰਨਣਾ ਹੈ ਜਿਸ ਦੁਆਰਾ ਉਸ ਦੀ ਕਿਰਪਾ ਹੋਣੀ ਹੈ। ਉਸ ਦੀ ਕਿਰਪਾ ਮਨ ਦੇ ਵਿੱਚੋਂ ਹੀ ਹੋਣੀ ਹੈ ਜੋ ਸਾਨੂੰ ਤ੍ਰੈਗੁਣੀ ਗਿਆਨ ਵਿੱਚੋਂ ਕੱਢ ਕੇ ਆਪਣੇ ਚੌਥੇ ਪਦ ਦੇ ਸੱਚੇ ਗਿਆਨ ਵਿੱਚ ਮਿਲਾ ਸਕਦਾ ਹੈ, ਸਾਡੀ ਅਗਿਆਨਤਾ, ਸਾਡਾ ਭਰਮ, ਸਾਡੀ ਦੁਚਿੱਤੀ, ਸਾਡੀ ਦੁਬਿਧਾ, ਸਾਡੀ ਹਉਮੈ ਦੂਰ ਕਰ ਸਕਦਾ ਹੈ। "**ਉਸ ਸੁਆਮੀ ਪੰਡਿਤ**" ਦੀ ਭਾਵ ਸਾਰੇ ਸੰਸਾਰ ਦੇ ਇੱਕੋ ਇੱਕ ਸੱਚੇ ਗੁਰੂ ਦੀ ਸਾਰੇ ਸੰਸਾਰ ਲਈ ਸੱਚੀ ਸਿੱਖਿਆ ਕੀ ਹੈ ਜਿਸ ਦੁਆਰਾ ਉਸ ਦੇ ਨਾਲ ਮਿਲਿਆ ਜਾ ਸਕਦਾ ਹੈ ਉਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

"ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥"

ਸ਼ਬਦ ਦੀ ਉਪਰਲੀ ਪੰਗਤੀ ਰਾਹੀਂ ਪਹਿਲਾਂ ਸਾਨੂੰ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਸਮਝਾਇਆ

11/1060

ਹੋਇਆ ਹੈ ਭਾਵ ਸਾਡੇ ਮਨ ਦੇ ਵਿੱਚ ਉਹ ਵਿਧੀ ਸਮਝਾਈ ਹੋਈ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਾਨੂੰ ਆਪਣੇ ਆਪ ਨੂੰ ਜਾਣਨ ਤੋਂ ਦੂਰ ਰੱਖਿਆ ਹੋਇਆ ਹੈ। ਸਾਡੇ ਅੰਦਰ ਦੀ ਅਗਨਿ ਸਾਡੀ ਤ੍ਰਿਸ਼ਨਾ ਹੈ ਜੋ ਕਿ ਸਾਡੀ ਤ੍ਰੈਗੁਣੀ ਗਿਆਨ ਦੀ ਉਪਜ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ।

{ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥}

(ਅੰਗ ੧੨੦)

ਇਹ ਸਾਡੇ ਅੰਦਰ ਅਨੇਕਾਂ ਤ੍ਰਿਸ਼ਨਾਵਾਂ ਦਾ ਉਪਜਣਾ ਹੀ ਸਾਡੇ ਅੰਦਰ ਬਨਸਪਤੀ ਦਾ ਮੌਲਣਾ ਹੈ ਭਾਵ ਬਨਸਪਤੀ ਦਾ ਖਿੜਨਾ ਹੈ, ਮਨ ਦੇ ਜੰਗਲ ਦਾ ਫੈਲਣਾ ਹੈ ਭਾਵ ਸਾਡੇ ਅੰਦਰ ਵਿਕਾਰਾਂ ਦਾ ਬੋਲ ਬਾਲਾ ਹੋਣਾ ਹੈ ਭਾਵ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਨਾਲ ਵਿਕਾਰਾਂ ਦਾ ਬੋਲ-ਬਾਲਾ ਹੁੰਦਾ ਹੈ। ਜਿੱਥੇ ਸਾਗਰ ਹੁੰਦਾ ਹੈ ਉੱਥੇ ਬਨਸਪਤੀ ਨਹੀਂ ਮੌਲਦੀ। **"ਸਾਗਰੁ"** ਤੋਂ ਭਾਵ ਚੌਥੇ ਪਦ ਦਾ ਗਿਆਨ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ ਤੇ ਉਸ ਦੇ ਇਸ ਗਿਆਨ ਦੁਆਰਾ ਤ੍ਰਿਸ਼ਨਾ ਦਾ ਖਾਤਮਾ ਹੁੰਦਾ ਹੈ, ਵਿਕਾਰਾਂ ਦਾ ਖਾਤਮਾ ਹੁੰਦਾ ਹੈ। ਜਦ ਤੱਕ ਪ੍ਰਮਾਤਮਾ ਨੇ ਸਾਡੇ ਅੰਦਰ ਇਸ ਸਾਗਰ ਰੂਪੀ ਸੱਚੇ ਗਿਆਨ ਨੂੰ ਬੰਨ੍ਹਿਆ ਹੋਇਆ ਹੈ, ਉਸ ਨੂੰ "ਪੰਡ ਵਿੱਚ" ਬੰਨ੍ਹਿਆ ਹੋਇਆ ਹੈ ਤਦ ਤੱਕ ਸਾਡੇ ਅੰਦਰ ਦੀ ਤ੍ਰਿਸ਼ਨਾ ਦੀ ਅਗਨੀ ਨਹੀਂ ਬੁਝ ਸਕਦੀ। ਤ੍ਰਿਸ਼ਨਾ ਦੀ ਅਗਨੀ ਉਹ ਗਿਆਨ ਦਾ "ਸਾਗਰ" ਭਾਵ ਪ੍ਰਮਾਤਮਾ ਆਪ ਹੀ ਬੁਝਾ ਸਕਦਾ ਹੈ ਜੋ ਕਿ ਸਾਡੇ ਹੱਥ ਵੱਸ ਨਹੀਂ ਹੈ। ਸਭ ਕੁੱਝ ਸਾਡੇ ਮਨ ਦਾ ਗਿਆਨ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ ਤੇ ਇਹ ਗਿਆਨ ਸਾਡੇ ਵੱਸ ਨਹੀਂ ਹੈ ਤੇ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਇੱਥੇ ਸਪੱਸ਼ਟ ਕੀਤੀ ਹੋਈ ਹੈ।

"ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥੨॥"

11/1061

ਤ੍ਰੈਗੁਣੀ ਗਿਆਨ ਵੀ ਸਾਡੇ ਮਨ ਦੇ ਵਿੱਚ ਹੀ ਹੈ ਤੇ ਚੌਥੇ ਪਦ ਦਾ ਗਿਆਨ ਦਾ ਮਾਲਕ ਵੀ ਸਾਡੇ ਮਨ ਦੇ ਵਿੱਚ ਹੀ ਹੈ। ਜਦ ਤੱਕ ਅਸੀਂ ਤ੍ਰੈਗੁਣੀ ਅਵੱਸਥਾ ਵਿੱਚ ਹਾਂ ਤਦ ਤੱਕ ਸਾਨੂੰ ਮਨ ਦੇ ਵਿੱਚੋਂ ਭਰਮ, ਅਗਿਆਨਤਾ ਵਾਲਾ ਗਿਆਨ ਮਿਲਦਾ ਹੈ ਜਿਸ ਦੁਆਰਾ ਅਸੀਂ ਤ੍ਰਿਸ਼ਨਾ ਵਾਲੀ, ਵਿਕਾਰਾਂ ਵਾਲੀ ਬਿਰਤੀ ਵਿੱਚ ਰਹਿੰਦੇ ਹਾਂ। ਚੌਥੇ ਪਦ ਦਾ ਗਿਆਨ ਵੀ ਸਾਡੇ ਅੰਦਰ ਹੀ ਉਪਜਦਾ ਹੈ ਪਰ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਸਾਨੂੰ ਇਹ ਸੋਝੀ ਨਹੀਂ ਪੈਂਦੀ ਕਿ ਸਾਡੇ ਅੰਦਰ ਦਾ ਗਿਆਨ ਕਿੱਥੋਂ ਆਉਂਦਾ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ "ਤਦ ਤੱਕ ਅਸੀਂ ਆਤਮਾ ਰੂਪ ਹਾਂ" ਤੇ ਜਦੋਂ ਅਸੀਂ ਚੌਥੇ ਪਦ ਵਿੱਚ ਪਹੁੰਚ ਜਾਂਦੇ ਹਾਂ ਤਾਂ "ਫਿਰ ਅਸੀਂ ਪ੍ਰਮਾਤਮਾ ਦਾ ਰੂਪ ਬਣ ਜਾਂਦੇ ਹਾਂ", ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣਨ ਦੀ ਸਮਝ ਵਾਲੇ ਬਣ ਜਾਂਦੇ ਹਾਂ, ਸੱਚੇ ਗਿਆਨ ਵਾਲੇ ਬਣ ਜਾਂਦੇ ਹਾਂ। ਤ੍ਰੈਗੁਣਾਂ ਵਾਲੀ ਸਮਝ ਨੂੰ ਚੌਥੇ ਪਦ ਦਾ ਗਿਆਨ ਹੀ ਮੇਟ ਸਕਦਾ ਹੈ। ਆਤਮਾ ਦੀ ਹੋਂਦ ਨੂੰ ਭਾਵ ਆਪਣੇ ਆਪ ਨੂੰ ਮਨੁੱਖੀ ਹੋਂਦ ਸਮਝਣ ਦੇ ਇਸ ਭੁਲੇਖੇ ਨੂੰ ਕਿ ਮਨੁੱਖੀ ਹੋਂਦ ਪ੍ਰਮਾਤਮਾ ਨਾਲੋਂ ਕੋਈ ਵੱਖਰੀ ਹੈ, ਆਤਮਾ

ਕੋਈ ਪ੍ਰਮਾਤਮਾ ਨਾਲੋਂ ਵੱਖਰੀ ਹੈ, ਸਾਡਾ ਇਹ ਭੁਲੇਖਾ ਸਾਡੇ ਅੰਦਰੋਂ "ਚੌਥਾ ਪਦ" ਹੀ ਦੂਰ ਕਰ ਸਕਦਾ ਹੈ, ਪ੍ਰਮਾਤਮਾ ਆਪ ਹੀ ਦੂਰ ਕਰਦਾ ਹੈ। ਆਪ ਪ੍ਰਮਾਤਮਾ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਕਿ ਸਾਡੇ ਅੰਦਰ ਬੈਠਾ ਆਪ ਹੀ ਸਭ ਨੂੰ ਤ੍ਰੈਗੁਣੀ ਅਵੱਸਥਾ ਦੁਆਰਾ ਚਲਾ ਰਿਹਾ ਹੈ ਭਾਵ **"ਇਹ ਮਨ ਹੀ ਆਤਮਾ ਹੈ"** ਤੇ **"ਮਨ ਹੀ ਆਪ ਪ੍ਰਮਾਤਮਾ ਹੈ"**। ਜਦ ਤੱਕ ਮਨ ਦੀ ਸਮਝ ਨਹੀਂ ਲੱਗਦੀ ਤਦ ਤੱਕ ਇਹ ਮਨ ਆਤਮਾ ਹੈ, ਇਹ ਮਨ ਮਨੁੱਖ ਦਾ ਹੈ ਤੇ ਜਦੋਂ ਇਸ ਮਨ ਦੀ ਸਮਝ ਲੱਗ ਜਾਵੇ ਤਾਂ ਇਹ ਮਨ ਆਪ ਪ੍ਰਮਾਤਮਾ ਹੈ ਤੇ ਇਹ ਸਰੀਰ ਵੀ ਉਸੇ ਦਾ ਹੀ ਹੈ ਭਾਵ ਮਨੁੱਖ ਆਪਣੇ ਆਪ ਵਿੱਚ ਕੇਵਲ ਇੱਕ ਭੁਲੇਖਾ ਹੈ। ਇਹ ਭੁਲੇਖਾ ਹੀ ਸਾਡੀ ਹਉਮੈ ਹੈ। ਇਹ ਭੁਲੇਖਾ ਜਾਣ ਨਾਲ ਹੀ ਸਾਡੀ ਹਉਮੈ ਖ਼ਤਮ ਹੁੰਦੀ ਹੈ, ਸਾਡੀ ਮੈਂ ਖ਼ਤਮ ਹੁੰਦੀ ਹੈ। ਉੱਪਰ ਸ਼ਬਦ ਵਿੱਚ "**ਚੰਦ**" ਤੋਂ ਭਾਵ ਆਤਮਾ ਹੈ ਤੇ "**ਸੂਰਜ**" ਤੋਂ ਭਾਵ ਆਪ ਪ੍ਰਮਾਤਮਾ ਹੈ ਜੋ ਸਭ ਨੂੰ ਆਪਣੇ ਗਿਆਨ ਨਾਲ ਰੋਸ਼ਨ ਕਰਦਾ ਹੈ। ਚੰਦ ਤ੍ਰੈਗੁਣੀ ਅਵੱਸਥਾ ਵਾਲਾ ਗਿਆਨ ਹੈ ਤੇ "**ਸੂਰਜ**" ਚੌਥੇ ਪਦ ਦਾ ਗਿਆਨ ਹੈ। ਇਹ ਦੋਵੇਂ ਅਵੱਸਥਾਵਾਂ ਸਾਡੇ ਮਨ ਦੇ ਵਿੱਚ ਹੀ ਹਨ ਪਰ ਇਸ ਦੀ ਸੋਝੀ ਪਾਉਣਾ ਗਿਆਨ ਦੇ ਮਾਲਕ ਦੇ ਵੱਸ ਵਿੱਚ ਹੈ, ਪ੍ਰਮਾਤਮਾ ਦੇ ਵੱਸ ਵਿੱਚ ਹੈ। ਜਦ ਤੱਕ ਪ੍ਰਮਾਤਮਾ

11/1062

ਸਾਡੇ ਅੰਦਰ ਪਰਗਟ ਹੋ ਕੇ ਇਹ ਸੋਝੀ ਨਹੀਂ ਪਾਉਂਦਾ, ਇਹੋ ਜਿਹਾ ਗਿਆਨ ਨਹੀਂ ਪਾਉਂਦਾ, ਆਪਣਾ ਸੱਚਾ ਗਿਆਨ ਨਹੀਂ ਪਾਉਂਦਾ ਤਦ ਤੱਕ ਅਸੀਂ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਨਹੀਂ ਨਿਕਲ ਸਕਦੇ, ਦੁਚਿੱਤੀ, ਦੁਬਿਧਾ, ਭਰਮ, ਅਗਿਆਨਤਾ, ਹਉਮੈ, ਮਨਮਤਿ ਵਿੱਚੋਂ ਭਾਵ ਮਾਇਆ ਦੀ ਜੁਗਤਿ ਵਿੱਚੋਂ ਨਹੀਂ ਨਿਕਲ ਸਕਦੇ। **(ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥੨॥)**

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਇਸ ਮਾਇਆ ਦੀ ਜੁਗਤਿ ਦੇ ਅਸਰ ਵਿੱਚੋਂ ਨਿਕਲਣਾ ਹੀ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਹੀ ਹੈ। ਸਾਨੂੰ ਬਾਣੀ ਦੇ ਵਿੱਚ ਵਾਰ-ਵਾਰ ਇਹ ਗੱਲ ਸਮਝਾਈ ਗਈ ਹੈ ਕਿ ਮਾਇਆ ਮੋਹ ਵਿੱਚੋਂ ਸਾਨੂੰ, ਅਗਿਆਨਤਾ ਵਿੱਚੋਂ ਸਾਨੂੰ, ਵਿਕਾਰਾਂ ਵਿੱਚੋਂ ਸਾਨੂੰ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ। ਜਿਸ ਦੇ ਹੱਥ ਵਿੱਚ ਸਾਡੇ ਮਨ ਦਾ ਗਿਆਨ ਹੈ ਉਸ ਦੀ ਕਿਰਪਾ ਦੁਆਰਾ ਹੀ ਅਸੀਂ ਮਨ ਦੀ ਮਾਇਆ ਵਿੱਚੋਂ ਨਿਕਲ ਸਕਦੇ ਹਾਂ। ਮਨ ਦੇ ਮਾਇਆ ਮੋਹ ਵਿੱਚੋਂ ਅਸੀਂ ਕਿਵੇਂ ਨਿਕਲਣਾ ਹੈ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **"ਇਕ ਮਾਈ ਭੋਗੁ ਕਰੇਇ॥"** ਇਸ ਤੋਂ ਭਾਵ ਹੈ ਕਿ ਮਨੁੱਖ ਇਸ ਮਾਇਆ ਮੋਹ ਨੂੰ ਖਾਵੇ ਭਾਵ ਇਸ ਵਿੱਚੋਂ ਨਿਕਲੇ, ਵਿਕਾਰਾਂ ਵਿੱਚੋਂ ਨਿਕਲੇ ਤੇ ਉਸੇ ਮਨੁੱਖ ਨੂੰ **"ਰਾਮ ਰਵੰਤਾ"** ਭਾਵ ਰਾਮ ਜਪਣ ਵਾਲਾ ਜਾਣਿਆ ਜਾ ਸਕਦਾ ਹੈ ਜੋ ਇਸ ਮਾਇਆ ਮੋਹ ਵਿੱਚੋਂ ਨਿਕਲਦਾ ਹੈ। ਸਾਡਾ ਸਾਰਾ ਉੱਦਮ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੀ ਹੋਣਾ ਚਾਹੀਦਾ ਹੈ, ਔਗੁਣਾਂ ਵਿੱਚੋਂ ਨਿਕਲਣ ਦਾ ਹੀ ਹੋਣਾ ਚਾਹੀਦਾ ਹੈ ਤੇ ਇਹੀ ਰਾਮ ਨੂੰ ਜਪਣਾ ਹੈ ਜਿਵੇਂ ਕਿ ਸ਼ਬਦ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਤਾਂ ਜੋ ਸਾਨੂੰ ਨਾਮ ਜਪਣਾ ਸਮਝਣ ਵਿੱਚ ਕੋਈ ਭਰਮ ਨ ਰਹੇ। **(ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥)** ਮਾਇਆ ਮੋਹ ਵਿੱਚੋਂ ਨਿਕਲਣਾ ਕੀ ਹੈ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥੩॥"

ਜੋ ਮਨੁੱਖ ਮਾਇਆ ਮੋਹ ਵਿੱਚੋਂ ਨਿਕਲਦੇ ਹਨ ਭਾਵ ਰਾਮ ਨਾਮ ਜਪਣ ਵਾਲੇ ਹੁੰਦੇ ਹਨ ਉਹਨਾਂ ਦੀ ਪਹਿਚਾਣ ਉਹਨਾਂ ਦੇ ਲਖਣ ਕਰਵਾਉਂਦੇ ਹਨ ਭਾਵ ਉਹਨਾਂ ਦੇ ਚਾਲ ਚਲਣ ਕਰਵਾਉਂਦੇ ਹਨ, ਉਹਨਾਂ ਦੀ ਦੁਨਿਆਵੀ ਵਿਚਰਨ ਕਰਵਾਉਂਦੀ ਹੈ। ਉਹਨਾਂ ਦੀ ਸਾਰੀ ਵਿਚਰਨ "ਖਿਮਾ ਧਨੁ" ਇੱਕਠਾ ਕਰਨ ਵਾਲੀ ਹੁੰਦੀ ਹੈ। **"ਖਿਮਾ ਧਨੁ"** ਉਹ ਧਨੁ ਹੈ ਜਿਸ ਨੂੰ ਇਕੱਠਾ ਕਰਨ ਨਾਲ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਖਿਮਾ ਮਿਲਦੀ ਹੈ। ਪ੍ਰਮਾਤਮਾ ਦੇ ਦਰ ਤੋਂ ਖਿਮਾ ਲੈਣ ਲਈ ਇੱਕੋ ਇੱਕ ਧਨੁ ਸੱਚ ਦਾ ਧਨੁ ਹੈ, ਨਾਮ ਧਨੁ ਹੈ, ਗੁਰਮਤਿ ਦਾ ਧਨੁ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਧਨੁ ਹੈ।

11/1063

ਇਹ ਸੱਚਾ ਧੰਨ ਭਾਵ ਨਾਮ ਧੰਨ ਸਾਡੀ ਗੁਰਮਤਿ ਵਾਲੀ ਸੱਚੀ ਸਮਝ ਦਾ ਧੰਨ ਹੈ ਜੋ ਸਾਡੀ ਸੱਚੀ ਸੁੱਚੀ ਵਿਚਰਨ ਦੇ ਲਈ ਹੈ ਜਿਸ ਦੁਆਰਾ ਅਸੀਂ ਸਮਾਜ ਵਿੱਚ ਸੱਚੇ ਸੁੱਚੇ ਬਣ ਕੇ ਵਿਚਰ ਸਕਦੇ ਹਾਂ, ਆਪਣੀ ਹਰ ਕਰਨੀ ਸੱਚ ਦੁਆਰਾ ਕਰ ਸਕਦੇ ਹਾਂ, ਜਿਸ ਦੁਆਰਾ ਸਾਡੇ ਚੰਗੇ ਲੱਛਣ ਜਾਣੇ ਜਾ ਸਕਦੇ ਹਨ। ਸਾਡੇ ਚੰਗੇ ਕਰਮ ਹੀ ਸਾਡੇ ਚੰਗੇ "ਲਖਣ" ਹਨ ਜਿਸ ਲਖਣ ਦੀ

ਗੱਲ ਉੱਪਰ ਪੰਗਤੀ ਵਿੱਚ ਕੀਤੀ ਹੋਈ ਹੈ। ਜਿਸ ਦੇ ਕੋਲ ਸੱਚਾ ਧੰਨ ਹੈ, ਖਿਮਾ ਧਨੁ ਹੈ, ਨਾਮ ਧਨੁ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਧਨੁ ਹੈ ਉਹੀ ਪ੍ਰਮਾਤਮਾ ਦੀ ਦਰਗਾਹ ਵਿੱਚ ਕਬੂਲ ਹੁੰਦਾ ਹੈ, ਸੱਚ ਤੇ ਚੱਲਣ ਦੁਆਰਾ ਕਬੂਲ ਹੁੰਦਾ ਹੈ। ਸੱਚ ਦੇ ਮਾਰਗ ਤੇ ਪ੍ਰਮਾਤਮਾ ਮਨੁੱਖ ਨੂੰ ਆਪ ਹੀ ਚਲਾ ਸਕਦਾ ਹੈ, ਆਪਣਾ ਸੱਚਾ ਗਿਆਨ ਦੇ ਕੇ ਚਲਾ ਸਕਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਸੱਚਾ ਗਿਆਨ ਕਿਸ ਤਰੀਕੇ ਦਿੰਦਾ ਹੈ।

“ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ॥”

ਇਸ ਮਾਇਆ ਨੂੰ ਖਾਣਾ ਭਾਵ ਮਾਇਆ ਮੋਹ ਵਿੱਚੋਂ ਨਿਕਲਣਾ ਮਨੁੱਖ ਦੇ ਆਪਣੇ ਵੱਸ ਵਿੱਚ ਨਹੀਂ ਹੈ ਕਿਉਂਕਿ ਇਹ ਮਨ ਮਨੁੱਖ ਦੇ ਵੱਸ ਵਿੱਚ ਨਹੀਂ ਹੈ। ਜਦੋਂ ਮਨੁੱਖ ਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਂਦੀ ਹੈ, ਜਦੋਂ ਮਨੁੱਖ ਰਾਮ ਰਵੰਤਾ ਬਣ ਜਾਂਦਾ ਹੈ ਫਿਰ ਉਸਨੂੰ ਮਨ ਦੀ ਸੋਝੀ ਪੈ ਜਾਂਦੀ ਹੈ ਕਿ ਆਪਣੇ ਅੰਦਰ ਦੀ ਮਾਇਆ ਨੂੰ ਆਪ ਨਹੀਂ ਖਾਧਾ ਭਾਵ ਉਸਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਂਦਾ ਹੈ ਕਿ ਪ੍ਰਮਾਤਮਾ ਨੇ ਆਪ ਹੀ ਮੇਰੇ ਅੰਦਰ ਪਰਗਟ ਹੋ ਕੇ ਮੈਨੂੰ ਮਾਇਆ ਮੋਹ ਵਾਲੀ ਸਮਝ ਵਿੱਚੋਂ ਕੱਢਿਆ ਹੈ। ਇਹ ਸੋਝੀ ਪੈਣ ਤੋਂ ਬਾਅਦ ਹੀ ਮਾਇਆਂ ਮੋਹ ਵਿੱਚੋਂ ਨਿਕਲਿਆ ਜਾ ਸਕਦਾ ਹੈ, ਤ੍ਰੈਗੁਣਾਂ ਵਿੱਚੋਂ ਨਿਕਲਿਆ ਜਾ ਸਕਦਾ ਹੈ, ਖਾਇਆ ਜਾ ਸਕਦਾ ਹੈ। ਇਹ ਸੋਝੀ ਪੈਣ ਤੋਂ ਬਾਅਦ ਨਾ ਹੀ ਮਨੁੱਖ ਭਾਵ ਮਨ ਦੀ ਮਾਇਆ ਨੂੰ ਮਾਇਆਂ ਮੋਹ ਦਾ, ਤ੍ਰਿਸ਼ਨਾ ਦਾ ਨਾ ਕਹਿਆ ਸੁਣਦਾ ਹੈ ਤੇ ਨਾ ਹੀ ਇਹ ਮੰਨਦਾ ਹੈ ਕਿ ਮੈਂ ਇਸ ਮਾਇਆ ਮੋਹ ਨੂੰ ਆਪ ਖਾਇਆ ਹੈ ਭਾਵ ਉਹ ਇਹ ਮੰਨਦਾ ਹੈ ਕਿ ਪ੍ਰਮਾਤਮਾ ਨੇ ਆਪ ਹੀ ਮੈਨੂੰ ਸੋਝੀ ਪਾ ਕੇ ਇਸ ਮਾਇਆ ਮੋਹ ਵਿੱਚੋਂ ਕੱਢਿਆ ਹੈ ਤੇ ਹੁਣ ਮੈਂ ਇਸ ਦੇ ਕਹੇ ਵਿੱਚ ਨਹੀਂ ਆ ਸਕਦਾ ਭਾਵ ਹੁਣ ਮੇਰੇ ਤੇ ਮਾਇਆ ਮੋਹ ਦਾ ਕੋਈ ਅਸਰ ਨਹੀਂ ਹੋ ਸਕਦਾ। ਜਿੰਨ੍ਹਾਂ ਮਨੁੱਖਾਂ ਦੀ ਅਵੱਸਥਾ ਇਹੋ ਜਿਹੀ ਬਣ ਜਾਂਦੀ ਹੈ, ਪ੍ਰਮਾਤਮਾ ਦੀ ਕਿਰਪਾ ਹੋ ਜਾਂਦੀ ਹੈ, ਜੋ ਸੱਚਾ ਧੰਨ ਇਕੱਠਾ ਕਰਦੇ ਹਨ, ਜੋ ਰਾਮ ਰਵੰਤੇ ਬਣ ਜਾਂਦੇ ਹਨ ਉਹਨਾਂ ਦੇ ਨਾਲ ਹੀ ਪ੍ਰਮਾਤਮਾ ਦਾ ਵਾਸਾ ਹੁੰਦਾ ਹੈ, ਮੇਲ ਹੁੰਦਾ ਹੈ ਭਾਵ ਇਹੋ ਜਿਹੇ ਮਨੁੱਖ ਚੌਥੇ ਪਦ ਦੇ ਗਿਆਨ ਦੁਆਰਾ, ਗੁਰਮਤਿ ਦੀ ਸੱਚੀ ਸਮਝ ਦੁਆਰਾ, ਨਾਮ ਵਾਲੀ ਸਮਝ ਦੁਆਰਾ ਵਿਚਰਦੇ ਹਨ।

“ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥੪॥੩॥੧੧॥”

ਇਹ ਮਾਇਆ ਮੋਹ ਵਿੱਚੋਂ ਨਿਕਲਣ ਦਾ ਉੱਦਮ, ਸੱਚੇ ਸੁੱਚੇ ਹੋ ਕੇ ਵਿਚਰਨ ਦਾ ਉੱਦਮ ਹੀ ਸਾਡੀ ਪ੍ਰਮਾਤਮਾ ਅੱਗੇ ਉਸ ਦੇ ਨਾਲ ਮੇਲ ਦੀ ਸੱਚੀ ਬੇਨਤੀ ਹੁੰਦੀ ਹੈ ਤੇ ਇਸੇ ਤਰੀਕੇ ਹੀ ਅਸੀਂ ਦਾਸਨਿ ਦਾਸ ਬਣ ਸਕਦੇ

ਹਾਂ ਭਾਵ ਗੁਰੂ ਦੇ ਦਾਸ ਬਣ ਸਕਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਸਮਝ ਚੁੱਕੇ ਹਾਂ। ਗੁਰੂ ਪ੍ਰਮਾਤਮਾ ਦਾ ਸੱਚਾ ਦਾਸ ਹੈ ਤੇ ਗੁਰੂ ਦੇ ਦਾਸ ਬਣਨਾ ਭਾਵ ਗੁਰਮਤਿ ਨੂੰ ਮੰਨਣਾ ਦਾਸਨਿ ਦਾਸ ਬਣਨਾ ਹੈ। ਸਾਨੂੰ ਆਪਣੇ ਨਾਲ ਮਿਲਾਉਣਾ ਭਾਵ ਮਾਇਆ ਮੋਹ ਵਿੱਚੋਂ ਕੱਢਣਾ ਪ੍ਰਮਾਤਮਾ ਲਈ ਕੇਵਲ ਇੱਕ ਖਿਨੁ ਦੀ ਗੱਲ ਹੈ ਜਿਵੇਂ ਕਿ ਸ਼ਬਦ ਦੀ ਉੱਪਰ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਉਹ ਇੱਕ ਖਿਨੁ ਵਿੱਚ ਸਾਨੂੰ ਸੋਝੀ ਪਾ ਸਕਦਾ ਹੈ, ਇੱਕ ਖਿਨੁ ਵਿੱਚ ਸਾਡੇ ਅੰਦਰ ਪ੍ਰਗਟ ਹੋ ਸਕਦਾ ਹੈ, ਇੱਕ ਖਿਨੁ ਵਿੱਚ ਇਸ ਤੋਲਾ ਮਨ ਨੂੰ ਇੱਕ ਮਾਸੇ ਵਿੱਚ ਬਦਲ ਸਕਦਾ ਹੈ ਭਾਵ ਉਹ ਇੱਕ ਖਿਨੁ ਵਿੱਚ ਮਨ ਦੇ ਵਿਚਾਰਾਂ ਦੇ ਰਾਹੀਂ ਸਾਡੀ ਸੋਚ ਬਦਲ ਸਕਦਾ ਹੈ। ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਦੇ ਵੱਸ ਹੈ ਤੇ ਇਹਨਾਂ ਵਿਚਾਰਾਂ ਦੇ ਮਾਲਕ ਦੀ ਸੋਝੀ ਪੈਣਾ ਹੀ ਮਨ ਦੀ ਸੋਝੀ ਪੈਣਾ ਹੈ, ਪ੍ਰਮਾਤਮਾ ਦੀ ਸੋਝੀ ਪੈਣਾ ਹੈ, ਉਸਦੇ ਨਾਲ ਮੇਲ ਹੈ। (**ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ॥੪॥੩॥੧੧॥**)

ਪਿਛਲੇ ਕੁੱਝ ਸ਼ਬਦਾਂ ਰਾਹੀਂ ਅਸੀਂ ਮਨ ਦੀ ਚਰਚਾ ਕਰਦੇ ਆ ਰਹੇ ਹਾਂ, ਮਨ ਦੇ ਗਿਆਨ ਬਾਰੇ ਜਾਣਦੇ ਆ ਰਹੇ ਹਾਂ। ਇਸ ਤੋਂ ਪਹਿਲਾਂ ਵੀ ਅਸੀਂ ਅਨੇਕਾਂ ਵਾਰੀ ਮਨ ਦੇ ਨਾਲ ਸੰਬੰਧਿਤ ਸ਼ਬਦਾਂ ਦੀ ਚਰਚਾ ਕੀਤੀ ਹੈ ਤੇ ਇਹ ਜਾਣਿਆ ਹੈ ਕਿ ਅਸਲ ਵਿੱਚ ਇਹ ਮਨ ਆਪ ਪ੍ਰਮਾਤਮਾ ਹੀ ਹੈ ਤੇ ਉਹ ਸਾਡੇ ਅੰਦਰ ਗੁਪਤ ਰੂਪ ਵਿੱਚ ਮਨ ਦੇ ਵਿਚਾਰਾਂ ਰਾਹੀਂ ਹੀ ਵਿਚਰ ਰਿਹਾ ਹੈ। ਗੁਰੂ ਪ੍ਰਮਾਤਮਾ ਤੇ ਮਨੁੱਖ ਦੇ ਵਿੱਚ ਭੇਦ ਮਨ ਦੇ ਵਿਚਾਰਾਂ ਰਾਹੀਂ ਹੀ ਹੈ। ਸਾਡੀ ਹਉਮੈ ਦੀ ਉਪਜ ਭਾਵ ਸਾਡੀ **“ਮੈਂ”** ਦੀ ਉਪਜ ਮਨ ਦੇ ਵਿਚਾਰਾਂ ਦੇ ਰਾਹੀਂ ਹੀ ਹੁੰਦੀ ਹੈ। ਇਸ ਲੇਖ ਦੇ ਸ਼ੁਰੂ ਵਿੱਚ ਅਸੀਂ ਹਉਮੈ ਬਾਰੇ ਸਮਝਿਆ ਸੀ, ਸਾਡੇ ਅੰਦਰ ਹਉਮੈ ਦੇ ਪੜਦੇ ਬਾਰੇ ਸਮਝਿਆ ਸੀ, ਜਿਸ ਨੇ ਸਾਨੂੰ ਮਨ ਦੀ ਨਾਸਮਝੀ ਕਰਕੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨ ਬਾਰੇ

ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਉੱਥੇ ਅਸੀਂ ਹੇਠ ਦਿੱਤੇ ਹੋਏ ਸ਼ਬਦ ਦਾ ਜ਼ਿਕਰ ਕੀਤਾ ਹੋਇਆ ਹੈ ਕਿ ਇਸ ਸ਼ਬਦ ਨੂੰ ਅਸੀਂ

11/1065

ਅੱਗੇ ਚੱਲ ਕੇ ਸਮਝ ਪਾਵਾਂਗੇ। ਹੁਣ ਅਸੀਂ ਇਸ ਹੇਠ ਦਿੱਤੇ ਸ਼ਬਦ ਨੂੰ ਆਸਾਨੀ ਨਾਲ ਸਮਝ ਪਾਵਾਂਗੇ। "ਸਹਜ" ਵਿੱਚ ਤੇ "ਹਉਮੈ" ਵਿੱਚ ਕੀ ਫ਼ਰਕ ਹੈ, ਇਸ ਦੀ ਹੋਰ ਵੀ ਸੋਝੀ ਸਾਨੂੰ ਇਸ ਸ਼ਬਦ ਦੁਆਰਾ ਪੈ ਜਾਵੇਗੀ। ਨਾਮ ਤੇ ਹਉਮੈ ਵਿੱਚ ਕੀ ਭੇਦ ਹੈ, ਇਸ ਦੀ ਵੀ ਹੋਰ ਸੋਝੀ ਪੈ ਜਾਵੇਗੀ ਤੇ ਨਾਮ ਮਿਲਣ ਦੁਆਰਾ ਹਉਮੈ ਦਾ ਦੂਰ ਹੋਣਾ ਕੀ ਹੈ, ਸਹਜ ਵਿੱਚ ਸਮਾਉਣਾ ਕੀ ਹੈ, ਇਸ ਦੀ ਸੋਝੀ ਵੀ ਬਰੀਕੀ ਨਾਲ ਪੈ ਜਾਵੇਗੀ।

ਹੇਠ ਦਿੱਤੇ ਸ਼ਬਦ ਨੂੰ ਸਮਝਣ ਤੋਂ ਪਹਿਲਾਂ ਸਾਡੇ ਅੰਦਰ ਇਸ ਗੱਲ ਦਾ ਦ੍ਰਿੜ ਹੋਣਾ ਜਰੂਰੀ ਹੈ ਕਿ "ਸਹਜ" ਕੀ ਹੈ। ਬਾਣੀ ਵਿੱਚ ਵਾਰ-ਵਾਰ ਸਹਜ ਦੀ ਗੱਲ ਆਉਂਦੀ ਹੈ। ਅਸੀਂ ਪਿੱਛੇ ਅਨੇਕਾਂ ਸ਼ਬਦਾਂ ਵਿੱਚ "ਸਹਜ" ਨੂੰ ਜਾਣਨ ਦੀ ਗੱਲ ਕੀਤੀ ਹੈ ਤੇ ਇਹ ਸਮਝਿਆ ਹੈ ਕਿ "ਸਹਜ" ਸਾਡੇ ਮਨ ਦੀ ਅਵੱਸਥਾ ਹੈ, ਮਨ ਦੀ ਸਮਝ ਦੇ ਵਿੱਚ ਸੱਚੇ ਗਿਆਨ ਦੀ ਅਵੱਸਥਾ ਹੈ, ਬ੍ਰਹਮ ਗਿਆਨ ਦੀ ਸਮਝ ਵਾਲੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੈ, ਮਨ ਦੇ ਵਿੱਚ ਨਾਮ ਵਾਲੀ ਸਮਝ ਦੀ ਅਵੱਸਥਾ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ, ਨਾਮ ਦੇ ਮਿਲਣ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਆਓ ਇਹਨਾਂ ਸਾਰੀਆਂ ਗੱਲਾਂ ਨੂੰ ਪਹਿਲਾਂ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ, ਦ੍ਰਿੜ ਕਰੀਏ ਤੇ ਉਸ ਤੋਂ ਬਾਅਦ ਅਸੀਂ ਇਸ ਤੋਂ ਅੱਗੇ ਵਾਲੇ ਸ਼ਬਦ ਨੂੰ ਸਮਝ ਪਾਵਾਂਗੇ। ਜਿਸ ਸ਼ਬਦ ਦੁਆਰਾ ਪ੍ਰਮਾਤਮਾ ਦੇ ਨਾਲ ਸਾਡੀ ਲਿਵ ਲੱਗਣੀ ਸਮਝਾਈ ਹੋਈ ਹੈ ਜੋ ਲਿਵ ਪ੍ਰਮਾਤਮਾ ਦੇ ਨਾਲ ਲਾਉਣ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਪ੍ਰਮਾਤਮਾ ਦੇ ਨਾਲ ਲਿਵ ਹਰ ਕੋਈ ਲਗਾਉਣਾ ਚਾਹੁੰਦਾ ਹੈ ਭਾਵੇਂ ਕੋਈ ਜਿਹੜੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਉਸ ਅਕਾਲ ਪੁਰਖ ਦੇ ਨਾਲ, ਸ੍ਰਿਸ਼ਟੀ ਦੇ ਕਰਤਾ ਦੇ ਨਾਲ ਲਿਵ ਲਾਉਣ ਦਾ ਤਰੀਕਾ ਹਰ ਕਿਸੇ ਲਈ ਇੱਕੋ ਜਿਹਾ ਹੀ ਹੈ ਜੋ ਲਿਵ ਉਸਦੇ ਨਾਲ ਉਸਨੂੰ ਮਨ ਦੇ ਵਿੱਚੋਂ ਜਾਣਨ ਦੁਆਰਾ ਹੀ ਲੱਗ ਸਕਦੀ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੀ "ਸਹਜ" ਵਾਲੀ ਅਵੱਸਥਾ ਦੁਆਰਾ ਹੀ ਹੁੰਦਾ ਹੈ ਤੇ ਇਸੇ ਲਈ "ਸਹਜ" ਨੂੰ ਸਮਝਣਾ ਸਾਡੇ ਸਭ ਲਈ ਬਹੁਤ ਜਰੂਰੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ। ਕੇਵਲ ਗੁਰੂ ਦੀ ਮਤਿ ਤੇ ਸਮਝ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਸਾਨੂੰ ਜੋ ਕੁੱਝ ਵੀ ਸਮਝਾਉਂਦਾ ਹੈ ਉਹ ਪੂਰਨ ਸੱਚ ਹੈ। ਉਸਦੇ ਪੂਰਨ ਸੱਚ ਤੇ ਵਿਸ਼ਵਾਸ ਉਸਨੂੰ ਮਨ ਦੇ ਵਿੱਚੋਂ ਜਾਣਨ ਦੁਆਰਾ ਹੀ ਆ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਇਆ ਹੈ ਤੇ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸੱਚ ਹੀ ਸਮਝਾਇਆ ਹੈ।

ਸਿਰੀਰਾਗੁ ਮਹਲਾ ੩॥

"ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਏ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥੧॥ ਰਹਾਉ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਂਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ॥੩॥
ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥

ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥੧੦॥੬॥੨੩॥"

(ਅੰਗ ੬੮)

ਇਸ ਸ਼ਬਦ ਨੂੰ ਅਗਰ ਅਸੀਂ ਧਿਆਨ ਨਾਲ ਸਮਝ ਲਵਾਂਗੇ, ਗੁਰਬਾਣੀ ਦੀ ਗੱਲ ਤੇ ਭਰੋਸਾ ਕਰਕੇ ਸਮਝ ਲਵਾਂਗੇ ਤਾਂ ਸਾਨੂੰ ਗੁਰਬਾਣੀ ਦਾ ਸਾਰ ਹੀ ਸਮਝ ਆ ਜਾਵੇਗਾ। ਸਭ ਕੁੱਝ ਸਾਡੇ ਮਨ ਦੀ ਅਵੱਸਥਾ ਨਾਲ, ਮਨ ਦੇ ਗਿਆਨ ਨਾਲ, ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ।

ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਵਿਚਾਰੀਏ ਤਾਂ ਸਾਨੂੰ ਆਪਣੇ ਜੀਵਨ ਦੇ ਸੱਚੇ ਮਨੋਰਥ ਦੀ ਸਮਝ ਆ ਜਾਵੇਗੀ।

(ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥)

ਹਰ ਕੋਈ ਪ੍ਰਮਾਤਮਾ ਨੂੰ ਹੀ ਪਾਉਣਾ ਚਾਹੁੰਦਾ ਹੈ, ਜਾਣਨਾ ਚਾਹੁੰਦਾ ਹੈ ਤੇ ਇਹੀ ਸਾਡੀ ਜਿੰਦਗੀ ਦਾ ਮਨੋਰਥ ਹੈ ਜਿਸ ਨੂੰ ਕੇਵਲ ਗੁਰੂ ਦੀ ਕਿਰਪਾ ਦੁਆਰਾ ਹੀ ਜਾਣਿਆ ਜਾ ਸਦਕਾ ਹੈ, ਉਸਦੀ ਆਪਣੀ

ਕਿਰਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਹੁਣ ਧਿਆਨ ਨਾਲ ਸਮਝੋ ਕਿ **"ਸਹਜ"** ਕੀ ਹੈ ਜਿਸ ਨੂੰ ਹਰ ਕੋਈ ਪਾਉਣਾ ਚਾਹੁੰਦਾ ਹੈ ਜਿਸ ਦੀ ਪ੍ਰਾਪਤੀ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਦੇ ਮੇਲ ਦੀ ਪ੍ਰਾਪਤੀ ਹੀ ਮਨ ਦਾ "ਸਹਜ" ਹੈ ਭਾਵ ਮਨ ਦੇ "ਸਹਜ" ਦੀ ਪ੍ਰਾਪਤੀ ਹੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ। "ਸਹਜ ਮਨ" ਦੀ ਅਵੱਸਥਾ ਹੈ ਜਿਸ ਨੂੰ ਸ਼ਬਦ ਵਿੱਚ ਅੱਗੇ ਚੱਲ ਕੇ ਸਮਝਾਇਆ ਹੋਇਆ ਹੈ। ਹੇਠ ਦਿੱਤੀ ਪੰਗਤੀ ਨੂੰ ਧਿਅਨ ਨਾਲ ਵਿਚਾਰੋ।

(ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ॥)

(ਅੰਗ ੭੮੯)

ਨਾਮ ਨੂੰ ਵੀ ਹਰ ਕੋਈ ਪਾਉਣਾ ਚਾਹੁੰਦਾ ਹੈ ਭਾਵ ਨਾਮ ਆਪ ਪ੍ਰਮਾਤਮਾ ਹੈ ਤੇ ਹਰ ਕੋਈ ਪ੍ਰਮਾਤਮਾ ਨੂੰ ਹੀ ਪਾਉਣਾ ਚਾਹੁੰਦਾ ਹੈ। ਸਹਜ ਦੀ ਪ੍ਰਾਪਤੀ ਜਾਂ ਨਾਮ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ, ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਨਾਲ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੁੰਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ।

ਆਓ ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ ਤੇ ਸਮਝੀਏ ਕਿ ਸਹਜ ਦੁਆਰਾ ਸਾਨੂੰ ਪ੍ਰਾਪਤੀ ਕੀ ਹੁੰਦੀ ਹੈ ਤੇ ਕਿਸ ਤਰੀਕੇ ਹੁੰਦੀ ਹੈ।

"ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਏ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥"

ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਤੇ ਪੜ੍ਹ ਪੜ੍ਹ ਕੇ ਪੰਡਿਤ ਅਖਵਾ ਲੈਣਾ, ਵਿਦਵਾਨ ਅਖਵਾ ਲੈਣਾ, ਆਪਣੇ ਆਪ ਨੂੰ ਉੱਚਾ ਅਖਵਾ ਲੈਣਾ ਕੇਵਲ ਸਾਡਾ ਭੇਖ ਦੱਸਿਆ ਹੈ, ਦਿਖਾਵਾ ਦੱਸਿਆ ਹੈ, ਭਰਮ ਵਿੱਚ ਦੱਸਿਆ ਹੈ, ਉਸਦੇ ਆਪਣੇ ਭੁਲਾਏ ਹੋਏ ਦੱਸਿਆ ਹੈ। ਇਸ ਤਰੀਕੇ ਆਪਣੇ ਆਪ ਨੂੰ ਉੱਚਾ, ਸਿਆਣਾ ਉਹੀ ਅਖਵਾਉਂਦੇ ਹਨ ਜਿੰਨ੍ਹਾਂ ਨੂੰ ਸਹਜ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਜੋ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੁੰਦੇ ਹਨ। ਇਹੋ ਜਿਹੇ ਵਿਦਵਾਨ ਅਖਵਾਉਣ ਵਾਲੇ ਧਰਮ ਗ੍ਰੰਥਾਂ ਨੂੰ ਵਾਰ-ਵਾਰ ਪੜ੍ਹੀ ਜਾਣ ਨੂੰ ਹੀ ਧਰਮ ਦਾ ਮਾਰਗ ਸਮਝਦੇ ਹਨ ਤੇ ਇਹੋ ਜਿਹੀ ਸਿੱਖਿਆ ਦਾ ਹੀ ਪ੍ਰਚਾਰ ਕਰਦੇ ਹਨ। ਧਿਆਨ ਨਾਲ ਵਿਚਾਰੋਗੇ ਤੇ ਸਭ ਪਾਸੇ ਇਹੀ ਕੁੱਝ ਹੋ ਰਿਹਾ ਹੈ। ਗਿਆਨ ਲੈਣ ਦਾ ਮਕਸਦ ਕੀ ਹੈ ਇਸਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ। ਇਹ ਭਰਮ ਕੇਵਲ ਮਨ ਦੇ "ਸਹਜੁ" ਦੁਆਰਾ ਹੀ ਜਾ ਸਕਦਾ ਹੈ ਤੇ ਇਹ "ਸਹਜੁ" ਹੀ ਗੁਰੂ ਨੂੰ ਭੇਟਣਾ ਹੈ, ਪ੍ਰਮਾਤਮਾ ਨੂੰ ਭੇਟਣਾ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ, ਉਸਦੀ ਆਪਣੀ ਰਜ਼ਾ ਹੈ ਭਾਵ ਇਹ ਸਹਜ ਦੀ ਪ੍ਰਾਪਤੀ ਲਈ ਮਨੁੱਖ ਦੀ ਆਪਣੀ ਕੋਈ ਸਿਆਣਪ ਕੰਮ ਨਹੀਂ ਆਉਂਦੀ। ਪ੍ਰਮਾਤਮਾ ਨੂੰ ਭੇਟਣਾ ਸਾਡੇ ਅੰਦਰੋਂ ਭਰਮ ਦਾ ਖ਼ਤਮ ਹੋਣਾ ਹੈ ਭਾਵ "**ਭਰਮ**" ਤੇ "**ਸਹਜ**" ਇੱਕ ਦੂਸਰੇ ਤੋਂ ਉਲਟ ਹਨ। **"ਜਿੱਥੇ ਭਰਮ ਹੈ ਉੱਥੇ ਸਹਜ ਨਹੀਂ ਹੈ"** ਤੇ **"ਜਿੱਥੇ ਸਹਜ ਹੈ ਉੱਥੇ ਭਰਮ ਨਹੀਂ ਹੈ"**। ਭਰਮ ਸਾਡਾ ਅਗਿਆਨਤਾ ਵਾਲਾ ਗਿਆਨ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਸਹਜ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੈ, ਗੁਰਮਤਿ ਵਾਲੀ ਸੱਚੀ ਸਮਝ ਦੀ ਅਵੱਸਥਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ, ਹਉਮੈ ਵਾਲੀ ਅਵੱਸਥਾ ਹੈ ਤੇ ਸਹਜ ਵਾਲੀ ਅਵੱਸਥਾ ਨਾਮ ਵਾਲੀ ਅਵੱਸਥਾ ਹੈ। ਇਸੇ ਲਈ ਇਹ ਦੋਨੋਂ ਇੱਕ ਦੂਸਰੇ ਤੋਂ ਉਲਟ ਹਨ। ਜਿੱਥੇ ਹਉਮੈ ਹੈ ਉੱਥੇ ਨਾਮ ਨਹੀਂ ਹੈ ਤੇ ਜਿੱਥੇ ਨਾਮ ਹੈ ਉੱਥੇ ਹਉਮੈ ਨਹੀਂ ਹੈ। ਇਹ ਦੋਨੋਂ ਹੀ ਮਨ ਦੀਆਂ ਅਵੱਸਥਾਵਾਂ ਹਨ।**{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}** (ਅੰਗ - ੫੬੦)

11/1067

ਚੌਥੇ ਪਦ ਦਾ ਗਿਆਨ ਹੀ ਭਾਵ ਮਨ ਦੇ ਵਿੱਚ ਸਹਜ ਗਿਆਨ ਹੀ ਸਾਡੇ ਅੰਦਰੋਂ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਖ਼ਤਮ ਕਰ ਸਕਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਸਾਡੇ ਅੰਦਰੋਂ ਮਨ ਦੇ ਭਰਮਾਂ ਨੂੰ, ਅਗਿਆਨਤਾ ਨੂੰ ਦੂਰ ਕਰ ਸਕਦਾ ਹੈ। ਗੁਰੂ ਦਾ ਸ਼ਬਦ ਸੱਚਾ ਗਿਆਨ ਹੈ। ਇਹ ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ ਹੀ ਸਾਡੀ ਹਉਮੈ ਸਾੜ ਸਕਦਾ ਹੈ ਭਾਵ ਖ਼ਤਮ ਕਰ ਸਕਦਾ ਹੈ, ਸਾਡੇ ਅੰਦਰ ਭਰਮ ਦਾ ਪੜਦਾ ਹਟਾ ਸਕਦਾ ਹੈ। "ਸ਼ਬਦ" ਜਾਂ "ਨਾਮ" ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ "ਸਹਜ ਦੀ ਅਵੱਸਥਾ ਹੈ"। ਸਾਡੇ ਮਨ ਵਿੱਚ "ਸ਼ਬਦ" ਦਾ ਪ੍ਰਗਟ ਹੋਣਾ, "ਨਾਮੁ" ਦਾ ਪ੍ਰਗਟ ਹੋਣਾ, "ਸਹਜ" ਦਾ ਉਪਜਣਾ, ਗੁਰੂ ਪ੍ਰਮਾਤਮਾ ਦਾ ਆਪ ਪ੍ਰਗਟ ਹੋਣਾ ਇੱਕੋ ਹੀ ਗੱਲ ਹੈ। ਸਭ ਤੋਂ ਭਾਵ ਸਾਡੀ ਤ੍ਰੈਗੁਣੀ ਅਵੱਸਥਾ ਨੂੰ ਚੌਥੇ ਪਦ ਵਾਲੀ ਅਵੱਸਥਾ ਵਿੱਚ ਬਦਲਣਾ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਸਾਡੇ ਮਨ ਦਾ ਗਿਆਨ ਕਿਸ ਦੇ ਹੱਥ ਹੈ , ਗਿਆਨ ਦਾ ਮਾਲਕ ਕੌਣ ਹੈ ਤਾਂ ਫਿਰ ਇਹ "ਸਹਜ ਦੀ ਪ੍ਰਾਪਤੀ ਹੈ"। ਇਹ ਮਨ ਦਾ ਗਿਆਨ ਸਾਡੇ ਵੱਸ ਨਹੀਂ ਹੈ, ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

"ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥"

ਸਹਜ ਦੀ ਅਵੱਸਥਾ ਤੋਂ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ ਤੇ ਉਸਦੀ ਮਰਜ਼ੀ ਤੋਂ ਬਿਨ੍ਹਾਂ ਸਾਨੂੰ ਸਹਜ ਦੀ ਅਵੱਸਥਾ ਮਿਲ ਹੀ ਨਹੀਂ ਸਕਦੀ। "ਸਹਜ" ਮਨ ਦੀ ਉਪਜ ਹੈ ਤੇ ਇਹੀ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥੧॥ਰਹਾਉ॥"

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

ਸ਼ਬਦ ਗੁਰੂ ਹੈ, ਆਪ ਪ੍ਰਮਾਤਮਾ ਹੈ। ਸ਼ਬਦ ਗੁਰਬਾਣੀ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ, ਸਹਜ

ਗਿਆਨ ਹੈ। ਗੁਰਬਾਣੀ ਦਾ ਸਾਰਾ ਗਿਆਨ, ਪ੍ਰਮਾਤਮਾ ਦਾ ਸੱਚਾ ਗਿਆਨ "**ਮਨ ਦੇ ਸਹਜ**" ਦੁਆਰਾ ਹੀ ਉਪਜਿਆ ਹੈ ਭਾਵ ਪਹਿਲੇ ਮਨ ਦੀ ਅਵੱਸਥਾ ਸਹਜ ਵਾਲੀ ਬਣੇਗੀ ਤੇ ਤਾਂ ਹੀ ਸਹਜ ਗਿਆਨ ਬਾਹਰ ਆਉਂਦਾ ਹੈ। ਬਾਣੀ ਦੀ ਰਚਨਾ ਸਹਜ ਗਿਆਨ ਦੇ ਉਪਜਣ ਦੁਆਰਾ ਹੋਈ ਹੈ। ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਵੱਖਰੇ-ਵੱਖਰੇ ਸਰੀਰਾਂ ਦੁਆਰਾ ਪ੍ਰਗਟ ਹੋ ਕੇ

11/1068

ਕੀਤੀ ਹੈ। ਸਾਡੇ ਮਨ ਦੇ ਅੰਦਰ ਸ਼ਬਦ ਦਾ ਪ੍ਰਗਟ ਹੋਣਾ ਹੀ ਆਪ ਪ੍ਰਮਾਤਮਾ ਦਾ ਪ੍ਰਗਟ ਹੋਣਾ ਹੈ ਤੇ ਇਹੀ ਸਹਜ ਦੀ ਅਵੱਸਥਾ ਹੈ, ਇਹੀ ਪ੍ਰਮਾਤਮਾ ਨੂੰ ਪਾਉਣਾ ਹੈ, ਸੱਚ ਦਾ ਪਾਉਣਾ ਹੈ। **(ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥੧॥ਰਹਾਉ॥)**

ਪਿੱਛੇ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਦੇ ਆ ਰਹੇ ਹਾਂ ਕਿ ਜਦ ਤੱਕ ਮਨੁੱਖ ਦੂਜੇ ਭਾਉ ਵਿੱਚ ਹੈ ਤਦ ਤੱਕ ਪ੍ਰਮਾਤਮਾ ਨੂੰ ਜਪਿਆ ਨਹੀਂ ਜਾ ਸਕਦਾ, ਉਸ ਦੇ ਗੁਣ ਨਹੀਂ ਗਾਏ ਜਾ ਸਕਦੇ, ਉਸਦੀ ਭਗਤੀ ਨਹੀਂ ਹੋ ਸਕਦੀ, ਦੂਜੇ ਭਾਉ ਵਿੱਚ ਸਾਡਾ ਪ੍ਰਮਾਤਮਾ ਨਾਲ ਪਿਆਰ ਨਹੀਂ ਜੁੜਦਾ, ਸਾਡੇ ਅੰਦਰ ਬੈਰਾਗ ਨਹੀਂ ਉਪਜਦਾ, ਦੂਜੇ ਭਾਉ ਵਿੱਚ ਮਨ ਸੰਤੋਖ ਵਿੱਚ ਨਹੀਂ ਆਉਂਦਾ ਤੇ ਦੂਜੇ ਭਾਉ ਵਿੱਚ ਰਹਿੰਦਿਆਂ ਮਨੁੱਖ ਦਾ ਜੀਵਨ ਵਿਅਰਥ ਚਲਾ ਜਾਂਦਾ ਹੈ। "ਦੂਜਾ ਭਾਉ" ਉਹ ਹੈ ਜਿੱਥੇ ਮਨਮਤਿ ਹੈ, ਮਾਇਆ ਮੋਹ ਹੈ ਭਾਵ ਜਿੱਥੇ ਗੁਰੂ ਦੀ ਮਤਿ ਨਹੀਂ ਹੈ, ਜਿੱਥੇ ਗੁਰੂ ਦਾ ਸੱਚਾ ਗਿਆਨ ਨਹੀਂ ਹੈ ਭਾਵ ਜਿੱਥੇ ਅਸੀਂ ਗੁਰੂ ਦੀ ਸੱਚੀ ਮਤਿ ਨੂੰ ਛੱਡ ਕੇ ਕਿ ਭਗਤੀ ਦਾ ਮਾਰਗ ਸਮਝਣ ਲਈ ਕਿਸੇ ਹੋਰ ਦੀ ਮਤਿ ਨਾਲ ਜੁੜੇ ਹੋਏ ਹਾਂ, ਕਿਸੇ ਹੋਰ ਦੀ ਮਤਿ ਨਾਲ ਧਿਆਨ ਲਾਇਆ ਹੋਇਆ ਹੈ। "ਸਹਜ" ਦੂਜੇ ਭਾਉ ਤੋਂ ਉਲਟ ਹੈ। ਸਹਜ ਗੁਰੂ ਦੀ ਮਤਿ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

"ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਂਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ॥੨॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੋਗੇ ਤਾਂ ਸਮਝ ਲੱਗੇਗੀ ਕਿ ਮਨਮਤਿ ਦੇ ਵਿੱਚ ਰਹਿੰਦਿਆਂ, ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਨਾਲ ਜੁੜੇ ਰਹਿੰਦਿਆਂ ਸਾਡਾ ਕੋਈ ਵੀ ਜਪ ਤਪ ਲੇਖੇ ਵਿੱਚ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਸਾਡੀ ਭਗਤੀ ਥਾਇ ਕਿਹੜੀ ਪੈਂਦੀ ਹੈ, ਇਹ ਗੱਲ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਈ ਹੋਈ ਹੈ ਕਿ ਗੁਰੂ ਦਾ ਸੱਚਾ ਗਿਆਨ ਲੈਣ ਦੁਆਰਾ ਹੀ ਸਾਡੀ ਭਗਤੀ ਲੇਖੇ ਵਿੱਚ ਪੈਂਦੀ ਹੈ ਕਿਉਂਕਿ ਗੁਰੂ ਸਹਿਜ ਵਾਲੀ ਅਵੱਸਥਾ ਵਿੱਚ ਹੈ ਜਿਸਨੂੰ ਸੱਚੀ ਭਗਤੀ ਦੀ ਸਮਝ ਹੈ।

"ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ॥੩॥"

ਪ੍ਰਮਾਤਮਾ ਦੀ ਸਿਫ਼ਤ ਸਾਲਾਹ ਮਨ ਦੇ ਸਹਜ ਦੁਆਰਾ ਹੀ ਹੋ ਸਕਦੀ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੋ ਸਕਦੀ ਹੈ। ਜਿੱਥੋਂ ਅਸੀਂ ਮਨ ਦੇ ਸਹਜ ਵਾਲੀ ਸਮਝ ਲੈ ਸਕਦੇ ਹਾਂ ਸਾਡੇ ਕੋਲ ਉਹ ਸਾਧਨ ਕੇਵਲ ਇੱਕ ਗੁਰਬਾਣੀ ਦਾ ਚੌਥੇ ਪਦ ਵਾਲਾ ਉੱਚਾ ਗਿਆਨ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਤਾਂ ਹੀ ਹੋਵੇਗੀ ਜਦੋਂ ਉਸਦੇ ਸਹਜ ਗਿਆਨ ਦੀ

11/1069

ਸਮਾਧਿ ਸਾਡੇ ਮਨ ਵਿੱਚ ਲੱਗੇਗੀ ਭਾਵ ਜਦੋਂ ਗੁਰੂ ਦੀ ਪੂਰੀ ਸੱਚੀ ਮਤਿ ਸਾਡੇ ਮਨ ਵਿੱਚ ਵੱਸੇਗੀ। ਸਾਡੇ ਕੋਲੋਂ ਚੰਗੇ ਕਰਮ ਗੁਰੂ ਦੀ ਮਤਿ ਨੇ ਹੀ ਕਰਾਉਣੇ ਹਨ ਤੇ ਇਹ ਚੰਗੇ ਕਰਮ ਕਰਨਾ ਹੀ ਉਸਦੀ ਸਿਫ਼ਤ ਸਾਲਾਹ ਕਰਨਾ ਹੈ। ਗੁਰੂ ਦੇ ਸਮਝਾਏ ਹੋਏ ਸਹਜ ਗਿਆਨ ਨੇ ਹੀ ਸਾਡੇ ਅੰਦਰ ਉਸਦੇ ਗੁਣ ਵਸਾਉਣੇ ਹਨ ਤੇ ਉਹ ਤਾਂ ਹੀ ਵੱਸਣਗੇ ਜੇਕਰ ਅਸੀਂ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਤੇ ਉਨ੍ਹਾਂ ਤੇ ਅਮਲ ਕਰਾਂਗੇ। ਸਾਡੇ ਅੰਦਰ ਗੁਣ ਵੱਸਣਗੇ ਤਾਂ ਫਿਰ ਅਸੀਂ ਜੋ ਕੁੱਝ ਵੀ ਉਚਾਰਾਂਗੇ, ਜੋ ਕੁੱਝ ਵੀ ਸਾਡੇ ਬੋਲ ਹੋਣਗੇ ਉਹ ਗੁਣਾਂ ਵਾਲੇ ਹੋਣਗੇ, ਸੱਚ ਵਾਲੇ ਹੋਣਗੇ। ਇਹਨਾਂ ਗੁਣਾਂ ਦੁਆਰਾ ਵਿਚਰਨਾ ਹੀ ਉਸਦੀ ਭਗਤੀ

ਕਰਨਾ ਹੈ, ਉਸ ਨਾਲ ਲਿਵ ਲਾਉਣਾ ਹੈ। ਲਿਵ ਤਾਂ ਅਸਲ ਵਿੱਚ ਗੁਰੂ ਦੀ ਮਤਿ ਨਾਲ ਲਗਾਉਣੀ ਹੈ ਤੇ ਉਹ ਤਾਂ ਹੀ ਲੱਗਦੀ ਹੈ ਜੇਕਰ ਗੁਰਮਤਿ ਦੀ ਸਮਾਧਿ ਸਾਡੇ ਮਨ ਵਿੱਚ ਸਦਾ ਹੀ ਲੱਗੀ ਰਹੇ। ਜੋ **"ਸਹਜ"** ਹੈ, ਉਹੀ "**ਸ਼ਬਦ**" ਹੈ ਜਿਵੇਂ ਕਿ ਅਸੀਂ ਪਿੱਛੇ ਵੀ ਗੱਲ ਕੀਤੀ ਹੈ। ਸ਼ਬਦ ਵੀ ਗੁਰੂ ਹੈ, ਗੁਰੂ ਦੀ ਮਤਿ ਹੈ ਤੇ ਸਹਜ ਵੀ ਗੁਰੂ ਹੈ, ਗੁਰੂ ਦੀ ਮਤਿ ਹੈ ਭਾਵ ਸ਼ਬਦ ਗੁਰੂ ਦਾ ਸਹਜ ਗਿਆਨ ਹੈ। ਸ਼ਬਦ ਦੁਆਰਾ ਹੀ ਭਾਵ ਗੁਰੂ ਦੀ ਮਤਿ ਦੁਆਰਾ ਹੀ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ **(ਹਰਿ ਮਨਿ ਵਸੈ)** ਤੇ ਪ੍ਰਮਾਤਮਾ ਦੇ ਵੱਸਣ ਦੇ ਨਾਲ ਹੀ ਹਰਿ ਰਸ ਦੀ ਪ੍ਰਾਪਤੀ ਹੁੰਦੀ ਹੈ। **(ਰਸਨਾ ਹਰਿ ਰਸੁ ਖਾਇ॥) "ਹਰਿ ਰਸ"** ਪ੍ਰਮਾਤਮਾ ਦਾ ਚੌਥੇ ਪਦ ਦਾ ਗਿਆਨ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦਾ ਮਨ ਦੇ ਵਿੱਚ ਵੱਸਣ ਦਾ ਪ੍ਰਤੀਕ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੇ ਪਦੇ ਤੋਂ ਭਾਵ ਇਹ ਹੈ ਕਿ ਗੁਰੂ ਦੀ ਮਤਿ ਦੁਆਰਾ ਵਿਚਰਦੇ ਹੋਏ ਗੁਰੂ ਦੇ ਚੌਥੇ ਪਦ ਵਾਲੇ ਗਿਆਨ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦਾ ਸਾਡੇ ਅੰਦਰ ਵੱਸਣਾ ਹੈ, ਸਾਡੇ ਅੰਦਰ ਪ੍ਰਗਟ ਹੋਣਾ ਹੈ। ਪ੍ਰਮਾਤਮਾ ਮਨ ਦੇ ਵਿੱਚ ਜਦੋਂ ਵੱਸਦਾ ਹੈ ਭਾਵ ਪ੍ਰਗਟ ਹੁੰਦਾ ਹੈ ਤੇ ਹਰਿ ਰਸ ਦੀ ਪ੍ਰਾਪਤੀ ਵੀ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਵੀ, ਸਹਜ ਅਵੱਸਥਾ ਦੀ ਪ੍ਰਾਪਤੀ ਵੀ ਮਨ ਦੇ ਵਿੱਚ ਹੀ ਹੁੰਦੀ ਹੈ। ਭਾਵੇਂ ਸਾਨੂੰ ਇਹ ਗੱਲ **"ਰਸਨਾ"** ਕਹਿ ਕੇ ਸੰਬੋਧਨ ਕੀਤੀ ਹੁੰਦੀ ਹੈ ਪਰ ਅਸਲ ਵਿੱਚ ਸੰਬੋਧਨ ਮਨ ਨੂੰ ਹੀ ਹੁੰਦਾ ਹੈ ਜਿਵੇਂ ਕਿ ਹੋਰ ਅਨੇਕਾਂ ਸ਼ਬਦਾਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਰਸਨਾ ਤਾਂ ਕੇਵਲ ਮਨ ਦਾ ਹੁਕਮ ਮੰਨਣ ਵਾਲੀ ਇੱਕ ਇੰਦਰੀ ਹੀ ਹੈ। ਹਰਿ ਰਸ ਤਾਂ ਪ੍ਰਮਾਤਮਾ ਦਾ ਆਪਣਾ ਰਸ ਹੈ ਜੋ ਕਿ ਉਹ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਦਿੰਦਾ ਹੈ, ਮਨ ਦੇ ਵਿੱਚ ਪਰਗਟ ਹੋਣ ਦੁਆਰਾ ਦਿੰਦਾ ਹੈ।

{ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥}

(ਅੰਗ ੯੨੧)

{ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ ਗੁਨਤਾਸ ॥
ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥
ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥}

(ਅੰਗ ੨੮੭)

{ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥
ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥}

(ਅੰਗ ੪੧)

{ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥
ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥
ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥
ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥
ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ ॥੧੮॥}

(ਅੰਗ ੩੧੦-੩੧੧)

"ਹਰਿ ਰਸੁ" ਦੀ ਪ੍ਰਾਪਤੀ ਕੇਵਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦਾਂ ਦੇ ਪਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਹੁਣ ਅਸੀਂ ਪਿਛਲੇ ਮੁੱਖ ਸ਼ਬਦ ਦੇ ਪਦੇ ਨੂੰ ਹੋਰ ਵੀ ਅਸਾਨੀ ਨਾਲ ਸਮਝ ਸਕਦੇ ਹਾਂ। (**ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥ ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ॥੩॥**)

ਮਨੁੱਖ ਦੇ ਜੀਵਨ ਦੀ ਸੱਚੀ ਪ੍ਰਾਪਤੀ,

11/1070

ਨਾਮ ਦੀ ਪ੍ਰਾਪਤੀ ਭਾਵ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕੇਵਲ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ। ਇਹੀ ਸ਼ਬਦ ਦੇ ਅਗਲੇ ਪਦੇ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

"ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ॥੪॥"

ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੋਏ ਬਿਨ੍ਹਾਂ ਅਸੀਂ ਕਾਲ ਦੇ ਚੱਕਰ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਸਾਡਾ ਆਵਾਗਉਣ ਨਹੀਂ ਮਿਟ ਸਕਦਾ ਜਿਸ ਆਵਾਗਉਣ ਦਾ ਕਾਰਨ ਸਾਡੀ ਨਾਸਮਝ ਮਤਿ ਹੈ ਤੇ ਇਹ ਸਹਜ ਦੀ ਅਵੱਸਥਾ ਹੀ ਮਨੁੱਖ ਨੂੰ ਸੱਚ ਦੀ ਸ਼ਰਨ ਵਿੱਚ ਪਾਉਂਦੀ ਹੈ, ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਪਾਉਂਦੀ ਹੈ, ਗੁਰਮਤਿ ਦੀ ਸ਼ਰਨ ਵਿੱਚ ਪਾਉਂਦੀ ਹੈ ਭਾਵ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਬਿਨ੍ਹਾਂ ਅਸੀਂ ਪੂਰੀ ਤਰ੍ਹਾਂ ਗੁਰੂ ਦੀ ਸੱਚੀ ਮਤਿ ਦੀ ਸ਼ਰਨ ਵਿੱਚ ਨਹੀਂ ਆ ਸਕਦੇ। ਗੁਰੂ ਦੀ ਸ਼ਰਨ ਵਿੱਚ ਸਾਨੂੰ ਸਾਡੇ ਮਨ ਨੇ ਲਿਆਉਣਾ ਹੈ, ਮਨ ਦੇ ਵਿਚਾਰਾਂ ਨੇ ਲਿਆਉਣਾ ਹੈ। ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ। ਸਹਜ ਦੀ ਅਵੱਸਥਾ ਹੀ ਸਾਡੇ ਮਨ ਵਿੱਚ ਨਾਮ ਦਾ ਵੱਸਣਾ ਹੈ ਭਾਵ ਸਹਜ ਦੀ ਅਵੱਸਥਾ, ਨਾਮ ਵੱਸਣ ਦੀ ਅਵੱਸਥਾ, ਆਪਣੇ ਅੰਦਰ ਪ੍ਰਮਾਤਮਾ ਦੇ ਵੱਸਣ ਦੀ ਅਵੱਸਥਾ, ਆਪਣੇ ਅੰਦਰ ਸੱਚ ਵੱਸਣ ਦੀ ਅਵੱਸਥਾ, ਇੱਕੋ ਹੀ ਗੱਲ ਹੈ। ਸਭ ਤੋਂ ਭਾਵ ਸਾਡੇ ਅੰਦਰ ਗੁਰੂ ਦਾ ਸੱਚਾ ਗਿਆਨ ਵੱਸਣਾ ਹੀ ਹੈ, ਚੌਥੇ ਪਦ ਦਾ ਗਿਆਨ ਪ੍ਰਾਪਤ ਹੋਣਾ ਹੀ ਹੈ ਤੇ ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਸੱਚ ਤੇ ਹੀ ਚੱਲਦਾ ਹੈ, ਸੱਚੀ ਕਾਰ ਹੀ ਕਮਾਉਂਦਾ ਹੈ ਭਾਵ ਸੱਚੀ ਸੁੱਚੀ ਕਰਣੀ ਦੁਆਰਾ ਹੀ ਵਿਚਰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਨਾਮ ਦੇ ਵੱਸਣ ਦਾ ਮਕਸਦ ਕੀ ਹੈ? ਨਾਮ ਦੇ ਵੱਸਣ ਨਾਲ ਅਸੀਂ ਸੱਚੀ ਕਾਰ ਕਰਦੇ ਹਾਂ ਭਾਵ ਸੱਚੀ ਸੁੱਚੀ ਕਿਰਤ ਕਰਦੇ ਹਾਂ, ਕੇਵਲ ਗੁਰਮਤਿ ਅਨੁਸਾਰ ਵਿਚਰਦੇ ਹਾਂ, ਸੱਚ ਦੁਆਰਾ ਵਿਚਰਦੇ ਹਾਂ ਤੇ ਇਹੀ ਨਾਮ ਦਾ ਮਕਸਦ ਹੈ। **(ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ॥)** ਇਹੀ ਸਾਡੇ ਅੰਦਰ ਸੱਚ ਦਾ, ਨਾਮ ਦਾ, ਗੁਰਮਤਿ ਦਾ ਦ੍ਰਿੜ ਹੋਣਾ ਹੈ, ਮਨ ਦੇ ਵਿੱਚ ਸੱਚ ਤੇ ਚੱਲਣ ਦੀ ਅਡੋਲਤਾ ਹੈ ਜੋ ਕਿ ਮਨ ਵਿੱਚ ਬੈਠਾ ਪ੍ਰਮਾਤਮਾ ਆਪ ਹੀ ਆਪਣੀ ਬਖਸ਼ਿਸ਼ ਕਰਦਾ ਹੈ। ਇਹ ਸਹਜ ਦੀ ਅਵੱਸਥਾ ਹੀ ਮਨੁੱਖ ਨੂੰ ਵਡਭਾਗੀ ਬਣਾਉਂਦੀ ਹੈ, ਪ੍ਰਮਾਤਮਾ ਦੇ ਮੇਲ ਵਾਲਾ ਬਣਾਉਂਦੀ ਹੈ ਤੇ ਇੱਕ ਵਾਰੀ ਸਹਜ ਦੀ ਅਵੱਸਥਾ ਮਿਲਣ ਤੋਂ ਬਾਅਦ ਫਿਰ ਮਨੁੱਖ ਉਸੇ ਵਿੱਚ ਹੀ ਸਮਾਇਆ ਰਹਿੰਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਅਦ ਇਹ ਮੇਲ ਬਣਿਆ ਹੀ ਰਹਿੰਦਾ ਹੈ ਭਾਵ ਮਨੁੱਖ ਪ੍ਰਮਾਤਮਾ ਦੇ ਨਾਲ ਹਮੇਸ਼ਾ ਲਈ ਅਭੇਦ ਹੋ ਜਾਂਦਾ ਹੈ। **(ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ॥੪॥)** "ਸਹਜ" ਵਾਲੀ ਸਮਝ ਗੁਰੂ ਦੀ ਆਪਣੀ ਸਮਝ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ।

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

ਸਹਜ ਦੀ ਅਵੱਸਥਾ ਦੀ ਪ੍ਰਾਪਤੀ ਤੋਂ ਬਿਨ੍ਹਾਂ ਹਰ ਕੋਈ ਮਾਇਆ ਮੋਹ ਵਿੱਚ ਹੀ ਭਾਵ ਮਾਇਆ ਦੀ ਜੁਗਤਿ ਵਿੱਚ ਹੀ ਹੈ, ਪ੍ਰਮਾਤਮਾ ਨੂੰ ਜਾਣਨ ਤੋਂ ਅਗਿਆਨਤਾ

11/1071

ਵਿੱਚ ਹੀ ਹੈ, ਦੂਜੇ ਭਾਇ ਵਿੱਚ ਹੀ ਹੈ, ਮਨਮੁਖਿ ਹੀ ਹੈ, ਹਉਮੈ ਵਿੱਚ ਹੀ ਹੈ, ਤ੍ਰਿਸ਼ਨਾ ਵਿੱਚ ਹੀ ਹੈ, ਜੰਮਣ ਮਰਨ ਦੀ ਅਗਿਆਨਤਾ ਵਿੱਚ ਹੀ ਹੈ ਕਿਉਂਕਿ ਇਸ ਅਵੱਸਥਾ ਵਿੱਚ ਰਹਿੰਦਿਆਂ ਮਨੁੱਖ ਉਹੋ ਜਿਹੇ ਕਰਮ ਨਹੀਂ ਕਰਦਾ ਜੋ ਗੁਰੂ ਦੀ ਮਤਿ ਸਮਝਾਉਂਦੀ ਹੈ ਭਾਵ ਉਹ ਦੁਚਿੱਤੀ ਵਿੱਚ ਹੀ ਰਹਿੰਦਾ ਹੈ ਤੇ ਇਹੀ ਮੁੱਖ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥੫॥"

ਉਪਰਲੀਆਂ ਪੰਗਤੀਆਂ ਨੂੰ ਪੜ੍ਹ ਕੇ ਸਾਨੂੰ ਘੱਟੋ ਘੱਟ ਇਹ ਸਮਝ ਤਾਂ ਲੱਗ ਹੀ ਜਾਂਦੀ ਹੈ ਕਿ "**ਸਹਜ**" ਅਤੇ "**ਮਾਇਆ**" ਇੱਕ ਦੂਸਰੇ ਤੋਂ ਉਲਟ ਪਾਸੇ ਹਨ। ਮਾਇਆ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਸਹਜ ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੈ। ਸਹਜ ਦੀ ਪ੍ਰਾਪਤੀ ਤੋਂ ਬਿਨ੍ਹਾਂ ਹਰ ਕੋਈ ਹਉਮੈ ਵਿੱਚ ਹੀ ਹੈ, "ਮੈਂ" ਵਿੱਚ ਹੀ ਹੈ। ਹਉਮੈ ਵਿੱਚੋਂ ਸਾਨੂੰ ਸਹਜ ਦੀ ਅਵੱਸਥਾ ਭਾਵ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੀ ਕੱਢ ਸਕਦੀ ਹੈ ਤੇ ਤਾਂ ਹੀ ਸਾਡਾ ਆਵਾਗਉਣ ਮਿਟ ਸਕਦਾ

ਹੈ ਭਾਵ ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਸਮਝਣ ਦੁਆਰਾ ਜੋ ਗਿਆਨ ਮਨ ਦੇ ਵਿੱਚ ਪਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ ਉਸ ਸਮਝ ਦੇ ਨਾਲ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਭਰਮ ਵਿੱਚ ਹੀ ਆਪਣੇ ਆਪ ਨੂੰ ਜਨਮ ਮਰਨ ਵਿੱਚ, ਆਵਾ ਗਉਣ ਵਿੱਚ ਸਮਝਦਾ ਹੈ। ਇਹੀ ਗੱਲ ਅਗਲੇ ਪਦੇ ਵਿੱਚ ਹੋਰ ਸਪੱਸ਼ਟ ਕੀਤੀ ਹੋਈ ਹੈ ਕਿ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਜਾਂ ਨੇੜਤਾ ਕੇਵਲ ਸਾਡੇ ਮਨ ਦੇ ਗਿਆਨ ਨਾਲ ਜੁੜੀ ਹੋਈ ਹੈ। ਪੂਰੀ ਗੁਰਬਾਣੀ ਇਸ "**ਪ੍ਰਿੰਸੀਪਲ**" ਨਾਲ ਹੀ ਜੁੜੀ ਹੋਈ ਹੈ।

"ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥"

ਉੱਪਰ ਪਹਿਲੀ ਪੰਗਤੀ ਦੁਆਰਾ ਇਹ ਸਪੱਸ਼ਟ ਹੈ ਕਿ ਤ੍ਰੈਗੁਣਾਂ ਵਾਲੀ ਅਵੱਸਥਾ ਮਾਇਆ ਦੀ ਜੁਗਤਿ ਦੀ ਅਵੱਸਥਾ ਹੈ। ਮਨੁੱਖ ਦੇ ਮਨ ਵਿੱਚ ਦੋ ਹੀ ਅਵੱਸਥਾਵਾਂ ਹੁੰਦੀਆਂ ਹਨ। ਸਭ ਦੇ ਅੰਦਰ ਹੀ "ਸਹਜੁ" ਹੈ ਤੇ ਸਭ ਦੇ ਅੰਦਰ ਹੀ ਤ੍ਰੈਗੁਣੀ ਅਵੱਸਥਾ ਹੈ। "ਸਹਜੁ" ਦੀ ਅਵੱਸਥਾ ਸਾਡੇ ਅੰਦਰ ਗੁਪਤ ਰੂਪ ਵਿੱਚ ਵਰਤਦੀ ਹੈ ਜੋ ਕਿ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਚਲਾਉਂਦੀ ਹੈ। ਤ੍ਰੈਗੁਣੀ ਅਵੱਸਥਾ ਦਾ ਮੂਲ ਹੀ, ਮੁੱਢ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ, ਸਾਨੂੰ ਅਗਿਆਨਤਾ ਵਿੱਚ ਰੱਖਣ ਦਾ ਹੈ, ਸਾਨੂੰ ਹਉਮੈ ਵਿੱਚ ਰੱਖਣ ਦਾ ਹੈ, ਸਾਡੇ ਅੰਦਰ ਨਾਮ ਨੂੰ ਨਾ ਵੱਸਣ ਦੇਣ ਦਾ ਹੈ, ਸਾਨੂੰ "ਸਹਜੁ" ਦੀ ਅਵੱਸਥਾ ਤੋਂ ਦੂਰ ਰੱਖਣ ਦਾ ਹੈ ਭਾਵ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਣ ਦਾ ਹੈ ਕਿਉਂਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸਹਜ ਵਾਲੀ ਅਵੱਸਥਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਸਭ ਦੇ ਅੰਦਰ ਪ੍ਰਮਾਤਮਾ ਆਪਣੇ ਸਹਜ ਰੂਪ ਵਿੱਚ ਹੀ ਵਿਚਰ ਰਹਿਆ ਹੈ ਜਿਸ ਦੀ ਮਨੁੱਖ ਨੂੰ ਪ੍ਰਮਾਤਮਾ ਆਪ ਹੀ ਸਮਝ ਨਹੀਂ ਪੈਣ ਦਿੰਦਾ। **(ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥)**

ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਦੇ ਹਾਂ, ਗੁਰਬਾਣੀ ਨੂੰ ਪੜ੍ਹਦੇ ਹਾਂ ਜਿਸ ਤੋਂ ਮਕਸਦ ਉਹਨਾਂ ਵਿੱਚੋਂ

11/1072

ਗੁਣ ਲੈ ਕੇ ਆਪਣੇ ਆਪ ਨੂੰ ਗੁਣੀ ਬਣਾਉਣ ਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੇ ਗੁਣਾਂ ਨੂੰ ਕਥਿ ਸਕੀਏ ਭਾਵ ਉਹਨਾਂ ਦੁਆਰਾ ਵਿਚਰ ਸਕੀਏ। ਸਾਡੀ ਇਹ ਤ੍ਰੈਗੁਣਾਂ ਵਾਲੀ ਜੁਗਤਿ ਸਾਨੂੰ ਇਹ ਸਭ ਕਰਨ ਨਹੀਂ ਦਿੰਦੀ ਕਿ ਅਸੀਂ ਪ੍ਰਮਾਤਮਾ ਦੇ ਗੁਣ ਕਿਸ ਤਰੀਕੇ ਗਾਉਣੇ ਹਨ ਜੋ ਕਿ ਅਸੀਂ ਗੁਣਾਂ ਦੁਆਰਾ ਵਿਚਰ ਕੇ ਹੀ ਗਾ ਸਕਦੇ ਹਾਂ। ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਭਰਮਾਂ ਦੀ ਭਰੀ ਸਮਝ ਸਾਨੂੰ ਸਹੀ ਮਾਰਗ ਦੀ ਸੋਝੀ ਪੈਣ ਹੀ ਨਹੀਂ ਦਿੰਦੀ, ਸਾਨੂੰ ਧਰਮ ਦੇ ਸਹੀ ਮਾਰਗ ਤੇ ਚੱਲਣ ਨਹੀਂ ਦਿੰਦੀ ਕਿਉਂਕਿ ਇਸ ਦਾ ਮੂਲ ਹੀ, ਇਸ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਰੱਖਣਾ ਹੈ, ਅਸਲੀਅਤ ਜਾਣਨ ਤੋਂ ਦੂਰ ਰੱਖਣਾ ਹੈ, ਪ੍ਰਮਾਤਮਾ ਦੇ ਅਸਲ ਜਪ ਤਪ ਤੋਂ ਦੂਰ ਰੱਖਣਾ ਹੈ, ਧਰਮ ਗ੍ਰੰਥਾਂ ਦੀ ਅਸਲੀਅਤ ਸਮਝ ਆਉਣ ਤੋਂ ਦੂਰ ਰੱਖਣਾ ਹੈ। ਇਹ ਅਵੱਸਥਾ ਸਾਡੇ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਦੁਆਰਾ ਉਸ ਨੇ ਹਰ ਕਿਸੇ ਨੂੰ ਭਰਮਾਂ ਵਿੱਚ ਹੀ ਰੱਖਿਆ ਹੋਇਆ ਹੈ। ਤ੍ਰੈਗੁਣ ਵਾਲੀ ਅਵੱਸਥਾ ਪ੍ਰਮਾਤਮਾ ਸਭ ਦੇ ਅੰਦਰ ਮੁੱਢੋਂ ਹੀ, ਸਰੀਰ ਦੇ ਜਨਮ ਤੋਂ ਹੀ ਪਾ ਕੇ ਭੇਜਦਾ ਹੈ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਸਭ ਜਪ ਤਪ ਕਰਨ ਵਾਲੇ, ਰਿਸ਼ੀ ਮੁਨੀ ਆਦਿ ਤ੍ਰੈਗੁਣਾਂ ਵਿੱਚ ਹੀ ਰਹੇ ਹਨ ਜਿੰਨ੍ਹਾਂ ਨੇ ਸ਼ਬਦਾਂ ਰਾਹੀਂ ਭਗਤੀ ਦਾ ਸਹੀ ਮਾਰਗ ਸਮਝਣ ਵਿੱਚ ਭਰਮਾਂ ਵਿੱਚ ਹੀ ਦੱਸਿਆ ਹੈ। ਭਰਮਾਂ ਵਿੱਚ ਸਾਨੂੰ ਮਨ ਦਾ ਗਿਆਨ ਹੀ ਪਾਉਂਦਾ ਹੈ, ਮਨ ਦੇ ਵਿਚਾਰ ਹੀ ਪਾਉਂਦੇ ਹਨ ਤੇ ਉਹਨਾਂ ਨੂੰ ਸਾਡੇ ਅੰਦਰ ਪੈਦਾ ਕਰਨ ਵਾਲਾ ਉਹ ਆਪ ਹੈ। **(ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥)** ਸਾਡੇ ਸਾਰੇ ਸਰੀਰਕ ਜਪ ਤਪ ਆਦਿ, ਧਰਮ ਗ੍ਰੰਥਾ ਨੂੰ ਕੇਵਲ ਪੜ੍ਹੀ ਜਾਣਾ, ਵਾਰ-ਵਾਰ ਪੜ੍ਹੀ ਜਾਣਾ ਤੇ ਇਸ ਨੂੰ ਹੀ ਆਪਣੀ ਭਗਤੀ ਸਮਝਣਾ, ਤੀਰਥਾਂ ਆਦਿ ਤੇ ਜਾ ਕੇ ਬੈਠੇ ਰਹਿਣ ਨੂੰ ਹੀ ਭਗਤੀ ਸਮਝਣਾ, ਇਹ ਸਭ ਸਾਡੇ ਅੰਦਰ ਤ੍ਰੈਗੁਣਾਂ ਦੀ ਸੋਝੀ ਦੀ ਉਪਜ ਹੈ ਭਾਵ ਕੇਵਲ ਸਾਡਾ ਭਰਮ ਹੈ ਜਿਸ ਕਰਕੇ ਅਸੀਂ ਭਗਤੀ ਦੇ ਮਾਰਗ ਤੋਂ ਮੂਲੋਂ ਹੀ ਭੁੱਲੇ ਹੋਏ ਹਾਂ ਤੇ ਇਸੇ ਲਈ ਇਹਨਾਂ ਗੱਲਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ।

ਮਨੁੱਖ ਆਪਣੇ ਜੀਵਨ ਦਾ ਸਹੀ ਮਾਰਗ ਸਮਝਣ ਵਿੱਚ ਭਾਵ ਆਪਣੀ ਮਤਿ ਦੁਆਰਾ ਸਮਝਣ ਵਿੱਚ ਗੁਰੂ ਪ੍ਰਮਾਤਮਾ ਦੇ ਅੱਗੇ ਬਿਲਕੁਲ ਅਸਮਰੱਥ ਹੈ ਤੇ ਇਹ ਅਸਮਰੱਥਤਾ ਮਨ ਦੇ ਵਿੱਚੋਂ ਤ੍ਰੈਗੁਣੀ ਗਿਆਨ ਦੁਆਰਾ ਹੀ ਉਪਜਦੀ ਹੈ ਤੇ ਇਸੇ ਲਈ

ਹਰ ਕੋਈ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਵਿੱਚ ਅਸਮਰੱਥ ਹੈ। ਇਹ ਤ੍ਰੈਗੁਣੀ ਅਵੱਸਥਾ ਨੂੰ ਤੋੜਨ ਦੀ ਸਮਰੱਥਾ ਕੇਵਲ "**ਸਹਜੁ**" ਦੀ ਅਵੱਸਥਾ ਵਿੱਚ ਹੈ ਜਿਸ ਅਵੱਸਥਾ ਦੁਆਰਾ ਪ੍ਰਮਾਤਮਾ ਸਾਡੇ ਅੰਦਰ ਵਿਚਰ ਰਿਹਾ ਹੈ। ਇਹ ਅਵੱਸਥਾ ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੈ ਜੋ ਸਾਨੂੰ ਹਰ ਭਰਮ ਵਿੱਚੋਂ ਕੱਢ ਸਕਦੀ ਹੈ, ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ। ਇਹ ਅਵੱਸਥਾ ਸਾਨੂੰ ਉਹ ਆਪ ਹੀ ਬਖਸ਼ ਸਕਦਾ ਹੈ ਭਾਵ ਆਪਣੇ ਆਪ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ, ਆਪਣਾ ਨਾਮ ਉਹ ਆਪ ਹੀ ਦੇ ਸਕਦਾ ਹੈ। **(ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥)** ਚੌਥੈ ਪਦ ਦੇ ਗਿਆਨ ਦੀ ਅਵੱਸਥਾ, "ਸਹਜੁ" ਦੀ ਪ੍ਰਾਪਤੀ ਦੀ ਅਵੱਸਥਾ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੀ "ਗੁਰਮੁਖਿ" ਵਾਲੀ ਅਵੱਸਥਾ ਹੈ ਜੋ ਕਿ ਗੁਰੂ ਪ੍ਰਮਾਤਮਾ ਦੀ ਆਪਣੀ ਅਵੱਸਥਾ ਹੈ ਜਿਵੇਂ ਕਿ ਉੱਪਰ ਵਾਲੀ ਪੰਗਤੀ ਦੁਆਰਾ ਹਰ ਕੋਈ ਸਮਝ ਸਕਦਾ ਹੈ। ਇਸ ਅਵੱਸਥਾ ਤੋਂ ਪਹਿਲੇ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਤੋਂ ਪਹਿਲੇ ਹਰ ਕੋਈ ਮਨਮੁਖਿ ਹੀ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ "ਸਹਜੁ" ਵਾਲੀ ਅਵੱਸਥਾ ਦੇ ਵਿੱਚ ਹੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥
ਅੰਤਰਿ ਅਗਨਿ ਜਲੈ ਭੜਕਾਰੇ ॥ ਮਨਮੁਖੁ ਤਕੇ ਕੁੰਡਾ ਚਾਰੇ ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥
ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥
ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥
ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ ॥
ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥}

(ਅੰਗ ੧੦੨੨)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

ਆਓ ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝੀਏ ਕਿ

11/1073

ਉਹ ਕਿਹੜਾ ਨਾਮ ਨਿਧਾਨ ਹੈ, ਨਾਮ ਦਾ ਖਜ਼ਾਨਾ ਹੈ, ਪ੍ਰਮਾਤਮਾ ਦਾ ਖਜ਼ਾਨਾ ਹੈ ਜਿਸ ਦੀ ਪ੍ਰਾਪਤੀ ਸਾਡੇ ਜੀਵਨ ਦਾ ਮਕਸਦ ਹੈ ਤੇ ਉਹ ਕਿਸ ਤਰੀਕੇ ਮਿਲਦਾ ਹੈ।

"ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥੭॥"

ਬੜੇ ਹੀ ਧਿਆਨ ਨਾਲ ਸਮਝੋ ਕਿ ਇਹ "**ਨਾਮ ਨਿਧਾਨ**" ਕੀ ਹੈ, ਨਾਮ ਦਾ ਖਜਾਨਾ ਕੀ ਹੈ ਜਿਸ ਖਜਾਨੇ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਇਹ ਨਾਮ ਰੂਪ ਖਜ਼ਾਨਾ ਸਹਜ ਦੀ ਅਵੱਸਥਾ ਦਾ ਗਿਆਨ ਹੈ ਭਾਵ ਚੌਥੇ ਪਦ ਦਾ ਗਿਆਨ

ਹੈ, ਬ੍ਰਹਮ ਗਿਆਨ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਮਨੁੱਖ ਨੂੰ ਸੋਝੀ ਪੈਂਦੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ। ਆਪਣੇ ਇਸੇ "**ਨਾਮੁ ਨਿਧਾਨੁ**" ਦੁਆਰਾ ਪ੍ਰਮਾਤਮਾ ਨਿਰਗੁਣ ਰੂਪ ਵਿੱਚ ਵਰਤਦਾ ਹੈ, ਗਿਆਨ ਰੂਪ ਵਿੱਚ ਵਰਤਦਾ ਹੈ ਜਿਸ ਗਿਆਨ ਰੂਪ ਦਾ ਕੋਈ ਆਕਾਰ ਰੂਪ ਨਹੀਂ ਹੈ, ਕੋਈ ਰੂਪ ਰੇਖ ਨਹੀਂ ਹੈ, ਕੋਈ ਅੰਤ ਨਹੀਂ ਹੈ। ਪੂਰੀ ਸਾਇੰਸ ਦੇ ਵਿੱਚ ਤੇ ਸਭ ਦੇ ਵਿੱਚ ਪ੍ਰਮਾਤਮਾ ਆਪਣੇ ਇਸੇ ਰੂਪ ਵਿੱਚ ਹੀ ਵਰਤ ਰਹਿਆ ਹੈ ਜੋ ਕਿ ਉਸਦਾ ਨਾਮ ਰੂਪ ਹੈ। **(ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥)** ਪ੍ਰਮਾਤਮਾ ਦੇ ਇਸ ਸੱਚੇ ਗਿਆਨ ਦੀ ਸੋਝੀ ਪੈਣ ਦੁਆਰਾ ਫਿਰ ਮਨੁੱਖ ਉਸ ਦੇ ਗੁਣਾਂ ਦੁਆਰਾ ਹੀ ਵਿਚਰਦਾ ਹੈ ਭਾਵ ਉਹ ਆਪ ਸਾਡੀ ਸਮਝ ਦੇ ਅੰਦਰ ਬੈਠਾ ਹੋਇਆ ਮਨੁੱਖ ਨੂੰ ਗੁਣਾਂ ਵਿੱਚ ਹੀ ਰੱਖਦਾ ਹੈ ਭਾਵ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ ਤੇ ਮਨੁੱਖ ਗੁਣਾਂ ਦੁਆਰਾ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਤੇ ਇਹੀ ਉਸਦੀ ਸਿਫ਼ਤ ਸਾਲਾਹ ਹੈ, ਉਸਦਾ ਸੱਚਾ ਜਸ ਗਾਉਣਾ ਹੈ। **(ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥)** "ਸਹਜ" ਦੀ ਅਵੱਸਥਾ ਤੋਂ ਬਿਨ੍ਹਾਂ ਹਰ ਕੋਈ ਭੁੱਲਿਆ ਹੋਇਆ ਹੀ ਹੈ ਭਾਵ ਭਰਮਾਂ ਵਾਲੀ ਸਮਝ ਦੇ ਵਿੱਚ ਹੈ, ਹਉਮੈ ਵਿੱਚ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ, ਮਾਇਆ ਦੀ ਜੁਗਤਿ ਵਿੱਚ ਹੈ। ਜਿਸ ਨੂੰ ਵੀ ਪ੍ਰਮਾਤਮਾ ਨੇ ਆਪਣੇ ਨਾਲ ਮਿਲਾਉਣਾ ਹੈ, ਉਸਨੂੰ ਮਿਲਾਉਣ ਦਾ ਇੱਕੋ ਇੱਕ ਤਰੀਕਾ ਉਸਨੂੰ ਸਹਜ ਦੀ ਅਵੱਸਥਾ ਵਿੱਚ ਲਿਆਉਣਾ ਹੈ ਭਾਵ ਉਸਨੂੰ ਚੌਥੇ ਪਦ ਦਾ ਗਿਆਨ ਬਖਸ਼ਣਾ ਹੈ ਕਿਉਂਕਿ ਸਾਨੂੰ ਅਗਿਆਨਤਾ ਵਿੱਚੋਂ ਕੇਵਲ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਉਹ ਆਪ ਹੀ ਕੱਢ ਸਕਦਾ ਹੈ। "ਸ਼ਬਦ" ਵੀ ਉਸਦਾ ਸੱਚਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ ਤੇ "ਸ਼ਬਦ" ਰੂਪ ਹੀ ਉਹ ਆਪ ਹੈ ਜਿਸ ਆਪਣੇ ਸ਼ਬਦ ਰੂਪ ਦੁਆਰਾ ਸਭ ਦਾ ਗੁਰੂ ਹੈ। ਮਨ ਦੇ ਅੰਦਰ ਪ੍ਰਗਟ ਉਹ ਆਪਣੇ ਸ਼ਬਦ ਰੂਪ ਦੁਆਰਾ ਹੀ ਹੁੰਦਾ ਹੈ, ਆਪਣੇ

11/1074

ਸੱਚੇ ਗਿਆਨ ਦੁਆਰਾ ਹੀ ਹੁੰਦਾ ਹੈ ਤੇ ਮਨ ਦੇ ਵਿੱਚ ਉਸਦੇ ਨਾਲ ਮੇਲ "ਸ਼ਬਦ ਰੂਪ" ਵਿੱਚ ਹੀ ਹੁੰਦਾ ਹੈ, ਗਿਆਨ ਰੂਪ ਵਿੱਚ ਹੀ ਹੁੰਦਾ ਹੈ, ਨਿਰਗੁਣ ਰੂਪ ਵਿੱਚ ਹੀ ਹੁੰਦਾ ਹੈ। ਸਾਡੀ ਸਹਜ ਦੀ ਅਵੱਸਥਾ ਹੀ ਸਾਡਾ "ਤ੍ਰੈਗੁਣਾਂ ਦਾ ਬੰਧਨ" ਤੋੜਦੀ ਹੈ, ਸਾਡਾ "ਹਉਮੈ ਦਾ ਪੜਦਾ" ਉਤਾਰਦੀ ਹੈ।

ਪ੍ਰਮਾਤਮਾ ਨੇ ਸਾਨੂੰ ਬੰਧਨ ਵਿੱਚ ਮਨ ਦੀ ਅਗਿਆਨਤਾ ਦੇ ਦੁਆਰਾ ਹੀ ਰੱਖਿਆ ਹੋਇਆ ਹੈ ਤੇ ਇਹ ਬੰਧਨ ਸਹਜ ਦੀ ਅਵੱਸਥਾ ਦੁਆਰਾ ਹੀ ਟੁੱਟਦਾ ਹੈ ਭਾਵ ਇਸ ਮਨ ਦੀ ਅਗਿਆਨਤਾ ਦੇ ਬੰਧਨ ਨੂੰ ਗੁਰੂ ਦਾ ਸੱਚਾ ਗਿਆਨ ਹੀ ਤੋੜਦਾ ਹੈ, ਸਾਡਾ ਬੰਧਨ ਪ੍ਰਮਾਤਮਾ ਆਪ ਹੀ ਖੋਲਦਾ ਹੈ, ਸਾਨੂੰ ਮਨ ਦੇ ਬੰਧਨ ਤੋਂ ਮੁਕਤ ਉਹ ਆਪ ਹੀ ਕਰਦਾ ਹੈ ਭਾਵ ਤ੍ਰੈਗੁਣਾਂ ਵਿੱਚ ਰਹਿੰਦੇ ਮੁਕਤੀ ਨਹੀਂ ਹੈ, ਮੁਕਤੀ ਕੇਵਲ ਚੌਥੇ ਪਦ ਵਿੱਚ ਹੈ। **(ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥੭॥)**

ਪੂਰੇ ਸ਼ਬਦ ਵਿੱਚ ਸਾਨੂੰ "**ਸਹਜ**" ਬਾਰੇ ਹੀ ਸੋਝੀ ਪਾਈ ਹੋਈ ਹੈ ਤਾਂ ਕਿ ਅਸੀਂ **"ਸਹਜ"** ਕੀ ਹੈ ਇਸ ਨੂੰ ਬਰੀਕੀ ਨਾਲ ਸਮਝ ਸਕੀਏ। ਹੁਣ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ।

"ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ॥੮॥"

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ ਕਿ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਕਿਸ ਗੱਲ ਕਰਕੇ ਹੈ, ਕਿਸ ਵਜ੍ਹਾ ਕਰਕੇ ਹੈ ਤੇ ਉਹ ਦੂਰੀ ਮਿਟਦੀ ਕਿਵੇਂ ਹੈ ਭਾਵ ਉਸ ਦੇ ਨਾਲ ਮੇਲ ਕਿਵੇਂ ਹੁੰਦਾ ਹੈ, ਪ੍ਰਮਾਤਮਾ ਦੀ ਬਖਸ਼ਿਸ਼ ਸਾਡੇ ਤੇ ਕਿਸ ਰੂਪ ਵਿੱਚ ਹੁੰਦੀ ਹੈ। "ਸਹਜ" ਦੀ ਅਵੱਸਥਾ ਦੁਆਰਾ ਪ੍ਰਮਾਤਮਾ ਸਾਡੀ ਅਗਿਆਨਤਾ ਕੱਢ ਕੇ ਸਾਨੂੰ ਆਪਣੇ ਆਪ ਦੀ ਮਨ ਦੇ ਵਿੱਚ ਸੋਝੀ ਹੀ ਪਾਉਂਦਾ ਹੈ ਜਿਸ ਤਰੀਕੇ ਉਹ ਸਾਨੂੰ ਆਪਣੇ ਨਾਲ ਮਿਲਾਉਂਦਾ ਹੈ। ਜਦ ਤੱਕ ਸਾਡੇ ਅੰਦਰ ਸਹਜ ਨਹੀਂ ਉਪਜਦਾ, ਸੱਚਾ ਗਿਆਨ ਨਹੀਂ ਉਪਜਦਾ ਤਦ ਤੱਕ ਅਸੀਂ ਧਰਮ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ ਕਿਉਂਕਿ ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਨਾ ਹੀ ਅਗਿਆਨਤਾ ਵਿੱਚ ਰਹਿੰਦੇ ਹੋਏ, ਅੰਧ, ਮਾਇਆ ਮੋਹ, ਗੁਬਾਰ ਵਿੱਚ ਰਹਿੰਦੇ ਹੋਏ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ ਕਿਉਂਕਿ ਪ੍ਰਮਾਤਮਾ ਨੂੰ ਪਾਉਣਾ ਹੈ ਹੀ ਮਨ ਦੀ ਸੋਝੀ। ਉੱਪਰ ਪੰਗਤੀਆਂ ਦੁਆਰਾ ਬੜਾ ਹੀ ਸਪੱਸ਼ਟ ਹੈ ਕਿ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਹੀ ਹੈ, ਮਨ ਦੇ ਅੰਧ ਕਰਕੇ ਹੀ ਹੈ, ਮਨ ਦੇ ਗੁਬਾਰ ਕਰਕੇ ਭਾਵ ਵੱਡੀ ਅਗਿਆਨਤਾ ਕਰਕੇ ਹੀ ਹੈ ਤੇ ਉਹ ਅਗਿਆਨਤਾ ਮਨ ਦੇ ਵਿੱਚ ਸਹਜ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਹੁੰਦੀ ਹੈ ਜਿਸ ਤਰੀਕੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ

ਸਹਜ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਹੁੰਦੀ ਹੈ ਜਿਸ ਤਰੀਕੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਇਹ ਸੋਝੀ ਕੇਵਲ ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ ਹੀ ਪੈ ਸਕਦੀ ਹੈ ਤੇ ਤਾਂ ਹੀ ਇਸ ਗੱਲ ਦੀ ਸਮਝ ਲੱਗਦੀ ਹੈ ਕਿ ਸਭ ਜਗ੍ਹਾ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ, ਆਪਣੇ ਗਿਆਨ ਦੁਆਰਾ ਵਰਤ ਰਿਹਾ ਹੈ। **(ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥)** ਅਸੀਂ ਬਾਰ-ਬਾਰ ਬਾਣੀ ਵਿੱਚ

11/1075

ਇਹ ਪੜ੍ਹਦੇ ਹਾਂ ਕਿ ਪ੍ਰਮਾਤਮਾ ਜਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ ਉਹ ਆਪਣੀ ਕਿਰਪਾ ਦੁਆਰਾ, ਆਪਣੀ ਬਖਸ਼ਿਸ਼ ਦੁਆਰਾ ਹੀ ਮਿਲਾਉਂਦਾ ਹੈ। ਉਸਦੀ ਬਖਸ਼ਿਸ਼ ਉਸ ਦੇ ਸੱਚੇ ਗਿਆਨ ਦੁਆਰਾ ਹੀ ਹੁੰਦੀ ਹੈ, ਮਨ ਦੇ ਸਹਜ ਦੁਆਰਾ ਹੀ ਹੁੰਦੀ ਹੈ ਜੋ ਸਹਜ ਦੀ ਅਵੱਸਥਾ ਮਨ ਦੇ ਵਿੱਚ ਪਰਗਟ ਹੋ ਕੇ ਉਹ ਆਪ ਹੀ ਕਿਸੇ ਨੂੰ ਬਖਸ਼ਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮਨ ਦੀ ਸਮਝ ਦੇ ਵਿੱਚ ਮੇਲ ਹੁੰਦਾ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਨਾ ਕੋਈ ਹੋਰ ਤਰੀਕਾ ਹੈ ਤੇ ਨਾ ਹੀ ਬਾਣੀ ਵਿੱਚ ਸਮਝਾਇਆ ਹੋਇਆ ਹੈ। **(ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ॥੮॥)** ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦਾ ਉਪਜਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਪ੍ਰਮਾਤਮਾ "ਅਦ੍ਰਿਸ਼ਟ" ਹੈ ਭਾਵ ਜਿਸਨੂੰ ਸਰੀਰਕ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਭਾਵ ਸਮਝਿਆ ਜਾ ਸਕਦਾ। ਉਸ ਨੂੰ ਜਿਹੜੇ ਤਰੀਕੇ ਦੇਖਿਆ ਜਾ ਸਕਦਾ ਹੈ, ਉਹੀ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

"ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥੯॥"

ਜੇਕਰ ਕੋਈ ਮਨ ਦੀ ਸਮਝ ਨੂੰ ਸਰੀਰਕ ਅੱਖਾਂ ਨਾਲ ਦੇਖ ਸਕਦਾ ਹੈ, ਫਿਰ ਤਾਂ ਸਮਝ ਆਉਂਦੀ ਹੈ ਕਿ ਪ੍ਰਮਾਤਮਾ ਕੋਈ ਦਿੱਸਣ ਵਾਲੀ ਵਸਤੂ ਹੈ। ਜੇਕਰ ਕੋਈ ਗਿਆਨ ਦੇ ਰੂਪ ਨੂੰ ਸਰੀਰ ਦੀਆਂ ਅੱਖਾਂ ਨਾਲ ਦੇਖ ਸਕਦਾ ਹੈ, ਗਿਆਨ ਜੋ ਕਿ ਨਿਰਗੁਣ ਸਰੂਪ ਹੈ, ਨਿਰੰਕਾਰ ਰੂਪ ਨੂੰ ਦੇਖ ਸਕਦਾ ਹੈ ਤਾਂ ਫਿਰ ਪ੍ਰਮਾਤਮਾ ਨੂੰ ਇਹਨਾਂ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ। ਉਸ ਨਿਰਗੁਣ ਰੂਪ ਗਿਆਨ ਨੂੰ, ਪ੍ਰਮਾਤਮਾ ਦੇ ਆਪਣੇ ਨਿਰੰਕਾਰ ਰੂਪ ਭਾਵ ਉਸਦੇ ਗਿਆਨ ਰੂਪ ਨੂੰ ਕੇਵਲ ਸਾਡੇ ਅੰਦਰ ਦੀਆਂ ਨਿਰਗੁਣ ਰੂਪ ਅੱਖਾਂ ਹੀ ਦੇਖ ਸਕਦੀਆਂ ਹਨ, ਕੇਵਲ ਦਿਬਦ੍ਰਿਸ਼ਟਿ ਵਾਲੀ ਸਮਝ ਭਾਵ ਚੌਥੇ ਪਦ ਦੇ ਗਿਆਨ ਵਾਲੀ ਮਨ ਦੀ ਦ੍ਰਿਸ਼ਟ ਹੀ ਦੇਖ ਸਕਦੀ ਹੈ। ਗਿਆਨ ਨੂੰ ਕੇਵਲ ਗਿਆਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ, ਮਨ ਦੇ ਵਿੱਚ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਤ੍ਰੈਗੁਣੀ ਗਿਆਨ ਦੀ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਇਹ ਮਨ ਦਾ ਗਿਆਨ ਆਪਣਾ ਹੀ ਮਹਿਸੂਸ ਹੁੰਦਾ ਹੈ ਭਾਵ ਸਾਨੂੰ ਸਾਡੇ ਅੰਦਰੋਂ ਮਹਿਸੂਸ ਹੀ ਇਹੋ ਕੁੱਝ ਕਰਵਾਇਆ ਜਾਂਦਾ ਹੈ। ਮਹਿਸੂਸ ਕਰਵਾਉਣ ਵਾਲਾ ਸਾਡੇ ਅੰਦਰ ਪ੍ਰਮਾਤਮਾ ਆਪ ਸਹਜ ਦੀ ਅਵੱਸਥਾ ਵਿੱਚ ਹੈ ਜਿਸ ਨੇ ਸਾਨੂੰ ਜਾਣ ਬੁੱਝ ਕੇ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ। ਜਦ ਤੱਕ ਉਹ

11/1076

ਮਨ ਦੇ ਵਿੱਚ ਪ੍ਰਗਟ ਨਹੀਂ ਹੁੰਦਾ ਤਦ ਤੱਕ ਕਿਸੇ ਦੀ ਕੀ ਮਜਾਲ ਹੈ ਕਿ ਉਸਨੂੰ ਕੋਈ ਜਾਣ ਸਕੇ, ਉਸਦੇ ਅਸਲ ਰੂਪ ਨੂੰ, ਨਿਰਗੁਣ ਰੂਪ ਨੂੰ, ਨਿਰੰਕਾਰ ਰੂਪ ਨੂੰ ਭਾਵ ਗਿਆਨ ਰੂਪ ਨੂੰ ਜਾਣ ਸਕੇ। ਇਹ ਕੇਵਲ ਤੇ ਕੇਵਲ ਉਸਦੀ ਕਿਰਪਾ ਹੈ। ਇਹ ਸਹਜ ਦੀ ਅਵੱਸਥਾ ਹੀ ਪ੍ਰਮਾਤਮਾ ਦੀ ਸਾਡੇ ਅੰਦਰੋਂ ਪਹਿਚਾਣ ਕਰਾਉਂਦੀ ਹੈ, ਉਸ ਨਿਰਭਉ ਦੀ ਪਹਿਚਾਣ ਕਰਾਉਂਦੀ ਹੈ, ਉਸਦੀ ਜੋਤਿ ਦੇ ਦਰਸ਼ਨ ਕਰਾਉਂਦੀ ਹੈ ਜੋ ਸਾਡੇ ਸਭ ਦੇ ਅੰਦਰ ਵਰਤ ਰਹੀ ਹੈ, ਮਨ ਦੇ ਵਿੱਚ ਗਿਆਨ ਦੇ ਰੂਪ ਵਿੱਚ ਵਰਤ ਰਹੀ ਹੈ। **(ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥)** ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਅਸੀਂ ਇਸ ਮਨ ਨੂੰ ਆਪਣਾ ਸਮਝਦੇ ਹਾਂ, ਇਸ ਮਨ ਦੇ ਗਿਆਨ ਨੂੰ ਆਪਣਾ ਸਮਝਦੇ ਹਾਂ ਪਰ ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਤੋਂ ਬਾਅਦ, ਸਹਜ ਦੀ ਅਵੱਸਥਾ ਬਣਨ ਤੋਂ ਬਾਅਦ ਮਨੁੱਖ ਦੀ ਤ੍ਰੈਗੁਣੀ ਅਵੱਸਥਾ ਮਿਟ ਜਾਂਦੀ ਹੈ ਭਾਵ ਪ੍ਰਮਾਤਮਾ ਨੂੰ ਜਾਣਨ ਬਾਰੇ, ਆਪਣੇ ਆਪ ਦੀ ਅਸਲੀਅਤ ਨੂੰ ਜਾਨਣ ਬਾਰੇ ਭੁਲੇਖਾ ਮਿਟ ਜਾਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਮਨ ਦੇ ਵਿੱਚ ਸਾਨੂੰ

ਜੋ ਕੁੱਝ ਵੀ ਗਿਆਨ ਮਿਲ ਰਿਹਾ ਸੀ ਉਹ ਸਾਡਾ ਨਹੀਂ ਸੀ ਭਾਵ ਭਾਵੇਂ ਅਸੀਂ ਤ੍ਰੈਗੁਣਾਂ ਵਿੱਚ ਸੀ, ਅਗਿਆਨਤਾ ਵਿੱਚ ਸੀ, ਉਹ ਤ੍ਰੈਗੁਣੀ ਗਿਆਨ ਵੀ ਸਾਨੂੰ ਪ੍ਰਮਾਤਮਾ ਦੇ ਕੋਲੋਂ ਹੀ ਆ ਰਿਹਾ ਸੀ। ਤ੍ਰੈਗੁਣਾਂ ਦਾ ਚੌਥੇ ਪਦ ਦੇ ਨਾਲ ਮੇਲ ਹੋ ਜਾਣਾ ਹੀ, ਹਉਮੈ ਦਾ ਮਿਟ ਜਾਣਾ ਹੀ, ਹਉਮੈ ਦਾ ਮਿਟ ਕੇ ਪ੍ਰਮਾਤਮਾ ਦੀ ਹੋਂਦ ਨੂੰ ਮੰਨ ਲੈਣਾ ਹੀ ਜੋਤਿ ਵਿੱਚ ਜੋਤਿ ਦਾ ਮਿਲ ਜਾਣਾ ਹੈ ਭਾਵ ਜਿਸ ਮਨ ਨੂੰ ਅਸੀਂ ਆਪਣਾ ਸਮਝਦੇ ਸੀ ਉਸਨੂੰ ਪ੍ਰਮਾਤਮਾ ਦਾ ਮੰਨ ਲੈਣਾ ਜੋਤਿ ਦਾ ਜੋਤਿ ਵਿੱਚ ਰਲਣਾ ਹੈ, ਅਗਿਆਨਤਾ ਦਾ ਗੁਰੂ ਦੇ ਸੱਚੇ ਗਿਆਨ ਨਾਲ ਰਲਣਾ ਹੈ ਭਾਵ ਮਨ ਦੇ ਵਿੱਚ ਅਗਿਆਨਤਾ ਦਾ ਮਿਟ ਕੇ ਮਨ ਵਿੱਚ ਸੱਚੇ ਗਿਆਨ ਦਾ ਵੱਸ ਜਾਣਾ ਜੋਤਿ ਦੇ ਵਿੱਚ ਜੋਤਿ ਦਾ ਰਲ ਜਾਣਾ ਹੈ ਤੇ ਇਹ ਬਖਸ਼ਿਸ਼ ਉਹ ਆਪ ਹੀ ਕਰ ਸਕਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਸਭ ਕੁੱਝ ਕੇਵਲ ਆਪ ਪ੍ਰਮਾਤਮਾ ਹੀ ਹੈ, ਸਭ ਨੂੰ ਬਣਾਉਣ ਤੇ ਸਭ ਨੂੰ ਚਲਾਉਣ ਵਾਲਾ ਉਹ ਆਪ ਹੀ ਹੈ।

(ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥)

ਸਿਫ਼ਤ ਸਾਲਾਹ ਤਾਂ ਉਸ ਪ੍ਰਮਾਤਮਾ ਦੀ ਹਰ ਕੋਈ ਕਰਦਾ ਹੀ ਹੈ ਪਰ ਅਗਿਆਨਤਾ ਵਿੱਚ ਰਹਿੰਦਿਆਂ, ਤ੍ਰੈਗੁਣਾਂ ਵਿੱਚ

11/1077

ਰਹਿੰਦਿਆਂ ਭਾਵ ਉਸ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕਿ ਉਹ ਕਿਤਨਾ ਕੁ ਵੱਡਾ ਹੈ ਅਸੀਂ ਉਸ ਦੀ ਸਿਫ਼ਤ ਸਾਲਾਹ ਕੀ ਕਰ ਸਕਦੇ ਹਾਂ।

{ਸੁਣਿ ਵਡਾ ਆਖੈ ਸਭੁ ਕੋਇ॥ਕੇਵਡੁ ਵਡਾ ਡੀਠਾ ਹੋਇ॥}

(ਅੰਗ ੯)

ਜਦ ਤੱਕ ਸਾਡੀ ਮਤਿ ਅਧੂਰੀ ਹੈ ਤਦ ਤੱਕ ਸਾਨੂੰ ਉਸਦੀ ਸਿਫ਼ਤ ਸਾਲਾਹ ਸਮਝ ਨਹੀਂ ਅਉਂਦੀ। ਉਸਦੀ ਸੱਚੀ ਸਿਫ਼ਤ ਸਾਲਾਹ ਦੀ ਸਮਝ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਦੁਆਰਾ ਹੀ ਆਉਂਦੀ ਹੈ ਤੇ ਉਸ ਤੋਂ ਬਾਅਦ ਹੀ ਕੋਈ ਉਸਦੀ ਸੱਚੀ ਸਿਫ਼ਤ ਸਾਲਾਹ ਕਰ ਸਕਦਾ ਹੈ। **(ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥੯॥)** "ਪੂਰੈ ਸਬਦਿ" ਤੋਂ ਭਾਵ ਹੀ ਸ਼ਬਦ ਦੀ, ਗੁਰੂ ਦੀ ਪੂਰੀ ਮਤਿ ਦੀ ਪ੍ਰਾਪਤੀ ਦੁਆਰਾ ਹੀ ਹੈ ਜੋ ਕਿ ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ ਪ੍ਰਮਾਤਮਾ ਆਪ ਹੀ ਦਿੰਦਾ ਹੈ। (**ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥ ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥੯॥**)

ਸ਼ਬਦ ਦੇ ਆਖਰੀ ਪਦੇ ਵਿੱਚ ਉਸਦੀ ਸਿਫ਼ਤ ਸਾਲਹ ਕਰਨੀ ਹੀ ਸਮਝਾਈ ਹੋਈ ਹੈ।

"ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥੧੦॥੬॥੨੩॥"

ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦੇ ਲਈ ਸਾਡੀ ਰਾਸਿ "ਨਾਮੁ ਧਨੁ" ਹੈ। ਇਹ ਨਾਮੁ ਧਨੁ ਗੁਰੂ ਦੇ ਸੱਚੇ ਗਿਆਨ ਦਾ ਧਨੁ ਹੈ,ਸਹਜ ਵਾਲੀ ਸਮਝ ਦਾ ਧੰਨ ਹੈ, ਗੁਰੂ ਦੇ ਬ੍ਰਹਮ ਗਿਆਨ ਦਾ ਧਨੁ ਹੈ, ਚੌਥੇ ਪਦ ਦੇ ਗਿਆਨ ਦਾ ਧੰਨ ਹੈ ਭਾਵ ਇਹ ਪ੍ਰਮਾਤਮਾ ਦਾ ਆਪਣਾ ਸੱਚਾ ਧਨੁ ਹੈ ਜਿਸ ਨਾਲ ਉਸ ਨੂੰ ਪਾਉਣ ਦਾ ਸੱਚਾ ਵਪਾਰ ਹੋ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਹ "ਸਹਜ ਗਿਆਨ" ਦਾ ਧਨੁ ਹੈ, ਗੁਰੂ ਦੀ ਸੱਚੀ ਮਤਿ ਦਾ ਧਨੁ ਹੈ। ਇਸ ਧਨੁ ਨੂੰ ਖਰਚਣ ਦੁਆਰਾ ਹੀ ਭਾਵ ਉਸ ਸੱਚੀ ਸਮਝ ਅਨੁਸਾਰ ਚੱਲਣ ਦੁਆਰਾ ਹੀ ਸੱਚਾ ਵਪਾਰ ਹੁੰਦਾ ਹੈ। ਇਸ ਧਨੁ ਦੁਆਰਾ ਮਨੁੱਖ ਦੇ ਅੰਦਰ ਸੱਚ ਹੀ ਵੱਸਦਾ ਹੈ ਜੋ ਮਨੁੱਖ ਨੂੰ ਝੂਠ, ਮਾਇਆ ਮੋਹ, ਵਿਕਾਰਾਂ ਵਿੱਚੋਂ ਕੱਢ ਦਿੰਦਾ ਹੈ ਜਿਸ ਦੁਆਰਾ ਉਸਦੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਬਣ ਜਾਂਦੀ ਹੈ। ਇਹੋ ਜਿਹੇ ਧਨੁ ਦੀ ਪ੍ਰਾਪਤੀ ਕਰਨ ਤੋਂ ਬਾਅਦ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਗਿਆਨੀ ਕੌਣ ਹੈ। ਗਿਆਨੀ ਅਖਵਾਉਣ ਲਈ ਭਾਵੇਂ ਇਹ ਮਨੁੱਖਾ ਸਰੀਰ ਹੈ, ਪ੍ਰਮਾਤਮਾ ਦਾ ਹੀ ਸਰਗੁਣ ਰੂਪ ਹੈ ਪਰ ਉਸ ਨੂੰ ਬਣਾਉਣ ਤੇ ਚਲਾਉਣ ਵਾਲਾ ਉਹ ਆਪ ਹੀ ਸੱਚੇ ਗਿਆਨ ਦਾ ਮਾਲਕ ਹੈ ਭਾਵ ਪ੍ਰਮਾਤਮਾ ਆਪ ਹੀ ਹੈ ਜੋ ਸਹਜ ਦਾ ਮਾਲਕ ਹੈ। **(ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥)** ਇਹ ਨਾਮ ਧਨੁ ਇੱਕ ਵਾਰੀ ਮਿਲ ਜਾਵੇ ਤਾਂ ਫਿਰ ਸਦਾ

11/1078

ਮਿਲਿਆ ਹੀ ਰਹਿੰਦਾ ਹੈ, ਮਨੁੱਖ ਨੂੰ ਹਰ ਵੇਲੇ ਮਨ ਦੀ ਸੱਚੀ ਸਮਝ ਦੁਆਰਾ ਸੱਚਾ ਬਣਾ ਕੇ ਹੀ ਰੱਖਦਾ ਹੈ, ਗੁਰੂ ਦੀ ਮਤਿ ਵਾਲਾ ਬਣਾ ਕੇ ਰੱਖਦਾ ਹੈ। ਸਾਡੀ ਸੱਚੀ ਵਿਚਰਨ ਨਾਲ ਹੀ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਲਾਹਾ ਮਿਲਦਾ ਹੈ ਤੇ ਸੱਚੇ ਸੁੱਚੇ ਹੋ ਕੇ ਵਿਚਰਨਾ ਹੀ ਹਰ ਵੇਲੇ ਪ੍ਰਮਾਤਮਾ ਦਾ ਨਾਮ ਲੈਣਾ ਹੈ, ਉਸਦਾ ਨਾਮ ਜਪਣਾ ਹੈ। ਮਨੁੱਖ ਦੇ ਇਹੋ ਜਿਹੇ ਸੱਚੇ ਸੁੱਚੇ ਕਰਮ ਹੀ ਮਨੁੱਖ ਦਾ ਸੱਚਾ ਭੰਡਾਰ ਹੈ ਤੇ ਇਹੋ ਜਿਹਾ ਭੰਡਾਰ ਕਦੇ ਖਾਲੀ ਨਹੀਂ ਹੋ ਸਕਦਾ ਕਿਉਂਕਿ ਇਹਨਾਂ ਨੂੰ ਖਾਲੀ ਕਰਨ ਵਾਲੇ ਮਨ ਦੇ ਵਿਕਾਰ ਖ਼ਤਮ ਹੋ ਚੁੱਕੇ ਹੁੰਦੇ ਹਨ। ਜਿੱਥੇ ਨਾਮ ਧਨੁ ਹੈ ਉੱਥੇ ਵਿਕਾਰ ਨਹੀਂ ਹਨ। ਸੱਚ ਦਾ ਭੰਡਾਰ ਭਰਦਾ ਹੀ ਰਹਿੰਦਾ ਹੈ, ਲਾਹਾ ਇਕੱਠਾ ਹੁੰਦਾ ਹੀ ਰਹਿੰਦਾ ਹੈ।

(ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥)

ਇੱਕ ਵਾਰੀ ਨਾਮ ਧਨੁ ਮਿਲ ਜਾਣ ਤੋਂ ਬਾਅਦ, ਉਸ ਦਾ ਸੱਚਾ ਗਿਆਨ ਮਿਲ ਜਾਣ ਤੋਂ ਬਾਅਦ, ਪ੍ਰਮਾਤਮਾ ਦੇ ਨਾਲ ਮੇਲ ਹੋ ਜਾਣ ਤੋਂ ਬਾਅਦ ਫਿਰ ਲਾਹੇ ਵਿੱਚ ਤੋਟ ਨਹੀਂ ਆ ਸਕਦੀ ਕਿਉਂਕਿ ਇਹ ਲਾਹਾ ਦਿਵਾਉਣ ਵਾਲਾ, ਸਾਨੂੰ ਸੱਚ ਦੇਣ ਵਾਲਾ, ਖੁਦ ਆਪਣਾ ਸੱਚਾ ਗਿਆਨ ਬਖਸ਼ਣ ਵਾਲਾ ਖੁਦ ਪ੍ਰਮਾਤਮਾ ਆਪ ਹੀ ਹੈ ਤੇ ਉਸਦਾ ਸੱਚਾ ਗਿਆਨ ਫਿਰ ਮਨ ਦੇ ਵਿੱਚ ਸਦਾ ਹੀ ਮਿਲਦਾ ਰਹਿੰਦਾ ਹੈ ਕਿਉਂਕਿ ਇੱਕ ਵਾਰੀ ਉਸ ਦੇ ਨਾਲ ਮੇਲ ਹੋ ਜਾਵੇ ਫਿਰ ਉਹ ਕਦੇ ਨਹੀਂ ਵਿਛੜਦਾ। **(ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥੧੦॥੬॥੨੩॥)**

ਉੱਪਰ ਸ਼ਬਦ ਦੁਆਰਾ ਸਾਨੂੰ **"ਸਹਜ"** ਕੀ ਹੈ ਇਸ ਨੂੰ ਵਿਸਥਾਰ ਵਿੱਚ ਸਮਝਾਇਆ ਹੋਇਆ ਹੈ ਤੇ ਸਹਜ ਨੂੰ ਸਮਝਣਾ ਸਾਡੇ ਲਈ ਬਹੁਤ ਹੀ ਜਰੂਰੀ ਹੈ ਕਿਉਂਕਿ ਇਸ ਨੂੰ ਜਾਣੇ ਬਿਨ੍ਹਾਂ ਅਸੀਂ ਬਾਣੀ ਨੂੰ ਭਾਵ ਉਸ ਦੇ ਅਸਲ ਭਾਵ ਨੂੰ ਨਹੀਂ ਸਮਝ ਸਕਦੇ। "**ਸਹਜ**" ਦੀ ਗੱਲ ਸ਼ਬਦਾਂ ਰਾਹੀਂ ਵਾਰ-ਵਾਰ ਆਉਂਦੀ ਹੈ ਤੇ ਸਾਨੂੰ ਸ਼ਬਦ ਦਾ ਭਾਵ ਤਾਂ ਹੀ ਸਮਝ ਆਵੇਗਾ ਜੇਕਰ ਸਾਨੂੰ "**ਸਹਜ**" ਬਾਰੇ ਸਹੀ ਸੋਝੀ ਹੋਵੇਗੀ। "**ਸਹਜ**" ਵਾਲੇ ਇਸ ਪੂਰੇ ਸ਼ਬਦ ਨੂੰ ਵਾਰ-ਵਾਰ ਪੜ੍ਹਨ ਦੀ ਤੇ ਬਰੀਕੀ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਕਿਸੇ ਭਰਮ ਵਿੱਚ ਨਾ ਆਈਏ। ਬਾਣੀ ਵਿੱਚ ਵਾਰ-ਵਾਰ ਪ੍ਰਮਾਤਮਾ ਨਾਲ ਲਿਵ ਲਾਉਣ ਦੀ ਗੱਲ ਵੀ ਆਉਂਦੀ ਹੈ। ਜੇ ਇੱਕ ਗੱਲ ਦੀ ਸੋਝੀ ਨਹੀਂ ਤਾਂ ਫਿਰ ਉਹ ਦੂਸਰੀ ਗੱਲ ਦੀ ਵੀ ਸੱਚੀ ਸੋਝੀ ਨਹੀਂ ਪੈਣ ਦਿੰਦੀ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝੀਏ।

11/1079

"ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥
ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥
ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ ਰਹਾਉ ਦੂਜਾ॥"

(ਅੰਗ ੯੨)

ਧੰਨ ਧੰਨ ਭਗਤ ਕਬੀਰ ਜੀ ਦੇ ਸਰੀਰ ਰਾਹੀਂ ਉਚਾਰੇ ਹੋਏ ਵਾਹਿਗੁਰੂ ਦੇ ਇਸ ਸ਼ਬਦ ਨੂੰ ਅਸੀਂ ਲੇਖ ਦੇ ਵਿੱਚ ਕਾਫੀ ਪਿੱਛੇ ਵੀ ਸਮਝਿਆ ਸੀ ਪਰ ਸਹਜ ਦੀ ਸੋਝੀ ਨਾ ਹੋਣ ਕਰਕੇ ਹੋ ਸਕਦਾ ਹੈ ਕਿ ਆਪ ਜੀ ਨੂੰ ਉਹੋ ਜਿਹੀ ਸਮਝ ਨਾ ਲੱਗੀ ਹੋਵੇ ਜਿਸ ਭਾਵ ਦੇ ਨਾਲ ਇਸ ਸ਼ਬਦ ਰਾਹੀਂ ਸੋਝੀ ਪਾਈ ਹੋਈ ਹੈ। ਜੇਕਰ ਸਾਨੂੰ "ਸਹਜ" ਦੀ ਸਮਝ ਲੱਗ ਜਾਵੇ ਤਾਂ ਫਿਰ ਉੱਪਰ ਇਹਨਾਂ ਪੰਗਤੀਆਂ ਵਿੱਚ ਲਿਖੀਆਂ ਹੋਈਆਂ ਦੂਸਰੀਆਂ ਗੱਲਾਂ ਦੀ ਸਮਝ ਵੀ ਪੂਰੀ ਤਰ੍ਹਾਂ ਪੈ ਜਾਵੇਗੀ। ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਪੈਣਾ ਕੇਵਲ ਉਸਦੀ ਰਜ਼ਾ ਹੈ। ਉਸਦੇ ਨਾਲ ਪਿਆਰ ਮਨ ਦੇ ਗਿਆਨ ਦੁਆਰਾ ਹੀ ਜੁੜਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਸਮਝ ਕੇ ਉਸ ਅਨੁਸਾਰ ਵਿਚਰਨ ਦੁਆਰਾ ਜੁੜਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਲੇਖ ਵਿੱਚ ਸਮਝਿਆ ਹੀ ਹੈ। ਗੁਰੂ ਦੇ ਗਿਆਨ ਨੇ ਸਾਨੂੰ ਬਿਖਿਆ ਰਸ ਦੀ ਸੰਗਤ ਤੋਂ ਹਟਾ ਕੇ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਦੀ ਸੰਗਤ ਤੋਂ ਕੱਢ ਕੇ ਗੁਰੂ ਦੇ ਉਪਦੇਸ਼ ਦੀ ਸੰਗਤ ਨਾਲ ਜੋੜਨਾ ਹੈ, ਸਾਧ ਸੰਗਤ ਨਾਲ ਜੋੜਨਾ ਹੈ ਭਾਵ ਗੁਰੂ ਰੂਪ ਸਾਧ ਦੀ ਮਤਿ ਨਾਲ ਜੋੜਨਾ ਹੈ। ਗੁਰਮਤਿ ਦੇ ਨਾਲ ਸੰਗਤ ਹੀ ਸਾਡੀ ਗੁਰੂ ਨਾਲ ਸੰਗਤ ਹੈ ਤੇ ਗੁਰੂ ਨਾਲ ਸਾਡੀ ਸੰਗਤ ਤਾਂ ਹੀ ਹੋ ਸਕਦੀ ਹੈ ਜੇਕਰ ਬਿਖਿਆ

ਨਾਲੋਂ, ਵਿਕਾਰਾਂ ਨਾਲੋਂ ਸੰਗਤ ਖ਼ਤਮ ਹੋਵੇ। ਬਿਖਿਆ ਨਾਲ ਸੰਗਤ ਸਾਡੇ ਮਨ ਦੇ ਵਿੱਚ ਹੈ ਤੇ ਗੁਰੂ ਨਾਲ ਸੰਗਤ, ਗੁਰਮਤਿ ਨਾਲ ਸੰਗਤ ਵੀ ਸਾਧ ਸੰਗਤ ਸਾਡੇ ਮਨ ਦੇ ਵਿੱਚ ਹੀ ਹੋਣੀ ਹੈ। ਇਹ ਨਿਰਗੁਣ ਰੂਪ ਸੰਗਤ ਹੈ ਕੋਈ ਸਰਗੁਣ ਰੂਪ ਦਿਖਾਵਾ ਨਹੀਂ। ਬਿਖਿਆ ਦੇ ਸਾਗਰ ਵਿੱਚੋਂ ਸਾਨੂੰ ਮਨ ਦੀ ਸੰਗਤ ਨੇ ਹੀ ਤਾਰਨਾ ਹੈ। ਮਨ ਦੇ ਵਿੱਚ ਸਹਜ ਦੀ ਅਵੱਸਥਾ ਸਾਨੂੰ ਇਸ ਬਿਖਿਆ ਦੀ ਸੰਗਤ ਵਿੱਚੋਂ ਹੀ ਕੱਢਦੀ ਹੈ। ਬਿਖਿਆ ਦੀ ਸੰਗਤ ਦਾ ਮੂਲ ਸਾਡੀ ਅਗਿਆਨਤਾ ਹੈ ਜੋ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੀ ਨਿਕਲਦੀ ਹੈ। ਸਾਨੂੰ ਸਾਡਾ ਸੱਚਾ ਮਾਰਗ ਮਨ ਦੀ ਸੋਝੀ ਦੁਆਰਾ ਹੀ ਸਮਝ ਆਉਂਦਾ ਹੈ। ‘‘ਸਹਜ’’ ਸਾਡੇ ਅੰਦਰ ਹੀ ਹੈ ਤੇ ਇਹ ਉਸਦੀ ਮਰਜ਼ੀ ਹੈ ਕਿ ਉਹ ਸਾਨੂੰ ਕਿਸ ਦੇ ਨਾਲ ਜੋੜਦਾ ਹੈ। ਮਾੜੀ ਸੰਗਤ ਭਾਵ ਮਾਇਆ ਮੋਹ ਦੀ ਸੰਗਤ, ਔਗੁਣਾਂ ਦੀ ਸੰਗਤ ਸਾਡੇ ਜੀਵਨ ਨੂੰ ਮਾਰਨ ਦਾ ਕੰਮ ਕਰਦੀ ਹੈ, ਸਾਡੇ ਜੀਵਨ ਨੂੰ ਨਸ਼ਟ ਕਰਨ ਦਾ ਕੰਮ ਕਰਦੀ ਹੈ ਤੇ ਦੂਸਰੇ ਪਾਸੇ ਗੁਰੂ ਦੀ ਸੰਗਤ ਹੈ, ਉਸਦੇ ਗੁਣਾਂ ਦੀ ਸੰਗਤ ਹੈ, ਉਸਦੇ ਨਾਲ ਭਾਵ ਉਸਦੀ ਮਤਿ ਦੇ ਨਾਲ ਲਿਵ ਜੋੜਨ ਦੀ ਸੰਗਤ ਹੈ ਜਿਸ ਸੰਗਤ ਦੇ ਨਾਲ ਜੋੜ ਕੇ ਪ੍ਰਮਾਤਮਾ ਨੇ ਸਾਨੂੰ ਬਚਾਉਣਾ ਹੈ, ਸਾਨੂੰ ਤਾਰਦਾ ਹੈ। ਸਾਡਾ ਪ੍ਰਮਾਤਮਾ ਦੇ ਨਾਲ ਪਿਆਰ ਪੈਣਾ ਜਾਂ ਨਾ ਪੈਣਾ ਸਾਡੀ ਸੰਗਤ ਤੇ ਨਿਰਭਰ ਕਰਦਾ ਹੈ ਤੇ ਇਹ ਸੰਗਤ ਮਨ ਦੇ ਵਿਚਾਰਾਂ ਦੀ ਸੰਗਤ ਹੈ ਜੋ ਉਸਦੇ ਗਿਆਨ ਦੁਆਰਾ ਹੀ ਤੈਅ ਹੁੰਦੀ ਹੈ ਭਾਵ ਜਿਹੋ ਜਿਹੀ ਮਨੁੱਖ ਦੀ ਬਿਰਤੀ ਨੂੰ ਉਹ ਬਣਾਉਂਦਾ ਹੈ ਮਨੁੱਖ ਉਹੋ ਕੁੱਝ ਹੀ ਕਰਦਾ ਹੈ। ਸਾਡੇ ਅੰਦਰ ਵਿਚਾਰ ਪਾਉਣ ਵਾਲਾ ਭਾਵੇਂ ਪ੍ਰਮਾਤਮਾ ਆਪ ਹੀ ਹੈ ਪਰ ਮਨ ਦੇ ਮਾੜੇ ਵਿਚਾਰਾਂ ਨੂੰ ਛੱਡਣ ਦੀ ਜਿੰਮੇਵਾਰੀ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਰੱਖੀ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਸੇ ਗੱਲ ਲਈ ਸਾਨੂੰ ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਪਰੇਰਿਆ ਹੋਇਆ ਹੈ। (**ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ॥ ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ॥੨॥**) ਜਦ ਤੱਕ ਮਨੁੱਖ ਨੂੰ ਉਹ ਭਰਮ ਵਿੱਚ ਰੱਖਦਾ ਹੈ ਭਾਵ ਜਦ ਤੱਕ ਮਨੁੱਖ ਨੂੰ ਉਹ ਸਹੀ ਮਾਰਗ ਦੀ ਸੋਝੀ ਨਹੀਂ ਪਾਉਂਦਾ ਤਦ ਤੱਕ ਮਨੁੱਖ ਮਾਇਆ ਮੋਹ ਵਿੱਚੋਂ ਨਹੀਂ ਨਿਕਲਦਾ ਤੇ ਇਹੀ ਸਾਡੀ ਮਤਿ ਦਾ

11/1080

ਸੁੱਤਾ ਹੋਇਆ ਹੋਣਾ ਹੈ, ਜਿਸਦਾ ਕਾਰਨ ਸਾਡੇ ਮਨ ਦਾ ਭਰਮ ਹੈ, ਅਗਿਆਨਤਾ ਹੈ। ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਹੀ ਸਾਨੂੰ ਭਗਤੀ ਦੇ ਮਾਰਗ ਦੀ ਸਹੀ ਸਮਝ ਪੈਂਦੀ ਹੈ ਜਿਸ ਦੁਆਰਾ ਮਨੁੱਖ ਚੰਗੇ ਕਰਮ ਕਰਦਾ ਹੈ ਤੇ ਉਸਦਾ ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਜੋੜਦਾ ਹੈ। **(ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥)**

{ਮਾਇਆ ਮੋਹਿ ਸੋਇ ਰਹੇ ਅਭਾਗੇ॥ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥}

(ਅੰਗ ੧੩੦੮)

ਇਹ ਉੱਪਰ ਵਾਲੀਆਂ ਪੰਗਤੀਆਂ ਦੂਸਰੇ ਸ਼ਬਦ ਤੋਂ ਹਨ ਜਿਸ ਦਾ ਜ਼ਿਕਰ ਅਸੀਂ ਪਿੱਛੇ ਕੀਤਾ ਹੋਇਆ ਹੈ।

ਹੁਣ ਮੁੱਖ ਸ਼ਬਦ ਵਾਲੇ ਸ਼ਬਦ ਦੀਆਂ ਪੰਗਤੀਆਂ ਸਾਨੂੰ ਇਹੀ ਗੱਲ ਇਸ ਤਰੀਕੇ ਨਾਲ ਸਮਝਾ ਰਹੀਆਂ ਹਨ ਕਿ ਸਾਡੇ ਅੰਦਰ ਦੀ ਸੁੱਤੀ ਹੋਈ ਮਤਿ ਕਿਵੇਂ ਜਾਗਦੀ ਹੈ ਤੇ ਕਿਸ ਤਰੀਕੇ ਜਾਗਦੀ ਹੈ।

“ਉਪਜੈ ਸਹਜੁ ਗਿਆਨ ਮਤਿ ਜਾਗੈ॥ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥”

ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਸਾਨੂੰ ਮਾਇਆ ਮੋਹ ਵਿੱਚੋਂ ਸਾਡੇ ਮਨ ਦੇ ਗਿਆਨ ਨੇ ਹੀ ਜਗਾਉਣਾ ਹੈ, ਸਾਨੂੰ ਅਗਿਆਨਤਾ ਵਿੱਚੋਂ ਗਿਆਨ ਨੇ ਹੀ ਜਗਾਉਣਾ ਹੈ। ਸੁੱਤੇ ਅਸੀਂ ਆਪਣੀ ਮਤਿ ਦੀ ਨਾਸਮਝ ਮਤਿ ਦੁਆਰਾ ਹੋਏ ਹਾਂ ਭਾਵ ਸਾਡਾ ਸੌਣਾ ਸਾਡੀ ਮਾੜੀ ਮਤਿ ਹੈ, ਸਾਡੇ ਅੰਦਰ ਮਾਇਆ ਮੋਹ ਦਾ ਹੋਣਾ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖ ਕੇ ਪ੍ਰਮਾਤਮਾ ਨੇ ਸਭ ਨੂੰ ਅਗਿਆਨਤਾ ਰਾਹੀਂ ਸਵਾਇਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣ ਦੀ ਸਮਝ ਨਹੀਂ ਪੈਂਦੀ। ਮਨ ਦੀ ਅਗਿਆਨਤਾ ਵਿੱਚੋਂ ਸਾਡਾ ਜਾਗਣਾ ਸਾਡੀ ਚੰਗੀ ਮਤਿ ਹੈ, ਸੱਚੇ ਗਿਆਨ ਵਾਲੀ ਮਤਿ ਹੈ, ਚੌਥੇ ਪਦ ਦੇ ਗਿਆਨ ਵਾਲੀ ਮਤਿ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਲਈ ਸਭ ਕੁੱਝ ਸਾਡੇ ਮਨ ਦੇ ਗਿਆਨ ਦੇ ਵੱਸ ਹੈ। ਤ੍ਰੈਗੁਣੀ ਗਿਆਨ ਵਿੱਚ ਹਰ ਕੋਈ ਸੁੱਤਾ ਹੋਇਆ ਹੈ ਤੇ ਹਰ ਕਿਸੇ ਨੂੰ ਪ੍ਰਮਾਤਮਾ ਨੇ ਆਪ ਹੀ ਸੁਆਇਆ

ਹੋਇਆ ਹੈ, ਆਪਣੀ ਸਹੀ ਸੋਝੀ ਤੋਂ ਦੂਰ ਰੱਖਿਆ ਹੋਇਆ ਹੈ। ਸਾਨੂੰ ਇਹੋ ਜਿਹੀ ਨੀਂਦ ਤੋਂ, ਮਨ ਦੀ ਨੀਂਦ ਤੋਂ, ਮਤਿ ਦੀ ਨੀਂਦ ਤੋਂ **"ਸਹਜ ਗਿਆਨ"** ਹੀ ਕੱਢ ਸਕਦਾ ਹੈ ਜੋ ਕਿ ਮਨ ਦੇ ਵਿੱਚ ਹੀ ਉਪਜਦਾ ਹੈ, ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ ਭਾਵ **"ਗੁਰਪ੍ਰਸਾਦਿ"** ਹੈ। ਜਦ ਤੱਕ ਸਾਡੇ ਅੰਦਰ "ਸਹਜ ਗਿਆਨ" ਨਹੀਂ ਉਪਜਦਾ ਤਦ ਤੱਕ ਉਸ ਪ੍ਰਮਾਤਮਾ ਨਾਲ ਲਿਵ ਵੀ ਨਹੀਂ ਜੁੜ ਸਕਦੀ। ਇਹ ਲਿਵ ਮਨ ਦੇ ਅੰਦਰ ਹੀ ਲੱਗਦੀ ਹੈ। ਇਹ ਲਿਵ ਲੱਗਣਾ ਚੌਥੇ ਪਦ ਦੇ ਗਿਆਨ ਦੀ ਸੋਝੀ ਹੈ ਜਿਸ ਦੁਆਰਾ ਮਨੁੱਖ ਦੀ ਨਾਸਮਝ ਮਤਿ ਦੀ ਲਿਵ ਗੁਰੂ ਪ੍ਰਮਾਤਮਾ ਦੀ ਸੱਚੀ ਸਮਝ ਦੇ ਨਾਲ ਲੱਗੀ ਰਹਿੰਦੀ ਹੈ ਭਾਵ ਉਸਨੂੰ ਗੁਰੂ ਦੀ ਮਤਿ ਹੀ ਚੰਗੀ ਲੱਗਦੀ ਹੈ। ਆਪਣੇ ਨਾਲ "ਲਿਵ" ਉਹ ਆਪ ਹੀ ਜੋੜ ਸਕਦਾ ਹੈ, ਮਨ ਦੇ ਵਿੱਚ ਆਪਣਾ ਸਹਜ ਗਿਆਨ ਭਾਵ ਬ੍ਰਹਮ ਗਿਆਨ ਭਾਵ ਆਪਣਾ ਨਾਮ ਬਖਸ਼ਕੇ ਜੋੜ ਸਕਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਤਾਂ ਜੋ ਕਿਸੇ ਨੂੰ ਪ੍ਰਮਾਤਮਾ ਦੇ ਨਾਲ ਲਿਵ ਜੋੜਨਾ ਕੀ ਹੈ, ਇਸ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ। **(ਉਪਜੈ ਸਹਜੁ ਗਿਆਨ ਮਤਿ ਜਾਗੈ॥ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥)**

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

{ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥}

(ਅੰਗ ੯੨੧)

{ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥੨੭॥}

(ਅੰਗ ੯੨੦)

11/1081

{ਸਭੇ ਸੁਖ ਭਏ ਪ੍ਰਭ ਤੁਠੇ॥ਗੁਰ ਪੂਰੇ ਕੇ ਚਰਣ ਮਨਿ ਵੁਠੇ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥੧॥}

(ਅੰਗ ੧੦੬)

{ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ॥੩॥
ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥}

(ਅੰਗ ੧੧੯੯)

{ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥}

(ਅੰਗ ੬੮)

ਉੱਪਰ ਸ਼ਬਦਾਂ ਰਾਹੀਂ ਧਿਆਨ ਨਾਲ ਵਿਚਾਰ ਕੇ ਦੇਖੀਏ ਤੇ ਸਮਝੀਏ ਕਿ ਪ੍ਰਮਾਤਮਾ ਦੇ ਨਾਲ ਲਿਵ ਲੱਗਣਾ ਕੀ ਹੈ। "ਲਿਵ" ਨੂੰ ਮਨ ਦੇ ਸਹਜ ਦੇ ਨਾਲ ਜੋੜਿਆ ਹੋਇਆ ਹੈ, ਮਨ ਦੇ ਜਾਗਣੇ ਦੇ ਨਾਲ ਜੋੜਿਆ ਹੋਇਆ ਹੈ, ਮਾਇਆ ਮੋਹ ਤੋਂ ਜਾਗਣ

ਦੇ ਨਾਲ ਜੋੜਿਆ ਹੋਇਆ ਹੈ, ਤੱਤ ਗਿਆਨ ਦੀ ਪ੍ਰਾਪਤੀ ਦੇ ਨਾਲ ਜੋੜਿਆ ਹੋਇਆ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦੇ ਨਾਲ ਜੋੜਿਆ ਹੋਇਆ ਹੈ। ਦਿਨ ਰਾਤ ਮਨੁੱਖ ਦਾ ਸੁੱਤਾ ਹੋਣਾ ਕੀ ਹੈ, ਇਸ ਦੀ ਸੋਝੀ ਬੜੀ ਸਪੱਸ਼ਟ ਤੌਰ ਤੇ ਪਾਈ ਹੋਈ ਹੈ ਭਾਵ ਮਾਇਆ ਮੋਹ ਵਿੱਚ ਸੌਂਣਾ, ਅਗਿਆਨਤਾ ਵਿੱਚ ਸੌਂਣਾ, ਔਗੁਣਾਂ ਵਿੱਚ ਸੌਂਣਾ ਸਾਡਾ ਹਰ ਵੇਲੇ ਦਾ ਸੌਂਣਾ ਹੈ, ਦਿਨ ਰਾਤ, ਅੱਠੇ ਪਹਿਰ ਸੁੱਤੇ ਰਹਿਣ ਵਾਲੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਸਾਡੀ "**ਲਿਵ**" ਟੁੱਟੀ ਹੋਈ ਹੈ, ਸਾਡਾ ਪ੍ਰਮਾਤਮਾ ਦੇ ਨਾਲੋਂ ਸਿਮਰਨ ਟੁੱਟਿਆ ਹੋਇਆ ਹੈ, ਸਾਡਾ ਪ੍ਰਮਾਤਮਾ ਦੇ ਨਾਲੋਂ ਧਿਆਨ ਟੁੱਟਿਆ ਹੋਇਆ ਹੈ, ਪ੍ਰਮਾਤਮਾ ਨਾਲੋਂ ਸਾਡੀ ਧੁਨਿ ਟੁੱਟੀ ਹੋਈ ਹੈ। ਮਨ ਦਾ ਜਾਗਣਾ ਇਸ ਅਵੱਸਥਾ ਤੋਂ ਉਲਟ ਅਵੱਸਥਾ ਹੈ। ਮਨ ਦਾ ਜਾਗਣਾ ਗੁਰੂ ਦੇ ਸੱਚੇ ਗਿਆਨ ਦੁਆਰਾ ਜਾਗਣਾ ਹੀ ਹੈ ਜੋ ਕਿ ਸਾਡੇ ਅੰਦਰ "**ਸਹਜ**" ਗਿਆਨ ਦਾ ਉਪਜਣਾ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ ਜਿਸ ਦੁਆਰਾ ਸਾਡੀ ਪ੍ਰਮਾਤਮਾ ਦੇ ਨਾਲ ਲਿਵ ਜੁੜਦੀ ਹੈ ਤੇ ਮਨ ਦੀ ਇਹ ਅਵੱਸਥਾ ਹੀ ਹਰ ਵੇਲੇ,

11/1082

ਅਨਦਿਨ, ਅੱਠੇ ਪਹਿਰ, ਸਵਾਸ-ਸਵਾਸ ਪ੍ਰਮਾਤਮਾ ਨੂੰ ਧਿਆਉਣਾ ਹੈ, ਉਸਦੇ ਸਿਮਰਨ ਵਿੱਚ ਰਹਿਣਾ ਹੈ, ਉਸ ਨੂੰ ਅੱਠੇ ਪਹਿਰ ਜਪਣਾ ਹੈ, ਉਸ ਦਾ ਨਾਮ ਜਪਣਾ ਹੈ ਭਾਵ ਅੱਠੇ ਪਹਿਰ ਗੁਰੂ ਦੀ ਸੱਚੀ ਮਤਿ ਨੂੰ ਚੇਤੇ ਰੱਖਣਾ ਹੈ ਤੇ ਉਸ ਅਨੁਸਾਰ ਹੀ ਵਿਚਰਨਾ ਹੈ। ਉਸਦਾ ਜਪ ਸਾਡੇ ਮਨ ਦੇ ਸੱਚੇ ਗਿਆਨ ਦੁਆਰਾ ਹੀ ਹੈ, ਉਸਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੀ ਹੈ, ਤੱਤ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਹੈ ਜਿਸ ਦੁਆਰਾ ਮਨੁੱਖ ਹਰ ਵੇਲੇ ਉਸ ਦੇ ਹੁਕਮ ਵਿੱਚ ਹੀ ਵਿਚਰਦਾ ਹੈ, ਉਸ ਦੇ ਉਪਦੇਸ਼ ਅਨੁਸਾਰ ਵਿਚਰਦਾ ਹੈ, ਉਸਦੇ ਭਾਣੇ ਵਿੱਚ ਵਿਚਰਦਾ ਹੈ, ਉਸ ਦੇ ਨਾਲ ਸੱਚੇ ਪਿਆਰ ਦੁਆਰਾ ਵਿਚਰਦਾ ਹੈ। ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਦੇ ਬੋਲ, ਮਨੁੱਖ ਦੇ ਵਿਚਾਰ ਅੰਮ੍ਰਿਤ ਬਾਣੀ ਵਾਲੇ ਹੁੰਦੇ ਹਨ ਭਾਵ ਉਸ ਦੀ ਮਤਿ ਅਨੁਸਾਰ ਹੁੰਦੇ ਹਨ। **(ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥ ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥੨੭॥)**

ਮਨ ਦੇ ਵਿੱਚ ਸਹਜ ਗਿਆਨ ਦੀ ਪ੍ਰਾਪਤੀ ਹੀ ਗੁਰੂ ਦੇ ਚਰਨ ਕਮਲਾਂ ਦਾ ਸਾਡੇ ਅੰਦਰ ਵੱਸਣਾ ਹੈ। ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦਾ ਪ੍ਰਗਟ ਹੋਣਾ ਹੀ ਸਾਡੇ ਅੰਦਰ **"ਸਹਜ ਸਮਾਧਿ"** ਦਾ ਲੱਗਣਾ ਹੈ, ਸੁੰਨ ਸਮਾਧਿ ਦਾ ਲੱਗਣਾ ਹੈ ਜਿਸ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਉਸ ਦਾ ਸੱਚਾ ਗਿਆਨ ਮਿਲਦਾ ਹੈ ਜੋ ਮਨੁੱਖ ਨੂੰ ਉਸ ਦੇ ਨਾਲ ਹਰ ਵੇਲੇ ਜੋੜ ਕੇ ਰੱਖਦਾ ਹੈ, ਉਸ ਦੇ ਨਾਲ ਲਿਵ ਜੋੜ ਕੇ ਰੱਖਦਾ ਹੈ ਭਾਵ ਮਨ ਦੇ ਵਿੱਚ ਇਸ ਚੌਥੇ ਪਦ ਦੇ ਗਿਆਨ ਦੇ ਉਪਜਣ ਦੁਆਰਾ ਮਨੁੱਖ ਦੀ ਲਿਵ ਸਦਾ ਹੀ ਪ੍ਰਮਾਤਮਾ ਦੇ ਨਾਲ ਜੁੜੀ ਰਹਿੰਦੀ ਹੈ। ਸਭ ਤੋਂ ਵੱਡੇ ਰਸ ਦੀ ਪ੍ਰਾਪਤੀ, ਸਭ ਤੋਂ ਮਿੱਠੇ ਰਸ ਦੀ ਪ੍ਰਾਪਤੀ ਇਸ ਸਹਜ ਗਿਆਨ ਦੇ ਰਸ ਦੀ ਪ੍ਰਾਪਤੀ ਹੈ। **(ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥੧॥)** ਇਹ ਰਸ ਬ੍ਰਹਮ ਗਿਆਨ ਦਾ ਰਸ ਹੈ ਭਾਵ ਚੌਥੇ ਪਦ ਦਾ ਗਿਆਨ ਹੈ ਤੇ ਇਸ ਗਿਆਨ ਦੇ ਰਸ ਨੂੰ ਪ੍ਰਮਾਤਮਾ ਆਪ ਹੀ ਜਾਣਦਾ ਹੈ ਤੇ ਹੋਰ ਕੋਈ ਨਹੀਂ ਜਾਣ ਸਕਦਾ ਭਾਵ ਇਹ ਸੱਚੇ ਗਿਆਨ ਦਾ ਰਸ, ਇਹ ਬ੍ਰਹਮ ਗਿਆਨ ਦਾ ਰਸ, ਨਾਮ ਦਾ ਰਸ ਪ੍ਰਮਾਤਮਾ ਦਾ ਆਪਣਾ ਰਸ ਹੈ ਜੋ ਕਿ ਉਸਦਾ ਸੱਚਾ ਗਿਆਨ ਹੈ, ਉਸਦਾ ਨਾਮ ਹੈ, ਬ੍ਰਹਮ ਗਿਆਨ ਹੈ। **(ਸੋ ਰਸ ਸੋਈ ਜਾਣੇ ਜੀਉ॥)**

ਜਿਸ ਮਨੁੱਖ ਦੇ ਮਨ ਰਾਹੀਂ ਇਹ ਸਹਜ ਗਿਆਨ ਉਪਜਦਾ ਹੈ, ਪ੍ਰਗਟ ਹੁੰਦਾ ਹੈ, ਇਸ ਗੱਲ ਦੀ ਸੋਝੀ ਉਸ ਨੂੰ ਹੀ

11/1083

ਪੈ ਸਕਦੀ ਹੈ ਕਿ ਇਸ ਗਿਆਨ ਰਸ ਦਾ ਮਾਲਕ ਕੌਣ ਹੈ, ਨਾਮ ਦਾ ਮਾਲਕ ਕੌਣ ਹੈ, ਇਸ ਗਿਆਨ ਦਾ ਸ੍ਰੋਤ ਕੌਣ ਹੈ। ਇਹ ਗਿਆਨ ਰਸ ਮਿਲਣ ਦੇ ਨਾਲ ਹੀ ਮਨੁੱਖ ਦੀ ਹਉਮੈ ਮਿਟਦੀ ਹੈ ਭਾਵ ਉਸ ਦੀ **"ਮੈਂ"** ਮਿਟਦੀ ਹੈ ਤੇ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਭ ਕੁੱਝ ਉਸੇ ਦੇ ਗਿਆਨ ਦੁਆਰਾ ਹੀ ਚੱਲ ਰਿਹਾ ਹੈ। ਇਸ ਗਿਆਨ ਰਸ ਦੀ ਪ੍ਰਾਪਤੀ ਦੇ ਨਾਲ ਹੀ ਇਹ ਸਮਝ ਲੱਗਦੀ ਹੈ ਕਿ ਇਹ ਰਸ ਕਿਤਨਾ ਕੁ ਮਿੱਠਾ ਹੈ ਭਾਵ ਸਭ ਤੋਂ ਮਿੱਠਾ ਰਸ ਹੈ। ਇਸ ਗਿਆਨ ਰਸ ਨੂੰ ਚਖਣ ਦੇ ਨਾਲ ਭਾਵ ਇਸ ਦੀ ਪ੍ਰਾਪਤੀ ਦੇ ਨਾਲ ਹੀ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਹੁੰਦੇ ਹਨ ਜੋ ਕਿ ਮਨ ਦੇ ਵਿੱਚ ਹੀ ਹੈ ਭਾਵ ਸਭ ਦੀ ਸਮਝ ਦਾ ਮਾਲਕ ਹੈ।

{ਭੋਜਨ ਗਿਆਨੁ ਮਹਾ ਰਸੁ ਮੀਠਾ॥ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥}

(ਅੰਗ ੧੦੩੨)

ਹਰ ਕੋਈ ਭੁਲੇਖੇ ਵਿੱਚ ਹੀ ਹੈ, ਮਾਇਆ ਮੋਹ ਦੀ ਜੁਗਤਿ ਦਾ ਬੱਝਾ ਹੋਇਆ ਹੈ ਜਿਸ ਦੁਆਰਾ ਉਸ ਸੱਚੇ ਪ੍ਰਮਾਤਮਾ ਨੂੰ ਹਰ ਕੋਈ ਆਪਣੇ ਅੰਦਰੋਂ ਜਾਣਨ ਤੋਂ ਅਸਮਰੱਥ ਹੈ। ਗੁਰੂ ਪ੍ਰਮਾਤਮਾ ਦੇ ਨਾਲ ਸਾਡੀ ਸੰਗਤਿ ਮਨ ਦੇ ਵਿੱਚ ਹੀ ਹੁੰਦੀ ਹੈ, ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦੀ ਹੈ, ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ ਤੇ ਤਾਂ ਹੀ ਮਨੁੱਖ ਔਗੁਣਾਂ ਦੀ ਸੰਗਤ ਵਿੱਚੋਂ, ਮਾਇਆ ਦੇ ਰਸਾਂ ਦੀ ਸੰਗਤ ਵਿੱਚੋਂ ਨਿਕਲਦਾ ਹੈ ਤੇ ਉਸਦਾ ਜੀਵਨ ਮਰਨ ਦਾ ਭੁਲੇਖਾ ਖ਼ਤਮ ਹੁੰਦਾ ਹੈ। ਸਹਜ ਦੀ ਅਵੱਸਥਾ ਦੁਆਰਾ ਹੀ ਅਸੀਂ ਆਪਣੇ ਅੰਦਰ ਪ੍ਰਮਾਤਮਾ ਦੇ ਚੱਲ ਰਹੇ ਹੁਕਮ ਨੂੰ ਪਛਾਣ ਸਕਦੇ ਹਾਂ, ਇਸ ਮਨ ਦੇ ਵਿਚਾਰਾਂ ਦੇ, ਗਿਆਨ ਦੇ ਸ੍ਰੋਤ ਨੂੰ ਪਛਾਣ ਸਕਦੇ ਹਾਂ ਤੇ ਉਸ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ, ਉਸਦੇ ਨਿਰਗੁਣ ਰੂਪ ਨਾਲ, ਨਿਰੰਕਾਰ ਰੂਪ ਨਾਲ ਮਿਲ ਸਕਦੇ ਹਾਂ, ਉਸਨੂੰ ਜਾਣ ਸਕਦੇ ਹਾਂ।

(ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ਰਹਾਉ ਦੂਜਾ॥)

ਆਪਣੇ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਇਸ ਹੁਕਮ ਨੂੰ ਪਛਾਣ ਕੇ ਹੀ ਸਾਡੀ ਹਉਮੈ ਦੂਰ ਹੁੰਦੀ ਹੈ, ਸਾਡੀ ਮੈਂ ਖ਼ਤਮ ਹੁੰਦੀ ਹੈ ਕਿਉਂਕਿ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਭ ਕੁੱਝ "ਤੂੰ" ਹੀ ਹੈ ਤੇ "ਮੈਂ" ਕੇਵਲ ਭੁਲੇਖਾ ਹੀ ਹੈ।

{ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥}

(ਅੰਗ - ੧)

ਆਪਣੇ ਅੰਦਰੋਂ ਉਸ "ਤੂੰ" ਨੂੰ ਜਾਣੇ ਬਿਨ੍ਹਾਂ ਹਰ ਕੋਈ "ਮੈਂ" ਵਿੱਚ ਹੀ ਹੈ, ਦੁਬਿਧਾ ਵਿੱਚ, ਅਗਿਆਨਤਾ ਵਿੱਚ ਹੀ ਹੈ।

ਹੇਠ ਦਿੱਤੀਆਂ ਪੰਗਤੀਆਂ ਨੂੰ ਆਓ ਬੜੇ ਧਿਆਨ ਨਾਲ ਸਮਝੀਏ ਤੇ ਆਪਣੀ ਦੁਬਿਧਾ ਨੂੰ ਜਾਣੀਏ ਤੇ ਉਸ ਵਿੱਚੋਂ ਨਿਕਲਣ

ਦਾ ਉਪਰਾਲਾ ਕਰੀਏ।

“ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ॥੩॥
ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥”

(ਅੰਗ - ੧੧੯੯)

ਉਪਰਲੀਆਂ ਪੰਗਤੀਆਂ ਨੂੰ ਜੇਕਰ ਅਸੀਂ ਧਿਆਨ ਨਾਲ ਸਮਝ ਲਵਾਂਗੇ ਫਿਰ ਇਸ ਤੋਂ ਬਾਅਦ ਅਸੀਂ ਪ੍ਰਮਾਤਮਾ ਦੇ ਨਾਲ ਉਹੋ ਜਿਹੀ ਲਿਵ ਜੋੜਨ ਦੀ ਕੋਸ਼ਿਸ਼ ਨਹੀਂ ਕਰਾਂਗੇ ਜਿਹੋ ਜਿਹੀ ਅਸੀਂ ਹੁਣ ਤੱਕ ਲਿਵ ਜੋੜਨ ਦਾ ਤਰੀਕਾ ਸਮਝਿਆ ਹੋਇਆ ਹੈ ਤੇ ਜਿਸ ਦਾ ਪ੍ਰਚਾਰ ਵੀ ਬਹੁਤ ਹੋ ਰਿਹਾ ਹੈ। ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਸਾਡੀ ਲਿਵ ਦਾ ਜੁੜਨਾ ਕੀ ਹੈ, ਇਹ ਸਮਝਾਇਆ ਹੋਇਆ ਹੈ ਤੇ ਅਗਲੀਆਂ ਦੋ ਪੰਗਤੀਆਂ ਵਿੱਚ ਸਾਡਾ ਉਹ ਤਰੀਕਾ ਸਮਝਾਇਆ ਹੋਇਆ ਹੈ ਜਿਸ ਦੇ ਪਿੱਛੇ ਹਰ ਕੋਈ ਲੱਗਾ ਹੋਇਆ ਹੈ, ਜਗ੍ਹਾ-ਜਗ੍ਹਾ ਪ੍ਰਚਾਰ ਹੋ ਰਿਹਾ ਹੈ।

ਲਿਵ ਲੱਗਣਾ ਕੀ ਹੈ, ਇਸ ਗੱਲ ਨੂੰ ਅਸੀਂ ਉੱਪਰ ਬਰੀਕੀ ਨਾਲ ਸਮਝ ਹੀ ਚੁੱਕੇ ਹਾਂ ਤੇ ਇਹੀ ਗੱਲ ਇੱਥੇ ਸਮਝਾਈ ਹੋਈ ਹੈ। ਪ੍ਰਮਾਤਮਾ ਨਾਲ ਲਿਵ ਲਾਉਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਜਿਹੜੇ ਮਰਜੀ ਸ਼ਬਦ ਦੁਆਰਾ ਸਮਝ ਲਈਏ। ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਨਾ ਕਿ ਉਹਨਾਂ ਦੀ ਮਤਿ ਤੇ ਜੋ ਸਾਨੂੰ ਲਿਵ ਜੋੜਨ ਦੇ ਵੱਖਰੇ-ਵੱਖਰੇ ਤਰੀਕੇ ਸਮਝਾਉਂਦੇ ਹਨ। ਪ੍ਰਮਾਤਮਾ ਵੀ ਇੱਕੋ ਹੀ ਹੈ ਤੇ ਉਸਦੇ ਨਾਲ ਲਿਵ ਜੋੜਨ ਦਾ ਤਰੀਕਾ ਵੀ ਸਭ ਲਈ ਇੱਕੋ ਹੀ ਹੈ। ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਸਾਡੀ ਮਤਿ ਦੇ ਵਿੱਚ ਪ੍ਰਕਾਸ਼ ਦਾ ਹੋਣਾ ਹੈ ਭਾਵ ਸਾਡੀ ਤ੍ਰੈਗੁਣੀ ਮਤਿ ਦੇ ਵਿੱਚ ਚੌਥੇ ਪਦ ਦੇ ਗਿਆਨ ਦਾ,

11/1084

ਸੱਚੇ ਗਿਆਨ ਦਾ ਪ੍ਰਕਾਸ਼ ਹੋਣਾ ਹੈ, ਤੱਤ ਗਿਆਨ ਦਾ ਪ੍ਰਕਾਸ਼ ਹੋਣਾ ਹੈ ਕਿਉਂਕਿ ਲਿਵ ਤੱਤ ਗਿਆਨ ਦੁਆਰਾ ਹੀ ਜੁੜਦੀ ਹੈ, ਹੋਰ ਕੋਈ ਤਰੀਕਾ ਨਹੀਂ ਹੈ ਤੇ ਪ੍ਰਮਾਤਮਾ ਨੂੰ ਮਨ ਦੇ ਵਿੱਚ, ਮਤਿ ਦੇ ਵਿੱਚ ਉਸਦੇ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਧਿਆਇਆ ਜਾ ਸਕਦਾ ਹੈ, ਉਸਨੂੰ ਪਾਇਆ ਜਾ ਸਕਦਾ ਹੈ। **(ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥)**

ਸਾਡੇ ਅੰਦਰ ਮਨ ਦੇ ਵਿੱਚ ਸੱਚੇ ਗਿਆਨ ਦਾ, ਤੱਤ ਗਿਆਨ ਦਾ ਪ੍ਰਕਾਸ਼ ਹੋਣਾ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਦਾ ਪ੍ਰਗਟ ਹੋਣਾ ਹੈ ਕਿਉਂਕਿ ਸਾਡੇ “**ਮਨ ਦੀ ਜੋਤਿ**” “**ਗਿਆਨ ਦੀ ਜੋਤਿ**” ਹੈ ਜਿੱਥੋਂ ਮਨੁੱਖ ਨੂੰ ਸਾਰਾ ਗਿਆਨ ਮਿਲਦਾ ਹੈ। ਜਦ ਤੱਕ ਸਾਡੇ ਅੰਦਰ ਜੋਤਿ ਪ੍ਰਗਟ ਨਹੀਂ ਹੁੰਦੀ ਤਦ ਤੱਕ ਸਾਨੂੰ ਤ੍ਰੈਗੁਣਾਂ ਵਾਲਾ ਗਿਆਨ ਮਿਲਦਾ ਹੈ ਤੇ ਗਿਆਨ ਦਾ ਸ੍ਰੋਤ ਸਾਡੀ ਜੋਤਿ ਹੀ ਹੈ, ਸਾਡਾ ਮਨ ਹੀ ਹੈ। ਸਾਡੇ ਅੰਦਰ ਜੋਤਿ ਦਾ ਪ੍ਰਗਟ ਹੋਣਾ ਚੌਥੇ ਪਦ ਦੇ ਗਿਆਨ ਦਾ ਪ੍ਰਗਟ ਹੋਣਾ ਹੈ, ਤੱਤ ਗਿਆਨ ਦਾ ਪ੍ਰਗਟ ਹੋਣਾ ਹੈ, ਗੁਰੂ ਦੀ ਮਤਿ ਦਾ ਪ੍ਰਗਟ ਹੋਣਾ ਹੈ, ਬ੍ਰਹਮ ਗਿਆਨ ਦਾ ਪ੍ਰਗਟ ਹੋਣਾ ਹੈ, ਸਤਿਗੁਰ ਦਾ ਪ੍ਰਗਟ ਹੋਣਾ ਹੈ, ਪ੍ਰਮਾਤਮਾ ਦਾ ਪ੍ਰਗਟ ਹੋਣਾ ਹੈ, ਸਹਜ ਦਾ ਪ੍ਰਗਟ ਹੋਣਾ ਹੈ। ਸਾਡੀ ਸਮਝ ਦੇ ਅੰਦਰ ਜੋ ਵੀ ਗਿਆਨ ਉਪਜਦਾ ਹੈ ਉਹ ਸਾਡੇ ਅੰਦਰ ਪ੍ਰਮਾਤਮਾ ਦਾ ਜੋਤਿ ਰੂਪ ਹੈ ਤੇ ਇਸ ਜੋਤਿ ਦੇ ਪ੍ਰਗਟ ਹੋਣ ਦੁਆਰਾ ਹੀ ਸਾਡਾ ਮਨ ਇਸ ਗੱਲ ਨੂੰ ਮੰਨਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਫਿਰ ਮਨੁੱਖ ਆਪਣੇ ਆਪ ਨੂੰ ਕੋਈ ਵੱਖਰਾ ਨਹੀਂ ਸਮਝਦਾ, ਆਪਣੀ ਵੱਖਰੀ ਹੋਂਦ ਨਹੀਂ ਸਮਝਦਾ ਤੇ ਫਿਰ ਉਹ ਮਨੁੱਖ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਮਿਲਣ ਵਾਲੇ ਉਸ ਦੇ ਸੱਚੇ ਗਿਆਨ ਦੁਆਰਾ ਹੀ ਵਿਚਰਦਾ ਹੈ, ਇੱਕ ਮਨ ਇੱਕ ਚਿੱਤ ਦੀ ਅਵੱਸਥਾ ਵਿੱਚ ਵਿਚਰਦਾ ਹੈ। ਸਾਡੇ ਮਨ ਦੇ ਵਿੱਚ ਪ੍ਰਮਾਤਮਾ ਆਪਣੀ “**ਸਹਜ ਸਮਾਧਿ ਦੁਆਰਾ**” ਹੀ ਵਿਚਰ ਰਿਹਾ ਹੈ, ਸੱਚੇ ਗਿਆਨ ਦੀ ਸਮਾਧਿ ਦੁਆਰਾ ਹੀ ਵਿਚਰ ਰਿਹਾ ਹੈ।

(ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ॥੩॥)

ਹੁਣ ਧਿਆਨ ਨਾਲ ਸਮਝੋ ਕਿ **“ਹਰਿ”** ਕੀ ਹੈ, ਸਾਡੇ ਅੰਦਰ “ਹਰਿ” ਕਿਸ ਰੂਪ ਵਿੱਚ ਹੈ। ਹਰਿ ਸਾਡੇ ਅੰਦਰ ਦੀ ਜੋਤਿ ਹੈ, ਹਰਿ ਸਾਡੇ ਅੰਦਰ ਦੀ ਸਹਜ ਸਮਾਧਿ ਹੈ ਭਾਵ “ਹਰਿ” ਪ੍ਰਮਾਤਮਾ

11/1085

ਦਾ ਉਸਦੇ ਸੱਚੇ ਗਿਆਨ ਦਾ ਰੂਪ ਹੈ, ਚੌਥੇ ਪਦ ਦੇ ਗਿਆਨ ਦਾ ਰੂਪ ਹੈ, ਤੱਤ ਗਿਆਨ ਹੈ, ਬ੍ਰਹਮ ਗਿਆਨ ਹੈ, ਆਪ ਗੁਰੂ ਹੈ, ਪ੍ਰਮਾਤਮਾ ਹੈ। ਸਾਰੀ ਬਾਣੀ **"ਹਰਿ"** ਹੈ, ਬਾਣੀ ਦਾ ਹਰ ਸ਼ਬਦ **"ਹਰਿ"** ਹੈ ਭਾਵ ਉਸਦਾ ਸੱਚਾ ਗਿਆਨ ਹੈ। **"ਹਰਿ"** ਦਾ ਹਰ ਸ਼ਬਦ ਸਾਨੂੰ ''ਹਰਿ ਹਰਿ'' ਕਰਨਾ ਸਿਖਾ ਰਿਹਾ ਹੈ ਭਾਵ ਆਪਣੀ ਸੱਚੀ ਮਤਿ ਸਿਖਾ ਰਿਹਾ ਹੈ। ਗੁਰੂ ਦੇ ਸ਼ਬਦ ਨੂੰ, ਹਰਿ ਦੀ ਸਿੱਖਿਆ ਨੂੰ ਆਪਣੇ ਅੰਦਰ ਵਸਾ ਕੇ ਉਸ ਅਨੁਸਾਰ ਆਪਣੇ ਜੀਵਨ ਵਿੱਚ ਵਿਚਰਨਾ ''ਹਰਿ ਹਰਿ'' ਕਰਨਾ ਹੈ, ਉਸ ਪ੍ਰਮਾਤਮਾ ਦੇ ਨਾਲ ਲਿਵ ਲਾਉਣ ਦਾ ਉਪਰਾਲਾ ਕਰਨਾ ਹੈ। ਇਹੀ ਉਸਨੂੰ ਧਿਆਉਣ ਦਾ, ਜਪਣ ਦਾ, ਸਿਮਰਨ ਦਾ ਸੱਚਾ ਉੱਦਮ ਕਰਨਾ ਹੈ, ਸੱਚਾ ਉਪਰਾਲਾ ਕਰਨਾ ਹੈ। ਗੁਰਬਾਣੀ ਸਾਨੂੰ ਇਹ ਕੁੱਝ ਹੀ ਸਮਝਾ ਰਹੀ ਹੈ। ਪ੍ਰਮਾਤਮਾ ਨੇ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਸਾਡੀ ਜੋਤਿ ਨੇ, ਸਾਡੇ ਮਨ ਨੇ ਸਾਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਭਰਮ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਨੂੰ ਜਪਣ ਦਾ ਸਹੀ ਮਾਰਗ ਸਮਝ ਨਹੀਂ ਪੈਂਦਾ। ਜਿਹੋ ਜਿਹੀ ਸਾਨੂੰ ਮਨ ਦੇ ਵਿੱਚੋਂ ਸੋਝੀ ਪੈਂਦੀ ਹੈ, ਸਾਡੇ ਅੰਦਰ ਵਿਸ਼ਵਾਸ ਉਤਪੰਨ ਹੁੰਦਾ ਹੈ ਅਸੀਂ ਉਸ ਅਨੁਸਾਰ ਹੀ ਵਿਚਰਦੇ ਹਾਂ, ਪ੍ਰਮਾਤਮਾ ਨੂੰ ਜਪਣ ਦਾ ਉਪਰਾਲਾ ਕਰਦੇ ਹਾਂ ਭਾਵ ਭੁਲੇਖੇ ਵਿੱਚ ਰਹਿੰਦੇ ਹੋਏ ਵੀ ਅਸੀਂ ਆਪਣੀ ਭਗਤੀ ਦੇ ਤਰੀਕੇ ਨੂੰ ਠੀਕ ਸਮਝਦੇ ਹਾਂ, ਕਿਸੇ ਅੱਖਰ ਦੇ ਜਪ ਨੂੰ ਹੀ ਠੀਕ ਸਮਝਦੇ ਹਾਂ। ਸ਼ਬਦ ਦੀਆਂ ਹੇਠਲੀਆਂ ਪੰਗਤੀਆਂ ਵਿੱਚ ਇਸਨੂੰ ਸਾਡਾ ਇਹ ਭੁਲੇਖੇ ਵਾਲਾ ਜਪ ਤਪ ਦੱਸਿਆ ਹੋਇਆ ਹੈ, ਸਾਡਾ ਪ੍ਰਮਾਤਮਾ ਦੇ ਨਾਲ ਲਿਵ ਲਾਉਣ ਦਾ ਗਲਤ ਤਰੀਕਾ ਦੱਸਿਆ ਹੋਇਆ ਹੈ ਤੇ ਨਾਲ ਹੀ ਇਹ ਸਮਝਾਇਆ ਹੋਇਆ ਹੈ ਕਿ ਇਹੋ ਜਿਹਾ ਜਪ ਤਪ ਕਰਨ ਨਾਲ, ਮਿਹਨਤ ਕਰਨ ਨਾਲ ਸਾਡੇ ਪੱਲੇ ਕੀ ਪੈਂਦਾ ਹੈ, ਇਹੋ ਜਿਹੀ ਮੁਸ਼ੱਕਤ ਘਾਲਣ ਨਾਲ ਸਾਡੀ ਕਿਹੋ ਜਿਹੀ ਲਿਵ ਜੁੜਦੀ ਹੈ।

"ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥"

11/1086

"ਹਰਿ ਹਰਿ" ਕਰਨ ਤੋਂ ਮਕਸਦ ਆਪਣੇ ਮਨ ਵਿੱਚੋਂ ਕਪਟ ਨੂੰ ਕੱਢਣ ਦਾ ਹੈ, ਮਾਇਆ ਦੇ ਛੱਲ ਨੂੰ ਕੱਢਣ ਦਾ ਹੈ, ਵਿਕਾਰਾਂ ਨੂੰ ਕੱਢਣ ਦਾ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਉਸ ਮਕਸਦ ਦੀ ਪੂਰਤੀ ਕਰਨ ਲਈ ਤਾਂ ਅਸੀਂ ਤਿਆਰ ਨਹੀਂ ਹੁੰਦੇ ਕਿਉਂਕਿ ਮਾਇਆ ਮੋਹ ਸਾਨੂੰ ਚੰਗਾ ਲੱਗਦਾ ਹੈ, ਸਾਡੇ ਅੰਦਰ ਪ੍ਰਮਾਤਮਾ ਨੇ ਗੁੜਤੀ ਹੀ ਮਾਇਆ ਮੋਹ ਦੀ ਪਾਈ ਹੋਈ ਹੈ। ਮੁੱਖੋਂ ਹਰਿ ਹਰਿ ਬੋਲ ਕੇ ਜੋ ਸਾਡੇ ਲਈ ਮਕਸਦ ਗੁਰੂ ਨੇ ਦਿੱਤਾ ਹੈ ਉਸਦੀ ਪੂਰਤੀ ਤਿਲ ਜਿਤਨੀ ਵੀ ਨਹੀਂ ਹੁੰਦੀ, ਉਹ ਹੋਣ ਵੀ ਨਹੀਂ ਦਿੰਦਾ ਕਿਉਂਕਿ ਇਹ ਉਸਦਾ ਆਪਣਾ ਫੁਰਮਾਨ ਹੈ। ਹੇਠ ਦਿੱਤੇ ਸ਼ਬਦਾਂ ਦੇ ਪਰਮਾਣ ਦੁਆਰਾ ਇਸ ਗੱਲ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਇਨ੍ਹਾਂ ਸ਼ਬਦਾਂ ਨੂੰ ਲੇਖ ਵਿੱਚ ਪਿੱਛੇ ਅਸੀਂ ਬਰੀਕੀ ਨਾਲ ਪਹਿਲੇ ਹੀ ਸਮਝਿਆ ਹੈ।

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥}

(ਅੰਗ ੭੩੨)

{ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥}

(ਅੰਗ ੩੯)

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ॥੩॥}

(ਅੰਗ ੬੫)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ॥
ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ ॥
ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ ॥੧॥}

(ਅੰਗ ੫੫੫)

{ਹਉਮੈ ਵਿਚਿ ਸਭੁ ਜਗੁ ਬਉਰਾਨਾ ॥ ਦੂਜੈ ਭਾਇ ਭਰਮਿ ਭੁਲਾਨਾ ॥
ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ ਧੰਧਾ ਕਰਤਿਆ ਅਨਦਿਨੁ ਵਿਹਾਨਾ ॥੧॥
ਹਿਰਦੈ ਰਾਮੁ ਰਮਹੁ ਮੇਰੇ ਭਾਈ ॥ ਗੁਰਮੁਖਿ ਰਸਨਾ ਹਰਿ ਰਸਨ ਰਸਾਈ ॥੧॥ ਰਹਾਉ ॥
ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥ ਜਗਜੀਵਨੁ ਸੇਵਿ ਜੁਗ ਚਾਰੇ ਜਾਤਾ ॥
ਹਉਮੈ ਮਾਰਿ ਗੁਰ ਸਬਦਿ ਪਛਾਤਾ ॥ ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥੨॥
ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥ ਧਾਵਤ ਵਰਜੇ ਠਾਕਿ ਰਹਾਏ ॥
ਨਾਮੁ ਨਵ ਨਿਧਿ ਗੁਰ ਤੇ ਪਾਏ ॥ ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ॥੩॥
ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ ਅੰਤਰਿ ਵਸੈ ਨ ਲਾਗੈ ਜਮ ਪੀਰ ॥
ਆਪੇ ਸਾਹਿਬੁ ਆਪਿ ਵਜੀਰ ॥ ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥੪॥੬॥੨੬॥}

(ਅੰਗ ੧੫੯)

ਇਸੇ ਤਰ੍ਹਾਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਾਨੂੰ ਇਹ ਸਮਝਾਇਆ ਗਿਆ ਹੈ ਕਿ ''ਹਰਿ ਹਰਿ'' ਜਪਣ ਦਾ ਮਨੋਰਥ ਸਮਝੋ, ''ਰਾਮੁ ਨਾਮੁ'' ਜਪਣ ਦਾ ਮਨੋਰਥ ਸਮਝੋ, ਰਾਮ ਰਾਮ ਕਰਨ ਦਾ ਮਨੋਰਥ ਸਮਝੋ ਪਰ ਅਸੀਂ ਮਨੋਰਥ ਨੂੰ ਸਮਝਣ ਦੀ ਬਜਾਏ ਅੱਖਰ ਦਾ ਨਾਮ ਬਦਲ ਕੇ, ਆਪਣੀ-ਆਪਣੀ ਧਾਰਮਿਕ ਆਸਥਾ ਦੁਆਰਾ ਬਦਲ ਕੇ ਦੇਖਾ ਦੇਖੀ ਬਸ ਇਹੋ ਜਿਹਾ ਮੁੱਖੋਂ ਬੋਲ ਬੋਲ ਕੇ ਤੇ ਸਰੀਰਕ ਕਿਰਿਆਵਾਂ ਦੁਆਰਾ ਜਪ ਤਪ ਕਰਨ ਵਿੱਚ ਉਲਝੇ ਹੋਏ ਹਾਂ, ਪ੍ਰਮਾਤਮਾ ਨਾਲ ਆਪਣੀ ਲਿਵ ਜੋੜਨ ਵਿੱਚ ਲੱਗੇ ਹੋਏ ਹਾਂ। ''ਲਿਵ'' ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦੁਆਰਾ ਗੁਰੂ ਦੇ ਗਿਆਨ ਦੇ ਨਾਲ ਜੁੜਨੀ ਹੈ, ਜੋ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਲਿਵ ਜੋੜਨ ਦਾ ਤਰੀਕਾ ਸਭ ਲਈ ਇੱਕੋ ਹੀ ਹੈ ਭਾਵੇਂ ਕੋਈ ਜਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਇਹ ਲਿਵ ਕਿਸੇ ਨਾੜੀਆਂ ਦੇ ਜੋੜ ਤੋੜ ਨਾਲ ਨਹੀਂ ਜੁੜਨੀ ਹੈ, ਸਵਾਸਾਂ ਦੇ ਜ਼ੋਰ ਲਗਾਉਣ ਨਾਲ ਨਹੀਂ ਜੁੜਨੀ ਹੈ, ਪੁੱਠੇ ਸਿੱਧੇ ਹੋਣ ਨਾਲ ਨਹੀਂ ਜੁੜਨੀ ਹੈ, ਕਿਸੇ ਤੰਤ੍ਰ ਮੰਤਰ ਦਾ ਜਾਪ ਕਰਨ ਨਾਲ ਨਹੀਂ ਜੁੜਨੀ ਹੈ। ਇਹੋ ਜਿਹੇ ਜਾਪ ਕਰਨ ਨਾਲ ਆਪਣੀ ਸਰੀਰਕ ਮਿਹਨਤ ਵਿਅਰਥ ਕਰਨ ਵਾਲੀ ਗੱਲ ਹੈ, ਕੇਵਲ ਕੱਖ ਕੁੱਟਣ ਵਾਲੀ ਗੱਲ ਹੈ ਜਿਸ ਤੋਂ ਪ੍ਰਾਪਤੀ ਕੁੱਝ ਨਹੀਂ ਹੋਣੀ। ਪ੍ਰਾਪਤੀ

ਤੱਤ ਦੀ ਕਰਨੀ ਹੈ ਤੇ ਉਹ ਤੱਤ **"ਗਿਆਨ"** ਹੈ, ਚੌਥੇ ਪਦ ਦਾ ਗਿਆਨ ਹੈ, ਸਹਜ ਗਿਆਨ ਹੈ, ਗੁਰੂ ਦੀ ਮਤਿ ਦਾ ਗਿਆਨ ਹੈ ਜਿਸ ਵਿੱਚ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਕੱਖ ਕੁੱਟਣ ਨਾਲ ਨਹੀਂ ਲੱਭਣਾ ਜਿਵੇਂ ਕਿ ਪਿੱਛੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਲੋਭ ਹੈ, ਵਿਕਾਰ ਹਨ ਤਦ ਤੱਕ ਅਸੀਂ ਮਨ ਦੀ ਅਗਿਆਨਤਾ ਕਰਕੇ ਹੀ ਉਹੋ ਜਿਹੇ ਸਰੀਰਕ ਜਪ ਤਪ ਕਰਦੇ ਹਾਂ ਜਿੰਨ੍ਹਾਂ ਨੂੰ ਤੁਹ ਕੁੱਟਣ ਦੇ ਬਰਾਬਰ ਕਿਹਾ ਹੈ, ਬੇਵੱਜਾ ਆਪਣੇ ਆਪ ਨੂੰ ਦੁਖੀ ਕਰਨ ਦੇ ਬਰਾਬਰ ਕਿਹਾ ਹੈ। (**ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥ ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥**) ਉਸ ਨੇ ਉਸ ਦੇ ਸੱਚੇ ਗਿਆਨ ਦੇ ਵਿੱਚੋਂ ਲੱਭਣਾ ਹੈ ਤੇ ਉਹੋ ਜਿਹਾ **"ਹਰਿ ਹਰਿ"** ਕਰ ਕੇ ਲੱਭਣਾ ਹੈ ਜਿਹੋ ਜਿਹਾ ਗੁਰਬਾਣੀ ਸਾਨੂੰ ਸਿਖਾ ਰਹੀ ਹੈ।

ਅਸੀਂ ਬਜਾਏ ਗੁਰੂ ਦੇ ਮਕਸਦ ਨੂੰ ਸਮਝਣ ਦੇ ਭਾਵ ਬਜਾਏ ਇਸ ਗੱਲ ਨੂੰ ਸਮਝਣ ਦੇ ਕਿ ਸਾਡਾ ਮਕਸਦ ਵਿਕਾਰਾਂ ਨੂੰ ਛੱਡਣ ਦਾ ਹੈ, ਅਸੀਂ ਸਿੱਖ ਜਗਤ ਵਾਲਿਆਂ ਨੇ ਆਪਣਾ ਅੱਖਰ ਦਾ ਜਪ ਹੀ ਬਦਲ ਲਿਆ ਹੈ ਜਿਸ ਦੁਆਰਾ ਅਸੀਂ ਅੱਜ ਕੱਲ ਆਪਣਾ ਜਪ ਤਪ ਬਣਾਇਆ ਹੋਇਆ ਹੈ। ਜੇਕਰ ਬਾਣੀ ਸਾਨੂੰ ਇਹ ਸਮਝਾ ਰਹੀ ਹੈ ਕਿ ਮੁੱਖੋਂ **"ਹਰਿ ਹਰਿ"** ਬੋਲੀ ਜਾਣ ਦਾ ਕੋਈ ਲਾਭ ਨਹੀਂ, "ਰਾਮ ਰਾਮ" ਬੋਲਣ ਦਾ ਕੋਈ ਲਾਭ ਨਹੀਂ ਭਾਵ ਇਨ੍ਹਾਂ ਅੱਖਰਾਂ ਨੂੰ ਬੋਲਣ ਨਾਲ ਸਾਡੇ ਅੰਦਰ ਦੇ ਵਿਕਾਰ ਨਹੀਂ ਨਿਕਲਦੇ ਤਾਂ ਫਿਰ ਅਸੀਂ ਨਵਾਂ ਅੱਖਰ ਭਾਲ ਲਿਆ ਹੈ ਜਿਵੇਂ ਕਿ ਉਸ ਅੱਖਰ ਨੂੰ ਬੋਲੀ ਜਾਣ ਨਾਲ ਸਾਡੇ ਵਿਕਾਰ ਆਪੇ ਹੀ ਦੂਰ ਹੋ ਜਾਣਗੇ। ਹੁਣ ਅਸੀਂ **"ਵਾਹਿਗੁਰੂ ਵਾਹਿਗੁਰੂ"** ਜਪਣਾ ਸ਼ੁਰੂ ਕਰ ਦਿੱਤਾ ਹੈ ਭਾਵੇਂ ਕਿ ਗੁਰਬਾਣੀ ਵਿੱਚ ਨਾ ਸਾਨੂੰ ਕੋਈ ਇਹੋ ਜਿਹਾ ਜਪ ਸਮਝਾਇਆ ਹੈ ਤੇ ਨਾ ਹੀ ਅੱਖਰ ਦੇ ਜਪ ਨੂੰ ਕੋਈ ਨਾਮ ਕਹਿ ਕੇ ਸਮਝਾਇਆ ਹੈ। ਗੁਰੂ ਬਹੁਤ ਹੀ ਸਿਆਣਾ ਹੈ ਪਰ ਸਾਡੇ ਅੰਦਰ ਵੀ ਇਹੋ ਜਿਹੀਆਂ ਸਿਆਣਪਾਂ ਪਾਉਣ ਵਾਲਾ ਉਹ ਆਪ ਹੀ ਹੈ, ਸਾਨੂੰ ਹਰ ਵੇਲੇ, ਹਰ ਸਮੇਂ ਭਰਮ ਭੁਲੇਖਿਆਂ ਵਿੱਚ ਪਾਉਣ ਵਾਲਾ ਉਹ ਆਪ ਹੀ ਹੈ। ਸਾਨੂੰ ਪ੍ਰਮਾਤਮਾ ਨੇ ਇਹੋ ਜਿਹੀਆਂ ਸਿਆਣਪਾਂ ਵਿੱਚ ਪਾ ਕੇ ਉਸ ਨੂੰ ਸੰਬੋਧਨ ਕਰਨ ਵਾਲੇ ਅੱਖਰ-ਅੱਖਰ ਵਿੱਚ ਹੀ ਫ਼ਰਕ ਪਾ ਦਿੱਤਾ ਹੈ।

ਅਸੀਂ "ਰਾਮ ਰਾਮ" ਕਹਿਣਾ ਬੰਦ ਕਰ ਦਿੱਤਾ ਹੈ, ਅਸੀਂ "ਹਰਿ ਹਰਿ" ਬੋਲਣਾ ਬੰਦ ਕਰ ਦਿੱਤਾ ਹੈ ਭਾਵ ਸਾਡੇ ਅੰਦਰ ਇਹਨਾਂ ਅੱਖਰਾਂ ਦੀ ਉਹ ਅਹਿਮੀਅਤ ਨਹੀਂ ਰਹਿ ਗਈ ਜੋ ਅਹਿਮੀਅਤ ਸਾਡੇ ਅੰਦਰ **"ਵਾਹਿਗੁਰੂ"** ਅੱਖਰ ਦੀ ਬਣ ਗਈ ਹੈ ਕਿ ਇਹ ਅੱਖਰ ਬੋਲੀ ਜਾਣ ਨਾਲ ਸਾਨੂੰ ਵਿਕਾਰ ਛੱਡਣ ਦੀ ਲੋੜ ਨਹੀਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਦੀ ਲੋੜ ਨਹੀਂ, ਮਾਇਆ ਮੋਹ ਛੱਡਣ ਦੀ ਲੋੜ ਨਹੀਂ। ਅਸੀਂ ਇਹ ਸਮਝ ਲਿਆ ਹੈ ਕਿ **"ਰਾਮ ਰਾਮ"** ਅੱਖਰ ਜਾਂ **"ਹਰਿ ਹਰਿ"** ਅੱਖਰ ਸਾਡੇ ਮਨ ਦੀ

11/1088

ਖੋਟ ਨਹੀਂ ਕੱਢ ਸਕਦੇ ਭਾਵ ਇਹ ਅੱਖਰ ਹੁਣ ਇਤਨੇ ਖਰੇ ਨਹੀਂ ਰਹੇ ਜੋ ਸਾਡੀ ਖੋਟ ਕੱਢ ਸਕਣ ਭਾਵ ਅਸੀਂ ਇਹਨਾਂ ਅੱਖਰਾਂ ਨੂੰ ਹੀ ਖੋਟੇ ਅੱਖਰ ਮੰਨ ਲਿਆ ਹੈ। ਧਿਆਨ ਨਾਲ ਵਿਚਾਰੋ ਕਿ ਬਾਣੀ ਵਿੱਚ ਸੈਂਕੜੇ ਹੀ ਵਾਰ ਸਾਨੂੰ **"ਰਾਮ ਰਾਮ"** ਜਪਣ ਲਈ ਕਿਹਾ ਹੈ, "ਹਰਿ ਹਰਿ" ਜਪਣ ਲਈ ਕਿਹਾ ਹੈ ਤੇ ਕੀ ਆਪ ਗੁਰੂ ਪ੍ਰਮਾਤਮਾ ਨੇ ਸਾਨੂੰ ਖੋਟੇ ਅੱਖਰ ਜਪਣ ਲਈ ਕਿਹਾ ਹੈ, ਕੀ ਗੁਰੂ ਨੂੰ ਖੋਟੇ ਖਰੇ ਦੀ ਪਹਿਚਾਣ ਕਰਨੀ ਨਹੀਂ ਆਉਂਦੀ ਤੇ ਕੀ ਅਸੀਂ ਗੁਰੂ ਨਾਲੋਂ ਸਿਆਣੇ ਬਣ ਗਏ ਹਾਂ ਤੇ ਸਾਨੂੰ ਖੋਟੇ, ਖਰੇ ਅੱਖਰ ਦੀ ਪਹਿਚਾਣ ਕਰਨ ਦੀ ਸੋਝੀ ਪੈ ਗਈ ਹੈ। ਕੇਵਲ ਗੁਰੂ ਦੀ ਸਮਝ ਨੂੰ ਹੀ ਉੱਚਾ ਮੰਨ ਕੇ ਤੇ ਉਸਦੀ ਮਤਿ ਤੇ ਹੀ ਵਿਸ਼ਵਾਸ ਰੱਖ ਕੇ "**ਝੰਜੋੜੋ ਆਪਣੇ ਆਪ ਨੂੰ**"। ਕੀ ਕਿਸੇ ਅੱਖਰ ਦੁਆਰਾ ਪ੍ਰਮਾਤਮਾ ਨੂੰ ਉੱਚਾ ਜਾਂ ਨੀਵਾਂ ਸਮਝਿਆ ਜਾ ਸਕਦਾ ਹੈ। ਅੱਖਰ ਦਾ ਮਕਸਦ ਸਾਨੂੰ ਗਿਆਨ ਦੇਣਾ ਹੈ। ਜੋ ਗਿਆਨ "**ਰਾਮ**" ਦੇ ਕੋਲ ਹੈ, ਉਹੀ ਗਿਆਨ "**ਹਰਿ**" ਦੇ ਕੋਲ ਹੈ ਤੇ ਉਹੀ ਗਿਆਨ ਵਾਹਿਗੁਰੂ ਦੇ ਕੋਲ ਹੈ। ਆਪਣੀ "**ਮਨਮਤਿ**" ਨੂੰ "**ਗੁਰਮਤਿ**" ਦੇ ਉੱਤੇ ਨਾ ਥੋਪੀਏ, ਗੁਰੂ ਤੋਂ ਸਿਆਣੇ ਬਣਨ ਦੀ ਕੋਸ਼ਿਸ਼ ਨਾ ਕਰੀਏ। ਮਕਸਦ ਗੁਰੂ ਦੇ ਗਿਆਨ ਨੂੰ, ਅੱਖਰ ਦੇ ਗਿਆਨ ਨੂੰ ਮਨ ਵਿੱਚ ਵਸਾਉਣ ਨਾਲ ਹੀ ਪੂਰਾ ਹੋਣਾ ਹੈ। ਅੱਖਰ ਦਾ ਗਿਆਨ ਲੈ ਕੇ ਹੀ ਅਸੀਂ ਤਰਨਾ ਹੈ, ਔਗੁਣਾਂ ਤੋਂ ਤਰਨਾ ਹੈ, ਮਨ ਦੇ ਕਪਟ ਤੋਂ, ਵਿਕਾਰਾਂ ਤੋਂ ਤਰਨਾ ਹੈ। ਅਸੀਂ ਇਤਨੇ ਵੱਡੇ ਗਿਆਨ ਦੇ ਮਾਲਕ ਨੂੰ, ਅੱਖਰ ਦੇ ਮਾਲਕ ਨੂੰ ਇੱਕ ਅਗਿਆਨਤਾ ਦੀ ਮੂਰਤ ਬਣਾ ਕੇ ਜਪ ਰਹੇ ਹਾਂ, ਉਸ ਗਿਆਨ ਦੀ ਮੂਰਤ ਨੂੰ ਅਸੀਂ ਅੰਧਾ ਬਣਾਇਆ ਹੋਇਆ ਹੈ ਭਾਵ ਅੱਖਰ ਦੇ, ਗਿਆਨ ਦੇ ਮਨੋਰਥ ਨੂੰ ਅੰਧਾ ਕੀਤਾ ਹੋਇਆ ਹੈ ਭਾਵ ਅਸੀਂ ਆਪ ਅੰਧੇ ਬਣੇ ਹੋਏ ਹਾਂ, ਅਗਿਆਨਤਾ ਵਿੱਚ ਭਰਮੇ ਹੋਏ ਹਾਂ।

{ਬੁਧੀ ਬਾਜੀ ਉਪਜੈ ਚਾਉ॥ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

ਅੱਖਰ ਮੁੱਖੋਂ ਜਿਹੜਾ ਮਰਜ਼ੀ ਬੋਲੀ ਜਾਈਏ ਭਾਵ ਜੇ ਜਪ ਕਿਸੇ ਅੱਖਰ ਦਾ ਹੀ ਕਰਨਾ ਹੈ ਤਾਂ ਉਸ ਨਾਲ ਕੀ ਫ਼ਰਕ ਪੈਂਦਾ ਹੈ ਕਿ ਅਸੀਂ ਕਿਹੜੇ ਅੱਖਰ

11/1089

ਦਾ ਜਪ ਕਰਦੇ ਹਾਂ। "ਵਾਉ ਦੁਆਉ" ਤਾਂ ਕਿਸੇ ਅੱਖਰ ਨੂੰ ਨਾਮ ਸਮਝਣ ਦਾ, ਸਾਡੀ ਅਗਿਆਨਤਾ ਦਾ ਬਣਾਇਆ ਹੋਇਆ

ਜਪ ਹੈ, ਸਾਡੀ ਸਿਆਣਪ ਦਾ ਜਪ ਹੈ ਤੇ ਅੱਖਰ ਭਾਵੇਂ ਜਿਹੜਾ ਮਰਜ਼ੀ ਹੋਵੇ ਕੀ ਫ਼ਰਕ ਪੈਂਦਾ ਹੈ। ਜਦੋਂ ਗਿਆਨ ਲੈਣਾ ਹੀ ਨਹੀਂ ਤੇ ਫਿਰ ਭਾਵੇਂ ਮੁੱਖੋਂ ਰਾਮ ਰਾਮ ਬੋਲੀ ਜਾਈਏ, ਹਰਿ ਹਰਿ ਬੋਲੀ ਜਾਈਏ, ਅੱਲ੍ਹਾ-ਅੱਲ੍ਹਾ ਬੋਲੀ ਜਾਈਏ ਤੇ ਭਾਵੇਂ ਵਾਹਿਗੁਰੂ ਵਾਹਿਗੁਰੂ ਬੋਲੀ ਜਾਈਏ ਉਸ ਪ੍ਰਮਾਤਮਾ ਨੂੰ ਕੀ ਫ਼ਰਕ ਪੈਂਦਾ ਹੈ। ਸਾਡੀ ਸਿਆਣਪ ਦਾ ਮਕਸਦ ਤਾਂ ਸਭ ਲਈ ਬਰਾਬਰ ਹੈ ਭਾਵ ਹਰ ਕੋਈ ਇਹ ਚਾਹੁੰਦਾ ਹੈ ਕਿ ਅਸੀਂ ਮਾਇਆਂ ਮੋਹ ਵੀ ਨਾ ਛੱਡੀਏ, ਵਿਕਾਰ ਵੀ ਨਾ ਛੱਡੀਏ, ਸਾਨੂੰ ਔਖਾ ਵੀ ਨਾ ਹੋਣਾ ਪਵੇ ਤੇ ਪ੍ਰਮਾਤਮਾ ਨੂੰ ਵੀ ਖੁਸ਼ ਕਰ ਲਈਏ। **(ਸਹਸ ਸਿਆਣਪ ਪਵੈ ਨ ਤਾਉ॥)**

ਹਕੀਕਤ ਇਹ ਹੈ ਕਿ ਗੁਰਬਾਣੀ ਸਾਨੂੰ ਆਪਣਾ ਸਿੱਖ ਬਣਾਉਣਾ ਚਾਹੁੰਦੀ ਹੈ, ਸਾਨੂੰ ਮਾਇਆ ਮੋਹ ਵਿੱਚੋਂ ਕੱਢਣਾ ਚਾਹੁੰਦੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਹੋ ਕੇ ਵਿਚਰੀਏ ਜਿਸ ਦੁਆਰਾ ਪੂਰਾ ਸਮਾਜ ਸੁਖੀ ਰਹੇ। ਸਾਨੂੰ ਸਿੱਖ ਬਣਨਾ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਵਾਲਾ ਬਣਨਾ ਬਹੁਤ ਔਖਾ ਲੱਗਦਾ ਹੈ ਤੇ ਉਸ ਦਾ ਹੱਲ ਅਸੀਂ ਸਭ ਨੇ ਸੌਖਾ ਹੀ ਕੱਢਿਆ ਹੋਇਆ ਹੈ, ਬੋਲ ਬੋਲ ਕੇ ਅੱਖਰ ਦਾ ਜਪ ਤਪ ਕਰਨ ਦੁਆਰਾ ਕੱਢਿਆ ਹੋਇਆ ਹੈ ਤਾਂ ਜੋ ਸਾਨੂੰ ਉਹ ਭਾਰਾ ਤੋਲ ਨਾ ਤੁਲਣਾ ਪਵੇ ਜਿਹੋ ਜਿਹਾ ਤੋਲ ਸਾਨੂੰ ਤੁਲਣ ਲਈ ਗੁਰੂ ਸਮਝਾਉਂਦਾ ਹੈ। **(ਭਉ ਮੁਚੁ ਭਾਰਾ ਵਡਾ ਤੋਲੁ॥ਮਨ ਮਤਿ ਹਉਲੀ ਬੋਲੇ ਬੋਲੁ॥)** ਗੁਰੂ ਦਾ ਸਿੱਖ ਬਣਨਾ ਬਹੁਤ ਔਖਾ ਹੈ, ਉਸ ਦੀ ਸਿੱਖਿਆ ਤੇ ਚੱਲਣਾ ਬਹੁਤ ਹੀ ਔਖਾ ਹੈ।ਅਸਲ ਵਿੱਚ ਅਸੀਂ ਗੁਰਬਾਣੀ ਵਿੱਚ ਲਿਖੀ ਹੋਈ ਅੱਖਰਾਂ ਦੀ ਲਿਖਤ ਨੂੰ ਹੀ ਗੁਰੂ ਸਮਝਿਆ ਹੋਇਆ ਹੈ ਤੇ ਉਸ ਵਿੱਚੋਂ ਇੱਕ ਅੱਖਰ ਨੂੰ ਚੁਣ ਕੇ ਉਸਨੂੰ ਬੋਲੀ ਜਾਣਾ ਅਸੀਂ ਗੁਰੂ ਨੂੰ ਜਪਣਾ ਸਮਝਿਆ ਹੋਇਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਅੱਖਰਾਂ ਦੀ ਲਿਖਤ ਦਾ ਮਕਸਦ ਕੀ ਹੈ ਇਸ ਗੱਲ ਨੂੰ ਅਸੀਂ ਭੁੱਲੇ ਹੋਏ ਹਾਂ। ਜੇਕਰ ਧਿਆਨ ਨਾਲ ਸੋਚ ਕੇ ਦੇਖੀਏ ਤਾਂ ਸੱਚੀ ਗੱਲ ਇਹੋ ਹੀ ਹੈ। ਵਾਹਿਗੁਰੂ ਸਾਰੀ ਦੁਨੀਆਂ ਲਈ ਇੱਕੋ ਹੀ ਹੈ ਜੋ ਸਭ ਜਗ੍ਹਾ ਆਪਣਾ ਸੱਚਾ ਗਿਆਨ ਵੰਡਦਾ ਹੈ। ਵਾਹਿਗੁਰੂ ਹੀ ਰਾਮ ਹੈ, ਅੱਲਾਹ ਹੈ, ਗਾਡ ਹੈ। ਪੂਰੀ ਗੁਰਬਾਣੀ ਆਪ ਰਾਮ ਹੈ। ਪੂਰੀ ਗੁਰਬਾਣੀ ਆਪ "**ਹਰਿ**" ਹੈ। ਪੂਰੀ ਗੁਰਬਾਣੀ

11/1090

ਆਪ "**ਅੱਲ੍ਹਾ**" ਹੈ। ਪੂਰੀ ਗੁਰਬਾਣੀ ਆਪ "**ਵਾਹਿਗੁਰੂ**" ਹੈ ਜੋ ਕਿ ਪੂਰੀ ਗੁਰਬਾਣੀ ਵਿੱਚ ਉਹ ਹਰ ਅੱਖਰ ਦੇ ਗਿਆਨ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। "**ਅੱਖਰ**" ਸਾਨੂੰ ਇੱਕ ਕਰਨ ਲਈ ਹੈ, ਸਾਨੂੰ "**ਜੋੜਨ**" ਲਈ ਹੈ ਨਾ ਕਿ ਸਾਨੂੰ "**ਤੋੜਨ**" ਲਈ ਹੈ। ਜਦੋਂ ਅਸੀਂ ਅੱਖਰ ਕੋਲੋਂ ਗਿਆਨ ਲਵਾਂਗੇ, ਉਸਨੂੰ ਸਮਝਾਂਗੇ, ਉਸ ਤੇ ਅਮਲ ਕਰਾਂਗੇ ਤਾਂ ਫਿਰ ਅੱਖਰ ਸਾਨੂੰ ਜੋੜ ਕੇ ਇੱਕ ਕਰੇਗਾ ਤੇ ਜੇਕਰ ਉਸ ਦੇ ਉਲਟ ਅਸੀਂ ਵੱਖਰੇ-ਵੱਖਰੇ ਅੱਖਰਾਂ ਨਾਲ ਜਪ ਤਪ ਵਿੱਚ ਪਵਾਂਗੇ ਤਾਂ ਫਿਰ ਇਹ ਸਾਨੂੰ ਤੋੜਨ ਦਾ ਕੰਮ ਕਰਨਗੇ। ਅੱਖਰਾਂ ਵਿੱਚ ਵੰਡੀਆਂ ਪਾ ਕੇ ਅਸੀਂ ਸਮਾਜ ਵਿੱਚ ਵੰਡੀਆਂ ਪਾਉਂਦੇ ਹਾਂ।ਫੈਸਲਾ ਅਸੀਂ ਹੀ ਕਰਨਾ ਹੈ ਕਿ ਅਸੀਂ ਮਨੁੱਖਤਾ ਨੂੰ ਆਪਸ ਵਿੱਚ ਤੋੜਨਾ ਹੈ ਜਾਂ ਆਪਸ ਵਿੱਚ ਜੋੜਨਾ ਹੈ।

ਜਿਵੇਂ ਕਿ ਅਸੀਂ ਉੱਪਰ ਇਸ ਗੱਲ ਨੂੰ ਸਮਝਿਆ ਹੈ ਕਿ ਖੋਟ ਕਿਸੇ ਅੱਖਰ ਵਿੱਚ ਨਹੀਂ ਹੈ। ਖੋਟ ਭਗਤੀ ਦੇ ਤਰੀਕੇ ਨੂੰ ਨਾ ਸਮਝਣ ਵਿੱਚ ਹੈ ਭਾਵ ਜਿਸ ਨੂੰ ਅਸੀਂ ਆਪਣਾ ਭਗਤੀ ਦਾ ਤਰੀਕਾ ਸਮਝਿਆ ਹੋਇਆ ਹੈ, ਖੋਟ ਉਸ ਤਰੀਕੇ ਵਿੱਚ ਹੈ ਭਾਵ ਖੋਟ ਅਸਲ ਜਪ ਤਪ ਨੂੰ ਸਮਝਣ ਵਿੱਚ ਹੈ ਜੋ ਕਿ ਅਸਲ ਵਿੱਚ ਭਗਤੀ ਦਾ ਤਰੀਕਾ ਹੈ ਹੀ ਨਹੀਂ। ਆਪਣੀਆਂ ਸਰੀਰਕ ਕਿਰਿਆਵਾਂ ਦੁਆਰਾ ਕੀਤਾ ਹੋਇਆ ਜਪ ਤਪ ਪ੍ਰਮਾਤਮਾ ਨੂੰ ਪ੍ਰਵਾਨ ਹੀ ਨਹੀਂ ਹੈ ਕਿਉਂਕਿ ਇਹ ਭਗਤੀ ਦਾ ਤਰੀਕਾ ਹੈ ਹੀ ਨਹੀਂ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਇਹੋ ਜਿਹੇ ਜਪ ਦੁਆਰਾ ਅਸੀਂ ਆਪਣੇ ਮੁੱਖੋਂ ਕਿਹੜਾ ਅੱਖਰ ਬੋਲਦੇ ਹਾਂ ਉਸਦੀ ਕੋਈ ਅਹਿਮੀਅਤ ਨਹੀਂ ਹੈ। ਜਿਹੜੀ ਭਗਤੀ ਦਾ ਮੂਲ ਹੀ ਗਲਤ ਹੈ, ਜੋ ਭਗਤੀ ਦਾ ਤਰੀਕਾ ਗੁਰੂ ਦੀ ਬੁਨਿਆਦੀ ਸਿੱਖਿਆ ਦੇ ਹੀ ਉਲਟ ਹੈ ਉਹ ਪ੍ਰਵਾਨ ਕਿਵੇਂ ਹੋ ਸਕਦਾ ਹੈ। ਆਓ ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖ ਦੁਆਰਾ ਉਚਾਰੇ ਹੋਏ ਵਾਹਿਗੁਰੂ ਦੇ ਇਸ ਹੇਠ ਦਿੱਤੇ ਹੋਏ ਸ਼ਬਦ ਦੁਆਰਾ ਸਮਝੀਏ ਤੇ ਇਹ ਦ੍ਰਿੜ ਕਰੀਏ ਕਿ ਇਹੋ ਜਿਹੇ ਸਿਮਰਨ, ਜਪ ਦੁਆਰਾ, ਸਵਾਸਾਂ ਦੇ ਜਪ ਦੁਆਰਾ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਪਾਇਆ ਜਾ ਸਕਦਾ।

ਗਉੜੀ ਕਬੀਰ ਜੀ॥

"ਬਿਨੁ ਸਤ ਸਤੀ ਹੋਇ ਕੈਸੇ ਨਾਰਿ॥ ਪੰਡਿਤ ਦੇਖਹੁ ਰਿਦੈ ਬੀਚਾਰਿ॥੧॥
ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ॥ ਜਬ ਲਗੁ ਰਸੁ ਤਬ ਲਗੁ ਨਹੀ ਨੇਹੁ॥੧॥ ਰਹਾਉ॥

ਸਾਹਨਿ ਸਤੁ ਕਰੈ ਜੀਅ ਅਪਨੈ॥ ਸੋ ਰਮਯੇ ਕਉ ਮਿਲੈ ਨ ਸੁਪਨੈ॥੨॥
ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ॥ ਸੋਈ ਸੁਹਾਗਨਿ ਕਹੈ ਕਬੀਰੁ॥੩॥੨੩॥"

(ਅੰਗ ੩੨੮)

11/1091

ਸਾਡਾ ਇਸ ਸ਼ਬਦ ਦੇ ਰਾਹੀਂ ਪ੍ਰਮਾਤਮਾ ਦੇ ਨਾਲ ਸਾਡਾ ਸੱਚਾ ਪਿਆਰ ਕਿਵੇਂ ਪੈਂਦਾ ਹੈ ਤੇ ਅਸੀਂ ਉਸ ਨਾਲ ਆਪਣਾ ਪਿਆਰ ਕਿਵੇਂ ਦਿਖਾਉਂਦੇ ਹਾਂ, ਇਸ ਵਿੱਚ ਫ਼ਰਕ ਕਰਕੇ ਦੱਸਿਆ ਹੋਇਆ ਹੈ।

ਅਸੀਂ ਪ੍ਰਮਾਤਮਾ ਨਾਲ ਆਪਣਾ ਪਿਆਰ ਆਪਣੀਆਂ ਸਰੀਰਕ ਕਿਰਿਆਵਾਂ ਦੁਆਰਾ ਦਿਖਾਉਂਦੇ ਹਾਂ ਜਿਸ ਨੂੰ ਕਿ ਅਸੀਂ ਧਰਮ ਦਾ ਮਾਰਗ ਸਮਝਦੇ ਹਾਂ, ਪਰ ਪ੍ਰਮਾਤਮਾ ਦੇ ਨਾਲ ਇਹੋ ਜਿਹਾ ਪਿਆਰ ਦਿਖਾਉਣਾ ਉਸਨੂੰ ਕਬੂਲ ਨਹੀਂ ਹੈ। ਪ੍ਰਮਾਤਮਾ ਦੇ ਨਾਲ ਪਿਆਰ ਆਪਣੇ ਮਨ ਨੂੰ ਸੋਧ ਕੇ ਦਿਖਾਇਆ ਜਾ ਸਕਦਾ ਹੈ, ਮਾਇਆ ਮੋਹ ਵਿੱਚੋਂ ਨਿਕਲ ਕੇ ਦਿਖਾਇਆ ਜਾ ਸਕਦਾ ਹੈ।

"ਬਿਨੁ ਸਤ ਸਤੀ ਹੋਇ ਕੈਸੇ ਨਾਰਿ॥ ਪੰਡਿਤ ਦੇਖਹੁ ਰਿਦੈ ਬੀਚਾਰਿ॥੧॥"

ਉੱਪਰ ਵਾਲੀ ਪੰਗਤੀ ਰਾਹੀਂ ਸਾਨੂੰ ਇਸਤਰੀਆਂ ਦੀ ਸਤੀ ਪ੍ਰਥਾ ਦਾ ਹਵਾਲਾ ਦੇ ਕੇ ਭਗਤੀ ਦਾ ਮਾਰਗ ਹੀ ਸਮਝਾਇਆ ਹੈ। ਇਸਤਰੀ ਸਤੀ ਹੋਣ ਦੁਆਰਾ ਭਾਵ ਆਪਣਾ ਸਰੀਰ ਖ਼ਤਮ ਕਰਨ ਦੁਆਰਾ ਆਪਣਾ ਧਰਮ ਸਮਝ ਕੇ ਉਸਦਾ ਪਾਲਣ ਕਰਦੀ ਹੈ ਤੇ ਇਸ ਤਰੀਕੇ ਆਪਣੇ ਪਤੀ ਨਾਲ ਆਪਣਾ ਸੱਚਾ ਸਨੇਹ ਦਿਖਾਉਂਦੀ ਹੈ। ਇਸ ਨੇਹੁ ਨੂੰ ਸੱਚਾ ਨੇਹੁ ਨਹੀਂ ਮੰਨਿਆ ਗਿਆ, **"ਸਤ"** ਨਹੀਂ ਮੰਨਿਆ ਗਿਆ ਭਾਵ ਇਸ ਨੂੰ ਉਸਦਾ ਸੱਚ ਨਹੀਂ ਕਿਹਾ ਗਿਆ, ਸੱਚਾ ਮਾਰਗ ਨਹੀਂ ਕਿਹਾ ਗਿਆ। ਸਤੀ ਹੋਣ ਵਾਲੀ ਇਸਤਰੀ ਨੇ ਭਾਵੇਂ ਆਪਣੀ ਸਰੀਰਕ ਕਿਰਿਆ ਦੁਆਰਾ ਸਰੀਰ ਖ਼ਤਮ ਕਰ ਲਿਆ ਹੈ ਪਰ ਫਿਰ ਵੀ ਇਹ ਪਤੀ ਪ੍ਰਮਾਤਮਾ ਦੇ ਨਾਲ ਉਸਦਾ ਸੱਚਾ ਨੇਹੁ ਨਹੀਂ ਹੈ। ਇਹੋ ਜਿਹੀਆਂ ਸਤੀ ਹੋਣ ਵਾਲੀਆਂ ਇਸਤਰੀਆਂ ਆਪਣੇ ਪਤੀ ਨੂੰ ਪ੍ਰਮਾਤਮਾ ਦਾ ਰੂਪ ਹੀ ਮੰਨਦੀਆਂ ਹਨ ਤੇ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਹੀ ਆਪਣਾ ਸਰੀਰ ਤਿਆਗਦੀਆਂ ਹਨ ਜਿਸ ਵਿੱਚ ਸਤ ਨਹੀਂ ਹੈ ਭਾਵ ਪ੍ਰਮਾਤਮਾ ਨੂੰ ਖੁਸ਼ ਕਰਨ ਦੀ ਸੱਚਾਈ ਨਹੀਂ ਹੈ। **(ਬਿਨੁ ਸਤ ਸਤੀ ਹੋਇ ਕੈਸੇ ਨਾਰਿ॥)** ਜਿਹੜੇ ਇਹੋ ਜਿਹੀਆਂ ਸਰੀਰਕ ਕਿਰਿਆਵਾਂ ਨੂੰ ਮਾਣ ਦਿੰਦੇ ਹਨ ਭਾਵ ਸਰੀਰਕ ਕਿਰਿਆਵਾਂ ਦੁਆਰਾ ਆਪਣੇ ਸਰੀਰ ਨੂੰ ਦੁੱਖ ਦੇਣ ਦੁਆਰਾ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਹਨ, ਇਸ ਨੂੰ ਧਰਮ ਦਾ ਮਾਰਗ ਸਮਝਦੇ ਹਨ, ਧਰਮ ਦੇ ਪੰਡਿਤ ਅਖਵਾਉਂਦੇ ਹਨ ਉਹਨਾਂ ਨੂੰ ਆਪਣਾ ਹਿਰਦਾ ਟਟੋਲਣ ਲਈ ਕਿਹਾ ਹੈ ਭਾਵ ਸਮਝਾਇਆ ਹੈ ਕਿ ਪ੍ਰਮਾਤਮਾ ਦੇ ਨਾਲ ਇਹੋ ਜਿਹੀਆਂ ਕਿਰਿਆਵਾਂ ਦੁਆਰਾ ਪਿਆਰ ਨਹੀਂ ਦਿਖਾਇਆ ਜਾ ਸਕਦਾ। **(ਪੰਡਿਤ ਦੇਖਹੁ ਰਿਦੈ ਬੀਚਾਰਿ॥੧॥)** ਪ੍ਰਮਾਤਮਾ ਨਾਲ ਪਿਆਰ ਦਿਖਾਉਣ ਦਾ ਤਰੀਕਾ ਕੀ ਹੈ ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ॥ ਜਬ ਲਗੁ ਰਸੁ ਤਬ ਲਗੁ ਨਹੀ ਨੇਹੁ॥੧॥ ਰਹਾਉ॥"

11/1092

ਪ੍ਰਮਾਤਮਾ ਦੇ ਨਾਲ ਆਪਣਾ ਨੇਹੁ, ਪਿਆਰ, ਪ੍ਰੀਤ ਤਦ ਤੱਕ ਨਹੀਂ ਪੈ ਸਕਦੀ ਜਦੋਂ ਤੱਕ ਅਸੀਂ ਮਾਇਆ ਰਸ ਵਿੱਚ ਉਲਝੇ ਹੋਏ ਹਾਂ, ਮਾਇਆ ਮੋਹ ਵਿੱਚ ਫਸੇ ਹੋਏ ਹਾਂ ਭਾਵ ਜੇਕਰ ਅਸੀਂ ਪ੍ਰਮਾਤਮਾ ਨਾਲ ਆਪਣੀ ਪ੍ਰੀਤ ਦਿਖਾਉਣੀ ਹੈ ਤਾਂ ਉਸ ਲਈ ਇੱਕੋ ਇੱਕ ਤਰੀਕਾ ਮਾਇਆ ਮੋਹ ਵਿੱਚੋਂ ਨਿਕਲਣਾ ਹੈ, ਔਗੁਣਾਂ ਵਿੱਚੋਂ ਨਿਕਲਣਾ ਹੈ ਤੇ ਗੁਣਾਂ ਨੂੰ ਅਪਣਾਉਣਾ ਹੈ, ਸੱਚੇ ਸੁੱਚੇ ਹੋ ਕੇ ਵਿਚਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

ਸਾਰੀ ਬਾਣੀ ਸਾਨੂੰ ਇਹੋ ਜਿਹੀ ਪ੍ਰੀਤ ਹੀ ਸਿਖਾ ਰਹੀ ਹੈ ਪਰ ਅਸੀਂ ਆਪਣੀ ਪ੍ਰੀਤ ਸਰੀਰਕ ਕਿਰਿਆਵਾਂ ਦੁਆਰਾ, ਸਰੀਰਕ ਜਪ ਤਪ ਦੁਆਰਾ ਦਿਖਾਉਂਦੇ ਹਾਂ ਜੋ ਕਿ ਇੱਕ ਝੂਠੀ ਪ੍ਰੀਤ ਦਿਖਾਉਣ ਵਾਲੀ ਗੱਲ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ ਤੇ ਸਾਡਾ ਇਹ ਭੁਲੇਖਾ ਬੜਾ ਹੀ ਠੋਕ ਵਜਾ ਕੇ ਕੱਢਿਆ ਹੋਇਆ ਹੈ।

“ਸਾਹਨਿ ਸਤੁ ਕਰੈ ਜੀਅ ਅਪਨੈ॥ ਸੋ ਰਮਯੇ ਕਉ ਮਿਲੈ ਨ ਸੁਪਨੈ॥੨॥”

ਇਹਨਾਂ ਪੰਗਤੀਆਂ ਰਾਹੀਂ ਸਾਡਾ ਪ੍ਰਮਾਤਮਾ ਨੂੰ ਜਪਣ ਦਾ ਉਹ ਤਰੀਕਾ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਅਸੀਂ ਪ੍ਰਮਾਤਮਾ ਨਾਲ ਆਪਣੀ ਪ੍ਰੀਤ ਦਿਖਾਉਣ ਦਾ ਤਰੀਕਾ ਸਮਝਾਇਆ ਹੋਇਆ ਹੈ, ਸਾਡਾ ਸਰੀਰਕ ਕਿਰਿਆਵਾਂ ਦੁਆਰਾ ਜਪ ਤਪ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਅਸੀਂ ਆਪਣੀ ਭਗਤੀ ਦਾ ਤਰੀਕਾ ਸਮਝਦੇ ਹਾਂ ਤੇ ਹਰ ਕੋਈ ਇਸੇ ਨੂੰ ਹੀ ਭਗਤੀ ਕਰਨ ਦਾ ਤਰੀਕਾ ਸਮਝਦਾ ਹੈ। **“ਸਾਹਨਿ”** ਤੋਂ ਭਾਵ ਹੈ ਆਪਣੇ ਸਾਹਾਂ ਦੁਆਰਾ ਭਾਵ ਸਵਾਸਾਂ ਦੁਆਰਾ। ਅਸੀਂ ਪ੍ਰਮਾਤਮਾ ਨੂੰ ਕਿਸੇ ਅੱਖਰ ਦੁਆਰਾ ਜਪਦੇ ਹਾਂ, ਸਵਾਸਾਂ ਦੇ ਦਮ ਤੇ ਜਪਦੇ ਹਾਂ ਭਾਵ ਸਵਾਸਾਂ ਦੀ ਕਿਰਿਆ ਦੁਆਰਾ ਜਪਦੇ ਹਾਂ ਜੋ ਕਿ ਕੇਵਲ ਇੱਕ ਸਰੀਰਕ ਕਿਰਿਆ ਹੀ ਹੈ। ਅਸੀਂ ਇਹੋ ਜਿਹੀ ਕਿਰਿਆ ਦੁਆਰਾ ਪ੍ਰਮਾਤਮਾ ਦੇ ਨਾਲ ਆਪਣਾ **“ਸਤੁ”** ਪ੍ਰਗਟ ਕਰਦੇ ਹਾਂ, ਆਪਣਾ ਸੱਚਾ ਨੇਹੁ ਪ੍ਰਗਟ ਕਰਦੇ ਹਾਂ ਕਿਉਂਕਿ ਅਸੀਂ ਇਹੋ ਜਿਹੇ ਸਵਾਸਾਂ ਦੇ ਜਪ ਤਪ ਨੂੰ ਹੀ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਜਤਾਉਣਾ ਸਮਝਦੇ ਹਾਂ। **(ਸਾਹਨਿ ਸਤੁ ਕਰੈ ਜੀਅ ਅਪਨੈ॥)** ਪ੍ਰਮਾਤਮਾ ਦੇ ਨਾਲ ਇਹੋ ਜਿਹਾ ਪਿਆਰ ਦਿਖਾਉਣ ਦਾ ਜੋ ਫ਼ਲ ਮਿਲਦਾ ਹੈ ਉਹ ਵੀ ਨਾਲ ਹੀ ਸਮਝਾਇਆ ਹੋਇਆ

11/1093

ਹੈ।

“ਸੋ ਰਮਯੇ ਕਉ ਮਿਲੈ ਨ ਸੁਪਨੈ॥੨॥”

ਫ਼ਲ ਬੜਾ ਸਪੱਸ਼ਟ ਹੈ, ਨਤੀਜਾ ਬੜਾ ਸਪੱਸ਼ਟ ਹੈ। ਸਵਾਸਾਂ ਰਾਹੀਂ ਭਾਵ ਮੁੱਖੋਂ ਬੋਲ ਬੋਲ ਕੇ ਪ੍ਰਮਾਤਮਾ ਨੂੰ ਜਪਣ ਵਾਲੇ ਮਨੁੱਖ ਉਸ ਪ੍ਰਮਾਤਮਾ ਨੂੰ ਸੁਪਨੇ ਵਿੱਚ ਵੀ ਨਹੀਂ ਪਾ ਸਕਦੇ ਭਾਵ ਉਹਨਾਂ ਦਾ ਜਪ ਕਰਨ ਦਾ ਤਰੀਕਾ ਮੂਲੋਂ ਹੀ ਗਲਤ ਹੈ। ਜੋ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੀ ਨਹੀਂ ਉਸ ਨਾਲ ਪ੍ਰਮਾਤਮਾ ਨੂੰ ਪਾਇਆ ਹੀ ਕਿਵੇਂ ਜਾ ਸਕਦਾ ਹੈ। ਫ਼ਰਕ ਇਸ ਗੱਲ ਨਾਲ ਨਹੀਂ ਪੈਂਦਾ ਕਿ ਅਸੀਂ ਕਿਸ ਅੱਖਰ ਦਾ ਜਪ ਤਪ ਕਰਦੇ ਹਾਂ, ਫ਼ਰਕ ਇਸ ਗੱਲ ਦਾ ਹੈ ਕਿ ਅਸੀਂ ਸਮਝ ਕਿਸ ਦੀ ਅਪਣਾਉਂਦੇ ਹਾਂ। ਜਿਹੜੀ ਮਤਿ ਸਾਨੂੰ **“ਰਾਮ”** ਦਿੰਦਾ ਹੈ, ਉਹੀ ਮਤਿ ਸਾਨੂੰ **“ਹਰਿ”** ਦਿੰਦਾ ਹੈ, ਉਹੀ ਮਤਿ ਸਾਨੂੰ **“ਅੱਲ੍ਹਾ”** ਦਿੰਦਾ ਹੈ, ਖੁਦਾ ਦਿੰਦਾ ਹੈ ਤੇ ਉਹੀ ਮਤਿ ਸਾਨੂੰ **“ਵਾਹਿਗੁਰੂ”** ਦਿੰਦਾ ਹੈ। “**ਜਪਣਾ ਤਾਂ ਉਸ ਪ੍ਰਮਾਤਮਾ ਦੀ ਮਤਿ ਨੂੰ ਹੈ**” ਜਿਸ ਕੋਲੋਂ ਦਿਲ ਕਰੇ ਲੈ ਲਵੋ ਭਾਵ ਜਿਹੜੇ ਮਰਜੀ ਧਰਮ ਗ੍ਰੰਥ ਵਿੱਚੋਂ ਲੈ ਲਵੋ ਕਿਉਂਕਿ ਹਰ ਧਰਮ ਗ੍ਰੰਥ ਸਾਨੂੰ ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ। ਧਰਮ ਦਾ ਮਾਰਗ, ਨਾਮ ਜਪਣ ਦਾ ਮਾਰਗ, ਧਰਮ ਗ੍ਰੰਥਾਂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਹੈ। ਉਹ ਸ੍ਰਿਸ਼ਟੀ ਦਾ ਕਰਤਾ ਇੱਕ ਹੀ ਹੈ, ਉਸਨੂੰ ਕੀ ਫ਼ਰਕ ਪੈਂਦਾ ਹੈ ਕਿਉਂਕਿ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ। ਲੋੜ ਸਿਰਫ਼ ਭਗਤੀ ਦੇ ਮਾਰਗ ਨੂੰ ਸਮਝਣ ਦੀ ਹੈ ਤੇ ਸਰੀਰਕ ਕਿਰਿਆਵਾਂ ਦੇ ਜਪ ਤਪ ਵਿੱਚੋਂ ਨਿਕਲ ਕੇ ਉਸ ਦੀ ਮਤਿ ਅਨੁਸਾਰ ਚੱਲਣ ਦੀ ਹੈ। ਇਹ ਮਾਰਗ ਆਪਣਾ ਆਪ ਸੌਂਪਣ ਦਾ ਹੈ, ਆਪਣੀ ਮਤਿ ਤਿਆਗਣ ਦਾ ਹੈ ਤੇ ਇਹ ਤਿਆਗ ਤਾਂ ਹੀ ਹੋ ਸਕਦਾ ਹੈ ਜੇਕਰ ਸਾਡੇ ਅੰਦਰ ਗੁਰੂ ਦੀ ਮਤਿ ਵੱਸ ਜਾਵੇ। ਉਸ ਦੀ ਸੁਹਾਗਣ ਬਣਨ ਦਾ ਤਰੀਕਾ, ਉਸਨੂੰ ਪਾਉਣ ਦਾ ਤਰੀਕਾ ਇਹੋ ਹੀ ਹੈ, ਹੋਰ ਕੋਈ ਨਹੀਂ ਹੋ ਸਕਦਾ। **(ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ॥ ਸੋਈ ਸੁਹਾਗਨਿ ਕਹੈ ਕਬੀਰੁ॥੩॥੨੩॥)** ਮਨਮਤਿ ਰਾਹੀਂ ਵਿਚਰਦੇ ਕੋਈ ਉਸ ਦੀ ਸੁਹਾਗਣ ਨਹੀਂ ਬਣ ਸਕਦੀ।

ਆਓ ਅੱਖਰਾਂ ਦੇ ਤੰਤ੍ਰਾਂ ਮੰਤ੍ਰਾਂ ਦੇ ਜਾਲ ਵਿੱਚੋਂ ਨਿਕਲੀਏ ਤੇ ਉਸ ਗਿਆਨ ਰੂਪ ਪ੍ਰਮਾਤਮਾ ਦੇ ਲੜ ਲੱਗੀਏ। ਉਸਦੇ ਦਰਸ਼ਨ ਕੇਵਲ ਉਸਦੇ ਸੱਚੇ ਗਿਆਨ ਦੀ ਮਤਿ ਅਨੁਸਾਰ ਚੱਲਣ ਦੁਆਰਾ ਹੁੰਦੇ ਹਨ, ਇਸ ਮਨ ਦੀ ਸੋਝੀ ਪੈਣ ਦੁਆਰਾ ਹੁੰਦੇ ਹਨ ਜਿਸ ਸੋਝੀ ਦਾ ਮਾਲਕ ਉਹ ਆਪ ਹੀ ਹੈ।

ਆਓ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜੀਏ ਤੇ ਇਤਨੇ ਵੱਡੇ ਗਿਆਨ ਦੇ ਮਾਲਕ ਨੂੰ ਕਿਸੇ ਤੰਤ੍ਰ ਮੰਤ੍ਰ ਨਾਲ ਨਾ ਜੋੜੀਏ। ਜਦੋਂ ਉਸਦੇ ਗਿਆਨ ਦਾ ਰਸ ਚਖ ਲਵੋਗੇ ਤੇ ਤਾਂ ਹੀ ਸਮਝ ਲੱਗੇਗੀ ਕਿ ਇਹ ਤੰਤ੍ਰਾਂ ਮੰਤਰਾਂ ਦਾ ਜਾਪ ਕਿਤਨਾ ਤੁਛ ਹੈ। ਗਿਆਨ ਦੇ ਮਾਲਕ ਦੇ ਦਰਸ਼ਨ ਤਾਂ ਹੋਣਗੇ, ਗਿਆਨ ਦਾ ਰਸ ਤਾਂ ਚਖਿਆ ਜਾਵੇਗਾ ਜੇਕਰ ਪਹਿਲਾਂ

11/1094

ਇਹਨਾਂ ਤੰਤ੍ਰਾਂ ਮੰਤਰਾਂ ਦੇ ਜਪਾਂ ਤਪਾਂ ਵਿੱਚੋਂ ਨਿਕਲਾਂਗੇ। ਪ੍ਰਮਾਤਮਾ ਨੂੰ ਮਿਲਣ ਦੀ ਨਿਸ਼ਾਨੀ ਕੀ ਹੈ ਇਹ ਪਿੱਛੇ ਅਸੀਂ ਅਨੇਕਾਂ

ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਸਭ ਜਗ੍ਹਾ ਇਹੀ ਸਮਝਾਇਆ ਹੈ ਕਿ ਉਹ ਮਨ ਦੇ ਗਿਆਨ ਰਾਹੀਂ ਹੀ ਮਿਲਦਾ ਹੈ, ਮਨ ਦੇ ਵਿੱਚ ਸਹਜ ਉਪਜਣ ਦੁਆਰਾ ਮਿਲਦਾ ਹੈ ਤੇ ਇਸੇ ਕਰਕੇ ਸਾਡੇ ਲਈ ਜਰੂਰੀ ਹੈ ਕਿ ਸਹੀ ਮਾਰਗ ਤੇ ਚੱਲੀਏ, ਗੁਰੂ ਦੇ ਸੱਚੇ ਗਿਆਨ ਦੇ ਮਾਰਗ ਤੇ ਚੱਲੀਏ।

{ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥}

(ਅੰਗ ੧੦੩੨)

{ਪ੍ਰਭ ਮਿਲਣੈ ਕੀ ਏਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥}

(ਅੰਗ ੧੦੬)

ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਦਰਸ਼ਨ ਸਾਨੂੰ ਕਿਵੇਂ ਤੇ ਕਿਸ ਰੂਪ ਵਿੱਚ ਹੁੰਦੇ ਹਨ। ਜੇਕਰ ਅਸੀਂ ਪ੍ਰਮਾਤਮਾ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ ਤਾਂ ਉਹ ਕੇਵਲ ਉਸਦੇ ਗਿਆਨ ਦਾ ਮਹਾ ਰਸ ਚੱਖਣ ਦੁਆਰਾ ਹੀ ਹੋ ਸਕਦੇ ਹਨ। ਇਹ ਮਹਾਰਸ ਉਸਦਾ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ, ਗੁਰਬਾਣੀ ਦਾ ਸੱਚਾ ਗਿਆਨ ਹੈ। ਇਸ ਮਹਾਰਸ ਦੀ ਪ੍ਰਾਪਤੀ ਮਨ ਦੀ ਸਮਝ ਦੇ ਵਿੱਚੋਂ ਹੀ ਹੋਣੀ ਹੈ, ਜਿੱਥੇ ਪ੍ਰਮਾਤਮਾ ਸਾਡੇ ਅੰਦਰ ਹਰ ਵੇਲੇ ਵੱਸ ਰਿਹਾ ਹੈ। ਜਿੱਥੇ ਗਿਆਨ ਦਾ ਮਾਲਕ ਵੱਸ ਰਿਹਾ ਹੈ, ਉੱਥੋਂ ਹੀ ਸੱਚੇ ਗਿਆਨ ਦੀ ਪ੍ਰਾਪਤੀ ਹੋਣੀ ਹੈ ਤੇ ਇਹੀ ਪ੍ਰਮਾਤਮਾ ਦੇ ਨਾਲ ਮਿਲਣ ਦੀ ਨਿਸ਼ਾਨੀ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਇਹ ਮਨ ਦੇ ਵਿੱਚ ਇੱਕੋ ਇੱਕ ਆਪ ਪ੍ਰਮਾਤਮਾ ਹੀ ਹੈ ਜਿਸ ਦਾ ਹੁਕਮ ਸਾਡੇ ਅੰਦਰ ਸਦਾ ਹੀ ਚੱਲ ਰਿਹਾ ਹੈ, ਗਿਆਨ ਰੂਪ ਵਿੱਚ ਚੱਲ ਰਿਹਾ ਹੈ। ਉਸਦੇ ਹੁਕਮ ਦੀ ਪਛਾਣ ਮਨ ਦੇ ਵਿੱਚੋਂ ਉਸ ਦੇ ਗਿਆਨ ਦਾ ਰਸ, ਮਹਾ ਗਿਆਨ ਦਾ ਰਸ ਚੱਖਣ ਦੁਆਰਾ ਹੀ ਹੋਣੀ ਹੈ ਭਾਵ ਸਹਜ ਗਿਆਨ ਦੀ ਪ੍ਰਾਪਤੀ ਦੁਆਰਾ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਹੋਣੀ ਹੈ। ਮਨ ਦੇ ਵਿੱਚ ਇਸ ਸਹਜ ਗਿਆਨ ਦੀ ਪ੍ਰਾਪਤੀ ਦਾ ਸਾਧਨ ਗੁਰਬਾਣੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸਹਜ ਗਿਆਨ ਹੈ, ਸਹਜ

ਗਿਆਨ ਦਾ ਭੰਡਾਰ ਹੈ। ਹੁਣ ਧਿਆਨ ਨਾਲ ਸੋਚੋ ਕਿ ਜੇਕਰ ਪ੍ਰਮਾਤਮਾ ਦੀ ਪ੍ਰਾਪਤੀ ਸਾਨੂੰ ਮਨ ਦੇ ਵਿੱਚੋਂ ਹੀ ਹੋਣੀ ਹੈ, ਸਹਜ ਗਿਆਨ ਦੀ ਪ੍ਰਾਪਤੀ ਦੁਆਰਾ ਹੋਣੀ ਹੈ ਤਾਂ ਫਿਰ ਅਸੀਂ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜੀਏ, ਜੋ ਕਿ ਸਹਜ ਗਿਆਨ ਦਾ ਭੰਡਾਰ ਹੈ ਤੇ ਤੰਤ੍ਰਾਂ ਮੰਤਰਾਂ ਦੇ ਜਪ ਵਿੱਚੋਂ ਨਿਕਲੀਏ ਜਿੰਨ੍ਹਾਂ ਨੇ ਸਾਡਾ ਕੁੱਝ ਨਹੀਂ ਸਵਾਰਨਾ। ਉਸ ਦੇ ਮਗਰ ਲੱਗੀਏ ਜਿਸ ਨੇ ਸਾਡਾ ਸਭ ਕੁੱਝ ਸਵਾਰ ਦੇਣਾ ਹੈ, ਜੋ ਸਭ ਕੁੱਝ ਸਵਾਰਨ ਦੇ ਸਮਰੱਥ ਹੈ।

ਆਓ ਹੁਣ ਉਸ ਸ਼ਬਦ ਦੀ ਵਿਚਾਰ ਕਰੀਏ ਜਿਸ ਦੀ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਸਹਜ ਨੂੰ ਜਾਣਨਾ ਜਰੂਰੀ ਸਮਝਿਆ ਸੀ। ''ਸਹਜ'' ਦੀ ਸੋਝੀ ਪੈਣ ਤੋਂ ਬਾਅਦ ਸਾਨੂੰ ਹੇਠ ਦਿੱਤੇ ਸ਼ਬਦ ਨੂੰ ਸਮਝਣਾ ਸੌਖਾ ਹੋ ਜਾਵੇਗਾ, ਹਉਮੈ ਨੂੰ ਸਮਝਣਾ ਸੌਖਾ ਹੋ ਜਾਵੇਗਾ ਜਿਵੇਂ ਕਿ ਲੇਖ ਦੇ ਸ਼ੁਰੂ ਵਿੱਚ ਵੀ ਇਸ ਸ਼ਬਦ ਦਾ ਜ਼ਿਕਰ ਕੀਤਾ ਸੀ ਪਰ ਇਸ ਨੂੰ ਸਮਝਿਆ ਨਹੀਂ ਸੀ। ਆਓ ਹੁਣ ਇਸ ਸ਼ਬਦ ਨੂੰ ਬਰੀਕੀ ਨਾਲ ਸਮਝੀਏ।

ਸਲੋਕੁ ਮਃ ੩॥

"ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ॥ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ॥ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ॥ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ॥੧॥"

(ਅੰਗ ੯੪੭)

11/1096

ਇਸ ਸ਼ਬਦ ਰਾਹੀਂ ਸਾਨੂੰ ਇਹ ਸੋਝੀ ਪੈ ਜਾਵੇਗੀ ਕਿ ਗੁਰਬਾਣੀ ਦੀ ਰਚਨਾ ਕਿਵੇਂ ਹੋਈ ਹੈ, ਸਾਰੀ ਗੁਰਬਾਣੀ ਵਿੱਚ ਨਾਮ ਕਿੱਥੋਂ ਆਇਆ ਹੈ ਕਿਉਂਕਿ ਸਾਰੀ ਗੁਰਬਾਣੀ **"ਨਾਮ"** ਹੈ, ''ਰਾਮ ਨਾਮ'' ਹੈ ਤੇ ''ਨਾਮ'' ਤੇ ''ਹਉਮੈ'' ਦਾ ਆਪਸ ਵਿੱਚ ਕੀ ਰਿਸ਼ਤਾ ਹੈ ਤੇ ਦੋਵੇਂ ਇੱਕ ਜਗ੍ਹਾ ਇਕੱਠੇ ਕਿਉਂ ਨਹੀਂ ਰਹਿ ਸਕਦੇ। ਅਸਲ ਵਿੱਚ ''ਨਾਮ'' ਵੀ ਮਨ ਦੀ ਸਮਝ ਵਾਲੀ ਅਵੱਸਥਾ ਹੈ ਤੇ ''ਹਉਮੈ'' ਵੀ ਮਨ ਦੀ ਸਮਝ ਵਾਲੀ ਅਵੱਸਥਾ ਹੈ। ਇਹ ਦੋਨੋਂ ਅਵੱਸਥਾਵਾਂ ਸਾਡੇ ਅੰਦਰ ਕਦੇ ਇਕੱਠੀਆਂ ਨਹੀਂ ਹੋ ਸਕਦੀਆਂ। ਜਦ ਤੱਕ ਸਾਡੀ ਅਵੱਸਥਾ ਹਉਮੈ ਵਾਲੀ ਹੈ ਤਦ ਤੱਕ ਉੱਥੇ ਨਾਮ ਵਾਲੀ ਅਵੱਸਥਾ ਨਹੀਂ ਹੈ ਤੇ ਜਦੋਂ ਅਵੱਸਥਾ ਨਾਮ ਵਾਲੀ ਬਣ ਜਾਂਦੀ ਹੈ ਉਦੋਂ ਹਉਮੈ ਵਾਲੀ ਅਵੱਸਥਾ ਖ਼ਤਮ ਹੋ ਜਾਂਦੀ ਹੈ। ''ਨਾਮ'' ਦੀ ਅਵੱਸਥਾ ਸਹਜ ਵਾਲੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੈ ਤੇ ''ਹਉਮੈ'' ਤ੍ਰੈਗੁਣਾਂ ਵਾਲੇ ਗਿਆਨ ਵਾਲੀ ਅਵੱਸਥਾ ਹੈ। ''ਨਾਮ'' ਸੱਚੇ ਗਿਆਨ ਵਾਲੀ ਅਵੱਸਥਾ ਹੈ, ਗੁਰਮਤਿ ਦੀ ਸੱਚੀ ਮਤਿ ਵਾਲੀ ਅਵੱਸਥਾ ਹੈ ਤੇ ''ਹਉਮੈ'' ਅਗਿਆਨਤਾ ਵਾਲੀ, ਭਰਮਾਂ ਵਾਲੀ, ਮਾਇਆ ਮੋਹ ਵਾਲੀ, ਦੁਚਿੱਤੀ, ਦੁਬਿਧਾ ਵਾਲੀ, ਮਨਮਤਿ ਵਾਲੀ ਅਵੱਸਥਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਦੋਨੋਂ ਹੀ ਮਨ ਦੀਆਂ ਅਵੱਸਥਾਵਾਂ ਹਨ ਜੋ ਕਿ ਕਦੇ ਇਕੱਠੀਆਂ ਨਹੀਂ ਹੋ ਸਕਦੀਆਂ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}

(ਅੰਗ ੫੬੦)

ਨਾਮ ਦੀ ਅਵੱਸਥਾ **"ਤੂੰ"** ਦੀ ਅਵੱਸਥਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੀ ਅਵੱਸਥਾ ਹੈ ਤੇ ਹਉਮੈ **"ਮੈਂ"** ਦੀ ਅਵੱਸਥਾ ਹੈ, ਜਦੋਂ ਅਸੀਂ ਮਨ ਦੀ ਅਗਿਆਨਤਾ ਕਰਕੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਸਾਡੇ ਅੰਦਰ ''ਨਾਮ'' ਦੇ ਵੱਸਣ ਨਾਲ ਹੀ ਭਾਵ ਪ੍ਰਮਾਤਮਾ ਦੇ ਆਪਣੇ ਨਾਮ ਰੂਪ ਦੁਆਰਾ ਪ੍ਰਗਟ ਹੋਣ ਨਾਲ ਹੀ ਸਾਡੀ **"ਮੈਂ"** ਖਤਮ ਹੁੰਦੀ ਹੈ, ਹਉਮੈ ਵਾਲੀ ਅਵੱਸਥਾ ਖਤਮ ਹੁੰਦੀ ਹੈ ਤੇ ਪਿੱਛੇ ਕੇਵਲ **"ਤੂੰ"** ਵਾਲੀ ਅਵੱਸਥਾ ਰਹਿ ਜਾਂਦੀ ਹੈ। ਮਨ ਦਾ ਹਰ ''ਭਰਮ'' ਨਿਕਲ ਜਾਂਦਾ ਹੈ ਤੇ ਪਿੱਛੇ ਕੇਵਲ ''ਸੱਚ'' ਰਹਿ ਜਾਂਦਾ ਹੈ, ''ਪ੍ਰਮਾਤਮਾ'' ਆਪ ਰਹਿ ਜਾਂਦਾ ਹੈ ਜੋ ਫਿਰ ਮਨ ਦੇ ਵਿੱਚ ਆਪਣਾ ਸੱਚ ਹੀ ਸਮਝਾਉਂਦਾ ਹੈ।

{ਗਇਆ ਭਰਮੁ ਰਹਿਆ ਪਰਮਾਨੰਦਾ॥੩॥੨੦॥}

(ਅੰਗ - ੩੨੭)

ਇਹਨਾਂ ਸਾਰੀਆਂ ਗੱਲਾਂ ਨੂੰ ਹੀ ਅਸੀਂ ਮੁੱਖ ਸ਼ਬਦ ਦੁਆਰਾ ਸਮਝਣਾ ਹੈ ਕਿ ਸਾਡੇ ਅੰਦਰ ਇਹ ਹਉਮੈ ਦੀ ਅਵੱਸਥਾ ਤੇ ਸਹਜ ਦੀ ਅਵੱਸਥਾ ਆਉਂਦੀ ਕਿੱਥੋਂ ਹੈ।

11/1097

"ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥"

“ਖੇਤੁ” ਸਾਡੇ ਮਨ ਨੂੰ ਕਿਹਾ ਹੈ ਤੇ **“ਬੀਜ”** ਸਾਡੇ ਮਨ ਦੇ ਵਿਚਾਰਾਂ ਨੂੰ ਕਿਹਾ ਹੈ। ਮਨ ਇੱਕ ਹੀ ਹੈ। “**ਮਨ ਹੀ**” ਸਹਜ ਵਾਲੇ ਵਿਚਾਰਾਂ ਦੇ ਉਪਜਣ ਦਾ ਖੇਤ ਹੈ ਤੇ “**ਮਨ ਹੀ**” ਹਉਮੈ ਵਾਲੇ ਵਿਚਾਰਾਂ ਦੇ ਉਪਜਣ ਦਾ ਖੇਤ ਹੈ। ਸਾਰੀ ਗੱਲ ਮਨ ਦੇ ਵਿਚਾਰਾਂ ਦੀ ਹੈ ਭਾਵ ਮਨ ਦੇ ਅੰਦਰ ਦੇ ਬੀਜ ਦੀ ਹੈ। ਸਾਡੀ ਮਨ ਦੀ ਅਵੱਸਥਾ ਉਹੋ ਜਿਹੀ ਬਣਦੀ ਹੈ ਜਿਹੋ ਜਿਹਾ ਬੀਜ ਸਾਡੇ ਮਨ ਦੇ ਵਿੱਚ ਪੈਂਦਾ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਸਾਡੇ ਮਨ ਦੇ ਵਿੱਚ ਬੀਜ ਪਾਉਣ ਵਾਲਾ ਕੌਣ ਹੈ। ਇਹ ਬੀਜ ਪਾਉਣ ਵਾਲਾ ਆਪ ਪ੍ਰਮਾਤਮਾ ਹੈ ਭਾਵ ਸਾਡੇ ਮਨ ਦੇ ਵਿੱਚ ਵਿਚਾਰ, ਸਾਡੇ ਮਨ ਦੇ ਵਿੱਚ ਗਿਆਨ ਪਾਉਣ ਵਾਲਾ ਆਪ ਪ੍ਰਮਾਤਮਾ ਹੈ। ਜਿਸ ਮਨੁੱਖੀ ਮਨ ਦੇ ਨਾਲ ਪ੍ਰਮਾਤਮਾ ਆਪਣਾ ਪਿਆਰ ਜੋੜਦਾ ਹੈ ਉਸ ਖੇਤ ਨੂੰ ਉਹ “**ਸਹਜ ਦਾ ਖੇਤ**” ਬਣਾ ਦਿੰਦਾ ਹੈ, ਚੌਥੇ ਪਦ ਦੇ ਗਿਆਨ ਵਾਲਾ ਬਣਾ ਦਿੰਦਾ ਹੈ, ਸੱਚੇ ਗਿਆਨ ਵਾਲਾ ਬਣਾ ਦਿੰਦਾ ਹੈ। ਉਸਨੇ ਆਪਣਾ ਪਿਆਰ ਗੁਰੂ ਦੇ ਨਾਲ ਪਾਇਆ ਹੋਇਆ ਹੈ ਭਾਵ ਗੁਰੂ ਦੇ ਵਿੱਚ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੋਇਆ ਹੈ ਤੇ ਇਸੇ ਲਈ ਗੁਰੂ ਦਾ ਖੇਤ ਸਹਜ ਵਾਲਾ ਖੇਤ ਹੈ, ਸਹਜ ਦੀ ਅਵੱਸਥਾ ਵਾਲਾ ਮਨ ਹੈ, ਬ੍ਰਹਮ ਗਿਆਨ ਦੀ ਸਮਝ ਵਾਲਾ ਮਨ ਹੈ। ਮਨ ਦੇ ਵਿੱਚ “ਸਹਜ” ਵਾਲੇ ਗਿਆਨ ਦੀ ਅਵੱਸਥਾ ਭਾਵ ਬ੍ਰਹਮ ਗਿਆਨ ਵਾਲੀ, ਚੌਥੇ ਪਦ ਦੇ ਗਿਆਨ ਵਾਲੀ ਭਾਵ ਨਾਮ ਦੀ ਸਮਝ ਵਾਲੀ ਅਵੱਸਥਾ ਹੈ ਜੋ ਪ੍ਰਮਾਤਮਾ ਦਾ ਆਪਣਾ “ਗੁਰੂ” ਰੂਪ ਹੈ, “**ਸ਼ਬਦ**” ਰੂਪ ਹੈ।

(ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥)

ਸਹਜ ਦਾ ਖੇਤ ਨਾਮ ਦੇ ਬੀਜ ਦੁਆਰਾ ਬਣਦਾ ਹੈ। ਸੱਚੇ ਗਿਆਨ ਦੇ ਬੀਜ ਦੁਆਰਾ ਬਣਦਾ ਹੈ, ਬ੍ਰਹਮ ਗਿਆਨ ਦੇ ਬੀਜ ਦੁਆਰਾ ਬਣਦਾ ਹੈ, ਗੁਰਮਤਿ ਦੇ ਬੀਜ ਦੁਆਰਾ ਬਣਦਾ ਹੈ। ਬੀਜ ਬੀਜਣ ਵਾਲਾ ਆਪ ਪ੍ਰਮਾਤਮਾ ਹੈ, ਆਪ ਨਾਮ ਦਾ ਮਾਲਕ ਹੈ। ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਆਪ ਨੂੰ ਮਨ ਦੇ ਵਿੱਚ ਨਾਮ ਦੇ ਬੀਜ ਦੁਆਰਾ ਹੀ ਪ੍ਰਗਟ ਕਰਦਾ ਹੈ, ਬ੍ਰਹਮ ਗਿਆਨ ਸੋਝੀ ਪਾਉਣ ਦੁਆਰਾ ਹੀ ਪ੍ਰਗਟ ਕਰਦਾ ਹੈ। ਉਹ ਜਿਹੋ ਜਿਹੇ ਵਿਚਾਰਾਂ ਦਾ ਬੀਜ ਸਾਡੇ ਅੰਦਰ ਬੀਜਦਾ ਹੈ ਸਾਡੇ ਮਨ ਦੇ ਵਿੱਚ ਉਹੋ ਜਿਹਾ ਬੀਜ ਹੀ ਉੱਗਦਾ ਹੈ ਭਾਵ ਉਹੋ ਜਿਹੇ ਵਿਚਾਰ ਹੀ ਸਾਡੇ ਅੰਦਰ ਉਪਜਦੇ ਹਨ। ਨਾਮ ਦਾ ਬੀਜ ਬੀਜਣ ਦੁਆਰਾ ਸਾਡੇ ਮਨ ਦੇ ਅੰਦਰ ਉਸ ਦਾ ਸੱਚਾ ਗਿਆਨ ਹੀ ਉਪਜਦਾ ਹੈ ਤੇ ਇਹੋ ਜਿਹੀ ਅਵੱਸਥਾ ਵਾਲਾ ਮਨ ਫਿਰ ਸੱਚੇ ਗਿਆਨ ਵਿੱਚ ਹੀ ਸਮਾਇਆ ਰਹਿੰਦਾ ਹੈ, ਉਸ ਦੀ

11/1098

ਸੱਚੀ ਮਤਿ ਵਿੱਚ ਹੀ ਸਮਾਇਆ ਰਹਿੰਦਾ ਹੈ, ਉਸਦੇ ਨਾਮ ਵਿੱਚ ਹੀ ਸਮਾਇਆ ਰਹਿੰਦਾ ਹੈ। ਇਸੇ ਲਈ ਸਤਿਗੁਰ ਦੀ ਮਤਿ ਸੱਚੀ ਹੈ, ਇਹ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਮਤਿ ਹੈ ਤੇ ਇਸੇ ਲਈ ਪ੍ਰਮਾਤਮਾ ਅਸਲ ਵਿੱਚ ਆਪ ਹੀ ਗੁਰੂ ਹੈ ਤੇ ਮਨੁੱਖੀ ਸਰੀਰ ਉਸ ਗਿਆਨ ਨੂੰ ਆਪਣੇ ਮਨ ਦੇ ਅੰਦਰ ਕੇਵਲ ਸਮਝਣ ਲਈ ਤੇ ਟਿਕਾਉਣ ਲਈ ਹੈ। **(ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥)** ਗੁਰੂ ਅਤੇ ਆਮ ਮਨੁੱਖ ਵਿੱਚ, ਪ੍ਰਮਾਤਮਾ ਤੇ ਆਮ ਮਨੁੱਖ ਵਿੱਚ, “ਨਾਮ” ਵਾਲੀ ਸਮਝ ਤੇ “ਹਉਮੈ” ਵਾਲੀ ਸਮਝ ਵਿੱਚ ਫ਼ਰਕ ਕਿਵੇਂ ਪੈਂਦਾ ਹੈ ਤੇ ਕਿੱਥੋਂ ਪੈਂਦਾ ਹੈ, ਇਸਦੀ ਸੋਝੀ ਅਗਲੀਆਂ ਪੰਗਤੀਆਂ ਦੁਆਰਾ ਪਾਈ ਹੋਈ ਹੈ।

“ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ॥”

ਪੂਰੀ ਗੁਰਬਾਣੀ ਮਨ ਦੇ ਸਹਜ ਦੁਆਰਾ ਹੀ ਆਈ ਹੈ। ਜਿੰਨ੍ਹਾਂ ਸਰੀਰਾਂ ਦੇ ਅੰਦਰ ਪ੍ਰਮਾਤਮਾ ਨੇ ਪਰਗਟ ਹੋ ਕੇ ਸਹਜ ਦਾ ਬੀਜ ਬੀਜਿਆ ਹੈ ਉਨ੍ਹਾਂ ਰਾਹੀਂ ਹੀ ਗੁਰਬਾਣੀ ਸੰਸਾਰ ਵਿੱਚ ਆਈ ਹੈ। ਪੂਰੀ ਗੁਰਬਾਣੀ ਵਿੱਚ ਇਸੇ ਲਈ ਸਹਜ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਪ੍ਰਮਾਤਮਾ ਦਾ ਨਾਮ ਹੈ, ਬ੍ਰਹਮ ਗਿਆਨ ਹੈ ਜੋ ਹਰ ਭਰਮ ਤੋਂ ਰਹਿਤ ਹੈ।

ਖੇਤ ਤਾਂ ਇੱਕੋ ਇੱਕ ਮਨ ਹੀ ਹੈ। ਇਸ ਮਨ ਵਿੱਚ ਹੀ ਆਪ ਪ੍ਰਮਾਤਮਾ ਹੈ ਤੇ ਇਸ ਮਨ ਦੁਆਰਾ ਹੀ ਮਨੁੱਖ ਆਪਣੇ ਆਪ ਨੂੰ ਜਾਣਦਾ ਹੈ। ਪ੍ਰਮਾਤਮਾ ਤੇ ਮਨੁੱਖ ਦੇ ਵਿੱਚ ਕੇਵਲ ਇੱਕ “ਭਰਮ” ਦਾ ਪੜਦਾ ਹੀ ਹੈ, ਹਉਮੈ ਦਾ ਪੜਦਾ ਹੀ ਹੈ ਭਾਵ “ਸਹਸਾ” ਹੀ ਹੈ ਜਿਸ ਕਰਕੇ ਇਸ ਮਨ ਦੀ ਸੋਝੀ ਨਹੀਂ ਪੈਂਦੀ ਕਿ ਅਸਲ ਵਿੱਚ ਇਹ ਮਨ ਕੀ ਹੈ। ਸਾਡੇ ਮਨ ਦੇ ਵਿੱਚ ਬੀਜ ਬੀਜਣ ਵਾਲਾ ਇੱਕੋ ਹੀ ਹੈ, ਮਨ ਦੇ ਵਿੱਚ ਵਿਚਾਰ ਪਾਉਣ ਵਾਲਾ ਇੱਕੋ ਹੀ ਹੈ ਜੋ ਸਾਡੇ ਅੰਦਰ ਸਹਜ ਅਵੱਸਥਾ ਵਿੱਚ ਬੈਠਾ ਹੈ। “ਹਉਮੈ” ਸਾਡੇ ਮਨ ਦੇ ਵਿਚਾਰ ਹੀ ਹਨ ਜੋ ਸਾਨੂੰ **“ਮੈਂ”** ਸਿਖਾਉਂਦੇ ਹਨ, ਜੋ ਸਾਨੂੰ ਸਾਡੇ ਅੰਦਰ ਵਰਤ ਰਹੇ ਪ੍ਰਮਾਤਮਾ ਦੀ ਸੋਝੀ ਨਹੀਂ ਪੈਣ ਦਿੰਦੇ। ਇਹ ਸੋਝੀ ਸਾਨੂੰ ਪ੍ਰਮਾਤਮਾ ਆਪ ਹੀ ਨਹੀਂ ਪੈਣ ਦਿੰਦਾ ਕਿਉਂਕਿ ਬੀਜ ਬੀਜਣ ਵਾਲਾ ਉਹ ਆਪ ਹੀ ਹੈ। ਸਾਨੂੰ ਪ੍ਰਮਾਤਮਾ ਦੀ ਸੋਝੀ ਮਨ ਦੇ ਵਿਚਾਰਾਂ ਦੁਆਰਾ ਹੀ ਪੈ ਸਕਦੀ ਹੈ ਪਰ ਇਹਨਾਂ ਵਿਚਾਰਾਂ ਤੇ ਸਾਡਾ ਕੋਈ ਵੱਸ

ਨਹੀਂ ਹੈ। ਸਾਨੂੰ ਇਸ ਸਹਸਾ ਵਿੱਚੋਂ, ਹਉਮੈ ਵਿੱਚੋਂ ਉਹ ਆਪ ਹੀ ਕੱਢ ਸਕਦਾ ਹੈ। ਸਾਡੇ ਅੰਦਰੋਂ ਇਸ "**ਹਉਮੈ**" ਨੂੰ ਕੱਢਣ ਦਾ ਤਰੀਕਾ "**ਨਾਮ ਦਾ ਬੀਜ ਹੈ**," ਚੌਥੇ ਪਦ ਦੇ ਗਿਆਨ ਦਾ ਉਪਜਣਾ ਹੈ ਤੇ ਮਨੁੱਖ ਕੋਲ ਪ੍ਰਮਾਤਮਾ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਮਨੁੱਖ ਬਿਲਕੁਲ ਬੇਵੱਸ ਹੈ। ਜਿੱਥੇ ਉਸਦਾ ਗੁਰੂ ਰੂਪ ਹੈ, ਉੱਥੇ ਉਸਨੇ ਉਸ ਦੇ ਮਨ ਦੀ ਸਮਝ ਦੇ ਵਿੱਚੋਂ ਹਉਮੈ, ਸਹਸਾ ਕੱਢੀ ਹੋਈ ਹੈ ਕਿਉਂਕਿ ਮਨ ਦਾ ਬੀਜ ਉਸਦੇ ਆਪਣੇ ਹੱਥ ਹੈ। **(ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ॥)** ਜੋ ਸਾਡੇ ਮਨ ਦੇ ਵਿਚਾਰ ਸਾਨੂੰ ਬੋਲਣ ਲਈ, ਕਰਨ ਲਈ ਸਮਝਾਉਂਦੇ ਹਨ ਅਸੀਂ ਉਹੀ ਕੁੱਝ ਕਰਦੇ ਹਾਂ। ਸਾਡੇ ਅੰਦਰ ਹੁਕਮ ਵਿਚਾਰਾਂ ਦਾ ਹੀ ਚੱਲਦਾ ਹੈ ਤੇ ਅਸੀਂ ਉਸ ਹੁਕਮ ਦੇ

11/1099

ਬੱਝੇ ਹੋਏ ਹਾਂ, ਅਸੀਂ ਮਨ ਦੀ ਸੋਚ ਦੇ ਬੱਝੇ ਹੋਏ ਹਾਂ, ਮਨ ਦੇ ਬੀਜ ਦੇ ਬੱਝੇ ਹੋਏ ਹਾਂ ਤੇ ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

"ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ॥"

ਇੱਥੇ ਮਨੁੱਖ ਦੀ ਬੇਵੱਸੀ ਹੀ ਸਮਝਾਈ ਹੋਈ ਹੈ। ਨਾ ਸਾਡੇ ਵੱਸ ਇਸ ਬੀਜ ਨੂੰ ਬੀਜਣਾ ਹੈ ਤੇ ਨਾ ਹੀ ਇਹਨਾਂ ਵਿਚਾਰਾਂ ਨੂੰ ਅਸੀਂ ਬਦਲ ਸਕਦੇ ਹਾਂ ਭਾਵ ਸਾਡਾ ਇਹਨਾਂ ਉੱਪਰ ਕੋਈ ਜ਼ੋਰ ਨਹੀਂ ਹੈ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਬਖਸ਼ਿਸ਼ ਹੈ ਕਿ ਉਹ ਸਾਡੇ ਅੰਦਰ ਕਿਹੋ ਜਿਹੇ ਵਿਚਾਰ ਪਾਉਂਦਾ ਹੈ। ਮਾੜੇ ਵਿਚਾਰ ਪਾਉਂਦਾ ਹੈ ਜਾਂ ਚੰਗੇ ਵਿਚਾਰ ਪਾਉਂਦਾ ਹੈ, ਸਾਡੇ ਕੋਲੋਂ ਮਾੜੇ ਕਰਮ ਕਰਾਉਂਦਾ ਹੈ ਜਾਂ ਚੰਗੇ ਕਰਮ ਕਰਾਉਂਦਾ ਹੈ, ਸਾਨੂੰ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ ਜਾਂ ਆਪਣੇ ਆਪ ਤੋਂ ਦੂਰ ਰੱਖਣਾ ਚਾਹੁੰਦਾ ਹੈ, ਸਾਨੂੰ ਆਪਣਾ ਨਾਮ ਬਖਸ਼ਣਾ ਚਾਹੁੰਦਾ ਹੈ ਜਾਂ ਹਉਮੈ ਵਿੱਚ ਰੱਖਣਾ ਚਾਹੁੰਦਾ ਹੈ। ਗੱਲ ਉਹੀ ਹੈ ਜੋ ਅਸੀਂ ਪਿੱਛੇ ਸਮਝਦੇ ਆਏ ਹਾਂ, ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ ਪਰ ਹਰ ਸ਼ਬਦ ਵਿੱਚ ਗੁਰੂ ਦਾ ਆਪਣੀ ਗੱਲ ਨੂੰ ਸਮਝਾਉਣ ਦਾ ਤਰੀਕਾ ਬਦਲਿਆ ਹੁੰਦਾ ਹੈ।

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥}

(ਅੰਗ ੬)

{ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ਜੋਰੁ ਨ ਜੁਗਤੀ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ਨਾਨਕ ਉਤਮੁ ਨੀਚੁ ਨ ਕੋਇ॥੩੩॥}

(ਅੰਗ ੭)

{ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥}

(ਅੰਗ ੧)

ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਵਿਚਾਰਾਂ ਦੀ ਸਾਂਝ ਦੁਆਰਾ ਹੀ ਹੈ, ਆਪਸ ਵਿੱਚ ਵਿਚਾਰਾਂ ਦਾ ਇੱਕ ਹੋ ਜਾਣਾ ਹੀ ਹੈ ਭਾਵ ਮਨ ਦੀ ਦੁਚਿੱਤੀ ਮਿਟ ਕੇ ਪ੍ਰਮਾਤਮਾ ਨਾਲ ਇੱਕ ਮਨ ਇੱਕ ਚਿਤ ਹੋਣਾ ਹੀ ਹੈ। ਮਨ ਦੀ ਦੁਚਿੱਤੀ ਮਿੱਟ ਕੇ, ਸਹਸਾ ਮਿਟ ਕੇ, ਹਉਮੈ ਮਿਟ ਕੇ, ਨਾਮ ਵਾਲੀ ਸਮਝ ਵਾਲਾ ਬਣਕੇ ਪ੍ਰਮਾਤਮਾ ਦੇ ਨਾਲ **"ਇੱਕ ਸੋਚ"** ਹੋ ਜਾਣਾ ਹੀ ਹੈ ਜੋ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

11/1100

"ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ॥"

ਜਿਸ ਤਰ੍ਹਾਂ ਪਾਣੀ ਵਿੱਚ ਪਾਣੀ ਰਲ ਜਾਵੇ ਤੇ ਫਿਰ ਉਸ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ, ਇਸੇ ਤਰ੍ਹਾਂ ਇੱਕ ਵਾਰੀ ਪ੍ਰਮਾਤਮਾ ਦੇ ਨਾਲ ਮਨ ਦੇ ਵਿਚਾਰਾਂ ਦੀ, ਗਿਆਨ ਦੀ ਸਾਂਝ ਪੈਣ ਤੋਂ ਬਾਅਦ ਉਹ ਸਾਂਝ ਬਣੀ ਹੀ ਰਹਿੰਦੀ ਹੈ, ਉਹ ਮਨ ਦਾ ਮੇਲ ਬਣਿਆ ਹੀ ਰਹਿੰਦਾ ਹੈ। ਮਨ ਵਿੱਚੋਂ ਇੱਕ ਵਾਰੀ ਹਉਮੈ ਦਾ ਪੜਦਾ ਦੂਰ ਹੋਣ ਤੋਂ ਬਾਅਦ ਉਹ ਦੁਬਾਰਾ ਨਹੀਂ ਪੈ ਸਕਦਾ ਤੇ ਪਿੱਛੇ ਮਨ ਵਿੱਚ ਕੇਵਲ ਇੱਕ **"ਨਾਮ"** ਹੀ ਰਹਿ ਜਾਂਦਾ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੀ ਰਹਿ ਜਾਂਦਾ ਹੈ ਭਾਵ ਉਹ ਕੇਵਲ ਆਪ

ਹੀ ਰਹਿ ਜਾਂਦਾ ਹੈ ਤੇ ਮਨੁੱਖ ਦਾ ਭਰਮ ਦੂਰ ਹੋ ਜਾਂਦਾ ਹੈ ਭਾਵ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਉਹ ਪ੍ਰਮਾਤਮਾ ਨਾਲੋਂ ਕੋਈ ਵੱਖਰਾ ਨਹੀਂ ਹੈ ਭਾਵ ਹਰ ਸਰੀਰ ਰਾਹੀਂ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਪਰ ਇਸ ਗੱਲ ਨੂੰ ਕੋਈ ਹਉਮੈ ਵਾਲੀ ਸਮਝ ਵਿੱਚ ਰਹਿੰਦਿਆਂ ਸਮਝ ਨਹੀਂ ਸਕਦਾ। ਇਹ ਉਸਦੀ ਆਪਣੀ ਬਣਾਈ ਹੋਈ ਇੱਕ ਖੇਡ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

“ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥”

ਪਹਿਲੀ ਗੱਲ ਤਾਂ ਇਹ ਸਮਝਣ ਦੀ ਹੈ ਕਿ ਇਸ ਸੰਸਾਰ ਨੂੰ **“ਚਲਤੁ”** ਕਿਸ ਲਈ ਕਿਹਾ ਹੈ, ਤਮਾਸ਼ਾ ਕਿਸ ਲਈ ਕਿਹਾ ਗਿਆ ਹੈ, ਖੇਡ ਕਿਸ ਲਈ ਕਿਹਾ ਗਿਆ ਹੈ। ਇਸ ਸੰਸਾਰ ਵਿੱਚ ਜੋ ਕੋਈ ਵੀ ਆਉਂਦਾ ਹੈ ਉਹ ਆਪਣੇ ਆਪ ਨੂੰ “ਮੈਂ” ਸਮਝਦਾ ਹੈ ਤੇ ਜੋ ਕੁੱਝ ਵੀ ਕਰਦਾ ਹੈ ਉਸ ਵਿੱਚ ਉਸਦੀ “ਮੈਂ” ਹੁੰਦੀ ਹੈ। ਹਕੀਕਤ ਵਿੱਚ ਇਸ ਪੂਰੀ ਸ੍ਰਿਸ਼ਟੀ ਵਿੱਚ **“ਮੈਂ”** ਨਾ ਦੀ ਕੋਈ ਚੀਜ਼ ਨਹੀਂ ਹੈ ਤੇ ਅਸਲ ਵਿੱਚ ਸਭ ਕੁੱਝ **“ਤੂੰ”** ਹੈ। ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਸ ਹਕੀਕਤ ਨੂੰ ਨਾ ਬੁੱਝ ਪਾਉਣਾ ਹੀ “ਮੈਂ” ਹੈ। ਹਰ ਕੋਈ ਇਸੇ ਤਮਾਸ਼ੇ ਦਾ ਹੀ ਹਿੱਸਾ ਹੈ। ਹਕੀਕਤ ਸਮਝ ਆਉਣ ਤੇ ਫਿਰ ਇਹ ਤਮਾਸ਼ਾ ਸਮਝ ਆ ਜਾਂਦਾ ਹੈ। ਤਮਾਸ਼ੇ ਦਾ ਰਾਜ਼ ਸਾਡੇ ਅੰਦਰ ਹੀ ਹੈ। ਇਸ ਤਮਾਸ਼ੇ ਨੂੰ ਜੋ ਮਨ ਦੇ ਵਿੱਚੋਂ ਵੇਖਦਾ ਹੈ ਉਹੀ ਇਸ ਤਮਾਸ਼ੇ ਨੂੰ ਸਮਝਦਾ ਹੈ। ਇਸ ਤਮਾਸ਼ੇ ਨੂੰ ਉਹ ਪ੍ਰਮਾਤਮਾ ਆਪ ਹੀ ਕਿਸੇ ਨੂੰ ਵਿਖਾ ਸਕਦਾ ਹੈ, ਸਮਝਾ ਸਕਦਾ ਹੈ। ਆਪਣਾ ਇਹ ਤਮਾਸ਼ਾ ਪ੍ਰਮਾਤਮਾ ਕਦੇ ਹੀ ਕਰੋੜਾਂ-ਕਰੋੜਾਂ ਵਿੱਚੋਂ ਕਿਸੇ ਵਿਰਲੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਖਾਉਂਦਾ ਹੈ। ਸਾਡੀ ਜਿੰਦਗੀ ਦਾ ਮਨੋਰਥ ਇਸ ਤਮਾਸ਼ੇ ਨੂੰ ਦੇਖਣ ਦਾ ਹੀ ਹੈ, ਸਮਝਣ ਦਾ ਹੀ ਹੈ ਜਿਸ ਨੂੰ ਕੇਵਲ ਪ੍ਰਮਾਤਮਾ ਦੇ

ਨਾਲ ਮੇਲ ਦੁਆਰਾ ਹੀ ਦੇਖਿਆ ਜਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਸਾਡੇ ਜੀਵਨ ਦਾ ਮਨੋਰਥ ਹੈ। **(ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥)** ਇਸ ਤਮਾਸ਼ੇ ਨੂੰ ਦੇਖਣਾ, ਸਮਝਣਾ ਸਾਡੇ ਵੱਸ ਵਿੱਚ ਨਹੀਂ ਹੈ। ਇਸ ਤਮਾਸ਼ੇ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ, ਮਨ ਦੇ ਵਿਚਾਰਾਂ ਰਾਹੀਂ ਪੈਂਦੀ ਹੈ, ਮਨ ਦੇ ਵਿੱਚ ਬੀਜ ਬੀਜਣ ਵਾਲੇ ਨੂੰ ਜਾਣਨ ਦੁਆਰਾ ਹੀ ਪੈਂਦੀ ਹੈ। ਜਿਸ ਨੇ ਸਾਨੂੰ ਇਸ ਤਮਾਸ਼ੇ ਵਿੱਚ ਰੱਖਿਆ ਹੋਇਆ ਹੈ ਉਹੀ ਸਾਨੂੰ ਇਸ ਤਮਾਸ਼ੇ ਦੀ ਸੋਝੀ ਪਾ ਸਕਦਾ ਹੈ, ਜਿਸ ਨੇ ਸਾਨੂੰ “ਮੈਂ” ਵਿੱਚ ਰੱਖਿਆ ਹੋਇਆ ਹੈ ਉਹੀ ਸਾਨੂੰ **“ਤੂੰ”** ਰੂਪ ਬਣਾ ਸਕਦਾ ਹੈ ਤੇ ਇਹ ਤਮਾਸ਼ਾ “ਤੂੰ” ਰੂਪ ਬਣ ਕੇ ਹੀ ਸਮਝ ਆਉਂਦਾ ਹੈ ਭਾਵ ਉਸਦੀ ਨਾਮ ਵਾਲੀ ਸਮਝ ਵਾਲਾ ਰੂਪ ਬਣਕੇ ਹੀ ਸਮਝ ਆਉਂਦਾ ਹੈ। **(ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ॥)** ਜਿਹੜੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਸੋਝੀ ਪਾਈ ਹੈ, ਉਹਨਾਂ ਨੇ ਹੀ ਇਸ ਤਮਾਸ਼ੇ ਨੂੰ ਵੇਖਿਆ ਹੈ।

{ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨ ਆਯੋ ਜਗਤ ਤਮਾਸਾ॥}

(ਪਾਤਸ਼ਾਹੀ ਦਸਵੀਂ)

ਜੋ ਉਸਦੇ ਤਮਾਸ਼ੇ ਨੂੰ ਦੇਖ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਵੱਡਾ ਨਹੀਂ ਕਹਿੰਦਾ, ਦਾਸ ਹੀ ਕਹਿੰਦਾ ਹੈ। ਜਦ ਤੱਕ ਪ੍ਰਮਾਤਮਾ ਸਾਡੇ ਮਨ ਵਿੱਚ ਪ੍ਰਗਟ ਨਹੀਂ ਹੁੰਦਾ, ਸਾਡੇ ਮਨ ਰੂਪ ਖੇਤ ਨੂੰ ਸਹਜ ਵਾਲੀ ਸਮਝ ਵਿੱਚ ਨਹੀਂ ਬਦਲਦਾ ਭਾਵ ਸਾਡੇ ਅੰਦਰ ਆਪਣੇ ਨਾਮ ਦਾ ਬੀਜ ਨਹੀਂ ਬੀਜਦਾ ਤਦ ਤੱਕ ਇਸ ਖੇਡ ਨੂੰ ਕੋਈ ਨਹੀਂ ਦੇਖ ਸਕਦਾ। ਇਹ ਕੇਵਲ ਤੇ ਕੇਵਲ ਉਸਦੀ ਰਜ਼ਾ ਹੈ। ਮਨੁੱਖ ਹਕੀਕਤ ਵਿੱਚ ਬਪੁੜਾ ਹੀ ਹੈ, ਬਿਲਕੁਲ ਬੇਵੱਸ ਹੈ। **(ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥ ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ॥੧॥)**

ਪੂਰੀ ਬਾਣੀ ਦਾ ਇੱਕ ਇੱਕ ਅੱਖਰ ਪੜ੍ਹ ਲਵੋ ਤੇ ਕੋਈ ਐਸਾ ਸ਼ਬਦ ਦਿਖਾਉ ਜਿੱਥੇ ਪ੍ਰਮਾਤਮਾ ਦੇ ਨਾਲ ਮੇਲ ਮਨ ਤੋਂ ਇਲਾਵਾ ਕਿਸੇ ਹੋਰ ਜਗ੍ਹਾ ਤੇ ਹੋਣਾ ਲਿਖਿਆ ਹੋਵੇ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਤੋਂ ਇਲਾਵਾ, ਸਹਜ ਦੀ ਅਵੱਸਥਾ ਤੋਂ ਇਲਾਵਾ ਮੇਲ ਦਾ ਕੋਈ ਹੋਰ ਤਰੀਕਾ ਲਿਖਿਆ ਹੋਵੇ, ਉਸਦੇ ਨਿਰਗੁਣ ਰੂਪ ਦੇ ਨਾਲ ਮੇਲ ਤੋਂ ਇਲਾਵਾ ਕਿਸੇ ਸਰਗੁਣ ਰੂਪ ਆਕਾਰ ਰੂਪ ਦੇ ਨਾਲ ਮੇਲ ਲਿਖਿਆ ਹੋਵੇ। ਪ੍ਰਮਾਤਮਾ ਦੇ ਨਾਲ ਮਨ ਤੋਂ ਬਾਹਰ ਮੇਲ ਦੀਆਂ ਗੱਲਾਂ, ਸਰਗੁਣ ਸਰੂਪ ਦੇ ਮੇਲ ਦੀਆਂ ਗੱਲਾਂ, ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚ ਉਸਦੇ ਨਾਲ ਮੇਲ ਦੀਆਂ ਗੱਲਾਂ, ਕਿਸੇ ਬਾਹਰੀ ਪ੍ਰਕਾਸ਼ ਹੋਣ ਦੀਆਂ ਗੱਲਾਂ ਕੇਵਲ ਉਹੋ ਜਿਹੇ ਕਰਦੇ ਹਨ ਜੋ ਅਤਿ ਦੇ ਭਰਮੇ ਹੋਏ ਹਨ, ਜੋ ਸਰੀਰਕ ਕਿਰਿਆਵਾਂ ਦੁਆਰਾ ਜਪ ਤਪ ਆਦਿ ਕਰਦੇ ਹਨ, ਜਿੰਨ੍ਹਾਂ

ਨੂੰ ਭਗਤੀ ਦਾ ਮੂਲ ਹੀ ਨਹੀਂ ਪਤਾ। ਹੁਣ ਤੁਸੀਂ ਇਹ ਸਮਝ ਸਕਦੇ ਹੋ ਕਿ ਸਾਨੂੰ ਭੁਲਾਉਣ ਵਾਲਾ ਕੌਣ ਹੈ, ਸਾਡੇ ਮਨ ਦੇ ਖੇਤ ਵਿੱਚ ਬੀਜ ਬੀਜਣ ਵਾਲਾ ਕੌਣ ਹੈ। ਉਹ ਜਦੋਂ ਭੁਲਾਉਣ ਤੇ ਆਏ ਤਾਂ

11/1102

ਇੱਥੋਂ ਤੱਕ ਭੁਲਾ ਸਕਦਾ ਹੈ ਜਿਸਨੂੰ ਸਮਝਣਾ ਵੀ ਕਿਸੇ ਦੇ ਵੱਸ ਤੋਂ ਬਾਹਰ ਹੋ ਜਾਵੇ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ, ਹਉਮੈ ਵਿੱਚ ਰਹਿੰਦੇ ਹੋਏ ਹਰ ਕੋਈ ਭੁੱਲਿਆ ਹੋਇਆ ਹੀ ਹੈ, ਉਸ ਦੇ ਤਮਾਸ਼ੇ ਦਾ ਹਿੱਸਾ ਹੀ ਹੈ। ਉਹ ਜਿਹੋ ਜਿਹਾ ਤਮਾਸ਼ਾ ਕਿਸੇ ਕੋਲੋਂ ਕਰਵਾਉਂਦਾ ਹੈ ਉਸਨੂੰ ਕਰਨਾ ਹੀ ਪੈਂਦਾ ਹੈ। ਸਭ ਤਮਾਸ਼ਾ ਹੀ ਚੱਲ ਰਿਹਾ ਹੈ, ਸਭ ਭਰਮ ਭੁਲੇਖਾ ਹੀ ਚੱਲ ਰਿਹਾ ਹੈ। ਇਹ ਖੇਡ ਇਤਨੀ ਗਹਿਰੀ ਹੈ ਜਿਸ ਦੀ ਕੋਈ ਦੂਸਰੀ ਮਿਸਾਲ ਨਹੀਂ ਹੋ ਸਕਦੀ। ਇਸ ਗੱਲ ਦੀ ਸੋਝੀ ਇਸ ਖੇਡ ਨੂੰ ਜਾਣਨ ਤੋਂ ਬਾਅਦ ਹੀ ਪੈ ਸਕਦੀ ਹੈ।

ਪਿੱਛੇ ਸਬਦਾਂ ਦੁਆਰਾ ਅਸੀਂ ਇਹ ਬਰੀਕੀ ਨਾਲ ਸਮਝ ਚੁੱਕੇ ਹਾਂ ਕਿ "**ਹਉਮੈ**" ਕੀ ਹੈ, "**ਸਹਜ**" ਕੀ ਹੈ। ਸਾਡੀ ਹਉਮੈ ਕੇਵਲ ਸਹਜ ਗਿਆਨ ਦੁਆਰਾ ਹੀ ਦੂਰ ਹੋ ਸਕਦੀ ਹੈ। ਅਸੀਂ ਲੇਖ ਵਿੱਚ ਕਾਫ਼ੀ ਪਿੱਛੇ ਇਹ ਸਮਝਿਆ ਸੀ ਕਿ **"ਧੁਨਿ"** ਕੀ ਹੈ ਭਾਵ ਉਹ ਕਿਹੜੀ ਧੁਨਿ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਸੀ ਕਿ **"ਧੁਨਿ"** ਸਾਡੇ ਮਨ ਦੇ ਵਿਚਾਰ ਹਨ ਜੋ ਕਿ ਸਾਡੇ ਵੱਸ ਵਿੱਚ ਨਹੀਂ ਹਨ। ਇਹ ਮਨ ਦੀ ਧੁਨਿ ਹੈ ਜੋ ਕਿ ਪ੍ਰਮਾਤਮਾ ਦੇ ਆਪਣੇ ਹੱਥ ਵੱਸ ਹੈ। ਸਾਡਾ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਧੁਨਿ ਦੁਆਰਾ ਹੀ ਹੁੰਦਾ ਹੈ ਪਰ ਇਹ ਧੁਨਿ ਕੋਈ ਆਵਾਜ਼ ਕੱਢਣ ਵਾਲੀ ਧੁਨਿ ਨਹੀਂ ਹੈ, ਇਹ ਪ੍ਰਮਾਤਮਾ ਦੇ ਸੱਚੇ ਗਿਆਨ ਵਾਲੀ ਸਮਝ ਦੀ ਧੁਨਿ ਹੈ ਜੋ ਸਾਡੇ ਮਨ ਦੇ ਵਿੱਚ ਹੀ ਉਪਜਦੀ ਹੈ, ਉਸ ਦੀ ਕਿਰਪਾ ਦੁਆਰਾ ਉਪਜਦੀ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਇਸ ਮਨ ਦੀ ਸੋਝੀ ਪੈਂਦੀ ਹੈ, ਆਪਣੇ ਆਪ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਸਾਡੀ ਹਉਮੈ ਖ਼ਤਮ ਹੁੰਦੀ ਹੈ, ਸਾਡੀ **"ਮੈਂ"** ਮਿਟਦੀ ਹੈ, ਸਾਡਾ ਆਪਾ ਮਿਟਦਾ ਹੈ, ਸਾਡੇ ਅੰਦਰ ਦਾ ਮਾਣਸ ਰੂਪ ਮਿਟਦਾ ਹੈ। ਹੇਠ ਦਿੱਤੀ ਪੰਗਤੀ ਦੁਆਰਾ ਸਾਨੂੰ ਇਹ ਗੱਲ ਸਪੱਸ਼ਟ ਹੋ ਜਾਵੇਗੀ ਕਿ **"ਧੁਨਿ"** ਨੂੰ ਲੈ ਕੇ ਜੇਕਰ ਸਾਡੇ ਅੰਦਰ ਕੋਈ ਭੁਲੇਖਾ ਬਾਕੀ ਹੈ ਤਾਂ ਉਹ ਵੀ ਦੂਰ ਹੋ ਜਾਵੇਗਾ।

ਪ੍ਰਭਾਤੀ ਮਹਲਾ ੩॥

"ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ॥੧॥
ਮਨ ਮੇਰੇ ਗੁਰਮੁਖਿ ਨਾਮੁ ਧਿਆਇ॥
ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ॥੧॥ਰਹਾਉ॥
ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ॥
ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ॥੨॥
ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ॥
ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ॥੩॥
ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ॥੪॥
ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ॥੫॥
ਜਿਨ ਕਉ ਸਤਿਗੁਰੁ ਭੇਟਿਆ ਤਿਨਾ ਵਿਟਹੁ ਬਲਿ ਜਾਉ॥
ਤਿਨ ਕੀ ਸੰਗਤਿ ਮਿਲਿ ਰਹਾਂ ਸਚੇ ਸਚਿ ਸਮਾਉ॥੬॥
ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ॥

ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ॥੭॥
ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ॥
ਨਾਨਕ ਨਾਮੁ ਨ ਵੀਸਰੈ ਜੋ ਕਿਛੁ ਕਰੈ ਸੁ ਹੋਗੁ॥੮॥੨॥੭॥੨॥੯॥"

(ਅੰਗ ੧੩੪੯)

"ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ॥
ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ॥੨॥"

11/1103

ਸ਼ਬਦ ਦੀਆਂ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਹੈ ਕਿ ਸਾਡੇ ਮਨ ਦੇ ਵਿੱਚ ਇਹ "**ਸਹਜ ਦੀ ਧੁਨਿ**" ਉਪਜਣ ਦੇ ਨਾਲ ਹੀ ਭਾਵ ਚੌਥੇ ਪਦ ਦਾ ਗਿਆਨ ਉਪਜਣ ਨਾਲ ਹੀ ਸਾਡੇ ਅੰਦਰ ਨਾਮ ਵੱਸਦਾ ਹੈ, ਪ੍ਰਮਾਤਮਾ ਆਪ ਵੱਸਦਾ ਹੈ, ਉਸਦਾ ਸੱਚਾ ਗਿਆਨ ਵੱਸਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਦੇ ਸੱਚੇ ਗੁਣ ਇਸ "ਸਹਜ" ਦੀ ਅਵੱਸਥਾ ਦੁਆਰਾ ਹੀ ਗਾਏ ਜਾ ਸਕਦੇ ਹਨ। ਸਾਡੇ ਅੰਦਰ ਨਾਮ ਦੇ ਵੱਸਣ ਦੇ ਨਾਲ ਉਸਦੇ ਗੁਣ ਨਾਲ ਹੀ ਵੱਸ ਜਾਂਦੇ ਹਨ, ਉਸਦੀ ਮਤਿ ਨਾਲ ਹੀ ਵੱਸਦੀ ਹੈ ਭਾਵ ਮਨਮਤਿ ਦੂਰ ਹੋ ਕੇ, ਹਉਮੈ ਦੂਰ ਹੋ ਕੇ ਗੁਰਮਤਿ ਦੀ ਸੱਚੀ ਸਮਝ ਵੱਸ ਜਾਂਦੀ ਹੈ ਜਿਸ ਦੁਆਰਾ ਫਿਰ ਮਨੁੱਖ ਗੁਰੂ ਦੀ ਮਤਿ ਦੁਆਰਾ ਹੀ ਵਿਚਰਦਾ ਹੈ। ਉਪਰਲੀਆਂ ਪੰਗਤੀਆਂ ਦੁਆਰਾ ਹੁਣ ਧਿਆਨ ਨਾਲ ਸਮਝੋ ਕਿ "ਹਉਮੈ" ਕੀ ਹੈ ਤੇ "ਨਾਮ" ਕੀ ਹੈ। ਜਦ ਤੱਕ ਸਾਡੇ ਅੰਦਰ "ਸਹਜ" ਦੀ ਅਵੱਸਥਾ ਨਹੀਂ ਉਪਜਦੀ, ਚੌਥੇ ਪਦ ਦਾ ਗਿਆਨ ਨਹੀਂ ਉਪਜਦਾ, ਤਦ ਤੱਕ ਹਰ ਕੋਈ ਹਉਮੈ ਵਿੱਚ ਹੀ ਹੈ ਭਾਵ ਅਗਿਆਨਤਾ ਵਾਲੀ ਸਮਝ ਵਿੱਚ ਹੀ ਹੈ, ਤ੍ਰੈਗੁਣਾਂ ਵਿੱਚ ਹੀ ਹੈ, "ਮੈਂ" ਵਿੱਚ ਹੀ ਹੈ। ਸਾਡੇ ਅੰਦਰ "ਨਾਮ" ਸਹਜ ਦੀ ਅਵੱਸਥਾ ਦੁਆਰਾ ਹੀ ਵੱਸਦਾ ਹੈ, ਸੱਚਾ ਗਿਆਨ ਉਪਜਣ ਦੁਆਰਾ ਵੱਸਦਾ ਹੈ, ਚੌਥੇ ਪਦ ਦਾ ਗਿਆਨ, ਬ੍ਰਹਮ ਗਿਆਨ ਉਪਜਣ ਦੁਆਰਾ ਵੱਸਦਾ ਹੈ ਭਾਵ ਸਾਨੂੰ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ, ਉਸ "ਤੂੰ" ਦੀ ਸੋਝੀ ਪੈ ਜਾਂਦੀ ਹੈ ਤੇ ਸਾਡੀ "ਮੈਂ", ਸਾਡੀ ਹਉਮੈ ਖ਼ਤਮ ਹੋ ਜਾਂਦੀ ਹੈ। ਹਉਮੈ ਵੀ ਸਾਡੇ ਮਨ ਦੀ ਅਵੱਸਥਾ ਹੈ ਤੇ ਨਾਮ ਵੀ ਸਾਡੇ ਮਨ ਦੀ ਅਵੱਸਥਾ ਹੈ। ਇੱਕ ਸਮੇਂ ਮਨ ਦੇ ਵਿੱਚ ਕੇਵਲ ਇੱਕ ਅਵੱਸਥਾ ਹੀ ਰਹਿ ਸਕਦੀ ਹੈ ਭਾਵ ਹਉਮੈ ਜਾਂ ਨਾਮ ਵਿੱਚੋਂ ਇੱਕ ਅਵੱਸਥਾ ਹੀ ਰਹਿ ਸਕਦੀ ਹੈ। ਮਨ ਵਿੱਚ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਸੱਚੇ ਸੁੱਚੇ ਕਰਮ ਕਰਨੇ ਹੀ, ਉਸਦੀ ਮਤਿ ਦੁਆਰਾ ਵਿਚਰਨਾਂ ਹੀ ਹਰਿ ਗੁਣ ਗਾਉਣੇ ਹਨ। (**ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ॥ ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ॥੨॥**)

{ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥}

(ਅੰਗ ੮੭੯)

ਇਹੋ ਜਿਹੇ ਹਰਿ ਗੁਣ ਨਾਲ ਹੀ ਭਵਸਾਗਰ ਤੋਂ ਪਾਰ ਉਤਰਿਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

"ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ॥
ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ॥੩॥"

ਹੁਣ ਧਿਆਨ ਨਾਲ ਸਮਝੋ ਕਿ ਗੁਰਮਤਿ ਤੇ ਚੱਲਣਾ ਕੀ ਹੈ, ਸੋਹਣੇ ਮੁੱਖ ਵਾਲਾ ਬਣਨਾ ਕੀ ਹੈ, ਪ੍ਰਮਾਤਮਾ ਦੇ ਦਰ ਤੇ ਉਜਲੇ ਮੁੱਖ ਵਾਲੇ ਬਣਨਾ ਕੀ ਹੈ ਤੇ ਆਪਣੇ ਅੰਦਰ **"ਹਰਿ"** ਨੂੰ ਧਾਰਨ ਕਰਨਾ ਕੀ ਹੈ, ਆਪਣੇ ਅੰਦਰ ਹਰਿ ਨੂੰ ਵਸਾਉਣਾ ਕੀ ਹੈ। ਇਸ ਦਾ ਜਵਾਬ ਸਾਨੂੰ ਪਿਛਲੀਆਂ ਪੰਗਤੀਆਂ ਵਿੱਚ ਮਿਲ ਹੀ ਚੁੱਕਾ ਹੈ ਤੇ ਐਥੇ ਉਥੈ ਸੁੱਖ ਦੀ ਪ੍ਰਾਪਤੀ ਇਹੋ ਜਿਹਾ ਹਰਿ ਹਰਿ ਕਰਕੇ ਹੋਣੀ ਹੈ ਜਿਸ ਨੇ ਸਾਨੂੰ ਪਾਰ ਲਾਉਣਾ ਹੈ। ਜਦ ਤੱਕ ਅਸੀਂ ਔਗੁਣਾਂ ਵਿੱਚ ਸੁੱਤੇ ਹੋਏ ਹਾਂ, ਹਉਮੈ ਵਿੱਚ ਸੁੱਤੇ ਹੋਏ ਹਾਂ ਤਦ ਤੱਕ ਉਸ ਪ੍ਰਮਾਤਮਾ ਦੀ ਭਗਤੀ ਹੋ ਹੀ ਨਹੀਂ ਸਕਦੀ ਤੇ ਨਾ ਹੀ ਪ੍ਰਮਾਤਮਾ ਦੇ ਦਰ ਤੇ ਸਾਨੂੰ ਕੋਈ ਇੱਜ਼ਤ ਮਿਲ ਸਕਦੀ

ਹੈ। (**ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ॥ ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ॥੩॥**) ਜਦ ਤੱਕ ਅਸੀਂ ਔਗੁਣਾਂ ਵਿੱਚ ਹਾਂ ਤਦ ਤੱਕ ਸਾਡਾ ਪਿਆਰ ਦੂਜੇ ਪਾਸੇ ਜੁੜਿਆ ਹੋਇਆ ਹੈ ਮਾਇਆ ਮੋਹ ਨਾਲ ਜੁੜਿਆ ਹੋਇਆ ਹੈ ਜਿਸ ਕਰਕੇ ਅਸੀਂ ਗੁਰੂ ਦੇ ਪਿਆਰ ਨਾਲੋਂ ਵਿਛੜੇ ਹੋਏ ਹਾਂ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਵਿੱਚ ਸਪੱਸ਼ਟ ਕੀਤੀ ਹੋਈ ਹੈ।

“ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ॥੪॥”

11/1104

ਹਉਮੈ ਵਿੱਚ ਹਰ ਕੋਈ ਸੁੱਤਾ ਹੋਇਆ ਹੀ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਹਰ ਕੋਈ ਸੱਚ ਨੂੰ ਸਮਝਣ ਵਿੱਚ ਸੁੱਤਾ ਹੋਇਆ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ ਕਿ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਇਸ ਮਨ ਦੀ ਸਮਝ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ ੩੭੫)

{ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥}

(ਅੰਗ ੪੧੮)

ਜਦ ਤੱਕ ਸਾਡਾ ਮਨ ਸੁੱਤਾ ਹੋਇਆ ਹੈ, ਅਗਿਆਨਤਾ ਵਿੱਚ ਸੁੱਤਾ ਹੋਇਆ ਹੈ, ਮਾਇਆ ਮੋਹ ਵਿੱਚ ਸੁੱਤਾ ਹੋਇਆ ਹੈ ਤਦ ਤੱਕ ਸਾਡੀ ਕੀਤੀ ਹੋਈ ਭਗਤੀ, ਆਪਣੇ ਵੱਲੋਂ ਕੀਤੇ ਹੋਏ ਧਰਮ ਦੇ ਕਰਮ ਕਿਸੇ ਲੇਖੇ ਵਿੱਚ ਨਹੀਂ ਪੈਂਦੇ ਕਿਉਂਕਿ ਜਦ ਤੱਕ ਸਾਡਾ ਮਨ ਸੁੱਤਾ ਹੋਇਆ ਹੈ ਸਾਡਾ ਗੁਰੂ ਨਾਲ ਪਿਆਰ ਨਹੀਂ ਪੈ ਸਕਦਾ। (**ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ॥ ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ॥੪॥**)

ਸਾਨੂੰ ਸਵਾਇਆ ਸਾਡੇ ਮਨ ਦੀ ਹਉਮੈ ਰੂਪ ਭਾਵ ਮਨ ਦੀ ਅਗਿਆਨਤਾ ਰੂਪ ਮੈਲ ਨੇ ਹੈ ਤੇ ਜਾਗਣਾ ਵੀ ਅਸੀਂ ਉਸ ਮਨ ਦੀ ਹਉਮੈ ਰੂਪ ਮੈਲ ਤੋਂ ਹੀ ਹੈ, ਜਿਵੇਂ ਕਿ ਮੁੱਖ ਸ਼ਬਦ ਦੇ ਪਹਿਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

“ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ॥੧॥”

ਧਿਆਨ ਨਾਲ ਸਮਝੋ ਕਿ ਹਉਮੈ ਦੀ ਮੈਲ ਕੀ ਹੈ। ਇਹ ਸਾਡੇ ਔਗੁਣਾਂ ਦੀ ਮੈਲ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ। ਗੁਰੂ ਦੇ ਭੈ ਨੂੰ ਮੰਨਣਾ ਹੀ ਗੁਰੂ ਦੇ ਨਾਲ ਪਿਆਰ ਦਿਖਾਉਣਾ ਹੈ ਤੇ ਇਹੋ ਜਿਹਾ ਭੈ ਭਾਇ ਗੁਰੂ ਦੇ ਨਾਲ ਉਹੀ ਦਿਖਾ ਸਕਦਾ ਹੈ ਜੋ ਆਪਣੀ ਹਉਮੈ ਦੀ ਮੈਲ ਉਤਾਰ ਦਿੰਦਾ ਹੈ ਭਾਵ ਜਿਸ ਦਾ ਮਨ ਜਾਗ ਜਾਂਦਾ ਹੈ। ਇਹ ਮਨ ਦਾ ਜਾਗਣਾ ਹੀ ਆਪਣੇ ਘਰ ਨੂੰ ਰੱਖਣਾ ਹੈ, ਆਪਣੇ ਆਪ ਨੂੰ ਬਚਾ ਕੇ ਰੱਖਣਾ ਹੈ। ਇਸ ਘਰ ਨੂੰ ਤਾਂ ਹੀ ਰੱਖਿਆ ਜਾ ਸਕਦਾ ਹੈ ਜੇਕਰ ਮਨੁੱਖ ਸਦਾ ਹੀ ਜਾਗਦਾ ਰਹੇ, ਅੱਠੇ ਪਹਿਰ ਜਾਗਦਾ ਰਹੇ, ਹਰ ਵੇਲੇ ਜਾਗਦਾ ਰਹੇ। ਸਾਡਾ ਜਾਗਣਾ ਕੀ ਹੈ, ਹਉਮੈ ਦੀ ਮੈਲ ਉਤਾਰਨਾ ਕੀ ਹੈ ਇਸ ਤੋਂ ਸਪੱਸ਼ਟ ਅਸੀਂ ਇਸ ਗੱਲ ਨੂੰ ਹੋਰ ਕੀ ਸਮਝੀਏ ਜਿਵੇਂ ਕਿ ਸਾਨੂੰ ਉਪਰਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

“ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ॥੧॥”

ਆਪਣਾ ਘਰ ਰੱਖਣ ਲਈ, ਸਦਾ ਜਾਗਦੇ ਰਹਿਣ ਲਈ ਆਪਣੇ ਅੰਦਰੋਂ ਕੱਢਣਾ ਤਾਂ ਪੰਜ ਚੋਰਾਂ ਨੂੰ ਹੀ ਹੈ ਤੇ ਜਦ ਤੱਕ ਇਹ ਨਿਕਲਦੇ ਨਹੀਂ ਤਦ ਤੱਕ ਨਾ ਤਾਂ ਸਾਡਾ ਗੁਰੂ ਨਾਲ ਪਿਆਰ ਜੁੜ ਸਕਦਾ ਹੈ, ਨਾ ਉਸਦੀ ਭਗਤੀ ਹੋ ਸਕਦੀ ਹੈ ਅਤੇ ਨਾ ਹੀ

ਕੋਈ ਲਾਭ ਮਿਲ ਸਕਦਾ ਹੈ। ਪਿਆਰ ਪਾਉਣ ਦੇ ਦੋ ਹੀ ਪਾਸੇ ਹਨ ਕਿ ਅਸੀਂ ਪਿਆਰ ਕਿਸ ਨਾਲ ਪਾਉਣਾ ਹੈ। ਇੱਕ ਗੁਰੂ ਦਾ ਪਾਸਾ ਹੈ ਭਾਵ ਗੁਰਮਤਿ ਨੂੰ ਮੰਨਣ ਦਾ ਪਾਸਾ ਹੈ, ਪੰਜੇ ਚੋਰਾਂ ਕੋਲੋਂ ਬਚ ਕੇ ਰਹਿਣ ਦਾ ਪਾਸਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡ ਕੇ ਚੰਗੇ ਕਰਮ ਕਰਨ ਦਾ ਪਾਸਾ ਹੈ ਤੇ ਦੂਸਰਾ ਹੁਉਮੈ ਦਾ ਪਾਸਾ ਹੈ, ਮਨਮਤਿ ਦਾ ਪਾਸਾ ਹੈ ਭਾਵ ਧਰਮ ਦੀ ਨਾਸਮਝੀ ਵਾਲਾ ਪਾਸਾ ਹੈ। ਇੱਕ ਗੁਣਾਂ ਦਾ ਪਾਸਾ

11/1105

ਹੈ ਤੇ ਇੱਕ ਔਗੁਣਾਂ ਦਾ ਪਾਸਾ ਹੈ। ਇੱਕ ਸੱਚ ਦਾ ਪਾਸਾ ਹੈ ਤੇ ਦੂਸਰਾ ਝੂਠ ਦਾ ਪਾਸਾ ਹੈ, ਵਿਕਾਰਾਂ ਦਾ ਪਾਸਾ ਹੈ, ਮਾਇਆ ਮੋਹ ਦਾ ਪਾਸਾ ਹੈ। ਪਿਆਰ ਹਰ ਕਿਸੇ ਦਾ ਮਾਇਆ ਮੋਹ ਵਿੱਚ ਹੀ ਹੈ, ਦੂਸਰੇ ਪਾਸੇ ਦੇ ਨਾਲ ਹੀ ਹੈ ਪਰ ਉੱਪਰੋਂ-ਉੱਪਰੋਂ ਅਸੀਂ ਆਪਣਾ ਪਿਆਰ ਦਿਖਾਉਂਦੇ ਗੁਰੂ ਦੇ ਨਾਲ ਹੀ ਹਾਂ ਜਿਸ ਕਰਕੇ ਅਸੀਂ ਸਰੀਰਕ ਕਿਰਿਆਵਾਂ ਆਦਿ ਦੁਆਰਾ ਜਪ ਤਪ ਕਰਦੇ ਹਾਂ ਤੇ ਹੋਰ ਅਨੇਕਾਂ ਕਰਮ ਕਰਦੇ ਹਾਂ। (**ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ॥ ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ॥੧॥**) ਇਹੋ ਜਿਹਾ ਝੂਠਾ ਪਿਆਰ ਦਿਖਾਉਣ ਨਾਲ ਸਾਨੂੰ ਕਿਹੋ ਜਿਹਾ ਫ਼ਲ ਮਿਲਦਾ ਹੈ ਉਹ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

“ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ॥੫॥”

ਜਦ ਤੱਕ ਸਾਡਾ ਪਿਆਰ ਮਾਇਆ ਮੋਹ ਵਿੱਚ ਹੈ, ਦੂਜੇ ਪਾਸੇ ਦੇ ਨਾਲ ਹੈ, ਵਿਕਾਰਾਂ ਦੇ ਨਾਲ ਹੈ ਤਦ ਤੱਕ ਸਾਡੀ ਕਮਾਈ ਸੱਚੀ ਨਹੀਂ ਹੋ ਸਕਦੀ। ਝੂਠ ਦਾ ਆਸਰਾ ਲੈ ਕੇ ਕੀਤੀ ਹੋਈ ਕਮਾਈ ਆਖਿਰ ਸਾਡੇ ਲਈ ਖੁਆਰੀ ਦਾ ਕੰਮ ਕਰਦੀ ਹੈ ਜਿਸ ਕਰਕੇ ਸਾਨੂੰ ਬਹੁਤ ਜ਼ਿਆਦਾ ਪਛਤਾਉਣਾ ਪੈਂਦਾ ਹੈ, ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾੜਾ ਬਣਨਾ ਪੈਂਦਾ ਹੈ। ਮਾੜੀ ਕਮਾਈ ਦੇ ਨਾਲ ਅਸੀਂ ਜੋ ਵੀ ਖਰੀਦ ਕੇ ਲਿਆਉਂਦੇ ਹਾਂ ਭਾਵ ਖਾਣ ਲਈ, ਪਹਿਨਣ ਆਦਿ ਲਈ ਜੋ ਕੁੱਝ ਵੀ ਲਿਆਉਂਦੇ ਹਾਂ ਉਹ ਸਾਡੇ ਲਈ ਨਿੰਦਿਆ ਜੋਗ ਹੈ, ਧ੍ਰਿਗ ਹੈ ਭਾਵ ਇਹੋ ਜਿਹੀ ਮਾੜੀ ਕਮਾਈ ਦੁਆਰਾ ਸਾਡੀ ਪ੍ਰਮਾਤਮਾ ਦੇ ਦਰ ਤੇ ਕੇਵਲ ਨਿੰਦਿਆ ਹੀ ਹੁੰਦੀ ਹੈ। ਸਾਨੂੰ ਇਹੋ ਜਿਹੀ ਕਮਾਈ ਤੋਂ ਬਚਣ ਲਈ ਹੀ ਵਾਰ-ਵਾਰ ਪ੍ਰੇਰਿਆ ਗਿਆ ਹੈ, ਪੰਜਾਂ ਔਗੁਣਾਂ ਤੋਂ ਬਚਣ ਲਈ ਵਾਰ-ਵਾਰ ਪ੍ਰੇਰਿਆ ਗਿਆ ਹੈ ਤਾਂ ਜੋ ਅਸੀਂ ਸੱਚ ਦੁਆਰਾ ਕੀਤੀ ਗਈ ਕਮਾਈ ਨਾਲ ਖਾਈਏ ਤੇ ਸੱਚੀ ਕਮਾਈ ਨਾਲ ਖਰੀਦੇ ਹੋਏ ਵਸਤਰ ਪਹਿਨੀਏ ਤੇ ਇਹੋ ਜਿਹੀ ਸੱਚੀ ਕਮਾਈ ਦੁਆਰਾ ਹੀ ਉਸਦੇ ਦਰ ਤੇ ਸਾਡਾ ਮੁੱਖ ਉਜਲਾ ਹੁੰਦਾ ਹੈ, ਢੋਈ ਮਿਲਦੀ ਹੈ। ਜਦ ਤੱਕ ਅਸੀਂ ਮਾੜੀ ਕਮਾਈ ਕਰਨ ਦੁਆਰਾ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾੜੇ ਬਣੇ ਰਹਿੰਦੇ ਹਾਂ ਉਸ ਲਈ ਸਾਨੂੰ ਬਿਸਟਾ ਦੇ ਕੀੜੇ ਕਿਹਾ ਹੈ ਜੋ ਕਿ ਸਾਨੂੰ ਸਭ ਨੂੰ ਮਾੜੇ ਲੱਗਦੇ ਹਨ, ਗੰਦੇ ਲੱਗਦੇ ਹਨ। ਸਾਡੀ ਵਿਚਾਰਾਂ ਵਾਲੀ ਮਤਿ ਸਾਡੇ ਅੰਦਰ ਦੀ ਬਿਸਟਾ ਹੈ ਤੇ ਇਸ ਬਿਸਟਾ ਵਾਲੀ ਮਤਿ ਨੂੰ ਛੱਡਣ ਦੀ ਬਜਾਇ ਬਿਸਟਾ ਮਤਿ ਨਾਲ ਹੀ ਜੁੜੇ ਰਹਿੰਦੇ ਹਾਂ ਜੋ ਮਨ ਦੀ ਮਾੜੀ ਸਮਝ, ਭਰਮਾਂ ਵਾਲੀ ਸਮਝ ਮਨ ਦੇ ਆਵਾਗਉਣ ਵਿੱਚ ਪਾ ਕੇ ਹੀ ਰੱਖਦੀ ਹੈ ਭਾਵ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਸਾਡਾ ਜੀਵਨ ਵਿਅਰਥ ਹੀ ਜਾਂਦਾ ਹੈ। (**ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ॥ ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ॥੫॥**)

ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਆਪਣੇ ਵੱਲੋਂ ਉਪਰਾਲੇ ਤਾਂ ਬਹੁਤ ਕਰਦੇ ਹਾਂ ਪਰ ਜਦ ਤੱਕ ਅਸੀਂ ਸ਼ਬਦ ਦੇ ਉਪਦੇਸ਼ ਨੂੰ, ਗੁਰੂ ਦੇ ਉਪਦੇਸ਼ ਨੂੰ ਆਪਣੇ ਅੰਦਰ ਵਸਾਉਣ ਦਾ ਯਤਨ ਨਹੀਂ ਕਰਦੇ, ਆਪਣੇ ਔਗੁਣਾਂ ਨੂੰ ਛੱਡਣ ਦਾ ਜਤਨ ਨਹੀਂ ਕਰਦੇ ਸਾਡਾ ਕੋਈ ਵੀ ਉਪਰਾਲਾ

11/1106

ਉਸਨੂੰ ਪਾਉਣ ਦੇ ਕੰਮ ਨਹੀਂ ਆ ਸਕਦਾ। ਸਾਡੀ ਹਉਮੈ ਭਾਵ ਸਾਡੇ ਅੰਦਰ ਦੀ ਨਾਸਮਝ ਮਤਿ ਦੀ ਮੈਲ, ਵਿਕਾਰਾਂ ਦੀ ਮੈਲ, ਅਗਿਆਨਤਾ ਦੀ ਮੈਲ ਸ਼ਬਦ ਨੇ ਹੀ ਕੱਢਣੀ ਹੈ ਪਰ ਹਉਮੈ ਕੱਢਣੀ ਕੀ ਹੈ ਜੇਕਰ ਸਾਨੂੰ ਇਹੀ ਨਾ ਸਮਝ ਲੱਗੇ ਤਾਂ ਫਿਰ ਹਉਮੈ ਜਾਵੇਗੀ ਕਿਵੇਂ। ਹਉਮੈ ਨੂੰ ਮਾਰਨਾ ਆਪਣੇ ਅੰਦਰ ਦੇ ਵਿਕਾਰਾਂ ਨੂੰ ਮਾਰਨਾ ਹੈ, ਆਪਣੀ ਮਨਮਤਿ ਨੂੰ ਮਾਰਨਾ ਹੈ, ਆਪਣੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਨੂੰ ਛੱਡਣਾ ਹੈ ਪਰ ਧਿਆਨ ਨਾਲ ਸੋਚੋ ਕਿ ਅਸਲ ਵਿੱਚ ਅਸੀਂ ਕਰਦੇ ਕੀ ਹਾਂ। ਜਿਹੜੇ ਤਰੀਕੇ ਹਰ ਕੋਈ ਲੱਗਾ ਹੋਇਆ ਹੈ ਇਸ ਤਰੀਕੇ ਨਾਲ ਨਾ ਕਿਸੇ ਦੀ ਅੱਜ ਤੱਕ ਹਉਮੈ ਮਰੀ ਹੈ ਤੇ ਨਾ ਹੀ ਮਰ ਸਕਦੀ ਹੈ

ਕਿਉਂਕਿ ਇਹ ਗੁਰੂ ਦਾ ਆਪਣਾ ਫੁਰਮਾਨ ਹੈ ਕਿ ਕੋਈ ਅੱਖਰ ਜਪੀ ਜਾਣ ਨਾਲ ਸਾਨੂੰ ਕੋਈ ਲਾਭ ਨਹੀਂ ਮਿਲ ਸਕਦਾ, ਸਾਡਾ ਵਿਕਾਰਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ। "**ਸ਼ਬਦ**" ਸਾਨੂੰ ਗਿਆਨ ਦੇਣ ਲਈ ਹੈ ਤੇ ਸਾਡੀ ਹਉਮੈ ਸ਼ਬਦ ਦੇ ਗਿਆਨ ਨੇ ਹੀ ਸਾੜਨੀ ਹੈ। ਜੇਕਰ ਸਾਡਾ ਉਪਰਾਲਾ ਆਪਣੇ ਸਰੀਰਕ ਜਪ ਤਪ ਛੱਡ ਕੇ ਸ਼ਬਦ ਦੀ ਗੱਲ ਤੇ ਅਮਲ ਕਰਨ ਦਾ ਹੋਵੇਗਾ, ਅਸੀਂ ਤਨੋ ਮਨੋ ਵਿਕਾਰਾਂ ਨੂੰ ਛੱਡਣਾ ਚਾਹਾਂਗੇ ਤਾਂ ਫਿਰ ਉਸਦੀ ਕਿਰਪਾ ਨਾਲ ਅਸੀਂ ਉਸਨੂੰ ਪਾ ਸਕਾਂਗੇ। ਸਾਨੂੰ ਕੇਵਲ ਆਪਣਾ ਉੱਦਮ ਬਦਲਣ ਦੀ ਲੋੜ ਹੈ। ਹਉਮੈ ਸਾਡੇ ਅੰਦਰ "**ਸਹਜ**" ਦੇ ਉਪਜਣ ਦੇ ਨਾਲ ਹੀ ਜਾਣੀ ਹੈ, ਚੌਥੇ ਪਦ ਦਾ ਗਿਆਨ ਉਪਜਣ ਨਾਲ ਹੀ ਜਾਣੀ ਹੈ, ਸ਼ਬਦ ਦੁਆਰਾ ਹੀ ਜਾਣੀ ਹੈ ਤੇ ਇਸੇ ਲਈ ਜੇਕਰ ਅਸੀਂ ਪਹਿਲਾਂ ਗੁਰੂ ਦੇ ਸੱਚੇ ਗਿਆਨ ਨਾਲ ਜੁੜਾਂਗੇ, ਗੁਰਬਾਣੀ ਨੂੰ ਪੜ੍ਹਾਂਗੇ, ਸੁਣਾਂਗੇ, ਉਸਨੂੰ ਸਮਝਾਂਗੇ, ਪੰਜੇ ਵਿਕਾਰਾਂ ਨੂੰ ਛੱਡਣ ਦਾ ਉੱਦਮ ਕਰਾਂਗੇ ਤੇ ਫਿਰ ਤਾਂ ਹੀ ਉਸਦੀ ਕਿਰਪਾ ਹੋ ਸਕਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

(ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ॥
ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ॥੭॥)

ਕਿਸੇ ਸ਼ਬਦ ਦਾ ਰੱਟਾ ਲਗਾਉਣ ਨਾਲ ਹਉਮੈ ਨਹੀਂ ਜਾਣੀ, ਵਿਕਾਰ ਨਹੀਂ ਛੁਟਣੇ ਬਲਕਿ ਹਉਮੈ ਸ਼ਬਦ ਦੀ ਗੱਲ ਮੰਨ ਕੇ ਹੀ ਜਾਣੀ ਹੈ, ਵਿਕਾਰਾਂ ਨੂੰ ਛੱਡਣ ਨਾਲ ਜਾਣੀ ਹੈ। ਕਥਨੀ ਨਾਲ ਨਹੀਂ ਜਾਣੀ ਬਲਕਿ ਕਰਨੀ ਨਾਲ ਜਾਣੀ ਹੈ। ਛਿਲਕਾ ਕੁੱਟਣ ਨਾਲ ਨਹੀਂ ਜਾਣੀ, ਫੱਕ ਕੁੱਟਣ ਨਾਲ ਨਹੀਂ ਜਾਣੀ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਹਉਮੈ ਗੁਰੂ ਦੇ ਗਿਆਨ ਦੇ ਨਾਲ ਜਾਣੀ ਹੈ,

11/1107

ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੇ ਨਾਲ ਜਾਣੀ ਹੈ ਨਾ ਕਿ ਕਿਸੇ ਤੰਤ੍ਰ ਮੰਤ੍ਰ ਦੇ ਜਪ ਦੇ ਨਾਲ, ਅਗਿਆਨਤਾ ਵਾਲੇ ਦੇ ਜਪ ਦੇ ਨਾਲ। ਆਓ ਅਗਿਆਨਤਾ ਵਿੱਚੋਂ ਨਿਕਲੀਏ ਤੇ ਗੁਰੂ ਦੇ ਗਿਆਨ ਦੇ ਨਾਲ ਜੁੜੀਏ ਜਿਸ ਨੇ ਸਾਡਾ ਸਾਰਨਾ ਹੈ।

ਜਿਵੇਂ ਕਿ ਅਸੀਂ ਵਾਰ-ਵਾਰ ਜਾਣਦੇ ਆ ਰਹੇ ਹਾਂ ਸਾਡਾ ਇਸ ਸੰਸਾਰ ਵਿੱਚ ਆਵਾਗਉਣ ਸਮਝਣਾ ਇਸ ਹਉਮੈ ਵਿੱਚੋਂ ਨਾ ਨਿਕਲਣ ਕਰਕੇ ਹੀ ਹੈ। ਹਉਮੈ ਵਿੱਚੋਂ ਨਾ ਨਿਕਲ ਸਕਣ ਦਾ ਕਾਰਨ ਵੀ ਅਸੀਂ ਜਾਣ ਚੁੱਕੇ ਹਾਂ ਜੋ ਕਿ ਸਾਡੇ ਅੰਦਰ ਦੇ ਨਾਸਮਝ ਵਿਚਾਰ ਹਨ, ਮਾੜੇ ਵਿਚਾਰ ਹਨ ਜੋ ਕਿ ਸਾਡੇ ਔਗੁਣ ਹਨ ਤੇ ਇਹ ਔਗੁਣ ਹੀ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਬਣੇ ਹੋਏ ਹਨ। "ਗੁਣ" ਕੇਵਲ ਗੁਰੂ ਦੀ ਮਤਿ ਨੂੰ ਸਹੀ ਰੂਪ ਵਿੱਚ ਸਮਝ ਕੇ ਉਸਨੂੰ ਮੰਨਣ ਦੇ ਵਿੱਚ ਹੈ ਤੇ ਗੁਰੂ ਦੀ ਮਤਿ ਤੇ ਪੂਰਾ ਉਤਰਨ ਤੋਂ ਬਿਨ੍ਹਾਂ ਸਭ ਕੁੱਝ ਸਾਡੇ "ਔਗੁਣ" ਹਨ, ਮਾਇਆ ਮੋਹ ਹੈ। ਇਸ ਮਾਇਆ ਮੋਹ ਵਿੱਚ ਜਿਸ ਨੇ ਸਾਨੂੰ ਪਾਇਆ ਹੋਇਆ ਹੈ, ਜਿਸ ਨੇ ਸਾਡੇ ਅੰਦਰ ਹਉਮੈ ਪਾ ਕੇ, ਮਨਮਤਿ ਪਾ ਕੇ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ, ਉਹ ਆਪ ਹੀ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ ਜਿਸ ਵਿੱਚੋਂ ਨਿਕਲਣ ਦਾ ਉੱਦਮ ਮਨੁੱਖ ਦੇ ਸਿਰ ਹੀ ਹੈ। ਸਭ ਕੁੱਝ ਉਸਦੀ ਕਿਰਪਾ ਤੇ ਨਿਰਭਰ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਣ ਦੀ ਕੋਸ਼ਿਸ਼ ਕਰੀਏ।

ਸਲੋਕ ਮਃ੩॥

"ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥੧॥"

(ਅੰਗ ੫੫੪)

"ਮਾਣਸ" ਤੋਂ ਭਾਵ ਹੈ ਮਨੁੱਖ, ਮਨੁੱਖ ਦਾ ਸਰੀਰ ਭਾਵ ਮਨੁੱਖ ਦੀ ਹੋਂਦ ਭਾਵ ਸਾਡੀ ਮੈਂ, ਸਾਡੀ ਹਉਮੈ ਜਿਸ ਮਨ ਦੀ ਹਉਮੈ ਕਰਕੇ ਮਨ ਦੀ ਅਗਿਆਨਤਾ ਕਰਕੇ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਦੇ ਹਾਂ, ਆਪਣੀ ਵੱਖਰੀ ਹੋਂਦ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣ ਚੁੱਕੇ ਹਾਂ।

{ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥}

(ਅੰਗ ੫੬੦)

{ਦੁਆਪੁਰਿ ਤ੍ਰੈਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥੧॥}

(ਅੰਗ ੧੧੩੧)

{ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥੨॥}

(ਅੰਗ ੧੩੪੬)

ਜਦ ਤੱਕ ਮਨੁੱਖ ਇਸ ਹਉਮੈ ਵਿੱਚੋਂ ਨਹੀਂ ਨਿਕਲਦਾ, ਆਪਣੇ ਆਪ ਨੂੰ ਨਹੀਂ ਪਹਿਚਾਣਦਾ, ਆਪਣੇ ਅੰਦਰ ਵੱਸ ਰਹੇ ਪ੍ਰਮਾਤਮਾ

11/1108

ਨੂੰ ਨਹੀਂ ਪਹਿਚਾਣਦਾ ਤਦ ਤੱਕ ਉਸਦਾ ਮਨ ਦੇ ਭਰਮ ਕਰਕੇ ਆਵਾਗਉਣ ਨਹੀਂ ਮਿਟਦਾ ਭਾਵ ਉਹ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ ਜੋ ਕਿ ਸਭ ਦਾ, ਹਰ ਕਿਸੇ ਦਾ ਵੱਡਾ ਭਰਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

"ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥"

ਪੂਰੀ ਪੰਗਤੀ ਤੋਂ ਭਾਵ ਤਾਂ ਹੀ ਸਮਝ ਆ ਸਕਦਾ ਹੈ ਜਦੋਂ ਸਾਨੂੰ ਇਹ ਸਮਝ ਆ ਜਾਵੇ ਕਿ "ਮਾਣਸੁ" ਕਿਸ ਨੂੰ ਕਿਹਾ ਹੈ ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ। ਜਦੋਂ ਅਸੀਂ ਇਸ ਮਨੁੱਖੀ ਸਰੀਰ ਨਾਲ ਸੰਸਾਰ ਵਿੱਚ ਆਉਂਦੇ ਹਾਂ ਉਹ ਹਉਮੈ ਵਾਲੀ ਸਮਝ ਨਾਲ ਜੁੜੇ ਹੋਏ ਆਉਂਦੇ ਹਾਂ ਭਾਵ ਮਨ ਦੀ ਅਗਿਆਨਤਾ ਨਾਲ ਭਰੇ ਹੋਏ ਆਉਂਦੇ ਹਾਂ, ਤ੍ਰੈਗੁਣਾਂ ਵਾਲੀ ਸਮਝ ਦੇ ਭਰੇ ਹੋਏ ਆਉਂਦੇ ਹਾਂ ਜਿਸ ਕਰਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜਿਸ ਨੂੰ ਜਾਣਨ ਲਈ ਇਸ ਮਾਣਸ ਵਾਲੀ ਸਮਝ ਵਿੱਚੋਂ ਭਾਵ ਹਉਮੈ ਵਿੱਚੋਂ ਨਿਕਲਣਾ ਜਰੂਰੀ ਹੈ ਪਰ ਮਨ ਦੀ ਹਉਮੈ ਵਿੱਚੋਂ ਨਿਕਲਣ ਦੀ ਬਜਾਇ ਭਾਵ ਗੁਰੂ ਦੀ ਸੱਚੀ ਮਤਿ ਨੂੰ ਅਪਣਾਉਣ ਦੀ ਬਜਾਇ ਅਸੀਂ ਆਪਣੇ ਅੰਦਰ ਹਉਮੈ ਵਾਲੀ ਸਮਝ ਹੀ ਹੋਰ ਭਰੀ ਜਾਂਦੇ ਹਾਂ ਭਾਵ ਮਨਮਤਿ ਹੀ ਭਰੀ ਜਾਂਦੇ ਹਾਂ। ਸਾਡੇ ਜੀਵਨ ਦਾ ਮਕਸਦ ਇਸ ਹਉਮੈ ਵਿੱਚੋਂ ਨਿਕਲਣ ਦਾ ਹੈ, ਇਸ ਭੁਲੇਖੇ ਵਿੱਚੋਂ ਨਿਕਲਣ ਦਾ ਹੈ, ਇਸ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਪਰ ਅਸੀਂ ਫਿਰ ਮਾਇਆ ਮੋਹ ਵਿੱਚ ਫਸੀ ਜਾਂਦੇ ਹਾਂ ਭਾਵ ਇਸ ਵਿੱਚੋਂ ਨਿਕਲਣ ਦਾ ਉਪਰਾਲਾ ਨਹੀਂ ਕਰਦੇ। **(ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥)** ਹਉਮੈ ਸਾਡੇ ਅੰਦਰ ਕਿਸ ਤਰੀਕੇ ਵਰਤਦੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥"

ਸਾਡੀ ਪ੍ਰਮਾਤਮਾ ਨਾਲੋਂ ਦੂਰੀ ਮਾਇਆ ਮੋਹ ਕਰਕੇ ਹੀ ਹੈ ਜੋ ਕਿ ਸਾਡੇ ਅੰਦਰ ਹਉਮੈ ਵਾਲੀ ਸਮਝ ਦੀ ਉਪਜ ਹੀ ਹੈ। ਇਹ ਮਾਇਆ ਮੋਹ ਦਾ ਮਦੁ, ਇਸ ਮਾਇਆ ਮੋਹ ਦਾ ਨਸ਼ਾ ਪ੍ਰਮਾਤਮਾ ਨੇ ਸਭ ਵਿੱਚ ਪਾਇਆ ਹੋਇਆ ਹੈ। ਇਹ ਨਸ਼ਾ ਸਭ ਵਿੱਚ ਜਨਮ ਤੋਂ ਹੀ ਪੈ ਕੇ ਆਉਂਦਾ ਹੈ ਤੇ ਜਦ ਤੱਕ ਮਨੁੱਖ ਦੇ ਅੰਦਰ ਇਹ ਨਸ਼ਾ ਹੁੰਦਾ ਹੈ ਤਦ ਤੱਕ ਉਸ ਨੇ ਨਾਮ ਨੂੰ ਵਿਸਰਿਆ ਹੁੰਦਾ ਹੈ, ਗੁਰੂ ਦੀ ਮਤਿ ਨੂੰ ਵਿਸਰਿਆ ਹੁੰਦਾ ਹੈ

{ਨਾਮੁ ਵਿਸਾਰਿ ਮਾਇਆ ਮਦੁ ਪੀਆ॥ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ॥੪॥}

(ਅੰਗ ੮੩੨)

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥}

(ਅੰਗ ੧੫)

{ਏਕਾ ਸੇਜ ਵਿਛੀ ਧਨ ਕੰਤਾ॥ਧਨ ਸੂਤੀ ਪਿਰੁ ਸਦ ਜਾਗੰਤਾ॥

ਪੀਓ ਮਦਰੋ ਧਨ ਮਤਵੰਤਾ॥ਧਨ ਜਾਗੈ ਜੇ ਪਿਰੁ ਬੋਲੰਤਾ॥੨॥}

(ਅੰਗ ੭੩੭)

{ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ॥}

(ਅੰਗ ੫੪)

11/1109

ਪ੍ਰਮਾਤਮਾ ਨੇ ਸਾਨੂੰ ਇਹ ਅਗਿਆਨਤਾ ਦਾ ਨਸ਼ਾ ਦੇ ਕੇ ਸਵਾਇਆ ਹੋਇਆ ਹੈ, ਸਾਨੂੰ ਨੀਂਦ ਵਿੱਚ ਰੱਖਿਆ ਹੋਇਆ ਹੈ ਤੇ ਨੀਂਦ ਵਿੱਚ ਰਹਿੰਦੇ ਮਨੁੱਖ ਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਮੇਰੇ ਘਰ ਵਿੱਚ ਕੀ ਹੋ ਰਿਹਾ ਹੈ। ਇਸੇ ਨਸ਼ੇ ਵਿੱਚ ਚੋਰ ਸਾਡਾ ਘਰ ਲੁੱਟ ਰਹੇ ਹੁੰਦੇ ਹਨ ਪਰ ਸਾਨੂੰ ਸੋਝੀ ਨਹੀਂ ਪੈਂਦੀ। ਸਾਨੂੰ ਮਨ ਦੀ ਮਾਇਆ ਦੇ ਨਸ਼ੇ ਵਿੱਚ ਸਵਾਉਣ ਵਾਲਾ ਆਪ ਜਾਗ ਰਿਹਾ ਹੁੰਦਾ ਹੈ ਪਰ ਉਸਦੇ ਜਗਾਏ ਬਿਨ੍ਹਾਂ ਅਸੀਂ ਇਸ ਨਸ਼ੇ ਦੀ ਨੀਂਦ ਤੋਂ ਜਾਗ ਨਹੀਂ ਸਕਦੇ। ਅਸਲ ਵਿੱਚ ਇਹ ਨਸ਼ਾ ਹੀ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦਾ ਪਾਇਆ ਹੋਇਆ ਪੜਦਾ ਹੈ, ਉਸਦਾ ਹਉਮੈ ਰੂਪ ਪੜਦਾ ਹੈ ਜਿਸ ਕਰਕੇ ਸਾਨੂੰ ਆਪਣੇ ਅੰਦਰੋਂ ਉਸ ਦੀ ਸੋਝੀ ਨਹੀਂ ਪੈਂਦੀ। ਆਪਣੀ ਸੋਝੀ ਉਹ ਆਪ ਹੀ ਪਾਉਂਦਾ ਹੈ ਤੇ ਸਾਨੂੰ ਮਨ ਦੀ ਨੀਂਦ ਵਿੱਚੋਂ ਜਗਾ ਕੇ ਪਾਉਂਦਾ ਹੈ। ਇਹ ਮਾਇਆ ਮੋਹ ਦਾ ਨਸ਼ਾ ਸਾਡੀ ਮਤਿ ਨੂੰ ਮਾੜਾ ਬਣਾਉਂਦਾ ਹੈ ਜਿਸ ਕਰਕੇ ਸਾਡੀ ਮਤਿ ਗੁਰੂ ਦੀ ਮਤਿ ਤੋਂ ਦੂਰ ਰਹਿੰਦੀ ਹੈ ਤੇ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲੋਂ ਦੂਰੀ ਬਣਦੀ ਹੈ, ਵਿੱਚ ਵਿਰਲ ਪੈਂਦੀ ਹੈ, ਬਰਲੁ ਪੈਂਦੀ ਹੈ। **(ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥)**

ਪ੍ਰਮਾਤਮਾ ਨਾਲੋਂ ਸਾਡੀ ਬਰਲੁ ਦਾ ਕਾਰਨ ਭਾਵ ਸਾਡੀ ਵਿਰਲ ਦਾ ਕਾਰਨ ਭਾਵ ਪ੍ਰਮਾਤਮਾ ਨਾਲੋਂ ਸਾਡੀ ਵਿਥ ਦਾ ਕਾਰਨ, ਦੂਰੀ ਦਾ ਕਾਰਨ ਇਹ ਮਨ ਦਾ ਮਾਇਆ ਮੋਹ ਹੀ ਹੈ, ਹੁਉਮੈ ਹੀ ਹੈ, ਅਗਿਆਨਤਾ ਹੀ ਹੈ ਜੋ ਸਾਨੂੰ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜਨ ਦਿੰਦੀ, ਸਾਡਾ ਗੁਰੂ ਦੀ ਮਤਿ ਦੇ ਨਾਲ ਪਿਆਰ ਨਹੀਂ ਪੈਣ ਦਿੰਦੀ ਜੋ ਕਿ ਸਾਡੀ ਖੁਆਰੀ ਦਾ ਕਾਰਨ ਹੈ ਭਾਵ ਇਹ ਮਨ ਦੀ ਅਗਿਆਨਤਾ ਵਾਲੀ ਸਮਝ ਸਾਨੂੰ ਸੰਸਾਰ ਦੇ ਆਵਾਗਉਣ ਵਿੱਚ ਸਮਝਣ ਕਾਰਨ ਹੈ। ਹੇਠ ਦਿੱਤੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਹੋਰ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ ਕਿ "ਬਰਲੁ" ਕਿਸ ਨੂੰ ਕਿਹਾ ਹੈ।

{ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ॥}

(ਅੰਗ - ੫੭੧)

ਜਦ ਤੱਕ ਅਸੀਂ ਹਉਮੈ ਦੇ ਵਿੱਚ ਵਿਚਰਦੇ ਹਾਂ ਤਦ ਤੱਕ ਅਸੀਂ ਆਪਣੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਸਮਝਦੇ ਹਾਂ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਦੀ ਹੋਂਦ ਨਾਲੋਂ ਵੱਖਰਾ ਸਮਝਦੇ ਹਾਂ ਜੋ ਕਿ ਸਾਡੇ ਮਨ ਦਾ ਭਰਮ ਹੈ ਤੇ ਸਾਡੀ ਖੁਆਰੀ ਦਾ ਕਾਰਨ ਹੈ। ਅਸਲ ਵਿੱਚ ਸਾਡੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਨਹੀਂ ਹੈ, ਇਹ ਸਰੀਰ ਮਨੁੱਖ ਦਾ ਆਪਣਾ ਨਹੀਂ ਬਲਕਿ ਪ੍ਰਮਾਤਮਾ ਦਾ ਹੈ ਤੇ ਮਨੁੱਖ ਪਰਾਏ ਸਰੀਰ ਨੂੰ "ਹਉਮੈ" ਕਾਰਨ ਆਪਣਾ ਸਮਝਦਾ ਹੈ। ਉਹ ਆਪਣੇ ਪਰਾਏ ਦੀ

11/1110

ਪਛਾਣ ਨਹੀਂ ਕਰ ਸਕਦਾ, ਆਪਣੇ ਅੰਦਰ ਵੱਸਦੇ ਪ੍ਰਮਾਤਮਾ ਦੀ ਪਛਾਣ ਨਹੀਂ ਕਰ ਸਕਦਾ। ਉਸਦੀ ਪਛਾਣ ਕੀਤੇ ਬਿਨ੍ਹਾਂ, ਆਪਣੇ ਆਪ ਨੂੰ ਜਾਣੇ ਬਿਨ੍ਹਾਂ ਇਹ ਹਉਮੈ ਖ਼ਤਮ ਨਹੀਂ ਹੋ ਸਕਦੀ। ਜਦ ਤੱਕ ਇਹ ਖ਼ਤਮ ਨਹੀਂ ਹੁੰਦੀ ਭਾਵ ਜਦ ਤੱਕ ਆਪਣੇ ਪਰਾਏ ਦੀ ਪਛਾਣ ਨਹੀਂ ਹੁੰਦੀ ਤਦ ਤੱਕ ਪ੍ਰਮਾਤਮਾ ਕੋਲੋਂ, ਉਸ ਖਸਮ ਕੋਲੋਂ ਵਾਰ-ਵਾਰ ਧੱਕੇ ਪੈਂਦੇ ਹਨ ਭਾਵ ਸਾਨੂੰ ਖੁਆਰ ਹੋਣਾ ਪੈਂਦਾ ਹੈ, ਦੁਖੀ ਹੋਣਾ ਪੈਂਦਾ ਹੈ।

(ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥)

ਇਸ ਮਾਇਆ ਮੋਹ ਦੇ ਨਸ਼ੇ ਨੂੰ ਪੀਣ ਦੇ ਨਾਲ ਭਾਵ ਮਾਇਆ ਮੋਹ ਵਾਲੀ ਮਤਿ ਦੇ ਨਾਲ ਜੁੜੇ ਰਹਿਣ ਦੇ ਨਾਲ ਅਸੀਂ ਗੁਰੂ ਦੀ ਮਤਿ ਤੋਂ ਵਿਛੜੇ ਰਹਿੰਦੇ ਹਾਂ ਭਾਵ ਸਾਨੂੰ ਗੁਰੂ ਦੀ ਮਤਿ ਵਿਸਰੀ ਹੁੰਦੀ ਹੈ ਤੇ ਮਾਇਆ ਮੋਹ ਵਿੱਚ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ ਜਿਸਦੀ ਕਿ ਸਾਨੂੰ ਉਸ ਦੀ ਦਰਗਾਹ ਵਿੱਚੋਂ ਸਜ਼ਾ ਵੀ ਮਿਲਦੀ ਹੈ ਜੋ ਉਸਦੀ ਦਰਗਾਹ ਸਾਡਾ ਮਨ ਹੀ ਹੈ

ਤੇ ਮਨ ਦੇ ਵਿੱਚੋਂ ਜੋ ਸਾਡੇ ਅੰਦਰ ਟੈਂਨਸ਼ਨਾਂ ਉਪਜਦੀਆਂ ਹਨ ਜਿੰਨ੍ਹਾਂ ਦੁਅਰਾ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ ਉਹ ਪ੍ਰਮਾਤਮਾ ਦੀਆਂ ਸਜਾਵਾਂ ਹੀ ਹੁੰਦੀਆਂ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। **(ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥)**

{ਨਾਮੁ ਵਿਸਾਰਿ ਮਾਇਆ ਮਦੁ ਪੀਆ॥ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ॥੪॥}

(ਅੰਗ ੮੩੨)

{ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ॥
ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ॥੩॥}

(ਅੰਗ ੬੯੩)

ਆਓ ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਵਿਚਾਰੀਏ ਤੇ ਸਮਝੀਏ ਕਿ ਅਸੀਂ ਮਾਇਆ ਮੋਹ ਵਿੱਚੋਂ ਨਿਕਲ ਕਿਉਂ ਨਹੀਂ ਸਕਦੇ, ਇਸ ਝੂਠੇ ਨਸ਼ੇ ਨੂੰ ਛੱਡ ਕਿਉਂ ਨਹੀਂ ਸਕਦੇ।

"ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥"

ਜੇਕਰ ਮਾਇਆ ਮੋਹ ਨਸ਼ਾ ਹੈ, ਝੂਠ ਨਸ਼ਾ ਹੈ, ਇਸੇ ਤਰ੍ਹਾਂ ਸੱਚ ਵੀ ਇੱਕ ਨਸ਼ਾ ਹੈ। ਇਹ ਉਸ ਪ੍ਰਮਾਤਮਾ ਦੇ ਹੱਥ ਹੈ ਕਿ ਉਹ ਸਾਨੂੰ ਕਿਸ ਨਸ਼ੇ ਨਾਲ ਜੋੜਦਾ ਹੈ, ਸਾਨੂੰ ਮਨ ਦੀ ਸਮਝ ਰਾਹੀਂ, ਮਨ ਦੇ ਵਿਚਾਰਾਂ ਰਾਹੀਂ ਕਿਹੋ ਜਿਹਾ ਅਮਲ ਲਗਾਉਂਦਾ ਹੈ। "**ਝੂਠਾ ਮਦੁ**" ਭਾਵ ਮਾਇਆ ਮੋਹ ਦਾ ਮਦੁ ਸਾਡੀ ਮਨੁੱਖੀ ਹੋਂਦ ਬਣਨ ਦੇ ਨਾਲ ਹੀ ਸਾਡੇ ਵਿੱਚ ਪੈ ਕੇ ਆਉਂਦਾ ਹੈ ਜਿਸ ਤੇ ਸਾਡਾ ਕੋਈ ਪਾਰ ਨਹੀਂ ਵਸਾਉਂਦਾ ਭਾਵ ਸਾਡਾ ਕੋਈ ਵੱਸ ਨਹੀਂ ਚੱਲਦਾ। ਸਾਡੇ ਅੰਦਰ ਪ੍ਰਮਾਤਮਾ ਨੇ ਜਿਹੋ ਜਿਹਾ ਗਿਆਨ

ਪਾਇਆ ਹੈ, ਜਿਹੋ ਜਿਹੀ ਮਨ ਦੀ ਅਵੱਸਥਾ ਬਣਾਈ ਹੈ ਸਾਨੂੰ ਉਸੇ ਅਨੁਸਾਰ ਹੀ ਵਿਚਰਨਾ ਪੈਂਦਾ ਹੈ ਭਾਵ ਸਾਡੇ ਵੱਸ ਵਿੱਚ ਕੁੱਝ ਨਹੀਂ ਹੈ। **(ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥)** ਸਭ ਕੁੱਝ ਉਸ ਪ੍ਰਮਾਤਮਾ ਦੇ ਹੱਥ ਵੱਸ ਹੈ। ਉਸਦੀ ਕਿਰਪਾ ਤੋਂ ਬਿਨ੍ਹਾਂ ਅਸੀਂ ਇਸ ਮਾਇਆ ਮੋਹ ਦੇ ਝੂਠੇ ਨਸ਼ੇ ਵਿੱਚੋਂ ਨਹੀਂ ਨਿਕਲ ਸਕਦੇ। ਸਾਡਾ ਮਾਇਆ ਮੋਹ ਦਾ ਝੂਠਾ ਨਸ਼ਾ ਕੇਵਲ ਸੱਚ ਦਾ ਨਸ਼ਾ ਹੀ ਛੁਡਾ ਸਕਦਾ ਹੈ ਭਾਵ ਪ੍ਰਮਾਤਮਾ ਦਾ ਨਾਮ ਹੀ ਛੁਡਾ ਸਕਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਹੀ ਛੁਡਾ ਸਕਦੀ ਹੈ। ਮਨਮਤਿ ਦਾ ਨਸ਼ਾ, ਹਉਮੈ ਦਾ ਨਸ਼ਾ ਕੇਵਲ ਗੁਰਮਤਿ ਦੀ ਸੱਚੀ ਸਮਝ ਨੂੰ ਮੰਨਣ ਦਾ ਨਸ਼ਾ ਹੀ ਛੁਡਾ ਸਕਦਾ ਹੈ, ਨਾਮ ਦਾ ਨਸ਼ਾ ਹੀ ਛੁਡਾ ਸਕਦਾ ਹੈ, ਸੱਚ ਦਾ ਨਸ਼ਾ ਹੀ ਛੁਡਾ ਸਕਦਾ ਹੈ ਭਾਵ ਸਾਡੀ ਹਉਮੈ ਪ੍ਰਮਾਤਮਾ ਆਪ ਹੀ ਦੂਰ ਕਰ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ, ਸਾਡੀ ਮਤਿ ਦਾ ਮਾਲਕ ਹੈ ਤੇ ਮਨ ਦੀ ਮਾੜੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ, ਮਨ ਦੀ ਹਉਮੈ ਵਿੱਚੋਂ ਕੋਈ ਨਿਕਲ ਸਕੇ ਤੇ ਉਸਦੇ ਨਾਮ ਵਾਲੀ ਸਮਝ ਦੇ ਨਾਲ ਭਾਵ ਗੁਰੂ ਦੇ ਸਮਝਾਏ ਹੋਏ ਸਚੁ ਦੇ ਨਾਲ ਜੁੜਕੇ ਮਨ ਦੀ ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲ ਸਕੇ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ, ਆਪਣੇ ਸੱਚੇ ਮਾਰਗ ਤੇ ਉਹ ਕਿਸੇ ਨੂੰ ਆਪ ਹੀ ਚਲਾ ਸਕਦਾ ਹੈ, ਮਨ ਦੇ ਵਿੱਚ ਮਨ ਦੀ ਸਮਝ ਦੁਆਰਾ ਆਪਣੇ ਨਾਲ ਮਿਲਾਉਣ ਦੁਆਰਾ ਭਾਵ ਹਉਮੈ ਵਿੱਚੋਂ ਕੱਢ ਕੇ ਮਨ ਦੇ ਵਿੱਚ ਆਪਣਾ ਸਚੁ ਮਦੁ ਭਾਵ ਨਾਮ ਦਾ ਮਦੁ ਬਖਸ਼ਣ ਦੁਆਰਾ ਚਲਾ ਸਕਦਾ ਹੈ। **(ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥)**

{ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥}

(ਅੰਗ - ੧੫)

"**ਹਉਮੈ**" ਵਿੱਚੋਂ ਸਾਨੂੰ "**ਨਾਮ**" ਹੀ ਕੱਢ ਸਕਦਾ ਹੈ, ਝੂਠ ਵਿੱਚੋਂ ਸਾਨੂੰ ਸੱਚ ਹੀ ਕੱਢ ਸਕਦਾ ਹੈ, ਅਗਿਆਨਤਾ ਵਿੱਚੋਂ ਸਾਨੂੰ ਸੱਚਾ ਗਿਆਨ ਹੀ ਕੱਢ ਸਕਦਾ ਹੈ। ਸੱਚ ਦਾ ਨਸ਼ਾ ਮਿਲਣ ਦੇ ਨਾਲ ਹੀ ਉਸ ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ ਜਾ ਸਕਦਾ ਹੈ , ਕਿਉਂਕਿ ਉਹ ਆਪ ਸੱਚ ਹੈ ਤੇ ਉਸਦੇ ਮਹਲ ਦੇ ਵਿੱਚ ਭਾਵ ਪ੍ਰਮਾਤਮਾ ਦੇ ਮਹਲ ਦੇ ਵਿੱਚ ਜੋ ਉਸਦਾ ਸੱਚਾ ਮਹਲ ਸਾਡੇ ਮਨ ਦੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਉਸਦੇ ਮਹਲ ਦੇ ਵਿੱਚ ਕੇਵਲ ਸੱਚ ਨੂੰ

ਹੀ ਜਗ੍ਹਾ ਮਿਲਦੀ ਹੈ, ਉੱਥੇ ਕੇਵਲ ਸੱਚ ਹੀ ਕਬੂਲ ਹੁੰਦਾ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਹੀ ਕਬੂਲ ਹੁੰਦੀ ਹੈ ਜੋ ਸੱਚੀ ਸਮਝ ਮਨ ਦੀ ਹਉਮੈ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ।

(ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥੧॥)

ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਨਾਮ ਦੇ ਰੰਗ ਵਿੱਚ ਰੰਗਣਾ ਜਾਂ ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਇੱਕੋ ਹੀ ਗੱਲ ਹੈ ਜੋ ਕਿ ਉਸਦੀ ਸੱਚੀ ਮਤਿ ਦੇ ਵਿੱਚ ਰੰਗੇ ਜਾਣਾ ਹੀ ਹੈ ਭਾਵ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਹੀ ਹੈ ਜੋ ਕਿ ਮਨ ਦੀ ਹਉਮੈ ਵਿੱਚੋਂ ਨਿਕਲ ਕੇ ਹੀ ਰੰਗਿਆ ਜਾ ਸਕਦਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਰੰਗਿਆ ਜਾ ਸਕਦਾ ਹੈ। (**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥ ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥ ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ॥੧॥**)

11/1112

ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਚੰਗੀ ਤਰ੍ਹਾਂ ਸਮਝਿਆ ਹੈ ਕਿ ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਉਸ ਦਾ ਇੱਕੋ ਇੱਕ ਰਸਤਾ ਆਪਣੇ ਮਨ ਨੂੰ ਸੱਚ ਦੇ ਨਾਲ ਜੋੜਨ ਦਾ ਹੈ। ਜਿਹੜੇ ਬੀਜ ਨੇ ਸਾਨੂੰ ਸੱਚਾ ਫ਼ਲ ਦੇਣਾ ਹੈ ਉਹ ਕੇਵਲ ਸੱਚ ਦਾ ਬੀਜ ਹੀ ਹੈ। ਇਹ ਸੱਚ ਦਾ ਬੀਜ ਹੀ ਨਾਮ ਦਾ ਬੀਜ ਹੈ। ਜਦ ਤੱਕ ਅਸੀਂ ਇਹ ਨਾਮ ਦਾ ਬੀਜ ਆਪਣੇ ਅੰਦਰ ਨਹੀਂ ਬੀਜਦੇ ਤਦ ਤੱਕ ਸਾਡੀ ਖੇਤੀ ਨੂੰ ਨਾਮ ਦਾ ਫ਼ਲ ਨਹੀਂ ਲੱਗ ਸਕਦਾ, ਸੱਚ ਦਾ ਫ਼ਲ ਨਹੀਂ ਲੱਗ ਸਕਦਾ ਜਿਸਦੀ ਹਰ ਕੋਈ ਪ੍ਰਾਪਤੀ ਕਰਨੀ ਚਾਹੁੰਦਾ ਹੈ। ਜਿਹੋ ਜਿਹੀ ਖੇਤੀ ਬੀਜਾਂਗੇ ਉਹੋ ਜਿਹਾ ਫ਼ਲ ਹੀ ਪ੍ਰਾਪਤ ਕਰਾਂਗੇ। ਸਾਡੇ ਅੰਦਰ ਬੀਜ ਬੀਜਣ ਵਾਲਾ ਅਸਲ ਵਿੱਚ ਕੌਣ ਹੈ ਇਹ ਅਸੀਂ ਪਿੱਛੇ ਬਰੀਕੀ ਨਾਲ ਜਾਣ ਚੁੱਕੇ ਹਾਂ। ਪ੍ਰਮਾਤਮਾ ਦੀ ਸਾਡੇ ਤੇ ਕ੍ਰਿਪਾ ਮਨ ਦੇ ਬੀਜ ਰਾਹੀਂ ਹੀ ਹੁੰਦੀ ਹੈ ਜਿਸਦੇ ਦੁਆਰਾ ਸਾਡਾ ਜੀਵਨ ਮਾਰਗ ਤੈਅ ਹੁੰਦਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਤ੍ਰੈਗੁਣੀ ਗਿਆਨ ਦਾ ਬੀਜ ਹੀ ਬੀਜ ਰਿਹਾ ਹੈ, ਜਿਸ ਦੁਆਰਾ ਸਾਨੂੰ ਉਸ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ। ਸਹੀ ਮਾਰਗ ਦਾ ਬੀਜ, "**ਸਹਜ ਗਿਆਨ**" ਦਾ ਬੀਜ, ਸੱਚੇ ਗਿਆਨ ਦਾ ਬੀਜ, ਸੱਚੀ ਸੋਝੀ ਦਾ ਬੀਜ ਕੇਵਲ ਗੁਰੂ ਦੇ ਆਪਣੇ ਕੋਲ ਹੀ ਹੈ, ਜੋ ਸਾਨੂੰ ਭਗਤੀ ਦਾ ਸਹੀ ਰਸਤਾ ਦਿਖਾ ਸਕਦਾ ਹੈ। ਜੋ ਭਗਤੀ ਦਾ ਮਾਰਗ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਆਓ ਉਸੇ ਮਾਰਗ ਨੂੰ ਸਹਜ ਗਿਆਨ ਵਾਲੇ ਗੁਰੂ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ। ਆਪਣੇ ਅੰਦਰ ਨਾਮ ਦਾ ਬੀਜ ਅਸੀਂ ਕਿਵੇਂ ਬੀਜਣਾ ਹੈ।

ਸਲੋਕੁ ਮਃ ੧ ॥

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥}

(ਅੰਗ ੪੬੮)

ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਸੀ ਕਿ ਇਹ ਬੀਜ ਸਾਡੇ ਮਨ ਦੇ ਵਿਚਾਰ ਹਨ। ਇਸ ਬੀਜ ਨਾਲ ਹੀ ਸਾਡੇ ਅੰਦਰ ਹਉਮੈ ਦੀ ਅਵੱਸਥਾ ਬਣਦੀ ਹੈ ਤੇ ਇਸ ਬੀਜ ਦੇ ਨਾਲ ਹੀ ਸਾਡੀ ਅਵੱਸਥਾ ਸਹਜ ਵਾਲੀ ਬਣਦੀ ਹੈ, ਨਾਮ ਵਾਲੀ ਬਣਦੀ ਹੈ, ਸੱਚੇ ਗਿਆਨ ਵਾਲੀ ਬਣਦੀ ਹੈ, ਚੌਥੇ ਪਦ ਦੇ ਗਿਆਨ ਵਾਲੀ ਬਣਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਵਾਲੀ ਬਣਦੀ ਹੈ।

11/1113

ਸਲੋਕੁ ਮਃ ੩ ॥

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥}

(ਅੰਗ ੯੪੭)

ਨਾਮ ਦਾ ਸੰਬੰਧ ਸਾਡੇ ਮਨ ਦੇ ਵਿਚਾਰਾਂ ਨਾਲ ਹੈ ਤੇ ਇਸੇ ਗੱਲ ਨੂੰ ਹੀ ਅਸੀਂ ਹੁਣ ਫਿਰ ਤੋਂ ਸਮਝਣਾ ਹੈ ਤਾਂ ਜੋ ਅਸੀਂ ਉਹੋ ਜਿਹਾ ਨਾਮ ਬੀਜੀਏ, ਨਾਮ ਬੀਜਣਾ ਸਿੱਖੀਏ ਜਿਹੋ ਜਿਹਾ ਸਾਨੂੰ ਗੁਰਬਾਣੀ ਬੀਜਣਾ ਸਮਝਾ ਰਹੀ ਹੈ। ਸਾਰੀ ਗੱਲ ਮਨ ਦੇ ਵਿਚਾਰਾਂ ਦੀ ਹੀ ਹੈ ਕਿ ਅਸੀਂ ਸੰਸਾਰ ਵਿੱਚ ਕਿਹੋ ਜਿਹੇ ਵਿਚਾਰ ਲੈ ਕੇ ਵਿਚਰਦੇ ਹਾਂ।

"ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥"

ਉਪਰਲੀਆਂ ਪੰਗਤੀਆਂ ਵਿੱਚੋਂ ਇਹ ਧਿਆਨ ਨਾਲ ਸਮਝੀਏ ਕਿ ਉਹ ਕਿਹੜਾ ਬੀਜ ਹੈ ਜਿਸ ਦੀ ਪਤਿ ਲਥੀ ਹੋਈ ਹੈ ਤੇ ਉਸ ਦੀ ਪਤਿ ਉਤਾਰੀ ਕਿਸੇ ਨੇ ਹੋਈ ਹੈ। "ਪਤਿ" ਉਤਰਨ ਦੇ ਨਾਲ "ਸੱਚ" ਦਾ ਕਾਲ ਪਿਆ ਹੋਇਆ ਹੈ ਤੇ "ਕੂੜ" ਵਰਤ ਰਿਹਾ ਹੈ ਭਾਵ "ਸੱਚ" ਦੀ ਪਤਿ "ਝੂਠ" ਨੇ ਉਤਾਰੀ ਹੋਈ ਹੈ। "ਨਾਮ" ਦੀ ਪਤਿ "ਹਉਮੈ" ਨੇ ਉਤਾਰੀ ਹੋਈ ਹੈ। ਸੱਚੇ ਗਿਆਨ ਦੀ ਪਤਿ ਅਗਿਆਨਤਾ ਨੇ ਉਤਾਰੀ ਹੋਈ ਹੈ, ਸਹਜ ਦੀ ਪਤਿ ਤ੍ਰੈਗੁਣਾਂ ਨੇ ਉਤਾਰੀ ਹੋਈ ਹੈ, ਗੁਰਮਤਿ ਦੀ ਪਤਿ ਮਨਮਤਿ ਨੇ ਉਤਾਰੀ ਹੋਈ ਹੈ।ਮਨ ਦੇ ਮਾੜੇ ਵਿਚਾਰਾਂ ਨੇ ਚੰਗੇ ਵਿਚਾਰਾਂ ਦੀ ਪਤਿ ਉਤਾਰੀ ਹੋਈ ਹੈ।"**ਬੀਉ**" ਤੋਂ ਭਾਵ ਹੈ

"**ਦੂਸਰਾ**" ਭਾਵ "**ਦੂਜਾ ਭਾਉ**" ਭਾਵ ਮਨਮਤਿ, ਅਗਿਆਨਤਾ, ਝੂਠ ਵਾਲੀ, ਵਿਕਾਰਾਂ ਵਾਲੀ ਮਾਇਆ ਮੋਹ ਵਾਲੀ ਬਿਰਤੀ ਭਾਵ ਜਿਸ ਵਿੱਚ ਗੁਰਮਤਿ ਨਹੀਂ ਹੈ। ਜਦੋਂ ਮਨੁੱਖ ਦੀ ਬਿਰਤੀ ਮਾੜੀ ਹੁੰਦੀ ਹੈ, ਉਹ ਸੱਚ ਤੋਂ ਭਟਕਿਆ ਹੁੰਦਾ ਹੈ ਤੇ ਇਹੋ ਜਿਹਾ ਜੀਵਨ ਕਾਲਖ ਵਾਲਾ ਜੀਵਨ ਹੁੰਦਾ ਹੈ, ਕਲਿ ਵਾਲਾ ਜੀਵਨ ਹੁੰਦਾ ਹੈ, ਵਿਕਾਰਾਂ ਵਾਲਾ ਜੀਵਨ ਹੁੰਦਾ ਹੈ ਜਿਸ ਨੂੰ ਕਿ ਇੱਕ ਬੇਤਾਲ ਵਰਗੇ ਜੀਵਨ ਨਾਲ ਤੁਲਨਾ ਕਰਕੇ ਦੱਸਿਆ ਹੋਇਆ ਹੈ।

{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥}

(ਅੰਗ ੯੧੯)

ਸੱਚ ਤੋਂ ਬਿਨ੍ਹਾਂ ਮਨੁੱਖ ਦਾ ਜੀਵਨ ਭਾਵ ਔਗੁਣਾਂ ਵਾਲਾ

11/1114

ਜੀਵਨ ਭਾਵ ਬਿਨ੍ਹਾਂ ਨਾਮ ਵਾਲਾ ਜੀਵਨ ਇੱਕ ਭੂਤਨਿਆਂ ਦੀ ਤਰ੍ਹਾਂ ਹੀ ਹੈ, ਕਾਲਖ ਵਾਲਾ ਹੀ ਹੈ। ਇਹੋ ਜਿਹੀ ਅਵੱਸਥਾ ਵਿੱਚ ਰਹਿੰਦੇ ਹੋਏ, ਇੱਕ ਭੂਤਨਿਆਂ ਵਾਲੀ ਜ਼ਿੰਦਗੀ ਜਿਉਂਦੇ ਹੋਏ ਜੇਕਰ ਅਸੀਂ ਇਹ ਉਮੀਦ ਰੱਖੀਏ ਕਿ ਸਾਡੇ ਅੰਦਰ ਨਾਮ ਦਾ ਬੀਜ ਉੱਗ ਜਾਵੇਗਾ, ਕਿਸੇ ਜਪ ਤਪ ਦੁਆਰਾ ਉੱਗ ਜਾਵੇਗਾ ਤਾਂ ਫਿਰ ਇਸ ਤੋਂ ਵੱਡਾ ਭੁਲੇਖਾ ਹੋਰ ਕੀ ਹੋ ਸਕਦਾ ਹੈ। ਇਹ ਸਾਡਾ ਭੁਲੇਖਾ ਨਾਲ ਹੀ ਸਮਝਾਇਆ ਹੋਇਆ ਹੈ। ਇੱਕ ਦੁਨਿਆਵੀ ਬੀਜ ਦੇ ਨਾਲ ਤੁਲਨਾ ਕਰਕੇ ਸਮਝਾਇਆ ਹੋਇਆ ਹੈ। ਜਿਹੜੇ ਬੀਜ ਦੀ ਪਤਿ ਲਥੀ ਹੋਵੇ ਭਾਵ ਉਸ ਦਾ ਛਿਲਕਾ ਉਤਰਿਆ ਹੋਵੇ, ਉਹ ਦੋ ਫਾੜ ਹੋ ਕੇ ਦਾਲ ਵਿੱਚ ਬਦਲਿਆ ਹੋਵੇ ਤੇ ਕੀ ਇਹੋ ਜਿਹਾ ਬੀਜ ਕਦੇ ਉੱਗ ਸਕਦਾ ਹੈ, ਕੀ ਕਦੇ ਦਾਲ ਉੱਗ ਸਕਦੀ ਹੈ ? ਜੋ ਚੀਜ ਭਾਵ ਜੋ ਬੀਜ ਉੱਗ ਹੀ ਨਹੀਂ ਸਕਦਾ ਉਸ ਤੋਂ ਫ਼ਲ ਦੀ ਉਮੀਦ ਰੱਖਣੀ ਕਿਤਨੀ ਬੇਤੁਕੀ ਗੱਲ ਹੈ। ਇਸੇ ਤਰ੍ਹਾਂ ਜਿਹੋ ਜਿਹੇ ਨਾਮ ਦੀ ਖੇਤੀ ਅਸੀਂ ਕਰਦੇ ਹਾਂ ਭਾਵ ਵਿਕਾਰਾਂ ਵਿੱਚ ਵਿਚਰਦੇ ਹੋਏ, ਬਿਨ੍ਹਾਂ ਪਤਿ ਤੋਂ ਵਿਚਰਦੇ ਹੋਏ ਜਿਹੋ ਜਿਹਾ ਅਸੀਂ ਆਪਣੇ ਵੱਲੋਂ ਜਪ ਤਪ ਕਰਦੇ ਹਾਂ, ਨਾਮ ਜਪਣਾ ਸਮਝਦੇ ਹਾਂ ਕੀ ਕਦੇ ਇਹੋ ਜਿਹਾ ਬੀਜ ਉੱਗ ਸਕਦਾ ਹੈ ? ਭਾਵ ਕਦੇ ਨਹੀਂ ਉੱਗ ਸਕਦਾ। ਜੋ ਚੀਜ਼ ਉੱਗ ਹੀ ਨਹੀਂ ਸਕਦੀ, ਉਸ ਤੋਂ ਅਸੀਂ ਇਹ ਉਮੀਦ ਲਗਾਈ ਰੱਖੀਏ ਕਿ ਅਸੀਂ ਇਸ ਦੇ ਨਾਲ ਭਾਵ ਇਹੋ ਜਿਹੇ ਨਾਮ ਜਪਣ ਦੁਆਰਾ, ਨਾਮ ਬੀਜਣ ਦੁਆਰਾ ਨਾਮ, ਪ੍ਰਮਾਤਮਾ ਨੂੰ ਪਾ ਲਵਾਂਗੇ ਜਾਂ ਉਸ ਦੇ ਨੇੜੇ ਲੱਗ ਜਾਵਾਂਗੇ ਤਾਂ ਇਸ ਤੋਂ ਵੱਡਾ ਭੁਲੇਖਾ ਹੋਰ ਕੀ ਹੋ ਸਕਦਾ ਹੈ। ਜੇਕਰ ਦਾਲ ਨਹੀਂ ਉੱਗ ਸਕਦੀ ਫਿਰ ਇਹੋ ਜਿਹਾ ਜਪ ਤਪ ਵੀ ਕਿਸੇ ਕੰਮ ਨਹੀਂ ਆ ਸਕਦਾ। (**ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥**)

ਮਹਲਾ ੨ ॥

{ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥
ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥}

(ਅੰਗ ੪੭੪)

ਸਾਡੇ ਇਹੋ ਜਿਹੇ ਜਪ ਤਪ ਜੋ ਅਸੀਂ ਕਰ ਰਹੇ ਹਾਂ ਕੇਵਲ ਮੁੱਖੋਂ ਹਵਾ ਛੱਡਣ ਵਾਲੀ ਗੱਲ ਹੈ, ਕੇਵਲ ਦਾਲ ਬੀਜਣ ਵਾਲੀ ਗੱਲ ਹੈ ਜਿਸ ਨੇ ਨਾ ਕਦੀ ਉੱਗਣਾ ਹੈ ਤੇ ਨਾਂ ਹੀ ਉਸ ਤੋਂ ਕੋਈ ਉਮੀਦ ਰੱਖਣੀ ਚਾਹੀਦੀ ਹੈ।

11/1115

ਬਿਖ ਵਿੱਚ ਰਹਿੰਦੇ ਹੋਏ ਅਸੀਂ ਅੰਮ੍ਰਿਤ ਦੀ ਉਮੀਦ ਰੱਖੀਏ ਤਾਂ ਫਿਰ ਸਾਡੇ ਤੋਂ ਅਣਜਾਣ ਕੌਣ ਹੋ ਸਕਦਾ ਹੈ ਭਾਵੇਂ ਸਮਝਦੇ ਅਸੀਂ ਆਪਣੇ ਆਪ ਨੂੰ ਸਭ ਤੋਂ ਸਿਆਣੇ ਹੀ ਹਾਂ। ਪ੍ਰਮਾਤਮਾ ਨੂੰ ਪਾਉਣ ਦਾ ਦਾਅਵਾ ਵੀ ਸਾਡੀ ਸਿਆਣਪ ਹੀ ਹੈ ਭਾਵੇਂ ਸਾਡੇ ਦਾਅਵੇ ਦੀ ਕੋਈ ਗੱਲ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਾ ਉਤਰੇ।

{ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥}

(ਅੰਗ ੭੧)

ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਸਰੀਰਕ ਜਪ ਤਪ ਕਰਨ ਵਾਲੇ ਹੀ ਕਰਦੇ ਹਨ, ਹਉਮੈ ਵਿੱਚ ਵਿਚਰਨ ਵਾਲੇ ਹੀ ਕਰਦੇ ਹਨ, ਜਦ ਕਿ ਉਸਨੂੰ ਪਾਉਣ ਦੀ ਨਿਸ਼ਾਨੀ ਕੀ ਹੈ ਇਸ ਗੱਲ ਦੀ ਕੋਈ ਸੋਝੀ ਨਹੀਂ ਹੈ। ਅਸੀਂ ਭਾਵੇਂ ਭਗਤੀ ਦੇ ਅਸਲ ਮਾਰਗ

ਤੋਂ ਭਟਕੇ ਹੋਏ ਹਾਂ ਪਰ ਅਸੀਂ ਆਪਣੀ ਗਲਤੀ ਨੂੰ ਹੁਣ ਵੀ ਸੁਧਾਰ ਸਕਦੇ ਹਾਂ, ਸਾਡੇ ਤੇ ਪ੍ਰਮਾਤਮਾ ਦੀ ਕ੍ਰਿਪਾ ਕਦੇ ਵੀ ਹੋ ਸਕਦੀ ਹੈ, ਇਹ ਸਾਡਾ ਪੂਰਾ ਜੀਵਨ ਅੰਮ੍ਰਿਤ ਵੇਲਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ ਤੇ ਇਸ ਲਈ ਨਾਲ ਹੀ ਸਾਨੂੰ ਅਗਲੀ ਪੰਗਤੀ ਵਿੱਚ ਇਹ ਭਰੋਸਾ ਦਿੱਤਾ ਹੋਇਆ ਹੈ।

“ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥”

ਪ੍ਰਮਾਤਮਾ ਦੇ ਨਾਲੋਂ ਅਸੀਂ ਵੱਖਰੇ ਮਨ ਦੇ ਬੀਜ ਦੁਆਰਾ ਹੀ ਹੋਏ ਹਾਂ, ਮਨ ਦੇ ਮਾੜੇ ਵਿਚਾਰਾਂ ਕਰਕੇ ਹੀ ਹੋਏ ਹਾਂ, ਮਨ ਦੀ ਦੁਚਿੱਤੀ ਦੁਆਰਾ, ਅਗਿਆਨਤਾ ਦੁਆਰਾ ਹੀ ਹੋਏ ਹਾਂ, ਗੁਰੁ ਦੇ ਸੱਚੇ ਗਿਆਨ ਤੋਂ ਵਿਛੜ ਕੇ ਹੀ ਹੋਏ ਹਾਂ ਭਾਵੇਂ ਉਸ ਨੇ ਸਾਨੂੰ ਆਪ ਹੀ ਵਿਛੋੜਿਆ ਹੋਇਆ ਹੈ। ਉਸਨੇ ਸਾਨੂੰ ਆਪਣੇ ਨਾਲ ਮਿਲਾਉਣ ਲਈ ਉੱਦਮ ਸਾਡੇ ਸਿਰ ਹੀ ਪਾਇਆ ਹੋਇਆ ਹੈ। ਉੱਦਮ ਤਾਂ ਅਸੀਂ ਪਹਿਲਾਂ ਵੀ ਕਰ ਰਹੇ ਹਾਂ ਭਾਵੇਂ ਨਾ ਸਮਝੀ ਵਿੱਚ ਹੀ ਕਰ ਰਹੇ ਹਾਂ। ਆਪਣੇ ਉੱਦਮ ਨੂੰ ਕੇਵਲ ਬਦਲਣ ਦੀ ਲੋੜ ਹੈ। ਨਾਮ ਦੇ ਬੀਜ ਨੂੰ ਉਸ ਦੀ “**ਮਤਿ ਦੇ ਨਾਲ ਇੱਕ**” ਹੋ ਕੇ ਹੀ ਬੀਜਿਆ ਜਾ ਸਕਦਾ ਹੈ ਤੇ ਇਹ ਬੀਜ ਤਾਂ ਹੀ ਉੱਗਦਾ ਹੈ। ਇਸ ਬੀਜ ਨੂੰ ਬੀਜਣ ਦੀ ਰੁੱਤ ਸਦਾ ਹੀ ਹੈ, ਸਾਰਾ ਜੀਵਨ ਹੈ ਤੇ ਸਾਨੂੰ ਪ੍ਰਮਾਤਮਾ ਸਹੀ ਮਾਰਗ ਦੀ ਸੋਝੀ ਕਦੇ ਵੀ ਪਾ ਸਕਦਾ ਹੈ, ਉਸਨੂੰ ਆਖਰੀ ਸਵਾਸ ਤੱਕ ਵੀ ਪਾਇਆ ਜਾ ਸਕਦਾ ਹੈ। (**ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥**)

11/1116

ਮਃ ੩ ॥

{ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥}

(ਅੰਗ ੧੩੭੮)

ਸਾਨੂੰ ਆਪਣਾ ਭਗਤੀ ਦਾ ਤਰੀਕਾ ਬਦਲਣ ਦੀ ਲੋੜ ਹੈ। ਜਿਹੜੇ ਤਰੀਕੇ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਦੇ ਹਾਂ , ਉਸਦਾ ਜੱਸ ਗਾਉਂਦੇ ਹਾਂ, ਇਸ ਨੂੰ ਹੀ ਬਦਲਣ ਦੀ ਲੋੜ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥”

ਉਪਰਲੀਆਂ ਦੋਵੇਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਪਹਿਲੀ ਪੰਗਤੀ ਵਿੱਚ ਸਾਡਾ ਪ੍ਰਮਾਤਮਾ ਦੀ ਸਿਫ਼ਤ ਕਰਨ ਦਾ, ਉਸਦਾ ਜੱਸ ਗਾਉਣ ਦਾ ਉਹ ਤਰੀਕਾ ਸਮਝਾਇਆ ਹੋਇਆ ਹੈ ਜੋ ਕਿ ਹਰ ਕੋਈ ਕਰਦਾ ਹੈ ਭਾਵ ਜਿਹੋ ਜਿਹਾ ਜਪ ਤਪ ਅਸੀਂ ਕਰ ਰਹੇ ਹਾਂ, ਜਿਹੋ ਜਿਹਾ ਨਾਮ ਅਸੀਂ ਬੀਜਦੇ ਹਾਂ ਤੇ ਦੂਸਰੀ ਪੰਗਤੀ ਵਿੱਚ ਸਾਨੂੰ ਭਗਤੀ ਦਾ ਸਹੀ ਤਰੀਕਾ ਸਮਝਾਇਆ ਹੋਇਆ ਹੈ, ਨਾਮ ਬੀਜਣਾ ਸਮਝਾਇਆ ਹੋਇਆ ਹੈ।

ਪ੍ਰਮਾਤਮਾ ਦੀ ਉਸਤਤਿ ਕਰਨ ਲਈ ਸਾਨੂੰ ਉਸਦੇ ਰੰਗ ਵਿੱਚ ਆਪਣੇ ਆਪ ਨੂੰ ਰੰਗਣ ਦੀ ਲੋੜ ਹੈ। ਉਸਦੇ ਰੰਗ ਵਿੱਚ ਅਸੀਂ ਕਿਵੇਂ ਰੰਗਣਾ ਹੈ, ਇਹ ਵੀ ਸਮਝਾਇਆ ਹੋਇਆ ਹੈ। ਰੰਗਣਾ ਤਾਂ ਮਨ ਨੂੰ ਹੀ ਹੈ, ਰੰਗਣਾ ਮਨ ਦੇ ਵਿਚਾਰਾਂ ਨੂੰ ਹੀ ਹੈ। ਜਦ ਤੱਕ ਸਾਡੇ ਮਨ ਦੇ ਵਿਚਾਰ ਕੋਰੇ ਹਨ ਭਾਵ ਜਦ ਤੱਕ ਇਨ੍ਹਾਂ ਤੇ ਗੁਰੂ ਦਾ ਰੰਗ ਨਹੀਂ ਚੜ੍ਹਿਆ ਤਦ ਤੱਕ ਪ੍ਰਮਾਤਮਾ ਦੀ ਉਸਤਤਿ ਨਹੀਂ ਕੀਤੀ ਜਾ ਸਕਦੀ।। **(ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥)** ਜਦ ਤੱਕ ਸਾਡੇ ਮਨ ਦੇ ਵਿਚਾਰਾਂ ਵਿੱਚ ਕੂੜ ਹੈ,, ਵਿਕਾਰ ਹਨ, ਜਦ ਤੱਕ ਸੱਚ ਦਾ ਕਾਲ ਪਿਆ ਹੋਇਆ ਹੈ ਤਦ ਤੱਕ ਸਾਡਾ ਮਨ ਗੁਰੂ ਦੀ ਮਤਿ ਵੱਲੋਂ ਕੋਰਾ ਹੀ ਹੈ ਤੇ ਇਹੋ ਜਿਹੀ ਅਵੱਸਥਾ ਵਿੱਚ ਅਸੀਂ ਆਪਣੇ ਆਪ ਵੱਲੋਂ ਜਿਹੋ ਜਿਹਾ ਪ੍ਰਮਾਤਮਾ ਦਾ ਜੱਸ ਗਾਉਂਦੇ ਹਾਂ ਭਾਵ ਜੋ ਸਰੀਰਕ ਜਪ ਤਪ ਆਦਿ ਕਰਦੇ ਹਾਂ ਉਸ ਨਾਲ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਭਾਵ ਸਾਡੇ ਸਾਰੇ ਉਪਰਾਲੇ ਵਿਅਰਥ ਹੀ ਜਾਂਦੇ ਹਨ।

11/1117

ਆਪਣੇ ਆਪ ਨੂੰ ਪ੍ਰਮਾਤਮਾ ਦੇ ਰੰਗ ਵਿੱਚ ਰੰਗਣ ਦਾ ਤਰੀਕਾ ਉਸਦੇ “**ਭੈਅ**” ਵਿੱਚ ਰੰਗਣਾ ਹੈ। “**ਭੈਅ**” ਕੀ ਹੈ ਇਸ ਨੂੰ ਅਸੀਂ ਪਿੱਛੇ ਅਨੇਕਾਂ ਵਾਰ ਸਮਝ ਚੁੱਕੇ ਹਾਂ।"ਭੈ" ਸੱਚ ਹੈ, ਗੁਰੁ ਦੀ ਮਤਿ ਹੈ। ਸਾਡੇ ਮਨ ਦੇ ਵਿਚਾਰਾਂ ਨੂੰ ਗੁਰੁ ਦੇ ਭੈ ਨਾਲ ਰੰਗ ਕੇ ਹੀ ਉਸਦਾ ਰੰਗ ਚੜ੍ਹ ਸਕਦਾ ਹੈ। ਔਗੁਣ ਛੱਡ ਕੇ ਹੀ ਗੁਣਾਂ ਦਾ ਰੰਗ ਚੜ੍ਹ ਸਕਦਾ ਹੈ। ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਸਾਡੀ “**ਸਰਮੁ**” ਹੈ ਭਾਵ ਸਾਡੀ ਮਿਹਨਤ ਹੈ ਜਿਸ ਦੁਆਰਾ ਅਸੀਂ ਆਪਣੇ ਕਾਰ ਵਿਹਾਰ ਕਰਦੇ ਹਾਂ, ਕਿਰਤ ਕਰਦੇ

ਹਾਂ। ਜਦੋਂ ਇਹ ਕਿਰਤ ਅਸੀਂ ਗੁਣਾਂ ਦੁਆਰਾ ਕਰਾਂਗੇ, ਸੱਚ ਦੁਆਰਾ ਕਰਾਂਗੇ, ਇਸ ਵਿੱਚ ਹੀ ਪ੍ਰਮਾਤਮਾ ਦੀ ਵਡਿਆਈ ਹੈ, ਉਸਦੀ ਸੱਚੀ ਉਸਤਤਿ ਕਰਨ ਦਾ ਤਰੀਕਾ ਹੈ। ਸਾਡੇ ਮਨ ਦੇ ਚੰਗੇ ਵਿਚਾਰਾਂ ਨੇ ਸਾਡੀ ਕਿਰਤ ਨੂੰ ਹੀ ਚੰਗਾ ਬਣਾਉਣਾ ਹੈ। ਸਾਡਾ ਭਗਤੀ ਕਰਨ ਦਾ ਤਰੀਕਾ ਮਨ ਦੇ ਵਿਚਾਰਾਂ ਦੀ ਸ਼ੁੱਧੀ ਦੁਆਰਾ ਵਿਚਰਨਾ ਹੀ ਹੈ ਤੇ ਇਹੀ ਗੱਲ ਸ਼ਬਦ ਦੀ ਆਖਰੀ ਪੰਗਤੀ ਵਿੱਚ ਸਮਝਾਈ ਹੋਈ ਹੈ।

“ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥”

ਜਦ ਤੱਕ ਸਾਡੇ ਅੰਦਰ ਕੂੜ ਹੈ, ਮਨ ਵਿੱਚ ਮੈਲ ਹੈ ਤਾਂ ਫਿਰ ਨਾ ਉੱਥੇ ਕੋਈ ਭਗਤੀ ਹੈ, ਨਾ ਹੀ ਕੋਈ ਪ੍ਰਮਾਤਮਾ ਦਾ ਜੱਸ ਹੈ, ਉਸਦੀ ਵਡਿਆਈ ਹੈ। ਭਗਤੀ ਬਿਨ੍ਹਾਂ ਗੁਣਾਂ ਤੋਂ, ਬਿਨ੍ਹਾਂ ਸੱਚੀ ਸੁੱਚੀ ਕਿਰਤ ਤੋਂ ਨਹੀਂ ਹੋ ਸਕਦੀ। ਬਿਨ੍ਹਾਂ ਆਪਣੇ ਆਪ ਨੂੰ ਗੁਰਮਤਿ ਵਾਲਾ ਬਣਾਉਣ ਤੋਂ ਉਸਦਾ ਨਾਮ ਨਹੀਂ ਜਪਿਆ ਜਾ ਸਕਦਾ। ਇਸ ਭੁਲੇਖੇ ਵਿੱਚੋਂ ਜਿਤਨੀ ਜਲਦੀ ਨਿਕਲ ਜਾਈਏ, ਸਾਡੇ ਲਈ ਉਤਨਾ ਹੀ ਚੰਗਾ ਹੈ। ਜਦ ਤੱਕ ਸਾਡਾ ਮਨ ਮੈਲਾ ਹੈ ਅਸੀਂ ਆਪਣਾ ਸੁਆਸ-ਸੁਆਸ ਵਿਅਰਥ ਗਵਾ ਰਹੇ ਹਾਂ, ਆਪਣੀ ਖੁਆਰੀ ਕਰ ਰਹੇ ਹਾਂ। ਇਸ ਖੁਆਰੀ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਹੀ ਸਾਡਾ ਭਗਤੀ ਵਾਲੇ ਪਾਸੇ ਤੁਰਨ ਦਾ ਉੱਦਮ ਹੈ, ਨਾਮ ਜਪਣ ਦਾ ਉੱਦਮ ਕਰਨਾ ਹੈ।

ਹੁਣ ਤੱਕ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ "**ਨਾਮ ਦਰਸ਼ਨ**" ਕੀਤੇ ਹਨ ਭਾਵ ਬਰੀਕੀ ਨਾਲ ਨਾਮ ਬਾਰੇ ਜਾਣਿਆ ਹੈ, ਗੁਰੂ ਪ੍ਰਮਾਤਮਾ ਬਾਰੇ ਜਾਣਿਆ ਹੈ।

11/1118

ਅਸੀਂ ਅਨੇਕਾਂ ਭੁਲੇਖਿਆਂ ਵਿੱਚੋਂ ਨਿਕਲੇ ਹਾਂ ਅਤੇ ਹੋਰ ਵੀ ਭੁਲੇਖਿਆਂ ਵਿੱਚੋਂ ਨਿਕਲਣਾ ਹੈ, ਅਜੇ ਹੋਰ ਵੀ "ਨਾਮ ਦਰਸ਼ਨ" ਕਰਨਾ ਹੈ। ਆਓ ਸਭ ਤੋਂ ਪਹਿਲਾਂ "ਨਾਮ ਦ੍ਰਿੜ" ਤੇ "ਨਾਮ" ਵਿੱਚ ਕੀ ਫ਼ਰਕ ਹੈ, ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਜੇਕਰ ‘‘ਅੱਖਰ’’ ਦਾ ਜਾਪ ਕਰਨ ਵਾਲੇ, ਜਿਸ ਨੂੰ ਕਿ ਨਾਮ ਜਪਣਾ ਸਮਝਿਆ ਜਾਂਦਾ ਹੈ, ਉਹ ਖੁਦ ਵੀ ਇਹ ਸਮਝਣਾ ਚਾਹੁਣ ਕਿ "ਨਾਮ" ਅਤੇ "ਨਾਮ ਦ੍ਰਿੜ" ਵਿੱਚ ਕੀ ਫ਼ਰਕ ਹੈ ਉਹ ਆਪਣੇ ਆਪ ਕਦੇ ਨਹੀਂ ਸਮਝ ਸਕਦੇ। ਜੇਕਰ ਨਾਮ ਦੀ ਸਹੀ ਸੋਝੀ ਨਹੀਂ ਤਾਂ ਫਿਰ ਨਾਮ ਧਨੁ ਦੀ ਸੋਝੀ ਵੀ ਨਹੀਂ ਹੋ ਸਕਦੀ। ਜਿਵੇਂ ਕਿ ਅਸੀਂ ਸ਼ੁਰੂ ਤੋਂ ਹੀ ਗੱਲ ਕੀਤੀ ਸੀ ਕਿ ਬਾਣੀ ਆਪਣੀ ਕਸਵੱਟੀ ਆਪ ਹੈ, ਬਾਣੀ ਝੂਠ ਸੱਚ ਵਿੱਚ ਆਪ ਹੀ ਪਹਿਚਾਣ ਕਰ ਦੇਵੇਗੀ। ਅੱਖਰ ਦਾ ਜਾਪ ਕਰਨ ਵਾਲੇ ਅੱਖਰ ਜਪੀ ਜਾਣ ਨੂੰ ਹੀ ਉਸਦਾ ਧਨੁ ਇਕੱਠਾ ਕਰਨਾ ਸਮਝਦੇ ਹਨ। ਜਿਤਨਾ ਕੋਈ ਜ਼ਿਆਦਾ ਜਪੀਆ ਅਖਵਾਉਣ ਵਾਲਾ ਹੈ ਉਹ ਉਤਨਾ ਹੀ ਆਪਣੇ ਆਪ ਨੂੰ ਨਾਮ ਧਨੁ ਦਾ ਵੱਡਾ ਭੰਡਾਰ ਇਕੱਠਾ ਕਰਨ ਵਾਲਾ ਸਮਝਦਾ ਹੈ।

ਜੋ ‘‘ਨਾਮ’’ ਹੈ ਉਹੀ ‘‘ਨਾਮ ਧਨੁ’’ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸਮਝਣ ਦੀ ਲੋੜ ਇਹ ਹੈ ਕਿ ਨਾਮ ਵਿੱਚ ਅਤੇ ਨਾਮ ਦ੍ਰਿੜ ਹੋਣ ਵਿੱਚ ਕੀ ਫ਼ਰਕ ਹੈ। ਜਦ ਤੱਕ ਨਾਮ ਸਾਡੇ ਅੰਦਰ ਦ੍ਰਿੜ ਨਹੀਂ ਹੁੰਦਾ ਤਦ ਤੱਕ ਸਾਡੇ ਅੰਦਰ ਨਾਮ ਟਿਕ ਨਹੀਂ ਸਕਦਾ, ਨਾਮ ਧੰਨ ਇਕੱਠਾ ਨਹੀਂ ਹੋ ਸਕਦਾ। ਜਿਵੇਂ ਕਿ ਅਸੀਂ ਵਾਰ-ਵਾਰ ਜਾਣਿਆ ਹੈ ਨਾਮ ਦੇਣ ਵਾਲਾ ਵੀ ਗੁਰੂ ਪ੍ਰਮਾਤਮਾ ਆਪ ਹੈ ਅਤੇ ਨਾਮ ਦ੍ਰਿੜ ਕਰਨ ਵਾਲਾ ਵੀ ਆਪ ਹੈ। ਜਦੋਂ ਪ੍ਰਮਾਤਮਾ ਸਾਨੂੰ ਨਾਮ ਦਿੰਦਾ ਹੈ ਉਹ ਦ੍ਰਿੜਤਾ ਦੀ ਅਵੱਸਥਾ ਵਿੱਚ ਹੀ ਮਿਲਦਾ ਹੈ ਭਾਵ ਨਾਮ ਦਾ ਮਿਲਣਾ ਤੇ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਕੋਈ ਵੱਖਰਾ ਨਹੀਂ ਹੈ। ‘‘ਨਾਮ’’ ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਦਾ ਸਾਡੇ ਅੰਦਰ ਦ੍ਰਿੜ ਹੋ ਜਾਣਾ ਨਾਮ ਦਾ ਦ੍ਰਿੜ ਹੋਣਾ ਹੈ। ਇਹ ਮਨ ਦੀ ਪੂਰਨ ਅਡੋਲਤਾ ਦੀ ਅਵੱਸਥਾ ਹੈ ਜਦੋਂ ਮਨੁੱਖ ਪੂਰੀ ਤਰ੍ਹਾਂ ਗੁਰੂ ਦੀ ਮਤਿ ਅਨੁਸਾਰ ਹੀ ਵਿਚਰਦਾ ਹੈ, ਕੇਵਲ ਨਾਮ ਹੀ ਜਪਦਾ ਹੈ, ਕੇਵਲ ਸੱਚ ਤੇ ਚੱਲਦਾ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਕੇ ਆਪਣਾ ਨਾਮ ਸਮਝਾਉਂਦਾ ਹੈ, ਆਪਣੀ ਮਤਿ ਸਮਝਾਉਂਦਾ ਹੈ ਫਿਰ ਤਾਂ ਹੀ ਉਸ ਤੇ ਦ੍ਰਿੜ ਹੋ ਕੇ ਚੱਲਿਆ ਜਾ ਸਕਦਾ ਹੈ। ਮਨ ਦੇ ਵਿੱਚ ਪੂਰਨ ਵਿਸ਼ਵਾਸ ਉਤਪੰਨ ਹੋਣ ਨਾਲ ਹੀ ਉਸ ਤੇ ਅਡੋਲ ਹੋਇਆ ਜਾ ਸਕਦਾ ਹੈ। ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਆਪਣੀ ਸੱਚੀ ਮਤਿ ਸਮਝਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਵਿਚਰਨ ਦੀ ਸਮਰੱਥਾ ਬਖਸ਼ਦਾ ਹੈ ਜੋ ਸਭ ਦੇ ਮਨ ਦੇ ਵਿੱਚ ਹੀ ਹੈ। ਨਾਮ ਸੱਚ ਹੈ, ਨਾਮ ਗੁਰੂ ਦੀ ਮਤਿ ਹੈ। ਸੱਚ ਤੇ, ਗੁਰੂ ਦੀ ਮਤਿ ਤੇ ਹਰ ਕੋਈ ਚੱਲਣ ਦਾ ਉੱਦਮ ਕਰਦਾ ਹੈ, ਪਰ ਮਨੁੱਖ

11/1119

ਤ੍ਰੈਗੁਣਾਂ ਵਾਲੀ ਬਿਰਤੀ ਵਿੱਚ ਵਿਚਰਦਾ ਹੈ ਜਿਸ ਦੁਆਰਾ ਮਨੁੱਖ ਨਾਮ ਤੇ ਭਾਵ ਗੁਰਮਤਿ ਤੇ, ਸੱਚ ਤੇ ਅਡੋਲ ਹੋ ਕੇ ਨਹੀਂ ਵਿਚਰ ਸਕਦਾ। ਤ੍ਰੈਗੁਣਾਂ ਵਿੱਚ ਮਾਇਆ ਮੋਹ ਹੈ, ਭਰਮ ਹੈ, ਅਗਿਆਨਤਾ ਹੈ ਜਿਸ ਦੇ ਰਹਿੰਦਿਆਂ ਮਨੁੱਖ ਧਰਮ ਦੀ ਸੱਚਾਈ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕਦਾ। ਸੱਚ ਕੇਵਲ ਗੁਰੂ ਦੀ ਮਤਿ ਹੈ ਤੇ ਤ੍ਰੈਗੁਣਾਂ ਵਿੱਚ ਰਹਿੰਦਿਆਂ ਹੋਇਆਂ ਕੋਈ ਵੀ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕਦਾ। ਜੋ ਗੱਲ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਸ ਨੂੰ ਵੀ ਸੱਚ ਸਮਝ ਕੇ ਅਪਣਾ ਲੈਂਦਾ ਹੈ ਜਿਵੇਂ ਕਿ ਸਰੀਰਕ ਜਪ ਤਪ ਆਦਿ ਕਰਨੇ, ਮਨੁੱਖੀ ਟੇਕ ਨੂੰ ਵੱਡਾ ਸਮਝ ਕੇ, ਮਨੁੱਖੀ ਮਤਿ ਨੂੰ ਵੱਡਾ ਸਮਝਕੇ ਉਹਨਾਂ ਦੇ ਪਿੱਛੇ ਲੱਗ ਜਾਣਾ, ਮਾਇਆ ਮੋਹ ਵਿੱਚ ਫਸ ਕੇ ਮਾੜੇ ਕਰਮਾਂ ਦਾ ਆਸਰਾ ਲੈਣਾ, ਆਪਣੀ ਸੱਚੀ ਸੁੱਚੀ ਕਿਰਤ ਦੀ ਬਜਾਇ ਸਰੀਰਕ ਜਪ ਤਪ ਨੂੰ, ਪੋਥੀਆਂ ਪੜ੍ਹੀ ਜਾਣ ਨੂੰ ਹੀ ਭਗਤੀ ਦਾ ਮਾਰਗ ਸਮਝਣਾ, ਸਰੀਰਕ ਸੁੱਚ ਸੰਜਮ ਆਦਿ ਨੂੰ ਉੱਚਾ ਸਮਝਣਾ ਅਤੇ ਹੋਰ ਵੀ ਇਹੋ ਜਿਹੇ ਅਨੇਕਾਂ ਤਰੀਕਿਆਂ ਨੂੰ ਭਗਤੀ ਦਾ ਮਾਰਗ ਸਮਝਣਾ ਜਿੰਨ੍ਹਾਂ ਦਾ ਕਿ ਗੁਰਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਗਿਆ ਹੈ। ਨਾਮ ਦਾ ਮਿਲਣਾ ਪੂਰਨ ਸੋਝੀ ਦਾ ਮਿਲਣਾ ਹੈ, ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੈ, ਚੌਥੇ ਪਦ ਵਾਲੇ ਗਿਆਨ ਵਾਲੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਭਰਮ ਤੋਂ, ਅਗਿਆਨਤਾ ਤੋਂ, ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਰਹਿਤ ਹੁੰਦਾ ਹੈ, ਜਿਸ ਦੁਆਰਾ ਮਨੁੱਖ ਦੇ ਅੰਦਰ ਸੱਚ ਦ੍ਰਿੜ ਹੁੰਦਾ ਹੈ, ਸੱਚਾ ਗਿਆਨ ਦ੍ਰਿੜ ਹੁੰਦਾ ਹੈ, ਗੁਰਮਤਿ ਦ੍ਰਿੜ ਹੁੰਦੀ ਹੈ। ਇਹ ਪੂਰਨ ਅਡੋਲਤਾ ਦੀ ਅਵੱਸਥਾ ਹੈ ਜਦੋਂ ਮਨੁੱਖ ਨੂੰ ਪ੍ਰਮਾਤਮਾ ਦੀ ਸੱਚਾਈ ਸਮਝ ਪੈ ਜਾਂਦੀ ਹੈ। ਜਦ ਤੱਕ ਨਾਮ ਦ੍ਰਿੜ ਨਹੀਂ ਹੁੰਦਾ ਭਾਵ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਗੁਰਮਤਿ ਤੇ, ਸੱਚ ਤੇ ਚੱਲਣ ਦਾ ਕੇਵਲ ਉੱਦਮ ਕਰ ਸਕਦੇ ਹਾਂ ਜੋ ਕਿ ਅਸੀਂ ਕਰਦੇ ਵੀ ਹਾਂ ਭਾਵ ਅਸੀਂ ਨਾਮ ਤੇ ਚੱਲਣ ਦਾ ਉੱਦਮ ਕਰਦੇ ਹਾਂ ਪਰ ਉਸ ਤੇ

11/1120

ਪੂਰਾ ਨਹੀਂ ਉਤਰ ਸਕਦੇ। ਇਹ ਮਨੁੱਖ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ ਕਿਉਂਕਿ ਤ੍ਰੈਗੁਣਾਂ ਦੀ ਅਵੱਸਥਾ ਸਾਡੀ ਆਪਣੀ ਬਣਾਈ ਹੋਈ ਨਹੀਂ ਹੈ। ਜਿਸ ਅਕਾਲ ਪੁਰਖ ਨੇ ਸਭ ਨੂੰ ਇਸ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਆਪਣੇ ਨਿਯਮ ਅਨੁਸਾਰ ਕਦੇ ਹੀ ਕਿਸੇ ਵਿਰਲੇ ਨੂੰ, ਕਰੋੜਾਂ ਅਰਬਾਂ ਵਿੱਚੋਂ ਇਸ ਅਵੱਸਥਾ ਤੋਂ ਮੁਕਤ ਕਰਕੇ ਸਹਜ ਗਿਆਨ ਦੀ ਅਵੱਸਥਾ ਬਖਸ਼ਦਾ ਹੈ ਤੇ ਆਪਣੀ ਸੱਚਾਈ ਸਮਝਾਉਂਦਾ ਹੈ, ਮਨ ਦੇ ਵਿੱਚੋਂ ਹੀ ਆਪਣੇ ਦਰਸ਼ਨ ਕਰਵਾਉਂਦਾ ਹੈ।

ਜਿੱਥੇ ਬਾਣੀ ਵਿੱਚ ਵਾਰ-ਵਾਰ ਨਾਮ ਜਪਣ ਦੀ ਗੱਲ ਆਉਂਦੀ ਹੈ, ਨਾਮ ਮਿਲਣ ਦੀ ਗੱਲ ਆਉਂਦੀ ਹੈ ਉੱਥੇ ਹੀ ਨਾਮ ਦੀ ਪ੍ਰਾਪਤੀ ਦੀ ਗੱਲ ਆਉਂਦੀ ਹੈ। ਉੱਥੇ ਹੀ ਨਾਮ ਦੀ ਚੋਰੀ ਹੋਣ ਦੀ ਗੱਲ ਵੀ ਆਉਂਦੀ ਹੈ ਤੇ ਵਾਰ-ਵਾਰ ਗੁਰਬਾਣੀ ਵਿੱਚ ਹੀ ਸਾਨੂੰ ਸਮਝਾਇਆ ਗਿਆ ਹੈ ਕਿ "ਨਾਮ ਧਨੁ" ਕਦੇ ਚੋਰੀ ਨਹੀਂ ਹੁੰਦਾ, ਇਸ ਧਨ ਨੂੰ ਕੋਈ ਚੁਰਾ ਨਹੀਂ ਸਕਦਾ, ਇਹ ਧਨ ਕਦੇ ਡੁੱਬ ਨਹੀਂ ਸਕਦਾ, ਇਸ ਨੂੰ ਅੱਗ ਜਲਾ ਨਹੀਂ ਸਕਦੀ। ਗੁਰਬਾਣੀ ਸਾਨੂੰ ਜੋ ਵੀ ਸਮਝਾ ਰਹੀ ਹੈ ਉਹ ਤਾਂ ਕਦੇ ਗਲਤ ਨਹੀਂ ਹੋ ਸਕਦਾ। ਫ਼ਰਕ ਕੇਵਲ ਸਾਡੀ ਸਮਝ ਦਾ ਹੈ, ਨਾਮ ਦੀ ਸਹੀ ਸੋਝੀ ਨਾ ਹੋਣ ਦਾ ਹੈ। ਜੇਕਰ ਨਾਮ ਨੂੰ ਇੱਕ ਅੱਖਰ ਮੰਨ ਲਵਾਂਗੇ ਤਾਂ ਫਿਰ ਇਸ ਗੱਲ ਦੀ ਸੋਝੀ ਪੈ ਹੀ ਨਹੀਂ ਸਕਦੀ। ਇਸ ਦਾ ਜਵਾਬ ਲੱਭਦੇ ਲੱਭਦੇ ਥੱਕ ਜਾਵਾਂਗੇ, ਅੰਤ ਹਾਰ ਜਾਵਾਂਗੇ। ਇਹਨਾਂ ਗੱਲਾਂ ਦਾ ਜਵਾਬ ਹੇਠ ਦਿੱਤੇ ਸ਼ਬਦਾਂ ਦੁਆਰਾ ਆਪੇ ਹੀ ਸਪੱਸ਼ਟ ਹੋ ਜਾਵੇਗਾ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆਏ ਹਾਂ ਨਾਮ ਧਨ, ਹਰਿ ਧਨ, ਅੰਮ੍ਰਿਤ ਰਸ, ਨਾਮ ਰਸ, ਹਰਿ ਰਸ ਇੱਕੋ ਹੀ ਗੱਲ ਹੈ। ਸਭ ਤੋਂ ਭਾਵ ਗੁਰੂ ਦੀ ਸੱਚੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ, ਸਹਜ ਗਿਆਨ ਹੈ। ਹੇਠ ਦਿੱਤੇ ਸ਼ਬਦਾਂ ਦੁਆਰਾ ਸਾਨੂੰ ਇਹ ਗੱਲ ਬਰੀਕੀ ਨਾਲ ਸਮਝ ਆ ਜਾਵੇਗੀ ਤੇ ਸਾਡੀ ਗੁਰਬਾਣੀ ਦੇ ਸ਼ਬਦਾਂ ਦੇ ਅਸਲ ਭਾਵ ਸਮਝਣ ਵਿੱਚ ਦੁਚਿੱਤੀ ਦੂਰ ਹੋ ਜਾਵੇਗੀ।

11/1121

ਸਿਰੀਰਾਗੁ ਮਹਲਾ ੪ ॥

"ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥
ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥
ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥

ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥
ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥”

(ਅੰਗ ੪੧)

“ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥”

(ਅੰਗ ੭੨)

“ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥”

(ਅੰਗ ੯੫)

ਮਾਝ ਮਹਲਾ ੫ ॥

“ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ ਦੂਖ ਬਿਡਾਰਨ ਹਰੀਆ ॥
ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥
ਜੋ ਜੋ ਪੀਵੈ ਸੋ ਤ੍ਰਿਪਤਾਵੈ ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥
ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥
ਜਿਨਿ ਹਰਿ ਰਸੁ ਪਾਇਆ ਸੋ ਤ੍ਰਿਪਤਿ ਅਘਾਨਾ ॥ ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ ॥
ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ ॥੩॥”

(ਅੰਗ ੧੦੦ - ੧੦੧)

“ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥
ਅਗਮ ਅਗੋਚਰੁ ਸਾਹਿਬੁ ਮੇਰਾ ॥ ਘਟ ਘਟ ਅੰਤਰਿ ਵਰਤੈ ਨੇਰਾ ॥
ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥
ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥
ਹਥੀ ਦਿਤੀ ਪ੍ਰਭਿ ਦੇਵਣਹਾਰੈ ॥ ਜਨਮ ਮਰਣ ਰੋਗ ਸਭਿ ਨਿਵਾਰੇ ॥

ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥"

(ਅੰਗ ੧੦੬)

"ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥"

(ਅੰਗ ੧੧੨)

"ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥"

(ਅੰਗ ੧੧੩)

11/1122

"ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥"

(ਅੰਗ ੧੧੫)

ਗਉੜੀ ਗੁਆਰੇਰੀ ਮਹਲਾ ੩ ॥

"ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥
ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥
ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥
ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥
ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥"

(ਅੰਗ ੧੬੨)

"ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ ॥
ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ ॥"

(ਅੰਗ ੧੬੭)

ਗਉੜੀ ਮਹਲਾ ੫ ॥

"ਆਠ ਪਹਰ ਸੰਗੀ ਬਟਵਾਰੇ ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥
ਐਸਾ ਹਰਿ ਰਸੁ ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥
ਮਹਾ ਤਪਤਿ ਸਾਗਰ ਸੰਸਾਰ ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥
ਅਨਿਕ ਬੰਧਨ ਤੋਰੇ ਨਹੀ ਜਾਹਿ ॥ ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥
ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥"

(ਅੰਗ ੧੯੬)

ਉੱਪਰ ਦਿੱਤੇ ਕੁੱਝ ਸ਼ਬਦਾਂ ਨੂੰ ਸੰਖੇਪ ਵਿੱਚ ਵਿਚਾਰਨ ਨਾਲ ਹੀ ਇਹ ਸੋਝੀ ਪੈਂਦੀ ਹੈ ਕਿ **"ਰਸੁ"** ਕਿਸ ਨੂੰ ਕਿਹਾ ਹੈ। ਰਸੁ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਸੱਚੀ ਮਤਿ ਹੈ ਜਿਸ ਦਾ ਸੰਬੰਧ ਮਨੁੱਖ ਦੇ ਮਨ ਦੇ ਨਾਲ ਹੈ। ਇਹ ਕੋਈ ਰਸਨਾ ਦਾ ਰਸੁ ਨਹੀਂ ਹੈ, ਕੋਈ ਦੁਨਿਆਵੀ ਰਸੁ ਨਹੀਂ ਹੈ।

ਉੱਪਰ ਦਿੱਤੇ ਪਹਿਲੇ ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਵਿਚਾਰ ਕੇ ਹੀ ਸਮਝ ਲੱਗ ਜਾਂਦੀ ਹੈ ਕਿ "ਰਸੁ" ਕੀ ਹੈ।

"ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥"

(ਅੰਗ - ੪੧)

ਪਹਿਲੀ ਗੱਲ ਤਾਂ "**ਨਾਮ ਰਸੁ**" ਜਾਂ "**ਅੰਮ੍ਰਿਤ ਰਸੁ**" ਵਿੱਚ ਕੋਈ ਫ਼ਰਕ ਨਹੀਂ ਹੈ। ਇਸ ਰਸ ਦੀ ਪ੍ਰਾਪਤੀ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਇਸ "ਰਸੁ" ਦੁਆਰਾ ਹੀ ਹੁੰਦਾ ਹੈ। ਇਹ ਰਸ ਗੁਰੂ ਦੇ ਕੋਲ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਸੁਹਾਗਣ ਹੈ। ਇਹ "ਰਸ" ਗੁਰੂ ਦਾ ਸੱਚਾ ਗਿਆਨ ਹੈ, ਉਸਦੇ ਸੱਚੇ ਬੋਲ ਹਨ ਤੇ ਜੋ ਉਸਦੇ ਬਚਨ ਮੰਨਦਾ ਹੈ ਉਹ ਇਸ ਰਸ ਨੂੰ ਪ੍ਰਾਪਤ ਕਰਦਾ ਹੈ। ਇਸ ਰਸੁ ਦੁਆਰਾ ਹੀ ਮਨੁੱਖ ਦੇ ਦੁੱਖ ਦੂਰ ਹੁੰਦੇ ਹਨ ਤੇ ਮਨੁੱਖ ਦੀ ਹਉਮੈ ਮਰਦੀ ਹੈ ਜੋ ਕਿ ਰਹਾਉ ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਸ਼ਬਦ ਦੇ ਦੂਸਰੇ ਪਦੇ ਦੁਆਰਾ ਇਸ ਰਸੁ ਨੂੰ ਗੁਰੂ ਦਾ ਵਚਨ ਕਹਿ ਕੇ ਸਮਝਾਇਆ ਹੋਇਆ ਹੈ।

11/1123

"ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥"

ਸਾਰੀ ਗੁਰਬਾਣੀ ਸਤਿਗੁਰ ਦੇ ਬਚਨ ਹਨ, ਸਾਰੀ ਗੁਰਬਾਣੀ "**ਹਰਿ ਰਸੁ**" ਹੈ। ਜੇਕਰ ਅਸੀਂ ਗੁਰਬਾਣੀ ਨੂੰ ਪੜ੍ਹਨ ਸੁਣਨ ਤੱਕ ਹੀ ਰਹਿੰਦੇ ਹਾਂ, ਗੁਰੂ ਦੇ ਬਚਨਾਂ ਨੂੰ ਕੇਵਲ ਪੜ੍ਹਨ ਸੁਣਨ ਤੱਕ ਹੀ ਰਹਿੰਦੇ ਹਾਂ ਤਾਂ ਫਿਰ ਅਸੀਂ ਇਸ ਰਸੁ ਨੂੰ ਚੱਖਣ ਤੋਂ ਦੂਰ ਹੀ ਰਹਿੰਦੇ ਹਾਂ। ਬੜਾ ਸਪੱਸ਼ਟ ਕੀਤਾ ਹੋਇਆ ਹੈ ਕਿ ਜੋ ਗੁਰੂ ਦੇ ਬਚਨਾਂ ਨੂੰ ਮੰਨਦਾ ਹੈ ਭਾਵ ਉਹਨਾਂ ਤੇ ਅਮਲ ਕਰਦਾ ਹੈ, ਆਪਣੀ ਜੀਵਨ ਜਾਂਚ ਬਣਾਉਂਦਾ ਹੈ ਉਹੀ ਹਰਿ ਰਸੁ ਚੱਖਦਾ ਹੈ, ਖਾਂਦਾ ਹੈ। ਇਹੋ ਜਿਹਾ ਹਰਿ ਰਸੁ ਚੱਖਣ ਵਾਲਿਆਂ ਨੂੰ ਹੀ ਵਡਭਾਗੀ ਦੱਸਿਆ ਹੈ ਤੇ ਇਹ ਰਸੁ ਉਹਨਾਂ ਨੂੰ ਹੀ ਮਿਲਦਾ ਹੈ ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦੇ ਹਨ ਭਾਵ ਜੋ ਪ੍ਰਮਾਤਮਾ ਨੂੰ ਨਹੀਂ ਭਾਉਂਦੇ ਉਹਨਾਂ ਨੂੰ ਕੇਵਲ ਕਥਨੀ ਬਦਨੀ ਤੱਕ ਹੀ ਰੱਖਦਾ ਹੈ। ਇਸੇ ਗੱਲ ਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ।

"ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥"

(ਅੰਗ ੪੧)

ਉੱਪਰ ਸ਼ਬਦ ਦੀ ਪਹਿਲੀ ਪੰਗਤੀ ਤੋਂ ਹੀ ਇਹ ਸਮਝ ਪੈ ਜਾਂਦੀ ਹੈ ਕਿ "ਹਰਿ ਰਸੁ" ਹੀ ਪ੍ਰਮਾਤਮਾ ਆਪ ਹੈ। ਉਹ ਆਪ ਹੀ ਗੁਰੂ ਹੈ ਤੇ ਆਪ ਹੀ ਗੁਰਮਤਿ ਹੈ। **{ਸਤਿਗੁਰ ਬਚਨ ਬਚਨ ਹੈ ਸਤਿਗੁਰ॥}** ਅੰਗ 1309 ਉਹ ਆਪ ਗਿਆਨ ਹੈ ਤੇ ਗਿਆਨ ਰੂਪ ਵਿੱਚ ਹੀ ਸਭ ਜਗ੍ਹਾ ਵੱਸਿਆ ਹੋਇਆ ਹੈ **(ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ॥)** ਜਿਸ ਨੂੰ ਪ੍ਰਮਾਤਮਾ ਆਪਣਾ ਸੱਚਾ ਗਿਆਨ ਨਹੀਂ ਬਖਸ਼ਦਾ ਭਾਵ ਆਪਣੇ ਆਪ ਦੀ ਸੋਝੀ ਨਹੀਂ ਪਾਉਂਦਾ ਉਹ ਸੱਚਮੁੱਚ ਭਾਗਹੀਣ ਹੀ ਹੈ। ਆਪਣੇ ਨਾਲ ਉਹ ਆਪ ਹੀ ਮੇਲ ਸਕਦਾ ਹੈ ਤੇ ਉਸ ਦੇ ਦਰਸ਼ਨ ਕੀਤੇ ਬਿਨ੍ਹਾਂ ਹਰ ਕਿਸੇ ਨੂੰ ਮਨਮੁਖਿ ਹੀ ਦੱਸਿਆ ਹੈ ਜੋ ਕਿ ਉਸਦੇ ਮੇਲ ਨੂੰ ਤਰਸਦੇ ਹੀ

11/1124

ਰਹਿੰਦੇ ਹਨ। **(ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ॥)** ਉਹਨਾਂ ਦੀ ਮਨਮੁੱਖਤਾ ਕੀ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

"ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ॥੩॥"

ਇਸ ਤੋਂ ਪਹਿਲੇ ਉੱਪਰ ਸਾਨੂੰ ਇਹ ਗੱਲ ਸਮਝਾਈ ਗਈ ਸੀ ਕਿ ਜੋ ਸਤਿਗੁਰ ਦੇ ਬਚਨਾਂ ਨੂੰ ਨਹੀਂ ਮੰਨਦਾ ਭਾਵ ਉਹਨਾਂ ਤੇ ਅਮਲ ਨਹੀਂ ਕਰਦਾ ਉਹ ਹਰਿ ਰਸ ਚੱਖਣ ਤੋਂ ਵਾਂਝਾ ਰਹਿੰਦਾ ਹੈ। ਇਹੀ ਗੱਲ ਉੱਪਰ ਪੰਗਤੀ ਵਿੱਚ ਸਮਝਾਈ ਹੋਈ ਹੈ। ਗੁਰੂ ਅੱਗੇ ਨਿਵਣਾ ਉਸ ਦੇ ਬਚਨਾਂ ਅੱਗੇ ਨਿਵਣਾ ਹੈ ਭਾਵ ਗੁਰੂ ਦੇ ਬਚਨਾਂ ਅੱਗੇ ਮੱਥਾ ਟੇਕਣਾ ਹੈ ਨਾ ਕਿ ਸਰੀਰਕ ਤੌਰ ਤੇ ਮੱਥਾ ਟੇਕ ਕੇ ਆਪਣਾ ਫਰਜ਼ ਪੂਰਾ ਕਰ ਲੈਣਾ। **{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥}** (ਅੰਗ - ੮੭੮) ਉਸਦੇ ਬਚਨਾਂ ਨੂੰ ਮੰਨਣਾ ਹੀ ਨਾਮ ਨੂੰ ਮੰਨਣਾ ਹੈ। ਸਾਡੇ ਅੰਦਰ ਕ੍ਰੋਧ ਦਾ ਹੋਣਾ, ਵਿਕਾਰਾਂ ਦਾ ਹੋਣਾ, ਹਉਮੈ ਦਾ ਹੋਣਾ ਉਸ ਦੇ ਅੱਗੇ ਨਾ ਨਿਵਣ ਦੀ ਨਿਸ਼ਾਨੀ ਦੱਸੀ ਹੋਈ ਹੈ। ਗੁਰੂ ਸਾਨੂੰ ਵਾਰ-ਵਾਰ ਵਿਕਾਰਾਂ ਤੋਂ ਰਹਿਤ ਹੋਣ ਲਈ ਹੀ ਉਪਦੇਸ਼ ਦਿੰਦਾ ਹੈ, ਆਪਣੇ ਬਚਨ ਸੁਣਾਉਂਦਾ ਹੈ, ਆਪਣਾ ਨਾਮ ਸੁਣਾਉਂਦਾ ਹੈ ਤੇ ਉਹਨਾਂ ਨੂੰ ਮੰਨਣਾ ਹੀ ਉਸ ਦੇ ਅੱਗੇ ਨਿਵਣਾ ਹੈ। ਜਿਵੇਂ ਕਿ ਉੱਪਰ ਸਮਝਿਆ ਹੈ ਕਿ ਪ੍ਰਮਾਤਮਾ ਆਪ ਹੀ ਹਰਿ ਰਸੁ ਹੈ ਤੇ ਆਪਣਾ ਹਰਿ ਰਸੁ ਉਹ ਆਪ ਹੀ ਦਿੰਦਾ ਹੈ, ਹਰਿ ਰਸੁ ਦੁਆਰਾ ਆਪਣਾ ਮੇਲ ਕਰਦਾ ਹੈ, ਇਹੀ ਗੱਲ ਸ਼ਬਦ ਦੇ ਆਖਰੀ ਪਦੇ ਵਿੱਚ ਸਮਝਾਈ ਹੋਈ ਹੈ।

"ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ॥੪॥੫॥੬੯॥"

ਬਾਣੀ ਵਿੱਚ ਸਾਨੂੰ ਵਾਰ-ਵਾਰ ਸਮਝਾਇਆ ਹੈ ਕਿ ਅੱਠੇ ਪਹਿਰ ਹਰਿ ਹਰਿ ਜਪੋ ਭਾਵ ਅੱਠੇ ਪਹਿਰ ਗੁਰੂ ਦੀ ਮਤਿ ਅਨੁਸਾਰ ਵਿਚਰੋ। ਹਰਿ ਰਸੁ ਚੱਖੇ ਬਿਨ੍ਹਾਂ ਹਰਿ ਹਰਿ

11/1125

ਨਹੀਂ ਹੋ ਸਕਦਾ। ਹਰਿ ਰਸੁ ਚੱਖਣ ਤੋਂ ਬਾਅਦ ਮਨੁੱਖ ਦਾ ਆਪਾ ਮਿਟ ਜਾਂਦਾ ਹੈ, ਆਪਣੀ ਝੂਠੀ ਹੋਂਦ ਦੀ ਸੋਝੀ ਪੈ ਜਾਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਾਡੇ ਮਨ ਦੇ ਵਿੱਚ ਜੋ ਵੀ ਗਿਆਨ ਆਉਂਦਾ ਹੈ ਉਹ ਸਭ ਹਰਿ ਦੇ ਕੋਲੋਂ ਹੀ ਆਉਂਦਾ ਹੈ। ਉਹ ਆਪਣੇ ਸੱਚੇ ਗਿਆਨ ਦੁਆਰਾ, ਆਪਣੇ ਹਰਿ ਰਸੁ ਦੁਆਰਾ ਆਪ ਹੀ ਸਭ ਜਗ੍ਹਾ ਵਰਤ ਰਿਹਾ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੈ। **(ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ॥)**
(ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ)

ਇਹ ਹਰਿ ਰਸੁ ਸਾਡੇ ਮਨ ਦੇ ਵਿੱਚ ਹੀ ਹੈ ਤੇ ਇਹ ਹਰਿ ਰਸੁ ਹੀ ਅੰਮ੍ਰਿਤ ਹੈ ਜੋ ਕਿ ਸਾਡੇ ਮਨ ਦੇ ਵਿੱਚੋਂ, ਦਸਵੇਂ ਦੁਆਰ ਦੇ ਵਿੱਚੋਂ ਉਹ ਆਪ ਹੀ ਚੁਆਂਦਾ ਹੈ ਜੋ ਇਸ ਦਾ ਮਾਲਕ ਹੈ ਤੇ ਕੇਵਲ ਉਸਦੀ ਕਿਰਪਾ ਦੁਆਰਾ ਇਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। "**ਹਰਿ ਰਸੁ**" ਉਸਦਾ "**ਬ੍ਰਹਮ ਗਿਆਨ**" ਹੈ ਜੋ ਕੇਵਲ ਉਹ ਆਪ ਹੀ ਦੇ ਸਕਦਾ ਹੈ।

(ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥)

ਇਸ ਅੰਮ੍ਰਿਤ ਰਸ ਨਾਲ ਹੀ ਮਨੁੱਖ ਨੂੰ ਸੋਝੀ ਪੈਂਦੀ ਹੈ ਕਿ ਸਾਡਾ ਮਨ, ਸਰੀਰ ਤੇ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਤੇ ਇਸ ਦੇ ਦੁਆਰਾ ਹੀ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਵੱਸਦਾ ਹੈ, ਪ੍ਰਗਟ ਹੁੰਦਾ ਹੈ ਭਾਵ ਉਸ ਦੇ ਨਾਲ ਮੇਲ ਹੁੰਦਾ ਹੈ ਤੇ ਉਸ ਦੇ ਸੱਚੇ ਗਿਆਨ ਦੁਆਰਾ ਮਨੁੱਖ ਦੀ ਆਪਣੀ ਹੋਂਦ ਮਿਟਦੀ ਹੈ ਤੇ ਸਭ ਵਿੱਚ ਉਸੇ ਦੀ ਸੱਚੀ ਹੋਂਦ ਨਜ਼ਰ ਆਉਂਦੀ ਹੈ।

ਆਓ ਹੁਣ ਉੱਪਰ ਦਿੱਤੇ ਹੋਏ ਸ਼ਬਦਾਂ ਵਿੱਚੋਂ ਦੂਜੇ ਸ਼ਬਦ ਦੀਆਂ ਪੰਗਤੀਆਂ ਨੂੰ ਵਿਚਾਰੀਏ ਤੇ ਸਮਝੀਏ ਕਿ ਰਸੁ ਕਿਸ ਨੂੰ ਕਿਹਾ ਹੈ।

"ਜਿਨਾ ਭਾਣੇ ਕਾ ਰਸੁ ਆਇਆ॥ਤਿਨ ਵਿਚਹੁ ਭਰਮੁ ਚੁਕਾਇਆ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥੧੦॥"

(ਅੰਗ - ੭੨)

ਉੱਪਰ ਪੰਗਤੀਆਂ ਵਿੱਚ ‘‘ਰਸੁ’’ ਨੂੰ ਭਾਣੇ ਨਾਲ ਜੋੜ ਕੇ ਸਮਝਾਇਆ ਹੈ। ਇਸ ਰਸੁ ਦੁਆਰਾ ਹੀ ਮਨੁੱਖ ਭਾਣੇ ਵਿੱਚ ਆ ਸਕਦਾ ਹੈ ਭਾਵ ਗੁਰਮਤਿ ਵਿੱਚ ਆ ਸਕਦਾ ਹੈ ਜੋ ਕਿ ਮਨ ਦਾ ਗਿਆਨ ਹੈ। ਇਹ ਰਸੁ ਸਾਨੂੰ ਭਰਮ ਵਿੱਚੋਂ ਕੱਢਦਾ ਹੈ। ਭਰਮ, ਅਗਿਆਨਤਾ ਵਿੱਚੋਂ ਕੇਵਲ ਸਾਨੂੰ ਗਿਆਨ ਹੀ ਕੱਢ

11/1126

ਸਕਦਾ ਹੈ। ਇਸੇ ਰਸੁ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਭਰਮ ਵਿੱਚੋਂ ਕੱਢ ਕੇ ਆਪਣੇ ਨਾਲ ਮਿਲਾਉਂਦਾ ਹੈ। ਇਹ ‘‘ਰਸੁ’’ ਹਰ ਮਨੁੱਖ ਦੇ ਅੰਦਰ ਹੈ ਜਿਸ ਦੁਆਰਾ ਪ੍ਰਮਾਤਮਾ ਹਰ ਕਿਸੇ ਨੂੰ ਆਪਣੇ ਨਾਲ ਮਿਲਾ ਸਕਦਾ ਹੈ। ਉਸਦਾ ਗਿਆਨ ਘੱਟ-ਘੱਟ ਦੇ ਵਿੱਚ ਵਰਤ ਰਿਹਾ ਹੈ, ਉਸਦਾ ਨਾਮ, ਉਸਦੀ ਜੋਤਿ ਘੱਟ ਘੱਟ ਦੇ ਵਿੱਚ ਵਰਤ ਰਹੀ ਹੈ ਤੇ ਉਹ ਕਿਸੇ ਵੀ ਘੱਟ ਵਿੱਚ ਆਪਣੇ ਆਪ ਨੂੰ ਇਸ ਨਾਮ ਰਸੁ ਦੁਆਰਾ, ਸ਼ਬਦ ਰਸੁ ਦੁਆਰਾ, ਅੰਮ੍ਰਿਤ ਰਸੁ ਦੁਆਰਾ ਪ੍ਰਗਟ ਕਰ ਸਕਦਾ ਹੈ ਅਤੇ ਆਪਣੇ ਗਿਆਨ ਵਿੱਚ ਮਿਲਾ ਸਕਦਾ ਹੈ।

ਆਓ ਹੁਣ ਉੱਪਰ ਦਿੱਤੇ ਤੀਸਰੇ ਸ਼ਬਦ ਨੂੰ ਵਿਚਾਰੀਏ ਤੇ ਹਰਿ ਰਸੁ ਬਾਰੇ ਆਪਣਾ ਭੁਲੇਖਾ ਦੂਰ ਕਰੀਏ।

“ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ॥੧॥”

(ਅੰਗ - ੯੫)

ਉਪਰਲੀਆਂ ਪੰਗਤੀਆਂ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਗੁਰੂ ਦੇ ਗਿਆਨ ਨੂੰ ਗੁਰੂ ਦਾ ਰਸੁ ਕਹਿ ਕੇ ਸਮਝਾਇਆ ਹੈ, ਹਰਿ ਰਸੁ ਕਹਿ ਕੇ ਸਮਝਾਇਆ ਹੈ। ਗੁਰੂ ਦਾ ਗਿਆਨ ਮਨ ਦੇ ਵਿੱਚ ਹੀ ਪੈਂਦਾ ਹੈ ਤੇ ਇਹ ਮਨ ਦੇ ਪੀਣ ਦੀ ਵਸਤੂ ਹੀ ਹੈ। ਇਹ ਰਸੁ ਕੋਈ ਸਰਗੁਣ ਸਰੂਪ ਰਸੁ ਭਾਵ ਕੋਈ ਜੀਭ ਦੇ ਪੀਣ ਦਾ ਰਸੁ ਨਹੀਂ ਹੋ ਸਕਦਾ। ਜੋ ਰਸੁ ਬਿਨਸਨਹਾਰ ਹੈ ਉਹ ਹਰਿ ਰਸੁ ਨਹੀਂ ਹੋ ਸਕਦਾ। ਇਹ ਮਨ ਨੂੰ ਪ੍ਰਮਾਤਮਾ ਦੇ ਨਾਲ ਰੰਗਣ ਦੀ ਵਸਤੂ ਹੈ ਨਾ ਕਿ ਕਿਸੇ ਸਰੀਰਕ ਇੰਦਰੇ ਦੀ। **(ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ॥)** ਇਹ ਹਰਿ ਰਸੁ ਦੇ ਨਾਲ ਹੀ ਸਾਡੇ ਮੁੱਖ ਦੇ ਬੋਲ ਹਰਿ ਹਰਿ ਨਾਮ ਵਾਲੇ ਹੋ ਸਕਦੇ ਹਨ ਭਾਵ ਉਸਦੇ ਸੱਚੇ ਗਿਆਨ ਵਾਲੇ ਹੋ ਸਕਦੇ ਹਨ ਜੋ ਕਿ ਨਿਰਗੁਣ ਸਰੂਪ ਹਨ। ਹਰਿ ਰਸੁ ਵਿੱਚ ਤੇ ਹਰਿ ਨਾਮ ਵਿੱਚ ਕੋਈ ਫ਼ਰਕ ਨਹੀਂ ਹੈ। ਦੋਨਾਂ ਤੋਂ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਹੈ ਜੋ ਕਿ ਸਾਡੇ ਮਨ ਦੀ ਅਵੱਸਥਾ ਨਾਲ ਸਬੰਧਤ ਹੈ। **(ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ॥੧॥)** ਬੜਾ ਸਪੱਸ਼ਟ ਸਮਝਾਇਆ ਹੈ ਕਿ ਹਰਿ ਰਸੁ ਸਾਡੇ ਮਨ ਦੇ ਵਿੱਚ ਟੁਲਿ ਟੁਲਿ ਕੇ ਪੈਂਦਾ ਹੈ ਭਾਵ ਸਾਡੇ ਮਨ ਦੇ ਵਿੱਚ ਫਿਰ ਕਿਸੇ ਹੋਰ ਰਸੁ ਦੀ ਚਾਹਨਾ ਨਹੀਂ ਰਹਿ ਜਾਂਦੀ।

11/1127

ਪ੍ਰਮਾਤਮਾ ਆਪਣੇ ਇਸ ਰਸੁ ਦੇ ਨਾਲ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੇ ਨਾਲ ਮਨ ਨੂੰ ਭਰਪੂਰ ਰੱਖਦਾ ਹੈ ਤੇ ਮਨੁੱਖ ਉਸੇ ਗਿਆਨ ਦੁਆਰਾ ਵਿਚਰਦਾ ਹੈ।

ਮਾਝ ਮਹਲਾ ੫॥

“ਅੰਮ੍ਰਿਤ ਨਾਮੁ ਸਦਾ ਨਿਰਮਲੀਆ॥ ਸੁਖਦਾਈ ਦੂਖ ਬਿਡਾਰਨ ਹਰੀਆ॥
ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ॥੧॥
ਜੋ ਜੋ ਪੀਵੈ ਸੋ ਤ੍ਰਿਪਤਾਵੈ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ॥
ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ॥੨॥
ਜਿਨਿ ਹਰਿ ਰਸੁ ਪਾਇਆ ਸੋ ਤ੍ਰਿਪਤਿ ਅਘਾਨਾ॥ ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਭੁਲਾਨਾ॥
ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ॥੩॥”

(ਅੰਗ ੧੦੦-੧੦੧)

ਉਪਰਲੇ ਪੂਰੇ ਸ਼ਬਦ ਨੂੰ ਧਿਆਨ ਨਾਲ ਪੜ੍ਹਕੇ ਦੇਖੋ ਤੇ ਸਮਝੋ ਕਿ ਅੰਮ੍ਰਿਤ ਨਾਮ ਵਿੱਚ, ਨਾਮ ਰਸ ਵਿੱਚ, ਹਰਿ ਰਸ ਵਿੱਚ, ਨਾਮ ਨਿਧਾਨ ਵਿੱਚ ਤੇ ਸ਼ਬਦ ਗੁਰੂ ਵਿੱਚ ਕੀ ਫ਼ਰਕ ਹੈ। ਧਿਆਨ ਨਾਲ ਸਮਝੋਗੇ ਤਾਂ ਕੋਈ ਫ਼ਰਕ ਨਹੀਂ ਹੈ, ਇੱਕੋ ਹੀ ਗੱਲ ਹੈ। ਇਹ ਸਭ ਕੁੱਝ ਮਨ ਦਾ ਰਸ ਹੈ। ਇਸ ਰਸ ਦੇ ਨਾਲ ਹੀ ਮਨ ਦੀ ਤ੍ਰਿਪਤੀ ਹੁੰਦੀ ਹੈ ਭਾਵ ਮਨੁੱਖ ਦੀ ਤ੍ਰਿਸ਼ਨਾ ਦੂਰ ਹੁੰਦੀ ਹੈ ਤੇ ਇਸ ਰਸ ਦੇ ਨਾਲ ਹੀ ਮਨੁੱਖ ਦਾ ਮਨ ਡੋਲਣੋਂ ਹੱਟਦਾ ਹੈ ਭਾਵ ਉਹ ਗੁਰੂ ਦੀ ਮਤਿ ਤੇ ਥਿਰ ਰਹਿੰਦਾ ਹੈ, ਸੱਚ ਤੇ ਚੱਲਣ ਤੋਂ ਡੋਲਦਾ ਨਹੀਂ। ਇਹ ਰਸ ਹੀ ਸਾਨੂੰ ਦੂਸਰੇ ਰਸਾਂ ਤੋਂ ਭਾਵ ਮਾਇਆ ਮੋਹ ਵਿੱਚੋਂ ਕੱਢਦਾ ਹੈ। ਇਹ ਰਸ ਹੀ ਮਨੁੱਖ ਨੂੰ ਅਮਰ ਕਰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਹੈ। ਇਹ ਰਸ ਬੜੇ ਵੱਡੇ ਭਾਗਾਂ ਨਾਲ ਮਿਲਦਾ ਹੈ। ਇਹ ਰਸ ਹੀ ਗੁਰੂ ਦਾ ਖ਼ਜ਼ਾਨਾ ਹੈ, ਨਾਮ ਦਾ ਖ਼ਜ਼ਾਨਾ ਹੈ, ਸੱਚੀ ਮਤਿ ਦਾ ਖ਼ਜ਼ਾਨਾ ਹੈ ਜਿਸ ਦੀ ਵਰਖਾ ਗੁਰੂ ਸਭ ਤੇ ਕਰ ਰਿਹਾ ਹੈ ਤੇ ਇਸ ਦੇ ਨਾਲ ਜੁੜ ਕੇ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਇਹ ਨਾਮ ਨਿਧਾਨ ਹੈ ਜੋ ਕਿ ਆਪਣੇ ਮਨ ਦੇ ਵਿੱਚੋਂ ਹੀ ਡਿੱਠਣ ਦੀ ਚੀਜ਼ ਹੈ, ਸਮਝਣ ਦੀ ਚੀਜ਼ ਹੈ ਜਿਸ ਨੂੰ ਕੋਈ ਵਿਰਲਾ ਹੀ ਡਿੱਠ ਸਕਦਾ ਹੈ ਜੋ ਕਿ ਕੇਵਲ ਗੁਰੂ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਡਿੱਠਿਆ ਜਾ ਸਕਦਾ ਹੈ।

ਆਓ ਹੁਣ ਉੱਪਰ ਦਿੱਤੇ ਪੰਜਵੇਂ ਸ਼ਬਦ ਨੂੰ ਵਿਚਾਰੀਏ ਤੇ "ਰਸੁ" ਨੂੰ ਹੋਰ ਵੀ ਬਰੀਕੀ ਨਾਲ ਸਮਝੀਏ। ਰਸ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਇਸ ਲਈ ਇਸ ਦੀ ਸੋਝੀ ਪੈਣੀ ਬਹੁਤ ਹੀ ਜਰੂਰੀ ਹੈ।

11/1128

ਮਾਝ ਮਹਲਾ ੫ ॥

"ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥
ਅਗਮ ਅਗੋਚਰੁ ਸਾਹਿਬੁ ਮੇਰਾ ॥ ਘਟ ਘਟ ਅੰਤਰਿ ਵਰਤੈ ਨੇਰਾ ॥
ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥
ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥
ਹਥੀ ਦਿਤੀ ਪ੍ਰਭਿ ਦੇਵਣਹਾਰੈ ॥ ਜਨਮ ਮਰਣ ਰੋਗ ਸਭਿ ਨਿਵਾਰੇ ॥
ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥"

(ਅੰਗ ੧੦੬)

ਉੱਪਰ ਸ਼ਬਦ ਦੁਆਰਾ "ਰਸੁ" ਨੂੰ ਗੁਰੂ ਦੇ ਚਰਣ ਕਹਿ ਕੇ ਸਮਝਾਇਆ ਹੈ, ਸਹਜ ਸਮਾਧਿ ਨਾਲ ਜੋੜ ਕੇ ਸਮਝਾਇਆ ਹੈ, ਪ੍ਰਮਾਤਮਾ ਦੇ ਨਾਲ ਲਿਵ ਜੋੜਨ ਦਾ ਤਰੀਕਾ ਸਮਝਾਇਆ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਨਣ ਦਾ ਤਰੀਕਾ ਸਮਝਾਇਆ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਨਿਸ਼ਾਨੀ ਕਹਿ ਕੇ ਸਮਝਾਇਆ ਹੈ, ਉਸਦਾ ਹੁਕਮ ਪਛਾਨਣ ਦਾ ਤਰੀਕਾ ਸਮਝਾਇਆ ਹੈ, ਉਸ ਦਾ ਜੱਸ ਗਾਉਣ ਦਾ ਤਰੀਕਾ ਸਮਝਾਇਆ ਹੈ ਭਾਵ ਇਸ ਰਸ ਦੀ ਪ੍ਰਾਪਤੀ ਦੇ ਨਾਲ ਸਾਰੇ ਸੁੱਖਾਂ ਦੀ ਪ੍ਰਾਪਤੀ ਸਮਝਾਈ ਹੋਈ ਹੈ।

"ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥"

ਸਹਜ ਸਮਾਧਿ ਸਾਡੇ ਮਨ ਦੀ ਅਵੱਸਥਾ ਹੈ ਜੋ ਕਿ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ। ਪ੍ਰਮਾਤਮਾ ਸਾਡੇ ਅੰਦਰ ਆਪਣੀ ਸਹਜ ਸਮਾਧਿ ਦੁਆਰਾ ਹੀ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਉਸਦੇ ਨਾਲ ਮਨ ਦੇ ਵਿੱਚ ਹੀ ਲਿਵ ਜੁੜਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਵਿਚਾਰ ਸਾਂਝੇ ਹੁੰਦੇ ਹਨ। ਇਹ ਚੌਥੇ ਪਦ ਦੇ ਗਿਆਨ ਦਾ ਰਸ ਹੈ ਤੇ ਜਦ ਤੱਕ ਸਾਡੇ ਅੰਦਰ ਸਹਜ ਵਾਲੀ ਅਵੱਸਥਾ ਨਹੀਂ ਬਣਦੀ ਇਸ ਰਸ ਨੂੰ ਨਹੀਂ ਜਾਣਿਆ ਜਾ ਸਕਦਾ। ਇਹ ਕੋਈ ਜ਼ੁਬਾਨ ਦਾ ਰਸ ਨਹੀਂ ਹੈ ਤੇ ਇਸ ਨੂੰ ਕੋਈ ਖਾਣ ਪੀਣ ਦਾ ਰਸ ਸਮਝਣਾ ਇੱਕ ਬਹੁਤ ਹੀ ਵੱਡਾ ਭੁਲੇਖਾ ਹੈ।

"ਅਪਿਉ ਪੀਐ ਸੋ ਭਰਮੁ ਗਵਾਏ॥
ਗੁਰ ਪਰਸਾਦਿ ਮੁਕਤਿ ਗਤਿ ਪਾਏ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ॥੭॥"

(ਅੰਗ ੧੧੭)

ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ ਅੰਮ੍ਰਿਤ, ਅੰਮ੍ਰਿਤ ਰਸ ਇੱਕੋ ਹੀ ਗੱਲ ਹੈ। ਅੰਮ੍ਰਿਤ ਪੀਣਾ, ਹਰਿ ਰਸ ਪੀਣਾ ਇੱਕੋ ਗੱਲ ਹੈ ਤੇ ਇਹ ਸਾਡੇ ਮਨ ਦਾ ਭੋਜਨ ਹੈ, ਇਹ ਗੁਰੂ ਦੇ ਵਿਚਾਰਾਂ ਦਾ ਭੋਜਨ ਹੈ ਜਿਸ ਨੂੰ ਸਾਡੇ ਮਨ ਨੇ ਪੀਣਾ ਹੈ, ਛਕਣਾ ਹੈ। ਇਹ ਅੰਮ੍ਰਿਤ ਬਾਣੀ ਦਾ ਭੋਜਨ ਹੈ, ਗੁਰੂ ਦੇ ਸ਼ਬਦ ਦਾ ਭੋਜਨ ਹੈ ਜੋ ਕਿ ਸਾਡੇ ਮਨ

11/1129

ਦੇ ਲਈ ਹੈ। ਗੁਰੂ ਕੋਲੋਂ ਸਾਨੂੰ ਗਿਆਨ ਹੀ ਮਿਲਦਾ ਹੈ ਜੋ ਕਿ ਗਿਆਨ ਦਾ ਸਾਗਰ ਹੈ। ਗੁਰੂ ਸਾਨੂੰ ਭਰਮ ਵਿੱਚੋਂ ਕੱਢਦਾ ਹੈ।

ਜੋ ਗੁਰੂ ਦਾ ਅੰਮ੍ਰਿਤ ਪੀਂਦਾ ਹੈ ਉਸ ਦਾ ਭਰਮ ਹੀ ਨਿਕਲਦਾ ਹੈ। **(ਅਪਿਉ ਪੀਐ ਸੋ ਭਰਮੁ ਗਵਾਏ॥)** ਮਨੁੱਖ ਦਾ ਬੰਧਨ ਅਗਿਆਨਤਾ ਦਾ ਹੀ ਹੈ, ਭਰਮ ਦਾ ਹੀ ਹੈ ਤੇ ਇਹ ਭਰਮ ਦੂਰ ਹੋਣ ਨਾਲ ਹੀ ਮਨੁੱਖ ਮੁਕਤ ਹੁੰਦਾ ਹੈ ਤੇ ਮਨੁੱਖ ਨੂੰ ਭਰਮ ਵਿੱਚੋਂ ਉਹ ਕੇਵਲ ਆਪਣੀ ਕ੍ਰਿਪਾ ਦੁਆਰਾ ਹੀ ਕੱਢਦਾ ਹੈ ਭਾਵ ਆਪ ਹੀ ਮੁਕਤ ਕਰਦਾ ਹੈ। **(ਗੁਰ ਪਰਸਾਦਿ ਮੁਕਤਿ ਗਤਿ ਪਾਏ॥)** ਭਰਮ ਨਿਕਲਣ ਦੁਆਰਾ ਹੀ ਮਨੁੱਖ ਪ੍ਰਮਾਤਮਾ ਦੀ ਭਗਤੀ ਨਾਲ ਜੁੜਦਾ ਹੈ ਤੇ ਬੈਰਾਗ ਦੀ ਅਵੱਸਥਾ ਪਾਉਂਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮਿਲਣ ਦੀ ਅਵੱਸਥਾ ਹੈ। ਮਨੁੱਖ ਦਾ ਭਰਮ ਨਿਕਲਣ ਨਾਲ ਹੀ ਮਨੁੱਖ ਦਾ ਆਪਾ ਮਰਦਾ ਹੈ ਭਾਵ ਆਪਣੀ ਹਉਮੈ ਖ਼ਤਮ ਹੁੰਦੀ ਹੈ ਭਾਵ ਸੋਝੀ ਪੈਂਦੀ ਹੈ ਕਿ ਮਨੁੱਖ ਦੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਨਹੀਂ ਹੈ ਭਾਵ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਹ ਸੋਝੀ ਪਾਉਣ ਨਾਲ ਹੀ ਪ੍ਰਮਾਤਮਾ ਕਿਸੇ ਨੂੰ ਆਪਣੇ ਨਾਲ ਮਿਲਾਉਂਦਾ ਹੈ ਭਾਵ ਜਿਸ ਨੂੰ ਉਸਨੇ ਮਨ ਦੇ ਵਿੱਚ ਅੰਮ੍ਰਿਤ ਪਿਆ ਦਿੱਤਾ ਉਸਨੂੰ ਮੁਕਤ ਕਰ ਦਿੱਤਾ, ਜਿਸ ਨੂੰ ਉਸ ਦਾ ਹਰਿ ਰਸ ਮਿਲ ਗਿਆ ਉਹ ਮੁਕਤ ਹੋ ਗਿਆ।

ਮਾਝ ਮਹਲਾ ੩ ॥

“ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥”

(ਅੰਗ ੧੧੩)

ਉਪਰਲੇ ਸ਼ਬਦ ਰਾਹੀਂ ਹੁਣ ਧਿਆਨ ਨਾਲ ਸਮਝੋ ਕਿ ਅੰਮ੍ਰਿਤ ਬਾਣੀ ਵਿੱਚ ਤੇ ਹਰਿ ਰਸ ਵਿੱਚ ਕੀ ਫ਼ਰਕ ਹੈ। ਇੱਕੋ ਹੀ ਗੱਲ ਹੈ। ਅਸੀਂ ਹਰਿ ਰਸ ਨੂੰ ਜੀਭ ਦੇ ਚੱਖਣ ਨਾਲ ਜੋੜ ਲੈਂਦੇ ਹਾਂ ਪਰ ਇਹੋ ਜਿਹਾ ਸੋਚਣ ਵਾਲੇ ਕੀ ਗੁਰਬਾਣੀ ਨੂੰ ਚੱਖਣ ਦੀ ਗੱਲ ਵੀ ਕਰਦੇ ਹਨ ਤੇ ਕਿਸ ਰੂਪ ਵਿੱਚ ਕਰਦੇ ਹਨ। ਗੁਰਬਾਣੀ ਪੜ੍ਹ, ਸੁਣ ਕੇ ਵਿਚਾਰਨ ਦੇ ਲਈ ਹੈ।

11/1130

ਗੁਰਬਾਣੀ ਦਾ ਵਿਚਾਰੀ ਬਣਨਾ ਬਹੁਤ ਔਖਾ ਹੈ। ਇਸ ਦਾ ਵਿਚਾਰੀ ਬਣਨਾ ਹੀ ਇਸ ਨੂੰ ਚੱਖਣਾ ਹੈ। ਗੁਰਬਾਣੀ ਦਾ ਵਿਚਾਰੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬਣਾਉਂਦਾ ਹੈ। ਇਸ ਨੂੰ ਤਾਂ ਹੀ ਚੱਖਿਆ ਜਾ ਸਕਦਾ ਹੈ ਜੇਕਰ ਸਾਡੇ ਮਨ ਵਿੱਚ ਪ੍ਰਗਾਸ ਹੋਵੇ ਜੋ ਕਿ ਉਹ ਆਪ ਹੀ ਕਰ ਸਕਦਾ ਹੈ। ਗੁਰਬਾਣੀ ਦਾ ਗਿਆਨ ਹੀ ਸਭ ਤੋਂ ਵੱਡਾ ਰਸ ਹੈ, ਮਹਾ ਰਸ ਹੈ, ਸਭ ਤੋਂ ਮਿੱਠਾ ਰਸ ਹੈ। **{ਭੋਜਨ ਗਿਆਨੁ ਮਹਾ ਰਸੁ ਮੀਠਾ॥}** (ਅੰਗ - ੧੦੩੨) ਇਹ ਰਸ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪਿਆਉਂਦਾ ਹੈ, ਆਪਣੇ ਸੱਚੇ ਦਰ ਤੇ ਪਿਆਉਂਦਾ ਹੈ ਤੇ ਮਨ ਹੀ ਉਸਦਾ ਸੱਚਾ ਦਰ ਹੈ। ਇਹ ਰਸ “**ਸਬਦੁ**” ਆਪ ਹੀ ਭਾਵ ਗੁਰੂ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਆਪਣਾ ਸ਼ਬਦ ਵਜਾ ਕੇ ਸੁਣਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੀ ਸੋਝੀ ਆਪ ਹੀ ਪਾਉਂਦਾ ਹੈ। **(ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥)** ਮਨ ਦੇ ਇਸ ਪ੍ਰਕਾਸ਼ ਦੁਆਰਾ ਹੀ ਗੁਰੂ ਦੇ ਚਰਨਾਂ ਨਾਲ ਚਿਤ ਜੁੜਦਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਚਿਤ ਜੁੜਦਾ ਹੈ, ਗੁਰੂ ਦੇ ਵਿਚਾਰਾਂ ਦੇ ਨਾਲ ਚਿਤ ਜੁੜਦਾ ਹੈ ਤੇ ਮਨੁੱਖ ਬਾਣੀ ਦਾ ਵਿਚਾਰੀ ਬਣਦਾ ਹੈ। ਵਿਚਾਰਾਂ ਦੀ ਸਮਝ ਵੀ ਪੈ ਜਾਂਦੀ ਹੈ ਤੇ ਵਿਚਰਨ ਵੀ ਉਨ੍ਹਾਂ ਵਿਚਾਰਾਂ ਦੁਆਰਾ ਹੁੰਦੀ ਹੈ ਭਾਵ ਮਨੁੱਖ ਦੀ ਕਰਨੀ ਗੁਰਮਤਿ ਅਨੁਸਾਰ ਹੋ ਜਾਂਦੀ ਹੈ। ਇਹ ਹਰਿ ਰਸ ਚੱਖ ਕੇ ਮਨੁੱਖ ਅਨ ਰਸਾਂ ਵਿੱਚੋਂ ਨਿਕਲ ਜਾਂਦਾ ਹੈ ਭਾਵ ਮਾੜੇ ਵਿਚਾਰਾਂ ਵਿੱਚੋਂ ਨਿਕਲ ਜਾਂਦਾ ਹੈ। ਹਰਿ ਰਸ ਸਾਡੇ ਚੰਗੇ ਵਿਚਾਰ ਹਨ ਤੇ ਅਨ ਰਸ ਮੰਦੇ ਵਿਚਾਰ ਹਨ। ਮਨ ਦੇ ਵਿਚਾਰਾਂ ਵਿੱਚੋਂ ਜਦੋਂ ਮੈਲ ਨਿਕਲ ਜਾਂਦੀ ਹੈ ਉਹ ਤਾਂ ਹੀ ਚੰਗੇ ਬਣਦੇ ਹਨ। ਮਨ ਦੀ ਮੈਲ ਮਨ ਦੇ ਵਿੱਚੋਂ ਹੀ ਜਾਂਦੀ ਹੈ। ਅੰਮ੍ਰਿਤ ਸਰੋਵਰ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਆਪ ਗੁਰੂ ਪ੍ਰਮਾਤਮਾ ਹੀ ਹੈ। ਉਹ ਆਪ ਅੰਦਰ ਮਨ ਦੇ ਪ੍ਰਗਾਸ ਦੁਆਰਾ ਪ੍ਰਗਟ ਹੋ ਕੇ ਆਪਣੇ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਕਰਵਾਉਂਦਾ ਹੈ ਤੇ ਮਨ ਦੀ ਮੈਲ ਕੱਢਦਾ ਹੈ।

(ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ॥੧॥ਰਹਾਉ॥)

11/1131

ਆਓ ਹੁਣ "**ਹਰਿ ਰਸ**" ਨੂੰ ਪਿੱਛੇ ਦੱਸੇ ਅਗਲੇ ਸ਼ਬਦ ਦੁਅਰਾ ਭਾਵ ਅੱਠਵੇਂ ਸ਼ਬਦ ਦੁਆਰਾ ਜਾਣ ਕੇ ਹੋਰ ਵੀ ਦ੍ਰਿੜ ਕਰੀਏ ਕਿ ਇਹ ਹਰਿ ਰਸ ਸਾਡੇ ਮਨ ਦੇ ਵਿੱਚ ਵੱਸਣ ਦੀ ਵਸਤੂ ਹੈ। ਹਰਿ ਰਸ ਮਨ ਦੇ ਵਿੱਚ ਉਦੋਂ ਹੀ ਵੱਸਦਾ ਹੈ ਜਦੋਂ ਮਨ ਦੇ ਵਿੱਚੋਂ ਅਨ ਰਸ ਨਿਕਲ ਜਾਂਦੇ ਹਨ। ਅਨ ਰਸ ਸਾਡੇ ਔਗੁਣ ਹਨ, ਵਿਕਾਰ ਹਨ, ਮਨ ਦੇ ਮੰਦੇ ਵਿਚਾਰ ਹਨ। ਹਰਿ ਰਸ ਇਨ੍ਹਾਂ ਤੋਂ ਉਲਟ ਸਾਡੇ ਅੰਦਰ ਦੇ ਗੁਣ ਹਨ, ਮਨ ਦੇ ਚੰਗੇ ਤੇ ਸੱਚੇ ਸੁੱਚੇ ਵਿਚਾਰ ਹਨ, ਸਾਡੀ ਸੱਚੀ ਨੀਅਤ ਹੈ, ਸੱਚੀ ਭਾਵਨੀ ਹੈ।

"ਭਾਉ ਭੋਜਨੁ ਸਤਿਗੁਰਿ ਤੁਠੈ ਪਾਏ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ॥

ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ॥੩॥"

ਉਪਰਲੀਆਂ ਪੰਗਤੀਆਂ ਦੁਆਰਾ ਇਹ ਪੂਰੀ ਤਰ੍ਹਾਂ ਸਪੱਸ਼ਟ ਕੀਤਾ ਹੋਇਆ ਹੈ ਕਿ ਹਰਿ ਰਸ ਸਾਡੇ ਮਨ ਦੇ ਵਿੱਚ ਵੱਸਣ ਵਾਲਾ ਭੋਜਨ ਹੈ। ਇਹ ਅੰਮ੍ਰਿਤ ਭੋਜਨ ਹੈ। ਪੂਰੀ ਬਾਣੀ ਅੰਮ੍ਰਿਤ ਭੋਜਨ ਹੈ। ਇਹ ਉਹ ਭੋਜਨ ਹੈ ਜਿਸ ਨੂੰ ਛਕਣ ਦੇ ਨਾਲ ਸਾਡਾ ਗੁਰੂ ਦੇ ਨਾਲ ਪਿਆਰ ਜੁੜਦਾ ਹੈ। ਆਪਣੇ ਨਾਲ ਪਿਆਰ ਉਹ ਆਪ ਹੀ ਜੋੜਦਾ ਹੈ ਭਾਵ ਇਹ ਭੋਜਨ ਕੇਵਲ ਪ੍ਰਮਾਤਮਾ ਦੀ ਪ੍ਰਸੰਨਤਾ ਤੇ ਨਿਰਭਰ ਹੈ ਤੇ ਮਨੁੱਖ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ। **(ਭਾਉ ਭੋਜਨੁ ਸਤਿਗੁਰਿ ਤੁਠੈ ਪਾਏ॥) (ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ॥੩॥)** ਇਸ ਭੋਜਨ ਦੀ ਪ੍ਰਾਪਤੀ ਦੇ ਨਾਲ ਹੀ ਭਾਵ ਗੁਰੂ ਦੀ ਸੱਚੀ ਮਤਿ ਮਿਲਣ ਦੇ ਨਾਲ ਹੀ ਸਾਡੀ ਮਨਮਤਿ ਦੂਰ ਹੁੰਦੀ ਹੈ, ਸਾਡੇ ਔਗੁਣ ਦੂਰ ਹੁੰਦੇ ਹਨ ਜੋ ਕਿ ਉਸਦੀ ਆਪਣੀ ਕ੍ਰਿਪਾ ਹੈ। **(ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ॥)** ਪ੍ਰਮਾਤਮਾ ਦੇ ਇਸ ਸੱਚੇ ਭੋਜਨ ਦਾ ਮਨ ਵਿੱਚ ਵੱਸਣਾ ਹੀ ਸਾਡੇ ਅੰਦਰ ਸੱਚ, ਸੰਤੋਖ, ਸਹਜ, ਸੁੱਖ, ਗੁਰਬਾਣੀ ਦੀ ਪ੍ਰਾਪਤੀ ਹੋਣਾ ਹੈ। ਜੋ "**ਅੰਮ੍ਰਿਤ ਭੋਜਨੁ**" ਹੈ ਉਹੀ "**ਹਰਿ ਰਸੁ**" ਹੈ, ਉਹੀ "**ਸੱਚੁ**" ਹੈ, ਉਹੀ "**ਸੰਤੋਖੁ**" ਹੈ, ਉਹੀ "**ਸਹਜ**" ਹੈ, ਉਹੀ ਸੁਖ ਹੈ ਤੇ ਉਹੀ "**ਸੱਚੀ ਬਾਣੀ**" ਹੈ। ਸਭ ਤੋਂ ਭਾਵ ਚੌਥੇ ਪਦ ਦੇ ਗਿਆਨ ਦੇ ਨਾਲ ਹੈ ਤੇ ਉਸ ਵਿੱਚ ਹੀ ਆਪ ਪ੍ਰਮਾਤਮਾ ਹੈ। ਇਸ ਦੀ ਪ੍ਰਾਪਤੀ ਹੀ ਮਨੁੱਖ ਦਾ ਮਨੋਰਥ ਹੈ।

11/1132

ਆਓ ਹੁਣ ਅਗਲੇ ਸ਼ਬਦ ਦੁਆਰਾ ਫਿਰ ਤੋਂ ਸਮਝੀਏ ਕਿ ਨਾਮ ਅਤੇ ਹਰਿ ਰਸ ਵਿੱਚ ਕੋਈ ਭੇਦ ਨਹੀਂ ਹੈ ਤੇ ਇਹ ਹੀ ਗੁਰਸ਼ਬਦ ਹੈ ਜਿਸ ਨੂੰ ਅਸੀਂ ਆਪਣੇ ਮਨ ਦੇ ਵਿੱਚੋਂ ਚੱਖਣਾ ਹੈ।

ਗਉੜੀ ਗੁਆਰੇਰੀ ਮਹਲਾ ੩ ॥

"ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥

ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥

ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥

ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥

ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥"

(ਅੰਗ ੧੬੨)

ਸ਼ਬਦ ਦੀ ਪਹਿਲੀ ਪੰਗਤੀ ਤੋਂ ਹੀ ਸਪੱਸ਼ਟ ਹੈ ਕਿ ਨਾਮ ਦਾ ਮਿਲਣਾ, ਹਿਰਦੇ ਵਿੱਚ ਨਾਮ ਦਾ ਵੱਸਣਾ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੈ, ਸੰਜੋਗ ਹੈ ਜੋ ਕਿ ਵੱਡੇ ਭਾਗਾਂ ਦੁਆਰਾ ਹੁੰਦਾ ਹੈ। ਨਾਮ ਦੀ ਪ੍ਰਾਪਤੀ ਦੇ ਨਾਲ ਹੀ ਹਰਿ ਰਸ ਦੀ ਪ੍ਰਾਪਤੀ ਹੈ, ਸੱਚੇ ਗਿਆਨ ਦੀ ਪ੍ਰਾਪਤੀ ਹੈ ਜੋ ਕਿ ਮਨ ਦੇ ਭੋਗਣ ਦੀ ਵਸਤੂ ਹੈ। **(ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥)** ਹਰਿ ਰਸ ਦਾ ਭੋਗਣਾ ਹੀ ਗੁਰਮੁਖਿ ਬਣਨਾ ਹੈ ਤੇ ਇਸੇ ਅਵੱਸਥਾ ਦੁਆਰਾ ਹੀ ਮਨੁੱਖ ਨਾਮ ਧਿਆਉਂਦਾ ਹੈ। ਨਾਮ ਦੀ ਪ੍ਰਾਪਤੀ ਹੀ ਆਪਣੇ ਜਨਮ ਨੂੰ ਜਿੱਤਣਾ ਹੈ ਭਾਵ ਇਸ ਜਨਮ ਨੂੰ ਸਫ਼ਲ ਕਰਨਾ ਹੈ ਤੇ ਇਹੀ ਸਾਡਾ ਲਾਹਾ ਹੈ, ਇਸ ਜਨਮ ਦਾ ਲਾਹਾ ਹੈ, ਸਭ ਤੋਂ ਵੱਡਾ ਲਾਭ ਹੈ ਜਿਸ ਦੀ ਪ੍ਰਾਪਤੀ ਲਈ ਮਨੁੱਖ ਨੂੰ ਇਹ ਜੀਵਨ ਮਿਲਦਾ ਹੈ। **(ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ॥ ਜਨਮੁ ਜੀਤਿ ਲਾਹਾ ਨਾਮੁ ਪਾਇ॥੧॥ਰਹਾਉ॥)** ਆਓ ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ।

"ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥"

ਅਸੀਂ ਕੁੱਝ ਪਿੱਛੇ ਹੀ ਇੱਕ ਸ਼ਬਦ ਦੀ ਵਿਚਾਰ ਕੀਤੀ ਹੈ ਤੇ ਉਸ ਸ਼ਬਦ ਦੀ ਇੱਕ ਪੰਗਤੀ ਨੂੰ ਫਿਰ ਤੋਂ ਦੁਹਰਾਇਆ ਜਾ ਰਿਹਾ ਹੈ ਤਾਂ ਜੋ ਅਸੀਂ ਬਾਣੀ ਨੂੰ ਬਰੀਕੀ ਨਾਲ ਸਮਝ ਸਕੀਏ।

ਮਾਝ ਮਹਲਾ ੩ ॥

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥}

(ਅੰਗ ੧੧੩)

ਇਸ ਗੱਲ ਨੂੰ ਹੋਰ ਵੀ ਬਰੀਕੀ ਨਾਲ ਸਮਝਣ ਲਈ ਹੇਠ ਦਿੱਤੀਆਂ ਪੰਗਤੀਆਂ ਨੂੰ ਨਾਲ ਹੀ ਵਿਚਾਰੀਏ, ਸਮਝੀਏ।

{ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥ ਅਨਦਿਨੁ ਹਰਿ ਕਾ ਨਾਮੁ ਵਖਾਣੀ॥}

(ਅੰਗ ੧੦੫੭)

11/1133

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥

ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਿ ਕਰਮਿ ਧਿਆਈ ॥}

(ਅੰਗ ੧੨੪੩)

ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆਏ ਹਾਂ, ਸਾਰੀਆਂ ਗੱਲਾਂ ਤੋਂ ਭਾਵ ਚੌਥੇ ਪਦ ਦੇ ਗਿਆਨ ਦੇ ਨਾਲ ਹੈ। ਗਿਆਨ ਨੂੰ ਸਾਡਾ ਮਨ ਹੀ ਚੱਖਦਾ ਹੈ। ਉੱਪਰ "**ਗਿਆਨ ਧਿਆਨ**" ਤੋਂ ਭਾਵ ਚੌਥੇ ਪਦ ਦੇ ਗਿਆਨ ਦੇ ਨਾਲ ਹੈ। ਜਦੋਂ ਸਾਡੇ ਧਿਆਨ ਦੇ ਵਿੱਚ ਆਪ ਗਿਆਨ ਵੱਸ ਜਾਂਦਾ ਹੈ ਭਾਵ ਜਦੋਂ ਆਪ ਪ੍ਰਮਾਤਮਾ ਵੱਸ ਜਾਂਦਾ ਹੈ, ਨਾਮ ਵੱਸ ਜਾਂਦਾ ਹੈ ਤਾਂ ਫਿਰ ਇਹ ਅਵੱਸਥਾ ਬ੍ਰਹਮ ਗਿਆਨ ਦੀ ਅਵੱਸਥਾ ਹੈ ਤੇ ਇਸ ਗਿਆਨ ਦੇ ਰਾਹੀਂ ਹੀ ਮਨ ਦੇ ਵਿੱਚੋਂ ਗੁਰਸ਼ਬਦ ਉਪਜਦਾ ਹੈ। ਗੁਰਸ਼ਬਦ ਹੀ ਅੰਮ੍ਰਿਤ ਬਾਣੀ ਹੈ ਜਿਵੇਂ ਕਿ ਉੱਪਰ ਸ਼ਬਦ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਗੁਰਬਾਣੀ ਗਿਆਨ ਧਿਆਨ ਰਾਹੀਂ ਹੀ ਆਈ ਹੈ ਭਾਵ ਚੌਥੇ ਪਦ ਦੇ ਗਿਆਨ ਰਾਹੀਂ ਆਈ ਹੈ। ਚੌਥੇ ਪਦ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਆਪ ਗੁਰੂ ਹੈ ਤੇ ਇਸੇ ਲਈ ਗੁਰਬਾਣੀ ਸੱਚੀ ਬਾਣੀ ਹੈ ਤੇ ਇਹ ਤੱਤ ਦੀ ਗੱਲ ਸਮਝਾਉਂਦੀ ਹੈ ਜਿਸ ਤੋਂ ਬਾਹਰ ਹੋਰ ਕੁੱਝ ਨਹੀਂ ਬਚਦਾ। ਇਸੇ ਲਈ ਗੁਰਬਾਣੀ ਵਿੱਚ ਸੱਚੀ ਬਾਣੀ ਤੋਂ ਇਲਾਵਾ ਹੋਰ ਕੋਈ ਵੀ ਬਾਣੀ ਨੂੰ ਕੱਚੀ ਬਾਣੀ ਕਿਹਾ ਗਿਆ ਹੈ ਜਿਸ ਦੀ ਅਸਲੀਅਤ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਤੱਤ ਕੇਵਲ ਗੁਰੂ ਦੇ ਕੋਲ ਹੈ, ਉਸ ਦੀ ਆਪਣੀ ਰਚੀ ਹੋਈ ਬਾਣੀ ਦੇ ਕੋਲ ਹੈ। ਗੁਰੂ ਦੇ ਸ਼ਬਦ ਨੂੰ ਚੱਖਣਾ, ਗੁਰਬਾਣੀ ਨੂੰ ਚੱਖਣਾ, ਹਰਿ ਰਸੁ ਚੱਖਣਾ, ਨਾਮ ਚੱਖਣਾ ਇੱਕੋ ਹੀ ਗੱਲ ਹੈ। ਸਭ ਤੋਂ ਭਾਵ ਸਹਜ ਦੀ ਅਵੱਸਥਾ ਦੇ ਨਾਲ ਜੁੜਿਆ ਹੋਇਆ ਹੈ ਤੇ ਕੋਈ ਵਿਰਲਾ ਹੀ ਇਸ ਸਵਾਦ ਨੂੰ ਚੱਖ ਸਕਦਾ ਹੈ। ਇਸ ਦਾ ਸਵਾਦ ਉਹ ਆਪ ਹੀ ਕਿਸੇ ਵਿਰਲੇ ਸਰੀਰ ਰਾਹੀਂ ਪ੍ਰਗਟ ਹੋ ਕੇ ਚਖਾਉਂਦਾ ਹੈ। ਇਸ ਸਵਾਦ ਨੂੰ ਚਖੇ ਬਿਨ੍ਹਾਂ ਹਰ ਕੋਈ ਮਾਇਆ ਮੋਹ ਦੇ ਬੰਧਨ ਵਿੱਚ ਹੀ ਰਹਿੰਦਾ ਹੈ ਤੇ ਕਰਮ ਕਾਂਡਾਂ ਵਿੱਚ ਉਲਝਿਆ ਰਹਿੰਦਾ ਹੈ ਭਾਵ ਝੂਠੀ ਭਗਤੀ ਵਿੱਚ ਲੱਗਿਆ ਰਹਿੰਦਾ ਹੈ, ਹਉਮੈ ਵਿੱਚ ਹੀ ਵਿਚਰਦਾ

11/1134

ਹੈ। "**ਮਾਇਆ ਮੋਹ**" ਭਾਵ "**ਅਗਿਆਨਤਾ**" ਵਿੱਚੋਂ, ਮਇਆ ਮੋਹ ਦੀ ਜੁਗਤ ਵਿੱਚੋਂ ਕੇਵਲ ਮਨ ਦੇ ਪ੍ਰਕਾਸ਼ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਭਾਵ ਕੇਵਲ ਚੌਥੇ ਪਦ ਦੇ ਗਿਆਨ ਦੁਆਰਾ ਹੀ ਮੁਕਤ ਹੋਇਆ ਜਾ ਸਕਦਾ ਹੈ।

(ਕਰਮ ਕਾਂਡ ਬਹੁ ਕਰਹਿ ਅਚਾਰ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥੩॥

ਬੰਧਨਿ ਬਾਧਿਓ ਮਾਇਆ ਫਾਸ॥ ਜਨ ਨਾਨਕ ਛੂਟੈ ਗੁਰ ਪਰਗਾਸ॥੪॥)

ਅਸੀਂ ਪਿੱਛੇ ਸ਼ਬਦ ਦੁਆਰਾ ਇਹ ਗੱਲ ਸਮਝੀ ਹੈ ਕਿ ਮਨ ਵਿੱਚ ਹਰਿ ਰਸ ਤਾਂ ਹੀ ਵੱਸਦਾ ਹੈ ਜਦੋਂ ਸਾਡੇ ਅੰਦਰੋਂ ਅਨ ਰਸ ਨਿਕਲ ਜਾਂਦੇ ਹਨ। ਆਓ ਹੁਣ ਅਗਲੇ ਸ਼ਬਦ ਦੁਆਰਾ ਇਹ ਜਾਣੀਏ ਕਿ ਉਹ ਅਨ ਰਸ ਕੀ ਹਨ। ਜੇਕਰ ਅਨ ਰਸ ਸਮਝ ਆ ਜਾਣਗੇ ਤਾਂ ਫਿਰ ਹਰਿ ਰਸ ਆਪੇ ਹੀ ਸਮਝ ਆ ਜਾਵੇਗਾ।

ਗਉੜੀ ਬੈਰਾਗਣਿ ਮਹਲਾ ੪॥

“ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ॥
ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ॥
ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ॥1॥"

(ਅੰਗ ੧੬੭)

11/1135

ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਵਿੱਚ ਸਾਡੇ ਔਗੁਣ ਹੀ ਗਿਣਾਏ ਹੋਏ ਹਨ, ਮਨ ਦੇ ਮਾਇਆ ਮੋਹ ਵਿੱਚ ਫਸਣਾ ਕੀ ਹੈ, ਇਹ ਸਮਝਾਇਆ ਹੋਇਆ ਹੈ। ਇਹ ਸਾਰੇ ਮਾਇਆ ਦੇ ਰਸ ਹਨ ਜਿੰਨ੍ਹਾਂ ਦੀ ਪ੍ਰਾਪਤੀ ਲਈ ਮਨੁੱਖ ਮਾੜੇ ਕਰਮ ਕਰਦਾ ਹੈ ਕਿਉਂਕਿ ਉਹ ਇਨ੍ਹਾਂ ਦੀ ਪ੍ਰਾਪਤੀ ਵਿੱਚ ਹੀ ਖੁਸ਼ੀ ਮਹਿਸੂਸ ਕਰਦਾ ਹੈ। ਅਗਰ ਇਨ੍ਹਾਂ ਨੂੰ ਅਨ ਰਸ ਕਿਹਾ ਹੈ ਤਾਂ ਫਿਰ ਹਰਿ ਰਸ ਕੀ ਹੈ ਇਸ ਨੂੰ ਆਪੇ ਹੀ ਸਮਝਿਆ ਜਾ ਸਕਦਾ ਹੈ। ਜਦ ਤੱਕ ਸਾਡਾ ਮਨ ਅਨਰਸਾਂ ਦੇ ਨਾਲ ਜੁੜਿਆ ਹੋਇਆ ਹੈ, ਹੋਰ ਰਸਾਂ ਨਾਲ ਜੁੜਿਆ ਹੋਇਆ ਹੈ ਤਦ ਤੱਕ ਸਾਡੇ ਅੰਦਰ ਹਰਿ ਰਸ ਨਹੀਂ ਵੱਸਦਾ। ਇਸੇ ਲਈ ਸ਼ਬਦ ਦੀ ਤੀਸਰੀ ਪੰਗਤੀ ਵਿੱਚ ਨਾਲ ਹੀ ਇਹ ਗੱਲ ਸਮਝਾਈ ਹੈ ਕਿ ਜਦ ਤੱਕ ਅਸੀਂ ਅਨ ਰਸ ਨਾਲ ਜੁੜੇ ਹੋਏ ਹਾਂ ਤਦ ਤੱਕ ਸਾਡੇ ਚਿਤ ਵਿੱਚ ਪ੍ਰਮਾਤਮਾ ਨਹੀਂ ਆਉਂਦਾ ਤੇ ਅਸੀਂ ਇਸ ਆਵਾਗਉਣ ਤੋਂ ਨਹੀਂ ਛੁੱਟ ਸਕਦੇ। ਚਿੱਤ ਦੇ ਵਿੱਚ ਹਰਿ ਪ੍ਰਭ ਦਾ ਆਉਣਾ ਜਾਂ ਹਰਿ ਰਸ ਦਾ ਆਉਣਾ ਇੱਕੋ ਹੀ ਗੱਲ ਹੈ। ਹਰਿ ਰਸ ਸਾਡੇ ਗੁਣ ਹਨ ਤੇ ਅਨ ਰਸ ਸਾਡੇ ਔਗੁਣ ਹਨ **(ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ॥੧॥)** ਇਸ ਤੋਂ ਅਗਲੀ ਰਹਾਉ ਵਾਲੀ ਪੰਗਤੀ ਨੂੰ ਜੇਕਰ ਧਿਆਨ ਨਾਲ ਵਿਚਾਰਾਂਗੇ ਤਾਂ ਗੱਲ ਹੋਰ ਵੀ ਸਪੱਸ਼ਟ ਹੋ ਜਾਵੇਗੀ।

"ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ॥
ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ॥੧॥ਰਹਾਉ॥"

(ਅੰਗ ੧੬੭)

ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਜੋ ਦੁਨਿਆਵੀਂ ਖੁਸ਼ੀ ਲਈ ਅਸੀਂ ਮਾੜੇ ਕਰਮ ਕਰਦੇ ਹਾਂ, ਮਾਇਆ ਇਕੱਠੀ ਕਰਦੇ ਹਾਂ ਉਨ੍ਹਾਂ ਨੂੰ ਸਾਡੇ ਨੀਚ ਕਰਮ ਕਹਿ ਕੇ ਸਮਝਾਇਆ ਹੈ, ਸਾਡੇ ਔਗੁਣ ਕਹਿ ਕੇ ਸਮਝਾਇਆ ਹੈ। ਗੁਰੂ ਪ੍ਰਮਾਤਮਾ ਗੁਣਾਂ ਦਾ ਖਜ਼ਾਨਾ ਹੈ ਤੇ ਉਸ ਅੱਗੇ ਅਰਦਾਸ ਰਾਹੀਂ ਉਸ ਕੋਲੋਂ ਗੁਣਾਂ ਦੀ ਮੰਗ ਕੀਤੀ ਹੈ ਕਿਉਂਕਿ ਗੁਣਾਂ ਦੁਆਰਾ ਹੀ ਸਾਡੇ ਔਗੁਣ ਬਖ਼ਸ਼ੇ ਜਾ ਸਕਦੇ ਹਨ, ਅਸੀਂ ਮਾਇਆ ਮੋਹ ਵਿੱਚੋਂ, ਮਾੜੇ ਕਰਮਾਂ ਵਿੱਚੋਂ, ਅਨ ਰਸ ਵਿੱਚੋਂ ਨਿਕਲ ਕੇ ਹਰਿ ਰਸ ਨਾਲ ਜੁੜ ਸਕਦੇ ਹਾਂ ਭਾਵ ਉਸਦੇ ਗੁਣਾਂ ਨਾਲ ਜੁੜ ਸਕਦੇ ਹਾਂ, ਉਸਦੀ ਸੱਚੀ ਮਤਿ ਨਾਲ ਜੁੜ ਸਕਦੇ ਹਾਂ।

ਆਓ ਹੁਣ ਪਿੱਛੇ ਦਿੱਤੇ ਗਿਆਰਾਂ ਸ਼ਬਦਾਂ ਵਿੱਚੋਂ ਆਖਰੀ ਸ਼ਬਦ ਦੀ ਵਿਚਾਰ ਕਰੀਏ ਜਿਸ ਨੂੰ ਸਮਝਕੇ ਅਗਰ ਸਾਡੇ ਮਨ ਵਿੱਚ "ਹਰਿ ਰਸੁ" ਬਾਰੇ ਕੋਈ ਵੀ ਭੁਲੇਖਾ ਹੈ ਤਾਂ ਉਹ ਪੂਰੀ ਤਰ੍ਹਾਂ ਨਿਕਲ ਜਾਵੇਗਾ।

ਗਉੜੀ ਮਹਲਾ ੫ ॥
“ਆਠ ਪਹਰ ਸੰਗੀ ਬਟਵਾਰੇ ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥
ਐਸਾ ਹਰਿ ਰਸੁ ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥
ਮਹਾ ਤਪਤਿ ਸਾਗਰ ਸੰਸਾਰ ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥
ਅਨਿਕ ਬੰਧਨ ਤੋਰੇ ਨਹੀ ਜਾਹਿ ॥ ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥
ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥”

(ਅੰਗ ੧੯੬)

ਉੱਪਰ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਇਸ ਗੱਲ ਦਾ ਨਿਬੇੜਾ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਦੀ ਮਨੁੱਖ ਦੇ ਉੱਪਰ ਕ੍ਰਿਪਾ ਕੀ ਹੈ। "ਬਟਵਾਰੇ" ਸਾਡੇ ਔਗੁਣ ਹਨ, ਸਾਨੂੰ ਲੁੱਟਣ ਵਾਲੇ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜੋ ਕਿ ਅੱਠੇ ਪਹਿਰ

ਹੀ ਮਨੁੱਖ ਦੇ ਨਾਲ ਵੱਸਦੇ ਹਨ। ਇਹ ਔਗੁਣ ਸਾਡੇ ਗੁਣਾਂ ਨੂੰ ਹੀ ਲੁੱਟਦੇ ਹਨ। ਅਗਲੀ ਪੰਗਤੀ ਵਿੱਚ ਬੜਾ ਸਪੱਸ਼ਟ ਸਮਝਾਇਆ ਹੈ

11/1136

ਕਿ ਸਾਡਾ ਹਰਿ ਰਸ ਵਿੱਚ ਰਮਣਾ ਕੀ ਹੈ। ਬੜਾ ਸਪੱਸ਼ਟ ਹੈ ਕਿ ਜਦ ਤੱਕ ਸਾਡੇ ਅੰਦਰ ਵਿਕਾਰ ਹਨ ਅਸੀਂ ਹਰਿ ਰਸ ਵਿੱਚ ਨਹੀਂ ਰਮ ਸਕਦੇ। ਅਸਲ ਵਿੱਚ ਵਿਕਾਰਾਂ ਵਿੱਚੋਂ ਨਿਕਲਣਾ ਹੀ ਹਰਿ ਰਸ ਵਿੱਚ ਰਮਣਾ ਹੈ, ਨਾਮ ਵਿੱਚ ਰਮਣਾ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ। ਮਨੁੱਖ ਦੀ ਇਹ ਅਵੱਸਥਾ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਦੁਆਰਾ ਹੀ ਬਣ ਸਕਦੀ ਹੈ ਜੋ ਕਿ ਉਸਦੇ ਨਾਲ ਮੇਲ ਦੀ ਅਵੱਸਥਾ ਹੈ ਜੋ ਕਿ ਨਾਲ ਹੀ ਸਮਝਾਇਆ ਹੋਇਆ ਹੈ। **(ਐਸਾ ਹਰਿ ਰਸੁ ਰਮਹੁ ਸਭੁ ਕੋਇ॥ ਸਰਬ ਕਲਾ ਪੂਰਨ ਪ੍ਰਭੁ ਸੋਇ॥੧॥ਰਹਾਉ॥)**। ਸੰਸਾਰ ਇਸ ਮੋਹ ਮਾਇਆ ਦੇ ਸਾਗਰ ਵਿੱਚ ਹੀ ਤਪ ਰਿਹਾ ਹੈ, ਤ੍ਰਿਸ਼ਨਾ ਦੇ ਸਾਗਰ ਵਿੱਚ ਤਪ ਰਿਹਾ ਹੈ, ਵਿਕਾਰਾਂ ਦੇ ਸਾਗਰ ਵਿੱਚ ਤਪ ਰਿਹਾ ਹੈ ਤੇ ਇਹ ਮਾੜੇ ਵਿਚਾਰਾਂ ਦਾ ਸਾਗਰ ਸਾਡੇ ਮਨ ਦੇ ਵਿੱਚ ਹੀ ਹੈ। ਸਾਡੇ ਔਗੁਣ ਕੱਢਣ ਦੁਆਰਾ ਪ੍ਰਮਾਤਮਾ ਸਾਨੂੰ ਇੱਕ ਖਿਨ ਵਿੱਚ ਇਸ ਭਵਸਾਗਰ ਤੋਂ ਪਾਰ ਉਤਾਰ ਸਕਦਾ ਹੈ। ਉਸਦਾ ਨਿਵਾਸ ਸਾਡੇ ਮਨ ਦੇ ਵਿੱਚ ਹੀ ਹੈ ਤੇ ਉਹ ਖਿਨ ਵਿੱਚ ਪ੍ਰਗਟ ਹੋ ਕੇ ਆਪਣੀ ਸੱਚੀ ਮਤਿ ਨਾਲ ਜੋੜ ਲੈਂਦਾ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ। **(ਮਹਾ ਤਪਤਿ ਸਾਗਰ ਸੰਸਾਰ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ॥੨॥)** ਇਹ ਮਨ ਦੇ ਵਿਕਾਰ ਹੀ ਸਾਡੇ ਬੰਧਨ ਹਨ ਜਿੰਨ੍ਹਾਂ ਵਿੱਚੋਂ ਪਾਰ ਪਾਉਣਾ ਸਾਡੇ ਵੱਸ ਵਿੱਚ ਨਹੀਂ ਹੈ। ਜੋ ਵੀ ਕੰਮ ਅਸੀਂ ਗੁਰਮਤਿ ਅਨੁਸਾਰ ਨਹੀਂ ਕਰਦੇ ਉਹ ਹੀ ਅਸਲ ਵਿੱਚ ਸਾਡੇ ਲਈ ਬੰਧਨ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਅਸੀਂ ਇਨ੍ਹਾਂ ਬੰਧਨਾਂ ਨੂੰ ਨਹੀਂ ਸਮਝ ਸਕਦੇ। ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਗੁਰਮਤਿ ਦੀ ਸੱਚਾਈ ਨੂੰ ਨਹੀਂ ਸਮਝ ਸਕਦੇ। ਤ੍ਰੈਗੁਣੀ ਗਿਆਨ ਦੇ ਵਿੱਚ ਰਹਿੰਦੇ ਹੋਏ ਅਸੀਂ ਚੌਥੇ ਪਦ ਦੇ ਗਿਆਨ ਨੂੰ ਨਹੀਂ ਸਮਝ ਸਕਦੇ। ਹਰਿ ਰਸ, ਨਾਮ ਚੌਥੇ ਪਦ ਦਾ ਗਿਆਨ ਹੈ ਜੋ ਸਾਨੂੰ ਅਗਿਆਨਤਾ ਵਿੱਚੋਂ ਕੱਢਦਾ ਹੈ, ਵਿਕਾਰਾਂ ਵਿੱਚੋਂ, ਮੋਹ ਮਾਇਆ ਵਿੱਚੋਂ ਕੱਢਦਾ ਹੈ। **(ਅਨਿਕ ਬੰਧਨ ਤੋਰੇ ਨਹੀ ਜਾਹਿ॥ ਸਿਮਰਤ ਨਾਮ ਮੁਕਤਿ ਫਲ ਪਾਹਿ॥੩॥)** ਅਸੀਂ ਪ੍ਰਮਾਤਮਾ ਨੂੰ ਪਾਉਣ ਲਈ, ਉਸਦੇ ਨਾਲ ਆਪਣਾ ਪਿਆਰ ਜਤਾਉਣ ਲਈ ਅਨੇਕਾਂ ਤਰੀਕੇ

11/1137

ਅਪਣਾਉਂਦੇ ਹਾਂ, ਜਪ ਤਪ ਆਦਿ ਕਰਦੇ ਹਾਂ ਪਰ ਇਹ ਸਭ ਸਾਡੀਆਂ ਸਿਆਣਪਾਂ ਹੀ ਹਨ ਜੋ ਸਾਡੇ ਕਿਸੇ ਕੰਮ ਨਹੀਂ ਆਉਂਦੀਆਂ ਭਾਵ ਇਨ੍ਹਾਂ ਦੁਆਰਾ ਅਸੀਂ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦੇ। ਆਪਣੇ ਵੱਲੋਂ ਅਸੀਂ ਪ੍ਰਮਾਤਮਾ ਦੇ ਗੁਣ ਹੀ ਗਾਉਂਦੇ ਹਾਂ ਪਰ ਇਹ ਤਰੀਕਾ ਪ੍ਰਮਾਤਮਾ ਦੇ ਗੁਣ ਗਾਉਣ ਦਾ ਨਹੀਂ ਹੈ। ਉਸ ਦੇ ਗੁਣ ਉਸਦੀ ਕ੍ਰਿਪਾ ਤੋਂ ਬਿਨ੍ਹਾਂ ਨਹੀਂ ਗਾਏ ਜਾ ਸਕਦੇ। ਉਸ ਦੇ ਗੁਣ ਤਦ ਹੀ ਗਾਏ ਜਾ ਸਕਦੇ ਹਨ ਜਦੋਂ ਉਹ ਆਪਣੀ ਕ੍ਰਿਪਾ ਨਾਲ ਸਾਡੇ ਔਗੁਣ ਕੱਢ ਕੇ ਆਪਣੇ ਗੁਣ ਵਸਾ ਦੇਵੇਗਾ, ਆਪਣਾ ਸੱਚ ਵਸਾ ਦੇਵੇਗਾ।

(ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥)

ਉੱਪਰ ਸ਼ਬਦਾਂ ਰਾਹੀਂ ਜੋ ਕੁੱਝ ਅਸੀਂ "ਹਰਿ ਰਸੁ" ਬਾਰੇ ਜਾਣਿਆ ਹੈ ਆਓ ਹੁਣ ਉਹੀ ਗੱਲ "ਰਾਮ ਰਸੁ" ਦੁਆਰਾ ਜਾਣੀਏ। ਜੋ ਹਰਿ ਰਸੁ ਹੈ ਉਹੀ "ਰਾਮ ਰਸੁ" ਹੈ। ਦੋਨਾਂ ਗੱਲਾਂ ਦਾ ਸੰਬੰਧ ਮਨ ਦੇ ਗਿਆਨ ਨਾਲ ਹੀ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ, ਸਹਜ ਗਿਆਨ ਹੈ। ਹੇਠ ਦਿੱਤੇ ਸ਼ਬਦ ਦੁਆਰਾ ਇਹ ਗੱਲ ਆਪੇ ਹੀ ਸਪੱਸ਼ਟ ਹੋ ਜਾਵੇਗੀ।

ਗਉੜੀ ਕਬੀਰ ਜੀ ॥

“ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥੧॥

ਉਆ ਕਉ ਕਹੀਐ ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥੧॥ ਰਹਾਉ ॥

ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦਿ ਮਾਤੇ ਅਨਦਿਨੁ ਜਾਈ ॥੨॥

ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥੩॥੨੭॥”

(ਅੰਗ ੩੨੯)

ਇੱਥੇ ਮਨ ਨੂੰ ਰਸ ਦੀ ਭੱਠੀ ਕਹਿ ਕੇ ਸਮਝਾਇਆ ਹੈ ਜਿਸ ਵਿੱਚੋਂ ਰਸ ਚੋਂਦਾ ਹੈ। ਮਨ ਦੇ ਵਿੱਚ ਗਿਆਨ ਹੀ ਉਪਜਦਾ ਹੈ, ਵਿਚਾਰ ਹੀ ਉਪਜਦੇ ਹਨ, ਹੋਰ ਕੁੱਝ ਨਹੀਂ ਉਪਜਦਾ। ਇਹ ਮਨ ਦੇ ਵਿਚਾਰਾਂ ਦਾ ਰਸ ਹੈ। ਸਾਡੇ ਮਨ ਵਿੱਚ ਹਰ ਵੇਲੇ ਤ੍ਰੈਗੁਣਾਂ ਵਾਲਾ, ਮਾਇਆ ਦੀ ਜੁਗਤਿ ਵਾਲਾ ਰਸ ਚੋਂਦਾ ਰਹਿੰਦਾ ਹੈ ਜਿਸ ਦੇ ਰਹਿੰਦਿਆਂ ਅਸੀਂ ਅਨ ਰਸ ਨਾਲ ਜੁੜੇ ਰਹਿੰਦੇ ਹਾਂ, ਅਗਿਆਨਤਾ ਨਾਲ ਜੁੜੇ ਰਹਿੰਦੇ ਹਾਂ।ਜਦੋਂ ਇਹ ਮਨ ਦਾ ਰਸ ਮਹਾਂ ਰਸ ਵਿੱਚ ਬਦਲ ਜਾਂਦਾ ਹੈ ਤਾਂ ਮਨੁੱਖ ਚੌਥੇ ਪਦ ਦੀ ਸੋਚ ਵਾਲਾ ਬਣ ਜਾਂਦਾ ਹੈ। ਇਹ ਸਹਜ ਦੀ ਅਵੱਸਥਾ ਹੈ। ਸਹਜ ਗਿਆਨ ਦਾ ਮਿਲਣਾ ਰਾਮ ਰਸ ਪੀਣਾ ਹੈ ਜਿਸ ਦੁਆਰਾ

11/1138

ਸਾਡੇ ਵਿਚਾਰ ਸਹਜ ਗਿਆਨ ਵਾਲੇ ਬਣਦੇ ਹਨ।

(ਉਆ ਕਉ ਕਹੀਐ ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥੧॥ ਰਹਾਉ ॥)

ਸਾਨੂੰ ਸਹਜ ਦੀ ਮਤਿ ਕਿੱਥੋਂ ਆਉਂਦੀ ਹੈ ਭਾਵ ਇਹ ਗਿਆਨ ਮਨ ਦੇ ਅੰਦਰ ਕੌਣ ਦਿੰਦਾ ਹੈ ਇਸ ਦੀ ਸੋਝੀ ਪੈਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ। ਇਹੀ ਅਨੰਦ ਦੀ ਅਵੱਸਥਾ ਹੈ ਤੇ ਮਨੁੱਖ ਹਰ ਵੇਲੇ ਉਸ ਦੇ ਸੱਚੇ ਗਿਆਨ ਦੁਆਰਾ ਉਸਦੇ ਹੁਕਮ ਅਨੁਸਾਰ ਵਿਚਰਦਾ ਹੈ। **(ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦਿ ਮਾਤੇ ਅਨਦਿਨੁ ਜਾਈ ॥੨॥)** ਸਾਡਾ ਚੀਤੁ ਕੀ ਹੈ ਭਾਵ ਸਾਡਾ ਮਨ ਕੀ ਹੈ, ਇਸ ਨੂੰ ਸਹਜ ਗਿਆਨ ਦੀ ਅਵੱਸਥਾ ਨਾਲ ਹੀ ਚੀਨਿਆ ਜਾ ਸਕਦਾ ਹੈ ਭਾਵ ਬੁੱਝਿਆ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ ਤੇ ਸੋਝੀ ਪੈਂਦੀ ਹੈ ਕਿ ਇਹ ਮਨ, ਇਸ ਮਨ ਦਾ ਗਿਆਨ ਆਪ ਪ੍ਰਮਾਤਮਾ ਹੈ ਤੇ ਇਹ ਜਾਨਣ ਤੋਂ ਬਾਅਦ ਹੀ ਮਨੁੱਖ ਪ੍ਰਮਾਤਮਾ ਦੇ ਨਾਲ ਜੁੜਦਾ ਹੈ ਤੇ ਆਪਣੇ ਅੰਦਰੋਂ ਹੀ ਉਸ ਪ੍ਰਮਾਤਮਾ ਨੂੰ ਪਾਉਂਦਾ ਹੈ। **(ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥੩॥੨੭॥)**

ਆਓ ਹੁਣ ਹਰਿ ਰਸ ਨੂੰ ਅਗਲੇ ਸ਼ਬਦ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਸਮਝੀਏ ਕਿਉਂਕਿ ਹਰਿ ਰਸ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ।

ੴ ਸਤਿਗੁਰ ਪ੍ਰਸਾਦਿ ॥

ਆਸਾ ਮਹਲਾ ੩ ਛੰਤ ਘਰੁ ੧ ॥

“ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ॥

ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥

ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ॥

ਗੁਰ ਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਵੇ ਰੰਗਿ ਰਾਤੀ ॥

ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥

ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥੧॥”

(ਅੰਗ ੪੩੯)

ਉੱਪਰ ਸ਼ਬਦ ਦੇ ਅਰਥ ਕਰਨ ਤੋਂ ਪਹਿਲਾਂ ਆਓ ਇਹ ਗੱਲ ਸਮਝੀਏ ਕਿ ਸਾਚਾ ਸੋਹਿਲਾ ਕੀ ਹੈ। ਸਾਚਾ ਸੋਹਿਲਾ ਪ੍ਰਮਾਤਮਾ ਦਾ ਸੱਚਾ ਜੱਸ ਹੈ ਤੇ ਸਾਰੀ ਗੁਰਬਾਣੀ ਪ੍ਰਮਾਤਮਾ ਦਾ ਸੱਚਾ ਸੋਹਿਲਾ ਹੀ ਗਾ ਰਹੀ ਹੈ। ਪੂਰੀ ਗੁਰਬਾਣੀ ਸੱਚੇ ਪ੍ਰਮਾਤਮਾ ਦਾ ਘਰ ਹੈ। ਗੁਰਬਾਣੀ ਪ੍ਰਮਾਤਮਾ ਦੇ ਕਿਸ ਘਰ ਵਿੱਚੋਂ ਆਈ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ, ਆਓ ਸਮਝਦੇ ਹਾਂ।

11/1139

“ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥

ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥

ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥"

(ਅੰਗ ੯੨੨)

ਸਾਡਾ ਮਨੁੱਖਾ ਜੀਵਨ ਦਾ ਮਨੋਰਥ ਹੀ ਇਹ ਹੈ ਕਿ ਅਸੀਂ ਪ੍ਰਮਾਤਮਾ ਦਾ ਸੱਚਾ ਸੋਹਿਲਾ ਉਸ ਦੇ ਸੱਚੇ ਘਰ ਵਿੱਚ ਗਾਈਏ ਭਾਵ ਉਸ ਦੇ ਸੱਚੇ ਘਰ ਦੇ ਵਿੱਚੋਂ ਜਾਣੀਏ ਕਿ ਉਸਦਾ ਸੱਚਾ ਸੋਹਿਲਾ ਕੀ ਹੈ ਤੇ ਉਸ ਦਾ ਸੱਚਾ ਜੱਸ ਸਮਝਕੇ ਉਸ ਅਨੁਸਾਰ ਉਸ ਨੂੰ ਗਾਈਏ ਭਾਵ ਉਸ ਤਰੀਕੇ ਨਾਲ ਜੀਵਨ ਦੇ ਵਿੱਚ ਵਿਚਰੀਏ। ਉਸ ਸੱਚੇ ਪ੍ਰਮਾਤਮਾ ਦਾ ਘਰ ਸਾਡੇ ਮਨ ਦੇ ਵਿੱਚ ਹੀ ਹੈ ਤੇ ਉਸਦਾ "**ਸੱਚਾ ਸੋਹਿਲਾ**", "**ਗੁਰਬਾਣੀ ਰੂਪ ਸੱਚਾ ਸੋਹਿਲਾ**" ਮਨ ਦੇ ਵਿੱਚੋਂ ਹੀ ਆਇਆ ਹੈ, ਮਨ ਦੇ ਸੱਚੇ ਗਿਆਨ ਰਾਹੀਂ ਹੀ ਆਇਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥}

(ਅੰਗ ੧੨੪੩)

ਜਿਹੜਾ ਸੱਚੇ ਦਾ ਘਰ ਹੈ ਭਾਵ ਜੋ ਸਾਡਾ ਮਨ ਹੈ, ਉੱਥੇ ਅਸਲ ਵਿੱਚ ਧਿਆਨ ਵਾਲਾ ਕੌਣ ਹੈ ਇਹ ਮਨ ਦੀ ਸੋਝੀ ਪੈਣ ਦੁਆਰਾ ਹੀ ਪਤਾ ਚੱਲਦਾ ਹੈ। ਮਨ ਵਿੱਚ ਬੈਠਾ ਸਾਰਾ ਗਿਆਨ ਦੇਣ ਵਾਲਾ ਉਹ ਆਪ ਹੀ ਹੈ ਤੇ ਮਨੁੱਖ ਕੇਵਲ ਭੁਲੇਖੇ ਵਿੱਚ ਹੀ ਮਨ ਦੇ ਗਿਆਨ ਨੂੰ, ਮਨ ਦੀ ਸੋਚ ਨੂੰ, ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦਾ ਹੈ ਤੇ ਇਹੀ ਸਾਡੀ ਹਉਮੈ ਹੈ ਜੋ ਸਾਨੂੰ ਸੱਚ ਜਾਨਣ ਤੋਂ ਦੂਰ ਰੱਖਦੀ ਹੈ।

(ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥)

ਸਾਡੇ ਮਨ ਦੇ ਵਿੱਚ ਧਿਆਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਇਸਦੀ ਸੋਝੀ ਜਿੱਥੇ ਉਸਨੂੰ ਭਾਉਂਦਾ ਹੈ ਉਹ ਆਪ ਹੀ ਪਾਉਂਦਾ ਹੈ। **(ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ॥)**। "ਸਚੁ" ਕਿਸ ਨੂੰ ਕਿਹਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। ਸਚੁ ਆਪ ਪ੍ਰਮਾਤਮਾ ਹੈ ਤੇ ਅਸੀਂ ਸੱਚ ਦੀ ਹੀ ਪ੍ਰਾਪਤੀ ਕਰਨੀ ਹੈ। ਸਚੁ ਦੀ ਪ੍ਰਾਪਤੀ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਹੈ।

11/1140

ਸਾਰੀ ਗੁਰਬਾਣੀ "**ਸਚੁ**" ਹੈ। ਗੁਰਬਾਣੀ ਸਾਨੂੰ ਜੋ ਵੀ ਸਮਝਾਉਂਦੀ ਹੈ ਉਹ ਸੱਚ ਹੈ ਤੇ ਕੇਵਲ ਉਹ ਹੀ ਸੱਚ ਹੈ। ਕੇਵਲ ਗੁਰਮਤਿ ਸੱਚ ਹੈ ਤੇ ਹੋਰ ਸਭ ਝੂਠ ਹੈ। ਗੁਰੂ ਦਾ ਸੱਚ ਗੁਰੂ ਦੀ ਮਤਿ ਦੇ ਦੁਆਰਾ ਹੈ, ਗੁਰੂ ਦੇ ਸੱਚੇ ਗਿਆਨ ਦੇ ਦੁਆਰਾ ਹੈ ਕਿਉਂਕਿ ਗੁਰੂ ਦਾ ਗਿਆਨ ਆਪ ਪ੍ਰਮਾਤਮਾ ਦਾ ਗਿਆਨ ਹੈ। ਇਸੇ ਲਈ ਆਪ ਪ੍ਰਮਾਤਮਾ ਹੀ ਸਭ ਜਗਤ ਦਾ ਗੁਰੂ ਹੈ। ਸੱਚਾ ਗਿਆਨ ਕੇਵਲ ਉਸਦੇ ਆਪਣੇ ਕੋਲ ਹੈ। ਸੱਚਾ ਗਿਆਨ ਕੇਵਲ ਚੌਥੇ ਪਦ ਵਿੱਚ ਹੈ ਤੇ ਉਸ ਤੋਂ ਬਿਨ੍ਹਾਂ ਹਰ ਕੋਈ ਤ੍ਰੈਗੁਣੀ ਅਵੱਸਥਾ ਵਿੱਚ ਹੀ ਹੈ। ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੀ ਸੱਚੀ ਬਾਣੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਸਭ ਕੱਚੀ ਬਾਣੀ ਹੀ ਹੈ। ਉਸ ਦਾ ਸੋਹਿਲਾ ਕੇਵਲ ਉਸਦੀ ਸੱਚੀ ਬਾਣੀ ਦੁਆਰਾ ਹੀ ਗਾਇਆ ਜਾ ਸਕਦਾ ਹੈ। ਕੱਚੀਆਂ ਬਾਣੀਆਂ ਦੇ ਪਿੱਛੇ ਲੱਗ ਕੇ ਉਸਦਾ ਸੱਚਾ ਸੋਹਿਲਾ ਨਹੀਂ ਗਾਇਆ ਜਾ ਸਕਦਾ। ਕੱਚੀ ਬਾਣੀ ਦੁਆਰਾ ਕੇਵਲ ਕੱਚਾ ਸੋਹਿਲਾ ਹੀ ਹਰ ਕੋਈ ਗਾਉਂਦਾ ਹੈ। ਤ੍ਰੈਗੁਣਾਂ ਵਿੱਚ ਹਰ ਕੋਈ ਕੱਚਾ ਹੀ ਹੈ। ਸੱਚ ਦੀ ਪ੍ਰਾਪਤੀ, ਚੌਥੇ ਪਦ ਦੀ ਪ੍ਰਾਪਤੀ, ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਕੇਵਲ ਉਹ ਹੀ ਕਰ ਸਕਦਾ ਹੈ ਜਿਸ ਨੂੰ ਉਹ ਬਖ਼ਸ਼ ਲੈਂਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ। **(ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥)** ਸੱਚ ਦੀ ਪ੍ਰਾਪਤੀ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਮਨ ਦੇ ਵਿੱਚ, ਆਪਣੇ ਘਰ ਦੇ ਵਿੱਚ ਆਪਣਾ ਸੱਚਾ ਸੋਹਿਲਾ ਪ੍ਰਮਾਤਮਾ ਆਪ ਹੀ ਗਾਉਂਦਾ ਹੈ ਭਾਵ ਸਾਰੇ ਗਿਆਨ ਦਾ ਸ੍ਰੋਤ ਪ੍ਰਮਾਤਮਾ ਆਪ ਹੀ ਹੈ। **(ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ॥੩੯॥)**।

ਆਓ ਹੁਣ ਮੁੱਖ ਸ਼ਬਦ ਵੱਲ ਆਈਏ ਤੇ ਸ਼ਬਦ ਨੂੰ ਪੰਗਤੀ ਦਰ ਪੰਗਤੀ ਸਮਝੀਏ।

"ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ॥
ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥"

ਇੱਥੇ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ। "**ਸਾਚਾ ਸੋਹਿਲਾ**" ਆਪ ਪ੍ਰਮਾਤਮਾ ਨੂੰ ਹੀ ਕਿਹਾ ਹੈ

11/1141

ਜੋ ਕਿ ਸਾਡੇ ਘਰ ਦੇ ਵਿੱਚ ਭਾਵ ਮਨ ਦੇ ਵਿੱਚ ਹੀ ਹੈ। ਸੱਚਾ ਸੋਹਿਲਾ ਉਸ ਦਾ ਸੱਚਾ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਨਿਰਗੁਣ ਰੂਪ ਹੈ। ਪੂਰੀ ਗੁਰਬਾਣੀ ਵਿੱਚ ਉਹ ਆਪਣੇ ਸੱਚੇ ਸੋਹਿਲੇ ਦੁਆਰਾ ਹੀ ਵਿਚਰ ਰਹਿਆ ਹੈ। ਉਸਦਾ ਸੱਚਾ ਜੱਸ ਉਸਦੇ ਸੱਚੇ ਸ਼ਬਦ ਦੁਆਰਾ ਭਾਵ ਉਸਦੇ ਸੱਚੇ ਗਿਆਨ ਦੁਆਰਾ ਹੈ, ਉਸਦੇ ਉੱਚੇ ਗਿਆਨ ਦੁਆਰਾ ਹੈ। ਸਾਡਾ ਮਨ ਰੂਪੀ ਘਰ ਉਸ ਪ੍ਰਮਾਤਮਾ ਦੇ ਨਾਲ, ਉਸ ਗਿਆਨ ਰੂਪ ਪ੍ਰਮਾਤਮਾ ਦੇ ਨਾਲ ਹੀ ਸੋਭਦਾ ਹੈ ਜਿਸ ਦੁਆਰਾ ਸਾਡੀ ਤ੍ਰੈਗੁਣੀ ਅਵੱਸਥਾ ਦੂਰ ਹੁੰਦੀ ਹੈ। ਇਹੀ ਧਨ ਪਿਰ ਦਾ ਮੇਲ ਹੈ। ਧਨ ਸਾਡੀ ਤ੍ਰੈਗੁਣੀ ਅਵੱਸਥਾ ਹੈ ਤੇ ਪਿਰ ਚੌਥੇ ਪਦ ਵਾਲੀ ਅਵੱਸਥਾ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਸਾਨੂੰ ਚੌਥੇ ਪਦ ਵਾਲੀ ਅਵੱਸਥਾ ਪ੍ਰਮਾਤਮਾ ਆਪ ਹੀ ਦਿੰਦਾ ਹੈ।

"ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ॥
ਗੁਰ ਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਵੇ ਰੰਗਿ ਰਾਤੀ ॥"

ਸਾਡੇ ਅੰਦਰ ਸੱਚੇ ਸੋਹਿਲੇ ਦਾ ਵੱਸਣਾ ਜਾਂ ਸੱਚ ਦਾ ਵੱਸਣਾ ਇੱਕ ਹੀ ਗੱਲ ਹੈ। ਦੋਨਾਂ ਤੋਂ ਭਾਵ ਪ੍ਰਮਾਤਮਾ ਦੇ ਮੇਲ ਨਾਲ ਹੀ ਹੈ ਤੇ ਇਹੀ ਸਾਡੀ ਸਹਜ ਵਾਲੀ ਅਵੱਸਥਾ ਹੈ, ਚੌਥੇ ਪਦ ਵਾਲੀ ਅਵੱਸਥਾ ਹੈ। ਗੁਰੂ ਦੇ ਸ਼ਬਦ ਦਾ ਸ਼ਿੰਗਾਰ ਸਾਡੀ ਸਹਜ ਵਾਲੀ ਅਵੱਸਥਾ ਦਾ ਸ਼ਿੰਗਾਰ ਹੈ, ਉਸਦੇ ਸੱਚੇ ਗਿਆਨ ਦਾ ਸ਼ਿੰਗਾਰ ਹੈ, ਸੱਚੇ ਗੁਣਾਂ ਦਾ ਸ਼ਿੰਗਾਰ ਹੈ, ਗੁਰੂ ਦੀ ਮਤਿ ਦਾ ਸ਼ਿੰਗਾਰ ਹੈ ਜਿਸ ਦੁਆਰਾ ਮਨੁੱਖ ਉਸ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ।

"ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥
ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥੧॥"

ਹੁਣ ਧਿਆਨ ਨਾਲ ਸਮਝੋ ਕਿ "**ਹਰਿ ਰਸੁ**" ਕਿਸ ਨੂੰ ਕਿਹਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਵੱਸਦਾ ਹੈ। ਸਾਡੇ ਅੰਦਰ ਸੱਚ ਦਾ ਵੱਸਣਾ ਜਾਂ ਹਰਿ ਰਸ ਦਾ ਵੱਸਣਾ ਜਾਂ ਸੱਚਾ ਸੋਹਿਲਾ ਵੱਸਣਾ ਇੱਕੋ ਹੀ ਗੱਲ ਹੈ। ਸਭ ਤੋਂ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਹੈ, ਉਸਦੇ ਸੱਚੇ ਗਿਆਨ ਦੇ ਨਾਲ ਹੈ। ਜਦ ਤੱਕ ਸਾਡਾ ਆਪਣਾ ਆਪ ਨਹੀਂ ਜਾਂਦਾ ਭਾਵ ਜਦ ਤੱਕ ਸਾਡੀ ਹਉਮੈ ਨਹੀਂ ਜਾਂਦੀ ਤਦ ਤੱਕ ਸਾਡੇ ਅੰਦਰ ਹਰਿ ਰਸ ਨਹੀਂ ਵੱਸ ਸਕਦਾ। ਹਉਮੈ ਸਾਡੀ ਤਾਂ ਹੀ ਮਰਦੀ ਹੈ ਜਦੋਂ ਉਸ "**ਵਰ**" ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਇਹ ਸਭ ਕੁੱਝ ਮਨ ਦੇ ਅੰਦਰ ਸੱਚੇ ਗਿਆਨ ਦੇ ਪ੍ਰਗਟ ਹੋਣ

11/1142

ਦੁਆਰਾ ਹੀ ਹੁੰਦਾ ਹੈ।

ਜੋ ਲੋਕ ਹਰਿ ਰਸ ਨੂੰ ਕੋਈ ਜੀਭ ਦਾ ਰਸ ਸਮਝਦੇ ਹਨ, ਉਹਨਾਂ ਨੂੰ ਇਹ ਭੁਲੇਖਾ ਗੁਰਬਾਣੀ ਦੇ ਸ਼ਬਦਾਂ ਦੇ ਸਹੀ ਭਾਵ ਨੂੰ ਨਾ ਸਮਝਣ ਦਾ ਨਤੀਜਾ ਹੈ। ਬਾਣੀ ਵਿੱਚ ਇਸ ਰਸ ਨੂੰ ਸਾਡੀ ਜੀਭ ਦੇ ਨਾਲ ਵੀ ਜੋੜਿਆ ਹੋਇਆ ਹੈ ਪਰ ਉਸਦਾ ਮਕਸਦ ਸਾਡੇ ਮਨ ਦੇ ਨਾਲ ਹੀ ਹੁੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਸੂਹੀ ਮਹਲਾ ੪ ॥

"ਜਿਹਵਾ ਹਰਿ ਰਸਿ ਰਹੀ ਅਘਾਇ ॥ ਗੁਰਮੁਖਿ ਪੀਵੈ ਸਹਜਿ ਸਮਾਇ ॥੧॥
ਹਰਿ ਰਸੁ ਜਨ ਚਾਖਹੁ ਜੇ ਭਾਈ ॥ ਤਉ ਕਤ ਅਨਤ ਸਾਦਿ ਲੋਭਾਈ ॥੧॥ ਰਹਾਉ ॥
ਗੁਰਮਤਿ ਰਸੁ ਰਾਖਹੁ ਉਰ ਧਾਰਿ ॥ ਹਰਿ ਰਸਿ ਰਾਤੇ ਰੰਗਿ ਮੁਰਾਰਿ ॥੨॥
ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥ ਹਉਮੈ ਕਰੈ ਬਹੁਤੀ ਮਿਲੈ ਸਜਾਇ ॥੩॥
ਨਦਰਿ ਕਰੇ ਤਾ ਹਰਿ ਰਸੁ ਪਾਵੈ ॥ ਨਾਨਕ ਹਰਿ ਰਸਿ ਹਰਿ ਗੁਣ ਗਾਵੈ ॥੪॥੩॥੭॥"

(ਅੰਗ ੭੩੩)

ਸ਼ਬਦ ਦੀ ਪਹਿਲੀ ਪੰਗਤੀ ਵਿੱਚ ਇਸ ਹਰਿ ਰਸ ਨੂੰ ਸਾਡੀ ਜਿਹਵਾ ਦੀ ਤ੍ਰਿਪਤੀ ਦੇ ਨਾਲ ਜੋੜਿਆ ਗਿਆ ਹੈ। ਤ੍ਰਿਪਤ ਮਨ

ਹੀ ਹੁੰਦਾ ਹੈ, ਜਿਹਵਾ ਨਹੀਂ ਹੁੰਦੀ। ਜਿਹਵਾ ਕੇਵਲ ਸੰਬੋਧਨ ਮਾਤਰ ਹੀ ਹੈ। ਨਾਲ ਹੀ ਅਗਲੀ ਪੰਗਤੀ ਵਿੱਚ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਇਸ ਰਸ ਦੀ ਪ੍ਰਾਪਤੀ ਸਹਜ ਦੀ ਅਵੱਸਥਾ ਵਿੱਚ ਸਮਾਉਣ ਦੁਆਰਾ ਹੈ ਜੋ ਕਿ ਗੁਰਮੁਖਿ ਹੋਣ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ। ਅਗਲੀਆਂ ਪੰਗਤੀਆਂ ਵਿੱਚ ਹਰਿ ਰਸ ਨੂੰ ਆਨ ਸਵਾਦਾਂ ਤੋਂ ਵੱਖਰਾ ਕਹਿ ਕੇ ਵੀ ਸਮਝਾਇਆ ਹੋਇਆ ਹੈ। ਅਨ ਸਵਾਦ, ਅਨ ਰਸ ਕੀ ਹਨ ਇਹ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣ ਹੀ ਚੁੱਕੇ ਹਾਂ। ਅਨ ਰਸ ਸਾਡੇ ਔਗੁਣ ਹਨ। ਹਰਿ ਰਸ ਦੀ ਪ੍ਰਾਪਤੀ ਤੋਂ ਬਾਅਦ ਮਨੁੱਖ ਗੁਣਾਂ ਦੁਆਰਾ ਹੀ ਵਿਚਰਦਾ ਹੈ ਤੇ ਫਿਰ ਔਗੁਣ, ਮਾੜੇ ਕਰਮ, ਮਾਇਆ ਮੋਹ ਉਸਨੂੰ ਨਹੀਂ ਲੁਭਾਉਂਦੇ। ਅਗਲੀ ਪੰਗਤੀ ਵਿੱਚ ਹਰਿ ਰਸ ਨੂੰ ਬਹੁਤ ਹੀ ਸਪੱਸ਼ਟ ਤਰੀਕੇ ਨਾਲ ਇਸਨੂੰ "**ਗੁਰਮਤਿ ਰਸੁ**" ਕਹਿ ਕੇ ਸਮਝਾਇਆ ਹੈ ਜੋ ਕਿ ਹਿਰਦੇ ਵਿੱਚ ਵਸਾਉਣ ਦੀ ਵਸਤੂ ਹੈ ਭਾਵ ਹਰਿ ਰਸ ਗੁਰੂ ਦਾ ਸੱਚਾ ਗਿਆਨ ਹੈ, ਗੁਰਮਤਿ ਗਿਆਨ ਹੈ ਤੇ ਇਸੇ ਸੱਚੇ ਗਿਆਨ ਦੁਆਰਾ ਹੀ ਮਨੁੱਖ ਪ੍ਰਮਾਤਮਾ ਦੇ ਰੰਗ ਵਿੱਚ ਰਚਦਾ ਹੈ ਭਾਵ ਉਸਦੇ ਨਾਲ ਮੇਲ ਹੋ ਜਾਂਦਾ ਹੈ ਜੋ ਕਿ ਚੌਥੇ ਪਦ ਦੀ ਅਵੱਸਥਾ ਹੈ। **(ਗੁਰਮਤਿ ਰਸੁ ਰਾਖਹੁ ਉਰ ਧਾਰਿ ॥ ਹਰਿ ਰਸਿ ਰਾਤੇ ਰੰਗਿ ਮੁਰਾਰਿ ॥2॥)**

11/1143

ਗੁਰਮਤਿ ਦਾ ਦੂਸਰਾ ਪਾਸਾ ਮਨਮਤਿ ਹੈ ਜਿਸ ਕਰਕੇ ਹਰ ਕੋਈ ਮਨਮੁਖਿ ਹੈ। ਇਸ ਅਵੱਸਥਾ ਦੁਆਰਾ ਮਨੁੱਖ ਹਰ ਵੇਲੇ ਹਉਮੈ ਵਿੱਚ ਵਿਚਰਦਾ ਹੈ, ਤ੍ਰੈਗੁਣਾਂ ਵਿੱਚ ਵਿਚਰਦਾ ਹੈ, ਆਪਣੇ ਆਪ ਦੀ ਪਹਿਚਾਣ ਨਾ ਹੋਣ ਕਰਕੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਇਸ ਅਵੱਸਥਾ ਵਿੱਚ ਰਹਿੰਦੇ ਹੋਏ ਮਨੁੱਖ ਹਰਿ ਰਸ ਤੋਂ ਦੂਰ ਰਹਿੰਦਾ ਹੈ, ਹਰਿ ਰਸ ਚੱਖਣ ਤੋਂ ਦੂਰ ਰਹਿੰਦਾ ਹੈ।

(ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥ ਹਉਮੈ ਕਰੈ ਬਹੁਤੀ ਮਿਲੈ ਸਜਾਇ ॥੩॥)

ਹਰਿ ਰਸ ਦੀ ਪ੍ਰਾਪਤੀ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ। ਹਰਿ ਰਸ ਦੀ ਪ੍ਰਾਪਤੀ ਤੋਂ ਬਿਨ੍ਹਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਉਸਦੀ ਸੱਚੀ ਮਤਿ ਦੀ ਪ੍ਰਾਪਤੀ ਤੋਂ ਬਿਨ੍ਹਾਂ ਮਨੁੱਖ ਨੂੰ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਜੋ ਕਿ ਉਸਦੇ ਗੁਣ ਗਾਉਣ ਦਾ ਤਰੀਕਾ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਉਸਦੇ ਗੁਣਾਂ ਦੀ ਸੋਝੀ ਨਹੀਂ ਪੈਂਦੀ।

(ਨਦਰਿ ਕਰੇ ਤਾ ਹਰਿ ਰਸੁ ਪਾਵੈ ॥ ਨਾਨਕ ਹਰਿ ਰਸਿ ਹਰਿ ਗੁਣ ਗਾਵੈ ॥੪॥੩॥੭॥)

ਹਰਿ ਰਸ ਕੀ ਹੈ, ਇਹ ਗੱਲ ਬਾਣੀ ਵਿੱਚ ਵਾਰ-ਵਾਰ ਵੱਖਰੇ-ਵੱਖਰੇ ਢੰਗ ਦੁਆਰਾ ਸਮਝਾਈ ਹੋਈ ਹੈ ਪਰ ਸਭ ਤੋਂ ਭਾਵ ਇੱਕ ਹੀ ਹੁੰਦਾ ਹੈ। ਗੁਰਬਾਣੀ ਦੇ ਬੋਲ ਅਟੱਲ ਹੁੰਦੇ ਹਨ, ਸਦਾ ਥਿਰ ਰਹਿਣ ਵਾਲੇ ਹਨ। ਹਰਿ ਰਸ ਜਿਸਨੂੰ ਇੱਕ ਸ਼ਬਦ ਵਿੱਚ ਕਿਹਾ ਹੈ, ਦੂਸਰੇ ਕਿਸੇ ਵੀ ਸ਼ਬਦ ਵਿੱਚ ਉਸਦਾ ਭਾਵ ਬਦਲ ਨਹੀਂ ਸਕਦਾ। ਅਸੀਂ ਗੱਲ ਨੂੰ ਪੂਰੀ ਤਰ੍ਹਾਂ ਸਮਝ ਨਾ ਸਕੀਏ ਉਹ ਵੱਖਰੀ ਗੱਲ ਹੈ।ਗੁਰਬਾਣੀ ਆਪਣੀ ਕਸਵੱਟੀ ਆਪ ਹੈ, ਇਹ ਕਿਸੇ ਹੋਰ ਬਾਣੀ ਦੀ ਮੁਥਾਜ ਨਹੀਂ ਹੈ ਕਿਉਂਕਿ ਪੂਰੇ ਸੰਸਾਰ ਵਿੱਚ ਹੋਰ ਕੋਈ ਬਾਣੀ ਹੈ ਹੀ ਨਹੀਂ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੈ ਜਿਸ ਨਾਲ ਗੁਰਬਾਣੀ ਦੀ ਤੁਲਨਾ ਕੀਤੀ ਜਾ ਸਕੇ। ਗੁਰਬਾਣੀ ਆਪਣੇ ਆਪ ਵਿੱਚ ਪੂਰਾ ਗੁਰੂ ਹੈ। ਉਹ ਹਰ ਤਰੀਕੇ ਪੂਰਾ ਹੈ। ਗੁਰਬਾਣੀ ਵਿੱਚ ਲਿਖੀ ਹੋਈ ਹਰ ਗੱਲ ਸਾਇੰਟਿਫਿਕਲੀ ਸੱਚੀ ਹੈ, ਸਾਇੰਸ ਦੇ ਉੱਤੇ ਪੂਰੀ ਉਤਰਦੀ ਹੈ। ਸਾਇੰਸ ਚਮਤਕਾਰਾਂ ਦਾ ਖੰਡਨ ਕਰਦੀ ਹੈ ਤੇ ਬਾਣੀ ਵਿੱਚ ਵੀ ਕਰਾਮਾਤਾਂ ਦਾ ਖੰਡਨ ਕੀਤਾ ਹੋਇਆ ਹੈ। **{ਧਿਗੁ ਸਿਧੀ ਧਿਗੁ ਕਰਮਾਤਿ॥}** (ਅੰਗ - ੬੫੦) ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ ਭਾਵ ਉਸ ਬ੍ਰਹਮ ਗਿਆਨੀ ਦੀ, ਪ੍ਰਮਾਤਮਾ ਦੀ ਆਪਣੀ ਰਚੀ ਹੋਈ ਬਾਣੀ ਹੈ। ਸਾਰਾ ਸੰਸਾਰ ਵੀ ਉਸਦਾ ਆਪਣਾ ਹੀ ਰਚਿਆ ਹੋਇਆ ਹੈ ਤੇ ਇਸੇ ਲਈ ਸੰਸਾਰ ਦੀ ਰਚਨਾ ਬਾਰੇ ਜੋ ਕੁੱਝ ਵੀ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ ਉਹ ਉਸੇ ਤਰ੍ਹਾਂ ਸੱਚ ਹੈ। ਗੁਰਬਾਣੀ ਦੀ ਰਚਨਾ ਉਦੋਂ ਹੋਈ ਸੀ ਜਦੋਂ ਦੁਨੀਆਂ ਨੂੰ ਸਾਇੰਸ ਦੀ ਸੋਝੀ ਨਹੀਂ ਸੀ। ਗੁਰਬਾਣੀ ਵਿੱਚ ਲਿਖੀਆਂ ਹੋਈਆਂ ਗੱਲਾਂ ਨੂੰ ਹੁਣ ਸਾਇੰਸ ਆਪ ਹੀ ਸੱਚੀਆਂ ਸਾਬਿਤ ਕਰ ਰਹੀ ਹੈ। ਜੇਕਰ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ ਕਿ ਧਰਤੀ ਦੋ ਤਰੀਕੇ ਨਾਲ ਘੁੰਮ ਰਹੀ ਹੈ ਤੇ ਉਹ ਸੱਚ ਹੈ। ਗੁਰਬਾਣੀ ਵਿੱਚ ਲਿਖਿਆ ਹੋਇਆ ਹੈ ਕਿ ਸੂਰਜ ਵੀ ਘੁੰਮਦਾ ਹੈ, ਬ੍ਰਹਿਮੰਡ ਵਿੱਚ ਸਭ ਕੁੱਝ ਘੁੰਮਦਾ ਹੈ, ਸੂਰਜ ਤੋਂ ਵੱਡੇ ਅਨੇਕਾਂ ਸੂਰਜ ਹਨ, ਕਰੋੜਾਂ ਬ੍ਰਹਿਮੰਡ ਹਨ ਤੇ ਸਭ ਘੁੰਮ ਰਹੇ ਹਨ। ਇਹ ਗੱਲਾਂ ਹੁਣ ਸਾਇੰਸ ਆਪ ਹੀ ਸਾਬਤ ਕਰ ਰਹੀ ਹੈ। "ਬ੍ਰਹਮ ਗਿਆਨ" ਅਸਲ ਵਿੱਚ ਉਹ ਗਿਆਨ ਹੈ ਜੋ ਸਾਇੰਟਿਫਿਕਲੀ ਸੱਚ ਹੈ ਜਿਸ ਨੂੰ ਕਦੇ ਝੁਠਲਾਇਆ ਨਹੀਂ ਜਾ ਸਕਦਾ। ਬਾਣੀ ਦੇ ਵਿੱਚ ਸਹੀ ਅਰਥ ਦੇ ਉਲਟ ਸਮਝੇ ਜਾਂ ਸਮਝਾਏ ਹੋਏ ਅਰਥ ਆਪੇ ਹੀ ਉਘੜ ਆਉਂਦੇ ਹਨ। ਗੁਰਬਾਣੀ ਬਹੁਤ ਹੀ ਜਿਆਦਾ ਗਹਿਰੀ ਹੈ, ਕੇਵਲ ਸੱਚੇ ਅਰਥ ਹੀ ਗੁਰਬਾਣੀ ਉੱਪਰ ਟਿਕ ਸਕਦੇ ਹਨ, ਹੋਰ ਕੋਈ ਨਹੀਂ ਟਿਕ ਸਕਦਾ। ਆਓ ਹੁਣ "ਹਰਿ ਰਸੁ" ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਬਾਣੀ ਦੀ

11/1144

ਸੱਚਾਈ ਉੱਪਰ ਆਪਣਾ ਭਰੋਸਾ ਟਿਕਾਈਏ।

ਪਉੜੀ ॥

"ਆਪਣਾ ਆਪੁ ਪਛਾਣਿਆ ਨਾਮੁ ਨਿਧਾਨੁ ਪਾਇਆ ॥
ਕਿਰਪਾ ਕਰਿ ਕੈ ਆਪਣੀ ਗੁਰ ਸਬਦਿ ਮਿਲਾਇਆ ॥
ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥
ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ ॥
ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥੫॥"

(ਅੰਗ ੧੦੮੮)

ਉੱਪਰ ਸ਼ਬਦ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੀ ਸਮਝਾਈ ਹੋਈ ਹੈ। ਨਾਮ ਨਿਧਾਨ ਦੀ ਪ੍ਰਾਪਤੀ ਜਾਂ ਪ੍ਰਮਾਤਮਾ ਦੇ ਨਾਲ ਮੇਲ ਇੱਕ ਹੀ ਗੱਲ ਹੈ ਤੇ ਇਹ ਹੀ ਆਪਣੇ ਆਪ ਨੂੰ ਪਛਾਨਣਾ ਹੈ। ਇਹ ਮਨੁੱਖੀ ਹੋਂਦ ਕੇਵਲ ਇੱਕ ਹਉਮੈ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਨਾਮ ਨਿਧਾਨ ਦੀ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮੇਲ ਗੁਰ ਸ਼ਬਦ ਦੁਆਰਾ ਹੀ ਹੁੰਦਾ ਹੈ, ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦੁਆਰਾ ਹੀ ਹੁੰਦਾ ਹੈ, ਮਨ ਦੇ ਵਿੱਚ ਉਸਦੀ ਸੱਚੀ ਬਾਣੀ ਹੀ ਵੱਸਦੀ ਹੈ, ਉਸਦਾ ਸੱਚਾ ਗਿਆਨ, ਨਿਰਮਲ ਗਿਆਨ ਹੀ ਵੱਸਦਾ ਹੈ ਤੇ ਇਹ ਹੀ ਹਰਿ ਰਸ ਦੀ ਪ੍ਰਾਪਤੀ ਹੈ।

(ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ॥)

ਹਰਿ ਰਸ ਦੀ ਪ੍ਰਾਪਤੀ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਅਨ ਰਸਾਂ ਵਿੱਚੋਂ ਕੱਢ ਲੈਂਦਾ ਹੈ। **(ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ॥)** ਅਨ ਰਸ ਕੀ ਹਨ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ॥੫॥”

ਹਰਿ ਰਸ ਦੀ ਪ੍ਰਾਪਤੀ ਸਾਡੇ ਮਨ ਦੀਆਂ ਇੱਛਾਵਾਂ ਨੂੰ ਸਦਾ ਲਈ ਤ੍ਰਿਪਤਿ ਕਰ ਦਿੰਦੀ ਹੈ। ਇਹ ਸਹਜ ਸੰਤੋਖ ਦੀ ਅਵੱਸਥਾ ਹੈ। ਅਨ ਰਸ ਸਾਡੀ ਤ੍ਰਿਸ਼ਨਾ, ਭੁੱਖ ਹੈ, ਮਾਇਆ ਦੀ ਭੁੱਖ ਹੈ ਜਿਸ ਦੁਆਰਾ ਮਨੁੱਖ ਔਗੁਣਾਂ ਵਿੱਚ ਪੈਂਦਾ ਹੈ। ਇਹਨਾਂ ਤੋਂ ਮੁਕਤੀ ਮਿਲ ਜਾਂਦੀ ਹੈ। ਹਰਿ ਰਸ ਸਾਡੀ ਮੁਕਤੀ ਦਾ ਸਾਧਨ ਹੈ।

ਅਗਲੇ ਸ਼ਬਦ ਰਾਹੀਂ "ਹਰਿ ਰਸੁ" ਹੋਰ ਵੀ ਬਰੀਕੀ ਨਾਲ ਸਮਝਾਇਆ ਹੋਇਆ ਹੈ।

ਪਉੜੀ ॥

“ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ ॥
ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਵਰਤੀਜੈ ॥
ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ ॥
ਗੁਰ ਸਬਦੀ ਕਮਲੁ ਬਿਗਾਸਿਆ ਇਵ ਹਰਿ ਰਸੁ ਪੀਜੈ ॥
ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ ॥੭॥”

(ਅੰਗ ੧੦੮੮-੧੦੮੯)

11/1145

ਇਸ ਸ਼ਬਦ ਦੁਆਰਾ "**ਹਰਿ ਰਸੁ**" ਨੂੰ ਮਨ ਦੇ ਵਿੱਚ ਕਮਲ ਦੇ ਪ੍ਰਕਾਸ਼ ਨਾਲ ਜੋੜ ਕੇ ਸਮਝਾਇਆ ਹੈ, ਸੱਚ ਦੇ ਨਾਲ ਜੋੜ ਕੇ ਸਮਝਾਇਆ ਹੈ, ਗੁਰ ਸ਼ਬਦ ਦੇ ਨਾਲ ਜੋੜ ਕੇ ਸਮਝਾਇਆ ਹੈ, ਸਹਜ ਦੀ ਅਵੱਸਥਾ ਨਾਲ ਜੋੜ ਕੇ ਸਮਝਾਇਆ ਹੈ, ਨਾਮ ਦੀ ਕੀਮਤ ਕਿਵੇਂ ਪੈਂਦੀ ਹੈ, ਇਸ ਨਾਲ ਜੋੜ ਕੇ ਸਮਝਾਇਆ ਹੈ। ਸਭ ਤੋਂ ਭਾਵ ਇੱਕ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਿਆ ਹੈ।

ਸਾਡੀ ਜਿੰਦਗੀ ਦਾ ਮਨੋਰਥ ਨਾਮ ਦੀ ਪ੍ਰਾਪਤੀ ਕਰਨਾ ਹੈ ਭਾਵ ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੈ। “**ਨਾਮੁ**” ਭਾਵ ਪ੍ਰਮਾਤਮਾ ਅਮੋਲ ਹੈ, ਉਹ ਬਹੁਤ ਵੱਡਾ ਹੈ, ਉਹ ਆਪਣੇ ਪਸਾਰੇ ਕਰ ਕੇ ਵੱਡਾ ਹੈ ਇਸ ਕਰਕੇ ਕੌਣ ਉਸਦੀ ਕੀਮਤ ਪਾ ਸਕਦਾ ਹੈ ਭਾਵ ਨਾਮੁਮਕਿਨ ਹੈ। ਉਸਨੇ ਸ੍ਰਿਸ਼ਟੀ ਕਿਵੇਂ ਉਪਾਈ ਹੈ ਤੇ ਕਿਵੇਂ ਉਸਨੂੰ ਚਲਾ ਰਿਹਾ ਹੈ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ। **"ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ॥"**

ਉਸਦੀ ਕੀਮਤ ਉਸਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜੋ ਕਿ ਕੇਵਲ ਉਸਦੇ ਆਪਣੇ ਹੱਥ ਹੈ। ਉਸ ਪ੍ਰਮਾਤਮਾ ਦੀ ਕੀਮਤ ਮਨ ਦੀ ਸੋਝੀ ਦੁਆਰਾ ਪੈਂਦੀ ਹੈ ਕਿ ਉਹ ਕਿਤਨਾ ਕੁ ਵੱਡਾ ਹੈ। ਉਹ ਆਪਣੀ ਕੀਮਤ ਆਪ ਹੀ ਪੁਵਾ ਸਕਦਾ ਹੈ। ਉਸਦੀ ਕੀਮਤ ਸੱਚ ਦੇ ਨਾਲ ਪੈਂਦੀ ਹੈ ਤੇ ਸੱਚ ਹੀ ਉਹ ਆਪ ਹੈ। ਸੱਚ ਉਸਦਾ ਸ਼ਬਦ ਹੈ, ਸੱਚ ਉਸਦੀ ਬਾਣੀ ਹੈ, ਸੱਚ ਉਸਦਾ ਸੱਚਾ ਗਿਆਨ ਹੈ। ਉਸਦੀ ਕੀਮਤ ਸੱਚ ਨਾਲ ਪੈਂਦੀ ਹੈ ਤੇ ਆਪਣਾ ਸੱਚ ਉਹ ਆਪਣੀ ਰਜ਼ਾ ਨਾਲ ਹੀ ਦਿੰਦਾ ਹੈ। ਉਹ ਆਪਣੇ ਸੱਚ ਰਾਹੀਂ ਹੀ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ, ਆਪਣੇ ਸ਼ਬਦ ਦੁਆਰਾ ਪ੍ਰਗਟ ਹੁੰਦਾ ਹੈ, ਆਪਣੇ ਬ੍ਰਹਮ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ। **(ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ॥)** ਇਹ ਹੀ ਮਨ ਦੇ ਵਿੱਚ ਕਮਲ ਦਾ ਖਿੜਨਾ ਹੈ, ਪੁੱਠੇ ਕਮਲ ਦਾ ਸਿੱਧਾ ਹੋਣਾ ਹੈ।ਪੁੱਠਾ ਕਮਲ ਸਾਡੀ ਤ੍ਰੈਗੁਣੀ ਮਤਿ ਹੈ ਤੇ ਸਿੱਧਾ ਕਮਲ ਬ੍ਰਹਮ ਗਿਆਨ ਦੀ ਅਵੱਸਥਾ ਹੈ।

ਇਸ ਗੱਲ ਨੂੰ ਅਸੀਂ ਪਿੱਛੇ ਵੀ ਜਾਣਿਆ ਹੈ ਤੇ ਅੱਗੇ ਚੱਲ ਕੇ ਹੋਰ ਵੀ ਬਰੀਕੀ ਨਾਲ ਜਾਣਾਂਗੇ। ਮਨ ਦੇ ਵਿੱਚ ਕਮਲ ਦਾ ਖਿੜਨਾ ਹੀ ਹਰਿ ਰਸ ਪੀਣਾ ਹੈ ਜੋ ਕਿ ਇਸ ਸ਼ਬਦ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। **"ਗੁਰ ਸਬਦੀ ਕਮਲੁ ਬਿਗਾਸਿਆ ਇਵ ਹਰਿ ਰਸੁ ਪੀਜੈ॥”**

11/1146

ਹਰਿ ਰਸ ਪੀਣ ਦਾ ਤਾਂ ਹੋਰ ਕੋਈ ਤਰੀਕਾ ਬਾਣੀ ਵਿੱਚ ਨਹੀਂ ਦੱਸਿਆ ਤੇ ਨਾ ਹੀ ਕੋਈ ਹੋ ਸਕਦਾ ਹੈ। ਇਸ ਹਰਿ ਰਸ ਦੀ ਪ੍ਰਾਪਤੀ ਦੁਆਰਾ ਹੀ, ਸਹਜ ਦੀ ਪ੍ਰਾਪਤੀ ਦੁਆਰਾ ਹੀ ਆਵਾਗਉਣ ਤੋਂ ਮੁਕਤ ਹੋ ਸਕਦੇ ਹਾਂ ਤੇ ਸਦਾ ਲਈ ਸੁੱਖ ਦੀ ਪ੍ਰਾਪਤੀ ਕਰ ਸਕਦੇ ਹਾਂ। ਇਹ ਹਰਿ ਰਸ ਸਦਾ ਲਈ ਥਿਰ ਰਹਿਣ ਵਾਲਾ ਹੈ। **(ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ ॥੭॥)**

ਹੇਠ ਦਿੱਤੇ ਸ਼ਬਦ ਨੂੰ ਵੀ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਨਾਮ ਰਸ ਚੱਖਣਾ ਕੀ ਹੈ।

“ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ॥
ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ॥੪॥੪॥੫॥”

(ਅੰਗ - ੧੧੨੬)

ਸਭ ਤੋਂ ਪਹਿਲਾ ਤਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਮੂਲ ਕੀ ਹੈ। ਅਸੀਂ ਜੇ ਕਿਸੇ ਕੰਮ ਵਿੱਚ ਲਾਭ ਦੀ, ਲਾਹੇ ਦੀ ਪ੍ਰਾਪਤੀ ਕਰਦੇ ਹਾਂ ਤਾਂ ਪਹਿਲਾਂ ਉਸਦੇ ਵਿੱਚ ਆਪਣਾ ਮੂਲ ਲਗਾਉਂਦੇ ਹਾਂ, ਆਪਣੀ ਰਾਸਿ ਲਗਾਉਂਦੇ ਹਾਂ। ਹਰ ਕੰਮ ਵਿੱਚ ਰਾਸਿ ਦੀ ਲੋੜ ਹੁੰਦੀ ਹੈ। ਬਿਨ੍ਹਾਂ ਰਾਸਿ ਤੋਂ ਲਾਭ ਦੀ ਉਮੀਦ ਰੱਖੀਏ ਤਾਂ ਇਹ ਗੱਲ ਜੱਚਦੀ ਨਹੀਂ, ਸ਼ੋਭਦੀ ਨਹੀਂ।ਭਗਤੀ ਦੇ ਮਾਰਗ ਲਈ ਵੀ ਸਾਨੂੰ ਪਹਿਲਾਂ ਰਾਸਿ ਦੀ ਲੋੜ ਹੈ ਤੇ ਤਾਂ ਹੀ ਅਸੀਂ ਲਾਭ ਖੱਟ ਸਕਦੇ ਹਾਂ, ਲਾਹਾ ਲੈ ਸਕਦੇ ਹਾਂ।

ਉੱਪਰ ਸ਼ਬਦ ਰਾਹੀਂ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੂੰ ਪਾਉਣ ਲਈ, ਉਸਦੀ ਭਗਤੀ ਲਈ ਮੂਲ ਕਿਸਨੂੰ ਕਿਹਾ ਹੈ। ਅਸੀਂ ਲਾਭ ਤਾਂ ਪਾਉਣਾ ਚਾਹੁੰਦੇ ਹਾਂ, ਲਾਹਾ ਤਾਂ ਖੱਟਣਾ ਚਾਹੁੰਦੇ ਹਾਂ ਪਰ ਮੂਲ ਦੀ ਸੋਝੀ ਤੱਕ ਨਹੀਂ ਜਿਸ ਦੁਆਰਾ ਲਾਹਾ ਮਿਲਣਾ ਹੈ। ਮੂਲ ਅਸੀਂ ਸਭ ਨੇ ਗਵਾਇਆ ਹੋਇਆ ਹੈ। ਮੂਲ ਗੁਰਮਤਿ ਨੂੰ ਕਿਹਾ ਹੈ, ਗੁਰੂ ਦੇ ਸੱਚੇ ਗਿਆਨ ਨੂੰ ਕਿਹਾ ਹੈ, ਭਗਤੀ ਦੀ ਸੱਚੀ ਸੋਝੀ ਨੂੰ ਕਿਹਾ ਹੈ। ਜੋ ਵੀ ਸੱਚੇ ਗਿਆਨ ਤੋਂ ਵਿਹੂਣਾ ਹੈ ਉੱਥੇ ਦੁਰਮਤਿ ਹੈ, ਉੱਥੇ ਮੂਲ ਨਹੀਂ ਹੈ, ਸੱਚੀ ਰਾਸਿ ਨਹੀਂ ਹੈ ਤੇ ਬਿਨ੍ਹਾਂ ਸੱਚੀ ਰਾਸਿ ਤੋਂ ਅਸੀਂ ਲਾਭ ਦੀ ਉਮੀਦ ਕੀ ਰੱਖਦੇ ਹਾਂ।

(ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ॥)

11/1147

ਮੂਲ ਹੀ ਪ੍ਰਮਾਤਮਾ ਆਪ ਹੈ ਜੋ ਸਭ ਦਾ ਮੂਲ ਹੈ ਤੇ ਉਹ ਆਪ ਹੀ ਸੱਚਾ ਗਿਆਨ ਹੈ। ਆਪਣੀ ਰਾਸਿ ਉਹ ਆਪ ਹੀ ਦਿੰਦਾ ਹੈ, ਮਨ ਦੇ ਵਿੱਚ ਹੀ ਦਿੰਦਾ ਹੈ, ਆਪਣੇ ਵਿਚਾਰ ਦੁਆਰਾ ਦਿੰਦਾ ਹੈ, ਮਨ ਦੇ ਵਿੱਚ ਆਪਣੀ ਕਿਰਪਾ ਦੁਆਰਾ ਹੀ ਪ੍ਰਗਟ ਹੋ ਕੇ ਦਿੰਦਾ ਹੈ।ਸ਼ਬਦ ਦੀ ਵਿਚਾਰ ਉਸਦਾ ਸੱਚਾ ਗਿਆਨ ਹੈ ਤੇ ਇਹ ਹੀ ਸਾਡੀ ਰਾਸਿ ਹੈ, ਮੂਲ ਹੈ। ਸਾਡੀ ਇਹ ਰਾਸਿ ਹੀ ਰਾਮ ਰਸ ਹੈ ਜਿਸਨੂੰ ਮਨ ਦੇ ਵਿੱਚ ਚੱਖਣ ਦੁਆਰਾ ਲਾਹੇ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਲਾਹਾ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ ਤੇ ਉਸ ਲਈ ਸਾਧਨ ਗੁਰਮਤਿ ਤੇ ਚੱਲਣ ਦਾ ਉੱਦਮ ਕਰਨਾ ਹੈ। ਸਿਰਫ਼ ਗੁਰੂ ਦਾ ਸੱਚਾ ਗਿਆਨ ਹੀ ਸੱਚ ਹੈ ਤੇ ਪ੍ਰਮਾਤਮਾ ਕੇਵਲ ਸੱਚ ਦੁਆਰਾ ਹੀ ਪਸੀਜਦਾ ਹੈ।

(ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥੪॥੪॥੫॥)

ਹੁਣ ਧਿਆਨ ਨਾਲ ਸਮਝੋ ਕਿ ਜੋ ਵੀ ਪ੍ਰਾਣੀ ਸਰੀਰਕ ਕਿਰਿਆਵਾਂ ਦੁਆਰਾ ਬਿਨ੍ਹਾਂ ਸੱਚੇ ਗਿਆਨ ਦੀ ਰਾਸਿ ਮਿਲੇ ਬਿਨ੍ਹਾਂ ਲਾਹਾ ਲੈਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ, ਉਹ ਕਿਸ ਚੀਜ਼ ਦੀ ਪ੍ਰਾਪਤੀ ਕਰ ਰਹੇ ਹਨ , ਉਹਨਾਂ ਨੂੰ ਸਮਝ ਲੱਗ ਗਈ ਹੋਵੇਗੀ।ਲਾਹਾ ਸਾਡੇ ਸੱਚੇ ਸੁੱਚੇ ਕਰਮਾਂ ਦੇ ਨਾਲ ਮਿਲਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਗੁਰਮਤਿ ਵੱਸੇ ਬਿਨ੍ਹਾਂ ਅਸੀਂ ਸੱਚੇ ਸੁੱਚੇ ਕਰਮ ਨਹੀਂ ਕਰ ਸਕਦੇ। ਜੋ ਕੁੱਝ ਵੀ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਹ ਸਾਡਾ ਔਗੁਣ ਹੈ। ਜੋ ਵੀ ਸੱਚ ਦੇ ਉਲਟ ਹੈ, ਉਹ ਝੂਠ ਹੈ, ਕੂੜ ਹੈ। ਗੁਰਮਤਿ ਸਾਨੂੰ ਸਰੀਰਕ ਜਪ ਤਪ ਕਰਨ ਤੋਂ ਰੋਕਦੀ ਹੈ, ਉਹਨਾਂ ਨੂੰ ਤਿਆਗਣ ਲਈ ਕਹਿੰਦੀ ਹੈ ਤੇ ਇਸੇ ਲਈ ਬਾਣੀ ਵਿੱਚ ਇਹਨਾਂ ਦੀ ਵਾਰ-ਵਾਰ ਨਿਖੇਧੀ ਕੀਤੀ ਗਈ ਹੈ। ਸਰੀਰਕ ਜਪ ਤਪ ਦੁਆਰਾ ਲਾਹਾ ਲੈਣਾ ਤਾਂ ਦੂਰ ਦੀ ਗੱਲ, ਅਸੀਂ ਉਲਟਾ ਉਸ ਗੁਰੂ ਦੀ ਨਿੰਦਾ ਕਰਦੇ ਹਾਂ, ਉਸਦੇ ਬੋਲਾਂ ਨੂੰ ਵਿਗਾੜਦੇ ਹਾਂ ਭਾਵ ਉਹਨਾਂ ਦੇ ਉਲਟ ਚੱਲਦੇ ਹਾਂ। ਗੁਰਮਤਿ ਦੇ ਉਲਟ ਚੱਲ ਕੇ ਕਦੇ ਗੁਰੂ ਦੀ ਖੁਸ਼ੀ ਨਹੀਂ ਲੈ

ਸਕਦੇ।ਉਲਟਾ ਆਪਣੀ ਹਉਮੈ ਵਧਾ ਰਹੇ ਹਾਂ। ਗੁਰੁ ਦੀਆਂ ਨਜ਼ਰਾਂ ਵਿੱਚ ਮਾੜੇ ਬਣ ਰਹੇ ਹਾਂ। ਇਸ ਗੱਲ ਨੂੰ ਅੱਗੇ ਚੱਲ ਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ।

12/1148

ਪਿਛਲੇ ਸ਼ਬਦ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਲਾਹਾ ਲੈਣ ਲਈ ਸਾਡੀ ਰਾਸਿ ਕੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਸਾਡੀ ਰਾਸਿ ਹੈ।

ਆਓ ਇਸ ਗੱਲ ਨੂੰ ਹੇਠ ਦਿੱਤੀਆਂ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਪਣੇ ਆਪ ਨੂੰ ਦ੍ਰਿੜ ਕਰੀਏ ਕਿਉਂਕਿ ਜਦ ਤੱਕ ਸਾਡੀ ਰਾਸਿ ਝੂਠੀ ਹੈ ਤਦ ਤੱਕ ਲਾਹਾ ਵੀ ਝੂਠਾ ਹੀ ਹੈ ਭਾਵ ਬੇਅਰਥ ਹੀ ਹੈ।

“ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥੨੧॥”

(ਅੰਗ ੧੧੦੧-੧੧੦੨)

ਪ੍ਰਮਾਤਮਾ ਦੇ ਨਾਲ ਸਾਡੀ ਸਭ ਤੋਂ ਵੱਡੀ ਮੰਗ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਉਸਦੇ ਮੇਲ ਦੇ ਵਿੱਚ ਹੀ ਸੁੱਖ ਦੀ ਪ੍ਰਾਪਤੀ ਹੈ ਤੇ ਇਸ ਸੁੱਖ ਦੀ ਪ੍ਰਾਪਤੀ ਕੇਵਲ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਹੋ ਸਕਦੀ ਹੈ।

ਇਹ ਹੀ ਉਹ ਸੌਦਾ ਹੈ, ਉਹ ਵੱਖਰ ਹੈ ਜਿਸਦੀ ਪ੍ਰਾਪਤੀ ਲਈ ਅਸੀਂ ਆਏ ਹਾਂ। ਇਸ ਸੌਦੇ ਨੂੰ ਪ੍ਰਾਪਤ ਕਰਨ ਲਈ ਸਾਡੀ “**ਰਾਸਿ**” ਪ੍ਰਮਾਤਮਾ ਦਾ ਸੱਚਾ ਗਿਆਨ ਹੈ ਤੇ ਇਹ ਹੀ ਉਸਦਾ ਨਾਮ ਧੰਨ ਹੈ। ਸਾਰੀ ਗੁਰਬਾਣੀ ਗਿਆਨ ਰਾਸਿ ਹੈ। ਗੁਰੂ ਦੇ ਸੱਚੇ ਬੋਲ ਉਸਦੀ ਰਾਸਿ ਹੈ, ਉਸਦਾ ਧੰਨ ਹੈ। ਸਾਰੀ ਗੁਰਬਾਣੀ ਨਾਮ ਹੈ ਤੇ ਉਸਦੇ ਸੱਚੇ ਬੋਲ, ਉਸਦਾ ਸੱਚਾ ਗਿਆਨ ਉਸਦੀ ਰਾਸਿ ਹੈ, ਉਸਦਾ ਧੰਨ ਹੈ। ਜਿਸਨੂੰ ਪ੍ਰਮਾਤਮਾ ਆਪਣੀ ਇਹ ਰਾਸਿ ਸੌਂਪਦਾ ਹੈ ਉਸਨੂੰ ਆਪਣੇ ਸੱਚੇ ਬੋਲਾਂ ਤੇ ਚੱਲਣ ਦੀ ਸਮਰੱਥਾ ਵੀ ਮਨ ਦੇ ਵਿੱਚੋਂ ਹੀ ਬਖਸ਼ਦਾ ਹੈ।

ਗੁਰੂ ਪ੍ਰਮਾਤਮਾ ਦੇ ਨਾਲ ਸਾਂਝ ਸਾਡੀ ਵਿਚਾਰਾਂ ਦੀ ਸਾਂਝ ਹੈ ਭਾਵ ਜਦੋਂ ਗੁਰੂ ਦੇ ਬੋਲ ਸਾਡੇ ਵਿਚਾਰਾਂ ਵਿੱਚ ਵੱਸ ਜਾਂਦੇ ਹਨ ਤਾਂ ਉਸਦੇ ਨਾਲ ਇਕਮਿਕਤਾ ਹੋ ਜਾਂਦੀ ਹੈ, ਦੋਹਾਂ ਦੀ ਸੋਚ ਇੱਕ ਹੋ ਜਾਂਦੀ ਹੈ ਭਾਵ ਮਨੁੱਖ ਦੀ ਕੋਈ ਵੱਖਰੀ ਸੋਚ ਗੁਰੂ ਬਾਰੇ ਨਹੀਂ ਰਹਿੰਦੀ। ਗੁਰੂ ਜਿਸਨੂੰ ਆਪਣੇ ਨਾਲ ਬਿਠਾਉਂਦਾ ਹੈ ਭਾਵ ਆਪਣੇ ਨਾਲ ਰਲਾਉਂਦਾ ਹੈ, ਆਪਣੇ ਨਾਲ ਮਿਲਾਉਂਦਾ ਹੈ ਉਹ ਵਿਚਾਰਾਂ ਦੀ ਸਾਂਝ ਦੁਆਰਾ ਹੀ ਬਿਠਾਉਂਦਾ ਹੈ। ਵਿਚਾਰਾਂ ਦੀ ਸਾਂਝ ਮਨ ਦੇ ਵਿੱਚ

12/1149

ਹੀ ਹੁੰਦੀ ਹੈ। ਗੁਰੂ ਸ਼ਬਦ ਹੈ ਤੇ ਸ਼ਬਦ ਨਾਲ ਸਾਂਝ ਮਨ ਦੇ ਵਿੱਚ ਹੀ ਹੁੰਦੀ ਹੈ, ਨਿਰਗੁਣ ਰੂਪ ਵਿੱਚ ਹੀ ਹੁੰਦੀ ਹੈ, ਸ਼ਬਦ ਨਾਲ ਸਾਂਝ ਸੁਰਤਿ ਦੇ ਵਿੱਚ ਹੀ ਹੁੰਦੀ ਹੈ ਤੇ ਇਹ ਹੀ ਸ਼ਬਦ ਸੁਰਤਿ ਦਾ ਮੇਲ ਹੈ। ਜਿੱਥੇ ਮੇਲ ਹੁੰਦਾ ਹੈ ਸੁੱਖ ਦੀ ਪ੍ਰਾਪਤੀ ਵੀ ਉੱਥੇ ਹੀ ਹੁੰਦੀ ਹੈ। ਸੰਤੋਖ ਮਨ ਦੇ ਵਿੱਚ ਹੀ ਆਉਂਦਾ ਹੈ ਜਿੱਥੇ ਮਨੁੱਖ ਅਸਲ ਸੁੱਖ ਦੀ ਪ੍ਰਾਪਤੀ ਕਰਦਾ ਹੈ, ਸਦਾ ਸੁੱਖ ਨਾਲ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜਿਆ ਰਹਿੰਦਾ ਹੈ, ਉਸ ਦੇ ਭਾਣੇ ਨਾਲ ਜੁੜਿਆ ਰਹਿੰਦਾ ਹੈ।

(ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥)

ਪ੍ਰਮਾਤਮਾ ਦੇ ਨਾਲ ਇੱਕ ਵਾਰੀ ਮੇਲ ਹੋ ਜਾਵੇ ਤਾਂ ਫਿਰ ਉਸ ਤੋਂ ਬਾਅਦ ਉਹ ਕਦੇ ਨਹੀਂ ਵਿਛੜਦਾ।ਇਹ ਸੱਚੀ ਸੋਝੀ ਦਾ ਮੇਲ ਹੈ, ਸੱਚੇ ਗਿਆਨ ਦਾ ਮੇਲ ਹੈ ਤੇ ਜੋ ਸੋਝੀ ਇੱਕ ਵਾਰੀ ਮਨ ਵਿੱਚ ਪੈ ਜਾਵੇ ਜੋ ਕਿ ਉਹ ਆਪ ਹੀ ਪ੍ਰਗਟ ਹੋ ਕੇ ਪਾਉਂਦਾ ਹੈ ਤਾਂ ਫਿਰ ਉਹ ਸੋਝੀ ਜਾ ਵੀ ਕਿਵੇਂ ਸਕਦੀ ਹੈ ਭਾਵ ਇੱਕ ਵਾਰੀ ਜੇ ਉਸ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ ਤਾਂ ਫਿਰ ਮਨੁੱਖ ਸਦਾ ਲਈ ਉਸਦੇ ਵਿੱਚ ਸਮਾਇਆ ਹੀ ਰਹਿੰਦਾ ਹੈ ਕਿਉਂਕਿ ਉਹ ਸੱਚ ਹੈ ਤੇ ਸੱਚ ਕਦੇ ਪੁਰਾਣਾ ਨਹੀਂ ਹੋ ਸਕਦਾ ਭਾਵ ਉਸਦੀ ਸੱਚੀ ਸੋਝੀ ਦੁਆਰਾ ਮਨ ਦੇ ਵਿੱਚ ਪਈ ਹੋਈ ਗੱਲ ਸਦਾ ਸੱਚੀ ਹੀ ਰਹਿੰਦੀ ਹੈ। ਉਸਦੇ ਨਾਲ ਮੇਲ ਸੱਚ ਦੇ ਦੁਆਰਾ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ, ਸਦਾ ਅਡੋਲ ਰਹਿਣ ਵਾਲਾ ਹੈ, ਸਦਾ ਨਿਹਚਲ ਰਹਿਣ ਵਾਲਾ ਹੈ। ਗੁਰਬਾਣੀ ਦਾ ਪ੍ਰਮਾਤਮਾ ਨਾਲ ਸੱਚਾ

ਮੇਲ ਹੈ ਜੋ ਕਦੇ ਵਿਛੜ ਨਹੀਂ ਸਕਦਾ ਉਹ ਸਦਾ ਹੀ ਸੱਚ ਹੈ ਤੇ ਸਦਾ ਸੱਚ ਹੀ ਰਹੇਗਾ। ਪ੍ਰਮਾਤਮਾ ਸਭ ਕੁੱਝ ਕਰ ਸਕਦਾ ਹੈ ਤੇ ਉਸ ਦੀ ਕੀਤਾ ਸਭ ਕੁੱਝ ਸੱਚ ਹੈ, ਉਸਦੀ ਦੱਸੀ ਹਰ ਗੱਲ ਸੱਚ ਹੈ।

(ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥੨੧॥)

ਆਓ ਹੁਣ ਹੇਠ ਦਿੱਤੀਆਂ ਪੰਗਤੀਆਂ ਨੂੰ ਵਿਚਾਰੀਏ ਤੇ ਹਰਿ ਰਸ ਬਾਰੇ ਆਪਣੀ ਸੋਝੀ ਨੂੰ ਹੋਰ ਦ੍ਰਿੜ ਕਰੀਏ ਤੇ ਸਮਝੀਏ ਕਿ ਹਰਿ ਰਸ ਦਾ ਤੇ ਰਸਨਾ ਦਾ ਕੀ ਭੇਦ ਹੈ।

ਮਃ ੩॥

“ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ॥
ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ॥
ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ॥
ਨਾਨਕ ਸੁਖਦਾਤਾ ਸਦਾ ਸਲਾਹਿਹੁ ਰਸਨਾ ਰਾਮੁ ਰਵੀਜੈ॥੨॥”

(ਅੰਗ ੧੨੪੬)

12/1150

ਹਰ ਮਨੁੱਖ ਦੁਨੀਆਂ ਦੇ ਵਿੱਚ ਨਾ ਸਮਝੀ ਵਿੱਚ ਆਉਂਦਾ ਹੈ, ਹਉਮੈ ਵਿੱਚ ਆਉਂਦਾ ਹੈ, ਅਗਿਆਨਤਾ ਵਿੱਚ, ਭਰਮ ਵਿੱਚ ਆਉਂਦਾ ਹੈ ਤੇ ਇਸੇ ਤਰ੍ਹਾਂ ਵਾਪਸ ਚਲਾ ਜਾਂਦਾ ਹੈ। ਮਨ ਦੀ ਅਗਿਆਨਤਾ ਸਾਡੇ ਵੱਸ ਵਿੱਚ ਨਹੀਂ ਹੈ ਜੋ ਕਿ ਉਸ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਹੋ ਰਿਹਾ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ, ਹਉਮੈ ਹੀ ਜੰਮਦੀ ਮਰਦੀ ਹੈ, ਸਹਸਾ ਹੀ ਜੰਮਦਾ ਮਰਦਾ ਹੈ ਕਿਉਂਕਿ ਆਪਣੇ ਆਪ ਦੀ ਕਿਸੇ ਨੂੰ ਸਮਝ ਨਹੀਂ ਪੈਂਦੀ ਕਿ ਅਸੀਂ ਅਸਲ ਵਿੱਚ ਕੀ ਹਾਂ। ਇਹ ਸਭ ਕੁੱਝ ਉਸਦੀ ਆਪਣੀ ਬਣਾਈ ਹੋਈ ਖੇਡ ਹੈ ਜੋ ਕਿ ਮਾਇਆ ਮੋਹ ਦੁਆਰਾ ਚੱਲ ਰਹੀ ਹੈ, ਮਾਇਆ ਦੀ ਤ੍ਰੈਗੁਣੀ ਜੁਗਤਿ ਦੁਆਰਾ ਚੱਲ ਰਹੀ ਹੈ। ਉਹ ਆਪਣੀ ਸੋਝੀ ਕਿਸੇ ਨੂੰ ਪਾਵੇ ਭਾਵੇਂ ਨਾ ਪਾਵੇ, ਇਹ ਉਸਦੀ ਆਪਣੀ ਰਜ਼ਾ ਹੈ। ਇਸ ਗੱਲ ਦੀ ਸੋਝੀ, ਉਹ ਕਿਸੇ ਨੂੰ ਗੁਰਮੁਖਿ ਬਣਾਵੇ ਤੇ ਤਾਂ ਹੀ ਪੈ ਸਕਦੀ ਹੈ ਤੇ ਉਹ ਹੀ ਉਸਦੇ ਭਾਣੇ ਨੂੰ ਮੰਨ ਕੇ ਚੱਲ ਸਕਦਾ ਹੈ ਤੇ ਸਮਝ ਸਕਦਾ ਹੈ ਕਿ ਦੁਨੀਆਂ ਵਿੱਚ ਆਉਣਾ ਜਾਣਾ ਉਸਦੀ ਬਣਾਈ ਹੋਈ ਕੇਵਲ ਇੱਕ ਖੇਡ ਹੀ ਹੈ।ਇਸ ਗੱਲ ਦੀ ਸੋਝੀ ਹਰਿ ਰਸ ਦੁਆਰਾ ਹੀ ਪੈਂਦੀ ਹੈ ਜੋ ਕਿ ਮਨ ਦੇ ਸਹਜ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਭਾਵ ਸਰੀਰ ਬਿਨਸਨ ਨਾਲ ਇਹੋ ਜਿਹੀ ਅਵੱਸਥਾ ਦੁਆਰਾ ਹੀ ਫਿਰ ਕਿਸੇ ਦੇ ਦੁਨੀਆਂ ਤੋਂ ਜਾਣ ਨਾਲ ਮਨੁੱਖ ਨੂੰ ਰੋਸ ਨਹੀਂ ਹੁੰਦਾ ਕਿਉਂਕਿ ਸੱਚਾਈ ਦਾ ਪਤਾ ਲੱਗ ਜਾਂਦਾ ਹੈ ਕਿ ਸਭ ਕੁੱਝ ਉਸਦਾ ਭਾਣਾ ਹੀ ਵਰਤ ਰਿਹਾ ਹੈ। ਜਦ ਤੱਕ ਮਨ ਇਸ ਰਸ ਨੂੰ ਨਹੀਂ ਪੀਂਦਾ ਤਦ ਤੱਕ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਨਹੀਂ ਕੀਤੀ ਜਾ ਸਕਦੀ ਭਾਵ ਉਸਦੇ ਭਾਣੇ ਨੂੰ ਨਹੀਂ ਸਮਝਿਆ ਜਾ ਸਕਦਾ। ਰਸਨਾ ਕੇਵਲ ਮਨ ਦੀ ਇੱਕ ਕਠਪੁਤਲੀ ਹੈ।ਰਾਮ ਨਾਲ ਤਾਂ ਮਨ ਨੇ ਹੀ ਜੁੜਨਾ ਹੈ ਤੇ ਸਾਡੀ ਰਸਨਾ ਤਾਂ ਹੀ ਸੁੱਚੀ ਹੋ ਸਕਦੀ ਹੈ, ਤਾਂ ਹੀ ਸੱਚੇ ਬੋਲ ਬੋਲ ਸਕਦੀ ਹੈ ਜੇਕਰ ਮਨ ਦੇ ਵਿੱਚ ਸੱਚ ਹੈ, ਗੁਰੂ ਦੀ ਸੱਚੀ ਮਤਿ ਹੈ। ਸਭ ਕੁੱਝ ਸਾਡੇ ਮਨ ਦੇ ਨਾਲ ਜੁੜਿਆ ਹੋਇਆ ਹੈ। “**ਰਾਮ**” ਰਾਮ ਦੀ ਦਿੱਤੀ ਹੋਈ ਮਤਿ ਹੈ, ਸਿੱਖਿਆ ਹੈ।

(ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ॥
ਨਾਨਕ ਸੁਖਦਾਤਾ ਸਦਾ ਸਲਾਹਿਹੁ ਰਸਨਾ ਰਾਮੁ ਰਵੀਜੈ॥੨॥)

12/1151

ਅਗਲੇ ਸ਼ਬਦ ਰਾਹੀਂ ਸਾਨੂੰ ਹੋਰ ਵੀ ਚੰਗੀ ਤਰ੍ਹਾਂ ਸੋਝੀ ਪੈ ਜਾਵੇਗੀ ਕਿ ਹਰਿ ਰਸ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਹਰਿ ਰਸ ਦੀ ਪ੍ਰਾਪਤੀ ਤੋਂ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਹਰਿ ਰਸ ਕੀ ਹੈ।ਹਰਿ ਰਸ ਨੂੰ ਕੋਈ ਜੀਭ ਦਾ ਰਸ ਜਾਂ ਕੋਈ ਹੋਰ ਰਸ ਸਮਝਣ ਦੀਆਂ ਗੱਲਾਂ ਉਹੀ ਕਰ ਸਕਦਾ ਹੈ ਜਿਸਨੂੰ ਹਰਿ ਰਸ ਦੀ ਪ੍ਰਾਪਤੀ ਹੋਈ ਹੀ ਨਹੀਂ।

ਪ੍ਰਭਾਤੀ ਮਹਲਾ ੫ ॥

“ਪ੍ਰਭ ਕੀ ਸੇਵਾ ਜਨ ਕੀ ਸੋਭਾ ॥ ਕਾਮ ਕ੍ਰੋਧ ਮਿਟੇ ਤਿਸੁ ਲੋਭਾ ॥
ਨਾਮੁ ਤੇਰਾ ਜਨ ਕੈ ਭੰਡਾਰਿ ॥ ਗੁਨ ਗਾਵਹਿ ਪ੍ਰਭ ਦਰਸ ਪਿਆਰਿ ॥੧॥
ਤੁਮਰੀ ਭਗਤਿ ਪ੍ਰਭ ਤੁਮਹਿ ਜਨਾਈ ॥ ਕਾਟਿ ਜੇਵਰੀ ਜਨ ਲੀਏ ਛਡਾਈ ॥੧॥ ਰਹਾਉ ॥
ਜੋ ਜਨੁ ਰਾਤਾ ਪ੍ਰਭ ਕੈ ਰੰਗਿ ॥ ਤਿਨਿ ਸੁਖੁ ਪਾਇਆ ਪ੍ਰਭ ਕੈ ਸੰਗਿ ॥
ਜਿਸੁ ਰਸੁ ਆਇਆ ਸੋਈ ਜਾਨੈ ॥ ਪੇਖਿ ਪੇਖਿ ਮਨ ਮਹਿ ਹੈਰਾਨੈ ॥੨॥
ਸੋ ਸੁਖੀਆ ਸਭ ਤੇ ਊਤਮੁ ਸੋਇ ॥ ਜਾ ਕੈ ਹ੍ਰਿਦੈ ਵਸਿਆ ਪ੍ਰਭੁ ਸੋਇ ॥
ਸੋਈ ਨਿਹਚਲੁ ਆਵੈ ਨ ਜਾਇ ॥ ਅਨਦਿਨੁ ਪ੍ਰਭ ਕੇ ਹਰਿ ਗੁਣ ਗਾਇ ॥੩॥
ਤਾ ਕਉ ਕਰਹੁ ਸਗਲ ਨਮਸਕਾਰੁ ॥ ਜਾ ਕੈ ਮਨਿ ਪੂਰਨੁ ਨਿਰੰਕਾਰੁ ॥
ਕਰਿ ਕਿਰਪਾ ਮੋਹਿ ਠਾਕੁਰ ਦੇਵਾ ॥ ਨਾਨਕੁ ਉਧਰੈ ਜਨ ਕੀ ਸੇਵਾ ॥੪॥੨॥”

(ਅੰਗ - ੧੩੩੮)

ਪੂਰੇ ਸ਼ਬਦ ਨੂੰ ਬੜੇ ਧਿਆਨ ਨਾਲ ਪੜੋ ਤੇ ਆਪ ਹੀ ਸਮਝਣ ਦੀ ਕੋਸ਼ਿਸ਼ ਕਰੋ ਕਿ ਰਸ ਕਿਸ ਨੂੰ ਕਿਹਾ ਹੈ। ਰਹਾਉ ਦੀ ਪੰਗਤੀ ਨੂੰ ਵੀ ਧਿਆਨ ਨਾਲ ਵਿਚਾਰੋ।

ਜਿਸਦੇ ਪ੍ਰਮਾਤਮਾ ਬੰਧਨ ਕੱਟ ਦਿੰਦਾ ਹੈ, ਮੁਕਤੀ ਬਖਸ਼ ਦਿੰਦਾ ਹੈ ਉਹੀ ਇਸ ਰਸ ਨੂੰ ਜਾਣ ਸਕਦਾ ਹੈ। ਸਾਡੇ ਲਈ ਇਤਨਾ ਜਾਣਨਾ ਹੀ ਕਾਫੀ ਹੈ ਕਿ ਇਹ ਕੋਈ ਜ਼ੁਬਾਨ ਦਾ ਜਾਂ ਕੋਈ ਹੋਰ ਰਸ ਨਹੀਂ ਹੈ। ਇਸੇ ਰਸ ਨੂੰ ਹੀ ਨਾਮ ਦਾ ਭੰਡਾਰ ਕਿਹਾ ਹੈ, ਮਨ ਦੇ ਵਿੱਚ ਪੂਰਨ ਨਿਰੰਕਾਰ ਕਿਹਾ ਹੈ ਤੇ ਇਸਨੂੰ ਹੀ ਉਸਦੀ ਸੇਵਾ ਕਿਹਾ ਹੈ ਤੇ ਇਸਦੇ ਦੁਆਰਾ ਹੀ ਮਨੁੱਖ ਅੱਠੇ ਪਹਿਰ ਉਸਦੇ ਗੁਣ ਗਾ ਸਕਦਾ ਹੈ। ਮਨੁੱਖ ਨੂੰ ਇਸ ਤੋਂ ਜ਼ਿਆਦਾ ਹੈਰਾਨ ਕਰਨ ਵਾਲਾ, ਅਚੰਭਤ ਕਰਨ ਵਾਲਾ ਹੋਰ ਕੁੱਝ ਨਹੀਂ ਹੋ ਸਕਦਾ ਜਦੋਂ ਉਸਨੂੰ ਇਹ ਸਮਝ ਪੈਂਦੀ ਹੈ ਕਿ ਉਸਦੇ ਅੰਦਰ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ ਤੇ ਮਨੁੱਖ ਕੇਵਲ ਭੁਲੇਖੇ ਵਿੱਚ ਹੀ ਹੈ। **(ਜਿਸੁ ਰਸੁ ਆਇਆ ਸੋਈ ਜਾਨੈ ॥ ਪੇਖਿ ਪੇਖਿ ਮਨ ਮਹਿ ਹੈਰਾਨੈ ॥੨॥)** ਇਹ ਰਸ ਬ੍ਰਹਮ ਗਿਆਨ ਰਸ ਹੈ ਜੋ ਮਨ ਦੇ ਵਿੱਚ ਹੀ ਉਪਜਦਾ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ।

ਬੰਧਨ ਸਾਡੀ ਅਗਿਆਨਤਾ ਦਾ ਹੈ, ਭਰਮ ਦਾ ਹੈ ਜਿਸਨੂੰ ਕਿ ਕੇਵਲ ਤੇ ਕੇਵਲ ਗਿਆਨ ਹੀ ਕੱਢ ਸਕਦਾ ਹੈ। ਆਓ ਹੁਣ ਅਗਲੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਕਿ ਹਰਿ ਰਸ ਦਾ ਰਸਨਾ ਦੇ ਸਵਾਦ ਨਾਲ ਕੋਈ ਸੰਬੰਧ ਨਹੀਂ ਹੈ ਤੇ ਇਹ ਕੇਵਲ ਮਨ ਦੇ ਮਾਨਣ ਦਾ ਰਸ ਹੈ।

“ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ ॥
ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮ੍ਹਾਰੇ ॥੪॥
ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥
ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥
ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥੭॥
ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ ਮੋ ਕਉ ਹਰਿ ਜਨ ਮੇਲਿ ਪਿਆਰੇ ॥
ਨਾਨਕ ਦਾਸਨਿ ਦਾਸੁ ਕਹਤੁ ਹੈ ਹਮ ਦਾਸਨ ਕੇ ਪਨਿਹਾਰੇ ॥੮॥੧॥”

(ਅੰਗ ੯੮੦)

12/1152

ਇੱਥੇ ਉੱਪਰ ਸ਼ਬਦ ਵਿੱਚ ਸਾਡੇ ਲਈ ਮਿੱਠੇ ਰਸ ਕੀ ਹਨ ਤੇ ਫਿਕੇ ਰਸ ਕੀ ਹਨ ਇਸ ਦਾ ਫ਼ਰਕ ਕਰਕੇ ਸਮਝਾਇਆ ਹੋਇਆ ਹੈ। ਇੱਕ ਪਾਸੇ ਗੁਰਮਤਿ ਦਾ ਰਸ ਸਮਝਾਇਆ ਹੋਇਆ ਹੈ, ਨਾਮ ਦਾ ਰਸ ਸਮਝਾਇਆ ਹੋਇਆ ਹੈ ਤੇ ਦੂਜੇ ਪਾਸੇ ਮਨਮਤਿ ਦਾ, ਵਿਕਾਰਾਂ ਦਾ ਰਸ ਸਮਝਾਇਆ ਹੋਇਆ ਹੈ।

ਪਹਿਲੀ ਪੰਗਤੀ ਰਾਹੀਂ ਨਾਲ ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ ਗੁਰਮਤਿ ਹੀ ਨਾਮ ਹੈ ਤੇ ਇਸ ਵਿੱਚ ਹੀ ਆਪ ਪ੍ਰਮਾਤਮਾ ਹੈ। ਗੁਰਮਤਿ ਨਾਮ ਦੀ ਪ੍ਰਾਪਤੀ ਜਾਂ ਪ੍ਰਮਾਤਮਾ ਦੇ ਮੇਲ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ ਤੇ ਇਸ ਨੂੰ ਹੀ ਆਪਣੇ ਅੰਦਰ ਹਰਿ ਹਰਿ ਨਾਮ ਵਸਾਣਾ ਦੱਸਿਆ ਹੈ। **(ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ॥)** ਹਰਿ ਹਰਿ ਕਥਾ ਗੁਰੂ ਪ੍ਰਮਾਤਮਾ ਦੀ ਆਪਣੀ ਕਥਾ ਹੈ, ਉਸਦੀ ਆਪਣੀ ਸੱਚੀ ਬਾਣੀ ਹੈ। ਪੂਰੀ ਗੁਰਬਾਣੀ ਹਰਿ ਹਰਿ ਕਥਾ ਹੈ। ਹਿਰਦੇ ਅੰਦਰ ਨਾਮ ਦਾ ਵੱਸਣਾ, ਪ੍ਰਮਾਤਮਾ ਦਾ ਵੱਸਣਾ, ਗੁਰਮਤਿ ਦਾ ਵੱਸਣਾ ਇੱਕੋ ਹੀ ਗੱਲ ਹੈ ਤੇ ਸਭ ਤੋਂ ਭਾਵ ਚੌਥੇ ਪਦ ਦੇ ਗਿਆਨ ਦੇ ਨਾਲ ਹੈ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਤੇ ਨਾਮ ਦੇ ਵੱਸਣ ਨਾਲ ਹਰਿ ਹਰਿ ਕਥਾ ਦੀ ਸੋਝੀ ਪੈਣੀ ਸੁਭਾਵਿਕ ਹੀ ਹੈ। ਨਾਮ ਆਪਣੀ ਸੋਝੀ ਆਪ ਹੀ ਪਾਉਂਦਾ ਹੈ, ਪ੍ਰਮਾਤਮਾ ਆਪਣੀ ਗੁਰਮਤਿ ਦੀ, ਆਪਣੀ ਹਰਿ ਹਰਿ ਕਥਾ ਦੀ ਸੋਝੀ ਆਪ ਹੀ ਪਾਉਂਦਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਨੂੰ ਇਹ ਸਭ ਤੋਂ ਮਿੱਠਾ ਰਸ ਪ੍ਰਤੀਤ ਹੁੰਦਾ ਹੈ ਜਿਸਨੂੰ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਅਨੰਦ ਮਾਨਣ ਦਾ ਰਸ ਹੈ ਜਿਸ ਦੁਆਰਾ ਮਨੁੱਖ ਆਪ ਦੇ ਵਿੱਚ ਹੀ ਅਨੰਦ ਵਿੱਚ ਰਹਿੰਦਾ ਹੈ, ਉਸ ਦੇ ਸੱਚੇ ਰਸ ਨਾਲ ਜੁੜਿਆ ਰਹਿੰਦਾ ਹੈ ਤੇ ਉਸਨੂੰ ਗੁਰੂ ਦੀ ਮਤਿ ਮਿੱਠੀ ਲੱਗਦੀ ਹੈ।

ਇਹੀ ਹਰਿ ਰਸ ਨੂੰ ਚੱਖਣਾ ਹੈ ਜਿਸ ਨੂੰ ਕਿ ਮਨ ਹੀ ਚੱਖਦਾ ਹੈ।ਇਹ ਇੱਕ ਮਨ ਇੱਕ ਚਿਤ ਦੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਦੇ ਅੰਦਰੋਂ ਹਰ ਦੂਜਾ ਭਾਉ

12/1153

ਦੂਰ ਹੋ ਜਾਂਦਾ ਹੈ। **{ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮ੍ਹਾਰੇ॥੪॥}** ਮਿੱਠਾ ਸਵਾਦ ਗੁਰਬਾਣੀ ਦੇ ਸੱਚੇ ਗਿਆਨ ਵਿੱਚ ਹੈ ਤੇ ਫਿੱਕੇ ਸਵਾਦ ਕੀ ਹਨ ਇਹ ਨਾਲ ਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

“ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥

ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥”

ਜੇਕਰ ਸਾਨੂੰ ਗੁਰਮਤਿ ਭਾਉਂਦੀ ਹੈ, ਗੁਰੂ ਦੀ ਗੱਲ ਭਾਉਂਦੀ ਹੈ ਤਾਂ ਫਿਰ ਸਾਨੂੰ ਉਹ ਇੱਕ ਹੀ ਭਾਉਂਦਾ ਹੈ ਭਾਵ ਇੱਕੋ ਇੱਕ ਗੁਰੂ ਪ੍ਰਮਾਤਮਾ ਭਾਉਂਦਾ ਹੈ ਭਾਵ ਸਾਡਾ ਪਿਆਰ ਕੇਵਲ ਗੁਰੂ ਦੇ ਨਾਲ ਹੈ। ਇਹੀ ਇੱਕ ਦੇ ਨਾਲ ਜੁੜਨਾ ਹੈ, ਇੱਕ ਨਾਮ ਦੇ ਨਾਲ ਜੁੜਨਾ ਹੈ, ਕੇਵਲ ਇੱਕ ਨਾਮ ਨੂੰ ਧਿਆਉਣਾ ਹੈ। ਇੱਕ ਨਾਮ ਤੋਂ ਬਿਨ੍ਹਾਂ ਹਰ ਕੋਈ ਦੂਜਾ ਭਾਉ ਹੈ। ਦੂਜੇ ਭਾਉ ਵਿੱਚ ਹਰ ਸਵਾਦ ਫਿੱਕਾ ਸਵਾਦ ਹੈ ਭਾਵੇਂ ਸਭ ਤੋਂ ਚੰਗਾ ਉਹੀ ਲੱਗਦਾ ਹੈ। ਉੱਪਰ ਪੰਗਤੀਆਂ ਵਿੱਚ ਲੋਭ ਤੇ ਵਿਕਾਰਾਂ ਨੂੰ ਸਾਡਾ ਦੂਜਾ ਭਾਉ ਕਹਿ ਕੇ ਅਤਿ ਫਿੱਕੇ ਸਵਾਦ ਕਿਹਾ ਹੈ ਤੇ ਇਹਨਾਂ ਨੂੰ ਹੀ ਸਾਡੇ ਰਸਨਾ ਦੇ ਸਵਾਦ ਕਿਹਾ ਹੈ। ਕੀ ਲੋਭ ਜਾਂ ਵਿਕਾਰ ਸਾਡੀ ਰਸਨਾ ਕਰਦੀ ਹੈ। ਰਸਨਾ ਵਿਚਾਰੀ ਦੇ ਵੱਸ ਕੀ ਹੈ।ਸਭ ਕੁੱਝ ਸਾਨੂੰ ਸਮਝਾਉਣ ਲਈ ਕਿਹਾ ਹੁੰਦਾ ਹੈ ਜਿਸ ਨੂੰ ਕਿ ਮਨ ਨੇ ਹੀ ਸਮਝਣਾ ਹੈ।

ਉੱਪਰ ਪੰਗਤੀਆਂ ਵਿੱਚ ਨਾਲ ਹੀ ਇਹ ਗੱਲ ਸਮਝਾਈ ਹੈ ਕਿ ਜੋ ਕੋਈ ਰਾਮ ਨਾਮ ਦਾ ਸਵਾਦ ਚੱਖ ਲੈਂਦਾ ਹੈ ਉਹ ਫਿਰ ਅਨਰਸਾਂ ਦਾ ਸਵਾਦ ਤਿਆਗ ਦਿੰਦਾ ਹੈ। ਫਿਰ ਰਾਮ ਨਾਮ ਦਾ ਸਵਾਦ ਕੀ ਹੋਇਆ? ਇਹ ਗੁਰੂ ਦੀ ਸੱਚੀ ਮਤਿ ਦਾ ਸਵਾਦ ਹੈ। **(ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥)** ਇੱਕ ਰਾਮ ਨਾਮ ਦੀ ਸੋਝੀ ਨਾ ਹੋਣ ਕਰਕੇ ਅਸੀਂ ਬਾਣੀ ਨੂੰ ਸਮਝਣ ਵਿੱਚ ਮੂਲੋਂ ਹੀ ਭੁੱਲੇ ਹੋਏ ਹਾਂ। ਅਗਲੀਆਂ ਪੰਗਤੀਆਂ ਵਿੱਚ ਬਾਣੀ ਦੇ ਸੱਚੇ ਗਿਆਨ ਨੂੰ ਨਾਮ ਧੰਨ ਕਹਿ ਕੇ

12/1154

ਸਮਝਾਇਆ ਹੈ।

“ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥

ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥”

ਜੋ ਗੁਰਮਤਿ ਹੈ ਉਹੀ ਰਾਮ ਨਾਮ ਹੈ, ਉਹੀ ਨਾਮ ਧੰਨ ਹੈ। ਇਹ ਧੰਨ ਸਾਡੇ ਸੁਣਨ ਤੇ ਕਹਿਣ ਲਈ ਹੈ ਭਾਵ ਇਸ ਨੂੰ ਸੁਣ ਕੇ ਉਸ ਤੇ ਅਮਲ ਕਰਨ ਲਈ ਹੈ। ਇਹ ਧੰਨ ਸਾਡੇ ਪਾਪ ਕੱਟਣ ਲਈ ਹੈ, ਸਾਡੀ ਅਗਿਆਨਤਾ ਕੱਟਣ ਲਈ ਹੈ ਜਿਸ ਕਰਕੇ ਅਸੀਂ ਤ੍ਰਿਸ਼ਨਾ, ਮੋਹ ਮਾਇਆ ਵਿੱਚ ਫਸੇ ਹੋਏ ਹਾਂ ਤੇ ਵਿਕਾਰਾਂ ਵਿੱਚ ਫਸੇ ਹੋਏ ਹਾਂ। ਇਸ ਧੰਨ ਦੀ ਪ੍ਰਾਪਤੀ ਦੁਆਰਾ ਧਰਮ ਰਾਜ ਦੇ ਜਮ ਨੇੜੇ ਨਹੀਂ ਆਉਂਦੇ। ਧਰਮ ਰਾਜ ਦੇ ਜਮ ਵਿਕਾਰ ਹਨ। ਪੰਜੇ ਵਿਕਾਰ ਇਸ ਧੰਨ ਦੀ ਪ੍ਰਾਪਤੀ ਦੁਆਰਾ ਨੇੜੇ ਨਹੀਂ ਆਉਂਦੇ ਤੇ ਇਹੋ ਜਿਹੇ ਮਨੁੱਖ ਹੀ ਗੁਰੂ ਦੇ ਪਿਆਰੇ ਹੁੰਦੇ ਹਨ। ਜਿਸ ਨੂੰ ਗੁਰੂ ਆਪਣੇ ਗੁਣ ਬਖਸ਼ ਦਿੰਦਾ ਹੈ, ਜਿੰਨ੍ਹਾਂ ਨੂੰ ਔਗੁਣ ਰੂਪ ਜਮਾਂ ਤੋਂ ਬਚਾ ਲੈਂਦਾ ਹੈ ਉਹੀ ਗੁਰੂ ਦੇ ਪਿਆਰੇ ਹਨ।

ਜਦੋਂ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਹਰਿ ਧੰਨ, ਹਰਿ ਰਸ, ਨਾਮ ਧੰਨ, ਗੁਰਮਤਿ ਧੰਨ ਦੀ ਪ੍ਰਾਪਤੀ ਹੋ ਜਾਂਦੀ ਹੈ, ਜਦੋਂ ਮਨੁੱਖ ਵਿਕਾਰਾਂ ਵਿੱਚੋਂ ਨਿਕਲ ਕੇ, ਔਗੁਣਾਂ ਵਿੱਚੋਂ ਨਿਕਲ ਕੇ ਗੁਰੂ ਦੇ ਸੱਚੇ ਗੁਣਾਂ ਨਾਲ ਜੁੜ ਜਾਂਦਾ ਹੈ ਫਿਰ ਉਹ ਸਵਾਸ ਸਵਾਸ ਭਾਵ ਹਰ ਵੇਲੇ, ਅੱਠੇ ਪਹਿਰ ਗੁਰਮਤਿ ਦੀ ਸੰਭਾਲ ਕਰਦਾ ਹੈ, ਨਾਮ ਦੀ ਸੰਭਾਲ ਕਰਦਾ ਹੈ ਭਾਵ ਆਪਣਾ ਜੀਵਨ ਗੁਰੂ ਦੇ ਕਹੇ ਅਨੁਸਾਰ ਬਤੀਤ ਕਰਦਾ ਹੈ, ਗੁਰੂ ਦੇ ਬਚਨਾਂ ਦੀ ਸੰਭਾਲ ਕਰਦਾ ਹੈ, ਗੁਰੂ ਦੇ ਹੁਕਮ ਅਨੁਸਾਰ ਗੁਰੂ ਦੇ ਭਾਣੇ ਵਿੱਚ ਚੱਲਦਾ ਹੈ। **(ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ॥੭॥)**

ਸਾਡੇ ਸਵਾਸ ਬਿਰਥਾ ਉਹੀ ਜਾਂਦੇ ਹਨ ਜਦੋਂ ਅਸੀਂ ਗੁਰਮਤਿ ਅਨੁਸਾਰ ਨਹੀਂ ਵਿਚਰਦੇ, ਗੁਰੂ ਦੇ ਸੱਚ

12/1155

ਅਨੁਸਾਰ ਨਹੀਂ ਵਿਚਰਦੇ।

ਸਵਾਸਾਂ ਨਾਲ ਪ੍ਰਮਾਤਮਾ ਨੂੰ ਜਪਣ ਦਾ ਭੁਲੇਖਾ ਸਭ ਤੋਂ ਵੱਡਾ ਭੁਲੇਖਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹ ਭੁਲੇਖਾ ਮਨ ਦੇ ਵਿੱਚੋਂ ਨਿਕਲਣਾ ਅਤਿ ਹੀ ਜਰੂਰੀ ਹੈ ਵਰਨਾ ਅਸੀਂ ਸੱਚ ਨਾਲ ਨਹੀਂ ਜੁੜ ਸਕਾਂਗੇ।

ਜੇਕਰ ਗੁਰਬਾਣੀ ਵਿੱਚ ਸਾਨੂੰ ਵਾਰ-ਵਾਰ ਇਹ ਕਿਹਾ ਹੈ ਕਿ ਪ੍ਰਮਾਤਮਾ ਨੂੰ ਸਵਾਸ ਸਵਾਸ ਜਪਣਾ ਚਾਹੀਦਾ ਹੈ ਫਿਰ ਇਹ ਵੀ ਨਾਲ ਹੀ ਸਮਝਾਇਆ ਹੈ ਉਹ ਸਵਾਸ ਸਵਾਸ ਜਪਣਾ ਕੀ ਹੈ। ਆਉ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆ ਕੁੱਝ ਪੰਗਤੀਆਂ ਦੁਆਰਾ ਸਮਝੀਏ ਜਿਸ ਰਾਹੀਂ ਸਾਨੂੰ ਇਹ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੈ ਕਿ ਇਹ ਕੋਈ ਸਰੀਰਕ ਸਵਾਸਾਂ ਦੁਆਰਾ ਜਪਣ ਦਾ ਮਾਰਗ ਨਹੀਂ ਹੈ। ਇਹ ਵੀ ਨਾਲ ਹੀ ਸਮਝਾਇਆ ਹੈ ਕਿ ਸਰੀਰਕ ਕਿਰਿਆਵਾਂ ਦੁਆਰਾ ਜਪਣ ਨਾਲ ਸਾਡੀ ਹਉਮੈ ਹੀ ਵੱਧਦੀ ਹੈ ਜੋ ਕਿ ਅਸਲ ਵਿੱਚ ਸਾਨੂੰ ਗੁਰੂ ਨਾਲੋਂ ਹੋਰ ਦੂਰ ਕਰਦੀ ਹੈ। ਹਉਮੈ ਦਾ ਤੇ ਨਾਮ ਦਾ ਆਪਸ ਵਿੱਚ ਵਿਰੋਧ ਹੈ। ਜਿਤਨੀ ਸਾਡੀ ਹੁਉਮੈ ਵਧੇਗੀ ਉਤਨਾ ਹੀ ਗੁਰੂ ਨਾਲ ਵਿਰੋਧ ਵਧੇਗਾ ਕਿਉਂਕਿ ਨਾਮ ਆਪ ਗੁਰੂ ਹੈ, ਆਪ ਪ੍ਰਮਾਤਮਾ ਹੈ। ਇਹ ਅਸਲ ਵਿੱਚ ਗੁਰਮਤਿ ਦਾ ਅਤੇ ਮਨਮਤਿ ਦਾ ਵਿਰੋਧ ਹੈ ਜੋ ਕਿ ਇਕੱਠੀਆਂ ਨਹੀਂ ਵੱਸ ਸਕਦੀਆਂ। ਇਹ ਤ੍ਰੈਗੁਣਾਂ ਦਾ ਅਤੇ ਚੌਥੇ ਪਦ ਦੇ ਗਿਆਨ ਦਾ ਵਿਰੋਧ ਹੈ ਜੋ ਕਿ ਇਕੱਠੇ ਨਹੀਂ ਵੱਸ ਸਕਦੇ। ਇਹ ਮੈਂ ਅਤੇ ਤੂੰ ਦਾ ਵਿਰੋਧ ਹੈ। ਜਦ ਤੱਕ ਸਾਡੇ ਵਿੱਚ ਮੈਂ ਹੈ ਤਦ ਤੱਕ ਸਾਡੇ ਵਿੱਚ ਤੂੰ ਨਹੀਂ ਹੈ। **“ਮੈਂ”** ਹਉਮੈ ਹੈ **"ਤੂੰ"** ਨਾਮ ਹੈ। ਜਦ ਤੱਕ **"ਤੂੰ" "ਮੈਂ"** ਨੂੰ ਖ਼ਤਮ ਨਹੀਂ ਕਰਦਾ, ਜਦ ਤੱਕ ਚੌਥਾ ਪਦ ਤ੍ਰੈਗੁਣਾਂ ਨੂੰ ਮੇਟਦਾ ਨਹੀਂ ਤਦ ਤੱਕ ਵਿਰੋਧ ਬਣਿਆ ਹੀ ਰਹਿੰਦਾ ਹੈ। ਜਦ ਤੱਕ ਸਾਡੇ ਅੰਦਰ “ਮੈਂ” ਵੱਧਦੀ ਰਹਿੰਦੀ ਹੈ ਤਦ ਤੱਕ ਅਸੀਂ ਆਪਣੇ ਬਲ ਵਿੱਚ ਹੋਰ ਵਾਧਾ ਕਰਦੇ ਹਾਂ, ਆਪਣੀ ਹਉਮੈ

12/1156

ਹੋਰ ਉੱਚੀ ਕਰਦੇ ਹਾਂ।

“ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥

ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥
ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗਹੀਨ ਨਹੀ ਭਾਵੈਗੋ ॥
ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ ॥੭॥
ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥
ਨਾਨਕ ਦਇਆ ਦਇਆ ਕਰਿ ਠਾਕੁਰ ਮੈ ਸਤਿਗੁਰ ਭਸਮ ਲਗਾਵੈਗੋ ॥੮॥੩॥"

(ਅੰਗ ੧੩੦੬)

ਸਾਡੇ ਲਈ ਪ੍ਰਮਾਤਮਾ ਨੂੰ ਹਰ ਵੇਲੇ ਧਿਆਉਣ ਦਾ ਹੁਕਮ ਹੈ। ਉੱਪਰ ਸ਼ਬਦ ਵਿੱਚ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਹਰ ਵੇਲੇ ਧਿਆਉਣਾ ਕਿਸ ਨੂੰ ਹੈ ਭਾਵ ਹਰ ਵੇਲੇ ਧਿਆਨ ਵਿੱਚ ਕਿਸ ਗੱਲ ਨੂੰ ਰੱਖਣਾ ਹੈ। ਬੜਾ ਸਪੱਸ਼ਟ ਹੈ ਜੋ ਗੁਰੂ ਨੇ ਸਾਨੂੰ ਗੁਰਬਾਣੀ ਰਾਹੀਂ ਮਾਰਗ ਸਮਝਾਇਆ ਹੈ, ਸਾਨੂੰ ਆਪਣਾ ਪੰਥ ਦਿਖਾਇਆ ਹੈ ਉਸਨੂੰ ਹਰ ਵੇਲੇ ਧਿਆਨ ਵਿੱਚ ਰੱਖਣਾ ਹੈ। ਜੋ ਗੱਲ ਸਾਨੂੰ ਗੁਰੂ ਸਮਝਾ ਰਿਹਾ ਹੈ ਭਾਵ ਜੋ ਜੋ ਗੁਰੂ ਦੇ ਬਚਨ ਹਨ ਉਹੀ ਉਸਦਾ ਮਾਰਗ ਹੈ। ਗੁਰੂ ਆਪਣੇ ਬਚਨਾਂ ਦੁਆਰਾ ਗੁਰੂ ਹੈ ਤੇ ਉਸ ਦੇ ਬਚਨਾਂ ਨੂੰ ਧਿਆਉਣਾ ਹੀ ਗੁਰੂ ਨੂੰ ਧਿਆਉਣਾ ਹੈ ਤੇ ਜੋ ਇਸ ਰਸਤੇ ਤੇ ਚੱਲਦਾ ਹੈ ਉਸਨੂੰ ਹੀ ਗੁਰੂ ਮੁਕਤੀ ਦਾ ਦਰ ਜਨਾਉਂਦਾ ਹੈ, ਮੁਕਤ ਕਰਦਾ ਹੈ। ਸਾਰੀ ਗੁਰਬਾਣੀ ਗੁਰੂ ਦੇ ਬਚਨ ਹਨ। ਪੂਰੇ ਗੁਰੂ ਦੇ ਪੂਰੇ ਬਚਨਾਂ ਨੂੰ ਯਾਦ ਰੱਖਣਾ ਹੈ। ਗੁਰੂ ਦੇ ਪੂਰੇ ਬਚਨ ਸਾਡੇ ਲਈ ਉਸਦਾ ਹੁਕਮ ਹੈ ਤੇ ਉਸਦੇ ਪੂਰੇ ਬਚਨਾਂ ਨੂੰ ਮੰਨਣਾ ਹੀ ਉਸ ਦੇ ਹੁਕਮ ਨੂੰ ਮੰਨਣਾ ਹੈ। ਜੇਕਰ ਗੁਰੂ ਦਾ ਦੱਸਿਆ ਹੋਇਆ ਮਾਰਗ, ਉਸ ਦੇ ਬਚਨ ਹਰ ਵੇਲੇ ਸਾਡੇ ਧਿਆਨ ਵਿੱਚ ਹਨ ਭਾਵ ਅਸੀਂ ਉਹਨਾਂ ਨੂੰ ਮੰਨ ਰਹੇ ਹਾਂ ਤਾਂ ਫਿਰ ਸਾਡੀ ਸਾਰੀ ਕਰਨੀ ਗੁਰੂ ਦੇ ਬਚਨਾਂ ਅਨੁਸਾਰ ਹੈ ਤੇ ਇਹੀ ਉਸਦੇ ਮਾਰਗ ਤੇ ਚੱਲਣਾ ਹੈ, ਉਸ ਨੂੰ ਹਰ ਵੇਲੇ ਧਿਆਉਣਾ ਹੈ।

"ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥"

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਖਾਸ ਕਰ ਉਹਨਾਂ

ਲਈ ਜੋ ਇੱਕ ਅੱਖਰ ਨੂੰ ਸਵਾਸਾਂ ਰਾਹੀਂ ਜਪਣ ਦੀਆਂ ਗੱਲਾਂ ਕਰਦੇ ਹਨ। ਜੋ ਗੱਲ ਸਾਨੂੰ ਗੁਰਬਾਣੀ ਵਿੱਚ ਵਾਰ-ਵਾਰ ਸਮਝਾਈ ਜਾ ਰਹੀ ਹੈ ਉਹ ਗੱਲ ਇਹਨਾਂ ਪੰਗਤੀਆਂ ਦੁਆਰਾ ਬੜੀ ਖੁੱਲ੍ਹ ਕੇ ਸਮਝਾਈ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਨਾਮ ਜਪਣਾ ਕੋਈ ਸਵਾਸਾਂ ਦੁਆਰਾ ਸਰੀਰਕ ਕਿਰਿਆ ਨਹੀਂ ਹੈ।

"ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥"

ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਨੂੰ ਰਸਨਾ ਨਾਲ, ਸਵਾਸਾਂ ਨਾਲ ਬੋਲ ਬੋਲ ਕੇ ਜਪੀ ਜਾਣਾ ਜਾਂ ਸਮਾਧੀ ਵਿੱਚ ਬੈਠ ਕੇ ਚੁੱਪ ਕਰਕੇ ਜਪੀ ਜਾਣਾ ਕੋਈ ਨਾਮ ਜਪਣਾ ਨਹੀਂ ਹੈ। ਇਹੋ ਜਿਹੇ ਸਵਾਸਾਂ ਦੇ ਜਪ ਦੁਆਰਾ ਅਸੀਂ ਆਪਣੇ ਅੰਦਰ "**ਬਲੁ**" ਹੀ ਪਾਉਂਦੇ ਹਾਂ। ਬਲ ਤੋਂ ਭਾਵ ਸਾਡੀ ਹਉਮੈ ਦੇ ਨਾਲ ਹੈ, ਸਾਡੀ "**ਮੈਂ**" ਦੇ ਨਾਲ ਹੈ। ਅਸੀਂ ਆਪਣੀ ਮੈਂ ਹੀ ਉੱਚੀ ਕਰਦੇ ਹਾਂ, ਮਨਹਠਿ ਵਧਾਉਂਦੇ ਹਾਂ। ਇਹ **"ਬਲੁ"** ਕੀ ਹੈ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ, ਸਾਡੀ ਹਉਮੈ ਕਹਿ ਕੇ ਸਮਝਾਇਆ ਹੋਇਆ ਹੈ। ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਨੂੰ **"ਸਾਸਨਿ"** ਭਾਵ ਸਵਾਸਾਂ ਦੁਆਰਾ ਨਹੀਂ ਜਪਿਆ ਜਾ ਸਕਦਾ ਕਿਉਂਕਿ ਇਹ ਕੋਈ ਮੁੱਖੋਂ ਬੋਲ ਬੋਲ ਕੇ ਜਪਣ ਦਾ ਮਾਰਗ ਨਹੀਂ ਹੈ, ਸਾਡੀ ਕਥਨੀ ਹੀ ਕਿਹਾ ਹੈ।ਨਾਮ ਜਪਣਾ ਸਾਡੀ ਕਰਨੀ ਦਾ ਮਾਰਗ ਹੈ ਜੋ ਕਿ **"ਸਾਸਨਿ"** ਦੀ ਬਜਾਏ **"ਨਿਹਸਾਸਨਿ"** ਜਪਣ ਦਾ ਮਾਰਗ ਹੈ ਭਾਵ ਜਿੱਥੇ ਕੋਈ ਸਵਾਸਾਂ ਦੀ ਕਿਰਿਆ ਦੀ ਭੂਮਿਕਾ ਨਹੀਂ ਹੈ। ਇਹ ਮਨ ਦਾ ਮਾਰਗ ਹੈ, ਮਨ ਦੇ ਮੰਨਣ ਦਾ ਮਾਰਗ ਹੈ, ਇਹ ਗੁਰੂ

ਦੇ ਮਾਰਗ ਨੂੰ ਧਿਆਉਣ ਦਾ ਮਾਰਗ ਹੈ, ਗੁਰੂ ਦੇ ਬਚਨਾਂ ਤੇ ਅਮਲ ਕਰਨ ਦਾ ਮਾਰਗ ਹੈ, ਇਹ ਸਵਾਸ ਸਵਾਸ ਸੱਚੇ ਰਹਿਣ ਦਾ ਮਾਰਗ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ

12/1158

ਸਮਝਾਇਆ ਹੋਇਆ ਹੈ। ਇਹ ਹਉਮੈ ਛੱਡਣ ਦਾ ਮਾਰਗ ਹੈ, ਆਪਣਾ ਆਪ ਛੱਡਣ ਦਾ ਮਾਰਗ ਹੈ, ਆਪਣੀ ਮਤਿ ਛੱਡਣ ਦਾ ਮਾਰਗ ਹੈ, ਭਰਮ ਵਿੱਚੋਂ ਨਿਕਲਣ ਦਾ ਮਾਰਗ ਹੈ, ਅਗਿਆਨਤਾ ਵਿੱਚੋਂ ਨਿਕਲਣ ਦਾ ਮਾਰਗ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਹੈ। "**ਕਥਨੀ**" ਜਾਂ ਕੋਈ "**ਸਰੀਰਕ ਕਿਰਿਆ**" ਇਸ ਦਾ ਹੱਲ ਨਹੀਂ ਹੈ। ਸਾਡੀ ਹਉਮੈ ਕੇਵਲ ਗੁਰਮਤਿ ਨੂੰ ਮੰਨਣ ਦੁਆਰਾ ਨਿਕਲ ਸਕਦੀ ਹੈ, ਨਾਮ ਨੂੰ ਮੰਨਣ ਦੁਆਰਾ ਨਿਕਲ ਸਕਦੀ ਹੈ, ਸਾਡੇ ਅੰਦਰ ਨਾਮ ਦੇ ਵੱਸਣ ਦੁਆਰਾ ਨਿਕਲ ਸਕਦੀ ਹੈ। ਸਾਡੇ ਅੰਦਰ ਨਾਮ ਦਾ ਵੱਸਣਾ ਹੀ ਗੁਰਮਤਿ ਦਾ ਵੱਸਣਾ ਹੈ ਤੇ ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਸਾਡੇ ਅੰਦਰ ਗੁਰਮਤਿ ਦੀ , ਨਾਮ ਦੀ ਸੱਚੀ ਸੋਝੀ ਨਹੀਂ ਹੈ। ਇਹ ਸੱਚੀ ਸੋਝੀ ਉਹ ਆਪ ਹੀ ਪਾ ਸਕਦਾ ਹੈ। ਇਹ ਕੇਵਲ ਉਸ ਦੀ ਕਿਰਪਾ ਦਾ ਵਿਸ਼ਾ ਹੈ, ਕੇਵਲ ਗੁਰਪ੍ਰਸਾਦਿ ਹੈ । ਉਹ ਸਾਡੀ "**ਹਉਮੈ**" ਮਾਰੇਗਾ ਤੇ ਤਾਂ ਹੀ ਅਸੀਂ ਗੁਰਮਤਿ ਵਿੱਚ, ਨਾਮ ਵਿੱਚ, ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਅ ਸਕਦੇ ਹਾਂ ਤੇ ਉਸ ਦੇ ਸੱਚੇ ਮਾਰਗ ਨੂੰ ਧਿਆ ਸਕਦੇ ਹਾਂ। "ਹਉਮੈ" ਦੇ ਰਹਿੰਦਿਆਂ ਅਸੀਂ "**ਗੁਰਮਤਿ ਨਾਮ**" ਤੋਂ ਦੂਰ ਹੀ ਰਹਿੰਦੇ ਹਾਂ। **(ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ॥੬॥)** "**ਹਉਮੈ**" ਸਾਡੇ ਅੰਦਰ ਤ੍ਰੈਗੁਣੀ ਗਿਆਨ ਦੀ ਅਵੱਸਥਾ ਹੈ, ਮਾਇਆ ਦੀ ਜੁਗਤਿ ਹੈ ਜਿਸਨੂੰ ਬੁੱਝੇ ਬਿਨ੍ਹਾਂ, ਜਾਣੇ ਬਿਨ੍ਹਾਂ ਉਸ ਵਿੱਚੋਂ ਨਿਕਲੇ ਬਿਨ੍ਹਾਂ ਨਾਮ ਵਿੱਚ, ਗੁਰਮਤਿ ਵਿੱਚ ਨਹੀਂ ਸਮਾਅ ਸਕਦੇ। ਇਹ ਕੇਵਲ ਉਸ ਦੀ ਆਪਣੀ ਕਿਰਪਾ ਤੇ ਨਿਰਭਰ ਹੈ। ਅਸੀਂ ਜਪਾਂ ਤਪਾਂ ਤੋਂ ਬਚ ਕੇ ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ।

ਸ਼ਬਦ ਦੇ ਅਗਲੇ ਪਦਿਆਂ ਵਿੱਚ ਗੁਰੂ ਦੀ ਮਹਿਮਾ ਦਾ ਜ਼ਿਕਰ ਹੀ ਕੀਤਾ ਹੋਇਆ ਹੈ ਤੇ ਸਾਨੂੰ ਸਮਝਾਇਆ ਹੈ ਕਿ ਸਾਨੂੰ ਮਨੁੱਖਾ ਰੂਪ ਵਿੱਚ ਪ੍ਰਮਾਤਮਾ ਨੂੰ ਮਿਲਣ ਦਾ ਜੋ ਵੇਲਾ ਮਿਲਿਆ ਹੈ, ਅੰਮ੍ਰਿਤ ਵੇਲਾ ਮਿਲਿਆ ਹੈ ਅਸੀਂ ਇਸ ਤੋਂ ਲਾਭ ਲਈਏ। ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਅੱਗੇ ਢਹਿ ਪਈਏ, ਗੁਰੂ ਦੇ ਬਚਨਾਂ ਅੱਗੇ ਢਹਿ ਪਈਏ।। ਗੁਰੂ ਦੀ ਭਸਮ ਲਗਾਉਣ ਦੀ ਗੱਲ ਕੀਤੀ ਹੈ। ਗੁਰੂ ਤਾਂ ਗੁਰੂ ਦੇ ਬਚਨ ਹਨ ਤਾਂ ਫਿਰ ਬਚਨਾਂ ਦੀ ਭਸਮ ਕਿਵੇਂ ਲਗਾਵਾਂਗੇ। ਗੁਰੂ ਦੇ ਬਚਨਾਂ ਨੂੰ ਮੰਨਣਾ ਹੀ ਉਸ ਦੀ ਭਸਮ ਲਗਾਉਣਾ ਹੈ, ਉਸ ਦੀ ਚਰਨ ਧੂੜ ਨੂੰ ਮਨ ਦੇ

12/1159

ਵਿੱਚ ਵਸਾਉਣਾ ਹੈ। ਉਸਦੀ "**ਭਸਮ**", "**ਚਰਣ ਧੂੜ**", ਉਸਦੀ "**ਰੇਣ**" ਉਸ ਦੀ ਸੱਚੀ ਮਤਿ ਹੈ ਜਿਸ ਦੀ ਪ੍ਰਾਪਤੀ ਹੀ ਸਾਡੇ ਜੀਵਨ ਦਾ ਮਨੋਰਥ ਹੈ। ਕਥਨੀ ਨਾਲ ਇਸ ਗਿਆਨ ਰੂਪ ਚਰਨ ਧੂੜ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਆਓ ਗੁਰਬਾਣੀ ਦੇ ਮਨੋਰਥ ਨੂੰ ਸਮਝੀਏ। ਗੁਰਬਾਣੀ ਨੂੰ ਬੜੇ ਹੀ ਧੀਰਜ ਨਾਲ, ਪ੍ਰੇਮ ਨਾਲ, ਮਨ ਵਿੱਚ ਵਿਸ਼ਵਾਸ ਰੱਖ ਕੇ ਉਸ ਨੂੰ ਪੜ੍ਹੀਏ, ਸੁਣੀਏ, ਬਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕਰੀਏ, ਉਸਦੇ ਬਰੀਕੀ ਭਾਵ ਤੱਕ ਪਹੁੰਚਣ ਦੀ ਕੋਸ਼ਿਸ਼ ਕਰੀਏ ਤੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰੀਏ। ਗੁਰੂ ਤੇ ਭਰੋਸਾ ਰੱਖੀਏ, ਕੇਵਲ ਗੁਰੂ ਕੋਲੋਂ ਜਾਨਣ ਦੀ ਕੋਸ਼ਿਸ਼ ਕਰੀਏ। ਇੱਧਰੋਂ ਉੱਧਰੋਂ ਸੁਣੀਆਂ ਸੁਣਾਈਆਂ ਗੱਲਾਂ ਤੋਂ ਆਪਣਾ ਭਰੋਸਾ ਹਟਾਈਏ ਤੇ ਤਾਂ ਹੀ ਸਾਨੂੰ ਗੁਰੂ ਦੀ ਗੱਲ ਸਮਝ ਪਵੇਗੀ। ਇਹ ਸੁਣੀਆਂ ਸੁਣਾਈਆਂ ਗੱਲਾਂ ਹੀ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਣ ਦਿੰਦੀਆਂ। ਮਨ ਵਿੱਚ ਦ੍ਰਿੜ ਵਿਸ਼ਵਾਸ ਰੱਖੋ ਕਿ ਗੁਰੂ ਤੋਂ ਇਲਾਵਾ ਕਿਸੇ ਵੀ ਹੋਰ ਤੇ ਰੱਖਿਆ ਭਰੋਸਾ ਸਾਡੇ ਕੰਮ ਆਉਣ ਦੀ ਬਜਾਏ ਸਾਡੇ ਸੱਚ ਦੇ ਮਾਰਗ ਵਿੱਚ ਰੋੜਾ ਹੀ ਅਟਕਾਉਂਦੇ ਹਨ। ਕਿਸੇ ਦੀ ਗੱਲ ਸੁਣ ਪੜ੍ਹ ਕੇ ਉਸ ਨੂੰ ਗੁਰੂ ਦੀ ਕਸਵੱਟੀ ਤੇ ਜਰੂਰ ਪਰਖੋ। ਕਿਸੇ ਤੇ ਅੰਧ ਵਿਸ਼ਵਾਸ ਨਾ ਕਰੋ ਕਿਉਂਕਿ ਇਹ ਹੀ ਸਾਨੂੰ ਗੁਰੂ ਦੇ ਸੱਚੇ ਮਾਰਗ ਤੋਂ ਭਟਕਾਉਂਦਾ ਹੈ। ਇਹਨਾਂ ਗੱਲਾਂ ਨੂੰ ਅਸੀਂ ਅੱਗੇ ਚੱਲ ਕੇ ਵਿਸਥਾਰ ਨਾਲ ਸਮਝਾਂਗੇ, ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ ਕਿ ਗੁਰੂ ਦੀ ਟੇਕ ਛੱਡ ਕੇ ਕਿਸੇ ਮਨੁੱਖੀ ਟੇਕ ਨੂੰ ਉੱਚਾ ਸਮਝਣਾ ਸਾਡੇ ਲਈ ਕਿੰਨਾ ਕੁ ਮਾੜਾ ਹੈ। ਧਰਮ ਦਾ ਮਾਰਗ ਜਾਨਣ ਲਈ ਟੇਕ ਅਸੀਂ ਜਿਸ ਦੀ ਵੀ ਲੈਂਦੇ ਹਾਂ ਭਾਵ ਸਾਡੀ ਟੇਕ ਦੁਆਰਾ ਹੀ ਸਾਡੇ ਮਨ ਦਾ ਪ੍ਰੇਮ ਪ੍ਰਗਟ ਹੁੰਦਾ ਹੈ ਕਿ ਸਾਨੂੰ ਕਿਸ ਦੇ ਬਚਨਾਂ ਤੇ ਭਰੋਸਾ ਜਿਆਦਾ ਹੈ। ਅਸੀਂ ਕਿਸ ਦੇ ਬਚਨਾਂ ਨੂੰ ਉੱਚਾ ਮੰਨਦੇ ਹਾਂ, ਇਸ ਨਾਲ ਹੀ ਇਹ ਤੈਅ ਹੁੰਦਾ ਹੈ ਕਿ ਸਾਡਾ ਦਿਲੋਂ ਪਿਆਰ ਕਿਸ ਨਾਲ ਜੁੜਿਆ ਹੋਇਆ ਹੈ। ਗੁਰੂ ਪ੍ਰਮਾਤਮਾ ਸਾਡੇ

12/1160

ਦਿਲ ਦੀ ਜਾਣਦਾ ਹੈ। ਸਾਡਾ ਪਿਆਰ ਕਿੱਥੇ ਜੁੜਿਆ ਹੋਇਆ ਹੈ ਉਹ ਸਭ ਕੁੱਝ ਜਾਣਦਾ ਹੈ। ਪਿਆਰ ਕਿਤੇ ਹੋਰ ਜੋੜ ਕੇ ਦਿਖਾਵਾ ਅਸੀਂ ਗੁਰੂ ਦੇ ਪਿਆਰ ਦਾ ਹੀ ਕਰਦੇ ਹਾਂ। ਜਿੱਥੇ ਕਿੱਥੇ ਦੇਖੋ ਹਕੀਕਤ ਵਿੱਚ ਇਹੀ ਕੁੱਝ ਵਰਤ ਰਿਹਾ ਹੈ। ਇਸ ਵਿੱਚੋਂ ਨਿਕਲਣਾ ਹੀ ਸਾਡਾ ਸਭ ਤੋਂ ਵੱਡਾ ਇਮਤਿਹਾਨ ਹੈ। ਬਹੁਤ ਹੀ ਜਿਆਦਾ ਔਖਾ ਹੈ ਇਸ ਇਮਤਿਹਾਨ ਵਿੱਚੋਂ ਨਿਕਲਣਾ। ਇਹ ਸਾਡੀ ਬਹੁਤ ਵੱਡੀ ਕਮਜ਼ੋਰੀ ਹੈ, ਮਾਇਆ ਮੋਹ ਹੈ ਜੋ ਸਾਨੂੰ ਗੁਰੂ ਤੋਂ ਦੂਰ ਰੱਖਦੀ ਹੈ।

ਪਿਛਲੇ ਸ਼ਬਦ ਰਾਹੀਂ ਨਾਮ ਦਾ ਤੇ ਹਉਮੈ ਦਾ ਵਿਰੋਧ ਕੀ ਹੈ, ਇਸ ਗੱਲ ਨੂੰ ਸਮਝਿਆ ਹੈ। ਸਾਡਾ ਬਲ ਸਾਡੀ ਹਉਮੈ ਹੈ, ਸਾਡੀ "ਮੈਂ" ਹੈ, ਸਾਡੀ ਆਪਣੀ ਮਤਿ ਹੈ ਜੋ ਕਿ ਅਸਲ ਵਿੱਚ ਹੈ ਨਹੀਂ ਲੇਕਿਨ ਸਾਨੂੰ ਮਹਿਸੂਸ ਇਹੀ ਹੁੰਦਾ ਹੈ। ਇਹ ਸਾਡਾ ਝੂਠਾ ਬਲ ਹੈ ਜਿਸ ਦੇ ਹੁੰਦਿਆਂ ਸਾਡੇ ਅੰਦਰ ਨਾਮ ਨਹੀਂ ਵੱਸ ਸਕਦਾ। ਇਹ ਬਲ ਵੀ "ਨਾਮ" ਦਾ ਆਪਣਾ ਪਾਇਆ ਹੋਇਆ ਹੈ, ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਹੈ। ਜਦੋਂ ਉਹ ਸਾਡੇ ਅੰਦਰ ਵੱਸਦਾ ਹੈ, ਸਾਡਾ ਉਹ ਇਹ ਬਲ ਤੋੜ ਕੇ ਹੀ ਵੱਸਦਾ ਹੈ। ਮਨੁੱਖ ਦਾ ਇਹ ਬਲ ਤੋੜ ਕੇ ਹੀ ਉਸ ਨੂੰ ਅਸਲੀਅਤ ਦੀ ਸੋਝੀ ਪਾਉਂਦਾ ਹੈ ਕਿ ਅਸਲ ਵਿੱਚ ਸਾਰਾ ਬਲ ਕਿਸ ਦਾ ਚੱਲ ਰਿਹਾ ਹੈ। ਬਲ ਕੇਵਲ ਇੱਕ ਦਾ ਹੀ ਹੈ ਤੇ ਹੋਰ ਕਿਸੇ ਦਾ ਹੋ ਹੀ ਨਹੀਂ ਸਕਦਾ। ਸਾਡੇ ਬਲ ਦਾ ਹੋਣਾ ਹੀ ਇੱਕ ਭੁਲੇਖਾ ਹੈ।

{ਇਸ ਕਾ ਬਲੁ ਨਾਹੀ ਇਸੁ ਹਾਥ ॥ ਕਰਨ ਕਰਾਵਨ ਸਰਬ ਕੋ ਨਾਥ ॥}

(ਅੰਗ ੨੭੭)

ਆਓ ਇਸੇ "ਬਲੁ" ਨੂੰ, "ਹਉਮੈ" ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ ਤੇ ਸਮਝੀਏ ਕਿ ਇਹ ਬਲ ਕੀ ਹੈ, ਕਿੱਥੇ ਵੱਸਦਾ ਹੈ, ਕਿਵੇਂ ਦੂਰ ਹੁੰਦਾ ਹੈ ਤੇ ਕੌਣ ਦੂਰ ਕਰਦਾ ਹੈ।

12/1161

"ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥੧॥ ਰਹਾਉ ॥
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥
ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥"

(ਅੰਗ - ੩੩੯)

ਸਭ ਤੋਂ ਪਹਿਲੇ ਉੱਪਰ ਰਹਾਉ ਦੀ ਪੰਗਤੀ ਨੂੰ ਪੜ੍ਹ ਕੇ ਇਹ ਸਮਝੀਏ ਕਿ ਇਸ ਸ਼ਬਦ ਵਿੱਚ ਪ੍ਰਮਾਤਮਾ ਮਨੁੱਖ ਨੂੰ ਕਿਵੇਂ ਤਾਰਦਾ ਹੈ, ਕਿਸ ਵਿਧੀ ਨਾਲ ਤਾਰਦਾ ਹੈ ਇਹੀ ਗੱਲ ਸਮਝਾਈ ਹੋਈ ਹੈ। ਇੱਥੇ ਸਾਨੂੰ "ਮੈਂ" ਅਤੇ "ਤੂੰ" ਦਾ ਭੇਦ ਸਮਝਾ ਕੇ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ। ਬੜਾ ਸਪੱਸ਼ਟ ਹੈ ਕਿ ਜਦ ਤੱਕ ਸਾਡੇ ਅੰਦਰ **"ਮੈਂ"** ਹੈ ਭਾਵ ਜਦ ਤੱਕ ਅਸੀਂ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝੀ ਹੋਈ ਹੈ ਤਦ ਤੱਕ ਫਿਰ ਪ੍ਰਮਾਤਮਾ ਕੀ ਹੈ ਸਾਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਸਕਦੀ। ਜਦੋਂ ਉਸਦੀ ਸਮਝ ਲੱਗ ਜਾਂਦੀ ਹੈ ਤਾਂ ਫਿਰ ਸਾਡੀ ਹੋਂਦ ਮਿਟ ਜਾਂਦੀ ਹੈ, ਸਾਡੀ "ਮੈਂ" ਮਿਟ ਜਾਂਦੀ ਹੈ, ਸਾਡੀ ਮਨਮਤਿ ਮਿਟ ਜਾਂਦੀ ਹੈ, ਸਾਡੀ ਆਪਣੀ ਬੁਧਿ ਮਿਟ ਜਾਂਦੀ ਹੈ, ਆਪਣੀ ਅਗਿਆਨਤਾ ਵਾਲੀ ਬੁਧਿ ਮਿਟ ਜਾਂਦੀ ਹੈ। ਆਪਣੀ "ਮੈਂ" ਮਿਟਣ ਦੇ ਨਾਲ ਹੀ ਅਸੀਂ ਪ੍ਰਮਾਤਮਾ ਦੇ ਨਾਲ ਇੱਕ ਹੁੰਦੇ ਹਾਂ। ਮਨ ਦੇ ਵਿੱਚ ਤਾਂ ਪਹਿਲੇ ਤੋਂ ਵੀ ਇੱਕ ਹੀ ਹੁੰਦਾ ਹੈ ਪਰ ਦੁਚਿੱਤੀ ਕਰਕੇ ਸਾਨੂੰ ਸਮਝ ਨਹੀਂ ਲੱਗਦੀ। ਕਿਸੇ ਦੇ ਕਹਿਣ ਨਾਲ ਸਾਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਸਕਦੀ। ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਦੇਖ ਕੇ ਹੀ ਮਨੁੱਖ ਮੰਨਦਾ ਹੈ। **(ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ॥ ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ॥੧॥)**

ਸਾਨੂੰ ਗੁਰਬਾਣੀ ਦੇ ਵਿੱਚ ਜੋ ਸਭ ਤੋਂ ਜਿਆਦਾ ਵਾਰ ਗੱਲ ਸਮਝਾਈ ਗਈ ਹੈ ਉਹ ਇਹ ਹੈ ਕਿ ਪ੍ਰਮਾਤਮਾ ਘਟ ਘਟ ਵਿੱਚ ਵੱਸ ਰਿਹਾ ਹੈ, ਸਭ ਦੇ ਅੰਦਰ ਉਹ ਆਪ ਹੀ ਹੈ ਤੇ ਉਸ ਤੋਂ ਇਲਾਵਾ ਹੋਰ ਕੋਈ ਨਹੀਂ ਹੈ ਪਰ ਅਸੀਂ ਇਸ ਗੱਲ ਨੂੰ ਮੰਨ ਨਹੀਂ ਸਕਦੇ

12/1162

ਕਿਉਂਕਿ ਇਹ ਵੀ ਉਸ ਦੀ ਆਪਣੀ ਰਜ਼ਾ ਹੀ ਹੈ। ਇਹ ਵੀ ਬਾਣੀ ਦਾ ਆਪਣਾ ਹੀ ਫੁਰਮਾਨ ਹੈ ਕਿ ਆਪਣੇ ਅੰਦਰੋਂ ਦੇਖੇ ਬਿਨ੍ਹਾਂ ਸਾਨੂੰ ਇਸ ਗੱਲ ਤੇ ਯਕੀਨ ਨਹੀਂ ਆ ਸਕਦਾ ਕਿਉਂਕਿ ਇਹੀ ਤੇ ਉਸਦਾ ਆਪਣੇ ਨਾਲ ਮੇਲਣ ਦਾ ਤਰੀਕਾ ਹੈ, ਮਨੁੱਖ ਨੂੰ ਤਾਰਨ ਦਾ ਤਰੀਕਾ ਹੈ ਤੇ ਇਹ ਬਖਸ਼ਿਸ਼ ਉਹ ਕਿਸੇ ਵਿਰਲੇ ਤੇ ਹੀ ਕਰਦਾ ਹੈ। ਸਾਨੂੰ ਘੱਟੋ ਘੱਟ ਇਹ ਤਸੱਲੀ ਜਰੂਰ ਰੱਖਣੀ ਚਾਹੀਦੀ ਹੈ ਕਿ ਪ੍ਰਮਾਤਮਾ ਨੇ ਜਦੋਂ ਵੀ ਮਿਲਣਾ ਹੈ, ਮਨ ਦੇ ਵਿੱਚ ਹੀ ਮਿਲਣਾ ਹੈ, ਆਪਣੀ ਕਿਰਪਾ ਦੁਆਰਾ ਮਿਲਣਾ ਹੈ ਤੇ

ਅਸੀਂ ਇੱਧਰ ਉਧਰ ਕਿਸੇ ਦੀਆਂ ਗੱਲਾਂ ਵਿੱਚ ਆ ਕੇ ਭਟਕਣਾ ਤੋਂ ਬਚੀਏ ਤੇ ਵਿਅਰਥ ਦੇ ਜਪਾਂ ਤਪਾਂ ਵਿੱਚੋਂ ਨਿਕਲੀਏ ਤੇ ਚੁੱਪ ਕਰਕੇ ਆਪਣੀ ਸੱਚੀ ਸੁੱਚੀ ਕਿਰਤ ਨਾਲ ਜੁੜੇ ਰਹੀਏ। ਉਹ ਜਦੋਂ ਕਿਰਪਾ ਕਰਦਾ ਹੈ ਅਚਿੰਤੇ ਹੀ ਕਰਦਾ ਹੈ, ਕੇਵਲ ਭਰੋਸਾ ਰੱਖਣ ਦੀ ਲੋੜ ਹੈ। ਉਸਦੀ ਕਿਰਪਾ ਕਿਵੇਂ ਹੁੰਦੀ ਹੈ, ਕਿਸ ਰੂਪ ਵਿੱਚ ਹੁੰਦੀ ਹੈ ਇਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ। ਸਾਡਾ "ਬਲੁ" ਕੀ ਹੈ, ਇਹ ਵੀ ਸਮਝਾਇਆ ਹੋਇਆ ਹੈ।

"ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥

ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥"

ਪ੍ਰਮਾਤਮਾ ਦੇ ਨਾਲ ਸਾਡਾ ਭੇਦ ਸਾਡੇ ਮਨ ਦੀ ਬੁਧਿ, ਮਤਿ, ਗਿਆਨ ਦੇ ਨਾਲ ਜੁੜਿਆ ਹੋਇਆ ਹੈ। ਸਿਰਫ਼ ਗਿਆਨ ਤੇ ਅਗਿਆਨਤਾ ਦਾ ਭੇਦ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਤਦ ਤੱਕ ਅਸੀਂ ਆਪਣੇ ਆਪ ਨੂੰ "ਮੈਂ" ਸਮਝਦੇ ਹਾਂ ਜੋ ਕਿ ਮਨ ਦੇ ਵਿੱਚੋਂ ਹੀ ਆਉਂਦੀ ਹੈ, "ਤੂੰ" ਦੇ ਕੋਲੋਂ ਹੀ ਆਉਂਦੀ ਹੈ ਤੇ ਇਸ "ਮੈਂ" ਦੁਆਰਾ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਣਾ ਸਾਡੀ "ਹਉਮੈ" ਹੈ। ਇਹੀ ਸਾਡਾ "ਬਲੁ" ਹੈ ਜੋ ਕਿ ਇੱਕ ਕੋਰਾ ਝੂਠ, ਕੋਰਾ ਭੁਲੇਖਾ ਹੈ। ਜਦ ਤੱਕ ਸਾਡੇ ਅੰਦਰ ਇਹ "ਬਲੁ" ਪ੍ਰਮਾਤਮਾ ਨੇ ਪਾਇਆ ਹੋਇਆ ਹੈ, ਹਉਮੈ, ਅਗਿਆਨਤਾ ਪਾਈ ਹੋਈ ਹੈ ਤਦ ਤੱਕ ਸਾਡੇ ਅੰਦਰ "ਤੂੰ" ਦੇ ਹੋਣ ਦੀ ਸੋਝੀ ਨਹੀਂ

12/1163

ਪੈਂਦੀ, "ਨਾਮ" ਦੇ ਹੋਣ ਦੀ ਸੋਝੀ ਨਹੀਂ ਪੈਂਦੀ। ਜਦ ਤੱਕ ਸਾਡੇ ਅੰਦਰ "ਮੈਂ" ਹੈ, ਇਹੀ ਸਾਡਾ ਪ੍ਰਮਾਤਮਾ ਨਾਲ ਵਿਰੋਧ ਹੈ, ਝਗੜਾ ਹੈ। "ਮੈਂ" ਤੇ "ਤੂੰ" ਵੱਖਰੇ ਵੱਖਰੇ ਕੇਵਲ ਮਨ ਦੀ ਅਗਿਆਨਤਾ ਕਰਕੇ ਹੀ ਹਨ ਜੋ ਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੇ ਵਿਚਾਰਾਂ ਰਾਹੀਂ, ਮਨ ਦੀ ਬੁਧਿ ਰਾਹੀਂ "ਮੈਂ" ਵਿੱਚ ਰੱਖਿਆ ਹੋਇਆ ਹੈ, ਮਨ ਦੇ ਵਿੱਚੋਂ "ਤੂੰ" ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਜਦੋਂ "ਮੈਂ" ਤੇ "ਤੂੰ" ਦਾ ਭੇਦ ਮਿਟ ਜਾਂਦਾ ਹੈ ਤਾਂ ਫਿਰ ਇੱਕ ਹੋ ਕੇ ਹੀ ਇਕੱਠੇ ਵੱਸਦੇ ਹਨ। ਅਗਿਆਨਤਾ ਰੂਪ ਮਿਟ ਕੇ ਗਿਆਨ ਰੂਪ ਹੋ ਕੇ ਵੱਸਦੇ ਹਨ। ਸੱਚੇ ਗਿਆਨ ਦੇ ਰੂਪ ਵਿੱਚ ਹੋ ਕੇ ਵੱਸਦੇ ਹਨ, ਗੁਰਮਤਿ ਰੂਪ ਵਿੱਚ ਵੱਸਦੇ ਹਨ। ਦੁਚਿੱਤੀ ਮਿਟਣ ਤੋਂ ਬਾਅਦ ਇੱਕ ਮਨ ਇੱਕ ਚਿੱਤ ਹੋ ਕੇ ਵੱਸਦੇ ਹਨ। ਜਦੋਂ ਸਾਨੂੰ ਪ੍ਰਮਾਤਮਾ ਕੋਲੋਂ ਸੱਚੀ ਬੁਧਿ ਮਿਲ ਜਾਂਦੀ ਹੈ, ਉਸ ਦਾ ਸੱਚਾ ਗਿਆਨ ਮਿਲ ਜਾਂਦਾ ਹੈ ਫਿਰ ਉਸ ਵਿੱਚ ਮੈਂ ਦਾ, ਹਉਮੈ ਦਾ, ਸਾਡਾ ਆਪਣਾ "ਬਲੁ" ਖਤਮ ਹੋ ਜਾਂਦਾ ਹੈ ਭਾਵ ਸਾਡੀ ਹਉਮੈ ਮਿਟ ਜਾਂਦੀ ਹੈ ਕਿਉਂਕਿ ਇਹ ਦੋਨੋਂ ਇੱਕ ਜਗ੍ਹਾ ਇਕੱਠੇ ਰਹਿ ਹੀ ਨਹੀਂ ਸਕਦੇ। **(ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ)** ਸਾਰੀ ਗੱਲ ਸਾਡੀ ਅਗਿਆਨਤਾ ਵਾਲੀ ਬੁਧਿ ਬਦਲਣ ਦੀ ਹੈ, ਮੈਂ ਵਾਲੀ ਬੁਧਿ ਬਦਲਣ ਦੀ ਹੈ, ਅਗਿਆਨਤਾ ਵਿੱਚੋਂ ਨਿਕਲਣ ਦੀ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਸਾਡਾ ਮਨ ਸਾਡਾ ਨਹੀਂ ਹੈ, ਇਹ ਆਪ ਪ੍ਰਮਾਤਮਾ ਹੈ। ਸਾਡੇ ਮਨ ਦੇ ਵਿਚਾਰ ਸਾਡੇ ਨਹੀਂ ਹਨ, ਇਹਨਾਂ ਨੂੰ ਪਾਉਣ ਵਾਲਾ ਆਪ ਪ੍ਰਮਾਤਮਾ ਹੈ। ਸਾਡੀ ਮਨਮਤਿ ਨੂੰ ਉਹ ਆਪ ਹੀ ਬਦਲ ਸਕਦਾ ਹੈ, ਆਪ ਹੀ ਖ਼ਤਮ ਕਰ ਸਕਦਾ ਹੈ, ਆਪ ਹੀ ਆਪਣੀ ਮਤਿ ਦੇ ਕੇ, ਆਪਣਾ ਸੱਚਾ ਗਿਆਨ ਪ੍ਰਗਟ ਕਰਕੇ ਸਾਨੂੰ ਪੁਰਾਣੀ ਮਤਿ ਵਿੱਚੋਂ ਕੱਢ ਸਕਦਾ ਹੈ। "**ਸਿਧਿ**" ਤੋਂ ਭਾਵ ਸੋਝੀ ਦੇ ਨਾਲ ਹੈ, ਸੱਚੀ ਸੋਝੀ ਦੇ ਨਾਲ ਹੈ। ਸਾਨੂੰ ਪ੍ਰਮਾਤਮਾ ਦੇ ਨਾਲ ਉਸਦੀ ਸੱਚੀ ਸੋਝੀ, ਉਸਦਾ ਸੱਚਾ ਗਿਆਨ ਹੀ ਮਿਲਾਉਂਦਾ ਹੈ, ਚੌਥੇ ਪਦ ਦੀ ਅਵੱਸਥਾ ਹੀ ਮਿਲਾਉਂਦੀ ਹੈ ਜਿਸ ਦੁਆਰਾ ਮਨੁੱਖ ਤਰਦਾ ਹੈ, ਮੁਕਤ ਹੁੰਦਾ ਹੈ।

(ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥)

12/1164

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਜਾਂ ਮੇਲ ਕੇਵਲ ਮਨ ਦੀ ਸੋਝੀ ਦੁਆਰਾ ਹੈ। ਇਹ ਮਨ ਹੀ ਹਉਮੈ ਹੈ ਤੇ ਇਹ ਮਨ ਹੀ ਨਾਮ ਹੈ। "**ਪਿਰੁ**" ਨਾਮ ਹੈ ਤੇ "**ਧਨ**" ਹਉਮੈ ਹੈ। ਮਨ ਦੇ ਵਿੱਚ ਦੋਨਾਂ ਵਿੱਚੋਂ ਇੱਕ ਹੀ ਨਿਵਾਸ ਕਰਦਾ ਹੈ। ਜੋ ਕੁੱਝ ਅਸੀਂ ਪਿਛਲੇ ਸ਼ਬਦ ਦੁਆਰਾ ਜਾਣਿਆ ਹੈ ਭਾਵ ਜੋ ਮੈਂ, ਤੂੰ ਦਾ ਭੇਦ ਅਸੀਂ ਪਿੱਛੇ ਜਾਣਿਆ ਹੈ ਉਹੀ ਗੱਲ ਹੁਣ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ।

ਸਲੋਕ ਮਃ ੫ ॥

"ਜਾਂ ਪਿਰੁ ਅੰਦਰਿ ਤਾਂ ਧਨ ਬਾਹਰਿ ॥ ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ ॥

ਬਿਨੁ ਨਾਵੈ ਬਹੁ ਫੇਰੁ ਫਿਰਾਹਰਿ ॥ ਸਤਿਗੁਰਿ ਸੰਗਿ ਦਿਖਾਇਆ ਜਾਹਰਿ ॥
ਜਨ ਨਾਨਕ ਸਚੇ ਸਚਿ ਸਮਾਹਰਿ ॥੧॥"

(ਅੰਗ ੯੬੫)

ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਜਦ ਤੱਕ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਭਾਵ ਗੁਪਤ ਹੀ ਰਹਿੰਦਾ ਹੈ, ਤਦ ਤੱਕ ਅਸੀਂ ਮਨ ਨੂੰ ਆਪਣਾ ਹੀ ਸਮਝਦੇ ਹਾਂ। ਅਸੀਂ ਆਪ ਹੀ ਆਪਣੇ ਆਪ ਨੂੰ ਮਾਲਕ, ਘਰ ਦਾ ਚੌਧਰੀ ਸਮਝਦੇ ਹਾਂ। ਇਹੀ ਸਾਡੀ ਹਉਮੈ ਹੈ। ਜਦੋਂ ਉਹ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ ਤਾਂ ਫਿਰ ਉੱਥੇ ਧੰਨ ਦਾ, ਹਉਮੈ ਦਾ ਰਾਜ ਖ਼ਤਮ ਹੋ ਜਾਂਦਾ ਹੈ, ਮਨੁੱਖ ਦਾ ਆਪਣਾ ਬਲ ਖ਼ਤਮ ਹੋ ਜਾਂਦਾ ਹੈ। ਇਹ ਸਭ ਮਨ ਦੀ ਸੋਝੀ ਹੈ। ਮਨੁੱਖ ਨੂੰ ਆਪਣੇ ਆਪ ਦੀ ਸੋਝੀ ਪੈ ਜਾਂਦੀ ਹੈ ਕਿ ਮਨੁੱਖ ਦਾ ਹੋਣਾ ਕੇਵਲ ਇੱਕ ਝੂਠੀ ਹੋਂਦ ਹੈ। ਜਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਨਹੀਂ ਉਪਜਦਾ ਤਦ ਤੱਕ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਤਦ ਤੱਕ ਉਹ ਆਵਾਗਉਣ ਵਿੱਚ ਹੀ ਰਹਿੰਦਾ ਹੈ। ਜਦੋਂ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਪ੍ਰਮਾਤਮਾ ਆਪਣਾ ਆਪ ਮਨ ਦੇ ਵਿੱਚੋਂ ਹੀ ਜਾਹਰ ਹੋ ਕੇ ਦਿਖਾ ਦਿੰਦਾ ਹੈ। ਜਦੋਂ

12/1165

ਨਾਮ ਭਾਵ ਪ੍ਰਮਾਤਮਾ ਮਿਲ ਜਾਂਦਾ ਹੈ, ਇਹ ਆਪਣੇ ਅੰਦਰ ਪਿਰ ਦਾ, ਪ੍ਰਮਾਤਮਾ ਦਾ ਪ੍ਰਗਟ ਹੋਣਾ ਹੈ, ਜਾਹਰ ਹੋਣਾ ਹੈ ਜਿਸ ਦੇ ਨਾਲ ਧੰਨ ਆਪੇ ਹੀ ਬਾਹਰ ਹੋ ਜਾਂਦੀ ਹੈ। ਇਹ ਸਭ ਕੁੱਝ ਉਸਦੇ ਆਪਣੇ ਵੱਸ ਹੈ। ਉਸ ਦੇ ਸੱਚ ਵਿੱਚ ਉਸਦੀ ਆਪਣੀ ਕਿਰਪਾ ਦੁਆਰਾ ਹੀ ਸਮਾਇਆ ਜਾ ਸਕਦਾ ਹੈ, ਆਪਣਾ ਨਾਮ ਉਹ ਆਪ ਹੀ ਦੇ ਸਕਦਾ ਹੈ ਤੇ ਸਾਡੀ ਹਉਮੈ ਦੂਰ ਕਰ ਸਕਦਾ ਹੈ। ਅਸੀਂ ਗੁਰੂ ਦੇ ਸੱਚੇ ਗਿਆਨ ਨਾਲੋਂ ਵਿਛੜ ਕੇ ਫਜ਼ੂਲ ਹੀ ਸਰੀਰਕ ਕਿਰਿਆਵਾਂ ਵਿੱਚ ਉਲਝੇ ਹੋਏ ਹਾਂ, ਉਸਦੇ ਆਪਣੇ ਹੀ ਉਲਝਾਏ ਹੋਏ ਹਾਂ। ਸਭ ਪਾਸੇ ਉਸ ਦੀ ਆਪਣੀ ਪਾਈ ਹੋਈ ਅਗਿਆਨਤਾ ਦਾ ਹੀ ਪਸਾਰਾ ਹੈ ਤੇ ਉਸ ਦੀ ਕਿਰਪਾ ਤੋਂ ਬਿਨ੍ਹਾਂ ਇਸ ਅਗਿਆਨਤਾ ਵਿੱਚੋਂ ਕੋਈ ਨਹੀਂ ਨਿਕਲ ਸਕਦਾ। ਸੰਸਾਰ ਵਿੱਚ ਹਉਮੈ ਹੀ ਆ ਰਹੀ ਹੈ ਤੇ ਸੰਸਾਰ ਵਿੱਚੋਂ ਹਉਮੈ ਰੂਪ ਹੀ ਵਾਪਸ ਜਾਂਦਾ ਹੈ। ਸਹਸਾ ਵਿੱਚ ਰਹਿੰਦਿਆਂ ਪ੍ਰਮਾਤਮਾ ਨੂੰ ਕੋਈ ਨਹੀਂ ਬੁੱਝ ਸਕਦਾ। ਨਾਮ ਦੀ ਪ੍ਰਾਪਤੀ ਬਿਨ੍ਹਾਂ, ਨਾਮ ਧੰਨ ਦੀ ਪ੍ਰਾਪਤੀ ਬਿਨ੍ਹਾਂ, ਹਰਿ ਰਸ ਦੀ ਪ੍ਰਾਪਤੀ ਬਿਨ੍ਹਾਂ ਪ੍ਰਮਾਤਮਾ ਨੂੰ ਕੋਈ ਨਹੀਂ ਬੁੱਝ ਸਕਦਾ।

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਜਾਣਦੇ ਆ ਰਹੇ ਹਾਂ, **"ਹਰਿ"** ਆਪ ਪ੍ਰਮਾਤਮਾ ਹੈ ਉਹ ਆਪ ਗਿਆਨ ਸਰੂਪ ਹੈ, ਸਾਰੇ ਗਿਆਨ ਦਾ ਦਾਤਾ ਹੈ ਤੇ ਫਿਰ ਉਸਦਾ ਰਸ ਵੀ ਗਿਆਨ ਸਰੂਪ ਹੈ। ਉਹ ਸਾਰੀ ਸ੍ਰਿਸ਼ਟੀ ਨੂੰ ਆਪਣੇ ਹਰਿ ਰਸ ਦੁਆਰਾ ਹੀ ਚਲਾ ਰਿਹਾ ਹੈ। ਸਾਡੇ ਅੰਦਰ ਉਹ ਆਪਣੇ "ਹਰਿ ਰਸ" ਦੁਆਰਾ ਹੀ ਵਰਤ ਰਿਹਾ ਹੈ, ਆਪਣੇ ਸ਼ਬਦ ਰੂਪ ਵਿੱਚ ਵਰਤ ਰਿਹਾ ਹੈ। ਇਹ ਹਰਿ ਰਸ ਸਾਨੂੰ ਸੋਝੀ ਪਾਉਣ ਲਈ ਹੈ ਤੇ ਨਾਮ ਦੇ ਨਾਲ ਜੋੜਨ ਲਈ ਹੈ, ਨਾਮ ਦੀ ਸੋਝੀ ਪਾਉਣ ਲਈ ਹੈ। ਆਓ ਇਸੇ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ।

"ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥ ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥
ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥"

(ਅੰਗ - ੧੧੭੪)

12/1166

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ। ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਹਰਿ ਕੀ ਹੈ, ਪ੍ਰਮਾਤਮਾ ਕੀ ਹੈ ਤੇ ਉਸਦਾ ਸਰੂਪ ਕੀ ਹੈ। ਧਿਆਨ ਨਾਲ ਸਮਝੋ ਕਿ ਸਾਨੂੰ ਸਾਰਾ ਗਿਆਨ ਕਿੱਥੋਂ ਆਉਂਦਾ ਹੈ। ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋ ਸਕਦਾ ਕਿ ਸਾਨੂੰ ਸਾਰੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ, ਮਨ ਦੇ ਵਿਚਾਰਾਂ ਦੁਆਰਾ ਹੀ ਪੈਂਦੀ ਹੈ, ਮਨ ਦੀ ਸੋਚ ਦੁਆਰਾ ਪੈਂਦੀ ਹੈ ਭਾਵ ਮਨ ਦੇ ਗਿਆਨ ਰਾਹੀਂ ਪੈਂਦੀ ਹੈ। ਸਾਡੇ ਮਨ ਦੇ ਵਿੱਚ ਜੋ ਗਿਆਨ ਪਾ ਰਿਹਾ ਹੈ ਉਸਨੂੰ ਹਰਿ ਕਿਹਾ ਹੈ, ਪ੍ਰਮਾਤਮਾ ਕਿਹਾ ਹੈ। **(ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ॥)**

ਉਹ ਪ੍ਰਮਾਤਮਾ ਗਿਆਨ ਦਾ ਸਰੋਤ ਹੈ। ਉਸਦਾ ਮੂਲ ਹੀ ਗਿਆਨ ਹੈ ਤੇ ਉਹ ਸਭ ਜਗ੍ਹਾ ਆਪਣੇ ਗਿਆਨ ਰੂਪ ਵਿੱਚ ਹੀ ਵਿਚਰ ਰਿਹਾ ਹੈ। ਗਿਆਨ ਤੋਂ ਹੀ ਹਰ ਸਰਗੁਣ ਸਰੂਪ ਬਣਿਆ ਹੈ, ਪੰਜ ਤੱਤ ਬਣੇ ਹਨ ਤੇ ਗਿਆਨ ਦੁਆਰਾ ਹੀ ਉਹਨਾਂ ਦੀ ਸੰਭਾਲ ਹੋ ਰਹੀ ਹੈ। ਹਰ ਵਸਤੂ ਨੂੰ ਉਸਨੇ ਆਪਣੇ ਗਿਆਨ ਦੁਆਰਾ ਗੋਇਆ ਹੋਇਆ ਹੈ ਜੋ ਕਿ ਨਿਰਗੁਣ ਸਰੂਪ ਹੈ, ਜਿਸਨੂੰ ਦੇਖਿਆ ਨਹੀਂ ਜਾ ਸਕਦਾ। ਉਸਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ਤੇ ਉਸਨੂੰ ਮਹਿਸੂਸ ਕਰਨ ਦੀ ਇੱਕੋ ਇੱਕ ਜਗ੍ਹਾ ਸਾਡਾ ਮਨ ਹੈ ਜਿੱਥੋਂ ਪ੍ਰਮਾਤਮਾ ਆਪਣਾ ਆਪ ਜਨਾਉਂਦਾ ਹੈ।

ਪ੍ਰਮਾਤਮਾ ਨੂੰ ਜਾਨਣ ਦਾ ਤੇ ਸਮਝਣ ਦਾ ਹੋਰ ਕੋਈ ਵੀ ਤਰੀਕਾ ਨਾਮੁਮਕਿਨ ਹੈ। ਉਹ ਆਪਣਾ ਆਪ ਕਿਸੇ ਨੂੰ ਆਪ ਹੀ ਜਣਾਵੇ ਤਾਂ ਕੋਈ ਜਾਣ ਸਕਦਾ ਹੈ। ਉਸਦੀ ਸਿਞਾਣ ਮਨ ਵਿੱਚ ਉਸਦੇ ਆਪਣੇ ਗਿਆਨ ਦੁਆਰਾ ਹੀ ਹੁੰਦੀ ਹੈ, ਉਸਦੇ ਸ਼ਬਦ ਦੁਆਰਾ ਹੀ ਹੁੰਦੀ ਹੈ ਜੋ ਹਰ ਵੇਲੇ ਸਾਡੇ ਵਿੱਚ ਵਰਤ ਰਿਹਾ ਹੈ ਪਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਸ਼ਬਦ ਉਸਦਾ ਆਪਣਾ ਸੱਚਾ ਰੂਪ ਹੈ, ਸੱਚਾ ਗਿਆਨ ਹੈ, ਚੌਥੇ ਪਦ ਦਾ ਗਿਆਨ, ਬ੍ਰਹਮ ਗਿਆਨ ਹੈ। ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪਣੀ ਸੋਝੀ ਮਨ ਦੇ ਵਿੱਚ ਹੀ ਪਾਉਂਦਾ ਹੈ।

12/1167

(ਸਾਚ ਸਬਦਿ ਪ੍ਰਭੁ ਏਕੁ ਸਿਞਾਣੁ॥)

ਪ੍ਰਮਾਤਮਾ ਦਾ ਇਹ ਸੱਚਾ ਗਿਆਨ ਹੀ ਹਰਿ ਰਸ ਹੈ ਜਿਸ ਦੁਆਰਾ ਮਨੁੱਖ ਨੂੰ ਸੱਚੀ ਸੋਝੀ ਪੈਂਦੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ। **"ਹਰਿ ਰਸੁ ਚਾਖੈ ਤਾਂ ਸੁਧਿ ਹੋਇ॥"**

"ਹਰਿ ਰਸ" ਹੀ ਨਾਮ ਹੈ, "ਹਰਿ ਰਸ" ਹੀ ਸੱਚ ਹੈ ਤੇ "ਹਰਿ ਰਸ" ਹੀ ਪ੍ਰਮਾਤਮਾ ਆਪ ਹੈ ਭਾਵ ਸਭ ਕੁੱਝ ਉਸਦਾ ਸੱਚਾ ਗਿਆਨ ਹੈ। ਇਸ ਸੱਚੇ ਗਿਆਨ ਦੁਆਰਾ ਹੀ ਅਸੀਂ ਨਾਮ ਦੇ ਨਾਲ ਰੱਤੇ ਜਾਂਦੇ ਹਾਂ, ਪ੍ਰਮਾਤਮਾ ਦੇ ਨਾਲ ਰੱਤੇ ਜਾਂਦੇ ਹਾਂ ਤੇ ਆਪਣੇ ਨਾਲ ਰੱਤਣ ਵਾਲਾ ਉਹ ਆਪ ਹੀ ਹੈ।ਇਹੀ ਗੱਲ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤੀ ਹੋਈ ਹੈ ਜੋ ਨਾਮ ਹੈ, ਉਹੀ ਸੱਚ ਹੈ ਪਰ ਇਸ ਗੱਲ ਦੀ ਸੋਝੀ ਨਾਮ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ।

(ਨਾਨਕ ਨਾਮਿ ਰਤੇ ਸਚੁ ਸੋਇ॥੪॥੮॥)

ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ ਗੁਰਬਾਣੀ ਆਪਣੇ ਸੱਚੇ ਅਸੂਲ ਦੀ ਬੱਝੀ ਹੋਈ ਹੈ, ਇੱਕ ਪ੍ਰਿੰਸੀਪਲ ਨਾਲ ਜੁੜੀ ਹੋਈ ਹੈ ਤੇ ਉਸਦੀ ਹਰ ਗੱਲ, ਕਿਸੇ ਵੀ ਸ਼ਬਦ ਦੁਆਰਾ ਦੱਸੀ ਹੋਈ ਗੱਲ ਉਸਦੇ ਪ੍ਰਿੰਸੀਪਲ ਤੋਂ ਬਾਹਰ ਨਹੀਂ ਹੋ ਸਕਦੀ। ਉਸਦਾ ਪ੍ਰਿੰਸੀਪਲ ਹੀ ਉਸਦੀ ਕਸਵੱਟੀ ਹੈ। ਜੋ ਗੱਲ ਪ੍ਰਿੰਸੀਪਲ ਤੇ ਪੂਰੀ ਉਤਰੇਗੀ, ਉਹੀ ਉਸਦੀ ਕਸਵੱਟੀ ਤੇ ਪੂਰੀ ਉਤਰ ਸਕਦੀ ਹੈ।

ਗੁਰਬਾਣੀ ਵਿੱਚ ਇਸੇ ਲਈ ਇੱਕ ਹੀ ਗੱਲ ਨੂੰ ਸੈਂਕੜੇ ਸ਼ਬਦਾਂ ਦੁਆਰਾ ਵੱਖਰੇ ਵੱਖਰੇ ਢੰਗ ਦੁਆਰਾ ਸਮਝਾਇਆ ਹੋਇਆ ਹੈ।ਜੋ ਅਰਥ ਪ੍ਰਿੰਸੀਪਲ ਅਨੁਸਾਰ ਨਹੀਂ ਹੋਵੇਗਾ, ਉਸਨੂੰ ਗੁਰਬਾਣੀ ਆਪ ਹੀ ਫੜ ਲੈਂਦੀ ਹੈ। ਉਹ ਖਰੇ ਖੋਟੇ ਦੀ ਪਹਿਚਾਣ ਆਪ ਹੀ ਕਰ ਦਿੰਦੀ ਹੈ। ਅਸੀਂ ਹੁਣ ਤੱਕ ਜੋ ਲੇਖ ਵਿੱਚ ਪੜ੍ਹਿਆ ਸਮਝਿਆ ਹੈ ਉਹ ਸਭ ਕੁੱਝ ਗੁਰਬਾਣੀ ਦੇ ਪ੍ਰਿੰਸੀਪਲ ਭਤਵ ਸਿਧਾਂਤ ਅਨੁਸਾਰ ਹੀ ਹੈ ਤੇ ਅਜੇ ਹੋਰ ਵੀ ਅੱਗੇ ਬਹੁਤ ਕੁੱਝ ਲਿਖਣਾ ਬਾਕੀ ਹੈ। ਅਸੀਂ ਵਾਰ-ਵਾਰ ਕਸਵੱਟੀ ਦੇ ਵਿੱਚੋਂ ਨਿਕਲਣਾ ਹੈ।

ਹਰ ਸ਼ਬਦ ਆਪਣੇ ਆਪ ਵਿੱਚ ਇੱਕ ਕਸਵੱਟੀ ਹੈ। ਸਾਡਾ ਇਹ ਫਰਜ਼ ਵੀ ਬਣਦਾ ਹੈ ਭਾਵ ਸਾਡਾ ਸਭ ਪੜ੍ਹਨ ਸਮਝਣ ਵਾਲਿਆਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਹਰ ਸ਼ਬਦ ਨੂੰ ਬਰੀਕੀ ਨਾਲ ਸਮਝ ਕੇ ਕਸਵੱਟੀ

12/1168

ਉੱਤੇ ਜਰੂਰ ਲਗਾਈਏ।ਅੰਧ ਵਿਸ਼ਵਾਸ ਨਾਲ ਕੋਈ ਵੀ ਗੱਲ ਨੂੰ ਨਾ ਮੰਨੀਏ। ਗੁਰਬਾਣੀ ਸਾਨੂੰ ਅੰਧ ਵਿਸ਼ਵਾਸ ਵਿੱਚੋਂ ਕੱਢਣ ਲਈ ਹੀ ਬਣੀ ਹੈ ਤੇ ਅੰਧ ਵਿਸ਼ਵਾਸ ਵਿੱਚੋਂ ਅਸੀਂ ਤਦ ਹੀ ਨਿਕਲਾਂਗੇ ਜੇਕਰ ਗੁਰਬਾਣੀ ਦੀ ਅਸਲੀਅਤ ਨੂੰ ਸਮਝਾਂਗੇ।

ਆਉ ਹੁਣ ਅਗਲੇ ਸ਼ਬਦ ਦੁਆਰਾ ਫਿਰ ਤੋਂ ਇਹ ਗੱਲ ਸਮਝੀਏ ਕਿ "**ਹਰਿ ਰਸੁ**", "**ਅੰਮ੍ਰਿਤੁ ਰਸੁ**" ਸਾਡੇ ਮਨ ਦੇ ਚੱਖਣ ਦੀ ਚੀਜ਼ ਹੈ ਜਿਸ ਨੇ ਸਾਨੂੰ ਤ੍ਰੈਗੁਣਾਂ ਦੀ ਅਵੱਸਥਾ ਵਿੱਚੋਂ ਕੱਢ ਕੇ ਪ੍ਰਮਾਤਮਾ ਦੇ ਦਰਸ਼ਨ ਕਰਵਾਉਣੇ ਹਨ।

ਰਾਮਕਲੀ ਮਹਲਾ ੫ ॥

“ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥
ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥
ਅਚਰਜੁ ਕਿਛੁ ਕਹਣੁ ਨ ਜਾਈ ॥ ਬਸਤੁ ਅਗੋਚਰ ਭਾਈ ॥੧॥ ਰਹਾਉ ॥
ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ॥
ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥੨॥
ਸੋਈ ਜਾਣੈ ਕਰਣੈਹਾਰਾ ਕੀਤਾ ਕਿਆ ਬੇਚਾਰਾ ॥
ਆਪਣੀ ਗਤਿ ਮਿਤਿ ਆਪੇ ਜਾਣੈ ਹਰਿ ਆਪੇ ਪੂਰ ਭੰਡਾਰਾ ॥੩॥
ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ ਤ੍ਰਿਪਤਿ ਰਹੇ ਆਘਾਈ ॥
ਕਹੁ ਨਾਨਕ ਮੇਰੀ ਆਸਾ ਪੂਰੀ ਸਤਿਗੁਰ ਕੀ ਸਰਣਾਈ ॥੪॥੪॥”

(ਅੰਗ ੮੮੩)

ਉੱਪਰ ਵਾਲੇ ਸ਼ਬਦ ਨੂੰ ਪੜ੍ਹਨ ਤੋਂ ਬਾਅਦ ਜੇਕਰ ਸਾਨੂੰ ਅੰਮ੍ਰਿਤ ਰਸ ਬਾਰੇ ਸੋਝੀ ਨਹੀਂ ਹੈ ਤਾਂ ਫਿਰ ਇਸ ਦੇ ਅਰਥ ਅਸੀਂ ਕੀ ਕਰਾਂਗੇ। ਸਾਰੇ ਸ਼ਬਦ ਵਿੱਚ ਗੱਲ ਤਾਂ ਇੱਕੋ ਹੀ ਸਮਝਾਈ ਹੁੰਦੀ ਹੈ ਪਰ ਅਧੂਰੀ ਸੋਝੀ ਨਾਲ ਅਸੀਂ ਅਸਲ ਭਾਵ ਤੱਕ ਨਹੀਂ ਪਹੁੰਚ ਸਕਦੇ। ਉੱਪਰ ਸ਼ਬਦ ਰਾਹੀਂ ਸਾਰਾ ਭੇਦ ਤ੍ਰੈਗੁਣਾਂ ਦਾ ਤੇ ਅੰਮ੍ਰਿਤ ਰਸ ਦਾ ਹੈ। ਸਾਡਾ ਪ੍ਰਮਾਤਮਾ ਨਾਲੋਂ ਵੱਖਰਾਪਨ ਸਾਡੀ ਤ੍ਰੈਗੁਣੀ ਅਵੱਸਥਾ ਨੂੰ ਦੱਸਿਆ ਹੈ ਤੇ ਉਸਦਾ ਹੱਲ ਅੰਮ੍ਰਿਤ ਰਸ ਦੀ ਪ੍ਰਾਪਤੀ ਦੱਸਿਆ ਹੈ।

ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਜਿੰਨ੍ਹਾਂ ਨੇ ਆਪਣੇ ਆਪ ਨੂੰ ਸਿਧ ਸਾਧਿਕ ਆਦਿ ਅਖਵਾਇਆ ਹੈ ਜਾਂ ਅਖਵਾਉਂਦੇ ਹਨ ਉਹਨਾਂ ਨੂੰ ਵੀ ਤ੍ਰੈਗੁਣਾਂ ਵਿੱਚ ਦੱਸਿਆ ਹੈ ਤੇ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰੱਥ ਦੱਸਿਆ ਹੈ। ਜਿਸ ਕਿਸੇ ਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਉਹਨਾਂ ਨੇ ਅੰਮ੍ਰਿਤ ਰਸ ਦੀ ਪ੍ਰਾਪਤੀ ਦੁਆਰਾ ਹੀ ਜਾਣਿਆ ਹੈ। ਇਹ ਅੰਮ੍ਰਿਤ ਰਸ ਮਨ ਦੇ ਚੱਖਣ ਦੀ ਵਸਤੂ ਹੈ ਜਿਸ ਦੁਆਰਾ ਸਾਡੀ ਤ੍ਰਿਪਤੀ ਹੋਣੀ ਹੈ ਜਿਸ ਦੁਆਰਾ ਮਨੁੱਖ ਉਸ ਪੂਰੇ ਸਤਿਗੁਰ ਦੀ ਸ਼ਰਨ ਵਿੱਚ ਪਹੁੰਚ ਸਕਦਾ ਹੈ, ਉਸਦੀ ਪੂਰੀ ਮਤਿ ਦੀ ਸ਼ਰਨ ਵਿੱਚ ਪਹੁੰਚ ਸਕਦਾ ਹੈ। ਤ੍ਰੈਗੁਣ

ਸਾਡੇ ਮਨ ਦੀ ਅਵੱਸਥਾ ਹੈ ਜਿਸ ਵਿੱਚ ਦੁਚਿੱਤੀ ਹੈ ਤੇ ਇਹ ਦੁਚਿੱਤੀ ਦੇ ਰਹਿੰਦਿਆਂ ਕੋਈ ਵੀ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਧਰਮ ਦੇ ਮਾਰਗ ਉੱਤੇ ਜੇਕਰ ਅਸੀਂ ਕਿਸੇ ਨੂੰ ਵੱਡਾ ਜਾਣਦੇ ਹਾਂ, ਅਸੀਂ ਉਸ ਦੇ ਜਪ ਦੁਆਰਾ ਜਾਣਦੇ ਹਾਂ ਜਿਸ ਕਰਕੇ ਉਹਨਾਂ ਨੂੰ ਸਿਧ ਸਾਧਿਕ ਆਦਿ ਦੀ ਉਪਾਧੀ ਦਿੰਦੇ ਹਾਂ ਤੇ ਸਿੱਖ ਜਗਤ ਵਿੱਚ ਉਹਨਾਂ ਨੂੰ ਜਿਆਦਾਤਰ ਸੰਤ, ਬ੍ਰਹਮ ਗਿਆਨੀ ਆਦਿ ਕਹਿ ਕੇ ਨਿਵਾਜਿਆ ਜਾਂਦਾ ਹੈ। ਜਿਸ ਨੂੰ ਜਿਤਨੇ ਮੰਨਣ ਵਾਲੇ ਜਿਆਦਾ ਹੁੰਦੇ ਹਨ, ਪਿੱਛੇ ਲੱਗਣ ਵਾਲੇ ਜਿਆਦਾ ਹੁੰਦੇ ਹਨ ਉਸ ਅਨੁਸਾਰ ਉਸਦਾ ਰੁਤਬਾ ਬਣ ਜਾਂਦਾ ਹੈ। ਕਿਸੇ ਦੇ ਮਨ ਦੀ ਅਵੱਸਥਾ ਕੀ ਹੈ, ਕਿਸੇ ਦੀ ਕਰਣੀ ਕੀ ਹੈ, ਇਸ ਨੂੰ ਜਾਨਣ ਦੀ ਕੋਸ਼ਿਸ਼ ਕੋਈ ਘੱਟ ਹੀ ਕਰਦਾ ਹੈ। ਸਰੀਰਕ ਤੌਰ ਤੇ ਅੰਮ੍ਰਿਤ ਛਕਣ ਦੀ ਵਡਿਆਈ ਤਾਂ ਅਸੀਂ ਜਰੂਰ ਦਿੰਦੇ ਹਾਂ ਪਰ ਜਿਸ ਅੰਮ੍ਰਿਤ ਨੂੰ ਛਕਣ ਨਾਲ, ਜੋ ਕਿ ਸਾਡੇ ਮਨ ਨੇ ਛਕਣਾ ਹੈ, ਜਿਸ ਨੇ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢ ਕੇ ਚੌਥੇ ਪਦ ਦੇ ਨਾਲ ਜੋੜਨਾ ਹੈ, ਸੱਚੇ ਗਿਆਨ ਨਾਲ ਜੋੜਨਾ ਹੈ, ਗੁਰੂ ਪ੍ਰਮਾਤਮਾ ਨਾਲ ਜੋੜਨਾ ਹੈ, ਜਿਸ ਦੁਆਰਾ ਪ੍ਰਮਾਤਮਾ ਦੇ ਦਰ ਤੋਂ ਮਾਣ ਮਿਲਦਾ ਹੈ ਉਹ ਸਾਰੀ ਸ੍ਰਿਸ਼ਟੀ ਲਈ ਇੱਕੋ ਹੀ ਹੈ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਮਨ ਵਿੱਚ ਅੰਮ੍ਰਿਤ ਛਕਣ ਨਾਲ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਕੀ ਹੈ ਦੁਨੀਆਂ ਉਸ ਨੂੰ ਕਥਨ ਕਹਿਣ ਵਿੱਚ ਹੀ ਲੱਗੀ ਹੋਈ ਹੈ ਪਰ ਇਹ ਸਭ ਮਨ ਦੀ ਸੋਝੀ ਦੀ ਗੱਲ ਹੈ।

ਉੱਪਰ ਦਿੱਤੇ ਪੂਰੇ ਸ਼ਬਦ ਨੂੰ ਅਗਰ ਧਿਆਨ ਨਾਲ ਸਮਝੋਗੇ ਤਾਂ ਇਹ ਸਭ ਆਪੇ ਹੀ ਸਮਝ ਆਉਂਦਾ ਜਾਵੇਗਾ। **“ਰਤਨ ਕੋਠੜੀ”** ਸਾਡਾ ਮਨ ਹੈ ਤੇ ਰਤਨ ਕੋਠੜੀ ਹੀ ਗੁਰਬਾਣੀ ਹੈ। ਇਹੀ ਪ੍ਰਮਾਤਮਾ ਦਾ ਆਪਣਾ ਖਜ਼ਾਨਾ ਹੈ। ਗੁਰੂ ਪ੍ਰਮਾਤਮਾ ਸੰਪੂਰਨ ਹੈ ਤੇ ਉਹ ਸੰਪੂਰਨ ਆਪਣੇ ਅੰਮ੍ਰਿਤ ਦੁਆਰਾ ਹੈ, ਆਪਣੇ ਅੰਮ੍ਰਿਤ ਰਸ ਦੁਆਰਾ ਹੈ। ਗੁਰਬਾਣੀ ਆਪਣੇ ਸੱਚੇ ਗਿਆਨ ਦੁਆਰਾ ਸੰਪੂਰਨ ਹੈ, ਆਪਣੇ ਬ੍ਰਹਮ ਗਿਆਨ ਦੁਆਰਾ ਸੰਪੂਰਨ

12/1170

ਹੈ। ਸਾਨੂੰ ਤ੍ਰੈਗੁਣਾਂ ਵਿੱਚੋਂ ਕੇਵਲ ਅੰਮ੍ਰਿਤ ਰਸ ਹੀ ਕੱਢ ਸਕਦਾ ਹੈ। ਜੇਕਰ ਪ੍ਰਮਾਤਮਾ ਕਿਸੇ ਨੂੰ ਸੰਪੂਰਨ ਕਰਦਾ ਹੈ ਤਾਂ ਆਪਣੇ ਇਸ ਅੰਮ੍ਰਿਤ ਰਸ ਦੁਆਰਾ ਕਰਦਾ ਹੈ। ਸਾਡਾ ਮਨ ਵੀ ਪ੍ਰਮਾਤਮਾ ਦੀ ਰਤਨ ਕੋਠੜੀ ਹੈ ਤੇ ਜਿਸ ਨੂੰ ਉਹ ਸੰਪੂਰਨ ਕਰਦਾ ਹੈ, ਮਨ ਦੇ ਵਿੱਚ ਹੀ ਉਸਨੂੰ ਆਪਣਾ ਅੰਮ੍ਰਿਤ ਚਖਾਉਂਦਾ ਹੈ। ਇਹ ਅੰਮ੍ਰਿਤ ਛਕ ਕੇ ਮਨੁੱਖ ਸਦਾ ਲਈ ਤ੍ਰਿਪਤ ਹੋ ਜਾਂਦਾ ਹੈ, ਆਸਾ ਮਨਸਾ, ਤ੍ਰਿਸ਼ਨਾ, ਮਾਇਆ ਮੋਹ ਵਿੱਚੋਂ ਮੁਕਤ ਹੋ ਜਾਂਦਾ ਹੈ ਤੇ ਪ੍ਰਮਾਤਮਾ ਨਾਲ ਮਿਲਣ ਦੀ ਉਸ ਦੀ ਆਸ ਪੂਰੀ ਹੋ ਜਾਂਦੀ ਹੈ ਜਿਸ ਦੁਆਰਾ ਸੱਚੇ ਗੁਰੂ ਦੀ ਸ਼ਰਨ ਮਿਲ ਜਾਂਦੀ ਹੈ। **(ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ ਤ੍ਰਿਪਤਿ ਰਹੇ ਆਘਾਈ ॥ ਕਹੁ ਨਾਨਕ ਮੇਰੀ ਆਸਾ ਪੂਰੀ ਸਤਿਗੁਰ ਕੀ ਸਰਣਾਈ ॥੪॥੪॥)**

ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਿਆ ਸੀ ਕਿ ਜੋ ਸਾਡੇ ਅੰਦਰ ਨਾਮ ਦਾ ਵੱਸਣਾ ਹੈ ਉਹੀ ਸਾਧ ਸੰਗਤ ਦਾ ਵੱਸਣਾ ਹੈ। ਦੋਨਾਂ ਤੋਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੀ ਹੈ ਜਿਸ ਦੁਆਰਾ ਮਨੁੱਖ ਆਵਾਗਉਣ ਵਿੱਚੋਂ ਨਿਕਲਦਾ ਹੈ। ਇਹੀ ਸਾਡੇ ਅੰਦਰ ਹਰਿ ਰਸ ਦਾ ਚੱਖਣਾ ਭਾਵ ਸਾਡੇ ਅੰਦਰ ਪ੍ਰਮਾਤਮਾ ਦੀ ਸੱਚੀ ਮਤਿ ਦਾ ਪ੍ਰਗਾਸ ਹੈ, ਸਾਡੇ ਅੰਦਰ ਕਮਲ ਦਾ ਸਿੱਧਾ ਹੋਣਾ ਹੈ, ਕਮਲ ਦਾ ਖਿੜਨਾ ਹੈ। ਆਉ ਇਹਨਾਂ ਸਾਰੀਆ ਗੱਲਾਂ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਦ੍ਰਿੜ ਕਰੀਏ।

ਬਿਲਾਵਲੁ ਮਹਲਾ ੫ ॥

“ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ ॥
ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ ॥੧॥
ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥
ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ ॥
ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥
ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥
ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥
ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥
ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥੧੩॥੪੩॥”

(ਅੰਗ - ੮੧੧)

ਸਾਡੇ ਅੰਦਰ ਸਾਧ ਸੰਗਤ ਦਾ ਵੱਸਣਾ ਕੀ ਹੈ ਇਹ ਸਾਡੇ ਅੰਦਰੋਂ ਸਾਰੇ ਦੁੱਖਾਂ ਵਿਕਾਰਾਂ ਦਾ ਨਾਸ਼ ਹੋਣਾ, ਅਗਿਆਨਤਾ ਦਾ ਨਾਸ਼ ਹੋਣਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ, ਨਾਮ ਨਾਲ ਰੰਗਿਆ ਜਾਂਦਾ ਹੈ। ਇਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜਿਸ ਨਾਲ ਮਨੁੱਖ ਫਿਰ ਗਰਭ ਜੋਨ ਵਿੱਚ ਨਹੀਂ ਪੈਂਦਾ ਭਾਵ ਆਵਾਗਉਣ ਤੋਂ ਮੁਕਤ ਹੋ ਜਾਂਦਾ ਹੈ। ਨਾਮ ਮਿਲਣ ਤੋਂ ਪਹਿਲਾਂ ਅਸੀਂ ਇਹ

12/1171

ਨਹੀਂ ਕਹਿ ਸਕਦੇ ਕਿ ਨਾਮ ਕੀ ਹੈ ਭਾਵ ਪ੍ਰਮਾਤਮਾ ਕੀ ਹੈ। ਪ੍ਰਮਾਤਮਾ ਦੀ ਸੋਝੀ ਪੈਣ ਨਾਲ, ਮਨ ਵਿੱਚ ਸੱਚਾ ਗਿਆਨ ਉਪਜਣ ਨਾਲ ਮਨੁੱਖ ਦਾ ਮਨ ਤਨ ਪਵਿੱਤਰ ਹੋ ਜਾਂਦਾ ਹੈ ਤੇ ਇਸ ਅਵੱਸਥਾ ਦੁਆਰਾ ਹੀ, ਨਿਰਮਲ ਹੋਣ ਦੁਆਰਾ ਹੀ ਮਨੁੱਖ ਪ੍ਰਮਾਤਮਾ ਨੂੰ ਜਪਦਾ ਹੈ ਭਾਵ ਉਸ ਅਨੁਸਾਰ ਵਿਚਰਦਾ ਹੈ।

(ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ ॥ ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ ॥੧॥ ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ ॥)

ਸਾਧ ਸੰਗਤ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਮਨ ਤਨ ਨਿਰਮਲ ਕਿਵੇਂ ਹੁੰਦਾ ਹੈ, ਪਵਿੱਤਰ ਕਿਵੇਂ ਹੁੰਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥

ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥”

ਹੁਣ ਹਰਿ ਰਸ ਚੱਖਣਾ ਕੀ ਹੈ ਇਸ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹ ਮਨ ਦੇ ਮਾਨਣ ਦਾ ਰਸ ਹੈ ਜਿਸ ਦੁਆਰਾ ਮਨੁੱਖ ਦੀ ਤ੍ਰਿਪਤੀ ਹੁੰਦੀ ਹੈ, ਤ੍ਰਿਸ਼ਨਾ ਤੋਂ ਮੁਕਤੀ ਹੁੰਦੀ ਹੈ। ਸਾਡੀ ਅਸਲ ਖੁਸ਼ੀ ਇਸ ਮਨ ਦੀ ਸ਼ਾਂਤੀ ਨਾਲ ਹੈ ਤੇ ਮਾਇਆ ਮੋਹ, ਤ੍ਰਿਸ਼ਨਾ ਸਾਨੂੰ ਰੁਆਉਂਦਾ ਹੀ ਹੈ। ਦੁਨਿਆਵੀਂ ਤੌਰ ਤੇ ਭਾਵੇਂ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਉਸ ਵਿੱਚ ਆਪਣੀ ਤ੍ਰਿਪਤੀ ਸਮਝਦੇ ਹਾਂ ਪਰ ਉਸ ਪ੍ਰਮਾਤਮਾ ਦੇ ਦਰਬਾਰ ਵਿੱਚ ਸਾਡੇ ਰੋਣੇ ਦਾ ਕਾਰਨ ਤ੍ਰਿਸ਼ਨਾ ਹੀ ਹੈ। ਉਸ ਦੇ ਦਰਬਾਰ ਵਿੱਚ ਜੇਕਰ ਅਸੀਂ ਹੱਸਣਾ ਚਾਹੁੰਦੇ ਹਾਂ ਤਾਂ ਫਿਰ ਇਹ ਹਰਿ ਰਸ ਦੀ ਪ੍ਰਾਪਤੀ ਦੁਆਰਾ ਹੀ ਸੰਭਵ ਹੈ ਜਿਸ ਦੁਆਰਾ ਸਾਡਾ ਜਨਮ ਜਨਮ ਦਾ ਰੋਣਾ ਮੁੱਕ ਜਾਂਦਾ ਹੈ। ਸਾਧ ਸੰਗ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਇਹ ਵਿੱਚ ਹੀ ਸਮਝਾਇਆ ਹੋਇਆ ਹੈ। ਇਹ ਸਾਡੀ ਮਤਿ ਦਾ, ਬੁਧਿ ਦਾ ਪ੍ਰਗਾਸ ਹੈ। ਸਾਡੀ ਉਲਟੀ ਮਤਿ, ਪੁੱਠੀ ਮਤਿ ਭਾਵ ਮਨਮਤਿ, ਤ੍ਰੈਗੁਣਾਂ ਵਾਲੀ ਮਤਿ

12/1172

ਮਨ ਦੇ ਵਿੱਚ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਪ੍ਰਗਾਸ ਨਾਲ, ਪ੍ਰਗਟ ਹੋਣ ਨਾਲ ਸਿੱਧੀ ਹੋ ਜਾਂਦੀ ਹੈ। ਪੁੱਠਾ ਕਮਲ ਸਾਡੀ ਮਨਮਤਿ ਹੈ ਤੇ ਸਿੱਧਾ ਕਮਲ ਗੁਰਮਤਿ ਹੈ। ਪੁੱਠਾ ਕਮਲ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਸਿੱਧਾ ਕਮਲ, ਖਿੜਿਆ ਹੋਇਆ ਕਮਲ ਚੌਥੇ ਪਦ ਵਾਲੀ ਅਵੱਸਥਾ ਹੈ। ਬਸ ਇੱਥੇ ਹੀ ਸਾਰਾ ਭੇਦ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਉਹ ਆਪ ਹੀ ਹਰਿ ਰਸ ਹੈ, ਉਹ ਆਪ ਹੀ ਸਾਧ ਹੈ, ਉਹ ਆਪ ਹੀ ਨਾਮ ਹੈ, ਉਹ ਆਪ ਹੀ ਕਮਲ ਦਾ ਪ੍ਰਗਾਸ ਹੈ। ਉਹ ਸਭ ਕੁੱਝ ਆਪ ਹੀ ਹੈ ਤੇ ਬਿਨ੍ਹਾਂ ਉਸ ਦੀ ਰਜ਼ਾ ਤੋਂ ਉਸਨੂੰ ਕੋਈ ਨਹੀਂ ਜਾਣ ਸਕਦਾ। ਉਸ ਦੀ ਪ੍ਰਾਪਤੀ ਹੀ ਸਾਨੂੰ ਅਗਿਆਨਤਾ ਦੀ ਅਗਨਿ ਵਿੱਚੋਂ ਕੱਢ ਕੇ, ਸੀਤਲ ਕਰਦੀ ਹੈ, ਸਾਡੀ ਤ੍ਰਿਸ਼ਨਾ ਬੁਝਾਉਂਦੀ ਹੈ, ਮਨ ਵਿੱਚ ਸੰਤੋਖ ਵੱਸਦਾ ਹੈ, ਮਨ ਦੀ ਦੌੜ ਮੁੱਕ ਜਾਂਦੀ ਹੈ ਤੇ ਮਨੁੱਖ ਦਾ ਉਸ ਪਵਿੱਤਰ ਅਸਥਾਨ ਤੇ ਵਾਸਾ ਹੋ ਜਾਂਦਾ ਹੈ, ਸੱਚੇ ਦੇ ਮਨ ਵਿੱਚ ਵਾਸ ਹੋ ਜਾਂਦਾ ਹੈ। **(ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ॥ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ॥3॥)** ਜਿਸ ਨੂੰ ਪ੍ਰਮਾਤਮਾ ਨੇ ਰੱਖਣਾ ਹੁੰਦਾ ਹੈ ਉਸ ਨੂੰ ਉਸ ਦੀ ਅਗਿਆਨਤਾ ਦੂਰ ਕਰਕੇ ਹੀ ਰੱਖਦਾ ਹੈ, ਆਪਣਾ ਮੇਲ ਬਖਸ਼ ਕੇ ਰੱਖਦਾ ਹੈ ਤੇ ਉਹ ਆਪਣੇ ਮੇਲ ਦੀ ਕਿਰਪਾ ਮਨੁੱਖ ਦਾ ਭਰਮ ਤੋੜ ਕੇ ਹੀ, ਅਗਿਆਨਤਾ ਨੂੰ ਭਸਮ ਕਰਕੇ ਹੀ ਕਰਦਾ ਹੈ। **(ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ॥)**

ਮਨ ਦੇ ਭਰਮ ਭਾਵ ਅਗਿਆਨਤਾ ਸਾਡੀ ਬੁਧਿ ਵਿੱਚ ਪ੍ਰਕਾਸ਼ ਦੁਆਰਾ ਹੀ ਜਾਂਦੀ ਹੈ, ਕਮਲ ਸਿੱਧਾ ਹੋਣ ਨਾਲ ਹੀ ਜਾਂਦੀ ਹੈ, ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਜਾਂਦੀ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਹੀ, ਸੱਚੇ ਗੁਣਾਂ ਦਾ ਗਿਆਨ ਹੀ ਉਸ ਦਾ ਨਾਮ ਨਿਧਾਨ ਹੈ ਤੇ ਮਨ ਦੇ ਵਿੱਚ ਇਸ ਨਾਮ ਨਿਧਾਨ ਦੇ ਦਰਸ਼ਨ ਹੀ ਉਸ ਸਾਧ ਦੇ ਦਰਸ਼ਨ ਹਨ, ਉਸ ਸਾਧ ਨਾਲ ਸੰਗਤ ਹੈ, ਪ੍ਰਮਾਤਮਾ ਦੇ ਦਰਸ਼ਨ ਹਨ,

12/1173

ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਸੰਗਤ ਹੈ, ਸੱਚ ਦੀ ਸੰਗਤ ਹੈ, ਸਤਿ ਸੰਗਤ ਹੈ ਜਿਸ ਦੁਆਰਾ ਮਨੁੱਖ ਨੂੰ ਸੱਚੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। **(ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ॥੪॥੧॥੪੩॥)**

ਆਓ ਹੁਣ ਅਗਲਾ ਸ਼ਬਦ ਵਿਚਾਰੀਏ। ਸ਼ਬਦ ਦੀਆਂ ਕੇਵਲ ਪਹਿਲੀਆਂ ਪੰਗਤੀਆਂ ਤੇ ਆਖਰੀ ਪੰਗਤੀਆਂ ਵਿਚਾਰੀਆਂ ਜਾ ਰਹੀਆ ਹਨ। ਸਾਰੀ ਗੱਲ ਮਨ ਦੀ ਹੈ, ਮਨ ਦੇ ਵਿੱਚ ਪ੍ਰਮਾਤਮਾ ਨੂੰ ਵੇਖਣ ਦੀ ਹੈ। ਪਹਿਲੀਆਂ ਪੰਗਤੀਆਂ ਵਿੱਚ ਹਰਿ ਰਸ ਦੀ ਪ੍ਰਾਪਤੀ ਦੁਆਰਾ ਮਨ ਦੀ ਗੱਲ ਸਮਝਾਈ ਹੋਈ ਹੈ ਤੇ ਸ਼ਬਦ ਦੀਆਂ ਆਖਰੀ ਪੰਗਤੀਆਂ ਵਿੱਚ ਉਹੀ ਗੱਲ ਅੰਮ੍ਰਿਤ ਰਸ ਦੀ ਪ੍ਰਾਪਤੀ ਦੁਆਰਾ ਸਮਝਾਈ ਹੋਈ ਹੈ।

ਮਾਰੂ ਮਹਲਾ ੧ ॥

“ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥
ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥
ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥”

(ਅੰਗ - ੧੦੪੧)

“ਨਿਰਭਉ ਸੋ ਅਭ ਅੰਤਰਿ ਵਸਿਆ ॥ ਅਹਿਨਿਸਿ ਨਾਮਿ ਨਿਰੰਜਨ ਰਸਿਆ ॥
ਨਾਨਕ ਹਰਿ ਜਸੁ ਸੰਗਤਿ ਪਾਈਐ ਹਰਿ ਸਹਜੇ ਸਹਜਿ ਮਿਲਾਇਆ ॥੧੪॥
ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥ ਰਹੈ ਅਲਿਪਤੁ ਚਲਤੇ ਘਰਿ ਆਣੈ ॥
ਊਪਰਿ ਆਦਿ ਸਰਬ ਤਿਹੁ ਲੋਈ ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥੧੫॥੪॥੨੧॥”

(ਅੰਗ - ੧੦੪੨)

ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਤੇ ਜਾਣੋ ਕਿ ਹਰਿ ਰਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਆਪਣਾ ਘਰ ਬਣਾਈ ਬੈਠੇ ਹਨ, ਜਦ ਤੱਕ ਸਾਡੇ ਅੰਦਰ ਕਾਮ, ਕ੍ਰੋਧ, ਨਿੰਦਾ, ਲਬ, ਲੋਭ ਆਦਿ ਵਿਕਾਰ ਹਨ ਤਦ ਤੱਕ ਮਨੁੱਖ ਨਿਸ਼ਚਿਤ ਕਿਵੇਂ ਹੋ ਸਕਦਾ ਹੈ, ਉਸਦੀ ਚਿੰਤਾ ਕਿਵੇਂ ਜਾ ਸਕਦੀ ਹੈ। ਜਦ ਤੱਕ ਮਨੁੱਖ ਮਾਇਆ ਮੋਹ ਦੀ ਚਿੰਤਾ ਵਿੱਚ ਹੈ ਤਦ ਤੱਕ

12/1174

ਪ੍ਰਮਾਤਮਾ ਨੂੰ ਮਿਲਣ ਦੀ ਚਿੰਤਾ ਨਹੀਂ ਵੱਸਦੀ। ਸਾਡੇ ਮਨ ਦੀ ਚਿੰਤਾ ਹੀ ਸਾਡੇ ਮਨ ਦੀ ਬਿਰਤੀ ਹੈ, ਸਾਡੇ ਮਨ ਦਾ ਸਿਮਰਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ । ਮਾਇਆ ਮੋਹ ਨੂੰ ਸਿਮਰਦੇ ਹੋਏ, ਜਪਦੇ ਹੋਏ ਅਸੀਂ ਪ੍ਰਮਾਤਮਾ ਨੂੰ ਨਹੀਂ ਜਪਦੇ, ਉਸਦੀ ਸੱਚੀ ਮਤਿ ਨੂੰ ਨਹੀਂ ਜਪਦੇ, ਮਨ ਦੇ ਵਿੱਚ ਉਸਦੇ ਹਰਿ ਰਸ ਨੂੰ ਨਹੀਂ ਜਪਦੇ। ਜਦ ਤੱਕ ਮਨੁੱਖ ਅਗਿਆਨਤਾ ਵਿੱਚ ਹੈ ਭਾਵ ਜਦ ਤੱਕ ਮਨੁੱਖ ਸੱਚੇ ਗਿਆਨ ਤੋਂ ਵਿਛੜਿਆ ਹੋਇਆ ਹੈ ਉਹ ਸੰਸਾਰਿਕ ਬੰਧਨਾਂ ਤੋਂ ਨਿਰਾਲਾ ਨਹੀਂ ਹੋ ਸਕਦਾ। ਭਗਤੀ ਦਾ ਮਾਰਗ ਨਿਰਾਲਾ ਹੈ ਤੇ ਉਹ ਅਵੱਸਥਾ ਮਨੁੱਖ ਦੀ ਤਾਂ ਹੀ ਬਣਦੀ ਹੈ ਜਦੋਂ ਉਸ ਦੀ ਭਰਮ ਦੀ ਬੇੜੀ ਟੁੱਟ ਜਾਂਦੀ ਹੈ। ਭਰਮ ਦੀ ਬੇੜੀ ਨੂੰ ਹਰਿ ਰਸ ਹੀ ਤੋੜਦਾ ਹੈ, ਮਨ ਵਿੱਚ ਸੱਚਾ ਗਿਆਨ ਵੱਸਣ ਦੁਆਰਾ ਹੀ ਮਨੁੱਖ ਭਰਮ ਦੇ ਬੰਧਨ ਵਿੱਚੋਂ ਨਿਕਲਦਾ ਹੈ।

(ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ॥੧॥)

ਇਹ ਹਰਿ ਰਸ ਸਾਡੇ ਅੰਦਰ ਕਿਵੇਂ ਪੈਂਦਾ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਆਪਣਾ ਹਰਿ ਰਸ ਕਿਵੇਂ ਪਾਉਂਦਾ ਹੈ, ਇਹ ਨਾਲ ਹੀ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

"ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ॥
ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ॥੨॥"

ਇਹ ਹਰਿ ਰਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਇਸ ਗੱਲ ਨੂੰ ਦੁਨਿਆਵੀਂ ਪ੍ਰਮਾਣ ਦੁਆਰਾ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਰਾਤ ਦੇ ਹਨੇਰੇ ਵਿੱਚ ਜਦੋਂ ਬਿਜਲੀ ਚਮਕਦੀ ਹੈ ਤਾਂ ਹਨੇਰਾ ਅਚਾਨਕ ਦੂਰ ਹੋ ਜਾਂਦਾ ਹੈ। ਇਸ ਦੁਆਰਾ ਸਾਡੇ ਮਨ ਦਾ ਪ੍ਰਕਾਸ਼ ਸਮਝਾਇਆ ਹੋਇਆ ਹੈ, ਸਾਡੇ ਅੰਦਰ ਜੋਤ ਦਾ ਪ੍ਰਕਾਸ਼ ਸਮਝਾਇਆ ਹੋਇਆ ਹੈ। ਸਾਡੇ

12/1175

ਅੰਦਰ ਜੋਤਿ ਦੇ ਪ੍ਰਕਾਸ਼ ਤੋਂ ਪਹਿਲਾਂ ਅਗਿਆਨਤਾ ਦੀ ਅਵੱਸਥਾ ਹੁੰਦੀ ਹੈ, ਅਗਿਆਨਤਾ ਦਾ ਹਨੇਰਾ ਹੁੰਦਾ ਹੈ। ਜੋਤਿ ਦਾ ਪ੍ਰਕਾਸ਼ ਇੱਕ ਬਿਜਲੀ ਦੀ ਚਮਕ ਦੀ ਤਰ੍ਹਾਂ ਹੈ ਜੋ ਸਾਨੂੰ ਖਿਨ ਦੇ ਵਿੱਚ ਅਗਿਆਨਤਾ ਵਿੱਚੋਂ ਕੱਢ ਦਿੰਦਾ ਹੈ। ਪ੍ਰਮਾਤਮਾ ਦੀ ਜੋਤਿ ਸਾਡੇ ਅੰਦਰ, ਸਭ ਦੇ ਅੰਦਰ ਨਿਰੰਤਰ ਵਰਤ ਰਹੀ ਹੈ, ਗੁਪਤ ਰੂਪ ਵਿੱਚ ਵਰਤ ਰਹੀ ਹੈ ਪਰ ਸਾਨੂੰ ਉਸਦੀ ਸੋਝੀ ਨਹੀਂ ਪੈਂਦੀ। ਸਾਨੂੰ ਅਗਿਆਨਤਾ ਵਿੱਚ ਰੱਖਣ ਵਿੱਚ, ਤ੍ਰੈਗੁਣਾਂ ਵਿੱਚ ਰੱਖਣ ਵਿੱਚ ਵੀ ਜੋਤਿ ਆਪ ਹੀ ਹੈ। ਜੋਤਿ ਆਪ ਹੀ ਆਪਣਾ ਪ੍ਰਕਾਸ਼ ਕਰਦੀ ਹੈ, ਆਪਣੇ ਆਪ ਨੂੰ ਪ੍ਰਗਟ ਕਰਦੀ ਹੈ ਤੇ ਉਸ ਤੋਂ ਬਾਅਦ ਮਨੁੱਖ ਅੱਠੇ ਪਹਿਰ, ਹਰ ਵੇਲੇ ਉਸ ਜੋਤਿ ਨੂੰ ਹੀ ਦੇਖਦਾ ਹੈ, ਆਪਣੇ ਮਾਰਗ ਦੀ ਸੋਝੀ ਪ੍ਰਮਾਤਮਾ ਦੀ ਜੋਤਿ ਦੁਆਰਾ ਹੀ ਲੈਂਦਾ ਹੈ ਭਾਵ ਉਸਦੀ ਆਪਣੀ ਹਉਮੈ ਮਿਟ ਜਾਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਾਨੂੰ ਚਲਾਉਣ ਵਾਲਾ ਆਪ ਪ੍ਰਮਾਤਮਾ ਹੈ ਜੋ ਅੰਦਰ ਬੈਠਾ ਹਰ ਕਿਸੇ ਨੂੰ ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। "**ਆਨੰਦ ਰੂਪੁ**" ਉਸਦਾ ਗਿਆਨ ਰੂਪ ਹੈ ਤੇ ਇਹੀ ਉਸਦਾ ਸੁੰਦਰ ਰੂਪ ਹੈ ਜਿਸ ਨੂੰ ਕੇਵਲ ਮਨ ਦੀਆਂ ਅੱਖਾਂ ਦੁਆਰਾ, ਸੱਚੇ ਗਿਆਨ ਦੀਆਂ ਅੱਖਾਂ ਦੁਆਰਾ, ਉਸ ਦੀਆਂ ਆਪਣੀਆਂ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ। ਸਾਰੀ ਸ੍ਰਿਸ਼ਟੀ, ਹਰ ਇੱਕ ਵਸਤੂ, ਸਾਰੀ ਸ੍ਰਿਸ਼ਟੀ ਦੀ ਖੂਬਸੂਰਤੀ, ਖੰਡਾਂ ਬ੍ਰਹਿਮੰਡਾਂ ਦੀ ਖੂਬਸੂਰਤੀ ਸਭ ਕੁੱਝ ਉਸ ਦੇ ਗਿਆਨ ਦੀ ਉਪਜ ਹੈ। ਉਸਦੀ ਬਣਾਈ ਹਰ ਇੱਕ ਵਸਤੂ ਅਨੂਪ ਸਰੂਪ ਹੈ ਜਿਸ ਨੂੰ ਕੋਈ ਬਿਆਨ ਨਹੀਂ ਕਰ ਸਕਦਾ। ਉਸਦੀ ਸਿਰਜੀ ਹੋਈ ਹਰ ਵਸਤੂ ਆਪਣੇ ਗੁਣਾਂ ਦੁਆਰਾ ਅਨੂਪ ਹੈ। ਉਹ ਆਪਣਾ ਸੁੰਦਰ ਰੂਪ ਆਪ ਹੀ ਦਿਖਾਉਂਦਾ ਹੈ ਤੇ ਸੋਝੀ ਪੈਂਦੀ ਹੈ ਕਿ ਜੋ ਕੁੱਝ ਵੀ ਅਸੀਂ ਦੇਖਦੇ ਹਾਂ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਉਹ ਬਹੁਤ ਬਹੁਤ ਅਨੂਪ ਹੈ ਜੋ ਕਿ ਮਨੁੱਖ ਦੇ ਵਰਣਨ ਤੋਂ ਬਾਹਰ ਹੈ।

ਆਓ ਹੁਣ ਉਪਰਲੇ ਪਦੇ ਵਿੱਚ ਸਮਝਾਈ ਹੋਈ ਗੱਲ ਨੂੰ ਸ਼ਬਦ ਦੇ ਆਖਰੀ ਪਦਿਆਂ ਦੁਆਰਾ ਸਮਝੀਏ।

12/1176

ਸ਼ਬਦ ਦਾ ਭਾਵ ਇੱਕ ਹੀ ਹੁੰਦਾ ਹੈ ਪਰ ਸਮਝ ਤਾਂ ਪੈਂਦੀ ਹੈ ਜਦੋਂ ਸਾਨੂੰ ਬਾਣੀ ਦਾ ਸਿਧਾਂਤ ਸਮਝ ਪੈ ਜਾਵੇ। ਗੁਰਬਾਣੀ ਚੌਥੇ ਪਦ ਵਿੱਚ ਹੈ ਤੇ ਤੁਸੀਂ ਹੁਣ ਤੱਕ ਇਸ ਗੱਲ ਨੂੰ ਸਮਝਿਆ ਹੋਵੇਗਾ ਕਿ ਮਨ ਦੀ ਸੋਝੀ ਆਏ ਬਿਨ੍ਹਾਂ ਗੁਰਬਾਣੀ ਦੀ ਸੋਝੀ ਪੈ ਹੀ ਨਹੀਂ ਸਕਦੀ, ਗੁਰਬਾਣੀ ਦਾ ਸਿਧਾਂਤ ਸਮਝ ਆ ਹੀ ਨਹੀਂ ਸਕਦਾ। ਸਾਰੀ ਗੁਰਬਾਣੀ ਚੌਥੇ ਪਦ ਦੇ ਗਿਆਨ ਨਾਲ ਜੁੜੀ ਹੋਈ ਹੈ, ਮਨ ਦੇ ਸੱਚੇ ਗਿਆਨ ਨਾਲ ਜੁੜੀ ਹੋਈ ਹੈ। ਮਨ ਵਿੱਚ ਸੱਚਾ ਗਿਆਨ ਉਪਜੇ ਬਿਨ੍ਹਾਂ, ਮਨ ਦੀ ਸੋਝੀ ਪਏ ਬਿਨ੍ਹਾਂ ਅਸੀਂ ਨਹੀਂ ਜਾਣ ਸਕਦੇ ਕਿ ਇਹ ਗਿਆਨ ਕੀ ਹੈ, ਗਿਆਨ ਦਾ ਸ੍ਰੋਤ ਕੀ ਹੈ।

{ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥੧॥}

(ਅੰਗ ੬੪੭)

ਮਨ ਦੇ ਦਰਸ਼ਨ ਪ੍ਰਮਾਤਮਾ ਦੇ ਦਰਸ਼ਨ ਹਨ, ਨਾਮ ਦੇ ਦਰਸ਼ਨ ਹਨ। ਨਾਮ ਹੀ ਆਪ ਗੁਰਬਾਣੀ ਹੈ, ਆਪ ਪ੍ਰਮਾਤਮਾ ਹੈ। ਨਾਮ ਦੇ ਦਰਸ਼ਨ ਹੀ ਸਾਨੂੰ ਗੁਰਬਾਣੀ ਦਾ ਦਰਸ਼ਨ ਕਰਵਾ ਸਕਦੇ ਹਨ, ਸਾਨੂੰ ਗੁਰਬਾਣੀ ਦੀ ਸੱਚੀ ਸੋਝੀ ਪਾ ਸਕਦੇ ਹਨ। ਸ਼ਬਦ ਦੇ ਆਖਰੀ ਪਦੇ ਦੇ ਬੋਲ ਸਾਨੂੰ ਕੀ ਦਰਸ਼ਨ ਕਰਵਾ ਰਹੇ ਹਨ, ਉਹ ਇਸ ਪ੍ਰਕਾਰ ਹੈ।

“ਨਿਰਭਉ ਸੋ ਅਭ ਅੰਤਰਿ ਵਸਿਆ ॥ ਅਹਿਨਿਸਿ ਨਾਮਿ ਨਿਰੰਜਨ ਰਸਿਆ ॥

ਨਾਨਕ ਹਰਿ ਜਸੁ ਸੰਗਤਿ ਪਾਈਐ ਹਰਿ ਸਹਜੇ ਸਹਜਿ ਮਿਲਾਇਆ ॥੧੪॥

ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥ ਰਹੈ ਅਲਿਪਤੁ ਚਲਤੇ ਘਰਿ ਆਣੈ ॥

ਊਪਰਿ ਆਦਿ ਸਰਬ ਤਿਹੁ ਲੋਈ ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥੧੫॥੪॥੨੧॥”

ਸ਼ਬਦ ਦੇ ਪਹਿਲੇ ਪਦਿਆਂ ਵਿੱਚ ਪ੍ਰਮਾਤਮਾ ਦੀ ਪ੍ਰਾਪਤੀ ਮਨ ਦੇ ਵਿੱਚ ਹਰਿ ਰਸ ਦੀ ਪ੍ਰਾਪਤੀ ਦੁਆਰਾ ਦੱਸੀ ਹੋਈ ਹੈ ਤੇ ਉਹੀ ਪ੍ਰਾਪਤੀ ਨੂੰ ਪ੍ਰਮਾਤਮਾ ਦਾ ਰੂਪ ਕਹਿ ਕੇ ਉੱਪਰ ਵਾਲੇ ਪਦੇ ਰਾਹੀਂ ਦੱਸਿਆ ਹੋਇਆ ਹੈ। **(ਨਿਰਭਉ ਸੋ ਅਭ ਅੰਤਰਿ ਵਸਿਆ॥)** ਭਾਵ ਪ੍ਰਮਾਤਮਾ ਦਾ ਸਾਡੇ ਅੰਦਰ ਵੱਸਣਾ

12/1177

ਜਾਂ ਮਨ ਦੇ ਵਿੱਚ ਹਰਿ ਰਸ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ। ਪਹਿਲੇ ਪਦਿਆਂ ਵਿੱਚ ਮਨ ਦੇ ਵਿੱਚ ਦਿਨ ਰਾਤ ਜੋਤਿ ਨੂੰ ਵੇਖਣ ਦੀ ਗੱਲ ਕੀਤੀ ਹੋਈ ਹੈ। **(ਅਹਿਨਿਸਿ ਜੋਤਿ ਨਿਰੰਤਰਿ ਪੇਖੈ॥)** ਤੇ ਆਖਰੀ ਪਦਿਆਂ ਵਿੱਚ ਦਿਨ ਰਾਤ ਪ੍ਰਮਾਤਮਾ ਦੇ ਨਾਮ ਵਿੱਚ ਰਚਣ ਦੀ ਗੱਲ ਕੀਤੀ ਹੋਈ ਹੈ। **(ਅਹਿਨਿਸਿ ਨਾਮਿ ਨਿਰੰਜਨ ਰਸਿਆ॥)** ਜੋ ਜੋਤਿ ਹੈ, ਉਹੀ ਨਾਮ ਹੈ, ਦੋਨਾਂ ਤੋਂ

ਭਾਵ ਪ੍ਰਮਾਤਮਾ ਦੇ ਨਾਲ ਹੀ ਹੈ, ਉਸਦੇ ਸੱਚੇ ਗਿਆਨ ਦੇ ਨਾਲ ਹੀ ਹੈ। ਨਾਮ ਦੀ ਪ੍ਰਾਪਤੀ ਦੁਆਰਾ ਹੀ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ ਭਾਵ ਉਸਦੀ ਸੱਚੀ ਸੋਝੀ ਪੈਣ ਦੇ ਨਾਲ ਹੀ ਉਸ ਦੀ ਸੱਚੀ ਉਸਤਤਿ ਹੁੰਦੀ ਹੈ। ਨਾਮ ਦੀ, ਪ੍ਰਮਾਤਮਾ ਦੀ, ਗੁਰੂ ਦੀ ਭਾਵ ਉਸ ਦੀ ਸੱਚੀ ਮਤਿ ਦੀ ਸੰਗਤ ਮਨ ਦੇ ਵਿੱਚ ਹੀ ਹੁੰਦੀ ਹੈ ਤੇ ਹੋਰ ਕੋਈ ਜਗ੍ਹਾ ਨਹੀਂ ਹੈ। ਉਸ ਦੀ ਸੱਚੀ ਸੰਗਤ ਸਾਡੀ ਸਹਜ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। **(ਨਾਨਕ ਹਰਿ ਜਸੁ ਸੰਗਤਿ ਪਾਈਐ ਹਰਿ ਸਹਜੇ ਸਹਜਿ ਮਿਲਾਇਆ॥੧੪॥)** ਪ੍ਰਮਾਤਮਾ ਦੇ ਨਾਲ ਮੇਲ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦਾ ਹੈ ਤੇ ਉੱਥੇ ਹੀ ਪ੍ਰਮਾਤਮਾ ਦੇ ਨਾਲ ਸੰਗਤ ਹੁੰਦੀ ਹੈ, ਸਤਿਸੰਗਤ ਹੁੰਦੀ ਹੈ। ਪਹਿਲੇ ਸੰਗਤ ਅਸੀਂ ਗੁਰਬਾਣੀ ਰੂਪ ਗੁਰੂ ਨਾਲ ਕਰਨੀ ਹੈ, ਉਸ ਦੀ ਮਤਿ ਦੇ ਨਾਲ ਕਰਨੀ ਹੈ, ਉਸ ਦੇ ਬਚਨਾਂ ਦੇ ਨਾਲ ਕਰਨੀ ਹੈ ਭਾਵ ਗੁਰੂ ਦੇ ਬਚਨਾਂ ਨੂੰ ਸਮਝਕੇ ਤਨੋਂ ਮਨੋਂ ਉਸ ਤੇ ਚੱਲਣ ਦਾ ਉੱਦਮ ਕਰਨਾ ਹੈ। ਗੁਰੂ ਦੇ ਬਚਨਾਂ ਦੀ ਸੰਗਤ ਤੋਂ ਬਿਨ੍ਹਾਂ, ਕਿਸੇ ਹੋਰ ਦੇ ਬਚਨਾਂ ਦੀ ਸੰਗਤ ਨਹੀਂ ਕਰਨੀ ਜੋ ਗੁਰੂ ਦੇ ਬਚਨਾਂ ਤੇ ਖਰੇ ਨਹੀਂ ਉਤਰਦੇ। ਅਸੀਂ ਕੇਵਲ ਉੱਦਮ ਹੀ ਕਰਨਾ ਹੈ ਤੇ ਜਦੋਂ ਉਸ ਦੀ ਕ੍ਰਿਪਾ ਹੋਵੇਗੀ ਉਹ ਮਨ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣੀ ਸੱਚੀ ਸੰਗਤ ਬਖ਼ਸ਼ ਦੇਵੇਗਾ। ਸਭ ਤੋਂ ਵੱਡੀ ਗੱਲ ਗੁਰੂ ਦੇ ਬਚਨਾਂ ਤੇ ਭਰੋਸਾ ਰੱਖਣ ਦੀ ਹੈ ਤੇ ਗੁਰੂ

ਦੇ ਬਚਨਾਂ ਤੇ ਭਰੋਸਾ ਰੱਖਣਾ ਹੀ ਗੁਰੂ ਤੇ ਭਰੋਸਾ ਰੱਖਣਾ ਹੈ, ਗੁਰੂ ਨਾਲ ਆਪਣਾ ਪਿਆਰ ਜਤਾਉਣਾ ਹੈ। ਜਦੋਂ ਉਸ ਦੀ ਕ੍ਰਿਪਾ ਹੋ ਜਾਂਦੀ ਹੈ ਤਾਂ ਫਿਰ ਮਨ ਦੇ ਅੰਦਰ ਤੇ ਬਾਹਰ ਸਭ ਜਗ੍ਹਾ ਜੋ ਵੀ ਨਜ਼ਰ ਆਉਂਦਾ ਹੈ ਸਭ ਪ੍ਰਮਾਤਮਾ ਦਾ ਰੂਪ ਹੀ ਨਜ਼ਰ ਆਉਂਦਾ ਹੈ ਤੇ ਇਹੀ ਉਸ ਦੇ ਦਰਸ਼ਨ ਕਰਨੇ ਹਨ ਜੋ ਕਿ ਮਨ ਦੇ ਵਿੱਚ ਹੀ ਹੁੰਦੇ ਹਨ। **(ਅੰਤਰਿ ਬਾਹਰਿ ਸੋ ਪ੍ਰਭੁ ਜਾਣੈ॥)** ਮਨ ਵਿੱਚ ਇਹ ਸੱਚੀ ਸੋਝੀ ਪੈਣ ਦੁਆਰਾ ਹੀ ਮਨੁੱਖ ਮਾਇਆ ਮੋਹ ਤੋਂ ਅਲਿਪਤ ਹੋ ਕੇ ਵਿਚਰਦਾ ਹੈ। ਸਹਜ ਦਾ ਘਰ ਹੀ ਸਾਡਾ ਨਿਜ ਘਰ ਹੈ ਜਿੱਥੋਂ ਮਨੁੱਖ ਵਿਛੜਿਆ ਹੋਇਆ ਹੈ ਤੇ ਇਹੀ ਪ੍ਰਮਾਤਮਾ ਦਾ ਘਰ ਹੈ। **(ਰਹੈ ਅਲਿਪਤੁ ਚਲਤੇ ਘਰਿ ਆਣੈ॥)** ਸ਼ਬਦ ਦੇ ਪਹਿਲੇ ਪਦਿਆਂ ਵਿੱਚ ਹਰਿ ਰਸ ਦੀ ਪ੍ਰਾਪਤੀ ਦੀ ਗੱਲ ਕੀਤੀ ਗਈ ਸੀ ਤੇ ਆਖਰੀ ਪੰਗਤੀ ਵਿੱਚ ਉਸਨੂੰ ਅੰਮ੍ਰਿਤ ਰਸ ਕਹਿ ਕੇ ਸਮਝਾਇਆ ਹੈ। ਇਸੇ ਰਸ ਨੂੰ ਹੀ "**ਸਚੁ**" ਕਹਿ ਕੇ ਸਮਝਾਇਆ ਹੈ ਜਿਸ ਦੁਆਰਾ ਇਹ ਸੋਝੀ ਪੈਂਦੀ ਹੈ ਕਿ ਸਭ ਕੁਛ ਪ੍ਰਮਾਤਮਾ ਆਪ ਹੀ ਹੈ। ਸੋਝੀ ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ। **(ਊਪਰਿ ਆਦਿ ਸਰਬ ਤਿਹੁ ਲੋਈ ਸਚੁ ਨਾਨਕ ਅੰਮ੍ਰਿਤ ਰਸੁ ਪਾਇਆ॥੧੫॥੪॥੨੧॥)**

ਜੋ ਕੁੱਝ ਅਸੀਂ ਹਰਿ ਰਸ ਬਾਰੇ ਪਿਛਲੇ ਸ਼ਬਦ ਰਾਹੀਂ ਜਾਣਿਆ ਹੈ। ਆਉ ਹੁਣ ਉਹੀ ਗੱਲ ਦੂਸਰੇ ਸ਼ਬਦ ਰਾਹੀਂ ਜਾਣੀਏ। ਗੱਲ ਉਹੀ ਹੈ ਪਰ ਸਮਝਾਈ ਦੂਸਰੇ ਤਰੀਕੇ ਨਾਲ ਹੋਈ ਹੈ। ਜੇਕਰ ਸਾਨੂੰ ਪ੍ਰਿੰਸੀਪਲ ਦੀ ਸੋਝੀ ਪੈ ਗਈ ਹੈ ਤਾਂ ਫਿਰ ਸ਼ਬਦਾਂ ਦੀ ਸੋਝੀ ਆਸਾਨੀ ਨਾਲ ਪੈਂਦੀ ਜਾਵੇਗੀ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਮਹਲਾ ੫ ਛੰਤ ਘਰੁ ੧ ॥

“ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥

ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥

ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥

ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੂਸਟ ਓਇ ਭਾਗਿ ਗਇਆ ॥

ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥”

(ਅੰਗ - ੪੫੨)

12/1179

ਪਹਿਲੀ ਗੱਲ ਤਾਂ "ਅਨਦੁ" ਸਮਝਣ ਵਿੱਚ ਹੈ ਕਿ ਅਨਦੁ ਜਾਂ ਅਨੰਦ ਕਿਸ ਨੂੰ ਕਿਹਾ ਹੈ। ਜੋ ਅਨੰਦ ਅਸੀਂ ਪਿੱਛੇ ਸਮਝਿਆ ਹੈ ਉਸੇ ਅਨੰਦ ਦੀ ਗੱਲ ਇੱਥੇ ਕੀਤੀ ਹੋਈ ਹੈ, ਕੋਈ ਫ਼ਰਕ ਨਹੀਂ ਹੈ। ਅਨੰਦ ਪ੍ਰਮਾਤਮਾ ਦੀ ਸੱਚੀ ਮਤਿ ਹੈ, ਗੁਰਮਤਿ ਹੈ, ਪ੍ਰਮਾਤਮਾ ਆਪ ਹੈ॥ ਜੋ "ਨਾਮ" ਹੈ, ਉਹੀ "ਅਨੰਦ" ਹੈ, ਉਹੀ "ਹਰਿ ਰਸੁ" ਹੈ। ਸਿਰਫ਼ ਬਾਰੀਕੀ ਨਾਲ ਸਮਝਣ ਦੀ ਲੋੜ ਹੈ, ਧੀਰਜ ਨਾਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ ਕਿ ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਇਸੇ ਤਰ੍ਹਾਂ ਆਪਣਾ ਅਨੰਦ ਪ੍ਰਮਾਤਮਾ ਆਪ ਹੀ ਦਿੰਦਾ ਹੈ। "ਅਨਦੋ ਅਨਦੁ ਘਣਾ" ਤੋਂ ਭਾਵ ਹੈ ਪ੍ਰਮਾਤਮਾ ਆਪ ਹੀ ਆਪਣਾ ਗਹਿਰਾ ਗਿਆਨ ਦਿੰਦਾ ਹੈ ਤੇ ਉਸ ਦੇ ਸੱਚੇ ਗਿਆਨ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ।

(ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥)

"ਅਨੰਦੁ" ਪ੍ਰਮਾਤਮਾ ਨੂੰ ਪਾਉਣ ਦੀ ਅਵੱਸਥਾ ਹੈ।

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥}

(ਅਨੰਦੁ ਸਾਹਿਬ)

ਇਹ ਅਨੰਦ ਦੀ ਪ੍ਰਾਪਤੀ ਹੀ, ਪ੍ਰਮਾਤਮਾ ਦੇ ਨਾਲ ਮੇਲ ਹੀ “ਹਰਿ ਰਸੁ” ਦਾ ਚੱਖਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ।

(ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥)

ਇਹ ਰਸ ਦੀ ਪ੍ਰਾਪਤੀ ਕਿੱਥੇ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥"

ਇਸ ਰਸ ਨੂੰ ਮਨ ਹੀ ਮਾਣਦਾ ਹੈ ਜੋ ਕਿ ਹਕੀਕਤ ਵਿੱਚ ਦੁਨੀਆਂ ਦਾ ਸਭ ਤੋਂ ਮਿੱਠਾ ਰਸ ਹੈ। ਇਸ ਰਸ ਨੂੰ ਚੱਖੇ ਬਿਨ੍ਹਾਂ ਇਸ ਦੀ ਕੋਈ ਕੀਮਤ ਨਹੀਂ ਪਾ ਸਕਦਾ। ਜਿਸ ਰਸ ਨੂੰ ਚੱਖਣ ਨਾਲ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ,

12/1180

ਨਾਮ ਦੇ ਦਰਸ਼ਨ ਹੋ ਜਾਣ, ਉਸ ਤੋਂ ਮਿੱਠਾ ਰਸ ਹੋਰ ਹੋ ਵੀ ਕੀ ਸਕਦਾ ਹੈ। ਇਸ ਰਸ ਦੀ ਪ੍ਰਾਪਤੀ ਜੋ ਦੁਨੀਆਂ ਵਿੱਚੋਂ ਧਰਮ ਦੇ ਮਾਰਗ ਉੱਤੇ ਆਪਣੇ ਆਪ ਨੂੰ ਬਹੁਤ ਉੱਚਾ ਅਖਵਾ ਕੇ ਗਏ ਹਨ ਭਾਵ ਸਿਧ, ਸਾਧਿਕ, ਰਿਸ਼ੀ, ਮੁਨੀ, ਬ੍ਰਹਮਗਿਆਨੀ ਆਦਿ ਅਖਵਾ ਕੇ ਗਏ ਹਨ, ਉਨ੍ਹਾਂ ਨੂੰ ਵੀ ਇਸ ਰਸ ਦੀ ਪ੍ਰਾਪਤੀ ਨਹੀਂ ਹੋਈ ਜਿਵੇਂ ਕਿ ਗੁਰਬਾਣੀ ਵਿੱਚ ਵਾਰ ਵਾਰ ਸਮਝਾਇਆ ਗਿਆ ਹੈ। ਅਸਲ ਵਿੱਚ ਇਸ ਰਸ ਦੀ ਪ੍ਰਾਪਤੀ ਤੋਂ ਬਾਅਦ ਆਪਣੇ ਆਪ ਨੂੰ ਕੋਈ ਉੱਚਾ ਕਹਿ ਹੀ ਨਹੀਂ ਸਕਦਾ ਕਿਉਂਕਿ ਇਸ ਰਸ ਦੀ ਸੋਝੀ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਿਸ ਤੇ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਉਸ ਤੇ ਹੀ ਇਹ ਬਖ਼ਸ਼ਿਸ਼ ਕਰਦਾ ਹੈ ਤੇ ਉਸ ਦੀ ਇਹ ਬਖ਼ਸ਼ਿਸ਼ ਸਹਜ ਗਿਆਨ ਦੇ ਰੂਪ ਵਿੱਚ ਹੁੰਦੀ ਹੈ। ਇਹ ਸਹਜ ਗਿਆਨ ਹੀ ਇਸ ਸ੍ਰਿਸ਼ਟੀ ਦਾ ਸਭ ਤੋਂ ਮਿੱਠਾ ਰਸ ਹੈ। ਅਕਾਲ ਪੁਰਖ ਆਪ ਇਸ ਰਸ ਦਾ ਮਾਲਕ ਹੈ ਤੇ ਸਾਰੀ ਸ੍ਰਿਸ਼ਟੀ ਨੂੰ ਉਸ ਨੇ ਇਸ ਰਸ ਦੁਆਰਾ ਹੀ ਸਾਜਿਆ ਹੈ, ਸਿਰਜਿਆ ਹੈ ਤੇ ਇਸੇ ਰਸ ਨਾਲ ਹੀ ਇਸ ਨੂੰ ਗੋਇਆ ਹੋਇਆ ਹੈ ਭਾਵ ਚਲਾ ਰਿਹਾ ਹੈ। ਪ੍ਰਮਾਤਮਾ ਦੀ ਜਿਨਸ ਭਾਵ ਉਸ ਦਾ ਧਨ ਮਾਲ ਇਹ ਬ੍ਰਹਮ ਗਿਆਨ ਹੈ ਜਿਸ ਦੀ ਪ੍ਰਾਪਤੀ ਕੇਵਲ ਮਨ ਦੇ ਵਿੱਚੋਂ ਹੀ ਹੋਣੀ ਹੈ। ਇਸ ਦੀ ਪ੍ਰਾਪਤੀ ਦੁਆਰਾ ਹੀ ਮਨੁੱਖ ਦੀ ਕਰਣੀ ਗੁਰੂ ਵਾਲੀ ਬਣਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

"ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ॥"

"**ਗ੍ਰਿਹੁ**" ਸਾਡਾ ਮਨ ਹੈ। ਜਦ ਤੱਕ ਮਨ ਮਾਇਆ ਵਾਲੀ ਤ੍ਰੈਗੁਣੀ ਜੁਗਤਿ ਵਿੱਚ ਹੈ, ਇਹ ਵੱਸ ਵਿੱਚ ਆ ਹੀ ਨਹੀਂ ਸਕਦਾ ਕਿਉਂਕਿ ਸਾਡਾ ਇਸ ਤੇ ਕੋਈ ਜ਼ੋਰ ਨਹੀਂ ਹੈ। ਮਨ ਦੇ ਵਿਚਾਰਾਂ ਤੇ, ਮਨ ਦੀ ਸੋਚ ਤੇ ਹਕੀਕਤ ਵਿੱਚ ਸਾਡਾ ਕੋਈ ਜ਼ੋਰ ਨਹੀਂ ਹੈ। ਇਸ ਦੀ ਸੋਝੀ

ਸਹਜ ਦੀ ਪ੍ਰਾਪਤੀ ਤੋਂ ਬਾਅਦ ਹੀ ਪੈਂਦੀ ਹੈ। "**ਸਹਜ ਅਵਸਥਾ**" ਸੱਚੇ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਅਗਿਆਨਤਾ ਵਾਲੀ ਤ੍ਰੈਗੁਣੀ ਅਵੱਸਥਾ ਵਿੱਚੋਂ ਨਿਕਲਦਾ ਹੈ। ਸਹਜ ਦੀ ਅਵੱਸਥਾ ਗੁਰਮਤਿ ਦੀ ਅਵੱਸਥਾ ਹੈ, ਗੁਰਮੁਖਿ ਦੀ ਅਵੱਸਥਾ ਹੈ ਤੇ ਇਸ ਦੀ ਸੋਝੀ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ। ਇਸ ਅਵੱਸਥਾ ਦੀ ਪ੍ਰਾਪਤੀ ਤੋਂ ਬਾਅਦ ਹੀ, ਮਨ ਵੱਸ ਆਉਣ ਤੋਂ ਬਾਅਦ ਹੀ ਅਸੀਂ ਮੰਗਲ ਗਾ ਸਕਦੇ ਹਾਂ, ਪ੍ਰਮਾਤਮਾ ਦਾ ਸੱਚਾ ਜੱਸ ਗਾ ਸਕਦੇ ਹਾਂ। ਉਸਦਾ ਸੱਚਾ ਜੱਸ ਸਾਡੀ ਸੱਚੀ ਕਰਣੀ ਹੈ ਤੇ ਸਾਡੀ ਸੱਚੀ ਕਰਣੀ ਤਾਂ ਹੀ ਹੋ ਸਕਦੀ ਹੈ ਜੇਕਰ ਮਨ ਦੇ ਵੱਸ ਆਉਣ ਦੁਆਰਾ ਸਾਡੇ ਅੰਦਰੋਂ ਪੰਜੇ ਦੁਸਟ ਨਿਕਲ ਜਾਣ। ਇਨ੍ਹਾਂ ਦੁਸ਼ਟਾਂ ਦੇ, ਵਿਕਾਰਾਂ ਦੇ, ਸਾਕਤਾਂ ਦੇ ਮਨ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦਾ ਮੰਗਲ ਨਹੀਂ ਗਾ ਸਕਦੇ। ਉਸਦਾ ਮੰਗਲ ਉਸਦੀ ਕ੍ਰਿਪਾ ਦੁਆਰਾ ਹੀ ਗਾਇਆ ਜਾ ਸਕਦਾ ਹੈ। **(ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ॥)** ਪ੍ਰਮਾਤਮਾ ਦੇ ਮੰਗਲ ਗੁਣ ਗਾਉਣੇ ਕੀ ਹਨ ਇਹ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਸਮਝਿਆ ਸੀ ਜੋ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਸੀ। ਜੋ ਹੁਣ ਸਮਝਿਆ ਹੈ ਇਸੇ ਗੱਲ ਨੂੰ ਅਸੀਂ ਪਿੱਛੇ ਸਮਝਿਆ ਸੀ।

{ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥}

(ਅੰਗ - ੨੭੪)

ਰੋਗ ਭਾਵੇਂ ਕੋਈ ਵੀ ਹੋਵੇ, ਮਨ ਦਾ ਹੋਵੇ, ਭਾਵੇਂ ਸਰੀਰ ਦਾ ਹੋਵੇ ਉਸ ਤੋਂ ਛੁਟਕਾਰਾ ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਹੀ ਹੁੰਦਾ ਹੈ।

ਮਨ ਵਿੱਚੋਂ ਵਿਕਾਰਾਂ ਦੇ ਨਿਕਲਣ ਦੇ ਨਾਲ ਹੀ ਮਨੁੱਖ ਤ੍ਰਿਸ਼ਨਾ ਤੋਂ ਮੁਕਤ ਹੁੰਦਾ ਹੈ ਤੇ ਮਨ ਸੀਤਲ ਹੁੰਦਾ ਹੈ। ਤ੍ਰਿਸ਼ਨਾ ਦੀ ਅਗਨਿ ਨਿਕਲਣ ਨਾਲ ਸੀਤਲ ਹੁੰਦਾ ਹੈ, ਸੰਤੋਖ ਵਿੱਚ ਆਉਂਦਾ ਹੈ। ਇਹ ਸੀਤਲਤਾ ਅੰਮ੍ਰਿਤ ਬਾਣੀ ਦੁਆਰਾ ਆਉਂਦੀ ਹੈ, ਮਨ ਵਿੱਚ ਅੰਮ੍ਰਿਤ

ਬਾਣੀ ਦੇ ਸੱਚੇ ਗਿਆਨ ਦੇ ਉਪਜਣ ਦੁਆਰਾ ਆਉਂਦੀ ਹੈ। **(ਸੀਤਲ ਆਘਾਣੇ ਅੰਮ੍ਰਿਤ ਬਾਣੇ)** ਸਹਜ ਦੀ ਅਵੱਸਥਾ ਦੇ ਦੁਆਰਾ ਅੰਮ੍ਰਿਤ ਬਾਣੀ ਦੀ ਪ੍ਰਾਪਤੀ ਹੀ ਹੁੰਦੀ ਹੈ, ਉਸਦੀ ਸੱਚੀ ਸੋਝੀ ਹੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਔਗੁਣਾਂ ਤੋਂ ਰਹਿਤ

ਹੁੰਦਾ ਹੈ। ਇਹ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਇਹ ਗੁਰੂ ਵਾਲੀ ਅਵੱਸਥਾ ਹੈ, ਗੁਰਮਤਿ ਵਾਲੀ ਅਵੱਸਥਾ ਹੈ ਜਿਸ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ। ਇਸ ਅਵੱਸਥਾ ਦੁਆਰਾ ਹੀ ਗੁਰੂ ਦਾ ਰੂਪ ਸਾਜਨ ਸੰਤ ਵਾਲਾ ਰੂਪ ਹੈ, ਜਿਸ ਰੂਪ ਦੁਆਰਾ ਉਹ ਪ੍ਰਮਾਤਮਾ ਦਾ ਵਿਚੋਲਾ ਬਣ ਕੇ ਵਿਚਰਦਾ ਹੈ ਭਾਵ ਪ੍ਰਮਾਤਮਾ ਨਾਲ ਮਿਲਾਉਣ ਦਾ ਜਰਿਆ ਬਣਦਾ ਹੈ। ਇਹ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਗੁਰਬਾਣੀ ਰਾਹੀਂ ਸਦਾ ਹੀ ਪ੍ਰਗਟ ਹੈ ਤੇ ਸਾਨੂੰ ਆਪਣੇ ਨਾਲ ਮਿਲਾਉਣ ਦਾ ਮਾਰਗ ਸਮਝਾਉਂਦਾ ਹੈ। ਸਾਨੂੰ ਆਪਣੇ ਵਿਚਾਰ ਛੱਡ ਕੇ ਗੁਰੂ ਵਾਲੇ ਵਿਚਾਰਾਂ ਨੂੰ ਮੰਨਣ ਲਈ ਪ੍ਰੇਰਦਾ ਹੈ ਕਿਉਂਕਿ ਮੇਲ ਵਿਚਾਰਾਂ ਰਾਹੀਂ ਹੀ ਹੁੰਦਾ ਹੈ। **(ਸਾਜਨ ਸੰਤ ਬਸੀਠਾ॥)** ਜਦੋਂ ਮਨ ਦੇ ਵਿੱਚ ਵਿਚਾਰ ਇੱਕ ਹੋ ਜਾਂਦੇ ਹਨ, ਸੋਚ ਇੱਕ ਹੋ ਜਾਂਦੀ ਹੈ ਤਾਂ ਫਿਰ ਇਹ ਸੋਝੀ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਉਸ ਤੋਂ ਬਾਅਦ ਮਨੁੱਖ ਜੋ ਕੁੱਝ ਵੀ ਦੇਖਦਾ ਹੈ, ਸਭ ਵਿੱਚ ਪ੍ਰਮਾਤਮਾ ਦਾ ਰੂਪ ਹੀ ਨਜ਼ਰ ਆਉਂਦਾ ਹੈ।

"ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ॥੧॥"

ਪਹਿਲੇ ਮਨ ਮੰਨੇਗਾ ਭਾਵ ਜਦੋਂ ਪ੍ਰਮਾਤਮਾ ਨੂੰ ਮਨ ਦੇ ਵਿੱਚ ਜਾਣ ਲਵਾਂਗੇ ਤਾਂ ਹੀ ਫਿਰ ਅੱਖਾਂ ਦੇ ਨਾਲ ਜੋ ਕੁੱਝ ਵੀ ਦੇਖਾਂਗੇ ਉਸ ਵਿੱਚ ਕੇਵਲ ਪ੍ਰਮਾਤਮਾ ਦੀ ਹੋਂਦ ਨਜ਼ਰ ਆਵੇਗੀ। ਜਦ ਤੱਕ ਮਨ ਦੇ ਵਿੱਚੋਂ ਨਹੀਂ ਵੇਖਿਆ, ਜਦ ਤੱਕ ਮਨ ਨੂੰ ਸੋਝੀ ਹੀ ਨਹੀਂ ਪਈ ਤਦ ਤੱਕ ਫਿਰ ਪ੍ਰਮਾਤਮਾ ਕਿਤੇ ਵੀ ਨਜ਼ਰ ਨਹੀਂ ਆ ਸਕਦਾ। ਇਹ ਤਸੱਲੀ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦੀ ਹੈ।

ਆਓ ਹੁਣ ਅਗਲੇ ਸ਼ਬਦ ਦੁਆਰਾ ਇਹ ਸਮਝੀਏ ਕਿ ਅੰਮ੍ਰਿਤ ਰਸ ਦਾ ਸ੍ਰੋਤ ਕੀ ਹੈ। "**ਅੰਮ੍ਰਿਤ**" ਆਪ ਪ੍ਰਮਾਤਮਾ ਹੈ ਤੇ ਇਸ ਰਸ ਦਾ ਸ੍ਰੋਤ ਆਪ ਅੰਮ੍ਰਿਤ ਹੈ ਭਾਵ ਪ੍ਰਮਾਤਮਾ ਹੈ। ਜੋ ਪ੍ਰਮਾਤਮਾ ਆਪ ਹੈ ਭਾਵ ਜੋ ਸਰੂਪ ਆਪ ਪ੍ਰਮਾਤਮਾ ਦਾ ਹੈ ਉਹੀ ਸਰੂਪ ਉਸਦਾ ਰਸ ਹੈ। ਗੁਰੂ ਦਾ ਰਸ ਗੁਰਮਤਿ ਹੈ। ਗੁਰੂ ਆਪ ਪ੍ਰਮਾਤਮਾ ਹੈ ਤੇ ਪ੍ਰਮਾਤਮਾ ਦਾ ਰਸ ਗੁਰਮਤਿ ਹੈ, ਉਸਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਬ੍ਰਹਮ ਵਿਚਾਰ ਹੈ।

12/1183

ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਇਹ ਹੀ ਸਮਝਾਇਆ ਹੋਇਆ ਹੈ ਕਿ ਬ੍ਰਹਮ ਵਿਚਾਰ ਦਾ ਸ੍ਰੋਤ ਕੀ ਹੈ ਜਿੱਥੋਂ ਇਸ ਦੀ ਪ੍ਰਾਪਤੀ ਹੁੰਦੀ ਹੈ।

ਗਉੜੀ ਮਹਲਾ ੧ ॥

“ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥
ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥
ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥
ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥
ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥
ਆਨ ਮਨਉ ਤਉ ਪਰ ਘਰ ਜਾਉ ॥
ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥”

(ਅੰਗ ੧੫੩)

ਇਹ ਤਾਂ ਹਰ ਕੋਈ ਸਮਝਦਾ ਹੈ ਕਿ ਪੂਰੀ ਗੁਰਬਾਣੀ ਬ੍ਰਹਮ ਬੀਚਾਰ ਹੈ, ਬ੍ਰਹਮ ਗਿਆਨ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਤੱਤ ਗਿਆਨ ਹੈ। ਇਹ ਸਾਰਾ ਬ੍ਰਹਮ ਗਿਆਨ ਵੱਖਰੇ ਵੱਖਰੇ ਮਨੁੱਖੀ ਸਰੀਰਾਂ ਦੁਆਰਾ ਉਪਜਿਆ ਹੈ। ਬ੍ਰਹਮਗਿਆਨ ਦਾ ਸ੍ਰੋਤ ਹਰ ਮਨੁੱਖੀ ਸਰੀਰ ਵਿੱਚ ਇੱਕੋ ਹੀ ਹੈ ਜੋ ਕਿ ਦਸਮ ਦੁਆਰ ਹੈ ਜਿੱਥੋਂ ਇਹ ਗਿਆਨ ਉਪਜਦਾ ਹੈ। “**ਕਮਲੁ**” ਸਾਡੇ

ਸਭ ਦੇ ਅੰਦਰ ਹੈ ਜੋ ਕਿ ਸਾਡਾ ਮਨ ਹੈ ਜਿੱਥੋਂ ਸਾਨੂੰ ਸਾਰੇ ਵਿਚਾਰ ਮਿਲਦੇ ਹਨ। ਵਿਚਾਰ ਮਨ ਦੇ ਵਿੱਚੋਂ ਹੀ ਉਪਜਦੇ ਹਨ ਤੇ ਇਸ ਦਾ ਹੋਰ ਕੋਈ ਸ੍ਰੋਤ ਨਹੀਂ ਹੋ ਸਕਦਾ। "**ਕਮਲੁ**" ਸਾਡੀ ਮਤਿ ਹੈ। ਕਮਲ ਹੀ ਮਨਮਤਿ ਹੈ ਤੇ ਕਮਲ ਹੀ ਗੁਰਮਤਿ ਹੈ। ਕਮਲ ਹੀ ਤ੍ਰੈਗੁਣ ਹੈ ਤੇ ਕਮਲ ਹੀ ਚੌਥਾ ਪਦ ਹੈ। ਕਮਲ ਹੀ ਹਉਮੈ ਹੈ ਤੇ ਕਮਲ ਹੀ ਨਾਮ ਹੈ। ਜਦ ਤੱਕ ਪ੍ਰਮਾਤਮਾ ਨੇ ਸਾਨੂੰ ਹਉਮੈ ਵਿੱਚ, ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ, ਇਹ ਸਾਡੇ ਅੰਦਰ ਕਮਲ ਦਾ ਪੁੱਠਾ ਹੋ ਕੇ ਰਹਿਣਾ ਹੈ, ਇਹ ਸਰੂਪ ਸਾਡੀ ਉਲਟੀ ਮਤਿ ਹੈ ਮਾਇਆ ਮੋਹ ਵਾਲੀ ਮਤਿ ਹੈ, ਮਾਇਆ ਦੀ ਜੁਗਤਿ ਵਾਲੀ ਮਤਿ ਹੈ, ਅਗਿਆਨਤਾ ਵਾਲੀ ਮਤਿ ਹੈ ਜਿਸ ਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਦੀ ਸੋਝੀ ਨਹੀਂ ਪੈ ਸਕਦੀ। ਇਹ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਵਿਡਾਣ ਹੈ ਜਿਸ ਦੁਆਰਾ ਸਾਨੂੰ ਭੇਦ ਵਿੱਚ ਰੱਖਿਆ ਹੋਇਆ ਹੈ। ਜਿਸ ਨੇ ਇਸ ਕਮਲ ਨੂੰ ਪੁੱਠਾ ਕੀਤਾ ਹੋਇਆ ਹੈ, ਉਹ ਆਪ ਹੀ ਇਸ ਨੂੰ ਸਿੱਧਾ ਕਰ ਸਕਦਾ ਹੈ ਤੇ ਇਸ

12/1184

ਕਮਲ ਦਾ ਸਿੱਧਾ ਹੋਣਾ ਹੀ ਬ੍ਰਹਮ ਬੀਚਾਰ ਦੀ ਅਵੱਸਥਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿਚਾਰਾਂ ਦੁਆਰਾ ਹੀ, ਮਨ ਦੇ ਵਿੱਚੋਂ ਹੀ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ॥)** ਜਿੰਨ੍ਹਾਂ ਭਗਤਾਂ ਦੇ ਸਰੀਰਾਂ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ, ਭੱਟ ਸਾਹਿਬਾਨ ਦੇ ਸਰੀਰਾਂ ਰਾਹੀਂ ਗੁਰਬਾਣੀ ਰੂਪ ਬ੍ਰਹਮ ਬੀਚਾਰ ਉਚਾਰੇ ਹਨ ਉਹ ਇਸੇ ਅਵੱਸਥਾ ਦੁਆਰਾ ਉਚਾਰੇ ਹਨ ਤੇ ਤਾਂ ਹੀ ਸਭ ਦੇ ਵਿਚਾਰ ਇੱਕੋ ਜਿਹੇ ਹਨ। ਇਹ ਬ੍ਰਹਮ ਬੀਚਾਰ ਦਾ ਸ੍ਰੋਤ ਦਸਵਾਂ ਦੁਆਰ ਹੈ ਜਿੱਥੋਂ ਇਹ ਅੰਮ੍ਰਿਤ ਧਾਰ ਨਿਕਲਦੀ ਹੈ, ਅੰਮ੍ਰਿਤ ਰਸ ਚੋਂਦਾ ਹੈ ਭਾਵ ਇਹ ਬ੍ਰਹਮ ਬੀਚਾਰ ਹੀ ਅੰਮ੍ਰਿਤ ਧਾਰਾ ਹੈ। **(ਅੰਮ੍ਰਿਤ ਧਾਰ ਗਗਨਿ ਦਸ ਦੁਆਰਿ॥)**।

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥}

(ਅੰਗ ੧੦੨)

ਮਨ ਦੇ ਵਿੱਚ ਕਮਲ ਸਿੱਧਾ ਹੋਣ ਤੋਂ ਬਾਅਦ ਉਸ ਪ੍ਰਮਾਤਮਾ ਦੇ ਦਰ ਤੋਂ ਉਸ ਦੀ ਸਿੱਧੀ ਵਿਚਾਰ ਉਸ ਦੇ ਕੋਲੋਂ ਹੀ ਮਿਲਦੀ ਹੈ ਤੇ ਇਸੇ ਲਈ ਗੁਰਬਾਣੀ ਅੰਮ੍ਰਿਤ ਬਾਣੀ ਹੈ ਭਾਵ ਪ੍ਰਮਾਤਮਾ ਦੀ ਆਪਣੀ ਬਾਣੀ ਹੈ।

{ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ॥}

(ਅੰਗ ੯੬੩)

ਅੰਮ੍ਰਿਤ ਬਾਣੀ, ਅੰਮ੍ਰਿਤ ਰਸ, ਅੰਮ੍ਰਿਤ ਨਾਮ ਇੱਕੋ ਹੀ ਗੱਲ ਹੈ ਜੋ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਇਹ ਸਭ ਕੁੱਝ ਬ੍ਰਹਮਗਿਆਨ ਹੈ ਤੇ ਤਾਂ ਹੀ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੀ ਸੋਝੀ ਪਵੇਗੀ।

"ਤ੍ਰਿਭਵਣੁ ਬੇਧਿਆ ਆਪਿ ਮੁਰਾਰਿ॥੧॥"

ਸਭ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਗਿਆਨ ਹੀ ਵਰਤ ਰਿਹਾ ਹੈ। ਸਭ ਕੁੱਝ ਉਸ ਦੇ ਗੂੜ ਗਿਆਨ ਨਾਲ ਹੀ ਚੱਲ ਰਿਹਾ ਹੈ। ਉਸ ਦਾ ਕੀਤਾ ਹੋਇਆ ਸਭ ਕੁੱਝ ਸਾਇੰਟਿਫਿਕ ਹੈ ਤੇ

12/1185

ਹਰ ਚੀਜ਼ ਕਿਸੇ ਸਿਸਟਮ ਨਾਲ, ਸਾਇੰਟਿਫਿਕਲੀ ਚੱਲ ਰਹੀ ਹੈ, ਪਰ ਉਹ ਗਿਆਨ ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਉਸ ਨੇ ਆਪਣੇ ਗਿਆਨ ਦੁਆਰਾ ਹੀ ਸਾਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਆਪਣੇ ਗਿਆਨ ਦੁਆਰਾ ਹੀ ਸਾਨੂੰ ਭਰਮ ਵਿੱਚੋਂ ਕੱਢ ਸਕਦਾ ਹੈ। ਭਰਮ ਮਨ ਦੇ ਵਿੱਚੋਂ ਹੀ ਨਿਕਲਣਾ ਹੈ, ਸੋਝੀ ਮਨ ਦੇ ਵਿੱਚ ਹੀ ਪੈਣੀ ਹੈ, ਮਨ ਨੇ ਹੀ ਮਨ ਨੂੰ ਮਨਾਉਣਾ ਹੈ। ਅੰਮ੍ਰਿਤ ਰਸ ਨੇ ਭਾਵ ਸੱਚੇ ਗਿਆਨ ਨੇ ਤ੍ਰੈਗੁਣਾਂ ਵਾਲੇ ਗਿਆਨ ਨੂੰ ਮਨਾਉਣਾ ਹੈ। ਅੰਮ੍ਰਿਤ ਰਸ ਦੀ ਪ੍ਰਾਪਤੀ ਦੇ ਦੁਆਰਾ ਜੋ ਕਿ ਦਸਵੇਂ ਦੁਆਰ ਤੋਂ ਚੋਂਦਾ ਹੈ, ਮਨ ਦੇ ਵਿੱਚ ਕਮਲ ਦੇ ਸਿੱਧਾ ਹੋਣ ਨਾਲ ਮਿਲਦਾ ਹੈ। ਉਸ ਦੁਆਰਾ ਹੀ ਅਸੀਂ ਭਰਮ ਵਿੱਚੋਂ ਨਿਕਲ ਸਕਦੇ ਹਾਂ ਤੇ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ।

(ਰੇ ਮਨ ਮੇਰੇ ਭਰਮੁ ਨ ਕੀਜੈ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ॥੧॥ਰਹਾਉ॥)

ਜਦ ਤੱਕ ਮਨੁੱਖ ਅਗਿਆਨਤਾ ਵਿੱਚ ਹੈ ਭਾਵ ਜਦ ਤੱਕ ਮਨ ਦਾ ਕਮਲ ਪੁੱਠਾ ਹੈ, ਜਦ ਤੱਕ ਹਰਿ ਰਸ ਦੀ ਪ੍ਰਾਪਤੀ ਨਹੀਂ ਹੁੰਦੀ, ਜਦ ਤੱਕ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਇਸ ਜਨਮ ਨੂੰ ਜਿੱਤਿਆ ਨਹੀਂ ਜਾ ਸਕਦਾ ਭਾਵ ਇਹ ਜੀਵਨ ਸਫ਼ਲ ਨਹੀਂ ਹੁੰਦਾ। ਇਹ ਜਨਮ ਜਿੱਤਣ ਦੁਆਰਾ ਹੀ ਮਨੁੱਖ ਨੂੰ ਆਪਣਾ ਅਸਲੀ ਮਰਨਾ ਸਮਝ ਆਉਂਦਾ ਹੈ ਭਾਵ ਸਬਦਿ ਮਰਨਾ ਸਮਝ ਆਉਂਦਾ ਹੈ, ਗੁਰਮਤਿ ਦੀ ਸਹੀ ਸੋਝੀ ਪੈਂਦੀ ਹੈ ਤੇ ਫਿਰ ਤਾਂ ਹੀ ਮਨੁੱਖ ਉਸ ਅਨੁਸਾਰ ਵਿਚਰਦਾ ਹੈ ਭਾਵ ਸੱਚੇ ਸੁੱਚੇ ਢੰਗ ਨਾਲ ਜੀਵਨ ਬਤੀਤ ਕਰਦਾ ਹੈ। **(ਜਨਮੁ ਜੀਤਿ ਮਰਣਿ ਮਨੁ ਮਾਨਿਆ॥)** ਹਰਿ ਰਸ ਦੀ ਪ੍ਰਾਪਤੀ ਦੇ ਬਿਨ੍ਹਾਂ, ਕਮਲ ਸਿੱਧਾ ਹੋਣ ਤੋਂ ਬਿਨ੍ਹਾਂ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ ਕਿ ਇਹ ਮਨ ਕੀ ਹੈ। ਜਦ ਤੱਕ ਮਨੁੱਖ ਇਸ ਮਨ ਨੂੰ ਆਪਣਾ ਸਮਝਦਾ ਹੈ, ਆਪਣੇ ਮਨ ਦੇ ਗਿਆਨ ਨੂੰ ਆਪਣਾ ਸਮਝਦਾ ਹੈ, ਇਹੀ ਸਾਡੀ ਆਪਣੀ ਵੱਖਰੀ ਪਹਿਚਾਣ ਬਣਦੀ ਹੈ ਜੋ ਕਿ

12/1186

ਸਾਡੀ **"ਮੈਂ"** ਹੈ, ਸਾਡੀ ਹਉਮੈ ਹੈ, ਸਾਡਾ ਆਪਾ ਹੈ। ਮਨ ਦੀ ਸੋਝੀ ਪੈਣ ਤੋਂ ਬਾਅਦ ਹੀ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੈ, ਮਨ ਵਿੱਚ ਸਾਰਾ ਗਿਆਨ ਉਸੇ ਕੋਲੋਂ ਆ ਰਿਹਾ ਹੈ ਤੇ ਫਿਰ ਤਾਂ ਹੀ ਮਨੁੱਖ ਦਾ ਆਪਾ ਮਰਦਾ ਹੈ, ਹਉਮੈ ਮਰਦੀ ਹੈ। ਮਨ ਕੀ ਹੈ, ਇਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ, ਪ੍ਰਮਾਤਮਾ ਦੇ ਕੋਲੋਂ ਹੀ ਪੈਂਦੀ ਹੈ। **(ਆਪਿ ਮੂਆ ਮਨੁ ਮਨ ਤੇ ਜਾਨਿਆ॥)** ਮਨ ਹੀ ਸਾਡਾ ਅਸਲ ਘਰ ਹੈ, ਪ੍ਰਮਾਤਮਾ ਦਾ ਘਰ ਹੈ ਜਿੱਥੇ ਅਸੀਂ ਪਹੁੰਚਣਾ ਹੈ। ਉਹ ਸਾਡਾ ਜੀਵਨ ਦਾ ਮਨੋਰਥ ਹੈ। ਆਪਣੇ ਘਰ ਵਿੱਚ ਉਹ ਕਿਸ ਨੂੰ ਜਗ੍ਹਾ ਦਿੰਦਾ ਹੈ ਇਹ ਕੇਵਲ ਉਸਦੀ ਆਪਣੀ ਕਿਰਪਾ ਹੈ। ਆਪਣੇ ਘਰ ਨੂੰ ਜਾਣਨਾ ਹੀ ਆਪਣੇ ਘਰ ਵਿੱਚ ਪਹੁੰਚਣਾ ਹੈ। **(ਨਜਰਿ ਭਈ ਘਰੁ ਘਰ ਤੇ ਜਾਨਿਆ॥੨॥)** ਪ੍ਰਮਾਤਮਾ ਦਾ ਮਿਲ ਜਾਣਾ, ਆਪਣੇ ਅਸਲ ਘਰ ਦੀ ਪ੍ਰਾਪਤੀ ਹੋ ਜਾਣੀ, ਸੱਚੇ ਗਿਆਨ ਦੀ, ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਣੀ ਹੀ ਨਾਮ ਦੀ ਪ੍ਰਾਪਤੀ ਹੈ ਤੇ ਫਿਰ ਮਨੁੱਖ ਨਾਮ ਦੁਆਰਾ ਹੀ ਵਿਚਰਦਾ ਹੈ, ਗੁਰੂ ਦੀ ਸੱਚੀ ਸੋਝੀ ਭਾਵ ਗੁਰਮਤਿ ਗਿਆਨ ਦੁਆਰਾ ਹੀ ਵਿਚਰਦਾ ਹੈ ਤੇ ਮਨੁੱਖ ਦੀ ਇਹੋ ਜਿਹੀ ਵਿਚਰਨ ਹੀ, ਸੱਚੀ ਸੁੱਚੀ ਕਿਰਤ ਕਰਨਾ ਹੀ ਉਸ ਦਾ ਜਤੁ ਸਤੁ ਤੀਰਥ ਮਜਨ ਆਦਿ ਹੈ ਭਾਵ ਸਾਡੀ ਸੱਚੀ ਸੁੱਚੀ ਕਿਰਤ ਵਿੱਚ ਸਭ ਕੁੱਝ ਆ ਜਾਂਦਾ ਹੈ ਤੇ ਕਿਸੇ ਹੋਰ ਜਤੁ ਸਤੁ ਆਦਿ ਦੀ ਲੋੜ ਨਹੀਂ ਹੈ। **(ਜਤੁ ਸਤੁ ਤੀਰਥੁ ਮਜਨੁ ਨਾਮਿ॥)** ਸੱਚੀ ਸੁੱਚੀ ਕਿਰਤ ਮਾਇਆ ਮੋਹ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ ਤੇ ਸੱਚੀ ਸੋਝੀ ਪੈਣ ਦੁਆਰਾ, ਨਾਮ ਦੀ ਸੋਝੀ ਪੈਣ ਦੁਆਰਾ ਮਨੁੱਖ ਮਾਇਆ ਦੇ ਖਲਾਰੇ ਵਿੱਚ ਨਹੀਂ ਪੈਂਦਾ ਭਾਵ ਮਾੜੇ ਕਰਮ ਕਰਨ ਦੁਆਰਾ ਮਾਇਆ ਇਕੱਠੀ ਨਹੀਂ ਕਰਦਾ ਕਿਉਂਕਿ ਉਸਨੂੰ ਸੋਝੀ ਪੈ ਜਾਂਦੀ ਹੈ ਕਿ ਇਹੋ ਜਿਹੀ ਮਾਇਆ ਮੇਰੇ ਕਿਸੇ ਕੰਮ ਨਹੀਂ ਆਉਣੀ।

12/1187

(ਅਧਿਕ ਬਿਥਾਰੁ ਕਰਉ ਕਿਸੁ ਕਾਮਿ॥) ਮਨੁੱਖ ਦੀ ਇਹ ਅਵੱਸਥਾ, ਇਹ ਭਰੋਸਾ ਤਾਂ ਹੀ ਬਣਦਾ ਹੈ ਕਿਉਂਕਿ ਉਹ ਆਪਣੇ ਅੰਦਰ ਉਸ ਅੰਤਰਜਾਮੀ ਨੂੰ ਪਹਿਚਾਣ ਲੈਂਦਾ ਹੈ ਤੇ ਇਹ ਭਰੋਸਾ ਆ ਜਾਂਦਾ ਹੈ ਕਿ ਸਭ ਨੂੰ ਦੇਣ ਵਾਲਾ ਉਹ ਆਪ ਹੀ ਹੈ, ਸਾਨੂੰ ਸੱਚ ਤੇ ਚਲਾ ਕੇ ਵੀ ਸਾਡੀ ਪਾਲਣਾ ਉਸ ਨੇ ਆਪ ਹੀ ਕਰਨੀ ਹੈ। ਉਹ ਅੰਦਰ ਬੈਠਾ ਅੰਤਰਜਾਮੀ ਕੇਵਲ ਆਪਣੀ ਮਤਿ ਅਨੁਸਾਰ ਹੀ ਚਲਾਉਂਦਾ ਹੈ, ਆਪਣੀ ਮਤਿ ਤੇ ਦ੍ਰਿੜ ਕਰਕੇ ਰੱਖਦਾ ਹੇ ਤੇ ਮਨੁੱਖ ਨੂੰ ਡੋਲਣ ਨਹੀਂ ਦਿੰਦਾ।

ਨਿੱਜ ਘਰ ਤੇ ਪਰ ਘਰ ਵਿੱਚ ਕੀ ਫ਼ਰਕ ਹੈ ਇਸ ਦੀ ਸੋਝੀ ਵੀ ਨਾਲ ਹੀ ਅਗਲੀ ਪੰਗਤੀ ਵਿੱਚ ਪਾਈ ਹੋਈ ਹੈ।

"ਆਨ ਮਨਉ ਤਉ ਪਰ ਘਰ ਜਾਉ॥"

ਗੁਰੂ ਪ੍ਰਮਾਤਮਾ ਦਾ ਘਰ ਸੱਚੀ ਸੋਝੀ ਦਾ ਘਰ ਹੈ, ਗੁਰਮਤਿ ਦਾ ਘਰ ਹੈ, ਨਾਮ ਦਾ ਘਰ ਹੈ, ਕਮਲ ਪ੍ਰਕਾਸ਼ ਦਾ ਘਰ ਹੈ, ਹਰਿ ਰਸ ਦਾ ਘਰ ਹੈ, ਅੰਮ੍ਰਿਤ ਰਸ ਦਾ ਘਰ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚਾ ਘਰ ਹੈ ਜੋ ਕਿ ਮਨ ਦੇ ਪ੍ਰਕਾਸ਼ ਦੁਆਰਾ ਬਣਿਆ ਹੈ। ਗੁਰੂ ਦੇ ਘਰ ਵਿੱਚ ਜਾਣਾ, ਗੁਰੂ ਦੇ ਘਰ ਵਿੱਚ ਰਹਿਣਾ ਗੁਰੂ ਦੀ ਮਤਿ ਨੂੰ ਮੰਨਣਾ ਹੈ ਤੇ ਗੁਰਮਤਿ ਤੋਂ ਇਲਾਵਾ ਦੂਜੀ ਮਤਿ ਨੂੰ ਮੰਨਣਾ, ਉਹ ਦੂਸਰੇ ਘਰ ਵਿੱਚ ਜਾਣ ਵਾਲੀ ਗੱਲ ਹੈ।ਗੁਰੂ ਦੇ ਘਰ ਵਿੱਚ ਗੁਰੂ ਦੀ ਮਤਿ ਨੂੰ ਮੰਨ ਕੇ ਹੀ ਰਿਹਾ ਜਾ ਸਕਦਾ ਹੈ। ਜੇਕਰ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਵੀ ਹੋਰ ਦੀ ਮਤਿ ਦੁਆਰਾ ਚੱਲਦੇ ਹਾਂ ਤਾਂ ਫਿਰ ਅਸੀਂ ਪ੍ਰਮਾਤਮਾ ਨੂੰ ਕਿਵੇਂ ਪਾ ਸਕਦੇ ਹਾਂ ਭਾਵ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਮਤਿ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ।

(ਕਿਸੁ ਜਾਚਉ ਨਾਹੀ ਕੋ ਥਾਉ॥) ਪ੍ਰਮਾਤਮਾ ਨੂੰ ਲੱਭਣ ਦੇ ਅਸੀਂ ਅਨੇਕਾਂ ਦਰ ਘਰ ਬਣਾਏ ਹੋਏ ਹਨ, ਅਨੇਕਾਂ ਹੀ ਮਤ ਬਣੇ ਹੋਏ ਹਨ ਜੋ ਆਪਣੇ ਆਪਣੇ ਵਿਚਾਰ ਸੁਣਾਉਂਦੇ

12/1188

ਹਨ। ਇਹੋ ਜਿਹੇ ਕਿਸੇ ਵੀ ਮਤ ਦੇ ਪਿੱਛੇ ਲੱਗ ਕੇ ਪ੍ਰਮਾਤਮਾ ਨੂੰ ਲੱਭਣ ਦੀ ਕੋਸ਼ਿਸ਼ ਫਜ਼ੂਲ ਹੀ ਹੈ। ਸਿਵਾਇ ਸੱਚੀ ਗੁਰਮਤਿ ਦੇ ਸਾਨੂੰ ਕੋਈ ਹੋਰ ਦਰ ਪ੍ਰਮਾਤਮਾ ਦਾ ਦਰ ਨਹੀਂ ਦਿਖਾ ਸਕਦਾ। ਪ੍ਰਮਾਤਮਾ ਦਾ ਦਰ ਕੇਵਲ ਗੁਰਮਤਿ ਦਿਖਾ ਸਕਦੀ ਹੈ ਜੋ ਕਿ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦਾ ਘਰ ਮਨ ਦੇ ਵਿੱਚ ਹੀ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਦੁਆਰਾ ਜਾਣਿਆ ਹੈ। ਉਹ ਘਰ ਦਸਮ ਦੁਆਰ ਹੈ ਜਿੱਥੇ ਕਮਲ ਪ੍ਰਕਾਸ਼ ਦੁਆਰਾ ਹਰਿ ਰਸ ਦੀ ਪ੍ਰਾਪਤੀ ਹੁੰਦੀ ਹੈ, ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ। ਇਹ ਸਹਜ ਦੀ ਅਵੱਸਥਾ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਘਰ ਹੈ। ਸਹਜ ਵਿੱਚ ਸਮਾਉਣਾ ਹੀ ਪ੍ਰਮਾਤਮਾ ਨੂੰ ਮਿਲਣਾ ਹੈ ਤੇ ਇਸ ਘਰ ਵਿੱਚ ਸਾਨੂੰ ਗੁਰਮਤਿ ਹੀ ਪਹੁੰਚਾ ਸਕਦੀ ਹੈ। **(ਨਾਨਕ ਗੁਰਮਤਿ ਸਹਜਿ ਸਮਾਉ॥੪॥੮॥)** ਗੁਰਮਤਿ ਤਾਂ ਪਹੁੰਚਾਵੇਗੀ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ। ਜੇਕਰ ਗੁਰੂ ਦੀ ਗੱਲ ਨੂੰ ਛੱਡ ਕੇ ਦੂਜਿਆਂ ਤੀਜਿਆਂ ਘਰਾਂ ਵਿੱਚ ਤੁਰੇ ਫਿਰਾਂਗੇ, ਆਨ ਘਰਾਂ ਦੀ ਮੰਨਾਂਗੇ ਤਾਂ ਫਿਰ ਹਾਸਲ ਕੁੱਝ ਨਹੀਂ ਹੋਣਾ। **"ਕਿਸੁ ਜਾਚਉ"** ਤੋਂ ਭਾਵ ਹੈ ਕਿਸ ਕੋਲੋਂ ਪ੍ਰਾਪਤੀ ਕਰਨੀ ਹੈ। ਗੁਰੂ ਤੋਂ ਇਲਾਵਾ ਪ੍ਰਾਪਤੀ ਕਿਸੇ ਹੋਰ ਦਰ ਤੋਂ ਨਹੀਂ ਹੋ ਸਕਦੀ, ਇਹ ਗੁਰੂ ਦਾ ਆਪਣਾ ਫੁਰਮਾਨ ਹੈ। ਜਿਤਨਾ ਮਰਜ਼ੀ ਕੋਈ ਭੱਜ ਕੇ ਵੇਖ ਲਵੇ, ਕੋਈ ਹੋਰ ਦਰ ਨਹੀਂ ਜੋ ਸਾਡੀ ਅਗਿਆਨਤਾ ਕੱਟ ਸਕੇ। ਜੋ ਸੱਚੇ ਗਿਆਨ ਦਾ ਮਾਲਕ ਹੈ ਆਉ ਕੇਵਲ ਉਸੇ ਤੇ ਓਟ ਰੱਖੀਏ, ਕੇਵਲ ਗੁਰੂ ਦੀ ਮਤਿ ਤੇ ਭਰੋਸਾ ਕਰੀਏ।

ਇਹ ਗੱਲ ਤਾਂ ਅਸੀਂ ਜਾਣਦੇ ਹਾਂ ਕਿ ਗੁਰੂ **"ਸਬਦੁ"** ਹੈ। ਸ਼ਬਦ ਗੁਰੂ ਦਾ ਗਿਆਨ ਹੈ ਜਿਸ ਦੁਆਰਾ ਉਹ ਸਾਨੂੰ ਆਪਣੀ ਗੱਲ ਸਮਝਾਉਂਦਾ ਹੈ। ਗੁਰੂ ਆਪਣੇ **"ਗਿਆਨ"** ਦੁਆਰਾ ਹੀ ਗੁਰੂ ਹੈ ਜੋ ਗੁਰੂ ਨੂੰ ਉੱਚਾ ਬਣਾਉਂਦਾ ਹੈ। ਸ਼ਬਦ ਹੀ ਆਪ ਪ੍ਰਮਾਤਮਾ ਹੈ ਜੋ ਸਭ ਜਗ੍ਹਾ ਰਮਿਆ ਹੋਇਆ ਹੈ। ਗੁਰੂ, ਪ੍ਰਮਾਤਮਾ ਇੱਕੋ ਹੀ ਗੱਲ ਹੈ ਭਾਵ ਸ਼ਬਦ ਹੈ। ਜੋ ਕੁੱਝ ਸ਼ਬਦ ਹੈ

12/1189

ਉਹੀ ਕੁੱਝ ਨਾਮ ਹੈ। ਜੋ ਹਰ ਕੋਈ ਮੰਨਦਾ ਹੈ ਤੇ ਫਿਰ ਨਾਮ ਨੂੰ ਗੁਰੂ ਕਹਿਣ ਵਿੱਚ, ਪ੍ਰਮਾਤਮਾ ਕਹਿਣ ਵਿੱਚ ਸਾਡੇ ਅੰਦਰ ਦੁਚਿੱਤੀ ਕਿਸ ਗੱਲ ਦੀ ਹੈ। ਕੇਵਲ ਨਾਸਮਝੀ ਹੈ। ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆ ਰਹੇ ਹਾਂ ਨਾਮ ਹੀ ਹਰਿ ਰਸ ਹੈ, ਨਾਮ ਰਸ ਹੈ, ਨਾਮ ਧਨ ਹੈ ਤੇ ਫਿਰ ਇਹ ਸਭ ਕੁੱਝ ਹੀ "ਸਬਦੁ" ਹੈ, ਸਬਦ ਰਸੁ ਹੈ, ਸ਼ਬਦ ਦਾ ਗਿਆਨ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਦ੍ਰਿੜ ਕਰੀਏ।

ਧਨਾਸਰੀ ਮਹਲਾ ੩ ॥

"ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥
ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ ਮਾਇਆ ਮੋਹਿ ਜਲੈ ਅਭਿਮਾਨੁ ॥੧॥
ਗੁਰਮੁਖਿ ਹਰਿ ਰਸੁ ਚਾਖੈ ਕੋਇ ॥
ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥
ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥
ਨਿਰਮਲ ਨਾਮਿ ਹਉਮੈ ਮਲੁ ਧੋਇ ॥ ਸਾਚੀ ਭਗਤਿ ਸਦਾ ਸੁਖੁ ਹੋਇ ॥੨॥
ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥ ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥
ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥੩॥
ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥ ਅਨਦਿਨੁ ਦਾਝਹਿ ਸਾਤਿ ਨ ਪਾਇ ॥
ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥ ਨਾਨਕ ਨਾਮਿ ਸਾਂਤਿ ਸੁਖੁ ਪਾਏ ॥੪॥੨॥"

(ਅੰਗ ੬੬੪)

ਬਾਣੀ ਵਿੱਚ ਵਾਰ-ਵਾਰ **"ਨਿਰਮਲ"** ਤੇ ਅਤਿ ਅਪਾਰਾ ਕਿਸ ਨੂੰ ਕਿਹਾ ਗਿਆ ਹੈ, ਇਹ ਹਰ ਕੋਈ ਸਮਝ ਸਕਦਾ ਹੈ। ਇਹ ਗੁਰੂ ਪ੍ਰਮਾਤਮਾ ਲਈ ਕਿਹਾ ਗਿਆ ਹੈ। ਉੱਪਰ ਪੰਗਤੀ ਰਾਹੀਂ **"ਹਰਿ ਨਾਮੁ ਧਨੁ"** ਨੂੰ ਨਿਰਮਲ ਅਤਿ ਅਪਾਰਾ ਕਿਹਾ ਗਿਆ ਹੈ ਭਾਵ ਹਰਿ ਨਾਮ ਧਨ ਆਪ ਪ੍ਰਮਾਤਮਾ ਹੀ ਹੈ, ਜੋ ਸੱਚੇ ਗੁਣਾਂ ਦਾ ਖਜਾਨਾ ਹੈ। ਉਸ ਦੇ ਖਜਾਨੇ ਦੇ ਭੰਡਾਰ ਉਸ ਦੇ ਸ਼ਬਦ ਦੁਆਰਾ ਸਾਡੇ ਮਨ ਦੇ ਵਿੱਚ ਭਰੇ ਜਾਂਦੇ ਹਨ ਜੋ ਕਿ ਉਹ ਆਪ ਹੀ ਭਰਦਾ ਹੈ। ਗੁਰੂ ਦੇ ਖਜਾਨੇ ਵਿੱਚ ਇਸ ਨਾਮ ਧਨ ਦਾ ਭੰਡਾਰ ਹੀ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਆਪਣੇ ਸ਼ਬਦਾਂ ਦੁਆਰਾ ਇਸ ਖਜਾਨੇ ਨੂੰ ਭਰਿਆ ਹੋਇਆ ਹੈ। ਇਹ ਉਸਦੇ ਸੱਚੇ ਗਿਆਨ ਦਾ, ਸੱਚੇ ਗੁਣਾਂ ਦਾ ਭੰਡਾਰ ਹੈ। **(ਗੁਰ ਕੈ ਸਬਦਿ ਭਰੇ ਭੰਡਾਰਾ॥)** ਸੱਚੇ ਗੁਣਾਂ ਵਿੱਚ, ਸੱਚੀ ਮਤਿ ਵਿੱਚ, ਸੱਚੇ ਗਿਆਨ ਵਿੱਚ ਹੀ ਪ੍ਰਮਾਤਮਾ ਆਪ ਵੱਸਦਾ ਹੈ। ਇਹੀ ਉਸਦਾ ਸੱਚਾ ਰੂਪ ਹੈ। ਇਹ ਉਸਦਾ ਅੰਮ੍ਰਿਤ ਰੂਪ ਹੈ, ਸੱਚ ਰੂਪ ਹੈ ਤੇ ਇਸ ਅੰਮ੍ਰਿਤ ਰੂਪ ਤੋਂ ਬਿਨ੍ਹਾਂ ਹੋਰ ਸਭ ਬਿਖ ਹੈ, ਮਾਇਆ ਮੋਹ ਹੈ, ਅਗਿਆਨਤਾ ਹੈ, ਤ੍ਰਿਸ਼ਨਾ ਹੈ, ਹਉਮੈ ਹੈ ਜਿਸ ਵਿੱਚ ਹਰ ਕੋਈ ਸੜ ਰਿਹਾ ਹੈ ਭਾਵ ਪ੍ਰਮਾਤਮਾ ਦੀ ਸੱਚੀ ਮਤਿ ਤੋਂ ਵਿਛੜ ਕੇ ਹਰ ਕੋਈ ਆਪਣਾ ਜਨਮ ਬਿਰਥਾ ਗਵਾ ਰਿਹਾ ਹੈ। **(ਨਾਮ ਧਨ ਬਿਨੁ ਹੋਰ ਸਭ ਬਿਖੁ ਜਾਨੁ॥)** ਜਿੱਥੇ ਮਾਇਆ ਮੋਹ ਹੈ ਉੱਥੇ ਨਾਮ ਧਨ ਨਹੀਂ ਹੈ। ਨਾਮ ਧਨ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ

12/1190

ਲਈ ਹੈ, ਸਾਨੂੰ ਅਗਿਆਨਤਾ ਵਿੱਚੋਂ ਕੱਢਣ ਲਈ ਹੈ। ਨਾਮ ਧਨ ਦੀ ਪ੍ਰਾਪਤੀ ਜਾਂ ਹਰਿ ਰਸ ਚੱਖਣਾ ਇੱਕੋ ਹੀ ਗੱਲ ਹੈ। ਇਸਨੂੰ ਕੋਈ ਵਿਰਲਾ ਹੀ ਚੱਖ ਸਕਦਾ ਹੈ ਜੋ ਕਿ ਪੂਰੇ ਭਾਗਾਂ ਨਾਲ ਉਸ ਪ੍ਰਮਾਤਮਾ ਦੀ ਕਿਰਪਾ ਨਾਲ ਮਿਲਦਾ ਹੈ। **(ਗੁਰਮੁਖਿ ਹਰਿ ਰਸੁ ਚਾਖੈ ਕੋਇ॥)**

ਉੱਪਰ ਪੰਗਤੀ ਵਿੱਚ ਹਰਿ ਰਸ ਚੱਖਣ ਦੀ ਗੱਲ ਕੀਤੀ ਹੋਈ ਹੈ ਤੇ ਅਗਲੀ ਪੰਗਤੀ ਵਿੱਚ **"ਸਬਦੁ"** ਨੂੰ ਚੱਖਣ ਦੀ ਗੱਲ ਕੀਤੀ ਹੋਈ ਹੈ।

"ਸਬਦੁ ਦੀਪਕੁ ਵਰਤੈ ਤਿਹੁ ਲੋਇ॥ ਜੋ ਚਾਖੈ ਸੋ ਨਿਰਮਲੁ ਹੋਇ॥"

ਹੁਣ ਧਿਆਨ ਨਾਲ ਵਿਚਾਰੋ ਕਿ ਸ਼ਬਦ ਵਿੱਚ ਅਤੇ ਹਰਿ ਰਸ ਵਿੱਚ ਕੀ ਫ਼ਰਕ ਹੈ। ਇੱਕੋ ਹੀ ਗੱਲ ਹੈ। ਜੇਕਰ "**ਸਬਦੁ**" ਗੁਰੂ ਹੈ ਫਿਰ "**ਹਰਿ ਰਸੁ**" ਵੀ ਸਾਡਾ ਗੁਰੂ ਹੈ, ਇੱਕੋ ਹੀ ਗੱਲ ਹੈ, ਸਿਰਫ ਸਮਝਣ ਦੀ ਲੋੜ ਹੈ। ਹਰਿ ਰਸ ਵੀ ਸਾਨੂੰ ਮਤਿ ਦੇਣ ਲਈ ਹੈ, ਸ਼ਬਦ ਵੀ ਸਾਨੂੰ ਮਤਿ ਦੇਣ ਲਈ ਹੈ। ਹਰਿ ਆਪਣੇ "**ਰਸੁ ਰੂਪ**" ਵਿੱਚ ਵਰਤਦਾ ਹੈ ਭਾਵ ਗਿਆਨ ਰੂਪ ਵਿੱਚ ਵਰਤਦਾ ਹੈ। ਇਸੇ ਤਰ੍ਹਾਂ ਸ਼ਬਦ ਨੂੰ ਉਸਦਾ ਦੀਪਕ ਰੂਪ ਕਹਿ ਕੇ ਸਮਝਾਇਆ ਹੈ ਭਾਵ ਸ਼ਬਦ ਦੀਪਕ ਰੂਪ ਵਿੱਚ ਵਰਤਦਾ ਹੈ। "**ਸਬਦੁ ਦੀਪਕੁ**" ਸ਼ਬਦ ਦਾ ਪ੍ਰਕਾਸ਼ ਹੈ, ਸ਼ਬਦ ਦੇ ਗਿਆਨ ਦਾ ਪ੍ਰਕਾਸ਼ ਹੈ ਜਿਸ ਦੁਆਰਾ "**ਸਬਦੁ**" ਭਾਵ ਪ੍ਰਮਾਤਮਾ ਸਭ ਜਗ੍ਹਾ ਵਰਤ ਰਿਹਾ ਹੈ। **(ਸਬਦੁ ਦੀਪਕੁ ਵਰਤੈ ਤਿਹੁ ਲੋਇ॥)** ਸ਼ਬਦ ਦੇ ਗਿਆਨ ਨੂੰ ਚੱਖਣਾ ਹਰਿ ਰਸ ਚੱਖਣਾ ਹੈ। ਇਸ ਨੂੰ ਚੱਖ ਕੇ ਹੀ ਮਨੁੱਖ ਨਿਰਮਲ ਹੁੰਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਦਾ ਹੈ। ਇਹ ਸੱਚਾ ਗਿਆਨ ਮਨੁੱਖ ਮਨ ਦੇ ਵਿੱਚ ਹੀ ਚੱਖਦਾ ਹੈ ਜਿਸ ਨੂੰ ਕਿ ਉਹ ਆਪ ਚਖਾਉਂਦਾ ਹੈ ਤੇ ਤਾਂ ਹੀ ਮਨ ਨਿਰਮਲ ਹੁੰਦਾ ਹੈ। ਨਿਰਮਲ ਰੂਪ ਉਸਦਾ ਆਪਣਾ ਰੂਪ ਹੈ, ਅੰਮ੍ਰਿਤ ਰੂਪ ਹੈ, ਪਵਿੱਤਰ ਰੂਪ ਹੈ, ਔਗੁਣ ਰਹਿਤ ਰੂਪ ਹੈ, ਗੁਰਮੁਖਿ ਰੂਪ ਹੈ ਭਾਵ ਇਹ ਪ੍ਰਮਾਤਮਾ ਦੇ ਨਾਲ

12/1191

ਮੇਲ ਦੀ ਅਵੱਸਥਾ ਹੈ। **(ਜੋ ਚਾਖੈ ਸੋ ਨਿਰਮਲੁ ਹੋਇ॥)** ਮਨੁੱਖ ਦੀ ਇਹ ਅਵੱਸਥਾ ਹੀ ਨਾਮ ਮਿਲਣ ਦੀ ਅਵੱਸਥਾ ਹੈ ਜੋ ਕਿ ਅਗਲੀ ਪੰਗਤੀ ਦੁਆਰਾ ਸਪੱਸ਼ਟ ਕੀਤੀ ਹੋਈ ਹੈ।

"ਨਿਰਮਲ ਨਾਮਿ ਹਉਮੈ ਮਲੁ ਧੋਇ॥ਸਾਚੀ ਭਗਤਿ ਸਦਾ ਸੁਖੁ ਹੋਇ॥੨॥"

ਜੋ ਨਿਰਮਲ ਹੈ ਉਹ ਨਾਮ ਦੁਆਰਾ ਹੀ ਨਿਰਮਲ ਹੈ। ਇਸ ਤੋਂ ਭਾਵ ਸੱਚੇ ਗਿਆਨ ਦੇ ਨਾਲ ਹੈ ਜਿਸ ਦੁਆਰਾ ਸਾਡੀ ਅਗਿਆਨਤਾ ਨਿਕਲਦੀ ਹੈ ਤੇ ਸਾਨੂੰ ਸੋਝੀ ਪੈਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੈ ਤੇ ਸਾਡੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਜਿਸ ਦੁਆਰਾ ਸਾਡੀ ਹਉਮੈ ਮੁਕਦੀ ਹੈ, "**ਮੈਂ**" ਮੁਕਦੀ ਹੈ। ਇਹ ਹਉਮੈ ਹੀ ਮਨੁੱਖ ਦੀ ਅਸਲ ਮੈਲ ਹੈ ਜੋ ਸਾਨੂੰ ਪ੍ਰਮਾਤਮਾ ਦੇ ਮੇਲ ਤੋਂ, ਉਸਦੇ ਸੱਚੇ ਗਿਆਨ ਤੋਂ ਦੂਰ ਰੱਖਦੀ ਹੈ। ਜਦ ਤੱਕ ਇਹ ਹਉਮੈ ਦੀ ਮੈਲ ਨਹੀਂ ਧੁਪਦੀ ਭਾਵ ਜਦ

ਤੱਕ ਅਸੀਂ ਹਉਮੈ ਵਿੱਚ ਹਾਂ ਤਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ ਭਾਵ ਉਹ ਪ੍ਰਮਾਤਮਾ ਸਾਡੇ ਅੰਦਰ ਹੁੰਦੇ ਹੋਏ ਵੀ ਪ੍ਰਗਟ ਨਹੀਂ ਹੈ। ਜਦ ਤੱਕ "ਹਉਮੈ" ਪ੍ਰਗਟ ਹੈ, "ਤ੍ਰੈਗੁਣ" ਪ੍ਰਗਟ ਹੈ ਤਦ ਤੱਕ "ਨਾਮੁ" ਸਾਡੇ ਅੰਦਰ ਗੁਪਤ ਹੈ। ਨਾਮ ਦੇ ਪ੍ਰਗਟ ਹੋਣ ਨਾਲ ਹਉਮੈ ਖ਼ਤਮ ਹੋ ਜਾਂਦੀ ਹੈ। ਜਦ ਤੱਕ ਅਸੀਂ ਹਉਮੈ ਦੀ ਅਵੱਸਥਾ ਵਿੱਚ ਹਾਂ ਤਦ ਤੱਕ ਉਸ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਕਿਉਂਕਿ ਤਦ ਤੱਕ ਸਾਨੂੰ ਇਹ ਸਮਝ ਹੀ ਨਹੀਂ ਲੱਗਦੀ ਕਿ ਉਸਦੀ ਸੱਚੀ ਭਗਤੀ ਕੀ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਅਸੀਂ ਆਪਣੇ ਵੱਲੋਂ ਜੋ ਵੀ ਧਰਮ ਕਰਮ ਕਰਦੇ ਹਾਂ ਉਹ ਸਾਡੇ ਅੰਦਰ ਮਾਇਆ ਮੋਹ ਦੇ ਰਹਿੰਦੇ ਹੋਏ, ਅਗਿਆਨਤਾ ਵਿੱਚ, ਹਉਮੈ ਵਿੱਚ ਰਹਿੰਦੇ ਹੋਏ ਥਾਇ ਨਹੀਂ ਪੈਂਦੇ। ਸੱਚੀ ਸੋਝੀ ਬਿਨ੍ਹਾਂ ਭਗਤੀ ਨਹੀਂ ਹੋ ਸਕਦੀ। ਸੁਖੁ ਦੀ ਪ੍ਰਾਪਤੀ, ਪ੍ਰਮਾਤਮਾ ਦੀ ਪ੍ਰਾਪਤੀ ਹੈ ਤੇ ਉਸਦੇ ਮੇਲ ਨਾਲ ਹੀ ਸੱਚੀ ਭਗਤੀ ਹੁੰਦੀ ਹੈ।

ਆਓ ਸ਼ਬਦ ਦੇ ਅਗਲੇ ਪਦੇ ਨੂੰ ਧਿਆਨ ਨਾਲ ਵਿਚਾਰੀਏ।

"ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ॥
ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ॥ ਆਪਿ ਮੁਕਤੁ ਅਵਰਾ ਮੁਕਤੁ ਕਰਾਵੈ॥
ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ॥੩॥"

12/1192

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ **"ਹਰਿ ਜਨੁ"** ਬਣਨਾ ਕੀ ਹੈ। **"ਹਰਿ ਜਨੁ"** ਗੁਰੂ ਸਾਹਿਬਾਨ ਬਾਰੇ, ਭਗਤਾਂ ਬਾਰੇ ਬਾਣੀ ਵਿੱਚ ਵਰਤਿਆ ਗਿਆ ਹੈ ਤੇ ਇੱਥੇ ਵੀ ਉਹੀ ਗੱਲ ਸਮਝਾਈ ਹੋਈ ਹੈ।

ਹਰਿ ਰਸੁ ਚੱਖਣਾ ਹੀ ਪ੍ਰਮਾਤਮਾ ਦੇ ਨਾਲ ਜੋਗ ਹੈ ਜੋ ਉਹਨਾਂ ਨੂੰ ਸਦਾ ਖੇੜੇ ਵਿੱਚ, ਸੱਚੇ ਸੁੱਖ ਵਿੱਚ ਰੱਖਦਾ ਹੈ ਤੇ ਉਹਨਾਂ ਨੂੰ ਮਾਇਆ ਮੋਹ ਦਾ ਸੋਗ ਨਹੀਂ ਰਹਿੰਦਾ। ਉਹ ਆਪ ਮੁਕਤ ਹੁੰਦੇ ਹਨ ਤੇ ਦੂਸਰਿਆਂ ਨੂੰ ਮੁਕਤ ਕਰਾਉਂਦੇ ਹਨ। "ਗੁਰੂ" ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਮੁਕਤ ਹੈ, ਮਾਇਆ ਮੋਹ ਤੋਂ ਮੁਕਤ ਹੈ, ਹਉਮੈ ਤੋਂ, ਅਗਿਆਨਤਾ ਤੋਂ ਮੁਕਤ ਹੈ। ਗੁਰੂ ਆਪਣਾ ਸੱਚਾ ਗਿਆਨ ਦੇ ਕੇ ਮਾਇਆ ਮੋਹ ਤੋਂ ਹੀ ਮੁਕਤ ਕਰਾਉਂਦਾ ਹੈ। ਮੁਕਤ ਹੋ ਕੇ ਹੀ "ਗੁਰੂ" ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ। ਉਹ ਆਪ ਸੱਚੇ ਮਾਰਗ ਤੇ ਚੱਲਦਾ ਹੈ ਤੇ ਦੂਸਰਿਆਂ ਨੂੰ ਸੱਚਾ ਮਾਰਗ ਦਿਖਾਉਂਦਾ ਹੈ।

ਗੁਰੂ ਕੋਲ ਨਾਮ ਦਾ ਸ੍ਰੋਤ **"ਸੁਖੁ"** ਹੈ ਭਾਵ ਆਪ ਪ੍ਰਮਾਤਮਾ ਹੈ। "ਸੁਖੁ" ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਤੇ ਇਹ ਬ੍ਰਹਮ ਗਿਆਨ ਹੀ ਆਪ ਪ੍ਰਮਾਤਮਾ ਹੈ।ਮਨੁੱਖੀ ਸਰੀਰ ਦੇ ਵਿੱਚ ਮਨ ਦੇ ਰਾਹੀਂ ਹੀ ਇਸ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਇਸ ਸੁੱਖ ਦੀ ਅਵੱਸਥਾ ਵਿੱਚ, ਬ੍ਰਹਮ ਗਿਆਨ ਦੀ ਅਵੱਸਥਾ ਵਿੱਚ ਵਿਚਰਦਾ ਹੈ।ਅਸਲ ਵਿੱਚ ਸਭ ਕੁੱਝ ਉਹ ਆਪ ਹੀ ਹੈ ਜਿਸ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ ਤੇ ਹੋਰ ਹਰ ਉਪਰਾਲਾ ਵਿਅਰਥ ਹੈ। ਇਹੀ ਗੱਲ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਈ ਹੋਈ ਹੈ।

12/1193

"ਬਿਨੁ ਸਤਿਗੁਰ ਸਭ ਮੁਈ ਬਿਲਲਾਇ॥ ਅਨਦਿਨੁ ਦਾਝਹਿ ਸਾਤਿ ਨ ਪਾਇ॥
ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ॥ ਨਾਨਕ ਨਾਮਿ ਸਾਂਤਿ ਸੁਖੁ ਪਾਏ॥੪॥੨॥"

"ਗੁਰੂ" ਅਸਲ ਵਿੱਚ "ਗੁਰੂ ਦੀ ਮਤਿ" ਹੈ। ਜਦ ਤੱਕ ਸਾਡੇ ਅੰਦਰ ਇਹ ਗੱਲ ਦ੍ਰਿੜ ਨਹੀਂ ਹੁੰਦੀ ਅਸੀਂ ਗੁਰੂ ਕੋਲੋਂ ਉਸ ਲਾਭ ਦੀ ਪ੍ਰਾਪਤੀ ਨਹੀਂ ਕਰ ਸਕਦੇ ਜਿਸ ਮਨੋਰਥ ਲਈ ਗੁਰੂ ਨੇ ਆਪਣੇ ਆਪ ਨੂੰ ਥਾਪਿਆ ਹੈ। ਗੁਰੂ ਨੂੰ ਮਿਲਣਾ ਗੁਰੂ ਦੀ ਮਤਿ ਦੇ ਨਾਲ ਮਿਲਣਾ ਹੈ, ਗੁਰੂ ਦੇ ਵਿਚਾਰਾਂ ਦੇ ਨਾਲ ਮੇਲ ਕਰਨਾ ਹੈ। ਗੁਰੂ ਦੇ ਵਿਚਾਰਾਂ ਦੇ ਨਾਲ ਮੇਲ ਹੀ ਨਾਮ ਦੇ ਨਾਲ ਮੇਲ ਹੈ। ਸਾਡੀ ਅਗਿਆਨਤਾ ਗੁਰੂ ਦੇ ਗਿਆਨ ਨੇ ਕੱਢਣੀ ਹੈ ਨਾ ਕਿ ਸਾਰਾ ਦਿਨ ਗੁਰੂ ਗੁਰੂ ਕਰੀ ਜਾਣ ਨਾਲ, ਸਵੇਰ ਸ਼ਾਮ ਗੁਰੂ ਨੂੰ ਮੱਥੇ ਟੇਕੀ ਜਾਣ ਨਾਲ। ਗੁਰੂ ਦਾ ਮਕਸਦ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਹੈ, ਸਾਡੀ ਤ੍ਰਿਸ਼ਨਾ ਕੱਢਣ ਦਾ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰੀਏ, ਔਗੁਣ ਰਹਿਤ ਹੋ ਕੇ ਵਿਚਰੀਏ। ਸਾਡਾ ਸਾਰਾ ਉੱਦਮ ਬਸ ਇਸੇ ਲਈ ਹੀ ਹੋਣਾ ਚਾਹੀਦਾ ਹੈ। ਗੁਰੂ ਨੂੰ ਸਰੀਰਕ ਰੂਪ ਵਿੱਚ ਮਿਲਣ ਜਾਣਾ, ਮੱਥਾ ਟੇਕਣਾ ਵੀ ਸਾਡਾ ਉੱਦਮ ਹੈ, ਸਾਡਾ ਫਰਜ਼ ਹੈ, ਉਸ ਦਾ ਸਤਿਕਾਰ ਕਰਨਾ ਸਾਡਾ ਫਰਜ਼ ਹੈ ਪਰ ਜੇਕਰ ਅਸੀਂ ਇੱਥੋਂ ਤੱਕ ਹੀ ਆਪਣਾ ਫਰਜ਼ ਸਮਝੀ ਜਾਵਾਂਗੇ, ਗੁਰੂ ਦਾ ਸਤਿਕਾਰ ਸਮਝੀ ਜਾਵਾਂਗੇ

ਫਿਰ ਗੁਰਮਤਿ ਦਾ ਸਤਿਕਾਰ ਕਿਵੇਂ ਹੋਵੇਗਾ। ਗੁਰਮਤਿ ਦਾ ਸਤਿਕਾਰ ਹੀ ਗੁਰੂ ਦਾ ਸਤਿਕਾਰ ਹੈ ਕਿਉਂਕਿ ਅਸਲ ਵਿੱਚ ਗੁਰਮਤਿ ਹੀ ਗੁਰੂ ਹੈ, ਸ਼ਬਦ ਦੀ ਸੱਚੀ ਸੋਝੀ ਹੀ ਗੁਰੂ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ - ੧੨੦)

{ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥}

(ਅੰਗ - ੪੪੪)

ਸ਼ਬਦ ਦੀ ਸੋਝੀ, ਸ਼ਬਦ ਦੀ ਸਿੱਖਿਆ ਹੀ ਗੁਰੂ ਹੈ, ਗੁਰਮਤਿ ਹੈ ਜਿਸ ਵਿੱਚ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਨੂੰ ਕੇਵਲ ਗੁਰਮਤਿ

12/1194

ਅਨੁਸਾਰ ਹੀ ਪਾਇਆ ਜਾ ਸਕਦਾ ਹੈ, ਗੁਰਮਤਿ ਦਾ ਸਤਿਕਾਰ ਕਰਕੇ ਪਾਇਆ ਜਾ ਸਕਦਾ ਹੈ। ਗੁਰਮਤਿ ਦਾ ਸਤਿਕਾਰ ਉਸ ਅਨੁਸਾਰ ਆਪਣੇ ਆਪ ਨੂੰ ਢਾਲ ਕੇ ਹੀ ਹੋ ਸਕਦਾ ਹੈ। ਸਾਰਾ ਦਿਨ ਬੈਠ ਕੇ ਗੁਰਮਤਿ ਗੁਰਮਤਿ ਬੋਲੀ ਜਾਈਏ ਪਰ ਉਸ ਦੀ ਗੱਲ ਨੂੰ ਮੰਨੀਏ ਨਾ, ਇਸ ਨਾਲ ਗੁਰਮਤਿ ਦਾ ਸਤਿਕਾਰ ਕੀ ਹੋ ਸਕਦਾ ਹੈ, ਗੁਰੂ ਦਾ ਸਤਿਕਾਰ ਕੀ ਹੋ ਸਕਦਾ ਹੈ। ਸਾਡਾ ਆਪਣਾ ਸਤਿਕਾਰ ਜਰੂਰ ਹੋਣ ਲੱਗ ਪੈਂਦਾ ਹੈ। ਫੈਸਲਾ ਇਸੇ ਗੱਲ ਦਾ ਕਰਨਾ ਹੈ ਕਿ ਸਾਨੂੰ ਕਿਸ ਦਾ ਸਤਿਕਾਰ ਪਸੰਦ ਹੈ, ਆਪਣਾ ਜਾਂ ਗੁਰੂ ਦਾ। ਮਨਮਤਿ ਦਾ ਸਤਿਕਾਰ ਆਪਣਾ ਸਤਿਕਾਰ ਹੈ ਤੇ ਗੁਰਮਤਿ ਦਾ ਸਤਿਕਾਰ ਗੁਰੂ ਦਾ ਸਤਿਕਾਰ ਹੈ।

ਉੱਪਰ ਸ਼ਬਦ ਵਿੱਚ ਅਸੀਂ ਹਰਿ ਰਸ ਨੂੰ ਤੇ ਸ਼ਬਦ ਦੇ ਗਿਆਨ ਨੂੰ ਇੱਕ ਕਰਕੇ ਜਾਣਿਆ ਹੈ। ਸ਼ਬਦ ਦਾ ਗਿਆਨ ਹੀ ਸ਼ਬਦ ਰਸ ਹੈ, ਨਾਮ ਰਸ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

"ਸਬਦੇ ਅਕਥੁ ਕਥੇ ਸਾਲਾਹੇ॥ਮੇਰੇ ਪ੍ਰਭ ਸਾਚੇ ਵੇਪਰਵਾਹੇ॥
ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ॥੧੨॥"

(ਅੰਗ - ੧੦੫੭)

ਪ੍ਰਮਾਤਮਾ ਦਾ ਸੇਵਕ ਉਸ ਪ੍ਰਮਾਤਮਾ ਨੂੰ ਕਿਵੇਂ ਸਾਲਾਹੁੰਦਾ ਹੈ ਇੱਥੇ ਇਹ ਗੱਲ ਸਮਝਾਈ ਹੋਈ ਹੈ। ਉਸਦਾ ਸੇਵਕ ਆਪ ਗੁਰੂ ਹੀ ਹੈ ਜਿਸ ਨੂੰ ਉਹ ਆਪਣਾ ਸੇਵਕ ਬਣਾ ਲੈਂਦਾ ਹੈ, ਜਿਸ ਨੂੰ ਉਹ ਆਪਣੀ ਸੇਵਾ ਬਖਸ਼ ਦਿੰਦਾ ਹੈ ਉਹੀ ਉਸਦੀ ਸੇਵਾ ਕਰਦਾ ਹੈ, ਉਸਦੀ ਸਿਫ਼ਤ ਸਾਲਾਹ ਕਰਦਾ ਹੈ। ਉਸਦੀ ਸੇਵਾ, ਉਸਦੀ ਸਿਫ਼ਤ ਸਾਲਾਹ ਸ਼ਬਦ ਦੀ ਵਿਚਾਰ ਹੈ ਤੇ ਜਿਸ ਨੂੰ ਉਹ ਆਪਣਾ ਵਿਚਾਰੀ ਬਣਾ ਲੈਂਦਾ ਹੈ, ਆਪਣੇ ਵਿਚਾਰ ਦੇ ਦਿੰਦਾ ਹੈ ਤੇ ਤਾਂ ਹੀ ਉਸਦੀ ਸਿਫ਼ਤ ਸਲਾਹ ਹੁੰਦੀ ਹੈ। "ਗੁਰੂ" ਪ੍ਰਮਾਤਮਾ ਦਾ ਸੇਵਕ ਹੈ ਜਿਸ ਨੇ ਉਸ ਅਕਥ ਨੂੰ ਕਥਿਆ ਹੈ, ਉਸ ਅਕਥ ਨੂੰ ਕਥ ਕੇ ਅਕਥ ਕਥਾ

12/1195

ਰਚੀ ਹੈ, ਗੁਰਬਾਣੀ ਰਚੀ ਹੈ। ਉਸ "ਅਕਥੁ" ਪ੍ਰਮਾਤਮਾ ਨੂੰ ਉਸ ਦੇ ਸ਼ਬਦ ਦੁਆਰਾ ਹੀ ਕਥਿਆ ਜਾ ਸਕਦਾ ਹੈ। ਸ਼ਬਦ ਉਸਦਾ ਸੱਚਾ ਗਿਆਨ ਹੈ ਤੇ ਇਸੇ ਲਈ "ਅਕਥੁ ਕਥਾ", "ਗੁਰਬਾਣੀ" ਉਸ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। ਸ਼ਬਦ ਸਾਡੇ ਅੰਦਰ ਹੀ ਹੈ ਤੇ ਉਸ ਦੀ ਅਕਥ ਕਥਾ ਮਨ ਦੇ ਵਿੱਚੋਂ ਹੀ ਆਈ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਉਸ ਦੇ ਸੱਚੇ ਗਿਆਨ ਦੁਆਰਾ ਹੀ ਹੁੰਦੀ ਹੈ, ਉਸ ਦੇ ਨਾਲ ਮੇਲ ਤੋਂ ਬਾਅਦ ਹੀ ਹੁੰਦੀ ਹੈ, ਭਰਮ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ। **(ਸਬਦੇ ਅਕਥੁ ਕਥੇ ਸਾਲਾਹੇ ॥)**

ਪ੍ਰਮਾਤਮਾ ਆਪਣੀ ਅਕਥ ਕਥਾ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ ਭਾਵ ਆਪਣੇ ਆਪ ਨੂੰ ਕਦੇ ਹੀ ਕਿਸੇ ਵਿਰਲੇ ਸਰੀਰ ਰਾਹੀਂ ਪ੍ਰਗਟ ਕਰਦਾ ਹੈ। ਉਹ ਇਸ ਗੱਲ ਤੋਂ ਬੇਪ੍ਰਵਾਹ ਹੈ ਕਿ ਉਸ ਨੂੰ ਹਰ ਕੋਈ ਜਾਣੇ। ਉਸ ਨੂੰ ਜਰਾ ਵੀ ਲਾਲਚ ਨਹੀਂ ਹੈ ਕਿ ਉਸ ਨੂੰ ਕੋਈ ਜਾਣੇ ਕਿਉਂਕਿ ਇਹ ਉਸ ਦਾ ਖੇਡ ਹੈ ਜਿਸ ਨੂੰ ਉਹ ਗੁਪਤ ਵਰਤ ਕੇ ਹੀ ਚਲਾਉਂਦਾ ਹੈ। **(ਮੇਰੇ ਪ੍ਰਭ ਸਾਚੇ ਵੇਪਰਵਾਹੇ ॥)**

ਆਪਣੇ ਨਾਲ ਉਹ ਕਿਸੇ ਨੂੰ ਮਿਲਾਏ ਇਹ ਕੇਵਲ ਉਸਦੇ ਆਪਣੇ ਹੱਥ ਵੱਸ ਹੈ ਤੇ ਜਿਸ ਨੂੰ ਵੀ ਉਹ ਮਿਲਾਉਂਦਾ ਹੈ ਆਪਣੇ ਸ਼ਬਦ ਦੁਆਰਾ ਹੀ ਮਿਲਾਉਂਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਹੀ ਮਿਲਾਉਂਦਾ ਹੈ। ਉਸ ਦੇ ਸ਼ਬਦ ਦਾ ਰਸ ਉਸ ਦੇ ਮੇਲ ਦੁਆਰਾ ਹੀ ਮਿਲਦਾ ਹੈ। ਉਸਦੇ ਮੇਲ ਤੋਂ ਬਿਨ੍ਹਾਂ ਇਸ ਰਸ ਨੂੰ ਕੋਈ ਨਹੀਂ ਚੱਖ ਸਕਦਾ। **(ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ॥੧੨॥)** ਇਹ "**ਸਬਦੁ ਰਸੁ**" ਸ਼ਬਦ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਅਕਥ ਕਥਾ ਦੀ ਰਚਨਾ ਹੋਈ ਹੈ, ਗੁਰਬਾਣੀ ਦੀ ਰਚਨਾ ਹੋਈ ਹੈ। ਸ਼ਬਦ ਰਸ ਦੀਆਂ, ਹਰਿ ਰਸ ਦੀਆਂ, ਨਾਮ ਰਸ ਦੀਆਂ, ਨਾਮਧਨ ਦੀਆਂ ਗੱਲਾਂ ਕਰਨ ਵਾਲੇ ਅਨੇਕਾਂ ਮਿਲ ਜਾਣਗੇ ਪਰ ਅਸਲੀਅਤ ਤੋਂ ਹਰ ਕੋਈ ਉਤਨਾ ਹੀ ਦੂਰ ਹੈ ਜਿਤਨਾ ਕਿ ਹਰ ਕੋਈ ਰੱਬ ਨੂੰ ਮਿਲਣ ਤੋਂ ਦੂਰ ਹੈ।

12/1196

ਪਿੱਛੇ ਸ਼ਬਦ ਰਾਹੀਂ ਅਸੀਂ ਜਿਆਦਾ ਚਰਚਾ ਇਸ ਬਾਰੇ ਕੀਤੀ ਹੈ ਕਿ ਗੁਰਮਤਿ ਹੀ ਗੁਰੂ ਹੈ। ਗੁਰਮਤਿ ਵਿੱਚ ਰਤਨਾ ਗੁਰੂ ਨਾਲ ਰਤਨਾ ਹੈ। ਰਾਮ ਗੁਰੂ ਹੈ, ਪ੍ਰਮਾਤਮਾ ਹੈ। ਹਰਿ ਗੁਰੂ ਹੈ, ਪ੍ਰਮਾਤਮਾ ਹੈ। ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆ ਰਹੇ ਹਾਂ ਰਾਮ ਰਸ, ਹਰਿ ਰਸ ਗੁਰੂ ਦੀ ਸੱਚੀ ਮਤਿ ਹੈ। ਹਰਿ ਰਸ ਵਿੱਚ ਰਤਨਾ ਹਰਿ ਨਾਲ ਰਤਨਾ ਹੈ, ਰਾਮ ਨਾਲ ਰਤਨਾ ਹੈ। ਇਹੀ ਗੱਲ ਨਾਮ ਦੀ ਹੈ। ਨਾਮ ਗੁਰੂ ਹੈ, ਪ੍ਰਮਾਤਮਾ ਹੈ ਤੇ ਨਾਮ ਰਸ ਉਸਦੀ ਮਤਿ ਹੈ। ਨਾਮ ਰਸ ਨਾਲ ਰਤਨਾ ਨਾਮ ਨਾਲ ਰਤਨਾ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

"ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ॥੪॥
ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ॥੫॥
ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ॥੬॥
ਹਰਿ ਰਸੁ ਜਿਨ੍ਹੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ॥੭॥
ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ॥੮॥੧॥੩॥"

(ਅੰਗ - ੪੩੧)

ਪਹਿਲਾ ਤਾਂ ਸਾਨੂੰ ਆਪਣਾ ਸ਼ਿੰਗਾਰ ਸਮਝਣ ਦੀ ਲੋੜ ਹੈ ਭਾਵ ਦ੍ਰਿੜ ਕਰਨ ਦੀ ਲੋੜ ਹੈ। ਇਸ ਗੱਲ ਨੂੰ ਸਮਝਦੇ ਤਾਂ ਅਸੀਂ ਪਿੱਛੇ ਵੀ ਆ ਰਹੇ ਹਾਂ। ਬਾਣੀ ਵਿੱਚ ਵਾਰ-ਵਾਰ ਸ਼ਬਦ ਸ਼ਿੰਗਾਰ ਦੀ ਗੱਲ ਹੋ ਰਹੀ ਹੈ ਭਾਵ ਅਸੀਂ ਆਪਣੇ ਆਪ ਨੂੰ ਗੁਰੂ ਦੇ ਸ਼ਬਦ ਨਾਲ ਸ਼ਿੰਗਾਰਨਾ ਹੈ। ਬਾਣੀ ਵਿੱਚ ਸਾਨੂੰ ਵਾਰ-ਵਾਰ ਕਥਨੀ ਕਰਨੀ ਦਾ ਭੇਦ ਸਮਝਾਇਆ ਹੈ ਤੇ ਇਸ ਭੇਦ ਨੂੰ ਨਾ ਸਮਝਣਾ ਹੀ ਸਾਡੀ ਅਸਲ ਭੁੱਲ ਹੈ। ਅਸੀਂ ਸ਼ਬਦ ਦਾ ਸ਼ਿੰਗਾਰ ਕਿਵੇਂ ਕਰਦੇ ਹਾਂ ਇਹ ਕਿਸੇ ਕੋਲੋਂ ਭੁੱਲਿਆ ਹੋਇਆ ਨਹੀਂ। ਅਸੀਂ ਚੌਂਕੜੇ ਲਗਾ ਕੇ ਬੈਠ ਜਾਂਦੇ ਹਾਂ ਤੇ ਮੁੱਖੋਂ ਸ਼ਬਦ ਦਾ ਉਚਾਰਨ ਕਰੀ ਆਉਂਦੇ ਹਾਂ। ਇੱਕ ਅੱਖਰ ਨੂੰ ਸ਼ਬਦ ਮੰਨ ਕੇ, ਨਾਮ ਮੰਨ ਕੇ ਉਸ ਨੂੰ ਜਪੀ ਜਾਂਦੇ ਹਾਂ ਤੇ ਸਮਝਦੇ ਹਾਂ ਕਿ ਅਸੀਂ ਸ਼ਬਦ ਦਾ ਸ਼ਿੰਗਾਰ ਕਰ ਰਹੇ ਹਾਂ। ਸ਼ਿੰਗਾਰ ਅਸੀਂ ਸ਼ਬਦ ਦਾ ਉਚਾਰਨ ਕਰਕੇ ਕਰਨਾ ਹੈ ਜਾਂ ਸ਼ਬਦ ਦੀ ਮਤਿ ਨੂੰ ਮੰਨ ਕੇ ਕਰਨਾ ਹੈ ਬਸ ਇਹੀ ਸਮਝਣ ਦੀ ਲੋੜ ਹੈ। ਗੁਰੂ ਅਸਲ ਵਿੱਚ ਸ਼ਬਦ ਦੀ

12/1197

ਮਤਿ ਹੈ, ਸ਼ਬਦ ਦਾ ਸੱਚਾ ਗਿਆਨ ਹੈ ਤੇ ਅਸੀਂ ਪੂਜਣਾ ਵੀ, ਜਪਣਾ ਵੀ ਸ਼ਬਦ ਦੀ ਮਤਿ ਨੂੰ ਹੀ ਹੈ। ਇਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਸ਼ਿੰਗਾਰ ਸਾਡੀ ਮਤਿ ਨੇ ਕਰਨਾ ਹੈ, ਸਾਡੇ ਮਨ ਨੇ ਕਰਨਾ ਹੈ। ਜਦ ਤੱਕ ਸਾਡੀ ਮਤਿ ਦੇ ਵਿੱਚ, ਸਾਡੀ ਸੁਰਤਿ ਦੇ ਵਿੱਚ, ਸਾਡੇ ਵਿਚਾਰਾਂ ਦੇ ਵਿੱਚ ਬਿਖਿਆ ਹੈ, ਮਾਇਆ ਮੋਹ ਹੈ, ਵਿਕਾਰ ਹਨ, ਇਹੋ ਜਿਹਾ ਸਾਡਾ ਸ਼ਿੰਗਾਰ ਦੁਨਿਆਵੀਂ ਸੁੱਖਾਂ ਦੀ ਪ੍ਰਾਪਤੀ ਲਈ ਹੈ ਤੇ ਇਹੋ ਜਿਹੇ ਸਾਡੇ ਮਨ ਦੇ ਸ਼ਿੰਗਾਰ ਨੂੰ ਫਿੱਕਾ ਸ਼ਿੰਗਾਰ ਕਿਹਾ ਹੈ ਤੇ ਇਹੋ ਜਿਹੇ ਸ਼ਿੰਗਾਰਾ ਨੂੰ ਛੱਡ ਕੇ ਹੀ ਸ਼ਬਦ ਦਾ ਸ਼ਿੰਗਾਰ ਕਰ ਸਕਦੇ ਹਾਂ, ਸ਼ਬਦ ਦੀ ਮਤਿ ਦਾ ਸ਼ਿੰਗਾਰ ਕਰ ਸਕਦੇ ਹਾਂ। **(ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ॥੪॥)** ਇਹ ਬਿਖਿਆ ਦੇ ਸ਼ਿੰਗਾਰ ਕੀ ਹਨ, ਬਿਖਿਆ ਦੇ ਸੁੱਖ ਕੀ ਹਨ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ॥੫॥"

ਅਸੀਂ ਇਹਨਾਂ ਔਗੁਣਾਂ ਦੁਆਰਾ ਸੁੱਖ ਮਹਿਸੂਸ ਕਰਦੇ ਹਾਂ, ਮਾਇਆ ਮੋਹ ਦੁਆਰਾ ਸੁੱਖ ਲੱਭਦੇ ਹਾਂ ਪਰ ਅਸਲ ਸੁੱਖ ਦੀ ਪ੍ਰਾਪਤੀ ਇਹਨਾਂ ਸੁੱਖਾਂ ਵਿੱਚੋਂ ਨਿਕਲਣ ਦੁਆਰਾ ਹੈ, ਇਹਨਾਂ ਨੂੰ ਤਜਣ ਦੁਆਰਾ ਹੈ। ਇਹ ਸਾਡੇ ਫਿੱਕੇ ਸਵਾਦ ਹਨ, ਫਿੱਕੇ ਰਸ ਹਨ, ਫਿੱਕੇ ਸ਼ਿੰਗਾਰ ਹਨ। ਸਾਡਾ ਸੱਚਾ ਸ਼ਿੰਗਾਰ ਇਹਨਾਂ ਨੂੰ ਤਜਣ ਦੁਆਰਾ ਹੈ ਤੇ ਤਾਂ ਹੀ ਸਤਿਗੁਰ ਦੇ ਚਰਨਾਂ ਵਿੱਚ ਪੈ ਸਕਦੇ ਹਾਂ, ਸ਼ਬਦ ਦੇ ਚਰਨਾਂ ਵਿੱਚ ਪੈ ਸਕਦੇ ਹਾਂ। ਸਤਿਗੁਰ ਸ਼ਬਦ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰੂ ਦੇ, ਸ਼ਬਦ ਦੇ ਚਰਨਾਂ ਵਿੱਚ ਪੈਣਾ ਭਾਵ ਉਸਨੂੰ ਮੱਥਾ ਟੇਕਣਾ ਕੀ ਹੈ। ਮੱਥਾ ਅਸੀਂ ਸ਼ਬਦ ਦੀ, ਗੁਰੂ ਦੀ ਮਤਿ ਨੂੰ ਹੀ ਟੇਕਣਾ ਹੈ ਜੋ ਸਾਨੂੰ ਔਗੁਣ ਛੱਡਣ ਲਈ ਪ੍ਰੇਰ ਰਹੀ ਹੈ। ਸ਼ਬਦ ਦਾ ਸ਼ਿੰਗਾਰ ਕਥਨੀ ਨਾਲ ਹੋਣਾ ਹੈ ਜਾਂ ਕਰਨੀ ਨਾਲ ਹੋਣਾ ਹੈ, ਇਸ ਗੱਲ ਨੂੰ ਸਮਝਣ ਵਿੱਚ ਕੋਈ ਦੁਚਿੱਤੀ ਨਹੀਂ ਬਚਦੀ ਪਰ ਗੱਲਾਂ ਨਾਲ ਸ਼ਿੰਗਾਰ ਕਰਨ ਵਾਲੇ ਇਸੇ ਨੂੰ ਹੀ ਸ਼ਿੰਗਾਰ ਕਰਨਾ ਸਮਝੀ ਬੈਠੇ ਹਨ। ਉਹ ਕਿਤਨੀ ਵੱਡੀ ਭੁੱਲ

12/1198

ਵਿੱਚ ਹਨ ਇਸ ਦਾ ਅੰਦਾਜ਼ਾ ਕੋਈ ਵੀ ਲਗਾ ਸਕਦਾ ਹੈ। ਸ਼ਬਦ ਦਾ ਸ਼ਿੰਗਾਰ ਸਾਡੇ ਮਨ ਨੇ, ਸਾਡੀ ਸੁਰਤਿ ਨੇ ਕਰਨਾ ਹੈ, ਸਾਡੇ ਮਨ ਦੇ ਵਿਚਾਰਾਂ ਨੇ ਕਰਨਾ ਹੈ। ਸ਼ਬਦ ਦਾ ਸ਼ਿੰਗਾਰ ਹੀ ਸ਼ਬਦ ਸੁਰਤਿ ਦਾ ਮੇਲ ਹੈ। ਜਦੋਂ ਸਾਡੀ ਸੁਰਤਿ ਬਿਖਿਆ ਤੋਂ, ਅਗਿਆਨਤਾ ਤੋਂ, ਵਿਕਾਰਾਂ ਤੋਂ ਰਹਿਤ ਹੋ ਜਾਵੇਗੀ ਤਾਂ ਫਿਰ ਸ਼ਬਦ ਸਾਡੀ ਸੁਰਤਿ ਵਿੱਚ ਵੱਸ ਜਾਵੇਗਾ। ਸੁਰਤੀਆਂ ਜੋੜਨ ਦੀ ਬਜਾਏ ਆਓ ਆਪਣੀ ਸੁਰਤਿ ਨੂੰ ਬਿਖਿਆ, ਵਿਕਾਰਾਂ ਤੋਂ ਰਹਿਤ ਕਰਨ ਦਾ ਉਪਰਾਲਾ ਕਰੀਏ ਤਾਂ ਜੋ ਅਸਲ ਸੁੱਖ ਪ੍ਰਾਪਤੀ ਹੋ ਸਕੇ। ਆਉ ਹੁਣ ਅਗਲੀ ਪੰਗਤੀ ਨੂੰ ਵਿਚਾਰੀਏ ਕਿ ਰਾਮ ਨਾਲ ਰਤਨਾ ਕੀ ਹੈ।

“ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ॥੬॥”

ਹੁਣ ਧਿਆਨ ਨਾਲ ਸਮਝੋ ਕਿ ਰਾਮ ਨਾਲ ਰੱਤੇ ਹੋਏ ਕੌਣ ਹਨ। ਜੋ ਸਾਰਾ ਦਿਨ ਬੈਠੇ ਰਾਮ ਰਾਮ ਜਪੀ ਜਾਂਦੇ ਹਨ ਜਾਂ ਆਪਣੀ ਆਪਣੀ ਸ਼ਰਧਾ ਅਨੁਸਾਰ ਕਿਸੇ ਵੀ ਅੱਖਰ ਨੂੰ ਜਪੀ ਜਾਂਦੇ ਹਨ, ਵਾਹਿਗੁਰੂ ਵਾਹਿਗੁਰੂ ਜਪੀ ਜਾਂਦੇ ਹਨ ਜਾਂ ਉਹ ਹਨ ਜਿੰਨ੍ਹਾਂ ਨੇ ਵਿਕਾਰਾਂ ਨੂੰ ਤਜਿਆ ਹੋਇਆ ਹੈ, ਜੋ ਉਸ ਦੀ ਮਤਿ ਨਾਲ ਜੁੜੇ ਹੋਏ ਹਨ। ਜੋ ਰਾਮ ਰੱਤੇ ਹਨ ਉਹ ਫਿਰ ਹੋਰ ਕਿਸੇ ਪਾਸੇ ਨਹੀਂ ਜਾਂਦੇ। **(ਅਨਤ ਨ ਕਾਹੂ ਜਾਇ॥੬॥)** ਭਾਵ ਉਹ ਗੁਰੂ ਦੀ ਮਤਿ ਤੇ ਹੀ ਟਿਕਦੇ ਹਨ, ਕੇਵਲ ਗੁਰੂ ਦੀ ਮਤਿ ਨੂੰ ਜਪਦੇ ਹਨ। ਗੁਰੂ ਦੀ ਮਤਿ ਤੇ ਉਹੀ ਚੱਲਦਾ ਹੈ ਜੋ ਮਾਇਆ ਮੋਹ ਵਿੱਚੋਂ ਨਿਕਲ ਕੇ ਤ੍ਰਿਪਤ ਹੋ ਜਾਂਦੇ ਹਨ, ਜਿੰਨ੍ਹਾਂ ਦੀਆਂ ਮਾਇਆ ਮੋਹ ਦੀਆਂ ਇੱਛਾਵਾਂ ਮਰ ਜਾਂਦੀਆਂ ਹਨ, ਜਿੰਨ੍ਹਾਂ ਦੇ ਮਨ ਵਿੱਚ ਸੰਤੋਖ ਆ ਜਾਂਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

“ਹਰਿ ਰਸੁ ਜਿਨ੍ੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ॥੭॥”

ਹਰਿ ਗੁਰੂ ਹੈ ਤੇ ਰਸ ਉਸਦੀ ਮਤਿ ਹੈ। ਹਰਿ ਰਸ ਚੱਖਣਾ ਉਸ ਦੀ ਮਤਿ ਨੂੰ ਚੱਖਣਾ ਹੈ, ਉਸਦੀ ਮਤਿ ਦਾ ਸਾਡੇ ਅੰਦਰ ਵੱਸਣਾ ਹੈ ਤੇ ਤਾਂ ਹੀ ਇਸ ਮਨ ਨੂੰ ਸੰਤੋਖ ਆਉਂਦਾ ਹੈ ਤੇ ਫਿਰ ਉਹ ਡੋਲਦਾ ਨਹੀਂ, ਉਹ ਮਾਇਆ ਮੋਹ ਵਿੱਚ ਫਸਦਾ ਨਹੀਂ। ਗੁਰਮਤਿ ਦਾ ਲੜ

12/1199

ਪਕੜਨਾ ਹੀ ਗੁਰੂ ਦਾ, ਸਾਧ ਦਾ ਲੜ ਪਕੜਨਾ ਹੈ ਜਿਹੜਾ ਸਾਨੂੰ ਭੈ ਦੇ ਸਾਗਰ ਤੋਂ, ਮਾਇਆ ਮੋਹ ਦੇ ਸਾਗਰ ਤੋਂ ਪਾਰ ਕਰਦਾ ਹੈ, ਉਹ ਆਪਣਾ ਲੜ ਆਪ ਹੀ ਪਕੜਾਉਂਦਾ ਹੈ ਜੋ ਕਿ ਉਸ ਦੀ ਮਨੁੱਖ ਤੇ ਸਭ ਤੋਂ ਵੱਡੀ ਕਿਰਪਾ ਹੈ। **(ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ॥੮॥੧॥੩॥)**

ਅਸੀਂ ਜੋ ਵੀ ਜਪ ਤਪ ਕਰਦੇ ਹਾਂ, ਗੁਰੂ ਦੇ ਦੁਆਰੇ ਤੇ ਜਾਂਦੇ ਹਾਂ ਤੇ ਉਸ ਵਿੱਚ ਜੇਕਰ ਸਾਡਾ ਮਨੋਰਥ ਗੁਰੂ ਨੂੰ ਖੁਸ਼ ਕਰਨ ਦਾ ਹੈ, ਗੁਰੂ ਨੂੰ ਇਹ ਮਨਾਉਣ ਲਈ ਹੈ ਕਿ ਉਹ ਸਾਡੇ ਨਾਲ ਮੇਲ ਕਰ ਲਵੇ ਤਾਂ ਫਿਰ ਸਾਨੂੰ ਉਸਦੀ ਮਤਿ ਦਾ ਸ਼ਿੰਗਾਰ ਹੀ ਕਰਨਾ ਪਵੇਗਾ। ਸਾਡਾ ਅਸਲ ਮਕਸਦ ਤਾਂ ਗੁਰੂ ਕੋਲੋਂ ਦਾਤਾਂ ਪ੍ਰਾਪਤ ਕਰਨ ਵਿੱਚ ਹੁੰਦਾ ਹੈ, ਹੋਰ ਮਾਇਆ ਮੋਹ ਵਿੱਚ ਫਸਣ ਦਾ ਹੁੰਦਾ ਹੈ। ਇਹੋ ਜਿਹੀ ਬਿਰਤੀ ਵਿੱਚ ਸਾਡਾ ਸ਼ਿੰਗਾਰ ਹੀ ਫਿੱਕਾ ਹੈ ਤੇ ਫਿਰ ਅਸੀਂ ਗੁਰੂ ਨੂੰ ਉਸ ਦੇ ਦਰਸ਼ਨਾਂ ਲਈ ਮਨਾ ਕਿਵੇਂ ਸਕਦੇ ਹਾਂ। ਉਹ ਕਿਹੋ ਜਿਹੇ ਸ਼ਿੰਗਾਰ ਨਾਲ ਖੁਸ਼ ਹੁੰਦਾ ਹੈ, ਮੰਨਦਾ ਹੈ ਆਓ ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ।

“ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ॥ਕੀਨੋ ਰੀ ਸਗਲ ਸੰਗੀਗਾਰ॥

ਤਜਿਓ ਰੀ ਸਗਲ ਬਿਕਾਰ॥ਧਾਵਤੋ ਅਸਥਿਰੁ ਥੀਆ॥੧॥ ਰਹਾਉ॥”

(ਅੰਗ - ੧੨੭੧)

ਸ਼ਬਦ ਦੀ ਪਹਿਲੀ ਪੰਗਤੀ ਵਿੱਚ ਗੁਰੂ ਨੂੰ ਮਨਾਉਣ ਦੀ ਗੱਲ ਦੱਸੀ ਹੋਈ ਹੈ ਕਿ ਉਸ ਨੂੰ ਮਨਾਉਣ ਦੁਆਰਾ ਉਸ ਦੇ ਨਾਲ ਰੰਗ ਕੀਤਾ ਹੈ, ਉਸ ਦੇ ਨਾਲ ਮੇਲ ਕੀਤਾ ਹੈ ਭਾਵ ਸੁੱਖ ਦੀ ਪ੍ਰਾਪਤੀ ਕੀਤੀ ਹੈ, ਅਨੰਦ ਦੀ ਪ੍ਰਾਪਤੀ ਕੀਤੀ ਹੈ। ਪ੍ਰਮਾਤਮਾ ਨੂੰ ਕਿਵੇਂ ਮਨਾਇਆ ਜਾ ਸਕਦਾ ਹੈ ਭਾਵ ਉਹ ਸਾਡੇ ਕਿਹੋ ਜਿਹੇ ਸ਼ਿੰਗਾਰ ਨਾਲ ਮੰਨਦਾ ਹੈ, ਪ੍ਰਸੰਨ ਹੁੰਦਾ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

12/1200

“ਕੀਨੋ ਰੀ ਸਗਲ ਸੰਗੀਗਾਰ॥ ਤਜਿਓ ਰੀ ਸਗਲ ਬਿਕਾਰ॥

ਧਾਵਤੋ ਅਸਥਿਰੁ ਥੀਆ॥੧॥ਰਹਾਉ॥”

ਸ਼ਿੰਗਾਰ ਤਾਂ ਅਸੀਂ ਸ਼ਬਦ ਦਾ ਹੀ ਕਰਨਾ ਹੈ। **“ਸਗਲ ਸੰਗੀਗਾਰ”** ਤੋਂ ਭਾਵ ਹੈ ਜੋ ਜੋ ਵੀ ਸ਼ਿੰਗਾਰ ਸਾਨੂੰ ਗੁਰੂ ਨੇ ਸ਼ਬਦ ਰਾਹੀਂ ਸਮਝਾਇਆ ਹੈ, ਗੁਰਬਾਣੀ ਰਾਹੀਂ ਸਮਝਾਇਆ ਹੈ ਭਾਵ ਗੁਰੂ ਦੀ ਪੂਰੀ ਮਤਿ ਦਾ ਸ਼ਿੰਗਾਰ। ਜੋ ਵੀ ਗੱਲ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਹ ਸਾਡਾ ਵਿਕਾਰ ਹੈ, ਝੂਠ ਹੈ, ਅਗਿਆਨਤਾ ਹੈ। ਸੱਚ ਕੇਵਲ ਉਹ ਹੈ ਜੋ ਗੁਰੂ ਦੀ ਮਤਿ ਤੇ ਪੂਰਾ ਉਤਰਦਾ ਹੈ। ਸੱਚ ਤੋਂ ਬਿਨ੍ਹਾਂ ਸਭ ਝੂਠ ਹੈ, ਵਿਕਾਰ ਹੈ। ਸ਼ਬਦ “**ਕੇਵਲ ਸੱਚ**” ਹੈ, ਨਾਮ “**ਕੇਵਲ ਸੱਚ**” ਹੈ। ਜਿੱਥੇ ਕੇਵਲ ਸੱਚ ਨਹੀਂ ਹੈ, ਕੇਵਲ ਨਾਮ ਨਹੀਂ ਹੈ ਉੱਥੇ ਪੂਰੀ ਗੁਰਮਤਿ ਨਹੀਂ ਹੈ। ਅਸੀਂ ਪੂਰੀ ਗੁਰਮਤਿ ਦਾ ਸ਼ਿੰਗਾਰ ਕਰਨਾ ਹੈ ਤੇ ਇਹੀ ਕੇਵਲ ਨਾਮ ਜਪਣਾ ਹੈ। ਪੂਰਾ ਸ਼ਿੰਗਾਰ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਪੂਰੇ ਵਿਕਾਰਾਂ ਨੂੰ ਤਜਿ ਦੇਈਏ। ਅਗਰ ਇੱਕ ਵੀ ਵਿਕਾਰ ਬਾਕੀ ਹੈ ਤਾਂ ਫਿਰ ਸਾਡਾ ਸ਼ਿੰਗਾਰ ਅਧੂਰਾ ਹੈ। ਬਾਣੀ ਵਿੱਚ ਕੇਵਲ ਦੋ ਪਾਸਿਆਂ ਦੀ ਗੱਲ ਕੀਤੀ ਹੁੰਦੀ ਹੈ, ਜਾਂ ਮਨੁੱਖ ਪੂਰਾ ਹੈ ਜਾਂ ਅਧੂਰਾ ਹੈ। ਜਾਂ ਗੁਰਮਤਿ ਹੈ ਜਾਂ ਮਨਮਤਿ ਹੈ। ਜਾਂ ਮੈਂ ਹੈ ਜਾਂ ਤੂੰ ਹੈ। ਪ੍ਰਮਾਤਮਾ ਦੇ ਕੌਣ ਕਿਤਨਾ ਨੇੜੇ ਹੈ ਜਾਂ ਕਿਤਨਾ ਦੂਰ ਹੈ ਇਸ ਦੀ ਗੱਲ ਨਹੀਂ ਕੀਤੀ ਹੁੰਦੀ ਕਿਉਂਕਿ ਕਿਸ ਮਨੁੱਖ ਦੀ ਕੀ ਅਵੱਸਥਾ ਹੈ, ਉਸ ਦੀਆਂ ਨਜ਼ਰਾਂ ਵਿੱਚ ਕੌਣ ਕਿਤਨਾ ਖਰਾ ਹੈ ਤੇ ਕੌਣ ਕਿਤਨਾ ਖੋਟਾ ਹੈ ਇਹ ਉਹ ਆਪ ਹੀ ਜਾਣਦਾ ਹੈ। ਅਸੀਂ ਜਿਹੜੀਆਂ ਗੱਲਾਂ ਦੁਆਰਾ ਕਿਸੇ ਨੂੰ ਖਰਾ ਸਮਝਦੇ ਹਾਂ ਜਾਂ ਖੋਟਾ ਸਮਝਦੇ ਹਾਂ ਉਹ ਆਪਣੀ ਮਨਮਤਿ ਦੁਆਰਾ ਸਮਝਦੇ ਹਾਂ। ਜੋ ਗੁਰਮਤਿ ਦਾ ਮਾਲਕ ਹੈ ਉਸਦੀ ਸੱਚਾਈ ਨੂੰ ਉਹ ਆਪ ਹੀ ਜਾਣਦਾ ਹੈ।

ਜਦੋਂ ਇਹ ਮਨ ਪੂਰੀ ਤਰ੍ਹਾਂ ਗੁਰਮਤਿ ਨੂੰ ਸਮਝ ਲੈਂਦਾ ਹੈ, ਉਸ ਤੇ ਪੂਰਨ ਵਿਸ਼ਵਾਸ ਆ ਜਾਂਦਾ ਹੈ ਭਾਵ ਜਦੋਂ ਗੁਰਮਤਿ ਦ੍ਰਿੜ ਹੋ ਜਾਂਦੀ ਹੈ, ਨਾਮ ਦ੍ਰਿੜ

12/1201

ਹੋ ਜਾਂਦਾ ਹੈ ਜੋ ਕਿ ਉਹ ਆਪ ਹੀ ਕਰਦਾ ਹੈ ਫਿਰ ਤਾਂ ਹੀ ਮਨੁੱਖ ਵਿਕਾਰਾਂ ਤੋਂ ਰਹਿਤ ਹੁੰਦਾ ਹੈ। ਜਦੋਂ ਮਨੁੱਖ ਨੂੰ ਸੋਝੀ ਪੈ ਜਾਂਦੀ ਹੈ ਫਿਰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਉਸਦਾ ਨਾਮ ਜਪਣਾ ਕੀ ਹੈ। ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਕਿ ਪ੍ਰਮਾਤਮਾ ਨੂੰ ਪਾਉਣ ਲਈ ਸਾਡੇ ਸਰੀਰਕ ਜਪ ਤਪ ਗੁਰਮਤਿ ਵਿੱਚ ਨਹੀਂ ਆਉਂਦੇ। ਜੋ ਗੱਲ ਗੁਰਮਤਿ ਅਨੁਸਾਰ ਨਹੀਂ ਉਹ ਹਕੀਕਤ ਵਿੱਚ ਸਾਡਾ ਵਿਕਾਰ ਹੈ। ਜਿੰਨ੍ਹਾਂ ਜਪਾਂ ਤਪਾਂ ਕਰਕੇ ਅਸੀਂ ਕਿਸੇ ਵਿਅਕਤੀ ਨੂੰ ਉੱਚਾ ਗਿਣਦੇ ਹਾਂ ਪ੍ਰਮਾਤਮਾ ਦੀਆਂ

ਨਜ਼ਰਾਂ ਵਿੱਚ ਉਹ ਗੁਰਮਤਿ ਦੇ ਉਲਟ ਹੈ। ਆਪਣੀ ਖੇਡ ਉਹ ਆਪ ਹੀ ਜਾਣਦਾ ਹੈ, ਉਸ ਦੀਆਂ ਨਜ਼ਰਾਂ ਵਿੱਚ ਕੌਣ ਕੀ ਹੈ ਇਹ ਉਹ ਆਪ ਹੀ ਜਾਣਦਾ ਹੈ। ਅਸੀਂ ਕੇਵਲ ਦੁਨਿਆਵੀਂ ਵਡਿਆਈਆਂ ਵਿੱਚ ਫਸੇ ਹੋਏ ਹਾਂ, ਮਾਇਆ ਮੋਹ ਵਿੱਚ, ਅਗਿਆਨਤਾ ਵਿੱਚ ਫਸੇ ਹੋਏ ਹਾਂ। ਜਦ ਤੱਕ ਇਹ ਮਨ ਅਗਿਆਨਤਾ ਵਿੱਚ ਹੈ, ਮਨਮਤਿ ਵਿੱਚ ਹੈ, ਇਸ ਦਾ ਦੌੜਨਾ ਸੁਭਾਵਿਕ ਹੈ, ਇਹ ਟਿਕ ਨਹੀਂ ਸਕਦਾ। ਮਨ ਵਿੱਚ ਗੁਰਮਤਿ ਦੇ ਦ੍ਰਿੜ ਹੋਣ ਨਾਲ ਹੀ ਇਹ ਡੋਲਣੋਂ ਹੱਟਦਾ ਹੈ। ਫਿਰ ਇਹ ਮਨ ਮਾਇਆ ਮੋਹ ਵਿੱਚ ਨਹੀਂ ਡੋਲਦਾ, ਗੁਰਮਤਿ ਤੇ ਚੱਲਣ ਤੋਂ, ਸੱਚ ਤੇ ਚੱਲਣ ਤੋਂ ਨਹੀਂ ਡੋਲਦਾ। ਸਾਰੇ ਵਿਕਾਰਾਂ ਤੋਂ ਰਹਿਤ ਹੋਣਾ ਹੀ ਸਾਡਾ ਗੁਰਮਤਿ ਦਾ ਸ਼ਿੰਗਾਰ ਹੈ। **(ਕੀਨੋ ਰੀ ਸਗਲ ਸੀਗਾਰ॥ ਤਜਿਓ ਰੀ ਸਗਲ ਬਿਕਾਰ॥ ਧਾਵਤੋ ਅਸਥਿਰੁ ਥੀਆ॥੧॥ਰਹਾਉ॥)** ਅਸੀਂ ਆਪਣਾ "**ਸੀਗਾਰ**" ਸਰੀਰਕ ਜਪਾਂ ਤਪਾਂ ਦੁਆਰਾ ਕਰਦੇ ਹਾਂ, ਕੇਵਲ ਪੜ੍ਹਨ ਸੁਣਨ ਦੁਆਰਾ ਕਰਦੇ ਹਾਂ ਜੋ ਕਿ ਕੇਵਲ ਸਾਡਾ ਭੁਲੇਖਾ ਹੈ।

ਸਾਡੇ ਸਰੀਰਕ ਜਪ ਤਪ ਸਾਨੂੰ ਪ੍ਰਮਾਤਮਾ ਤੋਂ ਕਿਤਨਾ ਦੂਰ ਕਰਦੇ ਹਨ ਇਸ ਗੱਲ ਨੂੰ ਅਸੀਂ ਅੱਗੇ ਜਾ ਕੇ ਬਰੀਕੀ ਨਾਲ ਸਮਝਾਂਗੇ।

ਬਾਣੀ ਵਿੱਚ ਵਾਰ-ਵਾਰ ਸ਼ਬਦ ਨਾਲ ਧਿਆਨ ਜੋੜਨ ਦੀ ਗੱਲ ਆਉਂਦੀ ਹੈ, ਸ਼ਬਦ ਵਿੱਚ ਮਨ ਟਿਕਾਉਣ ਦੀ ਗੱਲ ਆਉਂਦੀ ਹੈ। ਅਸੀਂ ਸ਼ਬਦ ਵਿੱਚ ਮਨ ਜੋੜਨਾ ਜਾਂ ਮਨ ਟਿਕਾਉਣਾ ਇਹੋ ਸਮਝਦੇ ਹਾਂ ਕਿ ਅਸੀਂ ਸ਼ਬਦ ਨੂੰ ਇਕਾਗਰ ਚਿੱਤ ਹੋ ਕੇ ਸੁਣੀਏ ਤੇ ਸ਼ਬਦ ਨੂੰ ਸੁਣਦੇ ਹੋਏ ਸਾਡਾ ਮਨ ਕਿਤੇ ਹੋਰ ਨਾ ਭਟਕੇ, ਸਾਡੇ ਮਨ ਵਿੱਚ ਕੋਈ ਹੋਰ ਫੁਰਨਾ ਨਾ ਉੱਠੇ ਇਸੇ ਗੱਲ ਨੂੰ ਹੀ ਮਨ ਦਾ ਟਿਕਣਾ ਸਮਝਦੇ ਹਾਂ ਜੋ ਕਿ ਕੇਵਲ ਸਾਡੀ ਨਾਸਮਝੀ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਇਸ ਗੱਲ ਦੀ ਸਮਝ ਆਏ ਬਿਨ੍ਹਾਂ ਸਾਨੂੰ ਇਹ ਨਹੀਂ ਸਮਝ ਆ ਸਕਦਾ ਕਿ ਸ਼ਬਦ ਵਿੱਚ ਮਨ ਜੋੜਨਾ ਕੀ ਹੈ। ਮਨ ਵਿੱਚ ਫੁਰਨੇ ਉੱਠਣਾ, ਖਿਆਲਾਂ ਦਾ ਉਪਜਣਾ, ਇਹ ਮਨ ਦਾ ਸੁਭਾਅ ਹੈ ਜਿਸ ਨੂੰ ਕੋਈ

12/1202

ਨਹੀਂ ਰੋਕ ਸਕਦਾ ਤੇ ਨਾ ਹੀ ਰੋਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਸਾਨੂੰ ਇਹ ਦ੍ਰਿੜ ਹੋ ਜਾਵੇ ਕਿ **"ਸਬਦੁ"** ਸ਼ਬਦ ਦੀ ਮਤਿ ਹੈ, "ਗੁਰੂ" ਗੁਰੂ ਦੀ ਮਤਿ ਹੈ ਤਾਂ ਫਿਰ ਸਾਨੂੰ ਸ਼ਬਦ ਵਿੱਚ ਮਨ ਜੋੜਨਾ ਵੀ ਆ ਜਾਵੇਗਾ। ਜੁੜਨਾ ਅਸੀਂ ਗੁਰੂ ਦੀ ਮਤਿ ਦੇ ਨਾਲ ਹੈ, ਸ਼ਬਦ ਦੇ ਗਿਆਨ ਦੇ ਨਾਲ ਹੈ, ਸ਼ਬਦ ਦੇ ਉਪਦੇਸ਼ ਦੇ ਨਾਲ ਹੈ। ਜੇਕਰ ਸਾਡੇ ਅੰਦਰ ਗੁਰੂ ਦੀ ਮਤਿ ਦ੍ਰਿੜ ਹੈ ਤਾਂ ਫਿਰ ਸਾਨੂੰ ਕੀ ਫ਼ਰਕ ਪੈਂਦਾ ਹੈ ਕਿ ਸਾਡਾ ਮਨ ਕਿੱਥੇ ਦੌੜਦਾ ਹੈ। ਮਨ ਨੇ ਆਪਣੇ ਸੁਭਾਅ ਨਾਲ ਹੀ ਚੱਲਣਾ ਹੈ। ਮਨ ਦੇ ਸਾਹਮਣੇ ਨਿੱਤ ਲੋਭ ਲਾਲਚ ਆਉਣੇ ਹਨ ਤੇ ਜੇਕਰ ਮਨ ਦ੍ਰਿੜ ਹੈ ਉਹ ਉਹਨਾਂ ਵਿੱਚ ਨਹੀਂ ਫਸਦਾ। ਜੇਕਰ ਸਾਡਾ ਮਨ ਸਾਡੇ ਵੱਸ ਵਿੱਚ ਹੈ ਤੇ ਫਿਰ ਕੋਈ ਵੀ ਮਾੜਾ ਖਿਆਲ ਆਵੇ ਮਨ ਉਸਨੂੰ ਕਬੂਲ ਨਹੀਂ ਕਰਦਾ। ਜਿਵੇਂ ਕਿਸੇ ਨੂੰ ਸ਼ਰਾਬ ਪੀਣ ਤੋਂ ਨਫ਼ਰਤ ਹੈ ਫਿਰ ਉਸਨੂੰ ਭਾਵੇਂ ਕੋਈ ਜਿਤਨਾ ਮਰਜ਼ੀ ਜ਼ੋਰ ਲਗਾਈ ਜਾਵੇ ਉਹ ਸ਼ਰਾਬ ਨਹੀਂ ਪੀਂਦਾ ਕਿਉਂਕਿ ਇਹ ਗੱਲ ਉਸਦੇ ਮਨ ਵਿੱਚ ਦ੍ਰਿੜ ਹੈ ਕਿ ਸ਼ਰਾਬ ਚੰਗੀ ਚੀਜ਼ ਨਹੀਂ ਹੈ। ਇਸੇ ਤਰ੍ਹਾਂ ਜੇਕਰ ਸਾਡੇ ਅੰਦਰ ਇਹ ਦ੍ਰਿੜ ਹੋ ਜਾਵੇ ਕਿ ਅਸੀਂ ਪਰਾਈ ਔਰਤ ਨੂੰ, ਕਿਸੇ ਦੀ ਧੀ ਭੈਣ ਨੂੰ ਮਾੜੀ ਨਜ਼ਰ ਨਾਲ ਨਹੀਂ ਵੇਖਣਾ ਤਾਂ ਫਿਰ ਕੋਈ ਜਿਹੋ ਜਿਹਾ ਮਰਜ਼ੀ ਲਿਬਾਸ ਪਾਵੇ ਸਾਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪਵੇਗਾ। ਇਹ ਆਪਣੇ ਮਨ ਨੂੰ ਮਾਰਨ ਦਾ ਮਾਰਗ ਹੈ, ਮਨ ਨੂੰ ਸੰਜਮ ਵਿੱਚ, ਵੱਸ ਵਿੱਚ ਰੱਖਣ ਦਾ ਮਾਰਗ ਹੈ ਨਾ ਕਿ ਦੂਸਰਿਆਂ ਨਾਲ ਇਸ ਵਜ੍ਹਾ ਕਰਕੇ ਝਗੜਨ ਦਾ ਮਾਰਗ ਹੈ। ਜੇਕਰ ਸਾਡੇ ਅੰਦਰ ਇਹ ਦ੍ਰਿੜ ਹੋ ਜਾਵੇ ਕਿ ਅਸੀਂ ਝੂਠ ਨਹੀਂ ਬੋਲਣਾ ਤੇ ਕੇਵਲ ਸੱਚ ਦੁਆਰਾ ਵਿਚਰਨਾ ਹੈ, ਗੁਰੂ ਦੇ ਸਮਝਾਏ ਹੋਏ ਸੱਚ ਅਨੁਸਾਰ ਵਿਚਰਨਾ ਹੈ ਤੇ ਫਿਰ ਸਾਨੂੰ ਕੋਈ ਜਿਤਨਾ ਮਰਜ਼ੀ ਲੋਭ ਲਾਲਚ ਪਾ ਲਵੇ ਅਸੀਂ ਆਪਣੀ ਗੱਲ ਤੋਂ ਨਹੀਂ ਡੋਲਾਂਗੇ। ਇਹ ਸਭ ਤਾਂ ਹੀ ਹੋ ਸਕਦਾ ਹੈ ਜੇਕਰ ਸਾਨੂੰ ਪਹਿਲੇ ਇਹ ਦ੍ਰਿੜ ਹੋ ਜਾਵੇ ਕਿ ਜੋ ਕੁੱਝ ਸਾਨੂੰ ਗੁਰਬਾਣੀ ਸਮਝਾਉਂਦੀ ਹੈ ਕੇਵਲ ਉਹ ਹੀ ਸੱਚ ਹੈ। ਜੇਕਰ ਸਾਨੂੰ ਗੁਰਬਾਣੀ ਤੇ ਦ੍ਰਿੜ ਵਿਸ਼ਵਾਸ ਹੋਵੇਗਾ ਫਿਰ ਤਾਂ ਹੀ ਅਸੀਂ ਕੱਚਿਆਂ ਦੀਆਂ ਗੱਲਾਂ ਵਿੱਚ ਨਹੀਂ ਆਵਾਂਗੇ, ਕੱਚੀਆਂ ਬਾਣੀਆਂ ਨਾਲ ਨਹੀਂ ਜੁੜਾਂਗੇ ਭਾਵੇਂ ਅਸੀਂ ਉਹਨਾਂ ਨੂੰ ਆਪਣੇ ਮਨ ਵਿੱਚ ਜਿਤਨਾ ਮਰਜ਼ੀ ਉੱਚਾ ਥਾਪਿਆ ਹੋਵੇ। ਪ੍ਰਮਾਤਮਾ ਦੇ ਨਾਲ ਸਾਨੂੰ ਗੁਰੂ ਦੇ ਸ਼ਬਦ ਨੇ ਹੀ ਮਿਲਾਉਣਾ ਹੈ। ਜੇਕਰ ਸਾਡੇ ਅੰਦਰ ਗੁਰੂ ਦਾ ਸ਼ਬਦ ਵੱਸਿਆ ਹੋਇਆ ਹੈ ਉਹ ਸਾਨੂੰ ਮਾਇਆ ਮੋਹ ਵਿੱਚੋਂ, ਲੋਭ ਲਾਲਚ ਵਿੱਚੋਂ, ਔਗੁਣਾਂ ਵਿਕਾਰਾਂ ਵਿੱਚੋਂ ਆਪ ਹੀ ਕੱਢ ਲੈਂਦਾ ਹੈ। ਗੁਰੂ ਤੇ ਗੁਰੂ ਦੀ ਮਤਿ ਵਿੱਚ ਭੇਦ ਸਮਝਣਾ ਸਾਡੀ ਬਹੁਤ ਵੱਡੀ ਭੁੱਲ ਹੈ। ਗੁਰੂ ਦਾ ਸ਼ਬਦ ਸਾਡੇ ਮਨ ਦਾ ਸੱਚਾ ਗਿਆਨ ਹੈ। ਸਾਡੇ ਅੰਦਰ ਆਪਣਾ

ਸੱਚਾ ਗਿਆਨ ਉਹ ਆਪ ਹੀ ਵਸਾ ਸਕਦਾ ਹੈ। ਇਹ ਸੱਚਾ ਗਿਆਨ ਹੀ ਉਸ ਦਾ ਹਰਿ ਰਸ ਹੈ, ਸ਼ਬਦ ਰਸ ਹੈ, ਉਸਦੀ ਸੱਚੀ ਮਤਿ ਹੈ। ਉਸਦਾ ਸੱਚਾ ਗਿਆਨ ਸ਼ਬਦ-ਸ਼ਬਦ ਬੋਲੀ ਜਾਣ ਨਾਲ ਕਦੇ ਨਹੀਂ ਵੱਸ ਸਕਦਾ। ਇਹ ਮਨ ਦੇ ਅੰਦਰੋਂ ਉਪਜਣ ਦੀ ਵਸਤੂ ਹੈ। ਸਾਡਾ ਉੱਦਮ ਕੇਵਲ ਗੁਰੂ ਦੀ ਮਤਿ ਨੂੰ ਮੰਨਣ ਦਾ ਹੋਣਾ ਚਾਹੀਦਾ ਹੈ ਜੋ ਕਿ ਗੁਰੂ ਨੂੰ ਮੰਨਣ ਦਾ ਸਹੀ ਮਾਰਗ ਹੈ। ਆਉ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ।

ਗਉੜੀ ਗੁਆਰੇਰੀ ਮਹਲਾ ੩ ॥

“ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥
ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥
ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥
ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥
ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥”

(ਅੰਗ ੧੬੨)

ਪਹਿਲੀ ਪੰਗਤੀ ਰਾਹੀਂ ਇਹ ਸਮਝੋ ਕਿ ਸਾਡੇ

ਹਿਰਦੇ ਵਿੱਚ ਨਾਮ ਦਾ ਹੋਣਾ ਕੀ ਹੈ। ਪਹਿਲੇ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੋਵੇਗਾ ਜੋ ਕਿ ਬੜੇ ਵੱਡੇ ਭਾਗਾਂ ਦੁਆਰਾ ਕਿਸੇ ਵਿਰਲੇ ਦਾ ਹੀ ਹੁੰਦਾ ਹੈ। ਉਸੇ ਹਿਰਦੇ ਵਿੱਚ ਨਾਮ ਦੀ ਪ੍ਰਾਪਤੀ ਹੈ। ਸਾਡੇ ਅੰਦਰ ਨਾਮ ਦਾ ਵੱਸਣਾ ਹੀ ਹਰਿ ਦਾ ਵੱਸਣਾ ਹੈ। ਨਾਮ ਦੇ ਵੱਸਣ ਨਾਲ, ਹਰਿ ਦੇ ਵੱਸਣ ਨਾਲ ਹੀ ਨਾਮ ਰਸ, ਰਾਮ ਰਸ, ਹਰਿ ਰਸ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਰਸ ਦੀ ਪ੍ਰਾਪਤੀ ਹੈ ਭਾਵ ਉਸ ਦੇ ਸੱਚੇ ਗਿਆਨ ਦੀ ਪ੍ਰਾਪਤੀ ਹੈ। ਇਸ ਰਸ ਦੀ ਪ੍ਰਾਪਤੀ ਤੋਂ ਬਾਅਦ ਹੀ ਫਿਰ ਮਨੁੱਖ ਹਰ ਵੇਲੇ, ਅੱਠੇ ਪਹਿਰ ਇਸ ਹਰਿ ਰਸ ਨੂੰ ਭੋਗਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਦੁਆਰਾ ਵਿਚਰਦਾ ਹੈ, ਜੋ ਮਤਿ ਮਨ ਦੇ ਵਿੱਚੋਂ ਹੀ ਮਿਲਦੀ ਹੈ।

(ਸਤਿਗੁਰੁ ਮਿਲੈ ਵਡਭਾਗਿ ਸੰਜੋਗ॥ਹਿਰਦੈ ਨਾਮੁ ਨਿਤ ਹਰਿ ਰਸ ਭੋਗ॥੧॥) ਇਸ ਨਾਮ ਦੀ ਪ੍ਰਾਪਤੀ ਤੋਂ ਬਾਅਦ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਕੋਈ ਪ੍ਰਾਣੀ **“ਗੁਰਮੁਖਿ ਪ੍ਰਾਣੀ”** ਬਣਦਾ ਹੈ ਭਾਵ ਉਸਦਾ ਆਪਣਾ ਰੂਪ ਬਣਦਾ ਹੈ, ਉਸਦੇ ਸੱਚੇ ਗਿਆਨ ਵਾਲਾ ਬਣਦਾ ਹੈ ਤੇ ਇਹੋ ਜਿਹੀ ਅਵੱਸਥਾ ਦੁਆਰਾ ਹੀ ਉਹ ਨਾਮ ਧਿਆਉਂਦਾ ਹੈ। ਨਾਮ ਮਿਲਣ ਤੋਂ ਬਾਅਦ ਹੀ ਨਾਮ ਧਿਆਇਆ ਜਾ ਸਕਦਾ ਹੈ। ਗੁਰਮਤਿ ਮਿਲਣ ਤੋਂ ਬਾਅਦ ਹੀ ਉਸ ਅਨੁਸਾਰ ਵਿਚਰਿਆ ਜਾ ਸਕਦਾ ਹੈ। ਇਹੀ ਆਪਣੇ ਜਨਮ ਨੂੰ ਜਿੱਤਣਾ ਹੈ, ਜੀਵਨ ਦਾ ਸਫ਼ਲ ਹੋਣਾ ਹੈ ਜਿਸ ਦੁਆਰਾ ਲਾਹੇ ਦੀ ਪ੍ਰਾਪਤੀ ਹੁੰਦੀ ਹੈ।

(ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ॥ਜਨਮੁ ਜੀਤਿ ਲਾਹਾ ਨਾਮੁ ਪਾਇ॥੧॥ ਰਹਾਉ॥) ਨਾਮ ਦੀ ਪ੍ਰਾਪਤੀ, ਹਰਿ ਰਸ ਦੀ ਪ੍ਰਾਪਤੀ, ਗੁਰਸ਼ਬਦ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ, ਹਿਰਦੇ ਦੇ ਵਿੱਚ ਹੀ ਹੁੰਦੀ ਹੈ ਤੇ ਉਸ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ॥
ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ॥੨॥”

ਪ੍ਰਮਾਤਮਾ ਦਾ ਸਾਰਾ ਜਪ ਤਪ ਸਾਡੇ ਧਿਆਨ ਦੇ ਨਾਲ ਹੀ ਜੁੜਿਆ ਹੋਇਆ ਹੈ। ਪ੍ਰਮਾਤਮਾ ਸਾਡੇ ਧਿਆਨ ਦੇ ਨਾਲ ਹੀ

ਜੁੜਿਆ ਹੋਇਆ ਹੈ, ਸਾਡੇ ਮਨ ਦੇ ਵਿਚਾਰਾਂ ਦੇ ਨਾਲ ਹੀ ਜੁੜਿਆ ਹੋਇਆ ਹੈ। ਸਾਡਾ ਹਰ ਵਿਚਾਰ ਸ਼ਬਦ ਵਿਚਾਰ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਉਹ ਵੀ ਸ਼ਬਦ ਵਿਚਾਰ ਹੈ ਭਾਵ ਸਾਡਾ ਆਪਣਾ ਕੋਈ ਵੱਖਰਾ ਵਿਚਾਰ ਨਹੀਂ ਹੈ। ਸਾਡੇ ਹਰ ਵਿਚਾਰ ਵਿੱਚ ਗਿਆਨ ਹੈ। ਸਾਡਾ ਹਰ ਵਿਚਾਰ ਸਾਨੂੰ ਗਿਆਨ ਹੀ ਦਿੰਦਾ ਹੈ। ਭੇਦ ਸਿਰਫ ਤ੍ਰੈਗੁਣੀ ਗਿਆਨ ਅਤੇ ਚੌਥੇ ਪਦ

ਦੇ ਗਿਆਨ ਵਿੱਚ ਹੈ। ਸ਼ਬਦ ਹੀ ਤ੍ਰੈਗੁਣ ਹੈ ਤੇ ਸ਼ਬਦ ਹੀ ਚੌਥਾ ਪਦ ਹੈ। ਚੌਥੇ ਪਦ ਵਿੱਚ ਸਾਡਾ ਧਿਆਨ **"ਗਿਆਨੁ ਧਿਆਨੁ"** ਹੈ, ਇਹ ਗੁਰਸ਼ਬਦ ਹੈ ਭਾਵ ਜਿਸ ਸ਼ਬਦ ਤੇ ਗੁਰੂ ਦੀ ਮੋਹਰ ਲੱਗੀ ਹੋਈ ਹੈ, ਜਿਸ ਸ਼ਬਦ ਵਿੱਚ ਦੁਚਿੱਤੀ ਨਹੀਂ ਹੈ, ਜਿਸ ਸ਼ਬਦ ਵਿੱਚ ਪ੍ਰਮਾਤਮਾ ਦੀ ਅਸਲੀਅਤ ਹੈ, ਉਸ ਦਾ ਸੱਚ ਹੈ। "**ਗੁਰ ਸਬਦੁ**" ਆਪ ਪ੍ਰਮਾਤਮਾ ਹੈ, ਹਰਿ ਰਸ ਹੈ, ਨਾਮ ਰਸ ਹੈ ਜਿਸ ਦੁਆਰਾ ਉਸਦੇ ਨਾਲ ਮਨ ਦੇ ਵਿੱਚ ਹੀ ਉਸਦੀ ਸੋਝੀ ਪੈਂਦੀ ਹੈ, ਉਸ ਦਾ ਗਿਆਨ ਰੂਪ ਸਮਝ ਆਉਂਦਾ ਹੈ। ਸਾਡਾ, **"ਗਿਆਨੁ ਧਿਆਨੁ"** ਹੀ ਸਭ ਤੋਂ ਮਿੱਠਾ ਰਸ ਹੈ ਜਿਸ ਨੂੰ ਕਿ ਕੋਈ ਵਿਰਲਾ ਹੀ ਚੱਖ ਸਕਦਾ ਹੈ ਜੋ ਕਿ ਕੇਵਲ ਉਸ ਦੀ ਆਪਣੀ ਕਿਰਪਾ ਤੇ ਨਿਰਭਰ ਹੈ। ਪ੍ਰਮਾਤਮਾ ਨੇ ਸਭ ਨੂੰ ਤ੍ਰੈਗੁਣੀ ਗਿਆਨ ਵਿੱਚ ਰੱਖਿਆ ਹੋਇਆ ਹੈ, ਸਾਡੇ ਅੰਦਰ ਉਸ ਦਾ ਸ਼ਬਦ ਸਦਾ ਹੀ ਵਰਤ ਰਿਹਾ ਹੈ, ਤ੍ਰੈਗੁਣਾਂ ਵਿੱਚ ਉਹ ਆਪ ਹੀ ਹੈ ਪਰ ਇਸ ਦੀ ਸੋਝੀ ਚੌਥੇ ਪਦ ਦੁਆਰਾ ਪੈਂਦੀ ਹੈ, **"ਗਿਆਨੁ ਧਿਆਨੁ"** ਦੁਆਰਾ ਪੈਂਦੀ ਹੈ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਕਿਉਂਕਿ ਉਹ **"ਗਿਆਨੁ ਧਿਆਨੁ"** ਵਿੱਚ ਆਈ ਹੈ, ਬ੍ਰਹਮ ਗਿਆਨ ਦੁਆਰਾ ਆਈ ਹੈ ਤੇ ਇਸੇ ਲਈ ਗੁਰਬਾਣੀ **"ਅੰਮ੍ਰਿਤ ਬਾਣੀ"** ਹੈ ਭਾਵ ਪ੍ਰਮਾਤਮਾ ਦੀ ਆਪਣੀ ਬਾਣੀ ਹੈ ਤੇ ਤਾਂ ਹੀ ਅੰਮ੍ਰਿਤ ਬਾਣੀ ਤੱਤ ਦੀ ਗੱਲ ਕਰਦੀ ਹੈ, ਪ੍ਰਮਾਤਮਾ ਦੀ ਅਸਲੀਅਤ ਬਿਆਨ ਕਰਦੀ ਹੈ। ਆਪਣੀ ਅਸਲੀਅਤ ਪ੍ਰਮਾਤਮਾ ਆਪ ਹੀ ਜਾਣਦਾ ਹੈ ਤੇ ਉਹ ਆਪ ਹੀ ਚੌਥੇ ਪਦ ਰਾਹੀਂ ਕਿਸੇ ਸਰੀਰ ਦੁਆਰਾ ਪ੍ਰਗਟ ਹੋ ਕੇ ਆਪਣਾ ਆਪ ਬਿਆਨ ਕਰਦਾ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥}

(ਅੰਗ - ੧੨੪੩)

ਸਾਰੀ ਗੁਰਬਾਣੀ ਗੁਰ ਸ਼ਬਦ ਹੈ।

{ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥}

(ਅੰਗ - ੧੦੫੭)

12/1205

ਗੁਰ ਸ਼ਬਦ ਦਾ ਰਸ ਮਾਨਣਾ ਕੀ ਹੈ, ਸ਼ਬਦ ਦਾ ਰਸ ਚੱਖਣਾ ਕੀ ਹੈ ਇਹ ਅਸੀਂ ਪਹਿਲੇ ਪਦਿਆਂ ਦੁਆਰਾ ਸਮਝਿਆ ਹੈ ਜੋ ਕਿ ਸਾਡਾ ਸ਼ਬਦ ਨੂੰ ਜਪਣ ਦਾ ਅਸਲ ਮਕਸਦ ਹੈ, ਗੁਰਮਤਿ ਦਾ ਮਕਸਦ ਹੈ। ਸ਼ਬਦ ਨੇ ਸਾਡੇ ਮਨ ਦੇ ਵਿਚਾਰਾਂ ਨੂੰ ਬਦਲਣਾ ਹੈ ਤਾਂ ਜੋ ਅਸੀਂ ਮਾੜੇ ਵਿਚਾਰਾਂ ਵਿੱਚੋਂ ਨਿਕਲ ਸਕੀਏ ਤੇ ਸ਼ਬਦ ਦੇ ਸੱਚੇ ਵਿਚਾਰ ਲੈ ਕੇ, ਉਸਦਾ ਸੱਚਾ ਗਿਆਨ ਲੈ ਕੇ, ਉਸ ਵਿੱਚ ਆਪਣਾ ਧਿਆਨ ਜੋੜ ਕੇ ਸੱਚੇ ਸੁੱਚੇ ਕਰਮ ਕਰੀਏ। ਜੇਕਰ ਇੱਕ ਵਾਰੀ ਗੁਰੂ ਦਾ ਸੱਚਾ ਗਿਆਨ ਸਾਡੇ ਮਨ ਵਿੱਚ ਦ੍ਰਿੜ ਹੋ ਜਾਵੇ ਤਾਂ ਫਿਰ ਸਾਨੂੰ ਕੋਈ ਵੀ ਉਸ ਮਾਰਗ ਤੋਂ ਭਟਕਾ ਨਹੀਂ ਸਕਦਾ ਕਿਉਂਕਿ ਗੁਰੂ ਦੇ ਸ਼ਬਦ ਦੀ ਸੋਝੀ ਸੱਚੀ ਸੋਝੀ ਹੈ।ਉਸ ਤੋਂ ਉੱਪਰ ਹੋਰ ਕੋਈ ਸੋਝੀ ਨਹੀਂ ਹੋ ਸਕਦੀ। ਗੁਰੂ ਦੀ ਮਤਿ ਦਾ ਮਨ ਵਿੱਚ ਦ੍ਰਿੜ ਹੋਣਾ ਹੀ ਗੁਰੂ ਨਾਲ ਧਿਆਨ ਜੋੜਨਾ ਹੈ। ਇਹੋ ਜਿਹਾ ਧਿਆਨ ਇੱਕ ਵਾਰ ਜੁੜ ਜਾਵੇ ਤਾਂ ਫਿਰ ਜੁੜਿਆ ਹੀ ਰਹਿੰਦਾ ਹੈ। ਮਨ ਮਾਇਆ ਮੋਹ ਵਿੱਚ ਡੋਲਦਾ ਹੈ, ਅਗਿਆਨਤਾ ਕਰਕੇ ਡੋਲਦਾ ਹੈ, ਲੋਭ ਲਾਲਚ ਕਰਕੇ ਡੋਲਦਾ ਹੈ ਤੇ ਗੁਰੂ ਦੀ ਮਤਿ ਦ੍ਰਿੜ ਹੋਣ ਨਾਲ, ਨਾਮ ਦ੍ਰਿੜ ਹੋਣ ਨਾਲ ਮਨ ਸੱਚ ਤੇ ਅਡੋਲ ਰਹਿੰਦਾ ਹੈ। ਜੇਕਰ ਮਨ ਅਡੋਲ ਹੈ ਤਾਂ ਫਿਰ ਮਨ ਦੇ ਫੁਰਨੇ ਸਾਡਾ ਕੀ ਵਿਗਾੜ ਸਕਦੇ ਹਨ। ਇਹ ਮਨ ਦਾ ਸੁਭਾਅ ਹੈ ਜਿਸ ਦਾ ਕੰਮ ਸਾਨੂੰ ਸੋਝੀ ਪਾਉਣਾ ਹੈ। ਫੁਰਨੇ ਸਾਡੇ ਦੁਸ਼ਮਣ ਨਹੀਂ ਹਨ ਬਲਕਿ ਸਾਡੇ ਮਿੱਤਰ ਹਨ ਜੋ ਸਾਨੂੰ ਹਰ ਵੇਲੇ ਖਬਰਦਾਰ ਰੱਖਦੇ ਹਨ, ਮਾੜੇ ਚੰਗੇ ਦੀ ਪਹਿਚਾਣ ਕਰਾਉਂਦੇ ਹਨ। ਆਓ ਫੁਰਨਿਆਂ ਤੋਂ ਨਾ ਡਰੀਏ ਬਲਕਿ ਵਿਕਾਰਾਂ ਤੋਂ ਡਰੀਏ ਤੇ ਆਪਣੇ ਅੰਦਰ ਸੱਚ ਨੂੰ ਦ੍ਰਿੜ ਕਰੀਏ। ਸੱਚ ਨੂੰ ਅਪਣਾਏ ਬਿਨ੍ਹਾਂ, ਸ਼ਬਦ ਦੀ ਮਤਿ ਤੇ ਦ੍ਰਿੜ ਹੋਏ ਬਿਨ੍ਹਾਂ ਅਸੀਂ ਆਪਣੇ ਵੱਲੋਂ ਜੋ ਵੀ ਧਰਮ ਕਰਮ ਕਰਦੇ ਹਾਂ, ਜਪ ਤਪ ਆਦਿ ਕਰਦੇ ਹਾਂ, ਫੁਰਨਿਆਂ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰਦੇ ਹਾਂ ਉਹ ਸਭ ਬੇਕਾਰ ਹਨ ਕਿਉਂਕਿ ਉਹਨਾਂ ਵਿੱਚ ਨਾਮ ਨਹੀਂ ਹੈ, ਗੁਰਮਤਿ ਨਹੀਂ ਹੈ। ਇਹੋ ਜਿਹੇ

12/1206

ਕਰਮ ਕਾਂਡ ਸਾਡਾ ਅਹੰਕਾਰ ਹੀ ਵਧਾਉਂਦੇ ਹਨ ਭਾਵ ਉਲਟਾ ਸਾਨੂੰ ਗੁਰੂ ਤੋਂ ਦੂਰ ਕਰਦੇ ਹਨ ਤੇ ਇਸੇ ਲਈ ਇਹੋ ਜਿਹੇ ਕਰਮ ਕਾਂਡਾਂ ਨੂੰ ਧ੍ਰਿਗ ਕਿਹਾ ਹੈ, ਮਾੜੇ ਕਿਹਾ ਹੈ। **(ਕਰਮ ਕਾਂਡ ਬਹੁ ਕਰਹਿ ਅਚਾਰ॥ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥੩॥)** ਸਾਡਾ ਮਾਇਆ ਮੋਹ ਹੀ ਸਾਡਾ ਬੰਧਨ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਤੋਂ ਦੂਰ ਰਹਿੰਦੇ ਹਾਂ ਭਾਵ

ਮਾਇਆ ਮੋਹ ਵਿੱਚ ਰਹਿੰਦੇ ਹੋਏ, ਅਗਿਆਨਤਾ ਵਿੱਚ ਰਹਿੰਦੇ ਹੋਏ, ਮਨਮਤਿ ਵਿੱਚ ਰਹਿੰਦੇ ਹੋਏ ਆਪਣੇ ਵੱਲੋਂ ਕਰਮ ਧਰਮ ਤਾਂ ਬਹੁਤ ਕਰੀ ਜਾਂਦੇ ਹਾਂ ਪਰ ਇਹਨਾਂ ਦੁਆਰਾ ਅਸੀਂ ਬੰਧਨ ਵਿੱਚੋਂ ਨਹੀਂ ਨਿਕਲ ਸਕਦੇ, ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। **(ਬੰਧਨਿ ਬਾਧਿਓ ਮਾਇਆ ਫਾਸ॥)** ਇਸ ਬੰਧਨ ਵਿੱਚੋਂ ਛੁੱਟਣ ਦਾ ਇੱਕੋ ਇੱਕ ਰਸਤਾ **"ਗੁਰ ਪਰਗਾਸ"** ਹੈ। ਪਰਗਾਸ ਕਿੱਥੇ ਹੁੰਦਾ ਹੈ ਇਹ ਹਰ ਕੋਈ ਸਮਝ ਸਕਦਾ ਹੈ। ਪ੍ਰਗਾਸ ਮਨ ਦੇ ਵਿੱਚ ਹੀ ਹੁੰਦਾ ਹੈ। ਮਨ ਦੇ ਵਿੱਚ ਪ੍ਰਗਾਸ ਗਿਆਨ ਦਾ ਹੀ ਹੁੰਦਾ ਹੈ। ਸਾਡੇ ਮਨ ਦੇ ਵਿੱਚ ਪ੍ਰਗਾਸ ਗੁਰੂ ਆਪ ਹੀ ਕਰ ਸਕਦਾ ਹੈ। ਸਾਡਾ ਬੰਧਨ ਕੇਵਲ ਗੁਰੂ ਹੀ ਤੋੜ ਸਕਦਾ ਹੈ, ਆਪ ਪ੍ਰਮਾਤਮਾ ਤੋੜ ਸਕਦਾ ਹੈ। ਮਨ ਦੇ ਵਿੱਚ ਪਰਗਾਸ ਗੁਰੂ ਦੇ ਸੱਚੇ ਗਿਆਨ ਦਾ ਹੀ ਹੁੰਦਾ ਹੈ ਤੇ ਫਿਰ ਤਾਂ ਹੀ ਸਾਡਾ ਧਿਆਨ "**ਗਿਆਨੁ ਧਿਆਨੁ"** ਵਾਲਾ ਬਣਦਾ ਹੈ, ਚੌਥੇ ਪਦ ਵਾਲਾ ਬਣਦਾ ਹੈ ਭਾਵ ਸਾਨੂੰ ਬੰਧਨ ਦੇ ਵਿੱਚੋਂ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। **(ਜਨ ਨਾਨਕ ਛੂਟੈ ਗੁਰ ਪਰਗਾਸ॥੪॥੧੪॥੩੪॥)** ਇਹ ਬੰਧਨ ਅਗਿਆਨਤਾ ਦਾ ਹੈ ਜਿਸ ਦੇ ਰਹਿੰਦੇ ਹੋਏ ਸਾਨੂੰ ਅਸਲੀਅਤ ਦੀ ਸੋਝੀ ਨਹੀਂ ਪੈਂਦੀ ਤੇ ਅਸੀਂ ਮਨਮਤਿ ਵਿੱਚ ਰਹਿੰਦੇ ਹੋਏ ਕਰਮ ਕਾਂਡਾ ਵਿੱਚ ਪਏ ਰਹਿੰਦੇ ਹਾਂ, ਜਪਾਂ ਤਪਾਂ ਵਿੱਚ ਪਏ ਰਹਿੰਦੇ ਹਾਂ, ਜਿਸ ਵਿੱਚ ਨਾਮ ਨਹੀਂ ਹੈ। ਨਾਮ ਗੁਰਮਤਿ ਹੈ ਜੋ ਕਿ ਚੌਥਾ ਪਦ ਹੈ ਤੇ ਉਸ ਦੀ ਪ੍ਰਾਪਤੀ ਮਨ ਦੇ ਵਿੱਚ ਗੁਰੂ ਦੇ ਪ੍ਰਗਾਸ ਦੁਆਰਾ ਹੀ ਹੁੰਦੀ ਹੈ। ਗੁਰਪ੍ਰਕਾਸ਼ ਹੀ ਗੁਰਮਤਿ ਹੈ। ਗੁਰਬਾਣੀ ਗੁਰੂ ਦਾ ਪ੍ਰਕਾਸ਼ ਹੈ, ਗੁਰਮਤਿ ਹੈ। ਸਾਡਾ ਪਾਰ ਉਤਾਰਾ

12/1207

ਗੁਰਮਤਿ ਨੇ ਹੀ ਕਰਨਾ ਹੈ। "ਗੁਰੂ" ਮਤਿ ਦੇਣ ਲਈ ਹੀ ਹੈ, "ਸਬਦੁ" ਸੋਝੀ ਪਾਉਣ ਲਈ ਹੀ ਹੈ। ਆਉ ਗੁਰੂ ਦੀ ਸੋਝੀ ਪਿੱਛੇ ਲੱਗੀਏ, ਗੁਰੂ ਦੀ ਸੋਝੀ ਨੂੰ ਜਾਣੀਏ ਤੇ ਭਰਮ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ। ਆਉ ਸ਼ਬਦ ਦੀ ਕਥਨੀ ਨੂੰ ਛੱਡੀਏ ਤੇ ਕਰਨੀ ਨੂੰ ਅਪਣਾਈਏ ਭਾਵ ਸ਼ਬਦ ਦੀ ਕਥਨੀ ਨੂੰ ਆਪਣੀ ਕਰਨੀ ਤੱਕ ਪਹੁੰਚਾਈਏ। ਕਥਨੀ ਸਾਨੂੰ ਕਰਨੀ ਸਿਖਾਉਣ ਲਈ ਹੀ ਹੈ।

ਗੁਰਬਾਣੀ ਦਾ ਮੂਲ "**ਗਿਆਨ**" ਹੈ ਤੇ ਗਿਆਨ ਦਾ ਮੂਲ "**ਮਨ**" ਹੈ। ਮਨ ਦੀ ਸੋਝੀ ਨਾਲ ਹੀ ਭਾਵ ਸੱਚੇ ਗਿਆਨ ਦੀ ਸੋਝੀ ਨਾਲ ਹੀ ਗੁਰਬਾਣੀ ਦੀ ਰਚਨਾ ਹੋਈ ਹੈ ਤੇ ਮਨ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ ਗੁਰਬਾਣੀ ਨੂੰ ਸਮਝਿਆ ਜਾ ਸਕਦਾ ਹੈ। ਸਾਰੀ ਗੱਲ ਉਸ ਸ੍ਰੋਤ ਦੇ ਸਮਝ ਆਉਣ ਦੀ ਹੈ ਜੋ ਗਿਆਨ ਦਾ ਮੂਲ ਹੈ। ਉਹ ਸ੍ਰੋਤ ਸਾਡੇ ਮਨ ਦੇ ਵਿੱਚ ਹੀ ਹੈ। ਗਿਆਨ ਦਾ ਸ੍ਰੋਤ "ਸਬਦੁ" ਹੈ ਤੇ "ਸ਼ਬਦ ਦਾ ਰਸ" ਸ਼ਬਦਾਂ ਰਾਹੀਂ ਪਾਈ ਹੋਈ ਸੋਝੀ ਹੈ। ਸਾਡੇ ਅੰਦਰ, ਸਭ ਦੇ ਅੰਦਰ "ਸਬਦ" ਹੀ ਵਰਤ ਰਿਹਾ ਹੈ, ਸਭ ਸ੍ਰਿਸ਼ਟੀ ਵਿੱਚ "ਸਬਦੁ" ਹੀ ਵਰਤ ਰਿਹਾ ਹੈ, ਆਪਣੇ ਰਸ ਦੁਆਰਾ ਵਰਤ ਰਿਹਾ ਹੈ। "ਸਬਦੁ" ਗੁਰੂ ਹੈ, ਆਪ ਪ੍ਰਮਾਤਮਾ ਹੈ। ਪੂਰੀ ਗੁਰਬਾਣੀ "**ਸਬਦੁ**" ਹੈ ਤੇ "**ਸ਼ਬਦ ਦਾ ਰਸ**" ਉਸਦਾ ਸੱਚਾ ਗਿਆਨ ਹੈ ਜਿਸ ਦੁਆਰਾ ਸਾਨੂੰ ਸੋਝੀ ਪੈਂਦੀ ਹੈ। ਗੁਰੂ ਸ਼ਬਦ ਦਾ ਸਾਗਰ ਹੈ, ਗਿਆਨ ਦਾ ਸਾਗਰ ਹੈ ਜੋ ਕਿ ਉਸ ਦੇ ਰਤਨਾਂ ਨਾਲ, ਤੱਤ ਨਾਲ, ਗੁਣਾਂ ਨਾਲ ਭਰਪੂਰ ਹੈ। ਪੂਰੀ ਗੁਰਬਾਣੀ ਗੁਰੂ ਦੇ ਗੁਣਾਂ ਨੂੰ ਵਰਣਨ ਕਰ ਰਹੀ ਹੈ। ਆਉ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਗਹਿਰਾਈ ਨਾਲ ਸਮਝੀਏ। ਪੂਰਾ ਸ਼ਬਦ ਮਨ ਉੱਤੇ ਕੇਂਦਰਿਤ ਹੈ ਤੇ ਇਸ ਗੱਲ ਨੂੰ ਹਕੀਕਤ ਵਿੱਚ ਮਨ ਦੀ ਸੋਝੀ ਦੁਆਰਾ ਹੀ ਸਮਝਿਆ ਜਾ ਸਕਦਾ ਹੈ।

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

"ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥
ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥
ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥
ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥

ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ ਅਕਥ ਕਥਾ ਗੁਰ ਬਚਨੀ ਆਦਰੁ ॥੩॥
ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥੪॥
ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥
ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥
ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥
ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥
ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥
ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥
ਸੁਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥"

(ਅੰਗ - ੬੮੫-੬੮੬)

ਸਾਡਾ ਮਨੁੱਖਾ ਜੀਵਨ ਦਾ ਮਨੋਰਥ "**ਅੰਮ੍ਰਿਤੁ**" ਦੀ ਪ੍ਰਾਪਤੀ ਹੈ। ਇਸ ਅੰਮ੍ਰਿਤੁ ਦੀ ਪ੍ਰਾਪਤੀ ਸਾਨੂੰ ਅੰਮ੍ਰਿਤ ਬਾਣੀ

12/1208

ਦੇ ਵਿੱਚੋਂ ਹੋਣੀ ਹੈ। "**ਅੰਮ੍ਰਿਤ ਬਾਣੀ**" ਅੰਮ੍ਰਿਤ ਦਾ ਸਾਗਰ ਹੈ ਜੋ ਕਿ ਰਤਨਾਂ ਨਾਲ ਭਰਪੂਰ ਹੈ, ਸੱਚੇ ਗੁਣਾਂ ਦੇ ਨਾਲ ਭਰਪੂਰ ਹੈ, ਸੱਚੇ ਗਿਆਨ ਦੇ ਨਾਲ, ਸੱਚੀ ਮਤਿ ਦੇ ਨਾਲ ਭਰਪੂਰ ਹੈ, "**ਹਰਿ ਰਸੁ**" ਦੇ ਨਾਲ, "**ਅੰਮ੍ਰਿਤ ਰਸੁ**" ਦੇ ਨਾਲ ਭਰਪੂਰ ਹੈ। ਅਸੀਂ ਇਸ ਵਿੱਚੋਂ ਜੋ ਚੋਗ ਚੁਗਣੀ ਹੈ ਉਹ ਇਨ੍ਹਾਂ ਰਤਨਾਂ ਦੀ ਚੋਗ ਹੈ ਭਾਵ ਅਸੀਂ ਗੁਰਬਾਣੀ ਦੇ ਵਿੱਚੋਂ ਰਤਨਾਂ ਨੂੰ ਚੁਗਣਾ ਹੈ। ਇਹ "**ਰਤਨ**" ਹੀ ਉਸ ਦਾ ਅੰਮ੍ਰਿਤ ਹੈ, ਅੰਮ੍ਰਿਤ ਰਸ ਹੈ, ਅੰਮ੍ਰਿਤ ਭੋਜਨ ਹੈ। ਪਹਿਲਾਂ ਗੁਰਬਾਣੀ ਦੁਆਰਾ ਅਸੀਂ ਇਸ ਅੰਮ੍ਰਿਤ ਰਸ ਨੂੰ ਸਮਝ ਕੇ ਉਸਨੂੰ ਚੁਗਣ ਦਾ ਉੱਦਮ ਕਰਨਾ ਹੈ ਭਾਵ ਉਸ ਨੂੰ ਆਪਣੇ ਮਨ ਵਿੱਚ ਵਸਾਉਣ ਦਾ ਉੱਦਮ ਕਰਨਾ ਹੈ ਭਾਵ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦਾ ਉਪਰਾਲਾ ਕਰਨਾ ਹੈ। ਉਸ ਦਾ ਅੰਮ੍ਰਿਤ ਉਸ ਦੀ ਮਤਿ ਹੈ। ਇਹ ਚੋਗ ਅਸੀਂ ਕੇਵਲ ਗੁਰਬਾਣੀ ਵਿੱਚੋਂ ਹੀ ਚੁਗਣਾ ਹੈ ਭਾਵ ਗੁਰੂ ਦੇ ਮਾਰਗ ਤੇ ਚੱਲਣ ਦੀ ਸੋਝੀ ਕੇਵਲ ਗੁਰੂ ਕੋਲੋਂ ਲੈਣ ਦਾ ਉਪਰਾਲਾ ਕਰਨਾ ਹੈ ਤੇ ਇੱਧਰ ਉਧਰ ਕਿਸੇ ਹੋਰ ਦੀ ਮਤਿ ਤੇ ਨਹੀਂ ਚੱਲਣਾ। ਇਹ ਗੁਰੂ ਤੇ ਵਿਸ਼ਵਾਸ ਰੱਖਣ ਦਾ ਮਾਰਗ ਹੈ। ਪ੍ਰਮਾਤਮਾ ਉਸੇ ਤੇ ਕ੍ਰਿਪਾ ਕਰਦਾ ਹੈ ਜੋ ਕੇਵਲ ਉਸੇ ਦੀ ਮਤਿ ਤੇ ਵਿਸ਼ਵਾਸ ਰੱਖਦਾ ਹੈ। ਜਿਸ ਤੇ ਫਿਰ ਉਹ ਆਪਣੀ ਕ੍ਰਿਪਾ ਕਰਦਾ ਹੈ ਉਸ ਨੂੰ ਹੀ ਆਪਣੇ ਦਰਸ਼ਨ ਦੇ ਕੇ ਆਪਣਾ ਸੰਤ ਬਣਾਉਂਦਾ ਹੈ ਭਾਵ ਆਪਣੇ ਨਾਲ ਮਿਲਾਉਂਦਾ ਹੈ। **(ਗੁਰੁ ਸਾਗਰੁ ਰਤਨੀ ਭਰਪੂਰੇ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥)** "**ਨਹੀ ਦੂਰੇ**" ਤੋਂ ਭਾਵ ਹੈ ਜਿੰਨ੍ਹਾਂ ਦੀ ਦੂਰੀ ਪ੍ਰਮਾਤਮਾ ਨਾਲੋਂ ਮਿਟ ਜਾਂਦੀ ਹੈ, ਜਿੰਨ੍ਹਾਂ ਨੂੰ ਉਹ ਆਪਣਾ ਸੰਤ ਰੂਪ ਬਣਾ ਲੈਂਦਾ ਹੈ। ਉਸ ਦੇ "**ਅੰਮ੍ਰਿਤੁ**" ਦੀ ਪ੍ਰਾਪਤੀ ਉਸ ਦੇ ਨਾਲ ਦੂਰੀ ਮਿਟਣ ਦੇ ਨਾਲ ਹੀ ਹੁੰਦੀ ਹੈ। ਸਾਡੇ ਮਨ ਦੇ ਵਿੱਚ ਹੀ ਆਪ ਪ੍ਰਮਾਤਮਾ ਅੰਮ੍ਰਿਤ ਸਾਗਰ ਦੇ ਰੂਪ ਵਿੱਚ ਵਰਤ ਰਿਹਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ। ਆਪਣੀ ਚੋਗ ਉਹ ਆਪਣੀ ਕ੍ਰਿਪਾ ਦੁਆਰਾ ਮਨ ਦੇ ਵਿੱਚ ਹੀ ਦਿੰਦਾ ਹੈ। ਮਨ ਦੇ ਵਿੱਚੋਂ ਰਤਨਾਂ ਨੂੰ ਚੁਗਣਾ, ਅੰਮ੍ਰਿਤ ਚੁਗਣਾ ਜਾਂ ਹਰਿ ਰਸ ਚੁਗਣਾ ਇੱਕੋ ਹੀ ਗੱਲ ਹੈ

12/1209

ਅਤੇ ਇਹ ਕੇਵਲ ਉਸਦੀ ਆਪਣੀ ਕ੍ਰਿਪਾ ਹੈ। **(ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ॥)** ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਰੂਪੀ ਸਰੋਵਰ ਦੇ ਵਿੱਚ ਹੀ ਹੁੰਦਾ ਹੈ, ਗਿਆਨ ਰੂਪ ਸਰੋਵਰ ਦੇ ਵਿੱਚ ਹੀ ਹੁੰਦਾ ਹੈ। ਗੁਰਬਾਣੀ ਰੂਪ ਸਰੋਵਰ ਦੇ ਵਿੱਚ ਵੀ ਪ੍ਰਮਾਤਮਾ ਆਪ ਹੈ। ਗੁਰਬਾਣੀ ਗਿਆਨ ਦਾ ਸਰੋਵਰ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਦੇ ਵਿੱਚ ਹੈ ਉਸੇ ਰੂਪ ਵਿੱਚ ਉਹ ਮਨ ਦੇ ਸਰੋਵਰ ਵਿੱਚ ਹੈ ਤੇ ਉਸ ਦੇ ਦਰਸ਼ਨ ਉਸ ਦੇ ਗਿਆਨ ਰੂਪ ਵਿੱਚ ਹੀ ਹੁੰਦੇ ਹਨ, ਮਨ ਦੇ ਵਿੱਚ ਹੀ ਹੁੰਦੇ

ਹਨ। **(ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ॥੧॥)** ਪ੍ਰਮਾਤਮਾ ਨੂੰ ਪਾਉਣ ਦਾ ਅਸਥਾਨ ਕੇਵਲ ਸਾਡਾ ਮਨ ਹੀ ਹੈ ਜੋ ਕਿ ਸਾਨੂੰ ਵਾਰ-ਵਾਰ ਗੁਰਬਾਣੀ ਸਮਝਾ ਰਹੀ ਹੈ। ਗੁਰਬਾਣੀ ਨਾਲੋਂ ਵਿਛੜ ਕੇ, ਉਸ ਦੀ ਸੱਚੀ ਮਤਿ ਨਾਲੋਂ ਵਿਛੜ ਕੇ ਉਸਨੂੰ ਕੋਈ ਨਹੀਂ ਪਾ ਸਕਦਾ ਜਿਵੇਂ ਕਿ ਅਗਲੀ ਰਹਾਉ ਵਾਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਕਿਆ ਬਗੁ ਬਪੁੜਾ ਛਪੜੀ ਨਾਇ॥ ਕੀਚੜਿ ਡੂਬੈ ਮੈਲੁ ਨ ਜਾਇ॥੧॥ਰਹਾਉ॥"

ਬੜੇ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਉੱਪਰ ਵਾਲੀ ਪੰਗਤੀ ਨੂੰ ਇਸ ਸਾਰੇ ਸ਼ਬਦ ਵਿੱਚ, ਅਸਟਪਦੀ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ, ਚੰਗਾ ਪਾਸਾ ਸਮਝਾਇਆ ਹੋਇਆ ਹੈ। ਇੱਕੋ ਇੱਕ "ਰਹਾਉ" ਦੀ ਪੰਗਤੀ ਵੱਖਰੀ ਗੱਲ ਸਮਝਾ ਰਹੀ ਹੈ ਜਿੱਥੇ ਕਿ ਸਾਰੇ ਸ਼ਬਦ ਦਾ ਨਿਚੋੜ ਹੁੰਦਾ ਹੈ। ਸਾਨੂੰ ਇੱਥੇ ਇਹ ਭੇਦ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਤੇ ਉਸ ਤੋਂ ਸਾਡੀ ਦੂਰੀ ਦਾ ਕਾਰਨ ਕੀ ਹੈ। ਸਾਰਾ ਭੇਦ ਸਰੋਵਰ ਨੂੰ ਤੇ ਛੱਪੜੀ ਨੂੰ ਸਮਝਣ ਦਾ ਹੈ। ਜੇਕਰ ਸਾਨੂੰ ਸਰੋਵਰ ਦੀ ਸਮਝ ਹੈ ਤਾਂ ਫਿਰ ਛੱਪੜੀ ਕਿਸ ਨੂੰ ਕਿਹਾ ਹੈ ਇਹ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸਰੋਵਰ ਬਾਰੇ ਕਿਸੇ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ। ਉਹ ਗੁਰੂ ਦਾ ਸਾਗਰ ਹੈ, ਗੁਰੂ ਦਾ ਸਰੋਵਰ ਹੈ ਭਾਵ ਗੁਰਬਾਣੀ ਰੂਪ ਸਰੋਵਰ ਹੈ।

12/1210

ਗੁਰਬਾਣੀ ਗੁਰੂ ਦੀ ਮਤਿ ਹੈ, ਗੁਰੂ ਦੇ ਬੋਲ ਹਨ, ਗੁਰੂ ਦੇ ਬਚਨ ਹਨ। **{ਸਤਿਗੁਰ ਬਚਨ ਬਚਨ ਹੈ ਸਤਿਗੁਰ}** ਗੁਰੂ ਦੇ ਸਰੋਵਰ ਦਾ ਇਸ਼ਨਾਨ ਕਰਨਾ ਗੁਰੂ ਦੇ ਬਚਨਾਂ ਦਾ ਇਸ਼ਨਾਨ ਹੈ ਜੋ ਕਿ ਸਾਡਾ ਮਨ ਕਰਦਾ ਹੈ ਭਾਵ ਜੇਕਰ ਅਸੀਂ ਗੁਰੂ ਦੇ ਬਚਨਾਂ ਨੂੰ ਮੰਨਦੇ ਹਾਂ ਤਾਂ ਅਸੀਂ ਗੁਰੂ ਦੇ ਸਰੋਵਰ ਵਿੱਚ ਇਸ਼ਨਾਨ ਕਰਦੇ ਹਾਂ, ਗੁਰਬਾਣੀ ਦਾ ਇਸ਼ਨਾਨ ਕਰਦੇ ਹਾਂ। ਗੁਰੂ ਦੇ ਸਰੋਵਰ ਤੋਂ ਬਿਨ੍ਹਾਂ ਹਰ ਕੋਈ "**ਛੱਪੜੀ**" ਹੈ। ਸੰਸਾਰ ਇਹੋ ਜਿਹੀਆਂ ਛੱਪੜੀਆਂ ਨਾਲ ਭਰਿਆ ਪਿਆ ਹੈ ਜਿੱਥੋਂ ਅਸੀਂ ਉਨ੍ਹਾਂ ਕੋਲੋਂ ਸਿੱਖਿਆ ਲੈਣ ਜਾਂਦੇ ਹਾਂ, ਉਨ੍ਹਾਂ ਦੇ ਬਚਨ ਸੁਣਨ ਜਾਂਦੇ ਹਾਂ। ਅਸੀਂ ਜਿਸ ਦੇ ਬਚਨਾਂ ਤੇ ਅਮਲ ਕਰਦੇ ਹਾਂ ਉਸ ਦਾ ਹੀ ਇਸ਼ਨਾਨ ਕਰਦੇ ਹਾਂ। ਜੋ ਕੋਈ ਵੀ ਸਾਨੂੰ ਆਪਣੇ ਬਚਨ ਸੁਣਾਉਂਦਾ ਹੈ, ਅਸੀਂ ਉਸ ਬਚਨ ਸੁਣਾਉਣ ਵਾਲੇ ਦੇ ਸਤਿਕਾਰ ਸਦਕਾ ਇਹ ਭੁੱਲ ਜਾਂਦੇ ਹਾਂ ਕਿ ਉਸਦੀ ਗੱਲ ਗੁਰੂ ਦੇ ਬਚਨਾਂ ਦੀ ਕਸਵੱਟੀ ਤੇ ਖਰੀ ਉਤਰਦੀ ਹੈ ਜਾਂ ਨਹੀਂ। ਅਸੀਂ ਅੰਧ ਵਿਸ਼ਵਾਸ ਕਰਦੇ ਹਾਂ ਤੇ ਇਹ ਅੰਧ ਵਿਸ਼ਵਾਸ ਹੀ ਸਾਡੀ ਗੁਰੂ ਤੇ ਬੇ-ਵਿਸ਼ਵਾਸੀ ਹੈ, ਗੁਰੂ ਤੋਂ ਦੂਰੀ ਦਾ ਕਾਰਨ ਹੈ। ਸਤਿਕਾਰ ਅਸੀਂ ਉਸੇ ਦਾ ਹੀ ਕਰਦੇ ਹਾਂ ਜਿਸ ਦੇ ਅਸੀਂ ਬਚਨ ਮੰਨਦੇ ਹਾਂ। ਸਤਿਕਾਰ ਅਸੀਂ ਛੱਪੜੀਆਂ ਦਾ ਕਰਦੇ ਹਾਂ ਤੇ ਲੱਭਦੇ ਅਸੀਂ ਉਸ ਅੰਮ੍ਰਿਤ ਸਰੋਵਰ ਨੂੰ ਹਾਂ। ਕਿਆ ਕਮਾਲ ਦੀ ਗੱਲ ਹੈ। ਛੱਪੜੀ ਵਿੱਚ ਨਹਾਉਣ ਵਾਲੇ ਨੂੰ ਬਗੁਲਾ ਕਿਹਾ ਹੈ ਅਤੇ ਬਪੁੜਾ ਕਿਹਾ ਹੈ। ਬਗੁਲਾ ਚਲਾਕ ਮਨੁੱਖ ਨੂੰ ਕਹਿੰਦੇ ਹਨ, ਬਗੁਲੇ ਦੀ ਬਿਰਤੀ ਵਾਲਾ ਮਨੁੱਖ ਚਲਾਕੀ ਨਾਲ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ। ਧਿਆਨ ਕਿਤੇ ਹੋਰ ਹੁੰਦਾ ਹੈ ਤੇ ਪ੍ਰਾਪਤੀ ਕਿਸੇ ਹੋਰ ਦੀ ਕਰਨੀ ਚਾਹੁੰਦੇ ਹਨ। ਇਹੋ ਜਿਹੀ ਬਿਰਤੀ ਰੱਖਣ ਵਾਲੇ ਮਨੁੱਖ ਨੂੰ ਚਿੱਕੜ ਵਿੱਚ ਡੁੱਬਣਾ ਕਿਹਾ ਹੈ। ਚਿੱਕੜ ਵਿੱਚ ਨਹਾਉਣ ਨਾਲ ਕਦੇ ਮੈਲ ਨਹੀਂ ਜਾ ਸਕਦੀ, ਉਲਟਾ ਹੋਰ ਵੱਧਦੀ ਹੈ। ਮੈਲ ਸਾਡੀ ਅਗਿਆਨਤਾ ਦੀ ਹੈ ਤੇ ਸਾਡੀ ਅਗਿਆਨਤਾ ਦੀ ਮੈਲ ਕੇਵਲ ਸੱਚੇ ਗਿਆਨ ਦੁਆਰਾ ਜਾ ਸਕਦੀ ਹੈ ਜੋ ਕਿ ਕੇਵਲ ਤੇ

12/1211

ਕੇਵਲ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ, ਅੰਮ੍ਰਿਤ ਸੋਰਵਰ ਦੇ ਕੋਲ ਹੈ। ਅਗਿਆਨੀਆਂ ਦੇ ਕੋਲ ਜਾ ਕੇ, ਛੱਪੜੀਆਂ ਦੇ ਕੋਲ ਜਾ ਕੇ ਅਗਿਆਨ ਹੀ ਵੱਧਣਾ ਹੈ, ਹੋਰ ਚਿੱਕੜ ਹੀ ਲਿੰਬਣਾ ਹੈ, ਹੋਰ ਕੁੱਝ ਵੀ ਪੱਲੇ ਨਹੀਂ ਪੈਣਾ। ਕੇਵਲ ਗੁਰੂ ਦਾ ਲੜ ਫੜ ਕੇ ਹੀ, ਗੁਰੂ ਦੇ ਬਚਨਾਂ ਦਾ ਲੜ ਫੜ ਕੇ ਹੀ ਅਸੀਂ ਉਸ ਗਿਆਨ ਦੀ ਪ੍ਰਾਪਤੀ ਕਰ ਸਕਦੇ ਹਾਂ ਜਿਸ ਨੇ ਸਾਨੂੰ ਪਾਰ ਲੰਘਾਉਣਾ ਹੈ। ਗੁਰੂ ਦੇ ਬਚਨ ਹੀ ਸਾਡਾ ਨਿੱਜ ਘਰ ਹੈ ਭਾਵ ਜੇਕਰ ਅਸੀਂ ਗੁਰੂ ਦੇ ਬਚਨਾਂ ਤੇ ਅਮਲ ਕਰਦੇ ਹਾਂ ਤਾਂ ਅਸੀਂ ਆਪਣੇ ਨਿੱਜ ਘਰ ਵਿੱਚ ਰਹਿੰਦੇ ਹਾਂ, ਨਿੱਜ ਘਰ ਵਿੱਚ ਵਿਚਰਦੇ ਹਾਂ ਤੇ ਜੇਕਰ ਅਸੀਂ ਕਿਸੇ ਹੋਰ ਦੇ ਬਚਨਾਂ ਤੇ ਚੱਲਦੇ ਹਾਂ, ਕਿਸੇ ਹੋਰ ਦੇ ਬਚਨ ਮੰਨਦੇ ਹਾਂ ਤੇ ਫਿਰ ਅਸੀਂ ਪਰਾਏ ਘਰ ਵਿੱਚ ਜਾਂਦੇ ਹਾਂ, ਦੂਜੇ ਘਰ ਵਿੱਚ ਵੱਸਦੇ ਹਾਂ। ਅਸੀਂ ਸਰੀਰਕ ਤੌਰ ਤੇ ਕਿਸ ਦੇ ਘਰ ਵਿੱਚ ਜਾਂਦੇ ਹਾਂ, ਇਹ ਗੱਲ ਵੱਡੀ ਨਹੀਂ ਹੈ ਬਲਕਿ ਵੱਡੀ ਗੱਲ ਇਹ ਹੈ ਕਿ ਅਸੀਂ ਬਚਨ ਕਿਸ ਦੇ ਮੰਨਦੇ ਹਾਂ। ਸਰੀਰਕ ਤੌਰ ਤੇ ਭਾਵੇਂ ਅਸੀਂ ਗੁਰੂ ਦੇ ਦੁਆਰੇ ਤੇ ਹੀ ਜਾਂਦੇ ਹਾਂ ਪਰ ਜੇਕਰ ਅਸੀਂ ਗੁਰੂ ਦੀ ਗੱਲ ਸੁਣ ਕੇ ਵੀ ਕਿਸੇ ਹੋਰ ਦੀ ਦੱਸੀ ਗੱਲ ਮੰਨਦੇ ਹਾਂ ਤਾਂ ਫਿਰ ਅਸੀਂ ਪਰ ਘਰ ਵਿੱਚ ਹੀ ਵਿਚਰਦੇ ਹਾਂ। ਸਭ ਪਾਸੇ ਅਸਲ ਵਿੱਚ ਹੋ ਇਹੋ ਕੁੱਝ ਰਿਹਾ

ਹੈ। ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ ਅਸੀਂ ਮੰਨਦੇ ਉਹਨਾਂ ਦੀ ਗੱਲ ਹੀ ਹਾਂ ਭਾਵੇਂ ਉਹਨਾਂ ਦੀ ਗੱਲ ਗੁਰਬਾਣੀ ਤੇ ਪੂਰੀ ਉਤਰੇ ਜਾਂ ਨਾ ਉਤਰੇ। ਇਸ ਗੱਲ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਸਾਡਾ ਗੁਰੂ ਪ੍ਰਮਾਤਮਾ ਨਾਲੋਂ ਦੂਰੀ ਦਾ ਭੇਦ ਇਸ ਗੱਲ ਵਿੱਚ ਹੀ ਛੁਪਿਆ ਹੋਇਆ ਹੈ। ਅਸੀਂ ਮੱਥਾ ਭਾਵੇਂ ਗੁਰੂ ਗ੍ਰੰਥ ਸਾਹਿਬ ਨੂੰ ਹੀ ਟੇਕਦੇ ਹਾਂ ਪਰ ਬਚਨ ਹੋਰਾਂ ਦੇ ਮੰਨੀ ਜਾਂਦੇ ਹਾਂ ਤੇ ਇਸ ਤਰੀਕੇ ਅਸੀਂ ਕਦੇ ਵੀ ਗੁਰੂ ਪ੍ਰਮਾਤਮਾ ਨਾਲ ਨਹੀਂ ਜੁੜ ਸਕਦੇ। ਆਓ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

“ਆਨ ਮਨਉ ਤਉ ਪਰ ਘਰ ਜਾਉ ॥
ਕਿਸੁ ਜਾਚਉ ਨਾਹੀ ਕੋ ਥਾਉ ॥
ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥”

(ਅੰਗ ੧੫੩)

ਉੱਪਰ ਪੰਗਤੀਆਂ ਰਾਹੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰੋ ਤੇ ਸਮਝੋ ਕਿ “**ਪਰ ਘਰ**” ਕਿਸ ਨੂੰ ਕਿਹਾ ਹੈ। “**ਆਨ**” ਤੋਂ ਭਾਵ ਹੈ ਕੋਈ ਹੋਰ ਦੂਸਰਾ ਭਾਵ ਗੁਰੂ ਤੋਂ ਬਿਨ੍ਹਾਂ ਹੋਰ ਕੋਈ ਵੀ ਦੂਸਰਾ ਮਨੁੱਖ ਜਾਂ ਅਦਾਰਾ ਭਾਵੇਂ ਉਹ ਕੋਈ ਵੀ ਹੋਵੇ ਜਿਸ ਤੋਂ ਅਸੀਂ ਧਰਮ ਦੀ ਸਿੱਖਿਆ ਲੈਂਦੇ ਹਾਂ। ਇਹ ਸਿੱਖਿਆ ਅਸੀਂ ਕਿਸੇ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਤੋਂ ਵੀ ਲੈ ਸਕਦੇ ਹਾਂ। ਇਹਨਾਂ ਕਿਸੇ ਦੀਆਂ ਗੱਲਾਂ ਨੂੰ ਮੰਨਣਾ “ਪਰ ਘਰ”ਵਿੱਚ ਜਾਣ ਵਾਲੀ ਗੱਲ ਹੈ ਭਾਵ ਗੁਰੂ ਘਰ ਤੋਂ ਦੂਜੇ ਘਰ ਵਿੱਚ ਜਾਣ ਵਾਲੀ ਗੱਲ ਹੈ। ਗੁਰੂ ਦੇ ਘਰ ਵਿੱਚ ਬੈਠ ਕੇ ਵੀ ਜੇਕਰ ਅਮਲ ਕਿਸੇ ਹੋਰ ਦੇ ਬਚਨਾਂ ਤੇ ਕਰ ਰਹੇ ਹਾਂ ਤਾਂ ਫਿਰ ਅਸੀਂ “ਪਰ ਘਰ” ਵਿੱਚ ਹੀ ਬੈਠੇ ਹਾਂ। **(ਆਨ ਮਨਉ ਤਉ ਪਰ ਘਰ ਜਾਉ॥)** ਸਾਰੀ ਗੱਲ ਬਚਨਾਂ ਨੂੰ ਮੰਨਣ ਦੀ ਹੈ ਕਿ ਅਸੀਂ ਬਚਨ ਕਿਸ ਦੇ ਮੰਨਦੇ ਹਾਂ। ਮੁੱਖੋਂ ਅਸੀਂ ਗੁਰੂ ਗੁਰੂ ਬੋਲਦੇ ਹਾਂ ਪਰ ਬਚਨ ਅਸੀਂ ਕੱਚਿਆਂ ਦੇ ਮੰਨਦੇ ਹਾਂ, ਕੱਚੀਆਂ ਬਾਣੀਆਂ ਦੇ ਮੰਨਦੇ ਹਾਂ ਫਿਰ ਅਸੀਂ ਨਿੱਜ ਘਰ ਵਿੱਚ ਕਿਵੇਂ ਪਹੁੰਚ ਸਕਦੇ ਹਾਂ। ਗੁਰੂ ਦੇ ਬਚਨਾਂ ਨੂੰ ਮੰਨਣ ਤੋਂ ਬਿਨ੍ਹਾਂ ਸਾਡੇ ਕੋਲ ਕੋਈ ਹੋਰ ਸਥਾਨ ਹੈ ਹੀ ਨਹੀਂ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕੇ। ਇੱਕੋ ਇੱਕ “**ਗੁਰਬਾਣੀ**” ਪ੍ਰਮਾਤਮਾ ਦਾ ਸੱਚਾ ਸਥਾਨ ਹੈ ਜੋ ਪ੍ਰਮਾਤਮਾ ਦੇ ਬਚਨਾਂ ਨਾਲ ਭਰਪੂਰ ਹੈ। ਕੇਵਲ ਗੁਰਬਾਣੀ ਦੀ ਗੱਲ ਮੰਨ ਕੇ ਹੀ, ਸੱਚੀ ਬਾਣੀ ਦੀ ਗੱਲ ਮੰਨ ਕੇ ਹੀ ਆਪਣੇ ਅਸਲ ਘਰ ਵਿੱਚ, ਨਿੱਜ ਘਰ ਵਿੱਚ ਪਹੁੰਚ ਸਕਦੇ ਹਾਂ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਕਿਸੇ ਹੋਰ ਦੇ ਪਿੱਛੇ ਨਾ ਲੱਗੀਏ। **(ਕਿਸੁ ਜਾਚਉ ਨਾਹੀ ਕੋ ਥਾਉ॥)** ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਗੁਰਮਤਿ ਤੇ ਚੱਲ ਕੇ ਹੀ ਹੋ ਸਕਦਾ ਹੈ,ਗੁਰੂ ਦੀ ਗੱਲ ਮੰਨ ਕੇ ਹੀ ਹੋ ਸਕਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਗੁਰਮਤਿ ਸਹਜਿ ਸਮਾਉ॥੪॥੮॥”

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਹੋ ਸਕਦਾ ਹੈ, ਚੌਥੇ ਪਦ ਦੇ ਗਿਆਨ ਦੁਆਰਾ ਹੀ ਹੋ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਜਿਸ ਦੇ ਹੱਥ ਵਿੱਚ ਸਹਜ ਦੀ ਅਵੱਸਥਾ ਹੈ ਉਹੀ ਸਾਨੂੰ ਸਹਜ ਦੀ ਅਵੱਸਥਾ ਬਖਸ਼ ਸਕਦਾ ਹੈ। ਪੂਰੀ ਗੁਰਬਾਣੀ ਸਹਜ ਦੀ ਅਵੱਸਥਾ ਵਿੱਚ ਹੈ ਜਿਸ ਵਿੱਚ ਚੌਥੇ ਪਦ ਦਾ ਗਿਆਨ ਹੈ। ਜੇਕਰ ਅਸੀਂ ਗੁਰਬਾਣੀ ਦੇ ਸਹਜ ਗਿਆਨ ਨਾਲ ਜੁੜਾਂਗੇ ਤੇ ਫਿਰ ਤਾਂ ਹੀ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਮਾਰਗ ਤੇ ਚੱਲ ਸਕਦੇ ਹਾਂ। ਗੁਰੂ ਦਾ ਚੌਥੇ ਪਦ ਦਾ ਗਿਆਨ ਹੀ ਉਸ ਦੀ ਮਤਿ ਹੈ, ਗੁਰਮਤਿ ਹੈ ਜੋ ਕਿ ਪ੍ਰਮਾਤਮਾ ਦੇ ਸੱਚੇ ਬੋਲ ਹਨ, ਉਸਦੇ ਸੱਚੇ ਬਚਨ ਹਨ। ਇਹਨਾਂ ਸੱਚੇ ਬਚਨਾਂ ਨੂੰ ਮੰਨ ਕੇ ਹੀ ਅਸੀਂ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ, ਸਹਜ ਵਿੱਚ ਸਮਾਅ ਸਕਦੇ ਹਾਂ ਜੋ ਕਿ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਤੇ ਨਿਰਭਰ ਹੈ।ਜੇਕਰ ਸਾਡੇ ਅੰਦਰ ਪ੍ਰਮਾਤਮਾ ਨੂੰ ਪਾਉਣ ਦੀ ਸੱਚੀ ਇੱਛਾ ਹੈ ਤੇ ਫਿਰ ਅਸੀਂ ਕੇਵਲ ਗੁਰੂ ਦੇ ਬਚਨਾਂ ਤੇ ਹੀ ਭਰੋਸਾ ਕਰਾਂਗੇ ਨਾ ਕਿ ਕਿਸੇ ਹੋਰ ਦੇ ਬਚਨਾਂ ਤੇ। ਇਹ ਸਾਡੀ ਸਭ ਤੋਂ ਵੱਡੀ ਦੁਬਿਧਾ ਹੈ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਗੁਰੂ ਦੇ ਬਚਨਾਂ ਤੇ ਭਰੋਸਾ ਟਿਕੇ ਬਿਨ੍ਹਾਂ ਅਸੀਂ ਗੁਰਮਤਿ ਤੇ ਚੱਲ ਹੀ ਨਹੀਂ ਸਕਦੇ।

ਸਾਡਾ ਰੋਗ ਸਾਡੀ ਦੁਬਿਧਾ ਹੈ, ਅਗਿਆਨਤਾ ਹੈ ਜਿਸ ਵਿੱਚੋਂ ਸਾਨੂੰ ਕੇਵਲ ਗੁਰੂ ਹੀ ਕੱਢ ਸਕਦਾ ਹੈ ਤੇ ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

"ਰਖਿ ਰਖਿ ਚਰਨ ਧਰੇ ਵੀਚਾਰੀ॥ ਦੁਬਿਧਾ ਛੋਡਿ ਭਏ ਨਿਰੰਕਾਰੀ॥"

ਗੁਰੂ ਕੋਲ ਜਾ ਕੇ ਉਸ ਕੋਲੋਂ ਸਿੱਖਿਆ ਲੈਣ ਦਾ ਮਨੋਰਥ ਕੀ ਹੈ, ਇੱਥੇ ਇਹੀ ਗੱਲ ਸਮਝਾਈ ਹੋਈ ਹੈ। ਸਾਰੀ ਗੱਲ ਆਪਣੇ ਵਿਚਾਰਾਂ ਨੂੰ ਸੋਧਣ ਦੀ ਹੈ, ਆਪਣੇ ਵਿਚਾਰਾਂ ਨੂੰ ਗੁਰੂ ਦੇ ਵਿਚਾਰਾਂ ਅਨੁਸਾਰ ਬਣਾਉਣ ਦੀ ਹੈ ਜਿਸ ਦੁਆਰਾ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਜਾਣ ਸਕਦੇ ਹਾਂ। ਸਾਨੂੰ ਕਦਮ ਕਦਮ ਤੇ ਭਾਵ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਗੁਰੂ ਦੀ ਮਤਿ ਦੀ ਲੋੜ ਹੈ, ਸ਼ਬਦ ਦੇ ਵਿਚਾਰ ਦੀ ਲੋੜ ਹੈ। ਸ਼ਬਦ ਦੇ ਵਿਚਾਰ ਦੀ ਲੋੜ ਹੈ। ਸਾਡੇ ਲਈ ਚੰਗਾ ਕੀ ਹੈ ਤੇ ਮਾੜਾ ਕੀ ਹੈ ਇਸ ਦੀ ਸੋਝੀ ਗੁਰੂ ਦੀ ਮਤਿ ਦੁਆਰਾ ਹੀ ਪੈਂਦੀ ਹੈ ਤੇ ਜੋ ਮਨੁੱਖ ਗੁਰੂ ਦੇ, ਸ਼ਬਦ ਦੇ ਵਿਚਾਰਾਂ ਨੂੰ, ਗੁਰੂ ਦੇ ਉਪਦੇਸ਼ ਨੂੰ, ਗੁਰੂ ਦੇ ਬਚਨਾਂ ਨੂੰ ਆਪਣੇ ਵਿਚਾਰਾਂ ਵਿੱਚ ਢਾਲ ਲੈਂਦਾ ਹੈ ਉਹ ਫਿਰ ਆਪਣਾ ਹਰ ਕਦਮ ਭਾਵ ਜੀਵਨ ਦਾ ਹਰ ਫੈਸਲਾ ਜਿਸ ਦੁਆਰਾ ਉਹ ਸੰਸਾਰ ਵਿੱਚ ਵਿਚਰਦਾ ਹੈ, ਗੁਰਮਤਿ ਅਨੁਸਾਰ ਹੀ ਕਰਦਾ ਹੈ। ਇਹੋ ਜਿਹਾ ਮਨੁੱਖ "**ਸ਼ਬਦ**" ਦਾ ਵਿਚਾਰੀ ਹੈ, "**ਗੁਰੂ**" ਦਾ ਵਿਚਾਰੀ ਹੈ। **(ਰਖਿ ਰਖਿ ਚਰਨ ਧਰੇ ਵੀਚਾਰੀ॥)** ਸ਼ਬਦ ਦਾ ਵਿਚਾਰੀ ਕੋਈ ਵਿਰਲਾ ਹੀ ਬਣ ਸਕਦਾ ਹੈ ਜਿਸਨੂੰ ਉਹ ਆਪ ਬਣਾਉਂਦਾ ਹੈ।

{ਜਗਿ ਗਿਆਨੀ ਵਿਰਲਾ ਆਚਾਰੀ॥ ਜਗਿ ਪੰਡਿਤੁ ਵਿਰਲਾ ਵੀਚਾਰੀ॥}

(ਅੰਗ ੪੧੩)

ਸ਼ਬਦ ਨੂੰ ਰੱਟਣ ਵਾਲੇ, ਕਥਨੀ ਕਰਨ ਵਾਲੇ ਤਾਂ ਬਹੁਤ ਹਨ ਪਰ ਸ਼ਬਦ ਦੀ ਕਰਨੀ ਤੇ ਕੋਈ ਵਿਰਲਾ ਹੀ ਪੂਰਾ ਉਤਰ ਸਕਦਾ ਹੈ। ਵਿਰਲੇ ਨੂੰ ਹੀ ਪ੍ਰਮਾਤਮਾ ਗੁਰਮਤਿ ਦੀ ਸੋਝੀ ਪਾਉਂਦਾ ਹੈ। ਹਰ ਕੋਈ ਮਨੁੱਖ ਦੁਬਿਧਾ ਵਿੱਚ ਹੈ, ਤ੍ਰੈਗੁਣਾਂ ਦੀ ਅਵੱਸਥਾ ਵਿੱਚ ਹੈ, ਅਗਿਆਨਤਾ ਵਿੱਚ ਹੈ ਤੇ ਮਨੁੱਖ ਨੂੰ ਇਹੋ ਜਿਹੀ ਬਿਰਤੀ ਵਿੱਚੋਂ ਸਿਵਾਇ ਗੁਰੂ ਤੋਂ ਹੋਰ ਕੋਈ ਨਹੀਂ ਕੱਢ ਸਕਦਾ। ਕੇਵਲ ਇੱਕ ਗੁਰੂ ਹੀ ਹੈ ਜੋ ਚੌਥੇ ਪਦ ਵਿੱਚ ਹੈ, ਸਹਜ ਦੀ ਅਵੱਸਥਾ ਵਿੱਚ ਹੈ ਜੋ ਦੁਬਿਧਾ,

12/1212

ਤ੍ਰੈਗੁਣਾਂ ਤੋਂ ਰਹਿਤ ਹੈ। ਇਹ "**ਦੁਬਿਧਾ**" ਹੀ ਸਾਡਾ ਸਭ ਦਾ ਅਸਲ ਵਿੱਚ "**ਚਿੱਕੜ**" ਹੈ ਭਾਵੇਂ ਉਹ ਕੋਈ ਵੀ ਹੈ। ਇਹ ਦੁਬਿਧਾ ਹੀ ਅਸਲ ਵਿੱਚ ਛੱਪੜ ਹੈ। ਦੁਬਿਧਾ ਦਾ ਇਸ਼ਨਾਨ ਕਰਕੇ ਅਸੀਂ ਕਦੇ ਇਸ ਚਿੱਕੜ ਵਿੱਚੋਂ ਨਹੀਂ ਨਿਕਲ ਸਕਦੇ। ਇਹ ਦੁਬਿਧਾ ਵੀ ਉਸ ਦੀ ਆਪਣੀ ਪਾਈ ਹੋਈ ਹੈ ਜਿਸ ਦਾ ਮਕਸਦ ਹੀ ਸਾਨੂੰ ਅਗਿਆਨਤਾ ਵਿੱਚ ਰੱਖਣ ਦਾ ਹੈ। ਦੁਬਿਧਾ ਵਿੱਚੋਂ ਸਾਨੂੰ ਦੁਬਿਧਾ ਦਾ ਮਾਲਕ ਹੀ ਕੱਢ ਸਕਦਾ ਹੈ, ਸੱਚੇ ਗਿਆਨ ਦਾ ਮਾਲਕ ਹੀ ਕੱਢ ਸਕਦਾ ਹੈ। ਇਹ ਦੁਬਿਧਾ ਉਸ ਸੱਚੇ ਗਿਆਨ ਦੀ ਹੀ ਚੇਲੀ ਹੈ ਜੋ ਇਸ ਨੂੰ ਚਲਾ ਰਿਹਾ ਹੈ। ਇਹ ਦੁਬਿਧਾ ਕੱਚੀ ਹੈ ਤੇ ਅਟੱਲ ਕੇਵਲ ਗੁਰੂ ਦਾ ਸੱਚਾ ਗਿਆਨ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ। ਜੋ ਖੁਦ ਕੱਚਾ ਹੈ ਉਹ ਸਾਨੂੰ ਕਿਵੇਂ ਥਿਰ ਕਰ ਸਕਦਾ ਹੈ। ਮਨਮਤਿ ਕੱਚੀ ਹੈ ਭਾਵ ਜੋ ਟਿਕਣ ਵਾਲੀ ਨਹੀਂ ਹੈ ਤੇ ਗੁਰਮਤਿ ਅਟੱਲ ਹੈ। ਜੇਕਰ ਸਾਨੂੰ ਤਾਰਨਾਂ ਗੁਰੂ ਦੇ ਬਚਨਾਂ ਨੇ ਹੈ ਤਾਂ ਫਿਰ ਅਸੀਂ ਕਿਸੇ ਹੋਰ ਦੇ ਬਚਨਾਂ ਵਿੱਚੋਂ ਕੀ ਕੱਢਣ ਜਾਂਦੇ ਹਾਂ। ਇਹ ਸਾਡੇ ਲਈ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਣ ਲਈ ਜਾਂ ਉਸ ਤੋਂ ਦੂਰ ਜਾਣ ਲਈ ਸਭ ਤੋਂ ਵੱਡਾ ਭੇਦ ਹੈ ਜਿਸ ਵਿੱਚ ਹਰ ਕੋਈ ਉਲਝਿਆ ਹੋਇਆ ਹੈ ਤੇ ਸਭ ਤੋਂ ਔਖਾ ਵੀ ਇਸ ਤੋਂ ਛੁਟਕਾਰਾ ਪਾਉਣਾ ਹੀ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਰੰਗ ਵਿੱਚ ਰਚਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਛੱਪੜੀਆਂ ਦੇ ਬਚਨਾਂ ਵਿੱਚੋਂ ਨਿਕਲ ਕੇ, ਛੱਪੜੀਆਂ ਦਾ ਪਿਆਰ ਛੱਡ ਕੇ ਗੁਰੂ ਦੇ ਬਚਨਾਂ ਨਾਲ ਪ੍ਰੀਤ ਜੋੜਨੀ ਪਾਵੇਗੀ। ਇਸ ਗੱਲ ਨੂੰ ਇੱਕ ਦੂਸਰੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਗੁਆਰੇਰੀ ਮਹਲਾ ੫॥

"ਗੁਰ ਕਾ ਬਚਨੁ ਸਦਾ ਅਬਿਨਾਸੀ॥ ਗੁਰ ਕੈ ਬਚਨਿ ਕਟੀ ਜਮ ਫਾਸੀ॥
ਗੁਰ ਕਾ ਬਚਨੁ ਜੀਅ ਕੈ ਸੰਗਿ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ॥੧॥"

(ਅੰਗ ੧੭੭)

12/1213

ਜਦ ਤੱਕ ਅਸੀਂ ਗੁਰੂ ਤੇ ਗੁਰੂ ਦੇ ਬਚਨਾਂ ਵਿੱਚ ਫ਼ਰਕ ਸਮਝੀ ਜਾਵਾਂਗੇ ਤਦ ਤੱਕ ਅਸੀਂ ਗੁਰੂ ਦੇ ਨੇੜੇ ਨਹੀਂ ਲੱਗ ਸਕਦੇ। ਗੁਰੂ ਦੇ ਬਚਨ ਹੀ ਅਸਲ ਵਿੱਚ ਗੁਰੂ ਹੈ। ਗੁਰੂ ਦੀ ਕੀਮਤ ਗੁਰੂ ਦੇ ਬਚਨਾਂ ਦੇ ਨਾਲ ਹੈ। ਸਦਾ ਅਬਿਨਾਸੀ ਕੌਣ ਹੈ, ਇਹ ਹਰ ਕੋਈ ਸਮਝਦਾ ਹੈ ਕਿ ਉਹ ਆਪ ਪ੍ਰਮਾਤਮਾ ਹੈ। ਉੱਪਰ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਗੁਰੂ ਦੇ ਬਚਨ ਨੂੰ ਸਦਾ ਅਬਿਨਾਸੀ ਕਿਹਾ ਹੈ ਭਾਵ ਗੁਰੂ ਦਾ ਬਚਨ ਹੀ ਆਪ ਪ੍ਰਮਾਤਮਾ ਹੈ, ਗੁਰੂ ਦਾ ਗਿਆਨ ਆਪ ਪ੍ਰਮਾਤਮਾ ਹੈ ਜੋ ਕਦੇ ਬਿਨਸ ਨਹੀਂ ਸਕਦਾ। **(ਗੁਰ ਕਾ ਬਚਨੁ ਸਦਾ ਅਬਿਨਾਸੀ॥)** ਗੁਰੂ ਦੀ ਦੱਸੀ ਹੋਈ ਗੱਲ ਸਦਾ ਥਿਰ ਰਹਿਣ ਵਾਲੀ ਹੈ ਜੋ ਕਦੇ ਡੋਲ ਨਹੀਂ ਸਕਦੀ। ਜਦੋਂ ਗੁਰੂ ਦੀ ਦੱਸੀ ਹੋਈ ਗੱਲ ਸਾਡੇ ਮਨ ਵਿੱਚ ਵੱਸ ਜਾਵੇਗੀ ਫਿਰ ਤਾਂ ਹੀ ਸਾਡਾ ਮਨ ਥਿਰ ਹੋ ਸਕਦਾ ਹੈ, ਅਡੋਲ ਹੋ ਸਕਦਾ ਹੈ। ਅਡੋਲ ਅਸੀਂ ਮਨ ਦੇ ਵਿਚਾਰਾਂ ਦੇ ਨਾਲ ਹੀ ਹੋਣਾ ਹੈ ਤੇ ਸਾਡੇ ਮਨ ਦੀ ਇਹ ਅਡੋਲਤਾ ਹੀ ਸਾਡੀ ਜਮਾਂ ਦੀ ਫਾਸੀ ਨੂੰ ਕੱਟਦੀ ਹੈ। ਇਹ ਜਮਾ ਦੀ ਫਾਸੀ ਸਾਡੀ ਦੁਬਿਧਾ ਹੈ, ਅਗਿਆਨਤਾ ਹੈ ਜਿਸ ਨੂੰ ਕੇਵਲ ਗੁਰੂ ਦੀ ਮਤਿ ਦੂਰ ਕਰ ਸਕਦੀ ਹੈ। **(ਗੁਰ ਕੈ ਬਚਨਿ ਕਟੀ ਜਮ ਫਾਸੀ॥)** ਗੁਰੂ ਦੇ ਬਚਨਾਂ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਦੇ ਬਚਨਾਂ ਤੇ ਭਰੋਸਾ ਕਰਦੇ ਹਾਂ ਤਾਂ ਫਿਰ ਸਾਡੀ ਜਮਾ ਦੀ ਫਾਸੀ ਕਦੇ ਦੂਰ ਨਹੀਂ ਹੋ ਸਕਦੀ। ਸਾਰੀ ਗੱਲ ਭਰੋਸੇ ਦੀ ਹੈ ਕਿ ਸਾਨੂੰ ਭਰੋਸਾ ਕਿਸ ਦੇ ਬਚਨਾਂ ਤੇ ਹੈ। ਜੇਕਰ ਗੁਰੂ ਦਾ ਬਚਨ ਭਾਵ ਗੁਰੂ ਦੀ ਮਤਿ ਸਾਡੇ ਨਾਲ ਹੈ ਫਿਰ ਤਾਂ ਹੀ ਅਸੀਂ ਰਾਮ ਦੇ ਰੰਗ ਵਿੱਚ ਰਚਦੇ ਹਾਂ ਭਾਵ ਗੁਰੂ ਦੇ ਬਚਨਾਂ ਨਾਲ ਰੰਗਣਾ ਹੀ ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਹੈ, ਨਾਮ ਦੇ ਨਾਲ ਰੰਗਣਾ ਹੈ। **(ਗੁਰ ਕਾ ਬਚਨੁ ਜੀਅ ਕੈ ਸੰਗਿ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ॥੧॥)** ਇਹੀ ਗੱਲ ਸਾਨੂੰ ਉੱਪਰ ਮੁੱਖ ਸ਼ਬਦ ਰਾਹੀਂ ਦ੍ਰਿੜ ਕਰਵਾਈ ਹੋਈ ਹੈ ਕਿ ਸਾਡਾ ਮੂਲ ਮਨੋਰਥ ਉਸ ਨਿਰੰਕਾਰ ਨਾਲ ਜੁੜਨ ਦਾ ਹੈ ਤੇ ਉਸਨੂੰ ਮਿਲਣ

12/1214

ਦਾ ਰਸਤਾ ਕੇਵਲ ਇੱਕੋ ਇੱਕ ਹੈ ਜੋ ਕਿ ਦੁਬਿਧਾ ਦੇ ਵਿੱਚੋਂ ਨਿਕਲਣਾ ਹੈ ਭਾਵ ਦੁਬਿਧਾ ਵਿੱਚੋਂ ਨਿਕਲ ਕੇ ਚੌਥੇ ਪਦ ਵਿੱਚ ਪਹੁੰਚਣਾ ਹੈ ਜੋ ਕਿ ਕੇਵਲ ਗੁਰੂ ਦੇ ਕੋਲ ਹੈ। ਚੌਥਾ ਪਦ ਹੀ ਗੁਰੂ ਦੇ ਸੱਚੇ ਬਚਨ ਹਨ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। **(ਰਖਿ ਰਖਿ ਚਰਨ ਧਰੇ ਵੀਚਾਰੀ॥ ਦੁਬਿਧਾ ਛੋਡਿ ਭਏ ਨਿਰੰਕਾਰੀ॥)** ਦੁਬਿਧਾ ਵਿੱਚੋਂ ਨਿਕਲਣ ਨਾਲ ਹੀ ਸਾਡੀ ਮੁਕਤੀ ਹੈ ਭਾਵ ਸਾਡਾ ਬੰਧਨ ਹੀ ਇਹ ਦੁਬਿਧਾ ਹੈ, ਤ੍ਰੈਗੁਣੀ ਅਵੱਤਸਥਾ ਹੈ, ਹਉਮੈ ਹੈ, ਸਾਡੀ ਮੈਂ ਹੈ, ਮਨਮਤਿ ਹੈ, ਅਗਿਆਨਤਾ ਹੈ। ਤ੍ਰੈਗੁਣਾਂ ਵਿੱਚੋਂ ਸਾਨੂੰ ਚੌਥਾ ਪਦ ਹੀ ਕੱਢਦਾ ਹੈ, ਗੁਰੂ ਦਾ ਸੱਚਾ ਗਿਆਨ ਹੀ ਕੱਢਦਾ ਹੈ, ਗੁਰਮਤਿ ਹੀ ਕੱਢਦੀ ਹੈ ਜੋ ਕਿ ਮੁਕਤਿ ਪਦਾਰਥ ਹੈ ਤੇ ਇਹ ਹੀ ਆਪਣੇ ਅੰਦਰੋਂ ਹਰਿ ਰਸ ਨੂੰ ਚੱਖਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਇਸੇ ਦੁਆਰਾ ਹੀ ਸਾਡਾ ਆਵਾਗਉਣ ਮਿਟਦਾ ਹੈ ਤੇ ਇਹੀ ਪ੍ਰਮਾਤਮਾ ਦਾ, ਗੁਰੂ ਦਾ ਸਾਨੂੰ "**ਰੱਖਣਾ**" ਹੈ ਭਾਵ ਉਸ ਦੀ ਕ੍ਰਿਪਾ ਹੈ। ਪ੍ਰਮਾਤਮਾ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ ਉਹ ਆਪਣੇ ਮੁਕਤਿ ਪਦਾਰਥ ਦੁਆਰਾ ਹੀ ਕਰਦਾ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਹੀ ਕਰਦਾ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਦੁਬਿਧਾ ਵਿੱਚੋਂ ਕੱਢਦਾ ਹੈ। **(ਮੁਕਤਿ ਪਦਾਰਥੁ ਹਰਿ ਰਸ ਚਾਖੇ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥)** ਸ਼ਬਦ ਦੇ ਅਗਲੇ ਪਦੇ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ।

"ਸਰਵਰ ਹੰਸਾ ਛੋਡਿ ਨ ਜਾਇ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ॥

ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ॥ ਅਕਥ ਕਥਾ ਗੁਰ ਬਚਨੀ ਆਦਰੁ ॥੩॥"

"**ਸਰਵਰ**" ਕੀ ਹੈ ਇਹ ਅਸੀਂ ਉੱਪਰ ਜਾਣਿਆ ਹੀ ਹੈ। ਗੁਰੂ ਦਾ ਸਰੋਵਰ ਮਨ ਦੇ ਵਿੱਚ ਵੀ ਹੈ ਤੇ ਗੁਰੂ ਦਾ ਸਰੋਵਰ ਹੀ ਗੁਰਬਾਣੀ ਹੈ। ਮਨੁੱਖ ਦੀ ਮੁਕਤੀ ਭਾਵ ਦੁਬਿਧਾ ਤੋਂ, ਮਨਮਤਿ ਤੋਂ, ਹਉਮੈ ਤੋਂ,

12/1215

ਅਗਿਆਨਤਾ ਤੋਂ ਮੁਕਤੀ ਇਸ ਸਰੋਵਰ ਦੇ ਵਿੱਚ ਹੀ ਹੈ, ਮਨ ਦੇ ਵਿੱਚ ਹੀ ਹੈ, ਗੁਰਬਾਣੀ ਤੇ ਭਰੋਸਾ ਰੱਖ ਕੇ ਹੀ ਹੈ। ਛੱਪੜੀ ਤੇ ਭਰੋਸਾ ਕਰਨ ਵਾਲੇ ਕਦੇ ਮੁਕਤ ਨਹੀਂ ਹੋ ਸਕਦੇ। ਜੇਕਰ ਅਸੀਂ ਕਿਸੇ ਨੂੰ ਮੁਕਤ ਸਮਝਦੇ ਹਾਂ ਉਹ ਇਸੇ ਲਈ ਸਮਝਦੇ ਹਾਂ ਕਿਉਂਕਿ ਸਾਨੂੰ ਅਸਲ ਵਿੱਚ ਇਹੀ ਨਹੀਂ ਪਤਾ ਕਿ ਮੁਕਤੀ ਕੀ ਹੈ। ਜੋ "**ਹੰਸ**" ਭਾਵ ਜੋ ਮਨੁੱਖ ਇਸ ਮਨ ਰੂਪ ਸਰੋਵਰ ਨੂੰ ਜਾਣ ਲੈਂਦਾ ਹੈ, ਉਹੀ ਮੁਕਤ ਹੁੰਦਾ ਹੈ ਕਿਉਂਕਿ ਸੱਚਾ ਗਿਆਨ ਇਸ ਸਰੋਵਰ ਦੇ ਵਿੱਚੋਂ ਹੀ ਮਿਲਦਾ ਹੈ, ਉਸ ਸਰੋਵਰ ਦੇ

ਮਾਲਕ ਕੋਲੋਂ ਹੀ ਮਿਲਦਾ ਹੈ। ਗੁਰੂ ਦਾ ਸੱਚਾ ਗਿਆਨ ਮਿਲਣ ਤੋਂ ਬਾਅਦ ਫਿਰ ਉਹ ਹੰਸ ਭਾਵ ਉਹ ਮਨੁੱਖ ਕਦੇ ਵੀ ਇਸ ਸਰੋਵਰ ਨੂੰ ਛੱਡਕੇ ਨਹੀਂ ਜਾਂਦਾ ਕਿਉਂਕਿ ਸੱਚਾ ਗਿਆਨ ਮਿਲਣ ਤੋਂ ਬਾਅਦ ਹੀ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਹਰ ਕੋਈ ਅਗਿਆਨਤਾ ਵਿੱਚ ਹੀ ਹੈ, ਗੁਰੂ ਦੀ ਮਤਿ ਨਾਲੋਂ ਵਿਛੜਿਆ ਹੋਇਆ ਹੀ ਹੈ, ਦੁਬਿਧਾ ਵਿੱਚ ਹੀ ਹੈ। ਜਗ੍ਹਾ ਜਗ੍ਹਾ ਦੁਨੀਆਂ ਇਨ੍ਹਾਂ ਦੁਬਿਧਾ ਰੂਪੀ ਛੱਪੜੀਆਂ ਵਿੱਚ ਹੀ ਇਸ਼ਨਾਨ ਕਰੀ ਜਾਂਦੀ ਹੈ। ਗੁਰਮਤਿ ਕਿਸੇ ਛੱਪੜੀ ਕੋਲ ਨਹੀਂ ਹੈ। ਜੇਕਰ ਗੁਰਮਤਿ ਹੋਵੇ ਫਿਰ ਕੋਈ ਵੀ ਆਪਣਾ ਗੁਰੂ ਨਾਲੋਂ ਵੱਖਰਾ ਅਸਥਾਨ ਕਿਉਂ ਬਣਾਵੇ, ਆਪਣੇ ਆਪ ਨੂੰ ਉੱਚਾ ਕਿਉਂ ਕਹਾਵੇ, ਆਪਣੇ ਵੱਖਰੇ-ਵੱਖਰੇ ਬਚਨ ਕੋਈ ਕਿਉਂ ਸੁਣਾਵੇ ਭਾਵ ਸੱਚੀ ਸੋਝੀ ਪੈਣ ਤੋਂ ਬਾਅਦ ਹੀ ਇਹ ਸੋਝੀ ਪੈਂਦੀ ਹੈ ਤੇ ਜਿਸ ਨੂੰ ਇਹ ਸੋਝੀ ਪੈ ਜਾਂਦੀ ਹੈ, ਜੋ ਗੁਰਮਤਿ ਦੇ ਸਰੋਵਰ ਦਾ ਇਸ਼ਨਾਨ ਕਰ ਲੈਂਦਾ ਹੈ ਉਹ ਫਿਰ ਗੁਰਮਤਿ ਤੇ ਹੀ ਅਡੋਲ ਰਹਿੰਦਾ ਹੈ ਤੇ ਇਸ ਗੁਰਮਤਿ ਦੇ ਸਰੋਵਰ ਨੂੰ ਕਦੇ ਨਹੀਂ ਛੱਡਦਾ। **(ਸਰਵਰ ਹੰਸਾ ਛੋਡਿ ਨ ਜਾਇ॥)** ਆਓ ਹੁਣ ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ ਤੇ ਸਮਝੀਏ ਕਿ ਪ੍ਰੇਮ ਭਗਤੀ ਕੀ ਹੈ। ਆਮ ਕਰਕੇ ਇਹ ਚਰਚਾ ਵਿੱਚ ਆਉਂਦਾ

12/1216

ਹੈ ਕਿ "**ਆਮ ਭਗਤੀ**" ਕੁੱਝ ਹੋਰ ਹੈ ਤੇ "**ਪ੍ਰੇਮ ਭਗਤੀ**" ਕੁੱਝ ਹੋਰ ਹੈ। ਹਰ ਗੱਲ ਵਿੱਚ ਭੁਲੇਖੇ ਹੀ ਭੁਲੇਖੇ ਬਣੇ ਹੋਏ ਹਨ। ਪ੍ਰਮਾਤਮਾ ਦੀ ਭਗਤੀ ਦਾ ਕੇਵਲ ਇੱਕੋ ਹੀ ਤਰੀਕਾ ਹੈ ਜੋ ਕਿ ਉਸ ਦੇ ਨਾਲ ਪ੍ਰੇਮ ਹੈ। ਬਿਨ੍ਹਾਂ ਪ੍ਰੇਮ ਤੋਂ ਕੋਈ ਭਗਤੀ ਨਹੀਂ ਹੈ। ਪ੍ਰੇਮ ਕਿਸ ਨਾਲ ਕਰਨਾ ਹੈ, ਬਸ ਇਹੀ ਸਮਝਣ ਦੀ ਲੋੜ ਹੈ। ਗੁਰੂ ਨਾਲ ਪ੍ਰੇਮ, ਗੁਰੂ ਦੇ ਬਚਨਾਂ ਨਾਲ ਪ੍ਰੇਮ ਹੈ, ਗੁਰੂ ਦੀ ਮਤਿ ਦੇ ਨਾਲ ਪ੍ਰੇਮ ਹੈ। ਜੇਕਰ ਪ੍ਰੇਮ ਛੱਪੜੀਆਂ ਦੇ ਨਾਲ ਹੈ, ਛੱਪੜੀਆਂ ਦੇ ਬਚਨਾਂ ਦੇ ਨਾਲ ਹੈ, ਫਿਰ ਗੁਰੂ ਦੇ ਬਚਨਾਂ ਨਾਲ ਪ੍ਰੇਮ ਨਹੀਂ ਹੋ ਸਕਦਾ। ਜਿੱਥੇ ਪ੍ਰੇਮ ਨਹੀਂ ਹੈ ਉੱਥੇ ਭਗਤੀ ਨਹੀਂ ਹੈ। ਸਾਰੀ ਗੁਰਬਾਣੀ ਸਹਜ ਵਿੱਚ ਹੈ, ਚੌਥੇ ਪਦ ਵਿੱਚ ਹੈ ਤੇ ਸਹਜ ਸਾਡੇ ਅੰਦਰ ਵੀ ਹੈ ਜੋ ਕਿ ਮਨ ਦਾ ਸਰੋਵਰ ਹੈ, ਸਹਜ ਦਾ ਸਰੋਵਰ ਹੈ। ਪ੍ਰਮਾਤਮਾ ਨੂੰ ਕੇਵਲ ਇਸ ਸਹਜ ਦੀ ਅਵੱਸਥਾ ਦੁਆਰਾ ਹੀ ਪਾਇਆ ਜਾ ਸਕਦਾ ਹੈ। ਜੇਕਰ ਪ੍ਰੇਮ ਗੁਰੂ ਨਾਲ ਹੋਵੇਗਾ ਫਿਰ ਤਾਂ ਹੀ ਉਹ ਸਹਜ ਦੀ ਅਵੱਸਥਾ ਬਖਸ਼ੇਗਾ ਜੋ ਕਿ ਕੇਵਲ ਤੇ ਕੇਵਲ ਉਹ ਆਪ ਹੀ ਬਖ਼ਸ ਸਕਦਾ ਹੈ। **(ਪ੍ਰੇਮ ਭਗਤਿ ਕਰਿ ਸਹਜਿ ਸਮਾਇ॥)** ਪ੍ਰਮਾਤਮਾ ਦੇ ਨਾਲ ਸਾਡਾ ਮੇਲ ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦਾ ਹੈ, ਸੱਚੇ ਗਿਆਨ ਦੀ ਸੋਝੀ ਦੁਆਰਾ ਹੀ ਹੁੰਦਾ ਹੈ ਜਿੱਥੋਂ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਜਿਸ ਮਨ ਨੂੰ ਅਸੀਂ ਆਪਣਾ ਸਮਝਦੇ ਹਾਂ, ਇਹ ਮਨ ਹੀ ਅਸਲ ਵਿੱਚ ਆਪ ਪ੍ਰਮਾਤਮਾ ਹੈ ਜੋ ਕਿ ਸਾਰੇ ਗਿਆਨ ਦਾ ਸ੍ਰੋਤ ਹੈ। ਜਿਸ ਨੂੰ ਅਸੀਂ ਆਤਮਾ ਸਮਝਦੇ ਹਾਂ, ਉਹੀ ਅਸਲ ਵਿੱਚ ਪ੍ਰਮਾਤਮਾ ਹੈ। ਆਪਣੇ ਆਪ ਨੂੰ ਆਤਮਾ ਸਮਝਣਾ ਹੀ ਸਾਡੀ ਅਗਿਆਨਤਾ ਹੈ, ਹਉਮੈ ਹੈ, ਦੁਬਿਧਾ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਨਾਲੋਂ ਭੇਦ ਬਣਿਆ ਰਹਿੰਦਾ ਹੈ ਤੇ ਇਹ ਭੇਦ ਚੌਥੇ ਪਦ ਦੇ ਗਿਆਨ ਦੁਆਰਾ ਹੀ ਖੁੱਲ੍ਹਦਾ ਹੈ। **(ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ॥)** "**ਸਰਵਰ**" ਪ੍ਰਮਾਤਮਾ ਨੂੰ ਕਹਿਆ ਹੈ ਤੇ "**ਹੰਸ**" ਆਤਮਾ ਨੂੰ ਕਹਿਆ ਹੈ। ਜੋ ਆਤਮਾ ਹੈ, ਉਹੀ ਪ੍ਰਮਾਤਮਾ ਹੈ।

12/1217

ਗੁਰੂ ਦੀ, ਗੁਰਬਾਣੀ ਦੀ ਸੱਚੀ ਸੋਝੀ ਪਏ ਬਿਨ੍ਹਾਂ ਉਸ ਦਾ ਆਦਰ ਨਹੀਂ ਹੋ ਸਕਦਾ। ਗੁਰੂ ਦਾ ਆਦਰ ਗੁਰੂ ਦੇ ਬਚਨਾਂ ਦਾ ਆਦਰ ਹੈ ਭਾਵ ਗੁਰੂ ਦੇ ਬਚਨਾਂ ਦਾ ਆਦਰ ਕਰਨਾ ਹੀ ਗੁਰੂ ਦਾ ਆਦਰ ਕਰਨਾ ਹੈ। ਜਦ ਤੱਕ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਗੁਰੂ ਨੇ ਆਪਣੇ ਬਚਨਾਂ ਦੁਆਰਾ ਸਾਨੂੰ ਸਮਝਾਇਆ ਕੀ ਹੈ ਭਾਵ ਤਦ ਤੱਕ ਅਸੀਂ ਗੁਰੂ ਦਾ ਸੱਚਾ ਆਦਰ ਕਰ ਹੀ ਕੀ ਸਕਦੇ ਹਾਂ ਭਾਵ ਗੁਰਮਤਿ ਦੀ ਸੱਚੀ ਸੋਝੀ ਹੋਣਾ ਜਰੂਰੀ ਹੈ। ਸਹਜ ਦੀ ਅਵੱਸਥਾ ਦੁਆਰਾ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੇ ਦੁਆਰਾ ਸਾਨੂੰ ਇਹ ਸੱਚੀ ਸੋਝੀ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਇਹ ਅਕਥ ਕਥਾ ਮਨ ਦੇ ਵਿੱਚੋਂ ਹੀ ਆਉਂਦੀ ਹੈ, ਉਸ ਸੱਚੇ ਗੁਰੂ ਕੋਲੋਂ ਭਾਵ ਪ੍ਰਮਾਤਮਾ ਦੇ ਕੋਲੋਂ ਹੀ ਆਉਂਦੀ ਹੈ ਜੋ ਕਿ ਅਸਲ ਵਿੱਚ ਸਾਰੇ ਜਗਤ ਦਾ ਗੁਰੂ ਹੈ। ਉਸਦੀ ਸੱਚੀ ਮਤਿ ਮਿਲਣ ਦੁਆਰਾ ਹੀ ਫਿਰ ਗੁਰੂ ਦੇ ਬਚਨਾਂ ਦਾ ਆਦਰ ਹੁੰਦਾ ਹੈ ਭਾਵ ਫਿਰ ਮਨੁੱਖ ਗੁਰੂ ਦੇ ਬਚਨਾਂ ਤੇ ਦ੍ਰਿੜ ਹੋ ਕੇ ਚੱਲਦਾ ਹੈ ਤੇ ਕਿਸੇ ਹੋਰ ਦੀਆਂ ਗੱਲਾਂ ਵਿੱਚ ਨਹੀਂ ਆਉਂਦਾ ਕਿਉਂਕਿ ਉਹ ਆਪ ਅੰਦਰ ਬੈਠਾ ਆਪੇ ਹੀ ਸਭ ਕੁੱਝ ਸਮਝਾਈ ਜਾਂਦਾ ਹੈ। **(ਅਕਥ ਕਥਾ ਗੁਰ ਬਚਨੀ ਆਦਰੁ ॥੩॥)**

ਇਹ ਅਕਥ ਕਥਾ ਦਾ ਗਿਆਨ ਹੀ ਮਨੁੱਖ ਨੂੰ ਦੁਨੀਆਂ ਨਾਲੋਂ ਨਿਰਾਲਾ ਬਣਾਉਂਦਾ ਹੈ ਭਾਵ ਉਹ ਦੁਨੀਆਂ ਨਾਲੋਂ ਵੱਖਰੀ ਗੱਲ ਕਰਦਾ ਹੈ ਜੋ ਕਿ ਹਰ ਕਿਸੇ ਦੀ ਸਮਝ ਤੋਂ ਬਾਹਰ ਹੁੰਦੀ ਹੈ। ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ "ਸਿੱਧਾਂ" ਨੂੰ ਦਿੱਤੇ ਹੋਏ ਇਸ ਸ਼ਬਦ ਦੇ ਜਵਾਬ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਉਹ ਦੁਨੀਆਂ ਤੋਂ ਨਿਰਾਲੀ ਗੱਲ ਕਿਉਂ ਕਰਦੇ ਹਨ। ਸ਼ਬਦ ਰਾਹੀਂ ਸਿੱਧਾਂ ਦਾ ਗੁਰੂ ਜੀ ਨੂੰ ਸਵਾਲ ਇਸ ਰੂਪ ਵਿੱਚ ਹੈ।

{ਕਵਣ ਕਥਾ ਲੇ ਰਹਹੁ ਨਿਰਾਲੇ॥}

(ਅੰਗ ੯੪੨)

ਅੱਗੇ ਗੁਰੂ ਸਾਹਿਬ ਦਾ ਜਵਾਬ ਇਸ ਰੂਪ ਵਿੱਚ

12/1218

ਦਿੱਤਾ ਹੋਇਆ ਹੈ।

{ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੨)

ਗੁਰੂ ਸਾਹਿਬ ਨੂੰ ਨਿਰਾਲਾ, ਦੁਨੀਆਂ ਨਾਲੋਂ ਵੱਖਰਾ ਉਨ੍ਹਾਂ ਦੀ ਕਥਾ ਨੇ ਹੀ ਬਣਾਇਆ ਹੈ। ਉਹ ਸਾਰੇ ਜੋਗੀਆਂ ਨਾਲੋਂ ਵੱਖਰੀ ਗੱਲ ਕਰਦੇ ਸਨ ਭਾਵ ਉਨ੍ਹਾਂ ਦੇ ਬੋਲ ਸਭ ਨਾਲੋਂ ਵੱਖਰੇ ਹੁੰਦੇ ਸਨ। ਜੋਗੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਸਨ ਪਰ ਉਹ ਭਟਕੇ ਹੋਏ ਸਨ। ਉਨ੍ਹਾਂ ਨੂੰ ਇਹੀ ਹੈਰਾਨੀ ਸੀ ਕਿ ਗੁਰੂ ਸਾਹਿਬ ਕੋਲ ਵੱਖਰੇ ਗਿਆਨ ਦਾ ਸ੍ਰੋਤ ਕੀ ਹੈ ਜੋ ਕਿ ਉਨ੍ਹਾਂ ਨੇ ਆਪਣੇ ਸਵਾਲ ਰਾਹੀਂ ਪੁੱਛਿਆ ਹੋਇਆ ਹੈ। ਗੁਰੂ ਸਾਹਿਬ ਨੇ ਫੁਰਮਾਇਆ ਹੋਇਆ ਹੈ ਕਿ ਮੈਂ ਜੋ ਸਾਰਿਆਂ ਨਾਲੋਂ ਵੱਖਰੀ ਗੱਲ ਕਰਦਾ ਹਾਂ ਉਹ "ਅਕਥ ਕਥਾ" ਲੈ ਕੇ ਕਰਦਾ ਹਾਂ। "ਅਕਥ" ਆਪ ਪ੍ਰਮਾਤਮਾ ਹੈ ਜੋ ਕਿ ਹਰ ਕਿਸੇ ਦੀ ਕਥਨੀ ਤੋਂ ਬਾਹਰ ਹੈ ਭਾਵ ਸਮਝ ਤੋਂ ਬਾਹਰ ਹੈ। ਗੁਰੂ ਸਾਹਿਬ ਦੇ ਕੋਲ ਇਹ "ਅਕਥ ਕਥਾ" ਭਾਵ ਉਹ ਕਥਾ ਸੀ, ਉਹ ਗਿਆਨ ਸੀ ਜਿਸ ਦੁਆਰਾ ਉਸ "ਅਕਥ" ਨੂੰ ਕਥਿਆ ਜਾ ਸਕਦਾ ਹੈ। ਗਿਆਨ ਤਾਂ ਸਿੱਧਾਂ ਦੇ ਕੋਲ ਵੀ ਸੀ ਤੇ ਗਿਆਨ ਹੀ ਗੁਰੂ ਜੀ ਕੋਲ ਸੀ। ਭੇਦ ਕੇਵਲ ਇਸ ਗੱਲ ਵਿੱਚ ਹੈ ਕਿ ਜੋਗੀਆਂ ਕੋਲ ਗਿਆਨ ਕਿਹੋ ਜਿਹਾ ਸੀ ਤੇ ਗੁਰੂ ਸਾਹਿਬ ਕੋਲ ਕਿਹੋ ਜਿਹਾ ਗਿਆਨ ਸੀ। ਭੇਦ ਕੇਵਲ ਤ੍ਰੈਗੁਣੀ ਗਿਆਨ ਦਾ ਤੇ ਚੌਥੇ ਪਦ ਦੇ ਗਿਆਨ ਦਾ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਹਰ ਕੋਈ ਦੁਬਿਧਾ ਵਿੱਚ ਹੀ ਹੈ ਤੇ ਦੁਬਿਧਾ ਵਿੱਚ ਰਹਿੰਦੇ ਹੋਏ ਮਨੁੱਖ ਪ੍ਰਮਾਤਮਾ ਨੂੰ ਪਾਉਣ ਲਈ ਜੋ ਵੀ ਸਰੀਰਕ ਯਤਨ ਕਰਦਾ ਹੈ ਜੋ ਕਿ ਯੋਗੀ ਲੋਕ ਅੱਜ ਵੀ ਕਰਦੇ ਹਨ। ਇਹ ਸਭ ਭਰਮ ਹੈ ਭਾਵੇਂ ਸਾਨੂੰ ਇਹ ਕੁੱਝ ਕਰਨਾ ਹੀ ਚੰਗਾ ਲੱਗਦਾ ਹੈ, ਸਾਨੂੰ ਆਪਣੇ ਅੰਦਰੋਂ ਵਿਸ਼ਵਾਸ ਹੀ ਅਜਿਹੇ ਜਪ ਤਪ ਤੇ ਹੁੰਦਾ ਹੈ। ਚੌਥੇ ਪਦ ਦੀ ਪ੍ਰਾਪਤੀ ਬਿਨ੍ਹਾਂ ਕੋਈ ਇਸ ਭਰਮ ਵਿੱਚੋਂ, ਭਟਕਣਾ ਵਿੱਚੋਂ, ਖੱਜਲ ਖੁਆਰੀ ਵਿੱਚੋਂ ਨਹੀਂ ਨਿਕਲ ਸਕਦਾ। ਗੁਰੂ ਸਾਹਿਬ ਨੇ ਦੁਨੀਆਂ

12/1219

ਨੂੰ ਇਨ੍ਹਾਂ ਭਰਮਾਂ ਵਿੱਚੋਂ ਹੀ ਕੱਢਿਆ ਹੈ ਤੇ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੋਣਾ ਹੈ, ਮਨ ਦੇ ਵਿੱਚ ਗਿਆਨ ਦੇ ਪ੍ਰਗਟ ਹੋਣ ਦੁਆਰਾ ਹੀ ਹੋਣਾ ਹੈ। ਪ੍ਰਮਾਤਮਾ ਦਾ ਸੱਚਾ ਗਿਆਨ, ਉਸ ਦੀ "ਅਕਥ ਕਥਾ" ਹੈ ਜਿਸ ਨੇ ਗੁਰੂ ਸਾਹਿਬ ਜੀ ਨੂੰ ਨਿਰਾਲਾ ਬਣਾਇਆ ਹੈ। ਉਸ ਦੇ ਭਗਤ, ਗੁਰੂ ਸਾਹਿਬਾਨ ਇਸ ਗਿਆਨ ਦੁਆਰਾ ਹੀ ਨਿਰਾਲੇ ਹੋ ਕੇ ਵਿਚਰੇ ਹਨ। "ਅਕਥ ਕਥਾ" ਉਹ ਕਥਾ ਹੈ ਜਿਸ ਦੁਆਰਾ ਉਸ "ਅਕਥ" ਨੂੰ ਭਾਵ ਨਾ ਕਥੇ ਜਾਣ ਵਾਲੇ ਪ੍ਰਮਾਤਮਾ ਨੂੰ ਕਥਿਆ ਜਾ ਸਕਦਾ ਹੈ। ਪੂਰੀ ਗੁਰਬਾਣੀ "ਅਕਥ ਕਥਾ" ਹੈ ਤੇ ਉਸ ਦਾ ਗਿਆਨ ਸਭ ਤੋਂ ਨਿਰਾਲਾ ਹੈ, ਸਭ ਤੋਂ ਉੱਚਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੱਚੀ ਸੋਝੀ ਪੈਂਦੀ ਹੈ ਤੇ ਉਸ ਨੂੰ ਪ੍ਰਾਪਤ ਕਰਨ ਲਈ ਸੱਚਾ ਮਾਰਗ ਮਿਲਦਾ ਹੈ। ਇਹ "ਅਕਥ ਕਥਾ" ਕਿਸ ਦੇ ਕੋਲੋਂ ਮਿਲਦੀ ਹੈ ਭਾਵ ਇਹ ਸੱਚਾ ਗਿਆਨ ਕਿੱਥੋਂ ਆਉਂਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। "ਗੁਰੂ" ਅਸਲ ਵਿੱਚ ਸੱਚਾ ਗਿਆਨ ਹੈ ਤੇ ਸੱਚੇ ਗਿਆਨ ਦਾ ਸ੍ਰੋਤ ਗੁਰੂ ਹੈ ਜੋ ਕਿ ਆਪ ਪ੍ਰਮਾਤਮਾ ਹੈ। ਜੁਗਾਂ ਜੁਗਾਂ ਤੋਂ ਪ੍ਰਮਾਤਮਾ ਆਪ ਹੀ ਗੁਰੂ ਹੈ ਜਿਸ ਦੀ ਸਮਝ ਕੇਵਲ ਮਨ ਨੂੰ ਜਾਨਣ ਤੋਂ ਬਾਅਦ ਹੀ ਲੱਗਦੀ ਹੈ। ਉਸਦੀ ਅਕਥ ਕਥਾ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਗੁਰੂ ਅਸਲ ਵਿੱਚ ਕੌਣ ਹੈ। ਇਹੀ ਗੱਲ ਗੁਰੂ ਸਾਹਿਬ ਨੇ ਸਿੱਧਾਂ ਨੂੰ ਸਮਝਾਈ ਹੈ।

(ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥)

ਮਨ ਦੀ ਸੋਝੀ ਪਏ ਬਿਨ੍ਹਾਂ, ਆਪਣੇ ਆਪ ਦੀ ਸੋਝੀ ਪਏ ਬਿਨ੍ਹਾਂ ਅਸੀਂ ਇਸ ਗੱਲ ਨੂੰ ਕਦੇ ਵੀ ਨਹੀਂ ਸਮਝ ਸਕਦੇ ਕਿ ਗੁਰੂ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ। "ਗੁਰੂ" ਦੇ ਬੋਲ "ਪ੍ਰਮਾਤਮਾ" ਦੇ ਆਪਣੇ ਬੋਲ ਹਨ। ਜੇਕਰ ਸਾਨੂੰ ਇਹ ਗੱਲ ਦ੍ਰਿੜ ਹੋ ਜਾਵੇ ਤਾਂ ਫਿਰ ਅਸੀਂ ਗੁਰੂ ਦੇ ਬਚਨਾਂ ਦੇ ਦਰ ਨੂੰ ਛੱਡ ਕੇ ਕਿਸੇ ਹੋਰ ਦੇ ਬਚਨਾਂ ਦੇ ਦਰ ਤੇ ਨਾ ਜਾਈਏ। ਨਿੱਜ ਘਰ ਛੱਡ ਕੇ ਪਰ ਘਰ ਵਿੱਚ ਨਾ ਜਾਈਏ। ਸਰੋਵਰ ਨੂੰ ਛੱਡ ਕੇ ਛੱਪੜੀਆਂ ਕੋਲ ਨਾ ਜਾਈਏ। ਨਿੱਜ ਘਰ ਛੱਡਕੇ ਪਰ ਘਰ ਵਿੱਚ ਨਾ ਜਾਈਏ। ਸਰੋਵਰ ਨੂੰ ਛੱਡਕੇ ਛੱਪੜੀਆਂ ਕੋਲ ਨਾ ਜਾਈਏ।

ਅਸਲ ਵਿੱਚ ਹਰ ਕੋਈ ਗੁਰੂ ਤੇ ਪ੍ਰਮਾਤਮਾ ਨੂੰ ਵੱਖਰਾ

12/1220

ਹੀ ਸਮਝਦਾ ਹੈ ਕਿਉਂਕਿ ਮਨ ਦੀ ਸੋਝੀ ਉਹ ਕਦੇ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਤੇ ਇਹ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਜੋ ਕਿ ਹੇਠ ਦਿੱਤੇ ਸ਼ਬਦ ਦੁਆਰਾ ਉਸ ਤੇ ਵਿਸ਼ਵਾਸ ਰੱਖ ਕੇ ਸਮਝਿਆ ਜਾ ਸਕਦਾ ਹੈ।

"ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥੧॥੯॥"

(ਅੰਗ - ੪੪੨)

ਗੁਰਬਾਣੀ ਗੁਰੂ ਹੈ, ਗੁਰੂ ਆਪ ਪ੍ਰਮਾਤਮਾ ਹੈ ਤੇ ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਰੂਪ ਹੈ, ਉਸਦਾ ਅਸਥਾਨ ਹੈ। ਗੁਰਬਾਣੀ ਰਤਨਾਂ ਦਾ ਭੰਡਾਰ ਹੈ, ਗੁਰੂ ਦੇ ਸ਼ਬਦਾਂ ਦਾ ਭੰਡਾਰ ਹੈ ਜੋ ਪ੍ਰਮਾਤਮਾ ਦੇ ਗੁਣਾਂ ਦਾ ਬਿਆਨ ਕਰਦੇ ਹਨ, ਪ੍ਰਮਾਤਮਾ ਦੀ ਸੱਚੀ ਸੋਝੀ ਪਾਉਂਦੇ ਹਨ। ਸ਼ਬਦਾਂ ਦੀ ਸੱਚੀ ਸੋਝੀ ਵਿੱਚ ਹੀ ਆਪ ਪ੍ਰਮਾਤਮਾ ਹੈ ਭਾਵ ਸ਼ਬਦਾਂ ਦਾ ਸੱਚਾ ਗਿਆਨ ਆਪ ਪ੍ਰਮਾਤਮਾ ਹੈ। ਰਤਨ ਪਦਾਰਥ ਆਪ ਪ੍ਰਮਾਤਮਾ ਹੈ, ਨਾਮ ਹੈ ਤੇ ਉਹ ਪ੍ਰਮਾਤਮਾ ਆਪਣੇ ਰਤਨਾਂ ਕਰਕੇ ਭਾਵ ਆਪਣੇ ਉੱਚੇ ਸ਼ਬਦਾਂ ਕਰਕੇ, ਆਪਣੇ ਸੱਚੇ ਬੋਲਾਂ ਕਰਕੇ, ਆਪਣੀ ਸੱਚੀ ਮਤਿ ਕਰਕੇ, ਆਪਣੇ ਬਚਨਾਂ ਕਰਕੇ, ਆਪਣੇ ਉੱਚੇ ਤੇ ਸੁੱਚੇ ਗਿਆਨ ਕਰਕੇ ਰਤਨ ਪਦਾਰਥ ਹੈ। ਪੂਰੀ ਗੁਰਬਾਣੀ ਵਿੱਚ ਰਤਨਾਂ ਦਾ ਸਮੂਹ ਹੈ, ਪ੍ਰਮਾਤਮਾ ਨੇ ਆਪ ਹੀ ਇਸਨੂੰ ਰਤਨਾਂ ਨਾਲ ਭਰਿਆ ਹੋਇਆ ਹੈ ਤੇ ਇਸੇ ਲਈ ਗੁਰਬਾਣੀ ਰਤਨਾਂ ਦਾ ਸਾਗਰ ਹੈ, ਗਿਆਨ ਦਾ ਸਾਗਰ ਹੈ। **(ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥)**

12/1221

"**ਰਤਨ ਪਦਾਰਥ**" ਦੀ ਪ੍ਰਾਪਤੀ ਕਿਵੇਂ ਹੋਣੀ ਹੈ ਭਾਵ ਪ੍ਰਮਾਤਮਾ ਦੀ, ਉਸਦੇ ਨਾਲ ਮੇਲ ਦੀ ਪ੍ਰਾਪਤੀ ਕਿਵੇਂ ਹੋਣੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥"

ਸਾਨੂੰ ਪ੍ਰਾਪਤੀ ਗੁਰਬਾਣੀ ਰਾਹੀਂ ਹੀ ਹੋਣੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਅਸੀਂ ਗੁਰਬਾਣੀ ਦੇ ਨਾਲ ਹੀ ਜੁੜਨਾ ਹੈ ਤੇ ਗੁਰਬਾਣੀ ਦੇ ਨਾਲ ਕਿਵੇਂ ਜੁੜਨਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਅਸੀਂ ਗੁਰਬਾਣੀ ਦੀ ਬਾਣੀ ਨਾਲ ਜੁੜਨਾ ਹੈ ਭਾਵ ਗੁਰਬਾਣੀ ਦੇ ਬੋਲਾਂ ਨਾਲ ਜੁੜਨਾ ਹੈ, ਗੁਰਬਾਣੀ ਦੇ ਬਚਨਾਂ ਨਾਲ ਜੁੜਨਾ ਹੈ। ਗੁਰਬਾਣੀ ਦੇ ਬਚਨਾਂ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਜੇਕਰ ਕਿਸੇ ਹੋਰ ਦੇ ਬਚਨਾਂ ਨਾਲ ਨਾ ਜੁੜੀਏ, ਕਿਸੇ ਹੋਰ ਦੀ ਬਾਣੀ ਨਾਲ ਨਾ ਜੁੜੀਏ ਭਾਵ ਕਿਸੇ ਕੱਚੀ ਬਾਣੀ ਨਾਲ ਨਾ ਜੁੜੀਏ। ਕੇਵਲ ਸਤਿਗੁਰੂ ਦੀ ਬਾਣੀ ਹੀ ਸੱਚੀ ਹੈ ਕਿਉਂਕਿ ਕੇਵਲ ਸਤਿਗੁਰੂ ਹੀ ਸੱਚ ਨੂੰ ਜਾਣਦਾ ਹੈ, ਪ੍ਰਮਾਤਮਾ ਨੂੰ ਜਾਣਦਾ ਹੈ। ਸਤਿਗੁਰੂ ਬਿਨ੍ਹਾਂ ਹਰ ਕੋਈ ਕੱਚਾ ਹੈ ਤੇ ਕੱਚੇ ਦੀ ਬਾਣੀ ਵੀ ਕੱਚੀ ਹੈ। **(ਸਤਿਗੁਰੂ ਬਿਨਾ ਹੋਰ ਕਚੀ ਹੈ**

ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥) ਸਾਡੀ ਸਭ ਤੋਂ ਵੱਡੀ ਉਲਝਣ ਦਾ ਕਾਰਨ ਇਹੀ ਹੈ ਕਿ ਅਸੀਂ ਕੱਚਿਆਂ ਨਾਲ ਜੁੜੇ ਹੋਏ ਹਾਂ, ਕੱਚਿਆਂ ਦੇ ਬੋਲਾਂ ਨਾਲ, ਕੱਚਿਆਂ ਦੀਆਂ ਪੁਸਤਕਾਂ ਨਾਲ ਜੁੜੇ ਹੋਏ ਹਾਂ ਤੇ ਉਨ੍ਹਾਂ ਨੂੰ ਸੱਚ ਮੰਨੀ ਬੈਠੇ ਹਾਂ। ਕਿਸੇ ਦੇ ਦੱਸੇ ਹੋਏ ਬੋਲ ਗੁਰਬਾਣੀ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ ਜਾਂ ਨਹੀਂ ਇਸ ਦੀ ਸਾਨੂੰ ਕੋਈ ਫਿਕਰ ਨਹੀਂ ਹੈ ਕਿਉਂਕਿ ਸਾਡਾ ਮੋਹ ਅਸਲ ਵਿੱਚ ਜੁੜਿਆ ਹੀ ਕੱਚਿਆਂ ਨਾਲ ਹੋਇਆ ਹੈ। ਜਿਸ ਨੂੰ ਆਪ ਸੱਚ ਦੀ ਪ੍ਰਾਪਤੀ ਨਹੀਂ ਹੋਈ, ਗੁਰਬਾਣੀ ਦੇ ਸੱਚੇ ਗਿਆਨ ਦੀ ਪ੍ਰਾਪਤੀ ਨਹੀਂ ਹੋਈ, ਉਹ ਕਿਸੇ ਨੂੰ ਗੁਰਬਾਣੀ ਨਾਲ ਕਿਵੇਂ ਜੋੜ ਸਕਦਾ ਹੈ। ਅਸਲ ਵਿੱਚ ਹਰ ਕੋਈ, ਜੋ ਕੋਈ ਵੀ ਕਿਸੇ ਖਾਸ ਸੰਸਥਾ ਨਾਲ ਜੁੜਿਆ ਹੋਇਆ ਹੈ ਉਹ ਉਸੇ ਦੀ ਮਰਿਆਦਾ ਨਾਲ

12/1222

ਜੁੜਿਆ ਹੁੰਦਾ ਹੈ। ਵੱਖਰੀ ਵੱਖਰੀ ਮਰਿਆਦਾ ਦਾ ਹੋਣਾ ਸਾਡਾ ਕੱਚਾ ਧੰਨ ਹੈ ਜੋ ਸਾਨੂੰ ਗੁਰਮਤਿ ਤੋਂ ਦੂਰ ਰੱਖਦਾ ਹੈ। ਮਰਿਆਦਾ ਸਭ ਲਈ ਇੱਕੋ ਹੀ ਹੈ ਤੇ ਉਹ ਕੇਵਲ ਗੁਰਮਤਿ ਹੈ ਤੇ ਗੁਰਮਤਿ ਕੇਵਲ ਗੁਰੂ ਦੇ ਕੋਲ ਹੈ। "**ਗੁਰਮਤਿ**" ਹੀ ਰਤਨ ਪਦਾਰਥ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ ਤੇ ਇਹ ਗੁਰਮਤਿ ਹੀ ਆਪ ਪ੍ਰਮਾਤਮਾ ਹੈ ਜਿਸ ਦੀ ਸੋਝੀ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਪੈਣੀ ਹੈ। ਜਦ ਤੱਕ ਸਾਡਾ ਭਰੋਸਾ ਗੁਰੂ ਤੇ ਨਹੀਂ ਟਿਕਦਾ ਭਾਵ ਗੁਰੂ ਦੀ ਬਾਣੀ ਤੇ ਨਹੀਂ ਟਿਕਦਾ ਭਾਵ ਜਦ ਤੱਕ ਅਸੀਂ ਛੱਪੜੀਆਂ ਦੇ ਲੜ ਲੱਗੇ ਹੋਏ ਹਾਂ ਤਦ ਤੱਕ ਅਸੀਂ ਉਸ ਰਤਨ ਪਦਾਰਥ ਦੀ ਪ੍ਰਾਪਤੀ ਦੀ ਉਮੀਦ ਵੀ ਨਹੀਂ ਰੱਖ ਸਕਦੇ। ਰਤਨ ਪਦਾਰਥ ਜਿੱਥੇ ਵੱਸਿਆ ਹੋਇਆ ਹੈ, ਉੱਥੋਂ ਹੀ ਮਿਲਣਾ ਹੈ। ਰਤਨ ਪਦਾਰਥ ਗੁਰਬਾਣੀ ਵਿੱਚ ਹੀ ਵੱਸਿਆ ਹੋਇਆ ਹੈ। ਉਸਦੀ ਪ੍ਰਾਪਤੀ ਕੇਵਲ ਉੱਥੋਂ ਹੀ ਹੋ ਸਕਦੀ ਹੈ। **(ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥)** ਇਸ ਰਤਨ ਦੀ ਪ੍ਰਾਪਤੀ ਹੀ ਹਰਿ ਹਰਿ ਨਾਮ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਮਨ ਵਿੱਚ ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਹੀ ਉਸਦੀ ਭਗਤੀ ਦਾ ਭੰਡਾਰ ਮਿਲਦਾ ਹੈ। ਉਸਦੀ ਭਗਤੀ ਕੇਵਲ ਗੁਣਾਂ ਦੁਆਰਾ ਹੁੰਦੀ ਹੈ ਜਿਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ, ਜੋ ਮਨੁੱਖ ਨੂੰ ਫਿਰ ਔਗੁਣਾਂ ਤੋਂ ਦੂਰ ਰੱਖਦੀ ਹੈ। ਸਾਡੇ ਲਈ ਉਹ ਸਭ ਕੁੱਝ ਔਗੁਣ ਹੈ ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਤੇ ਗੁਣ ਉਹ ਹੈ ਜੋ ਗੁਰੂ ਦੀ ਮਤਿ ਦੇ ਅਨੁਸਾਰ ਹੈ। ਜੋ ਗੁਰਮਤਿ ਅਨੁਸਾਰ ਨਹੀਂ ਹੈ, ਉੱਥੇ ਸੱਚ ਨਹੀਂ ਹੈ ਤੇ ਜਿੱਥੇ ਸੱਚ ਨਹੀਂ ਹੈ ਉੱਥੇ ਭਗਤੀ ਨਹੀਂ ਹੈ, ਉਹ ਕੇਵਲ ਸਾਡਾ ਦਿਖਾਵਾ ਹੈ, ਪਾਖੰਡ ਹੈ ਜਿਸ ਨਾਲ ਸਾਡੀ ਹਉਮੈ ਹੀ ਵੱਧਦੀ ਹੈ ਜੋ ਸਾਨੂੰ ਨਾਮ ਤੋਂ ਦੂਰ

12/1223

ਲੈ ਜਾਂਦੀ ਹੈ। **(ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥)** ਆਓ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੀਏ ਕਿ ਰਤਨ ਪਦਾਰਥ ਦੀ ਪ੍ਰਾਪਤੀ ਹੋਏ ਬਿਨ੍ਹਾਂ, ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਸਾਨੂੰ ਗੁਰੂ ਤੇ ਪ੍ਰਮਾਤਮਾ ਦਾ ਰਿਸ਼ਤਾ ਕੀ ਹੈ, ਇਸ ਦੀ ਸੋਝੀ ਨਹੀਂ ਪੈ ਸਕਦੀ।

"ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥੧॥੮॥"

ਸ਼ਬਦ ਦੇ ਇਸ ਸਾਰੇ ਪਦੇ ਵਿੱਚ ਗੁਰਬਾਣੀ ਦੀ ਗੱਲ ਹੋ ਰਹੀ ਹੈ, ਗੁਰੂ ਦੀ ਮਹਿਮਾ ਦੀ ਗੱਲ ਹੋ ਰਹੀ ਹੈ। ਇਹ ਬਾਣੀ ਸਮੁੰਦਰ ਹੈ ਜਿਸ ਵਿੱਚੋਂ ਸਾਨੂੰ ਰਤਨ ਦੀ ਪ੍ਰਾਪਤੀ ਹੋਣੀ ਹੈ। ਰਤਨ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇੱਥੇ ਇਹ ਗੱਲ ਸਮਝਾਈ ਹੋਈ ਹੈ। ਸਾਨੂੰ ਆਪਣੇ ਆਪ ਦੀ ਸੋਝੀ ਪੈਣੀ ਹੈ, ਇਸ ਸਰੀਰ ਦੀ ਸੋਝੀ ਪੈਣੀ ਹੈ ਕਿ ਅਸੀਂ ਕੀ ਹਾਂ, ਸਾਡਾ ਮਨ ਕੀ ਹੈ। ਅਸੀਂ ਜੋ ਕੁੱਝ ਵੀ ਹਾਂ ਆਪਣੇ ਮਨ ਦੇ ਦੁਆਰਾ ਹੀ ਹਾਂ ਜਿੱਥੋਂ ਸਾਨੂੰ ਸਾਰੀ ਸੋਝੀ ਪੈਂਦੀ ਹੈ ਕਿ ਉਹ ਅਨੂਪ ਵਸਤੂ ਕੀ ਹੈ ਭਾਵ ਉਹ ਪ੍ਰਮਾਤਮਾ ਕੀ ਹੈ ਜਿਸ ਨੂੰ ਹਰ ਕੋਈ ਪਾਉਣਾ ਚਾਹੁੰਦਾ ਹੈ। ਉਸ ਵਸਤੂ ਤੋਂ ਅਨੂਪ ਭਾਵ ਉਸ ਤੋਂ ਸੁੰਦਰ ਵਸਤੂ ਮਨੁੱਖ ਲਈ ਕੋਈ ਹੋਰ ਹੋ ਨਹੀਂ ਸਕਦੀ। ਸਾਰੀ ਗੱਲ ਸਾਡੀ ਮਨ ਦੀ ਸੋਝੀ ਤੇ ਟਿਕੀ ਹੋਈ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਸਮਝ ਲੱਗਦੀ ਹੈ ਕਿ ਗਿਆਨ ਦਾ ਸ੍ਰੋਤ ਕੀ ਹੈ। ਇਸ ਸ੍ਰੋਤ ਦੀ ਪਹਿਚਾਣ ਹੋਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਗਿਆਨ ਕੀ ਹੈ, ਪ੍ਰਮਾਤਮਾ ਕੀ ਹੈ। ਗੁਰੂ ਕੋਲ ਗਿਆਨ ਦਾ ਸ੍ਰੋਤ ਕੀ ਹੈ, ਇਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਣੀ ਹੈ। ਗਿਆਨ ਦਾ ਸ੍ਰੋਤ ਕੇਵਲ ਇੱਕੋ ਇੱਕ ਪ੍ਰਮਾਤਮਾ ਹੈ ਜੋ ਸਦਾ ਤੋਂ ਆਪਣੇ ਗਿਆਨ ਰੂਪ ਰਾਹੀਂ ਵਰਤ

12/1224

ਰਿਹਾ ਹੈ। ਇਸ ਸ੍ਰੋਤ ਦੀ ਸੋਝੀ ਪੈਣ ਨਾਲ ਹੀ ਗੁਰੂ ਤੇ ਪ੍ਰਮਾਤਮਾ ਦੇ ਵਿੱਚ ਭੇਦ ਮਿਟਦਾ ਹੈ ਕਿ ਅਸਲ ਵਿੱਚ ਗੁਰੂ ਆਪ ਪ੍ਰਮਾਤਮਾ ਹੀ ਹੈ ਤੇ ਇਸੇ ਲਈ ਸਾਨੂੰ ਗੁਰਬਾਣੀ ਵਾਰ-ਵਾਰ ਸਮਝਾ ਰਹੀ ਹੈ ਕਿ ਗੁਰੂ ਪ੍ਰਮਾਤਮਾ ਇੱਕੋ ਹੀ ਹੈ। ਇਸ ਗੱਲ ਨੂੰ ਕੇਵਲ ਮਨ ਦੀ ਸੋਝੀ ਪੈਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜਿਸ ਨੂੰ ਮਨ ਦੀ ਸੋਝੀ ਨਹੀਂ, ਉਸ ਨੂੰ ਪ੍ਰਮਾਤਮਾ ਦੀ ਸੋਝੀ ਨਹੀਂ, ਗੁਰੂ ਦੀ, ਗੁਰਬਾਣੀ ਦੀ ਸੋਝੀ ਨਹੀਂ ਤੇ ਇਸੇ ਲਈ ਵੱਖਰੇ ਵੱਖਰੇ ਮਤਿ ਬਣੇ ਹੋਏ ਹਨ, ਵੱਖਰੀਆਂ-ਵੱਖਰੀਆਂ ਮਰਿਆਦਾ ਬਣੀਆਂ ਹੋਈਆਂ ਹਨ ਜੋ ਸਾਨੂੰ ਸੱਚਾਈ ਨਾਲੋਂ ਦੂਰ ਰੱਖਦੇ ਹਨ। ਕੇਵਲ ਤੇ ਕੇਵਲ ਗੁਰੂ ਦੀ ਬਾਣੀ ਤੇ ਭਰੋਸਾ ਰੱਖੋ ਤੇ ਇਹੀ ਨਾਮ ਤੇ ਭਰੋਸਾ ਰੱਖਣਾ ਹੈ।

ਆਓ ਹੁਣ ਮੁੱਖ ਸ਼ਬਦ ਵੱਲ ਵਾਪਿਸ ਆਈਏ ਤੇ ਇਸ ਮਨ ਬਾਰੇ ਹੋਰ ਵੀ ਜਾਣੀਏ ਤੇ ਉਸ ਪ੍ਰਮਾਤਮਾ ਦੇ ਸਰੂਪ ਨੂੰ ਜਾਣੀਏ ਜਿਸ ਦੁਆਰਾ ਉਹ ਸਭ ਵਿੱਚ ਵਰਤ ਰਿਹਾ ਹੈ, ਆਪਣੀ ਸੁੰਨ ਸਮਾਧਿ ਦੁਆਰਾ ਵਰਤ ਰਿਹਾ ਹੈ।

"ਸੁੰਨ ਮੰਡਲ ਇਕੁ ਜੋਗੀ ਬੈਸੇ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥

ਤ੍ਰਿਭਵਣ ਜੋਤਿ ਰਹੇ ਲਿਵ ਲਾਈ॥ ਸੁਰਿ ਨਰ ਨਾਥ ਸਚੇ ਸਰਣਾਈ॥੪॥"

ਸੁੰਨ ਮੰਡਲ ਕੀ ਹੈ, ਇਹ ਅਸੀਂ ਪਿੱਛੇ ਵੀ ਜਾਣ ਚੁੱਕੇ ਹਾਂ। "**ਸੁੰਨ**" ਸਾਡਾ ਮਨ ਹੈ, ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਸਭ ਵਿੱਚ ਸੁੰਨ ਰੂਪ ਵਿੱਚ ਹੀ ਵਰਤ ਰਿਹਾ ਹੈ। ‘‘ਸੁੰਨ’’ ਉਹ ਹੈ ਜਿੱਥੇ ਬਿਲਕੁਲ ਸੁੰਨ ਸਾਨ ਹੈ, ਜਿੱਥੇ ਕੋਈ ਆਵਾਜ਼ ਨਹੀਂ ਹੁੰਦੀ ਤੇ ਨਾ ਹੀ ਉਸਦਾ ਕੋਈ ਰੂਪ ਰੇਖ ਹੁੰਦਾ ਹੈ। ਇਸ ਅਵੱਸਥਾ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਅਵੱਸਥਾ ਦੀ ਸੋਝੀ ਮਨ ਦੇ ਵਿੱਚੋਂ ਹੀ ਪੈ ਸਕਦੀ ਹੈ, ਸੁੰਨ ਦੇ ਵਿੱਚੋਂ ਹੀ ਪੈ ਸਕਦੀ ਹੈ, ਸੁੰਨ ਮੰਡਲ ਦੇ ਵਿੱਚੋਂ ਹੀ ਪੈ ਸਕਦੀ ਹੈ। ਜੋ ਸਾਡੇ ਸੁੰਨ ਮੰਡਲ ਦੇ ਵਿੱਚ ਹੈ,

12/1225

ਉਹ ਹੀ ਅਸਲ ਵਿੱਚ ਜੋਗੀ ਹੈ। ਜੋਗ ਦਾ ਹੋਣਾ ਜਾਂ ਜੋਗੀ ਬਣਨਾ, ਇਹ ਮਨ ਦੀ ਅਵੱਸਥਾ ਹੈ ਜੋ ਕਿ ਬ੍ਰਹਮ ਗਿਆਨ ਦੀ ਅਵੱਸਥਾ ਹੈ, ਮਨ ਦੀ ਅਵੱਸਥਾ ਹੈ। ਜੋਗੀ ਅਸਲ ਵਿੱਚ ਉਹ ਆਪ ਹੀ ਤੇ ਜਿਸ ਸਰੀਰ ਰਾਹੀਂ ਉਹ ਪ੍ਰਗਟ ਹੁੰਦਾ ਹੈ ਉਸ ਸਰੀਰ ਨੂੰ ਅਸੀਂ ਜੋਗੀ ਵਾਲਾ ਸਰੀਰ ਕਹਿੰਦੇ ਹਾਂ। ਸਰੀਰ ਸਰਗੁਣ ਸਰੂਪ ਹੈ ਤੇ ਜੋਗੀ ਨਿਰਗੁਣ ਰੂਪ ਹੈ ਜੋ ਸਭ ਜਗ੍ਹਾ ਵਰਤ ਰਿਹਾ ਹੈ। ਉਹ ਜੋਗੀ ਨਾ ਨਾਰਿ ਹੈ ਨਾ ਪੁਰਖ ਹੈ ਭਾਵ ਉਸਦਾ ਕੋਈ ਰੂਪ ਰੇਖ ਨਹੀਂ ਹੈ। ਉਹ ਗਿਆਨ ਰੂਪ ਹੈ ਤੇ ਸਭ ਸ੍ਰਿਸ਼ਟੀ ਵਿੱਚ ਉਸੇ ਜੋਗੀ ਦੀ ਜੋਤਿ ਵਰਤ ਰਹੀ ਹੈ ਭਾਵ ਇੱਕੋ ਪ੍ਰਮਾਤਮਾ ਦਾ ਗਿਆਨ ਵਰਤ ਰਿਹਾ ਹੈ। ਜਿਸਨੇ ਵੀ ਆਪਣੇ ਆਪ ਨੂੰ ਉੱਚਾ ਕੀਤਾ ਹੈ ਭਾਵ ਸੁਰ, ਨਰ, ਨਾਥ ਆਦਿਕ ਸਭ ਦੇ ਵਿੱਚ ਗਿਆਨ ਉਸੇ ਦਾ ਹੀ ਵਰਤਦਾ ਹੈ। ਹਰ ਕੋਈ ਉਸੇ ਦੀ ਸ਼ਰਨ ਵਿੱਚ ਹੀ ਹੈ, ਗਿਆਨ ਰੂਪ ਸ਼ਰਨ ਵਿੱਚ ਹੀ ਹੈ ਜਿਸਦੀ ਸੋਝੀ ਮਨ ਮੰਡਲ ਦੇ ਵਿੱਚੋਂ ਹੀ ਪੈਂਦੀ ਹੈ। ਹਰ ਕੋਈ ਪ੍ਰਮਾਤਮਾ ਦੇ ਆਸਰੇ ਤੇ ਹੀ ਚੱਲ ਰਿਹਾ ਹੈ ਭਾਵ ਆਪਣੇ ਗਿਆਨ ਦੁਆਰਾ ਜਿਸ ਤਰ੍ਹਾਂ ਉਹ ਮਨੁੱਖ ਨੂੰ ਚਲਾਉਂਦਾ ਹੈ ਉਸੇ ਤਰ੍ਹਾਂ ਹੀ ਉਹ ਚੱਲਦਾ ਹੈ। ਇਹੀ ਗੱਲ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਈ ਹੋਈ ਹੈ।

"ਆਨੰਦ ਮੂਲੁ ਅਨਾਥ ਅਧਾਰੀ॥ ਗੁਰਮੁਖਿ ਭਗਤਿ ਸਹਜਿ ਬੀਚਾਰੀ॥

ਭਗਤਿ ਵਛਲ ਭੈ ਕਾਟਣਹਾਰੇ॥ ਹਉਮੈ ਮਾਰਿ ਮਿਲੇ ਪਗੁ ਧਾਰੇ॥੫॥"

ਸ਼ਬਦ ਦੀ ਹਰ ਪੰਗਤੀ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਪੂਰੇ ਸ਼ਬਦ ਵਿੱਚ ਗੁਰੂ ਦੀ ਸੱਚੀ ਮਤਿ ਤੇ ਮਨਮਤਿ ਵਿੱਚ ਭੇਦ ਹੀ ਸਮਝਾਇਆ ਹੋਇਆ ਹੈ। ਉਸ ਗੁਰਮਤਿ ਦਾ ਸ੍ਰੋਤ ਕੀ ਹੈ, ਇਹ ਵੀ ਨਾਲ ਸਮਝਾਇਆ ਹੋਇਆ ਹੈ। ਗੁਰਮਤਿ ਦਾ ਸ੍ਰੋਤ ਗੁਰਬਾਣੀ ਹੈ ਤੇ ਸਾਡਾ ਮਨ ਹੈ। ਗੁਰਬਾਣੀ ਵਿੱਚ ਵੀ ਆਪ ਪ੍ਰਮਾਤਮਾ ਹੈ ਤੇ ਮਨ ਦੇ ਵਿੱਚ ਵੀ ਆਪ ਪ੍ਰਮਾਤਮਾ ਹੈ। ਗੁਰਬਾਣੀ ਦਾ ਮੂਲ ਇਹ ਮਨ ਹੈ ਜਿਸ ਰਾਹੀਂ ਬਾਣੀ ਪ੍ਰਗਟ ਹੋਈ ਹੈ। ਉੱਪਰ ਪਦੇ ਰਾਹੀਂ ਗਿਆਨ ਦਾ ਮੂਲ ਕੀ ਹੈ, ਇਹੀ ਸਮਝਾਇਆ ਹੋਇਆ ਹੈ।

12/1226

ਸਾਡੇ ਸਾਰੇ ਦੁੱਖਾਂ ਦਾ ਇਲਾਜ ਗੁਰੂ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਉਹ ਸਾਡੇ ਦੁੱਖ ਕੱਟਦਾ ਹੈ, ਸਾਡੀ ਅਗਿਆਨਤਾ ਕੱਟਦਾ ਹੈ, ਸਾਨੂੰ ਹਨੇਰੇ ਵਿੱਚੋਂ ਕੱਢਦਾ ਹੈ। ਪ੍ਰਮਾਤਮਾ ਨੂੰ ਆਨੰਦ ਦਾ ਮੂਲ ਕਹਿ ਕੇ ਸਮਝਾਇਆ ਹੋਇਆ ਹੈ, ਆਨੰਦ ਦਾ ਸ੍ਰੋਤ ਕਹਿ ਕੇ ਸਮਝਾਇਆ ਹੈ। "ਆਨੰਦ" ਕਿਸ ਨੂੰ ਕਿਹਾ ਹੈ ਇਹ ਅਸੀਂ ਪਿੱਛੇ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ। ਆਨੰਦ ਗੁਰੂ ਕੋਲੋਂ ਜਾਨਣ ਦੀ ਵਸਤੂ ਹੈ।

“ਆਨੰਦ” ਗਿਆਨ ਅੰਜਨ ਨੂੰ ਕਿਹਾ ਹੈ ਜਿਸ ਦੁਆਰਾ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ। “ਆਨੰਦ” ਬ੍ਰਹਮ ਗਿਆਨ ਹੈ ਜਿਸਦਾ ਸ੍ਰੋਤ ਸਾਡਾ ਮਨ ਹੈ। ਪੂਰੀ ਬਾਣੀ ਵਿੱਚ ਜਿੱਥੇ ਵੀ ਆਨੰਦ ਦੀ ਗੱਲ ਕੀਤੀ ਹੋਈ ਹੈ, ਉਸ ਦੁਆਰਾ ਸਾਨੂੰ ਸੋਝੀ ਪਾਉਣ ਦੀ ਗੱਲ ਕੀਤੀ ਹੋਈ ਹੈ। ਪੂਰੀ ਬਾਣੀ "ਆਨੰਦ" ਹੈ, ਬ੍ਰਹਮ ਗਿਆਨ ਹੈ, ਆਪ ਪ੍ਰਮਾਤਮਾ ਹੈ। ਇੱਕ ਪ੍ਰਮਾਤਮਾ ਆਪ "ਨਾਥ" ਹੈ ਤੇ ਬਾਕੀ ਹਰ ਕੋਈ ਅਨਾਥ ਹੈ, ਹਰ ਮਨੁੱਖ ਅਨਾਥ ਹੈ। ਜਿਸ ਅਨਾਥ ਦਾ ਵੀ ਉਹ ਆਧਾਰ ਬਣਦਾ ਹੈ ਉਹ ਉਸਨੂੰ ਆਪਣਾ "ਆਨੰਦ" ਬਖ਼ਸ਼ਦਾ ਹੈ, ਆਪਣਾ ਸੱਚਾ ਗਿਆਨ ਬਖ਼ਸ਼ਦਾ ਹੈ ਕਿਉਂਕਿ ਇਸ ਦਾ ਮੂਲ ਉਹ ਆਪ ਹੈ, ਇਸ ਦਾ ਮਾਲਕ ਉਹ ਆਪ ਹੈ ਤੇ ਉਸਦੀ ਵਸਤੂ ਕੇਵਲ ਉਸ ਦੇ ਕੋਲੋਂ ਹੀ ਮਿਲ ਸਕਦੀ ਹੈ। ਜੋ ਆਪ ਅਨਾਥ ਹੈ, ਉਹ ਉਸਦੀ ਵਸਤੂ ਕਿਵੇਂ ਦੇ ਸਕਦਾ ਹੈ। ਸੱਚਾ ਗਿਆਨ ਹੀ ਉਸਦਾ ਨਾਮ ਹੈ ਤੇ ਆਪਣਾ ਨਾਮ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ। **(ਆਨੰਦ ਮੂਲੁ ਅਨਾਥ ਅਧਾਰੀ॥)** ਉਸਦੇ ਸੱਚੇ ਗਿਆਨ ਦੁਆਰਾ ਹੀ ਗੁਰਮਤਿ ਦੀ ਪ੍ਰਾਪਤੀ ਹੁੰਦੀ ਹੈ ਜੋ ਉਸਦੀ ਟੇਕ ਬਣਦੀ ਹੈ ਭਾਵ ਮਨੁੱਖ ਫਿਰ ਉਸਦੇ ਸੱਚੇ ਗਿਆਨ ਦੁਆਰਾ ਹੀ ਵਿਚਰਦਾ ਹੈ। ਇਹੀ ਉਸਦੀ ਭਗਤੀ ਹੈ ਜਿਸ ਦੁਆਰਾ ਮਨੁੱਖ “**ਸਹਜਿ ਗਿਆਨ**” ਦਾ ਵਿਚਾਰੀ ਬਣਦਾ ਹੈ ਭਾਵ ਜਦੋਂ ਮਨੁੱਖ ਨੂੰ “**ਆਨੰਦ**” ਦੀ ਪ੍ਰਾਪਤੀ ਹੋ ਜਾਂਦੀ ਹੈ, ਇਹੀ ਸਹਜ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਦੇ ਵਿਚਾਰ ਸਹਜ ਵਾਲੇ ਬਣ ਜਾਂਦੇ ਹਨ, ਗੁਰਮਤਿ ਵਾਲੇ ਬਣ ਜਾਂਦੇ ਹਨ ਤੇ ਇਸੇ ਅਵੱਸਥਾ ਦੁਆਰਾ ਹੀ ਪ੍ਰਮਾਤਮਾ

12/1227

ਦੀ ਭਗਤੀ ਹੁੰਦੀ ਹੈ। **(ਗੁਰਮੁਖਿ ਭਗਤਿ ਸਹਜਿ ਬੀਚਾਰੀ॥)** ਪ੍ਰਮਾਤਮਾ ਨੂੰ ਉਸਦੀ ਭਗਤੀ ਹੀ ਭਾਉਂਦੀ ਹੈ ਤੇ ਇਹ ਉਸਦੀ ਆਪਣੀ ਰਜ਼ਾ ਹੈ ਕਿ ਉਸਨੂੰ ਇਹ ਭਗਤੀ ਕਿਸ ਸਰੀਰ ਰਾਹੀਂ ਭਾਉਂਦੀ ਹੈ ਭਾਵ ਉਹ ਆਪਣਾ ਪਿਆਰ ਕਿੱਥੇ ਜੋੜਨਾ ਚਾਹੁੰਦਾ ਹੈ, ਕਿਸ ਨੂੰ ਤਾਰਨਾ ਚਾਹੁੰਦਾ ਹੈ। ਮਨੁੱਖ ਦੇ ਆਪਣੇ ਵੱਸ ਕੁੱਝ ਨਹੀਂ ਹੈ, ਉਸਦੇ ਅੱਗੇ ਕੋਈ ਸਿਆਣਪ, ਚਤੁਰਾਈ, ਜਪ ਤਪ ਆਦਿ ਕੰਮ ਨਹੀਂ ਆਉਂਦੇ। ਇਹ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਕਿ ਉਹ ਆਪਣੀ ਸੋਝੀ ਕਿੱਥੇ ਪਾਉਂਦਾ ਹੈ। ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ, ਉਸਦਾ ਭੈਅ ਕੱਟਦਾ ਹੈ। “ਭੈ” ਕੀ ਹੈ ਇਸ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ। ਭੈ ਹੀ ਮਨਮਤਿ ਹੈ ਤੇ ਭੈ ਹੀ ਗੁਰਮਤਿ ਹੈ। ਭੈ ਸਾਡੇ ਮਨ ਦੇ ਵਿਚਾਰ ਹਨ। ਭੈ ਨੂੰ ਭੈ ਨੇ ਹੀ ਕੱਟਣਾ ਹੈ। ਡਰ ਨੂੰ ਡਰ ਨੇ ਹੀ ਮਾਰਨਾ ਹੈ। ਜਦ ਤੱਕ ਅਸੀਂ ਮਨਮਤਿ ਵਿੱਚ ਹਾਂ ਸਾਡੇ ਅੰਦਰ ਮਾਇਆ ਮੋਹ ਦਾ ਭੈ ਹੈ ਤੇ ਅਸੀਂ ਉਸੇ ਦੀ ਚਿੰਤਾ ਵਿੱਚ ਹੀ ਰਹਿੰਦੇ ਹਾਂ। ਇਸ ਭੈ ਵਿੱਚੋਂ ਨਿਕਲ ਕੇ ਹੀ ਅਸੀਂ ਗੁਰਮਤਿ ਦੇ ਭੈ ਵਿੱਚ ਆਉਂਦੇ ਹਾਂ ਜਿਸਨੂੰ ਕਿ ਕਬੂਲ ਕਰਨਾ ਬਹੁਤ ਔਖਾ ਹੈ। ਮਾਇਆ ਮੋਹ ਦੇ ਭੈ ਵਿੱਚੋਂ ਉਹ ਪ੍ਰਮਾਤਮਾ ਸਾਨੂੰ ਆਪ ਹੀ ਕੱਢ ਸਕਦਾ ਹੈ ਜੋ ਸਾਡੇ ਸੁੰਨ ਮੰਡਲ ਵਿੱਚ ਬੈਠਾ ਹੈ, ਜੋ ਅੰਮ੍ਰਿਤ ਸਾਗਰ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ, ਆਨੰਦ ਰੂਪ ਵਿੱਚ, ਬ੍ਰਹਮਗਿਆਨ ਰੂਪ ਵਿੱਚ ਸਾਡੇ ਅੰਦਰ ਹੀ ਹੈ ਤੇ ਸਾਨੂੰ ਮਾਇਆ ਮੋਹ ਦੇ ਭੈ ਵਿੱਚੋਂ ਕੱਢ ਕੇ ਆਪਣੇ “**ਸੱਚੇ ਭੈ**” ਵਿੱਚ ਉਹ ਆਪ ਹੀ ਲਿਆ ਸਕਦਾ ਹੈ ਜਿਸ ਦੁਆਰਾ ਉਹ ਆਪਣਾ "**ਭਗਤਿ ਵਛਲ**" ਦਿਖਾਉਂਦਾ ਹੈ। **(ਭਗਤਿ ਵਛਲ ਭੈ ਕਾਟਣਹਾਰੇ॥)** ਗੁਰਮਤਿ ਦਾ ਭੈ ਸਾਡੇ ਸਹਜ ਵਿਚਾਰ ਹਨ, ਸਾਡੇ ਚੌਥੇ ਪਦ ਦੇ ਵਿਚਾਰ ਹਨ ਜਿਵੇਂ ਕਿ ਇਸ ਤੋਂ ਪਹਿਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਸਾਡੇ ਅੰਦਰ ਗੁਰਮਤਿ ਦਾ, ਚੌਥੇ ਪਦ ਦਾ ਵੱਸਣਾ ਹੀ ਸਾਡੇ ਅੰਦਰ ਗੁਰੂ ਦੇ ਚਰਨ ਵੱਸਣਾ ਹੈ। ਪ੍ਰਮਾਤਮਾ ਆਪਣੇ ਚਰਨ ਭਾਵ ਆਪਣਾ ਆਪ, ਆਪਣਾ ਨਾਮ ਆਪਣੇ ਸੱਚੇ ਗਿਆਨ ਦੁਆਰਾ ਹੀ ਧਾਰਦਾ ਹੈ, ਜਿਸ ਦੁਆਰਾ ਮਨੁੱਖ ਦੀ ਹਉਮੈ ਮਰਦੀ ਹੈ ਭਾਵ ਇਹ

12/1228

ਸੋਝੀ ਪੈਂਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੈ ਤੇ ਮਨੁੱਖੀ ਹੋਂਦ ਕੇਵਲ ਉਸਨੂੰ ਆਪਣੇ ਅੰਦਰ ਟਿਕਾਉਣ ਲਈ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

ਮਨੁੱਖ ਦੇ ਪੱਲੇ ਕੇਵਲ ਭੁਲੇਖਾ ਹੀ ਹੈ, ਹਉਮੈ ਹੀ ਹੈ।

(ਹਉਮੈ ਮਾਰਿ ਮਿਲੇ ਪਗੁ ਧਾਰੇ॥੫॥)

ਜਦ ਤੱਕ ਅਸੀਂ ਹਉਮੈ ਵਿੱਚ ਹਾਂ, ਮੈਂ ਵਿੱਚ ਹਾਂ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਜਾਨਣ ਵਿੱਚ ਘੋਰ ਅਗਿਆਨਤਾ ਵਿੱਚ ਹਾਂ ਤੇ ਪ੍ਰਮਾਤਮਾ ਨੂੰ ਜਾਨਣ ਦਾ ਸਾਡਾ ਹਰ ਉਪਰਾਲਾ ਵਿਅਰਥ ਹੈ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਈ ਹੋਈ ਹੈ।

"ਅਨਿਕ ਜਤਨ ਕਰਿ ਕਾਲੁ ਸੰਤਾਏ॥ ਮਰਣੁ ਲਿਖਾਇ ਮੰਡਲ ਮਹਿ ਆਏ॥

ਜਨਮੁ ਪਦਾਰਥੁ ਦੁਬਿਧਾ ਖੋਵੈ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ॥੬॥"

ਸਾਡਾ "**ਕਾਲੁ**" ਕੀ ਹੈ, ਮਰਣੁ ਕੀ ਹੈ, ਇਸ ਨੂੰ ਸਮਝਣ ਦੀ ਲੋੜ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ। ਮਨੁੱਖ ਜਿਸ ਅਵੱਸਥਾ ਵਿੱਚ ਸੰਸਾਰ ਵਿੱਚ ਆਉਂਦਾ ਹੈ ਉਸੇ ਅਵੱਸਥਾ ਵਿੱਚ ਇੱਥੋਂ ਚਲਾ ਜਾਂਦਾ ਹੈ। ਸਾਡੇ ਜਨਮ ਦਾ ਮਨੋਰਥ ਪ੍ਰਮਾਤਮਾ ਨੂੰ ਪਾਉਣ ਦਾ ਹੈ ਤੇ ਜਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਪਾ ਨਹੀਂ ਲੈਂਦੇ ਸਾਡੇ ਮਨ ਦੀ ਅਵੱਸਥਾ ਨਹੀਂ ਬਦਲਦੀ। ਹਰ ਕੋਈ ਸੰਸਾਰ ਵਿੱਚ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਆਉਂਦਾ ਹੈ ਜਿਸ ਦੁਆਰਾ ਅਸੀਂ ਅਗਿਆਨਤਾ ਵਿੱਚ ਰਹਿੰਦੇ ਹਾਂ, ਹਉਮੈ ਵਿੱਚ ਰਹਿੰਦੇ ਹਾਂ, ਮਾਇਆ ਮੋਹ ਵਿੱਚ ਰਹਿੰਦੇ ਹਾਂ ਕਿਉਂਕਿ ਇਹ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਜੁਗਤਿ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਇਹ ਤ੍ਰੈਗੁਣੀ ਜੁਗਤਿ ਹੀ ਪ੍ਰਮਾਤਮਾ ਦਾ ਹੁਕਮ ਹੈ ਜੋ ਸਾਡੇ ਅੰਦਰ ਵਰਤ ਰਿਹਾ ਹੈ ਪਰ ਅਗਿਆਨਤਾ ਵਿੱਚ ਰਹਿੰਦੇ ਹੋਏ, ਦੁਬਿਧਾ ਵਿੱਚ ਰਹਿੰਦੇ ਹੋਏ, ਦੁਚਿੱਤੀ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਇਸ ਹੁਕਮ ਨੂੰ ਪਛਾਣ ਨਹੀਂ ਸਕਦੇ। ਜਦ ਤੱਕ ਸਾਨੂੰ ਇਸ "**ਹੁਕਮ**" ਦੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਡੀ ਹਉਮੈ ਨਹੀਂ

ਮੁੱਕ ਸਕਦੀ, ਦੁਬਿਧਾ ਨਹੀਂ ਜਾ ਸਕਦੀ ਤੇ ਸਾਡੇ ਮਨ ਦੀ ਅਵੱਸਥਾ ਨਹੀਂ ਬਦਲ ਸਕਦੀ ਭਾਵ ਤਦ ਤੱਕ ਅਸੀਂ ਆਪਣੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਹੀ ਸਮਝਦੇ ਹਾਂ। ਇਹ ਸਾਡੀ "ਦੁਬਿਧਾ" ਹੈ ਜਿਸ ਦੁਆਰਾ ਅਸੀਂ ਆਪਣਾ ਇਹ ਜਨਮ ਪਦਾਰਥ ਗਵਾ ਲੈਂਦੇ ਹਾਂ।

(ਜਨਮੁ ਪਦਾਰਥੁ ਦੁਬਿਧਾ ਖੋਵੈ॥)

ਇਹ "**ਕਾਲੁ**" , "**ਮਰਣੁ**" ਸਾਡੇ ਜੀਵਨ ਦਾ ਵਿਅਰਥ ਹੋਣਾ ਹੈ ਜਿਸਦਾ ਕਾਰਨ ਸਾਡੀ ਦੁਬਿਧਾ ਹੈ, ਹਉਮੈ ਹੈ, ਅਗਿਆਨਤਾ ਹੈ। ਦੁਬਿਧਾ ਵਿੱਚ ਰਹਿੰਦੇ ਹੋਏ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਪਰ ਫਿਰ ਵੀ ਅਸੀਂ ਅਨੇਕਾਂ ਤਰੀਕੇ ਅਪਣਾਉਂਦੇ ਹਾਂ, ਯਤਨ ਕਰਦੇ ਹਾਂ, ਜਪ ਤਪ ਆਦਿ ਕਰਦੇ ਹਾਂ, ਸਰੀਰਕ ਕਿਰਿਆਵਾਂ ਕਰਦੇ ਹਾਂ ਜੋ ਕਿਸੇ ਕੰਮ ਨਹੀਂ ਆਉਂਦੇ ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਇਨ੍ਹਾਂ ਦਾ ਖੰਡਨ ਕੀਤਾ ਹੋਇਆ ਹੈ। ਇਹ ਸਭ ਸਾਡੀ ਦੁਬਿਧਾ ਹੈ।

(ਅਨਿਕ ਜਤਨ ਕਰਿ ਕਾਲੁ ਸੰਤਾਏ॥)

ਇਹ ਦੁਬਿਧਾ ਹੀ ਸਾਡਾ "**ਮਰਣੁ**" ਹੈ ਜਿਸ ਦੁਆਰਾ ਸਾਡਾ ਜੀਵਨ ਵਿਅਰਥ ਜਾਂਦਾ ਹੈ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਕਿ ਹਰ ਕੋਈ ਸੰਸਾਰ ਵਿੱਚ ਤ੍ਰੈਗੁਣਾਂ ਦੀ ਅਵੱਸਥਾ ਵਿੱਚ ਹੀ ਆਉਂਦਾ ਹੈ, ਹਉਮੈ ਵਿੱਚ ਹੀ ਆਉਂਦਾ ਹੈ।

(ਮਰਣੁ ਲਿਖਾਇ ਮੰਡਲ ਮਹਿ ਆਏ॥)

ਜਦ ਤੱਕ ਅਸੀਂ ਅਗਿਆਨਤਾ ਵਿੱਚ ਹਾਂ, ਭਰਮ ਵਿੱਚ ਹਾਂ, ਹਉਮੈ ਵਿੱਚ ਹਾਂ, ਅਸੀਂ ਇਹ ਨਹੀਂ ਜਾਣ ਸਕਦੇ ਕਿ ਅਸੀਂ ਕੀ ਹਾਂ ਭਾਵ ਅਸੀਂ ਆਪਣਾ ਆਪ ਨਹੀਂ ਪਛਾਣ ਸਕਦੇ। ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਉਪਰਾਲੇ ਜਰੂਰ ਕਰਦੇ ਹਾਂ ਪਰ ਉਹ ਕੇਵਲ ਸਾਡਾ ਭਰਮ ਵਿੱਚ ਰੋਣਾ ਹੈ ਜਿਸ ਦੁਆਰਾ ਲੱਭਦਾ ਕੁੱਝ ਨਹੀਂ। ਪ੍ਰਾਪਤੀ ਉਦੋਂ ਹੀ ਹੋਣੀ ਹੈ ਜਦੋਂ ਆਪਣੇ ਆਪ ਦੀ ਸੋਝੀ ਪੈ ਜਾਵੇਗੀ, ਅਗਿਆਨਤਾ ਦੂਰ ਹੋ ਜਾਵੇਗੀ।

(ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ॥)

ਇਸ ਦੁਬਿਧਾ ਵਿੱਚੋਂ ਨਿਕਲਣ ਦਾ ਹੱਲ ਕੀ ਹੈ, ਆਪਣਾ

"**ਕਾਲੁ**" ਖ਼ਤਮ ਕਰਨ ਦਾ, ਆਪਣਾ "**ਮਰਣੁ**" ਸਵਾਰਨ ਦਾ ਤਰੀਕਾ ਕੀ ਹੈ ਇਹ ਨਾਲ ਹੀ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ। ਅਗਿਆਨਤਾ ਨੂੰ ਗਿਆਨ ਹੀ ਖ਼ਤਮ ਕਰ ਸਕਦਾ ਹੈ, ਤ੍ਰੈਗੁਣਾਂ ਨੂੰ ਚੌਥਾ ਪਦ ਹੀ ਮੇਟ ਸਕਦਾ ਹੈ।

"ਕਹਤਉ ਪੜਤਉ ਸੁਣਤਉ ਏਕ॥ ਧੀਰਜ ਧਰਮੁ ਧਰਣੀਧਰ ਟੇਕ॥

ਜਤੁ ਸਤੁ ਸੰਜਮੁ ਰਿਦੈ ਸਮਾਏ॥ ਚਉਥੇ ਪਦ ਕਉ ਜੇ ਮਨੁ ਪਤੀਆਏ॥੭॥"

ਜਦੋਂ ਸਾਡੀ ਦੁਬਿਧਾ ਦੂਰ ਹੋਣੀ ਹੈ, ਉਹ ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਹੀ ਹੋਣੀ ਹੈ, ਚੌਥੇ ਪਦ ਦੀ ਸੋਝੀ ਪੈਣ ਦੁਆਰਾ ਹੀ ਹੋਣੀ ਹੈ, ਚੌਥੇ ਪਦ ਦੇ ਨਾਲ ਵਿਚਾਰਾਂ ਦੇ ਮੇਲ ਹੋਣ ਨਾਲ ਹੀ ਹੋਣੀ ਹੈ, ਗੁਰਮਤਿ ਦੇ ਨਾਲ ਮੇਲ ਹੋਣ ਦੇ ਨਾਲ ਹੀ ਹੋਣੀ ਹੈ। ਗੁਰਮਤਿ ਨੇ ਹੀ ਸਾਨੂੰ ਮਨਮਤਿ ਵਿੱਚੋਂ ਕੱਢਣਾ ਹੈ, ਅਗਿਆਨਤਾ ਵਿੱਚੋਂ, ਹਉਮੈ ਵਿੱਚੋਂ ਕੱਢਣਾ ਹੈ। ਇਹ ਚੌਥਾ ਪਦ ਸਾਡੇ ਅੰਦਰ ਹੀ ਹੈ ਜੋ ਕਿ "**ਗਿਆਨ ਦਾ ਸਰੋਵਰ**" ਹੈ, "**ਸੁੰਨ ਮੰਡਲ**" ਹੈ, "**ਆਨੰਦ ਰੂਪ**" ਹੈ ਜਿਵੇਂ ਕਿ ਸ਼ਬਦ ਵਿੱਚ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ।

ਇਹ ਸੋਝੀ ਸਾਨੂੰ ਮਨ ਦੇ ਵਿੱਚੋਂ ਹੀ ਪੈਣੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਕੇਵਲ ਦੁਬਿਧਾ ਵਿੱਚ ਹੋਣ ਕਰਕੇ ਆਪਣੀ ਵੱਖਰੀ ਹੋਂਦ ਸਮਝਦਾ ਹੈ। ਮਨ ਦੇ ਵਿੱਚ ਸੋਝੀ ਪੈਣ ਦੁਆਰਾ ਹੀ ਸਾਨੂੰ ਇਹ ਸਮਝ ਆਉਂਦੀ ਹੈ ਕਿ ਸਭ ਕੁੱਝ ਕਹਿਣ ਵਾਲਾ, ਪੜ੍ਹਨ ਵਾਲਾ, ਸੁਣਨ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ। ਤ੍ਰੈਗੁਣਾਂ ਵਿੱਚ ਸਾਨੂੰ ਇਹੀ ਮਹਿਸਸੂ ਹੁੰਦਾ ਹੈ ਕਿ ਜੋ ਵੀ ਗੱਲ ਕੋਈ ਕਹਿ ਰਿਹਾ ਹੈ ਉਹ ਮਨੁੱਖ ਕਹਿ ਰਿਹਾ ਹੈ, ਪੜ੍ਹ ਰਿਹਾ ਹੈ, ਸੁਣ ਰਿਹਾ ਹੈ ਪਰ ਅਸਲ ਵਿੱਚ ਇਹ ਝੂਠ ਹੈ। ਮਨੁੱਖ ਦਾ ਆਪਣਾ ਕੋਈ ਵੱਖਰਾ ਸਰੂਪ ਨਹੀਂ ਹੈ। ਹਰ ਮਨੁੱਖੀ ਸਰੂਪ ਵਿੱਚ, ਹਰ ਵਸਤੂ ਵਿੱਚ ਉਹ ਆਪ ਹੀ ਵਰਤ ਰਿਹਾ ਹੈ, ਆਪਣੇ ਗਿਆਨ ਸਰੂਪ ਵਿੱਚ ਵਰਤ ਰਿਹਾ ਹੈ। ਇਹੀ ਆਪਣੇ ਆਪ ਦੀ ਸੋਝੀ ਪੈਣਾ ਹੈ ਜਿਸ ਦੁਆਰਾ ਹਉਮੈ ਦੂਰ ਹੁੰਦੀ ਹੈ।

(ਕਹਤਉ ਪੜਤਉ ਸੁਣਤਉ ਏਕ॥)

12/1231

ਬਾਣੀ ਵਿੱਚ ਵਾਰ-ਵਾਰ ਮਨ ਦੇ ਧੀਰਜ ਦੀ, ਸੰਤੋਖ ਦੀ ਗੱਲ ਆਉਂਦੀ ਹੈ, ਧਰਮ ਤੇ ਚੱਲਣ ਦੀ ਗੱਲ ਆਉਂਦੀ ਹੈ ਤੇ ਇੱਕੋ ਗੁਰੂ ਪ੍ਰਮਾਤਮਾ ਤੇ ਟੇਕ ਰੱਖਣ ਦੀ ਗੱਲ ਆਉਂਦੀ ਹੈ, ਨਾਮ ਦੀ ਟੇਕ ਦੀ ਗੱਲ ਆਉਂਦੀ ਹੈ। ਇਹ ਸਭ ਕੁੱਝ ਤਾਂ ਹੀ ਹੋ ਸਕਦਾ ਹੈ ਜਦੋਂ ਸਾਨੂੰ ਇਸ ਮਨ ਦੀ ਸੋਝੀ ਪੈ ਜਾਂਦੀ ਹੈ, ਜਦੋਂ ਸਾਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਗੁਰਮਤਿ ਦੀ ਪ੍ਰਾਪਤੀ ਹੋ ਜਾਂਦੀ ਹੈ, ਸਭ ਵਿੱਚ ਕੇਵਲ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਇਹ ਸਭ ਸਾਡੇ ਮਨ ਦੀ ਅਵੱਸਥਾ ਨਾਲ ਜੁੜਿਆ ਹੋਇਆ ਹੈ।

(ਕਹਤਉ ਪੜਤਉ ਸੁਣਤਉ ਏਕ॥ ਧੀਰਜ ਧਰਮੁ ਧਰਣੀਧਰ ਟੇਕ॥)

ਵਾਰ-ਵਾਰ "**ਜਤੁ**", "**ਸਤੁ**", "**ਸੰਜਮੁ**" ਦੀ ਗੱਲ ਆਉਂਦੀ ਹੈ। ਇਹ ਸਭ ਕੁੱਝ ਸਾਡੇ ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ, ਗੁਰਮਤਿ ਨਾਲ ਜੁੜਿਆ ਹੋਇਆ ਹੈ। ਜਿੱਥੇ ਗੁਰਮਤਿ ਹੈ, ਚੌਥੇ ਪਦ ਦਾ ਗਿਆਨ ਹੈ, ਉੱਥੇ ਇਹ ਸਭ ਕੁੱਝ ਵਿੱਚੇ ਹੀ ਆ ਜਾਂਦਾ ਹੈ।

(ਜਤੁ ਸਤੁ ਸੰਜਮੁ ਰਿਦੈ ਸਮਾਏ॥)

ਇਹ ਸਭ ਕੁੱਝ ਤਾਂ ਹੀ ਹੈ ਜਦੋਂ ਮਨੁੱਖ ਦੀ ਦੁਬਿਧਾ ਮੁੱਕ ਜਾਏ, ਜਦੋਂ ਮਨੁੱਖ ਚੌਥੇ ਪਦ ਨਾਲ ਜੁੜ ਜਾਏ, ਗੁਰੂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਏ।

(ਚਉਥੇ ਪਦ ਕਉ ਜੇ ਮਨੁ ਪਤੀਆਏ॥੭॥)

ਚੌਥੇ ਪਦ ਵਿੱਚ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਦੀ ਸੋਝੀ ਕੇਵਲ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ। ਇਹ ਚੌਥਾ ਪਦ ਕੇਵਲ ਪ੍ਰਮਾਤਮਾ ਆਪ ਹੀ ਕਿਸੇ ਸਰੀਰ ਰਾਹੀਂ ਪ੍ਰਗਟ ਹੋ ਕੇ ਬਖਸ਼ ਸਕਦਾ ਹੈ। ਇਹ ਚੌਥਾ ਪਦ ਹੀ ਪ੍ਰਮਾਤਮਾ ਦਾ ਗੁਰੂ ਰੂਪ ਹੈ, ਸੰਤ ਰੂਪ ਹੈ ਜਿਸ ਰਾਹੀਂ ਉਹ ਗੁਰਬਾਣੀ ਵਿੱਚ ਸਦਾ ਹੀ ਪ੍ਰਗਟ ਹੈ। ਇਹ ਬ੍ਰਹਮ ਗਿਆਨ ਦਾ ਪਦ ਹੈ ਤੇ ਇਸੇ ਲਈ

ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ। ਇਹ ਸੱਚੇ ਗਿਆਨ ਦਾ ਚੌਥਾ ਪਦ ਹੀ ਸਹਜ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ।

ਜਦ ਤੱਕ ਮਨੁੱਖ ਤ੍ਰੈਗੁਣਾਂ ਵਿੱਚ ਹੈ ਉਹ ਮੈਲ ਦਾ ਭਰਿਆ ਹੋਇਆ ਹੈ ਜਿਸ ਦੁਆਰਾ ਮਨੁੱਖ ਗੁਰਮਤਿ ਤੋਂ ਦੂਰ ਰਹਿੰਦਾ ਹੈ। ਚੌਥੇ ਪਦ ਦਾ ਗਿਆਨ ਮਨੁੱਖ ਦੀ ਇਸ ਮੈਲ ਨੂੰ ਧੋ ਦਿੰਦਾ ਹੈ ਤੇ ਸੱਚ ਨਾਲ ਜੋੜ ਦਿੰਦਾ ਹੈ, ਉਸ ਨੂੰ ਨਿਰਮਲ ਕਰ ਦਿੰਦਾ ਹੈ, ਔਗੁਣਾਂ ਵਿੱਚੋਂ ਕੱਢ ਕੇ ਗੁਰੂ ਦੇ ਸੱਚੇ ਗਿਆਨ ਨਾਲ ਜੋੜ ਦਿੰਦਾ ਹੈ। ਜੋ ਮਨ ਇੱਕ ਵਾਰ ਨਿਰਮਲ ਹੋ ਜਾਂਦਾ ਹੈ, ਤ੍ਰੈਗੁਣਾਂ ਵਿੱਚੋਂ ਨਿਕਲ ਜਾਂਦਾ ਹੈ ਉਹ ਫਿਰ ਸਦਾ ਹੀ ਨਿਰਮਲ ਰਹਿੰਦਾ ਹੈ ਤੇ ਉਸ ਨੂੰ ਅਗਿਆਨਤਾ ਦੀ ਮੈਲ ਨਹੀਂ ਛੋਹ ਸਕਦੀ। ਚੌਥਾ ਪਦ ਨਿਰਮਲ ਪਦ ਹੈ, ਸੱਚੇ ਦਾ ਪਦ ਹੈ।

(ਸਾਚੇ ਨਿਰਮਲ ਮੈਲੁ ਨ ਲਾਗੈ॥)

ਇਹ ਚੌਥੇ ਪਦ ਦਾ ਗਿਆਨ ਸ਼ਬਦ ਦਾ ਗਿਆਨ ਹੈ,

12/1232

ਗੁਰਸ਼ਬਦ ਹੈ, ਗੁਰਬਾਣੀ ਦਾ ਗਿਆਨ ਹੈ ਜੋ ਸਾਨੂੰ ਭਰਮ ਵਿੱਚੋਂ, ਦੁਬਿਧਾ ਵਿੱਚੋਂ ਕੱਢਦਾ ਹੈ। ਸ਼ਬਦ ਸਾਡੇ ਅੰਦਰ ਹੀ ਵਰਤ ਰਿਹਾ ਹੈ, ਸਭ ਦੇ ਅੰਦਰ ਵਰਤ ਰਿਹਾ ਹੈ ਤੇ ਉਹ ਆਪ ਹੀ ਪ੍ਰਗਟ ਹੋ ਕੇ ਮਨ ਦੇ ਵਿੱਚ ਹੀ ਮਨੁੱਖ ਨੂੰ ਭਰਮ ਦੇ ਵਿੱਚੋਂ ਕੱਢਦਾ ਹੈ, ਭਉ ਦੇ ਵਿੱਚੋਂ ਕੱਢਦਾ ਹੈ, ਮਾਇਆ ਮੋਹ ਦੇ ਵਿੱਚੋਂ ਕੱਢਦਾ ਹੈ।

(ਗੁਰ ਕੈ ਸਬਦਿ ਭਰਮ ਭਉ ਭਾਗੈ॥)

ਸ਼ਬਦ ਸਾਡੇ ਅੰਦਰ ਕਿਵੇਂ ਵਰਤ ਰਿਹਾ ਹੈ ਇਹ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ।

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥

ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

ਮਨ ਦਾ ਭਰਮ ਦੂਰ ਹੋਣ ਨਾਲ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਸੋਝੀ ਪੈਂਦੀ ਹੈ ਕਿ ਇਹ ਸੰਸਾਰ ਵਿੱਚ ਆਦਿ ਤੋਂ ਲੈ ਕੇ ਜੋ ਵੀ ਕੋਈ ਸੂਰਤ ਹੈ ਭਾਵ ਜੋ ਵੀ ਕੋਈ ਆਕਾਰ ਹੈ ਭਾਵੇਂ ਸਾਡਾ ਮਨੁੱਖੀ ਆਕਾਰ ਹੈ, ਮਨੁੱਖੀ ਸੂਰਤ ਹੈ ਇਹ ਸਭ ਪ੍ਰਮਾਤਮਾ ਦੀ ਹੀ ਮੂਰਤ ਹੈ ਭਾਵ ਉਸੇ ਦਾ ਹੀ ਰੂਪ ਹੈ ਭਾਵ ਕੇਵਲ ਇੱਕ ਉਸੇ ਦੀ ਹੀ ਹੋਂਦ ਹੀ ਹੈ ਤੇ ਕਿਸੇ ਵੀ ਸਰੂਪ ਨੂੰ ਕੋਈ ਹੋਰ ਸਮਝਣਾ ਸਾਡੀ ਅਗਿਆਨਤਾ ਹੈ, ਦੁਬਿਧਾ ਹੈ, ਹਉਮੈ ਹੈ।

(ਸੁਰਤਿ ਮੂਰਤਿ ਆਦਿ ਅਨੂਪੁ॥)

ਸਾਡੀ ਪ੍ਰਮਾਤਮਾ ਕੋਲੋਂ ਮੰਗ ਤਾਂ ਹੀ ਪੂਰੀ ਹੋਣੀ ਹੈ ਜਦੋਂ ਸਾਨੂੰ ਇਸ ਗੱਲ ਦੀ ਸੋਝੀ ਪੈ ਜਾਵੇਗੀ ਕਿ ਜੋ ਵੀ ਸਰੂਪ ਅਸੀਂ ਦੇਖਦੇ ਹਾਂ ਉਹ ਸਭ ਆਪ ਪ੍ਰਮਾਤਮਾ ਹੈ ਤੇ ਹੋਰ ਕੋਈ ਨਾ ਹੈ ਤੇ ਨਾ ਹੀ ਹੋ ਸਕਦਾ ਹੈ। ਆਦਿ ਤੋਂ ਕੇਵਲ ਇੱਕ ਉਸ ਸੱਚੇ ਦਾ ਸਰੂਪ ਹੀ ਚੱਲਦਾ ਆ ਰਿਹਾ ਹੈ ਤੇ ਸਦਾ ਲਈ ਉਸੇ ਦਾ ਸਰੂਪ ਹੀ ਰਹੇਗਾ। ਪ੍ਰਮਾਤਮਾ ਨੂੰ ਜਿਸ ਨੇ ਵੀ ਜਾਣਿਆ ਹੈ ਉਸ ਨੂੰ ਇਸੇ ਰੂਪ ਦੁਆਰਾ, ਮਨ ਦੇ ਚੌਥੇ ਪਦ ਦੇ ਗਿਆਨ ਦੁਆਰਾ ਹੀ ਜਾਣਿਆ ਹੈ ਜੋ ਕਿ ਉਸਨੂੰ ਜਾਣਨ ਦਾ ਇੱਕੋ ਇੱਕ ਤਰੀਕਾ ਹੈ। ਸਾਡੀ ਪ੍ਰਮਾਤਮਾ ਅੱਗੇ ਇਹ ਮੰਗ ਹੋਣੀ ਚਾਹੀਦੀ ਹੈ ਕਿ ਪ੍ਰਮਾਤਮਾ ਸਾਨੂੰ ਚੌਥਾ ਪਦ ਬਖਸ਼ ਕੇ ਇਹ ਸੋਝੀ ਪਾ ਦੇ ਕਿ ਸਭ ਕੁੱਝ ਕੇਵਲ ਤੂੰ ਹੀ ਹੈ ਤੇ ਹੋਰ ਕੇਵਲ ਭਰਮ ਹੀ ਹੈ।

(ਨਾਨਕੁ ਜਾਚੈ ਸਾਚੁ ਸਰੂਪੁ॥੮॥੧॥)

(ਅੰਗ - ੬੮੬)

ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਆਪਣੇ ਆਪ ਨੂੰ ਦ੍ਰਿੜ ਕੀਤਾ ਹੈ ਕਿ"**ਹਰਿ ਰਸੁ**" ਕੀ ਹੈ। ਅਸੀਂ ਇਹ ਜਾਣਿਆ ਹੈ ਕਿ ਜੋ "**ਹਰਿ ਰਸੁ**" ਹੈ, ਉਹੀ "**ਨਾਮ ਰਸੁ**" ਹੈ, ਨਾਮ ਧੰਨ ਹੈ,

12/1233

"**ਅੰਮ੍ਰਿਤ ਰਸੁ**" ਹੈ, "**ਸ਼ਬਦ ਰਸੁ**" ਹੈ, "**ਗੁਰਸ਼ਬਦ**" ਹੈ, "**ਸਹਜ ਗਿਆਨ**" ਹੈ, ਅਨੰਦ ਹੈ, ਸਾਧ ਸੰਗਤ ਹੈ, ਜਿੰਨ੍ਹਾਂ ਦੀ ਵਰਤੋਂ ਬਾਣੀ ਵਿੱਚ ਵਾਰ-ਵਾਰ ਆਈ ਹੈ। ਇਹ ਸਭ ਕੁੱਝ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਗੁਰਮਤਿ ਹੈ, ਅਕਥ ਕਥਾ ਹੈ, ਸਹਜ ਕਥਾ ਹੈ, ਅਨਹਤ ਬਾਣੀ ਹੈ, ਚੌਥਾ ਪਦ ਹੈ, ਨਾਮ ਹੈ, ਬ੍ਰਹਮ ਗਿਆਨ ਹੈ, ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਵਰਤ ਰਿਹਾ ਹੈ।

{ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇਆ॥

ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ॥

ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ॥੩॥}

(ਅੰਗ ੪੧)

ਇਹ "ਹਰਿ ਰਸੁ" ਹੀ ਨਾਮ ਹੈ ਜਿਸਦੀ ਪ੍ਰਾਪਤੀ ਵੱਡੇ ਭਾਗਾਂ ਨਾਲ ਉਸਦੀ ਕ੍ਰਿਪਾ ਦੁਆਰਾ ਹੀ ਹੁੰਦੀ ਹੈ। ਇਸ ਦੀ ਪ੍ਰਾਪਤੀ ਬਿਨ੍ਹਾਂ ਹਰ ਕੋਈ ਮਨਮੁਖਿ ਹੀ ਹੈ ਭਾਵ ਮਨਮਤਿ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ। ਸਾਡੇ ਅੰਦਰ ਦੀ ਬਲਾ (ਬਲਾਇ) ਸਾਡੀ ਅਗਿਆਨਤਾ ਹੈ, ਹਉਮੈ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਤਦ ਤੱਕ ਸਾਨੂੰ ਗੁਰਮਤਿ ਦੀ ਸੋਝੀ ਨਹੀਂ ਪੈਂਦੀ ਜੋ ਕਿ ਚੌਥੇ ਪਦ ਵਿੱਚ ਹੈ। ਗੁਰੂ ਅੱਗੇ ਨਿਵਣਾ ਗੁਰਮਤਿ ਅੱਗੇ ਨਿਵਣਾ ਹੈ, ਰਾਮ ਨਾਮ ਅੱਗੇ ਨਿਵਣਾ ਹੈ ਤੇ ਉਹ ਤਾਂ ਹੀ ਨਿਵਿਆ ਜਾ ਸਕਦਾ ਹੈ ਜੇਕਰ ਉਸਦੀ ਸਮਝ ਲੱਗ ਜਾਵੇ। **{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥}** (ਅੰਗ - 878) ਹਰਿ ਰਸ ਦੀ ਪ੍ਰਾਪਤੀ ਬਿਨ੍ਹਾਂ ਭਾਵ ਉਸ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਅਸੀਂ ਹਰਿ ਹਰਿ ਨਹੀਂ ਕਰ ਸਕਦੇ। ਹਰਿ ਹਰਿ "ਹਰਿ ਰਸੁ" ਦੀ ਪ੍ਰਾਪਤੀ ਨਾਲ ਹੀ ਹੁੰਦਾ ਹੈ। ਹਰਿ ਹਰਿ ਕਰਨਾ ਗੁਰਮਤਿ ਅਨੁਸਾਰ ਵਿਚਰਨਾ ਹੈ ਤੇ ਗੁਰਮਤਿ ਦੀ ਸੋਝੀ ਪਏ ਬਿਨ੍ਹਾਂ ਅਸੀਂ ਹਰਿ ਹਰਿ ਕਿਵੇਂ ਕਰ ਸਕਦੇ ਹਾਂ।

{ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ॥}

(ਅੰਗ ੪੧)

ਮਨੁੱਖ ਦੇ ਉੱਤੇ ਪ੍ਰਮਾਤਮਾ ਦੀ ਸਭ ਤੋਂ ਵੱਡੀ ਕ੍ਰਿਪਾ "ਹਰਿ ਰਸੁ" ਦੀ ਪ੍ਰਾਪਤੀ ਹੈ ਜਿਸ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਕਿਉਂਕਿ ਉਹ ਆਪ ਹੀ "ਹਰਿ ਰਸੁ" ਹੈ। ਉਹ ਜਿਸ ਨੂੰ ਵੀ ਗੁਰਮੁਖਿ ਬਣਾਉਂਦਾ ਹੈ ਆਪਣੇ ਇਸ ਮੇਲ ਦੁਆਰਾ ਹੀ ਬਣਾਉਂਦਾ ਹੈ ਤੇ ਇਹੀ ਅੰਮ੍ਰਿਤ ਦੀ ਪ੍ਰਾਪਤੀ ਹੈ।

12/1234

ਇਹ ਅੰਮ੍ਰਿਤ ਸਾਡੇ ਮਨ ਦੇ ਵਿੱਚੋਂ ਹੀ ਚੋਂਦਾ ਹੈ ਜੋ ਕਿ ਉਸਦੇ ਚੌਥੇ ਪਦ ਦਾ ਗਿਆਨ ਹੈ।

{ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥}

(ਅੰਗ ੪੧)

"ਹਰਿ ਰਸੁ" ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਆਪ ਨਿਰਗੁਣ ਸਰੂਪ ਹੈ। "ਹਰਿ ਰਸੁ" ਨੂੰ ਕੋਈ ਜ਼ੁਬਾਨ ਦਾ ਰਸ ਸਮਝਣ ਜਾਂ ਕਹਿਣ ਵਾਲੇ ਕੀ ਕਦੇ ਇਸ ਗੱਲ ਤੇ ਪੂਰਾ ਉੱਤਰ ਸਕਦੇ ਹਨ ਜੋ ਹਰਿ ਰਸ ਨੂੰ ਇੱਕ ਸਰਗੁਣ ਰਸ ਸਮਝਦੇ ਹਨ। ਇਸ ਹਰਿ ਰਸ ਨੇ ਹੀ ਸਾਡਾ ਮਨ ਤਨ ਹਰਿਆ ਕਰਨਾ ਹੈ ਭਾਵ ਸਾਡੇ ਜੀਵਨ ਨੂੰ ਸਫ਼ਲ ਕਰਨਾ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਵੱਸਣ ਦੀ ਅਵੱਸਥਾ ਹੈ। ਮਨ ਆਪ ਨਿਰਗੁਣ ਸਰੂਪ ਹੈ ਤੇ ਉਸਦੇ ਵਿੱਚ ਜੋ ਕੁੱਝ ਵੀ ਵੱਸਿਆ ਹੋਇਆ ਹੈ ਉਹ ਨਿਰਗੁਣ ਸਰੂਪ ਹੈ। ਮਨ ਦੇ ਵਿੱਚ ਗਿਆਨ ਹੀ ਹੈ, ਵਿਚਾਰ ਹੀ ਹਨ ਜੋ ਕਿ ਨਿਰਗੁਣ ਰੂਪ ਹੀ ਹਨ।

{ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥}

(ਅੰਗ ੪੧)

ਜਿਹੋ ਜਿਹੇ ਭੁਲੇਖੇ "**ਹਰਿ ਰਸੁ**" ਨੂੰ ਲੈ ਕੇ ਹਨ, ਉਸੇ ਤਰ੍ਹਾਂ ਦੇ ਹੀ ਭੁਲੇਖੇ "**ਹਰਿ ਰੰਗੁ**" ਨੂੰ ਲੈ ਕੇ ਹਨ। ਪ੍ਰਮਾਤਮਾ ਨੂੰ ਸਰਗੁਣ ਰੂਪ ਵਿੱਚ ਭਾਵ ਸਰੀਰਕ ਕਿਰਿਆਵਾਂ ਦੁਆਰਾ ਜਪਣ ਦਾ ਜੋ ਆਨੰਦ ਮਹਿਸੂਸ ਕਰਦੇ ਹਨ ਉਹ ਆਪਣੇ ਆਪ ਨੂੰ ਹਰਿ ਰੰਗ

ਵਿੱਚ ਰੰਗਿਆ ਹੋਇਆ ਸਮਝਦੇ ਹਨ। ਕੋਈ ਵੀ ਮਨੁੱਖ ਜਿੱਥੇ ਜਿੱਥੇ ਵੀ ਆਪਣੀ ਧਾਰਮਿਕ ਆਸਥਾ ਰੱਖਦਾ ਹੈ, ਸ਼ਰਧਾ ਰੱਖਦਾ ਹੈ ਉਸਨੂੰ ਉਹੋ ਜਿਹਾ ਜਪਣ ਵਿੱਚ ਹੀ ਆਨੰਦ ਮਹਿਸੂਸ ਹੁੰਦਾ ਹੈ, ਇੱਕ ਮਨ ਦੀ ਤਸੱਲੀ ਮਹਿਸੂਸ ਹੁੰਦੀ ਹੈ ਕਿ ਉਹ ਜੋ ਕੁੱਝ ਕਰ ਰਿਹਾ ਹੈ, ਉਹ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਕਰ ਰਿਹਾ ਹੈ। ਆਪਣੀ ਆਪਣੀ ਜਿਸ ਤਰੀਕੇ ਕੋਈ ਤਸੱਲੀ ਮਹਿਸੂਸ ਕਰਦਾ ਹੈ ਉਸਨੂੰ ਉਹ ਆਪਣਾ ਅਨੰਦ ਸਮਝਦਾ ਹੈ। ਕੋਈ ਨੱਚ ਟੱਪ ਕੇ ਭਜਨ ਕਰਦੇ ਹਨ, ਕੋਈ ਸਿਰ ਹਿਲਾਉਣ ਵਿੱਚ ਅਨੰਦ ਮਹਿਸੂਸ ਕਰਦਾ ਹੈ ਤੇ ਕੋਈ ਕਿਸੇ ਹੋਰ ਤਰੀਕੇ ਨਾਲ ਤਸੱਲੀ ਮਹਿਸੂਸ ਕਰਦੇ ਹਨ। ਅਸੀਂ ਆਪਣੇ ਮਨ ਦੇ ਅਨੰਦ ਨੂੰ ਹੀ ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਸਮਝਦੇ ਹਾਂ। "ਹਰਿ ਰੰਗ" ਅਸਲ ਵਿੱਚ ਕੀ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਹੈ। ਜੋ ਹਰਿ ਰਸ ਹੈ, ਨਾਮ ਹੈ, ਗੁਰਮਤਿ ਹੈ, ਸਹਜ ਦੀ ਅਵੱਸਥਾ ਹੈ

12/1235

ਉਹੀ ਹਰਿ ਰੰਗ ਹੈ। "**ਹਰਿ ਰੰਗੁ**" ਚੌਥੇ ਪਦ ਦਾ ਗਿਆਨ ਹੈ , ਆਪ ਪ੍ਰਮਾਤਮਾ ਹੈ ਤੇ ਉਸਦੀ ਪ੍ਰਾਪਤੀ ਬਿਨ੍ਹਾਂ ਕੋਈ ਵੀ ਹਰਿ ਰੰਗ ਵਿੱਚ ਨਹੀਂ ਰੰਗਿਆ ਜਾ ਸਕਦਾ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਭਰਮ ਵਿੱਚੋਂ ਨਿਕਲੀਏ।

ਗਉੜੀ ਮਾਝ ਮਹਲਾ ੪॥

“ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ॥
ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ॥
ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਹੀ ਜੀਉ॥
ਹਰਿ ਪਦੁ ਊਤਮੁ ਪਾਇਆ ਮੇਰੇ ਗੋਵਿੰਦਾ ਵਡਭਾਗੀ ਨਾਮਿ ਸਮਾਹੀ ਜੀਉ॥੧॥”

(ਅੰਗ ੧੭੩)

"**ਹਰਿ ਰੰਗੁ**" ਦੇ ਨਾਲ ਅਸੀਂ ਮਨ ਦੇ ਵਿੱਚ ਹੀ ਰਤਨਾ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ। ਉਸ ਨਾਲ ਕਿਵੇਂ ਰੱਤਨਾ ਹੈ ਭਾਵ ਹਰਿ ਰੰਗ ਨਾਲ ਕਿਵੇਂ ਰੱਤਨਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ।

"ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ॥"

ਜਿਸ "ਹਰਿ ਰੰਗੁ" ਨਾਲ ਅਸੀਂ ਰਤਨਾ ਹੈ ਉਹ ਤਾਂ ਸਾਡੇ ਨਾਲ ਹੀ ਹੈ ਭਾਵ ਸਾਡੇ ਮਨ ਦੇ ਵਿੱਚ ਹੀ ਹੈ। ਸਾਡੇ ਨਾਲ ਕੌਣ ਹੈ, ਜੋ ਸਦਾ ਹੀ ਸਾਡੇ ਮਨ ਦੇ ਅੰਦਰ ਹੈ ਜੋ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਉਹ ਸਿਵਾਏ ਪ੍ਰਮਾਤਮਾ ਦੇ ਹੋਰ ਕੌਣ ਹੋ ਸਕਦਾ ਹੈ ਜੋ ਸਭ ਦੇ ਅੰਦਰ ਵੱਸਿਆ ਹੋਇਆ ਹੈ। "ਹਰਿ ਰੰਗੁ" ਭਾਵ ਪ੍ਰਮਾਤਮਾ ਸਾਡੇ ਨਾਲ ਹੀ ਹੈ ਪਰ ਅਸੀਂ ਉਸ ਨੂੰ ਦੇਖ ਨਹੀਂ ਸਕਦੇ, ਲਖ ਨਹੀਂ ਸਕਦੇ, ਉਸਨੂੰ ਜਾਣ ਨਹੀਂ ਸਕਦੇ। ਉਸਨੂੰ ਕੇਵਲ ਗੁਰੂ ਦੀ ਕ੍ਰਿਪਾ ਦੁਆਰਾ ਹੀ ਲਖਿਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ। ਸਮਝਣ ਦੀ ਲੋੜ ਬਸ ਇਤਨੀ ਹੈ ਕਿ "ਹਰਿ ਰੰਗੁ" ਪ੍ਰਮਾਤਮਾ ਆਪ ਹੀ ਹੈ। "ਹਰਿ" ਗੁਰੂ ਹੈ, ਪ੍ਰਮਾਤਮਾ ਹੈ ਤੇ "**ਰੰਗੁ**" ਉਸਦਾ ਗਿਆਨ ਹੈ, ਸੱਚਾ ਗਿਆਨ ਹੈ। ਉਸਦੇ ਸੱਚੇ ਗਿਆਨ ਨਾਲ ਰਤਨਾ ਹੀ "**ਹਰਿ ਰੰਗੁ**" ਨਾਲ ਰਤਨਾ ਹੈ, ਗੁਰੂ ਨਾਲ ਰਤਨਾ ਹੈ। ਉਸ ਨਾਲ ਰੱਤਿਆ ਤਾਂ ਹੀ ਜਾ ਸਕਦਾ ਹੈ ਜਦੋਂ ਉਸ ਹਰਿ ਰੰਗੁ ਨੂੰ ਆਪਣੇ ਅੰਦਰੋਂ ਬੂੱਝ ਲਈਏ ਭਾਵ ਜਦੋਂ ਉਸ ਦਾ ਸੱਚਾ ਗਿਆਨ ਮਨ ਦੇ ਵਿੱਚੋਂ ਹੀ ਮਿਲ ਜਾਂਦਾ ਹੈ ਜਿਸਦੇ ਨਾਲ ਮਨੁੱਖ ਦਾ ਉਧਾਰ ਹੁੰਦਾ ਹੈ ਤੇ ਇਹੀ ਗੱਲ

12/1236

ਸ਼ਬਦ ਦੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤੀ ਹੋਈ ਹੈ।

“ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਹੀ ਜੀਉ॥”

ਮਨ ਦੇ ਵਿੱਚ ਸੱਚਾ ਗਿਆਨ, ਚੌਥੇ ਪਦ ਦਾ ਗਿਆਨ, ਮਨ ਦੇ ਵਿੱਚ ਪ੍ਰਕਾਸ਼ ਦੁਆਰਾ ਹੀ ਮਿਲਦਾ ਹੈ ਜਿਸ ਦੁਆਰਾ ਉਸ "**ਅਲਖੁ**" ਨੂੰ ਲਖਿਆ ਜਾ ਸਕਦਾ ਹੈ। ਜੋ "**ਹਰਿ ਰੰਗੁ**" ਹੈ, ਉਹੀ "**ਹਰਿ ਹਰਿ ਨਾਮੁ**" ਹੈ, ਕੋਈ ਫ਼ਰਕ ਨਹੀਂ ਹੈ। ਇਹਨਾਂ ਤੋਂ ਭਾਵ ਗੁਰੂ ਦੇ ਗਿਆਨ ਨਾਲ ਹੀ ਹੈ। ਮਨ ਦੇ ਵਿੱਚ ਗੁਰੂ ਦੇ ਗਿਆਨ ਦਾ ਹੀ ਪ੍ਰਕਾਸ਼ ਹੁੰਦਾ ਹੈ ਜੋ ਕਿ ਉਹ ਆਪ ਹੀ ਕਰਦਾ

ਹੈ, ਹੋਰ ਕੋਈ ਨਹੀਂ ਕਰ ਸਕਦਾ। ਆਪਣੇ ਨਾਲ ਉਹ ਆਪ ਹੀ ਮਿਲਾਉਂਦਾ ਹੈ, ਹੋਰ ਕੋਈ ਨਹੀਂ ਮਿਲਾ ਸਕਦਾ। ਮਨ ਦੇ ਪ੍ਰਕਾਸ਼ ਨਾਲ ਹੀ ਸਾਡਾ ਦਾਲਦ ਦੁੱਖ ਦੂਰ ਹੁੰਦਾ ਹੈ। ਸਾਡਾ ਦਾਲਦ ਦੁੱਖ ਸਾਡੀ ਅਗਿਆਨਤਾ ਹੈ, ਦੁਬਿਧਾ ਹੈ, ਦੁਚਿੱਤੀ ਹੈ, ਹਉਮੈ ਹੈ, ਮਾਇਆ ਮੋਹ ਹੈ। ਸਾਡੇ ਸਾਰੇ ਦੁੱਖਾਂ ਦਾ ਇਲਾਜ ਗੁਰੂ ਦਾ ਸੱਚਾ ਗਿਆਨ ਹੀ ਹੈ, ਮਨ ਦੇ ਵਿੱਚ "**ਹਰਿ ਹਰਿ ਨਾਮੁ**" ਦਾ ਪ੍ਰਕਾਸ਼ ਹੀ ਹੈ। ਮਨ ਦੇ ਇਸ ਪ੍ਰਕਾਸ਼ ਦੁਆਰਾ ਹੀ ਉਹ ਉੱਚੀ ਪਦਵੀਂ ਹਾਸਿਲ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਕੀਤਾ ਹੋਇਆ ਹੈ।

"ਹਰਿ ਪਦੁ ਊਤਮੁ ਪਾਇਆ ਮੇਰੇ ਗੋਵਿੰਦਾ ਵਡਭਾਗੀ ਨਾਮਿ ਸਮਾਹੀ ਜੀਉ॥੧॥"

ਉਸ ਗਿਆਨ ਰੂਪ ਪ੍ਰਮਾਤਮਾ ਦੇ ਵਿੱਚ ਉਸਦੇ ਗਿਆਨ ਦੁਆਰਾ ਹੀ ਸਮਾਇਆ ਜਾ ਸਕਦਾ ਹੈ। **(ਵਡਭਾਗੀ ਨਾਮਿ ਸਮਾਹੀ ਜੀਉ॥੧॥)** ਕੋਈ ਵੱਡੇ ਭਾਗਾਂ ਨਾਲ ਹੀ, ਉਸਦੀ ਕ੍ਰਿਪਾ ਨਾਲ ਹੀ ਉਸ ਵਿੱਚ ਸਮਾਅ ਸਕਦਾ ਹੈ। ਉਸਦੇ ਉੱਚੇ ਗਿਆਨ ਦੀ ਪ੍ਰਾਪਤੀ ਹੀ ਉੱਤਮ ਪਦ ਹੈ ਜਿਸਦੀ ਪ੍ਰਾਪਤੀ ਲਈ ਸਾਡਾ ਸਭ ਦਾ ਉੱਦਮ ਹੈ, ਇਸ ਜੀਵਨ ਦਾ ਮਨੋਰਥ ਹੈ। ਗੁਰੂ ਦੇ ਗਿਆਨ ਨਾਲ ਜੁੜਨਾ ਹੀ ਸਾਡਾ ਸਾਰਾ ਉੱਦਮ ਹੋਣਾ ਚਾਹੀਦਾ ਹੈ। ਗੁਰਬਾਣੀ ਗਿਆਨ ਦਾ ਸਾਗਰ ਹੈ ਤੇ ਇਸ ਗਿਆਨ ਦੇ ਮਨ ਵਿੱਚ ਵੱਸਣ ਨਾਲ ਹੀ ਮਨ ਵਿੱਚ ਗਿਆਨ ਦਾ, ਨਾਮ ਦਾ ਪ੍ਰਕਾਸ਼ ਹੁੰਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਗੁਰਬਾਣੀ ਦੇ ਗਿਆਨ ਨੂੰ ਛੱਡ ਕੇ ਕਿਸੇ ਵੀ ਹੋਰ ਦੀ ਮਤਿ ਦੇ ਨਾਲ ਜੁੜ ਕੇ ਉਸ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਪਾਇਆ ਜਾ ਸਕਦਾ।

12/1237

ਗੁਰਬਾਣੀ ਦਾ ਸੱਚਾ ਗਿਆਨ "**ਹਰਿ ਰੰਗੁ**" ਹੈ ਤੇ ਜੇਕਰ ਅਸੀਂ ਆਪਣੇ ਆਪ ਨੂੰ "**ਹਰਿ ਰੰਗੁ**" ਵਿੱਚ ਰਤਨਾ ਚਾਹੁੰਦੇ ਹਾਂ ਤੇ ਆਓ ਆਪਣੇ ਆਪ ਨੂੰ ਗੁਰਬਾਣੀ ਨਾਲ ਜੋੜੀਏ ਤੇ ਛੱਪੜੀਆਂ ਵਿੱਚੋਂ ਆਪਣਾ ਮੋਹ ਕੱਢੀਏ।

ਆਓ ਹੁਣ "**ਹਰਿ ਰੰਗੁ**" ਨੂੰ ਅਗਲੇ ਸ਼ਬਦ ਰਾਹੀਂ ਕੁੱਝ ਹੋਰ ਵੀ ਵਿਚਾਰੀਏ ਤੇ ਉਸਦੇ ਨਾਲ ਜੁੜੀਆਂ ਹੋਈਆਂ ਦੂਜੀਆਂ ਗੱਲਾਂ ਨੂੰ ਵੀ ਸਮਝੀਏ। ਸਭ ਕੁੱਝ ਸਾਡੇ ਮਨ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਉਸਨੂੰ ਸਮਝਾਉਣ ਲਈ ਗੁਰਬਾਣੀ ਵਿੱਚ ਵੱਖਰੇ ਵੱਖਰੇ ਅੱਖਰਾਂ ਦੀ ਵਰਤੋਂ ਕੀਤੀ ਹੋਈ ਹੈ। ਸਭ ਤੋਂ ਭਾਵ ਇੱਕੋ ਹੀ ਹੈ ਜੋ ਕਿ ਗੁਰਮਤਿ ਹੈ। ਗੁਰਮਤਿ ਨੂੰ ਗੁਰਬਾਣੀ ਵਿੱਚ ਅਨੇਕਾਂ ਹੀ ਅੱਖਰਾਂ ਦੁਆਰਾ ਬਿਆਨ ਕੀਤਾ ਹੋਇਆ ਹੈ। ਇਸ ਦਾ ਭੇਦ ਸਮਝ ਆਏ ਬਿਨ੍ਹਾਂ ਗੁਰਬਾਣੀ ਨੂੰ ਸਮਝਣਾ ਨਾਮੁਮਕਿਨ ਹੈ।

ਗਉੜੀ ਮਾਝ ਮਹਲਾ ੪ ॥

“ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥
ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥ ਹਰਿ ਪਾਇਅੜਾ ਮਨਿ ਜੀਵਾ ਜੀਉ ॥੧॥
ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ ॥ ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ ॥
ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥ ਹਉ ਨਾਮ ਵਿਟਹੁ ਕੁਰਬਾਣੁ ਜੀਉ ॥੨॥
ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ ॥ ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ ॥
ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥ ਹਰਿ ਨਾਮੇ ਨਾਮਿ ਸਮਾਈ ਜੀਉ ॥੩॥
ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ ॥ ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖਿ ਪਾਈ ਜੀਉ ॥
ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ ॥
ਜਨ ਨਾਨਕ ਹਰਿ ਰਸੁ ਪਾਈ ਜੀਉ ॥੪॥੬॥੨੦॥੧੮॥੩੨॥੭੦॥”

(ਅੰਗ ੧੭੫)

ਸਾਡਾ ਅਸਲ ਜਿਉਂਣਾ ਕੀ ਹੈ ਭਾਵ ਸਾਡੀ ਅਸਲ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਸ ਗੱਲ ਦੀ ਸੋਝੀ ਇਸ ਸ਼ਬਦ ਰਾਹੀਂ ਪਾਈ ਹੋਈ ਹੈ। ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਹੀ ਇਹ ਸਮਝਾਇਆ ਹੋਇਆ ਹੈ ਕਿ ਸਾਡਾ ਜਿਉਂਣ ਉਹ ਹੈ ਜੇਕਰ ਸਾਨੂੰ ਨਾਮ ਦੀ ਪ੍ਰਾਪਤੀ ਹੋ ਜਾਵੇ। ਸਾਡੇ ਅੰਦਰ ਬਿਰਹਾ ਤਾਂ ਹੀ ਉਪਜਦੀ ਹੈ ਜੇਕਰ "**ਨਾਮੁ**" ਮਿਲ ਜਾਵੇ ਕਿਉਂਕਿ ਅਸਲ ਵਿੱਚ ਬਿਰਹੀ ਆਪ "**ਨਾਮੁ**" ਹੈ, ਆਪ ਪ੍ਰਮਾਤਮਾ ਹੈ। ਬਿਰਹਾ ਮਨ ਦੀ ਅਵੱਸਥਾ ਹੈ, ਉਸਦੇ ਸੱਚੇ ਗਿਆਨ ਦੀ ਅਵੱਸਥਾ ਹੈ ਜੋ ਕਿ ਕੇਵਲ ਗੁਰੂ ਪ੍ਰਮਾਤਮਾ ਦੇ ਕੋਲ ਹੀ ਹੈ। "ਨਾਮੁ" ਦੀ ਪ੍ਰਾਪਤੀ ਕਿੱਥੋਂ ਹੋਣੀ ਹੈ, ਕਿਵੇਂ ਹੋਣੀ ਹੈ ਜਿਸ ਦੁਆਰਾ ਸਾਡਾ ਅਸਲ ਜੀਵਨ ਬਣ ਸਕੇ ਉਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ॥"

ਜੋ "**ਨਾਮੁ**" ਹੈ, ਉਹੀ “**ਅੰਮ੍ਰਿਤੁ**” ਹੈ ਜੋ ਕਿ ਸਾਡੇ ਮਨ ਦੇ ਅੰਦਰ ਹੀ ਹੈ। ਇਹ ਅੰਮ੍ਰਿਤ, ਨਾਮ ਸਾਡੇ ਅੰਦਰ ਪ੍ਰਮਾਤਮਾ ਦੇ ਸੱਚੇ

ਗਿਆਨ ਦੇ ਰੂਪ ਵਿੱਚ ਹੈ। ਉਸਦੇ ਸੱਚੇ ਗਿਆਨ ਦਾ ਰੂਪ "ਗੁਰਮਤਿ" ਹੈ। ਅਸੀਂ ਪ੍ਰਮਾਤਮਾ ਦੇ ਨਾਲ ਲੀਨ ਗੁਰਮਤਿ ਦੁਆਰਾ ਹੀ ਹੋਣਾ ਹੈ। ਗੁਰਮਤਿ ਵਿੱਚ ਲੀਨ ਹੋਣਾ ਹੀ ਆਪਣੇ ਅੰਦਰ ਅੰਮ੍ਰਿਤ, ਨਾਮ ਵਿੱਚ ਲੀਨ ਹੋਣਾ ਹੈ। ਇਹ ਅਵੱਸਥਾ ਮਨ ਦੇ ਵਿੱਚ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਬਣਦੀ ਹੈ।

(ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ॥)

ਗੁਰਮਤਿ ਵਿੱਚ ਲੀਨ ਹੋਣਾ ਸਾਡਾ ਅਸਲ ਜੀਵਨ ਹੈ। ਗੁਰਮਤਿ ਵਿੱਚ ਲੀਨ ਹੋਣਾ ਹੀ "ਹਰਿ ਰੰਗੁ" ਵਿੱਚ ਰਤਨਾ ਹੈ, ਹਰਿ ਰਸ ਪੀਣਾ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ॥)** ਮਨ ਵਿੱਚ ਇੱਕ ਵਾਰੀ ਨਾਮ ਦੀ ਪ੍ਰਾਪਤੀ ਹੋ ਜਾਵੇ, ਹਰਿ ਰਸ ਮਿਲ ਜਾਵੇ, ਗੁਰਮਤਿ ਮਿਲ ਜਾਵੇ ਤਾਂ

ਫਿਰ ਉਹ ਮਨੁੱਖ ਸਦਾ ਹੀ ਇਸ ਹਰਿ ਰਸ ਨੂੰ ਮਾਣਦਾ ਹੈ, ਸਦਾ ਹੀ ਹਰਿ ਰੰਗ ਵਿੱਚ ਰੱਤਿਆ ਰਹਿੰਦਾ ਹੈ ਕਿਉਂਕਿ ਗੁਰਮਤਿ ਦਾ ਸੱਚਾ ਗਿਆਨ ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਸਦਾ ਹੀ ਮਿਲਦਾ ਰਹਿੰਦਾ ਹੈ ਕਿਉਂਕਿ ਉਸ ਨਾਲ ਇੱਕ ਵਾਰੀ ਮੇਲ ਹੋ ਜਾਵੇ ਤਾਂ ਉਹ ਕਦੇ ਨਹੀਂ ਵਿਛੜਦਾ, ਸਦਾ ਹੀ ਮਿਲਿਆ ਰਹਿੰਦਾ ਹੈ। ਨਾਮ ਦਾ ਮਿਲਣਾ ਪ੍ਰਮਾਤਮਾ ਨੂੰ ਪਾਉਣਾ ਹੈ ਜਿਸ ਦੁਆਰਾ ਸਾਡਾ ਅਸਲ ਜੀਵਨ ਬਣਦਾ ਹੈ।

(ਹਰਿ ਪਾਇਅੜਾ ਮਨਿ ਜੀਵਾ ਜੀਉ॥੧॥)

ਇਹ ਜਿਉਂਣਾ ਸਾਡੇ ਮਨ ਦੇ ਵਿੱਚ ਹੀ ਹੈ ਕਿਉਂਕਿ ਜੀਵਨ ਦੀ ਜਾਂਚ ਸਾਨੂੰ ਮਨ ਦੇ ਵਿੱਚੋਂ ਹੀ ਮਿਲਦੀ ਹੈ। ਉੱਪਰ ਸ਼ਬਦ ਦੇ ਪਹਿਲੇ ਪਦੇ ਦੀ ਪਹਿਲੀ ਤੇ ਆਖਰੀ ਪੰਗਤੀ ਨੂੰ ਧਿਆਨ ਨਾਲ ਸਮਝੋ। ਪਹਿਲੀ ਪੰਗਤੀ ਵਿੱਚ ਸਾਨੂੰ ਇਹ ਸਮਝਾਇਆ ਹੈ **"ਨਾਮੁ ਮਿਲੈ ਤਾ ਜੀਵਾ ਜੀਉ॥"** ਤੇ ਆਖਰੀ ਪੰਗਤੀ ਵਿੱਚ ਇਹੀ ਗੱਲ ਇਸ ਤਰੀਕੇ ਨਾਲ ਸਮਝਾਈ ਹੋਈ ਹੈ, **"ਹਰਿ ਪਾਇਅੜਾ ਮਨਿ ਜੀਵਾ ਜੀਉ॥੧॥"**। ਸਮਝਣਾ ਇਸ ਗੱਲ ਨੂੰ ਹੈ ਕਿ ਨਾਮ ਦਾ ਮਿਲਣਾ ਜਾਂ ਪ੍ਰਮਾਤਮਾ ਦਾ ਮਿਲਣਾ ਇੱਕੋ ਹੀ ਗੱਲ ਹੈ ਜਿਸ ਦੁਆਰਾ ਅਸੀਂ ਉਹ ਜੀਵਨ ਜੀਅ ਸਕਦੇ ਹਾਂ ਜਿਹੋ ਜਿਹਾ ਜੀਵਨ ਗੁਰੂ ਜੀ ਸਾਨੂੰ ਜਿਉਂਣ ਲਈ ਸਮਝਾ ਰਹੇ ਹਨ। ਗੁਰਮਤਿ ਦੀ ਪ੍ਰਾਪਤੀ ਬਿਨ੍ਹਾਂ ਅਸੀਂ ਅਸਲ ਜੀਵਨ ਨਹੀਂ ਜੀਅ ਸਕਦੇ।

12/1239

ਵਿਰਲਾ ਹੀ ਕੋਈ ਉਸ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਇਹੋ ਜਿਹਾ ਜੀਵਨ ਜੀਅ ਸਕਦਾ ਹੈ।

{ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥੧॥}

(ਅੰਗ ੯੪)

ਨਾਮ ਮਿਲਣ ਨਾਲ ਹੀ ਗੁਰਮਤਿ ਦੀ ਸੋਝੀ ਪੈਂਦੀ ਹੈ ਤੇ ਤਾਂ ਹੀ ਉਸ ਤੇ ਚੱਲਿਆ ਜਾ ਸਕਦਾ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਆਓ ਹੁਣ ਸਮਝੀਏ ਕਿ ਗੁਰੂ ਦੇ ਨਾਲ ਪ੍ਰੇਮ ਕੀ ਹੈ, ਉਸਦਾ ਬਿਰਹੀ ਬਣਨਾ ਕੀ ਹੈ।

"ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ॥"

ਸਾਡੇ ਮਨ ਦੇ ਵਿੱਚ ਗੁਰੂ ਦੇ ਬਾਣ ਦਾ ਲੱਗਣਾ ਉਸਦੇ ਨਾਲ ਪ੍ਰੇਮ ਲੱਗਣਾ ਹੈ। "**ਗੁਰੂ ਦੇ ਬਾਣ**", "**ਗੁਰੂ ਦੇ ਬੋਲ ਹਨ**", ਗੁਰੂ ਦੇ ਬਚਨ ਹਨ। ਜਦੋਂ ਗੁਰੂ ਦੇ ਬੋਲ ਸਾਡੇ ਮਨ ਵਿੱਚ ਖੁੱਭ ਜਾਣਗੇ ਤਾਂ ਫਿਰ ਉਸ ਨਾਲ ਪ੍ਰੇਮ ਜੁੜ ਜਾਵੇਗਾ। ਪ੍ਰੇਮ ਤਾਂ ਅਸੀਂ ਗੁਰੂ ਦੇ ਬਚਨਾਂ ਨਾਲ ਹੀ ਕਰਨਾ ਹੈ, ਗੁਰੂ ਦੀ ਮਤਿ ਦੇ ਨਾਲ ਹੀ ਕਰਨਾ ਹੈ। ਆਪਣੇ ਨਾਲ ਪ੍ਰੇਮ ਉਹ ਆਪ ਹੀ ਜੋੜਦਾ ਹੈ, ਆਪਣਾ ਸੱਚਾ ਗਿਆਨ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਸਾਡਾ ਮਿੱਤਰ, ਸਾਡਾ ਪ੍ਰੀਤਮ ਇਸ ਸੱਚੇ ਗਿਆਨ ਦੁਆਰਾ ਹੀ ਬਣਦਾ ਹੈ ਕਿਉਂਕਿ ਇੱਕ ਕੇਵਲ ਉਹੀ "**ਸੁਜਾਣੁ**" ਹੈ ਜੋ ਸਾਨੂੰ ਉੱਚਾ ਗਿਆਨ ਦੇ ਸਕਦਾ ਹੈ।

(ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ॥)

ਮਨ ਦੇ ਵਿੱਚ ਉਸਦੇ ਪ੍ਰਗਟ ਹੋਣ ਤੋਂ ਬਾਅਦ ਹੀ ਇਹ ਸੋਝੀ ਪੈਂਦੀ ਹੈ ਕਿ ਉਹ ਕਿਤਨਾ ਕੁ ਸਿਆਣਾ ਹੈ, ਸੂਝਵਾਨ ਹੈ ਤੇ ਉਸਦੇ ਮੁਕਾਬਲੇ ਮਨੁੱਖੀ ਸੋਚ ਕਿਤਨੀ ਕੁ ਤੁਛ ਹੈ। ਪ੍ਰਮਾਤਮਾ ਦੇ ਨਾਲ ਮੇਲ ਹੀ "**ਸੰਤ**" ਦੇ ਨਾਲ ਮੇਲ ਹੈ ਕਿਉਂਕਿ ਅਸਲ ਸੰਤ ਉਹ ਆਪ ਹੀ ਹੈ। ਗੁਰੂ ਉਸਦਾ ਆਪਣਾ ਰੂਪ ਹੈ, ਸੰਤ ਰੂਪ ਹੈ।

(ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ॥)

ਜਦ ਤੱਕ ਨਾਮ ਦੇ ਦਰਸ਼ਨ ਨਹੀਂ ਹੁੰਦੇ, ਉਸ ਸੰਤ ਦੇ, ਸੁਘੜ ਸੁਜਾਨ ਦੇ ਦਰਸ਼ਨ ਨਹੀਂ ਹੁੰਦੇ, ਉਸਦੇ ਉੱਚੇ ਗਿਆਨ ਦੇ ਦਰਸ਼ਨ ਨਹੀਂ ਹੁੰਦੇ ਤਦ ਤੱਕ ਉਸ ਤੋਂ ਕੁਰਬਾਨ ਨਹੀਂ ਜਾਇਆ ਜਾ ਸਕਦਾ। ਜਿਸਨੂੰ ਜਦ ਤੱਕ ਅਸੀਂ ਜਾਣਦੇ ਹੀ ਨਹੀਂ ਕਿ ਉਹ ਕੀ ਹੈ, ਤਦ ਤੱਕ ਕੁਰਬਾਨ ਕਿਸ ਤੋਂ ਜਾਵਾਂਗੇ ਤੇ ਕਿਸ ਤਰੀਕੇ ਜਾਵਾਂਗੇ। ਕੁਰਬਾਨ ਤੇ ਉਸਦੀ ਸੱਚੀ ਮਤਿ ਤੋਂ

12/1240

ਜਾਣਾ ਹੈ, ਗੁਰਬਾਣੀ ਤੋਂ ਜਾਣਾ ਹੈ ਤੇ ਉਹ ਤਾਂ ਹੀ ਜਾ ਸਕਦੇ ਹਾਂ ਜਦੋਂ ਸਾਨੂੰ ਹਕੀਕਤ ਵਿੱਚ ਇਹ ਸਮਝ ਲੱਗ ਜਾਵੇਗੀ ਕਿ ਗੁਰਬਾਣੀ ਆਪਣੇ ਗਿਆਨ ਰਾਹੀਂ ਕਿਤਨੀ ਉੱਚੀ ਹੈ ਭਾਵ ਬਹੁਤ ਬਹੁਤ ਬਹੁਤ ਜਿਆਦਾ ਉੱਚੀ ਹੈ। ਉਸਦਾ ਹਰ ਇੱਕ ਅੱਖਰ ਬਹੁਤ ਉੱਚਾ ਹੈ ਜੋ ਪ੍ਰਮਾਤਮਾ ਦੇ ਤੱਤ ਨੂੰ ਬਿਆਨ ਕਰਦਾ ਹੈ। **(ਹਉ ਨਾਮ ਵਿਟਹੁ ਕੁਰਬਾਣੁ ਜੀਉ॥੨॥)** ਗੁਰਬਾਣੀ ਸਾਡੀ ਕਿਵੇਂ ਸਹਾਈ ਹੁੰਦੀ ਹੈ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਈ ਹੋਈ ਹੈ।

“ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ॥ ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ॥

ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ॥ ਹਰਿ ਨਾਮੇ ਨਾਮਿ ਸਮਾਈ ਜੀਉ॥੩॥”

ਨਾਮ ਦੀ ਸੋਝੀ ਪੈਣ ਤੋਂ ਬਾਅਦ ਸਾਡਾ ਸੱਜਣ "**ਹਰਿ ਹਰਿ**" ਹੈ। "**ਹਰਿ ਹਰਿ**" ਗੁਰੂ ਦੀ ਮਤਿ ਹੈ ਜੋ ਅਸਲ ਵਿੱਚ ਸਾਡਾ ਸੱਜਣ ਬਣਦੀ ਹੈ। ਗੁਰੂ ਦੀ ਮਤਿ ਹੀ ਸਾਨੂੰ ਸੱਚੇ ਗੁਣ ਸਿਖਾਉਂਦੀ ਹੈ ਤੇ ਅਸਲ ਵਿੱਚ ਸਾਡੇ ਸੱਜਣ ਗੁਰੂ ਦੇ ਦੱਸੇ ਹੋਏ ਗੁਣ ਹਨ। ਗੁਰੂ ਦੇ ਇਸ ਸੱਚੇ ਗਿਆਨ ਦੁਆਰਾ ਹੀ ਸਾਨੂੰ ਆਪਣੇ ਮੀਤ ਦੀ, ਪ੍ਰਮਾਤਮਾ ਦੀ, ਹਰਿ ਦੀ ਸੋਝੀ ਪੈਂਦੀ ਹੈ ਭਾਵ ਗੁਰੂ ਦੀ ਮਤਿ ਹੀ ਸਾਨੂੰ, ਉਸਦਾ ਸੱਚਾ ਗਿਆਨ ਹੀ ਸਾਨੂੰ ਪ੍ਰਮਾਤਮਾ ਦੀ ਦੱਸ ਪਾਉਂਦਾ ਹੈ, ਉਸਦੀ ਸੱਚੀ ਗੱਲ ਸੁਣਾਉਂਦਾ ਹੈ।

"ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ॥"

“**ਗੁਰੂ**” ਪ੍ਰਮਾਤਮਾ ਦਾ “**ਸੰਤ ਰੂਪ**” ਹੈ ਜਿੱਥੇ ਪ੍ਰਮਾਤਮਾ ਨੇ ਆਪਣੀ ਸੱਚੀ ਗੱਲ ਦੱਸੀ ਹੋਈ ਹੈ, ਪ੍ਰਮਾਤਮਾ ਨੂੰ ਖੋਜਣ ਦਾ ਮਾਰਗ ਦੱਸਿਆ ਹੋਇਆ ਹੈ ਭਾਵ ਗੁਰਬਾਣੀ ਹੀ ਸਾਨੂੰ ਪ੍ਰਮਾਤਮਾ ਨਾਲ ਮਿਲਣ ਦਾ, ਉਸਨੂੰ ਖੋਜਣ ਦਾ ਸੱਚਾ ਮਾਰਗ ਦਿਖਾਉਂਦੀ ਹੈ। **(ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ॥)** ਜਦੋਂ “**ਸੰਤ ਰੂਪ**” ਗੁਰੂ ਕਿਸੇ ਤੇ ਤ੍ਰੁੱਠ ਜਾਂਦਾ ਹੈ, ਪ੍ਰਸੰਨ ਹੋ ਜਾਂਦਾ ਹੈ, ਉਸਨੂੰ ਫਿਰ ਉਹ ਪ੍ਰਮਾਤਮਾ ਦਾ ਮਾਰਗ ਸਮਝਾ ਦਿੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾ ਲਿਆ ਜਾਂਦਾ ਹੈ। ਗੁਰਬਾਣੀ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣ ਦਾ ਮਾਰਗ ਹੈ ਤੇ ਜਿਸ ਤੇ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਉਸਨੂੰ ਹੀ ਆਪਣੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ।

(ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ॥)

ਪ੍ਰਮਾਤਮਾ ਨੂੰ ਪਾਉਣਾ ਹੀ ਨਾਮ ਦੀ ਪ੍ਰਾਪਤੀ ਹੈ ਜਿਸ ਦੁਆਰਾ ਉਸ ਵਿੱਚ ਸਮਾਇਆ ਜਾ ਸਕਦਾ ਹੈ। ਨਾਮ ਦੇ ਵਿੱਚ

ਨਾਮ ਦੀ ਕਿਰਪਾ ਦੁਆਰਾ ਹੀ ਸਮਾਇਆ ਜਾ ਸਕਦਾ ਹੈ। ਗੁਰੂ ਦੇ ਸੱਚੇ ਗਿਆਨ ਵਿੱਚ, ਗੁਰਮਤਿ ਵਿੱਚ ਗੁਰੂ ਦੀ ਕਿਰਪਾ, ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਸਮਾਇਆ ਜਾ ਸਕਦਾ ਹੈ।

(ਹਰਿ ਨਾਮੇ ਨਾਮਿ ਸਮਾਈ ਜੀਉ॥੩॥)

ਸਾਡੇ ਅੰਦਰ **“ਵੇਦਨ”** ਮਾਇਆ ਮੋਹ ਦਾ ਹੈ, ਪ੍ਰੇਮ ਮਾਇਆ ਮੋਹ ਵਿੱਚ ਹੈ, ਬਿਰਹਾ ਮਾਇਆ ਵਿੱਚ ਹੈ। ਇਸ ਵਿੱਚੋਂ ਸਾਨੂੰ ਗੁਰਮਤਿ ਹੀ ਕੱਢ ਸਕਦੀ ਹੈ। ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਸਾਡਾ ਗੁਰੂ ਪ੍ਰਮਾਤਮਾ ਨਾਲ ਮੋਹ ਜੁੜਦਾ ਹੈ ਜੋ ਕਿ ਕੇਵਲ ਉਸਦੀ ਕਿਰਪਾ ਹੈ। **(ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ॥)** ਇਹ ਸਭ ਕੁੱਝ ਸਾਡੇ ਮਨ ਦੀ ਚਿੰਤਾ ਹੈ ਤੇ ਮਨ ਦੀ ਚਿੰਤਾ ਹੀ ਸਾਡਾ ਸਿਮਰਨ ਹੈ ਜਿਵੇਂ ਕਿ ਪਿੱਛੇ ਵੀ ਅਸੀਂ ਜਾਣਦੇ ਆ ਰਹੇ ਹਾਂ। ਇਹ ਸਾਡੇ ਮਨ ਦੀ ਬਿਰਤੀ ਹੈ। ਜਦੋਂ ਸਾਡੇ ਮਨ ਦੀ ਚਿੰਤਾ ਮਾਇਆ ਮੋਹ ਵਿੱਚੋਂ ਨਿਕਲ ਜਾਵੇਗੀ ਫਿਰ ਤਾਂ ਹੀ ਸਾਡੇ ਅੰਦਰ ਗੁਰਮਤਿ ਦੀ ਚਿੰਤਾ ਲੱਗੀ ਰਹੇਗੀ, ਗੁਰਮਤਿ ਨਾਲ ਪਿਆਰ ਜੁੜਿਆ ਰਹੇਗਾ, ਨਾਮ ਦੀ ਬਿਰਹਾ ਲੱਗੀ ਰਹੇਗੀ। ਸਾਡੀ ਇਹੋ ਜਿਹੀ ਬਿਰਤੀ ਨੇ ਹੀ ਸਾਡੀ ਸ਼ਰਧਾ ਪੂਰੀ ਕਰਨੀ ਹੈ ਜੋ ਕਿ ਗੁਰੂ ਪ੍ਰਮਾਤਮਾ ਆਪ ਹੀ ਪੂਰੀ ਕਰ ਸਕਦਾ ਹੈ। ਮਾਇਆ ਮੋਹ ਦੀ ਬਿਰਤੀ ਸਾਡੇ ਅੰਦਰ ਬਿਖ ਦੀ ਬਿਰਤੀ ਹੈ ਜਿਸਨੂੰ ਕਿ ਗੁਰੂ ਦਾ ਅੰਮ੍ਰਿਤ ਦੂਰ ਕਰ ਸਕਦਾ ਹੈ, ਉਸਦਾ ਸੱਚਾ ਗਿਆਨ ਦੂਰ ਕਰ ਸਕਦਾ ਹੈ।

(ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖਿ ਪਾਈ ਜੀਉ॥)

ਪ੍ਰਮਾਤਮਾ ਦਾ ਨਾਮ ਸਾਡੇ ਮਨ ਦੀ ਬਿਰਤੀ ਨੇ ਹੀ ਧਿਆਉਣਾ ਹੈ। ਮਨ ਦੇ ਵਿੱਚ ਗੁਰਮਤਿ, ਨਾਮ ਵੱਸਣ ਨਾਲ ਹੀ ਨਾਮ ਧਿਆਇਆ ਜਾ ਸਕਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਿਆ ਜਾ ਸਕਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕਿਰਪਾ ਹੈ।

(ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ॥)

ਜਦ ਤੱਕ ਸਾਡੇ ਧਿਆਨ ਵਿੱਚ, ਸਾਡੀ ਬਿਰਤੀ ਵਿੱਚ ਬਿਖ ਹੈ, ਮਾਇਆ ਮੋਹ ਹੈ, ਹਉਮੈ ਹੈ ਤਦ ਤੱਕ ਉੱਥੇ ਨਾਮ ਨਹੀਂ ਹੈ। ਬਿਖ ਨੂੰ, ਅਗਿਆਨਤਾ ਨੂੰ ਅੰਮ੍ਰਿਤ ਨੇ ਹੀ ਕੱਢਣਾ ਹੈ, ਹਉਮੈ ਨੂੰ ਅੰਮ੍ਰਿਤ ਨੇ ਹੀ ਕੱਢਣਾ ਹੈ, ਨਾਮ ਨੇ ਹੀ ਕੱਢਣਾ ਹੈ ਤੇ

ਉਸਨੂੰ ਕੱਢ ਕੇ ਹੀ ਨਾਮ ਵੱਸਦਾ ਹੈ ਤੇ ਮਨੁੱਖ ਨਾਮ ਧਿਆ ਸਕਦਾ ਹੈ। ਉਸਦਾ ਨਾਮ ਹੀ ਉਸਦਾ ਹਰਿ ਰਸ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ।

12/1242

ਆਪਣਾ ਹਰਿ ਰਸ, ਆਪਣੀ ਗੁਰਮਤਿ, ਆਪਣਾ ਨਾਮ ਸਾਡੇ ਅੰਦਰ ਉਹ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਜਨ ਬਣਾਉਂਦਾ ਹੈ।

(ਜਨ ਨਾਨਕ ਹਰਿ ਰਸੁ ਪਾਈ ਜੀਉ ॥੪॥੬॥੨੦॥੧੮॥੩੨॥੭੦॥)

ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਅਸੀਂ ਇਹ ਜਾਣਿਆ ਹੈ ਕਿ ਹਰਿ ਰਸ, ਅੰਮ੍ਰਿਤ ਰਸ, ਨਾਮ ਰਸ, ਸ਼ਬਦ ਰਸ, ਨਾਮ ਧਨੁ, ਹਰਿ ਰੰਗ, ਹਰਿ ਧਨੁ ਸਭ ਇੱਕੋ ਹੀ ਗੱਲ ਹੈ ਤੇ ਸਭ ਤੋਂ ਭਾਵ ਗੁਰੂ ਦੇ ਸੱਚੇ ਗਿਆਨ ਦੇ ਨਾਲ ਹੈ ਤੇ ਉਸਦਾ ਸੱਚਾ ਗਿਆਨ ਉਸਦੀ ਮਤਿ ਹੈ ਜੋ ਕਿ ਗੁਰਬਾਣੀ ਦਾ ਮਕਸਦ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਜ਼ਿਕਰ ਕੀਤਾ ਸੀ ਕਿ ਸਾਡੇ ਲਈ ਇਹ ਸਮਝਣਾ ਬਹੁਤ ਜਰੂਰੀ ਹੈ ਕਿ ਨਾਮ ਧਨੁ ਸਾਡੇ ਅੰਦਰ ਟਿਕ ਕਿਵੇਂ ਸਕਦਾ ਹੈ ਭਾਵ ਉਹ ਕਿਹੜਾ ਤਰੀਕਾ ਹੈ ਜਿਸ ਨਾਲ ਸਾਡੇ ਅੰਦਰ ਹਰਿ ਧਨੁ ਸਦਾ ਲਈ ਟਿਕ ਜਾਂਦਾ ਹੈ। ਗੁਰਬਾਣੀ ਵਿੱਚ ਵਾਰ-ਵਾਰ ਇਹ ਗੱਲ ਆਉਂਦੀ ਹੈ ਕਿ ਹਰਿ ਧਨੁ, ਨਾਮ ਧਨੁ ਇੱਕ ਵਾਰੀ ਮਿਲ ਜਾਵੇ ਤਾਂ ਫਿਰ ਇਸਨੂੰ ਕੋਈ ਚੋਰ ਚੁਰਾ ਨਹੀਂ ਸਕਦਾ, ਇਸ ਨੂੰ ਅੱਗ ਸਾੜ ਨਹੀਂ ਸਕਦੀ, ਇਹ ਕਦੇ ਡੁੱਬ ਨਹੀਂ ਸਕਦਾ। ਨਾਲ ਹੀ ਇਹ ਗੱਲ ਵੀ ਆਉਂਦੀ ਹੈ ਕਿ ਨਾਮ ਧਨੁ ਚੋਰੀ ਵੀ ਹੋ ਜਾਂਦਾ ਹੈ, ਨਾਮ ਚੋਰੀ ਵੀ ਹੁੰਦਾ ਹੈ ਭਾਵ ਚੋਰ ਇਸਨੂੰ ਲੁੱਟ ਲੈਂਦੇ ਹਨ। ਨਾਮ ਦੀ ਸੋਝੀ ਬਿਨ੍ਹਾਂ ਇਸ ਭੇਦ ਨੂੰ ਸਮਝਣਾ ਨਾਮੁਮਕਿਨ ਹੈ। ਬਾਣੀ ਵਿੱਚ ਵਾਰ-ਵਾਰ ਜਿੱਥੇ ਨਾਮ ਦੀ ਗੱਲ ਆਉਂਦੀ ਹੈ ਉੱਥੇ ਨਾਮ ਦ੍ਰਿੜ ਹੋਣ ਦੀ ਗੱਲ ਵੀ ਆਉਂਦੀ ਹੈ। ਸਾਰਾ ਭੇਦ ਇਸੇ ਗੱਲ ਵਿੱਚ ਹੀ ਹੈ। ਜਿਵੇਂ ਕਿ ਅਸੀਂ ਸ਼ੁਰੂ ਤੋਂ ਹੀ ਇਹ ਜਾਣਦੇ ਆ ਰਹੇ ਹਾਂ ਨਾਮ ਗੁਰੂ ਹੈ, ਆਪ ਪ੍ਰਮਾਤਮਾ ਹੈ ਤੇ "ਗੁਰੂ" ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਹੈ, ਸੱਚੀ ਮਤਿ ਦੁਆਰਾ ਹੈ। ਗੁਰਬਾਣੀ ਦਾ ਸੱਚਾ ਗਿਆਨ "ਨਾਮ" ਹੈ ਜਿਸਨੂੰ ਅਸੀਂ ਪੜ੍ਹਦੇ ਸੁਣਦੇ ਹਾਂ, ਉਸਨੂੰ ਸਮਝਣ ਦੀ ਕੋਸ਼ਿਸ਼ ਵੀ ਕਰਦੇ ਹਾਂ ਤੇ ਉਸ ਅਨੁਸਾਰ ਵਿਚਰਨ ਦੀ ਕੋਸ਼ਿਸ਼ ਵੀ ਕਰਦੇ ਹਾਂ। ਗੁਰੂ ਦੀ ਮਤਿ ਅਨੁਸਾਰ, ਗੁਰੂ ਦੇ ਸ਼ਬਦ ਅਨੁਸਾਰ, ਪੂਰੀ ਗੁਰਮਤਿ ਅਨੁਸਾਰ ਕੋਈ

12/1243

ਵਿਰਲਾ ਹੀ ਵਿਚਰ ਸਕਦਾ ਹੈ, ਗੁਰਮਤਿ ਤੇ ਕੋਈ ਵਿਰਲਾ ਹੀ ਪੂਰਾ ਉਤਰ ਸਕਦਾ ਹੈ। ਗੁਰਬਾਣੀ ਦਾ ਗਿਆਨ ਸਾਨੂੰ ਉਸਦੇ ਗੁਣਾਂ ਅਨੁਸਾਰ ਵਿਚਰਨ ਦਾ ਹੈ, ਉਸਦੀ ਸਿੱਖਿਆ ਅਨੁਸਾਰ ਵਿਚਰਨ ਦਾ ਹੈ, ਉਸਦੀ ਦੀਖਿਆ ਅਨੁਸਾਰ ਵਿਚਰਨ ਦਾ ਹੈ, ਜਿਸ ਤੇ ਪੂਰਾ ਉਤਰਨ ਲਈ ਸਾਨੂੰ ਸਾਰੇ ਔਗੁਣਾਂ ਤੋਂ ਰਹਿਤ ਹੋਣਾ ਪੈਂਦਾ ਹੈ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਹੈ ਉਹ ਗੁਣ ਹੈ, ਸੱਚ ਹੈ ਤੇ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਹ ਔਗੁਣ ਹੈ, ਝੂਠ ਹੈ, ਕੂੜ ਹੈ। ਗੁਰਮਤਿ ਦਾ, ਸ਼ਬਦ ਦਾ ਸਾਰ ਕੀ ਹੈ, ਇਹ ਅਸੀਂ ਪਿੱਛੇ ਅਨੇਕਾਂ ਵਾਰ ਸਮਝਦੇ ਆਏ ਹਾਂ। ਹੇਠ ਦਿੱਤੇ ਸ਼ਬਦ ਨੂੰ ਸਦਾ ਹੀ ਚਿੱਤ ਵਿੱਚ ਰੱਖਣਾ ਚਾਹੀਦਾ ਹੈ ਕਿ ਗੁਰਮਤਿ ਸਾਨੂੰ ਕੀ ਸਿਖਾ ਰਹੀ ਹੈ।

"ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ॥ ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ ਰਹਾਉ॥"

(ਅੰਗ ੫੬)

ਜਪ, ਤਪ, ਸੰਜਮ ਸਭ ਕੁੱਝ ਸਾਡੀ ਗੁਣਾਂ ਦੁਆਰਾ ਵਿਚਰਨ ਹੈ ਭਾਵ ਗੁਰੂ ਦੇ ਗੁਣਾਂ ਅਨੁਸਾਰ ਉਸਦੀ ਮਤਿ ਅਨੁਸਾਰ ਵਿਚਰਨਾ ਹੀ ਪ੍ਰਮਾਤਮਾ ਦਾ ਜਪ ਤਪ ਹੈ, ਸਾਡਾ ਸੰਜਮ ਹੈ। ਬਿਨ੍ਹਾਂ ਗੁਣਾਂ ਤੋਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਇਸੇ ਵਿੱਚ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਜਿੱਥੇ ਗੁਰੂ ਦੇ ਦੱਸੇ ਗੁਣ ਨਹੀਂ ਉਹ ਜੀਵਨ ਵਿਅਰਥ ਜਾਂਦਾ ਹੈ। **(ਬਿਨੁ ਗੁਣ ਜਨਮੁ ਵਿਣਾਸੁ॥੧॥)**

ਗੁਣ ਉੱਥੇ ਹਨ ਜਿੱਥੇ ਔਗੁਣ ਨਹੀਂ ਹਨ, ਜਿੱਥੇ ਵਿਕਾਰ ਨਹੀਂ ਹਨ, ਜਿੱਥੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ ਆਦਿ ਨਹੀਂ ਹਨ। ਇਹੀ ਗੱਲ ਸਾਨੂੰ ਰਹਾਉ ਵਾਲੀ ਪੰਗਤੀ ਵਿੱਚ ਸਮਝਾਈ ਹੋਈ ਹੈ ਕਿ ਗੁਣਾਂ ਦਾ ਦਾਸ ਕਿਵੇਂ ਬਣਿਆ ਜਾ ਸਕਦਾ ਹੈ। ਇਹ ਸਾਡੀ ਸੱਚੀ ਕਰਨੀ ਦਾ ਮਾਰਗ ਹੈ ਜਿਸ ਦੁਆਰਾ ਗੁਰਮਤਿ ਤੇ ਅਸੀਂ ਪੂਰਾ ਉਤਰ ਸਕਦੇ ਹਾਂ।

(ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥)

12/1244

ਗੁਰੂ ਦੇ ਗੁਣਾਂ ਅਨੁਸਾਰ ਵਿਚਰਨਾ, ਗੁਰਮਤਿ ਅਨੁਸਾਰ ਵਿਚਰਨਾ ਹੀ ਨਾਮ ਜਪਣਾ ਹੈ। ਅਸੀਂ ਬਹੁਤ ਸਾਰੀਆਂ ਗੱਲਾਂ, ਬੜੇ ਕਰਮ ਗੁਰਮਤਿ ਅਨੁਸਾਰ ਕਰਦੇ ਵੀ ਹਾਂ ਪਰ ਗੁਰਮਤਿ ਤੇ ਪੂਰਾ ਕੋਈ ਨਹੀਂ ਉਤਰ ਸਕਦਾ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਹੈ, ਉਹ ਨਾਮ ਹੈ। ਮਨੁੱਖ ਔਗੁਣਾਂ ਦਾ ਭਰਿਆ ਹੋਇਆ ਹੈ ਜੋ ਸਾਡੇ ਅੰਦਰ ਗੁਣਾਂ ਨੂੰ ਟਿਕਣ ਨਹੀਂ ਦਿੰਦੇ। ਸਾਡੇ ਅੰਦਰ ਮਾਇਆ ਮੋਹ ਹੈ, ਅਗਿਆਨਤਾ ਹੈ, ਤ੍ਰਿਸ਼ਨਾ ਹੈ ਜੋ ਸਾਨੂੰ ਗੁਰਮਤਿ ਅਨੁਸਾਰ ਪੂਰਾ ਨਹੀਂ ਉਤਰਨ ਦਿੰਦੀ। ਸਾਡੇ ਅੰਦਰ ਚੋਰ ਸਾਡੇ ਔਗੁਣ ਹਨ ਜੋ ਗੁਣਾਂ ਨੂੰ ਚੁਰਾਉਂਦੇ ਹਨ। "**ਗੁਣ ਨਾਮ ਹੈ**" ਤੇ "**ਔਗੁਣ ਚੋਰ ਹਨ**"। ਜਦ ਤੱਕ ਇਹ ਚੋਰ ਸਾਡੇ ਅੰਦਰ ਵੱਸੇ ਹੋਏ ਹਨ ਇਹ ਸਾਡੇ ਅੰਦਰੋਂ ਨਾਮ ਨੂੰ ਚੁਰਾ ਲੈਂਦੇ ਹਨ ਤੇ ਜਿਹੜੇ ਮਨੁੱਖ ਦੇ ਅੰਦਰੋ ਨਾਮ ਦੀ ਚੋਰੀ ਹੁੰਦੀ ਹੈ ਉਹ ਨਾਮ ਦਾ ਚੋਰ ਅਖਵਾਉਂਦਾ ਹੈ, ਬਣਦਾ ਹੈ ਭਾਵ ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਸਦਾ ਚੋਰ ਹੈ। ਨਾਮ ਹੀ ਆਪ ਪ੍ਰਮਾਤਮਾ ਹੈ ਤੇ ਨਾਮ ਦੀ ਚੋਰੀ ਉਸਦੇ ਘਰ ਵਿੱਚ ਚੋਰੀ ਹੈ, ਸੱਚ ਦੇ ਘਰ ਵਿੱਚ ਚੋਰੀ ਹੈ। ਬਾਣੀ ਸਾਨੂੰ ਵਾਰ-ਵਾਰ ਇਹਨਾਂ ਔਗੁਣਾਂ ਵਿੱਚੋਂ ਨਿਕਲਣ ਲਈ ਪ੍ਰੇਰ ਰਹੀ ਹੈ ਤਾਂ ਜੋ ਅਸੀਂ ਉਸਦਾ ਨਾਮ ਜਪ ਸਕੀਏ। ਜਦ ਤੱਕ ਸਾਡੇ ਅੰਦਰੋਂ ਇਹ ਚੋਰ ਨਹੀਂ ਮਰਦੇ ਅਸੀਂ ਨਾਮ ਨਹੀਂ ਜਪ ਸਕਦੇ ਤੇ ਇਸੇ ਲਈ ਬਾਣੀ ਵਿੱਚ ਸਮਝਾਇਆ ਹੈ ਕਿ ਨਾਮ ਉਹੀ ਜਪਦਾ ਹੈ ਜੋ ਔਗੁਣਾਂ ਦਾ, ਸਾਰੇ ਵਿਕਾਰਾਂ ਦਾ ਤਿਆਗੀ ਹੈ।

{ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥}

(ਅੰਗ ੧੧੪੭)

ਇਹਨਾਂ ਚੋਰਾਂ ਨੂੰ ਸਾਡੇ ਮਨ ਦੀ ਦ੍ਰਿੜਤਾ ਮਾਰ ਸਕਦੀ ਹੈ ਭਾਵ ਜਦੋਂ ਅਸੀਂ ਇਸ ਗੱਲ ਤੇ ਦ੍ਰਿੜ ਹੋ ਜਾਈਏ ਕਿ ਅਸੀਂ ਹਰ ਔਗੁਣ ਤੋਂ ਬਚ ਕੇ ਰਹਿਣਾ ਹੈ ਭਾਵੇਂ ਸਾਡਾ ਜਿਤਨਾ ਮਰਜ਼ੀ ਨੁਕਸਾਨ ਹੁੰਦਾ ਹੋਵੇ, ਮਾਇਆ ਜਾਂਦੀ ਹੋਵੇ। ਅਸੀਂ ਸਰੀਰਕ ਰਸਾਂ ਵਿੱਚੋਂ ਨਿਕਲਣਾ ਹੈ, ਅਨਰਸਾਂ ਵਿੱਚੋਂ

12/1245

ਨਿਕਲਣਾ ਹੈ, ਤ੍ਰਿਸ਼ਨਾ ਵਿੱਚੋਂ ਨਿਕਲਣਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਹੈ। ਇਹ ਸਭ ਮਨੁੱਖ ਦੇ ਵੱਸ ਨਹੀਂ ਹੈ ਕਿਉਂਕਿ ਸਾਡੇ ਅੰਦਰ ਮਾਇਆ ਮੋਹ, ਤ੍ਰਿਸ਼ਨਾ ਸਾਡੀ ਆਪਣੀ ਪਾਈ ਹੋਈ ਨਹੀਂ ਹੈ, ਜਿਸਦੀ ਕਿ ਸਾਨੂੰ ਸਮਝ ਨਹੀਂ ਹੈ। ਇਸ ਅਵੱਸਥਾ ਵਿੱਚੋਂ ਗੁਰੂ ਪ੍ਰਮਾਤਮਾ ਸਾਨੂੰ ਆਪ ਹੀ ਕੱਢ ਸਕਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿਚਾਰਾਂ ਵਿੱਚ ਹੀ ਹੈ।ਸਾਡੇ ਅੰਦਰ ਆਪਣੀ ਗੁਰਮਤਿ ਉਹ ਆਪ ਹੀ ਦ੍ਰਿੜ ਕਰ ਸਕਦਾ ਹੈ, ਸਾਡੇ ਮਨ ਨੂੰ ਅਡੋਲ ਬਣਾ ਸਕਦਾ ਹੈ ਤੇ ਇਹੀ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਜਦ ਤੱਕ ਸਾਡੇ ਅੰਦਰ ਨਾਮ ਦ੍ਰਿੜ ਨਹੀਂ ਹੁੰਦਾ ਸਾਡੇ ਅੰਦਰੋਂ ਨਾਮ ਦੀ ਚੋਰੀ ਬੰਦ ਨਹੀਂ ਹੁੰਦੀ। ਨਾਮ ਦੀ ਦ੍ਰਿੜਤਾ ਸਾਡੇ ਅੰਦਰ ਨਾਮ ਦੇ ਪ੍ਰਗਟ ਹੋਣ ਦੁਆਰਾ ਹੀ ਆਉਂਦੀ ਹੈ, ਉਸ ਦੇ ਆਪਣੇ ਪ੍ਰਗਟ ਹੋਣ ਦੁਆਰਾ ਹੀ ਆਉਂਦੀ ਹੈ ਜੋ ਕਿ ਸਾਡੀ ਮਤਿ ਨੂੰ ਪੂਰੀ ਤਰ੍ਹਾਂ ਬਦਲ ਦਿੰਦਾ ਹੈ, ਆਪਣੀ ਸੱਚੀ ਮਤਿ ਅਨੁਸਾਰ ਬਣਾ ਲੈਂਦਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਨਾਮ ਜਪਦਾ ਹੈ। ਨਾਮ ਜਪਣ ਤੋਂ ਭਾਵ ਪੂਰਾ ਨਾਮ ਜਪਣ ਨਾਲ ਹੈ ਕਿਉਂਕਿ ਬਾਣੀ ਵਿੱਚ ਆਰ ਪਾਰ ਦੀ ਗੱਲ ਕੀਤੀ ਹੁੰਦੀ ਹੈ ਭਾਵ ਅਸੀਂ ਜਾਂ ਨਾਮ ਜਪਦੇ ਹਾਂ ਜਾਂ ਨਹੀਂ ਜਪਦੇ। ਕਿਸੇ ਦਾ ਕੋਈ ਮੇਚਾ ਨਹੀਂ ਮਿਣਿਆ ਜਾ ਸਕਦਾ ਕਿ ਕੌਣ ਕਿਤਨਾ ਕੁ ਗੁਰਮਤਿ ਅਨੁਸਾਰ ਵਿਚਰਦਾ ਹੈ। ਇਸ ਗੱਲ ਦਾ ਹਿਸਾਬ ਉਸਦੇ ਆਪਣੇ ਕੋਲ ਹੀ ਹੈ ਤੇ ਅਸੀਂ ਕਿਸੇ ਦੀ ਅਵੱਸਥਾ ਬਾਰੇ ਕੁੱਝ ਨਹੀਂ ਕਹਿ ਸਕਦੇ। ਅਸੀਂ ਕਿਸੇ ਨੂੰ ਇਹ ਨਹੀਂ ਥਾਪ ਸਕਦੇ ਕਿ ਕੌਣ ਪ੍ਰਮਾਤਮਾ ਦੇ

ਕਿਤਨੇ ਨੇੜੇ ਪਹੁੰਚਿਆ ਹੋਇਆ ਹੈ। ਇਹ ਸਰੀਰਕ ਜਪਾਂ ਤਪਾਂ ਦਾ ਮਾਰਗ ਨਹੀਂ ਹੈ, ਇਹ ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਅਨੁਸਾਰ ਵਿਚਰਨ ਦਾ ਮਾਰਗ ਹੈ, ਗੁਰਬਾਣੀ ਅਨੁਸਾਰ ਜੀਵਨ ਜਿਉਂਣ ਦਾ ਮਾਰਗ ਹੈ।

ਅੱਗੇ ਅਸੀਂ ਹੁਣ ਅਨੇਕਾਂ ਸ਼ਬਦਾਂ ਦੁਆਰਾ ਇਸੇ ਗੱਲ ਨੂੰ ਦ੍ਰਿੜ ਕਰਨਾ ਹੈ ਕਿ ਨਾਮ ਦੀ ਚੋਰੀ ਕੀ ਹੈ ਤੇ ਨਾਮ ਦਾ ਦ੍ਰਿੜ ਹੋਣਾ ਕੀ ਹੈ।

“ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥
ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ ॥੧॥
ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥
ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ ॥
ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥੨॥
ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥
ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥੪॥੧॥੭॥੫੮॥”

(ਅੰਗ ੩੩੬)

12/1246

ਇਹ ਨਾਮ ਧਨੁ ਸਾਡੇ ਅੰਦਰ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ ਜਿਵੇਂ ਕਿ ਸ਼ਬਦ ਵਿੱਚ ਸਮਝਾਇਆ ਹੋਇਆ ਹੈ ਤੇ ਇਹੀ ਧਨੁ ਸੰਸਾਰ ਦਾ ਸਭ ਤੋਂ ਸ੍ਰੇਸ਼ਟ ਧਨੁ ਹੈ। **(ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥)**

ਇਸੇ ਧਨੁ ਦੇ ਨਾਲ ਸੁੱਖ ਦੀ ਪ੍ਰਾਪਤੀ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਸੇਵਾ ਹੋ ਸਕਦੀ ਹੈ। ਇਸ ਧਨੁ ਦੀ ਪ੍ਰਾਪਤੀ ਤੋਂ ਬਾਅਦ ਫਿਰ ਹੋਰ ਕੋਈ ਧਨੁ ਇਸ ਤੋਂ ਜਿਆਦਾ ਸੁੱਖ ਦੇਣ ਵਾਲਾ ਨਜ਼ਰ ਨਹੀਂ ਆਉਂਦਾ ਭਾਵ ਮਾਇਆ ਰੂਪੀ ਧਨੁ ਇਸਦੇ ਸਾਹਮਣੇ ਚੰਗੇ ਨਹੀਂ ਲੱਗਦੇ ਭਾਵ ਉਸ ਤੋਂ ਬਾਅਦ ਮਨੁੱਖ ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ।

(ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥)

ਹਰ ਕੋਈ ਇਸੇ ਧਨੁ ਨੂੰ ਹੀ ਖੋਜਦਾ ਹੈ ਭਾਵ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ ਜਿਸ ਕਰਕੇ ਅਨੇਕਾਂ ਹੀ ਉਦਾਸੀ ਵਾਲਾ ਜੀਵਨ ਜਿਉਂਦੇ ਹਨ ਭਾਵ ਇਹ ਧਨੁ ਪ੍ਰਮਾਤਮਾ ਦੀ ਪ੍ਰਾਪਤੀ ਦਾ ਧਨੁ ਹੈ। ਇਸੇ ਧਨੁ ਦੀ ਪ੍ਰਾਪਤੀ ਨਾਲ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਜ਼ੁਬਾਨ ਤੇ ਪ੍ਰਮਾਤਮਾ ਦਾ ਨਾਮ ਆਉਂਦਾ ਹੈ ਜਿਸ ਦੁਆਰਾ ਮਨੁੱਖ ਦੀ ਜਮਾ ਤੋਂ ਮੁਕਤੀ ਹੁੰਦੀ ਹੈ, ਔਗੁਣਾਂ ਤੋਂ, ਮਾਇਆ ਮੋਹ ਦੇ ਬੰਧਨਾਂ ਤੋਂ ਮੁਕਤੀ ਹੁੰਦੀ ਹੈ। ਇਹ ਸੱਚੇ ਗਿਆਨ ਦਾ ਧਨੁ ਹੈ ਜੋ ਕਿ ਅੱਗੇ ਹੀ ਸਪੱਸ਼ਟ ਕੀਤਾ ਹੋਇਆ ਹੈ।

(ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ॥
ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ॥੨॥)

ਇਸ ਧਨੁ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ, ਕਿਸ ਕੋਲੋਂ ਹੁੰਦੀ ਹੈ, ਇਹ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ॥੩॥”

ਇਹ ਗੁਰੂ ਪ੍ਰਮਾਤਮਾ ਦਾ ਆਪਣਾ ਧਨੁ ਹੈ, **"ਨਿਜ ਧਨੁ"** ਹੈ ਜੋ ਕਿ ਉਹ ਆਪਣੇ ਭਗਤ ਨੂੰ ਦਿੰਦਾ ਹੈ ਜਿਸ ਦੁਆਰਾ ਉਹ ਉਸਦੀ ਭਗਤੀ ਕਰਦਾ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਆਪਣਾ ਧਨੁ **"ਗਿਆਨ ਧਨੁ"** ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਗਿਆਨ ਧਨੁ ਹੀ ਹੈ ਭਾਵ ਪ੍ਰਮਾਤਮਾ ਆਪਣੇ ਇਸ ਗਿਆਨ ਧਨੁ ਦੁਆਰਾ ਹੀ ਵਿਚਰਦਾ ਹੈ। ਇਹ ਧਨੁ ਸਾਡੇ ਮਨ ਦੇ ਵਿੱਚ ਹੀ ਹੈ। ਗੁਰੂ ਕੋਲ ਜਿਹੜੀ **"ਸੁਮਤਿ"** ਹੈ ਉਹ ਆਪਣੇ

12/1247

ਇਸ **"ਗਿਆਨ ਧਨੁ"** ਕਰਕੇ ਹੈ। "**ਗੁਰੂ ਦੀ ਸੁਮਤਿ ਉਸਦੀ ਗੁਰਮਤਿ ਹੈ**"। ਇਸ ਗਿਆਨ ਧਨੁ ਦੀ ਪ੍ਰਾਪਤੀ ਨਾਲ ਹੀ ਗੁਰੂ ਦੀ ਸੁਮਤਿ ਨਾਲ ਮਨ ਜੁੜਦਾ ਹੈ ਜੋ ਕਿ ਮਨ ਦੇ ਵਿੱਚ ਸਾਡੀ ਸੁਰਤਿ ਦਾ ਗੁਰੂ ਦੇ ਸ਼ਬਦ ਨਾਲ ਜੁੜਨਾ ਹੈ।

(ਤਾਸੁ ਸੁਮਤਿ ਮਨੁ ਲਾਗਾ॥)

ਇਹੀ ਸਾਡਾ ਨਾਮ ਦੇ ਨਾਲ ਜੁੜਨਾ ਹੈ, ਨਾਮ ਧਨੁ ਸੰਚਨਾ ਹੈ, ਗੁਰਮਤਿ ਨਾਲ ਜੁੜਨਾ ਹੈ। ਇਸ ਗਿਆਨ ਧਨੁ ਦੀ ਪ੍ਰਾਪਤੀ ਨਾਲ ਮਨੁੱਖ ਦੇ ਮਨ ਤੇ ਕੀ ਅਸਰ ਹੁੰਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਪੱਸ਼ਟ ਹੈ।

"ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ॥੩॥"

ਇਹ ਧਨੁ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਲਈ ਹੈ, ਮਾਇਆ ਦੇ ਭਉ ਵਿੱਚੋਂ ਕੱਢਣ ਲਈ ਹੈ, ਤ੍ਰਿਸ਼ਨਾ ਵਿੱਚੋਂ ਕੱਢਣ ਲਈ ਹੈ ਜੋ ਕਿ ਸਾਡੇ ਮਨ ਤਨ ਦੇ ਜਲਣ ਦਾ ਕਾਰਨ ਹੈ। ਗੁਰੂ ਦਾ ਸੱਚਾ ਗਿਆਨ, ਚੌਥੇ ਪਦ ਦਾ ਗਿਆਨ ਇਸ ਅਗਨ ਨੂੰ ਬੁਝਾਉਂਦਾ ਹੈ ਜੋ ਕਿ ਜਲ ਦਾ ਕੰਮ ਕਰਦਾ ਹੈ। ਸਾਡਾ ਮਨ ਮਾਇਆ ਮੋਹ ਵਿੱਚ ਦੌੜਦਾ ਹੋਇਆ ਗੁਰੂ ਦੇ ਗਿਆਨ ਦੁਆਰਾ ਹੀ ਦੌੜਨੋਂ, ਡੋਲਣੋਂ ਹੱਟਦਾ ਹੈ ਭਾਵ ਟਿਕਦਾ ਹੈ, ਸੰਤੋਖ ਵਿੱਚ ਆਉਂਦਾ ਹੈ। ਗੁਰੂ ਦਾ ਗਿਆਨ ਇਸ ਮਨ ਦਾ ਥੰਭੀ ਹੈ ਜੋ ਇਸਨੂੰ ਖਿਲਾਰਦੀ ਹੈ, ਟਿਕਾਉਂਦੀ ਹੈ। ਇਹ ਨਾਮ ਧਨੁ ਦੀ ਪ੍ਰਾਪਤੀ, ਪ੍ਰਮਾਤਮਾ ਦੇ ਸੱਚੇ ਗਿਆਨ ਦੀ ਪ੍ਰਾਪਤੀ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਨੂੰ ਬਦਲਦਾ ਹੈ ਜੋ ਕਿ ਆਖਰੀ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

"ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ॥

ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ॥੪॥੧॥੭॥੫੮॥"

ਮਾਇਆ ਮੋਹ ਵਿੱਚ ਫਸੇ ਹੋਏ ਸੰਸਾਰ ਨੂੰ ਇਸ ਵਿੱਚੋਂ ਨਿਕਲਣ ਲਈ ਪ੍ਰੇਰਿਆ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਲਈ ਮਾਇਆ ਮੋਹ ਤਿਆਗਣਾ ਪੈਂਦਾ ਹੈ ਜੋ ਕਿ ਸਾਡੇ ਦੁੱਖਾਂ ਦਾ ਕਾਰਨ ਹੈ। ਇਹ ਮਾਰਗ ਮਨ ਨੂੰ ਸਮਝਾਉਣ ਦਾ ਮਾਰਗ ਹੈ, ਗੁਰੂ ਦੀ ਮਤਿ ਨੂੰ ਵਿਚਾਰਨ ਦਾ ਮਾਰਗ ਹੈ ਤੇ ਉਸਦਾ ਨਾਮ ਧਨੁ ਸਾਡੇ ਵਿਚਰਨ ਲਈ ਹੀ ਹੈ। ਜਿਸਦੇ ਕੋਲ ਨਾਮ ਧਨੁ ਹੈ ਉਹੀ ਸੱਚੇ ਵਿਚਾਰ ਪ੍ਰਗਟ ਕਰ ਸਕਦਾ ਹੈ। ਧੰਨ ਧੰਨ ਭਗਤ ਕਬੀਰ ਜੀ ਨੇ ਇਤਨੀ ਉੱਚੀ ਬਾਣੀ ਉਚਾਰੀ ਹੈ ਕਿਉਂਕਿ ਉਹਨਾਂ ਕੋਲ ਇਹੀ ਧਨੁ ਹੈ ਜਿਵੇਂ ਕਿ ਸ਼ਬਦ

12/1248

ਦੇ ਸ਼ੁਰੂ ਵਿੱਚ ਹੀ ਸਪੱਸ਼ਟ ਕੀਤਾ ਹੋਇਆ ਹੈ।

(ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥)

ਇਹ ਸੱਚੇ ਗਿਆਨ ਦਾ ਧਨੁ ਹੀ ਆਪ ਪ੍ਰਮਾਤਮਾ ਹੈ ਤੇ ਇਸੇ ਨਾਮ ਧਨੁ ਨਾਲ ਹੀ ਗੁਰਬਾਣੀ ਦਾ ਉਚਾਰਨ ਹੋਇਆ ਹੈ। ਇਹ ਚੌਥੇ ਪਦ ਦਾ ਧਨੁ ਹੈ, ਸਹਜ ਗਿਆਨ ਦਾ ਧਨੁ ਹੈ ਤੇ ਜਿੱਥੇ ਇਹ ਧਨੁ ਪ੍ਰਗਟ ਹੈ ਉੱਥੋਂ ਹੀ ਪ੍ਰਮਾਤਮਾ ਦੀ ਸੱਚੀ ਗੱਲ ਆ ਸਕਦੀ ਹੈ, ਸੱਚੀ ਬਾਣੀ ਆ ਸਕਦੀ ਹੈ। ਹੋਰ ਕੋਈ ਤਰੀਕਾ ਨਹੀਂ ਹੈ। ਨਾਮ ਧਨੁ ਤੋਂ ਬਿਨ੍ਹਾਂ ਹਰ ਕੋਈ ਕੱਚੀ ਬਾਣੀ ਹੈ। ਨਾਮ ਧਨੁ ਆਪ ਸਤਿਗੁਰੂ ਹੈ ਤੇ ਇਸੇ ਲਈ ਉਸਦੀ ਬਾਣੀ ਸੱਚੀ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ।

ਜਿਵੇਂ ਕਿ ਅਸੀਂ ਪਿੱਛੇ ਵੀ ਇਹ ਗੱਲ ਕਹੀ ਸੀ ਕਿ ਗੁਰਬਾਣੀ ਆਪਣੀ ਕਸਵੱਟੀ ਆਪ ਹੈ। ਬਾਣੀ ਆਪਣੀ ਗੱਲ ਨੂੰ ਆਪ ਹੀ ਵਾਰ-ਵਾਰ ਦੁਹਰਾ ਕੇ, ਵੱਖਰੇ-ਵੱਖਰੇ ਤਰੀਕੇ ਨਾਲ ਦੁਹਰਾ ਕੇ, ਵੱਖਰੇ-ਵੱਖਰੇ ਸ਼ਬਦਾਂ ਦੁਆਰਾ ਦੁਹਰਾ ਕੇ ਆਪਣੀ ਗੱਲ ਦੀ ਪ੍ਰੌੜਤਾ ਆਪ ਹੀ ਕਰਦੀ ਹੈ, ਆਪ ਹੀ ਆਪਣੀ ਗੱਲ ਦੀ ਪੈਰਵੀਂ ਕਰਦੀ ਹੈ। ਇਹ ਗੁਰਬਾਣੀ ਦੀ ਬਹੁਤ ਵੱਡੀ ਖਾਸੀਅਤ ਹੈ। ਬਾਣੀ ਵਿੱਚ ਕੇਵਲ ਸ਼ਬਦ ਦਾ ਖਰਾ ਅਰਥ ਹੀ ਟਿਕ ਸਕਦਾ ਹੈ। ਜੋ ਅਰਥ ਖਰਾ ਨਹੀਂ, ਬਾਣੀ ਉਸਨੂੰ ਆਪ

ਹੀ ਨਕਾਰ ਦਿੰਦੀ ਹੈ। ਬਾਣੀ ਆਪਣੇ ਬਣਾਏ ਹੋਏ ਅਸੂਲ ਨਾਲ ਚੱਲਦੀ ਹੈ, ਸਿਧਾਂਤ ਨਾਲ ਚੱਲਦੀ ਹੈ। ਗੁਰਬਾਣੀ ਦੇ ਬੋਲ ਅਟੱਲ ਹਨ। ਗੁਰਬਾਣੀ ਨੇ ਆਪਣੇ ਬੋਲ ਰਾਹੀਂ ਜਿਸ ਗੱਲ ਬਾਰੇ ਇੱਕ ਸ਼ਬਦ ਰਾਹੀਂ ਸਮਝਾਇਆ ਹੈ ਉਹੀ ਗੱਲ ਦੂਜੇ ਸ਼ਬਦ ਰਾਹੀਂ ਸਮਝਾਉਣ ਵਿੱਚ ਕੋਈ ਫ਼ਰਕ ਨਹੀਂ ਆ ਸਕਦਾ ਕੇਵਲ ਉਸ ਗੱਲ ਨੂੰ, ਹਰ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ ਜਿਵੇਂ ਅਸੀਂ, **"ਹਰਿ ਰਸੁ"** ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ, ਉਸੇ ਤਰ੍ਹਾਂ ਨਾਮ ਧਨੁ ਨੂੰ ਵੀ ਸਮਝਾਂਗੇ। ਪਿਛਲੇ ਸ਼ਬਦ ਰਾਹੀਂ ਅਸੀਂ ਜੋ ਕੁੱਝ ਨਾਮ ਧਨੁ, ਹਰਿ ਧਨੁ ਬਾਰੇ ਸਮਝਿਆ ਹੈ ਉਹੀ ਕੁੱਝ ਸੋਝੀ ਸਾਨੂੰ ਅੱਗੇ ਸ਼ਬਦਾਂ ਦੁਆਰਾ ਲੱਗੇਗੀ। ਆਓ ਹੁਣ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਤੇ ਸਮਝੀਏ ਕਿ ਬਾਣੀ ਸਾਨੂੰ ਜੋ ਕੁੱਝ ਵੀ ਸਮਝਾ ਰਹੀ ਹੈ, ਪੂਰੀ ਦ੍ਰਿੜਤਾ ਨਾਲ ਸਮਝਾ ਰਹੀ ਹੈ। ਗੁਰਬਾਣੀ ਦੇ ਬੋਲਾਂ ਵਿੱਚ, ਬਚਨਾਂ ਵਿੱਚ ਕਦੇ ਫ਼ਰਕ ਨਹੀਂ ਆ ਸਕਦਾ ਭਾਵੇਂ ਉਹ ਕਿਸੇ ਸਰੀਰ ਰਾਹੀਂ

12/1249

ਆਏ ਹਨ ਕਿਉਂਕਿ ਹਰ ਸਰੀਰ ਦੇ ਗਿਆਨ ਦਾ ਸਰੋਤ ਇੱਕੋ ਇੱਕ ਆਪ ਪ੍ਰਮਾਤਮਾ ਹੀ ਹੈ। ਜਿੱਥੇ ਉਹ ਪ੍ਰਗਟ ਹੁੰਦਾ ਹੈ ਉੱਥੇ ਦੁਚਿੱਤੀ ਹੋ ਹੀ ਨਹੀਂ ਸਕਦੀ, ਉੱਥੇ ਇੱਕ ਮਨ ਇੱਕ ਚਿੱਤ ਦੀ ਅਵੱਸਥਾ ਹੈ, **"ਇੱਕ ਸੋਚ"** ਦੀ ਅਵੱਸਥਾ ਹੈ।

ਧਨਾਸਰੀ ਮਹਲਾ ੩ ਘਰੁ ੨ ਚਉਪਦੇ

ੴ ਸਤਿਗੁਰ ਪ੍ਰਸਾਦਿ ॥

"ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥ ਪੂਰੈ ਸਤਿਗੁਰਿ ਦੀਆ ਦਿਖਾਇ ॥
ਅਪੁਨੇ ਸਤਿਗੁਰ ਕਉ ਸਦ ਬਲਿ ਜਾਈ ॥ ਗੁਰ ਕਿਰਪਾ ਤੇ ਹਰਿ ਮੰਨਿ ਵਸਾਈ ॥੧॥
ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥
ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥ ਰਹਾਉ ॥
ਅਵਗੁਣ ਕਾਟਿ ਗੁਣ ਰਿਦੈ ਸਮਾਇ ॥ ਪੂਰੇ ਗੁਰ ਕੈ ਸਹਜਿ ਸੁਭਾਇ ॥
ਪੂਰੇ ਗੁਰ ਕੀ ਸਾਚੀ ਬਾਣੀ ॥ ਸੁਖ ਮਨ ਅੰਤਰਿ ਸਹਜਿ ਸਮਾਣੀ ॥੨॥
ਏਕੁ ਅਚਰਜੁ ਜਨ ਦੇਖਹੁ ਭਾਈ ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥
ਨਾਮੁ ਅਮੋਲਕੁ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥੩॥
ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥ ਗੁਰਮਤੀ ਘਟਿ ਪਰਗਟੁ ਹੋਇ ॥
ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥ ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥੧॥"

(ਅੰਗ ੬੬੩)

ਸ਼ਬਦ ਦੇ ਪਹਿਲੇ ਪਦੇ ਰਾਹੀਂ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਇਹ ਧਨੁ ਪ੍ਰਮਾਤਮਾ ਦੀ ਕਿਰਪਾ ਦੇ ਨਾਲ ਮਨ ਦੇ ਵਿੱਚ ਵੱਸਣ ਦੀ ਵਸਤੂ ਹੈ। **(ਗੁਰ ਕਿਰਪਾ ਤੇ ਹਰਿ ਮੰਨਿ ਵਸਾਈ॥੧॥)**

ਮਨ ਦੇ ਵਿੱਚ ਤਾਂ ਗਿਆਨ ਹੀ ਵੱਸਦਾ ਹੈ ਤੇ ਮਨ ਦੇ ਵਿੱਚੋਂ ਗਿਆਨ ਦੀ ਹੀ ਸੋਝੀ ਪੈਂਦੀ ਹੈ। ਇਹ ਮਨ ਦੇ ਵਿੱਚੋਂ ਦੇਖਣ ਦਾ ਧਨੁ ਹੈ ਭਾਵ ਮਨ ਦੀ ਸੋਝੀ ਦਾ ਧਨੁ ਹੈ। **(ਪੂਰੈ ਸਤਿਗੁਰਿ ਦੀਆ ਦਿਖਾਇ॥)** ਇਹ ਧਨੁ ਇਸੇ ਲਈ ਅਖੁਟ ਹੈ ਕਿ ਇਹ ਨਿਰਗੁਣ ਰੂਪ ਗਿਆਨ ਧਨੁ ਹੈ ਜੋ ਕਿ ਬੇਅੰਤ ਹੈ, ਜਿਸਦਾ ਕੋਈ ਹੱਦ ਬੰਨਾ ਨਹੀਂ ਹੈ। ਇਸ ਧਨੁ ਦੀ ਪ੍ਰਾਪਤੀ ਹੋਣ ਤੋਂ ਬਾਅਦ ਇਸਦੀ ਪ੍ਰਾਪਤੀ ਸਦਾ ਲਈ ਬਣੀ ਰਹਿੰਦੀ ਹੈ ਕਿਉਂਕਿ ਇਸ ਧਨੁ ਦੇ ਵਿੱਚ ਆਪ ਪ੍ਰਮਾਤਮਾ ਹੈ ਜੋ ਇੱਕ ਵਾਰੀ ਮਨ ਦੇ ਵਿੱਚ ਵੱਸ ਜਾਏ ਤੇ ਫਿਰ ਕਦੇ ਛੱਡ ਕੇ ਨਹੀਂ ਜਾਂਦਾ। ਉਹ ਇੱਕ ਵਾਰੀ ਮਿਲ ਜਾਵੇ ਤਾਂ ਫਿਰ ਸਦਾ ਮਿਲਿਆ ਹੀ ਰਹਿੰਦਾ ਹੈ ਤੇ ਉਸ ਕੋਲੋਂ ਗਿਆਨ ਵੀ ਮਿਲਦਾ ਹੀ ਰਹਿੰਦਾ ਹੈ ਤੇ ਉਸਦਾ ਗਿਆਨ ਵੱਧਦਾ ਹੀ ਜਾਂਦਾ ਹੈ ਤੇ ਕਦੇ ਘੱਟ ਨਹੀਂ ਸਕਦਾ।

(ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ॥)

ਸ਼ਬਦ ਦੀ ਅਗਲੀ ਰਹਾਉ ਵਾਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਜਿੱਥੇ ਹਰਿ ਧਨੁ ਨੂੰ ਬੜੇ ਸਪੱਸ਼ਟ ਤਰੀਕੇ

ਨਾਲ ਸਮਝਾਇਆ ਹੋਇਆ ਹੈ, ਜਿੱਥੇ ਸਾਰੇ ਸ਼ਬਦ ਦਾ ਨਿਚੋੜ ਹੁੰਦਾ ਹੈ। **"ਸੇ ਧਨਵੰਤ ਹਰਿ ਨਾਮਿ ਲਿਵ ਲਾਇ॥ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ॥ਰਹਾਉ॥"**

ਸਾਡੀ ਨਾਮ ਦੇ ਨਾਲ ਲਿਵ ਇਸੇ ਧਨੁ ਦੁਆਰਾ ਲੱਗਦੀ ਹੈ। ਪ੍ਰਮਾਤਮਾ ਦੇ ਨਾਲ ਲਿਵ ਮਨ ਦੇ ਵਿਚਾਰਾਂ ਦੁਆਰਾ ਹੀ ਲੱਗਦੀ ਹੈ ਭਾਵ ਮਨੁੱਖ ਦੇ ਵਿਚਾਰ ਹੀ ਬਦਲਦੇ ਹਨ। ਹਰਿ ਧਨੁ ਸਾਡੇ ਵਿਚਾਰ ਹੀ ਬਦਲਦਾ ਹੈ, ਸਾਡੀ ਮਨਮਤਿ ਨੂੰ ਗੁਰਮਤਿ ਵਿੱਚ

12/1250

ਬਦਲਦਾ ਹੈ, ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਚੌਥੇ ਪਦ ਵਿੱਚ ਬਦਲਦਾ ਹੈ। ਇਹ ਸਾਡੇ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੈ, ਹਰਿ ਧਨੁ ਦਾ ਪ੍ਰਕਾਸ਼ ਹੈ ਜੋ ਕੇਵਲ ਗੁਰੂ ਦੀ ਕਿਰਪਾ ਦੁਆਰਾ ਹੀ ਹੁੰਦਾ ਹੈ ਤੇ ਇਸੇ ਧਨੁ ਦੇ ਪ੍ਰਕਾਸ਼ ਦੁਆਰਾ ਹੀ ਪ੍ਰਮਾਤਮਾ ਮਨ ਦੇ ਵਿੱਚ ਵੱਸਦਾ ਹੈ। ਮਨ ਦੇ ਵਿੱਚ ਹਰਿ ਧਨੁ ਦਾ ਪ੍ਰਕਾਸ਼ ਜਾਂ ਨਾਮ ਦਾ ਪ੍ਰਕਾਸ਼ ਇੱਕੋ ਹੀ ਗੱਲ ਹੈ ਤੇ ਇਸੇ ਪ੍ਰਕਾਸ਼ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਉਸਦੇ ਨਾਲ ਸਦਾ ਹੀ ਲਿਵ ਜੁੜੀ ਰਹਿੰਦੀ ਹੈ ਭਾਵ ਉਸਦੇ ਨਾਲ ਸਦਾ ਹੀ ਵਿਚਾਰਾ ਦੀ ਸਾਂਝ ਬਣੀ ਰਹਿੰਦੀ ਹੈ। ਮਨ ਵਿੱਚ ਪ੍ਰਕਾਸ਼ ਭਾਵ ਵਿਚਾਰਾ ਦੀ ਸਾਂਝ ਸਾਨੂੰ ਕੀ ਸਿਖਾਉਂਦੀ ਹੈ, ਸਾਡੇ ਮਨ ਦੇ ਵਿਚਾਰਾ ਨੂੰ ਕਿਵੇਂ ਬਦਲਦੀ ਹੈ ਇਹ ਨਾਲ ਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਅਵਗੁਣ ਕਾਟਿ ਗੁਣ ਰਿਦੈ ਸਮਾਇ॥ਪੂਰੇ ਗੁਰ ਕੈ ਸਹਜਿ ਸੁਭਾਇ॥

ਪੂਰੇ ਗੁਰ ਕੀ ਸਾਚੀ ਬਾਣੀ॥ਸੁਖ ਮਨ ਅੰਤਰਿ ਸਹਜਿ ਸਮਾਣੀ॥੨॥"

ਮਨਮਤਿ, ਤ੍ਰੈਗੁਣ, ਔਗੁਣਾਂ ਨਾਲ ਭਰਪੂਰ ਹੈ ਤੇ ਗੁਰਮਤਿ ਗੁਣਾਂ ਨਾਲ ਭਰਪੂਰ ਹੈ। ਮਨ ਦੇ ਪ੍ਰਕਾਸ਼ ਨਾਲ ਮਨੁੱਖ ਦੀ ਇਹ ਅਵੱਸਥਾ ਹੀ ਬਦਲਦੀ ਹੈ। ਜਿੱਥੇ ਉਹ ਪ੍ਰਗਟ ਹੋ ਜਾਂਦਾ ਹੈ ਉੱਥੇ ਉਹ ਮਨ ਦੇ ਵਿੱਚ ਹੀ ਆਪਣੇ ਸੱਚੇ ਵਿਚਾਰ ਪ੍ਰਗਟ ਕਰ ਦਿੰਦਾ ਹੈ, ਮਨ ਦੇ ਵਿੱਚ ਹੀ ਸੋਝੀ ਪਾ ਕੇ ਉਸ ਸੋਝੀ ਤੇ ਦ੍ਰਿੜ ਕਰ ਦਿੰਦਾ ਹੈ, ਆਪਣਾ ਨਾਮ ਦੇ ਕੇ ਉਸ ਤੇ ਦ੍ਰਿੜ ਕਰ ਦਿੰਦਾ ਹੈ, ਆਪਣੀ ਮਤਿ ਦੇ ਕੇ ਉਸ ਤੇ ਅਡੋਲ ਕਰ ਦਿੰਦਾ ਹੈ। ਇਹ ਸਭ ਕੁੱਝ ਉਸਦੇ ਪ੍ਰਗਟ ਹੋਣ ਨਾਲ ਹੀ ਹੋ ਸਕਦਾ ਹੈ ਜੋ ਕਿ ਮਨ ਦੇ ਵਿਚਾਰਾਂ ਦਾ ਮਾਲਕ ਹੈ। ਉਹ ਆਪ ਹੀ ਸਮਰੱਥ ਹੈ ਜੋ ਮਨੁੱਖ ਦੇ ਔਗੁਣ ਕੱਟ ਕੇ ਆਪਣੇ ਗੁਣ ਮਨੁੱਖ ਦੇ ਮਨ ਦੇ ਵਿੱਚ, ਹਿਰਦੇ ਵਿੱਚ ਵੱਸਾ ਦਿੰਦਾ ਹੈ ਤੇ ਉਹ ਮਨੁੱਖ ਦੇ ਵਿੱਚ ਆਪਣੇ ਗੁਣਾਂ ਦੁਆਰਾ ਹੀ ਸਮਾਉਂਦਾ ਹੈ। **(ਅਵਗੁਣ ਕਾਟਿ ਗੁਣ ਰਿਦੈ ਸਮਾਇ॥)**

ਮਨ ਦੇ ਪ੍ਰਕਾਸ਼ ਨਾਲ ਮਨੁੱਖ ਦਾ ਸੁਭਾਅ ਹੀ ਬਦਲਦਾ ਹੈ। ਗੁਰੂ ਦਾ ਸੁਭਾਅ ਸਹਜ ਵਾਲਾ ਹੈ, ਗੁਰੂ ਦੀ ਅਵੱਸਥਾ ਸਹਜ ਵਾਲੀ ਹੈ, ਸਹਜ ਗਿਆਨ ਵਾਲੀ ਹੈ, ਚੌਥੇ ਪਦ

12/1251

ਦੇ ਗਿਆਨ ਵਾਲੀ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਨਾਲ, ਪ੍ਰਕਾਸ਼ ਹੋਣ ਨਾਲ ਉਸਦਾ ਸੱਚਾ ਗਿਆਨ ਮਿਲਣ ਨਾਲ ਮਨੁੱਖ ਦੀ ਅਵੱਸਥਾ ਸਹਜ ਵਿੱਚ ਬਦਲ ਜਾਂਦੀ ਹੈ, ਚੌਥੇ ਪਦ ਵਿੱਚ ਬਦਲ ਜਾਂਦੀ ਹੈ।

(ਪੂਰੇ ਗੁਰ ਕੈ ਸਹਜਿ ਸੁਭਾਇ॥)

ਅਗਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਗੁਰਬਾਣੀ ਸੱਚੀ ਬਾਣੀ ਕਿਸ ਲਈ ਹੈ। **"ਪੂਰੇ ਗੁਰ ਕੀ ਸਾਚੀ ਬਾਣੀ॥ਸੁਖ ਮਨ ਅੰਤਰਿ ਸਹਜਿ ਸਮਾਣੀ॥੨॥"** ਗੁਰੂ ਦੇ ਮਨ ਵਿੱਚ ਪ੍ਰਕਾਸ਼ ਹੈ, ਉੱਥੇ ਪ੍ਰਮਾਤਮਾ ਆਪ ਪ੍ਰਗਟ ਹੈ ਜੋ ਆਪਣਾ ਗਿਆਨ ਆਪ ਦਿੰਦਾ ਹੈ, ਆਪਣੇ ਆਪ ਦੀ ਸੋਝੀ ਆਪ ਪਾਉਂਦਾ ਹੈ ਤੇ ਉਸਦੀ ਦੱਸੀ ਹੋਈ ਗੱਲ ਸਦਾ ਸੱਚ ਰਹਿੰਦੀ ਹੈ ਜਿਸਨੂੰ ਕਦੇ ਵੀ ਕੋਈ ਰਹਿੰਦੀ ਦੁਨੀਆਂ ਤੱਕ ਝੂਠੀ ਨਹੀਂ ਸਾਬਿਤ ਕਰ ਸਕਦਾ। ਇਹ ਚੌਥੇ ਪਦ ਦੇ ਗਿਆਨ ਦੀ ਸੋਝੀ ਹੈ ਜਿਸ ਦੁਆਰਾ ਗੁਰਬਾਣੀ ਪ੍ਰਗਟ ਹੋਈ ਹੈ। ਸਾਡੇ ਮਨ ਦੇ ਵਿੱਚ ਸੁੱਖ ਦਾ ਹੋਣਾ, ਪ੍ਰਮਾਤਮਾ ਦਾ ਪ੍ਰਗਟ ਹੋਣਾ ਹੈ ਜਿਸ ਦੁਆਰਾ ਮਨੁੱਖ ਸਹਜ ਵਿੱਚ ਸਮਾਅ ਜਾਂਦਾ ਹੈ, ਉਸਦੇ ਸੱਚੇ ਗਿਆਨ ਵਿੱਚ ਸਮਾਅ ਜਾਂਦਾ ਹੈ, ਚੌਥੇ ਪਦ ਵਿੱਚ ਸਮਾਅ ਜਾਂਦਾ ਹੈ। ਗੁਰਬਾਣੀ ਸਹਜ ਦੀ ਅਵੱਸਥਾ ਦੁਆਰਾ ਆਈ ਹੈ, ਹਰਿ ਧਨੁ ਦੇ ਪ੍ਰਕਾਸ਼ ਦੁਆਰਾ ਆਈ ਹੈ।

ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹਰਿ ਧਨੁ ਦੇ ਪ੍ਰਕਾਸ਼ ਨਾਲ ਹੀ ਹੁੰਦਾ ਹੈ ਤੇ ਇਹੀ ਦੁਨੀਆਂ ਦਾ ਸਭ ਤੋਂ ਵੱਡਾ ਅਚਰਜ ਹੈ ਜਿਸਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ। ਸਾਰੀ ਦੁਨੀਆਂ ਦਾ ਅਚਰਜ ਇੱਕ ਹੀ ਹੈ ਜੋ ਕਿ ਪ੍ਰਮਾਤਮਾ ਨੂੰ ਜਾਣਨ

ਦਾ ਹੈ। ਇੱਕ ਅਚਰਜ ਨੂੰ ਜਾਨਣ ਤੋਂ ਬਾਅਦ ਫਿਰ ਕੋਈ ਹੋਰ ਅਚਰਜ ਨਜ਼ਰ ਨਹੀਂ ਆਉਂਦਾ। ਹਰ ਇੱਕ ਚੀਜ਼ ਦਾ ਮਾਲਕ ਨਜ਼ਰ ਆਉਣ ਤੋਂ ਬਾਅਦ ਫਿਰ ਕੋਈ ਗੱਲ ਅਚਰਜ ਨਹੀਂ ਲੱਗਦੀ। ਦੁਨੀਆਂ ਦੀ ਹਰ ਬਣਤਰ ਦੇ ਪਿੱਛੇ, ਹਰ ਰਚਨਾ ਦੇ ਪਿੱਛੇ ਪੰਜ ਤੱਤ ਹਨ। ਜਦੋਂ ਪੰਜ ਤੱਤਾਂ ਦਾ ਮਾਲਕ ਨਜ਼ਰ ਆ ਜਾਂਦਾ ਹੈ ਤਾਂ ਫਿਰ ਇਹ ਸਮਝ ਲੱਗ ਜਾਂਦੀ ਹੈ ਕਿ ਹਰ ਚੀਜ਼ ਦਾ ਮੂਲ ਸਰੋਤ ਕੀ ਹੈ। ਹਰ ਵਸਤੂ ਦਾ ਮੂਲ ਸਰੋਤ ਗਿਆਨ ਹੈ, ਪੰਜਾਂ ਤੱਤਾਂ ਦਾ ਮੂਲ ਗਿਆਨ ਹੈ, ਪੰਜਾਂ ਤੱਤਾਂ ਨੂੰ

12/1252

ਗੋਣ ਵਾਲਾ, ਚਲਾਉਣ ਵਾਲਾ ਗਿਆਨ ਹੈ ਤੇ ਇਸ ਸਾਰੇ ਗਿਆਨ ਦਾ ਸਰੋਤ ਇੱਕੋ ਇੱਕ ਆਪ ਪ੍ਰਮਾਤਮਾ ਹੈ। ਉਹ ਆਪਣੀ ਬਣਾਈ ਹੋਈ ਸਾਇੰਸ ਦੁਆਰਾ ਵਿਚਰ ਰਿਹਾ ਹੈ ਜੋ ਕਦੇ ਆਪਣੇ ਮਾਰਗ ਤੋਂ ਨਹੀਂ ਭਟਕਦੀ। ਇਸ ਅਚਰਜ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ। ਇਹ ਅਚਰਜ ਮਨ ਦੇ ਵਿੱਚੋਂ ਹੀ ਨਜ਼ਰ ਆਉਂਦਾ ਹੈ। ਜਦ ਤੱਕ ਸਾਡੇ ਅੰਦਰ ਦੁਬਿਧਾ ਹੈ, ਦੁਚਿੱਤੀ ਹੈ, ਅਗਿਆਨਤਾ ਹੈ, ਤ੍ਰੈਗੁਣੀ ਅਵੱਸਥਾ ਹੈ, ਤਦ ਤੱਕ ਉਸ ਅਚਰਜ ਨੂੰ ਆਪਣੇ ਅੰਦਰੋਂ ਕੋਈ ਨਹੀਂ ਦੇਖ ਸਕਦਾ। ਜਿਸਨੂੰ ਉਹ ਦੁਬਿਧਾ ਵਿੱਚੋਂ ਕੱਢਦਾ ਹੈ ਉਹੀ ਉਸਦੇ ਦਰਸ਼ਨ ਕਰਦਾ ਹੈ। ਦੁਬਿਧਾ ਨੂੰ ਉਸਦਾ ਚੌਥੇ ਪਦ ਦਾ ਗਿਆਨ ਹੀ ਦੂਰ ਕਰਦਾ ਹੈ, ਹਰਿ ਧਨੁ ਦਾ ਪ੍ਰਕਾਸ਼ ਹੀ ਦੂਰ ਕਰਦਾ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਮਨ ਦੇ ਵਿੱਚ ਵਸਾਉਂਦਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ।

(ਏਕੁ ਅਚਰਜੁ ਜਨ ਦੇਖਹੁ ਭਾਈ॥ਦੁਬਿਧਾ ਮਾਰਿ ਹਰਿ ਮੰਨਿ ਵਸਾਈ॥)

ਪ੍ਰਮਾਤਮਾ ਦਾ ਮਨ ਵਿੱਚ ਪ੍ਰਗਟ ਹੋਣਾ, ਹਰਿ ਧਨੁ ਦਾ ਪ੍ਰਕਾਸ਼ ਹੋਣਾ ਹੀ ਨਾਮ ਨੂੰ ਪਾਉਣਾ ਹੈ, ਪ੍ਰਮਾਤਮਾ ਨੂੰ ਪਾਉਣਾ ਹੈ। ਇਹ ਉਸਦੀ ਆਪਣੀ ਕਿਰਪਾ ਹੈ, ਉਸਦਾ ਆਪਣਾ ਪ੍ਰਸਾਦਿ ਹੈ ਜੋ ਕੇਵਲ ਉਸਦੀ ਆਪਣੀ ਮਰਜ਼ੀ ਨਾਲ ਮਿਲਦਾ ਹੈ। ਜਿਸਨੇ ਸਾਡੇ ਅੰਦਰ ਦੁਬਿਧਾ, ਹਉਮੈ, ਅਗਿਆਨਤਾ ਪਾਈ ਹੋਈ ਹੈ, ਉਹ ਆਪ ਹੀ ਕੱਢ ਸਕਦਾ ਹੈ। ਜਿਸਨੇ ਸਾਨੂੰ ਨਾਮ ਤੋਂ ਦੂਰ ਰੱਖਿਆ ਹੋਇਆ ਹੈ, ਆਪਣੇ ਸੱਚੇ ਗਿਆਨ ਤੋਂ ਦੂਰ ਰੱਖਿਆ ਹੋਇਆ ਹੈ ਉਹ ਆਪ ਹੀ ਮਨ ਵਿੱਚ ਆਪਣਾ ਨਾਮ ਵੱਸਾ ਸਕਦਾ ਹੈ।

(ਨਾਮੁ ਅਮੋਲਕੁ ਨ ਪਾਇਆ ਜਾਇ॥ਗੁਰ ਪਰਸਾਦਿ ਵਸੈ ਮਨਿ ਆਇ॥੩॥)

ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਵੱਸਿਆ ਹੋਇਆ ਹੈ, ਸਭ ਨੂੰ ਉਹ ਆਪ ਹੀ ਚਲਾ ਰਿਹਾ ਹੈ ਪਰ ਇਸ ਗੱਲ ਦੀ ਸੋਝੀ ਹਰਿ ਧਨੁ ਦੇ ਪ੍ਰਕਾਸ਼ ਤੋਂ ਬਾਅਦ ਹੀ ਆਉਂਦੀ ਹੈ। ਉਸ ਦੇ ਮਨ ਵਿੱਚ ਪ੍ਰਗਟ ਹੋਣ ਤੋਂ ਬਾਅਦ ਹੀ ਆਉਂਦੀ ਹੈ। ਉਹ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ, ਸੱਚੇ ਧਨੁ ਦੁਆਰਾ ਹੀ ਪ੍ਰਗਟ ਹੁੰਦਾ ਹੈ, ਗੁਰਮਤਿ ਦੁਆਰਾ ਪ੍ਰਗਟ ਹੁੰਦਾ ਹੈ ਤੇ ਇਸ ਗੱਲ ਨੂੰ

12/1253

ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

(ਸਭ ਮਹਿ ਵਸੈ ਪ੍ਰਭੁ ਏਕੋ ਸੋਇ॥ ਗੁਰਮਤੀ ਘਟਿ ਪਰਗਟੁ ਹੋਇ॥)

ਇਹ ਸਾਰਾ ਸ਼ਬਦ ਸਾਨੂੰ ਹਰਿ ਧਨੁ ਬਾਰੇ ਸੋਝੀ ਪਾ ਰਿਹਾ ਹੈ ਤੇ ਰਹਾਉ ਦੀ ਪੰਗਤੀ ਵਿੱਚ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹਰਿ ਧਨੁ ਦੇ ਪ੍ਰਕਾਸ਼ ਦੁਆਰਾ ਵੱਸਦਾ ਹੈ, ਪ੍ਰਗਟ ਹੁੰਦਾ ਹੈ। ਉੱਪਰ ਪੰਗਤੀਆਂ ਰਾਹੀਂ ਇਹ ਸਮਝਾਇਆ ਹੈ ਕਿ ਉਹ ਸਾਡੇ ਮਨ ਦੇ ਵਿੱਚ ਗੁਰਮਤਿ ਦੁਆਰਾ ਪ੍ਰਗਟ ਹੁੰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ "**ਹਰਿ ਧਨੁ**" ਤੇ ਗੁਰਮਤਿ ਵਿੱਚ ਕੀ ਫ਼ਰਕ ਹੈ, ਹਰਿ ਧਨੁ ਤੇ ਸੱਚੇ ਗਿਆਨ ਵਿੱਚ, ਬ੍ਰਹਮ ਗਿਆਨ ਵਿੱਚ ਕੀ ਫ਼ਰਕ ਹੈ। ਸਾਰੀ ਗੁਰਬਾਣੀ ਜੋ ਸਾਨੂੰ ਗੁਰਮਤਿ ਸਮਝਾ ਰਹੀ ਹੈ ਉਹ ਬ੍ਰਹਮ ਗਿਆਨ ਹੈ, ਸਹਜ ਗਿਆਨ ਹੈ। ਇਹਨਾਂ ਸਾਰੀਆਂ ਗੱਲਾਂ ਤੋਂ ਭਾਵ ਇੱਕੋ ਹੀ ਹੁੰਦਾ ਹੈ ਪਰ ਆਪਣੇ ਆਪ ਇਸ ਗੱਲ ਦੀ ਸਮਝ ਨਹੀਂ ਪੈਂਦੀ।

ਪ੍ਰਮਾਤਮਾ ਸਾਡੇ ਅੰਦਰ ਗੁਰਮਤਿ ਦੁਆਰਾ ਪ੍ਰਗਟ ਹੁੰਦਾ ਹੈ ਤੇ ਉਸਦੇ ਪ੍ਰਗਟ ਹੋਣ ਨਾਲ ਹੀ ਗੁਰਮਤਿ ਦੀ ਸਹੀ ਸੋਝੀ ਪੈਂਦੀ ਹੈ। ਦੁਬਿਧਾ ਵਿੱਚ ਰਹਿੰਦੇ ਹੋਏ, ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਗੁਰਮਤਿ ਦੀ ਅਸਲੀਅਤ ਨੂੰ ਨਹੀਂ ਜਾਣ ਸਕਦੇ ਕਿਉਂਕਿ ਗੁਰਮਤਿ ਚੌਥੇ ਪਦ ਵਿੱਚ ਹੈ। ਗੁਰਮਤਿ ਨੂੰ ਚੌਥੇ ਪਦ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਇਸ ਲੇਖ ਦੇ ਸ਼ੁਰੂ ਵਿੱਚ ਇਹ ਗੱਲ ਦੱਸੀ ਹੋਈ ਹੈ ਕਿ ਗੁਰਬਾਣੀ ਨੂੰ ਜਿਸ ਬਰਤਨ ਨਾਲ ਭਰਿਆ ਹੋਇਆ ਹੈ ਭਾਵ ਜਿਸ ਬਰਤਨ ਦੁਆਰਾ ਗਰੂ ਦਾ ਪਵਿੱਤਰ

ਜਲ, ਅੰਮ੍ਰਿਤ ਜਲ ਬਾਣੀ ਵਿੱਚ ਭਰਿਆ ਹੋਇਆ ਹੈ, ਉਸੇ ਬਰਤਨ ਨਾਲ ਹੀ ਇਸਨੂੰ ਕੱਢਿਆ ਜਾ ਸਕਦਾ ਹੈ, ਉਸਦੀ ਪਵਿੱਤਰਤਾ ਨੂੰ ਸਮਝਿਆ ਜਾ ਸਕਦਾ ਹੈ। ਗੁਰਮਤਿ ਨੂੰ ਕੇਵਲ ਸਹਜ ਦੀ ਅਵੱਸਥਾ ਦੁਆਰਾ ਜਾਣਿਆ ਜਾ ਸਕਦਾ ਹੈ, ਚੌਥੇ ਪਦ ਦੁਆਰਾ ਜਾਣਿਆ ਜਾ ਸਕਦਾ ਹੈ ਜੋ ਕਿ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

“ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥ਨਾਨਕ ਨਾਮੁ ਮਿਲੈ ਮਨੁ ਮਾਨਿਆ॥੪॥੧॥”

12/1254

ਜਿਸ ਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ, ਸਹਜ ਦੀ ਅਵੱਸਥਾ ਦੁਆਰਾ ਹੀ ਜਾਣਿਆ ਹੈ, ਗੁਰਮਤਿ ਦੁਆਰਾ ਹੀ ਜਾਣਿਆ ਹੈ। ਉਸਨੂੰ ਜਾਣਨ ਤੋਂ ਬਾਅਦ ਗੁਰਮਤਿ ਹੀ ਪ੍ਰਗਟ ਹੁੰਦੀ ਹੈ। ਪੂਰੀ ਗੁਰਬਾਣੀ ਗੁਰਮਤਿ ਹੈ ਜੋ ਕਿ ਸਹਜ ਦੀ ਅਵੱਸਥਾ ਦੁਆਰਾ ਪ੍ਰਗਟ ਹੋਈ ਹੈ, ਗਿਆਨ ਧਿਆਨ ਵਿੱਚ ਆਈ ਹੈ ਤੇ ਇਸੇ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦਾ ਸੱਚਾ ਰੂਪ ਪ੍ਰਗਟ ਹੁੰਦਾ ਹੈ, ਦੁਬਿਧਾ ਦੂਰ ਹੁੰਦੀ ਹੈ। ਸਹਜ ਗਿਆਨ ਦਾ ਮਿਲਣਾ ਹੀ, ਗੁਰਮਤਿ ਦੀ ਸੋਝੀ ਪੈਣਾ ਹੀ ਨਾਮ ਦਾ ਮਿਲਣਾ ਹੈ ਜਿਸ ਦੁਆਰਾ ਮਨੁੱਖ ਇਹ ਮੰਨਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਨਹੀਂ।

(ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥ਨਾਨਕ ਨਾਮੁ ਮਿਲੈ ਮਨੁ ਮਾਨਿਆ॥੪॥੧॥)

ਸਭ ਕੁੱਝ ਸਾਡੇ ਮਨ ਦੀ ਸੋਝੀ ਹੀ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਇਹ ਉਸਦੀ ਰਜ਼ਾ ਹੈ ਕਿ ਸਾਨੂੰ ਦੁਬਿਧਾ ਵਿੱਚ ਰੱਖਦਾ ਹੈ ਜਾਂ ਹਰਿ ਧਨੁ ਦਾ ਪ੍ਰਕਾਸ਼ ਕਰਕੇ ਸਾਨੂੰ ਸਹਜ ਦੀ ਅਵੱਸਥਾ ਬਖਸ਼ ਕੇ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ, ਗੁਰਮਤਿ ਨਾਲ ਜੋੜਦਾ ਹੈ, ਆਪਣੇ ਆਪ ਨਾਲ ਜੋੜਦਾ ਹੈ।

ਬਾਣੀ ਵਿੱਚ ਵਾਰ-ਵਾਰ ਨਾਮ ਜਪਣ ਦੀ ਗੱਲ ਆਉਂਦੀ ਹੈ, ਪ੍ਰਮਾਤਮਾ ਨੂੰ ਸਿਮਰਨ ਦੀ ਗੱਲ ਆਉਂਦੀ ਹੈ, ਨਾਮ ਸਿਮਰਨ ਦੀ ਗੱਲ ਆਉਂਦੀ ਹੈ। ਅਗਲੇ ਸ਼ਬਦ ਰਾਹੀਂ ਆਓ ਇਹ ਸਮਝੀਏ ਕਿ ਉਸਦਾ ਨਾਮ ਸਿਮਰਨ ਕੀ ਹੈ ਤੇ ਨਾਲ ਹੀ ਇਹ ਸਮਝੀਏ ਕਿ ਸਿਮਰਨ ਵਿੱਚ ਤੇ ਨਾਮ ਧਨੁ ਵਿੱਚ ਰਿਸ਼ਤਾ ਕੀ ਹੈ।

ਧਨਾਸਰੀ ਮਹਲਾ ੫ ਘਰੁ ੯ ਦੁਪਦੇ

ੴ ਸਤਿਗੁਰ ਪ੍ਰਸਾਦਿ ॥

“ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥
ਗੁਰ ਕਾ ਬਚਨੁ ਬਸੈ ਜੀਅ ਨਾਲੇ ॥ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥
ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥
ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥”

(ਅੰਗ ੬੭੯)

ਸਿਮਰਨਾ, ਜਪਣਾ ਅਸੀਂ ਇੱਕੋ ਇੱਕ ਪ੍ਰਮਾਤਮਾ ਨੂੰ ਹੀ ਹੈ, ਗੁਰੂ ਨੂੰ ਹੀ ਹੈ, ਸਿਰਫ਼ ਗੁਰੂ ਦਾ ਰੂਪ ਸਮਝਣ ਦੀ ਲੋੜ ਹੈ ਕਿ ਉਹ ਸਾਡੇ ਕੋਲ ਕਿਸ ਰੂਪ ਵਿੱਚ ਹੈ। ਸਾਡੇ ਕੋਲ ਗੁਰੂ ਗੁਰਬਾਣੀ ਦੇ ਰੂਪ ਵਿੱਚ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਰੂਪ ਹੈ। ਅਸੀਂ ਉਸਨੂੰ ਸਿਮਰ ਕੇ ਉਸਦੀ ਸਵਾਸ ਸਵਾਸ ਸੰਭਾਲ ਕਰਨੀ ਹੈ।

12/1255

ਜਦ ਤੱਕ ਸਾਨੂੰ ਗੁਰੂ ਦਾ ਰੂਪ ਸਮਝ ਨਹੀਂ ਆਵੇਗਾ ਅਸੀਂ ਉਸਦੀ ਸੰਭਾਲ ਕਿਵੇਂ ਕਰਾਂਗੇ। ਸੁੱਖ ਦੀ ਪ੍ਰਾਪਤੀ ਉਸਨੂੰ ਸਿਮਰ ਕੇ ਹੀ ਹੋਣੀ ਹੈ, ਉਸਦੀ ਸੰਭਾਲ ਕਰਕੇ ਹੀ ਹੋਣੀ ਹੈ। ਉਸਦੇ ਸਿਮਰਨ ਦੁਆਰਾ ਹੀ ਅਸੀਂ ਇਸ ਲੋਕ ਵਿੱਚ ਭਾਵ ਆਪਣੀ ਨਾਸਮਝੀ ਵਾਲੀ ਤ੍ਰੈਗੁਣੀ ਮਤਿ ਦੇ ਵਿੱਚ ਸੁਖੀ ਹੋਣਾ ਹੈ, ਉਸਨੇ ਸਹਾਈ ਬਣਨਾ ਹੈ। ਸਾਡਾ ਲੋਕ ਉਹ ਹੈ ਜਿਸ ਮਨ ਦੀ ਸਮਝ ਦੇ ਨਾਲ ਅਸੀਂ ਜੁੜੇ ਹੋਏ ਹਾਂ ਭਾਵ ਜਿਸ ਸਮਝ ਵਿੱਚ ਅਸੀਂ ਰਹਿ ਰਹੇ ਹਾਂ। ਆਪਣੇ ਇਸ ਲੋਕ ਤੋਂ ਅੱਗੇ ਜਾਣਾ ਪ੍ਰਮਾਤਮਾ ਦੇ ਘਰ ਵਿੱਚ ਜਾਣਾ ਹੈ ਜੋ ਕਿ ਚੌਥੇ ਪਦ ਵਾਲੀ ਸਮਝ ਦਾ ਘਰ ਹੈ। ਅੱਗੇ ਜਾ ਕੇ ਵੀ ਭਾਵ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਵੀ ਇਸੇ ਸਿਮਰਨ ਨੇ ਸਾਡਾ ਸਹਾਈ ਬਣੇ ਰਹਿਣਾ ਹੈ। ਗੁਰੂ ਨੂੰ ਕਿਸ ਰੂਪ ਵਿੱਚ ਸਿਮਰਨਾ ਹੈ, ਉਸਦੀ ਕਿਸ ਰੂਪ ਵਿੱਚ ਸੰਭਾਲ ਕਰਨੀ ਹੈ ਇਹ ਨਾਲ ਹੀ ਅਗਲੀ ਰਹਾਉ ਵਾਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥੧॥ਰਹਾਉ॥"

ਅਸੀਂ ਇਸ ਗੱਲ ਨੂੰ ਵਾਰ-ਵਾਰ ਸਮਝਿਆ ਹੈ ਕਿ ਗੁਰੂ ਅਸਲ ਵਿੱਚ ਗੁਰੂ ਦੀ ਮਤਿ ਹੈ, ਆਪਣੀ ਗੁਰਮਤਿ ਦੁਆਰਾ ਹੀ, ਆਪਣੇ ਬਚਨਾਂ ਦੁਆਰਾ ਹੀ ਗੁਰੂ "ਗੁਰੂ" ਹੈ ਭਾਵ ਗੁਰੂ ਦੇ ਬੋਲ ਹਨ। ਗੁਰੂ ਦੇ ਬੋਲ, ਗੁਰੂ ਦੇ ਬਚਨ ਹੀ ਅਸਲ ਵਿੱਚ ਸਾਡਾ ਗੁਰੂ ਹੈ, ਗੁਰੂ ਦੀ ਸਿੱਖਿਆ ਹੀ ਸਾਡਾ ਗੁਰੂ ਹੈ। **{ਸਤਿਗੁਰ ਬਚਨ ਬਚਨ ਹੈ ਸਤਿਗੁਰ}** (ਅੰਗ - ੧੩੦੯) **{ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥}** (ਅੰਗ - ੪੪੪) ਜੇਕਰ ਗੁਰੂ ਦੇ ਕੋਲ ਕੋਈ ਬੋਲਣ ਲਈ ਬੋਲ ਹੀ ਨਾ ਹੋਣ, ਕਹਿਣ ਲਈ ਕੋਈ ਬਚਨ ਹੀ ਨਾ ਹੋਣ ਤਾਂ ਫਿਰ ਉਹ ਗੁਰੂ ਕਿਵੇਂ ਬਣ ਸਕਦਾ ਹੈ। ਗੁਰੂ ਦੇ ਬਚਨ ਹੀ ਉਸਨੂੰ ਗੁਰੂ ਬਣਾਉਂਦੇ ਹਨ ਤੇ ਗੁਰੂ ਦੇ ਬਚਨਾਂ ਵਿੱਚ ਹੀ ਆਪ ਗੁਰੂ ਹੈ, ਗੁਰੂ ਦੀ ਸਿੱਖਿਆ ਵਿੱਚ ਹੀ ਆਪ ਗੁਰੂ ਹੈ, ਗੁਰੂ ਦੇ ਸ਼ਬਦ ਦੀ ਸੋਝੀ ਵਿੱਚ ਹੀ ਆਪ ਗੁਰੂ ਹੈ **{ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}** (ਅੰਗ ੧੨੦) ਭਾਵ ਜੋ ਸ਼ਬਦ ਦੀ ਸੋਝੀ ਹੈ

ਉਹ ‘‘**ਗੁਰੂ**’’ ਹੈ, ਆਪ ਪ੍ਰਮਾਤਮਾ ਹੈ ਭਾਵ ਆਪਣੇ ਬਚਨਾਂ ਦੁਆਰਾ ਗੁਰੂ ਨੇ ਜੋ ਗੱਲ ਸਮਝਾਈ ਹੈ, ਉਹ ਸਾਡਾ ਗੁਰੂ ਹੈ। ਗੁਰੂ ਨੂੰ ਮੰਨਣਾ ਗੁਰੂ ਦੀ ਗੱਲ ਨੂੰ ਮੰਨਣਾ ਹੈ। **(ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥)** ਸਾਰਾ ਭੇਦ ਇਸ ਗੱਲ ਨੂੰ ਸਮਝਣ ਵਿੱਚ ਹੀ ਹੈ ਕਿ ਅਸੀਂ ਸਿਮਰਨਾ ਕਿਸ ਨੂੰ ਹੈ ਤੇ ਸੰਭਾਲ ਕਿਸ ਦੀ ਕਰਨੀ ਹੈ। ਅਸੀਂ ਗੁਰੂ ਦੇ ਬਚਨਾਂ ਨੂੰ ਹੀ ਸਿਮਰਨਾ ਹੈ ਭਾਵ ਗੁਰੂ ਦੇ ਬਚਨਾਂ ਨੂੰ ਸਮਝ ਕੇ, ਗੁਰੂ ਦੀ ਗੱਲ ਨੂੰ ਸਮਝ ਕੇ ਉਸਦੇ ਬਚਨਾਂ ਨੂੰ ਆਪਣੇ ਅੰਦਰ ਵਸਾਉਣਾ ਹੈ, ਗੁਰੂ ਦੇ ਬਚਨਾਂ ਨਾਲ ਇੱਕਮਿਕ ਹੋਣਾ ਹੈ ਤਾਂ ਜੋ ਉਹ ਸਾਡੇ ਮਨ ਦੇ ਵਿਚਾਰਾਂ ਦਾ ਹਿੱਸਾ ਬਣ ਜਾਵੇ,

12/1256

ਜੀਵਨ ਦਾ ਹਿੱਸਾ ਬਣ ਜਾਵੇ ਭਾਵ ਉਸਦੇ ਬਚਨਾਂ ਤੋਂ ਅਸੀਂ ਵੱਖਰੇ ਨਾ ਹੋ ਸਕੀਏ ਤੇ ਇਹੀ ਉਸਨੂੰ ਆਪਣੇ ਅੰਦਰ ਸੰਭਾਲ ਕੇ ਰੱਖਣਾ ਹੈ। **(ਗੁਰ ਕਾ ਬਚਨੁ ਬਸੈ ਜੀਅ ਨਾਲੇ॥)** ਹੁਣ ਇਸ ਤੋਂ ਅਗਲੀ ਪੰਗਤੀ ਨੂੰ ਜੋ ਕਿ ਰਹਾਉ ਦੀ ਪੰਗਤੀ ਦਾ ਹਿੱਸਾ ਹੀ ਹੈ, ਉਸਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

"ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥੧॥ਰਹਾਉ॥"

ਧਿਆਨ ਨਾਲ ਸਮਝੋ ਕਿ ਉਹ ਕਿਹੜੀ ਵਸਤੂ ਹੈ ਜਿਹੜੀ ਨਾ ਜਲ ਵਿੱਚ ਡੁੱਬ ਨਹੀਂ ਸਕਦੀ, ਨਾ ਹੀ ਇਹ ਚੋਰੀ ਹੋ ਸਕਦੀ ਹੈ, ਨਾ ਹੀ ਇਸ ਨੂੰ ਅਗਨੀ ਸਾੜ ਸਕਦੀ ਹੈ। ਇਹੀ ਗੱਲ ਹਰਿ ਧਨੁ ਬਾਰੇ ਵਾਰ-ਵਾਰ ਬਾਣੀ ਵਿੱਚ ਲਿਖੀ ਹੋਈ ਹੈ। ਫਿਰ "**ਹਰਿ ਧਨੁ**" ਕੀ ਹੋਇਆ? ਗੁਰੂ ਦੇ ਬਚਨ ਹੀ "**ਹਰਿ ਧਨੁ**" ਹਨ, ਗੁਰੂ ਮਤਿ ਹੀ "**ਹਰਿ ਧਨੁ**" ਹੈ, ਗੁਰੂ ਦਾ ਸੱਚਾ ਗਿਆਨ ਹੀ "**ਹਰਿ ਧਨੁ**" ਹੈ। ਅਸੀਂ ਇਸ ਧਨੁ ਨੂੰ ਹੀ ਸਿਮਰਨਾ ਹੈ, ਗੁਰੂ ਦੇ ਬਚਨਾਂ ਨੂੰ ਹੀ ਸਿਮਰਨਾ ਹੈ ਤੇ ਆਪਣੇ ਅੰਦਰ ਵਸਾ ਕੇ ਰੱਖਣਾ ਹੈ। ਗੁਰੂ ਦੀ ਮਤਿ ਦੁਆਰਾ ਸਾਨੂੰ ਗੁਣ ਹੀ ਮਿਲਦੇ ਹਨ। ਜਦੋਂ ਗੁਰੂ ਦੀ ਮਤਿ ਸਾਡੇ ਅੰਦਰ ਵੱਸ ਜਾਂਦੀ ਹੈ, ਉਹ ਦ੍ਰਿੜ ਹੋ ਜਾਂਦੀ ਹੈ ਤੇ ਫਿਰ ਉਸਨੂੰ ਕੋਈ ਚੋਰ ਲੁੱਟ ਨਹੀਂ ਸਕਦਾ। ਇਸ ਧਨੁ ਦੀ ਚੋਰੀ ਕਰਨ ਵਾਲੇ ਸਾਡੇ ਔਗੁਣ ਹਨ। ਕਾਮ, ਕ੍ਰੋਧ, ਲੋਭ , ਮੋਹ, ਅਹੰਕਾਰ ਹਨ ਜੋ ਸਾਡੇ ਅੰਦਰ ਗੁਰੂ ਦੇ ਗੁਣਾਂ ਦੀ ਚੋਰੀ ਕਰਦੇ ਹਨ। ਸਾਡੇ ਅੰਦਰ ਗੁਰੂ ਦੇ ਬਚਨਾਂ ਨੂੰ ਵੱਸਣ ਨਹੀਂ ਦਿੰਦੇ ਭਾਵ ਉਹਨਾਂ ਤੇ ਅਮਲ ਨਹੀਂ ਕਰਨ ਦਿੰਦੇ। ਔਗੁਣ ਨਿਕਲਣ ਤੋਂ ਬਾਅਦ ਉਹ ਗੁਣਾਂ ਦੀ ਚੋਰੀ ਨਹੀਂ ਕਰ ਸਕਦੇ। ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਆਪਣੇ ਅੰਦਰ ਸੰਭਾਲਣਾ ਹੀ ਉਸਦੇ ਬਚਨਾਂ ਨੂੰ ਸੰਭਾਲਣਾ ਹੈ, ਨਾਮ ਨੂੰ ਸੰਭਾਲਣਾ ਹੈ, ਉਸਦਾ ਹਰ ਵੇਲੇ ਦਾ ਸਿਮਰਨ ਹੈ, ਉਸਦਾ ਅੱਠੇ ਪਹਿਰ ਦਾ ਸਿਮਰਨ ਹੈ, ਸਵਾਸ ਸਵਾਸ ਉਸਦਾ ਸਿਮਰਨ ਹੈ ਭਾਵ ਸਵਾਸ ਸਵਾਸ ਅਸੀਂ ਖਰੇ ਉਤਰਦੇ ਹਾਂ, ਸੱਚ ਤੇ ਖਰੇ ਉਤਰਦੇ ਹਾਂ। ਸਾਡੇ ਅੰਦਰ ਅਡੋਲਤਾ ਗੁਰੂ ਦੇ ਬਚਨ ਦ੍ਰਿੜ ਹੋਣ ਨਾਲ ਹੀ ਆਉਂਦੀ ਹੈ, ਨਾਮ ਦ੍ਰਿੜ ਹੋਣ ਨਾਲ ਹੀ ਆਉਂਦੀ ਹੈ। ਗੁਰੂ ਆਪਣੇ ਬਚਨਾਂ ਦੁਆਰਾ ਅਡੋਲ ਹੈ, ਅਬਿਨਾਸੀ ਹੈ। ਉਸਦਾ ਬਚਨ ਸਦਾ ਹੀ ਸੱਚ ਹੈ, ਸਦਾ ਥਿਰ ਰਹਿਣ ਵਾਲਾ ਹੈ। ਝੂਠਾ ਬੋਲ ਬਿਨਸ ਜਾਂਦਾ ਹੈ ਤੇ ਸੱਚਾ ਬੋਲ ਕਦੇ ਨਹੀਂ ਬਿਨਸਦਾ, ਉਹ ਸਦਾ ਥਿਰ ਰਹਿੰਦਾ ਹੈ। ਪ੍ਰਮਾਤਮਾ ਆਪਣੇ ਸੱਚੇ

12/1257

ਗਿਆਨ ਦੁਆਰਾ ਸਦਾ ਹੀ ਸੱਚ ਹੈ, ਆਪਣੇ ਬਚਨਾਂ ਦੁਆਰਾ ਸਦਾ ਹੀ ਸੱਚ ਹੈ, ਸਦਾ ਹੀ ਅਡੋਲ ਹੈ, ਸਦਾ ਹੀ ਅਬਿਨਾਸੀ ਹੈ ਕਿਉਂਕਿ ਉਸਦਾ ਬਚਨ ਸਦਾ ਹੀ ਥਿਰ ਰਹਿਣ ਵਾਲਾ ਹੈ। ਉਸਦਾ ਫੁਰਮਾਨ ਜੇਕਰ ਸਾਡੇ ਮਨ ਵਿੱਚ ਵੱਸ ਜਾਵੇ ਤੇ ਤਾਂ ਹੀ ਸਾਡਾ ਮਨ ਅਡੋਲ ਹੋ ਸਕਦਾ ਹੈ। ਜੋ ਉਸਦੇ ਬਚਨ ਹਨ ਉਹੀ ਪ੍ਰਮਾਤਮਾ ਆਪ ਹੈ, ਜੋ ਗੁਰਮਤਿ ਹੈ ਉਹੀ ਆਪ ਗੁਰੂ ਹੈ। ਗੁਰੂ ਦੇ ਬਚਨ ਸਾਡੇ ਅੰਦਰ ਵੱਸਣ ਤੋਂ ਭਾਵ ਉਸਦੇ ਆਪ ਵੱਸਣ ਦੇ ਨਾਲ ਹੈ ਤੁ ਉਸਦੇ ਵੱਸਣ ਦੇ ਨਾਲ ਹੀ ਕੋਈ ਉਸਦੇ ਬਚਨਾਂ ਤੇ ਥਿਰ ਰਹਿ ਸਕਦਾ ਹੈ। ਆਪਣਾ ਨਾਮ ਉਹ ਆਪ ਹੀ ਦਿੰਦਾ ਹੈ ਤੇ ਆਪ ਹੀ ਦ੍ਰਿੜ ਕਰਾਉਂਦਾ ਹੈ।

ਜਿਸ ਨੂੰ ਵੀ ਗੁਰੂ ਪ੍ਰਮਾਤਮਾ ਆਪਣਾ ਆਸਰਾ ਦਿੰਦਾ ਹੈ, ਉਸਨੂੰ ਆਪਣਾ ਇਹ ਬਚਨਾਂ ਦਾ ਧਨੁ ਹੀ ਦਿੰਦਾ ਹੈ, ਨਾਮ ਧਨੁ ਹੀ ਦਿੰਦਾ ਹੈ ਭਾਵ ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਦੇ ਅੰਦਰ ਆਪਣੀ ਮਤਿ ਹੀ ਦ੍ਰਿੜ ਕਰਦਾ ਹੈ, ਗੁਣ ਬਖ਼ਸ ਕੇ ਉਸਦੇ ਔਗੁਣ ਕੱਟਦਾ ਹੈ।

(ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ॥)

ਆਓ ਹੁਣ ਸ਼ਬਦ ਦੀ ਆਖਰੀ ਪੰਗਤੀ ਦੁਆਰਾ ਇਹ ਸਮਝੀਏ ਕਿ ਗੁਰੂ ਦਾ ਬੋਹਿਥ ਕੀ ਹੈ ਜਿਸ ਤੇ ਚੜ੍ਹ ਕੇ ਅਸੀਂ ਪਾਰ

ਉੱਤਰ ਸਕਦੇ ਹਾਂ।

"ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥"

ਸ਼ਬਦ ਦੀ ਰਹਾਉ ਦੀ ਪੰਗਤੀ ਅਗਰ ਸਾਨੂੰ ਯਾਦ ਹੈ ਤਾਂ ਫਿਰ ਗੁਰੂ ਦੇ ਬੋਹਿਥ ਦੀ ਸਮਝ ਵੀ ਪੈ ਜਾਵੇਗੀ। ਗੁਰੂ ਦੇ ਬਚਨ ਹੀ ਉਸਦਾ ਬੋਹਿਥ ਹੈ। ਗੁਰੂ ਦੇ ਬੋਹਿਥ ਤੇ ਸਵਾਰੀ ਉਸਦੇ ਬਚਨਾਂ ਤੇ ਸਵਾਰੀ ਕਰਨਾ ਹੈ। ਇਹ ਮਨ ਦੀ ਸਵਾਰੀ ਹੈ ਜੋ ਕਿ ਮਨ ਦੇ ਵਿੱਚ ਗੁਰੂ ਦੇ ਬਚਨਾਂ ਨਾਲ ਸਾਂਝ ਪਾ ਕੇ ਹੁੰਦੀ ਹੈ। ਇਨ੍ਹਾਂ ਬਚਨਾਂ ਦੀ ਸਵਾਰੀ ਨਾਲ ਅਸੀਂ ਸੰਸਾਰ ਸਾਗਰ ਤੋਂ ਤਰਨਾ ਹੈ, ਭਵਸਾਗਰ ਤੋਂ ਤਰਨਾ ਹੈ, ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ। ਮਾਇਆ ਮੋਹ ਦਾ ਸਾਗਰ ਸਾਡੇ ਮਨ ਦੇ ਵਿੱਚ ਹੀ ਹੈ। ਗੁਰੂ ਦੇ ਬਚਨਾਂ ਦੇ ਬੋਹਿਥ ਤੇ ਬੈਠ ਕੇ ਭਾਵ ਗੁਰੂ ਦੇ ਵਿਚਾਰਾਂ ਨਾਲ ਜੁੜ ਕੇ ਮਾਇਆ ਮੋਹ ਦੇ ਵਿਚਾਰਾਂ ਦੇ ਸਾਗਰ ਤੋਂ ਉੱਪਰ ਨਿਕਲਣਾ ਹੈ। ਜਦੋਂ ਗੁਰੂ ਦੇ ਬਚਨ ਸਾਡੇ ਅੰਦਰ ਦ੍ਰਿੜ ਹੋ ਜਾਣਗੇ, ਅਸੀਂ ਸਦਾ ਹੀ ਗੁਰੂ ਦੇ ਬੋਹਿਥ ਦੀ ਸਵਾਰੀ ਕਰਦੇ ਰਹਾਂਗੇ ਤੇ ਮਾਇਆ ਮੋਹ ਤੋਂ ਉੱਤੇ ਰਹਾਂਗੇ, ਉਸ ਵਿੱਚ

ਡੁੱਬਾਂਗੇ ਨਹੀਂ। ਗੁਰੂ ਦੇ ਬਚਨ ਸਾਨੂੰ ਮਾਇਆ ਮੋਹ ਨਾਲੋਂ ਨਿਰਲੇਪ ਰੱਖਣਗੇ, ਉਸ ਵਿੱਚ ਖੱਪਤ ਨਹੀਂ ਹੋਣ ਦੇਣਗੇ। ਗੁਰੂ ਦੇ ਬਚਨ ਸਾਡੀ ਜ਼ਿੰਦਗੀ ਦਾ ਮਾਰਗ ਹੈ, ਸਾਡਾ ਮਾਰਗ ਦਰਸ਼ਕ ਹਨ ਜੋ ਸਾਨੂੰ ਮਨ ਦੇ ਵਿੱਚੋਂ ਹੀ ਉਸਦੇ ਸੱਚੇ ਮਾਰਗ ਤੇ ਤੋਰਦੇ ਹਨ, ਉਸਦੀ ਰਜ਼ਾ ਵਿੱਚ ਰੱਖਦੇ ਹਨ, ਉਸਦੇ ਭਾਣੇ ਵਿੱਚ ਰੱਖਦੇ ਹਨ। ਇਹ ਸਭ ਕੁੱਝ ਉਸਦੀ ਕ੍ਰਿਪਾ ਦਾ ਸਦਕਾ ਹੈ ਕਿ ਉਹ ਇਸ ਆਪਣੇ ਬੋਹਿਥ ਤੇ ਕਿਸੇ ਨੂੰ ਚੜ੍ਹਾਵੇ ਭਾਵ ਕਿਸੇ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਵੇ, ਆਪਣੇ ਬਚਨਾਂ ਦੀ ਸਮ੍ਹਾਲ ਕਰਾਵੇ, ਆਪਣਾ ਸਿਮਰਨ ਕਰਾਵੇ, ਆਪਣਾ ਨਾਮ ਜਪਾਵੇ।

ਨਾਮ ਧਨੁ, ਸੱਚ ਦਾ ਧਨੁ ਹੈ ਜੋ ਸਾਨੂੰ ਮਾਇਆ ਧਨੁ ਤੋਂ ਦੂਰ ਕਰਦਾ ਹੈ, ਮਾਇਆ ਮੋਹ ਵਿੱਚੋਂ ਕੱਢਦਾ ਹੈ। ਅਸੀਂ ਅਨੰਦ, ਸੁੱਖ ਮਾਇਆ ਧਨੁ ਵਿੱਚ ਹੀ ਮਹਿਸੂਸ ਕਰਦੇ ਹਾਂ ਤੇ ਸੱਚ ਦਾ ਧਨੁ ਉਹ ਧਨੁ ਹੈ ਜਦੋਂ ਮਨੁੱਖ ਗੁਰੂ ਦੇ ਦੱਸੇ ਹੋਏ ਸੱਚ ਨੂੰ ਕਬੂਲ ਕਰਕੇ ਉਸ ਵਿੱਚ ਆਨੰਦ ਮਹਿਸੂਸ ਕਰਦਾ ਹੈ। ਸੱਚ ਉਹ ਹੈ ਜੋ ਸਾਨੂੰ ਗੁਰੂ ਸਮਝਾਉਂਦਾ ਹੈ, ਜੋ ਸਾਨੂੰ ਗੁਰੂ ਦਾ ਸ਼ਬਦ ਸਮਝਾਉਂਦਾ ਹੈ। ਗੁਰੂ ਦਾ ਸ਼ਬਦ ਸਾਨੂੰ ਮਾਇਆ ਮੋਹ ਵਿੱਚੋਂ ਨਿਕਲਣ ਲਈ ਹੀ ਸਮਝਾਉਂਦਾ ਹੈ। ਗੁਰੂ ਦਾ ਸ਼ਬਦ ਸਾਨੂੰ ਮਾਇਆ ਮੋਹ ਵਿੱਚੋਂ ਨਿਕਲਣ ਲਈ ਹੀ ਸਮਝਾਉਂਦਾ ਹੈ। ਗੁਰੂ ਦੇ ਸੱਚ ਦਾ ਧਨੁ ਨਾਮ ਧਨੁ ਹੈ ਜਿਸਨੂੰ ਕੋਈ ਵਿਰਲਾ ਹੀ ਸਮਝਦਾ ਹੈ ਤੇ ਉਸ ਵਿੱਚ ਅਨੰਦ ਮਹਿਸੂਸ ਕਰਦਾ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਨਾਮ ਧਨੁ ਬਾਰੇ ਆਪਣਾ ਭੁਲੇਖਾ ਦੂਰ ਕਰੀਏ।

“ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ॥
ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ॥
ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ॥
ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ॥
ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ॥
ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ॥
ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ॥
ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ।੩੬॥”

(ਅੰਗ ੯੩੪)

ਪਹਿਲੀ ਪੰਗਤੀ ਰਾਹੀਂ ਮਾਇਆ ਧਨੁ ਦੀ ਗੱਲ ਕੀਤੀ ਹੋਈ ਹੈ ਤੇ ਜਿਸਨੂੰ ਇਸੇ ਧਨੁ ਦੀ ਚਿੰਤਾ ਲੱਗੀ ਹੋਈ ਹੈ ਉਸਨੂੰ ਗਵਾਰ ਕਿਹਾ ਹੈ। "ਚਿੱਤ" ਤਾਂ ਸਾਡਾ ਇੱਕ ਹੀ ਹੈ ਤੇ ਸਮਝਣ ਦੀ ਗੱਲ ਇਹ ਹੈ ਕਿ ਸਾਡਾ ਚਿੱਤ ਕਿੱਥੇ ਲੱਗਾ ਹੋਇਆ ਹੈ। ਇੱਕ ਪਾਸਾ ਮਾਇਆ ਮੋਹ ਦਾ ਹੈ ਤੇ ਦੂਜਾ ਪਾਸਾ ਗੁਰੂ ਨਾਲ ਮੋਹ ਦਾ ਹੈ। ਅਸੀਂ ਆਪਣਾ ਚਿੱਤ ਦੋਹਾਂ ਪਾਸੇ ਜੋੜ ਕੇ ਰੱਖਣਾ ਚਾਹੁੰਦੇ ਹਾਂ। ਇਹ ਦੁਚਿੱਤੀ ਹੈ, ਦੁਬਿਧਾ ਹੈ।

12/1259

ਮਾਇਆ ਸਾਡੇ ਲਈ ਮਾੜੀ ਨਹੀਂ ਹੈ, ਚੰਗੀ ਹੈ, ਜਿਸ ਦੁਆਰਾ ਸਾਡੇ ਜੀਵਨ ਦਾ ਗੁਜ਼ਾਰਾ ਚੱਲਦਾ ਹੈ। ਮਾਇਆ ਦਾ ਕਮਾਉਣਾ ਸਾਡਾ ਫ਼ਰਜ਼ ਹੈ, ਕਾਰ-ਵਿਹਾਰ ਕਰਨਾ ਸਾਡਾ ਫਰਜ਼ ਹੈ। ਗੁਰੂ ਦੇ ਨਾਲ ਚਿੱਤ ਅਸੀਂ ਮਾਇਆ ਵਿੱਚ ਰਹਿੰਦੇ ਹੋਏ ਹੀ ਜੋੜਨਾ ਹੈ ਤੇ ਗੱਲ ਕੇਵਲ ਮਾਇਆ ਨਾਲੋਂ ਨਿਰਲੇਪ ਰਹਿਣ ਦੀ ਹੈ। ਮਾਇਆ ਆਉਣ ਜਾਣ ਦੀ ਵਸਤੂ ਹੈ, ਇਹ ਘੱਟਦੀ ਵੱਧਦੀ ਰਹਿੰਦੀ ਹੈ। ਜੇਕਰ ਸਾਡਾ ਮਨ ਮਾਇਆ ਵਿੱਚ ਖੱਚਤ ਹੋ ਜਾਂਦਾ ਹੈ, ਇਸ ਨਾਲ ਮੋਹ ਜੁੜ ਜਾਂਦਾ ਹੈ ਤਾਂ ਫਿਰ ਇਸਦੇ ਜਾਣ ਦਾ ਸਦਮਾ ਵੀ ਜਿਆਦਾ ਲੱਗਦਾ ਹੈ। ਮਾਇਆ ਇਕੱਠੀ ਕਰਨ ਵਿੱਚ ਸਾਨੂੰ ਅਨੇਕਾਂ ਵਾਰ ਗੁਰਮਤਿ ਛੱਡਣੀ ਪੈਂਦੀ ਹੈ, ਓਹਲੇ ਕਰਨੀ ਪੈਂਦੀ ਹੈ। ਜਦੋਂ ਅਸੀਂ ਗੁਰਮਤਿ ਤੋਂ ਦੂਰ ਹੁੰਦੇ ਹਾਂ, ਇਹੀ ਮਾਇਆ ਮੋਹ ਹੈ। ਗੁਰਮਤਿ ਵਿੱਚ ਰਹਿੰਦੇ ਹੋਏ, ਗੁਰਮਤਿ ਅਨੁਸਾਰ ਵਿਚਰਦੇ ਹੋਏ ਭਾਵ ਸੱਚ ਦੁਆਰਾ ਵਿਚਰਦੇ ਹੋਏ, ਗੁਰੂ ਦੇ ਗੁਣਾਂ ਵਿੱਚ ਰਹਿ ਕੇ ਵਿਚਰਦੇ ਹੋਏ ਅਸੀਂ ਜੋ ਕੁੱਝ ਵੀ ਕਰਦੇ ਹਾਂ, ਧੰਨ ਆਦਿ ਕਮਾਉਂਦੇ ਹਾਂ ਉਹ ਮਾਇਆ ਮੋਹ ਨਹੀਂ ਹੈ, ਉਹ ਮਾਇਆ ਤੋਂ ਨਿਰਲੇਪ ਰਹਿਣਾ ਹੈ। ਗੁਰੂ ਦੀ ਮਤਿ ਸਾਨੂੰ ਧੀਰਜ ਦਿੰਦੀ ਹੈ ਜਿਸ ਦੁਆਰਾ ਮਨੁੱਖ ਦਾ ਮਨ ਡੋਲਣੋ ਹੱਟ ਜਾਂਦਾ ਹੈ। ਸਾਰੀ ਗੱਲ ਗੁਰੂ ਦੀ ਮਤਿ ਮਨ ਵਿੱਚ ਦ੍ਰਿੜ ਹੋਣ ਦੀ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਗੁਰੂ ਦੇ ਭਾਣੇ ਵਿੱਚ ਆਉਂਦਾ ਹੈ। ਗੁਰੂ ਦੇ ਭਾਣੇ ਵਿੱਚ ਰਹਿੰਦੇ ਹੋਏ ਮਾਇਆ ਮੋਹ ਨਹੀਂ ਸਤਾਉਂਦਾ, ਮਾਇਆ ਦੇ ਜਾਣ ਦਾ ਦੁੱਖ ਨਹੀਂ ਸਤਾਉਂਦਾ। ਇਹ ਸਭ ਮਨ ਦੀ ਦ੍ਰਿੜਤਾ ਹੈ, ਪ੍ਰਮਾਤਮਾ ਤੇ ਪੂਰਨ ਵਿਸ਼ਵਾਸ ਹੈ ਕਿ ਜੋ ਵੀ ਮਾਇਆ ਮਿਲੀ ਹੈ, ਉਸਦੇ ਦਿੱਤਿਆਂ ਹੀ ਮਿਲੀ ਹੈ ਤੇ ਜੇਕਰ ਮਾਇਆ ਗਈ ਹੈ, ਉਹ ਉਸਦੇ ਹੁਕਮ ਵਿੱਚ ਹੀ ਗਈ ਹੈ ਭਾਵ ਪ੍ਰਮਾਤਮਾ ਦੀ ਰਜ਼ਾ ਇਹੀ ਸੀ। ਮਾਇਆ ਦੇ ਜਾਣ ਨਾਲ ਮਨੁੱਖ ਨੂੰ ਝੋਰਾ ਨਹੀਂ ਲੱਗਦਾ ਕਿਉਂਕਿ ਉਸਨੂੰ ਵਿਸ਼ਵਾਸ ਹੁੰਦਾ ਹੈ ਕਿ ਉਹ ਸਭ ਦੀ ਪਾਲਣਾ ਕਰਨ ਵਾਲਾ ਹੈ ਤੇ ਮੇਰੀ ਪਾਲਣਾ ਉਸ ਨੇ ਹੀ ਕਰਨੀ ਹੈ। ਇਹ ਉਸਦਾ ਬਿਰਦ ਹੈ। ਜੇ ਉਸਨੇ ਲੈ ਲਈ ਹੈ ਤਾਂ ਫਿਰ ਦੇਣੀ ਵੀ ਉਸਨੇ ਹੀ ਹੈ। ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਨੂੰ ਝੋਰਾ ਨਹੀਂ ਲੱਗਦਾ ਤੇ ਜਦ ਤੱਕ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ, ਉਹ ਫਿਰ ਮਾਇਆ ਦੇ ਜਾਣ ਨਾਲ ਝੁਰਦਾ ਹੀ ਹੈ, ਪ੍ਰਮਾਤਮਾ ਤੋਂ ਉਸਦਾ ਵਿਸ਼ਵਾਸ ਘੱਟਦਾ ਹੈ

(ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ॥)

12/1260

ਗੁਰੂ ਪ੍ਰਮਾਤਮਾ ਦਾ ਸੱਚਾ ਧਨੁ ਉਸਦੇ ਗਿਆਨ ਦਾ ਧਨੁ ਹੈ, ਸੱਚੇ ਗਿਆਨ ਦਾ ਧਨੁ ਹੈ ਤੇ ਇਹੀ ਧਨੁ ਮਨੁੱਖ ਨੂੰ ਨਿਰਮਲ ਬਣਾਉਂਦਾ ਹੈ ਤੇ ਮਨੁੱਖ ਦਾ ਨਾਮ ਨਾਲ ਪਿਆਰ ਜੁੜਦਾ ਹੈ, ਗੁਰੂ ਨਾਲ ਭਾਵ ਉਸਦੀ ਗੁਰਮਤਿ ਨਾਲ ਪਿਆਰ ਜੁੜਦਾ ਹੈ। ਸੱਚ ਧਨੁ, ਨਾਮ ਧਨੁ ਗੁਰਮਤਿ ਦਾ ਧਨੁ ਹੈ। ਪ੍ਰਮਾਤਮਾ ਆਪਣਾ ਇਹ ਸੱਚਾ ਧਨੁ ਕਿਸੇ ਵਿਰਲੇ ਨੂੰ ਹੀ ਸੌਂਪਦਾ ਹੈ। ਇਸ ਧਨੁ ਦੇ ਨਾਲ ਮਨ ਦੇ ਵਿੱਚ ਦ੍ਰਿੜਤਾ ਉਪਜਦੀ ਹੈ, ਗੁਰਮਤਿ ਤੇ ਚੱਲਣ ਦਾ ਪੂਰਨ ਵਿਸ਼ਵਾਸ ਪੈਂਦਾ ਹੁੰਦਾ ਹੈ।

(ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ॥)

ਇਸ ਨਾਮ ਧਨੁ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਉਸ ਪ੍ਰਮਾਤਮਾ ਦੇ ਰੰਗ ਨਾਲ ਰੰਗਿਆ ਜਾਂਦਾ ਹੈ। ਜੋ ਮਨੁੱਖ ਉਸਦੇ ਰੰਗ ਵਿੱਚ ਰੰਗਿਆ ਜਾਂਦਾ ਹੈ, ਉਹ ਫਿਰ ਸੱਚ ਨੂੰ ਸਮਝ ਲੈਂਦਾ ਹੈ, ਗੁਰੂ ਪ੍ਰਮਾਤਮਾ ਨੂੰ ਸਮਝ ਲੈਂਦਾ ਹੈ, ਉਸਦੀ ਅਸਲੀਅਤ ਨੂੰ ਜਾਣ ਲੈਂਦਾ ਹੈ ਤੇ ਉਹ ਫਿਰ ਮਾਇਆ ਧਨੁ ਜਾਣ ਨਾਲ ਝੁਰਦਾ ਨਹੀਂ, ਉਸਨੂੰ ਜਰ ਲੈਂਦਾ ਹੈ, ਉਸਦਾ ਭਾਣਾ ਮੰਨ ਕੇ ਗੁਰੂ ਨਾਲ ਜੁੜਿਆ ਰਹਿੰਦਾ ਹੈ ਕਿਉਂਕਿ ਨਾਮ ਧਨੁ ਉਸਨੂੰ ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ।

(ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ॥)

ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਨੂੰ ਆਪਣਾ ਮਨ ਦੇਣਾ, ਸਿਰ ਦੇਣਾ ਕੀ ਹੈ।

“ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ॥”

ਜੇ ਮਾਇਆ ਜਾਣ ਨਾਲ ਅਸੀਂ ਝੋਰਾ ਦਿਖਾਈਏ, ਮਾਇਆ ਜਾਣ ਦਾ ਗਮ ਕਰੀਏ ਤਾਂ ਫਿਰ ਅਸੀਂ ਗੁਰੂ ਪ੍ਰਮਾਤਮਾ ਦੀ ਟੇਕ ਨਹੀਂ ਲੈਂਦੇ ਭਾਵ ਸੱਚ ਦੀ ਟੇਕ ਨਹੀਂ ਲੈਂਦੇ, ਨਾਮ ਦੀ ਟੇਕ ਨਹੀਂ ਲੈਂਦੇ, ਗੁਰਮਤਿ ਦੀ ਟੇਕ ਨਹੀਂ ਲੈਂਦੇ ਭਾਵ ਗੁਰੂ ਪ੍ਰਮਾਤਮਾ ਤੇ ਆਪਣਾ ਵਿਸ਼ਵਾਸ ਨਹੀਂ ਟਿਕਾਉਂਦੇ। ਉਸਦੀ ਟੇਕ ਲੈਣਾ ਉਸਦੇ ਭਾਣੇ ਵਿੱਚ ਰਹਿਣਾ ਹੈ ਤੇ ਉਸਦੇ ਭਾਣੇ ਵਿੱਚ ਰਹਿਣਾ ਹੀ, ਉਸਦੀ ਮਤਿ ਵਿੱਚ ਰਹਿਣਾ ਹੀ ਉਸਨੂੰ ਆਪਣਾ ਮਨ ਸੌਂਪਣਾ ਹੈ, ਸਿਰ ਦੇਣਾ ਹੈ ਭਾਵ ਆਪਣੀ ਮਤਿ ਤਿਆਗ ਕੇ

ਗੁਰਮਤਿ ਦੀ ਸ਼ਰਨ ਵਿੱਚ ਆਉਣਾ, ਉਸਦੀ ਟੇਕ ਲੈਣਾ ਹੈ। ਹਰ ਗੱਲ ਵਿੱਚ ਪ੍ਰਮਾਤਮਾ ਦੀ ਰਜ਼ਾ ਨੂੰ, ਉਸਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੀ ਉਸਦੀ ਟੇਕ ਲੈਣਾ ਹੈ। ਆਓ ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੀਏ ਕਿ ਅਸਲ ਅਨੰਦ ਕੀ ਹੈ, ਸ਼ਬਦ ਦਾ ਅਨੰਦ ਕੀ ਹੈ।

"ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ॥"

12/1261

ਮਾਇਆ ਮੋਹ ਵਿੱਚੋਂ ਸਾਨੂੰ ਸ਼ਬਦ ਨੇ ਹੀ ਕੱਢਣਾ ਹੈ, ਗੁਰੂ ਨੇ ਹੀ ਕੱਢਣਾ ਹੈ ਤੇ ਸਾਰੀ ਗੱਲ ਸ਼ਬਦ ਨੂੰ ਸਮਝਣ ਦੀ ਹੈ ਕਿ ਅਸਲ ਵਿੱਚ ਸ਼ਬਦ ਕੀ ਹੈ, ਗੁਰੂ ਕੀ ਹੈ। ‘‘ਗੁਰੂ’’ ਗੁਰੂ ਦੀ ਮਤਿ ਹੈ, ‘‘ਸ਼ਬਦ’’ ਸ਼ਬਦ ਦੀ ਸੋਝੀ ਹੈ। ਮਾਇਆ ਮੋਹ ਤੋਂ ਛੁਟਕਾਰਾ ਸਾਡੇ ਅੰਦਰ ਸ਼ਬਦ ਦੇ ਵੱਸਣ ਦੁਆਰਾ ਹੀ ਹੋਣਾ ਹੈ, ਸ਼ਬਦ ਦੀ ਸੋਝੀ ਵੱਸਣ ਦੁਆਰਾ ਹੋਣਾ ਹੈ, ਗੁਰੂ ਦੀ ਮਤਿ ਵੱਸਣ ਦੁਆਰਾ ਹੋਣਾ ਹੈ। ਇਹ ਅਸਲ "ਅਨੰਦ" ਹੈ ਜਿਸ ਦੀ ਪ੍ਰਾਪਤੀ ਅਸੀਂ ਕਰਨੀ ਹੈ। ਸ਼ਬਦ ਨੂੰ ਪੜ੍ਹਨ ਸੁਣਨ ਦਾ ਆਨੰਦ ਆਉਂਦਾ ਹੈ ਜਿਸ ਨੂੰ ਕਿ ਹਰ ਕੋਈ ਮਾਣਦਾ ਹੈ, ਉਸਨੂੰ ਸੁਣਨ ਦਾ ਰਸ ਆਉਂਦਾ ਹੈ। ਅਸੀਂ ਇਸੇ ਨੂੰ ਹੀ "ਅਸਲ" ਅਨੰਦ ਸਮਝੀ ਬੈਠੇ ਹਾਂ ਤੇ ਇਸ ਅਨੰਦ ਨੂੰ ਹੀ ਗੁਰੂ ਦੇ ਨੇੜੇ ਲੱਗਣ ਦੀ ਪ੍ਰਾਪਤੀ ਸਮਝਦੇ ਹਾਂ। ਇਸ ਅਨੰਦ ਨਾਲ ਅਸੀਂ ਮਾਇਆ ਮੋਹ ਵਿੱਚੋਂ ਨਹੀਂ ਨਿਕਲ ਸਕਦੇ, ਅਸੀਂ ਮਾਇਆ ਦੇ ਅਨੰਦ ਵਿੱਚੋਂ ਨਹੀਂ ਨਿਕਲ ਸਕਦੇ। ਅਸਲ ਅਨੰਦ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਜਦੋਂ ਸਾਨੂੰ ਮਾਇਆ ਦੇ ਜਾਣ ਦਾ ਝੋਰਾ ਨਾ ਲੱਗੇ। ਉਹ ਕੇਵਲ ਤਾਂ ਹੀ ਹੋ ਸਕਦਾ ਹੈ ਜੇਕਰ ਸਾਡੇ ਅੰਦਰ ਸ਼ਬਦ ਦੀ ਸੋਝੀ ਵੱਸ ਜਾਵੇ ਜਿਸ ਦੁਆਰਾ ਸਾਨੂੰ ਇਹ ਵਿਸ਼ਵਾਸ ਆ ਜਾਵੇ ਕਿ ਮਾਇਆ ਮੋਹ ਸਾਡੇ ਲਈ ਮਾੜਾ ਹੈ ਜੋ ਸਾਨੂੰ ਗੁਰਮਤਿ ਤੋਂ ਦੂਰ ਰੱਖਦਾ ਹੈ। ਸਾਡੀ ਜੋ ਵੀ ਕਰਨੀ ਸਾਨੂੰ ਗੁਰਮਤਿ ਤੋਂ ਦੂਰ ਕਰਦੀ ਹੈ ਉਸ ਵਿੱਚ ਮਾਇਆ ਮੋਹ ਹੈ, ਅਗਿਆਨਤਾ ਹੈ। ਮਾਇਆ ਮੋਹ ਦਾ ਮੂਲ ਅਗਿਆਨਤਾ ਹੈ ਜੋ ਕਿ ਕੇਵਲ ਗੁਰੂ ਦਾ ਸੱਚਾ ਗਿਆਨ ਮਨ ਵਿੱਚ ਵੱਸਣ ਦੁਆਰਾ ਹੀ ਦੂਰ ਹੁੰਦੀ ਹੈ। ਅਨੇਕਾਂ ਜੋਗੀ ਲੋਕ ਆਪਣੇ ਵੱਲੋਂ ਮਾਇਆ ਮੋਹ ਦਾ ਤਿਆਗ ਕਰਕੇ, ਘਰ-ਬਾਰ ਦਾ ਤਿਆਗ ਕਰਕੇ ਪ੍ਰਮਾਤਮਾ ਦੀ ਖੋਜ ਵਿੱਚ ਜਾਂਦੇ ਹਨ, ਪਰ ਇਹ ਸਾਡੀ ਅਗਿਆਨਤਾ ਹੈ, ਮਾਇਆ ਮੋਹ ਹੈ ਤੇ ਇਸੇ ਲਈ ਇਸ ਮਤਿ ਨੂੰ ਬਾਣੀ ਵਿੱਚ ਵਾਰ-ਵਾਰ ਖੰਡਿਆ ਹੋਇਆ ਹੈ। ਉਸ ਸੱਚੇ ਅਨੰਦ ਦੀ ਪ੍ਰਾਪਤੀ ਘਰ ਵਿੱਚ ਰਹਿੰਦੇ ਹੋਏ, ਮਾਇਆ ਵਿੱਚ ਰਹਿੰਦੇ ਹੋਏ ਹੀ ਹੁੰਦੀ ਹੈ। ਇਹ ਅਸਲ ਵਿੱਚ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਅਨੰਦ ਹੈ, ਸੱਚ ਦਾ ਅਨੰਦ ਹੈ, ਚੌਥੇ ਪਦ ਦੇ ਗਿਆਨ ਦਾ ਅਨੰਦ ਹੈ ਜੋ ਮਨ ਦੇ ਵਿੱਚ ਪ੍ਰਮਾਤਮਾ ਦੇ ਆਪ ਪ੍ਰਗਟ ਹੋਣ ਦੁਆਰਾ ਹੀ ਆਉਂਦਾ ਹੈ। ਇਹ ਅਨੰਦ ਗੁਰੂ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣ ਦਾ ਅਨੰਦ ਹੈ, ਉਸ ਤੇ ਪੂਰਨ ਵਿਸ਼ਵਾਸ ਦਾ ਅਨੰਦ ਹੈ, ਅਗਿਆਨਤਾ ਤੋਂ ਮੁਕਤ ਹੋਣ ਦਾ ਅਨੰਦ ਹੈ, ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੋਣ ਦਾ ਅਨੰਦ ਹੈ।

12/1262

ਇਸ ਅਨੰਦ ਦੀ ਪ੍ਰਾਪਤੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ। ਧਰਮ ਗ੍ਰੰਥਾਂ ਦੇ ਪੜ੍ਹਨ ਸੁਣਨ ਦਾ ਅਨੰਦ ਕੋਈ ਘੱਟ ਕੋਈ ਵੱਧ ਹਰ ਕੋਈ ਮਾਣਦਾ ਹੈ ਤੇ ਸੰਸਾਰ ਇਸੇ ਅਨੰਦ ਨੂੰ ਹੀ ਸੱਚਾ ਅਨੰਦ ਸਮਝੀ ਬੈਠਾ ਹੈ। ਅਸਲ ਅਨੰਦ ਦੀ ਪ੍ਰਾਪਤੀ ਦੇ ਨਾਲ, ਮਨੁੱਖ ਦੀ ਧੰਦਿਆਂ ਦੀ ਦੌੜ ਭੱਜ ਮੁੱਕ ਜਾਂਦੀ ਹੈ, ਮਾਇਆ ਦੀ ਦੌੜ ਮੁੱਕ ਜਾਂਦੀ ਹੈ, ਉਹ ਮਾਇਆ ਮੋਹ ਦੀ ਅਗਿਆਨਤਾ ਵਿੱਚੋਂ ਨਿਕਲ ਜਾਂਦਾ ਹੈ ਤੇ ਹਰ ਵੇਲੇ ਗੁਰੂ ਦੀ ਮਤਿ ਨਾਲ ਜੁੜਿਆ ਰਹਿੰਦਾ ਹੈ। ਇਹ ਮਨ ਦੇ ਸੰਤੋਖ ਦਾ ਅਨੰਦ ਹੈ, ਸਹਜ ਗਿਆਨ ਦਾ ਅਨੰਦ ਹੈ।

(ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ॥)

"**ਸਬਦੁ**" ਗੁਰੂ ਪ੍ਰਮਾਤਮਾ ਆਪ ਹੈ, "**ਅਨੰਦੁ**" ਗੁਰੂ ਪ੍ਰਮਾਤਮਾ ਆਪ ਹੈ ਤੇ ਮਨ ਦੇ ਵਿੱਚ ਸਬਦੁ ਅਨੰਦੁ ਦਾ ਵੱਸਣਾ ਪ੍ਰਮਾਤਮਾ ਦਾ ਆਪ ਵੱਸਣਾ ਹੀ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **"ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ॥"**

ਸ਼ਬਦ ਦੀ ਹਰ ਪੰਗਤੀ ਸ਼ਬਦ ਦੇ ਅੰਦਰੂਨੀ ਭਾਵ ਨਾਲ ਹੀ ਜੁੜੀ ਹੁੰਦੀ ਹੈ। ਜੋ ਗੱਲ ਉੱਪਰ ਸਮਝਾਈ ਹੋਈ ਹੈ, ਉਹੀ ਕੁੱਝ ਇੱਥੇ ਸਮਝਾਇਆ ਹੋਇਆ ਹੈ। ਸਾਨੂੰ ਸ਼ਬਦ ਰਾਹੀਂ ਨਾਮ ਧਨੁ ਦੀ ਪ੍ਰਾਪਤੀ ਲਈ ਪ੍ਰੇਰਿਆ ਹੋਇਆ ਹੈ ਤੇ ਇਸ ਪੰਗਤੀ ਰਾਹੀਂ ਨਾਮ ਧਨੁ ਦੀ ਪ੍ਰਾਪਤੀ ਹੀ ਸਮਝਾਈ ਹੋਈ ਹੈ, ਅਨੰਦ ਦੀ ਪ੍ਰਾਪਤੀ ਹੀ ਸਮਝਾਈ ਹੋਈ ਹੈ, ਸ਼ਬਦ ਦੇ ਨਾਲ ਸੁਰਤਿ ਦਾ ਮੇਲ

ਹੀ ਸਮਝਾਇਆ ਹੋਇਆ ਹੈ। ਸਾਡੀ ਜ਼ਿੰਦਗੀ ਦਾ ਮਨੋਰਥ ਦੁਰਜਨ ਤੋਂ ਸਾਜਨ ਬਣਨ ਦਾ ਹੈ। ਮਨਮਤਿ ਵਿੱਚੋਂ ਨਿਕਲ ਕੇ ਗੁਰਮਤਿ ਵਿੱਚ ਪਹੁੰਚਣ ਦਾ ਹੈ, ਅਗਿਆਨਤਾ ਵਿੱਚੋਂ ਨਿਕਲ ਕੇ ਸੱਚੇ ਗਿਆਨ ਦੀ ਪ੍ਰਾਪਤੀ ਕਰਨ ਦਾ ਹੈ, ਤ੍ਰੈਗੁਣਾਂ ਵਿੱਚੋਂ ਨਿਕਲ ਕੇ ਚੌਥੇ ਪਦ ਵਿੱਚ ਪਹੁੰਚਣ ਦਾ ਹੈ। ਇੱਕ ਪਾਸਾ ਦੁਰਜਨ ਦਾ ਹੈ ਤੇ ਦੂਜਾ ਪਾਸਾ ਗੁਰੂ ਵਾਲਾ ਹੈ, ਸਾਜਨ ਬਣਨ ਦਾ ਹੈ। ਗੁਰੂ ਦੇ ਸੱਚੇ ਗਿਆਨ ਨਾਲ ਜੁੜ ਕੇ ਹੀ ਮਨੁੱਖ ਦੁਰਜਨ ਤੋਂ ਸਾਜਨ ਬਣਦਾ ਹੈ ਤੇ ਸੱਚੇ ਗਿਆਨ ਦੀ ਪ੍ਰਾਪਤੀ ਹੀ ਉਸ ਗੁਰੂ ਪ੍ਰਮਾਤਮਾ ਨੂੰ ਭੇਟਣਾ ਹੈ, ਉਸਦੇ ਨਾਲ ਮੇਲ ਹੈ ਤੇ ਇਹੀ ਸਾਡੇ ਜੀਵਨ ਦਾ ਮਨੋਰਥ ਹੈ ਜਿਸ ਦੁਆਰਾ

12/1263

ਸੱਚੇ ਧਨੁ ਦੀ ਪ੍ਰਾਪਤੀ ਹੁੰਦੀ ਹੈ। ਜਿਸ ਵਸਤੂ ਦੀ ਅਸੀਂ ਪ੍ਰਾਪਤੀ ਕਰਨੀ ਹੈ, ਜਿਸ ਧਨੁ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ ਜਿਸ ਨੂੰ ਕਿ ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ, ਮਾਇਆ ਵਿੱਚ ਰਹਿੰਦੇ ਹੋਏ ਹੀ ਪ੍ਰਾਪਤ ਕਰੀਦਾ ਹੈ ਤੇ ਉਸਦੀ ਪ੍ਰਾਪਤੀ ਲਈ ਉਸ ਨੂੰ ਕਿਸੇ ਹੋਰ ਜਗ੍ਹਾ ਖੋਜਣਾ ਸਾਡੀ ਅਗਿਆਨਤਾ ਹੈ, ਕਿਸੇ ਹੋਰ ਰੂਪ ਦੇ ਵਿੱਚ ਖੋਜਣਾ ਸਾਡੀ ਅਗਿਆਨਤਾ ਹੈ ਸਾਡਾ ਮਾਇਆ ਮੋਹ ਹੈ। ਮਾਇਆ ਮੋਹ ਵਿੱਚੋਂ ਅਸੀਂ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਨਿਕਲ ਸਕਦੇ ਹਾਂ ਜਿਸਦੀ ਪ੍ਰਾਪਤੀ ਆਪਣੇ ਘਰ ਦੇ ਵਿੱਚੋਂ, ਮਨ ਦੇ ਵਿੱਚੋਂ ਹੀ ਹੋ ਸਕਦੀ ਹੈ।

(ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ॥

ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ॥੩੬॥)

ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ ਜੋ ਨਾਮ ਹੈ ਉਹੀ ਨਾਮ ਧਨੁ ਹੈ। ਜੇਕਰ ਸਾਨੂੰ ਨਾਮ ਦੀ ਸੋਝੀ ਨਹੀ ਤਾਂ ਫਿਰ ਨਾਮ ਧਨੁ ਦੀ ਸੋਝੀ ਵੀ ਨਹੀਂ ਪੈ ਸਕਦੀ। ਨਾਮ ਆਪ ਪ੍ਰਮਾਤਮਾ ਹੈ ਜੋ ਕਿ ਸਾਡੇ ਅੰਦਰ ਹੀ ਵੱਸਦਾ ਹੈ। ਨਾਮ ਧਨੁ ਵੀ ਆਪ ਪ੍ਰਮਾਤਮਾ ਹੈ ਜੋ ਕਿ ਸਾਡੇ ਅੰਦਰ ਵੱਸਿਆ ਹੋਇਆ ਹੈ ਪਰ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ। "**ਨਾਮ**" ਆਪ ਪ੍ਰਮਾਤਮਾ ਹੈ ਤੇ "**ਧਨੁ**" ਉਸਦਾ ਸੱਚਾ ਗਿਆਨ ਹੈ। "**ਨਾਮ**" ਬ੍ਰਹਮ ਗਿਆਨੀ ਹੈ ਤੇ ਉਸਦਾ "**ਧਨੁ**" ਉਸਦਾ ਬ੍ਰਹਮ ਗਿਆਨ ਹੈ। ਪ੍ਰਮਾਤਮਾ ਇਸ ਧਨੁ ਦਾ ਮਾਲਕ ਹੈ ਤੇ ਇਸ ਧਨੁ ਕਰਕੇ ਹੀ ਪ੍ਰਮਾਤਮਾ ਨੇ ਹਰ ਹੋਂਦ ਦੀ ਸਿਰਜਣਾ ਕੀਤੀ ਹੈ ਤੇ ਉਸਨੂੰ ਚਲਾ ਰਿਹਾ ਹੈ। ਆਪਣੇ ਇਸ ਧਨੁ ਦੁਆਰਾ ਹੀ ਉਹ ਸਭ ਵਿੱਚ ਸਮਾਇਆ ਹੋਇਆ ਹੈ। ਆਓ ਹੁਣ ਹੇਠ ਲਿਖੇ ਸ਼ਬਦ ਦੁਆਰਾ ਸਮਝੀਏ, ਦ੍ਰਿੜ ਕਰੀਏ ਕਿ ਨਾਮ ਧਨੁ ਆਪ ਪ੍ਰਮਾਤਮਾ ਹੈ।

ਮਾਰੂ ਮਹਲਾ ੧ ॥

"ਇਹੁ ਧਨੁ ਸਰਬ ਰਹਿਆ ਭਰਪੂਰਿ ॥ ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥੧॥

ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ॥ ਜਿਸੁ ਤੂ ਦੇਹਿ ਤਿਸੈ ਨਿਸਤਾਰੈ ॥੧॥ ਰਹਾਉ ॥

ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥ ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ॥੨॥

ਇਸੁ ਧਨ ਕੀ ਦੇਖਹੁ ਵਡਿਆਈ ॥ ਸਹਜੇ ਮਾਤੇ ਅਨਦਿਨੁ ਜਾਈ ॥੩॥

ਇਕ ਬਾਤ ਅਨੂਪ ਸੁਨਹੁ ਨਰ ਭਾਈ ॥ ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ ॥੪॥

ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ ॥ ਸਤਿਗੁਰੁ ਮਿਲੈ ਤ ਇਹੁ ਧਨੁ ਪਾਏ ॥੫॥੯॥"

(ਅੰਗ ੯੯੧)

ਸ਼ਬਦ ਦੀ ਪਹਿਲੀ ਪੰਗਤੀ ਨੂੰ ਅਗਰ ਧਿਆਨ ਨਾਲ ਵਿਚਾਰੋ ਤਾਂ ਸਮਝ ਲੱਗ ਜਾਂਦੀ ਹੈ ਕਿ ਉਹ ਕਿਹੜਾ ਧਨੁ ਹੈ ਜੋ ਕਿ ਸਭ ਜਗ੍ਹਾ ਭਰਪੂਰ ਹੈ। ਸਭ ਜਗ੍ਹਾ ਇੱਕੋ ਇੱਕ ਪ੍ਰਮਾਤਮਾ ਹੀ ਭਰਪੂਰ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ ਭਾਵ ਨਾਮ ਧਨੁ ਆਪ ਪ੍ਰਮਾਤਮਾ ਹੈ। ਜੋ ਸਭ ਜਗ੍ਹਾ ਹੈ ਉਹੀ ਸਾਡੇ ਵਿੱਚ ਹੈ ਪਰ ਮਨਮੁਖਿ ਵਾਲੀ ਅਵੱਸਥਾ ਵਿੱਚ ਉਸਨੂੰ ਕੋਈ ਨਹੀਂ ਜਾਣ ਸਕਦਾ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਸਭ ਜਗ੍ਹਾ ਨਾਮ ਧਨੁ ਹੀ ਹੈ ਤੇ ਅਗਿਆਨਤਾ ਵਿੱਚ ਰਹਿੰਦੇ ਹੋਏ ਹਰ ਕੋਈ ਉਸਨੂੰ ਦੂਰ ਹੀ ਸਮਝਦਾ ਹੈ। "ਮਨਮੁਖਿ" ਸਾਡੀ ਅਗਿਆਨਤਾ ਵਾਲੀ ਅਵੱਸਥਾ ਹੈ।

(ਇਹੁ ਧਨੁ ਸਰਬ ਰਹਿਆ ਭਰਪੂਰਿ॥ ਮਨਮੁਖ ਫਿਰਹਿ ਸਿ ਜਾਣਹਿ ਦੂਰਿ॥੧॥)

ਜੋ ਪ੍ਰਮਾਤਮਾ ਨੂੰ ਕਿਤੇ ਦੂਰ ਸਮਝਦੇ ਹਨ, ਕਿਸੇ ਖਾਸ ਟਿਕਾਣੇ ਤੇ ਖੰਡ ਤੇ ਸਮਝਦੇ ਹਨ, ਉਹਨਾਂ ਨੂੰ ਮਨਮੁਖਿ ਹੀ ਦੱਸਿਆ ਹੈ। ਇਹੋ ਜਿਹੀਆਂ ਗੱਲਾਂ ਕਰਨ ਵਾਲੇ ਹੀ ਆਪਣੇ ਆਪ ਨੂੰ ਪ੍ਰਮਾਤਮਾ ਨਾਲ ਮਿਲਿਆ ਹੋਇਆ ਦੱਸਦੇ ਹਨ ਪਰ ਅਸਲ ਵਿੱਚ ਉਹ ਮਨਮੁਖਿ ਹੀ ਹਨ, ਅਗਿਆਨਤਾ ਵਿੱਚ ਹੀ ਹਨ।

ਅਗਲੀ ਪੰਗਤੀ ਰਾਹੀਂ ਇਹ ਬੜਾ ਸਪੱਸ਼ਟ ਸਮਝਾਇਆ ਹੈ ਕਿ ਉਹ ਧਨੁ ਜੋ ਸਭ ਜਗ੍ਹਾ ਭਰਪੂਰ ਹੈ ਉਹ ਨਾਮ ਧਨੁ ਹੈ, ਨਾਮ ਵੱਖਰ ਹੈ ਜੋ ਕਿ

12/1264

ਸਾਡੇ ਅੰਦਰ ਹੀ ਹੈ, ਸਾਡੇ ਹਿਰਦੇ ਵਿੱਚ, ਮਨ ਦੇ ਵਿੱਚ ਹੀ ਹੈ। ਜਿਸ ਨੂੰ ਪ੍ਰਮਾਤਮਾ ਨਿਸਤਾਰਦਾ ਹੈ, ਪਾਰ ਉਤਾਰਦਾ ਹੈ, ਉਸਨੂੰ ਇਹ ਆਪਣਾ ਨਾਮ ਹੀ ਬਖ਼ਸ਼ਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਆਪਣਾ ਨਾਮ ਧਨੁ ਦੇ ਕੇ ਮੇਲਦਾ ਹੈ ਕਿਉਂਕਿ ਅਸਲ ਵਿੱਚ ਨਾਮ ਧਨੁ ਹੀ ਆਪ ਪ੍ਰਮਾਤਮਾ ਹੈ। **(ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ॥ ਜਿਸੁ ਤੂ ਦੇਹਿ ਤਿਸੈ ਨਿਸਤਾਰੈ॥੧॥ਰਹਾਉ॥)**। ਇਹ ਧਨੁ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਧਨੁ ਹੈ, ਉਸਦੇ ਸੱਚੇ ਗੁਣਾਂ ਦਾ ਧਨੁ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਇਹ ਧਨੁ ਦੇ ਦਿੰਦਾ ਹੈ ਉਸ ਤੋਂ ਬਾਅਦ ਇਸ ਧਨੁ ਦੀ ਚੋਰੀ ਨਹੀਂ ਹੁੰਦੀ ਤੇ ਫਿਰ ਕੋਈ ਵੀ ਵਸਤੂ ਇਸ ਧਨੁ ਦਾ ਨੁਕਸਾਨ ਨਹੀਂ ਕਰ ਸਕਦੀ ਕਿਉਂਕਿ ਇਸ ਵਿੱਚ ਆਪ ਪ੍ਰਮਾਤਮਾ ਹੈ। ਇਸ ਧਨੁ ਦੀ ਪ੍ਰਾਪਤੀ ਤੋਂ ਬਾਅਦ ਮਨੁੱਖ ਸਜਾਵਾਂ ਤੋਂ ਮੁਕਤ ਹੋ ਜਾਂਦਾ ਹੈ ਕਿਉਂਕਿ ਇਹ ਧਨੁ ਸੱਚ ਦਾ ਧਨੁ ਹੈ ਤੇ ਸੱਚ ਨੂੰ ਕਦੇ ਸਜ਼ਾ ਨਹੀਂ ਹੋ ਸਕਦੀ। ਸਜ਼ਾ ਝੂਠ ਨੂੰ ਮਿਲਦੀ ਹੈ, ਮਨਮੁਖਿ ਨੂੰ ਮਿਲਦੀ ਹੈ। ਸੱਚ ਦਾ ਧਨੁ ਗੁਰਮੁਖਿ ਦਾ ਧਨੁ ਹੈ ਜੋ ਸਜ਼ਾ ਤੋਂ ਮੁਕਤ ਹੈ, ਅਗਿਆਨਤਾ ਤੋਂ ਮੁਕਤ ਹੈ। ਸਾਡੀ ਸਜ਼ਾ ਦਾ ਕਾਰਨ ਸਾਡੀ ਅਗਿਆਨਤਾ ਹੈ ਤੇ ਇਸ ਧਨੁ ਨਾਲ ਸਾਡੀ ਅਗਿਆਨਤਾ ਕੱਟੀ ਜਾਂਦੀ ਹੈ। **(ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ॥ ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ॥੨॥)**

ਇਹ ਧਨੁ ਸਾਨੂੰ ਸਜ਼ਾ ਤੋਂ ਕਿਵੇਂ ਬਚਾਉਂਦਾ ਹੈ, ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਇਸੁ ਧਨ ਕੀ ਦੇਖਹੁ ਵਡਿਆਈ॥ ਸਹਜੇ ਮਾਤੇ ਅਨਦਿਨੁ ਜਾਈ॥੩॥"

ਪ੍ਰਮਾਤਮਾ ਦੀ ਵਡਿਆਈ ਇਸੇ ਧਨੁ ਦੇ ਨਾਲ ਹੁੰਦੀ ਹੈ ਜਿਸ ਦੁਆਰਾ ਮਨੁੱਖ ਨੂੰ ਸਹਜ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸਹਜ ਦੀ ਪ੍ਰਾਪਤੀ ਤੋਂ ਬਾਅਦ ਮਨੁੱਖ ਹਰ ਵੇਲੇ ਅੱਠੇ ਪਹਿਰ, ਅਨਦਿਨ ਫਿਰ ਉਸੇ ਸਹਜ ਦੀ ਅਵੱਸਥਾ ਦੁਆਰਾ ਹੀ ਵਿਚਰਦਾ ਹੈ ਕਿਉਂਕਿ ਇੱਕ ਵਾਰ ਜੇ ਇਸ ਅਵੱਸਥਾ ਦੀ ਪ੍ਰਾਪਤੀ ਹੋ ਜਾਵੇ ਤਾਂ ਫਿਰ ਸਦਾ ਲਈ ਹੋ ਜਾਂਦੀ ਹੈ। ਇੱਕ ਵਾਰੀ ਨਾਮ ਧਨੁ ਦੀ ਪ੍ਰਾਪਤੀ ਹੋ ਜਾਵੇ, ਪ੍ਰਮਾਤਮਾ ਨਾਲ ਮੇਲ ਹੋ ਜਾਵੇ ਤਾਂ ਫਿਰ ਉਹ ਸਦਾ ਲਈ ਹੀ ਹੋ ਜਾਂਦਾ ਹੈ। ਮਨ ਦੇ ਵਿੱਚ ਉਸਦਾ ਸੱਚਾ ਗਿਆਨ ਹਰ ਵੇਲੇ ਮਿਲਦਾ ਰਹਿੰਦਾ ਹੈ। ਇਸ ਧਨੁ ਦੀ ਪ੍ਰਾਪਤੀ ਹੀ ਪਰਮ ਗਤਿ ਪਾਉਣਾ ਹੈ, ਮੁਕਤੀ ਪਾਉਣਾ ਹੈ। ਮੁਕਤੀ ਅਸੀਂ ਅਗਿਆਨਤਾ ਤੋਂ ਹੀ ਪਾਉਂਦੇ ਹਾਂ, ਭਰਮ ਤੋਂ ਹੀ ਪਾਉਂਦੇ ਹਾਂ ਜੋ ਕਿ ਸਾਡਾ ਬੰਧਨ ਹੈ।

(ਇਕ ਬਾਤ ਅਨੂਪ ਸੁਨਹੁ ਨਰ ਭਾਈ॥ ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ॥੪॥)

12/1265

ਆਓ ਹੁਣ ਸ਼ਬਦ ਦੇ ਆਖਰੀ ਪਦੇ ਨੂੰ ਵਿਚਾਰੀਏ ਤੇ ਸਮਝੀਏ ਕਿ ਗੁਰੂ ਸਾਹਿਬਾਨ ਨੇ, ਭਗਤਾਂ ਨੇ ਅਕਥ ਕਥਾ ਕਿਵੇਂ ਵਿਚਾਰੀ ਹੈ, ਗੁਰਬਾਣੀ ਕਿਵੇਂ ਵਿਚਾਰੀ ਹੈ। ਪ੍ਰਮਾਤਮਾ ਦੇ ਸੱਚੇ ਵਿਚਾਰ ਸਾਨੂੰ ਕਿਵੇਂ ਸੁਣਾਏ ਹਨ।

"ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ॥ ਸਤਿਗੁਰੁ ਮਿਲੈ ਤ ਇਹੁ ਧਨੁ ਪਾਏ॥੫॥੯॥" ਇਸ ਧਨੁ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ, ਨਾਮ ਧਨੁ ਦੀ ਪ੍ਰਾਪਤੀ ਗੁਰੂ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੋ ਸਕਦਾ। ਪ੍ਰਮਾਤਮਾ ਮਨ ਦੇ ਵਿੱਚ ਇਸ ਧਨੁ ਦੁਆਰਾ ਹੀ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਆਪਣੀ ਸੱਚੀ ਬਾਣੀ ਸੁਣਾਉਂਦਾ ਹੈ। ਉਸਦੀ ਸੱਚੀ ਬਾਣੀ ਉਸਦੀ ਅਕਥ ਕਥਾ ਹੈ, ਪੂਰੀ ਗੁਰਬਾਣੀ ਉਸ ਦੀ ਅਕਥ ਕਥਾ ਹੈ ਜੋ ਸਾਨੂੰ ਪ੍ਰਮਾਤਮਾ ਦਾ ਅਸਲ ਰੂਪ ਬਿਆਨ ਕਰਦੀ ਹੈ। ਆਪਣੀ ਸੱਚੀ ਮਤਿ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਸੁਣਾਉਂਦਾ ਹੈ। ਉਸਦੀ ਅਕਥ ਕਥਾ ਹੀ ਬ੍ਰਹਮ ਗਿਆਨ ਹੈ। ਪੂਰੀ ਗੁਰਬਾਣੀ ਬ੍ਰਹਮ ਗਿਆਨ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਪ੍ਰਗਟ ਹੁੰਦਾ ਹੈ ਜੋ ਕਿ ਉਸਦਾ ਸੱਚਾ ਧਨੁ ਹੈ, ਹਰਿ ਧਨੁ ਹੈ, ਨਾਮ ਧਨੁ ਹੈ। ਇਸ ਧਨੁ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ

ਹੋ ਸਕਦੀ ਹੈ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਇਸ ਧਨੁ ਦੁਆਰਾ ਪ੍ਰਗਟ ਹੋ ਕੇ ਆਪਣੀ ਅਕਥ ਕਥਾ ਸੁਣਾਈ ਹੈ ਉਹੀ ਅਕਥ ਕਥਾ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਮੌਜੂਦ ਹੈ। ਆਪਣੇ ਨਾਲ ਮੇਲ ਦੀ ਪ੍ਰਾਪਤੀ ਲਈ ਪ੍ਰਮਾਤਮਾ ਨੇ ਜੋ ਸਾਨੂੰ ਸਾਧਨ ਬਖ਼ਸ਼ਿਆ ਹੈ ਉਹ ਗੁਰਬਾਣੀ ਹੈ ਤੇ ਇਸ ਜੱਗ ਵਿੱਚ ਕੇਵਲ ਇੱਕ ਗੁਰਬਾਣੀ ਹੀ ਹੈ ਜੋ ਪ੍ਰਮਾਤਮਾ ਦਾ ਸੱਚ ਬਿਆਨ ਕਰ ਰਹੀ ਹੈ, ਪ੍ਰਮਾਤਮਾ ਦੀ ਅਸਲੀਅਤ ਬਿਆਨ ਕਰ ਰਹੀ ਹੈ, ਉਸ ਅਕਥ ਦੀ ਕਥਾ ਬਿਆਨ ਕਰ ਰਹੀ ਹੈ, ਉਸ ਅਕਥ ਦੀ ਕਥਾ ਬਿਆਨ ਕਰ ਰਹੀ ਹੈ। ਗੁਰਬਾਣੀ ਦੇ ਸ਼ਬਦ ਨਾਲ ਜੁੜ ਕੇ ਭਾਵ ਉਸਦੀ ਸੋਝੀ ਨਾਲ ਜੁੜ ਕੇ ਹੀ, ਉਸਦੀ ਗੱਲ ਤੇ ਅਮਲ ਕਰਕੇ ਹੀ, ਉਸ ਤੇ ਵਿਸ਼ਵਾਸ ਰੱਖ ਕੇ ਹੀ ਮਨੁੱਖ ਪ੍ਰਮਾਤਮਾ ਨੂੰ ਮਿਲਣ ਦਾ ਉਪਰਾਲਾ ਕਰ ਸਕਦਾ ਹੈ ਜੋ ਕਿ ਸਾਡਾ ਸੱਚਾ ਉੱਦਮ ਹੋਣਾ ਚਾਹੀਦਾ ਹੈ। ਗੁਰਬਾਣੀ ਸਾਨੂੰ ਸੱਚੇ ਸੁੱਚੇ ਕਰਮ ਕਰਨ ਲਈ ਪ੍ਰੇਰ ਰਹੀ ਹੈ ਜੋ ਕਿ ਸਾਰੀ ਦੁਨੀਆਂ ਲਈ ਇੱਕੋ ਜਿਹਾ ਸਾਂਝਾ ਉਪਦੇਸ਼ ਹੈ। ਕਿਸੇ ਵੀ ਧਰਮ ਦੇ ਮੰਨਣ ਵਾਲੇ ਲਈ ਇਹੀ ਇੱਕੋ ਇੱਕ ਸਾਂਝਾ ਉਪਦੇਸ਼ ਹੈ ਜੋ ਸਾਨੂੰ ਆਪਸ ਵਿੱਚ ਜੋੜ ਸਕਦਾ ਹੈ, ਵੱਖਰੇ-ਵੱਖਰੇ ਧਰਮ ਦੀ ਊਚ-ਨੀਚ ਤੋਂ ਕੱਢ ਸਕਦਾ ਹੈ, ਮਨੁੱਖਤਾ ਨੂੰ ਆਪਸ ਵਿੱਚ ਜੋੜ ਸਕਦਾ ਹੈ। ਗੁਰਬਾਣੀ ਕਿਸੇ ਨੂੰ ਕੋਈ ਧਰਮ ਤਿਆਗਣ ਲਈ ਨਹੀਂ ਕਹਿੰਦੀ, ਕਿਸੇ ਨੂੰ ਕਿਸੇ ਵੀ ਧਰਮ ਵਾਲਾ ਅਖਵਾਉਣ ਕਰਕੇ ਮਾੜਾ ਚੰਗਾ ਨਹੀਂ ਕਹਿੰਦੀ। ਅਸੀਂ ਮਾੜੇ ਜਾਂ ਚੰਗੇ ਆਪਣੇ ਕਰਮਾਂ ਕਰਕੇ ਹਾਂ, ਆਪਣੇ ਮਾੜੇ

12/1266

ਅਸੂਲਾਂ ਕਰਕੇ ਹਾਂ ਜਿੰਨ੍ਹਾਂ ਦਾ ਮੂਲ ਕਾਰਨ ਸਾਨੂੰ ਧਰਮ ਦੀ ਸਹੀ ਸੋਝੀ ਨਾ ਪੈਣਾ ਹੈ, ਜਿਸ ਕਰਕੇ ਅਸੀਂ ਇੱਕ ਦੂਜੇ ਦੇ ਧਰਮ ਤੋਂ ਵਿਤਕਰਾ ਕਰਦੇ ਹਾਂ, ਉੱਚਾ ਨੀਵਾਂ ਸਮਝਦੇ ਹਾਂ, ਚੰਗਾ ਮਾੜਾ ਸਮਝਦੇ ਹਾਂ। ਸਾਡੀ ਨਾ ਸਮਝੀ ਦਾ ਮੂਲ ਕਾਰਨ ਸਾਡੀ ਅਗਿਆਨਤਾ ਹੈ। ਗੁਰਬਾਣੀ ਦਾ ਮੂਲ ਭਾਵ ਸਾਨੂੰ ਇਸ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚ ਨੂੰ ਸਮਝੀਏ, ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ, ਇਸ ਦੀ ਸੱਚਾਈ ਨੂੰ ਸਮਝੀਏ। ਅਸੀਂ ਬਜਾਇ ਸੱਚੇ ਸੁੱਚੇ ਕਰਮਾਂ ਨੂੰ ਤਰਜੀਹ ਦੇਣ ਦੇ ਸਰੀਰਕ ਜਪਾਂ ਤਪਾਂ ਵਿੱਚ ਉਲਝੇ ਹੋਏ ਹਾਂ, ਆਪਣੇ ਆਪਣੇ ਧਰਮ ਦੀ ਮਰਿਆਦਾ ਨੂੰ ਉੱਚਾ ਕਰਨ ਵਿੱਚ ਉਲਝੇ ਹੋਏ ਹਾਂ। ਗੁਰਬਾਣੀ ਸਾਨੂੰ ਇੱਕੋ ਧਰਮ ਸਮਝਾ ਰਹੀ ਹੈ ਜਿਸ ਤੋਂ ਚੱਲ ਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜੋ ਕਿ ਸਾਰੀ ਮਨੁੱਖਤਾ ਲਈ ਇੱਕੋ ਹੀ ਹੈ। ਇੱਕੋ ਇੱਕ ਦੁਨੀਆਂ ਦਾ ਧਰਮ ਸੱਚ ਹੀ ਹੈ। ਜਿੱਥੇ ਸੱਚ ਹੈ ਉੱਥੇ ਇਨਸਾਨੀਅਤ ਹੈ, ਇਮਾਨਦਾਰੀ ਹੈ, ਇਨਸਾਫ਼ ਹੈ। ਇੱਕ ਇਹੀ ਗੱਲ ਦੁਨੀਆਂ ਨੂੰ ਇੱਕ ਕਰ ਸਕਦੀ ਹੈ ਤੇ ਇਹੀ ਗੁਰਬਾਣੀ ਦਾ ਫੁਰਮਾਨ ਹੈ। ਆਓ ਗੁਰਬਾਣੀ ਤੇ ਵਿਸ਼ਵਾਸ ਕਰਕੇ ਸੱਚ ਨਾਲ ਜੁੜੀਏ ਤੇ ਉਸ ਵਿਧੀ ਦੁਆਰਾ ਪ੍ਰਮਾਤਮਾ ਨੂੰ ਪ੍ਰਸੰਨ ਕਰੀਏ ਜਿਸ ਦੁਆਰਾ ਉਹ ਪ੍ਰਸੰਨ ਹੁੰਦਾ ਹੈ ਤੇ ਆਪਣੇ ਦਰਸ਼ਨ ਦਿੰਦਾ ਹੈ। ਉਸਨੂੰ ਪਾਉਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਸਾਰੀ ਮਨੁੱਖਤਾ ਲਈ ਇੱਕੋ ਇੱਕ ਤਰੀਕਾ ਇਹੀ ਹੈ।

13/1267

ਪ੍ਰਮਾਤਮਾ ਆਪਣੇ ਆਪ ਦੀ ਸੋਝੀ ਆਪ ਹੀ ਪਾਉਂਦਾ ਹੈ ਤੇ ਸੋਝੀ ਸਿਰਫ਼ ਗਿਆਨ ਦੁਆਰਾ ਪੈਂਦੀ ਹੈ। ਜਿਸ ਨੂੰ ਉਹ ਆਪਣਾ ਨਾਮ ਦਿੰਦਾ ਹੈ ਉਹ ਆਪਣੇ ਨਾਮ ਧਨੁ ਦੇ ਰੂਪ ਵਿੱਚ ਹੀ ਦਿੰਦਾ ਹੈ, ਸੱਚੀ ਸੋਝੀ ਦੇ ਰੂਪ ਵਿੱਚ ਹੀ ਦਿੰਦਾ ਹੈ। ਨਾਮ ਬਿਨ੍ਹਾਂ ਸਾਡੀ ਮਤਿ ਕੱਚੀ ਹੈ, ਮਾੜੀ ਹੈ ਤੇ ਨਾਮ ਮਿਲਣ ਨਾਲ ਸਾਡੀ ਮਤਿ ਹੀ ਉੱਚੀ ਹੁੰਦੀ ਹੈ, ਔਗੁਣਾਂ ਵਾਲੀ ਮਤਿ ਗੁਣਾਂ ਵਿੱਚ ਬਦਲਦੀ ਹੈ ਭਾਵ ਨਾਮ ਧਨੁ ਗੁਰੂ ਦੇ ਸੱਚੇ ਗੁਣਾਂ ਦਾ ਧਨੁ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

“ਬਾਬਾ ਮੈ ਕੁਚੀਲੁ ਕਾਚਉ ਮਤਿਹੀਨ॥ ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ॥੧॥ਰਹਾਉ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ॥੨॥”

(ਅੰਗ ੧੦੧੦)

ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਨਾਮ ਦਾ ਮਨੋਰਥ ਕੀ ਹੈ। ਜਿਹੜੇ ਮਨ ਵਿੱਚ ਨਾਮ ਨਹੀਂ ਹੈ ਉਹ ਮਤਿ ਕੱਚੀ ਹੈ, ਕੁਚੀਲ ਹੈ, ਮਤਿਹੀਣ ਹੈ ਭਾਵ ਗੁਰੂ ਦੀ ਮਤਿ ਤੋਂ ਹੀਣ ਹੈ, ਸੱਚੀ ਮਤਿ ਤੋਂ ਹੀਣ ਹੈ। ਮਤਿ

ਉਹ ਉੱਚੀ ਹੈ ਜੋ ਸਾਨੂੰ ਗੁਰੂ ਦੇ ਕੋਲੋਂ ਮਿਲਦੀ ਹੈ ਤੇ ਗੁਰੂ ਦੀ ਮਤਿ ਤੋਂ ਬਿਨ੍ਹਾਂ ਹਰ ਕੋਈ ਮਤਿ ਹੀਨ ਹੀ ਹੈ। ਸੱਚੀ ਮਤਿ ਕੇਵਲ ਗੁਰੂ ਦੇ ਕੋਲ ਹੈ, ਨਾਮ ਦੇ ਕੋਲ ਹੈ। ਸਾਡੀ ਮਤਿ ਨੂੰ ਪੂਰਾ ਕੇਵਲ ਨਾਮ ਹੀ ਕਰ ਸਕਦਾ ਹੈ, ਗੁਰੂ ਆਪ ਹੀ ਕਰ ਸਕਦਾ ਹੈ। ਪੂਰੀ ਮਤਿ ਸਾਨੂੰ ਉਹੀ ਦੇ ਸਕਦਾ ਹੈ ਜਿਸ ਦੇ

13/1268

ਆਪਣੇ ਕੋਲ ਪੂਰੀ ਮਤਿ ਹੈ। ਪੂਰੀ ਮਤਿ ਕੇਵਲ ਪੂਰੇ ਗੁਰੂ ਦੇ ਕੋਲ ਹੈ। "**ਗੁਰੂ**" ਗੁਰੂ ਦੀ ਮਤਿ ਹੈ, "**ਨਾਮ**" ਨਾਮ ਦੀ ਮਤਿ ਹੈ, ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਸੋਝੀ ਹੈ। **(ਬਾਬਾ ਮੈ ਕੁਚੀਲੁ ਕਾਚਉ ਮਤਿਹੀਨ॥)** ਕੱਚੀ ਮਤਿ ਵਿੱਚ ਤੇ ਪੂਰੀ ਮਤਿ ਵਿੱਚ ਭਾਵ ਮਨਮਤਿ ਵਿੱਚ ਅਤੇ ਗੁਰਮਤਿ ਵਿੱਚ ਕੀ ਫ਼ਰਕ ਹੈ ਇਹ ਨਾਲ ਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਜਿੱਥੇ ਕੱਚੀ ਮਤਿ ਹੈ, ਮਨਮਤਿ ਹੈ, ਅਗਿਆਨਤਾ ਹੈ, ਉਸ ਅਵੱਸਥਾ ਵਿੱਚ ਮਨੁੱਖ ਔਗੁਣਾਂ ਨਾਲ ਭਰਿਆ ਹੋਇਆ ਹੁੰਦਾ ਹੈ ਕਿਉਂਕਿ ਉੱਥੇ ਗੁਰਮਤਿ ਦੁਆਰਾ ਦੱਸੇ ਹੋਏ, ਨਾਮ ਦੁਆਰਾ ਦੱਸੇ ਹੋਏ ਗੁਣ ਨਹੀਂ ਹੁੰਦੇ ਕਿਉਂਕਿ ਗੁਰਮਤਿ ਸਾਨੂੰ ਔਗੁਣ ਛੱਡ ਕੇ ਗੁਣਾਂ ਰਾਹੀਂ ਵਿਚਰਨ ਦੀ ਮਤਿ ਦਿੰਦੀ ਹੈ ਤੇ ਬਿਨ੍ਹਾਂ ਗੁਰੂ ਦੇ ਗੁਣ ਗ੍ਰਹਿਣ ਕੀਤੇ ਉਸ ਦੇ ਘਰ ਵਿੱਚ ਨਹੀਂ ਜਾਇਆ ਜਾ ਸਕਦਾ। ਉਸਦਾ ਘਰ ਨਾਮ ਦਾ ਘਰ ਹੈ, ਗੁਰਮਤਿ ਦਾ ਘਰ ਹੈ, ਗੁਣਾਂ ਦਾ ਘਰ ਹੈ, ਔਗੁਣ ਰਹਿਤ ਘਰ ਹੈ, ਸੱਚੇ ਗਿਆਨ ਦਾ ਘਰ ਹੈ। **(ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥)** "**ਗੁਰੂ**" ਸਹਜ ਦੀ ਅਵੱਸਥਾ ਦੁਆਰਾ ਵਿਚਰਦਾ ਹੈ, ਸ਼ਬਦ ਦੇ ਗਿਆਨ ਦੁਆਰਾ ਵਿਚਰਦਾ ਹੈ। ਇਹ ਅਵੱਸਥਾ ਗੁਰਮਤਿ ਦੀ ਅਵੱਸਥਾ ਹੈ, ਗੁਰਮੁਖਿ ਦੀ ਅਵੱਸਥਾ ਹੈ। ਇਹ ਅਵੱਸਥਾ ਹੀ ਉਹ ਧਨੁ ਹੈ, ਨਾਮ ਧਨੁ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਇਹ ਗੁਰੂ ਪ੍ਰਮਾਤਮਾ ਦਾ ਆਪਣਾ ਸੱਚੇ ਗਿਆਨ ਦਾ ਧਨੁ ਹੈ, ਉਸਦਾ ਨਿੱਜ ਧਨੁ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ।

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ॥}

(ਅੰਗ ੩੩੬)

ਇਹ ਉਹ ਧਨੁ ਹੈ ਜਿਸ ਦੁਆਰਾ ਸਾਨੂੰ ਸੁਮਤਿ ਆਉਂਦੀ ਹੈ ਤੇ ਉਸਦੀ ਭਗਤੀ ਹੋ

13/1269

ਸਕਦੀ ਹੈ, ਉਸਦਾ ਨਾਮ ਜਪਿਆ ਜਾ ਸਕਦਾ ਹੈ। ਇਹ ਉਸਦਾ ਆਪਣਾ ਧਨੁ ਹੈ ਤੇ ਉਸ ਦੀ ਮਰਜ਼ੀ ਤੋਂ ਬਿਨ੍ਹਾਂ, ਉਸਦੀ ਕਿਰਪਾ ਤੋਂ ਬਿਨ੍ਹਾਂ ਇਸ ਨੂੰ ਕੋਈ ਵੀ ਪ੍ਰਾਪਤ ਨਹੀਂ ਕਰ ਸਕਦਾ। ਇਹ ਉਸਦਾ ਨਾਮ ਹੈ ਤੇ ਆਪਣਾ ਨਾਮ ਉਹ ਆਪ ਹੀ ਦਿੰਦਾ ਹੈ, ਕਦੇ ਹੀ ਕਿਸੇ ਵਿਰਲੇ ਨੂੰ ਦਿੰਦਾ ਹੈ। ਬੜੇ ਹੀ ਭਾਗਾਂ ਨਾਲ ਇਸ ਧੰਨ ਦੀ ਪ੍ਰਾਪਤੀ ਹੁੰਦੀ ਹੈ। ਇਸ ਧੰਨ ਵਿੱਚ ਹੀ ਸੁੱਖ ਹੈ ਭਾਵ ਪ੍ਰਮਾਤਮਾ ਆਪ ਹੈ ਤੇ ਇਹ ਧਨੁ ਮਨ ਦੇ ਵਿੱਚ ਹੀ ਉਪਜਦਾ ਹੈ, ਸਹਜ ਦੁਆਰਾ ਉਪਜਦਾ ਹੈ। **(ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥)** ਇਸ ਧਨੁ ਦੀ ਪ੍ਰਾਪਤੀ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ, ਪ੍ਰਮਾਤਮਾ ਦਾ ਵੱਸਣਾ ਹੈ ਜਿਸ ਦੁਆਰਾ ਸਾਡੇ ਅੰਦਰ ਔਗੁਣ ਨਿਕਲ ਕੇ ਗੁਣ ਵੱਸਦੇ ਹਨ ਤੇ ਅਸੀਂ ਉਸ ਸੱਚੇ ਦੇ ਘਰ ਵਿੱਚ ਪਹੁੰਚਦੇ ਹਾਂ। ਇਸੇ ਧਨੁ ਦੁਆਰਾ ਸਾਡੇ ਬੰਧਨ ਕੱਟੇ ਜਾਂਦੇ ਹਨ, ਸਾਡੀ ਅਗਿਆਨਤਾ ਕੱਟੀ ਜਾਂਦੀ ਹੈ ਜੋ ਕਿ ਸਾਡੇ ਦੁੱਖਾਂ ਦਾ ਕਾਰਨ ਹੈ। ਸੱਚਾ ਸੁੱਖ ਗੁਰੂ ਦੇ ਸੱਚੇ ਗੁਣਾਂ ਵਿੱਚ ਹੈ, ਉਸਦੀ ਸੱਚੀ ਮਤਿ ਵਿੱਚ ਹੈ ਤੇ ਉਸ ਤੋਂ ਬਿਨ੍ਹਾਂ ਅਸੀਂ ਮਨਮਤਿ ਦੇ, ਅਗਿਆਨਤਾ ਦੇ, ਔਗੁਣਾਂ ਦੇ ਦੁੱਖ ਹੀ ਸਹਿੰਦੇ ਹਾਂ। **(ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ॥੨॥)**

ਇੱਕ ਪਾਸੇ ਗੁਰਮਤਿ ਹੈ ਜਿੱਥੇ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਤੇ ਦੂਜੇ ਪਾਸੇ ਮਾਇਆ ਮੋਹ ਹੈ ਜਿੱਥੇ ਮਨਮਤਿ ਹੈ, ਅਗਿਆਨਤਾ ਹੈ। ਮਾਇਆ ਮੋਹ ਵਿੱਚ ਰਹਿੰਦੇ ਹੋਏ ਨਾਮ ਨਹੀਂ ਹੈ, ਨਾਮ ਧਨੁ ਨਹੀਂ ਹੈ। ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਅਸੀਂ ਪ੍ਰਮਾਤਮਾ ਦੇ ਰੰਗ ਵਿੱਚ ਰੰਗੇ ਜਾ ਸਕਦੇ ਹਾਂ ਤੇ ਅੱਠੇ ਪਹਿਰ ਉਸਨੂੰ ਧਿਆ ਸਕਦੇ ਹਾਂ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਤੇ ਉਸਦੇ ਨਾਲ ਲੱਗਦੀ ਪਉੜੀ ਦੁਆਰਾ ਸਮਝੀਏ ਤੇ ਇਸ ਗੱਲ ਨੂੰ ਵੀ

13/1270

ਜਾਣੀਏ ਕਿ ਪ੍ਰਮਾਤਮਾ ਦਾ ਸਾਡੇ ਚਿੱਤ ਵਿੱਚ ਵੱਸਣਾ ਕੀ ਹੈ, ਸਾਡੇ ਅੰਦਰ ਨਾਮ ਦਾ ਵੱਸਣਾ ਕੀ ਹੈ, ਹਰਿ ਧਨੁ ਦਾ ਵੱਸਣਾ ਕੀ ਹੈ।

ਮਃ ੫॥

“ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ॥ ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ॥
ਹਰਿ ਨਾਮਾ ਆਰਾਧਿ ਮਨ ਸਭਿ ਕਿਲਵਿਖ ਜਾਹਿ ਵਿਕਾਰ॥
ਜਿਨ ਕਉ ਪੂਰਬਿ ਲਿਖਿਆ ਤਿਨ ਰੰਗੁ ਲਗਾ ਨਿਰੰਕਾਰ॥
ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ॥
ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ॥ ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ॥੨॥”

(ਅੰਗ ੯੫੯)

ਸ਼ਬਦ ਦੀਆਂ ਪਹਿਲੀਆਂ ਤਿੰਨ ਪੰਗਤੀਆਂ ਦੁਆਰਾ ਸਾਨੂੰ ਸਮਝਾਇਆ ਹੈ ਤੇ ਨਾਲ ਹੀ ਇਸ ਗੱਲ ਦਾ ਧੀਰਜ ਦਿੱਤਾ ਹੈ ਕਿ ਪ੍ਰਮਾਤਮਾ ਸਾਡੀ ਮਨਸਾ ਪੂਰਨ ਕਰਨ ਵਾਲਾ ਹੈ। ਸਾਡੀ ਮਨਸਾ ਦੀ ਪੂਰਤੀ ਦੁੱਖਾਂ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ, ਔਗੁਣਾਂ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ ਤੇ ਇਹ ਉਸ ਗੁਰੂ ਨੂੰ ਧਿਆਉਣ ਦੁਆਰਾ ਹੁੰਦੀ ਹੈ। ਧਿਆਉਣਾ ਉਸ ਦੀ ਮਤਿ ਨੂੰ ਹੀ ਹੈ ਭਾਵ ਹਰ ਵੇਲੇ ਚੇਤੇ ਉਸਦੀ ਮਤਿ ਨੂੰ ਹੀ ਰੱਖਣਾ ਹੈ, ਚਿੱਤ ਵਿੱਚ ਉਸਦੀ ਮਤਿ ਨੂੰ ਹੀ ਰੱਖਣਾ ਹੈ ਜਿਸ ਦੁਆਰਾ ਅਸੀਂ ਦੁੱਖਾਂ ਵਿੱਚੋਂ ਨਿਕਲ ਸਕਦੇ ਹਾਂ, ਵਿਕਾਰਾਂ ਵਿੱਚੋਂ ਨਿਕਲ ਸਕਦੇ ਹਾਂ ਜੋ ਕਿ ਗੁਰਮਤਿ ਦਾ ਮਨੋਰਥ ਹੈ। ਗੁਰੂ ਨੂੰ ਧਿਆਉਣਾ ਜਾਂ ਨਾਮ ਨੂੰ ਅਰਾਧਨਾ ਇੱਕੋ ਹੀ ਗੱਲ ਹੈ ਜਿਵੇਂ ਕਿ ਸ਼ਬਦ ਦੀ ਦੂਸਰੀ ਤੇ ਤੀਸਰੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

“ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ॥
ਹਰਿ ਨਾਮਾ ਆਰਾਧਿ ਮਨ ਸਭਿ ਕਿਲਵਿਖ ਜਾਹਿ ਵਿਕਾਰ॥”

ਸਾਡੇ ਅਸਲ ਦੁੱਖ ਕੀ ਹਨ ਜਿੰਨ੍ਹਾਂ ਨੂੰ ਅਸੀਂ ਵਿਸਾਰਨਾ ਹੈ ਉਹ ਨਾਲ ਹੀ ਸਮਝਾਏ ਹੋਏ ਹਨ। ਸਾਡੇ ਕਿਲਵਿਖ, ਸਭ ਵਿਕਾਰ ਸਾਡੇ ਦੁੱਖ ਹਨ ਜਿੰਨ੍ਹਾਂ ਵਿੱਚੋਂ ਅਸੀਂ ਨਿਕਲਣਾ ਹੈ। ਇਹਨਾਂ ਵਿਕਾਰਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਜੋ ਕਿ ਮਾਇਆ ਮੋਹ ਦਾ ਨਤੀਜਾ ਹੈ। ਅਸੀਂ ਇਸੇ ਅਗਿਆਨਤਾ ਵਿੱਚੋਂ ਨਿਕਲਣਾ ਹੈ ਤੇ ਗੁਰੂ ਦੇ ਸੱਚ ਨੂੰ ਅਪਣਾ ਕੇ ਚੰਗੇ ਕਰਮ ਕਰਨੇ ਹਨ, ਵਿਕਾਰ ਰਹਿਤ ਹੋ ਕੇ ਵਿਚਰਨਾ ਹੈ। ਇਹੀ ਸਾਡੀ ਸੱਚੀ ਮਨਸਾ ਹੋਣੀ ਚਾਹੀਦੀ ਹੈ। ਸਾਡੀ ਸੱਚੀ ਮਨਸਾ ਦਾ ਹੋਣਾ ਹੀ, ਸਾਡੇ ਅੰਦਰ ਇਹੋ ਜਿਹੀ ਮਨਸਾ ਦਾ ਉਪਜਣਾ ਹੀ ਸਾਡੇ ਉੱਤੇ ਪ੍ਰਮਾਤਮਾ ਦੀ ਇੱਕ ਵੱਡੀ ਕਿਰਪਾ ਹੈ।

13/1271

ਸਾਡਾ ਜਨਮਾਂ ਜਨਮਾਂ ਦਾ ਲੇਖਾ ਸਾਡੇ ਨਾਲ ਹੀ ਹਰ ਵੇਲੇ ਜੁੜਿਆ ਰਹਿੰਦਾ ਹੈ ਜਿਸਨੂੰ ਅਸੀਂ ਜਾਣ ਨਹੀਂ ਸਕਦੇ। ਸਾਡਾ ਅਸਲ ਜਨਮ ਮਰਨ ਕੀ ਹੈ ਇਸ ਗੱਲ ਨੂੰ ਅਸੀਂ ਅੱਗੇ ਚੱਲ ਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਮਨੁੱਖ ਦਾ ਜਨਮ ਮਰਨ ਤਾਂ ਇਸੇ ਸਰੀਰ ਵਿੱਚ ਵਾਰ-ਵਾਰ ਹੁੰਦਾ ਰਹਿੰਦਾ ਹੈ। ਜੋ ਵੀ ਅਸੀਂ ਮਾੜਾ ਕਰਮ ਕਰਦੇ ਹਾਂ ਉਹ ਸਾਡਾ ਮਰਨ ਹੈ ਤੇ ਗੁਰਮਤਿ ਅਨੁਸਾਰ ਚੱਲਕੇ ਹਰ ਚੰਗਾ ਕਰਮ ਸਾਡਾ ਜਨਮ ਹੈ। ਅਸੀਂ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖ ਕੇ ਹੀ ਉਸ ਅਨੁਸਾਰ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰਨੀ ਹੈ। ਸਾਡਾ ਇਹੀ ਉੱਦਮ ਹੋਣਾ ਚਾਹੀਦਾ ਹੈ। ਉਸਦੀ ਕਿਰਪਾ ਸਾਡੇ ਕਰਮਾਂ ਅਨੁਸਾਰ ਕਦੇ ਵੀ ਹੋ ਸਕਦੀ ਹੈ। ਜਦੋਂ ਵੀ ਪ੍ਰਮਾਤਮਾ ਦੇ ਨਾਲ ਸਾਡਾ ਰੰਗ ਲੱਗਣਾ ਹੈ ਭਾਵ ਜਦੋਂ ਵੀ ਅਸੀਂ ਉਸਦੀ ਮਤਿ ਦੇ ਨਾਲ ਜੁੜਨਾ ਹੈ, ਵਿਕਾਰ ਰਹਿਤ ਹੋ ਕੇ ਜੁੜਨਾ ਹੈ ਉਹ ਆਪਣੀ ਕਿਰਪਾ ਦੁਆਰਾ ਸਾਨੂੰ ਆਪ ਹੀ ਵਿਕਾਰਾਂ ਵਿੱਚੋਂ ਕੱਢਦਾ ਹੈ। **(ਜਿਨ ਕਉ ਪੂਰਬਿ ਲਿਖਿਆ ਤਿਨ ਰੰਗੁ ਲਗਾ ਨਿਰੰਕਾਰ॥)**

ਜਿਸਨੂੰ ਪ੍ਰਮਾਤਮਾ ਆਪਣੇ ਰੰਗ ਵਿੱਚ ਰੰਗਦਾ ਹੈ ਉਸਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ, ਅਗਿਆਨਤਾ ਵਿੱਚੋਂ ਕੱਢਦਾ ਹੈ ਤੇ ਤਾਂ ਹੀ ਮਨੁੱਖ ਨਾਮ ਧਨੁ ਸੰਚਦਾ ਹੈ, ਜੋੜਦਾ ਹੈ ਜਿਸ ਧਨੁ ਦਾ ਕੋਈ ਪਾਰ ਨਹੀਂ ਪਾ ਸਕਦਾ ਕਿਉਂਕਿ ਇਹ ਉਸਦੇ ਗਿਆਨ ਦਾ ਧਨੁ ਹੈ, ਨਿਜ ਧਨੁ ਹੈ ਜੋ ਬੇਅੰਤ ਹੈ। **(ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ॥)**

ਹਰ ਕੋਈ ਜੁੜਿਆ ਤਾਂ ਮਾਇਆ ਦੇ ਸਵਾਰਥ ਨਾਲ ਹੀ ਹੋਇਆ ਹੈ ਪਰ ਇਸ ਸਵਾਰਥ ਨੂੰ ਛੱਡੇ ਬਿਨ੍ਹਾਂ ਨਾਮ ਧਨੁ ਦੀ ਪ੍ਰਾਪਤੀ ਨਹੀਂ ਹੋ ਸਕਦੀ। ਨਾਮ ਧਨੁ ਕੀ ਹੈ, ਇਸ ਗੱਲ ਦੀ ਅਸਲ ਵਿੱਚ ਕਿਸੇ ਨੂੰ ਸੋਝੀ ਹੀ ਨਹੀਂ ਹੈ। ਹਰ ਕੋਈ ਭਰਮ ਵਿੱਚ ਹੀ

ਹੈ।

ਇਸ ਸੱਚੇ ਗਿਆਨ ਦੇ ਧਨੁ ਦੁਆਰਾ ਹੀ ਉਸ ਪ੍ਰਮਾਤਮਾ ਨਾਲ ਲਿਵ ਜੁੜਦੀ ਹੈ ਜੋ ਕਿ ਅੱਠੇ ਪਹਿਰ ਭਾਵ ਹਰ ਵੇਲੇ, ਸਦਾ ਹੀ ਜੁੜੀ ਰਹਿੰਦੀ ਹੈ। ਇਹ ਧਨੁ ਸਾਡੇ ਮਨ ਦੀ ਸੱਚੀ ਸੋਝੀ ਹੈ ਜੋ ਸਿੱਧੀ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ ਜਿਸਨੂੰ ਜਾਨਣ ਦੇ ਨਾਲ ਮਨੁੱਖ ਮਾਇਆ ਤੋਂ ਨਿਰਲੇਪ ਹੋ ਕੇ ਵਿਚਰਦਾ ਹੈ ਤੇ ਅੱਠੇ ਪਹਿਰ ਪ੍ਰਮਾਤਮਾ ਦੇ ਹੁਕਮ ਅਨੁਸਾਰ, ਉਸਦੇ ਭਾਣੇ ਅਨੁਸਾਰ ਵਿਚਰਦਾ ਹੈ। ਮਨੁੱਖ ਜੋ ਕੁੱਝ ਵੀ ਕਰਦਾ ਹੈ ਆਪਣੇ ਮਨ ਦੇ ਗਿਆਨ ਦੁਆਰਾ ਕਰਦਾ ਹੈ, ਮਨ ਦੀ ਸੋਝੀ ਦੁਆਰਾ ਕਰਦਾ ਹੈ। ਜਦ ਤੱਕ ਸਾਡੀ ਸੋਝੀ ਕੱਚੀ ਹੈ ਤਦ ਤੱਕ ਅਸੀਂ ਕੱਚੇ ਹਾਂ ਤੇ ਜਦੋਂ ਸਾਡੀ ਸੋਝੀ ਸੱਚੀ ਹੋ ਜਾਵੇਗੀ ਫਿਰ ਅਸੀਂ ਸੱਚੇ ਬਣ ਜਾਵਾਂਗੇ। ਜਿਹੜੇ ਆਪ ਕੱਚੇ ਹਨ, ਉਹਨਾਂ ਪਿੱਛੇ ਲੱਗ ਕੇ ਅਸੀਂ ਕਦੇ ਸੱਚੇ ਨਾਲ ਨਹੀਂ ਜੁੜ ਸਕਦੇ। ਉਸ ਸੱਚੇ ਦੇ ਨਾਲ ਸੱਚੀ ਸੋਝੀ ਦੁਆਰਾ ਹੀ ਸਾਂਝ ਹੁੰਦੀ ਹੈ, ਉਸਨੂੰ ਕੇਵਲ ਮਨ ਦੀ ਸੋਝੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ, ਉਸਦੇ ਦਰਸ਼ਨ ਕੀਤੇ ਜਾ ਸਕਦੇ ਹਨ। ਇਹੀ ਗੱਲ ਸ਼ਬਦ ਦੀ ਅਗਲੀ

13/1272

ਪੰਗਤੀ ਰਾਹੀਂ ਸਮਝਾਈ ਹੋਈ ਹੈ। **(ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ॥ ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ॥੨॥)**

ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਪੂਰਾ ਪਿਆਰ ਮਨ ਦੇ ਵਿੱਚ ਉਸਦੇ ਦਰਸ਼ਨ ਹੋਣ ਨਾਲ ਹੀ ਜੁੜਦਾ ਹੈ, ਉਸਦੀ ਸੱਚਾਈ ਜਾਨਣ ਨਾਲ ਹੀ ਜੁੜਦਾ ਹੈ। ਗੁਰੂ ਨਾਲ ਪਿਆਰ ਗੁਰਮਤਿ ਦੇ ਨਾਲ ਪਿਆਰ ਹੈ। ਗੁਰਮਤਿ ਦੀ ਸੋਝੀ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ ਤੇ ਤਾਂ ਹੀ ਸਾਡਾ ਪਿਆਰ ਅੱਠੇ ਪਹਿਰ ਗੁਰਮਤਿ ਨਾਲ ਜੁੜਿਆ ਰਹਿੰਦਾ ਹੈ, ਉਸਦੇ ਹੁਕਮ ਨਾਲ ਜੁੜਿਆ ਰਹਿੰਦਾ ਹੈ। ਸਾਡੇ ਮਨ ਦੀ ਸੱਚੀ ਸੋਝੀ, ਚੌਥੇ ਪਦ ਦੀ ਸੋਝੀ ਹੀ ਪ੍ਰਮਾਤਮਾ ਦਾ ਸਾਡੇ ਲਈ ਸਭ ਤੋਂ ਵੱਡਾ ਦਾਨ ਹੈ ਤੇ ਸਾਡੀ ਪ੍ਰਮਾਤਮਾ ਕੋਲੋਂ ਮੰਗ ਇਸੇ ਗਿਆਨ ਲਈ ਹੋਣੀ ਚਾਹੀਦੀ ਹੈ ਜੋ ਕਿ ਉਸਦਾ ਨਾਮ ਦਾਨ ਹੈ, ਸੱਚੇ ਧਨੁ ਦਾ ਦਾਨ ਹੈ।

ਪ੍ਰਮਾਤਮਾ ਆਪਣੇ ਇਸ ਦਾਨ ਦੇ ਨਾਲ ਹੀ ਸਾਡੇ ਮਨ ਵਿੱਚ, ਚਿੱਤ ਵਿੱਚ ਵੱਸਦਾ ਹੈ। ਉਸ ਦਾ ਸਾਡੇ ਚਿੱਤ ਵਿੱਚ ਵੱਸਣਾ ਕੀ ਹੈ, ਇਹ ਗੱਲ ਅੱਗੇ ਪਉੜੀ ਰਾਹੀਂ ਸਮਝਾਈ ਹੋਈ ਹੈ।

ਪਉੜੀ॥

"ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥ ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥ ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥
ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥ ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ॥
ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ॥ ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ॥੬॥"

(ਅੰਗ ੯੬੦)

ਗੁਰੂ ਨੂੰ ਆਪਣੇ ਚਿੱਤ ਵਿੱਚ ਵਸਾਉਣ ਦੀਆਂ, ਗੁਰੂ ਨੂੰ ਆਪਣੇ ਚਿੱਤ ਵਿੱਚ ਰੱਖਣ ਦੀਆਂ, ਨਾਮ ਨੂੰ ਚਿੱਤ ਵਿੱਚ ਰੱਖਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਪਰ ਕੀ ਉਹ ਉੱਪਰ ਸ਼ਬਦ ਰਾਹੀਂ ਜੋ ਸਮਝਾਇਆ ਹੋਇਆ ਹੈ, ਇਸ ਤੇ ਪੂਰਾ ਉਤਰ ਸਕਦੇ ਹਨ। ਉਸ ਦਾ ਚਿੱਤ ਵਿੱਚ ਆਉਣਾ ਕੋਈ ਮਾਮੂਲੀ ਗੱਲ ਨਹੀਂ ਹੈ। ਇਹ ਚਿੱਤ ਵਿੱਚ, ਮਨ ਵਿੱਚ ਉਸਦੇ ਦਰਸ਼ਨ ਹਨ, ਉਸਦੇ ਨਾਲ ਮੇਲ ਹੈ ਜੋ ਸਾਨੂੰ ਮਾਇਆ ਮੋਹ ਵਿੱਚੋਂ ਕੱਢ ਕੇ ਉਸਦੇ ਸੱਚੇ ਧਨੁ ਨਾਲ ਜੋੜਦਾ ਹੈ। ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਉਸਨੂੰ ਚਿੱਤ ਵਿੱਚ ਰੱਖਣਾ ਕੀ ਹੈ। ਜੇਕਰ ਉਹ ਸਾਡੇ ਚਿੱਤ ਵਿੱਚ ਹੈ ਤਾਂ ਫਿਰ

ਸਾਨੂੰ ਸਦਾ ਲਈ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਇੱਕ ਵਾਰੀ ਮਿਲ ਜਾਵੇ ਤਾਂ ਫਿਰ ਸਦਾ ਲਈ ਮਿਲਿਆ ਹੀ ਰਹਿੰਦਾ ਹੈ ਤੇ ਆਪਣਾ ਸੱਚਾ ਗਿਆਨ ਪ੍ਰਮਾਤਮਾ ਹਰ ਵੇਲੇ ਮਨ ਦੀ ਸਮਝ ਵਿੱਚ ਪਾਉਂਦਾ ਹੀ ਰਹਿੰਦਾ ਹੈ ਤੇ ਮਨੁੱਖ ਨੂੰ ਉਸੇ ਅਨੁਸਾਰ ਹੀ ਚਲਾਉਂਦਾ ਹੈ ਤੇ ਉਸਨੂੰ ਰੋਜ ਚਿੱਤ ਵਿੱਚ ਵਸਾਉਣ ਦੀ ਕੋਈ ਵੱਖਰੀ ਲੋੜ ਨਹੀਂ ਹੁੰਦੀ ਭਾਵ ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੁੰਦੀ ਜਿਵੇਂ ਕਿ ਹਰ ਕੋਈ ਲੱਗਾ ਰਹਿੰਦਾ ਹੈ। **(ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥)**

ਜਿਸਦੇ ਅੰਦਰ ਪ੍ਰਮਾਤਮਾ ਆਪਣਾ ਘਰ ਬਣਾ ਲੈਂਦਾ ਹੈ ਉਸਨੂੰ ਫਿਰ ਜਮਾਂ ਦਾ ਦੁੱਖ ਭਾਵ ਔਗੁਣਾਂ ਦਾ ਦੁੱਖ, ਮਾਇਆ ਮੋਹ ਦਾ ਦੁੱਖ, ਵਿਕਾਰਾਂ ਦਾ ਦੁੱਖ ਨਹੀਂ ਸਤਾਉਂਦਾ ਭਾਵ ਪ੍ਰਮਾਤਮਾ ਉਸਨੂੰ ਇਹਨਾਂ ਦੁੱਖਾਂ ਵਿੱਚੋਂ ਕੱਢ ਲੈਂਦਾ ਹੈ। ਹਰ ਕੋਈ ਮਾਇਆ ਮੋਹ ਵਿੱਚ ਫਸਿਆ ਹੋਇਆ ਗੱਲਾਂ ਦੇ ਨਾਲ ਹੀ ਗੁਰੂ ਨੂੰ ਆਪਣੇ ਚਿੱਤ ਵਿੱਚ ਵਸਾਉਣਾ ਸਮਝਦਾ ਹੈ। ਹਰ ਕੋਈ ਭੁਲੇਖੇ ਵਿੱਚ ਹੀ ਹੈ, ਨਾਸਮਝੀ ਵਿੱਚ ਹੀ ਹੈ। **(ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥)**

ਸਾਨੂੰ ਸਭ ਨੂੰ ਕੋਈ ਨਾ ਕੋਈ ਦੁੱਖ ਸਤਾਉਂਦਾ ਹੀ ਰਹਿੰਦਾ ਹੈ, ਕੋਈ ਨਾ ਕੋਈ ਕਾੜਾ ਲੱਗਿਆ ਹੀ ਰਹਿੰਦਾ ਹੈ, ਕੋਈ ਨਾ ਕੋਈ ਤ੍ਰਿਸ਼ਨਾ ਬਣੀ ਹੀ ਰਹਿੰਦੀ ਹੈ ਪਰ ਜੇਕਰ ਉਹ ਸਾਡੇ ਅੰਦਰ ਆ ਜਾਵੇ ਫਿਰ ਉਹ ਮਨੁੱਖ ਨੂੰ ਸਾਰੇ ਕਾੜਿਆਂ ਵਿੱਚੋਂ ਕੱਢ ਲੈਂਦਾ ਹੈ ਕਿਉਂਕਿ ਮਨੁੱਖ ਨੂੰ ਉਸਦਾ ਭਾਣਾ ਸਮਝ ਆ ਜਾਂਦਾ ਹੈ, ਉਸਦਾ ਭਾਣਾ ਮੰਨਣਾ ਆ ਜਾਂਦਾ ਹੈ, ਉਸਦਾ ਭਾਣਾ ਵੀ ਮਿੱਠਾ ਕਰਕੇ ਮੰਨਦਾ ਹੈ। ਇਹ ਮਨ ਦਾ ਸੰਤੋਖ ਹੈ, ਸਹਜ ਹੈ ਜਿਸਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ, ਉਸਦੇ ਚਿੱਤ ਵਿੱਚ ਆਉਣ ਦੁਆਰਾ ਹੀ ਪੈਂਦੀ ਹੈ। **(ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥)**

ਇਹੀ ਨਾਮ ਹੈ ਜਿਸਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

{ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥੨॥੪੨॥੯੩॥}

(ਅੰਗ ੩੯੪)

ਜਦੋਂ ਕੋਈ ਇਹੋ ਜਿਹਾ ਨਾਮ ਜਪ ਲਵੇਗਾ ਤੇ ਫਿਰ ਤਾਂ ਹੀ ਸਮਝ ਆਵੇਗੀ ਕਿ ਨਾਮ ਜਪਣਾ ਕੀ ਹੈ। ਤਾਂ ਹੀ ਸਮਝ ਲੱਗੇਗੀ ਕਿ ਸਾਨੂੰ ਨਾਮ ਜਪਣਾਉਣ ਵਾਲਾ ਕੌਣ ਹੈ। ਆਪਣਾ ਨਾਮ ਉਹ ਆਪ ਹੀ ਜਪਾ ਸਕਦਾ ਹੈ ਤੇ ਮਨੁੱਖ ਦੇ ਆਪਣੇ

ਹੱਥ ਵੱਸ ਕੁੱਝ ਵੀ ਨਹੀਂ ਹੈ। ਸਾਡੇ ਹੱਥ ਆਪਣੀ ਅਗਿਆਨਤਾ ਵੀ ਨਹੀਂ ਹੈ, ਇਸ ਗੱਲ ਦੀ ਸੋਝੀ ਵੀ ਉਸਦੇ ਚਿੱਤ ਵਿੱਚ

ਆਉਣ ਦੁਆਰਾ ਹੀ ਪੈਂਦੀ ਹੈ।

ਉਹ ਪ੍ਰਮਾਤਮਾ ਸਾਡਾ ਮਿੱਤਰ ਵੀ ਚਿੱਤ ਵਿੱਚ ਵੱਸਣ ਦੁਆਰਾ ਹੀ ਬਣਦਾ ਹੈ। ਉਸਦੇ ਨਾਲ ਮਿੱਤਰਤਾ ਗੁਰਬਾਣੀ ਨਾਲ ਮਿੱਤਰਤਾ ਹੈ ਕਿਉਂਕਿ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰਬਾਣੀ ਨਾਲ ਮਿੱਤਰਤਾ ਗੁਰਬਾਣੀ ਦੇ ਬਚਨਾਂ ਨਾਲ ਮਿੱਤਰਤਾ ਹੈ, ਉਸਦੇ ਉਪਦੇਸ਼ ਨਾਲ ਮਿੱਤਰਤਾ ਹੈ। ਉਸਦੇ ਚਿੱਤ ਵਿੱਚ ਆਉਣ ਨਾਲ ਉਸਦਾ ਸੱਚਾ ਉਪਦੇਸ਼ ਹੀ ਮਿਲਦਾ ਹੈ ਤੇ ਮਨੁੱਖ ਉਸਦੇ ਉਪਦੇਸ਼ ਦੁਆਰਾ ਹੀ ਵਿਚਰਦਾ ਹੈ, ਉਸ ਨਾਲ ਆਪਣੀ ਮਿੱਤਰਤਾ ਨਿਭਾਉਂਦਾ ਹੈ। ਪ੍ਰਮਾਤਮਾ ਜਿਸਦਾ ਵੀ ਕਾਜ ਸਵਾਰਦਾ ਹੈ, ਜੀਵਨ ਸਫ਼ਲ ਕਰਦਾ ਹੈ, ਉਹ ਇਸੇ ਵਿਧੀ ਦੁਆਰਾ ਹੀ ਕਰਦਾ ਹੈ, ਸੱਚੀ ਮਤਿ ਦੇ ਕੇ ਹੀ ਕਰਦਾ ਹੈ, ਗੁਰਮਤਿ ਨਾਲ ਜੋੜ ਕੇ ਹੀ ਕਰਦਾ ਹੈ। **(ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥)** ਇਹੀ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਣ ਦਾ ਤਰੀਕਾ ਹੈ।

(ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥)

ਜਿਸ ਦੇ ਚਿੱਤ ਵਿੱਚ ਪ੍ਰਮਾਤਮਾ ਆਪਣਾ ਆਪ ਵਸਾਉਂਦਾ ਹੈ, ਉਸਨੂੰ ਆਪਣਾ ਧਨੁ ਹੀ ਸੌਂਪਦਾ ਹੈ। ਉਸਦਾ ਧਨੁ ਕੀ ਹੈ ਇਹ ਅਸੀਂ ਪਿੱਛੇ ਵੀ ਜਾਣਿਆ ਹੈ। ਉਸਦਾ ਧਨੁ ਗਿਆਨ ਦਾ ਧਨੁ ਹੈ ਜੋ ਕਿ ਸੱਚਾ ਧਨੁ ਹੈ। ਇਹ ਧਨੁ ਸਾਨੂੰ ਮਾਇਆ ਦੇ ਧਨੁ ਵਿੱਚੋਂ ਕੱਢਣ ਵਾਲਾ ਧਨੁ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਜਾਣਿਆ ਹੈ।

{ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ॥ ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ॥ ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ॥ ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ॥}

(ਅੰਗ ੯੩੪)

ਉਹ ਮਨੁੱਖ ਨੂੰ ਆਪਣੇ ਗਿਆਨ ਦੇ ਧਨੁ ਨਾਲ ਹੀ ਸਵਾਰਦਾ ਹੈ। ਸਾਰੀ ਗੁਰਬਾਣੀ ਵਿੱਚ ਉਸਦਾ ਧਨੁ ਭਰਿਆ ਹੋਇਆ ਹੈ ਤੇ ਇਹ ਧਨੁ ਮਨ ਦੇ ਰਾਹੀਂ ਹੀ ਪ੍ਰਗਟ ਹੋਇਆ ਹੈ। ਪ੍ਰਮਾਤਮਾ ਕੋਲ ਇਸ ਧਨੁ ਦੀ ਕੋਈ ਕਮੀ ਨਹੀਂ ਹੈ, ਉਸਦੇ ਭੰਡਾਰ ਇਸ

ਗਿਆਨ ਧਨੁ ਨਾਲ ਭਰੇ ਹੋਏ ਹਨ ਤੇ ਉਹ ਜਿਤਨਾ ਚਾਹੇ ਉਹ ਕਿਸੇ ਤੇ ਇਸ ਧਨੁ ਦੀ ਵਰਖਾ ਕਰ ਸਕਦਾ ਹੈ। **(ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ॥)**

ਅਸੀਂ ਗੁਰੂ ਦੇ ਪਰਿਵਾਰ ਵਾਲੇ, ਪ੍ਰਮਾਤਮਾ ਦੇ ਪਰਿਵਾਰ ਵਾਲੇ, ਨਾਮ ਦੇ ਪਰਿਵਾਰ ਵਾਲੇ, ਵੱਡੇ ਪਰਿਵਾਰ ਵਾਲੇ ਇਸੇ ਧਨੁ ਦੀ ਪ੍ਰਾਪਤੀ ਦੁਆਰਾ ਹੀ ਬਣਦੇ ਹਾਂ, ਉਸਦੇ ਵਿੱਚ ਰਲਦੇ ਹਾਂ। ਗੁਰੂ ਪ੍ਰਮਾਤਮਾ ਦੇ ਨਾਲ ਸਾਂਝ ਸਾਡੀ ਵਿਚਾਰਾਂ ਦੇ ਨਾਲ ਹੀ ਪੈਂਦੀ ਹੈ, ਸਾਡੇ ਵਿਚਾਰ ਹੀ ਇੱਕ ਹੁੰਦੇ ਹਨ। ਜਿੱਥੇ ਵਿਚਾਰਾਂ ਦਾ ਸਰੋਤ ਹੈ, ਸਾਡੀ ਸਾਂਝ ਉਸ ਗਿਆਨ ਦੇ, ਵਿਚਾਰਾਂ ਦੇ ਨਾਲ ਬਣ ਜਾਂਦੀ ਹੈ ਜਿਸ ਸਰੋਤ ਰਾਹੀਂ ਗੁਰਬਾਣੀ ਆਈ ਹੈ। ਗੁਰਬਾਣੀ ਦੇ ਵਿਚਾਰਾਂ ਨਾਲ ਸਾਂਝ ਪੈ ਜਾਣੀ ਗੁਰੂ ਦੇ ਨਾਲ ਸਾਂਝ ਪੈਣਾ ਹੈ, ਉਸਦੇ ਪਰਿਵਾਰ ਵਾਲਾ ਬਣਨਾ ਹੈ। **(ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ॥)**

ਜਿਹੜੇ ਹਰ ਵੇਲੇ ਮੁੱਖੋਂ ਗੁਰੂ ਗੁਰੂ ਬੋਲਣ ਨੂੰ ਹੀ ਉਸਨੂੰ ਚਿੱਤ ਵਿੱਚ ਵਸਾਉਣਾ ਸਮਝਦੇ ਹਨ, ਕੀ ਉਹ ਇਸ ਪੂਰੇ ਸ਼ਬਦ ਦੀ ਇੱਕ ਪੰਗਤੀ ਤੇ ਵੀ ਪੂਰਾ ਉਤਰ ਸਕਦੇ ਹਨ। ਹਰ ਕੋਈ ਗੱਲਾਂ ਨਾਲ ਹੀ ਖਰਾ ਉਤਰਨਾ ਚਾਹੁੰਦਾ ਹੈ, ਕਥਨੀ ਦੁਆਰਾ ਹੀ ਖਰਾ ਉਤਰਨਾ ਚਾਹੁੰਦਾ ਹੈ ਜਦ ਕਿ ਅਸਲੀਅਤ ਦੇ ਅਸੀਂ ਨੇੜੇ ਤੇੜੇ ਵੀ ਨਹੀਂ ਹਾਂ। ਘੋਰ ਅਗਿਆਨਤਾ ਦੇ ਸ਼ਿਕਾਰ ਬਣੇ ਹੋਏ ਹਾਂ, ਸੁਣੀਆਂ ਸੁਣਾਈਆਂ ਗੱਲਾਂ ਦੇ ਪਿੱਛੇ ਲੱਗੇ ਹੋਏ ਹਾਂ। ਜਿੰਨ੍ਹਾਂ ਨੂੰ ਗੁਰੂ ਪ੍ਰਮਾਤਮਾ ਦੀ ਛੋਹ ਵੀ ਨਹੀਂ ਲੱਗੀ ਅਸੀਂ ਉਹਨਾਂ ਦੇ ਪਿੱਛੇ ਲੱਗੇ ਹੋਏ ਹਾਂ, ਉਹਨਾਂ ਨੂੰ ਬਹੁਤ ਉੱਚਾ ਸਮਝ ਕੇ ਉਹਨਾਂ ਦੇ ਪਿੱਛੇ ਲੱਗੇ ਹੋਏ ਹਾਂ। ਗੁਰੂ ਦੇ ਸਾਹਮਣੇ ਹਰ ਕਿਸੇ ਦਾ ਗਿਆਨ ਤੁਛ ਹੈ ਤੇ ਅਸੀਂ ਇਤਨੇ ਵੱਡੇ ਗਿਆਨ ਨੂੰ ਛੱਡ ਕੇ, ਗੁਰਬਾਣੀ ਦੀ ਮਤਿ ਨੂੰ ਛੱਡ ਕੇ ਉਹਨਾਂ ਦੀ ਮਤਿ ਦੇ ਪਿੱਛੇ ਲੱਗੇ ਹੋਏ ਹਾਂ ਜਿਹਨਾਂ ਨੂੰ ਗੁਰਬਾਣੀ ਦੀ ਰੱਤੀ ਭਰ ਸੋਝੀ ਹੀ ਹੋਵੇਗੀ। ਜੋ ਆਪ ਗੁਰਬਾਣੀ ਤੋਂ ਵਿਛੜੇ ਹੋਏ ਹਨ, ਉਹ ਕਿਸੇ ਨੂੰ ਗੁਰਬਾਣੀ ਨਾਲ ਕੀ ਜੋੜਨਗੇ। ਆਪਣੇ ਨੇੜੇ ਗੁਰਬਾਣੀ ਦਾ ਪ੍ਰਕਾਸ਼ ਕਰਕੇ ਕੋਈ ਉਸਦੇ ਨੇੜੇ ਨਹੀਂ ਲੱਗ ਸਕਦਾ। ਉਸਦੇ ਨੇੜੇ ਉਸਦੀ ਮਤਿ ਨੂੰ ਸਮਝ ਕੇ, ਅਸਲੀਅਤ ਨੂੰ

ਸਮਝ ਕੇ ਤੇ ਉਸ ਤੇ ਅਮਲ ਕਰਕੇ ਹੀ ਲੱਗਿਆ ਜਾ ਸਕਦਾ ਹੈ। ਗੁਰਬਾਣੀ ਦੀ ਸੱਚੀ ਸੋਝੀ ਪੈਣ ਨਾਲ ਕੋਈ ਆਪਣੇ ਆਪ ਨੂੰ ਉੱਚਾ ਨਹੀਂ ਅਖਵਾ ਸਕਦਾ, ਆਪਣੇ ਆਪ ਨੂੰ ਕੋਈ ਸੰਤ ਜਾਂ ਬ੍ਰਹਮਗਿਆਨੀ ਨਹੀਂ ਅਖਵਾ ਸਕਦਾ। ਗੁਰੂ ਦੇ ਪਰਿਵਾਰ ਵਾਲਾ ਬਣਨਾ ਬੜਾ ਔਖਾ ਹੈ। ਗੁਰੂ ਦਾ ਪਰਿਵਾਰ ਆਪਣੇ ਉੱਚੇ ਗਿਆਨ ਦੁਆਰਾ ਵੱਡਾ ਹੈ, ਆਪਣੇ ਉੱਚੇ ਗੁਣਾਂ ਦੁਆਰਾ ਵੱਡਾ ਹੈ, ਆਪਣੀ ਉੱਚੀ ਗੁਰਮਤਿ ਦੁਆਰਾ ਵੱਡਾ ਹੈ। ਉਸਦੇ ਵੱਡੇ ਪਰਿਵਾਰ ਵਾਲਾ ਉਸਦੇ ਨਾਲ ਮੇਲ ਦੁਆਰਾ ਹੀ ਬਣਿਆ ਜਾ ਸਕਦਾ ਹੈ ਜੋ ਕਿ ਉਹ ਆਪ ਹੀ ਕਿਸੇ ਦੇ ਚਿੱਤ ਵਿੱਚ ਪ੍ਰਗਟ ਹੋ ਕੇ ਕਿਸੇ ਨੂੰ ਆਪਣੇ ਪਰਿਵਾਰ ਨਾਲ ਜੋੜਦਾ ਹੈ। ਇਹ ਗੁਰਮਤਿ ਦੀ ਪੂਰਨ ਸੋਝੀ ਦਾ ਪਰਿਵਾਰ ਹੈ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੂੰ ਪ੍ਰਮਾਤਮਾ ਨੇ ਆਪਣੇ ਵੱਡੇ ਪਰਿਵਾਰ ਵਾਲਾ ਬਣਾਇਆ ਹੈ ਤੇ ਤਾਂ ਹੀ ਉਹਨਾਂ ਰਾਹੀਂ ਪੂਰਨ ਗੁਰਮਤਿ ਦੀ ਸੋਝੀ ਪਾਈ ਹੈ। **(ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ॥)**

ਜਿਸਦੇ ਚਿੱਤ ਵਿੱਚ ਗੁਰੂ ਵੱਸਿਆ ਹੋਇਆ ਹੈ, ਪ੍ਰਮਾਤਮਾ ਵੱਸਿਆ ਹੋਇਆ ਹੈ, ਸੱਚਾ ਗਿਆਨ ਵੱਸਿਆ ਹੋਇਆ ਹੈ, ਉਹ ਆਪ ਗੁਰੂ ਹੈ, ਗੁਰਬਾਣੀ ਹੈ ਤੇ ਗੁਰਬਾਣੀ ਹੀ ਸਾਡਾ ਉਧਾਰ ਕਰ ਸਕਦੀ ਹੈ, ਉਹ ਸਭ ਦਾ ਉਧਾਰ ਕਰਨ ਵਾਲੀ ਹੈ ਤੇ ਆਓ ਉਸਦੇ ਨਾਲ ਜੁੜੀਏ ਜੋ ਕੁਲ ਦਾ ਉਧਾਰ ਕਰਨ ਵਾਲੀ ਹੈ। **(ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ॥੬॥)**
ਸਾਡੀ ਜਿੰਦਗੀ ਦਾ ਮਨੋਰਥ ਨਾਮ ਦਾ ਵਪਾਰ ਕਰਨਾ ਹੈ, ਸੱਚ ਦਾ ਵਪਾਰ ਕਰਨਾ ਹੈ ਭਾਵ ਨਾਮ ਜਪਣਾ ਹੈ, ਨਾਮ ਦੀ ਪ੍ਰਾਪਤੀ ਕਰਨਾ ਹੈ। ਉਹ ਸੱਚਾ ਸੌਦਾ, ਸੱਚਾ ਧਨੁ ਕੀ ਹੈ ਜਿਸ ਦੁਆਰਾ ਅਸੀਂ ਨਾਮ ਦਾ, ਸੱਚ ਦਾ ਵਪਾਰ ਕਰਨਾ ਹੈ ਆਓ ਇਸ ਗੱਲ ਨੂੰ ਅਗਲੇ ਸ਼ਬਦ ਰਾਹੀਂ ਸਮਝੀਏ। ਉਸਦਾ ਵਪਾਰ ਕਰਨ ਦਾ ਤਰੀਕਾ, ਨਾਮ ਵਪਾਰ ਕਰਨ ਦਾ ਤਰੀਕਾ ਇੱਕੋ ਹੀ ਹੈ, ਦੋ ਨਹੀਂ ਹੋ ਸਕਦੇ। ਆਪਣਾ ਵਪਾਰ ਉਹ ਆਪ ਹੀ ਕਰਵਾਉਂਦਾ ਹੈ, ਆਪਣਾ ਨਾਮ ਉਹ ਆਪ ਹੀ ਜਪਵਾਉਂਦਾ ਹੈ। ਜੋ ਵਪਾਰ ਅਸੀਂ ਹੁਣ ਤੱਕ ਸਮਝਦੇ ਆਏ ਹਾਂ, ਉਹੀ ਗੱਲ ਇੱਥੇ ਸਮਝਾਈ ਹੋਈ ਹੈ, ਪਰ ਅਸੀਂ ਕੇਵਲ ਇਸ ਗੱਲ ਨੂੰ ਦ੍ਰਿੜ ਕਰਨਾ ਹੈ ਕਿ ਬਾਣੀ ਸਾਨੂੰ ਵਾਰ-ਵਾਰ ਇੱਕੋ ਹੀ ਤਰੀਕੇ ਦੁਆਰਾ ਆਪਣੀ ਭਗਤੀ ਸਮਝਾ ਰਹੀ ਹੈ ਤਾਂ ਜੋ ਅਸੀਂ ਉਸ ਤੇ ਦ੍ਰਿੜ ਹੋ ਕੇ ਉਸ ਤੇ ਅਮਲ ਕਰ ਸਕੀਏ ਤੇ ਸੁਣੀਆਂ ਸੁਣਾਈਆਂ ਗੱਲਾਂ ਦੇ ਭਰਮ ਵਿੱਚੋਂ ਨਿਕਲੀਏ। ਗੁਰੂ ਦੇ ਨਾਲ ਜੁੜਨਾ ਗੁਰੂ ਦੇ ਗਿਆਨ ਨਾਲ ਜੁੜਨਾ ਹੀ ਹੈ।

ਮਾਰੂ ਮਹਲਾ ੩ ॥

“ਸਚੈ ਸਚਾ ਤਖਤੁ ਰਚਾਇਆ ॥ ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥
ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ ॥੧॥
ਸਚਾ ਸਉਦਾ ਸਚੁ ਵਾਪਾਰਾ ॥ ਨ ਤਿਥੈ ਭਰਮੁ ਨ ਦੂਜਾ ਪਸਾਰਾ ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ ॥੨॥
ਸਚੈ ਲਾਏ ਸੇ ਜਨ ਲਾਗੇ ॥ ਅੰਤਰਿ ਸਬਦੁ ਮਸਤਕਿ ਵਡਭਾਗੇ ॥
ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ ॥੩॥
ਸਚੋ ਸਚਾ ਸਚੁ ਸਾਲਾਹੀ ॥ ਏਕੋ ਵੇਖਾ ਦੂਜਾ ਨਾਹੀ ॥
ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥
ਮਾਇਆ ਮੋਹੁ ਸਬਦਿ ਜਲਾਇਆ ॥ ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥
ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥੫॥
ਮਾਇਆ ਮੋਹੁ ਸਭੁ ਆਪੇ ਕੀਨਾ ॥ ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥
ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥੬॥
ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥ ਹਉਮੈ ਤ੍ਰਿਸਨਾ ਸਬਦਿ ਬੁਝਾਈ ॥
ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ ॥੭॥”

(ਅੰਗ ੧੦੫੦)

ਸ਼ਬਦ ਦੇ ਪਹਿਲੇ ਪਦੇ ਰਾਹੀਂ ਪਹਿਲਾਂ ਤਾਂ ਇਸ ਗੱਲ ਨੂੰ ਦ੍ਰਿੜ ਕਰੀਏ ਕਿ ਉਸ ਪ੍ਰਮਾਤਮਾ ਦਾ ਤਖਤ ਕਿੱਥੇ ਹੈ, ਆਸਣ ਕਿੱਥੇ ਹੈ ਜਿਸ ਤੇ ਬੈਠ ਕੇ ਉਹ ਸਾਨੂੰ ਸੋਝੀ ਪਾਉਂਦਾ ਹੈ,

13/1277

ਸਾਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ। ਉਸਦਾ ਤਖਤ ਉਸਦਾ ਨਿਜ ਘਰ ਹੈ। ਉਸਦੇ ਘਰ ਵਿੱਚ ਮੋਹ ਮਾਇਆ ਨਹੀਂ ਹੈ ਕਿਉਂਕਿ ਉਹ ਸੱਚ ਹੈ। ਉਸਦਾ ਤਖ਼ਤ ਸਾਡੇ ਘਟ ਅੰਤਰ ਹੀ ਹੈ ਭਾਵ ਸਾਡੇ ਮਨ ਦੇ ਵਿੱਚ ਹੀ ਹੈ। ਇਸ ਪਦੇ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੀ ਸਮਝਾਇਆ ਹੋਇਆ ਹੈ, ਉਸਦਾ ਸਾਡੇ ਅੰਦਰ ਵੱਸਣਾ ਕੀ ਹੈ, ਤਖ਼ਤ ਰਚਾਉਣਾ ਕੀ ਹੈ, ਇਹੀ ਸਮਝਾਇਆ ਹੋਇਆ ਹੈ। ਜਦੋਂ ਉਹ ਮਨ ਦੇ ਵਿੱਚ ਵੱਸ ਜਾਂਦਾ ਹੈ, ਘਟ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ, ਉੱਥੇ ਉਹ ਮਨੁੱਖ ਨੂੰ ਮੋਹ ਮਾਇਆ ਵਿੱਚੋਂ ਕੱਢ ਲੈਂਦਾ ਹੈ। ਪ੍ਰਮਾਤਮਾ ਦਾ ਘਰ ਸਾਡਾ ਮਨ ਹੀ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ ਪਰ ਜਾਣਿਆ ਤਾਂ ਹੀ ਜਾ ਸਕਦਾ ਹੈ ਜਦੋਂ ਉਹ ਆਪਣਾ ਤਖ਼ਤ ਪ੍ਰਗਟ ਕਰ ਦਿੰਦਾ ਹੈ, ਆਪਣਾ ਆਪ ਪ੍ਰਗਟ ਕਰ ਦਿੰਦਾ ਹੈ। ਉਸਦੇ ਪ੍ਰਗਟ ਹੋਣ ਨਾਲ ਮਨੁੱਖ ਦੇ ਮਨ ਦੀ ਅਵੱਸਥਾ ਬਦਲਦੀ ਹੈ, ਸੋਝੀ ਹੀ ਬਦਲਦੀ ਹੈ। ਜਦ ਤੱਕ ਸੱਚੀ ਸੋਝੀ ਨਹੀਂ ਪੈਂਦੀ ਤਦ ਤੱਕ ਮਨੁੱਖ ਮਾਇਆ ਮੋਹ ਵਿੱਚ ਰਹਿੰਦਾ ਹੈ, ਉਸੇ ਸੋਝੀ ਦੁਆਰਾ ਵਿਚਰਦਾ ਹੈ ਜਿਸ ਵਿੱਚ ਅਗਿਆਨਤਾ ਹੈ। ਇਸ ਅਵੱਸਥਾ ਦੁਆਰਾ ਮਨੁੱਖ ਮਨਮੁਖਿ ਹੈ ਤੇ ਉਸਦੀ ਕਰਨੀ ਉੱਤਮ ਨਹੀਂ ਹੁੰਦੀ ਕਿਉਂਕਿ ਉਸ ਵਿੱਚ ਮਾਇਆ ਮੋਹ ਹੈ। ਇਸ ਅਵੱਸਥਾ ਵਿੱਚੋਂ ਕੱਢ ਕੇ ਹੀ ਪ੍ਰਮਾਤਮਾ ਕਿਸੇ ਦੀ ਅਵੱਸਥਾ ਗੁਰਮੁਖਿ ਵਾਲੀ ਬਣਾਉਂਦਾ ਹੈ। ਇਹ ਅਵੱਸਥਾ ਉਸਦੇ ਆਪਣੇ ਪ੍ਰਗਟ ਹੋਣ ਦੀ ਅਵੱਸਥਾ ਹੈ, ਗੁਰਮਤਿ ਦੀ ਸੋਝੀ ਵਾਲੀ ਅਵੱਸਥਾ ਹੈ ਜੋ ਕਿ ਮਨ ਦੇ ਵਿੱਚੋਂ ਹੀ ਮਿਲਦੀ ਹੈ, ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ। ਸਾਡੀ ਉੱਤਮ ਕਰਨੀ ਇਸ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ ਕਿਉਂਕਿ ਇਸ ਸੋਝੀ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਮਾਇਆ ਮੋਹ, ਔਗੁਣਾਂ, ਵਿਕਾਰਾਂ ਵਿੱਚੋਂ ਕੱਢ ਲੈਂਦਾ ਹੈ ਤੇ ਉਸਨੂੰ ਆਪਣੇ ਸੱਚ ਨਾਲ ਜੋੜ ਲੈਂਦਾ ਹੈ। **(ਸਚੈ ਸਚਾ ਤਖਤੁ ਰਚਾਇਆ॥ ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥ ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ॥੧॥)** ਇਹੋ ਜਿਹੀ ਸੋਝੀ ਤੋਂ ਬਾਅਦ ਹੀ ਕੋਈ ਸੱਚ ਦਾ ਵਪਾਰ ਕਰ ਸਕਦਾ ਹੈ, ਨਾਮ ਦਾ ਵਪਾਰ ਕਰ ਸਕਦਾ ਹੈ, ਜੋ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

13/1278

“ਸਚਾ ਸਉਦਾ ਸਚੁ ਵਾਪਾਰਾ॥ ਨ ਤਿਥੈ ਭਰਮੁ ਨ ਦੂਜਾ ਪਸਾਰਾ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ॥੨॥”

ਸੱਚ ਦਾ ਵਪਾਰ ਸਾਡੀ ਉਹ ਕਰਨੀ ਹੈ ਜੋ ਅਸੀਂ ਸੱਚ ਦੁਆਰਾ ਵਿਚਰ ਕੇ ਕਰਦੇ ਹਾਂ। ਸੱਚ ਦੁਆਰਾ ਅਸੀਂ ਆਪ ਨਹੀਂ ਵਿਚਰ ਸਕਦੇ, ਸੱਚ ਤੇ ਸਾਨੂੰ ਉਹ ਆਪ ਹੀ ਚਲਾ ਸਕਦਾ ਹੈ। ਜੇਕਰ ਸਾਡੇ ਮਨ ਦੇ ਵਿੱਚ ਸੱਚਾ ਸੌਦਾ ਹੈ, ਤਾਂ ਹੀ ਅਸੀਂ ਸੱਚ ਤੇ ਚੱਲ ਸਕਦੇ ਹਾਂ। ਸੱਚਾ ਸੌਦਾ ਆਪ ਪ੍ਰਮਾਤਮਾ ਹੈ, ਉਸਦਾ ਮਨ ਦੇ ਵਿੱਚ ਵੱਸਣਾ ਹੈ ਜਿਵੇਂ ਕਿ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਮਨੁੱਖ ਦੀ ਜਿੰਦਗੀ ਦਾ ਮਨੋਰਥ ਇਸ ਸੱਚੇ ਸੌਦੇ ਦੀ ਪ੍ਰਾਪਤੀ ਹੀ ਹੈ ਤੇ ਇਹ ਸੱਚਾ ਸੌਦਾ ਹੀ ਨਾਮ ਹੈ, ਗੁਰੂ ਦੀ ਸੱਚੀ ਸੋਝੀ ਹੈ, ਗੁਰੂ ਦਾ ਸੱਚਾ ਗਿਆਨ ਹੈ। ਨਾਮ ਦੀ ਪ੍ਰਾਪਤੀ ਦੇ ਦੁਆਰਾ ਹੀ ਮਨੁੱਖ ਨਾਮ ਜਪਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ। ਸਾਡਾ ਇਹੋ ਜਿਹਾ ਨਾਮ ਜਪਣਾ ਸੱਚ ਦਾ ਵਪਾਰ ਹੈ ਜਿਸ ਦੁਆਰਾ ਅਸੀਂ ਸੱਚਾ ਧਨੁ ਇਕੱਤਰ ਕਰਦੇ ਹਾਂ। ਇਹ ਸਾਡੀ ਚੰਗੀ, ਸੱਚੀ ਕਰਨੀ ਦਾ ਧਨੁ ਹੈ, ਗੁਣਾਂ ਦਾ ਧਨੁ ਹੈ, ਸੱਚ ਦਾ ਧਨੁ ਹੈ ਜਿਸ ਨੂੰ ਖਰਚਣ ਲਈ ਸਾਨੂੰ ਸੱਚੀ ਸੋਝੀ ਮਨ ਦੇ ਵਿੱਚੋਂ ਹੀ ਮਿਲਦੀ ਹੈ। ਇਹ ਮਨ ਦੀ ਸੱਚੇ ਗਿਆਨ ਵਾਲੀ ਅਵੱਸਥਾ ਹੈ। ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਦੇ ਅੰਦਰ ਭਰਮ ਨਹੀਂ ਹੁੰਦਾ, ਮਾਇਆ ਮੋਹ ਨਹੀਂ ਹੁੰਦਾ, ਅਗਿਆਨਤਾ ਨਹੀਂ ਹੁੰਦੀ, ਕੋਈ ਦੂਜਾ ਭਾਉ ਨਹੀਂ ਹੁੰਦਾ ਭਾਵ ਇੱਕੋ ਇੱਕ ਗੁਰਮਤਿ ਹੀ ਹੁੰਦੀ ਹੈ, ਗੁਰੂ ਦਾ ਸੱਚਾ ਗਿਆਨ ਹੀ ਹੁੰਦਾ ਹੈ। **(ਸਚਾ ਸਉਦਾ ਸਚੁ ਵਾਪਾਰਾ॥ ਨ ਤਿਥੈ ਭਰਮੁ ਨ ਦੂਜਾ ਪਸਾਰਾ॥)**

ਇਹ ਸੱਚਾ ਸੌਦਾ ਹੀ ਸਾਡਾ ਸੱਚਾ ਧਨੁ ਹੈ ਜਿਸ ਨੂੰ

13/1279

ਅਗਰ ਇੱਕ ਵਾਰੀ ਖੱਟ ਲਈਏ ਭਾਵ ਪ੍ਰਾਪਤ ਕਰ ਲਈਏ ਤਾਂ ਫਿਰ ਇਸ ਦੀ ਕਦੇ ਤੋਟ ਨਹੀਂ ਆਉਂਦੀ ਕਿਉਂਕਿ ਇਸ ਤੋਂ ਬਾਅਦ ਮਨੁੱਖ ਉਸ ਭੰਡਾਰ ਨਾਲ ਜੁੜ ਜਾਂਦਾ ਹੈ ਜੋ ਕਿ ਗਿਆਨ ਦਾ ਸ੍ਰੋਤ ਹੈ। ਉਹ ਇੱਕ ਵਾਰੀ ਮਿਲ ਜਾਵੇ ਤਾਂ ਕਦੇ ਵਿਛੜਦਾ ਨਹੀਂ, ਉਹ ਆਪਣੇ ਇਸ ਨਾਮ ਧਨੁ ਦੀ ਵਰਖਾ ਕਰਦਾ ਹੀ ਰਹਿੰਦਾ ਹੈ, ਮਨ ਦੇ ਵਿੱਚ ਆਪਣੀ ਅੰਮ੍ਰਿਤਧਾਰਾ ਚਲਾਉਂਦਾ ਹੀ ਰਹਿੰਦਾ ਹੈ। ਇਹ ਸਭ ਕੁੱਝ ਸਾਡੇ ਮਨ ਦੀ ਅਵੱਸਥਾ ਹੈ, ਮਨ ਦੇ ਵਿਚਾਰ ਹਨ ਜਿਸ ਦੀ ਸੋਝੀ ਮਨ ਦੇ ਵਿਚਾਰਾਂ ਦੁਆਰਾ ਹੀ ਪੈਂਦੀ ਹੈ ਕਿਉਂਕਿ ਇਸ ਧਨੁ ਦਾ ਪ੍ਰਕਾਸ਼ ਮਨ ਦੇ ਵਿੱਚ ਹੀ ਹੁੰਦਾ ਹੈ। **(ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ॥੨॥)**

ਇਸ ਗੱਲ ਦੀ ਸੋਝੀ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ ਕਿਉਂਕਿ ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤ ਹੈ ਜੋ ਕਿ ਪ੍ਰਮਾਤਮਾ ਨੇ ਆਪਣੇ ਹੱਥ ਵਿੱਚ ਹੀ ਰੱਖੀ ਹੋਈ ਹੈ। ਉਹ ਆਪਣਾ ਨਾਮ ਕਿਸੇ ਵਿਰਲੇ ਨੂੰ ਆਪ ਹੀ ਦਿੰਦਾ ਹੈ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਈ ਹੋਈ ਹੈ।

"ਸਚੈ ਲਾਏ ਸੇ ਜਨ ਲਾਗੇ॥ ਅੰਤਰਿ ਸਬਦੁ ਮਸਤਕਿ ਵਡਭਾਗੇ॥"

ਆਪਣੇ ਆਪ ਕੋਈ ਸੱਚ ਦੀ ਪ੍ਰਾਪਤੀ ਨਹੀਂ ਕਰ ਸਕਦਾ। **(ਸਚੈ ਲਾਏ ਸੇ ਜਨ ਲਾਗੇ॥)** ਉਹ ਆਪਣੇ ਨਾਲ ਕਿਵੇਂ ਜੋੜਦਾ ਹੈ, ਆਪਣਾ ਨਾਮ ਕਿਵੇਂ ਬਖਸ਼ਦਾ ਹੈ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **"ਸ਼ਬਦ"** ਤੋਂ ਭਾਵ ਹੈ ਗੁਰੂ ਪ੍ਰਮਾਤਮਾ। ਜਿੱਥੇ ਉਹ ਕਿਸੇ ਦੇ ਅੰਤਰਿ ਵਿੱਚ, ਮਨ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ ਉਸਨੂੰ ਹੀ ਆਪਣੇ ਸੱਚ ਨਾਲ ਜੋੜਦਾ ਹੈ ਜਿਸਦੀ ਪ੍ਰਾਪਤੀ ਕਿਸੇ ਵਿਰਲੇ ਵਡਭਾਗੀ ਨੂੰ ਹੀ ਹੁੰਦੀ ਹੈ। ਜਿਵੇਂ ਕਿ ਅਸੀਂ ਵਾਰ-ਵਾਰ

13/1280

ਜਾਣਦੇ ਆ ਰਹੇ ਹਾਂ **"ਸਬਦੁ"** ਸ਼ਬਦ ਦੀ ਸੋਝੀ ਹੈ ਤੇ ਮਨ ਦੇ ਵਿੱਚ ਉਸਦੀ ਸੋਝੀ ਹੀ ਪ੍ਰਗਟ ਹੁੰਦੀ ਹੈ, ਉਸਦਾ ਸੱਚਾ ਗਿਆਨ ਹੀ ਪ੍ਰਗਟ ਹੁੰਦਾ ਹੈ। **(ਅੰਤਰਿ ਸਬਦੁ ਮਸਤਕਿ ਵਡਭਾਗੇ॥)** ਜਦੋਂ ਸਾਡੇ ਅੰਦਰ ਸ਼ਬਦ ਦੀ ਸੋਝੀ ਵੱਸ ਜਾਂਦੀ ਹੈ, ਤਾਂ ਹੀ ਅਸੀਂ ਉਸ ਦੇ ਸੱਚੇ ਸ਼ਬਦ ਦੁਆਰਾ ਪ੍ਰਮਾਤਮਾ ਦੇ ਗੁਣ ਗਾ ਸਕਦੇ ਹਾਂ ਭਾਵ ਉਹਨਾਂ ਤੇ ਅਮਲ ਕਰਕੇ ਉਹਨਾਂ ਦੁਆਰਾ ਵਿਚਰ ਸਕਦੇ ਹਾਂ। ਇਹੀ ਆਪਣੇ ਆਪ ਨੂੰ ਗੁਰੂ ਦੇ ਸ਼ਬਦ ਨਾਲ ਰੱਤਣਾ ਹੈ, ਨਾਮ ਨਾਲ ਰੱਤਣਾ ਹੈ ਤੇ ਇਹੀ ਸ਼ਬਦ ਦੇ ਵਿਚਾਰੀ ਬਣਨਾ ਹੈ ਭਾਵ ਉਸਦਾ ਅਮਲੀ ਬਣਨਾ ਹੈ। **(ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ॥੩॥)** ਸ਼ਬਦ ਦੀ ਸੋਝੀ ਪੈਣ ਦੁਆਰਾ ਮਨੁੱਖ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਬਣ ਜਾਂਦੀ ਹੈ ਇਹ ਸ਼ਬਦ ਦੇ ਅਗਲੇ ਪਦੇ ਵਿੱਚ ਸਮਝਾਇਆ ਹੋਇਆ ਹੈ।

"ਸਚੋ ਸਚਾ ਸਚੁ ਸਾਲਾਹੀ॥ ਏਕੋ ਵੇਖਾ ਦੂਜਾ ਨਾਹੀ॥

ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ॥੪॥"

ਸਾਡੀ ਜਿੰਦਗੀ ਦਾ ਮਨੋਰਥ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦਾ ਹੈ। ਸੱਚ ਦੀ ਸਿਫ਼ਤ ਸਾਲਾਹ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੈ। "**ਸੱਚ**" ਹੀ "**ਨਾਮ**" ਹੈ ਤੇ ਸੱਚ ਦੀ ਸਿਫ਼ਤ ਸਾਲਾਹ ਨਾਮ ਦੀ ਸਿਫ਼ਤ ਸਾਲਾਹ ਹੈ। ਨਾਮ ਦੀ ਸਿਫ਼ਤ ਸਾਲਾਹ ਨਾਮ ਦੁਆਰਾ ਹੀ ਹੁੰਦੀ ਹੈ ਜੋ ਕਿ ਅਸਲ ਭੇਦ ਦੀ ਗੱਲ ਹੈ। ਆਪਣੀ ਸਿਫ਼ਤ ਪ੍ਰਮਾਤਮਾ ਆਪ ਹੀ ਕਿਸੇ ਕੋਲੋਂ ਕਰਵਾਉਂਦਾ ਹੈ। ਜਿਸ ਨੂੰ ਉਹ ਆਪਣਾ ਸੱਚ ਬਖਸ਼ਦਾ ਹੈ, ਨਾਮ ਬਖਸ਼ਦਾ ਹੈ, ਸ਼ਬਦ ਦੀ ਸੱਚੀ ਸੋਝੀ ਬਖਸ਼ਦਾ ਹੈ, ਉਹੀ ਫਿਰ ਸੱਚ ਨੂੰ ਸਾਲਾਹੁੰਦਾ ਹੈ, ਨਾਮ ਸਾਲਾਹੁੰਦਾ ਹੈ, ਉਸਦੇ ਗੁਣ ਗਾਉਂਦਾ ਹੈ। ਉੱਪਰ ਪਦੇ ਦੀ ਪਹਿਲੀ ਪੰਗਤੀ

13/1281

ਨੂੰ ਅਗਰ ਧਿਆਨ ਨਾਲ ਸਮਝਾਂਗੇ ਤਾਂ ਇੱਥੇ ਇਹੀ ਗੱਲ ਸਮਝਾਈ ਹੋਈ ਹੈ। **"ਸਚੋ ਸਚਾ"** ਤੋਂ ਭਾਵ ਜਿਸ ਨੂੰ ਵੀ ਪ੍ਰਮਾਤਮਾ ਸੱਚਾ ਬਣਾਉਂਦਾ ਹੈ ਉਸਨੂੰ ਆਪ ਬਣਾਉਂਦਾ ਹੈ। **"ਸੱਚੋ"** ਤੋਂ ਭਾਵ ਹੈ "**ਸੱਚ ਦੁਆਰਾ**" ਭਾਵ "**ਪ੍ਰਮਾਤਮਾ ਦੇ ਦੁਆਰਾ**" ਭਾਵ ਪਹਿਲਾਂ ਮਨ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਕੇ ਉਹ ਮਨ ਦੇ ਵਿੱਚ ਆਪਣੀ ਸੱਚੀ ਸੋਝੀ ਪਾਉਂਦਾ ਹੈ ਤੇ ਆਪਣਾ ਸੱਚਾ ਗਿਆਨ ਬਖਸ਼ਦਾ ਹੈ ਭਾਵ ਮਨੁੱਖ ਉਸਦੇ ਸੱਚੇ ਕਰਨ ਦੁਆਰਾ ਹੀ ਸੱਚਾ ਬਣਦਾ ਹੈ, ਉਸਦੇ ਨਾਲ ਮਿਲਦਾ ਹੈ, ਉਸਦੇ ਵਿਚਾਰਾਂ ਨਾਲ ਮਿਲ ਜਾਂਦਾ ਹੈ। ਉਸਦੀ ਸੱਚੀ ਸੋਝੀ ਪੈਣ ਨਾਲ ਹੀ ਫਿਰ ਮਨੁੱਖ ਪ੍ਰਮਾਤਮਾ ਦੀ ਸੱਚੀ ਸਿਫ਼ਤ ਸਾਲਾਹ ਕਰਦਾ ਹੈ ਭਾਵ ਉਸਦੀ ਸੱਚੀ ਮਤਿ ਦੁਆਰਾ ਵਿਚਰਦਾ ਹੈ। **(ਸਚੁ ਸਾਲਾਹੀ) "ਸਚੁ"** ਤੋਂ ਭਾਵ ਹੈ ਆਪ ਪ੍ਰਮਾਤਮਾ। ਸਾਡੇ ਅੰਦਰ

“ਸਚੁ” ਦੇ ਵੱਸਣ ਨਾਲ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਸਭ ਕੁੱਝ **“ਸਚੁ”** ਹੀ ਹੈ ਭਾਵ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਏਕੋ ਵੇਖਾ ਦੂਜਾ ਨਾਹੀ॥”

ਸਾਡੇ ਅੰਦਰ ਸਚੁ ਵੱਸਣ ਦੀ ਸਭ ਤੋਂ ਪਹਿਲੀ ਨਿਸ਼ਾਨੀ ਇਹੀ ਹੈ ਕਿ ਸਾਨੂੰ ਸਭ ਕੁੱਝ, ਸਭ ਵਿੱਚ ਕੇਵਲ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। ਮਨ ਦੇ ਵਿੱਚ ਉਸਨੂੰ ਵੇਖਣ ਤੋਂ ਬਾਅਦ ਹੀ ਮਨੁੱਖ ਨੂੰ ਇਸ ਗੱਲ ਤੇ ਯਕੀਨ ਆਉਂਦਾ ਹੈ ਕਿ ਸਾਰੇ ਗਿਆਨ ਦਾ ਸ੍ਰੋਤ ਇੱਕੋ ਹੀ ਹੈ ਜਿਸ ਨੇ ਸਭ ਕੁੱਝ ਪੈਦਾ ਕੀਤਾ ਹੈ ਤੇ ਸਭ ਨੂੰ ਆਪਣੇ ਗਿਆਨ ਦੁਆਰਾ ਗੋਇਆ ਹੋਇਆ ਹੈ ਤੇ ਸਭ ਨੂੰ ਚਲਾ ਰਿਹਾ ਹੈ। ਜਦ ਤੱਕ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤਦ ਤੱਕ ਉਸਦੀ ਸਿਫ਼ਤ ਸਾਲਾਹ ਨਹੀਂ ਹੋ

13/1282

ਸਕਦੀ। ਸੰਸਾਰ ਦਾ ਪਹਿਲਾ ਤੇ ਸਭ ਤੋਂ ਵੱਡਾ ਸੱਚ ਇਹ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਤੇ ਹੋਰ ਹਰ ਹੋਂਦ ਝੂਠੀ ਹੈ, ਹਉਮੈ ਹੀ ਹੈ। ਸਭ ਕੁੱਝ ਕੇਵਲ ਨਾਮ ਹੀ ਵਰਤ ਰਿਹਾ ਹੈ। ਇਹ ਸੱਚ ਸਮਝ ਆਏ ਬਿਨ੍ਹਾਂ ਅਸੀਂ ਸੱਚ ਤੇ ਚੱਲ ਹੀ ਨਹੀਂ ਸਕਦੇ, ਨਾਮ ਜਪ ਹੀ ਨਹੀਂ ਸਕਦੇ। ਸੋਝੀ ਪੈਣ ਤੋਂ ਪਹਿਲਾਂ ਅਸੀਂ ਦੂਜਿਆਂ ਨੂੰ ਹੀ ਵੱਡਾ ਸਮਝਦੇ ਹਾਂ, ਮਾਇਆ ਦੇ ਪੁਤਲਿਆਂ ਨੂੰ ਹੀ ਵੱਡੇ ਸਮਝਦੇ ਹਾਂ ਪਰ ਉਸ ਮਾਇਆ ਦਾ ਮਾਲਕ ਕੌਣ ਹੈ ਤੇ ਕਿਸ ਰੂਪ ਵਿੱਚ ਹੈ, ਕਿਵੇਂ ਵਿਚਰ ਰਿਹਾ ਹੈ ਇਸ ਗੱਲ ਦੀ ਸਮਝ ਨਹੀਂ ਲੱਗਦੀ। ਜਦੋਂ ਸਾਨੂੰ ਹਰ ਵਸਤੂ ਵਿੱਚ, ਹਰ ਸਰੀਰ ਵਿੱਚ ਕੇਵਲ ਇੱਕ ਪ੍ਰਮਾਤਮਾ ਦੀ ਹੋਂਦ ਨਜ਼ਰ ਆਵੇਗੀ, ਆਪਣੇ ਆਪ ਦੀ ਸੋਝੀ ਪੈ ਜਾਵੇਗੀ ਤੇ ਤਾਂ ਹੀ ਫਿਰ ਉਸਦੀ ਉਹ ਸਿਫ਼ਤ ਸਾਲਾਹ ਹੋ ਸਕੇਗੀ, ਜਿਹੋ ਜਿਹੀ ਸਿਫ਼ਤ ਸਾਲਾਹ ਕਰਨੀ ਸਾਡੇ ਜੀਵਨ ਦਾ ਮਨੋਰਥ ਹੈ। ਇਹੀ ਇੱਕ ਐਸਾ ਗੁਣ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੇ ਸੱਚੇ ਗੁਣ ਗਾਏ ਜਾ ਸਕਦੇ ਹਨ।

{ਗੁਣੁ ਏਹੋ ਹੋਰੁ ਨਾਹੀ ਕੋਇ॥ਨਾ ਕੋ ਹੋਆ ਨਾ ਕੋ ਹੋਇ॥੩॥}

(ਅੰਗ ੯)

ਇਹ ਗੁਣ ਸਾਡੀ ਸੱਚੀ ਸੋਝੀ ਹੈ ਜੋ ਸਾਡੇ ਅੰਦਰ ਉਹ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੈ। ਨਾ ਹੀ ਪ੍ਰਮਾਤਮਾ ਤੋਂ ਬਿਨ੍ਹਾਂ ਅੱਜ ਤੱਕ ਕੋਈ ਹੋਰ ਹੋਇਆ ਹੈ ਤੇ ਨਾ ਹੀ ਕਦੇ ਕੋਈ ਹੋ ਸਕਦਾ ਹੈ। ਸਦਾ ਤੋਂ ਉਹ ਇੱਕੋ ਇੱਕ ਆਪ ਹੀ ਵਰਤ ਰਿਹਾ ਹੈ ਜਿਸ ਦੀ ਸੋਝੀ ਕੇਵਲ ਮਨ ਦੇ ਵਿੱਚੋਂ ਪੈ ਸਕਦੀ ਹੈ, ਉਸਦਾ ਸ਼ਬਦ ਵੱਸਣ ਦੁਆਰਾ ਪੈ ਸਕਦੀ ਹੈ। ਸੋਝੀ ਸਾਨੂੰ ਮਨ ਦੇ ਵਿੱਚੋਂ ਗੁਰਮਤਿ ਦੀ ਹੀ ਪੈਂਦੀ ਹੈ ਤੇ ਇਹ ਵੀ ਸਮਝ ਲੱਗਦੀ ਹੈ ਕਿ ਗੁਰਮਤਿ ਇਤਨੀ ਉੱਚੀ ਕਿਸ ਗੱਲ ਕਰਕੇ ਹੈ, ਗੁਰਮਤਿ ਦੀ ਪਉੜੀ ਸਭ ਤੋਂ ਉੱਚੀ ਹੈ ਤੇ ਇਹ ਸਭ ਤੋਂ ਉੱਚੀ ਪਉੜੀ ਬਣਾਉਣ ਵਾਲਾ ਕੌਣ ਹੈ। ਆਓ ਇਹੀ ਗੱਲ ਪਦੇ ਦੀ ਅਗਲੀ ਪੰਗਤੀ ਦੁਆਰਾ ਸਮਝੀਏ।

“ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ॥੪॥”

13/1283

“ਗੁਰਮਤਿ ਊਚੋ ਊਚੀ ਪਉੜੀ” ਤੋਂ ਭਾਵ ਹੈ ਕਿ ਗੁਰਮਤਿ ਉੱਚੀ ਇਸ ਲਈ ਹੈ ਕਿ ਇਸ ਨੂੰ ਉਸ ਉੱਚੇ ਨੇ ਆਪ ਰਚਿਆ ਹੋਇਆ ਹੈ ਭਾਵ ਇਸ ਦਾ ਸੱਚਾ ਗਿਆਨ, ਉੱਚਾ ਗਿਆਨ ਸਿੱਧਾ ਪ੍ਰਮਾਤਮਾ ਦੇ ਕੋਲੋਂ ਆਇਆ ਹੋਇਆ ਹੈ। ਗੁਰਮਤਿ ਦੀ ਪਉੜੀ ਸਭ ਤੋਂ ਉੱਚੀ ਕਿਵੇਂ ਬਣੀ ਹੈ ਭਾਵ ਪ੍ਰਮਾਤਮਾ ਦੀ ਉਹ ਕਿਹੜੀ ਵਿਧੀ ਹੈ ਜਿਸ ਦੁਆਰਾ ਉਸਨੇ ਗੁਰਮਤਿ ਨੂੰ ਇਤਨਾ ਉੱਚਾ ਬਣਾਇਆ ਹੈ ਇਸ ਦੀ ਸੋਝੀ ਨਾਲ ਹੀ ਪਾਈ ਹੋਈ ਹੈ। **“ਗਿਆਨ ਰਤਨਿ ਹਉਮੈ ਮਾਰੀ ਹੇ॥੪॥”** ਪੂਰੀ ਗੁਰਬਾਣੀ ਵਿੱਚ ਗੁਰਮਤਿ ਹੈ, “**ਗਿਆਨ ਰਤਨਿ**” ਹੈ ਤੇ ਇਹੀ “**ਨਾਮ**” ਹੈ। “**ਗਿਆਨ ਰਤਨਿ**” ਤੋਂ ਭਾਵ ਹੈ ਕਿ ਗੁਰਬਾਣੀ ਕੋਲ ਜੋ ਗਿਆਨ ਹੈ ਉਹ “**ਰਤਨ**” ਦੇ ਕੋਲੋਂ ਆਇਆ ਹੈ ਭਾਵ ਪ੍ਰਮਾਤਮਾ ਦੇ ਕੋਲੋਂ ਆਇਆ ਹੈ ਤੇ ਇਸ ਲਈ ਗੁਰਬਾਣੀ ਦਾ ਗਿਆਨ ਉੱਚਾ ਹੈ। ਜਿੱਥੇ “**ਨਾਮ**” ਹੈ ਉੱਥੇ “**ਹਉਮੈ**” ਨਹੀਂ ਹੈ। ਜਿੱਥੇ ਸੱਚਾ ਗਿਆਨ ਹੈ, ਜਿੱਥੇ ਬ੍ਰਹਮ ਗਿਆਨ ਹੈ, ਉੱਥੇ ਹਉਮੈ ਨਹੀਂ ਹੈ। ਇਹ ਦੋਨੋਂ ਮਨ ਦੀਆਂ ਅਵੱਸਥਾਵਾਂ ਹੀ ਹਨ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ। ਸਾਡੇ ਅੰਦਰ ਗਿਆਨ ਰਤਨ ਪ੍ਰਗਟ ਹੋਣ ਨਾਲ, ਗੁਰਮਤਿ ਪ੍ਰਗਟ ਹੋਣ ਨਾਲ, ਸੱਚਾ ਗਿਆਨ ਪ੍ਰਗਟ

ਹੋਣ ਨਾਲ ਸਾਡੇ ਮਨ ਦੀ ਅਵੱਸਥਾ ਬਦਲ ਜਾਂਦੀ ਹੈ। ਸੱਚੀ ਸੋਝੀ ਪੈਣ ਨਾਲ ਅਸੀਂ ਅਗਿਆਨਤਾ ਵਿੱਚੋਂ ਨਿਕਲ ਜਾਂਦੇ ਹਾਂ, ਹਉਮੈ ਵਿੱਚੋਂ ਨਿਕਲ ਜਾਂਦੇ ਹਾਂ ਤੇ ਨਾਮ ਨਾਲ ਜੁੜ ਜਾਂਦੇ ਹਾਂ। ਪ੍ਰਮਾਤਮਾ ਆਪਣੇ ਸ਼ਬਦ ਦੁਆਰਾ ਵਰਤਦਾ ਹੈ ਤੇ ਉਸਦਾ ਸ਼ਬਦ ਹੀ ਉਸਦਾ ਰਤਨ ਹੈ। ਪ੍ਰਮਾਤਮਾ ਦਾ ਸ਼ਬਦ ਰਤਨ ਉਸਦਾ ਗਿਆਨ ਰੂਪ ਹੈ। ਪੂਰੀ ਗੁਰਬਾਣੀ ਸ਼ਬਦ ਰਤਨ ਨਾਲ ਭਰਪੂਰ ਹੈ, ਉਸਦੇ ਸੱਚੇ ਗਿਆਨ ਨਾਲ ਭਰਪੂਰ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ ਉਹ ਆਪਣੇ ਸ਼ਬਦ ਦੁਆਰਾ ਵੱਸਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਵੱਸਦਾ ਹੈ। ਅਸੀਂ ਬਾਣੀ ਵਿੱਚ ਵਾਰ-ਵਾਰ ਇਸ ਗੱਲ ਨੂੰ ਪੜ੍ਹਦੇ ਹਾਂ ਕਿ ਸਾਡੀ ਹਉਮੈ ਸ਼ਬਦ ਦੁਆਰਾ ਜਾਂਦੀ ਹੈ ਤੇ ਇਹੀ ਗੱਲ ਉਪਰਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ ਕਿ ਸ਼ਬਦ ਕੋਲ ਉਹ ਕਿਹੜੀ ਵਿਧੀ ਹੈ ਜਿਸ ਦੁਆਰਾ ਸਾਡੀ ਹਉਮੈ ਨਾਸ਼ ਹੁੰਦੀ ਹੈ। "**ਹਉਮੈ**" ਸਾਡੀ ਅਗਿਆਨਤਾ ਹੈ, ਸਾਡੀ ਮੈਂ ਹੈ ਜਿਸ ਦੁਆਰਾ ਅਸੀਂ ਆਪਣੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਸਮਝਦੇ ਹਾਂ। ਅਗਿਆਨਤਾ ਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਮਾਰ ਸਕਦਾ ਹੈ, ਸ਼ਬਦ ਦਾ ਗਿਆਨ ਹੀ ਮਾਰ ਸਕਦਾ ਹੈ। ਸ਼ਬਦ ਸਾਡੇ ਅੰਦਰ ਹੀ ਵਰਤਦਾ ਹੈ, ਸਭ ਦੇ ਅੰਦਰ ਵਰਤਦਾ ਹੈ, ਸਭ ਜਗ੍ਹਾ ਵਰਤ ਰਿਹਾ ਹੈ। ਉਸ ਦਾ ਇੱਕੋ ਇੱਕ ਨਿਰਗੁਣ ਰੂਪ ਗਿਆਨ ਹੈ ਜਿਸ ਦੁਆਰਾ ਉਹ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਜਦੋਂ ਉਸ ਸ਼ਬਦ ਨੇ ਸਾਡੇ ਮਨ ਵਿੱਚ ਵੱਸਣਾ ਹੈ ਭਾਵ ਪ੍ਰਗਟ ਹੋਣਾ ਹੈ, ਆਪਣੇ ਸੱਚੇ ਗਿਆਨ ਦੁਆਰਾ ਹੀ ਪ੍ਰਗਟ

13/1284

ਹੋਣਾ ਹੈ। ਗਿਆਨ ਨਾਲ ਸੋਝੀ ਹੀ ਪੈਂਦੀ ਹੈ ਤੇ ਸਾਡੀ ਹਉਮੈ ਮਨ ਦੀ ਸੋਝੀ ਦੁਆਰਾ ਹੀ ਮਿਟਦੀ ਹੈ, ਸ਼ਬਦ ਦੁਆਰਾ ਹੀ ਮਿਟਦੀ ਹੈ। ਅਸੀਂ ਬਾਣੀ ਵਿੱਚ ਵਾਰ-ਵਾਰ ਇਸ ਗੱਲ ਨੂੰ ਪੜ੍ਹਦੇ ਹਾਂ ਕਿ ਸਾਨੂੰ ਹਉਮੈ ਵਿੱਚੋਂ ਗੁਰੂ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਗੁਰੂ ਕੀ ਹੈ, ਸ਼ਬਦ ਕੀ ਹੈ ਤੇ ਤਾਂ ਹੀ ਫਿਰ ਸੋਝੀ ਪਵੇਗੀ ਕਿ ਇਹ ਹਉਮੈ ਕਿਵੇਂ ਦੂਰ ਹੋਣੀ ਹੈ। "**ਗੁਰੂ**" ਦਾ ਅਸਲ ਰੂਪ "**ਗੁਰਮਤਿ**" ਹੈ, "ਸਬਦੁ" ਦਾ ਅਸਲ ਰੂਪ "**ਸ਼ਬਦ ਦੀ ਸੋਝੀ**" ਹੈ। ਸਾਡੀ ਹਉਮੈ ਗੁਰੂ ਨੇ ਭਾਵ ਗੁਰਮਤਿ ਨੇ ਹੀ ਦੂਰ ਕਰਨੀ ਹੈ, ਸ਼ਬਦ ਨੇ ਭਾਵ ਸ਼ਬਦ ਦੀ ਸੋਝੀ ਨੇ ਹੀ ਦੂਰ ਕਰਨੀ ਹੈ। ਗੁਰਮਤਿ ਚੌਥੇ ਪਦ ਦਾ ਗਿਆਨ ਹੈ, ਸ਼ਬਦ ਦੀ ਸੋਝੀ ਚੌਥੇ ਪਦ ਦਾ ਗਿਆਨ ਹੈ ਭਾਵ "**ਗੁਰੂ ਬ੍ਰਹਮਗਿਆਨ ਹੈ**"। ਬ੍ਰਹਮ ਗਿਆਨ ਉਹ ਗਿਆਨ ਹੈ ਜੋ ਸਿੱਧਾ ਬ੍ਰਹਮ ਦੇ ਕੋਲੋਂ ਆਉਂਦਾ ਹੈ ਤੇ ਉਸ ਬ੍ਰਹਮ ਨੂੰ ਉਸਦੇ ਬ੍ਰਹਮ ਗਿਆਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ ਤੇ ਨਾ ਹੀ ਬਾਣੀ ਵਿੱਚ ਕੋਈ ਹੋਰ ਤਰੀਕਾ ਸਮਝਾਇਆ ਹੋਇਆ ਹੈ। ਇੱਕ ਅੱਖਰ ਰੂਪ, ਸ਼ਬਦ ਰੂਪ ਨਾਮ ਦਾ ਰੱਟਾ ਲਗਾਉਣ ਵਾਲੇ ਅਕਸਰ ਇਹ ਗੱਲਾਂ ਕਰਦੇ ਹਨ ਕਿ ਨਾਮ ਜਪੋ ਭਾਵ ਇੱਕ ਅੱਖਰ ਨੂੰ ਜਪੋ ਤੇ ਗਿਆਨ ਦੀ ਕੀ ਲੋੜ ਹੈ। ਇਹ ਅਗਿਆਨਤਾ ਦੀ ਹੱਦ ਹੈ, ਸਾਡੇ ਅੰਦਰ ਕਮਲ ਦਾ ਪੁੱਠਾ ਹੋਣਾ ਹੈ ਜੋ ਉਸਨੇ ਆਪ ਹੀ ਕੀਤਾ ਹੋਇਆ ਹੈ।

ਜੇਕਰ ਸਾਨੂੰ ਸ਼ਬਦ ਦੀ ਸਮਝ ਹੈ ਕਿ ਸ਼ਬਦ ਤੋਂ ਮੂਲ ਭਾਵ ਕੀ ਹੈ ਤਾਂ ਫਿਰ ਸਾਨੂੰ ਸ਼ਬਦ ਦੇ ਅਗਲੇ ਪਦੇ ਦੀ ਸੋਝੀ ਵੀ ਪੈ ਜਾਵੇਗੀ।

"ਮਾਇਆ ਮੋਹੁ ਸਬਦਿ ਜਲਾਇਆ॥ਸਚੁ ਮਨਿ ਵਸਿਆ ਜਾ ਤੁਧੁ ਭਾਇਆ॥

ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ॥੫॥"

13/1285

ਇੱਕ ਪਾਸੇ ਮਾਇਆ ਮੋਹ ਹੈ ਤੇ ਦੂਜੇ ਪਾਸੇ ਸ਼ਬਦ ਹੈ। ਜਿੱਥੇ ਮਾਇਆ ਮੋਹ ਹੈ ਉੱਥੇ ਸ਼ਬਦ ਨਹੀਂ ਹੈ, ਗੁਰੂ ਨਹੀਂ ਹੈ, ਨਾਮ ਨਹੀਂ ਹੈ। ਜਿੱਥੇ ਮਾਇਆ ਮੋਹ ਹੈ ਉੱਥੇ ਅਗਿਆਨਤਾ ਹੈ, ਹਉਮੈ ਹੈ। ਹਉਮੈ ਨੂੰ ਸ਼ਬਦ ਹੀ ਮਾਰਦਾ ਹੈ, ਗਿਆਨ ਰਤਨ ਹੀ ਮਾਰਦਾ ਹੈ। ਮਨ ਦੇ ਵਿੱਚ ਸ਼ਬਦ ਦਾ ਗਿਆਨ ਹੀ ਸਾਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ ਭਾਵ ਜਿੱਥੇ ਗੁਰੂ ਦਾ ਸ਼ਬਦ ਵੱਸ ਜਾਂਦਾ ਹੈ ਉਸਦਾ ਮਾਇਆ ਮੋਹ ਨਿਕਲ ਜਾਂਦਾ ਹੈ। ਸਾਡੇ ਅੰਦਰ ਸ਼ਬਦ ਦਾ ਵੱਸਣਾ ਹਾਂ "ਸਚੁ" ਦਾ ਵੱਸਣਾ ਇੱਕੋ ਹੀ ਗੱਲ ਹੈ। ਸ਼ਬਦ ਆਪ ਪ੍ਰਮਾਤਮਾ ਹੈ, ਸੱਚ ਆਪ ਪ੍ਰਮਾਤਮਾ ਹੈ, ਨਾਮ ਆਪ ਪ੍ਰਮਾਤਮਾ ਹੈ। ਸਾਡੇ ਅੰਦਰ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਹੀ ਵੱਸਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕਿਰਪਾ ਹੈ। **(ਮਾਇਆ ਮੋਹੁ ਸਬਦਿ ਜਲਾਇਆ॥ਸਚੁ ਮਨਿ ਵਸਿਆ ਜਾ ਤੁਧੁ ਭਾਇਆ॥)**

ਆਓ ਹੁਣ ਪਦੇ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੀਏ ਕਿ ਸਾਡੀ ਸੱਚੀ ਕਰਨੀ ਕੀ ਹੈ, ਕਿਵੇਂ ਹੁੰਦੀ ਹੈ।

“ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ॥੫॥”

ਸੱਚੀ ਕਰਨੀ ਉਹ ਕਰਨੀ ਹੈ ਜਿਸ ਵਿੱਚ ਪੂਰੀ ਤਰ੍ਹਾਂ ਗੁਰਮਤਿ ਹੋਵੇ ਭਾਵ ਗੁਰਮਤਿ ਅਨੁਸਾਰ ਹੋਵੇ, ਗੁਰੂ ਦੇ ਸੱਚੇ ਗਿਆਨ ਦੁਆਰਾ ਹੋਵੇ। ਸੱਚਾ ਪ੍ਰਮਾਤਮਾ ਕਿਸੇ ਨੂੰ ਉਸਦੇ ਅੰਦਰ ਆਪਣਾ ਆਪ ਵਸਾ ਕੇ ਹੀ ਕਰਦਾ ਹੈ, ਆਪਣਾ ਸੱਚ ਵਸਾ ਕੇ ਹੀ ਕਰਦਾ ਹੈ। ਜਿਸਨੂੰ ਉਹ ਸੱਚਾ ਬਣਾ ਲੈਂਦਾ ਹੈ ਉਹੀ ਸੱਚੀ ਕਰਨੀ ਕਰ ਸਕਦਾ ਹੈ। ਸੱਚੀ ਕਰਨੀ ਸਾਡੀ ਗੁਰੂ ਵਾਲੀ ਕਰਨੀ ਹੈ ਭਾਵ ਉਹ ਕਰਨੀ ਹੈ ਜੋ ਗੁਰੂ ਨੂੰ ਭਾਉਂਦੀ ਹੈ, ਜਿਹੋ ਜਿਹੀ ਗੁਰੂ ਸਾਨੂੰ ਸਿੱਖਿਆ ਦਿੰਦਾ ਹੈ। ਮਾਇਆ ਮੋਹ ਵਿੱਚ ਰਹਿੰਦੇ, ਹਉਮੈ ਵਿੱਚ ਰਹਿੰਦੇ, ਅਗਿਆਨਤਾ ਵਿੱਚ ਰਹਿੰਦੇ, ਮਨਮਤਿ ਵਿੱਚ ਰਹਿੰਦੇ ਅਸੀਂ ਸੱਚੀ ਕਰਨੀ ਨਹੀਂ ਕਰ ਸਕਦੇ। ਅਸੀਂ ਔਗੁਣਾਂ ਨਾਲ ਭਰੇ ਹੋਏ ਹਾਂ ਜਿਸਦੀ ਕਿ ਸਾਨੂੰ ਸਮਝ ਨਹੀਂ ਹੈ। ਅਸੀਂ ਆਪਣੇ ਅਨੇਕਾਂ ਔਗੁਣਾਂ ਨੂੰ ਭੁਲੇਖੇ ਵਿੱਚ ਗੁਣ ਸਮਝੀ ਜਾਂਦੇ ਹਾਂ। “**ਗੁਣ**” ਉਹੀ ਹੈ, “**ਸੱਚ**” ਉਹੀ ਹੈ ਜੋ ਗੁਰਮਤਿ ਤੇ ਪੂਰਾ ਉਤਰਦਾ ਹੈ।

13/1286

ਜੋ ਗੱਲ ਗੁਰਮਤਿ ਤੇ ਪੂਰੀ ਨਹੀਂ ਉਤਰਦੀ ਉਹ ਝੂਠ ਹੈ, ਕੂੜ ਹੈ, ਔਗੁਣ ਹੈ। ਸਾਡੇ ਲਈ ਸਭ ਤੋਂ ਜਰੂਰੀ ਸਮਝਣ ਵਾਲੀ ਇਹੀ ਗੱਲ ਹੈ। ਅਸੀਂ ਆਪਣੇ ਸਰੀਰਕ ਜਪ ਤਪ ਨੂੰ ਬਹੁਤ ਵੱਡਾ ਗੁਣ ਸਮਝਦੇ ਹਾਂ ਪਰ ਅਸਲ ਵਿੱਚ ਗੁਰੂ ਦੀ ਨਜ਼ਰ ਵਿੱਚ ਇਹ ਔਗੁਣ ਹੈ ਕਿਉਂਕਿ ਇਹ ਗੁਰਮਤਿ ਅਨੁਸਾਰ ਨਹੀਂ ਹੈ। ਬਾਣੀ ਵਿੱਚ ਇਹਨਾਂ ਜਪਾਂ ਤਪਾਂ ਦਾ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਤੇ ਇਹਨਾਂ ਨੂੰ ਛੱਡਣ ਲਈ ਪ੍ਰੇਰਿਆ ਹੋਇਆ ਹੈ। ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਹੀ ਅਨੇਕਾਂ ਭੁੱਲਾਂ ਕਰਦੇ ਹਾਂ ਭਾਵੇਂ ਉਹਨਾਂ ਨੂੰ ਧਰਮ ਦਾ ਮਾਰਗ ਸਮਝ ਕੇ ਕਰਦੇ ਹਾਂ। ਅਸੀਂ ਇਹ ਸਭ ਕੁੱਝ ਸੱਚ ਸਮਝ ਕੇ ਕਰਦੇ ਹਾਂ, ਗੁਣ ਸਮਝ ਕੇ ਕਰਦੇ ਹਾਂ ਪਰ ਅਸਲ ਵਿੱਚ ਇਹ ਸਾਡੇ ਔਗੁਣ ਹਨ, ਗੁਰਮਤਿ ਦੇ ਉਲਟ ਹੈ। ਇਹਨਾਂ ਗੱਲਾਂ ਨਾਲ ਸਾਡੀ ਹਉਮੈ ਉਲਟੀ ਵੱਧਦੀ ਹੈ, ਸਾਡੀ ਮਨਹਠਿ ਉਲਟੀ ਵੱਧਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਇਹ ਹਉਮੈ ਤਿਆਗਣ ਦਾ ਮਾਰਗ ਹੈ, ਤ੍ਰਿਸ਼ਨਾ ਵਿੱਚੋਂ ਨਿਕਲਣ ਦਾ ਮਾਰਗ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚੀ ਕਰਨੀ ਨਹੀਂ ਕਰ ਸਕਦੇ। ਸੱਚੀ ਕਰਨੀ ਸਾਡੇ ਅੰਦਰ ਸੱਚ ਵੱਸਣ ਦੁਆਰਾ, ਨਾਮ ਵੱਸਣ ਦੁਆਰਾ ਹੀ ਹੋ ਸਕਦੀ ਹੈ ਜਿਸ ਦੁਆਰਾ ਅਸੀਂ ਹਉਮੈ ਤੋਂ ਮੁਕਤ ਹੋ ਸਕਦੇ ਹਾਂ। ਹਉਮੈ ਦੇ ਰਹਿੰਦਿਆਂ ਸਾਡੇ ਅੰਦਰ ਨਾਮ ਨਹੀਂ ਹੈ, ਸੱਚ ਨਹੀਂ ਹੈ, ਸ਼ਬਦ ਨਹੀਂ ਹੈ ਕਿਉਂਕਿ ਇਹ ਦੋਵੇਂ ਇੱਕ ਥਾਂ ਰਹਿ ਹੀ ਨਹੀਂ ਸਕਦੇ। ਸਾਡੇ ਅੰਦਰ ਹਉਮੈ ਹੋਵੇਗੀ ਜਾਂ ਨਾਮ ਹੋਵੇਗਾ, ਜਾਂ ਮੈਂ ਹੋਵੇਗੀ ਜਾਂ ਤੂੰ ਹੋਵੇਗਾ। ਸਾਡੀ ਸੱਚੀ ਕਰਨੀ ਹੀ ਤੂੰ ਤੂੰ ਕਰਨਾ ਹੈ ਜੋ ਕਿ ਮੈਂ ਮਿਟਣ ਦੁਆਰਾ ਹੀ ਹੋ ਸਕਦਾ ਹੈ। **(ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ॥੫॥)**

ਜਦ ਤੱਕ ਸਾਡੇ ਅੰਦਰ ਸੱਚ ਨਹੀਂ ਵੱਸਦਾ, ਜਦ ਤੱਕ ਸਾਡੀ ਹਉਮੈ, ਅਗਿਆਨਤਾ, ਤ੍ਰਿਸ਼ਨਾ ਨਹੀਂ ਮਿਟਦੀ ਭਾਵ ਜਦ ਤੱਕ ਸਾਡੇ ਅੰਦਰ ਗਿਆਨ ਰਤਨ ਦਾ ਪ੍ਰਕਾਸ਼ ਨਹੀਂ ਹੁੰਦਾ, ਸਾਡੇ ਸਾਰੇ ਜਪ ਤਪ, ਪੂਜਾ ਆਦਿ ਜੋ ਕਿ ਅਸੀਂ ਅਗਿਆਨਤਾ ਵਿੱਚ ਰਹਿੰਦੇ ਹੋਏ ਕਰਦੇ ਹਾਂ, ਉਹ

13/1287

ਗੁਰਮਤਿ ਅਨੁਸਾਰ ਨਹੀਂ ਹੁੰਦੇ। ਇਸੇ ਲਈ ਗੁਰਬਾਣੀ ਉਹਨਾਂ ਨੂੰ ਕੇਵਲ ਸਾਡੇ ਇੱਕ ਪਾਖੰਡ ਦੀ ਸੰਗਿਆ ਦੇ ਕੇ ਸਮਝਾ ਰਹੀ ਹੈ ਕਿ ਅਸੀਂ ਇਹਨਾਂ ਪਾਖੰਡਾਂ ਵਿੱਚੋਂ ਨਿਕਲੀਏ, ਜਪਾਂ ਤਪਾਂ ਦੀਆਂ ਸਮਾਧੀਆਂ ਵਿੱਚੋਂ ਨਿਕਲੀਏ, ਸੁਰਤੀਆਂ ਜੋੜਨ ਦੀਆਂ ਸਰੀਰਕ ਕਿਰਿਆਵਾਂ ਵਿੱਚੋਂ ਨਿਕਲੀਏ।

{ਹਿਰਦੈ ਸਚੁ ਏਹ ਕਰਣੀ ਸਾਰੁ॥ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਜਦ ਤੱਕ ਸਾਨੂੰ ਇਹ ਵਿਸ਼ਵਾਸ ਨਹੀਂ ਆਉਂਦਾ ਕਿ ਸੱਚ ਦੀ ਪ੍ਰਾਪਤੀ ਬਿਨ੍ਹਾਂ ਸਾਡੀ ਗਤੀ ਨਹੀਂ ਹੈ ਤਦ ਤੱਕ ਅਸੀਂ ਸੱਚ ਪਿੱਛੇ ਨਹੀਂ ਲੱਗ ਸਕਦੇ। ਸੱਚ ਕੇਵਲ ਗੁਰਮਤਿ ਹੈ ਜੋ ਕਿ ਕੇਵਲ ਗੁਰੂ ਦੇ ਕੋਲ ਹੈ। ਅਸੀਂ ਸਾਰੇ ਜਪ ਤਪ ਉੱਥੋਂ ਸਿੱਖੇ ਹਨ ਜਿੱਥੇ ਗੁਰਮਤਿ ਨਹੀਂ ਹੈ। ਸਭ ਜਗ੍ਹਾ ਮਾਇਆ ਮੋਹ ਦਾ ਪਸਾਰਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਕੀਤਾ ਹੋਇਆ ਹੈ। ਮਾਇਆ ਮੋਹ ਵਿੱਚੋਂ ਕੇਵਲ ਸਾਨੂੰ ਗੁਰੂ ਹੀ ਕੱਢ ਸਕਦਾ ਹੈ, ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ। ਆਓ ਗੁਰੂ ਤੇ ਵਿਸ਼ਵਾਸ ਰੱਖੀਏ ਤੇ ਗੁਰੂ ਨਾਲ ਜੁੜੀਏ। ਗੁਰੂ ਨਾਲ ਜੁੜਨਾ ਕੀ ਹੈ, ਇਹ ਅਸੀਂ ਵਾਰ-ਵਾਰ ਜਾਣਦੇ ਆ ਰਹੇ ਹਾਂ।

ਗੁਰਮਤਿ ਹੀ ਸਾਡਾ ਗੁਰੂ ਹੈ, ਸਾਰੇ ਜਗਤ ਦਾ ਗੁਰੂ ਹੈ ਭਾਵ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਸਦਾ ਤੋਂ ਸਾਰੇ ਜਗਤ ਦਾ ਗੁਰੂ ਹੈ। ਗੁਰਬਾਣੀ ਉਸ ਦਾ ਆਪਣਾ ਰੂਪ ਹੈ, ਸੱਚਾ ਰੂਪ ਹੈ ਜਿੱਥੋਂ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਦੀ ਸੋਝੀ ਪੈਂਦੀ ਹੈ। ਸਾਡਾ ਅਸਲ ਵਿੱਚ ਗੁਰੂ ਉਹ ਹੈ ਅਸੀਂ ਜਿਸਦੀ ਮਤਿ ਤੇ ਚੱਲਦੇ ਹਾਂ। ਅਸੀਂ ਉਹਨਾਂ ਦੀ ਮਤਿ ਤੇ ਚੱਲਦੇ ਹਾਂ ਜਿਹਨਾਂ ਨੂੰ ਅਸੀਂ ਆਪਣੇ-ਆਪਣੇ ਸਿਰਮੌਰ ਮੰਨਿਆ ਹੋਇਆ ਹੈ, ਧਰਮ ਦੇ ਉੱਚੇ ਅਸਥਾਨ ਤੇ ਮੰਨਿਆ ਹੋਇਆ ਹੈ। ਅਸੀਂ ਉਹਨਾਂ ਦੇ ਬਚਨਾਂ ਪਿੱਛੇ ਅੰਧ ਵਿਸ਼ਵਾਸ ਨਾਲ ਜੁੜੇ ਹੋਏ ਹਾਂ ਜਿਹਨਾਂ ਨੂੰ ਮੰਨਣਾ ਭਾਵ ਬਿਨ੍ਹਾਂ ਗੁਰਬਾਣੀ ਦੀ ਕਸਵੱਟੀ ਤੇ ਲਾਉਣ ਤੋਂ ਉਹਨਾਂ ਨੂੰ ਮੰਨਣਾ ਇਹ ਗੁਰੂ ਦੀ ਬੇਅਦਬੀ ਹੈ, ਅਦਬ ਤਾਂ ਦੂਰ ਦੀ ਗੱਲ ਹੈ।

13/1288

ਜਦ ਤੱਕ ਅਸੀਂ ਨਿਧੜਕ ਹੋ ਕੇ ਉਹਨਾਂ ਦਾ ਲੜ ਨਹੀਂ ਛੱਡਦੇ ਜੋ ਸਾਨੂੰ ਗੁਰਮਤਿ ਤੋਂ ਦੂਰ ਕਰਦੇ ਹਨ ਅਸੀਂ ਗੁਰੂ ਦੇ ਲੜ ਕਿਵੇਂ ਲੱਗ ਸਕਦੇ ਹਾਂ। ਸਾਡਾ ਭਲਾ ਕੇਵਲ ਗੁਰੂ ਕਰ ਸਕਦਾ ਹੈ, ਉਸਦਾ ਸੱਚਾ ਗਿਆਨ ਕਰ ਸਕਦਾ ਹੈ ਜੋ ਸਭ ਦੇ ਅੰਦਰ ਹੀ ਵਰਤ ਰਿਹਾ ਹੈ। ਨਿਕਲਣਾ ਅਸੀਂ ਮਾਇਆ ਮੋਹ ਦੇ ਵਿੱਚੋਂ ਹੈ ਜਿਸ ਦੁਆਰਾ ਸਾਨੂੰ ਪ੍ਰਾਪਤੀ ਹੋਣੀ ਹੈ ਤੇ ਆਓ ਉਸਦੇ ਪਿੱਛੇ ਲੱਗੀਏ ਜੋ ਸਾਨੂੰ ਮਾਇਆ ਮੋਹ ਵਿੱਚੋਂ ਕੱਢ ਸਕਦਾ ਹੈ ਨਾ ਕਿ ਉਹਨਾਂ ਦੇ ਪਿੱਛੇ ਜੋ ਆਪ ਮਾਇਆ ਮੋਹ ਵਿੱਚ ਫਸੇ ਹੋਏ ਹਨ ਤੇ ਨਾਲ ਹੀ ਸਾਨੂੰ ਵੀ ਫਸਾਉਂਦੇ ਹਨ ਤੇ ਆਪਣੀ ਵਾਹ-ਵਾਹ ਕਰਾਉਂਦੇ ਹਨ। ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮਾਇਆ ਮੋਹੁ ਸਭੁ ਆਪੇ ਕੀਨਾ॥ ਗੁਰਮੁਖਿ ਵਿਰਲੈ ਕਿਨ ਹੀ ਚੀਨਾ॥

ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ॥੬॥”

ਜਦ ਤੱਕ ਸਾਡੇ ਵਿੱਚ ਮਾਇਆ ਮੋਹ ਹੈ ਤਦ ਤੱਕ ਹਰ ਕੋਈ ਮਨਮੁਖਿ ਹੈ। ਗੁਰਮੁਖਿ ਦੀ ਅਵੱਸਥਾ ਮਾਇਆ ਮੋਹ ਵਿੱਚੋਂ ਨਿਕਲਣ ਦੀ ਅਵੱਸਥਾ ਹੈ। ਕੇਵਲ ਗੁਰਮੁਖਿ ਅਖਵਾਉਣ ਨਾਲ ਕੋਈ ਗੁਰਮੁਖਿ ਨਹੀਂ ਬਣ ਜਾਂਦਾ। ਇਹ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੀ ਅਵੱਸਥਾ ਹੈ ਜੋ ਕਿ ਅਸਲ ਵਿੱਚ ਆਪ ਹੀ ਗੁਰਮੁਖਿ ਹੈ। ਗੁਰਮੁਖਿ ਕੋਈ ਮਨੁੱਖ ਨਹੀਂ ਹੈ ਭਾਵ ਕੋਈ ਮਨੁੱਖੀ ਸਰੀਰ ਨਹੀਂ ਹੈ। ਗੁਰਮੁਖਿ ਮਨ ਦੀ ਅਵੱਸਥਾ ਹੈ, ਸੱਚੇ ਗਿਆਨ ਦੀ ਅਵੱਸਥਾ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਮਾਇਆ ਮੋਹ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ, ਸਭ ਨੂੰ ਅਗਿਆਨਤਾ ਵਿੱਚ ਉਸਨੇ ਆਪ ਹੀ ਰੱਖਿਆ ਹੋਇਆ ਹੈ ਤੇ ਇਸ ਗੱਲ ਦੀ ਸੋਝੀ ਗੁਰਮੁਖਿ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ, ਮਨ ਵਿੱਚ ਰਤਨ ਗਿਆਨ ਦੁਆਰਾ ਹੀ ਪੈਂਦੀ ਹੈ। **(ਮਾਇਆ ਮੋਹੁ ਸਭੁ ਆਪੇ ਕੀਨਾ॥ਗੁਰਮੁਖਿ ਵਿਰਲੈ ਕਿਨ ਹੀ ਚੀਨਾ॥)**

ਗੁਰਮੁਖਿ ਵਾਲੀ ਅਵੱਸਥਾ ਦੀ ਪ੍ਰਾਪਤੀ ਤੋਂ ਬਾਅਦ ਹੀ ਇਹ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ,

13/1289

ਸਭ ਵਿੱਚ ਮਾਇਆ ਮੋਹ ਪਾਉਣ ਵਾਲਾ ਉਹ ਆਪ ਹੈ ਤਾਂ ਹੀ ਇਹ ਸੋਝੀ ਪੈਂਦੀ ਹੈ ਕਿ ਗੁਰੂ ਅਸਲ ਵਿੱਚ ਕਿਤਨਾ ਉੱਚਾ ਹੈ, ਉਸਦੀ ਮਤਿ ਕਿਤਨੀ ਉੱਚੀ ਹੈ ਤੇ ਉਸਦੇ ਸਾਹਮਣੇ ਹਰ ਕੋਈ ਕਿਤਨਾ ਨੀਵਾਂ ਹੈ, ਕਿਤਨਾ ਅਗਿਆਨੀ ਹੈ ਤੇ ਸਭ ਨੂੰ ਉਸਨੇ ਆਪ ਹੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ, ਜਪੀ ਤਪੀ ਅਖਵਾਉਣ ਵਾਲੇ ਉਸ ਪ੍ਰਮਾਤਮਾ ਦੇ ਕਿਤਨੇ ਜਿਆਦਾ ਭੁਲਾਏ ਹੋਏ ਹਨ, ਭਰਮਾਏ ਹੋਏ ਹਨ ਇਸਦੀ ਸੋਝੀ ਗੁਰਮੁਖਿ ਵਾਲੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਪੈਂਦੀ ਹੈ, ਉਸ ਗੁਰਮੁਖਿ ਦੇ ਆਪਣੇ ਪਾਉਣ ਦੁਆਰਾ ਹੀ ਪੈਂਦੀ ਹੈ। ਉਹ ਆਪਣਾ ਗੁਰਮੁਖਿ ਵਾਲਾ ਗਿਆਨ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ। ਇਸੇ ਅਵੱਸਥਾ ਦੁਆਰਾ ਹੀ ਕੋਈ ਸੱਚ ਦੀ ਕਮਾਈ ਕਰਦਾ ਹੈ ਭਾਵ ਸੱਚ ਦੁਆਰਾ ਵਿਚਰਦਾ ਹੈ ਤੇ ਉਸਦੀ ਹਰ ਕਰਨੀ ਸੱਚੀ ਹੁੰਦੀ ਹੈ, ਉੱਤਮ ਹੁੰਦੀ ਹੈ। **(ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ॥੬॥)**

ਸਾਡੀ ਉੱਤਮ ਕਰਨੀ ਸਾਡੇ ਅੰਦਰ ‘‘ਸਚੁ’’ ਵੱਸਣ ਦੁਆਰਾ ਭਾਵ ਪ੍ਰਮਾਤਮਾ ਦੇ ਆਪਣੇ ਵੱਸਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਇਸ ਸ਼ਬਦ ਦੇ ਪਹਿਲੇ ਪਦੇ ਦੁਆਰਾ ਇਹ ਜਾਣਿਆ ਸੀ। **(ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ॥੧॥)**

ਸਾਡੇ ਅੰਦਰ ‘‘ਸਚੁ’’ ਦੇ ਵੱਸਣ ਦੁਆਰਾ, ਪ੍ਰਮਾਤਮਾ ਦੇ ਵੱਸਣ ਦੁਆਰਾ ਗੁਰਮਤਿ ਹੀ ਵੱਸਦੀ ਹੈ। ਗੁਰੂ ਪ੍ਰਮਾਤਮਾ ਦਾ **“ਸਚੁ”**

ਰੂਪ ਪੂਰਨ ਗੁਰਮਤਿ ਦਾ ਰੂਪ ਹੈ, ਇੱਕੋ ਹੀ ਗੱਲ ਹੈ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਕਾਰ ਕਮਾਈ ਜੋ ਮੇਰੇ ਪ੍ਰਭ ਭਾਈ॥ ਹਉਮੈ ਤ੍ਰਿਸਨਾ ਸਬਦਿ ਬੁਝਾਈ॥
ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ॥੭॥"

ਗੁਰੂ ਵਾਲੀ ਕਾਰ ਭਾਵ ਗੁਰਮਤਿ ਵਾਲੀ ਕਾਰ, ਸੱਚ ਦੀ ਕਾਰ ਕੋਈ ਤਾਂ ਹੀ ਕਰ ਸਕਦਾ ਹੈ ਜੇ ਪ੍ਰਮਾਤਮਾ ਨੂੰ ਇਹ ਆਪ ਭਾਵੇ ਕਿਉਂਕਿ ਸਾਡੇ ਮਨ ਦੇ ਅੰਦਰ ਸਾਰੀ ਸੋਝੀ ਪਾਉਣ ਵਾਲਾ

ਉਹ ਆਪ ਹੀ ਹੈ। ਸਾਨੂੰ ਤ੍ਰੈਗੁਣਾਂ ਦੀ ਸੋਝੀ ਪਾਉਣ ਵਾਲਾ ਵੀ ਉਹ ਆਪ ਹੈ ਭਾਵ ਅਗਿਆਨਤਾ ਵਿੱਚ, ਮਾਇਆ ਮੋਹ, ਹਉਮੈ ਵਿੱਚ ਰੱਖਣ ਵਾਲਾ ਵੀ ਉਹ ਆਪ ਹੀ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਸਾਡੇ ਅੰਦਰ ਸ਼ਬਦ ਹੀ ਵਰਤ ਰਿਹਾ ਹੈ ਭਾਵ ਉਹ ਆਪ ਹੀ ਵਰਤ ਰਿਹਾ ਹੈ। ਇਹ ਉਸਦੀ ਆਪਣੀ ਰਜ਼ਾ ਹੈ ਕਿ ਉਹ ਸਾਨੂੰ ਕਿਹੋ ਜਿਹੀ ਸੋਝੀ ਪਾਉਂਦਾ ਹੈ। ਉਹ ਆਪਣੇ ਆਪ ਨੂੰ ਜਦ ਤੱਕ ਪ੍ਰਗਟ ਨਹੀਂ ਕਰਦਾ, ਸਾਨੂੰ ਆਪਣਾ ਸੱਚਾ ਗਿਆਨ ਨਹੀਂ ਬਖਸ਼ਦਾ ਤਦ ਤੱਕ ਸਾਡੀ ਹਉਮੈ, ਤ੍ਰਿਸ਼ਨਾ ਨਹੀਂ ਬੁੱਝ ਸਕਦੀ। ਕਿਸੇ ਨੂੰ ਸ਼ਬਦ ਆਪ ਹੀ ਬੁਝਾ ਸਕਦਾ ਹੈ, ਆਪ ਪ੍ਰਗਟ ਹੋ ਕੇ ਬੁਝਾ ਸਕਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕਿਰਪਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਉਹੋ ਜਿਹੀ ਕਾਰ ਕਮਾ ਸਕਦਾ ਹੈ ਜੋ ਉਸਦੇ ਸ਼ਬਦ ਦੇ ਅਨੁਸਾਰ ਹੈ, ਉਸਦੀ ਮਤਿ ਦੇ ਅਨੁਸਾਰ ਹੈ। **(ਕਾਰ ਕਮਾਈ ਜੋ ਮੇਰੇ ਪ੍ਰਭ ਭਾਈ॥ ਹਉਮੈ ਤ੍ਰਿਸਨਾ ਸਬਦਿ ਬੁਝਾਈ॥)**

ਸ਼ਬਦ ਦੀ ਉਹ ਕਿਹੜੀ ਵਿਧੀ ਹੈ ਜਿਸ ਦੁਆਰਾ ਉਹ ਸਾਡੀ ਹਉਮੈ ਖ਼ਤਮ ਕਰਦਾ ਹੈ, ਤ੍ਰਿਸ਼ਨਾ ਦੀ ਅਗਨ ਤੋਂ ਮਨ ਨੂੰ ਸੀਤਲ ਕਰਦਾ ਹੈ, ਉਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ॥੭॥"

ਸਾਡੇ ਲਈ ਸਭ ਤੋਂ ਵੱਡੀ ਗੱਲ ਸਮਝਣ ਦੀ ਇਹੀ ਹੈ ਕਿ ਅਸੀਂ ਸਮਝੀਏ ਕਿ ਗੁਰੂ ਕੀ ਹੈ, ਸ਼ਬਦ ਕੀ ਹੈ ਭਾਵ ਸ਼ਬਦ ਦਾ ਮਨੋਰਥ ਕੀ ਹੈ ਭਾਵ ਗੁਰੂ ਦਾ ਮਨੋਰਥ ਕੀ ਹੈ। ਸ਼ਬਦ ਸਾਨੂੰ ਆਪਣੀ ਮਤਿ ਦੇਣ ਲਈ ਹੈ। ਗੁਰੂ ਆਪਣੀ **"ਗੁਰਮਤਿ"** ਦੁਆਰਾ ਗੁਰੂ ਹੈ। ਸਾਡੇ ਅੰਦਰ ਸ਼ਬਦ ਦਾ ਪ੍ਰਗਟ ਹੋਣਾ, ਗੁਰੂ ਪ੍ਰਮਾਤਮਾ ਦਾ ਪ੍ਰਗਟ ਹੋਣਾ **"ਗੁਰਮਤਿ"** ਦਾ ਪ੍ਰਗਟ ਹੋਣਾ ਹੀ ਹੈ। ਸਾਡੇ ਅੰਦਰ ਸੱਚ ਦਾ ਵੱਸਣਾ, ਪ੍ਰਮਾਤਮਾ ਦਾ ਵੱਸਣਾ **"ਗੁਰਮਤਿ"** ਦਾ ਵੱਸਣਾ ਹੀ ਹੈ। **"ਗੁਰਮਤਿ"** ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਸਹਜ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ। ਮਨੁੱਖ ਦੀ ਇਹ **"ਗੁਰਮਤਿ"** ਦੀ ਅਵੱਸਥਾ ਹੀ

"ਗੁਰਮੁਖਿ" ਵਾਲੀ ਅਵੱਸਥਾ ਹੈ। ਸਾਡੇ ਅੰਦਰੋਂ ਅਗਿਆਨਤਾ ਇਸ ਗਿਆਨ ਦੇ ਵੱਸਣ ਦੁਆਰਾ ਹੀ ਜਾਂਦੀ ਹੈ ਜੋ ਕਿ ਸਾਡਾ ਸਹਜ ਗਿਆਨ ਹੈ ਜੋ ਸਾਨੂੰ **"ਸਹਜ"** ਦੇ ਮਾਲਕ ਕੋਲੋਂ ਮਿਲਦਾ ਹੈ, ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ।

ਸਾਡੇ ਅੰਦਰ ਇਹ **"ਗੁਰਮਤਿ"** ਵੱਸਣ ਦੁਆਰਾ ਹੀ ਮਨ ਸੀਤਲ ਹੁੰਦਾ ਹੈ ਭਾਵ ਤ੍ਰਿਸ਼ਨਾ ਦੀ ਅਗਨ ਤੋਂ ਮੁਕਤ ਹੁੰਦਾ ਹੈ, ਮਨਮਤਿ ਤੋਂ ਮੁਕਤ ਹੁੰਦਾ ਹੈ। ਇਸੇ ਸੱਚੇ ਗਿਆਨ ਦੁਆਰਾ ਸਾਨੂੰ ਉਸ ਗਿਆਨ ਦੇ ਮਾਲਕ ਦੀ ਸੋਝੀ ਪੈਂਦੀ ਹੈ ਕਿ ਸਾਡੇ ਮਨ ਵਿੱਚ, ਸਾਡੀ ਸੋਚ ਵਿੱਚ, ਸਾਡੀ ਸੁਰਤਿ ਵਿੱਚ, ਸਾਡੇ ਵਿਚਾਰਾਂ ਵਿੱਚ, ਸਾਡੇ ਹਿਰਦੇ ਵਿੱਚ ਕੌਣ ਹੈ ਜਿੱਥੋਂ ਸਾਨੂੰ ਸਾਰੀ ਸੋਝੀ ਮਿਲਦੀ ਹੈ ਤੇ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਅਸੀਂ ਭੁਲੇਖੇ ਵਿੱਚ ਹੀ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝੀ ਬੈਠੇ ਹਾਂ। ਸਾਡਾ ਇਹ ਵੱਖਰੀ ਹੋਂਦ ਸਮਝਣਾ ਹੀ ਸਾਡੀ ਹਉਮੈ ਹੈ, ਸਾਡੀ **"ਮੈਂ"** ਹੈ। ਆਪਣੇ ਅੰਦਰੋਂ ਉਸ **"ਤੂੰ"** ਨੂੰ ਜਾਣਨ ਤੋਂ ਬਾਅਦ ਹੀ ਸਾਡੀ "ਮੈਂ" ਮਰਦੀ ਹੈ, ਸਾਡੀ ਹਉਮੈ ਮਰਦੀ ਹੈ। ਇਸ ਸੱਚੇ ਗਿਆਨ ਦੁਆਰਾ ਹੀ ਸਾਨੂੰ ਉਸ ਪ੍ਰਮਾਤਮਾ ਦੇ ਹੁਕਮ ਦੀ ਸੋਝੀ ਪੈਂਦੀ ਹੈ ਜੋ ਹਰ ਵੇਲੇ ਸਭ ਵਿੱਚ ਚੱਲ ਰਿਹਾ ਹੈ। ਸਾਡੇ ਅੰਦਰ ਜੋ ਵੀ ਸਾਡੇ ਮਨ ਦੇ ਵਿਚਾਰ ਹਨ ਇਹੀ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਵਰਤ ਰਿਹਾ ਹੈ, ਉਸ ਦਾ ਸ਼ਬਦ ਵਰਤ ਰਿਹਾ ਹੈ, ਉਸਦੀ ਜੋਤਿ ਵਰਤ ਰਹੀ ਹੈ ਭਾਵ ਮਨ ਦੇ

ਵਿੱਚ ਸਭ ਗਿਆਨ ਪਾਉਣ ਵਾਲਾ ਆਪ ਪ੍ਰਮਾਤਮਾ ਹੈ। ਗਿਆਨ ਹੀ ਉਸਦਾ ਹੁਕਮ ਹੈ ਜੋ ਸਭ ਵਿੱਚ ਤੇ ਸਭ ਜਗ੍ਹਾ ਵਰਤ ਰਿਹਾ ਹੈ। ਆਪਣੇ ਅੰਦਰੋਂ ਉਸਦਾ ਇਹ ਹੁਕਮ ਬੁੱਝਣ ਨਾਲ ਹੀ ਸਾਡੀ ਹਉਮੈ ਖ਼ਤਮ ਹੁੰਦੀ ਹੈ ਤੇ ਸਾਡਾ ਨਾਮ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਭਾਵ ਸੱਚੇ ਗਿਆਨ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ। **(ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ॥੭॥)**

ਸਾਡੇ ਅੰਦਰ ਪ੍ਰਮਾਤਮਾ ਦੇ ਵੱਸਣ ਦੇ ਨਾਲ ਗੁਰਮਤਿ ਹੀ

13/1292

ਪ੍ਰਗਟ ਹੁੰਦੀ ਹੈ ਤੇ ਤਾਂ ਹੀ ਜਿੱਥੇ ਉਸਨੇ ਆਪ ਨੂੰ ਵਸਾਇਆ ਹੈ, ਉਸ ਸਰੀਰ ਰਾਹੀਂ **"ਗੁਰਮਤਿ"** ਪ੍ਰਗਟ ਹੋਈ ਹੈ, ਗੁਰਬਾਣੀ ਪ੍ਰਗਟ ਹੋਈ ਹੈ, ਸ਼ਬਦ ਪ੍ਰਗਟ ਹੋਇਆ ਹੇ, ਉਸਦਾ ਹੁਕਮ ਪ੍ਰਗਟ ਹੋਇਆ ਹੈ। ਉਸਦੀ ਗੁਰਮਤਿ ਹੀ ਉਸਦਾ ਹੁਕਮ ਹੈ ਜਿਸ ਨੂੰ ਅਸੀਂ ਮੰਨਣਾ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ, ਗੁਰਮਤਿ ਅਨੁਸਾਰ ਚਲਾ ਕੇ ਉਹ ਆਪਣਾ ਹੁਕਮ ਹੀ ਮਨਵਾਉਂਦਾ ਹੈ ਭਾਵ ਫਿਰ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਸਦੇ ਹੁਕਮ ਅਨੁਸਾਰ ਹੀ ਕਰਦਾ ਹੈ, ਉਸਦੇ ਭਾਣੇ ਵਿੱਚ ਰਹਿੰਦਾ ਹੈ। ਹਉਮੈ ਵਿੱਚ ਰਹਿੰਦੇ ਹੋਏ ਅਸੀਂ ਗੁਰਮਤਿ ਵਿੱਚ ਨਹੀਂ ਰਹਿ ਸਕਦੇ, ਅਸੀਂ ਨਾਮ ਨਹੀਂ ਜਪ ਸਕਦੇ। ਆਪਣਾ ਨਾਮ ਉਹ ਆਪ ਹੀ ਜਪਾਉਂਦਾ ਹੈ, ਹਉਮੈ ਕੱਢ ਕੇ ਜਪਾਉਂਦਾ ਹੈ।

ਪ੍ਰਮਾਤਮਾ ਨਾਲ ਮੇਲ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ ਪਰ ਕੀ ਕਿਸੇ ਦਾ ਗੁਰਮਤਿ ਨਾਲ ਵੀ ਮੇਲ ਹੋਇਆ ਹੈ ਭਾਵ ਕੀ ਕਿਸੇ ਨੂੰ ਗੁਰਮਤਿ ਦੀ ਸੋਝੀ ਪਈ ਹੈ, ਇਸ ਮਨ ਦੀ ਸੋਝੀ ਪਈ ਹੈ, ਆਪਣੇ ਆਪ ਦੀ ਸੋਝੀ ਪਈ ਹੈ, ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ ਸੋਝੀ ਪਈ ਹੈ, ਇਸਦਾ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ। ਹਰ ਕੋਈ ਭਰਮ ਵਿੱਚ ਹੀ ਹੈ, ਮਾਇਆ ਮੋਹ ਵਿੱਚ ਹੀ ਹੈ, ਸਰਗੁਣ ਰੂਪ ਨਾਲ ਜੁੜਿਆ ਹੋਇਆ ਹੀ ਹੈ, ਦੇਹ ਨਾਲ ਜੁੜਿਆ ਹੋਇਆ ਹੀ ਹੈ। ਇਹ ਸਭ ਕੇਵਲ ਅਗਿਆਨਤਾ ਹੀ ਹੈ ਜੋ ਕਿ ਨਾਮ ਦਾ ਦੂਸਰਾ ਪਾਸਾ ਹੈ ਭਾਵ ਜਿੱਥੇ ਕੋਈ ਨਾਮ ਨਹੀਂ ਹੈ। ਨਾਮ ਦੀ ਸੋਝੀ ਨਾਮ ਮਿਲਣ ਦੁਆਰਾ ਹੀ ਪੈਂਦੀ ਹੈ।

ਆਓ ਹੁਣ ਅਗਲੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਇਹ ਸਮਝੀਏ ਕਿ ਨਾਮ, ਨਾਮ ਧਨ ਸਾਡਾ ਕਿਵੇਂ ਸਹਾਈ ਬਣਦਾ ਹੈ। ਸਹਾਈ ਤਾਂ ਸਾਡਾ ਪ੍ਰਮਾਤਮਾ ਆਪ ਹੀ ਬਣਦਾ ਹੈ ਤੇ ਉਸ ਦੀ ਸਹਾਈ ਬਣਨ ਦੀ ਵਿਧੀ ਕੀ ਹੈ। ਹੇਠ ਦਿੱਤੇ ਸ਼ਬਦ ਰਾਹੀਂ

13/1293

ਇਹੀ ਸਮਝਾਇਆ ਹੋਇਆ ਹੈ।

ਹਰਿ ਕਾ ਨਾਮੁ ਕੋਟਿ ਲਖ ਬਾਹਾ॥ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ॥
ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ॥੯॥

(ਅੰਗ ੧੦੭੨)

ਉੱਪਰ ਸ਼ਬਦ ਰਾਹੀਂ ਸਾਨੂੰ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗਾ ਕਿ ਨਾਮ ਦਾ ਮਿਲਣਾ ਕੀ ਹੈ। ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਅੱਖਰ ਦਾ ਜਪ ਕਰਨ ਵਾਲਿਆਂ ਨੂੰ ਪੂਰਾ ਧਿਆਨ ਦੇਣ ਦੀ ਲੋੜ ਹੈ।

ਉੱਪਰ ਸ਼ਬਦ ਦੁਆਰਾ ਨਾਮ ਦੀ ਮਹਿਮਾ, ਨਾਮ ਦੀ ਵਡਿਆਈ ਬਿਆਨ ਕੀਤੀ ਹੋਈ ਹੈ। ਨਾਮ ਮਨੁੱਖ ਲਈ ਇਸ ਤਰ੍ਹਾਂ ਸਹਾਈ ਹੁੰਦਾ ਹੈ ਜਿਵੇਂ ਕਿ ਉਸਨੂੰ ਲੱਖਾਂ ਕਰੋੜਾਂ ਬਾਹਾਂ ਦਾ ਸਾਥ ਮਿਲ ਜਾਵੇ ਭਾਵ ਜਿਸ ਦੁਸ਼ਮਣ ਨਾਲ ਮਨੁੱਖ ਆਪ ਨਹੀਂ ਲੜ ਸਕਦਾ ਉਸ ਲਈ ਉਸ ਨੂੰ ਇਤਨੇ ਵੱਡੇ ਆਸਰੇ ਦੀ ਲੋੜ ਹੈ। ਇਹ ਆਸਾਰਾ ਸਾਨੂੰ ਨਾਮ ਦੇ ਰੂਪ ਵਿੱਚ ਮਿਲਦਾ ਹੈ ਜਿਸ ਦੁਆਰਾ ਅਸੀਂ ਆਪਣੇ ਦੁਸ਼ਮਣਾਂ ਉੱਤੇ ਜਿੱਤ ਹਾਸਿਲ ਕਰਦੇ ਹਾਂ। ਪਹਿਲਾਂ ਸਾਨੂੰ ਆਪਣੇ ਉਹ ਦੁਸ਼ਮਣ ਪਛਾਨਣ ਦੀ ਲੋੜ ਹੈ ਜਿੰਨ੍ਹਾਂ ਨੂੰ ਅਸੀਂ ਮਾਰਨਾ ਹੈ। ਦੁਸ਼ਮਣ ਸਾਡੇ ਦੂਤ ਹਨ, ਸਾਡੇ ਔਗੁਣ ਹਨ ਜੋ ਸਾਨੂੰ ਹਰ ਵੇਲੇ ਸਤਾਉਂਦੇ ਹਨ ਤੇ ਗੁਰੂ ਤੋਂ ਦੂਰ ਰੱਖਦੇ ਹਨ ਕਿਉਂਕਿ ਇਨ੍ਹਾਂ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਦਾ ਜੱਸ ਨਹੀਂ ਗਾ ਸਕਦੇ। ਇਨ੍ਹਾਂ ਦੂਤਾਂ ਨੂੰ ਮਾਰਨਾ ਸਾਡੇ ਵੱਸ ਵਿੱਚ ਨਹੀਂ ਹੈ ਕਿਉਂਕਿ ਇਨ੍ਹਾਂ ਦੂਤਾਂ ਦਾ ਮੂਲ ਸਾਡੀ ਅਗਿਆਨਤਾ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ, ਮਾਇਆ ਮੋਹ ਹੈ ਅਸੀਂ ਇਹ ਨਹੀਂ ਸਮਝ ਸਕਦੇ ਕਿ ਇਹ ਸਾਡੇ ਲਈ ਕਿੰਨੇ ਕੁ ਮਾੜੇ ਹਨ ਤੇ ਇਨ੍ਹਾਂ ਕਰਕੇ ਹੀ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਬਣੀ ਹੋਈ ਹੈ। ਪਹਿਲਾਂ ਸਾਡੀ ਅਗਿਆਨਤਾ ਮਰੇਗੀ ਭਾਵ ਸਾਨੂੰ ਸੋਝੀ ਪਵੇਗੀ ਕਿ ਵਾਕਿਆ ਹੀ ਇਹ ਸਾਡੇ ਉਹ ਦੁਸ਼ਮਣ ਹਨ ਜਿੰਨ੍ਹਾਂ ਨੂੰ ਮਾਰਨ ਦੀ ਲੋੜ ਹੈ ਤੇ ਤਾਂ ਹੀ ਫਿਰ ਅਸੀਂ ਇਨ੍ਹਾਂ ਤੋਂ ਛੁੱਟ ਸਕਦੇ ਹਾਂ। ਬਿਨ੍ਹਾਂ ਸੱਚੀ ਸੋਝੀ ਤੋਂ ਸਾਨੂੰ ਇਹ ਆਪਣੇ ਦੁਸ਼ਮਣ ਹੀ ਮਹਿਸੂਸ ਨਹੀਂ ਹੁੰਦੇ। ਵਾਰ-ਵਾਰ ਬਾਣੀ ਵਿੱਚ ਆਉਂਦਾ ਹੈ ਕਿ ਸਾਡੇ ਇਨ੍ਹਾਂ ਦੂਤਾਂ ਨੂੰ, ਔਗੁਣਾਂ ਨੂੰ ਗੁਰੂ ਹੀ ਮਾਰ

13/1294

ਸਕਦਾ ਹੈ ਭਾਵ ਸਾਡੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਗੁਰੂ ਹੀ ਕੱਢ ਸਕਦਾ ਹੈ ਜਿਸ ਦੁਆਰਾ ਉਹ ਮਨੁੱਖ ਦੀ ਸਹਾਇਤਾ ਕਰਦਾ ਹੈ। ਸਾਡੀ ਸਹਾਇਤਾ ਉਸਦਾ ਨਾਮ ਹੀ ਕਰਦਾ ਹੈ, ਗੁਰੂ ਆਪਣਾ ਨਾਮ ਦੇ ਕੇ ਸਾਡੀ ਸਹਾਇਤਾ ਕਰਦਾ ਹੈ ਭਾਵ ਉਸਦਾ ਨਾਮ ਹੀ ਸਾਡੇ ਔਗੁਣਾਂ ਨੂੰ ਮਾਰਦਾ ਹੈ। ਗੁਰੂ ਦਾ ਨਾਮ ਸਾਨੂੰ ਕਿਸ ਰੂਪ ਵਿੱਚ ਮਿਲਦਾ ਹੈ ਬਸ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਗੁਰੂ ਆਪਣਾ ਨਾਮ ਸਾਨੂੰ "**ਗਿਆਨ ਖੜਗੁ**" ਦੇ ਰੂਪ ਵਿੱਚ ਦਿੰਦਾ ਹੈ। ਸਾਡੇ ਅੰਦਰ ਦੇ ਦੂਤਾਂ ਨੂੰ ਗੁਰੂ ਦੇ ਗਿਆਨ ਦੀ ਤਲਵਾਰ ਹੀ ਮਾਰਦੀ ਹੈ, ਦੂਤਾਂ ਦਾ ਸਿਰ ਵੱਢਦੀ ਹੈ। ਦੂਤਾਂ ਦੀ ਮਾਂ ਅਗਿਆਨਤਾ ਹੈ, ਔਗੁਣਾਂ ਦਾ ਮੂਲ ਅਗਿਆਨਤਾ ਹੈ। ਗਿਆਨ ਅਗਿਆਨਤਾ ਨੂੰ ਹੀ ਮਾਰਦਾ ਹੈ ਜੋ ਕਿ ਸਾਨੂੰ ਇਸ ਗੱਲ ਦੀ ਸੋਝੀ ਪਾਉਂਦਾ ਹੈ ਕਿ ਸਾਡੇ ਅਸਲ ਦੁਸ਼ਮਣ ਕੌਣ ਹਨ। ਦੁਸ਼ਮਣਾਂ ਦੀ ਸੋਝੀ ਪੈਣਾ ਹੀ ਵੱਡੀ ਗੱਲ ਹੈ। ਸਾਡੇ ਔਗੁਣ ਮਨ ਦੇ ਵਿਚਾਰਾਂ ਵਿੱਚ ਹੀ ਹਨ ਜੋ ਕਿ ਸਾਡੇ ਮਨ ਦਾ ਗਿਆਨ ਹੀ ਹੈ ਪਰ ਉਹ ਸਾਡਾ ਕੱਚਾ ਗਿਆਨ ਹੈ, ਤ੍ਰੈਗੁਣੀ ਗਿਆਨ ਹੈ, ਮਾਇਆ ਦੀ ਜੁਗਤਿ ਦਾ ਗਿਆਨ ਹੈ। ਗੁਰੂ ਦੇ ਗਿਆਨ ਦੀ ਤਲਵਾਰ ਚੌਥੇ ਪਦ ਦਾ ਗਿਆਨ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜੋ ਸਾਨੂੰ ਸੱਚੀ ਸੋਝੀ ਪਾਉਂਦਾ ਹੈ, ਆਪਣੀ ਸੱਚੀ ਸੋਝੀ ਪਾ ਕੇ ਉਸ ਤੇ ਦ੍ਰਿੜ ਵੀ ਆਪ ਹੀ ਕਰਦਾ ਹੈ, ਅਪਣਾ ਨਾਮ ਦੇ ਕੇ ਨਾਮ ਤੇ ਦ੍ਰਿੜ ਵੀ ਆਪ ਹੀ ਕਰਦਾ ਹੈ ਕਿਉਂਕਿ ਸਾਡੇ ਮਨ ਦੀ ਸੋਝੀ ਉਸ ਦੇ ਹੱਥ ਹੀ ਹੈ। ਉਹ ਮਨੁੱਖ ਕੋਲੋਂ ਜੋ ਕੁੱਝ ਵੀ ਕਰਵਾਉਂਦਾ ਹੈ ਮਨ ਦੇ ਗਿਆਨ ਦੁਆਰਾ ਹੀ ਕਰਵਾਉਂਦਾ ਹੈ। ਦੁਬਿਧਾ ਪਾਉਣ ਵਾਲਾ ਵੀ ਉਹ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਆਪ ਹੈ। **(ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ॥੯॥)** ਨਾਮ ਦੇ ਰੂਪ ਵਿੱਚ ਪ੍ਰਮਾਤਮਾ ਨੇ ਸਾਨੂੰ ਆਪਣਾ ਸੱਚਾ ਗਿਆਨ ਦਿੱਤਾ ਹੈ ਜੋ ਕਿ ਉਹ ਮਨ ਦੇ ਵਿੱਚ ਹੀ ਦਿੰਦਾ ਹੈ। ਗੁਰੂ ਦਾ ਇਹ ਸੱਚਾ ਗਿਆਨ

13/1295

ਹੀ ਉਸਦਾ ਨਾਮ ਧਨੁ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਲ ਜੁੜਿਆ ਰਹਿੰਦਾ ਹੈ ਕਿਉਂਕਿ ਨਾਮ ਧਨੁ ਹੀ ਅਸਲ ਵਿੱਚ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦਾ ਜੱਸ, ਉਸਦਾ ਕੀਰਤਨ, ਉਸ ਦੀ ਸਿਫ਼ਤ ਸਾਲਾਹ ਤਾਂ ਹੀ ਹੁੰਦੀ ਹੈ ਜਦੋਂ ਮਨੁੱਖ ਦਾ ਸੰਗ ਇਸ ਸੱਚੇ ਧਨੁ ਨਾਲ ਹੋ ਜਾਂਦਾ ਹੈ। ਜਿੱਥੇ ਇਹ ਧਨੁ ਵੱਸ ਜਾਂਦਾ ਹੈ ਉੱਥੇ ਉਸਦਾ ਸੱਚ ਵੱਸ ਜਾਂਦਾ ਹੈ, ਉਸਦੀ ਸੱਚੀ ਮਤਿ ਵੱਸ ਜਾਂਦੀ ਹੈ ਜਿਸ ਦੁਆਰਾ ਅਸੀਂ ਆਪਣੇ ਔਗੁਣਾਂ ਨੂੰ ਜਿੱਤ ਲੈਂਦੇ ਹਾਂ। ਪ੍ਰਮਾਤਮਾ ਦਾ ਜੱਸ ਤਾਂ ਹੀ ਗਾਇਆ ਜਾ ਸਕਦਾ ਹੈ ਜਦੋਂ ਸਾਡਾ ਇਨ੍ਹਾਂ ਦੂਤਾਂ ਤੋਂ, ਅਗਿਆਨਤਾ ਤੋਂ, ਮਾਇਆ ਮੋਹ ਤੋਂ, ਹਉਮੈ ਤੋਂ, ਮਨਮਤਿ ਤੋਂ ਛੁਟਕਾਰਾ ਹੋ ਜਾਂਦਾ ਹੈ।

(ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ॥) "**ਗਿਆਨ ਖੜਗੁ**" ਹੀ ਅਸਲ ਵਿੱਚ "**ਗੁਰਮਤਿ**" ਹੈ, "**ਨਾਮ**" ਹੈ, ਨਾਮ ਧਨੁ ਹੈ ਜਿਸ ਦੇ ਸਾਡੇ ਮਨ ਵਿੱਚ ਵੱਸਣ ਦੁਆਰਾ ਮਨਮਤਿ ਤੋਂ ਖਲਾਸੀ ਹੁੰਦੀ ਹੈ। ਮਨਮਤਿ ਵਿੱਚ ਰਹਿੰਦਿਆਂ ਅਸੀਂ ਪ੍ਰਮਾਤਮਾ ਦਾ ਜੱਸ ਤਾਂ ਗਾਈ ਜਾਂਦੇ ਹਾਂ, ਬਥੇਰੇ ਜਪ ਤਪ ਕਰੀ ਜਾਂਦੇ ਹਾਂ ਪਰ ਉਹ ਕੇਵਲ ਆਪਣੀ ਅਗਿਆਨਤਾ ਪ੍ਰਗਟ ਕਰਨ ਵਾਲੀ ਗੱਲ ਹੈ, ਆਪਣੀ ਹਉਮੈ ਵਧਾਉਣ ਵਾਲੀ ਗੱਲ ਹੈ, ਆਪਣਾ ਜੱਸ ਉੱਚਾ ਕਰਨ ਵਾਲੀ ਗੱਲ ਹੈ ਜਿਸ ਵਿੱਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੈ।

ਪ੍ਰਮਾਤਮਾ ਜਦੋਂ ਸਾਡਾ ਸੱਚਾ ਸਹਾਇਕ ਬਣਦਾ ਹੈ ਅਪਣਾ ਨਾਮ ਧਨੁ ਦੇ ਕੇ ਹੀ ਬਣਦਾ ਹੈ ਜਿਸ ਦੁਆਰਾ ਮਨੁੱਖ ਨੂੰ ਅਸਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸੁੱਖ ਦੀ ਪ੍ਰਾਪਤੀ ਮਨ ਦੇ ਵਿੱਚ ਉਸਦਾ ਨਾਮ ਧਨੁ ਭਾਵ ਉਸਦਾ ਸੱਚਾ ਗਿਆਨ ਵੱਸਣ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਸਾਂਝ ਬਣਦੀ ਹੈ। ਸਾਨੂੰ ਤਾਰਨ ਵਾਲਾ ਨਾਮ ਹੀ ਹੈ, ਉਸਦਾ ਸੱਚਾ ਗਿਆਨ ਹੀ ਹੈ ਤੇ ਆਓ ਇਹੀ ਗੱਲ ਅਗਲੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

13/1296

ਪਉੜੀ॥

"ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥

ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥

ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ॥

ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥
ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥੨੧॥"

(ਅੰਗ - ੧੧੦੧-੧੧੦੨)

ਉਹ ਸਾਡੀ ਬੱਚਿਆਂ ਦੀ ਤਰ੍ਹਾਂ ਸਹਾਇਤਾ ਕਰਦਾ ਹੈ, ਬੱਚੇ ਜਾਣ ਕੇ ਸਹਾਇਤਾ ਕਰਦਾ ਹੈ। ਜੋ ਮਾਤਾ ਪਿਤਾ ਦੇ ਸਾਹਮਣੇ ਉਸਦੇ ਬੱਚੇ ਦੀ ਬਿਰਤੀ ਹੁੰਦੀ ਹੈ ਪ੍ਰਮਾਤਮਾ ਦੇ ਸਾਹਮਣੇ ਹਰ ਕਿਸੇ ਦੀ ਬਿਰਤੀ ਉਹੋ ਜਿਹੀ ਹੈ। ਬੱਚਾ ਨਾ ਸਮਝ ਹੁੰਦਾ ਹੈ ਤੇ ਉਸਨੂੰ ਗੱਲ ਗੱਲ ਤੇ ਮਾਂ-ਪਿਓ ਦੀ ਸਿੱਖਿਆ ਦੀ ਲੋੜ ਪੈਂਦੀ ਹੈ, ਮਾਰਗ ਦਰਸ਼ਨ ਦੀ ਲੋੜ ਪੈਂਦੀ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ ਸਾਡੀ ਪ੍ਰਮਾਤਮਾ ਦੇ ਸਾਹਮਣੇ ਹਾਲਤ ਇੱਕ ਬੱਚੇ ਵਾਲੀ ਹੀ ਹੈ। ਸਾਨੂੰ ਆਪਣੇ ਚੰਗੇ ਮਾੜੇ ਦੀ ਸੋਝੀ ਨਹੀਂ ਪੈਂਦੀ ਤੇ ਸਾਨੂੰ ਉਹ ਆਪਣੀ ਸੋਝੀ ਪਾ ਕੇ ਹੀ ਪ੍ਰਤਿਪਾਲਦਾ ਹੈ ਭਾਵ ਸਾਡਾ ਮਾਰਗ ਦਰਸ਼ਨ ਕਰਦਾ ਹੈ। **(ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥)** ਉਹ ਸਾਡਾ ਮਾਰਗ ਦਰਸ਼ਨ ਕਿਵੇਂ ਕਰਦਾ ਹੈ, ਸਾਨੂੰ ਸੋਝੀ ਕਿਵੇਂ ਪਾਉਂਦਾ ਹੈ, ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

"ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ॥"

ਪ੍ਰਮਾਤਮਾ ਸਾਡਾ ਸੱਚਾ ਮਾਰਗ ਦਰਸ਼ਨ ਮਨ ਦੇ ਵਿੱਚ ਹੀ ਕਰਦਾ ਹੈ। ਸਾਡੇ ਮਨ ਦੇ ਵਿੱਚ ਹੀ ਤ੍ਰੈਗੁਣ ਹਨ ਤੇ ਮਨ ਦੇ ਵਿੱਚ ਹੀ ਸਹਜ ਹੈ। ਪ੍ਰਮਾਤਮਾ ਸਾਡੇ ਅੰਦਰ ਸਹਜ ਦੁਆਰਾ ਵਿਚਰਦਾ ਹੈ, ਚੌਥੇ ਪਦ ਵਿੱਚ ਵਿਚਰਦਾ ਹੈ। ਸਾਡਾ ਸੱਚਾ ਮਾਰਗ ਦਰਸ਼ਨ ਸਹਜ ਦੁਆਰਾ ਹੀ ਹੁੰਦਾ ਹੈ ਤੇ ਇਸ ਅਵੱਸਥਾ ਦੁਆਰਾ ਹੀ ਗੁਰਬਾਣੀ ਪ੍ਰਗਟ ਹੋਈ ਹੈ। ਗੁਰਬਾਣੀ ਸਹਜ ਵਿੱਚ ਹੈ ਭਾਵ ਚੌਥੇ ਪਦ ਦਾ ਗਿਆਨ ਹੈ ਜਿਸ ਦੁਆਰਾ ਉਹ ਸਭ ਦਾ ਮਾਰਗ ਦਰਸ਼ਨ ਕਰ ਰਿਹਾ ਹੈ। ਜਦੋਂ ਪ੍ਰਮਾਤਮਾ ਕਿਸੇ ਦਾ ਸੱਚਾ ਮਾਰਗ ਦਰਸ਼ਨ ਕਰਦਾ ਹੈ ਉਸਦੀ ਅਵੱਸਥਾ ਹੀ ਬਦਲਦਾ ਹੈ।

13/1297

ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਕੇ ਉਸਨੂੰ ਸਹਜ ਦੀ ਅਵੱਸਥਾ ਬਖ਼ਸ਼ਦਾ ਹੈ ਜਿਸ ਦੁਆਰਾ ਮਨੁੱਖ ਨੂੰ ਸੁੱਖ ਮਹਿਸੂਸ ਹੁੰਦਾ ਹੈ। ਉਹੋ ਜਿਹਾ ਸੁੱਖ ਮਹਿਸੂਸ ਹੁੰਦਾ ਹੈ, ਪ੍ਰਸੰਨਤਾ ਮਹਿਸੂਸ ਹੁੰਦੀ ਹੈ ਜਿਵੇਂ ਕਿ ਇੱਕ ਬੱਚੇ ਨੂੰ ਉਸਦੇ ਮਾਤਾ ਪਿਤਾ ਕੋਲੋਂ ਭੋਜਨ ਖਾ ਕੇ ਹੁੰਦੀ ਹੈ। ਸਾਡਾ ਅਸਲ ਭੋਜਨ ਸਹਜ ਗਿਆਨ ਦਾ ਭੋਜਨ ਹੈ, ਮਨ ਦਾ ਭੋਜਨ ਹੈ, ਮਨ ਦੀ ਸੱਚੀ ਸੋਝੀ ਦਾ ਭੋਜਨ ਹੈ, ਗੁਰਮਤਿ ਦਾ ਭੋਜਨ ਹੈ ਤੇ ਪ੍ਰਮਾਤਮਾ ਜਦੋਂ ਸਾਡੇ ਤੇ ਕਿਰਪਾ ਕਰਦਾ ਹੈ ਉਹ ਸਾਨੂੰ ਇਹੋ ਜਿਹਾ ਭੋਜਨ ਖਿਲਾਉਣ ਲਈ ਸਦਾ ਤਤਪਰ ਰਹਿੰਦਾ ਹੈ, ਉਹ ਇਸ ਭੋਜਨ ਦਾ ਭੰਡਾਰ ਹੈ। **(ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ॥)** ਸਹਜ ਦੀ ਅਵੱਸਥਾ ਦੁਆਰਾ ਪ੍ਰਮਾਤਮਾ ਕੋਲੋਂ ਉਸ ਦੇ ਸੱਚੇ ਗੁਣ ਹੀ ਮਿਲਦੇ ਹਨ। ਤ੍ਰੈਗੁਣਾਂ ਦੀ ਅਵੱਸਥਾ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਔਗੁਣ ਹੁੰਦੇ ਹਨ। ਸਾਡੇ ਅੰਦਰ ਔਗੁਣ ਪਾਉਣ ਵਾਲਾ ਵੀ ਉਹ ਆਪ ਹੀ ਹੈ ਤੇ ਗੁਣ ਪਾਉਣ ਵਾਲਾ ਵੀ ਉਹ ਆਪ ਹੀ ਹੈ। ਤ੍ਰੈਗੁਣਾਂ ਦੀ ਅਵੱਸਥਾ ਵਿੱਚ ਅਸੀਂ ਔਗੁਣਾਂ ਨੂੰ ਚਿਤਾਰਦੇ ਹਾਂ ਪਰ ਅਸਲ ਵਿੱਚ ਔਗੁਣਾਂ ਨੂੰ ਚਿਤਾਰਨ ਵਾਲਾ ਉਹ ਆਪ ਹੀ ਹੈ। ਤ੍ਰੈਗੁਣਾਂ ਵਿੱਚੋਂ ਉਹ ਆਪ ਹੀ ਆਪਣੇ ਸਹਜ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ। ਸਭ ਕੁੱਝ ਉਹ ਆਪ ਹੀ ਹੈ। ਜਦੋਂ ਉਹ ਮਨੁੱਖ ਨੂੰ, ਆਪਣੇ ਮਨੁੱਖੀ ਰੂਪ ਨੂੰ ਆਪਣੇ ਗਲ ਲਾਉਂਦਾ ਹੈ ਫਿਰ ਉਸਦੇ ਚਿੱਤ ਵਿੱਚ ਔਗੁਣ ਨਹੀਂ ਆਉਂਦੇ, ਗੁਣ ਹੀ ਆਉਂਦੇ ਹਨ ਜੋ ਕਿ ਸਹਜ ਦੀ ਅਵੱਸਥਾ ਦੀ ਨਿਸ਼ਾਨੀ ਹੈ। **(ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥)**

ਜੇਕਰ ਅਸੀਂ ਸੁੱਖ ਚਾਹੁੰਦੇ ਹਾਂ ਤਾਂ ਉਹ ਕੇਵਲ ਪ੍ਰਮਾਤਮਾ ਕੋਲੋਂ ਹੀ ਮਿਲ ਸਕਦਾ ਹੈ ਭਾਵ ਇਹੀ ਸਾਡੀ ਪ੍ਰਮਾਤਮਾ ਕੋਲੋਂ ਸਭ ਤੋਂ ਵੱਡੀ ਮੰਗ ਹੁੰਦੀ ਹੈ। ਜਿਸ ਤੇ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਉਸ ਨੂੰ ਉਹ ਆਪਣਾ ਸੱਚਾ ਸੁੱਖ ਬਖ਼ਸ਼ਦਾ ਹੈ ਤੇ ਉਹ ਆਪਣਾ ਸੁੱਖ ਮਨੁੱਖ ਨੂੰ ਕਿਵੇਂ ਦਿੰਦਾ ਹੈ, ਉਸਨੂੰ ਸੁੱਖ ਵਿੱਚ

13/1298

ਰੱਖ ਕੇ ਕਿਵੇਂ ਪਾਲਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ॥

ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥"

ਸੱਚਾ ਸੁੱਖ ਸਾਨੂੰ ਕੇਵਲ ਆਪ ਪ੍ਰਮਾਤਮਾ ਹੀ ਦੇ ਸਕਦਾ ਹੈ ਜੋ ਕਿ ਆਪ ਸੁੱਖ ਦਾ ਮਾਲਕ ਹੈ। ਉਸਦਾ ਸੁੱਖ ਉਸਦੇ ਨਾਮ ਧਨੁ ਵਿੱਚ ਹੈ ਭਾਵ ਸਾਨੂੰ ਸੁੱਖ ਦੀ ਪ੍ਰਾਪਤੀ ਨਾਮ ਧਨੁ ਦੀ ਪ੍ਰਾਪਤੀ ਦੁਆਰਾ ਹੁੰਦੀ ਹੈ। ਉਸਦਾ ਨਾਮ ਧਨੁ ਕੀ ਹੈ, ਇਹ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਜਾਣਿਆ ਹੈ। ਗੁਰੂ ਦਾ ਸ਼ਬਦ ਕਦੇ ਬਦਲ ਨਹੀਂ ਸਕਦਾ ਤੇ ਇਹੀ ਉਸਦੀ ਕਸਵੱਟੀ ਹੈ ਕਿ ਇੱਕ ਸ਼ਬਦ ਦੂਸਰੇ ਸ਼ਬਦ ਦੀ ਪ੍ਰੋੜਤਾ ਕਰਦਾ ਹੈ, ਉਸਦਾ ਖ਼ਰਾਪਨ ਪ੍ਰਗਟ ਕਰਦਾ ਹੈ। ਪ੍ਰਮਾਤਮਾ ਦਾ ਨਾਮ ਧਨੁ ਉਸਦਾ ਸੱਚਾ ਗਿਆਨ ਹੈ ਤੇ ਉਹੀ ਗੱਲ ਇੱਥੇ ਸਮਝਾਈ ਹੋਈ ਹੈ। **(ਗਿਆਨੁ ਰਾਸਿ ਨਾਮੁ ਧਨੁ)**

"**ਗਿਆਨੁ**" ਪ੍ਰਮਾਤਮਾ ਦੀ ਆਪਣੀ ਰਾਸਿ ਹੈ, ਨਿਜ ਧਨੁ ਹੈ, ਉਸਦੀ ਆਪਣੀ ਜਿਨਸ ਹੈ। ਪ੍ਰਮਾਤਮਾ ਦੀ ਇਸ ਗਿਆਨ ਰਾਸਿ ਦੇ ਵਿੱਚ ਹੀ ਸੁੱਖ ਦੀ ਪ੍ਰਾਪਤੀ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਇਹੀ ਸਾਡਾ ਅਸਲ ਵਪਾਰ ਹੈ, ਅਸਲ ਸੌਦਾ ਹੈ ਜਿਸਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ। ਇਹੀ ਸੌਦਾ ਗਿਆਨ ਦੇ ਨਾਲ ਮਿਲਦਾ ਹੈ, ਨਾਮ ਧਨੁ ਦੇ ਨਾਲ ਮਿਲਦਾ ਹੈ।

ਪ੍ਰਮਾਤਮਾ ਆਪ ਗਿਆਨ ਰੂਪ ਹੈ ਤੇ ਆਪਣੇ ਸੱਚੇ ਗਿਆਨ ਰਾਹੀਂ, ਆਪਣੇ ਨਾਮ ਧਨੁ ਰਾਹੀਂ, ਮਨ ਦੇ ਸਹਜ ਰਾਹੀਂ ਪ੍ਰਗਟ ਹੋ ਕੇ ਆਪਣੇ ਦਰਸ਼ਨ ਦਿੰਦਾ ਹੈ। ਇਹੀ ਦੁਨੀਆਂ ਦਾ ਸਭ ਤੋਂ ਵੱਡਾ ਸੁੱਖ ਹੈ ਜੋ ਕਿ ਚੌਥੇ ਪਦ ਦੇ ਗਿਆਨ ਦਾ ਸੁੱਖ ਹੈ। ਗੁਰੂ ਪ੍ਰਮਾਤਮਾ ਦੇ ਨਾਲ ਸਾਡੀ ਸਾਂਝ ਇਸ ਨਾਮ ਧਨੁ ਨਾਲ, ਗਿਆਨ ਰਾਸਿ ਦੇ ਨਾਲ ਹੀ ਪੈਂਦੀ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥

ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥੨੧॥"

13/1299

ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਉੱਪਰ ਵਾਲੀਆਂ ਪੰਗਤੀਆਂ ਨੂੰ। ਗੁਰੂ ਨਾਲ ਸਾਂਝ ਪਾਉਣ ਦਾ ਸਾਡਾ ਤਰੀਕਾ ਹੀ ਸਮਝਾਇਆ ਹੋਇਆ ਹੈ। ਗੁਰੂ ਪ੍ਰਮਾਤਮਾ ਦੇ ਨਾਲ ਸਾਡੀ ਸਾਂਝ ਵਿਚਾਰਾਂ ਦੁਆਰਾ ਹੀ ਪੈਂਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। "ਗੁਰੂ" ਸ਼ਬਦ ਹੈ ਤੇ "ਸ਼ਬਦ", ਸ਼ਬਦ ਦੀ "ਵਿਚਾਰ" ਹੈ। ਸ਼ਬਦ ਦੀ ਵਿਚਾਰ ਦੇ ਨਾਲ ਸਾਂਝ ਸ਼ਬਦ ਦੇ ਨਾਲ ਸਾਂਝ ਹੈ। ਇਸੇ ਲਈ ਸਾਨੂੰ ਬਾਣੀ ਵਾਰ-ਵਾਰ ਸ਼ਬਦ ਵਿਚਾਰ ਲਈ ਪ੍ਰੇਰਦੀ ਹੈ ਕਿ ਅਸੀਂ ਸ਼ਬਦ ਦੇ ਵਿਚਾਰੀ ਬਣੀਏ। ਜਿਵੇਂ ਕਿ ਅਸੀਂ ਲੇਖ ਵਿੱਚ ਕਾਫ਼ੀ ਪਿੱਛੇ ਇਸ ਗੱਲ ਨੂੰ ਸਮਝਿਆ ਸੀ ਕਿ ਸਭ ਕੁੱਝ ਸ਼ਬਦ ਵਿਚਾਰ ਹੀ ਹੈ। ਨਾਮ ਵੀ ਸ਼ਬਦ ਦੀ ਵਿਚਾਰ ਹੈ, ਭਗਤੀ ਵੀ ਸ਼ਬਦ ਦੀ ਵਿਚਾਰ ਹੈ, ਉਸਦੀ ਸੇਵਾ ਵੀ ਸ਼ਬਦ ਦੀ ਵਿਚਾਰ ਹੈ ਭਾਵ ਪ੍ਰਮਾਤਮਾ ਨੂੰ ਜਪਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਸਭ ਤੋਂ ਵੱਡਾ ਸ਼ਬਦ ਵਿਚਾਰ ਹੈ।

(ਸਭਸੈ ਊਪਰਿ ਗੁਰ ਸਬਦੁ ਬੀਚਾਰੁ॥)

(ਅੰਗ ੯੦੪)

ਗੁਰਬਾਣੀ ਸ਼ਬਦ ਹੈ, ਗੁਰੂ ਹੈ। ਗੁਰਬਾਣੀ ਸ਼ਬਦ ਦਾ ਵਿਚਾਰ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਵਿਚਾਰ ਹੈ। ਜੇਕਰ ਅਸੀਂ ਗੁਰਬਾਣੀ ਨਾਲ ਸਾਂਝ ਪਾਉਣੀ ਹੈ ਤਾਂ ਉਹ ਗੁਰਬਾਣੀ ਦੇ ਵਿਚਾਰਾਂ ਨਾਲ ਸਾਂਝ ਪਾਉਣੀ ਹੈ। ਗੁਰਬਾਣੀ ਗੁਰੂ ਦਾ ਸੱਚਾ ਗਿਆਨ ਹੈ, ਉਸਦੀ ਗਿਆਨ ਰਾਸਿ ਹੈ, ਉਸਦਾ ਨਾਮ ਧਨੁ ਹੈ। ਨਾਮ ਆਪ ਗੁਰੂ ਪ੍ਰਮਾਤਮਾ ਹੈ ਤੇ ਉਸਦਾ ਧਨੁ ਉਸਦਾ ਗਿਆਨ ਹੈ, ਉਸਦੇ ਸੱਚੇ ਵਿਚਾਰ ਹਨ ਜੋ ਗੁਰਬਾਣੀ ਵਿੱਚ ਸਦਾ ਹੀ ਪ੍ਰਗਟ ਹਨ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ, ਸਾਰੇ ਸੁੱਖ ਦਿੰਦਾ ਹੈ ਉਸਦੇ ਨਾਲ ਵਿਚਾਰਾਂ ਦੀ ਸਾਂਝ ਹੀ ਪਾਉਂਦਾ ਹੈ, ਉਸਦੇ ਵਿਚਾਰਾਂ ਨੂੰ ਗੁਰਬਾਣੀ ਦੇ ਵਿਚਾਰਾਂ ਅਨੁਸਾਰ ਹੀ ਬਣਾਉਂਦਾ ਹੈ। ਜਿਹੋ ਜਿਹੇ ਵਿਚਾਰਾਂ ਰਾਹੀਂ ਗੁਰਬਾਣੀ ਆਈ ਹੈ, ਉਹੋ ਜਿਹੇ ਵਿਚਾਰਾਂ ਰਾਹੀਂ ਹੀ ਉਸਦੇ ਨਾਲ ਸਾਂਝ ਪੈ ਸਕਦੀ ਹੈ। ਗੁਰਬਾਣੀ ਦੇ ਵਿਚਾਰਾਂ ਨਾਲ ਮੇਲ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੈ। ਗੁਰਬਾਣੀ ਮਨ ਦੇ "ਗਿਆਨ ਧਿਆਨ" ਰਾਹੀਂ ਆਈ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਵੀ, ਉਸਦੇ ਨਾਲ ਵਿਚਾਰਾਂ ਦੀ ਸਾਂਝ ਵੀ

13/1300

"**ਗਿਆਨ ਧਿਆਨ**" ਰਾਹੀਂ ਹੀ ਹੋ ਸਕਦੀ ਹੈ। ਸਾਡੇ ਧਿਆਨ ਵਿੱਚ ਗਿਆਨ ਸਦਾ ਹੀ ਹੁੰਦਾ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ। ਸਭ ਦੇ ਅੰਦਰ ਪ੍ਰਮਾਤਮਾ ਨੇ ਤ੍ਰੈਗੁਣੀ ਗਿਆਨ ਪਾਇਆ ਹੋਇਆ ਹੈ ਜਿਸ ਦੁਆਰਾ ਸਾਡੀ ਅਵੱਸਥਾ ਤੈਅ ਹੁੰਦੀ ਹੈ। ਤ੍ਰੈਗੁਣਾਂ ਵਿੱਚ ਭਰਮ ਹੈ, ਹਉਮੈ ਹੈ, ਅਗਿਆਨਤਾ ਹੈ, ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਨਾਲ ਸਾਂਝ ਨਹੀਂ ਪਾ ਸਕਦੇ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਹਉਮੈ ਵਿੱਚ ਹਾਂ ਭਾਵ ਸਾਡੇ ਕੋਲ ਕੱਚੀ ਰਾਸਿ ਹੈ, ਕੱਚੀ ਮਤਿ ਹੈ। "**ਸੱਚੀ ਰਾਸਿ**" ਨਾਮ ਧਨੁ ਦੀ ਰਾਸਿ ਹੈ ਜੋ ਕਿ "**ਸੱਚੇ ਗਿਆਨ ਦੀ ਰਾਸਿ**" ਹੈ, ਚੌਥੇ ਪਦ ਦੇ ਗਿਆਨ ਦੀ ਰਾਸਿ ਹੈ, ਸਹਜ ਗਿਆਨ ਦੀ ਰਾਸਿ ਹੈ। ਪ੍ਰਮਾਤਮਾ ਦੇ ਨਾਲ ਵਿਚਾਰਾਂ ਦੀ ਸਾਂਝ ਇਸ ਚੌਥੇ ਪਦ ਦੇ ਗਿਆਨ ਦੀ ਰਾਸਿ ਦੇ ਨਾਲ ਹੀ ਪੈਂਦੀ ਹੈ ਜੋ ਸਾਨੂੰ ਤ੍ਰੈਗੁਣਾਂ ਵਿੱਚੋਂ, ਅਗਿਆਨਤਾ ਵਿੱਚੋਂ, ਮੈਂ ਵਿੱਚੋਂ ਭਾਵ ਹਉਮੈ ਵਿੱਚੋਂ ਕੱਢ ਕੇ ਆਪਣੇ ਨਾਲ ਜੋੜਦੀ ਹੈ ਭਾਵ ਭਰਮ ਵਾਲੇ ਵਿਚਾਰਾਂ ਵਿੱਚੋਂ ਕੱਢ ਕੇ ਗੁਰਮਤਿ ਦੇ ਵਿਚਾਰਾਂ ਨਾਲ ਜੋੜਦੀ ਹੈ, ਗੁਰਬਾਣੀ ਦੇ ਵਿਚਾਰਾਂ ਨਾਲ ਜੋੜਦੀ ਹੈ। ਇਹ ਸਾਡੀ ਗੁਰੂ ਦੇ ਨਾਲ ਸਾਂਝ ਹੈ। ਗੁਰਬਾਣੀ ਦੇ ਲੜ ਲੱਗਣਾ ਗੁਰਬਾਣੀ ਦੀ ਵਿਚਾਰਧਾਰਾ ਦੇ ਲੜ ਲੱਗਣਾ ਹੈ। ਜੇਕਰ ਅਸੀਂ ਵਿਚਾਰਧਾਰਾ ਕਿਸੇ ਹੋਰ ਦੀ ਮੰਨਦੇ ਹਾਂ ਫਿਰ ਅਸੀਂ ਗੁਰਬਾਣੀ ਨਾਲ ਨਹੀਂ ਜੁੜ ਸਕਦੇ, ਗੁਰੂ ਨਾਲ ਨਹੀਂ ਜੁੜ ਸਕਦੇ। ਆਓ ਉਸ ਦੇ ਨਾਲ ਜੁੜੀਏ ਜੋ ਕਿ ਸਾਡੇ ਨਾਲ ਇੱਕ ਵਾਰੀ ਮਿਲ ਜਾਵੇ ਤੇ ਫਿਰ ਕਦੇ ਨਹੀਂ ਵਿਛੜਦਾ, ਜੋ ਹਰ ਗੱਲ ਦੇ ਸਮਰੱਥ ਹੈ। **(ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥੨੧॥)**

ਸਾਡੀ ਸਭ ਤੋਂ ਵੱਡੀ ਉਲਝਣ ਦਾ ਕਾਰਨ ਇਹੀ ਹੈ ਕਿ ਅਸੀਂ ਵਿਚਾਰਧਾਰਾ ਤੇ ਆਪਣੇ ਕਿਸੇ ਸਿਰਮੌਰ ਦੀ ਮੰਨੀ ਹੋਈ ਹੈ ਪਰ ਗੁਰੂ ਨੂੰ ਖੁਸ਼ ਕਰਨ ਲਈ ਕੇਵਲ ਮੁੱਖੋਂ ਹੀ ਗੁਰੂ ਗੁਰੂ ਬੋਲੀਂ ਜਾਂਦੇ ਹਾਂ। ਗੁਰੂ ਨੂੰ ਮੱਥਾ ਟੇਕਣਾ ਗੁਰੂ ਦੇ ਵਿਚਾਰਾਂ ਨੂੰ ਮੱਥਾ ਟੇਕਣਾ ਹੈ। ਅਸੀਂ ਸਰੀਰਕ ਤੌਰ ਤੇ ਮੱਥਾ ਗੁਰੂ ਨੂੰ ਹੀ ਟੇਕਦੇ ਹਾਂ

13/1301

ਪਰ ਸਾਡਾ ਮਨ ਕਿਸੇ ਹੋਰ ਦੇ ਵਿਚਾਰਾਂ ਨੂੰ ਹੀ ਮੱਥਾ ਟੇਕਦਾ ਹੈ। ਉਹ ਸਾਡੇ ਵਿਚਾਰਾਂ ਨੂੰ ਜਾਣਦਾ ਹੈ ਤੇ ਉਸ ਕੋਲੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਇਹ ਕਹਿ ਕੇ ਸਮਝਾਇਆ ਹੈ ਜਦ ਤੱਕ ਸਾਡੇ ਮਨ ਵਿੱਚ ਸੱਚ ਨਹੀਂ ਹੈ, ਹਿਰਦੇ ਵਿੱਚ ਸੱਚ ਨਹੀਂ ਹੈ, ਹਿਰਦੇ ਵਿੱਚ ਗੁਰਮਤਿ ਨਹੀਂ ਹੈ, ਹਿਰਦੈ ਵਿੱਚ ਗੁਰੂ ਦੇ ਵਿਚਾਰਾਂ ਨਾਲ ਸਾਂਝ ਨਹੀਂ ਹੈ ਤਦ ਤੱਕ ਸਾਡਾ ਹਰ ਜਪ ਤਪ ਕੇਵਲ ਇੱਕ ਪਾਖੰਡ ਹੈ ਤੇ ਪਾਖੰਡ ਕਰਨ ਨਾਲ ਕਦੇ ਪ੍ਰਮਾਤਮਾ ਨਾਲ ਜੁੜਿਆ ਨਹੀਂ ਜਾ ਸਕਦਾ। ਪਾਖੰਡ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਭਾਉਂਦਾ ਤੇ ਇਸ ਵਿੱਚੋਂ ਜਿਤਨੀ ਜਲਦੀ ਨਿਕਲੀਏ ਉਤਨਾ ਹੀ ਸਾਡੇ ਲਈ ਚੰਗਾ ਹੈ।

{ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ॥}

(ਅੰਗ ੮੯)

ਮਹਲਾ ੨॥

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥੪॥}

(ਅੰਗ ੪੭੪)

ਪ੍ਰਮਾਤਮਾ ਦੀ ਵਡਿਆਈ ਅਸੀਂ ਉਸਦੇ ਸੱਚੇ ਧਨੁ ਨਾਲ ਹੀ ਕਰ ਸਕਦੇ ਹਾਂ, ਨਾਮ ਧਨੁ ਨਾਲ ਹੀ ਕਰ ਸਕਦੇ ਹਾਂ, ਗੁਰੂ ਦੇ ਸੱਚੇ ਵਿਚਾਰ ਮਨ ਵਿੱਚ ਵਸਾ ਕੇ ਹੀ ਕਰ ਸਕਦੇ ਹਾਂ, ਆਪਣੀ ਮਤਿ ਨੂੰ ਗੁਰੂ ਦੀ ਮਤਿ ਅਨੁਸਾਰ ਢਾਲ ਕੇ ਹੀ ਕਰ ਸਕਦੇ ਹਾਂ ਕਿਉਂਕਿ ਇਹ ਸੱਚਾ ਧਨੁ ਗੁਰਮਤਿ ਦਾ ਧਨੁ ਹੈ, ਉਸਦੇ ਸੱਚੇ ਗਿਆਨ ਦਾ ਧਨੁ ਹੈ ਜਿਸ ਦੁਆਰਾ ਸਾਡੀ ਅਗਿਆਨਤਾ ਹੀ ਮਿਟਦੀ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੀ ਸੱਚੀ ਵਡਿਆਈ ਨਹੀਂ ਕਰ ਸਕਦੇ। ਪ੍ਰਮਾਤਮਾ ਦੀ ਸੱਚੀ ਵਡਿਆਈ ਕੇਵਲ ਸੱਚੀ ਮਤਿ ਦੁਆਰਾ ਹੀ ਹੁੰਦੀ ਹੈ। ਮਨ ਦੀ ਝੂਠੀ ਮਤਿ ਦੁਆਰਾ, ਅਗਿਆਨਤਾ ਦੁਆਰਾ ਉਸਦੀ ਵਡਿਆਈ ਵੀ ਝੂਠੀ ਹੈ। ਆਓ ਇਹੀ ਗੱਲ ਅਗਲੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

"ਸਾਚਾ ਧਨੁ ਸਾਚੀ ਵਡਿਆਈ॥ ਗੁਰ ਪੂਰੇ ਤੇ ਨਿਹਚਲ ਮਤਿ ਪਾਈ॥

ਕਰਿ ਕਿਰਪਾ ਜਿਸੁ ਰਾਖਨਹਾਰਾ॥ ਤਾ ਕਾ ਸਗਲ ਮਿਟੈ ਅੰਧਿਆਰਾ॥੩॥"

(ਅੰਗ ੧੧੪੯)

13/1302

ਸ਼ਬਦ ਦੀ ਉਪਰਲੀ ਪੰਗਤੀ ਦੁਆਰਾ ਇਹ ਸਮਝੋ ਕਿ ਸੱਚਾ ਧਨੁ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੱਚੀ ਵਡਿਆਈ ਹੋ ਸਕਦੀ ਹੈ। ਇਹ ਸੱਚਾ ਧਨੁ ਗੁਰੂ ਦਾ ਆਪਣਾ ਧਨੁ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਵਡਿਆਈ ਕਰਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਵਡਿਆਈ ਇਸੇ ਧਨੁ ਦੁਆਰਾ ਕਰ ਰਹੀ ਹੈ। ਗੁਰੂ ਦਾ ਸੱਚਾ ਧਨੁ ਉਸਦਾ ਸੱਚਾ ਗਿਆਨ ਹੈ, ਉਸਦੀ ਸੱਚੀ ਮਤਿ ਹੈ ਜਿਸ ਦੁਆਰਾ ਉਹ ਜਗਤ ਨੂੰ ਸੱਚਾ ਉਪਦੇਸ਼ ਦੇ ਰਿਹਾ ਹੈ। ਗੁਰੂ ਦੀ ਮਤਿ ਨਿਹਚਲ ਹੈ, ਗੁਰੂ ਦੇ ਬੋਲ ਨਿਹਚਲ ਹਨ, ਅਡੋਲ ਹਨ। ਗੁਰੂ ਦੇ ਬਚਨ, ਗੁਰੂ ਦਾ ਉਪਦੇਸ਼ ਸਦਾ ਰਹਿਣ ਵਾਲਾ ਹੈ ਜੋ ਕਦੇ ਡੋਲ ਨਹੀਂ ਸਕਦਾ ਕਿਉਂਕਿ ਉਹ ਸੱਚ ਹੈ ਭਾਵ ਉਸ ਸੱਚ ਦੇ ਕੋਲੋਂ ਆਇਆ ਹੈ, ਪ੍ਰਮਾਤਮਾ ਦੇ ਕੋਲੋਂ ਆਇਆ ਹੈ। ਗੁਰੂ ਦੀ ਮਤਿ ਵਿੱਚ ਤੇ ਮਨੁੱਖ ਦੀ ਮਤਿ ਵਿੱਚ ਇਹੀ ਭੇਦ ਹੈ। ਮਨੁੱਖ ਦੀ ਮਤਿ ਨਿਹਚਲ ਨਹੀਂ ਹੈ ਕਿਉਂਕਿ ਉਸ ਵਿੱਚ ਭਰਮ ਹੈ, ਦੁਬਿਧਾ ਹੈ, ਅਗਿਆਨਤਾ ਹੈ ਭਾਵ ਮਨੁੱਖ ਦੇ ਕੋਲ ਉਹੋ ਜਿਹੀ ਸੋਝੀ ਨਹੀਂ ਹੈ ਜਿਹੋ ਜਿਹੀ ਗੁਰੂ ਦੇ ਕੋਲ ਹੈ। ਮਨੁੱਖ ਤ੍ਰੈਗੁਣਾਂ ਵਿੱਚ ਹੈ ਤੇ ਗੁਰੂ ਚੌਥੇ ਪਦ ਵਿੱਚ ਹੈ। ਗੁਰੂ ਦੀ ਨਿਹਚਲ ਮਤਿ ਹੀ ਉਸਦਾ ਸੱਚਾ ਧਨੁ ਹੈ ਜੋ ਕਿ ਅਸੀਂ ਗੁਰੂ ਦੇ ਕੋਲੋਂ ਲੈਣਾ ਹੈ ਜਿਸ ਦੁਆਰਾ ਸਾਡੀ ਉਸਦੇ ਨਾਲ ਸਾਂਝ ਪੈਣੀ ਹੈ, ਉਸਦੀ ਮਤਿ ਦੇ ਵਿੱਚ ਰਲਣਾ ਹੈ, ਗੁਰਮਤਿ ਦੇ ਵਿੱਚ ਰਲਣਾ ਹੈ। ਜਦੋਂ ਪ੍ਰਮਾਤਮਾ ਕਿਸੇ ਤੇ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਆਪਣੀ ਇਹ ਮਤਿ ਹੀ ਬਖ਼ਸ਼ਦਾ ਹੈ ਜਿਸ ਦੁਆਰਾ ਉਹ ਉਸਨੂੰ ਆਪਣੇ ਨਾਲ ਮਿਲਾਉਂਦਾ ਹੈ। ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ

"ਕਰਿ ਕਿਰਪਾ ਜਿਸੁ ਰਾਖਨਹਾਰਾ॥ ਤਾ ਕਾ ਸਗਲ ਮਿਟੈ ਅੰਧਿਆਰਾ॥੩॥"

ਕਿਤਨਾ ਸਪੱਸ਼ਟ ਹੈ, ਜਿਸਨੂੰ ਪ੍ਰਮਾਤਮਾ ਆਪਣੀ ਕ੍ਰਿਪਾ ਕਰਕੇ ਰੱਖਦਾ ਹੈ, ਉਸਦਾ ਸਹਾਈ ਬਣਦਾ ਹੈ ਉਸਨੂੰ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ।

13/1303

ਅਗਿਆਨਤਾ ਵਿੱਚ ਰਹਿੰਦੇ ਹੋਏ ਸਾਡਾ ਮਨ ਡੋਲਦਾ ਹੈ, ਦੁਬਿਧਾ ਵਿੱਚ ਰਹਿੰਦਾ ਹੈ ਕਿ ਸਾਡੇ ਲਈ ਕੀ ਚੰਗਾ ਹੈ ਤੇ ਕੀ ਮਾੜਾ ਹੈ। ਅਸੀਂ ਮਾਇਆ ਦੇ ਮੋਹ ਵਿੱਚ ਡੋਲ ਜਾਂਦੇ ਹਾਂ, ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਅਨੇਕਾਂ ਮਾੜੇ ਕਰਮ ਕਰਦੇ ਹਾਂ। ਇਹ ਸਭ ਮਨਮਤਿ ਦਾ ਹਿੱਸਾ ਹੈ, ਅਗਿਆਨਤਾ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਧਰਮ ਦੀ ਸੱਚੀ ਸੋਝੀ ਨਹੀਂ ਪੈਂਦੀ ਤੇ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ। ਸਾਡਾ ਮਨ ਡੋਲਦਾ ਰਹਿੰਦਾ ਹੈ ਤੇ ਅਸੀਂ ਉਨ੍ਹਾਂ ਗੱਲਾਂ ਦਾ ਭਉ ਕਰਦੇ ਹਾਂ, ਉਨ੍ਹਾਂ ਮਨੁੱਖਾਂ ਤੋਂ ਭਉ ਖਾਂਦੇ ਹਾਂ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਬਹੁਤ ਜਿਆਦਾ ਸਿਆਣਾ ਸਮਝਦੇ ਹਾਂ, ਉੱਚਾ ਸਮਝਦੇ ਹਾਂ। ਸੱਚਾਈ ਕੇਵਲ ਸੱਚੇ ਧਨੁ ਦੇ ਕੋਲ ਹੈ, ਗੁਰੂ ਦੇ ਕੋਲ ਹੈ ਜਿਸ ਦੁਆਰਾ ਸਾਨੂੰ ਸੱਚਾਈ ਦੀ, ਅਸਲੀਅਤ ਦੀ ਸੋਝੀ ਪੈਂਦੀ ਹੈ। ਸਾਡੀ ਦੁਸ਼ਮਣ ਸਾਡੀ ਅਗਿਆਨਤਾ ਹੈ ਤੇ ਸਾਡਾ ਮਿੱਤਰ ਗਿਆਨ ਹੈ, ਆਪ ਪ੍ਰਮਾਤਮਾ ਹੈ। ਜਿਸ ਤੇ ਉਹ ਆਪਣੀ ਕ੍ਰਿਪਾ ਕਰਕੇ ਮਿੱਤਰਤਾ ਨਿਭਾਉਂਦਾ ਹੈ ਉਸਦੀ ਅਗਿਆਨਤਾ ਕੱਢ ਕੇ ਆਪਣਾ ਸੱਚਾ ਗਿਆਨ ਵਸਾਉਂਦਾ ਹੈ, ਆਪਣਾ ਆਪ ਵਸਾਉਂਦਾ ਹੈ, ਨਿਹਚਲ ਮਤਿ ਬਖ਼ਸ਼ਦਾ ਹੈ ਜੋ ਉਸ ਤੋਂ ਬਾਅਦ ਸੱਚ ਤੇ ਅਡੋਲ ਰਹਿੰਦੀ ਹੈ, ਗੁਰੂ ਦੇ ਬਚਨਾਂ ਤੇ ਅਡੋਲ ਰਹਿੰਦੀ ਹੈ, ਗੁਰਮਤਿ ਤੇ ਅਡੋਲ ਰਹਿੰਦੀ ਹੈ ਤੇ ਕਿਸੇ ਦੀ ਭਟਕਣਾ ਵਿੱਚ ਨਹੀਂ ਆ ਸਕਦੀ। ਇਹੋ ਜਿਹੀ ਮਤਿ ਨੂੰ ਉਹ ਆਪ ਪ੍ਰਗਟ ਹੋ ਕੇ ਹੀ ਚਲਾਉਂਦਾ ਹੈ। ਇਹ ਨਾਮ ਧਨੁ ਦੀ ਪ੍ਰਾਪਤੀ ਹੈ ਜਿਸ ਦੁਆਰਾ ਵਿਚਰ ਕੇ ਪ੍ਰਮਾਤਮਾ ਦੀ ਸੱਚੀ ਵਡਿਆਈ ਹੁੰਦੀ ਹੈ। ਝੂਠੀ ਵਡਿਆਈ ਦੁਆਰਾ, ਮਨਮਤਿ ਦੁਆਰਾ ਸਾਡੀ ਆਪਣੀ ਵਡਿਆਈ ਜਰੂਰ ਹੁੰਦੀ ਹੈ, ਸਾਨੂੰ ਦੁਨਿਆਵੀਂ ਵਡਿਆਈਆਂ ਮਿਲਦੀਆਂ ਹਨ, ਸਾਡੇ ਵਿਖਾਵੇ ਦੁਆਰਾ ਮਿਲਦੀਆਂ ਹਨ, ਸਾਡੇ ਜਪਾਂ ਤਪਾਂ ਨੂੰ ਵੇਖ ਕੇ ਮਿਲਦੀਆਂ ਹਨ ਪਰ ਇਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੁੰਦੀ।

13/1304

ਪ੍ਰਮਾਤਮਾ ਦੀ ਵਡਿਆਈ ਉਸ ਦਾ ਸੱਚਾ ਧਨੁ ਮਿਲਣ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਦੀ ਇਸ ਵਡਿਆਈ ਦਾ ਰੂਪ ਕੀ ਹੈ ਜਿਸ ਦੁਆਰਾ ਉਸ ਦੀ ਵਡਿਆਈ ਹੁੰਦੀ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਕੀ ਹੈ, ਆਓ ਇਹੀ

ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ। ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਉਹੀ ਹੈ ਜੋ ਸਾਨੂੰ ਵਾਰ-ਵਾਰ ਸਮਝਾਇਆ ਗਿਆ ਹੈ। ਇਹੀ ਸਾਡੀ ਕਥਨੀ ਦਾ ਮਾਰਗ ਨਹੀਂ ਹੈ, ਇਹ ਸਾਡੀ ਕਰਨੀ ਦਾ ਮਾਰਗ ਹੈ।

ਸਲੋਕ ਮਃ ੧॥

"ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ॥ ਸੋ ਧਨੁ ਮਿਤ੍ਰ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ॥
ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥੧॥"

(ਅੰਗ ੧੨੮੭)

ਸਾਡਾ ਜੀਵਨ ਦਾ ਮਨੋਰਥ ਐਥੇ ਸੰਸਾਰ ਵਿੱਚ ਧਰਮ ਕਮਾਉਣਾ ਹੈ। **"ਧਰਮੁ"** ਅਸੀਂ ਆਪਣੇ **"ਸਰਮੁ"** ਦੁਆਰਾ ਕਮਾਉਣਾ ਹੈ। "**ਸਰਮੁ**" ਸਾਡੀ ਕਾਰ ਵਿਹਾਰ ਹੈ ਜਿਸ ਦੁਆਰਾ ਅਸੀਂ ਆਪਣੀ ਅਤੇ ਪਰਿਵਾਰ ਦੀ ਪਾਲਣਾ ਕਰਦੇ ਹਾਂ। **"ਸਰਮੁ"** ਸਾਡੇ ਜੀਵਨ ਦਾ ਅਟੁੱਟ ਅੰਗ ਹੈ। ਅਸੀਂ ਆਪਣੇ ਇਸ ਕਾਰ ਵਿਹਾਰ ਦੁਆਰਾ ਹੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਧਰਮੀ ਬਣਨਾ ਹੈ ਭਾਵ ਧਰਮ ਕਮਾਉਣ ਦਾ ਤਰੀਕਾ ਸਾਡਾ **"ਸਰਮੁ"** ਹੈ। ਸਾਡਾ "**ਸਰਮੁ**" ਤੇ "**ਧਰਮੁ**" ਨਾਲ ਨਾਲ ਹੀ ਚੱਲਦੇ ਹਨ, ਆਪਸ ਵਿੱਚ ਜੁੜੇ ਹੋਏ ਹਨ ਜਿੰਨ੍ਹਾਂ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਧਰਮ ਸਾਨੂੰ ਮਾਰਗ ਦਿਖਾਉਣ ਲਈ ਹੈ ਜਿਸ ਦੁਆਰਾ ਅਸੀਂ ਕਾਰ ਵਿਹਾਰ ਕਰਨਾ ਹੈ। ਸਾਡੇ ਕਾਰ ਵਿਹਾਰ ਚੰਗੇ ਤਾਂ ਹੀ ਹੋ ਸਕਦੇ ਹਨ ਜੇਕਰ ਸਾਡਾ ਮਾਰਗ ਦਰਸ਼ਨ ਠੀਕ ਹੋਵੇ। ਸਾਡਾ ਸੱਚਾ ਮਾਰਗ ਦਰਸ਼ਕ ਗੁਰੂ ਹੈ, ਆਪ ਪ੍ਰਮਾਤਮਾ ਹੈ। ਗੁਰੂ ਸਾਡਾ ਮਾਰਗ ਦਰਸ਼ਨ ਆਪਣੇ ਸੱਚੇ ਗਿਆਨ ਦੁਆਰਾ ਕਰਦਾ ਹੈ।

13/1305

ਗੁਰੂ ਦਾ ਸੱਚਾ ਗਿਆਨ ਹੀ ਉਸ ਦਾ ਧਨੁ ਹੈ, ਨਿਜ ਧਨੁ ਹੈ ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆ ਰਹੇ ਹਾਂ। ਗੁਰਬਾਣੀ ਗੁਰੂ ਦੇ ਕੋਲ ਇਹੀ ਨਾਮ ਧਨੁ ਹੈ ਜਿਸ ਦੁਆਰਾ ਉਹ ਸਭ ਦਾ ਮਾਰਗ ਦਰਸ਼ਨ ਕਰ ਰਿਹਾ ਹੈ। ਗੁਰੂ ਦੀ ਬਾਣੀ ਹੀ ਉਸਦਾ ਧਨੁ ਹੈ ਕਿਉਂਕਿ ਗੁਰੂ ਦੀ ਬਾਣੀ ਸੱਚ ਹੈ ਜਿਸ ਦੇ ਬੋਲ ਕਦੇ ਬਿਨਸ ਨਹੀਂ ਸਕਦੇ, ਸਦਾ ਟਿਕਣ ਵਾਲੇ ਹਨ। ਨਾਮ ਧਨੁ ਸਦਾ ਟਿਕਣ ਵਾਲਾ ਧਨੁ ਹੈ ਤੇ ਇਹੀ ਧਨੁ ਮਨੁੱਖ ਦੇ ਮਨ ਨੂੰ ਟਿਕਾ ਵਿੱਚ ਰੱਖ ਸਕਦਾ ਹੈ, ਡੋਲਣੋਂ ਹਟਾ ਸਕਦਾ ਹੈ। ਇਹੀ ਧਨੁ ਸਭ ਨੂੰ ਧਰਮ ਦੀ ਸੋਝੀ ਪਾਉਂਦਾ ਹੈ। ਇਸ ਧਨੁ ਦਾ ਮਾਲਕ ਆਪ ਪ੍ਰਮਾਤਮਾ ਹੈ ਤੇ ਇਹ ਉਸਦੀ ਆਪਣੀ ਰਜ਼ਾ ਹੈ ਕਿ ਉਹ ਆਪਣਾ ਧਨੁ ਕਿਸੇ ਦੇ ਪੱਲੇ ਪਾਵੇ। ਸਾਡੇ ਸਰਮ ਧਰਮ ਤਾਂ ਹੀ ਚੰਗੇ ਹੋ ਸਕਦੇ ਹਨ ਭਾਵ ਸਾਡੇ ਕਾਰ ਵਿਹਾਰ ਤਾਂ ਹੀ ਚੰਗੇ ਹੋ ਸਕਦੇ ਹਨ, ਅਸੀਂ ਧਰਮ ਵਾਲੇ ਤਾਂ ਹੀ ਅਖਵਾ ਸਕਦੇ ਹਾਂ ਜੇਕਰ ਇਸ ਧਨੁ ਦੀ ਪ੍ਰਾਪਤੀ ਹੋ ਜਾਵੇ। ਇਹ ਧਨੁ ਗੁਰਮਤਿ ਦਾ ਧਨੁ ਹੈ ਤੇ ਗੁਰਮਤਿ ਸਾਨੂੰ ਚੰਗੇ ਕਰਮ ਕਰਨ ਲਈ ਹੀ ਪ੍ਰੇਰਦੀ ਹੈ, ਔਗੁਣ ਤਿਆਗਣ ਲਈ ਹੀ ਪ੍ਰੇਰਦੀ ਹੈ। ਪ੍ਰਮਾਤਮਾ ਆਪਣਾ ਇਹ ਧਨੁ ਬਖਸ਼ ਕੇ ਹੀ ਮਨੁੱਖ ਕੋਲੋਂ ਸੱਚੀ ਸੁੱਚੀ ਕਰਨੀ ਕਰਵਾਉਂਦਾ ਹੈ, ਧਰਮ ਦੇ ਮਾਰਗ ਤੇ ਚਲਾਉਂਦਾ ਹੈ। **(ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ॥)** ਗੁਰੂ ਦਾ ਧਨੁ ਸੱਚੇ ਗਿਆਨ ਦਾ ਧਨੁ ਹੈ ਤੇ ਦੂਜਾ ਧਨੁ ਮਾਇਆ ਦਾ ਧਨੁ ਹੈ ਜਿਸ ਦਾ ਮੂਲ ਅਗਿਆਨਤਾ ਹੈ। ਅਗਿਆਨਤਾ ਵਿੱਚ ਵਿਚਰਦੇ ਹੋਏ ਜੋ ਅਸੀਂ ਮਾੜੇ ਕਰਮ ਕਮਾਉਣ ਦੁਆਰਾ ਧਨੁ ਕਮਾਉਂਦੇ ਹਾਂ, ਮਾਇਆ ਕਮਾਉਂਦੇ ਹਾਂ, ਉਹ ਮਾਇਆ ਧਨੁ ਹੈ। ਪ੍ਰਮਾਤਮਾ ਨਾਲ ਸਾਡੀ ਮਿੱਤਰਤਾ ਸੱਚੇ ਧਨੁ ਦੁਆਰਾ ਹੀ ਪੈਂਦੀ ਹੈ, ਮਾਇਆ ਮੋਹ ਵਿੱਚ ਵਿਚਰ ਕੇ ਨਹੀਂ ਪੈਂਦੀ। ਮਾਇਆ ਮੋਹ ਵਿੱਚ ਰਹਿ ਕੇ ਅਸੀਂ ਜੋ ਮਾੜੇ ਕਰਮ ਕਰਦੇ ਹਾਂ ਉਸੇ ਕਰਕੇ ਅਸੀਂ ਪ੍ਰਮਾਤਮਾ ਦੀਆਂ ਸਜਾਵਾਂ ਦੇ

13/1306

ਭਾਗੀ ਬਣਦੇ ਹਾਂ। **(ਸੋ ਧਨੁ ਮਿਤ੍ਰ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ॥)** ਗੁਰੂ ਪ੍ਰਮਾਤਮਾ ਨਾਲ ਸਾਡੀ ਵਿਰੋਧਤਾ, ਸਾਡਾ ਝਗੜਾ ਸਾਡੇ ਮਾੜੇ ਕਰਮ ਹੀ ਹਨ, ਸਾਡੀ ਮਾੜੀ ਕਰਨੀ ਹੀ ਹੈ, ਲੋਭ ਲਾਲਚ ਹੀ ਹਨ।

ਮਾਇਆ ਦੇ ਧਨੁ ਨਾਲ ਅਸੀਂ ਬਾਹਰੋਂ ਅਮੀਰ ਜਰੂਰ ਲੱਗਦੇ ਹਾਂ ਪਰ ਮਨ ਦੇ ਅਸੀਂ ਗਰੀਬ ਹੀ ਰਹਿੰਦੇ ਹਾਂ। ਸਾਡਾ ਅਸਲ ਧਨੁ ਗੁਰੂ ਦੇ ਸੱਚੇ ਗਿਆਨ ਦਾ ਧਨੁ ਹੈ, ਗੁਰਮਤਿ ਦਾ ਧਨੁ ਹੈ, ਨਾਮ ਧਨੁ ਹੈ, ਗੁਣਾਂ ਦਾ ਧਨੁ ਹੈ ਜਿਸ ਦੁਆਰਾ ਸਾਡੇ ਮਨ ਦੀ ਗਰੀਬੀ ਜਾਂਦੀ ਹੈ। ਸਾਡੇ ਮਨ ਦੀ ਗਰੀਬੀ ਭਾਵ ਲੋਭ ਲਾਲਚ ਵਾਲੀ ਬਿਰਤੀ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਜਾਂਦੀ ਹੈ। ਉਸਦਾ ਸੱਚਾ ਧਨੁ ਉੱਥੇ ਹੈ ਜਿੱਥੇ ਉਹ ਆਪ ਹੈ। ਮਨ ਦੇ ਵਿੱਚ ਸੱਚਾ ਧਨੁ ਉਸ ਦੇ ਆਪਣੇ ਵੱਸਣ ਦੁਆਰਾ ਹੀ ਵੱਸਦਾ

ਹੈ। ਗੁਰੂ ਆਪ ਗੁਣੀ ਗਹੀਰ ਹੈ ਤੇ ਉਸਦੇ ਗੁਣਾਂ ਦੀ ਗਹਿਰਾਈ ਹੀ ਜਿਸ ਨੂੰ ਕੋਈ ਨਾਪ ਨਹੀਂ ਸਕਦਾ ਉਸਦਾ ਨਾਮ ਧਨੁ ਹੈ। ਜਿੱਥੇ ਉਹ ਆਪਣੇ ਆਪ ਨੂੰ ਵਸਾਉਂਦਾ ਹੈ ਉੱਥੇ ਆਪਣੇ ਸੱਚੇ ਗੁਣ ਹੀ ਬਖਸ਼ਦਾ ਹੈ ਤੇ ਇਹੀ ਸਾਡੇ ਅੰਦਰ ਗੁਰਮਤਿ ਦਾ ਪ੍ਰਕਾਸ਼ ਹੈ, ਸੱਚੇ ਧਨੁ ਦੀ ਪ੍ਰਾਪਤੀ ਹੈ।

{ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥੧॥}

ਹਰਿ ਧਨੁ ਗੁਰੂ ਦੀ ਬਾਣੀ ਦਾ ਧਨੁ ਹੈ ਤੇ ਬਾਣੀ ਦਾ ਧਨੁ ਉਸਦੇ ਗੁਣ ਹਨ ਜੋ ਕਿ ਉਸਦੇ ਸੱਚੇ ਵਿਚਾਰ ਹਨ ਭਾਵ ਹਰਿ ਧਨੁ ਗੁਰੂ ਦੇ ਸ਼ਬਦ ਦੇ ਵਿਚਾਰਾਂ ਦਾ ਧਨੁ ਹੈ। ਜੋ ਵੀ ਇਸ ਧਨੁ ਨੂੰ ਖੱਟਦਾ ਹੈ ਉਹ ਸ਼ਬਦ ਦਾ

13/1307

ਵਿਚਾਰੀ ਹੀ ਬਣਦਾ ਹੈ ਭਾਵ ਇਹ ਸਾਡੇ ਮਨ ਦੀ ਸੋਝੀ ਦਾ ਧਨੁ ਹੈ। ਆਓ ਇਹੀ ਗੱਲ ਅਗਲੇ ਸ਼ਬਦ ਦੀ ਵਿਚਾਰ ਦੁਆਰਾ, ਸੋਝੀ ਦੁਆਰਾ ਸਮਝੀਏ।

“ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ॥
ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ॥
ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ॥
ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ॥੧੫॥
ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥੧੬॥”

(ਅੰਗ ੧੪੧੪)

ਪਹਿਲਾ ਤਾਂ ਇਹੀ ਗੱਲ ਸਮਝਣ ਦੀ ਹੈ ਕਿ ਗੁਰਮੁਖਿ ਕੌਣ ਹੈ। ਗੁਰਮੁਖਿ ਉਹ ਹੈ ਜਿਸ ਨੇ ਇਸ ਧਨੁ ਨੂੰ ਖੱਟਿਆ ਹੋਇਆ ਹੈ। ਇਹ ਗੁਰੂ ਦਾ ਆਪਣਾ ਧਨੁ ਹੈ ਤੇ ਇਸੇ ਲਈ ਗੁਰੂ ਆਪ ਹੀ ਗੁਰਮੁਖਿ ਹੈ, ਪ੍ਰਮਾਤਮਾ ਆਪ ਹੀ ਗੁਰਮੁਖਿ ਹੈ। ਇਹ ਹਰਿ ਧਨੁ ਹੀ ਉਸ ਦਾ ਗੁਰਮੁਖਿ ਰੂਪ ਹੈ। ਕੇਵਲ ਗੁਰਮੁਖਿ ਅਖਵਾਉਣ ਕਰਕੇ ਕੋਈ ਹਰਿ ਧਨੁ ਦਾ ਮਾਲਕ ਨਹੀਂ ਬਣ ਜਾਂਦਾ ਬਲਕਿ ਇਹ ਅਵੱਸਥਾ ਹਰਿ ਧਨੁ ਖੱਟਣ ਦੁਆਰਾ ਬਣਦੀ ਹੈ, ਉਸਦੀ ਪ੍ਰਾਪਤੀ ਦੁਆਰਾ ਬਣਦੀ ਹੈ। ਇਸ ਧਨੁ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਇਹ ਪਹਿਲੀ ਪੰਗਤੀ ਰਾਹੀਂ ਹੀ ਸਮਝਾਇਆ ਹੋਇਆ ਹੈ। ਇਸ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਹੈ ਭਾਵ ਇਸ ਦੀ ਪ੍ਰਾਪਤੀ ਨਾਲ ਮਨੁੱਖ ਗੁਰੂ ਦੇ ਸ਼ਬਦ ਦਾ ਵਿਚਾਰੀ ਬਣ ਜਾਂਦਾ ਹੈ, ਉਸਦੇ ਵਿਚਾਰ ਸ਼ਬਦ ਦੇ ਵਿਚਾਰਾਂ ਵਾਲੇ ਬਣ ਜਾਂਦੇ ਹਨ ਭਾਵ ਗੁਰੂ ਦੇ ਨਾਲ ਉਸ ਦੀ ਸਾਂਝ ਇੱਕ ਹੋ ਜਾਂਦੀ ਹੈ ਭਾਵ ਮਨੁੱਖ ਦੇ ਵਿਚਾਰ ਗੁਰਮਤਿ ਅਨੁਸਾਰ ਬਣ ਜਾਂਦੇ ਹਨ। ਇਹਨਾਂ ਵਿਚਾਰਾਂ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ, ਨਾਮ ਪਦਾਰਥ ਦੀ ਪ੍ਰਾਪਤੀ ਹੈ। ਨਾਮ ਦੇ ਭੰਡਾਰ ਉਸ ਦੇ ਗਿਆਨ ਦੇ

13/1308

ਭੰਡਾਰ ਹਨ, ਉਸਦੇ ਗੁਣਾਂ ਦੇ ਭੰਡਾਰ ਹਨ ਭਾਵ ਇਹ ਗਿਆਨ ਜਿਸ ਦੁਆਰਾ ਮਨੁੱਖ ਸ਼ਬਦ ਦਾ ਵਿਚਾਰੀ ਬਣਦਾ ਹੈ, ਸੱਚੇ ਗੁਣਾਂ ਵਾਲਾ ਬਣਦਾ ਹੈ, ਇਹ ਮਤਿ ਸਿੱਧੀ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। **(ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ॥)** ਸ਼ਬਦ ਦਾ ਵਿਚਾਰੀ ਬਣਨਾ, ਗੁਰਬਾਣੀ ਦੇ ਗੁਣਾਂ ਵਾਲਾ ਬਣਨਾ ਹੈ। ਗੁਰਬਾਣੀ ਮਨ ਦੇ ਵਿੱਚੋਂ ਹੀ ਆਈ ਹੈ ਜਿੱਥੋਂ ਸਾਰਾ ਗੁਣਾਂ ਦਾ ਗਿਆਨ ਆਉਂਦਾ ਹੈ। ਗੁਰਬਾਣੀ ਦੇ ਗੁਣਾਂ ਦੁਆਰਾ ਵਿਚਰਨਾ ਹੀ ਉਸ ਦੇ ਗੁਣਾਂ ਦਾ ਉਚਾਰਨ ਕਰਨਾ ਹੈ, ਨਾਮ ਦਾ ਉਚਾਰਨ ਕਰਨਾ ਹੈ। ਮਨ ਦੀ ਸੋਝੀ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦੇ ਗੁਣਾਂ ਦਾ ਭੰਡਾਰ ਕਿਤਨਾ ਕੁ ਵੱਡਾ ਹੈ। ਉਹ ਸਭ ਕੁੱਝ ਆਪਣੇ ਆਪ ਹੈ। ਹਰ ਵਸਤੂ ਵਿੱਚ ਉਹ ਆਪ ਹੈ ਤੇ ਹਰ ਵਸਤੂ ਗੁਣਾਂ ਨਾਲ ਭਰਪੂਰ ਹੈ। ਉਸ ਦੇ ਕਿਤਨੇ ਕੁ ਗੁਣ ਹਨ ਉਸਦਾ ਕੋਈ ਅੰਦਾਜ਼ਾ ਵੀ ਨਹੀਂ ਲਗਾ ਸਕਦਾ। ਹਰ ਵਸਤੂ ਉਸ ਦੇ ਗੁਣਾਂ ਦੇ ਗਿਆਨ ਨਾਲ ਬਣੀ ਹੈ ਤੇ ਗੁਣਾਂ ਦੇ ਗਿਆਨ ਨਾਲ ਚੱਲ ਰਹੀ ਹੈ, ਬਿਨਸ ਰਹੀ ਹੈ। ਸਭ ਜਗ੍ਹਾ ਉਸ ਦੇ

ਗੁਣ ਹੀ ਭਰਪੂਰ ਹਨ ਪਰ ਇਸ ਗੱਲ ਦੀ ਸੋਝੀ ਹਰਿ ਧਨੁ ਦੀ ਪ੍ਰਾਪਤੀ ਦੇ ਨਾਲ ਹੀ ਹੁੰਦੀ ਹੈ, ਸ਼ਬਦ ਦੇ ਸੱਚੇ ਗਿਆਨ ਦੀ ਵਿਚਾਰ ਮਿਲਣ ਦੁਆਰਾ ਹੀ ਹੁੰਦੀ ਹੈ। ਇਹ ਸੋਝੀ ਗੁਰੂ ਦੇ ਕੋਲ ਹੈ ਤੇ ਉਹ ਆਪਣੀ ਬਾਣੀ ਦੁਆਰਾ ਉਸ ਪ੍ਰਮਾਤਮਾ ਦੇ ਗੁਣਾਂ ਦਾ ਬਿਆਨ ਕਰਦਾ ਹੈ ਜਿੰਨ੍ਹਾਂ ਦਾ ਕੋਈ ਅੰਤ ਨਹੀਂ ਹੈ ਭਾਵ ਪ੍ਰਮਾਤਮਾ ਦੇ ਗੁਣ ਬੇਅੰਤ ਹਨ। **(ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ॥)** ਮਨ ਦੀ ਸੋਝੀ ਦੁਆਰਾ ਹੀ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਕਰਨ ਵਾਲਾ ਆਪ ਪ੍ਰਮਾਤਮਾ ਹੈ, ਸਭ ਰਚਨਾ ਬਣਾਉਣ ਵਾਲਾ ਉਹ ਆਪ ਹੈ ਤੇ ਆਪ ਹੀ ਉਸਨੂੰ ਚਲਾਉਣ ਵਾਲਾ ਹੈ। ਉਹ ਸਭ ਕੁੱਝ ਆਪਣੇ ਧਨੁ ਦੁਆਰਾ ਹੀ ਕਰਦਾ ਹੈ, ਸੱਚੇ ਧਨੁ ਦੁਆਰਾ ਕਰਦਾ ਹੈ। ਉਸਦਾ ਸੱਚਾ ਧਨੁ ਉਸਦਾ ਸੱਚਾ ਗਿਆਨ ਹੈ ਜਿਸ ਦੁਆਰਾ ਸਭ ਕੁੱਝ ਬਣਿਆ ਹੈ ਤੇ ਸਭ ਕੁੱਝ ਚੱਲ ਰਿਹਾ ਹੈ। ਗਿਆਨ ਕਦੇ ਮਿਟ ਨਹੀਂ ਸਕਦਾ ਤੇ ਨਾ ਹੀ ਇਸ ਦੀ ਸੋਝੀ ਦਾ

13/1309

ਅੰਤ ਜਾਂ ਪਾਰਾਵਾਰ ਹੈ। ਹਰ ਵਸਤੂ ਦੇ ਗੁਣਾਂ ਦਾ ਮੂਲ ਗਿਆਨ ਹੈ। ਮਨੁੱਖ ਤੇ ਪ੍ਰਮਾਤਮਾ ਦੇ ਵਿੱਚ ਭੇਦ ਕੇਵਲ ਇਸ ਗਿਆਨ ਦੁਆਰਾ ਹੀ ਹੈ। ਉਹ ਆਪਣੇ ਉੱਚੇ ਗਿਆਨ ਦੁਆਰਾ ਸਭ ਕੁੱਝ ਕਰਨ ਵਿੱਚ ਸਮਰੱਥ ਹੈ। ਉਸ ਨੇ ਆਪਣੀ ਸਮਰੱਥਾ ਦੁਆਰਾ ਸਾਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ। "**ਤ੍ਰੈਗੁਣ**" "**ਚੌਥੇ ਪਦ**" ਦੇ ਸਾਹਮਣੇ ਤੁਛ ਹੈ, ਬਿਲਕੁਲ ਅਸਮਰੱਥ ਹੈ ਤੇ ਉਸ ਚੌਥੇ ਪਦ ਦਾ ਕੇਵਲ ਪੁਤਲਾ ਹੈ। "**ਚੌਥਾ ਪਦ**" ਜਿਵੇਂ ਸਾਨੂੰ ਨਚਾ ਰਿਹਾ ਹੈ ਅਸੀਂ ਉਸੇ ਤਰ੍ਹਾਂ ਨੱਚ ਰਹੇ ਹਾਂ, ਜੋ ਉਸ ਨੂੰ ਭਾਉਂਦਾ ਹੈ ਉਹੀ ਹੋ ਰਿਹਾ ਹੈ। ਮਨੁੱਖ ਬਿਲਕੁਲ ਬੇਵੱਸ ਹੈ। **(ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ॥੧੫॥)** ਸਾਡੀ ਗੁਰਮੁਖਿ ਦੀ ਅਵੱਸਥਾ, ਸ਼ਬਦ ਵਿਚਾਰੀ ਦੀ ਅਵੱਸਥਾ ਸਾਡੇ ਅੰਦਰ ਸਹਜ ਦੀ ਅਵੱਸਥਾ ਹੈ ਜਦੋਂ ਸਾਡਾ ਮਨ ਦਸਮ ਦੁਆਰ ਵਿੱਚ ਪਹੁੰਚ ਜਾਂਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ। "ਦਸਮ ਦੁਆਰ" ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਦੁਆਰ ਹੈ ਜਿਸ ਦੁਆਰ ਤੋਂ ਚੌਥੇ ਪਦ ਦਾ ਗਿਆਨ ਆਉਂਦਾ ਹੈ, ਜੋ ਮਨੁੱਖ ਨੂੰ ਭਰਮ ਵਿੱਚੋਂ ਕੱਢਦਾ ਹੈ ਤੇ ਮਨੁੱਖ ਦੀ ਇਹ ਅਵੱਸਥਾ ਗੁਰਮੁਖਿ ਵਾਲੀ ਅਵੱਸਥਾ ਹੈ। **(ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥)**

ਗੁਰਮੁਖਿ ਅਖਵਾਉਣਾ ਬਹੁਤ ਹੀ ਸੌਖਾ ਹੈ ਪਰ ਗੁਰਮੁਖਿ ਦੀ ਕਸੱਵਟੀ ਤੇ ਉਤਰਨਾ ਕੀ ਹੈ ਇਸਦੀ ਸਮਝ ਆਸਾਨੀ ਨਾਲ ਪੈ ਰਹੀ ਹੈ। ਗੁਰੂ ਸਾਨੂੰ ਜੋ ਵੀ ਸਮਝਾ ਰਿਹਾ ਹੈ ਉਹ ਗੁਰਮਤਿ ਹੈ। ਅਸੀਂ ਆਪਣੇ ਆਪ ਗੁਰਮਤਿ ਦੇ ਇਮਤਿਹਾਨ ਵਿੱਚੋ ਵੀ ਨਹੀਂ ਲੰਘ ਸਕਦੇ। ਸਾਨੂੰ ਖੁਸ਼ੀ ਗੁਰਮੁਖਿ ਅਖਵਾ ਕੇ ਹੀ ਮਿਲਦੀ ਹੈ ਜਦ ਕਿ ਗੁਰਮੁਖਿ ਦੀ ਅਵੱਸਥਾ ਦੀ ਪ੍ਰਾਪਤੀ ਬਿਨ੍ਹਾਂ, ਪ੍ਰਮਾਤਮਾ ਦੇ ਦਰਸ਼ਨ ਕੀਤੇ ਬਿਨ੍ਹਾਂ ਹਰ ਕੋਈ ਮਨਮੁਖਿ ਹੀ ਹੈ। ਗੁਰਮੁਖਿ ਦੀ ਅਵੱਸਥਾ

13/1310

ਦੀ ਨਿਸ਼ਾਨੀ ਕੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥੧੬॥"

ਊਂਘ ਤੋਂ ਭਾਵ ਹੈ ਨੀਂਦ। ਇਹ ਸਾਡੀ ਅਗਿਆਨਤਾ ਦੀ ਨੀਂਦ ਹੈ, ਮਾਇਆ ਮੋਹ ਦੀ ਨੀਂਦ ਹੈ, ਮਨਮਤਿ ਦੀ ਨੀਂਦ ਹੈ, ਤ੍ਰੈਗੁਣਾਂ ਦੀ ਨੀਂਦ ਹੈ, ਮਨ ਦੀ ਨੀਂਦ ਹੈ ਜਿਹੜੀ ਨੀਂਦ ਪ੍ਰਮਾਤਮਾ ਨੇ ਹਰ ਕਿਸੇ ਨੂੰ ਸਵਾਇਆ ਹੋਇਆ ਹੈ।

{ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥
ਰਸਨਾ ਸੋਈ ਲੋਭਿ ਮੀਠੈ ਸਾਦਿ॥ਮਨੁ ਸੋਇਆ ਮਾਇਆ ਬਿਸਮਾਦਿ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ਸਾਬਤੁ ਵਸਤੁ ਓਹੁ ਅਪਨੀ ਲਹੈ॥੧॥ਰਹਾਉ॥}

(ਅੰਗ ੧੮੨)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਮਾਇਆ ਮੋਹਿ ਸੋਇ ਰਹੇ ਅਭਾਗੇ॥ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

ਜੋ ਇਸ ਨੀਂਦ ਤੋਂ ਜਾਗਿਆ ਹੋਇਆ ਹੈ ਉਹੀ ਗੁਰਮੁਖਿ ਹੋ ਸਕਦਾ ਹੈ। ਇਸ ਨੀਂਦ ਵਿੱਚੋਂ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਜਗਾਉਂਦਾ ਹੈ, ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਕੱਢਦਾ ਹੈ। "**ਭੁੱਖ**" ਤੋਂ ਭਾਵ ਹੈ ਸਾਡੀ ਤ੍ਰਿਸ਼ਨਾ, ਮਾਇਆ ਮੋਹ। ਤ੍ਰਿਸ਼ਨਾ ਕਿਸੇ ਵਿਰਲੇ ਦੀ ਹੀ ਬੁਝਦੀ ਹੈ। ਇਹ ਮਨ ਦੇ ਸੰਤੋਖ ਦੀ ਅਵੱਸਥਾ ਹੈ ਜੋ ਸਾਡੇ ਤੇ ਉਸਦੀ ਸਭ ਤੋਂ ਵੱਡੀ ਕਿਰਪਾ ਹੈ। ਇਹ ਮਨ ਦੀ ਸੱਚੀ ਸੋਝੀ ਦੀ ਅਵੱਸਥਾ ਹੈ, ਸਾਡੇ ਅੰਦਰ ਨਾਮ ਦ੍ਰਿੜ ਹੋਣ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਆਪ ਵੱਸਣ ਦੀ ਅਵੱਸਥਾ ਹੈ, ਸੱਚੇ ਸੁੱਖ ਦੀ ਪ੍ਰਾਪਤੀ ਹੈ, ਅੰਮ੍ਰਿਤ ਦੀ ਪ੍ਰਾਪਤੀ ਹੈ। **(ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥)**

13/1311

ਇਹ ਗੁਰਮੁਖਿ ਵਾਲੀ ਅਵੱਸਥਾ ਹੈ, ਦੁੱਖ ਸੁੱਖ ਵਿੱਚੋਂ ਉੱਪਰ ਉੱਠਣ ਦੀ ਅਵੱਸਥਾ ਹੈ ਭਾਵ ਉਸਦਾ ਭਾਣਾ ਮੰਨਣ ਦੀ ਅਵੱਸਥਾ ਹੈ, ਉਸਦੇ ਹੁਕਮ ਵਿੱਚ ਰਹਿਣ ਦੀ ਅਵੱਸਥਾ ਹੈ। ਇਹ ਅਵੱਸਥਾ ਉਸੇ ਮਨ ਦੀ ਬਣ ਸਕਦੀ ਹੈ ਜਿੱਥੇ ਰਾਮ ਦਾ ਪ੍ਰਗਾਸ ਹੋ ਜਾਂਦਾ ਹੈ ਭਾਵ ਜਿਹੜੇ ਮਨ ਵਿੱਚ ਵਾਹਿਗੁਰੂ ਪ੍ਰਗਟ ਹੋ ਜਾਂਦਾ ਹੈ। ਉਹ ਪ੍ਰਗਟ ਆਪਣੇ ਸੱਚੇ ਗਿਆਨ ਦੁਆਰਾ ਹੀ ਹੁੰਦਾ ਹੈ ਜੋ ਮਨੁੱਖ ਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ। **(ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥੧੬॥)** ਇਹ ਮਨ ਦਾ ਪ੍ਰਕਾਸ਼ ਹੀ ਸਾਡਾ ਹਰਿ ਧਨੁ ਹੈ ਜੋ ਸਾਨੂੰ ਗੁਰਮੁਖਿ ਦੀ ਅਵੱਸਥਾ ਬਖ਼ਸ਼ਦਾ ਹੈ, ਸ਼ਬਦ ਦਾ ਵਿਚਾਰੀ ਬਣਾਉਂਦਾ ਹੈ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਿੱਚ ਦੱਸਿਆ ਹੋਇਆ ਹੈ। **(ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ॥)**।

ਸੰਸਾਰ ਦਾ ਇੱਕੋ ਇੱਕ "**ਖਰਾ ਧਨੁ**" "**ਨਾਮ ਧਨੁ**" ਹੈ। ਇਹ ਖਰਾ ਧਨੁ ਸਾਡੇ ਅੰਦਰ ਕਿੱਥੇ ਹੈ ਤੇ ਉਸਦਾ ਖਰਚ ਕਰਨਾ ਕੀ ਹੈ, ਇਸ ਧਨੁ ਨੂੰ ਵਰਤਣਾ ਕੀ ਹੈ, ਇਸ ਨੂੰ ਸਮਝਣਾ ਸਾਡੇ ਲਈ ਬਹੁਤ ਜਰੂਰੀ ਹੈ ਨਹੀਂ ਤਾਂ ਅਸੀਂ ਉਹੋ ਜਿਹਾ ਧਨੁ ਇਕੱਠਾ ਕਰਨ ਤੇ ਲੱਗੇ ਰਹਾਂਗੇ ਜਿਸ ਨੂੰ ਕਿ ਅਸੀਂ ਨਾਮ ਧਨੁ ਸਮਝਿਆ ਹੋਇਆ ਹੈ। ਇਸ ਧਨੁ ਦੀ ਪ੍ਰਾਪਤੀ ਤੋਂ ਬਿਨ੍ਹਾਂ ਹਰ ਕੋਈ ਪ੍ਰਮਾਤਮਾ ਦਾ ਗੁਨਾਹਗਾਰ ਹੈ। ਪ੍ਰਮਾਤਮਾ ਦੇ ਦਰ ਤੋਂ ਮੁਆਫੀ ਇਸੇ ਧਨੁ ਦੀ ਪ੍ਰਾਪਤੀ ਦੁਆਰਾ ਹੈ। ਉਸਦੀ ਮੁਆਫੀ ਤੋਂ ਬਿਨ੍ਹਾਂ ਮਨੁੱਖ ਸਦੀਆਂ-ਸਦੀਆਂ ਤੋਂ ਖਪ ਰਿਹਾ ਹੈ, ਜੂਨਾਂ ਭੁਗਤ ਰਿਹਾ ਹੈ। ਹੇਠ ਦਿੱਤੇ ਸ਼ਬਦ ਨੂੰ ਹਰ ਕਿਸੇ ਲਈ ਬੜੇ ਹੀ ਧਿਆਨ ਨਾਲ ਸਮਝਣ ਦੀ ਜਰੂਰਤ ਹੈ, ਵੱਡੇ-ਵੱਡੇ ਗਿਆਨੀ, ਸੰਤ ਅਖਵਾਉਣ ਵਾਲਿਆਂ ਲਈ, ਨਾਮ ਦਾ, ਨਾਮ ਧਨੁ ਦਾ ਪ੍ਰਚਾਰ ਕਰਨ ਵਾਲਿਆਂ ਲਈ ਇਸ ਨੂੰ

13/1312

ਸਮਝਣਾ ਹੋਰ ਵੀ ਜਰੂਰੀ ਹੈ ਤਾਂ ਜੋ ਉਹ ਖੁਦ ਵੀ ਬਾਣੀ ਦੀ ਸਹੀ ਸੇਧ ਲੈ ਸਕਣ ਤੇ ਹੋਰਾਂ ਨੂੰ ਵੀ ਸਹੀ ਮਾਰਗ ਦੀ ਸੋਝੀ ਪਾ ਸਕਣ। ਪ੍ਰਮਾਤਮਾ ਦੇ ਦਰ ਤੋਂ ਖਿਮਾ ਤਾਂ ਹੀ ਮਿਲੇਗੀ ਜੇਕਰ ਸਾਨੂੰ ਪਹਿਲਾਂ ਇਹ ਸਮਝ ਹੋਵੇ ਕਿ ਖਿਮਾ ਮਿਲਦੀ ਕਿਵੇਂ ਹੈ ਤਾਂ ਜੋ ਅਸੀਂ ਆਪਣਾ ਉੱਦਮ, ਉਪਰਾਲਾ ਬਦਲ ਸਕੀਏ।

"ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥
ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ॥
ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥
ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ॥
ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ॥
ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ॥
ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ॥੪੯॥"

(ਅੰਗ ੯੩੭)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿੱਚ ਮਨੁੱਖ ਦਾ ਸੰਸਾਰ ਵਿੱਚ ਆਵਾਗਉਣ ਸਮਝਾਇਆ ਹੋਇਆ ਹੈ ਭਾਵ ਸੰਸਾਰ ਵਿੱਚ ਉਸ ਦੀ ਵਿਚਰਨ ਦਾ ਤਰੀਕਾ ਸਮਝਾਇਆ ਹੋਇਆ ਹੈ। ਜਿਹੋ ਜਿਹੀ ਅਵੱਸਥਾ ਵਿੱਚ ਮਨੁੱਖ ਆਉਂਦਾ ਹੈ ਉਹੋ ਜਿਹੀ ਅਵੱਸਥਾ ਦੁਆਰਾ ਹੀ ਦੁਨੀਆਂ ਤੋਂ ਚਲਾ ਜਾਂਦਾ ਹੈ ਭਾਵ ਹਰ ਕੋਈ ਮਨ ਦੀ ਅਗਿਆਨਤਾ ਵਿੱਚ ਆਉਂਦਾ ਹੈ ਤੇ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਮਨ ਦੀ ਅਗਿਆਨਤਾ ਵਿੱਚ ਹੀ ਚਲਾ ਜਾਂਦਾ ਹੈ ਜਿੰਨ੍ਹਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ। ਹਰ ਕੋਈ ਇਸੇ ਤਰ੍ਹਾਂ ਹੀ ਖਪ ਰਿਹਾ ਹੈ, ਜੁਗਾਂ ਜੁਗਾਂ ਤੋਂ ਖਪ ਰਿਹਾ ਹੈ। ਸਾਡੀ ਖਪਣ ਵਾਲਿਆਂ ਦੀ ਗਿਣਤੀ ਇਤਨੀ ਜਿਆਦਾ ਗਿਣਾਈ ਹੋਈ ਹੈ ਜੋ ਕਿ ਕਿਸੇ ਦੇ ਅੰਦਾਜ਼ੇ ਤੋਂ ਵੀ ਬਾਹਰ ਹੈ। ਸੰਸਾਰ ਵਿੱਚ ਸੈਂਕੜੇ ਕਰੋੜਾਂ ਮਨੁੱਖ ਹਨ। ਹਰ ਰੋਜ਼ ਹਜ਼ਾਰਾਂ ਸਰੀਰ ਪੈਦਾ ਹੁੰਦੇ ਹਨ ਤੇ ਹਜ਼ਾਰਾਂ ਜਾਂਦੇ ਹਨ। "**ਖੂਹਣਿ ਲਖ ਅਸੰਖ**" ਤੋਂ ਭਾਵ ਹੈ ਕਿ ਇਹੋ ਜਿਹੇ ਅਸੰਖ ਹੀ "**ਅਸੰਖ ਖੂਹਣਿ**" ਹਨ ਭਾਵ ਵੱਡੇ ਟੋਏ ਹਨ ਜਿੱਥੇ ਬਹੁਤ ਜਿਆਦਾ ਗਿਣਤੀ ਸਮਾਅ ਜਾਂਦੀ ਹੈ। ਜੇਕਰ ਖਪ ਖਪ ਕੇ ਜਾਣ ਵਾਲਿਆਂ ਦੀ ਗਿਣਤੀ ਗਿਣੀਏ ਤਾਂ ਲੱਖਾਂ ਅਸੰਖਾਂ ਟੋਏ ਭਰ ਜਾਣ ਭਾਵ ਜੋ ਗਿਣਤੀ ਮਿਣਤੀ ਤੋਂ ਬਾਹਰ ਹੈ। **(ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥)** ਸਾਡੇ ਖਪਣ ਦਾ ਕਾਰਣ ਕੀ ਹੈ, ਅਸੀਂ ਖਿਮਾ ਵਿਹੂਣੇ ਕਿਸ ਲਈ ਹਾਂ, ਇਹ ਨਾਲ ਹੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

13/1313

"ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ॥"

ਸੰਸਾਰ ਵਿੱਚ ਜੋ ਵੀ ਮਨੁੱਖ ਆਉਂਦਾ ਹੈ ਉਹ ਬੰਧਨ ਵਿੱਚ ਆਉਂਦਾ ਹੈ ਤੇ ਬੰਧਨ ਵਿੱਚ ਹੀ ਇੱਥੋਂ ਚਲਾ ਜਾਂਦਾ ਹੈ। ਸਾਡਾ ਬੰਧਨ ਕੀ ਹੈ ਇਹ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਇਹ ਸਾਡਾ ਹਉਮੈ ਦਾ ਬੰਧਨ ਹੈ, ਮਾਇਆ ਮੋਹ

ਦਾ ਬੰਧਨ ਹੈ, ਤ੍ਰੈਗੁਣਾਂ ਦਾ ਬੰਧਨ ਹੈ, ਮਨਮਤਿ ਦਾ ਬੰਧਨ ਹੈ, ਅਗਿਆਨਤਾ ਦਾ ਬੰਧਨ ਹੈ। ਇਸ ਬੰਧਨ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਵੀ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਨਹੀਂ ਹੁੰਦਾ। ਸਾਨੂੰ ਇਸ ਬੰਧਨ ਵਿੱਚੋਂ ਪ੍ਰਮਾਤਮਾ ਆਪ ਹੀ ਮੁਕਤ ਕਰ ਸਕਦਾ ਹੈ। ਸਾਡਾ ਇਸ ਬੰਧਨ ਦਾ ਖੁੱਲਣਾ ਹੀ ਪ੍ਰਮਾਤਮਾ ਕੋਲੋਂ ਖਿਮਾ ਮਿਲਣਾ ਹੈ। ਇਸ ਬੰਧਨ ਦੇ ਖੁੱਲ੍ਹੇ ਬਿਨ੍ਹਾਂ ਹਰ ਕੋਈ ਖਿਮਾ ਵਿਹੂਣਾ ਹੀ ਹੈ। ਖਿਮਾ ਦੀ ਪ੍ਰਾਪਤੀ ਦੇ ਬਾਅਦ ਹੀ ਸਾਡਾ ਇਸ ਆਵਾਗਉਣ ਤੋਂ ਛੁਟਕਾਰਾ ਹੁੰਦਾ ਹੈ ਤੇ ਫਿਰ ਪ੍ਰਮਾਤਮਾ ਉਸ ਮਨੁੱਖ ਨੂੰ ਦੁਬਾਰਾ ਬੰਧਨ ਵਿੱਚ ਨਹੀਂ ਪਾਉਂਦਾ। ਇਸ ਬੰਧਨ ਦਾ ਖੁੱਲ੍ਹਣਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਛਾਨਣਾ ਹੈ ਭਾਵ ਇਸ ਗੱਲ ਦੀ ਸੋਝੀ ਪੈ ਜਾਣਾ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਸਮਝਣਾ ਕੇਵਲ ਇੱਕ ਭਰਮ ਹੈ। ਬੰਧਨ ਸਾਡਾ ਭਰਮ ਹੀ ਹੈ ਤੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਨਣ ਤੋਂ ਬਾਅਦ ਹੀ ਸਾਡਾ ਭਰਮ ਹੀ ਟੁੱਟਦਾ ਹੈ, ਅਗਿਆਨਤਾ ਹੀ ਦੂਰ ਹੁੰਦੀ ਹੈ, ਸਾਡੀ ਮੈਂ, ਹਉਮੈ ਹੀ ਮਿਟਦੀ ਹੈ। ਇਹੀ ਮਾਇਆ ਮੋਹ ਦਾ ਬੰਧਨ ਹੈ ਜਿਸ ਵਿੱਚੋਂ ਪ੍ਰਮਾਤਮਾ ਕਿਸੇ ਨੂੰ ਆਪ ਹੀ ਬੜੇ ਵੱਡੇ ਭਾਗਾਂ ਦੁਆਰਾ ਕੱਢਦਾ ਹੈ। ਉਸਦੀ ਇਹ ਕ੍ਰਿਪਾ ਕ੍ਰੋੜਾਂ ਕ੍ਰੋੜਾਂ ਭਾਵ

13/1314

ਅਨੇਕਾਂ ਕਰੋੜਾਂ ਵਿੱਚੋਂ ਕਦੇ ਹੀ ਕਿਸੇ ਵਿਰਲੇ ਤੇ ਹੁੰਦੀ ਹੈ ਤੇ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਸਭ ਦੇ ਅੰਦਰ ਗੁਪਤ ਰੂਪ ਵਿੱਚ, ਨਿਰਗੁਣ ਰੂਪ ਵਿੱਚ ਮਨ ਦੇ ਅੰਦਰ ਹੀ ਵਰਤ ਰਿਹਾ ਹੈ। ਮਨ ਦੇ ਵਿੱਚੋਂ ਭਰਮ ਦਾ ਬੰਧਨ ਟੁੱਟਣ ਤੋਂ ਬਾਅਦ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਉਸ ਤੋਂ ਬਾਅਦ ਪ੍ਰਮਾਤਮਾ ਮਨੁੱਖ ਨੂੰ ਆਵਾਗਉਣ ਵਿੱਚ ਨਹੀਂ ਪਾਉਂਦਾ। **(ਖਸਮੁ ਪਛਾਣੈ ਆਪਣਾ ਖੁਲੈ ਬੰਧੁ ਨ ਪਾਇ॥)** ਖਿਮਾ ਸਾਨੂੰ ਕਿਸ ਰੂਪ ਵਿੱਚ ਮਿਲਦੀ ਹੈ, ਉਸਦਾ ਮਿਲਣਾ ਕੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥"

ਖਿਮਾ ਸਾਨੂੰ ਪ੍ਰਮਾਤਮਾ ਦੇ ਮਹੱਲ ਵਿੱਚੋਂ ਹੀ ਮਿਲਦੀ ਹੈ ਭਾਵ ਜਿੱਥੇ ਉਸਦਾ ਟਿਕਾਣਾ ਹੈ, ਉੱਥੋਂ ਹੀ ਮਿਲਦੀ ਹੈ। ਉਸਦਾ ਟਿਕਾਣਾ ਸਾਡਾ ਮਨ ਹੈ ਤੇ ਸਾਨੂੰ ਖਿਮਾ ਵੀ ਮਨ ਦੇ ਵਿੱਚੋਂ ਹੀ ਮਿਲਦੀ ਹੈ। ਜਿੱਥੋਂ ਪ੍ਰਮਾਤਮਾ ਦੀ ਪਹਿਚਾਣ ਹੁੰਦੀ ਹੈ, ਜਿੱਥੋਂ ਸਾਡੇ ਬੰਧਨ ਟੁੱਟਦੇ ਹਨ, ਜਿੱਥੋਂ ਸਾਡੀ ਅਗਿਆਨਤਾ ਦੂਰ ਹੁੰਦੀ ਹੈ ਉੱਥੋਂ ਹੀ ਖਿਮਾ ਪ੍ਰਾਪਤ ਹੁੰਦੀ ਹੈ। ਸਾਰੀ ਗੱਲ ਸਾਡੇ ਮਨ ਦੀ ਖੋਟ ਨਿਕਲਣ ਦੀ ਹੈ। ਮਨ ਦੇ ਵਿੱਚ ਹੀ ਅਸੀਂ ਖੋਟੇ ਹਾਂ ਭਾਵ ਮਨ ਦੇ ਵਿਚਾਰਾਂ ਦੁਆਰਾ ਹੀ ਅਸੀਂ ਖੋਟੇ ਹਾਂ ਤੇ ਮਨ ਦੇ ਵਿੱਚ ਵਿਚਾਰਾਂ ਦੁਆਰਾ ਹੀ ਅਸੀਂ ਖਰੇ ਬਣਦੇ ਹਾਂ। ਇਹ ਖਿਮਾ ਸਾਨੂੰ ਖਰਾ ਬਣ ਕੇ ਮਿਲਦੀ ਹੈ। ਖਰੇ ਅਸੀਂ ਤਾਂ ਹੀ ਬਣ ਸਕਦੇ ਹਾਂ ਜਦੋਂ ਸਾਡੇ ਮਨ ਦੀ ਖੋਟ ਨਿਕਲ ਜਾਂਦੀ ਹੈ, ਸਾਡੇ ਔਗੁਣ ਨਿਕਲ ਜਾਂਦੇ ਹਨ ਭਾਵ ਜਦੋਂ ਸਾਡੇ ਵਿਚਾਰਾਂ ਦੇ ਅੰਦਰ ਸੱਚ ਵੱਸ ਜਾਂਦਾ ਹੈ। ਜਦੋਂ ਸਾਨੂੰ ਸੱਚ ਦੁਆਰਾ ਭਾਵ ਸੱਚੇ ਸੁੱਚੇ ਬਣਕੇ ਵਿਚਰਨ ਵਿੱਚ ਸੁੱਖ ਮਹਿਸੂਸ ਹੁੰਦਾ ਹੈ, ਅਨੰਦ ਮਹਿਸੂਸ ਹੁੰਦਾ ਹੈ, ਇਹੋ ਜਿਹੀ ਅਵੱਸਥਾ ਦੁਆਰਾ ਸਾਨੂੰ ਪ੍ਰਮਾਤਮਾ ਕੋਲੋਂ ਖਿਮਾ ਮਿਲਦੀ ਹੈ। ਸਾਡੀ ਇਹ ਅਵੱਸਥਾ ਸ਼ਬਦ ਦੁਆਰਾ ਖਰੇ ਹੋਣ ਦੀ, ਸੱਚੇ ਹੋਣ ਦੀ ਅਵੱਸਥਾ ਹੈ ਜੋ ਕਿ ਗੁਰੂ ਦੇ ਸ਼ਬਦ ਦਾ ਅਸਲ ਮਨੋਰਥ ਹੈ ਜਿਸ ਦੁਆਰਾ ਅਸੀਂ ਸੱਚੇ ਸੁੱਚੇ ਬਣ ਕੇ ਸੱਚੀ ਸੁੱਚੀ ਕਿਰਤ ਕਰਦੇ ਹਾਂ, ਮਨ ਦੀ ਸੁਚਿ ਦੁਆਰਾ ਵਿਚਰਦੇ ਹਾਂ। **(ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥)** ਪ੍ਰਮਾਤਮਾ ਖਰਾ ਤੇ ਸੱਚਾ ਆਪਣੇ ਸ਼ਬਦ ਦੁਆਰਾ ਹੈ, ਆਪਣੇ ਗਿਆਨ ਦੁਆਰਾ ਹੈ। ਕੇਵਲ ਉਸਦਾ ਸੱਚਾ ਗਿਆਨ ਹੀ ਖਰਾ ਹੈ, ਹਰ ਕਸਵੱਟੀ ਤੇ ਖਰਾ ਹੈ। ਪੂਰੀ ਗੁਰਬਾਣੀ ਗੁਰੂ ਦਾ ਸ਼ਬਦ ਹੈ, ਉਸਦਾ ਸੱਚਾ ਗਿਆਨ ਹੈ ਜਿਸ ਕਰਕੇ ਗੁਰਬਾਣੀ ਖਰੀ ਹੈ। ਗੁਰਬਾਣੀ ਗੁਰੂ ਦਾ ਮਹੱਲ ਹੈ, ਸੱਚਖੰਡ ਹੈ ਕਿਉਂਕਿ ਇਸ ਦਾ ਗਿਆਨ ਸੱਚਾ ਹੈ। ਸਾਨੂੰ ਖਰਾ ਤੇ ਸੱਚਾ ਗੁਰੂ ਦਾ ਗਿਆਨ ਹੀ ਬਣਾ ਸਕਦਾ ਹੈ। ਸਾਡਾ ਮਨ ਵੀ ਗੁਰੂ ਦਾ ਮਹੱਲ ਹੈ ਤੇ ਸਾਨੂੰ ਖਰਾ ਤੇ ਸੱਚਾ ਉਹ ਮਨ ਦੇ ਵਿੱਚ ਹੀ

13/1315

ਬਣਾਉਂਦਾ ਹੈ। ਸਾਡੇ ਅੰਦਰ ਉਹ ਸ਼ਬਦ ਰੂਪ ਵਿੱਚ ਹੀ ਵਰਤਦਾ ਹੈ, ਸਾਡੇ ਮਨ ਦੇ ਵਿਚਾਰਾਂ ਵਿੱਚ ਹੀ ਵਰਤਦਾ ਹੈ। ਜਦ ਤੱਕ ਅਸੀਂ ਆਪਣੇ ਮਨ ਦੇ ਵਿਚਾਰਾਂ ਦੁਆਰਾ ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਅਸੀਂ ਖਰੇ ਨਹੀਂ ਹਾਂ, ਸੱਚੇ ਨਹੀਂ ਹਾਂ। ਖਰਾ ਤੇ ਸੱਚਾ ਹੋਣਾ ਗੁਰੂ ਦੇ ਨਾਲ ਵਿਚਾਰਾਂ ਦੀ ਸਾਂਝ ਪੈਣਾ ਹੈ ਜੋ ਕਿ ਮਨ ਦੇ ਵਿੱਚੋਂ ਹੀ ਪੈਂਦੀ ਹੈ ਤੇ ਉਹ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਆਪਣੇ ਆਪ ਦੀ ਪਹਿਚਾਣ ਕਰਵਾਉਂਦਾ ਹੈ। ਗੁਰੂ ਦੀ ਸੱਚੀ ਮਤਿ ਸਾਨੂੰ ਮਨ ਦੇ ਵਿੱਚ ਹੀ ਮਿਲਦੀ ਹੈ ਤੇ ਖਿਮਾ ਗੁਰਮਤਿ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ। ਉਸ ਤੋਂ ਬਾਅਦ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਗੁਰੂ ਕਿੰਨਾ ਉੱਚਾ ਹੈ, ਗੁਰਮਤਿ ਕਿੰਨੀ ਉੱਚੀ ਹੈ ਤੇ ਉਸ ਅਨੁਸਾਰ ਵਿਚਰਨਾ ਸਭ ਲਈ ਕਿਤਨਾ ਜਰੂਰੀ ਹੈ, ਗੁਰੂ ਦਾ ਹਰ ਬਚਨ ਮੰਨਣਾ ਸਾਡੇ ਲਈ

ਕਿਤਨਾ ਜਰੂਰੀ ਹੈ। ਪ੍ਰਮਾਤਮਾ ਸਾਡੇ ਅੰਦਰ ਆਪਣੀ ਗੁਰਮਤਿ ਦੁਆਰਾ, ਸੱਚੇ ਗਿਆਨ ਦੁਆਰਾ ਹੀ ਪ੍ਰਗਟ ਹੁੰਦਾ ਹੈ ਤੇ ਤਾਂ ਹੀ ਸਾਡੇ ਅੰਦਰ ਗੁਰਮਤਿ ਦ੍ਰਿੜ ਹੁੰਦੀ ਹੈ, ਨਾਮ ਦ੍ਰਿੜ ਹੁੰਦਾ ਹੈ। ਗੁਰਮਤਿ, ਪ੍ਰਮਾਤਮਾ ਸਾਨੂੰ ਆਪ ਹੀ ਚਲਾਉਂਦਾ ਹੈ, ਮਾਇਆ ਮੋਹ ਵਿੱਚੋਂ, ਅਗਿਆਨਤਾ ਵਿੱਚੋਂ ਆਪ ਹੀ ਕੱਢਦਾ ਹੈ। ਕੇਵਲ ਗੁਰਮਤਿ ਹੀ ਸੱਚ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਮਨੁੱਖ ਨੂੰ ਸੱਚ ਦੀ ਕਦਰ ਪੈਂਦੀ ਹੈ ਤੇ ਮਨੁੱਖ ਸੱਚ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ ਭਾਵ ਫਿਰ ਉਹ ਮਾਇਆ ਧਨ ਨੂੰ ਆਪਣਾ ਸੁੱਖ ਨਹੀਂ ਬਣਾਉਂਦਾ। ਉਹ ਇਸ ਸੱਚ ਵਿੱਚ ਹੀ, ਗੁਰਮਤਿ ਤੇ ਚੱਲਣ ਵਿੱਚ ਹੀ ਸਾਰਾ ਸੁੱਖ, ਆਨੰਦ ਮਹਿਸੂਸ ਕਰਦਾ ਹੈ। ਸਾਨੂੰ ਖਿਮਾ ਭਾਵ ਪ੍ਰਮਾਤਮਾ ਕੋਲੋਂ ਮੁਆਫੀ ਇਸੇ ਰੂਪ ਵਿੱਚ ਹੀ ਮਿਲਦੀ ਹੈ। ਪ੍ਰਮਾਤਮਾ ਜਿਸ ਨੂੰ ਖਿਮਾ ਬਖ਼ਸ਼ਦਾ ਹੈ ਉਸਨੂੰ ਖੋਟੇ ਤੋਂ ਖਰਾ ਬਣਾ ਕੇ ਬਖ਼ਸ਼ਦਾ ਹੈ। ਮਨਮਤਿ ਖੋਟੀ ਹੈ, ਝੂਠੀ ਹੈ, ਸਾਡੀ ਖੋਟੀ

13/1316

ਰਾਸਿ ਹੈ, ਸਾਡੀ ਝੂਠੀ ਰਾਸਿ ਹੈ। ਗੁਰਮਤਿ ਖਰੀ ਹੈ, ਸੱਚੀ ਹੈ, ਸਾਡੀ ਸੱਚੀ ਰਾਸਿ ਹੈ, ਖਰੀ ਰਾਸਿ ਹੈ। ਖਿਮਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੈ, ਉਸਨੂੰ ਆਪਣੇ ਅੰਦਰੋਂ ਪਹਿਚਾਨਣ ਦੁਆਰਾ ਹੀ ਹੈ, ਅਗਿਆਨਤਾ ਦਾ ਬੰਧਨ ਟੁੱਟਣ ਦੁਆਰਾ ਹੀ ਹੈ। **(ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥)**

ਆਓ ਹੁਣ ਉਸ ਖਰੇ ਧਨ ਨੂੰ ਸਮਝੀਏ ਜਿਸ ਨੂੰ ਅਸੀਂ ਆਪਣੇ ਜੀਵਨ ਵਿੱਚ ਖਰਚਣਾ ਹੈ। ਖਰਾ ਧਨ ਕੇਵਲ ਨਾਮ ਧਨ ਹੀ ਹੈ ਤੇ ਇਸ ਧਨ ਦਾ ਮਨੋਰਥ ਸਾਡੇ ਜੀਵਨ ਵਿੱਚ ਕੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ॥"

ਇਸ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਪ੍ਰਮਾਤਮਾ ਦਾ ਸਾਡੇ ਅੰਦਰ ਨਿਰਗੁਣ ਰੂਪ ਸਮਝਾਇਆ ਹੋਇਆ ਹੈ। ਜਦ ਤੱਕ ਸਾਡੇ ਮਨ ਵਿੱਚ ਖੋਟ ਹੈ, ਝੂਠ ਹੈ, ਅਗਿਆਨਤਾ ਹੈ, ਮਾਇਆ ਮੋਹ ਹੈ ਤਦ ਤੱਕ ਸਾਡਾ ਖਰਚ ਵੀ ਮਾੜਾ ਹੈ। ਇਹ ਖਰਚ ਸਾਡਾ ਧਿਆਨ ਹੈ, ਸਾਡੇ ਮਨ ਦਾ ਗਿਆਨ ਹੈ, ਸਾਡੇ ਮਨ ਦੇ ਵਿਚਾਰ ਹਨ। ਮਨ ਦੇ ਵਿਚਾਰਾਂ ਰਾਹੀਂ ਅਸੀਂ ਸੰਸਾਰ ਵਿੱਚ ਵਿਚਰਦੇ ਹਾਂ ਭਾਵ ਸਾਡੀ ਸਾਰੀ ਵਿਚਰਨ ਮਨ ਦੇ ਵਿਚਾਰਾਂ ਦੁਆਰਾ ਹੈ, ਮਨ ਦੀ ਬਿਰਤੀ ਦੁਆਰਾ ਹੈ, ਮਨ ਦੀ ਨੀਅਤ ਦੁਆਰਾ ਹੈ, ਮਨ ਦੀ ਸੋਚ ਦੁਆਰਾ ਹੈ। ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਤੇ ਨਿਰਭਰ ਹੈ, ਸਾਡੀ ਨੀਅਤ ਤੇ ਨਿਰਭਰ ਹੈ। ਮਨ ਦੇ ਵਿਚਾਰਾਂ ਵਿੱਚ ਹੀ ਕੱਚਾ ਧਨੁ ਹੈ, ਖੋਟਾ ਧਨੁ ਹੈ ਤੇ ਮਨ ਦੇ ਵਿਚਾਰਾਂ ਵਿੱਚ ਹੀ ਖਰਾ ਧਨੁ ਹੈ। ਖਰਾ ਧਨੁ ਨਾਮ ਧਨੁ ਹੈ ਤੇ ਜਿੱਥੇ ਨਾਮ ਧਨੁ ਹੈ ਉੱਥੇ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਆਪ ਨਾਮ ਧਨੁ ਦੇ ਰੂਪ ਵਿੱਚ ਵਿਚਰਦਾ ਹੈ। ਸਾਡੇ ਅੰਦਰ ਉਸਦਾ ‘‘ਖਰਾ ਧਨੁ’’ ਸਾਡਾ ‘‘ਧਿਆਨੁ’’ ਹੈ ਭਾਵ ਸਾਡੇ ਮਨ ਦਾ ਸੱਚਾ ਗਿਆਨ ਹੈ, ਮਨ ਦੀ ਸੱਚੀ ਸੋਝੀ ਹੈ। ਸਾਡੇ "ਧਿਆਨੁ" ਨੂੰ ਆਪ ਪ੍ਰਮਾਤਮਾ ਕਿਹਾ ਗਿਆ ਹੈ, ਸਾਡੇ ਅੰਦਰ ਉਸ ਦਾ ਵੱਸਣਾ ਕਿਹਾ ਗਿਆ ਹੈ। ਮਨੁੱਖ ਦੇ "ਧਿਆਨੁ" ਵਿੱਚ ਪ੍ਰਮਾਤਮਾ ਆਪ ਹੀ ਵੱਸ ਰਿਹਾ ਹੈ। ਜਦ ਤੱਕ ਸਾਡਾ ਧਿਆਨ ਚੌਥੇ ਪਦ ਵਿੱਚ

13/1317

ਨਹੀਂ ਪਹੁੰਚਦਾ, ਇਹ ਖਰਾ ਧਨੁ ਨਹੀਂ ਬਣਦਾ। ਸਾਡੇ ਇਸ "ਧਿਆਨੁ" ਦੇ ਧਨੁ ਨੂੰ ਉਹ ਆਪੇ ਖਰਾ ਬਣਾਉਂਦਾ ਹੈ, ਆਪਣਾ ਆਪ ਵਸਾ ਕੇ ਬਣਾਉਂਦਾ ਹੈ। ਆਪਣੇ ਇਸ ਸੱਚੇ ਧਨੁ ਦੇ ਰੂਪ ਵਿੱਚ ਹੀ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ, ਪ੍ਰਗਟ ਹੁੰਦਾ ਹੈ। ਸਾਡਾ ਧਿਆਨ ਸਾਡੇ ਵੱਸ ਵਿੱਚ ਨਹੀਂ ਹੈ। ਜਦੋਂ ਸਾਡਾ ਧਿਆਨ ਖਰਾ ਬਣ ਜਾਂਦਾ ਹੈ, ਇਹੀ ਸਾਡਾ ਪ੍ਰਮਾਤਮਾ ਦੇ ਨਾਲ ਧਿਆਨ ਦਾ ਜੁੜਨਾ ਹੈ, ਉਸ ਦੇ ਨਾਲ ਸੁਰਤਿ ਜੁੜਨੀ ਹੈ, ਸਾਡੀ ਸੁਰਤਿ ਦੇ ਵਿੱਚ ਸ਼ਬਦ ਦਾ ਵੱਸਣਾ ਹੈ, ਸੁਰਤਿ ਦੇ ਵਿੱਚ ਆਪ ਗੁਰੂ ਪ੍ਰਮਾਤਮਾ ਦਾ ਵੱਸਣਾ ਹੈ। ਮਨ ਦੀ ਇਹ ਅਵੱਸਥਾ ‘‘ਗਿਆਨੁ ਧਿਆਨੁ’’ ਦੀ ਅਵੱਸਥਾ ਹੈ ਜਿਸ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਗਿਆਨ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਤੱਤ ਸਾਰ ਦੀ ਸੋਝੀ ਪੈਂਦੀ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਣੀ॥}

(ਅੰਗ - ੧੨੪੩)

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਸੱਚਾ ਧਨ ਹੀ ਭਰਿਆ ਹੋਇਆ ਹੈ। ਸਾਡੀ ਸੱਚੀ ਸੁੱਚੀ ਕਰਨੀ ਇਸੇ ਧਨ ਦੁਆਰਾ

ਹੀ ਹੋ ਸਕਦੀ ਹੈ। ਅਸੀਂ ਆਪਣੀ ਸਾਰੀ ਜ਼ਿੰਦਗੀ, ਅੱਠੇ ਪਹਿਰ ਆਪਣੇ ਖਰੇ ਧਿਆਨ ਦੁਆਰਾ ਹੀ ਵਿਚਰਨੀ ਹੈ। ਇਹ ਸੱਚੇ ਧਨ ਦਾ ਖਰਚਣਾ ਹੈ। ਇਹ ਸੱਚੇ ਗੁਣਾਂ ਦਾ ਧਨ ਹੈ ਜੋ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ ਮਾੜੀ ਕਰਨੀ ਤੋਂ ਬਚਾਉਂਦਾ ਹੈ। ਸਾਡੀ ਸੱਚੀ ਕਰਨੀ ਸਾਨੂੰ ਗੁਰੂ ਪ੍ਰਮਾਤਮਾ ਨਾਲ ਜੋੜ ਕੇ ਰੱਖਦੀ ਹੈ। ਜਿੱਥੇ ਮਨੁੱਖ ਦੀ ਕਰਨੀ ਮਾੜੀ ਹੈ, ਗੁਰਮਤਿ ਅਨੁਸਾਰ ਨਹੀਂ ਹੈ ਉਸ ਵਿੱਚ ਗੁਰੂ ਨਹੀਂ ਹੈ। ਗੁਰੂ ਕੇਵਲ ਸਾਡੀ ਸੱਚੀ ਕਰਨੀ ਵਿੱਚ ਹੈ ਤੇ ਇਹੀ ਗੁਰਮਤਿ ਦਾ ਸਾਰ ਹੈ **(ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ॥)** ਇਹ ਦੁਨੀਆਂ ਵਿੱਚ ਚੰਗਿਆਈਆਂ ਵੰਡਣ ਦਾ ਧਨ ਹੈ ਜੋ ਕਿ ਕੇਵਲ ਸੱਚ ਨੂੰ ਅਪਣਾ ਕੇ ਹੀ ਵੰਡੀਆਂ ਜਾ ਸਕਦੀਆਂ ਹਨ, ਗੁਣੀ ਬਣਕੇ ਹੀ ਵੰਡੀਆਂ ਜਾ ਸਕਦੀਆਂ ਹਨ। ਇਸ ਧਨ ਦੇ ਖਰਚਣ ਦੁਆਰਾ ਜਿਹੜਾ ਧਨ ਅਸੀਂ ਇਕੱਠਾ ਕਰਨਾ ਹੈ ਉਹ ਸਾਡੀਆਂ ਚੰਗਿਆਈਆਂ ਦਾ ਧਨ ਹੈ। ਸਾਡੀ ਸੱਚੀ ਸੁੱਚੀ ਕਰਨੀ ਸਾਡੇ ਚੰਗੇ ਕਰਮਾਂ ਦਾ ਧਨ ਹੈ।

{ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥੩॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥੪॥੨॥}

(ਅੰਗ ੫੯੫-੫੯੬)

13/1318

ਗੁਰਮਤਿ ਦਾ ਮਾਰਗ ਆਪਣੀਆਂ ਬਦੀਆਂ ਨੂੰ, ਵਿਕਾਰਾਂ ਨੂੰ, ਮਾੜੇ ਕਰਮਾਂ ਨੂੰ ਬੰਨਣ ਦਾ ਮਾਰਗ ਹੈ ਤੇ ਤਾਂ ਹੀ ਸਾਡਾ ਖਰਚ ਚੰਗਾ ਹੋ ਸਕਦਾ ਹੈ। ਜੇਕਰ ਸਾਡੀਆਂ ਬੁਰਾਈਆਂ ਬੱਝ ਜਾਣਗੀਆਂ ਤਾਂ ਫਿਰ ਅਸੀਂ ਆਪਣੇ ਅੰਦਰ ਚੰਗਿਆਈਆਂ ਵਸਾ ਕੇ ਉਨ੍ਹਾਂ ਨੂੰ ਖਰਚਾਂਗੇ। ਜੇਕਰ ਅਸੀਂ ਪ੍ਰਮਾਤਮਾ ਦੇ ਮਹੱਲ ਵਿੱਚ ਪਹੁੰਚਣਾ ਚਾਹੁੰਦੇ ਹਾਂ ਤੇ ਉੱਥੇ ਤਾਂ ਚੰਗੇ ਕਰਮ ਕਰਕੇ ਹੀ ਪਹੁੰਚਿਆ ਜਾ ਸਕਦਾ ਹੈ। ਇਹ ਜੀਵਨ ਸਾਡਾ ਕਰਨੀ ਦਾ ਮਾਰਗ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਅਸੀਂ ਪ੍ਰਮਾਤਮਾ ਦੇ ਮਹੱਲ ਵਿੱਚ ਕਥਨੀ ਦੁਆਰਾ ਪਹੁੰਚਣਾ ਚਾਹੁੰਦੇ ਹਾਂ, ਮੁੱਖ ਦੁਆਰਾ ਬੋਲ ਬੋਲਣ ਦੁਆਰਾ ਪਹੁੰਚਣਾ ਚਾਹੁੰਦੇ ਹਾਂ, ਸਰੀਰਕ ਜਪਾਂ ਤਪਾਂ ਦੁਆਰਾ ਪਹੁੰਚਣਾ ਚਾਹੁੰਦੇ ਹਾਂ। ਇੱਕ ਅੱਖਰ ਦੇ ਜਪ ਨੂੰ ਹੀ ਨਾਮ ਜਪਣਾ ਕਹਿ ਕੇ ਉਸ ਦੁਆਰਾ ਨਾਮ ਧਨੁ ਇਕੱਠਾ ਕਰਨਾ ਸਮਝਦੇ ਹਾਂ ਤੇ ਨਾਲ ਇਹ ਵੀ ਉਮੀਦ ਲਾਈ ਬੈਠੇ ਹਾਂ ਕਿ ਇਸ ਤਰੀਕੇ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਵਾਂਗੇ। ਇਹ ਪ੍ਰਚਾਰ ਆਮ ਤੌਰ ਤੇ ਸੁਣਨ ਵਿੱਚ ਮਿਲਦਾ ਹੈ ਕਿ ਨਾਮ ਜਪੀ ਜਾਵੋ ਭਾਵ ਇੱਕ ਅੱਖਰ ਨੂੰ ਜਪੀ ਜਾਵੋ ਤੇ ਗਿਆਨ ਵਿੱਚੋਂ ਕੀ ਲੈਣਾ ਹੈ। ਔਗੁਣ ਛੱਡਣ ਦੀ ਕੀ ਲੋੜ ਹੈ, ਸੱਚੀ ਸੁੱਚੀ ਕਰਨੀ ਦੀ ਕੀ ਲੋੜ ਹੈ, ਇੱਕ ਅੱਖਰ ਦੇ ਜਪ ਦੁਆਰਾ ਆਪੇ ਹੀ ਸਾਰੇ ਔਗੁਣ ਸੜ ਜਾਣਗੇ। ਹੇ ਅਗਿਆਨਤਾ ਦੇ ਮਾਰਿਓ ਪ੍ਰਮਾਤਮਾ ਦਾ ਘਰ ਗਿਆਨ ਦਾ ਘਰ ਹੈ ਜਿੱਥੇ ਕੇਵਲ ਸੱਚੇ ਗਿਆਨ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ। ਸੱਚਾ ਗਿਆਨ ਹੀ ਅਸਲ ਵਿੱਚ ਨਾਮ ਧਨੁ ਹੈ ਜਿਸ ਨੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ।

13/1319

ਆਓ ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਵਿਚਾਰੀਏ ਤੇ ਸਮਝੀਏ ਕਿ ਉਸ ਦਾ ਅਸਲ ਜਪਣਾ ਕੀ ਹੈ, ਮੁੱਖੋਂ ਜਪਣਾ ਕੀ ਹੈ।

"ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ॥"

ਜਦੋਂ ਸਾਡੇ ਧਿਆਨ ਵਿੱਚ ਸੱਚ ਵੱਸ ਜਾਂਦਾ ਹੈ, ਨਾਮ ਧਨੁ, ਖਰਾ ਧਨੁ, ਵੱਸ ਜਾਂਦਾ ਹੈ, ਉਹ ਆਪ ਵੱਸ ਜਾਂਦਾ ਹੈ ਤੇ ਉਸ ਤੋਂ ਬਾਅਦ ਜੋ ਸਾਡਾ ਖਰਚ ਭਾਵ ਸਾਡੀ ਸੱਚੀ ਵਿਚਰਨ ਹੁੰਦੀ ਹੈ ਇਹੀ ਸਾਡਾ ਪ੍ਰਮਾਤਮਾ ਨੂੰ ਮਨੋ, ਤਨੋ ਤੇ ਮੁੱਖੋਂ ਜਪਣਾ ਹੈ। ਪ੍ਰਮਾਤਮਾ ਨੂੰ ਗੁਣਾਂ ਦੇ ਦੁਆਰਾ ਹੀ ਜਪਿਆ ਜਾ ਸਕਦਾ ਹੈ ਭਾਵ ਸੱਚੀ ਕਰਨੀ ਸਾਡੇ ਅੰਦਰ ਗੁਣ ਵੱਸਣ ਦੁਆਰਾ ਹੀ ਹੋ ਸਕਦੀ

ਹੈ, ਸੱਚੀ ਮਤਿ ਵੱਸਣ ਦੁਆਰਾ ਹੀ ਹੋ ਸਕਦੀ ਹੈ ਜਿਸ ਦੁਆਰਾ ਮਨ ਟਿਕ ਜਾਂਦਾ ਹੈ, ਸੰਤੋਖ ਵਿੱਚ ਆ ਜਾਂਦਾ ਹੈ ਭਾਵ ਮਾਇਆ ਮੋਹ ਵਿੱਚ ਨਹੀਂ ਦੌੜਦਾ। ਸਾਡੀ ਗੁਣਾਂ ਵਾਲੀ ਵਿਚਰਨ ਹੀ ਪ੍ਰਮਾਤਮਾ ਦਾ ਸੱਚਾ ਜਪ ਤਪ ਹੈ। ਜਦ ਤੱਕ ਸਾਡੇ ਅੰਦਰ ਗੁਣ ਨਹੀਂ ਵੱਸੇ ਭਾਵ ਔਗੁਣ ਨਹੀਂ ਨਿਕਲੇ ਤਦ ਤੱਕ ਮੁੱਖੋਂ ਜੋ ਮਰਜ਼ੀ ਬੋਲੀ ਜਾਈਏ ਉਸ ਵਿੱਚ ਕੋਈ ਗੁਣ ਨਹੀਂ ਹੈ। ਜੇਕਰ ਮਨ ਸੱਚਾ ਹੈ ਫਿਰ ਮੁੱਖ ਆਪੇ ਹੀ ਸੱਚਾ ਹੈ, ਮੁੱਖ ਸੱਚ ਬੋਲਦਾ ਹੈ, ਮੁੱਖ ਸੱਚ ਜਪਦਾ ਹੈ। **(ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ॥)** ਇੱਕ ਵਾਰੀ ਮਨੁੱਖ ਨੂੰ ਸੱਚੀ ਸੋਝੀ ਪੈ ਜਾਵੇ ਤਾਂ ਫਿਰ ਉਹ ਸਦਾ ਸੱਚ ਦੁਆਰਾ ਹੀ ਵਿਚਰਦਾ ਹੈ, ਹਰ ਵੇਲੇ, ਅੱਠੇ ਪਹਿਰ, ਦਿਨ ਰਾਤ ਗੁਰਮਤਿ ਦੁਆਰਾ ਹੀ ਵਿਚਰਦਾ ਹੈ।

ਖਰਾ ਧਨੁ, ਨਾਮ ਧਨੁ ਸਾਡੀ ਸੱਚੀ ਵੱਥ ਹੈ, ਨਾਮ ਵੱਥ ਹੈ। ਇਹ ਵੱਥ ਸਾਡੇ ਸੱਚੇ ਧਿਆਨ ਦੀ ਵੱਥ ਹੈ, ਸੱਚੇ ਗਿਆਨ ਦੀ ਵੱਥ ਹੈ, ਸਾਡੇ ਅੰਦਰ ਗੁਰਮਤਿ ਦੇ ਗਿਆਨ ਦੀ ਵੱਥ ਹੈ ਜਿਸ ਦੁਆਰਾ ਸਾਡੇ ਅੰਦਰ ਗੁਰੂ ਦੇ ਗੁਣਾਂ ਦਾ ਵਾਸਾ ਹੁੰਦਾ ਹੈ। ਇਸ ਤੋਂ ਦੂਸਰੀ ਵੱਥ ਕੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸੱਚੀ ਵੱਥ ਸਾਨੂੰ ਗੁਰੂ ਪ੍ਰਮਾਤਮਾ ਦੇ ਨਾਲ ਜੋੜਦੀ ਹੈ ਤੇ ਦੂਜੀ ਵੱਥ ਸਾਨੂੰ ਉਸ ਤੋਂ ਦੂਰ ਰੱਖਦੀ ਹੈ।

"ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ॥

ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ॥੪੯॥"

13/1320

ਦੂਸਰੀ ਵਥੁ ਸਾਡੇ ਅੰਦਰ ਦੀ ਹੁਉਮੈ ਹੈ, ਮਨਮਤਿ ਹੈ, ਕੱਚੀ ਮਤਿ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਇਹ ਸਾਡੀ "ਮੈ"ਂ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਨਾਲੋਂ ਪੜਦਾ ਬਣਿਆ ਰਹਿੰਦਾ ਹੈ, ਉਸ ਤੋਂ ਦੂਰੀ ਬਣੀ ਰਹਿੰਦੀ ਹੈ। ਪ੍ਰਮਾਤਮਾ ਸਾਨੂੰ ਮਨ ਦੀ ਸੋਝੀ ਦੁਆਰਾ ਮਿਲਦਾ ਹੈ ਤੇ ਹਉਮੈ ਦਾ ਮਕਸਦ ਹੀ ਸਾਨੂੰ ਉਸ ਸੋਝੀ ਤੋਂ ਦੂਰ ਰੱਖਣਾ ਹੈ। ਹਉਮੈ ਦਾ ਮੂਲ ਅਗਿਆਨਤਾ ਹੈ ਜੋ ਸਾਨੂੰ ਸੱਚੇ ਗਿਆਨ ਤੋਂ ਦੂਰ ਰੱਖਦੀ ਹੈ। ਹਉਮੈ ਸਾਡੀ ਤ੍ਰੈਗੁਣਾਂ ਦੀ ਅਵੱਸਥਾ ਹੈ ਜੋ ਸਾਨੂੰ ਚੌਥੇ ਪਦ ਤੋਂ ਦੂਰ ਰੱਖਦੀ ਹੈ। ਇਹ ਸਾਡੀ ਮੈਂ ਹੈ ਜੋ ਸਾਨੂੰ ਤੂੰ ਨੂੰ ਮਿਲਣ ਤੋਂ ਦੂਰ ਰੱਖਦੀ ਹੈ। ਸ਼ਬਦ ਦੇ ਸ਼ੁਰੂ ਵਿੱਚ ਅਸੀਂ ਇਹ ਜਾਣਿਆ ਸੀ ਕਿ ਜੋ ਵੀ ਇਸ ਸੰਸਾਰ ਵਿੱਚ ਆ ਜਾ ਰਿਹਾ ਹੈ, ਹਉਮੈ ਰੂਪ ਬੰਧਨ ਵਿੱਚ ਹੈ ਉਹ ਖਪ ਹੀ ਰਿਹਾ ਹੈ। **(ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥)** ਸਾਡੇ ਖਪਣ ਦਾ ਮੂਲ ਸਾਡੀ ਹਉਮੈ ਹੈ। ਸਾਡੇ ਅੰਦਰ ਹਉਮੈ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਭਾਵ ਆਪਣੇ ਆਪ ਦੀ ਸੋਝੀ ਪੈਣ ਤੋਂ ਦੂਰ ਰੱਖਣ ਵਾਲਾ ਉਹ ਆਪ ਹੈ ਭਾਵ ਸਾਨੂੰ ਖਪਾਉਣ ਵਾਲਾ, ਆਵਾਗਉਣ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ। **(ਹਉਮੈ ਖਪੈ ਖਪਾਇਸੀ)** ਇਹ ਹਉਮੈ ਹੀ ਸਾਡੀ ਦੂਸਰੀ ਵਥੁ ਹੈ। ਜਦ ਤੱਕ ਸਾਡੇ ਅੰਦਰ ਹਉਮੈ ਦੀ ਵੱਥ ਹੈ ਤਦ ਤੱਕ ਵਿਕਾਰ ਸਾਡੇ ਨਾਲ ਹੀ ਵੱਸਦਾ ਹੈ। **(ਬੀਜਉ ਵਥੁ ਵਿਕਾਰੁ॥)** ਸਾਰੇ ਵਿਕਾਰਾਂ ਦੀ ਜੜ੍ਹ ਇਹ ਹਉਮੈ ਹੈ, ਅਗਿਆਨਤਾ ਹੈ ਜੋ ਸਾਨੂੰ ਗੁਰਮਤਿ ਤੇ ਨਹੀਂ ਚੱਲਣ ਦਿੰਦੀ ਕਿਉਂਕਿ ਇਸ ਦੇ ਰਹਿੰਦਿਆਂ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਹੀ ਨਹੀਂ ਪੈਂਦੀ, ਨਾਮ ਦੀ ਸੱਚੀ ਸੋਝੀ ਹੀ ਨਹੀਂ ਪੈਂਦੀ। ਜਦ ਤੱਕ "ਹਉਮੈ" ਹੈ ਤਦ ਤੱਕ "ਨਾਮ" ਨਹੀਂ ਹੈ।

13/1321

ਸੱਚੀ ਸੋਝੀ ਨਾ ਹੋਣ ਕਰਕੇ ਹੀ ਅਸੀਂ ਵਿਕਾਰਾਂ ਵਿੱਚ ਪੈਂਦੇ ਹਾਂ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਹ ਵਿਕਾਰ ਹੈ ਕਿਉਂਕਿ ਉੱਥੇ ਸੱਚ ਨਹੀਂ ਹੈ। ਸੱਚ ਕੇਵਲ ਗੁਰਮਤਿ ਹੈ, ਸੱਚ ਕੇਵਲ ਨਾਮ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ। ਇਹ ਦੋਨੋਂ ਇੱਕ ਥਾਂ ਇਕੱਠੇ ਨਹੀਂ ਰਹਿ ਸਕਦੇ। ਜਿੱਥੇ ਵਿਕਾਰ ਹੈ ਉੱਥੇ ਗੁਣ ਨਹੀਂ ਹੈ, ਜਿੱਥੇ ਝੂਠ ਹੈ ਉੱਥੇ ਸੱਚ ਨਹੀਂ ਹੈ। ਜਿੱਥੇ ਅਗਿਆਨਤਾ ਹੈ ਉੱਥੇ ਗਿਆਨ ਨਹੀਂ ਹੈ ਤੇ ਜਿੱਥੇ ਗਿਆਨ ਹੈ ਉੱਥੇ ਅਗਿਆਨਤਾ ਨਹੀਂ ਹੈ। ਸਾਡੇ ਅੰਦਰ ਦੋਨਾਂ ਵਿੱਚੋਂ ਇੱਕ ਦਾ ਘਰ ਹੀ ਬਣਦਾ ਹੈ। ਪ੍ਰਮਾਤਮਾ ਨੇ ਸਭ ਨੂੰ ਹਉਮੈ ਵਿੱਚ ਹੀ ਰੱਖਿਆ ਹੋਇਆ ਹੈ। ਜੋ ਜੰਤ ਪੈਦਾ ਹੁੰਦਾ ਹੈ ਉਸ ਵਿੱਚ ਪ੍ਰਮਾਤਮਾ ਭਾਵ ਸਭ ਵਿੱਚ ਪ੍ਰਮਾਤਮਾ ਹਉਮੈ ਪਾ ਕੇ ਹੀ ਭੇਜਦਾ ਹੈ। ਇਹ ਪ੍ਰਮਾਤਮਾ ਦਾ ਆਪਣੇ ਆਪ ਨੂੰ ਸਾਡੇ ਤੋਂ ਵੱਖਰਾ ਰੱਖਣ ਦਾ ਤਰੀਕਾ ਹੈ ਜਿਸ ਕਰਕੇ ਉਹ ਸਭ ਲਈ ਅਪਾਰ ਹੀ ਬਣਿਆ ਰਹਿੰਦਾ ਹੈ, ਉਸ ਦਾ ਕੋਈ ਪਾਰ ਨਹੀਂ ਪਾ ਸਕਦਾ ਕਿ ਉਹ ਕੀ ਹੈ ਭਾਵ ਪ੍ਰਮਾਤਮਾ ਨਾਲੋਂ ਸਾਡਾ ਵੱਖਰਾਪਨ ਸਾਡੀ ਹਉਮੈ ਹੈ ਜਿਸ ਦੇ ਰਹਿੰਦਿਆਂ ਉਸ ਨੂੰ ਕੋਈ ਨਹੀਂ ਜਾਣ ਸਕਦਾ ਤੇ ਕੋਈ ਵੀ ਖਿਮਾ ਦੀ ਪ੍ਰਾਪਤੀ ਨਹੀਂ ਕਰ ਸਕਦਾ। **(ਹਉਮੈ ਖਪੈ ਖਪਾਇਸੀ**

ਬੀਜਉ ਵਥੁ ਵਿਕਾਰੁ॥ ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ॥੪੯॥)

ਅਸੀਂ ਉੱਪਰ ਪਿੱਛੇ ਸ਼ਬਦ ਵਿੱਚ ਗਿਆਨੀ ਅਖਵਾਉਣ ਵਾਲਿਆਂ ਬਾਰੇ ਕੁੱਝ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਨੂੰ ਵੀ ਕਾਫੀ ਕੁੱਝ ਸਮਝਣ ਦੀ ਲੋੜ ਹੈ ਭਾਵ ਗੁਰਬਾਣੀ ਨੂੰ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜ਼ਿਕਰ ਕੀਤਾ ਸੀ ਕਿ ਗਿਆਨੀ ਕੋਈ ਵੀ ਅਖਵਾ ਸਕਦਾ ਹੈ, ਜਿਸਨੂੰ

13/1322

ਚੰਗਾ ਲੱਗਦਾ ਹੈ ਅਖਵਾ ਸਕਦਾ ਹੈ ਇਹ ਸਭ ਦੀ ਆਪਣੀ ਆਪਣੀ ਖੁਸ਼ੀ ਹੈ। ਅਸੀਂ ਕਿਸੇ ਨੂੰ ਇੱਜਤ ਦੇਣ ਵਜੋਂ ਗਿਆਨੀ ਜੀ ਕਹਿ ਕੇ ਅਗਰ ਪੁਕਾਰਦੇ ਹਾਂ ਤੇ ਇਸ ਵਿੱਚ ਕੋਈ ਹਰਜ਼ ਨਹੀਂ ਹੈ। ਗੁਰਬਾਣੀ ਵਿੱਚ "**ਗਿਆਨੀ**" ਦਾ ਕੀ ਦਰਜਾ ਹੈ ਇਸ ਨੂੰ ਸਮਝਣਾ ਵੀ ਸਾਡਾ ਫਰਜ਼ ਹੈ। ਇਸ ਲੇਖ ਦਾ ਮਕਸਦ ਕੇਵਲ ਗੁਰਬਾਣੀ ਦੀ ਸੋਝੀ ਪਾਉਣਾ ਹੀ ਹੈ ਨਾ ਕਿ ਕਿਸੇ ਦੇ ਮਨ ਨੂੰ ਠੇਸ ਪਹੁੰਚਾਉਣਾ। ਸਭ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਉਹ ਗੁਰਬਾਣੀ ਦੇ ਮੂਲ ਭਾਵ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਇਸ ਲੇਖ ਦਾ ਮਕਸਦ ਕਿਸੇ ਨੂੰ ਕੋਈ ਨੀਵਾਂ ਦਿਖਾਉਣਾ ਨਹੀਂ ਹੈ। ਸਭ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਤੇ ਮਨ ਦੀ ਸੋਚ ਦੁਆਰਾ ਹੀ ਵਰਤ ਰਿਹਾ ਹੈ। ਜਿਸ ਨੂੰ ਜੋ ਵੀ ਅਵੱਸਥਾ ਬਖ਼ਸ਼ੀ ਹੋਈ ਹੈ ਉਸ ਦੀ ਆਪਣੀ ਹੀ ਬਖ਼ਸ਼ੀ ਹੋਈ ਹੈ। ਕਿਸੇ ਨੂੰ ਨੀਵਾਂ ਦਿਖਾਉਣਾ ਖੁਦ ਹੀ ਗੁਰਮਤਿ ਦੇ ਉਲਟ ਹੈ। ਇਸ ਕਰਕੇ ਇਸ ਲੇਖ ਦੇ ਮਕਸਦ ਨੂੰ ਸਮਝੀਏ ਤਾਂ ਜੋ ਅਸੀਂ ਸਹੀ ਸੋਝੀ ਦੁਆਰਾ ਗੁਰਮਤਿ ਨਾਲ ਜੁੜ ਸਕੀਏ। ਆਪਣੇ ਵੱਲੋਂ ਕੋਈ ਵੀ ਗੁਰਮਤਿ ਦੇ ਉਲਟ ਨਹੀਂ ਚੱਲਣਾ ਚਾਹੁੰਦਾ ਬਲਕਿ ਗੁਰਮਤਿ ਅਨੁਸਾਰ ਹੀ ਚੱਲਣਾ ਚਾਹੁੰਦਾ ਹੈ ਪਰ ਇਹ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ ਕਿ ਉਸ ਨੇ ਸਭ ਨੂੰ ਹਉਮੈ ਵਿੱਚ, ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਵਾਰ-ਵਾਰ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ। ਜੇਕਰ ਆਪ ਸਾਨੂੰ ਸੱਚੀ ਸੋਝੀ ਹੋਵੇਗੀ ਫਿਰ ਤਾਂ ਹੀ ਅਸੀਂ ਦੂਸਰਿਆਂ ਨੂੰ ਸੱਚੀ ਸੋਝੀ ਪਾ ਸਕਾਂਗੇ। ਸੱਚੀ ਸੋਝੀ ਬਿਨ੍ਹਾਂ ਨਾ ਅਸੀਂ ਆਪ ਗੁਰਮਤਿ ਤੇ ਚੱਲ ਸਕਦੇ ਹਾਂ ਤੇ ਨਾ ਹੀ ਕਿਸੇ ਹੋਰ ਨੂੰ ਪ੍ਰੇਰ ਸਕਦੇ ਹਾਂ। ਸੱਚਾ ਗਿਆਨ

13/1323

ਸਭ ਤੋਂ ਵੱਡਾ ਧਨੁ ਹੈ ਤੇ ਇਸ ਨੂੰ ਵੰਡਣਾ ਵੀ ਚੰਗੀ ਗੱਲ ਹੈ। ਅਸੀਂ ਗੁਰਮਤਿ ਦਾ ਪ੍ਰਚਾਰ ਇਸ ਧਨੁ ਨੂੰ ਅਪਣਾ ਕੇ ਤੇ ਵੰਡ ਕੇ ਹੀ ਕਰ ਸਕਦੇ ਹਾਂ। ਇਹ ਗਿਆਨ ਧਨੁ ਹੀ ਸਾਡਾ ਉਹ ਭੋਜਨ ਹੈ ਜਿਸ ਨੂੰ ਸਾਡਾ ਮਨ ਛਕਦਾ ਹੈ। ਇਹ ਧਨੁ ਆਪ ਖਾਣ ਦਾ ਤੇ ਖਰਚਣ ਦਾ ਧਨੁ ਹੈ। ਜੇਕਰ ਪਹਿਲੇ ਆਪ ਖਾਵਾਂਗੇ ਭਾਵ ਗੁਰਮਤਿ ਨੂੰ ਆਪਣੇ ਤੇ ਲਾਗੂ ਕਰਾਂਗੇ ਤੇ ਤਾਂ ਹੀ ਇਸ ਨੂੰ ਵੰਡਾਂਗੇ। ਪਹਿਲੇ ਇਸ ਨੂੰ ਆਪ ਛਕਣਾ ਜਰੂਰੀ ਹੈ, ਆਪ ਗੁਰਮਤਿ ਅਨੁਸਾਰ ਵਿਚਰਨਾ ਜਰੂਰੀ ਹੈ ਤੇ ਫਿਰ ਤਾਂ ਹੀ ਸਾਡੀ ਗੱਲ ਦਾ ਅਸਰ ਹੋਵੇਗਾ। ਇਹ ਸਾਡੇ ਸਾਰਿਆਂ ਦਾ ਰਲ ਮਿਲ ਕੇ ਖਾਣ ਤੇ ਖਰਚਣ ਦਾ ਭੋਜਨ ਹੈ। ਇਹੀ ਸਾਡਾ ਸਭ ਦਾ ਸੱਚਾ ਉੱਦਮ ਹੋਣਾ ਚਾਹੀਦਾ ਹੈ।

{ਖਾਵਹਿ ਖਰਚਹਿ ਰਲਿ ਮਿਲਿ ਭਾਈ॥

ਤੋਟਿ ਨ ਆਵੈ ਵਧਦੋ ਜਾਈ॥੩॥}

(ਅੰਗ ੧੮੬)

ਇਹ ਗਿਆਨ ਦਾ ਧਨੁ ਹੈ ਜੋ ਸਾਨੂੰ ਗੁਰੂ ਦੇ ਗੁਣਾਂ ਦੀ ਸਿੱਖਿਆ ਦਿੰਦਾ ਹੈ। ਗਿਆਨ ਨੂੰ ਜਿਤਨਾ ਵੰਡੀਏ ਉਤਨਾ ਵੱਧਦਾ ਹੈ। ਇਹ ਸੱਚ ਦਾ ਧਨੁ ਹੈ, ਜਿਤਨਾ ਇਸ ਨੂੰ ਸੰਸਾਰ ਵਿੱਚ ਵੰਡਿਆ ਜਾਵੇਗਾ ਉਤਨਾ ਹੀ ਸੱਚ ਵੱਧੇਗਾ। ਵੰਡਣ ਵਾਲੇ ਨੂੰ ਪਹਿਲਾਂ ਆਪ ਉਸ ਤੇ ਚੱਲਣਾ ਜਰੂਰੀ ਹੈ, ਪ੍ਰਚਾਰ ਕਰਨ ਵਾਲੇ ਨੂੰ ਪਹਿਲਾਂ ਆਪ ਉਸ ਤੇ ਅਮਲ ਕਰਨਾ ਜਰੂਰੀ ਹੈ। ਅਸੀਂ ਦੁਨੀਆਂ ਨੂੰ ਗੁਰਮਤਿ ਅਨੁਸਾਰ ਸੱਚੀ ਕਰਨੀ ਹੀ ਸਮਝਾਉਣੀ ਹੈ ਜੋ ਕਿ ਹਰਿ ਧਨੁ ਨੂੰ ਵੰਡਣਾ ਹੈ। ਜੇਕਰ ਆਪ ਇਸ ਨੂੰ ਖਰਚਾਂਗੇ ਤੇ ਤਾਂ ਹੀ ਹੋਰਾਂ ਨੂੰ ਖਰਚਣਾ ਸਮਝਾਵਾਂਗੇ। ਇਹ ਹਰਿ ਧਨੁ ਗੁਰੂ ਦਾ ਸੱਚਾ ਉਪਦੇਸ਼ ਹੈ। ਪਹਿਲਾਂ ਉਸ ਤੇ ਆਪ ਚੱਲਾਂਗੇ ਤੇ ਤਾਂ ਹੀ ਹੋਰਾਂ ਨੂੰ ਸਮਝਾਉਂਦੇ ਚੰਗੇ ਲੱਗਾਂਗੇ ਨਹੀਂ ਤਾਂ ਦੂਸਰਿਆਂ ਤੇ ਅਸਰ ਕੀ ਹੋਵੇਗਾ।

13/1324

"ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥

ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥
ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ॥
ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ॥ ਨਾਨਕ ਉਨ ਜਨ ਚਰਨ ਪਰਾਤਾ॥੭॥"

(ਅੰਗ ੨੬੯)

ਉੱਪਰ ਸ਼ਬਦ ਰਾਹੀਂ ਸਾਡੀ ਕਥਨੀ, ਕਰਨੀ ਦਾ ਭੇਦ ਹੀ ਸਮਝਾਇਆ ਹੋਇਆ ਹੈ ਜੋ ਕਿ ਹਰ ਕਿਸੇ ਨੂੰ ਬੜੀ ਸਰਲਤਾ ਨਾਲ ਸਮਝ ਆ ਸਕਦਾ ਹੈ। ਅਸੀਂ ਆਪਣੇ ਜੀਵਨ ਵਿੱਚ ਧਰਮ ਕਮਾਉਣ ਲਈ ਆਏ ਹਾਂ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪ੍ਰਸੰਨ ਕਰਨਾ ਹੈ, ਉਸ ਨਾਲ ਆਪਣੀ ਪ੍ਰੀਤ ਜਤਾਉਣੀ ਹੈ। ਅਸੀਂ ਪ੍ਰਮਾਤਮਾ ਨਾਲ ਆਪਣੀ ਪ੍ਰੀਤ ਕਥਨੀ ਨਾਲ ਜਤਾਉਣੀ ਹੈ ਜਾਂ ਕਰਨੀ ਦੁਆਰਾ ਜਤਾਉਣੀ ਹੈ ਇਹੀ ਇਸ ਸ਼ਬਦ ਦੁਆਰਾ ਸੋਝੀ ਪਾਈ ਹੋਈ ਹੈ। ਅਸੀਂ ਧਰਮ ਦੀ ਕਮਾਈ ਆਪਣੀ ਰਹਿਤ ਦੁਆਰਾ ਕਰਨੀ ਹੈ ਭਾਵ ਸਾਡੀ ਰਹਿਤ ਕਿਹੋ ਜਿਹੀ ਹੈ, ਸਾਡੇ ਜੀਵਨ ਦੀ ਰਹਿਣੀ ਬਹਿਣੀ ਭਾਵ ਸਾਡੇ ਕਾਰ ਵਿਹਾਰ ਕਿਹੋ ਜਿਹੇ ਹਨ, ਸੰਸਾਰ ਵਿੱਚ ਸਾਡੀ ਵਿਚਰਨ ਕਿਹੋ ਜਿਹੀ ਹੈ। ਸਾਡੀ ਰਹਿਤ ਤਾਂ ਚੰਗੀ ਨਹੀਂ ਹੁੰਦੀ ਪਰ ਅਸੀਂ ਧਰਮ ਦੀ ਕਮਾਈ ਆਪਣੀ ਕਥਨੀ ਦੁਆਰਾ ਹੀ ਕਰਦੇ ਹਾਂ। ਕਥਨੀ ਦੁਆਰਾ ਪ੍ਰਮਾਤਮਾ ਦੇ ਨਾਲ ਸਾਡੀ ਪ੍ਰੀਤ ਨਹੀਂ ਜੁੜ ਸਕਦੀ। ਪ੍ਰਮਾਤਮਾ ਦੇ ਨਾਲ ਪ੍ਰੀਤ ਅਸੀਂ ਆਪਣੀ ਕਰਨੀ ਦੁਆਰਾ ਜੋੜਨੀ ਹੈ, ਆਪਣੀ ਰਹਿਤ ਦੁਆਰਾ ਜੋੜਨੀ ਹੈ, ਸੰਸਾਰਿਕ ਵਿਚਰਨ ਦੁਆਰਾ ਜੋੜਨੀ ਹੈ, ਸੱਚੀ ਸੁੱਚੀ ਕਿਰਤ ਦੁਆਰਾ ਜੋੜਨੀ ਹੈ। ਜਿਸ ਦੇ ਮਨ ਵਿੱਚ ਗੁਰੂ ਲਈ ਪ੍ਰੀਤ ਹੈ ਉਹ ਉਸ ਦੇ ਕਹੇ ਅਨੁਸਾਰ, ਉਸਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ। ਅਸੀਂ ਆਪਣੀ ਪ੍ਰੀਤ ਦਿਖਾਉਣ ਦਾ ਤਰੀਕਾ ਪ੍ਰਮਾਤਮਾ ਦੀ ਬਾਣੀ ਨੂੰ ਮੁੱਖੋਂ ਬੋਲ ਬੋਲ ਕੇ ਹੀ ਕਰਨਾ ਸਮਝਦੇ ਹਾਂ, ਸ਼ਬਦ ਦਾ ਜਪ ਤਪ ਸਮਝਦੇ ਹਾਂ। ਸ਼ਬਦ ਨੂੰ ਪੜ੍ਹਨਾ ਸੁਣਨਾ ਜਾਂ ਕਿਸੇ ਅੱਖਰ ਦਾ ਜਪ ਕਰੀ

13/1325

ਜਾਣਾ, ਇਸੇ ਨੂੰ ਹੀ ਧਰਮ ਦੀ ਕਮਾਈ ਸਮਝਦੇ ਹਾਂ, ਗੁਰੂ ਗੁਰੂ ਬੋਲੀ ਜਾਣ ਨੂੰ ਹੀ ਗੁਰੂ ਦੇ ਨਾਲ ਪ੍ਰੀਤ ਜੋੜਨੀ ਸਮਝਦੇ ਹਾਂ। ਇਹ ਕੇਵਲ ਪ੍ਰਮਾਤਮਾ ਦੇ ਨਾਲ ਆਪਣੇ ਮੁੱਖ ਦੇ ਜ਼ੋਰ ਤੇ ਗੰਢ ਲਾਉਣ ਵਾਲੀ ਗੱਲ ਹੈ, ਉਸਦੇ ਨਾਲ ਜੁੜਨ ਵਾਲੀ ਗੱਲ ਹੈ। ਇਸ ਨੂੰ ਪ੍ਰਮਾਤਮਾ ਦੇ ਨਾਲ ਸਾਡੀ ਪ੍ਰੀਤ ਜੋੜਨ ਦਾ ਤਰੀਕਾ ਨਹੀਂ ਕਿਹਾ ਗਿਆ। ਕਥਨੀ ਦੁਆਰਾ ਅਸੀਂ ਗੁਰੂ ਦੀ ਸਿੱਖਿਆ ਨੂੰ ਸਮਝਣਾ ਹੈ। ਧਰਮ ਦੀ ਕਮਾਈ ਉਸ ਦੀ ਸਿੱਖਿਆ ਤੇ ਚੱਲ ਕੇ ਸਾਡੀ ਰਹਿਤ ਦੁਆਰਾ ਹੀ ਹੋਣੀ ਹੈ। **(ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥)** ਜਿਸ ਪ੍ਰਮਾਤਮਾ ਨਾਲ ਅਸੀਂ ਆਪਣੀ ਗੰਢ ਲਾਉਣੀ ਚਾਹੁੰਦੇ ਹਾਂ, ਪ੍ਰੀਤ ਦਿਖਾਉਣੀ ਚਾਹੁੰਦੇ ਹਾਂ ਉਹ ਬਹੁਤ ਸਿਆਣਾ ਹੈ ਤੇ ਸਾਡੀ ਇਹੋ ਜਿਹੀ ਪ੍ਰੀਤ ਦਿਖਾਉਣ ਨਾਲ ਉਹ ਸਾਡੇ ਨਾਲ ਨਹੀਂ ਭਿੱਜਦਾ। ਸਾਡੀ ਇਹੋ ਜਿਹੀ ਪ੍ਰੀਤ ਨੂੰ ਸਾਡਾ ਕੇਵਲ ਇੱਕ ਬਾਹਰੀ ਦਿਖਾਵਾ ਦੱਸਿਆ ਹੈ। ਪ੍ਰਮਾਤਮਾ ਕਿਸੇ ਵੀ ਤਰੀਕੇ ਦੇ ਦਿਖਾਵੇ ਨਾਲ ਸਾਡੇ ਨਾਲ ਨਹੀਂ ਭਿੱਜ ਸਕਦਾ। ਗੁਰੂ ਆਪਣੀ ਗੁਰਮਤਿ ਦੁਆਰਾ ਗੁਰੂ ਹੈ। ਗੁਰਮਤਿ ਦੇ ਨਾਲ ਭਿੱਜਣਾ ਗੁਰੂ ਪ੍ਰਮਾਤਮਾ ਦੇ ਨਾਲ ਭਿੱਜਣਾ ਹੈ। ਗੁਰਮਤਿ ਦੇ ਨਾਲ ਭਿੱਜਣ ਲਈ ਸਾਨੂੰ ਮੁੱਖੋਂ ਬੋਲ ਬੋਲ ਕੇ ਦਿਖਾਵਾ ਕਰਨ ਦੀ ਲੋੜ ਨਹੀਂ ਹੈ। ਗੁਰੂ ਦੀ ਸਿੱਖਿਆ ਨਾਲ ਸਾਡੇ ਮਨ ਨੇ ਭਿੱਜਣਾ ਹੈ। ਗੁਰੂ ਦੀ ਸਿੱਖਿਆ ਨੂੰ ਮੰਨ ਕੇ ਹੀ ਉਸ ਦੇ ਨਾਲ ਭਿੱਜਣਾ ਹੈ। ਗੁਰੂ ਦੀ ਸਿੱਖਿਆ ਨਾਲ ਭਿੱਜ ਕੇ ਸਾਡੀ ਰਹਿਤ ਆਪੇ ਹੀ ਚੰਗੀ ਹੋ ਜਾਵੇਗੀ, ਸਾਡੀ ਕਰਨੀ ਗੁਰਮਤਿ ਅਨੁਸਾਰ ਹੋ ਜਾਵੇਗੀ। ਪ੍ਰਮਾਤਮਾ ਦੇ ਨਾਲ ਸਾਡੀ ਪ੍ਰੀਤ ਸਾਡੀ ਚੰਗੀ ਕਰਨੀ ਦੁਆਰਾ ਹੀ ਜੁੜਦੀ ਹੈ ਤੇ ਮੁੱਖੋਂ ਬੋਲ ਬੋਲ ਕੇ ਆਪਣੀ ਪ੍ਰੀਤ ਦਿਖਾਉਣੀ

13/1326

ਕੇਵਲ ਇੱਕ ਦਿਖਾਵਾ ਹੈ। **(ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥)** ਕਥਨੀ ਸਾਡਾ "**ਭੇਖ**" ਹੈ ਤੇ "**ਕਰਨੀ**" ਸਾਡਾ ਨਾਮ ਜਪਣਾ ਹੈ। ਬਾਣੀ ਵਿੱਚ ਵਾਰ-ਵਾਰ ਭੇਖ ਦੀ ਗੱਲ ਆਉਂਦੀ ਹੈ ਤੇ ਸਾਨੂੰ ਇਹੀ ਸਮਝਾਇਆ ਹੁੰਦਾ ਹੈ ਕਿ ਇਨ੍ਹਾਂ ਦਿਖਾਵਿਆ ਤੋਂ ਬਚੋ ਤੇ ਸੱਚੀ ਕਿਰਤ ਨਾਲ ਜੁੜੋ। ਇਹ ਗੱਲ ਸਭ ਤੇ ਲਾਗੂ ਹੁੰਦੀ ਹੈ, ਗੁਰਬਾਣੀ ਦਾ ਗਿਆਨ ਸਭ ਲਈ ਇੱਕੋ ਜਿਹਾ ਹੈ। ਪ੍ਰਚਾਰਕਾਂ ਲਈ ਵੀ ਉਪਦੇਸ਼ ਇਹੋ ਹੀ ਹੈ। ਅਸੀਂ ਦੁਨੀਆਂ ਨੂੰ ਗੁਰਬਾਣੀ ਦਾ ਪ੍ਰਚਾਰ ਤਾਂ ਬਹੁਤ

ਕਰਦੇ ਹਾਂ ਪਰ ਆਪਣੇ ਉੱਤੇ ਲਾਗੂ ਕਿਤਨਾ ਕੁ ਕਰਦੇ ਹਾਂ, ਇਹ ਹਰ ਕੋਈ ਜਾਣਦਾ ਹੁੰਦਾ ਹੈ। ਅਸੀਂ ਦੂਸਰਿਆਂ ਨੂੰ ਮਾਇਆ ਮੋਹ ਵਿੱਚੋਂ ਨਿਕਲਣ ਦੀਆਂ ਗੱਲਾਂ ਸੁਣਾਉਂਦੇ ਹਾਂ ਪਰ ਸਭ ਦੇ ਆਪਣੇ ਅੰਦਰ ਕਿਤਨਾ ਕੁ ਮਾਇਆ ਮੋਹ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਜਿਹੜੀ ਗੱਲ ਗੁਰੂ ਦੀ ਅਸੀਂ ਆਪ ਨਹੀਂ ਮੰਨੀ ਉਹ ਦੂਸਰਿਆਂ ਨੂੰ ਵੀ ਕਹਿਣੀ ਔਖੀ ਹੁੰਦੀ ਹੈ। ਸਾਡੀ ਅਗਿਆਨਤਾ ਮਾਇਆ ਮੋਹ ਦਾ ਹਿੱਸਾ ਹੀ ਹੈ। ਜਦ ਤੱਕ ਸਾਨੂੰ ਆਪ ਸੱਚੀ ਸੋਝੀ ਨਹੀਂ ਤਦ ਤੱਕ ਅਸੀਂ ਕਿਸੇ ਨੂੰ ਕੀ ਸੋਝੀ ਦੇ ਸਕਦੇ ਹਾਂ। ਸਭ ਤੋਂ ਜਿਆਦਾ ਜਰੂਰੀ ਨਾਮ ਦੀ ਸੋਝੀ ਹੋਣਾ ਹੈ। ਸਾਡੀ ਮਾੜੀ ਕਰਨੀ ਦੀ ਜੜ੍ਹ, ਮਾੜੀ ਰਹਿਤ ਦੀ ਜੜ੍ਹ ਨਾਮ ਦੀ ਸੋਝੀ ਨਾ ਹੋਣ ਵਿੱਚ ਹੈ। ਅਸੀਂ ਆਪਣੀ ਅਗਿਆਨਤਾ ਦੁਆਰਾ ਇੱਕ ਅੱਖਰ ਦੇ ਜਪ ਨਾਲ ਜੁੜ ਕੇ ਗੁਰੂ ਪ੍ਰਮਾਤਮਾ ਨਾਲ ਆਪਣੀ ਪ੍ਰੀਤ ਦਿਖਾਉਣ ਦਾ ਤਰੀਕਾ ਸਮਝਿਆ ਹੋਇਆ ਹੈ ਕਿਉਂਕਿ ਇਹ ਤਰੀਕਾ ਬਹੁਤ ਸੌਖਾ ਹੈ। ਹਰ ਕੋਈ ਪ੍ਰਚਾਰਕ ਇਸ ਦੇ ਪ੍ਰਚਾਰ ਵਿੱਚ ਲੱਗਾ ਹੋਇਆ ਹੈ, ਹਰ ਕੀਰਤਨੀਆਂ ਇਸ ਦੇ ਪ੍ਰਚਾਰ ਵਿੱਚ ਲੱਗਾ ਹੋਇਆ ਹੈ। ਇਹੋ ਜਿਹੇ ਪ੍ਰਚਾਰ ਨਾਲ ਅਸੀਂ ਸੁਣਨ ਵਾਲਿਆਂ ਦਾ ਕਿਤਨਾ ਕੁ ਨੁਕਸਾਨ

13/1327

ਕਰ ਰਹੇ ਹਾਂ, ਮਨੁੱਖਤਾ ਨੂੰ ਕਿਤਨਾ ਕੁ ਉਲਝਾ ਰਹੇ ਹਾਂ, ਕਦੀ ਇਸ ਦਾ ਅੰਦਾਜ਼ਾ ਲਗਾ ਕੇ ਦੇਖੋ। ਅਸੀਂ ਚੰਗੀ ਕਰਨੀ ਨੂੰ ਕੋਈ ਤਰਜੀਹ ਨਹੀਂ ਦਿੰਦੇ ਤੇ ਆਪਣੇ ਪ੍ਰਚਾਰਕਾਂ ਨੂੰ ਉੱਚਾ ਸੁੱਚਾ ਮੰਨ ਕੇ ਉਨ੍ਹਾਂ ਤੇ ਅੰਧ ਵਿਸ਼ਵਾਸ ਕਰੀ ਜਾਂਦੇ ਹਾਂ। ਪ੍ਰਚਾਰਕਾਂ ਦੀ ਤਾਂ ਇਹ ਕਮਾਈ ਦਾ ਸਾਧਨ ਹੈ। ਨਾਮ ਦੀ ਕਮਾਈ ਨਹੀਂ, ਮਾਇਆ ਦੀ ਕਮਾਈ ਦਾ ਸਾਧਨ ਹੈ। ਮਾਇਆ ਮੋਹ ਵਿੱਚੋਂ ਨਿਕਲਣਾ ਤਾਂ ਦੂਰ, ਉਹ ਉਲਟਾ ਇਸ ਵਿੱਚ ਹੋਰ ਗਲਤਾਨ ਹੋਈ ਜਾਂਦੇ ਹਨ ਤੇ ਸਾਨੂੰ ਵੀ ਕਰੀ ਜਾਂਦੇ ਹਨ।

ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ, ਜਿਸ ਦੇ ਅੰਦਰ ਆਪ ਪ੍ਰਮਾਤਮਾ ਵੱਸਿਆ ਹੋਇਆ ਹੈ। ਸਾਨੂੰ ਸੱਚੀ ਸਿੱਖਿਆ ਕੇਵਲ ਗੁਰਬਾਣੀ ਨਾਲ ਜੁੜ ਕੇ ਹੀ ਮਿਲ ਸਕਦੀ ਹੈ। ਇਸੇ ਲਈ ਸਾਡਾ ਹਰ ਇੱਕ ਦਾ ਫਰਜ਼ ਹੈ ਕਿ ਅਸੀਂ ਗੁਰਬਾਣੀ ਨੂੰ ਆਪ ਪੜ੍ਹੀਏ, ਧਿਆਨ ਨਾਲ ਵਿਚਾਰੀਏ ਤੇ ਉਸ ਕੋਲੋਂ ਸਮਝੀਏ ਕਿ ਉਸ ਨਾਲ ਪ੍ਰੀਤ ਜੋੜਨੀ ਕੀ ਹੈ। ਇਹੀ ਕੁੱਝ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ ਕਿ ਉਹਨਾਂ ਦੇ ਪਿੱਛੇ ਨਾ ਲੱਗੀਏ ਜੋ ਖੁਦ ਆਪ ਗੁਰੂ ਦੇ ਉਪਦੇਸ਼ ਤੇ ਨਹੀਂ ਚੱਲਦੇ ਜਾਂ ਸਮਝਦੇ।

“ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ॥”

ਇੱਥੇ ਸਾਨੂੰ ਸਪੱਸ਼ਟ ਤੌਰ ਤੇ ਇਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਸੱਚੀ ਸਿੱਖਿਆ ਕਿੱਥੋਂ ਲੈਣੀ ਚਾਹੀਦੀ ਹੈ। ਸੱਚੀ ਸਿੱਖਿਆ ਉਹੀ ਦੇ ਸਕਦਾ ਹੈ ਜਿਸ ਨੂੰ ਉਸਦੀ ਸੱਚੀ ਸੋਝੀ ਹੈ ਤੇ ਉਹ ਆਪ ਖੁਦ ਉਸ ਸਿੱਖਿਆ ਦੁਆਰਾ ਵਿਚਰਦਾ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਸਾਨੂੰ ਗੁਰਬਾਣੀ ਦੇ ਰੂਪ ਵਿੱਚ ਸੱਚੀ ਸਿੱਖਿਆ ਦਿੱਤੀ ਹੈ ਤੇ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਉਸ ਸਿੱਖਿਆ ਨੂੰ ਕਮਾਇਆ

13/1328

ਵੀ ਹੈ, ਉਸ ਅਨੁਸਾਰ ਆਪਣਾ ਜੀਵਨ ਗੁਜਾਰਿਆ ਵੀ ਹੈ। ਸਿੱਖਿਆ ਦੇਣ ਦਾ ਹੱਕ ਉਸੇ ਨੂੰ ਹੈ ਜੋ ਉਸ ਸਿੱਖਿਆ ਅਨੁਸਾਰ ਆਪ ਚੱਲਦਾ ਵੀ ਹੈ। ਜੋ ਸਿੱਖਿਆ ਤੇ ਆਪ ਨਹੀਂ ਚੱਲਦਾ ਉਹ ਜਨਮ ਮਰਨ ਦੇ ਗੇੜ ਵਿੱਚ ਹੀ ਰਹਿੰਦਾ ਹੈ। ਜੋ ਆਪ ਜਨਮ ਮਰਨ ਵਿੱਚ ਹੈ, ਉਸ ਦੀ ਸਿੱਖਿਆ ਲੈ ਕੇ ਕਿਸੇ ਦਾ ਜਨਮ ਮਰਨ ਕੀ ਮੁੱਕਣਾ ਹੈ। ਸਭ ਤੋਂ ਜਰੂਰੀ ਗੁਰੂ ਦੀ ਸੱਚੀ ਸਿੱਖਿਆ ਨੂੰ ਸਮਝਣ ਦੀ ਹੈ। ਜਿਸ ਨੂੰ ਖੁਦ ਸਮਝ ਨਹੀਂ, ਉਹ ਕੀ ਉਸ ਤੇ ਚੱਲੇਗਾ ਤੇ ਕੀ ਕਿਸੇ ਨੂੰ ਸਮਝਾਵੇਗਾ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ, ਉਨ੍ਹਾਂ ਕੋਲ ਹੀ ਪ੍ਰਮਾਤਮਾ ਦੀ ਸੱਚੀ ਸੋਝੀ ਹੈ। ਜੋ ਉਸਨੂੰ ਭਾਉਂਦਾ ਹੈ ਉੱਥੇ ਹੀ ਉਹ ਆਪਣੀ ਸੱਚੀ ਸੋਝੀ ਦਿੰਦਾ ਹੈ। ਉਸ ਨੂੰ ਆਪਣਾ ਗੁਰੂ ਰੂਪ ਭਾਉਂਦਾ ਹੈ ਤੇ ਉੱਥੇ ਹੀ ਉਸਨੇ ਆਪਣੀ ਸੱਚੀ ਸੋਝੀ ਪਾਈ ਹੋਈ ਹੈ। ਜਿੱਥੇ ਉਸਦੇ ਚਰਨ ਵੱਸਦੇ ਹਨ ਉੱਥੇ ਹੀ ਉਸਦੀ ਸੱਚੀ ਸੋਝੀ ਹੈ। ਉਸ ਦੇ ਚਰਨ ਹੀ ਉਸਦੀ ਸੱਚੀ ਸੋਝੀ ਹੈ। ਪੂਰੀ ਗੁਰਬਾਣੀ ਉਸਦੇ ਚਰਨ ਹਨ, ਉਸ ਦੀ ਸੱਚੀ ਸੋਝੀ ਹੈ। ਆਓ ਗੁਰੂ ਦੇ ਚਰਨਾਂ ਨਾਲ ਜੁੜੀਏ ਤੇ ਉੱਥੋਂ ਸੱਚੀ ਸੋਝੀ ਲਈਏ। **(ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ॥ ਨਾਨਕ ਉਨ ਜਨ ਚਰਨ ਪਰਾਤਾ॥੭॥)**

ਗੁਰੂ ਸਾਹਿਬਾਨ ਨੇ ਜਿੰਨ੍ਹਾਂ ਨੇ ਸਾਨੂੰ ਗੁਰਬਾਣੀ ਦੇ ਰੂਪ ਵਿੱਚ ਸਿੱਖਿਆ ਦਿੱਤੀ ਹੈ, ਅਸੀਂ ਉਹਨਾਂ ਦੇ ਜੀਵਨ ਤੋਂ ਹੀ ਨਾਮ ਜਪਣਾ ਸਮਝ ਸਕਦੇ ਹਾਂ। ਉਹਨਾਂ ਨੇ ਆਪਣੀ ਸੱਚੀ ਸੁੱਚੀ ਕਰਣੀ ਦੁਆਰਾ ਆਪਣੀ ਸਿੱਖਿਆ ਤੇ ਚੱਲ ਕੇ ਦਿਖਾਇਆ ਹੈ। ਗੁਰਬਾਣੀ ਦਾ ਪ੍ਰਕਾਸ਼ ਧੰਨ ਧੰਨ ਪੰਜਵੀਂ ਪਾਤਸ਼ਾਹੀ ਨੇ ਆਪਣੇ ਹੱਥੀਂ ਹਰਿਮੰਦਰ ਸਾਹਿਬ ਵਿਖੇ ਕੀਤਾ ਸੀ। ਜਿੱਥੇ ਕੇਵਲ ਗੁਰਬਾਣੀ ਕੀਰਤਨ ਹੀ ਚੱਲਦਾ ਹੈ ਤੇ ਕੋਈ ਵੱਖਰਾ ਨਾਮ ਨਹੀਂ ਜਪਿਆ ਜਾਂਦਾ, ਕਿਸੇ ਅੱਖਰ ਦਾ ਜਾਪ ਨਹੀਂ ਜਪਿਆ ਜਾਂਦਾ। ਇਸ ਗੱਲ ਦਾ ਜ਼ਿਕਰ ਲੇਖ ਵਿੱਚ ਕਾਫੀ ਪਿੱਛੇ ਵੀ ਕੀਤਾ ਹੋਇਆ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇਹ ਮਰਿਆਦਾ ਅੱਜ ਵੀ ਉਸੇ ਤਰ੍ਹਾਂ ਚੱਲਦੀ ਆ ਰਹੀ ਹੈ ਤੇ ਉੱਥੇ ਕਿਸੇ ਰਾਗੀ ਸਿੰਘ ਨੂੰ ਕਿਸੇ ਅੱਖਰ ਦਾ ਜਪ ਨਹੀਂ ਕਰਨ ਦਿੱਤਾ ਜਾਂਦਾ। ਕੀ ਅਸੀਂ ਗੁਰੂ ਸਾਹਿਬ ਤੋਂ ਵੀ ਸਿਆਣੇ ਬਣ ਗਏ ਹਾਂ ਜਿੰਨ੍ਹਾਂ ਨਾਮ ਦੀ ਨਵੀਂ ਕਾਢ ਕੱਢ ਲਈ ਹੈ ਤੇ ਸਭ ਨੂੰ ਭਰਮ ਵਿੱਚ ਪਾਉਣ ਲਈ ਲੱਗੇ ਹੋਏ ਹਾਂ।

ਪ੍ਰਚਾਰਕਾਂ, ਕੀਰਤਨੀਆਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਗੁਰਬਾਣੀ ਦਾ ਪ੍ਰਚਾਰ ਕਰਨਾ ਕੋਈ ਮਾੜੀ ਗੱਲ ਨਹੀਂ ਹੈ। ਮਾੜੀ ਗੱਲ ਮਾੜੀ ਸੋਝੀ ਹੈ। ਆਪ ਗੁਰਬਾਣੀ ਨੂੰ ਬਰੀਕੀ ਨਾਲ ਸਮਝੋ ਤੇ ਆਪਣੇ ਜੀਵਨ ਵਿੱਚ ਵਸਾਉਣ ਦਾ ਉੱਦਮ ਕਰੋ ਤੇ ਦੁਨੀਆਂ ਨੂੰ ਗੁਰੂ ਦੇ ਸੱਚ ਨਾਲ ਜੋੜਨ ਦਾ ਉੱਦਮ ਕਰੋ। ਆਪਣਾ ਉਧਾਰ ਕਰਨ ਦਾ ਵੀ

13/1329

ਉੱਦਮ ਕਰੋ ਤੇ ਦੁਨੀਆਂ ਨੂੰ ਵੀ ਉਨ੍ਹਾਂ ਦੇ ਸੱਚੇ ਉੱਦਮ ਨਾਮ ਜੋੜੋ। ਆਪ ਵੀ ਚੰਗੀ ਕਰਨੀ ਕਰੋ ਤੇ ਦੁਨੀਆਂ ਨੂੰ ਵੀ ਚੰਗੀ ਕਰਨੀ ਸਿਖਾਓ। ਆਪ ਵੀ ਮਾੜੀ ਕਰਨੀ ਤੋਂ ਬਚੋ ਤੇ ਮਨੁੱਖਤਾ ਨੂੰ ਵੀ ਇਸ ਵਿੱਚੋਂ ਨਿਕਲਣ ਲਈ ਪ੍ਰੇਰੋ। ਸੱਚੀ ਸੁੱਚੀ ਕਰਨੀ ਹੀ ਨਾਮ ਜਪਣਾ ਹੈ। ਆਪ ਵੀ ਨਾਮ ਜਪਣ ਦਾ ਉੱਦਮ ਕਰੋ ਤੇ ਦੁਨੀਆਂ ਨੂੰ ਇਹੋ ਜਿਹਾ ਉੱਦਮ ਸਿਖਾਓ।

ਆਓ ਹੁਣ ਇਹ ਗੱਲ ਗੁਰਬਾਣੀ ਰਾਹੀਂ ਸਮਝੀਏ ਕਿ ਉਸ ਗੁਰੂ ਦਾ ਗਿਆਨੀ ਬਣਨਾ ਕੀ ਹੈ ਤੇ ਉਸ ਦਾ ਕੀਰਤਨੀਆਂ ਬਣਨਾ ਕੀ ਹੈ। ਪਹਿਲਾਂ ਸ਼ਬਦਾਂ ਰਾਹੀਂ ਅਸੀਂ ਇਹ ਸਮਝਦੇ ਹਾਂ ਕਿ ਅਸੀਂ ਕਿਹੋ ਜਿਹਾ ਗਿਆਨੀ ਬਣਨਾ ਹੈ।

“ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥
ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥
ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ॥
ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ॥
ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ॥
ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ॥੨੧॥”

(ਅੰਗ ੧੪੧੫)

ਉੱਪਰ ਸ਼ਬਦ ਨੂੰ ਅਗਰ ਧਿਆਨ ਨਾਲ ਵਿਚਾਰੀਏ ਤਾਂ ਇੱਥੇ ਮਨ ਦੀਆਂ ਦੋਨਾਂ ਅਵੱਸਥਾਵਾਂ ਦਾ ਜ਼ਿਕਰ ਕੀਤਾ ਹੋਇਆ ਹੈ ਜਿੰਨ੍ਹਾਂ ਦਾ ਜ਼ਿਕਰ ਬਾਣੀ ਵਿੱਚ ਵਾਰ-ਵਾਰ ਕੀਤਾ ਹੋਇਆ ਹੈ। ਇੱਕ ਮਨਮਤਿ ਵਾਲੀ ਅਵੱਸਥਾ ਹੈ ਅਤੇ ਦੂਸਰੀ ਗੁਰਮਤਿ ਵਾਲੀ ਅਵੱਸਥਾ ਹੈ। ਇੱਕ ਮਨਮੁਖਿ ਵਾਲੀ ਅਵੱਸਥਾ ਹੈ, ਦੂਸਰੀ ਗੁਰਮੁਖਿ ਵਾਲੀ ਅਵੱਸਥਾ ਹੈ। ਇੱਕ ਅਗਿਆਨੀ ਵਾਲੀ ਅਵੱਸਥਾ ਹੈ, ਦੂਜੀ ਗਿਆਨੀ ਵਾਲੀ ਅਵੱਸਥਾ ਹੈ। ਇੱਕ ਅਵੱਸਥਾ

13/1330

ਵਿੱਚ ਸਾਡੇ ਅੰਦਰ ਮਾਇਆ ਮੋਹ ਦਾ ਵਾਸ ਸਮਝਾਇਆ ਹੋਇਆ ਹੈ ਤੇ ਦੂਸਰੀ ਅਵੱਸਥਾ ਵਿੱਚ ਸ਼ਬਦ ਦਾ ਵਾਸ ਸਮਝਾਇਆ ਹੋਇਆ ਹੈ। ਦੋਨਾਂ ਅਵੱਸਥਾਵਾਂ ਵਿੱਚ ਫ਼ਰਕ ਕੇਵਲ ਬਾਣੀ ਦੀ ਸੋਝੀ ਹੋਣਾ ਜਾਂ ਨਾ ਹੋਣਾ ਹੈ। ਸਾਰਾ ਭੇਦ ਇਸੇ ਗੱਲ ਦਾ ਹੀ ਹੈ। ਸਾਡੇ ਮਨ ਦੀ ਜੋ ਵੀ ਅਵੱਸਥਾ ਹੈ ਉਹ ਸੋਝੀ ਕਰਕੇ ਹੀ ਹੈ। ਫ਼ਰਕ ਸੋਝੀ ਸੋਝੀ ਦਾ ਹੀ ਹੈ, ਕੱਚੀ ਸੋਝੀ ਤੇ ਸੱਚੀ ਸੋਝੀ ਦਾ ਹੀ ਹੈ। ਮਨਮੁਖਿ ਦੀ ਅਵੱਸਥਾ ਮਾਇਆ ਮੋਹ ਵਾਲੀ ਅਵੱਸਥਾ ਹੈ, ਮਾਇਆ ਇਕੱਠੀ ਕਰਨ ਦੀ ਅਵੱਸਥਾ ਹੈ ਜਿਸ ਦਾ ਮੂਲ ਕਾਰਨ ਮਨ ਵਿੱਚ ਸੱਚੀ ਸੋਝੀ ਦਾ ਨਾ ਹੋਣਾ ਹੈ ਜਿਸ ਦੁਆਰਾ ਅਸੀਂ ਤ੍ਰਿਸ਼ਨਾ ਦੀ ਅਗਨਿ ਵਿੱਚ ਜਲਦੇ ਹਾਂ। **(ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥)** ਸਾਡੀ ਇਸ ਅਵੱਸਥਾ ਦਾ ਕਾਰਨ ਕੀ ਹੈ, ਇਹ ਨਾਲ ਹੀ ਅਗਲੀ ਪੰਗਤੀ

ਰਾਹੀਂ ਸਮਝਾਇਆ ਹੋਇਆ ਹੈ।

“ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥”

ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਹੋਣਾ ਕੀ ਹੈ। ਸਾਡੇ ਅੰਦਰ ਤ੍ਰਿਸ਼ਨਾ ਦਾ ਕਾਰਨ ਸਾਡੀ ਅਗਿਆਨਤਾ ਹੈ, ਬਾਣੀ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ। ਬਾਣੀ ਸਾਨੂੰ ਸੋਝੀ ਦੇਣ ਲਈ ਰਚੀ ਗਈ ਹੈ, ਸਾਨੂੰ ਅਗਿਆਨਤਾ ਵਿੱਚੋਂ ਕੱਢਣ ਲਈ ਰਚੀ ਗਈ ਹੈ ਜੋ ਕਿ ਉਸਦਾ ਵੱਡਾ ਮਨੋਰਥ ਹੈ। ਬਾਣੀ ਦੇ ਸ਼ਬਦ ਦੁਆਰਾ ਅਸੀਂ ਆਪਣੇ ਮਨ ਨੂੰ ਰੌਸ਼ਨ ਕਰਨਾ ਹੈ, ਮਨ ਦੇ ਵਿੱਚ ਸ਼ਬਦ ਦਾ ਪ੍ਰਕਾਸ਼ ਕਰਨਾ ਹੈ, ਉਸ ਦੀ ਸੋਝੀ ਦਾ ਪ੍ਰਕਾਸ਼ ਕਰਨਾ ਹੈ। **(ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥)** ਗੁਰੂ ਦਾ ਸ਼ਬਦ ਸਾਨੂੰ ਸੋਝੀ ਪਾਉਣ ਲਈ ਹੈ ਜੋ ਕਿ ਉਸਦਾ ਮਕਸਦ ਹੈ। ਜੇਕਰ ਅਸੀਂ ਕੇਵਲ ਸ਼ਬਦ ਨੂੰ ਰਟੀ ਜਾਵਾਂਗੇ, ਪੜ੍ਹੀ ਜਾਵਾਂਗੇ, ਬੋਲੀ ਜਾਵਾਂਗੇ, ਮੁੱਖੋਂ ਸ਼ਬਦ ਦਾ ਜਪ ਕਰੀ ਜਾਵਾਂਗੇ ਤਾਂ ਫਿਰ ਉਸ

13/1331

ਨਾਲ ਸਾਨੂੰ ਸੋਝੀ ਕੀ ਪਵੇਗੀ, ਸ਼ਬਦ ਦਾ ਮਨੋਰਥ ਕਿਵੇਂ ਪੂਰਾ ਹੋਵੇਗਾ। ਇਹ ਕੇਵਲ ਪ੍ਰਮਾਤਮਾ ਦੇ ਨਾਲ ਮੁੱਖੋਂ ਗੰਢ ਲਾਉਣ ਵਾਲੀ ਗੱਲ ਹੈ ਜਿਸ ਦੁਆਰਾ ਗੁਰੂ ਸਾਡੇ ਨਾਲ ਕਦੇ ਨਹੀਂ ਭਿੱਜ ਸਕਦਾ।

{ਰਹਤ ਅਵਰ ਕਛੁ ਅਵਰ ਕਮਾਵਤ॥ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥}

ਪ੍ਰਮਾਤਮਾ ਨੇ ਹਰ ਕਿਸੇ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਮਨਮੁਖਿ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਆਪਣੇ ਆਪ ਇਹ ਸਮਝ ਨਹੀਂ ਪੈਂਦੀ ਕਿ ਪ੍ਰਮਾਤਮਾ ਦੀ ਭਗਤੀ ਕੀ ਹੈ, ਉਸਨੂੰ ਜਪਣਾ ਕੀ ਹੈ ਜਿਸ ਦੁਆਰਾ ਅਸੀਂ ਆਪਣੇ ਜੀਵਨ ਨੂੰ ਸਵਾਰ ਸਕਦੇ ਹਾਂ। ਇਸ ਦੀ ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੀ ਹੈ ਕਿ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ, ਉਸ ਨੂੰ ਕਿਹੋ ਜਿਹੀ ਪ੍ਰੀਤ ਭਾਉਂਦੀ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਕੀ ਭਾਉਂਦਾ ਹੈ ਇਹੀ ਗੁਰਬਾਣੀ ਰਾਹੀਂ ਸਾਨੂੰ ਸਭ ਨੂੰ ਸਮਝਾਇਆ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ॥”

ਪਹਿਲਾਂ ਤਾਂ ਸਾਡੇ ਲਈ ਇਸ ਗੱਲ ਤੇ ਹੀ ਵਿਸ਼ਵਾਸ ਕਰਨਾ ਜਰੂਰੀ ਹੈ ਕਿ ਸਾਡੇ ਅੰਦਰ ਉਹ ਸੋਝੀ ਨਹੀਂ ਹੈ ਜਿਸ ਦੁਆਰਾ ਅਸੀਂ ਸੱਚ ਨੂੰ ਸਮਝ ਸਕੀਏ। ਗੁਰਬਾਣੀ ਦੀ ਰਚਨਾ ਦਾ ਮਕਸਦ ਹੀ ਇਹ ਹੈ, ਸਭ ਲਈ ਇੱਕੋ ਸ੍ਰੋਤ ਹੈ ਜਿੱਥੋਂ ਅਸੀਂ ਅਸਲੀਅਤ ਨੂੰ ਜਾਣ ਸਕਦੇ ਹਾਂ ਕਿ ਪ੍ਰਮਾਤਮਾ ਨਾਲ ਮੇਲ ਕਿਵੇਂ ਹੋ ਸਕਦਾ ਹੈ ਭਾਵ ਉਸਨੂੰ ਕਿਵੇਂ ਜਪਿਆ ਜਾ ਸਕਦਾ ਹੈ। ਗੁਰੂ ਦਾ ਹਰ

13/1332

ਸ਼ਬਦ ਉਸਦਾ ਬਚਨ ਹੈ ਤੇ ਉਸਦਾ ਬਚਨ ਹੀ ਅਸਲ ਵਿੱਚ ਗੁਰੂ ਹੈ।

{ਸਤਿਗੁਰ ਬਚਨ ਬਚਨ ਹੈ ਸਤਿਗੁਰ}

(ਅੰਗ - ੧੩੦੯)

ਗੁਰੂ ਦੇ ਬਚਨਾਂ ਤੇ ਵਿਸ਼ਵਾਸ ਕਰਨਾ ਹੀ ਗੁਰੂ ਤੇ ਵਿਸ਼ਵਾਸ ਕਰਨਾ ਹੈ ਭਾਵ ਗੁਰੂ ਨਾਲ ਆਪਣੇ ਵਿਸ਼ਵਾਸ ਦਾ ਪ੍ਰਗਟਾਵਾ ਅਸੀਂ ਉਸ ਦੇ ਬਚਨਾਂ ਤੇ ਵਿਸ਼ਵਾਸ ਕਰਕੇ ਹੀ ਕਰ ਸਕਦੇ ਹਾਂ। ਇਸ ਗੱਲ ਨੂੰ ਬੜੇ ਹੀ ਧਿਆਨ ਨਾਲ ਘੋਖਣ ਦੀ ਲੋੜ ਹੈ ਕਿ ਅਸੀਂ ਗੁਰੂ ਦੇ ਬਚਨਾਂ ਤੇ ਕਿੰਨਾ ਕੁ ਵਿਸ਼ਵਾਸ ਕਰਦੇ ਹਾਂ। ਹਰ ਕਿਸੇ ਨੇ ਆਪਣੇ ਆਪ ਨੂੰ ਕਿਸੇ ਦੇਹਧਾਰੀ ਨਾਲ ਜੋੜਿਆ ਹੋਇਆ ਹੈ, ਕਿਸੇ ਸਿਰਮੌਰ ਨਾਲ ਜੋੜਿਆ ਹੋਇਆ ਹੈ ਤੇ ਅਸੀਂ ਉਹਨਾਂ ਦੇ ਕਹੇ ਹੋਏ ਬਚਨਾਂ ਨੂੰ ਹੀ ਉੱਚਾ ਸਮਝ ਕੇ ਮੰਨਦੇ ਹਾਂ। ਉਹਨਾਂ ਦੇ ਬਚਨ ਗੁਰਬਾਣੀ ਦੇ ਬਚਨਾਂ ਨਾਲ ਮੇਲ ਖਾਂਦੇ ਹਨ ਜਾਂ ਨਹੀਂ ਖਾਂਦੇ ਇਸ ਦੀ ਸਾਨੂੰ ਕੋਈ ਪ੍ਰਵਾਹ ਨਹੀਂ ਹੈ। ਅਸੀਂ ਅਸਲ ਵਿੱਚ ਆਪਣਾ ਆਪ ਕਿਸੇ ਨਾ ਕਿਸੇ ਦੇਹ ਰੂਪੀ ਨੂੰ ਸੌਂਪਿਆ ਹੋਇਆ ਹੈ ਤੇ ਆਪਣਾ ਪੂਰਨ ਵਿਸ਼ਵਾਸ ਉਹਨਾਂ ਦੇ ਬਚਨਾਂ ਤੇ ਟਿਕਾਇਆ ਹੋਇਆ ਹੈ। ਸਾਡੀ ਸਭ ਤੋਂ ਵੱਡੀ ਬਿਮਾਰੀ ਦੀ ਜੜ੍ਹ ਇੱਥੇ ਹੀ ਹੈ ਜੋ ਸਾਨੂੰ ਗੁਰੂ ਦੇ ਬਚਨਾਂ ਨਾਲ ਜੁੜਨ ਨਹੀਂ ਦਿੰਦੀ। ਸਾਨੂੰ ਭਾਵੇਂ ਇਹ ਸਪੱਸ਼ਟ ਨਜ਼ਰ ਆ ਰਿਹਾ ਹੋਵੇ ਕਿ ਬਾਣੀ ਵਿੱਚ ਸਾਨੂੰ ਜੋ ਨਾਮ ਸਮਝਾਇਆ ਗਿਆ ਹੈ ਉਹ ਕਿਸੇ

ਸਿਰਮੌਰ ਦੇ ਬਚਨਾਂ ਤੇ ਪੂਰਾ ਨਹੀਂ ਉਤਰਦਾ ਪਰ ਫਿਰ ਵੀ ਸਾਨੂੰ ਵਿਸ਼ਵਾਸ ਉਸ ਸਿਰਮੌਰ ਦੇ ਬਚਨਾਂ ਤੇ ਹੀ ਆਉਂਦਾ ਹੈ, ਕਿਸੇ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਆਦਿ ਤੇ ਹੀ ਆਉਂਦਾ ਹੈ, ਜਿੰਨ੍ਹਾਂ ਨੂੰ ਅਸੀਂ ਬਹੁਤ ਵੱਡਾ ਮੰਨ ਚੁੱਕੇ ਹਾਂ। ਉਹਨਾਂ ਦੇ ਬਚਨ ਅਸੀਂ ਗੁਰੂ ਦੇ ਬਚਨਾਂ ਤੋਂ ਵੀ ਉੱਚੇ ਮੰਨਦੇ ਹਾਂ। ਸਾਡੀ ਬਿਮਾਰੀ ਸਾਡੀ ਅਗਿਆਨਤਾ ਹੈ, ਨਾਮ ਦੀ ਸੋਝੀ ਨਾ ਪੈਣਾ ਹੈ ਤੇ ਜਦੋਂ ਇਸ

13/1333

ਬਿਮਾਰੀ ਦੀ ਜੜ੍ਹ ਨੂੰ ਫਰੋਲਾਂਗੇ ਉਹ ਸਿਰਮੌਰਾ ਤੱਕ ਹੀ ਪਹੁੰਚੇਗੀ ਜਿੰਨ੍ਹਾਂ ਨੇ ਸਾਨੂੰ ਨਾਮ ਜਪਣਾ ਸਿਖਾਇਆ ਹੈ। ਪਿਛਲੇ ਕੁੱਝ ਦਹਾਕਿਆਂ ਵਿੱਚ ਇਹ ਜੜ੍ਹ ਕਾਫੀ ਵੱਧ ਗਈ ਹੈ ਤੇ ਇਸ ਦਾ ਕਾਰਨ ਬਿਲਕੁਲ ਸਪੱਸ਼ਟ ਹੈ। ਦਾਸ ਨਾਲ ਇਹ ਗੱਲ ਪ੍ਰਤੱਖ ਤੌਰ ਤੇ ਸਾਹਮਣੇ ਆਈ ਹੈ। ਗੁਰੂ ਦੀ ਸੱਚੀ ਗੱਲ ਨੂੰ ਕੋਈ ਸੁਣਨ ਲਈ ਵੀ ਤਿਆਰ ਨਹੀਂ ਹੁੰਦਾ ਕਿਉਂਕਿ ਇਸ ਵਿੱਚ ਉਹਨਾਂ ਦੇ ਸਿਰਮੌਰ ਨੂੰ ਭਾਵ ਸਿਰਮੌਰ ਦੇ ਮਾਣ ਨੂੰ ਠੇਸ ਪਹੁੰਚਦੀ ਹੈ ਜੋ ਕਿਸੇ ਕੋਲੋਂ ਬਰਦਾਸ਼ਤ ਨਹੀਂ ਹੁੰਦਾ। ਗੁਰੂ ਦੇ ਮਾਣ ਨੂੰ ਠੇਸ ਪਹੁੰਚਾ ਕੇ ਉਹਨਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਜਿਸ ਕੋਲੋਂ ਸਾਨੂੰ ਸਭ ਕੁੱਝ ਮਿਲਣਾ ਹੈ ਜੇਕਰ ਸਾਨੂੰ ਉਸ ਤੇ ਹੀ ਵਿਸ਼ਵਾਸ ਨਹੀਂ ਹੈ ਤਾਂ ਅਸੀਂ ਪ੍ਰਾਪਤੀ ਕਿਸ ਕੋਲੋਂ ਕਰਨੀ ਚਾਹੁੰਦੇ ਹਾਂ। ਸਿਵਾਏ ਗੁਰੂ ਤੇ ਵਿਸ਼ਵਾਸ ਰੱਖਣ ਦੇ, ਗੁਰੂ ਦੇ ਬਚਨਾਂ ਤੇ ਵਿਸ਼ਵਾਸ ਰੱਖਣ ਦੇ ਨਾ ਹੀ ਅੱਜ ਤੱਕ ਉਸਨੂੰ ਕਿਸੇ ਨੇ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ। ਹਰ ਕੋਈ ਭਰਮ ਵਿੱਚ ਹੀ ਹੈ।

(ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ॥)

ਇਸ ਬਿਮਾਰੀ ਦੀ ਜੜ੍ਹ ਅਸਲ ਵਿੱਚ ਅਗਿਆਨਤਾ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਇਸ ਬਿਮਾਰੀ ਦਾ ਰੂਪ ਜੋ ਸਾਡੇ ਸਾਹਮਣੇ ਹੈ ਉਹ ਸਾਡੇ ਮਾੜੇ ਕਰਮ ਹਨ ਜਿਸ ਦਾ ਮੂਲ ਅਗਿਆਨਤਾ ਹੈ। ਸਾਡੇ ਮਾੜੇ ਕਰਮ ਹੀ ਪੂਰੇ ਸਮਾਜ ਵਿੱਚ ਇੱਕ ਬਿਮਾਰੀ ਦੀ ਤਰ੍ਹਾਂ ਹਨ। ਨਾਮ ਦੀ ਸੋਝੀ ਨਾ ਪੈਣਾ ਕੇਵਲ ਸਾਡੀ ਅਗਿਆਨਤਾ ਹੈ ਜਿਸ ਦਾ ਸਿੱਧਾ ਅਸਰ ਸਾਡੀ ਕਰਨੀ ਤੇ ਪੈਂਦਾ ਹੈ ਕਿਉਂਕਿ ਸਾਨੂੰ ਸਮਝਾਉਣ ਵਾਲੇ, ਉਪਦੇਸ਼ ਕਰਨ ਵਾਲੇ ਸਮਝਾਉਂਦੇ ਹੀ ਇਹ ਕੁੱਝ ਹਨ ਕਿ ਇੱਕ ਅੱਖਰ ਦਾ ਜਪ ਕਰਨ ਨਾਲ ਸਾਡੇ ਸਾਰੇ ਦੁੱਖ ਆਪੇ ਹੀ ਕੱਟੇ ਜਾਂਦੇ ਹਨ। ਉਹ ਅਸਲ ਦਵਾਈ ਅੱਖਰ ਦੇ ਜਪ ਨੂੰ ਸਮਝਾਉਂਦੇ ਹਨ ਤੇ ਔਗੁਣਾਂ ਵਿੱਚੋਂ ਨਿਕਲਣ ਨੂੰ ਜਿਸ ਦੁਆਰਾ ਸਾਡੀ ਚੰਗੀ ਕਰਨੀ ਹੋਣੀ ਹੈ

13/1334

ਉਸਨੂੰ ਕੇਵਲ ਇੱਕ ਪ੍ਰਹੇਜ ਮਾਤਰ ਹੀ ਸਮਝਾਉਂਦੇ ਹਨ। ਇਹ ਤਾਂ ਅਸਲ ਵਿੱਚ ਹਰ ਕਿਸੇ ਨੂੰ ਮਾਇਆ ਮੋਹ ਵਿੱਚ ਫਸੇ ਰਹਿਣ ਦਾ ਉਪਦੇਸ਼ ਦੇਣ ਵਾਲੀ ਗੱਲ ਹੈ, ਮਾੜੇ ਕਰਮ ਕਰੀ ਜਾਣ ਦਾ ਉਪਦੇਸ਼ ਦੇਣ ਵਾਲੀ ਗੱਲ ਹੈ। ਇਹੋ ਜਿਹਾ ਉਤਸ਼ਾਹ ਲੈ ਕੇ ਕੌਣ ਆਪਣੀ ਮਾੜੀ ਕਰਨੀ ਛੱਡੇਗਾ, ਕੌਣ ਔਗੁਣਾਂ ਵਿੱਚੋਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ ਆਦਿ ਵਿੱਚੋਂ ਨਿਕਲਣ ਦਾ ਉੱਦਮ ਕਰੇਗਾ। ਕੌਣ ਸੱਚ ਤੇ ਚੱਲਣ ਦਾ ਉੱਦਮ ਕਰੇਗਾ। ਇਹ ਸਮਾਜ ਨੂੰ ਸੁਧਾਰਨ ਵਾਲਾ ਉਪਦੇਸ਼ ਹੈ ਜਾਂ ਖਰਾਬ ਕਰਨ ਵਾਲਾ। ਕੀ ਗੁਰਬਾਣੀ ਨੇ ਸਾਨੂੰ ਇਹੀ ਸਿੱਖਿਆ ਦਿੱਤੀ ਹੈ ਕਿ ਅਸੀਂ ਸਮਾਜ ਨੂੰ ਸਿੱਧੇ ਪਾਸੇ ਤੋਰਨ ਦੀ ਬਜਾਏ ਪੁੱਠੇ ਪਾਸੇ ਤੋਰੀਏ। ਗੁਰੂ ਤੋਂ ਬਿਨ੍ਹਾਂ ਜੇਕਰ ਅਸੀਂ ਕਿਸੇ ਵੀ ਹੋਰ ਦੀ ਗੱਲ ਮੰਨਦੇ ਹਾਂ, ਕਿਸੇ ਸਿਰਮੌਰ ਤੇ ਪਿੱਛੇ ਲੱਗਦੇ ਹਾਂ ਤਾਂ ਫਿਰ ਅਸੀਂ ਪਰ ਘਰ ਵਿੱਚ ਹੀ ਜਾਂਦੇ ਹਾਂ ਭਾਵ ਨਿਜ ਘਰ ਤੋਂ, ਗੁਰੂ ਦੇ ਘਰ ਤੋਂ ਵਿਛੜੇ ਹੋਏ ਹਾਂ। ਸਾਡਾ ਵਾਸਾ ਉਸੇ ਦੇ ਘਰ ਵਿੱਚ ਹੈ ਜਿਸਦੇ ਅਸੀਂ ਬਚਨ ਮੰਨਦੇ ਹਾਂ। ਮੱਥਾ ਅਸੀਂ ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਟੇਕਦੇ ਹਾਂ ਪਰ ਜੇਕਰ ਬਚਨ ਗੁਰੂ ਦੀ ਬਜਾਇ ਕਿਸੇ ਹੋਰ ਦੇ ਮੰਨਦੇ ਹਾਂ ਤਾਂ ਫਿਰ ਸਾਡਾ ਮਨ ਅਸਲ ਵਿੱਚ ਗੁਰੂ ਦੇ ਨਾਲ ਨਹੀਂ ਹੈ। ਗੁਰੂ ਦਾ ਘਰ ਗੁਰਮਤਿ ਦਾ ਘਰ ਹੈ ਤੇ ਗੁਰਮਤਿ ਨੂੰ ਮੰਨਣਾ ਹੀ ਗੁਰੂ ਨੂੰ ਮੰਨਣਾ ਹੈ। ਮੁੱਖੋਂ ਗੁਰੂ ਗੁਰੂ ਬੋਲੀ ਜਾਉ ਉਸ ਨਾਲ ਕੀ ਫ਼ਰਕ ਪੈਂਦਾ ਹੈ। ਸਾਡਾ ਪਾਰ ਉਤਾਰਾ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਹੋਣਾ ਹੈ ਜੋ ਕਿ ਕੇਵਲ ਗੁਰੂ ਪ੍ਰਮਾਤਮਾ ਦੇ ਕੋਲ ਹੀ ਹੈ। ਚੌਥਾ ਪਦ ਕੇਵਲ ਪ੍ਰਮਾਤਮਾ ਦੇ ਆਪਣੇ ਕੋਲ ਹੀ ਹੈ ਜੋ ਕੇਵਲ ਗੁਰੂ ਦੀ ਗੱਲ ਮੰਨ ਕੇ ਹੀ ਮਿਲ ਸਕਦਾ ਹੈ।

{ਆਨ ਮਨਉ ਤਉ ਪਰ ਘਰ ਜਾਉ ॥

ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ ੧੫੩)

ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ। ਕੁੱਝ ਗਿਣਤੀ ਦੇ ਸੱਜਣ ਜਿੰਨ੍ਹਾਂ ਨੂੰ ਕੁੱਝ ਨਾਮ ਬਾਰੇ ਸਮਝ ਆਈ ਹੈ ਉਹ ਲੋਕਾਂ ਨੂੰ ਇਹ

ਗੱਲ ਸਮਝਾਉਣ ਦੀ ਕੋਸ਼ਿਸ਼ ਵੀ ਕਰਦੇ ਹਨ ਕਿ ਬਾਣੀ ਦਾ ਮੂਲ ਭਾਵ ਸਾਨੂੰ ਚੰਗੇ ਕਰਮ ਕਰਨ ਲਈ ਹੀ ਪ੍ਰੇਰਦਾ ਹੈ। ਇਹੋ ਜਿਹਿਆਂ ਦੀ ਗਿਣਤੀ ਬਹੁਤ ਘੱਟ ਹੋਣ ਕਰਕੇ ਉਹਨਾਂ ਤੇ ਬਹੁਤਿਆਂ ਨੂੰ ਵਿਸ਼ਵਾਸ ਨਹੀਂ ਆਉਂਦਾ ਕਿਉਂਕਿ ਉਹਨਾਂ ਨੂੰ ਭਰਮਾਉਣ ਵਾਲਿਆਂ ਦੀ ਗਿਣਤੀ ਬੇਸ਼ੁਮਾਰ ਹੈ। ਇਸ ਗੱਲ ਦੀ ਸੋਝੀ ਉਹੋ ਜਿਹਾ ਗਿਆਨੀ ਬਣ ਕੇ ਆਉਂਦੀ ਹੈ ਜਿਸ ਨੂੰ ਬਾਣੀ ਅੰਦਰ ਗਿਆਨੀ ਕਿਹਾ ਗਿਆ ਹੈ। ਉਹੋ ਜਿਹਾ ਗਿਆਨੀ ਬਣਨਾ ਕੀ ਹੈ, ਇਹੀ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਗਿਆ ਹੈ।

"ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ॥"

ਗਿਆਨੀ ਉਹ ਹੈ ਜਿਸ ਦੇ ਅੰਦਰ **"ਗੁਰ ਸਬਦੁ"** ਹੈ। ਸ਼ਬਦ ਗੁਰੂ ਆਪ ਹੈ ਤੇ ਉਸ ਦਾ ਆਪਣਾ ਰੂਪ ਸ਼ਬਦ ਦੀ ਸੋਝੀ ਹੈ, ਉਸ ਦੀ ਸੱਚੀ ਮਤਿ ਹੈ, ਉਸ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮਨੁੱਖ ਦੀ ਲਿਵ ਜੁੜਦੀ ਹੈ।

13/1335

ਇਹਨਾਂ ਸਾਰੀਆਂ ਗੱਲਾਂ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਦੇ ਆ ਰਹੇ ਹਾਂ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਸਾਡੇ ਅੰਦਰ "**ਗੁਰ ਸਬਦੁ**" ਦਾ ਵੱਸਣਾ ਆਪ ਗੁਰੂ ਪ੍ਰਮਾਤਮਾ ਦਾ ਵੱਸਣਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਸਦਾ ਵਿਗਾਸ ਵਿੱਚ, ਸਦਾ ਖੇੜੇ ਵਿੱਚ ਰਹਿੰਦਾ ਹੈ। ਇਹ ਉਸਦਾ ਭਗਤ ਰੂਪ ਹੈ, ਚੌਥੇ ਪਦ ਦੀ ਅਵੱਸਥਾ ਦਾ ਰੂਪ ਹੈ।

{ਨਾਨਕ ਭਗਤਾ ਸਦਾ ਵਿਗਾਸੁ॥}

(ਅੰਗ ੨)

ਗੁਰੂ ਦੇ ਸੱਚੇ ਗਿਆਨ ਦੁਆਰਾ ਹੀ, ਉਸਦੇ ਵੱਸਣ ਦੁਆਰਾ ਹੀ ਮਨੁੱਖ ਅਸਲ ਰੂਪ ਵਿੱਚ ਗਿਆਨੀ ਬਣਦਾ ਹੈ। ਉਸਦਾ ਗੁਰਮੁਖਿ ਰੂਪ, ਗਿਆਨੀ ਰੂਪ, ਬ੍ਰਹਮ ਗਿਆਨੀ ਰੂਪ, ਭਗਤ ਰੂਪ ਇੱਕੋ ਹੀ ਗੱਲ ਹੈ।

{ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ॥}

(ਅੰਗ ੧੩੧)

ਪ੍ਰਮਾਤਮਾ ਜਿਸ ਨੂੰ ਵੀ ਰੱਖਦਾ ਹੈ ਉਸਨੂੰ ਔਗੁਣਾਂ ਤੋਂ ਬਚਾ ਕੇ ਰੱਖਦਾ ਹੈ। ਔਗੁਣਾਂ ਵਿੱਚੋਂ ਪ੍ਰਮਾਤਮਾ ਕਿਸੇ ਨੂੰ ਆਪਣੀ ਸੱਚੀ ਮਤਿ ਦੁਆਰਾ ਹੀ ਰੱਖਦਾ ਹੈ। ਉਹ ਆਪਣੇ ਭਗਤਾਂ ਨੂੰ ਆਪਣੇ ਗਿਆਨ ਦੁਆਰਾ ਹੀ ਬਚਾ ਕੇ ਰੱਖਦਾ ਹੈ ਤੇ ਗਿਆਨ ਦੁਆਰਾ ਹੀ ਉਹਨਾਂ ਦੀ ਹਰ ਜਗ੍ਹਾ ਰੱਖਿਆ ਕਰਦਾ ਹੈ। ਜਿੰਨ੍ਹਾਂ ਨੂੰ ਉਹ ਆਪਣੇ ਨਾਲ ਮੇਲ ਲੈਂਦਾ ਹੈ ਉਹਨਾਂ ਨੂੰ ਆਪਣੇ ਗਿਆਨ ਦੇ ਵਿੱਚ ਹੀ ਮੇਲਦਾ ਹੈ। **(ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ॥)** ਗੁਰੂ ਪ੍ਰਮਾਤਮਾ ਦੀ ਸੇਵਾ ਉਸਦਾ ਸੱਚਾ ਗਿਆਨੀ ਬਣ ਕੇ ਹੀ ਹੋ ਸਕਦੀ ਹੈ ਜਿਸ ਦੁਆਰਾ ਅਸੀਂ ਗੁਰਮਤਿ ਤੇ ਦ੍ਰਿੜ ਹੋ ਕੇ ਚੱਲ ਸਕਦੇ ਹਾਂ। ਇਹ ਦ੍ਰਿੜਤਾ ਮਨ ਦੇ ਵਿੱਚੋਂ ਹੀ ਆਉਂਦੀ ਹੈ ਜੋ ਕਿ ਸਾਡੇ ਅੰਦਰ ਗੁਰਸ਼ਬਦ ਦੇ ਵੱਸਣ ਦੁਆਰਾ ਹੁੰਦੀ ਹੈ। ਗੁਰਮੁਖਿ ਰੂਪ ਪ੍ਰਮਾਤਮਾ ਦਾ ਆਪਣਾ ਰੂਪ

13/1336

ਹੈ, ਮਨ ਦੇ ਵਿੱਚ ਉਸ ਦੇ ਸੱਚੇ ਗਿਆਨ ਦਾ ਰੂਪ ਹੈ, ਉਸਦਾ ਜੋਤਿ ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੇ ਆਪ ਨੂੰ ਮਨੁੱਖੀ ਰੂਪ ਵਿੱਚ ਪ੍ਰਗਟ ਕਰਕੇ ਵਰਤਦਾ ਹੈ। ਜਦੋਂ ਵੀ ਕੋਈ ਉਸ ਗੁਰੂ ਪ੍ਰਮਾਤਮਾ ਦਾ ਦਾਸ ਬਣਦਾ ਹੈ ਉਹ ਉਸ ਦੇ ਇਸ ਗੁਰਮੁਖਿ ਰੂਪ ਦਾ ਦਾਸ ਹੀ ਬਣਦਾ ਹੈ। ਇਹ ਕਿਸੇ ਮਨੁੱਖੀ ਦੇਹ ਰੂਪ ਦਾ ਦਾਸ ਬਣਨਾ ਨਹੀਂ ਹੈ। ਇਹ ਸੱਚੇ ਗਿਆਨ ਦਾ ਦਾਸ ਬਣਨਾ ਹੈ। ਸੱਚੇ ਗਿਆਨ ਦਾ ਦਾਸ ਬਣਨਾ ਪ੍ਰਮਾਤਮਾ ਦਾ ਦਾਸ ਬਣਨਾ ਹੀ ਹੈ। ਆਪਣੇ ਜੀਵਨ ਕਾਲ ਵਿੱਚ ਧੰਨ ਧੰਨ ਗੁਰੂ ਸਾਹਿਬਾਨ ਇਸ ਸੱਚੇ ਗਿਆਨ ਦੇ ਦਾਸ ਹੀ ਸਨ ਤੇ ਹੁਣ ਵੀ ਉਹ ਇਸੇ ਗਿਆਨ ਦੇ ਦਾਸ ਹੀ ਹਨ। ਇਹ ਦਾਸ ਰੂਪ ਪ੍ਰਮਾਤਮਾ ਦੇ ਨਾਲ ਇੱਕਮਿਕ ਹੋਣ ਦਾ ਰੂਪ ਹੈ, ਉਸ ਵਿੱਚ, ਉਸ ਦੇ ਸੱਚੇ ਗਿਆਨ ਵਿੱਚ ਸਦਾ ਸਮਾਏ ਰਹਿਣ ਦਾ ਰੂਪ ਹੈ। **(ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ॥੨੧॥)** ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਗੁਰਮੁਖਿ, ਗਿਆਨੀ, ਸੰਤ, ਬ੍ਰਹਮਗਿਆਨੀ, ਸਾਧ ਕੌਣ ਹੈ ਤਾਂ ਫਿਰ ਅਸੀਂ ਕਿਸੇ ਦੇਹ ਦੇ ਪਿੱਛੇ ਨਹੀਂ ਲੱਗਾਂਗੇ, ਕਿਸੇ ਦੇਹਧਾਰੀ ਦੀ ਸੇਵਾ ਵਿੱਚ ਨਹੀਂ ਜੁੜਾਂਗੇ। ਸਭ ਪਾਸੇ ਅਗਿਆਨਤਾ ਦਾ ਹੀ ਪਸਾਰਾ ਹੈ।

ਆਓ ਹੁਣ ਅਗਲੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਕਿ ਗਿਆਨੀ ਬਣਨਾ ਕੀ ਹੈ।

ਸਿਰੀਰਾਗੁ ਮਹਲਾ ੧ ਘਰੁ ੪ ॥

"ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥
ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥
ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥
ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥
ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥੨॥
ਅਸੀ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥
ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥
ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥
ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥"

(ਅੰਗ ੨੪-੨੫)

ਇਸ ਸ਼ਬਦ ਰਾਹੀਂ ਸਾਨੂੰ ਇਹ ਸੋਝੀ ਪਾਈ ਹੋਈ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਵਿਧੀ ਦੁਆਰਾ ਵਿਚਰਦਾ ਹੈ ਤੇ ਉਹ ਆਪਣੀ ਸੋਝੀ ਕਿਸ ਤਰੀਕੇ ਨਾਲ ਪਾਉਂਦਾ ਹੈ। ਸੋਝੀ ਤਾਂ ਉਸਦੇ ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ ਤੇ ਉਹ

13/1337

ਆਪਣੀ ਸੱਚੀ ਸੋਝੀ ਪਾ ਕੇ ਹੀ ਕਿਸੇ ਨੂੰ ਗਿਆਨੀ ਬਣਾਉਂਦਾ ਹੈ ਜਿਸ ਅਵੱਸਥਾ ਦੁਆਰਾ ਸਾਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਤੇ ਆਪਣੇ ਅੰਦਰ ਵੱਸ ਰਹੇ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ।

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ, ਸਭ ਕੁੱਝ ਸਾਡੇ ਮਨ ਦੇ ਨਾਲ ਜੁੜਿਆ ਹੋਇਆ ਹੈ। ਮਨ ਦੀ ਸੋਝੀ ਪੈਣਾ ਹੀ ਪ੍ਰਮਾਤਮਾ ਦੀ ਸੋਝੀ ਪੈਣਾ ਹੈ। **"ਸੁਰਤਿ"** ਸਾਡਾ ਮਨ ਹੈ। ਜਿਤਨੇ ਵੀ ਜੀਅ ਹਨ, ਮਨੁੱਖ ਹਨ ਸਭ ਦੇ ਵਿੱਚ ਪ੍ਰਮਾਤਮਾ ਨੇ ਸੁਰਤਿ ਪਾਈ ਹੋਈ ਹੈ, ਮਨ ਪਾਇਆ ਹੋਇਆ ਹੈ ਜਿੱਥੋਂ ਸਾਨੂੰ ਸਾਰੀ ਸੋਝੀ ਪੈਂਦੀ ਹੈ। ਹਰ ਕਿਸੇ ਦੀ **"ਸੁਰਤਿ"** ਵਿੱਚ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਭਾਵ ਸਭ ਦੀ ਸੁਰਤਿ ਦੇ ਵਿੱਚ ਪ੍ਰਮਾਤਮਾ ਹੀ ਵਿਚਰ ਰਿਹਾ ਹੈ। ਬਿਨ੍ਹਾਂ ਸੁਰਤਿ ਤੋਂ, ਮਨ ਤੋਂ ਸਾਡੀ ਹੋਂਦ ਹੀ ਨਹੀਂ ਬਣਦੀ। ਜੋ ਵੀ ਪੈਦਾ ਹੋਇਆ ਹੈ ਉੱਥੇ ਸੁਰਤਿ ਦਾ ਹੋਣਾ ਨਾਲ ਹੀ ਹੈ। **(ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ॥)** ਸਾਡੇ ਅੰਦਰ ਸੁਰਤਿ ਦਾ, ਮਨ ਦਾ ਹੋਣਾ ਕੀ ਹੈ ਭਾਵ ਉਸਦਾ ਮਨੋਰਥ ਕੀ ਹੈ, ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥"

ਸਾਡੀ ਸੁਰਤਿ ਦਾ ਮਕਸਦ ਸਾਨੂੰ ਸੋਝੀ ਪਾਉਣਾ ਹੈ ਜਿੱਥੋਂ ਸਾਨੂੰ ਆਪਣੇ ਜੀਵਨ ਦਾ ਮਾਰਗ ਪਤਾ ਲੱਗਦਾ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ ਆਪਣੀ ਸੁਰਤਿ ਦੀ ਸੋਝੀ ਦੁਆਰਾ ਹੀ ਕਰਦੇ ਹਾਂ। ਸਾਡੀ ਸੁਰਤਿ ਦੇ ਵਿੱਚ ਵਿਚਾਰ ਹੀ ਉਪਜਦੇ ਹਨ, ਗਿਆਨ ਹੀ ਉਪਜਦਾ ਹੈ, ਸੋਚ ਹੀ ਉਪਜਦੀ ਹੈ ਜਿਸ ਦੁਆਰਾ ਸਾਡਾ ਮਾਰਗ ਦਰਸ਼ਨ ਹੁੰਦਾ ਹੈ। ਸਾਡੇ ਜੀਵਨ ਦਾ ਮਾਰਗ ਦਰਸ਼ਕ ਸਾਡੇ ਮਨ ਦੇ ਵਿਚਾਰ ਹੀ ਹਨ, ਸਾਡੇ ਮਨ ਦੀ ਸੋਚ ਹੀ ਹੈ। **(ਜੇਹੀ ਸੁਰਤਿ ਤੇਹਾ ਤਿਨ ਰਾਹੁ॥)**

13/1338

ਸਾਡੀ ਸੁਰਤਿ ਵਿੱਚ ਸੋਚ ਕਿੱਥੋਂ ਆਉਂਦੀ ਹੈ, ਸਾਡੇ ਮਨ ਦੇ ਵਿੱਚ ਇਹਨਾਂ ਵਿਚਾਰਾਂ ਨੂੰ ਲਿਖਣ ਵਾਲਾ ਕੌਣ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਲੇਖਾ ਇਕੋ ਆਵਹੁ ਜਾਹੁ ॥੧॥"

ਸਾਡੇ ਅੰਦਰ ਮਨ ਵਿੱਚ ਲੇਖ ਲਿਖਣ ਵਾਲਾ, ਵਿਚਾਰ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਆਪਣੇ ਵੱਸ ਵਿੱਚ ਰੱਖਦਾ ਹੈ, ਆਪਣੀ ਮਰਜ਼ੀ ਮੁਤਾਬਿਕ ਉਸਨੂੰ ਚਲਾਉਂਦਾ ਹੈ। ਮਨ ਦੇ ਇਹਨਾਂ ਲੇਖਾਂ ਦੁਆਰਾ ਹੀ ਪ੍ਰਮਾਤਮਾ ਨੇ ਸਭ ਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦੇ ਹੋਏ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਸਾਡੇ ਅੰਦਰ ਇਹ ਸੋਚ ਕਿੱਥੋਂ ਆਉਂਦੀ ਹੈ, ਸਾਡੀ ਸੁਰਤਿ ਵਿੱਚ ਸਾਨੂੰ ਰਾਹ ਦਿਖਾਉਣ ਵਾਲਾ ਕੌਣ ਹੈ। ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਇਸੇ ਅਗਿਆਨਤਾ ਕਰਕੇ ਹੀ ਹੈ। ਪ੍ਰਮਾਤਮਾ ਨੇ ਸਭ ਨੂੰ ਇੱਕੋ ਜਿਹੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ ਭਾਵ ਅਗਿਆਨਤਾ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਪ੍ਰਮਾਤਮਾ ਇਹੋ ਜਿਹੀ ਸੋਚ ਪਾ ਰਿਹਾ ਹੈ ਤਦ ਤੱਕ ਉਸਨੂੰ ਕੋਈ ਨਹੀਂ ਪਛਾਣ ਸਕਦਾ। ਉਸਨੂੰ ਪਛਾਣੇ ਬਿਨ੍ਹਾਂ, ਆਪਣੇ ਅੰਦਰ ਚੱਲ ਰਹੇ ਉਸ ਦੇ ਹੁਕਮ ਨੂੰ ਪਛਾਣੇ ਬਿਨ੍ਹਾਂ ਭਾਵ ਉਸ ਨਾਲ ਮੇਲ ਕੀਤੇ ਬਿਨ੍ਹਾਂ ਕੋਈ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦਾ। ਪ੍ਰਮਾਤਮਾ ਨੇ ਸਭ ਨੂੰ ਇਸ ਇੱਕੋ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ ਭਾਵ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ।

(ਲੇਖਾ ਇਕੋ ਆਵਹੁ ਜਾਹੁ॥੧॥) ਅਸੀਂ ਪ੍ਰਮਾਤਮਾ ਨੂੰ ਪਾਉਣ ਲਈ ਅਨੇਕਾਂ ਯਤਨ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ। ਸਾਡੇ ਇਹ ਸਾਰੇ ਯਤਨ ਕੇਵਲ ਸਾਡੀਆਂ ਚਤੁਰਾਈਆਂ ਹਨ ਜੋ ਕਿ ਸਾਡੇ ਕੋਲੋਂ ਉਹ

13/1339

ਆਪ ਹੀ ਕਰਾਉਂਦਾ ਹੈ। ਸਾਡੀ ਸੁਰਤਿ ਵਿੱਚ ਸੋਝੀ ਪਾਉਣ ਵਾਲਾ ਉਹ ਆਪ ਹੈ, ਮਾਰਗ ਦਿਖਾਉਣ ਵਾਲਾ ਉਹ ਆਪ ਹੈ ਤੇ ਜਦ ਤੱਕ ਉਹ ਸਾਨੂੰ ਸੱਚੀ ਸੋਝੀ ਨਹੀਂ ਪਾਉਂਦਾ ਮਨੁੱਖ ਨੂੰ ਉਹ ਚਤੁਰਾਈਆਂ ਵਿੱਚ ਹੀ ਉਲਝਾਈ ਰੱਖਦਾ ਹੈ। ਅਸਲ ਵਿੱਚ ਇਹ ਉਸ ਦੀ ਆਪਣੀ ਚਤੁਰਾਈ ਹੈ ਜਿਸ ਨੂੰ ਕਿ ਅਸੀਂ ਸਮਝ ਨਹੀਂ ਸਕਦੇ। ਉਹ ਬਹੁਤ ਬਹੁਤ ਜਿਆਦਾ ਸਿਆਣਾ ਹੈ, ਚਤੁਰ ਹੈ, ਸੁਘੜ ਸੁਜਾਨ ਹੈ। ਉਹ ਗਿਆਨ ਦਾ ਮਾਲਕ ਹੈ, ਉਹ ਸਭ ਕੁੱਝ ਕਰਨ ਦੇ ਸਮਰੱਥ ਹੈ, ਉਸ ਨੂੰ ਜਿਵੇਂ ਭਾਉਂਦਾ ਹੈ ਉਹ ਦੁਨੀਆਂ ਨੂੰ ਚਲਾ ਰਿਹਾ ਹੈ। ਇਹ ਉਸਦੀ ਆਪਣੀ ਖੇਡ ਹੈ, ਆਪਣੀ ਖੇਡ ਦਾ ਉਹ ਆਪ ਹੀ ਮਾਲਕ ਹੈ। ਸਾਡੇ ਵੱਸ ਕੁੱਝ ਵੀ ਨਹੀਂ ਹੈ। ਜਦੋਂ ਉਸ ਨੇ ਮਿਲਣਾ ਹੈ ਆਪਣੀ ਮਰਜ਼ੀ ਨਾਲ ਮਿਲਣਾ ਹੈ ਤੇ ਉਹ ਮਿਲਣ ਲੱਗਿਆਂ ਜ਼ਰਾ ਜਿੰਨੀ ਵੀ ਢਿੱਲ ਨਹੀਂ ਪਾਉਂਦਾ, ਇੱਕ ਖਿਨ ਵਿੱਚ ਮਿਲ ਸਕਦਾ ਹੈ। ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਕਾਹੇ ਜੀਅ ਕਰਹਿ ਚਤੁਰਾਈ॥ ਲੇਵੈ ਦੇਵੈ ਢਿਲ ਨ ਪਾਈ॥੧॥ਰਹਾਉ॥”

ਪ੍ਰਮਾਤਮਾ ਦੇ ਨਾਲ ਸਾਡਾ ਲੈਣ ਦੇਣ ਮਨ ਦੇ ਵਿੱਚ ਹੀ ਹੁੰਦਾ ਹੈ ਕਿਉਂਕਿ ਉਸਦਾ ਟਿਕਾਣਾ ਮਨ ਦੇ ਵਿੱਚ ਹੀ ਹੈ, ਸੁਰਤਿ ਦੇ ਵਿੱਚ ਹੀ ਹੈ। ਸੁਰਤਿ ਦੇ ਵਿੱਚ ਉਹ ਵਿਚਾਰਾਂ ਰਾਹੀਂ ਹੀ ਵਿਚਰਦਾ ਹੈ। ਪ੍ਰਮਾਤਮਾ ਦੇ ਨਾਲ ਲੈਣ ਦੇਣ ਵਿਚਾਰਾਂ ਦਾ ਲੈਣ ਦੇਣ ਹੀ ਹੈ। ਸਾਡੇ ਤ੍ਰੈਗੁਣੀ ਵਿਚਾਰ ਸਾਡੀ ਸੁਰਤਿ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਉਸਦੀ ਸੋਝੀ ਨਹੀਂ ਪੈਂਦੀ। ਉਸਦੀ ਸੋਝੀ ਉਸਦੇ ਸੱਚੇ ਵਿਚਾਰਾਂ ਦੁਆਰਾ ਪੈਂਦੀ ਹੈ ਭਾਵ ਸੱਚੇ ਗਿਆਨ ਦੁਆਰਾ ਪੈਂਦੀ ਹੈ। ਜਦੋਂ ਪ੍ਰਮਾਤਮਾ ਨੇ ਸਾਨੂੰ ਆਪਣੇ ਆਪ ਦੀ ਸੋਝੀ ਪਾਉਣੀ ਹੈ ਉਸਨੇ ਸਾਡੇ ਵਿਚਾਰ ਹੀ ਬਦਲਣੇ ਹਨ, ਸਾਡੀ ਬੁਧਿ ਹੀ ਬਦਲਣੀ ਹੈ।

13/1340

ਪ੍ਰਮਾਤਮਾ ਸਾਡੀ ਪਹਿਲਾਂ ਵਾਲੀ ਮਤਿ ਭਾਵ ਤ੍ਰੈਗੁਣੀ ਮਤਿ ਦੇ ਬਦਲੇ ਸਾਨੂੰ ਆਪਣੀ ਸੱਚੀ ਮਤਿ, ਸਹਜ ਵਾਲੀ ਮਤਿ, ਚੌਥੇ ਪਦ ਵਾਲੀ ਮਤਿ ਦੇ ਦਿੰਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਮੇਲ ਵਿਚਾਰਾਂ ਦਾ ਹੀ ਹੁੰਦਾ ਹੈ। ਤ੍ਰੈਗੁਣਾਂ ਵਾਲੇ ਵਿਚਾਰ ਚੌਥੇ ਪਦ ਦੇ ਵਿਚਾਰਾਂ ਵਿੱਚ ਸਮਾਅ ਜਾਂਦੇ ਹਨ। ਤ੍ਰੈਗੁਣਾਂ ਵਾਲੇ ਵਿਚਾਰ ਸਾਡੀ “**ਹਉਮੈ**” ਹੈ ਤੇ ਚੌਥੇ ਪਦ ਦੇ ਵਿਚਾਰ “**ਨਾਮ**” ਹੈ। ਹਉਮੈ ਨਾਮ ਵਿੱਚ ਸਮਾਅ ਜਾਂਦੀ ਹੈ ਤੇ ਖ਼ਤਮ ਹੋ ਜਾਂਦੀ ਹੈ। ਪਿੱਛੇ ਕੇਵਲ ਨਾਮ ਰਹਿ ਜਾਂਦਾ ਹੈ, ਪ੍ਰਮਾਤਮਾ ਆਪ ਰਹਿ ਜਾਂਦਾ ਹੈ। ਹਉਮੈ ਦੇ ਰਹਿੰਦਿਆਂ ਭਰਮ ਹੈ ਤੇ ਨਾਮ ਦੇ ਵਿੱਚ ਸੱਚਾ ਗਿਆਨ ਹੈ। ਸੱਚਾ ਗਿਆਨ ਹੀ ਆਪ ਪ੍ਰਮਾਤਮਾ ਹੈ।

{ਗਇਆ ਭਰਮੁ ਰਹਿਆ ਪਰਮਾਨੰਦਾ॥੩॥੨੦॥}

(ਅੰਗ - ੩੨੭)

ਪ੍ਰਮਾਤਮਾ ਸਾਨੂੰ ਆਪਣੇ ਨਾਲ ਇੱਕ ਨਿਮਖ ਵਿੱਚ ਮਿਲਾ ਸਕਦਾ ਹੈ। ਜਿਹੜਾ ਮਨੁੱਖ ਦਾ ਘਰ ਹੈ ਉਹੀ ਮਨ ਪ੍ਰਮਾਤਮਾ ਦਾ ਘਰ ਹੈ। ਮਨੁੱਖ ਦਾ ਘਰ ਅਗਿਆਨਤਾ ਦਾ ਘਰ ਹੈ ਤੇ ਪ੍ਰਮਾਤਮਾ ਦਾ ਘਰ ਸੱਚੇ ਗਿਆਨ ਦਾ ਘਰ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਇਹ ਸੋਝੀ ਸਾਨੂੰ ਇੱਕ ਨਿਮਖ ਵਿੱਚ ਪਾ ਸਕਦਾ ਹੈ। ਉਹ ਅਚਨਚੇਤ, ਅਚਿੰਤੇ ਹੀ ਇਕਦਮ ਪ੍ਰਗਟ ਹੋ ਜਾਂਦਾ ਹੈ ਤੇ ਮਨੁੱਖ ਨੂੰ ਇਕਦਮ ਹੈਰਾਨ ਕਰ ਦਿੰਦਾ ਹੈ ਕਿ ਅਚਾਨਕ ਹੀ ਇਹ ਕੀ ਹੋਇਆ ਹੈ। ਉਹ ਇੱਕ ਨਿਮਖ ਵਿੱਚ ਸਾਡੀ ਸੋਚ ਨੂੰ ਬਦਲ ਦਿੰਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਹੁਕਮ ਕਿਸਦਾ ਚੱਲਦਾ ਹੈ। ਉਹ ਅਚਾਨਕ ਕਿਵੇਂ ਪ੍ਰਗਟ ਹੁੰਦਾ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

“ਤੇਰੇ ਜੀਅ ਜੀਆ ਕਾ ਤੋਹਿ॥ ਕਿਤ ਕਉ ਸਾਹਿਬ ਆਵਹਿ ਰੋਹਿ॥

ਜੇ ਤੂ ਸਾਹਿਬ ਆਵਹਿ ਰੋਹਿ॥ ਤੂ ਓਨਾ ਕਾ ਤੇਰੇ ਓਹਿ॥੨॥”

ਸਾਰੇ ਜੀਅ ਪ੍ਰਮਾਤਮਾ ਦੇ ਆਪਣੇ ਹੀ ਹਨ ਭਾਵ

13/1341

ਸਭ ਨੂੰ ਉਸਨੇ ਆਪ ਹੀ ਪੈਦਾ ਕੀਤਾ ਹੋਇਆ ਹੈ ਤੇ ਆਪ ਹੀ ਸਭ ਵਿੱਚ ਵਰਤ ਰਿਹਾ ਹੈ। ਉਹ ਕਿਸੇ ਵੀ ਸਰੀਰ ਰਾਹੀਂ ਆਪਣਾ ਆਪ ਪ੍ਰਗਟ ਕਰਕੇ ਇਹ ਦੱਸ ਸਕਦਾ ਹੈ ਕਿ ਅਸਲ ਵਿੱਚ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। **(ਤੇਰੇ ਜੀਅ ਜੀਆ ਕਾ ਤੋਹਿ॥)** ਪ੍ਰਮਾਤਮਾ ਜਿੱਥੇ ਆਪਣਾ ਆਪ ਦਿਖਾਉਂਦਾ ਹੈ ਉਸ ਸਰੀਰ ਰਾਹੀਂ ਆਪਣਾ ਇਹ ਰੂਪ ਹੀ ਦਿਖਾਉਂਦਾ ਹੈ ਕਿ ਉਹ ਅਸਲ ਵਿੱਚ ਕਿੰਨਾ ਵੱਡਾ ਹੈ, ਕਿੰਨਾ ਸਮਰੱਥ ਹੈ, ਕਿਤਨਾ ਤਾਕਤਵਰ ਹੈ ਤੇ ਤਾਂ ਹੀ ਕਿਸੇ ਨੂੰ ਯਕੀਨ ਆਉਂਦਾ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਭਾਵ ਪ੍ਰਮਾਤਮਾ ਦਾ ਆਪਣੇ ਆਪ ਨੂੰ ਪ੍ਰਗਟ ਕਰਨ ਦਾ ਇਹ ਤਰੀਕਾ ਹੈ ਕਿ ਉਹ ਮਨੁੱਖ ਨੂੰ ਆਪਣੀ ਵੱਡੀ ਤਾਕਤ ਦਾ ਅਹਿਸਾਸ ਕਰਾਉਂਦਾ ਹੈ ਭਾਵ ਉਹ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਆਪਣਾ ਵੱਡਾਪਨ ਪ੍ਰਗਟ ਕਰਕੇ ਦਿਖਾਉਂਦਾ ਹੈ। **(ਕਿਤ ਕਉ ਸਾਹਿਬ ਆਵਹਿ ਰੋਹਿ॥) “ਕਿਤ ਕਉ”** ਤੋਂ ਭਾਵ ਹੈ ਕਿਸ ਮਕਸਦ ਲਈ। **“ਰੋਹਿ”** ਤੋਂ ਭਾਵ ਹੈ ਆਪਣੀ ਤਾਕਤ ਦਿਖਾਉਣਾ।

ਪ੍ਰਮਾਤਮਾ ਦੀ ਇਸ ਤਾਕਤ ਨੂੰ ਦੇਖ ਕੇ ਹੀ, ਆਪਣੇ ਸਰੀਰ ਦੇ ਅੰਦਰ ਦੇਖ ਕੇ ਹੀ ਮਨੁੱਖ ਨੂੰ ਯਕੀਨ ਆਉਂਦਾ ਹੈ ਕਿ ਮਨੁੱਖ ਦੀ ਆਪਣੀ ਔਕਾਤ ਕੁੱਝ ਵੀ ਨਹੀਂ ਹੈ, ਸਾਡੇ ਅੰਦਰ ਆਪਣਾ ਕੋਈ ਜ਼ੋਰ ਨਹੀਂ ਹੈ, ਸਾਡਾ ਸਰੀਰ ਸਾਡੇ ਵੱਸ ਨਹੀਂ ਹੈ। ਉਹ ਪ੍ਰਮਾਤਮਾ ਸਾਨੂੰ ਕਠਪੁਤਲੀ ਦੀ ਤਰ੍ਹਾਂ ਜਿਵੇਂ ਚਾਹੇ ਵਰਤ ਸਕਦਾ ਹੈ, ਤਾਂ ਹੀ ਮਨੁੱਖ ਨੂੰ ਇਹ ਯਕੀਨ ਆਉਂਦਾ ਹੈ ਕਿ ਸਾਰੇ ਜੀਅ ਪ੍ਰਮਾਤਮਾ ਦੇ ਆਪਣੇ ਹੀ ਹਨ ਤੇ ਸਭ ਵਿੱਚ ਉਹ ਆਪ ਹੀ ਵਰਤ ਰਿਹਾ ਹੈ, ਸਭ ਨੂੰ ਆਪ ਹੀ ਚਲਾ ਰਿਹਾ ਹੈ। **(ਜੇ ਤੂ ਸਾਹਿਬ ਆਵਹਿ ਰੋਹਿ॥ ਤੂ ਓਨਾ ਕਾ ਤੇਰੇ ਓਹਿ॥੨॥)**

ਪ੍ਰਮਾਤਮਾ ਸਾਨੂੰ ਆਪਣੀ ਸਾਡੇ ਸਰੀਰ ਦੇ ਅੰਦਰ ਹੀ ਤਾਕਤ ਦਾ ਅਹਿਸਾਸ ਕਿਵੇਂ ਕਰਾਉਂਦਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਸੀ।

{ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ॥੭॥}

(ਅੰਗ ੨੩੫)

ਮਨ ਵਿੱਚ ਸੋਝੀ ਪਾਉਣ ਦੇ ਨਾਲ ਨਾਲ ਉਹ

13/1342

ਸਾਨੂੰ ਇਹ ਵੀ ਅਹਿਸਾਸ ਕਰਾਉਂਦਾ ਹੈ ਕਿ ਸਾਡਾ ਸਰੀਰ ਕਿਸ ਦੇ ਵੱਸ ਹੈ। ਸਾਨੂੰ ਸਭ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਸਾਡੇ ਹੱਥ, ਪੈਰ, ਨੱਕ, ਅੱਖਾਂ, ਮੂੰਹ ਆਦਿ ਸਾਡੀ ਮਰਜ਼ੀ ਅਨੁਸਾਰ ਚੱਲਦੇ ਹਨ ਭਾਵ ਅਸੀਂ ਆਪਣੇ ਮਨ ਦੇ ਰਾਹੀਂ ਆਪਣੇ ਸਰੀਰ ਤੋਂ ਜਿਹੋ ਜਿਹਾ ਕੰਮ ਲੈਣਾ ਚਾਹੁੰਦੇ ਹਾਂ ਉਸ ਤਰੀਕੇ ਨਾਲ ਸਰੀਰ ਨੂੰ ਵਰਤਦੇ ਹਾਂ ਭਾਵ ਅਸੀਂ ਇਸ ਵਿੱਚ ਆਪਣਾ ਜ਼ੋਰ ਸਮਝਦੇ ਹਾਂ, ਸਰੀਰ ਉੱਤੇ ਆਪਣਾ ਵੱਸ ਭਾਵ ਕੰਟਰੋਲ ਸਕਝਦੇ ਹਾਂ ਭਾਵ ਇਹ ਸਮਝਦੇ ਹਾਂ ਕਿ ਸਾਡਾ ਸਰੀਰ ਸਾਡੇ ਹੁਕਮ ਅਨੁਸਾਰ ਚੱਲਦਾ ਹੈ, ਸਾਡੀ ਇੱਛਾ ਅਨੁਸਾਰ ਚੱਲਦਾ ਹੈ। ਪ੍ਰਮਾਤਮਾ ਆਪਣੀ ਤਾਕਤ ਦਾ ਅਹਿਸਾਸ ਸਾਨੂੰ ਇਹ ਦਿਖਾ ਕੇ ਕਰਦਾ ਹੈ ਕਿ ਇਹ ਸਰੀਰ ਕਿਸ ਦੇ ਵੱਸ ਹੈ, ਕਿਸ ਦੇ ਹੁਕਮ ਅਨੁਸਾਰ ਚੱਲਦਾ ਹੈ। ਸਾਡੀ ਜੋ ਵੀ ਇੱਛਾ ਹੈ, ਮਨ ਦੇ ਵਿੱਚੋਂ ਹੀ ਪ੍ਰਗਟ

ਹੁੰਦੀ ਹੈ ਤੇ ਜਦੋਂ ਸਾਡਾ ਸਰੀਰ, ਸਾਡੇ ਹੱਥ ਪੈਰ ਆਦਿ ਉਸ ਇੱਛਾ ਅਨੁਸਾਰ ਚੱਲਦੇ ਹਨ ਉਹ ਸਾਡੇ ਹੁਕਮ ਦੀ ਤਾਮੀਲ ਕਰਦੇ ਹਨ। ਪ੍ਰਮਾਤਮਾ ਸਾਨੂੰ ਇਹੀ ਜਤਾਉਂਦਾ ਹੈ ਕਿ ਸਾਡੇ ਮਨ ਦੇ ਵਿੱਚ ਇੱਛਾ, ਹੁਕਮ ਕਿਸ ਦਾ ਚੱਲਦਾ ਹੈ। ਅਸੀਂ ਆਪਣੀ ਇੱਛਾ ਅਨੁਸਾਰ ਜੇਕਰ ਅੱਗੇ ਤੁਰਨਾ ਚਾਹੁੰਦੇ ਹਾਂ ਤਾਂ ਚੱਲਿਆ ਨਹੀਂ ਜਾ ਸਕਦਾ। ਪਿੱਛੇ ਨੂੰ ਨਾ ਵੀ ਚੱਲਣਾ ਚਾਹੀਏ ਪਰ ਫਿਰ ਵੀ ਤੁਰੀ ਜਾਂਦੇ ਹਾਂ। ਮੂੰਹੋਂ ਬੋਲਣਾ ਚਾਹੀਏ ਤੇ ਮੂੰਹ ਨਹੀਂ ਖੁੱਲ੍ਹਦਾ, ਅੱਖਾਂ ਬੰਦ ਹੋਣ ਤੇ ਉਹਨਾਂ ਨੂੰ ਖੋਲ੍ਹਣਾ ਚਾਹੀਏ ਤਾਂ ਖੋਲ ਨਹੀਂ ਸਕਦੇ। ਇਹ ਬਹੁਤ ਛੋਟੀਆਂ ਜਿਹੀਆਂ ਉਦਾਹਰਣਾਂ ਹਨ। ਮਨ ਸਾਡਾ ਹੁਕਮ ਨਹੀਂ ਮੰਨਦਾ। ਉਹ ਆਪਣਾ ਹੁਕਮ ਆਪਣੇ ਤਰੀਕੇ ਨਾਲ ਮਨਵਾਉਂਦਾ ਹੈ। ਉਹ ਮਨੁੱਖ ਨੂੰ ਬੇਵੱਸ ਕਰਕੇ ਦਿਖਾਉਂਦਾ ਹੈ ਕਿ ਮਨ ਮਨੁੱਖ ਦੀ ਮਰਜ਼ੀ ਅਨੁਸਾਰ ਨਹੀਂ ਚੱਲ ਸਕਦਾ। ਨਾਲ ਹੀ ਨਾਲ ਉਹ ਮਨ ਦੇ ਰਾਹੀਂ, ਮਨ ਦੇ ਵਿਚਾਰਾਂ ਦੇ ਰਾਹੀਂ ਇਹ ਸਮਝਾਉਂਦਾ ਹੈ ਕਿ ਦੇਖ ਤੇਰੀ ਕੀ ਤਾਕਤ ਹੈ ਜੋ ਮਨ ਤੇਰੇ ਆਖੇ ਲੱਗ ਜਾਵੇ। ਉਹ ਮਨੁੱਖ ਨੂੰ ਹਕੀਕਤ ਵਿੱਚ ਕਠਪੁਤਲੀ

13/1343

ਬਣਾ ਕੇ ਦਿਖਾਉਂਦਾ ਹੈ। ਜੇਕਰ ਉਹ ਅੰਦਰ ਬੈਠਾ ਸਿਰ ਨੂੰ ਜ਼ੋਰ ਨਾਲ ਘੁਮਾਉਣਾ ਸ਼ੁਰੂ ਕਰ ਦੇਵੇ ਤਾਂ ਉਹ ਰੁਕ ਨਹੀਂ ਸਕਦਾ। ਦਾਸ ਦੇ ਨਾਲ ਉਸ ਦੇ ਪ੍ਰਗਟ ਹੋਣ ਦੀ ਸ਼ੁਰੂਆਤ ਸਰੀਰ ਦੇ ਅੰਗ ਅੰਗ ਵਿੱਚ ਕੰਬਣੀ ਛਿੜਨ ਨਾਲ ਤੇ ਫਿਰ ਅਚਾਨਕ ਸਿਰ ਦੇ ਜ਼ੋਰ ਨਾਲ ਘੁੰਮੀ ਜਾਣ ਨਾਲ ਹੋਈ ਸੀ ਜਿੱਥੋਂ ਇਹ ਅਹਿਸਾਸ ਹੋਇਆ ਕਿ ਆਪਣੇ ਅੰਦਰ ਕੋਈ ਅਜੀਬ ਜਿਹੀ ਤਾਕਤ ਵਰਤ ਰਹੀ ਹੈ। ਉਸ ਤੋਂ ਬਾਅਦ ਜੋ ਕੁੱਝ ਹੋਇਆ, ਕਿਵੇਂ ਉਸ ਨੇ ਆਪਣੇ ਆਪ ਦੀ ਸੋਝੀ ਪਾਈ, ਇਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਦੁਨੀਆਂ ਦਾ ਸਭ ਤੋਂ ਵੱਡਾ ਅਸਚਰਜ ਹੈ ਜਿਸ ਤੋਂ ਯਕੀਨ ਤਾਂ ਹੀ ਆਉਂਦਾ ਹੈ ਜੇਕਰ ਉਹ ਅਕਾਲ ਪੁਰਖ ਆਪ ਹੀ ਕਿਸੇ ਨੂੰ ਅਸਚਰਜ ਦਿਖਾਏ। ਉਹ ਮਨ ਦੇ ਵਿਚਾਰਾਂ ਰਾਹੀਂ ਮਨੁੱਖ ਤੇ ਆਪਣਾ ਹੁਕਮ ਚਲਾ ਕੇ ਦੱਸਦਾ ਹੈ ਤੇ ਮਨੁੱਖ ਦੀ ਇੱਛਾ ਨੂੰ ਹਰਾ ਕੇ ਦੱਸਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਯਕੀਨ ਆਉਂਦਾ ਹੈ ਕਿ ਪ੍ਰਮਾਤਮਾ ਸੱਚਮੁੱਚ ਹੀ ਬਹੁਤ ਵੱਡਾ ਹੈ, ਬਹੁਤ ਬਹੁਤ ਜ਼ਿਆਦਾ ਤਾਕਤਵਾਰ ਹੈ ਤੇ ਸਭ ਕੁੱਝ ਉਹ ਆਪ ਹੀ ਹੈ। ਤਾਂ ਹੀ ਇਸ ਮਨ ਦੀ ਕੀਮਤ ਪੈਂਦੀ ਹੈ ਕਿ ਇਹ ਕਿਤਨਾ ਕੀਮਤੀ ਹੈ ਭਾਵ ਇਹ ਮਨ ਆਪ ਪ੍ਰਮਾਤਮਾ ਹੈ।

{ਕਰਿ ਕਿਰਪਾ ਜਉ ਸਤਿਗੁਰੁ ਮਿਲਿਓ॥ ਮਨ ਮੰਦਰ ਮਹਿ ਦੀਪਕੁ ਜਲਿਓ॥

ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ॥੭॥}

(ਅੰਗ ੨੩੫)

ਉਸ ਪ੍ਰਮਾਤਮਾ ਦੀ ਵਡਿਆਈ ਤਾਂ ਹੀ ਹੋ ਸਕਦੀ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਹਕੀਕਤ ਵਿੱਚ ਕਿਤਨਾ ਕੁ ਵੱਡਾ ਹੈ। ਉਸ ਨੂੰ ਕੇਵਲ ਕਹਿਣ ਨਾਲ ਅਸੀਂ ਵੱਡਾ ਨਹੀਂ ਬਣਾ ਸਕਦੇ ਜਿਵੇਂ ਕਿ ਉਸਨੂੰ ਹਰ ਕੋਈ ਸੁਣ ਸੁਣ ਕੇ ਹੀ ਵੱਡਾ ਕਹਿੰਦਾ ਹੈ ਭਾਵ ਬਿਨ੍ਹਾਂ ਵੇਖਣ ਤੋਂ ਹੀ ਉਸਨੂੰ ਹਰ ਕੋਈ

13/1344

ਵੱਡਾ ਕਹੀ ਜਾ ਰਿਹਾ ਹੈ। ਉਸਨੂੰ ਵੇਖਣ ਨਾਲ ਹੀ ਪਤਾ ਲੱਗਦਾ ਹੈ ਕਿ ਅਸਲ ਵਿੱਚ ਉਹ ਕਿਤਨਾ ਕੁ ਵੱਡਾ ਹੈ। ਬਾਣੀ ਸਾਨੂੰ ਪ੍ਰਮਾਤਮਾ ਦੀ ਇਹੋ ਜਿਹੀ ਵਡਿਆਈ ਲਈ ਪ੍ਰੇਰ ਰਹੀ ਹੈ।

{ਸੁਨਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥

ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥}

(ਅੰਗ ੯)

ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ ਇਸ ਦੀ ਸੋਝੀ ਉਸਨੂੰ ਮਿਲਣ ਤੋਂ ਬਾਅਦ ਹੀ ਪੈਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦੀ ਸੱਚੀ ਮਤਿ ਹੀ ਮਿਲਦੀ ਹੈ। ਉਸ ਦੀ ਸੱਚੀ ਮਤਿ ਨੂੰ ਜਾਣੇ ਬਿਨ੍ਹਾਂ ਅਸੀਂ ਗੁਰੂ ਦੇ ਬੋਲਾਂ ਅਨੁਸਾਰ, ਬਚਨਾਂ ਅਨੁਸਾਰ ਨਹੀਂ ਚੱਲਦੇ। ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਉਸ ਦੇ ਬੋਲਾਂ ਦਾ ਤੋਲ ਹੀ ਤੁਲਨਾ ਹੈ ਭਾਵ ਉਹਨਾਂ ਤੇ ਪੂਰਾ ਉਤਰਨਾ ਹੈ, ਗੁਰਮਤਿ ਤੇ ਪੂਰਾ ਉਤਰਨਾ ਹੈ। ਗੁਰਮਤਿ ਤੇ ਅਸੀਂ ਤਾਂ ਹੀ ਪੂਰਾ ਉਤਰ ਸਕਦੇ ਹਾਂ ਜਦੋਂ ਸਾਨੂੰ ਇਹ ਸੱਚੀ ਸੋਝੀ ਪੈ ਜਾਵੇ ਕਿ ਗੁਰਮਤਿ ਕੀ ਹੈ। ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅਸੀ ਬੋਲਵਿਗਾੜ ਵਿਗਾੜਹ ਬੋਲ॥ ਤੂ ਨਦਰੀ ਅੰਦਰਿ ਤੋਲਹਿ ਤੋਲ॥

ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥੩॥”

ਜੋ ਗੱਲ ਅਸੀਂ ਜਪੁਜੀ ਸਾਹਿਬ ਦੀ ਬਾਣੀ ਦੁਆਰਾ ਸਮਝੀ ਸੀ ਭਾਵ ਜਿੰਨ੍ਹਾਂ ਨੇ ਉਹ ਅਰਥ ਪੜ੍ਹੇ ਹੋਣਗੇ ਕਿ ਬੋਲ ਵਿਗਾੜਨਾ ਕੀ ਹੈ ਉਹੀ ਗੱਲ ਇੱਥੇ ਸਮਝਾਈ ਹੋਈ ਹੈ। ਬਾਣੀ ਜਿਸ ਗੱਲ ਨੂੰ ਕਿਸੇ ਸ਼ਬਦ ਦੁਆਰਾ ਸਮਝਾ ਦਿੰਦੀ ਹੈ ਫਿਰ ਉਸ ਦੀ ਗੱਲ ਅਟੱਲ ਹੀ ਰਹਿੰਦੀ ਹੈ। ਪੂਰੀ ਗੁਰਬਾਣੀ ਗੁਰੂ ਦੇ ਬੋਲ ਹਨ ਤੇ ਗੁਰੂ ਦੇ ਬੋਲ ਉਸਦੀ ਮਤਿ ਹੈ ਜਿਸ ਉੱਤੇ ਅਸੀਂ

13/1345

ਅਮਲ ਕਰਨਾ ਹੈ। ਜੇਕਰ ਅਸੀਂ ਗੁਰੂ ਦੇ ਬੋਲ ਨੂੰ ਉਸ ਦੇ ਅੰਦਰੂਨੀ ਭਾਵ ਨੂੰ ਸਮਝ ਕੇ ਉਸ ਅਨੁਸਾਰ ਚੱਲਦੇ ਹਾਂ ਤੇ ਇਸ ਵਿੱਚ ਅਸੀਂ ਗੁਰੂ ਦੇ ਬੋਲ ਨੂੰ ਉੱਚਾ ਕਰ ਰਹੇ ਹਾਂ, ਉਸਦੇ ਨਾਲ ਅਸੀਂ ਆਪਣੀ ਸਹਿਮਤੀ ਪ੍ਰਗਟ ਕਰ ਰਹੇ ਹਾਂ ਭਾਵ ਅਸੀਂ ਗੁਰੂ ਦੇ ਬੋਲਾਂ ਨੂੰ ਕਬੂਲ ਕਰ ਰਹੇ ਹਾਂ। ਇੱਕ ਪਾਸਾ ਗੁਰੂ ਨਾਲ ਸਹਿਮਤ ਹੋਣ ਦਾ ਹੈ, ਗੁਰੂ ਦੇ ਬੋਲਾਂ ਨਾਲ ਸਹਿਮਤੀ ਜਤਾਉਣ ਦਾ ਹੈ ਤੇ ਦੂਸਰਾ ਪਾਸਾ ਗੁਰੂ ਦੇ ਬੋਲਾਂ ਨੂੰ ਵਿਗਾੜਨ ਦਾ ਹੈ ਭਾਵ ਉਹਨਾਂ ਦੇ ਉਲਟ ਚੱਲਣ ਦਾ ਹੈ ਜਿਸ ਦਾ ਵੱਡਾ ਕਾਰਨ ਗੁਰੂ ਦੇ ਬਚਨਾਂ ਦੀ ਸਹੀ ਸੋਝੀ ਦਾ ਨਾ ਪੈਣਾ ਹੈ ਤੇ ਦੂਸਰਾ ਕਾਰਨ ਗੁਰੂ ਦੇ ਬਚਨਾਂ ਦੇ ਵਿਸ਼ਵਾਸ ਨਾ ਰੱਖਣ ਦਾ ਹੈ। ਸਾਡੇ ਸੱਚੇ ਬੋਲ ਉਹ ਹਨ ਜੋ ਗੁਰਮਤਿ ਅਨੁਸਾਰ ਹਨ ਤੇ ਜੋ ਬੋਲ ਸਾਡੇ ਗੁਰਮਤਿ ਅਨੁਸਾਰ ਨਹੀਂ ਹਨ ਉਹ ਸਾਡੇ ਵਿਗੜੇ ਹੋਏ ਬੋਲ ਹਨ ਭਾਵ ਮਾੜੇ ਬੋਲ ਹਨ। ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਜੋ ਤੋਲ ਤੁਲਣਾ ਹੈ ਉਹ ਗੁਰੂ ਦੇ ਬਚਨਾਂ ਉੱਤੇ ਖਰੇ ਉਤਰ ਕੇ ਹੀ ਤੁਲਣਾ ਹੈ। ਉਸ ਦੇ ਬਚਨਾਂ ਦਾ ਤੋਲ ਉਸ ਦੀ ਕਿਰਪਾ ਦੁਆਰਾ ਹੀ ਤੁਲਿਆ ਜਾ ਸਕਦਾ ਹੈ ਭਾਵ ਉਹ ਆਪਣਾ ਤੋਲ ਆਪ ਹੀ ਤੁਲਾਉਂਦਾ ਹੈ। ਸਾਨੂੰ ਆਪਣੀ ਸੱਚੀ ਮਤਿ ਬਖਸ਼ ਕੇ ਆਪ ਹੀ ਉਸ ਤੇ ਚਲਾਉਂਦਾ ਹੈ, ਆਪਣਾ ਨਾਮ ਦੇ ਕੇ ਆਪ ਹੀ ਉਸ ਤੇ ਦ੍ਰਿੜ ਕਰਕੇ ਚਲਾਉਂਦਾ ਹੈ ਭਾਵ ਆਪਣਾ ਤੋਲ ਆਪ ਹੀ ਤੁਲਾਉਂਦਾ ਹੈ। **(ਅਸੀ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ॥)**

{ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥}

(ਜਪੁਜੀ ਬਾਣੀ)

ਸਲੋਕ ਮਹਲਾ ੧॥

{“ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥

ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥

ਵਡਾ ਆਖਣੁ ਭਾਰਾ ਤੋਲੁ॥ ਹੋਰ ਹਉਲੀ ਮਤੀ ਹਉਲੇ ਬੋਲ॥

ਧਰਤੀ ਪਾਣੀ ਪਰਬਤ ਭਾਰੁ॥ ਕਿਉ ਕੰਡੈ ਤੋਲੈ ਸੁਨਿਆਰੁ॥

ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥

ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥”}

(ਅੰਗ ੧੨੩੯)

ਉਸ ਪੂਰੇ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਉਸ ਦੇ ਬੋਲਾਂ

13/1346

ਤੇ, ਬਚਨਾਂ ਤੇ ਪੂਰਾ ਉਤਰਨਾ ਹੀ ਹੈ। ਮਨੁੱਖ ਨੂੰ ਪ੍ਰਮਾਤਮਾ ਨੇ ਇਤਨੀ ਵੀ ਸਮਰੱਥਾ ਨਹੀਂ ਦਿੱਤੀ ਹੋਈ ਕਿ ਉਹ ਉਸ ਦੇ ਇੱਕ ਬੋਲ ਤੇ ਵੀ ਪੂਰਾ ਉਤਰ ਕੇ ਦਿਖਾ ਸਕੇ। **(ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥)** ਉਸ ਪੂਰੇ ਨੂੰ ਭਾਵ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਵੀ ਇਹ ਹੈ ਕਿ ਅਸੀਂ ਉਸਦੇ ਬੋਲੇ ਹੋਏ ਬੋਲਾਂ ਦਾ ਭਾਵ ਗੁਰੂ ਦੇ ਬਚਨਾਂ ਦਾ ਪੂਰਾ ਤੋਲ ਤੁਲੀਏ। ਤੋਲ ਹਰ ਕੋਈ ਤੁਲਣਾ ਚਾਹੁੰਦਾ ਹੈ ਪਰ ਕੇਵਲ ਮੁੱਖੋਂ ਬੋਲ ਬੋਲ ਕੇ, ਜਪ ਦੁਆਰਾ ਤੁਲਣਾ ਚਾਹੁੰਦਾ ਹੈ ਜਿੰਨ੍ਹਾਂ ਨੂੰ ਕਿ ਸਾਡੀ ਹੌਲੀ ਮਤਿ ਕਹਿ ਕੇ ਹਉਲੇ ਬੋਲ ਦੱਸਿਆ ਹੈ। ਇਸ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਜਾਣ ਚੁੱਕੇ

ਹਾਂ। ਸਾਡੇ ਹਉਲੇ ਬੋਲਾਂ ਨੂੰ ਇੱਕ ਸੁਨਿਆਰੇ ਦੇ ਕੰਡੇ ਦੇ ਵੱਟਿਆਂ ਦੀ ਤਰ੍ਹਾਂ ਭਾਵ ਤੋਲਾ, ਮਾਸਾ, ਰਤਕ ਦੀ ਤਰ੍ਹਾਂ ਸਮਝਾਇਆ ਹੈ। ਅਸੀਂ ਆਪਣੇ ਹਉਲੇ ਬੋਲਾਂ ਦੁਆਰਾ ਇਹੋ ਜਿਹੀ ਕੋਸ਼ਿਸ਼ ਕਰਦੇ ਹਾਂ ਜਿਵੇਂ ਕਿ ਇੱਕ ਸੁਨਿਆਰੇ ਦੇ ਕੰਡੇ ਤੇ ਇਹਨਾਂ ਛੋਟੇ ਜਿਹੇ ਵੱਟਿਆਂ ਦੁਆਰਾ ਪੂਰੀ ਧਰਤੀ, ਪਾਣੀ ਤੇ ਪਰਬਤਾਂ ਦਾ ਭਾਰ ਚੁੱਕ ਲਈਏ। ਜੇਕਰ ਸੁਨਿਆਰੇ ਦੇ ਕੰਡੇ ਤੇ ਅਸੀਂ ਇਹ ਕੁੱਝ ਕਰ ਸਕਦੇ ਹਾਂ ਤਾਂ ਫਿਰ ਅਸੀਂ ਆਪਣੇ ਹਉਲੇ ਬੋਲਾਂ ਨਾਲ ਪ੍ਰਮਾਤਮਾ ਨੂੰ ਵੀ ਪਾ ਸਕਦੇ ਹਾਂ ਭਾਵ ਅਸੀਂ ਕਿਤਨੀ ਵੱਡੀ ਅਗਿਆਨਤਾ ਵਿੱਚ ਹਾਂ ਜੋ ਇਤਨੀ ਵੱਡੀ ਖੋਖਲੀ ਉਮੀਦ ਲਾਈ ਬੈਠੇ ਹਾਂ। ਲੇਕਿਨ ਇਹੋ ਜਿਹਾ ਜਪ ਤਪ ਕਰਨ ਵਾਲੇ ਜਿਸ ਨੂੰ ਉਹ ਨਾਮ ਜਪਣਾ ਕਹਿੰਦੇ ਹਨ ਜੇਕਰ ਉਹਨਾਂ ਨੂੰ ਕੋਈ ਪੁੱਛੇ ਭਾਵ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਭਾਈ ਕੀ ਤੁਸੀਂ ਇਹੋ ਜਿਹੇ ਤਰੀਕੇ ਨਾਲ ਰੱਬ ਨੂੰ ਪਾ ਲਵੋਗੇ ਤਾਂ ਉਹਨਾਂ ਦਾ ਜਵਾਬ ਇਹ ਹੋਵੇਗਾ ਕਿ ਹਾਂ ਅਸੀਂ ਪਾ ਲਵਾਂਗੇ, ਅਸੀਂ ਪੂਜ ਆ ਜਾਵਾਂਗੇ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਇਹੀ ਤਰੀਕਾ ਹੈ।

(ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥) ਇਸ ਗੱਲ ਨੂੰ ਕਿਸੇ ਵੀ ਜਪੀਏ ਤਪੀਏ ਨਾਲ ਅਜ਼ਮਾ ਕੇ ਵੇਖ ਲਵੋ, ਉਸਦਾ ਜਵਾਬ ਇਹੀ ਹੋਵੇਗਾ। ਇਹ ਗੁਰੂ ਦੇ ਬੋਲ ਹਨ ਜੋ ਕਿ ਅਟੱਲ ਹਨ। ਹਰ ਕੋਈ ਇਸ ਤਰੀਕੇ ਨਾਲ ਜਪਣ ਵਾਲਾ ਇਸੇ ਭੁਲੇਖੇ

13/1347

ਵਿੱਚ ਹੀ ਫਿਰਦਾ ਹੈ ਜੋ ਭੁਲੇਖਾ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਭੁਲੇਖਾ ਉਸ ਦਾ ਆਪਣਾ ਹੀ ਪਾਇਆ ਹੋਇਆ ਹੈ ਜੋ ਸਾਡੀ ਸੁਰਤਿ ਵਿੱਚ ਵਰਤ ਰਿਹਾ ਹੈ, ਸਾਨੂੰ ਪੁੱਠੀ ਰਾਹ ਦਿਖਾ ਰਿਹਾ ਹੈ। ਇਹੋ ਜਿਹਾ ਜਪ ਤਪ ਕਰਨ ਵਾਲਿਆਂ ਨੂੰ, ਹਉਲੇ ਬੋਲਾਂ ਨਾਲ ਜੋ ਇਹ ਸਮਝਦੇ ਹਨ ਕਿ ਅਸੀਂ ਇੱਕ ਸੁਨਿਆਰੇ ਦੇ ਕੰਡੇ ਤੇ ਸਾਰੀ ਧਰਤੀ ਦਾ ਭਾਰ ਚੁੱਕ ਲਵਾਂਗੇ, ਛੋਟੇ ਜਿਹੇ ਵੱਟਿਆਂ ਨਾਲ ਸਾਰੀ ਧਰਤੀ ਨੂੰ ਤੋਲ ਲਵਾਂਗੇ ਭਾਵ ਕੇਵਲ ਇੱਕ ਅੱਖਰ ਦਾ ਜਪ ਕਰਨ ਨਾਲ ਪ੍ਰਮਾਤਮਾ ਨੂੰ ਪਾ ਲਵਾਂਗੇ। ਉਹਨਾਂ ਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਇਹ ਸਮਝਾਇਆ ਹੋਇਆ ਹੈ।

“ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥”

ਸਾਡੇ ਹਉਲੇ ਬੋਲਾਂ ਨੂੰ ਜਿੰਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਪਣਾ ਸਮਝਦੇ ਹਾਂ ਉਸਨੂੰ ਸਾਡੀ ਮੂਰਖਤਾ, ਅਗਿਆਨਤਾ ਕਹਿ ਕੇ ਸਮਝਾਇਆ ਹੈ। ਇਸੇ ਅਗਿਆਨਤਾ ਕਰਕੇ ਹਰ ਕੋਈ ਸਰੀਰਕ ਜਪ ਤਪ ਦੀ ਅੰਨੀ ਦੌੜ ਵਿੱਚ ਲੱਗਾ ਹੋਇਆ ਹੈ ਜਿਸ ਨੇ ਸਾਨੂੰ ਸਹੀ ਟਿਕਾਣੇ ਤੇ ਨਹੀਂ ਪਹੁੰਚਾਉਣਾ। ਅਸੀਂ ਬਿਨ੍ਹਾਂ ਟਿਕਾਣੇ ਦੀ ਪਹਿਚਾਣ ਕੀਤੇ ਅੰਨਿਆਂ ਦੀ ਤਰ੍ਹਾਂ ਦੌੜੀ ਜਾ ਰਹੇ ਹਾਂ, ਵੇਖੋ ਵੇਖੀ ਦੌੜੀ ਜਾ ਰਹੇ ਹਾਂ, ਅਗਿਆਨੀਆਂ ਪਿੱਛੇ ਲੱਗ ਕੇ ਅਗਿਆਨੀ ਬਣੇ ਹੋਏ ਹਾਂ। ਇਹ ਕੇਵਲ ਇੱਕ ਭੇਡਚਾਲ ਹੈ ਹੋਰ ਕੁੱਝ ਵੀ ਨਹੀਂ। **(ਮੂਰਖ ਅੰਧਿਆ ਅੰਧੀ ਧਾਤ॥)** ਇਹੋ ਜਿਹੇ ਜਪ ਤਪ ਨਾਲ ਸਾਨੂੰ ਹਾਸਿਲ ਕੀ ਹੁੰਦਾ ਇਹ ਅਗਲੀ ਪੰਗਤੀ ਰਾਹੀਂ ਸਪੱਸ਼ਟ ਹੈ।

“ਕਹਿ ਕਹਿ ਕਹਣੁ ਕਹਾਇਨਿ ਆਪੁ॥”

ਅਸੀਂ ਬੋਲ ਬੋਲ ਕੇ, ਕਹਿ ਕਹਿ ਕੇ ਜਿਸ ਨੂੰ ਅਸੀਂ ਪ੍ਰਮਾਤਮਾ ਦਾ ਕਹਿਣ ਸਮਝਦੇ ਹਾਂ, ਉਸ ਦੀ ਸਿਫ਼ਤ ਸਾਲਾਹ ਸਮਝਦੇ ਹਾਂ ਇਸ ਨਾਲ ਅਸਲ ਵਿੱਚ ਪ੍ਰਮਾਤਮਾ ਦੀ ਕੋਈ ਸਿਫ਼ਤ ਸਾਲਾਹ ਨਹੀਂ ਹੁੰਦੀ, ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਅਸੀਂ ਆਪਣੇ ਆਪ ਨੂੰ ਉੱਚਾ ਜਰੂਰ ਕਰ ਲੈਂਦੇ ਹਾਂ। ਸਾਨੂੰ ਇਸ ਜਪ ਤਪ

13/1348

ਦੀਆਂ ਵਡਿਆਈਆਂ ਜਰੂਰ ਮਿਲਣ ਲੱਗ ਪੈਂਦੀਆਂ ਹਨ। ਸਮਾਜ ਵਿੱਚ ਸਾਡਾ ਰੁਤਬਾ ਵੱਧ ਜਾਂਦਾ ਹੈ, ਸਾਡਾ ਮਾਣ ਵੱਧ ਜਾਂਦਾ ਹੈ। ਇਹ ਸਾਡੇ ਅੰਦਰ ਹਉਮੈ ਦਾ ਵੱਧਣਾ ਹੈ, ਮੈਂ ਦਾ ਵੱਧਣਾ ਹੈ ਜਿਸ ਨਾਲ ਉਲਟਾ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਵੱਧਦੀ ਹੈ। ਜਿੰਨੀ **“ਮੈਂ”** ਵੱਧੇਗੀ ਉਤਨੀ **“ਤੂੰ”** ਨਾਲੋਂ ਦੂਰੀ ਵੱਧੇਗੀ। **“ਮੈਂ”** ਹਉਮੈ ਹੈ ਤੇ **“ਤੂੰ”** ਨਾਮ ਹੈ। ਜਿਤਨੀ ਮੈਂ ਵੱਧੇਗੀ ਉਤਨਾ ਤੂੰ ਨਾਲ ਵਿਰੋਧ ਵੱਧੇਗਾ, ਗੁਰੂ ਪ੍ਰਮਾਤਮਾ ਨਾਲ ਵਿਰੋਧ ਵੱਧੇਗਾ। ਜਿਤਨਾ ਗੁਰਮਤਿ ਦੇ ਉਲਟ ਚੱਲਾਂਗੇ ਉਤਨਾ ਗੁਰਮਤਿ ਨਾਲ ਵਿਰੋਧ ਵੱਧੇਗਾ। ਗੁਰਮਤਿ ਨਾਲੋਂ ਦੂਰੀ ਪ੍ਰਮਾਤਮਾ ਨਾਲੋਂ ਦੂਰੀ ਹੈ। ਇਸੇ ਲਈ ਸਾਨੂੰ ਮੂਰਖ ਅੰਧੇ ਕਿਹਾ ਹੈ ਕਿ ਅਸੀਂ ਇਸ ਮੂਰਖਤਾ ਵਿੱਚੋਂ ਨਿਕਲੀਏ, ਅਗਿਆਨਤਾ ਵਿੱਚੋਂ ਨਿਕਲੀਏ। ਜਿਤਨਾ ਕੋਈ ਜਿਆਦਾ ਜਪੀਆ ਤਪੀਆ ਹੋਵੇਗਾ ਉਹ ਉਤਨਾ ਹੀ ਇਸ ਵਿੱਚੋਂ ਨਿਕਲਣ ਦਾ ਵਿਰੋਧ ਕਰੇਗਾ, ਉਸ ਨੂੰ ਉਤਨਾ ਹੀ ਸਮਝਾਉਣਾ ਔਖਾ ਹੋਵੇਗਾ। ਹਉਮੈ ਸਾਡੀ ਮਨਹਠਿ ਹੈ,

ਇਹੋ ਜਿਹੇ ਜਪ ਤਪ ਨਾਲ ਸਾਡੀ ਮਨਹਠਿ ਹੀ ਵੱਧਦੀ ਹੈ।

ਸਲੋਕੁ ਮਃ ੩॥

“ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥੧॥”

(ਅੰਗ ੫੯੩)

ਮਨਹਠਿ ਨੂੰ ਕੁੱਝ ਬਰੀਕੀ ਨਾਲ ਸਮਝਣ ਦੀ ਲੋੜ ਹੈ। ਮਨਹਠਿ ਸਾਡੇ ਮਨ ਦੀ ਦ੍ਰਿੜਤਾ ਹੈ ਜਿਸ ਦੁਆਰਾ ਅਸੀਂ ਆਪਣੇ ਪੱਕੇ ਵਿਸ਼ਵਾਸ ਦੁਆਰਾ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦੇ ਹਾਂ ਜੋ ਸਦੀਆਂ ਤੋਂ ਸਾਡੇ ਸਭ ਦੇ ਅੰਦਰ ਦ੍ਰਿੜ ਹੋਇਆ ਹੋਇਆ ਹੈ। ਸਾਡੇ ਅੰਦਰ ਦ੍ਰਿੜ ਇਹੋ ਗੱਲ ਹੈ ਕਿ ਪ੍ਰਮਾਤਮਾ ਨੂੰ ਸਰੀਰਕ ਜਪ ਤਪ ਦੁਆਰਾ ਹੀ ਪਾਇਆ

ਜਾ ਸਕਦਾ ਹੈ। ਸਾਡੀ ਇਸ ਮਨਹਠਿ ਦਾ ਮੂਲ ਕਾਰਣ ਕੀ ਹੈ, ਇਹ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਇਸ ਮਨਹਠਿ ਦਾ ਮੂਲ ਕਾਰਨ ਕਿਸੇ ਰਿਧੀ ਸਿਧੀ ਦੀ ਪ੍ਰਾਪਤੀ ਹੈ। ਜਿਸ ਨੂੰ ਕਿਸੇ ਰਿਧੀ ਸਿਧੀ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਵੇਂ ਕਿ ਕਿਸੇ ਦੇ ਮਨ ਦੀ ਗੱਲ ਨੂੰ ਬੁੱਝ ਲੈਣਾ, ਸਾਡਾ ਬੋਲਿਆ ਬੋਲ ਸੱਚ ਹੋ ਜਾਣਾ ਆਦਿਕ, ਅਸੀਂ ਉਸ ਨੂੰ ਹੀ ਰੱਬ ਦੇ ਨਾਲ ਮਿਲਣ ਦੀ ਪ੍ਰਾਪਤੀ ਸਮਝਦੇ ਹਾਂ ਕਿਉਂਕਿ ਰੱਬ ਦਾ ਅਸਲ ਮਿਲਣਾ ਕੀ ਹੈ ਇਸ ਦੀ ਸੋਝੀ ਸਿਵਾਇ ਗੁਰਬਾਣੀ ਦੇ ਪੂਰੀ ਦੁਨੀਆਂ ਵਿੱਚ ਕਿਸੇ ਦੇ ਕੋਲ ਵੀ ਨਹੀਂ ਹੈ। ਰੱਬ ਨੂੰ ਜਾਨਣ ਬਾਰੇ, ਸਮਝਣ ਬਾਰੇ ਹਰ ਕੋਈ ਅਗਿਆਨਤਾ ਵਿੱਚ ਹੀ ਹੈ। ਇਹ ਰਿਧੀਆਂ ਸਿਧੀਆਂ ਅਸੀਂ ਜਿੱਥੇ ਦੇਖ ਲੈਂਦੇ ਹਾਂ ਉਸ ਮਨੁੱਖ ਨੂੰ ਰੱਬ ਦਾ ਰੂਪ ਸਮਝ ਬੈਠਦੇ ਹਾਂ ਤੇ ਉਸ ਤੇ ਪੂਰਨ ਵਿਸ਼ਵਾਸ ਕਰਕੇ ਉਸ ਦੇ ਪਿੱਛੇ ਲੱਗ ਜਾਂਦੇ ਹਾਂ, ਉਸ ਦੀਆਂ ਵਡਿਆਈਆਂ ਦੇ ਗੀਤ ਗਾਉਣੇ ਸ਼ੁਰੂ ਕਰ ਦਿੰਦੇ ਹਾਂ। ਜਿਸ ਨੂੰ ਇਹੋ ਜਿਹੀਆਂ ਰਿਧੀਆਂ ਸਿਧੀਆਂ ਮਿਲਦੀਆਂ ਹਨ ਉਹ ਵੀ ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੀ ਸਮਝਦਾ ਹੈ, ਪੂਰਨ ਵਿਸ਼ਵਾਸ ਨਾਲ ਇਸ ਗੱਲ ਨੂੰ ਕਹਿੰਦਾ ਹੈ। ਇਸੇ ਵਿੱਚ ਹੀ ਸਾਡੀ ਮਨਹਠਿ ਦਾ ਜਨਮ ਹੈ ਕਿ ਪ੍ਰਮਾਤਮਾ ਦਾ ਜਪ ਤਪ ਕਰਨ ਨਾਲ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਸਭ ਦੇ ਅੰਦਰ ਇਸੇ ਭੁਲੇਖੇ ਨੇ ਘਰ ਕੀਤਾ ਹੋਇਆ ਹੈ। ਅਸੀਂ ਮਾਇਆ ਮੋਹ ਵਿੱਚ ਵਿਚਰਦੇ ਹਾਂ, ਮਾਇਆ ਦੀ ਜੁਗਤਿ ਵਿੱਚ ਵਿਚਰਦੇ ਹਾਂ ਜਿਸ ਦਾ ਮੂਲ ਮਨੋਰਥ ਹੀ ਸਾਨੂੰ ਅਗਿਆਨਤਾ ਵਿੱਚ ਰੱਖਣ ਦਾ ਹੈ, ਪ੍ਰਮਾਤਮਾ ਦੀ ਸਹੀ ਸੋਝੀ ਪੈਣ ਤੋਂ ਦੂਰ ਰੱਖਣ ਦਾ ਹੈ। ਅਸੀਂ ਜਦੋਂ ਕਿਸੇ ਗੱਲ ਤੇ ਭਰਮਦੇ ਹਾਂ ਉਸ ਦੇ ਪਿੱਛੇ ਕੋਈ ਨਾ ਕੋਈ ਕਾਰਨ ਜਰੂਰ ਹੁੰਦਾ ਹੈ। ਬਿਨ੍ਹਾਂ ਕਾਰਨ

ਕੋਈ ਨਹੀਂ ਭਰਮਦਾ। ਮਾਇਆ ਦੀ ਜੁਗਤਿ ਕੋਲ ਸਾਨੂੰ ਭਰਮਾਉਣ ਲਈ ਸਭ ਤੋਂ ਵੱਡਾ ਤਰੀਕਾ ਇਹ ਰਿਧੀਆਂ ਸਿਧੀਆ ਦਾ ਹੈ ਜਿਸ ਨੂੰ ਕੋਈ ਸਮਝ ਹੀ ਨਹੀਂ ਸਕਦਾ ਕਿ ਇਹ ਕਿੱਥੋਂ ਤੇ ਕਿਵੇਂ ਆਉਂਦੀਆਂ ਹਨ। ਉਹ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਵਿਚਰਦਾ ਹੈ ਤੇ ਉਹ ਸਾਨੂੰ ਜਿਹੋ ਜਿਹੀ ਚਾਹੇ ਸੋਝੀ ਪਾ ਸਕਦਾ ਹੈ। ਦੁਨੀਆਂ ਨੂੰ ਭਰਮ ਵਿੱਚ ਰੱਖਣ ਲਈ ਉਹ ਆਪ ਹੀ ਇਹੋ ਜਿਹੀਆਂ ਰਿਧੀਆਂ ਸਿਧੀਆਂ ਪਾਉਂਦਾ ਹੈ। ਸਾਨੂੰ ਇਹਨਾਂ ਰਿਧੀਆਂ ਸਿਧੀਆਂ ਤੋਂ ਜਿਆਦਾ ਹੋਰ ਕੋਈ ਚੀਜ਼ ਨਹੀਂ ਲੁਭਾਉਂਦੀ ਤੇ ਇਸੇ ਲਈ ਹਰ ਕੋਈ ਇਹਨਾਂ ਦੇ ਮੋਹ ਵਿੱਚ ਫਸ ਜਾਂਦਾ ਹੈ। ਗੁਰੂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਹਨਾਂ ਰਿਧੀਆਂ ਸਿਧੀਆਂ ਦੀ ਕੀਮਤ ਕੀ ਹੈ, ਇਸ ਗੱਲ ਨੂੰ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥”

ਕਿਸੇ ਵੀ ਤਰੀਕੇ ਦੀ ਰਿਧੀ ਸਿਧੀ ਭਾਵ ਹਰ ਰਿਧੀ ਸਿਧੀ ਭਾਵੇਂ ਉਹ ਕਿਸ ਰੂਪ ਵਿੱਚ ਹੋਵੇ, ਇਹ ਸਭ ਮੋਹ ਹੈ ਭਾਵ ਇੱਥੇ ਪ੍ਰਮਾਤਮਾ ਆਪ ਨਹੀਂ ਹੈ। ਜਿੱਥੇ ਇਹ ਰਿਧੀਆਂ ਸਿਧੀਆਂ ਹਨ ਉੱਥੇ ਨਾਮ ਨਹੀਂ ਹੈ ਭਾਵ ਇਹਨਾਂ ਦੀ ਪ੍ਰਾਪਤੀ ਦੁਆਰਾ ਸਾਡੇ

ਅੰਦਰ ਨਾਮ, ਪ੍ਰਮਾਤਮਾ ਨਹੀਂ ਵੱਸਦਾ। ਬੜਾ ਸਪੱਸ਼ਟ ਹੈ ਕਿ ਜਿੱਥੇ ਰਿਧਿ ਸਿਧਿ ਹੈ ਉੱਥੇ ਨਾਮ ਨਹੀਂ ਹੈ। ਇਹ ਗੁਰੂ ਦਾ ਆਪਣਾ ਫੁਰਮਾਨ ਹੈ ਜੋ ਕਦੇ ਗਲਤ ਨਹੀਂ ਹੋ ਸਕਦਾ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ। ਇਹ ਰਿਧੀਆਂ ਸਿਧੀਆਂ ਕੇਵਲ ਸਾਨੂੰ ਭਰਮ ਵਿੱਚ ਪਾਉਣ ਲਈ ਹਨ ਜੋ ਕਿ ਸਾਨੂੰ ਭਰਮ ਵਿੱਚ ਰੱਖਣ ਲਈ ਪ੍ਰਮਾਤਮਾ ਦਾ ਆਪਣਾ ਵਰਤਿਆ ਹੋਇਆ ਹਥਿਆਰ ਹੈ। ਉਹ ਬਹੁਤ ਬਹੁਤ ਜਿਆਦਾ ਸਿਆਣਾ ਹੈ, ਉਹ ਗਿਆਨ ਦਾ ਮਾਲਕ ਹੈ, ਉਹ ਸਭ ਕੁੱਝ ਕਰਨ ਦੇ ਸਮਰੱਥ ਹੈ। ਹਰ ਕੋਈ ਉਸਦਾ ਆਪਣਾ ਹੀ ਭਰਮਾਇਆ ਹੋਇਆ ਹੈ, ਭੁਲਾਇਆ ਹੋਇਆ ਹੈ ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਇਹ ਕਿਹਾ ਗਿਆ ਹੈ ਕਿ ਸਭ ਨੂੰ ਉਸ ਨੇ ਆਪ ਹੀ ਭੁਲਾਇਆ ਹੋਇਆ ਹੈ। ਸਾਨੂੰ ਭਰਮ ਵਿੱਚ ਰੱਖਣ ਲਈ ਰਿਧੀਆਂ ਸਿਧੀਆਂ ਉਸਦਾ ਸਭ ਤੋਂ ਵੱਡਾ ਹਥਿਆਰ ਹੈ। ਇਹਨਾਂ ਰਿਧੀਆਂ ਸਿਧੀਆਂ

13/1351

ਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਸਾਧਨ ਸਮਝਣਾ ਸਾਡੀ ਮਨਹਠਿ ਦਾ ਕਾਰਣ ਹੈ ਜੋ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਹੀ ਪਾਇਆ ਹੈ ਜਿੰਨ੍ਹਾਂ ਨੂੰ ਇਹ ਰਿਧੀਆਂ ਸਿੱਧੀਆਂ ਪ੍ਰਾਪਤ ਹੋਈਆਂ ਹਨ। ਇਹੋ ਜਿਹੀ ਮਨਹਠਿ ਨਾਲ ਪ੍ਰਮਾਤਮਾ ਨੂੰ ਅੱਜ ਤੱਕ ਕਿਸੇ ਨੇ ਨਹੀਂ ਪਾਇਆ ਤੇ ਨਾ ਹੀ ਕੋਈ ਪਾ ਸਕਦਾ ਹੈ। ਜਿੰਨ੍ਹਾਂ ਨੇ ਆਪਣੇ ਜਪਾਂ ਤਪਾਂ ਦੁਆਂਰਾ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕੀਤੀ ਹੈ ਉਨ੍ਹਾਂ ਵਿੱਚੋਂ ਕਈਆਂ ਨੂੰ ਉਹ ਰਿਧੀਆਂ ਸਿਧੀਆਂ ਵਿੱਚ ਪਾ ਕੇ ਉਲਝਾ ਤਾਂ ਜਰੂਰ ਦਿੰਦਾ ਹੈ, ਭਰਮਾ ਤਾਂ ਜਰੂਰ ਦਿੰਦਾ ਹੈ ਪਰ ਉਸ ਨੂੰ ਸਮਝ ਕੋਈ ਨਹੀਂ ਸਕਿਆ ਕਿਉਂਕਿ ਉਸਨੂੰ ਪਾਉਣ ਦਾ ਇਹ ਤਰੀਕਾ ਹੀ ਨਹੀਂ ਹੈ। **(ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥)** ਸਾਡਾ ਇਹ ਮਨਹਠਿ ਕੇਵਲ ਇੱਕ ਭੇਖ ਦੱਸਿਆ ਹੈ, ਦਿਖਾਵਾ ਦੱਸਿਆ ਹੈ, ਸਾਡਾ ਭਰਮ ਦੱਸਿਆ ਹੈ ਜਿਸ ਨਾਲ ਪ੍ਰਾਪਤੀ "**ਦੁਖੁ**" ਦੀ ਹੀ ਹੁੰਦੀ ਹੈ ਜਿਸ ਦੁਆਰਾ ਅਸੀਂ ਗੁਰੂ ਤੋਂ ਦੂਜੇ ਪਾਸੇ ਜੁੜਦੇ ਹਾਂ। **(ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥)** ਇਹ ਦੁੱਖ ਦੀ ਪ੍ਰਾਪਤੀ ਕੀ ਹੈ ਜੋ ਸਾਨੂੰ ਗੁਰੂ ਤੋਂ ਦੂਜੇ ਪਾਸੇ ਜੋੜਦੀ ਹੈ, ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥"

ਰਿਧੀਆਂ ਸਿੱਧੀਆਂ ਦੀ ਪ੍ਰਾਪਤੀ ਨਾਲ ਸਾਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੈ। ਸੁੱਖ ਦੀ ਪ੍ਰਾਪਤੀ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ। ਰਿਧੀਆਂ ਸਿਧੀਆਂ ਦੀ ਪ੍ਰਾਪਤੀ ਨਾਲ ਸਾਡੀ ਮਨਹਠਿ ਹੋਰ ਵੱਧਦੀ ਹੈ, ਹਉਮੈ ਹੋਰ ਵੱਧਦੀ ਹੈ ਜੋ ਕਿ ਸਾਡੇ ਅੰਦਰ ਦੁੱਖ ਹੀ ਵਧਾਉਂਦੀ ਹੈ। ਦੁੱਖ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਹੈ ਭਾਵ ਰਿਧੀਆਂ ਸਿਧੀਆਂ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਹੀ ਵਧਾਉਂਦੀਆਂ ਹਨ। ਸਾਨੂੰ ਸੁੱਖ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ,

13/1352

ਸਾਡੇ ਅੰਦਰ ਨਾਮ ਕਿਵੇਂ ਵੱਸਦਾ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਹੀਂ ਸਮਝਾ ਕੇ ਸਾਡਾ ਭੁਲੇਖਾ ਕੱਢਿਆ ਹੋਇਆ ਹੈ।

"ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥

ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥੧॥"

ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਸਾਡੇ ਮਨ ਦਾ ਨਿਰਮਲ ਹੋਣਾ ਹੈ, ਪਵਿੱਤਰ ਹੋਣਾ ਹੈ। ਨਿਰਮਲ ਅਸੀਂ ਕਿਵੇਂ ਬਣਦੇ ਹਾਂ ਇਸ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਵਿਚਾਰਦੇ ਆ ਰਹੇ ਹਾਂ। ਮਨ ਗੁਰ ਸੇਵਾ ਦੁਆਰਾ ਨਿਰਮਲ ਹੁੰਦਾ ਹੈ। ਗੁਰੂ ਦੀ ਸੇਵਾ ਉਸਦੇ ਸ਼ਬਦ ਦੀ ਵਿਚਾਰ ਦੁਆਰਾ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

ਸਾਡਾ ਮਨ ਅਪਵਿੱਤਰ ਹਉਮੈ ਕਰਕੇ ਹੈ, ਅਗਿਆਨਤਾ ਕਰਕੇ ਹੈ, ਸਾਡੀ ਮੈਂ ਕਰਕੇ ਹੈ। ਹਉਮੈ ਸਾਡੀ ਮਨਮਤਿ ਹੈ ਤੇ ਸ਼ਬਦ ਗੁਰਮਤਿ ਹੈ। ਸਾਡੀ ਮਨਮਤਿ ਗੁਰਮਤਿ ਦੇ ਵਿਚਾਰ ਦੁਆਰਾ ਜਾਣੀ ਹੈ। ਸਾਡੇ ਮਨ ਨੂੰ ਪਵਿੱਤਰ ਗੁਰਮਤਿ ਦੇ ਗਿਆਨ ਨੇ ਹੀ ਕਰਨਾ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ, ਨਾ ਹੀ ਸਾਡੇ ਅੰਦਰ ਗੁਰੂ ਦੀ ਸੇਵਾ ਹੈ ਤੇ ਨਾ ਹੀ ਅਸੀਂ ਸ਼ਬਦ

ਦੇ ਵੀਚਾਰੀ ਹਾਂ। ਸ਼ਬਦ ਦਾ ਵੀਚਾਰੀ ਬਣਨਾ ਸਾਡੀ ਅਗਿਆਨਤਾ ਦਾ ਦੂਰ ਹੋਣਾ ਹੀ ਹੈ। **(ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥)** ਸਾਡੀ ਇਹ ਅਗਿਆਨਤਾ ਕਿਵੇਂ ਦੂਰ ਹੁੰਦੀ ਹੈ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥੧॥"

ਸਾਨੂੰ ਨਿਰਮਲ ਕਰਨਾ ਭਾਵ ਸਾਡੀ ਅਗਿਆਨਤਾ ਕੱਟਣਾ, ਸਾਨੂੰ ਮਨਮਤਿ ਵਿੱਚੋਂ ਕੱਢਣਾ, ਸਾਨੂੰ ਤ੍ਰੈਗੁਣਾਂ ਵਿੱਚੋਂ ਕੱਢਣਾ, ਸਾਨੂੰ ਹਉਮੈ ਵਿੱਚੋਂ ਕੱਢਣਾ, ਇਹ ਸਭ

13/1353

ਪ੍ਰਮਾਤਮਾ ਦੇ ਹੱਥ ਹੈ। ਸਾਡੇ ਹੱਥ ਵੱਸ ਕੁੱਝ ਨਹੀਂ ਹੈ। ਸਾਰੀ ਗੱਲ ਸੱਚੇ ਗਿਆਨ ਦੀ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਦੀ ਹੈ ਤੇ ਅਸੀਂ ਵਿਅਰਥ ਹੀ ਅਨੇਕਾਂ ਕਰਮ, ਜਪ ਤਪ ਆਦਿ ਕਰੀ ਜਾਂਦੇ ਹਾਂ ਜੋ ਕਿ ਕੇਵਲ ਸਾਡੀ ਇੱਕ ਮਨਹਠਿ, ਦਿਖਾਵਾ ਹੈ।**(ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥)** ਪ੍ਰਮਾਤਮਾ ਨੂੰ ਕੇਵਲ ਉਸਦੇ ਸੱਚੇ ਗਿਆਨ ਦੁਆਰਾ ਪਾਇਆ ਜਾ ਸਕਦਾ ਹੈ, ਮਨ ਦੀ ਅਗਿਆਨਤਾ ਦੂਰ ਹੋਣ ਦੁਆਰਾ ਪਾਇਆ ਜਾ ਸਕਦਾ ਹੈ। ਸਾਡੀ ਅਗਿਆਨਤਾ ਆਪ "**ਨਾਮ ਰਤਨੁ**" ਹੀ ਦੂਰ ਕਰਦਾ ਹੈ ਭਾਵ ਆਪ ਪ੍ਰਮਾਤਮਾ ਹੀ ਦੂਰ ਕਰਦਾ ਹੈ ਜੋ ਕਿ ਸਾਡੇ "**ਮਨ**" ਦੇ ਅੰਦਰ ਹੀ ਹੈ, "**ਘਰ**" ਦੇ ਅੰਦਰ ਹੀ ਹੈ। ਜਦ ਤੱਕ ਉਹ ਸਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਸਾਡੀ ਅਗਿਆਨਤਾ ਨਹੀਂ ਜਾ ਸਕਦੀ। ਉਹ ਆਪਣੇ ਗਿਆਨ ਦੁਆਰਾ ਹੀ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਸਾਡੇ ਅੰਦਰ ਇਸੇ ਅਵੱਸਥਾ ਦੁਆਰਾ ਹੀ ਵਿਚਰਦਾ ਹੈ ਤੇ ਉਸ ਦੇ ਵਿੱਚ ਇਸੇ ਅਵੱਸਥਾ ਦੁਆਰਾ ਹੀ ਸਮਾ ਜਾਈਦਾ ਹੈ। ਇਹੀ ਨਾਮ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੈ। **(ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥੧॥)** "**ਨਾਮੁ**", "**ਰਤਨੁ**" ਪ੍ਰਮਾਤਮਾ ਆਪ ਹੈ ਜੋ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਬ੍ਰਹਮ ਗਿਆਨ ਦੀ ਅਵੱਸਥਾ ਹੀ ਚੌਥੇ ਪਦ ਦੀ ਅਵੱਸਥਾ ਹੈ, ਸਹਜ ਗਿਆਨ ਦੀ ਅਵੱਸਥਾ ਹੈ। ਇਹ ਪੂਰਨ ਗੁਰਮਤਿ ਦੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ। ਇਸੇ ਲਈ ਗੁਰਬਾਣੀ ਚੌਥੇ ਪਦ ਵਿੱਚ ਹੈ, ਸਹਜ ਵਿੱਚ ਹੈ, ਪੂਰਨ ਬ੍ਰਹਮ ਗਿਆਨ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ, ਸ਼ਬਦ ਰੂਪ ਹੈ। ਸਹਜ ਦੀ ਅਵੱਸਥਾ ਵਿੱਚ ਕੋਈ ਤਾਂ ਹੀ ਸਮਾਅ ਸਕਦਾ ਹੈ ਜੇਕਰ ਅੰਦਰ ਨਾਮੁ ਰਤਨ ਪ੍ਰਗਟ ਹੋ ਜਾਵੇ, ਆਪ ਪ੍ਰਮਾਤਮਾ ਪ੍ਰਗਟ ਹੋ ਜਾਵੇ। ਕਿਸੇ ਨੂੰ ਏਵੇਂ ਹੀ ਸਹਜ ਦੀ ਅਵੱਸਥਾ ਵਾਲਾ ਕਹਿ ਦੇਣਾ ਸਾਡੀ ਵੱਡੀ ਭੁੱਲ ਹੈ, ਅਗਿਆਨਤਾ ਹੈ, ਸਹਜ ਦੀ ਪ੍ਰਾਪਤੀ ਉਹਨਾਂ ਨੂੰ ਹੋਈ ਹੈ ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਜਿੰਨ੍ਹਾਂ ਨੇ ਮਨ ਨੂੰ ਜਾਣਿਆ ਹੈ, ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣਿਆ ਹੈ। ਆਪਣੀ ਸੱਚੀ ਮਤਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਦਿੰਦਾ ਹੈ।

ਜਦ ਤੱਕ ਸਾਨੂੰ ਪ੍ਰਮਾਤਮਾ ਕੋਲੋਂ ਉਸ ਦੀ ਸੱਚੀ ਮਤਿ ਦੀ ਸੋਝੀ ਨਹੀਂ ਪੈਂਦੀ ਅਸੀਂ ਉਸ ਦੇ ਬੋਲਾਂ ਤੇ, ਬਚਨਾਂ ਤੇ ਪੂਰੇ ਨਹੀਂ ਉਤਰ ਸਕਦੇ। ਉਹ ਸਾਡੇ ਅੰਦਰ ਪ੍ਰਗਟ ਹੋ ਕੇ ਸਾਨੂੰ ਆਪ ਹੀ ਆਪਣੀ ਮਤਿ ਤੇ ਚਲਾਉਂਦਾ ਹੈ ਭਾਵ ਆਪਣਾ ਤੋਲ ਆਪ ਤੁਲਾਂਦਾ ਹੈ। ਮੁੱਖ ਸ਼ਬਦ ਦੇ ਰਾਹੀਂ ਸਾਨੂੰ ਇਹੀ ਕੁੱਝ ਸਮਝਾਇਆ ਹੋਇਆ ਹੈ। **(ਅਸੀ ਬੋਲਵਿਗਾੜ ਵਿਗਾੜਹ ਬੋਲ॥ ਤੂ ਨਦਰੀ ਅੰਦਰਿ ਤੋਲਹਿ ਤੋਲ॥)**

13/1354

ਉਹ ਆਪਣਾ ਤੋਲ ਕਿਸ ਰੂਪ ਵਿੱਚ ਤੋਲਾਂਦਾ ਹੈ ਭਾਵ ਉਸਦਾ ਤੋਲ ਤੁਲਣਾ ਕੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਇਨ੍ਹਾਂ ਪੰਗਤੀਆਂ ਤੇ ਸਭ ਨੂੰ ਆਪਣਾ ਪੂਰਾ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਇੱਥੇ ਸਾਨੂੰ ਗੁਰਮਤਿ ਦਾ ਸਾਰ ਹੀ ਸਮਝਾਇਆ ਹੋਇਆ ਹੈ।

"ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥੩॥"

ਤੋਲ ਤਾਂ ਅਸੀਂ ਗੁਰੂ ਦੇ ਬਚਨਾਂ ਦਾ ਹੀ ਤੁਲਣਾ ਹੈ ਤੇ ਇਹ ਤੋਲ ਅਸੀਂ ਆਪਣੀ ਕਰਨੀ ਦੁਆਰਾ, ਸੰਸਾਰਿਕ ਵਿਚਰਨ ਦੁਆਰਾ ਤੁਲਨਾ ਹੈ। ਗੁਰੂ ਸਾਨੂੰ ਵਾਰ ਵਾਰ ਚੰਗੀ ਕਰਣੀ ਹੀ ਸਮਝਾ ਰਿਹਾ ਹੈ, ਚੰਗੇ ਕਰਮ ਕਰਨੇ ਹੀ ਸਮਝਾਂ ਰਿਹਾ ਹੈ ਤੇ ਉਸ ਦਾ ਨਾਮ ਜਪਣਾ ਸਾਡੀ ਚੰਗੀ ਕਰਣੀ ਹੀ ਹੈ। ਸਾਡੀ ਕਰਣੀ ਉਹੀ ਹੈ ਜਿੱਥੇ ਗੁਰੂ ਦੀ ਪੂਰੀ ਮਤਿ ਹੈ, ਜਿਸ ਨੂੰ ਪ੍ਰਮਾਤਮਾ ਆਪਣੀ

ਪੂਰੀ ਸੋਝੀ ਬਖ਼ਸ਼ਦਾ ਹੈ। ਉਸਦਾ ਤੋਲ ਤੁਲਣਾ ਉਸਦੀ ਮਤਿ ਤੇ ਖਰਾ ਉਤਰਨਾ ਹੀ ਹੈ ਭਾਵ ਸਾਡੀ ਹਰ ਕਰਣੀ ਉਹੋ ਜਿਹੀ ਹੋਣੀ ਚਾਹੀਦੀ ਹੈ ਜੋ ਗੁਰਮਤਿ ਅਨੁਸਾਰ ਹੋਵੇ। ਆਪਣੀ ਪੂਰੀ ਮਤਿ ਤੇ, ਅਪਣੀ ਪੂਰੀ ਸੋਝੀ ਪਾ ਕੇ ਉਹ ਆਪ ਹੀ ਉਸ ਤੇ ਚਲਾ ਸਕਦਾ ਹੈ। ਜਦ ਤੱਕ ਸਾਨੂੰ ਗੁਰਮਤਿ ਦੀ ਸੋਝੀ ਨਹੀਂ ਪੈਂਦੀ ਅਸੀਂ ਉਸ ਨੂੰ ਪਾਉਣ ਲਈ ਵਿਅਰਥ ਹੀ ਸਰੀਰਕ ਜਪ ਤਪ ਆਦਿ ਕਰੀ ਜਾਂਦੇ ਹਾਂ ਤੇ ਆਪਣੀ ਸੱਚੀ ਸੁੱਚੀ ਕਰਣੀ ਤੋਂ ਵਿਛੜੇ ਹੋਏ ਹਾਂ ਜੋ ਕਿ ਉਸਦਾ ਅਸਲ ਜਪ, ਤਪ, ਨਾਮ ਜਪਣਾ ਹੈ। **(ਜਹ ਕਰਣੀ ਤਹ ਪੂਰੀ ਮਤਿ॥)** ਆਪਣੀ ਚੰਗੀ ਕਰਣੀ ਤੋਂ ਇਲਾਵਾ ਅਸੀਂ ਜੋ ਵੀ ਕਰਮ ਕਰਦੇ ਹਾਂ, ਪ੍ਰਮਾਤਮਾ ਨੂੰ ਪਾਉਣ ਲਈ ਸਰੀਰਕ ਕਿਰਿਆਵਾਂ ਆਦਿਕ ਕਰਦੇ ਹਾਂ, ਅਨੇਕਾਂ ਦਰ ਤੇ ਘੁੰਮਦੇ ਹਾਂ, ਤੀਰਥਾਂ ਆਦਿ ਤੇ ਭਾਉਂਦੇ ਹਾਂ, ਉਹ ਸਾਡੇ ਕਿਸੇ ਕੰਮ ਨਹੀਂ ਆਉਂਦੇ। ਜਿਹੋ ਜਿਹੇ ਜਪਾਂ ਤਪਾਂ ਦੁਆਰਾ ਸਾਡੀ ਹਉਮੈ ਵੱਧਦੀ ਹੈ, ਮਨਹਠਿ ਵੱਧਦੀ ਹੈ ਉਹ ਸਾਨੂੰ ਲਾਭ ਦੇਣ ਦੀ ਬਜਾਇ ਘਾਟੇ ਵੱਲ ਲੈ ਜਾਂਦੀ ਹੈ

13/1355

ਭਾਵ ਗੁਰੂ ਪ੍ਰਮਾਤਮਾ ਦੇ ਨੇੜੇ ਲਾਉਣ ਦੀ ਬਜਾਇ ਉਲਟਾ ਦੂਰ ਕਰਦੀ ਹੈ। ਪ੍ਰਮਾਤਮਾ ਦੇ ਨੇੜੇ ਕੇਵਲ ਸਾਨੂੰ ਸਾਡੀ ਸੱਚੀ ਕਰਣੀ ਲਗਾਉਂਦੀ ਹੈ ਜੋ ਕੇਵਲ ਗੁਰੂ ਦੇ ਸੱਚ ਨੂੰ ਜਾਣ ਕੇ ਤੇ ਉਸ ਤੇ ਚੱਲ ਕੇ ਹੋ ਸਕਦੀ ਹੈ। **(ਕਰਣੀ ਬਾਝਹੁ ਘਟੇ ਘਟਿ॥੩॥)**

ਇਹੋ ਜਿਹੀ ਸੱਚੀ ਸੁੱਚੀ ਕਰਣੀ ਕਿਸ ਅਵੱਸਥਾ ਦੁਆਰਾ ਹੋ ਸਕਦੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਇਹ ਮਨ ਵਿੱਚ ਸੱਚੇ ਗਿਆਨ ਦੇ ਵੱਸਣ ਦੀ ਅਵੱਸਥਾ ਹੈ, ਉਸ ਦੇ ਆਪ ਵੱਸਣ ਦੀ ਅਵੱਸਥਾ ਹੈ ਤੇ ਨਾਲ ਹੀ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਗਿਆਨੀ ਬਣਨਾ ਕੀ ਹੈ ਭਾਵ ਅਸੀਂ ਗਿਆਨੀ ਕਿਸ ਤਰੀਕੇ ਨਾਲ ਬਣ ਸਕਦੇ ਹਾਂ, ਗੁਰੂ ਦੇ ਸੱਚੇ ਗਿਆਨ ਵਾਲੇ ਕਿਸ ਤਰ੍ਹਾਂ ਬਣ ਸਕਦੇ ਹਾਂ ਜਿਸ ਦੁਆਰਾ ਅਸੀਂ ਆਪਣੀ ਚੰਗੀ ਕਰਨੀ ਕਰਕੇ ਉਸਦੇ ਬਚਨਾਂ ਦਾ ਤੋਲ ਤੁਲ ਸਕਦੇ ਹਾਂ।

"ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਬੂਝੈ ਸੋਇ॥

ਗੁਰ ਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥੪॥੩੦॥"

ਗੁਰੂ ਸਾਹਿਬ ਸਾਨੂੰ ਇਹ ਗੱਲ ਬੇਨਤੀ ਦੇ ਰੂਪ ਵਿੱਚ ਸਮਝਾ ਰਹੇ ਹਨ ਭਾਵ ਸਾਨੂੰ ਜ਼ੋਰ ਦੇ ਕੇ ਸਮਝਾ ਰਹੇ ਹਨ ਕਿ ਅਸੀਂ ਕਿਹੋ ਜਿਹਾ ਗਿਆਨੀ ਬਣਨਾ ਹੈ, ਗਿਆਨੀ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਜਿਸ ਦੁਆਰਾ ਉਹ ਆਪਣੀ ਸੱਚੀ ਕਰਣੀ ਕਰਦਾ ਹੈ। ਸਾਰੀ ਗੱਲ ਆਪਣੇ ਆਪ ਨੂੰ ਪਛਾਨਣ ਦੀ ਹੈ, ਆਪਣੇ ਆਪ ਦੀ ਸੋਝੀ ਪੈਣ ਦੀ ਹੈ ਕਿ ਸਾਡਾ ਪ੍ਰਮਾਤਮਾ ਦੇ ਨਾਲ ਕਿਹੋ ਜਿਹਾ ਰਿਸ਼ਤਾ ਹੈ। ਆਪਣੇ ਆਪ ਦੀ ਪਛਾਣ ਹੋਣ ਨਾਲ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਦੇ ਹਾਂ। ਸਾਨੂੰ ਤਾਂ ਹੀ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹਰ ਸਰੂਪ ਵਿੱਚ ਉਹ ਆਪ ਹੀ ਵਿਚਰ ਰਿਹਾ ਹੈ। ਇਸ ਦੀ ਸੋਝੀ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ ਤੇ ਮਨੁੱਖ ਦੀ ਅਵੱਸਥਾ ਗਿਆਨੀ ਵਾਲੀ ਬਣਦੀ ਹੈ ਤੇ ਸਮਝ ਪੈਂਦੀ ਹੈ ਕਿ ਅਸਲ ਵਿੱਚ ਗਿਆਨੀ ਕੌਣ ਹੈ। ਗਿਆਨੀ ਉਹ ਆਪ ਪ੍ਰਮਾਤਮਾ ਹੀ ਹੈ ਜੋ ਸਾਰੇ ਗਿਆਨ

13/1356

ਦਾ ਸ੍ਰੋਤ ਹੈ ਤੇ ਸਭ ਨੂੰ ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। **(ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਬੂਝੈ ਸੋਇ॥)** ਮਨੁੱਖ ਦੀ ਇਹ ਅਵੱਸਥਾ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਦੁਆਰਾ ਹੀ ਬਣ ਸਕਦੀ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ। ਗਿਆਨ ਦੇ ਨਾਲ ਸਾਡੇ ਵਿਚਾਰ ਹੀ ਬਦਲਦੇ ਹਨ ਭਾਵ ਸਾਡੇ ਵਿਚਾਰ ਸੱਚੇ ਹੋ ਜਾਂਦੇ ਹਨ, ਗੁਰਮਤਿ ਅਨੁਸਾਰ ਹੋ ਜਾਂਦੇ ਹਨ। ਇਹੋ ਜਿਹਾ ਗਿਆਨੀ ਪ੍ਰਮਾਤਮਾ ਦੀ ਦਰਗਾਹ ਵਿੱਚ ਪ੍ਰਵਾਨ ਹੁੰਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਕੇ ਹੀ ਉਸਦਾ ਗਿਆਨੀ ਬਣਿਆ ਜਾ ਸਕਦਾ ਹੈ ਤੇ ਉਸਦੀ ਦਰਗਾਹ ਵਿੱਚ ਭਾਵ ਮਨ ਦੇ ਵਿੱਚ ਹੀ ਪ੍ਰਵਾਨ ਹੋ ਜਾਈਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਇਸੇ ਸਰੀਰ ਰਾਹੀਂ ਹੀ ਤੇ ਉਸ ਤੋਂ ਬਾਅਦ ਨਹੀਂ ਹੋ ਸਕਦਾ। ਜਿਸ ਨੇ ਵੀ ਉਸ ਦੀ ਦਰਗਾਹ ਵਿੱਚ ਪਹੁੰਚਣਾ ਹੈ ਇਸੇ ਜੀਵਨ ਵਿੱਚ ਹੀ ਪਹੁੰਚਣਾ ਹੈ ਤੇ ਪ੍ਰਵਾਨ ਹੋਣਾ ਹੈ। ਆਪਣੀ ਗੁਰਮਤਿ ਦਾ ਵਿਚਾਰੀ ਉਹ ਆਪ ਹੀ ਬਣਾਉਂਦਾ ਹੈ। ਪੜ੍ਹ ਪੜ੍ਹ ਕੇ ਗਿਆਨ ਇਕੱਠਾ ਕਰੀ ਜਾਣਾ ਹੋਰ ਗੱਲ ਹੈ ਪਰ ਉਸਦਾ ਵਿਚਾਰੀ ਬਣਨਾ, ਆਚਾਰੀ ਬਣਨਾ ਹੋਰ ਗੱਲ ਹੈ। ਗਿਆਨ ਦਾ ਵਿਚਾਰੀ ਉਹੀ ਹੈ ਜਿਸਦੇ ਆਚਾਰ ਚੰਗੇ ਹਨ, ਜਿਸਦੀ ਕਰਣੀ ਚੰਗੀ ਹੈ, ਕਿਰਤ

ਚੰਗੀ ਹੈ।

{ਜਗਿ ਗਿਆਨੀ ਵਿਰਲਾ ਆਚਾਰੀ॥ ਜਗਿ ਪੰਡਿਤੁ ਵਿਰਲਾ ਵੀਚਾਰੀ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ - ੪੧੩)

ਉਸ ਪ੍ਰਮਾਤਮਾ ਨੂੰ ਭੇਟਣ ਤੋਂ ਬਾਅਦ ਭਾਵ ਮੇਲ ਤੋਂ ਬਾਅਦ ਕੋਈ ਗਿਆਨ ਦਾ ਅਹੰਕਾਰ ਨਹੀਂ ਕਰ ਸਕਦਾ ਕਿਉਂਕਿ ਉਸ ਤੋਂ ਬਾਅਦ ਇਹ ਸਮਝ ਲੱਗ ਜਾਂਦੀ ਹੈ ਕਿ ਇਹ ਗਿਆਨ ਕਿੱਥੋਂ ਆਉਂਦਾ ਹੈ, ਇਸਦਾ ਮਾਲਕ ਕੌਣ ਹੈ। ਬ੍ਰਹਮਾ ਨੇ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ ਤੇ ਇਸੇ ਲਈ ਗੁਰਬਾਣੀ ਨੇ ਉਸਨੂੰ ਹਉਮੈ ਵਿੱਚ ਦੱਸਿਆ ਹੈ, ਤ੍ਰੈਗੁਣਾਂ ਵਿੱਚ ਕਿਹਾ ਹੈ, ਅਗਿਆਨੀ ਕਿਹਾ ਹੈ। **(ਗੁਰ ਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥੪॥੩੦॥)**

“**ਬ੍ਰਹਮਾ**” ਨੂੰ ਅਗਿਆਨੀ ਕਿਸ ਲਈ ਕਿਹਾ ਹੈ ਤੇ ਗੁਰਬਾਣੀ “**ਗਿਆਨੀ**” ਕਿਸ ਲਈ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥ ਅੰਤਰਿ ਤਾਮਸੁ ਆਪੁ ਨ ਪਛਾਣੈ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥”

(ਅੰਗ ੨੩੧)

ਬ੍ਰਹਮਾ ਨੇ ਵੇਦ ਉਚਾਰੇ ਹਨ ਜੋ ਗਿਆਨ ਨਾਲ ਭਰਪੂਰ ਹਨ। ਬ੍ਰਹਮਾ ਨੂੰ ਇਹ ਵੇਦ ਪੜਾਉਣ ਵਾਲਾ ਕੌਣ ਹੈ ਭਾਵ ਮਨ ਦੇ ਵਿੱਚ ਸੋਝੀ ਪਾਉਣ ਕੌਣ ਹੈ ਇਸ ਗੱਲ ਦੀ ਸੋਝੀ ਉਸ ਨੂੰ ਨਹੀਂ ਪਈ। ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਕਹਿ ਕੇ ਉਸਨੇ ਪ੍ਰਮਾਤਮਾ ਨਾਲ ਆਪਣਾ ਵਾਦ ਹੀ ਵਖਾਇਆ ਹੈ ਭਾਵ ਝਗੜਾ ਹੀ ਵਖਾਇਆ ਹੈ। ਜਦ ਤੱਕ ਸਾਨੂੰ ਆਪਣੇ ਅੰਦਰੋਂ ਉਸ ਗਿਆਨ ਦੇ ਸ੍ਰੋਤ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਹਰ ਕੋਈ “ਤ੍ਰੈਗੁਣਾਂ” ਵਿੱਚ ਹੀ, “ਮੈਂ” ਵਿੱਚ ਹੀ ਹੈ, “ਹਉਮੈ” ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ। ਸਾਡੀ ਮਨ ਦੀ ਇਹ ਅਵੱਸਥਾ ਹੀ ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਨ ਹੈ ਜਿਸ ਦੁਆਰਾ ਅਸੀਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਇਹ ਝਗੜਾ “ਮੈਂ” ਦਾ ਤੇ “ਤੂੰ” ਦਾ ਹੈ, “ਹਉਮੈ” ਦਾ ਤੇ “ਨਾਮ” ਦਾ ਹੈ, ਝੂਠ ਦਾ ਤੇ ਸੱਚ ਦਾ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਗਿਆਨ ਰੂਪ ਹੈ ਤੇ ਆਪਣੇ ਗਿਆਨ ਰੂਪ ਦੁਆਰਾ ਸਭ ਦਾ ਮਾਲਕ ਹੈ, ਸਭ ਨੂੰ ਚਲਾਉਣ ਵਾਲਾ ਹੈ, ਫਿਰ ਇਹ ਗੱਲ ਸੱਚ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਹੋਰ ਹੋਂਦ ਸਮਝਣਾ ਝੂਠ ਹੈ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ, ਸਭ ਵਿੱਚ ਪ੍ਰਮਾਤਮਾ ਨਜ਼ਰ ਨਾ ਆਉਣਾ ਝੂਠ ਹੈ। ਇਹ ਝਗੜੇ ਸਾਡੇ ਮਨ ਦੇ ਅੰਦਰ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਪ੍ਰਮਾਤਮਾ ਨੇ ਸਭ ਨੂੰ ਤ੍ਰੈਗੁਣਾਂ ਵਿੱਚ, ਹਉਮੈ ਵਿੱਚ ਹੀ ਰੱਖਿਆ ਹੋਇਆ ਹੈ ਜੋ ਕਿ ਉਸਦਾ ਇਸ ਸ੍ਰਿਸ਼ਟੀ ਦੀ ਖੇਡ ਨੂੰ ਚਲਾਉਣ ਦਾ ਮੂਲ ਹੈ। ਜਦ ਤੱਕ ਮਨੁੱਖ ਤ੍ਰੈਗੁਣਾਂ ਵਿੱਚ ਹੈ ਪ੍ਰਮਾਤਮਾ ਨਾਲ ਸਾਡਾ ਝਗੜਾ ਬਣਿਆ ਹੀ ਰਹਿੰਦਾ ਹੈ ਕਿਉਂਕਿ ਤਦ ਤੱਕ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ, ਨਾਮ ਦੀ ਸੋਝੀ ਨਹੀਂ ਪੈਂਦੀ। ਸੱਚ ਦੀ ਸੋਝੀ, ਪ੍ਰਮਾਤਮਾ ਦੀ ਸੋਝੀ ਬ੍ਰਹਮਾ ਨੂੰ ਵੀ ਨਹੀਂ ਪਈ ਕਿਉਂਕਿ ਸਾਡੇ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। **(ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥)** ਵਾਦ ਦਾ, ਝਗੜੇ ਦਾ ਕਾਰਨ ਕੀ ਹੈ, ਇਹ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਅੰਤਰਿ ਤਾਮਸੁ ਆਪੁ ਨ ਪਛਾਣੈ॥”

ਸਾਰੀ ਗੱਲ ਆਪਣੇ ਆਪ ਨੂੰ ਪਛਾਨਣ ਦੀ ਹੈ ਕਿ ਅਸੀਂ ਕੀ ਹਾਂ। ਆਪਣੇ ਆਪ ਨੂੰ ਪਛਾਣੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਪਛਾਣ ਸਕਦੇ ਜੋ ਕਿ ਸਭ ਦੇ ਅੰਦਰ ਆਪ ਹੀ ਵਿਚਰ ਰਿਹਾ ਹੈ। ਆਪਣੇ ਆਪ ਨੂੰ ਪਛਾਣੇ ਬਿਨ੍ਹਾਂ ਅਸੀਂ “ਮੈਂ” ਹਾਂ ਤੇ ਆਪਣੇ ਆਪ ਨੂੰ ਪਛਾਨਣ ਦੁਆਰਾ ਸਾਡੀ “ਮੈਂ” ਮੁੱਕ ਜਾਂਦੀ ਹੈ, ਹਉਮੈ ਮੁੱਕ ਜਾਂਦੀ ਹੈ ਕਿਉਂਕਿ ਫਿਰ ਆਪਣੇ ਅੰਦਰੋਂ “ਤੂੰ” ਨਜ਼ਰ ਆ ਜਾਂਦਾ ਹੈ ਜੋ ਸਭ ਵਿੱਚ ਵਿਚਰ ਰਿਹਾ ਹੈ। ਅਸੀਂ ਆਪਣੇ ਆਪ ਨੂੰ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਿਉਂ ਨਹੀਂ ਪਛਾਣ ਸਕਦੇ ਇਸਦਾ ਕਾਰਨ ਸਾਡੇ ਅੰਦਰ ਦੀ ਤਾਮਸੁ ਹੈ ਭਾਵ ਅਗਿਆਨਤਾ ਹੈ। ਪ੍ਰਮਾਤਮਾ ਨਾਲੋਂ ਸਾਡਾ ਪੜਦਾ ਕੇਵਲ ਮਨ ਦੀ ਅਗਿਆਨਤਾ ਹੈ, ਭਰਮ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੈ ਜਿਸ ਕਰਕੇ ਹਰ ਕੋਈ ਹਉਮੈ ਵਿੱਚ ਹੈ ਤੇ ਪ੍ਰਮਾਤਮਾ ਨੂੰ ਜਾਨਣ ਬਾਰੇ ਅਸਮਰੱਥ ਹੈ। ਜਦ ਤੱਕ ਸਾਡੇ ਅੰਦਰ ਭਰਮ ਹੈ, ਦੁਬਿਧਾ ਹੈ, ਅਸੀਂ ਆਪਣੇ ਆਪ ਨੂੰ ਹੀ ਵੱਡਾ ਸਮਝਦੇ ਹਾਂ, ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਗਿਆਨ ਸਮਝਦੇ ਹਾਂ, ਆਪਣੀ ਮਤਿ ਦੇ ਮਾਲਕ ਆਪਣੇ ਆਪ ਨੂੰ ਸਮਝਦੇ ਹਾਂ। ਇਸੇ ਲਈ ਬ੍ਰਹਮਾ ਨੇ ਆਪਣੇ ਆਪ ਨੂੰ ਉੱਚਾ ਕੀਤਾ ਹੈ, ਗਿਆਨ ਦਾ ਮਾਲਕ ਦੱਸਿਆ ਹੈ ਤੇ ਆਪਣੇ ਆਪ ਨੂੰ ਗੁਰੂ, ਪ੍ਰਮਾਤਮਾ ਦੱਸਿਆ ਹੈ, ਆਪਣੀ ਪੂਜਾ ਕਰਾਈ ਹੈ। ਗੁਰਬਾਣੀ ਰਚਣ ਵਾਲਿਆਂ ਵਿੱਚ ਤੇ ਵੇਦ ਆਦਿ ਰਚਣ ਵਾਲਿਆਂ ਵਿੱਚ ਇਹੀ ਭੇਦ ਹੈ ਜੋ ਕਿ ਅਗਲੀ ਪੰਗਤੀ ਦੁਆਰਾ ਸਪੱਸ਼ਟ ਹੈ।

“ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥”

ਬ੍ਰਹਮਾ ਨੇ ਪ੍ਰਮਾਤਮਾ ਨੂੰ ਨਹੀਂ ਪਾਇਆ ਕਿਉਂਕਿ ਉਸਨੇ ਆਪਣੇ ਆਪ ਨੂੰ ਹੀ ਗੁਰੂ ਦੱਸਿਆ ਹੈ, ਪ੍ਰਮਾਤਮਾ ਦੱਸਿਆ ਹੈ, ਗਿਆਨ ਦਾ ਮਾਲਕ ਆਪਣੇ ਆਪ ਨੂੰ ਦੱਸਿਆ ਹੈ। ਪ੍ਰਮਾਤਮਾ ਨੂੰ ਪਾਉਣਾ ਇਹ ਹੈ ਭਾਵ ਪ੍ਰਮਾਤਮਾ ਨੂੰ ਉਹਨਾਂ ਦੇ ਪਾਇਆ ਹੈ ਜਿੰਨ੍ਹਾਂ ਨੇ ਸ਼ਬਦ ਨੂੰ ਗੁਰੂ ਆਖਿਆ ਹੈ, ਆਪਣੇ ਅੰਦਰੋਂ ਸ਼ਬਦ ਰੂਪ ਗੁਰੂ ਦੇ ਦਰਸ਼ਨ ਕੀਤੇ ਹਨ। ਸ਼ਬਦ ਨਿਰਗੁਣ ਰੂਪ ਹੈ ਤੇ ਉਹ ਨਿਰਗੁਣ ਰੂਪ ਵਿੱਚ ਹੀ ਗੁਰੂ ਹੈ। ਸ਼ਬਦ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਰੂਪ ਵਿੱਚ ਉਹ ਗੁਰੂ ਹੈ।

ਪੂਰੀ ਗੁਰਬਾਣੀ ਬ੍ਰਹਮ ਗਿਆਨ ਹੈ, ਸ਼ਬਦ ਰੂਪ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ, ਨਿਰਗੁਣ ਰੂਪ ਹੈ। ਜਿੰਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਭਾਵ ਸਰਗੁਣ ਰੂਪ ਨੂੰ, ਦੇਹ ਰੂਪ ਨੂੰ ਗੁਰੂ ਨਹੀਂ ਆਖਿਆ ਬਲਕਿ "ਸ਼ਬਦ" ਨੂੰ ਗੁਰੂ ਆਖਿਆ ਹੈ। "ਸ਼ਬਦ" ਰੂਪ ਪ੍ਰਮਾਤਮਾ ਆਪ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜੋ ਆਪਣੇ ਅੰਦਰੋਂ ਸ਼ਬਦ ਰੂਪ ਪ੍ਰਮਾਤਮਾ ਦੇ, ਗਿਆਨ ਦੇ ਮਾਲਕ ਦੇ ਦਰਸ਼ਨ ਕਰ ਲੈਂਦਾ ਹੈ, ਉਹੀ ਪ੍ਰਮਾਤਮਾ ਨੂੰ ਗੁਰੂ ਕਹਿ ਸਕਦਾ ਹੈ ਜਿਵੇਂ ਕਿ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਗੁਰੂ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ। ਸਦਾ ਸਦਾ ਤੋਂ, ਜੁਗਾਂ ਜੁਗਾਂ ਤੋਂ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਸਾਰੇ ਗਿਆਨ ਦਾ ਸ੍ਰੋਤ ਹੈ।

{ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੩)

ਬ੍ਰਹਮਾ ਨੇ ਆਪਣੇ ਆਪ ਨੂੰ ਵੇਦਾਂ ਦਾ ਗਿਆਨੀ ਅਖਵਾਇਆ ਹੈ, ਇਸੇ ਲਈ ਗੁਰਬਾਣੀ ਵਿੱਚ ਉਸਨੂੰ ਅਗਿਆਨੀ ਕਿਹਾ ਗਿਆ ਹੈ, ਤ੍ਰੈਗੁਣਾਂ ਵਿੱਚ ਕਿਹਾ ਗਿਆ ਹੈ। ਆਪਣੇ ਆਪ ਨੂੰ ਕੋਈ ਗਿਆਨੀ, ਬ੍ਰਹਮ ਗਿਆਨੀ, ਸੰਤ ਤਾਂ ਹੀ ਅਖਵਾ ਸਕਦਾ ਹੈ ਜਦ ਤੱਕ ਉਸਨੇ ਆਪਣੇ ਅੰਦਰੋਂ ਉਸ ਸ਼ਬਦ ਰੂਪ ਗੁਰੂ ਦੇ ਦਰਸ਼ਨ ਨਹੀਂ ਕੀਤੇ, ਗਿਆਨ ਦੇ ਮਾਲਕ ਦੇ, ਬ੍ਰਹਮ ਗਿਆਨੀ ਦੇ ਦਰਸ਼ਨ ਨਹੀਂ ਕੀਤੇ।

ਗਿਆਨੀ ਅਸਲ ਵਿੱਚ ਉਹ ਹੈ ਜੋ ਆਪਣੇ ਅੰਦਰੋਂ ਸਬਦੁ ਰੂਪ ਗੁਰੂ ਨੂੰ ਪਹਿਚਾਣ ਲੈਂਦਾ ਹੈ, ਗਿਆਨ ਦੇ ਮਾਲਕ ਨੂੰ ਪਹਿਚਾਣ ਲੈਂਦਾ ਹੈ ਤੇ ਉਸ ਪ੍ਰਮਾਤਮਾ ਨੂੰ ਹੀ ਗਿਆਨੀ ਕਹਿੰਦਾ ਹੈ ਜਿਵੇਂ ਕਿ ਗੁਰਬਾਣੀ ਨੂੰ ਰਚਣ ਵਾਲਿਆਂ ਨੇ ਕਿਹਾ ਹੈ।

{ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ॥}

(ਅੰਗ ੧੪੧੫)

ਆਪਣੇ ਅੰਦਰੋਂ ਉਸ ਸ਼ਬਦ ਰੂਪ ਪ੍ਰਮਾਤਮਾ ਨੂੰ ਪਹਿਚਾਨਣ ਤੋਂ ਬਾਅਦ ਹੀ ਉਸ ਪ੍ਰਮਾਤਮਾ ਨਾਲ, ਸ਼ਬਦ ਨਾਲ ਸਾਡੀ ਲਿਵ ਜੁੜਦੀ ਹੈ, ਧਿਆਨ ਜੁੜਦਾ ਹੈ ਜਿਸ ਦੁਆਰਾ ਮਨੁੱਖ ਸਦਾ ਖੇੜੇ ਵਿੱਚ ਰਹਿੰਦਾ ਹੈ, ਭਉ ਰਹਿਤ ਰਹਿੰਦਾ ਹੈ। ਇਹੋ ਜਿਹੇ ਮਨ ਦੀ ਅਵੱਸਥਾ ਉਸਦੇ ਭਗਤਾਂ ਦੀ, ਗੁਰੂ ਸਾਹਿਬਾਨ ਦੀ ਹੈ ਜਿਹਨਾਂ ਨੇ ਸ਼ਬਦ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ। ਉਸਦੇ ਭਗਤ ਸਦਾ ਹੀ ਖੇੜੇ ਵਿੱਚ ਰਹਿੰਦੇ ਹਨ ਕਿਉਂਕਿ ਉਹਨਾਂ ਦੀ ਲਿਵ ਸਦਾ ਹੀ ਪ੍ਰਮਾਤਮਾ ਨਾਲ ਜੁੜੀ ਰਹਿੰਦੀ ਹੈ ਜੋ ਆਪ ਹੀ ਅੰਦਰੋਂ ਆਪਣਾ ਸੱਚਾ ਗਿਆਨ ਬਖਸ਼ਦਾ ਹੈ, ਆਪਣਾ ਸ਼ਬਦ ਬਖਸ਼ਦਾ ਹੈ। ਉਸਦੇ ਭਗਤ ਜਿਹੋ ਜਿਹਾ ਸ਼ਬਦ ਪ੍ਰਮਾਤਮਾ ਦੇ ਕੋਲੋਂ ਸੁਣਦੇ ਹਨ ਉਹੀ ਕੁੱਝ ਆਪਣੇ ਮੁੱਖ ਦੁਆਰਾ ਬਿਆਨ ਕਰਦੇ ਹਨ। ਇਹ ਮਨ ਦੇ ਵਿੱਚੋਂ ਸੁਣਨ ਦੀ ਗੱਲ ਹੈ ਜਿਸ ਦੁਆਰਾ ਉਸਦੇ ਭਗਤ ਸੰਸਾਰ ਤੋਂ ਵੱਖਰੀ ਗੱਲ ਕਰਦੇ ਹਨ।

{ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੯॥}

(ਅੰਗ ੨)

ਉਹ "ਸ਼ਬਦ ਰੂਪ" ਪ੍ਰਮਾਤਮਾ ਆਪਣੀ ਪਹਿਚਾਣ ਸਾਨੂੰ ਮਨ ਦੇ ਅੰਦਰੋਂ ਆਪਣੇ ਸ਼ਬਦ ਦੁਆਰਾ ਹੀ ਕਰਵਾਉਂਦਾ ਹੈ। "ਸ਼ਬਦ ਰੂਪ" ਉਸਦਾ "ਗਿਆਨ ਰੂਪ" ਹੈ ਤੇ ਮਨ ਦੇ ਵਿੱਚੋਂ ਗਿਆਨ ਰਾਹੀਂ ਹੀ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਸਭ ਜਗ੍ਹਾ ਭਰਪੂਰ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਇਨ ਬਿਧਿ ਰਾਮ ਰਮਤ ਮਨੁ ਮਾਨਿਆ॥
ਗਿਆਨ ਅੰਜਨੁ ਗੁਰ ਸਬਦਿ ਪਛਾਨਿਆ॥੧॥ਰਹਾਉ॥
ਇਕੁ ਸੁਖੁ ਮਾਨਿਆ ਸਹਜਿ ਮਿਲਾਇਆ॥
ਨਿਰਮਲ ਬਾਣੀ ਭਰਮੁ ਚੁਕਾਇਆ॥
ਲਾਲ ਭਏ ਸੂਹਾ ਰੰਗੁ ਮਾਇਆ॥

ਨਦਰਿ ਭਈ ਬਿਖੁ ਠਾਕਿ ਰਹਾਇਆ॥੨॥
ਉਲਟ ਭਈ ਜੀਵਤ ਮਰਿ ਜਾਗਿਆ॥
ਸਬਦਿ ਰਵੇ ਮਨੁ ਹਰਿ ਸਿਉ ਲਾਗਿਆ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ॥
ਭਾਇ ਬਸੇ ਜਮ ਕਾ ਭਉ ਭਾਗਿਆ॥੩॥"

(ਅੰਗ ੨੨੧)

ਉੱਪਰ ਰਹਾਉ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

"ਇਨ ਬਿਧਿ ਰਾਮ ਰਮਤ ਮਨੁ ਮਾਨਿਆ॥
ਗਿਆਨ ਅੰਜਨੁ ਗੁਰ ਸਬਦਿ ਪਛਾਨਿਆ॥੧॥ਰਹਾਉ॥"

ਸਾਰੀ ਗੱਲ ਸਾਡੇ ਮਨ ਦੇ ਨਾਲ ਜੁੜੀ ਹੋਈ ਹੈ ਕਿ ਸਾਡੇ ਅੰਦਰ ਗਿਆਨ ਕਿਹੋ ਜਿਹਾ ਹੈ, ਸਾਡੇ ਮਨ ਦੀ ਸੋਝੀ ਕਿਹੋ ਜਿਹੀ ਹੈ। ਜਦ ਤੱਕ ਸਾਨੂੰ ਗੁਰੂ ਪ੍ਰਮਾਤਮਾ ਕੋਲੋਂ "ਗਿਆਨ ਅੰਜਨੁ" ਨਹੀਂ ਮਿਲਦਾ ਸਾਡੀ ਸੋਝੀ ਉਹੋ ਜਿਹੀ ਨਹੀਂ ਹੋ ਸਕਦੀ ਜਿਸ ਸੋਝੀ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ, ਉਸਦੇ ਸ਼ਬਦ ਰੂਪ ਨੂੰ ਜਾਣ ਸਕਦੇ ਹਾਂ। ਪ੍ਰਮਾਤਮਾ ਆਪ ਸ਼ਬਦ ਰੂਪ ਹੈ ਤੇ ਆਪਣੇ ਸ਼ਬਦ ਰੂਪ ਦੁਆਰਾ ਹੀ ਆਪਣੇ ਆਪ ਦੀ ਸੋਝੀ ਪਾਉਂਦਾ ਹੈ ਕਿ ਉਹ ਸ਼ਬਦ ਰੂਪ ਹੈ। ਪ੍ਰਮਾਤਮਾ ਆਪ ਨਾਮ ਰੂਪ ਹੈ ਤੇ ਆਪਣੇ ਨਾਮ ਰੂਪ ਦੁਆਰਾ ਹੀ ਆਪਣੇ ਆਪ ਦੀ ਸੋਝੀ ਪਾਉਂਦਾ ਹੈ ਕਿ ਉਹ ਨਾਮ ਰੂਪ ਹੈ। ਪ੍ਰਮਾਤਮਾ ਆਪ ਬ੍ਰਹਮ ਗਿਆਨੀ ਹੈ ਤੇ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਇਹ ਸੋਝੀ ਪਾਉਂਦਾ ਹੈ ਕਿ ਉਹ ਬ੍ਰਹਮ ਗਿਆਨੀ ਹੈ। "ਗਿਆਨ ਅੰਜਨੁ" ਆਪ ਪ੍ਰਮਾਤਮਾ ਹੈ ਜਿਸ ਦੀ ਅਸੀਂ ਆਪਣੇ ਅੰਦਰੋਂ ਹੀ ਪਛਾਣ ਕਰਨੀ ਹੈ। ਸਾਡੇ ਸਭ ਦੇ ਅੰਦਰ ਆਪ ਪ੍ਰਮਾਤਮਾ ਹੀ ਵਰਤ ਹੀ ਰਿਹਾ ਹੈ ਜੋ ਕਿ "ਗਿਆਨ ਅੰਜਨੁ" ਦੇ ਰੂਪ ਵਿੱਚ ਹੀ ਵਰਤ ਰਿਹਾ ਹੈ। ਸਾਡੇ ਅੰਦਰੋਂ ਪ੍ਰਮਾਤਮਾ ਦੀ ਪਹਿਚਾਣ "ਗਿਆਨ ਅੰਜਨੁ" ਦੇ ਰੂਪ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ।

ਗੁਰੂ ਦਾ ਸ਼ਬਦ ਸਾਨੂੰ ਗਿਆਨ ਹੀ ਦਿੰਦਾ ਹੈ ਜੋ ਕਿ ਸ਼ਬਦ ਦਾ ਮਕਸਦ ਹੈ। ਸ਼ਬਦ ਆਪ ਗੁਰੂ ਹੈ, ਪ੍ਰਮਾਤਮਾ ਹੈ ਤੇ ਗੁਰੂ ਦੇ ਸ਼ਬਦ ਦੁਆਰਾ ਸਾਨੂੰ "ਗਿਆਨ ਅੰਜਨ" ਹੀ ਮਿਲਦਾ ਹੈ ਭਾਵ ਗਿਆਨ ਦੀ ਸੋਝੀ ਹੀ ਮਿਲਦੀ ਹੈ। ਗਿਆਨ ਦੀ ਕੀਮਤ ਉਸਦੇ "ਅੰਜਨ" ਦੁਆਰਾ ਹੈ ਭਾਵ ਉਸਦੇ ਅੰਦਰ ਦੀ ਸੋਝੀ ਦੁਆਰਾ ਹੈ। ਸ਼ਬਦ ਦੇ ਮਕਸਦ ਦੀ ਪੂਰਤੀ ਉਸਦੇ ਅੰਦਰ ਦਾ "ਅੰਜਨ" ਹੀ ਕਰਦਾ ਹੈ ਤੇ ਪ੍ਰਮਾਤਮਾ ਇਸ ਅੰਜਨ ਦੇ ਰੂਪ ਵਿੱਚ ਹੀ ਵਿਚਰਦਾ ਹੈ, ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਸਾਡੇ ਅੰਦਰ ਪ੍ਰਮਾਤਮਾ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ, ਵਿਚਾਰਾਂ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਇਸ ਤਰ੍ਹਾਂ ਪ੍ਰਮਾਤਮਾ ਹਰ ਵਸਤੂ ਦੇ ਵਿੱਚ, ਹਰ ਮਾਇਆ ਸਰੂਪ ਦੇ ਵਿੱਚ, ਹਰ ਸਰਗੁਣ ਸਰੂਪ ਦੇ ਵਿੱਚ ਉਸਦੇ ਅੰਦਰ ਦੀ ਸੋਝੀ ਦੇ ਰੂਪ ਵਿੱਚ ਹੀ ਹੈ ਜਿਸ ਸੋਝੀ ਦੁਆਰਾ ਹਰ ਵਸਤੂ ਦੀ ਹੋਂਦ ਬਣੀ ਹੈ, ਹਰ ਵਸਤੂ ਟਿਕੀ ਹੋਈ ਹੈ ਤੇ ਆਪਣਾ ਆਪਣਾ ਮਕਸਦ ਪੂਰਾ ਕਰ ਰਹੀ ਹੈ।

ਜਦੋਂ ਅਸੀਂ ਇਸ "**ਗਿਆਨ ਅੰਜਨ**" ਨੂੰ ਭਾਵ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦੇ ਹਾਂ ਤੇ ਤਾਂ ਹੀ ਸਾਨੂੰ ਇਹ ਸਮਝ ਲੱਗਦੀ ਹੈ, ਸਾਨੂੰ ਵਿਸ਼ਵਾਸ ਆਉਂਦਾ ਹੈ, ਸਾਡਾ ਮਨ ਇਸ ਗੱਲ ਨੂੰ ਮੰਨਦਾ ਹੈ ਕਿ ਸਭ ਜਗ੍ਹਾ ਰਾਮ ਹੀ ਰਮਿਆ ਹੋਇਆ ਹੈ, ਪ੍ਰਮਾਤਮਾ ਹੀ ਰਮਿਆ ਹੋਇਆ ਹੈ, ਵਾਹਿਗੁਰੂ ਹੀ ਰਮਿਆ ਹੋਇਆ ਹੈ, ਅੱਲਾਹ ਹੀ ਰਮਿਆ ਹੋਇਆ ਹੈ, ਗਾਡ ਹੀ ਰਮਿਆ ਹੋਇਆ ਹੈ। ਪਹਿਲਾ ਉਸ "ਗਿਆਨ ਅੰਜਨੁ" ਨੂੰ ਆਪਣੇ ਅੰਦਰੋਂ ਪਹਿਚਾਣਾਗੇ ਤੇ ਫਿਰ ਤਾਂ ਹੀ ਉਹ "ਗਿਆਨੁ ਅੰਜਨੁ" ਸਭ ਵਿੱਚ ਕਿਸ ਰੂਪ ਵਿੱਚ ਰਮਿਆ ਹੋਇਆ ਹੈ ਸਾਨੂੰ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਤੇ ਪੂਰਨ ਵਿਸ਼ਵਾਸ ਆ ਸਕਦਾ ਹੈ ਕਿ ਪ੍ਰਮਾਤਮਾ ਗਿਆਨ ਰੂਪ ਹੈ, ਸ਼ਬਦ ਰੂਪ ਹੈ ਤੇ ਉਹ ਆਪ ਹੀ ਗੁਰੂ ਹੈ, ਗਿਆਨ ਦੇਣ ਵਾਲਾ ਹੈ। ਪ੍ਰਮਾਤਮਾ ਆਪਣੇ ਆਪ ਦੀ ਸੋਝੀ ਆਪਣੇ ਸ਼ਬਦ ਦੁਆਰਾ ਹੀ ਪਾਉਂਦਾ ਹੈ। ਮਨ ਦੇ ਵਿੱਚ ਵੀ ਉਹ ਆਪਣੇ ਆਪ ਦੀ ਸੋਝੀ ਸ਼ਬਦ ਦੁਆਰਾ ਪਾਉਂਦਾ ਹੈ, ਆਪ ਬੋਲ ਕੇ ਪਾਉਂਦਾ ਹੈ ਤੇ ਪੂਰੀ ਗੁਰਬਾਣੀ ਵਿੱਚ ਵੀ ਉਹ ਆਪਣੇ ਆਪ ਦੀ ਸੋਝੀ ਸ਼ਬਦ ਦੁਆਰਾ ਹੀ ਪਾ ਰਿਹਾ ਹੈ ਜੋ ਕਿ ਉਸਦੇ ਆਪਣੇ ਬੋਲੇ ਹੋਏ ਬੋਲ ਹਨ। **(ਇਨ ਬਿਧਿ ਰਾਮ ਰਮਤ ਮਨੁ**

ਮਾਨਿਆ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ॥੧॥ ਰਹਾਉ॥)

ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਆਪਣੇ ਗਿਆਨ ਅੰਜਨ ਦੇ ਰੂਪ ਵਿੱਚ ਸਭ ਜਗ੍ਹਾ ਭਰਪੂਰ ਹੈ। ਇਹ ਗਿਆਨ ਅੰਜਨ ਇਕ ਨਿਮਖ ਲਈ ਵੀ ਜੇਕਰ ਸਾਡੇ ਅੰਦਰ ਵੱਸ ਜਾਂਦਾ ਹੈ ਤੇ ਫਿਰ ਪ੍ਰਮਾਤਮਾ ਸਾਡੇ ਅੰਦਰ ਵੱਸ ਜਾਂਦਾ ਹੈ। ਉਹ ਇਕ ਨਿਮਖ ਵਿੱਚ ਹੀ ਆਪਣੇ ਆਪ ਨੂੰ ਸਾਡੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਤੇ ਇਕ ਨਿਮਖ ਵਿੱਚ ਸਾਡਾ ਨਿਸਤਾਰਾ ਕਰ ਦਿੰਦਾ ਹੈ, ਸਾਨੂੰ ਆਵਾਗਉਣ ਤੋਂ ਮੁਕਤ ਕਰ ਦਿੰਦਾ ਹੈ, ਸਾਨੂੰ ਭਰਮ ਤੋਂ, ਅਗਿਆਨਤਾ ਤੋਂ, ਹਉਮੈ ਤੋਂ ਮੁਕਤ ਕਰ ਦਿੰਦਾ ਹੈ ਜਿਸ ਦੁਆਰਾ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਉਹ ਚੌਥੇ ਪਦ ਵਿੱਚ ਬਦਲ ਦਿੰਦਾ ਹੈ, ਸਹਜ ਗਿਆਨ ਵਾਲੀ ਅਵੱਸਥਾ ਵਿੱਚ ਬਦਲ ਦਿੰਦਾ ਹੈ ਤੇ ਫਿਰ ਸਦਾ ਲਈ ਪ੍ਰਮਾਤਮਾ ਦੇ ਨਾਲ ਮੇਲ ਬਣਿਆ ਰਹਿੰਦਾ ਹੈ। ਇਹ ਮੇਲ ਨਿਰਗੁਣ ਰੂਪ ਵਿੱਚ ਹੁੰਦਾ ਹੈ ਜੋ ਕਦੇ ਬਿਨਸ ਹੀ ਨਹੀਂ ਸਕਦਾ। **(ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥)** ਅੰਗ - ੪੫੬

ਗੁਰੂ ਰੂਪ ਵਿੱਚ, ਗੁਰਬਾਣੀ ਰੂਪ ਵਿੱਚ ਪ੍ਰਮਾਤਮਾ ਇਸ ਗਿਆਨ ਅੰਜਨ ਦੇ ਰੂਪ ਵਿੱਚ ਹੀ ਹੈ ਜਿਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਮਾਤਮਾ ਦਾ ਅਸਥਾਨ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹ "ਗਿਆਨ ਅੰਜਨ" ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੀ ਹੈ, ਪ੍ਰਮਾਤਮਾ ਦਾ, ਬ੍ਰਹਮ ਦਾ ਆਪਣਾ ਦਿੱਤਾ ਹੋਇਆ ਗਿਆਨ ਹੀ ਹੈ ਜੋ ਕਿ ਉਸਦਾ ਆਪਣਾ ਰੂਪ ਹੈ। ਉਹ ਆਪਣੇ ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਸਭ ਜਗ੍ਹਾ ਭਰਪੂਰ ਹੈ। **(ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ ਰਹਾਉ॥)**

ਉਸ ਸੱਚੇ ਬ੍ਰਹਮ ਗਿਆਨੀ ਨਾਲ, ਨਿਰੰਕਾਰ ਨਾਲ ਮਿਲਣ ਦਾ, ਉਸਨੂੰ ਜਾਨਣ ਦਾ ਇੱਕੋ ਇੱਕ ਸਾਧਨ ਗੁਰਬਾਣੀ ਦਾ ਸੱਚਾ ਗਿਆਨ ਹੈ ਜੋ ਗਿਆਨ ਹਰ ਕਿਸੇ ਕੋਲ ਨਹੀਂ ਹੈ। ਇਸ ਗਿਆਨ ਨਾਲ ਜੁੜ ਕੇ ਹੀ ਅਸੀਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ।

ਇਹ "ਗਿਆਨ ਅੰਜਨ" ਹੀ ਭਾਵ ਬ੍ਰਹਮ ਗਿਆਨ ਹੀ "ਨਾਮ ਪਦਾਰਥ" ਹੈ। ਨਾਮ ਦਾ "**ਪਦਾਰਥ**" ਨਾਮ ਦੇ ਅੰਦਰ ਦੀ "**ਸੋਝੀ**" ਹੈ। ਗੁਰੂ ਆਪਣੇ ਸ਼ਬਦ ਦੁਆਰਾ ਸਾਨੂੰ ਜੋ ਵੀ ਗਿਆਨ ਦਿੰਦਾ ਹੈ ਭਾਵ ਆਪਣੇ ਸ਼ਬਦ ਦੇ ਗਿਆਨ ਦੁਆਰਾ ਜੋ ਵੀ ਸੋਝੀ ਪਾਉਂਦਾ ਹੈ, ਉਸ ਗਿਆਨ ਦੁਆਰਾ ਪਾਈ ਹੋਈ ਸੋਝੀ "**ਗਿਆਨੁ ਪਦਾਰਥ**" ਹੈ ਤੇ ਗਿਆਨ ਦਾ ਇਹ ਪਦਾਰਥ ਹੀ "**ਨਾਮੁ**" ਹੈ ਜਿਸਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥"

(ਅੰਗ ੭੫੯)

ਪੂਰੀ ਗੁਰਬਾਣੀ ਗੁਰੂ ਦੇ ਗਿਆਨ ਦਾ ਪਦਾਰਥ ਹੈ ਭਾਵ ਗਿਆਨ ਦੁਆਰਾ, ਬ੍ਰਹਮ ਗਿਆਨ ਦੁਆਰਾ ਪਾਈ ਹੋਈ ਸੋਝੀ ਹੈ ਜੋ ਕਿ ਗੁਰਬਾਣੀ ਦਾ, ਗੁਰੂ ਦਾ ਮਕਸਦ ਹੈ। ਗਿਆਨ ਦੁਆਰਾ ਸਾਨੂੰ ਪਾਈ ਹੋਈ ਸੋਝੀ ਨਾਮ ਹੈ। **(ਗੁਰ ਗਿਆਨੁ ਪਦਾਰਥੁ ਨਾਮੁ ਹੈ)** ਗਿਆਨ ਦੇ ਇਸ "**ਪਦਾਰਥ**" ਨੂੰ ਜਪਣਾ "**ਨਾਮ ਜਪਣਾ**" ਹੈ ਜਿਸ ਦੁਆਰਾ ਗਿਆਨ ਦੇ ਮਕਸਦ ਦੀ ਪੂਰਤੀ ਹੁੰਦੀ ਹੈ। ਮਕਸਦ ਦੀ ਪੂਰਤੀ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਉਸ ਸੋਝੀ ਨੂੰ ਮਨ ਵਿੱਚ ਵਸਾਈਏ, ਆਪਣੀ ਸੋਝੀ ਨੂੰ ਬਦਲ ਕੇ ਗੁਰੂ ਦੀ ਦੱਸੀ ਹੋਈ ਸੋਝੀ ਅਨੁਸਾਰ ਬਣਾਈਏ। ਗੁਰੂ ਦੀ ਪਾਈ ਹੋਈ ਸੋਝੀ ਗੁਰੂ ਦੀ ਮਤਿ ਹੈ, ਗੁਰਮਤਿ ਹੈ। ਗੁਰਮਤਿ ਨੂੰ ਆਪਣੇ ਅੰਦਰ ਵਸਾਉਣਾ ਹੀ ਨਾਮ ਜਪਣਾ ਹੈ। ਪ੍ਰਮਾਤਮਾ ਅੱਖਰਾਂ ਦੀ ਬਨਾਵਟ ਜਾਂ ਅੱਖਰਾਂ ਦੇ ਬੋਲ ਬੋਲਣ ਵਿੱਚ, ਅੱਖਰਾਂ ਦੀ ਕਥਨੀ ਵਿੱਚ ਨਹੀਂ ਹੈ ਬਲਕਿ ਅੱਖਰਾਂ ਦੀ, ਸ਼ਬਦਾਂ ਦੀ ਪਾਈ ਹੋਈ ਸੋਝੀ ਦੇ ਵਿੱਚ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

ਸ਼ਬਦਾਂ ਦੀ ਲਿਖਤ ਨੂੰ ਪੜੀ ਜਾਣਾ ਜਾਂ ਕਿਸੇ ਅੱਖਰ ਦਾ ਜਪ ਕਰੀ ਜਾਣਾ ਕੇਵਲ ਇੱਕ ਗੱਡੀ ਲੱਦਣ ਵਾਲੀ ਗੱਲ ਹੈ ਜਿਸ ਦੁਆਰਾ ਸ਼ਬਦ ਦੀ ਲਿਖਤ ਦੇ ਮਨੋਰਥ ਦੀ ਪੂਰਤੀ ਨਹੀਂ ਹੁੰਦੀ।

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥੧॥}

(ਅੰਗ ੪੬੭)

ਲੇਖੇ ਵਿੱਚ ਇੱਕੋ ਇਹੀ ਗੱਲ ਹੈ ਕਿ ਅਸੀਂ ਲਿਖਤ ਦੇ ਮਕਸਦ ਨੂੰ ਸਮਝੀਏ ਤੇ ਆਪਣੇ ਜੀਵਨ ਨੂੰ ਉਸ ਅਨੁਸਾਰ ਬਣਾਈਏ। ਗੁਰੂ ਦੀ ਗੱਲ ਨੂੰ, ਸ਼ਬਦਾਂ ਨੂੰ ਕੇਵਲ ਪੜੀ ਜਾਣ ਨਾਲ, ਸੁਣੀ ਜਾਣ ਨਾਲ, ਗਿਣਤੀਆਂ ਮਿਣਤੀਆਂ ਕਰੀ ਜਾਣ ਨਾਲ, ਜਪ ਤਪ ਵਿਖਾਈ ਜਾਣ ਨਾਲ ਕੇਵਲ ਸਾਡੀ ਹਉਮੈ ਹੀ ਵੱਧਦੀ ਹੈ, ਝੂਠਾ ਮਾਣ ਹੀ ਵੱਧਦਾ ਹੈ ਜਿਵੇਂ ਕਿ ਆਮ ਤੌਰ ਤੇ ਵੇਖਣ ਨੂੰ ਮਿਲਦਾ ਹੈ। ਗੁਰੂ ਦੀ ਗੱਲ ਨੂੰ ਮੰਨਣ ਤੋਂ ਬਿਨ੍ਹਾਂ ਹੋਰ ਸਭ ਝਖਣਾ ਝਾਖ ਹੀ ਹੈ ਜੋ ਸਾਡੀ ਹਉਮੈ ਵਧਾ ਕੇ ਗੁਰੂ ਤੋਂ, ਗੁਰਮਤਿ ਤੋਂ ਦੂਰ ਹੀ ਕਰਦੀ ਹੈ, ਨਾਮ ਤੋਂ ਦੂਰ ਹੀ ਕਰਦੀ ਹੈ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥}

(ਅੰਗ ੫੬੦)

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਗੁਰੂ ਦਾ ਸ਼ਬਦ ਸਾਨੂੰ ਸੱਚ ਹੀ ਸਿਖਾਉਂਦਾ ਹੈ, ਸੱਚੀ ਸੋਝੀ ਹੀ ਪਾਉਂਦਾ ਹੇ ਤੇ ਇਹ ਸੱਚੀ ਸੋਝੀ ਹੀ ਨਾਮ ਹੈ। **(ਗੁਰੂ ਗਿਆਨ ਪਦਾਰਥ ਨਾਮ ਹੈ)** ਅੰਗ-759 ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਦਾ ਵੱਸਣਾ ਨਾਮ ਦਾ ਵੱਸਣਾ ਹੈ, ਸੱਚ ਦਾ ਵੱਸਣਾ ਹੈ, ਪ੍ਰਮਾਤਮਾ ਦਾ ਵੱਸਣਾ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਵਸਾਉਂਦਾ ਹੈ, ਆਪਣੀ ਸੱਚੀ ਮਤਿ ਆਪ ਹੀ ਵਸਾਉਂਦਾ ਹੈ ਤੇ ਆਪ ਹੀ ਉਸਨੂੰ ਸਾਡੇ ਅੰਦਰ ਦ੍ਰਿੜ ਕਰਦਾ ਹੈ ਭਾਵ ਆਪ ਹੀ ਉਸ ਤੇ ਦ੍ਰਿੜਤਾ ਨਾਲ ਚਲਾਉਂਦਾ ਹੈ। **(ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥)**

ਨਾਮ ਦਾ ਮਿਲਣਾ ਹੀ ਪ੍ਰਮਾਤਮਾ ਦਾ ਮਿਲਣਾ ਹੈ ਭਾਵ ਜਿਸਨੂੰ ਪ੍ਰਮਾਤਮਾ ਆਪ ਮਿਲ ਜਾਂਦਾ ਹੈ, ਜਿਸ ਦੇ ਅੰਦਰ ਉਹ ਪ੍ਰਗਟ ਹੋ ਜਾਂਦਾ ਹੈ ਉਸਨੂੰ ਹੀ ਆਪਣਾ ਨਾਮ ਬਖਸ਼ਦਾ ਹੈ, ਸੱਚਾ ਗਿਆਨ, ਸੱਚੀ ਮਤਿ ਬਖਸ਼ਦਾ ਹੈ। ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਹੀ ਉਸ ਦੇ ਚਰਨ ਹਨ ਤੇ ਜਿਸਨੂੰ ਪ੍ਰਮਾਤਮਾ ਇਹ ਸੋਝੀ ਬਖਸ਼ ਦਿੰਦਾ ਹੈ ਉਹ ਉਸਦੇ ਚਰਨਾਂ ਨਾਲ ਜੁੜ ਜਾਂਦਾ ਹੈ, ਗੁਰਮਤਿ ਨਾਲ ਜੁੜ ਜਾਂਦਾ ਹੈ। **(ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥)** ਗੁਰੂ ਪ੍ਰਮਾਤਮਾ ਦੇ ਚਰਣ ਸ਼ਬਦ ਰੂਪ ਵਿੱਚ ਹਨ, ਗਿਆਨ ਰੂਪ ਵਿੱਚ ਹਨ, ਨਿਰਗੁਣ ਰੂਪ ਵਿੱਚ ਹਨ ਤੇ ਉਸਦੇ ਚਰਣਾਂ ਨਾਲ ਮਨ ਦੇ ਵਿੱਚ ਹੀ, ਮਨ ਦੇ ਵਿਚਾਰਾਂ ਰਾਹੀਂ ਹੀ, ਸ਼ਬਦ ਦੀ ਵਿਚਾਰ ਰਾਹੀਂ ਹੀ, ਸ਼ਬਦ ਦਾ ਵਿਚਾਰੀ ਬਣ ਕੇ ਹੀ ਜੁੜਿਆ ਜਾ ਸਕਦਾ ਹੈ। ਸ਼ਬਦ ਦੀ ਵਿਚਾਰ ਸਾਨੂੰ ਕਰਣੀ ਸਿਖਾਉਂਦੀ ਹੈ, ਸਾਡੀ ਜੀਵਨ ਜਾਂਚ ਚੰਗੀ ਬਣਾਉਂਦੀ ਹੈ ਤੇ ਸ਼ਬਦ ਦੀ ਕਥਨੀ ਸਾਡੀ ਹਉਮੈ ਹੀ ਵਧਾਉਂਦੀ ਹੈ।

{ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥}

(ਅੰਗ ੫੬)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

{ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥

ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥}

(ਅੰਗ ੩੯)

ਸਾਡੇ ਮਨ ਦੀ ਮੈਲ ਦਾ ਮੂਲ ਅਗਿਆਨਤਾ ਹੈ ਜਿਸ ਵਿੱਚੋਂ ਕੇਵਲ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। ਇਸ ਸੱਚੇ ਗਿਆਨ ਦਾ ਮਾਲਕ ਕੇਵਲ ਪ੍ਰਮਾਤਮਾ ਆਪ ਹੈ ਤੇ ਜਿਸਨੂੰ ਉਹ ਅਗਿਆਨਤਾ ਵਿੱਚੋਂ ਕੱਢਦਾ ਹੈ, ਮਨ ਦੇ ਵਿੱਚ ਆਪਣੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਕੱਢਦਾ ਹੈ ਤੇ ਤਾਂ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸ ਦੇ ਨਾਲ ਭੇਟ ਹੁੰਦੀ ਹੈ, ਉਸ ਸੰਤ ਦੇ ਨਾਲ ਭੇਟ ਹੁੰਦੀ ਹੈ ਜੋ ਸਾਰੇ ਸੰਸਾਰ ਦਾ ਇੱਕੋ ਇੱਕ ਸੰਤ ਹੈ, ਇੱਕੋ ਇੱਕ ਗੁਰੂ ਹੈ। **(ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥)** ਅੰਗ - 293

ਜੋ ਗਿਆਨ ਦਾ ਮਾਲਕ ਹੈ ਉਹੀ ਸਾਨੂੰ ਗਿਆਨ ਅੰਜਨ ਦੇ ਸਕਦਾ ਹੈ, ਗਿਆਨ ਦੀ ਸੋਝੀ ਪਾ ਸਕਦਾ ਹੈ ਤੇ ਸਾਨੂੰ ਸਮਝ ਲੱਗਦੀ ਹੈ ਕਿ ਗਿਆਨ ਦਾ ਸ੍ਰੋਤ ਕੀ ਹੈ, ਗਿਆਨ ਦਾ ਮਾਲਕ ਕੌਣ ਹੈ, ਬ੍ਰਹਮ ਗਿਆਨੀ ਕੌਣ ਹੈ।

ਗਿਆਨੀ ਅਸਲ ਵਿੱਚ ਗੁਰੂ ਪ੍ਰਮਾਤਮਾ ਆਪ ਹੀ ਹੈ ਪਰ ਇਸ ਦੀ ਸੋਝੀ ਉਸ ਗਿਆਨੀ, ਬ੍ਰਹਮ ਗਿਆਨੀ ਨੂੰ ਮਿਲਕੇ ਹੀ ਪੈਂਦੀ ਹੈ। ਅਸੀਂ ਗਿਆਨੀ ਜੀਅ ਸਦਕੇ ਅਖਵਾਈਏ ਪਰ ਸਾਨੂੰ ਇਹ ਸਮਝ ਜਰੂਰ ਹੋਣੀ ਚਾਹੀਦੀ ਹੈ ਕਿ ਇਹ ਬ੍ਰਹਮ ਗਿਆਨ ਦੀ ਅਵੱਸਥਾ ਹੀ ਹੈ, ਚੌਥੇ ਪਦ ਦੀ ਅਵੱਸਥਾ ਹੀ ਹੈ, ਸਹਜ ਦੀ ਅਵੱਸਥਾ ਹੈ।

{ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥}

(ਅੰਗ ੫੯੪)

ਬਾਣੀ ਦੀ ਸੱਚੀ ਸੋਝੀ ਨਾ ਪੈਣ ਦਾ ਇੱਕ ਵੱਡਾ ਕਾਰਨ ਸਹਜ ਦੀ ਅਵੱਸਥਾ ਦੀ ਸਮਝ ਨਾ ਹੋਣਾ ਹੈ। ਜੋ ਸਹਜ ਦੀ ਅਵੱਸਥਾ ਹੈ, ਉਹੀ ਨਾਮ ਦੀ ਅਵੱਸਥਾ ਹੈ। ਨਾਮ ਦਾ ਵਾਪਾਰ ਸਹਜ ਦਾ ਵਾਪਾਰ ਹੈ।

13/1357

ਨਾਮ ਦਾ ਵਾਪਾਰ ਸਹਜ ਦੀ ਅਵੱਸਥਾ ਦੁਆਂਰਾ ਹੀ ਹੁੰਦਾ ਹੈ। ਸਹਜ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ।

{ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

ਸਹਜ ਦੇ ਗਿਆਨ ਦਾ ਧਨ ਨਾਮ ਧਨ ਹੈ। ਇਹ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਧਨ ਹੈ ਜਿਸ ਦੁਆਰਾ ਉਸ ਦਾ ਗਿਆਨੀ ਬਣਿਆ ਜਾ ਸਕਦਾ ਹੈ।

{ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥}

(ਅੰਗ ੬੮)

ਸਹਜ ਦੀ ਅਵੱਸਥਾ ਗੁਰੂ ਵਾਲੀ ਅਵੱਸਥਾ ਹੈ, ਪ੍ਰਮਾਤਮਾ ਦੇ ਆਪਣੇ ਪ੍ਰਗਟ ਹੋਣ ਦੀ ਅਵੱਸਥਾ ਹੈ, ਜਿਸ ਦੁਆਰਾ ਮਨੁੱਖ ਮਾਇਆ ਮੋਹ ਦੀ ਅਗਿਆਨਤਾ ਵਿੱਚੋਂ ਨਿਕਲਦਾ ਹੈ। ਅਗਿਆਨਤਾ ਵਿੱਚੋਂ ਸਾਨੂੰ ਹੋਰ ਕੋਈ ਨਹੀਂ ਕੱਢ ਸਕਦਾ ਕੇਵਲ ਆਪ ਸ਼ਬਦ ਕੱਢ ਸਕਦਾ ਹੈ, ਗੁਰੂ ਕੱਢ ਸਕਦਾ ਹੈ, ਆਪਣੇ ਸ਼ਬਦ ਦੇ ਗਿਆਨ ਦੁਆਰਾ ਕੱਢ ਸਕਦਾ ਹੈ। **(ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥)**

ਜਦ ਤੱਕ ਸਾਨੂੰ ਸੱਚੇ ਗਿਆਨ ਦੀ ਸੋਝੀ ਨਹੀਂ ਪੈਂਦੀ ਭਾਵ ਜਦ ਤੱਕ ਸਾਡੀ ਸਹਜ ਦੀ ਅਵੱਸਥਾ ਨਹੀਂ ਬਣਦੀ ਤਦ ਤੱਕ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਹੈ ਜਿਸ ਦਾ ਮੂਲ ਮਨੋਰਥ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ।

(ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥) ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਅਸੀਂ ਜਿਤਨੇ ਮਰਜ਼ੀ ਧਰਮ ਗ੍ਰੰਥ ਪੜ੍ਹੀਏ, ਆਪਣੇ ਆਪ ਨੂੰ ਆਪਣੀ ਮਤਿ ਦੁਆਰਾ ਗੁਣੀ ਸਮਝੀਏ ਤਦ ਤੱਕ ਅਸੀਂ ਪ੍ਰਮਾਤਮਾ

ਨੂੰ ਕੀ ਕਥ ਸਕਦੇ ਹਾਂ ਭਾਵ ਜਾਣ ਸਕਦੇ ਹਾਂ ਕਿ ਪ੍ਰਮਾਤਮਾ ਕੀ ਹੈ। ਸਾਨੂੰ ਇਹ ਸਮਝ ਹੀ ਨਹੀਂ ਪੈ ਸਕਦੀ ਕਿ ਪ੍ਰਮਾਤਮਾ ਕੀ ਹੈ। ਸਾਨੂੰ ਆਪਣੀ ਸੋਝੀ ਉਹ ਆਪ ਹੀ ਪਾਉਂਦਾ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਸਾਨੂੰ ਪ੍ਰਮਾਤਮਾ ਨੇ ਮੂਲੋਂ ਹੀ, ਮੁੱਢੋਂ ਹੀ ਭਰਮ ਵਿੱਚ ਰੱਖ ਕੇ ਆਪਣੇ ਸਹੀ ਮਾਰਗ ਤੋਂ ਭਟਕਾਇਆ ਹੋਇਆ ਹੈ। **(ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥)**

13/1358

ਪ੍ਰਮਾਤਮਾ ਨੂੰ ਕੇਵਲ ਸਹਜ ਦੀ ਅਵੱਸਥਾ ਦੁਆਰਾ ਭਾਵ ਚੌਥੇ ਪਦ ਦੇ ਗਿਆਨ ਦੇ ਦੁਆਰਾ ਹੀ ਪਛਾਣਿਆ ਜਾ ਸਕਦਾ ਹੈ, ਮਨ ਦੇ ਵਿੱਚ ਹੀ ਪਛਾਣਿਆ ਜਾ ਸਕਦਾ ਹੈ, ਉਸਦੇ ਦਰਸ਼ਨ ਕੀਤੇ ਜਾ ਸਕਦੇ ਹਨ। **(ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥)**

ਇਹ ਸਹਜ ਦਾ ਧਨ, ਨਾਮ ਧਨ, ਪ੍ਰਮਾਤਮਾ ਦੇ ਮੇਲ ਦੁਆਰਾ ਮਿਲਦਾ ਹੈ ਤੇ ਸਿੱਧਾ ਉਸਦੇ ਕੋਲੋਂ ਹੀ ਮਿਲਦਾ ਹੈ ਜਿੱਥੋਂ ਸਾਨੂੰ ਅਸਲੀਅਤ ਦੀ ਸੋਝੀ ਪੈਂਦੀ ਹੈ। ਪ੍ਰਮਾਤਮਾ ਕਿਸੇ ਨੂੰ ਆਪਣਾ ਇਹ ਸਹਜ ਦਾ ਗਿਆਨ ਧਨ ਬਖ਼ਸ਼ ਕੇ ਹੀ ਗਿਆਨੀ ਬਣਾਉਂਦਾ ਹੈ।

ਜੇਕਰ ਸਾਨੂੰ ਇਹ ਸੋਝੀ ਪੈ ਗਈ ਹੈ ਕਿ ਗਿਆਨੀ ਬਣਨਾ ਕੀ ਹੈ, ਗਿਆਨੀ ਦੀ ਅਵੱਸਥਾ ਕੀ ਹੈ ਤਾਂ ਫਿਰ ਸਾਨੂੰ ਧਨ ਧਨ ਭਗਤ ਨਾਮਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਨ੍ਹਾਂ ਬੋਲਾਂ ਦੀ ਸੋਝੀ ਵੀ ਪੈ ਜਾਵੇਗੀ।

"ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥"

(ਅੰਗ - ੮੭੫)

ਪ੍ਰਮਾਤਮਾ ਤਾਂ ਇੱਕੋ ਹੀ ਹੈ ਜੋ ਸਭ ਵਿੱਚ ਵਰਤ ਰਿਹਾ ਹੈ। ਉਹ ਸਭ ਨੂੰ ਇੱਕੋ ਜਿਹਾ ਪਾਲਦਾ ਹੈ ਤੇ ਕਿਸੇ ਨਾਲ ਕੋਈ ਫ਼ਰਕ ਨਹੀਂ ਕਰਦਾ। ਭੇਦ ਭਾਵ ਸਾਡੇ ਵਿੱਚ ਹੈ ਜਿਸ ਦਾ ਮੂਲ ਕਾਰਣ ਸਾਡੀ ਅਗਿਆਨਤਾ ਹੈ, ਸਾਡੀ ਤ੍ਰੈਗੁਣਾਂ ਦੀ ਅਵੱਸਥਾ ਹੈ ਜਿਸ ਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ। ਭਰਮ ਤੋਂ ਬਾਹਰ ਕੋਈ ਨਹੀਂ ਹੈ ਭਾਵੇਂ ਕੋਈ ਕਿਸੇ ਵੀ ਧਰਮ ਵਾਲਾ ਅਖਵਾਉਂਦਾ ਹੈ। ਕਿਸੇ ਵੀ ਧਰਮ ਵਾਲਾ ਅਖਾਉਣਾ, ਉਸ ਵਿੱਚ ਰਹਿਣਾ ਇੱਕ ਦੁਨਿਆਵੀ ਪ੍ਰਥਾ ਹੈ ਤੇ ਹਰ ਕੋਈ ਕਿਸੇ ਨਾ ਕਿਸੇ ਰੂਪ ਵਿੱਚ ਕਿਸੇ ਧਰਮ ਨਾਲ ਜੁੜਿਆਂ ਹੁੰਦਾ ਹੈ। ਸਭ ਵਿੱਚ ਜੁਗਤਿ ਪ੍ਰਮਾਤਮਾ ਦੀ ਹੀ ਵਰਤਦੀ ਹੈ। ਹਰ ਕੋਈ ਆਪਣੇ ਆਪਣੇ ਧਰਮ ਦੇ ਵਿਚਾਰਾਂ ਨੂੰ ਉੱਚਾ ਮੰਨ ਕੇ ਚਲਦਾ ਹੈ ਤੇ ਉਸ ਦੀ ਮਰਿਆਦਾ

13/1359

ਵਿੱਚ ਰਹਿਣਾ ਚੰਗਾ ਸਮਝਦਾ ਹੈ। ਪ੍ਰਮਾਤਮਾ ਨੇ ਜਿਸ ਨੂੰ ਜਿੱਥੇ ਵੀ ਰੱਖਿਆ ਹੋਇਆ ਹੈ ਇਹ ਉਸ ਦੀ ਰਜ਼ਾ ਹੈ। ਤ੍ਰੈਗੁਣਾਂ ਦੇ ਰਾਹੀਂ ਉਸ ਨੇ ਸਭ ਨੂੰ ਭਰਮ ਵਿੱਚ ਆਪ ਹੀ ਰੱਖਿਆ ਹੋਇਆ ਹੈ। ਆਪਣੀ ਰਜ਼ਾ ਅਨੁਸਾਰ ਸਭ ਨੂੰ ਉਸਨੇ ਆਪੇ ਹੀ ਧੰਦੇ ਲਾਇਆ ਹੋਇਆ ਹੈ। ਅਸੀਂ ਆਪਣੇ ਆਪਣੇ ਧਰਮ ਦੀ ਮਰਿਆਦਾ ਅਨੁਸਾਰ ਪ੍ਰਮਾਤਮਾ ਨੂੰ ਜਪਣਾ ਚਾਹੁੰਦੇ ਹਾਂ, ਉਸਨੂੰ ਪਾਉਣਾ ਚਾਹੁੰਦੇ ਹਾਂ। ਜੋ ਜਿਸ ਧਰਮ ਨਾਲ ਸੰਬੰਧ ਰੱਖਦਾ ਹੈ ਉਹ ਉਸ ਦੇ ਵਿਚਾਰਾਂ ਨੂੰ ਉੱਚਾ ਜਾਣ ਕੇ ਉਨ੍ਹਾਂ ਅਨੁਸਾਰ ਹੀ ਪ੍ਰਮਾਤਮਾ ਨੂੰ ਜਪਣ ਦਾ ਢੰਗ ਸਮਝਦਾ ਹੈ। ਅਸੀਂ ਆਪਣੇ ਇਸ ਮਨੋਰਥ ਦੀ ਪੂਰਤੀ ਲਈ ਹੀ ਧਰਮ ਅਸਥਾਨਾਂ ਤੇ ਜਾਂਦੇ ਹਾਂ। ਹਿੰਦੂ ਵੀਰ ਮੰਦਰਾਂ ਆਦਿ ਵਿੱਚ ਜਾਂਦੇ ਹਨ ਤੇ ਮੁਸਲਿਮ ਵੀਰ ਮਸੀਤ ਆਦਿ ਵਿੱਚ ਜਾਂਦੇ ਹਨ। ਪ੍ਰਮਾਤਮਾ ਦੇ ਨਾਲ ਸਾਨੂੰ ਕਿਸੇ ਸਰਗੁਣ ਰੂਪ ਦੀ ਪੂਜਾ ਨੇ ਨਹੀਂ ਮਿਲਾਉਣਾ ਭਾਵੇਂ ਅਸੀਂ ਕਿਸੇ ਵੀ ਅਸਥਾਨ ਤੇ ਜਾਈਏ। ਅਸੀਂ ਮੰਦਰ ਵਿੱਚ ਮੱਥਾ ਟੇਕੀਏ ਜਾਂ ਮਸਜਿਦ ਵਿੱਚ ਮੱਥਾ ਟੇਕੀਏ ਫਰਕ ਇਸ ਗੱਲ ਦਾ ਨਹੀਂ ਹੈ। ਫਰਕ ਇਸ ਗੱਲ ਵਿੱਚ ਹੈ ਕਿ ਪ੍ਰਮਾਤਮਾ ਨੂੰ ਪਾਉਣ ਲਈ ਉਸ ਦਾ ਅਸਲ ਜਪ ਤਪ ਕੀ ਹੈ। ਜੇਕਰ ਸਾਡਾ ਮਕਸਦ ਕੇਵਲ ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਤੱਕ ਹੈ ਤੇ ਫਿਰ ਅਸੀਂ ਜਿਹੜਾ ਮਰਜੀ ਧਰਮ ਗ੍ਰੰਥ ਪੜ੍ਹੀਏ ਜਾਂ ਸੁਣੀਏ ਇਸ ਨਾਲ ਕੀ ਫਰਕ ਪੈਂਦਾ ਹੈ। ਕੇਵਲ ਪੜ੍ਹੀ ਸੁਣੀ ਜਾਈਏ ਤੇ ਉਨ੍ਹਾਂ ਨੂੰ ਮੱਥੇ ਟੇਕੀ ਜਾਈਏ, ਇਸ ਨਾਲ ਕੀ ਫਰਕ ਪੈਂਦਾ ਹੈ। ਫਰਕ ਕੇਵਲ ਸਾਡੀ ਕਰਣੀ ਨਾਲ ਪੈਂਦਾ ਹੈ ਤੇ ਕਿਸੇ ਵੀ ਧਰਮ ਗ੍ਰੰਥ ਨੂੰ ਪੜ੍ਹਨ

ਸੁਣਨ ਨਾਲ ਕੀ ਫਰਕ ਪੈਂਦਾ ਹੈ ਜੇਕਰ ਉਸ ਤੇ ਅਮਲ ਹੀ ਨਹੀਂ ਕਰਨਾ। ਪ੍ਰਮਾਤਮਾ ਸਾਡੇ ਇਹੋ ਜਿਹੇ ਜਪ ਤਪ ਦੁਆਰਾ ਨਹੀਂ ਮਿਲਦਾ, ਉਸ ਨੂੰ ਪੜ੍ਹ-ਪੜ੍ਹ ਕੇ, ਸੁਣ-ਸੁਣ ਕੇ ਪ੍ਰਸੰਨ ਨਹੀਂ ਕੀਤਾ ਜਾ ਸਕਦਾ। ਉਹ ਪ੍ਰਸੰਨ ਕੇਵਲ ਸਾਡੀ ਕਰਣੀ ਨਾਲ ਹੁੰਦਾ ਹੈ ਭਾਵੇਂ ਅਸੀਂ

13/1360

ਜਿਹੜੇ ਮਰਜ਼ੀ ਧਰਮ ਨੂੰ ਮੰਨਦੇ ਹੋਈਏ। ਹਿੰਦੂ ਧਰਮ ਨਾਲ ਸੰਬੰਧਿਤ ਧਰਮ ਗ੍ਰੰਥ ਵੀ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੰਦੇ ਹਨ ਤੇ ਇਹੀ ਸਿੱਖਿਆ ਸਾਨੂੰ ਕੁਰਾਨ ਰਾਹੀਂ ਮਿਲਦੀ ਹੈ ਪਰ ਅਸੀਂ ਉਨ੍ਹਾਂ ਦੇ ਮੂਲ ਭਾਵ ਨੂੰ ਸਮਝਣ ਦੀ ਬਜਾਇ ਦਿਖਾਵੇ ਵਾਲੇ ਕਰਮ ਕਾਂਡਾਂ ਵਿੱਚ ਹੀ ਉਲਝੇ ਰਹਿੰਦੇ ਹਾਂ ਤੇ ਇਹੋ ਜਿਹੇ ਕਰਮਾਂ ਦੁਆਰਾ ਅਸੀਂ ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਪੂਜਣਾ ਸਮਝਦੇ ਹਾਂ। ਪ੍ਰਮਾਤਮਾ ਕੋਈ ਆਕਾਰ ਰੂਪ ਨਹੀਂ ਹੈ ਪਰ ਅਸੀਂ ਕੋਈ ਆਕਾਰ ਰੂਪ ਸਮਝਕੇ ਉਨ੍ਹਾਂ ਦੇ ਮੂਰਤੀ ਰੂਪ ਪੂਜਦੇ ਹਾਂ, ਮੂਰਤੀਆਂ ਦਾ ਗੁਣਗਾਨ ਕਰਦੇ ਹਾਂ। ਇਹੀ ਸਾਡੀ ਬਹੁਤ ਵੱਡੀ ਅਗਿਆਨਤਾ ਹੈ ਜਿਸ ਲਈ ਸਾਨੂੰ ਅੰਨ੍ਹਾ ਕਹਿ ਕੇ ਸੰਬੋਧਨ ਕੀਤਾ ਹੈ ਭਾਵ ਪੂਰਨ ਅਗਿਆਨਤਾ ਵਿੱਚ ਦੱਸਿਆ ਹੈ। ਮੁਸਲਿਮ ਭਾਈਚਾਰਾ ਮੂਰਤੀ ਪੂਜਾ ਨੂੰ ਨਹੀਂ ਮੰਨਦਾ ਲੇਕਿਨ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਉਹ ਇਸ ਤੋਂ ਬੇਖ਼ਬਰ ਹਨ। ਜੇਕਰ ਸੱਚੀ ਸੋਝੀ ਹੋਵੇ ਤਾਂ ਉਹ ਅੱਲ੍ਹਾ ਤੇ ਪ੍ਰਮਾਤਮਾ ਵਿੱਚ ਕੋਈ ਫਰਕ ਨਾ ਸਮਝਣ, ਆਪਣੇ ਧਰਮ ਨੂੰ ਚੰਗਾ ਤੇ ਦੂਸਰਿਆਂ ਦੇ ਧਰਮ ਨੂੰ ਮਾੜਾ ਨਾ ਆਖਣ। ਇਸੇ ਲਈ ਉਨ੍ਹਾਂ ਨੂੰ ਅੱਧੀ ਸੋਝੀ ਵਾਲਾ ਕਿਹਾ ਹੈ। ਸਾਡੇ ਅੰਦਰ ਫਰਕ, ਧਰਮ ਧਰਮ ਵਿੱਚ ਫਰਕ ਕੇਵਲ ਅਗਿਆਨਤਾ ਨੇ ਪਾਇਆ ਹੋਇਆ ਹੈ। ਸੱਚੀ ਸੋਝੀ ਕੇਵਲ ਉਸਦੇ ਸੱਚੇ ਗਿਆਨ ਦੁਆਰਾ ਪੈਂਦੀ ਹੈ, ਉਸਦਾ ਸੱਚਾ ਗਿਆਨੀ ਬਣ ਕੇ ਪੈਂਦੀ ਹੈ। ਭਗਤ ਨਾਮਦੇਵ ਜੀ ਉਸ ਦੇ ਸੱਚੇ ਗਿਆਨੀ ਹਨ ਤੇ ਇਸੇ ਲਈ ਉਨ੍ਹਾਂ ਨੂੰ ਮੰਦਰ ਅਤੇ ਮਸਜਿਦ ਵਿੱਚ ਕੋਈ ਫਰਕ ਨਜ਼ਰ ਨਹੀਂ ਆਉਂਦਾ। ਉਨ੍ਹਾਂ ਨੇ ਦੋਨਾਂ ਦੀ ਮਤਿ ਨੂੰ ਹੀ ਨਹੀਂ ਮੰਨਿਆ। ਇੱਕੋ ਇੱਕ ਦਰ ਇਹੋ ਜਿਹਾ ਹੈ ਜੋ ਸਭ ਲਈ ਇੱਕੋ ਜਿਹਾ ਹੈ। ਉਹ ਦਰ ਸੱਚੇ ਗਿਆਨ ਦਾ ਦਰ ਹੈ, ਪ੍ਰਮਾਤਮਾ ਦੀ ਸੱਚੀ ਮਤਿ ਦਾ ਦਰ ਹੈ, ਜਿਸ ਦਰ ਤੇ ਪਹੁੰਚ ਕੇ ਮਨੁੱਖ-ਮਨੁੱਖ ਵਿੱਚ ਫਰਕ ਨਹੀਂ ਰਹਿੰਦਾ। ਸਭ ਵਿੱਚ ਇੱਕੋ ਪ੍ਰਮਾਤਮਾ, ਇੱਕੋ ਅੱਲ੍ਹਾ, ਇੱਕੋ ਗਾਡ, ਇੱਕੋ ਵਾਹਿਗੁਰੂ ਨਜ਼ਰ ਆਉਂਦਾ ਹੈ। ਉਸ ਦਰ ਤੇ

13/1361

ਕੇਵਲ ਸੱਚੀ ਕਰਨੀ ਦੀ ਮਤਿ ਮਿਲਦੀ ਹੈ, ਮਨੁੱਖ ਮਨੁੱਖ ਵਿੱਚ ਭੇਦ ਨਾ ਕਰਨ ਦੀ ਮਤਿ ਮਿਲਦੀ ਹੈ, ਕੇਵਲ ਸੱਚ ਦੁਆਰਾ ਵਿਚਰਨ ਦੀ ਮਤਿ ਮਿਲਦੀ ਹੈ, ਮਨੁੱਖਤਾ ਦੀ ਭਲਾਈ ਦੀ ਮਤਿ ਮਿਲਦੀ ਹੈ, ਇੱਕ ਦੂਜੇ ਤੋਂ ਨਫ਼ਰਤ ਨਾ ਕਰਨ ਦੀ ਮਤਿ ਮਿਲਦੀ ਹੈ। ਗੁਰਬਾਣੀ ਉਸ ਪ੍ਰਮਾਤਮਾ ਦੀ ਸੱਚੀ ਮਤਿ ਦਾ ਦਰ ਹੈ ਤੇ ਉੱਥੋਂ ਸਾਨੂੰ ਇਹੀ ਮਤਿ ਦਿੱਤੀ ਜਾ ਰਹੀ ਹੈ, ਕੇਵਲ ਸਮਝਣ ਦੀ ਲੋੜ ਹੈ, ਹਰ ਕਿਸੇ ਨੂੰ, ਸਾਰੇ ਜਗਤ ਨੂੰ ਸਮਝਣ ਦੀ ਲੋੜ ਹੈ। ਗੁਰਬਾਣੀ ਸਾਰੇ ਜਗਤ ਲਈ ਇੱਕੋ ਜਿਹੀ ਗੱਲ ਸਮਝਾਉਂਦੀ ਹੈ, ਸੱਚ ਸਮਝਾਉਂਦੀ ਹੈ, ਸਭ ਲਈ ਇੱਕੋ ਧਰਮ ਸਮਝਾਉਂਦੀ ਹੈ। ਇਹੀ ਨਾਮ ਜਪਣਾ ਹੈ, ਪ੍ਰਮਾਤਮਾ ਦੀ ਸੇਵਾ ਹੈ। **(ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥)**

ਗੁਰੂ ਆਪ ਗਿਆਨ ਹੈ, ਪ੍ਰਮਾਤਮਾ ਆਪ ਗਿਆਨ ਹੈ ਤੇ ਗਿਆਨ ਦੀ ਪੂਜਾ ਹੀ ਗੁਰੂ ਪ੍ਰਮਾਤਮਾ ਦੀ ਪੂਜਾ ਹੈ। ਗਿਆਨ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ, ਸੋਝੀ ਪਾਉਣ ਲਈ ਹੀ ਹੈ। ਉਸਦੀ ਸੋਝੀ ਦੀ ਪੂਜਾ ਹੀ ਉਸ ਦੀ ਪੂਜਾ ਹੈ। ਉਸਦੀ ਸੱਚੀ ਸੋਝੀ ਨਾਮ ਧਨ ਦੀ ਪ੍ਰਾਪਤੀ ਦੁਆਰਾ ਹੁੰਦੀ ਹੈ ਤੇ ਤਾਂ ਹੀ ਕਿਸੇ ਨੂੰ ਉਸ ਦੀ ਪੂਜਾ, ਉਸ ਦੀ ਸੇਵਾ ਦੀ ਸੋਝੀ ਪੈਂਦੀ ਹੈ ਤੇ ਭਾਉਂਦੀ ਹੈ। ਸੋਝੀ ਦੀ ਪੂਜਾ ਸੋਝੀ ਦੁਆਰਾ ਵਿਚਰ ਕੇ ਹੀ ਹੋ ਸਕਦੀ ਹੈ।

{ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ॥ ਸਤਿਗੁਰੁ ਸੇਵੀ ਅਵਰੁ ਨ ਦੂਜਾ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ॥੩॥}

(ਅੰਗ ੧੦੬੯)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥}

(ਅੰਗ ੭੫੯)

ਪ੍ਰਮਾਤਮਾ ਦੀ ਵਡਿਆਈ ਉਸ ਦੇ ਸੱਚੇ ਗਿਆਨ ਦੁਆਰਾ ਉਸ ਨੂੰ ਜਾਣ ਕੇ ਹੀ ਹੋ ਸਕਦੀ ਹੈ। ਜਦ ਤੱਕ ਅਸੀਂ ਪ੍ਰਮਾਤਮਾ ਨੂੰ ਜਾਣਿਆ ਹੀ ਨਹੀਂ, ਸਾਨੂੰ ਉਸ ਦਾ ਵੱਡਾਪਨ ਸਮਝ ਵੀ ਕਿਵੇਂ ਆ ਸਕਦਾ ਹੈ। ਅਸੀਂ ਕੇਵਲ ਸੁਣੀਆਂ ਸੁਣਾਈਆਂ ਗੱਲਾਂ ਵਿੱਚ ਆ ਕੇ ਹੀ ਪ੍ਰਮਾਤਮਾ ਦੀ ਵਡਿਆਈ ਕਰਦੇ ਹਾਂ। ਅਸੀਂ ਉਨ੍ਹਾਂ ਦੀਆਂ ਗੱਲਾਂ ਤੇ ਵਿਸ਼ਵਾਸ

13/1362

ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਆਪਣੇ ਵੱਲੋਂ ਰੱਬ ਦੇ ਨਾਲ ਮਿਲੇ ਹੋਏ ਸਮਝਦੇ ਹਾਂ। ਅਸੀਂ ਉਨ੍ਹਾਂ ਦਾ ਵੱਡਾਪਨ ਜਿਆਦਾ ਕਰਕੇ ਕਿਸੇ ਰਿਧੀ ਸਿਧੀ ਦੀ ਪ੍ਰਾਪਤੀ ਹੋਣ ਕਰਕੇ ਸਮਝਦੇ ਹਾਂ ਕਿਉਂਕਿ ਇਹੋ ਜਿਹੇ ਵੱਡਾ ਅਖਵਾਉਣ ਵਾਲੇ ਸਰੀਰਕ ਜਪ ਤਪ ਹੀ ਕਰਦੇ ਹਨ। ਉਹ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਦਾ ਕਾਰਣ ਆਪਣੇ ਜਪ ਤਪ ਨੂੰ ਹੀ ਸਮਝਦੇ ਹਨ। ਉਨ੍ਹਾਂ ਦਾ ਵੱਡਾਪਨ ਅਸੀਂ ਇਨ੍ਹਾਂ ਗੱਲਾਂ ਨੂੰ ਹੀ ਸਮਝਦੇ ਹਾਂ।ਇਹੋ ਜਿਹੀ ਪ੍ਰਥਾ, ਜਪ ਤਪ ਦੀ ਪ੍ਰਥਾ ਸਦੀਆਂ ਤੋਂ ਚੱਲਦੀ ਆ ਰਹੀ ਹੈ। ਹਿੰਦੂ ਧਰਮ ਦੇ ਵਿੱਚ ਮੂਲ ਹੀ ਇਹ ਜਪ ਤਪ ਹੈ ਤੇ ਰਿਧੀਆਂ ਸਿਧੀਆਂ ਵੀ ਇਨ੍ਹਾਂ ਜਪਾਂ ਤਪਾਂ ਨਾਲ ਜੁੜੀਆਂ ਹੋਈਆਂ ਹਨ। ਮੁਸਲਿਮ ਭਾਈਚਾਰਾ ਵੀ ਇਨ੍ਹਾਂ ਰਿਧੀਆਂ ਸਿਧੀਆਂ ਨਾਲ ਜੁੜਿਆ ਹੋਇਆ ਹੈ। ਸੰਸਾਰ ਵਿੱਚ ਅਨੇਕਾਂ ਹੀ ਮਨੁੱਖ ਇਹੋ ਜਿਹੀਆਂ ਰਿਧੀਆਂ ਸਿਧੀਆਂ ਨੂੰ ਜਿੰਨ੍ਹਾਂ ਨੂੰ ਕਿ ਉਹ ਕਰਾਮਾਤੀ ਤਾਕਤਾਂ ਸਮਝਦੇ ਹਨ, ਉਨ੍ਹਾਂ ਨਾਲ ਜੁੜੇ ਹੋਏ ਹਨ। ਸਿੱਖ ਸਮਾਜ ਲਈ ਇਹ ਜਪ ਤਪ ਜਾਂ ਰਿਧੀਆਂ ਸਿਧੀਆਂ ਕੋਈ ਨਵੀਂ ਜਾਂ ਵੱਖਰੀ ਗੱਲ ਨਹੀਂ ਹੈ। ਜੋ ਕੁੱਝ ਗੁਰਬਾਣੀ ਦੀ ਰਚਨਾ ਹੋਣ ਤੋਂ ਪਹਿਲਾਂ ਹੁੰਦਾ ਸੀ ਉਹੋ ਕੁੱਝ ਹੁਣ ਹੋ ਰਿਹਾ ਹੈ। ਰਿਧੀਆਂ ਸਿਧੀਆਂ ਸਭ ਨੂੰ ਮੋਹਦੀਆਂ ਹਨ ਕਿਉਂਕਿ ਪ੍ਰਮਾਤਮਾ ਨੇ ਸਭ ਵਿੱਚ ਮੋਹ ਹੀ ਇਹੋ ਜਿਹਾ ਪਾਇਆ ਹੋਇਆ ਹੈ। ਭਾਵੇਂ ਗੁਰਬਾਣੀ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ, ਬੜਾ ਸਿੱਧਾ ਫੁਰਮਾਨ ਕਰਕੇ ਸਮਝਾ ਰਹੀ ਹੈ ਕਿ ਇਹ ਰਿਧੀਆਂ, ਸਿਧੀਆਂ, ਕਰਾਮਾਤਾਂ ਸਭ ਮੋਹ ਹਨ, ਸਭ ਧ੍ਰਿਗ ਹਨ ਪਰ ਫਿਰ ਵੀ ਅਸੀਂ ਇਨ੍ਹਾਂ ਨੂੰ ਹੀ ਉੱਚਾ ਮੰਨਿਆ ਹੋਇਆ ਹੈ, ਪ੍ਰਮਾਤਮਾ ਦੇ ਨਾਲ ਮੇਲ ਦਾ ਹੋਣਾ ਮੰਨਿਆ ਹੋਇਆ ਹੈ। ਜਿੱਥੇ ਇਹ ਰਿਧੀਆਂ ਸਿੱਧੀਆਂ ਹਨ ਉੱਥੇ ਨਾਮ ਨਹੀਂ ਹੈ ਬਲਕਿ ਇਹ ਨਾਮ ਤੋਂ ਦੂਸਰਾ ਪਾਸਾ ਹੈ। ਇਹ ਅਸਲ ਵਿੱਚ ਸਾਡਾ ਪ੍ਰਮਾਤਮਾ ਨੂੰ ਮਿਲਣ ਵਿੱਚ ਰੁਕਾਵਟਾਂ ਹਨ। ਅਸੀਂ ਥੋੜ੍ਹਾ ਪਿੱਛੇ

13/1363

ਸ਼ਬਦ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ।

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥}

(ਅੰਗ ੫੯੩)

ਮਃ ੩॥

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥੨॥}

(ਅੰਗ ੬੫੦)

ਬੜੇ ਧਿਆਨ ਨਾਲ ਸਮਝੋ ਉੱਪਰ ਵਾਲੇ ਸ਼ਬਦ ਨੂੰ ਕਿ ਸਾਨੂੰ ਕੀ ਸਮਝਾਇਆ ਹੈ। ਸਿੱਧ, ਸਾਧਿਕ ਆਦਿ ਜੋ ਕੋਈ ਰਿਧੀਆਂ, ਸਿਧੀਆਂ ਆਦਿ ਦੀ ਪ੍ਰਾਪਤੀ ਕਰ ਲੈਂਦੇ ਹਨ, ਉਨ੍ਹਾਂ ਨੂੰ ਪ੍ਰਮਾਤਮਾ ਦੇ ਮੇਲ ਤੋਂ ਦੂਰ ਦੱਸਿਆ ਹੋਇਆ ਹੈ। ਇਹ ਲੋਕ ਸਮਾਧੀਆਂ ਲਗਾ ਕੇ ਬੈਠੇ ਰਹਿੰਦੇ ਹਨ ਭਾਵ ਜਪ ਤਪ ਵਿੱਚ ਬੈਠੇ ਰਹਿੰਦੇ ਹਨ ਪਰ ਇਨ੍ਹਾਂ ਨੂੰ **"ਨਾਮੁ"** ਦੀ ਪ੍ਰਾਪਤੀ ਨਹੀਂ ਹੁੰਦੀ, ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ। **(ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥)** **"ਨਾਮ"** ਨੂੰ ਭਾਵ ਪ੍ਰਮਾਤਮਾ ਨੂੰ ਤਾਂ ਇਹ ਲੋਕ ਖੋਜਦੇ ਫਿਰਦੇ ਹਨ ਪਰ ਪ੍ਰਮਾਤਮਾ ਇਹਨਾਂ ਸਮਾਧੀ ਵਿੱਚ ਬੈਠਣ ਵਾਲਿਆਂ ਨੂੰ ਨਹੀਂ ਮਿਲਦਾ ਕਿਉਂਕਿ ਇਹ ਉਸਨੂੰ ਖੋਜਣ ਦਾ ਤਰੀਕਾ ਨਹੀਂ ਹੈ। ਜਿੱਥੇ ਇਹ ਰਿਧੀਆਂ ਸਿਧੀਆਂ ਹਨ ਉੱਥੇ ਗੁਰੂ ਦੀ ਮਤਿ ਨਹੀਂ ਹੈ ਤੇ ਨਾ ਹੀ ਉੱਥੇ ਗੁਰੂ

ਦੀ ਕ੍ਰਿਪਾ ਹੈ ਕਿਉਂਕਿ ਇਹ ਸਭ ਮਾਇਆ ਮੋਹ ਹੈ ਜੋ ਸਾਨੂੰ ਰੱਬ ਤੋਂ ਦੂਰ ਕਰਦਾ ਹੈ। **(ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥)** ਸਿੱਧ ਸਾਧਿਕ ਆਦਿ ਭਾਵੇਂ ਕਿਸੇ ਸਿੱਧੀ, ਕਰਾਮਾਤ ਨੂੰ ਆਪਣੀ ਪ੍ਰਾਪਤੀ ਸਮਝਦੇ ਹਨ ਪਰ ਜਿੱਥੇ ਨਾਮ ਨਹੀਂ ਉਹ ਜੀਵਨ ਵਿਅਰਥ ਹੈ। **(ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥)** ਪ੍ਰਮਾਤਮਾ ਦੀ ਸਾਡੇ ਤੇ ਉਸਦੀ ਇੱਕੋ ਇੱਕ ਵੱਡੀ ਕ੍ਰਿਪਾ ਉਸਦੇ ਨਾਮ ਦੀ ਦਾਤ ਹੈ ਜੋ ਕਿ ਉਹ

13/1364

ਅਚਿੰਤੇ ਹੀ ਕਰ ਦਿੰਦਾ ਹੈ। ਨਾਮ ਦੀ ਪ੍ਰਾਪਤੀ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ, ਸਭ ਕੁੱਝ ਹੈ ਤੇ ਅਸਲ ਸਿੱਧ, ਕਰਾਮਾਤ ਨਾਮ ਦੀ ਪ੍ਰਾਪਤੀ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਇਹ ਸਿਧੀਆਂ ਆਦਿ ਦੀ ਸੋਝੀ ਕਿੱਥੋਂ ਆਉਂਦੀ ਹੈ ਤੇ ਕਿਵੇਂ ਆਉਂਦੀ ਹੈ। ਇਹ ਸਭ ਪ੍ਰਮਾਤਮਾ ਦੀ ਬਣਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਮਨ ਦੇ ਵਿੱਚ ਹੀ ਵਰਤਦੀ ਹੈ ਪਰ ਉਸ ਦੀ ਸੋਝੀ ਨਹੀਂ ਲੱਗਦੀ। ਇਹ ਅਸਲ ਵਿੱਚ ਸਾਡੀਆਂ ਪ੍ਰਮਾਤਮਾ ਦੇ ਨਾਲ ਮਿਲਣ ਵਿੱਚ ਰੁਕਾਵਟਾਂ ਹਨ ਭਾਵ ਸਾਨੂੰ ਭਰਮਾਉਣ ਲਈ ਹਨ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਕਰਾਮਾਤ ਅਸਲ ਵਿੱਚ ਕੁੱਝ ਵੀ ਨਹੀਂ ਹੁੰਦੀ। ਸਭ ਕੁੱਝ ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਭਾਵ ਸਾਇੰਟਿਫਿਕਲੀ ਹੀ ਹੁੰਦਾ ਹੈ ਪਰ ਇਸ ਗੱਲ ਦੀ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ ਜਦੋਂ ਉਸਦਾ ਗਿਆਨ ਰੂਪ ਨਜ਼ਰ ਆ ਜਾਂਦਾ ਹੈ। ਆਓ ਹੁਣ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ ਤੇ ਸਮਝੀਏ ਕਿ ਇਹ ਰਿਧੀਆਂ ਸਿਧੀਆਂ ਸਾਡੀਆਂ ਰੁਕਾਵਟਾਂ ਹੀ ਹਨ। ਇਸ ਸ਼ਬਦ ਦੀ ਵਿਚਾਰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲਾਂ ਹੀ ਕੀਤੀ ਹੋਈ ਹੈ ਪਰ ਉਸਨੂੰ ਸਮਝਣ ਵਿੱਚ ਸਾਨੂੰ ਦੁਚਿੱਤੀ ਰਹੀ ਹੋਵੇਗੀ। ਹੁਣ ਸਾਨੂੰ ਉਹੀ ਗੱਲ ਆਸਾਨੀ ਨਾਲ ਸਮਝ ਪੈ ਜਾਵੇਗੀ ਤੇ ਅਸੀਂ ਇਨ੍ਹਾਂ ਦੇ ਮੋਹ ਵਿੱਚੋਂ ਨਿਕਲ ਕੇ ਗੁਰੂ ਦੀ ਮਤਿ ਨਾਲ ਜੁੜਨ ਦਾ ਉੱਦਮ ਕਰਾਂਗੇ।

ਆਸਾ ਮਹਲਾ ੧॥

“ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥
ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣਹਾਰਾ॥੪॥੨॥”

(ਅੰਗ ੯)

ਪ੍ਰਮਾਤਮਾ ਨੂੰ ਹਰ ਕੋਈ ਸੁਣੀਆਂ ਸੁਣਾਈਆਂ ਗੱਲਾਂ ਨਾਲ ਹੀ ਵੱਡਾ ਆਖਦਾ ਹੈ, ਸਮਝਦਾ ਹੈ ਤੇ ਸੁਣੇ ਸੁਣਾਏ ਤਰੀਕਿਆਂ ਦੁਆਰਾ ਹੀ ਉਸਦੀ ਵਡਿਆਈ ਕਰਦਾ ਹੈ ਜਿਵੇਂ ਕਿ ਧਰਮ ਗ੍ਰੰਥਾਂ ਨੂੰ ਪੜ੍ਹਨਾ, ਸੁਣਨਾ ਤੇ ਸਰੀਰਕ ਜਪ ਤਪ ਆਦਿ ਕਰਨੇ, ਮੁੱਖੋਂ ਬੋਲ ਬੋਲ ਕੇ ਉਸ ਦਾ ਜਪ ਕਰਨਾ। ਹਰ ਕੋਈ ਪ੍ਰਮਾਤਮਾ ਦੀ ਵਡਿਆਈ ਕਰਨੀ ਇਹੋ ਕੁੱਝ ਹੀ ਸਮਝਦਾ ਹੈ ਜੋ ਕਿ ਪ੍ਰਾਚੀਨ ਸਮੇਂ ਤੋਂ ਚੱਲਦਾ ਆ ਰਿਹਾ ਹੈ ਤੇ ਇਨ੍ਹਾਂ ਜਪਾਂ ਤਪਾਂ ਦੁਆਰਾ ਕਿਸੇ ਰਿਧੀ ਸਿਧੀ

ਦੀ ਪ੍ਰਾਪਤੀ ਹਾਸਿਲ ਕਰਨਾ ਆਪਣੀ ਭਗਤੀ ਦਾ ਸੰਪੂਰਨ ਹੋਣਾ ਸਮਝਦੇ ਹਨ ਤੇ ਇਨ੍ਹਾਂ ਜਪਾਂ ਤਪਾਂ ਦੁਆਰਾ ਹੀ, ਧਰਮ ਗ੍ਰੰਥਾਂ ਦੇ ਉੱਚੇ ਗਿਆਨ ਦੁਆਰਾ ਹੀ ਅਸੀਂ ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਦੇ ਹਾਂ। ਪਰ ਇਹ ਸਭ ਕੁੱਝ ਕਰਨਾ ਜਾਂ ਸਮਝਣਾ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ। ਉਸਦੀ ਵਡਿਆਈ ਉਦੋਂ ਹੁੰਦੀ ਹੈ ਜਦੋਂ ਸਾਨੂੰ ਉਸਦੀ ਵਡਿਆਈ ਕਰਨ ਦੀ ਸੋਝੀ ਪੈ ਜਾਵੇ ਭਾਵ ਸੱਚੀ ਸੋਝੀ ਪੈ ਜਾਵੇ। ਉਸਦੀ ਸੱਚੀ ਸੋਝੀ ਉਸਦੇ ਮੇਲ ਦੁਆਰਾ ਹੀ ਪੈਂਦੀ ਹੈ ਤੇ ਤਾਂ ਹੀ ਸਮਝ ਆਉਂਦੀ ਹੈ ਕਿ ਪ੍ਰਮਾਤਮਾ ਕਿੰਨਾ ਕੁ ਵੱਡਾ ਹੈ ਤੇ ਸਭ ਕੁੱਝ ਉਹ ਆਪ ਹੀ ਹੈ। **(ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥)** ਪ੍ਰਮਾਤਮਾ ਦੀ ਭਗਤੀ ਦੇ ਸੁਣੇ ਸੁਣਾਏ ਤਰੀਕਿਆਂ ਦੁਆਰਾ ਅਸੀਂ ਜੋ ਕੁੱਝ ਵੀ ਉਪਰਾਲੇ ਕਰਦੇ ਹਾਂ ਉਨ੍ਹਾਂ ਨੂੰ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਸਮਝਦੇ ਹਾਂ ਭਾਵ ਪ੍ਰਮਾਤਮਾ ਇਹੋ ਜਿਹੇ ਜਪਾਂ ਤਪਾਂ ਦੁਆਰਾ ਹੀ ਮਿਲਦਾ ਹੈ ਪਰ ਗੁਰੂ ਜੀ ਸਾਨੂੰ ਸਮਝਾ ਰਹੇ ਹਨ ਕਿ ਪ੍ਰਮਾਤਮਾ ਦੀ ਕੀਮਤ ਪਾਉਣ ਦਾ ਇਹ ਤਰੀਕਾ ਨਹੀਂ ਹੈ। ਪ੍ਰਮਾਤਮਾ ਦਾ ਆਖਣ ਉਹੀ ਆਖ ਸਕਦਾ ਹੈ, ਉਸਨੂੰ ਉਹੀ ਜਪਦਾ ਹੈ ਜੋ ਉਸ ਵਿੱਚ ਸਮਾਅ ਜਾਂਦਾ ਹੈ। ਉਸ ਵਿੱਚ ਸਮਾਉਣਾ ਕੀ ਹੈ, ਇਹ ਹੁਣ ਸਾਨੂੰ ਅਨੇਕਾਂ ਹੀ ਸ਼ਬਦਾਂ ਦੁਅਰਾ ਸੋਝੀ ਪੈ ਚੁੱਕੀ ਹੈ। ਉਸ ਵਿੱਚ ਸਮਾਉਣਾ ਉਸ ਦੇ ਸੱਚੇ ਗਿਆਨ ਵਿੱਚ ਸਮਾਉਣਾ ਹੈ, ਉਸਦੀ ਸੱਚੀ ਸੋਝੀ ਵਿੱਚ ਸਮਾਉਣਾ ਹੈ ਜਿੱਥੋਂ ਇਹ ਪਤਾ ਚੱਲਦਾ ਹੈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ। **(ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥)** ਸ਼ਬਦ ਦੀ ਅਗਲੀ ਪੰਗਤੀ ਜੋ ਕਿ ਰਹਾਉ ਵਾਲੀ ਪੰਗਤੀ ਹੈ ਉਸ ਰਾਹੀਂ ਸਾਨੂੰ ਇਹੀ ਸਮਝਾਇਆ ਗਿਆ ਹੈ ਕਿ ਉਸ ਪ੍ਰਮਾਤਮਾ ਦਾ ਪਸਾਰਾ ਕਿਤਨਾ ਕੁ ਵੱਡਾ ਹੈ ਭਾਵ ਸਭ

ਕੁੱਝ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਨੂੰ ਕੋਈ ਨਹੀਂ ਜਾਣਦਾ ਭਾਵ ਹਰ ਕੋਈ ਸੁਣੀਆਂ ਸੁਣਾਈਆਂ ਗੱਲਾਂ ਦੁਆਰਾ ਹੀ ਉਸ ਨੂੰ ਵੱਡਾ ਕਹਿ ਰਿਹਾ ਹੈ ਪਰ ਅਸਲ ਵਿੱਚ ਜਾਣਦਾ ਉਸਨੂੰ ਕੋਈ ਵੀ ਨਹੀਂ ਹੈ। ਉਹ ਪ੍ਰਮਾਤਮਾ ਕਿਤਨੇ ਵੱਡੇ ਗਿਆਨ ਦਾ ਮਾਲਕ ਹੈ ਜਿਸ ਦੁਆਰਾ ਉਸਨੇ ਆਪਣਾ ਇਤਨਾ ਵੱਡਾ ਪਸਾਰਾ ਬਣਾਇਆ ਹੋਇਆ ਹੈ ਇਹ ਉਸ ਨੂੰ ਜਾਣਨ ਤੋਂ ਬਾਅਦ ਹੀ ਪਤਾ ਚੱਲਦਾ ਹੈ ਤੇ ਮਨੁੱਖ ਨੂੰ ਗਿਆਨ ਦੀ ਕੀਮਤ ਪੈਂਦੀ ਹੈ। ਉਸਦੇ ਵਿੱਚ ਗਿਆਨ ਦੀ ਗਹਿਰਾਈ ਹੈ, ਗੰਭੀਰਤਾ ਹੈ ਜਿਸ

ਕਰਕੇ ਉਹ ਆਪਣੇ ਗੁਣਾਂ ਦੁਆਰਾ ਬਹੁਤ ਹੀ ਗਹਿਰਾ ਹੈ। ਉਸ ਦੇ ਪਸਾਰੇ ਵਿੱਚ, ਹਰ ਵਸਤੂ ਵਿੱਚ ਗੁਣਾਂ ਦਾ ਭੰਡਾਰ ਹੈ। ਜਿਵੇਂ ਸੂਰਜ ਆਪਣੇ ਗੁਣਾਂ ਨਾਲ ਭਰਪੂਰ ਹੈ ਇਸੇ ਤਰ੍ਹਾਂ ਹਰ ਵਸਤੂ, ਪੰਜੇ ਤੱਤ ਗੁਣਾਂ ਨਾਲ ਭਰਪੂਰ ਹਨ ਤੇ ਸਭ ਨੂੰ ਉਸਨੇ ਗਿਆਨ ਦੁਆਰਾ ਗੋਇਆ ਹੋਇਆ ਹੈ ਜਿਸ ਦੁਆਰਾ ਸ੍ਰਿਸ਼ਟੀ ਚੱਲ ਰਹੀ ਹੈ। ਇਸ ਗੱਲ ਦਾ ਯਕੀਨ ਕਿ ਉਹ ਕਿਤਨਾ ਕੁ ਵੱਡਾ ਹੈ, ਕਿਤਨੇ ਕੁ ਵੱਡੇ ਗਿਆਨ ਦਾ ਮਾਲਕ ਹੈ, ਕਿਤਨਾ ਵੱਡਾ ਸੂਝਵਾਨ ਹੈ ਇਹ ਉਸ ਨੂੰ ਜਾਣਨ ਤੋਂ ਬਾਅਦ ਹੀ ਆਉਂਦਾ ਹੈ ਤੇ ਫਿਰ ਹੀ ਉਸਦੀ ਕੋਈ ਸੱਚੀ ਵਡਿਆਈ ਕਰ ਸਕਦਾ ਹੈ। ਗੁਰਬਾਣੀ ਪ੍ਰਮਾਤਮਾ ਦੀ ਸੱਚੀ ਵਡਿਆਈ ਕਰ ਰਹੀ ਹੈ ਕਿਉਂਕਿ ਗੁਰਬਾਣੀ ਵਿੱਚ ਉਹ ਆਪ ਸਮਾਇਆ ਹੋਇਆ ਹੈ ਤੇ ਗੁਰਬਾਣੀ ਉਸ ਵਿੱਚ ਸਮਾਈ ਹੋਈ ਹੈ। **(ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥)** ਸੁਣੀਆਂ ਸੁਣਾਈਆਂ ਗੱਲਾਂ ਦੁਆਰਾ ਅਸੀਂ ਪ੍ਰਮਾਤਮਾ ਦੀ ਕੀਮਤ ਕਿਸ ਤਰੀਕੇ ਨਾਲ ਪਾਉਂਦੇ ਹਾਂ ਤੇ ਅਸਲ ਵਿੱਚ ਕੀਮਤ ਪੈਂਦੀ ਕਿਸ ਦੀ ਹੈ ਭਾਵ ਕੀਮਤ ਪਾਉਣ ਦਾ ਨਤੀਜਾ ਕੀ ਨਿਕਲਦਾ ਹੈ ਇਹ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

13/1367

"ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥"

ਅਸੀਂ ਪ੍ਰਮਾਤਮਾ ਦਾ ਜਪ ਤਪ ਕਰਨ ਲਈ ਸੁਰਤੀਆਂ ਆਦਿ ਜੋੜ ਕੇ ਬੈਠਦੇ ਹਾਂ, ਸਮਾਧੀਆਂ ਆਦਿ ਲਗਾ ਕੇ ਬੈਠਦੇ ਹਾਂ ਭਾਵ ਜੋ ਅਸੀਂ ਸੁਣਿਆ ਸੁਣਾਇਆ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਸਮਝਦੇ ਹਾਂ। ਇਹੋ ਜਿਹੀਆਂ ਸੁਰਤੀਆਂ ਜੋੜਨ ਨਾਲ ਜੇਕਰ ਕਿਸੇ ਰਿਧੀ ਸਿਧੀ ਦੀ ਪ੍ਰਾਪਤੀ ਹੋ ਜਾਵੇ ਤਾਂ ਅਸੀਂ ਇਸ ਨੂੰ ਪ੍ਰਮਾਤਮਾ ਦੇ ਨਾਲ ਮੇਲ ਸਮਝਦੇ ਹਾਂ ਤੇ ਲੋਕ ਉਸਦੇ ਪਿੱਛੇ ਲੱਗਣੇ ਸ਼ੁਰੂ ਹੋ ਜਾਂਦੇ ਹਨ। ਸੁਰਤੀਆਂ ਸਮਾਧੀਆਂ ਜੋੜਨ ਵਾਲਿਆਂ ਨੂੰ ਵੈਸੇ ਵੀ ਉਨ੍ਹਾਂ ਦੇ ਜਪ ਤਪ ਕਰਕੇ ਲੋਕ ਵਡਿਆਉਂਦੇ ਹਨ ਭਾਵ ਉਨ੍ਹਾਂ ਨੂੰ ਸ਼ੋਭਾ ਦਿੰਦੇ ਹਨ। ਕੀਮਤ ਅਸਲ ਵਿੱਚ ਮਨੁੱਖ ਦੀ ਆਪਣੀ ਪੈਂਦੀ ਹੈ, ਜਪਾਂ ਤਪਾਂ ਕਰਕੇ ਪੈਂਦੀ ਹੈ। ਇਸ ਵਿੱਚ ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਜਪੀਆਂ ਤਪੀਆਂ ਨੂੰ ਵਡਿਆਈ ਜਰੂਰ ਮਿਲਣ ਲੱਗ ਜਾਂਦੀ ਹੈ ਭਾਵ ਇਨ੍ਹਾਂ ਜਪਾਂ ਤਪਾਂ ਦੁਆਰਾ ਪ੍ਰਮਾਤਮਾ ਦੀ ਤਾਂ ਕੋਈ ਕੀਮਤ ਨਹੀਂ ਪੈਂਦੀ ਪਰ ਆਪਣੀ ਕੀਮਤ ਜਰੂਰ ਪੈ ਜਾਂਦੀ ਹੈ। ਸਾਡੀ ਕੀਮਤ ਕਿਸ ਰੂਪ ਵਿੱਚ ਪੈਂਦੀ ਹੈ, ਵਡਿਆਈ ਕਿਸ ਦੀ ਹੁੰਦੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਦੱਸਿਆ ਹੋਇਆ ਹੈ।

"ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥"

ਸਾਨੂੰ ਇਹੋ ਜਿਹੀਆਂ ਪਦਵੀਆਂ ਧਰਮ ਦੇ ਮਾਰਗ ਤੇ ਉੱਚਾ ਕਰਦੀਆਂ ਹਨ ਜਿਸ ਦੁਆਰਾ ਸਾਨੂੰ ਸੋਭਾ ਮਿਲਦੀ ਹੈ, ਸਾਡੀ ਸਮਾਜ ਵਿੱਚ ਕੀਮਤ ਪੈਂਦੀ ਹੈ। ਪ੍ਰਮਾਤਮਾ ਦਾ ਗਿਆਨੀ ਧਿਆਨੀ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ। ਇਨ੍ਹਾਂ ਪਦਵੀਆਂ ਦੁਆਰਾ ਅਸੀਂ ਕੇਵਲ ਧਾਰਮਿਕ ਗਿਆਨ ਹਾਸਿਲ ਕਰਨ ਨਾਲ, ਸੁਰਤੀਆਂ ਰਾਹੀਂ ਧਿਆਨ ਜੋੜਨ ਵਾਲੇ

13/1368

ਬਣਨ ਨਾਲ ਪ੍ਰਮਾਤਮਾ ਦੀ ਵਡਿਆਈ ਨਹੀਂ ਕਰ ਸਕਦੇ। ਜਦੋਂ ਸਾਨੂੰ ਉੱਚੀ ਸੋਭਾ ਮਿਲਣੀ ਸ਼ੁਰੂ ਹੋ ਜਾਂਦੀ ਹੈ ਖਾਸ ਕਰਕੇ ਜਦੋਂ ਪ੍ਰਮਾਤਮਾ ਸਾਡੇ ਅੰਦਰ ਕੋਈ ਰਿਧੀ ਸਿਧੀ ਪਾ ਦਿੰਦਾ ਹੈ ਫਿਰ ਸਾਡੀ ਕੀਮਤ ਹੋਰ ਵੀ ਵੱਧ ਜਾਂਦੀ ਹੈ। ਇਹੋ ਜਿਹੀ ਸ਼ੋਭਾ ਕਰਕੇ ਅਸੀਂ ਗੁਰੂ ਰੂਪ ਬਣ ਕੇ ਬੈਠ ਜਾਂਦੇ ਹਾਂ, ਗੁਰਹਾਈ ਰੂਪ ਬਣਕੇ ਬੈਠ ਜਾਂਦੇ ਹਾਂ। ਗੁਰੂ ਰੂਪ ਉਹ ਹੈ ਜੋ ਕਿਸੇ ਨੂੰ ਸਿੱਖਿਆ ਦਿੰਦਾ ਹੈ। ਗੁਰਹਾਈ ਵੀ ਗੁਰੂ ਦਾ ਆਪਣਾ ਰੂਪ ਹੈ। ਗੁਰਬਾਣੀ ਗੁਰੂ ਵੀ ਹੈ ਤੇ ਗੁਰਹਾਈ ਵੀ ਹੈ। ਗੁਰੂ ਸਿੱਖਿਆ ਦੇਣ ਲਈ ਹੈ, ਪ੍ਰਮਾਤਮਾ ਦਾ ਮਾਰਗ ਦੱਸਣ ਲਈ ਹੈ, ਨਾਮ ਦੀ ਸੋਝੀ ਪਾਉਣ ਲਈ ਹੈ ਤੇ ਉਸਦਾ "**ਗੁਰਹਾਈ**" ਰੂਪ ਸਾਡੇ ਅੰਦਰ ਪ੍ਰਗਟ ਹੋਣ ਵਾਲਾ ਰੂਪ ਹੈ ਜਿਸ ਦੁਆਰਾ ਉਹ ਆਪਣੀ ਸੱਚੀ ਸੋਝੀ ਪਾ ਕੇ ਆਪ ਹੀ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਵੀ ਹੈ ਤੇ ਆਪਣੀ ਸਿੱਖਿਆ ਤੇ ਆਪ ਚਲਾਉਂਦਾ ਵੀ ਹੈ। ਗੁਰੂ ਸਾਰੇ ਕੰਮ ਆਪ ਹੀ ਕਰਦਾ ਹੈ। ਨਾਮ ਵੀ ਉਹ ਆਪ ਹੈ ਤੇ ਆਪਣਾ ਨਾਮ ਦੇ ਕੇ ਨਾਮ ਦ੍ਰਿੜ ਕਰਨ ਵਾਲਾ ਵੀ ਉਹ ਆਪ ਹੈ। ਉਹ ਸਭ ਕੁੱਝ ਆਪ ਹੀ ਹੈ। "**ਗੁਰੂ**" "**ਪ੍ਰਮਾਤਮਾ**" ਇੱਕੋ ਹੀ ਗੱਲ ਹੈ। ਜਦ ਤੱਕ ਸਾਨੂੰ ਸੱਚੀ ਸੋਝੀ ਨਹੀਂ ਪੈਂਦੀ ਅਸੀਂ ਆਪਣੇ ਜਪਾਂ ਤਪਾਂ ਦੁਆਰਾ ਅਨੇਕਾਂ ਜਗ੍ਹਾ ਪੂਰੇ ਭਾਰਤ ਵਿੱਚ ਆਪਣਾ ਗੁਰੂ ਰੂਪ ਬਣਾਈ ਬੈਠੇ ਹਾਂ, ਗੁਰਹਾਈ ਰੂਪ ਵੀ ਬਣਾਈ ਬੈਠੇ ਹਾਂ। ਅਸੀਂ ਲੋਕਾਂ ਨੂੰ ਸਿੱਖਿਆ ਵੀ ਦਿੰਦੇ ਹਾਂ ਤੇ ਪ੍ਰਮਾਤਮਾ ਨਾਲ ਮਿਲਾਉਣ ਦਾ ਦਾਅਵਾ ਵੀ ਕਰਦੇ ਹਾਂ ਭਾਵ ਗੁਰੂ ਪ੍ਰਮਾਤਮਾ ਦੇ ਸ਼ਰੀਕ ਬਣਕੇ ਬੈਠਦੇ ਹਾਂ, ਉਸ ਨਾਲ ਸ਼ਰੀਕੀ ਦਿਖਾਉਂਦੇ ਹਾਂ। ਸਿੱਖ ਜਗਤ ਵਿੱਚ ਵੀ ਇਹੋ ਜਿਹੇ ਸ਼ਰੀਕਾਂ ਦੀ ਭਰਮਾਰ ਹੈ। ਕਿਸੇ ਨੂੰ ਕੰਨਾ ਵਿੱਚ ਵਾਜੇ ਵਜਾ ਕੇ ਉਨ੍ਹਾਂ ਨੂੰ ਅਨਹਦ ਨਾਦ

ਸੁਣਾਉਂਦੇ ਹਨ, ਕਿਸੇ ਨੂੰ ਕੋਈ ਰੋਸ਼ਨੀ ਦਿਖਾ ਕੇ ਉਸ ਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਪ੍ਰਕਾਸ਼ ਕਹਿ ਕੇ

13/1369

ਪ੍ਰਮਾਤਮਾ ਨਾਲ ਮਿਲਾਉਂਦੇ ਹਨ, ਕਿਸੇ ਨੂੰ ਸੁਰਤੀਆਂ ਜੋੜਨ ਰਾਹੀਂ, ਸਰੀਰਕ ਕਿਰਿਆਵਾਂ ਰਾਹੀਂ ਆਤਮਾ ਦੇ ਦਰਸ਼ਨ ਕਰਨਾ ਸਿਖਾਉਂਦੇ ਹਨ। ਅਨੇਕਾਂ ਹੀ ਤਰੀਕਿਆਂ ਨਾਲ ਲੋਕਾਂ ਨੂੰ ਉਲਝਾਉਂਦੇ ਹਨ। ਕੁੱਝ ਸਾਨੂੰ ਦਰਗਾਹ ਵਿੱਚ ਕਬੂਲ ਕਰਵਾਉਣ ਦੀਆਂ ਅਰਦਾਸਾਂ ਵੀ ਕਰਦੇ ਹਨ ਤੇ ਤਸੱਲੀਆਂ ਦਿੰਦੇ ਹਨ ਕਿ ਤੁਹਾਡੀ ਅਰਦਾਸ ਕਬੂਲ ਹੋ ਗਈ ਹੈ। ਇਹ ਅਗਿਆਨਤਾ ਦੀ ਹੱਦ ਹੈ। ਜੋ ਖੁਦ ਅਗਿਆਨੀ ਹਨ ਉਹ ਕੇਵਲ ਅਗਿਆਨਤਾ ਦਾ ਹੀ ਪ੍ਰਚਾਰ ਕਰਦੇ ਹਨ। ਜਿਹੜੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾ ਕੇ ਖੁਦ ਪ੍ਰਮਾਤਮਾ ਦੀ ਇੱਕ ਤਿਲ ਜਿੰਨੀ ਵਡਿਆਈ ਨਹੀਂ ਕਰਦੇ ਉਹ ਕਿਸੇ ਨੂੰ ਪ੍ਰਮਾਤਮਾ ਦੀ ਵਡਿਆਈ ਕੀ ਸਮਝਾ ਸਕਦੇ ਹਨ। ਇਹ ਲੋਕ ਸਭ ਨੂੰ ਜਪ ਤਪ ਕਰਨੇ ਭਾਵ ਸਰੀਰਕ ਜਪ ਤਪ ਕਰਨੇ ਤੇ ਸੁਰਤੀਆਂ ਸਮਾਧੀਆਂ ਜੋੜਨੀਆਂ ਹੀ ਸਮਝਾਉਂਦੇ ਹਨ, ਕਿਸੇ ਖਾਸ ਸ਼ਬਦ ਦਾ ਉਚਾਰਨ ਸਮਝਾਉਂਦੇ ਹਨ ਆਦਿ। ਅਸੀਂ ਇਹੋ ਜਿਹਿਆਂ ਕੋਲੋਂ ਸੁਣੀਆਂ ਸੁਣਾਈਆਂ ਗੱਲਾਂ ਤੇ ਹੀ ਲੱਗੇ ਹੋਏ ਹਾਂ ਜਿਸ ਨੂੰ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ। ਜਿੰਨ੍ਹਾਂ ਨੇ ਖੁਦ ਪ੍ਰਮਾਤਮਾ ਨੂੰ ਨਹੀਂ ਦੇਖਿਆ, ਇੱਕ ਤਿਲ ਜਿੰਨਾ ਵੀ ਨਹੀਂ ਜਾਣਿਆ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ, ਰਿਧੀਆਂ ਸਿਧੀਆਂ ਦੇ ਮੋਹ ਵਿੱਚ ਫਸੇ ਹੋਏ ਹਾਂ ਜੋ ਗੁਰਮਤਿ ਦੇ ਉਲਟ ਹੈ। **(ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥)**

ਅਸੀਂ ਇਨ੍ਹਾਂ ਦੇ ਜਾਲ ਵਿੱਚ ਕਿਵੇਂ ਫਸਦੇ ਹਾਂ, ਇਨ੍ਹਾਂ ਨੂੰ ਗੁਰੂ, ਗੁਰਹਾਈ ਰੂਪ ਕਿਵੇਂ ਸਮਝਦੇ ਹਾਂ ਜੋ ਕਿ ਸਾਡੀ ਸਭ ਦੀ ਕਮਜ਼ੋਰੀ ਦੀ ਜੜ੍ਹ ਹੈ, ਉਹ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆ॥"

ਜਦੋਂ ਅਸੀਂ ਕਿਸੇ ਜਪੀਏ ਤਪੀਏ ਵਿੱਚ ਕੋਈ ਰਿਧੀ

13/1370

ਸਿਧੀ ਦੇਖ ਲੈਂਦੇ ਹਾਂ ਭਾਵ ਉਸਦੇ ਕੋਈ ਬਚਨ ਪੂਰੇ ਹੁੰਦੇ ਦੇਖ ਲੈਂਦੇ ਹਾਂ ਜਾਂ ਉਹ ਕਿਸੇ ਦੇ ਮਨ ਦੀ ਬੁੱਝ ਲੈਂਦਾ ਹੈ ਤਾਂ ਅਸੀਂ ਉਸ ਨੂੰ ਸਿੱਧ ਪੁਰਖ ਸਮਝ ਲੈਂਦੇ ਹਾਂ, ਪ੍ਰਮਾਤਮਾ ਨਾਲ ਮਿਲਿਆ ਹੋਇਆ ਸਮਝ ਲੈਂਦੇ ਹਾਂ ਤੇ ਉਸ ਦੀਆਂ ਵਡਿਆਈਆਂ ਵਿੱਚ ਪੈ ਜਾਂਦੇ ਹਾਂ। ਸਾਨੂੰ ਫਿਰ ਉਸ ਵਿੱਚ ਸਭ ਚੰਗਿਆਈਆਂ ਹੀ ਨਜ਼ਰ ਆਉਂਦੀਆਂ ਹਨ ਤੇ ਸਮਝਦੇ ਹਾਂ ਕਿ ਇਸ ਦੇ ਕੋਲ ਪ੍ਰਮਾਤਮਾ ਦਾ ਸਤਿ ਹੈ, ਸੱਚਾਈ ਹੈ ਤੇ ਇਹ ਤਪ ਤੇ ਪੂਰਾ ਉਤਰਿਆ ਹੈ। **(ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆ॥)** ਸਾਡਾ ਇਹੋ ਜਿਹਾ ਸਮਝਣਾ ਭਾਵ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਦੁਆਰਾ ਕਿਸੇ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਣਾ ਸਾਡਾ ਕਿੰਨਾ ਵੱਡਾ ਭੁਲੇਖਾ ਹੈ, ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥"

ਪ੍ਰਮਾਤਮਾ ਇਨ੍ਹਾਂ ਰਿਧੀਆਂ ਸਿਧੀਆਂ ਦੁਆਰਾ ਨਹੀਂ ਮਿਲਦਾ। ਉਹ ਬੜੇ ਉੱਚੇ ਕਰਮਾਂ ਦੁਆਰਾ, ਉਸ ਦੀ ਆਪਣੀ ਕ੍ਰਿਪਾ ਦੁਆਰਾ ਮਿਲਦਾ ਹੈ। ਸਾਡੀਆਂ ਇਹ ਰਿਧੀਆਂ ਸਿਧੀਆਂ ਉਸ ਦੇ ਆਪਣੇ ਪਾਏ ਹੋਏ "ਠਾਕਿ" ਹਨ ਭਾਵ ਉਸਦੀਆਂ ਆਪਣੀਆਂ ਪਾਈਆਂ ਹੋਈਆਂ ਰੁਕਾਵਟਾਂ ਹਨ, ਆਪਣੇ ਆਪ ਤੋਂ ਦੂਰ ਰੱਖਣ ਦੇ ਤਰੀਕੇ ਹਨ, ਸਾਨੂੰ ਉਲਝਾਉਣ ਦੇ ਤਰੀਕੇ ਹਨ ਕਿਉਂਕਿ ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ। ਉਸ ਨੇ ਸਭ ਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ, ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ। ਇਹ ਰਿਧੀਆਂ ਸਿਧੀਆਂ ਮਾਇਆ ਦੇ ਹਥਿਆਰ ਹੀ ਹਨ, ਸਾਨੂੰ ਮਾਇਆ ਮੋਹ ਵਿੱਚ ਰੱਖਣ ਦੇ ਤਰੀਕੇ ਹੀ ਹਨ।

13/1371

ਜਿੱਥੇ ਮਾਇਆ ਮੋਹ ਹੈ ਉੱਥੇ ਨਾਮ ਨਹੀਂ ਹੈ। ਜਿੱਥੇ ਰਿਧੀਆਂ ਸਿਧੀਆਂ ਹਨ ਉੱਥੇ ਆਪ ਪ੍ਰਮਾਤਮਾ ਵੱਸ ਹੀ ਨਹੀਂ ਸਕਦਾ ਕਿਉਂਕਿ ਇਹ ਤਰੀਕਾ ਹੈ ਹੀ ਸਭ ਨੂੰ ਪ੍ਰਮਾਤਮਾ ਤੋਂ ਦੂਰ ਰੱਖਣ ਦਾ।

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥}

ਸਿਧੀ ਜਾਂ ਕਰਾਮਤਿ ਕੇਵਲ ਉਹ ਹੈ ਜਿੱਥੇ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਜਿੰਨ੍ਹਾਂ ਗੱਲਾਂ ਨੂੰ ਅਸੀਂ ਰਿਧੀਆਂ ਸਿਧੀਆਂ ਸਮਝਦੇ ਹਾਂ ਜਾਂ ਕਰਾਮਤਿ ਸਮਝਦੇ ਹਾਂ ਉਹ ਕੇਵਲ ਸਾਡਾ ਭਰਮ ਹੈ। ਅਸਲ ਵਿੱਚ ਨਾ ਕੋਈ ਰਿਧੀ ਸਿਧੀ ਹੈ ਤੇ ਨਾ ਹੀ ਕੋਈ ਕਰਾਮਤਿ ਹੁੰਦੀ ਹੈ। ਸਭ ਕੁੱਝ ਸਾਇੰਟਿਫਿਕਲੀ ਹੀ ਵਰਤਦਾ ਹੈ ਜਿਸ ਦੀ ਸੋਝੀ ਪ੍ਰਮਾਤਮਾ ਦੇ ਗਿਆਨ ਰੂਪ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਸੰਸਾਰ ਦੇ ਵਿੱਚ ਇੱਕੋ ਇੱਕ ਕਰਾਮਤਿ ਪ੍ਰਮਾਤਮਾ ਦਾ ਸਾਡੇ ਅੰਦਰ ਪ੍ਰਗਟ ਹੋਣਾ ਹੈ ਤੇ ਪ੍ਰਮਾਤਮਾ ਦੀ ਇਹ ਵਿਧੀ ਵੀ ਸਾਇੰਟਿਫਿਕ ਹੀ ਹੈ। ਇਸ ਗੱਲ ਦੀ ਸੋਝੀ ਪੈਣੀ ਕਿ ਪ੍ਰਮਾਤਮਾ ਆਪਣੇ ਆਪ ਨੂੰ ਸਾਡੇ ਅੰਦਰ ਕਿਵੇਂ ਪ੍ਰਗਟ ਕਰ ਲੈਂਦਾ ਹੈ, ਕਿਸ ਕਲਾ ਦੁਆਰਾ ਕਰ ਲੈਂਦਾ ਹੈ, ਇਹ ਗੱਲ ਕੇਵਲ ਉਸਨੇ ਆਪਣੇ ਤੱਕ ਹੀ ਰੱਖੀ ਹੋਈ ਹੈ ਭਾਵ ਕੇਵਲ ਗੁਰਪ੍ਰਸਾਦਿ ਹੈ। ਇਸ ਗੱਲ ਨੂੰ ਸਮਝਣਾ ਸਾਇੰਸ ਦੀ ਪਹੁੰਚ ਤੋਂ ਉਸਨੇ ਬਾਹਰ ਹੀ ਰੱਖਿਆ ਹੋਇਆ ਹੈ। ਸਾਨੂੰ ਸਾਇੰਸ ਦੁਆਰਾ ਸਭ ਗੱਲ ਦੀ ਸੋਝੀ ਪੈ ਸਕਦੀ ਹੈ ਪਰ ਪ੍ਰਮਾਤਮਾ ਸਾਡੇ ਅੰਦਰ ਕਿਵੇਂ ਵਿਚਰਦਾ ਹੈ ਇਸ ਗੱਲ ਨੂੰ ਨਹੀਂ ਸਮਝਿਆ ਜਾ ਸਕਦਾ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਉਹੀ ਉਸਦੀ ਇਸ ਕਲਾ ਨੂੰ ਜਾਣ ਸਕਦਾ ਹੈ ਤੇ ਸਮਝ ਸਕਦਾ ਹੈ ਕਿ ਪ੍ਰਮਾਤਮਾ ਸਭ ਕੁੱਝ ਆਪਣੇ ਗਿਆਨ ਰਾਹੀਂ ਹੀ ਕਰਦਾ ਹੈ। ਜੋ ਗੱਲ ਸਾਨੂੰ ਸਮਝ ਨਹੀਂ ਲੱਗਦੀ ਅਸੀਂ ਉਸਨੂੰ ਤਦ ਤੱਕ ਕਿਸੇ ਰਿਧੀ ਸਿਧੀ ਜਾਂ ਕਰਾਮਾਤ ਦਾ ਵਰਤਣਾ ਹੀ ਸਮਝਦੇ ਹਾਂ। ਕਿਸੇ ਦੇ ਮਨ ਦੀ ਬੁੱਝ ਲੈਣਾ ਜਾਂ ਕਿਸੇ ਦੇ ਬੋਲੇ ਹੋਏ ਬੋਲ ਸੱਚ ਹੋ ਜਾਵੇ ਕੋਈ ਰਿਧੀ ਸਿਧੀ ਜਾਂ ਕਰਾਮਤਿ ਨਹੀਂ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜੋ ਸਭ ਦੇ ਮਨ ਦੀ ਜਾਣਦਾ ਹੈ, ਆਉਣ ਵਾਲੇ ਸਮੇਂ ਬਾਰੇ ਵੀ ਜਾਣਦਾ ਹੈ। ਉਹ ਕਿਸੇ ਦੇ ਵੀ ਬੋਲੇ ਹੋਏ ਬੋਲ ਪੂਰੇ ਕਰਵਾ ਸਕਦਾ ਹੈ। ਇਹ ਉਸਦੇ ਚੋਜ ਹਨ ਤੇ ਅਸੀਂ ਇਹਨਾਂ ਗੱਲਾਂ ਕਰਕੇ ਕਿਸੇ ਨੂੰ ਉੱਚਾ ਸਮਝ ਕੇ ਉਸ ਦੇ ਪਿੱਛੇ ਲੱਗ ਜਾਂਦੇ ਹਾਂ ਤੇ ਗੁਰੂ ਦੇ ਸੱਚੇ ਮਾਰਗ ਤੋਂ ਭਟਕ ਜਾਂਦੇ ਹਾਂ। ਇਹ ਸਭ ਮਾਇਆ ਮੋਹ ਹੈ, ਪ੍ਰਮਾਤਮਾ ਦੀਆਂ ਆਪਣੀਆਂ ਪਾਈਆਂ ਹੋਈਆਂ ਰੁਕਾਵਟਾਂ ਹਨ ਜੋ ਸਾਨੂੰ ਸੱਚ ਦੀ ਸੋਝੀ ਪੈਣ ਤੋਂ, ਅਸਲੀਅਤ ਦੀ ਸੋਝੀ ਪੈਣ ਤੋਂ ਦੂਰ ਰੱਖਦੀਆਂ ਹਨ। **(ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥)**

ਸ਼ਬਦ ਦੇ ਆਖਰੀ ਪਦੇ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਅਸੀਂ ਪ੍ਰਮਾਤਮਾ ਨੂੰ ਪਾਉਣ ਲਈ ਜੋ ਯਤਨ ਕਰਦੇ ਹਾਂ ਉਹ ਸਭ ਵਿਅਰਥ ਹਨ ਜਿਸ ਦੁਆਰਾ ਪ੍ਰਮਾਤਮਾ ਦੀ ਸਿਫ਼ਤ, ਵਡਿਆਈ ਨਹੀਂ ਕੀਤੀ ਜਾ ਸਕਦੀ। ਉਹ ਆਪਣੀ ਵਡਿਆਈ ਆਪ ਹੀ ਕਿਸੇ ਨੂੰ ਦਿੰਦਾ ਹੈ ਭਾਵ ਆਪਣਾ ਵੱਡਾ ਰੂਪ ਦਿਖਾ ਕੇ ਆਪ ਹੀ ਦਿੰਦਾ ਹੈ।

“ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥

ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣਹਾਰਾ॥੪॥੨॥”

ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਚਾਰਾ ਜਰੂਰ ਕਰਦੇ ਹਾਂ, ਬਥੇਰੇ ਜਪ ਤਪ ਕਰਕੇ ਜ਼ੋਰ ਲਗਾਉਂਦੇ ਹਾਂ। ਪ੍ਰਮਾਤਮਾ ਅੱਗੇ ਸਾਡਾ ਇਹੋ ਜਿਹਾ ਕੋਈ ਚਾਰਾ ਨਹੀਂ ਚੱਲ ਸਕਦਾ ਭਾਵ ਇਸ ਤਰੀਕੇ ਨਾਲ ਪ੍ਰਮਾਤਮਾ ਦੀ ਕੋਈ ਸਿਫ਼ਤ ਨਹੀਂ ਹੁੰਦੀ। ਪ੍ਰਮਾਤਮਾ ਸਿਫ਼ਤਾਂ ਦਾ ਭੰਡਾਰ ਹੈ। ਉਸਦੀ ਸਿਫ਼ਤ ਉਸ ਦੇ ਗੁਣਾਂ ਦੇ ਵਿੱਚ ਹੈ, ਉਸਦੇ ਉੱਚੇ ਗਿਆਨ ਕਰਕੇ ਹੈ ਜਿਸ ਦੁਆਰਾ ਉਹ ਆਕਾਰ ਰੂਪ ਦਾ ਰਚਣ ਵਾਲਾ ਹੈ ਤੇ ਉਸਨੂੰ ਚਲਾਉਣ ਵਾਲਾ ਹੈ। ਪ੍ਰਮਾਤਮਾ ਕਿਤਨੀ ਕੁ ਵੱਡੀ ਸਿਫ਼ਤ ਦਾ ਮਾਲਕ ਹੈ ਇਹ ਉਸਨੂੰ ਜਾਨਣ ਤੋਂ ਬਾਅਦ ਹੀ ਪਤਾ ਲੱਗ ਸਕਦਾ ਹੈ। ਪ੍ਰਮਾਤਮਾ ਨੂੰ ਸਾਡੀਆਂ ਇਹੋ ਜਿਹੀਆਂ ਜਪਾਂ ਤਪਾਂ ਦੀਆਂ ਸਿਫ਼ਤਾਂ ਦੀ ਕੀ ਲੋੜ ਹੈ। **(ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥)** ਉਹ ਆਪਣੀ ਸਿਫ਼ਤ ਆਪ ਹੀ ਬਖਸ਼ਦਾ ਹੈ, ਜਿਸਦੀ ਸੋਝੀ ਉਸਦੇ ਸੱਚੇ

ਗਿਆਨ ਦੁਆਰਾ ਹੀ ਪੈਂਦੀ ਹੈ। ਉਸਦੀ ਸਿਫ਼ਤ ਕੇਵਲ ਉਸਦੇ ਬਚਨਾਂ ਨੂੰ ਮੰਨ ਕੇ, ਉਹਨਾਂ ਅਨੁਸਾਰ ਵਿਚਰ ਕੇ ਹੀ ਹੁੰਦੀ ਹੈ, ਉਸਦੀ ਸਿੱਖਿਆ ਨੂੰ ਜਪਣ ਦੁਆਰਾ ਹੁੰਦੀ ਹੈ। ਜਿਸ ਨੂੰ ਇਸ ਗੱਲ ਦੀ ਸੋਝੀ ਪੈਂਦੀ ਹੈ ਫਿਰ ਉਹੀ ਉਸ ਅਨੁਸਾਰ ਵਿਚਰਦਾ ਹੈ ਤੇ ਨਾਲ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਅੱਗੇ ਉਸ ਨੂੰ ਪਾਉਣ ਦਾ ਕੋਈ ਵੀ ਚਾਰਾ ਕਰਨਾ, ਕੋਈ ਵੀ ਸਰੀਰਕ ਜਪ ਤਪ ਕਰਨਾ ਕਿਸੇ ਕੰਮ ਨਹੀਂ ਆਉਂਦਾ। ਉਹ ਜਿਸ ਦਾ ਸਵਾਰਦਾ ਹੈ ਆਪ ਹੀ ਸਵਾਰਦਾ ਹੈ ਭਾਵ ਉਹ ਸਾਡੇ ਕਿਸੇ ਚਾਰੇ ਦਾ ਬੱਝਿਆ ਹੋਇਆ ਨਹੀਂ ਹੈ। ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਰਜ਼ਾ ਹੈ ਕਿ ਉਹ ਕਿੱਥੇ ਪ੍ਰਗਟ ਹੁੰਦਾ ਹੈ, ਕਿਸ

ਦਾ ਸਵਾਰਦਾ ਹੈ। **(ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣਹਾਰਾ॥੪॥੨॥)** ਉਸ ਦੀ ਦਰਗਾਹ ਵਿੱਚ ਕੇਵਲ ਸੱਚ ਕਬੂਲ ਹੁੰਦਾ ਹੈ। ਸਾਡਾ ਕੇਵਲ ਇੱਕੋ ਇੱਕ ਉੱਦਮ ਇਹੀ ਬਣਦਾ ਹੈ ਕਿ ਅਸੀਂ ਗੁਰਬਾਣੀ ਦੇ ਦੱਸੇ ਹੋਏ ਸੱਚੇ ਮਾਰਗ ਤੇ ਚੱਲੀਏ। ਜੇਕਰ ਸਾਨੂੰ ਬਾਣੀ ਇਹ ਸਮਝਾ ਰਹੀ ਹੈ ਕਿ ਰਿਧੀਆਂ ਸਿਧੀਆਂ ਸਭ ਮੋਹ ਹਨ, ਪ੍ਰਮਾਤਮਾ ਦੇ ਨਾਲ ਮੇਲ ਵਿੱਚ ਰੁਕਾਵਟਾਂ ਹਨ ਤਾਂ ਫਿਰ ਸਾਨੂੰ ਇਸ ਗੱਲ ਨੂੰ ਸੱਚ ਕਰਕੇ ਮੰਨਣਾ ਚਾਹੀਦਾ ਹੈ। ਸੱਚ ਉਹੀ ਹੈ ਜੋ ਸਾਨੂੰ ਗੁਰੂ ਸਮਝਾਉਂਦਾ ਹੈ। ਗੁਰੂ ਦੇ ਬੋਲ ਅਟੱਲ ਹਨ ਜੋ ਕਦੇ ਮਿਟ ਨਹੀਂ ਸਕਦੇ, ਬਿਨਸ ਨਹੀਂ ਸਕਦੇ। ਜੇਕਰ ਸਾਨੂੰ ਗੁਰੂ ਕਹਿ ਰਿਹਾ ਹੈ ਕਿ ਇਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਨਹੀਂ ਮਿਲਦਾ ਫਿਰ ਇਹ ਸਪੱਸ਼ਟ ਹੈ ਕਿ ਇਹਨਾਂ ਤਰੀਕਿਆਂ ਨਾਲ ਭਾਵ ਜਪਾਂ ਤਪਾਂ ਤੇ ਰਿਧੀਆਂ ਸਿਧੀਆਂ ਨਾਲ ਨਾ ਉਹ ਅੱਜ ਤੱਕ ਕਦੇ ਕਿਸੇ ਨੂੰ ਮਿਲਿਆ ਹੈ ਤੇ ਨਾ ਹੀ ਮਿਲ ਸਕਦਾ ਹੈ। ਸਦੀਆਂ ਤੋਂ ਸਾਡੇ ਅੰਦਰ ਇਹੋ ਜਿਹੇ ਭਰਮ ਬਣੇ ਹੋਏ ਹਨ, ਹਰ ਕਿਸੇ ਵਿੱਚ ਭਾਵੇਂ ਉਹ ਕਿਸੇ ਵੀ ਧਰਮ ਵਿੱਚ ਆਸਥਾ ਰੱਖਦਾ ਹੋਵੇ,

13/1373

ਇਹ ਭਰਮ ਸਭ ਲਈ ਇੱਕੋ ਜਿਹਾ ਹੀ ਹੈ। ਇਸ ਭਰਮ ਦਾ ਸ਼ਿਕਾਰ ਹਰ ਕੋਈ ਹੈ। ਬਹੁਤ ਬਹੁਤ ਬਹੁਤ ਔਖਾ ਹੈ ਇਸ ਭਰਮ ਵਿੱਚੋਂ ਨਿਕਲਣਾ। ਇਹ ਭਰਮ ਇਤਨਾ ਪ੍ਰਬਲ ਹੈ ਕਿ ਅਸੀਂ ਗੁਰੂ ਦੀ ਦੱਸੀ ਹੋਈ ਗੱਲ ਤੇ ਯਕੀਨ ਨਾ ਕਰਨਾ ਕਬੂਲ ਕਰ ਲਵਾਂਗੇ ਪਰ ਇਹ ਕਬੂਲ ਨਹੀਂ ਹੁੰਦਾ ਕਿ ਰਿਧੀਆਂ ਸਿਧੀਆਂ ਵਾਲੇ ਭਰਮ ਵਿੱਚ ਹਨ। ਸੱਚ ਨਾਲ ਜੁੜਨਾ ਬਹੁਤ ਔਖਾ ਹੈ, ਨਾਮ ਨਾਲ ਜੁੜਨਾ ਬਹੁਤ ਔਖਾ ਹੈ, ਗੁਰਮਤਿ ਨੂੰ ਮੰਨਣਾ ਬਹੁਤ ਔਖਾ ਹੈ, ਪ੍ਰਮਾਤਮਾ ਦੀ ਸੱਚੀ ਸੋਝੀ ਪੈਣਾ ਬਹੁਤ ਔਖਾ ਹੈ।

{ਆਖਣਿ ਅਉਖਾ ਸਾਚਾ ਨਾਉ॥}

ਜਿਹੋ ਜਿਹਾ ਸਾਨੂੰ ਗਿਆਨੀ ਬਣਨਾ ਸਿਖਾਇਆ ਹੈ ਉਹੀ ਕੁੱਝ ਉਸ ਦਾ ਕੀਰਤਨੀਆਂ ਬਣਨਾ ਹੈ। ਉਸ ਦਾ ਕੀਰਤਨ ਕਰਨਾ ਉਸਦਾ ਜੱਸ ਗਾਉਣਾ ਹੈ। ਉਸ ਦਾ ਸੱਚਾ ਜੱਸ ਉਸਦੇ ਸੱਚੇ ਗਿਆਨ ਦੁਆਰਾ ਹੀ ਗਾਇਆ ਜਾ ਸਕਦਾ ਹੈ, ਉਸ ਦਾ ਗਿਆਨੀ ਬਣ ਕੇ ਹੀ ਗਾਇਆ ਜਾ ਸਕਦਾ ਹੈ। ਅਸੀਂ ਗੁਰੂ ਦੇ ਸ਼ਬਦਾਂ ਦਾ ਕੀਰਤਨ ਮੁੱਖੋਂ ਬੋਲ ਕੇ ਹੀ ਕਰਦੇ ਹਾਂ, ਸਾਜਾਂ ਰਾਗਾਂ ਦੁਆਰਾ ਕਰਦੇ ਹਾਂ। ਇਹ ਪ੍ਰਮਾਤਮਾ ਦੇ ਨਾਲ ਸਾਡਾ ਜੁੜਨ ਦਾ ਪਹਿਲਾ ਉੱਦਮ ਹੈ। ਸ਼ਬਦਾਂ ਦੇ ਗਾਇਨ ਨੂੰ ਰਾਗ, ਸਾਜ ਬਖਸ਼ ਕੇ ਇਸ ਨੂੰ ਗੁਰੂ ਸਾਹਿਬਾਨ ਨੇ ਰਸਮਈ ਬਣਾਇਆ ਹੈ ਤਾਂ ਜੋ ਅਸੀਂ ਇਸ ਉੱਦਮ ਨਾਲ ਜੁੜੀਏ। ਸਾਡਾ ਦੂਸਰਾ ਉੱਦਮ ਸ਼ਬਦ ਨੂੰ ਸਮਝਣ ਦਾ ਹੈ ਕਿ ਉਸ ਰਾਹੀਂ ਸਾਨੂੰ ਗੁਰੂ ਸਾਹਿਬ ਕੀ ਸਮਝਾ ਰਹੇ ਹਨ, ਕੀ ਸਿੱਖਿਆ ਦੇ ਰਹੇ ਹਨ। ਗੁਰੂ ਦਾ ਮੂਲ ਮਨੋਰਥ ਸਾਨੂੰ ਸਿੱਖਿਆ ਦੇਣ ਦਾ ਹੈ ਤਾਂ ਜੋ ਅਸੀਂ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲ ਸਕੀਏ। ਸਾਡਾ ਦੂਸਰਾ ਉੱਦਮ ਉਸ ਸਿੱਖਿਆ ਨੂੰ ਉਸ ਭਾਵ ਵਿੱਚ ਸਮਝਣ ਦਾ ਹੈ ਜਿਸ ਮਨੋਰਥ ਨਾਲ ਉਸ ਸ਼ਬਦ ਨੂੰ ਉਚਾਰਿਆ ਹੋਇਆ ਹੈ। ਜੇਕਰ ਸਾਨੂੰ ਗੁਰੂ ਦੀ ਸਿੱਖਿਆ ਦੀ ਸਹੀ ਸੋਝੀ ਨਹੀਂ ਪੈਂਦੀ ਤਾਂ ਸਾਡੀ ਇਸ ਉੱਦਮ ਦੀ ਪੂਰਤੀ ਨਹੀਂ ਹੁੰਦੀ। ਤੀਸਰੇ ਉੱਦਮ ਤੇ ਅਸੀਂ ਤਾਂ ਹੀ ਪੂਰੇ ਉਤਰ ਸਕਦੇ ਹਾਂ ਜੇਕਰ ਸਾਨੂੰ ਸਹੀ ਸਿੱਖਿਆ ਦੀ ਸਮਝ ਆਵੇ। ਸਾਡਾ ਤੀਜਾ ਤੇ ਅਸਲ ਉੱਦਮ ਗੁਰੂ ਦੀ ਸਿੱਖਿਆ ਨੂੰ ਆਪਣੇ ਜੀਵਨ ਵਿੱਚ

13/1374

ਨਿਭਾਉਣ ਦਾ ਹੈ ਜਿਵੇਂ ਕਿ ਸਾਨੂੰ ਬਾਣੀ ਵਿੱਚ ਅਨੇਕਾਂ-ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੋਈ ਹੈ। ਉਸ ਦਾ ਪੂਰਾ ਕੀਰਤਨੀਆਂ ਇਹਨਾਂ ਉੱਦਮਾਂ ਨੂੰ ਅਪਣਾ ਕੇ ਹੀ ਬਣਿਆ ਜਾ ਸਕਦਾ ਹੈ ਜਿਸ ਦੁਆਰਾ ਉਸ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਇਹੋ ਜਿਹਾ ਉੱਦਮ ਉਸ ਦੀ ਵੱਡੀ ਕਿਰਪਾ ਦੁਆਰਾ ਹੀ ਹੁੰਦਾ ਹੈ।

ਪਉੜੀ ॥

{"ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥"}

(ਅੰਗ ੧੪੬-੧੪੭)

ਜੋ ਗੁਰੂ ਦਾ ਸ਼ਬਦ ਸਾਨੂੰ ਸਮਝਾਉਂਦਾ ਹੈ, ਜੋ ਕੁੱਝ ਵੀ ਸਮਝਾਉਂਦਾ ਹੈ ਉਹ ਸੱਚ ਹੈ। ਸੱਚ ਨੂੰ ਸੁਣਨਾ ਵੀ ਹੈ, ਉਸਨੂੰ ਬੁੱਝਣਾ ਵੀ ਹੈ ਭਾਵ ਉਸਨੂੰ ਸਮਝਣਾ ਵੀ ਹੈ ਤੇ ਉਸ ਦਾ ਵਖਾਣਿ ਵੀ ਕਰਨਾ ਹੈ ਭਾਵ ਉਸ ਤੇ ਅਮਲ ਵੀ ਕਰਨਾ ਹੈ। ਇਹੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ ਜੋ ਸਾਡਾ ਸੱਚਾ ਉੱਦਮ ਹੋਣਾ ਚਾਹੀਦਾ ਹੈ। ਉਸਦਾ ਸੱਚਾ ਕੀਰਤਨੀਆਂ ਬਣਨ ਦਾ ਇਹੀ ਤਰੀਕਾ ਹੈ। ਕੀਰਤਨੀਏ ਸਿੰਘਾ ਨੂੰ ਇਹੋ ਗੱਲ ਉਹਨਾਂ ਦੇ ਸਾਜਾਂ ਦਾ ਹਵਾਲਾ ਦੇ ਕੇ ਸਮਝਾਈ ਹੋਈ ਹੈ ਜਿਹੜੇ ਸਾਜਾਂ ਨੂੰ ਉਹ ਆਮ ਤੌਰ ਤੇ ਕੀਰਤਨ ਕਰਨ ਲੱਗਿਆਂ ਵਰਤਦੇ ਹਨ। ਆਓ ਹੇਠ ਲਿਖੇ ਸ਼ਬਦ ਨੂੰ ਵਿਚਾਰੀਏ ਤੇ ਉਸ ਦਾ ਕੀਰਤਨੀਆਂ ਬਣਨਾ ਸਮਝੀਏ।

ਰਾਮਕਲੀ ਮਹਲਾ ੫ ॥

"ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥ ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥
ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥ ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥
ਨਾਰਦੀ ਨਰਹਰ ਜਾਣਿ ਹਦੂਰੇ ॥ ਘੂੰਘਰ ਖੜਕੁ ਤਿਆਗਿ ਵਿਸੂਰੇ ॥
ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥
ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥
ਸਾਧਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੮॥"

(ਅੰਗ ੮੮੫)

ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਹੀ ਸਾਨੂੰ ਧੁਨਿ ਤੇ ਰਾਗ

13/1375

ਦਾ ਹਵਾਲਾ ਦੇ ਕੇ ਉਸਦਾ ਕੀਰਤਨੀਆਂ ਬਣਨਾ ਸਿਖਾਇਆ ਹੋਇਆ ਹੈ। ਉਸਦੇ ਕੀਰਤਨੀਏ ਦੇ ਲੱਛਣ ਸਮਝਾਏ ਹੋਏ ਹਨ। ਕਿਉਂਕਿ ਕੀਰਤਨੀਏ ਸ਼ਬਦ ਨੂੰ ਧੁਨ ਤੇ ਰਾਗ ਵਿੱਚ ਗਾਉਂਦੇ ਹਨ ਤੇ ਜੋ ਉਸਦਾ ਕੀਰਤਨੀਆ ਹੈ ਉਹ ਇਹ ਸਮਝਦਾ ਹੈ ਭਾਵ ਉਸਨੂੰ ਇਹ ਸੋਝੀ ਹੈ ਕਿ ਸਭ ਕੁੱਝ, ਇੱਕੋ ਇੱਕ ਪ੍ਰਮਾਤਮਾ ਹੀ ਹੈ, ਸੁਣੀ, ਅਣਸੁਣੀ, ਡਿੱਠੀ, ਅਣਡਿੱਠੀ ਹਰ ਵਸਤੂ ਦਾ, ਹਰ ਆਕਾਰ ਦਾ ਇੱਕੋ ਇੱਕ ਮਾਲਕ ਆਪ ਪ੍ਰਮਾਤਮਾ ਹੀ ਹੈ। **(ਓਅੰਕਾਰਿ ਏਕ)** ਹਰ ਕਿਸੇ ਵਿੱਚ ਕੇਵਲ ਉਸ ਇੱਕ ਪ੍ਰਮਾਤਮਾ ਦੀ ਧੁਨਿ ਹੀ ਵਰਤ ਰਹੀ ਹੈ ਭਾਵ ਉਹ ਹਰ ਕਿਸੇ ਨੂੰ ਆਪਣੀ ਧੁਨ ਦੁਆਰਾ ਚਲਾ ਰਿਹਾ ਹੈ, ਸਭ ਨੂੰ ਉਸ ਨੇ ਆਪਣੀ ਧੁਨ ਵਿੱਚ ਰੱਖਿਆ ਹੋਇਆ ਹੈ। **(ਧੁਨਿ ਏਕੈ)** ਅਸੀਂ ਜੋ ਵੀ ਰਾਗ ਅਲਾਪਦੇ ਹਾਂ ਭਾਵ ਅਸੀਂ ਜੋ ਕੁੱਝ ਵੀ ਬੋਲਦੇ ਹਾਂ ਉਹ ਸਭ ਦੇ ਵਿੱਚ ਰਾਗ ਪਾਉਣ ਵਾਲਾ ਇੱਕੋ ਹੀ ਹੈ। **(ਏਕੈ ਰਾਗੁ ਅਲਾਪੈ॥)** **"ਰਾਗੁ"** ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। **"ਰਾਗੁ"** ਸਾਡੇ ਮਨ ਨੂੰ ਕਿਹਾ ਹੈ ਜੋ ਕਿ ਆਪ ਪ੍ਰਮਾਤਮਾ ਹੈ। ਅਸੀਂ ਜੋ ਕੁੱਝ ਵੀ ਅਲਾਪਦੇ ਹਾਂ, ਬੋਲਦੇ ਹਾਂ ਉਹ ਸਾਡੇ ਮਨ ਦੇ ਬੋਲ ਹੀ ਹੁੰਦੇ ਹਨ, **"ਰਾਗੁ"** ਦੇ ਬੋਲ ਹੀ ਹੁੰਦੇ ਹਨ, ਪ੍ਰਮਾਤਮਾ ਦੇ ਆਪਣੇ ਬੋਲ ਹੀ ਹੁੰਦੇ ਹਨ ਜਿਸ ਦੀ ਕਿ ਸਾਨੂੰ ਸੋਝੀ ਨਹੀਂ ਹੈ। ਧੁਨਿ ਸਾਡੇ ਮਨ ਦੇ ਵਿਚਾਰ ਹਨ, ਸਾਡੇ ਮਨ ਦੀ ਲਗਨ ਹੈ ਜੋ ਮਨ ਦੇ ਵਿੱਚੋਂ ਹੀ ਉਪਜਦੀ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਤ੍ਰੈਗੁਣੀ ਧੁਨਿ ਪਾਈ ਹੋਈ ਹੈ, ਮਾਇਆ ਮੋਹ ਦੀ ਧੁਨਿ ਪਾਈ ਹੋਈ ਹੈ ਜੋ ਕਿ ਸਾਡੀ ਸੱਚੀ ਧੁਨਿ ਨਹੀਂ ਹੈ ਕਿਉਂਕਿ ਇਸ ਵਿੱਚ ਅਗਿਆਨਤਾ ਹੈ। ਸੱਚੀ ਧੁਨਿ "**ਸਹਜ ਧੁਨਿ**" ਹੈ ਜੋ ਕਿ ਚੌਥੇ ਪਦ ਦੀ ਅਵੱਸਥਾ ਦੀ ਧੁਨਿ ਹੈ ਜੋ ਸਾਨੂੰ ਅਗਿਆਨਤਾ ਵਿੱਚੋਂ ਕੱਢਦੀ ਹੈ ਤੇ ਇਸ ਧੁਨਿ ਦੁਆਰਾ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ

13/1376

ਸਮਝ ਲੱਗਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ, ਸਾਡਾ ਮਨ ਆਪ ਪ੍ਰਮਾਤਮਾ ਹੀ ਹੈ ਤੇ ਸਭ ਦੇ ਅੰਦਰ ਉਸ ਦੀ ਧੁਨਿ ਹੀ ਵਰਤ ਰਹੀ ਹੈ ਤੇ ਸਭ ਦੇ ਮਨ ਵਿੱਚ ਉਹ ਆਪ ਹੀ ਵਰਤ ਰਿਹਾ ਹੈ, ਆਪ ਹੀ ਰਾਗ ਅਲਾਪ ਰਹਿਆ ਹੈ। **(ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ॥)** "ਧੁਨਿ" ਕੀ ਹੈ ਇਸ ਨੂੰ ਅਸੀਂ ਪਿੱਛੇ ਵੀ ਕਾਫੀ ਵਿਚਾਰਿਆ ਹੈ ਤੇ ਅੱਗੇ ਜਾ ਕੇ ਹੋਰ ਵੀ ਵਿਚਾਰਾਂਗੇ। ਉਸ ਦਾ ਕੀਰਤਨੀਆਂ ਮਨ ਵਿੱਚ ਉਸ ਦੀ ਧੁਨਿ ਦੀ ਸੋਝੀ ਪੈਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਿਹੋ ਜਿਹਾ ਕੀਰਤਨੀਆਂ ਬਣਨਾ ਸਾਡੀ ਜਿੰਦਗੀ ਦਾ ਮਨੋਰਥ ਹੈ। ਅਗਲੀ ਪੰਗਤੀ ਰਾਹੀਂ ਕੀਰਤਨੀਏ ਦੇ ਗੁਣ ਹੀ ਸਮਝਾਏ ਹੋਏ ਹਨ, ਉਸਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ।

"ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥

ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥੧॥"

"**ਏਕਾ ਦੇਸੀ**" ਤੋਂ ਭਾਵ ਹੈ ਇੱਕੋ ਦੇਸ਼ ਦੇ ਰਹਿਣ ਵਾਲੇ, ਇੱਕੋ ਜਗ੍ਹਾ ਦੇ ਰਹਿਣ ਵਾਲੇ ਭਾਵ ਇੱਕ ਦੂਜੇ ਨੂੰ ਜਾਨਣ ਵਾਲੇ ਜਿੰਨ੍ਹਾਂ ਨੂੰ ਇੱਕ ਦੂਜੇ ਬਾਰੇ ਭੁਲੇਖਾ ਨਹੀਂ ਹੁੰਦਾ। ਪ੍ਰਮਾਤਮਾ ਦਾ ਦੇਸ਼ ਉਸਦੀ ਉੱਚੀ ਅਵੱਸਥਾ ਹੈ, ਉੱਚੇ ਵਿਚਾਰਾਂ ਦੀ ਅਵੱਸਥਾ ਹੈ, ਉੱਚੇ ਗਿਆਨ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ। ਉਸਦੇ ਦੇਸ ਦਾ ਵਾਸੀ ਬਣਨਾ, ਉਸਦੀ ਅਵੱਸਥਾ ਦਾ ਵਾਸੀ ਬਣਨਾ ਹੈ। ਉਸਦੇ ਦੇਸ਼ ਦਾ ਬਣਨ ਤੋਂ ਬਾਅਦ, ਉਸ ਦੀ ਅਵੱਸਥਾ ਵਿੱਚ ਰਲਣ ਤੋਂ ਬਾਅਦ ਸਾਨੂੰ ਮਨ ਦੇ ਵਿੱਚ ਜੋ ਕੁੱਝ ਵੀ ਦਿੱਸਦਾ ਹੈ ਉਹ ਆਪ ਹੀ ਦਿਖਾਉਂਦਾ ਹੈ ਭਾਵ ਮਨ ਦੇ ਵਿੱਚੋਂ ਸਾਨੂੰ ਜੋ ਵੀ ਸੋਝੀ ਪੈਂਦੀ ਹੈ ਉਹ ਆਪ ਹੀ ਪਾਉਂਦਾ ਹੈ, ਆਪਣੇ ਉੱਚੇ ਗਿਆਨ ਦੁਆਰਾ ਉਹ ਆਪ ਹੀ ਸੱਚਾ ਮਾਰਗ ਦਿਖਾਉਂਦਾ ਹੈ। **(ਏਕੁ ਦਿਖਾਵੈ)** ਮਨ ਦੀ ਇਸ ਅਵੱਸਥਾ ਦੁਆਰਾ ਹੀ, ਮਨ ਦੇ ਅੰਦਰ ਪ੍ਰਮਾਤਮਾ ਕੋਲੋਂ ਸੋਝੀ ਪੈਣ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ

13/1377

ਪ੍ਰਮਾਤਮਾ ਆਪ ਹੀ ਹੈ। ਮਨੁੱਖੀ ਰੂਪ ਵਿੱਚ ਤੇ ਹਰ ਆਕਾਰ ਰੂਪ ਵਿੱਚ ਉਹ ਆਪ ਹੀ ਆਪਣੇ ਗਿਆਨ ਦੁਆਰਾ ਵਿਚਰ ਰਿਹਾ ਹੈ। **(ਏਕੋ ਰਹਿਆ ਬਿਆਪੈ॥)** ਸਭ ਦੇ ਮਨ ਵਿੱਚ, ਸਭ ਦੀ ਸੁਰਤਿ ਵਿੱਚ ਇੱਕੋ ਇੱਕ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਸੁਰਤਿ ਦੇ ਵਿੱਚੋਂ ਸਾਨੂੰ ਗਿਆਨ ਹੀ ਮਿਲਦਾ ਹੈ, ਸੁਰਤਿ ਦੇ ਵਿੱਚ ਗਿਆਨ ਵਿਚਾਰਾਂ ਦੇ ਉਪਜਣ ਦੁਆਰਾ ਮਿਲਦਾ ਹੈ ਤੇ ਉਸ ਦੀ ਅਵੱਸਥਾ ਵਿੱਚ ਮਿਲ ਕੇ ਇਸ ਗੱਲ ਦੀ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ ਕਿ ਸਭ ਦੀ ਸੁਰਤਿ ਦੇ ਵਿੱਚ, ਸਭ ਦੀ ਸੋਚ ਦੇ ਵਿੱਚ ਵਿਚਾਰ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। **(ਏਕਾ ਸੁਰਤਿ)** ਪ੍ਰਮਾਤਮਾ ਦੀ ਸੱਚੀ ਸੇਵਾ ਉਸ ਦੇ ਮਨ ਵਿੱਚ ਵੱਸਣ ਦੁਆਰਾ ਹੀ ਹੁੰਦੀ ਹੈ। ਉਸਦੀ ਸੇਵਾ ਸ਼ਬਦ ਦੀ ਵਿਚਾਰ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥}

(ਅੰਗ - ੨੨੩)

ਮਨ ਦੇ ਵਿੱਚ ਵਿਚਾਰ ਸ਼ਬਦ ਦੇ ਕੋਲੋਂ ਹੀ ਮਿਲਦੀ ਹੈ, ਗੁਰੂ ਪ੍ਰਮਾਤਮਾ ਦੇ ਆਪਣੇ ਕੋਲੋਂ ਹੀ ਮਿਲਦੀ ਹੈ ਤੇ ਇਸੇ ਲਈ ਉਹ ਵਿਚਾਰ ਸੱਚੀ ਹੁੰਦੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਉੱਚਾ ਹੋਣ ਨਾਲ ਮਿਲਦੀ ਹੈ। ਇਹੋ ਜਿਹੇ ਵਿਚਾਰ ਮਿਲਣ ਨਾਲ ਹੀ ਕੋਈ ਸ਼ਬਦ ਦਾ ਵਿਚਾਰੀ ਬਣਦਾ ਹੈ ਜਿਸ ਦੁਆਰਾ ਉਹ ਗੁਰੂ ਪ੍ਰਮਾਤਮਾ ਦੀ ਸੇਵਾ ਕਰਦਾ ਹੈ ਭਾਵ ਉਸ ਦੇ ਸ਼ਬਦ ਦੇ ਵਿਚਾਰਾਂ ਦੁਆਰਾ ਵਿਚਰਦਾ ਹੈ, ਗੁਰਮਤਿ ਦੁਆਰਾ ਵਿਚਰਦਾ ਹੈ। **(ਏਕਾ ਹੀ ਸੇਵਾ)** ਇਹੋ ਜਿਹੀ ਅਵੱਸਥਾ ਦੇ ਨਾਲ ਹੀ ਫਿਰ ਕੋਈ ਉਸਨੂੰ ਜਪਦਾ ਹੈ ਭਾਵ ਉਸਦੇ ਸਮਝਾਏ ਹੋਏ ਮਾਰਗ ਤੇ ਚੱਲਦਾ ਹੈ। ਮਨ ਦੇ ਵਿੱਚ ਸਾਨੂੰ ਆਪਣੀ ਸੱਚੀ ਸਿੱਖਿਆ ਆਪ ਗੁਰੂ ਪ੍ਰਮਾਤਮਾ ਹੀ ਦਿੰਦਾ ਹੈ ਭਾਵ ਉਹ ਆਪ ਹੀ ਆਪਣਾ ਨਾਮ ਜਪਾਉਂਦਾ ਹੈ। **(ਏਕੋ ਗੁਰ ਤੇ ਜਾਪੈ॥)**

ਸ਼ਬਦ ਦੇ ਪਹਿਲੇ ਪਦੇ ਰਾਹੀਂ ਜਿਸ ਨੂੰ ਕਿ ਅਸੀਂ ਉੱਪਰ ਜਾਣਿਆ ਹੈ, ਇਸ ਰਾਹੀਂ ਸਾਨੂੰ

13/1378

ਇੱਕ ਕੀਰਤਨੀਏ ਦੇ ਗੁਣ ਸਮਝਾਏ ਹਨ, ਇੱਕ ਕੀਰਤਨੀਆਂ ਕਿਹੋ ਜਿਹਾ ਹੁੰਦਾ ਹੈ ਇਸ ਗੱਲ ਦੀ ਸੋਝੀ ਪਾਈ ਹੈ। ਉਸ ਦਾ ਕੀਰਤਨੀਆਂ ਉਸਦੇ ਨਾਲ ਮੇਲ ਦੇ ਰਾਹੀਂ ਹੀ ਬਣਿਆ ਜਾ ਸਕਦਾ ਹੈ ਜੋ ਕਿ ਉਸਦੀ ਆਪਣੀ ਕਿਰਪਾ ਹੈ। ਉਸਦਾ

ਕੀਰਤਨੀਆ ਅਸਲ ਵਿੱਚ ਗੁਰੂ ਹੀ ਹੈ ਜੋ ਉਸ ਨਾਲ ਮਿਲਿਆ ਹੋਇਆ ਹੈ। ਸ਼ਬਦ ਦਾ ਕੀਰਤਨ ਕਰਨਾ ਕੇਵਲ ਸਾਡਾ ਪਹਿਲਾ ਉੱਦਮ ਹੈ ਜਿਸ ਰਾਹੀਂ ਅਸੀਂ ਅੱਗੇ ਵੱਧਣਾ ਹੈ। ਅਸੀਂ ਆਪਣਾ ਭਲਾ ਵੀ ਕਰਨਾ ਹੈ ਤੇ ਦੁਨੀਆਂ ਨੂੰ ਵੀ ਇਹ ਸਮਝਾਉਣਾ ਹੈ ਕਿ ਸਾਡਾ ਭਲਾ ਕਿਵੇਂ ਹੋਣਾ ਹੈ **(ਭਲੋ ਭਲੋ ਰੇ ਕੀਰਤਨੀਆਂ॥)** ਅਸੀਂ ਆਪਣਾ ਭਲਾ ਕਿਵੇਂ ਕਰਨਾ ਹੈ ਤੇ ਦੁਨੀਆਂ ਨੂੰ ਕੀਰਤਨ ਰਾਹੀਂ ਕੀ ਸਿਖਾਉਣਾ ਹੈ, ਇਹੀ ਹੁਣ ਅੱਗੇ ਸ਼ਬਦ ਰਾਹੀਂ ਸੋਝੀ ਪਾਈ ਹੋਈ ਹੈ।

“ਰਾਮ ਰਮਾ ਰਾਮਾ ਗੁਨ ਗਾਉ॥

ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥”

ਉਸ ਦਾ ਕੀਰਤਨ ਗਾਉਣ ਲਈ ਅਸੀਂ ਰਾਮ ਦੇ ਵਿੱਚ ਰਮਣਾ ਹੈ, ਪ੍ਰਮਾਤਮਾ ਦੇ ਵਿੱਚ ਰਮਣਾ ਹੈ ਤੇ ਉਸ ਦੇ ਵਿੱਚ ਰਮ ਕੇ ਹੀ ਉਸਦੇ ਗੁਣ ਗਾਏ ਜਾ ਸਕਦੇ ਹਨ। ਰਾਮ ਗਿਆਨ ਸਰੂਪ ਹੈ ਜੋ ਕਿ ਆਪ ਚੌਥੇ ਪਦ ਦੇ ਵਿੱਚ ਹੈ। ਗੁਰਬਾਣੀ ਦਾ ਚੌਥਾ ਪਦ ਭਾਵ ਉਸ ਦਾ ਸੱਚਾ ਗਿਆਨ, ਉਸ ਦੀ ਦਿੱਤੀ ਹੋਈ ਬਾਣੀ, ਉਸ ਦੀ ਦਿੱਤੀ ਹੋਈ ਮਤਿ ਆਪ ਪ੍ਰਮਾਤਮਾ ਹੈ। ਗੁਰੂ ਦੀ ਮਤਿ ਵਿੱਚ ਰਮਣਾ ਹੀ ਰਾਮ ਵਿੱਚ ਰਮਣਾ ਹੈ, ਵਾਹਿਗੁਰੂ ਵਿੱਚ ਰਮਣਾ ਹੈ।

{ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥}

(ਅੰਗ ੩੯)

ਗੁਰੂ ਦੇ ਮੁੱਖੋਂ ਬੋਲੀ ਹੋਈ ਬਾਣੀ ਆਪ ਪ੍ਰਮਾਤਮਾ ਹੈ। ਗੁਰਬਾਣੀ ਆਪ ਪ੍ਰਮਾਤਮਾ ਹੈ। ਗੁਰਬਾਣੀ ਗੁਰੂ ਦੇ ਬੋਲ ਹਨ। ਪ੍ਰਮਾਤਮਾ ਦੇ ਨਾਲ ਮੇਲ ਉਸ ਦੇ ਸ਼ਬਦ ਦੁਆਰਾ ਹੀ ਹੁੰਦਾ ਹੈ, ਉਸ ਦੀ ਬਾਣੀ ਵਿੱਚ ਰੱਮ ਕੇ ਹੀ ਹੁੰਦਾ ਹੈ, ਉਸਦੇ ਬੋਲਾਂ ਵਿੱਚ

ਰੱਮ ਕੇ ਹੀ ਹੁੰਦਾ ਹੈ। ਉਸਦੇ ਵਿੱਚ ਰਮਣਾ ਇਹੀ ਹੈ ਕਿ ਸਾਡੇ ਵਿਚਾਰ ਇੱਕੋ ਜਿਹੇ ਹੋ ਜਾਣ ਤੇ ਇਹ ਤਾਂ ਹੀ ਹੋ ਸਕਦਾ ਹੈ ਜਦੋਂ ਗੁਰੂ ਦੇ ਬੋਲ, ਗੁਰੂ ਦੀ ਦੱਸੀ ਹੋਈ ਗੱਲ, ਗੁਰੂ ਦੀ ਸਮਝਾਈ ਹੋਈ ਮਤਿ ਸਾਡੇ ਅੰਦਰ ਵੱਸ ਜਾਵੇ। ਗੁਰੂ ਦੀ ਮਤਿ ਦਾ ਸਾਡੇ ਅੰਦਰ ਵੱਸਣਾ ਹੀ ਆਪ ਪ੍ਰਮਾਤਮਾ ਦਾ ਵੱਸਣਾ ਹੈ। ਉਸ ਦੇ ਸਾਡੇ ਅੰਦਰ ਵੱਸਣ ਨਾਲ, ਉਸਦੇ ਸਾਡੇ ਅੰਦਰ ਪ੍ਰਗਟ ਹੋਣ ਨਾਲ ਗੁਰਮਤਿ ਹੀ ਪ੍ਰਗਟ ਹੁੰਦੀ ਹੈ, ਸਾਡੇ ਅੰਦਰ ਸਾਡੇ ਮਨ ਵਿੱਚ ਗੁਰਮਤਿ ਦਾ ਪ੍ਰਕਾਸ਼ ਹੀ ਹੁੰਦਾ ਹੈ, ਸੱਚੇ ਗਿਆਨ ਦਾ ਪ੍ਰਕਾਸ਼ ਹੀ ਹੁੰਦਾ ਹੈ। **(ਰਾਮ ਰਮਾ ਰਾਮਾ ਗੁਨ ਗਾਉ॥)**

ਆਪਣੀ ਮਨਮਤਿ ਛੱਡ ਕੇ ਗੁਰਮਤਿ ਨੂੰ ਅਪਣਾਉਣਾ ਹੀ, ਆਪਣੇ ਵਿਚਾਰਾਂ ਨੂੰ ਛੱਡ ਕੇ ਗੁਰੂ ਦੇ ਵਿਚਾਰਾਂ ਨੂੰ ਅਪਣਾਉਣਾ ਹੀ ਰਾਮ ਵਿੱਚ ਰਮਣਾ ਹੈ। ਆਪਣੇ ਵਿਚਾਰ ਛੱਡਣੇ ਕੀ ਹਨ, ਇਹ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥”

ਸਾਡੇ ਵਿਚਾਰਾਂ ਦੇ ਵਿੱਚ ਮਾਇਆ ਮੋਹ ਹੈ। ਇਹ ਮਾਇਆ ਮੋਹ ਸਾਨੂੰ ਮਾਇਆ ਦੇ ਧੰਦਿਆਂ ਵਿੱਚ ਹੀ ਪਾਉਂਦਾ ਹੈ ਤੇ ਸਾਡਾ ਸੁਆਰਥ ਵੱਧ ਤੋਂ ਵੱਧ ਮਾਇਆ ਕਮਾਉਣ ਵਿੱਚ ਲੱਗਾ ਰਹਿੰਦਾ ਹੈ। ਸਾਡਾ ਜੀਵਨ ਮਾਇਆ ਦੇ ਨਾਲ ਹੀ ਚੱਲਦਾ ਹੈ ਤੇ ਮਾਇਆ ਅਸੀਂ ਆਪਣੀ ਕਿਰਤ ਦੁਆਰਾ ਕਮਾਉਂਦੇ ਹਾਂ, ਆਪਣੇ ਕੰਮਾਂ ਕਾਰਾਂ ਦੁਆਰਾ ਕਮਾਉਂਦੇ ਹਾਂ। ਸਾਰਾ ਭੇਦ ਮਾਇਆ ਨੂੰ ਕਮਾਉਣ ਵਿੱਚ ਹੀ ਹੈ ਕਿ ਅਸੀਂ ਮਾਇਆ ਨੂੰ ਕਿਸ ਤਰੀਕੇ ਨਾਲ ਕਮਾਉਂਦੇ ਹਾਂ। ਅਸੀਂ ਮਾਇਆ ਨੂੰ ਲਾਲਚੀ ਬਣ ਕੇ ਵੀ ਕਮਾਉਂਦੇ ਹਾਂ ਤੇ ਬਿਨਾਂ ਲਾਲਚ ਤੋਂ ਵੀ ਕਮਾ ਸਕਦੇ ਹਾਂ। ਕਿਸੇ ਦਾ ਮਾੜਾ ਕੀਤਿਆਂ ਵੀ ਕਮਾ ਸਕਦੇ ਹਾਂ ਤੇ ਬਿਨ੍ਹਾਂ ਮਾੜਾ ਕੀਤੇ ਵੀ ਕਮਾ ਸਕਦੇ ਹਾਂ। ਸੱਚ ਨਾਲ ਵੀ ਕਮਾ ਸਕਦੇ ਹਾਂ ਤੇ ਝੂਠ ਨਾਲ ਵੀ ਕਮਾ ਸਕਦੇ ਹਾਂ। ਰਿਸ਼ਵਤ ਲੈ ਕੇ

ਵੀ ਕਮਾ ਸਕਦੇ ਹਾਂ ਤੇ ਬਿਨ੍ਹਾਂ ਰਿਸ਼ਵਤ ਲਏ ਵੀ ਕਮਾ ਸਕਦੇ ਹਾਂ। ਕਿਸੇ ਤੇ ਰੋਹਬ ਪਾ ਕੇ ਵੀ ਕਮਾ ਸਕਦੇ ਹਾਂ ਬਿਨ੍ਹਾਂ ਰੋਹਬ ਪਾਏ ਵੀ ਕਮਾ ਸਕਦੇ ਹਾਂ। ਆਪਣੇ ਅਹੁਦੇ ਦਾ, ਉੱਚੇ ਅਹੁਦੇ ਦਾ ਭਾਵੇਂ ਨੀਵੇਂ ਅਹੁਦੇ ਦਾ ਗਲਤ ਇਸਤੇਮਾਲ ਕਰਕੇ ਵੀ ਕਮਾ ਸਕਦੇ ਹਾਂ ਤੇ ਸਹੀ ਇਸਤੇਮਾਲ ਕਰਕੇ ਵੀ ਕਮਾ ਸਕਦੇ ਹਾਂ। ਮਾਇਆ ਹਰ ਕੋਈ ਕਮਾਉਂਦਾ ਹੈ ਤੇ ਅਨੇਕਾਂ ਤਰੀਕਿਆਂ ਨਾਲ ਕਮਾਉਂਦਾ ਹੈ। ਕੋਈ ਕਾਮ ਦਾ ਆਸਰਾ ਲੈਂਦਾ ਹੈ, ਕੋਈ ਕ੍ਰੋਧ ਦਾ ਆਸਰਾ ਲੈਂਦਾ ਹੈ, ਕੋਈ ਲੋਭ ਦਾ ਆਸਰਾ ਲੈਂਦਾ ਹੈ, ਕੋਈ ਮੋਹ ਦਾ ਆਸਰਾ ਲੈਂਦਾ ਹੈ ਭਾਵ ਮੋਹ ਵਿੱਚ ਫੱਸ ਕੇ ਮਾੜੇ ਕਰਮ ਕਰਦਾ ਹੈ, ਕੋਈ ਅਹੰਕਾਰ ਉੱਚਾ ਕਰਨ ਵਾਸਤੇ ਮਾੜੇ ਕਰਮ

ਕਰਦਾ ਹੈ। ਸਭ ਕੁੱਝ ਸਾਡੀ ਕਰਨੀ ਤੇ ਨਿਰਭਰ ਹੈ ਜਿਸ ਦੁਆਰਾ ਅਸੀਂ ਇਸ ਸੰਸਾਰ ਵਿੱਚ ਵਿਚਰਨਾ ਹੈ। ਜੇਕਰ ਅਸੀਂ ਉਸ ਰਾਮ ਵਿੱਚ ਰਮਣਾ ਹੈ, ਉਸਦਾ ਕੀਰਤਨੀਆਂ ਬਣਨਾ ਹੈ ਤਾਂ ਫਿਰ ਸਾਨੂੰ ਮਾਇਆ ਮੋਹ ਛੱਡਣਾ ਹੀ ਪੈਣਾ ਹੈ ਜਿਸ ਦੇ ਲਈ ਸਾਨੂੰ ਬੜਾ ਹੀ ਸਪੱਸ਼ਟ ਹੁਕਮ ਕੀਤਾ ਹੋਇਆ ਹੈ। **(ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥)** ਜਦ ਤੱਕ ਅਸੀਂ ਆਪਣੀ ਮਤਿ ਅਨੁਸਾਰ ਚੱਲਦੇ ਹਾਂ ਭਾਵ ਜਦ ਤੱਕ ਅਸੀਂ ਗੁਰਮਤਿ ਦੇ ਵਿਚਾਰਾਂ ਨੂੰ ਨਹੀਂ ਅਪਣਾਉਂਦੇ ਤਦ ਤੱਕ ਸਾਡੀ ਮਾੜੀ ਕਰਨੀ ਨਹੀਂ ਮੁਕਦੀ। ਗੁਰਮਤਿ ਨੂੰ ਅਪਣਾਉਣਾ ਬੜਾ ਔਖਾ ਹੈ, ਆਪਣੇ ਜੀਵਨ ਵਿੱਚ ਚੇਤੇ ਰੱਖਣਾ ਬਹੁਤ ਔਖਾ ਹੈ, ਆਪਣੇ ਵਿਚਾਰਾਂ ਨੂੰ ਬਦਲ ਕੇ ਉਹਨਾਂ ਤੇ ਦ੍ਰਿੜ ਰਹਿਣਾ ਬੜਾ ਔਖਾ ਹੈ। ਅਸੀਂ ਮਾਇਆ ਮੋਹ ਵਿੱਚ ਸੱਚ ਤੋਂ ਡੋਲ ਜਾਂਦੇ ਹਾਂ, ਨਾਮ ਤੋਂ ਡੋਲ ਜਾਂਦੇ ਹਾਂ, ਗੁਰਮਤਿ ਤੋਂ ਡੋਲ ਜਾਂਦੇ ਹਾਂ। ਪ੍ਰਮਾਤਮਾ ਦੇ ਗੁਣ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਗਾਏ ਜਾ ਸਕਦੇ ਹਨ, ਸਾਡੀ ਸੱਚੀ ਕਰਨੀ ਦੁਆਰਾ ਹੀ ਗਾਏ ਜਾ ਸਕਦੇ ਹਨ। **(ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥੧॥ ਰਹਾਉ॥)**

13/1381

ਇਸ ਮਾਇਆ ਮੋਹ ਵਿੱਚੋਂ ਕਿਵੇਂ ਨਿਕਲਣਾ ਹੈ, ਆਪਣੇ ਵਿਚਾਰਾਂ ਵਿੱਚੋਂ ਨਿਕਲ ਕੇ ਗੁਰਮਤਿ ਦੇ ਵਿਚਾਰਾਂ ਵਿੱਚ ਰਮਣਾ ਕੀ ਹੈ ਭਾਵ ਉਸ ਵਿੱਚ ਰਮਣ ਦੀ ਵਿਧੀ ਕੀ ਹੈ, ਇਹੀ ਸਾਨੂੰ ਅੱਗੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਸਾਰੀ ਗੱਲ ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਨੂੰ ਅਪਣਾਉਣ ਦੀ ਹੈ ਕਿਉਂਕਿ ਸਾਡੀ ਚੰਗੀ ਕਰਨੀ ਕੇਵਲ ਉਹੋ ਜਿਹੇ ਗੁਣਾਂ ਦੁਆਰਾ ਹੋ ਸਕਦੀ ਹੈ ਜਿਹੋ ਜਿਹੇ ਗੁਣ ਸਾਨੂੰ ਕੀਰਤਨੀਆਂ ਦੇ ਸਾਜਾਂ ਦੇ ਨਾਲ ਜੋੜ ਕੇ ਸਮਝਾਏ ਹੋਏ ਹਨ ਭਾਵ ਉਸ ਦਾ ਕੀਰਤਨੀਆਂ ਬਣਨਾ ਸਿਖਾਇਆ ਹੋਇਆ ਹੈ।

"ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥

ਬਾਜਾ ਮਾਨੁ ਤਾਨੁ ਤਜਿ ਤਾਨਾ ਪਾਉ ਨ ਬੀਗਾ ਘਾਲੈ॥

ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ॥੨॥"

ਕੀਰਤਨ ਅਸੀਂ ਸਾਜਾਂ ਰਾਹੀਂ ਗਾਉਂਦੇ ਹਾਂ। ਇਨ੍ਹਾਂ ਸਾਜਾਂ ਰਾਹੀਂ ਅਸੀਂ ਗੁਰਮਤਿ ਦੀ ਸਿੱਖਿਆ ਯਾਦ ਰੱਖਣੀ ਹੈ ਤਾਂ ਜੋ ਸਾਡੇ ਅੰਦਰ ਗੁਰੂ ਦੀ ਸਿੱਖਿਆ ਵੱਸੇ ਜਿਸ ਦੁਆਰਾ ਅਸੀਂ ਆਪਣੇ ਜੀਵਨ ਵਿੱਚ ਗੁਰੂ ਦਾ ਉਹੋ ਜਿਹਾ ਕੀਰਤਨ ਕਰੀਏ, ਉਸ ਪ੍ਰਮਾਤਮਾ ਦਾ ਉਹੋ ਜਿਹਾ ਜੱਸ ਗਾਈਏ ਜੋ ਉਸ ਨੂੰ ਭਾਉਂਦਾ ਹੈ, ਜਿਸ ਦੁਆਰਾ ਉਹ ਪ੍ਰਸੰਨ ਹੁੰਦਾ ਹੈ, ਮਨੁੱਖਤਾ ਦਾ ਭਲਾ ਹੁੰਦਾ ਹੈ। ਕੀਰਤਨੀਏ ਦਾ ਆਪਣਾ ਭਲਾ ਵੀ ਗੁਰੂ ਦੀ ਸਿੱਖਿਆ ਨੂੰ ਮੰਨ ਕੇ ਹੋਣਾ ਹੈ ਤੇ ਕੀਰਤਨ ਸੁਣਨ ਵਾਲਿਆਂ ਦਾ ਭਲਾ ਵੀ ਗੁਰੂ ਦੀ ਸਿੱਖਿਆ ਨੂੰ ਮੰਨਕੇ ਹੀ ਹੋਣਾ ਹੈ। ਕੀਰਤਨੀਏ ਸਾਨੂੰ ਸ਼ਬਦ ਸੁਣਾਉਂਦੇ ਹਨ ਭਾਵ ਗੁਰੂ ਦੇ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਸਿੱਖਿਆ ਸੁਣਾਉਂਦੇ ਹਨ। ਉਸ ਦਾ ਕੀਰਤਨ ਸੁਣਨ ਤੋਂ ਭਾਵ ਉਸ ਦੀ ਸਿੱਖਿਆ ਸੁਣਨੀ ਹੈ ਤਾਂ ਜੋ ਅਸੀਂ ਉਸਨੂੰ ਸੁਣ ਕੇ, ਸਮਝ ਕੇ ਉਸਨੂੰ ਆਪਣੇ ਅੰਦਰ ਵਿਚਾਰ ਸਕੀਏ ਭਾਵ ਉਸ ਤੇ ਅਮਲ ਕਰਕੇ ਉਸ ਤੋਂ ਲਾਭ ਲਈਏ। ਜੋ ਸਾਨੂੰ ਗੁਰੂ ਦਾ ਕੀਰਤਨ ਕਰਕੇ ਸੁਣਾਉਂਦਾ ਹੈ, ਉਸ ਦੀ ਸਿੱਖਿਆ ਸੁਣਾਉਂਦਾ ਹੈ, ਉਸ ਦੀ

13/1382

ਸਿੱਖਿਆ ਸਮਝਾਉਂਦਾ ਹੈ, ਸਭ ਤੋਂ ਪਹਿਲੇ ਸਾਡਾ ਧਿਆਨ ਸਿੱਖਿਆ ਸੁਣਾਉਣ ਤੇ ਸਮਝਾਉਣ ਵਾਲੇ ਵੱਲ ਹੀ ਜਾਂਦਾ ਹੈ ਕਿ ਉਸਨੇ ਆਪ ਉਸ ਸਿੱਖਿਆ ਤੇ ਕਿਤਨਾ ਕੁ ਅਮਲ ਕੀਤਾ ਹੋਇਆ ਹੈ। ਇਹ ਮਾਰਗ ਕੇਵਲ ਸਿੱਖਿਆ ਦੇਣ ਦਾ ਨਹੀਂ ਹੈ ਬਲਕਿ ਉਸ ਤੇ ਅਮਲ ਕਰਨ ਦਾ ਵੀ ਹੈ ਜਿਸ ਨਾਲ ਸਾਨੂੰ ਅਸਲ ਲਾਭ ਮਿਲਣਾ ਹੈ। ਰਹਾਉ ਵਾਲੀ ਪੰਗਤੀ ਵਿੱਚ ਕੀਰਤਨੀਏ ਨੂੰ ਇਹ ਸਮਝਾਇਆ ਹੈ। **(ਛੋਡਿ ਮਾਇਆ ਕੇ ਧੰਧ ਸੁਆਉ॥੧॥ਰਹਾਉ॥)** ਜੋ ਆਪ ਮਾਇਆ ਮੋਹ ਵਿੱਚ ਫਸਿਆ ਹੋਇਆ ਹੈ, ਜਿਸ ਦਾ ਆਪਣਾ ਮਨੋਰਥ ਹੀ ਮਾਇਆ ਦਾ ਲੋਭ ਹੈ, ਉਹ ਮਾਇਆ ਦਾ ਲੋਭ ਕੀ ਸਮਝਾਵੇਗਾ। ਅੱਜ ਅਸੀਂ ਕਿਤੇ ਕੀਰਤਨ ਕਰਨ ਲਈ ਕਿਤਨੀ ਕੁ ਮਾਇਆ ਮੰਗਦੇ ਹਾਂ ਇਹ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਹੈ। ਕੋਈ ਵੱਡੀ ਮਾਇਆ ਰੱਖਣ ਵਾਲਾ ਹੀ ਉਨ੍ਹਾਂ ਨੂੰ ਕੀਰਤਨ ਸੁਣਨ ਲਈ ਬੁਲਾ ਸਕਦਾ ਹੈ। ਗੁਰਦਵਾਰਿਆਂ ਵਿੱਚ, ਮੰਦਰਾਂ ਵਿੱਚ ਇਨ੍ਹਾਂ ਕੀਰਤਨੀਆਂ ਉੱਪਰ ਖੁੱਲ੍ਹੀ ਮਾਇਆ ਲੁਟਾਈ ਜਾਂਦੀ ਹੈ। ਗੁਰਬਾਣੀ ਦਾ ਮਕਸਦ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਹੈ ਤੇ ਅਸੀਂ ਕੀਰਤਨਾਂ ਰਾਹੀਂ ਮਾਇਆ ਮੋਹ ਨੂੰ ਹੋਰ ਵਧਾਵਾ ਦਿੰਦੇ ਹਾਂ। ਕੀਰਤਨ ਬਿਨ੍ਹਾਂ ਲੋਭ ਤੋਂ ਵੀ ਕੀਤਾ ਜਾ ਸਕਦਾ ਹੈ, ਥੋੜ੍ਹੀ ਮਾਇਆ ਮੰਗ ਕੇ ਵੀ ਕੀਤਾ ਜਾ ਸਕਦਾ ਹੈ ਪਰ ਸਾਡਾ ਮਕਸਦ ਮਾਇਆ ਕਮਾਉਣ ਨਾਲ ਹੈ ਨਾ ਕਿ ਉਸ ਕੋਲੋਂ ਸਿੱਖਿਆ ਲੈਣ ਜਾਂ ਦੇਣ ਦਾ ਹੁੰਦਾ ਹੈ। ਇਹੀ ਗੱਲ ਕੀਰਤਨ ਸੁਣਨ ਵਾਲਿਆਂ ਤੇ ਵੀ ਲਾਗੂ ਹੁੰਦੀ ਹੈ। ਅਸੀਂ ਵੱਡੇ ਤੋਂ ਵੱਡੇ ਕੀਰਤਨੀਏ ਕੋਲੋਂ ਕੀਰਤਨ ਸੁਣ ਕੇ ਪ੍ਰਸੰਨ ਹੁੰਦੇ ਹਾਂ। ਸਾਡਾ ਅਸਲ ਮਕਸਦ ਸਾਡੇ ਕੰਨਾਂ ਦਾ ਰਸ ਹੈ ਜੋ ਸਾਨੂੰ ਭਾਉਂਦਾ ਹੈ ਤੇ ਜਿਸ ਵਿੱਚ ਅਸੀਂ ਆਪਣੀ ਖੁਸ਼ੀ ਸਮਝਦੇ ਹਾਂ, ਆਪਣਾ ਅਨੰਦ ਸਮਝਦੇ ਹਾਂ। ਜੇਕਰ ਸਾਨੂੰ ਗੁਰੂ ਦੀ ਸਿੱਖਿਆ ਦੇ ਅਨੰਦ ਵਿੱਚ ਦਿਲਚਸਪੀ ਹੋਵੇ ਤਾਂ ਫਿਰ ਸਾਨੂੰ ਕੀਰਤਨੀਏ-ਕੀਰਤਨੀਏ ਵਿੱਚ

13/1383

ਭੇਦ ਨਜ਼ਰ ਨਾ ਆਵੇ। ਗੁਰੂ ਦੀ ਸਿੱਖਿਆ ਤਾਂ ਇੱਕੋ ਹੀ ਹੈ ਭਾਵੇਂ ਸ਼ਬਦ ਨੂੰ ਆਪ ਪੜ੍ਹ ਲਈਏ ਜਾਂ ਕਿਸੇ ਦੇ ਰਾਹੀਂ ਸ਼ਬਦ ਨੂੰ ਸੁਣ ਲਈਏ। ਅਸਲ ਅਨੰਦ ਕੀ ਹੈ ਇਸ ਦੀ ਕਿਸੇ ਨੂੰ ਸਮਝ ਹੀ ਨਹੀਂ ਹੈ। ਅਸਲ ਅਨੰਦ ਗੁਰੂ ਦੀ ਸਿੱਖਿਆ ਨੂੰ ਮੰਨਣ ਵਿੱਚ ਹੈ ਜੇਕਰ ਕਿਸੇ ਨੂੰ ਇਸ ਗੱਲ ਦੀ ਸੋਝੀ ਪੈ ਜਾਵੇ। ਅਸਲ ਵਿੱਚ ਅਨੰਦ ਦਾ ਮੂਲ ਸ਼ਬਦ ਦੀ ਸੋਝੀ ਵਿੱਚ ਹੈ ਜਿਵੇਂ ਕਿ

ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਅਨੰਦ ਸਾਡੇ ਮਨ ਦੇ ਸੰਤੋਖ ਦਾ ਅਨੰਦ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਅਨੰਦ ਹੈ, ਸਾਡੀ ਸੱਚੀ ਸੁੱਚੀ ਕਰਣੀ ਦਾ ਅਨੰਦ ਹੈ। ਇਹ ਅਨੰਦ ਦੀ ਪ੍ਰਾਪਤੀ ਸਾਡੇ ਅੰਦਰ ਪੰਜ ਵਿਕਾਰਾਂ ਦੇ ਮਰਨ ਦੁਆਰਾ ਹੁੰਦੀ ਹੈ ਜਿਸ ਦੁਆਰਾ ਅਸੀਂ ਸੰਤੋਖ ਵਿੱਚ ਆਉਂਦੇ ਹਾਂ, ਸਾਨੂੰ ਮਾਇਆ ਮੋਹ ਨਹੀਂ ਸਤਾਉਂਦਾ। ਇਹੀ ਸਾਨੂੰ ਉੱਪਰ ਪੰਗਤੀਆਂ ਰਾਹੀਂ ਸਮਝਾਇਆ ਹੈ, ਕੀਰਤਨੀਆਂ ਨੂੰ ਸਮਝਾਇਆ ਹੈ ਕਿ ਆਪਣੇ ਸਾਜ਼ਾਂ ਦੁਆਰਾ ਅਸੀਂ ਇਹੋ ਜਿਹੀ ਸਿੱਖਿਆ ਲਈਏ **("ਪੰਚ ਬਜਿਤ੍ਰ ਕਰੇ ਸੰਤੋਖਾ)** ਅਸੀਂ ਕਿਸੇ ਨੂੰ ਵੱਡਾ ਕੀਰਤਨੀਆ ਜਾਂ ਛੋਟਾ ਕੀਰਤਨੀਆ ਉਸ ਦੇ ਗਲੇ ਦੇ ਰੱਸ ਨਾਲ ਥਾਪਦੇ ਹਾਂ। ਜਿਸ ਕੋਲ ਗਲੇ ਦਾ ਰਸ ਜ਼ਿਆਦਾ ਹੈ ਉਸ ਦਾ ਮੁੱਲ-ਭਾਅ ਉੱਚਾ ਹੈ ਤੇ ਜਿਸ ਕੋਲ ਗਲੇ ਦਾ ਰਸ ਘੱਟ ਹੈ ਉਹ ਛੋਟਾ ਕੀਰਤਨੀਆ ਹੈ ਤੇ ਉਸ ਦਾ ਮੁੱਲ-ਭਾਅ ਘੱਟ ਪੈਂਦਾ ਹੈ। ਹਰ ਕੋਈ ਅਗਿਆਨਤਾ ਵਿੱਚ ਹੀ ਹੈ। ਗੁਰੂ ਘਰ ਦਾ ਕੀਰਤਨੀਆ ਉਹ ਉੱਚਾ ਹੈ ਜਿਸਦਾ ਜੀਵਨ ਉੱਚਾ ਹੈ ਤੇ ਇਹੀ ਸਾਨੂੰ ਸੱਤਾਂ ਸੁਰਾਂ ਦੁਆਰਾ ਸਿੱਖਿਆ ਲੈਣ ਲਈ ਸਮਝਾਇਆ ਹੋਇਆ ਹੈ **(ਸਾਤ ਸੁਰਾ ਲੈ ਚਾਲੈ॥)** ਸੱਤ ਸੁਰਾਂ ਨੂੰ ਅਸੀਂ ਆਪਣੇ ਜੀਵਨ ਦਾ ਚਾਲ ਚਲਣ ਬਣਾਉਣਾ ਹੈ। ਸਾਡਾ ਚਾਲ ਚਲਣ ਤਾਂ ਹੀ ਚੰਗਾ ਹੋਵੇਗਾ ਜੇਕਰ ਮਨ ਵਿੱਚ ਸੰਤੋਖ ਹੋਵੇਗਾ। ਮਨ ਵਿੱਚ ਸੰਤੋਖ

13/1384

ਤਾਂ ਹੀ ਹੋਵੇਗਾ ਜੇਕਰ ਅਸੀਂ ਮਾਇਆ ਮੋਹ ਵਿੱਚੋਂ ਨਿਕਲੇ ਹੋਏ ਹਾਂ, ਪੰਜਾਂ ਵਿਕਾਰਾਂ ਵਿੱਚੋਂ ਨਿਕਲੇ ਹੋਏ ਹਾਂ। **(ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥)** ਅਗਲੀ ਪੰਗਤੀ ਰਾਹੀਂ ਵੀ ਸਾਨੂੰ ਵਾਜੇ ਰਾਹੀਂ ਗੁਰਮਤਿ ਸਿਖਾਈ ਹੋਈ ਹੈ। ਇੱਥੇ ਵੀ ਸਾਨੂੰ ਜੀਵਨ ਜਾਂਚ ਹੀ ਸਿਖਾਈ ਹੈ ਕਿਉਂਕਿ ਉਸ ਦਾ ਕੀਰਤਨ ਕਰਨਾ, ਉਸਦਾ ਜੱਸ ਗਾਉਣਾ ਹੈ ਹੀ ਸਾਡੀ ਸੱਚੀ ਸੁੱਚੀ ਕਰਨੀ।

"ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ॥"

ਜਦ ਤੱਕ ਸਾਡੇ ਅੰਦਰ ਆਪਣੇ ਆਪ ਦਾ ਮਾਣ ਹੈ, ਅਸੀਂ ਆਪਣਾ ਤਾਣ ਸਮਝਦੇ ਹਾਂ ਕਿ ਆਪਣੇ ਤਾਣ ਦੁਆਰਾ ਭਾਵ ਆਪਣੇ ਕਿਸੇ ਸਰੀਰਕ ਜਪ ਤਪ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਇਹ ਸਾਡਾ ਭੁਲੇਖਾ ਹੈ। ਉਸ ਦੇ ਅੱਗੇ ਕਿਸੇ ਦਾ ਕੋਈ ਤਾਣ ਨਹੀਂ ਚੱਲ ਸਕਦਾ। ਜਦ ਤੱਕ ਅਸੀਂ ਆਪਣੇ ਤੇ ਮਾਣ ਤਾਣ ਰੱਖਿਆ ਹੋਇਆ ਹੈ, ਆਪਣੇ ਆਪ ਨੂੰ ਉੱਚਾ ਕਰਕੇ ਉਸ ਨੂੰ ਪਾਉਣ ਦਾ ਤਰੀਕਾ ਸਮਝਿਆ ਹੋਇਆ ਹੈ ਤਦ ਤੱਕ ਅਸੀਂ ਉਸਦਾ ਜੱਸ ਨਹੀਂ ਗਾ ਸਕਦੇ ਕਿਉਂਕਿ ਤਦ ਤੱਕ ਅਸੀਂ ਆਪਣੀ ਚੰਗੀ ਕਰਨੀ ਨੂੰ ਤਰਜੀਹ ਨਹੀਂ ਦਿੰਦੇ, ਅਸੀਂ ਉਸ ਦੀ ਸੱਚੀ ਮਤਿ ਅਨੁਸਾਰ ਨਹੀਂ ਚੱਲਦੇ, ਉਸ ਦੇ ਦੱਸੇ ਹੋਏ ਮਾਰਗ ਤੇ ਨਹੀਂ ਚੱਲਦੇ। ਆਪਣਾ ਮਾਣ ਤਾਣ ਛੱਡਕੇ ਹੀ, ਆਪਣੀ ਮਨਮਤਿ ਵਾਲੀ ਸੋਝੀ ਛੱਡ ਕੇ ਹੀ, ਮਾਇਆ ਮੋਹ ਛੱਡਕੇ ਹੀ ਅਸੀਂ ਉਸ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ। **(ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ॥)** ਜੇਕਰ ਅਸੀਂ ਸੰਸਾਰਿਕ ਆਵਾਗਉਣ ਤੋਂ ਬਚਣਾ ਹੈ ਤਾਂ ਫਿਰ ਸਾਨੂੰ ਕੇਵਲ ਇੱਕ ਆਪ ਪ੍ਰਮਾਤਮਾ ਹੀ ਹੈ ਜੋ ਇਸ ਵਿੱਚੋਂ ਕੱਢ ਸਕਦਾ ਹੈ। ਅਸੀਂ "**ਏਕੁ ਸਬਦੁ**" ਨੂੰ ਆਪਣੇ ਪੱਲੇ ਬੰਨ੍ਹਣਾ ਹੈ ਭਾਵ ਗੁਰੂ ਪ੍ਰਮਾਤਮਾ ਨੂੰ ਆਪਣੇ ਪੱਲੇ ਬੰਨ੍ਹਣਾ ਹੈ। ਜਦ ਤੱਕ "ਏਕੁ ਸਬਦੁ" ਦਾ

13/1385

ਭਾਵ ਨਹੀਂ ਸਮਝਦੇ ਅਸੀਂ ਆਪਣੇ ਪੱਲੇ ਕਿਸ ਨੂੰ ਬੰਨਾਂਗੇ। ਗੁਰੂ ਪ੍ਰਮਾਤਮਾ ਨੂੰ ਪੱਲੇ ਬੰਨਣਾ ਗੁਰੂ ਦੇ ਬਚਨਾਂ ਨੂੰ, ਗੁਰੂ ਦੀ ਦਿੱਤੀ ਹੋਈ ਮਤਿ ਨੂੰ ਆਪਣੇ ਪੱਲੇ ਬੰਨ੍ਹਣਾ ਹੈ। ਅਸਲ ਵਿੱਚ ਸ਼ਬਦ ਦੀ ਦਿੱਤੀ ਹੋਈ ਸੋਝੀ ਹੀ ਆਪ ਪ੍ਰਮਾਤਮਾ ਹੈ, ਗੁਰੂ ਦਾ ਦਿੱਤਾ ਹੋਇਆ ਸੱਚਾ ਗਿਆਨ ਹੀ ਆਪ ਪ੍ਰਮਾਤਮਾ ਹੈ। ‘‘**ਏਕੁ ਸਬਦੁ ਬੰਧਿ ਪਾਲੈ**’’ ਤੋਂ ਭਾਵ ਹੈ ਕਿ ਉਸਦਾ ਕੀਰਤਨੀਆ ਕੇਵਲ ਗੁਰੂ ਦੀ ਮਤਿ ਅਨੁਸਾਰ ਚੱਲੇ ਭਾਵ ਕਿਸੇ ਹੋਰ ਦੀ ਮਤਿ ਨੂੰ ਨਾ ਮੰਨੇ, ਗੁਰਮਤਿ ਨੂੰ ਮੰਨੇ। ਇਹੀ ਕੇਵਲ ਨਾਮ ਜਪਣ ਦੀ ਅਵੱਸਥਾ ਹੈ। ਉਸਦਾ ਸੱਚਾ ਗਿਆਨ ਉਸ ਦਾ ਆਪਣਾ ਰੂਪ ਹੈ। ਜਿੱਥੇ ਉਸ ਦੀ ਸੱਚੀ ਸੋਝੀ ਹੈ, ਉੱਥੇ ਆਪ ਪ੍ਰਮਾਤਮਾ ਹੈ।

{ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

{ਸਤਿਗੁਰ ਬਚਨ ਬਚਨ ਹੈ ਸਤਿਗੁਰ}

(ਅੰਗ ੧੩੦੯)

{ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥}

(ਅੰਗ ੪੪੪)

{ਗੁਰਮੁਖਿ ਬਾਣੀ ਬ੍ਰਹਮੁ ਹੈ}

(ਅੰਗ ੩੯)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ ੧੨੩੯)

ਗੁਰੂ ਦੇ ਮੁੱਖ ਦੁਆਰਾ ਬੋਲੀ ਹੋਈ ਬਾਣੀ ਭਾਵ ਗੁਰੂ ਜੋ ਵੀ ਆਪਣੇ ਮੁੱਖੋਂ ਬੋਲਦਾ ਹੈ ਉਹ ਆਪ ਬ੍ਰਹਮ ਹੈ, ਉਹ ਆਪ ਨਾਮ ਹੈ, ਆਪ ਪ੍ਰਮਾਤਮਾ ਹੈ। ਗੁਰੂ ਦੇ ਮੁੱਖੋਂ ਬੋਲੀ ਹੋਈ ਬਾਣੀ "**ਬ੍ਰਹਮ**" ਹੈ। ਗੁਰਬਾਣੀ ਨਾਮ ਹੈ, ਗੁਰਬਾਣੀ ਬ੍ਰਹਮ ਹੈ, ਗੁਰੂ ਪ੍ਰਮਾਤਮਾ ਆਪ ਹੈ, ਉਸਦਾ ਸੱਚਾ ਗਿਆਨ ਗੁਰੂ ਹੈ, ਆਪ ਪ੍ਰਮਾਤਮਾ ਹੈ। ਗੁਰਬਾਣੀ ਦੇ ਸੱਚੇ ਗਿਆਨ ਨੂੰ, ਉਸਦੀ ਸੱਚੀ ਮਤਿ ਨੂੰ ਆਪਣੇ ਪੱਲੇ ਬੰਨ੍ਹਣਾ ਪ੍ਰਮਾਤਮਾ ਨੂੰ ਆਪਣੇ ਪੱਲੇ ਬੰਨ੍ਹਣਾ ਹੈ। ਗੁਰੂ ਦੀ ਮਤਿ ਨੂੰ ਅਸੀਂ ਆਪਣੇ ਮਨ ਵਿੱਚ ਹੀ ਬੰਨ੍ਹ ਸਕਦੇ ਹਾਂ ਤੇ ਅਸਲ ਵਿੱਚ ਗੁਰੂ ਦੀ ਮਤਿ ਨੇ ਹੀ ਸਾਡੇ ਮਨ ਨੂੰ ਬੰਨ੍ਹਣਾ ਹੈ, ਸਾਨੂੰ ਬੰਨ੍ਹਣਾ ਹੈ, ਸਾਡੇ ਦੌੜਦੇ ਹੋਏ ਮਨ ਨੂੰ ਬੰਨ੍ਹਣਾ ਹੈ, ਮਾਇਆ ਮੋਹ ਵਿੱਚ ਡੋਲਦੇ ਮਨ ਨੂੰ ਟਿਕਾਉਣਾ ਹੈ, ਅਡੋਲਤਾ

13/1386

ਵਿੱਚ ਲਿਆਉਣਾ ਹੈ, ਸੰਤੋਖ ਵਿੱਚ ਲਿਆਉਣਾ ਹੈ ਜੋ ਕਿ ਉੱਪਰ ਸਾਰੇ ਪਦੇ ਦਾ ਸਾਰ ਹੈ। ਸਾਡਾ ਆਵਾਗਉਣ ਮਨ ਦੀ ਇਸ ਅਵੱਸਥਾ ਦੁਆਰਾ ਹੀ ਖ਼ਤਮ ਹੁੰਦਾ ਹੈ। ਵਾਜੇ ਦੀ ਫੇਰੀ ਨੂੰ ਸਾਡੇ ਆਵਾਗਉਣ ਨਾਲ ਜੋੜਿਆ ਹੋਇਆ ਹੈ ਜੋ ਗੁਰਮਤਿ ਨੂੰ ਪੱਲੇ ਬੰਨ੍ਹ ਕੇ ਦੂਰ ਹੁੰਦਾ ਹੈ। **(ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ॥੨॥)**

ਜੋ ਕੁੱਝ ਅਸੀਂ ਉੱਪਰ ਸਮਝਿਆ ਹੈ ਉਹੀ ਕੁੱਝ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ, ਕੀਰਤਨੀਏ ਦੇ ਹੋਰ ਸਾਜਾਂ ਰਾਹੀਂ ਸਮਝਾਇਆ ਹੋਇਆ ਹੈ।

"ਨਾਰਦੀ ਨਰਹਰ ਜਾਣਿ ਹਦੂਰੇ॥ ਘੂੰਘਰ ਖੜਕੁ ਤਿਆਗਿ ਵਿਸੂਰੇ॥
ਸਹਜ ਅਨੰਦ ਦਿਖਾਵੈ ਭਾਵੈ॥ ਏਹੁ ਨਿਰਤਿਕਾਰੀ ਜਨਮਿ ਨ ਆਵੈ॥੩॥"

ਹੁਣ ਤੱਕ ਸਾਨੂੰ ਇਹ ਤਾਂ ਸਮਝ ਲੱਗ ਲਈ ਹੈ ਕਿ ਉਸਦਾ ਕੀਰਤਨ ਕਥਨੀ ਹੈ ਜਾਂ ਕਰਨੀ ਹੈ। ਅਗਰ ਧਿਆਨ ਨਾਲ ਸਮਝੋਗੇ ਤਾਂ ਸਾਨੂੰ ਇਸ ਸਾਰੇ ਸ਼ਬਦ ਰਾਹੀਂ ਕਰਨੀ ਹੀ ਸਮਝਾਈ ਹੋਈ ਹੈ ਜੋ ਕਿ ਕੇਵਲ ਗੁਣਾਂ ਦੁਆਰਾ ਹੁੰਦੀ ਹੈ, ਔਗੁਣ ਛੱਡਕੇ ਹੁੰਦੀ ਹੈ। ਉਸਦਾ ਕੀਰਤਨ ਗਾਉਣ ਦਾ ਮਨੋਰਥ ਉਸ ਨੂੰ ਪਾਉਣਾ ਹੈ, ਉਸਦੇ ਨਾਲ ਮੇਲ ਕਰਨਾ ਹੈ, ਉਸ ਨੂੰ ਸਦਾ ਹੀ ਆਪਣੇ ਅੰਦਰ ਹਾਜ਼ਰ ਨਾਜ਼ਰ ਵੇਖਣਾ ਹੈ। "**ਨਾਰਦੀ**" ਦੇ ਰਾਹੀਂ ਭਾਵ ਇਸ ਸਾਜ਼ ਦੇ ਰਾਹੀਂ ਅਸੀਂ ਇਹ ਗੱਲ ਸਮਝਣੀ ਹੈ ਕਿ ਸਾਡੇ ਜੀਵਨ ਦਾ ਮਨੋਰਥ ਪ੍ਰਮਾਤਮਾ ਨੂੰ ਪਾਉਣਾ ਹੈ। **(ਨਾਰਦੀ ਨਰਹਰ ਜਾਣਿ ਹਦੂਰੇ॥)** ਉਸ ਨੂੰ ਪਾਉਣ ਦਾ ਸਾਡਾ ਤਰੀਕਾ ਕੀ ਹੋਣਾ ਚਾਹੀਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ, ਦੂਸਰੇ ਸਾਜ਼ਾਂ ਰਾਹੀਂ ਅਸੀਂ ਕੀ ਸਿਖਿਆ ਲੈਣੀ ਹੈ ਇਹ ਸਮਝਾਇਆ ਹੈ।

"ਘੂੰਘਰ ਖੜਕੁ ਤਿਆਗਿ ਵਿਸੂਰੇ॥"

ਕੋਈ ਪ੍ਰਮਾਤਮਾ ਦੀ ਭਗਤੀ ਕਿਹੋ ਜਿਹੇ ਸਾਜ਼ਾਂ ਨੂੰ ਵਰਤ ਕੇ ਕਰਦਾ ਹੈ, ਕਿਸ ਰੂਪ ਵਿੱਚ ਵਰਤਕੇ ਕਰਦਾ ਹੈ, ਬੈਠ ਕੇ ਕਰਦਾ ਹੈ ਜਾਂ ਖਲੋ ਕੇ ਕਰਦਾ

13/1387

ਹੈ, ਨੱਚ ਟੱਪ ਕੇ ਕਰਦਾ ਹੈ ਜਾਂ ਬੋਲ ਬੋਲ ਕੇ ਕਰਦਾ ਹੈ ਭਾਵ ਅਸੀਂ ਕਿਸ ਮੁਦ੍ਰਾ ਦੁਆਰਾ ਉਸ ਦਾ ਕੀਰਤਨ ਕਰਦੇ ਹਾਂ ਇਸ ਗੱਲ ਨਾਲ ਫਰਕ ਨਹੀਂ ਪੈਂਦਾ। ਜਿਸ ਨੂੰ ਜਿਸ ਤਰੀਕੇ ਨਾਲ ਤਸੱਲੀ ਮਹਿਸੂਸ ਹੁੰਦੀ ਹੈ ਉਹ ਉਸ ਰਾਹੀਂ ਅਨੰਦ ਮਹਿਸੂਸ ਕਰਦਾ ਹੈ। ਅਨੰਦ ਸਾਡੇ ਮਨ ਦੀ ਤਸੱਲੀ ਹੈ, ਸਾਡੀ ਆਸਥਾ ਹੈ, ਸਾਡੀ ਸ਼ਰਧਾ ਹੈ, ਜਿਹੋ ਜਿਹੀ ਵੀ ਕਿਸੇ ਧਰਮ ਦੇ ਮੰਨਣ

ਵਾਲੇ ਦੀ ਬਣੀ ਹੁੰਦੀ ਹੈ। ਉਸਦਾ ਕੀਰਤਨ ਗਾਉਣ ਦਾ ਮਕਸਦ ਸਭ ਦਾ ਇੱਕੋ ਹੀ ਹੁੰਦਾ ਹੈ ਕਿ ਅਸੀਂ ਪ੍ਰਮਾਤਮਾ ਦੇ ਨਾਲ ਆਪਣੀ ਚੰਗੀ ਭਾਵਨੀ ਪ੍ਰਗਟ ਕਰ ਰਹੇ ਹਾਂ, ਉਸ ਨਾਲ ਆਪਣਾ ਪਿਆਰ ਜਤਾ ਰਹੇ ਹਾਂ, ਉਸਦਾ ਜਸ ਗਾ ਰਹੇ ਹਾਂ। ਉਸ ਦਾ ਜੱਸ ਗਾਉਣਾ, ਉਸਦਾ ਕੀਰਤਨ ਕਰਨਾ ਸਭ ਲਈ ਇੱਕੋ ਜਿਹਾ ਹੀ ਹੈ, ਸਾਰੀ ਮਨੁੱਖਤਾ ਲਈ ਇੱਕੋ ਜਿਹਾ ਹੈ ਕਿਉਂਕਿ ਪ੍ਰਮਾਤਮਾ ਇੱਕ ਹੀ ਹੈ, ਉਸ ਦਾ ਜੱਸ ਗਾਉਣਾ ਸਭ ਲਈ ਇੱਕੋ ਜਿਹਾ ਹੀ ਹੈ, ਸਭ ਲਈ ਉਸ ਦਾ ਅਸੂਲ ਇੱਕੋ ਜਿਹਾ ਹੀ ਹੈ, ਉਸਦਾ ਪ੍ਰਸੰਨ ਹੋਣ ਦਾ ਤਰੀਕਾ ਵੀ ਸਭ ਵਾਸਤੇ ਇੱਕੋ ਜਿਹਾ ਹੀ ਹੈ। ਸਾਨੂੰ ਪ੍ਰਸੰਨਤਾ, ਖੁਸ਼ੀ ਕਿਵੇਂ ਮਿਲਦੀ ਹੈ ਇਸ ਵਿੱਚ ਫਰਕ ਹੋ ਸਕਦਾ ਹੈ, ਭੇਦ ਹੋ ਸਕਦਾ ਹੈ ਪਰ ਉਸਦੇ ਪ੍ਰਸੰਨ ਹੋਣ ਦਾ ਤਰੀਕਾ ਇੱਕੋ ਹੀ ਹੈ, ਉਸ ਨੂੰ ਪਾਉਣ ਦਾ ਤਰੀਕਾ ਇੱਕੋ ਹੀ ਹੈ, ਸਾਰੀ ਮਨੁੱਖਤਾ ਲਈ ਇੱਕੋ ਹੀ ਹੈ ਜੋ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

"ਘੰਘਰ ਖੜਕੁ ਤਿਆਗਿ ਵਿਸੂਰੇ॥"

ਉਸਦਾ ਜੱਸ ਕੇਵਲ ਗੁਣਾਂ ਦੁਆਰਾ ਗਾਇਆ ਜਾ ਸਕਦਾ ਹੈ, ਗੁਣੀ ਬਣ ਕੇ ਗਾਇਆ ਜਾ ਸਕਦਾ ਹੈ ਜੋ ਕਿ ਸਭ ਲਈ ਇੱਕੋ ਜਿਹਾ ਹੀ ਹੈ। ਗੁਣਾਂ ਨੂੰ ਅਪਣਾਉਣ ਦਾ ਤਰੀਕਾ ਸਭ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪਣੇ ਔਗੁਣਾਂ ਨੂੰ ਤਿਆਗਣਾ ਹੈ,

ਵਿਸੂਰੇ ਤਿਆਗਣਾ ਹੈ। ਔਗੁਣਾਂ ਨੂੰ ਛੱਡ ਕੇ, ਗੁਣਾਂ ਨੂੰ ਅਪਣਾ ਕੇ ਸਾਡੀ ਕਰਨੀ ਹੀ ਚੰਗੀ ਹੁੰਦੀ ਹੈ, ਸਾਡੀ ਵਿਚਰਨ ਹੀ ਚੰਗੀ ਹੁੰਦੀ ਹੈ ਤੇ ਇਹੀ ਪ੍ਰਮਾਤਮਾ ਦਾ ਜਸ ਗਾਉਣਾ ਹੈ। ਪ੍ਰਮਾਤਮਾ ‘‘ਸਚੁ’’ ਹੈ ਤੇ ‘‘ਸਚੁ’’ ਸਭ ਲਈ ਇੱਕੋ ਜਿਹਾ ਹੈ। ਸੱਚ ਨੂੰ ਕੇਵਲ ਸੱਚ ਤੇ ਚੱਲ ਕੇ ਹੀ ਪ੍ਰਸੰਨ ਕੀਤਾ ਜਾ ਸਕਦਾ ਹੈ।

ਪਉੜੀ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥ ਸਚੇ ਹੀ ਪਤੀਆਇ ਸਚਿ ਵਿਗਸਿਆ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥}

(ਅੰਗ ੧੪੬)

ਉੱਪਰ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਪਹਿਲਾਂ ਹੀ ਸਮਝੇ ਹੋਏ ਹਨ। ਪ੍ਰਮਾਤਮਾ ਦਾ ਸੱਚਾ ਭੋਜਨ ਜਿਸ ਦੁਆਰਾ ਪ੍ਰਮਾਤਮਾ ਨਾਲ ਪਿਆਰ ਜੁੜਦਾ ਹੈ ਉਹ ਉਸਨੇ ਆਪ ਹੀ ਸਾਨੂੰ ਗੁਰਬਾਣੀ ਰਾਹੀਂ ਦੱਸਿਆ ਹੋਇਆ ਹੈ। ਗੁਰਬਾਣੀ ਰਾਹੀਂ ਉਸ ਨੇ ਸਾਨੂੰ ਗੁਰਮਤਿ ਸਮਝਾਈ ਹੈ ਜੋ ਕਿ ਉਸਦਾ ਸੱਚਾ ਭੋਜਨ ਹੈ। ਉਸਦਾ ਸੱਚਾ ਭੋਜਨ ਉਸਦਾ ਸੱਚਾ ਗਿਆਨ ਹੈ, ਉਸਦੀ ਸੱਚੀ ਮਤਿ ਹੈ ਜੋ ਉਸਦੇ ਗਿਆਨ ਦੁਆਰਾ ਮਿਲਦੀ ਹੈ ਜਿਸ ਨੂੰ ਅਸੀਂ ਛਕਣਾ ਹੈ। ਪ੍ਰਮਾਤਮਾ ਕੇਵਲ ਸੱਚ ਨਾਲ ਖੁਸ਼ ਹੁੰਦਾ ਹੈ। ਜੋ ਵੀ ਅਸੀਂ ਸੱਚ ਦੁਆਰਾ ਵਿਚਰਦੇ ਹਾਂ, ਉਸਦੇ ਸੱਚੇ ਗਿਆਨ ਦੁਆਰਾ ਵਿਚਰਦੇ ਹਾਂ ਭਾਵ ਉਸ ਦੀ ਮਤਿ ਅਨੁਸਾਰ ਕਰਮ ਕਰਦੇ ਹਾਂ ਇਹ ਅਸੀਂ ਉਸ ਦਾ ਭੋਜਨ ਛਕਦੇ ਹਾਂ। ਸਾਡਾ ਇਹੋ ਜਿਹਾ ਭੋਜਨ ਛਕਣਾ ਗੁਰੂ ਦੇ ਮੁੱਖ ਵਿੱਚ ਸੱਚ ਦੀਆਂ ਗਰਾਈਆਂ ਪਾਉਣਾ ਹੈ। ਉਸਨੂੰ ਸਾਡਾ ਭੋਗ ਲਗਾਉਣਾ, ਭੋਜਨ ਛਕਾਉਣਾ ਇਹੀ ਹੈ ਕਿ ਅਸੀਂ ਸ਼ਬਦ ਦੀ ਸੋਝੀ ਅਨੁਸਾਰ ਵਿਚਰੀਏ. ਸੱਚ ਦੁਆਰਾ ਵਿਚਰੀਏ। ਗੁਰੂ ਪ੍ਰਮਾਤਮਾ ਨਿਰਗੁਣ ਰੂਪ ਹੈ, ਸ਼ਬਦ ਰੂਪ ਹੈ, ਗਿਆਨ ਰੂਪ ਹੈ ਤੇ ਉਸਦਾ ਭੋਜਨ ਵੀ ਨਿਰਗੁਣ ਰੂਪ ਹੈ। ਉਸਦਾ ਭੋਜਨ ਛਕਣਾ ਹੀ ਉਸਨੂੰ ਭੋਗ ਲਵਾਉਣਾ ਹੈ। ਪ੍ਰਮਾਤਮਾ ਸਾਡੇ ਕੋਲੋਂ ਸੱਚ ਦੀਆਂ ਕਰੋੜਾਂ ਗਰਾਈਆਂ

ਦੇ ਭੋਜਨ ਦੀ ਮੰਗ ਕਰਦਾ ਹੈ। ਇਹ ਉਸ ਦੀ ਮੰਗ ਕਰੋੜਾਂ ਵਾਰੀ ਸੱਚ ਤੇ ਚੱਲ ਕੇ ਪੂਰੀ ਹੁੰਦੀ ਹੈ ਭਾਵ ਕੇਵਲ ਸੱਚ ਤੇ ਚੱਲ ਕੇ ਪੂਰੀ ਹੁੰਦੀ ਹੈ, ਕੇਵਲ ਨਾਮ ਤੇ ਚੱਲ ਕੇ ਪੂਰੀ ਹੁੰਦੀ ਹੈ। ਇਹ ਕੋਈ ਗਿਣਤੀ ਮਿਣਤੀ ਦਾ ਮਾਰਗ ਨਹੀਂ ਹੈ। ਇਹ ਅੱਠੇ ਪਹਿਰ ਸੱਚੇ ਰਹਿਣ ਦਾ ਮਾਰਗ ਹੈ। ਇਹੀ ਉਸ ਪ੍ਰਮਾਤਮਾ ਨੂੰ ਕਰੋੜਾਂ ਜੀਭਾਂ ਦੁਆਰਾ ਜਪਣਾ ਹੈ ਭਾਵ ਅੱਠੇ ਪਹਿਰ ਜਪਣਾ ਹੈ। ਅਸੀਂ ਆਪਣੀ ਜੀਭ ਦੁਆਰਾ ਜੋ ਵੀ ਸੱਚ ਬੋਲਦੇ ਹਾਂ ਉਹ ਨਾਮ ਬੋਲਦੇ ਹਾਂ, ਨਾਮ ਜਪਦੇ ਹਾਂ। ਜਿਸਦੇ ਮਨ ਵਿੱਚ ਸੱਚ ਹੈ, ਨਾਮ ਹੈ, ਉਹੀ ਮੁੱਖੋਂ ਸੱਚ ਬੋਲਦਾ ਹੈ, ਨਾਮ ਬੋਲਦਾ ਹੈ। ਸਾਡੀ ਸੱਚੀ ਕਰਨੀ ਸੱਚ ਦੁਆਰਾ ਹੀ ਹੁੰਦੀ ਹੈ। ਉਸ ਦਾ ਘਰ

ਸੱਚ ਦਾ ਘਰ ਹੈ। ਉਸ ਦੇ ਘਰ ਵਿੱਚ ਸੱਚ ਦੇ ਨਾਲ ਹੀ ਵੱਸਿਆ ਜਾ ਸਕਦਾ ਹੈ। ਸੱਚ ਉੱਥੇ ਹੈ ਜਿੱਥੇ ਕੂੜ ਨਹੀਂ ਹੈ ਤੇ ਕੂੜ ਦੇ ਰਹਿੰਦਿਆਂ ਕੋਈ ਪ੍ਰਮਾਤਮਾ ਦੇ ਦੀਬਾਣਿ ਵਿੱਚ, ਨਿਜ ਘਰ ਵਿੱਚ ਨਹੀਂ ਜਾ ਸਕਦਾ। ਕੂੜ ਸਾਡੀ ਮਨਮਤਿ ਦਾ ਘਰ ਹੈ, ਮਾਇਆ ਮੋਹ ਦਾ ਘਰ ਹੈ, ਅਗਿਆਨਤਾ ਦਾ ਘਰ ਹੈ ਤੇ ਇਸੇ ਕਾਰਣ ਅਸੀਂ ਨਿੱਜ ਘਰ ਤੋਂ ਦੂਰ ਹਾਂ, ਉਸਦੇ ਮਹੱਲ ਤੋਂ ਦੂਰ ਹਾਂ। **(ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥)** ਸਾਡੀ ਝੂਠੀ ਮਨਮਤਿ ਹੀ, ਸਾਡੀ ਅਗਿਆਨਤਾ ਹੀ ਪ੍ਰਮਾਤਮਾ ਨਾਲ ਮਿਲਣ ਵਿੱਚ ਰੁਕਾਵਟ ਹੈ। ਸਾਡੀ ਇਹ ਰੁਕਾਵਟ ਸੱਚ ਦੁਆਰਾ ਦੂਰ ਹੁੰਦੀ ਹੈ, ਸ਼ਬਦ ਦੇ ਗਿਆਨ ਦੁਆਰਾ ਦੂਰ ਹੁੰਦੀ ਹੈ ਜੋ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਦਿਖਾਉਂਦਾ ਹੈ, ਝੂਠ ਨੂੰ ਛੱਡਣ ਦਾ ਮਾਰਗ ਦਿਖਾਉਂਦਾ ਹੈ, ਮਾਇਆ ਮੋਹ ਨੂੰ ਛੱਡਣ ਦਾ ਮਾਰਗ ਦਿਖਾਉਂਦਾ ਹੈ। ਸਾਡੇ ਉੱਤੇ ਪ੍ਰਮਾਤਮਾ ਦਾ ਸੱਚਾ ਨਿਸ਼ਾਨ ਉਸ ਦੀ ਸੱਚੀ ਸੋਝੀ ਦਾ ਨਿਸ਼ਾਨ ਹੈ। ਸ਼ਬਦ ਸੱਚ ਹੈ, ਉਸ ਨੂੰ ਸੁਣਕੇ, ਬੁੱਝਕੇ ਭਾਵ ਸਮਝਕੇ ਤੇ ਉਸ ਤੇ

ਅਮਲ ਕਰਨ ਦੁਆਰਾ ਭਾਵ ਉਸ ਨੂੰ ਆਪਣੇ ਜੀਵਨ ਵਿੱਚ ਵਖਾਣਿ ਦੁਆਰਾ ਅਸੀਂ ਉਸ ਦੇ ਮਹੱਲ ਦੇ ਵਾਸੀ ਬਣਦੇ ਹਾਂ। **(ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥)**

ਉਸ ਪ੍ਰਮਾਤਮਾ ਦਾ ਕੀਰਤਨ ਕੇਵਲ ਸੱਚ ਦੁਆਰਾ ਹੀ ਹੋ ਸਕਦਾ ਹੈ ਤੇ ਔਗੁਣਾਂ ਨੂੰ ਤਿਆਗ ਕੇ ਹੀ ਹੋ ਸਕਦਾ ਹੈ। ਸਮਝਣ ਦੀ ਗੱਲ ਕੇਵਲ ਇਹ ਹੈ ਕਿ ਸੱਚ ਦੀਆਂ ਗੱਲਾਂ ਕਰਨੀਆਂ ਉੱਚੀਆਂ ਹਨ ਜਾਂ ਸੱਚ ਉੱਚਾ ਹੈ। ਸ਼ਬਦ ਨੂੰ ਪੜ੍ਹਨਾ ਸੁਣਨਾ ਉੱਚਾ ਹੈ ਜਾਂ ਸ਼ਬਦ ਨੂੰ ਮੰਨਣਾ ਉੱਚਾ ਹੈ। ਜੇਕਰ ਧਿਆਨ ਨਾਲ ਦੇਖੀਏ ਤੇ ਪੜ੍ਹਨ ਸੁਣਨ ਵਾਲੇ, ਸੁਣਾਉਣ ਵਾਲੇ ਤੇ ਗੱਲਾਂ ਕਰਨ ਵਾਲੇ ਭਾਵ ਸਭ ਕਥਨੀ ਕਰਨ ਵਾਲੇ ਹੀ ਉੱਚੇ ਬਣੇ ਹੋਏ ਹਨ ਤੇ ਗੁਰੂ ਦਾ ਬਾਣੀ ਨੂੰ ਰਚਣ ਦਾ ਅਸਲ ਮਕਸਦ ਕਿਨਾਰੇ ਹੀ ਪਿਆ ਹੋਇਆ ਹੈ। ਅਸੀਂ ਬਾਹਰੀ ਅਨੰਦ ਨਾਲ ਜੁੜੇ ਹੋਏ ਹਾਂ ਪਰ ਅਸਲ ਅਨੰਦ ਔਗੁਣਾਂ ਵਿੱਚੋਂ ਨਿਕਲਣ ਦਾ ਹੈ। **(ਘੁੰਘਰ ਖੜਕੁ ਤਿਆਗਿ ਵਿਸੂਰੇ॥)**

ਸਾਡਾ ਅਸਲ ਅਨੰਦ ਕੀ ਹੈ, ਇਹ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸਹਜ ਅਨੰਦ ਦਿਖਾਵੈ ਭਾਵੈ॥ ਏਹੁ ਨਿਰਤਿਕਾਰੀ ਜਨਮਿ ਨ ਆਵੈ॥੩॥"

ਕੀਰਤਨ ਕਰਦੇ ਹੋਏ, ਸੁਣਦੇ ਹੋਏ ਅਸਲੀ ਆਪਣੇ ਅਨੰਦ ਮਾਨਣ ਦਾ ਪ੍ਰਗਟਾਵਾ ਆਪਣੇ ਸਰੀਰਕ ਭਾਵ ਦੁਆਰਾ ਦਿਖਾਉਂਦੇ ਹਾਂ। ਸਾਨੂੰ ਇਹੋ ਜਿਹਾ ਆਨੰਦ ਮਾਨਣ ਦੀ ਬਜਾਇ ਸਹਜ ਅਨੰਦ ਮਾਨਣ ਲਈ ਸਮਝਾਇਆ ਹੈ ਜੋ ਕਿ ਅਸਲ ਅਨੰਦ ਦੀ ਪ੍ਰਾਪਤੀ ਹੈ। "**ਅਨੰਦ**" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਵਾਰੀ ਸਮਝਿਆ ਹੈ। ਇਹ ਅਨੰਦ ਮਨ ਦੀ ਅਵੱਸਥਾ ਦਾ ਉਹ ਅਨੰਦ ਹੈ ਜੋ ਸਾਡੇ ਮਨ ਦੇ ਅੰਦਰ ਅੱਠੇ ਪਹਿਰ ਬਣਿਆ ਰਹਿੰਦਾ ਹੈ। ਇਹ ਚੌਥੇ ਪਦ ਦੇ ਗਿਆਨ ਦਾ ਆਨੰਦ

ਹੈ ਜੋ ਕਿ ਪੜ੍ਹਨ, ਸੁਣਨ ਦੇ ਅਨੰਦ ਤੋਂ ਬਹੁਤ ਬਹੁਤ ਬਹੁਤ ਉੱਚਾ ਆਨੰਦ ਹੈ ਜਿਸ ਨੂੰ ਕੇਵਲ ਚੌਥੇ ਪਦ ਵਿੱਚ ਪਹੁੰਚ ਕੇ ਹੀ ਮਾਣਿਆ ਜਾ ਸਕਦਾ ਹੈ ਤੇ ਕੇਵਲ ਤੇ ਕੇਵਲ ਉਸ ਦੀ ਕਿਰਪਾ ਦੁਆਰਾ ਮਾਣਿਆ ਜਾ ਸਕਦਾ ਹੈ। ਇਹ ਸਹਜ ਆਨੰਦ ਪ੍ਰਮਾਤਮਾ ਨੂੰ ਜਾਨਣ ਦਾ ਆਨੰਦ ਹੈ, ਪ੍ਰਮਾਤਮਾ ਦੇ ਨਾਲ ਮੇਲ ਦਾ ਆਨੰਦ ਹੈ। ਇਹ ਪ੍ਰਮਾਤਮਾ ਦੇ ਨਾਲ ਗੱਲਾਂ ਕਰਨ ਦਾ ਆਨੰਦ ਹੈ, ਇਹ ਪ੍ਰਮਾਤਮਾ ਦੇ ਕੋਲੋਂ ਸਿੱਧੇ ਤੌਰ ਤੇ ਸਿੱਖਿਆ ਮਿਲਣ ਦਾ ਆਨੰਦ ਹੈ, ਉਸਦੀ ਗੁਰਮਤਿ ਜਾਣਨ ਦਾ ਆਨੰਦ ਹੈ, ਉਸ ਦੀ ਸੱਚੀ ਸੋਝੀ ਦਾ ਆਨੰਦ ਹੈ, ਉਸ ਦੀ ਸੱਚੀ ਸੋਝੀ ਅਨੁਸਾਰ ਵਿਚਰਨ ਦਾ ਆਨੰਦ ਹੈ, ਉਸਦੇ ਭਾਣੇ ਵਿੱਚ ਰਹਿਣ ਦਾ ਆਨੰਦ ਹੈ, ਇਹ ਸੱਚ ਦਾ ਆਨੰਦ ਹੈ, ਇਹ ਆਗਿਆਨਤਾ ਵਿੱਚੋਂ ਨਿਕਲਣ ਦਾ ਆਨੰਦ ਹੈ, ਇਹ ਮਨਮਤਿ ਵਿੱਚੋਂ ਨਿਕਲਣ ਦਾ ਆਨੰਦ ਹੈ, ਇਹ ਮਾਇਆ ਮੋਹ ਵਿੱਚੋਂ ਨਿਕਲਣ ਦਾ ਆਨੰਦ ਹੈ, ਇਹ ਸੰਸਾਰਿਕ ਆਵਾਗਉਣ ਵਿੱਚੋਂ ਨਿਕਲਣ ਦਾ ਆਨੰਦ ਹੈ, ਇਹ ਬੰਧਨ ਤੋਂ ਮੁਕਤੀ ਦਾ ਆਨੰਦ ਹੈ, ਇਹ ਜਮਾਂ ਦੇ ਭਉ ਵਿੱਚੋਂ ਨਿਕਲਣ ਦਾ ਆਨੰਦ ਹੈ, ਇਹ ਮਰਨ ਦੇ ਭਉ ਵਿੱਚੋਂ ਨਿਕਲਣ ਦਾ ਆਨੰਦ ਹੈ, ਇਹ ਪ੍ਰਮਾਤਮਾ ਦੇ ਨਾਲ ਇੱਕਮਿਕ ਹੋਣ ਦਾ ਆਨੰਦ ਹੈ, ਇਹ "**ਸੋਚੈ**" ਵਿੱਚੋਂ ਨਿਕਲ ਕੇ, ਦੁਬਿਧਾ, ਦੁਚਿੱਤੀ ਵਿੱਚੋਂ ਨਿਕਲ ਕੇ "**ਇੱਕ ਸੋਚ**" ਹੋਣ ਦਾ ਆਨੰਦ ਹੈ, ਇਹ ਮਨ ਦੇ ਸੰਤੋਖ ਦਾ ਆਨੰਦ ਹੈ, ਇਹ ਮਨ ਦੇ ਨਿਹਚਲ ਹੋਣ ਦਾ ਆਨੰਦ ਹੈ, ਇਹ ਉਸ ਪ੍ਰਮਾਤਮਾ ਦੀ ਸੱਚੀ ਭਗਤੀ ਦਾ, ਸਾਧਸੰਗਤ ਹੋਣ ਦਾ, ਉਸਦਾ ਨਾਮ ਜਪਣ ਦਾ ਆਨੰਦ ਹੈ, ਇਹ ਸੱਚ ਦੀ ਸਭਾ ਦਾ, ਸੰਤ ਦੀ ਸਭਾ ਦਾ ਆਨੰਦ ਹੈ, ਇਹ ਉਸ ਦੇ ਸੱਚੇ ਗੁਣਾਂ ਦਾ ਆਨੰਦ ਹੈ। ਇਹ ਆਨੰਦ

ਸੱਚੇ ਗਿਆਨ ਦਾ ਆਨੰਦ ਹੈ ਤੇ ਇਹ ਆਨੰਦ ਕੇਵਲ ਅਸੀਂ ਗੁਰੂ ਪ੍ਰਮਾਤਮਾ ਦੇ ਕੋਲੋਂ ਹੀ ਜਾਣ ਸਕਦੇ ਹਾਂ। ਹੇਠ ਦਿੱਤੇ ਸ਼ਬਦ ਨੂੰ ਅਸੀਂ ਪਹਿਲੇ

13/1392

ਵੀ ਵਿਚਾਰਿਆ ਹੈ, ਲੇਖ ਵਿੱਚ ਕਾਫੀ ਪਿੱਛੇ ਵਿਚਾਰਿਆ ਹੈ ਤੇ ਉਸ ਨੂੰ ਫਿਰ ਤੋਂ ਸਮਝਣ ਨਾਲ ਸਾਡੇ ਮਨ ਦੀ ਦ੍ਰਿੜਤਾ ਵੱਧੇਗੀ ਕਿ ਅਸਲ ਆਨੰਦ ਕੀ ਹੈ।

{“ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥”}

(ਅੰਗ ੯੧੭)

ਆਨੰਦ ਦੀ ਗੱਲ ਤਾਂ ਹਰ ਕੋਈ ਕਰਦਾ ਹੀ ਹੈ। ਜੋ ਵੀ ਕਿਸੇ ਧਰਮ ਗ੍ਰੰਥ ਨੂੰ ਪੜ੍ਹਦਾ, ਸੁਣਦਾ ਹੈ, ਗਾਉਂਦਾ ਹੈ ਉਸ ਵਿੱਚ ਆਨੰਦ ਮਹਿਸੂਸ ਕਰਦਾ ਹੈ ਤੇ ਹਰ ਕੋਈ ਆਪਣੇ-ਆਪਣੇ ਢੰਗ ਨਾਲ ਆਨੰਦ ਦਾ ਪ੍ਰਗਟਾਵਾ ਕਰਦਾ ਹੈ। ਕੋਈ ਨੱਚ ਕੁੱਦ ਕੇ ਪ੍ਰਗਟਾਵਾ ਕਰਦਾ ਹੈ, ਕੋਈ ਸਿਰ ਹਿਲਾ ਕੇ ਆਪਣੀ ਮਸਤੀ ਦਿਖਾਉਂਦਾ ਹੈ, ਕੋਈ ਲੰਬੀ ਸਮਾਧੀ ਵਿੱਚ ਬੈਠ ਕੇ ਸੁਣਨ ਦੁਆਰਾ ਆਨੰਦ ਮਾਣਦਾ ਹੈ। ਕੋਈ ਉਸ ਦੀਆਂ ਗੱਲਾਂ ਸੁਣਾ ਸੁਣਾ ਕੇ ਆਨੰਦ ਮਾਣਦਾ ਹੈ, ਕੋਈ ਸਾਖੀਆਂ ਸੁਣਨ ਵਿੱਚ ਆਨੰਦ ਮਾਣਦਾ ਹੈ ਭਾਵ ਇਸੇ ਤਰ੍ਹਾਂ ਹਰ ਕੋਈ ਪ੍ਰਮਾਤਮਾ ਨਾਲ ਆਪਣੀ ਭਾਵਨੀ ਦਾ, ਪਿਆਰ ਦਾ ਪ੍ਰਗਟਾਵਾ ਕਰਨਾ ਸਮਝਦਾ ਹੈ। ਅਸਲ ਆਨੰਦ ਕਿਸ ਵਿੱਚ ਹੈ ਇਹ ਗੁਰੂ ਕੋਲੋਂ ਜਾਨਣ ਦਾ ਆਨੰਦ ਹੈ, ਉਸ ਕੋਲੋਂ ਗਿਆਨ ਲੈਣ ਦਾ ਆਨੰਦ ਹੈ। **(ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥)** ਇਹ ਆਨੰਦ ਕੇਵਲ ਗੁਰੂ ਪ੍ਰਮਾਤਮਾ ਕੋਲੋਂ ਹੀ ਜਾਣਿਆ ਜਾ ਸਕਦਾ ਹੈ। ਜਿਸ ਨੇ ਵੀ ਇਸ ਆਨੰਦ ਨੂੰ ਜਾਣਿਆ ਹੈ ਸਦਾ ਤੋਂ ਉਸ ਨੇ ਕੇਵਲ ਗੁਰੂ ਕੋਲੋਂ ਹੀ ਜਾਣਿਆ ਹੈ। ਇਹ ਆਨੰਦ ਉਸ ਨੇ ਹੀ ਜਾਣਿਆ ਹੈ ਜਿਸ ਤੇ ਗੁਰੂ ਪ੍ਰਮਾਤਮਾ ਨੇ ਆਪਣੀ

13/1393

ਕ੍ਰਿਪਾ ਕਰਕੇ ਆਪਣਾ ਪਿਆਰਾ ਬਣਾਇਆ ਹੈ। ਗੁਰੂ ਜਿਸ ਨੂੰ ਆਪਣਾ ਪਿਆਰਾ ਬਣਾਉਂਦਾ ਹੈ ਉਸ ਨੂੰ ਆਪਣੇ ਆਨੰਦ ਦੀ ਸੋਝੀ ਪਾਉਂਦਾ ਹੈ। **(ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥)** ਉਸਦੇ ਆਨੰਦ ਦੀ ਸੋਝੀ ਦੁਆਰਾ ਉਸ ਦੀ ਕ੍ਰਿਪਾ ਮਨੁੱਖ ਤੇ ਕਿਸ ਰੂਪ ਵਿੱਚ ਹੁੰਦੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆਂ ਹੋਇਆ ਹੈ।

"ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥"

ਮਨੁੱਖ ਤੇ ਆਪਣੀ ਕ੍ਰਿਪਾ ਦੁਆਰਾ ਉਸਨੂੰ ਸੱਚਾ ਗਿਆਨ ਬਖ਼ਸ਼ਣਾ ਹੈ ਤੇ ਇਸ ਗਿਆਨ ਦਾ ਮਕਸਦ ਮਨੁੱਖ ਦੀ ਪਾਪਾਂ ਵਾਲੀ ਬਿਰਤੀ ਨੂੰ ਕੱਟਣਾ ਹੈ। ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਉਹ ਅਗਿਆਨਤਾ ਵਿੱਚ ਰਹਿ ਕੇ ਕਰਦੇ ਹਾਂ। ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਗੁਰੂ ਦੀ ਮਤਿ ਦੀ ਸਹੀ ਸੋਝੀ ਨਹੀਂ ਪੈਂਦੀ, ਸਾਨੂੰ ਸਾਡੇ ਧਰਮ ਦੀ ਸਹੀ ਸੋਝੀ ਨਹੀਂ ਪੈਂਦੀ, ਪ੍ਰਮਾਤਮਾ ਦਾ ਅਸਲ ਜਪ ਤਪ ਕੀ ਹੈ, ਇਸ ਗੱਲ ਦੀ ਸੋਝੀ ਨਹੀਂ ਪੈਂਦੀ। ਅਸੀਂ ਮਾਇਆ ਮੋਹ ਵਿੱਚ, ਸਰੀਰਕ ਜਪਾਂ ਤਪਾਂ ਵਿੱਚ ਹੀ ਉਲਝੇ ਰਹਿੰਦੇ ਹਾਂ ਤੇ ਹੋਰ ਅਨੇਕਾਂ ਕਰਮ ਕਾਂਡ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਧਰਮ ਦਾ ਮਾਰਗ ਸਮਝਦੇ ਹਾਂ। ਇਹ ਸੱਚੀ ਸੋਝੀ ਸਾਨੂੰ ਮਨ ਦੇ ਵਿੱਚ ਹੀ ਪੈਂਦੀ ਹੈ ਕਿ ਉਸ ਦਾ ਅਸਲ ਜਪ ਤਪ ਕੀ ਹੈ, ਸਾਡਾ ਅਸਲ ਸੰਜਮ ਕੀ ਹੈ। ਮੋਹ ਮਾਇਆ ਵਿੱਚ ਰਹਿੰਦੇ ਹੋਏ ਅਸੀਂ ਉਸ ਅਸਲ ਆਨੰਦ ਦੀ ਪ੍ਰਾਪਤੀ ਨਹੀਂ ਕਰ ਸਕਦੇ। ਮੋਹ ਮਾਇਆ ਵਿੱਚੋਂ ਨਿਕਲਣਾ ਹੀ ਆਨੰਦ ਦੀ ਪ੍ਰਾਪਤੀ ਹੈ ਜੋ ਕਿ ਸਾਡੇ ਮਨ ਦੀ ਅਵੱਸਥਾ ਹੈ, ਸੱਚੇ ਗਿਆਨ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ। ਪ੍ਰਮਾਤਮਾ ਜਿਸ ਦਾ ਕਾਰਜ ਸਵਾਰਦਾ ਹੈ ਉਸ ਨੂੰ ਆਪਣਾ ਸੱਚਾ ਗਿਆਨ ਬਖ਼ਸ਼ ਕੇ ਮਾਇਆ ਮੋਹ ਵਿੱਚੋਂ ਹੀ ਕੱਢਦਾ ਹੈ। **(ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥ ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ**

ਸਵਾਰਿਆ॥)

13/1394

"ਸਬਦੁ" ਤੋਂ ਭਾਵ ਹੈ ਆਪ ਗੁਰੂ ਪ੍ਰਮਾਤਮਾ। ਸਬਦੁ ਆਪ ਗਿਆਨ ਰੂਪ ਹੈ ਜਿਸ ਦੁਆਰਾ ਉਹ ਸਭ ਜਗ੍ਹਾ ਵਿਚਰ ਰਿਹਾ ਹੈ, ਸਭ ਦੇ ਅੰਦਰ ਵਿਚਰ ਰਿਹਾ ਹੈ। ਮਨ ਦੇ ਅੰਦਰ ਚੌਥਾ ਪਦ ਉਹ ਆਪ ਆਪਣੇ ਸ਼ਬਦ ਦੁਆਰਾ ਹੀ ਪਾਉਂਦਾ ਹੈ, ਮਨ ਦੇ ਵਿੱਚ ਹੀ ਪਾਉਂਦਾ ਹੈ।

ਉੱਪਰ ਸਾਰੇ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ "ਆਨੰਦ" ਕੀ ਹੈ। ਇਹ ਆਨੰਦ ਗੁਰੂ ਕੋਲੋਂ ਜਾਨਣ ਵਾਲੀ ਚੀਜ਼ ਹੈ, ਸਮਝਣ ਵਾਲੀ ਚੀਜ਼ ਹੈ, ਸਾਨੂੰ ਸੋਝੀ ਪਾਉਣ ਵਾਲੀ ਚੀਜ਼ ਹੈ। ਇਹ ਗਿਆਨ ਦੀ ਵਸਤੂ ਹੈ, ਗਿਆਨ ਦੀ ਵੱਥ ਹੈ, ਨਾਮ ਦੀ ਵੱਥ ਹੈ, ਨਾਮ ਧਨ ਹੈ ਜਿਸ ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ। ਇਹ ਆਨੰਦ ਦੀ ਪ੍ਰਾਪਤੀ ਆਪ ਪ੍ਰਮਾਤਮਾ ਦੇ ਮੇਲ ਦੀ ਪ੍ਰਾਪਤੀ ਹੈ। ਪ੍ਰਮਾਤਮਾ ਸਭ ਵਿੱਚ ਆਪਣੀ ਇਸ ਵੱਥ ਦੁਆਰਾ ਹੀ ਵਿਚਰ ਰਿਹਾ ਹੈ। ਪ੍ਰਮਾਤਮਾ ਦੀ ਇਹ ਵੱਥ ਹੀ ਸਾਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਚੌਥੇ ਪਦ ਦੇ ਨਾਲ ਮਿਲਾਉਂਦੀ ਹੈ, ਉਸ ਦੇ ਆਪਣੇ ਨਾਲ ਮਿਲਾਉਂਦੀ ਹੈ। **(ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥)** ਇਹ "**ਅਨੰਦੁ**" ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਆਪਣਾ ਰੂਪ ਉਹ ਆਪ ਹੀ ਜਣਾਉਂਦਾ ਹੈ। ਮੁੱਖ ਸ਼ਬਦ ਰਾਹੀਂ ਜੋ ਸਾਨੂੰ ਪ੍ਰਮਾਤਮਾ ਦਾ ਕੀਰਤਨੀਆ ਬਣਨਾ ਸਿਖਾਇਆ ਹੈ ਉੱਥੇ ਇਸ ਆਨੰਦ ਦੀ ਗੱਲ ਕੀਤੀ ਹੋਈ ਹੈ। ਇਹ ਸਹਜ ਦੀ ਅਵੱਸਥਾ ਦਾ ਭਾਵ ਚੌਥੇ ਪਦ ਦੀ ਅਵੱਸਥਾ ਦਾ ਅਨੰਦ ਹੈ।

"ਸਹਜ ਅਨੰਦ ਦਿਖਾਵੈ ਭਾਵੈ॥ ਏਹੁ ਨਿਰਤਿਕਾਰੀ ਜਨਮਿ ਨ ਆਵੈ॥੩॥"

ਗੁਰੂ ਦੇ ਸ਼ਬਦ ਨੂੰ ਸੁਣ ਕੇ, ਗਾ ਕੇ, ਨੱਚ ਕੇ, ਝੂਮ ਕੇ ਅਸੀਂ ਆਨੰਦ ਦਾ ਪ੍ਰਗਟਾਵਾ ਕਰਦੇ ਹਾਂ, ਆਪਣੇ

13/1395

ਭਾਵ ਦਿਖਾ ਕੇ ਆਨੰਦ ਦਾ ਪ੍ਰਗਟਾਵਾ ਕਰਦੇ ਹਾਂ ਪਰ ਉਹੋ ਜਿਹਾ ਆਨੰਦ ਦਿਖਾਉਣਾ ਸਾਨੂੰ ਜਨਮ ਮਰਨ ਵਿੱਚੋਂ ਨਹੀਂ ਕੱਢ ਸਕਦਾ। ਉਹ ਕੇਵਲ ਸਾਡਾ ਕੰਨ ਰਸ ਹੈ। ਸ਼ਬਦ ਦਾ ਅਸਲ ਰੱਸ ਸ਼ਬਦ ਦੀ ਸੋਝੀ ਹੋਣ ਦਾ ਰੱਸ ਹੈ, ਸ਼ਬਦ ਦੇ ਗਿਆਨ ਦਾ ਰੱਸ ਹੈ ਜਿਸ ਨੂੰ ਮੰਨ ਕੇ ਅਸੀਂ ਮਾਇਆ ਮੋਹ ਵਿੱਚੋਂ ਨਿਕਲਣਾ ਹੈ। ਸਾਡੀ ਅਸਲ ਨਿਰਤਿਕਾਰੀ ਉਹ ਹੈ ਜਦੋਂ ਸਾਡਾ ਮਨ ਗੁਰੂ ਦੀ ਸੋਝੀ ਅਨੁਸਾਰ ਨੱਚਦਾ ਹੈ, ਉਸ ਦੀ ਗੱਲ ਮੰਨਣ ਵਿੱਚ ਖੁਸ਼ੀ ਮਾਣਦਾ ਹੈ, ਆਨੰਦ ਮਾਣਦਾ ਹੈ। ਸਾਡੀ ਇਹੋ ਜਿਹੀ ਨਿਰਤਿਕਾਰੀ ਨੇ ਜਿਸ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਕਰਦੇ ਹਾਂ, ਮਾਇਆ ਤੋਂ ਨਿਰਲੇਪ ਹੋ ਕੇ ਕਰਮ ਕਰਦੇ ਹਾਂ, ਉਨ੍ਹਾਂ ਨੇ ਸਾਨੂੰ ਆਵਾਗਉਣ ਵਿੱਚੋਂ ਕੱਢਣਾ ਹੈ। **(ਸਹਜ ਅਨੰਦ ਦਿਖਾਵੈ ਭਾਵੈ॥ ਏਹੁ ਨਿਰਤਿਕਾਰੀ ਜਨਮਿ ਨ ਆਵੈ॥੩॥)**

ਇਹੋ ਜਿਹੀ ਨਿਰਤਿਕਾਰੀ, ਇਹੋ ਜਿਹਾ ਆਨੰਦ ਮਾਨਣਾ ਸਾਡੇ ਵੱਸ ਨਹੀਂ ਹੈ। ਆਪਣਾ ਕੀਰਤਨ ਉਹ ਆਪ ਹੀ ਕਰਵਾ ਸਕਦਾ ਹੈ, ਆਪਣੇ ਸੱਚੇ ਮਾਰਗ ਤੇ ਉਹ ਆਪਣੀ ਸੱਚੀ ਸੋਝੀ ਪਾ ਕੇ ਕਿਸੇ ਨੂੰ ਆਪ ਹੀ ਚਲਾ ਸਕਦਾ ਹੈ। ਇਹ ਉਸ ਦੇ ਆਪਣੇ ਭਾਣੇ ਦੀ ਗੱਲ ਹੈ,ਉਸਦੀ ਆਪਣੀ ਰਜ਼ਾ ਦੀ ਗੱਲ ਹੈ, ਕ੍ਰਿਪਾ ਦੀ ਗੱਲ ਹੈ। ਕਦੇ ਕਰੋੜਾਂ ਕਰੋੜਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਉਹ ਆਪਣੀ ਇਹੋ ਜਿਹੀ ਮਤਿ ਬਖ਼ਸ਼ਦਾ ਹੈ, ਸੱਚਾ ਗਿਆਨ ਬਖ਼ਸ਼ਦਾ ਹੈ ਜੋ ਉਸਦਾ ਇਹੋ ਜਿਹਾ ਕੀਰਤਨ ਗਾ ਸਕਦਾ ਹੈ ਜੋ ਉੱਪਰ ਸਾਨੂੰ ਸਾਰੇ ਸ਼ਬਦ ਰਾਹੀਂ ਸਮਝਾਇਆ ਹੈ। **(ਜੇ ਕੋ ਅਪਨੇ ਠਾਕੁਰ ਭਾਵੈ॥ ਕੋਟਿ ਮਧਿ ਏਹੁ ਕੀਰਤਨੁ ਗਾਵੈ॥)**

ਮਨ ਦੇ ਵਿੱਚ ਇਸ ਅਨੰਦ ਦੀ ਪ੍ਰਾਪਤੀ, ਕੀਰਤਨ ਦੀ ਪ੍ਰਾਪਤੀ ਸਾਡਾ ਗੁਰੂ ਦੇ ਨਾਲ ਮੇਲ ਹੈ, ਸਾਧ ਦੇ ਨਾਲ ਮੇਲ ਹੈ ਭਾਵ ਸਾਧਸੰਗਤਿ ਹੈ, ਉਸ ਦੇ ਸੱਚੇ ਗਿਆਨ ਦੀ ਸੰਗਤਿ ਹੈ, ਉਸ ਦੇ ਸੱਚੇ ਗੁਣਾਂ

13/1396

ਦੀ ਸੰਗਤਿ ਹੈ, ਸ਼ਬਦ ਦੀ ਸੰਗਤਿ ਹੈ। ਅਸੀਂ ਆਪਣਾ ਜੀਵਨ ਇਹੋ ਜਿਹੀ ਸੰਗਤਿ ਦੀ ਟੇਕ ਲੈ ਕੇ, ਆਸਰਾ ਲੈ ਕੇ ਬਿਤਾਉਣਾ ਹੈ। ਇਹੋ ਜਿਹੀ ਟੇਕ ਦੁਆਰਾ ਵਿਚਰਨਾ ਉਸ ਪ੍ਰਮਾਤਮਾ ਦਾ ਕੀਰਤਨ ਕਰਨਾ ਹੈ, ਉਸਦਾ ਜੱਸ ਗਾਉਣਾ ਹੈ। ਉਸ ਦਾ ਸੱਚਾ ਕੀਰਤਨ ਸਾਡੀ ਜ਼ਿੰਦਗੀ ਦੀ ਵਿਚਰਨ ਹੈ ਜੋ ਕਿ ਉਸ ਦੇ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਮਾਇਆ ਮੋਹ ਵਿੱਚੋਂ ਨਿਕਲ

ਕੇ ਹੀ ਹੁੰਦੀ ਹੈ। **(ਸਾਧਸੰਗਤਿ ਕੀ ਜਾਵਉ ਟੇਕ॥ ਕਹੁ ਨਾਨਕ ਤਿਸੁ ਕੀਰਤਨੁ ਏਕ॥੪॥੮॥)**

ਸੰਸਾਰ ਵਿੱਚ ਵਿਚਰਦੇ ਹੋਏ ਅਸੀਂ ਜਿਸ ਨੂੰ ਆਪਣਾ ਸੁੱਖ ਸਮਝਦੇ ਹਾਂ, ਜਿਸ ਵਿੱਚ ਆਪਣਾ ਸੁੱਖ ਸਮਝਦੇ ਹਾਂ, ਉਹ ਕੇਵਲ ਸਾਡੀ ਅਗਿਆਨਤਾ ਦਾ ਨਤੀਜਾ ਹੈ ਜਿਸ ਦੁਆਰਾ ਸਾਨੂੰ ਇਹ ਸੋਝੀ ਹੀ ਨਹੀਂ ਪੈਂਦੀ ਕਿ ਉਹ ਅਸਲ ਸੁੱਖ ਕੀ ਹੈ। ਸਭ ਕੁੱਝ ਸਾਡੇ ਮਨ ਦੇ ਨਾਲ ਹੀ ਜੁੜਿਆ ਹੋਇਆ ਹੈ, ਸਾਡੇ ਮਨ ਦੀ ਸੋਚ ਦੇ ਨਾਲ ਹੀ ਜੁੜਿਆ ਹੋਇਆ ਹੈ ਕਿ ਅਸੀਂ ਮਨ ਦੇ ਵਿੱਚ ਮਹਿਸੂਸ ਕੀ ਕਰਦੇ ਹਾਂ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਅਸਲ ਆਨੰਦ ਕੀ ਹੈ ਜਿਸ ਦੀ ਪ੍ਰਾਪਤੀ ਕਰਨੀ ਹੈ।

ਸਲੋਕੁ॥

“ਹਰਿ ਸਿਮਰਤ ਮਨੁ ਤਨੁ ਸੁਖੀ ਬਿਨਸੀ ਦੁਤੀਆ ਸੋਚ॥
ਨਾਨਕ ਟੇਕ ਗੋਪਾਲ ਕੀ ਗੋਵਿੰਦ ਸੰਕਟ ਮੋਚ॥੧॥”

(ਅੰਗ ੯੨੬)

"ਹਰਿ ਸਿਮਰਤ" ਕੀ ਹੈ ਇਸ ਦੀ ਸੋਝੀ ਸਾਨੂੰ ਬਾਣੀ ਦੇ ਵਿੱਚ ਵਾਰ-ਵਾਰ ਪਾਈ ਹੋਈ ਹੈ ਜੋ ਕਿ ਅਸੀਂ ਪਿੱਛੇ ਅਨੇਕਾਂ ਵਾਰ ਸਮਝੀ ਹੈ। ਸਾਡਾ ਮਨ, ਤਨ, ਸੁਖੀ ਹਰਿ ਦੇ ਸਿਮਰਨ ਦੇ ਨਾਲ ਹੀ ਹੁੰਦਾ ਹੈ। "ਹਰਿ" ਨੂੰ ਸਿਮਰਨਾ ਉਸਦੀ ਮਤਿ ਨੂੰ ਸਿਮਰਨਾ ਹੈ ਭਾਵ ਉਸਦੇ ਉਪਦੇਸ਼ ਨੂੰ ਮੰਨਣਾ ਹੈ। ਉਸ ਨੂੰ ਸਿਮਰਨ ਨਾਲ ਭਾਵ ਗੁਰੂ ਦੀ ਗੱਲ ਨੂੰ ਮੰਨਣ ਨਾਲ ਅਸੀਂ ਕਿਸ

ਰੂਪ ਵਿੱਚ ਸੁੱਖ ਮਾਣਦੇ ਹਾਂ ਇਹ ਪਹਿਲੀ ਪੰਗਤੀ ਦੇ ਵਿੱਚ ਹੀ ਸਮਝਾਇਆ ਹੋਇਆ ਹੈ। **"ਬਿਨਸੀ ਦੁਤੀਆ ਸੋਚ॥"** ਸਾਡੀ “ਦੁਤੀਆ ਸੋਚ” ਕੀ ਹੈ ਇਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਇਹ ਸਾਡੀ ਦੁਚਿੱਤੀ ਹੈ, ਦੁਬਿਧਾ ਹੈ, ਭਰਮ ਹੈ, ਅਗਿਆਨਤਾ ਹੈ, ਮਾਇਆ ਮੋਹ ਹੈ। ਇਹ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਦੁਆਰਾ ਸਾਨੂੰ ਮਾਇਆ ਮੋਹ ਵਿੱਚ ਹੀ ਸੁੱਖ ਮਹਿਸੂਸ ਹੁੰਦਾ ਹੈ, ਆਨੰਦ ਮਹਿਸੂਸ ਹੁੰਦਾ ਹੈ। ਅਸਲ ਸੁੱਖ ਗੁਰਮਤਿ ਨੂੰ ਮੰਨਣ ਦੇ ਵਿੱਚ ਹੈ, ਉਸਦੀ ਮਤਿ ਨੂੰ ਆਪਣੇ ਅੰਦਰ ਸਿਮਰਨ ਦੇ ਵਿੱਚ ਹੈ। ਸਾਨੂੰ ਦੁਬਿਧਾ ਵਿੱਚੋਂ ਗੁਰੂ ਦੇ ਸੱਚੇ ਗਿਆਨ ਨੇ ਹੀ ਕੱਢਣਾ ਹੈ ਜਿਸ ਦੁਆਰਾ ਅਸੀਂ ਦੁਤੀਆ ਸੋਚ ਵਿੱਚੋਂ ਭਾਵ "ਸੋਚੈ" ਵਿੱਚੋਂ ਨਿਕਲ ਕੇ "ਇੱਕ ਸੋਚ" ਦੇ ਨਾਲ ਰਲਣਾ ਹੈ **(ਹਰਿ ਸਿਮਰਤ ਮਨੁ ਤਨੁ ਸੁਖੀ ਬਿਨਸੀ ਦੁਤੀਆ ਸੋਚ॥)**

{ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥}

(ਅੰਗ ੧)

ਸਾਡੇ ਜੀਵਨ ਦਾ ਮਕਸਦ ਇਸ “ਸੋਚੈ” ਵਿੱਚੋਂ ਭਾਵ ਦੁਤੀਆ ਸੋਚ ਵਿੱਚੋਂ ਨਿਕਲਣ ਦਾ ਹੀ ਹੈ ਪਰ ਇਹ ਸਾਡੇ ਵੱਸ ਨਹੀਂ ਹੈ। ਅਸੀਂ ਇਸਦੇ ਲੱਖ ਉਪਰਾਲੇ ਸੋਚ ਲਈਏ ਪਰ ਇਸ ਵਿੱਚੋਂ ਨਿਕਲ ਨਹੀਂ ਸਕਦੇ। ਪ੍ਰਮਾਤਮਾ ਆਪ ਹੀ ਆਪਣੀ ਕਿਰਪਾ ਕਰਕੇ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ। ਪ੍ਰਮਾਤਮਾ ਦੀ ਟੇਕ, ਉਸਦਾ ਆਸਰਾ ਉਸਦੀ ਮਤਿ ਦਾ ਆਸਰਾ ਹੈ। ਉਸ ਦੀ ਮਤਿ ਸਾਡਾ ਸੱਚਾ ਗਿਆਨ ਹੈ ਜੋ ਸਾਨੂੰ ਦੁਬਿਧਾ ਵਿੱਚੋਂ ਕੱਢਦਾ ਹੈ। ਸਾਡੀ ਦੁਬਿਧਾ ਹੀ ਅਸਲ ਵਿੱਚ ਸਾਡਾ ਸੰਕਟ ਹੈ, ਸਾਡੇ ਦੁੱਖਾਂ ਦਾ ਕਾਰਨ ਹੈ। ਇਸ ਦੁੱਖ ਵਿੱਚੋਂ ਸਾਨੂੰ ਪ੍ਰਮਾਤਮਾ ਆਪ ਹੀ ਕੱਢਦਾ ਹੈ, ਆਪਣਾ ਸੱਚਾ ਗਿਆਨ ਬਖ਼ਸ਼ਕੇ ਕੱਢਦਾ ਹੈ। ਉਸਦਾ ਸੱਚਾ ਗਿਆਨ ਹੀ ਸਾਡੇ ਜੀਵਨ ਦਾ ਆਸਰਾ ਹੈ ਜੋ ਸਾਨੂੰ ਉਸ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ, ਸਾਡੀ ਹਰ ਵੇਲੇ ਰੱਖਿਆ ਕਰਦਾ ਹੈ, ਸਾਨੂੰ ਮਾਇਆ ਮੋਹ ਵਿੱਚੋਂ ਬਚਾ ਕੇ ਰੱਖਦਾ ਹੈ, ਸਾਨੂੰ ਔਗੁਣਾਂ ਤੋਂ ਬਚਾ ਕੇ ਰੱਖਦਾ ਹੈ। ਉਸਦੀ ਟੇਕ ਉਸਦੇ ਗੁਣਾਂ ਦੀ ਟੇਕ ਹੈ, ਸੱਚ ਦੀ ਟੇਕ ਹੈ। **(ਨਾਨਕ ਟੇਕ ਗੋਪਾਲ ਕੀ ਗੋਵਿੰਦ ਸੰਕਟ ਮੋਚ॥੧॥)** ਉਸਦਾ ਇਹ ਸੱਚਾ ਗਿਆਨ ਹੀ ਉਸਦਾ ਹਰਿ ਧਨ ਹੈ ਜਿਸ ਦੁਆਰਾ ਉਸ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ, ਅਸਲ

ਆਨੰਦ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ ਕਿ ਨਾਲ ਹੀ ਅਗਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ।

ਸਲੋਕ॥

“ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ॥
ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ॥੧॥
ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ॥
ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ॥੨॥”

(ਅੰਗ ੯੨੯)

ਜਦ ਤੱਕ ਅਸੀਂ ਦੁਬਿਧਾ ਵਿੱਚ ਹਾਂ, ਦੁਤੀਆ ਸੋਚ ਵਿੱਚ ਹਾਂ, “ਸੋਚੈ” ਵਿੱਚ ਹਾਂ ਤਦ ਤੱਕ ਸਾਡਾ ਮਨ ਡੋਲਣ ਵਿੱਚ ਹੀ ਰਹਿੰਦਾ ਹੈ, ਮਾਇਆ ਮੋਹ ਵਿੱਚ ਡੋਲਦਾ ਹੈ। ਜਦ ਤੱਕ ਸਾਡਾ ਮਨ ਦੁਚਿੱਤੀ ਵਿੱਚ ਹੈ ਤਦ ਤੱਕ ਕੋਈ ਵੀ ਉਸਦੀ ਸੁਹਾਗਣ ਨਹੀਂ ਹੈ। ਉਸ ਦੀ ਸੁਹਾਗਣ ਬਣਨਾ ਸਾਡੇ ਮਨ ਦੀ ਅਡੋਲਤਾ ਹੈ, ਸਾਡੇ ਮਨ ਦੀ ਦੁਬਿਧਾ ਦਾ ਦੂਰ ਹੋਣਾ ਹੈ, ਸਾਡੀ ਅਗਿਆਨਤਾ ਦਾ ਦੂਰ ਹੋਣਾ ਹੈ। ਇਸ ਦੁਬਿਧਾ ਵਿੱਚੋਂ ਕੇਵਲ ਸਾਨੂੰ ਉਸਦਾ ਸਹਜ ਗਿਆਨ ਹੀ ਕੱਢਦਾ ਹੈ, ਹਰਿ ਧਨ ਹੀ ਕੱਢਦਾ ਹੈ। ਹਰਿ ਧਨ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ, ਮਨ ਦੀ ਅਡੋਲਤਾ ਦੀ ਪ੍ਰਾਪਤੀ ਹੈ, "**ਸੋਚੈ**" ਵਿੱਚੋਂ ਨਿਕਲ ਕੇ "**ਇਕ ਸੋਚ**" ਹੋਣ ਦੀ ਪ੍ਰਾਪਤੀ ਹੈ **(ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ॥)** "**ਹਰਿ ਧਨ**" "**ਸੰਤ**" ਦਾ ਭਾਵ ਗੁਰੂ ਪ੍ਰਮਾਤਮਾ ਦਾ ਆਪਣਾ ਰੂਪ ਹੈ ਭਾਵ ਸੱਚਾ ਗਿਆਨ ਉਸਦਾ ਆਪਣਾ ਰੂਪ ਹੈ। “ਹਰਿ ਧਨੁ” ਦੀ ਪ੍ਰਾਪਤੀ ਦੇ ਨਾਲ ਹੀ ਪ੍ਰਮਾਤਮਾ ਦੇ ਨਾਲ ਸਾਡਾ ਸੰਜੋਗ ਹੁੰਦਾ ਹੈ, ਮੇਲ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਜੋ ਸਾਡਾ ਅਸਲ ਮੀਤ ਹੈ ਆਪਣੇ ਇਸ “ਹਰਿ ਧਨੁ” ਦੁਆਰਾ ਹੀ ਪ੍ਰਗਟ ਹੁੰਦਾ ਹੈ। ਇਹ “ਹਰਿ ਧਨੁ” ਹੀ ਸਾਡਾ ਅਸਲ ਮੀਤ ਹੈ। ਸੱਚਾ ਗਿਆਨ ਹੀ ਸਾਡਾ ਅਸਲ ਮੀਤ ਹੈ ਜੋ ਸਾਨੂੰ ਦੁਚਿੱਤੀ ਵਿੱਚੋਂ ਕੱਢ ਕੇ ਪ੍ਰਮਾਤਮਾ ਦੇ ਦਰਸ਼ਨ ਕਰਾਉਂਦਾ

13/1399

ਹੈ ਤੇ ਉਸਦਾ ਅਸਲ ਮਾਰਗ ਦਿਖਾਉਂਦਾ ਹੈ, ਗੁਰਬਾਣੀ ਦੇ ਦਰਸ਼ਨ ਕਰਾਉਂਦਾ ਹੈ, ਨਾਮ ਦੇ ਦਰਸ਼ਨ ਕਰਾਉਂਦਾ ਹੈ। **(ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ॥੧॥)** ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ॥
ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ॥੨॥"

ਬਾਣੀ ਵਿੱਚ ਕਈ ਵਾਰੀ ਪ੍ਰਮਾਤਮਾ ਨੂੰ ਅਨੰਦ ਬਿਨੋਦੀ ਕਿਹਾ ਗਿਆ ਹੈ। ਉਹ ਆਨੰਦ ਬਿਨੋਦੀ ਕਿਸ ਰੂਪ ਵਿੱਚ ਹੈ ਇਹ ਉਸ ਨੂੰ ਮਨ ਦੇ ਵਿੱਚ ਪ੍ਰਗਟ ਹੋਣ ਤੋਂ ਬਾਅਦ ਹੀ ਜਾਣਿਆ ਜਾ ਸਕਦਾ ਹੈ, ਮਨ ਦੇ ਵਿੱਚ ਚੌਥੇ ਪਦ ਦੀ ਅਵੱਸਥਾਂ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਜੋ ਉਸਦਾ ਰੂਪ ਜਪੁਜੀ ਬਾਣੀ ਦੇ ਅਰਥਾਂ ਰਾਹੀਂ ਸਮਝਾਇਆ ਹੋਇਆ ਹੈ ਉਹੀ ਰੂਪ ਇੱਥੇ ਸਮਝਾਇਆ ਹੋਇਆ ਹੈ।

{ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥}

(ਜਪੁਜੀ ਬਾਣੀ)

ਸਾਡਾ ਗ੍ਰਿਹਿ ਸਾਡਾ ਮਨ ਹੈ ਜੋ ਕਿ ਗਿਆਨ ਦਾ ਖੰਡ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਇਹ ਮਨ ਅਗਿਆਨਤਾ ਦਾ ਖੰਡ ਹੈ। ਅਸਲ ਵਿੱਚ ਇਹ ਮਨ ਆਪ ਪ੍ਰਮਾਤਮਾ ਹੈ, ਇਹ ਮਨ ਉਸ ਦਾ ਆਪਣਾ ਖੰਡ ਹੈ, ਗਿਆਨ ਦਾ ਖੰਡ ਹੈ। ਉਹ ਆਪਣੇ ਖੰਡ ਦੇ ਵਿੱਚੋਂ ਆਪਣੇ ਗਿਆਨ ਰਾਹੀਂ ਹੀ ਪ੍ਰਗਟ ਹੁੰਦਾ ਹੈ, ਆਪਣੇ ਗਿਆਨ ਨੂੰ ਪ੍ਰਚੰਡ ਕਰਕੇ ਹੀ ਪ੍ਰਗਟ ਹੁੰਦਾ ਹੈ ਭਾਵ ਆਪਣੇ ਗਿਆਨ ਦਾ ਅਸਲ ਰੂਪ ਪ੍ਰਗਟ ਕਰਕੇ ਹੀ ਪ੍ਰਗਟ ਹੁੰਦਾ ਹੈ। ਇਹ ਮਨ ਹੀ ਉਸ ਸੱਚੇ ਪ੍ਰਮਾਤਮਾ ਦਾ ਖੰਡ ਹੈ, ਸੱਚਖੰਡ ਹੈ। ਜਦੋਂ ਉਹ ਆਪਣੇ ਸੱਚ ਦੁਆਰਾ ਪ੍ਰਗਟ ਹੋ ਜਾਂਦਾ ਹੈ ਉਸ ਤੋਂ ਬਾਅਦ ਅਗਿਆਨਤਾ ਦਾ ਖੰਡ ਭਾਵ ਮਨ ਦਾ ਭੁਲੇਖਾ ਦੂਰ ਹੋ ਜਾਂਦਾ ਹੈ ਤੇ ਇਹ ਮਨ ਸੱਚਖੰਡ ਦਾ ਰੂਪ ਬਣ ਜਾਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚਖੰਡ ਹੈ ਜੋ ਮਨ ਦੇ ਸੱਚਖੰਡ ਰਾਹੀਂ ਹੀ ਪ੍ਰਗਟ ਹੋਈ ਹੈ।

13/1400

ਪ੍ਰਮਾਤਮਾ ਦਾ “**ਸੱਚ ਰੂਪ**” ਉਸ ਦੇ “**ਸੱਚੇ ਗਿਆਨ**” ਦਾ ਰੂਪ ਹੈ।

ਘਟ ਘਟ ਦੇ ਵਿੱਚ ਉਸ ਪ੍ਰਮਾਤਮਾ ਦਾ ਨਾਦ ਹੀ ਵੱਜ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਿਆ ਹੈ। ਇਹ ਨਾਦ ਸਾਡੇ ਮਨ ਦੀ ਸੋਚ ਹੈ, ਸਾਡੇ ਮਨ ਦੇ ਵਿਚਾਰ ਹਨ ਜੋ ਕਿ ਸਭ ਵਿੱਚ ਉਹ ਪ੍ਰਮਾਤਮਾ ਆਪ ਹੀ ਪਾ ਰਿਹਾ ਹੈ ਜਿਸ ਦੀ ਸੋਝੀ ਉਸ ਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ। ਪ੍ਰਮਾਤਮਾ ਸੱਚਮੁੱਚ ਵਿੱਚ ਬਹੁਤ ਬਿਨੋਦੀ ਹੈ, ਬਹੁਤ ਹਸਾਉਣ ਵਾਲਾ ਹੈ ਤੇ ਉਸਦਾ ਇਹ ਰੂਪ ਮਨ ਵਿੱਚ ਉਸ ਨੂੰ ਜਾਣ ਕੇ ਹੀ ਸਮਝ ਆਉਂਦਾ ਹੈ। ਜਦੋਂ ਉਹ ਹਸਾਉਣ ਤੇ ਆਉਂਦਾ ਹੈ ਤੇ ਮਨ ਦੇ ਵਿੱਚ ਉਹ ਇਹੋ ਜਿਹਾ ਬਿਨੋਦ ਕਰਦਾ ਹੈ ਕਿ ਮਨੁੱਖ ਦੇ ਹੱਸਣ ਦਾ ਕੋਈ ਟਿਕਾਣਾ ਨਹੀਂ ਰਹਿ ਜਾਂਦਾ। ਸੰਸਾਰ ਵਿੱਚ ਸਭ ਨੂੰ ਹਸਾਉਣ ਵਾਲਾ ਉਹ ਆਪ ਹੀ ਹੈ। ਮਨ ਦੇ ਵਿੱਚ ਹਰ ਸੋਝੀ ਉਹ ਆਪ ਹੀ ਪਾਉਂਦਾ ਹੈ, ਚੁਟਕਲੇ ਸਿਖਾਉਣ ਵਾਲਾ ਉਹ ਆਪ ਹੀ ਹੈ। ਉਸਦੇ ਸੱਚੇ ਗਿਆਨ ਦਾ ਆਨੰਦ ਦੁਨੀਆਂ ਤੋਂ ਵੱਖਰਾ ਹੀ ਆਨੰਦ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਆਪਣੇ ਮਨ ਦੇ ਵਿੱਚੋਂ ਜਾਨਣਾ ਇਹ ਉਸਦਾ ਵੱਡਾ ਕੌਤਕ ਹੈ, ਹੈਰਾਨ ਕਰਨ ਵਾਲੀ ਗੱਲ ਹੈ। ਇਸ ਕੌਤਕ ਨੂੰ ਦੇਖ ਕੇ ਹੀ ਕੋਈ ਯਕੀਨ ਕਰ ਸਕਦਾ ਹੈ ਕਿ ਇਸ ਤੋਂ ਵੱਡਾ ਅਸਚਰਜ, ਇਸ ਤੋਂ ਵੱਡਾ ਵਿਸਮਾਦ ਕੋਈ ਹੋਰ ਨਹੀਂ ਹੋ ਸਕਦਾ ਪਰ ਇਹ ਸਭ ਕੁੱਝ ਮਨ ਦੇ ਵਿੱਚ ਹੀ ਉਸਦੇ ਮੇਲ ਦੁਆਰਾ ਹੁੰਦਾ ਹੈ। **(ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ॥)** ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਗਟ ਹੋਣਾ ਹੀ ਨਾਮ ਦਾ ਪ੍ਰਗਟ ਹੋਣਾ ਹੈ। ਨਾਮ ਦੀ ਇਸ ਪ੍ਰਾਪਤੀ ਤੋਂ ਬਾਅਦ ਹੀ ਅਸੀਂ ਨਾਮ ਜਪ ਸਕਦੇ ਹਾਂ ਭਾਵ ਉਸਦੇ ਦਿਖਾਏ ਹੋਏ ਸੱਚੇ

ਮਾਰਗ ਅਨੁਸਾਰ ਵਿਚਰ ਸਕਦੇ ਹਾਂ। ਇਹੀ ਉਹ ਫਲ ਹੈ, ਸੱਚੇ ਗਿਆਨ ਦਾ ਫਲ ਹੈ ਜਿਸ ਨੂੰ ਹਰ ਕੋਈ ਪਾਉਣਾ ਚਾਹੁੰਦਾ ਹੈ। **(ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ॥੨॥)**

"ਹਰਿ ਧਨੁ" ਸਾਡੇ ਅੰਦਰ ਦਾ ਸੱਚਾ ਗਿਆਨ ਹੈ ਪਰ ਇਸ ਦੀ ਸੋਝੀ ਆਪ ਪ੍ਰਮਾਤਮਾ ਦੇ ਪਾਉਣ ਨਾਲ ਹੀ ਪੈਂਦੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ "ਹਰਿ ਧਨੁ" ਹੀ ਭਰਿਆ ਹੋਇਆ ਹੈ ਜਿਸ ਕਰਕੇ ਗੁਰਬਾਣੀ ਬ੍ਰਹਮ ਗਿਆਨੀ ਹੈ। ਇਸ ਧਨ ਦੀ ਪ੍ਰਾਪਤੀ ਬਿਨ੍ਹਾਂ ਕੋਈ ਮਾਇਆ ਮੋਹ ਵਿੱਚੋਂ ਨਹੀਂ ਨਿਕਲ ਸਕਦਾ, ਕੋਈ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦਾ। ਹੇਠ ਦਿੱਤੇ ਸ਼ਬਦ ਦੇ ਇਸ ਪਦੇ ਦੁਆਰਾ ਸਾਨੂੰ ਹਰਿ ਧਨ ਦੀ ਹੀ ਸੋਝੀ ਪਾਈ ਹੋਈ ਹੈ ਕਿ ਇਹ ਕੀ ਹੈ। ਇਸ ਹਰਿ ਧਨ ਦੀ ਪ੍ਰਾਪਤੀ ਹੀ ਸਾਡੇ ਜੀਵਨ ਦਾ ਮਨੋਰਥ ਹੈ।

"ਅੰਤਰਿ ਹਰਿ ਧਨੁ ਸਮਝ ਨ ਹੋਈ॥ ਗੁਰ ਪਰਸਾਦੀ ਬੂਝੈ ਕੋਈ॥
ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥੧੩॥
ਅਨਲ ਵਾਉ ਭਰਮਿ ਭੁਲਾਈ॥ ਮਾਇਆ ਮੋਹਿ ਸੁਧਿ ਨ ਕਾਈ॥
ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ॥੧੪॥"

(ਅੰਗ ੧੦੪੮)

ਜਿਵੇਂ ਅਸੀਂ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਹੈ ਕਿ "**ਹਰਿ ਰਸੁ**" ਸਾਡੇ ਅੰਦਰ ਹੈ ਤੇ "**ਹਰਿ ਰਸੁ**" ਹੀ ਸਭ ਜਗ੍ਹਾ ਸਮਾਇਆ ਹੋਇਆ ਹੈ, ਉਹੀ ਗੱਲ ਹਰਿ ਧਨ ਦੀ ਹੈ। "**ਹਰਿ ਰਸੁ**" ਜਾਂ "**ਹਰਿ ਧਨੁ**" ਇੱਕੋ ਹੀ ਗੱਲ ਹੈ। ਹਰਿ ਰਸ ਵੀ ਆਪ ਪ੍ਰਮਾਤਮਾ ਹੈ ਤੇ ਹਰਿ ਧਨ ਵੀ ਆਪ ਪ੍ਰਮਾਤਮਾ ਹੈ। ਹਰਿ ਰਸ ਵੀ ਨਾਮ ਹੈ ਤੇ ਹਰਿ ਧਨ ਵੀ ਨਾਮ ਹੈ, ਕੇਵਲ ਸ਼ਬਦ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੁੰਦੀ ਹੈ। "**ਹਰਿ ਧਨੁ**" ਸਾਡੇ ਮਨ ਦੇ ਵਿੱਚ ਹੀ ਹੈ ਪਰ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਹੈ। ਅਸੀਂ ਆਪਣੇ ਅੰਦਰੋਂ ਹਰਿ ਧਨੁ ਨੂੰ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਬੁੱਝ ਸਕਦੇ ਹਾਂ ਭਾਵ ਉਹ ਆਪਣੀ

ਸੋਝੀ ਆਪ ਹੀ ਪਾਉਂਦਾ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਤੇ ਮਨ ਦੀ ਸੋਝੀ ਪਏ ਬਿਨ੍ਹਾਂ ਸਾਨੂੰ ਇਨ੍ਹਾਂ ਗੱਲਾਂ ਦੀ ਸੋਝੀ ਨਹੀਂ ਪੈ ਸਕਦੀ ਭਾਵ ਯਕੀਨ ਨਹੀਂ ਆ ਸਕਦਾ।

(ਅੰਤਰਿ ਹਰਿ ਧਨੁ ਸਮਝ ਨ ਹੋਈ॥ ਗੁਰ ਪਰਸਾਦੀ ਬੂਝੈ ਕੋਈ॥) ਅਸੀਂ ਨਾਮ ਦੇ ਨਿਵਾਸੀ ਇਸ ਧਨ ਦੀ ਪ੍ਰਾਪਤੀ ਦੁਆਰਾ ਹੀ ਬਣਦੇ ਹਾਂ ਕਿਉਂਕਿ ਹਰਿ ਧਨ ਹੀ ਨਾਮ ਹੈ। ਅਸੀਂ ਪ੍ਰਮਾਤਮਾ ਦੇ ਦਰ ਦੇ ਨਿਵਾਸੀ ਬਣਨਾ ਹੈ ਤੇ ਉਸ

ਦਾ ਦਰ ਸੱਚੇ ਗਿਆਨ ਦਾ ਦਰ ਹੈ। ਉਸਦਾ ਨਿਵਾਸੀ ਗੁਰਮੁਖਿ ਦੀ ਅਵੱਸਥਾ ਦੁਆਰਾ ਹੀ ਬਣਿਆ ਜਾ ਸਕਦਾ ਹੈ। ਉਸ ਦਾ ਨਿਵਾਸੀ ਸਾਡੇ ਮਨ ਦੀ ਅਵੱਸਥਾ ਨੇ ਹੀ ਬਣਨਾ ਹੈ, ਸੱਚੇ ਗਿਆਨ ਦੀ ਅਵੱਸਥਾ ਨੇ ਹੀ ਬਣਨਾ ਹੈ। ਇੱਕ ਵਾਰੀ ਮਨੁੱਖ ਨੂੰ ਜੇਕਰ ਇਹ ਅਵੱਸਥਾ ਪ੍ਰਾਪਤ ਹੋ ਜਾਂਦੀ ਹੈ ਫਿਰ ਇਹ ਅਵੱਸਥਾ ਸਦਾ ਲਈ ਹੀ ਬਣੀ ਰਹਿੰਦੀ ਹੈ ਭਾਵ ਉਹ ਪ੍ਰਮਾਤਮਾ ਦੇ ਨਾਲ ਸਦਾ ਲਈ ਜੁੜ ਜਾਂਦਾ ਹੈ। **(ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥੧੩॥)** ਨਾਮ ਤੋਂ ਦੂਸਰਾ ਪਾਸਾ, ਗੁਰਮੁਖਿ ਤੋਂ ਦੂਸਰਾ ਪਾਸਾ ਅਗਿਆਨਤਾ ਦਾ ਪਾਸਾ ਹੈ, ਮਨਮੁਖਿ ਦਾ ਪਾਸਾ ਹੈ ਜਿਸ ਕਰਕੇ ਸਾਡੀ ਪ੍ਰਮਾਤਮਾ ਨਾਲੋਂ, ਹਰਿ ਧਨੁ ਦੀ ਪ੍ਰਾਪਤੀ ਨਾਲੋਂ ਦੂਰੀ ਬਣੀ ਰਹਿੰਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅਨਲ ਵਾਉ ਭਰਮਿ ਭੁਲਾਈ॥ ਮਾਇਆ ਮੋਹਿ ਸੁਧਿ ਨ ਕਾਈ॥

ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ॥੧੪॥"

"**ਅਨਲ ਵਾਉ**" ਤੋਂ ਭਾਵ ਹੈ ਅਗਿਆਨਤਾ ਦੀ ਹਨੇਰੀ। ਅਗਿਆਨਤਾ ਦੀ ਹਨੇਰੀ ਹੀ ਸਾਡੇ ਅੰਦਰ ਤ੍ਰਿਸ਼ਨਾ ਦਾ ਮੂਲ ਹੈ, ਮਾਇਆ ਮੋਹ ਦਾ ਮੂਲ ਹੈ ਜਿਸ ਦਾ ਕਿ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ, ਹਰਿ ਧਨ ਦੀ ਸੋਝੀ ਤੋਂ ਦੂਰ ਰੱਖਣ ਦਾ ਹੈ।

13/1403

(ਅਨਲ ਵਾਉ ਭਰਮਿ ਭੁਲਾਈ॥) ਜਦ ਤੱਕ ਸਾਡੇ ਅੰਦਰ ਇਹ ਮਾਇਆ ਦਾ ਮੋਹ ਹੈ, ਅਗਿਆਨਤਾ ਹੈ, ਸਾਨੂੰ ਪ੍ਰਮਾਤਮਾ ਬਾਰੇ, ਉਸਨੂੰ ਜਾਨਣ ਬਾਰੇ ਸੋਝੀ ਪੈਂਦੀ ਹੀ ਨਹੀਂ ਕਿਉਂਕਿ ਇਸ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣਾ ਹੈ। **(ਮਾਇਆ ਮੋਹਿ ਸੁਧਿ ਨ ਕਾਈ॥)** ਇਸ ਅਗਿਆਨਤਾ ਕਰਕੇ ਹੀ ਹਰ ਕੋਈ ਮਨਮੁਖਿ ਹੈ ਭਾਵ ਗੁਰਮੁਖਿ ਵਾਲੀ ਸੋਝੀ ਤੋਂ ਦੂਰ ਹੈ। ਜਦ ਤੱਕ ਸਾਡੇ ਅੰਦਰ ਮਨਮਤਿ ਹੈ ਅਸੀਂ ਅਗਿਆਨਤਾ ਵਿੱਚ ਹੀ ਹਾਂ ਜਿਸ ਨਾਲ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹਾਂ। ਮਨਮਤਿ ਵਿੱਚੋਂ ਸਾਨੂੰ ਗੁਰਮਤਿ ਹੀ ਕੱਢ ਸਕਦੀ ਹੈ, ਅਗਿਆਨਤਾ ਵਿੱਚੋਂ ਸਾਨੂੰ ਸੱਚਾ ਗਿਆਨ ਹੀ ਕੱਢ ਸਕਦਾ ਹੈ, ਸੱਚਾ ਧਨ ਹੀ ਕੱਢ ਸਕਦਾ ਹੈ, ਹਰਿ ਧਨ ਹੀ ਕੱਢ ਸਕਦਾ ਹੈ, ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ, ਸਾਡੇ ਅੰਦਰ ਆਪਣਾ ਪ੍ਰਕਾਸ਼ ਕਰਕੇ ਭਾਵ ਸੱਚੇ ਗਿਆਨ ਦਾ ਪ੍ਰਕਾਸ਼ ਕਰਕੇ ਹੀ ਕੱਢ ਸਕਦਾ ਹੈ। ਇਹ ਕੇਵਲ ਉਸਦੀ ਆਪਣੀ ਰਜ਼ਾ ਹੈ **(ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ॥੧੪॥)**

ਜਦ ਤੱਕ ਸਾਨੂੰ ਗੁਰਮਤਿ ਤੇ ਨਾਮ ਵਿੱਚ ਹੀ ਭੇਦ ਬਣਿਆ ਹੋਇਆ ਹੈ ਤਦ ਤੱਕ ਸਾਨੂੰ ਗੁਰਬਾਣੀ ਦੀ ਸਮਝ ਹੀ ਕੀ ਲੱਗਣੀ ਹੈ। ਸਭ ਤੋਂ ਮੂਲ ਗੱਲ ਸਮਝਣ ਦੀ ਇਹੀ ਹੈ ਕਿ ਗੁਰਬਾਣੀ ਨਾਮ ਹੈ, "**ਗੁਰਮਤਿ**" ਨਾਮ ਹੈ।

ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਨਾਮ ਰਸ ਸਮਝਿਆ ਹੈ, ਹਰਿ ਰਸ ਸਮਝਿਆ ਹੈ, ਨਾਮ ਧਨ ਸਮਝਿਆ ਹੈ। ਅਸੀਂ ਪਿੱਛੇ ਵੀ ਇਸ ਗੱਲ ਦੀ ਚਰਚਾ ਕੀਤੀ ਹੈ ਕਿ ਨਾਮ ਧਨ ਕਦੇ ਚੋਰੀ ਨਹੀਂ ਹੋ ਸਕਦਾ, ਕਦੇ ਸੜ ਨਹੀਂ ਸਕਦਾ, ਕਦੇ ਡੁੱਬ ਨਹੀਂ ਸਕਦਾ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਸਾਨੂੰ ਇਹ ਗੱਲ ਵਾਰ-ਵਾਰ ਸਮਝਾਈ ਹੋਈ ਹੈ। ਜਿੱਥੇ ਸਾਨੂੰ ਬਾਣੀ ਵਿੱਚ ਇਹ ਗੱਲ ਸਮਝਾਈ ਹੈ

13/1404

ਉੱਥੇ ਨਾਲ ਹੀ ਸਾਨੂੰ ਇਹ ਵੀ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰੋਂ ਨਾਮ ਦੀ, ਨਾਮ ਧਨ ਦੀ ਚੋਰੀ ਵੀ ਹੁੰਦੀ ਹੈ। ਨਾਮ ਦੀ ਸੋਝੀ ਹੋਏ ਬਿਨ੍ਹਾਂ ਸਾਨੂੰ ਇਸ ਭੇਦ ਦੀ ਕਦੇ ਵੀ ਸੋਝੀ ਨਹੀਂ ਹੋ ਸਕਦੀ। ਜਿੱਥੇ ਸਾਨੂੰ ਬਾਣੀ ਵਿੱਚ ਵਾਰ-ਵਾਰ ਨਾਮ ਦੀ ਸੋਝੀ ਪਾਈ ਹੈ ਉੱਥੇ ਸਾਨੂੰ ਨਾਮ ਦਾ ਦ੍ਰਿੜ ਹੋਣਾ ਵੀ ਸਮਝਾਇਆ ਹੋਇਆ ਹੈ ਜਿਵੇਂ ਕਿ ਇਹ ਚਰਚਾ ਅਸੀਂ ਪਿੱਛੇ ਵੀ ਕੀਤੀ ਹੈ। ਜਦ ਤੱਕ ਸਾਡੇ ਅੰਦਰ ਨਾਮ ਦ੍ਰਿੜ ਨਹੀਂ ਹੁੰਦਾ ਤਦ ਤੱਕ ਸਾਡੇ ਅੰਦਰੋਂ ਨਾਮ ਦੀ, ਨਾਮ ਧਨ ਦੀ ਚੋਰੀ ਬੰਦ ਨਹੀਂ ਹੁੰਦੀ। ਨਾਮ ਦੇ ਚੋਰ ਕੌਣ ਹਨ ਜੋ ਸਾਡੇ ਅੰਦਰੋਂ ਨਾਮ ਚੁਰਾਉਂਦੇ ਹਨ, ਇਸ ਦੀ ਸੋਝੀ ਵੀ ਸਾਨੂੰ ਵਾਰ-ਵਾਰ ਪਾਈ ਹੋਈ ਹੈ। ਜਦ ਤੱਕ ਚੋਰ ਕਾਬੂ ਨਹੀਂ ਆਉਂਦੇ ਇਹ ਚੋਰੀ ਬੰਦ ਨਹੀਂ ਹੁੰਦੀ ਇਨ੍ਹਾਂ ਚੋਰਾਂ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਇਹ ਪੰਜ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਰੂਪ ਵਿੱਚ ਸਾਡੇ ਅੰਦਰ ਹੀ ਵੱਸਦੇ ਹਨ। ਇਹ ਸਾਡੀ ਸੱਚੀ ਰਾਸਿ ਦੇ ਚੋਰ ਹਨ ਜਿਸ ਰਾਸਿ ਦੁਆਰਾ ਅਸੀਂ ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵ ਉਸ ਨੂੰ ਮਿਲਣ ਦਾ ਉੱਦਮ ਕਰਨਾ ਹੈ। ਜਦ ਤੱਕ ਸਾਡੀ ਇਹ ਰਾਸ ਸਾਬਤ ਨਹੀਂ ਹੁੰਦੀ, ਪੂਰੀ ਨਹੀਂ ਹੁੰਦੀ ਤਦ ਤੱਕ ਉਸ ਪ੍ਰਮਾਤਮਾ ਨੂੰ ਜਪਿਆ ਨਹੀਂ ਜਾ ਸਕਦਾ, ਉਸਦੇ ਨਾਲ ਮਿਲਿਆ ਨਹੀਂ ਜਾ ਸਕਦਾ। ਅਗਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਨਾਮ ਧਨ ਦੀ ਚੋਰੀ ਹੀ ਸਮਝਣੀ ਹੈ, ਨਾਮ ਦੀ ਚੋਰੀ ਹੀ ਸਮਝਣੀ ਹੈ ਤੇ ਇਹ ਚੋਰੀ ਕਿਵੇਂ ਰੁਕਦੀ ਹੈ, ਇਸ ਗੱਲ ਨੂੰ ਸਮਝਣਾ ਹੈ। ਪਹਿਲੇ ਹੇਠ ਲਿਖੇ ਸ਼ਬਦ ਨੂੰ ਸਮਝੀਏ ਤੇ ਜਾਣੀਏ ਕਿ ਨਾਮ ਧਨ ਦੇ ਚੋਰ ਕੌਣ ਹਨ।

13/1405

ਬਸੰਤੁ ਹਿੰਡੋਲ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ॥

"ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ॥੧॥ਰਹਾਉ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ॥੪॥੧॥੩॥"

(ਅੰਗ - ੧੧੭੮)

ਰਾਮ ਨਾਮ, ਨਾਮ ਧਨ ਇੱਕੋ ਹੀ ਗੱਲ ਹੈ। ਰਤਨ ਗੁਰੂ ਦਾ ਸ਼ਬਦ ਹੈ ਭਾਵ ਉਸਦੇ ਸ਼ਬਦ ਦਾ ਗਿਆਨ ਹੈ ਤੇ ਉਸਦਾ ਧਨ ਵੀ

ਸ਼ਬਦ ਦਾ ਸੱਚਾ ਗਿਆਨ ਹੈ। ਰਾਮ ਨਾਮ ਗੁਰਬਾਣੀ ਹੈ ਤੇ ਰਤਨ ਗੁਰਬਾਣੀ ਦਾ ਸ਼ਬਦ ਹੈ, ਉਸਦਾ ਧਨ ਹੈ। ਅਸੀਂ ਇਸੇ ਧਨ ਦੀ ਪ੍ਰਾਪਤੀ ਕਰਨੀ ਹੈ, ਇਸੇ ਰਤਨ ਦੀ ਪ੍ਰਾਪਤੀ ਕਰਨੀ ਹੈ। ਜਿਵੇਂ ਗੁਰਬਾਣੀ ਰਾਮ ਨਾਮ ਰਤਨ ਦੀ ਕੋਠੜੀ ਹੈ ਉਸੇ ਤਰ੍ਹਾਂ ਸਾਡਾ ਮਨ ਰਾਮ ਨਾਮ ਰਤਨ ਦੀ ਕੋਠੜੀ ਹੈ ਭਾਵ ਸੱਚੇ ਗਿਆਨ ਦੀ ਕੋਠੜੀ ਹੈ ਭਾਵ ਪ੍ਰਮਾਤਮਾ ਦੀ ਆਪਣੀ ਕੋਠੜੀ ਹੈ, ਉਸਦਾ ਆਪਣਾ ਅਸਥਾਨ ਹੈ, ਉਸਦਾ ਆਪਣਾ ਮਹੱਲ ਹੈ, ਉਸਦਾ ਆਪਣਾ ਸੱਚਖੰਡ ਹੈ ਭਾਵ ਉਸਦਾ ਆਪਣਾ ਨਿਵਾਸ ਹੈ। ਸਾਡਾ ਸਰੀਰ ਗੜ੍ਹ ਮੰਦਰ ਹੈ ਜਿਸਦੇ ਅੰਦਰ ਉਸਦੀ ਕੋਠੜੀ ਹੈ ਇਸ ਸਰੀਰ ਦੇ ਅੰਦਰ ਮਨ ਦੀ ਕੋਠੜੀ ਰਾਹੀਂ ਸਭ ਦੇ ਵਿੱਚ ਪ੍ਰਮਾਤਮਾ ਨੇ ਆਪਣੇ ਆਪ ਨੂੰ ਲੁਕਾਇਆ ਹੋਇਆ ਹੈ, ਆਪਣਾ ਨਾਮ ਰਤਨ ਲੁਕਾਇਆ ਹੋਇਆ ਹੈ, ਆਪਣਾ ਇਹ ਧਨ ਲੁਕਾਇਆ ਹੋਇਆ ਹੈ। **(ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ॥)**

ਸਾਡੀ ਜ਼ਿੰਦਗੀ ਦਾ ਮਨੋਰਥ ਆਪਣੇ ਅੰਦਰੋਂ ਇਸ ਰਤਨ ਨੂੰ ਖੋਜਣ ਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ॥੧॥"

ਜੋ ਨਾਮ ਰਤਨ ਸਾਡੇ ਅੰਦਰ ਹੈ, ਮਨ ਦੇ ਅੰਦਰ ਹੈ, ਉਹੀ ਨਾਮ ਰਤਨ ਗੁਰਬਾਣੀ ਦੇ ਅੰਦਰ ਹੈ। ਗੁਰਬਾਣੀ ਨੂੰ ਖੋਜਣਾ ਹੀ ਆਪਣੇ ਮਨ ਨੂੰ ਖੋਜਣਾ ਹੈ ਜਿੱਥੋਂ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਇਸ

13/1406

ਰਤਨ ਨੂੰ ਕਿਵੇਂ ਖੋਜਣਾ ਹੈ ਭਾਵ ਇਸ ਨੂੰ ਕਿਵੇਂ ਪ੍ਰਾਪਤ ਕਰਨਾ ਹੈ। ਇਸ ਦੀ ਖੋਜ ਲਈ ਭਾਵ ਇਸ ਦੀ ਪ੍ਰਾਪਤੀ ਲਈ ਸਤਿਗੁਰੂ ਦੇ ਨਾਲ ਮਿਲਣਾ ਹੈ। ਜੋ ਆਪ ਸਤਿਗੁਰ ਹੈ ਉਹੀ ਨਾਮ ਰਤਨ ਹੈ। ਸਤਿਗੁਰ ਸਤਿਗੁਰ ਦੀ ਮਤਿ ਹੈ, ਸਤਿਗੁਰ ਦੀ ਸਿੱਖਿਆ ਹੈ, ਸਤਿਗੁਰ ਦਾ ਸੱਚਾ ਗਿਆਨ ਹੈ। ਅਸੀਂ ਆਪਣਾ ਮੇਲ ਸਤਿਗੁਰ ਦੀ ਸਿੱਖਿਆ ਦੇ ਨਾਲ ਹੀ ਕਰਨਾ ਹੈ, ਗੁਰਮਤਿ ਦੇ ਨਾਲ ਹੀ ਕਰਨਾ ਹੈ, ਸਤਿਗੁਰ ਦੀ ਜੋਤਿ ਦੇ ਨਾਲ ਹੀ ਕਰਨਾ ਹੈ। ਉਸਦੀ ਜੋਤ ਉਸਦਾ ਸੱਚਾ ਗਿਆਨ ਹੈ ਤੇ ਉਸਦੇ ਸੱਚੇ ਗਿਆਨ ਦੁਆਰਾ ਉਸਦੇ ਵਿੱਚ ਰਲਣਾ ਹੈ, ਉਸਦੇ ਵਿੱਚ ਸਮਾਣਾ ਹੈ ਤੇ ਇਹੀ ਉਸਦੇ ਨਾਲ ਮੇਲ ਹੈ, ਉਸਦੇ ਨਾਲ ਇੱਕ ਹੋਣਾ ਹੈ। ਮੇਲ ਸਾਡੇ ਵਿਚਾਰਾਂ ਦਾ ਹੋਣਾ ਹੈ, ਗੁਰਮਤਿ ਦੇ ਵਿਚਾਰਾਂ ਦੇ ਨਾਲ ਹੋਣਾ ਹੈ। **(ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ॥੧॥)** ਪੂਰੀ ਗੁਰਬਾਣੀ ਅਕਾਲ ਪੁਰਖ ਦੀ ਜੋਤਿ ਹੈ ਤੇ ਗੁਰਬਾਣੀ ਦੀ ਜੋਤਿ ਨਾਲ ਰਲਣਾ ਪ੍ਰਮਾਤਮਾ ਦੀ ਜੋਤਿ ਨਾਲ ਰਲਣਾ ਹੈ।

ਅਗਰ ਅਸੀਂ ਪ੍ਰਮਾਤਮਾ ਦੇ ਨਾਲ ਮਿਲਣਾ ਹੈ ਤਾਂ ਉਸਦੀ ਜੋਤਿ ਵਿੱਚ ਆਪਣੇ ਜਿਉਂਦੇ ਹੋਏ ਹੀ ਸਮਾਣਾ ਹੈ, ਮਰਨ ਤੋਂ ਬਾਅਦ ਉਸਦੇ ਨਾਲ ਮੇਲ ਨਹੀਂ ਹੋ ਸਕਦਾ। ਪ੍ਰਮਾਤਮਾ ਦੇ ਨਾਲ ਮੇਲ ਉਸਦੇ ਸੱਚੇ ਗਿਆਨ ਦੀ ਪ੍ਰਾਪਤੀ ਹੈ ਜੋ ਕਿ ਇਸ ਜੀਵਨ ਦੇ ਰਹਿੰਦਿਆਂ ਹੀ ਹੋ ਸਕਦੀ ਹੈ। ਇਹੀ ਗੱਲ ਰਹਾਉ ਵਾਲੀ ਅਗਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

"ਮਾਧੋ ਸਾਧੂ ਜਨ ਦੇਹੁ ਮਿਲਾਇ॥

ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ॥੧॥ਰਹਾਉ॥"

ਸਭ ਤੋਂ ਪਹਿਲੀ ਤਾਂ ਇਹ ਗੱਲ ਸਮਝਣ ਦੀ ਲੋੜ ਹੈ ਕਿ ਸਾਧੂ ਜਨ ਕੌਣ ਹੈ। ਉਸ ਦਾ ਸਾਧੂ ਜਨ ਉਹੀ ਹੈ ਜੋ ਉੱਪਰ ਪੰਗਤੀ ਰਾਹੀਂ ਸਮਝਾਇਆ ਹੈ। (**ਸਤਿਗੁਰੁ ਮਿਲੈ ਤ ਖੋਜੀਐ**) "**ਗੁਰੂ**" ਹੀ ਉਸਦਾ ਸਾਧੂ ਜਨ ਹੈ ਜਿਸ ਕੋਲੋਂ ਸਾਨੂੰ ਸੱਚੀ ਸਿੱਖਿਆ ਮਿਲਦੀ ਹੈ ਇੱਥੇ ਸਾਨੂੰ ਇਹੀ ਬੇਨਤੀ ਕਰਨੀ ਸਿਖਾਈ ਹੈ,

13/1407

ਪ੍ਰਮਾਤਮਾ ਅੱਗੇ ਬੇਨਤੀ ਸਿਖਾਈ ਹੈ ਕਿ ਸਾਨੂੰ ਆਪਣੇ ਸਾਧੂ ਨਾਲ ਮਿਲਾ ਦੇ ਭਾਵ ਗੁਰਬਾਣੀ ਦੀ ਸਿੱਖਿਆ ਦੇ ਨਾਲ ਮਿਲਾ ਦੇ, ਉਸਦੇ ਸੱਚੇ ਗਿਆਨ ਨਾਲ ਮਿਲਾ ਦੇ। ਜੋ ਸੱਚਾ ਗਿਆਨ, ਨਾਮ ਰਤਨ ਗੁਰੂ ਦੇ, ਸਾਧੂ ਦੇ ਕੋਲ ਹੈ ਉਹੀ ਸਾਡੇ ਮਨ ਦੀ ਕੋਠੜੀ ਦੇ ਵਿੱਚ ਗੁਪਤ ਰੂਪ ਵਿੱਚ ਹੈ। ਗੁਰਬਾਣੀ ਦਾ ਸੱਚਾ ਗਿਆਨ ਮਨ ਦੇ ਵਿੱਚੋਂ ਹੀ ਪ੍ਰਗਟ ਹੋ ਕੇ ਆਇਆ ਹੈ, ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ। ਜੇਕਰ ਮਨ ਦੇ ਵਿੱਚੋਂ "**ਨਾਮ ਰਤਨ**" ਦੇ ਦਰਸ਼ਨ ਕਰਨੇ ਹਨ, ਪ੍ਰਮਾਤਮਾ ਦੇ ਦਰਸ਼ਨ ਕਰਨੇ ਹਨ ਫਿਰ ਉਸ ਲਈ ਸਾਡੇ ਕੋਲ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਉਸਦੀ ਗੁਰਬਾਣੀ ਰਾਹੀਂ ਦਿੱਤੀ ਹੋਈ ਮਤਿ ਤੇ ਪੂਰਨ ਵਿਸ਼ਵਾਸ ਰੱਖ ਕੇ ਉਸ ਨਾਲ ਜੁੜੀਏ। ਗੁਰੂ ਦੇ ਸੱਚੇ ਗਿਆਨ ਦੇ ਨਾਲ ਮੇਲ, ਨਾਮ ਰਤਨ ਦੇ ਨਾਲ ਮੇਲ ਮਨ ਦੇ ਵਿੱਚ ਹੀ

ਹੁੰਦਾ ਹੈ। ਜਦੋਂ ਪ੍ਰਮਾਤਮਾ ਸਾਡੀ ਬੇਨਤੀ ਸੁਣ ਲੈਂਦਾ ਹੈ ਭਾਵ ਜਦੋਂ ਆਪਣੀ ਕ੍ਰਿਪਾ ਕਰ ਦਿੰਦਾ ਹੈ ਤਾਂ ਫਿਰ ਉਹ ਮਨ ਦੇ ਵਿੱਚ ਹੀ ਆਪਣੇ ਦਰਸ਼ਨ ਦਿਖਾ ਦਿੰਦਾ ਹੈ। ਆਪਣੇ ਗੁਰੂ ਰੂਪ ਦੇ ਦਰਸ਼ਨ, ਆਪਣੀ ਗੁਰਮਤਿ ਦੇ ਦਰਸ਼ਨ ਮਨ ਦੇ ਵਿੱਚੋਂ ਹੀ ਕਰਵਾ ਦਿੰਦਾ ਹੈ। ਮਨ ਦੇ ਵਿੱਚ ਉਸਦੀ ਸੱਚੀ ਮਤਿ ਉਪਜਣ ਨਾਲ ਮਨਮਤਿ ਵਾਲੀ ਬਿਰਤੀ ਦੂਰ ਹੋ ਜਾਂਦੀ ਹੈ, ਅਗਿਆਨਤਾ ਵਾਲੀ ਬਿਰਤੀ ਦੂਰ ਹੋ ਜਾਂਦੀ ਹੈ ਭਾਵ ਸਾਡੀ ਪਾਪਾਂ ਵਾਲੀ ਬਿਰਤੀ, ਮਾੜੇ ਕਰਮਾਂ ਵਾਲੀ ਬਿਰਤੀ ਦੂਰ ਹੋ ਜਾਂਦੀ ਹੈ ਕਿਉਂਕਿ ਸੱਚ ਦੀ ਸੋਝੀ ਪੈ ਜਾਂਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਦਾ ਪਦ ਪਵਿੱਤਰ ਪਦ ਹੈ, ਸਭ ਤੋਂ ਉੱਚਾ ਪਦ ਹੈ, ਸੱਚੇ ਵਿਚਾਰਾਂ ਦਾ ਪਦ ਹੈ ਤੇ ਮਨ ਦੇ ਵਿੱਚ ਉਸਦੇ ਸੱਚੇ ਵਿਚਾਰ ਹੀ ਉਪਜਦੇ ਹਨ ਜਿਸ ਦੁਆਰਾ ਇਸ ਪਦ ਦੀ ਪ੍ਰਾਪਤੀ ਹੁੰਦੀ ਹੈ **(ਮਾਧੋ ਸਾਧੂ ਜਨ ਦੇਹੁ ਮਿਲਾਇ॥ ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ॥੧॥ਰਹਾਉ॥)**

ਇਹ ਪਵਿੱਤਰ ਪਦ ਨਾਮ ਰਤਨ ਦੀ, ਰਾਮ ਨਾਮ ਧਨ ਦੀ ਪ੍ਰਾਪਤੀ ਦਾ ਪਦ ਹੈ। ਅਸੀਂ ਇਸ ਪਦ ਦੀ ਪ੍ਰਾਪਤੀ ਕਿਉਂ ਨਹੀਂ ਕਰ ਸਕਦੇ ਭਾਵ ਇਸ ਵਿੱਚ ਰੁਕਾਵਟ ਕਿਸ ਗੱਲ ਕਾਰਣ ਹੈ, ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

13/1408

"ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥"

"ਪੰਚ ਚੋਰ" ਕੀ ਹਨ ਇਸ ਗੱਲ ਨੂੰ ਹਰ ਕੋਈ ਸਮਝਦਾ ਹੀ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਹ ਉਹ ਚੋਰ ਹਨ, ਸਾਡੇ ਔਗੁਣ ਹਨ ਜਿੰਨ੍ਹਾਂ ਦਾ ਜ਼ਿਕਰ ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ। ਜੇਕਰ ਇਹ ਔਗੁਣ ਹਨ ਤਾਂ ਫਿਰ ਇਹ ਚੋਰੀ ਕਿਸ ਦੀ ਕਰਦੇ ਹਨ। ਅਣਜਾਣ ਤੋਂ ਅਣਜਾਣ ਮਨੁੱਖ ਵੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਔਗੁਣਾਂ ਨਾਲ ਸਾਡੇ ਅੰਦਰ ਦੇ ਗੁਣਾਂ ਦੀ ਚੋਰੀ ਹੁੰਦੀ ਹੈ। ਜਿੱਥੇ ਗੁਣ ਹੈ ਉੱਥੇ ਗੁਰਮਤਿ ਹੈ, ਸੱਚ ਹੈ, ਨਾਮ ਹੈ। ਸਾਡੇ ਜੀਵਨ ਦਾ ਮਕਸਦ ਸੱਚ ਨਾਲ, ਗੁਣੀ ਬਣਕੇ ਵਿਚਰਨ ਦਾ ਹੈ, ਮਾੜੇ ਕੰਮਾਂ ਤੋਂ ਬਚਣ ਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚਣ ਦਾ ਹੈ ਜੋ ਕਿ ਸਾਡੇ ਲਈ ਗੁਰੂ ਦੀ ਸੱਚੀ ਸਿੱਖਿਆ ਹੈ। ਗੁਰੂ ਦੀ ਸੱਚੀ ਸਿੱਖਿਆ ਦੇ ਨਾਲ ਜੁੜ ਕੇ ਹੀ ਉਹੋ ਜਿਹੇ ਕਰਮ ਕਰ ਸਕਦੇ ਹਾਂ, ਉਹੋ ਜਿਹੀ ਸੱਚੀ ਸੁੱਚੀ ਕਰਨੀ ਕਰ ਸਕਦੇ ਹਾਂ ਜੋ ਗੁਰੂ ਨੂੰ ਭਾਉਂਦੀ ਹੈ। ਫਿਰ ਰਾਮ ਨਾਮ ਧਨ ਕੀ ਹੋਇਆ, ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਇਹ ਗੁਰੂ ਦੀ ਸੱਚੀ ਮਤਿ ਦਾ ਧਨ ਹੈ, ਸੱਚੀ ਸਿੱਖਿਆ ਦਾ ਧਨ ਹੈ, ਸੱਚੇ ਗਿਆਨ ਦਾ ਧਨ ਹੈ, ਸੱਚੇ ਗੁਣਾਂ ਦਾ ਧਨ ਹੈ, ਸਾਡੀ ਸੱਚੀ ਕਰਨੀ ਦਾ ਧਨ ਹੈ, ਸਾਡੇ ਪਰਉਪਕਾਰਾਂ ਦਾ ਧਨ ਹੈ ਤੇ ਪੰਜ ਚੋਰ ਸਾਨੂੰ ਇਹੋ ਜਿਹੀ ਕਰਨੀ ਤੋਂ ਰੋਕਦੇ ਹਨ, ਉਸ ਵਿੱਚ ਰੁਕਾਵਟ ਪਾਉਂਦੇ ਹਨ। ਧਿਆਨ ਨਾਲ ਵਿਚਾਰ ਕੇ ਦੇਖੋ ਕਿ ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ, ਮਾਇਆ ਮੋਹ ਵਿੱਚ ਫਸਦੇ ਹਾਂ ਉਨ੍ਹਾਂ ਵਿੱਚ ਇਹ ਪੰਜੇ ਵਿਕਾਰ ਕਿਸੇ ਨਾ ਕਿਸੇ ਰੂਪ ਵਿੱਚ ਸ਼ਾਮਿਲ ਹੁੰਦੇ ਹਨ। ਅਸੀਂ ਪ੍ਰਾਪਤੀ ਤਾਂ ਨਾਮ ਧਨ ਦੀ ਕਰਨੀ ਹੈ ਤੇ ਇਸ ਲਈ ਸਾਡੇ ਲਈ ਸਭ ਤੋਂ ਜਰੂਰੀ ਇਹੀ ਗੱਲ ਹੈ ਕਿ ਅਸੀਂ ਇਨ੍ਹਾਂ ਪੰਜਾਂ ਚੋਰਾਂ ਨੂੰ ਕਾਬੂ ਵਿੱਚ ਰੱਖੀਏ।

13/1409

ਇਹ ਚੋਰ ਕਿਵੇਂ ਕਾਬੂ ਵਿੱਚ ਆਉਂਦੇ ਹਨ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥"

ਪਹਿਲੇ ਸਾਨੂੰ ਉੱਪਰ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਨਾਮ ਰਤਨ ਨੂੰ ਗੁਰੂ ਦੇ ਨਾਲ ਮਿਲ ਕੇ ਖੋਜਣਾ ਹੈ ਭਾਵ ਗੁਰੂ ਦੀ ਸਿੱਖਿਆ ਦੇ ਨਾਲ ਮਿਲ ਕੇ ਖੋਜਣਾ ਹੈ **(ਸਤਿਗੁਰੁ ਮਿਲੈ ਤ ਖੋਜੀਐ)** ਉਹੀ ਗੱਲ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਉਹ ਖੋਜ ਅਸੀਂ ਕਿਸ ਤਰੀਕੇ ਨਾਲ ਕਰਨੀ ਹੈ। ‘‘ਗੁਰੂ’’ ਗੁਰਮਤਿ ਹੈ ਭਾਵ ਅਸੀਂ ਆਪਣੇ ਆਪ ਨੂੰ ਗੁਰਮਤਿ ਦੁਆਰਾ ਖੋਜਣਾ ਹੈ। ਸਾਨੂੰ ਗੁਰਮਤਿ ਨੇ ਹੀ ਸੋਝੀ ਪਾਉਣੀ ਹੈ ਕਿ ਨਾਮ ਧਨ ਦੀ ਪ੍ਰਾਪਤੀ ਕਿਵੇਂ ਹੋਣੀ ਹੈ। ਗੁਰਮਤਿ ਸਾਨੂੰ ਇਹ ਸਮਝਾ ਰਹੀ ਹੈ ਕਿ ਪੰਜ ਚੋਰ ਸਾਡੇ ਅੰਦਰੋਂ ਨਾਮ ਧਨ ਦੀ ਚੋਰੀ ਕਰਦੇ ਹਨ ਤੇ ਪਹਿਲਾਂ ਇਨ੍ਹਾਂ ਚੋਰਾਂ ਨੂੰ ਪਕੜਨਾ ਜਰੂਰੀ ਹੈ। ਗੁਰੂ ਦਾ ਦਿੱਤਾ ਹੋਇਆ ਗਿਆਨ ਸੱਚਾ ਹੈ ਤੇ ਉਹੀ ਸਾਡੀ ਸੱਚੀ ਰਾਸਿ ਹੈ। ਮਨਮਤਿ ਸਾਡੀ ਕੱਚੀ ਰਾਸਿ ਹੈ ਕਿਉਂਕਿ ਇਸ ਦੇ ਰਹਿੰਦਿਆਂ ਸਾਨੂੰ ਸੱਚੀ ਸੋਝੀ ਨਹੀਂ ਪੈਂਦੀ ਤੇ ਅਸੀਂ ਵਿਕਾਰਾਂ ਵਿੱਚੋਂ ਨਿਕਲਣ ਦਾ ਉੱਦਮ ਨਹੀਂ ਕਰਦੇ। ਸਾਬਤ ਰਾਸਿ ਪੂਰਨ ਗੁਰਮਤਿ ਦੀ ਰਾਸਿ ਹੈ, ਗੁਰੂ ਦੇ ਸੱਚੇ ਗਿਆਨ ਦੀ ਰਾਸਿ ਹੈ। ਅਸੀਂ ਉਭਰਨਾ ਮਨਮਤਿ ਦੇ ਵਿੱਚੋਂ ਹੀ ਹੈ, ਮਾੜੇ ਵਿਚਾਰਾਂ ਦੇ ਵਿੱਚੋਂ ਹੀ ਹੈ। ਜੇਕਰ ਸਾਡੀ ਰਾਸਿ ਸਾਬਤ ਹੈ ਭਾਵ ਜਦੋਂ ਅਸੀਂ ਗੁਰਮਤਿ ਨੂੰ ਅਪਣਾ ਲਿਆ ਹੈ, ਉਸਦੀ

ਗੱਲ ਮੰਨ ਕੇ ਆਪਣੇ ਚੋਰਾਂ ਨੂੰ ਕਾਬੂ ਕਰ ਲਿਆ ਹੈ ਇਸ ਤਰ੍ਹਾਂ ਸਾਨੂੰ ਨਾਮ ਧਨ ਦੀ ਪ੍ਰਾਪਤੀ ਹੁੰਦੀ ਹੈ ਭਾਵ ਅਸੀਂ ਆਪਣਾ ਜੀਵਨ ਨਾਮ ਧਨ ਅਨੁਸਾਰ, ਗੁਰਮਤਿ ਅਨੁਸਾਰ ਵਿਚਰਦੇ ਹਾਂ। **(ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥)** ਇਹ ਪੰਜ ਚੋਰ ਸਾਡੇ

13/1410

ਅੰਦਰ ਰਾਸਿ ਨੂੰ ਸਾਬਤ ਨਹੀਂ ਰਹਿਣ ਦਿੰਦੇ, ਗੁਰਮਤਿ ਦੀ ਪੂੰਜੀ ਨੂੰ ਸਾਬਤ ਨਹੀਂ ਰਹਿਣ ਦਿੰਦੇ ਕਿਉਂਕਿ ਇਹ ਉਸਦੀ ਚੋਰੀ ਕਰੀ ਜਾਂਦੇ ਹਨ। ਜਿਸ ਮਨ ਵਿੱਚ ਸਾਬਤ ਰਾਸਿ ਹੈ, ਪੂਰੀ ਗੁਰਮਤਿ ਹੈ ਉੱਥੇ ਇਹ ਚੋਰ ਨਹੀਂ ਹੁੰਦੇ ਤੇ ਤਾਂ ਹੀ ਮਨੁੱਖ ਦੀ ਵਿਚਰਨ ਸੱਚੀ ਸੁੱਚੀ ਹੁੰਦੀ ਹੈ। ਜਦ ਤੱਕ ਅਸੀਂ ਅਗਿਆਨਤਾ ਵਿੱਚ ਹਾਂ ਭਾਵ ਜਦ ਤੱਕ ਸਾਨੂੰ ਗੁਰਮਤਿ ਦੀ ਸਹੀ ਸੋਝੀ ਨਹੀਂ ਹੈ, ਜਦ ਤੱਕ ਸਾਡੀ ਰਾਸਿ ਪੂਰੀ ਨਹੀਂ ਹੈ ਤਦ ਤੱਕ ਅਸੀਂ ਅਗਿਆਨਤਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਅਪਣਾਉਂਦੇ ਹਾਂ ਭਾਵ ਕਥਨੀ ਦੁਆਰਾ ਹੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ। ਇੱਕ ਅੱਖਰ ਦੇ ਜਪ ਨੂੰ ਹੀ ਆਪਣੀ ਨਾਮ ਦੀ ਰਾਸਿ ਸਮਝੀ ਬੈਠੇ ਹਾਂ। ਸਾਡੇ ਇਹੋ ਜਿਹੇ ਤਰੀਕੇ ਸਭ ਵਿਅਰਥ ਹੀ ਹਨ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ॥

ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ॥੩॥"

ਹਰ ਕੋਈ ਮੋਹ ਮਾਇਆ ਵਿੱਚ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਤਰੀਕਾ ਹੈ। ਕੋਈ ਮਾਇਆ ਮੋਹ ਵਿੱਚ ਬਹੁਤ ਜਿਆਦਾ ਗਲਤਾਨ ਹੈ, ਕੋਈ ਉਸ ਵਿੱਚੋਂ ਕਾਫੀ ਹੱਦ ਤੱਕ ਉਭਰਿਆ ਹੋਇਆ ਹੈ। ਇਹ ਸਭ ਕੁੱਝ ਸਾਡੇ ਮਨ ਦੇ ਵਿਚਾਰ ਹੀ ਹਨ। ਜਿਸ ਵਿੱਚ ਜਿਤਨਾ ਜਿਆਦਾ ਮਾਇਆ ਮੋਹ ਹੈ ਉਹ ਮਾਇਆ ਇਕੱਠੀ ਕਰਨ ਵਿੱਚ ਉਤਨਾ ਹੀ ਔਗੁਣਾਂ ਦਾ ਸਹਾਰਾ ਲੈਂਦਾ ਹੈ , ਪੰਜ ਚੋਰਾਂ ਦਾ ਸਹਾਰਾ ਲੈਂਦਾ ਹੈ। ਜਦ ਤੱਕ ਸਾਡੇ ਮਨ ਦੇ ਅੰਦਰ ਮਾਇਆ ਮਾਇਆ ਹੋ ਰਹੀ ਹੈ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਜੋ ਕੋਈ ਵੀ ਉਪਰਾਲੇ ਕਰਦੇ ਹਾਂ ਉਹ ਕੇਵਲ ਸਾਡਾ ਭਰਮ ਹੈ ਕਿ ਅਸੀਂ ਪ੍ਰਮਾਤਮਾ ਨੂੰ ਜਪ ਰਹੇ ਹਾਂ। ਇਹ ਕੇਵਲ ਪ੍ਰਮਾਤਮਾ

13/1411

ਨੂੰ ਪਾਉਣ ਦਾ ਪਾਖੰਡ ਕਰਨ ਵਾਲੀ ਗੱਲ ਹੈ। ਮਾਇਆ ਮੋਹ ਵਿੱਚ ਰਹਿ ਕੇ ਅਸੀਂ ਉਹੋ ਜਿਹੇ ਕਰਮ ਨਹੀਂ ਕਰ ਸਕਦੇ, ਉਹੋ ਜਿਹੀ ਕਰਨੀ ਨਹੀਂ ਕਰ ਸਕਦੇ ਜਿਹੋ ਜਿਹੀ ਸਾਨੂੰ ਗੁਰੂ ਜੀ ਕਰਨ ਲਈ ਸਮਝਾਉਂਦੇ ਹਨ। ਮਾਇਆ ਮੋਹ ਸਾਡੀ ਅਗਿਆਨਤਾ ਦਾ ਨਤੀਜਾ ਹੈ ਜਿਸ ਦੇ ਰਹਿੰਦੇ ਅਸੀਂ ਆਪਣਾ ਅਸਲ ਧਰਮ ਨਹੀਂ ਸਮਝਦੇ ਪਰ ਉਸ ਦਾ ਦਿਖਾਵਾ ਜਰੂਰ ਕਰਦੇ ਹਾਂ। ਇਹ ਸਾਡਾ ਭਰਮ ਹੈ, ਪਾਖੰਡ ਹੈ। ਜਦ ਤੱਕ ਸਾਡੇ ਹਿਰਦੇ ਅੰਦਰ ਸੱਚ ਨਹੀਂ ਵੱਸਦਾ, ਸੱਚੀ ਸੋਝੀ ਨਹੀਂ ਵੱਸਦੀ, ਨਾਮ ਧਨ ਨਹੀਂ ਵੱਸਦਾ ਤਦ ਤੱਕ ਅਸੀਂ ਇਹੋ ਜਿਹੇ ਤਰੀਕਿਆਂ ਨਾਲ ਹੀ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। **(ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ॥)**

{ਹਿਰਦੈ ਸਚੁ ਏਹ ਕਰਣੀ ਸਾਰੁ॥ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੨)

ਇਹ ਸਭ ਸਾਡੀ ਅਗਿਆਨਤਾ ਕਰਕੇ ਹੈ, ਸੱਚੀ ਸੋਝੀ ਨਾ ਹੋਣ ਕਰਕੇ ਹੈ। ਸੱਚੀ ਸੋਝੀ ਕੇਵਲ ਗਰੂ ਪ੍ਰਮਾਤਮਾ ਦੇ ਕੋਲ ਹੈ। ਅਗਿਆਨਤਾ ਵਿੱਚੋਂ ਸਾਨੂੰ ਉਹ ਆਪ ਹੀ ਕੱਢ ਸਕਦਾ ਹੈ, ਸਾਡੇ ਅੰਦਰ ਪ੍ਰਗਟ ਹੋ ਕੇ ਕੱਢ ਸਕਦਾ ਹੈ। ਉਸਦਾ ਪੂਰਾ ਨਾਮ ਧਨ ਮਨ ਦੇ ਅੰਦਰ ਹੀ ਪ੍ਰਗਟ ਹੁੰਦਾ ਹੈ ਜੋ ਕਿ ਉਸਦੇ ਗਿਆਨ ਦਾ ਧਨ ਹੈ, ਉਸਦੇ ਗਿਆਨ ਦੀ ਰਾਸਿ ਹੈ। ਜਦੋਂ ਸਾਨੂੰ ਇਹ ਨਾਮ ਧਨ ਮਨ ਦੇ ਵਿੱਚੋਂ ਹੀ ਉਸ ਸਾਧੂ ਪ੍ਰਮਾਤਮਾ ਕੋਲੋਂ ਮਿਲਦਾ ਹੈ ਫਿਰ ਇਹ ਸਾਡੀ ਰਾਸਿ ਸਾਬਤ ਹੀ ਰਹਿੰਦੀ ਹੈ ਕਿਉਂਕਿ ਸਾਡੇ ਅੰਦਰ ਚੋਰ ਵੀ ਉਸਦੇ ਆਪਣੇ ਲਾਏ ਹੋਏ ਹੀ ਹਨ ਤੇ ਜਿੱਥੇ ਉਹ ਮੇਲ ਕਰ ਲੈਂਦਾ ਹੈ ਉੱਥੇ ਉਹ ਆਪਣੀ ਸੱਚੀ ਸੋਝੀ ਪਾ ਕੇ ਚੋਰਾਂ ਨੂੰ ਵੱਸ ਵਿੱਚ ਕਰ ਦੇਂਦਾ ਹੈ। ਫਿਰ ਮਨੁੱਖ ਮਾਇਆ ਮਾਇਆ ਨਹੀਂ ਕਰਦਾ ਭਾਵ ਉਸ ਵਿੱਚ ਗਲਤਾਨ

13/1412

ਨਹੀਂ ਹੁੰਦਾ ਤੇ ਉਸ ਦੀ ਸੱਚੀ ਮਤਿ ਦੁਆਰਾ ਵਿਚਰਦਾ ਹੈ। **(ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ॥ ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ॥੩॥)**

ਗੁਰੂ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਧਨ ਉਸਦੀ ਸੱਚੀ ਰਾਸਿ ਹੈ ਜੋ ਉਸ ਦੇ ਕੋਲੋਂ ਹੀ ਮਿਲਦੀ ਹੈ ਤੇ ਫਿਰ ਉਸਨੂੰ ਉਹ ਸਾਬਤ ਹੀ ਰੱਖਦਾ ਹੈ, ਕਦੇ ਘੱਟਣ ਨਹੀਂ ਦਿੰਦਾ ਕਿਉਂਕਿ ਉਸ ਤੋਂ ਬਾਅਦ ਇਸ ਦੀ ਚੋਰੀ ਹੁੰਦੀ ਹੀ ਨਹੀਂ। ਇਸੇ ਲਈ ਇਹ ਧਨ ਨਿਖੁਟ ਹੈ।

{ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ॥

ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥}

(ਅੰਗ ੧੧੦੧)

ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ ਕਿ ਉਸਦੇ ਸੱਚੇ ਗਿਆਨ ਦਾ ਰੂਪ ਉਸ ਦਾ **"ਸਾਧ"** ਰੂਪ ਹੈ ਜੋ ਕਿ ਉਸਦਾ ਗੁਰੂ ਰੂਪ ਹੈ। ਜਿਸ ਨੂੰ ਉਹ ਆਪਣਾ ਸੱਚਾ ਗਿਆਨ ਬਖਸ਼ਦਾ ਹੈ ਆਪਣਾ ਇਹੀ ਰੂਪ ਬਖਸ਼ਦਾ ਹੈ ਭਾਵ ਆਪਣੇ ਇਸ ਰੂਪ ਦੁਆਰਾ ਹੀ ਉਹ ਆਪਣੇ ਨਾਲ ਸਾਨੂੰ ਮੇਲਦਾ ਹੈ। ਇਹ ਕੇਵਲ ਉਸਦੀ ਆਪਣੀ ਕਿਰਪਾ ਹੈ।

(ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ॥) ਸੱਚੇ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦਾ ਮਨ ਸੰਤੋਖ ਵਿੱਚ ਆਉਂਦਾ ਹੈ, ਮਾਇਆ ਮੋਹ ਵਿੱਚੋਂ ਨਿਕਲਦਾ ਹੈ ਤੇ ਫਿਰ ਇਹੋ ਜਿਹੇ ਵਿਚਾਰਾਂ ਦੁਆਰਾ ਵਿਚਰਦਾ ਹੈ ਭਾਵ ਔਗੁਣ ਰਹਿਤ ਹੋ ਕੇ, ਗੁਰੂ ਦੇ ਸਮਝਾਏ ਹੋਏ ਗੁਣਾਂ ਦੁਆਰਾ ਵਿਚਰਦਾ ਹੈ। ਇਹੀ ਪ੍ਰਮਾਤਮਾ ਦੇ ਹਰ ਵੇਲੇ ਗੁਣ ਗਾਉਣਾ ਹੈ ਭਾਵ ਹਰ ਵੇਲੇ ਸੱਚੀ ਬਿਰਤੀ ਵਿੱਚ ਰਹਿਣਾ ਹੈ ਜੋ ਕਦੇ ਮਾਇਆ ਮੋਹ ਵਿੱਚ ਨਹੀਂ ਡੋਲਦੀ। **(ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ॥੪॥੧॥੩॥)** ਇਹ ਮਨ ਦੇ ਸੰਤੋਖ ਦੀ ਅਵੱਸਥਾ ਹੈ, ਮਾਇਆ ਦੀ ਤ੍ਰਿਸ਼ਨਾ ਵਿੱਚੋਂ ਨਿਕਲਣ ਦੀ ਅਵੱਸਥਾ ਹੈ।

13/1413

ਜਦ ਤੱਕ ਉਹ ਸਾਡੇ ਹਿਰਦੇ ਵਿੱਚ ਵੱਸਦਾ ਨਹੀਂ ਤਦ ਤੱਕ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਰਾਮ ਨਾਮ ਧਨ ਦੀ ਪ੍ਰਾਪਤੀ ਬਿਨ੍ਹਾਂ, ਸਾਬਤ ਰਾਸਿ ਦੀ ਪ੍ਰਾਪਤੀ ਬਿਨ੍ਹਾਂ ਭਾਵ ਪੰਜ ਚੋਰਾਂ ਨੂੰ ਵੱਸ ਕੀਤੇ ਬਿਨ੍ਹਾਂ ਉਸ ਦੇ ਗੁਣ ਨਹੀਂ ਗਾਏ ਜਾ ਸਕਦੇ। ਇਸੇ ਲਈ ਉੱਪਰ ਸ਼ਬਦ ਵਿੱਚ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਮਾਇਆ ਮੋਹ ਵਿੱਚ ਗਲਤਾਨ ਹੋ ਕੇ ਅਸੀਂ ਭਰਮ ਵਿੱਚ ਹੀ ਜਪ ਤਪ ਆਦਿ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਜੋ ਕਿ ਕੇਵਲ ਪਾਖੰਡ ਹੀ ਹੈ। ਉਸਦੇ ਗੁਣ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਗਾਏ ਜਾ ਸਕਦੇ ਹਨ। ਅਸੀਂ ਜੋ ਵੀ ਸੱਚੀ ਸੁੱਚੀ ਕਰਨੀ ਕਰਦੇ ਹਾਂ ਇਸ ਵਿੱਚ ਗੁਰਮਤਿ ਹੈ ਤੇ ਇਹੀ ਉਸਦੇ ਗੁਣ ਗਾਉਣੇ ਹਨ।

ਭਗਤੀ ਕੇਵਲ ਗੁਣਾਂ ਤੇ ਚੱਲਣ ਦਾ ਮਾਰਗ ਹੈ ਭਾਵ ਗੁਣਾਂ ਦੁਆਰਾ ਵਿਚਰਨ ਦਾ ਮਾਰਗ ਹੈ ਜੋ ਕਿ ਕੇਵਲ ਔਗੁਣਾਂ ਵਿੱਚੋਂ ਨਿਕਲ ਕੇ ਹੀ ਹੋ ਸਕਦੀ ਹੈ। ਪ੍ਰਮਾਤਮਾ ਭਗਤੀ ਕਿਸ ਕੋਲੋਂ ਕਰਵਾਉਂਦਾ ਹੈ, ਕਿਸਨੂੰ ਆਪਣੀ ਭਗਤੀ ਬਖਸ਼ਦਾ ਹੈ, ਇਹ ਕੇਵਲ ਉਸਦੀ ਆਪਣੀ ਰਜ਼ਾ ਹੈ। ਭਗਤੀ ਸਾਡੇ ਮਨ ਦੇ ਵਿਚਾਰਾਂ ਦੁਆਰਾ ਹੋਣੀ ਹੈ, ਮਨ ਦੀ ਭਾਵਨੀ ਦੁਆਰਾ ਹੋਣੀ ਹੈ, ਮਨ ਦੀ ਨੀਅਤ ਦੁਆਰਾ ਹੋਣੀ ਹੈ। ਇਹ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਬਲਕਿ ਅਸੀਂ ਇਹਨਾਂ ਦੇ ਵੱਸ ਹਾਂ। ਸਾਡੀ ਨੀਅਤ ਨੂੰ ਮਾੜਾ ਰੱਖਣਾ ਜਾਂ ਉਸਨੂੰ ਚੰਗਾ ਬਣਾਉਣਾ ਇਹ ਕੇਵਲ ਪ੍ਰਮਾਤਮਾ ਦੇ ਵੱਸ ਹੀ ਹੈ ਜੋ ਸਭ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹੀ ਵਿਚਰ ਰਿਹਾ ਹੈ।

{ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥}

(ਜਪੁਜੀ ਬਾਣੀ)

ਅਸੀਂ ਆਪਣੇ ਆਪ ਗੁਣੀ ਬਣ ਜਾਈਏ ਇਹ ਨਹੀਂ ਹੋ ਸਕਦਾ।

13/1414

ਉਸਦੇ ਦਿੱਤੇ ਬਿਨ੍ਹਾਂ ਸਾਨੂੰ ਗੁਣ ਨਹੀਂ ਮਿਲ ਸਕਦੇ ਤੇ ਬਿਨ੍ਹਾਂ ਗੁਣਾਂ ਤੋਂ ਉਸਦੀ ਭਗਤੀ ਨਹੀਂ ਹੋ ਸਕਦੀ। ਅਸੀਂ ਆਪਣੀ ਜਿੰਦਗੀ

ਵਿੱਚ ਜੋ ਕੁੱਝ ਵੀ ਕਰਨਾ ਹੈ ਅਗਰ ਅਸੀਂ ਉਹ ਕੁੱਝ ਗੁਣਾਂ ਦੁਆਰਾ ਕਰਦੇ ਹਾਂ ਤੇ ਇਹ ਉਸਦੀ ਭਗਤੀ ਹੈ। ਜੋ ਕੁੱਝ ਅਸੀਂ ਜਿੰਦਗੀ ਵਿੱਚ ਔਗੁਣਾਂ ਰਾਹੀਂ ਵਿਚਰਦੇ ਹਾਂ, ਉਹ ਪ੍ਰਮਾਤਮਾ ਦੀ ਭਗਤੀ ਦੇ ਉਲਟ ਹੈ ਜੋ ਕਿ ਸਾਡੇ ਅੰਦਰੋਂ ਨਾਮ ਧਨ ਦੀ ਚੋਰੀ ਹੈ ਭਾਵ ਸਾਡੇ ਔਗੁਣ ਸਾਡੇ ਗੁਣਾਂ ਦੇ ਚੋਰ ਹਨ, ਸਾਡੇ ਮਾੜੇ ਵਿਚਾਰ ਸਾਡੇ ਚੰਗੇ ਵਿਚਾਰਾਂ ਦੇ ਚੋਰ ਹਨ। ਇਸੇ ਲਈ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਸੱਚੀ ਕਿਰਪਾ ਕਰਦਾ ਹੈ ਉਸਨੂੰ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ, ਵਿਕਾਰਾਂ ਵਿੱਚੋਂ ਕੱਢ ਲੈਂਦਾ ਹੈ ਤੇ ਉਸਨੂੰ ਆਪਣੇ ਗੁਣ ਬਖਸ਼ ਕੇ ਸੱਚੀ ਸੁੱਚੀ ਕਰਨੀ ਕਰਵਾਉਂਦਾ ਹੈ, ਆਪਣੀ ਭਗਤੀ ਕਰਵਾਉਂਦਾ ਹੈ, ਆਪਣਾ ਨਾਮ ਜਪਾਉਂਦਾ ਹੈ। ਸਭ ਕੁਝ ਸਾਡੇ ਮਨ ਦੇ ਵਿਚਾਰਾਂ ਦੇ ਹੱਥ ਹੈ ਕਿ ਉਹ ਸਾਨੂੰ ਸੋਝੀ ਕਿਹੋ ਜਿਹੀ ਪਾਉਂਦੇ ਹਨ। ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਇਹ ਨਹੀਂ ਸਮਝ ਸਕਦੇ ਕਿ ਅਸਲ ਭਗਤੀ ਕੀ ਹੈ, ਸੋਝੀ ਸਾਨੂੰ ਗਿਆਨ ਦੁਆਰਾ ਹੀ ਪੈਂਦੀ ਹੈ। ਗੁਰੂ ਸਾਨੂੰ ਆਪਣੀ ਗੁਰਬਾਣੀ ਰਾਹੀਂ ਸੱਚੀ ਸੋਝੀ ਹੀ ਪਾ ਰਿਹਾ ਹੈ ਪਰ ਇਸਨੂੰ ਸਮਝਣਾ ਵੀ ਸਾਡੇ ਵੱਸ ਨਹੀਂ ਹੈ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਬਿਨ੍ਹਾਂ ਗੁਣਾਂ ਤੋਂ ਭਗਤੀ ਨਹੀਂ ਹੁੰਦੀ ਜੋ ਕਿ ਉਪਰਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ ਪਰ ਫਿਰ ਵੀ ਅਸੀਂ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਹੁੰਦੇ ਤੇ ਉਲਟਾ ਇਹ ਕਹਿੰਦੇ ਹਾਂ ਤੇ ਪ੍ਰਚਾਰ ਕਰਦੇ ਹਾਂ ਕਿ ਜਦੋਂ ਭਗਤੀ ਕਰਾਂਗੇ, ਨਾਮ ਆਦਿ ਜਪਾਂਗੇ ਜੋ ਕਿ ਅਸੀਂ ਮੁੱਖੋਂ ਬੋਲ ਬੋਲ ਕੇ ਜਪ ਤਪ ਕਰਨਾ ਆਦਿ ਸਮਝਦੇ ਹਾਂ, ਫਿਰ ਗੁਣ ਆਪੇ ਹੀ ਮਿਲ ਜਾਣਗੇ ਭਾਵ ਔਗੁਣ ਆਪੇ ਹੀ ਨਿਕਲ ਜਾਣਗੇ।

13/1415

ਅਸੀਂ ਔਗੁਣ ਛੱਡਣ ਨੂੰ ਭਗਤੀ ਨਹੀਂ ਸਮਝਦੇ ਤੇ ਉਲਟਾ ਸਰੀਰਕ ਜਪ ਤਪ ਨੂੰ, ਕਥਨੀ ਨੂੰ ਔਗੁਣ ਛੱਡਣਾ ਸਮਝਦੇ ਹਾਂ ਕਿ ਅਸੀਂ ਪ੍ਰਮਾਤਮਾ ਦੇ ਬੜੇ ਗੁਣ ਗਾ ਰਹੇ ਹਾਂ। ਉਸਦੇ ਗੁਣ ਗੁਣੀ ਬਣ ਕੇ ਹੀ ਗਾਏ ਜਾ ਸਕਦੇ ਹਨ ਤੇ ਹੋਰ ਉਸਦੇ ਗੁਣ ਗਾਉਣ ਦਾ, ਭਗਤੀ ਕਰਨ ਦਾ, ਉਸਨੂੰ ਸਿਮਰਨ ਦਾ, ਉਸਨੂੰ ਜਪਣ ਦਾ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਦੀ ਸਾਡੇ ਤੇ ਵੱਡੀ ਕਿਰਪਾ ਹੋਵੇਗੀ ਜਦੋਂ ਸਾਨੂੰ ਇਸ ਗੱਲ ਦੀ ਸੋਝੀ ਪੈ ਜਾਵੇਗੀ। ਜਿਸਨੂੰ ਉਹ ਭਰਮ ਵਿੱਚ ਹੀ ਰੱਖਣਾ ਚਾਹੁੰਦਾ ਹੈ ਉਸਨੂੰ ਭਰਮ ਵਿੱਚੋਂ ਕੋਈ ਨਹੀਂ ਕੱਢ ਸਕਦਾ।

ਅਸੀਂ ਸਾਰੇ ਗੱਲਾਂ ਤਾਂ ਨਾਮ ਜਪਣ ਦੀਆਂ ਕਰਦੇ ਹਾਂ ਪਰ ਇਹਨਾਂ ਨਾਮ ਦੇ ਚੋਰਾਂ ਨੂੰ ਨਾ ਅਸੀਂ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤੇ ਨਾ ਹੀ ਇਹਨਾਂ ਨੂੰ ਫੜਨ ਦਾ ਕੋਈ ਉੱਦਮ ਕਰਦੇ ਹਾਂ। ਸਾਡੇ ਅੰਦਰ ਇੱਕੋ ਗੱਲ ਬੈਠੀ ਹੋਈ ਹੈ ਕਿ ਸਮਾਧੀ ਲਗਾ ਕੇ ਇੱਕ ਅੱਖਰ ਦਾ ਜਾਪ ਕਰੀ ਜਾਣਾ ਹੈ ਤੇ ਹੋਰ ਕਿਸੇ ਉੱਦਮ ਦੀ ਲੋੜ ਨਹੀਂ ਹੈ। ਇਹੋ ਕੁੱਝ ਅਸੀਂ ਕਰਦੇ ਹਾਂ ਤੇ ਦੁਨੀਆਂ ਨੂੰ ਕਰਨਾ ਸਿਖਾਉਂਦੇ ਹਾਂ। ਇਸੇ ਗੱਲ ਕਰਕੇ ਅਸੀਂ ਆਪ ਵੱਡੇ ਬਣੇ ਹੋਏ ਹਾਂ ਭਾਵ ਸਾਨੂੰ ਆਪ ਵਡਿਆਈਆਂ ਮਿਲ ਰਹੀਆਂ ਹਨ ਤੇ ਇਹੋ ਜਿਹੀ ਵਡਿਆਈ ਦਾ ਅਸੀਂ ਪ੍ਰਚਾਰ ਕਰ ਰਹੇ ਹਾਂ। ਪ੍ਰਮਾਤਮਾ ਦੀ ਵਡਿਆਈ ਕਿਸ ਗੱਲ ਵਿੱਚ ਹੈ ਇਸਦੀ ਸਾਨੂੰ ਸਮਝ ਨਹੀਂ ਹੈ। ਸਰੀਰਕ ਜਪਾਂ ਤਪਾਂ ਦੁਆਰਾ ਸਾਡੀ ਆਪਣੀ ਵਡਿਆਈ ਹੁੰਦੀ ਹੈ ਨਾ ਕਿ ਪ੍ਰਮਾਤਮਾ ਦੀ। ਪ੍ਰਮਾਤਮਾ ਦੀ ਵਡਿਆਈ ਕੇਵਲ ਸੱਚ ਤੇ ਚੱਲਣ ਦੁਆਰਾ ਹੀ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸੱਚ ਨੂੰ ਉੱਚਾ ਕਰਨਾ ਗੁਰੂ ਨੂੰ ਉੱਚਾ ਕਰਨਾ ਹੈ, ਗੁਰੂ ਨੂੰ ਵਡਿਆਣਾ ਹੈ।

{ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥
ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥}

(ਅੰਗ ੧੨੩੯)

13/1416

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥੮॥੮॥}

(ਅੰਗ ੫੮)

ਅਸੀਂ ਅਗਿਆਨਤਾ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਹੀ ਵੱਡਾ ਕਰੀ ਜਾ ਰਹੇ ਹਾਂ, ਆਪਣੀ ਸੁਰਤਿ ਹੋਰ ਉੱਚੀ ਕਰੀ ਜਾ

ਰਹੇ ਹਾਂ, ਆਪਣੀ ਹਉਮੈ ਹੋਰ ਵਧਾਈ ਜਾ ਰਹੇ ਹਾਂ, ਆਪਣੀ ਕੀਮਤ ਵਧਾਈ ਜਾ ਰਹੇ ਹਾਂ ਜਿਸ ਵਿੱਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੈ। ਅਸੀਂ ਪੁੱਠੇ ਮਾਰਗ ਤੇ ਚੱਲੇ ਹੋਏ ਹਾਂ ਜੋ ਕਿ ਸਾਡੀ ਪੁੱਠੀ ਮਤਿ ਦਾ ਨਤੀਜਾ ਹੈ, ਮਨ ਦੇ ਵਿੱਚ ਉਲਟੇ ਕਮਲ ਦਾ ਨਤੀਜਾ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਕੀਤਾ ਹੋਇਆ ਹੈ। ਉਸਨੇ ਸਾਨੂੰ ਆਪ ਹੀ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਅਸੀਂ ਕੇਵਲ ਉਸਦੇ ਕੀਤੇ ਹੀ ਖੁਆਰ ਹੋ ਰਹੇ ਹਾਂ। ਜਦੋਂ ਉਸਦੀ ਕ੍ਰਿਪਾ ਹੋਵੇਗੀ, ਉਹ ਸਾਨੂੰ ਇਸ ਖੁਆਰੀ ਵਿੱਚੋਂ ਕੱਢ ਲਵੇਗਾ।

ਆਓ ਹੁਣ ਅਗਲੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਕਿ ਸਾਡੇ ਅਸਲ ਦੁਸ਼ਮਣ ਸਾਡੇ ਨਾਮ ਦੇ ਚੋਰ ਹਨ, ਗੁਰਮਤਿ ਦੇ ਚੋਰ ਹਨ ਜੋ ਸਾਡੇ ਅੰਦਰ ਗੁਰਮਤਿ ਦੀ ਸੋਝੀ ਨੂੰ ਟਿਕਣ ਨਹੀਂ ਦਿੰਦੇ।

ਸੋਰਠਿ ਮਹਲਾ ੩ ॥

“ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥
ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥”

(ਅੰਗ ੬੦੦)

ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਦ੍ਰਿੜ ਕਰੀਏ ਕਿ ਪ੍ਰਮਾਤਮਾ ਆਪ ਕੀ ਹੈ, ਉਸਦਾ ਰੂਪ ਕੀ ਹੈ। ਜਦ ਤੱਕ ਸਾਨੂੰ ਇਹ ਗੱਲ ਦ੍ਰਿੜ ਨਹੀਂ ਹੁੰਦੀ ਕਿ ਅਸੀਂ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਪ੍ਰਾਪਤ ਕਰਨਾ ਹੈ ਤਦ ਤੱਕ ਅਸੀਂ ਉਸਨੂੰ ਪਾਉਣ ਦਾ ਸੱਚਾ ਉੱਦਮ ਕਿਵੇਂ ਕਰਾਂਗੇ।

13/1417

ਜਿਵੇਂ ਕਿ ਅਸੀਂ ਵਾਰ-ਵਾਰ ਇਹ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਕੋਈ ਸਰਗੁਣ ਰੂਪ ਜਾਂ ਆਕਾਰ ਰੂਪ ਨਹੀਂ ਹੈ, ਉਹ ਨਿਰਗੁਣ ਰੂਪ ਹੈ। ਅਸੀਂ ਉਸਨੂੰ ਨਿਰਗੁਣ ਰੂਪ ਵਿੱਚ ਹੀ ਪਾਉਣਾ ਹੈ ਜੋ ਉਸਦਾ ਰੂਪ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ॥"

ਜਿਸਨੂੰ ਪ੍ਰਮਾਤਮਾ ਆਪਣਾ ਭਗਤ ਬਣਾਉਂਦਾ ਹੈ ਉਸਨੂੰ ਆਪਣੀ ਭਗਤੀ ਦਾ ਖਜ਼ਾਨਾ ਬਖ਼ਸ਼ ਕੇ ਭਗਤ ਬਣਾਉਂਦਾ ਹੈ ਭਾਵ ਇਸ ਖਜ਼ਾਨੇ ਦੀ ਪ੍ਰਾਪਤੀ ਤੋਂ ਬਿਨ੍ਹਾਂ ਉਸਦਾ ਭਗਤ ਨਹੀਂ ਬਣਿਆ ਜਾ ਸਕਦਾ। ਇਹ ਖਜ਼ਾਨਾ ਉਸਦਾ ਨਾਮ ਹੈ, ਉਸਦਾ ਆਪਣਾ

ਧਨ ਹੈ ਭਾਵ "ਹਰਿ ਧਨੁ" ਹੈ, "ਸੱਚੁ" ਹੈ। ਇਸ ਗੱਲ ਨੂੰ ਤਾਂ ਅਸੀਂ ਸਮਝਦੇ ਹਾਂ ਕਿ ਨਾਮ ਹੀ ਹਰਿ ਧਨ ਹੈ ਤੇ ਨਾਮ ਹੀ ਸੱਚ ਹੈ ਭਾਵ ਇੱਕੋ ਗੱਲ ਹੈ। ਇਹੀ ਗੱਲ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਕਿ ਇਹ ਸਭ ਪ੍ਰਮਾਤਮਾ ਦੇ ਆਪਣੇ ਰੂਪ ਹਨ। ਇਹ ਸਭ ਬ੍ਰਹਮ ਗਿਆਨ ਦੇ ਰੂਪ ਹਨ, ਗੁਰਬਾਣੀ ਦੇ ਰੂਪ ਹਨ, ਸ਼ਬਦ ਦੇ ਰੂਪ ਹਨ। ਸ਼ਬਦ ਹੀ ਨਾਮ ਹੈ, ਸ਼ਬਦ ਹੀ "ਹਰਿ ਧਨੁ" ਹੈ, ਸ਼ਬਦ ਹੀ "ਸੱਚੁ" ਹੈ ਤੇ ਸ਼ਬਦ ਹੀ ਆਪ ਗੁਰੂ ਹੈ, ਪ੍ਰਮਾਤਮਾ ਹੈ। ਇਹ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ ਜਿਸ ਦੁਆਰਾ ਉਹ ਸਭ ਵਿੱਚ ਵੱਸਿਆ ਹੋਇਆ ਹੈ। ਉਸਦੇ ਇਸ ਰੂਪ ਦੀ ਪ੍ਰਾਪਤੀ ਪ੍ਰਮਾਤਮਾ ਦੀ ਪ੍ਰਾਪਤੀ ਹੈ। ਉਸਦੇ ਇਸ ਰੂਪ ਦੀ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ ਜਿੱਥੇ ਉਹ ਸਭ ਵਿੱਚ ਵਿਚਰ ਰਿਹਾ ਹੈ। "ਨਾਮ ਧਨੁ" ਪ੍ਰਮਾਤਮਾ ਦਾ ਆਪਣਾ ਰੂਪ ਹੈ, ਸੱਚੇ ਗਿਆਨ ਦਾ ਰੂਪ ਹੈ ਜੋ ਕਿ ਅਖੁੱਟ ਹੈ ਭਾਵ ਜੋ ਕਦੇ ਖ਼ਤਮ ਨਹੀਂ ਹੋ ਸਕਦਾ, ਜੋ ਸਦਾ ਰਹਿਣ ਵਾਲਾ ਹੈ। ਉਸਦਾ ਸੱਚਾ ਗਿਆਨ ਕਦੇ ਘੱਟ ਨਹੀਂ ਸਕਦਾ। ਸਾਡੇ ਅੰਦਰ ਗੁਰਮਤਿ ਦੀ ਸੱਚੀ ਸੋਝੀ, ਗੁਰਮਤਿ ਦੀ ਪੂਰਨ ਸੋਝੀ ਨਾਮ ਧਨ ਹੈ। ਇਸਨੂੰ ਜਿਤਨਾ ਮਰਜ਼ੀ ਖਰਚੀਏ, ਇਹ ਕਦੇ

13/1418

ਘੱਟ ਨਹੀਂ ਸਕਦਾ ਉਲਟਾ ਵੱਧਦਾ ਹੈ। ਗਿਆਨ ਨੂੰ ਜਿਤਨਾ ਵੰਡੋ ਉਤਨਾ ਹੀ ਵੱਧਦਾ ਹੈ। ਇਹ ਨਾਮ ਧਨ ਭਾਵ ਇਹ ਸੱਚਾ ਗਿਆਨ ਕਿਤਨਾ ਕੁ ਕੀਮਤੀ ਹੈ ਇਸ ਦੀ ਸੋਝੀ ਕਿਸੇ ਨੂੰ ਨਹੀਂ ਹੈ, ਇਸਦੀ ਕੀਮਤ ਕਿਤਨੀ ਵੱਡੀ ਹੈ ਇਸਨੂੰ ਕੋਈ ਨਹੀਂ ਜਾਣਦਾ ਭਾਵ ਇਸ ਨਾਮ ਧਨ ਵਿੱਚ ਆਪ ਪ੍ਰਮਾਤਮਾ ਹੈ, ਸੱਚ ਵਿੱਚ ਆਪ ਪ੍ਰਮਾਤਮਾ ਹੈ, ਨਾਮ ਆਪ ਪ੍ਰਮਾਤਮਾ ਹੈ, ਇਸਦੀ ਸੋਝੀ ਕਿਸੇ ਨੂੰ ਨਹੀਂ ਹੈ। ਉਸਤੋਂ ਜਿਆਦਾ ਕੀਮਤੀ ਚੀਜ਼ ਹੋਰ ਕੀ ਹੋ ਸਕਦੀ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਏ। ਇਹ ਧਨ ਕਿਤਨਾ ਕੁ ਉੱਚਾ ਹੈ ਇਹ ਇਸ ਧਨ ਦੀ ਪ੍ਰਾਪਤੀ ਤੋਂ ਬਾਅਦ ਹੀ ਇਸਦੀ ਕੀਮਤ ਪੈਂਦੀ ਹੈ। ਇਹ ਧਨ ਉਸਦਾ ਖਜ਼ਾਨਾ ਹੈ ਜੋ ਉਹ ਆਪਣੇ ਭਗਤਾਂ ਨੂੰ ਦਿੰਦਾ ਹੈ। ਇਸ ਖ਼ਜ਼ਾਨੇ ਵਿੱਚ ਹੀ ਪ੍ਰਮਾਤਮਾ ਆਪ ਹੈ। ਜਿੱਥੇ ਉਸਦਾ ਭਗਤ ਹੈ ਉੱਥੇ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ. ਆਪਣੇ ਇਸ ਖਜ਼ਾਨੇ ਦੁਆਰਾ, ਨਾਮ ਦੁਆਰਾ, ਨਾਮ ਧਨ ਦੁਅਰਾ, ਸੱਚ ਦੁਆਰਾ ਪ੍ਰਗਟ ਹੁੰਦਾ ਹੈ।

ਗੁਰਬਾਣੀ ਦੀ ਰਚਨਾ ਉਸਦੇ ਭਗਤਾਂ ਨੇ ਹੀ ਕੀਤੀ ਹੈ। ਗੁਰੂ ਸਾਹਿਬਨ ਵੀ ਉਸਦੇ ਭਗਤ ਹਨ ਭਾਵ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਕੀਤੀ ਹੈ। ਜਿੱਥੇ ਉਹ ਪ੍ਰਗਟ ਹੁੰਦਾ ਹੈ ਉਹੀ ਇਸ ਧਨ ਦੀ ਕੀਮਤ ਨੂੰ ਸਮਝਦਾ ਹੈ ਤੇ ਹੋਰ ਕੋਈ ਇਸ ਧਨ ਦੀ ਕੀਮਤ ਨਹੀਂ ਜਾਣਦਾ। **(ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ॥ ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ॥)**

ਪ੍ਰਮਾਤਮਾ ਦੀ ਕੀਮਤ ਇਸ ਧਨ ਦੇ ਨਾਲ ਹੀ ਪੈਂਦੀ ਹੈ ਤੇ ਇਸੇ ਧਨ ਦੀ ਪ੍ਰਾਪਤੀ ਦੁਆਰਾ ਉਸਦੇ ਦਰਬਾਰ ਵਿੱਚ ਕਿਸੇ ਦਾ ਮੁੱਖ ਉੱਜਲਾ ਹੋ ਸਕਦਾ ਹੈ। ਸੱਚ ਦੀ ਪ੍ਰਾਪਤੀ ਦੇ ਨਾਲ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਸੱਚ ਦੇ ਨਾਲ ਮੇਲ ਹੁੰਦਾ ਹੈ।

13/1419

ਸੱਚੇ ਗਿਆਨ ਦੁਆਰਾ ਹੀ ਉਸ ਸੱਚੇ ਗਿਆਨ ਵਿੱਚ ਸਮਾਇਆ ਜਾ ਸਕਦਾ ਹੈ। **(ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ॥੧॥)** ਆਓ ਹੁਣ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਇਹ ਸਮਝੀਏ ਕਿ ਸਾਨੂੰ ਇਸ ਧਨ ਦੀ ਪ੍ਰਾਪਤੀ ਕਿਵੇਂ ਹੋਣੀ ਹੈ ਤੇ ਕਿੱਥੋਂ ਹੋਣੀ ਹੈ।

"ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ॥

ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ॥ਰਹਾਉ॥"

ਪ੍ਰਮਾਤਮਾ ਨੂੰ ਪਾਉਣ ਦਾ, ਇਸ ਧਨ ਨੂੰ ਪ੍ਰਾਪਤ ਕਰਨ ਦਾ ਤਰੀਕਾ ਉਹੀ ਹੈ ਜੋ ਸਾਨੂੰ ਬਾਣੀ ਵਿੱਚ ਵਾਰ-ਵਾਰ ਸਮਝਾਇਆ ਜਾ ਰਿਹਾ ਹੈ। ਉਸਨੂੰ ਪਾਉਣ ਦਾ ਤਰੀਕਾ ਉਸਨੇ ਆਪਣੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਸ਼ਬਦ ਦਾ ਮਕਸਦ ਸਾਨੂੰ ਸੋਝੀ ਪਾਉਣਾ ਹੀ ਹੈ, ਸਾਨੂੰ ਭੁੱਲ ਵਿੱਚੋਂ ਕੱਢਣ ਦਾ ਹੀ ਹੈ। ਜੇਕਰ ਸ਼ਬਦ ਨੂੰ ਅਸੀਂ ਇੱਕ ਅੱਖਰ ਮੰਨ ਕੇ ਉਸਨੂੰ ਬੋਲ ਬੋਲ ਕੇ ਜਪੀ ਜਾਵਾਂਗੇ ਤਾਂ ਉਸ ਨਾਲ ਸਾਡੀ ਭੁੱਲ ਕਿਵੇਂ ਸੁਧਰੇਗੀ। ਬੜਾ ਸਪੱਸ਼ਟ ਸਮਝਾਇਆ ਹੈ ਕਿ ਬਿਨ੍ਹਾਂ ਸ਼ਬਦ ਦੇ ਗਿਆਨ ਤੋਂ ਹਰ ਕੋਈ ਭੁੱਲਿਆ ਹੀ ਫਿਰਦਾ ਹੈ ਤੇ ਸਾਨੂੰ ਜੋ ਪ੍ਰਮਾਤਮਾ ਦੀ ਦਰਗਾਹ ਵਿੱਚ ਸਜ਼ਾ ਮਿਲਦੀ ਹੈ ਉਹ ਆਪਣੀ ਭੁੱਲ ਨਾ

ਸੁਧਾਰਨ ਦੀ ਹੀ ਮਿਲਦੀ ਹੈ। ਭੁੱਲ ਸਾਡੀ ਤਾਂ ਸੁਧਰੇਗੀ ਜੇਕਰ ਅਸੀਂ ਪਹਿਲੇ ਇਹ ਮੰਨਾਂਗੇ ਕਿ ਅਸੀਂ ਭੁੱਲੇ ਹੋਏ ਹਾਂ। ਅਸੀਂ ਇੱਕ ਸ਼ਬਦ ਦਾ ਜਪ ਕਰਨ ਵਾਲੇ ਉਸ ਕੋਲੋਂ ਨਾ ਕੋਈ ਗਿਆਨ ਲੈਂਦੇ ਹਾਂ ਤੇ ਨਾ ਹੀ ਗਿਆਨ ਲੈਣ ਨੂੰ ਕੋਈ ਤਰਜੀਹ ਦਿੰਦੇ ਹਾਂ। ਅਸੀਂ ਉਲਟਾ ਇਹ ਪ੍ਰਚਾਰ ਕਰਦੇ ਹਾਂ ਕਿ ਇੱਕ ਸ਼ਬਦ ਦਾ ਜਪ ਜਪੀ ਜਾਓ ਤੇ ਗਿਆਨ ਦੀ ਕੀ ਲੋੜ ਹੈ। ਅਸੀਂ ਇਹ ਸਮਝਦੇ ਹਾਂ ਕਿ ਸਾਰੀ ਗੱਲ ਤਾਂ ਨਾਮ ਜਪਣ ਦੀ ਹੈ ਫਿਰ ਗਿਆਨ ਦਾ ਕੀ ਕਰਨਾ ਹੈ। ਇਹ ਸਾਡੀ ਸਭ ਤੋਂ ਵੱਡੀ

13/1420

ਭੁੱਲ ਹੈ ਜੋ ਅਸੀਂ ਉਸ ਸ਼ਬਦ ਨੂੰ, ਗੁਰੂ ਨੂੰ, ਪ੍ਰਮਾਤਮਾ ਨੂੰ ਕੇਵਲ ਇੱਕ ਛੋਟਾ ਜਿਹਾ ਅੱਖਰ ਬਣਾ ਕੇ ਉਸਨੂੰ ਇਤਨਾ ਛੋਟਾ ਬਣਾ ਦਿੱਤਾ ਹੈ। ਸਾਰੇ ਜਗਤ ਨੂੰ ਗਿਆਨ ਬਖ਼ਸ਼ਣ ਵਾਲੇ ਨੂੰ, ਉਸ ਗਿਆਨ ਰੂਪ ਨੂੰ ਇੱਕ ਅਗਿਆਨਤਾ ਦੀ ਮੂਰਤਿ ਬਣਾ ਦਿੱਤਾ ਹੈ, ਸ਼ਬਦ ਦਾ ਮੂਲ ਭਾਵ ਹੀ ਅਸੀਂ ਬਦਲ ਦਿੱਤਾ ਹੈ **(ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ॥ ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ॥ਰਹਾਉ॥)** ਉੱਪਰ ਦੱਸੀ ਗੱਲ ਨੂੰ ਆਓ ਇਸ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰੀਏ ਕਿ ਸਾਨੂੰ ਪ੍ਰਮਾਤਮਾ ਕੋਲੋਂ ਸਜ਼ਾ ਕਿਸ ਲਈ ਮਿਲਦੀ ਹੈ। ਗੁਰੂ ਸਾਨੂੰ ਸਿੱਖਿਆ ਦੇਣ ਲਈ ਹੈ। ਅਸੀਂ ਬਚਪਨ ਵਿੱਚ ਸਕੂਲਾਂ ਕਾਲਜਾਂ ਆਦਿ ਵਿੱਚ ਜਾਂਦੇ ਰਹੇ ਹਾਂ ਤੇ ਉੱਥੋਂ ਸਿੱਖਿਆ ਲੈਣ ਲਈ ਜਾਂਦੇ ਰਹੇ ਹਾਂ। ਹੁਣ ਵੀ ਹਰ ਕੋਈ ਸਕੂਲਾਂ, ਕਾਲਜਾਂ ਵਿੱਚ ਇਸੇ ਮਕਸਦ ਲਈ ਹੀ ਜਾਂਦਾ ਹੈ। ਜਿਸ ਅਧਿਆਪਕ ਕੋਲੋਂ, ਟੀਚਰ ਕੋਲੋਂ ਅਸੀਂ ਪੜ੍ਹਾਈ ਸਿੱਖਦੇ ਹਾਂ ਅਸੀਂ ਉਸਨੂੰ ਆਪਣਾ ਗੁਰੂ ਵੀ ਕਹਿੰਦੇ ਹਾਂ, ਉਸਦੀ ਇੱਜ਼ਤ ਕਰਦੇ ਹਾਂ, ਕਿਉਂਕਿ ਉਹ ਸਾਨੂੰ ਸਿੱਖਿਆ ਦਿੰਦਾ ਹੈ, ਪੜ੍ਹਾਉਂਦਾ ਹੈ ਜਿਸ ਦੁਆਰਾ ਉਹ ਸਾਡਾ ਭਲਾ ਕਰਦਾ ਹੈ। ਉਹ ਸਾਨੂੰ ਗਿਆਨ ਦੇ ਕੇ ਅਗਿਆਨਤਾ ਵਿੱਚੋਂ ਕੱਢਦਾ ਹੈ ਤੇ ਪੜ੍ਹਾਈ ਦੇ ਫ਼ਲ ਦੀ ਪ੍ਰਾਪਤੀ ਸਾਨੂੰ ਗਿਆਨ ਦੇ ਰਾਹੀਂ ਹੁੰਦੀ ਹੈ। ਫ਼ਲ ਗਿਆਨ ਰੂਪ ਹੈ ਜਿਸਦੇ ਨਾਲ ਸਾਡਾ ਕਲਿਆਣ ਹੁੰਦਾ ਹੈ। ਹੁਣ ਧਿਆਨ ਨਾਲ ਸੋਚੋ ਕਿ ਜਦੋਂ ਸਾਡੇ ਬੱਚੇ ਸਕੂਲ ਵਿੱਚ ਪੜ੍ਹਨ ਲਈ ਜਾਂਦੇ ਹਨ, ਉਹ ਕਿਸ ਮਕਸਦ ਲਈ ਜਾਂਦੇ ਹਨ। ਜਿਸ ਅਧਿਆਪਕ ਕੋਲੋਂ ਉਹ ਸਿੱਖਿਆ ਲੈਂਦੇ ਹਨ ਉਸ ਅਧਿਆਪਕ ਦੀ ਖੁਸ਼ੀ ਕਿਸ ਗੱਲ ਵਿੱਚ ਹੁੰਦੀ ਹੈ। ਜੇਕਰ ਕੋਈ ਬੱਚਾ ਆਪਣੇ ਗੁਰੂ ਸਮਾਨ ਅਧਿਆਪਕ ਨੂੰ ਕੇਵਲ ਗੱਲਾਂ ਨਾਲ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰੇ ਪਰ

13/1421

ਉਸਦੀ ਦੱਸੀ ਗੱਲ ਤੇ ਅਮਲ ਨਾ ਕਰੇ ਤੇ ਕੀ ਉਹ ਅਧਿਆਪਕ ਪ੍ਰਸੰਨ ਹੋਵੇਗਾ ਜਾਂ ਅਸੀਂ ਪ੍ਰਸੰਨ ਹੋਵਾਂਗੇ। ਜੇਕਰ ਬੱਚਾ ਪੜ੍ਹਾਈ ਕਰਨ ਦੀ ਬਜਾਇ ਸਾਰਾ ਦਿਨ ਅਧਿਆਪਕ- ਅਧਿਆਪਕ ਜਪੀ ਜਾਵੇ ਤੇ ਇਹ ਸਮਝੇ ਕਿ ਇਸ ਨਾਲ ਮੇਰਾ ਅਧਿਆਪਕ, ਗੁਰੂ ਖੁਸ਼ ਹੋ ਜਾਵੇਗਾ ਜਾਂ ਮੇਰੇ ਮਾਂ ਬਾਪ ਨੂੰ ਇਸ ਗੱਲ ਨਾਲ ਖੁਸ਼ੀ ਮਿਲੇਗੀ, ਕੀ ਸਾਨੂੰ ਇਹ ਸਭ ਮਨਜ਼ੂਰ ਹੋਵੇਗਾ। ਕੀ ਇਸ ਨਾਲ ਪੜ੍ਹਾਈ ਦਾ, ਸਕੂਲ ਜਾਣ ਦਾ ਅਸਲ ਮਕਸਦ ਪੂਰਾ ਹੋਵੇਗਾ। ਕਦੇ ਨਹੀਂ ਹੋ ਸਕਦਾ। ਇਹੋ ਜਿਹਾ ਬੱਚਾ ਸਕੂਲੋਂ ਵੀ ਝਿੜਕਾਂ ਖਾਵੇਗਾ ਤੇ ਘਰੋਂ ਵੀ ਝਿੜਕਾਂ ਖਾਵੇਗਾ। ਸਕੂਲੋਂ ਵੀ ਮਾਰ ਖਾਵੇਗਾ, ਸਜਾ ਲਵੇਗਾ ਤੇ ਘਰ ਵੀ ਇਹੋ ਕੁੱਝ ਹੋਵੇਗਾ। ਜੇਕਰ ਧਿਆਨ ਨਾਲ ਸਮਝੋਗੇ ਤਾਂ ਇਹੋ ਕੁੱਝ ਅਸੀਂ ਆਪਣੇ ਗੁਰੂ ਨਾਲ ਕਰ ਰਹੇ ਹਾਂ, ਸ਼ਬਦ ਨਾਲ ਕਰ ਰਹੇ ਹਾਂ, ਗੁਰਬਾਣੀ ਨਾਲ ਕਰ ਰਹੇ ਹਾਂ। ਗੁਰੂ ਪ੍ਰਮਾਤਮਾ ਕੋਲੋਂ ਜੇਕਰ ਸਾਨੂੰ ਸਜ਼ਾਵਾਂ ਮਿਲਦੀਆ ਹਨ ਜਿਸਦੀ ਕਿ ਸਾਨੂੰ ਸਮਝ ਨਹੀਂ ਹੈ ਉਸਦੇ ਅਸੀਂ ਆਪ ਹੀ ਜਿੰਮੇਵਾਰ ਹਾਂ। ਸ਼ਬਦ ਦਾ ਮਕਸਦ ਕੀ ਹੈ ਅਸੀਂ ਇਸ ਨੂੰ ਸਮਝਦੇ ਹੀ ਨਹੀਂ। ਜੇਕਰ ਕੋਈ ਬੱਚਾ ਸਾਰਾ ਦਿਨ ਬੈਠ ਕੇ ਅਧਿਆਪਕ ਅਧਿਆਪਕ ਜਪੀ ਜਾਵੇ, ਉਸਨੂੰ ਜੇਕਰ ਅਸੀਂ ਸਹਿਣ ਨਹੀਂ ਕਰਦੇ ਤਾਂ ਫਿਰ ਪ੍ਰਮਾਤਮਾ ਸਾਨੂੰ ਕਿਵੇਂ ਸਹਿਣ ਕਰ ਸਕਦਾ ਹੈ। ਸਾਨੂੰ ਸਜਾਵਾਂ ਲਈ ਤਿਆਰ ਹੀ ਹੋਣਾ ਪਵੇਗਾ ਜਾਂ ਆਪਣਾ ਵਤੀਰਾ ਛੱਡਣਾ ਪਵੇਗਾ। ਫੈਸਲਾ ਅਸੀਂ ਆਪ ਹੀ ਕਰਨਾ ਹੈ। ਸ਼ਬਦ ਸਾਨੂੰ ਕੀ ਸਮਝਾਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਸ਼ਬਦ ਦਾ ਮਕਸਦ ਕੀ ਹੈ ਇਹ ਸਮਝਾਇਆ ਹੋਇਆ ਹੈ।

"ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥੨॥"

14/1422

"**ਸਬਦੁ**" ਗੁਰੂ ਹੈ ਤੇ ਗੁਰੂ ਦਾ ਮਕਸਦ ਸਾਨੂੰ ਗਿਆਨ ਦੇਣਾ ਹੈ, ਸਾਨੂੰ ਅਗਿਆਨਤਾ ਵਿੱਚੋਂ ਕੱਢਣਾ ਹੈ। ਜਿਵੇਂ ਕਿ ਅਸੀਂ ਵਾਰ-

ਵਾਰ ਸਮਝਦੇ ਆ ਰਹੇ ਹਾਂ ਸਾਡੀਆਂ ਸਾਰੀਆਂ ਬੁਰਿਆਈਆਂ ਦੀ ਜੜ੍ਹ ਸਾਡੀ ਅਗਿਆਨਤਾ ਹੈ, ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਚੰਗੇ ਮਾੜੇ ਦੀ ਸੋਝੀ ਨਹੀਂ ਪੈਂਦੀ। ਗੁਰੂ ਸਾਨੂੰ ਇਹੀ ਸਮਝਾਉਂਦਾ ਹੈ ਕਿ ਸਾਡਾ ਭਲਾ ਕਿਸ ਵਿੱਚ ਹੈ ਤੇ ਸਾਡਾ ਬੁਰਾ ਕਿਸ ਵਿੱਚ ਹੈ। ਉੱਪਰ ਸ਼ਬਦ ਦੇ ਪਦੇ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਸਾਡੇ ਲਈ ਮਾੜਾ ਕੀ ਹੈ ਤੇ ਉਸਦਾ ਹੱਲ ਕਿਵੇਂ ਹੋਣਾ ਹੈ। ਸਾਡੇ ਜੀਵਨ ਦਾ ਮਨੋਰਥ "**ਅੰਮ੍ਰਿਤੁ**" ਦੀ ਪ੍ਰਾਪਤੀ ਕਰਨਾ ਹੈ। "**ਅੰਮ੍ਰਿਤੁ**" ਆਪ ਪ੍ਰਮਾਤਮਾ ਹੈ ਜੋ ਮਰਿਤਯੂ ਤੋਂ ਰਹਿਤ ਹੈ। "**ਅੰਮ੍ਰਿਤੁ**" ਹੀ ਆਪ "**ਨਾਮੁ**" ਹੈ। "**ਅੰਮ੍ਰਿਤੁ**" ਹੀ "**ਸਬਦੁ**" ਹੈ, "**ਅੰਮ੍ਰਿਤੁ**" ਹੀ ਗੁਰੂ ਹੈ, ਗੁਰਬਾਣੀ ਹੈ।

{ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥

ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥੮॥੧੫॥੧੬॥}

(ਅੰਗ ੧੧੯)

ਸਾਡੇ ਇਸ "**ਅੰਮ੍ਰਿਤੁ**" ਦੀ ਪ੍ਰਾਪਤੀ ਵਿੱਚ ਰੁਕਾਵਟ ਕੌਣ ਪਾਉਂਦਾ ਹੈ ਸਾਨੂੰ ਇੱਥੇ ਇਹੀ ਗੱਲ ਸਮਝਾਈ ਹੋਈ ਹੈ, ਸ਼ਬਦ ਨੇ ਸੋਝੀ ਪਾਈ ਹੋਈ ਹੈ। ਸਾਡੇ ਅੰਦਰੋਂ ਅੰਮ੍ਰਿਤ ਲੁੱਟਿਆ ਜਾ ਰਿਹਾ ਹੈ ਤੇ ਉਸਨੂੰ ਲੁੱਟਣ ਵਾਲੇ ਚੋਰ ਸਾਡੇ ਮਨ ਦੇ ਵਿੱਚ ਹੀ ਹਨ। ਇਹ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ। ਇਹ ਸਾਰੇ ਚੋਰ ਸਾਡੇ ਮਨ ਦੇ ਵਿਚਾਰਾਂ ਵਿੱਚ ਵੱਸੇ ਹੋਏ ਹਨ ਜਿੰਨ੍ਹਾਂ ਕਰਕੇ ਸਾਡੀ ਦੁਨਿਆਵੀ ਵਿਚਰਨ ਮਾੜੀ ਹੁੰਦੀ ਹੈ, ਸਾਡੀ ਕਿਰਤ ਮਾੜੀ ਹੁੰਦੀ ਹੈ। ਅੰਮ੍ਰਿਤ ਦੀ ਪ੍ਰਾਪਤੀ ਸਾਡੀ ਕਿਰਤ ਦੁਆਰਾ ਹੋਣੀ ਹੈ, ਸਾਡੀ ਸੱਚੀ ਸੁੱਚੀ ਕਰਨੀ ਦੁਆਰਾ ਹੋਣੀ ਹੈ। ਇਹ ਸਾਡੇ ਵਿਕਾਰ ਅਸਲ ਵਿੱਚ ਸਾਡੀ ਸੱਚੀ ਕਰਨੀ ਨੂੰ ਹੀ ਲੁੱਟਦੇ ਹਨ। ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਸਾਡੀ ਮਾੜੀ ਕਰਨੀ ਕਰਕੇ ਹੀ ਹੈ, ਸਾਡੇ ਮਨ ਦੇ ਵਿਕਾਰਾਂ ਕਰਕੇ, ਸਾਡੇ ਮਾੜੇ ਵਿਚਾਰਾਂ ਕਰਕੇ ਹੀ ਹੈ। ਸਾਡੇ ਮਾੜੇ ਵਿਚਾਰਾਂ ਦਾ ਮੂਲ ਸਾਡੀ ਅਗਿਆਨਤਾ ਹੈ ਜਿਸ ਦੁਆਰਾ ਸਾਨੂੰ ਇਹ ਸੋਝੀ ਨਹੀਂ ਪੈਂਦੀ ਕਿ ਸਾਡਾ ਬੁਰਾ ਭਲਾ ਕਿਸ ਵਿੱਚ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ। **(ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥)**

14/1423

ਪ੍ਰਮਾਤਮਾ ਨੇ ਸੱਚ ਝੂਠ ਦੀ ਸੋਝੀ ਸਭ ਵਿੱਚ ਪਾਈ ਹੋਈ ਹੈ ਪਰ ਫਿਰ ਵੀ ਅਸੀਂ ਸੱਚ ਨੂੰ ਛੱਡ ਕੇ ਝੂਠ ਦਾ ਆਸਰਾ ਲੈਂਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ, ਕਿਸੇ ਦਾ ਮਾੜਾ ਕਰਦੇ ਹਾਂ, ਕਿਸੇ ਦਾ ਹੱਕ ਖਾਂਦੇ ਹਾਂ, ਆਪਣੇ ਅਹੁਦੇ ਦਾ ਨਜ਼ਾਇਜ਼ ਫਾਇਦਾ ਉਠਾਉਂਦੇ ਹਾਂ, ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਾਂ। ਅਸੀਂ ਵਾਰ-ਵਾਰ ਆਪਣੇ ਇਮਾਨ ਤੋਂ ਡੋਲਦੇ ਹਾਂ। ਜਾਣਦੇ ਹੋਏ ਵੀ ਕਿ ਸੱਚ ਕੀ ਹੈ, ਇਮਾਨਦਾਰੀ ਕੀ ਹੈ ਪਰ ਫਿਰ ਵੀ ਅਸੀਂ ਬੇਈਮਾਨੀ ਕਰਦੇ ਹਾਂ। ਸੱਚ ਆਪਣੀ ਪੁਕਾਰ ਕਰਦਾ ਹੈ ਪਰ ਅਸੀਂ ਉਸਦੀ ਪੁਕਾਰ ਨੂੰ ਸੁਣਦੇ ਨਹੀਂ। ਇਹੋ ਜਿਹਾ ਕਰਨ ਵਾਲੇ ਆਪ ਹੀ ਆਪਣੇ ਅੰਦਰੋਂ ਆਪਣੇ ਈਮਾਨ ਨੂੰ ਲੁੱਟਦੇ ਹਨ। ਜਿੱਥੇ ਈਮਾਨ ਹੈ, ਸੱਚ ਹੈ ਉੱਥੇ ਆਪ ਪ੍ਰਮਾਤਮਾ ਹੈ, ਅੰਮ੍ਰਿਤ ਹੈ। ਜਿੱਥੇ ਸੱਚ ਵਰਤਦਾ ਹੈ ਉੱਥੇ ਪ੍ਰਮਾਤਮਾ ਆਪ ਵਰਤਦਾ ਹੈ। ਸੱਚ ਦੀ ਵਡਿਆਈ ਪ੍ਰਮਾਤਮਾ ਦੀ ਵਡਿਆਈ ਹੈ। ਸੱਚ ਨੂੰ ਉੱਚਾ ਮੰਨਣਾ, ਉੱਚਾ ਕਰਨਾ ਗੁਰੂ ਪ੍ਰਮਾਤਮਾ ਨੂੰ ਉੱਚਾ ਕਰਨਾ ਹੈ ਉਸਨੂੰ ਵਡਿਆਉਣਾ ਹੈ। ਗੁਰੂ ਪ੍ਰਮਾਤਮਾ ਦੀ ਵਡਿਆਈ ਅਸੀਂ ਆਪਣੀ ਕਿਰਤ ਦੁਆਰਾ ਹੀ ਕਰ ਸਕਦੇ ਹਾਂ ਜਿੱਥੋਂ ਸਾਡੇ ਅੰਦਰ ਦਾ ਸੱਚ ਪ੍ਰਗਟ ਹੁੰਦਾ ਹੈ। ਸ਼ਬਦ ਨੂੰ ਮੰਨਣਾ ਸ਼ਬਦ ਦੇ ਗਿਆਨ ਨੂੰ ਮੰਨਣਾ ਹੈ, ਸ਼ਬਦ ਦੀ ਸੋਝੀ ਨੂੰ ਮੰਨਣਾ ਹੈ। ਗੁਰੂ ਸਾਨੂੰ ਗੁਰਬਾਣੀ ਰਾਹੀਂ ਇਹ ਪੁਕਾਰ-ਪੁਕਾਰ ਕੇ ਸਮਝਾ ਰਿਹਾ ਹੈ, ਵਾਰ-ਵਾਰ ਸਮਝਾ ਰਿਹਾ ਹੈ ਕਿ ਇਹ ਔਗੁਣ ਸਾਡੇ ਅੰਦਰੋਂ ਸੱਚ ਨੂੰ ਲੁੱਟ ਰਹੇ ਹਨ, ਗੁਰਮਤਿ ਨੂੰ ਲੁੱਟ ਰਹੇ ਹਨ ਪਰ ਅਸੀਂ ਇਸ ਪਾਸੇ ਆਪਣਾ ਧਿਆਨ ਹੀ ਨਹੀਂ ਦਿੰਦੇ ਤੇ ਇਸੇ ਲਈ ਸਾਨੂੰ ਮਨਮੁਖਿ ਕਿਹਾ ਹੈ। ਜੋ ਵੀ ਗੁਰੂ ਦੀ ਮਤਿ ਤੋਂ ਵਿਛੜਿਆ ਹੋਇਆ ਹੈ, ਮਾਇਆ ਮੋਹ ਵਿੱਚ ਫਸਿਆ ਹੋਇਆ ਹੈ ਉਹ ਮਨਮੁਖਿ ਹੀ ਹੈ। **(ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥ ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥)** ਸਾਡੀ ਇਸ ਮਨਮੁੱਖਤਾ ਦਾ ਕਾਰਨ ਕੀ ਹੈ, ਸਾਡੇ ਮਾੜੇ ਕਰਮ ਕਰਨ ਦਾ, ਆਪਣੇ ਅੰਦਰੋਂ ਅੰਮ੍ਰਿਤ ਲੁੱਟੇ ਜਾਣ ਦਾ ਕਾਰਨ ਕੀ ਹੈ, ਇਹੀ ਸਾਨੂੰ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

"ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥੨॥"

14/1424

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ ਕਿ ਸਾਡੀਆਂ ਬੁਰਿਆਈਆਂ ਦੀ ਜੜ੍ਹ ਸਾਡੀ ਅਗਿਆਨਤਾ ਹੈ ਤੇ ਉਹੀ ਗੱਲ ਇੱਥੇ ਸਪੱਸ਼ਟ ਕੀਤੀ ਹੋਈ ਹੈ। ਗੁਰੂ ਦਾ ਮਕਸਦ ਕੀ ਹੈ, ਸ਼ਬਦ ਦਾ ਮਕਸਦ ਕੀ ਹੈ, ਇਹ ਸਪੱਸ਼ਟ ਕੀਤਾ ਹੋਇਆ ਹੈ। ਗੁਰੂ ਦਾ ਮਕਸਦ, ਸ਼ਬਦ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। ਸਾਰੇ ਜਗਤ ਨੂੰ ਅੰਧਾ ਕਿਹਾ ਹੈ ਜਿਸ ਵਿੱਚ ਸਿੱਖ ਜਗਤ ਵੀ ਆ ਜਾਂਦਾ ਹੈ, ਆਪਣੇ ਆਪ ਨੂੰ ਗੁਰਮੁਖਿ ਅਖਵਾਉਣ ਵਾਲੇ ਵੀ ਆ ਜਾਂਦੇ ਹਨ। ਪ੍ਰਮਾਤਮਾ ਦਾ ਬਣਾਇਆ ਹੋਇਆ ਅਸੂਲ ਸਾਰੇ ਜਗਤ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਨੇ ਸਭ ਦੇ ਵਿੱਚ ਹਉਮੈ, ਮਾਇਆ ਮੋਹ ਪਾਇਆ ਹੋਇਆ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਪਾਈ ਹੋਈ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। ਉਸਦੀ ਮਾਇਆ ਦੀ ਜੁਗਤਿ ਸਭ ਵਿੱਚ ਵਰਤਦੀ ਹੈ ਜਿਸਦਾ ਮੂਲ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ ਜੋ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ। ਕੇਵਲ ਗੁਰੂ ਪ੍ਰਮਾਤਮਾ ਆਪ ਇਸ ਅਵੱਸਥਾ ਤੋਂ ਬਾਹਰ ਹੈ ਤੇ ਸਭ ਵਿੱਚ ਆਪ ਹੀ ਇਹ ਅਵੱਸਥਾ ਪਾਉਣ ਵਾਲਾ ਹੈ। ਗੁਰੂ, ਪ੍ਰਮਾਤਮਾ ਆਪ ਚੌਥੇ ਪਦ ਵਿੱਚ ਹੈ ਜਿੱਥੇ ਕੇਵਲ ਸੱਚਾ ਗਿਆਨ ਹੈ, ਉਸਦਾ ਸੱਚਾ ਸ਼ਬਦ ਹੈ, ਉਸਦਾ ਨਾਮ ਹੈ, ਉਸਦੀ ਸੱਚੀ ਬਾਣੀ ਹੈ, ਉਸਦੀ ਸੱਚੀ ਮਤਿ ਹੈ, ਗੁਰਮਤਿ ਹੈ। ਸਾਨੂੰ ਤ੍ਰੈਗੁਣਾਂ ਵਿੱਚੋਂ, ‘‘ਗੁਬਾਰ’’ ਵਿੱਚੋਂ ਭਾਵ ‘‘ਅਗਿਆਨਤਾ’’ ਵਿੱਚੋਂ ਕੇਵਲ ਉਹ ਆਪ ਹੀ ਕੱਢ ਸਕਦਾ ਹੈ ਜਿਸ ਕੋਲ ਸੱਚਾ ਗਿਆਨ ਹੈ, ਸੱਚੀ ਸੋਝੀ ਹੈ। ਉਹ ਸਾਡੇ ਅੰਦਰ ਹੀ ਵਰਤਦਾ ਹੈ ਤੇ ਜਿਸਨੂੰ ਚਾਹੇ ਆਪਣੀ ਸੱਚੀ ਸੋਝੀ ਪਾ ਸਕਦਾ ਹੈ, ਆਪਣੇ ਸਹਜ ਗਿਆਨ ਵਿੱਚ ਮਿਲਾ ਸਕਦਾ ਹੈ, ਆਪਣੇ ਨਾਮ ਵਿੱਚ ਮਿਲਾ ਸਕਦਾ ਹੈ, ਆਪਣੇ ਸ਼ਬਦ ਵਿੱਚ ਮਿਲਾ ਸਕਦਾ ਹੈ, ਆਪਣੇ ਸੱਚ ਵਿੱਚ ਮਿਲਾ ਸਕਦਾ ਹੈ, ਆਪਣੇ ਹਰਿ ਧਨ ਵਿੱਚ, ਆਪਣੇ ਨਾਮ ਧਨ ਵਿੱਚ, ਆਪਣੇ ਹਰਿ ਰਸ ਵਿੱਚ ਮਿਲਾ ਸਕਦਾ ਹੈ। ਸਭ ਤੋਂ ਭਾਵ ਸੱਚਾ ਗਿਆਨ, ਬ੍ਰਹਮ ਗਿਆਨ ਹੀ ਹੈ ਜਿੱਥੇ ਸੱਚੀ ਸੋਝੀ ਵੱਸਦੀ ਹੈ। ਉਸਦੀ ਸੱਚੀ ਸੋਝੀ ਦੀ ਸੰਗਤ ਹੀ ਸਾਧਸੰਗਤ ਹੈ, ਸਤਿਸੰਗਤ ਹੈ ਜਿਸ ਦੁਆਰਾ ਉਸ ਸੱਚੇ ਦੀ ਸੰਗਤ ਪ੍ਰਾਪਤ ਹੁੰਦੀ ਹੈ। ਇਸ ਪ੍ਰਾਪਤੀ ਤੋਂ ਬਾਅਦ ਹੀ

14/1425

ਮਨੁੱਖ ਦੀ ਹਉਮੈ ਨਿਕਲਦੀ ਹੈ, ਮੈਂ ਨਿਕਲਦੀ ਹੈ ਤੇ ਫਿਰ ਮਨੁੱਖ ਗੁਰਮੁਖਿ ਦੀ ਅਵੱਸਥਾ ਵਿੱਚ ਪਹੁੰਚ ਕੇ ਉਸਦਾ ਨਾਮ ਧਿਆਉਂਦਾ ਹੈ ਕਿਉਂਕਿ ਹਉਮੈ ਦੇ ਰਹਿੰਦਿਆਂ ਸਾਡੇ ਅੰਦਰ ਨਾਮ ਨਹੀਂ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ॥੩॥"

ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਤਦ ਤੱਕ ਅਸੀਂ ਹਉਮੈ ਵਿੱਚ ਹੀ ਹਾਂ। ਹਉਮੈ ਅਸਲ ਵਿੱਚ ਸਾਡੇ ਮਨ ਦਾ ਪੜਦਾ ਹੈ ਜੋ ਸਾਨੂੰ ਸੱਚੇ ਗਿਆਨ ਤੋਂ ਦੂਰ ਰੱਖਦਾ ਹੈ। ਹਉਮੈ ਦੀ ਉਪਜ ਮਨ ਦੇ ਵਿੱਚੋਂ ਹੀ ਹੁੰਦੀ ਹੈ, ਸੱਚੇ ਗਿਆਨ ਦੇ ਵਿੱਚੋਂ ਹੀ ਹੁੰਦੀ ਹੈ ਭਾਵ ਸਾਡੇ ਅੰਦਰ ਹਉਮੈ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਤ੍ਰੈਗੁਣਾ ਸਾਡੇ ਅੰਦਰ ਚੌਥਾ ਪਦ ਆਪ ਹੀ ਪਾਉਂਦਾ ਹੈ। ਇਸ ਹਉਮੈ ਵਿੱਚੋਂ ਨਿਕਲਣਾ ਕਿਸੇ ਦੇ ਵੱਸ ਵਿੱਚ ਨਹੀਂ ਹੈ। ਇਹ ਪ੍ਰਮਾਤਮਾ ਦੀ ਸਾਡੇ ਅੰਦਰ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਹਰ ਕੋਈ ਵਿਚਰਦਾ ਹੈ, ਦੁਚਿੱਤੀ ਦੁਆਰਾ ਵਿਚਰਦਾ ਹੈ ਜਿਸ ਨਾਲ ਸਾਨੂੰ ਆਪਣੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ। ਹਉਮੈ ਕਰਕੇ ਹੀ ਸਾਡੇ ਅੰਦਰ ਮਾਇਆ ਮੋਹ ਹੈ। ਸਾਨੂੰ ਮੈਂ ਸਿਖਾਉਣ ਵਾਲੀ ਸਾਡੀ ਹਉਮੈ ਹੈ ਜੋ ਸਾਨੂੰ ਮੈਂ ਦਾ ਮੋਹ ਪਾਉਂਦੀ ਹੈ, ਆਪੇ ਦਾ ਮੋਹ ਪਾਉਂਦੀ ਹੈ ਤੇ ਹਰ ਕੋਈ ਆਪਣੇ ਆਪ ਨੂੰ ਉੱਚਾ ਕਰਨਾ ਚਾਹੁੰਦਾ ਹੈ। ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਉਹ ਮੈਂ ਵਿੱਚ ਫਸ ਕੇ ਕਰਦੇ ਹਾਂ, ਆਪਣੇ ਆਪ ਨੂੰ ਉੱਚਾ ਕਰਨ ਲਈ ਕਰਦੇ ਹਾਂ, ਮਾੜੇ ਤਰੀਕੇ ਨਾਲ ਮਾਇਆ ਕਮਾਉਂਦੇ ਹਾਂ, ਆਪਣਾ ਸੁੱਖ ਵੇਖਦੇ ਹਾਂ, ਆਪਣਾ ਮਾਨ ਵਧਾਉਂਦੇ ਹਾ ਪਰ ਇਹ ਸਭ ਕੁੱਝ ਸਾਡਾ ਸਾਥ ਨਹੀਂ ਦਿੰਦਾ ਤੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਦਾ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਹਰ ਕੋਈ ਮਨਮੁਖਿ ਹੈ, ਨਾਮ ਤੋਂ ਵਿਛੁੜਿਆ ਹੋਇਆ ਹੈ, ਗੁਰੂ ਦੀ ਸੱਚੀ ਮਤਿ ਤੋਂ ਵਿਛੁੜਿਆ ਹੋਇਆ ਹੈ। ਇਹ ਸਾਡੀ ਮਨਮਤਿ ਦੀ ਅਵੱਸਥਾ ਹੈ। ਜਦ ਤੱਕ ਅਸੀਂ ਹਉਮੈ ਵਿੱਚ ਹਾਂ, ਅਸੀਂ ਖੁਆਰ ਹੀ ਹੋ ਰਹੇ ਹਾਂ, ਗੁਰਮਤਿ

14/1426

ਤੋਂ ਵਿਛੁੜ ਕੇ, ਸੱਚੇ ਗਿਆਨ ਤੋਂ ਵਿਛੁੜ ਕੇ ਅਸੀਂ ਖੁਆਰ ਹੀ ਹੁੰਦੇ ਹਾਂ। **(ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ॥)**

ਮਨਮਤਿ ਵਿੱਚੋਂ ਸਾਨੂੰ ਗੁਰਮਤਿ ਹੀ ਕੱਢ ਸਕਦੀ ਹੈ, ਅਗਿਆਨਤਾ ਵਿੱਚੋਂ ਸਾਨੂੰ ਸ਼ਬਦ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ, ਮਨਮੁਖਿ ਦੀ ਅਵੱਸਥਾ ਵਿੱਚੋਂ ਸਾਨੂੰ ਸ਼ਬਦ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਜਿਸ ਦੁਆਰਾ ਸਾਡੀ ਗੁਰਮੁਖਿ ਵਾਲੀ ਅਵੱਸਥਾ ਬਣ ਸਕਦੀ ਹੈ, ਸਾਡੀ ਹਉਮੈ ਨਿਕਲ ਸਕਦੀ ਹੈ। ਹਉਮੈ ਨਿਕਲਣ ਤੋਂ ਬਾਅਦ ਹੀ ਅਸੀਂ ਨਾਮ ਧਿਆਉਂਦੇ ਹਾਂ ਭਾਵ ਪੂਰਨ ਰੂਪ ਵਿੱਚ ਗੁਰੂ ਦੀ ਸੱਚੀ ਮਤਿ ਦੁਆਰਾ ਵਿਚਰਦੇ ਹਾਂ। ਨਾਮ ਦੀ ਪ੍ਰਾਪਤੀ ਹੋਣਾ ਹੀ ਗੁਰਮੁਖਿ ਦੀ ਅਵੱਸਥਾ ਹੈ ਤੇ ਇੱਕ ਵਾਰੀ ਨਾਮ ਮਿਲ ਜਾਵੇ, ਸੱਚਾ ਗਿਆਨ ਮਿਲ ਜਾਵੇ, ਪ੍ਰਮਾਤਮਾ ਮਿਲ ਜਾਵੇ ਤਾਂ ਫਿਰ ਉਹ ਸਦਾ ਮਿਲਿਆ ਹੀ ਰਹਿੰਦਾ ਹੈ ਤੇ ਫਿਰ ਇਸ ਅਵੱਸਥਾ ਦੁਆਰਾ ਮਨੁੱਖ ਸਦਾ ਹੀ ਆਪਣੇ ਅੰਦਰ ਨਾਮ ਦੀ ਸਮਾਲ ਕਰਦਾ ਹੈ, ਗੁਰਮਤਿ ਦੀ ਸੰਭਾਲ ਕਰਦਾ ਹੈ ਭਾਵ ਉਸ ਤੋਂ ਕਦੇ ਨਹੀਂ ਡੋਲਦਾ। ਇਹ ਅਵੱਸਥਾ ਪ੍ਰਮਾਤਮਾ ਦੇ ਅੰਦਰ ਪ੍ਰਗਟ ਹੋਣ ਦੀ ਅਵੱਸਥਾ ਹੈ ਜੋ ਕਿ ਆਪ ਹੀ ਆਪਣਾ ਨਾਮ ਜਪਾਉਂਦਾ ਹੈ, ਆਪ ਹੀ ਆਪਣੇ ਮਾਰਗ ਤੇ ਚਲਾਉਂਦਾ ਹੈ। **(ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ॥)**

ਉਪਰਲੀ ਪੰਗਤੀ ਨੂੰ ਅਗਰ ਧਿਆਨ ਨਾਲ ਸਮਝਾਂਗੇ ਤੇ ਨਾਮ ਉਹੀ ਧਿਆਉਂਦਾ ਹੈ ਜਿਸਨੂੰ ਪਹਿਲੇ ਪ੍ਰਮਾਤਮਾ ਗੁਰਮੁਖਿ ਦੀ ਅਵੱਸਥਾ ਬਖ਼ਸ਼ਦਾ ਹੈ। ਗੁਰਮੁਖਿ ਬਣਨਾ ਕੀ ਹੈ ਇਹ ਅਸੀਂ ਪਿੱਛੇ ਵੀ ਸਮਝਦੇ ਆਏ ਹਾਂ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਗੁਰਮੁਖਿ ਚੌਥੇ ਪਦ ਦੀ ਅਵੱਸਥਾ ਹੈ, ਨਾਮ ਦੀ ਪ੍ਰਾਪਤੀ ਦੀ ਅਵੱਸਥਾ ਹੈ ਤੇ ਇਸ ਅਵੱਸਥਾ ਤੋਂ ਬਾਅਦ ਹੀ ਕੋਈ ਨਾਮ ਧਿਆ ਸਕਦਾ ਹੈ। ਅਸੀਂ ਜਿਸਨੂੰ ਨਾਮ ਧਿਆਉਣਾ ਸਮਝਦੇ ਹਾਂ, ਕੀ ਉਹ ਕਦੇ ਨਾਮ ਧਿਆਉਣਾ ਹੋ ਸਕਦਾ ਹੈ। ਅਸੀਂ ਇੱਕ ਅੱਖਰ ਦੇ ਜਾਪ ਨੂੰ ਨਾਮ ਧਿਆਉਣਾ ਕਹਿ ਕੇ, ਸਮਝ ਕੇ ਇਹੋ ਜਿਹਾ ਜਪਣ ਵਾਲਿਆਂ ਨੂੰ ਗੁਰਮੁਖਿ ਕਹਿ ਦਿੰਦੇ ਹਾਂ। ਇਹ ਸਭ ਕੁਝ ਸਾਡੀ

14/1427

ਨਾ ਸਮਝੀ ਦਾ ਨਤੀਜਾ ਹੈ, ਪੁੱਠੇ ਕਮਲ ਦਾ, ਤ੍ਰੈਗੁਣਾਂ ਵਾਲੀ ਅਵੱਸਥਾ ਦਾ ਨਤੀਜਾ ਹੈ।ਅਸੀਂ ਗੁਰਬਾਣੀ ਦੀ ਗੱਲ ਤੇ, ਗੁਰਬਾਣੀ ਦੀ ਕਸਵੱਟੀ ਤੇ ਕਦੇ ਵੀ ਪੂਰੇ ਨਹੀਂ ਉਤਰ ਸਕਦੇ ਤੇ ਇਸੇ ਲਈ ਬਾਣੀ ਵਿੱਚ ਸਾਡੇ ਇਹੋ ਜਿਹੇ ਜਪ ਤਪ ਨੂੰ ਪਾਖੰਡ ਕਹਿ ਕੇ ਖੰਡਿਆ ਹੈ।

ਗੁਰਮੁਖਿ ਦੀ ਅਵੱਸਥਾ ਗੁਰੂ ਦੀ ਆਪਣੀ ਅਵੱਸਥਾ ਹੈ, ਸੱਚੀ ਬਾਣੀ ਦੀ ਅਵੱਸਥਾ ਹੈ, ਗੁਰਬਾਣੀ ਦੀ ਅਵੱਸਥਾ ਹੈ, ਗੁਰਬਾਣੀ ਦੇ ਸੱਚੇ ਗਿਆਨ ਦੀ ਅਵੱਸਥਾ ਹੈ ਤੇ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ॥੩॥"

ਸੱਚੀ ਬਾਣੀ ਉਹ ਹੈ ਜੋ ਉਸ ਸੱਚੇ ਦੀ ਦਰਗਾਹ ਵਿੱਚੋਂ ਆਉਂਦੀ ਹੈ। ਗੁਰਬਾਣੀ ਉਸ ਪ੍ਰਮਾਤਮਾ ਦੇ ਕੋਲੋਂ ਆਈ ਹੈ। ਪ੍ਰਮਾਤਮਾ ਦੀ ਸੱਚੀ ਬਾਣੀ ਗੁਰਮੁਖਿ ਹੈ, "**ਗੁਰਬਾਣੀ**" ਗੁਰਮੁਖਿ ਹੈ ਕਿਉਂਕਿ ਉੱਥੇ ਹਉਮੈ ਨਹੀਂ ਹੈ, ਅਗਿਆਨਤਾ ਨਹੀਂ ਹੈ। ਉੱਥੇ ਕੇਵਲ ਨਾਮ ਹੈ, ਕੇਵਲ ਸੱਚ ਹੈ, ਕੇਵਲ ਸੱਚਾ ਗਿਆਨ ਹੈ। ਇਹ ਸੱਚਾ ਗਿਆਨ ਹੀ ਆਪ ਪ੍ਰਮਾਤਮਾ ਹੈ। ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਸਾਰੀ ਗੁਰਬਾਣੀ ਪ੍ਰਮਾਤਮਾ ਦੇ ਗੁਣ ਹੀ ਗਾ ਰਹੀ ਹੈ ਕਿਉਂਕਿ ਇੱਥੇ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਤੇ ਉਸਦੀ ਕ੍ਰਿਪਾ ਦੁਆਰਾ ਹੀ, ਉਸਦੇ ਸੱਚੇ ਗਿਆਨ ਦੀ ਕ੍ਰਿਪਾ ਦੁਆਰਾ ਹੀ ਉਹ ਸਭ ਨੂੰ ਨਿਹਾਲ ਕਰ ਰਹੀ ਹੈ। ਪ੍ਰਮਾਤਮਾ ਦੇ ਗੁਣ ਉਸਦੇ ਸੱਚੇ ਗਿਆਨ ਦੀ ਪ੍ਰਾਪਤੀ ਹੋਣ ਤੋਂ ਬਾਅਦ ਹੀ ਗਾਏ ਜਾ ਸਕਦੇ ਹਨ। ਜੇਕਰ ਸਾਡੇ ਅੰਦਰ ਗੁਰਬਾਣੀ ਦਾ ਸੱਚਾ ਗਿਆਨ ਵੱਸ ਜਾਵੇਗਾ, ਉਸਦਾ ਨਾਮ ਵੱਸ ਜਾਵੇਗਾ, ਤਾਂ ਹੀ ਅਸੀਂ ਉਸ ਪ੍ਰਮਾਤਮਾ ਦੇ ਗੁਣ ਗਾ ਸਕਾਂਗੇ। ਜਿਸ ਪ੍ਰਮਾਤਮਾ ਕੋਲੋਂ ਗੁਰਬਾਣੀ ਆਈ ਹੈ ਉਹ ਸਾਡੇ ਅੰਦਰ ਹੀ ਵੱਸਦਾ ਹੈ ਤੇ ਜਿਸ ਤੇ ਵੀ ਉਹ ਆਪਣੀ ਕ੍ਰਿਪਾ ਕਰੇ ਉਸ ਸਰੀਰ ਰਾਹੀਂ ਪ੍ਰਗਟ ਹੋ ਕੇ, ਉਸਨੂੰ ਆਪਣਾ ਸੱਚਾ ਗਿਆਨ ਬਖਸ਼ ਕੇ ਆਪਣੇ ਗੁਣ ਗਵਾ ਸਕਦਾ ਹੈ **(ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ॥੩॥)**

ਗੁਰੂ ਪ੍ਰਮਾਤਮਾ "**ਗਿਆਨੁ**" ਰੂਪ ਹੈ, ਸਭ ਦੇ ਅੰਦਰ ਗਿਆਨ ਦੇਣ ਵਾਲਾ ਹੈ, ਇਹੀ ਸ਼ਬਦ ਦੇ ਅਗਲੇ ਪਦੇ ਰਾਹੀਂ

ਸਮਝਾਇਆ ਹੋਇਆ ਹੈ।

14/1428

"ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ॥

ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ॥੪॥੨॥"

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ ਗੁਰੂ ਦਾ ਰੂਪ 'ਗਿਆਨੁ" ਰੂਪ ਹੈ। ਗੁਰੂ ਆਪ ਪ੍ਰਮਾਤਮਾ ਹੈ। ਉਹ ਜਿੱਥੇ ਵੀ ਪ੍ਰਗਟ ਹੁੰਦਾ ਹੈ ਆਪਣੇ ਇਸ "ਗਿਆਨੁ" ਰੂਪ ਦੁਆਰਾ ਹੀ ਪ੍ਰਗਟ ਹੁੰਦਾ ਹੈ। ਗੁਰੂ "ਸਬਦੁ" ਹੈ, ਗੁਰੂ "ਗਿਆਨੁ" ਹੈ। ਸਾਡੀ ਦੇਹ ਕੇਵਲ ਇਸ ਗੁਰੂ ਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ। ਦੇਹ ਗੁਰੂ ਨਹੀਂ ਹੈ। ਦੇਹ ਦੇ ਅੰਦਰ ਵੱਸਣ ਵਾਲਾ ਗਿਆਨ ਗੁਰੂ ਹੈ। ਗਿਆਨ ਦੁਆਰਾ ਜੇਕਰ ਸਾਨੂੰ ਕੋਈ ਸੋਝੀ ਹੀ ਨਾ ਪਵੇ ਤਾਂ ਫਿਰ ਉਸ ਗਿਆਨ ਦਾ ਮਕਸਦ ਹੀ ਕੀ ਰਹਿ ਗਿਆ। ਗਿਆਨ ਦੀ ਕੀਮਤ ਗਿਆਨ ਦੀ ਸੋਝੀ ਦੇ ਨਾਲ ਹੈ, ਗਿਆਨ ਦਾ ਬਲ ਗਿਆਨ ਦੀ ਸੋਝੀ ਦੇ ਵਿੱਚ ਹੈ। ਗਿਆਨ ਦੇ ਅੱਖਰ ਦੀ ਬਣਤਰ, ਬਣਾਵਟ ਉੱਚੀ ਨਹੀਂ ਹੈ ਬਲਕਿ ਉਸ ਵਿੱਚ ਪਾਈ ਹੋਈ ਸੋਝੀ ਉੱਚੀ ਹੈ। ਜੇਕਰ ਗੁਰੂ ਉੱਚਾ ਹੈ ਤਾਂ ਉਹ ਆਪਣੇ ਗਿਆਨ ਦੀ ਸੋਝੀ ਕਰਕੇ ਉੱਚਾ ਹੈ। ਗਿਆਨ ਦੀ ਸੋਝੀ ਸਭ ਦੇ ਕੋਲ ਹੈ, ਤ੍ਰੈਗੁਣਾਂ ਦੇ ਵਿੱਚ ਵੀ ਗਿਆਨ ਦੀ ਸੋਝੀ ਹੈ। ਤ੍ਰੈਗੁਣੀ ਗਿਆਨ ਦੇ ਵਿੱਚ ਤੇ ਚੌਥੇ ਪਦ ਦੇ ਗਿਆਨ ਵਿੱਚ ਕੇਵਲ ਸਾਡੀ ਸੋਝੀ ਦਾ ਹੀ ਫ਼ਰਕ ਹੈ। ਚੌਥੇ ਪਦ ਦੀ ਸੋਝੀ ਉੱਚੀ ਹੈ ਇਸ ਲਈ ਗੁਰੂ ਦੀ ਪਦਵੀ ਉੱਚੀ ਹੈ, ਉਸਦਾ ਪਦ ਉੱਚਾ ਹੈ, ਉਹ ਪਰਮ ਪਦ ਹੈ। ਉੱਚੀ ਸੋਝੀ ਹੀ ਅਸਲ ਵਿੱਚ ਆਪ ਗੁਰੂ ਪ੍ਰਮਾਤਮਾ ਹੈ। ‘‘ਗੁਰੂ’’, ਸ਼ਬਦ ਦੀ ਸੋਝੀ ਹੈ ਨਾ ਕਿ ਕੋਈ ਅੱਖਰ। ਸ਼ਬਦ ਨੂੰ ਜਪਣਾ, ਗੁਰੂ ਨੂੰ ਜਪਣਾ, ਸ਼ਬਦ ਦੀ ਸੋਝੀ ਨੂੰ ਜਪਣਾ ਹੈ, ਗੁਰੂ ਦੀ ਮਤਿ ਨੂੰ ਜਪਣਾ ਹੈ।

ਜਦ ਤੱਕ ਸਾਨੂੰ ਗਿਆਨ ਦੀ ਕੀਮਤ ਨਹੀਂ ਪੈਂਦੀ ਕਿ ਇਹ ਕਿਤਨਾ ਕੁ ਵੱਡਾ ਹੈ ਜਿਵੇਂ ਕਿ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਸੀ ਤਦ ਤੱਕ ਅਸੀਂ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦਾ ਉੱਦਮ ਨਹੀਂ ਕਰਾਂਗੇ। ਅਸਲ ਵਿੱਚ ਸਭ ਕੁੱਝ ਗਿਆਨ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਸਭ ਨੂੰ ਆਪਣੇ

14/1429

ਹੁਕਮ ਅੰਦਰ ਚਲਾ ਰਿਹਾ ਹੈ। ਗਿਆਨ ਕਿਤਨਾ ਕੀਮਤੀ ਹੈ, ਇਹੀ ਉੱਪਰ ਸ਼ਬਦ ਦੇ ਪਦੇ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ।

"ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ॥"

ਉੱਪਰ ਇਸ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਗੁਰੂ ਦਾ ਉੱਚਾ ਰੁਤਬਾ ਕਿਸ ਕਰਕੇ ਹੈ। ਗੁਰੂ ਸੱਚਾ ਪਾਤਸ਼ਾਹ ਹੈ, ਸਾਡਾ ਬਾਦਸ਼ਾਹ ਹੈ ਭਾਵ ਸਭ ਤੋਂ ਉੱਚਾ ਹੈ। ਗੁਰੂ ਦਾ ਅਸਲ ਰੂਪ "ਗਿਆਨੁ" ਹੈ ਜੋ ਗੁਰੂ ਨੂੰ ਉੱਚਾ ਬਣਾਉਂਦਾ ਹੈ। ਜਿਸ ਮਨੁੱਖੀ ਦੇਹ ਵਿੱਚ ਇਹ "**ਗਿਆਨੁ**" ਪ੍ਰਗਟ ਹੁੰਦਾ ਹੈ ਉਸਦਾ ਉੱਚਾ ਰੁਤਬਾ ਇਸ ਗਿਆਨ ਕਰਕੇ ਹੀ ਹੈ। ਪ੍ਰਮਾਤਮਾ ਮਨੁੱਖ ਦੇ ਅੰਦਰ ਆਪਣੇ ਆਪ ਨੂੰ "ਗਿਆਨੁ" ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜੋ ਕਿ ਉਸਦਾ ਆਪਣਾ ਅਸਲ ਰੂਪ ਹੈ। ਉਸਦਾ ਆਪਣਾ ਅਸਲ ਰੂਪ ‘‘**ਬ੍ਰਹਮ ਗਿਆਨ**’’ ਹੈ ਜਿਸ ਤੋਂ ਉੱਚਾ ਹੋਰ ਕੋਈ ਨਹੀਂ ਹੈ। ਇਹ ਬ੍ਰਹਮ ਗਿਆਨ ਹੀ ਅਸਲ ਵਿੱਚ ਸਾਰੇ ਜਗਤ ਦਾ ਗੁਰੂ ਹੈ, ਸਾਰੇ ਜਗਤ ਦਾ ਪਾਤਸ਼ਾਹ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਮਨੁੱਖੀ ਦੇਹ ਦੇ ਵਿੱਚ, ਉਸਦੇ ਮਨ ਦੇ ਵਿੱਚ, ਘਟ ਦੇ ਵਿੱਚ ਪ੍ਰਕਾਸ਼ ਕਰਦਾ ਹੈ. ਚਾਨਣ ਕਰਦਾ ਹੈ ਭਾਵ ਆਪਣੇ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਸੱਚੇ ਗਿਆਨ ਦਾ, ਬ੍ਰਹਮ ਗਿਆਨ ਦਾ ਪ੍ਰਕਾਸ਼ ਹੀ ਕਰਦਾ ਹੈ। ਮਨ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਉਹ ਸੱਚੀ ਬਾਣੀ ਉਚਾਰਦਾ ਹੈ ਤੇ ਇਹ ਉਸਦਾ ਹੁਕਮ ਬਣ ਜਾਂਦਾ ਹੈ। ਗੁਰਬਾਣੀ ਦੀ ਰਚਨਾ ਇਸੇ ਮਨ ਦੇ ਪ੍ਰਕਾਸ਼ ਦੁਆਰਾ ਹੀ ਹੋਈ ਹੈ ਜੋ ਸਾਰੇ ਜਗਤ ਲਈ ਗੁਰੂ ਪ੍ਰਮਾਤਮਾ ਦਾ ਹੁਕਮ ਹੈ। ਇਸੇ ਹੁਕਮ ਦੁਆਰਾ ਗੁਰੂ ਪ੍ਰਮਾਤਮਾ ਸਭ ਦੇ ਉੱਤੇ ਬਾਦਸ਼ਾਹ, ਪਾਤਸ਼ਾਹ ਬਣ ਕੇ ਵਰਤ ਰਿਹਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਸਾਡਾ ਪਾਤਸ਼ਾਹ ਹੈ ਤੇ ਉਸਦੇ ਬੋਲੇ ਹੋਏ ਬੋਲ ਸਾਡੇ ਲਈ ਉਸਦਾ ਹੁਕਮ ਹੈ। **(ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ॥)** "**ਅਮਰੁ**" ਤੋਂ ਭਾਵ ਹੈ ਹੁਕਮ। ਸਾਡੇ ਘਟ ਦੇ ਅੰਦਰ, ਸਾਡੇ ਮਨ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੀ ਹੁੰਦਾ ਹੈ, ਸਭ ਦੇ ਘਟ ਵਿੱਚ ਹੁੰਦਾ ਹੈ। ਸਾਡੇ ਸਭ ਦੇ ਅੰਦਰ, ਘਟ ਘਟ ਦੇ ਵਿੱਚ

ਪ੍ਰਮਾਤਮਾ ਆਪ ਹੀ ਵੱਸ ਰਿਹਾ ਹੈ ਜੋ ਕਿ ਬਾਣੀ ਵਿੱਚ ਵਾਰ ਵਾਰ ਸਮਝਾਇਆ ਹੈ, ਸਭ ਤੋਂ

14/1430

ਜਿਆਦਾ ਵਾਰ ਸਮਝਾਇਆ ਹੈ। ਸਾਡੇ ਮਨ ਦੇ ਵਿੱਚ ਪ੍ਰਕਾਸ਼ ਮਨ ਦੇ ਗਿਆਨ ਰੂਪ ਵਿੱਚ ਹੁੰਦਾ ਹੈ ਜਿੱਥੋਂ ਸਾਨੂੰ ਸਾਰੀ ਸੋਝੀ ਪੈਂਦੀ ਹੈ, ਜਿਸ ਅਨੁਸਾਰ ਅਸੀਂ ਵਿਚਰਦੇ ਹਾਂ। ਸਾਡੇ ਮਨ ਦੇ ਵਿੱਚ ਸੋਚਾਂ ਹੀ ਉੱਠਦੀਆਂ ਹਨ, ਵਿਚਾਰ ਹੀ ਉੱਠਦੇ ਹਨ ਜਿੱਥੋਂ ਸਾਨੂੰ ਸਾਰੀ ਸੋਝੀ ਪੈਂਦੀ ਹੈ ਤੇ ਸਾਡੀ ਵਿਚਰਨ ਦਾ ਫੈਸਲਾ ਹੁੰਦਾ ਹੈ ਕਿ ਅਸੀਂ ਕੀ ਕੁੱਝ ਕਰਨਾ ਹੈ। ਇਹੀ ਪ੍ਰਮਾਤਮਾ ਦਾ ਹੁਕਮ ਹੈ, "ਅਮਰੁ" ਹੈ ਜੋ ਸਭ ਵਿੱਚ ਚੱਲ ਰਿਹਾ ਹੈ ਪਰ ਕਿਸੇ ਨੂੰ ਇਸਦੀ ਸੋਝੀ ਨਹੀਂ ਪੈਂਦੀ ਕਿ ਸਾਡੇ ਅੰਦਰ ਮਨ ਦੇ ਵਿਚਾਰ ਕਿੱਥੋਂ ਆ ਰਹੇ ਹਨ। ਹੁਕਮ ਉਸੇ ਦਾ ਚੱਲ ਰਿਹਾ ਹੈ ਪਰ ਪ੍ਰਮਾਤਮਾ ਨੇ ਸਾਨੂੰ ਆਪ ਹੀ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਸਾਨੂੰ ਮਨ ਦੇ ਵਿੱਚੋਂ ਹੀ ਇਹ ਸੋਝੀ ਪੈਂਦੀ ਹੈ ਕਿ ਇਹ "ਮੈਂ" ਹਾਂ, ਇਹ ਸਰੀਰ ਮੇਰਾ ਹੈ ਭਾਵ ਸਾਨੂੰ ਪ੍ਰਮਾਤਮਾ ਨੇ ਆਪ ਹੀ ਮੈਂ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ। ਇਹ ਸਾਡੀ ਹਉਮੈ, ਸਾਡੀ ਮੈਂ ਸਾਡੇ ਅੰਦਰੋਂ ਹੀ ਅਗਿਆਨਤਾ ਦੀ ਉਪਜ ਹੈ ਜਿਸਨੂੰ ਉਪਜਾਉਣ ਵਾਲਾ ਉਹ ਆਪ ਪ੍ਰਮਾਤਮਾ ਹੈ ਜੋ ਕਿ ਚੌਥੇ ਪਦ ਵਿੱਚ ਹੈ, ਉੱਚੇ ਪਦ ਵਿੱਚ ਹੈ, ਗਿਆਨ ਦੇ ਪਰਮ ਪਦ ਵਿੱਚ ਹੈ। ਇਹ ਪਰਮ ਪਦ ਸਾਨੂੰ ਤ੍ਰੈਗੁਣਾਂ ਵਿੱਚ ਬਣਾ ਕੇ ਰੱਖਦਾ ਹੈ। ਇਹ ਉਸਦੀ ਆਪਣੀ ਬਣਾਈ ਹੋਈ ਜੁਗਤਿ ਹੈ, ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਉਸ ਨੇ ਸਾਰੇ ਜਗਤ ਨੂੰ ਹਉਮੈ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਦੇ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਉਸਨੂੰ ਕੋਈ ਨਹੀਂ ਜਾਣ ਸਕਦਾ, ਕੋਈ ਨਹੀਂ ਬੁੱਝ ਸਕਦਾ। ਉਸ ਪ੍ਰਮਾਤਮਾ ਨੂੰ ਤਾਂ ਹੀ ਬੁੱਝਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੇ ਅੰਦਰ ਚੱਲ ਰਹੇ ਉਸਦੇ ਹੁਕਮ ਨੂੰ ਬੁੱਝ ਲਈਏ। ਉਸਦਾ ਹੁਕਮ ਸਾਡੇ ਮਨ ਦੇ ਵਿੱਚ ਹੀ ਚੱਲਦਾ ਹੈ ਤੇ ਇਸ ਲਈ ਉਸਨੂੰ ਕੇਵਲ ਮਨ ਦੇ ਵਿੱਚੋਂ ਹੀ ਬੁੱਝਿਆ ਜਾ ਸਕਦਾ ਹੈ। ਉਸਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਉਹ ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਤੇ ਉਸਦੀ ਸੋਝੀ ਗਿਆਨ ਰੂਪ ਵਿੱਚ ਹੀ ਪੈਂਦੀ ਹੈ ਤੇ ਤਾਂ ਹੀ

14/1431

ਸਾਡੀ ਹਉਮੈ ਦੂਰ ਹੁੰਦੀ ਹੈ, ਅਗਿਆਨਤਾ ਦਾ ਪੜਦਾ ਦੂਰ ਹੁੰਦਾ ਹੈ ਤੇ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਾਡੀ ਮਨੁੱਖੀ ਹੋਂਦ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਣਾ, ਵੱਖਰੀ ਹੋਂਦ ਸਮਝਣਾ ਕੇਵਲ ਸਾਡਾ ਭੁਲੇਖਾ ਹੈ, ਭਰਮ ਹੈ, ਦੁਬਿਧਾ ਹੈ, ਅਗਿਆਨਤਾ ਹੈ। ਇਸ ਅਗਿਆਨਤਾ ਵਿੱਚੋਂ ਸਾਨੂੰ ਉਹ ਆਪ ਹੀ ਕੱਢ ਸਕਦਾ ਹੈ ਜਿਸਨੇ ਇਹ ਅਗਿਆਨਤਾ ਸਾਡੇ ਅੰਦਰ ਪਾਈ ਹੋਈ ਹੈ। ਇਹ ਅਗਿਆਨਤਾ ਕੇਵਲ ਉਸਦੇ ਸੱਚੇ ਗਿਆਨ ਦੁਆਰਾ ਨਿਕਲ ਸਕਦੀ ਹੈ, ਮਨ ਵਿੱਚ ਚੌਥੇ ਪਦ ਦੇ ਗਿਆਨ ਦੇ ਪ੍ਰਗਟ ਹੋਣ ਨਾਲ ਨਿਕਲ ਸਕਦੀ ਹੈ। ਉਸ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਸਭ ਜਗ੍ਹਾ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਵਿਚਰ ਰਿਹਾ ਹੈ, ਬ੍ਰਹਮ ਗਿਆਨ ਦੁਆਰਾ ਵਿਚਰ ਰਿਹਾ ਹੈ। ਇਹੀ ਉਸਦਾ ਹੁਕਮ ਹੈ ਜੋ ਸਭ ਜਗ੍ਹਾ ਚੱਲ ਰਿਹਾ ਹੈ ਪਰ ਇਹ ਹੁਕਮ ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਇਹ ਹੁਕਮ ਕਿਸੇ ਨੂੰ ਨਜ਼ਰ ਆਉਣ ਵਾਲੀ ਵਸਤੂ ਨਹੀਂ ਹੈ। ਇਹ ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਜਿਸਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ਤੇ ਜਿੱਥੋਂ ਇਸਨੂੰ ਮਹਿਸੂਸ ਕੀਤਾ ਜਾ ਸਕਦਾ ਹੈ, ਜਿੱਥੋਂ ਉਸ ਦਾ ਹੁਕਮ ਬੁੱਝਿਆ ਜਾ ਸਕਦਾ ਹੈ ਉਹ ਕੇਵਲ ਮਨੁੱਖੀ ਮਨ ਹੈ।

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥}

(ਅੰਗ - ੧)

ਗੁਰੂ ਦੀ ਉੱਚੀ ਪਦਵੀਂ ਇਸੇ ਲਈ ਹੈ ਕਿਉਂਕਿ ਉਸ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਇਸ ਹੁਕਮ ਨੂੰ ਬੁੱਝਿਆ ਹੋਇਆ ਹੈ। ਗੁਰੂ ਪ੍ਰਮਾਤਮਾ ਦਾ "**ਜਨੁ**", ਉਸਦਾ "**ਸੇਵਕ**" ਇਸੇ ਲਈ ਹੈ, ਉਸਦੇ ਅੰਦਰ "**ਨਾਮੁ**" ਇਸੇ ਲਈ ਹੈ, ਗੁਰੂ ਬੰਧਨ ਮੁਕਤ ਇਸੇ ਲਈ ਹੈ, ਗੁਰੂ ਪ੍ਰਮਾਤਮਾ ਦੇ ਨਾਲ ਇਸੇ ਕਰਕੇ ਮਿਲਿਆ ਹੋਇਆ ਹੈ ਕਿਉਂਕਿ ਉਸਨੇ ਉਸਦੇ ਹੁਕਮ ਨੂੰ ਬੁੱਝਿਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

"ਜਨੁ ਲਾਗਾ ਹਰਿ ਏਕੈ ਨਾਇ॥ ਤਿਸ ਕੀ ਆਸ ਨ ਬਿਰਥੀ ਜਾਇ॥
ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥

ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥
ਬੰਧਨ ਤੋਰਿ ਭਏ ਨਿਰਵੈਰ॥ ਅਨਦਿਨੁ ਪੂਜਹਿ ਗੁਰ ਕੇ ਪੈਰ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ॥੪॥"

(ਅੰਗ ੨੯੨)

14/1432

ਇਹ ਉੱਪਰ ਵਾਲਾ ਸ਼ਬਦ ਗੁਰੂ ਪ੍ਰਥਾਇ ਹੈ, ਉਸ ਦੇ "**ਗੁਰੂ ਰੂਪ**" ਪ੍ਰਥਾਇ ਹੈ ਜਿੱਥੇ ਪ੍ਰਮਾਤਮਾ ਦਾ ਮੇਲ ਹੋਇਆ ਹੁੰਦਾ ਹੈ। ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਉਸਦੇ ਹੁਕਮ ਨੂੰ ਬੁੱਝ ਕੇ ਹੀ, ਸਮਝ ਕੇ ਹੀ ਜੁੜਿਆ ਜਾ ਸਕਦਾ ਹੈ। ਸਾਨੂੰ ਸਭ ਤੋਂ ਉੱਚਾ ਵਿਚਾਰ ਗੁਰੂ ਕੋਲੋਂ ਹੀ ਮਿਲਦਾ ਹੈ, ਸੱਚੇ ਗੁਰੂ ਦੇ ਕੋਲੋਂ ਹੀ ਮਿਲਦਾ ਹੈ। ਗੁਰੂ ਉਹੀ ਹੈ ਜਿਸਦੇ ਮਨ ਵਿੱਚ ਪ੍ਰਮਾਤਮਾ ਵੱਸਿਆ ਹੋਇਆ ਹੈ। ਗੁਰੂ ਦਾ ਦਿੱਤਾ ਹੋਇਆ ਵਿਚਾਰ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਵਿਚਾਰ ਹੈ ਤੇ ਇਸੇ ਲਈ ਉਸ ਤੋਂ ਉੱਚਾ ਵਿਚਾਰ ਕੋਈ ਹੋ ਹੀ ਨਹੀਂ ਸਕਦਾ। ਉਸਦਾ ਉੱਚਾ ਵਿਚਾਰ ਹੀ ਉਸਦਾ ਨਾਮ ਹੈ ਜੋ ਸਭ ਤੋਂ ਉੱਚਾ ਹੈ ਭਾਵ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਵਿਚਾਰ ਦੁਆਰਾ ਸਭ ਤੋਂ ਉੱਚਾ ਹੈ, ਸਭ ਦਾ ਗੁਰੂ ਹੈ, ਸਭ ਦਾ ਪਾਤਸ਼ਾਹ ਹੈ। **(ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥)** ਇਸ ਗੱਲ ਨੂੰ ਸਮਝਣਾ ਬਹੁਤ ਹੀ ਜਰੂਰੀ ਹੈ ਕਿ ਪ੍ਰਮਾਤਮਾ ਕਿਸ ਗੱਲ ਕਰਕੇ ਉੱਚਾ ਹੈ। ਪ੍ਰਮਾਤਮਾ ਆਪਣੇ ਗਿਆਨ ਕਰਕੇ ਹੀ ਉੱਚਾ। ਉਸਦੇ ਗੁਰੂ ਰੂਪ ਵਿੱਚ ਅਸੀਂ ਉਸਦੇ ਗਿਆਨ ਰੂਪ ਦੇ ਪ੍ਰਤੱਖ ਰੂਪ ਵਿੱਚ ਦਰਸ਼ਨ ਕਰ ਸਕਦੇ ਹਾਂ ਕਿ ਗੁਰੂ ਆਪਣੇ ਸ਼ਬਦ ਦੀ ਵਿਚਾਰ ਦੁਆਰਾ ਹੀ ਉੱਚਾ ਹੈ। ਸ਼ਬਦ ਦੀ ਵਿਚਾਰ ਤੋਂ ਉੱਚੀ ਹੋਰ ਕੋਈ ਵਿਚਾਰ ਨਹੀਂ ਹੋ ਸਕਦੀ।

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

"ਸ਼ਬਦ" ਗੁਰੂ ਹੈ, ਆਪ ਪ੍ਰਮਾਤਮਾ ਹੈ ਤੇ ਗੁਰੂ ਰੂਪ ਪ੍ਰਮਾਤਮਾ ਆਪਣੇ ਵਿਚਾਰਾਂ ਦੁਆਰਾ ਭਾਵ ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਹੀ ਸਭ ਤੋਂ ਉੱਚਾ ਹੈ। ਉਸਦੇ ਸ਼ਬਦਾਂ ਦੀ ਵਿਚਾਰ ਹੀ ਉਸਦਾ ਨਾਮ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

ਗੁਰੂ ਦੇ ਅੰਦਰ "ਨਾਮੁ" ਇਹ ਸ਼ਬਦ ਦੀ ਵੀਚਾਰ ਹੀ ਹੈ ਜਿਸ ਕਰਕੇ ਗੁਰੂ ਦਾ ਗਿਆਨ ਸਭ ਤੋਂ ਉੱਚਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਗੁਰੂ "ਗੁਰਮੁਖਿ" ਹੈ ਜਿਸ ਦੁਆਰਾ ਗੁਰੂ ਸੱਚਾ ਹੈ, ਪ੍ਰਮਾਤਮਾ ਦੇ ਦਰਬਾਰ ਵਿੱਚ ਸੱਚਾ ਹੈ। ਜਿਸ ਨੂੰ ਵੀ ਪ੍ਰਮਾਤਮਾ ਸੱਚਾ ਬਣਾਉਂਦਾ ਹੈ ਉਸਨੂੰ ਆਪਣੇ ਸ਼ਬਦ ਦੀ ਵਿਚਾਰ ਬਖਸ਼ ਕੇ ਹੀ ਬਣਾਉਂਦਾ ਹੈ। ਗੁਰੂ ਰੂਪ ਵਿੱਚ ਉਸਨੇ ਆਪਣੇ ਸ਼ਬਦ ਦੀ ਵੀਚਾਰ ਦੁਆਰਾ, ਆਪਣੇ ਨਾਮ ਦੁਆਰਾ ਆਪਣੇ ਆਪ ਨੂੰ ਪ੍ਰਗਟ ਕੀਤਾ ਹੋਇਆ ਹੈ, ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਪ੍ਰਗਟ ਕੀਤਾ ਹੋਇਆ ਹੈ। ਨਾਮ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਆਪਣਾ ਨਾਮ ਕਿਸੇ ਨੂੰ ਉਹ ਆਪ ਹੀ ਦਿੰਦਾ ਹੈ, ਆਪਣਾ ਉੱਚਾ ਤੇ ਸੱਚਾ ਗਿਆਨ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ। ਨਾਮ ਦੀ ਪ੍ਰਾਪਤੀ ਬਿਨ੍ਹਾਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕਿਸ ਕਰਕੇ ਉੱਚਾ ਹੈ ਤੇ ਕਿਸ ਰੂਪ ਵਿੱਚ ਉੱਚਾ ਹੈ।

{ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥੨੪॥}

(ਅੰਗ ੫)

ਪ੍ਰਮਾਤਮਾ ਸਭ ਤੋਂ ਵੱਡਾ ਆਪ ਹੀ ਹੈ ਤੇ ਇਸੇ ਲਈ ਉਸਦਾ ਅਸਥਾਨ ਸਭ ਤੋਂ ਉੱਚਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਅਸਥਾਨ ਹੈ ਤੇ ਪ੍ਰਮਾਤਮਾ ਦਾ ਉੱਚਾ ਅਸਥਾਨ ਇਹ ਇਸ ਲਈ ਹੈ ਕਿ ਗੁਰਬਾਣੀ ਦਾ ਗਿਆਨ ਸਭ ਤੋਂ ਉੱਚਾ ਹੈ, ਗੁਰਬਾਣੀ

ਦੇ ਸ਼ਬਦ ਦੀ ਵਿਚਾਰ ਸਭ ਤੋਂ ਉੱਚੀ ਹੈ। ਪੂਰੀ ਗੁਰਬਾਣੀ ਵਿੱਚ ਇਹ ਸ਼ਬਦ ਦੀ ਵਿਚਾਰ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਪ੍ਰਮਾਤਮਾ ਦਾ ਉੱਚਾ ਅਸਥਾਨ ਉਸਦੇ ਇਸ ਬ੍ਰਹਮ ਗਿਆਨ ਦੁਆਰਾ ਹੀ ਹੈ।

{ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

ਪ੍ਰਮਾਤਮਾ ਆਪਣੇ ਇਸ ਬ੍ਰਹਮ ਗਿਆਨ ਦੁਆਰਾ ਹੀ ਸਭ ਤੋਂ ਵੱਡਾ ਹੈ, ਸਭ ਤੋਂ ਉੱਚਾ ਹੈ। ਇਹ ਬ੍ਰਹਮ ਗਿਆਨ ਹੀ ਉਸਦਾ ਨਾਮ ਹੈ ਤੇ ਪ੍ਰਮਾਤਮਾ ਆਪਣੇ ਨਾਮ ਕਰਕੇ ਹੀ ਸਭ ਤੋਂ ਉੱਚਾ ਹੈ, ਸਭ ਤੋਂ ਉੱਚਾ ਉਸਦਾ ਨਾਮ ਹੀ ਹੈ ਤੇ ਨਾਮ ਦਾ ਮਾਲਕ ਉਹ ਆਪ ਹੈ, ਬ੍ਰਹਮ ਗਿਆਨੀ ਕੇਵਲ ਉਹ ਆਪ ਹੀ ਹੈ। **(ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥)**

ਜਿਸ ਨੇ ਪ੍ਰਮਾਤਮਾ ਦੇ ਇਸ ਉੱਚੇ ਅਸਥਾਨ ਨੂੰ ਜਾਣਿਆ ਹੈ ਉਹਨਾਂ ਨੇ ਬ੍ਰਹਮ ਗਿਆਨ ਦੀ ਅਵੱਸਥਾ ਦੁਆਰਾ ਹੀ ਜਾਣਿਆ ਹੈ। **(ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥)** ਜਿੰਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਜਾਣਿਆ ਹੈ ਇਸੇ ਲਈ ਉਹਨਾਂ ਨੇ "ਪ੍ਰਮਾਤਮਾ ਨੂੰ", "ਨਾਮ ਨੂੰ" ਬ੍ਰਹਮ ਗਿਆਨ ਹੀ ਕਿਹਾ ਹੈ।

{ਨਿਜ ਪਦ ਊਪਰਿ ਲਾਗੋ ਧਿਆਨੁ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

ਬ੍ਰਹਮ ਗਿਆਨ ਦੀ ਅਵੱਸਥਾ ਦੁਆਰਾ ਹੀ ਉਹਨਾਂ ਨੇ ਬ੍ਰਹਮ ਗਿਆਨ ਦੀ ਰਚਨਾ ਕੀਤੀ ਹੈ, ਗੁਰਬਾਣੀ ਦੀ ਰਚਨਾ ਕੀਤੀ ਹੈ। ਆਪਣੇ ਇਸ ਬ੍ਰਹਮ ਗਿਆਨ ਦੁਆਰਾ ਹੀ ਪੂਰੀ ਗੁਰਬਾਣੀ ਨਾਮ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ ੧੨੩੯)

{ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥}

(ਅੰਗ ੩੯)

ਕਿਉਂਕਿ ਪ੍ਰਮਾਤਮਾ ਆਪ ਗਿਆਨ ਰੂਪ ਹੈ, ਨਾਮ ਰੂਪ ਹੈ, ਸ਼ਬਦ ਰੂਪ ਹੈ ਤੇ ਇਸੇ ਲਈ ਉਸਦਾ ਇਹ ਗਿਆਨ ਰੂਪ ਹੀ ਸਾਡਾ ਸਭ ਦਾ ਗੁਰੂ ਹੈ।

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ॥}

(ਅੰਗ ੬੦੦)

ਜਦੋਂ ਪ੍ਰਮਾਤਮਾ ਕਿਸੇ ਨੂੰ ਉੱਚਾ ਕਰਦਾ ਹੈ ਉਸਨੂੰ ਆਪਣਾ ਸੱਚਾ ਗਿਆਨ ਬਖਸ਼ ਕੇ ਹੀ ਕਰਦਾ ਹੈ, ਆਪਣਾ ਬ੍ਰਹਮ ਗਿਆਨ, ਆਪਣਾ ਨਾਮ, ਆਪਣਾ ਸ਼ਬਦ ਭਾਵ ਆਪਣੇ ਸ਼ਬਦ ਦੀ ਵਿਚਾਰ ਬਖਸ਼ ਕੇ ਹੀ ਕਰਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਕੋਈ ਜਾਣ ਸਕਦਾ ਹੈ।

{ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥}

ਅਸੀਂ ਉਸੇ ਗੱਲ ਨੂੰ ਸਮਝ ਸਕਦੇ ਹਾਂ ਜਿਤਨੀ ਕੁ ਸਾਡੇ ਅੰਦਰ ਉਸ ਗੱਲ ਨੂੰ ਸਮਝਣ ਦੀ ਸਮਰੱਥਾ ਹੁੰਦੀ ਹੈ। ਇੱਕ ਪੰਜਵੀਂ ਜਮਾਤ ਤੱਕ ਪੜ੍ਹਿਆ ਹੋਇਆ ਬੱਚਾ ਆਪਣੀ ਪੜ੍ਹਾਈ ਦੇ ਲੈਵਲ ਦੀ ਗੱਲ ਨੂੰ ਹੀ ਸਮਝਦਾ ਹੈ ਤੇ ਜੇਕਰ ਉਸਨੂੰ ਵੱਡੀ ਪੜ੍ਹਾਈ ਦਾ ਸਵਾਲ ਕਹੀਏ ਤਾਂ ਉਹ ਨਹੀਂ ਸਮਝ ਸਕਦਾ। ਇਸੇ ਤਰ੍ਹਾਂ ਪ੍ਰਮਾਤਮਾ ਆਪ ਆਪਣੇ ਗਿਆਨ ਦੁਆਰਾ ਬਹੁਤ ਉੱਚਾ ਹੈ, ਉਸਦੇ ਕੋਲ ਗਿਆਨ ਚੌਥੇ ਪਦ ਵਾਲਾ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦੇ ਹੋਏ ਚੌਥੇ ਪਦ ਦੀ ਗਹਿਰਾਈ ਨੂੰ ਨਹੀਂ ਸਮਝਿਆ ਜਾ ਸਕਦਾ। ਚੌਥਾ ਪਦ ਆਪਣੇ ਗਿਆਨ ਰਾਹੀਂ ਬਹੁਤ ਗਹਿਰਾ ਹੈ ਤੇ ਇਸੇ ਲਈ ਗੁਰੂ ਦੀ ਦੱਸੀ ਹੋਈ ਗੱਲ ਬਹੁਤ ਜਿਆਦਾ ਗਹਿਰਾਈ ਵਿੱਚ ਹੁੰਦੀ ਹੈ, ਉਸਦਾ ਭਾਵ ਬਹੁਤ ਗਹਿਰਾ ਹੁੰਦਾ ਹੈ ਜਿਸ ਦੀ ਸੋਝੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ। ਚੌਥਾ ਪਦ ਪ੍ਰਮਾਤਮਾ ਨੇ ਆਪਣੇ ਕੋਲ ਰੱਖਿਆ ਹੋਇਆ ਹੈ।

ਜਿਸਨੂੰ ਉਹ ਆਪਣੇ ਪਦ ਵਿੱਚ ਮਿਲਾਣਾ ਚਾਹੇ ਉਹੀ ਉਸ ਨਾਲ ਮਿਲ ਸਕਦਾ ਹੈ। ਆਪਣੇ ਚੌਥੇ ਪਦ ਦਾ ਗਿਆਨ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਦਿੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਚੌਥੇ ਪਦ ਦੀ ਗਹਿਰਾਈ ਸਮਝ ਪੈਂਦੀ ਹੈ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਤੇ ਇਸ ਦੀ ਪੂਰਨ ਸੋਝੀ, ਸੱਚੀ ਸੋਝੀ ਚੌਥੇ ਪਦ ਦੁਆਰਾ ਹੀ ਪੈਂਦੀ ਹੈ ਤੇ ਉਸ ਤੇ ਵਿਸ਼ਵਾਸ ਇਸ ਚੌਥੇ ਪਦ ਦੁਆਰਾ ਹੀ ਆਉਂਦਾ ਹੈ। ਇਹ ਚੌਥੇ ਪਦ ਦੀ ਦਾਤਿ ਪ੍ਰਮਾਤਮਾ ਆਪ ਹੀ ਕਿਸੇ ਨੂੰ ਬਖਸ਼ ਕੇ ਉਸਨੂੰ ਭਾਗਾਂ ਵਾਲਾ ਬਣਾਉਂਦਾ ਹੈ। **(ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥੨੪॥)** ਅੰਗ - ੫

ਚੌਥੇ ਪਦ ਦੁਆਰਾ ਜੋ ਵਿਚਾਰ ਮਿਲਦੀ ਹੈ ਉਹ ਸ਼ਬਦ ਦੀ ਵਿਚਾਰ ਹੈ, ਗੁਰੂ ਰੂਪ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ, ਬ੍ਰਹਮ ਗਿਆਨ ਹੈ, ਨਾਮ ਦੀ ਵਿਚਾਰ ਹੈ, ਗੁਰਮਤਿ ਦੀ ਸੱਚੀ ਸੋਝੀ ਦੀ ਵਿਚਾਰ ਹੈ ਜਿਸ ਤੋਂ ਉੱਚੀ ਕੋਈ ਹੋਰ ਹੋ ਹੀ ਨਹੀਂ ਸਕਦੀ ਜੋ ਸਾਨੂੰ ਧਰਮ ਦਾ ਮਾਰਗ ਸਮਝਾ ਸਕੇ। ਇਹ ਵਿਚਾਰ ਪ੍ਰਮਾਤਮਾ ਉਸੇ ਮਨ ਦੇ ਰਾਹੀਂ ਦਿੰਦਾ ਹੈ ਜਿੱਥੇ ਉਹ ਵੱਸ ਜਾਂਦਾ ਹੈ ਭਾਵ ਜਿਸ ਮਨੁੱਖ ਦੇ ਵਿੱਚ ਉਹ ਮਨ ਦੇ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ। **(ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥)** ਅੰਗ - ੨੯੨

ਜਿੱਥੇ ਪ੍ਰਮਾਤਮਾ ਦਾ ਆਪਣਾ ਵਿਚਾਰ ਹੈ ਉਹ ਸੱਚ ਹੈ ਜਿਸਨੂੰ ਕੋਈ ਮੇਟ ਨਹੀਂ ਸਕਦਾ, ਇਹ ਉਸਦਾ ਹੁਕਮ ਹੈ ਜਿਸਨੂੰ ਕੋਈ ਮੇਟ ਨਹੀਂ ਸਕਦਾ ਭਾਵ ਇਸਨੂੰ ਕੋਈ ਗਲਤ ਸਾਬਤ ਨਹੀਂ ਕਰ ਸਕਦਾ। ਇਸੇ ਲਈ ਗੁਰੂ ਦਾ ਬਚਨ ਸਦਾ ਲਈ ਥਿਰ ਹੈ ਜੋ ਕਦੇ ਮਿਟ ਨਹੀਂ ਸਕਦਾ, ਕਦੇ ਬਿਨਸ ਨਹੀਂ ਸਕਦਾ। ਪ੍ਰਮਾਤਮਾ ਦੇ ਦਰ ਤੋਂ ਆਇਆ ਹੋਇਆ ਵਿਚਾਰ ਸੱਚੀ ਬਾਣੀ ਹੈ ਤੇ ਇਸੇ ਲਈ ਗੁਰਬਾਣੀ ਸੱਚੀ ਬਾਣੀ ਹੈ। ਸੱਚੀ ਬਾਣੀ ਤੇ ਕੱਚੀ ਬਾਣੀ ਵਿੱਚ ਭੇਦ ਅਸੀਂ ਸਮਝ ਸਕਦੇ ਹਾਂ। ਕੱਚੀ ਬਾਣੀ ਦੇ ਬੋਲ ਜਰੂਰੀ ਨਹੀਂ ਕਿ ਉਹ ਸੱਚ ਹੋਣ ਕਿਉਂਕਿ ਉੱਥੇ ਦੁਚਿੱਤੀ ਨਾਲ-ਨਾਲ ਚੱਲਦੀ ਹੈ। ਕੱਚੀ ਬਾਣੀ ਕਦੇ ਵੀ ਬਿਨਸ ਸਕਦੀ ਹੈ, ਜਦੋਂ ਸੱਚ ਸਾਹਮਣੇ ਆ ਜਾਵੇ ਤਾਂ ਫਿਰ ਕੱਚੇ ਬੋਲ ਸੱਚੇ ਬੋਲਾਂ ਦੇ ਸਾਹਮਣੇ ਟਿਕ ਨਹੀਂ ਸਕਦੇ। ਸੱਚੇ ਬੋਲ ਕੇਵਲ ਗੁਰਬਾਣੀ ਦੇ ਕੋਲ ਹਨ ਤੇ ਜੋ ਬੋਲ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ, ਉਹ ਕੱਚਾ ਬੋਲ ਹੈ, ਉਹ ਬਿਨਸ

ਜਾਵੇਗਾ। ਕੱਚੇ ਬੋਲਾਂ ਦੇ ਪਿੱਛੇ ਲੱਗ ਕੇ, ਕੱਚੀਆਂ ਬਾਣੀਆਂ ਦੇ ਪਿੱਛੇ ਲੱਗ ਕੇ ਗੁਰੂ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ ਭਾਵ ਉਸਨੂੰ ਨਹੀਂ ਪਾਇਆ ਜਾ ਸਕਦਾ। ਗੁਰਬਾਣੀ ਦੇ ਸੱਚੇ ਬੋਲਾਂ ਨੂੰ ਜਾਣ ਕੇ ਤੇ ਮੰਨ ਕੇ ਹੀ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ। ਇਸੇ ਲਈ ਸਾਨੂੰ ਉੱਪਰ ਸਮਝਾਇਆ ਹੈ ਕਿ ਜਿਸ ਤਰੀਕੇ ਨਾਲ ਗੁਰੂ, ਪ੍ਰਮਾਤਮਾ ਨੂੰ ਜਪ ਰਿਹਾ ਹੈ, ਉਸੇ ਤਰੀਕੇ ਨਾਲ ਹੀ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ। ਮਨ ਦੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੇ ਨਾਲ ਹੀ ਉਸਨੂੰ ਜਪਿਆ ਜਾ ਸਕਦਾ ਹੈ ਤੇ ਇਹੀ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ।

"ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ॥"

ਗੁਰੂ ਦੇ ਕੋਲ ਉਸ ਦਾ ਸੱਚਾ ਗਿਆਨ ਹੈ ਤੇ ਇਸੇ ਲਈ ਗੁਰੂ ਦਿਨ ਰਾਤ ਉਸਦੀ ਭਗਤੀ ਕਰ ਰਿਹਾ ਹੈ। ਆਪਣੇ ਜੀਵਨ ਕਾਲ ਵਿੱਚ ਭਗਤ ਸਾਹਿਬਾਨ ਨੇ ਉਸਦੀ ਭਗਤੀ ਕਰ ਕੇ ਦਿਖਾਈ ਹੈ, ਦਿਨ ਰਾਤ, ਅੱਠੇ ਪਹਿਰ ਉਸਦੇ ਹੁਕਮ ਵਿੱਚ ਰਹਿ ਕੇ ਦਿਖਾਇਆ ਹੈ ਤੇ ਉਨ੍ਹਾਂ ਨੇ ਲਾਹਾ ਖੱਟਿਆ ਹੈ। ਉਸਦਾ ਲਾਹਾ ਉਸਦੇ ਰਾਮ ਨਾਮ ਵਿੱਚ ਹੈ, ਸੱਚ ਵਿੱਚ ਹੈ ਜੋ ਕਿ ਉਸਦਾ ਸੱਚਾ ਗਿਆਨ ਹੈ।

ਮਨੁੱਖੀ ਜਨਮ ਦਾ ਨਿਸਤਾਰਾ ਰਾਮ ਨਾਮ ਦੀ ਪ੍ਰਾਪਤੀ ਦੇ ਨਾਲ ਹੀ ਹੈ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਹੈ। ਰਾਮ ਨਾਮ ਹੀ ਆਪ ਸ਼ਬਦ ਹੈ ਭਾਵ ਸ਼ਬਦ ਦੀ ਦਿੱਤੀ ਹੋਈ ਵਿਚਾਰ ਹੈ। **{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥}** ਅੰਗ - 355 । ਉਸਦੇ ਸੱਚੇ ਗਿਆਨ ਨਾਲ ਰੱਤੇ ਜਾਣਾ, ਸ਼ਬਦ ਦੀ ਵਿਚਾਰ ਦੇ ਨਾਲ ਰੱਤੇ ਜਾਣਾ ਪ੍ਰਮਾਤਮਾ ਦੇ ਨਾਲ ਰੱਤੇ ਜਾਣਾ ਹੈ ਜਿਸਦੇ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਗੁਰੂ ਉਸਦੇ ਸ਼ਬਦ ਦੀ ਵੀਚਾਰ ਦੇ ਨਾਲ ਰੱਤਿਆ ਹੋਇਆ ਹੈ, ਉਸਦੇ ਗਿਆਨ ਦੇ ਨਾਲ ਰੱਤਿਆ ਹੋਇਆ ਹੈ ਤੇ ਤਾਂ ਹੀ ਉਸਨੇ ਸ਼ਬਦਾਂ ਨੂੰ ਉਚਾਰਿਆ ਹੈ, ਸੱਚੇ ਗਿਆਨ ਨੂੰ ਉਚਾਰਿਆ ਹੈ, ਗੁਰਬਾਣੀ ਨੂੰ ਉਚਾਰਿਆ ਹੈ, ਨਾਮ ਨੂੰ ਉਚਾਰਿਆ ਹੈ। **(ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ॥੪॥੨॥)**

ਇਹ ਸੱਚਾ ਗਿਆਨ ਹੀ ਗੁਰੂ ਦਾ ਅਖੁੱਟ ਨਾਮ ਧਨ ਹੈ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਿੱਚ ਸਮਝਾਇਆ ਹੋਇਆ ਹੈ।

14/1434

ਉਸਦੇ ਭਗਤਾਂ ਦਾ ਇਹੀ ਖਜ਼ਾਨਾ ਹੈ ਜਿਸ ਦੁਆਰਾ ਉਹ ਭਗਤੀ ਕਰਦੇ ਹਨ। ਇਸ ਗਿਆਨ ਧਨ ਦੀ ਪ੍ਰਾਪਤੀ ਦੇ ਨਾਲ ਹੀ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਧਨ ਦੀ ਪ੍ਰਾਪਤੀ ਦੇ ਨਾਲ ਹੀ ਸਾਡੇ ਅੰਦਰੋਂ ਅੰਮ੍ਰਿਤ ਦੀ ਚੋਰੀ ਬੰਦ ਹੁੰਦੀ ਹੈ ਜਿਸ ਚੋਰੀ ਦੀ ਵਜ੍ਹਾ ਸਾਡੇ ਅੰਦਰ ਦੀ ਅਗਿਆਨਤਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ, ਨਾਮ ਦੀ ਸਮਝ ਦਾ ਨਾ ਹੋਣਾ ਹੈ। ਚੋਰੀ ਸਾਡੇ ਮਨ ਦੀ ਦ੍ਰਿੜਤਾ ਨਾਲ ਹੀ ਬੰਦ ਹੁੰਦੀ ਹੈ ਜੋ ਕਿ ਸਾਨੂੰ ਸੱਚੇ ਗਿਆਨ ਦੁਆਰਾ ਮਿਲਦੀ ਹੈ। ਸਾਡੇ ਔਗੁਣ ਸਾਨੂੰ ਅੰਮ੍ਰਿਤ ਦਾ ਚੋਰ ਬਣਾਉਂਦੇ ਹਨ, ਨਾਮ ਦਾ ਚੋਰ ਬਣਾਉਂਦੇ ਹਨ, ਪ੍ਰਮਾਤਮਾ ਦੇ ਘਰ ਦਾ ਚੋਰ ਬਣਾਉਂਦੇ ਹਨ ਜਿਸ ਕਰਕੇ ਸਾਨੂੰ ਉਸਦੇ ਘਰ ਤੋਂ ਸਜ਼ਾਵਾਂ ਮਿਲਦੀਆਂ ਹਨ।

ਜਿਵੇਂ ਕਿ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਸਾਡੇ ਜੀਵਨ ਦਾ ਮਨੋਰਥ ਧਰਮ ਕਮਾਉਣਾ ਹੈ ਭਾਵ ਧਰਮੀ ਬਣ ਕੇ ਜਿਉਣਾ ਹੈ। ਸਾਡੇ ਧਰਮ ਵਿੱਚ ਰੁਕਾਵਟ ਕੀ ਹੈ, ਜਦ ਤੱਕ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਅਸੀਂ ਧਰਮ ਦੀ ਕਮਾਈ ਕਿਵੇਂ ਕਰਾਂਗੇ। ਇਨ੍ਹਾਂ ਪੰਜ ਚੋਰਾਂ ਦੇ ਰਹਿੰਦਿਆਂ ਅਸੀਂ ਆਪਣੇ ਜੀਵਨ ਵਿੱਚ ਧਰਮ ਨਹੀਂ ਕਮਾ ਸਕਦੇ ਕਿਉਂਕਿ ਸਾਡਾ ਧਰਮ, ਸਭ ਦਾ ਧਰਮ ‘‘ਸੱਚ’’ ਹੈ ਤੇ ਇਹ ਚੋਰ ਸਾਡੇ ਅੰਦਰੋਂ ਸੱਚ ਦੀ ਚੋਰੀ ਕਰਦੇ ਹਨ, ਨਾਮ ਦੀ ਚੋਰੀ ਕਰਦੇ ਹਨ। ਅਗਿਆਨਤਾ ਵਿੱਚ ਅਸੀਂ ਇਨ੍ਹਾਂ ਚੋਰਾਂ ਵੱਲੋਂ ਸੁੱਤੇ ਰਹਿੰਦੇ ਹਾਂ ਤੇ ਸਾਨੂੰ ਇਸ ਨੀਂਦ ਵਿੱਚੋਂ ਗੁਰੂ ਦਾ ਗਿਆਨ ਹੀ ਜਗਾ ਸਕਦਾ ਹੈ ਤੇ ਫਿਰ ਤਾਂ ਹੀ ਅਸੀਂ ਇਨ੍ਹਾਂ ਚੋਰਾਂ ਤੋਂ ਆਪਣੇ ਘਰ ਦੀ ਸੰਭਾਲ ਕਰਦੇ ਹਾਂ, ਮਨ ਦੇ ਵਿਚਾਰਾਂ ਦੀ ਸੰਭਾਲ ਕਰਦੇ ਹਾਂ, ਸੱਚ ਦੀ ਸੰਭਾਲ ਕਰਦੇ ਹਾਂ, ਨਾਮ ਦੀ ਸੰਭਾਲ ਕਰਦੇ ਹਾਂ। ਇਹ ਉਹ ਨਾਮ ਦੀ ਸੰਭਾਲ ਹੈ ਜੋ ਸਾਨੂੰ ਗੁਰਬਾਣੀ ਵਾਰ-ਵਾਰ ਨਾਮ ਦੀ ਸੰਭਾਲ ਕਰਨ ਲਈ ਕਹਿੰਦੀ ਹੈ, "**ਨਾਮ ਸਮਾਲਿ**" ਲਈ ਕਹਿੰਦੀ ਹੈ। ਆਓ ਇਸ ਗੱਲ ਨੂੰ ਹੇਠ ਦਿੱਤੀਆਂ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

"ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਣੀਆ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ॥੩॥"

(ਅੰਗ ੮੩੩)

ਬਾਣੀ ਵਿੱਚ ਵਾਰ-ਵਾਰ ਪ੍ਰਮਾਤਮਾ ਦਾ ਨਾਮ ਹਰ ਵੇਲੇ, ਅੱਠੇ ਪਹਿਰ,

14/1435

ਦਿਨ ਰਾਤ ਜਪਣ ਦੀ ਗੱਲ ਆਉਂਦੀ ਹੈ। ਉੱਪਰ ਸ਼ਬਦ ਦੀ ਪੰਗਤੀ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਉਸਦਾ ਦਿਨ ਰਾਤ ਭਾਵ ਅਹਿਨਿਸ ਨਾਮ ਜਪਣਾ ਕੀ ਹੈ। ਸਾਡੇ ਅੰਦਰ ਦਿਨ ਰਾਤ ਪੰਜ ਚੋਰ ਲੱਗੇ ਹੋਏ ਹਨ ਜੋ ਸਾਡੇ ਅੰਦਰੋਂ ਨਾਮ ਦੀ, ਨਾਮ ਧਨ ਦੀ ਚੋਰੀ ਕਰ ਰਹੇ ਹਨ। ਜਦੋਂ ਦਿਨ ਰਾਤ ਦੀ ਚੋਰੀ ਬੰਦ ਹੋ ਜਾਵੇਗੀ ਫਿਰ ਤਾਂ ਹੀ ਅਸੀਂ ਉਸ ਪ੍ਰਮਾਤਮਾ ਦਾ ਦਿਨ ਰਾਤ ਨਾਮ ਜਪ ਸਕਦੇ ਹਾਂ, ਅੱਠੇ ਪਹਿਰ ਆਪਣਾ ਧਰਮ ਕਮਾ ਸਕਦੇ ਹਾਂ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਸਾਡੇ ਇਸ ਮਨੋਰਥ ਦੀ ਪੂਰਤੀ ਵਿੱਚ ਇਹ ਪੰਜੇ ਚੋਰ ਹੀ ਰੁਕਾਵਟ ਹਨ।

"**ਧਰਮ ਅਰਥੁ**" ਤੋਂ ਭਾਵ ਹੈ ਧਰਮ ਦੀ ਮਾਇਆ, ਧਰਮ ਦਾ ਧਨ ਭਾਵ ਨਾਮ ਦਾ ਧਨ। ਇਹ ਪੰਜ ਚੋਰ ਸਾਡੇ ਔਗੁਣ ਹਨ ਜੋ ਸਾਡੇ ਅੰਦਰੋਂ ਗੁਣਾਂ ਦੀ ਚੋਰੀ ਕਰਦੇ ਹਨ। ਧਰਮ ਦੀ ਕਮਾਈ, ਨਾਮ ਦੀ ਕਮਾਈ ਅਸੀਂ ਗੁਣਾਂ ਦੁਆਰਾ ਹੀ ਕਰ ਸਕਦੇ ਹਾਂ, ਆਪਣੇ ਜੀਵਨ ਵਿੱਚ ਗੁਣਾਂ ਨੂੰ ਖਰਚ ਕੇ ਕਰ ਸਕਦੇ ਹਾਂ, ਗੁਣਾਂ ਦੇ ਧਨ ਨੂੰ ਖਰਚ ਕੇ ਕਰ ਸਕਦੇ ਹਾਂ ਭਾਵ ਉਹਨਾਂ ਗੁਣਾਂ ਦੁਆਰਾ ਵਿਚਰਕੇ ਚੰਗੀ ਕਰਨੀ ਕਰ ਸਕਦੇ ਹਾਂ ਤੇ ਮਾੜੇ ਕਰਮਾਂ ਤੋਂ ਬਚ ਸਕਦੇ ਹਾਂ। ਗੁਣਾਂ ਦੇ ਧਨ ਨੂੰ ਤਾਂ ਹੀ ਖਰਚਾਂਗੇ ਜੇਕਰ ਸਾਡੇ ਪੱਲੇ ਇਹ ਧਨ ਹੋਵੇਗਾ। ਧਨ ਤਾਂ ਹੀ ਪੱਲੇ ਪਵੇਗਾ ਜੇਕਰ ਇਸ ਧਨ ਦੇ ਚੋਰਾਂ ਨੂੰ ਕਾਬੂ ਵਿੱਚ ਕਰਾਂਗੇ। ਅਸੀਂ ਇਨ੍ਹਾਂ ਚੋਰਾਂ ਵੱਲੋਂ ਅੱਖਾਂ ਮੀਟੀਆਂ ਹੋਈਆਂ ਹਨ, ਸੁੱਤੇ ਪਏ ਹਾਂ, ਸਾਡੇ ਘਰ ਵਿੱਚ ਚੋਰੀ ਚੱਲ ਰਹੀ ਹੈ ਪਰ ਅਸੀਂ ਅਗਿਆਨਤਾ ਦੇ

ਅੰਧੇਪਨ ਵਿੱਚ ਇਨ੍ਹਾਂ ਚੋਰਾਂ ਵੱਲੋਂ ਬੇਖ਼ਬਰ ਹਾਂ। **(ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ॥ ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ॥੨॥)** ਇਹ ਚੋਰ ਸਾਡੀ ਅਗਿਆਨਤਾ ਦੀ ਉਪਜ ਹਨ। ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਇਹ ਸਮਝ ਹੀ ਨਹੀਂ ਪੈਂਦੀ ਕਿ ਸਾਡਾ ਧਰਮ ਕੀ ਹੈ, ਨਾਮ ਜਪਣਾ ਕੀ ਹੈ। ਅਗਿਆਨਤਾ ਵਿੱਚ ਅਸੀਂ ਉਹੋ ਜਿਹਾ ਧਰਮ ਕਮਾ ਰਹੇ ਹਾਂ, ਨਾਮ ਜਪ ਰਹੇ ਹਾਂ ਜਿਸਦੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੀਮਤ ਨਹੀਂ ਪੈਂਦੀ ਭਾਵੇਂ ਸਾਡੀ ਆਪਣੀ ਕੀਮਤ ਸਮਾਜ ਵਿੱਚ ਇਹੋ ਜਿਹੇ ਜਪਾਂ ਤਪਾਂ ਦੁਆਰਾ ਹੀ ਪੈਂਦੀ ਹੈ ਜਿਸਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ।

ਸਾਡਾ ਜੀਵਨ ਬਹੁਤ ਅਮੁੱਲਾ ਹੈ, ਸੋਨੇ ਵਰਗਾ ਹੈ ਤੇ ਹੀਰੇ ਜਵਾਹਰਾਂ

14/1436

ਨਾਲ ਭਰਿਆ ਹੋਇਆ ਹੈ ਭਾਵ ਇਸ ਵਿੱਚ ਆਪ ਪ੍ਰਮਾਤਮਾ ਹੈ ਜਿੱਥੋਂ ਅਸੀਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ, ਉਸ ਨਾਲ ਮਿਲ ਸਕਦੇ ਹਾਂ। ਅਸੀਂ ਅਗਿਆਨਤਾ ਦੇ ਕਾਰਨ ਔਗੁਣਾਂ ਵਿੱਚ ਫਸ ਕੇ ਇਤਨੇ ਕੀਮਤੀ ਜੀਵਨ ਨੂੰ ਵਿਅਰਥ ਗਵਾ ਰਹੇ ਹਾਂ। ਅਗਿਆਨਤਾ ਵਿੱਚੋਂ ਸਾਨੂੰ ਗਿਆਨ ਹੀ ਜਗਾ ਸਕਦਾ ਹੈ ਭਾਵ ਆਪਣੀ ਸੱਚੀ ਸੋਝੀ ਦੁਆਰਾ ਸਾਨੂੰ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ। ਸਾਡੀ ਲਿਵ ਮਾਇਆ ਮੋਹ ਨਾਲ ਜੁੜੀ ਹੋਈ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਵਿੱਚ ਸੁੱਤੇ ਹੋਏ ਹਾਂ ਭਾਵ ਸਾਡਾ ਮਨ ਅਗਿਆਨਤਾ ਕਰਕੇ ਮਾਇਆ ਮੋਹ ਵਿੱਚ ਸੁੱਤਾ ਹੋਇਆ ਹੈ।

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

ਸਭ ਕੁੱਝ ਸਾਡੇ ਮਨ ਦੀ ਲਿਵ ਦੇ ਵੱਸ ਹੈ, ਮਨ ਦੀ ਧੁਨ ਦੇ ਵੱਸ ਹੈ ਕਿ ਉਹ ਕਿੱਥੇ ਜੁੜੀ ਹੋਈ ਹੈ। ਇਹ ਪ੍ਰਮਾਤਮਾ ਦੇ ਆਪਣੇ ਵੱਸ ਹੈ ਕਿ ਉਹ ਸਾਨੂੰ ਕਿਹੋ ਜਿਹੀ ਲਿਵ ਵਿੱਚ ਰੱਖਦਾ ਹੈ। ਜਦੋਂ ਉਹ ਲਿਵ ਆਪਣੇ ਨਾਲ ਜੋੜ ਲੈਂਦਾ ਹੈ, ਉਹ ਆਪਣੇ ਗਿਆਨ ਤੱਤ ਦੇ ਨਾਲ ਜੋੜ ਲੈਂਦਾ ਹੈ, ਆਪਣੇ ਸੱਚੇ ਗਿਆਨ ਦੇ ਨਾਲ ਲਿਵ ਜੋੜ ਦਿੰਦਾ ਹੈ ਤੇ ਫਿਰ ਮਨ ਦੇ ਵਿੱਚ ਹੀ ਸੋਝੀ ਪਾ ਦਿੰਦਾ ਹੈ ਕਿ ਸਾਡਾ ਧਰਮ ਕੀ ਹੈ, ਉਸਦਾ ਦਿਨ ਰਾਤ ਨਾਮ ਜਪਣਾ ਕੀ ਹੈ। ਉਸਦੀ ਸੱਚੀ ਸੋਝੀ ਉਸਦੇ ਆਪ ਮਨ ਦੇ ਵਿੱਚ ਆਉਣ ਨਾਲ ਹੀ ਪੈਂਦੀ ਹੈ। ਉਹ ਗੁਣਾਂ ਦਾ ਖਜ਼ਾਨਾ ਹੈ ਭਾਵ ਜਿੱਥੇ ਉਹ ਆਪ ਆਉਂਦਾ ਹੈ, ਜਿਹੜੇ ਮਨ ਵਿੱਚ ਉਹ ਆਪ ਪ੍ਰਗਟ ਹੁੰਦਾ ਹੈ, ਉਹ ਆਪਣੇ ਗੁਣਾਂ ਦੁਆਰਾ, ਗੁਣਾਂ ਦੇ ਸੱਚੇ ਗਿਆਨ ਦੁਆਰਾ ਹੀ ਪ੍ਰਗਟ ਹੁੰਦਾ ਹੈ ਤੇ ਜਿੱਥੇ ਗੁਣ ਵੱਸ ਜਾਂਦੇ ਹਨ ਉੱਥੇ ਫਿਰ ਔਗੁਣ ਨਸ ਜਾਂਦੇ ਹਨ। ਸਾਰੇ ਚੋਰ, ਗੁਣਾਂ ਦੇ ਚੋਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਲੁੱਕ ਜਾਂਦੇ ਹਨ ਭਾਵ ਨਜ਼ਰ ਵੀ ਨਹੀਂ ਆਉਂਦੇ ਕਿਉਂਕਿ ਉੱਥੇ ਉਨ੍ਹਾਂ ਦੇ ਵੱਸਣ ਦੀ ਜਗ੍ਹਾ ਨਹੀਂ ਰਹਿੰਦੀ। ਔਗੁਣ ਵੀ ਸਾਡੇ ਮਨ ਦੇ ਵਿਚਾਰ ਹਨ ਤੇ ਗੁਣ ਵੀ ਸਾਡੇ ਮਨ ਦੇ ਵਿਚਾਰ ਹਨ। ਗੁਣਾਂ ਦੇ ਵਿਚਾਰ ਪ੍ਰਗਟ ਹੋਣ ਨਾਲ, ਦ੍ਰਿੜ ਹੋਣ ਨਾਲ ਔਗੁਣ ਆਪੇ ਹੀ ਦੂਰ ਹੋ ਜਾਂਦੇ ਹਨ ਤੇ ਉਨ੍ਹਾਂ ਦਾ ਕੋਈ ਵੱਸ ਨਹੀਂ ਚੱਲਦਾ। ਗੁਰੂ ਦਾ ਸ਼ਬਦ ਤੱਤ ਗਿਆਨ ਹੈ। ਉਸਦੇ ਤੱਤ ਗਿਆਨ ਨਾਲ ਲਿਵ

14/1437

ਲੱਗਣੀ ਉਸਦੇ ਸ਼ਬਦ ਨਾਲ ਲਿਵ ਲੱਗਣੀ ਹੈ ਭਾਵ ਉਸਦੀ ਸੱਚੀ ਸੋਝੀ ਦੇ ਨਾਲ ਲਿਵ ਲੱਗਣੀ ਹੈ। ਮਨ ਦੀ ਇਹ ਸੱਚੀ ਸੋਝੀ ਹੀ ਇਨ੍ਹਾਂ ਚੋਰਾਂ ਨੂੰ ਪਕੜਦੀ ਹੈ ਜੋ ਕਿ ਸਾਡੀ ਅਗਿਆਨਤਾ ਦੀ ਦੇਣ ਹੈ। **(ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ॥ ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ॥੩॥)** ਪ੍ਰਮਾਤਮਾ ਨਾਲੋਂ ਸਾਡੀ ਦੂਰੀ ਸਾਡੀ ਅਗਿਆਨਤਾ, ਮਾਇਆ ਮੋਹ ਹੈ। ਇਹ ਦੂਰੀ ਉਹ ਆਪ ਹੀ ਮਿਟਾ ਸਕਦਾ ਹੈ, ਆਪਣਾ ਸੱਚਾ ਗਿਆਨ, ਆਪਣੀ ਸੱਚੀ ਸੋਝੀ ਦੇ ਕੇ ਮਿਟਾ ਸਕਦਾ ਹੈ। ਉਹ ਆਪ ਹੈ ਹੀ ਸੱਚਾ ਗਿਆਨ ਤੇ ਜਿੱਥੇ ਸੱਚਾ ਗਿਆਨ ਹੈ ਉੱਥੇ ਹੀ ਉਸਦੀ ਸੱਚੀ ਸੋਝੀ ਹੈ। ਗੁਰਬਾਣੀ ਕੋਲ ਉਸਦਾ ਸੱਚਾ ਗਿਆਨ ਹੈ ਤੇ ਉੱਥੇ ਹੀ ਆਪ ਪ੍ਰਮਾਤਮਾ ਹੈ ਤੇ ਉੱਥੇ ਹੀ ਉਸਦੀ ਸੱਚੀ ਸੋਝੀ ਹੈ। ਜਿੱਥੇ ਉਸਦੀ ਸੱਚੀ ਸੋਝੀ ਹੈ ਉੱਥੇ ਸੱਚ ਹੈ ਤੇ ਇਸੇ ਲਈ ਗੁਰਬਾਣੀ ਸਾਨੂੰ ਜੋ ਵੀ ਸਮਝਾਉਂਦੀ ਹੈ ਉਹ ਸੱਚ ਹੈ ਭਾਵ ਉਸਦੇ ਬੋਲ ਸੱਚੇ ਹਨ। ਗੁਰਬਾਣੀ ਦੇ ਸੱਚੇ ਬੋਲ ਭਾਵ ਉਸਦਾ ਸੱਚ ਹੀ ਆਪ ਪ੍ਰਮਾਤਮਾ ਹੈ।

ਉਸਦਾ ਸੱਚ ਤੱਤ ਗਿਆਨ ਹੈ ਤੇ ਤੱਤ ਗਿਆਨ ਆਪ ਪ੍ਰਮਾਤਮਾ ਹੈ। ਅਸੀਂ ਜੋ ਜੋ ਕਰਮ ਸੱਚ ਵਿੱਚ ਰਹਿ ਕੇ ਕਰਦੇ ਹਾਂ

ਉਸ ਵਿੱਚ ਆਪ ਪ੍ਰਮਾਤਮਾ ਹੈ ਭਾਵ ਉਸ ਵਿੱਚ ਪ੍ਰਮਾਤਮਾ ਦੀ ਆਪਣੀ ਸੱਚੀ ਮਤਿ ਹੈ, ਗੁਰੂ ਦੀ ਮਤਿ ਹੈ। ਸੱਚ ਵਿੱਚ ਰਹਿ ਕੇ ਅਸੀਂ ਜੋ ਕੁੱਝ ਵੀ ਕਰਦੇ ਹਾਂ ਇਸ ਵਿੱਚ ਸੱਚ ਦੀ ਵਡਿਆਈ ਹੈ ਭਾਵ ਅਸੀਂ ਸੱਚ ਨੂੰ ਵਡਿਆਉਂਦੇ ਹਾਂ, ਦੁਨੀਆਂ ਵਿੱਚ ਸੱਚ ਨੂੰ ਉੱਚਾ ਕਰਦੇ ਹਾਂ। ਸੱਚ ਦੀ ਵਡਿਆਈ ਪ੍ਰਮਾਤਮਾ ਦੀ ਵਡਿਆਈ ਹੈ, ਗੁਰੂ ਦੀ ਵਡਿਆਈ ਹੈ, ਨਾਮ ਦੀ ਵਡਿਆਈ ਹੈ। ਸੱਚ ਦੀ ਵਡਿਆਈ ਸੱਚ ਦੁਆਰਾ ਹੀ ਹੁੰਦੀ ਹੈ, ਨਾਮ ਦੀ ਵਡਿਆਈ ਨਾਮ ਦੁਆਰਾ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਪ੍ਰਮਾਤਮਾ ਦੇ ਦੱਸੇ ਹੋਏ ਸੱਚ ਤੇ ਚੱਲ ਕੇ ਹੀ ਹੁੰਦੀ ਹੈ। ਸਾਡੇ ਅੰਦਰੋਂ ਸੱਚ ਨੂੰ ਚੁਰਾਉਣ ਵਾਲੇ ਪੰਜ ਚੋਰ ਹਨ ਜੋ ਸਾਡੇ ਅੰਦਰ ਸੱਚ ਨੂੰ ਵੱਸਣ ਨਹੀਂ ਦਿੰਦੇ। ਜਦ ਤੱਕ ਇਹ ਚੋਰੀ ਬੰਦ ਨਹੀਂ ਹੁੰਦੀ ਅਸੀਂ ਸੱਚ ਤੇ ਪੂਰੀ ਤਰ੍ਹਾਂ ਨਹੀਂ ਚੱਲ ਸਕਦੇ, ਗੁਰਮਤਿ ਤੇ ਪੂਰੀ ਤਰ੍ਹਾਂ ਨਹੀਂ ਚੱਲ ਸਕਦੇ।

14/1438

ਸੱਚ ਤੇ ਪੂਰਾ ਉਤਰਨਾ ਗੁਰਮਤਿ ਤੇ ਪੂਰਾ ਉਤਰਨਾ ਹੈ, ਉਸਦੇ ਬਚਨਾਂ ਤੇ ਪੂਰਾ ਉਤਰਨਾ ਹੈ ਜੋ ਕਿ ਬਹੁਤ ਹੀ ਔਖਾ ਹੈ, ਨਾਮ ਜਪਣਾ ਬਹੁਤ ਹੀ ਔਖਾ ਹੈ। ਆਪਣਾ ਨਾਮ ਉਹ ਆਪ ਹੀ ਜਪਾ ਸਕਦਾ ਹੈ, ਆਪਣੀ ਗੁਰਮਤਿ ਦੇ ਕੇ ਕਿਸੇ ਨੂੰ ਆਪ ਹੀ ਉਸ ਤੇ ਚਲਾ ਸਕਦਾ ਹੈ, ਕਿਸੇ ਦੇ ਔਗੁਣ ਕੱਢ ਕੇ ਕਿਸੇ ਨੂੰ ਆਪ ਹੀ ਗੁਰਮਤਿ ਤੇ ਪੂਰਾ ਕਰ ਸਕਦਾ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

“ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥
ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥”

(ਅੰਗ ੧੫੧)

ਗੁਰਮਤਿ ਦਾ ਤੋਲ ਤੁਲਣਾ ਬਹੁਤ ਔਖਾ ਹੈ। ਇਹ ਬਹੁਤ ਭਾਰਾ ਤੋਲ ਹੈ, ਵੱਡਾ ਤੋਲ ਹੈ ਤੇ ਇਹੀ ਸਾਡਾ ਭਉ ਹੈ, ਸਾਡੇ ਅੰਦਰ ਦਾ ਡਰ ਹੈ ਜੋ ਸਾਨੂੰ ਇਸ ਤੋਲਾ ਤੇ ਪੂਰਾ ਨਹੀਂ ਉਤਰਨ ਦਿੰਦਾ। ਇਹ ਭਉ ਆਪਣੇ ਅੰਦਰੋਂ ਚੋਰਾਂ ਨੂੰ ਰੋਕਣ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਸੱਚ ਨੂੰ ਕਬੂਲ ਕਰਨ ਦਾ ਹੈ ਜੋ ਕਿਸੇ ਦੇ ਵੱਸ ਨਹੀਂ ਹੈ। ਇਸ ਭਉ ਨੂੰ ਕਬੂਲ ਕੀਤੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ, ਉਸਦੀ ਮਤਿ ਤੇ ਚੱਲਣ ਦਾ ਤੋਲ ਨਹੀਂ ਤੁਲਿਆ ਜਾ ਸਕਦਾ। ਇਹ ਤੋਲ ਸ਼ਬਦ ਦਾ ਤੋਲ ਤੁਲਣਾ ਹੈ ਭਾਵ ਸ਼ਬਦ ਦੇ ਵਿਚਾਰਾਂ ਦਾ ਤੋਲ ਤੁਲਣਾ ਹੈ ਜੋ ਕਿ ਕੇਵਲ ਸ਼ਬਦ ਦਾ ਵਿਚਾਰੀ ਬਣ ਕੇ ਤੁਲਿਆ ਜਾ ਸਕਦਾ ਹੈ, ਗੁਰੂ ਦਾ ਵਿਚਾਰੀ ਬਣ ਕੇ ਤੁਲਿਆ ਜਾ ਸਕਦਾ ਹੈ। ਬਹੁਤ ਔਖਾ ਹੈ ਇਸ ਤੋਲ ਦੇ ਬਰਾਬਰ ਤੁਲਣਾ। ਇਤਨਾ ਔਖਾ ਹੈ ਜਿਵੇਂ ਕਿ ਸਿਰ ਦੇ ਭਾਰ ਤੁਰਨਾ ਔਖਾ ਹੈ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਜੇਕਰ ਉਹ ਕਿਸੇ ਨੂੰ ਆਪਣੇ ਸੱਚੇ ਵਿਚਾਰ ਬਖਸ਼ ਕੇ,

14/1439

ਸੱਚੀ ਸੋਝੀ ਬਖਸ਼ ਕੇ ਉਸਦੇ ਅੰਦਰ ਆਪਣੇ ਵਿਚਾਰਾਂ ਨੂੰ ਦ੍ਰਿੜ ਕਰ ਦੇਵੇ, ਆਪਣਾ ਨਾਮ ਦ੍ਰਿੜ ਕਰ ਦੇਵੇ ਤਾਂ ਜੋ ਉਹ ਉਸ ਤੇ ਸਦਾ ਹੀ ਅਡੋਲ ਹੋ ਕੇ ਵਿਚਰੇ ਭਾਵ ਗੁਰਮਤਿ ਤੋਂ ਕਦੇ ਨਾ ਡੋਲੇ। ਇਹ ਸਾਡੀ ਨਿਹਚਲ ਮਤਿ ਹੈ ਜੋ ਸਾਡੇ ਅੰਦਰੋਂ ਹੀ ਉਪਜਦੀ ਹੈ, ਉਸਦੇ ਆਪ ਉਪਜਾਉਣ ਨਾਲ ਉਪਜਦੀ ਹੈ ਜਿਸ ਦੁਆਰਾ ਮਨੁੱਖ ਉਸਦੇ ਭਉ ਨੂੰ ਕਬੂਲ ਕਰਦਾ ਹੈ, ਉਸਦੀ ਮਤਿ ਨੂੰ, ਸੱਚ ਨੂੰ, ਨਾਮ ਨੂੰ ਕਬੂਲ ਕਰਕੇ ਭਾਵ ਮੰਨ ਕੇ ਉਸ ਅਨੁਸਾਰ ਵਿਚਰਦਾ ਹੈ। **(ਨਦਰੀ ਕਰਮੀ ਗੁਰ ਬੀਚਾਰੁ ॥੧॥)**

ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਇਹ ਤੋਲ ਬੜੇ ਹੀ ਹਉਲੇ ਤਰੀਕੇ ਨਾਲ ਤੁਲਣਾ ਚਾਹੁੰਦੇ ਹਾਂ ਭਾਵ ਹਉਲੇ ਬੋਲ ਬੋਲ ਕੇ, ਅੱਖਰ ਦਾ ਜਾਪ ਆਦਿ ਕਰਕੇ ਉਸਦਾ ਤੋਲ ਤੁਲਣਾ ਚਾਹੁੰਦੇ ਹਾਂ। ਉਸਦਾ ਇਹ ਤੋਲ ਸਾਡੀ ਕਰਨੀ ਦੁਆਰਾ ਤੁਲਿਆ ਜਾ ਸਕਦਾ ਹੈ ਨਾ ਕਿ ਕਥਨੀ ਦੁਆਰਾ। ਹਰ ਕੋਈ ਇਸੇ ਭੁਲੇਖੇ ਵਿੱਚ ਹੀ ਹੈ ਕਿ ਅਸੀਂ ਪ੍ਰਮਾਤਮਾ ਨੂੰ ਪਾ ਲੈਣਾ ਹੈ। ਇਹ ਸਾਡੀ ਮਨਮਤਿ ਹੈ ਜਿਸ ਵਿੱਚ ਗੁਰਮਤਿ ਨਹੀਂ ਹੈ। ਇਸ ਵਿੱਚ ਅਗਿਆਨਤਾ ਹੈ ਸੱਚੀ ਸੋਝੀ ਨਹੀਂ ਹੈ। **(ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥)**

ਇਸੇ ਲਈ ਸਾਨੂੰ ਇਸ ਸ਼ਬਦ ਦੇ ਆਖਰੀ ਪਦੇ ਰਾਹੀਂ ਇਹ ਸਮਝਾਇਆ ਹੈ ਕਿ ਅੱਖਰ ਦਾ ਜਪ ਕੇਵਲ ਸਾਡੀ ਇੱਕ ਸਿਆਣਪ ਹੈ ਜਿਸਦਾ ਮਕਸਦ ਉਸਦੇ ਭਾਰੇ ਤੋਲ ਤੇ ਤੁਲਣ ਤੋਂ ਬਚਨਾ ਹੈ ਭਾਵ ਸਾਨੂੰ ਗੁਰੂ ਦੀ ਗੱਲ ਮੰਨ ਕੇ ਜੋ ਔਖਾ ਹੋਣਾ ਪੈਂਦਾ ਹੈ "**ਭਾਉ**" ਸਹਿਣਾ ਪੈਂਦਾ ਹੈ ਭਾਵ ਜੋ ਔਖੇ ਹੋਣ ਦਾ ਸੇਕ ਸਹਿਣਾ ਪੈਂਦਾ ਹੈ ਉਸ ਤੋਂ ਬਚੇ ਰਹੀਏ ਭਾਵ ਕਰਨੀ ਤੋਂ ਬਚ ਕੇ ਕਥਨੀ ਦੇ ਨਾਲ ਹੀ ਪ੍ਰਮਾਤਮਾ ਨੂੰ ਖੁਸ਼ ਕਰ ਲਈਏ। ਇਸ ਨੂੰ ਸਾਡੀ ਮਨਮੁੱਖਤਾ ਦੱਸਿਆ ਹੈ, ਸਾਡੇ ਮਨ ਦਾ ਚਾਅ ਪੂਰਾ ਕਰਨਾ ਦੱਸਿਆ ਹੈ, ਸਾਡੇ ਦਿਮਾਗ ਦੀ ਖੇਡ ਦੱਸਿਆ ਹੈ, ਸਾਡੀ ਸਹਸ ਸਿਆਣਪ ਦੱਸਿਆ ਹੈ।

{ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

14/1440

ਉਹ "**ਅੱਖਰੁ**" ਭਾਵ ਆਪ ਪ੍ਰਮਾਤਮਾ ਜੋ ਸਾਰੀ ਸ੍ਰਿਸ਼ਟੀ ਦੇ ਗਿਆਨ ਦਾ ਸ੍ਰੋਤ ਹੈ, ਗਿਆਨ ਦਾ ਮਾਲਕ ਹੈ, ਜੋ ਆਪਣੇ ਗਿਆਨ ਰਾਹੀਂ ਸਭ ਨੂੰ ਸੋਝੀ ਦੇਣ ਵਾਲਾ ਹੈ ਉਸ ਅੱਖਰ ਨੂੰ ਅਸੀਂ ਅਗਿਆਨਤਾ ਦਾ ਰੂਪ ਬਣਾਇਆ ਹੋਇਆ ਹੈ ਭਾਵ ਉਸਦੀ ਮੂਲ ਭਾਵਨਾ ਨੂੰ ਵਿਗਾੜਿਆ ਹੋਇਆ ਹੈ, ਅੱਖਰ ਨੂੰ ਅੰਧਾ ਰੂਪ ਬਣਾਇਆ ਹੋਇਆ ਹੈ। ਅੱਖਰ ਕੋਲੋਂ ਗਿਆਨ ਲੈਣ ਦੀ ਬਜਾਇ ਅਸੀਂ ਉਸਨੂੰ ਕੇਵਲ ਅੱਖਰ-ਅੱਖਰ ਬੋਲ ਕੇ ਹੀ ਜਪੀ ਜਾਂਦੇ ਹਾਂ। ਉਸ ਅੱਖਰ ਦਾ ਨਾਮ ਭਾਵੇਂ ਰਾਮ ਹੋਵੇ, ਅੱਲ੍ਹਾ ਹੋਵੇ , ਹਰਿ ਹੋਵੇ, ਭਗਵਾਨ ਹੋਵੇ, ਵਾਹਿਗੁਰੂ ਹੋਵੇ ਇਸ ਨਾਲ ਕੀ ਫ਼ਰਕ ਪੈਂਦਾ ਹੈ। ਜਦੋਂ ਗਿਆਨ ਹੀ ਨਹੀਂ ਲੈਣਾ ਤੇ ਫਿਰ ਮੁੱਖੋਂ ਜੋ ਮਰਜ਼ੀ ਅੱਖਰ ਬੋਲੀ ਜਾਈਏ ਕੀ ਫਰਕ ਪੈਂਦਾ ਹੈ। ਮੂੰਹੋਂ ਹਵਾ ਹੀ ਛੱਡਣੀ ਹੈ, ਰੌਲਾ ਹੀ ਪਾਉਣਾ ਹੈ ਜਿਹੜਾ ਮਰਜ਼ੀ ਅੱਖਰ ਬੋਲ ਕੇ ਪਾ ਲਈਏ ਕੀ ਫਰਕ ਪੈਂਦਾ ਹੈ। ਮਕਸਦ ਤੇ ਕਰਨੀ ਵਿੱਚੋਂ ਨਿਕਲ ਕੇ ਭਾਵ ਕਰਨੀ ਤੋਂ ਬਚ ਕੇ ਕਥਨੀ ਕਰਨ ਦਾ ਹੈ ਭਾਵੇਂ ਜਿਹੜੇ ਮਰਜ਼ੀ ਅੱਖਰ ਨਾਲ ਕਰ ਲਈਏ। ਮਕਸਦ ਤੇ ਸੱਚ ਤੋਂ ਭੱਜਣ ਦਾ ਹੈ, ਗੁਰੂ ਦੇ ਭਉ ਨੂੰ ਨਾ ਕਬੂਲ ਕਰਨ ਦਾ ਹੈ, ਨਾਮ ਤੋਂ ਭੱਜਣ ਦਾ ਹੈ, ਗੁਰੂ ਦੇ ਸ਼ਬਦ ਦਾ ਵਿਚਾਰੀ ਨਾ ਬਣਨ ਤੋਂ ਹੈ, ਉਹ ਜਿਹੜਾ ਮਰਜ਼ੀ ਅੱਖਰ ਬੋਲ ਕੇ ਬਚ ਜਾਈਏ, ਕੀ ਫਰਕ ਪੈਂਦਾ ਹੈ। ਪ੍ਰਮਾਤਮਾ ਤੇ ਸਭ ਲਈ ਇੱਕੋ ਜਿਹਾ ਹੈ, ਉਸਦੀ ਸਾਰੀ ਦੁਨੀਆਂ ਇੱਕੋ ਜਿਹੀ ਹੈ। ਕਰਨੀ ਸਭ ਜਗ੍ਹਾ ਭਾਵ ਸੱਚੀ ਕਰਨੀ ਸਭ ਜਗ੍ਹਾ ਇੱਕੋ ਤਰੀਕੇ ਨਾਲ ਹੀ ਹੁੰਦੀ ਹੈ, ਕੇਵਲ ਸੱਚ ਦੇ ਨਾਲ ਹੀ ਹੁੰਦੀ ਹੈ। ਭੱਜਦੇ ਅਸੀਂ ਸੱਚ ਤੋਂ ਹੀ ਹਾਂ ਤੇ ਆਸਰਾ ਇੱਕ ਅੱਖਰ ਦਾ ਲੈਂਦੇ ਹਾਂ, ਆਪਣੀ ਸਿਆਣਪ ਦਾ ਲੈਂਦੇ ਹਾਂ।

ਮਾਰੂ ਮਹਲਾ ੧॥

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥}

(ਅੰਗ ੧੦੧੦)

ਗੁਰੂ ਦੇ ਭੈਅ ਨੂੰ, ਸੱਚ ਨੂੰ ਕਬੂਲ ਕਰਨਾ ਕੀ ਹੈ ਭਾਵ ਸੱਚ ਨੂੰ ਉੱਚਾ ਕਰਕੇ ਮੰਨਣਾ ਕੀ ਹੈ, ਸੱਚ ਨੂੰ ਵਡਿਆਉਣਾ ਕੀ ਹੈ, ਇਹ ਮੁੱਖ ਸ਼ਬਦ ਦੇ ਵਿੱਚ ਪਹਿਲੇ ਹੀ ਸਮਝਾਇਆ ਹੋਇਆ ਹੈ।

"ਭੈ ਬਿਨੁ ਕੋਇ ਨ ਲੰਘਸਿ ਪਾਰਿ॥
ਭੈ ਭਉ ਰਾਖਿਆ ਭਾਇ ਸਵਾਰਿ॥੧॥ਰਹਾਉ॥
ਭੈ ਤਨਿ ਅਗਨਿ ਭਖੈ ਭੈ ਨਾਲਿ॥
ਭੈ ਭਉ ਘੜੀਐ ਸਬਦਿ ਸਵਾਰਿ॥
ਭੈ ਬਿਨੁ ਘਾੜਤ ਕਚੁ ਨਿਕਚ॥
ਅੰਧਾ ਸਚਾ ਅੰਧੀ ਸਟ॥੨॥"

(ਅੰਗ ੧੫੧)

14/1441

ਸੱਚ ਦੇ ਭੈਅ ਨੂੰ ਕਬੂਲ ਕੀਤੇ ਬਿਨ੍ਹਾਂ, ਗੁਰਮਤਿ ਦੇ ਭੈਅ ਨੂੰ ਕਬੂਲ ਕੀਤੇ ਬਿਨ੍ਹਾਂ ਕੋਈ ਵੀ ਪਾਰ ਨਹੀਂ ਉਤਰ ਸਕਦਾ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਇਹ ਗੁਰੂ ਸਾਹਿਬਾਨ ਦਾ ਫੁਰਮਾਨ ਹੈ ਕਿ ਜਿਸ ਨੇ ਵੀ ਇਸ ਸੰਸਾਰ ਸਾਗਰ ਤੋਂ ਪਾਰ ਉਤਰਨਾ ਹੈ ਉਸਦੇ ਭੈਅ ਨੂੰ ਕਬੂਲ ਕਰਕੇ ਹੀ ਉਤਰਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਭੈਅ ਹੀ ਨਾਮ ਹੈ ਜਿਸ ਦੁਆਰਾ ਸਾਡਾ ਪਾਰ ਉਤਾਰਾ ਹੁੰਦਾ ਹੈ। **(ਭੈ ਬਿਨੁ ਕੋਇ ਨ ਲੰਘਸਿ ਪਾਰਿ॥)**

{ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥}

(ਅੰਗ ੧੦੧੦)

ਗੁਰੂ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਵਖਾਉਣਾ, ਉਸਦੇ ਪਿਆਰ ਵਿੱਚ ਆਪਣੇ ਆਪ ਨੂੰ ਸੰਵਾਰਨਾ, ਉਸਦੇ ਭਉ ਨੂੰ ਆਪਣੇ ਅੰਦਰ ਰੱਖਣਾ, ਆਪਣੇ ਅੰਦਰ ਵਸਾਉਣਾ ਹੀ ਹੈ ਭਾਵ ਗੁਰਮਤਿ ਦੇ ਨਾਲ, ਸੱਚ ਦੇ ਨਾਲ ਪਿਆਰ, ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਹੈ। ਗੁਰੂ ਨਾਲ ਆਪਣਾ ਪਿਆਰ ਅਸੀਂ ਤਾਂ ਹੀ ਦਿਖਾ ਸਕਦੇ ਹਾਂ ਜੇਕਰ ਉਸਦੇ ਸੱਚ ਦਾ, ਗੁਰਮਤਿ ਦਾ ਭਉ, ਉਸਦੇ ਸ਼ਬਦ ਤੇ ਚੱਲਣ ਦਾ ਭਉ, ਉਸਦੇ ਸ਼ਬਦ ਤੇ ਮਰਨ ਦਾ ਭਉ ਸਾਡੇ ਅੰਦਰ ਵੱਸ ਜਾਵੇ ਭਾਵ ਅਸੀਂ ਉਸ ਦੁਆਰਾ ਵਿਚਰਨਾ ਕਬੂਲ ਕਰ ਲਈਏ। **(ਭੈ ਭਉ ਰਾਖਿਆ ਭਾਇ ਸਵਾਰਿ॥੧॥ਰਹਾਉ॥)**। ਇਸ ਭੈਅ ਨੂੰ ਕਬੂਲ ਕਰਨਾ ਕੀ ਹੈ ਭਾਵ ਇਸ ਭੈਅ ਨੂੰ ਕਬੂਲ ਕਰਨਾ ਕਿਤਨਾ ਔਖਾ ਹੈ, ਨਾਮ ਨੂੰ ਕਬੂਲ ਕਰਨਾ ਭਾਵ ਨਾਮ ਜਪਣਾ ਕਿਤਨਾ ਔਖਾ ਹੈ ਇਹ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਭੈ ਤਨਿ ਅਗਨਿ ਭਖੈ ਭੈ ਨਾਲਿ॥"

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਵੀ ਕਰ ਚੁੱਕੇ ਹਾਂ। ਸ਼ਬਦ ਦਾ ਮੂਲ ਭਾਵ ਉਹੀ ਹੈ ਜੋ ਅਸੀਂ ਪਿੱਛੇ ਸਮਝਿਆ ਹੈ ਸਿਰਫ਼ ਸਮਝਣ ਸਮਝਾਉਣ ਦਾ ਤਰੀਕਾ ਅਲੱਗ ਹੋ ਸਕਦਾ ਹੈ। ਇਸ ਭੈਅ ਨੂੰ ਕਬੂਲ ਕਰਨਾ ਇਤਨਾ ਔਖਾ ਹੈ ਕਿ ਜਿਵੇਂ ਸਾਡਾ

ਸਰੀਰ ਅਗਨੀ ਨਾਲ ਤਪੇ ਤੇ ਉਸਨੂੰ ਅਸੀਂ ਤਾਂ ਵੀ ਬਰਦਾਸ਼ਤ ਕਰੀਏ ਭਾਵ ਜੇਕਰ ਸੱਚ ਤੇ ਚੱਲਣਾ, ਸੱਚ ਨੂੰ ਉੱਚਾ ਕਰਨਾ ਜਿਤਨਾ ਮਰਜ਼ੀ ਔਖਾ ਲੱਗੇ ਫਿਰ ਵੀ ਉਸ ਤੇ ਪੂਰਾ ਉਤਰਨਾ ਹੈ ਭਾਵ ਸੱਚ ਤੋਂ ਭੱਜ ਕੇ ਨਹੀਂ ਜਾਣਾ, ਸੱਚ ਨੂੰ, ਗੁਰਮਤਿ ਨੂੰ ਹਰ ਹਾਲਤ ਵਿੱਚ ਨਾਲ ਹੀ ਰੱਖਣਾ ਹੈ ਭਾਵ ਸੱਚ ਉੱਤੇ ਮਨ ਨੂੰ ਦ੍ਰਿੜ ਕਰਕੇ ਰੱਖਣਾ ਹੈ। ਇਹ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ। **(ਭੈ ਤਨਿ ਅਗਨਿ ਭਖੈ ਭੈ ਨਾਲਿ॥)** ਭਗਤਾਂ ਨੇ, ਗੁਰੂ ਸਾਹਿਬਾਨ ਨੇ ਜਿੰਨ੍ਹਾਂ ਨੇ ਬਾਣੀ ਉਚਾਰੀ ਹੈ ਤੇ ਜਿੰਨ੍ਹਾਂ ਨੇ ਇਸ ਬਾਣੀ ਦੀ ਸਿੱਖਿਆ ਨੂੰ ਕਬੂਲ ਕੀਤਾ ਹੈ, ਸਿੱਖੀ ਨੂੰ ਕਬੂਲ ਕੀਤਾ ਹੈ ਉਨ੍ਹਾਂ ਨੇ ਇਹ ਭਉ ਕਬੂਲ ਕਰਕੇ ਦਿਖਾਇਆ ਵੀ ਹੈ, ਆਪਣੇ ਜੀਵਨ ਵਿੱਚ ਉਨ੍ਹਾਂ ਨੇ ਸੱਚ ਨੂੰ ਉੱਚਾ ਕਰਕੇ ਦਿਖਾਇਆ ਵੀ ਹੈ ਜਿਵੇਂ ਕਿ ਸਾਨੂੰ ਇਤਿਹਾਸ ਤੋਂ ਸਮਝ ਪੈਂਦੀ ਹੈ। ਧੰਨ ਧੰਨ ਪਹਿਲੀ ਪਾਤਸ਼ਾਹੀ ਨੇ ਮੁਲਕ ਦੇ ਕੋਨੇ ਕੋਨੇ ਵਿੱਚ ਤੇ ਹੋਰ ਵੀ ਕਈ ਮੁਲਕਾਂ ਵਿੱਚ ਦੂਰ ਦੂਰ ਤੱਕ ਜਾ ਕੇ, ਜੰਗਲਾਂ, ਪਹਾੜਾਂ ਵਿੱਚੋਂ ਨਿਕਲ ਕੇ, ਔਖੇ ਰਸਤਿਆਂ ਵਿੱਚੋਂ ਨਿਕਲਕੇ ਜੀਵਨ ਦਾ ਬਹੁਤਾ ਸਮਾ ਸੱਚ ਨੂੰ ਉੱਚਾ ਕਰਨ ਵਿੱਚ ਬਿਤਾਇਆ ਹੈ, ਦੂਰ ਦੂਰ ਤੱਕ ਸੱਚ ਦੀ ਸਿੱਖਿਆ ਨੂੰ ਪਹੁੰਚਾਇਆ ਹੈ, ਅਨੇਕਾਂ ਹੀ ਅਨੇਕਾਂ ਭੁੱਲਿਆਂ ਹੋਇਆਂ ਨੂੰ ਸੱਚ ਦੇ ਮਾਰਗ ਤੇ ਪਾਇਆ ਹੈ। ਉਹਨਾਂ ਨੇ ਮਾਇਆ ਮੋਹ ਨੂੰ ਤਿਆਗਿਆ ਹੈ, ਸਰੀਰਕ ਸੁੱਖਾਂ ਨੂੰ ਤਿਆਗਿਆ ਹੈ, ਜਿਹੋ ਜਿਹਾ ਮਿਲਿਆ ਉਸ ਨਾਲ ਗੁਜ਼ਾਰਾ ਕੀਤਾ ਹੈ। ਜਿੰਨੀ ਦੇਰ ਕਿਰਤ ਕੀਤੀ ਸੱਚ ਨੂੰ ਹੀ ਉੱਚਾ ਕੀਤਾ। ਗੁਰੂ ਸਾਹਿਬਾਨ ਨੇ ਸਾਨੂੰ ਤੱਤੀ ਤਵੀ ਤੇ ਬੈਠ ਕੇ ਵੀ ਸੱਚ ਨੂੰ ਉੱਚਾ ਕਰਨਾ ਸਿਖਾਇਆ ਹੈ। ਸੱਚ ਨੂੰ, ਧਰਮ ਨੂੰ ਉੱਚਾ ਕਰਨ ਲਈ ਆਪਣਾ ਸੀਸ ਵੀ ਵਾਰ ਦਿੱਤਾ ਤੇ ਕੌਣ ਕਿਸ ਧਰਮ ਦੇ ਮੰਨਣ ਵਾਲਾ ਹੈ ਇਸ ਗੱਲ ਨੂੰ ਨਹੀਂ ਵਿਚਾਰਿਆ। ਸੱਚ ਇਹ ਨਹੀਂ ਵੇਖਦਾ ਕਿ ਕੌਣ ਹਿੰਦੂ ਹੈ ਤੇ ਕੌਣ ਮੁਸਲਮਾਨ ਹੈ। ਸੱਚ ਕੇਵਲ ਸੱਚਾਈ ਨੂੰ ਵੇਖਦਾ ਹੈ। ਸੱਚ ਦਾ ਸਾਥ ਦੇਣਾ ਧਰਮ ਦਾ ਸਾਥ ਦੇਣਾ ਹੈ, ਧਰਮ ਦੀ ਰੱਖਿਆ ਕਰਨਾ ਹੈ। ਜਿਸਦੇ ਨਾਲ ਸੱਚ ਹੈ ਉਸਦੇ ਨਾਲ ਧਰਮ ਹੈ। ਕਿਸੇ ਨੂੰ ਕਿਸੇ ਦਾ ਧਰਮ ਛੱਡਣ ਲਈ ਮਜ਼ਬੂਰ ਕਰਨਾ, ਧੱਕਾ ਕਰਨਾ, ਲਾਲਚ ਦੇਣੇ ਦੂਸਰੇ ਦੀ ਆਸਥਾ ਨੂੰ ਠੇਸ ਪਹੁੰਚਾਉਣਾ ਹੈ ਜੋ ਕਿ ਗਲਤ ਹੈ। ਜੋ ਗਲਤ ਹੈ ਉਹ ਸੱਚ ਨਹੀਂ ਹੈ, ਠੀਕ ਨਹੀਂ ਹੈ। ਧੰਨ ਧੰਨ ਨੌਵੀਂ ਪਾਤਸ਼ਾਹੀ ਨੇ ਧਰਮ ਲਈ ਸੀਸ ਦਿੱਤਾ ਕਿਉਂਕਿ ਸਭ ਦਾ ਧਰਮ ਸੱਚ ਹੈ, ਉਨ੍ਹਾਂ ਨੇ ਸੱਚ ਨੂੰ ਹੀ ਉੱਚਾ ਕੀਤਾ ਹੈ। ਧੰਨ ਧੰਨ ਦਸਵੀਂ ਪਾਤਸ਼ਾਹੀ ਨੇ ਸੱਚ ਨੂੰ ਉੱਚਾ

ਕਰਨ ਲਈ, ਪ੍ਰਮਾਤਮਾ ਦੇ ਭਉ ਨੂੰ ਉੱਚਾ ਕਰਨ ਲਈ ਸਰਬੰਸ ਹੀ ਵਾਰ ਦਿੱਤਾ ਹੈ। ਇਸੇ ਤਰ੍ਹਾਂ ਭਗਤਾਂ ਦੇ ਜੀਵਨ ਵਿੱਚ ਸੱਚ ਦੀ ਪ੍ਰੀਖਿਆ ਹੋਈ ਹੈ ਤੇ ਉਨ੍ਹਾਂ ਨੇ ਸੱਚ ਨੂੰ ਨਹੀਂ ਛੱਡਿਆ, ਸੱਚ ਨੂੰ ਉੱਚਾ ਕਰਕੇ ਦਿਖਾਇਆ ਹੈ। ਜਿੰਨ੍ਹਾਂ ਨੇ ਗੁਰੂ ਦੀ ਸਿੱਖੀ ਕਬੂਲ ਕੀਤੀ ਹੈ, ਉਸਦਾ ਭਉ, ਉਸਦਾ ਸੱਚ ਕਬੂਲ ਕੀਤਾ ਹੈ ਉਨ੍ਹਾਂ ਨੇ ਇਸ ਨੂੰ ਨਿਭਾ ਕੇ ਵੀ ਦਿਖਾਇਆ ਹੈ ਤੇ ਉਹ ਸੱਚ ਦੀ ਪ੍ਰੀਖਿਆ ਤੋਂ ਭੱਜੇ ਨਹੀਂ ਬਲਕਿ ਆਪਣੀ ਜਾਨ ਵਾਰ ਕੇ ਸੱਚ ਨੂੰ ਉੱਚਾ ਕਰਕੇ ਗਏ ਹਨ। ਉਨ੍ਹਾਂ ਨੇ ਆਪਣੀ ਖੋਪਰੀ ਲੁਹਾਈ

ਹੈ, ਆਪਣਾ ਅੰਗ ਅੰਗ ਕਟਵਾਇਆ ਹੈ, ਆਪਣੇ ਆਪ ਨੂੰ ਆਰਿਆਂ ਨਾਲ ਚਿਰਾਇਆ ਹੈ ਤੇ ਗੁਰੂ ਦੇ ਭਉ ਨੂੰ ਕਬੂਲ ਕਰਕੇ ਦਿਖਾਇਆ ਹੈ, ਗੁਰੂ ਦੇ ਭੈਅ ਨੂੰ ਆਖਰੀ ਦਮ ਤੱਕ ਨਾਲ ਹੀ ਰੱਖਿਆ ਹੈ। **(ਭੈ ਤਨਿ ਅਗਨਿ ਭਖੈ ਭੈ ਨਾਲਿ॥)**

{ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥}

(ਅੰਗ ੪੬੫)

{ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥}

(ਅੰਗ ੧੫੧)

ਗੁਰੂ ਦੀ ਸਿੱਖਿਆ ਤੇ ਚੱਲਣਾ ਹੀ ਉਸਦੀ ਸਿੱਖੀ ਹੈ, ਉਸਦਾ ਸਿੱਖ ਬਣਨਾ ਹੈ। ਉਸਦੀ ਸਿੱਖਿਆ ਉਸਦੇ ਵਿਚਾਰ ਹਨ ਤੇ ਉਸਦਾ ਸਿੱਖ ਬਣਨ ਲਈ ਉਸਦਾ ਵਿਚਾਰੀ ਬਣਨਾ ਪੈਂਦਾ ਹੈ ਭਾਵ ਉਸਦੇ ਵਿਚਾਰਾਂ ਨੂੰ ਮੰਨਣਾ ਪੈਂਦਾ ਹੈ ਜੋ ਕਿ ਬਹੁਤ ਔਖਾ ਹੈ, ਇਤਨਾ ਔਖਾ ਹੈ ਕਿ ਜਿਵੇਂ ਸਿਰ ਦੇ ਭਾਰ ਚੱਲਣਾ ਜੋ ਕਿ ਕੋਈ ਚੱਲ ਹੀ ਨਹੀਂ ਸਕਦਾ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ, ਉਸ ਮਨੁੱਖ ਦੇ ਵੱਡੇ ਕਰਮ ਹਨ ਜਿਸਨੂੰ ਉਹ ਆਪਣੇ ਮਾਰਗ ਤੇ ਚਲਾਉਂਦਾ ਹੈ, ਆਪਣਾ ਭੈਅ ਕਬੂਲ ਕਰਵਾਉਂਦਾ ਹੈ। ਗੁਰੂ ਦੇ ਭੈਅ ਨੂੰ ਕਬੂਲ ਕਰਨਾ ਸਾਡੇ ਮਨ ਦੀ ਅਵੱਸਥਾ ਹੈ, ਸਾਡੇ ਮਨ ਦੀ ਅਡੋਲਤਾ ਹੈ ਜੋ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਭੈ ਭਉ ਘੜੀਐ ਸਬਦਿ ਸਵਾਰਿ॥"

ਇਸ ਭੈਅ ਦੇ ਨਾਲ ਜੋ ਕਿ ਗੁਰੂ ਦੇ ਸ਼ਬਦ ਨੂੰ ਮੰਨਣ ਦਾ ਭੈਅ ਹੈ, ਸੱਚ ਤੇ ਚੱਲਣ ਦਾ ਭੈਅ ਹੈ, ਇਸ ਨੂੰ ਅਸੀਂ ਤਾਂ ਹੀ ਕਬੂਲ ਕਰ ਸਕਦੇ ਹਾਂ ਜੇਕਰ ਅਸੀਂ ਆਪਣੇ ਮਨ ਨੂੰ ਉਸ ਅਨੁਸਾਰ ਘੜ ਲਈਏ ਭਾਵ ਆਪਣੇ ਆਪ ਨੂੰ ਉਸ ਅਨੁਸਾਰ ਢਾਲ ਲਈਏ। ਇਹ ਆਪਣੇ ਆਪ ਨੂੰ ਗੁਰੂ ਦੇ ਸ਼ਬਦ ਦੁਆਰਾ ਸੰਵਾਰਨਾ ਹੈ, ਆਪਣੇ ਮਨ ਨੂੰ ਸੰਵਾਰਨਾ ਹੈ, ਗੁਰੂ ਦੇ ਸ਼ਬਦ ਦਾ ਵੀਚਾਰੀ ਬਣਾਉਣਾ ਹੈ। **(ਭੈ ਭਉ ਘੜੀਐ ਸਬਦਿ ਸਵਾਰਿ॥)** ਜੇਕਰ ਅਸੀਂ ਆਪਣੇ ਮਨ ਨੂੰ ਇਸ ਤਰ੍ਹਾਂ ਸ਼ਬਦ ਦੁਆਰਾ ਸੰਵਾਰਾਗੇ ਤਾਂ ਫਿਰ ਸਾਡੇ ਵਿਚਾਰ ਸੱਚ ਤੇ ਹੀ ਚੱਲਣਗੇ ਭਾਵ ਸਾਡੀ

14/1444,1444-ਅ

ਸਾਰੀ ਵਿਚਰਨ ਸੱਚ ਦੁਆਰਾ ਹੋਵੇਗੀ ਤੇ ਅਸੀਂ ਆਪਣੇ ਜੀਵਨ ਵਿੱਚ ਸੱਚ ਨੂੰ ਹੀ ਉੱਚਾ ਕਰਕੇ ਚੱਲਾਗੇ। ਜਿਹੜੇ ਮਨੁੱਖ ਆਪਣੇ ਮਨ ਨੂੰ ਸ਼ਬਦ ਦੇ ਅਨੁਸਾਰ ਸੰਵਾਰਨ ਦੀ ਬਜਾਇ ਕੇਵਲ ਸ਼ਬਦ ਸ਼ਬਦ ਰਟੀ ਜਾਣਾ ਹੀ ਆਪਣੀ ਘਾੜਤ ਸਮਝਦੇ ਹਨ, ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਦਿਖਾਉਣਾ ਸਮਝਦੇ ਹਨ ਉਨ੍ਹਾਂ ਨੂੰ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਭੈ ਬਿਨੁ ਘਾੜਤ ਕਚੁ ਨਿਕਚ॥ ਅੰਧਾ ਸਚਾ ਅੰਧੀ ਸਟ॥੨॥”

ਗੁਰੂ ਦਾ ਭੈ, ਗੁਰੂ ਦੀ ਸੱਚੀ ਮਤਿ ਕਬੂਲ ਕੀਤੇ ਬਿਨ੍ਹਾਂ ਅਸੀਂ ਜਿਹੋ ਜਿਹੇ ਵੀ ਸਰੀਰਕ ਜਪ ਤਪ ਆਦਿ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਾਂ, ਉਸਦੇ ਨਾਲ ਆਪਣਾ ਪਿਆਰ ਜਤਾਉਣਾ ਸਮਝਦੇ ਹਾਂ, ਉਹ ਸਭ ਕਚੁ ਨਿਕਚ ਹੈ ਭਾਵ ਕੱਚੀ ਮਤਿ ਦਾ ਨਤੀਜਾ ਹੈ, ਕੱਚਿਆਂ ਦੀ ਦਿੱਤੀ ਹੋਈ ਮਤਿ ਹੈ। **(ਭੈ ਬਿਨੁ ਘਾੜਤ ਕਚੁ ਨਿਕਚ॥)** ਇਹ ਕਚੁ ਨਿਕਚ ਘਾੜਤ ਕੀ ਹੈ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਅੰਧਾ ਸਚਾ ਅੰਧੀ ਸਟ॥੨॥”

“ਅੰਧਾ” ਕੀ ਹੈ ਇਹ ਅਸੀਂ ਪਹਿਲੇ ਜੀ ਸਮਝ ਚੁੱਕੇ ਹਾਂ ਜੋ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ। **(ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥)**

ਇੱਕ “ਅੱਖਰ” ਨੂੰ ਜੋ ਸਭ ਨੂੰ ਗਿਆਨ ਦੇਣ ਵਾਲਾ ਹੈ ਉਸ ਨੂੰ ਅਸੀਂ ਅਗਿਆਨਤਾ ਦਾ ਰੂਪ ਬਣਾ ਕੇ ਉਸਨੂੰ ਜਪਣਾ ਸੱਚ ਸਮਝਿਆ ਹੋਇਆ ਹੈ, ਉਸ ਨੂੰ ਸੱਚਾ ਸਮਝਕੇ ਜਪ ਰਹੇ ਹਾਂ, ਪ੍ਰਮਾਤਮਾ ਦਾ ਰੂਪ ਸਮਝਕੇ ਜਪ ਰਹੇ ਹਾਂ। ਗੁਰੂ ਪ੍ਰਮਾਤਮਾ ਆਪਣੇ ਗਿਆਨ ਕਰਕੇ ਸੱਚਾ ਹੈ, ਉੱਚੇ ਗਿਆਨ ਕਰਕੇ ਸੱਚਾ ਹੈ, ਆਪਣੀ ਉੱਚੀ ਸਿੱਖਿਆ ਕਰਕੇ ਸੱਚਾ ਹੈ। ਗੁਰੂ ਅਸਲ ਵਿੱਚ ਗੁਰੂ ਦਾ ਗਿਆਨ ਹੈ। ਅਸੀਂ ਗੁਰੂ, ਸੱਚਾ ਪ੍ਰਮਾਤਮਾ ਇੱਕ ਅੱਖਰ ਨੂੰ ਭਾਵ ਇੱਕ ਲਫ਼ਜ਼ ਨੂੰ ਸੱਚਾ ਪ੍ਰਮਾਤਮਾ ਮੰਨਿਆ

ਹੋਇਆ ਹੈ ਜਿਸਦਾ ਮਕਸਦ ਕੇਵਲ ਗੁਰੂ ਪ੍ਰਮਾਤਮਾ ਨੂੰ ਸੰਬੋਧਨ ਕਰਨ ਦਾ ਹੈ ਭਾਵੇਂ ਉਸਨੂੰ ਜਿਹੜੇ ਮਰਜ਼ੀ ਅੱਖਰ ਦੁਆਰਾ, ਲਫ਼ਜ਼ ਦੁਆਰਾ ਸੰਬੋਧਨ ਕਰੀਏ। ਅਸੀਂ ਇੱਕ ਲਫ਼ਜ਼ ਨੂੰ ਬੋਲ ਬੋਲ ਕੇ ਆਪਣੇ ਵੱਲੋਂ ਸੱਚ ਦੀ, ਨਾਮ ਦੀ ਚੋਟ ਕਰਦੇ ਹਾਂ, ਇਸ ਨੂੰ ਸਾਡੀ ਅਗਿਆਨਤਾ ਦੱਸਿਆ ਹੈ, ਅਗਿਆਨਤਾ ਵਾਲੀ ਚੋਟ ਦੱਸਿਆ ਹੈ ਜਿਸ ਦਾ ਕੋਈ ਅਸਰ ਨਹੀਂ ਹੁੰਦਾ। ਜਿਵੇਂ ਕਿ ਹਵਾ ਵਿੱਚ ਡਾਂਗਾਂ ਮਾਰੀ ਜਾਈਏ ਤਾਂ ਉਸਦਾ ਕੀ ਲਾਭ ਹੈ ਭਾਵ ਇਹੋ ਜਿਹੇ ਅੱਖਰ ਦਾ ਜਪ ਕਰਕੇ ਅਸੀਂ ਵਿਅਰਥ ਹੀ ਜ਼ੋਰ

14/1445

ਲਗਾਈ ਜਾ ਰਹੇ ਹਾਂ ਜਿਸ ਦਾ ਕੋਈ ਲਾਭ ਨਹੀਂ ਹੈ। **(ਅੰਧਾ ਸਚਾ ਅੰਧੀ ਸਟ॥੨॥ ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥)**

ਪੂਰੇ ਸ਼ਬਦ ਰਾਹੀਂ ਭੇਦ ਸਾਨੂੰ ਕਥਨੀ, ਕਰਨੀ ਦਾ ਹੀ ਸਮਝਾਇਆ ਹੋਇਆ ਹੈ। ਗੁਰੂ ਪ੍ਰਮਾਤਮਾ ਦਾ "**ਭਉ**" ਅਸੀਂ ਆਪਣੀ ਕਰਨੀ ਦੁਆਰਾ ਦਿਖਾਉਣਾ ਹੈ ਨਾ ਕਿ ਕਥਨੀ ਦੁਆਰਾ। ਜੇਕਰ ਕਿਸੇ ਦਾ ਹੱਕ ਖਾਣ ਵਿੱਚ, ਰਿਸ਼ਵਤ ਲੈਣ ਵਿੱਚ ਸਾਨੂੰ ਰੱਬ ਦਾ ਭਉ ਨਹੀਂ ਆਇਆ ਤਾਂ ਫਿਰ ਸਾਡੇ ਅੰਦਰ ਰੱਬ ਦਾ ਭਉ ਨਹੀਂ ਹੈ। ਕਿਸੇ ਦੀ ਇੱਜ਼ਤ ਲੁੱਟਣ ਲੱਗਿਆਂ ਜੇਕਰ ਸਾਨੂੰ ਭਉ ਨਹੀਂ ਆਇਆ ਤਾਂ ਫਿਰ ਸਾਡੇ ਅੰਦਰ ਸੱਚ ਦਾ ਭਉ ਨਹੀਂ ਹੈ। ਸਾਡੇ ਅੰਦਰ ਰੱਬ ਦਾ ਭਉ ਹੈ ਜਾਂ ਨਹੀਂ ਉਹ ਸਾਡੀ ਕਰਨੀ ਦੁਆਰਾ ਸਾਹਮਣੇ ਆਵੇਗਾ ਤੇ ਕਥਨੀ ਦੀ ਕੋਈ ਕੀਮਤ ਨਹੀਂ ਹੈ ਜਦ ਤੱਕ ਉਸ ਤੇ ਕੋਈ ਪੂਰਾ ਨਹੀਂ ਉਤਰਦਾ। ਜੇਕਰ ਕਿਸੇ ਕੋਲੋਂ ਉਧਾਰ ਪੈਸੇ ਲੈ ਕੇ ਇਹ ਕਹੀ ਜਾਈਏ ਕਿ ਮੈਂ ਤੇਰੇ ਪੈਸੇ ਮੋੜਾਂਗਾ ਪਰ ਮੋੜੀਏ ਨਾ ਫਿਰ ਇਹ ਕੇਵਲ ਸਾਡੀ ਕਥਨੀ ਹੀ ਰਹਿ ਜਾਵੇਗੀ। ਗੱਲ ਤੇ ਕਰਨੀ ਨਾਲ ਹੀ ਨਿਬੜਨੀ ਹੈ। ਸਭ ਨੇ ਉਸ ਦੀ ਕਥਨੀ ਨੂੰ ਹੀ ਭਗਤੀ ਸਮਝਿਆ ਹੋਇਆ ਹੈ ਤੇ ਇਸੇ ਲਈ ਸੱਚੀ ਕਰਨੀ ਅੱਜ ਰੁਲਦੀ ਫਿਰਦੀ ਹੈ, ਧੱਕੇ ਖਾਂਦੀ ਫਿਰਦੀ ਹੈ ਜਿਸ ਨੂੰ ਸੰਭਾਲਣ ਵਾਲਾ ਕੋਈ ਵਿਰਲਾ ਹੀ ਲੱਭਦਾ ਹੈ ਜੋ ਇਸ ਨੂੰ ਆਪਣਾ ਧਰਮ ਸਮਝਦਾ ਹੈ। ਇਹੀ ਨਾਮ ਦੀ ਸੰਭਾਲ ਹੈ, ਆਪਣੇ ਮਨ ਦੇ ਵਿੱਚ ਸੱਚ ਦੀ ਸੰਭਾਲ ਹੈ ਜਿਸ ਦੀ ਸਿੱਖਿਆ ਗੁਰਬਾਣੀ ਸਾਨੂੰ ਵਾਰ-ਵਾਰ ਦੇ ਰਹੀ ਹੈ। ਸਾਡੇ ਅੰਦਰੋਂ ਸੱਚ ਨੂੰ, ਨਾਮ ਨੂੰ ਲੁੱਟਣ ਵਾਲੇ ਅਸੀਂ ਆਪ ਹੀ ਹਾਂ, ਸਾਡੇ ਮਨ ਦੇ ਵਿਚਾਰ ਹੀ ਹਨ ਜੋ ਕਿ ਸਾਡੇ ਅੰਦਰ ਪੰਜ ਚੋਰਾਂ ਦੇ ਰੂਪ ਵਿੱਚ ਵੱਸੇ ਹੋਏ ਹਨ ਜੋ ਕਿ ਸਾਡੇ ਘਰ ਨੂੰ ਲੁੱਟ ਰਹੇ ਹਨ ਤੇ ਅਸੀਂ ਉਨ੍ਹਾਂ ਵੱਲੋਂ ਅੱਖਾਂ ਮੀਟ ਕੇ ਸੁੱਤੇ ਹੋਏ ਹਾਂ। ਅਸੀਂ ਆਪਣੇ ਘਰ ਨੂੰ ਸੰਭਾਲ ਕੇ ਰੱਖਣਾ ਹੈ, ਬਚਾ ਕੇ ਰੱਖਣਾ ਹੈ, ਇਨ੍ਹਾਂ ਚੋਰਾਂ ਕੋਲੋਂ ਬਚਾ ਕੇ ਰੱਖਣਾ ਹੈ ਤੇ ਇਹੀ ਗੁਰੂ ਦੇ ਭਉ ਨੂੰ ਆਪਣੇ ਅੰਦਰ ਕਬੂਲ ਕਰਨਾ ਹੈ, ਨਾਮ ਦੀ ਸੰਭਾਲ ਕਰਨਾ ਹੈ।

ਜਦ ਤੱਕ ਸਾਡੇ ਅੰਦਰ ਪੰਜ ਚੋਰਾਂ ਦਾ ਵਾਸਾ ਹੈ ਤਦ ਤੱਕ ਸਾਨੂੰ ਨਾਮ ਵਿਸਰਿਆ ਹੋਇਆ ਹੈ, ਸੱਚ, ਧਰਮ, ਗੁਰਮਤਿ ਵਿਸਰੀ ਹੋਈ ਹੈ ਕਿਉਂਕਿ ਇਹ ਪੰਜ ਚੋਰ ਸਾਡੇ ਅੰਦਰ ਨਾਮ ਵੱਸਣ ਨਹੀਂ

14/1446

ਦਿੰਦੇ। ਇਨ੍ਹਾਂ ਚੋਰਾਂ ਦੇ ਰਹਿੰਦਿਆਂ ਅਸੀਂ ਰੱਬ ਦਾ ਕਹਿਣ ਜਰੂਰ ਕਰਦੇ ਹਾਂ ਭਾਵ ਉਸਨੂੰ ਜਪਣ ਦਾ, ਪਾਉਣ ਦਾ ਉਪਰਾਲਾ ਜਰੂਰ ਕਰਦੇ ਹਾਂ ਪਰ ਉਹ ਸਾਡੇ ਕਿਸੇ ਲੇਖੇ ਨਹੀਂ ਪੈਂਦੇ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਸਲੋਕ ਮਃ ੩॥

"ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ॥
ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥
ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ॥੧॥"

(ਅੰਗ ੮੫੪)

ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਸਮਝ ਲੱਗ ਜਾਵੇਗੀ ਕਿ ਨਾਮ ਵਿਸਾਰਨਾ ਕੀ ਹੈ।

"ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ॥"

ਅਸੀਂ ਸਮਾਜ ਵਿੱਚ ਵਿਚਰਦੇ ਹੋਏ ਕਿਸੇ ਨੂੰ ਮਾੜਾ, ਝੂਠਾ ਕਿਸ ਲਈ ਕਹਿੰਦੇ ਹਾਂ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਝੂਠਾ ਜਾਂ ਮਾੜਾ ਅਸੀਂ ਉਸੇ ਨੂੰ ਕਹਿੰਦੇ ਹਾਂ ਜੋ ਮਾੜੇ ਕਰਮ ਕਰਦਾ ਹੈ, ਕਿਸੇ ਦਾ ਹੱਕ ਖਾਂਦਾ ਹੈ, ਰਿਸ਼ਵਤ ਲੈਂਦਾ ਹੈ ਆਦਿ ਭਾਵ ਜਿਸਦੀ ਕਰਨੀ ਮਾੜੀ ਹੈ ਉਸਨੂੰ ਅਸੀਂ ਮਾੜਾ ਕਹਿੰਦੇ ਹਾਂ, ਝੂਠਾ ਕਹਿੰਦੇ ਹਾਂ। ਇਹ ਦਸਤੂਰ ਸਭ ਤੇ ਲਾਗੂ ਹੁੰਦਾ ਹੈ। ਜੇਕਰ ਅਸੀਂ ਕਿਸੇ ਨੂੰ ਮਾੜਾ ਕਹਿੰਦੇ ਹਾਂ ਤੇ ਫਿਰ ਉਸਦੇ ਕਿਸੇ ਕਰਮ ਲਈ ਮਾੜਾ ਕਹਿੰਦੇ ਹਾਂ। ਇਸੇ ਤਰ੍ਹਾਂ ਜਦੋਂ ਅਸੀਂ ਕੋਈ ਮਾੜਾ ਕਰਮ ਕਰਦੇ ਹਾਂ ਤੇ ਦੂਸਰਿਆਂ ਕੋਲੋਂ ਮਾੜਾ ਅਖਵਾਉਂਦੇ ਹਾਂ। ਜੋ ਵੀ ਮਾੜੇ ਕਰਮ ਕਰਦਾ ਹੈ ਉਸਨੂੰ ਨਾਮ ਵਿਸਰਿਆ ਹੋਇਆ ਹੈ, ਸੱਚ ਵਿਸਰਿਆ ਹੋਇਆ ਹੈ, ਧਰਮ ਵਿਸਰਿਆ ਹੋਇਆ ਹੈ, ਗੁਰੂ ਦੀ ਮਤਿ ਵਿਸਰੀ ਹੋਈ ਹੈ। **(ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ॥)** ਸਾਡੇ ਅੰਦਰ ਨਾਮ ਵਿਸਰਨ ਦਾ ਕਾਰਨ ਕੀ ਹੈ, ਮਾੜੇ ਕਰਮ ਕਰਨ ਦਾ ਕਾਰਨ ਕੀ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ॥"

ਇਹ ਬਾਣੀ ਦਾ ਬੜਾ ਸਪੱਸ਼ਟ ਫੁਰਮਾਨ ਹੈ ਕਿ ਜਿਸਦੇ ਅੰਦਰ ਪੰਜ ਚੋਰਾਂ ਦਾ, ਔਗੁਣਾਂ ਦਾ ਵਾਸਾ ਹੈ, ਉਸਨੂੰ ਨਾਮ ਵਿਸਰਿਆ ਹੋਇਆ ਹੈ ਤੇ ਫਿਰ ਵੀ ਜੇਕਰ ਕੋਈ ਇਹ ਗੱਲ ਕਹੇ ਕਿ ਉਹ ਇਨ੍ਹਾਂ ਚੋਰਾਂ ਦੇ ਰਹਿੰਦਿਆਂ ਨਾਮ ਜਪ ਰਿਹਾ ਹੈ, ਉਹ ਆਪ ਹੀ ਸਮਝ ਲਵੇ ਕਿ ਉਹ ਕਿਤਨੇ ਵੱਡੇ ਭੁਲੇਖੇ ਵਿੱਚ ਹੈ। ਇਹ ਗੁਰੂ ਦੇ ਫੁਰਮਾਨ ਨੂੰ ਨਾ ਮੰਨਣ ਦੀ ਜ਼ਿੱਦ ਹੈ, ਮਨਹਠਿ ਹੈ।

14/1447

ਮਨਹਠਿ ਨਾਲ ਨਾ ਹੀ ਪ੍ਰਮਾਤਮਾ ਨੂੰ ਕਿਸੇ ਨੇ ਅੱਜ ਤੱਕ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ। ਉਸਨੂੰ ਪਾਉਣਾ ਕੀ ਹੈ, ਉਸਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਸਦੀ ਸੋਝੀ ਵੀ ਕਿਸੇ ਨੂੰ ਨਹੀਂ ਹੈ। ਸਭ ਕੋਈ ਅਗਿਆਨਤਾ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ, ਮੈਂ ਵਿੱਚ ਹੀ ਹੈ ਜਿਸਦੇ ਰਹਿੰਦਿਆਂ ਅਸੀਂ ਸੱਚੀ ਸੋਝੀ ਤੋਂ ਦੂਰ ਹੀ ਰਹਿੰਦੇ ਹਾਂ। ਹਉਮੈ ਦੇ ਨਿਕਲੇ ਬਿਨ੍ਹਾਂ ਇਹ ਪੰਜ ਚੋਰ ਵੀ ਨਹੀਂ ਨਿਕਲ ਸਕਦੇ। ਇਹ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਨਿਕਲਦੇ ਹਨ, ਗਿਆਨ ਦੀ ਖੜਗ ਦੁਆਰਾ ਹੀ ਮਰਦੇ ਹਨ ਤੇ ਉਸ ਤੋਂ ਬਾਅਦ ਹੀ ਇਨ੍ਹਾਂ ਦੀ ਚੋਰੀ ਬੰਦ ਹੁੰਦੀ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ, ਅਗਿਆਨਤਾ ਹੈ, ਤਦ ਤੱਕ ਸਾਡੇ ਅੰਦਰ ਨਾਮ ਹੋ ਹੀ ਨਹੀਂ ਸਕਦਾ। **(ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ॥)**

ਜਦ ਤੱਕ ਸਾਡੇ ਅੰਦਰ ਇਹ ਚੋਰ ਬੈਠ ਹੋਏ ਹਨ ਤਦ ਤੱਕ ਹਰ ਕੋਈ ਸਾਕਤ ਹੈ ਭਾਵ ਸਾਨੂੰ ਸਾਕਤ ਬਣਾਉਣ ਵਾਲੇ ਸਾਡੇ ਔਗੁਣ ਹਨ, ਜੋ ਸਾਨੂੰ ਲੁੱਟ ਰਹੇ ਹਨ, ਠੱਗ ਰਹੇ ਹਨ। ਇਹ ਸਾਡੀ ਦੁਰਮਤਿ ਦਾ ਨਤੀਜਾ ਹੈ ਭਾਵ ਸਾਡੇ ਅੰਦਰ ਗੁਰਮਤਿ ਨਹੀਂ ਹੈ। ਗੁਰਮਤਿ "ਹਰਿ ਰਸ" ਹੈ ਜਿਸਨੂੰ ਜਾਣੇ ਬਿਨ੍ਹਾਂ ਅਸੀਂ ਦੁਰਮਤਿ ਵਿੱਚ ਰਹਿੰਦੇ ਹਾਂ, ਮਨਮਤਿ ਵਿੱਚ ਰਹਿੰਦੇ ਹਾਂ। ਦੁਰਮਤਿ ਮਾੜੀ ਮਤਿ ਹੈ, ਮਨਮਤਿ ਹੈ ਤੇ ਗੁਰਮਤਿ ਚੰਗੀ ਮਤਿ ਹੈ। ਗੁਰਮਤਿ ਨੂੰ ਲਏ ਬਿਨ੍ਹਾਂ ਅਸੀਂ ਵਿਕਾਰਾਂ ਵਿੱਚ ਰਹਿੰਦੇ ਹਾਂ, ਚੋਰਾਂ ਦੀ ਠੱਗੀ ਸਾਡੇ ਅੰਦਰ ਚੱਲਦੀ ਰਹਿੰਦੀ ਹੈ। ਇਹੀ ਸਾਡੇ ਅੰਦਰ ਨਾਮ ਦਾ ਵਿਸਰਨਾ ਹੈ, ਹਰਿ ਰਸ ਦਾ, ਗੁਰਮਤਿ ਦੀ ਸੋਝੀ ਦਾ ਨਾ ਹੋਣਾ ਹੈ। **(ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥)** ਇਹ ਪੰਜ ਚੋਰ ਸਾਡੇ ਅੰਦਰੋਂ ਅੰਮ੍ਰਿਤ ਹੀ ਲੁੱਟਦੇ ਹਨ, ਗੁਣ ਹੀ ਲੁੱਟਦੇ ਹਨ, ਚੁਰਾਂਦੇ ਹਨ ਜਿੰਨ੍ਹਾਂ ਕਰਕੇ ਅਸੀਂ ਬਿਖ ਦੇ ਨਾਲ ਭਾਵ ਮਾਇਆ ਮੋਹ ਦੇ ਨਾਲ, ਔਗੁਣਾਂ ਦੇ ਨਾਲ ਰੱਚੇ ਰਹਿੰਦੇ ਹਾਂ। ਇਹ ਸਾਡੇ ਅੰਦਰ ਭਰਮ ਦਾ, ਅਗਿਆਨਤਾ ਦਾ ਨਤੀਜਾ ਹੈ ਜੋ ਕਿ ਉਸ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। **(ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥)** ਸਲੋਕ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ।

"ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥"

ਧਿਆਨ ਨਾਲ ਸਮਝੋ ਕਿ ਇਹ ਦੁਸਟ ਕੌਣ ਹਨ ਜਿੰਨ੍ਹਾਂ ਨਾਲ ਅਸੀਂ ਆਪਣਾ ਪਿਆਰ ਪਾਇਆ ਹੋਇਆ ਹੈ। ਇਹ ਦੁਸਟ ਸਾਡੇ ਪੰਜ ਚੋਰ ਹਨ ਜਿੰਨ੍ਹਾਂ ਨਾਲ ਅਸੀਂ ਰਚੇ ਮਿਚੇ ਹੋਏ ਹਾਂ।

14/1448

ਸਾਡੇ ਔਗੁਣ ਸਾਡੇ ਦੁਸਟ ਹਨ। ਜਦ ਤੱਕ ਸਾਡੀ ਇਨ੍ਹਾਂ ਦੁਸਟਾਂ ਨਾਲ ਦੋਸਤੀ ਹੈ ਤਦ ਤੱਕ ਸਾਡਾ "**ਜਨ**" ਦੇ ਨਾਲ ਵਾਦ ਹੈ,

ਝਗੜਾ ਹੈ। ਪ੍ਰਮਾਤਮਾ ਦਾ "**ਜਨ**" ਗੁਰੂ ਹੈ। ਸਾਡਾ ਗੁਰੂ ਦੇ ਨਾਲ ਝਗੜੇ ਦਾ ਕਾਰਨ ਇਨ੍ਹਾਂ ਦੁਸਟਾਂ ਨਾਲ ਦੋਸਤੀ ਹੈ। ਜੇਕਰ ਅਸੀਂ ਗੁਰੂ ਨਾਲ ਪਿਆਰ ਪਾਉਣਾ ਹੈ ਫਿਰ ਇਨ੍ਹਾਂ ਦੁਸਟਾਂ ਨਾਲ ਪਿਆਰ ਛੱਡਣਾ ਪਵੇਗਾ। ਪਿਆਰ ਇੱਕ ਪਾਸੇ ਹੀ ਪੈ ਸਕਦਾ ਹੈ ਭਾਵੇਂ ਔਗੁਣਾਂ ਨਾਲ ਪਾ ਲਈਏ ਤੇ ਭਾਵੇਂ ਗੁਣਾਂ ਨਾਲ ਪਾ ਲਈਏ, ਭਾਵੇਂ ਨਾਮ ਨਾਲ ਪਾ ਲਈਏ ਤੇ ਭਾਵੇਂ ਹਉਮੈ ਨਾਲ ਪਾ ਲਈਏ, ਭਾਵੇਂ ਮਨਮਤਿ ਨਾਲ ਪਾ ਲਈਏ ਤੇ ਭਾਵੇਂ ਗੁਰਮਤਿ ਨਾਲ ਪਾ ਲਈਏ, ਭਾਵੇਂ ਦੁਨਿਆਵੀ ਪਦਾਰਥਾਂ ਨਾਲ ਪਾ ਲਈਏ ਤੇ ਭਾਵੇਂ ਪਦਾਰਥ ਦੇਣ ਵਾਲੇ ਨਾਲ ਪਾ ਲਈਏ। ਇਹ ਦੁਚਿੱਤੀ ਦਾ ਮਾਰਗ ਨਹੀਂ ਹੈ, ਇਹ ਇੱਕ ਮਨ ਇੱਕ ਚਿੱਤ ਦਾ ਮਾਰਗ ਹੈ। ਗੁਰੂ ਪ੍ਰਮਾਤਮਾ ਨਾਲ ਸਾਡਾ ਝਗੜਾ ਸੱਚ ਨੂੰ ਅਪਣਾ ਕੇ ਹੀ ਨਿਬੜਨਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। **(ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥)**

{ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ॥}

(ਅੰਗ ੫੭੧)

{ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ॥
ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ॥੧॥}

(ਅੰਗ ੫੭੧)

ਪਉੜੀ॥

{ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥੨॥}

(ਅੰਗ ੪੬੩)

ਸਾਡੇ ਜੀਵਨ ਦੀ ਜਿੱਤ ਹਾਰ ਸੱਚ ਝੂਠ ਦੇ ਨਾਲ ਹੀ ਜੁੜੀ ਹੋਈ ਹੈ। ਜਿਹੜੇ ਸੱਚ ਨਾਲ ਰੱਤੇ ਹੋਏ ਹਨ, ਨਾਮ ਨਾਲ ਰੱਤੇ ਹੋਏ ਹਨ, ਉਹੀ ਇਸ ਜੀਵਨ ਨੂੰ ਜਿੱਤਦੇ ਹਨ ਭਾਵ ਚੰਗੇ ਕਰਮ ਕਰਨ ਵਾਲੇ ਹੀ ਇਸ ਜੀਵਨ ਨੂੰ ਜਿੱਤਦੇ ਹਨ ਤੇ ਠੱਗਣ ਵਾਲੇ, ਮਾੜੇ ਕਰਮ ਕਰਨ ਵਾਲੇ ਜਿੰਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਉਹ ਇਸ ਜੀਵਨ ਨੂੰ ਹਾਰ ਕੇ ਜਾਂਦੇ ਹਨ।

14/1449

ਸਾਡੀ ਸਾਕਤ ਵਾਲੀ ਬਿਰਤੀ ਭਾਵ ਸਾਡੀ ਮਾਇਆ ਮੋਹ ਵਾਲੀ ਬਿਰਤੀ, ਔਗੁਣਾਂ ਵਾਲੀ ਬਿਰਤੀ ਹੀ ਸਾਨੂੰ ਨਰਕ ਵਿੱਚ ਪਾਉਂਦੀ ਹੈ, ਸਾਡਾ ਜੀਵਨ ਵਿਅਰਥ ਗਵਾਉਂਦੀ ਹੈ ਜਿੰਨ੍ਹਾਂ ਕਰਕੇ ਅਸੀਂ ਦੁੱਖਾਂ ਦੇ ਭੋਗੀ ਬਣਦੇ ਹਾਂ। ਪ੍ਰਮਾਤਮਾ ਨੇ ਸਾਨੂੰ ਜਿਹੋ ਜਿਹੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਉਸ ਵਿਚੋਂ ਨਿਕਲਣਾ ਸਾਡੇ ਵੱਸ ਵਿੱਚ ਨਹੀਂ ਹੈ ਤੇ ਉਸਦੀ ਸਾਡੇ ਤੇ ਕ੍ਰਿਪਾ ਇਹੀ ਹੈ ਕਿ ਸਾਨੂੰ ਔਗੁਣਾਂ ਕੋਲੋਂ, ਚੋਰਾਂ ਕੋਲੋਂ ਬਚਾ ਲਵੇ। **(ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ॥ ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ॥੧॥)**

ਜਿਸ ਤੇ ਪ੍ਰਮਾਤਮਾ ਆਪਣੀ ਸੱਚੀ ਕ੍ਰਿਪਾ ਕਰਦਾ ਹੈ ਉਸਨੂੰ ਇਨ੍ਹਾਂ ਪੰਜਾਂ ਚੋਰਾਂ ਤੋਂ ਬਚਾਅ ਲੈਂਦਾ ਹੈ ਕਿਉਂਕਿ ਇਨ੍ਹਾਂ ਤੋਂ ਛੁੱਟਣਾ ਸਾਡੇ ਵੱਸ ਨਹੀਂ ਹੈ। ਇਸੇ ਲਈ ਇਨ੍ਹਾਂ ਨੂੰ ਮਹਾਂਬਲੀ ਕਿਹਾ ਹੈ ਕਿਉਂਕਿ ਇਹ ਉਸਦੇ ਆਪਣੇ ਲਾਏ ਹੋਏ ਹਨ ਜੋ ਸਾਡੇ ਅੰਦਰ ਸਾਡੇ ਮਨ ਦੇ ਵਿਚਾਰਾਂ ਰਾਹੀਂ ਹੀ ਵਿਚਰਦਾ ਹੈ। ਸਾਡੇ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ। ਇਨ੍ਹਾਂ ਵਿੱਚੋਂ ਸਾਨੂੰ ਉਹ ਆਪ ਹੀ ਕੱਢ ਸਕਦਾ ਹੈ, ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇ ਕੇ ਕੱਢ ਸਕਦਾ ਹੈ। ਉਸਦਾ ਸੱਚਾ ਗਿਆਨ ਹੀ ਉਸਦੀ ਖੜਗ ਹੈ, ਉਸਦਾ ਹਥਿਆਰ ਹੈ ਜਿਸ ਨਾਲ ਇਹ ਮਰਦੇ ਹਨ, ਕਾਬੂ ਆਉਂਦੇ ਹਨ।

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥੨॥}

(ਅੰਗ ੧੧੯੩)

ਗੁਰੂ ਦੇ, ਸ਼ਬਦ ਦੇ ਚਰਨ ਉਸਦਾ ਗਿਆਨ ਹੈ ਤੇ ਉਸਦਾ ਇਹ ਸੱਚਾ ਗਿਆਨ ਹੀ ਉਸਦੀ ਖੜਗ ਹੈ ਜਿਸ ਦੁਆਰਾ ਇਹ ਚੋਰ ਕਾਬੂ ਆਉਂਦੇ ਹਨ। ਆਪਣਾ ਸੱਚਾ ਗਿਆਨ ਆਪਣੀ ਕ੍ਰਿਪਾ ਦੁਆਰਾ ਉਹ ਆਪ ਹੀ ਦਿੰਦਾ ਹੈ, ਮਨ ਵਿੱਚ ਆਪ ਪ੍ਰਗਟ ਹੋ ਕੇ ਦਿੰਦਾ ਹੈ ਜਿਸ ਸੋਝੀ ਦੁਆਰਾ ਇਹ ਸਮਝ ਪੈਂਦੀ ਹੈ ਕਿ ਸਭ ਨੂੰ ਪ੍ਰਮਾਤਮਾ ਨਾਲੋਂ ਦੂਰ ਰੱਖਣ ਵਾਲੇ ਸਾਡੇ ਔਗੁਣ ਹੀ ਹਨ। ਮਨ ਦੇ ਅੰਦਰ ਗਿਆਨ ਦੁਆਰਾ ਹੀ ਦ੍ਰਿੜਤਾ ਪੈਦਾ ਹੁੰਦੀ ਹੈ ਜੋ ਮਨੁੱਖ ਨੂੰ ਸੱਚ ਤੇ ਚਲਾਉਂਦੀ ਹੈ, ਨਾਮ ਤੇ ਚਲਾਉਂਦੀ ਹੈ। ਇਸ ਤੋਂ ਬਾਅਦ ਹੀ ਮਨੁੱਖ ਦਿਨ ਰਾਤ ਭਾਵ ਅੱਠੇ ਪਹਿਰ, ਹਰ ਵੇਲੇ ਭਾਵੇਂ ਉਹ ਸੁੱਤਾ ਹੈ ਭਾਵੇਂ ਉਹ ਜਾਗਦਾ ਹੈ,

14/1450

ਉਸਦਾ ਨਾਮ ਹੀ ਧਿਆਉਂਦਾ ਹੈ। ਮਨੁੱਖ ਦਾ ਹਰ ਵੇਲੇ ਸੱਚਾ ਰਹਿਣਾ ਹੀ ਉਸ ਦਾ ਹਰ ਵੇਲੇ ਨਾਮ ਧਿਆਉਣਾ ਹੈ। ਮਨ ਦੀ ਬਿਰਤੀ ਨੂੰ ਇੱਕ ਵਾਰੀ ਪ੍ਰਮਾਤਮਾ ਸੱਚੀ ਬਣਾ ਦੇਵੇ ਤਾਂ ਫਿਰ ਉਹ ਹਰ ਵੇਲੇ ਸੱਚੀ ਹੀ ਰਹਿੰਦੀ ਹੈ ਕਿਉਂਕਿ ਉਸ ਵਿੱਚ ਉਹ ਆਪ ਪ੍ਰਗਟ ਹੋਇਆ ਹੁੰਦਾ ਹੈ। ਉਸ ਤੋਂ ਬਾਅਦ ਮਨ ਵਿੱਚ ਸੱਚ ਹੀ ਵਰਤਦਾ ਹੈ, ਨਾਮ ਹੀ ਵਰਤਦਾ ਹੈ, ਮਨੁੱਖ ਹਰ ਵੇਲੇ ਨਾਮ ਹੀ ਧਿਆਉਂਦਾ ਹੈ, ਆਪਣੇ ਮਨ ਵਿੱਚ ਸੱਚ ਨੂੰ ਹੀ ਧਿਆਉਂਦਾ ਹੈ ਜੋ ਉਸ ਦੀ ਕਰਨੀ ਦੁਆਰਾ ਪ੍ਰਗਟ ਹੁੰਦਾ ਹੈ। ਇਸ ਸੱਚੇ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ, ਇਸ ਸੰਸਾਰ ਤੋਂ ਆਵਾਗਉਣ ਮੁੱਕਦਾ ਹੈ। ਇਸ ਸੱਚੇ ਗਿਆਨ ਦੁਆਰਾ ਹੀ ਅਸੀਂ ਆਪਣੇ ਉਸ ਮੂਲ ਵਿੱਚ ਰਲ ਜਾਂਦੇ ਹਾਂ, ਸੱਚੇ ਗਿਆਨ ਵਿੱਚ ਰਲ ਜਾਂਦੇ ਹਾਂ ਜਿੱਥੋਂ ਹਰ ਕੋਈ ਆਉਂਦਾ ਹੈ। ਪ੍ਰਮਾਤਮਾ ਨਿਰਗੁਣ ਰੂਪ ਹੈ ਤੇ ਉਸਦੇ ਵਿੱਚ ਸਾਡਾ ਨਿਰਗੁਣ ਰੂਪ ਸਮਾਅ ਜਾਂਦਾ ਹੈ। ਮਨ ਦੇ ਵਿੱਚ ਮਨ ਸਮਾਅ ਜਾਂਦਾ ਹੈ ਭਾਵ ਇਸ ਮਨ ਦੀ ਸੋਝੀ ਪੈ ਜਾਂਦੀ ਹੈ ਕਿ ਜਿਸ ਮਨ ਨੂੰ ਅਸੀਂ ਆਤਮਾ ਸਮਝਦੇ ਹਾਂ ਉਹ ਅਸਲ ਵਿੱਚ ਆਪ ਪ੍ਰਮਾਤਮਾ ਹੀ ਹੈ। ਆਤਮਾ ਦੀ ਹੋਂਦ ਮਿਟ ਜਾਂਦੀ ਹੈ ਤੇ ਪਿੱਛੇ ਪ੍ਰਮਾਤਮਾ ਦੀ ਹੋਂਦ ਹੀ ਰਹਿ ਜਾਂਦੀ ਹੈ। ਮਨ ਦੀ ਅਗਿਆਨਤਾ ਮਿਟ ਕੇ ਪਿੱਛੇ ਸੱਚਾ ਗਿਆਨ ਹੀ ਰਹਿ ਜਾਂਦਾ ਹੈ ਜੋ ਸਭ ਜਗ੍ਹਾ ਵਰਤ ਰਿਹਾ ਹੈ, ਹਰ ਕਿਸੇ ਵਿੱਚ ਵਰਤ ਰਿਹਾ ਹੈ। ਸਾਰਾ ਭੇਦ ਅਗਿਆਨਤਾ ਤੇ ਗਿਆਨ ਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਨੇ ਸਭ ਨੂੰ ਅਗਿਆਨਤਾ ਵਿੱਚ ਰੱਖ ਕੇ ਸਵਾਇਆ ਹੋਇਆ ਹੈ ਭਾਵ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ। ਜਦ ਤੱਕ ਸਾਡਾ ਮਨ ਸੁੱਤਾ ਹੋਇਆ ਹੈ ਸਾਨੂੰ ਉਨ੍ਹਾਂ ਚੋਰਾਂ ਦੀ ਖ਼ਬਰ ਨਹੀਂ ਪੈਂਦੀ ਕਿ ਉਹ ਸਾਡਾ ਕਿਤਨਾ ਮਾੜਾ ਕਰੀ ਜਾ ਰਹੇ ਹਨ। ਜਿਸਨੂੰ ਪ੍ਰਮਾਤਮਾ ਜਗਾਉਂਦਾ ਹੈ ਭਾਵ ਜਦੋਂ ਇਸ ਸੁੱਤੇ ਹੋਏ ਮਨ ਨੂੰ ਜਗਾਉਂਦਾ ਹੈ ਉਹ ਆਪਣੇ ਸੱਚੇ ਗਿਆਨ ਦੁਆਰਾ ਹੀ ਜਾਗਾਉਂਦਾ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥੮॥੧॥”

(ਅੰਗ ੧੩੦੮)

14/1451

ਇਹ ਪੂਰੇ ਸ਼ਬਦ ਦਾ ਆਖਰੀ ਪਦਾ ਹੈ ਜਿਸ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ, ਜਿਸਨੂੰ ਆਪਣੇ ਭਾਣੇ ਵਿੱਚ ਚਲਾਉਂਦਾ ਹੈ, ਜਿਸ ਨੂੰ ਆਪਣਾ ਨਾਮ ਜਪਾਉਂਦਾ ਹੈ ਉਸ ਤੇ ਉਹ ਆਪਣੀ ਕ੍ਰਿਪਾ ਕਿਸ ਰੂਪ ਵਿੱਚ ਕਰਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਹੋਣਾ ਜਾਂ ਨਾ ਹੋਣ ਦੇ ਦੋਵੇਂ ਪੱਖ ਸਮਝਾਏ ਹੋਏ ਹਨ। ਦੋਵੇਂ ਪਾਸੇ ਸਾਡੇ ਮਨ ਦੀ ਅਵੱਸਥਾ ਹੀ ਹੈ। ਇੱਕ ਅਗਿਆਨਤਾ ਵਾਲੀ ਅਵੱਸਥਾ ਹੈ ਤੇ ਦੂਸਰੀ ਉਸਦੇ ਸੱਚੇ ਗਿਆਨ ਵਾਲੀ ਅਵੱਸਥਾ ਹੈ। ਜਦੋਂ ਮਨ ਦੀ ਅਵੱਸਥਾ ਅਗਿਆਨਤਾ ਵਾਲੀ ਹੈ ਇਸ ਅਵੱਸਥਾ ਵਿੱਚ ਮਨ ਸੁੱਤਾ ਹੋਇਆ ਹੈ ਭਾਵ ਇਹ ਸੁੱਤੇ ਹੋਏ ਮਨ ਦੀ ਅਵੱਸਥਾ ਹੈ। ਜਦੋਂ ਮਨ ਵਿੱਚ ਸੱਚਾ ਗਿਆਨ ਵੱਸ ਜਾਂਦਾ ਹੈ ਉਹ ਜਾਗਦੇ ਹੋਏ ਮਨ ਦੀ ਅਵਸਥਾ ਹੈ। ਸਭ ਤੋਂ ਜਰੂਰੀ ਤੇ ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਸਾਡੇ ਇਸ ਮਨ ਦੀ ਅਵੱਸਥਾ ਕਿਸ ਦੇ ਵੱਸ ਹੈ। ਸਾਡੇ ਮਨ ਦਾ ਗਿਆਨ ਜਾਂ ਅਗਿਆਨ

ਕਿਸ ਦੇ ਵੱਸ ਹੈ। ਗੁਰਬਾਣੀ ਸਾਨੂੰ ਬੜਾ ਸਪੱਸ਼ਟ ਕਰਕੇ ਸਮਝਾ ਰਹੀ ਹੈ ਕਿ ਇਹ ਗੁਰੂ ਦੇ ਵੱਸ ਹੈ ਤੇ ਗੁਰੂ ਆਪ ਪ੍ਰਮਾਤਮਾ ਹੈ ਜੋ ਸਭ ਦੇ ਅੰਦਰ ਵਰਤ ਰਿਹਾ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਉਸ ਪ੍ਰਮਾਤਮਾ ਦਾ ਗੁਪਤ ਰੂਪ ਧਿਆਨ ਨਾਲ ਸੋਚੋ ਕਿ ਮਨ ਦੇ ਗਿਆਨ ਤੋਂ ਇਲਾਵਾ ਹੋਰ ਕੀ ਹੋ ਸਕਦਾ ਹੈ। ਉਹ ਮਨੁੱਖ ਨੂੰ ਜਿਵੇਂ ਭਾਉਂਦਾ ਹੈ ਉਸ ਤਰ੍ਹਾਂ ਚਲਾਉਂਦਾ ਹੈ ਤੇ ਉਸ ਪ੍ਰਮਾਤਮਾ ਕੋਲ ਹੋਰ ਕਿਹੜੀ ਕਲਾ ਹੈ ਜਿਸ ਦੁਆਰਾ ਉਹ ਸਾਨੂੰ ਆਪਣੇ ਹੁਕਮ ਵਿੱਚ ਰੱਖਦਾ ਹੈ। ਜੇਕਰ ਸਾਨੂੰ ਗੁਰਬਾਣੀ ਤੇ ਵਿਸ਼ਵਾਸ ਹੈ ਫਿਰ ਸਭ ਕੁੱਝ ਇਹ ਗਿਆਨ ਹੀ ਹੈ ਜੋ ਪ੍ਰਮਾਤਮਾ ਦੀ ਕਲਾ ਹੈ ਜੋ ਸਭ ਜਗ੍ਹਾ ਵਰਤ ਰਹੀ ਹੈ। ਪ੍ਰਮਾਤਮਾ ਦੀ ਕਲਾ, ਉਸਦੀ ਸ਼ਕਤੀ ਉਸਦਾ ਗਿਆਨ ਹੈ। ਸਾਡੇ ਅੰਦਰ ਉਸਦੀ ਸ਼ਕਤੀ, ਉਸਦੀ ਕਲਾ ਸਾਡੇ ਮਨ ਦੇ ਵਿੱਚ ਤ੍ਰੈਗੁਣੀ ਗਿਆਨ ਦੇ ਰੂਪ ਵਿੱਚ ਵਰਤਦੀ ਹੈ। ਇਹ ਉਸਦੀ ਮਾਇਆ ਦੀ ਜੁਗਤਿ ਹੈ ਜੋ ਸਭ ਦੇ ਅੰਦਰ ਵਰਤ ਰਹੀ ਹੈ। ਇਸੇ ਜੁਗਤਿ ਦੁਆਰਾ ਉਸਨੇ ਸਭ ਨੂੰ ਮਾਇਆ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਭਰਮ ਵਿੱਚ

14/1452

ਰੱਖਿਆ ਹੋਇਆ ਹੈ। ਇਹ ਸਾਡੇ ਮਨ ਦੇ ਵਿੱਚ ਭਰਮ ਦਾ, ਅਗਿਆਨਤਾ ਦਾ, ਹਉਮੈ ਦਾ ਪੜਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਾਨੂੰ ਆਪਣੀ ਅਸਲੀਅਤ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਇਹ ਉਸਦੀ ਜੁਗਤਿ ਹੈ, ਬਹੁਤ ਵੱਡੀ ਸਿਆਣਪ ਵਾਲੀ ਕਲਾ ਹੈ ਜਿਸਦੀ ਕਿਸੇ ਨੂੰ ਸਮਝ ਨਹੀਂ ਲੱਗ ਸਕਦੀ। ਇਸੇ ਜੁਗਤਿ ਦੁਆਰਾ ਹਰ ਕੋਈ ਆਪਣੇ ਆਪ ਨੂੰ "ਮੈਂ" ਸਮਝਦਾ ਹੈ ਕਿ ਮੈਂ ਕੋਈ ਮਨੁੱਖ ਹਾਂ। ਅਸਲ ਵਿੱਚ ਸਭ ਕੁੱਝ ਉਹ ਆਪ ਹੈ, ਸਭ ਕੁੱਝ "ਤੂੰ" ਹੈ ਪਰ ਉਸਨੇ ਆਪਣੀ ਇਸ ਜੁਗਤਿ ਦੁਆਰਾ ਹਰ ਕਿਸੇ ਨੂੰ ਆਪਣੇ ਉੱਚੇ ਗਿਆਨ ਦੇ ਨਾਲ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਸਭ ਨੂੰ ਮਾਇਆ ਮੋਹ ਵਿੱਚ ਸਵਾਇਆ ਹੋਇਆ ਹੈ, ਸਭ ਨੂੰ ਅਭਾਗਾ ਬਣਾਇਆ ਹੋਇਆ ਹੈ। ਜਿਸਨੂੰ ਉਹ ਭਾਗਾਂ ਵਾਲਾ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚੋਂ ਹੀ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣੇ ਸੱਚੇ ਗਿਆਨ ਨਾਲ ਮਿਲਾ ਕੇ ਜਗਾ ਦਿੰਦਾ ਹੈ, ਮਾਇਆ ਮੋਹ ਵਿੱਚੋਂ, ਅਗਿਆਨਤਾ ਵਿੱਚੋਂ ਕੱਢ ਲੈਂਦਾ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਬਹੁਤ ਹੀ ਵੱਡੀ ਕ੍ਰਿਪਾ ਹੈ, ਮਿਹਰ ਹੈ ਜੇਕਰ ਉਹ ਕਿਸੇ ਤੇ ਕਰ ਦੇਵੇ ਤੇ ਮਨ ਦੇ ਵਿੱਚੋਂ ਆਪਣੇ ਦਰਸ਼ਨ ਕਰਾ ਦੇਵੇ।

ਜਦ ਤੱਕ ਅਸੀਂ ਸੁੱਤੇ ਹੋਏ ਹਾਂ ਭਾਵ ਜਦ ਤੱਕ ਸਾਡਾ ਮਨ ਸੁੱਤਾ ਹੋਇਆ ਹੈ ਸਾਡੇ ਅੰਦਰ ਪੰਜ ਚੋਰ ਜਾਗਦੇ ਰਹਿੰਦੇ ਹਨ ਤੇ ਸਾਡਾ ਉਹ ਧਨ ਲੁੱਟਦੇ ਰਹਿੰਦੇ ਹਨ ਜਿਸਨੂੰ ਅਸੀਂ ਇਕੱਠਾ ਕਰਨਾ ਹੈ। ਅਸੀਂ ਆਪਣੇ ਜੀਵਨ ਵਿੱਚ ਸੱਚ ਨੂੰ ਇਕੱਠਾ ਕਰਨਾ ਹੈ, ਗੁਣਾਂ ਨੂੰ ਇਕੱਠਾ ਕਰਨਾ ਹੈ ਭਾਵ ਇਨ੍ਹਾਂ ਦੁਆਰਾ ਵਿਚਰਨਾ ਹੈ, ਸੱਚੇ ਸੁੱਚੇ ਕਰਮ ਕਰਨੇ ਹਨ। ਇਹ ਸਾਡੇ ਸੱਚੇ ਕਰਮਾਂ ਦਾ ਧਨ ਹੈ, ਸਾਡੀ ਸੱਚੀ ਕਰਨੀ ਦਾ ਧਨ ਹੈ, ਸਾਡੀ ਸੱਚੀ ਵਿਚਰਨ ਦਾ ਧਨ ਹੈ, ਸਾਡੀਆਂ ਚੰਗਿਆਈਆਂ ਦਾ ਧਨ ਹੈ, ਸਾਡੇ ਪਰਉਪਕਾਰ ਦਾ ਧਨ ਹੈ ਜਿਸਦੇ ਨਾਲ ਅਸੀਂ ਪ੍ਰਮਾਤਮਾ ਦੇ ਨੇੜੇ ਲੱਗਦੇ ਹਾਂ। ਅਗਿਆਨਤਾ ਵਿੱਚ ਰਹਿੰਦੇ ਸਾਨੂੰ ਇਸ ਧਨ ਦੀ ਕਦਰ ਨਹੀਂ ਪੈਂਦੀ ਤੇ ਅਸੀਂ ਇਹ ਧਨ ਲੁਟਾਈ ਜਾਂਦੇ ਹਾਂ, ਇਸ ਧਨ ਦੀ ਸੰਭਾਲ ਨਹੀਂ ਕਰਦੇ। ਸੱਚਾ ਧਨ ਸਾਨੂੰ ਭਾਵ ਸੱਚੇ ਗਿਆਨ ਦਾ ਧਨ ਸਾਨੂੰ ਇਸ ਗੁਣਾਂ ਦੇ ਧਨ ਦੀ ਸੰਭਾਲ ਹੀ ਸਿਖਾਉਂਦਾ ਹੈ, ਇਸਦੀ ਕਦਰ ਪਾਉਣੀ ਸਿਖਾਉਂਦਾ ਹੈ। ਜਿਸਨੂੰ ਪ੍ਰਮਾਤਮਾ ਆਤਮਿਕ ਤੌਰ ਤੇ ਜਗਾ ਦਿੰਦਾ ਹੈ

14/1453

ਉਹ ਫਿਰ ਇਸ ਧਨ ਨੂੰ ਸੰਭਾਲ ਕੇ ਹੀ ਰੱਖਦਾ ਹੈ, ਨਾਮ ਨੂੰ, ਨਾਮ ਧਨ ਨੂੰ ਸੰਭਾਲ ਕੇ ਹੀ ਰੱਖਦਾ ਹੈ। ਇਹ ਸੱਚਾ ਧਨ ਹੀ ਸਾਨੂੰ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਸਿਖਾਉਂਦਾ ਹੈ, ਪ੍ਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਸਿਖਾਉਂਦਾ ਹੈ, ਉਸਦੇ ਭਾਣੇ ਤੇ ਦ੍ਰਿੜ ਰਹਿਣਾ ਸਿਖਾਉਂਦਾ ਹੈ। ਸਾਰੀ ਗੁਰਬਾਣੀ ਸਾਨੂੰ ਇਹੋ ਕੁੱਝ ਸਿਖਾ ਰਹੀ ਹੈ, ਪਰ ਸਾਨੂੰ ਉਸ ਤੇ ਯਕੀਨ ਨਹੀਂ ਆਉਂਦਾ, ਉਸਦੇ ਬਚਨਾਂ ਤੇ ਯਕੀਨ ਨਹੀਂ ਆਉਂਦਾ। ਉਹ ਕਿਸੇ ਵਿਰਲੇ ਨੂੰ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਪੱਕਾ ਵਿਸ਼ਵਾਸ ਦਿਵਾਉਂਦਾ ਹੈ, ਆਪਣਾ ਨਾਮ ਦ੍ਰਿੜ ਕਰਵਾਉਂਦਾ ਹੈ, ਗੁਰਬਾਣੀ ਤੇ ਉਸਦਾ ਵਿਸ਼ਵਾਸ ਦ੍ਰਿੜ ਕਰਦਾ ਹੈ ਤੇ ਤਾਂ ਹੀ ਗੁਰਬਾਣੀ ਦੇ ਬਚਨਾਂ ਦੀ ਕਦਰ ਪੈਂਦੀ ਹੈ, ਉਸਦੇ ਦੱਸੇ ਹੋਏ ਸੱਚੇ ਗੁਣਾਂ ਦੀ, ਗੁਰਮਤਿ ਦੀ, ਸੱਚ ਦੀ ਕਦਰ ਪੈਂਦੀ ਹੈ ਭਾਵ ਉਨ੍ਹਾਂ ਦੀ ਸੰਭਾਲ ਹੁੰਦੀ ਹੈ।

ਮਨ ਦੀ ਸੱਚੀ ਸੋਝੀ ਦੁਆਰਾ ਹੀ ਮਨ ਅਡੋਲ ਹੁੰਦਾ ਹੈ ਤੇ ਡੋਲਣੋਂ ਹੱਟਦਾ ਹੈ। ਅਗਿਆਨਤਾ ਵਿੱਚ ਰਹਿੰਦੇ ਮਨ ਡੋਲਦਾ ਹੈ ਤੇ ਸੱਚਾ ਗਿਆਨ ਮਿਲਣ ਨਾਲ ਮਨ ਅਡੋਲ ਹੋ ਜਾਂਦਾ ਹੈ, ਮਨ ਵਿੱਚ ਨਾਮ ਦ੍ਰਿੜ ਹੋ ਜਾਂਦਾ ਹੈ।

ਸੁੱਤਾ ਹੋਇਆ ਮਨ ਕੀ ਹੈ ਤੇ ਜਾਗਦਾ ਹੋਇਆ ਮਨ ਕੀ ਹੈ, ਆਓ ਇਸੇ ਗੱਲ ਨੂੰ ਅਗਲੇ ਸ਼ਬਦ ਦੁਆਰਾ ਸਮਝੀਏ।

ਗਉੜੀ ਗੁਆਰੇਰੀ ਮਹਲਾ ੫ ॥

"ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥੨॥
ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੯੯॥"

(ਅੰਗ ੧੮੨)

ਬੜਾ ਸਪੱਸ਼ਟ ਹੈ ਕਿ ਜਦ ਤੱਕ ਸਾਡੇ ਅੰਦਰ ਵਿਕਾਰ ਹਨ ਭਾਵੇਂ ਉਹ ਕਿਸੇ ਰੂਪ ਵਿੱਚ ਹਨ, ਇਹ ਸਾਡੇ ਸੁੱਤੇ ਹੋਣ ਦੀ ਨਿਸ਼ਾਨੀ ਹੈ। ਜੇਕਰ ਸਾਡਾ ਮਨ ਮਾਇਆ ਵਿੱਚ ਸੁੱਤਾ ਹੋਇਆ ਹੈ ਤਾਂ ਫਿਰ ਇਹ ਵਿਕਾਰ ਸਾਡੇ ਨਾਲ ਹੀ ਚੱਲਦੇ ਹਨ। ਸਾਡੇ ਮਨ ਦਾ ਜਾਗਣਾ ਕੀ ਹੈ ਇਹ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਉਹੀ ਕੁੱਝ ਇੱਥੇ ਸਮਝਾਇਆ ਹੋਇਆ ਹੈ। ਗੁਰੂ ਦੇ ਬਚਨ ਕਦੇ ਬਦਲ ਨਹੀਂ ਸਕਦੇ, ਉਹ ਅਟੱਲ ਹਨ ਤੇ ਸਦਾ ਅਟੱਲ ਹੀ ਰਹਿੰਦੇ ਹਨ। ਜੋ ਇੱਕ ਸ਼ਬਦ ਰਾਹੀਂ ਮਨ ਦਾ ਸੌਣਾ, ਜਾਗਣਾ ਸਮਝਾਇਆ ਹੈ ਉਹ ਦੂਸਰੇ ਸ਼ਬਦ ਰਾਹੀਂ ਬਦਲ ਨਹੀਂ ਸਕਦਾ। ਸਾਡੀ ਜ਼ਿੰਦਗੀ ਦਾ ਮਨੋਰਥ

14/1454

"**ਸਾਬਤੁ ਵਸਤੁ**" ਨੂੰ ਪ੍ਰਾਪਤ ਕਰਨ ਦਾ ਹੈ। ਸਾਬਤ ਵਸਤ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸਦਾ ਸੱਚਾ ਗਿਆਨ ਹੈ, ਉਸਦੀ ਸੱਚੀ ਮਤਿ ਹੈ। ਜਿਸਨੇ ਵੀ ਮਨ ਦੀ ਇਸ ਅਵੱਸਥਾ ਤੋਂ ਜਾਗਣਾ ਹੈ, ਸਾਬਤੁ ਵਸਤੁ ਭਾਵ ਸਾਬਤ ਪੂੰਜੀ, ਸਾਬਤ ਰਾਸਿ, ਸਾਬਤ ਧਨ ਦੁਆਰਾ ਹੀ ਜਾਗਣਾ ਹੈ। ਇਹ "**ਸਾਬਤੁ ਵਸਤੁ**" ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਦੁਆਰਾ ਉਹ ਵਿਚਰਦਾ ਹੈ। ਪੂਰੀ ਗੁਰਬਾਣੀ ਵਿੱਚ ਉਹ ਆਪਣੀ ਇਸ ਸਾਬਤੁ ਵਸਤੂ ਦੁਆਰਾ ਹੀ ਸਮਾਇਆ ਹੋਇਆ ਹੈ। **(ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਓਹੁ ਅਪਨੀ ਲਹੈ॥੧॥ਰਹਾਉ॥)**

ਇਸ ਸਾਬਤ ਵਸਤ ਨੇ ਹੀ ਸਾਨੂੰ ਗੁਰੂ ਦੇ ਗੁਣਾਂ ਨਾਲ ਜੋੜਨਾ ਹੈ ਜਿਸ ਦੁਆਰਾ ਸਾਡੇ ਅੰਦਰੋਂ ਔਗੁਣ ਦੂਰ ਹੁੰਦੇ ਹਨ, ਗੁਣਾਂ ਦੇ ਚੋਰ ਵੱਸ ਵਿੱਚ ਆਉਂਦੇ ਹਨ। ਇਹ ਚੋਰ ਸਾਡੀ ਰਾਸਿ ਨੂੰ ਸਾਬਤ ਨਹੀਂ ਬਣਨ ਦਿੰਦੇ ਕਿਉਂਕਿ ਸਾਡੇ ਅੰਦਰ ਇਨ੍ਹਾਂ ਦੀ ਚੋਰੀ ਚੱਲਦੀ ਰਹਿੰਦੀ ਹੈ। ਜਦ ਤੱਕ ਅਸੀਂ ਇਨ੍ਹਾਂ ਔਗੁਣਾਂ ਵੱਲੋਂ ਸੁੱਤੇ ਹੋਏ ਹਾਂ ਤਦ ਤੱਕ ਸਾਡੇ ਮਨ ਦੀ ਅਵੱਸਥਾ ਉਸ ਸੁੰਨੇ ਸ਼ਹਿਰ ਦੀ ਤਰ੍ਹਾਂ ਹੈ, ਨਗਰ ਦੀ ਤਰ੍ਹਾਂ ਹੈ ਜਿੱਥੇ ਠੱਗ ਨਿਸ਼ਚਿਤ ਹੋ ਕੇ ਠੱਗੀ ਮਾਰਦੇ ਹਨ। ਅਸੀਂ ਮਾਇਆ ਮੋਹ ਵਿੱਚ, ਔਗੁਣਾਂ ਵਿੱਚ ਖੁਸ਼ੀ ਮਾਣਦੇ ਹਾਂ, ਰੱਸ ਮਾਣਦੇ ਹਾਂ ਤੇ ਇਸੇ ਲਈ ਸਾਡੇ ਘਰ ਵਿੱਚ ਇਹ ਚੋਰੀ ਹੁੰਦੀ ਹੈ ਭਾਵ ਇਹ ਚੋਰੀ ਸਾਡੀ ਮਰਜ਼ੀ ਦੇ ਨਾਲ ਹੀ ਹੁੰਦੀ ਹੈ। **(ਸਗਲ ਸਹੇਲੀ ਅਪਨੈ ਰਸ ਮਾਤੀ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥ ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥੨॥ ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥)**

ਮਨ ਦੇ ਇਨ੍ਹਾਂ ਚੋਰਾਂ ਦੇ ਕੋਲੋਂ ਭਾਵ ਮਨ ਦੇ ਮਾੜੇ, ਔਗੁਣਾਂ ਵਾਲੇ ਵਿਚਾਰਾਂ ਕੋਲੋਂ ਸਾਨੂੰ ਸਿਵਾਏ ਗੁਰੂ ਦੇ ਕੋਈ ਨਹੀਂ ਬਚਾ ਸਕਦਾ ਭਾਵ ਕੋਈ ਵੀ ਮਨੁੱਖੀ ਸੰਗਤਿ ਜਿਸ ਵਿੱਚ ਮਾਂ, ਬਾਪ, ਭਾਈ, ਮੀਤ ਹਰ ਕੋਈ ਸ਼ਾਮਿਲ ਹੈ, ਕਿਸੇ ਦੀ ਸੰਗਤਿ ਸਾਨੂੰ ਨਹੀਂ ਬਚਾਅ ਸਕਦੀ। **(ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥)**

ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ।

“ਦਰਬਿ ਸਿਆਣਪ ਨਾ ਓਇ ਰਹਤੇ॥”

ਇਨ੍ਹਾਂ ਚੋਰਾਂ ਦੇ ਸਾਡੇ ਅੰਦਰ ਵੱਸਣ ਦਾ ਕਾਰਨ ਸਾਡੇ ਵਿੱਚ ਮਾਇਆ ਮੋਹ ਦਾ ਹੋਣਾ ਹੈ, ਸਾਡਾ ਮਾਇਆ ਦੇ ਨਾਲ ਪ੍ਰੇਮ ਹੈ। ਮਾਇਆ ਦੀ ਪ੍ਰਾਪਤੀ, ਜਿਸ ਵਿੱਚ ਅਸੀਂ ਆਪਣਾ ਸੁੱਖ ਮਾਣਦੇ ਹਾਂ, ਸਾਡੀਆਂ ਇੰਦਰੀਆਂ ਰਸ ਮਾਣਦੀਆਂ ਹਨ, ਉਨ੍ਹਾਂ ਦੀ ਪ੍ਰਾਪਤੀ ਲਈ ਹੀ ਅਸੀਂ ਔਗੁਣਾਂ ਦਾ, ਚੋਰਾਂ ਦਾ ਸਹਾਰਾ ਲੈਂਦੇ ਹਾਂ।

14/1455

ਭਾਵ ਜਦ ਤੱਕ ਸਾਡੇ ਅੰਦਰ ਮਾਇਆ ਦਾ ਪ੍ਰੇਮ ਹੈ ਤਦ ਤੱਕ ਅਸੀਂ ਇਨ੍ਹਾਂ ਤੋਂ ਬਚਣ ਦਾ ਜੋ ਵੀ ਉਪਰਾਲਾ ਕਰਦੇ ਹਾਂ ਉਹ ਕੇਵਲ ਸਾਡੀ ਸਿਆਣਪ ਹੈ। ਇਹੋ ਜਿਹੀਆਂ ਸਿਆਣਪਾ ਨਾਲ ਇਹ ਚੋਰ ਸਾਡੇ ਅੰਦਰੋਂ ਨਹੀਂ ਨਿਕਲ ਸਕਦੇ। ਜੋ ਵੀ ਸਰੀਰਕ ਜਪ ਤਪ ਆਦਿ ਕਰਨ ਵਾਲੇ ਹਨ, ਉਹ ਇਹੀ ਜਵਾਬ ਦਿੰਦੇ ਹਨ ਕਿ ਜਪ ਤਪ ਕਰਨ ਨਾਲ ਔਗੁਣ ਆਪੇ ਹੀ ਦੂਰ ਹੋ ਜਾਣਗੇ ਤੇ ਮਾਇਆ ਮੋਹ ਛੱਡਣਾ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ ਜਿਵੇਂ ਕਿ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਨ੍ਹਾਂ ਨੂੰ ਕੇਵਲ ਸਾਡੀਆਂ ਸਿਆਣਪਾ ਦੱਸਿਆ ਹੈ ਕਿ ਅਸੀਂ ਮਾਇਆ ਮੋਹ ਵੀ ਨਾ ਛੱਡੀਏ ਤੇ ਪ੍ਰਮਾਤਮਾ ਨੂੰ ਵੀ ਜਪ ਲਈਏ ਪਰ ਇਨ੍ਹਾਂ ਗੱਲਾਂ ਨਾਲ, ਇਹੋ ਜਿਹੀਆਂ ਸਿਆਣਪਾ ਨਾਲ ਇਹ ਚੋਰ ਵੱਸ ਵਿੱਚ ਨਹੀਂ ਆਉਂਦੇ। **(ਦਰਬਿ ਸਿਆਣਪ ਨਾ ਓਇ ਰਹਤੇ॥)**

{ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ - ੧੫੧)

{ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥}

(ਅੰਗ ੩੯)

ਉਸ ਪ੍ਰਮਾਤਮਾ ਅੱਗੇ ਸਾਡੀ ਕੋਈ ਸਿਆਣਪ ਕੰਮ ਨਹੀਂ ਆਉਂਦੀ ਜੋ ਆਪ ਹੀ ਸਭ ਦੇ ਅੰਦਰ ਸਿਆਣਪਾ ਪਾਉਣਾ ਵਾਲਾ ਹੈ, ਸਭ ਨੂੰ ਅਗਿਆਨਤਾ ਵਿੱਚ ਰੱਖਣਾ ਵਾਲਾ ਹੈ। ਕੋਈ ਵੀ ਮਨੁੱਖੀ ਟੇਕ, ਮਨੁੱਖੀ ਸੰਗਤਿ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਕੱਢ ਸਕਦੀ ਜਿਸ ਦੁਆਰਾ ਇਹ ਚੋਰ ਵੱਸ ਵਿੱਚ ਆਉਂਦੇ ਹਨ। ਇਹ ਚੋਰ ਕੇਵਲ ਸਾਧਸੰਗਤਿ ਦੁਅਰਾ ਵੱਸ ਵਿੱਚ ਆਉਂਦੇ ਹਨ। ਕੇਵਲ ਸਾਧ ਗੁਰੂ ਦੀ, ਪ੍ਰਮਾਤਮਾ ਦੀ ਸੰਗਤਿ ਦੁਆਰਾ ਵੱਸ ਆਉਂਦੇ ਹਨ। ਕੇਵਲ ਇੱਕੋ ਇੱਕ ਸਾਧ ਸਾਡੇ ਕੋਲ ਗੁਰਬਾਣੀ ਹੈ ਜਿਸ ਦੀ ਸੰਗਤਿ ਦੁਆਰਾ ਉਹ ਵੱਸ ਵਿੱਚ ਆਉਂਦੇ ਹਨ। ਗੁਰਬਾਣੀ ਗੁਰੂ ਦੇ ਬਚਨ ਹਨ, ਉਸਦੀ ਮਤਿ ਹੈ, ਉਸਦਾ ਸੱਚਾ ਗਿਆਨ ਹੈ ਜਿਸ ਦੁਆਰਾ ਇਹ ਚੋਰ ਵੱਸ ਵਿੱਚ ਆਉਂਦੇ ਹਨ। ਗੁਰੂ ਦਾ ਸੱਚਾ ਗਿਆਨ ਹੀ ਸਾਡੇ ਮਨ ਨੂੰ ਜਗਾ ਸਕਦਾ ਹੈ, ਇਸ ਦੀ ਨੀਂਦ ਖੋਲ੍ਹ ਸਕਦਾ ਹੈ ਤੇ ਸੋਝੀ ਪਾ ਸਕਦਾ ਹੈ ਜਿਸ ਦੁਆਰਾ ਇਹ ਚੋਰ ਵੱਸ ਵਿੱਚ ਆਉਂਦੇ ਹਨ। ਸਾਧ ਦੀ ਸੰਗਤਿ ਸਾਨੂੰ ਗੁਰੂ ਦੇ ਗੁਣਾਂ ਦੀ ਸੰਗਤਿ ਕਰਵਾਉਂਦੀ ਹੈ ਭਾਵ ਸਾਡੇ ਮਨ ਦੇ ਅੰਦਰ ਉਸਦੇ ਗੁਣ ਵਸਾਉਂਦੀ ਹੈ। ਜਿੱਥੇ ਗੁਰੂ ਦੇ ਗੁਣ ਵੱਸ ਜਾਂਦੇ ਹਨ, ਉਸਦੀ ਗੁਰਮਤਿ

14/1456

ਵੱਸ ਜਾਂਦੀ ਹੈ ਉੱਥੋਂ ਔਗੁਣ ਆਪੇ ਹੀ ਨਿਕਲ ਜਾਂਦੇ ਹਨ। **(ਸਾਧਸੰਗਿ ਓਇ ਦੁਸਟ ਵਸਿ ਹੋਤੇ॥੩॥)**

ਜਦੋਂ ਅਸੀਂ ਪ੍ਰਮਾਤਮਾ ਕੋਲੋਂ ਉਸਦੀ ਕ੍ਰਿਪਾ ਮੰਗੀਏ, ਉਸ ਕੋਲੋਂ ਉਸਦੀ ਧੂੜ ਹੀ ਮੰਗਣੀ ਚਾਹੀਦੀ ਹੈ ਕਿਉਂਕਿ ਉਸ ਦੀ ਧੂੜ ਹੀ ਉਸਦਾ ਸਾਰਾ ਖਜ਼ਾਨਾ ਹੈ, ਨਾਮ ਧਨ ਦਾ ਖਜਾਨਾ ਹੈ ਜੋ ਕਿ ਉਸ ਦੇ ਸੱਚੇ ਗਿਆਨ ਦਾ ਖਜਾਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਜਾਣਿਆ ਹੈ। ਉਸਦਾ ਸੱਚਾ ਗਿਆਨ ਹੀ ਸਾਡੀ ਸਾਬਤ ਪੂੰਜੀ ਹੈ, ਸਾਬਤ ਰਾਸਿ ਹੈ ਜਿਸਦੇ ਨਾਲ ਸਾਡਾ ਸਤਿਗੁਰੂ ਦੇ ਨਾਲ ਸੰਗ ਬਣਦਾ ਹੈ, ਮੇਲ ਹੁੰਦਾ ਹੈ ਭਾਵ ਸਾਧ ਸੰਗਤਿ ਹੁੰਦੀ ਹੈ। ਇਸ ਪੂੰਜੀ ਦੇ ਨਾਲ ਹੀ ਅਸੀਂ ਸਦਾ ਜਾਗਦੇ ਰਹਿੰਦੇ ਹਾਂ ਤੇ ਪ੍ਰਮਾਤਮਾ ਦੇ ਰੰਗ ਵਿੱਚ ਰੰਗੇ ਰਹਿੰਦੇ ਹਾਂ। **(ਕਰਿ ਕਿਰਪਾ ਮੋਹਿ ਸਾਰਿੰਗਪਾਣਿ॥ ਸੰਤਨ ਧੂਰਿ ਸਰਬ ਨਿਧਾਨ॥ ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥)**

ਉੱਪਰ ਇਸ ਗੱਲ ਨੂੰ ਵੀ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਆਪ ਕਿਸ ਪੂੰਜੀ ਦੁਆਰਾ ਜਾਗੇ ਹੋਏ ਹਨ ਜਿਸ ਨਾਲ ਉਨ੍ਹਾਂ ਦਾ ਪ੍ਰਮਾਤਮਾ ਨਾਲ ਰੰਗ ਲੱਗਾ ਹੋਇਆ ਹੈ। ਗੁਰੂ ਦੀ ਪੂੰਜੀ ਉਸਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੀ ਹੈ ਜਿਸ ਦੁਆਰਾ ਉਹ ਸਦਾ ਹੀ ਜਾਗਦਾ ਹੈ ਤੇ ਉਸਦਾ ਸਤਿਗੁਰੂ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਮੇਲ ਬਣਿਆ ਰਹਿੰਦਾ ਹੈ, ਸੰਗ ਬਣਿਆ ਰਹਿੰਦਾ ਹੈ। **(ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥)** ਗੁਰਬਾਣੀ ਦੇ ਕੋਲ ਇਹੀ ਪੂੰਜੀ ਹੈ, ਸਾਬਤ ਪੂੰਜੀ ਹੈ ਜਿਸ ਦੁਆਰਾ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਬਣਿਆ ਹੋਇਆ ਹੈ ਤੇ ਸਦਾ ਹੀ ਬਣਿਆ ਰਹੇਗਾ। ਗੁਰਬਾਣੀ ਸਾਰੇ ਜਗਤ ਨੂੰ ਚਾਨਣ ਦੇ ਰਹੀ ਹੈ, ਪ੍ਰਮਾਤਮਾ ਦੀ ਸੱਚੀ ਸੋਝੀ ਪਾ ਰਹੀ ਹੈ ਤੇ ਸਦਾ ਹੀ ਪਾਉਂਦੀ ਰਹੇਗੀ। ਗੁਰਬਾਣੀ ਦੀ ਸੱਚੀ ਸੋਝੀ ਦੇ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਾਲ ਜੁੜਨਾ ਹੈ।

ਸਾਨੂੰ ਇਸ ਅਗਿਆਨਤਾ ਵਿੱਚੋਂ ਕੇਵਲ ਉਹ ਗੁਰੂ ਪ੍ਰਮਾਤਮਾ ਆਪ ਹੀ ਜਗਾ ਸਕਦਾ ਹੈ, ਆਪਣੀ ਸੱਚੀ ਰਸਿ, ਆਪਣੀ ਸਾਬਤ ਪੂੰਜੀ ਆਪ ਹੀ ਆਪਣੀ ਕ੍ਰਿਪਾ ਦੇ ਨਾਲ ਦਿੰਦਾ ਹੈ ਜਿਸ ਪੂੰਜੀ ਨੂੰ ਫਿਰ ਕੋਈ ਚੋਰ ਲੁੱਟ ਨਹੀਂ ਸਕਦਾ। ਇਹ ਸੱਚੇ ਗਿਆਨ ਦੀ ਰਾਸਿ ਜਿਸ ਨਾਲ ਸਾਡੇ ਅੰਦਰ ਗੁਣ ਟਿਕਦੇ ਹਨ, ਸਾਡਾ ਸੱਚਾ ਧਨ ਮਾਲ ਹੈ ਜੋ ਸਾਨੂੰ ਸਦਾ ਹੀ

14/1457

ਜਗਾ ਕੇ ਰੱਖਦਾ ਹੈ, ਚੋਰਾਂ ਤੋਂ ਬਚਾਅ ਕੇ ਰੱਖਦਾ ਹੈ। **(ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ॥੧॥ਰਹਾਉ ਦੂਜਾ॥੨੦॥੯੬॥)**

ਅੰਮ੍ਰਿਤ ਨਾਮ ਸਾਡੇ ਅੰਦਰ ਹੀ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਪ੍ਰਾਪਤੀ ਅੰਦਰੋਂ ਮਨ ਦੇ ਵਿੱਚੋਂ ਹੀ ਹੋਣੀ ਹੀ ਹੈ। ਵਾਰ-ਵਾਰ ਬਾਣੀ ਵਿੱਚ ਅੰਮ੍ਰਿਤ ਨਾਮ ਨੂੰ ਹਿਰਦੇ ਵਿੱਚ ਵਸਾਉਣ ਦੀ ਗੱਲ ਆਉਂਦੀ ਹੈ। ਸਾਡੇ ਹਿਰਦੇ ਅੰਦਰ ਸਿਰਫ਼ ਗਿਆਨ ਹੀ ਵੱਸ ਸਕਦਾ ਹੈ, ਹੋਰ ਕੁੱਝ ਨਹੀਂ ਵੱਸ ਸਕਦਾ। ਇਹ ਅੰਮ੍ਰਿਤ ਨਾਮ ਸਾਡੇ ਅੰਦਰ ਵੱਸਦਾ ਉਦੋਂ ਹੀ ਹੈ ਜਦੋਂ ਅਸੀਂ ਇਸ ਨੂੰ ਅਪਣੇ ਮਨ ਦੇ ਵਿੱਚੋਂ ਬੁੱਝ ਲੈਂਦੇ ਹਾਂ ਭਾਵ ਜਦੋਂ ਸੋਝੀ ਪੈ ਜਾਂਦੀ ਹੈ ਕਿ ਅੰਮ੍ਰਿਤ ਨਾਮ ਸਾਡੇ ਅੰਦਰ ਹੀ ਹੈ। ਉਹ ਸਭ ਦੇ ਅੰਦਰ ਹੀ ਵਰਤ ਰਿਹਾ ਹੈ ਪਰ ਸਾਡੇ ਅੰਦਰ ਵੱਸਦਾ ਉਦੋਂ ਹੈ ਜਦੋਂ ਉਸਦੀ ਸੋਝੀ ਪੈ ਜਾਂਦੀ ਹੈ। ਸੋਝੀ ਪੈਣਾ ਸਾਡੇ ਵੱਸ ਨਹੀਂ ਹੈ। ਆਪਣੀ ਸੋਝੀ ਉਹ ਆਪ ਹੀ ਪਾਉਂਦਾ ਹੈ ਭਾਵ ਆਪਣੇ ਆਪ ਨੂੰ ਮਨ ਦੇ ਵਿੱਚ ਸੋਝੀ ਪਾ ਕੇ ਹੀ ਪ੍ਰਗਟ ਕਰਦਾ ਹੈ। ਮਨ ਦੇ ਵਿੱਚ ਉਸਦਾ ਪ੍ਰਗਟ ਹੋਣਾ ਹੀ ਅਸਲ ਵਿੱਚ ਉਸ ਦਾ ਸਾਡੇ ਅੰਦਰ ਵੱਸਣਾ ਹੈ। ਉਹ ਪ੍ਰਗਟ ਸੱਚੇ ਗਿਆਨ ਦੁਆਰਾ ਹੀ ਹੁੰਦਾ ਹੈ ਤੇ ਮਨ ਦੇ ਵਿੱਚ ਉਸ ਦੀ ਸੱਚੀ ਸੋਝੀ ਹੀ ਵੱਸਦੀ ਹੈ ਜਿਸ ਦੁਆਰਾ ਸਾਨੂੰ ਇਹ ਸਮਝ ਪੈਂਦੀ ਹੈ ਕਿ ਸਾਡਾ ਸੱਚਾ ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ। ਇਸ ਸੱਚੀ ਸੋਝੀ ਦੁਆਰਾ ਹੀ ਅਸੀਂ ਉਸ ਦੀ ਗੁਰਮਤਿ ਦਾ ਤੋਲ ਤੁਲਦੇ ਹਾਂ, ਉਸਦੇ ਸ਼ਬਦ ਦੇ ਵਿਚਾਰਾਂ ਦਾ ਤੋਲ ਤੁਲਦੇ ਹਾਂ। ਸੱਚੀ ਸੋਝੀ ਪੈਣ ਦੇ ਨਾਲ ਅਸੀਂ ਸਦਾ ਹੀ ਜਾਗਦੇ ਹਾਂ ਤੇ ਫਿਰ ਸਾਡੇ ਅੰਦਰੋਂ ਅੰਮ੍ਰਿਤ ਨਹੀਂ ਲੁੱਟਿਆ ਜਾਂਦਾ ਜੋ ਕਿ ਸਾਡੀ ਅਗਿਆਨਤਾ ਦਾ ਨਤੀਜਾ ਹੈ। ਜਦੋਂ ਅਸੀਂ ਮਨ ਦੇ ਵਿੱਚ ਗੁਰਮਤਿ ਦੁਆਰਾ ਜਾਗ ਜਾਂਦੇ ਹਾਂ ਫਿਰ ਅਸੀਂ ਆਪਣੇ ਘਰ ਦੀ ਦੂਤਾਂ ਦੇ ਕੋਲੋਂ ਰੱਖਿਆ ਕਰਦੇ ਹਾਂ ਭਾਵ ਆਪਣਾ ਘਰ ਸੰਭਾਲ ਕੇ ਰੱਖਦੇ ਹਾਂ, ਆਪਣੇ ਅੰਦਰ ਅੰਮ੍ਰਿਤ ਦੀ, ਨਾਮ ਦੀ ਸੰਭਾਲ ਕਰਦੇ ਹਾਂ, ਸੱਚੀ ਸੋਝੀ ਦੁਆਰਾ ਪਏ ਗੁਣਾਂ ਦੀ ਸੰਭਾਲ

14/1458

ਕਰਦੇ ਹਾਂ ਤੇ ਫਿਰ ਇਹ ਲੁੱਟੇ ਨਹੀਂ ਜਾਂਦੇ। ਸਭ ਕੁੱਝ ਸਾਡੇ ਮਨ ਦੀ ਸੋਝੀ ਤੇ ਨਿਰਭਰ ਹੈ, ਮਨ ਦੇ ਅਗਿਆਨ ਤੇ ਗਿਆਨ ਤੇ ਨਿਰਭਰ ਹੈ। ਅਗਿਆਨ ਵਿੱਚ ਅਸੀਂ ਸੁੱਤੇ ਹੋਏ ਹਾਂ ਤੇ ਗੁਰੂ ਦੇ ਸੱਚੇ ਗਿਆਨ ਦੁਆਰਾ ਅਸੀਂ ਜਾਗਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਿਆ ਹੈ ਆਓ ਇਹੀ ਗੱਲ ਹੇਠ ਦਿੱਤੇ ਸਲੋਕ ਤੇ ਪਉੜੀ ਦੇ ਰਾਹੀਂ ਜਾਣੀਏ।

ਮਃ ੩॥

“ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥
ਗੁਰਮੁਖਿ ਜਿਨ੍ਹੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥
ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥੨॥"

(ਅੰਗ ੧੨੮੧)

ਪਉੜੀ ॥

"ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ ॥
ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ ॥
ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥
ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ ॥
ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ ॥
ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ ॥
ਗੁਰਮਤੀ ਜਾਗੇ ਤਿਨੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ ॥੯॥"

(ਅੰਗ ੧੨੮੨)

ਸਾਡੇ ਕੋਲ ਕੇਵਲ ਇੱਕ ਮਨ ਹੈ ਜਿੱਥੇ ਅਸੀਂ ਕਿਸੇ ਗੱਲ ਨੂੰ ਬੁੱਝ ਸਕਦੇ ਹਾਂ। "ਅੰਮ੍ਰਿਤੁ" ਆਪ ਪ੍ਰਮਾਤਮਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਉਹ ਹਰ ਵੇਲੇ ਸਾਡੇ ਅੰਦਰ ਆਪਣੇ ਅੰਮ੍ਰਿਤ ਦੀ ਵਰਖਾ ਕਰ ਰਿਹਾ ਹੈ। ਉਸਦੀ ਅੰਮ੍ਰਿਤ ਵਰਖਾ ਉਸ ਦੇ ਗਿਆਨ ਦੀ ਵਰਖਾ ਹੈ, ਸਾਡੇ ਅੰਦਰ ਮਨ ਦੇ ਵਿਚਾਰਾਂ ਦੀ ਵਰਖਾ ਹੈ ਜਿੱਥੋਂ ਸਾਨੂੰ ਸਾਰੀ ਸੋਝੀ ਪੈਂਦੀ ਹੈ। ਸਾਡੇ ਮਨ ਦੀ ਸੋਝੀ ਹੀ ਸਾਡੇ ਲਈ ਹੁਕਮ ਹੁੰਦਾ ਹੈ ਜਿਸ ਨੂੰ ਅਸੀਂ ਮੰਨਦੇ ਹਾਂ। ਇਹ ਸੋਝੀ ਕਿੱਥੋਂ ਆਉਂਦੀ ਹੈ, ਕਿਵੇਂ ਆਉਂਦੀ ਹੈ ਇਸ ਦੀ ਸਮਝ ਕਿਸੇ ਨੂੰ ਨਹੀਂ ਹੈ। ਇਸ ਗੱਲ ਨੂੰ ਮਨ ਦੇ ਵਿੱਚੋਂ ਬੁੱਝਣਾ ਕਿ ਸਾਡੇ ਅੰਦਰ ਇਸ ਸੋਝੀ ਦਾ ਸ੍ਰੋਤ ਕੌਣ ਹੈ, ਸਾਡੇ ਅੰਦਰ ਇਸ ਨੂੰ ਪਾਉਣ ਵਾਲਾ ਕੌਣ ਹੈ, ਇਹ ਅੰਮ੍ਰਿਤ ਦੀ ਵਰਖਾ ਕਰਨ ਵਾਲਾ ਕੌਣ ਹੈ, ਇਸ ਗੱਲ ਨੂੰ ਬੁੱਝਣਾ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਬੁੱਝਣਾ ਹੈ। **(ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥)** ਗੁਰੂ ਸਾਹਿਬਾਨ ਨੇ, ਭਗਤਾਂ ਆਦਿ ਨੇ ਜਿੰਨ੍ਹਾਂ ਨੇ ਇਸ ਗੱਲ ਨੂੰ ਬੁੱਝਿਆ ਹੈ

14/1459

ਉਨ੍ਹਾਂ ਨੇ ਹੀ ਪ੍ਰਮਾਤਮਾ ਦੇ ਸੱਚ ਨੂੰ ਬੁੱਝਿਆ ਹੈ। ਉਨ੍ਹਾਂ ਨੇ ਹੀ ਪ੍ਰਮਾਤਮਾ ਦੇ ਸੱਚ ਨੂੰ, ਪ੍ਰਮਾਤਮਾ ਦੇ ਅੰਮ੍ਰਿਤ ਨੂੰ ਗੁਰਬਾਣੀ ਰਾਹੀਂ ਪ੍ਰਗਟ ਕੀਤਾ ਹੈ। ਇਸੇ ਲਈ ਗੁਰਬਾਣੀ ਅੰਮ੍ਰਿਤ ਬਾਣੀ ਹੈ, ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਬਾਣੀ ਹੈ ਉਸਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ। ਉਸਨੂੰ ਆਪਣੇ ਅੰਦਰੋਂ ਬੁੱਝ ਕੇ ਹੀ ਉਸ ਦੇ ਨਾਲ ਮਿਲਿਆ ਜਾ ਸਕਦਾ ਹੈ, ਗੁਰਮੁਖਿ ਵਾਲੀ ਅਵੱਸਥਾ ਬਣ ਸਕਦੀ ਹੈ ਤੇ ਉਨ੍ਹਾਂ ਦੇ ਹਿਰਦੇ ਵਿੱਚ ਇਸ ਤਰ੍ਹਾਂ ਪ੍ਰਮਾਤਮਾ ਵੱਸਦਾ ਹੈ ਭਾਵ ਉਸ ਨੂੰ ਆਪਣੇ ਅੰਦਰੋਂ ਬੁੱਝ ਕੇ ਹੀ ਆਪਣੇ ਹਿਰਦੇ ਅੰਦਰ ਵਸਾਇਆ ਜਾ ਸਕਦਾ ਹੈ। ਪ੍ਰਮਾਤਮਾ ਦਾ ਹਿਰਦੇ ਵਿੱਚ ਵੱਸਣਾ ਉਸ ਦੇ ਸੱਚੇ ਗਿਆਨ ਦਾ ਵੱਸਣਾ ਹੈ, ਉਸਦੀ ਅੰਮ੍ਰਿਤ ਬਾਣੀ ਦਾ ਵੱਸਣਾ ਹੈ। **(ਗੁਰਮੁਖਿ ਜਿਨੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥)** ਇਹ "**ਅੰਮ੍ਰਿਤੁ**" ਜਿਸ ਦੀ ਬਾਣੀ ਵਿੱਚ ਵਾਰ ਵਾਰ ਗੱਲ ਆਉਂਦੀ ਹੈ ਇਹ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਦਾ ਹੋਣਾ ਉਸ ਦਾ ਅੰਮ੍ਰਿਤ ਪੀਣਾ ਹੈ। ਇਸ ਅੰਮ੍ਰਿਤ ਨੂੰ ਪੀਣ ਦੇ ਨਾਲ ਫਿਰ ਉਹ ਸਦਾ ਹੀ ਉਸ ਦੇ ਰੰਗ ਵਿੱਚ ਰੰਗਿਆ ਰਹਿੰਦਾ ਹੈ। ਇਹ ਉਹ ਅੰਮ੍ਰਿਤ ਹੈ ਭਾਵ ਉਹ ਸੱਚੀ ਸੋਝੀ ਹੈ ਜਿਸ ਦੁਆਰਾ ਸਾਡੀ ਹਉਮੈ ਦੂਰ ਹੁੰਦੀ ਹੈ, ਸਾਡੀ ਮੈਂ ਦੂਰ ਹੁੰਦੀ ਹੈ ਭਾਵ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਸਾਡੀ ਕੋਈ ਵੱਖਰੀ ਹੋਂਦ ਨਹੀਂ ਹੈ। ਇਸ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਸਾਡੀ ਤ੍ਰਿਸ਼ਨਾ ਮਰਦੀ ਹੈ, ਮਾਇਆ ਮੋਹ ਮਰਦਾ ਹੈ ਜੋ ਕਿ ਅਸਲ ਵਿੱਚ ਸਾਡੀ ਅਗਿਆਨਤਾ ਦਾ ਨਤੀਜਾ ਹੈ। ਸੱਚਾ ਗਿਆਨ ਸਾਡੀ ਅਗਿਆਨਤਾ ਕੱਢ ਦਿੰਦਾ ਹੈ ਤੇ ਸੱਚ ਦੀ ਸੋਝੀ ਪਾ ਦਿੰਦਾ ਹੈ, ਪ੍ਰਮਾਤਮਾ ਦੀ ਸੋਝੀ ਪਾ ਕੇ ਉਸ ਦੇ ਨਾਲ ਮਿਲਾ ਦਿੰਦਾ ਹੈ, ਵਿਚਾਰਾਂ ਦੀ ਸਾਂਝ ਕਰ ਦਿੰਦਾ ਹੈ। **(ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥)** ਜਿਸ ਦੇ ਅੰਦਰ ਹਉਮੈ ਹੈ, ਮੈਂ ਹੈ, ਤ੍ਰਿਸ਼ਨਾ ਹੈ, ਮਾਇਆ ਮੋਹ ਹੈ, ਇਸ ਤੋਂ ਸਪੱਸ਼ਟ ਭਾਵ

ਹੈ ਕਿ

14/1460

ਉਨ੍ਹਾਂ ਨੂੰ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋਈ ਤੇ ਉਹ ਪ੍ਰਮਾਤਮਾ ਦੇ ਰੰਗ ਵਿੱਚ ਰੱਤੇ ਹੋਏ ਨਹੀਂ ਹਨ। ਆਪਣੇ ਅੰਦਰੋਂ ਉਸ ਅੰਮ੍ਰਿਤ ਨੂੰ ਬੁੱਝੇ ਬਿਨ੍ਹਾਂ ਸਾਡੀ ਹਉਮੈ ਨਹੀਂ ਜਾ ਸਕਦੀ, ਸਾਨੂੰ ਆਪਣੇ ਆਪ ਦੀ ਸੋਝੀ ਨਹੀਂ ਪੈ ਸਕਦੀ ਕਿ ਅਸੀਂ ਅਸਲ ਵਿੱਚ ਕੀ ਹਾਂ। ਜਦ ਤੱਕ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਤਦ ਤੱਕ ਅਸੀਂ ਮੈਂ ਵਿੱਚ ਹੀ ਹਾਂ, ਹਉਮੈ ਵਿੱਚ ਹੀ ਹਾਂ। ਇਸੇ ਲਈ ਬ੍ਰਹਮਾ, ਵਿਸ਼ਨੂੰ ਆਦਿ ਨੂੰ ਵੀ ਹਉਮੈ ਵਿੱਚ ਦੱਸਿਆ ਹੈ। ਉਨ੍ਹਾਂ ਨੂੰ ਆਪਣੇ ਅੰਦਰੋਂ ਉਸ ਨਿਰਗੁਣ ਰੂਪ "**ਅੰਮ੍ਰਿਤੁ**" ਦੀ ਸੋਝੀ ਨਹੀਂ ਪਈ। ਬ੍ਰਹਮਾ ਨੂੰ ਗਿਆਨ ਦੇਣ ਵਾਲਾ ਉਹ ਆਪ "**ਅੰਮ੍ਰਿਤੁ**" ਸੀ ਪਰ ਉਸਨੇ ਉਸਨੂੰ ਆਪਣਾ ਗਿਆਨ ਕਹਿ ਕੇ ਆਪਣੇ ਆਪ ਨੂੰ ਉੱਚਾ ਕੀਤਾ, ਆਪਣੀ ਵਡਿਆਈ ਕਰਾਈ ਜਿਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਵਡਿਆਈ ਕੀਤੀ ਹੈ ਉਨ੍ਹਾਂ ਨੇ ਇਸ ਗਿਆਨ ਨੂੰ, ਗੁਰਬਾਣੀ ਦੇ ਸੱਚੇ ਗਿਆਨ ਨੂੰ ਆਪਣਾ ਨਹੀਂ ਦੱਸਿਆ ਬਲਕਿ ਪ੍ਰਮਾਤਮਾ ਨੂੰ ਗੁਰੂ ਦੱਸਿਆ ਹੈ ਜੋ ਸਾਰੇ ਗਿਆਨ ਦਾ ਦਾਤਾ ਹੈ। ਸਾਡੇ ਅੰਦਰ ਅੰਮ੍ਰਿਤ ਦੀ ਵਰਖਾ ਹੀ ਉਸ ਦੀ ਕ੍ਰਿਪਾ ਹੈ ਜਿਸ ਦੇ ਨਾਲ ਸਾਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਅੰਮ੍ਰਿਤ ਹੀ ਬਾਣੀ ਹੈ, ਅੰਮ੍ਰਿਤ ਹੀ ਨਾਮ ਹੈ। ਇਸੇ ਲਈ ਬਾਣੀ ਨਾਮ ਹੈ, ਅੰਮ੍ਰਿਤ ਹੈ ਭਾਵ ਇੱਕੋ ਹੀ ਗੱਲ ਹੈ। ਇਸ ਦੀ ਪ੍ਰਾਪਤੀ ਕੇਵਲ ਉਸ ਦੀ ਆਪਣੀ ਕ੍ਰਿਪਾ ਹੈ। **(ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥)**

ਇਸ ਅੰਮ੍ਰਿਤ ਨਾਮ ਦੀ ਪ੍ਰਾਪਤੀ ਦੁਆਰਾ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਜਿਸ ਨੂੰ ਅਸੀਂ ਆਤਮਾ ਸਮਝਦੇ ਹਾਂ, ਮਨ ਸਮਝਦੇ ਹਾਂ ਭਾਵ ਜੋ ਆਪਣਾ ਆਪ ਸਮਝਦੇ ਹਾਂ ਉਹ ਅਸਲ ਵਿੱਚ ਆਪ ਰਾਮ ਹੈ, ਆਪ ਪ੍ਰਮਾਤਮਾ ਹੈ। **(ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥੨॥)**

ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਸਾਡੇ ਜੀਵਨ

14/1461

ਵਿੱਚ ਕੀ ਤਬਦੀਲੀ ਆਉਂਦੀ ਹੈ, ਮਨ ਵਿੱਚ ਸੱਚੀ ਸੋਝੀ ਦੁਆਰਾ ਅਸੀਂ ਆਪਣੇ ਜੀਵਨ ਨੂੰ ਕਿਸ ਤਰ੍ਹਾਂ ਬਦਲਦੇ ਹਾਂ, ਸਾਡੇ ਜੀਵਨ ਤੇ ਉਸ ਦਾ ਅਸਰ ਕੀ ਹੁੰਦਾ ਹੈ ਭਾਵ ਨਾਮ ਦੀ ਪ੍ਰਾਪਤੀ ਹੋਣ ਦੇ ਨਾਲ ਅਸੀਂ ਨਾਮ ਨੂੰ ਕਿਸ ਰੂਪ ਵਿੱਚ ਜਪਦੇ ਹਾਂ ਇਹੀ ਸਾਨੂੰ ਨਾਲ ਪਉੜੀ ਰਾਹੀਂ ਸਮਝਾਇਆ ਹੋਇਆ ਹੈ।

ਪਉੜੀ॥

"ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ॥
ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ॥
ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ॥
ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥
ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥
ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ॥
ਗੁਰਮਤੀ ਜਾਗੇ ਤਿਨ੍ਹੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥੮॥"

(ਅੰਗ ੧੨੮੨)

ਉਹ ਪ੍ਰਮਾਤਮਾ ਅਤੁੱਲ ਹੈ, ਅਮੁੱਲ ਹੈ। ਉਹ ਅਤੁੱਲ ਇਸ ਲਈ ਹੈ ਕਿਉਂਕਿ ਉਹ ਅਮੁੱਲ ਹੈ, ਉਸਦੀ ਕੀਮਤ ਬਹੁਤ ਉੱਚੀ ਹੈ। ਉਹ ਪ੍ਰਮਾਤਮਾ ਅਮੁੱਲ ਆਪਣੇ ਗੁਣਾਂ ਕਰਕੇ ਹੈ। ਉਹ ਹਰ ਵਸਤੂ ਦਾ ਮਾਲਕ ਹੈ ਤੇ ਉਸ ਦੀ ਹਰ ਵਸਤੂ ਗੁਣਾਂ ਨਾਲ ਭਰਪੂਰ ਹੈ। ਉਹ ਗੁਣਾਂ ਦਾ ਮਾਲਕ ਆਪਣੇ ਉੱਚੇ ਗਿਆਨ ਕਰਕੇ ਹੈ। ਆਪਣੇ ਗਿਆਨ ਨਾਲ ਉਹ ਜਿਸ ਵਸਤੂ ਵਿੱਚ ਜਿਤਨੇ

ਗੁਣ ਪਾਉਂਦਾ ਹੈ ਉਹ ਵਸਤੂ ਉਤਨੀ ਹੀ ਉੱਚੀ ਹੋ ਜਾਂਦੀ ਹੈ ਭਾਵ ਜਿਸ ਵਸਤੂ ਦੀ ਵੀ ਕੀਮਤ ਪੈਂਦੀ ਹੈ ਉਹ ਉਸਦੇ ਗੁਣਾਂ ਦੁਆਰਾ ਪੈਂਦੀ ਹੈ। ਸੂਰਜ ਆਪਣੇ ਗੁਣਾਂ ਦੁਆਰਾ ਉੱਚਾ ਹੈ, ਚੰਦਰਮਾ ਆਪਣੇ ਗੁਣਾਂ ਦੁਆਰਾ ਉੱਚਾ ਹੈ। ਇਸੇ ਤਰ੍ਹਾਂ ਹਵਾ, ਪਾਣੀ, ਅਗਨੀ, ਧਰਤੀ ਗੁਣਾਂ ਕਰਕੇ ਉੱਚੇ ਹਨ। ਸਾਰੇ ਗੁਣਾਂ ਦਾ ਮੂਲ ਪ੍ਰਮਾਤਮਾ ਹੈ, ਉਸਦਾ ਉੱਚਾ ਗਿਆਨ ਹੈ। ਉਹ ਪ੍ਰਮਾਤਮਾ ਕਿਤਨਾ ਕੁ ਗੁਣਾਂ ਦੁਆਰਾ ਉੱਚਾ ਹੈ ਜਦ ਤੱਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਅਸੀਂ ਉਸ ਨੂੰ ਤੋਲ ਨਹੀਂ ਸਕਦੇ। ਉਸਦਾ ਤੋਲ ਸਾਡੇ ਮਨ ਦੇ ਵਿੱਚ ਹੀ ਤੁਲਦਾ ਹੈ, ਮਨ ਦੀ ਸੋਝੀ ਦੁਆਰਾ ਤੁਲਦਾ ਹੈ

14/1462

ਕਿ ਉਹ ਪ੍ਰਮਾਤਮਾ ਕਿੰਨੇ ਵੱਡੇ ਗੁਣਾਂ ਵਾਲਾ ਹੈ, ਕਿਤਨੇ ਵੱਡੇ ਗਿਆਨ ਵਾਲਾ ਹੈ ਜਿਸ ਨੇ ਹਰ ਜਗ੍ਹਾ ਆਪਣੇ ਬੇਅੰਤ ਗੁਣ ਪ੍ਰਗਟ ਕੀਤੇ ਹੋਏ ਹਨ। ਹਰ ਸਰਗੁਣ ਰੂਪ, ਹਰ ਆਕਾਰ ਸਰੂਪ, ਹਰ ਮਾਇਆ ਸਰੂਪ ਪ੍ਰਮਾਤਮਾ ਦੇ ਗੁਣਾਂ ਨਾਲ ਭਰਪੂਰ ਹੈ। ਜਦ ਤੱਕ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਕਿ ਹਰ ਗੁਣ ਵਿੱਚ ਆਪ ਪ੍ਰਮਾਤਮਾ ਹੈ ਉਸਦਾ ਤੋਲ ਤੁਲਿਆ ਨਹੀਂ ਜਾ ਸਕਦਾ। ਮਨ ਦੇ ਵਿੱਚ ਉਸਦਾ ਇਹ ਤੋਲ ਤੁਲਕੇ ਹੀ ਉਸਨੂੰ ਪਾਇਆ ਜਾ ਸਕਦਾ ਹੈ। ਉਸਦਾ ਤੋਲ ਅਸੀਂ ਗੁਣੀ ਬਣ ਕੇ ਹੀ ਤੁਲ ਸਕਦੇ ਹਾਂ। ਉਸਦੀ ਗੁਰਮਤਿ ਸਾਨੂੰ ਗੁਣੀ ਬਣਨਾ ਹੀ ਸਿਖਾਉਂਦੀ ਹੈ। ਗੁਣੀ ਅਸੀਂ ਔਗੁਣ ਛੱਡ ਕੇ ਹੀ ਬਣ ਸਕਦੇ ਹਾਂ। ਆਪਣੇ ਗੁਣ ਉਹ ਸਾਡੇ ਅੰਦਰ ਆਪ ਹੀ ਦਿੰਦਾ ਹੈ, ਔਗੁਣ ਮੁਕਤ ਸਾਨੂੰ ਉਹ ਆਪ ਹੀ ਕਰਦਾ ਹੈ। ਆਪਣਾ ਤੋਲ ਉਹ ਆਪ ਹੀ ਤੁਲਾਉਂਦਾ ਹੈ ਜਿਸ ਦੁਆਰਾ ਉਸ ਗੁਣਾਂ ਦੇ ਮਾਲਕ ਦੇ ਦਰਸ਼ਨ ਹੁੰਦੇ ਹਨ। **(ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ॥)**

ਇਹ ਸਭ ਮਨ ਦੀ ਸੋਝੀ ਹੈ ਜੋ ਸਾਨੂੰ ਗੁਰੂ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ, ਉਸਦੇ ਸ਼ਬਦ ਦੁਆਰਾ ਮਿਲਦੀ ਹੈ ਜੋ ਸਾਨੂੰ ਉਸ ਦੇ ਗਿਆਨ ਦਾ ਵੀਚਾਰੀ ਬਣਾਉਂਦੀ ਹੈ, ਸਾਡੇ ਅੰਦਰ ਉਸਦੇ ਹੋਣ ਦੀ ਸੋਝੀ ਪਾਉਂਦੀ ਹੈ, ਉਸ ਗੁਣਾਂ ਦੇ ਮਾਲਕ ਦੀ ਸੋਝੀ ਪਾਉਂਦੀ ਹੈ। ਪ੍ਰਮਾਤਮਾ ਵਿੱਚ ਸਮਾਉਣਾ ਉਸ ਦੇ ਗੁਣਾਂ ਵਿੱਚ ਸਮਾਉਣਾ ਹੈ ਜੋ ਕਿ ਮਨ ਦੀ ਸੋਝੀ ਹੈ। **(ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ॥)** ਮਨ ਦੇ ਵਿੱਚ ਉਸ ਦੇ ਨਾਲ ਮਿਲਣਾ ਭਾਵ ਉਸ ਦੇ ਤੋਲ ਤੇ ਤੁਲਣਾ, ਮਨ ਦੇ ਵਿੱਚ ਉਸ ਗੁਣਾਂ ਦੇ ਮਾਲਕ ਦੀ ਸੋਝੀ ਪੈਣਾ ਸਾਡੇ ਵੱਸ ਨਹੀਂ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਸੱਚੀ ਸੋਝੀ ਪਾ ਕੇ, ਗੁਰਮਤਿ ਦੀ ਸੱਚੀ ਸੋਝੀ ਪਾ ਕੇ, ਆਪ ਹੀ ਉਸ ਤੇ ਚਲਾਉਂਦਾ ਹੈ, ਆਪ ਹੀ ਆਪਣਾ ਤੋਲ ਤੁਲਾਉਂਦਾ ਹੈ। ਉਹ ਆਪਣਾ ਤੋਲ ਆਪ ਹੀ ਤੁਲਾ ਸਕਦਾ ਹੈ, ਇਹ ਮਨੁੱਖ ਦੇ ਆਪਣੇ ਵੱਸ ਨਹੀਂ ਹੈ। **(ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ॥)** ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕੋਈ ਨਹੀਂ ਕਹਿ ਸਕਦਾ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ, ਉਸਦੀ ਕੀਮਤ ਕਿਤਨੀ ਉੱਚੀ ਹੈ ਭਾਵ ਪ੍ਰਮਾਤਮਾ ਨੂੰ ਵੱਡਾ ਅਸੀਂ ਤਾਂ ਹੀ ਕਹਿ ਸਕਦੇ ਹਾਂ ਜੇਕਰ ਉਸਨੂੰ ਆਪਣੇ ਅੰਦਰੋਂ ਦੇਖ ਲਈਏ ਕਿ ਉਹ ਹਕੀਕਤ ਵਿੱਚ ਕਿਤਨਾ ਵੱਡਾ ਹੈ, ਕਿਤਨੇ ਵੱਡੇ ਗਿਆਨ ਦਾ ਤੇ ਗੁਣਾਂ ਦਾ ਦਾਤਾ ਹੈ। **(ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ॥)**

{ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥}

(ਅੰਗ ੯)

14/1463

ਉਸ ਗੁਣਾਂ ਦੇ ਦਾਤੇ ਨੂੰ ਜਾਣੇ ਬਿਨ੍ਹਾਂ ਸਾਡੇ ਅੰਦਰ ਉਹ ਗੁਣ ਨਹੀਂ ਆ ਸਕਦੇ ਜਿਸ ਦੁਆਰਾ ਉਹ ਸੱਚੇ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਜਦ ਤੱਕ ਸਾਨੂੰ ਉਸ ਦੇ ਗੁਣਾਂ ਦੀ ਸਮਝ ਹੀ ਨਹੀਂ, ਉਸ ਦੀਆਂ ਵਡਿਆਈਆਂ ਦੀ ਸਮਝ ਹੀ ਨਹੀਂ ਤਦ ਤੱਕ ਅਸੀਂ ਉਸ ਨੂੰ ਵੱਡਾ ਕਹਿ ਵੀ ਕੀ ਸਕਦੇ ਹਾਂ।

{ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥}

(ਅੰਗ ੩੪੯)

ਪ੍ਰਮਾਤਮਾ ਦੀ ਸੱਚੀ ਸਿਫ਼ਤ ਸਾਲਾਹ ਅਸੀਂ ਤਾਂ ਹੀ ਕਰ ਸਕਦੇ ਹਾਂ ਜਦੋਂ ਅਸੀਂ ਇਹ ਕਹਿਣ ਜੋਗੇ ਹੋ ਜਾਈਏ, ਸਾਡੇ ਅੰਦਰ ਇਹ ਗੁਣ ਆ ਜਾਵੇ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਜਦੋਂ ਸਾਨੂੰ ਸਭ ਵਿੱਚ ਇੱਕ ਪ੍ਰਮਾਤਮਾ ਦਾ ਰੂਪ ਹੀ ਦਿੱਸਣ ਲੱਗ ਪਵੇ। ਸਾਡੀ ਵਿਚਰਨ, ਸੰਸਾਰਿਕ ਜੀਵਨ ਤਾਂ ਹੀ ਚੰਗਾ ਬਣਦਾ ਹੈ ਜਦੋਂ ਅਸੀਂ ਸਭ ਵਿੱਚ ਪ੍ਰਮਾਤਮਾ ਨੂੰ ਹੀ ਦੇਖੀਏ। ਫਿਰ

ਕਿਸੇ ਨਾਲ ਠੱਗੀ ਕਰਨੀ ਪ੍ਰਮਾਤਮਾ ਦੇ ਨਾਲ ਠੱਗੀ ਕਰਨੀ ਹੀ ਲੱਗਦੀ ਹੈ। ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਤੇ ਟਿਕਿਆ ਹੋਇਆ ਹੈ, ਗੁਰੂ ਪ੍ਰਮਾਤਮਾ ਦੀ ਕ੍ਰਿਪਾ ਤੇ ਟਿਕਿਆ ਹੋਇਆ ਹੈ ਜੋ ਸਾਨੂੰ ਸੱਚੀ ਸੋਝੀ ਪਾ ਸਕਦਾ ਹੈ ਤੇ ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥”

ਸਾਡੇ ਲਈ ਪ੍ਰਮਾਤਮਾ ਦਾ ਸਭ ਤੋਂ ਵੱਡਾ ਸ਼ੁਕਰਾਨਾ ਕਰਨਾ ਇਹੀ ਹੈ ਕਿ ਉਹ ਸਾਨੂੰ ਸੱਚੀ ਸੋਝੀ ਪਾ ਦੇਵੇ ਕਿਉਂਕਿ ਸਾਨੂੰ ਆਪਣੇ ਧਰਮ ਦਾ ਮਾਰਗ ਤਾਂ ਹੀ ਸਮਝ ਪੈਂਦਾ ਹੈ ਜੇਕਰ ਗੁਰੂ ਪ੍ਰਮਾਤਮਾ ਸਾਨੂੰ ਆਪਣੀ ਸੱਚੀ ਸੋਝੀ ਪਾ ਦੇਵੇ। ਸੱਚੀ ਸੋਝੀ ਦਾ ਪੈਣਾ ਕੀ ਹੈ ਭਾਵ ਉਸ ਨਾਲ ਸਾਡੇ ਜੀਵਨ ਤੇ ਕੀ ਅਸਰ ਪੈਂਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥”

14/1464

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਮਨਮੁਖਿ ਕਿਸ ਗੱਲ ਲਈ ਕਿਹਾ ਗਿਆ ਹੈ। “ਮਨਮੁਖ” ਉਹ ਹੈ ਜਿਸ ਨੂੰ ਸੱਚੀ ਸੋਝੀ ਨਹੀਂ ਹੈ। ਸੱਚੀ ਸੋਝੀ ਸਾਨੂੰ ਕਿਸ ਗੱਲ ਦੀ ਨਹੀਂ ਹੈ ਇਹ ਵੀ ਬੜਾ ਸਪੱਸ਼ਟ ਸਮਝਾਇਆ ਹੈ। ਸਾਡੇ ਅੰਦਰੋਂ ਅੰਮ੍ਰਿਤ ਲੁੱਟਿਆ ਜਾ ਰਿਹਾ ਹੈ, ਨਾਮ ਧਨ ਚੋਰੀ ਹੋ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਹੈ। ਸਾਰੇ ਜਗਤ ਨੂੰ ਹੀ ਇਸ ਅਗਿਆਨਤਾ ਵਿੱਚ ਦੱਸਿਆ ਹੈ, ਮਨਮੁਖਿ ਦੱਸਿਆ ਹੈ। ਸਾਨੂੰ ਲੁੱਟਣ ਵਾਲੇ ਸਾਡੇ ਔਗੁਣ ਹਨ, ਵਿਕਾਰ ਹਨ, ਪੰਜ ਚੋਰ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ। ਇਹ ਚੋਰ ਕਿਸੇ ਨਾ ਕਿਸੇ ਰੂਪ ਵਿੱਚ ਹਰ ਕਿਸੇ ਵਿੱਚ ਵੱਸਦੇ ਹਨ ਤੇ ਇਨ੍ਹਾਂ ਦੇ ਸਾਡੇ ਅੰਦਰ ਵੱਸਣ ਕਰਕੇ ਹੀ, ਠੱਗੇ ਜਾਣ ਕਰਕੇ ਹੀ ਹਰ ਕੋਈ ਮਨਮੁਖਿ ਹੈ। ਮਨਮੁਖਿ ਦੀ ਅਵੱਸਥਾ ਵਿੱਚੋਂ ਨਿਕਲਣਾ ਹੀ ਗੁਰਮੁਖਿ ਦੀ ਅਵੱਸਥਾ ਹੈ। ਇਹ ਪੰਜ ਚੋਰ ਸਾਰੇ ਜਗਤ ਲਈ ਇੱਕੋ ਜਿਹੇ ਹਨ, ਸਿੱਖ ਜਗਤ ਵਿੱਚ ਵੀ ਇਹ ਇਸੇ ਤਰ੍ਹਾਂ ਹੀ ਵਰਤਦੇ ਹਨ ਭਾਵ ਹਰ ਕੋਈ ਮਨਮੁਖਿ ਹੀ ਹੈ, ਅਸੀਂ ਜਗਤ ਤੋਂ ਕੋਈ ਵੱਖਰੇ ਨਹੀਂ ਹਾਂ ਜੋ ਕੇਵਲ ਕਹਿ ਕੇ ਗੁਰਮੁਖਿ ਬਣ ਜਾਈਏ। ਇਹ ਅੰਮ੍ਰਿਤ ਹੀ ਨਾਮ ਹੈ ਜੋ ਸਾਡੇ ਨਾਲ ਜਾਣਾ ਹੈ। ਜੇਕਰ ਇਹ ਅੰਮ੍ਰਿਤ ਨਾਮ ਸਾਡੇ ਵਿੱਚੋਂ ਲੁੱਟਿਆ ਜਾ ਰਿਹਾ ਹੈ ਫਿਰ ਅਸੀਂ ਨਾਲ ਕੀ ਲੈ ਕੇ ਜਾਵਾਂਗੇ। ਇਸੇ ਲਈ ਜੋ ਵੀ ਮਨੁੱਖ ਔਗੁਣਾਂ ਵਿੱਚ ਰਹਿੰਦਾ ਹੈ, ਵਿਕਾਰਾਂ ਵਿੱਚ ਰਹਿੰਦਾ ਹੈ ਉਹ ਆਪਣਾ ਜਨਮ ਗਵਾ ਕੇ ਹੀ ਜਾਂਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ॥”

ਸਾਡੇ ਨਾਲ ਸਾਡੇ ਗੁਣ ਹੀ ਜਾਣੇ ਹਨ ਤੇ ਸਾਡੇ ਗੁਣਾਂ ਦਾ ਰੂਪ ਸਾਡੀ ਕਰਨੀ ਹੈ, ਸਾਡੀ ਸੱਚੀ ਸੁੱਚੀ ਕਿਰਤ ਹੈ। ਸਾਨੂੰ ਸਾਡੀ ਸੱਚੀ ਸੁੱਚੀ ਕਿਰਤ ਨੇ ਹੀ ਬਚਾਉਣਾ ਹੈ, ਇਹ ਜਨਮ ਵਿਅਰਥ ਹੋਣ ਤੋਂ ਬਚਾਉਣਾ ਹੈ। ਇਹ ਸੱਚੀ ਸੁੱਚੀ ਕਿਰਤ ਕਿਵੇਂ ਹੋਣੀ ਹੈ, ਸਾਡੇ ਅੰਦਰੋਂ ਅੰਮ੍ਰਿਤ ਨਾਮ ਦੀ ਲੁੱਟ ਕਿਵੇਂ ਬੰਦ ਹੋਣੀ ਹੈ,

14/1465

ਇਹੀ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥੮॥”

ਹੁਣ ਧਿਆਨ ਨਾਲ ਸਮਝੋ ਕਿ ਗੁਰਮਤਿ ਵਾਲੇ ਕਿੰਨਾਂ ਨੂੰ ਕਹਿਆ ਹੈ। ਜੋ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਸੀ ਉਹੀ ਗੱਲ ਇੱਥੇ ਸਮਝਾਈ ਹੋਈ ਹੈ। ਸਾਡਾ ਸੌਣਾ ਜਾਗਣਾ ਕੀ ਹੈ, ਸਾਡੇ ਵਿੱਚ ਸੱਚੀ ਸੋਝੀ ਦਾ ਹੋਣਾ ਜਾਂ ਨਾ ਹੋਣਾ ਕੀ ਹੈ ਇਹੀ ਗੱਲ ਸਮਝਾਈ ਹੋਈ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥}

(ਅੰਗ - ੧੩੦੮)

ਜਦ ਤੱਕ ਅਸੀਂ ਸੁੱਤੇ ਹੋਏ ਹਾਂ ਤਦ ਤੱਕ ਅਸੀਂ ਅਗਿਆਨਤਾ ਵਿੱਚ ਹਾਂ ਤੇ ਤਦ ਤੱਕ ਸਾਡੇ ਅੰਦਰ ਗੁਰਮਤਿ ਨਹੀਂ ਹੈ ਭਾਵ ਗੁਰੂ ਦਾ ਸੱਚਾ ਗਿਆਨ ਨਹੀਂ ਹੈ। ਜਦ ਤੱਕ ਸਾਡੇ ਅੰਦਰ ਗੁਰਮਤਿ ਨਹੀਂ ਭਾਵ ਜਦ ਤੱਕ ਅਸੀਂ ਜਾਗਦੇ ਨਹੀਂ ਤਦ ਤੱਕ ਅਸੀਂ

ਮਨਮੁਖਿ ਹਾਂ। ਇਸ ਅਗਿਆਨਤਾ ਵਿੱਚੋਂ ਜਾਗਣਾ ਹੀ ਗੁਰਮੁਖਿ ਦੀ ਅਵੱਸਥਾ ਹੈ। ਗੁਰਮਤੀ ਜਾਗਣਾ ਜਾਂ ਗੁਰੂ ਦੇ ਗਿਆਨ ਵਿੱਚ ਜਾਗਣਾਂ ਜਾਂ ਗੁਰੂ ਦੇ ਸ਼ਬਦ ਦੁਆਰਾ ਜਾਗਣਾ ਇੱਕੋ ਹੀ ਗੱਲ ਹੈ। ਜਦ ਤੱਕ ਅਸੀਂ ਜਾਗਦੇ ਨਹੀਂ ਇਹ ਦੂਤ ਸਾਡੇ ਅੰਦਰੋਂ ਅੰਮ੍ਰਿਤ ਨਾਮ, ਨਾਮ ਧਨ ਭਾਵ ਸਾਡੇ ਗੁਣਾਂ ਨੂੰ ਲੁੱਟੀ ਜਾਂਦੇ ਹਨ। ਅਸੀਂ ਆਪਣੇ ਘਰ ਨੂੰ ਤਾਂ ਹੀ ਰੱਖ ਸਕਦੇ ਹਾਂ, ਬਚਾ ਸਕਦੇ ਹਾਂ ਜਦੋਂ ਸਾਨੂੰ ਉਹ ਸੱਚਾ ਗੁਰੂ ਪ੍ਰਮਾਤਮਾ ਸੋਝੀ ਪਾ ਦਿੰਦਾ ਹੈ ਤੇ ਉਸ ਤੇ ਦ੍ਰਿੜ ਕਰ ਦਿੰਦਾ ਹੈ ਕਿ ਇਹ ਦੂਤ ਭਾਵ ਪੰਜ ਚੋਰ ਹੀ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦੇ ਕਾਰਨ ਹਨ। ਮਨ ਵਿੱਚ ਸੱਚੀ ਸੋਝੀ ਪਏ ਬਿਨ੍ਹਾਂ, ਗੁਰਮਤੀ ਜਾਗੇ ਬਿਨ੍ਹਾਂ ਸਾਡੇ ਅੰਦਰ ਗੁਣ ਨਹੀਂ ਟਿਕ ਸਕਦੇ ਤੇ ਅਸੀਂ ਪੂਰੀ ਤਰ੍ਹਾਂ ਸੱਚ ਦੁਆਰਾ ਨਹੀਂ ਵਿਚਰ ਸਕਦੇ। ਜਿਸ ਨੇ ਸਾਡੇ ਅੰਦਰ ਇਹ ਦੂਤ ਲਗਾਏ ਹੋਏ ਹਨ, ਸਾਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਇਨ੍ਹਾਂ ਨੂੰ

14/1466

ਮਨ ਦੀ ਸੋਝੀ ਦੁਆਰਾ ਵੱਸ ਵਿੱਚ ਕਰਾਉਂਦਾ ਹੈ। **(ਗੁਰਮਤੀ ਜਾਗੇ ਤਿਨ੍ਹੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥੮॥)** ਜਦ ਤੱਕ ਅਸੀਂ ਸੁੱਤੇ ਹੋਏ ਹਾਂ, ਔਗੁਣਾਂ ਵਿੱਚ ਸੁੱਤੇ ਹੋਏ ਹਾਂ ਤਦ ਤੱਕ ਸਾਡੇ ਅੰਦਰ ਮਨਮਤਿ ਹੈ ਤੇ ਅਸੀਂ ਮਨਮੁਖਿ ਹਾਂ। ਜਦੋਂ ਉਹ ਗੁਰੂ ਪ੍ਰਮਾਤਮਾ ਸਾਡੇ ਤੇ ਕ੍ਰਿਪਾ ਕਰਕੇ ਸਾਨੂੰ ਜਗਾ ਦਿੰਦਾ ਹੈ ਫਿਰ ਸਾਡੇ ਅੰਦਰ ਗੁਰਮਤਿ ਹੈ ਤੇ ਅਸੀਂ ਗੁਰਮੁਖਿ ਹਾਂ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਜੋ ਕਿ ਉਸਦੇ ਆਪਣੇ ਹੱਥ ਵੱਸ ਹੈ। **(ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥)**

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

ਜਿਸ ਮਨੁੱਖ ਦੇ ਅੰਦਰ ਔਗੁਣ ਹਨ ਉੱਥੇ ਗੁਰਮਤਿ ਨਹੀਂ ਹੈ, ਉੱਥੇ ਨਾਮ ਨਹੀਂ ਹੈ। ਇਹ ਔਗੁਣ ਸਾਡੇ ਅੰਦਰੋਂ ਨਾਮ ਨੂੰ ਹੀ, ਗੁਰਮਤਿ ਨੂੰ ਹੀ ਚੁਰਾਉਂਦੇ ਹਨ। ਜਿੱਥੇ ਗੁਣ ਨਹੀਂ ਉੱਥੇ ਗੁਰਮਤਿ ਨਹੀਂ, ਨਾਮ ਨਹੀਂ। ਗੁਰਬਾਣੀ ਵਿੱਚ ਨਾਮ ਕਿਸ ਨੂੰ ਕਿਹਾ ਹੈ ਇਸ ਨੂੰ ਤਾਂ ਹੁਣ ਹਰ ਕੋਈ ਨਿਸਚੈ ਨਾਲ ਕਹਿ ਸਕਦਾ ਹੈ। ਜਿਹੋ ਜਿਹਾ ਨਾਮ ਜਪਣਾ ਅਸੀਂ ਸਮਝਦੇ ਹਾਂ ਉਸ ਵਿੱਚ ਕਿੰਨੀ ਕੁ ਗੁਰਮਤਿ ਹੈ ਇਸ ਦਾ ਅੰਦਾਜ਼ਾ ਤਾਂ ਹਰ ਕੋਈ ਆਪ ਹੀ ਲਗਾ ਸਕਦਾ ਹੈ। ਸੁੱਤਾ ਹਰ ਕੋਈ ਪਿਆ ਹੈ ਪਰ ਫਿਰ ਵੀ ਉਹ ਆਪਣੇ ਆਪ ਨੂੰ ਜਾਗਦਾ ਹੋਇਆ ਮੰਨੇ ਇਹ ਆਪਣੇ ਆਪ ਵਿੱਚ ਹੀ ਗੁਰਮਤਿ ਦੀ ਨਾ ਫੁਰਮਾਨੀ ਕਰਨਾ ਹੈ। ਸਾਡੇ ਨਾਲ ਕਿਹੋ ਜਿਹਾ ਨਾਮ ਜਾਣਾ ਹੈ ਇਸ ਦੀ ਸਮਝ ਸਾਨੂੰ ਚੰਗੀ ਤਰ੍ਹਾਂ ਲੱਗ ਚੁੱਕੀ ਹੈ। ਜਿਹੜੀ ਚੀਜ਼ ਸਾਡੇ ਪੱਲੇ ਹੀ ਨਹੀਂ, ਜਿਸਨੂੰ ਦਿਨ ਰਾਤ ਚੋਰ ਲੁੱਟਣ ਤੇ ਲੱਗੇ ਹੋਏ ਹਨ ਉਹ ਨਾਲ ਕਿਵੇਂ ਜਾ ਸਕਦੀ ਹੈ। ਆਓ ਗੁਰੂ ਦੀ ਸੱਚੀ ਸੋਝੀ ਕੋਲੋਂ ਉਹੋ ਜਿਹੀ ਸੋਝੀ ਲਈਏ ਜਿਸ ਨੇ ਸਾਨੂੰ ਅਗਿਆਨਤਾ ਦੀ ਨੀਂਦ ਵਿੱਚੋਂ ਕੱਢਣਾ ਹੈ ਤੇ ਆਪਣੇ ਜੀਵਨ ਨੂੰ ਉਸ ਤਰੀਕੇ ਨਾਲ ਸਵਾਰੀਏ ਜਿਸ ਨਾਲ ਸਾਡਾ ਭਲਾ ਹੋਣਾ ਹੈ। ਖੋਖਲੀਆਂ ਗੱਲਾਂ ਤੇ ਯਕੀਨ ਕਰਕੇ ਅਸੀਂ ਆਪਣਾ ਜੀਵਨ ਵਿਅਰਥ ਹੀ ਗਵਾਈ ਜਾ ਰਹੇ ਹਾਂ। ਆਓ ਆਪਣੇ

14/1467

ਅੰਦਰ ਨਾਮ ਦੀ ਸੰਭਾਲ ਕਰੀਏ, ਆਪਣੇ ਘਰ ਦੀ ਚੋਰਾਂ ਤੋਂ ਰਾਖੀ ਕਰੀਏ ਜਿਸ ਨਾਲ ਸਾਡਾ ਲੋਕ ਪ੍ਰਲੋਕ ਸੁਹੇਲਾ ਹੋ ਸਕਦਾ ਹੈ ਭਾਵ ਮਨ ਦੀ ਅਗਿਆਨਤਾ, ਭਰਮ ਮਿਟ ਸਕਦਾ ਹੈ। ਝੂਠੀ ਸ਼ਾਨ ਵਿੱਚ ਬੈਠੇ ਰਹਾਂਗੇ ਤਾਂ ਅੱਗੇ ਜਾ ਕੇ ਬਹੁਤ ਜਿਆਦਾ ਪਛਤਾਉਣਾ ਪਵੇਗਾ। ਆਪਣੇ ਅੰਦਰ ਨਾਮ ਨੂੰ ਸੰਭਾਲਣਾ ਹੀ ਆਪਣੇ ਜੀਵਨ ਨੂੰ ਸੰਭਾਲਣਾ ਹੈ, ਆਪਣੇ ਆਪ ਨੂੰ ਸੰਭਾਲਣਾ ਹੈ। ਸਾਨੂੰ ਬਚਾਉਣ ਵਾਲੇ ਕੇਵਲ ਸਾਡੇ ਗੁਣ ਹਨ ਤੇ ਗੁਣਾਂ ਦੀ ਰਾਖੀ ਕਰਨੀ ਆਪਣੇ ਇਸ ਜੀਵਨ ਦੀ ਰਾਖੀ ਕਰਨੀ ਹੈ।

ਅਸੀਂ ਪਿੱਛੇ ਵੀ ਸਮਝਿਆ ਹੈ ਕਿ ਸਾਡੇ ਔਗੁਣ ਗੁਰੂ ਦੇ ਗਿਆਨ ਦੁਆਰਾ ਹੀ ਵੱਸ ਆਉਂਦੇ ਹਨ, ਗੁਰਮਤਿ ਦੁਆਰਾ ਵੱਸ ਆਉਂਦੇ ਹਨ। ਗੁਰੂ ਦੇ "**ਗਿਆਨ ਦੀ ਖੜਗ**" ਕੀ ਹੈ ਜਿਸ ਦੁਆਰਾ ਇਹ ਔਗੁਣ ਮਰਦੇ ਹਨ, ਇਸ ਨੂੰ ਸਮਝਣ ਦੀ ਲੋੜ ਹੈ। "**ਗੁਰਮਤਿ**" ਹੀ ਅਸਲ ਵਿੱਚ ਗੁਰੂ ਦੇ ਗਿਆਨ ਦੀ ਖੜਗ ਹੈ। ਗੁਰੂ ਦੀ ਇਸ ਖੜਗ ਦੁਆਰਾ ਹੀ ਅਸੀਂ ਅਸਲ ਵਿੱਚ ਜਾਗਦੇ ਹਾਂ। ਇਹ ਖੜਗ ਸਾਡੇ ਮਾੜੇ ਵਿਚਾਰਾਂ ਤੇ ਹੀ ਚੱਲਦੀ ਹੈ ਤੇ ਮਾੜੇ ਵਿਚਾਰਾਂ ਦੇ ਮਰਨ ਨਾਲ ਇਹ ਔਗੁਣ ਆਪੇ ਹੀ ਮਰ ਜਾਂਦੇ ਹਨ। ਗੁਰੂ ਦੇ ਗਿਆਨ ਦੀ ਖੜਗ ਸਾਡੇ ਮਨ ਵਿੱਚ ਗੁਰੂ ਦੇ ਸ਼ਬਦ ਦਾ ਪ੍ਰਕਾਸ਼ ਹੈ, ਨਾਮ ਦਾ ਪ੍ਰਕਾਸ਼ ਹੈ, ਨਾਮ ਰਤਨ ਦਾ ਪ੍ਰਕਾਸ਼ ਹੈ ਜੋ ਸਾਡੇ ਮਨ ਦੀ ਮੈਲ ਨੂੰ ਧੋਂਦਾ ਹੈ, ਮਨ ਦੇ ਮਾੜੇ ਵਿਚਾਰਾਂ ਨੂੰ ਮਾਰ ਕੇ ਮਨ ਨੂੰ ਧੋਂਦਾ ਹੈ, ਉਸਨੂੰ ਨਿਰਮਲ

ਕਰਦਾ ਹੈ। ਆਓ ਇਹੀ ਗੱਲ ਅਗਲੇ ਸ਼ਬਦ ਰਾਹੀਂ ਸਮਝੀਏ ਤੇ ਗੁਰਮਤੀ ਜਾਗਣਾ ਕੀ ਹੈ ਇਸ ਨੂੰ ਹੋਰ ਵੀ ਦ੍ਰਿੜ ਕਰੀਏ।

“ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ॥੧੪॥”

(ਅੰਗ ੧੪੧੪)

14/1468

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਿਆ ਹੈ ਕਿ ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਗੁਰਬਾਣੀ ਸਾਰੇ ਜੱਗ ਲਈ ਹੈ ਤੇ ਸਾਰੇ ਜੱਗ ਲਈ ਮਨ ਦੀ ਸੋਝੀ ਦਾ ਕਾਰਨ ਇੱਕੋ ਜਿਹਾ ਹੀ ਹੈ। ਅਗਿਆਨ ਗਿਆਨ ਸਭ ਲਈ ਇੱਕੋ ਜਿਹਾ ਹੀ ਵਰਤਦਾ ਹੈ, ਜਿਸ ਦਾ ਸ੍ਰੋਤ ਸਾਡਾ ਮਨ ਹੈ। ਪ੍ਰਮਾਤਮਾ ਦੀ ਮਾਇਆ ਦੀ ਜੁਗਤਿ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਜਿਸ ਦੁਆਰਾ ਉਸ ਨੇ ਸਾਰੇ ਜਗ ਨੂੰ ਮਾਇਆ ਮੋਹ ਵਿੱਚ ਰੱਖ ਕੇ ਭਰਮਾਇਆ ਹੋਇਆ ਹੈ। ਗੁਣ ਔਗੁਣ ਸਾਰੇ ਸੰਸਾਰ ਲਈ ਇੱਕੋ ਜਿਹੇ ਹੀ ਹਨ। ਪੰਜ ਚੋਰ ਸਭ ਵਿੱਚ ਹੀ ਵਰਤਦੇ ਹਨ ਜੋ ਸਾਨੂੰ ਧਰਮ ਦੇ ਮਾਰਗ ਤੋਂ ਦੂਰ ਰੱਖਦੇ ਹਨ, ਸੱਚ ਦੇ ਮਾਰਗ ਤੋਂ ਦੂਰ ਰੱਖਦੇ ਹਨ। ਸਾਰੀ ਦੁਨੀਆਂ ਦਾ ਧਰਮ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ, ਮਨ ਦੇ ਸੱਚ ਦੇ ਨਾਲ, ਗੁਣਾਂ ਦੇ ਨਾਲ ਹੀ ਜੁੜਿਆ ਹੋਇਆ ਹੈ ਜੋ ਸਭ ਲਈ ਇੱਕੋ ਜਿਹਾ ਹੀ ਹੈ। ਗੁਰਬਾਣੀ ਦੀ ਮਤਿ ਸਭ ਲਈ ਇੱਕੋ ਜਿਹੀ ਹੈ ਭਾਵੇਂ ਕੋਈ ਆਪਣੀ-ਆਪਣੀ ਆਸਥਾ ਅਨੁਸਾਰ ਕਿਸੇ ਵੀ ਦੁਨਿਆਵੀ ਧਰਮ ਨਾਲ ਜੁੜਿਆ ਹੋਵੇ। ਭਰਮ ਸਭ ਲਈ ਇੱਕੋ ਜਿਹਾ ਹੀ ਹੈ ਜੋ ਸਾਨੂੰ ਦੁਨੀਆਂ ਦੇ “**ਇੱਕ ਧਰਮ**” ਨੂੰ ਸਮਝਣ ਤੋਂ ਦੂਰ ਰੱਖਦਾ ਹੈ। ਮਾਇਆ ਮੋਹ ਕਰਕੇ ਅਸੀਂ ਅਗਿਆਨਤਾ ਵਿੱਚ ਹਾਂ ਭਾਵ ਅਗਿਆਨਤਾ ਹੀ ਸਾਡੇ ਅੰਦਰ ਮਾਇਆ ਮੋਹ ਦਾ ਮੂਲ ਹੈ ਜਿਸ ਕਰਕੇ ਸਾਨੂੰ ਆਪਣੇ ਘਰ ਵਿੱਚ ਹੋ ਰਹੀ ਚੋਰੀ ਦੀ ਖ਼ਬਰ ਨਹੀਂ ਪੈਂਦੀ। ਇਹ ਪੰਜ ਚੋਰ ਸਾਰੀ ਮਨੁੱਖਤਾ ਲਈ ਇੱਕੋ ਜਿਹੇ ਹੀ ਹਨ ਭਾਵੇਂ ਕੋਈ ਪ੍ਰਮਾਤਮਾ ਨੂੰ ਰਾਮ ਕਹਿਣ ਵਾਲਾ ਹੈ, ਅੱਲ੍ਹਾ ਕਹਿਣ ਵਾਲਾ ਹੈ, ਗਾਡ ਕਹਿਣ ਵਾਲਾ ਹੈ, ਵਾਹਿਗੁਰੂ ਕਹਿਣ ਵਾਲਾ ਹੈ। **(ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥)**

ਸਾਡੇ ਘਰ ਨੂੰ ਲੁੱਟਣ ਵਾਲੇ ਚੋਰ ਕੌਣ ਹਨ ਭਾਵ ਸਾਡੀ ਅਗਿਆਨਤਾ ਦਾ ਫਾਇਦਾ ਉਠਾਉਣ ਵਾਲੇ ਕੌਣ ਹਨ ਜਿਸ ਕਰਕੇ ਸਾਨੂੰ ਅੰਨ੍ਹਾ ਕਿਹਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਗਿਆ ਹੈ।

“ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥”

14/1469

ਚੋਰ ਸਾਡੇ ਔਗੁਣ ਹਨ। ਇਹ ਚੋਰ ਸਾਡੇ ਮਾੜੇ ਵਿਚਾਰ ਹਨ ਜੋ ਕਿ ਸਾਡੇ ਸੱਚੇ ਵਿਚਾਰਾਂ ਦੀ ਚੋਰੀ ਕਰਦੇ ਹਨ। ਇਹ ਸਾਡੇ “**ਮਨੁ**” ਦੇ ਚੋਰ ਹਨ। “**ਮਨੁ**” ਅੱਖਰ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਮਨੁੱਖ ਜੋ ਕੁੱਝ ਵੀ ਹੈ ਇਸ ਮਨ ਕਰਕੇ ਹੈ ਜੋ ਸਾਨੂੰ ਚਲਾਉਂਦਾ ਹੈ। ਮਨ ਸਾਡੇ ਵਿਚਾਰਾਂ ਦਾ ਖਜ਼ਾਨਾ ਹੈ, ਵਿਚਾਰਾਂ ਦਾ ਭੰਡਾਰ ਹੈ। ਸਾਡੇ ਅੰਦਰ ਇਹ ਭੰਡਾਰ ਕਿਹੋ ਜਿਹੇ ਵਿਚਾਰਾਂ ਦਾ ਹੈ, ਉਹੀ ਸਾਨੂੰ ਸੰਸਾਰ ਵਿੱਚ ਚੰਗਾ ਜਾਂ ਮਾੜਾ ਬਣਾਉਂਦਾ ਹੈ। ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਿਆ ਹੈ ਕਿ ਇਹ “**ਮਨੁ**” ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਭੰਡਾਰ ਦੇ ਰੂਪ ਵਿੱਚ ਵਿਚਰਦਾ ਹੈ। ਇਹ ਮਨ ਹੀ ਤ੍ਰੈਗੁਣ ਦੀ ਅਵੱਸਥਾ ਹੈ ਤੇ ਇਹ ਮਨ ਹੀ ਚੌਥੇ ਪਦ ਦੀ ਅਵੱਸਥਾ ਹੈ। ਫਰਕ ਕੇਵਲ ਵਿਚਾਰਾਂ ਦਾ ਹੈ ਕਿ ਸਾਡੇ ਵਿਚਾਰਾਂ ਦੀ ਅਵੱਸਥਾ ਕੀ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਸਾਡੇ ਵਿਚਾਰ ਚੌਥੇ ਪਦ ਦੇ ਵਿਚਾਰਾਂ ਨਾਲੋਂ ਵੱਖਰੇ ਰਹਿੰਦੇ ਹਨ। ਉਨ੍ਹਾਂ ਨੂੰ ਵੱਖਰੇ ਕਰਨ ਵਾਲੇ ਸਾਡੇ ਅੰਦਰ ਔਗੁਣਾਂ ਦਾ ਹੋਣਾ ਹੈ ਜਿੰਨ੍ਹਾਂ ਦਾ ਕਾਰਨ ਇਹ ਪੰਜ ਚੋਰ ਹਨ। ਇਹ ਚੋਰ ਮਨ ਦੇ

ਚੰਗੇ ਵਿਚਾਰਾਂ ਨੂੰ, ਚੌਥੇ ਪਦ ਵਾਲੇ ਵਿਚਾਰਾਂ ਨੂੰ ਚੋਰੀ ਕਰਦੇ ਰਹਿੰਦੇ ਹਨ ਜਿਸ ਕਰਕੇ ਅਸੀਂ ਚੌਥੇ ਪਦ ਵਿੱਚ ਨਹੀਂ ਪਹੁੰਚ ਸਕਦੇ। ਇਨ੍ਹਾਂ ਚੋਰਾਂ ਦੇ ਸਾਡੇ ਅੰਦਰ ਵੱਸਣ ਦਾ ਮੂਲ ਕਾਰਨ ਸਾਡੀ ਅਗਿਆਨਤਾ ਹੈ ਜਿਸ ਲਈ ਹਰ ਕਿਸੇ ਦੀ ਅਵੱਸਥਾ ਮਨਮੁਖਿ ਵਾਲੀ ਹੈ ਤੇ ਪ੍ਰਮਾਤਮਾ ਦਾ ਬਣਾਇਆ ਹੋਇਆ ਇਹ ਅਸੂਲ ਸਾਰੇ ਜੱਗ ਵਿੱਚ ਹੀ ਵਰਤਦਾ ਹੈ। ਉਸਦਾ ਇਹ ਅਸੂਲ ਸਾਰੇ ਜੱਗ ਲਈ ਇੱਕੋ ਜਿਹਾ ਹੀ ਹੈ, ਸਿੱਖ ਜਗਤ ਲਈ ਵੀ ਇਹੀ ਅਸੂਲ ਹੈ, ਅੱਖਰ ਦਾ ਜਪ ਕਰਨ ਵਾਲਿਆਂ ਲਈ, ਗੁਰਮੁਖਿ ਅਖਵਾਉਣ ਲਈ ਵੀ ਅਸੂਲ ਇਹੀ ਹੈ ਤੇ ਇਹੀ ਗੱਲ ਉੱਪਰ ਵਾਲੀ ਪੰਗਤੀ ਵਿੱਚ ਸਮਝਾਈ ਹੋਈ ਹੈ। **(ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥)**

ਸਾਨੂੰ ਕਿਤਨਾ ਸਪੱਸ਼ਟ ਸਮਝਾਇਆ ਹੈ ਕਿ ਸਾਡਾ ਅੰਨ੍ਹਾਪਨ ਕੀ ਹੈ। ਜਿਸ ਮਨ ਵਿੱਚ ਵਿਕਾਰ ਹਨ ਉਨ੍ਹਾਂ ਨੂੰ ਅੰਨ੍ਹਾ ਦੱਸਿਆ ਹੈ ਕਿਉਂਕਿ ਉਸਦਾ ਘਰ ਲੁੱਟਿਆ ਜਾ ਰਿਹਾ ਹੈ ਪਰ ਉਸ ਨੂੰ ਇਸ ਦੀ ਫਿਕਰ ਨਹੀਂ ਹੈ। ਸੱਚਾ ਮਨ ਉਹ ਹੈ ਜਿਸ ਵਿੱਚ ਵਿਚਾਰ ਸੱਚੇ ਹਨ ਤੇ ਇਸੇ ਲਈ ਸਾਨੂੰ ਵਾਰ-ਵਾਰ ਸਮਝਾਇਆ ਹੈ, ਜਿਸ ਮਨ ਵਿੱਚ

14/1470

ਵਿਚਾਰ ਸੱਚੇ ਹਨ ਉੱਥੇ ਆਪ ਪ੍ਰਮਾਤਮਾ ਹੈ ਕਿਉਂਕਿ ਉਹ ਆਪ ਹੈ ਹੀ "**ਸਚੁ**"। ਜਿੱਥੇ ਉਹ "**ਸੱਚੁ**" ਵੱਸਦਾ ਹੈ ਉਹ ਮਨੁੱਖ ਦੇ ਵਿਚਾਰ ਹੀ ਸੱਚੇ ਬਣਾਉਂਦਾ ਹੈ। ਸਾਡੇ ਅੰਦਰੋਂ ਸੱਚ ਦੀ ਚੋਰੀ ਪ੍ਰਮਾਤਮਾ ਦੇ ਘਰ ਵਿੱਚ ਚੋਰੀ ਹੈ। ਆਪਣੇ ਘਰ ਵਿੱਚੋਂ ਚੋਰੀ ਉਹ ਆਪ ਹੀ ਰੁਕਵਾਉਂਦਾ ਹੈ, ਆਪਣਾ ਸੱਚਾ ਗਿਆਨ ਦੇ ਕੇ ਰੁਕਵਾਉਂਦਾ ਹੈ, ਸਾਨੂੰ ਅਗਿਆਨਤਾ ਵਿੱਚੋਂ ਕੱਢਕੇ ਰੁਕਵਾਉਂਦਾ ਹੈ. ਸੱਚ ਦੀ ਕੀਮਤ ਪਵਾ ਕੇ ਰੁਕਵਾਉਂਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੈ।

"ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥"

ਗੁਰਮਤਿ ਕੀ ਹੈ, ਗੁਰਮਤਿ ਦਾ ਮਕਸਦ ਕੀ ਹੈ, ਇਸ ਤੋਂ ਸਪੱਸ਼ਟ ਸਾਨੂੰ ਹੋਰ ਗੁਰੂ ਕੀ ਸਮਝਾਵੇ। ਹੁਣ ਧਿਆਨ ਨਾਲ ਸਮਝੋ ਇਸ ਗਿਆਨ ਦੀ ਕੀਮਤ ਸਾਡੇ ਜੀਵਨ ਵਿੱਚ ਕਿਤਨੀ ਕੁ ਉੱਚੀ ਹੈ। ਸਾਰੀ ਗੁਰਬਾਣੀ ਪ੍ਰਮਾਤਮਾ ਦੀ "ਗਿਆਨ ਖੜਗ" ਹੈ ਜੋ ਸਾਡੇ ਅੰਦਰੋਂ ਦੂਤਾਂ ਦਾ ਨਾਸ ਕਰ ਸਕਦੀ ਹੈ। ਇਹ ਗਿਆਨ ਖੜਗ ਗੁਰਬਾਣੀ ਦੀ ਸਮਝਾਈ ਹੋਈ "ਗੁਰਮਤਿ" ਹੈ ਜਿਸ ਨੇ ਸਾਡੇ ਸੁੱਤੇ ਮਨ ਨੂੰ ਜਗਾਉਣਾ ਹੈ, ਮਾਇਆ ਮੋਹ ਵਿੱਚ ਸੁੱਤੇ ਮਨ ਨੂੰ ਜਗਾਉਣਾ ਹੈ। ਗੁਰਬਾਣੀ ਆਪਣਾ ਮਕਸਦ ਪੂਰਾ ਕਰ ਰਹੀ ਹੈ, ਸਾਨੂੰ ਸੱਚ ਸਮਝਾ ਰਹੀ ਹੈ ਕਿ ਇਨ੍ਹਾਂ ਔਗੁਣਾਂ ਵਿੱਚੋਂ ਨਿਕਲੋ ਤੇ ਗੁਣਾਂ ਰਾਹੀਂ ਵਿਚਰੋ। ਗੁਣ ਸਾਨੂੰ ਸੱਚੀ ਸੁੱਚੀ ਕਿਰਤ ਹੀ ਕਰਾਉਂਦੇ ਹਨ ਤੇ ਔਗੁਣ ਸਾਡੇ ਕੋਲੋਂ ਮਾੜੀ ਕਿਰਤ ਕਰਾਉਂਦੇ ਹਨ। ਉਸ ਪ੍ਰਮਾਤਮਾ ਦੀ ਭਗਤੀ ਕੇਵਲ ਗੁਣਾਂ ਦੁਆਰਾ ਹੀ ਹੋ ਸਕਦੀ ਹੈ, ਇਸ ਗਿਆਨ ਦੀ ਖੜਗ ਨੂੰ, ਗੁਰਮਤਿ ਦੀ ਖੜਗ ਨੂੰ ਆਪਣੇ ਮਨ ਦੇ ਵਿਕਾਰਾਂ ਤੇ ਚਲਾ ਕੇ ਭਾਵ ਉਨ੍ਹਾਂ ਨੂੰ ਮਾਰ ਕੇ ਹੀ ਹੋ ਸਕਦੀ ਹੈ ਭਾਵ ਗੁਰੂ ਦੇ ਉਪਦੇਸ਼ ਨੂੰ ਮੰਨ ਕੇ, ਉਸਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਹੀ ਹੋ ਸਕਦੀ ਹੈ। ਅਸੀਂ ਇਸ ਗਿਆਨ ਦੀ ਤਲਵਾਰ ਨੂੰ ਬਜਾਇ ਆਪਣੇ ਔਗੁਣਾਂ ਤੇ ਚਲਾਉਣ ਦੇ ਕੇਵਲ ਉਸਨੂੰ ਹਵਾ ਵਿੱਚ ਹੀ ਚਲਾਈ ਜਾਂਦੇ ਹਾਂ ਭਾਵ ਕੇਵਲ ਮੁੱਖੋਂ ਬੋਲ-ਬੋਲ ਕੇ ਹੀ ਚਲਾਈ ਜਾਂਦੇ ਹਾਂ ਭਾਵ ਕੇਵਲ ਵਿਖਾਵਾ ਕਰੀ ਜਾਂਦੇ ਹਾਂ ਤੇ ਔਗੁਣਾਂ ਨੂੰ ਮਾਰਨ ਦੀ ਕੋਈ

14/1471

ਮਨਸਾ ਹੀ ਨਹੀਂ ਹੈ। ਇਸੇ ਲਈ ਸਾਡੀ ਇਹੋ ਜਿਹੀ ਭਗਤੀ ਨੂੰ ਪ੍ਰਮਾਤਮਾ ਦੇ ਨਾਲ ਕੇਵਲ ਮੁੱਖ ਨਾਲ ਹੀ ਪ੍ਰੀਤ ਦਿਖਾਉਣੀ ਦੱਸਿਆ ਹੈ, ਜੋ ਕਿ ਕੇਵਲ ਇੱਕ ਦਿਖਾਵਾ ਹੈ। ਉਸ ਦੇ ਨਾਲ ਪ੍ਰੀਤ ਉਸ ਦੀ ਗੱਲ ਨੂੰ ਮੰਨ ਕੇ ਲੱਗ ਸਕਦੀ ਹੈ, ਔਗੁਣਾਂ ਵਿੱਚੋਂ ਨਿਕਲਕੇ ਲੱਗ ਸਕਦੀ ਹੈ।

{ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥}

(ਅੰਗ ੨੬੯)

ਇਹ ਸਾਡੇ ਦੂਤ ਤਾਂ ਹੀ ਮਰਦੇ ਹਨ ਜਦੋਂ ਸਾਡੇ ਅੰਦਰ ਗੁਰਮਤਿ ਦੀ ਸੋਝੀ ਵੱਸ ਜਾਵੇ। ਗੁਰਮਤਿ ਵੱਸਣ ਦੇ ਨਾਲ ਇਹ ਗਿਆਨ ਦੀ ਤਲਵਾਰ ਆਪੇ ਹੀ ਚੱਲ ਜਾਂਦੀ ਹੈ। ਮਨੁੱਖ ਸੱਚੀ ਸੋਝੀ ਦੇ ਨਾਲ ਹੀ ਜਾਗਦਾ ਹੈ ਤੇ ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ। ਹਰ ਕੋਈ ਅਗਿਆਨਤਾ ਵਿੱਚ ਹੀ ਸੁੱਤਾ ਹੋਇਆ ਹੈ, ਮਨਮਤਿ ਵਿੱਚ, ਹਉਮੈ ਵਿੱਚ ਸੁੱਤਾ ਹੋਇਆ ਹੈ, ਭਰਮਿਆ ਹੋਇਆ ਹੈ। **(ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥)**

ਅਸੀਂ ਆਪਣੇ ਜੀਵਨ ਵਿੱਚ ਵੱਧ ਤੋਂ ਵੱਧ ਉੱਦਮ ਹੀ ਕਰਨਾ ਹੈ ਕਿ ਅਸੀਂ ਗੁਰਮਤਿ ਨੂੰ ਸਮਝਕੇ ਵੱਧ ਤੋਂ ਵੱਧ ਸੱਚ ਨੂੰ ਆਪਣੇ ਜੀਵਨ ਵਿੱਚ ਅਪਣਾਈਏ। ਉਸਦਾ ਪੂਰਾ ਸੱਚ, ਉਸਦੀ ਪੂਰੀ ਗੁਰਮਤਿ ਸਾਡੇ ਅੰਦਰ ਤਾਂ ਹੀ ਵੱਸਦੀ ਹੈ ਜਦੋਂ ਉਹ ਆਪ ਸਾਡੇ ਅੰਦਰ ਪ੍ਰਗਟ ਹੋ ਕੇ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰ ਦਿੰਦਾ ਹੈ ਤੇ ਉਸ ਤੋਂ ਬਾਅਦ ਹੀ ਕੋਈ ਪੂਰੀ ਤਰ੍ਹਾਂ ਪਵਿੱਤਰ ਹੋ ਸਕਦਾ ਹੈ, ਨਿਰਮਲ ਹੋ ਸਕਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

ਸਾਡੇ ਮਨ ਦੀ ਪਵਿੱਤਰਤਾ ਅਪਵਿੱਤਰਤਾ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ, ਸਾਡੇ ਮਨ ਦੇ ਗਿਆਨ ਅਗਿਆਨ ਨਾਲ ਜੁੜੀ ਹੋਈ ਹੈ, ਸਾਡੇ ਮਨ ਦੇ ਵਿਸ਼ਵਾਸ ਨਾਲ ਜੁੜੀ ਹੋਈ ਹੈ। ਸਾਡੇ ਮਨ ਦਾ ਵਿਸ਼ਵਾਸ ਸਾਡੇ ਮਨ ਦੀ ਸੋਝੀ ਤੇ ਟਿਕਿਆ ਹੋਇਆ ਹੈ। ਜੇਕਰ ਮਨ ਦੀ ਸੋਝੀ ਮਾੜੀ ਹੈ, ਕੱਚੀ ਮਤਿ ਵਾਲੀ ਹੈ ਤਾਂ ਫਿਰ ਸਾਡਾ ਵਿਸ਼ਵਾਸ ਵੀ ਉਹੋ ਜਿਹੀ ਸੋਝੀ ਤੇ ਟਿਕਿਆ ਹੁੰਦਾ

14/1472

ਹੈ। ਜੇਕਰ ਸਾਡੇ ਅੰਦਰ ਸੋਝੀ ਹੀ ਇਹ ਹੈ ਕਿ ਪ੍ਰਮਾਤਮਾ ਦੀ ਭਗਤੀ ਸਰੀਰਕ ਜਪਾਂ ਤਪਾਂ ਦੁਆਰਾ ਹੁੰਦੀ ਹੈ ਤੇ ਔਗੁਣ ਛੱਡਣੇ ਇੱਕ ਵੱਖਰੀ ਗੱਲ ਹੈ ਤਾਂ ਫਿਰ ਇਸ ਵਿੱਚ ਕਸੂਰ ਸੋਝੀ ਦੇ ਉਸ ਸ੍ਰੋਤ ਵਿੱਚ ਹੈ ਜਿੱਥੋਂ ਅਸੀਂ ਸੋਝੀ ਲਈ ਹੋਈ ਹੈ ਕਿਉਂਕਿ ਸਾਡੇ ਅੰਦਰ ਇਹ ਵਿਸ਼ਵਾਸ ਹੈ ਕਿ ਜਿੱਥੋਂ ਅਸੀਂ ਇਹ ਸੋਝੀ ਲਈ ਹੈ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਤੇ ਉਨ੍ਹਾਂ ਦੀ ਦਿੱਤੀ ਹੋਈ ਸੋਝੀ ਗਲਤ ਨਹੀਂ ਹੋ ਸਕਦੀ। ਪ੍ਰਮਾਤਮਾ ਦਾ ਪਾਉਣਾ ਕੀ ਹੈ ਇਹ ਕੇਵਲ ਗੁਰਬਾਣੀ ਜਾਣਦੀ ਹੈ ਜਿਸਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਇਹ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਗੁਰਬਾਣੀ ਦੀ ਸਹੀ ਸੋਝੀ ਨਾ ਹੋਣਾ ਸਾਡੀ ਸਭ ਤੋਂ ਵੱਡੀ ਘਾਟ ਹੈ ਜੋ ਕਿ ਸਭ ਦੀ ਅਗਿਆਨਤਾ ਦਾ ਕਾਰਨ ਹੈ। ਜਿੰਨ੍ਹਾਂ ਦੇ ਪਿੱਛੇ ਅਸੀਂ ਲੱਗੇ ਹੋਏ ਹਾਂ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਉਣ ਦਾ ਜਿਹੋ ਜਿਹਾ ਬਿਆਨ ਕੀਤਾ ਹੈ ਉਹ ਗੁਰਬਾਣੀ ਦੀ ਕਸਵੱਟੀ ਤੇ ਨੇੜੇ ਤੇੜੇ ਵੀ ਨਹੀਂ ਟਿਕਦਾ। ਹਰ ਕੋਈ ਪ੍ਰਮਾਤਮਾ ਨੂੰ ਪਾਉਣ ਦੀਆਂ ਵੱਖਰੀਆਂ-ਵੱਖਰੀਆਂ ਗੱਲਾਂ ਕਰਦਾ ਹੈ। ਇਸ ਵਿੱਚ ਸਾਡਾ ਕਿਸੇ ਦਾ ਕਸੂਰ ਵੀ ਨਹੀਂ ਹੈ ਕਿਉਂਕਿ ਇਸ ਮਨ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ ਜੋ ਕਿ ਸਾਡੇ ਭਰਮ ਦਾ ਕਾਰਨ ਹੈ। ਅਸਲ ਵਿੱਚ ਹਰ ਕੋਈ ਆਪ ਹੀ ਪ੍ਰਮਾਤਮਾ ਦਾ ਰੂਪ ਹੈ ਕਿਉਂਕਿ ਪ੍ਰਮਾਤਮਾ ਆਪ ਨਿਰਗੁਣ ਰੂਪ ਹੈ ਜੋ ਹਰ ਕਿਸੇ ਵਿੱਚ ਵਰਤ ਰਿਹਾ ਹੈ।

ਆਪਣੇ ਆਪ ਦੀ ਸੋਝੀ ਪੈਣਾ ਹੀ ਪ੍ਰਮਾਤਮਾ ਦੀ ਸੋਝੀ ਪੈਣਾ ਹੈ। ਪ੍ਰਮਾਤਮਾ ਸਾਡੇ ਕੋਲੋਂ ਕੋਈ ਵੱਖਰਾ ਨਹੀਂ ਹੈ ਜਿਸਨੂੰ ਕਿ ਕਿਸੇ ਵੱਖਰੇ ਰੂਪ ਵਿੱਚ ਪਾਇਆ ਜਾ ਸਕੇ। ਪ੍ਰਮਾਤਮਾ ਨੂੰ ਪਾਉਣ ਲਈ ਕਿਤੇ ਬਾਹਰ ਜਾਣ ਦੀ ਲੋੜ ਨਹੀਂ ਹੈ, ਕਿਸੇ ਖੰਡਾਂ ਵਰਭੰਡਾਂ ਵਿੱਚ ਭਟਕਣ ਦੀ ਲੋੜ ਨਹੀਂ ਹੈ, ਉਹ ਸਾਡੇ ਮਨ ਦੇ ਵਿੱਚ ਹੀ ਹੈ ਤੇ ਘਰ ਬੈਠੇ ਹੀ ਮਿਲ ਜਾਂਦਾ ਹੈ। ਕੇਵਲ ਇਸ ਮਨ ਦੀ ਨੀਅਤ ਨੂੰ, ਮਨ ਦੇ ਵਿਕਾਰਾਂ ਨੂੰ

14/1473

ਨੂੰ ਰਾਸ ਕਰਨ ਦੀ ਲੋੜ ਹੈ, ਪੰਜ ਚੋਰਾਂ ਤੋਂ ਬਚਾਉਣ ਦੀ ਲੋੜ ਹੈ, ਇਸ ਮਨ ਦੇ ਸੱਚੇ ਹੋਣ ਦੀ ਲੋੜ ਹੈ ਕਿਉਂਕਿ ਸੱਚਾ ਮਨ ਹੀ ਅਸਲ ਵਿੱਚ ਪ੍ਰਮਾਤਮਾ ਹੈ ਜਿਸ ਦੀ ਸੋਝੀ ਘਰ ਬੈਠੇ ਹੀ ਪੈਣੀ ਹੈ। ਇਹ ਬਾਣੀ ਦਾ ਆਪਣਾ ਫੁਰਮਾਨ ਹੈ ਜੋ ਕਿ ਅਟੱਲ ਹੈ, ਕਦੇ ਗਲਤ ਨਹੀਂ ਹੋ ਸਕਦਾ।

ਮਃ੩॥

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੮੩)

ਇਸੇ ਲਈ ਪ੍ਰਮਾਤਮਾ ਜਿਸ ਮਨ ਵਿੱਚ ਟਿਕਦਾ ਹੈ ਭਾਵ ਆਪਣਾ ਆਪ ਪ੍ਰਗਟ ਕਰਦਾ ਹੈ ਉਹ ਮਨੁੱਖ ਦੀ ਨੀਅਤ ਨੂੰ ਹੀ ਰਾਸਿ ਕਰਦਾ ਹੈ, ਉਸ ਮਨ ਨੂੰ ਸੱਚ ਵਿੱਚ ਬਦਲਦਾ ਹੈ। ਇਹ ਕੰਮ ਉਹ ਮਨ ਵਿੱਚ ਆਪਣੀ ਸੱਚੀ ਸੋਝੀ ਪਾ ਕੇ ਹੀ ਕਰਦਾ ਹੈ ਕਿਉਂਕਿ ਉਸ ਦੀ ਸੱਚੀ ਸੋਝੀ ਹੀ ਉਸਦੇ ਗਿਆਨ ਦੀ ਖੜਗ ਹੈ ਜੋ ਪੰਜੇ ਚੋਰਾਂ ਨੂੰ ਮਾਰਦੀ ਹੈ ਜਿੰਨ੍ਹਾਂ ਦਾ ਮੂਲ ਅਗਿਆਨਤਾ ਹੈ। ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੀ ਗਿਆਨ ਖੜਗ ਕੀ ਹੈ।

“ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥”

ਹੁਣ ਧਿਆਨ ਨਾਲ ਸਮਝੋ ਕਿ “**ਨਾਮ ਰਤਨੁ**” ਕੀ ਹੈ ਜਿਸ ਦਾ ਸਾਡੇ ਮਨ ਦੇ ਵਿੱਚ ਪ੍ਰਕਾਸ਼ ਹੁੰਦਾ ਹੈ। ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੀ ਹੁੰਦਾ ਹੈ। “**ਨਾਮ ਰਤਨੁ**” ਆਪ ਪ੍ਰਮਾਤਮਾ ਹੈ, ਪ੍ਰਮਾਤਮਾ ਦਾ ਸ਼ਬਦ ਹੈ, ਸ਼ਬਦ ਦੀ ਵੀਚਾਰ ਹੈ, ਸੱਚੇ ਗਿਆਨ ਦੀ ਸੋਝੀ ਹੈ, ਸੱਚੇ ਗਿਆਨ ਦੀ ਸੋਝੀ ਹੈ। ਇਹ ਮਨ ਦੇ ਵਿੱਚ ਸੱਚੀ ਸੋਝੀ ਦਾ ਪ੍ਰਕਾਸ਼ ਹੈ ਜਿਸ ਦੁਆਰਾ ਮਾਇਆ ਦਾ ਮੋਹ ਟੁੱਟਦਾ ਹੈ, ਤ੍ਰਿਸ਼ਨਾ ਦਾ ਮੋਹ ਟੁੱਟਦਾ ਹੈ। ਤ੍ਰਿਸ਼ਨਾ ਦੇ ਮਰਨ ਨਾਲ ਪੰਜੇ ਚੋਰ ਆਪੇ ਹੀ ਮਰ ਜਾਂਦੇ ਹਨ ਜੋ ਕਿ ਤ੍ਰਿਸ਼ਨਾ ਦੇ ਹੀ ਪਿਆਂਦੇ ਹਨ, ਸਾਡੀ ਤ੍ਰਿਸ਼ਨਾ ਦੀ ਪੂਰਤੀ ਦੇ ਢੰਗ ਹਨ। ਜਦ ਤੱਕ

14/1474

ਸਾਡੇ ਇਹ ਔਗੁਣ ਨਹੀਂ ਮਰਦੇ ਤਦ ਤੱਕ ਸਾਡਾ ਮਨ ਤਨ ਨਿਰਮਲ ਨਹੀਂ ਹੋ ਸਕਦਾ ਭਾਵ ਅਸੀਂ ਮਨੋ ਤਨੋ ਅਪਵਿੱਤਰ, ਜੂਠੇ ਹੀ ਬਣੇ ਰਹਿੰਦੇ ਹਾਂ ਭਾਵ ਸਾਡੇ ਔਗੁਣ ਹੀ ਸਾਡੀ ਅਪਵਿੱਤਰਤਾ ਦਾ ਕਾਰਨ ਹਨ। ਪਵਿੱਤਰ ਅਸੀਂ ਗੁਣਾਂ ਦੇ ਨਾਲ ਹੀ ਹੁੰਦੇ ਹਾਂ, ਨਾਮ ਦੇ ਨਾਲ ਹੀ ਹੁੰਦੇ ਹਾ ਭਾਵ ਨਾਮ ਦੀ ਸੱਚੀ ਸੋਝੀ ਦੇ ਨਾਲ ਹੀ ਹੁੰਦੇ ਹਾਂ ਜੋ ਸਾਡੇ ਅੰਦਰ ਸੱਚ ਨੂੰ, ਗੁਣਾਂ ਨੂੰ ਦ੍ਰਿੜ ਕਰਦੀ ਹੈ ਤੇ ਮੁੜਕੇ ਫਿਰ ਮਨ ਮਾਇਆ ਮੋਹ ਵਿੱਚ ਨਹੀਂ ਡੋਲਦਾ। ਇਹ ਸਾਡੇ ਮਨ ਦੇ ਵਿਚਾਰਾਂ ਦੀ ਦ੍ਰਿੜਤਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਸਮਝਾਏ ਹੋਏ ਸੱਚ ਤੇ ਚੱਲਣ ਦੀ ਦ੍ਰਿੜਤਾ ਹੈ। ਇਸ ਦ੍ਰਿੜਤਾ ਨਾਲ ਅਸੀਂ ਗੁਰੂ ਦੇ ਨਾਮ ਵਾਲੇ ਬਣਦੇ ਹਾਂ। **(ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥)** ਨਾਮ ਵਾਲੇ ਤਾਂ ਅਸੀਂ ਪੰਜ ਦੂਤਾਂ ਦੇ, ਨਾਮ ਦੇ ਚੋਰਾਂ ਦੇ ਮਰਨ ਦੁਆਰਾ ਹੀ ਬਣਦੇ ਹਾਂ ਜਿਵੇਂ ਕਿ ਉੱਪਰ ਸਪੱਸ਼ਟ ਕੀਤਾ ਹੋਇਆ ਹੈ, ਫਿਰ ਨਾਮ ਹੀਣ ਕੌਣ ਹੈ ਇਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਦੋਨਾਂ ਵਿੱਚ ਮਨ ਦੀ ਅਵੱਸਥਾ ਦਾ ਹੀ ਫਰਕ ਹੈ, ਮਨ ਦੇ ਵਿਚਾਰਾਂ ਦਾ ਹੀ ਫਰਕ ਹੈ, ਮਨ ਦੀ ਨੀਅਤ ਦਾ ਹੀ ਫਰਕ ਹੈ, ਮਨ ਦੀ ਸੋਝੀ ਦਾ ਹੀ ਫਰਕ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥”

ਜਿਸ ਦੇ ਪੱਲੇ ਪ੍ਰਮਾਤਮਾ ਗੁਣ ਪਾ ਦਿੰਦਾ ਹੈ, ਗੁਣਾਂ ਦੁਆਰਾ ਵਿਚਰਨ ਦੀ ਸੋਝੀ ਪਾ ਦਿੰਦਾ ਹੈ ਉਸਨੂੰ ਆਪਣੇ ਨਾਮ ਨਾਲ ਜੋੜ ਦਿੰਦਾ ਹੈ ਤੇ ਜੋ ਮਨੁੱਖ ਔਗੁਣਾਂ ਨਾਲ ਹੀ ਜੁੜੇ ਰਹਿੰਦੇ ਹਨ ਭਾਵ ਜਿੰਨ੍ਹਾਂ ਦੇ ਅੰਦਰੋਂ ਨਾਮ ਦੀ ਚੋਰੀ ਹੁੰਦੀ ਰਹਿੰਦੀ ਹੈ, ਜਿੰਨ੍ਹਾਂ ਦੇ ਵਿੱਚ ਪੰਜ ਚੋਰ ਨਾਮ ਚੁਰਾਉਂਦੇ ਰਹਿੰਦੇ ਹਨ ਉਹ ਨਾਮਹੀਣ ਹਨ ਭਾਵ ਉਹ ਮਾੜੇ ਕਰਮ ਕਰਦੇ ਹਨ, ਉਨ੍ਹਾਂ ਦੀ ਸੰਸਾਰਿਕ ਵਿਚਰਨ ਮਾੜੀ ਹੁੰਦੀ ਹੈ। ਇਸ ਲਈ ਉਨ੍ਹਾਂ ਨੂੰ ਨਕਟੇ ਕਿਹਾ ਹੈ ਭਾਵ ਉਨ੍ਹਾਂ ਦੀ

14/1475

ਪ੍ਰਮਾਤਮਾ ਦੇ ਦਰਬਾਰ ਵਿੱਚ ਇੱਜ਼ਤ ਨਹੀਂ ਹੈ। ਪ੍ਰਮਾਤਮਾ ਦੀ ਨਜ਼ਰ ਵਿੱਚ ਇੱਜ਼ਤ ਕੇਵਲ ਗੁਣਾਂ ਦੁਆਰਾ ਹੈ, ਸੱਚ ਦੁਆਰਾ ਹੈ। ਮਾੜੇ ਕਰਮ ਕਰਨ ਵਾਲੇ ਮਨੁੱਖ ਇਸ ਸੰਸਾਰ ਵਿੱਚ ਨਕਟੇ ਹੀ ਫਿਰਦੇ ਹਨ ਭਾਵ ਬਿਨ੍ਹਾਂ ਇੱਜ਼ਤ ਤੋਂ ਜਿਉਂਦੇ ਹਨ ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਦੀ ਇੱਜ਼ਤ ਨਹੀਂ ਹੈ ਭਾਵੇਂ ਸੰਸਾਰ ਵਿੱਚ ਸਾਨੂੰ ਕਿੰਨਾ ਵੀ ਮਾਣ ਮਿਲਦਾ ਹੋਵੇ। ਸਾਨੂੰ ਇਸ ਸੰਸਾਰ ਵਿੱਚ ਪ੍ਰਮਾਤਮਾ ਨੇ ਇਸੇ ਲਈ ਬਿਠਾਇਆ ਹੋਇਆ ਹੈ ਭਾਵ ਸੰਸਾਰ ਵਿੱਚ ਇਸੇ ਲਈ ਰੁਲ ਰਹੇ ਹਾਂ ਭਾਵ ਮੁਕਤ ਨਹੀਂ ਹੁੰਦੇ ਕਿਉਂਕਿ ਔਗੁਣਾਂ ਦੁਆਰਾ ਅਸੀਂ ਉਸ ਸੱਚ ਵਿੱਚ ਨਹੀਂ ਰਲ ਸਕਦੇ। ਨਾਮ ਸੱਚ ਹੈ ਤੇ ਨਾਮ ਹੀਣ ਸੱਚ ਤੋਂ ਦੂਰ ਹੈ। ਜੇਕਰ ਕੋਈ ਔਗੁਣਾਂ ਵਿੱਚ ਰਹਿੰਦੇ ਹੋਏ, ਨਾਮ ਹੀਣ ਹੁੰਦੇ ਹੋਏ ਆਪਣੇ ਆਪ ਨੂੰ ਕਿਸੇ ਅੱਖਰ ਦੇ ਜਪ ਦੁਆਰਾ ਨਾਮ ਰਸੀਆ ਸਮਝੀ ਜਾਵੇ, ਅੱਖਰ ਦੇ ਜਪ ਨੂੰ ਹੀ ਸੱਚ ਤੇ ਚੱਲਣਾ ਸਮਝੀ ਜਾਵੇ, ਅੱਖਰ ਦੇ ਜਪ ਨੂੰ ਹੀ ਗੁਣ ਸਮਝੀ ਜਾਵੇ ਤਾਂ ਫਿਰ ਇਸ ਤੋਂ ਵੱਡਾ ਭਰਮ ਕੀ ਹੋ ਸਕਦਾ ਹੈ। **(ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥)**

ਪ੍ਰਮਾਤਮਾ ਸਾਡੇ ਤੇ ਕ੍ਰਿਪਾ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ ਹੀ ਕਰਦਾ ਹੈ, ਆਪਣਾ ਸੱਚ, ਆਪਣਾ ਨਾਮ ਬਖ਼ਸ਼ਕੇ ਹੀ ਕਰਦਾ ਹੈ। ਇਹ ਕੇਵਲ ਉਸਦੀ ਰਜ਼ਾ ਹੈ ਕਿ ਉਹ ਕਿਸਨੂੰ ਕਿਹੋ ਜਿਹੀ ਸੋਝੀ ਪਾਉਂਦਾ ਹੈ, ਕਿਹੋ ਜਿਹੇ ਵਿਚਾਰ ਦਿੰਦਾ ਹੈ, ਕਿਸ ਕੋਲੋਂ ਮਾੜੇ ਕਰਮ ਕਰਵਾ ਕੇ ਉਸਨੂੰ ਸਜ਼ਾਵਾਂ ਦਿੰਦਾ ਹੈ ਤੇ ਕਿਸ ਕੋਲੋਂ ਚੰਗੇ ਕਰਮ ਕਰਵਾ ਕੇ ਉਸ ਤੇ ਆਪਣੀ ਕ੍ਰਿਪਾ ਕਰਦਾ ਹੈ। ਉਹ ਸਾਨੂੰ ਜਿਹੋ ਜਿਹੀ ਸੋਝੀ ਪਾਉਂਦਾ ਹੈ ਸਾਨੂੰ ਉਹੀ ਕੁੱਝ ਕਰਨਾ ਪੈਂਦਾ ਹੈ। ਅਸੀਂ ਮਨ ਦੀ ਸੋਝੀ ਮੇਟ ਨਹੀਂ ਸਕਦੇ। ਇਹ ਕੇਵਲ ਉਸਦੀ ਕ੍ਰਿਪਾ ਤੇ ਨਿਰਭਰ ਹੈ ਕਿ ਸਾਨੂੰ ਕਿਹੋ ਜਿਹੀ ਸੋਝੀ ਪਾਉਂਦਾ ਹੈ। **(ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ॥੧੪॥)**

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ, ਇੱਕ ਪਾਸੇ ਰਾਮ ਨਾਮ ਹੈ ਤੇ ਦੂਜੇ ਪਾਸੇ ਮੋਹ ਮਾਇਆ ਹੈ। ਮੋਹ ਮਾਇਆ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ ਜਿਸ ਕਰਕੇ ਅਸੀਂ ਰਾਮ ਨਾਮ ਤੋਂ ਆਪਣਾ ਜੀਅ ਚੁਰਾਉਂਦੇ ਹਾਂ। ਰਾਮ ਨਾਮ ਸਾਨੂੰ ਮੋਹ ਮਾਇਆ ਵਿੱਚੋਂ ਨਿਕਲਣ ਲਈ

14/1476

ਪ੍ਰੇਰਦਾ ਹੈ ਪਰ ਅਸੀਂ ਮੋਹ ਮਾਇਆ ਵਿੱਚੋਂ ਨਿਕਲ ਨਹੀਂ ਸਕਦੇ ਕਿਉਂਕਿ ਇਸ ਵਿੱਚੋਂ ਨਿਕਲਣਾ ਸਾਨੂੰ ਚੰਗਾ ਨਹੀਂ ਲੱਗਦਾ। ਅਭਾਗਾ ਮਨੁੱਖ ਬਾਣੀ ਵਿੱਚ ਉਸਨੂੰ ਹੀ ਕਿਹਾ ਹੈ ਜੋ ਮਾਇਆ ਮੋਹ ਵਿੱਚ ਹੈ, ਜਿਸ ਵਿੱਚ ਰਹਿੰਦਿਆਂ ਮਨੁੱਖ ਨੂੰ ਨਾਮ ਵਿਸਰ ਜਾਂਦਾ ਹੈ, ਗੁਰੂ ਦੀ ਮਤਿ ਵਿਸਰ ਜਾਂਦੀ ਹੈ। ਇਸੇ ਲਈ ਬਾਣੀ ਵਿੱਚ ਕਿਸੇ ਵਿਰਲੇ ਨੂੰ ਹੀ ਭਾਗਾਂ ਵਾਲਾ ਕਿਹਾ ਹੈ ਕਿਉਂਕਿ ਕਿਸੇ ਵਿਰਲੇ ਨੂੰ ਹੀ ਪ੍ਰਮਾਤਮਾ ਆਪਣੀ ਕ੍ਰਿਪਾ ਕਰਕੇ ਮੋਹ ਵਿੱਚੋਂ ਕੱਢਦਾ ਹੈ ਤੇ ਆਪਣਾ ਨਾਮ ਜਪਾਉਂਦਾ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ।

“ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ॥
ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ॥
ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ॥
ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ॥
ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ॥
ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ॥੪॥”

(ਅੰਗ ੪੪੩)

ਜਿਸਨੂੰ ਰਾਮ ਨਾਮ ਵਿਸਰਿਆ ਹੋਇਆ ਹੈ ਉਸਨੂੰ ਹਰ ਕੋਈ ਮਨਮੁਖਿ, ਮੂੜ ਜਾਂ ਅਭਾਗੀ ਤਾਂ ਹਰ ਕੋਈ ਸਮਝਦਾ ਹੀ ਹੈ ਪਰ ਇਹੋ ਜਿਹੇ ਮਨਮੁਖਿ, ਅਭਾਗੀ ਮੂੜ ਕੌਣ ਹਨ ਭਾਵ ਜਿੰਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਉਹ ਕੌਣ ਹਨ ਇਹ ਨਾਲ ਹੀ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਜਿਸਨੂੰ ਸਮਝਣ ਵਿੱਚ ਕੋਈ ਭੁਲੇਖੇ ਵਾਲੀ ਗੱਲ ਨਹੀਂ ਹੈ। ਜਿਸਦੇ ਅੰਦਰ ਮੋਹ ਹੈ, ਮਾਇਆ ਮੋਹ ਹੈ ਉਨ੍ਹਾਂ ਨੂੰ ਮੂੜ ਅਭਾਗੀ ਕਿਹਾ ਹੈ ਤੇ ਉਨ੍ਹਾਂ ਨੂੰ ਹੀ ਨਾਮ ਵਿਸਰਿਆ ਹੋਇਆ ਹੈ। ਮਾਇਆ ਮੋਹ ਕਿਸ ਵਿੱਚ ਨਹੀਂ ਹੈ, ਸਭ ਵਿੱਚ ਹੈ ਤੇ ਇਸੇ ਲਈ ਸਭ ਨੂੰ ਨਾਮ ਵਿਸਰਿਆ ਹੋਇਆ ਹੈ, ਸਭ ਨੂੰ ਗੁਰਮਤਿ ਵਿਸਰੀ ਹੋਈ ਹੈ, ਸਭ ਨੂੰ ਸੱਚ ਵਿਸਰਿਆ ਹੋਇਆ ਹੈ।

14/1477

(ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ॥
ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ॥)

ਗੁਰੂ ਸਾਹਿਬ ਦੇ ਸਮਝਾਉਣ ਵੱਲੋਂ ਤਾਂ ਕੋਈ ਕਸਰ ਨਹੀਂ ਹੈ ਪਰ ਸਾਡੀ ਮਤਿ ਤੇ ਕੱਚਿਆਂ ਨੇ, ਕੱਚੀਆਂ ਬਾਣੀਆਂ ਨੇ ਪੜਦਾ ਪਾਇਆ ਹੋਇਆ ਹੈ ਜੋ ਸਾਨੂੰ ਸੱਚੀ ਬਾਣੀ ਨਾਲ ਜੁੜਨ ਨਹੀਂ ਦਿੰਦੀ ਤੇ ਅਸੀਂ ਸੱਚੀ ਬਾਣੀ ਦੀ ਗੱਲ ਨੂੰ ਸਮਝਦੇ ਹੋਏ ਵੀ ਉਸ ਤੋਂ ਮੂੰਹ ਫੇਰ ਲੈਂਦੇ ਹਾਂ। ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਫਿਰ ਤੋਂ ਸਮਝਾਇਆ ਹੈ ਕਿ ਅਸੀਂ ਮੂੜ ਅਭਾਗੀ ਕਿਸ ਕਰਕੇ ਹਾਂ। ਜਿੱਥੇ ਮਾਇਆ ਦੀ ਮੱਲ ਹੈ, ਜਿੱਥੇ ਔਗੁਣ ਹਨ, ਜਿੱਥੇ ਅਗਿਆਨਤਾ ਦੀ ਮੱਲ ਹੈ, ਉੱਥੇ ਰਾਮ ਨਾਮ ਨਹੀਂ ਹੈ ਭਾਵ ਉੱਥੇ ਸਾਨੂੰ ਗੁਰੂ ਦੀ ਮਤਿ ਨਹੀਂ ਭਾਉਂਦੀ ਕਿਉਂਕਿ ਸਾਨੂੰ ਮਾਇਆ ਹੀ ਭਾਉਂਦੀ ਹੈ ਤੇ ਮਾਇਆ ਕਮਾਉਣ ਲਈ ਅਸੀਂ ਅਨੇਕਾਂ ਕਰਮ ਕਰਦੇ ਹਾਂ, ਆਪਣੇ ਵੱਲੋਂ ਧਰਮ ਵਾਲੇ ਕਰਮ ਵੀ ਕਰਦੇ ਹਾਂ, ਜਪ ਤਪ ਆਦਿ ਵੀ ਕਰਦੇ ਹਾਂ ਜਿੰਨ੍ਹਾਂ ਵਿੱਚ ਸਾਡਾ ਆਪਣਾ ਅਭਿਮਾਨ ਹੈ, ਸਾਡਾ ਆਪਣਾ ਮਾਣ ਹੈ ਭਾਵ ਆਪਣੀ ਮਤਿ ਦਾ ਮਾਣ ਹੈ ਭਾਵ ਉੱਥੇ ਗੁਰੂ ਦੀ ਮਤਿ ਦਾ ਮਾਣ ਨਹੀਂ ਹੈ। ਇਹੀ ਸਾਡੇ ਅੰਦਰੋਂ ਰਾਮ ਨਾਮ ਨੂੰ ਚੋਰੀ ਕਰਨਾ ਹੈ, ਗੁਰੂ ਦੀ ਮਤਿ ਤੋਂ ਜੀਅ ਨੂੰ ਚੁਰਾਉਣਾ ਹੈ ਕਿਉਂਕਿ ਗੁਰੂ ਦੀ ਮਤਿ ਸਾਨੂੰ ਕੇਵਲ ਚੰਗੇ ਤੇ ਸੱਚੇ ਸੁੱਚੇ ਕਰਮ ਕਰਨ ਲਈ ਕਹਿੰਦੀ ਹੈ ਜਿਸ ਵਿੱਚ ਗੁਰੂ ਦਾ ਮਾਣ ਹੁੰਦਾ ਹੈ। **(ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ॥ ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ॥)**

ਇਸ ਮਾਇਆ ਮੋਹ ਵਿੱਚੋਂ ਨਿਕਲਣਾ ਕਿਤਨਾ ਔਖਾ ਹੈ ਭਾਵ ਨਾਮ ਦੀ ਚੋਰੀ ਤੋਂ ਬਚਣਾ ਕਿਤਨਾ ਔਖਾ ਹੈ, ਨਾਮ ਜਪਣਾ ਕਿਤਨਾ ਔਖਾ ਹੈ, ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ॥

ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ॥੪॥”

ਸੰਸਾਰ ਵਿੱਚ ਸਾਡੇ ਦੁੱਖਾਂ ਦਾ ਕਾਰਨ ਇਹ ਮਾਇਆ

14/1478

ਮੋਹ ਦਾ ਮਾਰਗ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਇਹੀ ਭਵ ਸਾਗਰ ਹੈ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਮੁਕਤੀ ਨਹੀਂ ਹੈ। ਇਸ ਮਾਇਆ ਮੋਹ ਦਾ ਕਾਰਨ ਸਾਡੀ ਅਗਿਆਨਤਾ ਹੈ ਸਾਡੇ ਮਨ ਦਾ ਹਨ੍ਹੇਰਾ ਹੈ ਜਿਸ ਕਰਕੇ ਸਾਨੂੰ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ। ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸਦੀ ਗੁਰਮਤਿ ਹੈ, ਉਸਦਾ ਨਾਮ ਹੈ। ਜਦ ਤੱਕ ਉਸ ਦਾ ਨਾਮ ਸਾਡੇ ਮਨ ਵਿੱਚ ਨਹੀਂ ਵੱਸਦਾ, ਉਸਦੇ ਨਾਮ ਦਾ ਪ੍ਰਕਾਸ਼ ਸਾਡੇ ਮਨ ਵਿੱਚ ਨਹੀਂ ਹੁੰਦਾ ਤਦ ਤੱਕ ਸਾਡੇ ਮਨ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ, ਸਾਡੇ ਅੰਦਰੋਂ ਮਾਇਆ ਮੋਹ ਦੀ ਕਾਲਖ ਨਹੀਂ ਉਤਰ ਸਕਦੀ। ਨਾਮ ਸਾਨੂੰ ਸੱਚਾ ਮਾਰਗ ਦਿਖਾਉਂਦਾ ਹੈ, ਇਹ ਮਾਇਆ ਮੋਹ ਵਿੱਚੋਂ ਕੱਢ ਕੇ, ਔਗੁਣਾਂ ਵਿੱਚੋਂ ਕੱਢ ਕੇ ਨਾਮ ਦੀ ਚੋਰੀ ਨੂੰ ਰੋਕਦਾ ਹੈ ਤੇ ਸੱਚੇ ਸੁੱਚੇ ਕਰਮ ਕਰਵਾਉਂਦਾ ਹੈ। ਮੁਕਤੀ ਸਾਨੂੰ ਮਨ ਦੇ ਵਿੱਚ ਨਾਮ ਵੱਸਣ ਦੁਆਰਾ, ਗੁਰੂ ਦਾ ਸੱਚਾ ਗਿਆਨ ਵੱਸਣ ਦੁਆਰਾ ਹੀ ਮਿਲਦੀ ਹੈ। **(ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ॥ ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ॥੪॥)**

ਮਾਇਆ ਮੋਹ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਹੀ ਨਾਮ ਜਪਣ ਦਾ ਉੱਦਮ ਕਰਨਾ ਹੈ, ਨਾਮ ਦੇ ਚੋਰਾਂ ਨੂੰ ਕਾਬੂ ਕਰਨ ਦਾ ਉੱਦਮ ਕਰਨਾ ਹੈ। ਜੇਕਰ ਉੱਦਮ ਹੀ ਕੁੱਝ ਹੋਰ ਸਮਝਿਆ ਹੋਇਆ ਹੈ ਤਾਂ ਫਿਰ ਨਾਮ ਦੀ ਚੋਰੀ ਕਦੇ ਬੰਦ ਨਹੀਂ ਹੋ ਸਕਦੀ ਤੇ ਨਾ ਹੀ ਅਸੀਂ ਕਦੇ ਭਵਜਲ ਸਾਗਰ ਤੋਂ ਪਾਰ ਹੋ ਸਕਦੇ ਹਾਂ ਤੇ ਮੁਕਤੀ ਪਾ ਸਕਦੇ ਹਾਂ। ਜੇਕਰ ਉੱਦਮ ਮੁਕਤੀ ਦਾ ਹੋਵੇਗਾ ਤਾਂ ਫਿਰ ਅਸੀਂ ਮਾੜੇ ਕਰਮ ਨਹੀਂ ਕਰ ਸਕਦੇ ਬਲਕਿ ਉਨ੍ਹਾਂ ਨੂੰ ਛੱਡਣ ਦਾ ਉੱਦਮ ਕਰਾਂਗੇ। ਸਰੀਰਕ ਜਪਾਂ ਤਪਾਂ ਨੇ ਕਿਸੇ ਕੰਮ ਨਹੀਂ ਆਉਣਾ ਉਲਟਾ ਇਨ੍ਹਾਂ ਦੇ ਭਰਮ ਵਿੱਚ ਪੈ ਕੇ ਅਸੀਂ ਨਾਮ ਦੀ ਮਤਿ ਤੋਂ ਵਿਛੜੇ ਹੋਏ ਹਾਂ।

14/1479

ਪਿੱਛੇ ਕਾਫੀ ਸ਼ਬਦਾਂ ਦੀ ਵਿਚਾਰ ਦੁਆਰਾ ਹੁਣ ਅਸੀਂ ਇਹ ਸਮਝ ਚੁੱਕੇ ਹਾਂ ਕਿ ਸਾਡੇ ਅੰਦਰ ਦੁਸ਼ਟਾਂ ਦਾ ਵਾਸਾ ਕੀ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਜਿੰਨ੍ਹਾਂ ਕਰਕੇ ਸਾਨੂੰ ਅਖੀਰ ਗੁਰੂ ਦੇ ਦਰਬਾਰ ਵਿੱਚ ਨੀਵਾਂ ਹੋਣਾ ਪੈਂਦਾ ਹੈ, ਬੇਇੱਜ਼ਤ ਹੋਣਾ ਪੈਂਦਾ ਹੈ, ਜਿਸ ਲਈ ਸਾਨੂੰ ਨਕਟੇ ਵੀ ਕਿਹਾ ਗਿਆ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ, ਚੰਗੇ ਕਰਦੇ ਹਾਂ ਜਾਂ ਮਾੜੇ ਕਰਦੇ ਹਾਂ, ਗੁਣਾਂ ਦੁਆਰਾ ਕਰਦੇ ਹਾਂ ਜਾਂ ਔਗੁਣਾਂ ਦੁਆਰਾ ਕਰਦੇ ਹਾਂ। ਜਦੋਂ ਅਸੀਂ ਗੁਣਾਂ ਦੁਆਰਾ ਵਿਚਰਦੇ ਹਾਂ ਉਸ ਵਿੱਚ ਅਸੀਂ ਗੁਰੂ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ। ਸਾਡੀ ਸੱਚੀ ਕਰਨੀ, ਗੁਰਮਤਿ ਅਨੁਸਾਰ ਕਰਨੀ, ਔਗੁਣ ਰਹਿਤ ਹੋ ਕੇ ਕੀਤੀ ਹੋਈ ਕਰਨੀ ਪ੍ਰਮਾਤਮਾ ਦੀ ਉਸਤਤਿ ਕਰਨੀ ਹੈ। ਉਸਤਤਿ ਦਾ ਦੂਸਰਾ ਪਾਸਾ ਨਿੰਦਾ ਹੈ ਭਾਵ ਜਦੋਂ ਅਸੀਂ ਕੋਈ ਕਰਮ ਗੁਰਮਤਿ ਤੋਂ ਉਲਟ ਕਰਦੇ ਹਾਂ ਉਸ ਵਿੱਚ ਅਸੀਂ ਗੁਰੂ ਪ੍ਰਮਾਤਮਾ ਦੀ ਨਿੰਦਾ ਕਰਦੇ ਹਾਂ, ਉਸਦੀ ਮਤਿ ਦੀ, ਉਸਦੇ ਬਚਨਾਂ ਦੀ ਨਿੰਦਾ ਕਰਦੇ ਹਾਂ ਭਾਵ ਅਸੀਂ ਉਸ ਨੂੰ ਮੰਨਣ ਤੋਂ ਇਨਕਾਰ ਕਰਦੇ ਹਾਂ। ਗੁਰੂ ਦੀ ਗੱਲ ਨੂੰ ਮੰਨਣਾ ਉਸਦੀ ਉਸਤਤਿ ਹੈ ਅਤੇ ਉਸਦੀ ਗੱਲ ਨੂੰ ਨਾ ਮੰਨਣਾ ਉਸਦੀ ਨਿੰਦਾ ਹੈ। ਗੁਰੂ ਦੇ ਬੋਲਾਂ ਨੂੰ ਮੰਨਣਾ ਉਸਦੀ ਉਸਤਤਿ ਹੈ ਤੇ ਉਸਦੇ ਬੋਲਾਂ ਨੂੰ ਨਾ ਮੰਨਣਾ ਉਸਦੇ ਬੋਲਾਂ ਨੂੰ ਵਿਗਾੜਨਾ ਹੈ। ਗੁਰੂ ਪ੍ਰਮਾਤਮਾ ਦੀ ਉਸਤਤਿ ਜਾਂ ਨਿੰਦਾ ਵਿੱਚ ਕੇਵਲ ਸਾਡੇ ਵਿਚਾਰਾਂ ਦਾ ਫਰਕ ਹੈ, ਮਨ ਦੀ ਸੋਝੀ ਦਾ ਫਰਕ ਹੈ ਕਿ ਅਸੀਂ ਕਿਹੋ ਜਿਹੀ ਸੋਝੀ ਦੁਆਰਾ ਵਿਚਰਦੇ ਹਾਂ। ਗੁਰਮਤਿ ਦੀ ਸੱਚੀ ਸੋਝੀ ਸਾਨੂੰ ਉਸਦੀ ਉਸਤਤਿ ਕਰਾਉਂਦੀ ਹੈ ਤੇ ਝੂਠੀ ਸੋਝੀ ਉਸਦੀ ਨਿੰਦਿਆ ਕਰਾਉਂਦੀ ਹੈ। ਜੇਕਰ ਸਾਡੀ ਸੋਝੀ ਸੱਚੀ ਹੈ ਤਾਂ ਫਿਰ ਅਸੀਂ ਸੱਚ ਦੁਆਰਾ ਹੀ ਵਿਚਰਾਂਗੇ, ਔਗੁਣ ਰਹਿਤ ਹੋ ਕੇ ਹੀ ਵਿਚਰਾਂਗੇ ਜਿਸ ਵਿੱਚ ਉਸਦੀ ਉਸਤਤਿ ਹੈ। ਜਿੱਥੇ ਸੱਚ ਹੈ ਉੱਥੇ ਉਸਦੀ ਉਸਤਤਿ ਹੈ ਜਦੋਂ ਸਾਡੇ ਅੰਦਰ ਝੂਠ ਹੈ ਉੱਥੇ ਉਸਦੀ ਨਿੰਦਾ ਹੈ। ਜਦੋਂ

14/1480

ਸਾਡੇ ਅੰਦਰ ਨਾਮ ਟਿਕ ਜਾਂਦਾ ਹੈ ਉਸ ਵਕਤ ਅਸੀਂ ਉਸਦੀ ਉਸਤਤਿ ਹੀ ਕਰਦੇ ਹਾਂ, ਨਿੰਦਾ ਨਹੀਂ ਕਰਦੇ। ਜਦ ਤੱਕ ਸਾਡੇ

ਅੰਦਰ ਨਾਮ ਦੀ ਚੋਰੀ ਚੱਲਦੀ ਰਹਿੰਦੀ ਹੈ ਤਦ ਤੱਕ ਸਾਡੇ ਅੰਦਰ ਨਿੰਦਾ ਵੀ ਨਾਲ ਨਾਲ ਹੀ ਚੱਲਦੀ ਹੈ ਭਾਵ ਅਸੀਂ ਉਸਨੂੰ ਅੱਠੇ ਪਹਿਰ ਨਹੀਂ ਜਪ ਸਕਦੇ ਭਾਵ ਅੱਠੇ ਪਹਿਰ ਸੱਚੇ ਹੋ ਕੇ ਨਹੀਂ ਵਿਚਰ ਸਕਦੇ। ਇਸੇ ਲਈ ਸਾਡੀ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੋਣੀ ਚਾਹੀਦੀ ਹੈ ਭਾਵ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਪ੍ਰਮਾਤਮਾ ਸਾਨੂੰ ਔਗੁਣਾਂ ਤੋਂ ਬਚਾ ਕੇ ਰੱਖੇ ਤਾਂ ਜੋ ਅਸੀਂ ਉਸਦੀ ਨਿੰਦਾ ਤੋਂ ਬਚ ਸਕੀਏ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਪਉੜੀ॥

“ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥
ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ॥
ਨਾਨਕ ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ॥੧੭॥”

(ਅੰਗ ੧੨੪੪)

“**ਦੁਸਟੁ**” ਸਾਡੇ ਮਨ ਨੂੰ ਕਿਹਾ ਹੈ, ਸਾਡੇ ਮਨ ਦੀ ਬਿਰਤੀ ਨੂੰ ਕਿਹਾ ਹੈ, ਮਨ ਦੇ ਮਾੜੇ ਵਿਚਾਰਾਂ ਦੀ ਅਵੱਸਥਾ ਨੂੰ ਕਿਹਾ ਹੈ। ਜਦ ਤੱਕ ਸਾਡਾ ਮਨ “**ਦੁਸਟੁ**” ਬਣਿਆ ਹੋਇਆ ਹੈ ਤਦ ਤਕ ਇਹ ਨਿੰਦਾ ਕਰਦਾ ਹੈ ਭਾਵ ਇਹ ਉਸਤਤਿ ਨਹੀਂ ਕਰਦਾ। ਉਸਤਤਿ ਅਸੀਂ ਗੁਰੂ ਪ੍ਰਮਾਤਮਾ ਦੀ ਕਰਨੀ ਹੈ ਜੋ ਕਿ ਕੇਵਲ ਸੱਚ ਦੁਆਰਾ ਹੁੰਦੀ ਹੈ। ਸਾਡੇ ਮਾੜੇ ਵਿਚਾਰ ਅਸਲ ਵਿੱਚ ਸੱਚ ਦੀ ਨਿੰਦਾ ਕਰਦੇ ਹਨ ਤੇ ਸੱਚ ਦੀ ਨਿੰਦਾ ਪ੍ਰਮਾਤਮਾ ਦੀ ਨਿੰਦਾ ਹੈ, ਗੁਰਮਤਿ ਦੀ ਨਿੰਦਾ ਹੈ। ਮਨ ਦੇ ਵਿਚਾਰਾਂ ਦੁਆਰਾ ਅਸੀਂ ਜੋ ਵੀ ਸੱਚ ਦੇ ਉਲਟ ਕੰਮ ਕਰਦੇ ਹਾਂ ਉਸ ਨਾਲ ਸੱਚ ਦਾ ਨੱਕ ਵੱਢਦੇ ਹਾਂ, ਗੁਰਮਤਿ ਦਾ ਨੱਕ ਵੱਢਦੇ ਹਾਂ ਭਾਵ ਉਸਨੂੰ ਨੀਵਾਂ ਕਰਦੇ ਹਾਂ ਤੇ ਇਸੇ ਲਈ ਸਾਡਾ ਪ੍ਰਮਾਤਮਾ ਦੇ ਦਰਬਾਰ ਵਿੱਚ,

14/1481

ਸੱਚ ਦੇ ਦਰਬਾਰ ਵਿੱਚ ਨੱਕ ਵੱਢਿਆ ਜਾਂਦਾ ਹੈ ਭਾਵ ਜਿਹੋ ਜਿਹਾ ਅਸੀਂ ਬੀਜਦੇ ਹਾਂ, ਆਪਣੇ ਕਰਮਾਂ ਦੁਆਰਾ ਬੀਜਦੇ ਹਾਂ ਉਹੋ ਜਿਹਾ ਭੋਗਦੇ ਹਾਂ। ਮਾੜੇ ਕਰਮਾਂ ਦਾ ਨਤੀਜਾ ਸਾਨੂੰ ਮਾੜਾ ਹੀ ਮਿਲਦਾ ਹੈ ਅਤੇ ਚੰਗੇ ਕਰਮਾਂ ਦਾ ਨਤੀਜਾ ਚੰਗਾ ਮਿਲਦਾ ਹੈ। **(ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥)** ਪ੍ਰਮਾਤਮਾ ਦੇ ਨਾਲ ਸਾਡੀ ਨੇੜਤਾ ਜਾਂ ਦੂਰੀ ਸਾਡੇ ਚੰਗੇ ਜਾਂ ਮਾੜੇ ਕਰਮਾਂ ਦੁਆਰਾ ਹੀ ਤੈਅ ਹੁੰਦੀ ਹੈ।

{ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥}

(ਅੰਗ - ੮)

ਜਦ ਤੱਕ ਸਾਡਾ ਮਨ ਦੁਸ਼ਟ ਬਣਿਆ ਹੋਇਆ ਹੈ, ਗੁਰਮਤਿ ਦੀ ਨਿੰਦਾ ਕਰ ਰਿਹਾ ਹੈ ਉਸੇ ਲਈ ਸਾਨੂੰ ਮਹਾਂ ਕਰੂਪ ਕਿਹਾ ਹੈ, ਸਦਾ ਦੁਖੀ ਕਿਹਾ ਹੈ ਭਾਵ ਅਸੀਂ ਗੁਰੂ ਦੇ ਦੋਖੀ ਹਾਂ। ਇਸੇ ਲਈ ਸਾਨੂੰ ਕਾਲੇ ਮੂੰਹ ਵਾਲਾ ਕਿਹਾ ਹੈ ਭਾਵ ਮਾੜੇ ਕਰਮ ਕਰਕੇ ਅਸੀਂ ਉਸ ਦੇ ਦਰਬਾਰ ਵਿੱਚ ਕਾਲਾ ਮੂੰਹ ਲੈ ਕੇ ਜਾਂਦੇ ਹਾਂ, ਬੇਇੱਜ਼ਤ ਹੁੰਦੇ ਹਾਂ। ਸਾਡੀ ਇਸ ਹਾਲਤ ਦੀ ਜਿੰਮੇਵਾਰ ਮਾਇਆ ਹੈ, ਮਾਇਆ ਦਾ ਮੋਹ ਹੈ ਜਿਸ ਦੀ ਪ੍ਰਾਪਤੀ ਲਈ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਇਸ ਮਨ ਨੂੰ ਦੁਸ਼ਟ ਬਣਾਉਂਦੇ ਹਾਂ। **(ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥)**

ਮਾਇਆ ਕਮਾਉਣ ਲਈ ਅਸੀਂ ਮਾੜੇ ਕਰਮ ਕਿਸ ਰੂਪ ਵਿੱਚ ਕਰਦੇ ਹਾਂ ਇਹ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥”

ਭਲਕੇ ਉੱਠ ਕੇ, ਨਿੱਤ ਹਰ ਰੋਜ਼ ਉੱਠਕੇ ਨਾਮ ਜਪਣ ਦੀ ਗੱਲ ਕਰਨ ਵਾਲਿਆਂ ਦੀ ਗਿਣਤੀ ਬਹੁਤ ਜਿਆਦਾ ਹੈ ਪਰ ਅਸਲ ਵਿੱਚ ਨਾਮ ਕੀ ਹੈ, ਇਸ ਨੂੰ ਸਮਝਣ ਵਾਲਿਆਂ ਦੀ ਗਿਣਤੀ ਕੇਵਲ ਨਾਮਮਾਤਰ ਹੀ ਹੈ। ਨਾਮ ਜਪਣਾ ਕੀ ਹੈ, ਇਸ ਨੂੰ ਕੇਵਲ

ਉਹੀ ਸਮਝ ਸਕਦਾ ਹੈ ਜਿਸ ਨੂੰ ਗੁਰੂ 'ਤੇ ਵਿਸ਼ਵਾਸ ਹੈ, ਗੁਰਬਾਣੀ ਤੇ ਵਿਸ਼ਵਾਸ ਹੈ, ਕੇਵਲ ਸੱਚੀ ਬਾਣੀ ਤੇ ਵਿਸ਼ਵਾਸ

14/1482

ਹੈ। ਸੱਚੀ ਬਾਣੀ ਨੇ ਸਾਨੂੰ ਕਿਤੇ ਵੀ ਉਹ ਨਾਮ ਨਹੀਂ ਸਮਝਾਇਆ ਜਿਸ ਨੂੰ ਹਰ ਕੋਈ ਨਾਮ ਬਣਾਈ ਬੈਠਾ ਹੈ। ਇਹ ਸਭ ਕੱਚਿਆਂ ਦੀ ਦੇਣ ਹੈ ਜੋ ਉਸ ਸੱਚੇ ਦੀ ਕਸਵੱਟੀ ਤੇ ਬਿਲਕੁਲ ਵੀ ਪੂਰੇ ਨਹੀਂ ਉਤਰਦੇ। ਜਪ ਤਾਂ ਅਸੀਂ ਉਸ ਸੱਚੇ ਦਾ ਕਰਨਾ ਚਾਹੁੰਦੇ ਹਾਂ ਪਰ ਅਸਲ ਵਿੱਚ ਜਪੀ ਅਸੀਂ ਕੱਚਿਆਂ ਨੂੰ ਜਾਂਦੇ ਹਾਂ। ਜਪਦੇ ਅਸੀਂ ਉਸਨੂੰ ਹੀ ਹਾਂ ਜਿਸ ਦੀ ਅਸੀਂ ਗੱਲ ਮੰਨਦੇ ਹਾਂ। ਸਾਡੇ ਧਿਆਨ ਵਿੱਚ ਤਾਂ ਕੱਚਿਆਂ ਦੀ ਬਾਣੀ ਵਸੀ ਹੋਈ ਹੈ ਫਿਰ ਸੱਚੀ ਬਾਣੀ ਕਿੱਥੋਂ ਵੱਸੇ ਜਿਸ ਨੇ ਸਾਡਾ ਪਾਰ ਉਤਾਰਾ ਕਰਨਾ ਹੈ। ਉਪਰਲੀ ਪੰਗਤੀ ਦੇ ਅਰਥ ਜਿਹੜਾ ਮਰਜ਼ੀ ਆਪਣੇ ਆਪ ਨੂੰ ਸਿਆਣੇ ਤੋਂ ਸਿਆਣਾ ਅਖਵਾਉਣ ਵਾਲਾ ਕਰ ਲਵੇ ਤੇ ਸੋਚੇ ਕਿ ਨਾਮ ਚੁਰਾਉਣਾ ਕੀ ਹੈ। ਬੜਾ ਹੀ ਸਪੱਸ਼ਟ ਸਮਝਾਇਆ ਹੈ ਕਿ ਜੋ ਕਿਸੇ ਦਾ ਹੱਕ ਮਾਰਦਾ ਹੈ, ਪਰਾਇਆ ਧਨ ਚੁਰਾਉਂਦਾ ਹੈ ਭਾਵ ਮਾਇਆ ਦੇ ਲੋਭ ਲਾਲਚ ਵਿੱਚ ਆ ਕੇ ਕਿਸੇ ਦਾ ਮਾੜਾ ਕਰਦਾ ਹੈ ਉਹ ਨਾਮ ਦਾ ਚੋਰ ਹੈ। ਕੀ ਸਾਨੂੰ ਗੁਰਬਾਣੀ ਇਹ ਸਮਝਾਉਂਦੀ ਹੈ ਕਿ ਅਸੀਂ ਕਿਸੇ ਦਾ ਹੱਕ ਮਾਰੀਏ। ਕਿਸੇ ਦਾ ਹੱਕ ਖਾਣ ਨੂੰ ਬਾਣੀ ਵਿੱਚ ਬਹੁਤ ਜਿਆਦਾ ਨਿੰਦਿਆ ਗਿਆ ਹੈ।

{ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥}

(ਅੰਗ ੧੪੧)

ਇਤਨੇ ਸਰਲ ਅਰਥ ਕਿਸਨੂੰ ਸਮਝ ਨਹੀਂ ਆਉਂਦੇ ਕਿ ਗੁਰੂ ਪ੍ਰਮਾਤਮਾ ਕਿਹੋ ਜਿਹੇ ਮਨੁੱਖ ਦੀ ਹਾਮੀ ਭਰਦਾ ਹੈ ਭਾਵ ਕਿਸ ਨੂੰ ਚੰਗਾ ਸਮਝਦਾ ਹੈ। ਜਿਹੋ ਜਿਹਾ ਨਾਮ ਅਸੀਂ ਜਪਦੇ ਹਾਂ, ਉਸਨੂੰ ਜਪਣਾ ਹੀ ਅਸੀਂ ਚੰਗਾ ਕਹਿੰਦੇ ਹਾਂ, ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਬਣਨਾ ਸਮਝਦੇ ਹਾਂ ਪਰ ਕੀ ਇਨ੍ਹਾਂ ਗੱਲਾਂ ਨਾਲ, ਇਹੋ ਜਿਹੇ ਦਿਖਾਵੇ ਵਾਲੇ ਜਪ ਤਪ ਨਾਲ ਅਸੀਂ ਉਸਨੂੰ ਚੰਗੇ ਲੱਗ ਸਕਦੇ ਹਾਂ। ਅਸੀਂ ਕੇਵਲ ਸੰਸਾਰਿਕ ਚੰਗਿਆਈਆਂ ਬਟੋਰਨ ਵਿੱਚ ਲੱਗੇ ਹੋਏ ਹਾਂ ਤੇ ਗੁਰੂ

14/1483

ਦੇ ਬਚਨਾਂ ਦੀ ਦਿਨ ਰਾਤ ਨਿੰਦਿਆ ਕਰਨ ਵਿੱਚ ਲੱਗੇ ਹੋਏ ਹਾਂ। ਜੇਕਰ ਕਿਸੇ ਦਾ ਮਾੜਾ ਕਰਨਾ ਨਾਮ ਚੁਰਾਉਣਾ ਹੈ ਤਾਂ ਫਿਰ ਨਾਮ ਜਪਣਾ ਕੀ ਹੈ। ਪਹਿਲੀ ਤੇ ਇੱਕੋ ਇੱਕ ਗੱਲ ਜਿਸ ਦੁਆਰਾ ਅਸੀਂ ਕਿਸੇ ਦਾ ਮਾੜਾ ਨਹੀਂ ਕਰਦੇ ਉਹ ਇਹੀ ਹੈ ਜੇਕਰ ਸਾਡੇ ਅੰਦਰ ਔਗੁਣ ਨਹੀਂ ਹੋਣਗੇ, ਨਾਮ ਦੇ ਚੋਰ ਨਹੀਂ ਹੋਣਗੇ। ਇਹੋ ਜਿਹੀ ਅਵੱਸਥਾ ਵਿੱਚ ਅਸੀਂ ਜੋ ਕੁੱਝ ਵੀ ਕਰਾਂਗੇ ਉਹ ਚੰਗਾ ਹੀ ਕਰਾਂਗੇ ਭਾਵ ਚੰਗੇ ਕਰਮ ਹੀ ਕਰਾਂਗੇ, ਕਿਸੇ ਦਾ ਮਾੜਾ ਕਰਨਾ ਤਾਂ ਦੂਰ ਦੀ ਗੱਲ ਹੈ, ਕਿਸੇ ਦਾ ਹੱਕ ਮਾਰਨਾ ਸਾਡੀ ਸੋਚ ਵਿੱਚੋਂ ਹੀ ਨਿਕਲ ਜਾਵੇਗਾ। "**ਇਹ ਹੈ ਨਾਮ ਜਪਣਾ**" ਭਾਵ "**ਗੁਰੂ ਦੀ ਮਤਿ ਨੂੰ ਆਪਣੇ ਮਨ ਵਿੱਚ ਜਪਣਾ**", ਸੱਚ ਨੂੰ ਆਪਣੇ ਮਨ ਵਿੱਚ ਜਪਣਾ ਤੇ ਅੱਠੇ ਪਹਿਰ, ਪੂਰੀ ਜ਼ਿੰਦਗੀ ਉਸ ਅਨੁਸਾਰ ਵਿਚਰਨਾ। ਭਲਕੇ ਉੱਠਣ ਦਾ ਚਾਉ ਤਾਂ ਸਭ ਵਿੱਚ ਹੈ, ਸਰੀਰਕ ਜਪ ਤਪ ਕਰਨ ਦਾ ਚਾਉ ਤਾਂ ਸਭ ਵਿੱਚ ਹੈ ਪਰ ਔਗੁਣ ਛੱਡਣ ਦਾ ਚਾਅ ਕਿੰਨਿਆਂ ਵਿੱਚ ਹੈ ਭਾਵ ਜਿਸ ਨੂੰ ਬਾਣੀ ਵਿੱਚ ਅਸਲ ਅਨੰਦ ਕਿਹਾ ਹੈ ਜੇਕਰ ਉਸਦੀ ਗਿਣਤੀ ਕਰੋਗੇ ਤਾਂ ਫਿਰ ਪਿੱਛੇ ਕੋਈ ਵਿਰਲਾ ਹੀ ਬਚੇਗਾ। ਬਾਣੀ ਸਾਨੂੰ ਜੋ ਕੁੱਝ ਵੀ ਕਹਿੰਦੀ ਹੈ ਉਹ ਉਸੇ ਤਰ੍ਹਾਂ ਸੱਚ ਹੈ। ਉਸਦਾ ਨਾਮ ਕੋਈ ਵਿਰਲਾ ਹੀ ਜਪਦਾ ਹੈ ਤੇ ਉਹੀ ਜਪਦਾ ਹੈ ਜਿਸ ਤੇ ਉਹ ਆਪਣੀ ਵੱਡੀ ਕਿਰਪਾ, ਸੱਚੀ ਕਿਰਪਾ ਕਰਕੇ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ। ਔਗੁਣ ਰਹਿਤ ਹੋਣ ਦਾ ਮਕਸਦ ਸੱਚੇ ਸੁੱਚੇ ਇਨਸਾਨ ਬਣਨਾ ਹੀ ਹੈ। ਇਨਸਾਨੀਅਤ ਨਾਲ ਵਿਚਰਨਾ ਹੀ ਨਾਮ ਜਪਣਾ ਹੈ। ਜਿਸਨੂੰ ਅਸੀਂ ਨਾਮ ਜਪਣਾ ਸਮਝੀ ਬੈਠੇ ਹੋਏ ਹਾਂ ਇਸੇ ਲਈ ਉਸਨੂੰ ਸਾਡਾ ਪਾਖੰਡ ਦੱਸਿਆ ਹੈ।

ਭੈਰਉ ਮਹਲਾ ੫॥

{ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥

ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥}

(ਅੰਗ ੧੧੪੭)

ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

{ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥

ਵਡਭਾਗੀ ਹਰਿ ਨਾਮੁ ਧਿਆਇਆ॥

ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥੧॥}

(ਅੰਗ ੯੪)

14/1484

ਪ੍ਰਮਾਤਮਾ ਆਪਣੀ ਭਗਤੀ ਵਿਰਲੇ ਨੂੰ ਹੀ ਬਖ਼ਸ਼ਦਾ ਹੈ, ਆਪਣਾ ਨਾਮ ਵਿਰਲੇ ਨੂੰ ਹੀ ਬਖ਼ਸ਼ਦਾ ਹੈ, ਆਪਣੀ ਗੁਰਮਤਿ ਕਿਸੇ ਵਿਰਲੇ ਨੂੰ ਹੀ ਬਖ਼ਸ਼ਦਾ ਹੈ, ਕਿਸੇ ਵਿਰਲੇ ਨੂੰ ਹੀ ਔਗੁਣਾਂ ਵਿੱਚੋਂ ਕੱਢ ਕੇ ਆਪਣਾ ਨਾਮ ਜਪਾਉਂਦਾ ਹੈ। ਸੱਚੀ ਬਾਣੀ ਤਾਂ ਸਾਨੂੰ ਇਹੋ ਜਿਹਾ ਨਾਮ ਜਪਣਾ ਹੀ ਸਿਖਾਉਂਦੀ ਹੈ ਪਰ ਦਿਨ ਰਾਤ ਨਾਮ ਦੀ ਚੋਰੀ ਕਰਨ ਵਾਲੇ ਭਾਵ ਦਿਨ ਰਾਤ, ਸੁੱਤੇ ਜਾਗਦੇ ਮਾੜੀ ਬਿਰਤੀ ਰੱਖਣ ਵਾਲੇ ਜੇਕਰ ਗੱਲਾਂ ਨਾਲ ਹੀ ਨਾਮ ਜਪਣਾ ਸਮਝਦੇ ਹਨ, ਇੱਕ ਅੱਖਰ ਨੂੰ ਜਪੀ ਜਾਣਾ ਹੀ ਨਾਮ ਜਪਣਾ ਸਮਝਦੇ ਹਨ ਫਿਰ ਉਹ ਸੱਚੀ ਬਾਣੀ ਨਾਲ ਕਦੇ ਨਹੀਂ ਜੁੜ ਸਕਦੇ। ਅਸਲ ਵਿੱਚ ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ, ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਸਾਡੇ ਅੰਦਰ ਮਾਇਆ ਦੀ ਜੁਗਤਿ ਹੀ ਵਰਤ ਰਹੀ ਹੈ ਜਿਸ ਕਰਕੇ ਅਸੀਂ ਅਗਿਆਨਤਾ ਵਿੱਚ ਹਾਂ ਜੋ ਕਿ ਸਾਡੀ ਕੱਚੀ ਸੋਝੀ ਦਾ ਮੂਲ ਕਾਰਨ ਹੈ। ਕੱਚੀ ਸੋਝੀ ਦਾ ਹੱਲ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸਦੀ ਸੱਚੀ ਸੋਝੀ ਹੈ। ਉਸਦੀ ਸੱਚੀ ਸੋਝੀ ਚੌਥੇ ਪਦ ਵਿੱਚ ਹੈ ਜਿਸਦੀ ਪ੍ਰਾਪਤੀ ਦੇ ਬਿਨ੍ਹਾਂ ਸਾਡੇ ਅੰਦਰੋਂ ਮਾਇਆ ਮੋਹ ਨਹੀਂ ਨਿਕਲ ਸਕਦਾ, ਅਗਿਆਨਤਾ ਨਹੀਂ ਨਿਕਲ ਸਕਦੀ ਤੇ ਸਾਡੇ ਅੰਦਰੋਂ ਨਾਮ ਦੀ ਚੋਰੀ ਬੰਦ ਨਹੀਂ ਹੋ ਸਕਦੀ ਭਾਵੇਂ ਅਸੀਂ ਜਿਤਨੀਆਂ ਮਰਜ਼ੀ ਕੋਸ਼ਿਸ਼ਾਂ ਕਰੀ ਜਾਈਏ। ਇਹ ਸਭ ਮਾਇਆ ਦੀ ਜੁਗਤਿ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। **(ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥)** ਕਿਉਂਕਿ ਮਾਇਆ ਮੋਹ ਵਿੱਚੋਂ ਨਿਕਲਣਾ ਸਾਡੇ ਵੱਸ ਨਹੀਂ ਹੈ, ਇਸੇ ਲਈ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਇਹ ਸਮਝਾਇਆ ਹੈ ਕਿ ਅਸੀਂ ਪ੍ਰਮਾਤਮਾ ਕੋਲੋਂ ਇਹੀ ਮੰਗੀਏ ਕਿ ਸਾਨੂੰ ਦੁਸ਼ਟਾਂ ਦੀ ਭਾਵ ਔਗੁਣਾਂ ਦੀ ਸੰਗਤ ਤੋਂ ਬਚਾ ਲਵੇ ਜਿੰਨ੍ਹਾਂ ਦੀ ਸੰਗਤ ਕਰਕੇ ਸਾਡਾ ਮਨ ਦੁਸ਼ਟ ਬਣਦਾ ਹੈ। **(ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ॥ ਨਾਨਕ ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ॥੧੭॥)**

ਜਿਸ ਚੀਜ਼ ਨੂੰ ਅਸੀਂ ਜਪਣਾ ਚਾਹੁੰਦੇ ਹਾਂ ਅਸੀਂ ਉਸਨੂੰ ਉਸਦਾ ਦਾਸ ਬਣਕੇ ਜਪਦੇ ਹਾਂ, ਉਸਦਾ ਸੇਵਕ ਬਣਕੇ ਜਪਦੇ ਹਾਂ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਪ੍ਰਮਾਤਮਾ ਨੂੰ ਜਪਿਆ ਹੈ, ਉਸਦਾ ਦਾਸ ਬਣਕੇ ਜਪਿਆ ਹੈ। ਅਸੀਂ ਸਭ ਨਾਮ ਜਪਣਾ ਚਾਹੁੰਦੇ ਹਾਂ ਤੇ ਨਾਮ ਜਪਣ ਲਈ ਸਾਨੂੰ ਨਾਮ ਦਾ ਦਾਸ ਬਣਨਾ ਪਵੇਗਾ। ਨਾਮ ਦਾ ਦਾਸ ਬਣਨਾ ਕੀ ਹੈ ਭਾਵ ਉਸਨੂੰ ਜਪਣ ਵਾਲੇ ਕਿਹੋ ਜਿਹੇ ਹੁੰਦੇ ਹਨ, ਆਓ ਇਹੀ ਗੱਲ ਅਗਲੇ ਸ਼ਬਦ ਦੁਆਰਾ ਸਮਝੀਏ ਤੇ ਨਾਲ ਹੀ ਇਸ ਗੱਲ ਨੂੰ ਹੋਰ ਦ੍ਰਿੜ ਕਰੀਏ ਕਿ ਨਾਮ ਦੇ ਚੋਰ ਕਿੰਨ੍ਹਾਂ ਨੂੰ ਕਿਹਾ ਹੈ। ਪੂਰੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਸ ਵਿੱਚ ਨਾਮ ਦੀ ਵਿਆਖਿਆ ਬੜੇ ਹੀ ਸਰਲ ਤੇ ਸਪੱਸ਼ਟ ਤਰੀਕੇ ਨਾਲ ਕੀਤੀ ਹੋਈ ਹੈ। ਕੇਵਲ ਗੁਰਬਾਣੀ ਤੇ ਭਰੋਸਾ ਰੱਖਣ ਦੀ ਲੋੜ ਹੈ, ਸੱਚੀ ਬਾਣੀ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਸੱਚਾ ਗੁਰੂ, ਪੂਰਾ ਗੁਰੂ ਸਾਨੂੰ ਜੋ ਕੁੱਝ ਵੀ ਸਮਝਾ ਰਿਹਾ ਹੈ ਉਸ ਵਿੱਚ ਪੂਰਾ ਸੱਚ ਹੈ।

ਪ੍ਰਭਾਤੀ ਮਹਲਾ ੧ ॥

“ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ ॥

ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ ॥੧॥

ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ ॥

ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ ॥੧॥ ਰਹਾਉ ॥
ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ ॥
ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ॥੨॥
ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਢਾਵੈ ॥
ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ ॥੩॥
ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ ॥
ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥੪॥੩॥”

(ਅੰਗ ੧੩੨੮)

ਬਾਣੀ ਵਿੱਚ ਸਾਨੂੰ ਇਹ ਗੱਲ ਵਾਰ-ਵਾਰ ਸਮਝਾਈ ਹੋਈ ਹੈ ਕਿ ਬ੍ਰਹਮਾ, ਬਿਸ਼ਨ, ਮਹੇਸ਼, ਸਿੱਧ, ਦੇਵੀ ਦੇਵਤੇ ਆਦਿ ਜਿੰਨ੍ਹਾਂ ਨੂੰ ਪੂਜਣ ਵਾਲੇ ਅੱਜ ਵੀ ਕਰੋੜਾਂ ਵਿੱਚ ਹਨ ਉਨ੍ਹਾਂ ਨੇ ਪ੍ਰਮਾਤਮਾ ਦਾ ਭੇਦ ਨਹੀਂ ਪਾਇਆ ਤੇ ਇਸੇ ਲਈ ਉਨ੍ਹਾਂ ਨੂੰ ਤ੍ਰੈਗੁਣਾਂ ਵਿੱਚ ਦੱਸਿਆ ਹੈ। ਜਿਵੇਂ ਕਿ ਅਸੀਂ ਵਾਰ-ਵਾਰ ਜਾਣਦੇ ਆ ਰਹੇ ਹਾਂ ਕਿ ਅਸੀਂ ਜੋ ਕੁੱਝ ਵੀ ਕਰਦੇ ਹਾਂ, ਇਹ ਮਹਿਸੂਸ ਕਰਦੇ ਹਾਂ ਕਿ ਇਹ “ਮੈਂ” ਕਰ ਰਿਹਾ ਹਾਂ, “ਮੈਂ” ਆਪਣੀ

14/1486

ਮਤਿ ਨਾਲ ਕਰ ਰਿਹਾ ਹਾਂ। ਜੇਕਰ ਬ੍ਰਹਮਾ ਨੇ ਬੇਦ ਉਚਾਰੇ ਤਾਂ ਉਸ ਨੇ ਇਹ ਸਮਝਾਇਆ ਕਿ ਇਨ੍ਹਾਂ ਨੂੰ ਮੈਂ ਉਚਾਰਿਆ ਹੈ, ਜੇਕਰ ਸ਼ੰਕਰ ਨੇ ਸੰਸਾਰਿਕ ਮਾਇਆ ਛੱਡੀ ਤਾਂ ਉਸਨੇ ਇਹ ਕਹਿਆ ਕਿ ਇਹ ਮੈਂ ਛੱਡੀ ਭਾਵ ਜਿੰਨ੍ਹਾਂ ਗੱਲਾਂ ਕਰਕੇ ਉਨ੍ਹਾਂ ਨੂੰ ਲੋਕਾਂ ਨੇ ਵੱਡਾ ਮੰਨਿਆ, ਉੱਚਾ ਮੰਨਿਆ ਉਸ ਵਿੱਚ ਲੋਕਾਂ ਨੂੰ ਉਨ੍ਹਾਂ ਦੀ ਮਤਿ ਹੀ ਵੱਡੀ ਨਜ਼ਰ ਆਈ ਭਾਵ ਲੋਕਾਂ ਨੇ ਕਿਸੇ ਮਨੁੱਖੀ ਦੇਹ ਨੂੰ ਵੱਡਾ ਮੰਨਿਆ, ਮਨੁੱਖੀ ਦੇਹ ਨੂੰ ਵੱਡੇ ਗੁਣਾਂ ਵਾਲਾ ਮੰਨਿਆ। ਇਹੀ ਗੱਲ ਸਿੱਧਾਂ, ਉਦਾਸੀਆਂ, ਦੇਵੀ ਦੇਵਤਿਆਂ ਤੇ ਲਾਗੂ ਹੁੰਦੀ ਹੈ ਜਿੰਨ੍ਹਾਂ ਨੂੰ ਅਸੀਂ ਵੱਡਾ ਕਰਕੇ ਜਾਣਦੇ ਹਾਂ ਤੇ ਉਨ੍ਹਾਂ ਦੀ ਪੂਜਾ ਕਰਦੇ ਹਾਂ ਭਾਵ ਕਿਸੇ ਦੇਹ ਦਾ ਮਾਣ ਸਤਿਕਾਰ ਕਰਦੇ ਹਾਂ। ਉਨ੍ਹਾਂ ਦੇ ਇਸ ਵੱਡੇਪਨ ਵਿੱਚ ਜਿਵੇਂ ਕਿ ਬ੍ਰਹਮਾ ਨੇ ਵੇਦ ਉਚਾਰੇ ਤੇ ਵੱਡਾ ਬਣਿਆ, ਸੰਸਾਰ ਵਿੱਚ ਵੱਡਾ ਮਾਣ ਮਿਲਿਆ ਇਸ ਦੇ ਪਿੱਛੇ ਕਾਰਨ ਕੀ ਸੀ ਭਾਵ ਇਹ ਸਭ ਕੁੱਝ ਕਰਵਾਉਣ ਵਾਲਾ ਕੌਣ ਸੀ ਇਸ ਦੀ ਸਮਝ ਕਿਸੇ ਨੂੰ ਨਹੀਂ ਲੱਗੀ, ਇਸ ਦਾ ਮਰਮ ਕਿਸੇ ਨੇ ਨਹੀਂ ਪਾਇਆ, ਉਨ੍ਹਾਂ ਨੂੰ ਉੱਚਾ ਬਣਾਉਣ ਵਾਲਾ ਕੌਣ ਸੀ, ਇਤਨਾ ਉੱਚਾ ਗਿਆਨ ਦੇਣ ਵਾਲਾ ਕੌਣ ਸੀ ਇਸ ਦੀ ਸੋਝੀ ਉਨ੍ਹਾਂ ਵੱਡਾ ਅਖਵਾਉਣ ਵਾਲਿਆਂ ਨੂੰ ਆਪ ਵੀ ਨਹੀਂ ਪਈ। **(ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ॥ ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ॥੧॥)** ਸਾਡੇ ਅੰਦਰ ਸਭ ਕੁੱਝ ਕਰਵਾਉਣ ਵਾਲਾ ਉਹ ਆਪ ਪ੍ਰਮਾਤਮਾ ਹੈ, ਸਾਨੂੰ ਸੋਝੀ ਪਾਉਣ ਵਾਲਾ ਉਹ ਪ੍ਰਮਾਤਮਾ ਹੈ। ਉਹ ਕਰਨ ਕਾਰਣ ਸਮਰੱਥ ਹੈ। ਕਰਦੇ ਅਸੀਂ ਹਾਂ ਪਰ ਉਸਦੇ ਪਿੱਛੇ ਕਾਰਨ ਉਹ ਆਪ ਹੁੰਦਾ ਹੈ, ਕਰਵਾਉਣ ਵਾਲਾ ਉਹ ਆਪ ਹੁੰਦਾ ਹੈ।

ਮਹਲਾ ੧॥
{ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ॥
ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ॥
ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ॥
ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ॥
ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ॥੨॥}

(ਅੰਗ ੧੨੩੯)

14/1487

ਸਲੋਕ ਮਃ ੧॥

{ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ॥
ਸਭ ਕਾਰਣ ਕਰਤਾ ਕਰੇ ਜਿਸੁ ਖਵਾਲੇ ਤਿਸੁ॥੧॥}

(ਅੰਗ ੧੨੯੦)

ਆਸਾਵਰੀ ਮਹਲਾ ੫॥
{ਕਾਰਨ ਕਰਨ ਤੂੰ ਹਾਂ॥ ਅਵਰੁ ਨਾ ਸੁਝੈ ਮੂੰ ਹਾਂ॥
ਕਰਹਿ ਸੁ ਹੋਈਐ ਹਾਂ॥ ਸਹਜਿ ਸੁਖਿ ਸੋਈਐ ਹਾਂ॥
ਧੀਰਜ ਮਨਿ ਭਏ ਹਾਂ॥ ਪ੍ਰਭ ਕੈ ਦਰਿ ਪਏ ਮੇਰੇ ਮਨਾ॥੧॥ਰਹਾਉ॥}

(ਅੰਗ ੪੧੦)

ਜਦ ਤੱਕ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ ਜੋ ਕੁੱਝ ਵੀ ਅਸੀਂ ਕਰਦੇ ਹਾਂ ਉਸਨੂੰ ਕਰਵਾਉਣ ਵਾਲਾ ਕੌਣ ਹੈ, ਉਸਦੇ ਪਿੱਛੇ ਕਾਰਨ ਕੀ ਹੈ ਜਿਸ ਕਰਕੇ ਅਸੀਂ ਉਹ ਕੁੱਝ ਕਰਦੇ ਹਾਂ ਤਦ ਤੱਕ ਸਾਨੂੰ ਉਸ ਪ੍ਰਮਾਤਮਾ ਦੀ ਸੋਝੀ ਨਹੀਂ ਪੈ ਸਕਦੀ, ਉਸ ਨਿਰਗੁਣ ਰੂਪ ਦੀ ਸੋਝੀ ਨਹੀਂ ਪੈ ਸਕਦੀ ਜੋ ਕਿ ਕਰਣ ਕਾਰਣ ਸਮਰੱਥ ਹੈ। ਇਸ ਗੱਲ ਦੀ ਸੋਝੀ ਪਏ ਬਿਨ੍ਹਾਂ ਅਸੀਂ "ਮੈਂ" ਵਿੱਚ ਹੀ ਰਹਿੰਦੇ ਹਾਂ ਤੇ ਉਸ "**ਤੂੰ**" ਦੀ ਸਮਝ ਨਹੀਂ ਪੈਂਦੀ ਜੋ ਸਾਡੇ ਮਨ ਦੇ ਵਿੱਚ ਬੈਠਾ ਸਾਡੀ ਹਰ ਕਰਨੀ ਦਾ ਕਾਰਨ ਹੈ। ਇਹ ਭੇਦ ਜਾਣੇ ਬਿਨ੍ਹਾਂ ਬ੍ਰਹਮਾ ਨੇ ਇਹ ਕਿਹਾ ਕਿ ਇਹ ਵੇਦ "**ਮੈਂ**" ਉਚਾਰੇ ਪਰ ਉਹ ਵੇਦਾਂ ਦਾ ਗਿਆਨ ਦੇਣ ਵਾਲਾ ਕੌਣ ਸੀ, ਇਸ ਦੇ ਪਿੱਛੇ ਕਾਰਣ ਕੌਣ ਸੀ ਇਸ ਦੀ ਸੋਝੀ ਉਸਨੂੰ ਨਹੀਂ ਲੱਗੀ। ਸ਼ੰਕਰ ਦੀ ਸੰਸਾਰਿਕ ਮਾਇਆ ਛੁਡਾਉਣ ਵਾਲਾ ਕੌਣ ਸੀ ਇਸ ਦੀ ਸੋਝੀ ਉਸਨੂੰ ਨਹੀਂ ਲੱਗੀ। ਇਸੇ ਤਰ੍ਹਾਂ ਸਿੱਧਾਂ ਨੂੰ, ਦੇਵੀ ਦੇਵਤਿਆਂ ਨੇ ਜੋ ਕੁਝ ਵੀ ਕੀਤਾ ਤੇ ਆਪਣੇ ਆਪ ਨੂੰ ਉੱਚਾ ਅਖਵਾਇਆ, ਇਸ ਵਿੱਚ ਕਰਣ ਕਾਰਣ ਕੌਣ ਸੀ ਇਸ ਦਾ ਭੇਦ ਉਹ ਨਹੀਂ ਜਾਣ ਸਕੇ। ਜੋ ਉਸਦਾ ਭੇਦ ਜਾਣ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਉੱਚਾ ਨਹੀਂ ਅਖਵਾਉਂਦਾ, ਉਹ ਫਿਰ ਉਸ ਨਿਰਗੁਣ ਰੂਪ ਨੂੰ ਉੱਚਾ ਮੰਨਦਾ ਹੈ ਜੋ ਹਰ ਆਕਾਰ ਰੂਪ ਦਾ ਬਣਾਉਣ ਵਾਲਾ ਤੇ ਉਸਨੂੰ ਚਲਾਉਣ ਵਾਲਾ ਹੈ। ਉਨ੍ਹਾਂ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਆਕਾਰ ਰੂਪ ਕਦੇ ਆਪ ਪ੍ਰਮਾਤਮਾ ਰੂਪ ਨਹੀਂ

14/1488

ਹੁੰਦਾ ਬਲਕਿ ਉਸ ਆਕਾਰ ਰੂਪ ਵਿੱਚ ਜੋ ਨਿਰਗੁਣ ਰੂਪ ਜੋਤਿ ਵਰਤਦੀ ਹੈ ਉਹ ਆਪ ਪ੍ਰਮਾਤਮਾ ਹੈ। "ਮੈਂ" ਆਖਣ ਵਾਲੇ, ਆਪਣੇ ਆਪ ਨੂੰ ਵੱਡਾ ਆਖਣ ਵਾਲੇ ਕਦੇ ਪ੍ਰਮਾਤਮਾ ਰੂਪ ਨਹੀਂ ਹੋ ਸਕਦੇ, ਉਹ ਸਦਾ ਤੋਂ ਤੂੰ ਹੈ, ਅੱਜ ਵੀ "ਤੂੰ ਹੈ ਤੇ ਸਦਾ ਲਈ ਤੂੰ ਹੀ ਰਹੇਗਾ। ਪ੍ਰਮਾਤਮਾ ਸਭ ਵਿੱਚ ਹੈ ਤੇ ਜਦ ਤੱਕ ਉਹ ਪ੍ਰਗਟ ਨਹੀਂ ਹੁੰਦਾ ਤਦ ਤੱਕ ਹਰ ਕੋਈ ਮੈਂ ਵਿੱਚ ਹੈ ਭਾਵ ਤਦ ਤੱਕ "ਮੈਂ" ਹੀ ਉੱਚੀ ਹੈ। ਮੈਂ ਬ੍ਰਹਮਾ, ਮੈਂ ਵਿਸ਼ਨੂੰ, ਮੈਂ ਮਹੇਸ਼, ਮੈਂ ਸਿੱਧ, ਮੈਂ ਦੇਵੀ, ਮੈਂ ਦੇਵਤਾ, ਮੈਂ ਸੰਤ, ਮੈਂ ਬਰਹਮਗਿਆਨੀ। ਬ੍ਰਹਮਗਿਆਨੀ ਸਾਡੇ ਅੰਦਰ ਦੀ ਜੋਤਿ ਹੈ। ਜਿੰਨ੍ਹਾਂ ਨੇ ਇਸ ਜੋਤਿ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਗੁਰਬਾਣੀ ਉਚਾਰੀ ਹੈ, "ਮੈਂ" ਰਹਿਤ ਹੋ ਕੇ ਗੁਰਬਾਣੀ ਉਚਾਰੀ ਹੈ। ਉਨ੍ਹਾਂ ਨੇ ਗਿਆਨ ਨੂੰ ਆਪਣਾ ਨਹੀਂ ਦੱਸਿਆ, ਆਪਣੇ ਆਪ ਨੂੰ ਗੁਰੂ ਨਹੀਂ ਦੱਸਿਆ, ਸ਼ਬਦ ਨੂੰ, ਨਿਰਗੁਣ ਰੂਪ ਨੂੰ, ਪ੍ਰਮਾਤਮਾ ਨੂੰ ਗੁਰੂ ਦੱਸਿਆ ਹੈ। ਇਹੀ ਵੇਦਾਂ ਦੇ ਤੇ ਗੁਰਬਾਣੀ ਦੇ ਲਿਖਣ ਵਾਲਿਆਂ ਵਿੱਚ ਭੇਦ ਹੈ। ਬ੍ਰਹਮਾ ਨੇ ਇਹ ਕਿਹਾ ਕਿ ਵੇਦ ਮੇਰੇ ਲਿਖੇ ਹੋਏ ਹਨ ਪਰ ਉਸਦੇ ਪਿੱਛੇ ਕਾਰਨ ਕੌਣ ਸੀ, ਇਸ ਦੀ ਸੋਝੀ ਉਸਨੂੰ ਨਹੀਂ ਪਈ। ਇਸੇ ਲਈ ਬ੍ਰਹਮਾ ਨੂੰ ਤ੍ਰੈਗੁਣਾਂ ਵਿੱਚ ਦੱਸਿਆ ਹੈ। ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਉਚਾਰੀ ਹੈ। ਚੌਥੇ ਪਦ ਵਿੱਚ ਮੈਂ ਨਹੀਂ ਹੈ, ਉੱਥੇ ਕੇਵਲ ਤੂੰ ਹੈ ਤੇ ਇਸੇ ਲਈ ਗੁਰਬਾਣੀ ਸਾਨੂੰ ਇਹ ਸਮਝਾਉਂਦੀ ਹੈ ਕਿ **{ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ॥}** (ਅੰਗ ੭੬੩)

ਇਸੇ ਲਈ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ

14/1489

ਕਿ ਆਕਾਰ ਰੂਪ ਦੀ ਪੂਜਾ ਪ੍ਰਮਾਤਮਾ ਦੀ ਪੂਜਾ ਨਹੀਂ ਹੈ। ਸ਼ਬਦ ਰੂਪ ਦੀ ਪੂਜਾ ਪ੍ਰਮਾਤਮਾ ਦੀ ਪੂਜਾ ਹੈ। ਸ਼ਬਦ ਦਾ ਰੂਪ ਸ਼ਬਦ

ਦੇ ਬੋਲ ਹਨ, ਸ਼ਬਦ ਦਾ ਗਿਆਨ ਹੈ, ਸ਼ਬਦ ਦੀ ਸੋਝੀ ਹੈ, ਸ਼ਬਦ ਦੇ ਵਿਚਾਰ ਹਨ। ਅਸੀਂ ਸ਼ਬਦ ਦੀ ਸੋਝੀ ਨੂੰ ਪੂਜਣਾ ਹੈ। ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ, ਸ਼ਬਦਾਂ ਦੀ ਸੋਝੀ ਦਾ ਭੰਡਾਰ ਹੈ ਤੇ ਜੇਕਰ ਅਸੀਂ ਗੁਰਬਾਣੀ ਦੀ ਸੋਝੀ ਨੂੰ ਪੂਜਣ ਦੀ ਬਜਾਇ ਕੇਵਲ ਗੁਰਬਾਣੀ ਦੇ ਸਰੂਪ ਨੂੰ ਹੀ ਮੱਥਾ ਟੇਕੀ ਜਾਵਾਂਗੇ ਤਾਂ ਫਿਰ ਸਾਨੂੰ ਲਾਭ ਕੀ ਮਿਲਣਾ ਹੈ। ਗੁਰੂ ਨੂੰ ਡਿੱਠਣ ਨਾਲ ਮੁਕਤੀ ਨਹੀਂ ਹੋਣੀ, ਮੁਕਤੀ ਸ਼ਬਦ ਦੇ ਵਿਚਾਰਨ ਨਾਲ ਹੋਣੀ ਹੈ। ਮੁਕਤੀ ਆਕਾਰ ਰੂਪ ਨੇ ਨਹੀਂ ਕਰਨੀ, ਮੁਕਤੀ ਨਿਰਗੁਣ ਰੂਪ ਨੇ ਕਰਨੀ ਹੈ।

ਸਲੋਕੁ ਮਃ ੩॥

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ॥੧॥}

(ਅੰਗ ੫੯੪)

ਬਾਣੀ ਸਾਨੂੰ ਇਸੇ ਲਈ ਮੂਰਤੀ ਪੂਜਾ ਕਰਨ ਤੋਂ ਹਟਾਉਂਦੀ ਹੈ ਕਿਉਂਕਿ ਉੱਥੋਂ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਜਿਸ ਨੂੰ ਅਸੀਂ ਮੰਨ ਕੇ ਉਸ ਤੇ ਚੱਲ ਸਕੀਏ। ਮੂਰਤੀਆਂ ਸਾਨੂੰ ਸਰਗੁਣ ਸਰੂਪ ਨਾਲ ਜੋੜਦੀਆਂ ਹਨ। ਇਸੇ ਲਈ ਸਾਨੂੰ ਬਾਣੀ ਰਾਹੀਂ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਕਿ ਵੇਦਾਂ ਵਿੱਚ ਨਾਮ ਵੀ ਹੈ ਭਾਵ ਉੱਥੇ ਸਾਨੂੰ ਸੱਚ ਤੇ ਚੱਲਣਾ ਵੀ ਸਮਝਾਇਆ ਹੈ, ਸੱਚੀ ਸੁੱਚੀ ਕਰਨੀ ਵੀ ਸਮਝਾਈ ਹੈ ਜੋ ਕਿ ਸਾਡੇ ਜੀਵਨ ਦਾ ਅਸਲ ਮਨੋਰਥ ਹੈ। ਗੁਰਬਾਣੀ ਵੀ ਸਾਨੂੰ ਨਾਮ ਹੀ ਸਮਝਾ ਰਹੀ ਹੈ ਪਰ ਗੁਰਬਾਣੀ ਕੋਲੋਂ ਨਾਮ ਸਮਝਣ ਦੀ ਬਜਾਇ ਅਸੀਂ ਨਾਮ ਉਨ੍ਹਾਂ ਕੋਲੋਂ ਸਮਝਿਆ ਹੈ ਜੋ ਆਪ ਤ੍ਰੈਗੁਣਾਂ ਵਿੱਚ ਹਨ, ਜਿੰਨ੍ਹਾਂ ਨੂੰ ਖੁਦ ਨਾਮ ਦੀ ਸਮਝ

14/1490

ਨਹੀਂ ਹੈ। ਅਸੀਂ ਉਨ੍ਹਾਂ ਨੂੰ ਹੀ ਉੱਚਾ ਕਰਕੇ ਪੂਜਦੇ ਹਾਂ, ਸੰਤ, ਬ੍ਰਹਮਗਿਆਨੀ ਸਮਝ ਕੇ ਪੂਜਦੇ ਹਾਂ। ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਪੂਜਿਆ ਜਾਂ ਕਿਸੇ ਸੰਤ, ਬ੍ਰਹਮਗਿਆਨੀ ਕਹਾਉਣ ਵਾਲਿਆਂ ਨੂੰ ਪੂਜਿਆ ਫਿਰ ਇਸ ਵਿੱਚ ਫਰਕ ਕੀ ਰਹਿ ਜਾਂਦਾ ਹੈ। ਜੁੜੇ ਤਾਂ ਅਸੀਂ ਅਸਲ ਵਿੱਚ ਆਕਾਰ ਰੂਪ ਨਾਲ ਹੀ ਹੋਏ ਹਾਂ, ਦੇਹ ਰੂਪ ਨਾਲ ਹੀ ਜੁੜੇ ਹੋਏ ਹਾਂ। ਗੁਰਬਾਣੀ ਦਾ ਅਸਲ ਮਕਸਦ ਸਾਨੂੰ ਆਕਾਰ ਰੂਪ ਵਿੱਚੋਂ ਕੱਢਣ ਦਾ ਹੈ ਤੇ ਸ਼ਬਦ ਰੂਪ ਨਾਲ ਜੋੜਨ ਦਾ ਹੈ। ਉਸ ਦਾ ਸਬਦ ਰੂਪ ਹੀ ਉਸ ਦਾ ਨਾਮ ਰੂਪ ਹੈ। ਸੱਚੀ ਗੱਲ ਉਸੇ ਮੁੱਖ ਵਿੱਚੋਂ ਆ ਸਕਦੀ ਹੈ ਭਾਵ ਪ੍ਰਮਾਤਮਾ ਕੀ ਹੈ ਉਸਦੀ ਸੱਚਾਈ ਕੇਵਲ ਉਸ ਮੁੱਖ ਤੋਂ ਮਿਲ ਸਕਦੀ ਹੈ ਜਿਸ ਦੇ ਮਨ ਵਿੱਚ ਉਹ ਸੱਚਾ ਆਪ ਵੱਸਿਆ ਹੋਵੇ। ਗੁਰਬਾਣੀ ਉਨ੍ਹਾਂ ਮੁੱਖਾਂ ਤੋਂ ਆਈ ਹੈ ਜਿੰਨ੍ਹਾਂ ਦੇ ਮਨ ਵਿੱਚ ਉਹ ਵੱਸਿਆ ਹੋਇਆ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਸਾਨੂੰ ਸੱਚਾਈ ਕੇਵਲ ਗੁਰਬਾਣੀ ਦੇ ਕੋਲੋਂ ਮਿਲ ਸਕਦੀ ਹੈ ਜਿਸਦੇ ਕੋਲ ਪ੍ਰਮਾਤਮਾ ਦੀ ਸੱਚੀ ਮਤਿ ਹੈ, ਜਿੱਥੇ ਨਿਰਗੁਣ ਰੂਪ ਪ੍ਰਮਾਤਮਾ ਸਦਾ ਹੀ ਪ੍ਰਗਟ ਹੈ।

“ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ॥
ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ॥੧॥ਰਹਾਉ॥”

ਉੱਪਰ ਰਹਾਉ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਕਿ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਹਰਿ ਮਤਿ ਭਾਵ ਗੁਰੂ ਦੀ ਮਤਿ ਦਾ ਪਾਉਣਾ ਕੀ ਹੈ। ਕਿਸੇ ਵੀ ਮਨੁੱਖ ਦਾ ਮੁੱਖ ਸੱਚਾ ਤਾਂ ਕਹਿਆ ਜਾ ਸਕਦਾ ਹੈ ਜਿਸ ਮੁੱਖ ਤੋਂ ਪ੍ਰਮਾਤਮਾ ਦੀ ਪੂਰੀ ਸੱਚਾਈ ਕਹੀ ਜਾ ਸਕਦੀ ਹੈ। ਉਸ ਮਨੁੱਖ ਦੇ ਮਨ ਵਿੱਚ ਜੇਕਰ ਆਪ ਪ੍ਰਮਾਤਮਾ ਵੱਸਿਆ ਹੋਇਆ ਹੈ ਭਾਵ ਪ੍ਰਗਟ ਹੈ, ਫਿਰ ਤਾਂ ਹੀ ਉਸਦਾ ਮੁੱਖ ਸੱਚਾ ਕਿਹਾ ਜਾ ਸਕਦਾ ਹੈ ਭਾਵ ਸੱਚ ਨੂੰ ਬਿਆਨ ਕਰਨ ਵਾਲਾ ਕਿਹਾ ਜਾ ਸਕਦਾ ਹੈ। ਇਹੋ ਜਿਹੀ ਅਵੱਸਥਾ ਦੁਆਰਾ ਹੀ ਭਾਵ ਜਦੋਂ ਸਾਡੇ ਅੰਦਰ ਸੱਚ ਰੂਪ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ, ਤਾਂ ਹੀ ਮਨੁੱਖ ਇਸ

ਸੰਸਾਰ ਸਾਗਰ ਤੋਂ ਤਰਦਾ ਹੈ ਭਾਵ ਜਿਸਨੂੰ ਪ੍ਰਮਾਤਮਾ ਤਾਰਦਾ ਹੈ ਉਸਨੂੰ ਸੱਚਾ ਬਣਾ ਕੇ ਤਾਰਦਾ ਹੈ।

14/1491

(ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ॥)

ਸੱਚਾ ਤਾਂ ਮਨੁੱਖ ਮਨ ਦੇ ਵਿਚਾਰਾਂ ਦੁਆਰਾ ਹੀ ਬਣਦਾ ਹੈ, ਮਨ ਦੀ ਸੋਝੀ ਦੁਆਰਾ ਹੀ ਬਣਦਾ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੋਣ ਨਾਲ ਇਹ ਸੱਚੀ ਸੋਝੀ ਹੀ ਪਾਉਂਦਾ ਹੈ ਜੋ ਕਿ ਉਸਦੀ ਹਰਿ ਮਤਿ ਹੈ, ਗੁਰਮਤਿ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ॥੧॥ਰਹਾਉ॥”

ਹਰਿ ਮਤਿ ਨੂੰ ਕੋਈ ਵਿਰਲਾ ਹੀ ਪਾਉਂਦਾ ਹੈ। ਇਹ ਹਰਿ ਮਤਿ ਉਸ ਦਾ ਸੱਚਾ ਗਿਆਨ ਹੈ, ਉਸਦੀ ਸੱਚੀ ਸੋਝੀ ਹੈ ਜੋ ਕਿ ਮਨ ਦੇ ਵਿੱਚ ਉਸ ਦੇ ਪ੍ਰਗਟ ਹੋਣ ਦੇ ਨਾਲ ਹੀ ਮਿਲਦੀ ਹੈ। ਇਹ ਸੱਚੀ ਸੋਝੀ ਉਸਦੇ ਚੌਥੇ ਪਦ ਦਾ ਗਿਆਨ ਹੈ ਤੇ ਗੁਰਬਾਣੀ ਕੋਲ ਚੌਥੇ ਪਦ ਦਾ ਗਿਆਨ ਹੈ ਜਿਸ ਕਰਕੇ ਉਹ ਸੱਚੀ ਬਾਣੀ ਹੈ। ਜਿਹੜੇ ਮੁੱਖਾਂ ਦੁਆਰਾ ਉਹ ਉਚਾਰੀ ਗਈ ਹੈ ਉਹ ਮੁੱਖ ਸੱਚੇ ਹਨ ਜਿੰਨ੍ਹਾਂ ਦੀ ਗੱਲ ਕਦੇ ਝੂਠ ਨਹੀਂ ਹੋ ਸਕਦੀ, ਜਿੰਨ੍ਹਾਂ ਦੇ ਬੋਲ ਕਦੇ ਬਿਨਸ ਨਹੀਂ ਸਕਦੇ, ਉਹ ਸਦਾ ਅਟੱਲ ਰਹਿਣ ਵਾਲੇ ਹਨ। ਬ੍ਰਹਮਾ, ਬਿਸ਼ਨ, ਮਹੇਸ਼ ਸਿੱਧਾਂ ਤੇ ਦੇਵੀ ਦੇਵਤਿਆਂ ਆਦਿ ਨੂੰ ਇਸੇ ਲਈ ਤ੍ਰੈਗੁਣਾਂ ਵਿੱਚ ਕਿਹਾ ਗਿਆ ਹੈ ਕਿਉਂਕਿ ਉਨ੍ਹਾਂ ਨੂੰ ਚੌਥਾ ਪਦ ਪ੍ਰਾਪਤ ਨਹੀਂ ਹੋਇਆ। ਚੌਥਾ ਪਦ ਕੇਵਲ ਉੱਥੇ ਹੈ ਜਿੱਥੇ ਉਹ ਆਪ ਪ੍ਰਗਟ ਹੁੰਦਾ ਹੈ। ਵੇਦ ਲਿਖਵਾਉਣ ਵਾਲਾ ਉਹ ਆਪ ਹੀ ਹੈ ਪਰ ਉੱਥੇ ਉਸਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਤੇ ਗੁਪਤ ਹੀ ਵਰਤਿਆ ਹੈ ਜਿਵੇਂ ਕਿ ਉਹ ਸਭ ਵਿੱਚ ਵਰਤਦਾ ਹੈ। ਵੇਦਾਂ ਵਿੱਚ ਇਸੇ ਲਈ ਭਰਮ ਪਾਉਣ ਵਾਲੀਆਂ ਗੱਲਾਂ ਵੀ ਸੱਚ ਦੇ ਨਾਲ-ਨਾਲ ਹੀ ਚੱਲਦੀਆਂ ਹਨ। ਉੱਥੇ ਸੱਚ ਵੀ ਹੈ ਤੇ ਭਰਮ ਵੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਕੋਈ ਵੀ ਭਰਮ ਰਹਿਤ ਨਹੀਂ ਹੋ ਸਕਦਾ। ਗੁਰਬਾਣੀ ਵਿੱਚ ਕੇਵਲ ਸੱਚ ਹੈ ਤੇ ਭਰਮ ਬਿਲਕੁਲ ਨਹੀਂ ਹੈ ਕਿਉਂਕਿ ਗੁਰਬਾਣੀ ਉਨ੍ਹਾਂ ਮੁੱਖਾਂ ਨੇ ਉਚਾਰੀ ਹੈ ਜਿੱਥੇ ਉਹ ਆਪ ਪ੍ਰਗਟ ਹੈ। ਸੱਚੀ ਹਰਿ ਮਤਿ ਕੇਵਲ ਉੱਥੇ ਹੈ, ਸੱਚੀ ਗੁਰਮਤਿ ਕੇਵਲ ਉੱਥੇ ਹੈ ਜਿਸ ਮਨ ਵਿੱਚ ਉਹ ਆਪ ਪ੍ਰਗਟ ਹੈ। ਜਿੱਥੇ ਉਹ

14/1492

ਪ੍ਰਗਟ ਹੋ ਕੇ ਆਪਣੀ ਗੁਰਮਤਿ ਦਿੰਦਾ ਹੈ ਜੋ ਕਿ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ ਉੱਥੇ ਫਿਰ ਦੁਸ਼ਮਣ ਤੇ ਦੁੱਖ ਨੇੜੇ ਨਹੀਂ ਲੱਗਦੇ। ਇਹ ਦੁਸ਼ਮਣ ਤੇ ਦੁੱਖ ਸਾਡੇ ਵਿਕਾਰ ਹਨ, ਸਾਡੀ ਹਉਮੈ ਹੈ, ਸਾਡੇ ਭਰਮ ਹਨ, ਮਨ ਦੇ ਪੰਜ ਚੋਰ ਹਨ ਜੋ ਮਨ ਦੇ ਵਿੱਚੋਂ ਨਿਕਲ ਜਾਂਦੇ ਹਨ। **(ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ॥ ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ॥੧॥ਰਹਾਉ॥)** ਇਹ ਦੁਸ਼ਮਣ ਤੇ ਸਾਡੇ ਦੁੱਖਾਂ ਦਾ ਕਾਰਨ ਕੌਣ ਹਨ ਇਹ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ॥

ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥੨॥”

ਸਭ ਤੋਂ ਪਹਿਲਾਂ ਤਾਂ ਉੱਪਰ ਵਾਲੀ ਪਹਿਲੀ ਪੰਗਤੀ ਦੁਆਰਾ ਇਹ ਸਮਝੀਏ ਕਿ ਨਾਮ ਦਾ ਦਾਸ ਬਣਨਾ ਕੀ ਹੈ, ਗੁਰੂ ਪ੍ਰਮਾਤਮਾ ਦਾ ਦਾਸ ਬਣਨਾ ਕੀ ਹੈ। ਨਾਮ ਗੁਰੂ ਹੈ, ਆਪ ਪ੍ਰਮਾਤਮਾ ਹੈ ਤੇ ਦਾਸ ਗੁਰੂ ਦੇ ਹੀ ਬਣੀ ਦਾ ਹੈ। ਗੁਰੂ ਦੀ ਸੇਵਾ ਉਸਦਾ ਦਾਸ ਬਣਕੇ ਹੀ ਹੁੰਦੀ ਹੈ। ਇੱਥੇ ਸਾਨੂੰ ਗੁਰੂ ਦਾ ਦਾਸ ਬਣਨਾ ਹੀ ਸਿਖਾਇਆ ਹੈ, ਉਸਦਾ ਨਾਮ ਜਪਣਾ ਹੀ ਸਿਖਾਇਆ ਹੈ। ਗੁਰੂ ਸਾਡਾ ਗੁਰੂ ਦੀ ਮਤਿ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ। ਦਾਸ ਅਸੀਂ ਗੁਰੂ ਦੀ ਸਿੱਖਿਆ ਦੇ ਹੀ ਬਣਨਾ ਹੈ ਤੇ ਇਸ ਪੰਗਤੀ ਰਾਹੀਂ ਸਾਨੂੰ ਹਵਾ, ਪਾਣੀ ਤੇ ਅਗਨੀ ਦੀ ਮਿਸਾਲ ਦੇ ਕੇ ਇਹ ਸਮਝਾਇਆ ਹੈ ਕਿ ਉਹ ਕਿਸ ਤਰ੍ਹਾਂ ਮਨੁੱਖਤਾ ਦੀ ਸੇਵਾ ਕਰ ਰਹੇ ਹਨ, ਗੁਰੂ ਪ੍ਰਮਾਤਮਾ ਦੇ ਹੁਕਮ ਦਾ, ਉਸਦੀ ਸਿੱਖਿਆ ਦਾ ਪਾਲਣ ਕਰ ਰਹੇ ਹਨ ਭਾਵ ਸਾਨੂੰ ਉਨ੍ਹਾਂ ਵਰਗੇ ਗੁਣੀ ਬਣਨਾ ਸਿਖਾਇਆ ਹੈ। ਅਗਨਿ, ਬਿੰਬ ਜਾਂ ਪਵਣ ਕਿਹੋ ਜਿਹੀ ਬਾਣੀ ਬੋਲਦੇ ਹਨ ਜਿਸ ਦੁਆਰਾ ਇਹ ਤਿਨੇ ਗੁਰੂ ਪ੍ਰਮਾਤਮਾ ਦੇ ਦਾਸ ਹਨ। ਇਨ੍ਹਾਂ ਦਾ ਕੋਈ ਮੁੱਖ ਵੀ ਨਹੀਂ ਹੈ ਜਿਸ ਦੁਆਰਾ ਇਹ ਕੁੱਝ ਬੋਲ ਸਕਣ। ਗੁਣਾਂ ਦੁਆਰਾ ਵਿਚਰਨ ਲਈ ਕਿਸੇ ਬੋਲ ਬੋਲ ਕੇ ਜਪ ਕਰਨ ਦੀ ਲੋੜ ਨਹੀਂ ਹੈ, ਇਹ ਸਾਡੇ ਅੰਦਰ ਦੀ ਅਵੱਸਥਾ ਹੈ, ਅੰਦਰ ਦਾ ਗਿਆਨ ਹੈ ਜੋ ਸਾਡੀ ਵਿਚਰਨ ਨੂੰ

14/1493

ਚੰਗਾ ਬਣਾਉਂਦਾ ਹੈ। ਮੁੱਖੋਂ ਬੋਲ ਅਸੀਂ ਭਾਵੇਂ ਜਿਹੋ ਜਿਹੇ ਮਰਜ਼ੀ ਚੰਗੇ ਬੋਲ ਲਈਏ ਪਰ ਜੇਕਰ ਸਾਡੀ ਕਰਨੀ ਚੰਗੀ ਨਹੀਂ ਹੈ ਫਿਰ ਉਨ੍ਹਾਂ ਦਾ ਕੀ ਲਾਭ। ਅਗਨਿ, ਬਿੰਬ ਤੇ ਪਵਣ ਦੀ ਬਾਣੀ ਇਸ ਲਈ ਚੰਗੀ ਹੈ ਕਿਉਂਕਿ ਉਨ੍ਹਾਂ ਦੀ ਵਿਚਰਨ ਚੰਗੀ ਹੈ, ਉਨ੍ਹਾਂ ਦੇ ਅੰਦਰ ਸਿੱਖਿਆ ਸੱਚੀ ਹੈ। ਸਾਡੀ ਬਾਣੀ ਤਾਂ ਹੀ ਚੰਗੀ ਹੁੰਦੀ ਹੈ ਜੇਕਰ ਸਾਡੇ ਅੰਦਰ ਸਿੱਖਿਆ ਸੱਚੀ ਹੈ। ਅਗਨਿ, ਬਿੰਬ ਤੇ ਪਵਣ ਨੂੰ ਪ੍ਰਮਾਤਮਾ ਨੇ ਗੁਣਾਂ ਦੇ ਨਾਲ ਭਰਪੂਰ ਕੀਤਾ ਹੋਇਆ ਹੈ ਤੇ ਉਹ ਮਨੁੱਖਤਾ ਦੀ ਸੇਵਾ ਵਿੱਚ ਲੱਗੇ ਹੋਏ ਹਨ। ਮਨੁੱਖਤਾ ਦੀ ਸੇਵਾ ਹੀ ਭਾਵ ਸਾਡੀ ਦੁਨਿਆਵੀ ਵਿਚਰਨ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਜੋ ਸਾਨੂੰ ਉਸ ਦਾ ਦਾਸ ਬਣਾਉਂਦੀ ਹੈ। **(ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ॥)** ਨਾਮ ਦਾ ਦਾਸ ਅਸੀਂ ਕਿਵੇਂ ਬਣਨਾ ਹੈ ਭਾਵ ਅਸੀਂ ਪ੍ਰਮਾਤਮਾ ਦਾ ਨਾਮ ਕਿਵੇਂ ਲੈਣਾ ਹੈ, ਜਪਣਾ ਹੈ, ਇਹ ਉੱਪਰ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਤੇ ਉਸਦਾ ਨਾਮ ਨਾ ਲੈਣਾ ਕੀ ਹੈ, ਨਾਮ ਨਾ ਜਪਣਾ ਕੀ ਹੈ ਇਹ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"**ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥੨॥**"

ਜੋ ਮਨੁੱਖ ਗੁਣਾਂ ਦੁਆਰਾ ਵਿਚਰਦਾ ਹੈ ਭਾਵ ਅਗਨ, ਬਿੰਬ ਤੇ ਪਵਣ ਦੀ ਤਰ੍ਹਾਂ ਆਪਣੇ ਆਪ ਨੂੰ ਗੁਣੀ ਬਣਾਉਂਦਾ ਹੈ, ਇਹੋ ਜਿਹਾ ਮਨੁੱਖ ਨਾਮ ਲੈਣ ਵਾਲਾ ਹੈ ਤੇ ਜੋ ਮਨੁੱਖ ਇਨ੍ਹਾਂ ਤੋਂ ਉਲਟ ਔਗੁਣਾਂ ਰਾਹੀਂ ਵਿਚਰਦਾ ਹੈ ਉਹ ਨਾਮ ਨਾ ਲੈਣ ਵਾਲਾ ਹੈ ਤੇ ਇਹੋ ਜਿਹੇ ਮਨੁੱਖ ਨੂੰ ਨਾਮ ਦਾ ਚੋਰ ਕਿਹਾ ਹੈ। **"ਵਾਸਹਿ ਕੋਟ ਪੰਚਾਸਾ॥੨॥"** ਤੋਂ ਭਾਵ ਹੈ ਇਹ ਔਗੁਣ ਕਰਨ ਵਾਲੇ ਮਨੁੱਖ, ਨਾਮ ਦੇ ਚੋਰ ਮਨੁੱਖ, ਪੰਜਾਂ ਔਗੁਣਾਂ ਦੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਕੋਟ ਵਿੱਚ ਭਾਵ ਕਿਲੇ ਵਿੱਚ ਵੱਸਦੇ ਹਨ ਭਾਵ ਪੰਜਾਂ ਵਿਕਾਰਾਂ ਦੀ ਕੈਦ ਵਿੱਚ ਹਨ। **(ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥੨॥)**

ਜਿਤਨੇ ਵੀ ਵੱਡੇ ਵੱਡੇ ਨਾਮ ਦੇ ਪ੍ਰਚਾਰਕ

14/1494

ਹਨ, ਕੀ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਨਾਮ ਦੇ ਚੋਰ ਕੌਣ ਹਨ ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਸਮਝਾਇਆ ਜਾ ਰਿਹਾ ਹੈ। ਇਹ ਪੰਜ ਚੋਰ ਸਾਡੇ ਮਨ ਦੇ ਵਿਚਾਰ ਹਨ ਜਿੰਨ੍ਹਾਂ ਕਰਕੇ ਅਸੀਂ ਚੋਰ ਹਾਂ। ਲੋੜ ਮਨ ਦੇ ਵਿਚਾਰਾਂ ਨੂੰ ਸੋਧਣ ਦੀ ਹੈ ਨਾ ਕਿ ਆਪਣੀ ਰਸਨਾ ਨੂੰ ਸੋਧਣ ਦੀ ਹੈ। ਜਦ ਤੱਕ ਸਾਡੇ ਮਨ ਦੇ ਵਿੱਚ ਚੋਰ ਬੈਠੇ ਹਨ ਤਦ ਤੱਕ ਨਾ ਇਹ ਰਸਨਾ ਪਵਿੱਤਰ ਹੈ, ਨਾ ਸਾਡੀਆਂ ਅੱਖਾਂ ਪਵਿੱਤਰ ਹਨ, ਨਾ ਸਾਡੇ ਕੰਨ ਪਵਿੱਤਰ ਹਨ ਤੇ ਨਾ ਇਹ ਤਨ ਪਵਿੱਤਰ ਹੈ। ਲੋੜ ਕੇਵਲ ਮਨ ਨੂੰ ਪਵਿੱਤਰ ਕਰਨ ਦੀ ਹੈ ਜੋ ਕਿ ਕੇਵਲ ਮਨ ਨੂੰ ਮਾਰ ਕੇ ਕੀਤਾ ਜਾ ਸਦਕਾ ਹੈ। ਆਪਣੇ ਅੰਦਰੋਂ ਔਗੁਣਾਂ ਨੂੰ ਮਾਰਨਾ ਹੀ ਮਨ ਨੂੰ ਮਾਰਨਾ ਹੈ। ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨਾ ਹੀ ਮਨ ਨੂੰ ਮਾਰਨਾ ਹੈ। ਮਨ ਦੀਆਂ ਬੁਰਿਆਈਆਂ ਨੂੰ ਮਾਰਨਾ ਹੀ ਮਨ ਨੂੰ ਮਾਰਨਾ ਹੈ।

ਉਸਦੇ ਨਾਮ ਦਾ ਦਾਸ ਬਣਨਾ ਸਾਡੀ ਗੁਣਾਂ ਦੁਆਰਾ ਵਿਚਰਨ ਹੀ ਹੈ ਤੇ ਜਿੱਥੇ ਗੁਣ ਹੁੰਦੇ ਹਨ ਉੱਥੇ ਚੰਗੇ ਕਰਮ ਹੀ ਹੁੰਦੇ ਹਨ, ਗੁਣਾਂ ਦੁਆਰਾ ਅਸੀਂ ਸੰਸਾਰ ਵਿੱਚ ਚੰਗਿਆਈਆਂ ਹੀ ਵੰਡਦੇ ਹਾਂ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਢਾਵੈ॥

ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ॥੩॥"

ਨਾਮ ਜਪਣ ਦਾ ਮਾਰਗ ਸੰਸਾਰ ਵਿੱਚ ਚੰਗਿਆਈਆਂ ਵੰਡਣ ਦਾ ਮਾਰਗ ਹੀ ਹੈ ਪਰ ਨਾਲ ਹੀ ਸਾਨੂੰ ਇਹ ਸਮਝਾਇਆ ਹੈ ਕਿ ਇਹੋ ਜਿਹੀ ਵਿਚਰਨ ਸਾਡਾ ਫਰਜ਼ ਹੈ, ਕੋਈ ਕਿਸੇ ਤੇ ਅਹਿਸਾਨ ਕਰਨ ਵਾਲੀ ਗੱਲ ਨਹੀਂ ਹੈ ਭਾਵ ਇਹ ਆਪਣੀ ਤਾਰੀਫ਼ ਕਰਾਉਣ ਵਾਲਾ ਮਾਰਗ ਨਹੀਂ ਹੈ, ਆਪਣਾ ਆਪ ਜਣਾਉਣ ਵਾਲਾ ਮਾਰਗ ਨਹੀਂ ਹੈ। ਜੇਕਰ ਅਸੀਂ ਕੋਈ ਚੰਗਿਆਈ ਕਰਦੇ ਹਾਂ ਭਾਵ ਚੰਗਾ ਕੰਮ ਕਰਦੇ ਹਾਂ ਤਾਂ ਉਸਦਾ ਅਹੰਕਾਰ ਵੀ ਮਨ ਵਿੱਚ ਲਿਆਉਂਦੇ ਹਾਂ ਤੇ ਇਸ ਗੱਲ ਦੀ ਉਮੀਦ ਕਰਦੇ ਹਾਂ ਕਿ

14/1495

ਲੋਕ ਸਾਨੂੰ ਇਸ ਗੱਲ ਲਈ ਸਲਾਹੁਣ ਭਾਵ ਉੱਚਾ ਕਰਕੇ ਜਾਣਨ ਭਾਵ ਸਾਡੀ ਕਦਰ ਪਾਉਣ। ਜੇਕਰ ਚੰਗਿਆਈ ਕਰਨ ਨਾਲ

ਸਾਡੀ ਕਦਰ ਪੈਂਦੀ ਹੈ ਤੇ ਸਾਨੂੰ ਚੰਗਾ ਲੱਗਦਾ ਹੈ ਤੇ ਜੇਕਰ ਕਦਰ ਨਾ ਪਵੇ ਤਾਂ ਸਾਨੂੰ ਚੰਗਾ ਨਹੀਂ ਲੱਗਦਾ ਬਲਕਿ ਦੁੱਖ ਮਹਿਸੂਸ ਹੁੰਦਾ ਹੈ, ਪਛਤਾਵਾ ਮਹਿਸੂਸ ਹੁੰਦਾ ਹੈ ਕਿ ਸਾਡਾ ਕੀਤਾ ਚੰਗਾ ਕੰਮ ਐਵੇਂ ਵਿਅਰਥ ਹੀ ਗਿਆ। ਸਾਨੂੰ ਮਾਣ ਚੰਗਾ ਲੱਗਦਾ ਹੈ ਤੇ ਜੇਕਰ ਮਾਣ ਨਾ ਮਿਲੇ ਤਾਂ ਸਾਨੂੰ ਪਛਤਾਵਾ ਹੁੰਦਾ ਹੈ। ਗੁਰਮਤਿ ਸਾਨੂੰ ਇਹ ਨਹੀਂ ਸਿਖਾਉਂਦੀ ਕਿ ਅਸੀਂ ਆਪਣਾ ਮਾਣ ਉੱਚਾ ਕਰੀਏ, ਲੋਕਾਂ ਕੋਲੋਂ ਮਾਣ ਦੀ ਇੱਛਾ ਕਰੀਏ ਬਲਕਿ ਗੁਣਾਂ ਦੁਆਰਾ ਵਿਚਰਨਾ ਆਪਣਾ ਫਰਜ਼ ਸਮਝੀਏ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਅਨੇਕਾਂ ਹੀ ਗੁਣਾਂ ਤੇ ਚੰਗਿਆਈਆਂ ਦੁਆਰਾ ਭਰਿਆ ਹੋਇਆ ਹੈ। ਉਸਦੇ ਬਣਾਏ ਪੰਜ ਤੱਤ ਗੁਣਾਂ ਤੇ ਚੰਗਿਆਈਆਂ ਨਾਲ ਭਰੇ ਹੋਏ ਹਨ। ਜਿਵੇਂ ਕਿ ਉੱਪਰ ਸ਼ਬਦ ਵਿੱਚ ਸਮਝਾਇਆ ਹੈ ਅਗਨਿ, ਬਿੰਬ ਤੇ ਪਵਣ ਤਿੰਨੇ ਚੰਗਿਆਈਆਂ ਨਾਲ ਭਰਪੂਰ ਹਨ। ਪ੍ਰਮਾਤਮਾ ਇਹ ਸਭ ਕੁੱਝ ਦੇ ਕੇ ਆਪਣੇ ਅੰਦਰ ਇਹ ਪਛਤਾਵਾ ਨਹੀਂ ਰੱਖਦਾ ਕਿ ਉਸਨੂੰ ਇਸ ਗੱਲ ਦਾ ਮਾਣ ਨਹੀਂ ਮਿਲਿਆ। ਇਹ ਤਾਂ ਉਸਦਾ ਬਿਰਦ ਹੈ, ਉਸਦਾ ਸੁਭਾਅ ਹੈ ਜੋ ਸੰਸਾਰ ਨੂੰ ਉਸਨੇ ਇਤਨਾ ਕੁੱਝ ਦਿੱਤਾ ਹੋਇਆ ਹੈ। ਸਾਡੇ ਕੋਲੋਂ ਗੁਰੂ ਪ੍ਰਮਾਤਮਾ ਇਹੋ ਜਿਹੀ ਭਗਤੀ ਚਾਹੁੰਦਾ ਹੈ ਕਿ ਅਸੀਂ ਗੁਣਾਂ ਤੇ ਚੰਗਿਆਈਆਂ ਦੁਆਰਾ ਵਿਚਰੀਏ ਤੇ ਉਨ੍ਹਾਂ ਕਰਕੇ ਮਨ ਵਿੱਚ ਅਹੰਕਾਰ ਨਾ ਕਰੀਏ। ਚੰਗੇ ਕਰਮ ਕਰਨ ਦਾ ਮਾਣ ਜੇਕਰ ਸਾਨੂੰ ਮਿਲਦਾ ਹੈ ਤਾਂ ਇਹ ਅਸਲ ਵਿੱਚ ਗੁਰੂ ਦਾ ਮਾਣ ਹੈ, ਗੁਰਮਤਿ ਦਾ ਮਾਣ ਹੈ, ਸੱਚ ਦਾ ਮਾਣ ਹੈ ਪਰ ਸਾਨੂੰ ਮਨ ਵਿੱਚ ਇਹ ਖਵਾਇਸ਼ ਨਹੀਂ ਰੱਖਣੀ ਚਾਹੀਦੀ ਕਿ ਅਸੀਂ ਦੁਨੀਆਂ ਦੀ ਵਾਹ ਵਾਹ ਖੱਟੀਏ। **(ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਢਾਵੈ॥ ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ॥੩॥)**

14/1496

ਪ੍ਰਮਾਤਮਾ ਦੀ ਸਿਫ਼ਤ ਸਾਲਾਹ ਉਸਦਾ ਨਾਮ ਜਪ ਕੇ ਹੀ ਹੁੰਦੀ ਹੈ ਭਾਵ ਸੰਸਾਰ ਵਿੱਚ ਗੁਣਾਂ ਦੁਆਰਾ ਚੰਗਿਆਈਆਂ ਵੰਡਣ ਨਾਲ ਹੀ ਹੁੰਦੀ ਹੈ ਭਾਵ ਸਾਡੀ ਸੱਚੀ ਸੁੱਚੀ ਕਰਨੀ ਦੁਆਰਾ ਹੀ ਹੁੰਦੀ ਹੈ। ਜੇਕਰ ਸਾਡੇ ਅੰਦਰ ਗੁਰਮਤਿ ਦਾ ਧਨ ਹੈ, ਨਾਮ ਦਾ ਧਨ ਹੈ, ਗੁਣਾਂ ਦਾ ਧਨ ਹੈ ਤੇ ਫਿਰ ਤਾਂ ਹੀ ਅਸੀਂ ਉਸ ਦੀ ਸੱਚੀ ਸਿਫ਼ਤ ਸਾਲਾਹ ਕਰ ਸਕਦੇ ਹਾਂ ਤੇ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ॥

ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥੪॥੩॥”

ਇਹ ਧਨ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਧਨ ਹੈ, ਗੁਰਮਤਿ ਦਾ ਧਨ ਹੈ ਜੋ ਸਾਡੇ ਅੰਦਰ ਗੁਰੂ ਦੇ ਗੁਣਾਂ ਨੂੰ ਦ੍ਰਿੜ ਕਰਦਾ ਹੈ ਤੇ ਉਸਦੀ ਸਿਫ਼ਤ ਸਾਲਾਹ ਇਸ ਧਨ ਦੀ ਪ੍ਰਾਪਤੀ ਦੇ ਨਾਲ ਹੀ ਹੁੰਦੀ ਹੈ। ਗੁਰੂ ਸਾਹਿਬਾਨ ਨੇ ਆਪਣਾ ਧਨ ਇਸੇ ਧਨ ਨੂੰ ਹੀ ਦੱਸਿਆ ਹੈ। ਗੁਰੂ ਸਾਹਿਬਾਨ ਨੇ ਆਪਣੀ ਸੰਸਾਰਿਕ ਵਿਚਰਨ ਇਸੇ ਧਨ ਦੁਆਰਾ ਕੀਤੀ ਹੈ, ਇਸੇ ਧਨ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀਤੀ ਹੈ। ਇਸੇ ਧਨ ਦੁਆਰਾ ਗੁਰਬਾਣੀ ਆਈ ਹੈ ਗੁਰੂ ਸਾਹਿਬਾਨ ਦੁਆਰਾ, ਭਗਤਾਂ ਦੁਆਰਾ ਆਈ ਹੈ ਜਿੰਨ੍ਹਾਂ ਨੂੰ ਇਸ ਧਨ ਦੀ ਪ੍ਰਾਪਤੀ ਹੋਈ ਹੈ। ਇਹ ਧਨ ਉੱਥੇ ਹੀ ਟਿਕਦਾ ਹੈ, ਉਹਨਾਂ ਦੇ ਪੱਲੇ ਹੀ ਹੁੰਦਾ ਹੈ ਜਿੱਥੇ ਇਸ ਧਨ ਦੀ ਚੋਰੀ ਨਹੀਂ ਹੁੰਦੀ ਭਾਵ ਜਿੱਥੇ ਇਸ ਧਨ ਦੇ ਚੋਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਕਾਬੂ ਵਿੱਚ ਆ ਜਾਂਦੇ ਹਨ। ਇਹ ਧਨ ਉੱਥੇ ਹੀ ਟਿਕਦਾ ਹੈ ਜਿਸ ਮਨ ਵਿੱਚ ਸੱਚੀ ਸੋਝੀ ਵੱਸ ਜਾਂਦੀ ਹੈ। ਗੁਰੂ ਸਾਹਿਬਾਨ ਇਸ ਸੱਚੀ ਸੋਝੀ ਦੁਆਰਾ ਹੀ ਵਿਚਰੇ ਹਨ। **(ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ॥)**

ਇਹ ਧਨ ਗੁਣਾਂ ਦਾ ਧਨ ਹੈ। ਗੁਰਬਾਣੀ ਗੁਣਾਂ ਦਾ ਧਨ ਹੈ। ਗੁਰੂ ਦੇ ਬੋਲ, ਗੁਰਬਾਣੀ ਦੇ ਬੋਲ ਉਸਦਾ ਧਨ ਹੈ ਭਾਵ ਉਸਦੀ ਸੱਚੀ ਸੋਝੀ ਉਸਦਾ ਧਨ ਹੈ ਜੋ ਸਾਨੂੰ ਸੱਚੀ ਸਿੱਖਿਆ ਦਿੰਦੀ ਹੈ। ਅਸੀਂ ਜੀਉ ਕਿਸ ਨੂੰ ਕਹਿਣਾ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਅਸੀਂ ਗੁਰੂ ਦੇ ਬੋਲਾਂ ਨੂੰ ਜੀਉ ਕਹਿਣਾ ਹੈ ਤੇ ਇਹੀ ਗੁਰੂ ਨੂੰ ਜੀਉ ਕਹਿਣਾ ਹੈ। ਗੁਰੂ ਦੇ ਗੁਣਾਂ ਨੂੰ ਜੀਉ ਕਹਿਣਾ ਹੈ, ਗੁਰੂ ਦੀ ਸਿੱਖਿਆ ਨੂੰ ਜੀਉ ਕਹਿਣਾ ਹੈ ਭਾਵ ਗੁਰੂ ਅੱਗੇ ਨਿਵਣਾ ਗੁਰੂ ਦੀ ਮਤਿ ਅੱਗੇ ਨਿਵਣਾ ਹੈ ਭਾਵ ਗੁਰੂ ਦੇ ਗੁਣ ਧਾਰਨ ਕਰਕੇ ਹੀ ਜਮਾ ਤੋਂ ਬਚਿਆ ਜਾ ਸਕਦਾ ਹੈ। ਜਮਾ ਦੇ ਵੱਸ ਅਸੀਂ ਔਗੁਣਾਂ ਕਰਕੇ

14/1497

ਹੀ ਪੈਂਦੇ ਹਾਂ ਭਾਵ ਔਗੁਣਾਂ ਵਿੱਚੋਂ ਸਾਨੂੰ ਗੁਣ ਹੀ ਕੱਢਦੇ ਹਨ। **(ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥੪॥੩॥)**

ਗੁਰੂ ਦੀ ਮਤਿ ਸਾਨੂੰ ਚੰਗੇ ਕਰਮ ਕਰਨੇ ਹੀ ਸਿਖਾਉਂਦੀ ਹੈ। ਗੁਰਮਤਿ ਹੀ ਨਾਮ ਹੈ ਤੇ ਗੁਰਮਤਿ ਦੇ ਉਲਟ ਚੱਲਣਾ ਨਾਮ ਦਾ ਚੋਰ ਬਣਨਾ ਹੈ। ਪ੍ਰਮਾਤਮਾ ਦੀ ਦਰਗਾਹ ਉੱਥੇ ਹੈ ਜਿੱਥੇ ਕੇਵਲ ਸੱਚ ਵਰਤਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਦਰਗਾਹ ਹੈ ਜਿੱਥੋਂ ਸਾਨੂੰ ਗੁਰਮਤਿ ਮਿਲਦੀ ਹੈ। ਗੁਰਮਤਿ ਸਾਨੂੰ ਸੱਚ ਹੀ ਸਿਖਾਉਂਦੀ ਹੈ ਤੇ ਸੱਚ ਹੀ ਨਾਮ ਹੈ, ਆਪ ਪ੍ਰਮਾਤਮਾ ਹੈ। ਜੋ ਸੱਚ ਦਾ ਚੋਰ ਹੈ ਉਹ ਪ੍ਰਮਾਤਮਾ ਦਾ ਚੋਰ ਹੈ, ਉਸਦੀ ਦਰਗਾਹ ਦਾ ਚੋਰ ਹੈ, ਗੁਰੂ ਦਾ ਚੋਰ ਹੈ। ਅਸੀਂ ਪ੍ਰਮਾਤਮਾ ਦੇ ਚੋਰ ਹਾਂ ਜਾਂ ਨਹੀਂ ਹਾਂ ਇਸ ਦਾ ਫੈਸਲਾ ਸਾਡੇ ਕਰਮਾਂ ਦੁਆਰਾ ਹੁੰਦਾ ਹੈ। ਜੇਕਰ ਅਸੀਂ ਮਾੜੇ ਕਰਮ ਕਰਦੇ ਹਾਂ ਤਾਂ ਅਸੀਂ ਉਸਦੇ ਚੋਰ ਬਣਦੇ ਹਾਂ ਤੇ ਜੇਕਰ ਚੰਗੇ ਕਰਮ ਕਰਦੇ ਹਾਂ ਉਸਦੇ ਨੇੜੇ ਲੱਗਦੇ ਹਾਂ। ਅਸੀਂ ਜੋ ਕੁੱਝ ਵੀ ਕਰਦੇ ਹਾਂ ਮਨ ਦੀ ਬਿਰਤੀ ਦੁਆਰਾ ਹੀ ਕਰਦੇ ਹਾਂ ਤੇ ਪ੍ਰਮਾਤਮਾ ਕੋਲੋਂ ਸਾਡੀ ਬਿਰਤੀ, ਸਾਡੇ ਮਨ ਦੀ ਸੋਚ ਛੁਪੀ ਹੋਈ ਨਹੀਂ ਹੈ ਕਿਉਂਕਿ ਉਹ ਆਪ ਹੀ ਸਾਡੇ ਵਿਚਾਰਾਂ ਦੇ ਵਿੱਚ ਬੈਠਾ ਹੈ।

ਅਸੀਂ ਪ੍ਰਮਾਤਮਾ ਨੂੰ ਚੰਗੇ ਕਰਮ ਕਰਨ ਦੀ ਬਜਾਇ ਆਪਣੇ ਬਾਹਰੀ ਦਿਖਾਵੇ ਦੁਆਰਾ, ਸਰੀਰਕ ਜਪਾਂ ਤਪਾਂ ਦੁਆਰਾ, ਅਨੇਕਾਂ ਕਰਮਾਂ ਦੁਆਰਾ, ਅਨੇਕਾਂ ਹੋਰ ਤਰੀਕਿਆਂ ਦੁਆਰਾ, ਤੀਰਥਾਂ ਤੇ ਇਸ਼ਨਾਨ ਆਦਿ ਦੁਆਰਾ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਉਸਨੂੰ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸਾਡਾ ਇਹੋ ਜਿਹਾ ਕੋਈ ਵੀ ਤਰੀਕਾ ਜਿਸ ਵਿੱਚ ਗੁਰੂ ਦੀ ਮਤਿ ਨਹੀਂ ਹੈ, ਜਿਸ ਵਿੱਚ ਮਨ ਦੀ ਸ਼ੁੱਧੀ ਨਹੀਂ ਹੈ ਭਾਵ ਜਦ ਤੱਕ ਸਾਡੇ ਵਿਚਾਰਾਂ ਵਿੱਚ ਔਗੁਣ ਹਨ, ਜਦ ਤੱਕ ਸਾਡੀ ਕਿਰਤ ਮਾੜੀ ਹੈ ਤਦ ਤੱਕ ਅਸੀਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾੜੇ ਹੀ ਬਣੇ ਰਹਿੰਦੇ ਹਾਂ ਤੇ ਸਾਡਾ ਕੋਈ ਦਿਖਾਵਾ ਕੰਮ ਨਹੀਂ ਆਉਂਦਾ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਦ੍ਰਿੜ ਕਰੀਏ ਕਿ ਪ੍ਰਮਾਤਮਾ ਦੇ ਘਰ ਵਿੱਚ ਚੋਰ ਬਣਨਾ ਕੀ ਹੈ।

14/1498

ਗਉੜੀ ਮਹਲਾ ੫ ॥

“ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥੧॥
ਰਾਮੁ ਰਮੈ ਸੋਈ ਰਾਮਾਣਾ ॥ ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ ਰਹਾਉ ॥
ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥੨॥
ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥੩॥
ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥”

(ਅੰਗ ੧੯੪)

ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆਏ ਹਾਂ ਉਹੀ ਗੱਲ ਇੱਥੇ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਜਪਣ ਦਾ ਅਸਲ ਤਰੀਕਾ ਕੀ ਹੈ। ਗੱਲ ਸਾਡੀ ਕਥਨੀ ਕਰਨੀ ਦੀ ਹੀ ਹੈ। ਦਿਖਾਵਾ ਅਸੀਂ ਕੁੱਝ ਹੋਰ ਕਰਦੇ ਹਾਂ ਭਾਵ ਪ੍ਰਮਾਤਮਾ ਨੂੰ ਅਸੀਂ ਆਪਣੇ ਬਾਹਰੀ ਜਪ ਤਪ ਦੁਆਰਾ ਪ੍ਰਸੰਨ ਕਰਨ ਦੀ ਕੋਸ਼ਿਸ ਕਰਦੇ ਹਾਂ ਜਿਸਨੂੰ ਅਸੀਂ ਹਰ ਕੋਈ ਭਗਤੀ ਦਾ ਤਰੀਕਾ ਸਮਝਦੇ ਹਾਂ, ਪ੍ਰਮਾਤਮਾ ਦੀ ਦਰਗਾਹ ਵਿੱਚ ਜਾਣ ਦਾ ਤਰੀਕਾ ਸਮਝਦੇ ਹਾਂ। ਪ੍ਰਮਾਤਮਾ ਦੀ ਦਰਗਾਹ ਵਿੱਚ ਚੰਗੇ ਮਾੜੇ ਦੀ ਪਹਿਚਾਣ ਸਾਡੀ ਸੰਸਾਰਿਕ ਵਿਚਰਨ ਦੁਆਰਾ ਹੁੰਦੀ ਹੈ, ਸਾਡੀ ਕਿਰਤ ਦੁਆਰਾ ਹੁੰਦੀ ਹੈ। ਕਰਮ ਭਾਵੇਂ ਅਸੀਂ ਮਾੜੇ ਕਰਦੇ ਹਾਂ, ਮਾਇਆ ਮੋਹ ਵਿੱਚ ਵਿਚਰਦੇ ਹਾਂ ਪਰ ਆਪਣੇ ਬਾਹਰੀ ਜਪ ਤਪ ਦੁਆਰਾ ਅਸੀਂ ਆਪਣਾ ਮਨ ਦਾ ਰੂਪ ਢਕਣ ਦੀ ਕੋਸ਼ਿਸ਼ ਕਰਦੇ ਹਾਂ, ਆਪਣੇ ਮਾੜੇ ਕਰਮਾਂ ਨੂੰ ਢਕਣ ਦੀ ਕੋਸ਼ਿਸ਼ ਕਰਦੇ ਹਾਂ। ਪ੍ਰਮਾਤਮਾ ਕੋਲੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ। ਉਸਦੀਆਂ ਨਜ਼ਰਾਂ ਵਿੱਚ ਮਾੜੇ ਕਰਮ ਕਰਨ ਵਾਲਾ ਮਨੁੱਖ ਚੋਰ ਹੀ ਹੈ ਭਾਵੇਂ ਉਹ ਜਿਤਨੇ ਮਰਜ਼ੀ ਜਪ ਤਪ ਆਦਿ ਕਰਕੇ ਆਪਣਾ ਕੋਈ ਹੋਰ ਰੂਪ ਦਿਖਾਈ ਜਾਵੇ, ਚੰਗਾ ਬਣਕੇ ਦਿਖਾਈ ਜਾਵੇ। ਉਸਨੂੰ ਕੇਵਲ ਉਹੀ ਚੰਗੇ ਲੱਗਦੇ ਹਨ ਜੋ ਮਾੜੇ ਕਰਮ ਨਹੀਂ ਕਰਦੇ ਭਾਵ ਚੰਗੇ ਕਰਮ ਕਰਦੇ ਹਨ। **(ਕਰੈ ਦੁਹਕਰਮ ਦਿਖਾਵੈ ਹੋਰੁ॥ ਰਾਮ ਕੀ ਦਰਗਹ ਬਾਧਾ ਚੋਰੁ॥੧॥)**

ਅਸੀਂ ਆਪਣੇ ਜਿਹੋ ਜਿਹੇ ਜਪ ਤਪ ਦੁਆਰਾ ਰਾਮ ਵਿੱਚ ਰਮਣਾ ਸਮਝਦੇ ਹਾਂ ਉਹ ਕੋਈ ਰਾਮ ਵਿੱਚ ਰਮਣਾ ਨਹੀਂ ਹੈ। ਜਦ ਤੱਕ ਸਾਡੇ ਕਰਮ ਮਾੜੇ ਹਨ ਅਸੀਂ ਰਾਮ ਵਿੱਚ ਰਮੇ ਹੋਏ ਨਹੀਂ ਹਾਂ। ਰਾਮ ਵਿੱਚ ਰਮਣਾ ਉਸ ਦੀ ਮਤਿ ਵਿੱਚ ਰਮਣਾ ਹੈ ਜੋ ਕਿ ਉਸਦੇ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ

14/1499

ਹੀ ਰਮਿਆ ਜਾ ਸਕਦਾ ਹੈ, ਉਸਨੂੰ ਆਪਣੇ ਅੰਦਰ ਜਾਨਣ ਤੋਂ ਬਾਅਦ ਹੀ ਰਮਿਆ ਜਾ ਸਕਦਾ ਹੈ। ਜਦ ਤੱਕ ਸਾਨੂੰ ਆਪਣੇ ਅੰਦਰੋਂ ਇਹ ਸੋਝੀ ਨਹੀਂ ਪੈਂਦੀ ਕਿ ਸਭ ਕੁੱਝ, ਸਭ ਵਿੱਚ, ਸਭ ਜਗ੍ਹਾ ਇੱਕੋ ਇੱਕ ਪ੍ਰਮਾਤਮਾ ਹੀ ਹੈ ਤੇ ਹੋਰ ਕੋਈ ਨਹੀਂ ਹੈ ਤਦ ਤੱਕ ਉਸ ਵਿੱਚ ਰਮਿਆ ਨਹੀਂ ਜਾ ਸਕਦਾ ਭਾਵ ਉਸ ਵਿੱਚ ਉਸਨੂੰ ਜਾਣ ਕੇ ਹੀ, ਉਸਦੀ ਸੱਚੀ ਸੋਝੀ ਪੈਣ ਤੇ ਹੀ ਰਮਿਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। **(ਰਾਮੁ ਰਮੈ ਸੋਈ ਰਾਮਾਣਾ॥ ਜਲਿ ਥਲਿ ਮਹੀਅਲਿ ਏਕੁ ਸਮਾਣਾ॥੧॥ਰਹਾਉ॥)**

{ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥}

(ਅੰਗ ੯)

ਅਸੀਂ ਦਿਖਾਵਾ ਕਿਸ ਤਰੀਕੇ ਨਾਲ ਕਰਦੇ ਹਾਂ, ਆਪਣਾ ਹੋਰ ਰੂਪ ਕਿਵੇਂ ਦਿਖਾਉਂਦੇ ਹਾਂ ਭਾਵ ਅਸੀਂ ਰਾਮ ਵਿੱਚ ਰਮਣਾ ਕੀ ਸਮਝਦੇ ਹਾਂ, ਸਾਡਾ ਇਹੀ ਭੁਲੇਖਾ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਕੱਢਿਆ ਹੋਇਆ ਹੈ ਤੇ ਨਾਲ ਇਹ ਵੀ ਸਮਝਾਇਆ ਹੈ ਕਿ ਉਸਦਾ ਫ਼ਲ ਸਾਨੂੰ ਕੀ ਮਿਲਦਾ ਹੈ।

“ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ॥ ਜਮ ਪੁਰਿ ਬਾਧਾ ਚੋਟਾ ਖਾਵੈ॥੨॥”

ਇਨ੍ਹਾਂ ਉੱਪਰ ਵਾਲੀਆਂ ਪੰਗਤੀਆਂ ਨੂੰ ਜਿਤਨੀ ਵਾਰੀ ਹੋ ਸਕਦਾ ਹੈ ਪੜ੍ਹੋ। ਇੱਥੇ ਸਾਡੇ ਜਪ ਤਪ ਦੀ ਪੋਲ ਬੜੇ ਸਪੱਸ਼ਟ ਤਰੀਕੇ ਨਾਲ ਖੋਲ੍ਹੀ ਹੋਈ ਹੈ। ਵੱਡੇ ਵੱਡੇ ਨਾਮ ਰਸੀਏ ਅਖਵਾਉਣ ਵਾਲਿਆਂ ਦੇ ਚਰਨਾਂ ਵਿੱਚ ਖਾਸ ਕਰਕੇ ਬੇਨਤੀ ਹੈ ਕਿ ਉੱਪਰ ਵਾਲੀਆਂ ਪੰਗਤੀਆਂ ਨੂੰ ਕੁੱਝ ਗੌਰ ਨਾਲ ਪੜ੍ਹਨ। ਸਾਨੂੰ ਇਹੀ ਗੱਲ ਬਾਣੀ ਵਿੱਚ ਵਾਰ-ਵਾਰ ਸਮਝਾਈ ਹੋਈ ਹੈ ਕਿ ਸਾਰੀ ਗੱਲ ਸਾਡੇ ਹਿਰਦੇ ਦੀ ਸ਼ੁੱਧੀ ਦੀ ਹੈ ਤੇ ਕੇਵਲ ਮੁੱਖੋਂ ਬੋਲੀ ਜਾਣ ਨਾਲ ਕਦੇ ਹਿਰਦਾ

14/1500

ਸ਼ੁੱਧ ਨਹੀਂ ਹੋ ਸਕਦਾ ਜਿਵੇਂ ਕਿ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹੋ ਜਿਹੀਆਂ ਗੱਲਾਂ ਕਰਨੀਆਂ ਕੇਵਲ ਸਾਡੀ ਸਿਆਣਪ ਦੱਸਿਆ ਹੈ ਜੋ ਕਿ ਕੇਵਲ ਆਪਣੇ ਆਪ ਨੂੰ ਭੁਲੇਖੇ ਵਿੱਚ ਰੱਖਣ ਵਾਲੀ ਗੱਲ ਹੈ। ਨਾਮ “ਅੰਮ੍ਰਿਤੁ” ਹੈ ਤੇ ਅਸੀਂ ਆਪਣੇ ਮੁੱਖੋਂ, ਜਿਸ ਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ, ਉਨ੍ਹਾਂ ਨੂੰ ਅੰਮ੍ਰਿਤ ਬੋਲ ਸਮਝਦੇ ਹਾਂ। ਜਦ ਤੱਕ ਸਾਡਾ ਹਿਰਦਾ ਸ਼ੁੱਧ ਨਹੀਂ ਸਾਡੇ ਮੁੱਖੋਂ ਕੀਤਾ ਹੋਇਆ ਉਚਾਰਨ ਕਿਸੇ ਲੇਖੇ ਨਹੀਂ ਪੈਂਦਾ। ਦੁਹਕਰਮ ਕਰਨ ਤੋਂ ਕੇਵਲ ਸਾਨੂੰ ਮਨ ਦੀ ਸ਼ੁੱਧੀ ਹੀ ਬਚਾਅ ਸਕਦੀ ਹੈ। ਸਾਡੇ ਅੰਦਰ ਮਾਇਆ ਮੋਹ ਭਰਿਆ ਹੋਇਆ ਹੈ, ਲੋਭ ਲਾਲਚ ਭਰਿਆ ਹੋਇਆ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ, ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਦੇ ਹਾਂ। ਨਿਕਲਣਾ ਤਾਂ ਮਾਇਆ ਮੋਹ ਵਿੱਚੋਂ ਹੈ ਜਿਸ ਨੂੰ ਕਿ ਅਸੀਂ ਭਗਤੀ ਹੀ ਨਹੀਂ ਸਮਝਦੇ, ਨਾਮ ਤੇ ਚੱਲਣਾ ਹੀ ਨਹੀਂ ਸਮਝਦੇ। ਅਸੀਂ ਭਗਤੀ ਹੀ ਆਪਣੇ ਦਿਖਾਵੇ ਨੂੰ ਸਮਝਦੇ ਹਾਂ, ਸਰੀਰਕ ਜਪ ਤਪ ਤੇ ਮੁੱਖੋਂ ਸ਼ਬਦ ਦੇ, ਅੱਖਰ ਦੇ ਉਚਾਰਨ ਨੂੰ ਸਮਝਦੇ ਹਾਂ। ਇਹੋ ਜਿਹੀ ਭਗਤੀ ਦੁਆਰਾ ਜੇ ਕੋਈ ਉਮੀਦ ਰੱਖੇ ਕਿ ਉਹ ਜਮਾਂ ਦੀ ਮਾਰ ਤੋਂ ਬਚ ਜਾਵੇਗਾ ਤਾਂ ਫਿਰ ਇਹ ਉਸਦਾ ਬਹੁਤ ਵੱਡਾ ਭੁਲੇਖਾ ਹੈ। ਬਚਾਉਣਾ ਸਾਨੂੰ ਕੇਵਲ ਸਾਡੇ ਚੰਗੇ ਕਰਮਾਂ ਨੇ ਹੀ ਹੈ। **(ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ॥ ਜਮ ਪੁਰਿ ਬਾਧਾ ਚੋਟਾ ਖਾਵੈ॥੨॥)** ਅਸੀਂ ਮਾੜੇ ਕਰਮ ਵੀ ਕਰਦੇ ਹਾਂ ਤੇ ਉਸ ਤੇ ਅਨੇਕ ਤਰੀਕਿਆਂ ਨਾਲ ਪੜਦਾ ਵੀ ਬਣਾ ਕੇ ਰੱਖਦੇ ਹਾਂ ਭਾਵ ਅਸੀਂ ਇਹ ਸਮਝਦੇ ਹਾਂ ਕਿ ਵਿਕਾਰ ਵਾਲੀ ਵਿਚਰਨ ਮਾੜੀ ਹੈ ਤੇ ਅਸੀਂ ਇਸੇ ਲਈ ਉਨ੍ਹਾਂ ਨੂੰ ਪੜਦੇ ਵਿੱਚ ਰੱਖਦੇ ਹਾਂ। ਅਸੀਂ ਜਾਣਦੇ ਹੋਏ ਵੀ ਮਾੜੇ ਕਰਮ ਕਰਦੇ ਹਾਂ ਪਰ ਸਾਡਾ ਪੜਦਾ ਉੱਠਦਿਆਂ ਕੁੱਝ ਵੀ ਦੇਰ ਨਹੀਂ ਲੱਗਦੀ ਭਾਵ ਸਾਡਾ ਪੜਦਾ ਕੰਮ ਨਹੀਂ ਆਉਂਦਾ ਜਿਸ ਕਰਕੇ ਸਾਨੂੰ ਸ਼ਰਮਸਾਰ ਹੋਣਾ ਪੈਂਦਾ ਹੈ। ਪ੍ਰਮਾਤਮਾ ਅੱਗੇ ਸਾਡਾ ਕੋਈ ਪੜਦਾ

14/1501

ਨਹੀਂ ਹੈ ਤੇ ਇਸ ਲਈ ਸਾਨੂੰ ਉਸ ਦੀ ਦਰਗਾਹ ਵਿੱਚ ਮਾੜੇ ਕਰਮਾਂ ਲਈ ਸ਼ਰਮਸਾਰ ਹੀ ਹੋਣਾ ਪੈਂਦਾ ਹੈ। **(ਅਨਿਕ ਪੜਦੇ ਮਹਿ ਕਮਾਵੈ ਵਿਕਾਰ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ॥੩॥)** ਉਪਰਲੀ ਪੰਗਤੀ ਰਾਹੀਂ ਇੱਕ ਗੱਲ ਹੋਰ ਧਿਆਨ ਨਾਲ ਸਮਝੋ ਕਿ ਅਸੀਂ ਆਪਣੇ ਜੀਵਨ ਵਿੱਚ ਵਿਕਾਰਾਂ ਦੀ ਕਮਾਈ ਕਿਵੇਂ ਕਰਦੇ ਹਾਂ ਭਾਵ ਮਾੜੇ ਕਰਮ ਕਰਕੇ, ਦੁਹਕਰਮ ਕਰਕੇ ਅਸੀਂ ਵਿਕਾਰ ਕਮਾਉਂਦੇ ਹਾਂ। ਇਸੇ ਤਰ੍ਹਾਂ ਅਸੀਂ ਸੱਚ ਦੀ ਕਮਾਈ, ਗੁਣਾਂ ਦੀ ਕਮਾਈ ਫਿਰ ਕਿਵੇਂ ਕਰਨੀ ਹੈ। ਅਸੀਂ

ਮੁੱਖੋਂ ਬੋਲ ਬੋਲ ਕੇ ਹੀ ਗੁਣਾਂ ਦੀ, ਸੱਚ ਦੀ ਕਮਾਈ ਕਰਨਾ ਸਮਝਦੇ ਹਾਂ। ਅਸੀਂ ਹਰ ਗੱਲ ਵਿੱਚ ਭੁਲੇਖੇ ਹੀ ਪਾਲੇ ਹੋਏ ਹਨ। ਜੇਕਰ ਔਗੁਣ, ਝੂਠ ਅਸੀਂ ਮਾੜੇ ਕਰਮ ਕਰਕੇ ਕਮਾਉਂਦੇ ਹਾਂ, ਇਸੇ ਤਰ੍ਹਾਂ ਗੁਣਾਂ ਦੀ, ਸੱਚ ਦੀ ਕਮਾਈ ਵੀ ਅਸੀਂ ਆਪਣੇ ਚੰਗੇ ਕਰਮਾਂ ਦੁਆਰਾ ਹੀ ਕਮਾਉਂਦੇ ਹਾਂ। ਸਭ ਕੁੱਝ ਸਾਡੀ ਕਰਨੀ ਤੇ ਹੀ ਨਿਰਭਰ ਹੈ ਕਿ ਅਸੀਂ ਕਰਨੀ ਕਿਹੋ ਜਿਹੀ ਕਰਦੇ ਹਾਂ। ਆਪਣੀ ਕਰਨੀ ਨਾਲ ਹੀ ਅਸੀਂ ਨਾਮ ਰਸ ਵਿੱਚ ਰਮਣਾ ਹੈ ਨਾ ਕਿ ਮੁੱਖੋਂ ਬੋਲ ਬੋਲ ਕੇ, ਮੁੱਖੋਂ ਅੰਮ੍ਰਿਤ ਸੁਣ ਸੁਣਾ ਕੇ ਨਾਮ ਰਸੀਏ ਬਣਨਾ ਹੈ। ਸਾਰੀ ਗੱਲ ਮਨ ਨੂੰ ਸ਼ੁੱਧ ਕਰਨ ਦੀ ਹੈ, ਮਨ ਨੂੰ ਸੱਚਾ ਬਣਾਉਣ ਦੀ ਹੈ, ਬਿਖ ਛੱਡਣ ਦੀ ਹੈ ਤੇ ਤਾਂ ਹੀ ਅਸੀਂ ਨਾਮ ਰਸੀਏ ਬਣ ਸਕਦੇ ਹਾਂ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅੰਤਰਿ ਸਾਚਿ ਨਾਮਿ ਰਸਿ ਰਾਤਾ॥ ਨਾਨਕ ਤਿਸੁ ਕਿਰਪਾਲੁ ਬਿਧਾਤਾ॥੪॥੭੧॥੧੪੦॥”

ਇਨ੍ਹਾਂ ਪੰਗਤੀਆਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਵੀ ਨਾਲ ਹੀ ਜੋੜ ਕੇ ਸਮਝੋ ਜੋ ਕਿ ਇਸ ਤਰ੍ਹਾਂ ਹਨ।

“ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ॥ ਜਮ ਪੁਰਿ ਬਾਧਾ ਚੋਟਾ ਖਾਵੈ॥੨॥”

ਉੱਪਰ ਦਿੱਤੇ ਸ਼ਬਦ ਦੇ ਦੋਨਾਂ ਪਦਿਆਂ ਨੂੰ ਆਪਸ ਵਿੱਚ ਜੋੜ ਕੇ ਸਮਝੋ ਕਿ ਨਾਮ ਰਸ ਵਿੱਚ ਰਤਣਾ

14/1502

ਕੀ ਹੈ। ਨਾਮ ਰਸੀਏ ਅਖਵਾਉਣ ਵਾਲਿਆਂ ਨੂੰ ਖਾਸ ਕਰਕੇ ਬੇਨਤੀ ਹੈ ਕਿ ਉਹ ਇਸ ਗੱਲ ਨੂੰ ਧਿਆਨ ਨਾਲ ਸਮਝਣ। ਸਾਰੀ ਗੱਲ ਸਾਡੇ ਅੰਤਰ ਦੀ ਹੈ, ਮਨ ਦੀ ਹੈ ਕਿ ਸਾਡੇ ਮਨ ਵਿੱਚ ਕੀ ਹੈ। ਸਾਡੇ ਮਨ ਵਿੱਚ ਬਿਖ ਹੈ ਜਾਂ ਸੱਚ ਹੈ। ਸਾਰੀ ਗੱਲ ਨਾਮ ਦੀ ਇਸੇ ਗੱਲ ਤੇ ਨਿਰਭਰ ਹੈ। ਜਦ ਤੱਕ ਸਾਡੇ ਅੰਦਰ ਬਿਖ ਹੈ ਅਸੀਂ ਆਪਣੇ ਮੁੱਖੋਂ ਜਿਤਨਾ ਮਰਜ਼ੀ ਅੰਮ੍ਰਿਤ-ਅੰਮ੍ਰਿਤ ਬੋਲੀ ਜਾਈਏ ਤਦ ਤੱਕ ਅਸੀਂ ਨਾਮ ਰਸੀਏ ਨਹੀਂ ਹਾਂ ਭਾਵੇਂ ਅਸੀਂ ਸਮਝਦੇ ਇਹੀ ਕੁੱਝ ਹਾਂ ਕਿ ਅਸੀਂ ਨਾਮ ਰਸੀਏ ਹਾਂ। ਨਾਮ ਰਸੀਆ ਉਹ ਹੈ ਜਿਸਦੇ ਮਨ ਵਿੱਚ ਬਿਖ ਨਹੀਂ ਹੈ, ਝੂਠ ਨਹੀਂ ਹੈ, ਵਿਕਾਰ ਨਹੀਂ ਹਨ ਤੇ ਕੇਵਲ ਸੱਚ ਹੈ। ਕੇਵਲ ਸੱਚ ਉੱਥੇ ਹੀ ਹੁੰਦਾ ਹੈ ਜਿੱਥੇ ਕੇਵਲ ਗੁਰਮਤਿ ਹੁੰਦੀ ਹੈ। ਕੇਵਲ ਸੱਚ, ਪ੍ਰਮਾਤਮਾ ਦੀ ਕ੍ਰਿਪਾ ਨਾਲ ਮਿਲਦਾ ਹੈ, ਉਸਦੇ ਆਪ ਦਿੱਤੇ ਹੀ ਮਿਲਦਾ ਹੈ ਜਿਵੇਂ ਕਿ ਉੱਪਰ ਆਖਰੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਨਾਨਕ ਤਿਸੁ ਕਿਰਪਾਲੁ ਬਿਧਾਤਾ॥੪॥੭੧॥੧੪੦॥)** ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਬਿਖ ਵਿੱਚੋਂ, ਔਗੁਣਾਂ ਵਿੱਚੋਂ, ਵਿਕਾਰਾਂ ਵਿੱਚੋਂ ਕੱਢ ਲੈਂਦਾ ਹੈ, ਪੰਜਾਂ ਚੋਰਾਂ ਤੋਂ ਬਚਾਅ ਲੈਂਦਾ ਹੈ ਤੇ ਮਨ ਦੇ ਵਿੱਚ ਆਪਣਾ ਸੱਚ ਵਸਾ ਦਿੰਦਾ ਹੈ। ਇਹੋ ਜਿਹਾ ਸੱਚ ਉਸਦਾ ਨਾਮ ਹੈ ਜਿਸ ਨੂੰ ਗੁਰਬਾਣੀ ਵਿੱਚ ਨਾਮ ਕਿਹਾ ਗਿਆ ਹੈ। ਇਹੋ ਜਿਹੇ ਸੱਚ ਨਾਲ ਅਸੀਂ ਉਸ ਦੇ ਨਾਮ ਰਸ ਵਿੱਚ ਰੱਤੇ ਜਾਂਦੇ ਹਾਂ।

ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਸੱਚ ਕੀ ਹੈ, ਸਾਡੇ ਅੰਦਰ ਸੱਚ ਦਾ ਹੋਣਾ ਕੀ ਹੈ ਤਾਂ ਫਿਰ ਸਾਨੂੰ ਨਾਮ ਜਪਣਾ ਵੀ ਆ ਜਾਵੇਗਾ, ਨਾਮ ਰਸੀਏ ਬਣਨਾ ਵੀ ਆ ਜਾਵੇਗਾ। ਜਦ ਤੱਕ ਅਸੀਂ ਇੱਕ ਅੱਖਰ ਨੂੰ ਆਪਣਾ ਸਭ ਕੁੱਝ ਮੰਨਿਆ ਹੋਇਆ ਹੈ, ਇੱਕ ਅੱਖਰ ਨੂੰ ਹੀ ਸੱਚ ਮੰਨਿਆ ਹੋਇਆ ਹੈ, ਇੱਕ ਅੱਖਰ ਨੂੰ ਹੀ ਗੁਣ ਮੰਨਿਆ ਹੋਇਆ ਹੈ ਤਦ ਤੱਕ ਸਾਡੀ ਕਰਨੀ ਸੁਧਰ ਹੀ ਨਹੀਂ ਸਕਦੀ। ਸਾਡੀ ਕਰਨੀ ਦਾ ਤੱਤ ਸਾਰ ਸਾਡੇ ਹਿਰਦੇ ਵਿੱਚ

14/1503

ਸੱਚ ਦਾ ਹੋਣਾ ਹੈ। ਹਿਰਦੇ ਵਿੱਚ ਸੱਚ ਹੋਣ ਤੋਂ ਬਿਨ੍ਹਾਂ ਅਸੀਂ ਜੋ ਵੀ ਭਾਵ ਜਿਸ ਤਰੀਕੇ ਦੀ ਵੀ ਪੂਜਾ ਆਦਿ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ, ਮੁੱਖੋਂ ਬੋਲ ਬੋਲ ਕੇ ਜਪ ਤਪ ਆਦਿ ਕਰਦੇ ਹਾਂ ਇਹ ਕੇਵਲ ਸਾਡਾ ਪਾਖੰਡ ਹੀ ਹੈ, ਸਾਡੀ ਖੁਆਰੀ ਹੀ ਹੋ ਰਹੀ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ। ਮਨ ਦੇ ਵਿੱਚ ਬਿਖ ਦੇ ਰਹਿੰਦਿਆਂ ਸਾਡੀ ਖੁਆਰੀ ਹੀ ਹੈ, ਅਸੀਂ ਨਾਮ ਦੇ ਚੋਰ ਹੀ ਹਾਂ, ਉਸਦੀ ਦਰਗਾਹ ਦੇ ਚੋਰ ਹੀ ਹਾਂ ਭਾਵੇਂ ਅਸੀਂ ਆਪਣੇ ਆਪ ਨੂੰ ਆਪਣੇ ਜਪਾਂ ਤਪਾਂ ਕਰਕੇ ਜਿੰਨ੍ਹਾਂ ਮਰਜ਼ੀ ਉੱਚਾ ਕਰੀ ਜਾਈਏ, ਸਮਝੀ ਜਾਈਏ। ਇਹ ਗੁਰਬਾਣੀ ਦਾ ਫੁਰਮਾਨ ਹੈ ਜਿਸ ਨੂੰ ਕਿ ਸਭ ਨੂੰ ਸਮਝਣ ਦੀ ਲੋੜ ਹੈ ਤੇ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਸਲੋਕੁ ਮਃ ੩ ॥

{ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥
ਭਰਮੇ ਭੂਲਾ ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮ ਗਤਿ ਲਹੈ ॥
ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥}

(ਅੰਗ ੯੪੮)

{ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗਣਿਆਰਿ ॥
ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥੫॥
ਅਉਗਣਿਆਰੀ ਕੰਤ ਨ ਭਾਵੈ ॥ ਮਨ ਕੀ ਜੂਠੀ ਜੂਠੁ ਕਮਾਵੈ ॥
ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ ॥੬॥
ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥
ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥}

(ਅੰਗ ੧੦੪੭)

14/1504

ਗੁਰਬਾਣੀ ਸਾਨੂੰ ਵਾਰ-ਵਾਰ ਹਰ ਸ਼ਬਦ ਰਾਹੀਂ ਭਗਤੀ ਹੀ ਸਮਝਾ ਰਹੀ ਹੈ ਕਿ ਉਸ ਪ੍ਰਮਾਤਮਾ ਨੂੰ ਕਿਵੇਂ ਪਾਉਣਾ ਹੈ, ਕਿਵੇਂ ਜਪਣਾ ਹੈ। ਪ੍ਰਮਾਤਮਾ ਦੀ ਭਗਤੀ ਦਾ ਮੂਲ, ਉਸਨੂੰ ਜਪਣ ਦਾ ਮੂਲ ਸਾਡੇ ਮਨ ਦੇ ਵਿੱਚ ਸੱਚ ਦਾ ਹੋਣਾ ਹੈ, ਗੁਣਾਂ ਦਾ ਹੋਣਾ ਹੈ। ਸਾਰੀ ਬਾਣੀ ਦਾ ਤੱਤ ਸਾਰ ਇਹੋ ਹੀ ਹੈ ਭਾਵੇਂ ਉਹ ਜਿਹੜੇ ਮਰਜ਼ੀ ਸ਼ਬਦ ਦੁਆਰਾ ਸਮਝ ਲਈਏ, ਜਿਹੜੇ ਮਰਜ਼ੀ ਤਰੀਕੇ ਨਾਲ ਸਮਝ ਲਈਏ। ਬਾਣੀ ਵਿੱਚ ਸਾਨੂੰ ਸਮਝਾਉਣ ਲਈ ਅਨੇਕਾਂ ਤਰੀਕੇ ਵਰਤੇ ਹਨ, ਅਨੇਕਾਂ ਉਦਾਹਰਣਾਂ ਦਿੱਤੀਆਂ ਹਨ, ਸਮਝਾਉਣ ਲਈ ਅਨੇਕਾਂ ਸ਼ਬਦ ਵਰਤੇ ਹਨ ਤੇ ਸਭ ਦਾ ਤੱਤ ਸਾਰ ਸੱਚ ਅਤੇ ਗੁਣਾਂ ਨਾਲ ਜੁੜਿਆ ਹੁੰਦਾ ਹੈ। ਹੁਣ ਤੱਕ ਅਸੀਂ ਪਿੱਛੇ ਜਿਤਨੀ ਵੀ ਵਿਆਖਿਆ ਕੀਤੀ ਹੈ ਉਸ ਦਾ ਤੱਤ ਸਾਰ ਵੀ ਇਹੀ ਹੈ ਜੋ ਹਰ ਸ਼ਬਦ ਦੁਆਰਾ ਅਸੀਂ ਸਮਝਿਆ ਹੈ। ਬਾਣੀ ਦੀ ਸੋਝੀ ਪੈਣ ਲਈ ਕੁੱਝ ਮੂਲ ਰੂਪ ਗੱਲਾਂ ਦੀ ਸੋਝੀ ਪੈਣਾ ਬਹੁਤ ਜਰੂਰੀ ਹੈ ਜਿਵੇਂ ਕਿ ਕੇਵਲ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਸੱਚੀ ਹੈ ਤੇ ਹਉਮੈ ਝੂਠੀ ਹੈ ਭਾਵ ਪ੍ਰਮਾਤਮਾ ਤੋਂ ਇਲਾਵਾ ਕੋਈ ਹੋਰ ਹੋਂਦ ਸਮਝਣਾ ਝੂਠ ਹੈ। ਨਾਮ ਗੁਰੂ ਹੈ, ਪ੍ਰਮਾਤਮਾ ਹੈ ਭਾਵ ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਹੈ, ਸੱਚੀ ਸੋਝੀ ਹੈ, ਉਸਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਤੇ ਕੇਵਲ ਉਸਦੀ ਕਿਰਪਾ ਦੁਆਰਾ ਹੀ ਮਿਲਦਾ ਹੈ। ਪ੍ਰਮਾਤਮਾ ਹੀ ਸਭ ਜਗ੍ਹਾ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ ਤੇ ਸਾਡੇ ਅੰਦਰ ਵੀ ਉਹ ਆਪ ਹੀ ਹੈ। ਉਸਨੂੰ ਜਾਨਣ ਦਾ ਜਰੀਆ ਕੇਵਲ ਸਾਡਾ ਮਨ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ, ਉਸਦੇ ਨਾਲ ਮਿਲਿਆ ਜਾ ਸਕਦਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਉਸਦੀ ਹਉਮੈ ਦੂਰ ਹੁੰਦੀ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਤੋਂ ਬਾਅਦ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਹੀ ਉਸ ਦੀ ਸੱਚੀ ਮਤਿ ਮਿਲਦੀ ਹੈ ਜਿਸ

14/1505

ਦੁਆਰਾ ਸਾਨੂੰ ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਰਬਾਣੀ ਦੇ ਸੱਚੇ ਗਿਆਨ ਦੀ ਸੋਝੀ ਪੈਂਦੀ ਹੈ। ਮਨ ਦੇ ਵਿੱਚ ਇਹ ਸੱਚੀ ਸੋਝੀ "**ਸਹਜ**" ਦੀ ਅਵੱਸਥਾ ਹੈ, ਇਹ ਚੌਥਾ ਪਦ ਹੈ, ਇਹ ਬ੍ਰਹਮ ਗਿਆਨੀ ਦੇ ਨਾਲ ਮੇਲ ਹੈ ਤੇ ਮਨੁੱਖ ਦੀ ਇਹ ਅਵੱਸਥਾ ਗੁਰਮੁਖਿ ਵਾਲੀ ਅਵੱਸਥਾ ਹੈ ਜਿਸ ਦੁਆਰਾ ਅਸੀਂ ਮਨਮੁਖਿ ਵਾਲੀ ਅਵੱਸਥਾ ਵਿੱਚੋਂ ਨਿਕਲਦੇ ਹਾਂ, ਮਾਇਆ ਮੋਹ ਵਿੱਚੋਂ, ਭਰਮ, ਦੁਚਿੱਤੀ, ਦੁਬਿਧਾ, ਅਗਿਆਨਤਾ ਵਿੱਚੋਂ ਨਿਕਲਦੇ ਹਾਂ, ਤ੍ਰੈਗੁਣਾਂ ਵਿੱਚੋਂ ਨਿਕਲਦੇ ਹਾਂ ਜਿੰਨ੍ਹਾਂ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਸੋਝੀ ਕਦੇ ਵੀ ਨਹੀਂ ਪੈ ਸਕਦੀ। ਇਹ ਚੌਥੇ ਪਦ ਦੀ ਅਵੱਸਥਾ ਹੀ ਸਾਡੇ ਮਨ ਦੀ ਸੰਤ ਸਭਾ ਹੈ, ਸਤਿ ਸੰਗਤ ਹੈ, ਸਾਧ

ਸੰਗਤਿ ਹੈ ਜਿਹੋ ਜਿਹੀ ਸਾਧ ਸੰਗਤਿ ਦੀ ਗੱਲ ਬਾਣੀ ਵਿੱਚ ਵਾਰ-ਵਾਰ ਕੀਤੀ ਹੋਈ ਹੈ। ਇਹ ਸਾਧ ਦੀ, ਗੁਰੂ ਦੀ, ਪ੍ਰਮਾਤਮਾ ਦੀ ਸੰਗਤਿ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦੀ ਹੈ। ਇਹੀ ਸ਼ਬਦ ਸੁਰਤਿ ਦਾ ਮੇਲ ਹੈ। ਇਹੀ ਸਾਡੇ ਮਨ ਦੇ ਵਿੱਚ ਪੁੱਠੇ ਕਮਲ ਦਾ ਸਿੱਧਾ ਹੋਣਾ ਹੈ ਭਾਵ ਪੁੱਠੀ ਮਤਿ ਦਾ, ਤ੍ਰੈਗੁਣੀ ਮਤਿ ਦਾ ਚੌਥੇ ਪਦ ਵਿੱਚ ਪਹੁੰਚਣਾ ਹੈ। ਇਹ ਚੌਥਾ ਪਦ ਹੀ ਮਨ ਦੀ ਸਹਜ ਧੁਨਿ ਹੈ ਜੋ ਸਾਨੂੰ ਸੱਚ ਦੇ ਨਾਲ ਜੋੜ ਕੇ ਰੱਖਦੀ ਹੈ। ਇਹ ਅਵੱਸਥਾ ਹੀ ਗੁਰੂ ਦਾ "**ਭੈ**" ਕਬੂਲ ਕਰਨ ਦੀ ਅਵੱਸਥਾ ਹੈ ਜਿਸ "**ਭੈ**" ਦੀ ਗੱਲ ਬਾਣੀ ਵਿੱਚ ਅਨੇਕਾਂ ਵਾਰ ਆਉਂਦੀ ਹੈ। ਇਹ ਚੌਥੇ ਪਦ ਦੀ ਅਵੱਸਥਾ ਹੀ ਹਰਿ ਰਸ ਦੀ ਪ੍ਰਾਪਤੀ ਹੈ, ਨਾਮ ਰਸ, ਨਾਮ ਧਨ, ਹਰਿ ਧਨ ਦੀ ਪ੍ਰਾਪਤੀ ਹੈ ਜੋ ਕਿ ਮਨ ਦੇ ਵਿੱਚ ਸੱਚੇ ਗਿਆਨ ਦਾ ਧਨ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਅਸੀਂ ਅੱਠੇ ਪਹਿਰ ਗੁਰੂ ਦੇ ਸੱਚੇ ਗਿਆਨ ਨਾਲ ਜੁੜੇ ਰਹਿੰਦੇ ਹਾਂ ਤੇ ਤਾਂ ਹੀ ਅੱਠੇ ਪਹਿਰ ਅਸੀਂ ਹਰਿ ਹਰਿ ਕਰ ਸਕਦੇ ਹਾਂ, ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਜਪ ਸਕਦੇ ਹਾਂ। ਇਸ ਅਵੱਸਥਾ ਦੁਆਰਾ ਹੀ ਮਨੁੱਖ ਅੱਠੇ ਪਹਿਰ ਸੱਚੀ ਕਰਨੀ ਕਰ ਸਕਦਾ ਹੈ ਭਾਵ ਹਰ ਵੇਲੇ ਗੁਰੂ ਦੇ ਉਪਦੇਸ਼ ਅਨੁਸਾਰ,

14/1506

ਗੁਰਮਤਿ ਅਨੁਸਾਰ, ਉਸਦੇ ਭਾਣੇ ਅਨੁਸਾਰ ਵਿਚਰ ਸਕਦਾ ਹੈ। ਇਹੋ ਜਿਹੀ ਅਵੱਸਥਾ ਦੁਆਰਾ ਹੀ ਮਨ ਵਿੱਚ ਇਹ ਯਕੀਨ ਆਉਂਦਾ ਹੈ ਕਿ ਸਰੀਰਕ ਜਪ ਤਪ ਆਦਿ ਭਾਵ ਇਹੋ ਜਿਹੀ ਭਗਤੀ ਕਰਨੀ ਜਾਂ ਸਮਝਣੀ ਕੇਵਲ ਸਾਡਾ ਪਾਖੰਡ ਹੀ ਹੈ ਜਿਸ ਨਾਲ ਕੇਵਲ ਸਾਡੀ ਮੈਂ ਹੀ ਵੱਧਦੀ ਹੈ, ਮਨਹਠਿ ਵੱਧਦੀ ਹੈ, ਹਉਮੈ ਵੱਧਦੀ ਹੈ ਜੋ ਕਿ ਅਸਲ ਵਿੱਚ ਨਾਮ ਦਾ ਉਲਟਾ ਪਾਸਾ ਹੈ। ਇਹੋ ਜਿਹੇ ਜਪਾਂ ਤਪਾਂ ਦੁਆਰਾ ਅਸੀਂ ਪ੍ਰਮਾਤਮਾ ਦੇ ਨੇੜੇ ਲੱਗਣ ਦੀ ਬਜਾਏ, ਨਾਮ ਦੇ ਨੇੜੇ ਲੱਗਣ ਦੀ ਬਜਾਏ ਉਲਟਾ ਉਸ ਤੋਂ ਦੂਰ ਜਾਂਦੇ ਹਾਂ। ਇਹ ਸੋਝੀ ਮਨ ਦੇ ਵਿੱਚ ਸਿੱਧੀ ਪ੍ਰਮਾਤਮਾ ਦੇ ਕੋਲੋਂ ਹੀ ਪੈਂਦੀ ਹੈ ਜਿਸ ਕਰਕੇ ਉਹ ਸੱਚੀ ਸੋਝੀ ਹੈ। ਗੁਰਬਾਣੀ ਦੇ ਕੋਲ ਸੱਚੀ ਸੋਝੀ ਇਸੇ ਲਈ ਹੈ ਕਿਉਂਕਿ ਉਹ ਸਿੱਧੀ ਪ੍ਰਮਾਤਮਾ ਦੇ ਕੋਲੋਂ ਆਈ ਹੈ। ਮਨ ਦੇ ਵਿੱਚ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਮਨ ਦੀ ਸੋਝੀ ਗੁਰਬਾਣੀ ਦੀ ਸੋਝੀ ਨਾਲ ਇਕਮਿਕ ਹੋ ਜਾਂਦੀ ਹੈ ਕਿਉਂਕਿ ਦੋਨਾਂ ਵਿੱਚ ਸੋਝੀ ਦਾ ਸ੍ਰੋਤ ਇੱਕ ਹੀ ਹੈ, ਇੱਕੋ ਇੱਕ ਸੱਚਾ ਪ੍ਰਮਾਤਮਾ ਹੀ ਹੈ। ਜੋ ਕੁੱਝ ਅਸੀਂ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੁਣ ਤੱਕ ਸਮਝਿਆ ਹੈ ਉਹ ਤਰੀਕਾ ਕਦੇ ਬਦਲ ਨਹੀਂ ਸਕਦਾ ਕਿਉਂਕਿ ਸਾਰੀ ਗੁਰਬਾਣੀ ਦਾ ਸ੍ਰੋਤ ਇੱਕੋ ਹੀ ਹੈ। ਗੁਰਬਾਣੀ ਆਪਣੇ ਪ੍ਰਿੰਸੀਪਲ ਨਾਲ ਜੁੜੀ ਹੋਈ ਹੈ, ਇੱਕ ਸੱਚੇ ਅਸੂਲ ਦੇ ਨਾਲ ਜੁੜੀ ਹੋਈ ਹੈ। ਉਸ ਦੀ ਭਗਤੀ ਦਾ ਸੱਚਾ ਅਸੂਲ ਇਹੋ ਹੀ ਹੈ ਕਿ ਪ੍ਰਮਾਤਮਾ ਨੂੰ ਕੇਵਲ ਮਨ ਦੇ ਵਿੱਚ ਸੱਚ ਦੁਆਰਾ, ਸੱਚੇ ਗੁਣਾਂ ਦੁਆਰਾ ਭਾਵ ਸੱਚੀ ਸੁੱਚੀ ਕਰਨੀ ਦੁਆਰਾ ਜਪਿਆ ਜਾ ਸਕਦਾ ਹੈ। ਕਥਨੀ ਕੇਵਲ ਉਸਨੂੰ ਜਾਨਣ ਦਾ ਮਾਰਗ ਹੈ, ਉਸਦੇ ਜਪ ਨੂੰ ਸਮਝਣ ਦਾ ਮਾਰਗ ਹੈ ਪਰ ਉਹ ਜਪਿਆ ਕੇਵਲ ਕਰਨੀ ਦੁਆਰਾ ਹੀ ਜਾਂਦਾ ਹੈ।

ਜੋ ਕੁੱਝ ਅਸੀਂ ਉੱਪਰ ਸਮਝਿਆ ਹੈ, ਇਹੀ ਗੱਲ ਅਸੀਂ ਅੱਗੇ ਅਨੇਕਾਂ ਸ਼ਬਦਾਂ ਦੁਆਰਾ ਸਮਝਣੀ ਹੈ। ਗੁਰਬਾਣੀ ਆਪਣੀ ਕਸਵੱਟੀ

14/1507

ਆਪ ਹੈ ਤੇ ਜੋ ਕੁੱਝ ਅਸੀਂ ਹੁਣ ਤੱਕ ਸਮਝਿਆ ਹੈ ਇਹ ਅਗਲੇ ਸ਼ਬਦਾਂ ਦੁਆਰਾ ਆਪੇ ਹੀ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਉਤਰਦਾ ਜਾਵੇਗਾ। ਗੁਰਬਾਣੀ ਵਿੱਚ ਇੱਕ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਅਨੇਕਾਂ ਹੀ ਤਰੀਕਿਆਂ ਨਾਲ ਸਮਝਾਇਆ ਹੋਇਆ ਹੈ ਤੇ ਜੇਕਰ ਸਾਡੇ ਕਿਸੇ ਵੀ ਸ਼ਬਦ ਦੇ ਅਰਥ ਅਗਰ ਗਲਤ ਹੋਣਗੇ ਤਾਂ ਗੁਰਬਾਣੀ ਉਸਨੂੰ ਆਪ ਹੀ ਫੜ ਲੈਂਦੀ ਹੈ। ਗੁਰਬਾਣੀ ਵਿੱਚ ਕੇਵਲ ਸੱਚ ਹੀ ਪਾਸ ਹੋ ਸਕਦਾ ਹੈ, ਝੂਠ ਨਹੀਂ ਪਾਸ ਹੋ ਸਕਦਾ, ਉਹ ਫੜਿਆ ਜਾਵੇਗਾ। ਗੁਰਮਤਿ ਸੱਚ ਹੈ ਤੇ ਝੂਠ ਉਸ ਦਾ ਚੋਰ ਹੈ। "**ਝੂਠ**" ਸੱਚ ਦਾ ਚੋਰ ਹੈ। "**ਸੱਚ**" ਝੂਠ ਨੂੰ ਆਪ ਹੀ ਫੜ ਲੈਂਦਾ ਹੈ, ਗੁਰਬਾਣੀ ਆਪਣੇ ਚੋਰ ਨੂੰ ਆਪ ਹੀ ਫੜ ਲੈਂਦੀ ਹੈ। ਝੂਠੇ, ਮਾੜੇ ਅਰਥਾਂ ਨੂੰ ਜੋ ਉਸ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ ਉਹ ਆਪ ਹੀ ਫੜ ਲੈਂਦੀ ਹੈ। ਅਸੀਂ ਅੱਗੇ ਜੋ ਜੋ ਵੀ ਹੁਣ ਪੜ੍ਹਨਾ ਹੈ ਨਾਲ ਨਾਲ ਇਹ ਵੀ ਧਿਆਨ ਰੱਖਣਾ ਹੈ ਕਿ ਜੋ ਗੱਲ ਸਾਨੂੰ ਹੁਣ ਸਮਝਾਈ ਜਾ ਰਹੀ ਹੈ ਕੀ ਉਹੀ ਗੱਲ ਸਾਨੂੰ ਪਿੱਛੇ ਇਸ ਤੋਂ ਵੱਖਰੀ ਤਾਂ ਨਹੀਂ ਸਮਝਾਈ ਗਈ ਭਾਵ ਅਸੀਂ ਹਰ ਸ਼ਬਦ ਦੇ ਅਰਥ ਨੂੰ ਨਾਲ ਹੀ ਨਾਲ ਕਸਵੱਟੀ ਤੇ ਤੋਲ ਕੇ ਚੱਲਣਾ ਹੈ, ਪਰਖ ਕਰਕੇ ਚੱਲਣਾ ਹੈ ਤੇ ਫਿਰ ਤਾਂ ਹੀ ਸਾਡੀ ਪੂਰੀ ਤਰ੍ਹਾਂ ਤਸੱਲੀ ਹੋਵੇਗੀ ਕਿ ਇਸ ਲੇਖ ਰਾਹੀਂ ਅਸੀਂ ਜੋ ਕੁੱਝ ਵੀ ਜਾਣਿਆ ਹੈ ਉਹ ਸੱਚ ਜਾਣਿਆ ਹੈ। ਇੱਕ ਗੱਲ ਨੂੰ ਸਦਾ ਧਿਆਨ ਵਿੱਚ ਰੱਖੋ ਕਿ "**ਸੱਚੀ ਬਾਣੀ**" ਕੇਵਲ ਗੁਰਬਾਣੀ ਹੈ ਤੇ ਗੁਰਬਾਣੀ ਤੋਂ ਬਿਨ੍ਹਾਂ ਹੋਰ ਹਰ ਬਾਣੀ ਕੱਚੀ ਹੈ। **{ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥}** (ਅੰਗ

- 920) ਪੂਰੇ ਸੰਸਾਰ ਵਿੱਚ ਹੋਰ ਕੋਈ ਐਸੀ ਬਾਣੀ ਨਹੀਂ ਹੈ ਜਿਸ ਨਾਲ ਅਸੀਂ ਗੁਰਬਾਣੀ ਦੀ ਤੁਲਨਾ ਕਰ ਸਕੀਏ ਜਾਂ ਗੁਰਬਾਣੀ ਤੋਂ ਉੱਪਰ ਸਮਝ ਸਕੀਏ ਜੋ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਸਮਝਾ ਸਕੇ। ਜੇਕਰ ਕੋਈ ਇਹੋ ਜਿਹੀ ਵਿਚਾਰ ਰੱਖਦਾ ਹੈ ਕਿ ਕਿਸੇ ਹੋਰ ਨੂੰ ਗੁਰਬਾਣੀ ਨਾਲੋਂ ਜਿਆਦਾ ਸਮਝ ਹੈ, ਪ੍ਰਮਾਤਮਾ ਬਾਰੇ ਜਿਆਦਾ ਸਮਝ ਹੈ ਤਾਂ ਇਹ ਉਸਦੀ ਘੋਰ ਅਗਿਆਨਤਾ ਹੈ ਤੇ ਗੁਰਬਾਣੀ ਤੇ

14/1508

ਬੇਵਿਸ਼ਵਾਸੀ ਹੈ। ਜਿਸ ਗੁਰਬਾਣੀ ਪੜ੍ਹਨ ਵਾਲੇ ਨੂੰ ਗੁਰਬਾਣੀ ਤੇ ਹੀ ਵਿਸ਼ਵਾਸ ਨਹੀਂ, ਸੱਚੇ ਗੁਰੂ ਤੇ ਵਿਸ਼ਵਾਸ ਨਹੀਂ ਕਿ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਉਹ ਫਿਰ ਲੱਭਣਾ ਕਿਸ ਨੂੰ ਚਾਹੁੰਦੇ ਹਨ, ਮਿਲਣਾ ਕਿਸ ਨੂੰ ਚਾਹੁੰਦੇ ਹਨ। ਕੱਚੀਆਂ ਬਾਣੀਆਂ ਨਾਲ, ਕੱਚੇ ਮਨੁੱਖਾਂ ਦੇ ਬਚਨਾਂ ਨਾਲ ਉਹੀ ਜੁੜਦੇ ਹਨ ਜਿੰਨ੍ਹਾਂ ਨੂੰ ਗੁਰਬਾਣੀ ਦੇ ਗਿਆਨ ਤੇ ਵਿਸ਼ਵਾਸ ਨਹੀਂ ਹੈ। ਗੁਰਬਾਣੀ ਦਾ ਗਿਆਨ ਸਭ ਤੋਂ ਉੱਚਾ ਗਿਆਨ ਹੈ ਕਿਉਂਕਿ ਇਹ ਬ੍ਰਹਮਗਿਆਨ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ। ਇਸੇ ਲਈ ਗੁਰਬਾਣੀ ਆਪਣੀ ਕਸਵੱਟੀ ਆਪ ਹੈ ਕਿਉਂਕਿ ਹੋਰ ਕੋਈ ਬਾਣੀ ਹੈ ਹੀ ਨਹੀਂ ਜਿਸ ਦੇ ਨਾਲ ਇਸ ਦੀ ਤੁਲਨਾ ਕੀਤੀ ਜਾ ਸਕੇ। ਗੁਰਬਾਣੀ ਪੂਰਾ ਗੁਰੂ ਹੈ ਜੋ ਸਾਨੂੰ ਪੂਰੀ ਗੱਲ ਸਮਝਾਉਣ ਵਿੱਚ ਸਮਰੱਥ ਹੈ। ਅਸੀਂ ਪੂਰੇ ਗੁਰੂ ਨੂੰ ਛੱਡ ਕੇ ਜੇਕਰ ਕਿਸੇ ਹੋਰ ਦੀ ਟੇਕ ਲੈਂਦੇ ਹਾਂ, ਕਿਸੇ ਹੋਰ ਦੇ ਬਚਨਾਂ ਨੂੰ ਗੁਰਬਾਣੀ ਦੇ ਬਚਨਾਂ ਤੋਂ ਉੱਚਾ ਕਰਕੇ ਮੰਨਦੇ ਹਾਂ ਤਾਂ ਫਿਰ ਅਸੀਂ ਪੂਰੇ ਗੁਰੂ ਨੂੰ ਅਧੂਰਾ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸਭ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਪੂਰਾ ਗੁਰੂ ਇਸ ਸੰਸਾਰ ਵਿੱਚ ਕੇਵਲ ਗੁਰਬਾਣੀ ਹੀ ਹੈ ਤੇ ਪੂਰਾ ਗੁਰੂ ਆਪ ਪ੍ਰਮਾਤਮਾ ਹੈ। ਉਸ ਤੋਂ ਬਿਨ੍ਹਾਂ ਹਰ ਕੋਈ ਅਧੂਰਾ ਹੀ ਹੈ। ਅਧੂਰਿਆਂ ਦੀ ਉਟ ਛੱਡੇ ਬਿਨ੍ਹਾਂ ਅਸੀਂ ਪੂਰੇ ਨਾਲ ਨਹੀਂ ਜੁੜ ਸਕਦੇ। ਪੂਰੇ ਗੁਰੂ ਦੀ ਮਤਿ ਦੇ ਨਾਲ ਜੁੜਨ ਲਈ ਸਾਨੂੰ ਅਧੂਰਿਆਂ ਦੀ ਮਤਿ ਛੱਡਣੀ ਹੀ ਪਵੇਗੀ। ਅਧੂਰਿਆਂ ਨੂੰ ਛੱਡੇ ਬਿਨ੍ਹਾਂ ਉਸ ਪੂਰੇ ਨਾਲ ਅਸੀਂ ਕਦੇ ਨਹੀਂ ਮਿਲ ਸਕਦੇ, ਸੁਪਨੇ ਵਿੱਚ ਵੀ ਨਹੀਂ ਮਿਲ ਸਕਦੇ, ਨਾ ਹੀ ਇਸ ਤਰ੍ਹਾਂ ਅੱਜ ਤੱਕ ਕੋਈ ਮਿਲਿਆ ਹੈ ਤੇ ਨਾ ਹੀ ਮਿਲ ਸਕਦਾ ਹੈ। ਗੁਰਬਾਣੀ ਵਿੱਚ ਸਾਨੂੰ ਇਹ ਗੱਲ ਵਾਰ-ਵਾਰ ਸਮਝਾਈ ਹੋਈ ਹੈ।

ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਅਨੇਕਾਂ ਹੀ ਅਧੂਰਿਆਂ ਦੀ ਸੰਗਤਿ ਕਰਦੇ ਹਾਂ ਜਿਸ ਨੂੰ ਅਸੀਂ ਸਾਧ ਸੰਗਤਿ ਵੀ ਸਮਝਿਆ ਹੋਇਆ ਹੈ। ਮਨੁੱਖੀ ਸੰਗਤਿ ਸਾਧ ਸੰਗਤਿ ਨਹੀਂ ਹੈ। ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਹੁਣ ਅੱਗੇ ਅਸੀਂ ਇਹੀ ਗੱਲ ਗੁਰਬਾਣੀ ਦੇ ਅਨੇਕਾਂ ਸ਼ਬਦਾਂ ਦੁਆਰਾ, ਸੱਚੀ ਬਾਣੀ ਦੇ ਅਨੇਕਾਂ ਸ਼ਬਦਾਂ ਦੁਆਰਾ ਸਮਝ ਕੇ ਦ੍ਰਿੜ ਕਰਨੀ ਹੈ ਤਾਂ ਜੋ

14/1509

ਅਸੀਂ "**ਸ਼ਬਦ ਗੁਰੂ**" ਦੀ ਅਸਲੀਅਤ ਨੂੰ ਸਮਝੀਏ ਜੋ ਕਿ ਨਿਰਗੁਣ ਰੂਪ ਹੈ। ਦੇਹ ਦੀ ਸੰਗਤਿ, ਅਧੂਰਿਆਂ ਦੀ ਸੰਗਤਿ ਸਾਨੂੰ ਉਸ ਸ਼ਬਦ ਰੂਪ ਦੀ ਸੰਗਤਿ ਨਾਲ ਨਹੀਂ ਜੋੜ ਸਕਦੀ ਕਿਉਂਕਿ ਉਹ ਆਪ ਅਗਿਆਨਤਾ ਵਿੱਚ ਹਨ। ਪ੍ਰਾਪਤੀ ਅਸੀਂ ਸੱਚੇ ਗਿਆਨ ਦੀ ਕਰਨੀ ਹੈ ਜੋ ਕਿ ਕੇਵਲ ਸੱਚੇ ਗੁਰੂ ਦੇ, ਪੂਰੇ ਗੁਰੂ ਦੇ ਕੋਲ ਹੈ। ਉਸਦਾ ਸ਼ਬਦ ਰੂਪ ਉਸ ਦੀ ਸੱਚੀ ਸੋਝੀ ਹੈ ਤੇ ਉਸ ਦੀ "**ਸੱਚੀ ਸੋਝੀ ਦੀ ਸੰਗਤਿ**" "**ਸਾਧ ਸੰਗਤਿ**" ਹੈ। ਸਭ ਤੋਂ ਪਹਿਲਾਂ ਸਾਡੇ ਅੰਦਰ ਇਸ ਗੱਲ ਦਾ ਦ੍ਰਿੜ ਹੋਣਾ ਜਰੂਰੀ ਹੈ ਕਿ ਸਾਧ ਗੁਰੂ ਹੈ, ਸੰਤ ਗੁਰੂ ਹੈ। ਗੁਰਬਾਣੀ ਸਾਧ ਹੈ, ਗੁਰਬਾਣੀ ਸੰਤ ਹੈ, ਗੁਰਬਾਣੀ ਆਪ ਪ੍ਰਮਾਤਮਾ ਹੈ। ਸਾਧ, ਸੰਤ ਆਪ ਪ੍ਰਮਾਤਮਾ ਹੈ। ਸਾਧ ਬ੍ਰਹਮ ਗਿਆਨ ਹੈ, ਸੰਤ ਬ੍ਰਹਮ ਗਿਆਨ ਹੈ, ਪ੍ਰਮਾਤਮਾ ਬ੍ਰਹਮ ਗਿਆਨ ਹੈ, ਗੁਰੂ ਬ੍ਰਹਮ ਗਿਆਨ ਹੈ, ਗੁਰਬਾਣੀ ਬ੍ਰਹਮ ਗਿਆਨ ਹੈ। ਇਸੇ ਗੱਲ ਨੂੰ ਅਸੀਂ ਅੱਗੇ ਅਨੇਕਾਂ ਸ਼ਬਦਾਂ ਦੁਆਰਾ ਸਮਝ ਕੇ ਦ੍ਰਿੜ ਕਰਨਾ ਹੈ ਤੇ "**ਸ਼ਬਦ ਗੁਰੂ**" ਨਾਲ ਜੁੜਨਾ ਹੈ।

ਸਿਰੀਰਾਗੁ ਮਹਲਾ ੧ ॥

"ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥

ਮਨ ਰੇ ਹਉਮੈ ਛੋਡਿ ਗੁਮਾਨੁ ॥
ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥
ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥
ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥
ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥
ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਨੁ ॥੪॥੧੯॥"

(ਅੰਗ - ੨੧)

ਇਸ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਜਾਣ ਚੁੱਕੇ ਹਾਂ। ਉੱਪਰ ਧਿਆਨ ਨਾਲ ਸਮਝੋ ਕਿ ਸਾਧੂ ਕਿਸ ਨੂੰ ਕਿਹਾ ਹੈ। ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੈ ਕਿ ਸਾਧੂ ਸਤਿਗੁਰੂ ਹੈ। ਸਾਧੂ ਗੁਰਬਾਣੀ ਹੈ। ਅਸੀਂ ਆਪਣਾ ਮੇਲ ਗੁਰਬਾਣੀ ਦੇ ਨਾਲ ਹੀ ਕਰਨਾ ਹੈ। ਗੁਰਬਾਣੀ ਦੇ ਨਾਲ ਸਾਡਾ ਮੇਲ ਕਿਵੇਂ ਹੋ ਸਕਦਾ ਹੈ ਇਸ ਨੂੰ ਸਮਝਣਾ ਕੋਈ ਔਖਾ ਨਹੀਂ ਹੈ। ਗੁਰਬਾਣੀ ਸੱਚੇ ਵਿਚਾਰਾਂ ਦਾ ਖਜ਼ਾਨਾ ਹੈ, ਗੁਣਾਂ ਦਾ ਖਜ਼ਾਨਾ ਹੈ। ਗੁਰਬਾਣੀ ਗੁਣੀ ਨਿਧਾਨ ਹੈ ਤੇ ਇਹੀ ਆਪ ਪ੍ਰਮਾਤਮਾ ਹੈ ਜਿਸ ਨੂੰ ਅਸੀਂ ਪਾਉਣਾ ਹੈ। ਗੁਰਬਾਣੀ ਦੇ ਵਿਚਾਰਾਂ ਵਿੱਚ ਗੁਣਾਂ ਦਾ ਖਜ਼ਾਨਾ

ਹੈ। ਗੁਰਬਾਣੀ ਦੇ ਵਿਚਾਰਾਂ ਦੇ ਨਾਲ ਰਲਣਾ ਹੀ ਗੁਣਾਂ ਦੇ ਖਜ਼ਾਨੇ ਨਾਲ ਰਲਣਾ ਹੈ। ਖਜ਼ਾਨਾ ਸਾਡੇ ਮਨ ਦੇ ਵਿੱਚ ਹੀ ਹੈ ਤੇ ਇਸ ਖਜ਼ਾਨੇ ਦੇ ਨਾਲ ਮਨ ਦੇ ਵਿੱਚ ਹੀ ਰਲਣਾ ਹੈ। ਇਹ ਖਜ਼ਾਨਾ ਆਪ ਚੌਥੇ ਪਦ ਵਿੱਚ ਹੈ ਤੇ ਅਸੀਂ ਤ੍ਰੈਗੁਣਾਂ ਵਿੱਚ ਹਾਂ। ਗੁਰਬਾਣੀ ਦੇ ਖਜ਼ਾਨੇ ਨਾਲ ਰਲਣ ਲਈ ਅਸੀਂ ਗੁਰਬਾਣੀ ਦੀ ਸੋਝੀ ਦੇ ਨਾਲ ਰਲਣਾ ਹੈ, ਸ਼ਬਦ ਦੀ ਸੋਝੀ ਦੇ ਨਾਲ ਰਲਣਾ ਹੈ ਤੇ ਉਸ ਦੀ ਸੋਝੀ ਦੇ ਨਾਲ ਰਲਣਾ ਪ੍ਰਮਾਤਮਾ ਦੇ ਨਾਲ ਰਲਣਾ ਹੈ।

{ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ - ੧੨੦)

ਪ੍ਰਮਾਤਮਾ ਦੇ ਨਾਲ ਮੇਲ ਸਾਡਾ ਇਸ ਸਾਧ ਨੇ, ਗੁਰਬਾਣੀ ਰੂਪ ਸਾਧ ਨੇ ਕਰਵਾਉਣਾ ਹੈ, ਇਸ ਸਾਧ ਦੀ ਮਤਿ ਨੇ ਕਰਵਾਉਣਾ ਹੈ ਕਿਉਂਕਿ ਇਸ ਸਾਧ ਦੀ ਮਤਿ ਵਿੱਚ ਰਲਣਾ ਹੀ ਪ੍ਰਮਾਤਮਾ ਦੇ ਨਾਲ ਰਲਣਾ ਹੈ। ਜੇਕਰ ਮਤਿ ਕਿਸੇ ਹੋਰ ਸਾਧ ਦੀ ਲਵਾਂਗੇ, ਕਿਸੇ ਸਿਰਮੌਰ, ਸੰਤ ਅਖਵਾਉਣ ਵਾਲੇ ਦੀ ਲਵਾਂਗੇ ਤਾਂ ਫਿਰ ਕੀ ਅਸੀਂ ਕਦੇ ਪ੍ਰਮਾਤਮਾ ਨਾਲ ਮੇਲ ਕਰ ਸਕਦੇ ਹਾਂ, ਉਸ ਗੁਣੀ ਨਿਧਾਨ ਨਾਲ ਮਿਲ ਸਕਦੇ ਹਾਂ। ਪ੍ਰਮਾਤਮਾ ਦੇ ਨਾਲ ਮੇਲ ਸਾਡਾ ਕੇਵਲ ਗੁਰਬਾਣੀ ਰੂਪ ਸਾਧੂ ਹੀ ਕਰਵਾ ਸਕਦਾ ਹੈ। **(ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥)** ਸਾਧੂ ਸਤਿਗੁਰ ਨਾਲ ਮਿਲਣਾ, ਸ਼ਬਦ ਨਾਲ ਮਿਲਣਾ, ਉਸਦੀ ਮਤਿ ਦੇ ਨਾਲ ਮਿਲਣਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

"ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥"

ਗੁਰੂ ਸਾਡਾ **"ਸ਼ਬਦ"** ਹੈ ਜੋ ਕਿ ਹਰ ਕੋਈ ਸਮਝਦਾ ਹੈ। ਅਸੀਂ ਸ਼ਬਦ ਦੇ ਨਾਲ ਭਿੱਜਣਾ ਹੈ। ਸ਼ਬਦ ਦੇ ਨਾਲ ਭਿੱਜਣਾ ਸ਼ਬਦ ਦੀ ਮਤਿ ਦੇ ਨਾਲ, ਸ਼ਬਦ ਦੀ ਸੋਝੀ ਦੇ ਨਾਲ ਭਿੱਜਣਾ ਹੈ। ਸ਼ਬਦ ਦੇ ਵਿੱਚ ਗੁਰਮਤਿ ਹੈ ਤੇ ਸਾਡੇ ਵਿੱਚ ਦੁਰਮਤਿ ਹੈ ਜਿਸ ਕਰਕੇ ਅਸੀਂ ਸਾਕਤ

14/1511

ਹਾਂ ਤੇ ਆਵਾਗਉਣ ਵਿੱਚ ਹਾਂ। ਸਾਨੂੰ ਇਸ ਅਵੱਸਥਾ ਵਿੱਚੋਂ ਗੁਰਮਤਿ ਨੇ ਕੱਢਣਾ ਹੈ। ਅਸੀਂ ਇਸ ਵਿੱਚੋਂ ਸ਼ਬਦ ਦੇ ਨਾਲ ਭਿੱਜ ਕੇ ਨਿਕਲਣਾ ਹੈ। ਸ਼ਬਦ ਦੇ ਨਾਲ ਭਿੱਜਣ ਤੋਂ ਪਹਿਲੇ ਵਾਲੀ ਅਵੱਸਥਾ ਸਾਡੀ ਕੀ ਹੈ ਜਿਸ ਕਰਕੇ ਅਸੀਂ ਦੁਰਮਤਿ ਵਿੱਚ ਹਾਂ ਉਸ ਨੂੰ ਇਸ ਤਰੀਕੇ ਨਾਲ ਸਮਝਾਇਆ ਹੋਇਆ ਹੈ।

"ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ॥"

ਜਦ ਤੱਕ ਸਾਡੇ ਅੰਦਰ ਲੋਭ ਲਾਲਚ ਹੈ ਭਾਵ ਮਾਇਆ ਮੋਹ ਹੈ, ਵਿਕਾਰ ਹਨ ਤਦ ਤੱਕ ਅਸੀਂ ਸ਼ਬਦ ਦੇ ਨਾਲ ਭਿੱਜੇ ਹੋਏ ਨਹੀਂ ਹਾਂ ਜਿਸ ਕਰਕੇ ਅਸੀਂ ਸਾਕਤ ਹਾਂ ਤੇ ਸਾਡੀ ਮਤਿ ਮਾੜੀ ਹੈ ਭਾਵ ਅਸੀਂ ਮਾੜੇ ਕਰਮ ਕਰਦੇ ਹਾਂ। ਅਸੀਂ ਆਪਣੀ ਇਹੋ ਜਿਹੀ ਅਵੱਸਥਾ ਵਿੱਚ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਵੀ ਕਰਦੇ ਹਾਂ, ਅਨੇਕਾਂ ਤਰੀਕਿਆਂ ਨਾਲ, ਸਰੀਰਕ ਜਪਾਂ ਤਪਾਂ ਦੁਆਰਾ ਆਦਿ ਪ੍ਰਮਾਤਮਾ ਨੂੰ ਲੁਭਾਉਣ ਦੀ ਕੋਸ਼ਿਸ਼ ਕਰਦੇ ਹਾਂ, ਉਸ ਨੂੰ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿਸ ਦਾ ਕਿ ਖੰਡਨ ਕੀਤਾ ਹੋਇਆ ਹੈ ਤੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਇਸ ਤਰ੍ਹਾਂ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਨੂੰ ਉਸਦੇ ਸ਼ਬਦ ਨਾਲ ਭਿੱਜ ਕੇ ਲੁਭਾਇਆ ਜਾ ਸਕਦਾ ਹੈ ਭਾਵ ਲੋਭ ਲਾਲਚ ਛੱਡ ਕੇ ਲੁਭਾਇਆ ਜਾ ਸਕਦਾ ਹੈ, ਸ਼ਬਦ ਦੀ ਮਤਿ ਨੂੰ ਮੰਨ ਕੇ ਲੁਭਾਇਆ ਜਾ ਸਕਦਾ ਹੈ। ਗੁਰੂ ਦੀ ਮਤਿ ਦੇ ਨਾਲ ਭਿੱਜਣਾ ਹੀ ਸ਼ਬਦ ਦੇ ਨਾਲ ਭਿੱਜਣਾ ਹੈ ਭਾਵ ਜੇਕਰ ਅਸੀਂ ਮੁੱਖੋਂ ਸ਼ਬਦ-ਸ਼ਬਦ ਬੋਲੀ ਜਾਈਏ ਤਾਂ ਉਸ ਨਾਲ ਭਿੱਜਿਆ ਨਹੀਂ ਜਾ ਸਕਦਾ, ਇਸ ਨੂੰ ਸਾਡੀ ਮੂਰਖਤਾ ਹੀ ਦੱਸਿਆ ਹੈ **(ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ ॥)** ਭਾਵ ਅਸੀਂ ਲੋਭ ਵਾਲੀ ਅਵੱਸਥਾ ਵਿੱਚ ਹੀ ਪ੍ਰਮਾਤਮਾ ਨੂੰ ਲੁਭਾਉਣ ਵਿੱਚ ਲੱਗੇ ਹੋਏ ਹਾਂ ਭਾਵ ਕਿਤਨੇ ਭੁੱਲੇ ਹੋਏ ਹਾਂ ਕਿ ਪ੍ਰਮਾਤਮਾ ਨੂੰ ਇਹੋ ਜਿਹੀ ਅਵੱਸਥਾ ਦੁਆਰਾ ਨਹੀਂ ਲੁਭਾਇਆ ਜਾ ਸਕਦਾ, ਖੁਸ਼ ਨਹੀਂ ਕੀਤਾ ਜਾ ਸਕਦਾ ਭਾਵੇਂ ਜਿਤਨਾ ਮਰਜੀ ਭਗਤੀ ਦਾ ਦਿਖਾਵਾ ਕਰੀ ਜਾਈਏ।

ਅੱਗੇ ਸਾਰੇ ਸ਼ਬਦ ਵਿੱਚ ਸਾਨੂੰ ਇਹੋ ਕੁੱਝ ਹੀ ਸਮਝਾਇਆ ਹੋਇਆ ਹੈ, ਸਿਰਫ਼ ਧਿਆਨ ਨਾਲ ਸਮਝਣ ਦੀ ਲੋੜ ਹੈ, ਸ਼ਬਦ ਦੀ ਮਤਿ ਨੂੰ ਸਮਝਣ ਦੀ ਲੋੜ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਸੱਚੇ ਗਿਆਨ ਦੀ ਪ੍ਰਾਪਤੀ ਦੇ ਨਾਲ ਜੁੜਿਆ ਹੋਇਆ ਹੈ।

14/1512

ਸਾਡੇ ਜੀਵਨ ਦਾ ਮਨੋਰਥ ਸੁੱਖ ਦੀ ਪ੍ਰਾਪਤੀ ਹੈ ਭਾਵ ਸੱਚੇ ਸੁੱਖ ਦੀ ਪ੍ਰਾਪਤੀ ਹੈ, ਹਰਿ ਰਸ ਦੀ ਪ੍ਰਾਪਤੀ ਹੈ ਤੇ ਇਹ ਸਭ ਪ੍ਰਾਪਤੀਆਂ ਸਾਨੂੰ ਤਾਂ ਹੀ ਹੁੰਦੀਆਂ ਹਨ ਜਦੋਂ ਸਾਨੂੰ ਸੰਤ ਦੀ ਸਭਾ ਮਿਲ ਜਾਵੇ ਭਾਵ ਸਾਡੀ ਸੰਤ ਦੇ ਨਾਲ ਸੰਗਤ ਹੋ ਜਾਵੇ, ਗੁਰੂ ਦੀ, ਸਾਧ ਦੀ ਸੰਗਤ ਹੋ ਜਾਵੇ ਭਾਵ ਉਸ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ। ਉਸ ਦੀ ਸਭਾ ਵਿੱਚ ਪਹੁੰਚ ਕੇ ਹੀ ਸਾਨੂੰ "**ਗਿਆਨ**" ਮਿਲਦਾ ਹੈ। ਇਹ ਸੱਚਾ ਗਿਆਨ ਹੈ ਜੋ ਕਿ ਆਪ ਪ੍ਰਮਾਤਮਾ ਹੈ। ਗੁਰਬਾਣੀ ਪ੍ਰਮਾਤਮਾ ਦੀ ਸੰਤ ਸਭਾ ਹੈ ਜੋ ਮਨ ਦੇ ਸੱਚੇ ਗਿਆਨ ਰਾਹੀਂ ਆਈ ਹੈ। ਗੁਰਬਾਣੀ ਦੇ ਗਿਆਨ ਨਾਲ ਜੁੜ ਕੇ ਅਸੀਂ ਉਸ ਸੰਤ ਤੱਕ ਪਹੁੰਚ ਸਕਦੇ ਹਾਂ। ਸ਼ਬਦ ਵਿੱਚ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਜਿਹੀ ਪ੍ਰਾਪਤੀ ਸਮਝਾਈ ਹੋਈ ਹੈ।

(ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥)

ਸਾਰੀ ਗੁਰਬਾਣੀ ਸੰਤ ਸਭਾ ਹੈ ਜਿਸ ਦਾ ਮੇਲ ਉਸ ਗਿਆਨ ਰੂਪ ਪ੍ਰਮਾਤਮਾ ਨਾਲ ਹੋਇਆ ਹੋਇਆ ਹੈ। ਇਹ ਸੱਚੇ ਗਿਆਨ ਦੀ ਸਭਾ ਹੈ ਜਿਸ ਨੇ ਸਾਨੂੰ ਉਸ ਸੱਚੇ ਗਿਆਨ ਦੇ ਨਾਲ ਮਿਲਾਉਣਾ ਹੈ। ਜੇਕਰ ਸਾਡਾ ਇਸ ਸੱਚੇ ਗਿਆਨ ਤੇ ਭਰੋਸਾ ਹੀ ਨਹੀਂ ਹੋਵੇਗਾ, ਸੱਚੇ ਸੰਤ ਦੀ ਗੱਲ ਤੇ ਭਰੋਸਾ ਹੀ ਨਹੀਂ ਹੋਵੇਗਾ ਫਿਰ ਦੂਜੇ ਤੀਜੇ ਸੰਤਾਂ ਪਿੱਛੇ ਲੱਗ ਕੇ ਉਸ ਸੱਚੇ ਗਿਆਨ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਾਂ। ਆਓ ਗੁਰਬਾਣੀ ਤੇ, ਸੱਚੇ ਸਾਧ ਤੇ ਤਨੋ, ਮਨੋ, ਧਨੋ ਭਰੋਸਾ ਕਰੀਏ। ਅਸੀਂ ਤਨ ਵੀ ਕਿਤੇ ਹੋਰ ਦਿੱਤਾ ਹੋਇਆ ਹੈ, ਮਨ ਵੀ ਕਿਸੇ ਹੋਰ ਨਾਲ ਜੋੜਿਆ ਹੋਇਆ ਹੈ, ਧਨ ਦੀ ਵਰਖਾ ਵੀ ਉੱਥੇ ਹੀ ਕਰਦੇ ਹਾਂ ਤੇ ਪਾਉਣਾ ਉਸ ਸੱਚੇ ਨੂੰ ਚਾਹੁੰਦੇ ਹਾਂ। ਇਸ ਤਰ੍ਹਾਂ ਤੇ ਉਹ ਸੱਚਾ ਨਹੀਂ ਮਿਲ ਸਕਦਾ ਭਾਵੇਂ ਸਾਰਾ ਜਨਮ ਲੱਗੇ ਰਹੋ। ਜੋ ਆਪ ਮਾਇਆ ਮੋਹ ਵਿੱਚ

ਹਨ, ਅਗਿਆਨਤਾ ਵਿੱਚ ਹਨ ਉਹ ਕਿਸੇ ਦੀ ਅਗਿਆਨਤਾ ਕੀ ਕੱਢਣਗੇ, ਕਿਸੇ ਦਾ ਮਾਇਆ ਮੋਹ ਕੀ ਕੱਢਣਗੇ। ਜਿੰਨ੍ਹਾਂ ਨੂੰ ਆਪ ਨਾਮ ਦੀ ਸੋਝੀ ਨਹੀਂ, ਨਾਮ ਜਪਣ ਦੀ ਸੋਝੀ ਨਹੀਂ, ਉਹ ਕਿਸੇ ਨੂੰ ਕੀ ਨਾਮ ਸਮਝਾਉਣਗੇ ਤੇ ਨਾਮ ਜਪਣਾ ਸਿਖਾਉਣਗੇ।

14/1513

ਸਾਡੇ ਜੀਵਨ ਦਾ ਮਨੋਰਥ "**ਸਚੁ**" ਦੀ ਪ੍ਰਾਪਤੀ ਕਰਨਾ ਹੈ ਜਿਸ ਵਿੱਚ ਆਪ ਪ੍ਰਮਾਤਮਾ ਹੈ। ਸੱਚ ਕੇਵਲ ਗੁਰੂ ਦੇ ਕੋਲ ਹੈ, ਆਪ ਪ੍ਰਮਾਤਮਾ ਦੇ ਕੋਲ ਹੈ। ਸੰਸਾਰ ਦੇ ਵਿੱਚ ਜਿੱਥੋਂ ਅਸੀਂ ਉਸ ਪ੍ਰਮਾਤਮਾ ਦਾ ਸੱਚ ਜਾਣ ਸਕਦੇ ਹਾਂ, ਉਹ ਅਸਥਾਨ ਕੇਵਲ ਗੁਰਬਾਣੀ ਹੈ ਜਿੱਥੇ ਪ੍ਰਮਾਤਮਾ ਦਾ ਆਪਣਾ ਆਸਣ ਲੱਗਿਆ ਹੋਇਆ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਸੰਤ ਹੈ ਭਾਵ ਗੁਰਬਾਣੀ ਉਸ ਦਾ ਆਪਣਾ ਸੰਤ ਰੂਪ ਹੈ, ਸੱਚ ਰੂਪ ਹੈ, ਸੱਚੇ ਗੁਣਾਂ ਦਾ ਰੂਪ ਹੈ। ਇਸ ਗੁਰਬਾਣੀ ਰੂਪ ਸੰਤ ਨੂੰ ਮਿਲਣਾ ਹੀ ਸਾਡੇ ਜੀਵਨ ਦਾ ਮਨੋਰਥ ਹੈ ਤੇ ਗੁਰਬਾਣੀ ਦੀ ਸੰਗਤ ਹੀ ਅਸਲ ਵਿੱਚ ਪ੍ਰਮਾਤਮਾ ਦੀ ਸੰਗਤ ਹੈ, ਸੱਚ ਦੀ ਸੰਗਤ ਹੈ, ਸੱਚੇ ਗੁਣਾਂ ਦੀ ਸੰਗਤ ਹੈ, ਸੱਚੇ ਗਿਆਨ ਦੀ ਸੰਗਤ ਹੈ, ਸੱਚੇ ਸੰਤ ਦੀ ਸੰਗਤ ਹੈ। ਆਓ ਇਸੇ ਗੱਲ ਨੂੰ ਸ਼ਬਦ ਦੀਆਂ ਕੁੱਝ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

"ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥
ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥
ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥"

(ਅੰਗ ੫੬)

ਸਭ ਤੋਂ ਪਹਿਲਾਂ ਤਾਂ ਇਹ ਸਮਝੀਏ ਕਿ ਸੰਤਾਂ ਦੀ ਸੰਗਤ ਕਿਸ ਨੂੰ ਕਿਹਾ ਹੈ। ਸੰਤਾਂ ਦੀ ਸੰਗਤ ਉੱਥੇ ਹੈ ਜਦੋਂ ਪ੍ਰਮਾਤਮਾ ਸਾਨੂੰ ਆਪਣੇ ਨਾਲ ਮੇਲ ਲੈਂਦਾ ਹੈ ਭਾਵ ਬਿਨ੍ਹਾਂ ਪ੍ਰਮਾਤਮਾ ਦੇ ਨਾਲ ਮੇਲ ਹੋਏ ਸੰਤਾਂ ਦੀ ਸੰਗਤ ਨਹੀਂ ਹੋ ਸਕਦੀ। ਜੇਕਰ ਸਾਨੂੰ ਇਹ ਸਮਝ ਹੈ ਕਿ ਸੰਤ ਕੌਣ ਹੈ ਤਾਂ ਫਿਰ ਸੰਤਾਂ ਦੀ ਸਮਝ ਵੀ ਲੱਗ ਜਾਵੇਗੀ। ਸੰਤ ਗੁਰੂ ਹੈ ਤੇ ਗੁਰੂ ਗੁਰੂ ਦੇ ਬਚਨ ਹਨ, ਗੁਰੂ ਦੇ ਬੋਲ ਹਨ। **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਗੁਰੂ ਭਾਵ ਗੁਰਬਾਣੀ ਉਸਦੇ ਬਚਨਾਂ ਨਾਲ ਭਰਪੂਰ ਹੈ ਤੇ ਉਸਦਾ ਹਰ ਬਚਨ ਉਸ ਦਾ ਸੰਤ ਰੂਪ ਹੈ। ਉਸ ਦੇ ਬਚਨਾਂ ਦੀ ਸੰਗਤਿ ਸੰਤਾਂ ਦੀ ਸੰਗਤਿ ਹੈ ਤੇ ਉਸ ਦਾ ਹਰ ਬਚਨ ਸਾਨੂੰ ਉਸਦੀ ਮਤਿ ਸਮਝਾਉਂਦਾ ਹੈ। ਉਸਦੇ ਪੂਰੇ ਬਚਨਾਂ ਦਾ ਸਮੂਹ ਗਰੂ ਦੀ ਗੁਰਮਤਿ ਹੈ। ਸੰਗਤ ਅਸੀਂ ਗੁਰਮਤਿ ਦੀ ਹੀ ਕਰਨੀ ਹੈ ਜੋ ਕਿ ਗੁਰੂ ਦੇ ਪੂਰੇ ਬਚਨਾਂ ਨੂੰ, ਉਸਦੇ ਪੂਰੇ ਸੰਤ ਰੂਪ ਨੂੰ, ਮੰਨ ਕੇ ਹੀ ਹੋ ਸਕਦੀ ਹੈ ਕਿਉਂਕਿ ਉਸਦਾ ਹਰ ਬੋਲ ਹੀ ਸਾਡੇ ਲਈ ਸੰਤ ਹੈ। ਉਸਦੇ ਪੂਰੇ ਬਚਨਾਂ ਦੀ ਸੰਗਤ, ਸੰਤਾਂ ਦੀ ਸੰਗਤ ਹੈ। ਜਦੋਂ ਸਾਨੂੰ ਪ੍ਰਮਾਤਮਾ ਆਪਣੇ

14/1514

ਨਾਲ ਮੇਲ ਲੈਂਦਾ ਹੈ, ਉਹ ਫਿਰ ਗੁਰੂ ਦੇ ਪੂਰੇ ਬਚਨਾਂ ਅਨੁਸਾਰ ਸੋਝੀ ਪਾਉਂਦਾ ਹੈ ਤੇ ਉਸਦੇ ਬਚਨਾਂ ਨੂੰ ਚਿੱਤ ਵਿੱਚ ਰੱਖਣਾ ਸੰਤਾਂ ਦੀ ਸੰਗਤਿ ਹੈ ਜੋ ਮਨ ਦੇ ਵਿੱਚ ਹੀ ਹੁੰਦੀ ਹੈ। ਉਸਦੀ ਸੰਗਤ ਜੇ ਇੱਕ ਵਾਰੀ ਹੋ ਜਾਵੇ ਤਾਂ ਫਿਰ ਉਹ ਸਦਾ ਹੀ ਬਣੀ ਰਹਿੰਦੀ ਹੈ ਕਿਉਂਕਿ ਇਹ ਮਨ ਦੇ ਵਿੱਚ ਸੱਚੇ ਦੀ ਸੰਗਤ ਹੈ, ਮਨ ਦੇ ਵਿੱਚ ਜੋਤਿ ਦੇ ਗਿਆਨ ਦੀ ਸੰਗਤ ਹੈ। **(ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ॥)**

ਇਹ ਕੋਈ ਦੁਨਿਆਵੀ ਸੰਤ ਅਖਵਾਉਣ ਵਾਲਿਆਂ ਦੇ ਨਾਲ ਸੰਗਤ ਦੀ ਗੱਲ ਨਹੀਂ ਹੈ, ਇਹ ਪ੍ਰਮਾਤਮਾ ਦੇ ਨਾਲ ਸੰਗਤ ਦੀ, ਮੇਲ ਦੀ ਅਵੱਸਥਾ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦੀ ਹੈ। ਇਸ ਸੰਗਤ ਦੁਆਰਾ ਅਸੀਂ ਉਸ ਸੱਚੇ ਦੇ ਆਸਣ ਤੇ ਬੈਠਦੇ ਹਾਂ। ਉਸਦਾ ਸੱਚਾ ਆਸਣ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਸੱਚੇ ਗਿਆਨ ਦਾ ਆਸਣ ਹੈ, ਚੌਥੇ ਪਦ ਦਾ ਆਸਣ ਹੈ। ਇਸ ਆਸਣ ਤੇ ਪਹੁੰਚ ਕੇ ਮਨੁੱਖ ਸਦਾ ਸੱਚ ਦੇ ਨਾਲ ਹੀ ਜੁੜਿਆ ਰਹਿੰਦਾ ਹੈ ਤੇ ਮਨ ਦੇ ਵਿੱਚ ਇਸ ਸੱਚ ਦੀ ਪ੍ਰਾਪਤੀ ਦੇ ਨਾਲ ਹੀ ਸਾਡਾ ਪ੍ਰਮਾਤਮਾ ਦੇ ਨਾਲ, ਉਸ ਸੱਚੇ ਦੇ ਨਾਲ ਪ੍ਰੇਮ ਪਿਆਰ ਜੁੜਦਾ ਹੈ ਕਿਉਂਕਿ ਉਸਨੂੰ ਕੇਵਲ ਸੱਚ ਹੀ ਭਾਉਂਦਾ ਹੈ ਜੋ ਕਿ ਗੁਰਬਾਣੀ ਦੇ ਹਰ ਬਚਨ ਦੁਆਰਾ ਸਮਝਾਇਆ ਹੋਇਆ ਹੈ। **(ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ॥)**

ਉਸਦਾ ਸੱਚਾ ਆਸਣ ਕਿੱਥੇ ਹੈ, ਇਹ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ ਭਾਵ ਉਹ ਸੱਚੇ ਦੀ ਸੰਗਤ ਕਿੱਥੇ ਹੁੰਦੀ ਹੈ, ਉਸਦੇ ਸੰਤਾਂ ਦੀ ਭਾਵ ਉਸਦੇ ਸੱਚੇ ਬਚਨਾਂ ਦੀ ਸੰਗਤ ਕਿੱਥੇ ਹੁੰਦੀ ਹੈ, ਇਹੀ ਅੱਗੇ ਸਮਝਾਇਆ ਹੋਇਆ ਹੈ।

"ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ॥

ਸਚੇ ਸੇਤੀ ਰਤਿਆ ਸਚੋ ਪਲੈ ਪਾਇ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ॥੫॥"

ਪ੍ਰਮਾਤਮਾ ਦੇ ਮੇਲ ਤੋਂ ਬਾਅਦ ਹੀ ਅਸੀਂ ਆਪਣੇ

14/1515

ਆਪ ਨੂੰ ਪਹਿਚਾਣਦੇ ਹਾਂ, ਸਾਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਅਸੀਂ ਕੀ ਹਾਂ। ਜੋ ਆਪਣੇ ਆਪ ਦੀ ਪਹਿਚਾਣ ਕਰਦਾ ਹੈ ਉਸਨੂੰ ਹੀ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਦਾ ਮਹਿਲ ਭਾਵ ਉਸਦਾ ਸੱਚਾ ਆਸਣ ਸਾਡੇ ਘਰ ਦੇ ਵਿੱਚ ਹੀ ਹੈ, ਉਸਦਾ ਸੱਚਾ ਅਸਥਾਨ ਸਾਡੇ ਮਨ ਰੂਪ ਘਰ ਵਿੱਚ ਹੀ ਹੈ ਜਿੱਥੇ ਉਸਦੇ ਨਾਲ ਸਾਡੀ ਸੰਗਤ ਹੁੰਦੀ ਹੈ, ਗੁਰੂ ਦੇ ਬਚਨਾਂ ਨਾਲ ਸੰਗਤ ਹੁੰਦੀ ਹੈ। **(ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ॥)**

ਉਸ ਸੱਚੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਅਸੀਂ ਰੱਤੇ ਜਾਂਦੇ ਹਾਂ ਭਾਵ ਉਸਦੇ ਨਾਲ ਅਸੀਂ ਤਾਂ ਹੀ ਰੱਤੇ ਜਾਂਦੇ ਹਾਂ ਜਦੋਂ ਮਨ ਦੇ ਵਿੱਚ ਉਸਦੇ ਨਾਲ ਸੰਗਤ ਹੋ ਜਾਂਦੀ ਹੈ। ਉਸਦੇ ਨਾਲ ਸੰਗਤ ਹੋਣ ਤੋਂ ਬਾਅਦ ਪ੍ਰਮਾਤਮਾ ਸਾਡੇ ਪੱਲੇ ਸੱਚ ਹੀ ਪਾਉਂਦਾ ਹੈ ਭਾਵ ਉਸ ਤੋਂ ਬਾਦ ਸਾਡੇ ਅੰਦਰ ਗੁਰਮਤਿ ਨੂੰ ਸਮਝਣ ਦੀ ਕੋਈ ਦੁਚਿੱਤੀ ਨਹੀਂ ਰਹਿ ਜਾਂਦੀ। ਜਿਸਨੇ ਆਪਣੀ ਗੁਰਬਾਣੀ ਰਚੀ ਹੈ, ਜਦੋਂ ਸੰਗਤ ਹੀ ਉਸਦੇ ਨਾਲ ਹੋ ਜਾਵੇ ਫਿਰ ਕੇਵਲ ਸੱਚ ਹੀ ਪੱਲੇ ਪਵੇਗਾ ਕਿਉਂਕਿ ਪੱਲੇ ਪਾਉਣ ਵਾਲਾ ਉਹ ਆਪ ਹੈ ਜੋ ਮਨ ਰੂਪ ਮਹਿਲ ਵਿੱਚ ਬੈਠਾ ਹੈ। ਗੁਰਬਾਣੀ ਦੀ ਸੱਚੀ ਸੋਝੀ ਪ੍ਰਮਾਤਮਾ ਆਪ ਮਨ ਦੇ ਵਿੱਚ ਹੀ ਪਾਉਂਦਾ ਹੈ।

{ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ॥੧॥}

(ਅੰਗ ੩੫)

{ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ॥}

(ਅੰਗ ੯੫੪)

(ਸਚੇ ਸੇਤੀ ਰਤਿਆ ਸਚੋ ਪਲੈ ਪਾਇ॥)

ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੱਚੀ ਸੋਝੀ ਮਿਲਣ ਤੋਂ ਬਾਅਦ ਹੀ ਇਹ ਸਮਝ ਆਉਂਦੀ ਹੈ, ਇਹ ਯਕੀਨ ਆਉਂਦਾ ਹੈ ਕਿ ਸਭ ਜਗ੍ਹਾ, ਸਭ ਵਿੱਚ ਪ੍ਰਮਾਤਮਾ ਆਪ ਹੀ ਹੈ। ਉਹ ਸੱਚਾ ਪ੍ਰਮਾਤਮਾ ਸਭ ਜਗ੍ਹਾ ਆਪਣੇ ਸੱਚੇ ਨਾਮ ਦੁਆਰਾ ਵੱਸਿਆ ਹੋਇਆ ਹੈ। ਨਾਮ ਉਸਦਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ ਤੇ ਉਹ ਸਭ ਸ੍ਰਿਸ਼ਟੀ ਵਿੱਚ ਆਪਣੇ ਇਸ ਸੱਚੇ ਗਿਆਨ ਦੁਆਰਾ ਹੀ ਵਿਚਰ ਰਿਹਾ ਹੈ। **(ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ॥੫॥)**

ਇਸ ਮਨ ਦੀ ਸੋਝੀ ਸਾਨੂੰ ਉਸ ਸੱਚੇ ਸੰਤ ਦੀ ਸੰਗਤ ਦੁਆਰਾ ਹੀ ਪੈਂਦੀ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਕਿ ਉਹ ਕੀ ਹੈ। ਕਿਸੇ ਵੀ ਮਨੁੱਖ ਨੂੰ ਖਰਾ ਤੇ ਸੋਹਣਾ ਉਹ ਆਪਣੇ ਨਾਲ ਮੇਲ ਕੇ ਹੀ ਬਣਾਉਂਦਾ ਹੈ ਤੇ ਤਾਂ ਹੀ ਉਸਦੇ ਰੰਗ ਵਿੱਚ ਕੋਈ ਰੰਗਿਆ ਜਾ ਸਕਦਾ ਹੈ

14/1516

ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ॥

ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ॥

ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ॥੬॥”

ਅਸੀਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਆਪਣੇ ਆਪ ਨੂੰ ਖਰੇ ਵੀ ਸਮਝਿਆ ਹੋਇਆ ਹੈ ਤੇ ਉਸ ਨੂੰ ਸੁਹਾਉਣ ਵਾਲੇ ਵੀ ਸਮਝਿਆ ਹੋਇਆ ਹੈ ਪਰ ਕਰਦੇ ਅਸੀਂ ਕੇਵਲ ਕਥਨੀ ਹੀ ਹਾਂ। ਆਪਣੀ ਕਥਨੀ ਨੂੰ ਹੀ ਅਸੀਂ ਸੱਚ ਸਮਝਦੇ ਹਾਂ, ਗੁਣ ਸਮਝਦੇ ਹਾਂ ਭਾਵ ਇੱਕ ਅੱਖਰ ਦੀ ਕਥਨੀ ਨੂੰ ਅਸੀਂ ਆਪਣਾ ਸਭ ਕੁੱਝ ਸਮਝਿਆ ਹੋਇਆ ਹੈ ਤੇ ਆਪਣੇ ਆਪ ਵਿੱਚ ਹੀ ਤਸੱਲੀ ਕਰੀ ਬੈਠੇ ਹਾਂ ਕਿ ਜੋ ਕੁੱਝ ਅਸੀਂ ਕਰ ਰਹੇ ਹਾਂ ਕੇਵਲ ਉਹੀ ਠੀਕ ਹੈ, ਉਹੀ ਨਾਮ ਹੈ। ਜਿਸ ਗੱਲ ਦਾ ਮੂਲ ਹੀ ਝੂਠ ਹੈ ਫਿਰ ਸਾਡੀਆਂ ਸਾਰੀਆਂ ਤਸੱਲੀਆਂ ਵੀ ਝੂਠੀਆਂ ਹੀ ਹਨ। ਉਸ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ, ਉਸਦੀ ਸੱਚੀ ਸੋਝੀ ਮਿਲੇ ਬਿਨ੍ਹਾਂ ਅਸੀਂ ਖਰੇ ਨਹੀਂ ਬਣ ਸਕਦੇ ਤੇ ਨਾ ਹੀ ਉਸਨੂੰ ਸੁਹਾ ਸਕਦੇ ਹਾਂ। ਉਹ ਕਿਸੇ ਨੂੰ ਖਰਾ ਤੇ ਸੁਹਾਵਣਾ ਆਪਣਾ ਮੇਲ ਬਖ਼ਸ਼ ਕੇ ਹੀ ਬਣਉਂਦਾ ਹੈ, ਆਪਣੀ ਸੰਗਤ ਦੇ ਕੇ ਹੀ ਬਣਾਉਂਦਾ ਹੈ। **(ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ॥)** ਉਸਦੇ ਨਾਲ ਸੰਗ ਤਾਂ ਹੀ ਹੁੰਦਾ ਹੈ ਜਦੋਂ ਉਹ ਸਾਨੂੰ ਆਪਣੇ ਮਹੱਲ ਵਿੱਚ ਬੁਲਾ ਲੈਂਦਾ ਹੈ ਭਾਵ ਮਨ ਰੂਪ ਮਹੱਲ ਵਿੱਚ ਆਪ ਹੀ ਪ੍ਰਗਟ ਹੋ ਕੇ ਆਪਣੇ ਹੋਣ ਦੀ ਸੋਝੀ ਪਾਉਂਦਾ ਹੈ ਤੇ ਉਸਤੋਂ ਬਾਅਦ ਹੀ ਉਹ ਕਿਸੇ ਨੂੰ ਆਪਣੇ ਰੰਗ ਵਿੱਚ ਰੰਗਦਾ ਹੈ। **(ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ॥)** ਉਹ ਆਪਣੇ ਰੰਗ ਵਿੱਚ ਕਿਵੇਂ ਰੰਗਦਾ ਹੈ, ਆਪਣੀ ਸੁਹਾਗਣ ਕਿਵੇਂ ਬਣਾਉਂਦਾ ਹੈ, ਸਾਨੂੰ ਭਲਾ ਕਿਵੇਂ ਬਣਾਉਂਦਾ ਹੈ, ਚੰਗਾ ਕਿਵੇਂ ਬਣਾਉਂਦਾ ਹੈ, ਖਰਾ ਤੇ ਸੋਹਣਾ ਕਿਵੇਂ ਬਣਾਉਂਦਾ ਹੈ, ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ॥੬॥”

ਸੱਚ ਦੀ ਪ੍ਰਾਪਤੀ ਤੋਂ ਬਿਨ੍ਹਾਂ ਕੋਈ ਉਸਦੀ ਸੁਹਾਗਣ ਨਹੀਂ ਬਣ ਸਕਦਾ। ਅਸਲ ਵਿੱਚ ਅਸੀਂ ਸੁਹਾਗਣ ਹੀ ‘‘ਸਚੁ’’ ਦੀ ਬਣਨਾ ਹੈ, ਗੁਣਾਂ ਦੀ ਬਣਨਾ ਹੈ, ਉਸਦੇ ਬਚਨਾਂ ਦੀ

14/1517

ਬਣਨਾ ਹੈ। ਉਸਦੇ ਬਚਨਾਂ ਦੀ ਸੰਗਤ ਕਰਨ ਦੇ ਨਾਲ ਹੀ, ਉਸਦੇ ਸੰਤਾਂ ਦੀ ਸੰਗਤ ਕਰਨ ਦੇ ਨਾਲ ਹੀ ਬਣਨਾ ਹੈ। ਉਸਦੇ ਬਚਨ ਸਾਨੂੰ ਸੱਚ ਹੀ ਸਿਖਾਉਂਦੇ ਹਨ, ਗੁਣ ਹੀ ਸਿਖਾਉਂਦੇ ਹਨ। ਸੱਚੇ ਗੁਣਾਂ ਦੀ ਸੰਗਤ ਹੀ ਗੁਰੂ ਦੀ ਸੰਗਤ ਹੈ, ਗੁਰੂ ਦੇ ਬਚਨਾਂ ਦੀ ਸੰਗਤ ਹੈ, ਉਸਦੇ ਸੰਤਾਂ ਦੀ ਸੰਗਤ ਹੈ। ਅਸੀਂ ਉਸ ਪ੍ਰਮਾਤਮਾ ਰੂਪ ਪਤੀ ਨੂੰ ਉਸਦੇ ਗੁਣਾਂ ਦੀ ਸੰਗਤ ਕਰਕੇ ਹੀ ਮੋਹ ਸਕਦੇ ਹਾਂ, ਚੰਗੇ ਲੱਗ ਸਕਦੇ ਹਾਂ। **(ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ॥੬॥)**

ਉੱਪਰ ਕੁੱਝ ਪਦਿਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਮ ਜਪਣ ਦਾ ਮਾਰਗ ਸਮਝਾਇਆ ਹੈ ਜੋ ਕਿ ਉਸਦੇ ਸੱਚੇ ਗੁਣਾਂ ਦੀ ਸੰਗਤ ਹੈ ਜੋ ਮਨ ਵਿੱਚ ਸੱਚੀ ਸੋਝੀ ਵੱਸਣ ਦੇ ਨਾਲ ਹੀ ਸਾਡੇ ਅੰਦਰ ਦ੍ਰਿੜ ਹੁੰਦੇ ਹਨ। ਸੱਚੀ ਸੋਝੀ ਨਾਮ ਦੀ ਸੋਝੀ ਹੈ ਜੋ ਕਿ ਮਨ ਦੇ ਵਿੱਚ ਸੱਚੇ ਦੀ ਸੰਗਤ ਦੇ ਦੁਆਰਾ ਮਿਲਦੀ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਉਨ੍ਹਾਂ ਦੇ ਮਨ ਦੀ ਅਵੱਸਥਾ ਸਮਝਾਈ ਹੈ ਜੋ ਨਾਮ ਤੋਂ ਭੁੱਲੇ ਹੋਏ ਹਨ ਭਾਵ ਪ੍ਰਮਾਤਮਾ ਨੂੰ ਜਪਣ ਦਾ, ਉਸਦਾ ਨਾਮ ਜਪਣ ਦਾ ਉਹੋ ਜਿਹਾ ਉਪਰਾਲਾ ਕਰਦੇ ਹਨ ਜਿਸ ਵਿੱਚ ਨਾਮ ਨਹੀਂ ਹੈ, ਨਾਮ ਦੀ ਸੋਝੀ ਨਹੀਂ ਹੈ ਭਾਵੇਂ ਆਪਣੇ ਵੱਲੋਂ ਉਹ ਨਾਮ ਹੀ ਜਪਦੇ ਹਨ।

“ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ॥

ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ॥

ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ॥੭॥"

ਅਸੀਂ ਉਸ ਪ੍ਰਮਾਤਮਾ ਨੂੰ ਪਾਉਣ ਲਈ ਅਨੇਕਾਂ ਯਤਨ ਕਰਦੇ ਹਾਂ ਜਿਸ ਲਈ ਅਸੀਂ ਪਹਾੜਾਂ ਦੀਆਂ ਖੁੰਦਰਾਂ ਤੇ ਟੀਸੀਆਂ, ਚੋਟੀਆਂ ਤੇ ਵੀ ਚੜ੍ਹਦੇ ਹਾਂ ਭਾਵ ਜਾ ਕੇ ਸਮਾਧੀਆਂ ਲਾਉਂਦੇ ਹਾਂ ਜਿਵੇਂ ਕਿ ਭਾਰਤ ਵਰਸ਼ ਵਿੱਚ ਪ੍ਰਾਚੀਨ ਸਮੇਂ ਤੋਂ ਉਸਨੂੰ ਪਾਉਣ ਦਾ ਅਸੀਂ ਮਾਰਗ ਸਮਝਿਆ ਹੋਇਆ ਹੈ। ਇਸਨੂੰ ਕੇਵਲ ਸਾਡੀ ਭੁੱਲ ਦੱਸਿਆ ਹੈ ਜਿਵੇਂ ਕਿ ਇਹ ਗੱਲ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝੀ ਹੈ। ਇਹ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੈ ਹੀ ਨਹੀਂ। ਅਸੀਂ ਜੋ ਕੁੱਝ ਵੀ

14/1518

ਕਰਦੇ ਹਾਂ ਮਨ ਦੀ ਸੋਝੀ ਦੁਆਰਾ ਹੀ ਕਰਦੇ ਹਾਂ। ਸਾਡੀ ਸੋਝੀ ਦਾ ਸ੍ਰੋਤ ਕੀ ਹੈ ਉਸ ਨਾਲ ਸਾਡੀ ਸੋਝੀ ਮਾੜੀ ਜਾਂ ਚੰਗੀ ਬਣਦੀ ਹੈ। "ਭੂਲੀ ਭੂਲੀ" ਤੋਂ ਭਾਵ ਹੈ ਭੁੱਲੇ ਹੋਏ ਕੋਲੋਂ ਸੋਝੀ ਲੈ ਕੇ ਸੋਝੀ ਲੈਣ ਵਾਲਾ ਵੀ ਭੁੱਲਿਆ ਹੋਇਆ ਬਣ ਜਾਂਦਾ ਹੈ। ਪ੍ਰਮਾਤਮਾ ਨੂੰ ਜਪਣ ਦੀ ਪ੍ਰਾਚੀਨ ਸਮੇਂ ਤੋਂ ਇਹੀ ਧਾਰਨਾ ਬਣੀ ਹੋਈ ਹੈ। ਭੁੱਲੇ ਹੋਏ ਦੂਸਰਿਆਂ ਨੂੰ ਵੀ ਭੁਲਾਈ ਜਾ ਰਹੇ ਹਨ ਭਾਵ ਇੱਕ ਭੁੱਲ ਅੱਗੇ ਤੋਂ ਅੱਗੇ ਚੱਲਦੀ ਜਾ ਰਹੀ ਹੈ। ਇਸੇ ਭੁੱਲ ਕਰਕੇ ਕੋਈ ਵਣਾਂ ਵਿੱਚ ਫਿਰਦੇ ਹੋਏ ਪ੍ਰਮਾਤਮਾ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਨ ਪਰ ਇਸ ਤਰ੍ਹਾਂ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ। ਇਸ ਤਰੀਕੇ ਨਾਲ ਪ੍ਰਮਾਤਮਾ ਦਾ ਜਪ ਕਰਨ ਵਾਲੇ ਭਾਵ ਪਰਬਤਾਂ ਆਦਿ ਤੇ ਸਮਾਧੀਆਂ ਲਗਾਉਣ ਵਾਲੇ ਮਨ ਦੇ ਆਵਾਗਉਣ ਵਿੱਚ ਹੀ ਰਹਿੰਦੇ ਹਨ। **(ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ॥ ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ॥)**

ਜੋ ਮਨੁੱਖ ਇਨ੍ਹਾਂ ਜਪਾਂ ਤਪਾਂ ਦੁਆਰਾ ਪ੍ਰਮਾਤਮਾ ਨੂੰ ਲੱਭਣ ਦਾ ਯਤਨ ਕਰਦੇ ਹਨ ਉਹ ਭੁੱਲੇ ਹੋਏ ਇਸ ਲਈ ਹਨ ਕਿਉਂਕਿ ਉਨ੍ਹਾਂ ਕੋਲ ਗੁਰੂ ਦੀ ਮਤਿ ਨਹੀਂ ਹੈ ਭਾਵ ਉਨ੍ਹਾਂ ਦੀ ਸੋਝੀ ਦਾ ਸ੍ਰੋਤ ਚੰਗਾ ਨਹੀਂ ਹੈ, ਉਹ ਸੁਣੀਆਂ ਸੁਣਾਈਆਂ ਗੱਲਾਂ ਤੇ ਅਮਲ ਕਰਕੇ, ਭੁੱਲਿਆਂ ਹੋਇਆਂ ਦੀ ਗੱਲ ਤੇ ਅਮਲ ਕਰਕੇ ਪ੍ਰਮਾਤਮਾ ਨੂੰ ਲੱਭਣ ਦਾ ਉਪਰਾਲਾ ਕਰਦੇ ਹਨ। ਜਿੱਥੇ ਗੁਰੂ ਦੀ ਸੋਝੀ ਨਹੀਂ ਹੈ ਫਿਰ ਉਹੋ ਜਿਹੀ ਸੋਝੀ ਨਾਲ ਪ੍ਰਮਾਤਮਾ ਨੂੰ ਜਪਿਆ ਵੀ ਕਿਵੇਂ ਜਾ ਸਕਦਾ ਹੈ। ਇਹੋ ਜਿਹਾ ਜਪ ਤਪ ਕਰਨ ਵਾਲੇ ਨਾਮ ਵੱਲੋਂ ਭੁੱਲੇ ਹੋਏ ਹੀ ਹਨ ਭਾਵ ਆਪਣੇ ਵੱਲੋਂ ਜਪਦੇ ਤਾਂ ਉਹ ਨਾਮ ਹਨ ਪਰ ਨਾਮ ਦੀ ਸੋਝੀ ਨਹੀਂ ਹੈ। ਨਾਮ ਸਾਡੀ ਸੱਚੀ ਸੋਝੀ ਹੈ, ਗੁਰੂ ਦੀ ਸੱਚੀ ਸੋਝੀ ਹੈ ਜੋ ਸਾਨੂੰ ਜਪਾਂ ਤਪਾਂ ਦੇ ਮਾਰਗ ਤੋਂ ਦੂਰ ਕਰਦੀ ਹੈ। ਅਸਲ ਨਾਮ ਸਾਡੀ ਸੱਚੀ ਕਰਨੀ ਹੈ, ਆਪਣੀ ਗ੍ਰਹਿਸਥੀ ਨੂੰ ਸੱਚੇ ਸੁੱਚੇ ਢੰਗ ਨਾਲ ਚਲਾਉਣ ਦਾ ਮਾਰਗ ਹੈ। **(ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ॥੭॥)**

ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਸਾਨੂੰ ਉਹੀ ਸਮਝਾ ਸਕਦਾ ਹੈ ਜੋ ਉਸਦੇ ਮਾਰਗ ਨੂੰ ਜਾਣਦਾ ਹੈ, ਜੋ ਉਸਦੇ ਮਾਰਗ ਤੇ ਆਪ ਚੱਲਿਆ ਹੋਇਆ ਹੈ। ਉਸ ਪ੍ਰਮਾਤਮਾ

14/1519

ਦੀ ਚਾਕਰੀ ਉਸਦੇ ਸੱਚੇ ਮਾਰਗ ਤੇ ਚੱਲ ਕੇ ਹੀ ਹੋ ਸਕਦੀ ਹੈ। ਪ੍ਰਮਾਤਮਾ ਦੇ ਸੱਚੇ ਮਾਰਗ ਤੇ ਚੱਲਣ ਵਾਲਾ ਆਪ ਗੁਰੂ ਹੈ ਤੇ ਇਸੇ ਲਈ ਉਹ ਉਸਦਾ ਮਾਰਗ ਜਾਣਦਾ ਹੈ ਕਿਉਂਕਿ ਉਹ ਉਸਦੇ ਨਾਲ ਮਿਲਿਆ ਹੋਇਆ ਹੈ। **(ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ॥)**

ਪ੍ਰਮਾਤਮਾ ਦੇ ਮਾਰਗ ਤੇ ਚੱਲਣ ਵਾਲਾ ਸੱਚਾ ਰਾਹੀ ਜੋ ਉਸਦੇ ਮਾਰਗ ਤੇ ਚੱਲ ਰਿਹਾ ਹੈ ਜਿਸ ਕੋਲੋਂ ਅਸੀਂ ਉਸਦਾ ਮਾਰਗ ਜਾਣ ਸਕਦੇ ਹਾਂ ਉਹ ਗੁਰਬਾਣੀ ਹੈ। ਅਸੀਂ ਭੁੱਲਿਆਂ ਹੋਇਆਂ ਦੇ ਕੋਲ ਜਾਂਦੇ ਹਾਂ ਤੇ ਜੋ ਭੁੱਲ ਉਨ੍ਹਾਂ ਨੇ ਕੀਤੀ ਹੈ ਉਨ੍ਹਾਂ ਪਿੱਛੇ ਲੱਗ ਕੇ ਉਹੀ ਭੁੱਲ ਅਸੀਂ ਕਰੀ ਜਾਂਦੇ ਹਾਂ। ਜਿਹੋ ਜਿਹੇ ਸਰੀਰਕ ਜਪ ਤਪ ਉਨ੍ਹਾਂ ਨੇ ਆਪ ਕੀਤੇ ਹਨ ਜਾਂ ਕਰਦੇ ਹਨ ਉਹੀ ਕੁੱਝ ਸਾਨੂੰ ਸਿਖਾਈ ਜਾਂਦੇ ਹਨ। ਸਰੀਰਕ ਜਪ ਤਪ ਪ੍ਰਮਾਤਮਾ ਦੇ ਨਾਲ ਮਿਲਣ ਵਿੱਚ ਸਾਡੀਆਂ ਰੁਕਾਵਟਾਂ ਹਨ ਜਿਸਦੀ ਸੋਝੀ ਕੇਵਲ ਗੁਰੂ ਕੋਲੋਂ ਪੈ ਸਕਦੀ ਹੈ ਜੋ ਕਿ ਪ੍ਰਮਾਤਮਾ ਨੂੰ ਜਾਣਦਾ ਹੈ ਤੇ ਇਸੇ ਲਈ ਗੁਰੂ ਸਾਨੂੰ ਇਨ੍ਹਾਂ ਸਰੀਰਕ ਜਪਾਂ ਤਪਾਂ ਨੂੰ ਛੱਡਣ ਲਈ ਕਹਿੰਦਾ ਹੈ, ਇਨ੍ਹਾਂ ਵਿੱਚੋਂ ਨਿਕਲਣ ਲਈ ਕਹਿੰਦਾ ਹੈ, ਇਨ੍ਹਾਂ ਨੂੰ ਅੱਗ ਵਿੱਚ ਸਾੜਣ ਲਈ ਕਹਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ। **(ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ॥)**

ਜੋ ਪ੍ਰਮਾਤਮਾ ਨੂੰ ਜਾਣਦਾ ਹੈ ਉਸਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਜੋ ਕਿ ਸਭ

ਦੇ ਵਿੱਚ ਹੀ ਹੈ ਤੇ ਸਭ ਜਗ੍ਹਾ ਆਪ ਹੀ ਵਿਚਰ ਰਿਹਾ ਹੈ। ਇਹ ਸੋਝੀ ਪੈਣ ਤੋਂ ਬਾਅਦ ਫਿਰ ਉਹ ਮਨੁੱਖ ਕਿਤੇ ਵਣਾਂ ਵਿੱਚ ਜਾਂ ਪਹਾੜਾਂ ਦੀਆਂ ਖੁੰਦਰਾਂ ਜਾਂ ਚੋਟੀਆਂ ਤੇ ਨਹੀਂ ਭਟਕਦਾ ਭਾਵ ਉਸਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਪੈ ਜਾਂਦੀ ਹੈ ਤੇ ਇਹੋ ਜਿਹੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਉੱਥੋਂ ਹੀ ਇਹ ਸੋਝੀ ਮਿਲ ਸਕਦੀ ਹੈ। ਸਾਨੂੰ ਗੁਰੂ ਤੇ ਵਿਸ਼ਵਾਸ ਰੱਖਣਾ ਸਿਖਾਇਆ ਹੈ ਤਾਂ ਜੋ ਅਸੀਂ ਦੂਜਿਆਂ ਦੀਆਂ ਗੱਲਾਂ ਵਿੱਚ ਆ ਕੇ ਇੱਧਰ ਉਧਰ ਨਾ ਭਟਕੀਏ ਤੇ ਉਹੋ ਜਿਹਾ ਨਾਮ ਜਪੀਏ ਜਿਹੋ ਜਿਹਾ ਗੁਰੂ ਸਾਨੂੰ ਸਮਝਾ ਰਿਹਾ ਹੈ।

14/1520

ਉਹ ਸਦਾ ਸਾਡੇ ਨਾਲ ਹੀ ਹੈ। ਉਹ ਸਭ ਕੁੱਝ ਆਪ ਹੀ ਹੈ, ਅਸੀਂ ਉਸਦੇ ਆਪਣੇ ਰੂਪ ਹੀ ਹਾਂ ਤੇ ਉਸਤੋਂ ਇਲਾਵਾ ਹੋਰ ਕੋਈ ਨਹੀਂ ਹੈ। **(ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ॥੮॥੬॥)**

ਜੋ ਸਾਧ ਸੰਗਤ ਹੈ ਉਹੀ ਸਤਿਸੰਗਤ ਹੈ, ਉਸ ਸੱਚੇ ਪ੍ਰਮਾਤਮਾ ਦੀ ਸੰਗਤ ਹੈ ਜੋ ਕਿ ਮਨ ਦੇ ਵਿੱਚ ਹੀ ਉਸ ਸੱਚੇ ਦੇ ਨਾਲ ਮੇਲ ਹੈ। ਪ੍ਰਮਾਤਮਾ ਆਪ ਅਕੱਥ ਹੈ ਜਿਸਨੂੰ ਕਥਿਆ ਨਹੀਂ ਜਾ ਸਕਦਾ ਭਾਵ ਜਿਸਨੂੰ ਜਾਣਿਆਂ ਨਹੀਂ ਜਾ ਸਕਦਾ। ਉਹ ਪ੍ਰਮਾਤਮਾ ਆਪਣੇ ਸ਼ਬਦ ਦੁਆਰਾ ਵਰਤਦਾ ਹੈ ਤੇ ਉਹ ਆਪਣੇ ਆਪ ਦੀ ਸੋਝੀ ਆਪਣੇ ਸ਼ਬਦ ਦੁਆਰਾ ਹੀ ਪਾਉਂਦਾ ਹੈ। ਉਸਦੇ ਸ਼ਬਦ ਦੀ ਸੰਗਤ ਹੀ ਸਤਿਸੰਗਤ ਹੈ। ਜਦ ਤੱਕ ਅਸੀਂ "ਮੈਂ" ਵਿੱਚ ਹਾਂ ਤਦ ਤੱਕ ਸਾਡੀ ਸ਼ਬਦ ਦੇ ਨਾਲ ਸੰਗਤ ਨਹੀਂ ਹੈ। ਸਾਡੀ "ਮੈਂ", ਸਾਡੀ "ਹਉਮੈ" ਸ਼ਬਦ ਦੁਆਰਾ ਹੀ ਮਰਦੀ ਹੈ, ਸ਼ਬਦ ਦੀ ਸੰਗਤ ਦੁਆਰਾ ਮਰਦੀ ਹੈ ਤੇ ਤਾਂ ਹੀ ਉਸ ਅਕੱਥ ਨੂੰ ਕਥਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ। ਸਾਰੀ ਗੁਰਬਾਣੀ "ਅਕਥ ਕਥਾ" ਹੈ ਜੋ ਕਿ ਗੁਰੂ ਦੇ ਸ਼ਬਦਾਂ ਦਾ ਭੰਡਾਰ ਹੈ। ਸਾਰੇ ਗੁਰਬਾਣੀ ਦੇ ਸ਼ਬਦ ਪ੍ਰਮਾਤਮਾ ਦੀ ਅਕੱਥ ਕਥਾ ਦਾ ਬਿਆਨ ਕਰਦੇ ਹਨ ਕਿਉਂਕਿ ਜਿਨ੍ਹਾਂ ਨੇ ਬਾਣੀ ਉਚਾਰੀ ਹੈ ਉਨ੍ਹਾਂ ਦੀ ਸ਼ਬਦ ਦੇ ਨਾਲ ਸੰਗਤ ਹੋਈ ਹੋਈ ਹੈ। ਸ਼ਬਦ ਦੇ ਨਾਲ ਸੰਗਤ ਤੋਂ ਬਾਅਦ ਉਸਦੇ ਕੋਲੋਂ ਉਸ ਦੇ ਸ਼ਬਦ ਹੀ ਮਿਲਦੇ ਹਨ, ਉਸਦੀ ਬਾਣੀ ਹੀ ਮਿਲਦੀ ਹੈ ਜਿਸ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ।

ਗਉੜੀ ਗੁਆਰੇਰੀ ਮਹਲਾ ੩ ॥

"ਤੂੰ ਅਕਥੁ ਕਿਉ ਕਥਿਆ ਜਾਹਿ ॥ ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ ॥
ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ ॥੧॥
ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ ॥ ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ ॥੧॥ ਰਹਾਉ ॥
ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥
ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥੨॥
ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥ ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥
ਗੁਰਮੁਖਿ ਭਗਤਿ ਹਰਿ ਨਾਮਿ ਸਮਾਏ ॥੩॥
ਆਪੇ ਦਾਤਿ ਕਰੇ ਦਾਤਾਰੁ ॥ ਪੂਰੇ ਸਤਿਗੁਰ ਸਿਉ ਲਗੈ ਪਿਆਰੁ ॥
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੪॥੯॥੨੯॥"

(ਅੰਗ ੧੬੦)

ਜਿਹੋ ਜਿਹੀ ਮਤਿ ਸਾਨੂੰ ਪ੍ਰਮਾਤਮਾ ਨੇ ਦਿੱਤੀ ਹੋਈ ਹੈ ਭਾਵ ਸਾਡੇ ਮਨ ਦੇ ਵਿੱਚ ਜਿਹੋ ਜਿਹਾ ਗਿਆਨ ਪ੍ਰਮਾਤਮਾ

ਨੇ ਪਾਇਆ ਹੋਇਆ ਹੈ ਇਹੋ ਜਿਹੀ ਮਨ ਦੀ ਅਵੱਸਥਾ ਦੁਆਰਾ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ, ਉਸਨੂੰ ਕੋਈ ਨਹੀਂ ਕੱਥ ਸਕਦਾ ਕਿਉਂਕਿ ਪ੍ਰਮਾਤਮਾ ਨੇ ਸਭ ਨੂੰ ਭਰਮ ਵਿੱਚ, ਦੁਚਿੱਤੀ ਵਿੱਚ, ਦੁਬਿਧਾ ਵਿੱਚ, ਅਗਿਆਨਤਾ ਵਿੱਚ, ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਭਾਵ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਆਪ ਨਹੀਂ ਜਾਣ ਸਕਦੇ, ਕੋਈ ਵੀ ਕੀਮਤ ਦੇ ਕੇ ਉਸਨੂੰ ਨਹੀਂ ਪਾ ਸਕਦੇ ਭਾਵੇਂ ਅਸੀਂ ਆਪਣੇ ਵੱਲੋਂ ਕੋਸ਼ਿਸ਼ ਜ਼ਰੂਰ ਕਰਦੇ ਹਾਂ, ਕੀਮਤ ਪਾਉਣ ਦੀ ਕੋਸ਼ਿਸ਼ ਜਰੂਰ ਕਰਦੇ ਹਾਂ। ਉਹ ਆਪਣੀ ਕੀਮਤ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਉਸਨੂੰ ਜਾਣਿਆ ਜਾ ਸਕਦਾ ਹੈ। ਜਿਸਨੂੰ ਆਪ ਜਣਾਉਂਦਾ ਹੈ ਉਸ ਦਾ ਮਨ ਵਿੱਚੋਂ ਪੜਦਾ ਹੀ ਕੱਢਦਾ ਹੈ, ਹਉਮੈ ਦਾ, ਭਰਮ ਦਾ, ਮੈਂ ਦਾ ਪੜਦਾ ਹੀ ਕੱਢਦਾ ਹੈ ਜਿਸ ਦੁਆਰਾ ਸਾਡਾ ਆਪਾ ਮਰਦਾ ਹੈ। ਸਾਡਾ ਆਪਾ ਉਹ ਆਪਣੇ ਸ਼ਬਦ ਦੁਆਰਾ ਮਾਰਦਾ ਹੈ ਜੋ ਕਿ ਮਨ ਦੇ ਵਿੱਚ ਉਸਦਾ ਸੱਚਾ ਗਿਆਨ ਹੈ। ਇਹ ਆਪਾ ਖ਼ਤਮ ਹੋਣ ਨਾਲ ਮਨੁੱਖ ਉਸ ਵਿੱਚ ਹੀ ਸਮਾਅ ਜਾਂਦਾ ਹੈ। ਉਸ ਵਿੱਚ ਸਮਾਉਣਾ ਉਸ ਦੇ ਸੱਚੇ ਗਿਆਂਨ ਵਿੱਚ ਸਮਾਉਣਾ ਹੈ, ਉਸਦੇ ਸ਼ਬਦ ਵਿੱਚ ਸਮਾਉਣਾ ਹੈ ਜੋ ਕਿ ਮਨ ਦੇ ਵਿੱਚ ਹੀ ਸਮਾਇਆ ਜਾ ਸਕਦਾ ਹੈ। ਉਸ ਦੇ ਵਿੱਚ ਸਮਾਉਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਉਹ ਕਿਤਨੇ ਵੱਡੇ ਗੁਣਾਂ ਦਾ ਮਾਲਕ ਹੈ ਤੇ ਆਪਣੇ ਆਪ ਉਸਨੂੰ ਕੋਈ ਨਹੀਂ ਪਾ ਸਕਦਾ। (**ਤੂੰ ਅਕਥੁ ਕਿਉ ਕਥਿਆ ਜਾਹਿ॥ ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ॥**

ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ॥੧॥)

{ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥}

(ਅੰਗ ੯)

14/1522

ਪ੍ਰਮਾਤਮਾ ਦੇ ਵਿੱਚ ਸਮਾਉਣਾ ਕੀ ਹੈ, ਉਸਦੇ ਸੱਚੇ ਗਿਆਨ ਵਿੱਚ ਸਮਾਉਣਾ ਕੀ ਹੈ ਜਿਸ ਦੁਆਰਾ ਉਸਦੀ ਅਕੱਥ ਕਥਾ ਸਮਝ ਆਉਂਦੀ ਹੈ ਇਹੀ ਗੱਲ ਅਗਲੀ ਰਹਾਉ ਵਾਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ॥ ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ॥੧॥ਰਹਾਉ॥"

ਪ੍ਰਮਾਤਮਾ ਨਾਲ ਮੇਲ ਤੋਂ ਬਾਅਦ ਜਿੰਨ੍ਹਾਂ ਸਰੀਰਾਂ ਦੁਆਰਾ ਗੁਰਬਾਣੀ ਪ੍ਰਗਟ ਹੋਈ ਹੈ, ਜਿੰਨ੍ਹਾਂ ਨੇ ਗੁਰ ਸ਼ਬਦ ਉਚਾਰੇ ਹਨ ਇੱਥੇ ਉਨ੍ਹਾਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਵਿੱਚ ਸਮਾਉਣਾ ਕੀ ਹੈ। ਉਹ ਉਸਦੇ ਵਿੱਚ ਸਮਾਏ ਹਨ ਜੋ ਇਸ ਗੁਰਬਾਣੀ ਦਾ ਮਾਲਕ ਹੈ ਭਾਵ ਜਿਸ ਨੇ ਇਸ ਗੁਰਬਾਣੀ ਦੀ ਸੋਝੀ ਪਾਈ ਹੈ। ਸਾਰੀ ਗੁਰਬਾਣੀ ਪ੍ਰਮਾਤਮਾ ਦੀ ਅਕੱਥ ਕਥਾ ਹੈ, ਉਸ ਨਾ ਕਥੇ ਜਾਣ ਵਾਲੇ ਦੀ ਕਥਾ ਹੈ। ਆਪਣੀ ਕਥਾ ਪ੍ਰਮਾਤਮਾ ਨੇ ਆਪ ਹੀ ਕਹਿ ਕੇ ਸੁਣਾਈ ਹੋਈ ਹੈ, ਆਪਣੇ ਭਗਤਾਂ ਦੇ ਮਨ ਵਿੱਚ ਪ੍ਰਗਟ ਹੋ ਕੇ ਸੁਣਾਈ ਹੋਈ ਹੈ ਤੇ ਉਹੀ ਗੱਲ ਉਨ੍ਹਾਂ ਨੇ ਪ੍ਰਮਾਤਮਾ ਕੋਲੋਂ ਸੁਣ ਕੇ ਸ਼ਬਦਾਂ ਰਾਹੀਂ ਬਿਆਨ ਕੀਤੀ ਹੈ। ਗੁਰਬਾਣੀ ਵੱਖਰੇ-ਵੱਖਰੇ ਸਰੀਰਾਂ ਦੀ ਆਪਣੀ ਬਾਣੀ ਨਹੀਂ ਹੈ, ਇਹ ਪ੍ਰਮਾਤਮਾ ਦੇ ਕੋਲੋਂ ਆਈ ਹੋਈ ਬਾਣੀ ਹੈ ਤੇ ਇਸ ਲਈ ਗੁਰਬਾਣੀ ਸੱਚੀ ਬਾਣੀ ਹੈ, ਜੋ ਪੂਰਨ ਸੱਚ ਬਿਆਨ ਕਰਦੀ ਹੈ। ਗੁਰਬਾਣੀ ਦੇ ਰਚਨ ਵਾਲਿਆਂ ਨੂੰ ਗਿਆਨ ਦੇਣ ਵਾਲਾ ਇੱਕੋ ਇੱਕ ਸ੍ਰੋਤ ਆਪ ਪ੍ਰਮਾਤਮਾ ਹੀ ਹੈ ਤੇ ਇਸੇ ਲਈ ਸਭ ਦੀ ਗੱਲ ਆਪਸ ਵਿੱਚ ਮੇਲ ਖਾਂਦੀ ਹੈ। ਪ੍ਰਮਾਤਮਾ ਦੇ ਨਾਲ ਸਭ ਦਾ ਮੇਲ ਮਨ ਦੇ ਵਿੱਚ ਹੀ ਹੋਇਆ ਹੈ, ਗਿਆਨ ਰੂਪ ਵਿੱਚ, ਨਿਰਗੁਣ ਰੂਪ ਵਿੱਚ ਹੋਇਆ ਹੈ। **(ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ॥ ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ॥੧॥ਰਹਾਉ॥)**

ਗੁਰਬਾਣੀ ਵਿੱਚ ਸਾਨੂੰ ਇਸੇ ਲਈ ਸਮਝਾਇਆ ਹੈ ਕਿ ਇਹ ਸਾਰਾ ਗੁਰਬਾਣੀ ਦਾ ਗਿਆਨ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਹੈ ਤੇ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ।

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥

ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥੧॥੨੦॥}

(ਅੰਗ ੧੨੦੯)

ਸਾਰਗ ਮਹਲਾ ੫॥

{ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

ਜਿੱਥੇ ਆਪ ਪ੍ਰਮੇਸ਼ਰ ਵੱਸਿਆ ਹੁੰਦਾ ਹੈ ਉੱਥੇ ਹੀ ਸਾਧਸੰਗਤਿ ਹੁੰਦੀ ਹੈ। ਗੁਰਬਾਣੀ ਦੀ ਸਾਧਸੰਗਤਿ

14/1523

ਹੋਈ ਹੋਈ ਹੈ ਭਾਵ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ ਤੇ ਇਸੇ ਲਈ ਗੁਰਬਾਣੀ ਪ੍ਰਮਾਤਮਾ ਦੇ ਗੁਣ ਗਾ ਰਹੀ ਹੈ। ਸਾਧਸੰਗਤਿ ਦੀ ਅਵੱਸਥਾ ਬ੍ਰਹਮਗਿਆਨ ਦੀ ਅਵੱਸਥਾ ਹੈ। ਗੁਰਬਾਣੀ ਦੀ ਅਵੱਸਥਾ ਬ੍ਰਹਮਗਿਆਨ ਵਾਲੀ ਹੈ ਭਾਵ ਗੁਰਬਾਣੀ ਦੇ ਕੋਲ ਪ੍ਰਮਾਤਮਾ ਦਾ ਸੱਚਾ ਗਿਆਨ ਹੈ। ਸੱਚਾ ਗਿਆਨ ਉਹ ਹੈ ਜੋ ਸਿੱਧਾ ਬ੍ਰਹਮ ਦੇ ਕੋਲੋਂ ਮਿਲਦਾ ਹੈ। ਇਸ ਬ੍ਰਹਮ ਗਿਆਨ ਦੇ ਨਾਲ ਹੀ ਉਸਦੀ ਅਕੱਥ ਕਥਾ ਲਿਖੀ ਜਾ ਸਕਦੀ ਹੈ ਅਤੇ ਸਮਝੀ ਜਾ ਸਕਦੀ ਹੈ।

ਹੁਣ ਧਿਆਨ ਨਾਲ ਸਮਝੋ ਕਿ ਅਸਲ ਵਿੱਚ ਫਿਰ ਗੁਰੂ ਕੌਣ ਹੋਇਆ? ਗੁਰੂ ਉਹੀ ਹੈ ਜੋ ਗੁਰਬਾਣੀ ਦਾ ਮਾਲਕ ਹੈ, ਜੋ ਅਕੱਥ ਕਥਾ ਦਾ ਮਾਲਕ ਹੈ। ਇਸੇ ਲਈ ਧਨ ਧੰਨ ਪਹਿਲੀ ਪਾਤਸ਼ਾਹੀ ਨੇ "**ਸਿਧ ਗੋਸਟਿ**" ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਉਨ੍ਹਾਂ ਕੋਲ ਜੋ ਦੁਨੀਆਂ ਤੋਂ ਵੱਖਰਾ ਗਿਆਨ ਹੈ, ਨਿਰਾਲਾ ਗਿਆਨ ਹੈ, ਉਹ ਉਨ੍ਹਾਂ ਨੂੰ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ

ਜਿਸ ਕਰਕੇ ਉਹ ਪ੍ਰਮਾਤਮਾ ਹੀ ਸਭ ਦਾ ਗੁਰੂ ਹੈ, ਜੁਗਾਂ ਜੁਗਾਂ ਤੋਂ ਉਹ ਆਪ ਹੀ ਗੁਰੂ ਹੈ ਜੋ ਕਿ ਗਿਆਨ ਦਾ ਮਾਲਕ ਹੈ। ਜਿੱਥੇ ਉਹ ਪ੍ਰਗਟ ਹੁੰਦਾ ਹੈ ਉੱਥੇ ਉਹ ਆਪਣਾ ਸੱਚਾ ਗਿਆਨ ਪ੍ਰਗਟ ਕਰਦਾ ਹੈ। ਇਸੇ ਲਈ ਗੁਰਬਾਣੀ ਸੱਚੇ ਗਿਆਨ ਦੀ ਮਾਲਕ ਹੈ, ਸੱਚੀ ਬਾਣੀ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਕੋਈ ਭੇਦ ਨਹੀਂ ਹੈ।

{ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੩)

ਜਦ ਤੱਕ ਸਾਨੂੰ ਇਹ ਸਮਝ ਨਹੀਂ ਆਉਂਦੀ ਕਿ ਸਤਿਗੁਰੂ ਕੌਣ ਹੈ ਤਦ ਤੱਕ ਸਾਨੂੰ ਸਤਿਸੰਗਤਿ ਦੀ ਸਮਝ ਵੀ ਨਹੀਂ ਆ ਸਕਦੀ। ਸਤਿਗੁਰ ਆਪ ਪ੍ਰਮਾਤਮਾ ਹੈ, ਗੁਰਬਾਣੀ ਹੈ, ਬ੍ਰਹਮਗਿਆਨ ਹੈ। ਬ੍ਰਹਮਗਿਆਨ ਦੀ ਸੰਗਤ, "**ਸਤਿਸੰਗਤਿ**" ਹੈ। ਗੁਰਬਾਣੀ ਦੀ ਸੰਗਤ ਭਾਵ ਗੁਰਬਾਣੀ ਦੇ ਗਿਆਨ ਦੀ ਸੰਗਤ ਸਤਿਸੰਗਤਿ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ

14/1524

ਮਿਲਾ ਸਕਦੀ ਹੈ ਜਿਸ ਨਾਲ ਸੰਗਤ ਮਨ ਦੇ ਵਿੱਚ ਹੀ ਹੁੰਦੀ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥

ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ॥ ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ॥੨॥"

ਭਗਤਾਂ ਵਿੱਚ, ਗੁਰੂ ਸਾਹਿਬਾਨ ਵਿੱਚ ਆਪ ਸਤਿਗੁਰ ਪ੍ਰਗਟ ਹੈ ਜੋ ਕਿ ਹੁਣ ਗੁਰਬਾਣੀ ਰੂਪ ਹੈ ਜਿਸਦੀ ਸਤਸੰਗਤਿ ਬਣੀ ਹੋਈ ਹੈ **(ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥)** ਜਿੱਥੇ ਸਤਿਗੁਰੂ ਪ੍ਰਗਟ ਹੁੰਦਾ ਹੈ ਉਸ ਮਨ ਦੀ ਅਵੱਸਥਾ ਸਹਜ ਵਾਲੀ ਹੁੰਦੀ ਹੈ, ਚੌਥੇ ਪਦ ਦੇ ਗਿਆਨ ਵਾਲੀ ਹੁੰਦੀ ਹੈ, ਗੁਰਮਤਿ ਦੀ ਸੱਚੀ ਸੋਝੀ ਵਾਲੀ ਹੁੰਦੀ ਹੈ ਤੇ ਇਹੋ ਜਿਹੀ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਭਗਤ ਜਨ ਆਪਣੇ ਜੀਵਨ ਕਾਲ ਵਿੱਚ ਇਹੋ ਜਿਹੀ ਅਵੱਸਥਾ ਦੁਆਰਾ ਹੀ ਵਿਚਰੇ ਹਨ, ਉਨ੍ਹਾਂ ਨੇ ਹਰਿ ਗੁਣ ਗਾਏ ਹਨ ਤੇ ਗੁਰਬਾਣੀ ਰਾਹੀਂ ਸਾਨੂੰ ਹਰਿ ਗੁਣ ਗਾਉਣੇ ਸਿਖਾਏ ਹਨ। ਇਸੇ ਲਈ ਗੁਰਬਾਣੀ ਸਹਜ ਦੀ ਅਵੱਸਥਾ ਵਿੱਚ ਹੈ ਤੇ ਹਰ ਵੇਲੇ ਹਰਿ ਗੁਣ ਗਾ ਰਹੀ ਹੈ ਭਾਵ ਸਾਨੂੰ ਉਸ ਦੇ ਗੁਣਾਂ ਦੀ ਸਿੱਖਿਆ ਦੇ ਰਹੀ ਹੈ। **(ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ॥)**

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥}

(ਅੰਗ ੯੪੭)

ਜਿੱਥੇ ਸਤਿਗੁਰੂ ਪ੍ਰਗਟ ਹੁੰਦਾ ਹੈ ਭਾਵ ਜਿੱਥੇ ਉਸਦੀ ਸਤਸੰਗਤਿ ਹੁੰਦੀ ਹੈ, ਜਿੱਥੇ ਸਹਜ ਦੀ ਅਵੱਸਥਾ ਹੁੰਦੀ ਹੈ ਉੱਥੇ ਮਨੁੱਖ ਦਾ ਆਪਾ ਨਹੀਂ ਰਹਿੰਦਾ, ਮੈਂ ਨਹੀਂ ਰਹਿੰਦੀ, ਅਗਿਆਨਤਾ ਨਹੀਂ ਰਹਿੰਦੀ ਕਿਉਂਕਿ ਸੱਚੇ ਗਿਆਨ ਦੀ ਅਵੱਸਥਾ ਨਾਲ, ਸਹਜ ਦੀ, ਚੌਥੇ ਪਦ ਦੀ ਅਵੱਸਥਾ ਨਾਲ "ਮੈਂ" ਵਾਲੀ ਅਗਿਆਨਤਾ ਮੁੱਕ ਜਾਂਦੀ ਹੈ ਤੇ ਸੋਝੀ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

14/1525

ਸਤਸੰਗਤਿ ਗੁਰੂ ਦੇ ਸ਼ਬਦ ਦੀ ਸੰਗਤ ਹੈ ਭਾਵ ਉਸਦੇ ਸੱਚੇ ਗਿਆਨ ਦੀ ਸੰਗਤ ਹੈ ਜਿਸ ਨਾਲ ਸਾਡੀ ਹਉਮੈ ਦੂਰ ਹੁੰਦੀ ਹੈ। **(ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ॥੨॥)**। ਇਹ ਚੌਥੇ ਪਦ ਦੀ ਅਵੱਸਥਾ ਹੀ ਗੁਰਮੁਖਿ ਬਣਨ ਦੀ ਅਵੱਸਥਾ ਹੈ ਜੋ ਕਿ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਗੁਰਮੁਖਿ ਸੇਵਾ ਮਹਲੀ ਥਾਉ ਪਾਏ॥

ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ॥ ਗੁਰਮੁਖਿ ਭਗਤਿ ਹਰਿ ਨਾਮਿ ਸਮਾਏ॥੩॥"

ਉਸ ਪ੍ਰਮਾਤਮਾ ਦੀ ਸੱਚੀ ਸੇਵਾ ਇਸ ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਹੁੰਦੀ ਹੈ ਜੋ ਸਾਨੂੰ ਉਸ ਦਾ ਸੱਚਾ ਸੇਵਕ ਬਣਾਉਂਦੀ ਹੈ ਤੇ ਇਹੋ ਜਿਹੀ ਅਵੱਸਥਾ ਦੁਆਰਾ ਹੀ ਕੋਈ ਉਸਦੇ ਮਹੱਲ ਵਿੱਚ ਟਿਕਾਣਾ ਪਾਉਂਦਾ ਹੈ। ਉਸਦਾ ਮਹੱਲ ਬ੍ਰਹਮਗਿਆਨ ਦਾ

ਮਹੱਲ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਉਸਦੇ ਮਹੱਲ ਨਿਰਗੁਣ ਰੂਪ ਹਨ ਜੋ ਕਿ ਪੰਜ ਤੱਤਾਂ ਤੋਂ ਬਾਹਰ ਹਨ। ਇਹ ਮਨ ਦੇ ਸੱਚੇ ਵਿਚਾਰਾਂ ਦਾ ਮਹੱਲ ਹੈ ਤੇ ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਮਹੱਲ ਹੈ, ਉਸਦਾ ਸੱਚਾ ਥਾਨ ਹੈ, ਉਸਦੇ ਸੱਚੇ ਵਿਚਾਰਾਂ ਦਾ ਥਾਨ ਹੈ। **(ਗੁਰਮੁਖਿ ਸੇਵਾ ਮਹਲੀ ਥਾਉ ਪਾਏ॥)** ਸਾਰੀ ਸ੍ਰਿਸ਼ਟੀ ਉਸ ਸੱਚੇ ਗਿਆਨ ਦਾ ਮਹੱਲ ਹੈ ਕਿਉਂਕਿ ਸਭ ਜਗ੍ਹਾ ਉਹ ਆਪਣੇ ਗਿਆਨ ਦੁਆਰਾ ਹੀ ਵਿਚਰ ਰਿਹਾ ਹੈ ਪਰ ਉਸਨੂੰ ਜਾਨਣ ਦਾ ਮਹੱਲ ਉਸਦੀ ਆਪਣੀ ਰਚੀ ਹੋਈ ਗੁਰਬਾਣੀ ਹੈ ਜੋ ਸਾਨੂੰ ਉਸਦੇ "**ਮਨ ਰੂਪ**" ਮਹੱਲ ਦੇ ਦਰਸ਼ਨ ਸਾਡੇ ਅੰਦਰੋਂ ਹੀ ਕਰਵਾ ਸਕਦੀ ਹੈ। ਇਹ ਚੌਥੇ ਪਦ ਦੀ ਅਵੱਸਥਾ ਹੀ ਮਨ ਵਿੱਚ ਉਸਦਾ ਨਾਮ ਵੱਸਣ ਦੀ ਅਵੱਸਥਾ ਹੈ ਭਾਵ ਨਾਮ ਉਸ ਦਾ ਸੱਚਾ ਗਿਆਨ ਹੀ ਹੈ। **(ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ॥)** ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਉਸਦੀ ਭਗਤੀ ਹੈ ਕਿਉਂਕਿ ਉਸਦਾ ਚੌਥਾ ਪਦ ਹੀ ਮਨੁੱਖ ਨੂੰ ਉਸਦਾ ਭਗਤ ਬਣਾਉਂਦਾ ਹੈ। ਉਸਦਾ ਭਗਤ ਬਣਨਾ ਜਾਂ ਉਸਦੇ ਨਾਮ ਵਿੱਚ ਸਮਾਉਣਾ ਇੱਕੋ ਹੀ ਗੱਲ ਹੈ।

14/1526

ਉਸਦੀ ਭਗਤੀ ਕਰਨਾ, ਉਸਦਾ ਨਾਮ ਜਪਣਾ ਇੱਕੋ ਹੀ ਗੱਲ ਹੈ ਭਾਵ ਇਹ ਸਭ ਕੁੱਝ ਚੌਥੇ ਪਦ ਦੀ ਅਵੱਸਥਾ ਦੁਆਰਾ ਹੁੰਦਾ ਹੈ। **(ਗੁਰਮੁਖਿ ਭਗਤਿ ਹਰਿ ਨਾਮਿ ਸਮਾਏ॥੩॥)** ਗੁਰਮੁਖਿ ਵਾਲੀ ਅਵੱਸਥਾ ਬਣੇ ਬਿਨ੍ਹਾਂ ਭਾਵ ਪ੍ਰਮਾਤਮਾ ਨਾਲ ਮੇਲ ਹੋਏ ਬਿਨ੍ਹਾਂ ਨਾ ਉਸ ਦੀ ਸੇਵਾ ਹੋ ਸਕਦੀ ਹੈ, ਨਾ ਭਗਤੀ ਹੋ ਸਕਦੀ ਹੈ, ਨਾ ਨਾਮ ਜਪਿਆ ਜਾ ਸਕਦਾ ਹੈ। ਉਸ ਦੀ ਸੇਵਾ ਉਸਦਾ ਸੇਵਕ ਬਣ ਕੇ ਹੀ ਹੋ ਸਕਦੀ ਹੈ, ਉਸ ਦੀ ਭਗਤੀ ਉਸ ਦਾ ਭਗਤ ਬਣਕੇ ਹੀ ਹੋ ਸਕਦੀ ਹੈ, ਉਸਦਾ ਨਾਮ, ਨਾਮ ਮਿਲਣ ਨਾਲ ਹੀ ਜਪਿਆ ਜਾ ਸਕਦਾ ਹੈ ਭਾਵ ਜਿਸ ਤੇ ਉਹ ਆਪਣੀ ਕਿਰਪਾ ਕਰਦਾ ਹੈ ਉਹੀ ਉਸ ਦੇ ਸ਼ਬਦ ਦਾ ਵਿਚਾਰੀ ਬਣ ਸਕਦਾ ਹੈ। ਸ਼ਬਦ ਦਾ ਵਿਚਾਰੀ ਸਾਨੂੰ ਸ਼ਬਦ ਦੀ ਸੰਗਤਿ ਬਣਾਉਂਦੀ ਹੈ। ਇਸੇ ਲਈ ਪ੍ਰਮਾਤਮਾ ਦੀ ਭਗਤੀ, ਉਸਦਾ ਨਾਮ ਜਪਣਾ, ਉਸਦੀ ਸੇਵਾ ਸਭ ਕੁੱਝ ਸ਼ਬਦ ਵਿਚਾਰ ਦੇ ਨਾਲ ਜੁੜਿਆ ਹੋਇਆ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ ਰਹਾਉ॥}

(ਅੰਗ ੩੫੫)

{ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ॥ ਹਰਿ ਜਪਿ ਪੜੀਐ ਹਉਮੈ ਮਾਰਿ॥}

(ਅੰਗ ੪੨੪)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

{ਸਚ ਭੈ ਰਾਤਾ ਗਰਬੁ ਨਿਵਾਰੈ॥ ਏਕੋ ਜਾਤਾ ਸਬਦੁ ਵੀਚਾਰੈ॥}

(ਅੰਗ ੯੪੩)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥}

(ਅੰਗ ੨੨੯)

14/1527

ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਉਸ ਦੇ ਸ਼ਬਦ ਦਾ ਵਿਚਾਰੀ ਬਣਿਆ ਜਾ ਸਕਦਾ ਹੈ, ਪੂਰੀ ਗੁਰਮਤਿ ਦਾ ਵਿਚਾਰੀ ਬਣਿਆ ਜਾ ਸਕਦਾ ਹੈ ਭਾਵ ਗੁਰਮੁਖਿ ਤੇ ਪੂਰਾ ਉਤਰਿਆ ਜਾ ਸਕਦਾ ਹੈ। ਇਹ ਗੁਰਮੁਖਿ ਵਾਲੀ ਅਵੱਸਥਾ ਉਸਦੀ ਆਪਣੀ ਕਿਰਪਾ ਦੁਆਰਾ ਹੀ ਮਿਲ ਸਕਦੀ ਹੈ ਤੇ ਇਹੀ ਸਾਨੂੰ ਮੁੱਖ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਆਪੇ ਦਾਤਿ ਕਰੇ ਦਾਤਾਰੁ॥ ਪੂਰੇ ਸਤਿਗੁਰ ਸਿਉ ਲਗੈ ਪਿਆਰੁ॥
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ॥੪॥੮॥੨੮॥"

ਸਾਡਾ ਗੁਰੂ ਨਾਲ ਪਿਆਰ ਉਸ ਦੀ ਮਤਿ ਦੇ ਨਾਲ ਪਿਆਰ ਹੈ, ਉਸਦੇ ਬਚਨਾਂ ਦੇ ਨਾਲ ਪਿਆਰ ਹੈ। "**ਪੂਰੇ ਸਤਿਗੁਰ**" ਤੋਂ ਭਾਵ ਕੀ ਹੈ ਇਸ ਨੂੰ ਸਮਝਣ ਦੀ ਲੋੜ ਹੈ। ਇਸ ਤੋਂ ਭਾਵ ਗੁਰੂ ਦੇ ਪੂਰੇ ਬੋਲ ਹਨ, ਗੁਰੂ ਦੇ ਪੂਰੇ ਬਚਨ ਹਨ, ਗੁਰੂ ਦੀ ਪੂਰੀ ਮਤਿ ਹੈ। ਅਸੀਂ ਗੁਰੂ ਦੀਆਂ ਕੁੱਝ ਗੱਲਾਂ ਮੰਨਦੇ ਹਾਂ ਤੇ ਕਈ ਗੱਲਾਂ ਨਹੀਂ ਮੰਨਦੇ ਹਾਂ। ਜਿਸ ਤੇ ਉਹ ਆਪਣੀ ਕਿਰਪਾ ਕਰਦਾ ਹੈ ਉਸਨੂੰ ਉਹ ਆਪਣੀ ਪੂਰੀ ਮਤਿ ਦੇ ਨਾਲ ਜੋੜਦਾ ਹੈ। ਉਸਦੀ ਪੂਰੀ ਮਤਿ, ਪੂਰੀ ਸਿੱਖਿਆ ਹੀ ਨਾਮ ਹੈ। ਉਸ ਦੀ ਪੂਰੀ ਮਤਿ ਨਾਲ ਪਿਆਰ ਪੈਣ ਨਾਲ ਹੀ ਕੋਈ ਉਸ ਦੇ ਨਾਮ ਵਿੱਚ ਰੱਤਿਆ ਜਾ ਸਕਦਾ ਹੈ। ਗੁਰਬਾਣੀ ਉਸ ਦੇ ਨਾਮ ਵਿੱਚ ਰੱਤੀ ਹੋਈ ਹੈ ਕਿਉਂਕਿ ਇਹ ਉਹਨਾਂ ਦੇ ਮੁਖੋਂ ਪ੍ਰਗਟ ਹੋਈ ਹੈ ਜੋ ਆਪ ਨਾਮ ਵਿੱਚ ਰੱਤੇ ਹੋਏ ਹਨ, ਜਿੰਨ੍ਹਾਂ ਦੀ ਸਤਸੰਗਤਿ ਹੋਈ ਹੋਈ ਹੈ ਭਾਵ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ। ਅਸੀਂ ਉਹਨਾਂ ਦੀ ਜੈਕਾਰ ਕਰਨੀ ਹੈ ਜਿੰਨ੍ਹਾਂ ਨੇ ਬਾਣੀ ਨੂੰ ਉਚਾਰਿਆ ਹੈ। ਉਹਨਾਂ ਦੇ ਬੋਲੇ ਹੋਏ ਬਚਨਾਂ ਦੀ ਜੈਕਾਰ ਕਰਨਾ ਹੀ ਉਹਨਾਂ ਦੀ ਜੈਕਾਰ ਕਰਨਾ ਹੈ। ਉਹਨਾਂ ਦੇ ਬਚਨਾਂ ਦੀ ਜੈਕਾਰ ਪ੍ਰਮਾਤਮਾ ਦੀ ਜੈਕਾਰ ਹੈ ਜਿੱਥੋਂ ਇਹ ਬੋਲ ਆਏ ਹਨ ਜਿਹਨਾਂ ਦੁਆਰਾ ਉਸਦੇ ਗੁਣ ਗਾਏ ਜਾ ਸਕਦੇ ਹਨ। ਬਚਨਾਂ ਦੀ ਜੈਕਾਰ ਬਚਨਾਂ ਨੂੰ ਮੰਨ ਕੇ ਹੀ ਕੀਤੀ ਜਾ ਸਕਦੀ ਹੈ। **(ਆਪੇ ਦਾਤਿ ਕਰੇ ਦਾਤਾਰੁ॥ ਪੂਰੇ ਸਤਿਗੁਰ ਸਿਉ ਲਗੈ ਪਿਆਰੁ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ॥੪॥੮॥੨੮॥)**

14/1528

ਸ਼ਬਦ ਦੀ ਸੰਗਤਿ ਤਾਂ ਅਸੀਂ ਕਰਦੇ ਹਾਂ ਪਰ ਕੇਵਲ ਆਪਣੇ ਮੁੱਖ ਦੁਆਰਾ, ਰਸਨਾ ਦੁਆਰਾ ਕਰਦੇ ਹਾਂ। ਸ਼ਬਦ ਦੀ ਸੰਗਤਿ ਅਸੀਂ ਆਪਣੇ ਵਿਚਾਰਾਂ ਦੇ ਨਾਲ ਕਰਨੀ ਹੈ, ਆਪਣੀ ਸੁਰਤਿ ਦੇ ਨਾਲ ਕਰਨੀ ਹੈ। ਸਾਡੀ ਸੁਰਤਿ ਦੇ ਵਿੱਚ ਵਿਚਾਰ ਹੀ ਉਪਜਦੇ ਹਨ ਤੇ ਸੰਗਤਿ ਵੀ ਵਿਚਾਰਾਂ ਦੇ ਨਾਲ ਹੀ ਹੋਣੀ ਹੈ। ਸ਼ਬਦ ਨੇ ਸਾਡੇ ਵਿਚਾਰਾਂ ਨੂੰ ਹੀ ਬਦਲਣਾ ਹੈ ਭਾਵ ਮਾੜੇ ਵਿਚਾਰਾਂ ਨੂੰ ਬਦਲ ਕੇ ਉਹਨਾਂ ਨੂੰ ਚੰਗੇ ਬਣਾਉਣਾ ਹੈ ਤਾਂ ਜੋ ਸਾਡੀ ਕਰਨੀ ਚੰਗੀ ਹੋ ਸਕੇ, ਸਾਡੀ ਰਹਿਣੀ ਚੰਗੀ ਹੋ ਸਕੇ ਤੇ ਇਹੀ ਸ਼ਬਦ ਦਾ ਸਾਰ ਹੈ ਜਿਸ ਮਨੋਰਥ ਲਈ ਸ਼ਬਦ ਸਾਨੂੰ ਆਪਣੀ ਮਤਿ ਦਿੰਦਾ ਹੈ। ਸ਼ਬਦ ਦੇ ਵਿਚਾਰਾਂ ਦਾ ਮੇਲ ਸਾਡੀ ਸੁਰਤਿ ਦੇ ਵਿਚਾਰਾਂ ਦੇ ਨਾਲ ਮੇਲ ਹੀ ਸ਼ਬਦ ਸੁਰਤਿ ਦਾ ਮੇਲ ਹੈ। ਇਸੇ ਗੱਲ ਨੂੰ ਸ਼ਬਦ ਦੀਆਂ ਕੁੱਝ ਹੇਠਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ॥
ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ॥੮॥੫॥"

(ਅੰਗ ੫੬)

ਧਰਮ ਗ੍ਰੰਥ, ਸ਼ਬਦਾਂ ਦਾ ਸਮੂਹ ਹਨ ਭਾਵੇਂ ਉਹ ਧਰਮ ਗ੍ਰੰਥ ਵੇਦਾਂ ਸ਼ਾਸਤਰਾਂ ਦੇ ਰੂਪ ਵਿੱਚ ਹੈ, ਕੁਰਾਨ ਦੇ ਰੂਪ ਵਿੱਚ ਹੈ ਜਾਂ ਗੁਰਬਾਣੀ ਦੇ ਰੂਪ ਵਿੱਚ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਧਰਮ ਗ੍ਰੰਥਾਂ ਦੇ ਮਨੋਰਥ ਦੀ ਸੋਝੀ ਪਾਈ ਹੋਈ ਹੈ ਕਿ ਉਹਨਾਂ ਦੀ ਰਚਨਾ ਕਿਸ ਲਈ ਹੋਈ ਹੈ। ਧਰਮ ਗ੍ਰੰਥ ਵਿਚਾਰਾਂ ਦਾ ਸਮੂਹ ਹਨ ਭਾਵ ਧਰਮ ਗ੍ਰੰਥ ਲਿਖਣ ਵਾਲਿਆਂ ਨੇ ਸਾਨੂੰ ਆਪਣੇ ਵਿਚਾਰ ਦਿੱਤੇ ਹਨ, ਆਪਣੇ ਸ਼ਬਦ ਦਿੱਤੇ ਹਨ। ਸ਼ਬਦ ਦੇ ਵਿਚਾਰਾਂ ਰਾਹੀਂ ਸਾਨੂੰ ਸ਼ਬਦ ਦਾ ਮਕਸਦ ਸਮਝਾਇਆ ਹੁੰਦਾ ਹੈ ਕਿ ਇਸ ਸ਼ਬਦ ਲਿਖਣ ਦਾ ਮਕਸਦ ਕੀ ਹੈ ਤਾਂ ਜੋ ਅਸੀਂ ਉਸ ਤੋਂ ਵਿਚਾਰ ਲੈ ਕੇ ਲਿਖਣ ਵਾਲੇ ਦੇ ਮਕਸਦ ਦੀ ਪੂਰਤੀ ਕਰੀਏ। ਲਿਖਣ ਵਾਲੇ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਉਸਦਾ ਮਕਸਦ ਅੰਜਾਮ ਤੱਕ ਪਹੁੰਚੇ। ਧਰਮ ਗ੍ਰੰਥਾਂ ਦੇ ਪੜ੍ਹਨ

ਵਾਲੇ ਜੇਕਰ ਉਹਨਾਂ ਨੂੰ ਕੇਵਲ ਪੜ੍ਹੀ ਜਾਣ ਜਾਂ ਸੁਣੀ ਜਾਣ ਪਰ ਉਹਨਾਂ ਦੇ ਅੰਦਰ ਦਿੱਤੇ ਹੋਏ ਵਿਚਾਰਾਂ ਨੂੰ ਉਹ ਨਹੀਂ ਬੁਝਦੇ ਭਾਵ ਉਹ ਵਿਚਾਰ ਕਿਸ ਮਕਸਦ ਲਈ ਦਿੱਤੇ ਗਏ ਹਨ ਇਸ ਗੱਲ ਨੂੰ ਨਹੀਂ ਸਮਝਦੇ ਤਾਂ ਫਿਰ ਉਸਦਾ ਕੀ ਲਾਭ ਹੋਇਆ। **(ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥)** ਸ਼ਬਦ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜਦੋਂ ਉਸਦੇ ਵਿਚਾਰਾਂ ਨੂੰ ਸਮਝ ਕੇ, ਬੁੱਝ ਕੇ ਉਸ ਤੇ ਅਮਲ ਵੀ ਕਰੀਏ

14/1529

ਤੇ ਦੂਸਰਿਆਂ ਨੂੰ ਉਸ ਤੇ ਅਮਲ ਕਰਨ ਲਈ ਪ੍ਰੇਰੀਏ। ਕੇਵਲ ਗੱਲ ਨੂੰ ਸਮਝਣ ਨਾਲ ਅਸੀਂ ਸ਼ਬਦ ਦੇ ਵਿਚਾਰੀ ਨਹੀਂ ਬਣ ਜਾਂਦੇ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਸ਼ਬਦ ਦਾ ਗਿਆਨ ਲੈ ਕੇ ਅਸੀਂ ਪੰਡਿਤ, ਗਿਆਨੀ ਭਾਵ ਧਰਮ ਸਮਝਾਉਣ ਵਾਲੇ ਵਿਦਵਾਨ ਜਰੂਰ ਬਣ ਜਾਂਦੇ ਹਾਂ ਪਰ ਧਰਮ ਦਾ ਅਸਲ ਮਕਸਦ ਸ਼ਬਦ ਦੇ ਵਿਚਾਰ ਤੇ ਅਮਲ ਕਰਨਾ ਹੈ ਜੋ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥)**

ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਕਰਕੇ ਭਾਵ ਧਰਮ ਦੇ ਗਿਆਨ ਨਾਲ ਉੱਚਾ ਕਰਕੇ ਨਾ ਅਸੀਂ ਆਪਣਾ ਕੁੱਝ ਸੰਵਾਰ ਸਕਦੇ ਹਾਂ ਤੇ ਨਾ ਹੀ ਕਿਸੇ ਹੋਰ ਦਾ ਕੁੱਝ ਸਵਾਰ ਸਕਦੇ ਹਾਂ ਤੇ ਇਸੇ ਲਈ ਇਸ ਨੂੰ ਸਾਡਾ ਕੇਵਲ ਮਾਇਆ ਦਾ ਵਾਪਾਰ ਹੀ ਦੱਸਿਆ ਹੈ ਭਾਵ ਸਾਡੇ ਕੋਲੋਂ ਇਹ ਸਭ ਕੁੱਝ ਕਰਾਉਣ ਵਾਲੀ ਮਾਇਆ ਹੀ ਹੈ ਭਾਵ ਅਸੀਂ ਮਾਇਆ ਮੋਹ ਵਿੱਚ ਹੀ ਹਾਂ ਤੇ ਦੂਸਰਿਆਂ ਨੂੰ ਮਾਇਆ ਮੋਹ ਹੀ ਸਿਖਾ ਰਹੇ ਹਾਂ। ਜਦ ਤੱਕ ਅਸੀਂ ਆਪ ਕਥਨੀ ਵਿੱਚ ਹਾਂ, ਦੂਸਰਿਆਂ ਨੂੰ ਮਾਇਆ ਮੋਹ ਹੀ ਸਿਖਾ ਰਹੇ ਹਾਂ। ਸ਼ਬਦ ਦਾ ਮਕਸਦ ਸਾਡੀ ਕਥਨੀ ਨਾਲ ਪੂਰਾ ਨਹੀਂ ਹੁੰਦਾ ਭਾਵ ਅਸੀਂ ਸ਼ਬਦ ਨੂੰ ਜਿਤਨਾ ਮਰਜ਼ੀ, ਜਿਤਨੀ ਵਾਰੀ ਮਰਜੀ ਕਥੀ ਜਾਈਏ ਉਸ ਨਾਲ ਸਾਨੂੰ ਕੀ ਮਿਲਣਾ ਹੈ, ਸ਼ਬਦ ਦੇ ਮਕਸਦ ਦੀ ਪੂਰਤੀ ਕਿਵੇਂ ਹੋਣੀ ਹੈ ਭਾਵ ਜਦ ਤੱਕ ਸਾਡੀ ਕਥਨੀ ਸਾਡੀ ਕਰਨੀ ਵਿੱਚ ਨਹੀਂ ਬਦਲਦੀ, ਸਾਡੀ ਰਹਿਣੀ ਚੰਗੀ ਨਹੀਂ ਬਣਦੀ, ਸਾਡੀ ਰਹਿਣੀ ਸ਼ਬਦ ਅਨੁਸਾਰ ਨਹੀਂ ਬਣਦੀ, ਸ਼ਬਦ ਦੇ ਵਿਚਾਰਾਂ ਅਨੁਸਾਰ ਨਹੀਂ ਬਣਦੀ ਤਦ ਤੱਕ ਸਾਡੀ ਕਥਨੀ ਕਿਸੇ ਲੇਖੇ ਨਹੀਂ ਹੈ। ਸ਼ਬਦ ਪੜ੍ਹਨ ਦਾ ਤੱਤ ਸਾਰ ਇਹੀ ਹੈ ਕਿ ਸਾਡੀ ਰਹਿਣੀ ਉਸ ਅਨੁਸਾਰ ਹੋਵੇ। **(ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥)**

14/1530

ਇਸ ਉੱਪਰ ਵਾਲੀ ਪੰਗਤੀ ਨੂੰ ਪੂਰੀ ਬਰੀਕੀ ਨਾਲ ਪੜ੍ਹੋ, ਵੱਡੇ-ਵੱਡੇ ਗੁਰਮੁਖਿ, ਗਿਆਨੀ, ਨਾਮ ਰਸੀਏ ਅਖਵਾਉਣ ਵਾਲਿਆਂ ਨੂੰ ਖਾਸ ਕਰਕੇ ਬੇਨਤੀ ਹੈ ਕਿ ਇਸ ਗੱਲ ਨੂੰ ਧਿਆਨ ਨਾਲ ਪੜ੍ਹੋ ਤੇ ਵਿਚਾਰੋ ਕਿ ਅਸੀਂ ਸ਼ਬਦ ਨੂੰ ਕਿਸ ਰੂਪ ਵਿੱਚ ਪੜ੍ਹਦੇ ਹਾਂ ਤੇ ਜਪਦੇ ਹਾਂ ਭਾਵ ਸ਼ਬਦ ਦਾ ਜਪਣਾ ਕੀ ਸਮਝਦੇ ਹਾਂ। ਅਸੀਂ ਸ਼ਬਦ ਨੂੰ ਕੇਵਲ ਆਪਣੀ ਇੱਕ ਕਥਨੀ ਸਮਝਦੇ ਹਾਂ, ਪੂਰੀ ਗੁਰਬਾਣੀ ਨੂੰ ਹੀ ਕਥਨੀ ਸਮਝਦੇ ਹਾਂ ਕਿ ਇਸ ਨੂੰ ਜਿਤਨੀ ਵਾਰੀ ਕਥਾਂਗੇ, ਜਿਤਨੇ ਜਿਆਦਾ ਪਾਠ ਕਰਾਂਗੇ ਉਤਨਾ ਜਿਆਦਾ ਲਾਭ ਮਿਲੇਗਾ ਤੇ ਇਹੀ ਕੁੱਝ ਅਸੀਂ ਦੁਨੀਆਂ ਨੂੰ ਸਿਖਾਉਂਦੇ ਹਾਂ। ਇੱਕ ਖਾਸ ਅੱਖਰ ਦੀ ਕਥਨੀ ਨੂੰ ਅਸੀਂ ਨਾਮ ਸਮਝਿਆ ਹੋਇਆ ਹੈ, ਨਾਮ ਜਪਣਾ, ਸ਼ਬਦ ਜਪਣਾ ਸਮਝਿਆ ਹੋਇਆ ਹੈ, ਸੱਚ ਜਪਣਾ, ਗੁਣ ਜਪਣਾ ਸਮਝਿਆ ਹੋਇਆ ਹੈ ਭਾਵ ਆਪਣੀ ਕਥਨੀ ਨੂੰ ਹੀ ਸਭ ਕੁੱਝ ਸਮਝਿਆ ਹੋਇਆ ਹੈ। ਇਸ ਨਾਲ ਸ਼ਬਦ ਦੇ ਲਿਖਣ ਦਾ ਮਕਸਦ, ਗੁਰਬਾਣੀ ਦੇ ਲਿਖਣ ਦਾ ਮਕਸਦ ਫਿਰ ਕਿੱਥੇ ਗਿਆ। ਅਸੀਂ ਆਪਣੀ ਇਸ ਕਥਨੀ ਵਿੱਚ ਹੀ ਅਨੰਦ ਮਾਨਣਾ ਸਮਝਦੇ ਹਾਂ ਪਰ ਗੁਰੂ ਦੀ ਗੱਲ ਨੂੰ ਮੰਨਣ ਵਿੱਚ ਅਨੰਦ ਨਹੀਂ ਸਮਝਦੇ। ਸਾਡਾ ਆਪਣਾ ਮਕਸਦ ਤਾਂ ਪੂਰਾ ਹੋ ਜਾਂਦਾ ਹੈ ਕਿਉਂਕਿ ਸਾਨੂੰ ਅਨੰਦ ਵੀ ਮਿਲ ਜਾਂਦਾ ਹੈ, ਮਾਇਆ ਵੀ ਮਿਲ ਜਾਂਦੀ ਹੈ ਤੇ ਦੁਨਿਆਵੀ ਮਾਣ ਵੀ ਮਿਲ ਜਾਂਦਾ ਹੈ। ਅਸੀਂ ਆਪਣੇ ਅਸਲੀ ਮਕਸਦ ਤੋਂ ਭੁੱਲੇ ਹੋਏ ਹੀ ਹਾਂ ਜੋ ਕਿ ਪ੍ਰਮਾਤਮਾ ਨੂੰ ਮਿਲਣ ਦਾ ਹੈ। ਉਸ ਮਕਸਦ ਦੀ ਪੂਰਤੀ ਤਾਂ ਹੋ ਸਕਦੀ ਹੈ ਜੇਕਰ ਅਸੀਂ ਸ਼ਬਦ ਦੇ ਮਕਸਦ ਨੂੰ ਸਮਝੀਏ, ਗੁਰੂ ਦੇ ਮਕਸਦ ਨੂੰ ਸਮਝੀਏ ਜਿਸ ਦੇ ਨਾਲ ਅਸੀਂ ਮੇਲ ਕਰਨਾ ਹੈ। ‘‘ਗੁਰੂ’’ ਅਨੰਦ, ਖੁਸ਼ੀ ਕਿਸ ਗੱਲ ਵਿੱਚ ਮਹਿਸੂਸ ਕਰਦਾ ਹੈ, ਗੁਰੂ ਦਾ ਮਾਨ ਅਸੀਂ ਕਿਵੇਂ ਕਰਨਾ ਹੈ ਇਸ ਗੱਲ ਨੂੰ ਸਮਝੀਏ। ਗੁਰੂ ਦਾ ਮਕਸਦ ਸਾਨੂੰ ਮਾੜੇ

14/1531

ਕਰਮਾਂ ਵਿੱਚੋਂ ਕੱਢਣ ਦਾ ਹੈ, ਉਸਦੇ ਸ਼ਬਦ ਦਾ ਸਾਰ ਸਾਡੀ ਰਹਿਣੀ ਚੰਗੀ ਕਰਨ ਦਾ ਹੈ ਤੇ ਜੇਕਰ ਅਸੀਂ ਗੁਰੂ ਦਾ ਇਹ ਮਕਸਦ ਪੂਰਾ ਨਹੀਂ ਕਰਦੇ ਤੇ ਸਾਡੀ ਕਥਨੀ ਦੁਆਰਾ ਗੁਰੂ ਕਿਵੇਂ ਪ੍ਰਸੰਨ ਹੋ ਸਕਦਾ ਹੈ। ਇਸੇ ਲਈ ਉੱਪਰ ਪੰਗਤੀ ਰਾਹੀਂ ਸਾਨੂੰ

ਸਮਝਾਇਆ ਹੈ, **"ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥"**। ਇਹ ਗੁਰੂ ਦੇ ਬੋਲ ਹਨ ਜੋ ਕਿ ਕਦੇ ਗਲਤ ਨਹੀਂ ਹੋ ਸਕਦੇ ਕਿਉਂਕਿ ਉਸਦੇ ਬੋਲ ਅਟੱਲ ਹਨ, ਸੱਚ ਹਨ। ਸਾਡੀ ਕਥਨੀ ਨੂੰ ਝੂਠੀ ਦੱਸਿਆ ਹੈ ਭਾਵ ਕਥਨੀ ਕਰਨ ਦੁਆਰਾ ਅਸੀਂ ਜੋ ਪ੍ਰਮਾਤਮਾ ਦੀ ਭਗਤੀ ਕਰਨੀ ਸਮਝਦੇ ਹਾਂ ਇਹ ਸਾਡਾ ਝੂਠਾ ਵਿਸ਼ਵਾਸ ਹੈ ਜਿਸ ਵਿੱਚ ਸੱਚ ਨਹੀਂ ਹੈ ਭਾਵ ਗੁਰੂ ਦੀ ਮਤਿ ਨਹੀਂ ਹੈ ਤੇ ਸਾਰਾ ਜੱਗ ਇਸੇ ਝੂਠ ਵਿੱਚ ਹੀ ਭਰਮਿਆ ਹੋਇਆ ਹੈ ਭਾਵ ਕਥਨੀ ਦੁਆਰਾ ਹੀ ਸਭ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ, ਉਸਨੂੰ ਪਾਉਣ ਦਾ ਤਰੀਕਾ ਸਮਝਦੇ ਹਨ। ਜੇਕਰ ਕਥਨੀ ਝੂਠ ਹੈ ਫਿਰ ਸੱਚ ਵੀ ਨਾਲ ਸਮਝਾਇਆ ਹੋਇਆ ਹੈ। **(ਰਹਣੀ ਸਬਦੁ ਸੁ ਸਾਰੁ॥੬॥)** ਇਹ ਕਥਨੀ ਤੋਂ ਦੂਜਾ ਪਾਸਾ ਹੈ। ਇਹ ਸਾਡੀ ਕਰਨੀ ਦਾ ਮਾਰਗ ਹੈ ਜੋ ਕਿ ਗੁਰੂ ਦੇ ਸ਼ਬਦ ਦਾ ਵਿਚਾਰੀ ਬਣਨ ਦਾ ਮਾਰਗ ਹੈ ਭਾਵ ਗੁਰੂ ਦੇ ਸ਼ਬਦ ਦਾ ਵਿਚਾਰੀ ਬਣਨਾ ਇਹੀ ਹੈ ਕਿ ਅਸੀਂ ਆਪਣੀ ਰਹਿਣੀ ਸੱਚੀ ਸੁੱਚੀ ਕਰੀਏ। ਕੇਵਲ ਗਿਆਨ ਇਕੱਠਾ ਕਰਨ ਨਾਲ ਅਸੀਂ ਸ਼ਬਦ ਦੇ ਵਿਚਾਰੀ ਨਹੀਂ ਬਣ ਸਕਦੇ।

{ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

ਸਾਡੀ ਭਗਤੀ ਦਾ ਤੱਤ ਸਾਰ ਸਾਡੀ ਰਹਿਣੀ ਹੈ, ਸਾਡੀ ਕਰਨੀ ਹੈ। ਜੇਕਰ ਸ਼ਬਦ ਦਾ ਤੱਤ ਸਾਰ ਹੀ ਸਾਡੀ ਰਹਿਣੀ ਹੈ ਫਿਰ ਅਸੀਂ ਇਸ ਤੱਤ ਤੋਂ ਮੂੰਹ ਕਿਉਂ

14/1532

ਮੋੜਦੇ ਹਾਂ। ਸਾਨੂੰ ਅਸਲ ਵਿੱਚ ਗੁਰੂ ਦੀ ਗੱਲ ਤੇ ਭਰੋਸਾ ਹੀ ਨਹੀਂ ਹੈ। ਸਾਨੂੰ ਸੱਚੇ ਗੁਰੂ ਤੇ ਭਰੋਸਾ ਹੀ ਨਹੀਂ ਹੈ। ਸਾਨੂੰ ਉਨ੍ਹਾਂ ਵਿਦਵਾਨਾਂ ਤੇ ਭਰੋਸਾ ਹੈ ਜੋ ਆਪ ਭਰਮੇ ਹੋਏ ਹਨ। ਸੱਚਾ ਪੰਡਿਤ, ਸੱਚਾ ਗਿਆਨੀ ਕੋਈ ਵਿਰਲਾ ਹੀ ਹੈ। ਉਹ ਗੁਰੂ ਆਪ ਹੀ ਹੈ ਜੋ ਬੰਧਨ ਤੋਂ ਮੁਕਤ ਹੈ। ਜੋ ਆਪ ਬੰਧਨ ਵਿੱਚ ਹੈ ਉਹ ਸਾਨੂੰ ਸੱਚਾ ਮਾਰਗ ਕਿਵੇਂ ਸਮਝਾ ਸਕਦਾ ਹੈ। ਜੋ ਕਥਨੀ ਦੀ ਭਗਤੀ ਵਿੱਚ ਹੈ ਉਹ ਬੰਦੀ ਹੀ ਹੈ, ਹਉਮੈ ਵਿੱਚ ਹੀ ਹੈ। ਅਸੀਂ ਆਪਣੀ ਕਥਨੀ ਦਾ ਅਹੰਕਾਰ ਹੀ ਕਰਦੇ ਹਾਂ ਕਿਉਂਕਿ ਕਥਨੀ ਦੁਆਰਾ ਅਸਲ ਵਿੱਚ ਸਾਡੀ ਹਉਮੈ ਵੱਧਦੀ ਹੈ। ਇਹ ਹਉਮੈ ਛੱਡਣ ਦਾ ਮਾਰਗ ਹੈ, ਸ਼ਬਦ ਦਾ ਵਿਚਰੀ ਬਣਨ ਦਾ ਮਾਰਗ ਹੈ, ਸ਼ਬਦ ਦਾ ਆਚਾਰੀ ਬਣਨ ਦਾ ਮਾਰਗ ਹੈ।

ਆਓ ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝੀਏ ਤੇ ਜਾਣੀਏ ਕਿ ਸਾਡਾ ਪ੍ਰਮਾਤਮਾ ਦੇ ਨਾਲ ਵਾਦ ਵਿਰੋਧ ਕਿਸ ਗੱਲ ਦਾ ਹੈ।

"ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ॥੭॥"

ਜੋ ਗੱਲ ਉੱਪਰ ਪਹਿਲੇ ਪਦੇ ਰਾਹੀਂ ਸਮਝਾਈ ਹੋਈ ਹੈ ਉਸੇ ਗੱਲ ਕਰਕੇ ਹੀ ਸਾਡਾ ਪ੍ਰਮਾਤਮਾ ਦੇ ਨਾਲ ਵਾਦ ਵਿਰੋਧ ਹੈ। ਅਸੀਂ ਧਰਮ ਗ੍ਰੰਥਾਂ ਵਿੱਚੋਂ ਗਿਆਨ ਲੈ ਕੇ, ਉਸ ਵਿੱਚੋਂ ਵਿਚਾਰ ਲੈ ਕੇ ਭਾਵ ਉਨ੍ਹਾਂ ਨੂੰ ਜਾਣ ਕੇ ਆਪਣੇ ਆਪ ਨੂੰ ਉੱਚਾ ਤਾਂ ਕਰ ਲੈਂਦੇ ਹਾਂ ਪਰ ਰਹਿੰਦੇ ਅਸੀਂ ਕਥਨੀ ਵਿੱਚ ਹੀ ਹਾਂ। ਅਸੀਂ ਆਪਣੀ ਕਥਨੀ ਦੁਆਰਾ ਹੀ ਪ੍ਰਮਾਤਮਾ ਨੂੰ ਸਾਲਾਹੁੰਦੇ ਹਾਂ ਪਰ ਉਸ ਨੂੰ ਆਪਣੀ ਕਰਨੀ ਵਿੱਚ ਨਹੀਂ ਬਦਲਦੇ। ਪ੍ਰਮਾਤਮਾ ਦੇ ਨਾਲ ਸਾਡਾ ਝਗੜਾ, ਵਾਦ, ਵਿਰੋਧ ਸਾਡੇ ਮਾੜੇ ਕਰਮਾਂ ਕਰਕੇ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਦੇ ਆਏ ਹਾਂ। ਅਸੀਂ ਵਾਦ ਵਿਰੋਧ ਵਿੱਚ

14/1533

ਰਹਿੰਦੇ ਹੋਏ ਹੀ ਭਾਵ ਮਾੜੇ ਕਰਮ ਕਰਦੇ ਹੋਏ ਹੀ ਆਪਣੇ ਵੱਲੋਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਦੇ ਹਾਂ ਜੋ ਕਿ ਸਾਡੀ ਕਥਨੀ ਹੈ ਪਰ ਅਸੀਂ ਆਪਣੇ ਔਗੁਣ ਨਹੀਂ ਛੱਡਦੇ। ਸਾਡਾ ਇਸ ਸੰਸਾਰ ਵਿੱਚ ਆਉਣ ਜਾਣ ਦਾ ਗੇੜ ਭਾਵ ਆਵਾਗਉਣ ਦਾ ਕਾਰਨ ਸਾਡੇ ਅੰਦਰ ਇਸ ਝਗੜੇ ਦੇ ਕਾਰਨ ਦਾ ਹੋਣਾ ਹੈ ਭਾਵ ਔਗੁਣਾਂ ਦਾ ਹੋਣਾ ਹੈ, ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਅਸੀਂ ਪ੍ਰਮਾਤਮਾ ਨੂੰ ਸਾਲਾਹੁੰਦੇ ਹਾਂ ਪਰ ਸਾਡੀ ਕਥਨੀ ਦੁਆਰਾ ਪ੍ਰਮਾਤਮਾ ਦੇ ਨਾਲ ਇਸ ਝਗੜੇ ਦਾ ਨਿਬੇੜਾ ਨਹੀਂ ਹੋ ਸਕਦਾ।

ਉਸਦੇ ਨਾਲ ਨਿਬੇੜਾ ਕੇਵਲ ਸੱਚ ਨਾਲ ਹੋ ਸਕਦਾ ਹੈ ਭਾਵ ਔਗੁਣ ਰਹਿਤ ਹੋ ਕੇ ਸੱਚੀ ਕਰਨੀ ਦੁਆਰਾ ਹੁੰਦਾ ਹੈ। **(ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ॥)**

ਪ੍ਰਮਾਤਮਾ ਦੇ ਨਾਲ ਸਾਡਾ ਇਹ ਝਗੜਾ ਕਿਵੇਂ ਨਿਬੜਨਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ॥੭॥"

ਪ੍ਰਮਾਤਮਾ ਨਾਲ ਸਾਡਾ ਇਹ ਝਗੜਾ ਉਸਦੀ ਕ੍ਰਿਪਾ ਦੁਆਰਾ ਹੀ ਨਿਬੜ ਸਕਦਾ ਹੈ, ਉਸਦੀ ਕ੍ਰਿਪਾ ਦੁਆਰਾ ਹੀ ਸਾਡਾ ਆਵਾਗਉਣ ਮੁੱਕ ਸਕਦਾ ਹੈ। **(ਬਿਨੁ ਗੁਰ ਕਰਮ ਨ ਛੁਟਸੀ)** ਪ੍ਰਮਾਤਮਾ ਸਾਡੇ ਤੇ ਕਰਮ ਕਿਵੇਂ ਕਰਦਾ ਹੈ, ਆਪਣੀ ਕ੍ਰਿਪਾ ਦੁਆਰਾ ਸਾਨੂੰ ਬੰਧਨ ਵਿੱਚੋਂ ਕਿਵੇਂ ਕੱਢਦਾ ਹੈ ਇਹ ਉੱਪਰ ਵਾਲੀ ਪੰਗਤੀ ਵਿੱਚ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਕਹਿ ਸੁਣਿ ਆਖਿ ਵਖਾਣੁ॥੭॥"

ਜਿਸ ਤੇ ਪ੍ਰਮਾਤਮਾ ਆਪਣਾ ਕਰਮ ਕਰਦਾ ਹੈ ਉਸਨੂੰ ਆਪਣੀ ਸੱਚੀ ਸੋਝੀ ਹੀ ਪਾਉਂਦਾ ਹੈ, ਆਪਣੇ ਸ਼ਬਦ ਦਾ ਵਿਚਾਰੀ ਬਣਾਉਂਦਾ ਹੈ, ਆਪਣਾ ਸੱਚਾ ਮਾਰਗ ਸਮਝਾ ਕੇ ਉਸ ਤੇ ਚੱਲਣ

14/1534

ਦੀ ਸਮਰੱਥਾ ਵੀ ਬਖ਼ਸ਼ਦਾ ਹੈ ਤੇ ਆਪਣੇ ਸੱਚੇ ਮਕਸਦ ਦੀ ਪੂਰਤੀ ਕਰਾਉਂਦਾ ਹੈ। ਧਰਮ ਗ੍ਰੰਥਾਂ ਦੇ ਵਿੱਚ ਜੋ ਕੁੱਝ ਲਿਖਿਆ ਹੈ ਅਸੀਂ ਉਹ ਕੁੱਝ ਕਹਿਣਾ ਵੀ ਹੈ ਭਾਵ ਬੋਲਣਾ ਵੀ ਹੈ, ਪੜ੍ਹਨਾ ਜਾਂ ਸੁਣਨਾ ਵੀ ਹੈ ਜੋ ਕਿ ਉਸਦੇ ਨਾਲ ਜੁੜਨ ਦਾ ਤਰੀਕਾ ਹੈ। ਅਸੀਂ ਗੁਰੂ ਦੀ ਗੱਲ ਨੂੰ ਸੁਣਨਾ ਇਸ ਲਈ ਹੈ ਤਾਂ ਜੋ ਉਸਦੀ ਗੱਲ ਦੀ ਸੋਝੀ ਪੈ ਸਕੇ। ਗੁਰੂ ਦੀ ਗੱਲ ਨੂੰ ਸੁਣ ਕੇ, ਸਮਝਕੇ ਹੀ ਅਸੀਂ ਪ੍ਰਮਾਤਮਾ ਦਾ "**ਆਖਣ**" ਆਖਣਾ ਹੈ ਕਿ ਪ੍ਰਮਾਤਮਾ ਦਾ "**ਆਖਣ**" ਕੀ ਹੈ ਭਾਵ ਉਸ ਨੂੰ ਜਪਣਾ ਕੀ ਹੈ ਭਾਵ ਗੁਰੂ ਦੀ ਗੱਲ ਨੂੰ ਸੁਣ ਕੇ, ਸਮਝ ਕੇ ਉਸ ਤੇ ਪੂਰਾ ਉਤਰਨਾ ਕੀ ਹੈ। ਉਸ ਦਾ ਆਖਣ ਸਾਡਾ ਵਖਾਣ ਹੈ ਭਾਵ ਉਸ ਅਨੁਸਾਰ ਪ੍ਰੈਕਟੀਕਲੀ ਜੀਵਨ ਨੂੰ ਢਾਲਣਾ ਹੈ। ਜਿਵੇਂ ਕਿ ਅਸੀਂ ਉਪਰਲੇ ਪਦੇ ਰਾਹੀਂ ਸਮਝਿਆ ਹੈ ਕਿ ਸ਼ਬਦ ਦਾ ਸਾਰ ਸਾਡੀ ਰਹਿਣੀ ਹੈ, ਉਸ ਦਾ "**ਵਖਾਣੁ**" ਸਾਡੀ ਰਹਿਣੀ ਹੈ। ਗੁਰੂ ਵਾਲੀ, ਸ਼ਬਦ ਵਾਲੀ ਰਹਿਣੀ ਉਹੀ ਹੈ ਜਿਸ ਵਿੱਚ ਸੱਚ ਹੈ ਭਾਵ ਉਸ ਅਨੁਸਾਰ ਰਹਿਣੀ ਸਾਡੀ ਸੱਚੀ ਸੁੱਚੀ ਕਿਰਤ, ਵਿਚਰਨ ਹੈ। ਅਸੀਂ ਕਹਿਣੀ ਸੁਣਨੀ ਤੱਕ ਹੀ ਰਹਿੰਦੇ ਹਾਂ ਭਾਵ ਕਥਨੀ ਤੱਕ ਹੀ ਰਹਿੰਦੇ ਹਾਂ ਤੇ ਉਸਨੂੰ ਹੀ ਆਪਣਾ "ਆਖਣ" ਸਮਝਦੇ ਹਾਂ, ਪ੍ਰਮਾਤਮਾ ਨੂੰ ਜਪਣਾ ਸਮਝਦੇ ਹਾਂ ਪਰ ਉਸਨੂੰ ਆਪਣੇ ਜੀਵਨ ਵਿੱਚ "ਵਖਾਣੁ" ਕੀਤੇ ਬਿਨ੍ਹਾਂ ਸਾਡੀ ਕਰਨੀ ਚੰਗੀ ਨਹੀਂ ਹੋ ਸਕਦੀ ਤੇ ਪ੍ਰਮਾਤਮਾ ਨਾਲ ਸਾਡਾ ਝਗੜਾ ਖ਼ਤਮ ਨਹੀਂ ਹੋ ਸਕਦਾ। **(ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ॥੭॥)**

ਅਸੀਂ ਆਪਣੀ ਕਥਨੀ ਨੂੰ ਹੀ ਚੰਗਾ ਸਮਝਦੇ ਹਾਂ, ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦੇ ਹਾਂ ਤੇ ਆਪਣੇ ਆਪ ਨੂੰ ਗੁਰੂ ਦੇ ਗੁਣਾਂ ਵਾਲਾ ਸਮਝਦੇ ਹਾਂ ਭਾਵ ਆਪਣੀ ਕਥਨੀ ਨੂੰ ਹੀ ਗੁਣ ਸਮਝਦੇ ਹਾਂ ਜੋ ਕਿ ਅਸਲ ਵਿੱਚ ਸਾਡਾ

14/1535

ਗੁਣ ਨਹੀਂ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ॥
ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ॥੮॥੫॥"

ਜਿਵੇਂ ਕਿ ਅਸੀਂ ਸ਼ਬਦ ਰਾਹੀਂ ਪਹਿਲੇ ਉੱਪਰ ਸਮਝਿਆ ਹੈ, ਸਾਰਾ ਜੱਗ ਝੂਠੀ ਕਥਨੀ ਵਿਚ ਹੀ ਭਰਮਿਆ ਹੋਇਆ ਹੈ ਭਾਵ ਉਹ ਆਪਣੀ ਕਥਨੀ ਨੂੰ ਆਪਣਾ ਜਪ ਤਪ ਸਮਝਦੇ ਹਨ। **(ਕਥਨੀ ਝੂਠੀ ਜਗੁ ਭਵੈ)** ਕਥਨੀ ਕਰਨ ਵਾਲੇ ਇਸੇ ਗੱਲ ਨੂੰ ਗੁਣ ਸਮਝਦੇ ਹਨ ਕਿ ਅਸੀਂ ਪ੍ਰਮਾਤਮਾ ਦਾ ਜਪ ਤਪ ਕਰ ਰਹੇ ਹਾਂ ਤੇ ਇਸੇ ਲਈ ਉਹ ਆਪਣੇ ਆਪ ਨੂੰ ਗੁਣਾਂ ਵਾਲਾ ਸਮਝਦੇ ਹਨ ਤੇ ਅਖਾਵਾਉਂਦੇ ਹਨ ਪਰ ਇਸ ਨੂੰ ਸਭ ਦਾ ਭੁਲੇਖਾ ਹੀ ਦੱਸਿਆ ਹੈ ਕਿਉਂਕਿ ਹਰ ਕੋਈ ਇਸੇ ਤਰ੍ਹਾਂ ਹੀ ਸਮਝਦਾ ਹੈ। ਭੁਲੇਖੇ ਦਾ ਕਾਰਨ ਸਾਡੀ "ਮੈਂ" ਹੈ, ਸਾਡੀ ਮਨਮਤਿ ਹੈ, ਸਾਡੀ ਹਉਮੈ ਹੈ, ਸਾਡੀ ਅਗਿਆਨਤਾ ਹੈ ਜਿਸ ਵਿੱਚ ਰਹਿੰਦਿਆਂ

ਸਾਨੂੰ ਸੱਚੀ ਸੋਝੀ ਨਹੀਂ ਪੈਂਦੀ ਕਿ ਸਾਡਾ ਅਸਲ ਮਾਰਗ ਕੀ ਹੈ, ਗੁਰੂ ਦੇ ਗੁਣ ਗਾਉਣੇ ਕੀ ਹਨ ਭਾਵ ਅਸੀਂ ਔਗੁਣਾਂ ਵਿੱਚ ਰਹਿੰਦੇ ਹੋਏ ਹੀ, ਮਾੜੇ ਕਰਮ ਕਰਦੇ ਹੋਏ ਹੀ ਆਪਣੇ ਆਪ ਨੂੰ ਗੁਣਵੰਤੇ ਸਮਝੀ ਬੈਠੇ ਹਾਂ। **(ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ॥)** ਗੁਣਵੰਤਾ ਉਹ ਹੈ ਜਿਸਨੂੰ ਗੁਰੂ ਦੀ ਮਤਿ ਭਾਉਂਦੀ ਹੈ। ਪ੍ਰਮਾਤਮਾ ਉਸ ਨੂੰ ਭਾਉਂਦਾ ਹੈ ਜਿਸ ਨੂੰ ਉਸਦੀ ਮਤਿ ਭਾਉਂਦੀ ਹੈ ਕਿਉਂਕਿ ਗੁਰੂ ਅਸਲ ਵਿੱਚ ਉਸਦੀ ਮਤਿ ਹੈ। ਉਸਦੀ ਮਤਿ ਉਸਨੂੰ ਹੀ ਭਾਉਂਦੀ ਹੈ ਜਿਸ ਤੇ ਉਹ ਆਪਣਾ ਕਰਮ ਕਰਕੇ ਆਪਣੀ ਸੋਝੀ ਪਾ ਦਿੰਦਾ ਹੈ, ਆਪਣੀ ਨਾਰ ਬਣਾ ਲੈਂਦਾ ਹੈ ਭਾਵ ਜਿਸ ਨਾਲ ਆਪਣਾ ਮੇਲ ਕਰ ਲੈਂਦਾ ਹੈ, ਉਸਦੀ ਮਤਿ

14/1536

ਸੋਹਣੀ ਬਣਾ ਦਿੰਦਾ ਹੈ ਭਾਵ ਜਿਸ ਨੂੰ ਮਨਮਤਿ ਵਿੱਚੋਂ ਕੱਢ ਲੈਂਦਾ ਹੈ, ਔਗੁਣਾਂ ਵਿੱਚੋਂ ਕੱਢ ਲੈਂਦਾ ਹੈ ਉਸਦੀ ਕਥਨੀ ਨੂੰ ਕਰਨੀ ਵਿੱਚ ਬਦਲ ਦਿੰਦਾ ਹੈ। **(ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ॥)** ਜਿਸ ਨੂੰ ਉਹ ਆਪਣੇ ਨਾਲ ਮੇਲਦਾ ਹੈ, ਜਿਸਨੂੰ ਉਹ ਆਪਣੀ ਨਾਰ ਬਣਾਉਂਦਾ ਹੈ ਉਹ ਆਪਣੇ ਸ਼ਬਦ ਦੁਆਰਾ ਹੀ ਬਣਾਉਂਦਾ ਹੈ। ਸ਼ਬਦ ਗੁਰੂ ਹੈ, ਸ਼ਬਦ ਸੱਚਾ ਗਿਆਨ ਹੈ, ਆਪਣੇ ਸ਼ਬਦ ਦੁਆਰਾ ਪ੍ਰਮਾਤਮਾ ਸਾਨੂੰ ਸੱਚੇ ਮਾਰਗ ਦੀ ਸੋਝੀ ਹੀ ਪਾਉਂਦਾ ਹੈ। ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਹੀ ਹੁੰਦਾ ਹੈ। ਮੇਲ ਤੋਂ ਪਹਿਲਾਂ ਸਾਡੀ ਸੁਰਤਿ ਮਨਮਤਿ ਹੈ, ਹਉਮੈ ਹੈ, ਮਾਇਆ ਮੋਹ ਹੈ, ਅਗਿਆਨਤਾ ਹੈ। ਸਾਨੂੰ ਮੇਲ ਤੋਂ ਬਾਅਦ ਉਹ ਸੋਹਣਾ ਹੀ ਬਣਾਉਂਦਾ ਹੈ, ਸਾਡੀ ਅਗਿਆਨਤਾ ਕੱਢ ਕੇ ਉਹ ਆਪਣੇ ਵਿਚਾਰਾਂ ਵਾਲਾ ਬਣਾਉਂਦਾ ਹੈ। ਇਹ ਮਨ ਦੇ ਵਿਚਾਰਾਂ ਦਾ ਮੇਲ ਹੈ ਜੋ ਇੱਕ ਵਾਰੀ ਹੋ ਜਾਵੇ ਤੇ ਫਿਰ ਸਦਾ ਲਈ ਇਹ ਮੇਲ ਬਣਿਆ ਹੀ ਰਹਿੰਦਾ ਹੈ। ਪ੍ਰਮਾਤਮਾ ਇੱਕ ਵਾਰੀ ਮਿਲ ਜਾਵੇ ਤਾਂ ਫਿਰ ਉਹ ਕਦੇ ਨਹੀਂ ਵਿਛੁੜਦਾ। ਮਨ ਵਿੱਚ ਉਸਦਾ ਸੱਚਾ ਗਿਆਨ, ਸ਼ਬਦ ਦੇ ਸੱਚੇ ਵਿਚਾਰ ਮਿਲਦੇ ਹੀ ਰਹਿੰਦੇ ਹਨ ਤੇ ਮਨ ਵਿੱਚ ਉਨ੍ਹਾਂ ਦੀ ਦ੍ਰਿੜਤਾ ਸਦਾ ਹੀ ਬਣੀ ਰਹਿੰਦੀ ਹੈ ਜੋ ਸਾਨੂੰ ਸ਼ਬਦ ਦੇ ਸੱਚੇ ਮਾਰਗ ਤੇ ਚਲਾਉਂਦੀ ਹੈ। **(ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ॥ ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ॥੮॥੫॥)** ਪ੍ਰਮਾਤਮਾ ਸਾਡੇ ਸਭ ਦੇ ਅੰਦਰ ਤੇ ਸਭ ਜਗ੍ਹਾ ਤੇ ਆਪਣੇ "**ਸ਼ਬਦ ਰੂਪ**" ਵਿੱਚ ਹੀ ਵਿਚਰਦਾ ਹੈ, ਗਿਆਨ ਰੂਪ ਵਿੱਚ ਹੀ ਵਿਚਰਦਾ ਹੈ।

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}

(ਅੰਗ - ੯੩੭)

ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ ਸ਼ਬਦ ਦੀ ਸੰਗਤ ਗੁਰੂ ਪ੍ਰਮਾਤਮਾ ਦੀ ਸੰਗਤ ਹੈ ਭਾਵ ਉਸਦੇ ਨਾਲ ਮੇਲ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ। ਸਾਧ ਗੁਰੂ ਹੈ, ਸ਼ਬਦ ਗੁਰੂ ਹੈ ਭਾਵ ਇੱਕੋ ਹੀ ਗੱਲ ਹੈ। ਸਾਧ ਵਿੱਚ ਤੇ ਸ਼ਬਦ ਵਿੱਚ ਕੋਈ ਭੇਦ ਨਹੀਂ ਹੈ। ਜੋ ਕੁੱਝ ਸ਼ਬਦ ਦੀ ਸੰਗਤ ਹੈ ਉਹੀ ਕੁੱਝ ਸਾਧ ਦੀ ਸੰਗਤ ਹੈ। ਦੋਨਾਂ ਦੀ ਸੰਗਤ ਤੋਂ ਭਾਵ

14/1537

ਪ੍ਰਮਾਤਮਾ ਦੀ ਸੰਗਤ ਨਾਲ ਹੀ ਹੈ। ਸਾਡੇ ਜੀਵਨ ਦਾ ਮਨੋਰਥ ਸ਼ਬਦ ਦੀ ਸੰਗਤ, ਸਾਧਸੰਗਤ ਕਰਨ ਦਾ ਹੀ ਹੈ ਭਾਵ ਪ੍ਰਮਾਤਮਾ ਨੂੰ ਮਿਲਣ ਦਾ ਹੀ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਸਾਧਸੰਗ ਕਰਨਾ ਕੀ ਹੈ।

ਗਉੜੀ ਗੁਆਰੇਰੀ ਮਹਲਾ ੫ ॥

"ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥
ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥
ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥

ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥
ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ ਹਰਿ ਗੁਣ ਗਾਇ ॥੪॥੩॥੭੨॥"

(ਅੰਗ ੧੭੬)

ਉੱਪਰ ਸ਼ਬਦ ਰਾਹੀਂ ਸਾਨੂੰ ਸਾਡੇ ਜੀਵਨ ਦਾ ਮਨੋਰਥ ਹੀ ਸਮਝਾਇਆ ਹੋਇਆ ਹੈ ਕਿ ਇਹ ਜੀਵਨ ਸਾਨੂੰ ਕਿਸ ਮਕਸਦ ਲਈ ਮਿਲਿਆ ਹੈ। ਪ੍ਰਮਾਤਮਾ ਨੂੰ ਕੇਵਲ ਮਨੁੱਖੀ ਸਰੀਰ ਰਾਹੀਂ ਹੀ ਪਾਇਆ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ। ਜਿਸ ਸੋਝੀ ਦੁਆਰਾ ਪ੍ਰਮਾਤਮਾ ਨੂੰ ਸਮਝਿਆ ਜਾ ਸਕਦਾ ਹੈ ਉਹ ਸੋਝੀ ਪ੍ਰਮਾਤਮਾ ਨੇ ਕੇਵਲ ਮਨੁੱਖੀ ਰੂਪ ਵਿੱਚ ਹੀ ਪਾਈ ਹੋਈ ਹੈ। ਉੱਪਰ ਸ਼ਬਦ ਵਿੱਚ ਮਨੁੱਖ ਦੇ ਅਨੇਕਾਂ ਜਨਮ ਗਿਣਾਏ ਹੋਏ ਹਨ, ਕੀਟ ਪਤੰਗ ਆਦਿ ਕਹਿ ਕੇ ਸਮਝਾਏ ਹੋਏ ਹਨ। ਇਹ ਕੋਈ ਮਨੁੱਖ ਦੇ ਦੁਨਿਆਵੀ ਜਨਮ ਨਹੀਂ ਹਨ ਬਲਕਿ ਮਨੁੱਖ ਦੀ ਤੁਲਨਾ ਉਨ੍ਹਾਂ ਨਾਲ ਕੀਤੀ ਹੋਈ ਹੈ ਜੋ ਮਨ ਦੀ ਨਾਸਮਝੀ ਕਰਕੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਕੇਵਲ ਇੱਕ ਮਨੁੱਖੀ ਸਰੀਰ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ।

{ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥
ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥}

(ਅੰਗ ੫੦੨)

{ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥}

(ਅੰਗ ੨੪੧)

{ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥}

(ਅੰਗ ੪੮੭)

{ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥}

(ਅੰਗ ੨੮੯)

ਸ਼ਬਦ ਦੀ ਰਹਾਉ ਵਾਲੀ ਪੰਗਤੀ ਵਿੱਚ ਸਾਨੂੰ ਇਸ ਮਨੁੱਖਾ ਜੀਵਨ ਦਾ ਮਨੋਰਥ ਹੀ ਸਮਝਾਇਆ ਹੋਇਆ ਹੈ।

(ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ਰਹਾਉ॥)

ਸਾਡੇ ਜੀਵਨ ਦਾ ਇਹੀ ਮਨੋਰਥ ਸ਼ਬਦ ਵਿੱਚ ਇਸ ਤਰੀਕੇ ਨਾਲ ਸਮਝਾਇਆ ਹੋਇਆ ਹੈ।

(ਸਾਧਸੰਗਿ ਭਇਓ ਜਨਮੁ ਪਰਾਪਤਿ॥)

ਜੋ ਗੱਲ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੈ, ਉਹੀ ਗੱਲ ਉੱਪਰ ਵਾਲੀ ਪੰਗਤੀ ਰਾਹੀਂ ਸਮਝਾਈ ਹੈ। ਸਾਡੇ ਜੀਵਨ ਦਾ, ਇਸ ਜਨਮ ਦਾ ਮਨੋਰਥ ਹੀ ਸਮਝਾਇਆ ਹੈ ਜੋ ਕਿ ਪ੍ਰਮਾਤਮਾ ਨੂੰ ਮਿਲਣ ਦਾ ਹੈ। ਗੁਰੂ ਪ੍ਰਮਾਤਮਾ ਆਪ ਹੀ ਸਾਧ ਹੈ ਜੋ ਕਿ ਆਪਣੀ ਗੁਰਮਤਿ ਵਾਲੀ ਸੱਚੀ ਸਮਝ ਦੇ ਰੂਪ ਵਿੱਚ ਸਾਧ ਹੈ। ਗੁਰਮਤਿ ਦੀ ਸੰਗਤ ਸਾਧ ਸੰਗਤਿ ਹੈ ਤੇ ਉਸਦੀ ਸੰਗਤ ਹੋਣਾ ਉਸਨੂੰ ਪਾ ਲੈਣਾ ਹੈ ਭਾਵ ਜੇਕਰ

ਸਾਡੀ ਸਾਧਸੰਗਤ ਹੋ ਜਾਂਦੀ ਹੈ ਤਾਂ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਜਾਂਦਾ ਹੈ, ਸਾਡਾ ਜੀਵਨ ਸਫ਼ਲ ਹੋ ਜਾਂਦਾ ਹੈ। ਸਾਧਸੰਗਤ ਅਸੀਂ ਕਿਵੇਂ ਕਰਨੀ ਹੈ ਭਾਵ ਪ੍ਰਮਾਤਮਾ ਨੂੰ ਅਸੀਂ ਕਿਵੇਂ ਪਾਉਣਾ ਹੈ ਇਹ ਨਾਲ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥

ਤਿਆਗਿ ਮਾਨੁ ਝੂਠੁ ਅਭਿਮਾਨੁ॥ ਜੀਵਤ ਮਰਹਿ ਦਰਗਹ ਪਰਵਾਨੁ॥੩॥"

ਸਾਧਸੰਗਤ ਦੀ ਪ੍ਰਾਪਤੀ ਲਈ ਭਾਵ ਉਸਨੂੰ ਮਿਲਣ ਦੇ ਲਈ ਜੋ ਸਾਨੂੰ ਤਰੀਕਾ ਸਮਝਾਇਆ ਹੈ ਉਹ ਇਸ ਤਰ੍ਹਾਂ ਸਮਝਾਇਆ ਹੈ।

"ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥"

ਸਾਧਸੰਗਤ ਦੀ ਪ੍ਰਾਪਤੀ ਉਸਦੀ ਸੇਵਾ ਦੁਆਰਾ ਹੀ ਹੋਣੀ ਹੈ। ਉਸਦੀ ਸੇਵਾ ਕਰਨ ਦਾ ਤਰੀਕਾ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਸਦੀ ਸੇਵਾ ਉਸਦੇ ਸ਼ਬਦ ਨੂੰ ਵਿਚਾਰਨਾ ਹੈ, ਉਸਦੀ ਮਤਿ ਨੂੰ ਵਿਚਾਰਨਾ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥}

(ਅੰਗ ੨੨੩)

"ਭਜੁ ਹਰਿ ਹਰਿ ਗੁਰਮਤਿ॥" ਜਾਂ "**ਸਬਦੁ ਵੀਚਾਰੁ**" ਇੱਕੋ ਹੀ ਗੱਲ ਹੈ, ਕੇਵਲ ਸਮਝਣ ਦੀ ਲੋੜ ਹੈ। ਹਰਿ ਹਰਿ ਭਜਣਾ ਉਸਦੀ ਗੁਰਮਤਿ ਨੂੰ ਭਜਣਾ ਹੈ ਜਿਸ ਨੂੰ ਕਿ ਸਾਡੀ ਕਰਨੀ ਦੁਆਰਾ ਭਜਿਆ ਜਾ ਸਕਦਾ ਹੈ। ਸਾਰਾ ਭੇਦ ਸਾਡੀ ਕਥਨੀ ਕਰਨੀ ਵਿੱਚ ਹੀ ਹੈ। ਅਸੀਂ ਆਪਣੀ ਕਥਨੀ ਨੂੰ ਗੁਰਮਤਿ ਕਹਿੰਦੇ ਹਾਂ ਜਦ ਕਿ ਗੁਰਮਤਿ ਸਾਨੂੰ ਕਰਨੀ ਸਿਖਾਉਂਦੀ ਹੈ। ਇਹ ਸਾਡੇ ਅੰਦਰ ਸਾਡੀ ਪੁੱਠੀ ਸੋਚ ਦਾ ਨਤੀਜਾ ਹੈ ਮਨ ਵਿੱਚ ਪੁੱਠੇ ਕਮਲ ਦਾ ਨਤੀਜਾ ਹੈ। ਕਮਲ ਸਿੱਧਾ ਹੋਏ ਬਿਨ੍ਹਾਂ ਸਾਨੂੰ ਗੁਰਮਤਿ ਦੀ ਸਹੀ ਸੋਝੀ ਹੀ ਨਹੀਂ ਪੈਂਦੀ। ਉੱਪਰ ਸ਼ਬਦ ਰਾਹੀਂ ਸਾਨੂੰ "**ਗੁਰਮਤਿ ਦੁਆਰਾ**" "ਹਰਿ ਹਰਿ ਭਜਣਾ" ਕੀ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਤਿਆਗਿ ਮਾਨੁ ਝੂਠੁ ਅਭਿਮਾਨੁ॥ ਜੀਵਤ ਮਰਹਿ ਦਰਗਹ ਪਰਵਾਨੁ॥੩॥"

14/1539

ਉੱਪਰ ਪੰਗਤੀ ਰਾਹੀਂ ਸਾਨੂੰ ਗੁਰਮਤਿ ਦੁਆਰਾ ਹਰਿ ਹਰਿ ਭਜਣਾ ਹੀ ਸਮਝਾਇਆ ਹੈ, "**ਹਰਿ**" ਨੂੰ ਭਾਵ ਹਰਿ ਦੀ ਮਤਿ ਨੂੰ ਜਪਣਾ ਹੀ ਸਮਝਾਇਆ ਹੈ, ਉਸ ਦੀ ਸੇਵਾ ਕਰਨੀ ਹੀ ਸਮਝਾਇਆ ਹੈ। ਸਾਨੂੰ ਵਿਕਾਰ ਤਿਆਗਣ ਲਈ ਕਿਹਾ ਹੈ ਜਿਸ ਤੋਂ ਸਿੱਧਾ ਭਾਵ ਸਾਡੀ ਕਰਨੀ ਦੇ ਨਾਲ ਹੈ, ਸਾਡੀ ਰਹਿਣੀ ਦੇ ਨਾਲ ਹੈ, ਸਾਡੀ ਸੰਸਾਰਿਕ ਵਿਚਰਨ ਦੇ ਨਾਲ ਹੈ। ਔਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਚੰਗੇ ਕਰਮ ਅਸੀਂ ਔਗੁਣਾਂ ਵਿੱਚੋਂ ਨਿਕਲਕੇ ਹੀ ਕਰ ਸਕਦੇ ਹਾਂ। ਇਨ੍ਹਾਂ ਔਗੁਣਾਂ ਨੂੰ ਛੱਡਣਾ ਹੀ ਸਾਡਾ ਜੀਉਂਦੇ ਜੀਅ ਮਰਨਾ ਹੈ ਭਾਵ ਸਾਡੇ ਮਨ ਦਾ ਮਰਨਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਦਾ ਮਰਨਾ ਹੈ, ਮਾਇਆ ਮੋਹ ਦਾ ਮਰਨਾ ਹੈ। ਇਹੀ ਸਬਦੇ ਮਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ। ਆਪਣੇ ਅੰਦਰ ਔਗੁਣਾਂ ਦੇ ਰਹਿੰਦੇ ਕੋਈ ਵੀ ਉਸਦੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੋ ਸਕਦਾ ਕਿਉਂਕਿ ਉੱਥੇ ਕੇਵਲ ਸੱਚ ਪ੍ਰਵਾਨ ਹੈ, ਨਾਮ ਪ੍ਰਵਾਨ ਹੈ, ਗੁਰਮਤਿ ਪ੍ਰਵਾਨ ਹੈ। ਅਸੀਂ ਉਸਦੀ ਦਰਗਾਹ ਵਿੱਚ ਆਪਣੇ ਅੰਦਰ ਗੁਰਮਤਿ ਦੇ ਵੱਸਣ ਦੁਆਰਾ ਹੀ ਪ੍ਰਵਾਨ ਹੋ ਸਕਦੇ ਹਾਂ ਤੇ ਇਹ ਹੀ ਸਾਡਾ "**ਹਰਿ ਹਰਿ**" ਭਜਣਾ ਹੈ, ਉਸਦੀ ਸੇਵਾ ਹੈ। ਉਸਦੀ ਦਰਗਾਹ ਵਿੱਚ ਪ੍ਰਵਾਨ ਹੋਣਾ ਹੀ "**ਸਾਧਸੰਗਤ**" ਹੈ, ਇਸ ਜੀਵਨ ਦੇ ਮਨੋਰਥ ਦੀ ਪ੍ਰਾਪਤੀ ਹੈ। **(ਸਾਧਸੰਗਿ ਭਇਓ ਜਨਮੁ ਪਰਾਪਤਿ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥ ਤਿਆਗਿ ਮਾਨੁ ਝੂਠੁ ਅਭਿਮਾਨੁ॥ ਜੀਵਤ ਮਰਹਿ ਦਰਗਹ ਪਰਵਾਨੁ॥੩॥)**

ਅਸੀਂ ਹਰ ਕੋਈ ਮਾਇਆ ਮੋਹ ਵਿੱਚ ਹਾਂ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਆਪਣਾ ਮਾਨ ਅਭਿਮਾਨ ਤਿਆਗਣਾ, ਝੂਠ ਤਿਆਗਣਾ ਬਹੁਤ ਔਖਾ ਹੈ, ਹਰਿ ਹਰਿ ਭਜਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ। ਉਸਦੀ ਆਪਣੀ ਕ੍ਰਿਪਾ ਦੇ ਬਿਨ੍ਹਾਂ ਮਾਇਆ ਵਿੱਚੋਂ ਅਸੀਂ ਨਹੀਂ ਨਿਕਲ ਸਕਦੇ, ਤ੍ਰਿਸ਼ਨਾ ਦੇ ਸਾਗਰ ਵਿੱਚੋਂ ਨਹੀਂ ਨਿਕਲ ਸਕਦੇ। ਇਸ ਵਿੱਚੋਂ ਨਿਕਲੇ ਬਿਨ੍ਹਾਂ

15/1540

ਅਸੀਂ ਉਸ ਦੇ ਦਰ ਤੇ ਪ੍ਰਵਾਨ ਨਹੀਂ ਹੋ ਸਕਦੇ ਭਾਵ ਉਸ ਨਾਲ ਮਿਲ ਨਹੀਂ ਸਕਦੇ। ਮਾਇਆ ਮੋਹ ਵਿੱਚੋਂ ਕਿਸੇ ਨੂੰ ਉਹ ਆਪ ਹੀ ਕ੍ਰਿਪਾ ਕਰਕੇ ਕੱਢਦਾ ਹੈ ਤੇ ਆਪਣੇ ਨਾਲ ਮਿਲਾਉਂਦਾ ਹੈ ਤੇ ਇਹੀ ਗੱਲ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜੋ ਕਿਛੁ ਹੋਆ ਸੁ ਤੁਝ ਤੇ ਹੋਗੁ॥ ਅਵਰੁ ਨ ਦੂਜਾ ਕਰਣੈ ਜੋਗੁ॥

ਤਾ ਮਿਲੀਐ ਜਾ ਲੈਹਿ ਮਿਲਾਇ॥ ਕਹੁ ਨਾਨਕ ਹਰਿ ਹਰਿ ਗੁਣ ਗਾਇ॥੪॥੩॥੭੨॥”

ਜਦ ਤੱਕ ਅਸੀਂ ਅਗਿਆਨਤਾ ਵਿੱਚ ਹਾਂ ਤਦ ਤੱਕ ਸਾਨੂੰ ਇਹ ਸਮਝ ਹੀ ਨਹੀਂ ਪੈਂਦੀ ਕਿ ਉਸ ਦਾ ਜਪਣਾ ਕੀ ਹੈ। ਸਾਨੂੰ ਸੱਚੀ ਸੋਝੀ ਉਸ ਦੇ ਦਿੱਤੇ ਹੀ ਪੈਂਦੀ ਹੈ ਜਿਸ ਦੁਆਰਾ ਸਾਨੂੰ ਉਹ ਔਗੁਣਾਂ, ਵਿਕਾਰਾਂ, ਹਉਮੈ ਵਿੱਚੋਂ ਕੱਢਦਾ ਹੈ। ਸਾਨੂੰ ਸੋਝੀ ਉਹ ਹੀ ਪਾ ਸਕਦਾ ਹੈ ਜਿਸ ਨੇ ਸਾਡੇ ਵਿੱਚ ਅਗਿਆਨਤਾ ਪਾਈ ਹੋਈ ਹੈ, ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਸਾਨੂੰ ਆਪਣੇ ਨਾਲ ਕੇਵਲ ਆਪ ਹੀ ਮਿਲਾ ਸਕਦਾ ਹੈ ਤੇ ਹੋਰ ਕੋਈ ਦੂਜਾ ਸਾਨੂੰ ਮਨ ਦੇ ਵਿੱਚ ਸੋਝੀ ਨਹੀਂ ਪਾ ਸਕਦਾ। ਸੱਚੀ ਸੋਝੀ ਸਾਨੂੰ ਉਹ ਹੀ ਪਾ ਸਕਦਾ ਹੈ ਜੋ ਸਾਡੇ ਮਨ ਦੇ ਵਿੱਚ ਹੈ ਤੇ ਇਸੇ ਲਈ ਸਾਨੂੰ ਹੋਰ ਕੋਈ ਪ੍ਰਮਾਤਮਾ ਦੇ ਨਾਲ ਨਹੀਂ ਮਿਲਾ ਸਕਦਾ। ਉਸਦੇ ਗੁਣ ਉਸਨੂੰ ਮਿਲ ਕੇ ਹੀ ਗਾਏ ਜਾ ਸਕਦੇ ਹਨ ਭਾਵ ਉਸ ਦੇ ਗੁਣ ਗਾਉਣੇ ਕੀ ਹਨ ਇਸ ਦੀ ਸੋਝੀ ਹੀ ਉਸ ਦੇ ਮੇਲ ਤੋਂ ਬਾਅਦ ਹੀ ਪੈਂਦੀ ਹੈ ਤੇ ਆਪਣੀ ਸੋਝੀ ਤੇ ਉਹ ਆਪ ਹੀ ਦ੍ਰਿੜ ਕਰਦਾ ਹੈ, ਸੱਚ ਤੇ ਦ੍ਰਿੜ ਕਰਦਾ ਹੈ, ਸੱਚੇ ਗੁਣਾਂ ਤੇ ਦ੍ਰਿੜ ਕਰਦਾ ਹੈ, ਨਾਮ ਤੇ ਦ੍ਰਿੜ ਕਰਦਾ ਹੈ ਤੇ ਤਾਂ ਹੀ ਉਸ ਦੇ ਗੁਣ ਗਾਏ ਜਾ ਸਕਦੇ ਹਨ, ਹਰਿ ਹਰਿ ਕੀਤਾ ਜਾ ਸਕਦਾ ਹੈ ਭਾਵ ਸੱਚੇ ਸੁੱਚੇ ਹੋ ਕੇ ਵਿਚਰਿਆ ਜਾ ਸਕਦਾ ਹੈ। **(ਜੋ ਕਿਛੁ ਹੋਆ ਸੁ ਤੁਝ ਤੇ ਹੋਗੁ॥ ਅਵਰੁ ਨ ਦੂਜਾ ਕਰਣੈ ਜੋਗੁ॥ ਤਾ ਮਿਲੀਐ ਜਾ ਲੈਹਿ ਮਿਲਾਇ॥ ਕਹੁ ਨਾਨਕ ਹਰਿ ਹਰਿ ਗੁਣ ਗਾਇ॥੪॥੩॥੭੨॥)**

15/1541

ਜੇਕਰ ਸਾਡੇ ਮਨ ਵਿੱਚ ਪ੍ਰਮਾਤਮਾ ਨੂੰ ਮਿਲਣ ਦੀ ਪਿਆਸ ਹੈ, ਇਹ ਪਿਆਸ ਪ੍ਰਮਾਤਮਾ ਸਾਡੀ ਕਿਵੇਂ ਬੁਝਾਉਂਦਾ ਹੈ ਭਾਵ ਉਸਦੇ ਦਰਸ਼ਨ ਕਿਵੇਂ ਹੁੰਦੇ ਹਨ ਆਓ ਇਹੀ ਗੱਲ ਅਗਲੇ ਸ਼ਬਦ ਰਾਹੀਂ ਸਮਝੀਏ ਤੇ ਇਹੀ ਗੱਲ ਵੀ ਨਾਲ ਸਮਝੀਏ ਕਿ ਸਾਧਸੰਗ ਦੀ ਅਵੱਸਥਾ ਕੀ ਹੈ।

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

“ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ਰਹਾਉ ॥

ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥੧॥

ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥੨॥

ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥”

(ਅੰਗ ੨੦੪)

ਉੱਪਰ ਸ਼ਬਦ ਰਾਹੀਂ ਆਪਣੇ ਆਪ ਨੂੰ ਪ੍ਰਮਾਤਮਾ ਨੂੰ ਮਿਲਣ ਵਿੱਚ ਅਸਮਰੱਥਾ ਦਿਖਾਈ ਹੈ ਕਿ ਸਾਡੇ ਕੁੱਝ ਵੱਸ ਨਹੀਂ ਹੈ ਕਿ ਅਸੀਂ ਉਸ ਨੂੰ ਪਾ ਸਕੀਏ। ਪ੍ਰਮਾਤਮਾ ਅੱਗੇ ਬੇਨਤੀ ਕੀਤੀ ਹੋਈ ਹੈ ਕਿ ਉਹ ਆਪਣੀ ਕ੍ਰਿਪਾ ਕਰਕੇ ਆਪਣੇ ਦਰਸ਼ਨ ਕਰਵਾ ਕੇ ਸਾਡੀ ਪਿਆਸ ਬੁਝਾ ਦੇਵੇ ਕਿਉਂਕਿ ਉਸਦੇ ਦਰਸ਼ਨਾਂ ਬਿਨ੍ਹਾਂ ਸਾਡੇ ਮਨ ਦੀ ਜਲਣ ਭਾਵ ਸਾਡੇ ਮਨ ਦੀ ਤ੍ਰਿਸ਼ਨਾ ਰੂਪ ਅਗਨਿ ਕਦੇ ਸ਼ਾਂਤ ਨਹੀਂ ਹੋ ਸਕਦੀ। ਜਿਸ ਤੇ ਉਹ ਆਪਣੀ ਕ੍ਰਿਪਾ ਕਰ ਦਿੰਦਾ ਹੈ ਉਸਨੂੰ ਉਹ ਆਪਣੇ ਦਰਸ਼ਨ ਦੇ ਕੇ ਉਸਦੀ ਜਲਨ ਬੁਝਾ ਦਿੰਦਾ ਹੈ। ਉਸਦੀ ਕ੍ਰਿਪਾ, ਉਸਦੇ ਦਰਸ਼ਨ, ਉਸਦਾ ਮੇਲ, “ਸਾਧਸੰਗ” ਹੈ ਭਾਵ ਉਸਦਾ ਆਪਣਾ ਸੰਗ ਹੈ ਕਿਉਂਕਿ ਉਹ ਆਪ ਹੀ ਸਾਧ ਹੈ ਤੇ ਸਾਧ ਦਾ ਸੰਗ ਪ੍ਰਮਾਤਮਾ ਦਾ ਸੰਗ ਹੈ, ਉਸਦੇ ਸੱਚੇ ਗੁਣਾਂ ਦਾ ਸੰਗ ਹੈ ਜਿਸ ਦੁਆਰਾ ਅਸੀਂ ਤ੍ਰਿਸ਼ਨਾ ਤੋਂ ਮੁਕਤ ਹੁੰਦੇ ਹਾਂ, ਉਸਦੇ ਦਰਸ਼ਨਾਂ ਦੀ ਤ੍ਰਿਸ਼ਨਾ ਪੂਰੀ ਹੁੰਦੀ ਹੈ। ਸਾਡੀ ਆਸਾ ਉਹ ਸਾਧਸੰਗ ਦੁਆਰਾ ਹੀ ਪੂਰੀ ਕਰਦਾ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ।

“ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥”

15/1542

ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ, ਪੂਰੀ ਗੁਰਬਾਣੀ ਵਿੱਚ ਕਿਸੇ ਵੀ ਸ਼ਬਦ ਦੁਆਰਾ ਮਨੁੱਖਾਂ ਦੀ ਸੰਗਤ ਨੂੰ ਸਾਧਸੰਗਤ ਨਹੀਂ ਕਿਹਾ ਗਿਆ ਤੇ ਅਸੀਂ ਭਰਮ ਵਿੱਚ ਹੀ ਮਨੁੱਖੀ ਸੰਗਤ ਨੂੰ ਸਾਧ ਸੰਗਤ ਸਮਝਦੇ ਆ ਰਹੇ ਹਾਂ। ਸਾਧ ਗੁਰੂ ਹੈ, ਆਪ ਪ੍ਰਮਾਤਮਾ ਹੈ ਤੇ ਸਾਧ ਦੀ ਸੰਗਤ ਗੁਰੂ ਪ੍ਰਮਾਤਮਾ ਦੀ ਸੰਗਤ ਹੈ ਜਿਸ ਦੀ ਸੰਗਤ ਦੁਆਰਾ ਅਸੀਂ ਬੰਧਨ ਤੋਂ ਮੁਕਤ ਹੋ ਜਾਂਦੇ ਹਾਂ, ਆਵਾਗਉਣ ਤੋਂ ਮੁਕਤ ਹੁੰਦੇ ਹਾਂ। ਜਿਸਨੂੰ ਅਸੀਂ ਸਾਧਸੰਗਤ ਸਮਝਦੇ ਹਾਂ, ਜੇਕਰ ਉਸਨੂੰ ਸਾਧਸੰਗਤ ਮੰਨ ਲਈਏ ਤਾਂ ਤੇ ਫਿਰ ਸਭ ਦੇ ਬੰਧਨ ਕੱਟੇ ਜਾ ਚੁੱਕੇ ਹੋਣ ਪਰ ਬੰਧਨ ਕੇਵਲ ਉਸ ਸੱਚੇ ਦੇ ਮੇਲ ਦੁਆਰਾ ਹੀ ਕੱਟੇ ਜਾ ਸਕਦੇ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

“ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥

ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥"

(ਅੰਗ ੨੦੪-੨੦੫)

ਸਭ ਤੋਂ ਪਹਿਲੇ ਸ਼ਬਦ ਦੀ ਪਹਿਲੀ ਪੰਗਤੀ ਨੂੰ ਸਮਝੀਏ ਜੋ ਕਿ ਰਹਾਉ ਵਾਲੀ ਪੰਗਤੀ ਹੈ। ਇਸ ਪੰਗਤੀ ਦੁਆਰਾ ਸਾਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਉਸ ਵਿਧੀ ਨੂੰ ਸਮਝੋ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਮਿਲਾਉਣ ਲਈ ਪ੍ਰਮਾਤਮਾ ਨੇ ਸਾਨੂੰ ਆਪਣਾ ਗੁਰਬਾਣੀ ਰੂਪ ਸੰਤ ਦਿੱਤਾ ਹੋਇਆ ਹੈ ਜਿਹੜਾ ਸਾਨੂੰ ਉਸਦੇ ਨਾਲ ਮੇਲ ਦਾ ਸੱਚਾ ਮਾਰਗ ਦੱਸਦਾ ਹੈ ਭਾਵ ਸਾਨੂੰ "**ਗੁਰਬਾਣੀ ਰੂਪ ਸੰਤ**" ਕੋਲ ਜਾਣ ਲਈ ਪ੍ਰੇਰਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਸਾਨੂੰ ਉਹੀ ਦੱਸ ਸਕਦਾ ਹੈ ਜਿਸ ਦਾ ਮੇਲ ਪ੍ਰਮਾਤਮਾ ਦੇ ਨਾਲ ਹੋਇਆ ਹੋਇਆ ਹੈ। ਸੰਤ ਉਹੀ ਹੈ ਜਿਸਦੇ ਕੋਲ "**ਸਹਜ**" ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਤੇ ਜੋ ਸਾਨੂੰ ਸੁੱਖ ਦਾ ਦਾਨ ਦੇ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਇਹ ਅਵੱਸਥਾ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ ਜੋ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਵਾ ਸਕਦੀ ਹੈ।

ਸਲੋਕੁ ਮਃ ੩॥

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥}

(ਅੰਗ ੯੪੭)

ਸ਼ਬਦ ਦੇ ਪਹਿਲੇ ਤਿੰਨ ਪਦਿਆਂ

15/1543

ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਿਸ ਕਾਰਨ ਨਹੀਂ ਹੁੰਦਾ। ਇਸ ਸ਼ਬਦ ਬਾਰੇ ਅਸੀਂ ਕਾਫੀ ਪਿੱਛੇ ਵੀ ਸਮਝਿਆ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਨਾ ਹੋਣ ਦਾ ਕਾਰਨ ਸਾਡੇ ਵਿੱਚ ਹਉਮੈ ਦਾ ਪਰਦਾ ਹੈ, ਭਰਮ ਦਾ, ਅਗਿਆਨਤਾ ਦਾ ਪੜਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਹਰ ਕਿਸੇ ਨੂੰ ਮਾਇਆ ਮੋਹ ਵਿੱਚ ਸਵਾਇਆ ਹੋਇਆ ਹੈ। ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਉਹ ਸਾਡੇ ਲਈ "**ਅਲਖੁ**" ਬਣਿਆ ਹੋਇਆ ਹੈ ਜਿਸ ਨੂੰ ਅਸੀਂ ਦੇਖ ਨਹੀਂ ਸਕਦੇ। ਇਹ ਸਾਡੇ ਅੰਦਰ ਅਗਿਆਨਤਾ ਦਾ ਪੜਦਾ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਪੜਦੇ ਦੇ ਪਿੱਛੇ ਹੈ ਭਾਵ ਗੁਪਤ ਰੂਪ ਵਿੱਚ ਵਰਤ ਰਿਹਾ ਹੈ। **(ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥ ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥੧॥)**

ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ, ਭਰਮ ਵਿੱਚ ਹਾਂ, ਮਾਇਆ ਮੋਹ ਦੀ ਨੀਂਦ ਵਿੱਚ ਸੁੱਤੇ ਹੋਏ ਹਾਂ ਤਦ ਤੱਕ ਸਾਡੇ ਵਿਕਾਰ ਸਾਡੇ ਨਾਲ ਹੀ ਰਹਿੰਦੇ ਹਨ ਕਿਉਂਕਿ ਸਾਨੂੰ ਸੋਝੀ ਹੀ ਨਹੀਂ ਹੁੰਦੀ ਕਿ ਪ੍ਰਮਾਤਮਾ ਨੂੰ ਜਪਣ ਦਾ, ਉਸਨੂੰ ਪਾਉਣ ਦਾ ਸੱਚਾ ਮਾਰਗ ਕੀ ਹੈ। ਜਿਵੇਂ ਕਿ ਸ਼ਬਦ ਵਿੱਚ ਅਸੀਂ ਉੱਪਰ ਸਮਝਿਆ ਹੈ ਕਿ ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਅਸੀਂ

ਉਸਨੂੰ ਜਾਣ ਨਹੀਂ ਸਕਦੇ, ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਤਾਂ ਅੰਦਰ ਹੀ ਹੈ ਪਰ ਔਗੁਣਾਂ ਦੇ ਹੁੰਦੇ ਹੋਏ, ਮਾਇਆ ਵਿੱਚ ਸੁੱਤੇ ਹੋਏ ਅਸੀਂ ਉਸਨੂੰ ਆਪਣੇ ਅੰਦਰੋਂ ਜਾਣ ਨਹੀਂ ਸਕਦੇ।

"ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥

ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ॥੨॥"

ਉੱਪਰ ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਇੱਥੇ ਸਾਨੂੰ ਹਉਮੈ ਦਾ ਪੜਦਾ ਹੀ ਸਮਝਾਇਆ ਹੋਇਆ ਹੈ ਕਿ ਉਹ ਸਾਡੇ ਅੰਦਰ ਕਿਵੇਂ

15/1544

ਵਰਤਦਾ ਹੈ। ਸਾਡੇ ਅੰਦਰ ਮਨ ਇੱਕ ਹੀ ਹੈ, ਗ੍ਰਿਹ ਇੱਕ ਹੀ ਹੈ ਭਾਵ ਜੋ ਸਾਡੇ ਅੰਦਰ ਪ੍ਰਮਾਤਮਾ ਦਾ ਟਿਕਾਣਾ ਹੈ, ਪ੍ਰਮਾਤਮਾ ਦਾ ਘਰ ਹੈ, ਉਹੀ ਸਾਡਾ ਘਰ ਹੈ, ਸਾਡਾ ਟਿਕਾਣਾ ਹੈ। ਸਾਡੀ ਸੰਗਤ ਅੰਦਰ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਹੀ ਹੈ ਪਰ ਸਾਨੂੰ ਉਸ ਦੀ ਸੋਝੀ ਨਹੀਂ ਹੈ ਕਿਉਂਕਿ ਸਾਡੇ ਅੰਦਰ ਹਉਮੈ ਦਾ ਪੜਦਾ ਹੈ ਜਿਸ ਕਰਕੇ ਅਸੀਂ "ਤੂੰ" ਹੁੰਦੇ ਹੋਏ ਵੀ ਆਪਣੇ ਆਪ ਨੂੰ "ਮੈਂ" ਸਮਝਦੇ ਹਾਂ। ਸਾਡੇ ਅੰਦਰ ਸਾਨੂੰ "ਮੈਂ" ਸਿਖਾਉਣ ਵਾਲਾ ਆਪ "ਤੂੰ" ਹੀ ਹੈ। ਫਰਕ ਸਿਰਫ਼ ਇਤਨਾ ਹੈ ਕਿ ਉਹ ਆਪ ਚੌਥੇ ਪਦ ਵਿੱਚ ਹੈ, "**ਸਹਜ**" ਵਿੱਚ ਹੈ ਤੇ ਸਾਨੂੰ ਉਸਨੇ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਮਾਇਆ ਮੋਹ ਹੈ, ਭਰਮ ਹੈ, ਅਗਿਆਨਤਾ ਹੈ ਜਿਸ ਕਰਕੇ ਸਾਡਾ ਸੰਗ ਵਿਕਾਰਾਂ ਨਾਲ ਬਣਿਆ ਰਹਿੰਦਾ ਹੈ ਤੇ ਅਸੀਂ ਪ੍ਰਮਾਤਮਾ ਦੀ ਸੱਚਾਈ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਉਸਦੀ ਸੱਚਾਈ ਦੀ ਸੋਝੀ ਕੇਵਲ ਚੌਥੇ ਪਦ ਵਿੱਚ ਪਹੁੰਚ ਕੇ ਪੈਂਦੀ ਹੈ ਤੇ ਉਸ ਤੋਂ ਪਹਿਲਾਂ ਅਸੀਂ ਅਗਿਆਨਤਾ ਦੇ ਕਾਰਨ ਮਾਇਆ ਮੋਹ ਤੇ ਵਿਕਾਰਾਂ ਵਿੱਚ ਰਹਿੰਦੇ ਹਾਂ। ਉਸ "**ਵਸਤੂ**" ਦੀ ਪ੍ਰਾਪਤੀ ਹੋਏ ਬਿਨ੍ਹਾਂ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੀ ਸੋਝੀ ਪਏ ਬਿਨ੍ਹਾਂ ਸਾਡੇ ਪੰਜੇ ਵਿਕਾਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਨੂੰ ਦੁਹੇਲੇ ਬਣਾ ਕੇ ਰੱਖਦੇ ਹਨ ਭਾਵ ਮਾੜੇ ਬਣਾ ਕੇ ਰੱਖਦੇ ਹਨ। ਉਸ ਦੀ ਸੋਝੀ ਪੈਣ ਤੇ ਹੀ ਸਾਡਾ ਇਨ੍ਹਾਂ ਪੰਜਾਂ ਤੋਂ ਛੁਟਕਾਰਾ ਹੁੰਦਾ ਹੈ। ਉਹ ਵਸਤੂ ਜਿਸ ਨੂੰ ਅਸੀਂ ਪ੍ਰਾਪਤ ਕਰਨਾ ਚਾਹੁੰਦੇ ਹਾਂ ਉਹ ਆਪ ਪ੍ਰਮਾਤਮਾ ਹੈ, ਸਹਜ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਸ ਵਿੱਚ ਆਪ "**ਅਗੋਚਰ**" ਹੈ, ਜਿਸ ਦਾ ਠਿਕਾਣਾ ਸਾਡੇ ਅੰਦਰ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ। ਸਾਨੂੰ ਸਾਰੇ ਵਿਚਾਰ ਮਨ ਦੇ ਵਿੱਚ ਹੀ ਮਿਲਦੇ ਹਨ ਜੋ ਕਿ ਉਸਦੇ ਆਪਣੇ ਹੱਥ ਵਿੱਚ ਹਨ। ਸਾਨੂੰ ਮਾੜੇ ਵਿਚਾਰ ਦੇ ਕੇ, ਮਾਇਆ ਮੋਹ ਵਿੱਚ ਰੱਖਕੇ ਔਗੁਣਾਂ ਵਿੱਚ

15/1545

ਪਾਈ ਰੱਖਦਾ ਹੈ ਤੇ ਮਨ ਦੇ ਵਿੱਚ ਹੀ ਸਾਨੂੰ ਸੱਚੀ ਸੋਝੀ ਪਾ ਕੇ, ਆਪਣਾ ਸਹੀ ਮਾਰਗ ਦਿਖਾ ਕੇ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ। ਸਭ ਕੁੱਝ ਸਾਡੇ ਮਨ ਦੇ ਗਿਆਨ ਦੇ ਵੱਸ ਹੈ ਕਿ ਸਾਨੂੰ ਗਿਆਨ ਕਿਹੋ ਜਿਹਾ ਮਿਲਦਾ ਹੈ। **(ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥ ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ॥੨॥)** ਸਾਨੂੰ ਹੁਣ ਇਹ ਸਮਝ ਹੈ ਕਿ ਪ੍ਰਮਾਤਮਾ ਦਾ ਗ੍ਰਿਹ ਕਿਸ ਨੂੰ ਕਿਹਾ ਹੈ ਜਿਵੇਂ ਕਿ ਉੱਪਰ ਸਾਨੂੰ ਇਹ ਸਮਝਾਇਆ ਹੈ ਕਿ ਅਸੀਂ ਇੱਕੋ ਗ੍ਰਿਹ ਵਿੱਚ ਵੱਸਦੇ ਹਾਂ ਭਾਵ ਇਸ "**ਮਨ**" ਨੂੰ ਗ੍ਰਿਹ ਕਿਹਾ ਗਿਆ ਹੈ ਜਿਵੇਂ ਕਿ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਪ੍ਰਮਾਤਮਾ ਦਾ ਟਿਕਾਣਾ, ਉਸਦਾ ਮਹੱਲ ਮਨ ਨੂੰ ਕਿਹਾ ਗਿਆ ਹੈ। ਜੇਕਰ ਸਾਨੂੰ ਗ੍ਰਿਹ ਦੀ ਸਮਝ ਲੱਗ ਗਈ ਹੈ ਤਾਂ ਫਿਰ ਸਾਨੂੰ ਇਹ ਵੀ ਸਮਝ ਲੱਗ ਜਾਵੇਗੀ ਕਿ ਉਸ ਗ੍ਰਿਹ ਦਾ ਤਾਲਾ ਕੀ ਹੈ ਤੇ ਉਸਨੂੰ ਖੋਲ੍ਹਣ ਦੀ ਕੁੰਜੀ ਕੀ ਹੈ ਜੋ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥"

ਉਪਰਲੀ ਪੰਗਤੀ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ।

"ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥

ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥੧॥

ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥"

ਸਾਡੇ ਤੇ ਪ੍ਰਮਾਤਮਾ ਵਿੱਚ ਕੇਵਲ ਇੱਕ ਪੜਦਾ ਹੈ ਜਿਸ ਨੂੰ ਕਿ ਹਉਮੈ ਦਾ ਪੜਦਾ ਕਿਹਾ ਹੈ ਤੇ ਇਸੇ ਪੜਦੇ ਕਰਕੇ ਅਸੀਂ ਮਾਇਆ ਮੋਹ ਵਿੱਚ ਹਾਂ, ਭਰਮ ਵਿੱਚ ਹਾਂ। ਇਹ ਹਉਮੈ ਦਾ ਪੜਦਾ, ਭਰਮ ਦਾ ਪੜਦਾ, ਅਗਿਆਨਤਾ ਦਾ ਪੜਦਾ ਹੀ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਸਾਡੀ ਇਹ ਅਵੱਸਥਾ ਹੀ, ਮਨ ਦੀ ਅਵੱਸਥਾ ਹੀ ਸਾਡੇ ਉੱਤੇ ਲੱਗਾ ਹੋਇਆ ਤਾਲਾ ਹੈ ਜਿਸ ਦੁਆਰਾ ਅਸੀਂ

15/1546

ਤ੍ਰੈਗੁਣਾਂ ਵਿੱਚ ਬੰਦ ਹਾਂ, ਤ੍ਰੈਗੁਣੀ ਬਣੇ ਹੋਏ "**ਪ੍ਰਮਾਤਮਾ ਦੇ ਬੰਦੀ**" ਹਾਂ ਜਿਸ ਦੁਆਰਾ ਪ੍ਰਮਾਤਮਾ ਨੇ ਸਾਰਿਆਂ ਨੂੰ ਬੰਧਨ ਵਿੱਚ ਰੱਖਿਆ ਹੋਇਆ ਹੈ। ਇਹ ਬੰਧਨ ਸਾਡੇ ਮਨ ਦੇ ਵਿਚਾਰਾਂ ਵਿੱਚ ਹੈ ਜੋ ਕਿ ਨਿਰਗੁਣ ਰੂਪ ਹੈ। ਇਹ ਤਾਲਾ ਵੀ ਨਿਰਗੁਣ ਰੂਪ ਹੈ ਤੇ ਇਹ ਖੁੱਲ੍ਹਦਾ ਵੀ ਨਿਰਗੁਣ ਰੂਪ ਕੂੰਜੀ ਦੇ ਨਾਲ ਹੀ ਹੈ ਤੇ ਖੁੱਲ੍ਹਣ ਤੋਂ ਬਾਅਦ ਜਿਸ ਵਸਤੂ ਦੀ ਪ੍ਰਾਪਤੀ ਹੁੰਦੀ ਹੈ ਉਹ ਵੀ ਨਿਰਗੁਣ ਸਰੂਪ ਹੀ ਹੈ। ਇਹ ਤਾਲਾ ਸਾਡੀ "ਹਉਮੈ" ਹੈ ਤੇ ਇਸ ਦੀ ਕੂੰਜੀ "ਨਾਮ" ਹੈ, ਗੁਰੂ ਹੈ, ਆਪ ਪ੍ਰਮਾਤਮਾ ਹੈ। ਉਹ ਆਪ ਹੀ ਕੂੰਜੀ ਹੈ ਤੇ ਆਪ ਹੀ ਆਪਣੀ ਕੂੰਜੀ ਦੁਆਰਾ ਤਾਲਾ ਖੋਲ੍ਹਣ ਵਾਲਾ ਹੈ। ਇਹ ਕੂੰਜੀ ਚੌਥਾ ਪਦ ਹੈ, ਸਹਜ ਦਾ ਪਦ ਹੈ, ਬ੍ਰਹਮ ਗਿਆਨ ਦਾ ਪਦ ਹੈ ਜੋ ਕਿ ਪ੍ਰਮਾਤਮਾ ਆਪ ਹੈ। ਇਹ ਸੱਚੇ ਗਿਆਨ ਦਾ ਪਦ ਹੈ। ਅਗਿਆਨਤਾ ਦੇ ਤਾਲੇ ਨੂੰ ਸੱਚੇ ਗਿਆਨ ਦੀ ਕੂੰਜੀ ਹੀ ਖੋਲ੍ਹਦੀ ਹੈ ਜਿਸ ਦੁਆਰਾ ਅਸੀਂ ਇਸ ਬੰਧਨ ਤੋਂ ਮੁਕਤੀ ਪਾਉਂਦੇ ਹਾਂ, ਮਾਇਆ ਮੋਹ ਦੇ, ਭਰਮ ਦੇ, ਅਗਿਆਨਤਾ ਦੇ, ਹਉਮੈ ਦੇ ਬੰਧਨ ਤੋਂ ਮੁਕਤੀ ਪਾਉਂਦੇ ਹਾਂ। ਜਦ ਤੱਕ ਅਸੀਂ ਬੰਧਨ ਵਿੱਚ ਹਾਂ ਤਦ ਤੱਕ ਅਸੀਂ "ਮੈਂ" ਹਾਂ ਤੇ ਬੰਧਨ ਖੁੱਲ੍ਹਣ ਤੋਂ ਬਾਅਦ ਅਸੀਂ "ਤੂੰ" ਹਾਂ। "ਮੈਂ" ਵੀ ਮਨ ਦੀ ਅਵੱਸਥਾ ਹੈ ਤੇ "ਤੂੰ" ਵੀ ਮਨ ਦੀ ਅਵੱਸਥਾ ਹੈ। ਦੋਨਾਂ ਦਾ ਸਰੂਪ ਨਿਰਗੁਣ ਹੀ ਹੈ। ਇਸ ਬੰਧਨ ਵਿੱਚੋਂ ਕਿਸੇ ਦੀ ਕੀ ਮਜ਼ਾਲ ਹੈ ਕਿ ਕੋਈ ਆਪਣੇ ਆਪ ਨਿਕਲ ਜਾਵੇ ਜਾਂ ਸਾਨੂੰ ਕੋਈ ਹੋਰ ਇਸ ਬੰਧਨ ਵਿੱਚੋਂ ਕੱਢ ਲਵੇ। ਅਸੀਂ ਜਿਸ ਦੇ ਗ੍ਰਿਹ ਵਿੱਚ ਵੱਸਦੇ ਹਾਂ, ਜਿਸ ਮਨ ਵਿੱਚ ਵੱਸਦੇ ਹਾਂ ਉਹ ਮਨ, ਉਹ ਗ੍ਰਿਹ ਪ੍ਰਮਾਤਮਾ ਦਾ ਆਪਣਾ ਹੈ ਤੇ ਜਿਸ ਦਾ ਇਹ ਗ੍ਰਿਹ ਹੈ ਉਸੇ ਨੇ ਹੀ ਇਹ ਤਾਲਾ ਮਾਰਿਆ ਹੋਇਆ ਹੈ। ਜੇਕਰ ਅਸੀਂ ਇਹ ਆਪਣਾ ਤਾਲਾ ਖੁੱਲ੍ਹਵਾਉਣਾ ਚਾਹੁੰਦੇ ਹਾਂ ਤਾਂ ਉਸਦੇ ਲਈ "**ਪ੍ਰਮਾਤਮਾ ਦਾ ਆਪਣਾ ਹੀ ਰੂਪ**" ਸਾਡੇ ਕੋਲ "**ਗੁਰਬਾਣੀ ਰੂਪ**" ਹੈ ਜਿਸ ਦੇ ਹੱਥ ਵਿੱਚ

15/1547

ਉਹ ਕੂੰਜੀ ਹੈ ਜਿਸ ਨਾਲ ਸਾਡਾ ਤਾਲਾ ਖੁੱਲ੍ਹ ਸਕਦਾ ਹੈ। ਗੁਰਬਾਣੀ ਕੋਲ ਜੋ ਕੂੰਜੀ ਹੈ ਉਹ "**ਸੱਚੇ ਗਿਆਨ ਦੀ ਕੂੰਜੀ ਹੈ**", ਉਸਦੀ "**ਸੱਚੀ ਮਤਿ ਦੀ ਕੂੰਜੀ**" ਹੈ ਕਿਉਂਕਿ ਗੁਰਬਾਣੀ ਆਪ ਚੌਥੇ ਪਦ ਵਿੱਚ ਹੈ, ਸਹਜ ਦੀ ਅਵੱਸਥਾ ਵਿੱਚ ਹੈ, ਬ੍ਰਹਮ ਗਿਆਨ ਦੀ ਅਵੱਸਥਾ ਵਿੱਚ ਹੈ। ਜਦ ਤੱਕ ਅਸੀਂ ਆਪਣੇ ਮਨ ਨੂੰ ਭਾਵ ਆਪਣੇ ਤ੍ਰੈਗੁਣੀ ਤਾਲੇ ਨੂੰ ਇਸ ਬ੍ਰਹਮ ਗਿਆਨ ਨਾਲ ਨਹੀਂ ਜੋੜਾਂਗੇ, ਉਸਦੀ ਸੱਚੀ ਮਤਿ ਨਾਲ ਨਹੀਂ ਜੋੜਾਂਗੇ ਤਦ ਤੱਕ ਇਹ ਤਾਲਾ ਕਿਵੇਂ ਖੁੱਲ੍ਹ ਸਕਦਾ ਹੈ। **"ਸਾਡਾ ਤਾਲਾ" "ਸਾਡੀ ਸੁਰਤਿ"** ਹੈ ਜੋ ਕਿ ਸਾਡੀ ਹਉਮੈ ਹੈ, ਸਾਡੀ ਅਗਿਆਨਤਾ ਹੈ, ਸਾਡੀ ਤ੍ਰੈਗੁਣੀ ਅਵੱਸਥਾ ਹੈ। ਇਸ ਨੂੰ **"ਖੋਲ੍ਹਣ ਦੀ ਕੂੰਜੀ" "ਗੁਰੂ ਦਾ ਸ਼ਬਦ ਹੈ" "ਉਸਦੀ ਸੱਚੀ ਮਤਿ ਹੈ", "ਸ਼ਬਦ ਦੀ ਸੋਝੀ ਹੈ"**। ਜਦ ਤੱਕ ਅਸੀਂ ਆਪਣੀ ਸੁਰਤਿ ਦੇ ਤਾਲੇ ਨੂੰ ਸ਼ਬਦ ਦੀ ਕੂੰਜੀ ਨਾਲ ਨਹੀਂ ਜੋੜਾਂਗੇ ਤਦ ਤੱਕ ਇਹ ਤਾਲਾ ਕਿਵੇਂ ਖੁੱਲ੍ਹ ਸਕਦਾ ਹੈ। ਸਾਡਾ ਸਾਰਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਤਾਲੇ ਨੂੰ ਉਸ ਸੱਚੀ ਕੂੰਜੀ ਨਾਲ ਜੋੜਨ ਦੀ ਕੋਸ਼ਿਸ਼ ਕਰੀਏ ਤੇ ਜੋੜਨਾ ਉਸਨੇ ਆਪਣੀ ਕ੍ਰਿਪਾ ਦੇ ਨਾਲ ਹੀ ਹੈ। ਅਸੀਂ ਹੋਰ ਉਪਾਵ ਬਥੇਰੇ ਕਰਦੇ ਹਾਂ, ਸਰੀਰਕ ਜਪ ਤਪ ਆਦਿ ਬਥੇਰੇ ਕਰਦੇ ਹਾਂ, ਸੁਰਤੀਆਂ ਸਮਾਧੀਆਂ ਆਦਿ ਬਥੇਰੀਆਂ ਲਗਾਉਂਦੇ ਹਾਂ ਪਰ ਇਹੋ ਜਿਹੀਆਂ ਜੁਗਤੀਆਂ ਦੁਆਰਾ ਉਸ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਸਾਡੇ ਉੱਤੇ ਲੱਗਾ ਹੋਇਆ ਤਾਲਾ ਨਹੀਂ ਖੁੱਲ੍ਹ ਸਕਦਾ। ਤਾਲਾ ਖੁਲ੍ਹਵਾਉਣ ਲਈ ਇੱਕੋ ਇੱਕ ਤਰੀਕਾ ਉਸ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ। ਗੁਰੂ ਦੀ ਭਾਵ ਗੁਰੂ ਦੀ ਮਤਿ ਦੀ ਸ਼ਰਨ ਵਿੱਚ ਆਉਣਾ ਹੈ। "**ਸ਼ਬਦ ਦੀ ਸੋਝੀ ਦੀ ਸ਼ਰਨ ਵਿੱਚ ਆਉਣਾ**" ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਤੇ ਤਾਂ ਹੀ ਸਾਡੇ ਬੰਧਨ ਕੱਟੇ ਜਾ

15/1548

ਸਕਦੇ ਹਨ। **(ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥੩॥)** ਸਾਡੇ ਬੰਧਨ ਕੱਟੇ ਜਾਣ ਦੀ ਅਵੱਸਥਾ ਕੀ ਹੈ ਇਹੀ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਤੇ ਨਾਲ ਹੀ ਇਹ ਵੀ ਸੋਝੀ ਪਾਈ ਹੋਈ ਹੈ ਕਿ ਸਾਡੇ ਅੰਦਰ ਸਾਧਸੰਗਤ ਦਾ ਹੋਣਾ ਕੀ ਹੈ, ਪ੍ਰਮਾਤਮਾ

ਨਾਲ ਲਿਵ ਲੱਗਣਾ ਕੀ ਹੈ।

“ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ॥

ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ॥੪॥”

ਉੱਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਸਾਧਸੰਗਤ ਕਿਸ ਦੀ ਹੁੰਦੀ ਹੈ। ਜੋ ਮਨੁੱਖ ਅਜੇ ਬੰਧਨ ਵਿੱਚ ਹੈ ਜਿਵੇਂ ਕਿ ਹਰ ਕੋਈ ਹੈ ਉਸਦੀ ਸਾਧਸੰਗਤ ਨਹੀਂ ਹੋਈ ਭਾਵ ਜਿਸ ਦੇ ਪ੍ਰਮਾਤਮਾ ਬੰਧਨ ਕੱਟਦਾ ਹੈ, ਜਿਸਦੇ ਮਨ ਦਾ ਤਾਲਾ ਖੋਲ੍ਹ ਦਿੰਦਾ ਹੈ ਭਾਵ ਜਿਸ ਨੂੰ ਆਪਣੇ ਦਰਸ਼ਨ ਦੇ ਦਿੰਦਾ ਹੈ ਉਸਦੀ ਹੀ ਸਾਧਸੰਗਤ ਹੁੰਦੀ ਹੈ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਸੰਗਤ ਹੁੰਦੀ ਹੈ, ਮਨ ਦੇ ਵਿੱਚ ਹੀ ਉਸਦੇ ਸੱਚੇ ਗਿਆਨ ਨਾਲ ਸੰਗਤ ਹੁੰਦੀ ਹੈ। ਮਨ ਦਾ ਬੰਧਨ ਟੁੱਟਣ ਦੇ ਨਾਲ ਹੀ ਸਾਡੀ ਪ੍ਰਮਾਤਮਾ ਦੇ ਨਾਲ ਲਿਵ ਲੱਗਦੀ ਹੈ, ਉਸਦੇ ਨਾਲ “**ਲਿਵ**” ਸਾਧਸੰਗਤ ਹੋਣ ਦੁਆਰਾ ਹੀ ਲੱਗਦੀ ਹੈ। **(ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ॥)** ਸਾਧਸੰਗਤ ਹੋਏ ਬਿਨ੍ਹਾਂ, ਬੰਧਨ ਕੱਟੇ ਜਾਣ ਬਿਨ੍ਹਾਂ ਉਸਦਾ ਪੰਚ ਨਹੀਂ ਬਣਿਆ ਜਾ ਸਕਦਾ। ਉਸਦੀ ਸੱਚੀ ਸੋਝੀ ਪਏ ਬਿਨਾਂ ਉਸਦਾ ਪੰਚ ਨਹੀਂ ਬਣਿਆ ਜਾ ਸਕਦਾ ਕਿਉਂਕਿ ਅਗਿਆਨਤਾ ਵਿੱਚ ਰਹਿੰਦੇ ਹੋਏ, ਭਰਮ ਮੋਹ ਵਿੱਚ ਰਹਿੰਦੇ ਹੋਏ ਵਿਕਾਰ ਸਾਡੇ ਅੰਦਰ ਬਣੇ ਹੀ ਰਹਿੰਦੇ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਸ਼ਬਦ ਵਿੱਚ ਹੀ ਸਮਝਿਆ ਹੈ ਕਿ ਉਸ ਪ੍ਰਮਾਤਮਾ ਦੇ ਸਾਡੇ

15/1549

ਅੰਦਰ ਵਸੇ ਬਿਨ੍ਹਾਂ, ਉਸਦੀ ਵਸਤ ਪ੍ਰਾਪਤ ਹੋਏ ਬਿਨ੍ਹਾਂ ਇਹ ਵਿਕਾਰ ਸਾਡੇ ਜੀਵਨ ਨੂੰ ਦੁਹੇਲਾ ਬਣਾਈ ਰੱਖਦੇ ਹਨ। ਵਿਕਾਰਾਂ ਦੇ ਰਹਿੰਦੇ ਹੋਏ ਅਸੀਂ ਉਸ ਪ੍ਰਮਾਤਮਾ ਦਾ ਮੰਗਲ ਨਹੀਂ ਗਾ ਸਕਦੇ ਭਾਵ ਉਸਦੇ ਸੱਚੇ ਗੁਣ ਨਹੀਂ ਗਾ ਸਕਦੇ ਭਾਵ ਵਿਕਾਰਾਂ ਦੇ ਰਹਿੰਦੇ ਹੋਏ ਅਸੀਂ ਸੱਚੀ ਸੁੱਚੀ ਕਰਨੀ ਨਹੀਂ ਕਰ ਸਕਦੇ, ਸੰਸਾਰ ਵਿੱਚ ਚੰਗੇ ਬਣਕੇ ਨਹੀਂ ਵਿਚਰ ਸਕਦੇ ਜੋ ਕਿ ਉਸਦਾ ਮੰਗਲ ਗਾਇਨ ਕਰਨਾ ਹੈ। ਉਸਦਾ ਮੰਗਲ ਉਸਦਾ ਪੰਚ ਬਣਕੇ ਹੀ ਹੁੰਦਾ ਹੈ। ਇਹ ਮਨ ਦੀ ਉਹ ਅਵੱਸਥਾ ਹੈ ਜੋ ਗੁਰੂ ਸਾਹਿਬਾਨ ਦੀ ਆਪਣੀ ਅਵੱਸਥਾ ਹੈ। ਇਸ ਅਵੱਸਥਾ ਵਿੱਚ ਪ੍ਰਮਾਤਮਾ ਦੇ ਨਾਲ ਭੇਦ ਮਿਟ ਜਾਂਦਾ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਕਿ ਗੁਰੂ ਸਾਹਿਬਾਨ ਦੀ, ਭਗਤਾਂ ਦੀ, ਗੁਰਬਾਣੀ ਦੀ ਅਵੱਸਥਾ ਹੈ। ਇਸੇ ਅਵੱਸਥਾ ਦੁਆਰਾ ਹੀ, ਪੰਚ ਬਣਨ ਦੀ ਅਵੱਸਥਾ ਦੁਆਰਾ ਹੀ ਉਸ ਦੀ ਸੱਚੀ ਸੋਝੀ ਉਸ ਦੇ ਕੋਲੋਂ ਮਨ ਦੇ ਵਿੱਚ ਹੀ ਮਿਲਦੀ ਹੈ। **(ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ॥੪॥)** ਪ੍ਰਮਾਤਮਾ ਦੇ ਨਾਲ ਸਾਡੀ ਮਿਲਣ ਦੀ ਵਿਧੀ ਕੀ ਹੈ, ਉਸ ਦੀ ਸਾਧ ਸੰਗਤ ਹੋਣ ਦੀ ਵਿਧੀ ਕੀ ਹੈ, ਇਸੇ ਗੱਲ ਨੂੰ ਹੀ ਅਸੀਂ ਉੱਪਰ ਸਮਝਿਆ ਹੈ ਜੋ ਕਿ ਇਸ ਸ਼ਬਦ ਦਾ ਮਨੋਰਥ ਹੈ ਜਿਵੇਂ ਕਿ ਅਸੀਂ ਸ਼ੁਰੂ ਵਿੱਚ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਸੀ ਕਿਉਂਕਿ ਸ਼ਬਦ ਦਾ ਸਾਰਾ ਸਾਰ ਰਹਾਉ ਵਾਲੀ ਪੰਗਤੀ ਦੇ ਨਾਲ ਜੁੜਿਆ ਹੁੰਦਾ ਹੈ। ਰਹਾਉ ਵਾਲੀ ਪੰਗਤੀ ਇਸ ਤਰ੍ਹਾਂ ਹੈ।

“ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ॥

ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ॥੧॥ਰਹਾਉ॥”

ਹੁਣ ਇਹ ਧਿਆਨ ਨਾਲ ਵਿਚਾਰੋ ਉੱਪਰ ਸਾਰੇ ਸ਼ਬਦ ਵਿੱਚ ਉਹ ਕਿਹੜੇ ਸੰਤ ਦੀ ਗੱਲ ਹੋਈ ਹੈ ਜਿਸ ਨੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣ ਦਾ ਮਾਰਗ ਦਿਖਾਇਆ ਹੈ। ਕੀ ਇੱਥੇ

15/1550

ਉੱਪਰ ਸ਼ਬਦ ਵਿੱਚ ਕਿਸੇ ਦੁਨਿਆਵੀ ਸੰਤ ਅਖਵਾਉਣ ਵਾਲੇ ਸੰਤ ਦੀ ਗੱਲ ਕੀਤੀ ਗਈ ਹੈ? ਸਾਰੀ ਗੱਲ ਸਤਿਗੁਰ ਦੀ ਕੀਤੀ ਹੋਈ ਹੈ, ਪ੍ਰਮਾਤਮਾ ਦੀ ਕੀਤੀ ਹੋਈ ਹੈ ਜੋ ਸਾਨੂੰ ਆਪਣੇ ਨਾਲ ਮਿਲਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਅਸੀਂ ਸਹਜ ਦੀ ਅਵੱਸਥਾ ਦੁਆਰਾ ਮਿਲਣਾ ਹੈ, ਚੌਥੇ ਪਦ ਦੀ ਪ੍ਰਾਪਤੀ ਦੁਆਰਾ ਮਿਲਣਾ ਹੈ ਜਿਸ ਵਿੱਚ ਸੁੱਖ ਦੀ ਪ੍ਰਾਪਤੀ ਹੈ। “**ਸਹਜ**” ਦਾ ਸੁਖਦਾਤਾ ਗੁਰੂ ਪ੍ਰਮਾਤਮਾ ਆਪ ਹੈ ਜੋ ਸਾਰੀ ਸ੍ਰਿਸ਼ਟੀ ਦਾ ਸੰਤ ਹੈ ਤੇ ਸਾਰੀ ਸ੍ਰਿਸ਼ਟੀ ਨੂੰ ਮਾਰਗ ਪਾਉਣ ਵਾਲਾ ਹੈ। ਸ਼ਬਦ ਦੇ ਆਖਰੀ ਪਦੇ ਵਿੱਚ ਸਾਨੂੰ ਇਹੀ ਸਮਝਾਇਆ ਹੈ ਕਿ ਪ੍ਰਮਾਤਮਾ ਉਸੇ ਤਰੀਕੇ ਨਾਲ ਮਿਲਦਾ ਹੈ ਜਿਵੇਂ ਕਿ ਸਾਨੂੰ ਸ਼ਬਦ ਦੇ ਬਾਕੀ ਪਦਿਆਂ ਰਾਹੀਂ ਸਮਝਾਇਆ ਹੈ।

“ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ॥

ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ॥੧॥ਰਹਾਉ ਦੂਜਾ॥੧॥੧੨੨॥”

ਸਾਨੂੰ ਪ੍ਰਮਾਤਮਾ ਦੇ ਸਹੀ ਮਾਰਗ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਕਿਉਂਕਿ ਸਹਜ ਦੀ ਅਵੱਸਥਾ ਹੀ ਸਾਨੂੰ ਭਰਮ ਵਿੱਚੋਂ ਕੱਢਦੀ ਹੈ, ਅਗਿਆਨਤਾ ਵਿੱਚੋਂ ਕੱਢਦੀ ਹੈ ਭਾਵ ਭਰਮ ਦੇ ਪੜਦੇ ਵਿੱਚੋਂ ਕੱਢਦੀ ਹੈ, ਹਉਮੈ ਦੇ ਪੜਦੇ ਵਿੱਚੋਂ ਕੱਢਦੀ ਹੈ ਜਿਸ ਦੇ ਰਹਿੰਦੇ ਸਾਨੂੰ ਆਪਣੇ ਅੰਦਰ ਬੈਠੇ ਹੋਏ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ। ਸਹਜ ਦੀ ਅਵੱਸਥਾ ਕੇਵਲ ਗੁਰੂ ਪ੍ਰਮਾਤਮਾ ਦੇ ਕੋਲ ਹੈ ਤੇ ਇਹੀ ਉਹ ਕੁੰਜੀ ਹੈ ਜੋ ਸਾਡਾ ਭਰਮ ਦਾ ਤਾਲਾ ਖੋਲ੍ਹਦੀ ਹੈ। ਉਹ ਸਾਡਾ ਭਰਮ ਇੱਕ ਖਿਨ ਵਿੱਚ ਕੱਢ ਸਕਦਾ ਹੈ, ਇੱਕ ਪਲ ਵਿੱਚ ਕੱਢ ਸਕਦਾ ਹੈ ਭਾਵ ਸਾਨੂੰ ਆਪਣੇ ਆਪ ਦੇ ਨਾਲ ਇੱਕ ਖਿਨ ਵਿੱਚ ਮੇਲ ਸਕਦਾ ਹੈ ਕਿਉਂਕਿ ਉਹ ਮਨ ਦੇ ਵਿੱਚ ਹੀ ਹੈ ਜੋ ਕਿ ਆਪਣੇ ਆਪ ਨੂੰ ਸਾਡੇ ਮਨ ਦੇ ਵਿਚਾਰਾਂ ਰਾਹੀਂ ਇੱਕ ਖਿਨ ਵਿੱਚ ਪ੍ਰਗਟ ਕਰ ਸਕਦਾ ਹੈ। ਉਹ ਮਨ ਵਿੱਚ ਆਪਣੀ ਹੋਂਦ

15/1551

ਦੀ ਸੋਝੀ ਇੱਕ ਖਿਨ ਵਿੱਚ ਪਾ ਦਿੰਦਾ ਹੈ। ਉਹ ਇੱਕ ਖਿਨ ਵਿੱਚ ਮਨੁੱਖ ਨੂੰ ਹੈਰਾਨ ਕਰ ਦਿੰਦਾ ਹੈ ਕਿ ਮੇਰੇ ਮਨ ਵਿੱਚ ਹੁਕਮ ਕਿਸਦਾ ਚੱਲਦਾ ਹੈ। ਉਹ ਚੋਜੀ ਹੈ ਤੇ ਆਪਣਾ ਚੋਜ ਇੱਕ ਖਿਨ ਵਿੱਚ ਵਰਤਾ ਸਕਦਾ ਹੈ। ਨਿਕਲਣਾ ਸਾਡੇ ਮਨ ਦਾ ਭਰਮ ਹੀ ਹੈ ਕਿ ਇਹ ਮਨ ਕਿਸ ਦਾ ਹੈ ਭਾਵ ਸਾਡਾ ਹੈ ਜਾਂ ਪ੍ਰਮਾਤਮਾ ਦਾ ਹੈ। ਇਸ ਭਰਮ ਦਾ ਨਿਕਲਣਾ ਹੀ ਸਾਡੀ ਹਉਮੈ ਦਾ ਨਿਕਲਣਾ ਹੈ, ਹਉਮੈ ਦਾ ਤਾਲਾ ਖੁੱਲ੍ਹਣਾ ਹੈ ਜਿਸ ਨਾਲ ਸਾਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਨਾ ਹੀ ਇਹ ਮਨ ਮੇਰਾ ਹੈ ਤੇ ਨਾ ਹੀ ਮੈਂ ਇਸ ਸਰੀਰ ਦਾ ਮਾਲਕ ਹਾਂ ਤੇ ਜਿਵੇਂ ਪ੍ਰਮਾਤਮਾ ਮੇਰੇ ਵਿੱਚ ਵਰਤ ਰਿਹਾ ਹੈ ਉਸੇ ਤਰ੍ਹਾਂ ਹੀ ਉਹ ਸਭ ਵਿੱਚ ਵਰਤ ਰਿਹਾ ਹੈ ਜੋ ਕਿ ਗਿਆਨ ਸਰੂਪ ਹੈ, ਸ਼ਬਦ ਸਰੂਪ ਹੈ ਜੋ ਕਿ ਉਸਦਾ ਸੱਚਾ ਰੂਪ ਹੈ। ਉਹ ਸਭ ਵਿੱਚ ਆਪਣੇ ਇਸੇ ਰੂਪ ਦੁਆਰਾ ਵਿਚਰ ਰਿਹਾ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ। ਸਾਡਾ ਮਨ ਗਿਆਨ ਰੂਪ ਹੈ, ਨਿਰਗੁਣ ਰੂਪ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ। ਉਸਦੇ ਸੱਚੇ ਗਿਆਨ ਦੁਆਰਾ ਹੀ, ਸਹਜ ਦੁਆਰਾ ਹੀ ਮਨੁੱਖ ਉਸਦੇ ਜੋਤਿ ਰੂਪ ਵਿੱਚ ਸਮਾਅ ਜਾਂਦਾ ਹੈ ਤੇ ਸਦਾ ਹੀ ਸਮਾਇਆ ਰਹਿੰਦਾ ਹੈ ਤੇ ਫਿਰ ਵਿਛੋੜਾ ਖ਼ਤਮ ਹੋ ਜਾਂਦਾ ਹੈ ਤੇ ਨਾਲ ਹੀ ਇਹ ਸੰਸਾਰ ਤੋਂ ਆਵਾਗਉਣ ਮੁੱਕ ਜਾਂਦਾ ਹੈ। ਜਦ ਤੱਕ ਅਸੀਂ ਬੰਧਨ ਵਿੱਚ ਹਾਂ ਤਦ ਤੱਕ ਅਸੀਂ ਆਵਾਗਉਣ ਵਿੱਚ ਹਾਂ। ਇਹ ਬੰਧਨ ਅਗਿਆਨਤਾ ਦਾ ਹੈ ਤੇ ਮੁਕਤੀ ਦਾ ਸਾਧਨ ਸੱਚਾ ਗਿਆਨ ਹੈ ਜੋ ਕਿ ਕੇਵਲ ਤੇ ਕੇਵਲ ਉਸਦੇ ਆਪਣੇ ਹੱਥ ਵੱਸ ਹੈ। **(ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ॥ ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ॥੧॥ਰਹਾਉ ਦੂਜਾ॥੧॥੧੨੨॥)।**

ਪ੍ਰਮਾਤਮਾ ਤਾਂ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਪਰ ਫਿਰ ਵੀ ਜਿਤਨੇ ਵੀ ਉਸਨੂੰ ਪਾਉਣ

15/1552

ਦੀਆਂ ਗੱਲਾਂ ਕਰਦੇ ਹਨ ਉਸਨੂੰ ਬਾਹਰੋਂ ਲੱਭਣ ਦੀਆਂ ਗੱਲਾਂ ਕਰਦੇ ਹਨ, ਕਿਸੇ ਸਰਗੁਣ ਰੂਪ ਦੀਆਂ ਗੱਲਾਂ ਕਰਦੇ ਹਨ, ਪ੍ਰਮਾਤਮਾ ਦੇ ਕਿਸੇ ਸਰਗੁਣ ਰੂਪ ਖੰਡ, ਮਹਿਲ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ। ਨਾ ਕਿਸੇ ਨੂੰ ਤਾਲੇ ਦੀ ਸਮਝ ਹੈ ਤੇ ਨਾ ਕਿਸੇ ਨੂੰ ਕੁੰਜੀ ਦੀ ਸਮਝ ਹੈ। ਭਰਮ ਦੇ ਬੰਧਨ ਵਿੱਚ ਰਹਿੰਦਿਆਂ ਹੋਇਆਂ ਅਸੀਂ ਭਰਮੀਆਂ ਹੋਈਆਂ ਗੱਲਾਂ ਹੀ ਕਰਦੇ ਹਾਂ ਕਿਉਂਕਿ ਸਾਨੂੰ ਭਰਮਾਉਣ ਵਾਲਾ ਹੋਰ ਕੋਈ ਨਹੀਂ ਉਹ ਆਪ ਹੀ ਹੈ ਜੋ ਸਭ ਦੇ ਅੰਦਰ ਬੈਠਾ ਰਾਜ ਕਰ ਰਿਹਾ ਹੈ। ਉਹ ਜਿਹੋ ਜਿਹੀ ਸੋਚ ਸਾਨੂੰ ਪਾਉਂਦਾ ਹੈ ਸਾਨੂੰ ਉਹੀ ਕੁੱਝ ਸੱਚ ਲੱਗਦਾ ਹੈ। ਇਸੇ ਲਈ ਉਸਨੂੰ ਜੋ ਪਾਉਣ ਦੀਆਂ ਗੱਲਾਂ ਕਰਦੇ ਹਨ ਉਹ ਵੱਖਰੀਆਂ-ਵੱਖਰੀਆਂ ਗੱਲਾਂ ਕਰਦੇ ਹਨ ਕਿਉਂਕਿ ਹਰ ਕੋਈ ਭਰਮ ਵਿੱਚ ਹੀ ਇਹੋ ਜਿਹੀਆਂ ਗੱਲਾਂ ਕਰਦਾ ਹੈ। ਮਨ ਦਾ ਇਹ ਪੜਦਾ ਖੁੱਲੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਮਨੁੱਖ ਆਪ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ ਕਿਉਂਕਿ ਹਰ ਕਿਸੇ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਉਹ ਨਿਰਗੁਣ ਰੂਪ ਹੈ, ਜੋਤਿ ਰੂਪ ਹੈ, ਗਿਆਨ ਰੂਪ ਹੈ ਜੋ ਆਪਣੇ ਇਸ ਰੂਪ ਦੁਆਰਾ ਸਭ ਵਿੱਚ ਸਮਾਇਆ ਹੋਇਆ ਹੈ।

ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਕਿ ਬੰਧਨ ਸਾਡਾ ਭਰਮ ਹੈ, ਸਹਸਾ ਹੈ, ਹਉਮੈ ਹੈ, ਸਾਡੇ ਮਨ ਦਾ ਪੜਦਾ ਹੈ, ਆਓ ਇਹੀ ਗੱਲ ਅਗਲੇ ਸ਼ਬਦ ਦੁਆਰਾ ਸਮਝੀਏ ਤੇ ਆਪਣੇ ਆਪ ਨੂੰ ਇਸ ਗੱਲ ਤੇ ਦ੍ਰਿੜ ਕਰੀਏ ਕਿ ਰੱਬ ਨੂੰ ਪਾਉਣ ਦੀ ਸੱਚਾਈ ਕੀ ਹੈ।

ਗਉੜੀ ਮਹਲਾ ੫ ॥

“ਐਸੋ ਪਰਚਉ ਪਾਇਓ ॥
ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥੧॥ ਰਹਾਉ ॥
ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥
ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ ॥੧॥
ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥
ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥
ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥
ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥
ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥”

(ਅੰਗ ੨੦੫)

15/1553

ਜੋ ਸ਼ਬਦ ਅਸੀਂ ਇਸ ਤੋਂ ਪਹਿਲੇ ਸਮਝਿਆ ਹੈ ਉਹੀ ਗੱਲ ਇੱਥੇ ਸਾਨੂੰ ਕੁਝ ਦੂਸਰੇ ਢੰਗ ਨਾਲ ਸਮਝਾਈ ਹੈ। ਮਕਸਦ ਦੋਨਾਂ ਸ਼ਬਦਾਂ ਦੇ ਉਚਾਰਨ ਦਾ ਇਹੀ ਹੈ ਕਿ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕਿਵੇਂ ਹੁੰਦਾ ਹੈ। ਪਿਛਲੇ ਸ਼ਬਦ ਰਾਹੀਂ ਇਹ ਕਹਿ ਕੇ ਸਮਝਾਇਆ ਸੀ **{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ॥}** ਹੁਣ ਉੱਪਰ ਵਾਲੇ ਸ਼ਬਦ ਵਿੱਚ ਉਹ ਗੱਲ ਨੂੰ ਇਸ ਤਰ੍ਹਾਂ ਕਹਿ ਕੇ ਸਮਝਾਇਆ ਹੈ।

“ਐਸੋ ਪਰਚਉ ਪਾਇਓ॥” ਭਾਵ ਮੈਨੂੰ ਇਸ ਤਰੀਕੇ ਨਾਲ ਪ੍ਰਮਾਤਮਾ ਦੀ ਸੋਝੀ ਪਈ, ਮੈਂ ਇਸ ਤਰੀਕੇ ਨਾਲ ਜਾਣਿਆ ਹੈ ਕਿ ਪ੍ਰਮਾਤਮਾ ਕੀ ਹੈ ਭਾਵ ਅੱਗੇ ਸਾਰੇ ਸ਼ਬਦ ਦੁਆਰਾ ਸਾਨੂੰ ਇਹੀ ਗੱਲ ਸਮਝਾਈ ਗਈ ਹੈ ਕਿ ਪ੍ਰਮਾਤਮਾ ਦਾ ਪਾਉਣਾ ਕੀ ਹੈ ਤੇ ਉਸ ਨੂੰ ਕਿਵੇਂ ਪਾਇਆ ਜਾਂਦਾ ਹੈ ਤੇ ਕਿਸ ਰੂਪ ਵਿੱਚ ਪਾਇਆ ਜਾਂਦਾ ਹੈ।

“ਐਸੋ ਪਰਚਉ ਪਾਇਓ ॥
ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥੧॥ ਰਹਾਉ ॥”

ਆਪਣੇ ਆਪ ਇਹ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ। ਪ੍ਰਮਾਤਮਾ ਆਪ ਹੀ ਸਾਡੇ ਨਾਲ ਆਪਣਾ ਪਰਚਾ ਪਾਉਂਦਾ ਹੈ ਭਾਵ ਉਹ ਆਪਣਾ ਪਰਿਚਯ (ਇੰਟਰੋਡਕਸ਼ਨ)ਆਪ ਹੀ ਕਰਾਉਂਦਾ ਹੈ ਕਿ ਮੈਂ ਕੀ ਹਾਂ। ਆਪਣੇ ਦਰਸ਼ਨ ਉਹ ਆਪ ਹੀ ਦਿੰਦਾ ਹੈ। ਉਸਦੇ ਦਰਸ਼ਨ ਤਾਂ ਮਨ ਦੇ ਵਿੱਚ ਹੀ ਹੁੰਦੇ ਹਨ ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਤੇ ਉਹੀ ਗੱਲ ਇਸ ਸ਼ਬਦ ਰਾਹੀਂ ਅਗਲੇ ਪਦਿਆਂ ਵਿੱਚ ਸਮਝਾਈ ਹੋਈ ਹੈ।

ਦੁਨੀਆਂ ਦੇ ਵਿੱਚ ਸਭ ਤੋਂ ਵੱਡੀ ਗੱਲ, ਹੈਰਾਨ ਕਰਨ ਵਾਲੀ ਗੱਲ ਇਹੀ ਹੈ ਕਿ ਪ੍ਰਮਾਤਮਾ ਹਕੀਕਤ ਵਿੱਚ ਸਾਡੇ ਮਨ ਦੇ ਵਿੱਚ ਹੀ ਹੈ। ਜਦੋਂ ਉਹ ਆਪਣਾ ਆਪ ਦਰਸਾਉਂਦਾ ਹੈ ਉਹ ਮਨ ਦੇ ਵਿੱਚ ਸੋਚ ਰਾਹੀਂ ਹੀ ਸਾਡੇ ਨਾਲ ਗੱਲਾਂ ਕਰਦਾ ਹੈ, ਆਪਣੇ ਆਪ ਦੀ ਸੋਝੀ ਪਾਉਂਦਾ ਹੈ ਕਿ ਉਹ ਕੀ ਹੈ।

15/1554

ਉਹ ਆਪਣੇ ਭਗਤਾਂ ਨਾਲ ਮਨ ਦੇ ਵਿੱਚ ਹੀ ਗੋਸ਼ਟੀ ਕਰਦਾ ਹੈ ਤੇ ਆਪਣਾ ਸੱਚਾ ਗਿਆਨ ਦਿੰਦਾ ਹੈ। ਪੂਰੀ ਗੁਰਬਾਣੀ ਉਸਦੀ ਭਗਤਾਂ ਦੇ ਨਾਲ ਗੋਸ਼ਟੀ ਦਾ ਹੀ ਨਤੀਜਾ ਹੈ ਜਿਸ ਦੁਆਰਾ ਉਸਨੇ ਆਪਣੇ ਆਪ ਨੂੰ ਗੁਰਬਾਣੀ ਰਾਹੀਂ ਸਦਾ ਹੀ ਪ੍ਰਗਟ ਕੀਤਾ ਹੋਇਆ ਹੈ। **(ਐਸੋ ਪਰਚਉ ਪਾਇਓ॥ ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ॥੧॥ਰਹਾਉ॥)** ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਕਿ ਉਹ ਆਪਣਾ ਆਪ ਕਿਸੇ ਨੂੰ ਜਾਣਾਏ

ਕਿ ਉਹ ਕੀ ਹੈ ਤੇ ਸਾਡੇ ਅੰਦਰ ਕਿਸ ਰੂਪ ਵਿੱਚ ਵੱਸਦਾ ਹੈ। ਵੈਸੇ ਤਾਂ ਗੁਰਬਾਣੀ ਸਾਨੂੰ ਵਾਰ ਵਾਰ ਇਹ ਗੱਲ ਸਮਝਾ ਰਹੀ ਹੈ ਕਿ ਘਟ-ਘਟ ਵਿੱਚ ਆਪ ਪ੍ਰਮਾਤਮਾ ਹੀ ਹੈ ਪਰ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ। ਵਿਸ਼ਵਾਸ ਮਨ ਦੇ ਵਿੱਚ ਉਸਦੇ ਦਰਸ਼ਨ ਕਰਕੇ ਹੀ ਆਉਂਦਾ ਹੈ ਕਿ ਸਭ ਕੁੱਝ ਉਹ ਆਪ ਹੀ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ॥”

ਮਨੁੱਖ ਲੱਖ ਯਤਨ ਕਰ ਲਵੇ ਪਰ ਉਸਦੇ ਆਪਣੇ ਵਿਸ਼ਵਾਸ ਦੁਆਏ ਬਿਨ੍ਹਾਂ ਕਿਸੇ ਨੂੰ ਵਿਸ਼ਵਾਸ ਨਹੀਂ ਆ ਸਕਦਾ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਇਹ ਕਹਿਣੀ ਤਾਂ ਬਹੁਤ ਸੌਖੀ ਹੈ ਕਿ

{ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥}

(ਅੰਗ ੪੮੫)

{ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥੧॥ਰਹਾਉ॥}

(ਅੰਗ ੯੯੯)

ਪਰ ਇਸ ਗੱਲ ਤੇ ਵਿਸ਼ਵਾਸ ਕਰਨਾ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਜਿਸ ਵਿੱਚ ਅਸੀਂ ਖੁਦ ਵੀ ਆਉਂਦੇ ਹਾਂ ਇਹ ਸਾਡੇ ਵੱਸ ਨਹੀਂ ਹੈ। ਆਪਣੇ ਹੋਣ ਦਾ ਵਿਸ਼ਵਾਸ ਕੇਵਲ ਉਹ ਆਪ ਹੀ

15/1555

ਦਿਵਾ ਸਕਦਾ ਹੈ। ਇਸ ਪੂਰਨ ਵਿਸ਼ਵਾਸ ਦੀ ਅਵੱਸਥਾ ਤੋਂ ਬਾਅਦ ਹੀ ਮਨੁੱਖ ਨੂੰ ਇਹ ਸਮਝ ਆਉਂਦੀ ਹੈ ਕਿ ਉਸ ਸੱਚੇ ਗੁਰੂ ਤੋਂ ਬਿਨ੍ਹਾਂ ਹੋਰ ਕੌਣ ਹੈ ਜੋ ਸਾਡੀ ਅਰਦਾਸ, ਬੇਨਤੀ ਸੁਣ ਸਕਦਾ ਹੈ। ਉਹ ਸਾਡੇ ਮਨ ਵਿੱਚ ਬੈਠਾ ਸਭ ਕੁੱਝ ਸੁਣ ਰਿਹਾ ਹੈ, ਸਭ ਕੁੱਝ ਜਾਣਦਾ ਹੈ, ਅੰਤਰਜਾਮੀ ਹੈ ਭਾਵ ਉਸਨੂੰ ਜਾਨਣ ਤੋਂ ਬਾਅਦ ਸਾਨੂੰ ਕਿਸੇ ਵੀ ਹੋਰ ਓਟ ਦੀ ਲੋੜ ਨਹੀਂ ਰਹਿੰਦੀ। ਉਸ ਨੂੰ ਜਾਨਣ ਤੋਂ ਪਹਿਲਾਂ ਮਨੁੱਖ ਅਨੇਕਾਂ ਦਰਾਂ ਤੇ ਫਿਰਦਾ ਹੈ ਪਰ ਉਸਨੂੰ ਜਾਨਣ ਤੋਂ ਬਾਅਦ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਦੇ ਵਿੱਚ ਉਹ ਆਪ ਹੀ ਹੈ ਤੇ ਉਸਦਾ ਸੱਚਾ ਰੂਪ ਕੇਵਲ ਗੁਰਬਾਣੀ ਹੈ ਜਿੱਥੋਂ ਸਾਨੂੰ ਸਭ ਕੁੱਝ ਮਿਲ ਸਕਦਾ ਹੈ। **(ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ॥)**

“ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ॥੧॥”

ਇਹ ਵਿਸ਼ਵਾਸ ਸਾਨੂੰ ਕਿਵੇਂ ਆਉਂਦਾ ਹੈ ਤੇ ਵਿਸ਼ਵਾਸ ਨਾ ਆਉਣ ਦਾ ਕਾਰਨ ਕੀ ਹੈ, ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿੰਨ੍ਹਾਂ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਨਾਲ ਹੀ ਸਾਨੂੰ ਇਹ ਸੋਝੀ ਪਾਈ ਹੋਈ ਹੈ ਕਿ ਸਾਡਾ ਬੰਧਨ ਕੀ ਹੈ, ਕਿਉਂਕਿ ਇਹ ਬੰਧਨ ਦੇ ਰਹਿੰਦੇ ਹੋਏ ਸਾਨੂੰ ਇਹ ਵਿਸ਼ਵਾਸ ਨਹੀਂ ਆ ਸਕਦਾ ਭਾਵ ਪੂਰਨ ਭਰੋਸਾ ਨਹੀਂ ਆ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਅਸੀਂ ਵੀ ਉਸੇ ਦਾ ਹੀ ਹਿੱਸਾ ਹਾਂ ਜਿਸਦੀ ਕਿ ਸਾਨੂੰ ਸਮਝ ਨਹੀਂ ਹੈ।

“ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ॥”

ਪ੍ਰਮਾਤਮਾ ਨਾਲੋਂ ਸਾਡੇ ਵਿਛੋੜੇ ਦਾ ਮੂਲ ਸਾਡੀ ਸਹਸਾ ਹੈ, ਭਰਮ ਹੈ, ਦੁਚਿੱਤੀ ਹੈ, ਅਗਿਆਨਤਾ ਹੈ ਜੋ ਕਿ ਸਾਡਾ ਬੰਧਨ ਦੱਸਿਆ ਹੈ। ਇਹ ਸਹਿਸਾ ਹੀ

15/1556

ਉਹ ਤਾਲਾ ਹੈ ਜਿਸ ਕਰਕੇ ਅਸੀਂ ਬੰਧਨ ਵਿੱਚ ਹਾਂ। ਜਦ ਤੱਕ ਪ੍ਰਮਾਤਮਾ ਸਾਨੂੰ ਇਸ ਸਹਿਸਾ ਵਿੱਚੋਂ ਨਹੀਂ ਕੱਢਦਾ ਤਦ ਤੱਕ ਸਾਡਾ ਬੰਧਨ ਨਹੀਂ ਟੁੱਟਦਾ ਭਾਵ ਅਸੀਂ ਇਸ ਬੰਧਨ ਤੋਂ ਮੁਕਤ ਨਹੀਂ ਹੁੰਦੇ। ਮੁਕਤ ਤਾਂ ਅਸਲ ਵਿੱਚ ਸਹਸਾ ਤੋਂ ਹੀ ਹੋਣਾ ਹੈ ਜੋ ਕਿ ਕਿਸੇ ਦੇ ਵੀ ਵੱਸ ਨਹੀਂ ਹੈ, ਜੋ ਕਿ ਗੁਰੂ ਪ੍ਰਮਾਤਮਾ ਆਪ ਹੀ ਤੋੜ ਸਕਦਾ ਹੈ। ਇਹ ਬੰਧਨ ਟੁੱਟਣ ਨਾਲ ਸਾਨੂੰ ਪ੍ਰਾਪਤੀ ਸਹਜ ਦੀ ਹੁੰਦੀ ਹੈ ਭਾਵ ਸਹਜ ਦੁਆਰਾ ਇਹ ਬੰਧਨ ਟੁੱਟਦੇ ਹਨ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। **(ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ**

ਪਾਇਓ॥) ਪ੍ਰਮਾਤਮਾ ਦੇ ਨਾਲ ਭੇਦ ਦਾ ਕਾਰਨ ਸਾਡੀ ਅਗਿਆਨਤਾ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਬਣੇ ਹੋਏ ਹਾਂ ਕਿਉਂਕਿ ਉਹ ਪ੍ਰਮਾਤਮਾ ਆਪ ਸਹਜ ਦੀ ਅਵੱਸਥਾ ਵਿੱਚ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਵਿੱਚ ਹੈ। ਸਹਸਾ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਇਹ ਕੇਵਲ ਚੌਥੇ ਪਦ ਦੇ ਗਿਆਨ ਦੁਆਰਾ ਦੂਰ ਹੋ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਸਹਸਾ ਦੇ ਦੂਰ ਹੋਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਉਹ ਸਾਨੂੰ ਕਿਵੇਂ ਚਲਾ ਰਿਹਾ ਹੈ। ਅਸੀਂ ਸਹਸਾ ਵਿੱਚੋਂ ਨਿਕਲਣ ਲਈ ਭਾਵੇਂ ਜਿਤਨੇ ਮਰਜ਼ੀ ਯਤਨ ਕਰ ਲਈਏ, ਜਿਤਨੇ ਮਰਜ਼ੀ ਸਰੀਰਕ ਜਪ ਤਪ ਕਰ ਲਈਏ, ਸਰੀਰਕ ਕਿਰਿਆਵਾਂ ਕਰ ਲਈਏ, ਜਿਤਨੇ ਮਰਜ਼ੀ ਸੰਜਮ ਆਦਿ ਕਰ ਲਈਏ ਪਰ ਉਸ ਦੁਆਰਾ ਸਾਡੀ ਸਹਸਾ ਕਦੇ ਨਹੀਂ ਜਾ ਸਕਦੀ। ਇਹ ਕੇਵਲ ਤੇ ਕੇਵਲ ਸਾਡੇ ਮਨ ਦੀ ਸੋਝੀ ਦਾ ਵਿਸ਼ਾ ਹੈ। ਇਹ ਕੇਵਲ ਤੇ ਕੇਵਲ "**ਗੁਰਪ੍ਰਸਾਦਿ**" ਹੈ ਭਾਵ ਉਸਦੀ ਆਪਣੀ ਕ੍ਰਿਪਾ ਹੈ ਕਿ ਸਾਡੇ ਅੰਦਰ ਸਹਜ ਉਪਜ ਜਾਵੇ, ਮਨ ਦੇ ਅੰਦਰ ਚੌਥੇ ਪਦ ਦਾ ਗਿਆਨ ਉਪਜ ਜਾਵੇ ਜੋ ਉਸਦੇ ਆਪਣੇ ਹੱਥ ਹੈ, ਜਿਸ ਦੁਆਰਾ ਸਾਡੀ ਸਹਸਾ ਦੂਰ ਹੋ ਸਕਦੀ ਹੈ ਭਾਵ ਅਸੀਂ ਬੰਧਨ ਮੁਕਤ ਹੋ ਸਕਦੇ ਹਾਂ। ਆਓ ਇਸ ਗੱਲ

15/1557

ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਭਰਮ ਵਿੱਚੋਂ ਨਿਕਲੀਏ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ।

"ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਊਪਜੈ ਇਹੁ ਸਹਸਾ ਇਵ ਜਾਇ॥੧੮॥"

(ਅੰਗ ੯੧੯)

ਸਾਡੇ ਜੀਵਨ ਦਾ ਮਕਸਦ ਇਸ ਸਹਸਾ ਵਿੱਚੋਂ ਨਿਕਲਣ ਦਾ ਹੈ ਜਿਸ ਦੀ ਕਿ ਅਸਲ ਵਿੱਚ ਸਾਨੂੰ ਸਮਝ ਨਹੀਂ ਹੈ, ਕਿਉਂਕਿ ਇਸ ਵਿੱਚੋਂ ਨਿਕਲੇ ਬਿਨ੍ਹਾਂ ਨਾ ਹੀ ਸਾਨੂੰ ਪ੍ਰਮਾਤਮਾ ਦੀ ਭਗਤੀ ਸਮਝ ਆਉਂਦੀ ਹੈ ਤੇ ਨਾ ਹੀ ਇਸ ਵਿੱਚੋਂ ਨਿਕਲੇ ਬਿਨ੍ਹਾਂ ਉਸਦੀ ਭਗਤੀ ਹੋ ਸਕਦੀ ਹੈ। ਸਾਡੇ ਇਸ ਮਨੋਰਥ ਦੀ ਪੂਰਤੀ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੋ ਸਕਦੀ ਹੈ। ਅਸੀਂ ਪ੍ਰਮਾਤਮਾ ਦੀ ਭਗਤੀ ਕਰਨਾ ਅਸਲ ਵਿੱਚ ਸਹਜ ਦੀ ਪ੍ਰਾਪਤੀ ਨੂੰ ਸਮਝਦੇ ਹੀ ਨਹੀਂ। "ਸਹਜ" ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਉਸਦਾ ਚੌਥੇ ਪਦ ਦਾ ਗਿਆਨ ਹੈ। ਸਾਡੇ ਅੰਦਰ ਇਹ ਸੱਚਾ ਗਿਆਨ ਵੱਸਣ ਦੁਆਰਾ ਹੀ ਸਾਡੀ ਸਹਸਾ ਦੂਰ ਹੋ ਸਕਦੀ ਹੈ। ਉਸਦਾ "**ਸੱਚਾ ਗਿਆਨ**" "**ਨਾਮ**" ਹੈ ਜੋ ਕਿ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ। "**ਸਹਸਾ**" ਸਾਡੀ "ਹਉਮੈ" ਹੈ। "**ਨਾਮ ਦਾ**" ਤੇ "**ਹਉਮੈ ਦਾ**" ਇਸੇ ਲਈ ਆਪਸ ਵਿੱਚ ਮੇਲ ਨਹੀਂ ਹੈ। "ਨਾਮ" ਸੱਚੇ ਗਿਆਨ ਨਾਲ ਭਰਿਆ ਹੋਇਆ ਹੈ ਤੇ "ਹਉਮੈ" ਅਗਿਆਨਤਾ ਨਾਲ ਭਰੀ ਹੋਈ ਹੈ। ਜੋ ਸਹਸਾ ਦਾ ਮਾਲਕ ਹੈ, ਉਹੀ ਨਾਮ ਦਾ ਮਾਲਕ ਹੈ। ਦੋਨਾਂ ਦਾ ਮੇਲ ਉਹ ਮਾਲਕ ਆਪ ਹੀ ਕਰਾ ਸਕਦਾ ਹੈ। ਅਸੀਂ ਅਗਿਆਨਤਾ ਵਿੱਚ ਰਹਿੰਦੇ ਹੋਏ ਉਸ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਕਰਮ ਕਰਦੇ ਹਾਂ, ਤੀਰਥਾਂ

15/1558

ਆਦਿ ਤੇ ਭਉਂਦੇ ਹਾਂ, ਵਣਾਂ ਵਿੱਚ ਫਿਰਦੇ ਹਾਂ, ਅਨੇਕਾਂ ਸਰੀਰਕ ਜਪ ਤਪ ਆਦਿ ਕਰਦੇ ਹਾਂ ਪਰ ਇਹੋ ਜਿਹੇ ਕਰਮਾਂ ਨਾਲ ਸਾਨੂੰ ਸਹਜ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ਤੇ ਅਸੀਂ ਦੁਚਿੱਤੀ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ। **(ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥)** ਅਸੀਂ ਅਨੇਕਾਂ ਸੰਜਮ ਆਦਿ ਵੀ ਕਰਦੇ ਹਾਂ, ਵਰਤ ਨੇਮ ਕਰਦੇ ਹਾਂ, ਚਲੀਹੇ ਸੁਖਦੇ ਹਾਂ, ਨੰਗੀ ਪੈਰੀ ਧਰਮ ਅਸਥਾਨਾਂ ਤੇ ਜਾਂਦੇ ਹਾਂ, ਆਪਣੇ ਖਾਣੇ ਆਦਿ ਵਿੱਚ ਸੁੱਚ ਵਰਤਦੇ ਹਾਂ। ਸਾਡੇ ਇਹੋ ਜਿਹੇ ਅਨੇਕਾਂ ਕਰਮ ਸਾਡੇ ਕਿਸੇ ਕੰਮ ਨਹੀਂ ਆਉਂਦੇ ਕਿਉਂਕਿ ਸਾਡਾ ਮਕਸਦ ਤਾਂ ਸੱਚੇ ਗਿਆਨ ਦੀ ਪ੍ਰਾਪਤੀ ਹੈ ਜੋ ਕਿ ਇਨ੍ਹਾਂ ਗੱਲਾਂ ਦੁਆਰਾ ਪੂਰਾ ਨਹੀਂ ਹੋ ਸਕਦਾ। **(ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥)**

ਸਹਸਾ ਵਿੱਚੋਂ ਨਿਕਲਣ ਲਈ ਪਹਿਲੇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਇਸ ਸਹਸਾ ਵਿੱਚ ਰਹਿੰਦਿਆਂ ਅਸੀਂ ਕਿਸ ਗੱਲੋਂ ਮਾੜੇ ਹਾਂ, ਇਸ ਸਹਸਾ ਦਾ ਸਾਡੇ ਜੀਵਨ ਉੱਤੇ ਮਾੜਾ ਅਸਰ ਕੀ ਹੈ ਤਾਂ ਜੋ ਅਸੀਂ ਉਸਦਾ ਹੱਲ ਕਰੀਏ। ਉਸਦਾ ਹੱਲ ਕਰਨਾ ਹੀ ਇਸ ਵਿੱਚੋਂ ਨਿਕਲਣ ਦਾ ਤਰੀਕਾ ਹੈ। ਸਹਸਾ ਨੇ ਸਾਡੇ ਮਨ ਨੂੰ ਮੈਲਾ ਕੀਤਾ ਹੋਇਆ ਹੈ, ਸਾਡੇ ਮਨ ਦੇ ਵਿੱਚ ਔਗੁਣਾਂ ਦੁਆਰਾ ਉਸਨੂੰ ਮੈਲਾ ਕੀਤਾ ਹੋਇਆ ਹੈ। ਜੇਕਰ ਅਸੀਂ ਇਸ ਗੱਲ ਨੂੰ ਸਮਝੀਏ ਕਿ ਅਸੀਂ ਆਪਣੇ ਮਨ ਦੀ ਮੈਲ ਨੂੰ ਹੀ ਧੋਣਾ ਹੈ ਤਾਂ ਫਿਰ ਅਸੀਂ ਇਸ ਗੱਲ ਨੂੰ ਵਿਚਾਰਾਂਗੇ ਕਿ ਅਸੀਂ ਕਿਹੋ ਜਿਹਾ ਸੰਜਮ ਕਰੀਏ ਜਿਸ ਨਾਲ ਸਾਡੇ ਮਨ ਦੀ ਮੈਲ ਧੁਪ ਜਾਵੇ। ਗੁਰੂ ਦੀ ਸਿੱਖਿਆ ਸਾਨੂੰ ਇਹ ਕੁੱਝ ਸਮਝਾਉਣ ਲਈ ਹੈ ਕਿ ਇਹ ਮਨ ਦੀ ਮੈਲ ਕਿਵੇਂ ਧੁਪਦੀ ਹੈ। **(ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥)** ਗੁਰੂ ਸਾਨੂੰ ਇਸ ਸਹਸਾ ਵਿੱਚੋਂ ਨਿਕਲਣ ਲਈ ਇਸ ਮਨ ਨੂੰ ਧੋਣ ਲਈ ਪ੍ਰੇਰਦਾ ਹੈ ਕਿਉਂਕਿ ਸਾਡੇ ਅੰਦਰ ਇਸ ਮੈਲ ਦਾ ਮੂਲ ਇਹ ਸਹਸਾ ਹੈ, ਅਗਿਆਨਤਾ

15/1559

ਹੈ ਜਿਸ ਕਰਕੇ ਸਾਨੂੰ ਆਪਣੇ ਚੰਗੇ ਮਾੜੇ ਦੀ ਸੋਝੀ ਨਹੀਂ ਪੈਂਦੀ। ਅਗਿਆਨਤਾ ਦਾ ਹੱਲ ਗੁਰੂ ਸਾਨੂੰ ਸੱਚਾ ਸੰਜਮ ਸਮਝਾਉਂਦਾ ਹੈ ਜਿਸ ਦੁਆਰਾ ਸਾਡੀ ਮੈਲ ਧੁਪ ਸਕਦੀ ਹੈ। ਸਾਡਾ ਉਹ ਸੱਚਾ ਸੰਜਮ ਕੀ ਹੋਣਾ ਚਾਹੀਦਾ ਹੈ, ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥”

ਸਾਡਾ ਸੱਚਾ ਸੰਜਮ ਇਸ ਮਨ ਨੂੰ ਧੋਣ ਦਾ ਹੈ ਜੋ ਕਿ ਸਾਡੀ ਅਗਿਆਨਤਾ ਦੇ ਕਾਰਨ ਮਲੀਨ ਹੈ, ਵਿਕਾਰਾਂ ਵਿੱਚ, ਮਾਇਆ ਮੋਹ ਵਿੱਚ ਮਲੀਨ ਹੈ। “**ਸ਼ਬਦ**” ਗੁਰੂ ਦਾ ਸੱਚਾ ਗਿਆਨ ਹੈ ਜੋ ਸਾਨੂੰ ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਨਿਕਲਣ ਲਈ ਪ੍ਰੇਰਦਾ ਹੈ। ਸਾਨੂੰ ਇਹ ਕੁੱਝ ਕਰਨਾ ਬਹੁਤ ਔਖਾ ਲੱਗਦਾ ਹੈ। ਸ਼ਬਦ ਦੇ ਨਾਲ ਅਸੀਂ ਤਾਂ ਹੀ ਲੱਗ ਸਕਦੇ ਹਾਂ, ਜੁੜ ਸਕਦੇ ਹਾਂ ਜੇਕਰ ਸ਼ਬਦ ਦੀ ਮਤਿ ਨਾਲ ਜੁੜੀਏ। ਜੇਕਰ ਮਤਿ ਨਾਲ ਜੁੜਾਂਗੇ ਤਾਂ ਫਿਰ ਅਸੀਂ ਇਸ ਮਨ ਨੂੰ ਧੋਣ ਦਾ ਉੱਦਮ ਕਰਾਂਗੇ ਭਾਵ ਵਿਕਾਰਾਂ ਵਿੱਚੋਂ ਨਿਕਲਣ ਦਾ ਉੱਦਮ ਕਰਾਂਗੇ, ਮਾੜੇ ਕੰਮ ਛੱਡਣ ਦਾ ਉੱਦਮ ਕਰਾਂਗੇ ਤੇ ਜੇਕਰ ਮੁੱਖੋਂ ਹੀ ਸ਼ਬਦ-ਸ਼ਬਦ ਬੋਲੀ ਜਾਵਾਂਗੇ ਤੇ ਉਸੇ ਨੂੰ ਹੀ ਆਪਣਾ ਸਭ ਕੁੱਝ ਸਮਝਾਂਗੇ ਤਾਂ ਫਿਰ ਇਹ ਮਨ ਮਲੀਨ ਹੀ ਰਹੇਗਾ ਤੇ ਕਦੇ ਧੁਪ ਨਹੀਂ ਸਕਦਾ। ਪ੍ਰਮਾਤਮਾ ਦੇ ਨਾਲ ਸਾਡਾ ਚਿੱਤ ਲੱਗਣਾ ਜਾਂ ਉਸਦੇ ਸ਼ਬਦ ਦੇ ਨਾਲ ਚਿੱਤ ਲੱਗਣਾ ਇੱਕੋ ਹੀ ਗੱਲ ਹੈ। ਸ਼ਬਦ ਦੀ ਸੋਝੀ ਦੇ ਨਾਲ ਚਿੱਤ ਲੱਗਣਾ ਪ੍ਰਮਾਤਮਾ ਦੇ ਨਾਲ ਚਿੱਤ ਲੱਗਣਾ ਹੈ ਕਿਉਂਕਿ ਉਹ ਪ੍ਰਮਾਤਮਾ ਸ਼ਬਦ ਦੀ ਸੋਝੀ ਦੇ ਵਿੱਚ ਹੈ ਨਾ ਕਿ ਸ਼ਬਦ ਦੇ ਸਰਗੁਣ ਰੂਪ ਵਿੱਚ, ਦਿਖਾਵੇ ਵਿੱਚ। ਜਦ ਤੱਕ ਸਾਡਾ ਮਨ ਮਲੀਨ ਹੈ ਤਦ ਤੱਕ ਸਾਡੇ ਅੰਦਰ ਸ਼ਬਦ ਦੀ ਸੋਝੀ ਨਹੀਂ ਹੈ ਭਾਵ ਤਦ

15/1560

ਤੱਕ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਚਿੱਤ ਨਹੀਂ ਹੈ ਤਦ ਤੱਕ ਸਾਡਾ ਚਿੱਤ ਮਾਇਆ ਮੋਹ ਦੇ ਨਾਲ ਹੈ, ਵਿਕਾਰਾਂ ਦੇ ਵਿੱਚ ਹੈ। **(ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥)** ਜਦ ਤੱਕ ਅਸੀਂ ਸਹੀ ਮਾਰਗ ਤੇ ਨਹੀਂ ਚਲਦੇ, ਸਹਸਾ ਵਿੱਚੋਂ ਨਿਕਲਣ ਦੇ ਮਾਰਗ ਤੇ ਨਹੀਂ ਚੱਲਦੇ, ਗੁਰੂ ਦੇ ਸਮਝਾਏ ਮਾਰਗ ਤੇ ਨਹੀਂ ਚੱਲਦੇ ਭਾਵ ਸੱਚਾ ਉੱਦਮ ਨਹੀਂ ਕਰਦੇ, ਸੱਚਾ ਸੰਜਮ ਨਹੀਂ ਕਰਦੇ ਤਦ ਤੱਕ ਉਸਦੀ ਕ੍ਰਿਪਾ ਵੀ ਸਾਡੇ ਤੇ ਕਿਵੇਂ ਹੋ ਸਕਦੀ ਹੈ ਭਾਵ ਜਿਸਨੇ ਸਾਡੇ ਤੇ ਕ੍ਰਿਪਾ ਕਰਨੀ ਹੈ ਜਦ ਤੱਕ ਅਸੀਂ ਉਸ ਦੀ ਗੱਲ ਹੀ ਨਹੀਂ ਮੰਨਦੇ ਤਾਂ ਫਿਰ ਉਹ ਕ੍ਰਿਪਾ ਕਿਵੇਂ ਹੋਵੇ। ਉਸਦੀ ਕ੍ਰਿਪਾ ਦਾ ਪਾਤਰ ਬਣਨ ਲਈ ਸਾਨੂੰ ਗੁਰਬਾਣੀ ਦੇ ਦੱਸੇ ਹੋਏ ਮਾਰਗ ਅਨੁਸਾਰ ਚੱਲਣ ਦੀ ਲੋੜ ਹੈ ਤਾਂ ਜੋ ਸਾਨੂੰ ਸਹਜ ਦੀ ਪ੍ਰਾਪਤੀ ਹੋ ਸਕੇ ਜਿਸ ਦੁਆਰਾ ਅਸੀਂ ਸਹਸਾ ਦੇ ਬੰਧਨ ਤੋਂ ਮੁਕਤ ਹੁੰਦੇ ਹਾਂ। **(ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥)**।

15/1561

ਇਹ ਸਹਸਾ ਦਾ, ਦੁਚਿੱਤੀ ਦਾ ਬੰਧਨ ਟੁੱਟਣ ਦੇ ਨਾਲ ਹੀ ਮਨੁੱਖ ਪ੍ਰਮਾਤਮਾ ਦੇ ਨਾਲ ਇੱਕ ਮਨ ਇੱਕ ਚਿੱਤ ਹੁੰਦਾ ਹੈ ਜੋ ਕਿ ਸਹਜ ਦੀ ਅਵੱਸਥਾ ਹੈ, ਮਨ ਦੇ ਸੰਤੋਖ ਦੀ ਅਵੱਸਥਾ ਹੈ। ਇਸ ਅਵੱਸਥਾ ਦੁਆਰਾ ਮਨੁੱਖ ਕਿਵੇਂ ਵਿਚਰਦਾ ਹੈ ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿਉਂਕਿ ਭਰਮ ਦਾ ਬੰਧਨ ਟੁੱਟਣ ਦਾ ਫ਼ਰਕ ਮਨ ਦੇ ਵਿੱਚ ਹੀ ਪੈਂਦਾ ਹੈ ਜੋ ਕਿ ਮਨੁੱਖ ਦੀ ਕਰਨੀ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ।

“ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ॥

ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ॥੨॥”

ਮਨ ਦਾ ਬੰਧਨ ਟੁੱਟਣ ਤੋਂ ਬਾਅਦ, ਮਨ ਦੀ ਅਗਿਆਂਨਤਾ ਨਿਕਲਣ ਤੋਂ ਬਾਅਦ ਪ੍ਰਮਾਤਮਾ ਦਾ ਅਸਲ ਰੂਪ ਸਮਝ ਆ ਜਾਂਦਾ ਹੈ ਕਿ ਉਹ ਸਾਡੇ ਅੰਦਰ ਤੇ ਸਭ ਦੇ ਅੰਦਰ ਕਿਸ ਰੂਪ ਵਿੱਚ ਵਿਚਰ ਰਿਹਾ ਹੈ। ਉਸਦਾ ਰੂਪ ਉਸਦਾ ਗਿਆਨ ਰੂਪ ਹੈ ਜਿਸ ਦੁਆਰਾ ਉਹ ਸਭ ਕੁੱਝ ਕਰਦਾ ਹੈ। ਉਹ ਜੋ ਕੁੱਝ ਵੀ ਕਰਵਾਉਣਾ ਚਾਹੁੰਦਾ ਹੈ, ਜਿਸ ਕੋਲੋਂ ਜੋ ਕੁੱਝ ਵੀ ਕਰਵਾਉਣਾ ਚਾਹੁੰਦਾ ਹੈ ਉਹੋ ਜਿਹਾ ਗਿਆਨ ਹੀ ਪਾਉਂਦਾ ਹੈ। ਉਸਦਾ ਗਿਆਨ ਹੀ ਉਸਦੀ ਲਿਖਤ ਹੈ, ਉਸਦਾ ਹੁਕਮ ਹੈ ਜਿਸਨੂੰ ਕੋਈ ਮੇਟ ਨਹੀਂ ਸਕਦਾ। ਸਾਡੇ ਅੰਦਰ ਉਸਦਾ ਲੇਖ ਸਾਡੇ ਮਨ ਦੇ ਵਿਚਾਰ ਹਨ ਜੋ ਕਿ ਉਸਦਾ ਹੁਕਮ ਹੈ ਜਿਸਨੂੰ ਕੋਈ ਮੇਟ ਨਹੀਂ ਸਕਦਾ। ਜਦੋਂ ਸਾਨੂੰ ਇਹ ਗੱਲ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਜੋ ਕੁੱਝ ਚਾਹੁੰਦਾ ਹੈ ਉਹ ਹੋ ਕੇ ਹੀ ਰਹਿਣਾ ਹੈ ਤੇ ਕਿਸੇ ਦੇ ਵੱਸ ਨਹੀਂ ਕਿ ਉਹ ਹੁਕਮ ਤੋਂ ਬਾਹਰ ਹੋ ਸਕੇ ਫਿਰ ਮਨੁੱਖ ਇਸ ਪੱਕੇ ਵਿਸ਼ਵਾਸ ਦੁਆਰਾ ਵਿਚਰਦਾ ਹੈ ਕਿ ਮੇਰੇ ਅੰਦਰ ਜੋ ਵੀ ਵਿਚਾਰ ਆ ਰਹੇ ਹਨ ਭਾਵ ਜਿੱਥੇ ਵਿਚਾਰ ਟਿਕ ਜਾਂਦੇ ਹਨ ਉਹ ਉਸ ਪ੍ਰਮਾਤਮਾ ਦੇ ਹੁਕਮ ਅਨੁਸਾਰ, ਉਸਦੀ ਇੱਛਾ ਅਨੁਸਾਰ ਹੀ ਟਿਕਦੇ ਹਨ। ਮਨ ਦੇ ਵਿਚਾਰਾਂ ਨੂੰ ਟਿਕਾਉਣਾ ਮਨੁੱਖ ਦੇ ਵੱਸ ਨਹੀਂ ਹੈ। ਅਸੀਂ ਉਸਦੇ ਅੱਗੇ ਕੁੱਝ ਨਹੀਂ ਕਰ ਸਕਦੇ। ਜਦੋਂ ਪ੍ਰਮਾਤਮਾ ਮਨ ਦੇ ਵਿਚਾਰਾਂ ਨੂੰ ਆਪਣੀ ਇੱਛਾ ਅਨੁਸਾਰ ਸੱਚ ਤੇ ਟਿਕਾ ਦਿੰਦਾ ਹੈ ਇਹੀ ਮਨ ਦਾ ਸੰਤੋਖ ਹੈ ਜੋ ਮਨੁੱਖ ਨੂੰ ਤ੍ਰਿਸ਼ਨਾ ਵਿੱਚੋਂ ਕੱਢਦਾ ਹੈ ਤੇ ਉਸਦਾ ਭਾਣਾ ਮਨਵਾਉਂਦਾ ਹੈ। ਜਿੱਥੇ ਉਹ ਪ੍ਰਗਟ ਹੁੰਦਾ ਹੈ ਉਹ ਮਨੁੱਖ ਨੂੰ ਆਪਣੇ ਭਾਣੇ ਅਨੁਸਾਰ ਆਪ ਹੀ ਚਲਾਉਂਦਾ ਹੈ। ਮਨੁੱਖ ਨੂੰ ਦੁੱਖ ਵਿੱਚ ਦੁੱਖ ਮਹਿਸੂਸ ਨਹੀਂ ਹੋਣ ਦਿੰਦਾ ਤੇ ਸੁੱਖ ਵਿੱਚ ਦੁੱਖ ਤੋਂ ਵੱਖਰਾ ਮਹਿਸੂਸ ਨਹੀਂ ਹੋਣ ਦਿੰਦਾ ਹੈ ਕਿਉਂਕਿ ਦੁੱਖ ਸੁੱਖ ਸਾਡੇ ਜੀਵਨ

15/1562

ਦੇ ਨਾਲ ਹੀ ਲੱਗੇ ਹੋਏ ਹਨ ਜੋ ਕਿ ਸਾਡੇ ਜੀਵਨ ਦਾ ਹਿੱਸਾ ਹਨ। ਇਹ ਮਨ ਦਾ ਟਿਕਾਅ ਹੈ ਜਿਸ ਦੁਆਰਾ ਇਹ ਸਮਝ ਲੱਗਦੀ ਹੈ ਕਿ ਇਹ ਜੀਵਨ ਇੱਕ ਖੇਡ ਹੈ ਤੇ ਹਰ ਕੋਈ ਉਸਦੀ ਬਣਾਈ ਹੋਈ ਖੇਡ ਦਾ ਇੱਕ ਹਿੱਸਾ ਹੈ ਤੇ ਜਿਸਨੂੰ ਉਸਨੇ ਜਿਹੋ ਜਿਹਾ ਖਿਡਾਉਣਾ ਹੈ ਉਸਨੂੰ ਖਿਡਾਈ ਜਾ ਰਿਹਾ ਹੈ। ਉਸਦੇ ਹਰ ਹੁਕਮ ਅੱਗੇ ਝੁਕਣਾ ਹੀ ਮਨੁੱਖ ਦੀ ਬਿਹਤਰੀ ਹੈ **(ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ॥੨॥)** ਸਾਡੀ ਸਹਸਾ ਦੂਰ ਹੋਣ ਨਾਲ, ਬੰਧਨ ਟੁੱਟਣ ਨਾਲ ਸਾਡੇ ਮਨ ਦੇ ਵਿੱਚੋਂ ਉਹ ਪੜਦਾ ਹੀ ਖੁੱਲ੍ਹਦਾ ਹੈ ਜੋ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਇਆ ਹੋਇਆ ਹੈ ਜੋ ਕਿ ਹਉਮੈ ਦਾ ਪੜਦਾ ਹੈ ਤੇ ਇਹ ਪੜਦਾ ਖੁੱਲ੍ਹਣ ਦੇ ਨਾਲ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਮਨ ਦੇ ਵਿੱਚ ਹੀ ਹੈ ਤੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

“ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ॥

ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ॥੩॥”

ਸਾਡਾ ਸਰੀਰ ਵੀ ਉਸ ਪ੍ਰਮਾਤਮਾ ਦਾ ਹੀ ਖੰਡ ਹੈ ਜੋ ਸਾਰੇ ਬ੍ਰਹਿਮੰਡ ਵਿੱਚ ਹੈ, ਸਭ ਜਗ੍ਹਾ ਹੈ।

{ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥}

(ਅੰਗ ੬੯੫)

ਹਰ ਟਿਕਾਣਾ ਪ੍ਰਮਾਤਮਾ ਦਾ ਹੀ ਹੈ ਤੇ ਸਾਡੇ ਅੰਦਰ ਉਸਦਾ ਟਿਕਾਣਾ ਸਾਡਾ ਮਨ ਹੈ ਜਿੱਥੋਂ ਉਸਨੂੰ ਦੇਖਿਆ ਜਾ ਸਕਦਾ ਹੈ ਜੋ ਕਿ ਉਹ ਆਪ ਹੀ ਦਿਖਾ ਸਕਦਾ ਹੈ ਭਾਵ ਆਪਣਾ ਆਪ ਮਨ ਦੇ ਵਿੱਚੋਂ ਉਹ ਆਪ ਹੀ ਦਿਖਾਉਂਦਾ ਹੈ। ਉਹ ਮਨ ਦਾ ਪਰਦਾ

ਹੀ ਖੋਲ੍ਹਦਾ ਹੈ, ਸਾਡੀ ਅਗਿਆਨਤਾ ਦਾ ਪੜਦਾ ਹੀ ਖੋਲ੍ਹਦਾ ਹੈ। ਮਨ ਦਾ ਪੜਦਾ ਖੋਲ੍ਹਣ ਵਾਲਾ ਉਸਦਾ "**ਸਹਜ ਰੂਪ**" ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ ਭਾਵ ਉਸਦਾ ਸਹਜ ਗਿਆਨ ਹੀ ਸਾਡੇ ਮਨ ਦੇ ਪੜਦੇ ਨੂੰ ਖੋਲ੍ਹਦਾ ਹੈ, ਸਾਡੇ ਬੰਧਨ ਨੂੰ ਤੋੜਦਾ ਹੈ। ਪ੍ਰਮਾਤਮਾ ਸਾਡੇ ਅੰਦਰ "**ਸਹਜ ਗਿਆਨ**" ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਵਿਚਰਦਾ ਹੈ। **(ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ॥)**

ਉੱਪਰ ਵਾਲੀ ਪੰਗਤੀ ਨੂੰ ਸਮਝਣਾ ਕੋਈ ਔਖੀ ਗੱਲ ਨਹੀਂ ਹੈ ਕਿ ਪ੍ਰਮਾਤਮਾ ਦੀ ਸੋਝੀ ਸਾਨੂੰ ਕਿਵੇਂ ਪੈਂਦੀ ਹੈ। ਸਮਝ ਉਹੀ ਸਕਦਾ ਹੈ ਜਿਸਦਾ ਪੜਦਾ ਖੁੱਲ੍ਹਿਆ ਹੋਇਆ ਹੋਵੇ। ਹੁਣ ਧਿਆਨ ਨਾਲ ਅਗਲੀ ਪੰਗਤੀ ਨੂੰ ਵਿਚਾਰੋ ਕਿ ਪ੍ਰਮਾਤਮਾ ਨੂੰ ਖੋਜਣ ਲਈ ਜੋ ਉਸਦਾ ਕੋਈ ਹੋਰ ਟਿਕਾਣਾ ਸਮਝਦੇ ਹਨ,

15/1563

ਉਸਦੇ ਕਿਸੇ ਸਰਗੁਣ ਰੂਪ, ਖੰਡ, ਸੱਚਖੰਡ ਦੀ ਗੱਲ ਕਰਦੇ ਹਨ ਉਹ ਕਿਤਨੇ ਭੁੱਲੇ ਹੋਏ ਹਨ।

"ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ॥੩॥"

ਪਹਿਲੇ ਤਾਂ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ **"ਨਉ ਨਿਧਿ ਨਾਮੁ ਨਿਧਾਨੁ"** ਕੀ ਹੈ ਜਿਸਦੀ ਹਰ ਕੋਈ ਪ੍ਰਾਪਤੀ ਕਰਨੀ ਚਾਹੁੰਦਾ ਹੈ। ਇਸਦੀ ਪ੍ਰਾਪਤੀ ਮਨ ਦਾ ਪੜਦਾ ਖੁੱਲ੍ਹਣ ਨਾਲ ਹੁੰਦੀ ਹੈ, ਸਹਜ ਦੀ ਅਵੱਸਥਾ ਦੁਆਰਾ ਹੁੰਦੀ ਹੈ, ਬੰਧਨ ਮੁਕਤ ਹੋ ਕੇ ਹੁੰਦੀ ਹੈ ਤੇ ਜਿਸ ਜਗ੍ਹਾ ਤੋਂ ਉਸਦੀ ਪ੍ਰਾਪਤੀ ਹੁੰਦੀ ਹੈ ਉਸਦਾ ਇੱਕੋ ਇੱਕ ਟਿਕਾਣਾ ਸਾਡਾ ਮਨ ਹੈ। ਇਸੇ ਲਈ ਨਾਲ ਹੀ ਸਾਨੂੰ ਸਮਝਾਇਆ ਹੈ ਕਿ ਪ੍ਰਮਾਤਮਾ ਤੇ ਸਾਡੇ ਮਨ ਦੇ ਵਿੱਚ ਹੀ ਹੈ ਤਾਂ ਫਿਰ ਅਸੀਂ ਬਾਹਰ ਉਸਨੂੰ ਕਿਸ ਲਈ ਤੇ ਕਿੱਥੋਂ ਖੋਜਦੇ ਹਾਂ ਭਾਵ ਉਸਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ ਤੇ ਬਾਹਰੋਂ ਉਸਨੂੰ ਖੋਜਣ ਦੀਆਂ ਗੱਲਾਂ ਉਹੀ ਕਰਦੇ ਹਨ ਜਿਨ੍ਹਾਂ ਦੇ ਮਨ ਦਾ ਪੜਦਾ ਨਹੀਂ ਖੁੱਲ੍ਹਿਆ ਭਾਵ ਜੋ ਅਗਿਆਨਤਾ ਵਿੱਚ ਹੀ ਹਨ। **"ਨਉ ਨਿਧਿ ਨਾਮੁ ਨਿਧਾਨੁ"** ਆਪ ਪ੍ਰਮਾਤਮਾ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮਗਿਆਨ ਦਾ ਰੂਪ ਹੈ, ਜਿਸਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੋ ਸਕਦੀ ਹੈ ਜਿੱਥੇ ਉਸਦਾ ਟਿਕਾਣਾ ਹੈ। **(ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ॥੩॥)**

ਮਨ ਦਾ ਪੜਦਾ ਖੁੱਲ੍ਹਣ ਨਾਲ ਜੋ ਸਾਡਾ ਭਰਮ ਨਿਕਲਦਾ ਹੈ, ਦੂਰ ਹੁੰਦਾ ਹੈ, ਸਾਡਾ ਉਹ ਭਰਮ ਕਿਸ ਰੂਪ ਵਿੱਚ ਦੂਰ ਹੁੰਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ॥

ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ॥੪॥੨॥੧੨੩॥"

ਸਾਡੇ ਮਨ ਦਾ ਜੋ ਸਭ ਤੋਂ ਵੱਡਾ ਭਰਮ ਹੈ ਉਹ ਇਹੀ ਹੈ ਜੋ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਭਾਵੇਂ ਸਾਨੂੰ ਇਹ ਗੱਲ ਬਾਣੀ ਭਾਵ ਪ੍ਰਮਾਤਮਾ ਆਪ ਹੀ ਵਾਰ-ਵਾਰ ਸਮਝਾ ਰਿਹਾ ਹੈ ਪਰ ਇਹ ਵੀ ਉਸਦਾ ਆਪਣਾ ਬਣਾਇਆ

15/1564

ਅਸੂਲ ਹੈ ਕਿ ਇਸਦਾ ਵਿਸ਼ਵਾਸ ਉਹ ਕਿਸੇ ਵਿਰਲੇ ਨੂੰ ਹੀ ਦਿਵਾਉਂਦਾ ਹੈ, ਕ੍ਰੋੜਾਂ ਅਰਬਾਂ ਵਿੱਚੋਂ ਕਿਸੇ ਨੂੰ ਦਿਵਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ ਦਿਵਾਇਆ ਹੈ ਜਿੰਨ੍ਹਾਂ ਨੇ ਗੁਰਬਾਣੀ ਨੂੰ ਉਚਾਰਿਆ ਹੈ। ਭਰਮ ਵਿੱਚ ਰਹਿੰਦੇ ਉਸਨੂੰ ਕੋਈ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕੀ ਹੈ ਭਾਵੇਂ ਉਹ ਸਾਡੇ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਸਭ ਵਿੱਚ ਇਸ ਤਰ੍ਹਾਂ ਵਸ ਰਿਹਾ ਹੈ ਜਿਵੇਂ ਕਿ ਸੋਨੇ ਤੋਂ ਸੋਨੇ ਦੇ ਗਹਿਣੇ ਬਣਦੇ ਹਨ। ਸੋਨਾ ਉਹ ਆਪ ਹੈ ਤੇ ਹਰ ਕੋਈ ਉਸਦਾ ਗਹਿਣਾ ਹੈ ਭਾਵ ਸੋਨੇ ਦਾ ਹੀ ਰੂਪ ਹੈ ਜਿਸਨੂੰ ਉਸਨੇ ਅਨੇਕਾਂ ਰੂਪਾਂ ਵਿੱਚ ਬਦਲਿਆ ਹੋਇਆ ਹੈ ਭਾਵ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ। **(ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ॥)**

ਮਨ ਦੇ ਵਿੱਚੋਂ ਪੜਦਾ ਖੋਲ੍ਹ ਕੇ ਮਨੁੱਖ ਦਾ ਇਹ ਭਰਮ ਹੀ ਉਹ ਦੂਰ ਕਰਦਾ ਹੈ ਤੇ ਸੋਝੀ ਪਾਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਭ ਤੋਂ ਪਹਿਲਾਂ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਮੈਂ ਕੀ ਹਾਂ ਤੇ ਇਹ ਮਨ ਕੀ ਹੈ ਭਾਵ ਮੇਰਾ

ਮਾਲਕ ਕੌਣ ਹੈ। ਮਨ ਦੀ ਸੋਝੀ ਨਾਲ ਹੀ ਇਹ ਸਮਝ ਪੈਂਦੀ ਹੈ ਕਿ "ਮੈਂ" ਝੂਠ ਹਾਂ ਤੇ "ਤੂੰ" ਸੱਚ ਹੈ, ਹਉਮੈ ਝੂਠ ਹੈ ਤੇ ਨਾਮ ਸੱਚ ਹੈ ਜਿਸ ਦੁਆਰਾ ਸਾਡੀ ਹਉਮੈ ਦੂਰ ਹੁੰਦੀ ਹੈ ਤੇ ਵਿਸ਼ਵਾਸ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹ ਵਿਸ਼ਵਾਸ ਮਨ ਦੇ ਵਿੱਚ ਪੜਦਾ ਖੋਲ੍ਹ ਕੇ, ਆਪਣਾ ਜ਼ੋਰ ਦਿਖਾ ਕੇ, ਮਨੁੱਖ ਨੂੰ ਕਠਪੁਤਲੀ ਬਣਾ ਕੇ ਦਿਵਾਉਂਦਾ ਹੈ ਜੋ ਕਿ ਦੁਨੀਆਂ ਵਿੱਚ ਸਭ ਤੋਂ ਵੱਡੀ ਹੈਰਾਨ ਕਰਨ ਵਾਲੀ ਗੱਲ ਹੈ। ਕਿਸੇ ਦੇ ਕਹਿਣ ਜਾਂ ਸਮਝਾਉਣ ਨਾਲ ਸਾਨੂੰ ਇਸ ਤੇ ਪੂਰਨ ਵਿਸ਼ਵਾਸ ਨਹੀਂ ਆ ਸਕਦਾ ਕਿ ਅਸਲ ਵਿੱਚ ਅਸੀਂ ਆਪ ਹੀ ਪ੍ਰਮਾਤਮਾ ਦਾ ਰੂਪ ਹਾਂ ਤੇ ਹਰ ਕੋਈ ਭੁਲੇਖੇ ਵਿੱਚ ਹੀ ਆਪਣੇ ਆਪ ਨੂੰ "ਮੈਂ" ਸਮਝਦਾ ਹੈ। ਹਰ ਕੋਈ "ਤੂੰ" ਹੁੰਦੇ ਹੋਏ ਵੀ ਆਪਣੇ ਆਪ ਨੂੰ "ਮੈਂ" ਸਮਝਦਾ ਹੈ। ਇਹ ਦੁਨੀਆਂ ਦਾ ਸਭ ਤੋਂ ਵੱਡਾ ਭਰਮ ਹੈ ਜਿਸਨੂੰ ਉਹ ਆਪ ਦੂਰ ਕਰੇ ਤੇ ਤਾਂ ਹੀ ਦੂਰ ਹੋ ਸਕਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸਦਾ ਇਹ ਭਰਮ ਹੀ ਕੱਢਦਾ ਹੈ ਕਿ ਸਭ ਕੁੱਝ

15/1565

ਪ੍ਰਮਾਤਮਾ ਆਪ ਹੈ। ਮਨ ਦੇ ਵਿੱਚ ਸਾਡਾ ਮੇਲ ਪ੍ਰਮਾਤਮਾ ਦੇ "ਤਤੁ" ਦੇ ਨਾਲ ਹੀ ਹੁੰਦਾ ਹੈ। ਪ੍ਰਮਾਤਮਾ ਗਿਆਨ ਦਾ "ਤਤੁ" ਹੈ। ਗਿਆਨ ਦਾ ਤੱਤ ਗਿਆਨ ਦੇ ਅੰਦਰ ਦੀ ਸੋਝੀ ਹੈ ਜਿਸ ਦੁਆਰਾ ਗਿਆਨ ਦਾ ਮਕਸਦ ਪੂਰਾ ਹੁੰਦਾ ਹੈ। ਮਨ ਦੇ ਵਿੱਚ ਇਸ ਗਿਆਨ ਦੇ "ਤਤੁ" ਦੁਆਰਾ ਹੀ ਮਨੁੱਖ ਦਾ ਭਰਮ ਦੂਰ ਹੁੰਦਾ ਹੈ। **(ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ॥੪॥੨॥੧੨੩॥)**

ਭਰਮ ਤਾਂ ਕੇਵਲ "ਮੈਂ" ਤੇ "ਤੂੰ" ਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ ਤੇ ਜਦ ਤੱਕ ਇਹ ਭਰਮ ਮਨ ਦੇ ਵਿੱਚ ਹੈ ਫਿਰ ਉਸਨੂੰ ਕਿਤੋਂ ਬਾਹਰੋਂ ਲੱਭਣ ਦੀਆਂ ਗੱਲਾਂ ਕਰਨੀਆਂ ਕਿਤਨੀਆਂ ਬੇਬੁਨਿਆਦ ਹਨ, ਗੁਰਬਾਣੀ ਦੇ ਉਲਟ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਜੇਕਰ ਕੋਈ ਇਹ ਕਹਿੰਦਾ ਹੈ ਕਿ ਮੈਂ ਰੱਬ ਨੂੰ ਮਿਲਿਆ ਹਾਂ, ਮੈਂ ਰੱਬ ਦੇ ਦਰਸ਼ਨ ਕੀਤੇ ਹਨ ਫਿਰ ਮੈਂ ਤੇ ਤੂੰ ਦਾ ਭੇਦ ਉੱਥੇ ਹੀ ਬਣਿਆ ਰਿਹਾ ਭਾਵ "ਮੈਂ" ਨੇ "ਤੂੰ" ਦੇ ਦਰਸ਼ਨ ਕੀਤੇ ਭਾਵ ਕਿਸੇ ਸਰਗੁਣ ਰੂਪ ਨੇ ਪ੍ਰਮਾਤਮਾ ਦੇ ਸਰਗੁਣ ਰੂਪ ਦੇ ਦਰਸ਼ਨ ਕੀਤੇ, ਕਿਸੇ ਦਿੱਸਣ ਵਾਲੇ ਰੂਪ ਦੇ ਦਰਸ਼ਨ ਕੀਤੇ। ਇਹ ਤਾਂ ਮੈਂ ਦਾ ਤੂੰ ਵਿੱਚ ਸਮਾਉਣ ਦਾ ਮਾਰਗ ਹੈ ਤੇ ਤੂੰ ਵਿੱਚ ਸਮਾਅ ਕੇ ਪਿੱਛੇ ਮੈਂ ਨਹੀਂ ਰਹਿ ਜਾਂਦੀ। ਜਦ ਤੱਕ ਸਾਡੇ ਅੰਦਰ ਮੈਂ ਬਣੀ ਹੋਈ ਹੈ ਤਦ ਤੱਕ ਮਨ ਦਾ ਪੜਦਾ ਉਸੇ ਤਰ੍ਹਾਂ ਹੀ ਬਣਿਆ ਹੋਇਆ ਹੈ ਜਿਵੇਂ ਕਿ ਉਹ ਸਭ ਪਾਸੇ ਬਣਿਆ ਹੋਇਆ ਹੈ। ਫਰਕ ਕੇਵਲ ਇਤਨਾ ਹੈ ਕਿ ਕੌਣ ਕਿਤਨੇ ਵੱਡੇ ਭਰਮ ਵਿੱਚ ਹੈ ਕਿਉਂਕਿ ਭਰਮ ਵਿੱਚ ਤਾਂ ਹਰ ਕੋਈ ਹੀ ਹੈ। ਸਾਡਾ ਸਭ ਤੋਂ ਵੱਡਾ ਭਰਮ ਤਾਂ ਪ੍ਰਮਾਤਮਾ ਨੂੰ ਕੋਈ ਸਰਗੁਣ ਸਰੂਪ ਸਮਝਣ ਦਾ ਹੈ। ਦੋ ਸਰਗੁਣ ਸਰੂਪ ਕਦੇ ਇੱਕ ਨਹੀਂ ਹੋ ਸਕਦੇ ਭਾਵ ਦੋ ਵੱਖਰੇ ਵੱਖਰੇ ਸਰੀਰਕ ਰੂਪ ਕਦੇ ਇੱਕ ਨਹੀਂ ਹੋ ਸਕਦੇ। ਉਸਦੇ ਨਾਲ ਇੱਕ ਕੇਵਲ ਨਿਰਗੁਣ ਰੂਪ ਵਿੱਚ ਹੋਇਆ ਜਾ ਸਕਦਾ ਹੈ ਕਿਉਂਕਿ ਉਹ ਹੈ ਹੀ ਨਿਰਗੁਣ ਸਰੂਪ ਜੋ ਕਿ ਪੰਜਾਂ ਤੱਤਾਂ ਤੋਂ ਹੀ ਬਾਹਰ ਹੈ। ਪੰਜਾਂ ਤੱਤਾਂ ਤੋਂ ਬਾਹਰ ਕੇਵਲ ਗਿਆਨ ਹੈ ਜੋ ਪੰਜਾਂ ਤੱਤਾਂ ਦਾ ਰਚਣ ਵਾਲਾ ਹੈ। ਅਸੀਂ ਉਸ ਰਚਣ ਵਾਲੇ ਦੇ ਨਾਲ ਇੱਕ ਹੋਣਾ ਹੈ, ਗਿਆਨ ਦੇ ਨਾਲ ਇੱਕ ਹੋਣਾ ਹੈ ਨਾ ਕਿ ਗਿਆਨ ਦੀ ਰਚਨਾ ਦੇ ਨਾਲ। ਗਿਆਨ ਦੀ ਰਚਨਾ ਸਭ ਸਰਗੁਣ ਸਰੂਪ ਹੈ ਤੇ ਉਸਦੇ ਹਰ ਸਰਗੁਣ ਸਰੂਪ ਵਿੱਚ ਉਸਨੇ ਆਪਣੇ ਆਪ ਨੂੰ ਆਪਣੇ ਗਿਆਨ ਸਰੂਪ ਦੁਆਰਾ ਟਿਕਾਇਆ ਹੋਇਆ ਹੈ। ਸਾਡੇ ਮਨੁੱਖੀ ਸਰਗੁਣ ਸਰੂਪ ਵਿੱਚ ਉਸਦਾ ਘਰ, ਉਸਦਾ ਟਿਕਾਣਾ ਸਾਡਾ ਮਨ ਹੈ ਜੋ ਕਿ ਨਿਰਗੁਣ ਸਰੂਪ ਹੈ। ਮਨ ਦੀ

15/1566

ਸੋਝੀ ਪਏ ਬਿਨ੍ਹਾਂ ਸਾਨੂੰ ਉਸ ਪ੍ਰਮਾਤਮਾ ਦੀ ਰੱਤੀ ਭਰ ਸੋਝੀ ਵੀ ਨਹੀਂ ਪੈ ਸਕਦੀ। ਮਨ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ।

ਜਦ ਤੱਕ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਗੁਰੂ ਤੋਂ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ, ਸਾਨੂੰ ਨਾਮ ਸਿਖਾਉਣ ਵਾਲੇ ਭਰਮ ਵਿੱਚ ਹੀ ਹਨ ਤਦ ਤੱਕ ਸਾਡਾ ਸੱਚੇ ਗੁਰੂ ਤੇ, ਗੁਰਬਾਣੀ ਤੇ ਪੂਰਾ ਵਿਸ਼ਵਾਸ ਨਹੀਂ ਬੱਝਦਾ। ਬਾਣੀ ਸਾਨੂੰ ਵਾਰ-ਵਾਰ ਸਮਝਾਉਂਦੀ ਹੈ ਕਿ ਪ੍ਰਮਾਤਮਾ ਦੇ ਨਾਲ ਸਾਨੂੰ ਕੇਵਲ ਗੁਰੂ ਮਿਲਾ ਸਕਦਾ ਹੈ ਪਰ ਫਿਰ ਵੀ ਅਸੀਂ ਗੁਰੂ ਨਾਲੋਂ ਜਿਆਦਾ ਵਿਸ਼ਵਾਸ ਉਨ੍ਹਾਂ ਤੇ ਰੱਖਿਆ ਹੋਇਆ ਹੈ ਜੋ ਗੁਰਬਾਣੀ ਦੀ ਗੱਲ ਤੇ ਪੂਰੇ ਨਹੀਂ ਉਤਰਦੇ। ਜਿੰਨ੍ਹਾਂ ਦੇ ਆਪਣੇ ਮਨ ਤੇ ਤਾਲਾ ਲੱਗਿਆ ਹੋਇਆ ਹੈ, ਉਹ ਦੂਸਰੇ ਦਾ ਤਾਲਾ ਕੀ ਖੋਲ੍ਹਣਗੇ। ਜਿਸ ਗੁਰੂ ਨੇ ਇਸ ਮਨ ਤੇ ਤਾਲਾ ਮਾਰਿਆ ਹੋਇਆ ਹੈ, ਇਸਨੂੰ ਖੋਲ੍ਹਣ ਦੀ ਕੁੰਜੀ ਵੀ ਉਸੇ ਦੇ ਕੋਲ ਹੀ ਹੈ। ਅਸੀਂ ਮਨ ਦਾ ਤਾਲਾ ਖੁੱਲ੍ਹਵਾਉਣ ਲਈ ਅਨੇਕਾਂ ਦਰਾਂ ਤੇ ਜਾਂਦੇ ਹਾਂ

ਜੋ ਸਾਡੀ ਬਹੁਤ ਵੱਡੀ ਅਗਿਆਨਤਾ ਹੈ। ਸਭ ਤੋਂ ਪਹਿਲਾਂ ਗੁਰੂ ਤੇ ਵਿਸ਼ਵਾਸ ਕਰਨਾ ਸਿੱਖੋ ਕਿ ਉਹੀ ਸਭ ਕੁੱਝ ਹੈ ਜੋ ਕਿ ਆਪ ਪ੍ਰਮਾਤਮਾ ਦਾ ਸੱਚਾ ਰੂਪ ਹੈ। ਆਓ ਇਹੀ ਗੱਲ ਹੇਠ ਦਿੱਤੇ ਸਲੋਕ ਦੁਆਰਾ ਸਮਝੀਏ ਤੇ ਦ੍ਰਿੜ ਕਰੀਏ ਕਿ ਸਿਵਾਏ ਗੁਰੂ ਦੇ ਹੋਰ ਕੋਈ ਵੀ ਸਾਨੂੰ ਪ੍ਰਮਾਤਮਾ ਦੇ ਨਾਲ ਨਹੀਂ ਮਿਲਾ ਸਕਦਾ।

ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ

ੴ ਸਤਿਗੁਰ ਪ੍ਰਸਾਦਿ॥

ਸਲੋਕ ਮਹਲਾ ੨॥

“ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥

ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥੧॥”

(ਅੰਗ ੧੨੩੭)

ਸਭ ਤੋਂ ਪਹਿਲਾਂ ਤੇ ਇਹ ਗੱਲ ਸਮਝ ਕੇ ਦ੍ਰਿੜ ਕਰੋ ਕਿ ਉਹ ਤਾਲਾ ਕੀ ਹੈ ਤੇ ਉਹ ਸਾਡੇ ਅੰਦਰ ਕਿੱਥੇ ਲੱਗਾ ਹੋਇਆ ਹੈ। “**ਨਿਵਲੁ**” ਸਾਡਾ ਤਾਲਾ ਹੈ, ਸਾਡੀ ਬੇੜੀ ਹੈ, ਪੈਰਾਂ ਦੀ ਬੇੜੀ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਾਨੂੰ ਬੰਧਨ ਵਿੱਚ ਰੱਖਿਆ ਹੋਇਆ ਹੈ। ਇਸ ਤਾਲੇ ਦਾ ਰੂਪ “**ਪਾਹੂ**” ਹੈ ਭਾਵ ਮਾਇਆ ਦੀ ਪਾਹ ਹੈ ਭਾਵ ਸਾਡੇ ਮਨ ਦਾ ਮਾਇਆ ਮੋਹ ਹੈ, ਅਗਿਆਨਤਾ ਹੈ, ਮਾਇਆ ਦੀ ਜੁਗਤਿ ਹੈ ਜੋ

15/1567

ਸਾਡੇ ਸਭ ਦੇ ਅੰਦਰ ਵਰਤਦੀ ਹੈ। ਸਾਡੇ ਮਨ ਨੂੰ ਕੋਠਾ ਕਿਹਾ ਹੈ ਜਿੱਥੇ ਅਸੀਂ ਰਹਿੰਦੇ ਹਾਂ ਜੋ ਕਿ ਸਾਡਾ ਘਰ ਹੈ ਤੇ ਸਾਡਾ ਤਨ ਕੇਵਲ ਉਸਨੂੰ ਢੱਕਣ ਲਈ ਹੈ। ਸਾਡੀ ਸਾਰੀ ਰਹਿਣੀ ਸਹਿਣੀ ਇਸ ਮਨ ਰੂਪ ਘਰ ਦੇ ਨਾਲ ਹੀ ਜੁੜੀ ਹੋਈ ਹੈ ਤੇ ਸਾਡਾ ਸਰਗੁਣ ਸਰੂਪ ਕੇਵਲ ਉਸਨੂੰ ਆਪਣੇ ਅੰਦਰ ਟਿਕਾਉਣ ਲਈ ਹੀ ਹੈ। ਮਨ ਨਿਰਗੁਣ ਰੂਪ ਹੈ ਤੇ ਤਨ ਸਰਗੁਣ ਰੂਪ ਹੈ।

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ

ਭਿੰਨ ਭਿੰਨ ਭਿੰਨ ਭਿਨ ਕਰੀਆ॥

ਵਿਚਿ ਮਨ ਕੋਟਵਰੀਆ॥ ਨਿਜ ਮੰਦਰਿ ਪਿਰੀਆ॥

ਤਹਾ ਆਨਦ ਕਰੀਆ॥ ਨਹ ਮਰੀਆ ਨਹ ਜਰੀਆ॥੧॥}

(ਅੰਗ ੭੪੬)

ਸਾਡੇ ਮਨ ਵਿੱਚ ਪ੍ਰਮਾਤਮਾ ਆਪ ਨਿਰਗੁਣ ਰੂਪ ਵਿੱਚ ਹੈ ਜੋ ਕਿ ਅਸਲ ਵਿੱਚ ਉਸਦਾ ਆਪਣਾ ਘਰ ਹੈ, ਨਿਜ ਘਰ ਹੈ। ਜਦ ਤੱਕ ਅਸੀਂ ਇਸ ਮਨ ਨੂੰ ਆਪਣਾ ਸਮਝਦੇ ਹਾਂ ਭਾਵ ਮਨ ਦੇ ਵਿਚਾਰਾਂ ਨੂੰ ਆਪਣਾ ਸਮਝਦੇ ਹਾਂ ਤਦ ਤੱਕ ਅਸੀਂ ਨਿਜ ਘਰ ਵਿੱਚ ਨਹੀਂ ਹਾਂ। ਨਿਜ ਘਰ ਵਿੱਚ ਅਸੀਂ ਉਦੋਂ ਹੀ ਪਹੁੰਚਾਂਗੇ ਜਦੋਂ ਇਹ ਸਮਝ ਲੱਗ ਜਾਵੇਗੀ ਕਿ ਇਸ ਮਨ ਦਾ ਅਸਲ ਮਾਲਕ ਕੌਣ ਹੈ, ਸਾਡੇ ਮਨ ਦੇ ਵਿਚਾਰਾਂ ਦਾ, ਮਨ ਦੇ ਗਿਆਨ ਦਾ ਮਾਲਕ ਕੌਣ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਸਾਨੂੰ ਇਹ ਸਮਝ ਨਹੀਂ ਲੱਗ ਸਕਦੀ ਕਿ ਇਹ ਤਾਲਾ ਮਾਰਨ ਵਾਲਾ ਕੌਣ ਹੈ। ਤਾਲਾ ਸਾਡੇ ਮਨ ਨੂੰ ਲੱਗਾ ਹੋਇਆ ਹੈ। ਮਨ ਨਿਰਗੁਣ ਸਰੂਪ ਹੈ ਤੇ ਉਸ ਵਿੱਚ ਤਾਲਾ ਵੀ ਨਿਰਗੁਣ ਸਰੂਪ ਹੈ। ਮਨ ਵਿੱਚ ਗਿਆਨ ਹੈ ਜਾਂ ਅਗਿਆਨ ਹੈ ਜੋ ਕਿ ਨਿਰਗੁਣ ਸਰੂਪ ਹੈ। ਮਨ ਦੇ ਵਿੱਚ ਹੀ ਤ੍ਰੈਗੁਣ ਹਨ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਮਨ ਦੇ ਵਿੱਚ ਹੀ ਸਹਜ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ। ਤਾਲਾ ਵੀ ਨਿਰਗੁਣ ਰੂਪ ਹੈ ਤੇ ਕੁੰਜੀ ਵੀ ਨਿਰਗੁਣ ਰੂਪ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ, ਅਗਿਆਨਤਾ ਵਿੱਚ ਹਾਂ, ਅਸੀਂ ਇਸ ਤਾਲੇ ਵਿੱਚ ਬੰਦੀ ਹਾਂ। **(ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥)**

ਇਹ ਤਾਲਾ ਸਾਡੇ ਮਨ ਨੂੰ ਲੱਗਾ ਹੋਇਆ ਹੈ ਭਾਵ ਬੰਧਨ ਸਾਡੇ ਮਨ ਦੇ ਵਿੱਚ ਹੈ ਜੋ ਕਿ ਅਸਲ ਵਿੱਚ

15/1568

ਪ੍ਰਮਾਤਮਾ ਦਾ ਆਪਣਾ ਘਰ ਹੈ ਤੇ ਇਸੇ ਲਈ ਕੁੰਜੀ ਉਸਦੇ ਆਪਣੇ ਕੋਲ ਹੈ ਜੋ ਸਦਾ ਹੀ ਸਾਡੇ ਮਨ ਦੇ ਵਿੱਚ ਹੈ।

“ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥੧॥”

ਜਿਸਨੂੰ ਪ੍ਰਮਾਤਮਾ ਨੂੰ ਪਾਉਣ ਦੀ ਲੋੜ ਹੈ, ਆਪਣਾ ਤਾਲਾ ਖੁਲਾਉਣ ਦੀ ਲੋੜ ਹੈ ਉਹ ਤਾਂ ਫਿਰ ਕੇਵਲ ਗੁਰੂ ਦੇ ਕੋਲ ਹੀ ਜਾਵੇਗਾ। ਜੋ ਮਾਇਆ ਮੋਹ ਵਿੱਚ ਫਸੇ ਹੋਏ ਹਨ, ਪ੍ਰਾਪਤੀਆਂ ਹੀ ਮਾਇਆ ਰੂਪ ਵਿੱਚ ਚਾਹੁੰਦੇ ਹਨ, ਪ੍ਰਮਾਤਮਾ ਦੀ ਦਾਤਿ ਹੀ ਮਾਇਆ ਰੂਪ ਵਿੱਚ ਸਮਝਦੇ ਹਨ ਉਹ ਫਿਰ ਉਸਦੇ ਮਾਇਆ ਰੂਪ ਟਿਕਾਣਿਆ ਤੇ ਹੀ ਜਾਂਦੇ ਹਨ ਤੇ ਆਪਣੇ ਮਨ ਵਿੱਚ ਲੱਗਿਆ ਹੋਇਆ ਤਾਲਾ ਹੋਰ ਮਜ਼ਬੂਤ ਕਰਵਾ ਕੇ ਆਉਂਦੇ ਹਨ। ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਹੈ ਜਿਸਦੀ ਕੁੰਜੀ ਸਤਿਗੁਰ ਦਾ ਸੱਚਾ ਗਿਆਨ ਹੈ ਜੋ ਕਿ ਕੇਵਲ ਸੱਚੇ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ। ਕਿਸੇ ਵੀ ਹੋਰ ਕੋਲ ਇਹ ਕੁੰਜੀ ਨਹੀਂ ਹੈ ਪਰ ਜੇਕਰ ਅਸੀਂ ਇਹ ਸਮਝਦੇ ਹਾਂ ਕਿ ਕਿਸੇ ਹੋਰ ਕੋਲ ਕੋਈ ਕੁੰਜੀ ਹੈ ਤਾਂ ਫਿਰ ਇਸ ਤੋਂ ਵੱਡੀ ਅਗਿਆਨਤਾ ਕੀ ਹੋ ਸਕਦੀ ਹੈ। ਜੋ ਪ੍ਰਮਾਤਮਾ ਨੂੰ ਖੁਦ ਕੋਈ ਸਰਗੁਣ ਸਰੂਪ ਸਮਝਦੇ ਹਨ, ਉਸਦੇ ਸਰਗੁਣ ਸਰੂਪ ਮਹਿਲ ਸਮਝਦੇ ਹਨ ਉਹ ਕੀ ਸਮਝਣ ਕਿ ਇਹ ਤਾਲਾ ਕੀ ਹੈ ਤੇ ਇਸਦੀ ਕੁੰਜੀ ਕੀ ਹੈ। **(ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥੧॥)**

“**ਤਾਕੁ**” ਸਾਡੇ ਮਨ ਦੀ ਖਿੜਕੀ ਹੈ, ਮਨ ਦਾ ਦਰਵਾਜ਼ਾ ਹੈ ਜਿਸ ਉੱਤੇ ਪ੍ਰਮਾਤਮਾ ਨੇ ਮਾਇਆ ਮੋਹ ਰੂਪ ਅਗਿਆਨਤਾ ਦਾ ਤਾਲਾ ਲਾਇਆ ਹੋਇਆ ਹੈ ਜੋ ਕਿ ਕੇਵਲ ਤੇ ਕੇਵਲ ਉਹ ਆਪ ਹੀ ਖੋਲ੍ਹ ਸਕਦਾ ਹੈ। ਜਿੱਥੇ ਪ੍ਰਮਾਤਮਾ ਆਪਣੀ ਸਾਧਸੰਗਤਿ ਬਖ਼ਸ਼ਦਾ ਹੈ, ਆਪਣਾ ਮੇਲ ਬਖ਼ਸ਼ਦਾ ਹੈ, ਉਹ ਆਪਣਾ ਮਾਇਆ ਮੋਹ ਦਾ ਬੰਧਨ ਤੋੜ ਕੇ ਹੀ ਇਹ ਕ੍ਰਿਪਾ ਕਰਦਾ ਹੈ ਭਾਵ ਉਸਦੀ ਸਾਧਸੰਗਤਿ ਦੁਆਰਾ ਮਨੁੱਖ ਇਸ ਮਾਇਆ ਤੋਂ ਤਰਦਾ ਹੈ, ਭਵਸਾਗਰ ਤੋਂ ਤਰਦਾ ਹੈ, ਬਿਖਮ ਸਾਗਰ ਤੋਂ ਪਾਰ ਪਾਉਂਦਾ ਹੈ। ਇਹ ਮਾਇਆ ਦਾ ਸਾਗਰ ਵੀ ਮਨ ਦੇ ਵਿੱਚ ਹੈ ਭਾਵ ਮਨ ਦੇ ਵਿਚਾਰ ਹਨ ਤੇ ਇਸਨੂੰ ਤਾਰਨ ਵਾਲੇ ਵਿਚਾਰ ਮਨ ਦੇ

15/1569

ਸੱਚੇ ਵਿਚਾਰ ਹਨ, ਗੁਰਮਤਿ ਦੀ ਸੋਝੀ ਵਾਲੇ ਵਿਚਾਰ ਹਨ ਤੇ ਇਹ ਸੱਚੇ ਵਿਚਾਰਾਂ ਦੀ ਸੰਗਤਿ, ਗੁਰੂ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦੇ ਨਾਲ ਸੰਗਤਿ ਹੀ ਸਾਡੀ ਸਾਧਸੰਗਤਿ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਰਾਗੁ ਗਉੜੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

“ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥੧॥
ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥
ਬੁਰਾ ਭਲਾ ਨਹੀ ਸੁਝੀ ਹੇ ॥੨॥
ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥
ਮਨ ਬਿਖੈ ਹੀ ਮਹਿ ਲੁਝੀ ਹੇ ॥੩॥
ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥
ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥”

(ਅੰਗ ੨੧੩)

ਭਾਵੇਂ ਸਾਡੇ ਅੰਦਰ ਧਨ ਦਾ ਮੋਹ ਹੈ, ਭਾਵੇਂ ਪਰ ਨਾਰੀ ਦਾ ਮੋਹ ਹੈ, ਇਹ ਸਭ ਕੁਝ ਮਾਇਆ ਮੋਹ ਹੈ, ਸਾਡੀ ਤ੍ਰਿਸ਼ਨਾ ਹੈ ਜੋ ਕਿ ਕਦੇ ਰੱਜਦੀ ਹੀ ਨਹੀਂ ਬਲਕਿ ਵੱਧਦੀ ਹੀ ਜਾਂਦੀ ਹੈ। ਇਸੇ ਨੂੰ ਸਾਡਾ ਬੰਧਨ ਦੱਸਿਆ ਹੈ ਜੋ ਕਿ ਸਾਡੇ ਅੰਦਰ ਅਨੇਕਾਂ ਪ੍ਰਕਾਰ ਵਿੱਚ ਵਰਤਦਾ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ, ਭਰਮ ਵਿੱਚ ਹਾਂ, ਇਹ ਭਰਮ ਸਾਡੇ ਵਿੱਚ ਉਸਦਾ

ਆਪਣਾ ਹੀ ਪਾਇਆ ਹੋਇਆ ਹੈ, ਉਸਨੇ ਆਪ ਸਾਨੂੰ ਭਰਮਾਇਆ ਹੋਇਆ ਹੈ। **(ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ)** ਸਾਡੇ ਅੰਦਰ ਇਸ ਭਰਮ ਦਾ, ਮਾਇਆ ਮੋਹ ਦਾ, ਤ੍ਰਿਸ਼ਨਾ ਦਾ ਕਾਰਨ ਕੀ ਹੈ, ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ,

"ਗੁਣ ਨਿਧਿ ਨਹੀ ਗਾਇਆ ॥"

ਗੁਣ ਨਿਧਿ ਗੁਰਬਾਣੀ ਹੈ ਜੋ ਗੁਣਾਂ ਦਾ ਖਜ਼ਾਨਾ ਹੈ। ਗੁਣ ਨਿਧਿ ਗੁਰੂ ਦੀ ਸੱਚੀ ਮਤਿ ਹੈ ਜਿਸ ਦੁਆਰਾ ਸਾਡੀ ਮਾਇਆ ਮੋਹ ਨਿਕਲ ਸਕਦੀ ਹੈ ਪਰ ਉਹ ਤਾਂ ਹੀ ਨਿਕਲਦੀ ਹੈ ਜੇਕਰ ਗੁਣਨਿਧਿ ਸਾਡੇ ਅੰਦਰ ਵੱਸ ਜਾਵੇ। ਅਸੀਂ ਉਸੇ ਦੇ ਗੁਣ ਗਾਉਂਦੇ ਹਾਂ ਜਿਸਦੀ ਅਸੀਂ ਪ੍ਰਾਪਤੀ ਕਰਨਾ ਚਾਹੁੰਦੇ ਹਾਂ। ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ ਅਸੀਂ ਮਾਇਆ ਦੇ ਗੁਣ ਗਾਉਂਦੇ ਹਾਂ ਕਿਉਂਕਿ ਸਾਡੇ ਅੰਦਰ ਮਾਇਆ ਵਸੀ ਹੋਈ ਹੈ ਤੇ ਜਦੋਂ ਸਾਡੇ ਅੰਦਰ ਗੁਰਮਤਿ ਵਸ ਜਾਵੇਗੀ ਉਹ ਸਾਨੂੰ ਮਾਇਆ ਮੋਹ ਵਿੱਚੋਂ ਕੱਢ ਦੇਵੇਗੀ। ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ ਤਦ ਤੱਕ ਸਾਡੇ ਅੰਦਰ ਬਿਖ ਹੈ ਭਾਵ ਅੰਮ੍ਰਿਤ ਨਹੀਂ ਹੈ। "ਅੰਮ੍ਰਿਤੁ" ਗੁਰਮਤਿ ਹੈ, ਨਾਮ ਹੈ ਜਿਸਦੇ ਵੱਸਣ ਦੁਆਰਾ ਸਾਡੀ ਬਿਖ ਨਿਕਲ ਜਾਂਦੀ ਹੈ। ਜਦ ਤੱਕ ਸਾਡੇ ਅੰਦਰ ਅੰਮ੍ਰਿਤ ਨਹੀਂ ਅਸੀਂ ਬਿਖ ਵਿੱਚ ਹੀ ਲੁਝਦੇ ਰਹਿੰਦੇ ਹਾਂ। **(ਮਨ ਬਿਖੈ ਹੀ ਮਹਿ ਲੁਝੀ ਹੇ॥੩॥)**

15/1570

ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ, ਬਿਖ ਹੈ ਤਦ ਤੱਕ ਸਾਡੇ ਤੇ ਪ੍ਰਮਾਤਮਾ ਦੀ ਕ੍ਰਿਪਾ ਨਹੀਂ ਹੈ ਭਾਵ ਉਸਦੀ ਸੱਚੀ ਕ੍ਰਿਪਾ ਨਹੀਂ ਹੈ। ਜਿਸ ਤੇ ਉਹ ਆਪਣੀ ਸੱਚੀ ਕ੍ਰਿਪਾ ਕਰਦਾ ਹੈ ਉਸਨੂੰ ਇਸ ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ। ਉਸਦਾ ਮਾਇਆ ਮੋਹ ਵਿੱਚੋਂ ਕੱਢਣ ਦਾ ਤਰੀਕਾ ਆਪਣੀ ਸੱਚੀ ਸੋਝੀ ਪਾਉਣਾ ਹੈ। ਆਪਣੀ ਸੱਚੀ ਸੋਝੀ ਉਹ ਆਪਣੀ ਸੰਗਤ ਬਖ਼ਸ਼ ਕੇ ਦਿੰਦਾ ਹੈ, ਆਪਣੀ ਸਾਧਸੰਗਤ ਬਖ਼ਸ਼ ਕੇ ਦਿੰਦਾ ਹੈ, ਆਪਣੇ ਗੁਣਾਂ ਦੀ ਸੰਗਤ ਬਖ਼ਸ਼ ਕੇ ਦਿੰਦਾ ਹੈ ਜਿਸ ਦੁਆਰਾ ਅਸੀਂ ਔਗੁਣਾਂ ਵਿੱਚੋਂ ਨਿਕਲ ਜਾਂਦੇ ਹਾਂ, ਬਿਖ ਵਿੱਚੋਂ ਨਿਕਲ ਜਾਂਦੇ ਹਾਂ ਤੇ ਮਾਇਆ ਮੋਹ ਤੋਂ ਤਰ ਜਾਂਦੇ ਹਾਂ। **(ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ॥ ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥)**

ਮਾਇਆ ਤੋਂ ਤਰ ਕੇ ਚੱਲਣਾ ਹੀ ਭਾਵ ਵਿਕਾਰਾਂ ਤੋਂ, ਮਾਇਆ ਮੋਹ ਤੋਂ ਉੱਪਰ ਉੱਠ ਕੇ ਚੱਲਣਾ, ਵਿਚਰਨਾ ਹੀ ਜਿਉਂਦੇ ਜੀਅ ਮਰਨਾ ਹੈ, ਸ਼ਬਦੇ ਮਰਨਾ ਹੈ ਤੇ ਇਹ ਸਭ ਕੁੱਝ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਨੂੰ ਉਸਦੇ ਦਰ ਦੀ ਸੱਚੀ ਸੋਝੀ ਪੈ ਜਾਵੇ। ਉਸਦਾ ਸੱਚਾ ਦਰ ਗੁਰਬਾਣੀ ਹੈ ਤੇ ਜਿਸਨੂੰ ਇਸਦੀ ਸੱਚੀ ਸੋਝੀ ਪੈ ਜਾਂਦੀ ਹੈ, ਉਹ ਮਾਇਆ ਤੋਂ ਤਰ ਕੇ ਵਿਚਰਦਾ ਹੈ। ਗੁਰਬਾਣੀ ਦਾ ਦਰ ਸਾਧ ਦਾ ਦਰ ਹੈ। ਗੁਰਬਾਣੀ ਦੀ ਸੰਗਤ, ਗੁਰਬਾਣੀ ਦੇ ਗੁਣਾਂ ਦੀ ਸੰਗਤਿ, ਗੁਰਬਾਣੀ ਦੀ ਮਤਿ ਦੀ ਸੰਗਤਿ ਜਾਂ ਸਾਧਸੰਗਤ ਇੱਕੋ ਹੀ ਗੱਲ ਹੈ ਜਿਸਦਾ ਮਕਸਦ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਹੈ ਤੇ ਇਸ ਵਿੱਚੋਂ ਨਿਕਲ ਕੇ ਹੀ ਉਸਦੇ ਦਰਸ਼ਨ ਹੁੰਦੇ ਹਨ ਤੇ ਇਹੀ ਉਸਦੀ ਸੱਚੀ ਕ੍ਰਿਪਾ ਹੈ।

ਬਾਣੀ ਵਿੱਚ ਵਾਰ-ਵਾਰ ਸਾਨੂੰ ਇਹ ਗੱਲ ਸਮਝਾਈ ਗਈ ਹੈ ਕਿ ਦਿਨ ਰਾਤ ਅਸੀਂ ਉਸ ਪ੍ਰਮਾਤਮਾ ਨੂੰ ਜਪੀਏ। ਜਪਣਾ ਸਾਡੇ ਮਨ ਦੇ ਵਿਚਾਰਾਂ ਨੇ ਹੀ ਹੈ। ਸਾਰੀ ਗੱਲ ਸਾਡੇ ਵਿਚਾਰਾਂ ਤੇ ਨਿਬੜਦੀ ਹੈ ਕਿ ਸਾਡੇ ਵਿਚਾਰਾਂ ਦੀ ਸੰਗਤ ਕਿਹੋ ਜਿਹੀ ਹੈ। ਜੇਕਰ ਸਾਡੇ ਮਨ ਵਿੱਚ ਸੰਗਤ ਮਾੜੀ ਹੈ ਫਿਰ ਅਸੀਂ ਪ੍ਰਮਾਤਮਾ ਦੇ ਗੁਣ ਨਹੀਂ ਗਾ ਸਕਦੇ। ਚੰਗੇ ਵਿਚਾਰ ਕੇਵਲ ਗੁਰੂ ਦੇ ਕੋਲ ਹਨ ਤੇ ਜੇਕਰ ਸਾਡੀ ਸੰਗਤ ਗੁਰੂ ਦੇ ਵਿਚਾਰਾਂ ਦੇ ਨਾਲ ਹੋ ਜਾਵੇ ਤੇ ਤਾਂ ਹੀ ਉਸਦੇ ਦਿਨ ਰਾਤ ਗੁਣ ਗਾ ਸਕਦੇ ਹਾਂ। ਆਓ ਇਸ ਗੱਲ ਨੂੰ ਧੰਨ ਧੰਨ ਨੌਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ

15/1571

ਹੋਏ ਅਕਾਲ ਪੁਰਖ ਦੇ ਇਸ ਸ਼ਬਦ ਦੁਆਰਾ ਸਮਝੀਏ ਕਿ ਅਸੀਂ ਸੰਗਤ ਕਿਹੋ ਜਿਹੀ ਕਰਨੀ ਹੈ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਮਹਲਾ ੯ ॥

"ਸਾਧੋ ਮਨ ਕਾ ਮਾਨੁ ਤਿਆਗਉ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥"

(ਅੰਗ ੨੧੯)

ਗੁਰੂ ਸਾਹਿਬ ਸਾਨੂੰ ਸਾਧੋ ਕਹਿ ਕੇ ਸੰਬੋਧਨ ਕਰ ਰਹੇ ਹਨ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਸਮਝਣ ਵਾਲਿਆਂ ਨੂੰ ਸਮਝਾ ਰਹੇ ਹਨ ਕਿ ਕੋਈ ਕਹਿਣ ਨਾਲ ਸਾਧ ਨਹੀਂ ਬਣ ਜਾਂਦਾ। ਉਹ ਸਾਧ ਅਖਾਵਾਉਣ ਵਾਲਿਆਂ ਨੂੰ ਸਮਝਾ ਰਹੇ ਹਨ ਕਿ ਮਨ ਦਾ ਮਾਨ ਮਾੜਾ ਹੈ, ਆਪਣੇ ਆਪ ਦਾ ਮਾਨ ਕਰਨਾ ਮਾੜਾ ਹੈ। ਇਸੇ ਤਰ੍ਹਾਂ ਸਾਨੂੰ "**ਸੰਤਹੁ**" ਕਹਿ ਕੇ ਵੀ ਸਮਝਾਇਆ ਹੈ। ਭਾਵੇਂ ਅਸੀਂ ਸੰਤ ਅਖਵਾ ਜਰੂਰ ਲੈਂਦੇ ਹਾਂ ਪਰ ਫਿਰ ਵੀ ਸਾਨੂੰ ਸਮਝਣ ਦੀ ਲੋੜ ਹੈ ਭਾਵ ਅਸੀਂ ਭੁੱਲੇ ਹੋਏ ਹੀ ਹਾਂ ਜਿਵੇਂ ਕਿ ਹਰ ਕੋਈ ਭੁੱਲਿਆ ਹੋਇਆ ਹੈ, ਸਮਝਾਇਆ ਭੁੱਲਿਆਂ ਹੋਇਆਂ ਨੂੰ ਹੀ ਜਾਂਦਾ ਹੈ। **(ਸਾਧੋ ਮਨ ਕਾ ਮਾਨੁ ਤਿਆਗਉ॥)** ਸਾਧ, ਸੰਤ ਅਖਵਾਉਣ ਨਾਲ ਸਾਡਾ ਮਾਣ ਤਾਂ ਵੱਧਦਾ ਹੀ ਹੈ ਜਿਸਨੂੰ ਕਿ ਚੰਗੀ ਗੱਲ ਨਹੀਂ ਕਿਹਾ ਕਿਉਂਕਿ ਗੁਰਮਤਿ ਦਾ ਮਾਰਗ ਮਾਨ ਤਿਆਗਣ ਦਾ ਮਾਰਗ ਹੈ, ਆਪਣੇ ਆਪ ਨੂੰ ਨੀਵਾਂ ਸਮਝਣ ਦਾ ਮਾਰਗ ਹੈ ਨਾ ਕਿ ਆਪਣੇ ਆਪ ਨੂੰ ਉੱਚਾ ਕਰਨ ਦਾ। ਇਹ ਅਸਲ ਵਿੱਚ ਸਾਡੇ ਅੰਦਰ ਮਾਇਆ ਮੋਹ ਦਾ ਹੋਣਾ ਹੈ, ਤ੍ਰਿਸ਼ਨਾ ਦਾ ਹੋਣਾ ਹੈ ਕਿ ਸਾਡਾ ਰੁਤਬਾ ਉੱਚਾ ਹੋ ਜਾਏ, ਦੁਨੀਆਂ ਸਾਨੂੰ ਉੱਚਾ ਆਖੇ। ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਦੇ ਵੱਸ ਹੈ ਕਿ ਉਹ ਕੀ ਕੁੱਝ ਚਾਹੁੰਦੇ ਹਨ ਤੇ ਸਾਨੂੰ ਉਹੀ ਕੁੱਝ ਚੰਗਾ ਲੱਗਦਾ ਹੈ। ਸਾਡੇ ਮਨ ਦੇ ਵਿੱਚ ਸਾਡੇ ਵਿਚਾਰ ਹੀ ਸਾਡੀ ਸੰਗਤ ਹੈ ਜਿਸ ਦੁਆਰਾ ਸਾਡਾ ਬਾਹਰੀ ਰੂਪ ਪ੍ਰਗਟ ਹੁੰਦਾ ਹੈ ਕਿ ਅਸੀਂ ਕੀ ਕੁੱਝ ਚਾਹੁੰਦੇ ਹਾਂ। ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਆਪਣੀ ਸੰਗਤ ਦੀ ਸੋਝੀ ਪੈ ਸਕੇ।

"ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ਰਹਾਉ॥"

15/1572

ਜੇਕਰ ਸਾਨੂੰ ਉਪਰਲੀ ਪੰਗਤੀ ਦੀ ਸਮਝ ਆ ਜਾਵੇ ਜਿਸਨੂੰ ਸਮਝਣਾ ਬਹੁਤ ਸੌਖਾ ਹੈ ਤਾਂ ਫਿਰ ਸਾਨੂੰ ਸਾਧ ਸੰਗਤ ਦੀ ਸੋਝੀ ਵੀ ਪੈ ਜਾਵੇਗੀ। ਧਿਆਨ ਨਾਲ ਸਮਝੋ ਕਿ ਦੁਰਜਨ ਕਿਸਨੂੰ ਕਿਹਾ ਹੈ। ਇਹ ਦੁਰਜਨ ਸਾਡੇ ਵਿਕਾਰ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹਨ ਜਿੰਨ੍ਹਾਂ ਦੀ ਸੰਗਤ ਸਾਡੇ ਲਈ ਮਾੜੀ ਹੈ। ਇਹ ਸਾਡੇ ਮਨ ਦੇ ਵਿਚਾਰਾਂ ਦੀ ਸੰਗਤ ਹੈ ਜੋ ਕਿ ਮਾਇਆ ਮੋਹ ਕਾਰਨ ਸਾਡੇ ਅੰਦਰ ਵੱਸੇ ਹੋਏ ਹਨ, "**ਅਹਿਨਿਸਿ**" ਭਾਵ ਦਿਨ ਰਾਤ ਵੱਸੇ ਹੋਏ ਹਨ। ਇਨ੍ਹਾਂ ਦੁਰਜਨਾਂ ਦੇ ਵੱਸਦੇ ਹੋਏ ਭਾਵ ਮਾੜੇ ਵਿਚਾਰਾਂ ਦੇ ਵਸਦੇ ਹੋਏ ਸਾਡੇ ਅੰਦਰ ਸਾਡੇ ਸੱਜਣ ਕਿਵੇਂ ਵੱਸ ਸਕਦੇ ਹਨ। ਸਾਡੇ ਸੱਜਣ ਗੁਰੂ ਦੇ ਵਿਚਾਰ ਹਨ, ਗੁਰੂ ਦੇ ਗੁਣ ਹਨ ਭਾਵ ਔਗੁਣ ਸਾਡੇ ਦੁਰਜਨ ਹਨ ਤੇ ਗੁਣ ਸਾਡੇ ਸੱਜਣ ਹਨ। ਦੁਰਮਤਿ ਦੇ ਰਹਿੰਦਿਆਂ ਸਾਡੇ ਅੰਦਰ ਦੁਰਜਨ ਵੱਸਦੇ ਹਨ ਤੇ ਗੁਰਮਤਿ ਦੇ ਰਹਿੰਦਿਆਂ ਸਾਡੇ ਅੰਦਰ ਸੱਜਣ ਵੱਸਦੇ ਹਨ। ਸੱਜਣ ਕੇਵਲ ਗੁਰੂ ਹੈ ਤੇ ਗੁਰੂ ਆਪਣੇ ਗੁਣਾਂ ਦੁਆਰਾ ਸੱਜਣ ਹੈ। ਸਾਡੇ ਲਈ ਗੁਰੂ ਦੇ ਗੁਣ ਉਸਦਾ ਸੱਜਣ ਰੂਪ ਹਨ ਜੋ ਅਸੀਂ ਉਸ ਕੋਲੋਂ ਲੈਣੇ ਹਨ। ਸਾਡੇ ਅੰਦਰ ਗੁਰੂ ਦੇ ਗੁਣਾਂ ਦਾ ਵੱਸਣਾ ਹੀ ਗੁਰੂ ਦਾ ਵਸਣਾ ਹੈ, ਗੁਰਮਤਿ ਦਾ ਵੱਸਣਾ ਹੈ ਕਿਉਂਕਿ ਅਸਲ ਵਿੱਚ ਗੁਰਮਤਿ ਹੀ ਸਾਡਾ ਗੁਰੂ ਹੈ। ਉਪਰਲੀ ਪੰਗਤੀ ਵਿੱਚ ਸਾਨੂੰ ਇਨ੍ਹਾਂ ਦੁਰਜਨਾਂ ਦੀ ਸੰਗਤ ਤੋਂ ਦਿਨ ਰਾਤ ਭੱਜਣ ਲਈ ਕਿਹਾ ਹੈ ਭਾਵ ਇਨ੍ਹਾਂ ਨੂੰ ਤਿਆਗਣ ਲਈ ਕਿਹਾ ਹੈ, ਹਰ ਵੇਲੇ ਇਨ੍ਹਾਂ ਤੋਂ ਦੂਰ ਰਹਿਣ ਲਈ ਕਿਹਾ ਹੈ ਭਾਵ ਸਾਨੂੰ ਗੁਰੂ ਨੇ ਇਹ ਆਪਣੀ ਮਤਿ ਦਿੱਤੀ ਹੈ। ਜੇਕਰ ਅਸੀਂ ਉਸਦੀ ਮਤਿ ਨੂੰ ਮੰਨ ਲੈਂਦੇ ਹਾਂ ਤਾਂ ਫਿਰ ਸਾਡੇ ਅੰਦਰ ਗੁਰੂ ਦੀ ਮਤਿ ਵੱਸ ਜਾਵੇਗੀ ਤੇ ਫਿਰ ਅਸੀਂ ਦੁਰਜਨਾਂ ਦੀ ਸੰਗਤ ਛੱਡ ਕੇ ਗੁਣਾਂ ਦੀ ਸੰਗਤ ਕਰ ਲਵਾਂਗੇ। ਸਾਨੂੰ ਵਾਰ-ਵਾਰ ਬਾਣੀ ਵਿੱਚ ਦਿਨ ਰਾਤ, ਹਰ ਵੇਲੇ ਅੱਠੇ ਪਹਿਰ, ਸੁੱਤੇ ਜਾਗਦੇ ਪ੍ਰਮਾਤਮਾ ਦੇ ਗੁਣ ਗਾਉਣ ਲਈ ਕਿਹਾ ਗਿਆ ਹੈ, "**ਅਹਿਨਿਸਿ**" ਪ੍ਰਮਾਤਮਾ ਨੂੰ ਜਪਣ ਲਈ ਸਮਝਾਇਆ ਹੈ। ਪ੍ਰਮਾਤਮਾ ਦੇ ਦਿਨ ਰਾਤ ਗੁਣ ਸੱਚੇ ਬਣ ਕੇ ਹੀ ਗਾਏ ਜਾ ਸਕਦੇ ਹਨ, ਗੁਣੀ ਬਣ ਕੇ ਹੀ ਗਾਏ ਜਾ ਸਕਦੇ ਹਨ, ਦੁਰਜਨਾਂ ਦੀ ਸੰਗਤਿ ਛੱਡ ਕੇ, ਔਗੁਣਾਂ ਦੀ ਸੰਗਤਿ ਛੱਡ ਕੇ ਹੀ ਗਾਏ ਜਾ ਸਕਦੇ ਹਨ ਭਾਵ ਕੇਵਲ ਸੱਚੇ ਸੁੱਚੇ ਕਰਮ ਕਰਕੇ ਹੀ ਗਾਏ ਜਾ ਸਕਦੇ ਹਨ। ਜੇਕਰ ਅਸੀਂ ਮਾਨ ਨਹੀਂ ਤਿਆਗਦੇ ਫਿਰ ਇਹ ਸਾਡਾ ਔਗੁਣ ਹੈ ਤੇ ਜੇਕਰ ਅਸੀਂ ਇਸਨੂੰ ਤਿਆਗ ਦਿੰਦੇ ਹਾਂ ਫਿਰ

ਇਹ ਸਾਡਾ ਗੁਣ ਹੈ। ਗੁਣ ਔਗੁਣ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਇਸੇ ਤਰ੍ਹਾਂ ਜੇਕਰ ਅਸੀ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਨੂੰ ਤਿਆਗ ਦਿੰਦੇ ਹਾਂ ਭਾਵ ਜੇਕਰ ਗੁਰੂ ਦੀ ਮਤਿ

15/1573

ਨੂੰ ਮੰਨ ਲੈਂਦੇ ਹਾਂ, ਸਾਧ ਦੀ ਮਤਿ ਨੂੰ ਮੰਨ ਲੈਂਦੇ ਹਾਂ ਤਾਂ ਫਿਰ ਸਾਡੀ ਔਗੁਣਾਂ ਨਾਲੋਂ ਸੰਗਤ ਛੁੱਟ ਕੇ ਗੁਣਾਂ ਨਾਲ ਸੰਗਤ ਬਣ ਜਾਵੇਗੀ ਭਾਵ ਸਾਧ ਨਾਲ ਸੰਗਤ ਬਣ ਜਾਵੇਗੀ। ਸਾਧ ਦੀ ਮਤਿ ਨਾਲ ਸੰਗਤ ਸਾਧਸੰਗਤ ਹੈ, ਗੁਰੂ ਦੀ ਮਤਿ ਨਾਲ ਸੰਗਤ ਗੁਰੂ ਨਾਲ ਸੰਗਤ ਹੈ। ਗੁਰੂ ਆਪ ਹੀ ਸਾਧ ਹੈ, ਆਪਣੀ ਉੱਚੀ ਤੇ ਸੱਚੀ ਸੋਝੀ ਦੁਆਰਾ ਸਾਧ ਹੈ, ਆਪਣੇ ਗੁਣਾਂ ਦੁਆਰਾ ਸਾਧ ਹੈ।
(ਸਾਧੋ ਮਨ ਕਾ ਮਾਨੁ ਤਿਆਗਉ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ਰਹਾਉ॥)
ਔਗੁਣਾਂ ਨਾਲ ਸੰਗਤ ਵੀ ਸਾਡੀ ਨਿਰਗੁਣ ਰੂਪ ਵਿੱਚ ਹੈ ਤੇ ਸਾਧ ਨਾਲ ਸੰਗਤ ਵੀ ਸਾਡੀ ਨਿਰਗੁਣ ਰੂਪ ਵਿੱਚ ਹੀ ਹੁੰਦੀ ਹੈ। ਦੁਰਜਨਾਂ ਦੀ ਸੰਗਤ ਛੱਡ ਕੇ ਤੇ ਗੁਰਮਤਿ ਦੀ ਸੰਗਤ ਕਰਕੇ, ਗੁਣਾਂ ਦੀ ਸੰਗਤਿ ਕਰਕੇ ਸਾਡੇ ਵਿੱਚ ਕੀ ਫਰਕ ਆਉਂਦਾ ਹੈ, ਇਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

“ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨॥੧॥”

ਉੱਪਰ ਮਨ ਦੀ ਉਹ ਅਵੱਸਥਾ ਸਮਝਾਈ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਦੁਰਜਨਾਂ ਦੀ ਸੰਗਤ ਵਿੱਚੋਂ ਕੱਢ ਕੇ ਆਪਣੀ ਸੱਚੀ ਸੋਝੀ ਦੀ ਸੰਗਤ ਬਖ਼ਸ਼ ਦਿੰਦਾ ਹੈ ਤੇ ਤਾਂ ਹੀ ਮਨੁੱਖ ਦੁੱਖ ਸੁੱਖ ਨੂੰ ਇੱਕ ਕਰਕੇ ਜਾਣ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਜਾਣਿਆ ਹੈ। ਸੱਚੀ ਸੋਝੀ ਬਿਨ੍ਹਾਂ ਅਸੀਂ ਕਿਸੇ ਦੀ ਉਸਤਤਿ ਕਰਦੇ ਹਾਂ ਤੇ ਕਿਸੇ ਦੀ ਨਿੰਦਾ ਕਰਦੇ ਹਾਂ ਭਾਵ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਭ ਕੁੱਝ ਕਰਵਾ ਰਿਹਾ ਹੈ। ਨਾ ਹੀ ਕੋਈ ਆਪਣੇ ਆਪ ਕਰਕੇ ਸਿਆਣਾ ਹੈ ਤੇ ਨਾ ਹੀ ਕੋਈ ਆਪਣੇ ਆਪ ਕਰਕੇ ਅੰਜਾਣਾ ਹੈ ਜਾਂ ਮਾੜਾ ਚੰਗਾ ਹੈ। ਗੁਰਮਤਿ ਅਨੁਸਾਰ ਵਿਚਰਨਾ ਭਾਵ ਉਸਦੇ ਨਾਮ ਅਨੁਸਾਰ ਚੱਲਣਾ ਬਹੁਤ ਔਖਾ ਹੈ, ਕਠਿਨ ਖੇਲ ਹੈ ਤੇ ਇਸਦੀ ਸੋਝੀ ਕਿਸੇ ਵਿਰਲੇ ਨੂੰ ਹੀ ਗੁਰਮੁਖ ਦੀ ਅਵਸਥਾ ਦੁਆਰਾ ਪੈਂਦੀ ਹੈ ਭਾਵ ਕਿਸੇ ਵਿਰਲੇ ਦਾ ਹੀ ਪ੍ਰਮਾਤਮਾ ਮਾਇਆ ਮੋਹ ਦਾ ਭਰਮ ਕੱਢਦਾ ਹੈ ਤੇ ਆਪਣੇ ਸੱਚੇ

15/1574

ਮਾਰਗ ਤੇ ਚਲਾਉਂਦਾ ਹੈ।

ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ ਤਦ ਤੱਕ ਅਸੀਂ ਪ੍ਰਮਾਤਮਾ ਦੇ ਗੁਣ ਨਹੀਂ ਗਾ ਸਕਦੇ। ਉਸਦੇ ਗੁਣ ਸੱਚੇ ਬਣ ਕੇ ਹੀ ਗਾਏ ਜਾ ਸਕਦੇ ਹਨ। ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਪੂਰੀ ਤਰ੍ਹਾਂ ਸੱਚੇ ਨਹੀਂ ਹੋ ਸਕਦੇ, ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਨਹੀਂ ਵਿਚਰ ਸਕਦੇ ਕਿਉਂਕਿ ਅਸਲ ਵਿੱਚ ਗੁਰਮਤਿ ਦੇ ਗੁਣ ਗਾਉਣੇ ਹੀ ਗੁਰੂ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਇਸੇ ਲਈ ਬਾਣੀ ਵਿੱਚ ਸਾਨੂੰ ਸਮਝਾਇਆ ਹੈ ਕਿ ਕੋਈ ਕ੍ਰੋੜਾਂ ਵਿੱਚੋਂ ਵਿਰਲਾ ਹੀ ਉਸਦੇ ਗੁਣ ਗਾ ਸਕਦਾ ਹੈ, ਪ੍ਰਮਾਤਮਾ ਦਾ ਭਜਨ ਪਾ ਸਕਦਾ ਹੈ। ਗੁਰਮਤਿ ਦੀ ਪ੍ਰਾਪਤੀ ਉਸਦੇ ਭਜਨ ਦੀ ਪ੍ਰਾਪਤੀ ਹੈ ਤੇ ਇਹ ਪ੍ਰਾਪਤੀ ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਮਹਲਾ ੯ ॥

“ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥
ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥੧॥

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥
ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥੨॥੩॥"

(ਅੰਗ ੨੧੯)

ਬੜੀ ਆਸਾਨੀ ਨਾਲ ਸਮਝ ਆਉਣ ਵਾਲਾ ਸ਼ਬਦ ਹੈ ਪਰ ਗੱਲ ਸਿਰਫ਼ ਇਹ ਯਕੀਨ ਆਉਣ ਦੀ ਹੈ ਕਿ ਗੁਰੂ ਜੋ ਕੁੱਝ ਸਾਨੂੰ ਕਹਿ ਰਿਹਾ ਹੈ ਉਹ ਸੱਚ ਹੈ। ਸੱਚ ਨੂੰ ਅਸੀਂ ਤਾਂ ਹੀ ਮੰਨਾਂਗੇ, ਗੁਰਮਤਿ ਨੂੰ ਅਸੀਂ ਤਾਂ ਹੀ ਮੰਨਾਂਗੇ ਜੇਕਰ ਸਾਨੂੰ ਪਹਿਲੇ ਇਹ ਯਕੀਨ ਆ ਜਾਵੇ ਕਿ ਗੁਰੂ ਦੀ ਦੱਸੀ ਹੋਈ ਗੱਲ ਕਦੇ ਝੂਠ ਨਹੀਂ ਹੁੰਦੀ ਤੇ ਹੋਰਾਂ ਕੋਲੋਂ ਸੁਣੀ ਹੋਈ ਗੱਲ ਜਰੂਰੀ ਨਹੀਂ ਕਿ ਉਹ ਸੱਚ ਹੋਵੇ ਭਾਵੇਂ ਉਹ ਸਾਡੀਆਂ ਨਜ਼ਰਾਂ ਵਿੱਚ ਕਿਤਨਾ ਹੀ ਵੱਡਾ ਬਣਿਆ ਹੋਵੇ। ਗੁਰੂ ਵੱਡਾ ਆਪਣੀ ਮਤਿ ਦੁਆਰਾ ਹੈ, ਆਪਣੇ ਸੱਚੇ ਗਿਆਨ ਦੁਆਰਾ ਹੈ। ਗੁਰੂ ਦੀ ਮਤਿ ਨੂੰ ਵੱਡਾ ਮੰਨਣਾ ਹੀ ਗੁਰੂ ਨੂੰ ਵੱਡਾ ਮੰਨਣਾ ਹੈ।

ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦਾ ਜੱਸ, ਪ੍ਰਮਾਤਮਾ ਦੇ ਗੁਣ ਸਾਡੇ ਮਨ ਦੇ ਵਿਚਾਰਾਂ ਨੇ ਗਾਉਣੇ ਹਨ। ਉਸਦਾ ਜੱਸ ਕਰਨਾ, ਉਸਦੇ ਗੁਣ ਗਾਉਣੇ ਸਾਡੀ ਕਰਨੀ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ

15/1575

ਨਾਲ ਹੁੰਦੀ ਹੈ। ਸਾਡੀ ਸਾਰੀ ਵਿਚਰਨ ਦਾ ਮਾਰਗ ਸਾਡੇ ਵਿਚਾਰਾਂ ਦਾ ਮਾਰਗ ਹੈ। ਸਾਡੇ ਅੰਦਰ ਵਿਚਾਰ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੈ ਤੇ ਜਦ ਤੱਕ ਉਹ ਸਾਡੇ ਅੰਦਰ ਉਹੋ ਜਿਹੇ ਵਿਚਾਰ ਹੀ ਨਹੀਂ ਪਾਉਂਦਾ, ਸੱਚੀ ਸੋਝੀ ਹੀ ਨਹੀਂ ਪਾਉਂਦਾ, ਅਸੀਂ ਉਸਦਾ ਜੱਸ ਨਹੀਂ ਗਾ ਸਕਦੇ। ਅਸੀਂ ਆਪਣੇ ਆਪ ਉਸਦੇ ਗੁਣ ਗਾਉਣੇ ਨਹੀਂ ਸਮਝ ਸਕਦੇ ਭਾਵ ਗੁਰੂ ਕੋਲੋਂ ਸਮਝਣ ਦੀ ਲੋੜ ਹੈ। **(ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ॥)**

ਸਾਡੇ ਅੰਦਰ ਪ੍ਰਮਾਤਮਾ ਨੇ ਵਿਚਾਰ ਮਾਇਆ ਮੋਹ ਵਾਲੇ ਪਾਏ ਹੋਏ ਹਨ ਤੇ ਇਸੇ ਲਈ ਦਿਨ ਰਾਤ ਮਾਇਆ ਵਿੱਚ ਮਗਨ ਰਹਿੰਦੇ ਹਾਂ ਤੇ ਮਾਇਆ ਵਿੱਚ ਮਗਨ ਰਹਿੰਦੇ ਹੋਏ, ਮਾਇਆ ਦੀ ਤ੍ਰਿਸ਼ਨਾ ਪੂਰੀ ਕਰਦੇ ਹੋਏ ਅਸੀਂ ਅਨੇਕਾਂ ਕਰਮ ਵੀ ਮਾੜੇ ਕਰਦੇ ਹਾਂ ਤੇ ਇਹੋ ਜਿਹੀ ਮਨ ਦੀ ਅਵੱਸਥਾ ਵਿੱਚ ਅਸੀਂ ਉਸਦੇ ਗੁਣ ਕਿਵੇਂ ਗਾ ਸਕਦੇ ਹਾਂ, ਉਸਦਾ ਜੱਸ ਕਿਵੇਂ ਗਾ ਸਕਦੇ ਹਾਂ ਭਾਵ ਨਹੀਂ ਗਾ ਸਕਦੇ ਭਾਵ ਉਸਦੇ ਗੁਣ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਗਾਏ ਜਾ ਸਕਦੇ ਹਨ। ਜੇਕਰ ਅਸੀਂ ਦਿਨ ਰਾਤ, ਅੱਠੇ ਪਹਿਰ ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਨਿਕਲੇ ਹੋਏ ਹਾਂ ਫਿਰ ਅਸੀਂ ਅੱਠੇ ਪਹਿਰ ਸੱਚ ਤੇ ਹੀ ਚੱਲਾਂਗੇ, ਚੰਗੇ ਕਰਮ ਕਰਾਂਗੇ ਜੋ ਅੱਠੇ ਪਹਿਰ ਉਸਦੇ ਗੁਣ ਗਾਉਣਾ ਹੈ। ਉਸ ਲਈ ਕੋਈ ਮੁੱਖੋਂ ਬੋਲ ਬੋਲ ਕੇ ਗੁਣ ਗਾਉਣ ਦੀ ਲੋੜ ਨਹੀਂ ਹੈ। ਕਥਨੀ ਦੀ ਨਹੀਂ ਬਲਕਿ ਕਰਨੀ ਨਾਲ ਗੁਣ ਗਾਏ ਜਾ ਸਕਦੇ ਹਨ। **(ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ॥੧॥ਰਹਾਉ॥)**

ਸਾਡੇ ਅੰਦਰ ਮਾਇਆ ਮੋਹ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਤੇ ਇਸ ਵਿੱਚੋਂ ਨਿਕਲਣ ਦਾ ਮਾਰਗ ਦੱਸਣ ਵਾਲਾ ਵੀ ਉਹ ਆਪ ਹੀ ਹੈ। ਇਹ ਮਾਰਗ ਬਹੁਤ ਔਖਾ ਹੈ ਜਿਸਤੇ ਚੱਲਣਾ ਬਹੁਤ ਔਖਾ ਹੈ ਜਿਸ ਕਰਕੇ ਹਰ ਕੋਈ ਉਸ ਤੋਂ ਮੂੰਹ ਮੋੜਦਾ ਹੈ। ਗੁਰੂ ਦਾ ਮਾਰਗ ਬਹੁਤ ਸਪੱਸ਼ਟ ਹੈ ਕਿ ਅਸੀਂ ਵਿਕਾਰਾਂ ਵਿੱਚੋਂ, ਮਾਇਆ ਮੋਹ ਵਿੱਚੋਂ ਨਿਕਲਣਾ ਹੈ ਜਿਸ ਲਈ ਮਨ ਨੂੰ ਮਾਰਨ ਦੀ ਲੋੜ ਹੈ। ਅਸੀਂ ਮਨ ਨੂੰ ਮਾਰਨ ਦੀ ਬਜਾਇ ਹੋਰ ਇਹੋ ਜਿਹੇ ਅਨੇਕਾਂ ਕਰਮ ਕਰਦੇ ਹਾਂ, ਜਪ ਤਪ ਆਦਿ ਕਰਦੇ ਹਾਂ ਪਰ ਮਾਇਆ ਮੋਹ ਵਿੱਚੋਂ ਨਿਕਲਣ ਦਾ ਉੱਦਮ ਨਹੀਂ ਕਰਦੇ ਜੋ ਕਿ ਸਾਡਾ ਅਸਲ ਉੱਦਮ ਹੋਣਾ ਚਾਹੀਦਾ ਹੈ। ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਾਨੂੰ ਮਾਇਆ ਮੋਹ ਹੀ ਸਾਡੇ ਬੰਧਨ ਦਾ ਕਾਰਨ ਦੱਸਿਆ ਹੋਇਆ ਹੈ ਪਰ ਇਸ ਵਿੱਚੋਂ ਮੁਕਤੀ ਪਾਉਣ ਦਾ ਸਾਧਨ ਵੀ ਸਮਝਾਇਆ ਹੋਇਆ ਹੈ ਪਰ ਉਸਨੂੰ ਨਾ ਮੰਨਣਾ ਸਾਡੀ ਮੂਰਖਤਾ ਦੱਸੀ ਹੋਈ ਹੈ।

15/1576

"ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ॥
ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ॥੨॥੩॥"

ਜਿਹੋ ਜਿਹੀ ਸਾਡੀ ਸੰਸਾਰਿਕ ਭੁਗਤਿ ਹੈ ਭਾਵ ਜਿਸ ਤਰੀਕੇ ਨਾਲ ਅਸੀਂ ਆਪਣੇ ਜੀਵਨ ਨੂੰ ਭੁਗਤਿ ਰਹੇ ਹਾਂ, ਵਿਚਰ ਰਹੇ ਹਾਂ ਉਸਦਾ ਕਾਰਨ ਵੀ ਪ੍ਰਮਾਤਮਾ ਆਪ ਹੈ ਭਾਵ ਸਾਡੇ ਅੰਦਰ ਮਾਇਆ ਮੋਹ ਪਾਉਣ ਵਾਲਾ ਉਹ ਆਪ ਹੈ ਤੇ ਇਸ ਵਿੱਚੋਂ

ਮੁਕਤੀ ਦੇਣ ਵਾਲਾ ਵੀ ਉਹ ਆਪ ਹੈ। ਇਸ ਵਿੱਚੋਂ ਮੁਕਤ ਹੋਣ ਦਾ ਤਰੀਕਾ ਵੀ ਉਸਨੇ ਆਪ ਦੱਸਿਆ ਹੋਇਆ ਹੈ ਜੋ ਕਿ ਉਸਦੀ ਗੁਰਮਤਿ ਹੈ। ਸਾਡਾ ਇਹੀ ਉੱਦਮ ਹੈ ਕਿ ਅਸੀਂ ਮਾੜੇ ਕਰਮਾਂ ਤੋਂ ਬਚੀਏ ਤੇ ਚੰਗੇ ਕਰਮ ਕਰੀਏ ਜੋ ਕਿ ਸਾਡੇ ਜੀਵਨ ਦਾ ਅਸਲ ਇਮਤਿਹਾਨ ਹੈ, ਉਸਦੀ ਭਗਤੀ ਕਰਨ ਦਾ ਤਰੀਕਾ ਹੈ। ਅਸੀਂ ਆਪਣੇ ਇਸ ਉੱਦਮ ਨੂੰ ਉਸਦੀ ਭਗਤੀ ਹੀ ਨਹੀਂ ਸਮਝਦੇ ਬਲਕਿ ਹੋਰ ਕਰਮ ਕਾਂਡਾਂ ਵਿੱਚ ਪਏ ਰਹਿੰਦੇ ਹਾਂ ਜੋ ਕਿ ਸਾਡੇ ਅੰਦਰੋਂ ਗੁਰੂ ਨੂੰ ਵਿਸਾਰਨ ਵਾਲੀ ਗੱਲ ਹੈ, ਗੁਰਮਤਿ ਨੂੰ ਵਿਸਾਰਨ ਵਾਲੀ ਗੱਲ ਹੈ, ਨਾਮ ਨੂੰ ਵਿਸਾਰਨ ਵਾਲੀ ਗੱਲ ਹੈ। ਉਸਦਾ "**ਭਜਨ**" ਉਸ ਦੀ ਗੁਰਮਤਿ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲਣਾ ਹੈ ਜੋ ਕਿ ਬਹੁਤ ਔਖਾ ਹੈ। ਉਸਦਾ ਭਜਨ ਕ੍ਰੋੜਾਂ ਕ੍ਰੋੜਾਂ ਵਿੱਚੋਂ ਕੋਈ ਵਿਰਲਾ ਹੀ ਕਰ ਸਕਦਾ ਹੈ, ਕੋਈ ਵਿਰਲਾ ਹੀ ਗੁਰਮਤਿ ਤੇ ਚੱਲ ਸਕਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕ੍ਰਿਪਾ ਹੀ ਹੈ ਜਿਸਨੂੰ ਇਹ ਸੋਝੀ ਪੈ ਜਾਵੇ ਕਿ ਉਸਦਾ "**ਭਜਨ**" ਕੀ ਹੈ।

ਸਾਨੂੰ ਹੁਣ ਤੱਕ ਇਹ ਤਾਂ ਚੰਗੀ ਤਰ੍ਹਾਂ ਸਮਝ ਲੱਗ ਚੁੱਕੀ ਹੈ ਕਿ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਸਾਡੇ ਮਨ ਦੀ ਦੁਬਿਧਾ ਹੈ, ਦੁਚਿੱਤੀ ਹੈ, ਭਰਮ ਹੈ, ਅਗਿਆਨਤਾ ਹੈ ਜੋ ਕਿ ਸਾਡੇ ਅੰਦਰ ਮਾਇਆ ਮੋਹ ਦਾ ਵੱਸਣਾ ਹੈ ਜਿਸਦੇ ਵੱਸੇ ਹੋਏ ਸਾਡੇ ਅੰਦਰ ਗੁਰਮਤਿ ਨਹੀਂ ਵੱਸਦੀ ਕਿਉਂਕਿ ਸਾਨੂੰ ਗੁਰਮਤਿ ਦੀ ਸਹੀ ਸੋਝੀ ਹੀ ਨਹੀਂ ਪੈਂਦੀ ਤਾਂ ਜੋ ਅਸੀਂ ਉਸ ਅਨੁਸਾਰ ਚੱਲ ਸਕੀਏ ਭਾਵ ਦ੍ਰਿੜ ਹੋ ਕੇ ਚੱਲ ਸਕੀਏ। ਇਹ ਦੁਬਿਧਾ ਹੀ ਸਾਡੇ ਮਨ ਉੱਤੇ ਲੱਗਾ ਹੋਇਆ ਤਾਲਾ ਹੈ ਤੇ ਇਸਨੂੰ ਖੋਲ੍ਹਣ ਦੀ ਕੁੰਜੀ ਸਾਡੇ ਅੰਦਰ ਸਹਜ ਦਾ ਉਪਜਣਾ ਹੈ।

15/1577

ਸਾਡੇ ਅੰਦਰ ਗੁਰੂ ਦੇ ਸ਼ਬਦ ਦਾ ਵੱਸਣਾ, ਸੱਚੀ ਸੋਝੀ ਦਾ ਵੱਸਣਾ, ਗੁਰਮਤਿ ਦਾ ਵੱਸਣਾ, ਨਾਮ ਦਾ ਵੱਸਣਾ ਜਾਂ ਸਹਜ ਦਾ ਉਪਜਣਾ ਇੱਕੋ ਹੀ ਗੱਲ ਹੈ ਜਿਸ ਦੁਆਰਾ ਸਾਨੂੰ ਗੁਰੂ ਦਾ ਸੱਚਾ ਗਿਆਨ ਮਿਲਦਾ ਹੈ ਜੋ ਸਾਡੇ ਮਨ ਦੀ ਅਗਿਆਨਤਾ ਨੂੰ ਮਾਰਦਾ ਹੈ, ਦੁਬਿਧਾ ਨੂੰ ਮਾਰਦਾ ਹੈ ਭਾਵ ਗੁਰੂ ਦੀ ਕੁੰਜੀ ਦਾ ਰੂਪ ਬਣ ਕੇ ਸਾਡੇ ਮਨ ਦੇ ਤਾਲੇ ਨੂੰ ਖੋਲ੍ਹਦਾ ਹੈ। ਜਦ ਤੱਕ ਅਸੀਂ ਦੁਬਿਧਾ ਵਿੱਚ ਹਾਂ ਤਦ ਤੱਕ ਅਸੀਂ ਦੁੱਖ ਵਿੱਚ ਹੀ ਹਾਂ। ਇਹ ਦੁੱਖ ਪ੍ਰਮਾਤਮਾ ਨਾਲੋਂ ਦੂਰੀ ਦਾ ਹੈ। ਸਾਡਾ ਇਹ ਦੁੱਖ ਦੁਬਿਧਾ ਦੇ ਮਰਨ ਨਾਲ ਹੀ ਦੂਰ ਹੁੰਦਾ ਹੈ ਤੇ ਤਾਂ ਹੀ ਅਸੀਂ ਨਾਮ ਵਿੱਚ ਸਮਾਅ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਵਿੱਚ ਸਮਾਅ ਸਕਦੇ ਹਾਂ। ਜੋ ਵੀ ਅਸੀਂ ਪ੍ਰਮਾਤਮਾ ਨੂੰ ਪਾਉਣ ਲਈ ਅਨੇਕਾਂ ਕਰਮ ਕਰਦੇ ਹਾਂ ਭਾਵ ਸਰੀਰਕ ਜਪ ਤਪ ਆਦਿ ਕਰਦੇ ਹਾਂ ਇਹ ਸਾਡੇ ਅੰਦਰ ਦੁਬਿਧਾ ਦਾ ਹੋਣਾ ਹੀ ਹੈ ਕਿਉਂਕਿ ਦੁਬਿਧਾ ਵਿੱਚ ਰਹਿੰਦੇ ਹੋਏ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਹੀ ਨਹੀਂ ਪੈਂਦੀ। ਸਾਡੀ ਦੁਬਿਧਾ ਬ੍ਰਹਮ ਵਿਚਾਰ ਨਾਲ ਮਰਦੀ ਹੈ। ਬ੍ਰਹਮ ਵਿਚਾਰ ਜਾਂ ਸ਼ਬਦ ਵਿਚਾਰ ਇੱਕੋ ਹੀ ਗੱਲ ਹੈ। ਬ੍ਰਹਮ ਹੀ ਸ਼ਬਦ ਹੈ, ਸ਼ਬਦ ਰੂਪ ਹੀ ਆਪ ਬ੍ਰਹਮ ਹੈ। ਜਿਹੜਾ ਵਿਚਾਰ ਸਾਨੂੰ ਬ੍ਰਹਮ ਦੇ ਕੋਲੋਂ ਆਇਆ ਹੈ, ਸ਼ਬਦ ਦੇ ਰਾਹੀਂ ਆਇਆ ਹੈ ਉਹ ਬ੍ਰਹਮ ਵਿਚਾਰ ਹੈ ਜਿਵੇਂ ਕਿ ਸਾਰੀ ਬਾਣੀ ਬ੍ਰਹਮ ਵਿਚਾਰ ਹੈ, ਸ਼ਬਦ ਦੀ ਵਿਚਾਰ ਹੈ। ਇਹ ਬ੍ਰਹਮ ਵਿਚਾਰ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਸਾਡੀ ਦੁਬਿਧਾ ਦੂਰ ਹੁੰਦੀ ਹੈ ਤੇ ਇਹ ਦੁਬਿਧਾ ਉਸਦੀ ਦੂਰ ਹੁੰਦੀ ਹੈ ਜਿਸਨੂੰ ਪ੍ਰਮਾਤਮਾ ਆਪ ਹੀ ਆਪਣਾ ਸੱਚਾ ਗਿਆਨ ਬਖਸ਼ਦਾ ਹੈ, ਮਨ ਵਿੱਚ ਪ੍ਰਗਟ ਹੋ ਕੇ ਬਖਸ਼ਦਾ ਹੈ ਤੇ ਸਾਡਾ ਭਰਮ ਦਾ ਤਾਲਾ ਖੋਲ੍ਹਦਾ ਹੈ। ਇਹ ਬ੍ਰਹਮ ਵਿਚਾਰ ਹੀ ਉਹ ਕੁੰਜੀ ਹੈ ਜੋ ਕਿ ਉਸਦੇ ਆਪਣੇ ਹੱਥ ਹੈ। ਇਹ ਦੁਬਿਧਾ ਸਾਡੇ ਲਈ ਕਿਤਨੀ ਮਾੜੀ ਹੈ ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਨਾਲ ਇਹ ਵੀ ਜਾਣੀਏ ਕਿ ਇਹ ਦੂਰ ਕਿਵੇਂ ਹੁੰਦੀ ਹੈ।

ਗਉੜੀ ਮਹਲਾ ੫ ॥

“ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥
ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥
ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥
ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥”

(ਅੰਗ ੨੩੭)

15/1578

ਪੂਰੇ ਸ਼ਬਦ ਦੇ ਅਰਥ ਬੜੀ ਆਸਾਨੀ ਨਾਲ ਸਮਝ ਆਉਣ ਵਾਲੇ ਹਨ ਜੋ ਕਿ ਹਰ ਕੋਈ ਸਮਝ ਸਕਦਾ ਹੈ ਪਰ ਅਸਲ ਗੱਲ ਸਮਝਣ ਵਾਲੀ ਇਹ ਹੈ ਕਿ ਦੁਬਿਧਾ ਕਿਸ ਨੂੰ ਕਹਿੰਦੇ ਹਨ। ਆਓ ਸ਼ਬਦ ਦੇ ਵਿੱਚੋਂ ਹੀ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਕਿ ਉਹ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਜਿਸਦੀ ਦੁਬਿਧਾ ਮਰੀ ਹੁੰਦੀ ਹੈ। ਜਿਸਦੀ ਦੁਬਿਧਾ ਮਰ ਜਾਂਦੀ ਹੈ ਉਸਦੀ ਤ੍ਰਿਸ਼ਨਾ ਬੁਝ ਜਾਂਦੀ ਹੈ ਭਾਵ ਉਹ ਸੰਤੋਖ ਵਿੱਚ ਆ ਜਾਂਦਾ ਹੈ, ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ। ਇਹ ਗੁਰਬਾਣੀ ਦਾ ਫੁਰਮਾਨ ਹੈ ਕਿ ਤ੍ਰਿਸ਼ਨਾ ਕਿਸੇ ਵਿਰਲੇ ਦੀ ਹੀ ਬੁਝਦੀ ਹੈ ਭਾਵ ਹਰ ਕੋਈ ਦੁਬਿਧਾ ਵਿੱਚ ਹੈ। **(ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ॥)** ਜਿਸਦੀ ਦੁਬਿਧਾ ਮਰ ਜਾਂਦੀ ਹੈ ਉਹ ਪ੍ਰਮਾਤਮਾ ਦੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦਾ ਹੈ, ਉਸਨੂੰ ਉਸਦੀ ਦਰਗਾਹ ਦੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਕੀ ਹੈ ਭਾਵ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। **(ਜੋ ਇਸੁ ਮਾਰੇ ਸੁ ਦਰਗਹ ਸਿਝੈ॥੨॥)** ਜੇਕਰ ਸਾਨੂੰ ਹੁਣ ਤੱਕ ਪ੍ਰਮਾਤਮਾ ਨਹੀਂ ਮਿਲਿਆ, ਉਸਦੇ ਨਿਰਗੁਣ ਰੂਪ ਵਿੱਚ ਦਰਸ਼ਨ ਨਹੀਂ ਹੋਏ ਤਾਂ ਫਿਰ ਅਸੀਂ ਦੁਬਿਧਾ ਵਿੱਚ ਹਾਂ ਜੋ ਕਿ ਹਰ ਕੋਈ ਹੈ ਭਾਵ ਉਸਦੇ ਦਰਸ਼ਨ ਹੀ ਦੁਬਿਧਾ ਵਿੱਚੋਂ ਨਿਕਲ ਕੇ ਹੁੰਦੇ ਹਨ। ਜਿਸਦੀ ਦੁਬਿਧਾ ਮਰ ਜਾਂਦੀ ਹੈ ਉਹੀ ਧਨਵੰਤਾ ਹੈ ਤੇ ਉਹੀ ਪਤਿਵੰਤਾ ਹੈ। **(ਜੋ ਇਸੁ ਮਾਰੇ ਸੋ ਧਨਵੰਤਾ॥ ਜੋ ਇਸੁ ਮਾਰੇ ਸੋ ਪਤਿਵੰਤਾ॥)**

{ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥}

(ਅੰਗ ੨੯੪)

ਧਨਵੰਤਾ, ਪਤਿਵੰਤਾ ਉਹੀ ਹੈ ਜਿਸਦਾ ਉਸਦੇ ਨਾਲ ਮੇਲ ਹੋਇਆ ਹੋਇਆ ਹੈ, ਜਿਸਦੇ ਅੰਦਰ ਉਹ ਆਪ ਵੱਸਿਆ ਹੋਇਆ ਹੈ, ਉਹ ਆਪ ਪ੍ਰਗਟ ਹੈ। ਜੇਕਰ ਕਿਸੇ ਦੀ ਇਹੋ ਜਿਹੀ ਅਵੱਸਥਾ ਹੈ ਤਾਂ ਫਿਰ ਉਸਦੀ ਦੁਬਿਧਾ ਮਰੀ ਹੋਈ ਹੈ ਨਹੀਂ ਤਾਂ ਉਹ ਦੁਬਿਧਾ ਵਿੱਚ ਹੈ। ਜਿਸਦੀ ਗਤ ਹੋ ਚੁੱਕੀ ਹੈ ਭਾਵ ਜੋ ਮਨੁੱਖ ਮੁਕਤ ਹੋ ਚੁੱਕਾ ਹੈ, ਜਿਸਦਾ ਇਸ ਸੰਸਾਰ ਤੋਂ ਆਵਾਗਉਣ ਕੱਟਿਆ ਗਿਆ ਹੈ ਉਸਦੀ ਦੁਬਿਧਾ ਮਰ ਚੁੱਕੀ ਹੈ ਤੇ ਜੇਕਰ ਗਤੀ ਨਹੀਂ ਹੋਈ ਫਿਰ ਅਸੀਂ ਦੁਬਿਧਾ ਵਿੱਚ ਹਾਂ। ਗਤੀ ਕੇਵਲ ਉਸਦੇ ਮੇਲ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ ਵਾਰ ਸਮਝਦੇ ਆ ਰਹੇ ਹਾਂ। **(ਜੋ ਇਸੁ ਮਾਰੇ ਤਿਸੁ ਹੋਵੈ ਗਤੀ॥੩॥)** ਜਿਸਦੀ ਦੁਬਿਧਾ ਮਰ ਜਾਂਦੀ ਹੈ ਉਸਦਾ ਜੀਵਨ ਵਿੱਚ ਆਇਆ ਸਫ਼ਲ ਹੋ ਜਾਂਦਾ ਹੈ ਤੇ ਜੀਵਨ ਉਸੇ ਦਾ ਹੀ

15/1579

ਸਫ਼ਲ ਹੁੰਦਾ ਹੈ ਜਿਸਨੂੰ ਉਹ ਆਪਣੇ ਨਾਲ ਮੇਲ ਲੈਂਦਾ ਹੈ। **(ਜੋ ਇਸੁ ਮਾਰੇ ਤਿਸ ਕਾ ਆਇਆ ਗਨੀ॥)** ਜਿਸਦੀ ਦੁਬਿਧਾ ਮਰ ਜਾਂਦੀ ਹੈ ਉਸਨੂੰ ਨਿਹਚਲ ਧਨ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਉਸ ਸੱਚੇ ਗਿਆਨ ਦੇ ਧਨ ਦੀ ਪ੍ਰਾਪਤੀ ਹੋ ਜਾਂਦੀ ਹੈ, ਨਾਮ ਧਨ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਦੁਆਰਾ ਮਨੁੱਖ ਅਡੋਲਤਾ ਦੀ ਅਵੱਸਥਾ ਵਿੱਚ ਆ ਜਾਂਦਾ ਹੈ ਭਾਵ ਉਸ ਨਿਹਚਲ ਦੇ ਨਾਲ ਮਿਲ ਜਾਂਦਾ ਹੈ ਜੋ ਸਦਾ ਹੀ ਅਡੋਲ ਹੈ, ਜਿਸਦੇ ਦਿੱਤੇ ਹੋਏ ਬੋਲ ਸਦਾ ਹੀ ਅਡੋਲ ਰਹਿੰਦੇ ਹਨ। **(ਜੋ ਇਸੁ ਮਾਰੇ ਸੁ ਨਿਹਚਲੁ ਧਨੀ॥)** ਜੇਕਰ ਕਿਸੇ ਦੇ ਮਨ ਦੀ ਇਹੋ ਜਿਹੀ ਅਵੱਸਥਾ ਹੈ, ਸੱਚੇ ਗਿਆਨ ਦੀ ਅਵੱਸਥਾ ਹੈ ਤਾਂ ਫਿਰ ਉਸਦੀ ਦੁਬਿਧਾ ਮਰੀ ਹੋਈ ਹੈ ਨਹੀਂ ਤਾਂ ਉਹ ਫਿਰ ਦੁਬਿਧਾ ਵਿੱਚ ਹੀ ਹੈ। ਬਾਣੀ ਵਿੱਚ ਵਾਰ ਵਾਰ ਵਡਭਾਗਾ ਕਿਸ ਨੂੰ ਕਿਹਾ ਹੈ ਇਹ ਅਸੀਂ ਸਮਝਦੇ ਹੀ ਹਾਂ ਕਿ ਉਹ ਕਿਸੇ ਵਿਰਲੇ ਨੂੰ ਹੀ ਵਡਭਾਗਾ ਬਣਾਉਂਦਾ ਹੈ ਭਾਵ ਉਹ ਕਿਸੇ ਵਿਰਲੇ ਨੂੰ ਹੀ ਆਪਣੇ ਦਰਸ਼ਨ ਦੇ ਕੇ ਵਡਭਾਗਾ ਬਣਾਉਂਦਾ ਹੈ। **(ਜੋ ਇਸੁ ਮਾਰੇ ਸੋ ਵਡਭਾਗਾ॥)** ਜੇਕਰ ਸਾਨੂੰ ਉਸਨੇ ਇਹੋ ਜਿਹਾ ਵੱਡੇ ਭਾਗਾਂ ਵਾਲਾ ਬਣਾ ਲਿਆ ਹੈ ਤੇ ਫਿਰ ਸਾਡੀ ਦੁਬਿਧਾ ਮਰ ਚੁੱਕੀ ਹੈ ਨਹੀਂ ਤਾਂ ਫਿਰ ਮੰਨ ਲਓ ਕਿ ਅਸੀਂ ਦੁਬਿਧਾ ਵਿੱਚ ਹੀ ਹਾਂ ਭਾਵ ਹਰ ਕੋਈ ਦੁਬਿਧਾ ਵਿੱਚ ਹੀ ਹੈ, ਮਾਇਆ ਮੋਹ ਵਿੱਚ ਹੀ ਹੈ, ਦੁਚਿੱਤੀ, ਅਗਿਆਨਤਾ, "**ਸੋਚੈ**" ਵਿੱਚ ਹੀ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਵਿੱਚ ਹੀ ਸਵਾਇਆ ਹੋਇਆ ਹੈ ਜਿਵੇਂ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਉਹ ਮਾਇਆ ਮੋਹ ਵਿੱਚੋਂ ਕਿਸੇ ਵਿਰਲੇ ਨੂੰ ਹੀ ਜਗਾਉਂਦਾ ਹੈ ਤੇ ਜਿਸਨੂੰ ਉਹ ਜਗਾ ਦਿੰਦਾ ਹੈ ਉਹ ਫਿਰ ਸਦਾ ਹੀ ਜਾਗਦਾ ਰਹਿੰਦਾ ਹੈ ਭਾਵ ਹਰ ਵੇਲੇ ਉਸਦੀ ਮਤਿ ਅਨੁਸਾਰ ਹੀ ਵਿਚਰਦਾ ਹੈ। **(ਜੋ ਇਸੁ ਮਾਰੇ ਸੁ ਅਨਦਿਨੁ ਜਾਗਾ॥੪॥)**

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

ਜਿਸਨੂੰ ਉਹ ਜਗਾਉਂਦਾ ਹੈ ਉਸਦੀ ਦੁਬਿਧਾ ਮਾਰਕੇ ਹੀ ਜਗਾਉਂਦਾ ਹੈ। ਜੇਕਰ ਅਸੀਂ ਗੁਰਮਤਿ ਅਨੁਸਾਰ ਜਾਗ ਰਹੇ ਹਾਂ ਭਾਵ ਜੇਕਰ ਸਾਨੂੰ ਪੂਰੀ ਗੁਰਮਤਿ ਦੀ ਸੋਝੀ

15/1580

ਹੈ ਤੇ ਅਸੀਂ ਉਸ ਅਨੁਸਾਰ ਵਿਚਰ ਰਹੇ ਹਾਂ ਫਿਰ ਅਸੀਂ ਜਾਗੇ ਹੋਏ ਹਾਂ ਤੇ ਸਾਡੀ ਦੁਬਿਧਾ ਮਰੀ ਹੋਈ ਹੈ ਨਹੀਂ ਤਾਂ ਅਸੀਂ ਦੁਬਿਧਾ ਵਿੱਚ ਹੀ ਹਾਂ। ਜੇਕਰ ਅਸੀਂ ਜੀਵਨ ਮੁਕਤ ਹੋ ਚੁੱਕੇ ਹਾਂ ਤਾਂ ਫਿਰ ਸਾਡੀ ਦੁਬਿਧਾ ਮਰੀ ਹੋਈ ਹੈ। ਜੀਵਨ ਮੁਕਤ ਹੋਣਾ ਕੀ ਹੈ, ਬੰਧਨ ਮੁਕਤ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜੇਕਰ ਸਾਨੂੰ ਮੁਕਤੀ ਮਿਲ ਚੁੱਕੀ ਹੈ ਤਾਂ ਫਿਰ ਸਾਡੀ ਦੁਬਿਧਾ ਮਰ ਚੁੱਕੀ ਹੈ ਨਹੀਂ ਤਾਂ ਅਸੀਂ ਦੁਬਿਧਾ ਵਿੱਚ ਹੀ ਹਾਂ ਤੇ ਇਸ ਗੱਲ ਨੂੰ ਮੰਨਣ ਵਿੱਚ ਸਾਨੂੰ ਦੁਬਿਧਾ ਨਹੀਂ ਹੋਣੀ ਚਾਹੀਦੀ। ਜੇਕਰ ਅਸੀਂ ਨਹੀਂ ਮੰਨਦੇ ਤਾਂ ਫਿਰ ਅਸੀਂ ਦੁਬਿਧਾ ਵਿੱਚ ਹੀ ਹਾਂ ਤੇ ਅਸਲ ਵਿੱਚ ਇਹ ਹੀ ਦੁਬਿਧਾ ਹੈ ਜਿਸ ਦੁਆਰਾ ਅਸੀਂ ਸੱਚ ਨੂੰ ਸਮਝ ਨਹੀਂ ਸਕਦੇ। **(ਜੋ ਇਸੁ ਮਾਰੇ ਸੁ ਜੀਵਨ ਮੁਕਤਾ॥)** ਜਿਸਦੀ ਦੁਬਿਧਾ ਮਰ ਜਾਂਦੀ ਹੈ ਉਸਦੀ ਜੁਗਤ ਨਿਰਮਲ ਹੋ ਜਾਂਦੀ ਹੈ ਭਾਵ ਸਾਡੇ ਮਨ ਦੇ ਵਿਚਾਰ ਪਵਿੱਤਰ ਹੋ ਜਾਂਦੇ ਹਨ ਤੇ ਮਨੁੱਖ ਮਨ ਦੀ ਪਵਿੱਤਰਤਾ ਦੇ ਨਾਲ ਵਿਚਰਦਾ ਹੈ। ਇਹ ਗੁਰੂ ਪ੍ਰਮਾਤਮਾ ਦੀ ਆਪਣੀ ਅਵੱਸਥਾ ਹੈ, ਬ੍ਰਹਮ ਗਿਆਨ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਮਨੁੱਖ ਤ੍ਰੈਗੁਣੀ ਅਵੱਸਥਾ ਵਿੱਚੋਂ ਨਿਕਲਦਾ ਹੈ, ਅਗਿਆਨਤਾ ਵਿੱਚੋਂ, ਦੁਬਿਧਾ ਵਿੱਚੋਂ ਨਿਕਲਦਾ ਹੈ। **(ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ॥)**

{ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ॥੩॥}

(ਅੰਗ ੨੭੩)

ਜੇਕਰ ਕੋਈ ਬੰਧਨ ਮੁਕਤ ਹੋਇਆ ਹੋਇਆ ਹੈ, ਜੇਕਰ ਕਿਸੇ ਨੂੰ ਬ੍ਰਹਮਗਿਆਨ ਦਾ ਭੋਜਨ ਪ੍ਰਾਪਤ ਹੋਇਆ ਹੋਇਆ ਹੈ, ਜੇਕਰ ਕਿਸੇ ਦਾ ਉਸ ਬ੍ਰਹਮ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਧਿਆਨ ਜੁੜਿਆ ਹੋਇਆ ਹੈ ਤਾਂ ਫਿਰ ਉਸ ਮਨੁੱਖ ਦੀ ਨਿਰਮਲ ਜੁਗਤ ਹੈ, ਉਸਦਾ ਮਨ ਪਵਿੱਤਰ ਹੈ ਤੇ ਉਸਦੀ ਦੁਬਿਧਾ ਮਰੀ ਹੋਈ ਹੈ ਤੇ ਜੇਕਰ ਇਹੋ ਜਿਹੀ "ਗੁਰੂ ਰੂਪ" ਅਵੱਸਥਾ ਦੀ ਪ੍ਰਾਪਤੀ ਨਹੀਂ ਹੋਈ ਤਾਂ ਫਿਰ ਅਸੀਂ ਦੁਬਿਧਾ ਵਿੱਚ ਹੀ ਹਾਂ।

15/1581

ਜਿਸਦੀ ਦੁਬਿਧਾ ਮਰ ਜਾਂਦੀ ਹੈ ਉਸਦੇ ਮਨ ਦੀ ਅਵੱਸਥਾ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ ਭਾਵ ਬ੍ਰਹਮਗਿਆਨ ਵਾਲੀ ਬਣ ਜਾਂਦੀ ਹੈ ਭਾਵ ਉਸਨੂੰ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ। **(ਜੋ ਇਸੁ ਮਾਰੇ ਸੋਈ ਸੁਗਿਆਨੀ॥)** "ਸੁਗਿਆਨੀ" ਦਾ ਦੂਸਰਾ ਰੂਪ "ਅਗਿਆਨੀ" ਹੈ, ਮਨ ਦੀ ਅਗਿਆਨਤਾ ਹੈ ਜੋ ਕਿ ਅਸਲ ਵਿੱਚ "ਦੁਬਿਧਾ" ਹੈ। ਅਗਿਆਨਤਾ ਨੂੰ ਸੁਗਿਆਨ ਹੀ ਮਾਰਦਾ ਹੈ, ਸੱਚਾ ਗਿਆਨ ਹੀ ਮਾਰਦਾ ਹੈ। ਅਗਿਆਨਤਾ ਸਾਡੇ ਮਨ ਦੇ ਵਿੱਚ ਹੀ ਮਰਦੀ ਹੈ ਭਾਵ ਇਹ ਤਾਲਾ ਸਾਡੇ ਮਨ ਦੇ ਵਿੱਚ ਹੀ ਖੁੱਲ੍ਹਦਾ ਹੈ ਤੇ ਸੱਚੇ ਗਿਆਨ ਦੁਆਰਾ ਖੁੱਲ੍ਹਦਾ ਹੈ। ਸਾਡੇ ਅੰਦਰ ਸੱਚੇ ਗਿਆਨ ਦੀ ਅਵੱਸਥਾ ਦੁਆਰਾ ਹੀ ਮਨੁੱਖ ਦਾ ਧਿਆਨ ਸਹਜ ਦੇ ਨਾਲ ਜੁੜਦਾ ਹੈ ਭਾਵ ਮਨੁੱਖ ਸਹਜ ਦੇ ਧਿਆਨ ਵਾਲਾ ਬਣਦਾ ਹੈ। **(ਜੋ ਇਸੁ ਮਾਰੇ ਸੁ ਸਹਜ ਧਿਆਨੀ॥੫॥)** ਜੇਕਰ ਕਿਸੇ ਨੂੰ ਸਹਜ ਦੀ ਅਵੱਸਥਾ ਪ੍ਰਾਪਤ ਹੋ ਚੁੱਕੀ ਹੈ, ਚੌਥੇ ਪਦ ਦੀ ਪ੍ਰਾਪਤੀ ਹੋ ਚੁੱਕੀ ਹੈ ਤਾਂ ਫਿਰ ਉਸਦੀ ਦੁਬਿਧਾ ਮਰੀ ਹੋਈ ਹੈ ਕਿਉਂਕਿ ਦੁਬਿਧਾ ਮਰਦੀ ਹੀ ਸਹਜ ਗਿਆਨ ਦੇ ਨਾਲ ਹੈ। ਜੇਕਰ ਸਾਨੂੰ ਸਹਜ ਦੀ ਪ੍ਰਾਪਤੀ ਨਹੀਂ ਹੋਈ ਤਾਂ ਫਿਰ ਅਸੀਂ ਦੁਬਿਧਾ ਵਿੱਚ ਹੀ ਹਾਂ।

{ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

ਸਹਜ ਦੀ ਅਵੱਸਥਾ ਦੀ ਪ੍ਰਾਪਤੀ ਬਿਨ੍ਹਾਂ ਕਿਸੇ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਲੱਗ ਸਕਦੀ ਕਿ ਭਰਮ ਕੀ ਹੈ, ਤ੍ਰੈਗੁਣ ਕੀ ਹੈ, ਅਗਿਆਨਤਾ ਕੀ ਹੈ, ਦੁਬਿਧਾ ਕੀ ਹੈ, ਮਾਇਆ ਦੀ ਜੁਗਤਿ ਕੀ ਹੈ। ਸਹਜ ਦੀ ਪ੍ਰਾਪਤੀ ਹੋਏ ਬਿਨ੍ਹਾਂ ਅਸੀਂ ਅਗਿਆਨਤਾ ਵਿੱਚ ਹੀ ਪ੍ਰਮਾਤਮਾ ਨੂੰ ਪਾਉਣ ਦੇ ਇਹੋ ਜਿਹੇ ਯਤਨ ਕਰਦੇ ਹਾਂ, ਕਰਮ ਕਰਦੇ ਹਾਂ, ਅਨੇਕਾਂ ਸਰੀਰਕ ਜਪ ਤਪ ਆਦਿ ਕਰਦੇ

ਹਾਂ ਜੋ ਕਿ ਕਿਸੇ ਲੇਖੇ ਨਹੀਂ ਪੈਂਦੇ ਪਰ ਸਾਨੂੰ ਉਹੀ ਕੁੱਝ ਕਰਨਾ ਚੰਗਾ ਲੱਗਦਾ ਹੈ, ਅਸੀਂ ਉਨ੍ਹਾਂ ਨੂੰ ਹੀ ਠੀਕ ਸਮਝਦੇ ਹਾਂ ਕਿਉਂਕਿ ਇਹ ਸਭ ਕੁੱਝ ਅਸੀਂ ਉਨ੍ਹਾਂ ਕੋਲੋਂ ਸਿੱਖਿਆ ਹੈ ਜਿੰਨ੍ਹਾਂ ਨੂੰ ਸਹਜ ਦੀ ਪ੍ਰਾਪਤੀ ਨਹੀਂ ਹੋਈ, ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ ਭਾਵ ਜੋ ਆਪ ਦੁਬਿਧਾ ਵਿੱਚ ਰਹੇ ਹਨ। **(ਇਸੁ ਮਾਰੀ ਬਿਨੁ ਥਾਇ ਨ ਪਰੈ॥ ਕੋਟਿ ਕਰਮ ਜਾਪ ਤਪ ਕਰੈ॥)** ਹਰ ਕੋਈ ਦੁਬਿਧਾ ਵਿੱਚ ਹੀ ਹੈ

15/1582

ਤੇ ਉਸਦਾ ਜਪ ਤਪ ਕਰਨਾ, ਵਿਖਾਵਾ ਕਰਨਾ ਸਾਡੀ ਦੁਬਿਧਾ ਦਾ ਹੀ ਨਤੀਜਾ ਹੈ। ਸਾਨੂੰ ਜਪ ਤਪ ਕਰਨੇ ਉਹਨਾਂ ਨੇ ਹੀ ਸਿਖਾਏ ਹਨ ਜਿਹਨਾਂ ਦੀ ਦੁਬਿਧਾ ਨਹੀਂ ਮਰੀ। ਦੁਬਿਧਾ ਨਿਕਲੇ ਬਿਨ੍ਹਾਂ ਸਾਨੂੰ ਸੱਚ ਦੀ ਸੋਝੀ ਪੈ ਹੀ ਨਹੀਂ ਸਕਦੀ, ਹਕੀਕਤ ਸਮਝ ਆ ਹੀ ਨਹੀਂ ਸਕਦੀ ਕਿ ਉਸ ਪ੍ਰਮਾਤਮਾ ਦੇ ਨਾਲ ਮਿਲਣਾ ਕੀ ਹੈ। ਦੁਬਿਧਾ ਵਿੱਚ ਰਹਿੰਦੇ ਹੋਏ ਹੀ ਅਸੀਂ ਉਨ੍ਹਾਂ ਨੂੰ ਪ੍ਰਮਾਤਮਾ ਨਾਲ ਮਿਲਿਆ ਹੋਇਆ ਸਮਝਦੇ ਹਾਂ ਜੋ ਕਿ ਅਸਲ ਵਿੱਚ ਸਾਡੇ ਤੋਂ ਵੱਡੀ ਦੁਬਿਧਾ ਵਿੱਚ ਰਹੇ ਹਨ। ਪ੍ਰਮਾਤਮਾ ਦੀ ਰੱਤੀ ਭਰ ਸੋਝੀ ਪਏ ਬਿਨ੍ਹਾਂ ਹੀ ਆਪਣੇ ਆਪ ਨੂੰ ਪ੍ਰਮਾਤਮਾ ਨਾਲ ਮਿਲਿਆ ਹੋਇਆ ਸਮਝਦੇ ਹਨ। ਭਾਰਤ ਵਰਸ਼ ਇਹੋ ਜਿਹੀ ਦੁਬਿਧਾ ਵਾਲਿਆਂ ਨਾਲ ਭਰਪੂਰ ਹੈ ਤੇ ਸਿੱਖ ਜਗਤ ਵੀ ਉਨ੍ਹਾਂ ਵਿੱਚ ਸ਼ਾਮਿਲ ਹੈ। "ਦੁਬਿਧਾ" ਸਭ ਵਿੱਚ ਇੱਕੋ ਜਿਹੀ ਹੀ ਵਿਚਰਦੀ ਹੈ ਭਾਵ ਉਸ ਪ੍ਰਮਾਤਮਾ ਦੀ ਮਾਇਆ ਦੀ ਜੁਗਤ ਸਭ ਵਿੱਚ ਇੱਕੋ ਜਿਹੀ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। ਉਹ ਸਭ ਵਿੱਚ ਹਉਮੈ ਪਾ ਕੇ ਹੀ ਭੇਜਦਾ ਹੈ ਜਿਸਦਾ ਮੂਲ ਹੀ ਸਾਨੂੰ ਪੜਦੇ ਵਿੱਚ ਰੱਖਣਾ ਹੈ। "**ਮਨ ਵਿੱਚ ਉਸਦਾ ਪਾਇਆ ਹੋਇਆ ਪੜਦਾ ਹੀ ਸਭ ਦੀ ਦੁਬਿਧਾ ਹੈ**"।

ਜਿਸਦੀ ਦੁਬਿਧਾ ਮਰ ਜਾਂਦੀ ਹੈ ਉਸਦਾ ਜਨਮ ਮਰਨ ਦਾ ਗੇੜ ਮਿਟ ਜਾਂਦਾ ਹੈ ਭਾਵ ਉਹ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੋ ਜਾਂਦਾ ਹੈ ਤੇ ਉਸਦੇ ਆਪਣੇ ਮੁਕਤ ਕੀਤੇ ਬਿਨ੍ਹਾਂ ਮੁਕਤ ਕੌਣ ਹੋ ਸਕਦਾ ਹੈ। ਮੁਕਤੀ ਅਗਿਆਨਤਾ ਤੋਂ ਹੋਣੀ ਹੈ ਤੇ ਮੁਕਤ ਸਾਨੂੰ ਉਸਦੇ ਸੱਚੇ ਗਿਆਨ ਨੇ ਕਰਨਾ ਹੈ, ਚੌਥੇ ਪਦ ਦੇ ਗਿਆਨ ਨੇ ਕਰਨਾ ਹੈ ਜੋ ਕਿ ਕੇਵਲ ਉਸਦੇ ਆਪਣੇ ਵੱਸ ਹੈ ਤੇ ਇਸ ਦੁਬਿਧਾ ਦੇ ਮਰਨ ਨਾਲ ਹੀ ਸਾਡਾ ਔਗੁਣ ਰੂਪ ਜਮਾਂ ਤੋਂ ਛੁਟਕਾਰਾ ਹੁੰਦਾ ਹੈ, ਪਾਪਾਂ ਤੋਂ ਛੁਟਕਾਰਾ ਹੁੰਦਾ ਹੈ ਜਿੰਨ੍ਹਾਂ ਕਰਕੇ ਸਾਨੂੰ ਵਾਰ-ਵਾਰ ਇਸ ਆਵਾਗਉਣ ਵਿੱਚ ਪੈਣਾ ਪੈਂਦਾ ਹੈ। **(ਇਸੁ ਮਾਰੀ ਬਿਨੁ ਜਨਮੁ ਨ ਮਿਟੈ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ॥੬॥)**

ਜੇਕਰ ਸਾਡੀ ਇਹੋ ਜਿਹੀ ਅਵੱਸਥਾ ਬਣ ਚੁੱਕੀ ਹੈ ਤਾਂ ਫਿਰ ਅਸੀਂ ਦੁਬਿਧਾ ਵਿੱਚ ਨਹੀਂ ਹਾਂ, ਨਹੀਂ ਤਾਂ ਫਿਰ ਅਸੀਂ ਦੁਬਿਧਾ ਵਿੱਚ ਹੀ ਹਾਂ। ਇਹ ਦੁਬਿਧਾ ਸਾਡੇ ਲਈ ਮਾੜੀ ਕਿਸ ਕਰਕੇ ਹੈ ਇਸ ਗੱਲ ਨੂੰ ਸਮਝਣਾ ਸਾਡੇ ਲਈ ਸਭ ਤੋਂ ਜਰੂਰੀ ਹੈ ਜਿਵੇਂ ਕਿ

15/1583

ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਜਦ ਤੱਕ ਸਾਡੇ ਅੰਦਰ ਦੁਬਿਧਾ ਹੈ ਤਦ ਤੱਕ ਸਾਡੇ ਮਨ ਦੇ ਵਿੱਚ ਜੂਠ ਹੈ ਭਾਵ ਅਗਿਆਨਤਾ ਦੀ ਜੂਠ ਹੈ ਜਿਸ ਕਰਕੇ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹਨ। **(ਇਸੁ ਮਾਰੀ ਬਿਨੁ ਜੂਠਿ ਨ ਧੋਈ॥)** ਜਦ ਤੱਕ ਸਾਡੇ ਅੰਦਰ ਦੁਬਿਧਾ ਦੀ ਮੈਲ ਹੈ ਤਦ ਤੱਕ ਸਾਡੇ ਲਈ ਸਭ ਕੁੱਝ ਮੈਲਾ ਹੈ। **(ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ॥)** ਇਸ ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਕੀ ਸੰਸਾਰ ਵਿੱਚ ਸਭ ਕੁੱਝ ਭਾਵ ਜੋ ਕੁੱਝ ਵੀ ਅਸੀਂ ਦੇਖ ਸਕਦੇ ਹਾਂ ਕੀ ਉਹ ਸਭ ਕੁੱਝ ਮੈਲਾ ਹੈ? ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸਦੀ ਦੁਬਿਧਾ ਮਰ ਜਾਂਦੀ ਹੈ। ਜਦ ਤੱਕ ਸਾਨੂੰ ਉਸ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਹਕੀਕਤ ਵਿੱਚ ਸਾਡੇ ਲਈ ਸਭ ਕੁੱਝ ਮੈਲਾ ਹੈ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ ਭਾਵ ਅਸੀਂ ਆਪ ਵੀ ਮੈਲੇ ਹਾਂ। ਕਿਸੇ ਵੀ ਵਸਤੂ ਨੂੰ, ਕਿਸੇ ਵੀ ਸਰਗੁਣ ਸਰੂਪ ਨੂੰ ਪ੍ਰਮਾਤਮਾ ਤੋਂ ਇਲਾਵਾ ਕੁੱਝ ਹੋਰ ਸਮਝਣਾ ਉਸ ਨੂੰ ਮੈਲਾ ਕਰਨ ਵਾਲੀ, ਮੈਲਾ ਬਣਾਉਣ ਵਾਲੀ ਗੱਲ ਹੈ। ਹਰ ਹੋਂਦ ਪ੍ਰਮਾਤਮਾ ਦੀ ਹੀ ਹੈ ਤੇ ਉਸਦੀ ਹੋਂਦ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਨੂੰ ਸੱਚ ਸਮਝਣਾ ਝੂਠ ਹੈ ਭਾਵ ਉਸਨੂੰ ਮੈਲਾ ਕਰਨ ਵਾਲੀ ਗੱਲ ਹੈ। ਜਿਵੇਂ ਕਿ ਪਿੱਛੇ ਵੀ ਅਸੀਂ ਇਸ ਗੱਲ ਨੂੰ ਜਾਣਿਆ ਸੀ ਕਿ ਇਸ ਸ੍ਰਿਸ਼ਟੀ ਵਿੱਚ ਦੋ ਹੀ ਗੱਲਾਂ ਹਨ। ਇੱਕ ਪ੍ਰਮਾਤਮਾ ਤੇ ਦੂਸਰਾ ਉਸਦਾ ਪਾਇਆ ਹੋਇਆ ਭੁਲੇਖਾ ਭਾਵ ਦੁਬਿਧਾ। ਜਦ ਤੱਕ ਸਾਡੇ ਅੰਦਰ ਦੁਬਿਧਾ ਹੈ ਤਦ ਤੱਕ ਸਾਨੂੰ ਪ੍ਰਮਾਤਮਾ ਦੀ ਹੋਂਦ ਨਜ਼ਰ ਨਹੀਂ ਆਉਂਦੀ ਤੇ ਸਭ ਕੁੱਝ ਉਸ ਤੋਂ ਵੱਖਰਾ ਹੀ ਨਜ਼ਰ ਆਉਂਦਾ ਹੈ। ਦੁਬਿਧਾ ਨਿਕਲਣ ਤੋਂ ਬਾਅਦ ਫਿਰ ਸਭ ਵਿੱਚ ਕੇਵਲ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ, ਕੇਵਲ ਇੱਕ ਨਾਮ ਹੀ ਨਜ਼ਰ ਆਉਂਦਾ ਹੈ।

ਦੁਬਿਧਾ ਵਿੱਚ ਰਹਿੰਦੇ ਹੋਏ ਸਭ ਕੁੱਝ ਮੈਲਾ ਹੈ ਤੇ ਦੁਬਿਧਾ ਨਿਕਲਣ ਤੋਂ ਬਾਅਦ ਸਭ ਕੁੱਝ ਨਿਰਮਲ ਹੈ, ਪਵਿੱਤਰ ਹੈ, ਸੱਚ ਹੈ, ਉਹ ਸਭ ਕੁੱਝ ਆਪ ਹੀ ਹੈ। ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਭਾਵ ਸਪੱਸ਼ਟ

15/1584

ਕੀਤਾ ਹੋਇਆ ਹੈ ਕਿ ਇਸ ਦੁਬਿਧਾ ਨੇ ਹੀ ਸਭ ਨੂੰ ਪ੍ਰਮਾਤਮਾ ਤੋਂ ਵੱਖਰਾ ਕੀਤਾ ਹੋਇਆ ਹੈ ਭਾਵ ਹਰ ਸਰਗੁਣ ਸਰੂਪ ਪ੍ਰਮਾਤਮਾ ਤੋਂ ਵੱਖਰਾ ਨਜ਼ਰ ਆਉਂਦਾ ਹੈ। **(ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ॥੭॥)** ਸਭ ਤੋਂ ਪਹਿਲਾਂ ਆਪਣੇ ਆਪ ਦੀ ਹੀ ਸੋਝੀ ਪੈਂਦੀ ਹੈ ਕਿ ਅਸੀਂ ਪ੍ਰਮਾਤਮਾ ਤੋਂ ਵੱਖਰੇ ਨਹੀਂ ਹਾਂ, ਅਸੀਂ "ਮੈਂ" ਨਹੀਂ ਬਲਕਿ "ਤੂੰ" ਹਾਂ ਤੇ "ਮੈਂ" ਕੇਵਲ ਇੱਕ ਭੁਲੇਖਾ ਹੈ, ਦੁਬਿਧਾ ਹੈ। "ਮੈਂ" ਦੀ ਸਮਝ ਆਉਣ ਤੋਂ ਬਾਅਦ ਫਿਰ ਹਰ ਅਕਾਰ ਰੂਪ ਦੀ ਸਮਝ ਪੈ ਜਾਂਦੀ ਹੈ ਕਿ ਕੋਈ ਵੀ "ਮੈਂ" ਨਹੀਂ ਹਾਂ ਤੇ ਇਸੇ ਲਈ ਬਾਣੀ ਵਿੱਚ ਹਰ ਕਿਸੇ ਨੂੰ ਰੋਗੀ ਕਿਹਾ ਹੈ, ਹਰ ਆਕਾਰ ਰੂਪ ਨੂੰ ਰੋਗੀ ਕਿਹਾ ਹੈ, ਹਰ ਕੋਈ "ਮੈਂ" ਦਾ ਰੋਗੀ ਹੈ, "ਹਉਮੈ" ਦਾ ਰੋਗੀ ਹੈ।

ਭੈਰਉ ਅਸਟਪਦੀਆ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥

{"ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥
ਨਾਨਕ ਹਉਮੈ ਰੋਗ ਬੁਰੇ ॥
ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥
ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ ॥
ਜਿਨ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ ॥੨॥
ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥੩॥
ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥
ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ ॥
ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥੫॥
ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥
ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥੬॥
ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥
ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥
ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥
ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥
ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥"}

(ਅੰਗ ੧੧੫੩)

ਉੱਪਰ ਪੂਰੇ ਸ਼ਬਦ ਨੂੰ ਧਿਆਨ ਨਾਲ ਪੜ੍ਹੋ ਤੇ ਸਮਝੋ ਕਿ ਹਰ ਕੋਈ ਰੋਗੀ ਕਿਸ ਲਈ ਹੈ। ਉੱਪਰ ਪੰਗਤੀਆਂ ਵਿੱਚ ਪਹਿਲਾਂ

ਇਸ ਰੋਗ ਨੂੰ ਹਉਮੈ ਰੋਗ ਕਹਿ ਕੇ ਸਮਝਾਇਆ ਹੈ। ਹਰ ਕੋਈ ਇਸ ਹਉਮੈ ਰੋਗ ਦੁਆਰਾ ਹੀ ਮਾੜਾ ਹੈ ਤੇ ਇਹ ਰੋਗ ਪ੍ਰਮਾਤਮਾ ਦੇ ਬਖ਼ਸ਼ੇ ਬਿਨ੍ਹਾਂ ਦੂਰ ਨਹੀਂ ਹੋ ਸਕਦਾ। **(ਨਾਨਕ ਹਉਮੈ ਰੋਗ ਬੁਰੇ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਥੁਰੇ॥੧॥ਰਹਾਉ॥)** ਸ਼ਬਦ ਵਿੱਚ ਅੱਗੇ ਚੱਲ ਕੇ ਇਸੇ ਰੋਗ ਨੂੰ ਦੁਬਿਧਾ ਰੋਗ ਕਹਿ ਕੇ ਦੱਸਿਆ ਹੈ ਭਾਵ ਹਉਮੈ ਜਾਂ ਦੁਬਿਧਾ ਇੱਕੋ ਹੀ ਗੱਲ ਹੈ ਜਿਸ ਦਾ ਸੰਬੰਧ ਸਾਡੇ ਮਨ ਦੇ ਨਾਲ ਹੈ ਜੋ ਕਿ ਸਾਡੇ ਅੰਦਰ ਮਨ ਦੇ ਪੜਦੇ ਦੇ ਰੂਪ ਵਿੱਚ ਹੈ, ਜਿਸਦਾ ਮਕਸਦ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਸਮਝ ਆਉਣ ਤੋਂ ਦੂਰ ਰੱਖਣ ਦਾ ਹੈ, ਪੜਦੇ ਵਿੱਚ ਰੱਖਣ ਦਾ ਹੈ। ਪ੍ਰਮਾਤਮਾ ਦੀ ਅਸਲੀਅਤ "ਤੂੰ" ਹੈ ਭਾਵ ਸਭ ਕੁੱਝ ਉਹ ਆਪ ਹੀ ਹੈ ਤੇ ਹਉਮੈ, ਦੁਬਿਧਾ ਦਾ ਮਕਸਦ ਸਾਨੂੰ "ਮੈਂ" ਵਿੱਚ ਰੱਖਣਾ ਹੈ, ਪੜਦੇ ਵਿੱਚ ਰੱਖਣਾ ਹੈ, ਅਗਿਆਨਤਾ ਵਿੱਚ ਰੱਖਣਾ ਹੈ ਕਿ ਅਸੀਂ

15/1585

"ਤੂੰ" ਨਹੀਂ ਹਾਂ ਤੇ ਪ੍ਰਮਾਤਮਾ ਨਾਲੋਂ ਵੱਖਰੇ ਹਾਂ। ਜਦ ਤੱਕ ਸਾਨੂੰ ਆਪਣਾ ਆਪ ਸਮਝ ਨਹੀਂ ਆਉਂਦਾ ਭਾਵ ਜਦ ਤੱਕ ਸਾਡਾ ਆਪਣਾ ਰੋਗ ਨਹੀਂ ਜਾਂਦਾ ਤਦ ਤੱਕ ਸਾਨੂੰ ਹਰ ਆਕਾਰ ਰੂਪ ਰੋਗੀ ਹੀ ਨਜ਼ਰ ਆਉਂਦਾ ਹੈ, ਹਰ ਕੋਈ ਮੈਲਾ ਹੀ ਨਜ਼ਰ ਆਉਂਦਾ ਹੈ। ਮੈਲੀ ਸਾਡੀ ਅਗਿਆਨਤਾ ਹੈ ਜਿਸ ਕਰਕੇ ਅਸੀਂ ਮੈਲੇ ਹਾਂ। ਮੈਲੀ ਸਾਡੀ "ਮੈਂ" ਹੈ ਜੋ ਸਾਨੂੰ ਆਪਣੇ ਆਪ ਨੂੰ ਤੂੰ ਨਹੀਂ ਕਹਿਣ ਦਿੰਦੀ। ਇਸੇ ਲਈ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਰੋਗੀ ਕਿਹਾ ਹੈ ਕਿਉਂਕਿ ਉਨ੍ਹਾਂ ਦੀ ਮੈਂ ਨਹੀਂ ਗਈ, ਉਨ੍ਹਾਂ ਨੇ ਆਪਣੇ ਆਪ ਨੂੰ ਵੱਡਾ ਦੱਸਿਆ ਹੈ। "ਮੈਂ" ਖ਼ਤਮ ਹੋਏ ਬਿਨ੍ਹਾਂ ਕੋਈ ਮੁਕਤ ਨਹੀਂ ਹੋ ਸਕਦਾ ਕਿਉਂਕਿ ਅਸਲ ਵਿੱਚ ਮੁਕਤੀ ਅਸੀਂ ਇਸ ਮੈਂ ਤੋਂ ਹੀ ਪਾਉਣੀ ਹੈ। ਪਵਣ ਨੂੰ ਪਵਣ ਕਹਿਣਾ, ਅਗਨ ਨੂੰ ਅਗਨ ਕਹਿਣਾ, ਸਮਝਣਾ, ਪਾਣੀ ਨੂੰ ਪਾਣੀ ਸਮਝਣਾ ਭਾਵ ਉਨ੍ਹਾਂ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਉਨ੍ਹਾਂ ਨੂੰ ਰੋਗੀ ਬਣਾਉਣ ਵਾਲੀ ਗੱਲ ਹੈ, ਮੈਲਾ ਬਣਾਉਣ ਵਾਲੀ ਗੱਲ ਹੈ ਤੇ ਜੇਕਰ ਅਸੀਂ ਇਹ ਕਹਿੰਦੇ ਹਾਂ ਕਿ ਉਨ੍ਹਾਂ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਉਹ ਪ੍ਰਮਾਤਮਾ ਦੇ ਹੀ ਸਰਗੁਣ ਸਰੂਪ ਹਨ ਤੇ ਉਨ੍ਹਾਂ ਦੇ ਅੰਦਰ ਪ੍ਰਮਾਤਮਾ ਆਪ ਹੀ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ, ਗਿਆਨ ਰੂਪ ਵਿੱਚ ਸਭ ਨੂੰ ਚਲਾ ਰਿਹਾ ਹੈ ਤਾਂ ਫਿਰ ਉਹ ਰੋਗੀ ਨਹੀਂ ਹਨ। ਜਦ ਤੱਕ ਸਾਡੇ ਅੰਦਰ ਦਾ ਰੋਗ ਨਹੀਂ ਜਾਂਦਾ ਸਾਨੂੰ ਇਸ ਰੋਗ ਦੀ ਸਮਝ ਨਹੀਂ ਪੈਂਦੀ ਕਿ ਹਰ ਕਿਸੇ ਨੂੰ ਰੋਗੀ ਕਿਸ ਲਈ ਕਿਹਾ ਹੈ। ਜੇਕਰ ਸਾਡਾ ਰੋਗ ਮਿਟ ਜਾਵੇਗਾ ਤਾਂ ਫਿਰ ਅਸੀਂ ਕਿਸੇ ਨੂੰ ਰੋਗੀ ਨਹੀਂ ਸਮਝਾਂਗੇ। ਇਹ ਅਗਿਆਨਤਾ ਦਾ ਰੋਗ ਗਿਆਨ ਨਾਲ ਮਰਦਾ ਹੈ। ਮਨ ਦੇ ਵਿੱਚ ਹੀ ਇਹ ਰੋਗ ਹੈ ਤੇ ਮਨ ਦੇ ਵਿੱਚ ਹੀ ਇਹ ਰੋਗ ਮਰਦਾ ਹੈ, ਜਾਂਦਾ ਹੈ ਤੇ ਹੋਰ ਇਸਦਾ ਕੋਈ ਤਰੀਕਾ ਨਹੀਂ ਹੈ।

"ਗਿਆਨ" ਦੀ ਪ੍ਰਾਪਤੀ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਉਸੇ ਨੂੰ ਹੀ ਹੁੰਦੀ ਹੈ ਜਿਸ ਦੀ ਇਹ ਦੁਬਿਧਾ ਮਰ ਜਾਂਦੀ ਹੈ ਜਿਵੇਂ ਕਿ ਮੁੱਖ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। **(ਇਸੁ ਮਾਰੀ ਬਿਨੁ ਗਿਆਨੁ ਨ ਹੋਈ॥)** ਗੁਰੂ ਦਾ ਗਿਆਨ ਉਸੇ ਦੇ ਕੋਲ ਹੈ ਭਾਵ ਗੁਰੂ ਦੀ ਸੱਚੀ ਸੋਝੀ ਉਸ ਦੇ ਕੋਲ ਹੈ ਜਿਸਦੀ ਦੁਬਿਧਾ ਮਰ ਗਈ ਹੈ ਕਿਉਂਕਿ ਇਹ ਦੁਬਿਧਾ ਮਰਦੀ ਹੀ ਸੱਚੇ ਗਿਆਨ

15/1586

ਦੇ ਨਾਲ ਹੈ ਤੇ ਜੇਕਰ ਸਾਡੀ ਦੁਬਿਧਾ ਨਹੀਂ ਮਰੀ, ਜੇਕਰ ਅਜੇ ਸਾਡਾ ਰੋਗ ਨਹੀਂ ਮਿਟਿਆ ਤਾਂ ਫਿਰ ਸਾਨੂੰ ਸੱਚੇ ਗਿਆਨ ਦੀ ਪ੍ਰਾਪਤੀ ਨਹੀਂ ਹੋਈ, ਬ੍ਰਹਮ ਗਿਆਨ ਦੀ ਪ੍ਰਾਪਤੀ, ਚੌਥੇ ਪਦ ਦੀ ਪ੍ਰਾਪਤੀ, ਸਹਜ ਦੀ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ, ਸਾਧਸੰਗਤਿ ਦੀ ਪ੍ਰਾਪਤੀ ਨਹੀਂ ਹੋਈ। ਜਿਸ ਦੀ ਦੁਬਿਧਾ, ਹਉਮੈ ਮਰ ਜਾਂਦੀ ਹੈ ਉਹੀ ਅਸਲ ਵਿੱਚ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸੂਰਾ ਹੈ। ਉਸ ਦਾ ਸੂਰਾ ਬਣਨਾ ਕੀ ਹੈ ਇਸ ਨੂੰ ਹੇਠ ਲਿਖੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕ ਮਃ ੩॥

{ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥

ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥}

(ਅੰਗ ੮੬)

ਦੁਸ਼ਟ ਸਾਡੇ ਵਿਕਾਰ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜੋ ਸਾਡੇ ਮਨ ਨੂੰ ਦੁਸ਼ਟ ਬਣਾਉਂਦੇ ਹਨ ਜਿਸ ਦਾ

ਕਾਰਨ ਸਾਡੇ ਅੰਦਰ ਦੀ ਮੈਂ ਹੈ, ਮਨਮਤਿ ਹੈ, ਹਉਮੈ ਹੈ। ਜਿਸਦੇ ਅੰਦਰੋਂ ਇਹ ਦੁਸ਼ਟ ਰੂਪ ਹਉਮੈ ਨਿਕਲੀ ਹੋਈ ਹੈ, ਉਹ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸੂਰਾ ਹੈ ਤੇ ਇਹੋ ਜਿਹਾ ਮਨੁੱਖ ਹੀ ਗੁਰਮੁਖਿ ਦੀ ਅਵੱਸਥਾ ਵਾਲਾ ਹੈ, ਗੁਰਮਤਿ ਦੀ ਅਵੱਸਥਾ ਵਾਲਾ ਹੈ ਤੇ ਉਹ "ਨਾਮੁ" ਦੀ ਸਿਫ਼ਤ ਸਾਲਾਹ ਕਰਦਾ ਹੈ ਭਾਵ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਦਾ ਹੈ। ਉਸਦਾ ਜਨਮ ਇਸ ਲਈ ਸਵਰਿਆ ਹੈ ਕਿਉਂਕਿ ਉਸਦੇ ਅੰਦਰੋਂ ਸਾਰੇ ਔਗੁਣ, ਹਉਮੈ ਮਰ ਚੁੱਕੀ ਹੈ ਤੇ ਉਸਦੇ ਅੰਦਰ ਗੁਰਮਤਿ ਵਸੀ ਹੋਈ ਹੈ।

ਜੇਕਰ ਕਿਸੇ ਦੀ ਇਹੋ ਜਿਹੀ ਬਿਰਤੀ ਹੈ ਤਾਂ ਫਿਰ ਉਸਦੀ ਦੁਬਿਧਾ ਮਰੀ ਹੋਈ ਹੈ ਨਹੀਂ ਤਾਂ ਦੁਬਿਧਾ ਨਾਲ ਹੀ ਹੈ। **(ਜੋ ਇਸੁ ਮਾਰੇ ਸੋਈ ਸੂਰਾ॥)** ਜਿਸਦੀ ਦੁਬਿਧਾ ਮਰ ਜਾਂਦੀ ਹੈ ਉਹੀ ਇਸ ਸੰਸਾਰ ਵਿੱਚ ਪੂਰਾ ਹੁੰਦਾ ਹੈ ਭਾਵ ਗੁਰੂ ਦੀ ਮਤਿ ਤੇ ਪੂਰਾ ਉਤਰਦਾ ਹੈ, ਗੁਰੂ ਦੇ ਬਚਨਾਂ ਤੇ ਪੂਰਾ ਉਤਰਦਾ ਹੈ। ਪੂਰਾ ਉਤਰਨਾ ਕੀ ਹੈ, ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥੧॥ਰਹਾਉ॥}

(ਅੰਗ - ੪੦੪)

ਆਪਣੇ ਆਪ ਨੂੰ ਪੂਰਾ ਕਹਿਣ ਵਾਲੇ ਤਾਂ ਬਹੁਤ ਮਿਲ ਜਾਂਦੇ ਹਨ ਪਰ ਉਸ ਪ੍ਰਮਾਤਮਾ ਦੇ ਪੂਰਾ ਕੀਤੇ ਬਿਨ੍ਹਾਂ ਕੋਈ ਵੀ ਪੂਰਾ ਨਹੀਂ ਹੈ।

15/1587

ਅਸੀਂ ਪੂਰਾ ਉਸਨੂੰ ਸਮਝਦੇ ਹਾਂ ਜੋ ਸਾਰੀ ਜ਼ਿੰਦਗੀ ਸਰੀਰਕ ਜਪਾਂ ਤਪਾਂ ਵਿੱਚ ਲੱਗਾ ਰਹਿੰਦਾ ਹੈ ਤੇ ਜਪਾਂ ਤਪਾਂ ਨੂੰ ਸ਼ਬਦ ਵਿੱਚ ਪਹਿਲੇ ਹੀ ਸਾਡੀ ਦੁਬਿਧਾ ਦੱਸਿਆ ਹੈ। ਅਸਲ ਵਿੱਚ ਔਗੁਣਾਂ ਨੂੰ ਮਾਰਨਾ, ਪੂਰਨ ਰੂਪ ਵਿੱਚ ਮਾਰਨਾ, ਪੂਰਨ ਰੂਪ ਵਿੱਚ ਗੁਰੂ ਦੀ ਗੱਲ ਤੇ ਪੂਰਾ ਉਤਰਨਾ ਹੈ, ਸੱਚ ਤੇ ਪੂਰਾ ਉਤਰਨਾ ਹੀ ਇਸ ਸੰਸਾਰ ਵਿੱਚ ਪੂਰਾ ਹੋਣਾ ਹੈ। ਸਾਡੇ ਸਰੀਰਕ ਜਪ ਤਪ ਆਦਿ ਕਰਨਾ ਸੱਚ ਨਹੀਂ ਹੈ ਬਲਕਿ ਗੁਰਮਤਿ ਦੇ ਉਲਟ ਹੈ, ਜੋ ਕਿ ਸਾਡਾ ਗੁਣ ਨਹੀਂ ਬਲਕਿ ਔਗੁਣ ਹੈ। ਜੋ ਕੁਝ ਵੀ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਹ ਸਾਡਾ ਔਗੁਣ ਹੈ ਤੇ ਔਗੁਣਾਂ ਵਿੱਚ ਰਹਿੰਦੇ ਹੋਏ ਹੀ ਅਸੀਂ ਆਪਣੇ ਆਪ ਨੂੰ ਪੂਰਾ ਸਮਝੀ ਜਾਂਦੇ ਹਾਂ। ਪੂਰਾ ਸਾਨੂੰ ਸੱਚੇ ਗਿਆਨ ਨੇ ਕਰਨਾ ਹੈ ਜੋ ਸਾਨੂੰ ਸੱਚੀ ਕਰਨੀ ਸਮਝਾਉਂਦਾ ਹੈ ਨਾ ਕਿ ਸਰੀਰਕ ਜਪ ਤਪ ਆਦਿ ਨੇ ਕਰਨਾ ਹੈ। ਇਹ ਸਭ ਕੁੱਝ ਸਾਡੀ ਦੁਬਿਧਾ ਹੈ ਤੇ ਇਸ ਦੁਬਿਧਾ ਦੇ ਮਰੇ ਬਿਨ੍ਹਾਂ, ਪ੍ਰਮਾਤਮਾ ਦੀ ਸੋਝੀ ਪਏ ਬਿਨ੍ਹਾਂ ਭਾਵ ਉਸਦੇ ਨਿਰਗੁਣ ਰੂਪ ਦੀ ਸੋਝੀ ਪਏ ਬਿਨ੍ਹਾਂ, ਗੁਰਬਾਣੀ ਦੀ ਪੂਰਨ ਸੋਝੀ ਪਏ ਬਿਨ੍ਹਾਂ ਕੋਈ ਪੂਰਾ ਨਹੀਂ ਹੈ। ਪੂਰਾ ਉਹੀ ਹੈ ਜੋ ਉਸ ਨਿਰਗੁਣ ਰੂਪ ਪੂਰੇ ਵਿੱਚ ਮਿਲ ਜਾਂਦਾ ਹੈ। **(ਜੋ ਇਸੁ ਮਾਰੇ ਸੋਈ ਪੂਰਾ॥)**

ਜਿਸ ਦੀ ਦੁਬਿਧਾ ਮਰ ਜਾਂਦੀ ਹੈ ਉਸਨੂੰ ਹੀ ਪ੍ਰਮਾਤਮਾ ਦੀ ਵਡਿਆਈ ਸਮਝ ਆਉਂਦੀ ਹੈ ਕਿ ਉਹ ਕਿਤਨਾ ਵੱਡਾ ਹੈ ਤੇ ਉਸਨੂੰ ਜਾਨਣ ਤੋਂ ਬਾਅਦ ਹੀ ਕੋਈ ਉਸਦੀ ਵਡਿਆਈ ਕਰ ਸਕਦਾ ਹੈ। ਆਪਣੀ ਵਡਿਆਈ ਪ੍ਰਮਾਤਮਾ ਕਿਸੇ ਨੂੰ ਆਪ ਹੀ ਬਖ਼ਸ਼ਦਾ ਹੈ, ਆਪਣੀ ਸਿਫ਼ਤ ਸਾਲਾਹ ਕਰਨੀ ਆਪ ਹੀ ਬਖ਼ਸ਼ਦਾ ਹੈ। ਦੁਬਿਧਾ ਵਿੱਚ ਰਹਿੰਦੇ ਹੋਏ ਸਾਨੂੰ ਉਸਦੀ ਵਡਿਆਈ ਕਰਨੀ ਸਮਝ ਹੀ ਨਹੀਂ ਆਉਂਦੀ ਕਿਉਂਕਿ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਕਰਮ ਇਹੋ ਜਿਹੇ ਕਰਦੇ ਹਾਂ ਜਿਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੁੰਦੀ ਭਾਵੇਂ ਅਸੀਂ ਉਸਨੂੰ ਉਸਦੀ ਵਡਿਆਈ ਕਰਨੀ ਸਮਝਦੇ ਹਾਂ। ਉਸਦੀ ਸੱਚੀ ਵਡਿਆਈ, ਪੂਰੀ ਵਡਿਆਈ ਉਸਦੀ ਸੱਚੀ ਮਤਿ ਦੇ ਮਿਲਣ ਤੇ ਹੀ ਹੁੰਦੀ ਹੈ ਤੇ ਉਸਦੀ ਸੱਚੀ ਮਤਿ ਉਸ ਪ੍ਰਮਾਤਮਾ ਨਾਲ ਮਿਲਣ ਤੇ ਹੀ ਮਿਲਦੀ ਹੈ। ਉਸਨੂੰ ਜਾਣੇ ਬਿਨ੍ਹਾਂ ਅਸੀਂ ਕੇਵਲ ਸੁਣੀਆਂ ਸੁਣਾਈਆਂ ਗੱਲਾਂ ਦੁਆਰਾ ਹੀ ਉਸਨੂੰ ਵੱਡਾ ਸਮਝਦੇ ਹਾਂ ਪਰ ਉਸਦੀ ਸੱਚੀ ਵਡਿਆਈ ਉਸਨੂੰ ਜਾਣਨ ਤੋਂ ਬਾਅਦ ਹੀ ਹੁੰਦੀ ਹੈ। ਉਸਨੂੰ ਜਾਨਣਾ ਜਾਂ ਗੁਰਮਤਿ ਨੂੰ ਜਾਨਣਾ ਇੱਕੋ ਹੀ ਗੱਲ ਹੈ ਕਿਉਂਕਿ ਪ੍ਰਮਾਤਮਾ ਆਪਣੇ ਮੇਲ ਤੋਂ ਬਾਅਦ ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੇ ਇਸ ਗੁਰਮਤਿ ਰੂਪ ਵਿੱਚ ਹੀ ਵੱਸਿਆ ਹੋਇਆ ਹੈ।

15/1588

(ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥)

(ਅੰਗ ੯)

(ਜੋ ਇਸੁ ਮਾਰੇ ਤਿਸਹਿ ਵਡਿਆਈ॥)

ਜੇਕਰ ਸਾਨੂੰ ਪ੍ਰਮਾਤਮਾ ਦੀ ਉਹੋ ਜਿਹੀ ਵਡਿਆਈ ਕਰਨੀ ਆ ਗਈ ਹੈ ਜੋ ਕਿ ਉਸਦੇ ਨਾਲ ਮੇਲ ਤੋਂ ਬਾਅਦ ਹੀ ਹੁੰਦੀ ਹੈ ਤਾਂ ਫਿਰ ਸਾਡੀ ਦੁਬਿਧਾ ਮਰੀ ਹੋਈ ਹੈ ਨਹੀਂ ਤਾਂ ਸਾਡੀ ਦੁਬਿਧਾ ਸਾਡੇ ਨਾਲ ਹੀ ਹੈ। ਉਸਦੀ ਵਡਿਆਈ ਉਦੋਂ ਹੁੰਦੀ ਹੈ ਜਦੋਂ ਸਭ ਦੇ ਵਿੱਚ ਉਹ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ।

ਸਾਡੇ ਜੀਵਨ ਦਾ ਦੁੱਖ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਜੀਵਨ ਦਾ ਸੁੱਖ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਜਿਸਦੀ ਦੁਬਿਧਾ ਮਰ ਜਾਂਦੀ ਹੈ ਉਸਦਾ ਫਿਰ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁੱਖ ਦੂਰ ਹੋ ਜਾਂਦਾ ਹੈ ਭਾਵ ਉਸਨੂੰ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਜਾਂਦੀ ਹੈ।

(ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥)

ਸਾਨੂੰ ਉਸ ਸੱਚੇ ਸੁੱਖ ਦੀ ਪ੍ਰਾਪਤੀ ਹੋ ਚੁੱਕੀ ਹੈ ਤਾਂ ਫਿਰ ਸਾਡੀ ਦੁਬਿਧਾ ਮਰ ਚੁੱਕੀ ਹੈ ਤੇ ਜੇਕਰ ਅਸੀਂ ਦੁੱਖ ਵਿੱਚ ਹੀ ਹਾਂ ਤਾਂ ਫਿਰ ਇਹ ਦੁਬਿਧਾ ਨਾਲ ਹੀ ਹੈ। ਅਸਲ ਵਿੱਚ ਇਹ ਦੁਬਿਧਾ ਹੀ ਤਾਂ ਸਾਡਾ ਦੁੱਖ ਹੈ, ਰੋਗ ਹੈ, ਸਾਡੇ ਦੁੱਖਾਂ ਦਾ ਕਾਰਨ ਹੈ, ਜਿਸ ਕਰਕੇ ਅਸੀਂ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦੇ।

ਜਿਸਦੀ ਦੁਬਿਧਾ ਮਰ ਜਾਂਦੀ ਹੈ ਉਹ ਆਪਣੇ ਜੀਵਨ ਵਿੱਚ ਰਾਜ ਜੋਗ ਕਮਾਉਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ ਕਮਾਇਆ ਹੈ। ਮਨ ਦੇ ਅਸਲ ਰਾਜੇ ਭਾਵ ਪ੍ਰਮਾਤਮਾ ਦੇ ਨਾਲ ਯੋਗ ਹੋਏ ਬਿਨ੍ਹਾਂ, ਬ੍ਰਹਮਗਿਆਨ ਦੇ ਨਾਲ ਜੋਗ ਹੋਏ ਬਿਨ੍ਹਾਂ ਇਹ ਰਾਜ ਜੋਗ ਨਹੀਂ ਕਮਾਇਆ ਜਾ ਸਕਦਾ। ਇਸ ਰਾਜ ਜੋਗ ਦੁਆਰਾ ਹੀ ਸਾਨੂੰ ਉਸ ਅਸਲ ਰਾਜੇ ਦੀ ਸਮਝ ਪੈਂਦੀ ਹੈ ਤੇ ਉਸਦੀ ਸੋਝੀ ਪਏ ਬਿਨ੍ਹਾਂ ਅਸੀਂ ਆਪ ਹੀ ਇਸ ਮਨ ਦੇ ਰਾਜੇ ਬਣੇ ਹੋਏ ਹਾਂ ਤਾਂ ਆਪਣੇ ਆਪ ਨੂੰ ਉੱਚਾ ਸਮਝਦੇ ਹਾਂ। ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਣਾ ਆਪਣੇ ਆਪ ਨੂੰ ਉੱਚਾ ਕਰਨ ਵਾਲੀ ਗੱਲ ਹੈ।ਪਰ ਅਸਲ ਵਿੱਚ ਸਾਡੇ ਵਿਚਾਰਾਂ ਦਾ ਮਾਲਕ ਕੌਣ ਹੈ ਇਸਦੀ ਸੋਝੀ ਸਾਨੂੰ ਨਹੀਂ ਪੈਂਦੀ। ਜੇਕਰ ਕੋਈ ਇਹੋ ਜਿਹੀ ਸੋਝੀ ਦਾ ਰਾਜ ਜੋਗ ਕਮਾ ਰਿਹਾ ਹੈ ਜਿਹੋ ਜਿਹਾ ਗੁਰੂ ਸਾਹਿਬਾਨ ਨੇ ਕਮਾਇਆ ਹੈ ਤਾਂ ਫਿਰ ਉਸਦੀ ਦੁਬਿਧਾ ਮਰੀ ਹੋਈ ਹੈ ਤੇ ਜੇਕਰ ਇਹੋ ਜਿਹੇ ਰਾਜ

ਜੋਗ ਦੀ ਪ੍ਰਾਪਤੀ ਨਹੀਂ ਹੋਈ ਤਾਂ ਫਿਰ ਸਾਡੀ ਦੁਬਿਧਾ ਸਾਡੇ ਨਾਲ ਹੀ ਹੈ। ਇਹ ਦੁਬਿਧਾ ਕਿਸੇ ਵਿਰਲੇ ਦੀ ਹੀ ਮਰਦੀ ਹੈ ਤੇ ਵਿਰਲਾ ਹੀ ਰਾਜ ਜੋਗੁ ਕਮਾਉਂਦਾ ਹੈ। **(ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥)**

ਇਹ ਦੁਬਿਧਾ ਕਿਵੇਂ ਮਰਦੀ ਹੈ, ਇਹੀ ਗੱਲ ਸ਼ਬਦ ਦੇ ਆਖਰੀ ਪਦੇ ਰਾਹੀਂ ਸਾਨੂੰ ਸਮਝਾਈ ਹੋਈ ਹੈ। ਕਿਸੇ ਦੇ ਆਪਣੇ ਵੱਸ ਨਹੀਂ ਕਿ ਕੋਈ ਇਸ ਦੁਬਿਧਾ ਨੂੰ ਮਾਰ ਸਕੇ। ਦੁਬਿਧਾ ਦਾ ਮਰਨਾ ਪ੍ਰਮਾਤਮਾ ਨਾਲ ਮਿਲਣਾ ਹੈ। ਆਪਣੇ ਨਾਲ ਉਹ ਕਿਸੇ ਨੂੰ ਆਪ ਹੀ ਮਿਲਾ ਸਕਦਾ ਹੈ।

“ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ॥

ਗੁਰਿ ਦੁਬਿਧਾ ਜਾ ਕੀ ਹੈ ਮਾਰੀ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ॥੮॥੫॥”

ਇਹ ਕੇਵਲ ਤੇ ਕੇਵਲ ਉਸਦੀ ਕ੍ਰਿਪਾ ਹੈ ਕਿ ਉਹ ਕਿਸੇ ਦੀ ਦੁਬਿਧਾ ਮਾਰ ਦੇਵੇ ਭਾਵ ਕਿਸੇ ਦੀ ਅਗਿਆਨਤਾ ਕੱਢ ਦੇਵੇ, ਸਹਿਸਾ ਕੱਢ ਦੇਵੇ। ਸਹਿਸਾ ਨਿਕਲਣ ਤੋਂ ਬਾਅਦ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਸਾਡੇ ਅੰਦਰ ਇਹ ਦੁਬਿਧਾ ਪਾਉਣ ਵਾਲਾ ਕੌਣ ਹੈ, ਇਹ ਅਗਿਆਨਤਾ ਦਾ ਪੜਦਾ ਪਾਉਣ ਵਾਲਾ ਕੌਣ ਹੈ। ਇਸ ਦੁਬਿਧਾ ਤੋਂ ਖਲਾਸੀ ਹੋਣ ਦੀ ਨਿਸ਼ਾਨੀ ਕੀ ਹੈ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ।

“ਤਿਸੁ ਭਈ ਖਲਾਸੀ ਹੋਈ ਸਗਲ ਸਿਧਿ॥”

“ਸਗਲ ਸਿਧਿ” ਤੋਂ ਭਾਵ ਹੈ ਸਗਲੀ ਸੋਝੀ ਭਾਵ ਪੂਰਨ ਸੋਝੀ ਪੈ ਜਾਣੀ, ਪ੍ਰਮਾਤਮਾ ਬਾਰੇ ਸੋਝੀ ਪੈ ਜਾਣੀ ਕਿ ਪ੍ਰਮਾਤਮਾ ਕੀ ਹੈ। ਦੁਬਿਧਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਕੋਈ ਨਹੀ ਜਾਣ ਸਕਦਾ। ਦੁਬਿਧਾ ਵਿੱਚੋਂ ਕੇਵਲ ਸਾਨੂੰ ਮਨ ਦੀ ਪੂਰਨ ਸੋਝੀ ਹੀ ਕੱਢਦੀ ਹੈ ਭਾਵ ਪ੍ਰਮਾਤਮਾ ਇੱਕ ਸਮਝਣ ਦੀ ਚੀਜ਼ ਹੈ, ਵੱਥ ਹੈ, ਜੋ ਪੂਰਨ ਸੋਝੀ ਦੁਆਰਾ ਸਮਝ ਆਉਂਦਾ ਹੈ। ਸੋਝੀ ਮਨ

ਦੇ ਵਿੱਚੋਂ ਹੀ ਪੈਂਦੀ ਹੈ। ਦੁਬਿਧਾ ਵੀ ਸਾਡੇ ਮਨ ਦੇ ਵਿੱਚ ਹੈ ਤੇ ਦੁਬਿਧਾ ਨਿਕਲਣ ਦਾ ਰਸਤਾ ਵੀ ਸਾਡਾ ਮਨ ਹੈ। ਜਿੱਥੇ ਪ੍ਰਮਾਤਮਾ ਦਾ ਆਪਣਾ ਟਿਕਾਣਾ ਹੈ ਉੱਥੋਂ ਹੀ ਸਾਨੂੰ ਸੋਝੀ ਪੈ ਸਕਦੀ ਹੈ। ਉਸਦੇ ਟਿਕਾਣੇ ਦੇ ਵਿੱਚੋਂ ਹੀ ਅਗਿਆਨਤਾ, ਦੁਬਿਧਾ ਉਪਜਦੀ ਹੈ ਤੇ ਉਸਦੇ ਟਿਕਾਣੇ ਦੇ ਵਿੱਚੋਂ ਹੀ ਸਹਜ ਉਪਜਦਾ ਹੈ। ਮਨ ਦੇ ਵਿੱਚ ਹੀ ਤ੍ਰੈਗੁਣ ਹਨ ਤੇ ਮਨ ਵਿੱਚ ਹੀ ਚੌਥਾ ਪਦ ਹੈ ਜਿਸ ਵਿੱਚ ਉਹ ਸੱਚਾ ਆਪ ਹੈ। ਉਹ ਮਨ ਵਿੱਚ ਆਪ ਹੀ ਆਪਣੀ ਸੱਚੀ ਸੋਝੀ ਪਾਉਂਦਾ ਹੈ, ਪੂਰੀ ਗੁਰਮਤਿ ਦੀ ਸੋਝੀ ਪਾਉਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਦੁਬਿਧਾ ਵਿੱਚੋਂ ਕੱਢਿਆ ਹੈ ਉਨ੍ਹਾਂ ਰਾਹੀਂ ਹੀ ਸਾਨੂੰ ਗੁਰਮਤਿ ਦੀ ਸੋਝੀ ਪਾਈ ਹੈ ਤੇ ਇਸੇ ਲਈ ਪੂਰੀ ਗਰੁਬਾਣੀ ਦੁਬਿਧਾ ਤੋਂ ਰਹਿਤ ਹੈ, ਭਰਮ ਤੋਂ ਰਹਿਤ ਹੈ ਤੇ ਪ੍ਰਮਾਤਮਾ ਦਾ ਪੂਰਨ ਸੱਚ ਬਿਆਨ ਕਰਦੀ ਹੈ।

15/1590

(ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ॥)

ਉਸਦੀ ਗੁਰਮਤਿ ਦੀ ਪੂਰਨ ਸੋਝੀ ਕਿਸ ਰੂਪ ਵਿੱਚ ਪੈਂਦੀ ਹੈ ਜਿਸ ਨਾਲ ਸਾਡੀ ਦੁਬਿਧਾ ਦੂਰ ਹੋਣੀ ਹੈ ਉਹ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗੁਰਿ ਦੁਬਿਧਾ ਜਾ ਕੀ ਹੈ ਮਾਰੀ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ॥੯॥੫॥”

ਪੂਰੀ ਗੁਰਬਾਣੀ ਬ੍ਰਹਮ ਵੀਚਾਰ ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਵੀਚਾਰ ਹੈ, ਉਸਦੀ ਆਪਣੀ ਪਾਈ ਹੋਈ ਸੋਝੀ ਹੈ ਕਿ ਪ੍ਰਮਾਤਮਾ ਕੀ ਹੈ ਭਾਵ ਉਸਦੀ ਸੱਚੀ ਸੋਝੀ ਉਸਦੇ ਬ੍ਰਹਮ ਵੀਚਾਰ ਦੁਆਰਾ, ਬ੍ਰਹਮ ਗਿਆਨ ਦੁਆਰਾ ਹੀ ਪੈਂਦੀ ਹੈ। ਇਸ ਬ੍ਰਹਮਗਿਆਨ ਦੁਆਰਾ ਹੀ ਉਹ ਕਿਸੇ ਨੂੰ ਦੁਬਿਧਾ ਵਿੱਚੋਂ ਕੱਢਦਾ ਹੈ, ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਦਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਸਨੇ ਆਪਣਾ ਬ੍ਰਹਮ ਵੀਚਾਰ ਦਿੱਤਾ ਹੈ ਉਨ੍ਹਾਂ ਦੀ ਹੀ ਦੁਬਿਧਾ ਨਿਕਲੀ ਹੈ। ਬ੍ਰਹਮ ਵੀਚਾਰ ਦੀ, ਬ੍ਰਹਮ ਗਿਆਨ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਦੁਬਿਧਾ ਵਿੱਚ ਹੀ ਹੈ। ਜਿੰਨ੍ਹਾਂ ਸਰੀਰਾਂ ਨੇ ਆਪਣੇ ਮੁੱਖੋਂ ਬ੍ਰਹਮ ਵੀਚਾਰ ਉਚਾਰਿਆ ਹੈ ਉਨ੍ਹਾਂ ਨੇ ਬ੍ਰਹਮਗਿਆਨ ਨੂੰ ਆਪਣਾ ਨਹੀਂ ਕਿਹਾ ਬਲਕਿ ਬ੍ਰਹਮਗਿਆਨੀ ਪ੍ਰਮਾਤਮਾ ਨੂੰ ਕਿਹਾ ਹੈ ਜਿੱਥੋਂ ਇਹ ਸਾਰਾ ਬ੍ਰਹਮਗਿਆਨ ਆਉਂਦਾ ਹੈ। ਆਪਣੇ ਆਪ ਨੂੰ ਬ੍ਰਹਮਗਿਆਨੀ ਉਹੀ ਕਹਿ ਸਕਦਾ ਹੈ, ਸਮਝ ਸਕਦਾ ਹੈ ਜੋ ਦੁਬਿਧਾ ਵਿੱਚ ਹੈ। ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਗੁਰਬਾਣੀ ਦੇ ਬੋਲਾਂ ਨੂੰ ਆਪਣੇ ਬੋਲ ਨਹੀਂ ਕਿਹਾ ਬਲਕਿ ਉਸ ਪ੍ਰਮਾਤਮਾ ਦੇ ਬੋਲ ਕਿਹਾ ਹੈ, ਪ੍ਰਮਾਤਮਾ ਦਾ ਗਿਆਨ ਕਿਹਾ ਹੈ ਕਿਉਂਕਿ ਪ੍ਰਮਾਤਮਾ ਹੈ ਹੀ ਗਿਆਨ ਰੂਪ। ਇਸੇ ਲਈ ਗੁਰਬਾਣੀ ਆਪ ਬ੍ਰਹਮ ਹੈ, ਪ੍ਰਮਾਤਮਾ ਦਾ ਸੱਚਾ ਰੂਪ ਹੈ, ਬ੍ਰਹਮਗਿਆਨ ਰੂਪ ਹੈ।

{ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ॥ ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥}

(ਅੰਗ ੩੯)

{ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

{ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥}

(ਅੰਗ ੩੩੫)

15/1591

ਜਿਸਨੂੰ ਬ੍ਰਹਮ ਵਿਚਾਰ ਦੀ ਸੋਝੀ ਪੈ ਜਾਂਦੀ ਹੈ ਉਹ ਫਿਰ ਕਦੇ ਆਪਣੇ ਮਨ ਦੇ ਵਿਚਾਰਾਂ ਨੂੰ, ਆਪਣੇ ਅੰਦਰੋਂ ਉਪਜ ਰਹੇ ਗਿਆਨ ਨੂੰ ਆਪਣਾ ਕਹਿ ਹੀ ਨਹੀਂ ਸਕਦਾ। ਕਿਸੇ ਦੀ **"ਮੈਂ"**, "ਹਉਮੈ" ਬ੍ਰਹਮ ਵਿਚਾਰ ਜਾਣੇ ਬਿਨ੍ਹਾਂ ਜਾ ਹੀ ਨਹੀਂ ਸਕਦੀ ਭਾਵ ਮਨੁੱਖ ਦੀ "ਮੈਂ" "ਤੂੰ" ਵਿੱਚ ਤਾਂ ਹੀ ਬਦਲਦੀ ਹੈ ਜਦੋਂ ਉਹ ਆਪਣੇ ਅੰਦਰੋਂ ਬ੍ਰਹਮ ਵਿਚਾਰ ਨੂੰ ਜਾਣ ਲੈਂਦਾ ਹੈ, ਬ੍ਰਹਮ ਗਿਆਨ ਨੂੰ ਜਾਣ ਲੈਂਦਾ ਹੈ, ਆਪਣੇ ਅੰਦਰ ਦੇ ਬ੍ਰਹਮ ਗਿਆਨੀ ਨੂੰ ਜਾਣ ਲੈਂਦਾ ਹੈ। ਆਪਣੇ ਆਪ ਨੂੰ "ਮੈਂ" ਸਮਝਣਾ, ਮੈਂ ਨੂੰ ਉੱਚਾ ਕਰਨਾ ਸਾਡੀ ਅਗਿਆਨਤਾ ਦੀ ਅਵੱਸਥਾ ਹੈ ਤੇ "ਤੂੰ" ਨੂੰ ਉੱਚਾ ਕਰਨਾ ਸਾਡੀ ਬ੍ਰਹਮ ਗਿਆਨ ਦੀ ਅਵੱਸਥਾ ਹੈ। ਜਦ ਤੱਕ ਸਾਨੂੰ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਅਸੀਂ ਆਪਣੇ ਆਪ ਨੂੰ ਹੀ ਵੱਡਾ ਸਮਝਦੇ ਹਾਂ ਤੇ ਇਹੀ ਸਾਡਾ ਅਸਲ ਵਿੱਚ ਪ੍ਰਮਾਤਮਾ ਦੇ ਨਾਲ ਵਾਦ ਹੈ, ਝਗੜਾ ਹੈ ਜਿਸਦਾ ਮੂਲ ਅਗਿਆਨਤਾ ਹੈ, ਜਿਸਦੇ ਰਹਿੰਦੇ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਮਿਟ ਸਕਦਾ। ਅਸੀਂ ਪ੍ਰਮਾਤਮਾ ਨੂੰ ਤਾਂ ਹੀ ਵੱਡਾ ਕਰਕੇ ਜਾਣਦੇ ਹਾਂ ਜਦੋਂ ਸਾਡੀ ਅਗਿਆਨਤਾ ਮਿਟ ਜਾਂਦੀ ਹੈ, ਦੁਬਿਧਾ ਮਿਟ ਜਾਂਦੀ ਹੈ। ਇਹ ਦੁਬਿਧਾ ਪ੍ਰਮਾਤਮਾ ਨੇ ਬ੍ਰਹਮਾ ਦੀ ਵੀ ਨਹੀਂ ਮੇਟੀ ਤੇ ਤਾਂ ਹੀ ਉਸਨੂੰ ਤ੍ਰੈਗੁਣਾਂ ਵਿੱਚ ਕਿਹਾ ਗਿਆ ਹੈ, ਅਗਿਆਨਤਾ ਵਿੱਚ ਕਿਹਾ ਗਿਆ ਹੈ ਭਾਵੇਂ ਉਸਦੇ ਸਰੀਰ ਦੇ ਰਾਹੀਂ ਇਤਨੇ ਵੱਡੇ ਵੇਦਾਂ ਦਾ ਗਿਆਨ ਸਾਡੇ ਕੋਲ ਆਇਆ ਹੈ। ਇਸ ਗੱਲ ਨੂੰ ਹੇਠ ਦਿੱਤੀਆ ਪੰਗਤੀਆਂ ਦੁਆਰਾ ਸਮਝਿਆਂ ਜਾ ਸਕਦਾ ਹੈ।

"ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥
ਅੰਤਰਿ ਤਾਮਸੁ ਆਪੁ ਨ ਪਛਾਣੈ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥"

(ਅੰਗ ੨੩੧)

ਉੱਪਰ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਸਮਝ ਆ ਸਕੇ ਕਿ ਵੇਦਾਂ ਦੇ ਲਿਖਣ ਵਾਲੇ ਬ੍ਰਹਮਾ ਵਿੱਚ ਤੇ ਗੁਰਬਾਣੀ ਦੇ ਲਿਖਣ ਵਾਲਿਆਂ ਵਿੱਚ ਉਹ ਕਿਹੜਾ ਭੇਦ ਹੈ ਜਿਸ ਕਰਕੇ ਬ੍ਰਹਮਾ ਨੂੰ ਤ੍ਰੈਗੁਣਾਂ ਵਿੱਚ ਕਿਹਾ ਹੈ ਤੇ ਗੁਰਬਾਣੀ ਨੂੰ ਸੱਚੀ ਬਾਣੀ ਕਿਹਾ ਹੈ। ਭੇਦ ਸਰਗੁਣ ਤੇ ਨਿਰਗੁਣ ਰੂਪ ਦੀ ਪਹਿਚਾਣ ਕਰਨ ਵਿੱਚ ਹੈ ਕਿ ਗੁਰੂ ਸਰਗੁਣ ਰੂਪ ਹੈ ਜਾਂ ਨਿਰਗੁਣ ਰੂਪ। ਗੁਰੂ ਆਕਾਰ ਰੂਪ ਹੈ ਜਾਂ ਸ਼ਬਦ ਰੂਪ। ਜਦ ਤੱਕ "ਗੁਰੂ" ਅਸੀ ਆਕਾਰ ਰੂਪ ਨੂੰ ਸਮਝਦੇ ਹਾਂ ਭਾਵ ਗਿਆਨ ਦੇਣ ਵਾਲੇ ਨੂੰ

15/1592

ਆਕਾਰ ਰੂਪ ਨੂੰ ਸਮਝਦੇ ਹਾਂ, ਉਸਨੂੰ ਸਾਡੀ ਭੁੱਲ ਦੱਸਿਆ ਹੈ, ਅਗਿਆਨਤਾ ਦੱਸਿਆ ਹੈ ਤੇ ਜੇਕਰ "ਗੁਰੂ" ਅਸੀਂ ਸ਼ਬਦ ਨੂੰ ਸਮਝਦੇ ਹਾਂ ਤਾਂ ਫਿਰ ਅਸੀਂ ਅਗਿਆਨਤਾ ਵਿੱਚ ਨਹੀਂ ਹਾਂ। ਵੇਦਾਂ ਦੇ ਲਿਖਾਰੀ ਵਿੱਚ ਤੇ ਗੁਰਬਾਣੀ ਦੇ ਲਿਖਣ ਵਾਲਿਆਂ ਵਿੱਚ ਬਸ ਇਹੀ ਅੰਤਰ ਹੈ। ਬ੍ਰਹਮਾ ਨੇ ਆਪਣੇ ਆਪ ਨੂੰ ਗੁਰੂ ਅਖਵਾਇਆ ਹੈ, ਗਿਆਨ ਦਾ ਦਾਤਾ ਅਖਵਾਇਆ ਹੈ, ਪ੍ਰਮਾਤਮਾ ਅਖਵਾਇਆ ਹੈ। ਗੁਰਬਾਣੀ ਦੇ ਲਿਖਣ ਵਾਲਿਆਂ ਨੇ ਪ੍ਰਮਾਤਮਾ ਨੂੰ ਗੁਰੂ ਆਖਿਆ ਹੈ, ਸ਼ਬਦ ਨੂੰ ਗੁਰੂ ਆਖਿਆ ਹੈ, ਨਿਰਗੁਣ ਰੂਪ ਨੂੰ ਗੁਰੂ ਆਖਿਆ ਹੈ ਜੋ ਸਾਰੇ ਗਿਆਨ ਦਾ ਦਾਤਾ ਹੈ ਤੇ ਸਾਰੇ ਜਗਤ ਦਾ ਗੁਰੂ ਹੈ।

"ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥"

ਬ੍ਰਹਮਾ ਨੂੰ ਵੇਦ ਪੜਾਉਣ ਵਾਲਾ ਕੌਣ ਸੀ ਭਾਵ ਉਸਦੇ ਮਨ ਦੇ ਅੰਦਰ ਵੇਦਾਂ ਦਾ ਗਿਆਨ ਪਾਉਣ ਵਾਲਾ ਕੌਣ ਸੀ ਉਸਨੂੰ ਇਸ ਗੱਲ ਦੀ ਸਮਝ ਨਹੀਂ ਆਈ। ਉਸਨੇ ਆਪਣੇ ਅੰਦਰ ਉਪਜੇ ਇਸ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ ਤੇ ਇਸੇ ਲਈ ਆਪਣੇ ਆਪ ਨੂੰ ਹੀ ਗੁਰੂ ਕਿਹਾ ਹੈ, ਧਰਮ ਗ੍ਰੰਥਾਂ ਦੇ ਰਚਣ ਵਾਲਾ ਕਿਹਾ ਹੈ। ਇਸ ਗੱਲ ਨੂੰ ਦੂਸਰੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਨਿਰੰਕਾਰਿ ਆਕਾਰੁ ਉਪਾਇਆ॥
ਮਾਇਆ ਮੋਹੁ ਹੁਕਮਿ ਬਣਾਇਆ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ॥੨॥”

(ਅੰਗ ੧੦੬੬)

ਪ੍ਰਮਾਤਮਾ ਆਪ ਨਿਰੰਕਾਰ ਹੈ ਭਾਵ ਆਕਾਰ ਰਹਿਤ ਹੈ ਤੇ ਉਹ ਹਰ ਆਕਾਰ ਰੂਪ ਨੂੰ ਬਣਾਉਣ ਵਾਲਾ ਹੈ, ਪੈਦਾ ਕਰਨ ਵਾਲਾ ਹੈ ਭਾਵ ਕਿਸੇ ਆਕਾਰ ਰੂਪ ਨੂੰ ਪ੍ਰਮਾਤਮਾ ਸਮਝਣਾ ਇਹ ਸਾਡੀ ਭੁੱਲ ਹੈ। ਹਰ ਆਕਾਰ ਰੂਪ ਨੂੰ ਆਪਣੇ ਹੁਕਮ ਵਿੱਚ ਰੱਖਣ ਲਈ, ਆਪਣੇ ਹੁਕਮ ਅਨੁਸਾਰ ਚਲਾਉਣ ਲਈ ਉਸ ਵਿੱਚ ਪ੍ਰਮਾਤਮਾ ਨੇ ਮਾਇਆ ਮੋਹ ਪਾਇਆ ਹੋਇਆ ਹੈ, ਮਾਇਆ ਦੀ ਜੁਗਤਿ ਪਾਈ ਹੋਈ ਹੈ ਜੋ ਸਭ ਦੇ ਵਿੱਚ

15/1593

ਉਸਦਾ ਆਪਣਾ ਪਾਇਆ ਹੋਇਆ ਹੁਕਮ ਹੈ। ਹਰ ਆਕਾਰ ਰੂਪ ਵਸਤੂ ਕਿਸੇ ਹੁਕਮ ਦੁਆਰਾ ਹੀ ਚੱਲਦੀ ਹੈ। ਹਰ ਵਸਤੂ ਵਿੱਚ ਉਸਦਾ ਹੁਕਮ, ਉਸਦਾ ਪਾਇਆ ਹੋਇਆ ਗਿਆਨ ਹੈ ਜਿਸ ਦੁਆਰਾ ਹਰ ਕੋਈ ਵਿਚਰ ਰਿਹਾ ਹੈ, ਚੱਲ ਰਿਹਾ ਹੈ। **(ਮਾਇਆ ਮੋਹੁ ਹੁਕਮਿ ਬਣਾਇਆ॥)** ਸਾਡੇ ਅੰਦਰ ਵੀ ਪ੍ਰਮਾਤਮਾ ਦਾ ਹੁਕਮ ਹੀ ਚੱਲ ਰਿਹਾ ਹੈ ਭਾਵੇਂ ਉਹ ਤਨ ਦੇ ਵਿੱਚ ਹੈ ਭਾਵੇਂ ਉਹ ਮਨ ਦੇ ਵਿੱਚ ਹੈ। ਮਨੁੱਖ ਦੇ ਮਨ ਦੇ ਵਿੱਚ ਇਹ ਹੁਕਮ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਜੋ ਸਾਨੂੰ ਮਾਇਆ ਮੋਹ ਵਿੱਚ ਰੱਖਦੇ ਹਨ। ਇਹ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ। ਪ੍ਰਮਾਤਮਾ ਦਾ ਸਾਡੇ ਅੰਦਰ ਇਹ ਹੁਕਮ ਕਿਵੇਂ ਵੱਸਿਆ ਹੋਇਆ ਹੈ, ਇਹੀ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ॥੧॥”

ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਵੇਂ ਵੱਸਦਾ ਹੈ ਭਾਵ ਉਸਦਾ ਹੁਕਮ ਅਸੀਂ ਆਪਣੇ ਅੰਦਰ ਕਿਵੇਂ ਵਸਾਉਂਦੇ ਹਾਂ ਇਸ ਗੱਲ ਨੂੰ ਕੁਝ ਬਰੀਕੀ ਨਾਲ ਸਮਝਾਇਆ ਹੋਇਆ ਹੈ। **(ਸੁਣਿ ਸਾਚਾ ਮੰਨਿ ਵਸਾਇਦਾ॥੧॥)**

ਅਸੀਂ ਪ੍ਰਮਾਤਮਾ ਦਾ ਹੁਕਮ ਮਨ ਦੇ ਵਿੱਚ ਹੀ ਵਸਾਉਂਦੇ ਹਾਂ। ਸਾਡੇ ਮਨ ਦੇ ਅੰਦਰ ਹਰ ਵੇਲੇ ਵਿਚਾਰ ਹੀ ਵੱਸਦੇ ਹਨ ਭਾਵ ਵਿਚਾਰ ਹੀ ਆਉਂਦੇ ਜਾਂਦੇ ਰਹਿੰਦੇ ਹਨ। ਅਸੀਂ ਮਨ ਦੇ ਇਹ ਵਿਚਾਰ ਪ੍ਰਮਾਤਮਾ ਕੋਲੋਂ ਹੀ ਸੁਣਦੇ ਹਾਂ ਭਾਵ ਸਾਡੇ ਮਨ ਦੇ ਅੰਦਰ ਜੋ ਵਿਚਾਰ ਉਪਜਦੇ ਰਹਿੰਦੇ ਹਨ, ਅਸਲ ਵਿੱਚ ਇਹ ਸਾਰੇ ਵਿਚਾਰ ਅਸੀਂ ਪ੍ਰਮਾਤਮਾ ਕੋਲੋਂ ਹੀ ਸੁਣਦੇ ਹਾਂ ਜੋ ਕਿ ਸਾਡੇ ਅੰਦਰ ਉਸਦਾ ਹੁਕਮ ਰੂਪ ਹਨ ਪਰ ਪ੍ਰਮਾਤਮਾ ਨੇ ਸਾਨੂੰ ਮਾਇਆ ਮੋਹ ਦੀ ਜੁਗਤਿ ਵਿੱਚ ਪਾ ਕੇ ਇਹ ਸਮਝਣ ਤੋਂ ਅਸਮਰੱਥ ਰੱਖਿਆ ਹੋਇਆ ਹੈ ਕਿ ਸਾਡੇ ਅੰਦਰ ਇਹ ਵਿਚਾਰ ਕਿੱਥੋਂ ਆਉਂਦੇ ਹਨ। ਮਨ ਦੇ ਵਿਚਾਰਾਂ ਰਾਹੀਂ, ਮਨ ਦੀ ਸੋਚ ਰਾਹੀਂ ਹੁਕਮ ਸਾਡੇ ਅੰਦਰ ਉਸੇ ਦਾ ਹੀ ਚੱਲ ਰਿਹਾ ਹੈ ਪਰ ਅਗਿਆਨਤਾ ਵਿੱਚ ਅਸੀਂ ਮਨ ਦੇ ਵਿਚਾਰਾਂ ਨੂੰ, ਮਨ ਦੇ ਗਿਆਨ ਨੂੰ ਆਪਣਾ ਹੀ ਸਮਝਦੇ ਹਾਂ।

15/1594

ਪ੍ਰਮਾਤਮਾ ਦੇ ਇਸ ਹੁਕਮ ਨੂੰ ਬੁੱਝੇ ਬਿਨ੍ਹਾਂ, ਮਨ ਦੇ ਵਿਚਾਰਾਂ ਦੇ ਸ੍ਰੋਤ ਨੂੰ ਬੁਝੇ ਬਿਨਾਂ ਉਸਨੂੰ ਕੋਈ ਜਾਣ ਹੀ ਨਹੀਂ ਸਕਦਾ। ਇਹੀ

ਮਾਇਆ ਮੋਹ ਦੀ ਜੁਗਤਿ ਹੈ ਜਿਸਦਾ ਮਕਸਦ ਹੀ ਸਾਨੂੰ ਭਰਮ ਵਿੱਚ, ਤ੍ਰੈਗੁਣਾਂ ਵਿੱਚ ਰੱਖਣਾ ਹੈ, ਜਿਸ ਦੁਆਰਾ ਪ੍ਰਮਾਤਮਾ ਆਪਣੀ ਇਸ ਖੇਡ ਨੂੰ ਚਲਾ ਰਿਹਾ ਹੈ। ਇਹ ਮਾਇਆ ਮੋਹ ਸਾਡੇ ਅੰਦਰ ਕਿਸ ਰੂਪ ਵਿੱਚ ਵਿਚਰਦਾ ਹੈ, ਉਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਜਿਸਦੀ ਕਿ ਸਮਝ ਬ੍ਰਹਮੇ ਨੂੰ ਵੀ ਪ੍ਰਮਾਤਮਾ ਨੇ ਨਹੀਂ ਪਾਈ।

“ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ॥

ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ॥੨॥”

ਮਾਇਆ ਮੋਹ ਦਾ ਮਕਸਦ ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਦਾ ਹੈ ਭਾਵ ਸਾਡੇ ਅੰਦਰ ਜੋ ਤ੍ਰੈਗੁਣ ਵਰਤਦੇ ਹਨ ਉਹ ਮਾਇਆ ਮੋਹ ਦੀ ਉਪਜ ਹੈ, ਉਸਦੇ ਪੈਦਾ ਕੀਤੇ ਹੋਏ ਹਨ ਤੇ ਹਰ ਕਿਸੇ ਵਿੱਚ ਇਹੀ ਸਾਡੇ ਵਿਚਾਰਾਂ ਰਾਹੀਂ ਉਪਜਦੇ ਹਨ ਤੇ ਇਹਨਾਂ ਤੋਂ ਬਾਹਰ ਕੋਈ ਨਹੀਂ ਜਾ ਸਕਦਾ। ਇਹਨਾਂ ਦੇ ਰਹਿੰਦਿਆਂ ਮਨੁੱਖ ਆਪਣੇ “ਮਨ” ਦੀ ਸੋਝੀ ਪੈਣ ਤੋਂ ਦੂਰ ਰਹਿੰਦਾ ਹੈ ਕਿ ਇਹ ਮਨ ਕੀ ਹੈ। ਇਹੀ ਸਾਡੇ ਮਨ ਦੀ ਭਰਮ ਵਾਲੀ ਅਵੱਸਥਾ ਹੈ ਜਿਸਦੇ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਕੋਈ ਵੀ ਨਹੀਂ ਜਾਣ ਸਕਦਾ ਤੇ ਬ੍ਰਹਮਾ ਵੀ ਨਹੀਂ ਜਾਣ ਸਕਿਆ। ਪ੍ਰਮਾਤਮਾ ਜੋ ਇਸ ਜਗਤ ਨੂੰ ਚਲਾ ਰਿਹਾ ਹੈ ਉਹ ਹਰ ਕਿਸੇ ਨੂੰ ਸੋਝੀ ਦੁਆਰਾ ਹੀ ਚਲਾ ਰਿਹਾ ਹੈ ਨਹੀਂ ਤਾਂ ਦੁਨੀਆਂ ਚੱਲ ਹੀ ਨਹੀਂ ਸਕਦੀ। ਸਾਨੂੰ ਸਾਡਾ ਧਰਮ ਸਮਝਾਉਣ ਵਾਲਾ ਉਹ ਆਪ ਹੀ ਹੈ ਤੇ ਥਿਤਾਂ ਵਾਰਾਂ ਦੀ, ਵਰ੍ਹੇ ਮਾਹ ਦੀ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ। “**ਵੇਦ**” ਗਿਆਨ ਨਾਲ ਭਰੇ ਹੋਏ ਹਨ ਤਾਂ ਜੋ ਅਸੀਂ ਉਹਨਾਂ ਕੋਲੋਂ ਸੋਝੀ ਲੈ ਕੇ ਆਪਣੇ ਜੀਵਨ ਨੂੰ ਸਹੀ ਤਰੀਕੇ ਨਾਲ ਜੀ ਸਕੀਏ। ਵੇਦਾਂ ਵਿੱਚ ਗਿਆਨ ਦੀ ਸੋਝੀ ਉਸਨੇ ਬ੍ਰਹਮੇ ਦੇ ਸਰੀਰ ਦੁਆਰਾ ਪਾਈ। ਚਾਰੇ ਵੇਦਾਂ ਦੇ ਗਿਆਨ ਰਾਹੀਂ ਅਨੇਕਾਂ ਪ੍ਰਕਾਰ ਦੀ ਸੋਝੀ ਉਸਨੇ ਬ੍ਰਹਮੇ ਨੂੰ ਆਪ ਹੀ ਪਾਈ ਪਰ ਬ੍ਰਹਮੇ ਨੂੰ ਇਸ ਗੱਲ ਦੀ ਸੋਝੀ ਨਹੀਂ ਪਾਈ ਕਿ ਉਸਦੇ ਮਨ ਦੇ ਵਿੱਚ ਗਿਆਨ ਪਾਉਣ ਵਾਲਾ ਕੌਣ ਹੈ। ਪ੍ਰਮਾਤਮਾ ਉਥੇ ਗੁਪਤ ਰੂਪ ਵਿੱਚ ਹੀ ਵਰਤਿਆ ਹੈ ਜਿਵੇਂ ਕਿ

15/1595

ਉਹ ਹਰ ਕਿਸੇ ਵਿੱਚ ਵਰਤ ਰਿਹਾ ਹੈ ਪਰ ਉਸਨੇ ਵੇਦਾਂ ਦੇ ਰਾਹੀਂ ਆਪਣਾ ਸੋਝੀ ਪਾਉਣ ਦਾ ਮਕਸਦ ਵੀ ਪੂਰਾ ਕਰ ਦਿੱਤਾ। ਵੇਦਾਂ ਵਿੱਚ ਸੱਚ ਦੇ ਨਾਲ-ਨਾਲ ਭਰਮ ਵੀ ਇਸੇ ਲਈ ਹੈ ਕਿਉਂਕਿ ਉਹ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਆਏ ਹਨ। ਉਸਨੂੰ ਜਿਸ ਸਮੇਂ ਜੋ ਕੁੱਝ ਭਾਉਂਦਾ ਹੈ ਉਹ ਉਹੀ ਕੁੱਝ ਕਰਦਾ ਹੈ। ਇਹ ਉਸਦੀ ਆਪਣੀ ਰਜ਼ਾ ਹੈ ਕਿ ਉਹ ਆਪਣੀ ਸ੍ਰਿਸ਼ਟੀ ਨੂੰ ਕਿਸ ਤਰੀਕੇ ਨਾਲ ਚਲਾਉਣਾ ਚਾਹੁੰਦਾ ਹੈ। ਜਦ ਤੱਕ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਭਾਵ ਗੁਪਤ ਹੀ ਵਰਤਦਾ ਹੈ ਤਦ ਤੱਕ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਹੈ, ਦੁਬਿਧਾ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ। ਗੁਰਬਾਣੀ ਉਸਨੇ ਆਪਣਾ ਆਪ ਪ੍ਰਗਟ ਕਰਕੇ ਲਿਖਵਾਈ ਹੈ ਤੇ ਇਸੇ ਲਈ ਬਾਣੀ ਦਾ ਹਰ ਬੋਲ ਸੱਚ ਹੈ ਜੋ ਕਿ ਕਦੇ ਬਿਨਸ ਨਹੀਂ ਸਕਦਾ। ਬਾਣੀ ਭਰਮ ਤੋਂ ਰਹਿਤ ਹੈ। ਬਾਣੀ ਵਿੱਚ “ਗੁਰੂ” ਸ਼ਬਦ ਨੂੰ ਕਿਹਾ ਹੈ, ਪ੍ਰਮਾਤਮਾ ਨੂੰ ਕਿਹਾ ਹੈ ਤੇ ਵੇਦਾਂ ਨੇ ਭਰਮ ਵਿੱਚ “ਗੁਰੂ” ਆਕਾਰ ਰੂਪ ਨੂੰ ਕਿਹਾ ਹੈ ਜਿਸਦਾ ਕਿ ਬਾਣੀ ਨੇ ਵਾਰ-ਵਾਰ ਖੰਡਨ ਕੀਤਾ ਹੈ। ਵੇਦਾਂ ਵਿੱਚ ਆਕਾਰ ਰੂਪ ਨੂੰ ਹੀ ਪ੍ਰਮਾਤਮਾ ਕਿਹਾ ਹੈ ਜੋ ਕਿ ਸਭ ਤੋਂ ਵੱਡਾ ਭਰਮ ਹੈ।

ਹੁਣ ਸਾਨੂੰ ਮੁੱਖ ਸ਼ਬਦ ਨੂੰ ਸਮਝਣ ਵਿੱਚ ਆਸਾਨੀ ਹੋਵੇਗੀ।

“ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥

ਅੰਤਰਿ ਤਾਮਸੁ ਆਪੁ ਨ ਪਛਾਣੈ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥”

ਬ੍ਰਹਮਾ ਨੂੰ ਵੇਦ ਪੜਾਉਣ ਵਾਲਾ ਪ੍ਰਮਾਤਮਾ ਆਪ ਸੀ ਭਾਵ ਉਸਦੇ ਅੰਦਰ ਵੇਦਾਂ ਦਾ ਗਿਆਨ ਪਾਉਣ ਵਾਲਾ ਉਹ ਆਪ ਸੀ, ਉਸਨੂੰ ਚਾਰੇ ਵੇਦ ਫੁਰਮਾਉਣ ਵਾਲਾ ਉਹ ਆਪ ਸੀ ਪਰ ਉਸ ਗਿਆਨ ਨੂੰ ਆਪਣਾ ਕਹਿ ਕੇ ਬ੍ਰਹਮਾ ਨੇ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਹੀ ਜ਼ਾਹਰ ਕੀਤਾ। ਝਗੜਾ ਅਸਲ ਵਿੱਚ **“ਮੈਂ”** ਤੇ “**ਤੂੰ**” ਦਾ ਹੈ, “**ਹਉਮੈ**” ਤੇ “**ਨਾਮ**” ਦਾ ਹੈ, “**ਮਨਮਤਿ**” ਤੇ “**ਗੁਰਮਤਿ**” ਦਾ ਹੈ। ਜੇਕਰ ਬ੍ਰਹਮਾ ਇਹ ਕਹਿ ਦਿੰਦਾ ਕਿ ਇਹ ਵੇਦ ਮੈਂ ਨਹੀਂ ਲਿਖੇ ਭਾਵ ਪ੍ਰਮਾਤਮਾ ਨੇ ਲਿਖਵਾਏ ਹਨ ਤਾਂ ਫਿਰ ਉਸਦਾ ਪ੍ਰਮਾਤਮਾ ਦੇ ਨਾਲ ਝਗੜਾ ਖ਼ਤਮ ਸੀ, ਉਸਦੀ ਮੈਂ ਖ਼ਤਮ ਸੀ, ਉਸਦੀ ਹਉਮੈ ਖ਼ਤਮ ਸੀ, ਉਸਦੀ ਮਨਮਤਿ ਖ਼ਤਮ ਸੀ, ਉਸਦੀ ਦੁਬਿਧਾ ਖ਼ਤਮ ਸੀ, ਉਸਦੀ ਤ੍ਰੈਗੁਣੀ ਅਵੱਸਥਾ ਖ਼ਤਮ ਸੀ। ਪਰ ਉਸਦੇ ਸਰੀਰ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਨਾ ਕਰਕੇ ਉਸਦੀ ਅਗਿਆਨਤਾ ਨਹੀਂ ਕੱਢੀ ਭਰਮ ਨਹੀਂ ਕੱਢਿਆ ਜੋ ਕਿ ਅਸਲ ਵਿੱਚ

ਸਾਡਾ ਪ੍ਰਮਾਤਮਾ

15/1596

ਨੇ ਨਾਲ ਝਗੜੇ ਦਾ ਮੂਲ ਹੈ। **(ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥)** ਇਸ ਝਗੜੇ ਦਾ ਕਾਰਨ ਹੀ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਅੰਤਰਿ ਤਾਮਸੁ ਆਪੁ ਨ ਪਛਾਣੈ॥"

"ਤਾਮਸੁ" ਤੋਂ ਭਾਵ ਅਗਿਆਨਤਾ ਹੈ। ਬ੍ਰਹਮਾ ਨੂੰ ਵੀ ਅਗਿਆਨਤਾ ਵਿੱਚ ਕਿਹਾ ਹੈ। ਧਿਆਨ ਨਾਲ ਸਮਝੋ ਇਸ ਗੱਲ ਨੂੰ ਕਿ ਉਸਨੂੰ ਅਗਿਆਨੀ ਕਿਸ ਲਈ ਕਿਹਾ ਹੈ। ਇਤਨਾ ਵੱਡਾ ਗਿਆਨ ਜਿਸ ਸਰੀਰ ਰਾਹੀਂ ਆਇਆ ਹੈ ਉਸਨੂੰ ਵੀ ਅਗਿਆਨੀ ਕਿਹਾ ਹੈ। ਜੋ "ਮੈਂ" ਵਿੱਚ ਹੈ ਉਹ ਅਗਿਆਨੀ ਹੈ। ਜਿਸਨੂੰ ਆਪਣੇ ਆਪ ਦੀ ਸੋਝੀ ਨਹੀਂ ਕਿ ਉਹ ਕੀ ਹੈ, ਉਹ ਅਗਿਆਨੀ ਹੈ। ਜਿਸਨੂੰ ਆਪਣੇ ਆਪ ਦੀ ਸੋਝੀ ਪੈ ਜਾਂਦੀ ਹੈ ਉਸਨੂੰ ਫਿਰ ਆਪਣੇ ਅੰਦਰ ਦੇ ਗਿਆਨੀ ਦੀ ਸੋਝੀ ਵੀ ਪੈ ਜਾਂਦੀ ਹੈ ਤੇ ਫਿਰ ਉਹ ਆਪਣੇ ਆਪ ਨੂੰ ਗਿਆਨੀ ਨਹੀਂ ਕਹਿ ਸਕਦਾ, ਬ੍ਰਹਮ ਗਿਆਨੀ ਕਹਿਣਾ ਤਾਂ ਦੂਰ ਦੀ ਗੱਲ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਹੀ ਵੱਡਾ ਸਮਝਣ ਦੀ ਭੁੱਲ ਕਰਦੇ ਹਾਂ, ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਸਮਝਣ ਦੀ ਭੁੱਲ ਕਰਦੇ ਹਾਂ, ਗਿਆਨ ਰਾਹੀਂ ਆਪਣੇ ਆਪ ਨੂੰ ਵੱਡਾ ਕਰਦੇ ਹਾਂ ਪਰ ਅਸਲ ਵਿੱਚ ਵੱਡਾ ਕੌਣ ਹੈ ਸਾਨੂੰ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ। ਇਹ ਦੇਹ ਵੱਡੀ ਨਹੀਂ ਹੈ, ਇਸ ਦੇਹ ਨੂੰ ਬਣਾਉਣ ਵਾਲਾ ਵੱਡਾ ਹੈ, ਇਸ ਦੇਹ ਦਾ ਮਾਲਕ ਵੱਡਾ ਹੈ ਜਿਸ ਮਾਲਕ ਦੀ ਸੋਝੀ ਪਏ ਬਿਨ੍ਹਾਂ ਸਾਨੂੰ ਆਪਣੇ ਆਪ ਦੀ ਸੋਝੀ ਨਹੀਂ ਪੈਂਦੀ, ਆਪਣੀ ਔਕਾਤ ਦੀ ਸੋਝੀ ਨਹੀਂ ਪੈਂਦੀ ਕਿ ਅਸੀਂ ਕੇਵਲ ਤੁੱਛ ਹਾਂ ਤੇ ਸਭ ਕੁੱਝ ਉਹ ਆਪ ਹੀ ਹੈ ਜੋ ਸਾਡੇ ਅੰਦਰ ਬੈਠਾ ਸਾਨੂੰ ਚਲਾ ਰਿਹਾ ਹੈ। ਅਸੀਂ ਅਗਿਆਨਤਾ ਵਿੱਚ ਹੀ ਆਪਣੇ ਆਪ ਨੂੰ ਵੱਡਾ ਸਮਝੀ ਜਾਂਦੇ ਹਾਂ।

(ਅੰਤਰਿ ਤਾਮਸੁ ਆਪੁ ਨ ਪਛਾਣੈ॥) ਜੋ ਆਪਣੇ ਆਪ ਨੂੰ ਪਹਿਚਾਣ ਲੈਂਦਾ ਹੈ, ਆਪਣੇ ਅੰਦਰ ਉਸ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ ਉਸਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ, ਇਸ ਦੀ ਸੋਝੀ ਅਗਲੀ ਪੰਗਤੀ ਰਾਹੀਂ ਪਾਈ ਹੋਈ ਹੈ।

"ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥"

ਬ੍ਰਹਮੇ ਵਿੱਚ ਤੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਵਿੱਚ ਕੀ ਭੇਦ ਹੈ ਇਹੀ ਗੱਲ ਉੱਪਰ ਸਮਝਾਈ ਹੋਈ ਹੈ। ਬ੍ਰਹਮਾ ਨੇ ਗੁਰੂ ਆਪਣੇ ਆਪ ਨੂੰ ਕਿਹਾ ਹੈ, ਵੇਦਾਂ ਦੇ ਗਿਆਨ ਨੂੰ ਆਪਣਾ ਕਿਹਾ ਹੈ, ਆਕਾਰ ਰੂਪ ਨੂੰ ਪ੍ਰਮਾਤਮਾ ਕਿਹਾ ਹੈ, ਜਿਸ ਕਰਕੇ ਵੇਦਾਂ ਦੇ ਪੜ੍ਹਨ

15/1597

ਵਾਲੇ ਆਕਾਰ ਰੂਪ ਦੀ ਪੂਜਾ ਕਰਦੇ ਹਨ, ਦੇਵੀ ਦੇਵਤਿਆਂ ਆਦਿ ਦੀ ਉਹਨਾਂ ਦੀਆਂ ਮੂਰਤੀਆਂ ਦੇ ਰੂਪ ਵਿੱਚ ਪੂਜਾ ਕਰਦੇ ਹਨ ਤੇ ਆਕਾਰ ਰੂਪ ਨੂੰ ਹੀ ਪ੍ਰਮਾਤਮਾ ਕਹਿ ਕੇ ਜਾਣਦੇ ਹਨ। ਗੁਰਬਾਣੀ ਵਿੱਚ ਗੁਰੂ "ਸ਼ਬਦ" ਨੂੰ ਕਿਹਾ ਹੈ, ਨਿਰਗੁਣ ਰੂਪ ਨੂੰ ਕਿਹਾ ਗਿਆ ਹੈ, ਪ੍ਰਮਾਤਮਾ ਨੂੰ ਕਿਹਾ ਗਿਆ ਹੈ ਭਾਵ ਦੇਹ ਰੂਪ ਨੂੰ ਗੁਰੂ ਕਹਿਣ ਤੋਂ ਜਾਂ ਸਮਝਣ ਤੋਂ ਦੂਰ ਕੀਤਾ ਗਿਆ ਹੈ। ਜੋ "ਸ਼ਬਦ" ਨੂੰ ਗੁਰੂ ਕਹਿੰਦਾ ਹੈ, ਸਮਝਾਉਂਦਾ ਹੈ ਫਿਰ ਉਸਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਜਿੰਨ੍ਹਾਂ ਨੇ ਗੁਰਬਾਣੀ ਉਚਾਰਨ ਕੀਤੀ ਹੈ ਉਹਨਾਂ ਨੇ ਦੇਹ ਨੂੰ ਉੱਚਾ ਨਹੀਂ ਕੀਤਾ ਬਲਕਿ ਦੇਹ ਬਣਾਉਣ ਵਾਲੇ ਨੂੰ ਉੱਚਾ ਕੀਤਾ ਹੈ, ਸ਼ਬਦ ਨੂੰ ਉੱਚਾ ਕੀਤਾ ਹੈ, ਸ਼ਬਦ ਦੀ ਸੋਝੀ ਨੂੰ ਉੱਚਾ ਕੀਤਾ ਹੈ, ਪ੍ਰਮਾਤਮਾ ਦੀ ਸੋਝੀ ਨੂੰ ਉੱਚਾ ਕੀਤਾ ਹੈ ਤੇ ਉਸਨੂੰ ਗੁਰੂ ਕਿਹਾ ਹੈ ਭਾਵ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਗੁਰੂ ਕਿਹਾ ਹੈ। **(ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥)**

ਜਦ ਤੱਕ ਸਾਡੇ ਅੰਦਰ ਦੁਬਿਧਾ ਹੈ ਤਦ ਤੱਕ ਅਸੀਂ ਆਪਣੇ ਅੰਦਰੋਂ ਉਸ "ਸ਼ਬਦ" ਦੀ ਪਹਿਚਾਣ ਨਹੀਂ ਕਰ ਸਕਦੇ ਜੋ ਹਰ ਵੇਲੇ ਸਾਡੇ ਅੰਦਰ ਵਰਤ ਰਿਹਾ ਹੈ। ਸ਼ਬਦ ਸਾਡੇ ਅੰਦਰ ਆਪ ਚੌਥੇ ਪਦ ਵਿੱਚ ਹੈ ਪਰ ਸਾਨੂੰ ਉਸਨੇ ਮਾਇਆ ਮੋਹ ਵਿੱਚ ਭਾਵ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ। ਜਦ ਤੱਕ ਸਾਨੂੰ ਉਹ ਸਹਜ ਦੀ ਅਵੱਸਥਾ ਨਹੀਂ ਬਖਸ਼ਦਾ ਅਸੀਂ ਤ੍ਰੈਗੁਣਾਂ ਵਿੱਚੋਂ ਨਹੀਂ ਨਿਕਲ ਸਕਦੇ, ਦੁਬਿਧਾ ਵਿੱਚੋਂ, ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦੇ ਭਾਵੇਂ ਦੁਨਿਆਵੀ ਤੌਰ ਤੇ ਅਸੀਂ ਆਪਣੇ ਆਪ ਨੂੰ ਜਿਤਨਾ ਮਰਜ਼ੀ ਸਿਆਣਾ ਸਮਝੀ ਜਾਈਏ। ਬ੍ਰਹਮਾ ਨੇ ਆਪਣੇ ਆਪ ਨੂੰ ਕੋਈ ਘੱਟ ਸਿਆਣਾ ਨਹੀਂ ਸਮਝਿਆ ਪਰ ਫਿਰ ਵੀ ਉਸਨੂੰ ਤ੍ਰੈਗੁਣਾਂ ਵਿੱਚ ਦੱਸਿਆ ਹੈ। ਮਨੁੱਖ ਆਪਣੀ ਸਿਆਣਪ ਤੋਂ ਤਾਂ ਹੀ ਨਿਕਲਦਾ ਹੈ ਜਦੋਂ ਸਾਡੇ ਅੰਦਰ ਬੈਠਾ ਸਾਨੂੰ ਉਹ

ਆਪਣੀ ਸਿਆਣਪ ਦਿਖਾ ਦਿੰਦਾ ਹੈ। ਉਸਦੀ ਸਿਆਣਪ ਨੂੰ ਜਾਣ ਕੇ ਹੀ ਸਾਡੀ ਸਿਆਣਪ ਦੂਰ ਹੋ ਸਕਦੀ ਹੈ, ਨਹੀਂ ਤਾਂ ਅਸੀਂ ਆਪਣੇ ਆਪ ਨੂੰ ਹੀ ਸਿਆਣਾ ਸਮਝੀ ਰੱਖਦੇ ਹਾਂ।

ਸ਼ਬਦ ਹੀ ਗੁਰਬਾਣੀ ਹੈ, ਗੁਰੂ ਹੈ ਤੇ ਸ਼ਬਦ ਹੀ ਉਹ ਆਪ ਹੈ ਜੋ ਸਾਡੇ ਅੰਦਰ ਵਰਤ ਰਿਹਾ ਹੈ। ਸਾਡੀ ਅਗਿਆਨਤਾ ਸਾਡੇ ਅੰਦਰ ਸ਼ਬਦ ਦੇ ਪ੍ਰਕਾਸ਼ ਦੁਆਰਾ ਹੀ ਦੂਰ ਹੁੰਦੀ ਹੈ ਤੇ ਸ਼ਬਦ ਦਾ ਪ੍ਰਕਾਸ਼

15/1598

ਸਾਡੇ ਅੰਦਰ ਉਹ ਆਪ ਹੀ ਕਰਦਾ ਹੈ। ਪੂਰੀ ਗੁਰਬਾਣੀ ਵਿੱਚ ਉਸਦੇ ਸ਼ਬਦ ਦਾ ਪ੍ਰਕਾਸ਼ ਹੈ। ਅਸੀਂ ਉਸਦੇ ਸ਼ਬਦ ਦੇ ਪ੍ਰਕਾਸ਼ ਨਾਲ ਜੁੜਨਾ ਹੈ, ਸ਼ਬਦ ਦੀ ਸੋਝੀ ਨਾਲ ਹੀ ਜੁੜਨਾ ਹੈ। ਉਸਦਾ ਪ੍ਰਕਾਸ਼ ਉਸਦੀ ਸੋਝੀ ਹੈ। ਸ਼ਬਦ ਦਾ ਪ੍ਰਕਾਸ਼ ''ਸਹਜ ਗਿਆਨ'' ਹੈ, ਚੌਥੇ ਪਦ ਦਾ ਗਿਆਨ ਹੈ ਜਿਸ ਦੁਆਰਾ ਸਾਡੀ ਦੁਬਿਧਾ ਦੂਰ ਹੁੰਦੀ ਹੈ। ਜੇਕਰ ਅਸੀਂ ਆਪਣੇ ਮਨ ਦੇ ਵਿੱਚ ਸ਼ਬਦ ਦਾ ਪ੍ਰਕਾਸ਼ ਕਰਨਾ ਚਾਹੁੰਦੇ ਹਾਂ, ਦੁਬਿਧਾ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਸ਼ਬਦ ਦੇ ਪ੍ਰਕਾਸ਼ ਨਾਲ, ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜਨ ਦੀ ਲੋੜ ਹੈ ਭਾਵ ਗੁਰਬਾਣੀ ਤੇ ਹੀ ਪੂਰਨ ਭਰੋਸਾ ਟਿਕਾਉਣ ਦੀ ਲੋੜ ਹੈ, ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਲੋੜ ਹੈ ਤਾਂ ਜੋ ਅਸੀਂ ਉਹ ਲਾਹਾ ਲੈ ਸਕੀਏ ਜੋ ਸਾਡੇ ਜੀਵਨ ਦਾ ਮਨੋਰਥ ਹੈ। ਲਾਹਾ ਉਸਦੇ ਮੇਲ ਵਿੱਚ ਹੈ, ਚੌਥੇ ਪਦ ਦੇ ਵਿੱਚ ਹੈ, ਦੁਬਿਧਾ ਵਿੱਚੋਂ ਨਿਕਲਣ ਵਿੱਚ ਹੈ।

ਜਿਸ ਤਰੀਕੇ ਨਾਲ ਅਸੀਂ ਲਾਹਾ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਉਹ ਕੇਵਲ ਸਾਡੀ ਕਥਨੀ ਹੈ। ਲਾਹਾ ਪ੍ਰਾਪਤ ਕਰਨ ਲਈ ਸਾਨੂੰ ਕਰਨੀ ਦੀ ਲੋੜ ਹੈ ਜੋ ਕਿ ਸ਼ਬਦ ਦਾ ਸਾਰ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ। ਆਓ ਇਸੇ ਗੱਲ ਨੂੰ ਅਗਲੇ ਸ਼ਬਦ ਦੁਆਰਾ ਸਮਝੀਏ ਕਿ ਸਾਡਾ ਦੁਬਿਧਾ ਤੋਂ ਛੁਟਕਾਰਾ ਕਿਵੇਂ ਹੋਣਾ ਹੈ। ਪਿੱਛੇ ਪੂਰੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਇਹ ਦੁਬਿਧਾ ਕੀ ਹੈ। ਹੇਠ ਦਿੱਤੇ ਸ਼ਬਦ ਦੁਆਰਾ ਅਸੀਂ ਦੁਬਿਧਾ ਦਾ ਦੂਸਰਾ ਰੂਪ ਸਮਝਣਾ ਹੈ ਜੋ ਕਿ ''ਸਹਜਿ'' ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ। ਦੁਬਿਧਾ ਚੌਥੇ ਪਦ ਦੇ ਗਿਆਨ ਦੁਆਰਾ ਹੀ ਦੂਰ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

ਗਉੜੀ ਮਹਲਾ ੫ ॥

“ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥
ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥੨॥
ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥
ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੁਪ ਸਹਜੇ ਹੀ ਜਪਨਾ ॥੩॥
ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥
ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥
ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥
ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ ਜੀਅ ਕੋ ਦਾਨੁ ॥
ਸਹਜ ਕਥਾ ਮਹਿ ਆਤਮੁ ਰਸਿਆ ॥ ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥
ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ ॥
ਸਹਜੇ ਰੁਣ ਝੁਣਕਾਰੁ ਸੁਹਾਇਆ ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥

ਸਹਜੇ ਜਾ ਕਉ ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥
ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥"

(ਅੰਗ ੨੩੬-੨੩੭)

15/1599

ਸ਼ਬਦ ਸਾਡਾ ਗੁਰੂ ਹੈ ਜਿਸਨੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ। ਸ਼ਬਦ ਸਾਨੂੰ ਪ੍ਰਮਾਤਮਾ ਦੇ ਨਾਲ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਕਰਕੇ ਮਿਲਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਸ਼ਬਦ ਦਾ ਪ੍ਰਕਾਸ਼ ਸਾਡੇ ਅੰਦਰ ਕਿਸ ਰੂਪ ਵਿੱਚ ਹੁੰਦਾ ਹੈ ਇਹੀ ਸਾਨੂੰ ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਗੁਰੂ ਦਾ ਪ੍ਰਕਾਸ਼ ਹੈ, ਨਾਮ ਦਾ ਪ੍ਰਕਾਸ਼ ਹੈ ਕਿਉਂਕਿ ਸ਼ਬਦ ਹੀ ਨਾਮ ਹੈ। ਆਓ ਇਨ੍ਹਾਂ ਪੰਗਤੀਆਂ ਨੂੰ ਧਿਆਨ ਨਾਲ ਸਮਝੀਏ ਕਿ ਸ਼ਬਦ ਸਾਡੇ ਲਈ ਕਿਸ ਰੂਪ ਵਿੱਚ ਗੁਰੂ ਹੈ।

"ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥"

ਬਾਣੀ ਵਿੱਚ ਸਾਨੂੰ ਵਾਰ ਵਾਰ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਉਣ ਦੀ ਗੱਲ ਕੀਤੀ ਗਈ ਹੈ, ਆਪਣੇ ਅੰਦਰ ਧਾਰਨ ਕਰਨ ਦੀ ਗੱਲ ਕੀਤੀ ਗਈ ਹੈ, ਸ਼ਬਦ ਨੂੰ ਜਪਣ ਦੀ ਗੱਲ ਕੀਤੀ ਹੋਈ ਹੈ, ਸ਼ਬਦ ਨੂੰ ਧਿਆਉਣ ਦੀ ਗੱਲ ਕੀਤੀ ਹੋਈ ਹੈ। ਅਸੀਂ ਇੱਕ ਅੱਖਰ ਨੂੰ ਜਪਣਾ, ਇੱਕ ਅੱਖਰ ਨੂੰ ਵਾਰ-ਵਾਰ ਧਿਆਉਣਾ ਭਾਵ ਉਹਨੂੰ ਵਾਰ ਵਾਰ ਮੁੱਖੋਂ ਬੋਲੀ ਜਾਣਾ, ਉਸਨੂੰ ਸ਼ਬਦ ਜਪਣਾ, ਨਾਮ ਜਪਣਾ, ਨਾਮ ਧਿਆਉਣਾ ਸਮਝਦੇ ਹਾਂ। ਅਸੀਂ ਮੁੱਖੋਂ ਜਪਣ ਵਿੱਚ ਤੇ ਹਿਰਦੇ ਵਸਾਉਣ ਵਿੱਚ ਕੋਈ ਫ਼ਰਕ ਨਹੀਂ ਸਮਝਦੇ ਤੇ ਇਸੇ ਲਈ ਮੁੱਖੋਂ ਜਪਣਾ ਹੀ ਸ਼ਬਦ ਨੂੰ ਧਿਆਉਣਾ ਸਮਝਦੇ ਹਾਂ। ਮੁੱਖੋਂ ਧਿਆਉਣ ਵਿੱਚ ਤੇ ਸ਼ਬਦ ਨੂੰ ਹਿਰਦੇ ਵਸਾਉਣ ਵਿੱਚ ਉਤਨਾ ਹੀ ਫ਼ਰਕ ਹੈ ਜਿਤਨਾ ਕਿ ਜ਼ਮੀਨ ਤੇ ਅਸਮਾਨ ਵਿੱਚ, ਝੂਠ ਤੇ ਸੱਚ ਵਿੱਚ। ਇਹ ਫ਼ਰਕ ਕਥਨੀ ਤੇ ਕਰਨੀ ਦਾ ਹੈ ਜਿਸਨੂੰ ਕਿ ਅਸੀਂ ਸਮਝਦੇ ਹੀ ਨਹੀਂ। ਇਸੇ ਲਈ ਬਾਣੀ ਨੇ ਸਾਨੂੰ ਸਮਝਾਇਆ ਹੈ ਕਿ ਮੁੱਖੋਂ ਤੇ ਹਰਿ ਹਰਿ ਸਭ ਕੋਈ ਕਰ ਲੈਂਦਾ ਹੈ ਪਰ ਉਸਨੂੰ ਹਿਰਦੇ ਵਿੱਚ ਵਸਾਉਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ਭਾਵ ਮੁੱਖੋਂ ਬੋਲਣ ਵਿੱਚ ਤੇ ਹਿਰਦੇ ਵਸਾਉਣ ਵਿੱਚ ਬਹੁਤ ਗਹਿਰਾ ਅੰਤਰ ਹੈ। ਜਿਸਨੂੰ ਕੋਈ ਪ੍ਰਾਪਤੀ ਹੁੰਦੀ ਹੈ ਭਾਵ ਜਿਸਦੇ ਜੀਵਨ

15/1600

ਦੇ ਮਨੋਰਥ ਦੀ ਪੂਰਤੀ ਹੁੰਦੀ ਹੈ ਉਹ ਹਿਰਦੇ ਵਿੱਚ ਵਸਾਉਣ ਵਾਲੇ ਦੀ ਹੀ ਹੁੰਦੀ ਹੈ ਜੋ ਕਿ ਇਸ ਸੰਸਾਰ ਤੋਂ ਆਵਾਗਉਣ ਦੀ ਮੁਕਤੀ ਹੈ।

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸ਼ਬਦ ਦਾ ਸਾਡੇ ਅੰਦਰ ਵੱਸਣਾ ਕੀ ਹੈ, ਇਹੀ ਗੱਲ ਸਮਝਾਈ ਹੈ ਜਿਸ ਦੁਆਰਾ ਅਸੀਂ ਮੁਕਤ ਹੁੰਦੇ ਹਾਂ। ਜਿਸਦੇ ਅੰਦਰ ਸ਼ਬਦ ਵੱਸਿਆ ਹੁੰਦਾ ਹੈ ਉਸਦੇ ਅੰਦਰ ਸ਼ਬਦ ਦੀ ਸੋਝੀ ਵਸੀ ਹੁੰਦੀ ਹੈ। ਸ਼ਬਦ ਗੁਰੂ ਹੈ ਤੇ ਜਿੰਨ੍ਹਾਂ ਅੰਦਰ ਗੁਰੂ ਵੱਸਿਆ ਹੁੰਦਾ ਹੈ ਉਨ੍ਹਾਂ ਅੰਦਰ ਗੁਰੂ ਦੀ ਮਤਿ ਵਸੀ ਹੁੰਦੀ ਹੈ। ਇਹੀ ਸਿੱਖ ਜਗਤ ਦਾ ਸਭ ਤੋਂ ਵੱਡਾ ਭੁਲੇਖਾ ਹੈ ਜਿਸਨੂੰ ਕਿ ਅਸੀਂ ਸਮਝ ਨਹੀਂ ਸਕੇ। ਗੁਰੂ ਸਾਡਾ ਗੁਰਮਤਿ ਹੈ। ਸ਼ਬਦ "ਗੁਰੂ" ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੈ ਭਾਵ ਸ਼ਬਦ ਦੀ ਸੋਝੀ ਸਾਡਾ ਗੁਰੂ ਹੈ। ਸ਼ਬਦ ਗੁਰੂ ਸਾਨੂੰ ਵਾਰ-ਵਾਰ ਇਹ ਸਮਝਾਉਂਦਾ ਹੈ ਕਿ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਸਾਡੇ ਅੰਦਰ ਵਿਕਾਰਾਂ ਦਾ ਹੋਣਾ ਹੈ ਜਿੰਨ੍ਹਾਂ ਨੂੰ ਅਸੀਂ ਤਿਆਗਣਾ ਹੈ। ਜਿਸਦੇ ਅੰਦਰ ਸ਼ਬਦ ਵੱਸਦਾ ਹੈ ਉਸਦੇ ਔਗੁਣ ਮਿਟ ਜਾਂਦੇ ਹਨ ਭਾਵ ਉਸਦਾ ਵਿਕਾਰਾਂ ਨਾਲੋਂ ਸੰਗ ਟੁੱਟ ਜਾਂਦਾ ਹੈ ਤੇ ਜੇਕਰ ਵਿਕਾਰ ਸਾਡੇ ਅੰਦਰ ਹੀ ਹਨ ਫਿਰ ਇਸ ਤੋਂ ਭਾਵ ਇਹ ਹੈ ਕਿ ਸਾਡੇ ਅੰਦਰ ਸ਼ਬਦ ਨਹੀਂ ਹੈ ਭਾਵ ਸ਼ਬਦ ਦੀ ਸੋਝੀ ਨਹੀਂ ਵਸੀ ਹੈ। **(ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥)**

ਜੋ ਸਾਰਾ ਦਿਨ ਮੁੱਖੋਂ ਇੱਕ ਅੱਖਰ ਨੂੰ, ਅੱਖਰ ਰੂਪ ਸ਼ਬਦ ਨੂੰ ਹੀ ਗੁਰੂ ਮੰਨ ਕੇ, ਨਾਮ ਮੰਨ ਕੇ ਰਟੀ ਜਾਂਦੇ ਹਨ ਉਨ੍ਹਾਂ ਨੂੰ ਇਹ ਗੱਲ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਉਣਾ ਕੀ ਹੈ ਤਾਂ ਜੋ ਉਹ ਆਪ ਸਮਝ ਕੇ ਕਿਸੇ ਹੋਰ ਦਾ ਵੀ ਭਲਾ ਕਰ ਸਕਣ। ਵਿਕਾਰਾਂ ਤੋਂ ਛੁਟਕਾਰਾ ਪਾ ਕੇ ਹੀ ਅਸੀਂ ਕਿਸੇ ਦਾ ਭਲਾ ਕਰਦੇ ਹਾਂ ਕਿਉਂਕਿ ਭਲਾ ਸਾਡੀ ਚੰਗੀ ਕਰਨੀ ਦੁਆਰਾ ਹੀ ਹੁੰਦਾ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਹਨ ਤਦ ਤੱਕ ਸਾਡੇ ਇੰਦ੍ਰੇ ਸਾਡੇ ਵੱਸ ਵਿੱਚ ਨਹੀਂ ਹਨ ਜਿੰਨ੍ਹਾਂ ਰਾਹੀਂ ਸਾਡੇ ਵਿਕਾਰ ਪ੍ਰਗਟ ਹੁੰਦੇ ਹਨ। ਵਿਕਾਰ ਸਾਡੇ ਮਨ

15/1601

ਦੇ ਵਿੱਚੋਂ ਉਪਜਦੇ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਡੇ ਮਨ ਦੇ ਮਾੜੇ ਵਿਚਾਰ ਹੀ ਹਨ ਜਿੰਨ੍ਹਾਂ ਦੇ ਵੱਸ ਵਿੱਚ ਆ ਜਾਣ ਨਾਲ ਸਾਡੀਆਂ ਇੰਦ੍ਰਿਆਂ ਆਪੇ ਹੀ ਵੱਸ ਵਿੱਚ ਆ ਜਾਂਦੀਆਂ ਹਨ। ਸਾਡੇ ਅੰਦਰ ਜੇਕਰ ਸਾਰੇ ਵਿਕਾਰ ਵੱਸ ਵਿੱਚ ਆ ਗਏ ਹਨ ਤਾਂ ਫਿਰ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਹੋ ਗਿਆ ਹੈ, ਗੁਰਮਤਿ ਦਾ ਪ੍ਰਕਾਸ਼ ਹੋ ਗਿਆ ਹੈ, ਸ਼ਬਦ ਦੀ ਸੋਝੀ ਦਾ ਪ੍ਰਕਾਸ਼ ਹੋ ਗਿਆ ਹੈ, ਸ਼ਬਦ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ ਭਾਵ ਸ਼ਬਦ ਦੀ ਦਿੱਤੀ ਹੋਈ ਮਤਿ ਦਾ ਮਨੋਰਥ ਪੂਰਾ ਹੋ ਗਿਆ ਹੈ। ਇਸਦੇ ਨਾਲ ਹੀ ਸਾਡੀ ਜ਼ਿੰਦਗੀ ਦਾ ਮਨੋਰਥ ਪੂਰਾ ਹੁੰਦਾ ਹੈ ਜੋ ਕਿ ਉਸ ਪ੍ਰਮਾਤਮਾ ਦੀ ਸਾਡੇ ਤੇ ਸੱਚੀ ਕ੍ਰਿਪਾ ਹੈ। ਜਿਸਨੂੰ ਉਹ ਆਪਣੇ ਮਾਰਗ ਤੇ ਚਲਾਉਂਦਾ ਹੈ ਉਸਨੂੰ ਆਪਣਾ ਸੱਚਾ ਗਿਆਨ ਬਖ਼ਸ਼ ਕੇ ਹੀ ਚਲਾਉਂਦਾ ਹੈ। ਜਿੱਥੇ ਸ਼ਬਦ ਦਾ ਪ੍ਰਕਾਸ਼ ਹੈ ਉੱਥੇ ਉਹ ਆਪ ਪ੍ਰਕਾਸ਼ਮਾਨ ਹੈ। ਸਾਰੀ ਗੁਰਬਾਣੀ ਵਿੱਚ ਉਸਦੇ ਸ਼ਬਦ ਦਾ ਪ੍ਰਕਾਸ਼ ਹੈ ਤੇ ਆਪਣੇ ਇਸ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਗੁਰਬਾਣੀ ਵਿੱਚ ਉਹ ਆਪ ਪ੍ਰਕਾਸ਼ਮਾਨ ਹੈ। ਜਿੱਥੇ ਸੱਚੇ ਗਿਆਨ ਦਾ ਪ੍ਰਕਾਸ਼ ਹੈ ਉੱਥੇ ਉਹ ਆਪ ਪ੍ਰਕਾਸ਼ਮਾਨ ਹੈ। ਗੁਰੂ ਦੇ ਸ਼ਬਦ ਦਾ ਸਾਡੇ ਅੰਦਰ ਵੱਸਣਾ ਹੀ ਗੁਰੂ ਦਾ ਵੱਸਣਾ ਹੈ, ਗੁਰੂ ਨੂੰ ਹਮੇਸ਼ਾ ਚੇਤੇ ਰੱਖਣਾ ਹੈ।

(ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥

ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥੧॥)

ਹੁਣ ਧਿਆਨ ਨਾਲ ਸਮਝੋ ਕਿ ਸ਼ਬਦ ਦਾ ਮਨੋਰਥ ਸਾਡੀ ਕਥਨੀ ਹੈ ਜਾਂ ਕਰਨੀ ਹੈ। ਪੰਜਾਂ ਵਿਕਾਰਾਂ ਤੋਂ ਰਹਿਤ ਹੋ ਕੇ ਸਾਡੀ ਕਰਨੀ, ਸਾਡੀ ਰਹਿਣੀ ਹੀ ਚੰਗੀ ਹੁੰਦੀ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ, ਮਾੜੇ ਕਰਮ ਨਾ ਕਰੀਏ, ਕਿਸੇ ਦਾ ਹੱਕ ਨਾ ਖਾਈਏ, ਮਾਇਆ ਦੇ ਲੋਭ ਲਾਲਚ ਵਿੱਚ ਨਾ ਆਈਏ, ਕਾਮੀ ਬਣ ਕੇ ਕਿਸੇ ਦੀ ਇੱਜ਼ਤ ਤੇ ਹੱਥ ਨਾ ਪਾਈਏ, ਝੂਠੇ ਮਾਨ ਵਿੱਚ ਫੱਸ ਕੇ ਕਿਸੇ ਨੂੰ ਨੀਵਾਂ ਨਾ ਦਿਖਾਈਏ, ਆਪਣੀ ਜੇਬ ਭਰਨ ਲਈ ਲੋਭ ਲਾਲਚ ਵਿੱਚ ਆ ਕੇ ਕਿਸੇ ਕੋਲੋਂ ਰਿਸ਼ਵਤ ਲੈ ਕੇ ਉਸ ਦੀ ਜੇਬ ਨਾ ਖਾਲੀ ਕਰੀਏ। ਗੁਰੂ ਦੀ ਮਤਿ ਸਾਨੂੰ ਇਹੋ ਕੁੱਝ ਸਮਝਾਉਂਦੀ ਹੈ ਜੋ ਕਿ ਸ਼ਬਦ ਦਾ ਸਾਰ ਹੈ ਜਿਵੇਂ ਕਿ ਪਿੱਛੇ ਵੀ ਅਸੀਂ ਇਸ ਗੱਲ ਨੂੰ ਸਮਝਿਆ ਹੈ।

{ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥}

(ਅੰਗ ੫੬)

15/1602

ਸ਼ਬਦ ਦਾ ਮਕਸਦ ਸਾਨੂੰ ਸੱਚਾ ਸੁੱਚਾ, ਇਮਾਨਦਾਰ, ਸਾਫ਼ ਨੀਅਤ ਵਾਲਾ ਮਨੁੱਖ ਬਣਾਉਣ ਨਾਲ ਹੈ ਜਿਸ ਦੁਆਰਾ ਅਸੀਂ ਆਪਣੀ ਜ਼ਿੰਦਗੀ ਵਿੱਚ ਆਪਣੇ ਧਰਮ ਦੁਆਰਾ ਵਿਚਰ ਸਕਦੇ ਹਾਂ। ਸੱਚ, ਇਮਾਨਦਾਰੀ ਹੀ ਸਾਡਾ ਧਰਮ ਹੈ ਜੋ ਸਾਰੀ ਮਨੁੱਖਤਾ ਲਈ ਇੱਕੋ ਜਿਹਾ ਹੈ ਜਿਵੇਂ ਕਿ ਔਗੁਣ ਸਾਰੀ ਮਨੁੱਖਤਾ ਲਈ ਇੱਕੋ ਜਿਹੇ ਹਨ। ਪ੍ਰਮਾਤਮਾ ਨੂੰ ਮੁੱਖੋਂ ਜਪਣ ਦੇ, ਸਰੀਰਕ ਕਿਰਿਆਵਾਂ ਦੁਆਰਾ ਜਪਣ ਦੇ ਤਰੀਕੇ ਸੰਸਾਰ ਵਿੱਚ ਅਨੇਕਾਂ ਹੀ ਵੱਖਰੇ ਵੱਖਰੇ ਬਣੇ ਹੋਏ ਹਨ ਜਿੰਨ੍ਹਾਂ ਦੁਆਰਾ ਅਸੀਂ ਆਪਣੇ ਆਪ ਨੂੰ ਵੰਡਿਆ ਹੋਇਆ ਹੈ, ਵੱਖਰਾ ਕੀਤਾ ਹੋਇਆ ਹੈ ਪਰ ਇਨ੍ਹਾਂ ਤਰੀਕਿਆਂ ਨਾਲ ਉਸ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਇਹ ਸਭ ਮਨਮਤਿ ਹੈ। ਗੁਰਮਤਿ ਕੇਵਲ ਸਾਨੂੰ ਸੱਚੇ ਬਣਨਾ ਹੀ ਸਿਖਾਉਂਦੀ ਹੈ ਜੋ ਕਿ ਸਾਰੀ ਮਨੁੱਖਤਾ ਦਾ ਧਰਮ ਹੈ ਤੇ ਸੱਚ ਕਿਸੇ ਨੂੰ ਵੱਖਰਾ ਨਹੀਂ ਕਰਦਾ, ਸਭ ਨੂੰ ਜੋੜ ਕੇ ਰੱਖਦਾ ਹੈ। ਜੁੜੇ ਰਹਿਣ ਵਿੱਚ ਜੋ ਸੁੱਖ ਹੈ ਉਹ ਵੱਖਰੇਪਨ ਵਿੱਚ ਨਹੀਂ ਹੈ। ਵੱਖਰੇਪਨ ਵਿੱਚ ਸਾਨੂੰ ਦੁੱਖ ਹੀ ਹੱਥ ਲੱਗਦਾ ਹੈ।

ਮੁੱਖੋਂ ਸ਼ਬਦ ਸ਼ਬਦ ਜਪਣ ਵਾਲੇ ਇਹੀ ਕਹਿੰਦੇ ਹਨ ਕਿ ਇਹੋ ਜਿਹੇ ਜਪ ਤਪ ਦੁਆਰਾ ਹੀ ਸਾਡੇ ਔਗੁਣ ਨਿਕਲਦੇ ਹਨ

ਤੇ ਇਸੇ ਗੱਲ ਦਾ ਪ੍ਰਚਾਰ ਵੀ ਕਰਦੇ ਹਨ। ਇਹ ਆਪਣੇ ਆਪ ਨੂੰ ਗੁਰੂ ਤੋਂ ਜਿਆਦਾ ਸਿਆਣਾ ਸਮਝਣ ਵਾਲੀ ਗੱਲ ਹੈ। ਜਦੋਂ ਸਾਨੂੰ ਇਹ ਗੱਲ ਗੁਰੂ ਬੜੇ ਸਪੱਸ਼ਟ ਤਰੀਕੇ ਨਾਲ ਸਮਝਾ ਰਿਹਾ ਹੈ ਕਿ ਮੁੱਖੋਂ ਬੋਲ ਬੋਲ ਕੇ ਜਪ ਕਰਨ ਨਾਲ ਸਾਡੇ ਮਨ ਦੀ ਮੈਲ ਨਹੀਂ ਉਤਰ ਸਕਦੀ, ਸਾਡੇ ਔਗੁਣ ਦੂਰ ਨਹੀਂ ਹੋ ਸਕਦੇ ਪਰ ਅਸੀਂ ਫਿਰ ਵੀ ਇਹ ਮਨਹਠਿ ਕਰੀ ਬੈਠੇ ਹਾਂ ਕਿ ਮੈਲ ਉਤਾਰਨ ਦਾ ਇਹੀ ਤਰੀਕਾ ਹੈ। ਹੇਠ ਦਿੱਤੀ ਪੰਗਤੀ ਨੂੰ ਪੜ੍ਹਨ ਤੋਂ ਬਾਅਦ ਕੀ ਫਿਰ ਅਸੀਂ ਇਹੋ ਜਿਹੇ ਤਰਕ ਦੇ ਸਕਦੇ ਹਾਂ।

ਸਿਰੀਰਾਗੁ ਮਹਲਾ ੩ ॥

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥
ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥
ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

15/1603

ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ ਸਾਡੇ ਔਗੁਣਾਂ ਦਾ, ਵਿਕਾਰਾਂ ਦਾ ਮੂਲ ਸਾਡੀ ਅਗਿਆਨਤਾ ਹੈ, ਹਉਮੈ ਹੈ ਜਿਸ ਕਰਕੇ ਅਸੀਂ ਮੈਲੇ ਹਾਂ। ਮਨਮਤਿ ਸਾਡੀ ਹਉਮੈ ਦੀ ਉਪਜ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ, ਅਸਲੀਅਤ ਸਮਝਣ ਤੋਂ ਦੂਰ ਰੱਖਦੀ ਹੈ। ਜਿਹੜੇ ਤਰੀਕਿਆਂ ਨਾਲ ਅਸੀਂ ਆਪਣੀ ਮੈਲ ਉਤਾਰਨ ਦੀ ਕੋਸ਼ਿਸ਼ ਕਰਦੇ ਹਾਂ, ਹਉਮੈ ਕੱਢਣ ਦੀ ਕੋਸ਼ਿਸ਼ ਕਰਦੇ ਹਾਂ ਉਸਦੇ ਨਾਲ ਤਾਂ ਇਹ ਮੈਲ ਉਲਟੀ ਵੱਧਦੀ ਹੈ ਭਾਵ ਸਾਡੇ ਅੰਦਰ ਹਉਮੈ, ਮਨਹਠਿ ਉਲਟਾ ਵੱਧਦੀ ਜਾਂਦੀ ਹੈ ਭਾਵ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਹੋਰ ਵੱਧਦੀ ਜਾਂਦੀ ਹੈ, ਸਾਡੇ ਅੰਦਰ ਅਗਿਆਨਤਾ ਹੋਰ ਪ੍ਰਬਲ ਹੋਈ ਜਾਂਦੀ ਹੈ।

(ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥)

ਸ਼ਬਦ ਦੀ ਰਹਾਉ ਵਾਲੀ ਪੰਗਤੀ ਵਿੱਚ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਇਹ ਮੈਲ ਕਿਵੇਂ ਧੁਪਦੀ ਹੈ।

“ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥

ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥”

ਸਭ ਤੋਂ ਪਹਿਲਾਂ ਤਾਂ ਇਹ ਸਮਝਣ ਵਾਲੀ ਗੱਲ ਹੈ ਕਿ ਜੋ ਪ੍ਰਮਾਤਮਾ ਨੂੰ ਬੋਲ ਬੋਲ ਕੇ ਭਾਵ ਇੱਕ ਅੱਖਰ ਦਾ ਜਪ ਕਰਕੇ, ਹਰਿ ਹਰਿ ਕਰਕੇ, ਰਾਮ ਰਾਮ ਕਰਕੇ, ਵਾਹਿਗੁਰੂ ਵਾਹਿਗੁਰੂ ਕਰਕੇ ਜਪਦੇ ਹਨ ਕੀ ਉਹ ਗੁਰੂ ਦੀ ਸ਼ਰਨ ਵਿੱਚ ਆਏ ਹੋਏ ਹਨ, ਕੀ ਉਹ ਨਿਰਮਲ ਹਨ ਭਾਵ ਨਹੀਂ ਹਨ। ਇਹੋ ਜਿਹਾ ਜਪ ਤਪ ਕਰਨ ਵਾਲਿਆਂ ਨੂੰ, ਸ਼ਬਦ ਦੇ ਰੱਟੇ ਲਗਾਉਣ ਵਾਲਿਆਂ ਨੂੰ ਮਨਮੁਖਿ ਕਹਿ ਕੇ ਸਮਝਾਇਆ ਹੈ ਭਾਵੇਂ ਇਹੋ ਜਿਹੇ ਜਪ ਤਪ ਕਰਨ ਵਾਲੇ ਆਪਣੇ ਆਪ ਨੂੰ ਗੁਰਮੁਖਿ ਹੀ ਸਮਝਦੇ ਹਨ। ਆਪਣੇ ਆਪ ਨੂੰ ਗੁਰਮੁਖਿ ਅਖਵਾਉਣਾ ਵੀ ਹਉਮੈ ਹੈ ਭਾਵ ਉਨ੍ਹਾਂ ਦੇ ਅੰਦਰ ਹਉਮੈ ਦੀ ਮੈਲ ਦਾ ਵੱਧਣਾ ਹੈ। ਇਹੋ ਜਿਹੇ ਜਪ ਤਪ ਕਰਨ ਵਾਲੇ ਦੂਸਰਿਆਂ ਨੂੰ ਭਾਵ ਜਪ ਤਪ ਨਾ ਕਰਨ ਵਾਲਿਆਂ ਨੂੰ ਮਨਮੁਖਿ ਸਮਝਦੇ ਹਨ ਜੋ ਕਿ ਉਨ੍ਹਾਂ ਦੀ ਵੱਡੀ ਅਗਿਆਨਤਾ ਹੈ ਭਾਵ ਉਨ੍ਹਾਂ ਵਿੱਚ ਦੂਜਿਆਂ ਨਾਲੋਂ ਵੀ ਜਿਆਦਾ ਅਗਿਆਨਤਾ ਹੈ, ਦੁਬਿਧਾ ਹੈ, ਮਨਮਤਿ ਹੈ, ਹਉਮੈ ਦੀ ਮੈਲ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਮੁੱਖੋਂ ਬੋਲ ਬੋਲ ਕੇ ਥੱਕ ਜਾਵੋਗੇ ਪਰ ਇਹ ਮਨ ਦੀ ਮੈਲ ਨਹੀਂ ਧੁਪ ਸਕਦੀ। ਇਹੋ ਜਿਹਾ ਜਪ ਕਰਨ ਨਾਲ ਅਜ ਤਕ ਕਿਸੇ ਦੀ ਮੈਲ ਨਹੀਂ ਧੁਪੀ, ਕਿਸੇ ਦੀ ਹਉਮੈ ਦੂਰ ਨਹੀਂ ਹੋਈ। ਇਸ ਹਉਮੈ ਦੀ ਮੈਲ ਦੇ ਰਹਿੰਦੇ ਹੋਇਆਂ ਕੋਈ ਵੀ ਨਿਰਮਲ ਨਹੀਂ ਹੈ ਤੇ ਨਾ ਹੀ ਇਹੋ ਜਿਹੇ ਜਪ ਤਪ ਕਰਨ ਵਾਲੇ ਗੁਰੂ ਦੀ ਸ਼ਰਨ ਵਿੱਚ ਹਨ। ਗੁਰੂ ਦੀ ਸ਼ਰਨ ਅਸਲ ਵਿੱਚ ਕੀ ਹੈ ਇਸ ਦੀ ਉਨ੍ਹਾਂ ਨੂੰ ਸੋਝੀ ਹੀ ਨਹੀਂ

15/1604

ਹੈ। ਗੁਰੂ ਦੀ ਸ਼ਰਨ ਵਿੱਚ ਆਉਣਾ ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੈ ਤੇ ਗੁਰਮਤਿ ਸਾਨੂੰ ਇਹੋ ਜਿਹੇ ਸਰੀਰਕ ਜਪ ਤਪ ਨਹੀਂ ਸਮਝਾਉਂਦੀ ਬਲਕਿ ਇਨ੍ਹਾਂ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ। ਗੁਰਮਤਿ ਸਾਨੂੰ ਕੇਵਲ ਕਥਨੀ ਕਰਨਾ ਨਹੀਂ ਸਮਝਾਉਂਦੀ। ਕਥਨੀ ਕੇਵਲ ਗੁਰੂ ਦੀ ਮਤਿ ਨੂੰ ਸਮਝਣ ਲਈ ਹੈ ਤਾਂ ਜੋ ਅਸੀਂ ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰ ਸਕੀਏ ਜੋ ਕਿ ਸ਼ਬਦ ਦਾ ਸਾਰ ਹੈ ਭਾਵ ਗੁਰੂ ਦੀ ਮਤਿ ਦਾ ਸਾਰ ਹੈ। ਮਨ ਤਾਂ ਸਾਡੇ ਔਗੁਣਾਂ ਕਰਕੇ ਮੈਲੇ ਹਨ, ਅਗਿਆਨਤਾ ਕਰਕੇ ਮੈਲੇ ਹਨ, ਮਨਮਤਿ ਕਰਕੇ ਮੈਲੇ ਹਨ, ਹਉਮੈ ਕਰਕੇ ਮੈਲੇ ਹਨ ਪਰ ਅਸੀਂ ਆਪਣੇ ਸਰੀਰਕ ਜਪਾਂ ਤਪਾਂ ਨੂੰ ਹੀ ਭਗਤੀ ਸਮਝਦੇ ਹਾਂ, ਮਨਮੁੱਖਤਾ ਨੂੰ ਹੀ ਭਗਤੀ ਸਮਝਦੇ ਹਾਂ ਤੇ ਤਾਂ ਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਇਹ ਸਮਝਾਇਆ ਹੈ ਕਿ ਮੁੱਖੋਂ ਸ਼ਬਦ ਦੇ ਰੱਟੇ ਲਗਾਏ ਜਾਣਾ ਕੋਈ ਭਗਤੀ ਨਹੀਂ ਹੈ ਤੇ ਨਾ ਹੀ ਸਾਨੂੰ ਇਸ ਨਾਲ ਕੋਈ ਪ੍ਰਾਪਤੀ ਹੋ ਸਕਦੀ ਹੈ ਜੋ ਸਾਡੇ ਜੀਵਨ ਦਾ ਮਨੋਰਥ ਹੈ।

“ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥

ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥”

ਉਪਰਲੀਆਂ ਪੰਗਤੀਆਂ ਨੂੰ ਸਮਝਣਾ ਕਿਤਨਾ ਹੀ ਆਸਾਨ ਹੈ ਭਾਵ ਹਰ ਕੋਈ ਸਮਝ ਸਕਦਾ ਹੈ, ਸ਼ਬਦ ਦੇ ਰੱਟੇ ਲਾਉਣ ਵਾਲੇ ਵੀ ਸਮਝ ਸਕਦੇ ਹਨ। ਕੇਵਲ ਗੁਰੂ ਦੀ ਗੱਲ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਗੁਰੂ ਸੱਚ ਹੀ ਬੋਲਦਾ ਹੈ ਤੇ ਕਦੇ ਝੂਠੀ ਮਤਿ ਨਹੀਂ ਦਿੰਦਾ। ਜਿਸਨੂੰ ਅਸੀਂ ਭਗਤੀ ਸਮਝਦੇ ਹਾਂ, ਉਹ ਭਗਤੀ ਨਹੀਂ ਹੈ। ਹਰ ਕੋਈ ਹਉਮੈ ਵਿੱਚ ਹੈ, ਅਗਿਆਨਤਾ ਵਿੱਚ ਹੈ ਜਿਸਦੇ ਰਹਿੰਦਿਆਂ ਭਗਤੀ ਹੋ ਹੀ ਨਹੀਂ ਸਕਦੀ ਕਿਉਂਕਿ ਅਗਿਆਨਤਾ ਵਿੱਚ ਸਾਨੂੰ ਭਗਤੀ ਦੀ ਸੋਝੀ ਹੀ ਨਹੀਂ ਪੈਂਦੀ। ਜਿੱਥੇ ਹਉਮੈ ਹੈ ਉੱਥੇ ਨਾਮ ਨਹੀਂ ਹੈ ਕਿਉਂਕਿ ਇਹ ਦੋਵੇਂ ਇੱਕ ਜਗ੍ਹਾ ਵੱਸ ਹੀ ਨਹੀਂ ਸਕਦੇ ਤੇ ਫਿਰ ਧਿਆਨ ਨਾਲ ਸਮਝੋ ਕਿ ਹਉਮੈ ਵਿੱਚ ਰਹਿੰਦਿਆਂ ਜੋ ਅਸੀਂ ਹਰਿ ਹਰਿ ਕਰਦੇ ਹਾਂ, ਇੱਕ ਅੱਖਰ ਨੂੰ ਜਪਦੇ ਹਾਂ ਕਿ ਉਹ ਨਾਮ ਹੈ। “ਨਾਮੁ” ਸੱਚਾ ਗਿਆਨ ਹੈ, ਗੁਰਮਤਿ ਹੈ ਜਿਸਨੇ ਸਾਡੀ ਹਉਮੈ ਦੀ ਮੈਲ ਨੂੰ ਧੋਣਾ ਹੈ। ਜੇਕਰ ਅਸੀਂ ਨਾਮ ਦੀ ਦਿੱਤੀ ਹੋਈ ਮਤਿ ਅਨੁਸਾਰ ਚੱਲਾਂਗੇ, ਸ਼ਬਦ ਦੀ ਮਤਿ ਤੇ ਚੱਲਾਂਗੇ, ਸ਼ਬਦ ਦੀ ਸ਼ਰਨ ਵਿੱਚ ਆਵਾਂਗੇ, ਤਾਂ ਹੀ ਉਸਦੀ ਕ੍ਰਿਪਾ ਨਾਲ ਸਾਨੂੰ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ ਜੋ ਕਿ ਸਾਡਾ ਸਭ ਦੇ ਜੀਵਨ ਦਾ ਮਨੋਰਥ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਇਹ ਹਉਮੈ ਦੀ ਮੈਲ ਪਾ ਕੇ ਹੀ ਭੇਜਦਾ ਹੈ ਤੇ ਇਹ ਮੈਲ ਨਿਕਲੇ ਬਿਨ੍ਹਾਂ, ਇਹ ਅਗਿਆਨਤਾ, ਦੁਬਿਧਾ ਦੀ ਮੈਲ ਨਿਕਲੇ ਬਿਨ੍ਹਾਂ ਮਨੁੱਖ ਇਸੇ ਤਰ੍ਹਾਂ ਹੀ ਸੰਸਾਰ ਵਿੱਚੋਂ ਚਲਾ ਜਾਂਦਾ ਹੈ। ਇੱਥੋਂ ਮੈਲੇ ਬਣ ਕੇ ਜਾਣਾ, ਅਗਿਆਨਤਾ ਵਿੱਚ ਜਾਣਾ, ਆਪਣੀ ਪਤਿ ਗਵਾ ਕੇ ਜਾਣਾ ਹੈ। ਇਹ ਸ਼ਬਦ ਦੇ ਰੱਟੇ ਲਗਾਉਣ ਵਾਲੇ ਮੈਲੇ ਮਨ ਨਾਲ ਹੀ ਦੁਨੀਆਂ

15/1605

ਤੋਂ ਜਾਂਦੇ ਹਨ ਅਗਿਆਨਤਾ ਵਿੱਚ, ਹਉਮੈ ਵਿੱਚ ਹੀ ਆਪਣੀ ਪਤਿ ਗਵਾ ਕੇ ਚਲੇ ਜਾਂਦੇ ਹਨ। ਅਗਿਆਨਤਾ ਵਿੱਚ ਆਉਂਦੇ ਹਨ ਤੇ ਅਗਿਆਨਤਾ ਵਿੱਚ ਹੀ ਚਲੇ ਜਾਂਦੇ ਹਨ ਭਾਵ ਪ੍ਰਮਾਤਮਾ ਕੀ ਹੈ, ਭਗਤੀ ਕੀ ਹੈ, ਨਾਮ ਮਿਲਣਾ ਕੀ ਹੈ ਇਸਦੀ ਸੋਝੀ ਪਏ ਬਿਨ੍ਹਾਂ ਹੀ ਇੱਥੋਂ ਚਲੇ ਜਾਂਦੇ ਹਨ। ਉਹ ਆਪ ਭਰਮ ਵਿੱਚ ਜਾਂਦੇ ਹਨ ਤੇ ਅਨੇਕਾਂ ਨੂੰ ਭਰਮ ਵਿੱਚ ਪਾ ਜਾਂਦੇ ਹਨ। ਇਹ ਉਸ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸਨੂੰ ਹਰ ਕੋਈ ਨਿਭਾ ਰਿਹਾ ਹੈ। ਉਸਦੀ ਇਹ ਖੇਡ ਚਲਾਉਣ ਦਾ ਤਰੀਕਾ ਹੀ ਇਹ ਹੈ ਕਿ ਉਸਨੇ ਸਭ ਨੂੰ ਆਪਣਾ ਸੱਚਾ ਰੂਪ ਜਾਨਣ ਤੋਂ, ਆਪਣਾ ਨਿਰਗੁਣ ਰੂਪ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਜੇ ਕੋਈ ਉਸਨੂੰ ਜਾਨਣ ਦੀਆਂ ਗੱਲਾਂ ਕਰਦਾ ਹੈ ਤੇ ਉਸਨੂੰ ਕਿਸੇ ਸਰਗੁਣ ਰੂਪ ਵਿੱਚ ਜਾਨਣ ਦੀਆਂ ਗੱਲਾਂ ਕਰਦਾ ਹੈ ਜੋ ਕਿ ਅਗਿਆਨਤਾ ਦਾ ਹੀ ਨਤੀਜਾ ਹੈ, ਭਰਮ ਦਾ ਨਤੀਜਾ ਹੈ। ਸਰੀਰਕ ਜਪ ਤਪ ਕਰਨ ਵਾਲੇ ਹੀ ਇਹੋ ਜਿਹੀਆਂ ਗੱਲਾਂ ਕਰਦੇ ਹਨ। ਉਸ ਪ੍ਰਮਾਤਮਾ ਨੂੰ ਜਾਨਣ ਵਾਲੇ ਸਾਨੂੰ ਇਹਨਾਂ ਜਪਾਂ ਤਪਾਂ ਵਿੱਚੋਂ ਕੱਢਣ ਦੀ ਗੱਲ ਸਮਝਾਉਂਦੇ ਹਨ। ਗੁਰਬਾਣੀ ਦੇ ਰਚਨ ਵਾਲਿਆਂ ਨੂੰ ਇਹਨਾਂ ਜਪਾਂ ਤਪਾਂ ਵਿੱਚੋਂ ਨਿਕਲਣ ਦੀ ਗੱਲ ਸਮਝਾਈ ਹੈ ਤੇ ਪ੍ਰਮਾਤਮਾ ਨੂੰ ਨਿਰਗੁਣ ਰੂਪ ਵਿੱਚ, ਨਾਮ ਰੂਪ ਵਿੱਚ, ਸ਼ਬਦ ਰੂਪ ਵਿੱਚ ਪ੍ਰਾਪਤ ਕਰਨ ਦੀ ਗੱਲ ਸਮਝਾਈ ਹੈ। ਆਪਣੇ ਆਪ ਭਰਮ ਵਿੱਚ ਕੋਈ ਵੀ ਨਹੀਂ ਪੈਂਦਾ ਤੇ ਨਾ ਹੀ ਕਿਸੇ ਦੇ ਵੱਸ ਹੈ। ਸਭ ਕੁੱਝ ਉਸੇ ਦੇ ਵੱਸ ਵਿੱਚ ਹੈ। ਜਿਸਨੂੰ ਉਹ ਜਿਹੋ ਜਿਹੀ ਵੀ ਅਵੱਸਥਾ ਵਿੱਚ ਰੱਖਦਾ ਹੈ, ਇਹ ਉਸਦੀ ਆਪਣੀ ਰਜ਼ਾ ਹੈ। ਅਸੀਂ ਕੇਵਲ ਉਸਦੀ ਰਜ਼ਾ ਦੇ ਗੁਲਾਮ ਹਾਂ।

(ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥)

ਜੇਕਰ ਕਿਸੇ ਨੂੰ ਉਹ ਆਪਣੇ ਮਾਰਗ ਤੇ ਚਲਾ ਲਵੇ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ। ਜਿਸਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸਦੀ ਅਗਿਆਨਤਾ ਹੀ ਕੱਢਦਾ ਹੈ। ਸਾਡੀ ਹਉਮੈ ਦੀ ਮੈਲ ਅਗਿਆਨਤਾ ਕਰਕੇ ਹੀ ਹੈ। ਉਹ ਸਾਨੂੰ ਇਸ ਹਉਮੈ ਦੀ ਮੈਲ ਵਿੱਚੋਂ ਕਿਵੇਂ ਕੱਢਦਾ ਹੈ, ਆਪਣੀ ਕ੍ਰਿਪਾ ਕਿਵੇਂ ਕਰਦਾ ਹੈ, ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਤੇ ਸਰੀਰਕ ਜਪ ਤਪ ਕਰਨ ਵਾਲਿਆਂ ਨੂੰ ਉਚੇਚੇ ਤੌਰ ਤੇ ਬੇਨਤੀ ਹੈ ਕਿ ਉਪਰਲੀਆਂ ਪੰਗਤੀਆਂ ਨੂੰ ਬਰੀਕੀ ਨਾਲ ਸਮਝੋ ਕਿ ਪ੍ਰਮਾਤਮਾ ਦੀ ਕ੍ਰਿਪਾ ਸਾਡੇ ਉੱਪਰ ਕਿਸ ਤਰੀਕੇ ਨਾਲ ਹੁੰਦੀ ਹੈ। ਹਉਮੈ ਦੀ ਗੱਲ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ ਤੇ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਹਉਮੈ ਦੇ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਕੋਈ ਵੀ ਨਹੀਂ ਪਾ ਸਕਦਾ। ਪ੍ਰਮਾਤਮਾ

15/1606

ਆਪ “ਨਾਮੁ” ਹੈ ਤੇ ਹਉਮੈ ਦੇ ਰਹਿੰਦਿਆਂ ਉਸਨੂੰ ਪਾ ਵੀ ਕੌਣ ਸਕਦਾ ਹੈ ਕਿਉਂਕਿ ਇਨ੍ਹਾਂ ਦੋਨਾਂ ਦਾ ਆਪਸ ਵਿੱਚ ਵਿਰੋਧ ਹੈ ਤੇ ਇਹ ਦੋਵੇਂ ਇਕੱਠੇ ਨਹੀਂ ਰਹਿ ਸਕਦੇ। ਹਉਮੈ ਦਾ ਮਕਸਦ ਸਾਨੂੰ ਨਾਮ ਨਾਲੋਂ ਦੂਰ ਰੱਖਣ ਦਾ ਹੈ, ਵਿੱਚ ਪੜਦਾ ਪਾ ਕੇ ਰੱਖਣ ਦਾ ਹੈ। ਸਾਨੂੰ ਬਾਣੀ ਦੇ ਵਿੱਚ ਇਹ ਵੀ ਵਾਰ-ਵਾਰ ਸਮਝਾਇਆ ਗਿਆ ਹੈ ਕਿ ਹਉਮੈ ਗੁਰੂ ਦੇ ਸ਼ਬਦ ਦੁਆਰਾ ਦੂਰ ਹੁੰਦੀ ਹੈ। ਸ਼ਬਦ ਸਾਡੇ ਅੰਦਰ ਕਿਸ ਰੂਪ ਵਿੱਚ ਵੱਸਦਾ ਹੈ ਜਿਸ ਨਾਲ ਸਾਡੀ ਹਉਮੈ ਦੂਰ ਹੁੰਦੀ ਹੈ ਇਹੀ ਗੱਲ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਬਰੀਕੀ ਨਾਲ ਸਮਝਣ ਦੀ ਲੋੜ ਹੈ। ਉਹ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ ਉਸ ਦੇ ਮਨ ਵਿੱਚ ਆਪ ਵੱਸਦਾ ਹੈ। ਉਹ ਆਪ “ਸ਼ਬਦ” ਹੈ ਤੇ ਸਾਡੇ ਅੰਦਰ ਸ਼ਬਦ ਰੂਪ ਵਿੱਚ ਹੀ ਵੱਸਦਾ ਹੈ। ਉਸਦੇ ਵੱਸਣ ਨਾਲ ਭਾਵ ਸਾਡੇ ਮਨ ਦੇ ਵਿੱਚ ਵੱਸਣ ਨਾਲ ਸਾਡੀ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ। ਸ਼ਬਦ ਹੀ ਨਾਮ ਹੈ ਤੇ ਸਾਡੇ

ਅੰਦਰ ਨਾਮ ਵੱਸਣ ਨਾਲ ਸਾਡੀ ਹਉਮੈ ਦੀ ਮੱਲ ਨਿਕਲ ਜਾਂਦੀ ਹੈ ਤੇ ਅਸੀਂ ਉਸ ਪ੍ਰਮਾਤਮਾ ਵਿੱਚ ਸਮਾਅ ਜਾਂਦੇ ਹਾਂ ਭਾਵ ਮਨ ਦੇ ਵਿੱਚ ਹੀ ਉਸਦੇ ਨਾਲ ਮਿਲ ਜਾਂਦੇ ਹਾਂ। **(ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥)** ਸਾਡੇ ਅੰਦਰ ਪ੍ਰਮਾਤਮਾ ਕਿਸ ਰੂਪ ਵਿੱਚ ਵੱਸਦਾ ਹੈ, ਸ਼ਬਦ, ਨਾਮ, ਕਿਸ ਰੂਪ ਵਿੱਚ ਵੱਸਦਾ ਹੈ ਜਿਸ ਦੁਆਰਾ ਸਾਡੀ ਹਉਮੈ ਦੀ ਮੱਲ ਨਿਕਲਦੀ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿਸਨੂੰ ਕਿ ਬਰੀਕੀ ਨਾਲ ਸਮਝਣ ਦੀ ਲੋੜ ਹੈ। ਬਹੁਤ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

“ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥”

ਸਾਡੀ ਹਉਮੈ ਕਿਵੇਂ ਦੂਰ ਹੁੰਦੀ ਹੈ ਇਸਨੂੰ ਸਮਝਣਾ ਦੱਸੋ ਕੀ ਮੁਸ਼ਕਿਲ ਗੱਲ ਹੈ? ਗਿਆਨ ਦੀਆਂ ਗੱਲਾਂ ਸਮਝਾਉਣ ਵਾਲੇ ਆਗੂਆਂ ਨੂੰ ਤੇ ਸਮਝਾਉਣਾ ਹੋਰ ਵੀ ਸੌਖਾ ਹੈ। ਸਾਡੇ ਅੰਦਰੋਂ ਹਉਮੈ ਦਾ ਖ਼ਤਮ ਹੋ ਜਾਣਾ ਇਹੀ ਹੈ ਕਿ ਸਾਡੇ ਅੰਦਰੋਂ ਅਗਿਆਨਤਾ ਦਾ ਖ਼ਤਮ ਹੋ ਜਾਣਾ ਭਾਵ ਹਉਮੈ ਸਾਡੇ ਮਨ ਦੇ ਅੰਦਰ ਦੀ ਅਗਿਆਨਤਾ ਹੈ ਜੋ ਸਾਡੇ ਅੰਦਰ ਸ਼ਬਦ ਦੇ ਵੱਸਣ ਨਾਲ ਦੂਰ ਹੁੰਦੀ ਹੈ। “ਸ਼ਬਦ”, “ਨਾਮ” ਗੁਰੂ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਸਾਡੀ ਅਗਿਆਨਤਾ ਦੂਰ ਹੁੰਦੀ ਹੈ। ਜਿਵੇਂ ਹਨੇਰੇ ਦੇ ਵਿੱਚ ਦੀਵਾ ਬਾਲਣ ਨਾਲ ਹਨ੍ਹੇਰਾ ਦੂਰ ਹੁੰਦਾ ਹੈ ਉਹੀ ਕੰਮ ਸਾਡੇ ਅੰਦਰ ਸ਼ਬਦ ਵੱਸਣ ਦੁਆਰਾ ਹੁੰਦਾ ਹੈ ਜਿਸ ਨਾਲ ਸਾਡੇ ਮਨ ਦਾ ਹਨ੍ਹੇਰਾ ਦੂਰ ਹੁੰਦਾ ਹੈ, ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਹੁੰਦਾ ਹੈ। ਇਹੀ ਪ੍ਰਮਾਤਮਾ ਦੀ

15/1607

ਸਾਡੇ ਉੱਪਰ ਕ੍ਰਿਪਾ ਹੈ, ਉਸਦਾ ਗੁਰਪ੍ਰਸਾਦਿ ਹੈ। ਪ੍ਰਮਾਤਮਾ ਸਾਡੇ ਅੰਦਰ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਵੱਸਦਾ ਹੈ ਜਿਸ ਦੁਆਰਾ ਉਸਦੀ ਸੋਝੀ ਪੈਂਦੀ ਹੈ। ਅਗਿਆਨਤਾ ਵਿੱਚ ਰਹਿੰਦੇ, ਹਉਮੈ ਵਿੱਚ ਰਹਿੰਦੇ, ਦੁਬਿਧਾ ਵਿੱਚ ਰਹਿੰਦੇ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ, ਗੁਰੂ ਕੀ ਹੈ। ਗੁਰੂ ਪ੍ਰਮਾਤਮਾ ਸ਼ਬਦ ਰੂਪ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਵੱਸਿਆ ਹੋਇਆ ਹੈ, ਨਿਰਗੁਣ ਰੂਪ ਵਿੱਚ ਵੱਸਿਆ ਹੋਇਆ ਹੈ ਤੇ ਉਸਦੇ ਦਰਸ਼ਨ ਮਨ ਵਿੱਚ ਨਿਰਗੁਣ ਰੂਪ ਵਿੱਚ ਹੀ ਹੁੰਦੇ ਹਨ, ਸਬਦ ਰੂਪ ਵਿੱਚ ਹੀ ਹੁੰਦੇ ਹਨ, ਨਾਮ ਰੂਪ ਵਿੱਚ ਹੀ ਹੁੰਦੇ ਹਨ। ਇਹ ਮਨ ਦੇ ਵਿੱਚੋਂ ਨਾਮ ਦੇ ਦਰਸ਼ਨ ਕਰਨਾ ਹੈ ਜੋ ਕਿ ਹਉਮੈ ਦੇ ਨਿਕਲਣ ਦੁਆਰਾ ਹੀ ਹੁੰਦੇ ਹਨ। ਸਾਰੀ ਗੁਰਬਾਣੀ ਸਾਨੂੰ ਨਾਮ ਦੇ ਦਰਸ਼ਨ ਹੀ ਕਰਵਾ ਰਹੀ ਹੈ ਕਿਉਂਕਿ ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਨਾਮ ਦੇ ਦਰਸ਼ਨ ਕਰਕੇ ਹੀ ਉਚਾਰੀ ਹੈ, ਹਉਮੈ ਰਹਿਤ ਹੋ ਕੇ ਹੀ ਉਚਾਰੀ ਹੈ। ਮਨ ਦੇ ਵਿੱਚੋਂ ਨਾਮ ਦੇ ਦਰਸ਼ਨ ਕਰਨ ਦਾ ਸਾਧਨ ਸਾਡੇ ਕੋਲ ਗੁਰਬਾਣੀ ਹੈ ਤੇ ਉਸਦੇ ਸੱਚੇ ਗਿਆਨ ਨਾਲ ਜੁੜ ਕੇ ਹੀ ਅਸੀਂ ਉਸ ਦੇ ਦਰਸ਼ਨਾਂ ਦੀ ਉਮੀਦ ਕਰ ਸਕਦੇ ਹਾਂ। ਸੱਚਾ ਗਿਆਨ ਹੀ ਨਾਮ ਹੈ, ਸ਼ਬਦ ਹੈ ਤੇ ਆਓ ਇਸ ਸੱਚੇ ਗਿਆਨ ਨਾਲ ਜੁੜੀਏ ਤੇ ਦੁਬਿਧਾ ਵਿੱਚੋਂ ਨਿਕਲੀਏ। ਹੋਰ ਕੋਈ ਤਰੀਕਾ ਨਹੀਂ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਭ ਦੇ ਵਿੱਚ ਆਪ ਹੀ ਹੈ ਪਰ ਸਾਡੇ ਅੰਦਰ ਹਉਮੈ ਦਾ ਪੜਦਾ, ਅਗਿਆਨਤਾ ਦਾ ਪੜਦਾ ਹੋਣ ਕਰਕੇ ਅਸੀਂ ਇਹ ਵਿਸ਼ਵਾਸ ਨਹੀਂ ਕਰ ਸਕਦੇ। ਵਿਸ਼ਵਾਸ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਦਿਵਾਉਂਦਾ ਹੈ ਤੇ ਸਾਨੂੰ ਹਉਮੈ ਵਿੱਚੋਂ ਕੱਢਦਾ ਹੈ।

{ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥}

(ਅੰਗ - ੩੫)

ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਸਾਡੇ ਅੰਦਰ "ਮੈਂ" ਹੈ ਤੇ ਇਹ "ਮੈਂ" ਦੂਰ ਹੋਏ ਬਿਨ੍ਹਾਂ ਅਸੀਂ ਉਸ "ਤੂੰ" ਨਾਲ ਨਹੀਂ ਮਿਲ ਸਕਦੇ। ਆਪਣੀ ਮੈਂ ਦੇ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਸਿਆਣਾ ਤਾਂ ਬਹੁਤ ਸਮਝਦੇ ਹਾਂ ਪਰ ਅਸਲ ਵਿੱਚ ਇਹ ਸਾਡੀ ਮੂਰਖਤਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ॥"

ਧਿਆਨ ਨਾਲ ਸਮਝਣ ਵਾਲੀ ਗੱਲ ਇਹ ਹੈ ਕਿ ਸਾਡੇ ਅੰਦਰ ਸਾਰੀ ਸਿਆਣਪ ਕਿਸ ਦੀ ਵਰਤਦੀ ਹੈ। ਜੋ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰ ਸਕਦਾ ਹੈ, ਸਾਨੂੰ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ, ਸਿਆਣਾ ਉਹ ਹੋਇਆ ਜਾਂ ਅਸੀਂ ਹੋਏ। ਇੱਥੇ ਹੀ ਇਸ ਮਨ ਨੂੰ ਸਮਝਣ ਦਾ ਭੇਦ ਹੈ ਜਿਸਨੂੰ ਕੋਈ ਸਮਝ ਨਹੀਂ ਸਕਦਾ। ਵੱਡੇ-ਵੱਡੇ ਰਿਸ਼ੀ ਮੁਨੀ, ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਵੀ, ਦੇਵੀ ਦੇਵਤੇ ਆਦਿ ਵੀ, ਵੱਡੇ-ਵੱਡੇ ਧਾਰਮਿਕ ਆਗੂ ਅਖਵਾਉਣ ਵਾਲੇ, ਕਾਜੀ, ਸ਼ੇਖ ਅਖਵਾਉਣ ਵਾਲੇ, ਸੰਤ, ਬ੍ਰਹਮਗਿਆਨੀ ਆਦਿ ਅਖਵਾਉਣ ਵਾਲੇ ਵੀ ਇਸ ਮਨ ਨੂੰ ਨਹੀਂ ਸਮਝ ਸਕੇ ਕਿ ਅਸਲ ਵਿੱਚ ਸਾਰੀ ਸਿਆਣਪ ਆਉਂਦੀ ਕਿੱਥੋਂ ਹੈ, ਸਾਡੇ

15/1608

ਮਨ ਦੇ ਵਿੱਚ ਗਿਆਨ ਆਉਂਦਾ ਕਿੱਥੋਂ ਹੈ। ਜਦ ਤੱਕ ਸਾਨੂੰ ਉਸ ਗਿਆਨ ਦੇ ਸ੍ਰੋਤ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਮਨ ਦੇ ਗਿਆਨ ਨੂੰ ਅਸੀਂ ਆਪਣਾ ਹੀ ਸਮਝਦੇ ਹਾਂ ਜਿਸ ਕਰਕੇ ਅਸੀਂ "ਮੈਂ" ਵਿੱਚ ਰਹਿੰਦੇ ਹਾਂ। ਸਾਨੂੰ ਮੈਂ ਵਿੱਚ ਰੱਖਣ ਵਾਲਾ ਉਹ ਆਪ ਹੈ ਜਿਸ ਦਾ ਕਾਰਨ ਸਾਡੇ ਅੰਦਰ ਹਉਮੈ ਦਾ ਪੜਦਾ ਹੈ। ਪੜਦਾ ਪਾਉਣ ਵਾਲਾ ਵੀ ਉਹ ਆਪ ਹੀ ਹੈ ਪੜਦਾ ਕੱਢਣ ਵਾਲਾ ਵੀ ਉਹ ਆਪ ਹੈ। ਜਦ ਤੱਕ ਅਸੀਂ ਆਪਣੇ ਆਪ ਨੂੰ "ਮੈਂ" ਸਮਝਦੇ ਹਾਂ ਭਾਵ "ਤੂੰ" ਤੋਂ ਵੱਖਰਾ ਸਮਝਦੇ ਹਾਂ ਤਦ ਤੱਕ ਅਸੀਂ ਇਹੀ ਕਹਿੰਦੇ ਹਾਂ ਕਿ ਜੋ ਕੁੱਝ ਅਸੀਂ ਹੁਣ ਤੱਕ ਕੀਤਾ ਹੈ ਉਹ ਆਪ ਹੀ ਕੀਤਾ ਹੈ ਭਾਵ ਆਪਣੀ ਮਤਿ ਦੁਆਰਾ ਕੀਤਾ ਹੈ ਤੇ ਅੱਗੋਂ ਵੀ ਆਪ ਹੀ ਕਰਨਾ ਹੈ। ਇਸੇ ਲਈ ਅਸੀਂ ਮੂਰਖ ਗਾਵਾਰ ਹਾਂ ਭਾਵ ਸਾਨੂੰ ਆਪਣੇ ਅੰਦਰ ਉਸ ਪ੍ਰਮਾਤਮਾ ਦੀ ਸੋਝੀ ਨਹੀਂ ਹੈ ਜੋ ਸਾਡੇ ਮਨ ਦੇ ਵਿੱਚ ਬੈਠਾ ਸਾਡੇ ਕੋਲੋਂ ਸਭ ਕੁੱਝ ਕਰਵਾ ਰਿਹਾ ਹੈ, ਜੋ ਸਾਡੇ ਅੰਦਰ ਵਿਚਾਰ ਪਾ ਕੇ ਸਭ ਕੁੱਝ ਕਰਵਾ ਰਿਹਾ ਹੈ। ਜਦ ਤੱਕ ਸਾਨੂੰ ਉਸਦੀ ਸਮਝ ਨਹੀਂ ਪੈਂਦੀ, ਉਸ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਨੂੰ ਉਹ ਵਿਸਰਿਆ ਹੋਇਆ ਹੀ ਹੈ। ਜਦ ਤੱਕ ਉਹ ਵਿਸਰਿਆ ਹੋਇਆ ਹੈ ਤਦ ਤੱਕ ਸਾਡਾ ਉਸਦੇ ਨਾਲ ਪਿਆਰ ਨਹੀਂ ਜੁੜਦਾ, ਉਸਦੇ ਸੱਚੇ ਗਿਆਨ ਨਾਲ, ਉਸਦੀ ਸੱਚੀ ਮਤਿ ਦੇ ਨਾਲ, ਨਾਮ ਦੇ ਨਾਲ ਪਿਆਰ ਨਹੀਂ ਜੁੜਦਾ। ਉਸਦੇ ਨਾਲ ਪਿਆਰ ਮਨ ਦੇ ਵਿੱਚ ਪ੍ਰਕਾਸ਼ ਹੋਣ ਨਾਲ ਹੀ ਜੁੜਦਾ ਹੈ, ਹਉਮੈ ਨਿਕਲਣ ਤੋਂ ਬਾਅਦ ਹੀ ਜੁੜਦਾ ਹੈ। ਪਿਆਰ ਤਾਂ ਅਸਲ ਵਿੱਚ ਸ਼ਬਦ ਦੀ ਸੋਝੀ ਦੇ ਨਾਲ ਜੁੜਨਾ ਹੈ ਜੋ ਕਿ ਮਨ ਦੇ ਵਿੱਚ ਪ੍ਰਕਾਸ਼ ਹੋਣ ਤੋਂ ਬਾਅਦ ਉਸਦੇ ਕੋਲੋਂ ਹੀ ਮਿਲਦੀ ਹੈ ਜੋ ਕਿ ਸੋਝੀ ਦਾ ਮਾਲਕ ਹੈ। ਮਨ ਦੇ ਵਿੱਚ ਉਸਦੇ ਪ੍ਰਕਾਸ਼ ਬਿਨ੍ਹਾਂ ਸਾਡੀ ਸੋਝੀ ਅਧੂਰੀ ਹੈ, ਕੱਚੀ ਹੈ, ਸਾਡੀ ਮਤਿ ਕੱਚੀ ਹੈ ਜੋ ਕਿ ਸਾਡੀ ਦੁਬਿਧਾ ਹੈ, ਹਉਮੈ ਹੈ, ਭਰਮ ਹੈ। ਉਸਦੀ ਸੱਚੀ ਬਾਣੀ ਮਨ ਦੇ ਵਿੱਚ ਉਸਦੇ ਸ਼ਬਦ ਦੇ ਪ੍ਰਕਾਸ਼ ਦੁਆਰਾ ਹੀ ਉਪਜਦੀ ਹੈ। ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਏ ਬਿਨ੍ਹਾਂ ਸਾਨੂੰ ਉਸਦੀ ਸੱਚੀ ਬਾਣੀ ਦੀ ਸੋਝੀ ਪੈ ਹੀ ਨਹੀਂ ਸਕਦੀ ਤੇ ਤਦ ਤੱਕ ਸਾਡਾ ਪਿਆਰ ਦੂਜੇ ਪਾਸੇ ਜੁੜਿਆ ਰਹਿੰਦਾ ਹੈ, ਮਾਇਆ ਮੋਹ ਵਿੱਚ ਜੁੜਿਆ ਰਹਿੰਦਾ ਹੈ, ਕੱਚਿਆਂ ਨਾਲ ਜੁੜਿਆ ਰਹਿੰਦਾ ਹੈ, ਅਧੂਰਿਆਂ ਨਾਲ ਜੁੜਿਆ ਰਹਿੰਦਾ ਹੈ, ਕੱਚੀਆਂ ਬਾਣੀਆਂ ਨਾਲ ਜੁੜਿਆ ਰਹਿੰਦਾ ਹੈ ਭਾਵ ਪ੍ਰਮਾਤਮਾ ਦੀ ਅਸਲੀਅਤ ਸਮਝ ਆਏ ਬਿਨ੍ਹਾਂ, ਉਸਦੇ ਨਿਰਗੁਣ ਰੂਪ ਦਰਸ਼ਨ ਹੋਏ ਬਿਨ੍ਹਾਂ ਹਰ ਕੋਈ ਦੂਜੇ ਭਾਉ ਵਿੱਚ ਹੀ ਹੈ। **(ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ॥)**

15/1609

ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ, ਹਉਮੈ ਹੈ, ਮੈਂ ਹੈ ਤਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ, ਗੁਰਮਤਿ ਦੀ ਸਹੀ ਸੋਝੀ ਨਹੀਂ ਪੈਂਦੀ ਤੇ ਅਸੀਂ ਪ੍ਰਮਾਤਮਾ ਨੂੰ ਪਾਉਣ ਲਈ ਉਹ ਕੁੱਝ ਕਰਦੇ ਹਾਂ ਭਾਵ

ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਜਿੰਨ੍ਹਾਂ ਨੂੰ ਕਰ ਕਰ ਕੇ ਸੰਸਾਰ ਥੱਕ ਗਿਆ ਹੈ ਪਰ ਉਹ ਪ੍ਰਮਾਤਮਾ ਨੂੰ ਪਾ ਨਹੀਂ ਸਕੇ। ਇਹੀ ਸਾਡੀ ਅਗਿਆਨਤਾ, ਹਉਮੈ, ਮੈਂ ਹੀ ਸਭ ਤੋਂ ਵੱਡਾ ਦੁੱਖ ਹੈ ਜਿਸਦੇ ਰਹਿੰਦੇ ਸਾਨੂੰ ਉਸ ਸੱਚੇ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਗਿਆ ਹੈ।

(ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ॥)

ਸੁੱਖ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਭਾਵ ਮਾਇਆ ਮੋਹ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਇਹ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ॥੩॥”

ਪਹਿਲੇ ਤੇ ਧਿਆਨ ਨਾਲ ਸਮਝੋ ਕਿ ਗੁਰਮਤਿ ਵਿੱਚ ਤੇ ਸੱਚ ਨਾਮ ਵਿੱਚ ਕੀ ਫ਼ਰਕ ਹੈ ਤੇ ਨਾਮ ਦਾ ਮਕਸਦ ਕੀ ਹੈ। ਸੁੱਖ ਦੀ ਪ੍ਰਾਪਤੀ ਗੁਰਮਤਿ ਦੇ ਨਾਲ ਹੋਣੀ ਹੈ ਤੇ ਉਹ ਪ੍ਰਾਪਤੀ ਸੱਚ ਨਾਮ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਨਾਲ ਹੋਣੀ ਹੈ। ਸਾਡੇ ਅੰਦਰ ਗੁਰਮਤਿ ਦਾ ਵੱਸਣਾ ਜਾਂ ਸੱਚ ਨਾਮ ਦਾ ਵੱਸਣਾ, ਇਸ ਵਿੱਚ ਕੀ ਫ਼ਰਕ ਹੈ ਭਾਵ ਇੱਕੋ ਹੀ ਗੱਲ ਹੈ। ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼, ਨਾਮ ਦਾ ਪ੍ਰਕਾਸ਼ ਜਾਂ ਗੁਰਮਤਿ ਦਾ ਪ੍ਰਕਾਸ਼ ਇੱਕੋ ਹੀ ਗੱਲ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਸਾਡੀ ਅਗਿਆਨਤਾ ਨਿਕਲਦੀ ਹੈ ਤੇ ਅਸੀਂ ਮਾਇਆ ਮੋਹ ਵਿੱਚੋਂ ਨਿਕਲਦੇ ਹਾਂ। ਸੱਚੀ ਸੋਝੀ ਪੈਣ ਦੁਆਰਾ ਅਸੀਂ ਔਗੁਣਾਂ ਵਿੱਚੋਂ ਨਿਕਲਦੇ ਹਾਂ ਕਿਉਂਕਿ ਜਦ ਤੱਕ ਅਸੀਂ ਅਗਿਆਨਤਾ ਵਿੱਚ ਹਾਂ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਹੀ ਨਹੀਂ ਪੈਂਦੀ। ਸਾਨੂੰ ਸੋਝੀ ਸ਼ਬਦ ਦੁਆਰਾ, ਨਾਮ ਦੁਆਰਾ ਹੀ ਪੈਂਦੀ ਹੈ ਤੇ ਮਨ ਦੇ ਵਿੱਚ ਗੁਰਮਤਿ ਵੱਸਣ ਦੁਆਰਾ ਹੀ ਪੈਂਦੀ ਹੈ। ਸਾਡੇ ਦੁੱਖਾਂ ਦੀ, ਵਿਕਾਰਾਂ ਦੀ ਵਜ੍ਹਾ ਸਾਡੀ ਅਗਿਆਨਤਾ ਹੈ ਜਿਸਦੇ ਨਿਕਲਣ ਨਾਲ ਅਸੀਂ ਸੱਚ ਨਾਮ ਨਾਲ ਜੁੜ ਜਾਂਦੇ ਹਾਂ, ਸ਼ਬਦ ਦੇ ਨਾਲ ਜੁੜ ਜਾਂਦੇ ਹਾਂ, ਵਿਕਾਰਾਂ ਵਿੱਚੋਂ, ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਨਾਲ ਜੁੜ ਜਾਂਦੇ ਹਾਂ, ਉਸਦੀ ਭਗਤੀ ਨਾਲ ਜੁੜ ਜਾਂਦੇ ਹਾਂ।
(ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ॥੩॥)
15/1610

(ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥
ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥੧॥)

(ਅੰਗ - ੨੩੬)

ਗੁਰੂ ਦਾ, ਨਾਮ ਦਾ, ਸ਼ਬਦ ਦਾ, ਗੁਰਮਤਿ ਦਾ ਇੱਕੋ ਇੱਕ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਹਉਮੈ ਵਿੱਚੋਂ ਕੱਢਣ ਦਾ ਹੈ। ਗੁਰੂ ਆਪ ਸਹਜ ਵਿੱਚ ਹੈ ਭਾਵ ਚੌਥੇ ਪਦ ਵਿੱਚ ਹੈ ਭਾਵ ਚੌਥਾ ਪਦ ਹੀ ਸਾਡਾ ਗੁਰੂ ਹੈ, ਚੌਥੇ ਪਦ ਦਾ ਗਿਆਨ ਹੀ ਸਾਡਾ ਗੁਰੂ ਹੈ। ਗੁਰਮਤਿ ਦੀ, ਸ਼ਬਦ ਦੀ, ਨਾਮ ਦੀ ਸੋਝੀ ਚੌਥੇ ਪਦ ਦਾ ਗਿਆਨ ਹੈ ਤੇ ਜਿੱਥੇ ਇਹ ਗਿਆਨ ਵੱਸ ਜਾਂਦਾ ਹੈ ਉਸ ਮਨ ਦੀ ਅਵੱਸਥਾ ਸਹਜ ਵਾਲੀ ਬਣ ਜਾਂਦੀ ਹੈ, ਚੌਥੇ ਪਦ ਦੇ ਗਿਆਨ ਵਾਲੀ ਬਣ ਜਾਂਦੀ ਹੈ ਜਿਸ ਦੁਆਰਾ ਅਸੀਂ ਅਗਿਆਨਤਾ ਵਿੱਚੋਂ ਨਿਕਲਦੇ ਹਾਂ। ਜਦ ਤੱਕ ਸਾਨੂੰ ਚੌਥੇ ਪਦ ਦਾ ਗਿਆਨ ਨਹੀਂ ਮਿਲਦਾ, ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਸਾਡੇ ਅੰਦਰ ਗੁਰਮਤਿ ਤੇ ਚੱਲਣ ਦੀ ਦ੍ਰਿੜਤਾ ਨਹੀਂ ਆ ਸਕਦੀ ਭਾਵ ਸਾਡੇ ਅੰਦਰ ਨਾਮ ਦ੍ਰਿੜ ਨਹੀਂ ਹੋ ਸਕਦਾ। ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਜਾਂ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਦਾ ਹੋਣਾ ਇੱਕੋ ਹੀ ਗੱਲ ਹੈ ਤੇ ਇਹੀ ਮੁੱਖ ਸ਼ਬਦ ਵਿੱਚ ਸਾਨੂੰ ਅਗਲੇ ਪਦਿਆਂ ਰਾਹੀਂ ਸਮਝਾਇਆ ਹੋਇਆ ਹੈ।

“ਐਸੀ ਦ੍ਰਿੜਤਾ ਤਾ ਕੈ ਹੋਇ॥ ਜਾ ਕਉ ਦਇਆ ਮਇਆ ਪ੍ਰਭ ਸੋਇ॥੧॥ਰਹਾਉ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ॥ ਜੇਤਾ ਬੋਲਣੁ ਤੇਤਾ ਗਿਆਨੈ॥
ਜੇਤਾ ਸੁਨਣਾ ਤੇਤਾ ਨਾਮੁ॥ ਜੇਤਾ ਪੇਖਨੁ ਤੇਤਾ ਧਿਆਨੁ॥੨॥”

ਉੱਪਰ ਪੰਗਤੀਆਂ ਰਾਹੀਂ ਸਭ ਤੋਂ ਜਰੂਰੀ ਗੱਲ ਇਹ ਸਮਝਣ ਦੀ ਹੈ ਕਿ ਉੱਪਰ ਕਿਸ ਦ੍ਰਿੜਤਾ ਦੀ ਗੱਲ ਕੀਤੀ ਗਈ ਹੈ। “**ਐਸੀ ਦ੍ਰਿੜਤਾ**” ਤੋਂ ਭਾਵ ਹੈ ਜੋ ਗੱਲ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਾਈ ਗਈ ਹੈ। ਇਸ ਤੋਂ ਪਹਿਲੇ ਪਦੇ ਰਾਹੀਂ ਸਾਨੂੰ ਪੰਜਾਂ ਵਿਕਾਰਾਂ ਤੋਂ ਸੰਗ ਛੱਡਣ ਦੀ ਗੱਲ ਸਮਝਾਈ ਗਈ ਹੈ, ਔਗੁਣ ਰਹਿਤ ਹੋਣ ਦੀ ਗੱਲ ਸਮਝਾਈ ਹੈ, ਆਪਣੇ ਸਾਰੇ

ਇੰਦ੍ਰਿਆਂ ਨੂੰ ਵੱਸ ਵਿੱਚ ਰੱਖਣ ਦੀ ਗੱਲ ਸਮਝਾਈ ਹੈ ਭਾਵ ਇਹ ਅਵੱਸਥਾ ਉਸ ਮਨੁੱਖ ਦੀ ਸਮਝਾਈ ਹੈ ਜਿਸਦੇ ਅੰਦਰ ਗੁਰੂ ਦਾ ਸ਼ਬਦ ਵੱਸਿਆ ਹੁੰਦਾ ਹੈ, ਜਿਸਦੇ ਮਨ ਦੇ ਵਿੱਚ ਸ਼ਬਦ ਦਾ ਪ੍ਰਕਾਸ਼ ਹੋਇਆ ਹੁੰਦਾ ਹੈ। ਇਹ ਦ੍ਰਿੜਤਾ ਵਿਕਾਰਾਂ ਨੂੰ ਤਿਆਗਣ ਦੀ ਹੈ ਭਾਵ ਸੱਚ ਤੇ ਚੱਲਣ ਦੀ ਹੈ, ਗੁਰਮਤਿ ਤੇ ਚੱਲਣ ਦੀ ਹੈ ਕਿਉਂਕਿ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼

15/1611

ਸ਼ਬਦ ਦੀ ਮਤਿ ਦਾ ਪ੍ਰਕਾਸ਼ ਹੈ, ਗੁਰੂ ਦੀ ਮਤਿ ਦਾ ਪ੍ਰਕਾਸ਼ ਹੈ ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਹੀ ਔਗੁਣ ਰਹਿਤ ਹੋ ਕੇ ਗੁਰਮਤਿ ਅਨੁਸਾਰ ਚੱਲਣ ਦੀ ਦ੍ਰਿੜਤਾ ਬਖ਼ਸ਼ਦਾ ਹੈ। ਦ੍ਰਿੜ ਅਸੀਂ ਇਸੇ ਗੱਲ ਤੇ ਹੋਣਾ ਹੈ ਕਿ ਅਸੀਂ ਜੋ ਕੁੱਝ ਵੀ ਕਰਨਾ ਹੈ ਉਹ ਗੁਰਮਤਿ ਅਨੁਸਾਰ ਹੀ ਕਰਨਾ ਹੈ। ਇਹ ਮਨ ਦੀ ਅਡੋਲਤਾ ਹੈ ਜਿਸ ਤੋਂ ਬਾਅਦ ਮਨੁੱਖ ਗੁਰਮਤਿ ਤੇ ਅਡੋਲ ਹੋ ਕੇ ਵਰਤਦਾ ਹੈ ਤੇ ਉਸਦਾ ਮਨ ਫਿਰ ਵਿਕਾਰਾਂ ਵਿੱਚ ਮਾਇਆ ਮੋਹ ਵਿੱਚ ਨਹੀਂ ਡੋਲਦਾ। ਅਡੋਲ ਕੇਵਲ ਸੱਚ ਹੈ ਤੇ ਸਦਾ ਸੱਚ ਦੇ ਨਾਲ ਜੁੜੇ ਰਹਿਣਾ ਇਹ ਮਨ ਦੀ ਅਡੋਲਤਾ ਹੈ। ਜੋ ਡੋਲਦਾ ਹੈ ਉਹ ਝੂਠ ਹੈ ਤੇ ਜੋ ਅਡੋਲ ਹੈ ਉੱਥੇ ਝੂਠ ਨਹੀਂ ਹੈ। ਕੇਵਲ ਗੁਰਮਤਿ ਹੀ ਅਡੋਲ ਹੈ ਤੇ ਸਾਡੇ ਅੰਦਰ ਗੁਰਮਤਿ ਵੱਸਣ ਨਾਲ ਹੀ ਅਸੀਂ ਅਡੋਲ ਹੁੰਦੇ ਹਾਂ। ਆਪਣੇ ਆਪ ਕੋਈ ਅਡੋਲ ਨਹੀਂ ਹੋ ਸਕਦਾ ਕਿਉਂਕਿ ਅਗਿਆਨਤਾ ਵਿੱਚ, ਦੁਬਿਧਾ ਵਿੱਚ ਰਹਿੰਦੇ ਹੋਏ ਹਰ ਕੋਈ ਹਰ ਮਨ ਡੋਲਦਾ ਹੈ, ਸੱਚੀ ਸੋਝੀ ਬਿਨ੍ਹਾਂ ਸਾਡੇ ਅੰਦਰ ਸੱਚ ਦੀ ਦ੍ਰਿੜਤਾ ਨਹੀਂ ਆਉਂਦੀ। ਇਹੋ ਜਿਹੀ ਦ੍ਰਿੜਤਾ ਉਹ ਮਨ ਦੇ ਵਿੱਚ ਪ੍ਰਕਾਸ਼ ਦੁਆਰਾ ਆਪ ਹੀ ਦਿੰਦਾ ਹੈ ਤੇ ਆਪਣੇ ਸੱਚੇ ਗਿਆਨ ਦੇ ਨਾਲ ਮੇਲਦਾ ਹੈ, ਆਪਣੇ ਸੱਚੇ ਵਿਚਾਰਾਂ ਦੇ ਨਾਲ ਮੇਲਦਾ ਹੈ। **(ਐਸੀ ਦ੍ਰਿੜਤਾ ਤਾ ਕੈ ਹੋਇ॥ ਜਾ ਕਉ ਦਇਆ ਮਇਆ ਪ੍ਰਭ ਸੋਇ॥੧॥ਰਹਾਉ॥)**

ਗੁਰਮਤਿ ਹੀ ਨਾਮ ਹੈ ਤੇ ਸਾਡੇ ਅੰਦਰ ਇਹੋ ਜਿਹੀ ਦ੍ਰਿੜਤਾ ਦਾ ਹੋਣਾ ਨਾਮ ਦਾ ਦ੍ਰਿੜ ਹੋਣਾ ਹੈ। ਦ੍ਰਿੜ ਤਾਂ ਅਸੀਂ ਔਗੁਣਾਂ ਨੂੰ ਛੱਡਣ ਵਿੱਚ ਹੋਣਾ ਹੈ ਤੇ ਦ੍ਰਿੜ ਹੋਣ ਨਾਲ ਹੀ ਅਸੀਂ ਨਾਮ ਜਪ ਸਕਦੇ ਹਾਂ ਕਿਉਂਕਿ ਵਿਕਾਰਾਂ ਦੇ ਰਹਿੰਦਿਆਂ ਅਸੀਂ ਨਾਮ ਨਹੀਂ ਜਪਦੇ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ।

ਭੈਰਉ ਮਹਲਾ ੫॥

{ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥}

(ਅੰਗ ੧੧੪੭)

15/1612

ਇਸ ਤੋਂ ਸਪੱਸ਼ਟ ਗੁਰਬਾਣੀ ਸਾਨੂੰ ਹੋਰ ਕੀ ਸਮਝਾਵੇ ਕਿ ਹਰਿ ਹਰਿ ਨਾਮ ਜਪਣਾ ਕੀ ਹੈ। ਬਿਨ੍ਹਾਂ ਔਗੁਣਾਂ ਦੇ ਤਿਆਗੀ ਹੋਏ ਕੋਈ ਨਾਮ ਨਹੀਂ ਜਪ ਸਕਦਾ ਤੇ ਮਨ ਵਿੱਚ ਸ਼ਬਦ ਦਾ ਪ੍ਰਕਾਸ਼ ਹੋਏ ਬਿਨਾਂ ਇਹਨਾਂ ਔਗੁਣਾਂ ਤੋਂ ਕੋਈ ਪਾਰ ਨਹੀਂ ਪਾ ਸਕਦਾ ਤੇ ਨਾ ਹੀ ਕੋਈ ਸਰੀਰਕ ਕਿਰਿਆ ਸਾਡੇ ਕੰਮ ਆ ਸਕਦੀ ਹੈ। ਇਹ ਪੰਜ ਵਿਕਾਰ ਸਾਡੇ ਅੰਦਰ ਲੱਗੇ ਹੋਏ ਚੋਰ ਹਨ ਜੋ ਸਾਡੇ ਅੰਦਰੋਂ ਨਾਮ ਚੁਰਾਉਂਦੇ ਹਨ, ਨਾਮ ਧਨ ਚੁਰਾਉਂਦੇ ਹਨ ਤੇ ਇਹਨਾਂ ਦੇ ਵੱਸ ਵਿੱਚ ਆਏ ਬਿਨ੍ਹਾਂ ਭਾਵ ਜਦ ਤੱਕ ਇਹ ਸਾਡੇ ਵੱਸ ਵਿੱਚ ਨਹੀਂ ਆਉਂਦੇ, ਸਾਡੇ ਅੰਦਰ ਸੱਚ, ਨਾਮ ਨਹੀਂ ਟਿਕਦਾ। ਔਗੁਣਾਂ ਤੋਂ ਛੁਟਕਾਰਾ ਪਾਉਣਾ ਸਾਡੇ ਮਨ ਦੀ ਦ੍ਰਿੜਤਾ ਹੈ ਤੇ ਜੋ ਸਰੀਰਕ ਕਿਰਿਆਵਾਂ ਦੁਆਰਾ ਇੱਕ ਅੱਖਰ ਦਾ ਜਪ ਕਰਨ ਦੁਆਰਾ ਨਾਮ ਦ੍ਰਿੜ ਕਰਨਾ ਸਮਝਦੇ ਹਨ ਉਹ ਕਿਤਨੇ ਵੱਡੇ ਭੁਲੇਖੇ ਵਿੱਚ ਹਨ ਇਸਦਾ ਅੰਦਾਜ਼ਾ ਕੋਈ ਵੀ ਲਗਾ ਸਕਦਾ ਹੈ। ਇਹ ਬਾਣੀ ਦਾ ਆਪਣਾ ਫੁਰਮਾਨ ਹੈ ਕਿ ਅੱਖਰ ਦੇ ਜਪ ਦੁਆਰਾ ਸਾਡੇ ਮਨ ਦੀ ਮੈਲ ਕਦੇ ਨਹੀਂ ਉਤਰ ਸਕਦੀ ਪਰ ਫਿਰ ਵੀ ਅਸੀਂ ਇਹੋ ਜਿਹੇ ਭੁਲੇਖਿਆਂ ਵਿੱਚ ਫਸੇ ਹੋਏ ਹਾਂ।

{ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ ਰਹਾਉ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥}

(ਅੰਗ ੩੯)

ਇਹੋ ਜਿਹੇ ਸਰੀਰਕ ਜਪ ਤਪ ਕਰਨ ਵਾਲੇ ਇਸ ਸੰਸਾਰ ਤੋਂ ਥੱਕ ਕੇ, ਹਾਰ ਕੇ ਚਲੇ ਗਏ ਹਨ ਪਰ ਕਿਸੇ ਦੀ ਮੱਲ ਨਹੀਂ

ਉਤਰੀ, ਮਨ ਦੀ ਅਗਿਆਨਤਾ ਨਹੀਂ ਉਤਰੀ ਕਿਉਂਕਿ ਉਹ ਕੇਵਲ ਮਨ ਦੇ ਵਿੱਚ ਸ਼ਬਦ ਦੇ ਪ੍ਰਕਾਸ਼ ਦੁਆਰਾ ਉਤਰਦੀ ਹੈ। ਮਨ ਦੇ ਵਿੱਚ ਸ਼ਬਦ ਦੇ ਪ੍ਰਕਾਸ਼ ਹੋਏ ਬਿਨ੍ਹਾਂ ਕੋਈ ਇਸ ਗੱਲ ਨੂੰ ਸਮਝ ਨਹੀਂ ਸਕਦਾ ਕਿ ਅਸਲ ਵਿੱਚ ਉਹ ਮੈਲ ਕੀ ਹੈ ਜਿਸਨੂੰ ਅਸੀਂ ਧੋਣਾ ਹੈ। ਧੋਣੀ ਤਾਂ ਮਨ ਦੀ ਮੈਲ ਹੈ ਤੇ ਅਸੀਂ ਉਲਝੇ ਸਰੀਰਕ ਕਿਰਿਆਵਾਂ ਵਿੱਚ ਹੋਏ ਹਾਂ ਜਿਸ ਨਾਲ ਕੇਵਲ ਸਾਡੀ ਹਉਮੈ ਹੀ ਵੱਧਦੀ ਹੈ।

ਇਹ ਮਾਰਗ ਸ਼ਬਦ ਨੂੰ ਆਪਣੀ ਸੁਰਤਿ ਨਾਲ ਜੋੜਦਾ ਹੈ। ਸੁਰਤਿ ਸਾਡਾ ਮਨ ਹੈ ਤੇ ਸ਼ਬਦ ਗੁਰੂ ਦਾ ਸੱਚਾ ਗਿਆਨ ਹੈ। ਮਨ ਦੇ ਵਿੱਚ ਸ਼ਬਦ ਦੇ

ਪ੍ਰਕਾਸ਼ ਦੁਆਰਾ ਹੀ ਸਾਡੀ ਸੁਰਤਿ, ਸ਼ਬਦ ਦੇ ਨਾਲ ਜੁੜਦੀ ਹੈ ਭਾਵ ਸਾਡੇ ਮਨ ਦੇ ਵਿਚਾਰ ਸ਼ਬਦ ਦੇ ਵਿਚਾਰਾਂ ਨਾਲ ਇੱਕ ਹੋ ਜਾਂਦੇ ਹਨ ਤੇ ਆਪਸ ਵਿੱਚ ਭੇਦ ਮਿਟ ਜਾਂਦਾ ਹੈ। ਮਨ ਦੇ ਵਿੱਚ ਹੀ ਸ਼ਬਦ ਦੇ ਨਾਲ ਮੇਲ ਹੋ ਜਾਂਦਾ ਹੈ, ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ।

ਕਈ ਉਲਝੇ ਹੋਏ ਪ੍ਰਾਣੀ **"ਹਿਰਦੇ"** ਵਿੱਚ, **"ਆਤਮਾ"** ਵਿੱਚ, **"ਮਨ"** ਵਿੱਚ ਭੇਦ ਸਮਝਦੇ ਹਨ ਕਿ ਹਿਰਦਾ ਕੋਈ ਹੋਰ ਹੈ, ਮਨ ਕੋਈ ਹੋਰ ਹੈ ਤੇ ਆਤਮਾ ਕੋਈ ਹੋਰ ਹੈ ਤੇ "ਸੁਰਤਿ" ਕੋਈ ਹੋਰ ਹੈ। ਸਭ ਤੋਂ ਭਾਵ ਇੱਕੋ ਹੀ ਹੈ ਜੋ ਕਿ ਸਾਡਾ ਮਨ ਹੈ। ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਗੁਰੂ ਦਾ ਸ਼ਬਦ ਹਿਰਦੇ ਵਿੱਚ ਵਸਾਉਣ ਦੀ ਗੱਲ ਦੱਸੀ ਹੋਈ ਹੈ। **(ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥)** ਤੇ ਸ਼ਬਦ ਦਾ ਪ੍ਰਕਾਸ਼ ਸਾਡੀ ਆਤਮਾ ਵਿੱਚ ਦੱਸਿਆ ਹੈ। ਪ੍ਰਕਾਸ਼ ਤੇ ਉੱਥੇ ਹੀ ਹੁੰਦਾ ਹੈ ਜਿੱਥੇ ਉਹ ਵੱਸਦਾ ਹੈ ਭਾਵ ਹਿਰਦਾ ਜਾਂ ਆਤਮਾ ਇੱਕੋ ਹੀ ਗੱਲ ਹੈ। ਪੰਜਾਂ ਵਿਕਾਰਾਂ ਨਾਲੋ ਸੰਗ ਸਾਡਾ ਮਨ ਦੇ ਵਿੱਚ ਹੀ ਮਿਟਦਾ ਹੈ, ਦ੍ਰਿੜਤਾ ਮਨ ਦੇ ਵਿੱਚ ਹੀ ਆਉਣੀ ਹੈ। **(ਪੰਚ ਜਨਾ ਸਿਉ ਸੰਗੁ ਨਿਵਾਰੈ॥)** ਭਾਵ ਇਸ ਮਨ ਨੂੰ ਭਾਵੇਂ ਸੁਰਤਿ ਆਖ ਲਈਏ, ਹਿਰਦਾ ਆਖ ਲਈਏ, ਆਤਮਾ ਆਖ ਲਈਏ, **"ਮੈਂ"** ਆਖ ਲਈਏ ਇੱਕੋ ਹੀ ਗੱਲ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਇਹ ਮਨ **"ਮੈਂ"** ਹੈ ਤੇ ਸ਼ਬਦ ਦੇ ਪ੍ਰਕਾਸ਼ ਤੋਂ ਬਾਅਦ ਭਾਵ ਮਨ ਦੀ ਸੋਝੀ ਪੈਣ ਤੋਂ ਬਾਅਦ, ਭਰਮ ਨਿਕਲਣ ਤੋਂ ਬਾਅਦ ਭਾਵ ਆਪਣੇ ਆਪ ਦੀ, ਅਸਲੀਅਤ ਦੀ ਸੋਝੀ ਪੈਣ ਤੋਂ ਬਾਅਦ ਇਹ ਮਨ "ਤੂੰ" ਹੈ, ਆਪ ਪ੍ਰਮਾਤਮਾ ਹੈ। ਇਹ ਮਨ "ਤੂੰ" ਹੈ। ਸਾਡੇ ਅੰਦਰ "ਤੂੰ" ਪ੍ਰਗਟ ਹੋ ਕੇ ਹੀ ਸਾਡੇ ਮਨ ਨੂੰ ਦ੍ਰਿੜ ਕਰਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ। **(ਐਸੀ ਦ੍ਰਿੜਤਾ ਤਾ ਕੈ ਹੋਇ॥ ਜਾ ਕਉ ਦਇਆ ਮਇਆ ਪ੍ਰਭ ਸੋਇ॥੧॥ ਰਹਾਉ॥)**

ਮਨ ਦੇ ਵਿੱਚ ਪ੍ਰਕਾਸ਼ ਤੋਂ ਬਾਅਦ ਜਦੋਂ ਮਨ ਦੇ ਵਿੱਚ ਨਾਮ ਦ੍ਰਿੜ ਹੋ ਜਾਂਦਾ ਹੈ ਭਾਵ ਜਦੋਂ ਉਹ ਆਪਣੀ ਕਿਰਪਾ ਕਰ ਦਿੰਦਾ ਹੈ ਉਸ ਤੋਂ ਬਾਅਦ ਮਨੁੱਖ ਦੇ ਮਨ ਦੀ ਅਵੱਸਥਾ ਕੀ ਹੁੰਦੀ ਹੈ ਇਹੀ ਸ਼ਬਦ ਵਿੱਚ ਅੱਗੇ ਸਮਝਾਇਆ ਹੋਇਆ ਹੈ।

"ਸਾਜਨੁ ਦੁਸਟੁ ਜਾ ਕੈ ਏਕ ਸਮਾਨੈ॥ ਜੇਤਾ ਬੋਲਣੁ ਤੇਤਾ ਗਿਆਨੈ॥
ਜੇਤਾ ਸੁਨਣਾ ਤੇਤਾ ਨਾਮੁ॥ ਜੇਤਾ ਪੇਖਨੁ ਤੇਤਾ ਧਿਆਨੁ॥੨॥"

(ਅੰਗ ੨੩੬)

ਮਨ ਦੇ ਵਿੱਚ ਪ੍ਰਕਾਸ਼ ਹੋਣ ਤੋਂ ਬਾਅਦ ਹੀ ਭਾਵ ਮਨ ਦੇ ਵਿੱਚ ਸੱਚੀ ਸੋਝੀ ਪੈਣ ਦੇ ਨਾਲ ਹੀ ਸਾਨੂੰ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਜੋ ਸਾਡੇ ਅੰਦਰ ਹੈ ਉਹੀ ਸਭ ਦੇ ਅੰਦਰ ਹੈ। ਜਦ ਤੱਕ ਅਸੀਂ ਅਗਿਆਨਤਾ ਵਿੱਚ ਰਹਿੰਦੇ ਹਾਂ, ਦੁਬਿਧਾ ਵਿੱਚ ਰਹਿੰਦੇ ਹਾਂ ਤਦ ਤੱਕ ਅਸੀਂ ਕਿਸੇ ਨੂੰ ਚੰਗਾ ਸਮਝਦੇ ਹਾਂ, ਕਿਸੇ ਨੂੰ ਮਾੜਾ ਸਮਝਦੇ ਹਾਂ। ਉਸਦੀ ਸੋਝੀ ਪੈਣ ਤੋਂ ਬਾਅਦ ਫਿਰ ਸਭ ਵਿੱਚ ਉਹੀ ਨਜ਼ਰ ਆਉਂਦਾ ਹੈ ਤੇ ਸਾਡਾ ਈਰਖਾ ਵਾਲਾ ਸੁਭਾਉ ਮਿਟ ਜਾਂਦਾ ਹੈ। **(ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥)** ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਉਸਦੇ ਸੱਚੇ ਗਿਆਨ ਦਾ ਪ੍ਰਕਾਸ਼ ਹੈ ਜਿਸ

ਦੁਆਰਾ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਸਾਡੇ ਅੰਦਰ ਇਹ ਸੋਝੀ ਕਿੱਥੋਂ ਆਉਂਦੀ ਹੈ, ਮਨ ਦੇ ਵਿੱਚ ਗਿਆਨ ਕਿੱਥੋਂ ਆਉਂਦਾ ਹੈ। ਸਾਨੂੰ ਉਸ ਗਿਆਨ ਦੇ ਸ੍ਰੋਤ ਦੀ ਭਾਵ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ ਕਿ ਸਾਰਾ ਗਿਆਨ ਉਸੇ ਕੋਲੋ ਹੀ ਆ ਰਿਹਾ ਹੈ ਜੋ ਕਿ ਸਾਡੇ ਅੰਦਰ ਗਿਆਨ ਰੂਪ ਦੇ ਵਿੱਚ, ਸ਼ਬਦ ਰੂਪ ਵਿੱਚ ਵਰਤ ਰਿਹਾ ਹੈ। ਅਸੀਂ ਜੋ ਕੁੱਝ ਵੀ ਬੋਲਦੇ ਹਾਂ ਉਸਦੇ ਦਿੱਤੇ ਹੋਏ ਗਿਆਨ ਦੁਆਰਾ ਹੀ ਬੋਲਦੇ ਹਾਂ। **(ਜੇਤਾ ਬੋਲਣੁ ਤੇਤਾ ਗਿਆਨੈ॥)** ਪ੍ਰਮਾਤਮਾ ਸਾਡੇ ਅੰਦਰ ਗਿਆਨ ਰੂਪ ਵਿੱਚ

ਵਿਚਰਦਾ ਹੈ ਤੇ ਉਸਦਾ ਇਹ ਗਿਆਨ ਰੂਪ ਹੀ **"ਨਾਮ"** ਹੈ ਭਾਵ ਉਹ ਆਪ ਹੈ। ਸੱਚਾ ਗਿਆਨ ਜਾਂ ਨਾਮ ਇੱਕੋ ਗੱਲ ਹੈ। ਅਸੀਂ ਜੋ ਕੁੱਝ ਵੀ ਸੁਣਦੇ ਹਾਂ, ਜਿਸ ਕਿਸੇ ਕੋਲੋਂ ਵੀ ਸੁਣਦੇ ਹਾਂ ਉਸ ਨੂੰ ਬੁਲਵਾਉਣ ਵਾਲਾ ਉਸਦੇ ਅੰਦਰ ਉਸਦੇ ਅੰਦਰ ਦਾ ਨਾਮ ਹੈ ਭਾਵ ਆਪ ਪ੍ਰਮਾਤਮਾ ਹੈ ਜੋ ਸਭ ਨੂੰ ਬੁਲਵਾ ਰਿਹਾ ਹੈ। ਅਸੀਂ ਜਿਸ ਕਿਸੇ ਕੋਲੋਂ ਜੋ ਕੁੱਝ ਵੀ ਸੁਣਦੇ ਹਾਂ ਉਹ ਅਸਲ ਵਿੱਚ ਪ੍ਰਮਾਤਮਾ ਦੇ ਕੋਲੋਂ ਹੀ ਸੁਣਦੇ ਹਾਂ ਕਿਉਂਕਿ ਹਰ ਰੂਪ, ਹਰ ਸਰੀਰ, ਹਰ ਮਨੁੱਖੀ ਦੇਹ ਪ੍ਰਮਾਤਮਾ ਦਾ ਹੀ ਰੂਪ ਹੈ, ਨਾਮ ਦਾ ਰੂਪ ਹੈ। ਮਨ ਦੀ ਸੱਚੀ ਸੋਝੀ ਦੁਆਰਾ ਹੀ, ਸ਼ਬਦ ਦੇ ਪ੍ਰਕਾਸ਼ ਦੁਆਰਾ ਹੀ ਅਸੀਂ ਸਭ ਵਿੱਚ ਪ੍ਰਮਾਤਮਾ ਦਾ ਰੂਪ ਦੇਖ ਸਕਦੇ ਹਾਂ। **(ਜੇਤਾ ਸੁਨਣਾ ਤੇਤਾ ਨਾਮੁ॥)** ਆਪਣੇ ਕੰਨਾਂ ਰਾਹੀਂ ਅਸੀਂ ਜੋ ਵੀ ਆਵਾਜ਼ ਸੁਣਦੇ ਹਾਂ ਉਹ ਕਿਸੇ ਗਿਆਨ ਦੁਆਰਾ ਹੀ ਉਪਜਦੀ ਹੈ, ਪੰਜ ਤੱਤਾਂ ਵਿੱਚੋਂ ਹੀ ਉਪਜਦੀ ਹੈ ਤੇ ਸਭ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਗਿਆਨ ਰੂਪ ਦੁਆਰਾ ਵਿਚਰ ਰਿਹਾ ਹੈ। ਉਹ ਸਭ ਕੁੱਝ ਆਪ ਹੀ ਹੈ ਪਰ ਇਸ ਗੱਲ ਦੀ ਸੋਝੀ ਮਨ ਦੇ ਪ੍ਰਕਾਸ਼ ਦੁਆਰਾ ਹੀ ਪੈਂਦੀ ਹੈ। ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਜੇਤਾ ਪੇਖਨੁ ਤੇਤਾ ਧਿਆਨੁ॥੨॥"

ਜਦ ਤੱਕ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਨੂੰ ਉੱਪਰ ਵਾਲੀ ਪੰਗਤੀ ਦੀ ਸੋਝੀ ਨਹੀਂ ਪੈ ਸਕਦੀ। ਜਦੋਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਸਾਡੇ ਅੰਦਰ **"ਮਨ"** ਦੇ ਸਰੂਪ ਦੇ ਵਿੱਚ ਹੈ, ਜੋਤਿ ਸਰੂਪ ਵਿੱਚ ਹੈ, ਗਿਆਨ ਸਰੂਪ ਵਿੱਚ ਹੈ। ਸਾਡੇ ਮਨ ਦਾ ਗਿਆਨ ਹੀ ਸਾਡਾ **"ਧਿਆਨ"** ਹੈ ਭਾਵ ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ। ਇਹ ਉਸਦਾ ਸ਼ਬਦ ਰੂਪ ਹੈ ਜੋ ਸਾਡੇ ਅੰਦਰ, ਮਨ ਦੇ ਅੰਦਰ ਉਸਦਾ ਗਿਆਨ ਰੂਪ ਹੈ।

{ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

ਜਦੋਂ ਸਾਡੇ ਮਨ ਦਾ ਧਿਆਨ ਉਸਦੇ ਸੱਚੇ ਗਿਆਨ ਨਾਲ ਜੁੜ ਜਾਂਦਾ ਹੈ, ਸ਼ਬਦ ਦੇ ਗਿਆਨ ਨਾਲ ਜੁੜ ਜਾਂਦਾ ਹੈ ਉੱਥੇ ਉਸਦਾ ਆਪਣਾ ਸੱਚਾ ਰੂਪ ਪ੍ਰਗਟ ਹੋ ਜਾਂਦਾ ਹੈ। ਇਹ ਚੌਥੇ ਪਦ ਦੀ ਅਵੱਸਥਾ ਹੈ ਤੇ ਇਸ ਤੋਂ ਪਹਿਲਾਂ ਸਾਡੇ

ਮਨ ਦੀ ਅਵੱਸਥਾ ਤ੍ਰੈਗੁਣਾਂ ਵਿੱਚ ਹੁੰਦੀ ਹੈ, ਭਰਮ ਵਿੱਚ, ਦੁਬਿਧਾ ਵਿੱਚ ਹੁੰਦੀ ਹੈ। ਮਨ ਦੀ ਇਸ ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਗੁਰਬਾਣੀ ਦੀ ਰਚਨਾ ਹੋਈ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥}

(ਅੰਗ ੧੨੪੩)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥}

(ਅੰਗ ੫੯)

{ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥੩॥}

(ਅੰਗ ੮੭੯)

{ਸਹਜ ਧੁਨਿ ਗਾਵੈ ਮੰਗਲ ਮਨੂਆ॥ ਅਬ ਤਾ ਕਉ ਫੁਨਿ ਕਾਲੁ ਨ ਖਾਇ॥੩॥}

(ਅੰਗ ੩੭੩)

{ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ॥}

(ਅੰਗ ੫੧੨)

{ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ॥੨॥}

(ਅੰਗ ੯੭੦)

ਜਦ ਮਨ ਦੇ ਧਿਆਨ ਨੂੰ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੀ ਧੁਨਿ ਦੇ ਨਾਲ ਜੋੜਦਾ ਹੈ, ਸਹਜ ਦੀ ਧੁਨਿ ਦੇ ਨਾਲ ਜੋੜਦਾ ਹੈ, ਆਪਣੇ ਚੌਥੇ ਪਦ ਦੇ ਨਾਲ ਜੋੜਦਾ ਹੈ ਤਾਂ ਹੀ ਸਾਡਾ **"ਧਿਆਨੁ"** ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ, ਉਸਦਾ ਜੋਤਿ ਰੂਪ ਬਣ ਜਾਂਦਾ ਹੈ ਜੋ ਕਿ ਉਸਦਾ ਨਿਰਗੁਣ ਸਰੂਪ ਹੈ ਭਾਵ ਸਾਡੇ ਮਨ ਦਾ ਸੱਚਾ ਧਿਆਨ, ਚੌਥੇ ਪਦ ਦੇ ਵਿੱਚ ਜੁੜਿਆ ਹੋਇਆ ਧਿਆਨ ਆਪ ਪ੍ਰਮਾਤਮਾ ਹੈ ਜਿਸ ਦੁਆਰਾ ਮਨੁੱਖ ਦੀ ਆਪਣੀ ਹੋਂਦ ਨਾ ਹੋਣ ਦੀ ਸਮਝ ਆਉਣੀ ਹੈ ਤੇ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜੋ ਵੀ ਅਸੀਂ ਦੇਖਦੇ ਹਾਂ ਭਾਵ ਜੋ ਵੀ ਅਕਾਰ ਰੂਪ ਹੈ, ਮਾਇਆ ਰੂਪ ਸਭ ਵਿੱਚ ਆਪ ਪ੍ਰਮਾਤਮਾ ਹੀ ਹੈ ਭਾਵ ਉਹ ਸਭ ਵਿੱਚ ਆਪਣੇ ਗਿਆਨ ਦੁਆਰਾ ਵਿਚਰ ਰਿਹਾ ਹੈ ਤੇ ਸਭ ਦਾ ਮਾਲਕ ਉਹ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੁੱਝ ਵੀ ਨਹੀਂ ਹੈ। **(ਜੇਤਾ ਪੇਖਨੁ ਤੇਤਾ ਧਿਆਨੁ॥੨॥)**

ਸ਼ਬਦ ਦੀ ਅਗਲੀ ਪੰਗਤੀ ਨੂੰ ਹੋਰ ਵੀ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਅੱਗੇ ਸਾਰੇ ਸ਼ਬਦ ਵਿੱਚ ਸਹਜ ਦੀ ਅਵੱਸਥਾ ਹੀ ਸਮਝਾਈ ਹੋਈ ਹੈ। ਸਹਜ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਜਾਣਿਆ ਹੈ ਭਾਵ ਸਹਜ ਦੀ ਅਵੱਸਥਾ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦਾ ਉਪਜਣਾ ਹੈ। ਇਹ ਮਨ ਦੀ ਉਹ ਅਵੱਸਥਾ ਹੈ ਜੋ ਕਿ ਸਾਡੇ ਅੰਦਰ ਸ਼ਬਦ ਦਾ ਵੱਸਣਾ ਹੈ, ਸਾਡੇ ਮਨ ਵਿੱਚ ਸ਼ਬਦ ਦਾ ਪ੍ਰਕਾਸ਼ ਹੈ, ਪ੍ਰਮਾਤਮਾ ਦੀ ਸੱਚੀ ਸੋਝੀ ਦਾ ਪ੍ਰਕਾਸ਼ ਹੈ ਜਿਵੇਂ ਕਿ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ। ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੀ ਸਾਡੇ ਜੀਵਨ ਦਾ ਮਨੋਰਥ ਹੈ ਜਿਸ

ਦੁਆਰਾ ਸਾਡੇ ਮਨ ਦੀ ਦੁਬਿਧਾ ਦੂਰ ਹੁੰਦੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ।

"ਸਹਜੇ ਜਾਗਣੁ ਸਹਜੇ ਸੋਇਣੁ॥"

ਐਥੇ ਸਾਡੇ ਕਿਸੇ ਸਰੀਰਕ ਰੂਪ ਵਿੱਚ, ਸਰਗੁਣ ਰੂਪ ਵਿੱਚ ਜਾਗਣ ਜਾਂ ਸੌਣ ਦੀ ਗੱਲ ਨਹੀਂ ਸਮਝਾਈ ਹੋਈ। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆਏ ਹਾਂ ਇਹ ਸੌਣਾ ਜਾਗਣਾ ਸਾਡੇ ਮਨ ਦਾ ਹੈ। ਜਦ ਤੱਕ ਮਨੁੱਖ ਤ੍ਰੈਗੁਣਾਂ ਵਿੱਚ ਹੈ, ਮਾਇਆ ਮੋਹ ਵਿੱਚ ਹੈ, ਭਰਮ ਵਿੱਚ ਹੈ, ਅਗਿਆਨਤਾ ਵਿੱਚ ਹੈ ਉਹ ਸੁੱਤਾ ਹੋਇਆ ਹੈ। ਇਸ ਅਵੱਸਥਾ ਵਿੱਚੋਂ ਸਾਨੂੰ ਚੌਥੇ ਪਦ ਦਾ ਗਿਆਨ ਹੀ ਜਗਾਉਂਦਾ ਹੈ। ਸਾਨੂੰ ਤ੍ਰੈਗੁਣਾਂ ਵਿੱਚ ਸਵਾਉਣ ਵਾਲਾ ਭਾਵ ਤ੍ਰੈਗੁਣਾਂ ਵਿੱਚ ਰੱਖਣ ਵਾਲਾ ਹੀ ਉਹ ਆਪ ਹੈ ਤੇ ਉਸ ਵਿੱਚੋਂ ਜਗਾਉਣ ਵਾਲਾ ਭਾਵ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। **"ਸਹਜ ਪਦ"** ਪ੍ਰਮਾਤਮਾ ਦਾ ਆਪਣਾ ਪਦ ਹੈ ਜਿਸ ਦੁਆਰਾ ਉਹ ਸਭ ਵਿੱਚ ਵਿਚਰਦਾ ਹੈ ਤੇ ਅਸੀਂ ਜੋ ਕੁੱਝ ਵੀ ਕਰਦੇ ਹਾਂ ਸਾਡੇ ਕੋਲੋਂ ਕਰਾਉਣ ਵਾਲਾ ਉਹ ਆਪ ਹੀ ਹੈ ਭਾਵ ਸਾਡੇ ਮਨ ਦਾ ਚੌਥਾ ਪਦ ਹੀ ਭਾਵ ਪ੍ਰਮਾਤਮਾ ਆਪ ਹੀ ਸਭ ਕੁੱਝ ਕਰਾਉਂਦਾ ਹੈ। ਸਾਨੂੰ ਤ੍ਰੈਗੁਣਾਂ ਦੀ ਨੀਂਦ ਵਿੱਚੋਂ ਕੱਢ ਕੇ ਜਗਾਉਣ ਵਾਲਾ ਚੌਥਾ ਪਦ ਹੈ ਤੇ ਜਿਸਨੂੰ ਉਹ ਇੱਕ ਵਾਰੀ ਜਗਾ ਦਿੰਦਾ ਹੈ ਉਹ ਫਿਰ ਸਦਾ ਜਾਗਦਾ ਹੀ ਰਹਿੰਦਾ ਹੈ ਤੇ ਦੁਬਾਰਾ ਨਹੀਂ ਸੌਂਦਾ ਭਾਵ ਜਿਸਨੂੰ ਇੱਕ ਵਾਰ ਸੱਚਾ ਗਿਆਨ ਮਿਲ ਜਾਂਦਾ ਹੈ, ਗੁਰੂ ਪ੍ਰਮਾਤਮਾ ਮਿਲ ਜਾਂਦਾ ਹੈ ਤਾਂ ਫਿਰ ਉਹ ਸਦਾ ਮਿਲਿਆ ਹੀ ਰਹਿੰਦਾ ਹੈ, ਉਸਦੇ ਗਿਆਨ ਵਿੱਚ ਮਿਲ ਕੇ ਜਾਗਦਾ ਹੀ ਰਹਿੰਦਾ ਹੈ। ਉੱਪਰ ਵਾਲੀ ਪੰਗਤੀ ਨੂੰ ਸਪੱਸ਼ਟ ਤਰੀਕੇ ਨਾਲ ਸਮਝਣ ਤੋਂ ਪਹਿਲਾ ਸਾਨੂੰ ਹੇਠ ਦਿੱਤੀ ਪੰਗਤੀ ਨੂੰ ਵਿਚਾਰਨ ਦੀ ਲੋੜ ਹੈ।

{ਏਕੁ ਅਚਰਜੁ ਏਕੋ ਹੈ ਸੋਈ॥ ਗੁਰਮੁਖਿ ਵੀਚਾਰੇ ਵਿਰਲਾ ਕੋਈ॥੧॥ ਰਹਾਉ॥
ਸਹਜਿ ਭਵੈ ਪ੍ਰਭੁ ਸਭਨੀ ਥਾਈ॥ ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥ ਆਪੇ ਸੁਤਿਆ ਦੇਇ ਜਗਾਈ॥੨॥}

(ਅੰਗ ੧੬੦)

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥
ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥ ਸੇ ਜਨ ਜਾਗੇ ਜਿਨ ਨਾਮ ਪਿਆਰਿ॥੧॥
ਸਹਜੇ ਜਾਗੈ ਸਵੈ ਨ ਕੋਇ॥ ਪੂਰੇ ਗੁਰ ਤੇ ਬੂਝੈ ਜਨੁ ਕੋਇ॥੧॥ ਰਹਾਉ॥}

(ਅੰਗ ੧੬੦)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥
ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥

ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ ਰਹਾਉ ਦੂਜਾ॥}

(ਅੰਗ ੯੨)

15/1617

ਸਹਜ ਨੂੰ ਸਮਝਣਾ ਸਾਡੇ ਲਈ ਬਹੁਤ ਹੀ ਜਿਆਦਾ ਜਰੂਰੀ ਹੈ ਕਿਉਂਕਿ ਸਹਜ ਕੀ ਹੈ ਉਸ ਦੀ ਸਮਝ ਆਏ ਬਿਨ੍ਹਾਂ ਸਾਨੂੰ ਬਾਣੀ ਬਿਲਕੁਲ ਵੀ ਸਮਝ ਨਹੀਂ ਆ ਸਕਦੀ ਕਿਉਂਕਿ ਇਸ ਅੱਖਰ ਦਾ ਜ਼ਿਕਰ ਬਾਣੀ ਵਿੱਚ ਵਾਰ-ਵਾਰ ਆਉਂਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਵਿੱਚ ਵਿਚਰ ਰਿਹਾ ਹੈ ਤੇ ਆਪਣੇ ਗਿਆਨ ਦੁਆਰਾ ਵਿਚਰ ਰਿਹਾ ਹੈ। ਉਸਦਾ ਆਪਣਾ ਅਸਲ ਰੂਪ ਗਿਆਨ ਦੀ ਸਭ ਤੋਂ ਉੱਚੀ ਅਵੱਸਥਾ ਹੈ, ਜੋ ਅਵੱਸਥਾ ਗੁਰਬਾਣੀ ਦੀ ਹੈ। ਆਪਣੀ ਉੱਚੀ ਅਵੱਸਥਾ ਕਰਕੇ ਹੀ ਗੁਰਬਾਣੀ ਪ੍ਰਮਾਤਮਾ ਦਾ ਰੂਪ ਹੈ। ਗੁਰਬਾਣੀ ਦੀ ਇਹ ਉੱਚੀ ਅਵੱਸਥਾ ਉਸਦੀ ਬ੍ਰਹਮ ਗਿਆਨ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ, ਸਹਜ ਗਿਆਨ ਦੀ ਅਵੱਸਥਾ ਹੈ। ਪ੍ਰਮਾਤਮਾ ਸਭ ਵਿੱਚ ਸਹਜ ਗਿਆਨ ਦੁਆਰਾ ਹੀ ਵਿਚਰਦਾ ਹੈ ਪਰ ਉਸਦਾ ਇਹ ਰੂਪ ਸਾਡੇ ਅੰਦਰ ਉਸਦਾ ਗੁਪਤ ਰੂਪ ਹੈ। ਇਹੀ ਗੱਲ ਸਾਨੂੰ ਉੱਪਰ ਦਿੱਤੇ ਹੋਏ ਪਹਿਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਤੇ ਯਕੀਨ ਕਰ ਸਕੀਏ ਕਿ ਪ੍ਰਮਾਤਮਾ ਦਾ ਪਾਉਣਾ ਕੀ ਹੈ।

“ਏਕੁ ਅਚਰਜੁ ਏਕੋ ਹੈ ਸੋਈ॥ ਗੁਰਮੁਖਿ ਵੀਚਾਰੇ ਵਿਰਲਾ ਕੋਈ॥੧॥ ਰਹਾਉ॥

ਸਹਜਿ ਭਵੈ ਪ੍ਰਭੁ ਸਭਨੀ ਥਾਈ॥ ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥ ਆਪੇ ਸੁਤਿਆ ਦੇਇ ਜਗਾਈ॥੨॥”

(ਅੰਗ ੧੬੦)

ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਿਆ ਹੈ ਕਿ ਦੁਨੀਆਂ ਦਾ ਇੱਕੋ ਇੱਕ ਅਚਰਜ ਜੋ ਕਿ ਹਰ ਕਿਸੇ ਲਈ ਅਚਰਜ ਹੈ ਭਾਵ ਦੁਨੀਆਂ ਦਾ ਸਭ ਤੋਂ ਵੱਡਾ ਅਚਰਜ ਇਹੀ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਸਭ ਕੁੱਝ ਪ੍ਰਮਾਤਮਾ ਇੱਕੋ ਇੱਕ ਆਪ ਹੀ ਹੈ ਭਾਵ ਸਾਰੀ ਸ੍ਰਿਸ਼ਟੀ ਵਿੱਚ ਉਸ ਤੋਂ ਇਲਾਵਾ ਹੋਰ ਕੋਈ ਵੀ ਨਹੀਂ। **(ਏਕੁ ਅਚਰਜੁ ਏਕੋ ਹੈ ਸੋਈ॥)** ਦੁਨੀਆਂ ਵਿੱਚ ਕਹਿਣ ਵਿੱਚ ਤਾਂ ਅਜੂਬੇ ਬਹੁਤ ਹਨ ਪਰ ਅਸਲ ਅਜੂਬਾ ਇਸ ਗੱਲ ਦੀ ਸੋਝੀ ਪੈਣਾ ਹੈ ਕਿ ਉਹਨਾਂ ਸਾਰੇ ਅਜੂਬਿਆਂ ਨੂੰ ਬਣਾਉਣ ਵਾਲਾ ਕੌਣ ਹੈ ਭਾਵ ਉਸਨੂੰ ਬਣਾਉਣ ਵਾਲਾ ਪ੍ਰਮਾਤਮਾ ਹੈ। ਇਸ ਗੱਲ ਨੂੰ ਸੰਸਾਰ ਵਿੱਚ ਕੋਈ ਵਿਰਲਾ ਹੀ ਸਮਝ ਸਕਦਾ ਹੈ ਭਾਵ ਪ੍ਰਮਾਤਮਾ ਦੇ ਉਸ ਅਸਲ ਰੂਪ ਨੂੰ ਕੋਈ ਵਿਰਲਾ ਹੀ ਗੁਰਮੁਖਿ ਵਾਲੀ ਅਵੱਸਥਾ ਦੁਆਰਾ ਜਾਣ ਸਕਦਾ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। **(ਗੁਰਮੁਖਿ ਵੀਚਾਰੇ ਵਿਰਲਾ ਕੋਈ॥੧॥ ਰਹਾਉ॥)** ਗੁਰਮੁਖਿ ਦੀ ਅਵੱਸਥਾ ਦੁਆਰਾ ਜੋ ਉਸ ਅਚਰਜ ਦੀ ਸੋਝੀ ਪੈਂਦੀ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਹਜਿ ਭਵੈ ਪ੍ਰਭੁ ਸਭਨੀ ਥਾਈ॥

ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥ ਆਪੇ ਸੁਤਿਆ ਦੇਇ ਜਗਾਈ॥੨॥”

ਸਭ ਤੋਂ ਜਰੂਰੀ ਗੱਲ ਸਮਝਣ ਦੀ ਇਹ ਹੈ ਕਿ ਪ੍ਰਮਾਤਮਾ ਸਭਨਾਂ ਥਾਵਾਂ ਤੇ ਆਪਣੇ

15/1618

ਕਿਸ ਰੂਪ ਦੁਆਰਾ ਵਿਚਰ ਰਿਹਾ ਹੈ। ਪ੍ਰਮਾਤਮਾ ਆਪਣੀ ਸਹਜ ਦੀ ਅਵੱਸਥਾ ਦੁਆਰਾ ਸਭ ਜਗ੍ਹਾਂ ਵਸਿਆ ਹੋਇਆ ਹੈ ਭਾਵ ਉਸਦਾ ਰੂਪ ਸਹਜ ਦੀ ਅਵੱਸਥਾ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ ਭਾਵ ਪ੍ਰਮਾਤਮਾ ਸਭ ਜਗ੍ਹਾਂ ਆਪਣੇ ਸੱਚੇ ਗਿਆਨ ਦੁਆਰਾ ਵਿਚਰ ਰਿਹਾ ਹੈ। **(ਸਹਜਿ ਭਵੈ ਪ੍ਰਭੁ ਸਭਨੀ ਥਾਈ॥)** ਬਾਣੀ ਵਿੱਚ ਸਾਨੂੰ ਇਹ ਗੱਲ ਵਾਰ-ਵਾਰ ਸਮਝਾਈ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਗੁਪਤ ਰੂਪ ਵਿੱਚ ਵਿਚਰਦਾ ਹੈ। ਉਸਦਾ ਗੁਪਤ ਰੂਪ ਕੀ ਹੈ ਤੇ ਉਸਦਾ ਪ੍ਰਗਟ ਹੋਣਾ ਕੀ ਹੈ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥”

ਪ੍ਰਮਾਤਮਾ ਸਾਡੇ ਅੰਦਰ ਸਹਜ ਰੂਪ ਵਿੱਚ ਹੈ ਪਰ ਇਹ ਉਸਦਾ ਗੁਪਤ ਰੂਪ ਹੈ ਜਿਸਦੀ ਕਿ ਸਾਨੂੰ ਸੋਝੀ ਨਹੀਂ ਪੈਂਦੀ। ਪ੍ਰਮਾਤਮਾ ਨੇ ਸਾਨੂੰ ਆਪਣੇ ਇਸ ਸਹਜ ਸਰੂਪ ਤੋਂ, ਸੱਚੇ ਗਿਆਨ ਦੇ ਰੂਪ ਤੋਂ ਆਪ ਹੀ ਦੂਰ ਰੱਖਿਆ ਹੋਇਆ ਹੈ ਕਿਉਂਕਿ ਉਹ ਆਪ ਹੀ ਗਿਆਨ ਦਾ ਮਾਲਕ ਹੈ ਤੇ ਉਹ ਸਾਨੂੰ ਪੜਦੇ ਵਿੱਚ ਰੱਖਣ ਦੇ ਸਮਰੱਥ ਹੈ। ਪ੍ਰਮਾਤਮਾ ਨੇ ਸਭ ਨੂੰ ਹਉਮੈ ਵਿੱਚ, ਤ੍ਰੈਗੁਣਾਂ

ਵਿੱਚ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਤੇ ਇਹ ਉਸਦੀ ਆਪਣੀ ਬਣਾਈ ਹੋਈ ਬਣਤ ਹੈ, ਘਾੜਤ ਹੈ, ਜੁਗਤਿ ਹੈ ਜੋ ਉਸ ਨੇ ਸਭ ਵਿੱਚ ਪਾਈ ਹੋਈ ਹੈ। ਉਸਨੇ ਹਰ ਕਿਸੇ ਨੂੰ ਆਪਣੀ ਇਸ ਜੁਗਤਿ ਦੁਆਰਾ ਮਾਇਆ ਮੋਹ ਵਿੱਚ, ਅਗਿਆਨਤਾ ਵਿੱਚ ਸਵਾਇਆ ਹੋਇਆ ਹੈ। ਸਾਨੂੰ ਅਗਿਆਨਤਾ ਵਿੱਚ ਸਵਾਉਣ ਵਾਲਾ ਹੀ ਉਹ ਆਪ ਹੈ ਤੇ ਉਸ ਵਿੱਚੋਂ ਜਗਾਉਣ ਵਾਲਾ, ਕੱਢਣ ਵਾਲਾ ਵੀ ਉਹ ਆਪ ਹੈ। ਉਹ ਆਪ ਸਹਜ ਦੀ ਅਵੱਸਥਾ ਵਿੱਚ ਹੈ, ਉੱਚੇ ਗਿਆਨ ਵਿੱਚ ਹੈ ਤੇ ਤ੍ਰੈਗੁਣ ਉਸਦਾ ਆਪਣਾ ਹੀ ਬਣਾਇਆ ਹੋਇਆ, ਆਪਣੀ ਜੁਗਤਿ ਦੁਆਰਾ ਬਣਾਇਆ ਹੋਇਆ ਰੂਪ ਹੈ ਭਾਵ ਸਭ ਕੁੱਝ ਪ੍ਰਮਾਤਮਾ ਦੇ ਆਪਣੇ ਹੀ ਹੱਥ ਦੇ ਵਿੱਚ ਹੈ, ਉਸਦੀ ਸਹਜ ਦੀ ਅਵੱਸਥਾ ਦੇ ਹੱਥ ਵਿੱਚ ਹੈ। ਸਾਨੂੰ ਸਵਾਉਣ ਵਾਲੀ ਵੀ ਉਸਦੀ ਸਹਜ ਦੀ ਅਵੱਸਥਾ ਹੈ ਤੇ ਸਾਨੂੰ ਜਗਾਉਣ ਵਾਲੀ ਵੀ ਉਸਦੀ ਸਹਜ ਦੀ ਅਵੱਸਥਾ ਹੈ। ਜਦੋਂ ਉਹ ਆਪਣੇ ਗੁਪਤ ਰੂਪ ਨੂੰ ਪ੍ਰਗਟ ਕਰ ਦਿੰਦਾ ਹੈ ਤਾਂ ਫਿਰ ਮਨ ਵਿੱਚ ਉਹ ਆਪਣੇ ਆਪ ਦੀ ਸੋਝੀ ਪਾ ਦਿੰਦਾ ਹੈ, ਅਗਿਆਨਤਾ ਵਾਲੇ ਮਨ ਨੂੰ, ਮਨ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਚੌਥੇ ਪਦ ਦੀ ਅਵੱਸਥਾ ਵਿੱਚ ਬਦਲ ਦਿੰਦਾ ਹੈ ਭਾਵ ਆਪਣੇ ਆਪ ਦੇ ਨਾਲ ਮਿਲਾ ਦਿੰਦਾ ਹੈ ਜਿਸ ਦੁਆਰਾ ਮਨੁੱਖ ਦੀ ਨੀਂਦ ਖੁੱਲ੍ਹ ਜਾਂਦੀ ਹੈ ਤੇ ਫਿਰ ਉਹ ਸਦਾ ਲਈ ਜਾਗ ਜਾਂਦਾ ਹੈ ਭਾਵ ਉਹ ਸਦਾ ਲਈ ਮਿਲਿਆ ਹੀ ਰਹਿੰਦਾ ਹੈ। **(ਆਪੇ ਸੁਤਿਆ ਦੇਇ ਜਗਾਈ॥੨॥)**

ਜਿਸਨੂੰ ਉਹ ਜਗਾਉਂਦਾ ਹੈ ਉਸਨੂੰ ਆਪਣਾ ਸੱਚਾ ਗਿਆਨ ਹੀ ਬਖਸ਼ਦਾ ਹੈ ਜੋ

15/1619

ਸਹਜ ਦੀ ਅਵੱਸਥਾ ਹੈ। ਮਨ ਦੀ ਇਹ ਅਵੱਸਥਾ ਹੀ ਉਸਦਾ ਸੰਤ ਰੂਪ ਹੈ, ਬ੍ਰਹਮ ਗਿਆਨੀ ਦਾ ਰੂਪ ਹੈ ਜਿਸ ਦੁਆਰਾ ਸੰਸਾਰ ਵਿੱਚ ਉਸਦਾ ਬ੍ਰਹਮ ਗਿਆਨ ਪ੍ਰਗਟ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਪ੍ਰਗਟ ਹੋਈ ਹੈ। ਇਹ ਬ੍ਰਹਮ ਗਿਆਨ ਦਾ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿੱਥੇ ਹਉਮੈ ਦਾ ਨਾਮ ਨਿਸ਼ਾਨ ਮਿਟ ਜਾਂਦਾ ਹੈ ਤੇ ਉਸ ਇੱਕੋ ਇੱਕ ਅਸਚਰਜ ਦੀ ਸੋਝੀ ਪੈ ਜਾਂਦੀ ਹੈ ਜੋ ਆਪਣੇ ਬ੍ਰਹਮ ਗਿਆਨ, ਸਹਜ ਗਿਆਨ ਦੁਆਰਾ ਸਭ ਵਿੱਚ ਰਮਿਆ ਹੋਇਆ ਹੈ।

{ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ॥}

(ਅੰਗ ੧੧੭੧)

ਮਨ ਵਿੱਚ ਉਸਦਾ ਪ੍ਰਗਟ ਹੋਣਾ ਕੀ ਹੈ ਇਸਦੀ ਸਮਝ ਤਾਂ ਕਿਸੇ ਨੂੰ ਕੀ ਪੈਣੀ ਹੈ ਪਰ ਇਤਨੀ ਸਮਝ ਜਰੂਰ ਹੈ ਕਿ ਸੰਤ ਅਖਵਾ ਕੇ ਸ਼ੋਭਾ ਮਿਲਦੀ ਹੈ, ਮਾਣ ਉੱਚਾ ਹੁੰਦਾ ਹੈ, ਮੈਂ ਉੱਚੀ ਹੁੰਦੀ ਹੈ, ਬ੍ਰਹਮ ਗਿਆਨੀ ਅਖਵਾ ਕੇ ਹੋਰ ਵੀ ਜਿਆਦਾ ਮਾਣ ਮਿਲਦਾ ਹੈ ਪਰ ਅਸਲ ਵਿੱਚ ਇਹ ਸਾਡੇ ਅੰਦਰ ਦੀ ਅਗਿਆਨਤਾ ਹੈ, ਸਾਡੇ ਅੰਦਰ ਦੀ ਤਾਮਸ ਹੈ ਜੋ ਸਾਡੇ ਕੋਲੋਂ ਮੈਂ ਅਖਵਾਉਂਦੀ ਹੈ। ਇਹ ਮੈਂ ਹੀ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਹੈ ਜੋ ਕਿ ਬ੍ਰਹਮੇ ਦਾ ਵੀ ਨਹੀਂ ਨਿਬੜਿਆ ਜਿਸ ਲਈ ਉਸਨੂੰ ਤ੍ਰੈਗੁਣਾਂ ਵਿੱਚ ਕਿਹਾ ਹੈ। ਹਉਮੈ ਉੱਚੀ ਹੋਣ ਨਾਲ ਸਾਡਾ ਪ੍ਰਮਾਤਮਾ ਦੇ ਨਾਲ, ਨਾਮ ਦੇ ਨਾਲ ਝਗੜਾ, ਵਿਰੋਧ ਨਿਬੜਨ ਦੀ ਬਜਾਏ ਉਲਟਾ ਵੱਧਦਾ ਹੀ ਹੈ ਕਿਉਂਕਿ ਜਿੰਨ੍ਹਾਂ ਕਰਕੇ, ਜਿਹੋ ਜਿਹੇ ਸਰੀਰਕ ਜਪਾਂ ਤਪਾਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣਾ ਸਮਝਦੇ ਹਾਂ ਉਹ ਅਸਲ ਵਿੱਚ ਸਾਡੀ ਅਗਿਆਨਤਾ ਹੀ ਹੈ, ਮਾਇਆ ਮੋਹ ਹੀ ਹੈ ਜਿਸ ਵਿੱਚੋਂ ਕੋਈ ਵੀ ਨਿਕਲ ਨਹੀਂ ਸਕਦਾ। ਇਹ ਕੇਵਲ ਤੇ ਕੇਵਲ ਉਸਦੀ ਰਜ਼ਾ ਹੈ ਕਿ ਸਾਨੂੰ ਆਪਣੇ ਸੱਚੇ ਗਿਆਨ ਨਾਲ ਜੋੜ ਲਵੇ, ਗੁਰਬਾਣੀ ਦੀ ਮਤਿ ਨਾਲ ਜੋੜ ਲਵੇ।

ਸਹਜ ਦੀ ਅਵੱਸਥਾ ਦੀ ਪ੍ਰਾਪਤੀ ਬਿਨ੍ਹਾਂ ਨਾ ਹੀ ਕੋਈ ਪ੍ਰਮਾਤਮਾ ਨੂੰ ਸਮਝ ਸਕਦਾ ਹੈ ਤੇ ਨਾ ਹੀ ਗੁਰਬਾਣੀ ਦੇ ਸ੍ਰੋਤ ਨੂੰ ਸਮਝ ਸਕਦਾ ਹੈ ਤੇ ਨਾ ਹੀ ਇਹ ਕਿਸੇ ਨੂੰ ਸਮਝ ਆ ਸਕਦੀ ਹੈ ਕਿ ਗੁਰਬਾਣੀ ਦੀ ਅਵੱਸਥਾ ਸਹਜ ਵਾਲੀ ਕਿਸ ਕਰਕੇ ਹੈ ਭਾਵ ਗੁਰਬਾਣੀ ਪ੍ਰਮਾਤਮਾ ਦਾ ਰੂਪ ਕਿਸ ਕਰਕੇ ਹੈ। ਸਹਜ ਦਾ ਮਾਲਕ ਇੱਕੋ ਇੱਕ ਪ੍ਰਮਾਤਮਾ ਆਪ ਹੈ ਤੇ ਉਹ ਆਪਣੇ ਸਹਜ ਦੀ ਕਲਾ ਦੁਆਰਾ ਭਾਵੇਂ ਕਿਸੇ ਨੂੰ ਤ੍ਰੈਗੁਣਾਂ ਦੀ ਨੀਂਦ ਵਿੱਚ ਸਵਾ ਕੇ ਰੱਖੇ ਤੇ ਭਾਵੇਂ ਉਸ ਨੀਂਦ ਵਿੱਚੋਂ ਜਗਾ ਲਵੇ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ। ਮੁੱਖ ਸ਼ਬਦ ਦੀ ਇਸ ਹੇਠ ਦਿੱਤੀ ਪੰਗਤੀ ਨੂੰ ਅਸੀਂ ਹੁਣ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਇਸ ਤੋਂ ਕੀ ਭਾਵ ਹੈ।

(ਸਹਜੇ ਜਾਗਣੁ ਸਹਜੇ ਸੋਇ॥) ਸੰਸਾਰ ਵਿੱਚ ਜੋ ਕੁੱਝ ਵੀ ਹੋ ਰਿਹਾ ਹੈ ਉਹ ਸਭ ਕੁੱਝ ਕਰਨ ਵਾਲਾ ਆਪ ਪ੍ਰਮਾਤਮਾ ਹੈ ਭਾਵ

15/1620

ਸਹਜ ਹੈ, ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ। ਪ੍ਰਮਾਤਮਾ ਨੇ ਜਿਹੋ ਜਿਹਾ ਗਿਆਨ ਜਿਸ ਵਿੱਚ ਲਿਖ ਕੇ ਪਾ ਦਿੱਤਾ

ਹੈ ਉਹ ਕੁੱਝ ਆਪੇ ਹੀ ਹੋਈ ਜਾ ਰਿਹਾ ਹੈ। ਸਾਡੇ ਅੰਦਰ ਜਿਹੋ ਜਿਹਾ ਗਿਆਨ ਪੈਂਦਾ ਹੈ ਅਸੀਂ ਉਹੀ ਕੁੱਝ ਕਰਦੇ ਹਾਂ ਤੇ ਸਾਡੇ ਅੰਦਰ ਇਹ ਗਿਆਨ ਪਾਉਣ ਵਾਲਾ ਆਪ **"ਸਹਜੁ"** ਹੈ ਭਾਵ ਪ੍ਰਮਾਤਮਾ ਹੈ। ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਵਾਲਾ ਵੀ **"ਸਹਜੁ"** ਹੈ। ਹਰ ਕਿਸੇ ਵਸਤੂ ਵਿੱਚ ਜਿਸਦੀ ਵੀ ਉਤਪਤੀ ਸੰਸਾਰ ਵਿੱਚ ਹੁੰਦੀ ਹੈ ਉਹ ਗਿਆਨ ਦੁਆਰਾ ਹੀ ਹੁੰਦੀ ਹੈ। ਪੇੜ ਪੌਦੇ ਕਿਸੇ ਗਿਆਨ ਦੁਆਰਾ ਪੈਦਾ ਹੁੰਦੇ ਹਨ, ਗਿਆਨ ਦੁਆਰਾ ਹੀ ਫਲਦੇ ਫੁੱਲਦੇ ਹਨ ਤੇ ਉਸਦੇ ਅੰਦਰਲੇ ਗਿਆਨ ਦੁਆਰਾ ਉਹਨਾਂ ਵਿੱਚ ਫਿਰ ਤੋਂ ਬੀਜ ਬਣ ਜਾਂਦਾ ਹੈ ਤੇ ਉਸਦੀ ਉਤਪਤੀ ਫਿਰ ਤੋਂ ਹੋ ਜਾਂਦੀ ਹੈ। ਇਸੇ ਤਰ੍ਹਾਂ ਜੋ ਗਿਆਨ ਪ੍ਰਮਾਤਮਾ ਨੇ ਹਵਾ ਵਿੱਚ, ਅਗਨੀ ਵਿੱਚ, ਪਾਣੀ ਵਿੱਚ ਪਾ ਦਿੱਤਾ ਹੈ ਉਹ ਉਸੇ ਤਰ੍ਹਾਂ ਆਪੇ ਆਪ ਹੀ ਹੋਈ ਜਾ ਰਿਹਾ ਹੈ। ਪ੍ਰਮਾਤਮਾ ਨੇ ਜਿਸ ਵਸਤੂ ਨੂੰ ਜਿਹੜੇ ਮਕਸਦ ਲਈ ਉਪਜਾਇਆ ਹੈ ਉਹ ਹਰ ਕੋਈ ਆਪਣਾ ਮਕਸਦ ਪੂਰਾ ਕਰੀ ਜਾ ਰਿਹਾ ਹੈ। ਧਰਤੀ ਆਪਣਾ ਮਕਸਦ ਪੂਰਾ ਕਰ ਰਹੀ ਹੈ, ਸੂਰਜ ਆਪਣਾ ਮਕਸਦ ਪੂਰਾ ਕਰੀ ਜਾ ਰਿਹਾ ਹੈ, ਚੰਦਰਮਾ ਆਪਣਾ ਮਕਸਦ ਪੂਰਾ ਕਰੀ ਜਾ ਰਿਹਾ ਹੈ, ਅਕਾਸ਼ ਆਪਣਾ ਮਕਸਦ ਪੂਰਾ ਕਰੀ ਜਾ ਰਿਹਾ ਹੈ। ਹਰ ਖੰਡ, ਬ੍ਰਹਿਮੰਡ ਆਪਣਾ ਮਕਸਦ ਪੂਰਾ ਕਰ ਰਿਹਾ ਹੈ ਭਾਵ ਉਸਨੇ ਜਿਹੋ ਜਿਹਾ ਹੁਕਮ ਕਿਸੇ ਵਿੱਚ ਪਾਇਆ ਹੈ , ਜਿਹੋ ਜਿਹੀ ਵਡਿਆਈ ਜਿਹੜੇ ਸਰੂਪ ਵਿੱਚ ਪਾਈ ਹੈ ਹਰ ਕੋਈ ਆਪਣੇ ਉਸ ਮਕਸਦ ਤੇ ਆਪੇ ਹੀ ਪੂਰਾ ਉਤਰਦਾ ਜਾ ਰਿਹਾ ਹੈ ਭਾਵ ਪ੍ਰਮਾਤਮਾ ਨੂੰ ਜੋ ਕੁੱਝ ਭਾਉਂਦਾ ਹੈ ਉਹ ਗੁਪਤ ਰੂਪ ਵਿੱਚ ਆਪੇ ਹੀ ਕਰਵਾਈ ਜਾ ਰਿਹਾ ਹੈ। ਉਸਦਾ ਗੁਪਤ ਰੂਪ ਹਰ ਵਸਤੂ ਦੇ ਵਿੱਚ ਹੈ, ਹਰ ਮਾਇਆ ਸਰੂਪ ਵਿੱਚ ਹੈ, ਹਰ ਆਕਾਰ ਰੂਪ ਵਿੱਚ, ਸਰਗੁਣ ਰੂਪ ਵਿੱਚ ਹੈ। ਹਰ ਆਕਾਰ ਰੂਪ ਨੂੰ ਪੈਦਾ ਕਰਨ ਵਾਲਾ ਵੀ ਉਹ ਆਪ ਹੈ, ਉਸਨੂੰ ਚਲਾਉਣ ਵਾਲਾ ਵੀ ਉਹ ਆਪ ਹੈ ਤੇ ਉਹਨਾਂ ਨੂੰ ਬਿਨਸਾਉਣ ਵਾਲਾ ਵੀ ਉਹ ਆਪ ਹੈ ਭਾਵ ਉਸਦਾ ਆਪਣਾ ਸਹਜ ਰੂਪ, ਗਿਆਨ ਰੂਪ ਸਭ ਵਿੱਚ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ, ਨਿਰਗੁਣ ਰੂਪ ਵਿੱਚ ਵਿਚਰ ਰਿਹਾ ਹੈ ਜਿਸ ਨੂੰ ਕਿ ਅੱਖਾਂ ਦੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ ਜਾ ਸਕਦਾ। ਉਸਨੂੰ ਕੇਵਲ ਮਨ ਦੀਆਂ ਅੱਖਾਂ ਨਾਲ ਭਾਵ ਮਨ ਦੇ ਗਿਆਨ ਨਾਲ ਦੇਖਿਆ ਜਾ ਸਕਦਾ ਹੈ। ਸਾਡੇ ਮਨ ਵਿੱਚ ਉਸਦੇ ਗਿਆਨ ਦੀ ਅੱਖ ਜਿਸ ਨਾਲ ਉਹ ਨਜ਼ਰ ਆਉਂਦਾ ਹੈ ਉਹ ਸਹਜ ਹੈ, ਚੌਥੇ ਪਦ ਦਾ ਗਿਆਨ ਹੈ ਜੋ ਕਿ ਉਹ ਆਪ ਹੈ ਤੇ ਆਪਣੇ ਇਸ ਚੌਥੇ ਪਦ ਦੁਆਰਾ ਆਪਣੇ ਆਪ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ ਤੇ ਤਾਂ ਹੀ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਕਰਨ ਕਰਵਾਉਣ ਵਾਲਾ ਉਹ ਆਪ ਸਹਜ ਦਾ ਮਾਲਕ ਹੀ ਹੈ। **(ਸਹਜੇ ਹੋਤਾ ਜਾਇ ਸੁ ਹੋਇ॥)**

15/1621

ਮੁੱਖ ਸ਼ਬਦ ਸਾਨੂੰ ਸਹਜ ਬਾਰੇ ਸਮਝਾਉਣ ਲਈ ਹੀ ਹੈ ਤੇ ਇਸ ਲਈ ਉਸਨੂੰ ਪੂਰੀ ਤਰ੍ਹਾਂ ਸਮਝਣ ਲਈ ਪਿੱਛੇ ਜੋ ਅਸੀਂ ਹੋਰ ਦੋ ਸ਼ਬਦਾਂ ਦੀ ਗੱਲ ਕੀਤੀ ਹੈ ਉਨ੍ਹਾਂ ਨੂੰ ਵੀ ਸਮਝਣ ਦੀ ਲੋੜ ਹੈ।

"ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥
ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥ ਸੇ ਜਨ ਜਾਗੇ ਜਿਨ ਨਾਮ ਪਿਆਰਿ॥੧॥
ਸਹਜੇ ਜਾਗੈ ਸਵੈ ਨ ਕੋਇ॥ ਪੂਰੇ ਗੁਰ ਤੇ ਬੂਝੈ ਜਨੁ ਕੋਇ॥੧॥ਰਹਾਉ॥"

(ਅੰਗ - ੧੬੦)

ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਰਾਹੀਂ ਸਾਡਾ ਸੌਣਾ ਤੇ ਜਾਗਣਾ ਹੀ ਸਮਝਾਇਆ ਹੋਇਆ ਹੈ। ਜੋ ਸੁੱਤੇ ਹੋਏ ਹਨ ਉਨ੍ਹਾਂ ਨੂੰ ਮਨਮੁਖਿ ਕਿਹਾ ਹੈ ਤੇ ਜੋ ਜਾਗਦੇ ਹਨ ਉਨ੍ਹਾਂ ਨੂੰ ਗੁਰਮੁਖਿ ਕਿਹਾ ਹੈ।ਜਿਸਨੂੰ ਮਾਇਆ ਮੋਹ ਨਾਲ ਪਿਆਰ ਹੈ ਉਨ੍ਹਾਂ ਨੂੰ ਸੁੱਤਾ ਹੋਇਆ ਕਿਹਾ ਹੈ ਤੇ ਮਨਮੁਖਿ ਕਿਹਾ ਹੈ। ਸਾਡੇ ਕੋਲੋਂ ਔਗੁਣ ਮਾਇਆ ਮੋਹ ਹੀ ਕਰਵਾਉਂਦਾ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰ ਗੁਰੂ ਦੇ ਗੁਣਾਂ ਨੂੰ ਨਹੀਂ ਸੰਭਾਲਦੇ ਭਾਵ ਔਗੁਣ ਸਾਡੇ ਅੰਦਰੋਂ ਗੁਣਾਂ ਨੂੰ ਲੱਟ ਲੈਂਦੇ ਹਨ, ਸਾਡੇ ਅੰਦਰੋਂ ਗੁਣਾਂ ਦੀ ਚੋਰੀ ਹੋ ਜਾਂਦੀ ਹੈ। ਇਹ ਸਾਡੇ ਅੰਦਰ ਅਗਿਆਨਤਾ ਦੀ ਅਵੱਸਥਾ ਹੈ ਭਾਵ ਸਾਡੇ ਅੰਦਰ ਗੁਰੂ ਦਾ ਗਿਆਨ ਵੱਸਿਆ ਹੋਇਆ ਨਹੀਂ ਹੈ, ਅਸੀਂ ਆਪਣੇ ਅੰਦਰ ਗੁਰੂ ਦੇ ਗਿਆਨ ਨੂੰ ਨਹੀਂ ਵਿਚਾਰਿਆ। ਜਦੋਂ ਅਸੀਂ ਗੁਰੂ ਦੇ ਗਿਆਨ ਨੂੰ ਵਿਚਾਰ ਲੈਂਦੇ ਹਾਂ, ਗੁਰੂ ਦੇ ਸ਼ਬਦ ਨੂੰ ਵਿਚਾਰ ਲੈਂਦੇ ਹਾਂ ਤਾਂ ਫਿਰ ਅਸੀਂ ਮਾਇਆ ਮੋਹ ਤੋਂ ਜਾਗ ਪੈਂਦੇ ਹਾਂ, ਔਗੁਣਾਂ ਵੱਲੋਂ ਜਾਗ ਪੈਂਦੇ ਹਾਂ ਕਿ ਇਨ੍ਹਾਂ ਤੋਂ ਬਚਣ ਦੀ ਲੋੜ ਹੈ। ਗੁਰੂ ਦੇ ਗਿਆਨ ਦਾ ਵਿਚਾਰ ਸਾਡੇ ਅੰਦਰ ਗੁਣ ਹੀ ਵਸਾਉਂਦਾ ਹੈ ਭਾਵ ਗੁਰੂ ਦੇ ਗਿਆਨ ਦਾ ਵਿਚਾਰਨਾ ਇਹੀ ਹੈ ਕਿ ਅਸੀਂ ਉਸਦੇ ਦੱਸੇ ਹੋਏ ਗੁਣਾਂ ਨੂੰ ਆਪਣੇ ਅੰਦਰ ਸੰਭਾਲਣਾ ਹੈ ਤਾਂ ਜੋ ਸਾਡੇ ਘਰ ਦੀ ਸੰਭਾਲ ਹੋ ਸਕੇ, ਔਗੁਣਾਂ

ਤੋਂ ਸੰਭਾਲ ਹੋ ਸਕੇ। **(ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥)** ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਸਮਝ ਲੱਗ ਸਕੇ ਕਿ ਨਾਮ ਦੇ ਨਾਲ ਪਿਆਰ ਜੋੜਨਾ ਕੀ ਹੈ।

"ਸੇ ਜਨ ਜਾਗੇ ਜਿਨ ਨਾਮ ਪਿਆਰਿ॥੧॥"

ਇੱਕ ਮਾਇਆ ਮੋਹ ਨਾਲ ਪਿਆਰ ਹੈ ਜਿਵੇਂ ਕਿ ਅਸੀਂ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ ਜੋ ਕਿ ਸਾਡੇ ਸੁੱਤੇ ਹੋਣ ਦੀ ਅਵੱਸਥਾ ਹੈ, ਮਨਮੁਖਿ ਵਾਲੀ ਅਵੱਸਥਾ ਹੈ। ਦੂਸਰੀ ਅਵੱਸਥਾ ਗੁਰਮੁਖਿ ਦੀ ਹੈ ਜੋ ਕਿ ਗੁਰੂ ਦੇ ਗਿਆਨ ਦੇ ਵਿਚਾਰ ਦੁਆਰਾ ਜਾਗਦਾ ਹੈ, ਮਾਇਆ ਮੋਹ ਤਿਆਗ ਕੇ, ਔਗੁਣ ਤਿਆਗ ਕੇ ਗੁਣਾਂ ਦੁਆਰਾ ਜਾਗਦਾ ਹੈ। ਜਾਗਦਾ ਉਹ ਹੈ ਜਿਸ ਨੂੰ ਨਾਮ ਦੇ ਨਾਲ ਪਿਆਰ ਹੈ ਭਾਵ ਜਿਸਨੂੰ ਗੁਰੂ ਦੀ ਮਤਿ ਦੇ ਨਾਲ ਪਿਆਰ ਹੈ, ਜੋ ਗੁਰੂ ਦੇ ਗਿਆਨ ਦਾ ਵਿਚਾਰੀ ਹੈ, ਜਿਸਦੇ ਅੰਦਰ ਗੁਣਾਂ ਦਾ ਵਾਸਾ ਹੈ। **(ਸੇ ਜਨ ਜਾਗੇ ਜਿਨ ਨਾਮ ਪਿਆਰਿ॥੧॥)**

15/1622

ਇਹ ਮਨ ਦਾ ਜਾਗਣਾ ਕੀ ਹੈ, ਨਾਮ ਦੇ ਪਿਆਰ ਵਾਲੇ ਅਸੀਂ ਕਿਵੇਂ ਬਣਦੇ ਹਾਂ ਇਹੀ ਗੱਲ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

"ਸਹਜੇ ਜਾਗੈ ਸਵੈ ਨ ਕੋਇ॥ ਪੂਰੇ ਗੁਰ ਤੇ ਬੂਝੈ ਜਨੁ ਕੋਇ॥੧॥ਰਹਾਉ॥"

ਸੁੱਤਾ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਹੈ ਜੋ ਕਿ ਸਾਡੇ ਅੰਦਰ ਮਾਇਆ ਮੋਹ ਦਾ ਰੂਪ ਹੈ ਜਿਸਦੇ ਕਾਰਨ ਹਰ ਕੋਈ ਮਨਮੁਖਿ ਹੀ ਹੈ। ਜਾਗਦੇ ਅਸੀਂ ਗੁਰੂ ਦੇ ਗਿਆਨ ਦੁਆਰਾ ਹੀ ਹਾਂ ਪਰ ਸਾਨੂੰ ਇਸ ਨੀਂਦ ਵਿੱਚੋਂ ਜਗਾ ਉਹ ਆਪ ਹੀ ਸਕਦਾ ਹੈ। ਜਿਸਨੂੰ ਉਹ ਇੱਕ ਵਾਰੀ ਜਗਾ ਦਿੰਦਾ ਹੈ ਉਹ ਫਿਰ ਸਦਾ ਹੀ ਜਾਗਦਾ ਰਹਿੰਦਾ ਹੈ। ਜਿਸਨੇ ਸਾਨੂੰ ਸਵਾਇਆ ਹੋਇਆ ਹੈ ਸਾਨੂੰ ਜਗਾਉਂਦਾ ਵੀ ਉਹ ਆਪ ਹੀ ਹੈ। ਉਹ ਸਾਨੂੰ ਆਪਣਾ ਚੌਥਾ ਪਦ ਬਖਸ਼ ਕੇ ਹੀ ਜਗਾਉਂਦਾ ਹੈ ਜਿਸ ਦੁਆਰਾ ਅਸੀਂ ਉਸਦੇ ਗਿਆਨ ਦੇ ਵਿਚਾਰੀ ਬਣਦੇ ਹਾਂ, ਗੁਣਾਂ ਦੇ ਧਾਰਨੀ ਬਣਦੇ ਹਾਂ ਤੇ ਸਾਡਾ ਮਾਇਆ ਮੋਹ ਦਾ ਬੰਧਨ ਟੁੱਟਦਾ ਹੈ। ਮਾਇਆ ਮੋਹ ਨਾਲੋਂ ਪਿਆਰ ਟੁੱਟ ਕੇ ਨਾਮ ਨਾਲ ਪਿਆਰ ਜੁੜਦਾ ਹੈ। ਇਹ ਸਹਜ ਦੀ ਅਵੱਸਥਾ ਸਾਡੇ ਮਨ ਦੀ ਸੋਝੀ ਹੈ ਜੋ ਸਾਨੂੰ ਉਸ ਪੂਰੇ ਗੁਰੂ ਕੋਲੋਂ ਭਾਵ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਹੀ ਪੈਂਦੀ ਹੈ ਤੇ ਇਹ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣਾ ਸੱਚਾ ਗਿਆਨ ਉਹ ਆਪ ਹੀ ਬੁਝਾਉਂਦਾ ਹੈ। **(ਸਹਜੇ ਜਾਗੈ ਸਵੈ ਨ ਕੋਇ॥ ਪੂਰੇ ਗੁਰ ਤੇ ਬੂਝੈ ਜਨੁ ਕੋਇ॥੧॥ਰਹਾਉ॥)** ਆਪਣੀ ਉਹ ਚੌਥੇ ਪਦ ਦੀ ਸੋਝੀ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ, ਨਾਮ ਦੇ ਨਾਲ ਪਿਆਰ ਉਹ ਕਿਸੇ ਵਿਰਲੇ ਦਾ ਹੀ ਜੋੜਦਾ ਹੈ।

ਇਹੀ ਗੱਲ ਸਾਨੂੰ ਦੂਸਰੇ ਸ਼ਬਦ ਦੁਆਰਾ ਸਮਝਾਈ ਹੋਈ ਹੈ ਕਿ ਸਹਜ ਗਿਆਨ ਦੁਆਰਾ ਸਾਡਾ ਜਾਗਣਾ ਮਨ ਦੇ ਵਿੱਚ ਹੀ ਹੁੰਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ। ਸਹਜ ਗਿਆਨ ਨੇ ਸਾਨੂੰ ਭਰਮ ਵਿੱਚੋਂ ਹੀ ਕੱਢਣਾ ਹੈ ਜੋ ਕਿ ਗਿਆਨ ਦਾ ਅਸਲ ਮਨੋਰਥ ਹੈ।

"ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥
ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥
ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ਰਹਾਉ ਦੂਜਾ॥"

(ਅੰਗ ੯੨)

ਪਹਿਲੀਆਂ ਪੰਗਤੀਆਂ ਦੁਆਰਾ ਪਹਿਲੇ ਤਾਂ ਅਸੀਂ ਇਸ ਗੱਲ ਨੂੰ ਸਮਝੀਏ ਕਿ ਸਾਡਾ ਪ੍ਰਮਾਤਮਾ ਨਾਲ ਪਿਆਰ ਜੁੜਨਾ ਕੀ ਹੈ। ਉਸਦੇ ਨਾਲ ਪਿਆਰ ਉਸਦੀ ਮਤਿ ਦੇ ਨਾਲ ਪਿਆਰ ਕਰਨਾ ਹੈ। ਜਦ ਤੱਕ ਸਾਨੂੰ ਉਸਦੀ ਮਤਿ ਸਮਝ ਹੀ ਨਹੀਂ ਆਉਂਦੀ ਤਦ ਤੱਕ ਸਾਡਾ ਉਸ ਨਾਲ ਪਿਆਰ ਜੁੜ ਵੀ ਕਿਵੇਂ ਸਕਦਾ ਹੈ। ਭਰਮ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਵੱਲੋਂ ਉਸ ਨਾਲ ਪਿਆਰ ਜੋੜਨ ਦੀ ਕੋਸ਼ਿਸ਼ ਕਰਦੇ ਹਾਂ, ਅਨੇਕਾਂ ਸਰੀਰਕ ਜਪ ਤਪ ਆਦਿਕ ਕਰਦੇ ਹਾਂ, ਕਥਨੀ ਦੁਆਰਾ ਪ੍ਰਮਾਤਮਾ ਨਾਲ ਪਿਆਰ ਦਿਖਾਵਣਾ ਸਮਝਦੇ ਹਾਂ ਪਰ ਬਾਣੀ ਵਿੱਚ ਇਸ ਨੂੰ ਵਾਰ-ਵਾਰ ਸਾਡਾ ਭਰਮ ਕਹਿ ਕੇ ਦੱਸਿਆ ਹੈ,

15/1623

ਕੇਵਲ ਦਿਖਾਵਾ ਕਹਿ ਕੇ ਦੱਸਿਆ ਹੈ। ਪ੍ਰਮਾਤਮਾ ਕਿਸੇ ਦਾ ਪਿਆਰ ਆਪਣੇ ਨਾਲ ਆਪ ਹੀ ਜੋੜਦਾ ਹੈ। ਜਿਸਦੇ ਨਾਲ ਉਹ ਆਪਣਾ ਪਿਆਰ ਜੋੜਦਾ ਹੈ ਉਸ ਮਨੁੱਖ ਨੂੰ ਭਰਮ ਵਿੱਚੋਂ ਹੀ ਕੱਢਦਾ ਹੈ ਕਿਉਂਕਿ ਭਰਮ ਵਿੱਚ ਰਹਿੰਦਿਆਂ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ। **(ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥)** ਸਾਨੂੰ ਭਰਮ ਵਿੱਚੋਂ ਉਹ ਕਿਸ ਜੁਗਤਿ ਦੁਆਰਾ ਕੱਢਦਾ ਹੈ ਜਿਸ ਦੁਆਰਾ ਉਸ ਦੇ ਨਾਲ ਪਿਆਰ ਪੈਂਦਾ ਹੈ ਇਹੀ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ ਜਿਸਨੂੰ ਕਿ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

“ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥”

ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਦੁਬਿਧਾ ਵਿੱਚੋਂ, ਬੰਧਨ ਵਿੱਚੋਂ, ਮਾਇਆ ਮੋਹ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਗੁਰੂ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ। ਜੇਕਰ ਸਾਨੂੰ ‘‘ਸਹਜੁ’’ ਦੀ ਸਮਝ ਆ ਚੁੱਕੀ ਹੈ ਤਾਂ ਫਿਰ ਸਾਨੂੰ ਇਹ ਵੀ ਸਮਝਣਾ ਸੌਖਾ ਹੈ ਕਿ ਉਹ ਸਾਨੂੰ ਬੰਧਨ ਤੋਂ ਮੁਕਤ ਕਿਵੇਂ ਕਰਦਾ ਹੈ, ਅਗਿਆਨਤਾ ਤੋਂ ਮੁਕਤ ਕਿਵੇਂ ਕਰਦਾ ਹੈ, ਆਪਣੇ ਆਪ ਦੇ ਦਰਸ਼ਨ ਕਿਵੇਂ ਦਿੰਦਾ ਹੈ। ‘‘**ਸਹਜੁ**’’ ਉਸਦਾ ਆਪਣਾ ਰੂਪ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਭਾਵ ਚੌਥੇ ਪਦ ਦੇ ਗਿਆਨ ਦਾ ਰੂਪ ਹੈ। ਜਦੋਂ ਵੀ ਉਹ ਆਪਣੀ ਕ੍ਰਿਪਾ ਕਿਸੇ ਤੇ ਕਰਦਾ ਹੈ ਉਹ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਕੇ ਹੀ ਕਰਦਾ ਹੈ। ਮਨ ਦੇ ਵਿੱਚ ਸਹਜ ਦਾ ਉਪਜਣਾ ਜਾਂ ਪ੍ਰਮਾਤਮਾ ਦਾ ਪ੍ਰਗਟ ਹੋਣਾ ਇੱਕੋ ਹੀ ਗੱਲ ਹੈ। ਜਦ ਤੱਕ ਸਾਡੇ ਅੰਦਰ ‘‘ਸਹਜੁ’’ ਉਪਜਦਾ ਨਹੀਂ ਤਦ ਤੱਕ ਉਹ ਸਾਡੇ ਅੰਦਰ ਗੁਪਤ ਰੂਪ ਵਿੱਚ ਹੈ ਤੇ ਉਪਜਣ ਦੁਆਰਾ ਪ੍ਰਗਟ ਹੋ ਜਾਂਦਾ ਹੈ। ਜਦ ਤੱਕ ਸਾਡੇ ਅੰਦਰ ‘‘ਸਹਜੁ’’ ਉਪਜਦਾ ਨਹੀਂ ਤਦ ਤੱਕ ਹਰ ਕੋਈ ਸੁੱਤਾ ਹੋਇਆ ਹੀ ਹੈ ਭਾਵ ਤ੍ਰੈਗੁਣਾਂ ਵਿੱਚ ਹੀ ਹੈ, ਮਾਇਆ ਮੋਹ ਵਿੱਚ ਹੈ। ਜਾਗਦੀ ਸਾਡੀ ਮਤਿ ਹੀ ਹੈ ਤੇ ਫਿਰ ਸੁੱਤੇ ਵੀ ਅਸੀਂ ਆਪਣੀ ਮਤਿ ਦੁਆਰਾ ਹੀ ਹਾਂ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਅਸੀਂ ਸੁੱਤੇ ਹੋਏ ਹਾਂ ਤੇ ਜਦੋਂ ਸਾਡੇ ਅੰਦਰ ‘‘ਸਹਜੁ’’ ਉਪਜ ਜਾਂਦਾ ਹੈ ਅਸੀਂ ਜਾਗ ਜਾਂਦੇ ਹਾਂ, ਸਾਡੀ ਮਤਿ ਜਾਗ ਜਾਂਦੀ ਹੈ ਭਾਵ ਅਗਿਆਨਤਾ ਵਾਲੀ ਮਤਿ ਨਿਕਲ ਜਾਂਦੀ ਹੈ। **(ਉਪਜੈ ਸਹਜੁ ਗਿਆਨ ਮਤਿ ਜਾਗੈ॥)।**

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥}

(ਅੰਗ ੧੩੦੮)

ਜਦ ਤੱਕ ਅਸੀਂ ਸੁੱਤੇ ਹੋਏ ਹਾਂ ਭਾਵ ਜਦ ਤੱਕ ਸਾਨੂੰ ਪ੍ਰਮਾਤਮਾ ਨੇ, ਸਹਜੁ ਨੇ ਸਾਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਤਦ ਤੱਕ ਸਾਡੀ ਉਸ ਦੇ ਨਾਲ ਲਿਵ ਨਹੀਂ ਲੱਗ ਸਕਦੀ, ਨਾਮ ਦੇ ਨਾਲ ਲਿਵ ਨਹੀਂ ਲੱਗ ਸਕਦੀ ਕਿਉਂਕਿ ਉਸਦੇ ਨਾਲ ਲਿਵ ਲੱਗਣੀ ਉਸਦੇ ਸੱਚੇ ਗਿਆਨ ਨਾਲ ਲਿਵ ਲੱਗਣੀ ਹੈ।

15/1624

ਆਪਣੇ ਨਾਲ ਲਿਵ ਉਹ ਆਪ ਹੀ ਲਾਉਂਦਾ ਹੈ ਜੋ ਕਿ ਮਤਿ ਦੇ ਜਾਗਣ ਦੁਆਰਾ ਲਗਦੀ ਹੈ, ਮਨ ਦੇ ਵਿੱਚ ਹੀ ਲੱਗਦੀ ਹੈ। ਇਹ ਲਿਵ ਇੱਕ ਵਾਰ ਲੱਗ ਜਾਵੇ ਤਾਂ ਫਿਰ ਸਦਾ ਲੱਗੀ ਹੀ ਰਹਿੰਦੀ ਹੈ। **(ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥)**

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਕਿ ਪ੍ਰਮਾਤਮਾ ਦੇ ਨਾਲ ਸਾਡੀ ਸੰਗਤਿ ਮਨ ਦੇ ਵਿੱਚ ਹੀ ਹੁੰਦੀ ਹੈ ਜਿਸ ਦੁਆਰਾ ਅਸੀਂ ਅਗਿਆਨਤਾ ਦੇ ਬੰਧਨ ਵਿੱਚੋਂ ਨਿਕਲ ਕੇ ਮੁਕਤ ਹੁੰਦੇ ਹਾਂ ਤੇ ਇਸ ਸੰਸਾਰਕ ਆਵਾਗਉਣ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਤੋਂ ਮੁਕਤ ਹੁੰਦੇ ਹਾਂ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ਰਹਾਉ ਦੂਜਾ॥”

ਹੁਣ ਧਿਆਨ ਨਾਲ ਸਮਝੋ ਕਿ ਸਾਨੂੰ ਕਿਹੋ ਜਿਹੀ ਸੰਗਤ ਕਰਨੀ ਸਮਝਾਈ ਹੈ ਜਿਸ ਦੁਆਰਾ ਅਸੀਂ ਜਨਮ ਮਰਨ ਵਿੱਚੋਂ ਨਿਕਲ ਸਕਦੇ ਹਾਂ। ਇਹ ਸੱਚੇ ਗਿਆਨ ਦੀ ਸੰਗਤ ਹੈ, ਸਹਜੁ ਦੀ ਸੰਗਤ ਹੈ, ਚੌਥੇ ਪਦ ਦੇ ਗਿਆਨ ਦੀ ਸੰਗਤ ਹੈ, ਗੁਰੂ ਦੀ ਸੰਗਤ ਹੈ, ਸਤਿਸੰਗਤ ਹੈ, ਗੁਰਬਾਣੀ ਦੀ ਸੰਗਤ ਹੈ। ਤਰਨਾ ਅਸੀਂ ਸੱਚੇ ਗਿਆਨ ਦੀ ਸੰਗਤ ਦੁਆਰਾ ਹੀ ਹੈ ਜਦੋਂ ਇਹ ਸੰਗਤ ਸਾਡੇ ਮਨ ਦੇ ਵਿੱਚ ਹੋ ਜਾਵੇਗੀ। ਸਾਨੂੰ ਇਸ ਸੰਗਤ ਤੱਕ ਪਹੁੰਚਣ ਦਾ ਜ਼ਰੀਆ ਕੇਵਲ ਤੇ ਕੇਵਲ ਗੁਰਬਾਣੀ ਹੈ ਭਾਵ ਗੁਰਬਾਣੀ ਦੀ ਸੱਚੀ ਮਤਿ ਹੈ। ਜਦ ਤੱਕ ਸਾਨੂੰ ਗੁਰਬਾਣੀ ਦੀ ਮਤਿ ਤੇ ਵਿਸ਼ਵਾਸ ਨਹੀਂ ਆਉਂਦਾ ਤਦ ਤੱਕ ਅਸੀਂ ਇਸ ਸੱਚੀ ਮਤਿ ਦੇ ਨਾਲ

ਨਹੀਂ ਜੁੜ ਸਕਦੇ ਤੇ ਨਾ ਹੀ ਕਦੇ ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਸਕਦੇ ਹਾਂ। ਇਹ ਗੁਰਬਾਣੀ ਦੀ ਸੰਗਤ ਸਾਧਸੰਗਤ ਹੈ ਕਿਉਂਕਿ ਸਾਧ ਹੀ ਆਪ ਗੁਰੂ ਹੈ। ਮਨੁੱਖੀ ਸੰਗਤ ਨੂੰ ਕਦੇ ਭੁੱਲ ਕੇ ਵੀ ਸਾਧ ਸੰਗਤ ਨਾ ਸਮਝੋ ਤੇ ਜੇਕਰ ਸਮਝਦੇ ਹੋ ਤੇ ਫਿਰ ਇਹ ਭੁੱਲ ਜਾਵੋ ਕਿ ਅਸੀਂ ਕਦੇ ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਸਕਦੇ ਹਾਂ। ਕੋਈ ਵੀ ਮਨੁੱਖ ਜਿਸਨੂੰ ਭਾਵੇਂ ਅਸੀਂ ਕਿਤਨਾ ਵੀ ਵੱਡਾ ਸਮਝਦੇ ਹੋਈਏ ਉਸਦੀ ਸੰਗਤ ਸਾਨੂੰ ਕਦੇ ਉਸ ਪ੍ਰਮਾਤਮਾ ਦੀ ਸੰਗਤ ਨਾਲ ਨਹੀਂ ਜੋੜ ਸਕਦੀ। ਪ੍ਰਮਾਤਮਾ ਦੇ ਨਾਲ ਕੇਵਲ ਤੇ ਕੇਵਲ ਸਾਨੂੰ ਗੁਰੂ ਦੀ ਸੰਗਤ ਜੋੜ ਸਕਦੀ ਹੈ ਭਾਵ ਗੁਰੂ ਦੀ ਮਤਿ ਜੋੜ ਸਕਦੀ ਹੈ, ਉਸਦੇ ਸੱਚੇ ਗਿਆਨ ਦੀ ਸੰਗਤ ਜੋੜ ਸਕਦੀ ਹੈ, ਉਸਦੇ ਸ਼ਬਦ ਦੇ ਸੱਚੇ ਵਿਚਾਰ ਦੀ ਸੰਗਤ ਜੋੜ ਸਕਦੀ ਹੈ। ਸਾਡੇ ਲਈ ਸਭ ਤੋਂ ਜਰੂਰੀ ਗੱਲ ਗੁਰੂ ਤੇ ਭਰੋਸਾ ਰੱਖਣ ਦੀ ਹੈ। ਧਿਆਨ ਨਾਲ ਵਿਚਾਰ ਕੇ ਦੇਖੋ ਕਿ ਗੁਰੂ ਦੀ ਮਤਿ ਤੇ ਭਰੋਸਾ ਕਿੰਨਿਆਂ ਕੁ ਨੂੰ ਹੈ। ਭਰੋਸਾ ਸਾਨੂੰ ਉਸ ਤੇ ਹੁੰਦਾ ਹੈ ਜਿਸ ਦੀ ਅਸੀਂ ਗੱਲ ਨੂੰ ਮੰਨਦੇ ਹਾਂ। ਹਰ ਕੋਈ ਕਿਸੇ ਨਾ ਕਿਸੇ ਸਿਰਮੌਰ ਦੇ ਨਾਲ ਜੁੜਿਆ ਹੋਇਆ ਹੈ ਤੇ ਅਸੀਂ ਉਨ੍ਹਾਂ ਦੇ ਬਚਨਾਂ ਤੇ ਹੀ ਭਰੋਸਾ

15/1625

ਕਰਦੇ ਹਾਂ। ਗੁਰੂ ਦੀ ਕਸਵੱਟੀ ਤੇ ਭਾਵੇਂ ਉਨ੍ਹਾਂ ਦੇ ਬੋਲ ਰੱਤੀ ਭਰ ਵੀ ਪੂਰੇ ਨਾ ਉਤਰਨ ਪਰ ਫਿਰ ਵੀ ਸਾਨੂੰ ਭਰੋਸਾ ਉਨ੍ਹਾਂ ਤੇ ਹੀ ਹੈ ਕਿ ਉਹ ਸਾਨੂੰ ਪਾਰ ਉਤਾਰ ਲੈਣਗੇ। ਜੋ ਆਪ ਦੁਬਿਧਾ ਵਿੱਚ ਡੁੱਬੇ ਹੋਏ ਹਨ ਉਹ ਕਿਸੇ ਨੂੰ ਕੀ ਪਾਰ ਉਤਾਰਣਗੇ। ਪਾਰ ਤਾਂ ਅਸੀਂ ਦੁਬਿਧਾ ਤੋਂ ਹੀ ਪਾਉਣਾ ਹੈ ਤੇ ਉਸਦਾ ਇਲਾਜ ਕੇਵਲ ਤੇ ਕੇਵਲ ਸਹਜੁ ਗਿਆਨ ਹੈ ਜੋ ਕਿ ਗੁਰੂ ਦੇ ਕੋਲ ਹੈ ਜੋ ਉਸਦਾ ਮਾਲਕ ਹੈ। ਗੁਰੂ ਦੇ ਗਿਆਨ ਤੇ ਭਰੋਸਾ ਨਾ ਕਰਨਾ ਸਾਡੀ ਸਭ ਤੋਂ ਵੱਡੀ ਦੁਬਿਧਾ ਹੈ। ਆਓ ਸਭ ਤੋਂ ਪਹਿਲਾਂ ਇਸ ਦੁਬਿਧਾ ਵਿੱਚੋਂ ਨਿਕਲੀਏ ਕਿ ਜੇਕਰ ਸਾਡਾ ਮਨੋਰਥ ਪ੍ਰਮਾਤਮਾ ਨੂੰ ਪਾਉਣ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਤਾਂ ਫਿਰ ਆਪਣਾ ਭਰੋਸਾ ਕੇਵਲ ਤੇ ਕੇਵਲ ਨਾਮ ਤੇ ਟਿਕਾਈਏ, ਗੁਰੂ ਦੀ ਸੱਚੀ ਮਤਿ ਤੇ ਟਿਕਾਈਏ।

ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਉਸ ਪ੍ਰਮਾਤਮਾ ਦਾ ਹੁਕਮ ਪਛਾਣੇ ਬਿਨ੍ਹਾਂ ਉਸਨੂੰ ਕੋਈ ਨਹੀਂ ਜਾਣ ਸਕਦਾ, ਉਸਨੂੰ ਕੋਈ ਵੀ ਨਹੀਂ ਮਿਲ ਸਕਦਾ। ਉਸਦਾ ਹੁਕਮ ਸਾਡੇ ਅੰਦਰ ਹੀ ਚੱਲ ਰਿਹਾ ਹੈ ਜਿਸਨੂੰ ਕਿ ਮਨ ਦੇ ਵਿੱਚ ਉਸਦੀ ਸੰਗਤ ਦੁਆਰਾ ਹੀ ਪਛਾਣਿਆ ਜਾ ਸਕਦਾ ਹੈ। ਉਸਦੇ ਹੁਕਮ ਦੀ ਪਹਿਚਾਣ ਮਨ ਦੇ ਵਿੱਚੋਂ ਸਹਜੁ ਗਿਆਨ ਦੁਆਰਾ ਹੀ ਹੁੰਦੀ ਹੈ ਕਿ ਸਾਡੇ ਮਨ ਦੇ ਵਿੱਚ ਹੁਕਮ ਕਿਸਦਾ ਚੱਲਦਾ ਹੈ। ਹੁਕਮ ਤਾਂ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਵੀ ਉਸਦਾ ਹੀ ਚੱਲ ਰਿਹਾ ਹੈ ਪਰ ਇਸਦੀ ਸੋਝੀ ਮਨ ਦੇ ਵਿੱਚੋਂ ਚੌਥੇ ਪਦ ਦੇ ਗਿਆਨ ਦੁਆਰਾ ਹੀ ਪੈਂਦੀ ਹੈ, "**ਸਹਜੁ**" ਉਪਜਣ ਦੁਆਰਾ ਹੀ ਪੈਂਦੀ ਹੈ। **(ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ਰਹਾਉ ਦੂਜਾ॥)**

ਸਾਨੂੰ ਤਾਰਣਾ ਸਹਜ ਗਿਆਨ ਨੇ ਹੀ ਹੈ ਤੇ ਆਓ ਫਿਰ ਉਸ ਗਿਆਨ ਦੇ ਨਾਲ ਜੁੜੀਏ ਜਿੱਥੋਂ ਪ੍ਰਮਾਤਮਾ ਨੇ ਆਪਣਾ ਸਹਜ ਗਿਆਨ ਉਪਜਾਇਆ ਹੋਇਆ ਹੈ, ਪ੍ਰਗਟ ਕੀਤਾ ਹੋਇਆ ਹੈ। ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਸਹਜ ਨੂੰ ਹੋਰ ਵੀ ਬਾਰੀਕੀ ਨਾਲ ਸਮਝੀਏ ਜੋ ਸਾਨੂੰ ਸਹਜ ਦੀ ਮਾਲਕ ਗੁਰਬਾਣੀ ਆਪ ਸਮਝਾ ਰਹੀ ਹੈ।

“ਸਹਜਿ ਬੈਰਾਗੁ ਸਹਜੇ ਹੀ ਹਸਨਾ॥ ਸਹਜੇ ਚੁਪ ਸਹਜੇ ਹੀ ਜਪਨਾ॥੩॥”

(ਅੰਗ - ੨੩੬)

15/1626

ਹਰ ਕੋਈ ਪ੍ਰਮਾਤਮਾ ਦਾ ਬੈਰਾਗੀ ਬਣਨਾ ਚਾਹੁੰਦਾ ਹੈ। ਬੈਰਾਗ ਮਨ ਦੀ ਉਹ ਅਵੱਸਥਾ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਭਾਉਂਦਾ। ਗੁਰੂ ਪ੍ਰਮਾਤਮਾ ਦਾ ਅਸਲ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੈ, ਉਸਦੀ ਸੱਚੀ ਸੋਝੀ ਦਾ ਰੂਪ ਹੈ, ਉਸਦੀ ਸੱਚੀ ਮਤਿ ਦਾ ਰੂਪ ਹੈ। ਪ੍ਰਮਾਤਮਾ ਦੇ ਇਸ ਰੂਪ ਦੀ ਪ੍ਰਾਪਤੀ, ਇਸ ਅਵੱਸਥਾ ਦੀ ਪ੍ਰਾਪਤੀ ਮਨ ਦੇ ਵਿੱਚ ਸਹਜ ਦੇ ਗਿਆਨ ਦੁਆਰਾ ਹੀ ਹੁੰਦੀ ਹੈ। ਇਸ ਅਵੱਸਥਾ ਦੁਆਰਾ ਮਨੁੱਖ ਸਦਾ ਹੀ ਪ੍ਰਮਾਤਮਾ ਦੇ ਨਾਲ ਜੁੜਿਆ ਰਹਿੰਦਾ ਹੈ ਭਾਵ ਉਸਦੀ ਸੱਚੀ ਮਤਿ ਦੇ ਨਾਲ ਜੁੜਿਆ ਰਹਿੰਦਾ ਹੈ। “**ਬੈਰਾਗੁ**” ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਹ ਆਪ ਹੀ ਬੈਰਾਗੀ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਇਹ ਰੂਪ ਉਸਦਾ ਮਨੁੱਖੀ ਹੋਂਦ ਤੋਂ ਉੱਪਰ ਉੱਠ ਕੇ ਮਨ ਦੇ ਵਿੱਚ ਉਸਨੂੰ ਸਮਝਣ ਦਾ ਰੂਪ ਹੈ, ਮਨ ਦੇ ਵਿੱਚ ਉਸੇ ਦੇ ਹੀ ਵੱਸਣ ਦਾ ਰੂਪ ਹੈ, ਹਉਮੈ ਦੇ ਖ਼ਤਮ ਹੋਣ ਦਾ ਰੂਪ ਹੈ।

{ਮੂੜੇ ਕਾਇਚੇ ਭਰਮਿ ਭੁਲਾ॥ ਨਹ ਚੀਨਿਆ ਪਰਮਾਨੰਦੁ ਬੈਰਾਗੀ॥੧॥ਰਹਾਉ॥}

(ਅੰਗ ੯੯੧)

{ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ॥}

(ਅੰਗ ੨੯)

ਮਨ ਦੇ ਵਿੱਚ ਉਸਦਾ ਬੈਰਾਗ ਰੂਪ ਉਪਜਣ ਦੁਆਰਾ ਮਨੁੱਖ ਅਗਿਆਨਤਾ ਤੋਂ ਭਾਵ ਪ੍ਰਮਾਤਮਾ ਕੀ ਹੈ ਮਨੁੱਖ ਦੀ ਇਹ ਅਗਿਆਨਤਾ ਖ਼ਤਮ ਹੋ ਜਾਂਦੀ ਹੈ ਜਿਸ ਦੁਆਰਾ ਮਨੁੱਖ ਦਾ ਆਪਾ ਮਿਟ ਜਾਂਦਾ ਹੈ, ਆਪਣੀ ਹੋਂਦ, ਹਉਮੈ ਮਿਟ ਜਾਂਦੀ ਹੈ ਭਾਵ ਮਨ ਦੇ ਵਿੱਚ ਇਹ ਸੋਝੀ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

{ਪ੍ਰਭ ਮੇਰੇ ਓਇ ਬੈਰਾਗੀ ਤਿਆਗੀ॥
ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ ਪ੍ਰੀਤਿ ਹਮਾਰੀ ਲਾਗੀ॥੧॥ਰਹਾਉ॥}

(ਅੰਗ ੧੨੬੭)

ਮਨ ਦੇ ਵਿੱਚ ਬੈਰਾਗ ਦੀ ਪ੍ਰਾਪਤੀ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੀ ਹੈ ਕਿ ਸਾਡਾ ਗੁਰਮਤਿ ਦੇ ਅੰਦਰ ਰਹਿਣਾ ਕਿਤਨਾ ਜਰੂਰੀ ਹੈ। ਮਨ ਦੇ ਵਿੱਚ ਉਸਦੀ ਸੱਚੀ ਸੋਝੀ ਪਏ ਬਿਨ੍ਹਾਂ ਸਾਨੂੰ ਉਸਦੀ ਗੁਰਮਤਿ ਦੀ ਕਦਰ ਹੀ ਨਹੀਂ ਪੈਂਦੀ ਕਿ ਇਹ ਸਾਡੇ ਲਈ ਕਿਤਨੀ ਕੁ ਜਰੂਰੀ ਹੈ। ਸੋਝੀ ਤੋਂ ਬਿਨ੍ਹਾਂ ਅਸੀਂ ਅਨੇਕਾਂ ਕਰਮ ਇਹੋ ਜਿਹੇ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ। ਗੁਰੂ ਨਾਲ ਪ੍ਰੀਤ ਜੁੜਨੀ ਉਸਦੀ ਮਤਿ ਦੇ ਨਾਲ ਪ੍ਰੀਤ ਜੁੜਨੀ ਹੈ ਜੋ ਕਿ ਉਸਦੀ ਸੱਚੀ ਸੋਝੀ ਪੈਣ ਤੋਂ ਬਾਅਦ ਹੀ ਜੁੜਦੀ ਹੈ। ਸੱਚੀ ਸੋਝੀ ਤੋਂ ਬਾਅਦ ਹੀ ਕੋਈ ਸੱਚਾ ਤਿਆਗੀ ਬਣਦਾ ਹੈ ਭਾਵ ਉਹ ਔਗੁਣਾਂ ਦਾ ਤਿਆਗੀ ਬਣਦਾ ਹੈ ਤੇ ਤਿਆਗੀ ਬਣ ਕੇ ਹੀ ਉਸਦਾ ਬੈਰਾਗੀ ਬਣਿਆ ਜਾ ਸਕਦਾ ਹੈ ਜੋ ਕਿ ਉਸਦੇ ਨਾਲ ਸਾਡਾ ਸੱਚਾ ਬੈਰਾਗ ਹੈ, ਗੁਰਮਤਿ ਅਨੁਸਾਰ ਚੱਲਣ ਦਾ ਬੈਰਾਗ ਹੈ। ਆਪਣਾ ਬੈਰਾਗੀ ਤਿਆਗੀ ਉਹ ਆਪ ਹੀ ਬਣਾਉਂਦਾ ਹੈ ਤੇ ਇਹੋ ਜਿਹੀ ਅਵੱਸਥਾ ਬਖ਼ਸ਼ ਕੇ ਹੀ ਆਪਣੇ ਨਾਲ ਮਿਲਾਉਂਦਾ ਹੈ ਜੋ ਕਿ ਉਸਦਾ ਆਪਣਾ ਰੂਪ ਹੈ, ਸੱਚੇ ਗਿਆਨ ਵਾਲਾ ਰੂਪ ਹੈ, ਸਹਜੁ ਰੂਪ ਹੈ।

15/1627

ਇਸ ਅਵੱਸਥਾ ਦੀ ਪ੍ਰਾਪਤੀ ਤੋਂ ਬਾਅਦ ਮਨੁੱਖ ਇੱਕ ਖਿਨ ਭਰ ਵੀ ਉਸਦੀ ਮਤਿ ਤੋਂ ਨਹੀਂ ਵਿਛੜਦਾ ਕਿਉਂਕਿ ਉਸਦੀ ਸੱਚੀ ਪ੍ਰੀਤ ਗੁਰੂ ਵਿੱਚ ਜੁੜ ਜਾਂਦੀ ਹੈ, ਗੁਰਮਤਿ ਵਿੱਚ ਜੁੜ ਜਾਂਦੀ ਹੈ। ਮਨੁੱਖ ਦਾ ਇਹੋ ਜਿਹੀ ਅਵੱਸਥਾ ਵਿੱਚ ਜਿਉਣਾ ਗੁਰਬਾਣੀ ਵਿੱਚ ਸਾਡਾ ਸੱਚਾ ਜੀਵਨ ਸਮਝਾਇਆ ਹੈ ਤੇ ਉਸਦੀ ਸੱਚੀ ਮਤਿ ਤੋਂ ਵਿਛੁੜ ਕੇ ਜਿਉਣਾ ਸਾਡਾ ਹਰ ਪਲ ਮਰਨਾ ਦੱਸਿਆ ਹੈ ਜਿਸ ਦਾ ਕਾਰਣ ਸਾਡੇ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦਾ ਨਾਂ ਹੋਣਾ ਹੈ, ਨਾਮ ਦੀ ਸਮਝ ਦਾ ਨਾਂ ਹੋਣਾ ਹੈ। **(ਪ੍ਰਭ ਮੇਰੇ ਓਇ ਬੈਰਾਗੀ ਤਿਆਗੀ॥ ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ ਪ੍ਰੀਤਿ ਹਮਾਰੀ ਲਾਗੀ॥੧॥ਰਹਾਉ॥)**

ਸਾਡਾ ਅਸਲ ਹੱਸਣਾ ਉਹ ਹੈ, ਸਾਡੇ ਮਨ ਦੀ ਅਸਲ ਖੁਸ਼ੀ ਉਹ ਹੈ ਜਦੋਂ ਅਸੀਂ ਗੁਰਮਤਿ ਅਨੁਸਾਰ ਵਿਚਰਨਾ ਕਬੂਲ ਕਰ ਲੈਂਦੇ ਹਾਂ। ਮਨ ਦੀ ਸੱਚੀ ਸੋਝੀ ਦੁਆਰਾ ਹੀ ਮਨੁੱਖ ਮਾਇਆ ਮੋਹ ਵਿੱਚੋਂ, ਅਗਿਆਨਤਾ ਵਿੱਚੋਂ, ਔਗੁਣਾਂ ਵਿੱਚੋਂ ਨਿਕਲਦਾ ਹੈ ਕਿਉਂਕਿ ਮਾਇਆ ਮੋਹ ਵਿੱਚ ਰਹਿੰਦੇ ਅਸੀਂ ਆਪਣੇ ਜੀਵਨ ਵਿੱਚ ਆਤਮਿਕ ਤੌਰ ਤੇ ਰੋਂਦੇ ਹੀ ਹੈ। ਸਹਜ ਦੀ ਅਵੱਸਥਾ ਦੁਆਰਾ ਅਸੀਂ ਆਤਮਿਕ ਤੌਰ ਤੇ ਹੱਸਦੇ ਹਾਂ ਜਦੋਂ ਸਾਡਾ ਮਾਇਆ ਮੋਹ ਦਾ ਰੋਣਾ ਮੁੱਕ ਜਾਂਦਾ ਹੈ। ਸਾਡੇ ਮਨ ਦਾ ਰੋਣਾ ਜਾਂ ਹੱਸਣਾ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਬਿਨੁ ਬੂਝੇ ਕਿਛੁ ਸੂਝੈ ਨਾਹੀ॥ ਮੋਇਆ ਰੋਂਹਿ ਰੋਂਦੇ ਮਰਿ ਜਾਂਹੀ॥
ਨਾਨਕ ਖਸਮੈ ਏਵੈ ਭਾਵੈ॥ ਸੇਈ ਮੁਏ ਜਿਨਿ ਚਿਤਿ ਨ ਆਵੈ॥੧॥}

(ਅੰਗ ੧੨੮੭)

{ਆਖਾ ਜੀਵਾ ਵਿਸਰੈ ਮਰਿ ਜਾਉ॥ ਆਖਣਿ ਅਉਖਾ ਸਾਚਾ ਨਾਉ॥}

(ਅੰਗ ੯)

ਜਦੋਂ ਸਾਨੂੰ ਗੁਰਮਤਿ ਦੁਆਰਾ ਹੱਸਣਾ ਆ ਜਾਵੇਗਾ ਤਾਂ ਫਿਰ ਉਸਦਾ ਨਾਮ ਜਪਣਾ ਵੀ ਆ ਜਾਵੇਗਾ। ਗੁਰਮਤਿ ਵਿੱਚ ਰਹਿ ਕੇ ਹੱਸਣਾ ਬਹੁਤ ਔਖਾ ਹੈ ਭਾਵ ਨਾਮ ਜਪਣਾ ਬਹੁਤ ਔਖਾ ਹੈ। ਹੱਸਦਾ ਹਰ ਕੋਈ ਮਾਇਆ ਵਿੱਚ ਹੀ ਹੈ ਜਿਸ ਕਰਕੇ ਸਾਨੂੰ ਆਖਰ ਰੋਣਾ ਹੀ ਪੈਂਦਾ ਹੈ ਕਿਉਂਕਿ ਉਸ ਵਿੱਚ ਰਹਿ ਕੇ ਅਸੀਂ ਸੰਸਾਰ ਦੇ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ। **(ਸਹਜਿ ਬੈਰਾਗੁ ਸਹਜੇ ਹੀ ਹਸਨਾ॥)**

ਸਾਰੀ ਗੱਲ ਇਸ ਮਨ ਨੂੰ ਚੁੱਪ ਕਰਾਉਣ ਦੀ ਹੈ ਜੋ ਹਰ ਵੇਲੇ ਮਾਇਆ ਮੋਹ ਵਿੱਚ ਦੌੜਦਾ ਹੈ। ਬਾਣੀ ਵਿੱਚ ਵਾਰ-ਵਾਰ ਇਸ ਮਨ ਨੂੰ ਠਹਿਰਾਵ ਵਿੱਚ ਲਿਆਉਣ ਦੀ ਗੱਲ ਆਉਂਦੀ ਹੈ ਤੇ ਇਹ ਮਨ ਕਿਵੇਂ ਟਿਕਦਾ ਹੈ, ਕਿਵੇਂ ਚੁੱਪ ਹੁੰਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਹਜੇ ਚੁਪ ਸਹਜੇ ਹੀ ਜਪਨਾ॥੩॥”

ਸਾਡਾ ਮਨ ਮਾਇਆ ਮੋਹ ਵਿੱਚ ਦੌੜਦਾ ਹੈ, ਮਨਮਤਿ ਵਿੱਚ ਦੌੜਦਾ ਹੈ, ਵਿਕਾਰਾਂ ਵਿੱਚ ਦੌੜਦਾ ਹੈ ਜਿਸਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਸਾਡੀ

ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸਦੇ ਵਿੱਚ ਰਹਿੰਦਿਆਂ ਸਾਨੂੰ ਸੱਚੀ ਸੋਝੀ ਨਹੀਂ ਪੈਂਦੀ ਕਿ ਪ੍ਰਮਾਤਮਾ ਨੂੰ ਕਿਵੇਂ ਜਪਣਾ ਹੈ। ਜਦ ਤੱਕ ਇਹ ਮਨ ਟਿਕਦਾ ਨਹੀਂ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਪ ਸਕਦੇ ਭਾਵ ਗੁਰਮਤਿ ਦੇ ਸਹੀ ਮਾਰਗ ਤੇ ਚੱਲ ਨਹੀਂ ਸਕਦੇ ਕਿਉਂਕਿ ਮਾਇਆ ਮੋਹ ਵਿੱਚ ਰਹਿੰਦਿਆਂ, ਹਉਮੈ ਵਿੱਚ ਰਹਿੰਦਿਆਂ ਉਸਦਾ ਨਾਮ ਨਹੀਂ ਜਪ ਸਕਦੇ ਭਾਵ ਉਹੋ ਜਿਹੇ ਕਰਮ ਨਹੀਂ ਕਰ ਸਕਦੇ, ਸਾਡੀ ਉਹੋ ਜਿਹੀ ਵਿਚਰਨ ਨਹੀਂ ਬਣ ਸਕਦੀ ਜੋ ਸਾਡੀ ਗੁਰਮਤਿ ਅਨੁਸਾਰ ਹੋਣੀ ਚਾਹੀਦੀ ਹੈ। ਮਨ ਵਿੱਚ ਸੱਚੀ ਸੋਝੀ ਸਾਨੂੰ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਤਾਂ ਹੀ ਸਾਡਾ ਮਨ ਮਾਇਆ ਮੋਹ ਵਿੱਚੋਂ ਨਿਕਲਦਾ ਹੈ ਤੇ ਚੁੱਪ ਕਰਦਾ ਹੈ ਭਾਵ ਸੰਤੋਖ ਵਿੱਚ ਆਉਂਦਾ ਹੈ ਤੇ ਵਿਕਾਰਾਂ ਦੇ ਪਿੱਛੇ ਨਹੀਂ ਦੌੜਦਾ ਤੇ ਇਸ ਅਵੱਸਥਾ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਜਪਦੇ ਹਾਂ, ਉਸਦੇ ਸੱਚੇ ਮਾਰਗ ਤੇ ਚੱਲਦੇ ਹਾਂ। **(ਸਹਜੇ ਚੁਪ ਸਹਜੇ ਹੀ ਜਪਨਾ॥੩॥)**

ਜਿਵੇਂ ਕਿ ਅਸੀਂ ਜਪੁਜੀ ਬਾਣੀ ਦੇ ਅਰਥਾਂ ਵਿੱਚ ਇਸ ਗੱਲ ਨੂੰ ਸਮਝਿਆ ਹੈ ਕਿ ਇਹ ਮਨ ਸਾਡੇ ਚੁੱਪ ਕਰਾਉਣ ਦੁਆਰਾ ਚੁੱਪ ਨਹੀਂ ਹੋ ਸਕਦਾ। ਜਿਸਦਾ ਇਹ ਮਨ ਹੈ ਉਹ ਆਪ ਹੀ ਇਸਨੂੰ ਚੁੱਪ ਕਰਵਾ ਸਕਦਾ ਹੈ। ਇਸ ਮਨ ਨੂੰ ਚੁੱਪ ਉਹ ਆਪ ਆਪਣੀ ਸਹਜ ਦੀ ਅਵੱਸਥਾ ਬਖ਼ਸ਼ ਕੇ ਕਰਵਾਉਂਦਾ ਹੈ। ਅਸੀਂ ਆਪਣੇ ਵੱਲੋਂ ਯਤਨ ਭਾਵੇਂ ਬਥੇਰੇ ਕਰਦੇ ਹਾਂ ਭਾਵ ਸਰੀਰਕ ਕਿਰਿਆਵਾਂ ਦੁਆਰਾ, ਲੰਮੀਆਂ ਸਮਾਧੀਆਂ ਲਗਾਉਣ ਦੁਆਰਾ ਇਸ ਮਨ ਤੇ ਪਾਰ ਪਾਉਣਾ ਚਾਹੁੰਦੇ ਹਾਂ ਪਰ ਸਾਡਾ ਇਹੋ ਜਿਹਾ ਕੋਈ ਵੀ ਉਪਰਾਲਾ ਵਿਅਰਥ ਹੈ ਕਿ ਅਸੀਂ ਇਸ ਮਨ ਨੂੰ ਚੁੱਪ ਕਰਵਾ ਲਈਏ।

{ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥}

(ਅੰਗ - ੧)

ਸਹਜ ਦੀ ਅਵੱਸਥਾ ਸਾਡੇ ਮਨ ਦੀ ਅਵੱਸਥਾ ਹੈ ਤੇ ਇਸੇ ਲਈ ਸ਼ਬਦ ਦਾ ਭਾਵ ਸਾਡੇ ਮਨ ਦੇ ਨਾਲ ਹੀ ਜੁੜਿਆ ਹੋਇਆ ਹੈ। ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਾਨੂੰ ਉਸ ਭੋਜਨ ਦੀ ਸੋਝੀ ਪਾਈ ਹੋਈ ਹੈ ਜੋ ਭੋਜਨ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਨੇ ਪਾਇਆ ਹੋਇਆ ਹੈ।

"ਸਹਜੇ ਭੋਜਨੁ ਸਹਜੇ ਭਾਉ॥"

ਗੁਰਬਾਣੀ ਦੇ ਵਿੱਚ ਭੋਜਨ ਕੀ ਹੈ ਇਹ ਅਸੀਂ ਪਿੱਛੇ ਵੀ ਸਮਝਿਆ ਹੈ।

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥}

(ਅੰਗ ੬੪੫)

{ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥}

(ਅੰਗ ੪੪੧)

15/1629

ਇਹ ਭੋਜਨ, ਜੋ ਭੋਜਨ ਗੁਰਬਾਣੀ ਵਿੱਚ ਹੈ, ਇਹ ਸਾਡੇ ਮਨ ਦਾ ਭੋਜਨ ਹੈ ਤੇ ਇਸ ਨੂੰ ਛੱਕ ਵੀ ਕੇਵਲ ਮਨ ਹੀ ਸਕਦਾ ਹੈ। ਮਨ ਦਾ ਭੋਜਨ ਗਿਆਨ ਹੀ ਹੁੰਦਾ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਗੁਰਬਾਣੀ ਦਾ ਇਹ ਭੋਜਨ ਅੰਮ੍ਰਿਤ ਦਾ ਸਾਰ ਹੈ ਭਾਵ ਪ੍ਰਮਾਤਮਾ ਦਾ ਸਾਰ ਹੈ, ਤੱਤ ਹੈ ਜਿਸ ਦੁਆਰਾ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ, ਉਸਨੂੰ ਕਿਵੇਂ ਪਾਇਆ ਜਾ ਸਕਦਾ ਹੈ। ਇਹ ਭੋਜਨ ਹੀ ਨਾਮ ਹੈ ਭਾਵ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ। ਇਹ ਭੋਜਨ ਸ਼ਬਦ ਦੀ ਵਿਚਾਰ ਹੈ ਭਾਵ ਸ਼ਬਦ ਦੀ ਪਾਈ ਹੋਈ ਸੋਝੀ ਹੈ। ਅਸੀਂ ਇਸ ਸੋਝੀ ਨੂੰ ਹੀ ਛਕਣਾ ਹੈ ਤੇ ਅਸਲ ਵਿੱਚ ਇਹ ਸੋਝੀ ਹੀ ਅੰਮ੍ਰਿਤ ਹੈ। ਗੁਰਬਾਣੀ ਦੀ ਸੋਝੀ ਨੂੰ ਛਕਣਾ ਹੀ ਅੰਮ੍ਰਿਤ ਛਕਣਾ ਹੈ।

ਸਲੋਕ ਮਹਲਾ ੨॥

{ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥
ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ॥੧॥}

(ਅੰਗ ੧੨੩੮)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥੨॥}

(ਅੰਗ ੧੦੨)

ਉੱਪਰ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਅੰਮ੍ਰਿਤ ਇੱਕੋ ਹੀ ਹੈ ਤੇ ਹੋਰ ਕੋਈ ਦੂਜਾ ਅੰਮ੍ਰਿਤ ਨਹੀਂ ਹੈ। ਅੰਮ੍ਰਿਤ ਹੀ ਨਾਮ ਹੈ, ਅੰਮ੍ਰਿਤ ਹੀ ਸ਼ਬਦ ਹੈ ਤੇ ਅੰਮ੍ਰਿਤ ਹੀ ਬਾਣੀ ਹੈ।

"ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥"

ਉੱਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। "**ਅੰਮ੍ਰਿਤੁ ਏਕੁ**" ਤੋਂ ਭਾਵ ਹੈ ਕਿ ਪ੍ਰਮਾਤਮਾ ਇੱਕੋ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੈ। **(ਦੂਜਾ ਅੰਮ੍ਰਿਤੁ ਨਾਹਿ॥)** ਅੰਮ੍ਰਿਤ ਤੋਂ ਭਾਵ ਹੈ ਮ੍ਰਿਤਯੂ ਰਹਿਤ ਭਾਵ ਮਰਣ ਤੋਂ ਰਹਿਤ ਜੋ ਕਿ ਇੱਕੋ ਇੱਕ ਕੇਵਲ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਦਾ ਰੂਪ ਕੀ ਹੈ, ਅੰਮ੍ਰਿਤ ਦਾ ਰੂਪ ਕੀ ਹੈ, ਉਹ ਕਿਸ ਰੂਪ ਵਿੱਚ ਵਿਚਰਦਾ ਹੈ ਸਿਰਫ਼ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਪ੍ਰਮਾਤਮਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ, ਸਹਜ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਸ਼ਬਦ ਦੀ ਸੱਚੀ ਸੋਝੀ ਹੈ। **(ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥)** ਅੰਗ - ੧੨੦ ਪ੍ਰਮਾਤਮਾ ਦਾ ਅਸਲ ਰੂਪ ਮਨ ਦੇ ਵਿੱਚੋਂ ਉਸਨੂੰ ਮਿਲਣ ਤੋਂ ਬਾਅਦ ਹੀ ਆਉਂਦਾ ਹੈ ਕਿ ਉਹ ਨਿਰਗੁਣ ਰੂਪ, ਗਿਆਨ ਰੂਪ ਹੈ ਜਿਸ ਦੁਆਰਾ ਉਹ ਸਭ ਵਿੱਚ ਵਿਚਰ ਰਿਹਾ ਹੈ। ਅੰਮ੍ਰਿਤ ਸਾਡੇ ਮਨ ਦੇ ਵਿੱਚ ਹੀ

ਹੈ ਤੇ ਇਸ ਦੀ ਪ੍ਰਾਪਤੀ ਵੀ ਮਨ ਦੇ ਵਿੱਚੋਂ ਹੀ ਹੁੰਦੀ ਹੈ ਜੋ ਕਿ ਕੇਵਲ ਉਸ ਦੀ ਕ੍ਰਿਪਾ ਦੁਆਰਾ ਹੀ ਹੁੰਦੀ ਹੈ। ਮਨ ਦੇ ਵਿੱਚੋਂ ਪ੍ਰਾਪਤੀ ਬ੍ਰਹਮਗਿਆਨ ਦੀ ਹੀ ਹੁੰਦੀ ਹੈ, ਸਹਜ ਗਿਆਨ ਦੀ ਹੀ ਹੁੰਦੀ ਹੈ, ਚੌਥੇ ਪਦ ਦੀ ਹੁੰਦੀ ਹੈ, ਜਿਸ ਦੁਆਰਾ ਸਾਨੂੰ ਸੱਚੀ ਸੋਝੀ ਪੈਂਦੀ ਹੈ। **(ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥)** ਇਸ ਅੰਮ੍ਰਿਤ ਨੂੰ ਮਨ ਦੇ ਵਿੱਚ ਹੀ ਪੀਤਾ ਜਾਂਦਾ ਹੈ ਜੋ ਕਿ ਉਹ ਆਪ ਹੀ ਪਿਆਉਂਦਾ ਹੈ ਤੇ ਉਸ ਨਾਲ ਰੰਗ ਮਨ ਦੇ ਵਿੱਚ ਹੀ ਲੱਗਦਾ ਹੈ। ਉਸ ਦੀ ਸੱਚੀ ਸੋਝੀ ਦੇ ਨਾਲ ਰੰਗ ਲੱਗਣਾ, ਗੁਰਮਤਿ ਦੇ ਨਾਲ ਰੰਗ ਲੱਗਣਾ ਪ੍ਰਮਾਤਮਾ ਦੇ ਨਾਲ ਰੰਗ ਲੱਗਣਾ ਹੈ ਜੋ ਕਿ ਬੜੇ ਵੱਡੇ ਭਾਗਾਂ ਨਾਲ ਲੱਗਦਾ ਹੈ। ਉਸ ਦੇ ਨਾਲ ਰੰਗ ਸੱਚੇ ਗਿਆਨ ਦੇ ਨਾਲ ਰੰਗ ਲੱਗਣਾ ਹੈ ਕਿਉਂਕਿ ਇਹ ਸੱਚਾ ਗਿਆਨ ਮਨ ਦੇ ਵਿੱਚ ਉਸ ਕੋਲੋਂ ਹੀ ਮਿਲਦਾ ਹੈ। **(ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ॥੧॥)** ਇਹੋ ਜਿਹਾ ਅੰਮ੍ਰਿਤ ਪੀਣਾ ਸਾਡੇ ਜੀਵਨ ਦਾ ਮਕਸਦ ਹੈ। ਸਾਰੀ ਗੁਰਬਾਣੀ ਇਸ ਅੰਮ੍ਰਿਤ ਨਾਲ ਭਰਪੂਰ ਹੈ ਜਿਸ ਰਾਹੀਂ ਅਸੀਂ ਉਸ ਅੰਮ੍ਰਿਤ ਤੱਕ ਪਹੁੰਚਣਾ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ।

ਖੰਡੇ ਬਾਟੇ ਦੇ ਅੰਮ੍ਰਿਤ ਦਾ ਮਕਸਦ ਸਾਨੂੰ ਗੁਰਬਾਣੀ ਰੂਪ ਅੰਮ੍ਰਿਤ ਨਾਲ ਜੋੜਨ ਦਾ ਹੈ, ਸ਼ਬਦ ਰੂਪ ਅੰਮ੍ਰਿਤ ਨਾਲ ਜੋੜਨ ਦਾ ਹੈ ਤਾਂ ਜੋ ਅਸੀਂ ਦੇਹ ਰੂਪੀ ਗੁਰੂਆਂ ਦੇ ਚੰਗੁਲ ਵਿੱਚੋਂ ਨਿਕਲੀਏ ਤੇ ਗੁਰਬਾਣੀ ਰੂਪ ਗੁਰੂ ਨਾਲ ਜੁੜੀਏ। ਜੇਕਰ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਵੀ ਅਸੀਂ ਦੇਹਧਾਰੀਆਂ ਤੇ ਹੀ ਆਪਣਾ ਯਕੀਨ ਰੱਖਣਾ ਹੈ, ਉਨ੍ਹਾਂ ਨੂੰ ਵੱਡਾ ਮੰਨ ਕੇ ਉਨ੍ਹਾਂ ਦੇ ਪਿੱਛੇ ਹੀ ਲੱਗਣਾ ਹੈ ਫਿਰ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦਾ ਮਕਸਦ ਹੀ ਕੀ ਰਹਿ ਗਿਆ। ਸਾਨੂੰ ਦਿੱਤੇ ਹੋਏ ਪੰਜ ਕਕਾਰ ਹਰ ਵੇਲੇ ਪੰਜਾਂ ਵਿਕਾਰਾਂ ਤੋਂ ਦੂਰ ਰੱਖਣ ਲਈ ਹਨ ਭਾਵ ਗੁਰੂ ਦੀ ਮਤਿ ਨੂੰ ਸਦਾ ਯਾਦ ਰੱਖਣ ਲਈ ਹਨ ਕਿ ਅਸੀਂ ਹੁਣ ਪੰਜ ਕਕਾਰਾਂ ਦੇ ਧਾਰਨੀ ਹੋ ਗਏ ਹਾਂ ਤੇ ਹੁਣ ਅਸੀਂ ਪੰਜੇ ਵਿਕਾਰਾਂ ਤੋਂ ਦੂਰ ਰਹਿਣਾ ਹੈ। ਖੰਡੇ ਬਾਟੇ ਦੇ ਅੰਮ੍ਰਿਤ ਛਕਣ ਦਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜੇ ਅਸੀਂ ਪੂਰਨ ਰੂਪ ਵਿੱਚ ਅੰਮ੍ਰਿਤ ਬਾਣੀ ਨਾਲ ਜੁੜੀਏ ਜਿੱਥੋਂ ਸਾਨੂੰ ਉਸ ਅੰਮ੍ਰਿਤ ਦੀ ਪ੍ਰਾਪਤੀ ਹੋਣੀ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ।

ਅੰਮ੍ਰਿਤ ਹੀ ਨਾਮ ਹੈ ਭਾਵ ਗੁਰੂ ਦੀ ਦਿੱਤੀ ਹੋਈ ਸੋਝੀ ਹੈ। ਸਾਰੀ ਅੰਮ੍ਰਿਤ ਬਾਣੀ ਨਾਮ ਹੈ ਜੋ ਉਸ ਦੇ ਨਾਮ ਦੀ ਵਡਿਆਈ ਕਰਦਾ ਹੈ ਭਾਵ ਅੰਮ੍ਰਿਤ ਦੀ ਵਡਿਆਈ ਕਰਦਾ ਹੈ, ਗੁਰੂ ਪ੍ਰਮਾਤਮਾ ਦੀ ਵਡਿਆਈ ਕਰਦਾ ਹੈ ਉਹ ਮਨ ਦੇ ਵਿੱਚੋਂ ਅੰਮ੍ਰਿਤ ਛਕ ਕੇ ਹੀ ਕਰਦਾ ਹੈ ਭਾਵ ਉਸਦੀ ਵਡਿਆਈ ਉਸਦੀ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ ਤੇ ਸੱਚੀ ਸੋਝੀ ਮਨ ਦੇ ਵਿੱਚ ਅੰਮ੍ਰਿਤ ਦੇ ਦਰਸ਼ਨ ਕਰਕੇ ਹੀ ਪੈਂਦੀ ਹੈ। **(ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥)**

ਸਾਰੀ ਬਾਣੀ ਅੰਮ੍ਰਿਤ ਦਾ ਝਰਨਾ ਹੈ ਜਿਸਦੇ ਵਿੱਚੋਂ ਹਰ ਵੇਲੇ ਉਸਦੀ ਅੰਮ੍ਰਿਤ ਦੀ ਧਾਰਾ ਵਰਸ ਰਹੀ ਹੈ। ਉਸਦੀ ਇਹ ਅੰਮ੍ਰਿਤ ਧਾਰਾ ਉਸਦੇ ਸ਼ਬਦ ਦੀ ਵਿਚਾਰ ਹੈ

ਜੋ ਵਿਚਾਰ ਸਾਨੂੰ ਗੁਰਬਾਣੀ ਦੇ ਰਹੀ ਹੈ। ਇਹ ਸ਼ਬਦ ਦੀ ਵਿਚਾਰ ਹੀ ਗੁਰਬਾਣੀ ਦਾ ਭੋਜਨ ਹੈ ਜਿਸ ਨਾਲ ਗੁਰਬਾਣੀ ਭਰਪੂਰ ਹੈ, ਗੁਰਬਾਣੀ ਰੂਪ ਥਾਲ ਭਰਿਆ ਹੋਇਆ ਹੈ। ਇਹ ਸ਼ਬਦ ਦੀ ਵਿਚਾਰ ਉਹ ਅੰਮ੍ਰਿਤ ਹੈ ਜਿਸਨੂੰ ਸਾਡਾ ਮਨ ਪੀਂਦਾ ਹੈ, ਇਹ ਗੁਰਬਾਣੀ ਦਾ ਭੋਜਨ ਹੈ, ਨਾਮ ਭੋਜਨ ਹੈ ਜਿਸਨੂੰ ਸਾਡਾ ਮਨ ਛਕਦਾ ਹੈ। **(ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥)** ਅੰਗ ੧੦੨

ਗੁਰੂ ਦੇ ਸ਼ਬਦ ਦਾ ਵਿਚਾਰ ਜਦੋਂ ਸਾਡੇ ਮਨ ਦੇ ਵਿੱਚ ਵਸ ਜਾਂਦਾ ਹੈ ਇਹ ਸਾਡੇ ਅੰਦਰ ਗੁਰਬਾਣੀ ਦੇ ਸੱਚੇ ਗਿਆਨ ਦਾ ਵਸਣਾ ਹੈ ਜੋ ਕਿ ਉਹ ਆਪ ਹੀ ਵਸਾਉਂਦਾ ਹੈ, ਆਪਣਾ ਅੰਮ੍ਰਿਤ ਉਹ ਆਪ ਹੀ ਛਕਾਉਂਦਾ ਹੈ। ਇੱਕ ਵਾਰੀ ਇਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਵੇ ਤਾਂ ਫਿਰ ਇਹ ਦਿਨ ਰਾਤ, ਸਦਾ ਹੀ ਬਣੀ ਰਹਿੰਦੀ ਹੈ ਭਾਵ ਮਨ ਨੂੰ ਇਹ ਅੰਮ੍ਰਿਤ ਭਾਵ ਸੱਚੀ ਸੋਝੀ ਪ੍ਰਮਾਤਮਾ ਕੋਲੋਂ ਸਦਾ ਹੀ ਮਿਲਦੀ ਰਹਿੰਦੀ ਹੈ ਤੇ ਉਸ ਦੇ ਨਾਲ ਹੀ ਸਾਨੂੰ ਪ੍ਰਮਾਤਮਾ ਦਾ ਅਸਲ ਰੂਪ ਸਮਝ ਆਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ। **(ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥੨॥)** ਮਨ ਦੇ ਵਿੱਚ ਅੰਮ੍ਰਿਤ ਪੀਣਾ ਸਾਡੇ ਮਨ ਦਾ ਪ੍ਰਕਾਸ਼ ਹੈ, ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਪ੍ਰਕਾਸ਼ ਹੈ। ਇਹ ਮਨ ਦਾ ਭੋਜਨ ਹੈ, ਅੰਮ੍ਰਿਤ ਭੋਜਨ ਹੈ ਜੋ ਸਹਜ ਦੀ ਅਵੱਸਥਾ ਦੁਆਰਾ ਪ੍ਰਾਪਤ ਹੁੰਦਾ ਹੈ।

ਹੁਣ ਸਾਨੂੰ ਸ਼ਬਦ ਦੀਆਂ ਇਨ੍ਹਾਂ ਹੇਠ ਦਿੱਤੀਆਂ ਪੰਗਤੀਆਂ ਦੀ ਸੋਝੀ ਪੈ ਜਾਵੇਗੀ ਜਿੰਨ੍ਹਾਂ ਦਾ ਅਸੀਂ ਕੁੱਝ ਪਿੱਛੇ ਜ਼ਿਕਰ ਕੀਤਾ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਅੰਮ੍ਰਿਤ ਭੋਜਨ ਦੀ ਪ੍ਰਾਪਤੀ ਸਾਡੇ ਮਨ ਦੇ ਵਿੱਚ ਸਹਜ ਗਿਆਨ ਦੁਆਰਾ ਹੁੰਦੀ ਹੈ।

“ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥

ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥”

(ਅੰਗ - ੪੪੧)

ਉੱਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਭ ਤੋਂ ਪਹਿਲਾਂ ਤਾਂ ਇਹ ਸਮਝਣ ਦੀ ਲੋੜ ਹੈ ਕਿ ਇਹ ਦੌੜਦਾ ਹੋਇਆ ਮਨ ਕੀ ਹੈ, ਇਸਦੇ ਦੌੜਨ ਦਾ ਕਾਰਨ ਕੀ ਹੈ। ਇਸ ਮਨ ਦੀ ਦੌੜ ਸਾਡੀ ਅਗਿਆਨਤਾ ਹੈ, ਦੁਬਿਧਾ ਹੈ, ਦੁਚਿੱਤੀ ਹੈ, ਸਾਡੀ ਤ੍ਰੈਗੁਣੀ ਅਵੱਸਥਾ ਹੈ। ਜਦ ਤੱਕ ਇਹ ਮਨ ਪ੍ਰਮਾਤਮਾ ਦੇ ਨਾਲ ਇੱਕਮਿਕ ਨਹੀਂ ਹੁੰਦਾ ਇਸਦੀ ਦੌੜ ਨਹੀਂ ਮੁੱਕ ਸਕਦੀ। ਮਨ ਨੂੰ ਥੰਮਾਂ ਦੇਣ ਵਾਲਾ, ਇਸਨੂੰ ਭੱਜਣ ਤੋਂ ਰੋਕਣ ਵਾਲਾ ਕੇਵਲ ਗੁਰੂ ਦਾ ਸੱਚਾ ਗਿਆਨ ਹੈ। ਸੱਚੇ ਗਿਆਨ ਦੀ ਪ੍ਰਾਪਤੀ ਗੁਰੂ ਪ੍ਰਮਾਤਮਾ ਨੂੰ ਮਿਲਣ ਦੁਆਰਾ ਹੀ ਹੁੰਦੀ ਹੈ ਜੋ ਕਿ ਸਾਡੇ ਮਨ ਦੇ ਦਸਵੇਂ ਦੁਆਰ ਵਿੱਚ ਵੱਸਦਾ ਹੈ।

(ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥)

15/1632

ਦਸਵੇਂ ਦੁਆਰ ਵਿੱਚ ਪ੍ਰਮਾਤਮਾ ਦਾ ਮਿਲਣਾ ਕੀ ਹੈ, ਉਸਨੂੰ ਮਿਲ ਕੇ ਪ੍ਰਾਪਤੀ ਕੀ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥”

ਜੇਕਰ ਅਸੀਂ ਪ੍ਰਮਾਤਮਾ ਨੂੰ ਜਾਣਨਾ ਚਾਹੁੰਦੇ ਹਾਂ, ਉਸਦਾ ਅਸਲ ਰੂਪ ਜਾਣਨਾ ਚਾਹੁੰਦੇ ਹਾਂ, ਅੰਮ੍ਰਿਤ ਭੋਜਨ ਕੀ ਹੈ ਇਸਨੂੰ ਜਾਣਨਾ ਚਾਹੁੰਦੇ ਹਾਂ ਤਾਂ ਫਿਰ ਉੱਪਰ ਵਾਲੀਆਂ ਪੰਗਤੀਆਂ ਨੂੰ ਬੜੇ ਹੀ ਜ਼ਿਆਦਾ ਧਿਆਨ ਨਾਲ ਸਮਝਣ ਦੀ ਲੋੜ ਹੈ। ਅੰਮ੍ਰਿਤ ਭੋਜਨ ਪ੍ਰਮਾਤਮਾ ਸਾਨੂੰ ਆਪਣੇ ਦਸਵੇਂ ਦੁਆਰ ਵਿੱਚੋਂ ਹੀ ਦਿੰਦਾ ਹੈ। ਸਾਰੀ ਅੰਮ੍ਰਿਤ ਬਾਣੀ ਭਾਵ ਗੁਰਬਾਣੀ ਜੋ ਅੰਮ੍ਰਿਤ ਭੋਜਨ ਨਾਲ ਭਰਪੂਰ ਹੈ ਉਹ ਦਸਵੇਂ ਦੁਆਰ ਦੇ ਰਾਹੀਂ ਹੀ ਆਈ ਹੈ। ਜਿੰਨ੍ਹਾਂ ਨੂੰ ਦਸਵੇਂ ਦੁਆਰ ਦੀ ਪ੍ਰਾਪਤੀ ਹੋਈ ਹੈ, ਜਿੰਨ੍ਹਾਂ ਨੂੰ ਉਸ ਸਤਿਗੁਰੂ ਪ੍ਰਮਾਤਮਾ ਦੇ ਦਸਵੇਂ ਦੁਆਰ ਵਿੱਚੋਂ ਦਰਸ਼ਨ ਹੋਏ ਹਨ, ਉਸਦੇ ਨਾਲ ਮੇਲ ਹੋਇਆ ਹੈ ਉਨ੍ਹਾਂ ਨੇ ਹੀ ਇਸ ਗੁਰਬਾਣੀ ਰੂਪ ਥਾਲ ਨੂੰ ਅੰਮ੍ਰਿਤ ਭੋਜਨ ਨਾਲ ਸਜਾਇਆ ਹੈ। ਮਨ ਦੇ ਵਿੱਚ ਇਹ ਅੰਮ੍ਰਿਤ ਭੋਜਨ ਪ੍ਰਮਾਤਮਾ ਆਪ ਹੀ ਦਿੰਦਾ ਹੈ। ਇਹ ਭੋਜਨ ਸਾਡੇ ਅੰਦਰ ਹੀ ਉਪਜਦਾ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਭੋਜਨ ਸਾਡੇ ਅੰਦਰ ਉਸਦੇ ਸੱਚੇ ਵਿਚਾਰਾਂ ਦਾ, ਸੱਚੇ ਗਿਆਨ ਦਾ, ਸੱਚੀ ਸੋਝੀ ਦਾ ਉਪਜਣਾ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਭਾਵ ਦੁਬਿਧਾ ਵਾਲੀ ਅਵੱਸਥਾ ਵਿੱਚ ਹਾਂ ਉਸ ਦੁਆਰਾ ਪ੍ਰਮਾਤਮਾ ਨੇ ਸਾਨੂੰ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ। ਇਹੋ ਜਿਹੀ ਅਵੱਸਥਾ ਦੁਆਰਾ ਸਾਡੀ ਧੁਨਿ ਮਾਇਆ ਦੇ ਨਾਲ

ਜੁੜੀ ਰਹਿੰਦੀ ਹੈ ਭਾਵ ਸਾਡੇ ਮਨ ਦੇ ਵਿਚਾਰ ਹੀ ਸਾਨੂੰ ਮਾਇਆ ਦੀ ਧੁਨਿ ਵਿੱਚ ਰੱਖਦੇ ਹਨ। ਇਸ ਵਿੱਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਸਾਡੇ ਅੰਦਰ ਸਹਜ ਧੁਨਿ ਦਾ ਉਪਜਣਾ ਹੈ ਜੋ ਕਿ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦਾ ਉਪਜਣਾ ਹੈ, ਪ੍ਰਮਾਤਮਾ ਦਾ ਆਪ ਸਾਡੇ ਅੰਦਰ ਪ੍ਰਗਟ ਹੋਣਾ ਹੈ। ਮਨ ਦੇ ਵਿੱਚ ਇਹ ਸਹਜ ਧੁਨਿ ਦੇ ਉਪਜਣ ਦੇ ਨਾਲ ਹੀ ਜੋ ਕਿ ਇਸ ਦੁਨੀਆਂ ਦਾ ਸਭ ਤੋਂ ਵੱਡਾ ਅਚਰਜ ਹੈ। ਸਾਨੂੰ ਦਸਵੇਂ ਦੁਆਰ ਦੇ ਦਰਸ਼ਨ ਹੁੰਦੇ ਹਨ ਤੇ ਸਾਡਾ ਆਪਾ ਮਿਟਦਾ ਹੈ ਤੇ ਇਸ ਸੰਸਾਰ ਬਾਰੇ ਸੱਚੀ ਸੋਝੀ ਪੈਂਦੀ ਹੈ ਕਿ

15/1633

ਇਸ ਸਭ ਦਾ ਮਾਲਕ ਭਾਵ ਹਰ ਇੱਕ ਵਸਤੂ ਦਾ ਮਾਲਕ ਕੌਣ ਹੈ ਤੇ ਹਰ ਵਸਤੂ ਉਸ ਪ੍ਰਮਾਤਮਾ ਦੇ ਹੁਕਮ ਵਿੱਚ ਕਿਵੇਂ ਟਿਕੀ ਹੋਈ ਹੈ, ਸਾਰੇ ਜਗਤ ਨੂੰ ਉਸਨੇ ਕਿਵੇਂ ਥੰਮਿਆ ਹੋਇਆ ਹੈ। ਪ੍ਰਮਾਤਮਾ ਸਾਡੇ ਅੰਦਰ ਬ੍ਰਹਮਗਿਆਨ ਦੇ ਰੂਪ ਵਿੱਚ ਵਿਚਰਦਾ ਹੈ ਜੋ ਕਿ ਉਸਦਾ ਚੌਥੇ ਪਦ ਦਾ ਗਿਆਨ ਹੈ, ਸਹਜ ਗਿਆਨ ਹੈ। ਦੁਨੀਆਂ ਦੀ ਹਰ ਵਸਤੂ ਗਿਆਨ ਦੁਆਰਾ ਹੀ ਵਿਚਰ ਰਹੀ ਹੈ ਤੇ ਗਿਆਨ ਦੁਆਰਾ ਹੀ ਟਿਕੀ ਹੋਈ ਹੈ। ਭਾਵੇਂ ਉਹ ਧਰਤੀ ਹੈ, ਆਕਾਸ਼ ਹੈ, ਸੂਰਜ ਹੈ, ਚੰਦਰਮਾ ਹੈ, ਖੰਡ ਬ੍ਰਹਿਮੰਡ ਹਨ, ਹਵਾ ਹੈ, ਪਾਣੀ ਹੈ, ਪਹਾੜ ਹਨ, ਸਮੁੰਦਰ ਹਨ, ਜੀਵ ਜੰਤੂ ਹਨ, ਪੇੜ ਪੌਦੇ ਹਨ, ਹਰ ਕੋਈ ਪ੍ਰਮਾਤਮਾ ਦੇ ਪਾਏ ਹੋਏ ਗਿਆਨ ਦੁਆਰਾ ਹੀ ਬੱਝਿਆ ਹੋਇਆ ਹੈ। ਜੋ ਕੋਈ ਵੀ ਇਸ ਬ੍ਰਹਿਮੰਡ ਵਿੱਚ ਘੁੰਮ ਰਿਹਾ ਹੈ, ਕਿਸੇ ਗਿਆਨ ਦੁਆਰਾ ਹੀ ਉਪਜਿਆ ਹੋਇਆ ਹੈ, ਗਿਆਨ ਦੁਆਰਾ ਹੀ ਘੁੰਮਣ ਵਿੱਚ ਹੈ ਤੇ ਕਦੇ ਨਾ ਕਦੇ ਉਸਨੇ ਗਿਆਨ ਦੁਆਰਾ ਹੀ ਬਿਨਸ ਜਾਣਾ ਹੈ। ਨਾ ਬਿਨਸਨ ਵਾਲਾ ਕੇਵਲ ਇੱਕ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ ਜੋ ਕਿ ਨਿਰਗੁਣ ਸਰੂਪ ਹੈ ਤੇ ਆਪ ਪ੍ਰਮਾਤਮਾ ਹੈ। **(ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥ ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥)**

ਪ੍ਰਮਾਤਮਾ ਸਭ ਜਗ੍ਹਾ ਸ਼ਬਦ ਦੁਆਰਾ ਹੀ ਵਿਚਰਦਾ ਹੈ ਭਾਵ ਆਪਣੇ ਗਿਆਨ ਦੁਆਰਾ ਹੀ ਵਿਚਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ।

{ਸਹਜਿ ਭਵੈ ਪ੍ਰਭੁ ਸਭਨੀ ਥਾਈ॥}

(ਅੰਗ ੧੬੦)

ਭਾਵੇਂ ਪ੍ਰਮਾਤਮਾ ਨੂੰ ਨਾਮ ਕਹੀਏ, ਸਹਜ ਕਹੀਏ, ਜੋਤਿ ਕਹੀਏ, ਸ਼ਬਦ ਕਹੀਏ ਸਭ ਤੋਂ ਭਾਵ ਇੱਕੋ ਹੀ ਹੈ ਜੋ ਕਿ ਬ੍ਰਹਮਗਿਆਨ ਹੈ। ਇਸੇ ਲਈ ਸਾਨੂੰ ਪ੍ਰਮਾਤਮਾ ਨੂੰ ਬ੍ਰਹਮਗਿਆਨ ਕਹਿ ਕੇ ਸਮਝਾਇਆ ਹੈ ਜੋ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ ਤੇ ਹੇਠ ਦਿੱਤੀਆਂ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

{ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ॥}

(ਅੰਗ ੧੪੧੭)

15/1634

{ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥}

(ਅੰਗ ੧੧੫੨)

{ਨਿਜ ਪਦ ਊਪਰਿ ਲਾਗੋ ਧਿਆਨੁ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

ਉੱਪਰ ਦਿੱਤੇ ਤਿੰਨਾਂ ਸ਼ਬਦਾਂ ਦੀਆਂ ਇਨ੍ਹਾਂ ਪੰਗਤੀਆਂ ਨੂੰ ਵਾਰੀ ਵਾਰੀ ਸਮਝੋ ਕਿ ਇਨ੍ਹਾਂ ਰਾਹੀਂ ਸਾਨੂੰ ਕੀ ਸਮਝਾਇਆ ਹੈ। ਪਹਿਲੀ ਗੱਲ ਤਾਂ ਸਾਡੇ ਅੰਦਰ ਇਸ ਗੱਲ ਦਾ ਵਿਸ਼ਵਾਸ ਹੋਣਾ ਜਰੂਰੀ ਹੈ ਕਿ ਗੁਰੂ ਸਾਨੂੰ ਜੋ ਸਮਝਾ ਰਿਹਾ ਹੈ ਉਹ ਸੱਚ ਹੈ ਭਾਵ ਗੁਰੂ ਦੀ ਦੱਸੀ ਹੋਈ ਗੱਲ ਕਦੇ ਗਲਤ ਨਹੀਂ ਹੋ ਸਕਦੀ। ਉਪਰਲੇ ਸ਼ਬਦਾਂ ਦੁਆਰਾ ਸਾਨੂੰ ਪ੍ਰਮਾਤਮਾ ਦਾ ਰੂਪ ਹੀ ਸਮਝਾਇਆ ਹੋਇਆ ਹੈ ਕਿ ਉਹ ਕੀ ਹੈ ਤੇ ਉਸਦੀ ਸੋਝੀ ਕਿਵੇਂ ਪੈਂਦੀ ਹੈ।

ਸਭ ਤੋਂ ਪਹਿਲਾਂ ਇਨ੍ਹਾਂ ਪੰਗਤੀਆਂ ਨੂੰ ਸਮਝੀਏ, ਹੇਠ ਦਿੱਤੀਆਂ ਪੰਗਤੀਆਂ ਨੂੰ ਸਮਝੀਏ ਤੇ ਸਾਨੂੰ ਸਭ ਜਗ੍ਹਾ ਪ੍ਰਮਾਤਮਾ ਕਿਵੇਂ ਨਜ਼ਰ ਆਉਂਦਾ ਹੈ, ਮਨ ਦੀ ਕਿਸ ਅਵੱਸਥਾ ਦੁਆਰਾ ਨਜ਼ਰ ਆਉਂਦਾ ਹੈ।

"ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ॥"

ਇਸ ਗੱਲ ਦਾ ਭੁਲੇਖਾ ਤਾਂ ਕਿਸੇ ਨੂੰ ਨਹੀਂ ਹੈ ਕਿ "**ਬ੍ਰਹਮੁ**" ਤੋਂ ਭਾਵ ਕੀ ਹੈ ਭਾਵ ਪ੍ਰਮਾਤਮਾ ਨੂੰ ਦੇਖਣ ਦੀ ਗੱਲ ਕੀਤੀ ਹੈ। ਉਹ ਪ੍ਰਮਾਤਮਾ ਸਾਨੂੰ ਆਪਣੇ ਸੁਭਾਉ ਦੁਆਰਾ ਨਜ਼ਰ ਆਉਂਦਾ ਹੈ। ਸਾਡਾ ਸੁਭਾਉ ਕੀ ਹੈ ਇਸਨੂੰ ਹਰ ਕੋਈ ਸਮਝ ਸਕਦਾ ਹੈ। ਸੁਭਾਉ ਸਾਡਾ ਮਨ ਹੈ, ਸਾਡੇ ਮਨ ਦੇ ਵਿਚਾਰ ਹਨ। ਸਾਨੂੰ ਵਾਰ-ਵਾਰ ਬਾਣੀ ਵਿੱਚ ਸਮਝਾਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ। ਜੋ ਸੁਭਾਉ ਪ੍ਰਮਾਤਮਾ ਨੇ ਸਭ ਨੂੰ ਦਿੱਤਾ ਹੈ ਉਹ ਸਾਡਾ ਮਾਇਆ ਮੋਹ ਵਾਲਾ ਸੁਭਾਉ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਪ੍ਰਮਾਤਮਾ ਸਾਡੇ ਸਹਜ ਵਾਲੇ ਸੁਭਾਉ ਦੁਆਰਾ ਨਜ਼ਰ ਆਉਂਦਾ ਹੈ ਭਾਵ ਜਦੋਂ ਸਾਡਾ ਸੁਭਾਉ ਚੌਥੇ ਪਦ ਦੇ ਸੱਚੇ ਗਿਆਨ ਵਾਲਾ ਬਣ ਜਾਂਦਾ ਹੈ। ਬਦਲਦਾ ਸਾਡਾ ਸੁਭਾਉ ਹੀ ਹੈ, ਮਾਇਆ ਮੋਹ ਵਿੱਚੋਂ ਅਸੀਂ ਆਪਣੇ ਸੁਭਾਉ ਦੁਆਰਾ ਹੀ ਨਿਕਲਦੇ ਹਾਂ। ਬਦਲਦੀ ਸਾਡੇ ਮਨ ਦੀ ਸੋਝੀ ਹੀ ਹੈ ਕਿਉਂਕਿ ਸਾਡੀ ਸੋਝੀ ਹੀ ਸਾਡਾ ਸੁਭਾਉ ਬਣਦੀ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਮਨ ਦੇ ਸੁਭਾਉ ਦੁਆਰਾ, ਨੀਅਤ ਦੁਆਰਾ, ਸੋਝੀ ਦੁਆਰਾ ਹੀ ਕਰਦੇ ਹਾਂ। ਜਿਹੋ ਜਿਹੀ ਸਾਡੀ ਸੋਝੀ ਹੈ ਉਹੋ ਜਿਹੀ ਸਾਡੀ ਨੀਅਤ ਹੈ, ਸਾਡੀ ਭਾਵਨੀ ਹੈ, ਸਾਡਾ ਸੁਭਾਉ ਹੈ। ਸਾਡਾ ਸੁਭਾਉ ਸਾਡੇ ਵੱਸ ਨਹੀਂ ਹੈ, ਇਹ ਪ੍ਰਮਾਤਮਾ ਦੇ ਵੱਸ ਹੈ। ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਹੀ ਹੁੰਦੇ ਹਨ ਜੋ ਕਿ ਤ੍ਰੈਗੁਣਾਂ ਵਾਲੇ ਸੁਭਾਉ ਵਿੱਚ ਨਹੀਂ ਹੋ ਸਕਦੇ ਕਿਉਂਕਿ ਤ੍ਰੈਗੁਣਾਂ ਦਾ ਮਕਸਦ ਹੀ ਸਾਨੂੰ ਅਗਿਆਨਤਾ ਵਿੱਚ ਰੱਖਣ ਦਾ ਹੈ। ਅਗਿਆਨਤਾ ਦੇ ਵਿੱਚੋਂ ਸਾਨੂੰ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਉਸਦਾ "ਗਿਆਨੁ ਰਤਨੁ" ਰੂਪ ਹੈ। ਉਸਦਾ 'ਗਿਆਨੁ ਰਤਨੁ' ਰੂਪ ਹੀ ਉਸਦਾ ਗੁਰਮਤਿ ਰੂਪ ਹੈ ਭਾਵ ਉਸਦੀ ਸੱਚੀ ਸੋਝੀ

15/1635

ਦਾ ਰੂਪ ਹੈ, ਉਸਦਾ ਚੌਥੇ ਪਦ ਦਾ ਰੂਪ ਹੈ, ਸਹਜ ਰੂਪ ਹੈ, ਗੁਰਬਾਣੀ ਰੂਪ ਹੈ। ਪੂਰੀ ਗੁਰਬਾਣੀ ਇਸੇ ਲਈ ਗਿਆਨ ਰਤਨ ਹੈ ਭਾਵ ਗਿਆਨ ਦਾ ਪ੍ਰਕਾਸ਼ ਹੈ ਜੋ ਕਿ ਬ੍ਰਹਮ ਗਿਆਨ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ ਉਹ ਆਪਣੇ ਇਸ ਸੱਚੇ ਗਿਆਨ ਦੁਆਰਾ ਹੀ ਵੱਸਦਾ ਹੈ। ਮਨ ਦੇ ਵਿੱਚ ਇਸ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਬਦਲਦਾ ਸਾਡਾ ਸੁਭਾਉ ਹੀ ਹੈ। ਸਾਡੇ ਇਸ ਸੁਭਾਉ ਦੁਆਰਾ, ਸਹਜ ਦੁਆਰਾ ਫਿਰ ਸਾਨੂੰ ਸਭ ਵਿੱਚ ਬ੍ਰਹਮ ਹੀ ਨਜ਼ਰ ਆਉਂਦਾ ਹੈ, ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਭਾਵ ਸਭ ਵਿੱਚ ਉਸਦਾ ਬਖ਼ਸ਼ਿਆ ਹੋਇਆ ਗਿਆਨ ਹੀ ਨਜ਼ਰ ਆਉਂਦਾ ਹੈ, ਪੰਜਾਂ ਤੱਤਾਂ ਨੂੰ ਬਣਾਉਣ ਵਾਲਾ ਤੇ ਉਨ੍ਹਾਂ ਨੂੰ ਚਲਾਉਣ ਵਾਲਾ ਹੀ ਨਜ਼ਰ ਆਉਂਦਾ ਹੈ। ਹਰ ਵਸਤੂ ਦਾ ਇੱਕੋ ਇੱਕ ਸੱਚਾ ਮਾਲਕ ਹੀ ਨਜ਼ਰ ਆਉਂਦਾ ਹੈ। **(ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ॥)**

{ਸਹਜ ਸੁਭਾਇ ਹੋਵੈ ਸੋ ਹੋਇ॥ ਕਰਣੈਹਾਰੁ ਪਛਾਣੈ ਸੋਇ॥}

(ਅੰਗ ੨੮੨)

ਉੱਪਰ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਮਨ ਦੇ ਵਿੱਚ "**ਗਿਆਨ ਰਤਨੁ**" ਦੇ ਵੱਸਣ ਦੁਆਰਾ ਸਾਨੂੰ ਸਭ ਜਗ੍ਹਾਂ ਬ੍ਰਹਮ ਨਜ਼ਰ ਆਉਂਦਾ ਹੈ ਭਾਵ ਪਹਿਲੇ ਉਹ ਮਨ ਵਿੱਚ ਵੱਸਦਾ ਹੈ ਤੇ ਫਿਰ ਤਾਂ ਹੀ ਉਹ ਸਭ ਵਿੱਚ ਨਜ਼ਰ ਆਉਂਦਾ ਹੈ। ਅਸੀਂ ਵਾਰ-ਵਾਰ ਗੁਰਬਾਣੀ ਵਿੱਚ ਇਸ ਗੱਲ ਨੂੰ ਸਮਝਿਆ ਹੈ ਕਿ ਜੋ ਸਾਡੇ ਅੰਦਰ ਹੈ ਉਹੀ ਬਾਹਰ ਹੈ ਭਾਵ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹੈ ਉਸੇ ਰੂਪ ਵਿੱਚ ਉਹ ਸਭ ਵਿੱਚ ਹੈ। ਜੋ ਨਿਰਗੁਣ ਰੂਪ ਉਸਦਾ ਸਾਡੇ ਅੰਦਰ ਹੈ ਉਹੀ ਨਿਰਗੁਣ ਰੂਪ ਵਿੱਚ ਉਹ ਸਭ ਵਿੱਚ ਵੱਸਿਆ ਹੋਇਆ ਹੈ। ਸਾਡੇ ਅੰਦਰ ਉਹ ਗਿਆਨ ਰਤਨ ਦੇ ਰੂਪ ਵਿੱਚ ਹੈ ਤੇ ਇਹੀ ਰੂਪ ਉਸਦਾ ਸਭ ਵਿੱਚ ਹੈ ਕੋਈ ਵੱਖਰਾ ਰੂਪ ਹੋ ਹੀ ਨਹੀਂ ਸਕਦਾ।

{ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥}

(ਅੰਗ ੨੯੩)

ਆਓ ਇਸੇ ਗੱਲ ਨੂੰ ਹੁਣ ਅਗਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ਤੇ ਇਹ ਵੀ ਦ੍ਰਿੜ ਕਰੀਏ ਕਿ ਸਾਡੇ ਅੰਦਰ

ਗਿਆਨ ਰਤਨ ਦਾ ਵੱਸਣਾ ਜਾਂ ਨਾਮ ਰਤਨ ਦਾ ਵੱਸਣਾ ਇੱਕੋ ਹੀ ਗੱਲ ਹੈ।

“ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥”

(ਅੰਗ ੧੧੫੨)

ਹੁਣ ਉੱਪਰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਵੱਸਿਆ ਕੀ ਹੈ ਤੇ ਬਾਹਰ ਦਿੱਸਦਾ ਕੀ ਹੈ, ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਬਾਹਰ ਕਿਸ ਰੂਪ ਵਿੱਚ

15/1636

ਹੈ। ਪਿਛਲੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਵੱਸਣ ਦੇ ਨਾਲ ਸਾਨੂੰ ਸਭ ਕੁੱਝ ਬ੍ਰਹਮ ਨਜ਼ਰ ਆਉਂਦਾ ਹੈ। ਇਸ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਸਾਡੇ ਅੰਦਰ ਹਰਿ ਨਾਮ ਵੱਸਣ ਨਾਲ ਸਭ ਕੁੱਝ ਭਾਵ ਹਰ ਵਸਤੂ ਸਾਨੂੰ “ਬ੍ਰਹਮ ਗਿਆਨ” ਨਜ਼ਰ ਆਉਂਦੀ ਹੈ। ਹੁਣ ਧਿਆਨ ਨਾਲ ਸਮਝੋ ਕਿ “ਬ੍ਰਹਮ” ਵਿੱਚ ਤੇ “ਬ੍ਰਹਮ ਗਿਆਨ” ਵਿੱਚ ਕੀ ਫ਼ਰਕ ਹੈ। ਗੁਰਬਾਣੀ ਦੇ ਸਮਝਾਉਣ ਵੱਲੋਂ ਤੇ ਕੋਈ ਕਸਰ ਨਹੀਂ ਹੈ ਭਾਵ ਪ੍ਰਮਾਤਮਾ ਨੂੰ ਬੜੇ ਸਪੱਸ਼ਟ ਤਰੀਕੇ ਨਾਲ “ਬ੍ਰਹਮ ਗਿਆਨ” ਕਹਿ ਕੇ ਸਮਝਾਇਆ ਹੈ ਪਰ ਫਿਰ ਵੀ ਜਿਹੜੇ ਪ੍ਰਮਾਤਮਾ ਨੂੰ ਜਾਨਣ ਦਾ ਦਾਅਵਾ ਕਰਦੇ ਹਨ ਉਹ ਉਸਦੇ ਸਰਗੁਣ ਸਰੂਪ ਦੇ ਦਰਸ਼ਨ ਦੀਆਂ ਗੱਲਾਂ ਕਰਦੇ ਹਨ। ਉਸ ਬ੍ਰਹਮਗਿਆਨੀ ਦੀ ਤਾਂ ਸੋਝੀ ਕਿਸੇ ਨੂੰ ਨਹੀਂ ਪਈ ਪਰ ਆਪਣੇ ਆਪ ਨੂੰ ਬ੍ਰਹਮਗਿਆਨੀ ਜ਼ਰੂਰ ਸਮਝਦੇ ਹਨ। ਉੱਪਰ ਸ਼ਬਦ ਰਾਹੀਂ ਹੁਣ ਇਹ ਵੀ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਨਾਮ ਦਾ ਵੱਸਣਾ ਕੀ ਹੈ। ਜੇਕਰ ਨਾਮ ਦੇ ਵੱਸਣ ਨਾਲ ਸਾਨੂੰ ਬਾਹਰ ਸਭ ਕੁੱਝ ਬ੍ਰਹਮ ਗਿਆਨ ਨਜ਼ਰ ਆਉਂਦਾ ਹੈ ਤਾਂ ਫਿਰ ਨਾਮ ਕੀ ਹੋਇਆ, ਨਾਮ ਦਾ ਵੱਸਣਾ ਕੀ ਹੋਇਆ? ਜੋ ਸਾਡੇ ਅੰਦਰ ਹੈ ਉਹੀ ਬਾਹਰ ਹੈ। ਜੇਕਰ ਬਾਹਰ ਸਭ ਬ੍ਰਹਮਗਿਆਨ ਹੈ ਫਿਰ ਸਾਡੇ ਅੰਦਰ ਵੀ ਬ੍ਰਹਮ ਗਿਆਨ ਹੀ ਹੈ। ਨਾਮ ਹੀ ਬ੍ਰਹਮਗਿਆਨ ਹੈ ਜੋ ਸਭ ਜਗ੍ਹਾ ਪਸਰਿਆ ਹੋਇਆ ਹੈ। ਇਸੇ ਲਈ ਬਾਣੀ ਵਿੱਚ ਸਾਨੂੰ ਸਮਝਾਇਆ ਹੈ ਕਿ ਸਭ ਕੁੱਝ ਨਾਮ ਹੀ ਹੈ ਭਾਵ ਪ੍ਰਮਾਤਮਾ ਆਪ ਹੀ ਹੈ। ਸਭ ਕੁੱਝ ਬ੍ਰਹਮਗਿਆਨ ਹੈ ਜੋ ਕਿ ਪ੍ਰਮਾਤਮਾ ਆਪ ਹੈ।

{ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥੫॥}

(ਅੰਗ ੨੮੪)

ਸਭ ਕੁੱਝ ਪ੍ਰਮਾਤਮਾ ਦਾ ਬਣਾਇਆ ਹੋਇਆ, ਰਚਿਆ ਹੋਇਆ ਹੈ। ਉੱਪਰ ਵਾਲੇ ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝੋ ਤੇ ਖਾਸ ਕਰਕੇ ਇੱਕ ਅੱਖਰ ਨੂੰ ਨਾਮ ਸਮਝਣ ਵਾਲਿਆਂ ਨੂੰ ਬੇਨਤੀ ਹੈ ਕਿ ਉਪਰਲੀਆਂ ਪੰਗਤੀਆਂ ਨੂੰ ਸਮਝ ਕੇ ਆਪਣੀ ਭੁੱਲ ਨੂੰ ਸੁਧਾਰੋ ਤੇ ਜਿੰਨ੍ਹਾਂ ਨੂੰ ਹੁਣ ਤੱਕ ਭੁਲਾਉਂਦੇ ਆਏ ਹਾਂ ਉਨ੍ਹਾਂ ਨੂੰ ਵੀ ਭੁੱਲ ਵਿੱਚੋਂ ਕੱਢਣ ਦਾ ਉਪਰਾਲਾ ਕਰੀਏ।

15/1637

ਜਿਸਨੂੰ ਪ੍ਰਮਾਤਮਾ ਆਪਣੇ ਨਾਮ ਨਾਲ ਜੋੜਦਾ ਹੈ ਭਾਵ ਜਿਸ ਤੇ ਉਹ ਆਪਣੀ ਕ੍ਰਿਪਾ ਕਰ ਕੇ ਆਪਣੇ ਨਾਲ ਜੋੜਦਾ ਹੈ ਉਸਨੂੰ ਆਪਣੇ ਚੌਥੇ ਪਦ ਵਿੱਚ ਮਿਲਾਉਂਦਾ ਹੈ, ਬ੍ਰਹਮ ਗਿਆਨ ਵਿੱਚ ਮਿਲਾਉਂਦਾ ਹੈ ਜਿਸ ਦੁਆਰਾ ਮਨੁੱਖ ਦੀ ਗਤੀ ਹੁੰਦੀ ਹੈ, ਸੰਸਾਰ ਦੇ ਆਵਾਗਉਣ ਵਿੱਚੋਂ ਮੁਕਤੀ ਹੁੰਦੀ ਹੈ। ਮੁਕਤੀ ਸਾਡੀ ਅਗਿਆਨਤਾ ਦੇ ਬੰਧਨ ਤੋਂ ਹੀ ਹੁੰਦੀ ਹੈ, ਹਉਮੈ ਦੇ ਬੰਧਨ ਤੋਂ ਹੀ ਹੁੰਦੀ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ, ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਅਸੀਂ ਮੁਕਤ ਨਹੀਂ ਹਾਂ। ਮੁਕਤੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਹੈ, ਨਾਮ ਦੀ ਪ੍ਰਾਪਤੀ ਦੁਆਰਾ ਹੀ ਹੈ। ਨਾਮ ਦਾ ਪਦ ਭਾਵ ਚੌਥੇ ਪਦ ਦਾ ਗਿਆਨ ਸਾਨੂੰ ਹਉਮੈ ਵਿੱਚੋਂ ਕੱਢਦਾ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਅਸੀਂ ਕਦੇ ਵੀ ਨਾਮ ਨਾਲ ਜੁੜੇ ਹੋਏ ਨਹੀਂ ਹਾਂ ਭਾਵ ਸੱਚੇ ਗਿਆਨ

ਨਾਲ ਜੁੜੇ ਹੋਏ ਨਹੀਂ ਹਾਂ। ਮੁਕਤੀ ਸਾਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਦੁਆਰਾ ਹੀ ਮਿਲਣੀ ਹੈ। ਬ੍ਰਹਮਗਿਆਨ ਦੀ ਪ੍ਰਾਪਤੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਸ ਦੁਆਰਾ ਸਭ ਜਗ੍ਹਾ ਉਹ ਬ੍ਰਹਮਗਿਆਨ ਹੀ ਨਜ਼ਰ ਆਉਂਦਾ ਹੈ ਜੋ ਕਿ ਬ੍ਰਹਮ ਗਿਆਨ ਦਾ ਦਾਤਾ ਹੈ। ਬ੍ਰਹਮਗਿਆਨੀ ਬ੍ਰਹਮ ਗਿਆਨ ਦੇਣ ਵਾਲਾ ਹੈ ਨਾ ਕਿ ਬ੍ਰਹਮ ਗਿਆਨ ਲੈਣ ਵਾਲਾ।

{ਬ੍ਰਹਮ ਗਿਆਨੀ ਆਪਿ ਨਿਰੰਕਾਰੁ॥}

(ਅੰਗ ੨੭੪)

ਜਿੰਨ੍ਹਾਂ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋਈ ਹੈ, ਜਿੰਨ੍ਹਾਂ ਨੇ ਬ੍ਰਹਮ ਗਿਆਨ ਉਚਾਰਿਆ ਹੈ, ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਬ੍ਰਹਮ ਗਿਆਨੀ ਪ੍ਰਮਾਤਮਾ ਨੂੰ ਕਿਹਾ ਹੈ, ਬ੍ਰਹਮ ਗਿਆਨ ਦੇ ਬੋਲ ਪ੍ਰਮਾਤਮਾ ਦੇ ਬੋਲ ਕਹੇ ਹਨ। ਆਪਣੇ ਆਪ ਨੂੰ ਬ੍ਰਹਮ ਗਿਆਨੀ ਉਹੋ ਹੀ ਕਹਿ ਸਕਦਾ ਹੈ ਜਿਸਨੂੰ ਉਸ ਬ੍ਰਹਮ ਗਿਆਨੀ ਦੇ ਦਰਸ਼ਨ ਨਹੀਂ ਹੋਏ। ਬ੍ਰਹਮਗਿਆਨੀ ਦੇ ਦਰਸ਼ਨਾਂ ਦੁਆਰਾ ਹੀ ਸਾਨੂੰ ਬ੍ਰਹਮ ਗਿਆਨ ਦੇ ਦਰਸ਼ਨ ਹੁੰਦੇ ਹਨ ਭਾਵ ਗੁਰਬਾਣੀ ਦੇ ਦਰਸ਼ਨ ਹੁੰਦੇ ਹਨ। ਗੁਰਬਾਣੀ ਭਾਵ ਉਸ ਬ੍ਰਹਮ ਗਿਆਨੀ ਦਾ ਦਿੱਤਾ ਹੋਇਆ ਬ੍ਰਹਮ ਗਿਆਨ ਹੀ ਸਾਨੂੰ ਇਹ ਸਮਝਾਉਂਦਾ ਹੈ ਕਿ ਇੱਕ ਅੱਖਰ ਨੂੰ ਜਪੀ ਜਾਣਾ ਭਾਵ ਉਸਨੂੰ ਨਾਮ ਕਹਿ ਕੇ ਜਪੀ ਜਾਣਾ ਕੇਵਲ ਮਨਮੁੱਖਤਾ ਹੈ ਤੇ ਬ੍ਰਹਮ ਗਿਆਨੀ ਅਖਵਾਉਣ ਵਾਲੇ ਅੱਖਰ ਦੇ ਜਪ ਨੂੰ ਹੀ ਨਾਮ ਜਪਣਾ ਕਹਿੰਦੇ ਹਨ ਤੇ ਇਸੇ ਗੱਲ ਦਾ ਪ੍ਰਚਾਰ ਕਰਦੇ ਹਨ। ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਨਾਲ ਗੁਰਬਾਣੀ ਦੀ ਸੋਝੀ ਭਾਵ ਸੱਚੀ ਸੋਝੀ ਹੀ ਪੈਂਦੀ ਹੈ, ਉਸਦੀ ਪੂਰਨ ਸੋਝੀ ਹੀ ਪੈਂਦੀ ਹੈ ਕਿਉਂਕਿ ਬ੍ਰਹਮ ਗਿਆਨ ਵਿੱਚ ਤੇ ਗੁਰਬਾਣੀ ਵਿੱਚ ਕੋਈ ਭੇਦ ਨਹੀਂ ਹੈ। ਹੇਠ ਦਿੱਤੀ ਪੰਗਤੀ ਨੂੰ ਵਿਚਾਰੋ ਤੇ ਸਮਝੋ ਕਿ ਬ੍ਰਹਮ ਗਿਆਨੀ ਕੌਣ ਹੈ।

{ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥}

(ਅੰਗ ੨੭੩)

15/1638

ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਹੀ ਹੈ ਦੂਸਰਾ ਨਹੀਂ ਹੋ ਸਕਦਾ। ਜੋ ਆਪਣੇ ਆਪ ਨੂੰ ਬ੍ਰਹਮ ਗਿਆਨੀ ਅਖਵਾਉਂਦੇ ਹਨ ਕੀ ਉਨ੍ਹਾਂ ਨੇ ਆਪ ਸ੍ਰਿਸ਼ਟੀ ਰਚੀ ਹੈ।ਜੋ ਪੈਦਾ ਹੀ ਸ੍ਰਿਸ਼ਟੀ ਵਿੱਚ ਹੋਏ ਹਨ ਉਨ੍ਹਾਂ ਨੇ ਫਿਰ ਕਿਹੜੀ ਸ੍ਰਿਸ਼ਟੀ ਰਚੀ ਹੈ।ਬ੍ਰਹਮ ਗਿਆਨੀ ਨਿਰਗੁਣ ਰੂਪ ਹੈ ਕੋਈ ਦੇਹ ਰੂਪ ਨਹੀਂ ਹੈ। ਬ੍ਰਹਮ ਗਿਆਨੀ ਸਾਡਾ ਮਨ ਹੈ, ਸਾਡੇ ਅੰਦਰ ਦੀ ਜੋਤਿ ਹੈ ਜੋ ਸਭ ਵਿੱਚ ਵਰਤ ਰਿਹਾ ਹੈ।ਗੁਰਬਾਣੀ ਵਿੱਚ ਇਸ ਜੋਤਿ ਸਰੂਪ ਨੂੰ ਹੀ ਬ੍ਰਹਮ ਗਿਆਨੀ ਕਿਹਾ ਹੈ। ਮਨੁੱਖੀ ਦੇਹ ਕੇਵਲ ਉਸ ਜੋਤਿ ਸਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ ਪਰ ਆਪ ਬ੍ਰਹਮ ਗਿਆਨੀ ਨਹੀਂ ਹੈ। ਇਸ ਸਰੀਰ ਦੀ ਆਪਣੀ ਕੋਈ ਮਹਿਮਾ ਨਹੀਂ ਹੈ ਭਾਵ ਇਹ ਦੇਹ ਕੋਈ ਆਪ ਉੱਚੀ ਨਹੀਂ ਹੈ। ਉੱਚਾ ਮਨ ਦਾ ਗਿਆਨ ਹੈ, ਬ੍ਰਹਮ ਗਿਆਨ ਹੈ,ਆਪ ਨਾਮ ਹੈ। ਬ੍ਰਹਮ ਗਿਆਨ ਨੂੰ ਉੱਚਾ ਕਰਨਾ ਪ੍ਰਮਾਤਮਾ ਨੂੰ ਉੱਚਾ ਕਰਨਾ ਹੈ, ਨਾਮ ਉੱਚਾ ਕਰਨਾ ਹੈ,ਨਾਮ ਨੂੰ ਵਡਿਆਈ ਦੇਣਾ ਹੈ। ਦੇਹ ਨੂੰ ਉੱਚਾ ਕਰਨਾ ਜਾਂ ਸਮਝਣਾ ‘‘ਮੈਂ’’ ਨੂੰ ਉੱਚਾ ਕਰਨਾ ਹੈ ਤੇ ਬ੍ਰਹਮ ਗਿਆਨ ਨੂੰ ਉੱਚਾ ਕਰਨਾ ‘‘ਤੂੰ’’ ਨੂੰ ਉੱਚਾ ਕਰਨਾ ਹੈ। ਗੁਰਬਾਣੀ ਉਚਾਰਨ ਵਾਲਿਆਂ ਨੇ ਤੂੰ ਨੂੰ ਉੱਚਾ ਕੀਤਾ ਹੈ।ਬ੍ਰਹਮ ਗਿਆਨ ਨੂੰ ਆਪਣੇ ਅੰਦਰ ਕੋਈ ਆਪ ਪ੍ਰਗਟ ਨਹੀਂ ਕਰ ਸਕਦਾ। ਦੇਹ ਤਾਂ ਵੱਡੀ ਹੋ ਸਕਦੀ ਹੈ ਜੇਕਰ ਉਹ ਆਪ ਆਪਣੇ ਅੰਦਰ ਬ੍ਰਹਮ ਗਿਆਨ ਨੂੰ ਪ੍ਰਗਟ ਕਰ ਸਕੇ। ਬ੍ਰਹਮ ਗਿਆਨ ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਦੇਹ ਕੇਵਲ ਉਸਦੀ ਬਣਾਈ ਹੋਈ ਇੱਕ ਮਿੱਟੀ ਦਾ ਘਾੜਤ ਹੈ, ਪੰਜਾਂ ਤੱਤਾਂ ਦੀ ਘਾੜਤ ਹੈ, ਬ੍ਰਹਮ ਗਿਆਨ ਦੀ ਘਾੜਤ ਹੈ। ਵੱਡਾ ਉਹ ਆਪ ਹੀ ਹੈ, ਦੇਹ ਨਹੀਂ ਹੈ। ਸਾਨੂੰ ਨਜ਼ਰ ਦੇਹ ਹੀ ਆਉਂਦੀ ਹੈ ਪਰ ਅੰਦਰ ਦਾ ਗਿਆਨ ਨਜ਼ਰ ਨਹੀਂ ਆਉਂਦਾ ਤੇ ਇਸੇ ਲਈ ਅਸੀਂ ਦੇਹ ਨੂੰ ਵੱਡਾ ਸਮਝਦੇ ਹਾਂ। ਦੇਹ ਉਹ ਅੱਛੀ ਹੈ, ਦੇਹ ਸਰੂਪ ਉਹ ਅੱਛਾ ਹੈ, ਦੇਹ ਉਹ ਮਾਨਯੋਗ ਹੈ, ਉਸਤਤਿ ਯੋਗ ਹੈ ਜੋ ਆਪਣੇ ਅੰਦਰ ਦੀ ਜੋਤਿ ਨੂੰ ਉੱਚਾ ਕਰਦੀ ਹੈ ਜਿਵੇਂ ਕਿ ਬਾਣੀ ਉਚਾਰਨ ਵਾਲਿਆਂ ਨੇ ਕੀਤਾ ਹੈ।ਬ੍ਰਹਮ ਗਿਆਨ ਸਾਨੂੰ ਸੱਚੀ ਸਿੱਖਿਆ ਦੇਣ ਲਈ ਹੈ ਤੇ ਜੋ ਉਸਦੀ ਸਿੱਖਿਆ ਨੂੰ ਉੱਚੀ ਕਰਦਾ ਹੈ ਉਹ ਪ੍ਰਮਾਤਮਾ ਨੂੰ ਉੱਚਾ ਕਰਦਾ ਹੈ।ਗੁਰੂ ਦੀ ਸੱਚੀ ਸਿੱਖਿਆ ਦਾ ਮਾਣ ਕਰਨਾ ਗੁਰੂ ਪ੍ਰਮਾਤਮਾ ਦਾ ਮਾਣ ਕਰਨਾ ਹੈ।ਇਹੋ ਜਿਹਾ ਗੁਰੂ ਪ੍ਰਮਾਤਮਾ ਦਾ ਮਾਣ ਕਰਨ ਨਾਲ ਜੇਕਰ ਕਿਸੇ ਦੇਹ ਨੂੰ ਮਾਣ ਮਿਲਦਾ ਹੈ ਉਹ ਅਸਲ ਵਿੱਚ ਗੁਰੂ ਦਾ ਮਾਣ ਕਰਨ ਵਾਲੀ ਗੱਲ ਹੀ ਹੈ।ਸੱਚ ਦਾ ਮਾਣ ਗੁਰੂ ਦਾ ਮਾਣ ਹੈ ਭਾਵੇਂ ਉਹ ਸੱਚ ਜਿਸ ਮਰਜ਼ੀ ਦੇਹ ਨਾਲ ਕੀਤਾ ਜਾਵੇ।ਸੱਚ ਦਾ ਮਾਣ ਸਾਰੀ ਦੁਨੀਆਂ ਵਿੱਚ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਸੇ ਵੀ ਧਰਮ ਵਿੱਚ ਆਸਥਾ ਰੱਖਦਾ ਹੋਵੇ।ਜੋ ਮਨੁੱਖ ਸੱਚ ਤੇ ਚੱਲਦਾ ਹੈ ਭਾਵ

ਗੁਰੂ ਦੇ ਦੱਸੇ ਹੋਏ ਸੱਚ ਤੇ ਚੱਲਦਾ ਹੈ ਉਸਨੂੰ ਮਾਣ ਦੇਣਾ ਗੁਰੂ ਨੂੰ ਮਾਣ ਦੇਣਾ ਹੈ, ਗੁਰੂ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ। ਸੱਚ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ ਤੇ ਇਹੀ ਉਸ ਗੁਰੂ ਪ੍ਰਮਾਤਮਾ ਦੀ ਸੱਚੀ ਵਡਿਆਈ ਹੈ ਜੋ ਸਾਰੀ ਸ੍ਰਿਸ਼ਟੀ ਲਈ ਇੱਕੋ ਜਿਹੀ ਹੈ। ਬ੍ਰਹਮ ਗਿਆਨ ਸਾਨੂੰ ਸੱਚ ਹੀ ਸਮਝਾਉਂਦਾ ਹੈ ਤੇ

15/1639

ਸੱਚ ਨੂੰ ਉੱਚਾ ਕਰਨਾ ਉਸ ਪ੍ਰਮਾਤਮਾ ਦੀ ਵਡਿਆਈ ਹੈ। ਅਸਲ ਵਿੱਚ ਪ੍ਰਮਾਤਮਾ ਹੈ ਹੀ ਸੱਚ ਤੇ ਇਸਦੀ ਸੋਝੀ ਬ੍ਰਹਮਗਿਆਨ ਦੁਆਰਾ ਹੀ ਪੈਂਦੀ ਹੈ, ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ। ਇਸ ਮਨ ਨੂੰ ਜਾਣੇ ਬਿਨ੍ਹਾਂ ਉਸ ਸੱਚੇ ਬ੍ਰਹਮਗਿਆਨੀ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਕੋਈ ਨਹੀਂ ਜਾਣ ਸਕਦਾ।

ਬ੍ਰਹਮਗਿਆਨ ਆਪ ਪ੍ਰਮਾਤਮਾ ਹੈ, ਬ੍ਰਹਮ ਗਿਆਨ ਨਾਮ ਹੈ। ਆਓ ਇਸੇ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ ਤਾਂ ਜੋ ਅਸੀਂ ਉਹੋ ਜਿਹਾ ਨਾਮ ਜਪੀਏ ਜੋ ਸਾਨੂੰ ਗੁਰਬਾਣੀ ਸਮਝਾ ਰਹੀ ਹੈ।

“ਨਿਜ ਪਦ ਊਪਰਿ ਲਾਗੋ ਧਿਆਨੁ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥”

(ਅੰਗ ੧੧੫੯)

ਜੇਕਰ ਸਾਨੂੰ ਗੁਰਬਾਣੀ ਦੇ ਬਚਨਾਂ ਤੇ ਯਕੀਨ ਹੈ ਤਾਂ ਫਿਰ ਉਪਰਲੀ ਪੰਗਤੀ ਰਾਹੀਂ ਕਿਸਨੂੰ ਇਹ ਸਮਝ ਨਹੀਂ ਆਉਂਦੀ ਕਿ ਪ੍ਰਮਾਤਮਾ ਦਾ ਰੂਪ ਕੀ ਹੈ, ਨਾਮ ਕੀ ਹੈ। ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਨਾਮ ਤੇ ਪ੍ਰਮਾਤਮਾ ਇੱਕ ਹੀ ਗੱਲ ਹੈ ਜਿਵੇਂ ਕਿ ਪਹਿਲਾਂ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਬ੍ਰਹਮਗਿਆਨ ਹੀ ਪ੍ਰਮਾਤਮਾ ਹੈ ਤੇ ਬ੍ਰਹਮਗਿਆਨ ਹੀ ਨਾਮ ਹੈ। ਬ੍ਰਹਮਗਿਆਨ ਹੀ ਗੁਰਮਤਿ ਹੈ ਭਾਵ ਨਾਮ ਦੀ ਸਿੱਖਿਆ ਹੈ। ਪੂਰੀ ਗੁਰਬਾਣੀ ਬ੍ਰਹਮਗਿਆਨ ਹੈ ਤੇ ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਰੂਪ ਹੈ।

{ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥}

(ਅੰਗ ੩੯)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ ੧੨੩੯)

{ਲਿਖੁ ਲੇਖਣਿ ਕਾਗਦਿ ਮਸਵਾਣੀ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥}

(ਅੰਗ ੧੮੫)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਬ੍ਰਹਮਗਿਆਨ ਨੂੰ ਹੀ ਨਾਮ ਕਿਹਾ ਹੈ, ਆਪ ਪ੍ਰਮਾਤਮਾ ਕਿਹਾ ਹੈ। **(ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ ਰਹਾਉ॥)**

ਜਿੰਨ੍ਹਾਂ ਨੂੰ ਨਿਜ ਪਦ ਦੀ ਪ੍ਰਾਪਤੀ ਹੋਈ ਹੈ ਭਾਵ ਜਿਨ੍ਹਾਂ ਦਾ ਨਿਜ ਘਰ ਵਿੱਚ ਵਾਸਾ ਹੋਇਆ ਹੈ, ਜਿਨ੍ਹਾਂ ਦਾ ਚੌਥੇ ਪਦ ਵਿੱਚ ਵਾਸਾ ਹੋਇਆ ਹੈ ਉਨ੍ਹਾਂ ਦਾ ਉਸ ਪ੍ਰਮਾਤਮਾ ਦੇ ਨਾਲ ਧਿਆਨ ਜੁੜਿਆ ਹੈ। ਪ੍ਰਮਾਤਮਾ ਦੇ ਨਾਲ ਧਿਆਨ ਜੁੜਨਾ ਕੀ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਧਿਆਨ ਸਾਡਾ ਬ੍ਰਹਮਗਿਆਨ ਨਾਲ ਹੀ ਜੁੜਦਾ ਹੈ। ਨਿਜ ਪਦ ਦੀ ਪ੍ਰਾਪਤੀ ਤੋਂ ਬਾਅਦ, ਚੌਥੇ ਪਦ ਦੀ ਪ੍ਰਾਪਤੀ ਤੋਂ ਬਾਅਦ ਸਾਡਾ ਧਿਆਨ ਬ੍ਰਹਮਗਿਆਨ ਦੇ ਨਾਲ ਹੀ ਜੁੜਿਆ ਰਹਿੰਦਾ

ਹੈ ਭਾਵ ਪ੍ਰਮਾਤਮਾ ਦੇ ਨਾਲ ਹੀ ਜੁੜਿਆ ਰਹਿੰਦਾ ਹੈ, ਨਾਮ ਦੇ ਨਾਲ ਹੀ ਜੁੜਿਆ ਰਹਿੰਦਾ ਹੈ, ਸੱਚੇ ਗਿਆਨ ਦੇ ਨਾਲ ਹੀ ਜੁੜਿਆ ਰਹਿੰਦਾ ਹੈ ਤੇ ਉਸ ਤੋਂ ਬਾਅਦ ਹੀ ਬ੍ਰਹਮਗਿਆਨ ਬਾਹਰ ਅੱਖਰੀ ਰੂਪ ਵਿੱਚ ਆਉਂਦਾ ਹੈ। ਪਹਿਲੇ ਇਹ ਗਿਆਨ ਉਸ ਇੱਕ ਅੱਖਰ ਕੋਲੋਂ ਭਾਵ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਮਿਲਦਾ ਹੈ, ਨਿਰਗੁਣ ਰੂਪ ਵਿੱਚ ਮਿਲਦਾ ਹੈ ਤੇ ਬਾਹਰ ਦੇ ਅੱਖਰਾਂ ਰਾਹੀਂ ਸਰਗੁਣ ਰੂਪ ਵਿੱਚ ਪ੍ਰਗਟ ਹੁੰਦਾ ਹੈ ਤੇ ਜਿਵੇਂ ਕਿ ਪੂਰੀ ਬਾਣੀ ਵਿੱਚ ਇਹ ਸ਼ਬਦਾਂ ਰਾਹੀਂ ਪ੍ਰਗਟ ਹੈ। ਹਰ ਸਰਗੁਣ ਰੂਪ ਅੱਖਰ ਦਾ ਦਾਤਾ ਆਪ ਪ੍ਰਮਾਤਮਾ ਹੈ, ਉਹ ਇੱਕ ਅੱਖਰ ਹੈ। ਜਦ ਤੱਕ ਉਹ ਇਕ ਅੱਖਰ ਸਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਤਦ ਤੱਕ ਸਾਡੇ ਮਨ ਦਾ ਗਿਆਨ ਤ੍ਰੈਗੁਣੀ ਗਿਆਨ ਹੈ ਜੋ ਕਿ ਉਸਦੇ ਕੋਲੋਂ ਹੀ ਆਉਂਦਾ ਹੈ ਪਰ ਉਸਦੇ ਨਾਲ ਅਸੀਂ ਦੁਚਿੱਤੀ ਵਿੱਚ ਹੀ ਰਹਿੰਦੇ ਹਾਂ। ਸਾਡੇ ਅੰਦਰ ਪ੍ਰਮਾਤਮਾ ਬ੍ਰਹਮਗਿਆਨ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਜੋ ਕਿ ਸਾਡੀ ਸਹਜ ਵਾਲੀ ਅਵੱਸਥਾ ਬਣ ਜਾਂਦੀ ਹੈ ਜਿਸ ਨਾਲ ਸਾਡੀ ਦੁਚਿੱਤੀ, ਦੁਬਿਧਾ ਦੂਰ ਹੋ ਜਾਂਦੀ ਹੈ। ਜਿੰਨ੍ਹਾਂ ਨੇ ਬ੍ਰਹਮਗਿਆਨ ਉਚਾਰਿਆ ਹੈ ਇਸੇ ਲਈ ਉਹ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਕਿਉਂਕਿ ਉਹ ਦੁਬਿਧਾ ਰਹਿਤ ਹੈ। ਰਾਮ ਨਾਮ ਦੁਬਿਧਾ ਰਹਿਤ ਹੈ ਕਿਉਂਕਿ ਇਹ ਬ੍ਰਹਮਗਿਆਨ ਹੈ। ਪ੍ਰਮਾਤਮਾ ਦੇ ਨਾਲ ਕੋਈ ਇੱਕਮਿਕ ਇਸ ਬ੍ਰਹਮਗਿਆਨ ਨਾਲ ਹੁੰਦਾ ਹੈ ਭਾਵ ਮਨ ਦੀ ਸੱਚੀ ਸੋਝੀ ਦੇ ਨਾਲ ਹੁੰਦਾ ਹੈ ਜੋ ਸਾਨੂੰ ਗੁਰਮਤਿ ਨੂੰ ਸਮਝਣ ਦੀ ਹਰ ਦੁਚਿੱਤੀ ਵਿੱਚੋਂ ਕੱਢ ਲੈਂਦਾ ਹੈ। ਜਿਸਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੁੰਦੀ ਹੈ ਉਹ ਫਿਰ ਕਦੇ ਦਿਖਾਵੇ ਵਾਲੀ ਭਗਤੀ ਨਹੀਂ ਕਰ ਸਕਦਾ, ਕਦੇ ਸਰੀਰਕ ਜਪਾਂ ਤਪਾਂ ਵਾਲੀ ਭਗਤੀ ਨਹੀਂ ਕਰ ਸਕਦਾ, ਕਥਨੀ ਨੂੰ ਭਗਤੀ ਨਹੀਂ ਸਮਝ ਸਕਦਾ ਕਿਉਂਕਿ ਸਾਨੂੰ ਗੁਰਮਤਿ ਇਹ ਕੁੱਝ ਨਹੀਂ ਸਿਖਾਉਂਦੀ। ਕਥਨੀ ਕੇਵਲ ਗੁਰੂ ਦੀ ਗੱਲ ਨੂੰ

ਸਮਝਣ ਲਈ ਹੈ, ਭਗਤੀ ਨੂੰ ਸਮਝਣ ਲਈ ਹੈ, ਨਾਮ ਨੂੰ ਸਮਝਣ ਲਈ ਹੈ ਜਦ ਕਿ ਭਗਤੀ ਸਾਡਾ ਅਸਲੀ ਜੀਵਨ ਹੈ ਜਿਸ ਲਈ ਕਿਸੇ ਦਿਖਾਵਿਆਂ ਦੀ ਲੋੜ ਨਹੀਂ, ਵੱਡੇ ਵੱਡੇ ਬਾਣਿਆਂ ਦੀ ਲੋੜ ਨਹੀਂ। ਭਗਤੀ ਆਪਣੇ ਆਪ ਵਿੱਚ ਹੀ ਸਾਡਾ ਇੱਕ ਸਾਦਾ ਜੀਵਨ ਹੈ, ਸੱਚਾ ਸੁੱਚਾ ਜੀਵਨ ਹੈ, ਸੱਚੀ ਸੁੱਚੀ ਕਿਰਤ ਹੈ ਜਿਸ ਲਈ ਸਾਨੂੰ ਕਿਸੇ ਕੋਲੋਂ ਕੋਈ ਪ੍ਰਮਾਣ ਪੱਤਰ ਲੈਣ ਦੀ ਲੋੜ ਨਹੀਂ ਹੈ, ਕਿਸੇ ਦੁਨਿਆਵੀ ਵਡਿਆਈਆਂ ਦੀ ਲੋੜ ਨਹੀਂ ਹੈ। ਸੱਚ ਦੀ ਸ਼ਲਾਘਾ ਹਰ ਕੋਈ ਸਮਝ ਸਕਦਾ ਹੈ। ਜੋ ਕੋਈ ਵੀ ਸੱਚ ਦੇ ਉੱਪਰ ਚੱਲਦਾ ਹੈ ਉਹ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਤੇ ਪ੍ਰਮਾਤਮਾ ਦੇ ਘਰ ਤੋਂ ਵਡਿਆਈ ਪਾਉਂਦਾ ਹੈ। ਸੱਚ ਦੇ ਮਾਰਗ ਤੇ ਚੱਲ ਕੇ ਭਾਵ ਉਹ ਸੱਚ, ਉਹ ਨਾਮ ਜੋ ਗੁਰਮਤਿ ਸਾਨੂੰ ਸਿਖਾਉਂਦੀ ਹੈ ਜੇ ਕੋਈ ਸਾਨੂੰ ਵਡਿਆਈ ਦਿੰਦਾ ਹੈ ਜੋ ਕਿ ਉਸਦੇ ਭਗਤਾਂ ਨੂੰ, ਗੁਰੂ ਸਾਹਿਬਾਨਾਂ ਨੂੰ ਮਿਲੀਆਂ ਹਨ ਤਾਂ ਫਿਰ ਇਹ ਸਾਡੀ ਸੱਚੀ ਵਡਿਆਈ ਹੈ। ਸੱਚ ਦੀ ਵਡਿਆਈ ਅਸਲ ਵਿੱਚ ਗੁਰੂ ਪ੍ਰਮਾਤਮਾ ਦੀ ਹੀ ਵਡਿਆਈ ਹੈ। ਕਥਨੀ ਦੁਆਰਾ ਦਿਖਾਵੇ ਦੀਆਂ

15/1641

ਵਡਿਆਈਆਂ ਲੈਣੀਆਂ ਨਿਰੀਆਂ ਝੂਠੀਆਂ ਵਡਿਆਈਆਂ ਹਨ ਜੋ ਅਸਲ ਵਿੱਚ ਹਰ ਇੱਕ ਨੂੰ ਚੰਗੀਆਂ ਲੱਗਦੀਆਂ ਹਨ। ਜੋ ਸਾਨੂੰ ਇਹੋ ਜਿਹੀਆਂ ਵਡਿਆਈਆਂ ਮਿਲਦੀਆਂ ਹਨ ਇਹ ਸਾਡੀ ਹਉਮੈ ਹੀ ਵਧਾਉਂਦੀਆਂ ਹਨ, ਸਾਨੂੰ ਸਮਾਜ ਵਿੱਚ ਵੱਡਾ ਰੁਤਬਾ ਮਿਲਦਾ ਹੈ ਤੇ ਅਸੀਂ ਇਨ੍ਹਾਂ ਵਿੱਚ ਹੋਰ ਫੱਸਦੇ ਜਾਂਦੇ ਹਾਂ। ਹਉਮੈ ਵੱਧਣ ਨਾਲ ਸਾਡੀ ਨਾਮ ਤੋਂ ਦੂਰੀ ਹੋਰ ਵੱਧਦੀ ਹੈ, ਪ੍ਰਮਾਤਮਾ ਦੇ ਨਾਲ, ਨਾਮ ਦੇ ਨਾਲ ਸਾਡਾ ਵਿਰੋਧ ਹੋਰ ਵੱਧਦਾ ਹੈ ਕਿਉਂਕਿ ਇਹ ਆਪਣਾ ਗੁਰਬਾਣੀ ਦਾ ਫੁਰਮਾਨ ਹੈ। ਜਦ ਤੱਕ ਸਾਨੂੰ ਨਾਮ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਅਸੀਂ ਨਾਮ ਜਪ ਵੀ ਨਹੀਂ ਸਕਦੇ। ਨਾਮ ਬ੍ਰਹਮਗਿਆਨ ਹੈ ਤੇ ਅਸੀਂ ਬ੍ਰਹਮਗਿਆਨ ਨੂੰ ਹੀ ਜਪਣਾ ਹੈ। ਪੂਰੀ ਗੁਰਬਾਣੀ ਨਾਮ ਹੈ, ਬ੍ਰਹਮਗਿਆਨ ਹੈ, ਆਪ ਪ੍ਰਮਾਤਮਾ ਹੈ ਤੇ ਇਸੇ ਨੂੰ ਹੀ ਅਸੀਂ ਜਪਣਾ ਹੈ। ਬ੍ਰਹਮਗਿਆਨ ਦੀ ਪ੍ਰਾਪਤੀ ਬ੍ਰਹਮਗਿਆਨ ਦੇ ਰਾਹੀਂ ਹੀ ਹੋਣੀ ਹੈ ਭਾਵ ਬ੍ਰਹਮਗਿਆਨ ਤੇ ਚੱਲ ਕੇ ਹੀ ਹੋਣੀ ਹੈ ਤੇ ਬ੍ਰਹਮਗਿਆਨ ਅਨੁਸਾਰ ਚੱਲਣਾ ਹੀ ਨਾਮ ਜਪਣਾ ਹੈ। ਪੂਰੀ ਗੁਰਬਾਣੀ ਨਾਮ ਹੈ ਤੇ ਗੁਰਬਾਣੀ ਨੇ ਹੀ ਸਾਡੇ ਅੰਦਰ ਆਪਣਾ ਨਾਮ ਵਸਾਉਣਾ ਹੈ। ਵੱਸਣੀ ਸਾਡੇ ਅੰਦਰ ਗੁਰਮਤਿ ਹੀ ਹੈ, ਵੱਸਣਾ ਸਾਡੇ ਅੰਦਰ ਨਾਮ ਹੀ ਹੈ ਪਰ ਜੇਕਰ ਅਸੀਂ ਗੁਰਮਤਿ ਤੋਂ ਭੱਜਾਂਗੇ ਤਾਂ ਫਿਰ ਉਹ ਸਾਡੇ ਅੰਦਰ ਵੱਸ ਕਿਵੇਂ ਸਕਦੀ ਹੈ। ਸਾਡਾ ਨਿਸਤਾਰਾ ਸਾਡੇ ਅੰਦਰ ਗੁਰਮਤਿ ਵਸਣ ਨਾਲ ਹੀ ਹੋਣਾ ਹੈ, ਨਾਮ ਵੱਸਣ ਨਾਲ ਹੀ ਹੋਣਾ ਹੈ, ਬ੍ਰਹਮਗਿਆਨ ਵੱਸਣ ਨਾਲ ਹੀ ਹੋਣਾ ਹੈ ਇਸੇ ਲਈ ਸਾਡੇ ਲਈ ਸਭ ਤੋਂ ਜਰੂਰੀ ਗੱਲ ਬ੍ਰਹਮਗਿਆਨ ਤੇ ਵਿਸ਼ਵਾਸ ਰੱਖਣ ਦੀ ਹੈ ਕਿ ਜੋ ਕੁੱਝ ਸਾਨੂੰ ਬ੍ਰਹਮਗਿਆਨ ਸਮਝਾ ਰਿਹਾ ਹੈ ਕੇਵਲ ਤੇ ਕੇਵਲ ਉਹੀ ਠੀਕ ਹੈ ਤੇ ਉਸ ਤੋਂ ਇਲਾਵਾ ਸਾਡੇ ਲਈ ਕੁੱਝ ਵੀ ਠੀਕ ਨਹੀਂ ਹੈ ਭਾਵੇਂ ਅਸੀਂ ਆਪਣੇ ਮਨ ਵਿੱਚ ਕਿਸੇ ਨੂੰ ਕਿਤਨਾ ਵੀ ਉੱਚਾ ਕਿਉਂ ਨਾ ਸਮਝਿਆ ਹੋਵੇ। ਜਿਸਦੀ ਗੱਲ ਗੁਰਬਾਣੀ ਤੇ ਖਰੀ ਨਹੀਂ ਉਤਰਦੀ ਉਹ ਕਦੇ ਵੀ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਨਹੀਂ ਹੋ ਸਕਦਾ ਤੇ ਜੇ ਅਸੀਂ ਇਹੋ ਜਿਹਾ ਕੁੱਝ ਸਮਝਦੇ ਹਾਂ ਉਹ ਸਾਡੀ ਭੁੱਲ ਹੈ, ਉਲਝਣ ਹੈ, ਅਗਿਆਨਤਾ ਹੈ ਹੋਰ ਕੁੱਝ ਵੀ ਨਹੀਂ। ਬ੍ਰਹਮਗਿਆਨ ਦੀ ਪ੍ਰਾਪਤੀ ਬਹੁਤ ਉੱਚੀ ਗੱਲ ਹੈ ਜਿਸ ਦੁਆਰਾ ਉਸ ਬ੍ਰਹਮਗਿਆਨ ਦੀ ਸੋਝੀ ਪੈਂਦੀ ਹੈ ਜੋ ਸਾਰੀ ਸ੍ਰਿਸ਼ਟੀ ਦੇ ਰਚਣ ਵਾਲਾ ਹੈ ਤੇ ਆਪਣੇ ਬ੍ਰਹਮਗਿਆਨ ਦੁਆਰਾ ਸਭ ਨੂੰ ਚਲਾਉਣ ਵਾਲਾ ਹੈ। ਬ੍ਰਹਮਗਿਆਨ ਸਾਡੀ ਹਉਮੈ ਖ਼ਤਮ ਕਰਨ ਲਈ ਹੈ ਨਾ ਕਿ ਉੱਚੀ ਕਰਨ ਲਈ ਹੈ। **(ਨਿਜ ਪਦ ਊਪਰਿ ਲਾਗੋ ਧਿਆਨੁ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ ਰਹਾਉ॥)**

ਇਹ ਬ੍ਰਹਮਗਿਆਨ ਹੀ ਸਾਡੀ ਸਹਜ ਦੀ ਅਵੱਸਥਾ ਹੈ ਤੇ ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤਾਂ ਜੋ ਸਾਨੂੰ ਸ਼ਬਦ ਦੀ ਪੂਰੀ ਤਰ੍ਹਾਂ

15/1642

ਸੋਝੀ ਪੈ ਸਕੇ ਕਿਉਂਕਿ ਇਹ ਪੂਰਾ ਸ਼ਬਦ ਸਹਜ ਦੇ ਨਾਲ ਜੁੜਿਆ ਹੋਇਆ ਹੈ ਭਾਵ ਸਾਨੂੰ ਸਹਜ ਦੀ ਅਵੱਸਥਾ ਸਮਝਾਉਣ ਲਈ ਉਚਾਰਿਆ ਹੋਇਆ ਹੈ।

“ਸਹਜੇ ਭੋਜਨੁ ਸਹਜੇ ਭਾਉ॥”

(ਅੰਗ - ੨੩੬)

ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਸਹਜ ਭੋਜਨ ਕੀ ਹੈ। ਇਹ ਮਨ ਦਾ ਭੋਜਨ ਹੈ

ਜੋ ਮਨ ਦੇ ਵਿੱਚ ਸਾਨੂੰ ਪ੍ਰਮਾਤਮਾ ਦੇ ਕੋਲੋਂ ਬ੍ਰਹਮਗਿਆਨ ਦੇ ਰੂਪ ਵਿੱਚ ਮਿਲਦਾ ਹੈ, ਪ੍ਰਮਾਤਮਾ ਸਾਡੇ ਅੰਦਰ ਇਸ ਭੋਜਨ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਜੋ ਕਿ ਉਸਦੀ ਸੱਚੀ ਮਤਿ ਦਾ ਭੋਜਨ ਹੈ, ਗੁਰਮਤਿ ਦਾ ਭੋਜਨ ਹੈ, ਗੁਰਬਾਣੀ ਦਾ ਸੱਚਾ ਭੋਜਨ ਹੈ ਜੋ ਸਾਡੇ ਵਿਚਾਰਾਂ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢ ਕੇ ਚੌਥੇ ਪਦ ਦੇ ਨਾਲ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਜੋੜ ਦਿੰਦਾ ਹੈ ਤੇ ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਇਸੇ ਭੋਜਨ ਦੁਆਰਾ ਹੀ ਜੁੜਦਾ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਜੁੜਦਾ ਹੈ ਕਿਉਂਕਿ ਇਸ ਦੀ ਪ੍ਰਾਪਤੀ ਤੋਂ ਬਾਅਦ ਉਹ ਮਨੁੱਖੀ ਸਰੀਰ ਰਾਹੀਂ ਉਹੀ ਕੁੱਝ ਕਰਾਉਂਦਾ ਹੈ ਜੋ ਉਸਨੂੰ ਭਾਉਂਦਾ ਹੈ। ਚੌਥੇ ਪਦ ਦੇ ਵਿਚਾਰ ਉਹ ਵਿਚਾਰ ਹਨ ਜੋ ਵਿਚਾਰ ਉਸਨੂੰ ਭਾਉਂਦੇ ਹਨ, ਜਿਹੋ ਜਿਹੀ ਨੀਅਤ ਉਸਨੂੰ ਭਾਉਂਦੀ ਹੈ। **(ਸਹਜੇ ਭੋਜਨੁ ਸਹਜੇ ਭਾਉ॥)** ਮਨੁੱਖ ਦੀ ਨੀਅਤ ਤਾਂ ਹੀ ਸਾਫ਼ ਹੁੰਦੀ ਹੈ ਭਾਵ ਗੁਰਮਤਿ ਅਨੁਸਾਰ ਬਣਦੀ ਹੈ ਜਦੋਂ ਉਹ ਆਪਣੀ ਕ੍ਰਿਪਾ ਕਰਕੇ ਭਾਵ ਸਹਜ ਦੀ ਅਵੱਸਥਾ ਬਖ਼ਸ਼ ਕੇ ਮਨੁੱਖ ਨੂੰ ਵਿਕਾਰਾਂ ਵਿੱਚੋਂ, ਮਾੜੇ ਕਰਮਾਂ ਵਿੱਚੋਂ ਕੱਢ ਲੈਂਦਾ ਹੈ ਤੇ ਇਹੀ ਅਗਲੀ ਪੰਗਤੀ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ। **(ਸਹਜੇ ਮਿਟਿਓ ਸਗਲ ਦੁਰਾਉ॥)**

ਜਿਵੇਂ ਕਿ ਅਸੀਂ ਵਾਰ-ਵਾਰ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ ਕਿ ਪ੍ਰਮਾਤਮਾ ਦੀ ਸੱਚੀ ਕ੍ਰਿਪਾ ਸਾਡੀ ਮਨ ਦੀ ਸੋਝੀ ਦੇ ਨਾਲ ਹੀ ਜੁੜੀ ਹੋਈ ਹੈ। ਮਨ ਵਿੱਚ ਉਸਦੇ ਸੱਚੇ ਗਿਆਨ ਦੁਆਰਾ ਸਾਡੀ ਸੋਝੀ ਹੀ ਬਦਲਦੀ ਹੈ ਕਿਉਂਕਿ ਬਦਲਣ ਵਾਲਾ ਉਹ ਆਪ ਹੈ। ਸੋਝੀ ਨੂੰ ਬਦਲ ਕੇ ਉਸ ਤੇ ਦ੍ਰਿੜ ਰੱਖਣ ਵਾਲਾ ਵੀ ਉਹ ਆਪ ਹੈ ਭਾਵ ਸਾਡੇ ਅੰਦਰ ਸੱਚ ਦੀ ਅਡੋਲਤਾ ਰੱਖਣ ਵਾਲਾ ਉਹ ਆਪ ਹੈ ਭਾਵ ਨਾਮ ਦ੍ਰਿੜ ਕਰਨ ਵਾਲਾ ਉਹ ਆਪ ਹੈ ਜੋ ਕਿ ਸਾਡੇ ਮਨ ਦਾ ਮਾਲਕ ਹੈ, ਸਹਜ ਦਾ ਮਾਲਕ ਹੈ। ਅਗਲੀਆਂ ਪੰਗਤੀਆਂ ਨੂੰ ਕੁੱਝ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਹ ਸਮਝ ਸਕੀਏ ਕਿ ਸਾਧਸੰਗਤ ਕੀ ਹੈ ਭਾਵ ਇਹ ਕੋਈ ਮਨੁੱਖੀ ਸੰਗਤ ਹੈ ਜਾਂ ਮਨ ਦੇ ਵਿੱਚ ਬ੍ਰਹਮਗਿਆਨ ਦੀ ਸੰਗਤ ਹੈ।

“ਸਹਜੇ ਹੋਆ ਸਾਧੂ ਸੰਗੁ॥”

(ਅੰਗ - ੨੩੬)

ਜਦ ਤੱਕ ਸਾਨੂੰ ਇਹ ਗੱਲ ਦ੍ਰਿੜ ਨਹੀਂ ਹੁੰਦੀ ਕਿ ਸਾਧੂ ਕੌਣ ਹੈ ਭਾਵ ਸਾਧ ਕੌਣ ਹੈ ਤਦ ਤੱਕ ਸਾਨੂੰ ਸਾਧਸੰਗਤ ਕਦੇ ਵੀ ਸਮਝ ਨਹੀਂ ਆ ਸਕਦੀ

15/1643

ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ ਕਿ ਸਾਧੂ ਗੁਰੂ ਹੈ ਉਹੀ ਗੱਲ ਸਾਨੂੰ ਇੱਥੇ ਸਮਝਾਈ ਹੋਈ ਹੈ।

{ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥}

(ਅੰਗ ੨੧)

ਸਾਰੀ ਗੱਲ ਸਾਡੇ ਮਨ ਦੀ ਸੋਝੀ ਤੇ ਟਿਕੀ ਹੋਈ ਹੈ। ਜਦ ਤੱਕ ਸਾਡੇ ਵਿਚਾਰ ਮਾੜੇ ਹਨ ਭਾਵ ਜਦ ਤੱਕ ਸਾਡੇ ਅੰਦਰ ਔਗੁਣ ਹਨ ਤਦ ਤੱਕ ਸਾਡੀ ਸਾਧਸੰਗਤਿ ਨਹੀਂ ਹੈ। ਸਾਧ ਸੰਗਤਿ ਸਾਡੀ ਗੁਰੂ ਦੇ ਸੱਚੇ ਗੁਣਾਂ ਦੀ ਸੰਗਤਿ ਹੈ, ਗੁਰਮਤਿ ਦੀ ਸੰਗਤਿ ਹੈ, ਮਨ ਦੇ ਵਿੱਚ ਸੱਚੀ ਸੋਝੀ ਦੀ, ਸੱਚੇ ਗਿਆਨ ਦੀ ਸੰਗਤਿ ਹੈ ਜੋ ਸਾਨੂੰ ਗੁਰੂ ਦੇ ਸੱਚੇ ਗੁਣਾਂ ਤੇ ਟਿਕਾਉਂਦੀ ਹੈ। ਸਾਧੂ ਆਪ ਗੁਰੂ ਹੈ, ਪ੍ਰਮਾਤਮਾ ਹੈ ਤੇ ਉਸਦਾ ਸੱਚਾ ਰੂਪ ਉਸਦਾ ਸੱਚਾ ਗਿਆਨ ਹੈ ਭਾਵ ਬ੍ਰਹਮਗਿਆਨ ਹੈ ਜੋ ਕਿ ਸਾਡੇ ਅੰਦਰ ਸਹਜ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਭਾਵ ਸਾਧ ਦੇ ਨਾਲ ਸੰਗਤ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਸੰਗਤ ਹੈ। **(ਸਹਜੇ ਹੋਆ ਸਾਧੂ ਸੰਗੁ॥)**

ਸਾਧੂ ਦੇ ਨਾਲ ਸੰਗਤ ਭਾਵ ਸਾਧਸੰਗਤਿ ਪ੍ਰਮਾਤਮਾ ਦੇ ਨਾਲ ਮੇਲ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

“ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ॥੪॥”

ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਅਸੀਂ ਬਹੁਤ ਕਰਦੇ ਹਾਂ ਤੇ ਸੁਣਦੇ ਵੀ ਹਾਂ ਪਰ ਪ੍ਰਮਾਤਮਾ ਦੇ ਨਾਲ ਮੇਲ ਅਸਲ ਵਿੱਚ ਕੀ ਹੈ ਇਹ ਸਾਨੂੰ ਉਪਰਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਜੋ ਕੋਈ ਵੀ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਕਰਦਾ ਹੈ ਉਹ ਕਿਸੇ ਸਰਗੁਣ ਸਰੂਪ ਵਿੱਚ ਦਰਸ਼ਨਾਂ ਦੀ ਗੱਲ ਹੀ ਕਰਦਾ ਹੈ। ਜਿੱਥੇ ਸਰਗੁਣ ਰੂਪ ਦਰਸ਼ਨਾਂ ਦੀ ਗੱਲ ਹੈ ਭਾਵੇਂ ਉਹ

ਕਿਸੇ ਰੂਪ ਵਿੱਚ ਵੀ ਹੈ ਉਹ "**ਨਿਸੰਗੁ**" ਨਹੀਂ ਹੈ ਭਾਵ ਉਹ ਭਰਮ ਰਹਿਤ ਨਹੀਂ ਹੈ ਭਾਵ ਇਹੋ ਜਿਹੀ ਗੱਲ ਭਰਮ ਵਾਲੀ ਹੈ। "**ਨਿਸੰਗੁ**" ਤੋਂ ਭਾਵ ਹੈ ਬਿਨ੍ਹਾਂ ਸ਼ੱਕ ਤੋਂ, ਅਨਡਾਊਟਫੁਲ ਭਾਵ ਜਿਸ ਵਿੱਚ ਕੋਈ ਭਰਮ ਵਾਲੀ ਗੱਲ ਨਹੀਂ ਹੈ। ਪ੍ਰਮਾਤਮਾ ਸਾਨੂੰ ਸਹਜ ਰੂਪ ਵਿੱਚ ਹੀ ਮਿਲਦਾ ਹੈ ਭਾਵ ਚੌਥੇ ਪਦ ਦੇ ਗਿਆਨ ਰੂਪ ਵਿੱਚ ਹੀ ਮਿਲਦਾ ਹੈ ਤੇ ਪ੍ਰਮਾਤਮਾ ਦਾ ਇਸ ਰੂਪ ਵਿੱਚ ਮਿਲਣਾ ਉਸਦਾ ਅਸਲ ਮਿਲਣਾ ਹੈ ਜਿਹੋ ਜਿਹਾ ਮਿਲਣਾ ਉਸਦਾ ਸ਼ੱਕ ਤੋਂ ਬਾਹਰ ਹੈ ਭਾਵ ਜਿਸ ਮੇਲ ਤੋਂ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ। ਇਹ ਮੇਲ ਮਨ ਦੇ ਵਿੱਚ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ, ਗਿਆਨ ਰੂਪ ਹੈ। ਇਹੋ ਜਿਹੇ ਮੇਲ ਤੋਂ ਬਿਨ੍ਹਾਂ ਜੋ ਕੋਈ ਵੀ ਪ੍ਰਮਾਤਮਾ ਨੂੰ ਮਿਲਣ ਦੀਆਂ ਗੱਲਾਂ ਕਰਦਾ ਹੈ ਭਾਵ ਕਿਸੇ ਸਰਗੁਣ ਵਿੱਚ ਦਰਸ਼ਨਾਂ ਦੀਆਂ ਗੱਲਾਂ ਕਰਦਾ ਹੈ ਤੇ ਇਹ ਉਸਦਾ ਭਰਮ ਹੈ ਤੇ ਉਸਨੂੰ ਰੱਬ ਦੇ ਨਾਲ ਮਿਲਿਆ ਹੋਇਆ ਸਮਝਣਾ ਸਾਡਾ ਭਰਮ ਹੈ। ਇਸ ਮਨ ਦੀ ਸੋਝੀ ਪੈਣਾ ਹੀ ਪ੍ਰਮਾਤਮਾ ਦੀ ਸੋਝੀ ਪੈਣਾ ਹੈ। ਮਨ ਦੇ ਵਿੱਚ ਚੌਥਾ ਪਦ ਪ੍ਰਮਾਤਮਾ ਦਾ ਆਪਣਾ ਪਦ ਹੈ, ਉਸਦਾ ਨਿਜ ਘਰ ਹੈ।

15/1644

ਉਸਦੇ ਘਰ ਵਿੱਚ ਪਹੁੰਚਣਾ ਉਸਦੇ ਸੱਚੇ ਗਿਆਨ ਦੇ ਘਰ ਵਿੱਚ ਪਹੁੰਚਣਾ ਹੈ। ਸਾਰੀ ਗੁਰਬਾਣੀ ਉਸਦਾ ਸੱਚਾ ਘਰ ਹੈ, ਨਿਜ ਘਰ ਹੈ, ਸਹਜ ਘਰ ਹੈ, ਚੌਥੇ ਪਦ ਦਾ ਘਰ ਹੈ, ਬ੍ਰਹਮਗਿਆਨ ਦਾ ਘਰ ਹੈ। ਮਨ ਦੇ ਵਿੱਚ ਉਸਦੇ ਘਰ ਦੇ ਪਹੁੰਚਣ ਦੇ ਨਾਲ ਸਾਡਾ ਗੁਰਬਾਣੀ ਦੇ ਸੱਚੇ ਘਰ ਵਿੱਚ ਪਹੁੰਚ ਜਾਣਾ ਸੁਭਾਵਿਕ ਹੀ ਹੈ ਕਿਉਂਕਿ ਮਨ ਦੇ ਵਿੱਚ ਉਸਦੇ ਘਰ ਵਿੱਚ ਪਹੁੰਚ ਕੇ ਉੱਥੋਂ ਉਹ ਹੀ ਗਿਆਨ ਮਿਲਦਾ ਹੈ ਜਿਸ ਗਿਆਨ ਦੁਆਰਾ ਗੁਰਬਾਣੀ ਪ੍ਰਗਟ ਹੋਈ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਕਰਨੀਆਂ ਪਰ ਗੁਰਬਾਣੀ ਦੀ ਸੋਝੀ ਨਾ ਪੈਣਾ ਇਹ ਨਹੀਂ ਹੋ ਸਕਦਾ। ਪ੍ਰਮਾਤਮਾ ਦੇ ਨਾਲ ਮੇਲ ਅਸਲ ਵਿੱਚ ਗੁਰਬਾਣੀ ਦੇ ਨਾਲ ਹੀ ਮੇਲ ਹੈ। **(ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ॥੪॥)** ਜਿਤਨੇ ਬ੍ਰਹਮਗਿਆਨੀ ਅਖਵਾਉਣ ਵਾਲੇ ਹਨ ਆਪਣੇ-ਆਪਣੇ ਢੰਗ ਨਾਲ ਸਮਝਦੇ ਤੇ ਸਮਝਾਉਂਦੇ ਹਨ ਭਾਵ ਵੱਖਰੀਆਂ ਵੱਖਰੀਆਂ ਗੱਲਾਂ ਕਰਦੇ ਹਨ। ਬ੍ਰਹਮਗਿਆਨ ਦੀ ਅਵੱਸਥਾ ਵਿੱਚ ਪਹੁੰਚ ਕੇ ਤੁਸੀਂ ਗੁਰਬਾਣੀ ਨੂੰ ਉਸੇ ਰੂਪ ਵਿੱਚ ਹੀ ਸਮਝੋਗੇ ਜਿਵੇਂ ਕਿ ਇਸਨੂੰ ਉਚਾਰਨ ਵਾਲਿਆਂ ਨੇ ਸਮਝਾਇਆ ਹੈ। ਜਿੰਨ੍ਹਾਂ ਨੇ ਵੀ ਗੁਰਬਾਣੀ ਉਚਾਰੀ ਹੈ ਉਨ੍ਹਾਂ ਸਭ ਦਾ ਸ੍ਰੋਤ ਇੱਕੋ ਹੀ ਹੈ ਜੋ ਸਾਰੇ ਗਿਆਨ ਦਾ ਦਾਤਾ ਹੈ। ਉਸ ਤੋਂ ਮਿਲੀ ਹੋਈ ਸੋਝੀ ਕਦੇ ਵੱਖਰੀ ਹੋ ਹੀ ਨਹੀਂ ਸਕਦੀ। ਗੁਰੂ ਗੁਰਬਾਣੀ ਹੈ ਭਾਵ ਸਾਡਾ ਗੁਰੂ ਇੱਕੋ ਹੀ ਹੈ ਪਰ ਇਸਨੂੰ ਉਚਾਰਿਆ ਵੱਖਰੇ-ਵੱਖਰੇ ਸਰੀਰਾਂ ਨੇ ਹੈ। ਗੁਰੂ ਕੋਈ ਸਰੀਰ ਨਹੀਂ ਹੈ। ਗੁਰੂ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਜੋ ਚੌਥੇ ਪਦ ਦਾ ਸ੍ਰੋਤ ਹੈ, ਸਹਜ ਦਾ ਸ੍ਰੋਤ ਹੈ, ਬ੍ਰਹਮਗਿਆਨ ਦਾ ਸ੍ਰੋਤ ਹੈ। ਉਸ ਇੱਕ ਸ੍ਰੋਤ ਤੋਂ ਆਈ ਹੋਈ ਗੁਰਬਾਣੀ ਦਾ ਭਾਵ ਕਦੇ ਵੱਖਰਾ ਨਹੀਂ ਹੋ ਸਕਦਾ ਤੇ ਇਸੇ ਲਈ ਗੁਰਬਾਣੀ ਦੇ ਇੱਕ ਸ਼ਬਦ ਦਾ ਭਾਵ ਜੋ ਗੱਲ ਸਮਝਾਉਂਦਾ ਹੈ ਉਹੀ ਭਾਵ ਦੂਜੇ ਸ਼ਬਦ ਰਾਹੀਂ ਵੱਖਰਾ ਨਹੀਂ ਹੋ ਸਕਦਾ। ਗੁਰੂ ਸਾਡਾ ਬ੍ਰਹਮਗਿਆਨ ਹੈ ਇਸੇ ਲਈ ਗੁਰਬਾਣੀ ਸਾਡਾ ਗੁਰੂ ਹੈ। ਗੁਰੂ ਸ਼ਬਦ ਹੈ ਤੇ ਸ਼ਬਦ ਬ੍ਰਹਮਗਿਆਨ ਹੈ। ਗੁਰੂ ਨਾਮ ਹੈ ਤੇ ਨਾਮ ਬ੍ਰਹਮਗਿਆਨ ਹੈ। ਗੁਰੂ ਗੁਰਮਤਿ ਹੈ ਤੇ ਗੁਰਮਤਿ ਬ੍ਰਹਮਗਿਆਨ ਹੈ। ਗੁਰੂ, ਗੁਰੂ ਦੀ ਸਿੱਖਿਆ ਹੈ ਤੇ ਸਿੱਖਿਆ ਬ੍ਰਹਮਗਿਆਨ ਹੈ। ਬ੍ਰਹਮਗਿਆਨ ਦੀ ਪ੍ਰਾਪਤੀ ਦੇ ਨਾਲ ਇਨ੍ਹਾਂ ਸਾਰੀਆਂ ਗੱਲਾਂ ਦੀ ਪ੍ਰਾਪਤੀ ਆਪੇ ਹੀ ਹੋ ਜਾਂਦੀ ਹੈ। ਸਾਡੀ ਅਗਿਆਨਤਾ, ਹਉਮੈ, ਤ੍ਰੈਗੁਣਾਂ ਦੀ ਅਵੱਸਥਾ ਇਸ ਬ੍ਰਹਮਗਿਆਨ ਦੁਆਰਾ ਹੀ ਦੂਰ ਹੁੰਦੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਸਦਾ ਲਈ ਜੁੜ ਜਾਂਦੇ ਹਾਂ ਭਾਵ ਨਿਰੁਗਣ ਰੂਪ ਵਿੱਚ ਉਸਦੇ ਨਾਲ ਸਦਾ ਲਈ ਜੁੜ ਜਾਂਦੇ ਹਾਂ। ਸਰਗੁਣ ਰੂਪ ਵਿਛੜਨ ਵਾਲੇ ਰੂਪ ਹਨ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਜੁੜਿਆ ਹੋਇਆ ਸਮਝਣਾ ਬੇ-ਬੁਨਿਆਦ ਹੈ ਕੇਵਲ ਭਰਮ ਹੈ। **(ਸਹਜੇ ਹੋਆ ਸਾਧੂ ਸੰਗੁ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ॥੪॥)**

ਅਸੀਂ ਆਪਣੇ ਅਸਲ ਘਰ ਵਿੱਚ ਨਿਜ ਘਰ ਵਿੱਚ ਸਹਜ ਦੀ ਅਵੱਸਥਾ

15/1645

ਦੁਆਰਾ ਹੀ ਪਹੁੰਚਦੇ ਹਾਂ ਤੇ ਉਸ ਮਾਲਕ ਦੀ ਮਰਜ਼ੀ ਨਾਲ ਹੀ ਪਹੁੰਚਦੇ ਹਾਂ ਜੋ ਇਸ ਘਰ ਦਾ ਅਸਲ ਮਾਲਕ ਹੈ। ਸਾਡੇ ਮਨ ਦੀ ਉਦਾਸੀ ਇਸ ਸਹਜ ਦੀ ਅਵੱਸਥਾ ਨਾਲ ਜੁੜੀ ਹੋਈ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਤੋਂ ਉਦਾਸ ਹੁੰਦੇ ਹਾਂ ਭਾਵ ਸਾਨੂੰ ਇਹ ਮਾਇਆ ਮੋਹ ਨਹੀਂ ਚੰਗਾ ਲੱਗਦਾ ਤੇ ਅਸੀਂ ਉਸ ਵਿੱਚੋਂ ਨਿਕਲ ਜਾਂਦੇ ਹਾਂ। ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਹੀ ਜੁੜਿਆ ਹੋਇਆ ਹੈ, ਮਨ ਦੀ ਅਵੱਸਥਾ ਨਾਲ ਹੀ ਜੁੜਿਆ ਹੋਇਆ ਹੈ ਜੋ ਅਵੱਸਥਾ ਉਹ ਆਪ ਬਖ਼ਸ਼ਦਾ ਹੈ। **(ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥)**

ਅਸੀਂ ਕੁੱਝ ਪਿੱਛੇ ਦੁਬਿਧਾ ਬਾਰੇ ਵਿਸਥਾਰ ਵਿੱਚ ਸਮਝਿਆ ਹੈ ਕਿ ਸਾਡੀ ਦੁਬਿਧਾ ਦਾ ਮਰਨਾ ਕੀ ਹੈ ਕਿਉਂਕਿ ਦੁਬਿਧਾ

ਦਾ ਮਰੇ ਬਿਨ੍ਹਾਂ ਅਸੀਂ ਕਦੇ ਪ੍ਰਮਾਤਮਾ ਦੇ ਨਾਲ ਮਿਲ ਨਹੀਂ ਸਕਦੇ ਕਿਉਂਕਿ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਕੇਵਲ ਇੱਕ ਅਗਿਆਨਤਾ ਹੀ ਸਾਡੇ ਰਸਤੇ ਦਾ ਰੋੜਾ ਹੈ ਜਿਸਨੇ ਸਾਡੇ ਮਨ ਦੇ ਵਿੱਚ ਪੜਦਾ ਪਾਇਆ ਹੋਇਆ ਹੈ, ਹਉਮੈ ਦਾ ਪੜਦਾ ਪਾਇਆ ਹੋਇਆ ਹੈ। ਪ੍ਰਮਾਤਮਾ ਸੱਚਾ ਗਿਆਨ ਹੈ ਤੇ ਸਾਡੇ ਅੰਦਰ ਉਸਨੇ ਤ੍ਰੈਗੁਣਾਂ ਵਾਲੀ ਅਵੱਸਥਾ ਪਾਈ ਹੋਈ ਹੈ ਜਿਸ ਦੁਆਰਾ ਸਾਨੂੰ ਉਸਨੇ ਦੁਬਿਧਾ ਵਿੱਚ ਰੱਖਿਆ ਹੋਇਆ ਹੈ। ਸਾਡਾ ਪ੍ਰਮਾਤਮਾ ਦੇ ਨਾਲ ਭੇਦ ਕੇਵਲ ਗਿਆਨ ਤੇ ਅਗਿਆਨਤਾ ਦਾ ਹੈ ਭਾਵ ਸੱਚੇ ਗਿਆਨ ਤੇ ਦੁਬਿਧਾ ਦਾ। ਸਾਨੂੰ ਇਸ ਦੁਬਿਧਾ ਵਿੱਚੋਂ ਕੇਵਲ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ, ਸਾਨੂੰ ਚੌਥੇ ਪਦ ਦਾ ਗਿਆਨ ਬਖ਼ਸ਼ ਕੇ ਇਸ ਵਿੱਚੋਂ ਕੱਢ ਸਕਦਾ ਹੈ ਤੇ ਮਨ ਦੇ ਵਿੱਚ ਹੀ ਸਾਨੂੰ ਆਪਣੇ ਦਰਸ਼ਨ ਕਰਵਾ ਸਕਦਾ ਹੈ। ਸਾਡੀ ਦੁਬਿਧਾ ਮਰ ਗਈ ਤਾਂ ਸਮਝੋ ਕਿ ਉਸਦੇ ਦਰਸ਼ਨ ਹੋ ਗਏ। ਉਹ ਨਿਰਗੁਣ ਰੂਪ ਹੈ ਉਸਦੇ ਦਰਸ਼ਨ ਵੀ ਨਿਰਗੁਣ ਰੂਪ ਹਨ।

(ਸਹਜੇ ਦੁਬਿਧਾ ਤਨ ਕੀ ਨਾਸੀ॥) ਹੁਣ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰੋ ਕਿ ਪ੍ਰਮਾਤਮਾ ਦਾ ਮਿਲਣਾ ਕੀ ਹੈ ਤੇ ਉਸ ਅਸਲ ਆਨੰਦ ਦੀ ਪ੍ਰਾਪਤੀ ਕੀ ਹੈ ਜੋ ਸਾਡੇ ਜੀਵਨ ਦਾ ਮਨੋਰਥ ਹੈ।

“ਜਾ ਕੈ ਸਹਜਿ ਮਨਿ ਭਇਆ ਅਨੰਦੁ॥ ਤਾ ਕਉ ਭੇਟਿਆ ਪਰਮਾਨੰਦੁ॥੫॥”

ਉਪਰਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ ਉਹ “ਅਨੰਦੁ” ਕੀ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। “ਅਨੰਦੁ” ਕੀ ਹੈ ਇਸ ਬਾਰੇ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਇਹ “ਅਨੰਦੁ” ਮਨ ਦੇ ਵਿੱਚ ਸਹਜ ਦੀ ਅਵੱਸਥਾ ਦਾ ਅਨੰਦੁ ਹੈ, ਚੌਥੇ ਪਦ ਦੇ ਗਿਆਨ ਦਾ ਅਨੰਦ ਹੈ ਜਿਸ ਵਿੱਚ ਪ੍ਰਮਾਤਮਾ ਆਪ ਵੱਸਦਾ ਹੈ ਤੇ ਸਾਡੇ ਅੰਦਰ ਪ੍ਰਮਾਤਮਾ ਇਸ ਅਨੰਦ ਦੀ ਅਵੱਸਥਾ ਦੁਆਰਾ ਹੀ ਪ੍ਰਗਟ ਹੁੰਦਾ ਹੈ। ਉੱਪਰ ਸਾਨੂੰ ਬੜਾ ਸਪੱਸ਼ਟ ਸਮਝਾਇਆ ਹੈ ਕਿ ਜਿਸ ਦੇ ਮਨ ਵਿੱਚ ਸਹਜ ਦੀ ਅਵੱਸਥਾ ਦਾ ਅਨੰਦ ਆ ਜਾਂਦਾ ਹੈ ਉਹ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਦੇ ਨਾਲ ਭੇਟ ਕਰਦਾ ਹੈ ਭਾਵ

ਉਸ ਦੇ ਨਾਲ ਮੇਲ ਕਰਦਾ ਹੈ। ਸਹਜ ਦੀ ਅਵੱਸਥਾ ਮਨ ਦੀ ਅਵੱਸਥਾ ਹੈ ਤੇ ਪ੍ਰਮਾਤਮਾ ਦੇ ਨਾਲ ਭੇਟ ਵੀ ਮਨ ਦੇ ਵਿੱਚ ਹੀ ਹੁੰਦੀ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੁੰਦੀ ਹੈ, ਅਨੰਦ ਦੇ ਰੂਪ ਵਿੱਚ ਹੁੰਦੀ ਹੈ। ਚੌਥੇ ਪਦ ਦਾ ਗਿਆਨ ਹੀ ਅਸਲ ਵਿੱਚ ਅਨੰਦ ਹੈ ਜਿਸ ਦੀ ਪ੍ਰਾਪਤੀ ਸਾਡੇ ਜੀਵਨ ਦਾ ਮਨੋਰਥ ਹੈ। **(ਜਾ ਕੈ ਸਹਜਿ ਮਨਿ ਭਇਆ ਅਨੰਦੁ॥ ਤਾ ਕਉ ਭੇਟਿਆ ਪਰਮਾਨੰਦੁ॥੫॥)**

ਅਨੰਦ ਗੁਰੂ ਦਾ ਸੱਚਾ ਗਿਆਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਹੇਠ ਦਿੱਤੇ ਸ਼ਬਦਾਂ ਰਾਹੀਂ ਜਾਣਿਆ ਹੈ। ਹੁਣ ਸਾਨੂੰ ਇਨ੍ਹਾਂ ਸ਼ਬਦਾਂ ਨੂੰ ਸਮਝਣ ਵਿੱਚ ਹੋਰ ਵੀ ਆਸਾਨੀ ਹੋਵੇਗੀ।

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥}

(ਅੰਗ ੯੧੭)

ਇਹ ਆਨੰਦ ਸਾਡੇ ਮਨ ਦੇ ਵਿੱਚ ਗਿਆਨ ਦਾ ਸੁਰਮਾ ਹੈ ਜੋ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਵਿਚਾਰ ਸਾਂਝੇ ਕਰਨ ਦਾ ਆਨੰਦ ਹੈ ਜਿਸ ਤੋਂ ਉੱਪਰ ਦੁਨੀਆਂ ਦਾ ਕੋਈ ਹੋਰ ਆਨੰਦ ਨਹੀਂ ਹੋ ਸਕਦਾ।

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥}

(ਅੰਗ ੯੧੭)

ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਪਹਿਲੇ ਵੀ ਜਾਣ ਚੁੱਕੇ ਹਾਂ। ਸਹਜ ਦੀ ਅਵੱਸਥਾ ਦੀ ਸੋਝੀ ਬਿਨ੍ਹਾਂ ਸ਼ਬਦ ਦੀ ਸੋਝੀ ਪੈਣਾ ਨਾਮੁਮਕਿਨ ਹੈ। ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਸਹਜ ਦੀ ਅਵੱਸਥਾ ਦੁਆਰਾ ਹੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ "ਅਨੰਦੁ" ਸਤਿਗੁਰੂ ਨੂੰ ਪਾਉਣ ਦਾ ਆਨੰਦ ਹੈ। ਇਹ ਅਨੰਦ ਪ੍ਰਮਾਤਮਾ ਦੇ ਪਰਿਵਾਰ ਵਿੱਚ ਰਲਣ ਦਾ ਆਨੰਦ ਹੈ ਭਾਵ ਉਸਦੇ ਪਰਿਵਾਰ ਵਾਲਾ ਬਣਨ ਦਾ ਆਨੰਦ ਹੈ। ਪ੍ਰਮਾਤਮਾ ਦਾ ਦਰ ਸੱਚੇ ਗਿਆਨ ਦਾ ਦਰ ਹੈ ਤੇ ਉਸਦੇ ਦਰ ਤੇ ਪਹੁੰਚ ਕੇ ਹੀ ਉਸਦੇ ਪਰਿਵਾਰ ਵਾਲਾ ਬਣਿਆ ਜਾ ਸਕਦਾ ਹੈ। ਇਹ ਚੌਥੇ ਪਦ ਦੇ ਗਿਆਨ ਦਾ ਪਰਿਵਾਰ ਹੈ ਜਿਸ ਵਿੱਚ ਉਹ ਕਿਸੇ ਵਿਰਲੇ ਨੂੰ ਹੀ ਮਿਲਾਉਂਦਾ ਹੈ, ਕ੍ਰੋੜਾਂ ਅਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਮਿਲਾਉਂਦਾ ਹੈ ਭਾਵ ਆਪਣੇ ਪਰਿਵਾਰ ਵਿੱਚ ਮਿਲਾਉਂਦਾ ਹੈ। ਉਸਦਾ ਪਰਿਵਾਰ ਨਿਰਗੁਣ ਰੂਪ ਹੈ। ਪ੍ਰਮਾਤਮਾ ਦੇ ਗੁਣ ਕਿਤਨੇ ਕੁ ਹਨ ਭਾਵ ਉਹ ਕਿੰਨੇ ਵੱਡੇ ਗੁਣਾਂ ਦਾ ਮਾਲਕ ਹੈ ਇਹ ਉਸਦੇ ਪਰਿਵਾਰ ਵਾਲਾ ਬਣਕੇ ਹੀ ਸਮਝ ਪੈਂਦੀ ਹੈ। ਪ੍ਰਮਾਤਮਾ ਦੇ ਨਾਲ ਮਿਲ ਕੇ ਸਹਜ ਦੀ ਅਵੱਸਥਾ ਦੁਆਰਾ ਸਾਡੀ ਸੋਝੀ ਹੀ ਉੱਚੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਪਸਾਰੇ ਦੀ ਸਮਝ ਪੈਂਦੀ ਹੈ ਕਿ ਉਹ ਕਿਤਨਾ ਵੱਡਾ ਹੈ ਤੇ ਉਸਦਾ ਪਸਾਰਾ, ਉਸਦੀ ਹਰ ਵਸਤੂ ਗੁਣਾਂ ਨਾਲ ਭਰਪੂਰ ਹੈ।

15/1647

{ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥੧॥}

(ਅੰਗ ੧੩੦੧)

ਸਹਜ ਦੀ ਅਵੱਸਥਾ ਦੁਆਰਾ ਸਾਨੂੰ ਪ੍ਰਮਾਤਮਾ ਦਾ ਸੱਚਾ ਵਿਚਾਰ ਹੀ ਮਿਲਦਾ ਹੈ ਜੋ ਕਿ ਸਹਜ ਦੀ ਅਵੱਸਥਾ ਦਾ ਮਨੋਰਥ ਹੈ। ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਗੁਰ ਤੇ ਗਿਆਨੁ ਪਾਏ ਜਨੁ ਕੋਇ॥ ਗੁਰ ਤੇ ਬੂਝੈ ਸੀਝੈ ਸੋਇ॥
ਗੁਰ ਤੇ ਸਹਜੁ ਸਾਚੁ ਬੀਚਾਰੁ॥ ਗੁਰ ਤੇ ਪਾਏ ਮੁਕਤਿ ਦੁਆਰੁ॥੧॥"

(ਅੰਗ ੧੫੯)

"ਗਿਆਨੁ" ਤੋਂ ਭਾਵ ਹੈ ਸੱਚਾ ਗਿਆਨ, ਗੁਰਮਤਿ ਦੀ ਸੱਚੀ ਸੋਝੀ। ਗੁਰੂ ਇਸੇ "ਗਿਆਨੁ" ਦਾ ਮਾਲਕ ਹੈ ਜਿਸ ਦੁਆਰਾ ਉਸਦੀ ਸੋਝੀ ਉੱਚੀ ਹੈ, ਜਿਸ ਦੁਆਰਾ ਉਹ ਪ੍ਰਮਾਤਮਾ ਦੇ ਨਾਲ ਇੱਕਮਿਕ ਹੈ। ਇਸੇ ਗਿਆਨ ਦੁਆਰਾ ਗੁਰੂ ਪ੍ਰਮਾਤਮਾ ਦਾ ਰੂਪ ਹੈ, ਦੋਨਾਂ ਦੇ ਵਿੱਚ ਕੋਈ ਭੇਦ ਨਹੀਂ ਹੈ। ਗੁਰੂ ਦਾ ਇਹ ਸੱਚਾ ਗਿਆਨ ਕੋਈ ਵਿਰਲਾ ਹੀ ਪਾਉਂਦਾ ਹੈ। ਗੁਰੂ ਦਾ ਮਕਸਦ ਸਾਨੂੰ ਸੱਚੀ ਸੋਝੀ ਪਾਉਣਾ ਹੀ ਹੈ। ਸੱਚੀ ਸੋਝੀ ਉਸਨੂੰ ਹੀ ਪੈਂਦੀ ਹੈ ਜਿਸਨੂੰ ਗੁਰੂ ਆਪਣੇ ਸੱਚੇ ਗਿਆਨ ਦੁਆਰਾ ਆਪ ਬੁਝਾਉਂਦਾ ਹੈ। **(ਗੁਰ ਤੇ ਗਿਆਨੁ ਪਾਏ ਜਨੁ ਕੋਇ॥ ਗੁਰ ਤੇ ਬੂਝੈ ਸੀਝੈ ਸੋਇ॥)** ਗੁਰੂ ਦੇ ਸੱਚੇ ਗਿਆਨ ਦੁਆਰਾ ਸਾਨੂੰ ਸੋਝੀ ਕਿਸ ਰੂਪ ਵਿੱਚ ਪੈਂਦੀ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਗੁਰ ਤੇ ਸਹਜੁ ਸਾਚੁ ਬੀਚਾਰੁ॥ ਗੁਰ ਤੇ ਪਾਏ ਮੁਕਤਿ ਦੁਆਰੁ॥੧॥"

ਗੁਰੂ ਕੋਲੋਂ ਸਾਨੂੰ "**ਸਹਜੁ ਸਾਚੁ ਬੀਚਾਰੁ**" ਮਿਲਦਾ ਹੈ। ਗੁਰੂ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਸਹਜ ਦੇ ਰੂਪ ਵਿੱਚ ਵੱਸਿਆ ਹੋਇਆ ਹੈ। ਇਸ ਅਵੱਸਥਾ ਦੇ ਪ੍ਰਗਟ ਹੋਣ ਨਾਲ ਸਾਨੂੰ ਸਾਚ ਬੀਚਾਰ ਹੀ ਮਿਲਦਾ ਹੈ ਜੋ ਕਿ ਸਹਜ ਦੀ ਅਵੱਸਥਾ ਦਾ ਮਕਸਦ ਹੈ। "**ਸਾਚੁ ਬੀਚਾਰੁ**" ਪ੍ਰਮਾਤਮਾ ਦਾ ਆਪਣਾ ਵੀਚਾਰ ਹੈ ਕਿ ਪ੍ਰਮਾਤਮਾ ਕੀ ਹੈ। ਸਾਰੀ ਗੁਰਬਾਣੀ ਪ੍ਰਮਾਤਮਾ ਦਾ "ਸਾਚੁ ਬੀਚਾਰੁ" ਹੈ ਜੋ ਕਿ ਸਹਜ ਦੀ ਅਵੱਸਥਾ ਦੀ ਉਪਜ ਹੈ। ਇਸ ਅਵੱਸਥਾ ਦੁਆਰਾ ਪ੍ਰਮਾਤਮਾ ਦਾ ਸੱਚਾ ਵਿਚਾਰ ਹੀ ਉਪਜਦਾ ਹੈ ਜਿਸ ਦੁਆਰਾ ਕੋਈ ਉਸਦਾ ਸੱਚਾ ਵਿਚਾਰੀ ਬਣਦਾ ਹੈ, ਉਸਦੇ ਸੱਚੇ ਗਿਆਨ ਵਾਲਾ ਬਣਦਾ ਹੈ, ਉਸਦੀ ਸੱਚੀ ਮਤਿ ਵਾਲਾ, ਉਸਦੀ ਸੱਚੀ ਸੋਝੀ ਵਾਲਾ ਬਣਦਾ ਹੈ, ਗੁਰਮਤਿ ਦੀ ਸੋਝੀ ਵਾਲਾ ਬਣਦਾ ਹੈ। ਸਹਜ ਦੀ ਅਵੱਸਥਾ ਵਿੱਚੋਂ ਗੁਰਮਤਿ ਹੀ ਉਪਜਦੀ ਹੈ। "ਸਾਚੁ ਬੀਚਾਰੁ" ਹੀ ਗੁਰਮਤਿ ਹੈ ਜਿਸ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਪੈਂਦੀ ਹੈ। ਸਾਨੂੰ ਇਸ ਸਹਜ ਦੀ ਸੱਚੀ

ਸੋਝੀ ਦੁਆਰਾ ਹੀ ਮੁਕਤੀ ਮਿਲਦੀ ਹੈ। ਮੁਕਤੀ ਅਸੀਂ ਅਗਿਆਨਤਾ ਦੇ ਬੰਧਨ ਤੋਂ ਹੀ ਪਾਉਣੀ ਹੈ। ਮੁਕਤੀ ਮਨ ਦੇ ਵਿਚਾਰਾਂ ਤੋਂ ਹੀ

15/1648

ਪਾਉਣੀ ਹੈ, ਮਾਇਆ ਮੋਹ ਵਾਲੇ ਵਿਚਾਰਾਂ ਤੋਂ ਹੀ ਪਾਉਣੀ ਹੈ ਜਿਸ ਦਾ ਮੂਲ ਸਾਡੇ ਮਨ ਦਾ ਭਰਮ ਹੈ, ਦੁਬਿਧਾ ਹੈ। ਮੁਕਤੀ ਸਾਡੇ ਮਨ ਦੇ ਵਿੱਚ ਹੀ ਹੈ ਤੇ ਇਹ ਮੁਕਤੀ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੈ ਜੋ ਸਾਡੇ ਵਿਚਾਰਾਂ ਨੂੰ ਸੱਚ ਵਿੱਚ ਬਦਲਦੀ ਹੈ, ਸਾਡੇ ਅੰਦਰ "ਸਾਚੁ ਬੀਚਾਰੁ" ਵਸਾਉਂਦੀ ਹੈ। ਇਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ ਜਿਸ ਦੁਆਰਾ ਅਸੀਂ ਮੁਕਤ ਹੁੰਦੇ ਹਾਂ। **(ਗੁਰ ਤੇ ਸਹਜੁ ਸਾਚੁ ਬੀਚਾਰੁ॥ ਗੁਰ ਤੇ ਪਾਏ ਮੁਕਤਿ ਦੁਆਰੁ॥੧॥)** ਮਨ ਦੇ ਵਿੱਚ ਇਸ ਸੱਚੀ ਸੋਝੀ ਦੁਆਰਾ ਹੀ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਪੂਰੈ ਭਾਗਿ ਮਿਲੈ ਗੁਰੁ ਆਇ॥ ਸਾਚੈ ਸਹਜਿ ਸਾਚਿ ਸਮਾਇ॥੧॥ਰਹਾਉ॥"

ਇਹੀ ਮਨੁੱਖ ਦੇ ਪੂਰੇ ਭਾਗ ਹਨ ਜੇਕਰ ਉਹ ਕਿਸੇ ਨੂੰ ਸਹਜ ਦੀ ਅਵੱਸਥਾ ਬਖ਼ਸ਼ ਦਿੰਦਾ ਹੈ ਭਾਵ ਚੌਥੇ ਪਦ ਦਾ ਗਿਆਨ ਬਖ਼ਸ਼ ਦਿੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਗੁਰੂ ਪ੍ਰਮਾਤਮਾ ਆ ਕੇ ਮਿਲਦਾ ਹੈ ਭਾਵ ਉਹ ਆਪ ਆ ਕੇ ਮਿਲਦਾ ਹੈ। ਉਸਨੂੰ ਕਿਤੋਂ ਲੱਭਣ ਜਾਣ ਲਈ ਜਾਣਾ ਨਹੀਂ ਪੈਂਦਾ। ਉਹ ਮਨ ਦੇ ਵਿੱਚ ਹੈ ਤੇ ਮਨ ਦੇ ਵਿੱਚ ਆਪ ਹੀ ਮਿਲਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਮਿਲਦਾ ਹੈ ਜਿਸ ਵਿੱਚ ਸਾਡਾ ਕੋਈ ਵੱਸ ਨਹੀਂ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ।

"ਸਾਚੈ ਸਹਜਿ ਸਾਚਿ ਸਮਾਇ॥੧॥ਰਹਾਉ॥"

ਇਸ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। "ਸਚੁ" ਪ੍ਰਮਾਤਮਾ ਆਪ ਹੈ, ਸਾਚਾ ਪ੍ਰਮਾਤਮਾ ਆਪ ਹੈ। ਸਹਜ ਦੀ ਅਵੱਸਥਾ ਸਾਨੂੰ ਪ੍ਰਮਾਤਮਾ ਆਪ ਹੀ ਬਖ਼ਸਦਾ ਹੈ, ਸਹਜ ਵਿੱਚ ਪ੍ਰਮਾਤਮਾ ਸਾਨੂੰ ਆਪ ਹੀ ਲਿਆਉਂਦਾ ਹੈ, ਚੌਥੇ ਪਦ ਵਿੱਚ ਪ੍ਰਮਾਤਮਾ ਸਾਨੂੰ ਆਪ ਹੀ ਲਿਆਉਂਦਾ ਹੈ। (**ਸਾਚੈ ਸਹਜਿ**) ਸਹਜ ਦੀ ਅਵੱਸਥਾ ਦੁਆਰਾ ਸਾਨੂੰ ਪ੍ਰਾਪਤੀ ਵੀ ਸੱਚ ਦੀ ਹੁੰਦੀ ਹੈ ਭਾਵ ਸੱਚੇ ਗਿਆਨ ਦੀ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਇਸੇ ਸੱਚੇ ਗਿਆਨ ਦੁਆਰਾ ਅਸੀਂ ਪ੍ਰਮਾਤਮਾ ਵਿੱਚ ਸਮਾ ਜਾਂਦੇ ਹਾਂ। **(ਸਾਚੈ ਸਹਜਿ ਸਾਚਿ ਸਮਾਇ॥੧॥ਰਹਾਉ॥)** ਸੱਚ ਵਿੱਚ ਸਮਾਉਣਾ ਜਾਂ ਨਾਮ ਵਿੱਚ ਸਮਾਉਣਾ ਇੱਕੋ ਹੀ ਗੱਲ ਹੈ। ਜੋ ਸੱਚ ਹੈ ਉਹੀ ਨਾਮ ਹੈ। ਸੱਚ ਵੀ ਆਪ ਪ੍ਰਮਾਤਮਾ ਹੈ, ਨਾਮ ਵੀ ਆਪ ਪ੍ਰਮਾਤਮਾ ਹੈ ਦੋਨਾਂ ਤੋਂ ਭਾਵ ਉਸਦੇ ਸੱਚੇ ਗਿਆਨ ਦੁਆਰਾ ਹੀ ਹੈ। ਸਮਾਉਣਾ ਅਸੀਂ ਸੱਚੇ ਗਿਆਨ ਦੇ ਵਿੱਚ ਹੀ ਹੈ। ਉਸ ਵਿੱਚ ਅਸੀਂ ਕੇਵਲ ਤੇ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਸਮਾ ਸਕਦੇ ਹਾਂ, ਚੌਥੇ ਪਦ ਦੇ ਗਿਆਨ ਦੁਆਰਾ ਹੀ ਸਮਾਅ ਸਕਦੇ ਹਾਂ। ਇਹ ਉਸ ਵਿੱਚ ਨਿਰਗੁਣ ਰੂਪ ਵਿੱਚ ਸਮਾਉਣਾ ਹੈ, ਉਸਦੇ ਨਾਲ ਇੱਕਮਿਕ ਹੋਣਾ ਹੈ, ਉਸਦੇ ਨਾਲ "**ਇੱਕ ਸੋਚ**" ਹੋਣਾ ਹੈ, ਉਸਦੇ ਨਾਲ ਇੱਕੋ ਵਿਚਾਰਾਂ ਵਾਲਾ ਹੋਣਾ ਹੈ।

"ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ॥
ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ॥
ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ॥
ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ॥੪॥੪॥੧੮॥੩੮॥"

(ਅੰਗ ੧੬੩)

15/1649

ਸਹਜੁ ਆਨੰਦ ਸਾਡੇ ਮਨ ਦੇ ਵਿੱਚ ਕਿਸ ਰੂਪ ਵਿੱਚ ਉਪਜਦਾ ਹੈ, ਸਾਨੂੰ ਕੀ ਸਿਖਾਉਂਦਾ ਹੈ, ਸਾਡੇ ਕੋਲੋਂ ਕੀ ਕਰਵਾਉਂਦਾ ਹੈ ਭਾਵ ਸਹਜੁ ਅਨੰਦ ਦਾ ਮਕਸਦ ਕੀ ਹੈ ਇਸ ਗੱਲ ਨੂੰ ਅਸੀਂ ਉੱਪਰ ਦਿੱਤੇ ਸ਼ਬਦ ਦੁਆਰਾ ਸਮਝ ਸਕਦੇ ਹਾਂ। ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਹਰਿ ਹਰਿ ਕਰਨਾ ਕੀ ਹੈ ਇਸ ਦੀ ਸੋਝੀ ਪੈ ਜਾਵੇ।

"ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ॥"

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ "ਸਹਜੁ ਅਨੰਦੁ" ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜੋ ਕਿ ਚੌਥੇ ਪਦ ਦੀ ਪ੍ਰਾਪਤੀ ਹੈ। ਇੱਕ ਵਾਰ "ਸਹਜੁ ਅਨੰਦੁ" ਦੀ ਪ੍ਰਾਪਤੀ ਹੋ ਜਾਵੇ ਭਾਵ ਇੱਕ ਵਾਰ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ ਤਾਂ ਫਿਰ ਉਹ ਸਦਾ ਲਈ ਹੋਇਆ ਹੀ ਰਹਿੰਦਾ ਹੈ। "**ਸਹਜੁ ਅਨੰਦੁ**" ਦੁਆਰਾ ਸਾਡੇ ਅੰਦਰ ਗੁਰਮਤਿ ਹੀ ਵੱਸਦੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਵੱਸਦਾ ਹੈ। "**ਸਹਜੁ ਅਨੰਦੁ**" ਗੁਰੂ ਦੇ ਸੱਚੇ ਗਿਆਨ ਦੀ ਅਵੱਸਥਾ ਹੀ ਹੈ ਜਿਸ ਦੁਆਰਾ ਗੁਰਮਤਿ ਦੀ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ। "**ਸਹਜੁ ਅਨੰਦੁ**" ਜਾਂ "**ਗੁਰਮਤਿ**" ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਚੌਥੇ ਪਦ ਦਾ ਗਿਆਨ ਹੀ ਹੈ ਤੇ ਇਸ ਚੌਥੇ ਪਦ ਦਾ ਗਿਆਨ ਹੀ ਆਪ ਪ੍ਰਮਾਤਮਾ ਹੈ। ਮਨ ਦੇ ਵਿੱਚ ਮੇਲ ਸਾਡਾ ਗੁਰਮਤਿ ਦੇ ਨਾਲ ਹੀ ਹੁੰਦਾ ਹੈ। ਗੁਰਮਤਿ ਹੀ ਅਸਲ ਵਿੱਚ ਗੁਰੂ ਹੈ, ਆਪ ਪ੍ਰਮਾਤਮਾ ਹੈ। ਇੱਕ ਵਾਰੀ ਮਨ ਦੇ ਵਿੱਚ ਗੁਰਮਤਿ ਦੇ ਨਾਲ ਮੇਲ ਹੋ ਜਾਵੇ ਤਾਂ ਫਿਰ ਉਹ ਮੇਲ ਸਦਾ ਲਈ ਬਣਿਆ ਹੀ ਰਹਿੰਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸ ਦਾ ਸੱਚਾ ਗਿਆਨ ਮਿਲਦਾ ਹੀ ਰਹਿੰਦਾ ਹੈ। ਗੁਰਮਤਿ ਹੀ ਹਰਿ ਹਰਿ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਗੁਰਮਤਿ ਅਨੁਸਾਰ ਚੱਲਣਾ ਜਾਂ ਹਰਿ ਹਰਿ ਕਰਨਾ ਇੱਕੋ ਹੀ ਗੱਲ ਹੈ। ਹਰਿ ਹਰਿ ਨੂੰ ਮਨ ਦੇ ਵਿੱਚ ਹੀ ਧਿਆਇਆ ਜਾ ਸਕਦਾ ਹੈ ਭਾਵ ਸਮਝਿਆ ਜਾ ਸਕਦਾ ਹੈ ਕਿ ਹਰਿ ਹਰਿ ਕਰਨਾ ਕੀ ਹੈ। ਮਨ ਦੇ ਵਿੱਚ ਇਸ ਦੀ ਸੋਝੀ ਸਹਜ ਗਿਆਨ ਦੁਆਰਾ ਹੀ ਪੈਂਦੀ ਹੈ ਤੇ ਇਹ ਸੋਝੀ ਪੈਣ ਤੋਂ ਬਾਅਦ ਹੀ ਕੋਈ ਹਰਿ ਹਰਿ ਕਹਿ ਸਕਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ, ਉਸਦੀ ਸੱਚੀ ਮਤਿ ਦੁਆਰਾ ਵਿਚਰ ਸਕਦਾ ਹੈ। ਹਰਿ ਹਰਿ ਦੀ ਸੋਝੀ ਪਏ ਬਿਨ੍ਹਾਂ, ਮਨ ਦੇ ਵਿੱਚ ਸਾਡੇ ਧਿਆਨ ਵਿੱਚ ਆਏ ਬਿਨ੍ਹਾਂ ਭਾਵ ਸਹਜ ਦੀ ਪ੍ਰਾਪਤੀ ਹੋਏ ਬਿਨ੍ਹਾਂ ਅਸੀਂ ਹਰਿ ਹਰਿ ਕਰਨਾ ਨਹੀਂ ਸਮਝ ਸਕਦੇ। ਇਸੇ ਲਈ ਜੋ ਹਰਿ ਹਰਿ ਕਰਦੇ ਹਨ ਭਾਵ ਜੋ ਮੁੱਖੋਂ ਬੋਲ-ਬੋਲ ਕੇ ਕਥਨੀ ਦੁਆਰਾ ਹਰਿ ਹਰਿ ਜਪਦੇ ਹਨ ਉਨ੍ਹਾਂ ਨੂੰ ਭੁੱਲਿਆ ਹੋਇਆ ਕਿਹਾ ਹੈ। ਹਰਿ ਹਰਿ ਕਰਨ ਦੀ ਸੋਝੀ ਸਾਨੂੰ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਕਿਸੇ ਵਿਰਲੇ ਸਰੀਰ ਰਾਹੀਂ ਹੀ ਪਾਉਂਦਾ ਹੈ। ਮੁੱਖੋਂ ਹਰਿ ਹਰਿ ਕਰਨ ਵਾਲੇ ਉਹੀ ਹਨ ਜਿੰਨ੍ਹਾਂ ਨੂੰ ਸਹਜ ਦੀ ਸੋਝੀ ਨਹੀਂ ਹੈ। **(ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ॥)**

15/1650

{ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥}

(ਅੰਗ ੩੯)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ॥੩॥}

(ਅੰਗ ੬੫)

ਸਾਰਾ ਭੇਦ ਇਸ ਗੱਲ ਨੂੰ ਸਮਝਣ ਵਿੱਚ ਹੈ ਕਿ ਮੁੱਖੋਂ ਹਰਿ ਹਰਿ ਕਰਨ ਵਿੱਚ ਤੇ ਹਿਰਦੇ ਵੱਸਣ ਵਿੱਚ ਕੀ ਫ਼ਰਕ ਹੈ। ਫ਼ਰਕ ਸਾਡੀ ਸੋਝੀ ਵਿੱਚ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਅਸੀਂ ਗੁਰਮਤਿ ਦੀ ਸੋਝੀ ਤੋਂ ਦੂਰ ਰਹਿੰਦੇ ਹਾਂ। ਗੁਰਮਤਿ ਦੀ ਸੱਚੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਪੈਂਦੀ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ। ਸੱਚੀ ਸੋਝੀ ਦੁਆਰਾ ਸਾਨੂੰ ਸਾਡੀ ਸੱਚੀ ਕਰਨੀ ਸਮਝ ਆਉਂਦੀ ਹੈ ਜੋ ਕਿ ਗੁਰਮਤਿ ਦਾ ਤੱਤ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਕੀ ਭਾਉਂਦਾ ਹੈ, ਉਸਦੇ ਭਾਣੇ ਵਿੱਚ ਰਹਿਣਾ ਕੀ ਹੈ ਇਸ ਦੀ ਸੋਝੀ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ, ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਤੇ ਇਸੇ ਲਈ ਕੋਈ ਵਿਰਲਾ ਹੀ ਉਸਨੂੰ ਧਿਆਉਂਦਾ ਹੈ, ਕੋਈ ਵਿਰਲਾ ਹੀ ਉਸਨੂੰ ਮਨ ਵਿੱਚ ਵਸਾਉਂਦਾ ਹੈ ਤੇ ਕੋਈ ਵਿਰਲਾ ਹੀ ਇਸ ਸੰਸਾਰ ਤੋਂ ਮੁਕਤੀ ਪਾਉਂਦਾ ਹੈ, ਅਗਿਆਨਤਾ ਦੇ, ਮੋਹ ਮਾਇਆ ਦੇ ਸੰਸਾਰ ਤੋਂ ਮੁਕਤੀ ਪਾਉਂਦਾ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸਨੂੰ ਤ੍ਰੈਗੁਣਾਂ ਵਿੱਚੋਂ ਮੁਕਤ ਕਰ ਕੇ ਆਪਣੇ ਚੌਥੇ ਪਦ ਵਿੱਚ ਰਲਾਉਂਦਾ ਹੈ ਤੇ ਸੱਚੀ ਸੋਝੀ ਪਾ ਕੇ ਉਹੋ ਜਿਹਾ ਹਰਿ ਹਰਿ ਜਪਾਉਂਦਾ ਹੈ ਜੋ ਉਸਨੂੰ ਭਾਉਂਦਾ

ਹੈ। ਉਸਨੂੰ ਸੱਚ ਹੀ ਭਾਉਂਦਾ ਹੈ ਤੇ ਸੱਚ ਅਨੁਸਾਰ ਵਿਚਰਨਾ ਹੀ ਹਰਿ ਹਰਿ ਕਰਨਾ ਹੈ। ਗੁਰਮਤਿ ਸਾਨੂੰ ਸੱਚ ਹੀ ਸਿਖਾਉਂਦੀ ਹੈ ਪਰ ਉਸਦਾ ਸੱਚ ਕੀ ਹੈ ਇਸ ਦੀ ਸੋਝੀ ਭਾਵ ਇਸ ਦੀ ਪੂਰਨ ਸੋਝੀ ਚੌਥੇ ਪਦ ਦੁਆਰਾ ਹੀ ਪੈਂਦੀ ਹੈ। ਗੁਰਬਾਣੀ ਚੌਥੇ ਪਦ ਵਿੱਚ ਹੈ ਤੇ ਉਸਨੂੰ ਪੂਰੀ ਤਰ੍ਹਾਂ ਸਮਝਿਆ ਵੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਜਾ ਸਕਦਾ ਹੈ। ਚੌਥੇ ਪਦ ਬਿਨ੍ਹਾਂ ਸਾਡੀ ਮਤਿ ਅਧੂਰੀ ਹੈ, ਮਤਿ ਥੋੜ੍ਹੀ ਹੈ ਤੇ ਇਸਨੂੰ ਪੂਰਾ ਚੌਥਾ ਪਦ ਹੀ ਕਰਦਾ ਹੈ। ਹਰਿ ਹਰਿ ਕਰਨਾ ਹੀ ਪ੍ਰਮਾਤਮਾ ਦਾ ਜੱਸ ਗਾਉਣਾ ਹੈ ਤੇ ਉਸਦਾ ਜੱਸ ਉਸਨੂੰ ਪਾ ਕੇ ਹੀ ਗਾਇਆ ਜਾ ਸਕਦਾ ਹੈ ਭਾਵ ਮਨ ਦੀ ਪੂਰਨ ਸੋਝੀ ਦੁਆਰਾ ਹੀ ਪ੍ਰਮਾਤਮਾ ਦਾ ਸੋਹਿਲਾ ਗਾ

15/1651

ਸਕਦੇ ਹਾਂ ਤੇ ਇਹ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ॥

ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ॥”

ਸੱਜਣ ਸਾਡਾ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜੋ ਸਾਡਾ ਅਸਲ ਸਹਾਈ ਹੈ। ਉਹ ਜਿਸਦਾ ਸਹਾਈ ਬਣਦਾ ਹੈ, ਸੱਜਣ ਬਣਦਾ ਹੈ ਉਸਨੂੰ ਆਪਣੀ ਸੱਚੀ ਸੋਝੀ ਹੀ ਪਾਉਂਦਾ ਹੈ ਭਾਵ ਉਸਨੂੰ ਸਹਜ ਦੀ ਅਵੱਸਥਾ ਬਖ਼ਸਦਾ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਇਹ ਚੌਥੇ ਪਦ ਦਾ ਗਿਆਨ ਹੀ ਸਾਡਾ ਸੱਜਣ ਹੈ ਜੋ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ ਗੁਰੂ ਦੇ ਸੱਚੇ ਗੁਣਾਂ ਨਾਲ ਜੋੜਦਾ ਹੈ। ਉਸਦਾ ਸੋਹਿਲਾ, ਉਸਦਾ ਜੱਸ ਗੁਣਾਂ ਦੁਆਰਾ ਵਿਚਰ ਕੇ ਹੀ ਗਾਇਆ ਜਾ ਸਕਦਾ ਹੈ ਜਿਸਦਾ ਮੂਲ ਸਾਡੇ ਮਨ ਦੇ ਵਿੱਚ ਸੱਚੀ ਸੋਝੀ ਪੈਣਾ ਹੀ ਹੈ ਕਿ ਕੇਵਲ ਗੁਣਾਂ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦਾ ਜੱਸ ਗਾਉਣਾ ਹੈ। ਸੱਚੀ ਸੋਝੀ ਦੁਆਰਾ ਉਸਦਾ ਹਰਿ ਹਰਿ ਸਦਾ ਹੀ ਸਾਡੇ ਧਿਆਨ ਵਿੱਚ ਬਣਿਆ ਰਹਿੰਦਾ ਹੈ, ਹਰਿ ਹਰਿ ਸਾਡੇ ਮਨ ਵਿੱਚ ਵੱਸਿਆ ਰਹਿੰਦਾ ਹੈ ਭਾਵ ਗੁਰਮਤਿ ਸਾਡੇ ਅੰਦਰ ਸਦਾ ਹੀ ਵਸੀ ਰਹਿੰਦੀ ਹੈ। ਉਸਦਾ ਸੋਹਿਲਾ ਆਪਣੇ ਘਰ ਦੇ ਵਿੱਚੋਂ ਹੀ ਗਾਇਆ ਜਾ ਸਕਦਾ ਹੈ ਭਾਵ ਮਨ ਦੇ ਵਿੱਚੋਂ ਹੀ ਗਾਇਆ ਜਾ ਸਕਦਾ ਹੈ ਕਿਉਂਕਿ ਉਸਦੀ ਸੱਚੀ ਸੋਝੀ ਸਾਡੇ ਘਰ ਦੇ ਵਿੱਚ ਭਾਵ ਸਾਡੇ ਮਨ ਦੇ ਵਿੱਚ ਵੱਸਦੀ ਹੈ। ਅਸੀਂ ਉਹ ਕੁੱਝ ਕਰਦੇ ਹਾਂ ਜੋ ਸਾਡਾ ਮਨ ਸਾਨੂੰ ਸਮਝਾਉਂਦਾ ਹੈ। ਅਸੀਂ ਇਸ ਮਨ ਦੀ ਸੋਝੀ ਦੇ ਬੱਧੇ ਹੋਏ ਹਾਂ। ਸਾਨੂੰ ਉਹ ਹਰਿ ਹਰਿ ਦੀ ਸੋਝੀ ਆਪਣੀ ਕ੍ਰਿਪਾ ਦੁਆਰਾ ਹੀ ਪਾਉਂਦਾ ਹੈ ਭਾਵ ਉਹ ਆਪਣੀ ਕ੍ਰਿਪਾ ਸਾਨੂੰ ਸੱਚੀ ਸੋਝੀ ਪਾ ਕੇ ਹੀ ਕਰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ॥

ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ॥੪॥੪॥੧੮॥੩੮॥”

(ਅੰਗ - ੧੬੩)

ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਅੱਗੇ ਸਾਡੀ ਸੱਚੀ ਬੇਨਤੀ ਉਸਦੇ ਸੱਚੇ ਮਾਰਗ ਤੇ ਚੱਲ ਕੇ ਹੀ ਹੁੰਦੀ ਹੈ।

{ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥}

(ਅੰਗ ੪੬੮)

ਅਸੀਂ ਤਾਂ ਪ੍ਰਮਾਤਮਾ ਅੱਗੇ ਬੇਨਤੀ ਹੀ ਮਾਇਆ ਦੀ ਪ੍ਰਾਪਤੀ ਲਈ, ਦਾਤਾਂ ਦੀ ਪ੍ਰਾਪਤੀ ਲਈ ਕਰਦੇ ਹਾਂ ਜੋ ਕਿ ਸਾਡਾ ਪ੍ਰਮਾਤਮਾ ਤੋਂ ਦੂਰੀ ਦਾ ਕਾਰਣ ਹੈ।

{ਦਾਤਿ ਪਿਆਰੀ ਵਿਸਰਿਆ ਦਾਤਾਰਾ॥}

(ਅੰਗ ੬੭੬)

ਪ੍ਰਮਾਤਮਾ ਅੱਗੇ ਸਾਡੀ ਬੇਨਤੀ ਵੀ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਹੋਣੀ ਹੈ।

15/1652

ਉਸਦਾ ਜੱਸ ਗਾਉਣਾ ਜਾਂ ਉਸਨੂੰ ਬੇਨਤੀ ਕਰਨੀ ਇੱਕੋ ਹੀ ਗੱਲ ਹੈ ਜਿਸਦਾ ਮੂਲ ਸੱਚ ਹੈ ਤੇ ਸੱਚ ਦਾ ਮੂਲ ਸੱਚੀ ਸੋਝੀ ਹੈ।

ਉਸਦੇ ਅੱਗੇ ਬੇਨਤੀ ਵੀ ਉਹੀ ਕਰ ਸਕਦਾ ਹੈ ਭਾਵ ਉਸਦੇ ਸੱਚੇ ਮਾਰਗ ਤੇ ਉਹੀ ਚੱਲ ਸਕਦਾ ਹੈ ਜਿਸ ਤੇ ਉਹ ਆਪਣੀ ਦਇਆ ਕਰਕੇ ਉਸਨੂੰ ਸੱਚੀ ਸੋਝੀ ਪਾ ਦਿੰਦਾ ਹੈ, ਉਸਦੇ ਅੰਦਰ ਹਰਿ ਹਰਿ ਚਿੱਤਾ ਦਿੰਦਾ ਹੈ ਭਾਵ ਜਿਸ ਦੇ ਚਿੱਤ ਵਿੱਚ ਆਪਣਾ ਹਰਿ ਹਰਿ ਦਾ ਗਿਆਨ ਵਸਾ ਦਿੰਦਾ ਹੈ। **(ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ॥)**

ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਦਾਤਾਂ ਦੇ ਮੋਹ ਵਿੱਚੋਂ ਨਿਕਲਣਾ ਪੈਣਾ ਹੈ। ਸਾਡੀ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੋਣੀ ਚਾਹੀਦੀ ਹੈ ਕਿ ਉਹ ਸਾਨੂੰ ਮਾਇਆ ਮੋਹ ਵਿੱਚੋਂ ਕੱਢ ਲਵੇ, ਦਾਤਾਂ ਦੇ ਮੋਹ ਵਿੱਚੋਂ ਕੱਢ ਲਵੇ ਤੇ ਸਾਨੂੰ ਆਪਣੀ ਸੱਚੀ ਸੋਝੀ ਬਖ਼ਸ਼ੇ। ਉਸਦੀ ਸੱਚੀ ਸੋਝੀ ਵਿੱਚ ਹੀ ਨਾਮ ਹੈ, ਪ੍ਰਮਾਤਮਾ ਆਪ ਹੈ ਜਿਸ ਦੀ ਪ੍ਰਾਪਤੀ ਦੁਆਰਾ ਅਸੀਂ ਮਾਇਆ ਮੋਹ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲ ਸਕਦੇ ਹਾਂ ਤੇ ਫਿਰ ਸਾਡੀ ਹਰ ਵਿਚਰਨ ਪ੍ਰਮਾਤਮਾ ਅੱਗੇ ਸਾਡੀ ਸੱਚੀ ਅਰਦਾਸ, ਸੱਚੀ ਬੇਨਤੀ ਹੋਵੇਗੀ। ਅਸੀਂ ਕੇਵਲ ਬੇਨਤੀ ਦਾ ਉੱਦਮ ਹੀ ਕਰਨਾ ਹੈ ਭਾਵ ਆਪਣੇ ਆਪ ਨੂੰ ਮਾਇਆ ਮੋਹ ਵਿੱਚੋਂ ਨਿਕਲਣ ਲਈ ਤਿਆਰ ਹੀ ਕਰਨਾ ਹੈ ਜੋ ਕਿ ਬਹੁਤ ਔਖਾ ਹੈ। ਇਸ ਵਿੱਚੋਂ ਨਿਕਲੇ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ ਜੋ ਕਿ ਬਹੁਤ ਔਖਾ ਹੈ। ਗੁਰੂ ਕੋਲੋਂ ਉਸਦੀ ਧੂੜਿ ਹੀ ਮੰਗਣੀ ਚਾਹੀਦੀ ਹੈ। ਉਸਦੀ ਧੂੜਿ ਉਸਦਾ ਸੱਚਾ ਗਿਆਨ ਹੈ, ਉਸਦੀ ਸੱਚੀ ਮਤਿ ਹੈ। ਇਹ ਧੂੜਿ ਕੇਵਲ ਗੁਰੂ ਦੇ ਕੋਲ ਹੈ ਜਿਸਨੇ ਸਤਿਗੁਰੂ ਨੂੰ ਭਾਵ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਇਹ ਸ਼ਬਦ ਦੀ ਧੂੜਿ ਹੈ, ਗੁਰਬਾਣੀ ਦੀ ਧੂੜਿ ਹੈ ਜੋ ਨਿਰਗੁਣ ਰੂਪ ਹੈ ਤੇ ਮਨ ਦੇ ਵਿੱਚ ਹੀ ਮਿਲਦੀ ਹੈ। ਇਸ ਧੂੜਿ ਦੀ ਪ੍ਰਾਪਤੀ ਹੀ ਮਨ ਦੇ ਵਿੱਚ ਹਰਿ ਹਰਿ ਚੇਤਣਾ ਹੈ, ਮਨ ਦੇ ਵਿੱਚ ਹਰਿ ਹਰਿ ਧਿਆਉਣਾ ਹੈ। **(ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ॥ ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ॥੪॥੪॥੧੮॥੩੮॥)**

ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਜਿਸ ਦੁਆਰਾ ਅਸੀਂ ਸਹਜ ਅਨੰਦ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ।

“ਜਾ ਕੈ ਸਹਜਿ ਮਨਿ ਭਇਆ ਅਨੰਦੁ॥ ਤਾ ਕਉ ਭੇਟਿਆ ਪਰਮਾਨੰਦੁ॥੫॥”

(ਅੰਗ - ੨੩੭)

ਪਿੱਛੇ ਕੁੱਝ ਸ਼ਬਦਾਂ ਦੀ ਵਿਆਖਿਆ ਦੁਆਰਾ ਹੁਣ ਅਸੀਂ ਇਹ ਸਮਝ ਸਕਦੇ ਹਾਂ ਕਿ ਇਹ ਅਨੰਦ ਕੀ ਹੈ, ਸਹਜ ਕੀ ਹੈ ਜਿਸਦੀ ਚਰਚਾ ਬਾਣੀ ਵਿੱਚ ਵਾਰ-ਵਾਰ ਆਉਂਦੀ ਹੈ। ਇਸ ਦੀ ਪ੍ਰਾਪਤੀ ਪ੍ਰਮਾਤਮਾ ਨਾਲ ਭੇਟ ਕਰਨਾ ਹੈ ਭਾਵ ਉਸਦੇ ਨਾਲ ਮੇਲ ਕਰਨਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਹੁਣ ਅਸੀਂ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਾਂਗੇ ਕਿ ਪ੍ਰਮਾਤਮਾ ਸਾਨੂੰ ਨਾਮ ਦੀ ਦਾਤਿ, ਨਾਮ ਦਾ ਦਾਨ ਕਿਸ ਰੂਪ

15/1653

ਵਿੱਚ ਬਖ਼ਸ਼ਦਾ ਹੈ।

“ਸਹਜੇ ਅੰਮ੍ਰਿਤੁ ਪੀਓ ਨਾਮੁ॥ ਸਹਜੇ ਕੀਨੋ ਜੀਅ ਕੋ ਦਾਨੁ॥”

ਅਸੀਂ ਪਿੱਛੇ ਵੀ ਬਰੀਕੀ ਨਾਲ ਇਸ ਗੱਲ ਨੂੰ ਸਮਝਿਆ ਹੈ ਕਿ ਅੰਮ੍ਰਿਤ ਪੀਣਾ ਕੀ ਹੈ, ਅੰਮ੍ਰਿਤ ਛਕਣਾ ਕੀ ਹੈ। ਉੱਪਰ ਸਾਨੂੰ ਉਹੀ ਗੱਲ ਸਮਝਾਈ ਹੋਈ ਹੈ ਜੋ ਕੁੱਝ ਅਸੀਂ ਸਮਝਦੇ ਆਏ ਹਾਂ। **ਇਹ ਮਨ ਦਾ ਅੰਮ੍ਰਿਤੁ ਹੈ, ਗੁਰਬਾਣੀ ਦਾ ਅੰਮ੍ਰਿਤੁ ਹੈ ਜਿਸਨੂੰ ਛੱਕ ਕੇ ਅਸੀਂ ਪਾਰ ਲੱਗਣਾ ਹੈ ਭਾਵ ਜਿਸਨੇ ਸਾਨੂੰ ਉਸ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ।** ਖੰਡੇ ਬਾਟੇ ਦਾ ਅੰਮ੍ਰਿਤੁ ਦਾ ਮਕਸਦ ਸਾਨੂੰ ਇਸ ਅੰਮ੍ਰਿਤੁ ਨਾਲ ਜੋੜਨ ਦਾ ਹੀ ਹੈ। ਇਹ ਗੁਰਮਤਿ ਦਾ ਅੰਮ੍ਰਿਤੁ ਹੈ, ਗੁਰਬਾਣੀ ਦਾ ਅੰਮ੍ਰਿਤੁ ਹੈ ਭਾਵ ਉਸਦੇ ਸੱਚੇ ਗਿਆਨ ਦਾ ਅੰਮ੍ਰਿਤੁ ਹੈ, ਉਸਦੇ ਚੌਥੇ ਪਦ ਦੀ ਸੋਝੀ ਪੈਣ ਦਾ ਅੰਮ੍ਰਿਤੁ ਹੈ ਭਾਵ ਸਹਜ ਦੀ ਅਵੱਸਥਾ ਦਾ ਅੰਮ੍ਰਿਤੁ ਹੈ। **ਇਹ ਅੰਮ੍ਰਿਤੁ ਉਹ ਅੰਮ੍ਰਿਤੁ ਦਾ ਮਾਲਕ, ਅੰਮ੍ਰਿਤੁ ਬਾਣੀ ਦਾ ਮਾਲਕ ਆਪ ਹੀ ਆਪਣੇ ਹੱਥੀ ਪਿਆਉਂਦਾ ਹੈ, ਮਨ ਦੇ ਵਿੱਚ ਹੀ ਪਿਆਉਂਦਾ ਹੈ, ਨਿਰਗੁਣ ਰੂਪ ਵਿੱਚ ਪਿਆਉਂਦਾ ਹੈ।** ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਕਿ ਅੰਮ੍ਰਿਤੁ ਇੱਕੋ ਹੀ ਹੈ ਤੇ ਦੂਸਰਾ ਅੰਮ੍ਰਿਤ ਨਹੀਂ ਹੈ।

{ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥}

(ਅੰਗ ੧੨੩੮)

ਜਿਸ ਅੰਮ੍ਰਿਤ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਅੰਮ੍ਰਿਤ ਸਾਡੇ ਮਨ ਦੇ ਵਿੱਚ ਹੀ ਹੈ ਜਿਸ ਨੂੰ ਕੇਵਲ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਸ ਅੰਮ੍ਰਿਤ ਦੀ ਪ੍ਰਾਪਤੀ ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦੀ ਹੈ, ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ ਜਿਸਨੂੰ ਪੀਣ ਵਾਲਾ ਸਾਡਾ ਮਨ ਹੈ। ਇਹ ਅੰਮ੍ਰਿਤ ਸ਼ਬਦ ਦੀ ਵਿਚਾਰ ਹੈ ਭਾਵ ਗੁਰੂ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ ਜੋ ਕਿ ਮਨ ਦੇ ਵਿੱਚ ਹੀ ਮਿਲਦੀ ਹੈ। ਮਨ ਦੇ ਵਿੱਚ ਇਹ ਸ਼ਬਦ ਦੀ ਵਿਚਾਰ ਮਿਲਣ ਤੋਂ ਬਾਅਦ ਹੀ ਗੁਰਬਾਣੀ ਦੇ ਰੂਪ ਵਿੱਚ ਪ੍ਰਗਟ ਹੋਈ ਹੈ। ਸਾਰੀ ਗੁਰਬਾਣੀ ਸ਼ਬਦ ਦੀ ਵਿਚਾਰ ਹੈ। ਇਸੇ ਸ਼ਬਦ ਦੀ ਵਿਚਾਰ ਕਰਕੇ ਹੀ ਗੁਰਬਾਣੀ ਸਭ ਤੋਂ ਉੱਚੀ ਹੈ।

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥}

(ਅੰਗ ੯੦੪)

ਇਹ ਵਿਚਾਰ ਸਭ ਤੋਂ ਉੱਚਾ ਇਸ ਲਈ ਹੈ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ “**ਬੀਚਾਰੁ**” ਹੈ ਜੋ ਕਿ ਅਸਲ ਵਿੱਚ ਆਪ ਹੀ ਗੁਰੂ ਹੈ ਤੇ ਇਸੇ ਲਈ ਉਸਦਾ ਦਿੱਤਾ ਹਰ ਵਿਚਾਰ ਸੱਚ ਹੈ ਜੋ ਕਿ ਕਦੇ ਬਦਲ ਨਹੀਂ ਸਕਦਾ। ਉਸਦਾ ਦਿੱਤਾ ਹੋਇਆ ਵਿਚਾਰ ਸਦਾ ਥਿਰ ਰਹਿਣ ਵਾਲਾ ਹੈ। ਸਹਜ ਦੀ ਅਵੱਸਥਾ ਦੁਆਰਾ ਸਾਡੇ ਅੰਦਰ ਆਤਮਿਕ ਗਿਆਨ ਬਾਰੇ ਜੋ ਵਿਚਾਰ ਵੀ ਪ੍ਰਮਾਤਮਾ ਪਾਉਂਦਾ ਹੈ

15/1654

ਉਹ ਬੋਲ ਕਦੇ ਬਿਨਸ ਨਹੀਂ ਸਕਦੇ। ਇਹ ਮਨ ਦੀ ਅਡੋਲਤਾ ਦੇ ਵਿਚਾਰ ਹਨ ਜੋ ਕਦੇ ਡੋਲ ਨਹੀਂ ਸਕਦੇ। ਮਨ ਦੀ ਅਡੋਲਤਾ

ਸਹਜ ਦੀ ਅਵੱਸਥਾ ਦੁਆਰਾ ਹੀ ਆਉਂਦੀ ਹੈ। ਮਨ ਦੇ ਵਿੱਚ ਸ਼ਬਦ ਦੀ ਸੱਚੀ ਸੋਝੀ ਦੁਆਰਾ ਹੀ ਆਉਂਦੀ ਹੈ। ਸ਼ਬਦ ਦੀ ਵਿਚਾਰ ਸ਼ਬਦ ਦੀ ਸੱਚੀ ਸੋਝੀ ਹੈ, ਸ਼ਬਦ ਦਾ ਸੱਚਾ ਗਿਆਨ ਹੈ ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਿਆਉਂਦਾ ਹੈ ਤੇ ਇਹੀ ਉਸਦਾ ਅੰਮ੍ਰਿਤ ਹੈ, ਉਸਦਾ ਨਾਮ ਹੈ ਜਿਸ ਨੂੰ ਕੇਵਲ ਮਨ ਹੀ ਪੀ ਸਕਦਾ ਹੈ ਕਿਉਂਕਿ ਇਹ ਸੱਚੇ ਗਿਆਨ ਦਾ ਅੰਮ੍ਰਿਤ ਹੈ, ਸੱਚੇ ਗਿਆਨ ਦਾ ਭੋਜਨ ਹੈ, ਨਾਮ ਭੋਜਨ ਹੈ ਜੋ ਉਹ ਆਪ ਹੀ ਛਕਾਉਂਦਾ ਹੈ।

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥}

(ਅੰਗ ੧੦੨)

ਪਹਿਲੇ ਮਨ ਦੇ ਵਿੱਚ ਜਿੰਨ੍ਹਾਂ ਨੇ ਇਸ ਅੰਮ੍ਰਿਤ ਧਾਰਾ ਨੂੰ ਪੀਤਾ ਹੈ ਉਨ੍ਹਾਂ ਦੇ ਰਾਹੀਂ ਹੀ ਗੁਰਬਾਣੀ ਰੂਪ ਅੰਮ੍ਰਿਤ ਧਾਰਾ ਸਾਡੇ ਲਈ ਪ੍ਰਗਟ ਕੀਤੀ ਹੈ। ਜਦੋਂ ਅਸੀਂ ਇਸ ਗੁਰਬਾਣੀ ਨੂੰ ਅੰਮ੍ਰਿਤ ਧਾਰਾ ਦੇ ਨਾਲ ਭਾਵ ਗੁਰੂ ਦੇ ਸ਼ਬਦ ਦੀ ਵਿਚਾਰ ਦੀ ਧਾਰਾ ਦੇ ਨਾਲ ਆਪਣੇ ਮਨ ਨੂੰ ਜੋੜਾਂਗੇ, ਆਪਣੇ ਮਨ ਨੂੰ ਪਿਆਵਾਂਗੇ ਤੇ ਤਾਂ ਹੀ ਅਸੀਂ ਗੁਰਬਾਣੀ ਦੇ ਨਾਲ, ਗੁਰੂ ਦੇ ਨਾਲ, ਸ਼ਬਦ ਦੇ ਨਾਲ ਜੁੜ ਸਕਾਂਗੇ। ਸਭ ਕੁੱਝ ਸ਼ਬਦ ਦੀ ਵਿਚਾਰ ਹੀ ਹੈ ਤੇ ਬਿਨ੍ਹਾਂ ਵਿਚਾਰ ਤੋਂ ਸ਼ਬਦ ਦੀ ਕੀਮਤ ਹੀ ਕੀ ਹੈ। ਸ਼ਬਦ ਦੀ ਵਿਚਾਰ ਹੀ ਸ਼ਬਦ ਦੀ ਕੀਮਤ ਹੈ ਭਾਵ ਸ਼ਬਦ ਦੀ ਦਿੱਤੀ ਹੋਈ ਮਤਿ ਹੀ, ਸ਼ਬਦ ਦੀ ਪਾਈ ਹੋਈ ਸੋਝੀ ਹੀ ਸ਼ਬਦ ਦਾ ਵੱਡਾਪਣ ਹੈ ਜਿਸ ਦੁਆਰਾ ਸ਼ਬਦ ਵੱਡਾ ਹੈ। ਸ਼ਬਦ ਦੀ ਵਡਿਆਈ ਸ਼ਬਦ ਦੀ ਸੋਝੀ ਦੀ ਵਡਿਆਈ ਕਰਕੇ ਹੀ ਹੋ ਸਕਦੀ ਹੈ। ਸਹਜ ਦੀ ਅਵੱਸਥਾ ਦੁਆਰਾ ਸ਼ਬਦ ਦੀ ਸੋਝੀ ਦੀ ਵਡਿਆਈ ਦੀ ਸਮਝ ਆਉਂਦੀ ਹੈ ਤੇ ਮਨ ਦੇ ਅੰਦਰ ਸ਼ਬਦ ਦੀ ਸੋਝੀ ਦੁਆਰਾ ਹੀ ਸਾਡੇ ਅੰਦਰ "**ਸਬਦੁ**" ਆਪ ਵੱਸਦਾ ਹੈ, ਗੁਰੂ ਪ੍ਰਮਾਤਮਾ ਆਪ ਵੱਸਦਾ ਹੈ, "**ਨਾਮੁ**" ਵੱਸਦਾ ਹੈ, "**ਅੰਮ੍ਰਿਤੁ**" ਵੱਸਦਾ ਹੈ। **(ਸਹਜੇ ਅੰਮ੍ਰਿਤੁ ਪੀਓ ਨਾਮੁ॥)**

ਇਹ ਪ੍ਰਮਾਤਮਾ ਦਾ ਸੱਚਾ ਦਾਨ ਹੈ, ਨਾਮ ਦਾਨ ਹੈ ਜੋ ਅਸੀਂ ਪ੍ਰਮਾਤਮਾ ਕੋਲੋਂ ਪਾਉਣਾ ਚਾਹੁੰਦੇ ਹਾਂ। ਆਪਣਾ ਉਹ ਇਹ ਦਾਨ ਜਿਸ ਦਾਨ ਦੁਆਰਾ ਉਹ ਆਪਣੇ ਦਰਸ਼ਨ ਦਿੰਦਾ ਹੈ ਉਹ ਸਹਜ ਦੀ ਅਵੱਸਥਾ ਬਖ਼ਸ਼ ਕੇ ਹੀ ਦਿੰਦਾ ਹੈ ਭਾਵ ਚੌਥੇ ਪਦ ਦਾ ਗਿਆਨ ਬਖ਼ਸ਼ ਕੇ ਹੀ ਦਿੰਦਾ ਹੈ। **(ਸਹਜੇ ਕੀਨੋ ਜੀਅ ਕੋ ਦਾਨੁ॥)** ਪ੍ਰਮਾਤਮਾ ਦੇ ਦਰਸ਼ਨ ਉਸਦੇ ਇਸ ਦਾਨ ਦੁਆਰਾ ਹੀ ਹੁੰਦੇ ਹਨ ਭਾਵ ਸਹਜ ਦੀ ਅਵੱਸਥਾ ਵਿੱਚ ਪਹੁੰਚ ਕੇ ਹੀ ਹੁੰਦੇ ਹਨ ਭਾਵ ਮਨ ਦੇ ਵਿੱਚ ਗਿਆਨ ਉਪਜਣ ਦੁਆਰਾ ਹੀ ਹੁੰਦੇ ਹਨ ਇਹੀ ਅਗਲੀ ਪੰਗਤੀ ਰਾਹੀਂ ਫਿਰ ਤੋਂ ਸਪੱਸ਼ਟ ਕੀਤਾ ਹੋਇਆ ਹੈ ਜਿਵੇਂ ਕਿ ਇਸ ਸ਼ਬਦ ਵਿੱਚ ਵਾਰ-ਵਾਰ ਸਾਨੂੰ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚ ਹੀ ਹੁੰਦੇ ਹਨ ਤੇ ਕੇਵਲ ਗਿਆਨ ਰੂਪ ਵਿੱਚ ਹੀ ਹੁੰਦੇ ਹਨ ਤੇ ਚੌਥੇ ਪਦ ਦੇ ਗਿਆਨ ਵਿੱਚ ਪਹੁੰਚ ਕੇ ਹੀ ਹੁੰਦੇ ਹਨ ਜਿਸ ਦੇ ਵਿੱਚ ਉਹ ਆਪ ਹੀ ਪਹੁੰਚਾਉਂਦਾ ਹੈ।

15/1655

"ਸਹਜ ਕਥਾ ਮਹਿ ਆਤਮੁ ਰਸਿਆ॥ ਤਾ ਕੈ ਸੰਗਿ ਅਬਿਨਾਸੀ ਵਸਿਆ॥੬॥"

ਉਪਰਲੀਆਂ ਪੰਗਤੀਆਂ ਦੁਆਰਾ ਪਹਿਲੇ ਇਹ ਸਮਝਣ ਦੀ ਕੋਸ਼ਿਸ ਕਰੋ ਕਿ ਉਹ ਕਿਹੜਾ ਰਸ ਹੈ, ਕਿਹੜਾ ਨਾਮ ਰਸ ਹੈ ਜਿਸ ਵਿੱਚ ਅਸੀਂ ਰਸਣਾ ਹੈ। ਹਰਿ ਰਸ ਕੀ ਹੈ, ਨਾਮ ਰਸ ਕੀ ਹੈ, ਸ਼ਬਦ ਰਸ ਕੀ ਹੈ ਇਹ ਅਸੀਂ ਪਿੱਛੇ ਬਰੀਕੀ ਨਾਲ ਜਾਣ ਚੁੱਕੇ ਹਾਂ ਕਿ ਸਭ ਤੋਂ ਭਾਵ ਸਾਡੇ ਮਨ ਦੀ ਸੱਚੀ ਸੋਝੀ ਨਾਲ ਜੁੜਿਆ ਹੋਇਆ ਹੈ, ਗੁਰੂ ਦੇ ਸੱਚੇ ਗਿਆਨ ਨਾਲ ਜੁੜਿਆ ਹੋਇਆ ਹੈ। ਇਹ ਰਸ ਚੌਥੇ ਪਦ ਦੇ ਗਿਆਨ ਦੇ ਰਸ ਹੀ ਹਨ। ਇਸ ਰਸ ਵਿੱਚ ਰਸਣਾ ਸਹਜ ਕਥਾ ਵਿੱਚ ਰਸਣਾ ਹੈ। ਸਹਜ ਕਥਾ ਸੱਚੇ ਗਿਆਨ ਦੀ ਕਥਾ ਹੈ ਜੋ ਸਹਜ ਦੀ ਅਵੱਸਥਾ ਦੁਆਰਾ ਮਿਲਦੀ ਹੈ। ਅਕਥ ਕਥਾ ਜਾਂ ਸਹਜ ਕਥਾ ਇੱਕੋ ਹੀ ਗੱਲ ਹੈ। "**ਸਹਜ**" ਵੀ ਉਹ ਆਪ ਹੈ ਤੇ ਅਕਥ ਵੀ ਉਹ ਆਪ ਹੈ। ਸਾਰੀ ਗੁਰਬਾਣੀ ਸਹਜ ਕਥਾ ਹੈ ਅਕਥ ਕਥਾ ਹੈ, ਜੋ ਕਿ ਮਨ ਦੇ ਵਿੱਚੋਂ ਹੀ ਪ੍ਰਗਟ ਹੋਈ ਹੈ। ਪਹਿਲੇ ਸਹਜ ਕਥਾ ਮਨ ਦੇ ਵਿੱਚ ਉਪਜਦੀ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਉਪਜਦੀ ਹੈ। ਇਸ ਸਹਜ ਕਥਾ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਉਸ ਨਾ ਕਥੇ ਜਾਣ ਵਾਲੇ "**ਅਕਥੁ**" ਦੀ ਸੋਝੀ ਪੈਂਦੀ ਹੈ ਕਿ ਉਹ ਕੀ ਹੈ। ਆਪਣੀ ਸਹਜ ਕਥਾ ਦੁਆਰਾ ਉਹ ਆਪਣੀ ਕਥਾ ਆਪ ਹੀ ਸੁਣਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੀ ਸੋਝੀ ਆਪ ਹੀ ਪਾਉਂਦਾ ਹੈ। "**ਆਤਮੁ**" ਤੋਂ ਭਾਵ ਹੈ ਸਾਡਾ ਮਨ। ਇਹ ਮਨ ਦੇ ਮਾਨਣ ਦਾ ਰਸ ਹੀ ਹੈ ਜਿਸਨੂੰ ਮਨ ਹੀ ਪੀਂਦਾ ਹੈ। ਸਹਜ ਕਥਾ ਅੰਮ੍ਰਿਤ ਧਾਰਾ ਹੈ ਤੇ ਮਨ ਇਸਨੂੰ ਪੀਣ ਦੁਆਰਾ ਉਸ ਵਿੱਚ ਰਸਿਆ ਰਹਿੰਦਾ ਹੈ ਭਾਵ ਇਸ ਰਸ ਨਾਲ ਜੁੜਿਆ ਰਹਿੰਦਾ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜਿਆ ਰਹਿੰਦਾ ਹੈ। **(ਸਹਜ ਕਥਾ ਮਹਿ ਆਤਮੁ**

ਰਸਿਆ॥) ਜੋ ਮਨੁੱਖ ਇਸ ਰਸ ਨਾਲ ਰਸਿਆ ਜਾਂਦਾ ਹੈ ਭਾਵ ਜੋ ਮਨ ਦੇ ਵਿੱਚ ਸਹਜ ਗਿਆਨ ਦੇ ਨਾਲ ਰਸਿਆ ਜਾਂਦਾ ਹੈ ਉਸਦੇ ਅੰਦਰ ਭਾਵ ਮਨ ਦੇ ਵਿੱਚ ਆਪ ਪ੍ਰਮਾਤਮਾ ਵਸਿਆ ਹੋਇਆ ਹੈ। ਮਨ ਦੇ ਵਿੱਚ ਪ੍ਰਮਾਤਮਾ ਦਾ ਵੱਸਣਾ ਜਾਂ ਸੱਚੇ ਗਿਆਨ ਦਾ ਵੱਸਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਆਪ ਚੌਥੇ ਪਦ ਵਿੱਚ ਹੈ ਤੇ ਮਨ ਦੇ ਵਿੱਚ ਇਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ। ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੇ ਨਾਲ ਮਨ ਦੇ ਵਿੱਚ ਉਹ ਸਹਜ ਦੀ ਅਵੱਸਥਾ ਦੁਆਰਾ ਪ੍ਰਗਟ ਹੋ ਕੇ ਹੀ ਜੋੜਦਾ ਹੈ ਤੇ ਹੋਰ ਸਾਨੂੰ ਕੋਈ ਸੱਚੇ ਗਿਆਨ ਨਾਲ ਨਹੀਂ ਜੋੜ ਸਕਦਾ ਭਾਵ ਚੌਥੇ ਪਦ ਦਾ ਗਿਆਨ ਉਹ ਆਪ ਹੀ ਦਿੰਦਾ ਹੈ ਜਿਸ ਦੁਆਰਾ ਕੋਈ ਭਰਮ ਤੋਂ, ਅਗਿਆਨਤਾ ਤੋਂ, ਮਾਇਆ ਮੋਹ ਤੋਂ ਮਨ ਦੇ ਵਿੱਚ ਹੀ ਮੁਕਤੀ ਪਾਉਂਦਾ ਹੈ। ਸਾਨੂੰ ਉਹ ਆਪ ਹੀ ਮੁਕਤ ਕਰ ਸਕਦਾ ਹੈ ਤੇ ਹੋਰ ਕੋਈ ਸਾਨੂੰ ਮੁਕਤ ਨਹੀਂ ਕਰ ਸਕਦਾ। ਮੁਕਤੀ ਇਸ ਆਤਮ ਰਸ ਦੀ ਪ੍ਰਾਪਤੀ ਨਾਲ, ਨਾਮ ਰਸ ਦੀ ਪ੍ਰਾਪਤੀ ਨਾਲ ਹੁੰਦੀ ਹੈ। **(ਸਹਜ ਕਥਾ ਮਹਿ ਆਤਮੁ ਰਸਿਆ॥ ਤਾ ਕੈ ਸੰਗਿ ਅਬਿਨਾਸੀ ਵਸਿਆ॥੬॥)**

15/1656

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਇਸ ਗੱਲ ਨੂੰ ਜਾਣਿਆ ਹੈ ਕਿ ਇਸ ਮਨ ਦੇ ਅਡੋਲ ਹੋਏ ਬਿਨ੍ਹਾਂ ਅਸੀਂ ਪਾਰ ਨਹੀਂ ਪੈ ਸਕਦੇ ਉਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਸਾਡਾ ਮਨ ਸਦਾ ਡੋਲਦਾ ਰਹਿੰਦਾ ਹੈ, ਮਾਇਆ ਮੋਹ ਵਿੱਚ ਡੋਲਦਾ ਰਹਿੰਦਾ ਹੈ ਤੇ ਇਹ ਮਨ ਡੋਲਣੋਂ ਕਿਵੇਂ ਹੱਟਦਾ ਹੈ ਇਸਨੂੰ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਹਜੇ ਆਸਣੁ ਅਸਥਿਰੁ ਭਾਇਆ॥”

ਸਹਜ ਦਾ ਆਸਣ ਸਾਡੇ ਮਨ ਦੇ ਵਿੱਚ ਹੀ ਹੈ। ਇੱਕੋ ਇੱਕ “**ਅਸਥਿਰੁ**” ਆਸਣ ਕੇਵਲ ਗੁਰੂ ਪ੍ਰਮਾਤਮਾ ਦਾ ਆਪਣਾ ਹੈ ਤੇ ਇਸ ਤੋਂ ਇਲਾਵਾ ਹੋਰ ਕੋਈ ਅਸਥਿਰ ਨਹੀਂ ਹੈ। ਇੱਕ ਇੱਕ ਟਿਕਣ ਵਾਲਾ, ਸਦਾ ਰਹਿਣ ਵਾਲਾ ਆਸਣ ਪ੍ਰਮਾਤਮਾ ਦਾ ਆਪਣਾ ਹੀ ਹੈ। ਉਸਦਾ ਆਸਣ ਨਿਰਗੁਣ ਰੂਪ ਹੈ ਜੋ ਕਦੇ ਬਿਨਸ ਨਹੀਂ ਸਕਦਾ। ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਅਸਥਿਰ ਆਸਣ ਹੈ ਭਾਵ ਉਸਦੇ ਕਦੇ ਨਾ ਡੋਲਣ ਵਾਲੇ ਬਚਨ ਹਨ ਜੋ ਸਦਾ ਸੱਚ ਰਹਿਣ ਵਾਲੇ ਹਨ। ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਪਰ ਉਸਨੇ ਸਾਨੂੰ ਡੋਲਣ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਜਦ ਤੱਕ ਸਾਡੇ ਮਨ ਦੇ ਵਿੱਚ ਅਗਿਆਨਤਾ ਵਾਲੀ ਸੋਝੀ ਹੈ, ਮਾਇਆ ਮੋਹ ਵਾਲੀ ਸੋਝੀ ਹੈ, ਤ੍ਰੈਗੁਣਾਂ ਵਾਲੀ ਸੋਝੀ ਹੈ ਭਾਵ ਜਦ ਤੱਕ ਮਨ ਦੁਬਿਧਾ ਵਿੱਚ ਹੈ ਤਦ ਤੱਕ ਸਾਡੇ ਮਨ ਦੇ ਅੰਦਰ ਸਾਡੇ ਵਿਚਾਰ ਟਿਕਾਅ ਵਿੱਚ ਨਹੀਂ ਹਨ। ਸਾਡੇ ਵਿਚਾਰ ਡੋਲਦੇ ਰਹਿੰਦੇ ਹਨ ਤੇ ਅਸੀਂ ਉਹ ਕੁੱਝ ਵੀ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦਾ। ਅਡੋਲਤਾ ਕੇਵਲ ਗੁਰਮਤਿ ਦੇ ਵਿੱਚ ਹੈ ਕਿਉਂਕਿ ਉਸਦੀ ਸੋਝੀ ਸੱਚੀ ਹੈ, ਜੋ ਅਡੋਲਤਾ ਵਾਲੇ ਹਿਰਦਿਆਂ ਵਿੱਚੋਂ ਆਈ ਹੈ। ਮਨ ਦੇ ਵਿੱਚ ਅਡੋਲਤਾ ਕੇਵਲ ਸਹਜ ਦੀ ਅਵੱਸਥਾ ਦੁਆਰਾ ਆਉਂਦੀ ਹੈ ਭਾਵ ਕੇਵਲ ਸੱਚੀ ਸੋਝੀ ਦੁਆਰਾ ਆਉਂਦੀ ਹੈ ਜੋ ਸਾਨੂੰ ਸਿੱਧੀ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ। ਇਸ ਸੋਝੀ ਦੁਆਰਾ ਹੀ ਸਾਨੂੰ ਇਹ ਸਮਝ ਲੱਗਦੀ ਹੈ ਕਿ ਸਾਡੇ ਲਈ ਚੰਗਾ ਕੀ ਹੈ ਤੇ ਮਾੜਾ ਕੀ ਹੈ। ਇਸ ਸੋਝੀ ਤੋਂ ਬਾਅਦ ਮਨੁੱਖ ਸੱਚ ਦੇ ਉੱਤੇ ਅਡੋਲ ਹੋ ਕੇ ਤੁਰਦਾ ਹੈ। ਸੱਚ ਉਹੀ ਹੈ ਜੋ ਸਾਨੂੰ ਗੁਰਬਾਣੀ ਦੇ ਰਾਹੀਂ ਸਮਝਾਇਆ ਹੋਇਆ ਹੈ। ਆਪਣੇ ਆਪ ਸਾਨੂੰ ਭਾਵ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਗੁਰਮਤਿ ਦੀ ਸੱਚੀ ਸੋਝੀ ਨਹੀਂ ਪੈਂਦੀ ਤੇ ਅਸੀਂ ਜੋ ਕੁੱਝ ਵੀ ਗੁਰਮਤਿ ਤੋਂ ਉਲਟ ਕਰਦੇ ਹਾਂ ਉਹ ਸਾਡੇ ਮਨ ਦਾ ਡੋਲਣਾ ਹੈ। ਗੁਰਮਤਿ ਤੋਂ ਡੋਲਣਾ ਸਾਡੇ ਮਨ ਦਾ ਡੋਲਣਾ ਹੈ। ਗੁਰਮਤਿ ਤੇ ਅਡੋਲ ਹੋਣਾ ਮਨ ਦਾ ਅਡੋਲ ਹੋਣਾ ਹੈ। ਗੁਰਬਾਣੀ ਭਾਵ ਗੁਰੂ ਦੀ ਮਤਿ ਸੱਚੇ ਗਿਆਨ ਕਰਕੇ ਅਡੋਲ ਹੈ ਕਿਉਂਕਿ ਉਹ ਸਿੱਧੀ ਪ੍ਰਮਾਤਮਾ ਦੇ ਕੋਲੋਂ ਆਈ ਹੈ, ਸਹਜ ਦੀ ਅਵੱਸਥਾ ਦੁਆਰਾ ਪ੍ਰਗਟ ਹੋਈ ਹੈ। ਸਾਨੂੰ ਗੁਰਬਾਣੀ ਦੀ ਸੱਚੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਜੋ ਕਿ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ ਤੇ ਉਸ ਤੋਂ ਬਾਅਦ ਸਾਨੂੰ ਉਸ ਸੋਝੀ ਤੇ ਦ੍ਰਿੜ ਕਰਕੇ ਰੱਖਦਾ ਹੈ ਤੇ ਉਸ ਤੋਂ ਡੋਲਣ ਨਹੀਂ ਦਿੰਦਾ। ਅਸੀਂ ਡੋਲਦੇ ਜਾਂ ਦ੍ਰਿੜ ਮਨ ਦੇ

15/1657

ਵਿਚਾਰਾਂ ਦੁਆਰਾ ਹੀ ਹੁੰਦੇ ਹਾਂ। ਸਾਡੇ ਵਿਚਾਰਾਂ ਨੂੰ ਡੋਲਣ ਤੋਂ ਉਹੀ ਹਟਾ ਸਕਦਾ ਹੈ ਭਾਵ ਇਨ੍ਹਾਂ ਨੂੰ ਦ੍ਰਿੜਤਾ ਉਹੀ ਬਖ਼ਸ ਸਕਦਾ ਹੈ ਜੋ ਇਨ੍ਹਾਂ ਵਿਚਾਰਾਂ ਦਾ ਮਾਲਕ ਹੈ, ਜੋ ਸਾਡੇ ਅੰਦਰ ਇਹ ਸਾਰੇ ਵਿਚਾਰ ਪਾਉਂਦਾ ਹੈ। ਸਾਨੂੰ ਦ੍ਰਿੜਤਾ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਆਉਂਦੀ ਹੈ ਕਿਉਂਕਿ ਇਹ ਸੋਝੀ ਪਾਉਣ ਵਾਲਾ ਉਹ ਆਪ ਹੈ, ਮਾਇਆ ਮੋਹ ਦੀ ਬਿਰਤੀ ਵਿੱਚੋਂ ਉਹ

ਆਪ ਹੀ ਕੱਢਦਾ ਹੈ। ਮਨ ਦੇ ਵਿੱਚ ਸੱਚੀ ਸੋਝੀ ਪੈਣ ਤੋਂ ਬਾਅਦ, ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਕਰਨ ਤੋਂ ਬਾਅਦ ਫਿਰ ਉਸਦੀ ਗੁਰਮਤਿ ਤੇ ਚੱਲਣਾ ਹੀ ਭਾਉਂਦਾ ਹੈ ਤੇ ਮਨੁੱਖ ਮਾਇਆ ਮੋਹ ਵਿੱਚ ਨਹੀਂ ਡੁੱਬਦਾ। ਸਾਰੀ ਗੱਲ ਸਾਡੇ ਮਨ ਦੇ ਵਿਚਾਰਾਂ ਤੇ ਟਿਕੀ ਹੋਈ ਹੈ ਜੋ ਕਿ ਸਾਡੇ ਹੱਥ ਵੱਸ ਵਿੱਚ ਨਹੀਂ ਹੈ। **(ਸਹਜੇ ਆਸਣੁ ਅਸਥਿਰੁ ਭਾਇਆ॥)**

ਅਸੀਂ ਕਾਫੀ ਪਿੱਛੇ ਇਸ ਗੱਲ ਨੂੰ ਜਾਣਿਆ ਸੀ ਕਿ ਸਾਡੇ ਅੰਦਰ ਅਨਹਦ ਸ਼ਬਦ ਦਾ ਵੱਜਣਾ ਕੀ ਹੈ ਜਿਸ ਦਾ ਕਿ ਹਰ ਕਿਸੇ ਨੂੰ ਭੁਲੇਖਾ ਹੈ ਭਾਵ ਇਹ ਭੁਲੇਖੇ ਤੋਂ ਬਾਹਰ ਕੋਈ ਵੀ ਨਹੀਂ ਹੈ। ਸਾਡੇ ਅੰਦਰ ਅਨਹਦ ਸ਼ਬਦ ਦਾ ਵੱਜਣਾ ਕੀ ਹੈ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸਹਜੇ ਅਨਹਤ ਸਬਦੁ ਵਜਾਇਆ॥"

ਪ੍ਰਮਾਤਮਾ ਸਾਡੇ ਅੰਦਰ ਸ਼ਬਦ ਰੂਪ ਵਿੱਚ ਹੀ ਵਿਚਰ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਇਸ ਗੱਲ ਨੂੰ ਜਾਣਿਆ ਹੈ। ਉਹ ਸਾਡੇ ਅੰਦਰ ਸ਼ਬਦ ਰੂਪ ਵਿੱਚ ਮਨ ਦੇ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ।

{ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

"**ਅਨਹਤ ਸਬਦੁ**" ਉਸਦੇ ਸੱਚੇ ਰੂਪ ਦਾ ਗਿਆਨ ਹੈ ਭਾਵ ਚੌਥੇ ਪਦ ਦੇ ਗਿਆਨ ਦਾ ਰੂਪ ਹੈ ਭਾਵ ਉਹ ਗਿਆਨ ਜਿਸ ਦੁਆਰਾ ਮਨ ਦੇ ਵਿੱਚ ਉਸਦਾ ਬ੍ਰਹਮਗਿਆਨ ਉਸਦੇ ਕੋਲੋਂ ਹੀ ਮਿਲਦਾ ਹੈ। ਗੁਰਬਾਣੀ ਅਨਹਤ ਬਾਣੀ ਹੈ। ਗੁਰਬਾਣੀ ਬ੍ਰਹਮਗਿਆਨ ਹੈ। ਪ੍ਰਮਾਤਮਾ ਦਾ ਇਹ ਅਨਹਤ ਸਬਦ ਮਨ ਦੇ ਵਿੱਚ ਹੀ ਵੱਜਦਾ ਹੈ, ਬਿਨ੍ਹਾਂ ਕਿਸੇ ਆਵਾਜ਼ ਤੋਂ ਵੱਜਦਾ ਹੈ। ਮਨ ਦੇ ਵਿੱਚ ਗਿਆਨ ਦੀ ਕੋਈ ਆਵਾਜ਼ ਨਹੀਂ ਹੁੰਦੀ। ਮਨ ਦੇ ਵਿੱਚ ਸ਼ਬਦ ਦੀ ਕੋਈ ਆਵਾਜ਼ ਨਹੀਂ ਹੁੰਦੀ। "ਅਨਹਤ" ਤੋਂ ਭਾਵ ਹੀ ਆਵਾਜ਼ ਰਹਿਤ ਹੈ, ਆਹਟ ਰਹਿਤ ਹੈ ਭਾਵ ਜੋ ਬਿਲਕੁਲ ਖਾਮੋਸ਼ ਤਰੀਕੇ ਨਾਲ ਸਾਡੇ ਮਨ ਦੇ ਵਿੱਚ ਵੱਜਦਾ ਰਹਿੰਦਾ ਹੈ। ਸਹਜ ਦੀ ਅਵੱਸਥਾ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ। ਸਾਡੇ ਅੰਦਰ ਉਹ ਆਪਣਾ ਅਨਹਤ ਸ਼ਬਦ ਭਾਵ ਸੱਚੇ ਗਿਆਨ ਦੀ ਸੋਝੀ ਇਸ ਸਹਜ ਦੀ ਅਵੱਸਥਾ ਦੁਆਰਾ ਹੀ ਪਾਉਂਦਾ ਹੈ ਤੇ ਇਸੇ ਦੁਆਰਾ ਅਨਹਤ ਬਾਣੀ ਪ੍ਰਗਟ ਹੋਈ ਹੈ ਜੋ ਸਭ ਨੂੰ ਆਪਣਾ ਸੱਚਾ ਗਿਆਨ ਵੰਡਦੀ ਹੈ, ਅਨਹਤ ਸ਼ਬਦ ਸੁਣਾ ਰਹੀ ਹੈ। **(ਸਹਜੇ ਅਨਹਤ ਸਬਦੁ ਵਜਾਇਆ॥)** ਸਹਜ ਸਾਡੇ ਮਨ ਦੀ ਅਵੱਸਥਾ ਹੈ ਤੇ ਇਹੀ ਮਨ ਦੀ ਅਵੱਸਥਾ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

16/1658

"ਸਹਜੇ ਰੁਣ ਝੁਣਕਾਰੁ ਸੁਹਾਇਆ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ॥੭॥"

ਪ੍ਰਮਾਤਮਾ ਦੇ ਸੱਚੇ ਮਾਰਗ ਤੇ ਅਸੀਂ ਤਾਂ ਹੀ ਚੱਲ ਸਕਦੇ ਹਾਂ ਜਦੋਂ ਸਾਨੂੰ ਉਸ ਤੇ ਚੱਲਣ ਵਿੱਚ ਖੁਸ਼ੀ ਮਹਿਸੂਸ ਹੋਵੇ। ਰੁਣ ਝੁਣ ਤੋਂ ਭਾਵ ਸਾਡੇ ਮਨ ਦੀ ਖੁਸ਼ੀ ਦੇ ਨਾਲ ਹੈ। ਮਨ ਦੇ ਵਿੱਚ ਸੱਚੀ ਸੋਝੀ ਪੈਣ ਤੋਂ ਬਾਅਦ ਭਾਵ ਸਹਜ ਦੀ ਅਵੱਸਥਾ ਤੋਂ ਬਾਅਦ ਫਿਰ ਮਨੁੱਖ ਨੂੰ ਇਸੇ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਉਹ ਗੁਰਮਤਿ ਅਨੁਸਾਰ ਵਿਚਰਦਾ ਹੈ। ਗੁਰਮਤਿ ਅਨੁਸਾਰ ਤਾਂ ਹੀ ਵਿਚਰਿਆ ਜਾ ਸਕਦਾ ਹੈ ਜੇਕਰ ਮਨ ਦੇ ਵਿੱਚੋਂ ਮਾਇਆ ਮੋਹ ਵਾਲੀ ਖੁਸ਼ੀ ਨਿਕਲ ਜਾਵੇ। ਹਰ ਕਿਸੇ ਨੂੰ ਮਾਇਆ ਮੋਹ ਵਿੱਚ ਹੀ ਖੁਸ਼ੀ, ਅਨੰਦ ਮਹਿਸੂਸ ਹੁੰਦਾ ਹੈ ਪਰ ਸਹਜ ਦੀ ਅਵੱਸਥਾ ਤੋਂ ਬਾਅਦ ਮਨ ਨੂੰ ਮਾਇਆ ਮੋਹ ਵਿੱਚੋਂ ਨਿਕਲਣ ਵਿੱਚ ਹੀ ਖੁਸ਼ੀ ਮਹਿਸੂਸ ਹੁੰਦੀ ਹੈ। **(ਸਹਜੇ ਰੁਣ ਝੁਣਕਾਰੁ ਸੁਹਾਇਆ॥)** ਮਨ ਦੀ ਇਸ ਰੁਣ ਝੁਣਕਾਰ ਨੂੰ ਕੁੱਝ ਹੋਰ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਬੰਧਨ ਤੋੜਿ ਲੀਏ ਪ੍ਰਭਿ ਮੋਲੇ॥ ਕਰਿ ਕਿਰਪਾ ਕੀਨੇ ਘਰ ਗੋਲੇ॥
ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ॥੧੨॥}

(ਅੰਗ ੧੦੭੨)

ਸਾਡੇ ਮਨ ਦੇ ਬੰਧਨ ਇਸ ਅਨਹਦ ਝੁਣਕਾਰ ਦੁਆਰਾ ਹੀ ਟੁੱਟਦੇ ਹਨ ਜੋ ਕਿ ਸਾਡੇ ਮਨ ਦੀ ਸਹਜ ਧੁਨਿ ਹੈ। ਅਨਹਦ ਝੁਣਕਾਰ ਜਾਂ ਸਾਡੇ ਅੰਦਰ ਸਹਜ ਧੁਨਿ ਦਾ ਉਪਜਣਾ ਭਾਵ ਚੌਥੇ ਪਦ ਦੇ ਗਿਆਨ ਦਾ ਉਪਜਣਾ ਇੱਕੋ ਹੀ ਗੱਲ ਹੈ। ਸਾਰੀ ਗੱਲ ਮਨ ਦੇ ਵਿੱਚ ਉਸ ਪ੍ਰਮਾਤਮਾ ਕੋਲੋਂ ਉਸਦੇ ਸੱਚੇ ਗਿਆਨ ਦੀ ਪ੍ਰਾਪਤੀ ਹੈ ਜਿਸ ਦੁਆਰਾ ਸਾਡੇ ਮਨ ਦੇ ਵਿੱਚ ਅਗਿਆਨਤਾ

ਦਾ ਬੰਧਨ ਟੁੱਟਦਾ ਹੈ। ਪ੍ਰਮਾਤਮਾ ਕਿਸੇ ਮਨੁੱਖ ਨੂੰ ਆਪਣਾ ਚਾਕਰ, ਆਪਣਾ ਗੋਲਾ ਭਾਵ ਆਪਣੇ ਘਰ ਦਾ ਗੁਲਾਮ, ਸੇਵਕ ਮਨ ਦੇ ਵਿੱਚ ਇਸ ਸੱਚੇ ਗਿਆਨ ਦੁਆਰਾ ਹੀ ਬਣਾਉਂਦਾ ਹੈ ਤੇ ਉਹ ਆਪਣੀ ਕ੍ਰਿਪਾ ਇਸੇ ਰੂਪ ਵਿੱਚ ਹੀ ਕਰਦਾ ਹੈ। ਉਸਦਾ ਚਾਕਰ ਬਣਨਾ ਜਾਂ ਉਸਦਾ ਗੁਲਾਮ ਬਣਨਾ ਉਸਦੀ ਮਤਿ ਦਾ ਗੁਲਾਮ ਬਣਨਾ ਹੈ, ਗੁਰਮਤਿ ਦਾ ਗੁਲਾਮ ਬਣਨਾ ਹੈ। ਉਸਦੀ ਸੱਚੀ ਗੁਰਮਤਿ ਮਨ ਦੇ ਵਿੱਚ ਚੌਥੇ ਪਦ ਦੁਆਰਾ ਹੀ ਮਿਲਦੀ ਹੈ।

16/1659

ਗੁਰੂ ਦੀ ਸੱਚੀ ਕਾਰ ਭਾਵ ਜਿਹੋ ਜਿਹੀ ਕਾਰ ਪ੍ਰਮਾਤਮਾ ਮਨੁੱਖ ਕੋਲੋਂ ਕਰਵਾਉਣੀ ਚਾਹੁੰਦਾ ਹੈ, ਉਹ ਮਨ ਦੇ ਵਿੱਚ ਸਹਜ ਗਿਆਨ ਦੁਆਰਾ ਉਪਜਣ ਦੁਆਰਾ ਹੀ ਹੁੰਦੀ ਹੈ। ਸੱਚੀ ਕਾਰ ਕਰਨੀ ਕੀ ਹੈ ਇਸਦੀ ਸੋਝੀ ਹੀ ਸਹਜ ਦੀ ਅਵੱਸਥਾ ਦੁਆਰਾ ਪੈਂਦੀ ਹੈ। ਉਸਦੀ ਚਾਕਰੀ ਉਸਦੀ ਸੱਚੀ ਸੋਝੀ ਦੀ ਗੁਲਾਮੀ ਹੈ ਭਾਵ ਗੁਰਮਤਿ ਅਨੁਸਾਰ ਵਿਚਰਨ ਹੈ। **(ਬੰਧਨ ਤੋੜਿ ਲੀਏ ਪ੍ਰਭਿ ਮੋਲੇ॥ ਕਰਿ ਕਿਰਪਾ ਕੀਨੇ ਘਰ ਗੋਲੇ॥ ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ॥੧੨॥)**

ਇਹ ਉਹ ਝੁਣਕਾਰ ਹੈ ਜੋ ਅਨਹਦ ਦੇ ਰੂਪ ਵਿੱਚ ਸਦਾ ਹੀ ਮਨ ਦੇ ਵਿੱਚ ਵੱਜਦੀ ਰਹਿੰਦੀ ਹੈ ਜੋ ਕਿ ਸਹਜ ਦੀ ਅਵੱਸਥਾ ਤੋਂ ਬਾਅਦ ਹੀ ਵੱਜਦੀ ਹੈ। ਸਹਜ ਦਾ ਘਰ ਪ੍ਰਮਾਤਮਾ ਦਾ ਆਪਣਾ ਘਰ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਇਹ ਅਨਹਦ ਦੀ ਰੁਣ ਝੁਣਕਾਰ ਦੀ ਸੋਝੀ ਉਸਦੇ ਘਰ ਵਿੱਚ ਪਹੁੰਚ ਕੇ ਹੀ ਸਮਝ ਆਉਂਦੀ ਹੈ। ਇਸ ਝੁਣਕਾਰ ਦੁਆਰਾ, ਇਸ ਅਨਹਦ ਨਾਦ ਦੁਆਰਾ ਸਾਡੇ ਮਨ ਦਾ ਭਰਮ ਹੀ ਮਿਟਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਮਨ ਦੇ ਵਿੱਚ ਉਸਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਇਸ ਗੱਲ ਨੂੰ ਸ਼ਬਦ ਦੀਆਂ ਕੁੱਝ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਪੰਖੀ ਪੰਚ ਉਡਰਿ ਨਹੀ ਧਾਵਹਿ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ॥੭॥
ਝਿਲਮਿਲਿ ਝਿਲਕੈ ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥
ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ॥੮॥
ਪਸਰੀ ਕਿਰਣਿ ਜੋਤਿ ਉਜਿਆਲਾ॥ ਕਰਿ ਕਰਿ ਦੇਖੈ ਆਪਿ ਦਇਆਲਾ॥
ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ॥੯॥”

(ਅੰਗ ੧੦੩੩)

ਉੱਪਰ ਸਾਰੇ ਸ਼ਬਦ ਵਿੱਚ ਸਾਨੂੰ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ। ਮਨ ਦੀ ਇਹ ਉਹ ਅਵੱਸਥਾ ਹੈ ਜਦੋਂ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ ਭਾਵ ਜਦੋਂ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਪੈ ਜਾਂਦੀ ਹੈ।

ਸਾਡਾ ਮਨ ਸਹਜ ਦੀ ਅਵੱਸਥਾ ਤੋਂ ਪਹਿਲਾਂ ਉੱਡਦਾ ਰਹਿੰਦਾ ਹੈ ਭਾਵ ਪੰਖੀ ਦੀ ਤਰ੍ਹਾਂ ਉਡਾਰੀਆਂ ਮਾਰਦਾ ਹੈ ਭਾਵ ਮਾਇਆ ਮੋਹ ਵਿੱਚ, ਮਾਇਆ ਦੇ ਚੋਗ ਚੁਗਣ ਲਈ ਉੱਡਦਾ ਹੈ ਭਾਵ ਮਾਇਆ ਮੋਹ ਵਿੱਚ ਭਟਕਦਾ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਸੀ ਜੋ ਮਨ ਮਾਇਆ

16/1660

ਮੋਹ ਵਿੱਚ ਦੌੜਦਾ ਹੈ ਉਹ ਮਨ ਡੋਲਣ ਵਾਲਾ ਮਨ ਹੈ। ਜੋ ਮਨ ਪ੍ਰਮਾਤਮਾ ਨੂੰ ਕਬੂਲ ਹੁੰਦਾ ਹੈ ਉਸ ਮਨ ਦੀ ਅਵੱਸਥਾ ਅਡੋਲ ਹੋ ਜਾਂਦੀ ਹੈ ਭਾਵ ਉਹ ਡੋਲਣੋਂ ਹੱਟ ਜਾਂਦਾ ਹੈ। ਅਡੋਲ ਅਵੱਸਥਾ ਵਾਲੇ ਮਨ ਨੂੰ ਹੀ “ਪੰਚ” ਕਿਹਾ ਹੈ ਜੋ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਜਾਣਿਆ ਹੈ ਤੇ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਇਸ ਗੱਲ ਨੂੰ ਜਾਣਿਆ ਹੈ। ਮਨ ਦਾ ਇਹ ਅਡੋਲ ਹੋਣਾ ਹੀ ਸਾਡੇ ਇਸ ਜੀਵਨ ਦਾ ਸਫ਼ਲ ਹੋਣਾ ਹੈ ਤੇ ਅੰਮ੍ਰਿਤ ਫਲ ਦੀ ਪ੍ਰਾਪਤੀ ਹੈ। ਮਨ ਦੀ ਅਡੋਲਤਾ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਫਲ ਹੈ। ਪ੍ਰਮਾਤਮਾ ਦਾ ਇਹ ਫਲ ਸਹਜ ਦੀ ਅਵੱਸਥਾ ਦੁਆਰਾ ਮਿਲਦਾ ਹੈ ਜੋ ਕਿ ਇੱਕ ਗੁਰਮੁਖਿ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਕੋਈ ਗੁਰਮੁਖਿ ਬਣ ਕੇ ਉਸਦੇ ਗੁਣ ਗਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਆਪਣੇ ਹਰਿ ਰਸ ਦਾ ਚੋਗ ਚੁਗਾਉਂਦਾ ਹੈ। ਇਹ ਹਰਿ ਰਸ ਦਾ ਚੋਗ ਚੌਥੇ ਪਦ ਦੇ ਗਿਆਨ ਦਾ ਚੋਗ ਹੈ, ਉਸਦੇ ਸੱਚੇ ਗਿਆਨ ਦਾ ਚੋਗ ਹੈ ਜੋ ਉਹ ਮਨ ਦੇ ਵਿੱਚ ਹੀ ਚੁਗਾਉਂਦਾ ਹੈ। ਮਨ ਦੇ ਵਿੱਚ ਇਸ ਚੋਗ ਦੇ ਦੁਆਰਾ ਹੀ ਸਾਡੇ

ਅੰਦਰ ਸਹਜ ਉਪਜਦਾ ਹੈ। ਇਹ ਚੋਗ ਚੁਗਣ ਦੁਆਰਾ ਹੀ ਮਨ ਟਿਕ ਕੇ ਬੈਠਦਾ ਹੈ ਤੇ ਮਾਇਆ ਦੇ ਚੋਗ ਚੁਗਣ ਲਈ ਫਿਰ ਨਹੀਂ ਦੌੜਦਾ। ਉਹ ਮਨ ਫਿਰ ਪੰਚ ਬਣ ਕੇ ਵਿਚਰਦਾ ਹੈ। **(ਪੰਖੀ ਪੰਚ ਉਡਰਿ ਨਹੀ ਧਾਵਹਿ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ॥ ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ॥੭॥)**

{ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ॥
ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ॥
ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ॥}

(ਅੰਗ ੯੩੪)

ਉੱਪਰ ਵਾਲੇ ਸ਼ਬਦ ਦੀ ਵਿਆਖਿਆ ਦੁਆਰਾ ਅਸੀਂ ਕਾਫੀ ਪਿੱਛੇ ਇਹ ਸਮਝਿਆ ਸੀ ਕਿ ਪੰਚ ਬਣਨਾ ਕੀ ਹੈ। ਉਸਦੀ ਦਰਗਾਹ ਵਿੱਚ

ਜੋ ਵੀ ਕਬੂਲ ਹੁੰਦਾ ਹੈ ਉਸਨੂੰ ਉਹ ਪਹਿਲੇ ਆਪਣਾ ਪੰਚ ਹੀ ਬਣਾਉਂਦਾ ਹੈ। ਉਸਦੀ ਆਪਣੀ ਅਵੱਸਥਾ ਪੰਚ ਹੈ ਭਾਵ ਉਹ ਆਪ ਸਹਜ ਵਿੱਚ ਹੈ, ਅਡੋਲ ਅਵੱਸਥਾ ਵਿੱਚ ਹੈ ਤੇ ਜਿਸਨੂੰ ਉਹ ਆਪਣੇ ਨਾਲ ਮਿਲਾਉਂਦਾ ਹੈ ਉਸਨੂੰ ਇਹ ਅਵੱਸਥਾ ਬਖ਼ਸ ਕੇ ਹੀ ਮਿਲਾਉਂਦਾ ਹੈ। ਜਪੁਜੀ ਬਾਣੀ ਵਿੱਚ ਦਿੱਤੇ ਹੋਏ ਇਸ ਸ਼ਬਦ ਨੂੰ ਹੁਣ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਉੱਥੇ "ਪੰਚ" ਤੋਂ ਭਾਵ ਕੀ ਹੈ।

ਜਪੁਜੀ ਬਾਣੀ ਦੇ ਅਰਥ ਕਾਫੀ ਗਹਿਰੇ ਹਨ ਜੋ ਕਿ ਅੱਗੇ ਚੱਲ ਕੇ ਸਮਝਾਂਗੇ ਤੇ ਉਨ੍ਹਾਂ ਦੀ ਸਹੀ ਸੋਝੀ ਸਾਨੂੰ ਉਨ੍ਹਾਂ ਸ਼ਬਦਾਂ ਦੇ ਅੰਦਰੂਨੀ ਭਾਵ ਨੂੰ ਸਮਝ ਕੇ ਹੀ ਪਵੇਗੀ ਭਾਵ ਉਨ੍ਹਾਂ ਅਰਥਾਂ ਤੇ ਯਕੀਨ ਸਾਨੂੰ ਇਸ ਲੇਖ ਨੂੰ ਪੜ੍ਹਨ ਤੋਂ ਬਾਅਦ ਹੀ ਆਵੇਗਾ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਦੀ ਚਰਚਾ ਕੀਤੀ ਹੈ। ਗੁਰਬਾਣੀ ਸਾਡੀ ਮਨ ਦੀ ਅਵੱਸਥਾ ਨਾਲ ਜੁੜੀ ਹੋਈ ਹੈ ਤੇ ਜਿਉਂ ਜਿਉਂ ਸਾਨੂੰ ਮਨ ਬਾਰੇ ਸੋਝੀ ਪੈਂਦੀ ਜਾਵੇਗੀ ਸਾਨੂੰ ਗੁਰਬਾਣੀ ਦੇ ਅਰਥ ਸਮਝਣ ਵਿੱਚ ਆਸਾਨੀ ਹੁੰਦੀ ਜਾਵੇਗੀ।

{ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥}

(ਅੰਗ ੩)

ਸਹਜ ਦੀ ਅਵੱਸਥਾ ਸਾਨੂੰ ਮਨ ਦੇ ਵਿੱਚ ਕਿਸ ਰੂਪ ਵਿੱਚ ਪ੍ਰਤੀਤ ਹੁੰਦੀ ਹੈ ਇਹ ਗੱਲ ਪਿਛਲੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਝਿਲਮਿਲਿ ਝਿਲਕੈ ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥
ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ॥੮॥"

ਇੱਥੇ ਸਾਡੇ ਮਨ ਦਾ ਪ੍ਰਕਾਸ਼ ਸਮਝਾਇਆ ਹੋਇਆ ਹੈ ਜਿਸਦੀ ਤੁਲਨਾ ਬਾਹਰ ਦੇ ਪ੍ਰਕਾਸ਼ ਨਾਲ ਕੀਤੀ ਹੋਈ ਹੈ। ਬਾਹਰ ਦਾ ਪ੍ਰਕਾਸ਼ ਸਾਨੂੰ ਸਰਗੁਣ ਰੂਪ ਵਿੱਚ ਨਜ਼ਰ ਆਉਂਦਾ ਹੈ ਤੇ ਸਰਗੁਣ ਰੂਪ ਵਸਤੂਆਂ ਤੋਂ ਨਿਕਲਦਾ ਹੈ, ਉਪਜਦਾ ਹੈ। ਮਨ ਦਾ ਪ੍ਰਕਾਸ਼ ਸਾਨੂੰ ਨਿਰਗੁਣ ਰੂਪ ਵਿੱਚ ਮਿਲਦਾ ਹੈ ਤੇ ਨਿਰਗੁਣ ਰੂਪ ਵਿੱਚੋਂ ਹੀ ਉਪਜਦਾ ਹੈ। ਮਨ ਦੇ ਵਿੱਚ ਜਿੱਥੇ ਪ੍ਰਕਾਸ਼ ਹੁੰਦਾ ਹੈ ਉੱਥੇ ਕੋਈ ਸਰਗੁਣ ਸਰੂਪ ਵਸਤੂ ਨਹੀਂ ਹੁੰਦੀ ਤੇ ਇਹ ਪ੍ਰਕਾਸ਼

ਸਾਡੇ ਅੰਦਰ ਆਪਣੀ ਝਿਲਮਿਲ ਦੀ ਝਲਕ ਨਿਰਗੁਣ ਰੂਪ ਵਿੱਚ ਹੀ ਖਿਲੇਰਦਾ ਹੈ। ਇਹ ਪ੍ਰਕਾਸ਼ ਮਨ ਦੇ ਵਿੱਚ ਸੱਚੇ ਵਿਚਾਰਾਂ ਦਾ ਪ੍ਰਕਾਸ਼ ਹੈ ਜੋ ਉਹ ਨਿਰਗੁਣ ਰੂਪ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਖਿਲਾਰਦਾ ਹੈ। **(ਝਿਲਮਿਲਿ ਝਿਲਕੈ ਚੰਦੁ ਨ**

ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥)

ਜਿਵੇਂ ਬਾਹਰ ਦਾ ਪ੍ਰਕਾਸ਼ ਸਾਨੂੰ ਹਨੇਰੇ ਵਿੱਚੋਂ ਕੱਢਦਾ ਹੈ ਉਸੇ ਤਰ੍ਹਾਂ ਮਨ ਦਾ ਪ੍ਰਕਾਸ਼ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਦਾ ਹੈ। ਉਹ ਪ੍ਰਮਾਤਮਾ ਸਾਡੇ ਕਿਸੇ ਦੇ ਵੀ ਕਥਨ ਤੋਂ ਰਹਿਤ ਹੈ ਭਾਵ ਸਾਡੀ ਸਮਝ ਤੋਂ ਬਾਹਰ ਹੈ ਤੇ ਇਸੇ ਲਈ ਉਹ ਅਕੱਥ ਹੈ। ਉਸਨੂੰ ਕੇਵਲ ਮਨ ਦੇ ਪ੍ਰਕਾਸ਼ ਦੁਆਰਾ ਕਥਿਆ ਜਾ ਸਕਦਾ ਹੈ ਜੋ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

“ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ॥੮॥”

ਜਿਸਨੇ ਪ੍ਰਮਾਤਮਾ ਨੂੰ ਹਕੀਕਤ ਵਿੱਚ ਜਾਣਿਆ ਹੈ ਉਸਨੇ ਪ੍ਰਮਾਤਮਾ ਨੂੰ ਨਿਰਗੁਣ ਰੂਪ ਵਿੱਚ ਹੀ ਜਾਣਿਆ ਹੈ ਭਾਵ ਉਨ੍ਹਾਂ ਨੇ ਪ੍ਰਮਾਤਮਾ ਦਾ ਕੋਈ “**ਚਿਹਨੁ**” ਨਹੀਂ ਦੱਸਿਆ ਭਾਵ ਉਸਦਾ ਕੋਈ ਸਰਗੁਣ ਸਰੂਪ ਨਹੀਂ ਦੱਸਿਆ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਅਕੱਥ ਕਥਾ ਉਚਾਰੀ ਹੈ, ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਪ੍ਰਮਾਤਮਾ ਨੂੰ ਨਿਰਗੁਣ ਰੂਪ ਹੀ ਦੱਸਿਆ ਹੈ, ਚਿਹਨੁ ਰੂਪ ਤੋਂ ਬਾਹਰ ਹੀ ਦੱਸਿਆ ਹੈ ਭਾਵ ਸ਼ਬਦ ਰੂਪ ਦੱਸਿਆ ਹੈ, ਗਿਆਨ ਰੂਪ ਹੀ ਦੱਸਿਆ ਹੈ ਜਿਸ ਦੁਆਰਾ ਪ੍ਰਮਾਤਮਾ ਸਭ ਜਗ੍ਹਾ ਪੂਰਿਆ ਹੋਇਆ ਹੈ। ਪ੍ਰਮਾਤਮਾ ਨੂੰ ਜਿੰਨ੍ਹਾਂ ਨੇ ਕਥਿਆ ਹੈ ਉਨ੍ਹਾਂ ਨੂੰ ਉਹ ਮਨ ਦੇ ਵਿੱਚ ਹੀ ਭਾਇਆ ਹੈ ਕਿਉਂਕਿ ਉਸਦਾ ਟਿਕਾਣਾ ਜਿੱਥੋਂ ਉਸਨੂੰ ਸਮਝਿਆ ਜਾ ਸਕਦਾ ਹੈ, ਪਾਇਆ ਜਾ ਸਕਦਾ ਹੈ ਉਹ ਕੇਵਲ ਮਨੁੱਖੀ ਮਨ ਹੈ ਜੋ ਕਿ ਕੇਵਲ ਨਿਰਗੁਣ ਸਰੂਪ ਹੈ। ਉਸਦਾ ਨਿਰਗੁਣ ਸਰੂਪ ਜਾਨਣ ਤੋਂ ਬਾਅਦ ਫਿਰ ਉਸਦਾ ਹਰ ਸਰਗੁਣ ਸਰੂਪ ਭਾਉਂਦਾ ਹੈ ਕਿਉਂਕਿ ਉਹ ਹਰ ਸਰਗੁਣ ਸਰੂਪ ਵਿੱਚ ਆਪਣੇ ਨਿਰਗੁਣ ਸਰੂਪ ਦੁਆਰਾ ਸਮਾਇਆ ਹੋਇਆ ਹੈ। **(ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ॥੮॥)** ਪ੍ਰਮਾਤਮਾ ਨੂੰ ਕੇਵਲ ਮਨ ਦੇ ਪ੍ਰਕਾਸ਼ ਦੁਆਰਾ ਹੀ ਜਾਣਿਆ ਜਾ ਸਕਦਾ ਹੈ, ਸਹਜ ਦੀ ਅਵੱਸਥਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਮਨ ਦੇ ਵਿੱਚ ਪ੍ਰਕਾਸ਼ ਉਹ ਆਪ ਹੀ ਪ੍ਰਗਟ ਹੋ ਕੇ ਕਰਦਾ ਹੈ ਤੇ ਆਪਣਾ ਨਿਰਗੁਣ ਰੂਪ ਦਿਖਾਉਂਦਾ ਹੈ।

16/1663

ਪ੍ਰਮਾਤਮਾ ਦੇ ਇਸ ਰੂਪ ਦੇ ਦਰਸ਼ਨ ਕੀਤੇ ਬਿਨ੍ਹਾਂ ਹਰ ਕੋਈ ਉਸਨੂੰ ਸਰਗੁਣ ਸਰੂਪ ਵਿੱਚ ਹੀ ਲੱਭਦਾ ਹੈ ਜਾਂ ਸਮਝਦਾ ਹੈ। ਇਸੇ ਲਈ ਜੋ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਉਸਨੂੰ ਕਿਸੇ ਨਾ ਕਿਸੇ ਸਰਗੁਣ ਸਰੂਪ ਵਿੱਚ ਪਾਉਣ ਦੀਆਂ ਗੱਲਾਂ ਕਰਦੇ ਹਨ ਜੋ ਕਿ ਕੇਵਲ ਸਾਡੇ ਅੰਦਰ ਦੀ ਅਗਿਆਨਤਾ ਹੈ ਜੋ ਕਿ ਉਸਦੀ ਆਪਣੀ ਹੀ ਪਾਈ ਹੋਈ ਹੈ। ਉਹ ਬਹੁਤ ਵੱਡਾ ਚੋਜੀ ਹੈ ਤੇ ਆਪਣੇ ਇਹ ਚੋਜ ਉਹ ਆਪ ਹੀ ਵਰਤਾਉਂਦਾ ਹੈ ਤੇ ਸਾਨੂੰ ਆਪ ਹੀ ਉਲਝਾਉਂਦਾ ਹੈ। ਉਸਦਾ ਉਲਝਾਇਆ ਹੋਇਆ ਕਦੇ ਇਹ ਸਮਝ ਹੀ ਨਹੀਂ ਸਕਦਾ, ਕਦੇ ਮੰਨ ਹੀ ਨਹੀਂ ਸਕਦਾ ਕਿ ਉਹ ਉਲਝਿਆ ਹੋਇਆ ਹੈ। ਇਸ ਮਨ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਉਲਝਣ ਵਿੱਚ ਹੀ ਹੈ, ਦੁਬਿਧਾ ਵਿੱਚ ਹੀ ਹੈ, ਪ੍ਰਮਾਤਮਾ ਦੇ ਸੱਚੇ ਸਰੂਪ ਨੂੰ ਜਾਣਨ ਵਿੱਚ, ਸਮਝਣ ਵਿੱਚ ਅਸਮਰੱਥ ਹੀ ਹੈ ਤੇ ਸਭ ਨੂੰ ਉਸਨੇ ਆਪ ਹੀ ਅਸਮਰੱਥ ਕੀਤਾ ਹੋਇਆ ਹੈ।

ਮਨ ਦੇ ਵਿੱਚ ਪ੍ਰਕਾਸ਼ ਕਿੱਥੋਂ ਆਉਂਦਾ ਹੈ, ਸੰਸਾਰ ਵਿੱਚ ਸਾਰੇ ਗਿਆਨ ਦਾ ਪ੍ਰਕਾਸ਼ ਕਿੱਥੋਂ ਆਉਂਦਾ ਹੈ ਭਾਵ ਉਸਦਾ ਸ੍ਰੋਤ ਕੀ ਹੈ ਇਹੀ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਜਿਸ ਰਾਹੀਂ ਸਾਨੂੰ ਅਨਹਦ ਰੁਣ ਝੁਣਕਾਰ ਕੀ ਹੈ ਇਸ ਬਾਰੇ ਹੋਰ ਵੀ ਸੋਝੀ ਪਵੇਗੀ।

“ਪਸਰੀ ਕਿਰਣਿ ਜੋਤਿ ਉਜਿਆਲਾ॥ ਕਰਿ ਕਰਿ ਦੇਖੈ ਆਪਿ ਦਇਆਲਾ॥

ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ॥੯॥”

ਜਿਵੇਂ ਸੂਰਜ ਦੀ ਕਿਰਣ ਸਭ ਜਗ੍ਹਾ ਚਾਨਣ ਕਰਦੀ ਹੈ, ਸੰਸਾਰ ਵਿੱਚ ਪ੍ਰਕਾਸ਼ ਕਰਦੀ ਹੈ ਇਸੇ ਤਰ੍ਹਾਂ ਮਨ ਦੇ ਵਿੱਚ ਪ੍ਰਕਾਸ਼, ਮਨ ਦੇ ਵਿੱਚ ਚਾਨਣ, ਮਨ ਦੇ ਵਿੱਚ ਉਜਿਆਲਾ ਜੋਤਿ ਦੁਆਰਾ ਹੁੰਦਾ ਹੈ ਭਾਵ ਪ੍ਰਮਾਤਮਾ ਦੁਆਰਾ ਹੁੰਦਾ ਹੈ ਜੋ ਸਾਡੇ ਅੰਦਰ ਤੇ ਸਭ ਦੇ ਅੰਦਰ ਆਪਣੀ ਜੋਤਿ ਦੁਆਰਾ ਵਿਚਰਦਾ ਹੈ। ਜੋਤ ਦਾ ਮਨੋਰਥ ਸਭ ਵਿੱਚ ਪ੍ਰਕਾਸ਼ ਕਰਨ ਦਾ ਹੀ ਹੈ ਭਾਵ ਗਿਆਨ ਦਾ ਪ੍ਰਕਾਸ਼ ਕਰਨਾ ਦਾ ਹੀ ਹੈ। ਜੋਤਿ ਦੁਆਰਾ ਪ੍ਰਕਾਸ਼ ਨਿਰਗੁਣ ਰੂਪ ਵਿੱਚ ਪ੍ਰਕਾਸ਼ ਹੈ ਜਿਸ ਦੁਆਰਾ ਪ੍ਰਮਾਤਮਾ ਹਰ ਜਗ੍ਹਾ ਵਿਚਰ ਰਿਹਾ ਹੈ। ਇਸ ਪ੍ਰਕਾਸ਼ ਨੂੰ ਕੋਈ ਦੇਖ ਨਹੀਂ ਸਕਦਾ, ਇਸ ਗਿਆਨ ਦੇ ਪ੍ਰਕਾਸ਼ ਨੂੰ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਮਨ ਦੇ ਵਿੱਚ ਇਸ ਪ੍ਰਕਾਸ਼ ਨੂੰ ਮਹਿਸੂਸ ਕਰਨਾ ਹੀ ਇਸ ਪ੍ਰਕਾਸ਼ ਦੇ ਦਰਸ਼ਨ ਹਨ, ਜੋਤਿ ਦੇ ਦਰਸ਼ਨ ਕਰਨੇ ਹਨ।

ਮਨ ਦੇ ਵਿੱਚ ਜੋਤਿ ਦੇ ਦਰਸ਼ਨ ਹੋਣ ਤੋਂ ਬਾਅਦ ਹੀ ਸਭ ਵਿੱਚ ਜੋਤਿ ਦੇ ਵਰਤਣ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਸਭ ਵਿੱਚ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਜੋ ਹਰ ਵਸਤੂ ਵਿੱਚ ਆਪਣੇ ਜੋਤਿ ਦੇ ਪ੍ਰਕਾਸ਼ ਦੁਆਰਾ ਵੱਸਿਆ ਹੋਇਆ ਹੈ। **(ਪਸਰੀ ਕਿਰਣਿ ਜੋਤਿ ਉਜਿਆਲਾ॥)** ਸਾਰੀ ਸ੍ਰਿਸ਼ਟੀ ਨੂੰ ਪ੍ਰਮਾਤਮਾ ਨੇ ਇਸ ਜੋਤਿ ਦੁਆਰਾ ਹੀ ਰਚਿਆ ਹੈ, ਕੀਤਾ ਹੈ, ਬਣਾਇਆ ਹੈ ਤੇ ਇਸੇ ਜੋਤਿ ਦੁਆਰਾ ਹੀ ਪ੍ਰਮਾਤਮਾ ਆਪਣੀ ਸ੍ਰਿਸ਼ਟੀ ਦੀ ਸੰਭਾਲ ਕਰ ਰਿਹਾ ਹੈ, ਉਸਨੂੰ ਦੇਖ ਰਿਹਾ ਹੈ। **(ਕਰਿ ਕਰਿ ਦੇਖੈ ਆਪਿ ਦਇਆਲਾ॥)** ਭਾਵ ਸਭ ਕੁੱਝ ਪ੍ਰਮਾਤਮਾ ਦੇ ਗਿਆਨ ਨਾਲ ਹੀ

16/1664

ਬਣਿਆ ਹੈ, ਗਿਆਨ ਦੇ ਪ੍ਰਕਾਸ਼ ਨਾਲ ਹੀ ਬਣਿਆ ਹੈ, ਪੰਜਾਂ ਤੱਤਾਂ ਦੀ ਰਚਨਾ ਜੋਤਿ ਦੇ ਪ੍ਰਕਾਸ਼ ਦੁਆਰਾ ਹੀ ਹੋਈ ਹੈ ਤੇ ਜੋਤਿ ਦੇ ਪ੍ਰਕਾਸ਼ ਦੁਆਰਾ ਹੀ, ਪ੍ਰਮਾਤਮਾ ਦੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹਰ ਵਸਤੂ ਚੱਲ ਰਹੀ ਹੈ। **(ਪਸਰੀ ਕਿਰਣਿ ਜੋਤਿ ਉਜਿਆਲਾ॥ ਕਰਿ ਕਰਿ ਦੇਖੈ ਆਪਿ ਦਇਆਲਾ॥)**

ਪ੍ਰਮਾਤਮਾ ਦੇ ਘਰ ਵਿੱਚ ਜੋ ਸਦਾ ਹੀ ਸੱਚੀ ਧੁਨਿ ਵੱਜਦੀ ਰਹਿੰਦੀ ਹੈ ਉਹੀ ਉਸਦੇ ਸੱਚੇ ਗਿਆਨ ਦੀ ਧੁਨਿ ਹੈ, ਜੋਤਿ ਦੇ ਪ੍ਰਕਾਸ਼ ਦੀ ਧੁਨਿ ਹੈ ਜੋ ਕਿ ਨਿਰਗੁਣ ਰੂਪ ਵਿੱਚ ਮਨ ਦੇ ਵਿੱਚ ਹੀ ਸੁਣੀ ਜਾ ਸਕਦੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ॥੯॥”

ਪ੍ਰਮਾਤਮਾ ਸਭ ਨੂੰ ਆਪਣੀ ਇਸ ਅਨਹਦ ਧੁਨਿ ਦੁਆਰਾ ਹੀ ਚਲਾ ਰਿਹਾ ਹੈ। ਇਹ ਅਨਹਦ ਧੁਨਿ ਸਾਡੇ ਮਨ ਦੇ ਵਿੱਚ ਉਪਜਣ ਵਾਲਾ ਗਿਆਨ ਹੈ ਜੋ ਕਿ ਸਾਡੇ ਮਨ ਦੇ ਅੰਦਰ ਵਿਚਾਰਾਂ ਦੇ ਰੂਪ ਵਿੱਚ, ਸੋਚਾਂ ਦੇ ਰੂਪ ਵਿੱਚ ਸਦਾ ਹੀ ਉਪਜਦਾ ਰਹਿੰਦਾ ਹੈ ਭਾਵ ਇਹ ਅਨਹਦ ਧੁਨਿ ਸਾਡੇ ਅੰਦਰ ਤੇ ਹਰ ਕਿਸੇ ਦੇ ਅੰਦਰ ਸਦਾ ਹੀ ਵੱਜ ਰਹੀ ਹੈ। ਹਰ ਵਸਤੂ ਵਿੱਚ ਉਸਦੀ ਅਨਹਦ ਧੁਨਿ ਵੱਜ ਰਹੀ ਹੈ। ਭਾਵੇਂ ਉਹ ਪਵਨ ਹੈ, ਅਗਨੀ ਹੈ, ਪਾਣੀ ਹੈ, ਧਰਤੀ ਹੈ, ਜੀਵ ਜੰਤੂ ਹਨ, ਪੇੜ-ਪੌਦੇ ਹਨ, ਖੰਡ ਹਨ, ਬ੍ਰਹਿਮੰਡ ਹਨ ਇਹ ਧੁਨਿ ਸਭ ਦੇ ਅੰਦਰ ਦਿਨ ਰਾਤ ਵੱਜ ਰਹੀ ਹੈ। ਸਾਨੂੰ ਪ੍ਰਮਾਤਮਾ ਨੇ ਤ੍ਰੈਗੁਣੀ ਗਿਆਨ ਵਿੱਚ, ਮਾਇਆ ਮੋਹ ਵਿੱਚ, ਅਗਿਆਨਤਾ ਵਿੱਚ ਇਸੇ ਅਨਹਦ ਧੁਨਿ ਦੁਆਰਾ, ਜੋਤਿ ਦੇ ਪ੍ਰਕਾਸ਼ ਦੁਆਰਾ ਭਾਵ ਆਪਣੇ ਉੱਚੇ ਗਿਆਨ ਦੁਆਰਾ ਹੀ ਰੱਖਿਆ ਹੋਇਆ ਹੈ। ਉਸਦੀ ਇਸ ਅਨਹਦ ਧੁਨਿ ਨੂੰ ਕੇਵਲ ਚੌਥੇ ਪਦ ਵਿੱਚ ਪਹੁੰਚ ਕੇ ਹੀ ਸੁਣਿਆ ਜਾ ਸਕਦਾ ਹੈ। ਇਸ ਅਨਹਦ ਧੁਨਿ ਨੂੰ ਸੁਣਨਾ ਮਨ ਦੇ ਵਿੱਚ ਪ੍ਰਮਾਤਮਾ ਨੂੰ ਸੁਣਨਾ ਹੈ, ਪ੍ਰਮਾਤਮਾ ਦੇ ਕੋਲੋਂ ਉਸਦੀ ਗੱਲ ਨੂੰ ਸੁਣਨਾ ਹੈ ਤੇ ਉਹ ਕੇਵਲ ਸੱਚ ਹੀ ਸੁਣਾਉਂਦਾ ਹੈ। ਇਸੇ ਲਈ ਪੂਰੀ ਗੁਰਬਾਣੀ ਵਿੱਚ ਜੋ ਵੀ ਲਿਖਿਆ ਹੋਇਆ ਹੈ ਉਹ ਸੱਚ ਹੈ ਕਿਉਂਕਿ ਉਹ ਪ੍ਰਮਾਤਮਾ ਨੇ ਆਪ ਸੁਣਾਇਆ ਹੈ ਤੇ ਇਸੇ ਲਈ ਗੁਰਬਾਣੀ ਅਨਹਦ ਬਾਣੀ ਹੈ, ਅਨਹਦ ਧੁਨਿ ਵਿੱਚ ਆਈ ਹੈ, ਸਹਜ ਧੁਨਿ ਵਿੱਚ ਆਈ ਹੈ। ਅਨਹਦ ਧੁਨਿ ਜਾਂ ਸਹਜ ਧੁਨ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਚੌਥੇ ਪਦ ਦੇ ਗਿਆਨ ਦੇ ਨਾਲ ਹੈ, ਪ੍ਰਮਾਤਮਾ ਕੋਲੋਂ ਸੁਣੀ ਹੋਈ ਉਸਦੀ ਸੱਚੀ ਗੱਲ ਦੇ ਨਾਲ ਹੈ। ਸਾਡੇ ਮਨ ਨੂੰ ਮਸਤ ਕਰਨ ਵਾਲੀ, ਸਭ ਤੋਂ ਪਿਆਰੀ ਲੱਗਣ ਵਾਲੀ ਇਹੀ ਧੁਨਿ ਹੈ ਭਾਵ ਸੱਚੇ ਗਿਆਨ ਦੀ ਸੋਝੀ ਹੀ ਹੈ ਜੋ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ। ਇਹ ਸਾਡੇ ਮਨ ਦੀ ਅਨਹਦ ਰੁਣ ਝੁਣਕਾਰ ਹੈ ਜੋ ਕਦੇ ਹੀ ਕਿਸੇ ਵਿਰਲੇ ਦੇ ਭਾਗਾਂ ਵਿੱਚ ਆਉਂਦੀ ਹੈ। ਇਸਦੀ ਪ੍ਰਾਪਤੀ ਉਸਦੇ ਘਰ ਵਿੱਚ ਪਹੁੰਚ ਕੇ ਹੀ ਹੁੰਦੀ ਹੈ ਜਿੱਥੇ ਇਹ ਧੁਨਿ

16/1665

ਸਦਾ ਹੀ ਵੱਜਦੀ ਰਹਿੰਦੀ ਹੈ। ਇਹ ਧੁਨਿ ਨਿਰਗੁਣ ਰੂਪ ਵਿੱਚ ਵੱਜਦੀ ਹੈ ਤੇ ਨਿਰਗੁਣ ਰੂਪ ਵਿੱਚ ਹੀ ਸੁਣਦੀ ਹੈ। **(ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ॥੯॥)**

ਮਨ ਵਿੱਚ ਇਸ ਧੁਨਿ ਨੂੰ ਸੁਣਨ ਤੋਂ ਬਾਅਦ, ਇਹ ਅਨਹਦ ਨਾਦ ਵੱਜਣ ਤੋਂ ਬਾਅਦ ਸਾਡੇ ਮਨ ਵਿੱਚ ਕੀ ਅਸਰ ਪੈਂਦਾ ਹੈ ਭਾਵ ਸਾਡੇ ਮਨ ਦੀ ਬਿਰਤੀ ਕਿਸ ਰੂਪ ਵਿੱਚ ਬਦਲਦੀ ਹੈ ਇਹੀ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਅਨਹਦੁ ਵਾਜੈ ਭ੍ਰਮੁ ਭਉ ਭਾਜੈ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ॥

ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ॥੧੦॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਅਨਹਦ ਧੁਨਿ ਦਾ, ਅਨਹਦ ਵਾਜਿਆਂ ਦਾ ਸਾਡੇ ਲਈ ਮਕਸਦ ਕੀ ਹੈ। ਜਿਵੇਂ ਅਸੀਂ ਉੱਪਰ ਜਾਣਿਆ ਹੈ ਇਨ੍ਹਾਂ ਤੋਂ ਭਾਵ ਸਾਡੇ ਮਨ ਦੇ ਵਿੱਚ ਪ੍ਰਕਾਸ਼ ਕਰਨ ਦੇ ਨਾਲ ਹੈ, ਜੋਤਿ ਦਾ ਉਜਿਆਲਾ ਕਰਨ ਦੇ ਨਾਲ ਹੈ। ਸਾਡੇ ਅੰਦਰ ਸੱਚੇ ਗਿਆਨ ਦੇ ਪ੍ਰਕਾਸ਼ ਦਾ ਮਕਸਦ ਕੇਵਲ ਇੱਕ ਹੀ ਹੋ ਸਕਦਾ ਹੈ ਤੇ ਦੂਸਰਾ ਨਹੀਂ ਹੋ ਸਕਦਾ। ਸੱਚੇ ਗਿਆਨ ਨਾਲ ਸਾਡੀ ਅਗਿਆਨਤਾ ਹੀ ਨਿਕਲਣੀ ਹੈ, ਤ੍ਰੈਗੁਣੀ ਅਵੱਸਥਾ ਹੀ ਮਿਟਦੀ ਹੈ ਤੇ ਸਾਡੇ ਅੰਦਰ ਮਨ ਦੇ ਅੰਦਰ ਅਨਹਦ ਧੁਨਿ ਉਪਜਣ ਨਾਲ, ਅਨਹਦ ਧੁਨਿ ਸੁਣਨ ਨਾਲ, ਅਨਹਦ ਵਾਜੇ ਵੱਜਣ ਨਾਲ ਇਹ ਮਕਸਦ ਹੀ ਪੂਰਾ ਹੁੰਦਾ ਹੈ ਜੋ ਕਿ ਉੱਪਰ ਪਹਿਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਅਨਹਦੁ ਵਾਜੈ ਭ੍ਰਮੁ ਭਉ ਭਾਜੈ॥)** ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੇ ਭਰਮ ਕਰਕੇ, ਮਨ ਦੀ ਦੁਬਿਧਾ ਕਰਕੇ, ਮਨ ਦੀ ਅਗਿਆਨਤਾ ਕਰਕੇ ਹੀ ਹੈ ਜੋ ਇਸ ਅਨਹਦ ਧੁਨਿ ਦੁਆਰਾ ਦੂਰ ਹੋ ਜਾਂਦੀ ਹੈ ਭਾਵ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੁਆਰਾ ਦੂਰ ਹੋ ਜਾਂਦੀ ਹੈ ਭਾਵ ਮਨ ਦੇ ਵਿੱਚ ਜੋਤਿ ਦੇ ਪ੍ਰਕਾਸ਼ ਦੁਆਰਾ ਦੂਰ ਹੋ ਜਾਂਦੀ ਹੈ। ਇਸ ਸੱਚੇ ਗਿਆਨ ਦੀ ਅਵੱਸਥਾ ਵਿੱਚ ਪਹੁੰਚ ਕੇ, ਚੌਥੇ ਪਦ ਦੇ ਵਿੱਚ ਪਹੁੰਚ ਕੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਮੇਲ ਵਿਚਾਰਾਂ ਦਾ ਹੀ ਹੁੰਦਾ ਹੈ ਤੇ ਫ਼ਰਕ ਵੀ ਸਾਡੇ ਵਿਚਾਰਾਂ ਵਿੱਚ ਹੀ ਆਉਂਦਾ ਹੈ, ਬਦਲਦੀ ਸਾਡੀ ਬੁੱਧ ਹੀ ਹੈ। ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦੀ ਸੱਚੀ ਮਤਿ ਹੀ ਮਿਲਦੀ ਹੈ ਜੋ ਕਿ ਗੁਰਮਤਿ ਹੈ। ਉਹ ਸਾਡੇ ਵਿਚਾਰਾਂ ਨੂੰ ਭਾਵ ਅਗਿਆਨਤਾ ਵਾਲੇ ਵਿਚਾਰਾਂ ਨੂੰ ਸੱਚੇ ਗਿਆਨ ਵਾਲੇ ਵਿਚਾਰ ਭਾਵ ਗੁਰਮਤਿ ਵਾਲੇ ਵਿਚਾਰ ਬਣਾ ਦਿੰਦਾ ਹੈ। ਮਨ ਦੇ ਇਨ੍ਹਾਂ ਵਿਚਾਰਾਂ ਦੁਆਰਾ ਹੀ ਪੂਰੀ ਗੁਰਮਤਿ ਉਪਜੀ ਹੈ, ਗੁਰਬਾਣੀ ਉਪਜੀ ਹੈ।

ਜਦ ਤੱਕ ਅਸੀਂ ਭਰਮ ਵਿੱਚ ਹਾਂ ਤਦ ਤੱਕ ਸਾਡੇ ਮਨ ਦਾ ਭਉ ਵੀ ਦੂਰ ਨਹੀਂ ਹੁੰਦਾ। ਭਉ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਜੋ ਕਿ ਅਸੀਂ ਪਿੱਛੇ ਵਾਰ-ਵਾਰ

16/1666

ਸਮਝਦੇ ਆ ਰਹੇ ਹਾਂ। ਅਗਿਆਨਤਾ ਵਿੱਚ ਰਹਿੰਦੇ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ ਕਿ ਪ੍ਰਮਾਤਮਾ ਨੂੰ ਜਪਣਾ ਕੀ ਹੈ। ਭਉ ਉਸਦੀ ਸੱਚੀ ਮਤਿ ਹੈ, ਨਾਮ ਹੈ ਜਿਸਨੂੰ ਅਗਿਆਨਤਾ ਵਿੱਚ ਰਹਿੰਦੇ ਹੋਏ ਨਾ ਹੀ ਪੂਰੀ ਤਰ੍ਹਾਂ ਸਮਝ ਸਕਦੇ ਹਾਂ ਤੇ ਨਾ ਹੀ ਉਸਨੂੰ ਕਬੂਲ ਕਰ ਸਕਦੇ ਹਾਂ। ਮਨ ਦੇ ਵਿੱਚ ਸੱਚ ਨੂੰ ਜਾਨਣ ਤੋਂ ਬਾਅਦ ਹੀ ਮਨੁੱਖ ਉਸਨੂੰ ਪੂਰੀ ਤਰ੍ਹਾਂ ਕਬੂਲ ਕਰਦਾ ਹੈ। ਸੱਚ ਨੂੰ ਕਬੂਲ ਕਰਨਾ, ਗੁਰਮਤਿ ਨੂੰ ਕਬੂਲ ਕਰਨਾ, ਨਾਮ ਨੂੰ ਕਬੂਲ ਕਰਨਾ, ਭਉ ਨੂੰ ਕਬੂਲ ਕਰਨਾ ਇੱਕੋ ਹੀ ਗੱਲ ਹੈ। ਸੱਚ ਨੂੰ ਕਬੂਲ ਕਰਨ ਦਾ ਭਉ ਸਾਡੇ ਮਨ ਵਿੱਚ ਤਦ ਤੱਕ ਬਣਿਆ ਰਹਿੰਦਾ ਹੈ ਜਦ ਤੱਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਸੱਚ ਤੇ ਚੱਲਣਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ। ਮਨ ਦੀ ਸੱਚੀ ਸੋਝੀ ਦੁਆਰਾ ਹੀ ਪ੍ਰਮਾਤਮਾ ਮਨ ਦੇ ਵਿੱਚ ਇਸ ਭਉ ਨੂੰ ਕਬੂਲ ਕਰਵਾਉਂਦਾ ਹੈ ਤੇ ਉਸ ਅਨੁਸਾਰ ਸਾਨੂੰ ਚਲਾਉਂਦਾ ਹੈ। ਸਾਡੇ ਅੰਦਰ ਭਉ ਦਾ ਕਬੂਲ ਹੋਣਾ ਸਾਡੇ ਅੰਦਰੋਂ ਮਾਇਆ ਮੋਹ ਦਾ ਭਉ ਦੂਰ ਹੋਣਾ ਹੈ ਤੇ ਇਹੀ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ ਜਦੋਂ ਮਨੁੱਖ ਸੱਚ ਦੇ ਉੱਪਰ ਦ੍ਰਿੜਤਾ ਦੇ ਨਾਲ ਚੱਲਦਾ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ ਜੋ ਕਿ ਪ੍ਰਮਾਤਮਾ ਦੇ ਆਪਣੇ ਹੱਥ ਹੈ ਜੋ ਕਿ ਅਨਹਦ ਨਾਦ ਦਾ ਮਾਲਕ ਹੈ, ਅਨਹਦ ਧੁਨਿ ਦਾ ਮਾਲਕ ਹੈ, ਸੋਝੀ ਦਾ ਮਾਲਕ ਹੈ, ਗਿਆਨ ਦਾ ਮਾਲਕ ਹੈ। **(ਅਨਹਦੁ ਵਾਜੈ ਭ੍ਰਮੁ ਭਉ ਭਾਜੈ॥)**

ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ, ਜੋਤਿ ਦੇ ਪ੍ਰਕਾਸ਼ ਦੁਆਰਾ ਹੀ ਸਾਨੂੰ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ ਕਿ ਉਹ ਸਭ ਜਗ੍ਹਾਂ ਕਿਸ ਰੂਪ ਵਿੱਚ ਵਿਚਰਦਾ ਹੈ ਤੇ ਸਭ ਜਗ੍ਹਾਂ ਉਹ ਆਪ ਹੀ ਛਾਇਆ ਹੋਇਆ ਹੈ ਭਾਵ ਮਨ ਦੇ ਵਿੱਚੋਂ ਹੀ ਉਸਦਾ ਗਿਆਨ ਰੂਪ ਸਮਝ ਆਉਂਦਾ ਹੈ ਭਾਵ ਇਸ ਮਨ ਦੀ ਸੋਝੀ ਪਏ ਬਿਨ੍ਹਾਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਭ ਜਗ੍ਹਾਂ ਕਿਸ ਰੂਪ ਵਿੱਚ ਪਸਰਿਆ ਹੋਇਆ ਹੈ, ਛਾਇਆ ਹੋਇਆ ਹੈ। **(ਸਗਲ ਬਿਆਪਿ ਰਹਿਆ ਪ੍ਰਭੁ ਛਾਜੈ॥)**

ਅਗਲੀ ਪੰਗਤੀ ਨੂੰ ਫਿਰ ਤੋਂ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਉਸਦੇ ਦਰ ਤੇ ਮਨੁੱਖ ਕਿਵੇਂ ਸੁਹਾਉਂਦਾ ਹੈ ਤੇ ਉਸਦੇ ਗੁਣ ਗਾਉਣੇ ਕੀ ਹਨ।

“ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ॥੧੦॥”

ਮਨ ਦੇ ਵਿੱਚ ਪ੍ਰਕਾਸ਼ ਗੁਰਮੁਖਿ ਵਾਲੀ ਅਵੱਸਥਾ ਹੈ ਭਾਵ ਮਨ ਦੇ ਵਿੱਚ ਚੌਥੇ ਪਦ ਦੇ ਪ੍ਰਕਾਸ਼ ਦੁਆਰਾ ਸਾਡੀ ਅਵੱਸਥਾ ਗੁਰਮੁਖਿ ਵਾਲੀ ਅਵੱਸਥਾ ਬਣ ਜਾਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਤੇ ਇਹ ਸਮਝ ਪੈਂਦੀ ਹੈ ਕਿ ਉਹ ਆਪ ਹੀ ਸਭ ਦਾ ਮਾਲਕ ਹੈ, ਸਭ ਕੁੱਝ ਉਸੇ ਦਾ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਕੋਈ ਉਸਦੇ ਦਰ ਤੇ ਸੁਹਾਉਂਦਾ ਹੈ।

ਉਸਦਾ ਦਰ ਸੱਚੇ ਗਿਆਨ ਦਾ

16/1667

ਦਰ ਹੈ, ਚੌਥੇ ਪਦ ਦਾ ਦਰ ਹੈ, ਬ੍ਰਹਮ ਗਿਆਨ ਦਾ ਦਰ ਹੈ ਤੇ ਉਸਦੇ ਦਰ ਤੇ ਇਸ ਅਵੱਸਥਾ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ ਤੇ ਉੱਥੇ ਕੋਈ ਇਸ ਅਵੱਸਥਾ ਦੁਆਰਾ ਹੀ ਸੁਹਾਉਂਦਾ ਹੈ ਤੇ ਉਸਦੇ ਗੁਣ ਇਸ ਅਵੱਸਥਾ ਦੁਆਰਾ ਗਾਏ ਜਾ ਸਕਦੇ ਹਨ। **(ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ॥੧੦॥)**

{“ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ॥੯॥”}

(ਅੰਗ ੪੬੮)

ਉੱਪਰ ਵਾਲੀ ਪੰਗਤੀ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ। ਉਸਦੇ ਦਰ ਤੇ ਉਸਦਾ ਭਗਤ ਰੂਪ ਹੀ ਸੁਹਾਉਂਦਾ ਹੈ ਜੋ ਕਿ ਮਨ ਦੇ ਚੌਥੇ ਪਦ ਦੇ ਗਿਆਨ ਦਾ ਰੂਪ ਹੈ। ਭਗਤ ਰੂਪ ਜਾਂ ਗੁਰਮੁਖਿ ਰੂਪ ਇੱਕੋ ਹੀ ਗੱਲ ਹੈ। ਉਸਦੇ ਭਗਤ, ਗੁਰਮੁਖਿ ਹੋਣ ਵਿੱਚ ਜਾਂ ਨਾ ਹੋਣ ਵਿੱਚ ਫ਼ਰਕ ਕੇਵਲ ਆਪਣੇ ਮੂਲ ਨੂੰ ਨਾ ਬੁਝਣ ਦਾ ਹੈ ਭਾਵ ਪ੍ਰਮਾਤਮਾ ਨੂੰ ਨਾ ਬੁਝਣ ਦਾ ਹੈ। ਉਸ ਮੂਲ ਨੂੰ ਬੁਝੇ ਬਿਨਾਂ ਹਰ ਕੋਈ ਕਰਮਾ ਬਾਹਰਾ ਹੀ ਹੈ, ਬਿਨਾਂ ਭਾਗਾਂ ਵਾਲਾ ਹੀ ਹੈ। ਉਸ ਪ੍ਰਮਾਤਮਾ ਨੂੰ, ਮੂਲ ਨੂੰ ਬੁੱਝੇ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਉਹ ਗਣਾਉਂਦੇ ਹਾਂ, ਸਮਝਦੇ ਹਾਂ ਜੋ ਕਿ ਅਸਲ ਵਿੱਚ ਅਸੀਂ ਹੈ ਨਹੀਂ। **(ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ॥)**ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਹੀ ਸਮਝਦੇ ਹਾਂ ਭਾਵ ਆਪਣੀ ਮਨੁੱਖੀ ਹੋਂਦ ਸਮਝਦੇ ਹਾਂ। ਆਪਣੀ ਮਨੁੱਖੀ ਹੋਂਦ ਸਮਝਣਾ ਹੀ ਸਾਡੀ ਹਉਮੈ ਹੈ। ਜਦੋਂ ਅਸੀਂ ਉਸ ਮੂਲ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦੇ ਹਾਂ ਤੇ ਫਿਰ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਸਾਡੀ ਕੋਈ ਵੱਖਰੀ ਹੋਂਦ ਨਹੀਂ ਹੈ ਬਲਕਿ ਇਸ ਸਰੀਰ ਦਾ ਮਾਲਕ ਆਪ ਪ੍ਰਮਾਤਮਾ ਹੀ ਹੈ ਜਿਸਨੇ ਇਸਨੂੰ ਬਣਾਇਆ ਹੈ ਤੇ ਆਪ ਹੀ ਇਸਨੂੰ ਮਨ ਵਿੱਚ ਬੈਠਾ ਚਲਾ ਰਿਹਾ ਹੈ, ਮਨ ਦੇ ਗਿਆਨ ਰਾਹੀਂ ਉਹ ਆਪ ਹੀ ਵਿਚਰ ਰਿਹਾ ਹੈ ਤੇ ਅਸੀਂ ਭਰਮ ਵਿੱਚ ਹੀ ਆਪਣੀ ਹੋਂਦ ਸਮਝੀ ਬੈਠੇ ਹਾਂ, ਅਸੀਂ ਆਪਣੇ ਆਪ ਨੂੰ ਉਹ ਸਮਝੀ ਬੈਠੇ ਹਾਂ ਜੋ ਕਿ ਅਸਲ ਵਿੱਚ ਅਸੀਂ ਨਹੀਂ ਹਾਂ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।ਜਦ ਤੱਕ ਸਾਨੂੰ ਆਪਣੇ ਆਪ ਦੀ ਸਮਝ ਨਹੀਂ ਪੈਂਦੀ,ਆਪਣੀ ਹਉ ਦੀ ਸਮਝ ਨਹੀਂ ਪੈਂਦੀ, ਮੈਂ ਦੀ ਸਮਝ ਨਹੀਂ ਪੈਂਦੀ, ਹਉਮੈ ਦੀ ਸਮਝ ਨਹੀਂ ਪੈਂਦੀ ਤਦ ਤੱਕ ਅਸੀਂ ਆਪਣੇ ਜਪ ਤਪ ਦੁਆਰਾ ਆਪਣੀ ਇਸ ਹਉਮੈ ਦੀ ਜਾਤ ਨੂੰ ਹੋਰ ਉੱਚਾ ਕਰੀ ਜਾਂਦੇ ਹਾਂ।ਆਪਣੀ ਇਸ ਹਉ ਕਰਕੇ,ਹਉਮੈ ਕਰਕੇ ਹੀ ਅਸੀਂ ਨੀਚ ਹਾਂ ਭਾਵ ਇਹ ਹਉਮੈ ਹੀ ਸਾਡੀ ਨੀਚ ਜਾਤ ਹੈ ਜਿਸਨੂੰ ਅਸੀਂ

16/1668

ਹਉਮੈ ਵਧਾ ਕੇ ਹੋਰ ਉੱਚਾ ਕਰੀ ਜਾਂਦੇ ਹਾਂ ਭਾਵ ਆਪਣੀ ਹਉਮੈ ਵਧਾ ਕੇ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਹੋਰ ਨੀਚ ਬਣੀ ਜਾਂਦੇ ਹਾਂ। **(ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥)** ਇਹ ਹਉ ਸਾਡਾ ਅਹਮ ਹੈ, ਅਹੰ ਹੈ ਜੋ ਕਿ ਅਸਲ ਵਿੱਚ ਸਾਡਾ ਸਭ ਤੋਂ ਵੱਡਾ ਰੋਗ ਹੈ, ਹਉਮੈ ਰੋਗ ਹੈ। ਜਿਉਂ ਜਿਉਂ ਸਾਡੇ ਅੰਦਰ ਹਉ ਵੱਧਦਾ ਹੈ, ਅਹੰ ਵੱਧਦਾ ਹੈ ਉਸ ਨਾਲ ਸਾਡਾ ਰੋਗ ਹੀ ਵੱਧਦਾ ਹੈ, ਸਾਡੀ ਨੀਚਤਾ ਹੀ ਵੱਧਦੀ ਹੈ। ਜਿਹੋ ਜਿਹੇ ਅਸੀਂ ਪ੍ਰਮਾਤਮਾ ਦੇ ਜਪ ਤਪ ਕਰਦੇ ਹਾਂ ਜਿੰਨ੍ਹਾਂ ਦੁਆਰਾ ਅਸੀਂ ਉਸਦਾ ਢਾਡੀ ਬਣਨਾ ਸਮਝਦੇ ਹਾਂ, ਉਸਦੇ ਗੁਣ ਗਾਉਣਾ ਸਮਝਦੇ ਹਾਂ, ਉਸਦਾ ਜੱਸ ਗਾਉਣਾ ਸਮਝਦੇ ਹਾਂ ਉਹ ਅਸਲ ਵਿੱਚ ਸਾਡੀ ਹਉਮੈ ਹੀ ਵਧਾਉਂਦੇ ਹਨ ਜਿਵੇਂ ਕਿ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਸਦੇ ਦਰ ਦਾ ਢਾਡੀ ਬਣਨਾ ਮਨ ਦੀ ਅਵੱਸਥਾ ਦਾ ਚੌਥੇ ਪਦ ਦੇ ਨਾਲ ਜੁੜਨਾ ਹੈ ਤੇ ਤਾਂ ਹੀ ਉਸਦੇ ਦਰ ਤੇ ਅਸੀਂ ਸੁਹਾ ਸਕਦੇ ਹਾਂ ਤੇ ਉਸ ਦਾ ਜੱਸ ਗਾ ਸਕਦੇ ਹਾਂ, ਉਸਦੇ ਗੁਣ ਗਾ ਸਕਦੇ ਹਾਂ। ਆਪਣੇ ਆਪ ਨੂੰ ਬੁੱਝੇ ਬਿਨ੍ਹਾਂ ਅਸੀਂ ਉਸਦੇ ਦਰ ਤੇ ਨਹੀਂ ਪਹੁੰਚ ਸਕਦੇ ਤੇ ਉਸਦੇ ਦਰ ਤੇ ਪਹੁੰਚੇ ਬਿਨਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ।

ਉਸਦੇ ਢਾਡੀ ਬਣਨ ਦਾ ਮਕਸਦ ਭਾਵ ਉਸਦਾ ਜੱਸ ਗਾਉਣ ਦਾ ਮਕਸਦ ਪ੍ਰਮਾਤਮਾ ਦਾ ਮੇਲ ਮੰਗਣਾ ਹੈ, ਪ੍ਰਮਾਤਮਾ ਨੂੰ ਮੰਗਣਾ ਹੈ ਕਿ ਉਹ ਸਾਨੂੰ ਮਿਲ ਜਾਵੇ। ਉਸਨੂੰ ਮਿਲਣ ਲਈ ਹਉਮੈ ਵਿੱਚੋਂ ਨਿਕਲਣਾ ਪੈਂਦਾ ਹੈ ਭਾਵ ਇਹ ਹਉਮੈ ਨੂੰ ਖ਼ਤਮ ਕਰਨ ਦਾ ਮਾਰਗ ਹੈ। ਉਸਨੂੰ ਮੰਗਦੇ ਉਹੀ ਹਨ ਭਾਵ ਉਸਦਾ ਜੱਸ ਉਹੀ ਗਾਉਂਦੇ ਹਨ ਜੋ ਉਸਨੂੰ ਆਪਣੇ ਮਨ ਵਿੱਚ ਧਿਆਉਂਦੇ ਹਨ। ਉਸਨੂੰ ਮਨ ਵਿੱਚ ਧਿਆਉਣਾ ਉਸਦੀ ਮਤਿ ਨੂੰ ਮਨ ਵਿੱਚ ਧਿਆਉਣਾ ਹੈ। ਗੁਰਬਾਣੀ ਸਾਨੂੰ ਉਸਦੀ ਮਤਿ ਹੀ ਸਮਝਾ ਰਹੀ ਹੈ ਤੇ ਜੋ ਉਸਦੀ ਮਤਿ ਨੂੰ ਮਨ ਵਿੱਚ ਵਸਾਉਂਦਾ ਹੈ ਭਾਵ ਉਸਦੀ ਦੱਸੀ ਹੋਈ ਮਤਿ ਅਨੁਸਾਰ ਚੱਲਦਾ ਹੈ ਉਹ ਪ੍ਰਮਾਤਮਾ ਨੂੰ ਮਿਲਣ ਦੀ ਮੰਗ ਕਰਦਾ ਹੈ। ਉਸਦੀ ਮਤਿ ਤੇ ਚੱਲਣ ਦੁਆਰਾ ਅਸੀਂ ਉਹ ਕੁੱਝ ਨਹੀਂ ਕਰਦੇ ਜਿਸ ਦੁਆਰਾ ਸਾਡੀ ਹਉਮੈ ਵੱਧਦੀ ਹੈ ਬਲਕਿ ਉਹੋ ਕੁੱਝ ਕਰਦੇ ਹਾਂ ਜਿਸ ਨਾਲ ਸਾਡੀ ਹਉਮੈ ਘੱਟਦੀ ਹੈ। ਸਰੀਰਕ ਜਪਾਂ ਤਪਾਂ ਦੁਆਰਾ, ਸਾਡੇ ਉੱਚੇ ਉੱਚੇ ਬਾਣੇ ਦੁਆਰਾ ਸਾਡਾ ਮਾਣ ਕੇਵਲ ਇਹਨਾਂ ਗੱਲਾਂ ਨਾਲ ਹੀ ਵੱਧਦਾ ਹੈ ਤੇ ਇਸੇ ਕਾਰਨ ਸਾਡੀ ਹਉਮੈ ਵੱਧਦੀ ਹੈ ਜਿਸ ਦੁਆਰਾ ਸਾਡੀ ਮੈਂ ਹੋਰ ਉੱਚੀ ਹੁੰਦੀ ਹੈ। ਜੋ ਉਸਦੀ ਮਤਿ ਨੂੰ ਧਿਆਉਂਦਾ ਹੈ ਉਹ ਉਹੀ ਕੁੱਝ ਕਰਦਾ ਹੈ ਜੋ ਗੁਰਬਾਣੀ ਅਨੁਸਾਰ ਹੈ। ਗੁਰਬਾਣੀ ਸਾਨੂੰ ਸਰੀਰਕ ਜਪਾਂ ਤਪਾਂ ਤੋਂ ਦੂਰ ਰੱਖਦੀ ਹੈ, ਦਿਖਾਵਿਆਂ ਤੋਂ ਦੂਰ ਰੱਖਦੀ ਹੈ ਜੋ ਕਿ ਉਸਨੂੰ ਜਪਣ ਦਾ ਮਾਰਗ ਨਹੀਂ ਹੈ। ਗੁਰਬਾਣੀ ਸਾਨੂੰ ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਦੁਆਰਾ ਵਿਚਰਨ ਲਈ ਪ੍ਰੇਰਦੀ ਹੈ ਭਾਵ ਸੱਚੀ ਸੁੱਚੀ ਕਿਰਤ

16/1669

ਕਰਨੀ ਸਿਖਾਉਂਦੀ ਹੈ। ਇਹੀ ਪ੍ਰਮਾਤਮਾ ਨੂੰ ਜਪਣਾ ਦਾ ਸੱਚਾ ਮਾਰਗ ਹੈ ਜਿਸ ਦੁਆਰਾ ਸਾਨੂੰ ਨਾ ਕਿਸੇ ਵਿਖਾਵੇ ਦੀ ਲੋੜ ਹੈ ਤੇ ਨਾ ਹੀ ਕਿਸੇ ਸਰੀਰਕ ਜਪਾਂ ਤਪਾਂ ਦੀ ਲੋੜ ਹੈ। ਹੁਉਮੈ ਉਹਨਾਂ ਦੀ ਹੀ ਉੱਚੀ ਹੁੰਦੀ ਹੈ ਜੋ ਇਹੋ ਜਿਹੇ ਜਪ ਤਪ ਕਰਦੇ ਹਨ, ਆਪਣੇ ਵਿਖਾਵਿਆਂ ਦੁਆਰਾ, ਵੱਡੇ ਵੱਡੇ ਬਾਣਿਆਂ ਦੁਆਰਾ ਵੱਡਾ ਰੂਪ ਬਣਾਉਂਦੇ ਹਨ। ਇਹੋ ਜਿਹੇ ਜਪਾਂ ਤਪਾਂ ਦੁਆਰਾ, ਭੇਖ ਦੁਆਰਾ ਅਸੀਂ ਉਸਦੇ ਦਰ ਦੇ ਢਾਡੀ ਨਹੀਂ ਬਣ ਸਕਦੇ, ਉਸਦੇ ਦਰ ਤੇ ਨਹੀਂ ਸੁਹਾ ਸਕਦੇ, ਉਸਦੇ ਗੁਣ ਨਹੀਂ ਗਾ ਸਕਦੇ। ਉਸਦੇ ਗੁਣ ਗੁਰਮਤਿ ਤੇ ਚੱਲ ਕੇ ਹੀ ਗਾਏ ਜਾ ਸਕਦੇ ਹਨ, ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੀ ਗਾਏ ਜਾ ਸਕਦੇ ਹਨ, ਔਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰ ਕੇ ਹੀ ਗਾਏ ਜਾ ਸਕਦੇ ਹਨ ਤੇ ਇਹੀ ਪ੍ਰਮਾਤਮਾ ਦੇ ਨਾਲ ਮੇਲ ਮੰਗਣਾ ਹੈ, ਉਸਨੂੰ ਮੰਗਣਾ।

(ਤਿਨ੍ ਮੰਗਾ ਜਿ ਤੁਝੈ ਧਿਆਇਦੇ॥੯॥)

ਮਨ ਦੇ ਵਿੱਚ ਧਿਆਨ ਪ੍ਰਮਾਤਮਾ ਦੇ ਨਾਲ ਸਹਜ ਦੀ ਅਵਸਥਾ ਦੁਆਰਾ ਹੀ ਜੁੜਦਾ ਹੈ। ਉਸਦੇ ਦਰ ਤੇ ਅਸੀਂ ਤਾਂ ਹੀ ਸੁਹਾਉਂਦੇ ਹਾਂ ਜਦੋਂ ਸਾਨੂੰ ਉਸਦੀ ਸਹਜ ਵਾਲੀ ਰੁਣ ਝੁਣਕਾਰ ਸੁਹਾਉਂਦੀ ਹੈ ਭਾਵ ਜਦੋਂ ਸਾਨੂੰ ਪ੍ਰਮਾਤਮਾ ਦੀ ਦੱਸੀ ਹੋਈ ਗੱਲ ਮਿੱਠੀ ਲੱਗਦੀ ਹੈ, ਗੁਰਮਤਿ ਮਿੱਠੀ ਲੱਗਦੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮਨ ਦੇ ਵਿੱਚ ਇਹੀ ਲੈਣ ਦੇਣ ਹੈ। ਜੇਕਰ ਅਸੀਂ ਗੁਰਮਤਿ ਲੈ ਕੇ ਖੁਸ਼ ਹੁੰਦੇ ਹਾਂ ਭਾਵ ਉਸ ਤੇ ਵਿਚਰਨ ਵਿੱਚ ਸਾਨੂੰ ਖੁਸ਼ੀ ਹੁੰਦੀ ਹੈ ਤਾਂ ਫਿਰ ਸਾਡੀ ਇਹੋ ਜਿਹੀ ਅਵਸਥਾ ਦੁਆਰਾ ਪ੍ਰਮਾਤਮਾ ਸਾਡੇ ਤੇ ਖੁਸ਼ ਹੁੰਦਾ ਹੈ ਤੇ ਅਸੀਂ ਉਸ ਦੇ ਦਰ ਤੇ ਸੁਹਾਉਂਦੇ ਹਾਂ। ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਸਮਝੀਏ ਕਿ ਸਹਜ ਦੀ ਅਵੱਸਥਾ ਵਿੱਚ ਪਹੁੰਚ ਕੇ ਅਸੀਂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਾਂ। **(ਸਹਜੇ ਰੁਣ ਝੁਣਕਾਰੁ ਸੁਹਾਇਆ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ॥੭॥)**

ਸਹਜ ਦਾ ਘਰ ਪ੍ਰਮਾਤਮਾ ਦਾ ਆਪਣਾ ਘਰ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਜਿਸਨੂੰ ਉਸਦੀ ਸਹਜ ਦੀ ਕਥਾ ਸੁਹਾਉਂਦੀ ਹੈ ਭਾਵ ਜਿਸਨੂੰ ਗੁਰਮਤਿ ਸੁਹਾਉਂਦੀ ਹੈ, ਜੋ ਗੁਰਮਤਿ ਨੂੰ ਖੁਸ਼ੀ ਨਾਲ ਕਬੂਲ ਕਰਦਾ ਹੈ ਉਸ ਮਨ ਦੇ ਵਿੱਚ ਆਪ ਪ੍ਰਮਾਤਮਾ ਸਮਾਇਆ ਹੋਇਆ ਹੁੰਦਾ ਹੈ ਭਾਵ ਪ੍ਰਗਟ ਹੋਇਆ ਹੁੰਦਾ ਹੈ ਜੋ ਸਾਨੂੰ ਆਪਣੀ ਸਹਜ ਦੀ ਅਵੱਸਥਾ ਵਿੱਚ ਮਿਲਾ ਲੈਂਦਾ ਹੈ।

ਜਦੋਂ ਸਾਡੇ ਕਰਮ ਖੁੱਲ੍ਹਦੇ ਹਨ, ਭਾਗ ਖੁੱਲਦੇ ਹਨ ਉਹ ਸਹਜ ਦੀ ਅਵੱਸਥਾ ਦੁਆਰਾ ਹੀ ਖੁੱਲ੍ਹਦੇ ਹਨ ਭਾਵ ਪ੍ਰਮਾਤਮਾ ਜਿਸ ਤੇ ਆਪਣਾ ਕਰਮ ਕਰਦਾ ਹੈ ਉਸਨੂੰ ਆਪਣੀ ਸਹਜ ਦੀ ਅਵੱਸਥਾ ਬਖਸ਼ਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆ ਰਾਹੀਂ ਸਮਝਾਈ ਹੋਈ ਹੈ।

“ਸਹਜੇ ਜਾ ਕਉ ਪਰਿਓ ਕਰਮਾ॥ ਸਹਜੇ ਗੁਰੁ ਭੇਟਿਓ ਸਚੁ ਧਰਮਾ॥”

ਸਹਜ ਦੀ ਅਵੱਸਥਾ ਤੋਂ ਵੱਡੀ ਬਖਸ਼ਿਸ਼ ਮਨੁੱਖ ਦੇ ਉੱਤੇ ਪ੍ਰਮਾਤਮਾ ਦੀ

ਨਾ ਹੈ ਤੇ ਨਾ ਹੋ ਸਕਦੀ ਹੈ। ਇਸ ਅਵੱਸਥਾ ਦੁਆਰਾ ਹੀ ਸਾਡੀ ਉਸ ਗੁਰੂ ਪ੍ਰਮਾਤਮਾ ਦੇ ਨਾਲ ਭੇਟ ਹੁੰਦੀ ਹੈ। ਗੁਰੂ ਸਾਨੂੰ ਮਨ ਦੇ ਵਿੱਚ ਕਿਸ ਰੂਪ ਵਿੱਚ ਮਿਲਦਾ ਹੈ ਭਾਵ ਉਸ ਨਾਲ ਭੇਟ ਕਿਸ ਰੂਪ ਵਿੱਚ ਹੁੰਦੀ ਹੈ ਇਹ ਵੀ ਨਾਲ ਸਪੱਸ਼ਟ ਕੀਤਾ ਹੋਇਆ ਹੈ। ਗੁਰੂ ‘‘ਸਚੁ’’ ਦੇ ਰੂਪ ਵਿੱਚ ਮਿਲਦਾ ਹੈ ਤੇ ਇਹੀ ਪ੍ਰਮਾਤਮਾ ਦਾ ਆਪਣਾ ਸੱਚਾ ਰੂਪ ਹੈ ਤੇ ਇਹੀ ਸਭ ਦਾ ਧਰਮ ਹੈ। ਉਸਦੇ ਨਾਲ ਭੇਟ ਤੋਂ ਬਾਅਦ ਸੱਚ ਕੀ ਹੈ, ਧਰਮ ਕੀ ਹੈ ਸਾਨੂੰ ਇਸੇ ਗੱਲ ਦੀ ਸੋਝੀ ਹੀ ਪੈਂਦੀ ਹੈ ਤੇ ਇਸ ਗੱਲ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਪੂਰੀ ਗੁਰਬਾਣੀ ਸਾਨੂੰ ਸੱਚ ਦੀ ਸਿੱਖਿਆ ਦੇ ਰਹੀ ਹੈ ਤੇ ਸਾਨੂੰ ਸਾਡਾ ਧਰਮ ਸਮਝਾ ਰਹੀ ਹੈ। ਮਨ ਦੇ ਵਿੱਚ ਉਸਨੂੰ ਭੇਟਣ ਦੇ ਨਾਲ ਇਹ ਸੱਚ, ਧਰਮ ਦੀ ਸਿੱਖਿਆ ਹੀ ਭਾਵ ਉਸਦਾ ਸੱਚਾ ਗਿਆਨ ਹੀ ਉਪਜਦਾ ਹੈ। ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਹਨਾਂ ਨੇ ਸਹਜ ਦੀ ਅਵੱਸਥਾ ਦੁਆਰਾ ਹੀ ਉਚਾਰੀ ਹੈ ਤੇ ਦੁਨੀਆਂ ਨੂੰ ਉਹਨਾਂ ਦਾ ਧਰਮ ਸਮਝਾਇਆ ਹੈ ਜੋ ਕਿ ਸੱਚ ਹੈ। ਜਿੱਥੇ ਗੁਰੂ ਦਾ ਦੱਸਿਆ ਹੋਇਆ ਸੱਚ ਹੈ ਉੱਥੇ ਗੁਰੂ ਦੀ ਮਤਿ ਹੈ ਤੇ ਜਿੱਥੇ ਗੁਰੂ ਦੀ ਮਤਿ ਹੈ ਉੱਥੇ ਧਰਮ ਹੈ ਜਿਸ ਵਿੱਚ ਆਪ ਪ੍ਰਮਾਤਮਾ ਹੈ। ਜਦੋਂ ਅਸੀਂ ਸੱਚ ਨੂੰ ਜਪਦੇ ਹਾਂ ਅਸੀਂ ਪ੍ਰਮਾਤਮਾ ਨੂੰ ਜਪਦੇ ਹਾਂ। ‘‘ਸਚੁ’’ ਹੀ ‘‘ਨਾਮੁ’’ ਹੈ। ਸੱਚ ਜਪਣਾ, ਗੁਰੂ ਦੀ ਮਤਿ ਨੂੰ ਜਪਣਾ, ਨਾਮ ਜਪਣਾ ਹੈ, ਗੁਰੂ ਦੇ ਸ਼ਬਦ ਨੂੰ ਜਪਣਾ ਹੈ। ਗੁਰਮਤਿ ਦੇ ਦਰਸ਼ਨ ਕਰਨੇ ਗੁਰੂ ਦੇ ਦਰਸ਼ਨ ਕਰਨੇ ਹਨ। ਸਰਗੁਣ ਰੂਪ ਵਿੱਚ ਅਸੀਂ ਗੁਰੂ ਕੋਲ ਜਾਣਾ ਹੈ, ਉਸਦੇ ਅੱਗੇ ਸ਼ੀਸ਼ ਵੀ ਨਿਵਾਣਾ ਹੈ, ਉਸਨੂੰ ਪੜ੍ਹਨਾ ਹੈ, ਸੁਣਨਾ ਹੈ ਪਰ ਸਾਡਾ ਅਸਲ ਮਨੋਰਥ ਉਸ ਵਿੱਚੋਂ ਗੁਰਮਤਿ ਲੈਣ ਦਾ ਹੈ, ਸੱਚ ਨੂੰ ਸਮਝਣ ਦਾ ਹੈ ਕਿ ਸਾਨੂੰ ਸੱਚ ਸਮਝਾਉਣ ਦਾ ਮਕਸਦ ਕੀ ਹੈ ਤਾਂ ਜੋ ਅਸੀਂ ਉਸ ਅਨੁਸਾਰ ਚੱਲ ਕੇ ਆਪਣਾ ਧਰਮ ਨਿਭਾ ਸਕੀਏ। ਸੱਚ ਮਨ ਵਿੱਚ ਵਸਾਉਣ ਲਈ ਹੈ ਤਾਂ ਜੋ ਅਸੀਂ ਝੂਠ ਤੇ ਵਿਕਾਰਾਂ ਵਿੱਚੋਂ ਨਿਕਲ ਸਕੀਏ ਜੋ ਕਿ ਸੱਚ ਦਾ ਮਕਸਦ ਹੈ। ਜਦ ਤੱਕ ਸਾਡੇ ਅੰਦਰ ਝੂਠ ਹੈ ਤਦ ਤੱਕ ਸਾਡੇ ਅੰਦਰ ਪੂਰਨ ਸੱਚ ਨਹੀਂ ਹੈ। ਪੂਰਨ ਸੱਚ ਸਾਡੇ ਅੰਦਰ ਸਹਜ ਦੀ ਅਵੱਸਥਾ ਦੁਆਰਾ ਹੀ ਵੱਸਦਾ ਹੈ ਭਾਵ ਗੁਰਮਤਿ ਦੀ ਪੂਰੀ ਸੋਝੀ, ਸੱਚ ਦੀ ਪੂਰੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਤੇ ਉਸ ਤੇ ਚੱਲਣ ਦੀ ਸਮਰੱਥਾ ਵੀ ਮਨ ਦੇ ਵਿੱਚੋਂ ਹੀ ਮਿਲਦੀ ਹੈ। ਜੋ ਸਾਨੂੰ ਸਹਜ ਦੀ ਅਵੱਸਥਾ ਬਖਸ਼ਣ ਵਾਲਾ ਹੈ ਉਹ ਆਪਣੇ ਸੱਚ ਤੇ ਚੱਲਣ ਦੀ ਸਮਰੱਥਾ ਨਾਲ ਹੀ ਬਖਸ਼ਦਾ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਹੈ। **(ਸਹਜੇ ਜਾ ਕਉ ਪਰਿਓ ਕਰਮਾ॥ ਸਹਜੇ ਗੁਰੁ ਭੇਟਿਓ ਸਚੁ ਧਰਮਾ॥)**

ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਪ੍ਰਮਾਤਮਾ ਦੇ

ਉਸ ਰੂਪ ਨੂੰ

16/1671

ਕਿਵੇਂ ਜਾਣਿਆ ਜਾ ਸਕਦਾ ਹੈ ਜੋ ਉਸਦਾ ਅਸਲ ਰੂਪ ਹੈ।

“ਜਾ ਕੈ ਸਹਜੁ ਭਇਆ ਸੋ ਜਾਣੈ॥ ਨਾਨਕ ਦਾਸ ਤਾ ਕੈ ਕੁਰਬਾਣੈ॥੮॥੩॥”

ਅਸੀਂ ਉੱਪਰ ਇਸ ਪੂਰੇ ਸ਼ਬਦ ਦੀ ਵਿਚਾਰ ਕੀਤੀ ਹੈ ਜਿਸ ਦੁਆਰਾ ਸਾਨੂੰ ਸਹਜ ਦੀ ਅਵੱਸਥਾ ਕੀ ਹੁੰਦੀ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਸ਼ਬਦ ਵਿੱਚ ਵਾਰ-ਵਾਰ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਸਮਝਾਈ ਹੋਈ ਹੈ। ਪੂਰੀ ਗੁਰਬਾਣੀ ਵਿੱਚ ਇਸ ਤੋਂ ਜਿਆਦਾ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਨਹੀਂ ਕੀਤੀ ਗਈ ਭਾਵ ਸਾਨੂੰ ਇਸ ਸ਼ਬਦ ਦੁਆਰਾ ਇਹ ਦ੍ਰਿੜ ਕਰਵਾਇਆ ਗਿਆ ਹੈ ਕਿ ਪ੍ਰਮਾਤਮਾ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਮਿਲਦਾ ਹੈ ਤੇ ਮਨ ਦੇ ਵਿੱਚ ਹੀ ਮਿਲਦਾ ਹੈ, ਮਨ ਦੇ ਗਿਆਨ ਦੁਆਰਾ ਹੀ ਮਿਲਦਾ ਹੈ, ਗਿਆਨ ਰੂਪ ਵਿੱਚ ਹੀ ਮਿਲਦਾ ਹੈ ਭਾਵ ਨਿਰਗੁਣ ਰੂਪ ਵਿੱਚ ਹੀ ਮਿਲਦਾ ਹੈ ਤੇ ਮਿਲਣ ਤੋਂ ਬਾਅਦ ਮਨ ਦੇ ਵਿੱਚ ਸਾਨੂੰ ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ। ਇਸ ਅਵੱਸਥਾ ਦੁਆਰਾ ਉਹ ਸਾਨੂੰ ਦੁਬਿਧਾ ਵਿੱਚੋਂ ਕੱਢਦਾ ਹੈ, ਦੁਚਿੱਤੀ ਵਿੱਚੋਂ, ਅਗਿਆਨਤਾ ਵਿੱਚੋਂ ਕੱਢਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲੋਂ ਸਾਡੀ ਦੂਰੀ ਦਾ ਕਾਰਣ ਹੈ। ਸਹਜ ਦੀ ਅਵੱਸਥਾ ਹੀ ਸਾਨੂੰ ਅੰਮ੍ਰਿਤ ਨਾਮ ਦੀ ਪ੍ਰਾਪਤੀ ਦੱਸਿਆ ਹੈ ਤੇ ਇਸੇ ਅਵੱਸਥਾ ਦੁਆਰਾ ਸਾਡਾ ਪੰਜਾਂ ਔਗੁਣਾਂ ਤੋਂ ਸੰਗ ਛੁੱਟਦਾ ਹੈ। ਇਸੇ ਅਵੱਸਥਾ ਦੁਆਰਾ ਹੀ ਸਾਡੇ ਅੰਦਰ ਗੁਰੂ ਦੇ ਸ਼ਬਦ ਨੂੰ ਵਸਾਉਣਾ ਦੱਸਿਆ ਹੈ, ਹਿਰਦੇ ਵਿੱਚ ਵਸਾਉਣਾ ਦੱਸਿਆ ਹੈ ਤੇ ਇਸ ਅਵੱਸਥਾ ਨੂੰ ਹੀ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਦੱਸਿਆ ਹੈ। ਹੋਰ ਵੀ ਮਨ ਦੀਆਂ ਅਨੇਕਾਂ ਅਵੱਸਥਾਵਾਂ ਨੂੰ ਭਾਵ ਚੰਗੀਆਂ ਅਵੱਸਥਾਵਾਂ ਨੂੰ ਇਸ ਅਵੱਸਥਾ ਨਾਲ ਜੋੜਿਆ ਹੋਇਆ ਹੈ ਤੇ ਵਾਰ-ਵਾਰ ਇਸ ਅਵੱਸਥਾ ਨੂੰ ਪ੍ਰਮਾਤਮਾ ਦੇ ਮੇਲ ਨਾਲ ਜੋੜਿਆ ਹੋਇਆ ਹੈ। ਇਹ ਅਵੱਸਥਾ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਗੁਰਬਾਣੀ ਪ੍ਰਗਟ ਹੋਈ ਹੈ। ਸਹਜ ਦੀ ਅਵੱਸਥਾ ਤੋਂ ਬਾਅਦ ਸਾਡਾ ਗੁਰਬਾਣੀ ਨਾਲ ਭੇਦ ਮਿਟ ਜਾਂਦਾ ਹੈ। ਗੁਰਬਾਣੀ ਨਾਲ ਸਾਡਾ ਭੇਦ ਵਿਚਾਰਾਂ ਦਾ ਭੇਦ ਹੈ ਕਿਉਂਕਿ ਸਾਡੇ ਅੰਦਰ ਵਿਚਾਰ ਪ੍ਰਮਾਤਮਾ ਨੇ ਤ੍ਰੈਗੁਣੀ ਅਵੱਸਥਾ ਵਾਲੇ ਪਾਏ ਹੋਏ ਹਨ ਜਿਸ ਦੁਆਰਾ ਸਾਨੂੰ ਚੌਥੇ ਪਦ ਦੇ ਵਿਚਾਰਾਂ ਦੀ ਸੋਝੀ ਨਹੀਂ ਪੈਂਦੀ। ਗੁਰਬਾਣੀ ਦੇ ਵਿਚਾਰ ਚੌਥੇ ਪਦ ਰਾਹੀਂ ਆਏ ਹਨ। ਗੁਰਬਾਣੀ ਦੀ ਸੱਚੀ ਸੋਝੀ ਕੇਵਲ ਚੌਥੇ ਪਦ ਦੁਆਰਾ ਹੀ ਪੈ ਸਕਦੀ ਹੈ। ਜਿਸ ਨੇ ਗੁਰਬਾਣੀ ਰਚੀ ਹੈ ਉਹ ਆਪਣੀ ਗੁਰਬਾਣੀ ਦੀ ਸੋਝੀ ਆਪ ਹੀ ਪਾ ਸਕਦਾ ਹੈ, ਉਸਦਾ ਮੂਲ ਭਾਵ ਉਹ ਆਪ ਹੀ ਸਮਝਾ ਸਕਦਾ ਹੈ ਜੋ ਸਾਡੇ ਮਨ ਦੇ ਅੰਦਰ ਸਹਜ ਦੀ ਅਵੱਸਥਾ ਵਿੱਚ ਵਿਚਰ ਰਿਹਾ ਹੈ। ਉਹ ਜਦੋਂ ਚਾਹੇ ਸਾਡੀ ਅਵੱਸਥਾ ਨੂੰ ਚੌਥੇ ਪਦ ਵਿੱਚ ਮਿਲਾ ਸਕਦਾ ਹੈ ਭਾਵ ਆਪਣੇ ਨਾਲ ਮਿਲਾ ਸਕਦਾ ਹੈ ਤੇ ਆਪਣਾ ਰੂਪ ਦਿਖਾ ਸਕਦਾ ਹੈ। ਇਹ ਸਹਜ ਕੀ ਹੈ ਇਸਨੂੰ ਕੇਵਲ ਸਹਜ ਦੀ ਅਵੱਸਥਾ ਵਿੱਚ ਪਹੁੰਚ

16/1672

ਕੇ ਹੀ ਜਾਣਿਆ ਜਾ ਸਕਦਾ ਹੈ ਤੇ ਸਮਝ ਪੈ ਸਕਦੀ ਹੈ ਕਿ ਪ੍ਰਮਾਤਮਾ ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਜੋ ਸਾਡੇ ਮਨ ਦੇ ਵਿੱਚ ਹੀ ਜੋਤਿ ਰੂਪ ਵਿੱਚ ਵੱਸਿਆ ਹੋਇਆ ਹੈ। ਸਹਜ ਦੀ ਅਵੱਸਥਾ ਤੋਂ ਬਿਨ੍ਹਾਂ ਪ੍ਰਮਾਤਮਾ ਦਾ ਨਿਰਗੁਣ ਰੂਪ ਕੋਈ ਵੀ ਨਹੀਂ ਜਾਣ ਸਕਦਾ। ਜੋ ਪ੍ਰਮਾਤਮਾ ਦੇ ਸਰਗੁਣ ਰੂਪ ਹੋਣ ਦੀਆਂ ਗੱਲਾਂ ਕਰਦੇ ਹਨ, ਕਿਸੇ ਸਰਗੁਣ ਰੂਪ ਦੇ ਦਰਸ਼ਨਾਂ ਦੀਆਂ ਗੱਲਾਂ ਕਰਦੇ ਹਨ ਉਨ੍ਹਾਂ ਨੂੰ ਸਹਜ ਕੀ ਹੈ ਇਸ ਦਾ ਤਿਲ ਜਿੰਨ੍ਹਾਂ ਵੀ ਗਿਆਨ ਨਹੀਂ ਹੈ। ਪ੍ਰਮਾਤਮਾ ਦੇ ਸਰਗੁਣ ਰੂਪ ਦੀਆਂ ਦਰਸ਼ਨਾਂ ਦੀਆਂ ਗੱਲਾਂ ਕਰਨ ਵਾਲੇ ਤ੍ਰੈਗੁਣਾਂ ਵਿੱਚ ਹੀ ਫਸੇ ਹੋਏ ਹਨ, ਮਨ ਦੀ ਅਗਿਆਨਤਾ ਵਿੱਚ ਹੀ ਫਸੇ ਹੋਏ ਹਨ, ਮਨ ਦੀਆਂ ਉਲਝਣਾਂ ਵਿੱਚ ਹੀ ਫਸੇ ਹੋਏ ਹਨ ਜੋ ਕਿ ਉਸਦੀ ਆਪਣੀ ਬਣਾਈ ਹੋਈ ਖੇਡ ਹੈ ਤੇ ਜਿਵੇਂ ਉਹ ਕਿਸੇ ਨੂੰ ਖਿਡਾ ਰਿਹਾ ਹੈ ਉਸੇ ਤਰ੍ਹਾਂ ਹਰ ਕੋਈ ਖੇਡੀ ਜਾ ਰਿਹਾ ਹੈ। ਇਸੇ ਲਈ ਉਹ ਉੱਚੀਆਂ-ਉੱਚੀਆਂ ਗੱਲਾਂ ਕਰਨ ਵਾਲੇ ਗੁਰਬਾਣੀ ਦੀ ਸੱਚੀ ਸੋਝੀ ਤੋਂ ਕੋਸਾਂ ਕੋਸਾਂ ਦੂਰ ਹਨ ਤੇ ਨਾਂ ਹੀ ਉਨ੍ਹਾਂ ਨੂੰ ਨਾਮ ਦੀ ਸੋਝੀ ਹੈ। ਉਹ ਆਪ ਭਰਮੇ ਹੋਏ ਹਨ ਤੇ ਹੋਰਨਾਂ ਨੂੰ ਭਰਮਾ ਰਹੇ ਹਨ। ਜਦ ਤੱਕ ਸਾਨੂੰ ਇਸ ਮਨ ਦੀ ਸੋਝੀ ਨਹੀਂ ਪੈਂਦੀ ਅਸੀਂ ਪ੍ਰਮਾਤਮਾ ਨੂੰ, ਸਹਜ ਨੂੰ, ਕਦੇ ਵੀ ਨਹੀਂ ਜਾਣ ਸਕਦੇ, ਸਮਝ ਸਕਦੇ। ਪ੍ਰਮਾਤਮਾ ਦਾ ਦਾਸ ਇਸ ਸਹਜ ਦੀ ਅਵੱਸਥਾ ਦੁਆਰਾ ਹੀ ਬਣਿਆ ਜਾਂਦਾ ਹੈ। ਦਾਸ ਤਾਂ ਉਸਦੀ ਸੱਚੀ ਮਤਿ ਦਾ ਬਣਨਾ ਹੈ ਜਿਸ ਦੀ ਸੋਝੀ ਹੀ ਇਸ ਅਵੱਸਥਾ ਦੁਆਰਾ ਪੈਂਦੀ ਹੈ। ਗੁਰੂ ਪ੍ਰਮਾਤਮਾ ਤੋਂ ਕੁਰਬਾਨ ਹੋਣਾ ਉਸਦੀ ਮਤਿ ਤੋਂ ਕੁਰਬਾਨ ਹੋਣਾ ਹੈ, ਉਸਦੀ ਸੱਚੀ ਸੋਝੀ ਤੋਂ ਕੁਰਬਾਨ ਹੋਣਾ ਹੈ, ਸੱਚੇ ਗਿਆਨ ਤੋਂ ਕੁਰਬਾਨ ਹੋਣਾ ਹੈ ਜਿਸਦੀ ਸੋਝੀ ਹੀ ਸਹਜ ਅਵੱਸਥਾ ਦੁਆਰਾ

ਪੈਂਦੀ ਹੈ। ਜਦ ਤੱਕ ਸਾਨੂੰ ਇਹੀ ਸਮਝ ਨਹੀਂ ਕਿ ਕੁਰਬਾਨ ਕਿਸ ਤੋਂ ਹੋਣਾ ਹੈ ਤਦ ਤੱਕ ਅਸੀਂ ਅਗਿਆਨਤਾ ਵਿੱਚ ਹੀ ਟੱਕਰਾਂ ਮਾਰਦੇ ਹਾਂ, ਸਰੀਰਕ ਜਪਾਂ ਤਪਾਂ ਵਿੱਚ ਹੀ ਉਲਝੇ ਹੋਏ ਹਾਂ। **(ਜਾ ਕੈ ਸਹਜੁ ਭਇਆ ਸੋ ਜਾਣੈ॥ ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥)**

ਅਸੀਂ ਪਿੱਛੇ ਲੇਖ ਵਿੱਚ ਦੋ ਸ਼ਬਦਾਂ ਦੀ ਵਿਆਖਿਆ ਨੂੰ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇੱਕ ਸ਼ਬਦ ਦੁਬਿਧਾ ਦੇ ਨਾਲ ਸੰਬੰਧਿਤ ਹੈ ਤੇ ਦੂਸਰਾ ਸ਼ਬਦ ਸਹਜ ਦੇ ਨਾਲ ਸੰਬੰਧਿਤ ਹੈ। ਇਨ੍ਹਾਂ ਸ਼ਬਦਾਂ ਨੂੰ ਸਮਝਣ ਦੇ ਲਈ ਅਸੀਂ ਹੋਰ ਵੀ ਨਾਲ-ਨਾਲ ਅਨੇਕਾਂ ਸ਼ਬਦਾਂ ਦੁਆਰਾ ਇਨ੍ਹਾਂ ਸ਼ਬਦਾਂ ਦੀ ਬਰੀਕੀ ਨੂੰ ਜਾਣਿਆ ਹੈ। ਇਨ੍ਹਾਂ ਦੋਨਾਂ ਸ਼ਬਦਾਂ ਦਾ ਸੰਬੰਧ ਸਾਡੇ ਮਨ ਦੇ ਨਾਲ ਹੈ ਤੇ ਇਨ੍ਹਾਂ ਸ਼ਬਦਾਂ ਦੀ ਸੋਝੀ ਬਿਨ੍ਹਾਂ ਸਾਨੂੰ ਮਨ ਦੇ ਵਿੱਚ ਤੇ ਪ੍ਰਮਾਤਮਾ ਦੇ ਵਿੱਚ ਕਦੇ ਵੀ ਭੇਦ ਸਮਝ ਨਹੀਂ ਆ ਸਕਦਾ। ਸਾਡੇ ਮਨ ਦੀਆਂ

16/1673

ਕੇਵਲ ਦੋ ਹੀ ਅਵੱਸਥਾਵਾਂ ਹਨ। ਇੱਕ ਅਵਸਥਾ ਦੁਬਿਧਾ ਵਾਲੀ ਹੈ ਤੇ ਦੂਸਰੀ ਸਹਜ ਵਾਲੀ ਹੈ। ਮਨ ਦੀ ਅਵੱਸਥਾ ਤੋਂ ਭਾਵ ਸਾਡੇ ਮਨ ਦੀ ਸੋਝੀ ਦੇ ਨਾਲ ਹੈ। ਮਨ ਦੇ ਵਿੱਚੋਂ ਸਾਨੂੰ ਕੇਵਲ ਸੋਝੀ ਹੀ ਪੈਂਦੀ ਹੈ ਜੋ ਕਿ ਇਸ ਮਨ ਦਾ ਮਨੋਰਥ ਹੈ। ਇਹ ਮਨ ਕੀ ਹੈ, ਇਸਦੀ ਸੋਝੀ ਦਾ ਮਾਲਕ ਕੌਣ ਹੈ, ਇਸ ਮਨ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਕੌਣ ਹੈ ਇਹ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਸਮਝ ਆਉਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਅਸਲ ਰੂਪ ਨੂੰ ਜਾਣਿਆ ਜਾ ਸਕਦਾ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਜੇਕਰ ਅਸੀਂ ਇਨ੍ਹਾਂ ਦੋਨਾਂ ਸ਼ਬਦਾਂ ਨੂੰ ਹਮੇਸ਼ਾਂ ਧਿਆਨ ਵਿੱਚ ਰੱਖੀਏ ਤਾਂ ਫਿਰ ਮਨ ਦੇ ਨਾਲ, ਗੁਰਬਾਣੀ ਦੇ ਨਾਲ, ਪ੍ਰਮਾਤਮਾ ਨੂੰ ਪਾਉਣ ਦੇ ਨਾਲ, ਜੁੜੀਆਂ ਹੋਈਆਂ ਸਾਡੀਆਂ ਸਾਰੀਆਂ ਗੱਲਾਂ ਦਾ ਜਵਾਬ ਮਿਲ ਜਾਂਦਾ ਹੈ ਤੇ ਇਸੇ ਲਈ ਇਨ੍ਹਾਂ ਦੋਨਾਂ ਸ਼ਬਦਾਂ ਦੀ ਵਿਆਖਿਆ ਤੇ ਜਿਆਦਾ ਤਵੱਜੋਂ ਦਿੱਤੀ ਗਈ ਹੈ ਤਾਂ ਜੋ ਅਸੀਂ ਉਨ੍ਹਾਂ ਭਰਮਾਂ ਵਿੱਚੋਂ ਨਿਕਲ ਸਕੀਏ ਜਿੰਨ੍ਹਾਂ ਵਿੱਚ ਹਰ ਕੋਈ ਹੀ ਹੈ। ਅਸੀਂ ਨਾਮ ਜਪਣ ਦੀ ਗੱਲ ਵਾਰ-ਵਾਰ ਕਰਦੇ ਹਾਂ ਪਰ ਨਾਮ ਕੀ ਹੈ ਇਸ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਨਾਮ ਚੌਥੇ ਪਦ ਦਾ ਗਿਆਨ ਹੈ, ਸਹਜ ਗਿਆਨ ਹੈ ਜਿਸ ਦੁਆਰਾ ਸਾਡੀ ਦੁਬਿਧਾ ਮਰਦੀ ਹੈ। ਦੁਬਿਧਾ ਮਰਨ ਦੇ ਨਾਲ ਹੀ ਅਸੀਂ ਨਾਮ ਦੇ ਵਿੱਚ ਸਮਾਅ ਸਕਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ ਜਿੱਥੇ ਸਾਨੂੰ ਦੁਬਿਧਾ ਬਾਰੇ ਸੋਝੀ ਪਾਈ ਹੋਈ ਹੈ।

“ਜੋ ਇਸੁ ਮਾਰੇ ਤਿਸ ਕਉ ਭਉ ਨਾਹਿ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ॥”

(ਅੰਗ - ੨੩੯)

ਭਉ ਰਹਿਤ ਅਸੀਂ ਕੇਵਲ ਮਨ ਦੀ ਸੋਝੀ ਦੁਆਰਾ ਹੀ ਹੋ ਸਕਦੇ ਹਾਂ। ਸਾਡੇ ਮਨ ਦਾ ਭਉ ਉਦੋਂ ਹੀ ਨਿਕਲਦਾ ਹੈ ਜਦੋਂ ਸਾਨੂੰ ਉਹ ਭਉ ਦਾ ਦਾਤਾ ਆਪਣੇ ਦਰਸ਼ਨ ਦੇ ਦਿੰਦਾ ਹੈ। ਉਸਦੇ ਮੇਲ ਤੋਂ ਬਾਅਦ ਮਨੁੱਖ ਹਰ ਭਉ ਤੋਂ ਰਹਿਤ ਹੋ ਜਾਂਦਾ ਹੈ। ਨਾ ਉਸਨੂੰ ਮਾਇਆ ਮੋਹ ਦਾ ਭਉ ਸਤਾਉਂਦਾ ਹੈ ਤੇ ਨਾ ਉਸਨੂੰ ਜੀਵਨ ਮਰਨ ਦਾ ਭਉ ਸਤਾਉਂਦਾ ਹੈ ਕਿਉਂਕਿ ਉਹ ਇਸ ਅਵੱਸਥਾ ਤੋਂ ਮੁਕਤ ਹੋ ਜਾਂਦਾ ਹੈ। ਸਾਡੇ ਭਉ ਦਾ ਕਾਰਨ ਸਾਡੇ ਮਨ ਦੀ ਦੁਬਿਧਾ ਹੈ, ਅਗਿਆਨਤਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਸਹਜ ਦੀ ਅਵੱਸਥਾ ਸਾਨੂੰ ਇਸ ਭਉ ਵਿੱਚੋਂ ਕੱਢ ਲੈਂਦੀ ਹੈ। ਜਦ ਤੱਕ ਸਾਡੇ ਅੰਦਰ ਭਉ ਹੈ ਤਦ ਤੱਕ ਸਾਡੇ ਅੰਦਰ ਨਾਮ ਨਹੀਂ ਵੱਸਿਆ

16/1674

ਹੁੰਦਾ। ਦੁਬਿਧਾ ਦੇ ਰਹਿੰਦੇ ਅਸੀਂ ਨਾਮ ਦੁਆਰਾ ਨਹੀਂ ਵਿਚਰ ਸਕਦੇ ਕਿਉਂਕਿ ਸਾਨੂੰ ਨਾਮ ਦੀ ਸੱਚੀ ਸੋਝੀ ਹੀ ਨਹੀਂ ਪੈਂਦੀ। ਸੱਚੀ ਸੋਝੀ ਕੇਵਲ ਸਹਜ ਦੀ ਅਵੱਸਥਾ ਦੁਆਰਾ ਪੈਂਦੀ ਹੈ। ਸਹਜ ਦੀ ਅਵੱਸਥਾ ਜਾਂ ਨਾਮ ਦੀ ਅਵੱਸਥਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ। ਚੌਥੇ ਪਦ ਵਿੱਚ ਸਮਾਉਣਾ ਨਾਮ ਵਿੱਚ ਸਮਾਉਣਾ ਹੈ ਤੇ ਇਸੇ ਲਈ ਸਾਨੂੰ ਉੱਪਰ ਸਮਝਾਇਆ ਹੈ ਕਿ ਦੁਬਿਧਾ ਮਰੇ ਬਿਨ੍ਹਾਂ ਅਸੀਂ ਨਾਮ ਵਿੱਚ ਨਹੀਂ ਸਮਾਅ ਸਕਦੇ। **(ਜੋ ਇਸੁ ਮਾਰੇ ਸੁ ਨਾਮਿ ਸਮਾਹਿ॥)** ਨਾਮ ਦਾਨ ਦੀ ਦਾਤਿ ਪ੍ਰਮਾਤਮਾ ਸਹਜ ਦੀ ਅਵੱਸਥਾ ਦੁਆਰਾ ਹੀ ਕਰਦਾ ਹੈ।

{ਸਹਜੇ ਅੰਮ੍ਰਿਤੁ ਪੀਓ ਨਾਮੁ॥ ਸਹਜੇ ਕੀਨੋ ਜੀਅ ਕੋ ਦਾਨ ॥}

ਸਹਜ ਦੀ ਅਵੱਸਥਾ ਬਿਨ੍ਹਾਂ ਸਾਡੀ ਦੁਬਿਧਾ ਦੂਰ ਨਹੀਂ ਹੋ ਸਕਦੀ ਤੇ ਇਸ ਅਵੱਸਥਾ ਦੀ ਪ੍ਰਾਪਤੀ ਬਿਨ੍ਹਾਂ ਅਸੀਂ ਆਪਣੇ

ਸੱਚੇ ਘਰ ਵਿੱਚ, ਨਿੱਜ ਘਰ ਵਿੱਚ, ਪ੍ਰਮਾਤਮਾ ਦੇ ਘਰ ਵਿੱਚ ਨਹੀਂ ਪਹੁੰਚ ਸਕਦੇ ਜੋ ਕਿ ਆਪ ਹੀ ਸਹਜ ਦਾ ਘਰ ਹੈ, ਸੱਚੇ ਗਿਆਨ ਦਾ ਘਰ ਹੈ, ਨਾਮ ਦਾ ਘਰ ਹੈ, ਬ੍ਰਹਮਗਿਆਨ ਦਾ ਘਰ ਹੈ।

{ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ ਸਹਜੇ ਦੁਬਿਧਾ ਤਨ ਕੀ ਨਾਸੀ॥}

ਇਨ੍ਹਾਂ ਦੋਨਾਂ ਸ਼ਬਦਾਂ ਨੂੰ ਨੀਚੇ ਫਿਰ ਤੋਂ ਲਿਖਿਆ ਜਾ ਰਿਹਾ ਹੈ ਤਾਂ ਜੋ ਅਸੀਂ ਇਨ੍ਹਾਂ ਕੋਲੋਂ ਸੇਧ ਲੈ ਕੇ ਭਰਮ ਵਿੱਚੋਂ ਨਿਕਲੀਏ ਕਿ ਅਸੀਂ ਪ੍ਰਾਪਤੀ ਕਿਸ ਦੀ ਕਰਨੀ ਹੈ ਤੇ ਕਿਸ ਰੂਪ ਵਿੱਚ ਕਰਨੀ ਹੈ

ਗਉੜੀ ਮਹਲਾ ੫ ॥

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥
ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥੨॥
ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥
ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੁਪ ਸਹਜੇ ਹੀ ਜਪਨਾ ॥੩॥
ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥
ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥
ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥
ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ ਜੀਅ ਕੋ ਦਾਨੁ ॥
ਸਹਜ ਕਥਾ ਮਹਿ ਆਤਮੁ ਰਸਿਆ ॥ ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥
ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ ॥
ਸਹਜੇ ਰੁਣ ਝੁਣਕਾਰੁ ਸੁਹਾਇਆ ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥
ਸਹਜੇ ਜਾ ਕਉ ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥
ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥}

(ਅੰਗ ੨੩੬-੨੩੭)

ਗਉੜੀ ਮਹਲਾ ੫ ॥

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥
ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥
ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥
ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥

ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੭-੨੩੮)

ਮਨ ਦੀਆਂ ਦੋਨੋਂ ਅਵੱਸਥਾਵਾਂ ਵਿੱਚ ਹੀ ਸਭ ਕੁੱਝ ਹੈ। ਭੇਦ ਕੇਵਲ

16/1675

ਗਿਆਨ ਤੇ ਅਗਿਆਨਤਾ ਦਾ ਹੈ। ਮਨ ਦੇ ਵਿੱਚ ਹੀ "ਮੈਂ" ਹੈ ਤੇ ਮਨ ਦੇ ਵਿੱਚ ਹੀ "ਤੂੰ" ਹੈ। ਮਨ ਦੇ ਵਿੱਚ ਹੀ "ਹਉਮੈ" ਹੈ ਤੇ ਮਨ ਦੇ ਵਿੱਚ ਹੀ "ਨਾਮ" ਹੈ। ਮਨ ਦੇ ਵਿੱਚ ਹੀ ਪ੍ਰਮਾਤਮਾ ਨਾਲ ਸਾਡਾ ਝਗੜਾ ਹੈ ਤੇ ਮਨ ਦੇ ਵਿੱਚ ਹੀ ਪਿਆਰ ਹੈ। ਮਨ ਦੇ ਵਿੱਚ ਹੀ ਪ੍ਰਮਾਤਮਾ ਸਾਡੇ ਤੋਂ ਦੂਰ ਹੈ ਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਸਾਡੇ ਨਾਲ ਹੈ। ਭਰਮ ਵਿੱਚ ਅਸੀਂ ਪ੍ਰਮਾਤਮਾ ਤੋਂ ਦੂਰ ਹਾਂ ਤੇ ਭਰਮ ਨਿਕਲਣ ਨਾਲ ਅਸੀਂ ਪ੍ਰਮਾਤਮਾ ਦੇ ਨਾਲ ਹਾਂ। ਸਮਝਣ ਦੀ ਗੱਲ ਕੇਵਲ ਇਹ ਹੈ ਕਿ ਸਾਡੇ ਅੰਦਰ ਭਰਮ ਕਿੱਥੋਂ ਆਉਂਦਾ ਹੈ ਤੇ ਇਹ ਨਿਕਲਦਾ ਕਿਵੇਂ ਹੈ। ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਅਸੀਂ ਇਸੇ ਗੱਲ ਨੂੰ ਕੁੱਝ ਹੋਰ ਵੀ ਬਰੀਕੀ ਨਾਲ ਸਮਝ ਸਕਦੇ ਹਾਂ।

"ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ॥੪॥੧॥"

(ਅੰਗ ੨੪੪)

ਉੱਪਰ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣਾ ਸਿਖਾਇਆ ਹੈ, ਸਮਝਾਇਆ ਹੋਇਆ ਹੈ ਕਿ ਉਸਦਾ ਮੇਲ ਕੀ ਹੈ ਤੇ ਉਸਨੂੰ ਕਿਵੇਂ ਮਿਲਿਆ ਜਾ ਸਕਦਾ ਹੈ। ਪਹਿਲੀ ਗੱਲ ਤਾਂ ਸਮਝਣ ਦੀ ਇਹ ਹੈ ਕਿ ਹਰਿ ਤੇ ਗੁਰੂ ਵਿੱਚ ਕੋਈ ਭੇਦ ਨਹੀਂ ਹੈ। ਗੁਰੂ ਦੇ ਨਾਲ ਮੇਲ ਜਾਂ ਪ੍ਰਮਾਤਮਾ ਦੇ ਨਾਲ ਮੇਲ ਇੱਕੋ ਹੀ ਗੱਲ ਹੈ। ਹਰਿ ਵੀ ਚੌਥੇ ਪਦ ਦੀ ਅਵੱਸਥਾ ਹੈ ਤੇ ਗੁਰੂ ਵੀ ਚੌਥੇ ਪਦ ਦੀ ਅਵੱਸਥਾ ਹੈ। ਨਿਰਗੁਣ ਰੂਪ ਵਿੱਚ ਗੁਰੂ ਪ੍ਰਮਾਤਮਾ ਇੱਕੋ ਹੀ ਹੈ। ਗੁਰੂ ਅਸਲ ਵਿੱਚ ਸ਼ਬਦ ਹੈ ਜੋ ਕਿ ਨਿਰਗੁਣ ਰੂਪ ਹੈ। ਸਰਗੁਣ ਰੂਪ ਕੇਵਲ ਉਸ ਨਿਰਗੁਣ ਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ। ਸਾਡਾ ਗੁਰੂ, ਗੁਰੂ ਦੀ ਸਿੱਖਿਆ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੈ। ਗੁਰੂ ਦੀ ਸਿੱਖਿਆ ਦੇ ਨਾਲ ਮੇਲ ਹੀ ਗੁਰੂ ਦੇ ਨਾਲ ਮੇਲ ਹੈ, ਪ੍ਰਮਾਤਮਾ ਦੇ ਨਾਲ ਮੇਲ ਹੈ। ਸਹਜ ਦੀ ਅਵੱਸਥਾ ਦੁਆਰਾ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਇਸ ਰੂਪ ਵਿੱਚ ਹੀ ਹੁੰਦਾ ਹੈ। ਸਾਡੇ ਅੰਦਰ ਉਸਦੀ

ਸਿੱਖਿਆ ਹੀ ਵੱਸਦੀ ਹੈ, ਸ਼ਬਦ ਦੀ ਸੋਝੀ ਹੀ ਵੱਸਦੀ ਹੈ, ਗੁਰੂ ਦੀ ਮਤਿ ਹੀ ਵੱਸਦੀ ਹੈ ਜੋ ਕਿ ਅਸਲ ਵਿੱਚ ਗੁਰੂ ਪ੍ਰਮਾਤਮਾ ਦਾ ਆਪਣਾ ਰੂਪ ਹੈ, ਉਸਦਾ ਨਿਰਗੁਣ ਰੂਪ ਹੈ। ਉਸ ਨਿਰਗੁਣ ਰੂਪ ਨੂੰ ਜਾਨਣ ਲਈ ਸਾਡਾ ਸਰੀਰਕ ਰੂਪ, ਮਾਇਆ ਰੂਪ, ਹਉਮੈ ਰੂਪ ਕੇਵਲ ਇੱਕ ਜ਼ਰੀਆ ਹੈ ਜਿਸਦੇ ਬਣੇ ਬਿਨ੍ਹਾਂ ਉਸ ਨਿਰਗੁਣ ਰੂਪ ਨੂੰ ਕੋਈ ਜਾਣ ਨਹੀਂ ਸਕਦਾ। ਸਾਡਾ ਸਰਗੁਣ

16/1676

ਸਰੂਪ ਜਾਂ ਗੁਰੂ ਦਾ ਸਰਗੁਣ ਸਰੂਪ ਉਸ ਨਿਰਗੁਣ ਰੂਪ ਨੂੰ ਜਾਨਣ ਦੀ ਪੌੜੀ ਹੈ ਜਿਸ ਤੇ ਚੜ੍ਹੇ ਬਿਨ੍ਹਾਂ ਉਸ ਨਿਰਗੁਣ ਰੂਪ ਤੱਕ ਪਹੁੰਚਣਾ ਨਾ ਮੁਮਕਿਨ ਹੈ। ਇਹ ਪੌੜੀਆ ਸਾਨੂੰ ਗੁਰੂ ਦਾ ਗਿਆਨ ਹੀ ਚੜਾਉਂਦਾ ਹੈ। ਉਸਦਾ ਸਹਜ ਗਿਆਨ, ਚੌਥੇ ਪਦ ਦੀ ਪੌੜੀ ਹੈ ਜੋ ਉਸਦੇ ਆਪਣੇ ਕੋਲ ਹੈ। ਤ੍ਰੈਗੁਣੀ ਗਿਆਨ ਦੀਆਂ ਪੌੜੀਆ ਉਸਨੇ ਸਭ ਵਿੱਚ ਪਾਈਆ ਹੋਈਆ ਹਨ। ਚੌਥੇ ਪਦ ਦੀ ਪੌੜੀ ਤੇ ਇਹਨਾਂ ਤ੍ਰੈਗੁਣਾਂ ਦੀਆਂ ਪੌੜੀਆ ਵਿੱਚੋਂ ਨਿਕਲ ਕੇ ਹੀ ਚੜਿਆ ਜਾ ਸਕਦਾ ਹੈ। ਤ੍ਰੈਗੁਣਾਂ ਵਿੱਚ ਭਰਮ ਹੈ ਤੇ ਚੌਥੀ ਪੌੜੀ ਉਸਦੇ ਨਾਲ ਮੇਲ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਚੌਥੇ ਪਦ ਦੇ ਨਾਲ ਮੇਲ ਦਾ ਜ਼ਰੀਆ ਹੈ। ਚੌਥੇ ਪਦ ਵਿੱਚ ਪਹੁੰਚ ਕੇ ਹੀ ਇਹ ਸਮਝ ਆਉਂਦੀ ਹੈ ਕਿ ਪ੍ਰਮਾਤਮਾ ਨੂੰ ਆਪਣਾ ਆਪ ਕੋਈ ਨਹੀਂ ਜਾਣ ਸਕਦਾ। ਭਰਮ ਵਿੱਚੋਂ ਕੇਵਲ ਸਾਨੂੰ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਤੇ ਇਸੇ ਲਈ ਇਹ ਪ੍ਰਮਾਤਮਾ ਦੀ ਆਪਣੀ ਮਰਜ਼ੀ ਹੈ ਕਿ ਉਹ ਕਿਸੇ ਨੂੰ ਆਪਣੇ ਨਾਲ ਮਿਲਾਵੇ। **(ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥ ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥)**

ਅਗਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਮਿਲਣਾ ਕੀ ਹੈ, **"ਸੁੱਖ"** ਦੀ ਪ੍ਰਾਪਤੀ ਕੀ ਹੈ।

"ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥"

ਭਰਮ ਦਾ ਟਿਕਾਣਾ ਕੇਵਲ ਤੇ ਕੇਵਲ ਸਾਡਾ ਮਨ ਹੈ ਤੇ ਹੋਰ ਕਈ ਨਹੀਂ ਹੋ ਸਕਦਾ। ਜਦ ਤੱਕ ਸਾਡੇ ਅੰਦਰ ਭਰਮ ਹੈ ਤਦ ਤੱਕ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ, ਉਸ ਨਾਲ ਕੋਈ ਨਹੀਂ ਮਿਲ ਸਕਦਾ। ਭਰਮ ਮਨ ਦੇ ਵਿੱਚੋਂ ਹੀ ਨਿਕਲਦਾ ਹੈ ਤੇ ਫਿਰ ਪ੍ਰਮਾਤਮਾ ਦੇ ਨਾਲ ਮੇਲ ਵੀ ਕੇਵਲ ਮਨ ਦੀ ਸੋਝੀ ਦੁਆਰਾ ਹੀ ਹੋ ਸਕਦਾ ਹੈ ਭਾਵ ਮਨ ਦੇ ਵਿੱਚ ਹੀ ਹੋ ਸਕਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਹੋਰ ਕੋਈ ਵੀ ਤਰੀਕਾ ਨਹੀਂ ਹੋ ਸਕਦਾ। ਇਸੇ ਲਈ ਸਾਨੂੰ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਭਾਲਣ ਦੀ ਲੋੜ ਨਹੀਂ ਹੈ ਕਿਉਂਕਿ ਉਹ ਕੇਵਲ ਮਨ ਦੇ ਵਿੱਚੋਂ ਹੀ ਮਿਲਦਾ ਹੈ, ਨਿਰਗੁਣ ਰੂਪ ਵਿੱਚ ਹੀ ਮਿਲਦਾ ਹੈ। ਇਸੇ ਲਈ ਬਾਹਰੋਂ ਪ੍ਰਮਾਤਮਾ ਨੂੰ ਖੋਜਣ ਵਾਲਿਆਂ ਨੂੰ, ਸਰਗੁਣ ਰੂਪ ਵਿੱਚ ਖੋਜਣ ਵਾਲਿਆਂ ਨੂੰ ਕੇਵਲ ਉਹਨਾਂ ਦੀ ਮੂਰਖਤਾ ਦੱਸਿਆ ਹੈ ਜੋ ਕਿ ਸਾਡੇ ਅੰਦਰ ਭਰਮ ਦੀ ਨਿਸ਼ਾਨੀ ਹੈ। ਜਦ ਤੱਕ ਮਨ ਦੇ ਵਿੱਚ ਭਰਮ ਹੈ ਤਦ ਤੱਕ ਸਾਨੂੰ ਕਦੋਂ **"ਤੂੰ"** ਨਜ਼ਰ ਆ ਹੀ ਨਹੀਂ ਸਕਦਾ। ਸਭ ਤੋਂ ਪਹਿਲਾਂ ਇਸ ਮਨ ਨੇ ਹੀ ਤੂੰ ਹੋਣਾ ਹੈ ਭਾਵ ਤੂੰ ਰੂਪ ਬਣਨਾ ਹੈ। ਸਾਡਾ ਮਨ ਹੀ ਮੈਂ ਹੈ ਤੇ ਮਨ ਹੀ ਤੂੰ ਹੈ। ਭਰਮ ਵਿੱਚ

16/1677

ਰਹਿੰਦਿਆਂ ਇਹ ਮਨ **"ਮੈਂ"** ਹੈ ਤੇ ਭਰਮ ਵਿੱਚੋਂ ਨਿਕਲ ਕੇ ਇਹ ਮਨ **"ਤੂੰ"** ਹੈ। ਭਰਮ ਵਿੱਚ ਰਹਿੰਦਿਆਂ ਇਸ ਮਨ ਦੀ ਅਵੱਸਥਾਂ ਤ੍ਰੈਗੁਣਾਂ ਵਾਲੀ ਹੈ ਤੇ ਭਰਮ ਵਿੱਚੋਂ ਨਿਕਲ ਕੇ ਇਸ ਮਨ ਦੀ ਅਵੱਸਥਾ ਚੌਥੇ ਪਦ ਵਿੱਚ ਹੈ। ਪ੍ਰਮਾਤਮਾ ਦੇ ਨਾਲ ਸਾਡਾ ਸਾਰਾ ਭੇਦ ਇਸ ਅਵੱਸਥਾ ਦਾ ਹੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਭਾਵ ਮੈਂ ਵਾਲੀ ਅਵੱਸਥਾ ਸਾਡੀ **"ਹਉਮੈ"** ਹੈ ਤੇ ਚੌਥੇ ਪਦ ਵਾਲੀ ਅਵੱਸਥਾ **"ਨਾਮ"** ਹੈ। ਇਹ ਦੋਨੋਂ ਅਵੱਸਥਾਵਾਂ ਕਦੇ ਇਕੱਠੀਆਂ ਨਹੀਂ ਰਹਿ ਸਕਦੀਆਂ। ਮਨ ਕੇਵਲ ਇੱਕ ਅਵੱਸਥਾ ਵਿੱਚ ਹੀ ਰਹਿੰਦਾ ਹੈ ਭਾਵੇਂ ਉਹ ਮੈਂ ਵਾਲੀ ਹੈ ਭਾਵੇਂ ਉਹ ਤੂੰ ਵਾਲੀ ਹੈ। ਮੈਂ ਦੇ ਰਹਿੰਦਿਆਂ ਤੂੰ ਨਹੀਂ ਤੇ ਤੂੰ ਦੇ ਰਹਿੰਦਿਆਂ ਮੈਂ ਨਹੀਂ ਭਾਵ ਜਦ ਤੱਕ ਅਸੀਂ ਮੈਂ ਵਿੱਚ ਹਾਂ, ਹਉਮੈ ਵਿੱਚ ਹਾਂ, ਭਰਮ ਵਿੱਚ ਹਾਂ, ਅਗਿਆਨਤਾ ਵਿੱਚ ਹਾਂ, ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਸਾਨੂੰ ਨਾ ਆਪਣੇ ਅੰਦਰ ਪ੍ਰਮਾਤਮਾ ਨਜ਼ਰ ਆ ਸਕਦਾ ਹੈ ਤੇ ਨਾ ਹੀ ਕਿਸੇ ਹੋਰ ਦੇ ਅੰਦਰ ਨਜ਼ਰ ਆ ਸਕਦਾ ਹੈ। ਇਸ ਅਵੱਸਥਾ ਦੇ ਰਹਿੰਦਿਆਂ ਸਭ ਜਗ੍ਹਾਂ ਮੈਂ ਹੀ ਮੈਂ ਹੈ ਭਾਵ ਸਾਨੂੰ ਹਰ ਹੋਂਦ, ਹਰ ਸਰਗੁਣ ਸਰੂਪ ਪ੍ਰਮਾਤਮਾ ਨਾਲੋਂ ਵੱਖਰਾ ਹੀ ਨਜ਼ਰ ਆਉਂਦਾ ਹੈ। ਜਦੋਂ ਸਾਡੇ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਸਾਨੂੰ ਭਰਮ ਵਿੱਚੋਂ ਕੱਢ ਕੇ ਆਪਣੇ ਚੌਥੇ ਪਦ ਵਿੱਚ ਮੇਲ ਲੈਂਦਾ ਹੈ, ਸੱਚੇ ਗਿਆਨ ਦੇ ਪਦ ਨਾਲ ਜੋੜ ਲੈਂਦਾ ਹੈ ਫਿਰ ਸਾਨੂੰ ਮਨ ਦੇ ਵਿੱਚ ਵੀ ਤੂੰ ਨਜ਼ਰ ਆਉਂਦਾ ਹੈ ਤੇ ਹਰ ਕਿਸੇ ਵਿੱਚ, ਹਰ ਸਰਗੁਣ ਸਰੂਪ ਵਿੱਚ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਭਾਵ ਇੱਕ ਪ੍ਰਮਾਤਮਾ ਦੀ ਹੋਂਦ ਹੀ ਸੱਚੀ ਲੱਗਦੀ

ਹੈ, ਦਿੱਸਦੀ ਹੈ ਤੇ ਹੋਰ ਹੋਂਦ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਣਾ ਝੂਠ ਨਜ਼ਰ ਆਉਂਦਾ ਹੈ ਭਾਵ ਇਹ ਸੋਝੀ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ, ਦੁਬਿਧਾ ਵਿੱਚ ਹੀ ਹੈ। ਮਨ ਦਾ ਇਹ ਭਰਮ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਦਾ ਵੀ ਨਹੀਂ ਮਿਟਿਆ ਤੇ ਇਸੇ ਲਈ ਉਹਨਾਂ ਨੂੰ ਪ੍ਰਮਾਤਮਾ ਦੀ ਸਮਝ ਨਹੀਂ ਲੱਗੀ ਕਿ ਉਹ ਕੀ ਹੈ। ਇਸੇ ਲਈ ਗੁਰਬਾਣੀ ਨੇ ਉਹਨਾਂ ਨੂੰ ਤ੍ਰੈਗੁਣਾਂ ਵਿੱਚ ਹੀ ਦੱਸਿਆਂ ਹੈ ਤੇ ਸਾਨੂੰ ਇਹ

16/1678

ਸਮਝਾਉਣ ਲਈ ਉਹਨਾਂ ਦਾ ਜ਼ਿਕਰ ਬਾਣੀ ਵਿੱਚ ਵਾਰ-ਵਾਰ ਆਇਆ ਹੈ।

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ॥}

(ਅੰਗ ੮੫੨)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥੧੭॥}

(ਅੰਗ ੯੦੯)

ਪਉੜੀ॥

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ॥
ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ॥
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ॥੧॥}

(ਅੰਗ ੧੦੯੪)

ਪਉੜੀ॥

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ॥੨॥

(ਅੰਗ ੫੦੯)

ਸਭ ਤੋਂ ਪਹਿਲੇ ਤਾਂ ਸਾਨੂੰ ਇਹ ਗੱਲ ਸਮਝ ਕੇ ਦ੍ਰਿੜ ਕਰਨ ਦੀ ਹੈ ਕਿ ਤ੍ਰੈਗੁਣ ਦਾ ਮਕਸਦ ਕੀ ਹੈ। ਉਪਰਲੇ ਸ਼ਬਦਾਂ ਨੂੰ ਅਗਰ ਅਸੀਂ ਵਿਚਰਾਂਗੇ ਤੇ ਇੱਥੇ ਸਾਨੂੰ ਤ੍ਰੈਗੁਣਾਂ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਤੇ ਨਾਲ ਹੀ ਉਸ ਵਿੱਚੋਂ ਨਿਕਲਣ ਦਾ

ਸਾਧਨ ਵੀ ਦੱਸਿਆ ਹੈ। ਜਿਵੇਂ ਕਿ ਅਸੀਂ ਪਿੱਛੇ ਜ਼ਿਕਰ ਕੀਤਾ ਹੈ ਤ੍ਰੈਗੁਣ ਸਾਡੇ ਮਨ ਦੀ ਅਵੱਸਥਾ ਹੈ ਜਿਸਦੇ ਦਾਇਰੇ ਵਿੱਚ ਅਸੀਂ ਵਿਚਰਦੇ ਹਾਂ। ਇਹ ਤਿੰਨੇ ਗੁਣ ਕੀ ਹਨ ਇਹ ਅਸੀਂ ਜਪੁਜੀ ਬਾਣੀ ਦੇ ਅਰਥਾਂ ਦੇ ਰਾਹੀਂ ਪਹਿਲੇ ਹੀ ਸਮਝਿਆ ਹੋਇਆ ਹੈ। ਇਹ ਤਿੰਨ ਗੁਣ ਸਾਡੇ

16/1679

ਅੰਦਰ ਮਾਇਆ ਦੀ ਜੁਗਤਿ ਹੀ ਹੈ ਜਿਸਦਾ ਮੂਲ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ ਕਿ ਪ੍ਰਮਾਤਮਾ ਦੀ ਅਸਲੀਅਤ ਕੀ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਉੱਚੇ ਤੋਂ ਉੱਚਾ ਗਿਆਨ ਹਾਸਿਲ ਕਰ ਸਕਦੇ ਹਾਂ ਜੋ ਕਿ ਸੰਸਾਰਕ ਵਿਚਰਨ ਲਈ ਜਰੂਰੀ ਹੈ, ਸੰਸਾਰ ਵਿੱਚ ਸੋਝੀ ਪਾਉਣ ਲਈ ਜਰੂਰੀ ਹੈ ਪਰ ਇਸ ਅਵੱਸਥਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਕੀ ਹੈ, ਉਸਦਾ ਅਸਲ ਰੂਪ ਕੀ ਹੈ, ਉਹ ਕਿਸ ਰੂਪ ਵਿੱਚ ਵਿਚਰਦਾ ਹੈ, ਉਸਨੂੰ ਪਾਉਣਾ ਕੀ ਹੈ, ਉਸਨੂੰ ਜਾਨਣਾ ਕੀ ਹੈ, ਉਸਦਾ ਜਪ ਤਪ ਕੀ ਹੈ ਭਾਵ ਉਸਨੂੰ ਪਾਉਣ ਦਾ ਤਰੀਕਾ ਕੀ ਹੈ ਇਹ ਅਸੀਂ ਨਹੀਂ ਜਾਣ ਸਕਦੇ, ਕਦੇ ਨਹੀਂ ਜਾਣ ਸਕਦੇ ਕਿਉਂਕਿ ਇਸਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਨਾਲੋਂ ਭਾਵ ਉਸਦੀ ਹਕੀਕਤ ਜਾਨਣ ਤੋਂ ਦੂਰ ਰੱਖਣਾ ਹੈ। ਇਹ ਤ੍ਰੈਗੁਣ ਦੀ ਅਵੱਸਥਾ ਹੀ ਸਾਡੇ ਮਨ ਦਾ ਪੜਦਾ ਹੈ, ਹਉਮੈ ਦਾ ਪੜਦਾ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਮੈਂ ਸਮਝਦੇ ਹਾਂ ਭਾਵ ਆਪਣਾ ਮਨੁੱਖੀ ਰੂਪ ਸਮਝਦੇ ਹਾਂ ਤੇ ਹਰ ਸਰਗੁਣ ਸਰੂਪ ਹੋਂਦ ਨੂੰ ਪ੍ਰਮਾਤਮਾ ਤੋਂ ਹੋਰ ਹੋਂਦ ਸਮਝਦੇ ਹਾਂ। ਸਾਡੇ ਅੰਦਰ ਮਾਇਆ ਮੋਹ ਦਾ ਮੂਲ, ਹਉਮੈ ਦਾ ਮੂਲ ਇਹ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਹੈ ਜੋ ਕਿ ਪ੍ਰਮਾਤਮਾ ਨੇ ਸਭ ਵਿੱਚ ਪਾਈ ਹੋਈ ਹੈ ਤੇ ਇਸ ਸੰਸਾਰ ਨੂੰ ਚਲਾ ਰਿਹਾ ਹੈ, ਕਿਸ ਵਿਧੀ ਦੁਆਰਾ ਚਲਾ ਰਿਹਾ ਹੈ, ਕਿਸ ਕਲਾ ਦੁਆਰਾ ਚਲਾ ਰਿਹਾ ਹੈ। ਜਿਹਨਾਂ ਨੂੰ ਕਰੋੜਾਂ ਮਨੁੱਖ ਰੱਬ ਦਾ ਰੂਪ ਸਮਝ ਕੇ ਪੂਜਦੇ ਹਨ ਭਾਵ ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਪੂਜਦੇ ਹਨ ਉਹ ਵੀ ਤ੍ਰੈਗੁਣਾਂ ਵਿੱਚ ਹੀ ਸਨ, ਭਰਮ ਵਿੱਚ ਹੀ ਸਨ ਭਾਵ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰੱਥ ਹੀ ਸਨ ਕਿ ਪ੍ਰਮਾਤਮਾ ਕੀ ਹੈ। ਉਹਨਾਂ ਨੇ ਆਪਣੇ ਆਪ ਨੂੰ ਵੱਡਾ ਅਖਵਾਇਆ ਹੈ ਜਿਸ ਦੁਆਰਾ ਉਹਨਾਂ ਨੇ ਆਪਣੀ ਮੈਂ ਹੀ ਉੱਚੀ ਕੀਤੀ ਹੈ, ਆਪਣਾ ਆਪਾ ਉੱਚਾ ਕੀਤਾ ਹੈ, ਆਪਣੀ ਹਉਮੈ ਉੱਚੀ ਕੀਤੀ ਹੈ, ਹਉਮੈ ਵਧਾਈ ਹੈ ਭਾਵ ਉਹਨਾਂ ਅੰਦਰ ਹਉਮੈ ਦੂਸਰਿਆਂ ਨਾਲੋਂ ਵੀ ਜਿਆਦਾ ਹੋਈ ਹੈ ਤੇ ਇਹ ਸਾਡੇ ਅੰਦਰ ਮਾਇਆ ਮੋਹ ਦਾ ਵੱਧਣਾ ਹੈ ਭਾਵ ਅਗਿਆਨਤਾ ਦਾ ਵੱਧਣਾ ਹੀ ਹੈ ਭਾਵ ਉਹ ਦੂਸਰਿਆਂ ਨਾਲੋਂ ਜਿਆਦਾ ਅਗਿਆਨਤਾ ਵਿੱਚ ਰਹੇ ਹਨ।

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥}

(ਅੰਗ ੮੫੨)

16/1680

ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਕੌਣ ਕਹਿ ਸਕਦਾ ਹੈ ਕਿ ਉਹ ਭੁੱਲੇ ਹੋਏ ਸਨ, ਉਹ ਅਗਿਆਨੀ ਸਨ, ਉਹ ਮੈਂ ਵਿੱਚ ਸਨ। ਉਹ ਭੁੱਲਿਆ ਹੀ ਕੀ ਹੋਇਆ ਜਿਸਨੂੰ ਸਮਝ ਲੱਗ ਜਾਵੇ ਕਿ ਮੈਂ ਭੁੱਲਿਆਂ ਹੋਇਆ ਹਾਂ। ਹਰ ਕੋਈ ਉਹ ਪ੍ਰਮਾਤਮਾ ਦਾ ਭੁਲਾਇਆ ਹੋਇਆ ਹੈ ਤੇ ਉਹ ਜੋ ਕੁੱਝ ਕਰਦਾ ਹੈ ਉਸਦਾ ਕੰਮ ਪਰਫੈਕਟ ਹੁੰਦਾ ਹੈ ਜਿਸ ਵਿੱਚ ਕੋਈ ਕਮੀ ਨਹੀਂ ਰਹਿ ਸਕਦੀ। ਉਸਦਾ ਭੁਲਾਇਆ ਹੋਇਆ ਕਦੇ ਨਹੀਂ ਮੰਨ ਸਕਦਾ ਕਿ ਉਹ ਭੁੱਲਿਆ ਹੋਇਆ ਹੈ, ਉਹ ਆਪਣੇ ਆਪ ਨੂੰ ਠੀਕ ਹੀ ਸਮਝਦਾ ਹੈ। ਜੋ ਵੀ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਸਮਝਦਾ ਹੈ, ਉਹ ਆਪਣੀ ਮੈਂ ਨੂੰ ਉੱਚਾ ਕਰਦਾ ਹੈ, ਆਪਣੀ ਹਉਮੈ ਵਧਾਉਂਦਾ ਹੈ, ਉਸਦੇ ਅੰਦਰ ਮਾਇਆ ਮੋਹ ਵੱਧਦਾ ਹੈ ਭਾਵ ਉਸਦੇ ਅੰਦਰ ਮਾਇਆ ਦੀ ਜੁਗਤਿ ਹੋਰ ਵੀ ਪ੍ਰਬਲ ਹੁੰਦੀ ਹੈ ਭਾਵ ਉਸਦੇ ਅੰਦਰ ਦਾ ਹਠਿ ਵੱਧਦਾ ਹੈ, ਮਨਹਠਿ ਵੱਧਦੀ ਹੈ। ਮਨ ਦਾ ਭਰਮ ਨਿਕਲੇ ਬਿਨ੍ਹਾਂ ਇਸ ਮਾਇਆ ਮੋਹ ਵਿੱਚੋਂ ਕੋਈ ਨਹੀਂ ਨਿਕਲ ਸਕਦਾ, ਤ੍ਰੈਗੁਣਾਂ ਵਿੱਚੋਂ ਕੋਈ ਨਹੀਂ ਨਿਕਲ ਸਕਦਾ। ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਂਦੇ ਹਨ ਜਾਂ ਸਮਝਦੇ ਹਨ ਉਹ ਸਭ ਤ੍ਰੈਗੁਣਾਂ ਵਿੱਚ ਹੀ ਹਨ, ਆਪਣੀ ਹਉਮੈ ਹੀ ਉੱਚੀ ਕਰ ਰਹੇ ਹਨ, ਆਪਣੀ ਮਨਹਠਿ ਉੱਚੀ ਕਰ ਰਹੇ ਹਨ ਪਰ ਇਸ ਗੱਲ ਨੂੰ ਉਹ ਕਦੇ ਮੰਨ ਨਹੀਂ ਸਕਦੇ ਕਿਉਂਕਿ ਉਹ ਉਸਦੇ ਆਪਣੇ ਭੁਲਾਏ ਹੋਏ ਹਨ ਕਿਉਂਕਿ ਉਸਦਾ ਮਕਸਦ ਹੀ ਸਭ ਨੂੰ ਭਰਮ ਵਿੱਚ ਰੱਖਣ ਦਾ ਹੈ। ਕੇਵਲ ਧਰਮ ਗ੍ਰੰਥਾਂ ਦਾ ਪੜੀ ਜਾਣ ਵਾਲੇ, ਮੋਨੀ ਬਣ ਕੇ ਭਾਵ ਸਮਾਧੀਆਂ ਲਗਾ ਕੇ ਜਪ ਤਪ ਕਰਨ ਵਾਲੇ ਹਰ ਕੋਈ ਦੂਜੇ ਭਾਉ ਵਿੱਚ ਹੀ ਹਨ ਭਾਵ ਉਹ ਪ੍ਰਮਾਤਮਾ ਨੂੰ ਪਾਉਣ ਦੇ ਉਹੋ ਜਿਹੇ ਕਰਮ ਕਰਦੇ ਹਨ ਜਿਸ ਦੁਆਰਾ ਉਸਨੂੰ ਨਹੀਂ ਪਾਇਆ ਜਾ ਸਕਦਾ ਭਾਵ ਉਹ ਭਰਮ

ਵਿੱਚ ਹੀ ਇਹ ਸਭ ਕੁੱਝ ਕਰ ਰਹੇ ਹਨ ਭਾਵੇਂ ਉਹ ਇਸਨੂੰ ਹੀ ਆਪਣੀ ਭਗਤੀ ਸਮਝਦੇ ਹਨ। **(ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ॥)**

ਚਿੱਤ ਲਾਉਣਾ ਸਾਡੇ ਮਨ ਦੀ ਸੋਝੀ ਹੈ ਤੇ ਤ੍ਰੈਗੁਣਾਂ ਦਾ ਮਕਸਦ ਹੀ ਸਾਡੇ ਮਨ ਦੀ ਸੋਝੀ ਨੂੰ ਭਰਮ ਵਿੱਚ ਰੱਖਣ ਦਾ ਹੈ,

16/1681

ਆਓ ਹੁਣ ਅਗਲੇ ਸ਼ਬਦ ਨੂੰ ਵਿਚਾਰੀਏ ਤੇ ਸਮਝੀਏ ਕਿ ਤ੍ਰਿਕੁਟੀ ਕੀ ਹੈ ਤੇ ਉਸ ਤੋਂ ਪਾਰ ਪਾਉਣਾ ਕੀ ਹੈ।

"ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥"

ਹਰ ਕਿਸੇ ਨੂੰ ਪ੍ਰਮਾਤਮਾ ਨੇ ਜਨਮ ਤੋਂ ਹੀ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ, ਮਨੁੱਖੀ ਉਪਜ ਹੀ ਤ੍ਰੈਗੁਣਾਂ ਵਿੱਚ ਹੈ, ਹਉਮੈ ਵਿੱਚ ਹੈ ਭਾਵ ਹਰ ਕਿਸੇ ਦੇ ਵਿੱਚ ਪ੍ਰਮਾਤਮਾ ਨੇ ਇਹ ਅਗਿਆਨਤਾ ਦਾ ਪੜਦਾ ਆਪ ਹੀ ਪਾਇਆ ਹੋਇਆ ਹੈ। ਬ੍ਰਹਮਾ, ਬਿਸ਼ਨ, ਮਹੇਸ਼ ਵੀ ਮਨੁੱਖਾ ਰੂਪ ਸਨ ਤੇ ਉਨ੍ਹਾਂ ਵਿੱਚ ਹੀ ਇਹ ਪੜਦਾ ਸੀ। ਇਨ੍ਹਾਂ ਤਿੰਨਾਂ ਨੂੰ ਭਾਵ ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਤ੍ਰੈ ਦੀ ਮੂਰਤ ਭਾਵ ਤ੍ਰੈਗੁਣ ਦੀ ਮੂਰਤ ਕਿਹਾ ਹੈ ਭਾਵ ਤ੍ਰੈਗੁਣਾਂ ਦੀ ਮਿਸਾਲ ਕਿਹਾ ਹੈ ਜਿੰਨ੍ਹਾਂ ਨੇ ਸੰਸਾਰ ਵਿੱਚ ਤ੍ਰੈਗੁਣਾਂ ਦੀ ਮਿਸਾਲ ਬਣ ਕੇ ਵਿਚਰਿਆ ਹੈ। ਉਨ੍ਹਾਂ ਨੂੰ ਮਿਸਾਲ ਬਣਾਉਣ ਦਾ ਪ੍ਰਮਾਤਮਾ ਦਾ ਮਕਸਦ ਦੁਨੀਆਂ ਨੂੰ ਉਨ੍ਹਾਂ ਦੇ ਪਿੱਛੇ ਲਗਾਉਣ ਦਾ ਸੀ। ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਕਿ ਉਹ ਦੁਨੀਆਂ ਨੂੰ ਭਰਮ ਵਿੱਚ ਰੱਖਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰੱਥ ਰੱਖਦਾ ਹੈ। ਉਸਨੇ ਬ੍ਰਹਮਾ, ਬਿਸ਼ਨ, ਮਹੇਸ਼ ਦਾ ਉੱਚਾ ਰੁਤਬਾ ਆਪ ਹੀ ਬਣਾਇਆ ਹੈ ਤਾਂ ਜੋ ਦੁਨੀਆਂ ਉਨ੍ਹਾਂ ਨੂੰ ਉੱਚਾ ਮੰਨ ਕੇ ਉਨ੍ਹਾਂ ਦੇ ਪਿੱਛੇ ਲੱਗੇ ਭਾਵ ਪ੍ਰਮਾਤਮਾ ਨੂੰ ਲੋਕ ਉਹੀ ਕੁੱਝ ਸਮਝਣ ਜੋ ਕੁੱਝ ਉਨ੍ਹਾਂ ਤਿੰਨਾਂ ਨੇ ਸਮਝਾਇਆ ਹੋਇਆ ਹੈ। ਉਨ੍ਹਾਂ ਤਿੰਨਾਂ ਕੋਲੋਂ ਸਭ ਕੁੱਝ ਕਰਵਾਉਣ ਵਾਲਾ ਉਹ ਆਪ ਹੀ ਸੀ ਪਰ ਦੁਨੀਆ ਨੂੰ ਉਹ ਤਿੰਨੇ ਹੀ ਵੱਡੇ ਨਜ਼ਰ ਆਉਂਦੇ ਹਨ ਤੇ ਉਹ ਤਿੰਨੇ ਦੁਨੀਆਂ ਵਿੱਚ ਤ੍ਰੈਗੁਣਾਂ ਨੂੰ ਫੈਲਾਉਣ ਲਈ ਭਾਵ ਪ੍ਰਮਾਤਮਾ ਬਾਰੇ ਭੁਲੇਖਾ ਫੈਲਾਉਣ ਲਈ ਦੁਨੀਆਂ ਵਿੱਚ ਮਿਸਾਲ ਬਣੇ ਹੋਏ ਹਨ ਤੇ ਇਸੇ ਲਈ ਦੁਨੀਆਂ ਉਨ੍ਹਾਂ ਦੇ ਪਿੱਛੇ ਲੱਗੀ ਹੋਈ ਹੈ। ਤ੍ਰੈਗੁਣਾਂ ਦਾ ਮਕਸਦ ਹੀ ਸਾਨੂੰ ਭੁਲੇਖੇ ਵਿੱਚ ਰੱਖਣਾ ਹੈ ਤੇ ਪ੍ਰਮਾਤਮਾ ਨੇ ਇਹ ਕੰਮ ਉਨ੍ਹਾਂ ਤਿੰਨਾਂ ਦੇ ਰਾਹੀਂ ਕਰਵਾਇਆ ਹੈ। ਪ੍ਰਮਾਤਮਾ ਦਾ ਇਹ ਅਸੂਲ ਅੱਜ ਵੀ ਚੱਲ ਰਿਹਾ ਹੈ, ਹਰ ਧਰਮ ਵਿੱਚ ਚੱਲ ਰਿਹਾ ਹੈ। ਮੁਸਲਮਾਨ ਭਾਈਚਾਰੇ ਵਿੱਚ ਆਪਣੇ ਤਰੀਕੇ ਨਾਲ ਉੱਚਾ ਅਖਵਾਉਣ ਵਾਲੇ ਹਨ ਜੋ ਦੁਨੀਆਂ ਨੂੰ ਭਰਮਾ ਕੇ ਆਪਣੇ ਪਿੱਛੇ ਲਗਾਉਂਦੇ ਹਨ ਜਿਵੇਂ ਕਿ ਬਾਣੀ ਦੇ ਵਿੱਚ ਵੀ ਇਸ ਗੱਲ ਨੂੰ ਸਮਝਾਇਆ ਹੋਇਆ ਹੈ।

{ਕਾਜੀ ਸੇਖ ਭੇਖ ਫਕੀਰਾ॥ ਵਡੇ ਕਹਾਵਹਿ ਹਉਮੈ ਤਨਿ ਪੀਰਾ}

(ਅੰਗ ੨੨੭)

16/1682

ਦੁਨੀਆਂ ਵਿੱਚ ਭਰਮ ਫੈਲਾਉਣ ਦਾ ਕੰਮ ਪ੍ਰਮਾਤਮਾ ਆਪ ਹੀ ਕਰਦਾ ਹੈ ਤੇ ਹੋਰ ਕੋਈ ਹੈ ਹੀ ਨਹੀਂ ਜੋ ਕੁੱਝ ਕਰ ਸਕੇ। ਪ੍ਰਮਾਤਮਾ ਜੋ ਕੁੱਝ ਵੀ ਕਰਦਾ ਹੈ ਉਹ ਕਿਸੇ ਨਾ ਕਿਸੇ ਸਰੀਰ ਰਾਹੀਂ ਹੀ ਆਪਣਾ ਭਰਮ ਫੈਲਾਉਣ ਦਾ ਕੰਮ ਕਰਦਾ ਹੈ। ਜਦੋਂ ਗੁਰਬਾਣੀ ਉਚਾਰੀ ਗਈ ਸੀ ਉਦੋਂ ਸਿੱਖ ਜਗਤ ਅਜੇ ਹੋਂਦ ਵਿੱਚ ਨਹੀਂ ਸੀ ਆਇਆ ਤੇ ਇਸੇ ਲਈ ਸਿੱਖੀ ਕਬੂਲ ਕਰਨ ਵਾਲੇ ਇਹ ਸਮਝਦੇ ਹਨ ਕਿ ਹਿੰਦੂ ਭਾਈਚਾਰਾ ਜਾਂ ਮੁਸਲਮਾਨ ਭਾਈਚਾਰਾ ਤਾਂ ਭਰਮਿਆ ਹੋਇਆ ਹੈ ਕਿਉਂਕਿ ਉਨ੍ਹਾਂ ਦਾ ਜ਼ਿਕਰ ਬਾਣੀ ਵਿੱਚ ਆਉਂਦਾ ਹੈ। ਸਿੱਖ ਜਗਤ ਵਾਲੇ ਕੇਵਲ ਇਸੇ ਕਰਕੇ ਆਪਣੇ ਆਪ ਨੂੰ ਭਰਮਿਆ ਹੋਇਆ ਨਹੀਂ ਸਮਝਦੇ ਕਿਉਂਕਿ ਉਨ੍ਹਾਂ ਬਾਰੇ ਬਾਣੀ ਵਿੱਚ ਸਿੱਧੇ ਤੌਰ ਤੇ ਜ਼ਿਕਰ ਨਹੀਂ ਹੈ। ਕਰਦੇ ਅਸੀਂ ਵੀ ਉਹੋ ਕੁੱਝ ਹੀ ਹਾਂ ਜਿਸ ਲਈ ਹਿੰਦੂ ਜਗਤ ਨੂੰ ਭਰਮਿਆ ਹੋਇਆ ਕਿਹਾ ਹੈ। ਅਸੀਂ ਉਸੇ ਤਰ੍ਹਾਂ ਦੇ ਸਰੀਰਕ ਜਪ ਤਪ ਆਦਿਕ ਕਰਦੇ ਹਾਂ ਜਿਹੋ ਜਿਹੇ ਉਹ ਕਰਦੇ ਹਨ। ਅਸੀਂ ਉਹੋ ਜਿਹੇ ਝੂਠ ਹੀ ਬੋਲਦੇ ਹਾਂ ਜਿਹੋ ਜਿਹੇ ਸਾਡੇ ਹਿੰਦੂ ਤੇ ਮੁਸਲਮਾਨ ਵੀਰ ਬੋਲਦੇ ਹਨ। ਸਾਡੀ ਔਗੁਣਾਂ ਦੀ ਸਾਂਝ ਸਾਰਿਆਂ ਨਾਲ ਇੱਕੋ ਜਿਹੀ ਹੀ ਹੈ। ਜਿਹੋ ਜਿਹਾ ਤੀਰਥਾਂ ਤੇ ਉਹ ਜਾਂਦੇ ਹਨ ਉਹੋ ਜਿਹਾ ਅਸੀਂ ਜਾਂਦੇ ਹਾਂ। ਜਿਸ ਤਰੀਕੇ ਨਾਲ ਉਹ ਧਰਮ ਗ੍ਰੰਥਾਂ ਨੂੰ ਪੜ੍ਹਦੇ ਹਨ ਉਸੇ ਤਰੀਕੇ ਨਾਲ ਅਸੀਂ ਪੜ੍ਹਦੇ ਹਾਂ। ਜਿਹੋ ਜਿਹੀ ਪੜ੍ਹ-ਪੜ੍ਹ ਕੇ ਗੱਡੀ ਉਹ ਲੱਦਦੇ ਹਨ ਉਹੋ ਜਿਹੀ ਅਸੀਂ ਲੱਦਦੇ ਹਾਂ। ਧਰਮ ਗ੍ਰੰਥਾਂ ਦੀ ਸਿੱਖਿਆ ਅਨੁਸਾਰ ਉਨ੍ਹਾਂ ਵਿੱਚ ਸਮਝਾਏ ਹੋਏ ਸੱਚ ਅਨੁਸਾਰ, ਨਾਮ ਅਨੁਸਾਰ ਨਾ ਉਨ੍ਹਾਂ ਨੂੰ ਚੱਲਣਾ ਚੰਗਾ ਲੱਗਦਾ ਹੈ ਤੇ ਨਾ ਹੀ ਸਾਨੂੰ ਚੰਗਾ ਲੱਗਦਾ ਹੈ। ਕਿਸੇ ਨੂੰ ਰਾਮ ਰਾਮ ਬੋਲਣਾ ਚੰਗਾ ਲੱਗਦਾ ਹੈ ਤੇ ਕਿਸੇ

ਨੂੰ ਖੁਦਾਇ ਖੁਦਾਇ ਬੋਲਣਾ ਚੰਗਾ ਲੱਗਦਾ ਹੈ ਤੇ ਕਥਨੀ ਹੀ ਸਾਨੂੰ ਚੰਗੀ ਲੱਗਦੀ ਹੈ। ਕਰਨੀ ਤੋਂ ਉਹ ਵੀ ਬਚਦੇ ਹਨ ਤੇ ਕਰਨੀ ਤੋਂ ਅਸੀਂ ਵੀ ਬਚਦੇ ਹਾਂ। ਆਪਣੇ ਆਪਣੇ ਧਰਮ ਨੂੰ ਉੱਚਾ ਮੰਨਣਾ ਉਹ ਚੰਗਾ ਸਮਝਦੇ ਹਨ ਤੇ ਉਹੀ ਕੁੱਝ ਅਸੀਂ ਸਮਝਦੇ ਹਾਂ। ਦੁਨੀਆਂ ਦਾ ਧਰਮ ਕੀ ਹੈ, ਮਨੁੱਖਤਾ ਦਾ ਧਰਮ ਕੀ ਹੈ ਤੇ ਉੱਚਾ ਕਿਸ ਨੂੰ ਕਰਨਾ ਹੈ ਇਸ ਗੱਲ ਨੂੰ ਕੋਈ ਵਿਰਲਾ ਹੀ ਸਮਝਦਾ ਹੈ। ਭਰਮ ਵਿੱਚ ਹਰ ਕੋਈ ਹੀ ਹੈ ਤੇ

16/1683

ਭਰਮ ਪਾਉਣ ਵਾਲਿਆਂ ਦਾ ਕੇਵਲ ਦਿਖਾਵਾ ਹੀ ਵੱਖਰਾ ਹੈ। ਜੋ ਭਰਮ ਵਿੱਚ ਪਾਉਣ ਦਾ ਕੰਮ ਹਿੰਦੂ ਜਗਤ ਵਿੱਚ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੇ ਕੀਤਾ ਹੈ ਭਾਵ ਆਪਣੇ ਆਪ ਨੂੰ ਉੱਚਾ ਦੱਸ ਕੇ ਕੀਤਾ ਹੈ, ਆਪਣੇ ਆਪ ਦੀ ਵਡਿਆਈ ਕਰਕੇ ਕੀਤਾ ਹੈ ਇਸੇ ਤਰ੍ਹਾਂ ਉਨ੍ਹਾਂ ਨੂੰ ਸੱਚ ਸਮਝ ਕੇ ਅੱਜ ਵੀ ਅਨੇਕਾਂ ਹੀ ਆਪਣੇ ਆਪ ਨੂੰ ਸੰਤ ਆਦਿ ਸਮਝ ਕੇ ਉਹ ਭਰਮ ਦਾ ਫੈਲਾਵਾ ਕਰ ਰਹੇ ਹਨ। ਇਸੇ ਤਰ੍ਹਾਂ ਮੁਸਲਮਾਨ ਜਗਤ ਵਿੱਚ ਆਪਣੇ ਆਪ ਨੂੰ ਉੱਚਾ ਅਖਵਾ ਕੇ ਲੋਕਾਂ ਨੂੰ ਆਪਣੇ ਪਿੱਛੇ ਲਗਾਉਂਦੇ ਹਨ ਤੇ ਧਰਮ ਦੇ ਮਾਰਗ ਤੇ ਭਰਮਾਉਣ ਦਾ ਕੰਮ ਕਰਦੇ ਹਨ। ਸਿੱਖ ਜਗਤ ਵੀ ਇਸ ਵਿੱਚ ਕੋਈ ਪਿੱਛੇ ਨਹੀਂ ਹੈ। ਉੱਚਾ ਰੁਤਬਾ ਬਣਾਉਣ ਵਾਲੇ ਆਪਣੇ ਆਪ ਨੂੰ ਵੱਡੇ-ਵੱਡੇ ਸੰਤ, ਬ੍ਰਹਮਗਿਆਨੀ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ ਤੇ ਉਹ ਧਰਮ ਬਾਰੇ ਭਰਮ ਫੈਲਾਉਣ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਸਭ ਕੁੱਝ ਕਰਵਾਉਣ ਵਾਲਾ ਉਹ ਆਪ ਹੀ ਹੈ। ਹਰ ਰੂਪ ਵਿੱਚ ਉਹ ਆਪ ਹੀ ਹੈ। ਉਹ ਹੀ ਹਿੰਦੂ ਹੈ, ਉਹ ਹੀ ਮੁਸਲਮਾਨ ਹੈ ਤੇ ਉਨ੍ਹਾਂ ਵਿੱਚ ਵੀ ਉਹ ਹੀ ਹੈ ਜੋ ਸਿੱਖ ਜਗਤ ਵਿੱਚ ਭਰਮ ਪਾਉਣ ਵਾਲੇ ਹਨ। ਤ੍ਰੈਗੁਣੀ ਅਵੱਸਥਾ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ, ਜੁਗਤ ਹੈ ਜਿਸ ਦੁਆਰਾ ਉਹ ਆਪਣੀ ਇਸ ਮਨੁੱਖੀ ਹੋਂਦ ਵਿੱਚ ਵਿਚਰਦਾ ਹੈ ਜੋ ਕਿ ਸਾਰੇ ਸੰਸਾਰ ਲਈ ਉਸਦਾ ਅਸੂਲ ਇੱਕੋ ਜਿਹਾ ਹੀ ਹੈ। ਜਿਸਨੂੰ ਵੀ ਉਹ ਆਪਣੇ ਦਰਸ਼ਨ ਦਿੰਦਾ ਹੈ ਉਸਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਹੀ ਦਿੰਦਾ ਹੈ ਭਾਵੇਂ ਉਹ ਕਿਸੇ ਵੀ ਧਰਮ ਵਿੱਚ ਆਸਥਾ ਰੱਖਣ ਵਾਲਾ ਹੋਵੇ। ਜੇਕਰ ਉਸਨੇ ਧੰਨ ਧੰਨ ਭਗਤ ਨਾਮਦੇਵ ਜੀ ਨੂੰ ਦਰਸ਼ਨ ਦਿੱਤੇ ਹਨ ਤਾਂ ਉਨ੍ਹਾਂ ਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਹੀ ਦਿੱਤੇ ਹਨ। ਜੇਕਰ ਉਨ੍ਹਾਂ ਨੇ ਧੰਨ ਧੰਨ ਸ਼ੇਖ਼ ਫ਼ਰੀਦ ਜੀ ਨੂੰ ਦਰਸ਼ਨ ਦਿੱਤੇ ਹਨ ਤਾਂ ਉਨ੍ਹਾਂ ਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਹੀ ਦਿੱਤੇ ਹਨ। ਜੇਕਰ ਉਨ੍ਹਾਂ ਨੇ ਧੰਨ ਧੰਨ ਗੁਰੂ ਅੰਗਦ ਦੇਵ ਜੀ ਨੂੰ ਦਰਸ਼ਨ ਦਿੱਤੇ ਹਨ ਤਾਂ ਉਨ੍ਹਾਂ ਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਹੀ ਦਿੱਤੇ ਹਨ। ਉਸ ਦੀਆਂ ਨਜ਼ਰਾਂ ਵਿੱਚ ਹਰ ਕੋਈ ਇੱਕੋ ਜਿਹਾ ਹੀ ਹੈ। ਉਸ ਦੀਆਂ ਨਜ਼ਰਾਂ ਵਿੱਚ ਦੁਨਿਆਵੀ ਧਰਮ ਨਹੀਂ ਚੱਲਦਾ। ਉਸਦਾ ਧਰਮ ਕੇਵਲ ਸੱਚ ਹੈ ਜਿਸਦੀ ਸੋਝੀ ਕੇਵਲ ਚੌਥੇ ਪਦ ਵਿੱਚ ਪਹੁੰਚਣ ਦੁਆਰਾ ਹੀ ਪੈਂਦੀ ਹੈ।

16/1684

ਜਿਸਨੂੰ ਉਹ ਆਪਣੇ ਦਰਸ਼ਨ ਦਿੰਦਾ ਹੈ ਉਸਦੀ ਉਹ ਤ੍ਰੈਗੁਣੀ ਅਵੱਸਥਾ ਭਾਵ **"ਤ੍ਰਿਕੁਟੀ"** ਹੀ ਤੋੜਦਾ ਹੈ ਭਾਵੇਂ ਉਹ ਕੋਈ ਵੀ ਹੋਵੇ। ਜਿੰਨ੍ਹਾਂ ਭਗਤ ਸਾਹਿਬਾਨ ਨੇ, ਗੁਰੂ ਸਾਹਿਬਾਨ ਨੇ, ਭੱਟ ਸਾਹਿਬਾਨ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਚੌਥਾ ਪਦ ਹੀ ਬਖ਼ਸ਼ਿਆ ਹੈ। **(ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥ ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥)**

"ਮੂਰਤਿ" ਕੀ ਹੈ ਇਸ ਗੱਲ ਨੂੰ ਅਸੀਂ ਜਪੁਜੀ ਬਾਣੀ ਦੇ ਅਰਥਾਂ ਵਿੱਚ ਕੁੱਝ ਅੱਗੇ ਜਾ ਕੇ ਸਮਝਾਂਗੇ ਹੈ ਜਿੱਥੇ **"ਅਕਾਲ ਮੂਰਤਿ"** ਦੀ ਵਿਆਖਿਆ ਦੁਆਰਾ ਸਮਝਾਇਆ ਹੋਇਆ ਹੈ। ਮੂਰਤਿ ਤਸਵੀਰ ਨੂੰ ਕਹਿੰਦੇ ਹਨ, ਫੋਟੋ ਨੂੰ ਕਹਿੰਦੇ ਹਨ। ਜੇਕਰ ਅਸੀਂ ਕਿਸੇ ਨੂੰ ਇਹ ਦੱਸਣਾ ਹੋਵੇ ਕਿ ਅਸੀਂ ਕਿਹੋ ਜਿਹੇ ਹਾਂ ਤਾਂ ਉਹ ਗੱਲ ਸਮਝਾਉਣ ਲਈ ਸਭ ਤੋਂ ਚੰਗੀ ਚੀਜ ਸਾਡੀ ਤਸਵੀਰ ਹੈ, ਮੂਰਤਿ ਹੈ ਜੋ ਹੂ-ਬ-ਹੂ ਸਾਡਾ ਰੂਪ ਬਿਆਨ ਕਰਦੀ ਹੈ ਭਾਵ ਇਹ ਗੱਲ ਸਮਝਾਉਣ ਲਈ ਕਿ ਅਸੀਂ ਕੀ ਹਾਂ ਉਸਦੀ ਸਭ ਤੋਂ ਵਧੀਆ ਮਿਸਾਲ ਸਾਡੀ ਮੂਰਤਿ ਹੈ ਭਾਵ ਸਾਡੀ ਮੂਰਤਿ ਸਾਡੀ ਮਿਸਾਲ ਹੈ ਕਿ ਅਸੀਂ ਕੀ ਹਾਂ। ਪ੍ਰਮਾਤਮਾ ਦੇ ਅਕਾਲ ਹੋਣ ਦੀ ਭਾਵ ਪ੍ਰਮਾਤਮਾ ਦੇ ਕਾਲ ਰਹਿਤ ਹੋਣ ਦੀ ਇੱਕੋ ਇੱਕ ਮੂਰਤਿ ਭਾਵ ਇੱਕੋ ਇੱਕ ਮਿਸਾਲ ਉਹ ਆਪ ਹੈ ਤੇ ਹੋਰ ਕੋਈ ਨਹੀਂ ਜੋ ਕਾਲ ਰਹਿਤ ਹੈ। ਇਸੇ ਤਰ੍ਹਾਂ ਸਾਨੂੰ ਤ੍ਰੈਗੁਣਾਂ ਵਿੱਚ ਭਰਮਾਉਣ ਲਈ ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਦੁਨੀਆਂ ਨੂੰ ਭਰਮਾਉਣ ਲਈ ਇੱਕ ਮਿਸਾਲ ਬਣਾਇਆ ਹੋਇਆ ਹੈ ਜੋ ਕਿ ਅੱਜ ਵੀ ਕਾਇਮ ਹੈ। ਉਸਨੂੰ ਜਿਸ ਵੇਲੇ ਜੋ ਕੁੱਝ ਵੀ ਭਾਉਂਦਾ ਹੈ ਉਹ ਉਹੀ ਕੁੱਝ ਕਰਦਾ ਹੈ। ਜੇਕਰ ਉਸਨੂੰ ਭਾਇਆ ਹੈ ਤਾਂ ਉਸਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਭਾਵ ਭਰਮ ਵਿੱਚੋਂ ਕੱਢਣ ਦਾ ਉਪਰਾਲਾ ਵੀ ਆਪ ਹੀ ਕੀਤਾ ਹੈ, ਆਪਣਾ ਆਪ ਭਾਵ ਆਪਣੀ ਸੱਚੀ ਹਕੀਕਤ ਬਿਆਨ ਕਰਨ ਦਾ ਉਪਰਾਲਾ ਵੀ ਆਪ ਹੀ ਕੀਤਾ ਹੈ। ਗੁਰਬਾਣੀ ਮਨੁੱਖਤਾ ਦੇ ਉੱਤੇ ਪ੍ਰਮਾਤਮਾ ਦੀ ਬਹੁਤ ਵੱਡੀ-ਵੱਡੀ ਕ੍ਰਿਪਾ ਹੈ ਜਿਸ ਦੁਆਰਾ

ਉਸ ਪ੍ਰਮਾਤਮਾ ਦਾ ਸੱਚਾ ਰੂਪ, ਉਸਦਾ ਨਿਰਗੁਣ ਰੂਪ ਜਾਣਿਆ ਜਾ ਸਕਦਾ ਹੈ। ਮਨੁੱਖੀ ਦੇਹ ਨੂੰ ਉੱਚਾ ਕਰਕੇ ਭਾਵ ਪ੍ਰਮਾਤਮਾ ਨੂੰ ਸਰਗੁਣ

16/1685

ਰੂਪ ਕਹਿ ਕੇ, ਸਮਝਾ ਕੇ ਸਾਨੂੰ ਭਰਮ ਵਿੱਚ ਹੀ ਪਾਇਆ ਹੈ। ਉਸਦਾ ਸੱਚਾ ਰੂਪ ਇਸ ਸੰਸਾਰ ਵਿੱਚ ਕੇਵਲ ਉਸਨੇ ਗੁਰਬਾਣੀ ਰਾਹੀਂ ਬਿਆਨ ਕੀਤਾ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਵੀ ਸਮਝਾਇਆ ਹੈ ਜੋ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਹਰ ਕੋਈ ਰੋਗੀ ਹੈ ਭਾਵ ਹਰ ਕੋਈ ਹਉਮੈ ਦਾ ਰੋਗੀ ਹੈ ਤੇ ਬ੍ਰਹਮਾ, ਬਿਸ਼ਨ, ਮਹਾਂਦੇਵ ਦੇ ਵਿੱਚ ਵੀ ਇਹ ਹਉਮੈ ਰੋਗ ਸੀ ਭਾਵ ਇਹ ਸਾਡੇ ਮਨ ਦੀ ਅਗਿਆਨਤਾ ਦਾ ਰੋਗ ਹੈ ਜਿਸਦੇ ਰਹਿੰਦੇ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਨਹੀਂ ਸਮਝ ਸਕਦੇ ਬਲਕਿ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦੇ ਹਾਂ ਤੇ ਇਹੀ ਗੱਲ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀ ਜਾ ਸਕਦੀ ਹੈ।

“ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ॥੨॥”

(ਅੰਗ ੭੩੫)

ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਜਾਂ ਹਉਮੈ, ਦੁਬਿਧਾ, ਸਹਸਾ ਇੱਕੋ ਹੀ ਗੱਲ ਹੈ ਭਾਵ ਸਭ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ ਜਿਸਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣਾ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਸ ਵਿੱਚ ਕੇਵਲ **“ਹਉਮੈ”** ਹੀ ਹੈ ਭਾਵ **“ਮੈਂ”** ਹੀ ਹੈ ਭਾਵ ਸਾਨੂੰ ਮਹਿਸੂਸ ਹੀ ਇਹ ਹੁੰਦਾ ਹੈ ਕਿ ਜੋ ਕੰਮ ਮੈਂ ਕਰ ਰਿਹਾ ਹਾਂ, ਉਹ ਮੈਂ ਹੀ ਕਰ ਰਿਹਾ ਹਾਂ ਤੇ ਅੰਦਰ ਕਰਵਾਉਣ ਵਾਲਾ ਕੌਣ ਹੈ ਇਸ ਦੀ ਸਮਝ ਸਾਨੂੰ ਨਹੀਂ ਪੈਂਦੀ, ਆਪਣੇ ਅੰਦਰ ਵਰਤ ਰਹੇ ਉਸ “ਤੂੰ” ਦੀ ਸੋਝੀ ਨਹੀਂ ਪੈਂਦੀ। ਸਾਡੇ ਅੰਦਰ ਕੌਣ ਵਰਤਦਾ ਹੈ ਜੋ ਸਾਡੇ ਕੋਲੋਂ ਸਭ ਕੁੱਝ ਕਰਵਾਉਂਦਾ ਹੈ ਇਸ ਦੀ ਸੋਝੀ ਕੇਵਲ ਗੁਰਮੁਖਿ ਵਾਲੀ ਅਵੱਸਥਾ ਦੁਆਰਾ ਪੈਂਦੀ ਹੈ। ਗੁਰਮੁਖਿ ਦੀ ਅਵੱਸਥਾ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਸ ਵਿੱਚ ਗੁਰੂ ਪ੍ਰਮਾਤਮਾ ਆਪ ਵਰਤਦਾ ਹੈ, ਜਿਸ ਅਵੱਸਥਾ ਦੁਆਰਾ ਮੈਂ ਤੇ ਤੂੰ ਦਾ ਭੇਦ ਮਿਟ ਜਾਂਦਾ ਹੈ ਭਾਵ ਮੈਂ ਮਿਟ ਕੇ ਕੇਵਲ ਤੂੰ ਰਹਿ ਜਾਂਦਾ ਹੈ। ਇਹ ਅਵੱਸਥਾ ਮਨ ਦੀ ਸੱਚੀ ਸੋਝੀ ਦੀ ਹੈ ਜੋ ਮਨ ਦੇ ਅੰਦਰ ਉਹ ਆਪ ਹੀ ਪਾਉਂਦਾ ਹੈ। **(ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥ ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ॥੨॥)**

ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਪ੍ਰਮਾਤਮਾ ਨੇ ਕਿਸ ਮਕਸਦ ਲਈ ਉਪਾਇਆ ਹੈ, ਵਰਤਿਆ ਹੈ ਇਸ ਗੱਲ ਨੂੰ ਹੋਰ ਵੀ ਬਰੀਕੀ ਨਾਲ

16/1686

ਸਮਝਣ ਲਈ ਹੇਠ ਦਿੱਤੀ ਪਉੜੀ ਦੁਆਰਾ ਜਾਣਿਆ ਜਾ ਸਕਦਾ ਹੈ।

“ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥”

(ਅੰਗ ੧੦੯੪)

ਉਹ ਆਪ ਪ੍ਰਮਾਤਮਾ ਸੱਚ ਹੈ। ਆਪਣੀ ਰਚਨਾ ਦੇ ਵਿੱਚ ਵੀ ਉਹ ਆਪ ਹੈ ਤੇ ਇਸੇ ਲਈ ਉਸਦੀ ਹਰ ਰਚਨਾ ਸੱਚ ਹੈ। ਉਸਦਾ ਹਰ ਸਰਗੁਣ ਸਰੂਪ ਸੱਚ ਹੈ ਭਾਵ ਉਸ ਵਿੱਚ ਪ੍ਰਮਾਤਮਾ ਆਪ ਹੈ। ਇਸੇ ਲਈ ਬਾਣੀ ਵਿੱਚ ਸਾਨੂੰ ਸਮਝਾਇਆ ਹੈ ਕਿ ਅਸੀਂ ਜੇਕਰ ਕਿਸੇ ਵੀ ਮਾਇਆ ਸਰੂਪ ਨੂੰ ਪ੍ਰਮਾਤਮਾ ਦਾ ਸਰੂਪ ਨਹੀਂ ਸਮਝਦੇ ਭਾਵ ਉਸ ਵਿੱਚ ਪ੍ਰਮਾਤਮਾ ਦੀ ਹੋਂਦ ਨਹੀਂ ਸਮਝਦੇ ਤਾਂ ਫਿਰ ਉਹ ਝੂਠ ਹੈ। ਜੇਕਰ ਅਸੀਂ ਇਹ ਕਹੀਏ ਕਿ ਸਭ ਕਿਛ ਪ੍ਰਮਾਤਮਾ ਆਪ ਹੈ ਤਾਂ ਫਿਰ ਇਹ ਸੱਚ ਹੈ। ਇਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ ਤੇ ਜੇਕਰ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਤਾਂ ਫਿਰ ਇਹ ਝੂਠ ਹੈ ਤੇ ਇਸ ਵਿੱਚ ਮੈਂ ਹੈ। ਜਿੱਥੇ ਮੈਂ ਹੈ ਉੱਥੇ ਝੂਠ ਹੈ ਤੇ ਜਿੱਥੇ ਤੂੰ ਹੈਂ ਉੱਥੇ ਸੱਚ ਹੈ। **(ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ॥)** ਇਹ ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਥਾਟੁ ਹੈ, ਟਿਕਾਣਾ ਹੈ, ਪਸਾਰਾ ਹੈ। ਪ੍ਰਮਾਤਮਾ ਨੇ ਇਹ ਆਪਣਾ ਥਾਟ ਆਪ ਬਣਾਇਆ ਹੈ ਕਿਉਂਕਿ ਉਸਦੀ ਆਪਣੀ ਅਵੱਸਥਾ ਗੁਰਮੁਖਿ ਦੀ ਅਵੱਸਥਾ ਹੈ। ਗੁਰਮੁਖਿ

ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਆਪ ਨਿਰਗੁਣ ਸਰੂਪ ਹੈ। ਗੁਰਮੁਖਿ ਕੋਈ ਸਰਗੁਣ ਸਰੂਪ ਵਸਤੂ ਨਹੀਂ ਹੈ। ਗੁਰਮੁਖ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ, ਬ੍ਰਹਮਗਿਆਨੀ ਦੀ ਅਵੱਸਥਾ ਹੈ ਜੋ ਕਿ ਨਿਰਗੁਣ ਸਰੂਪ ਹੈ। ਗੁਰਮੁਖਿ ਪ੍ਰਮਾਤਮਾ ਦਾ ਆਪਣਾ ਨਿਰਗੁਣ ਸਰੂਪ ਹੈ ਜਿਸ ਦੁਆਰਾ ਉਹ ਵਿਚਰਦਾ ਹੈ ਤੇ ਆਪਣੀ ਇਸ ਅਵੱਸਥਾ ਦੁਆਰਾ ਹੀ ਭਾਵ ਆਪਣੇ ਇਸ ਉੱਚੇ ਬ੍ਰਹਮਗਿਆਨ ਦੁਆਰਾ ਹੀ ਆਪਣਾ ਇਹ ਸਾਰਾ ਪਸਾਰਾ ਬਣਾਇਆ ਹੋਇਆ ਹੈ ਤੇ ਇਸ ਨੂੰ ਸਿਰਜਿਆ ਹੈ। ਹਰ ਵਸਤੂ ਨੂੰ ਉਸਨੇ ਆਪਣੇ ਗਿਆਨ ਦੁਆਰਾ ਸਿਰਜਿਆ ਹੈ ਜਿਸ ਦੁਆਰਾ ਇਹ ਸੰਸਾਰ ਬਣਿਆ ਹੈ ਤੇ ਚੱਲ ਰਿਹਾ ਹੈ। **(ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ॥)** ਆਪਣੇ ਆਪ ਨੂੰ ਗੁਰਮੁਖਿ ਅਖਵਾਉਣਾ ਆਪਣੇ ਆਪ ਨੂੰ ਗੁਰੂ ਪ੍ਰਮਾਤਮਾ ਅਖਵਾਉਣ ਵਾਲੀ ਗੱਲ ਹੈ। ਇਹ ਸਾਡਾ ਵੱਡਾ ਭਰਮ ਹੈ ਪਰ ਅਸੀਂ ਤ੍ਰੈਗੁਣਾਂ ਦੇ ਵੱਸ ਹਾਂ ਜਿਸ ਕਰਕੇ ਅਸੀਂ ਇਹ ਸਭ ਕੁੱਝ ਕਹਿੰਦੇ ਹਾਂ ਤੇ ਆਪਣੇ ਆਪ ਨੂੰ ਉੱਚਾ ਸਮਝਦੇ ਹਾਂ। ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਪ੍ਰਮਾਤਮਾ

16/1687

ਨੇ ਸੰਸਾਰ ਵਿੱਚ ਤ੍ਰੈਗੁਣਾਂ ਦਾ ਵਿਸਥਾਰ ਕਿਵੇਂ ਕੀਤਾ ਹੈ, ਭਰਮ ਨੂੰ ਕਿਸ ਤਰੀਕੇ ਨਾਲ ਫੈਲਾਇਆ ਹੈ ਤਾਂ ਜੋ ਅਸੀਂ ਉਸ ਪ੍ਰਮਾਤਮਾ ਨੂੰ ਜਾਨਣ ਤੋਂ ਅਸਮਰੱਥ ਹੀ ਰਹੀਏ।

“ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥”

ਹੁਣ ਧਿਆਨ ਨਾਲ ਸਮਝੋ ਕਿ ਬ੍ਰਹਮਾ ਕੋਲੋਂ ਵੇਦਾਂ ਦੀ ਰਚਨਾ ਕਿਸਨੇ ਕਰਵਾਈ ਹੈ ਜੋ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਵੇਦਾਂ ਦੇ ਵਿੱਚ ਇਤਨਾ ਉੱਚਾ ਗਿਆਨ ਕਿੱਥੋਂ ਆਇਆ ਹੈ ਇਸਨੂੰ ਸਮਝਿਆ ਜਾ ਸਕਦਾ ਹੈ ਪਰ ਬ੍ਰਹਮਾ ਨੂੰ ਇਸ ਗੱਲ ਦੀ ਸੋਝੀ ਨਹੀਂ ਪੈਣ ਦਿੱਤੀ ਕਿ ਇਹ ਗਿਆਨ ਕਿੱਥੋਂ ਆ ਰਿਹਾ ਹੈ। ਜਦ ਤੱਕ ਸਾਨੂੰ ਉਸ ਗਿਆਨ ਦੇ ਸ੍ਰੋਤ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਹੈ ਤੇ ਇਸੇ ਲਈ ਕੋਈ ਆਪਣੇ ਆਪ ਨੂੰ ਉੱਚਾ ਅਖਵਾਉਂਦਾ ਹੈ ਕਿਉਂਕਿ ਉਸ ਨੂੰ ਉਸ ਉੱਚਾ ਕਰਨ ਵਾਲੇ ਦੀ ਸੋਝੀ ਹੀ ਨਹੀਂ ਪੈਂਦੀ। ਮਨ ਦੇ ਵਿੱਚ ਉਸ ਉੱਚੇ ਦੀ ਸੋਝੀ ਪੈਣ ਦੇ ਨਾਲ ਆਪਣੇ ਆਪ ਨੂੰ ਕੋਈ ਉੱਚਾ ਨਹੀਂ ਸਮਝ ਸਕਦਾ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ **“ਮੈਂ”** ਉੱਚੀ ਹੈ ਤੇ ਚੌਥੇ ਪਦ ਵਿੱਚ **“ਤੂੰ”** ਉੱਚਾ ਹੈ, ਸ਼ਬਦ ਉੱਚਾ ਹੈ। ਵੇਦਾਂ ਦੀ ਲਿਖਤ ਵਿੱਚ ਤੇ ਗੁਰਬਾਣੀ ਦੀ ਲਿਖਤ ਵਿੱਚ ਇਹੀ ਭੇਦ ਹੈ। ਵੇਦਾਂ ਦੀ ਲਿਖਤ ਵਿੱਚ ਉਨ੍ਹਾਂ ਨੂੰ ਲਿਖਣ ਵਾਲਾ ਉੱਚਾ ਹੈ ਤੇ ਗੁਰਬਾਣੀ ਦੀ ਲਿਖਤ ਵਿੱਚ ਉਸਨੂੰ ਲਿਖਵਾਉਣ ਵਾਲਾ ਉੱਚਾ ਹੈ। ਵੇਦਾਂ ਦੀ ਲਿਖਤ ਵਿੱਚ ਸਰਗੁਣ ਸਰੂਪ ਉੱਚਾ ਹੈ ਤੇ ਗੁਰਬਾਣੀ ਦੀ ਲਿਖਤ ਵਿੱਚ ਨਿਰਗੁਣ ਸਰੂਪ ਉੱਚਾ ਹੈ। ਫਰਕ ਕੇਵਲ ਮਨ ਦੀ ਸੋਝੀ ਦਾ ਹੈ ਕਿ ਉਹ ਸੋਝੀ ਆਉਂਦੀ ਕਿੱਥੋਂ ਹੈ। ਜਦ ਤੱਕ ਅਸੀਂ ਇਸ ਸੋਝੀ ਨੂੰ ਆਪਣੀ ਸਮਝਦੇ ਹਾਂ ਤਦ ਤੱਕ ਅਸੀਂ ਤ੍ਰੈਗੁਣਾਂ ਵਿੱਚ ਹਾਂ ਭਾਵ ਭਰਮ ਵਿੱਚ ਹਾਂ, ਭੁਲੇਖੇ ਵਿੱਚ ਹਾਂ। ਜਦੋਂ ਸਾਨੂੰ ਇਸ ਸੋਝੀ ਦੇ ਮਾਲਕ ਦੀ ਸੋਝੀ ਪੈ ਜਾਂਦੀ ਹੈ, ਇਹ ਚੌਥੇ ਪਦ ਦੀ ਅਵੱਸਥਾ ਹੈ। ਗਿਆਨ ਵੇਦਾਂ ਦੇ ਵਿੱਚ ਵੀ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ ਪਰ ਉਸ ਵਿੱਚ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ। ਜੋ ਸੋਝੀ ਪਾਉਣੀ ਉਸਨੇ ਚੰਗੀ ਸਮਝੀ ਉਹੋ ਜਿਹੀ ਸੋਝੀ ਵੇਦਾਂ ਦੇ ਰਾਹੀਂ ਦੁਨੀਆਂ ਨੂੰ ਦਿੱਤੀ। ਜਿੱਥੇ ਪ੍ਰਮਾਤਮਾ ਆਪ ਪ੍ਰਗਟ ਨਹੀਂ ਹੁੰਦਾ ਭਾਵ ਜੋ ਲਿਖਤ ਤ੍ਰੈਗੁਣਾਂ ਵਿੱਚ ਹੁੰਦੀ ਹੈ ਉੱਥੇ ਭਰਮ ਵੀ ਨਾਲ ਹੀ ਚੱਲਦਾ ਹੈ ਜੋ ਕਿ ਤ੍ਰੈਗੁਣਾਂ ਦਾ ਮੂਲ ਹੈ। ਇਸ ਤ੍ਰੈਗੁਣਾਂ ਵਾਲੀ ਸੋਝੀ ਦੁਆਰਾ ਪ੍ਰਮਾਤਮਾ ਦੀ ਅਸਲੀਅਤ ਸਮਝ ਨਹੀਂ ਆ ਸਕਦੀ ਕਿ ਉਸਦਾ ਅਸਲ ਰੂਪ ਕੀ ਹੈ। ਵੇਦਾਂ ਰਾਹੀਂ ਪ੍ਰਮਾਤਮਾ ਨੇ ਦੁਨੀਆਂ ਨੂੰ ਬਹੁਤ ਕੁੱਝ ਸਮਝਾਇਆ ਹੈ, ਬਹੁਤ ਗਿਆਨ ਵੰਡਿਆ ਹੈ ਪਰ ਭਰਮ ਵੀ ਨਾਲ ਹੀ ਵੰਡਿਆ ਹੈ। ਵੇਦਾਂ ਰਾਹੀਂ ਨਾਮ

16/1688

ਵੀ ਸਮਝਾਇਆ ਹੈ ਭਾਵ ਸਾਡਾ ਸੱਚਾ ਸੁੱਚਾ ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਹ ਵੀ ਸਮਝਾਇਆ ਹੈ ਪਰ ਨਾਲ ਦੀ ਨਾਲ ਪਾਪ-ਪੁੰਨਾਂ ਦੀ ਵਿਚਾਰ ਦੇ ਕੇ ਦੁਨੀਆਂ ਨੂੰ ਭਰਮ ਵਿੱਚ ਵੀ ਰੱਖਿਆ ਹੈ। ਇਨ੍ਹਾਂ ਗੱਲਾਂ ਦੀ ਸਿੱਖਿਆ ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ, ਮਹੇਸ਼ ਦੇ ਰਾਹੀਂ ਫੈਲਾਈ ਹੈ ਭਾਵ ਦੁਨੀਆਂ ਵਿੱਚ ਇਸ ਦਾ ਵਿਸਥਾਰ ਕੀਤਾ ਹੈ। ਇਸੇ ਲਈ ਵੇਦਾਂ ਦੇ ਪੜ੍ਹਨ ਵਾਲੇ ਦੇਹਧਾਰੀਆਂ ਨੂੰ ਹੀ ਪ੍ਰਮਾਤਮਾ ਸਮਝਦੇ ਹਨ ਤੇ ਉਨ੍ਹਾਂ ਦੇ ਸਰਗੁਣ ਰੂਪ ਦਰਸ਼ਨਾਂ ਨੂੰ ਹੀ ਪ੍ਰਮਾਤਮਾ ਦੇ ਦਰਸ਼ਨ ਕਰਨਾ ਸਮਝਦੇ ਹਨ। ਉਨ੍ਹਾਂ ਨੂੰ ਸਰੀਰਕ ਜਪ ਤਪ ਆਦਿ ਕਰਨਾ ਸਿਖਾਏ ਗਏ ਹਨ, ਜੋਗੀਆਂ ਵਾਲਾ ਜੀਵਨ ਸਿਖਾਇਆ ਗਿਆ ਹੈ,

ਸਮਾਧੀਆਂ ਲਗਾਉਣੀਆਂ ਸਿਖਾਈਆਂ ਗਈਆਂ ਹਨ, ਮੂਰਤੀਆਂ ਦੀ ਪੂਜਾ ਸਿਖਾਈ ਗਈ ਹੈ ਤੇ ਉਹ ਉਹੀ ਕੁੱਝ ਕਰਦੇ ਹਨ ਜਿਸਨੂੰ ਕਿ ਪ੍ਰਮਾਤਮਾ ਦੀ ਭਗਤੀ ਸਮਝਦੇ ਹਨ। ਹੋਰ ਵੀ ਅਨੇਕਾਂ ਇਸ ਤਰ੍ਹਾਂ ਦੇ ਭਰਮ ਬ੍ਰਹਮਾ, ਬਿਸ਼ਨ, ਮਹੇਸ਼ ਦੇ ਰਾਹੀਂ ਆਏ ਹਨ ਜਿੰਨ੍ਹਾਂ ਦੁਆਰਾ ਸੰਸਾਰ ਵਿੱਚ ਭਰਮਾਂ ਦਾ ਵਿਸਥਾਰ ਹੋਇਆ ਹੈ ਤੇ ਹੁਣ ਵੀ ਹੋ ਰਿਹਾ ਹੈ ਤੇ ਇਸੇ ਲਈ ਉਨ੍ਹਾਂ ਨੂੰ ਪਿਛਲੇ ਸ਼ਬਦ ਰਾਹੀਂ ਤ੍ਰੈਗੁਣਾਂ ਦੀ ਮੂਰਤਿ ਕਿਹਾ ਗਿਆ ਹੈ ਭਾਵ ਤ੍ਰੈਗੁਣਾਂ ਦੀ ਮਿਸਾਲ ਕਾਇਮ ਕਰਨ ਵਾਲੇ ਕਿਹਾ ਗਿਆ ਹੈ ਭਾਵ ਉਸ ਤੋਂ ਜਿਆਦਾ ਭਰਮ ਫੈਲਾਉਣ ਦੀ ਮਿਸਾਲ ਹੋਰ ਨਹੀਂ ਮਿਲਦੀ। **(ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥)**

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ **"ਹਰਿ ਰੰਗ"** ਦੀ ਵੀ ਸੋਝੀ ਪੈਂਦੀ ਹੈ ਕਿ ਉਹ ਕੀ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਸੀ **"ਹਰਿ ਰੰਗ"** ਪ੍ਰਮਾਤਮਾ ਦਾ ਆਪਣਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ। ਇਸ ਬ੍ਰਹਮਗਿਆਨ ਵਿੱਚ ਰੰਗਣਾ ਹੀ ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਹਰਿ ਰੰਗ ਹੈ ਤੇ ਆਪਣੇ ਆਪ ਨੂੰ ਗੁਰਬਾਣੀ ਦੇ ਸੱਚੇ ਗਿਆਨ ਨਾਲ ਰੰਗਣਾ ਹੀ ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਹੈ, ਹਰਿ ਰੰਗ ਵਿੱਚ ਰੰਗਣਾ ਹੈ। ਪ੍ਰਮਾਤਮਾ ਸਭ ਵਿੱਚ ਆਪਣੇ ਇਸ ਰੰਗ ਦੁਆਰਾ ਹੀ ਵਿਚਰਦਾ ਹੈ ਭਾਵ ਸੱਚੇ ਗਿਆਨ ਨਾਲ ਹੀ ਵਿਚਰਦਾ ਹੈ ਤੇ ਸਾਰੀ ਸ੍ਰਿਸ਼ਟੀ ਨੂੰ ਉਸਨੇ ਆਪਣੇ ਇਸ ਹਰਿ ਰੰਗ ਦੇ ਨਾਲ ਹੀ ਸੰਵਾਰਿਆ ਹੋਇਆ ਹੈ ਭਾਵ ਆਪਣੇ ਇਸ ਰੰਗ ਦੁਆਰਾ ਉਹ ਸਭ ਨੂੰ ਬਣਾ ਕੇ ਆਪਣੇ ਹੁਕਮ ਵਿੱਚ ਚਲਾ ਰਿਹਾ ਹੈ। ਸਭ ਦੇ ਅੰਦਰ ਪ੍ਰਮਾਤਮਾ ਦੀ ਜੋ ਕਲਾ ਵਰਤਦੀ ਹੈ, ਉਸਦੀ ਸ਼ਕਤੀ ਵਰਤਦੀ ਹੈ ਆਪਣੇ ਇਸ ਰੰਗ ਦੁਆਰਾ ਹੀ ਵਰਤਦੀ ਹੈ, ਬ੍ਰਹਮਗਿਆਨ ਦੁਆਰਾ ਹੀ ਵਰਤਦੀ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਵੀ ਹਰਿ ਰੰਗ ਦੀ ਉਪਜ ਹੈ, ਉਸਦੇ ਸੱਚੇ ਗਿਆਨ ਦੀ ਉਪਜ ਹੈ ਪਰ ਉਸਦੀ ਇਸ ਕਲਾ ਨੂੰ ਕੋਈ ਸਮਝ ਨਹੀਂ ਸਕਦਾ। **(ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ॥)**

16/1689

ਪ੍ਰਮਾਤਮਾ ਦੀ ਇਸ ਕਲਾ ਨੂੰ ਕੋਈ ਵੀ ਨਹੀਂ ਜਾਣ ਸਕਦਾ। ਆਪਣੀ ਬਿਧ ਨੂੰ ਉਹ ਆਪ ਹੀ ਜਾਣਦਾ ਹੈ। ਨਿਸਤਾਰਾ ਕੇਵਲ ਉਸਦਾ ਹੀ ਹੁੰਦਾ ਹੈ ਜਿਸਨੂੰ ਪ੍ਰਮਾਤਮਾ ਆਪਣੀ ਕਲਾ ਆਪ ਹੀ ਦਿਖਾਉਂਦਾ ਹੈ। ਉਸਦੀ ਕਲਾ ਨੂੰ ਜਾਨਣਾ ਕੇਵਲ ਤੇ ਕੇਵਲ ਮਨ ਦੀ ਸੋਝੀ ਹੈ ਜਿਸ ਦੁਆਰਾ ਮਨੁੱਖ ਦਾ ਨਿਸਤਾਰਾ ਹੁੰਦਾ ਹੈ, ਇਸ ਦੁਨੀਆਂ ਤੋਂ ਛੁਟਕਾਰਾ ਹੁੰਦਾ ਹੈ। ਉਸਦੀ ਕਲਾ ਨੂੰ ਕੇਵਲ ਗੁਰਮੁਖਿ ਦੀ ਅਵੱਸਥਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਸ ਅਵੱਸਥਾ ਦੁਆਰਾ ਉਹ ਸਾਡੇ ਅੰਦਰ ਵਿਚਰਦਾ ਹੈ। ਇਹ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜੋ ਸਾਨੂੰ ਤ੍ਰੈਗੁਣਾਂ ਵਿੱਚੋਂ ਕੱਢਦੀ ਹੈ ਜਿਸ ਵਿੱਚੋਂ ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਵੀ ਨਹੀਂ ਕੱਢਿਆ ਤੇ ਉਨ੍ਹਾਂ ਦਾ ਨਿਸਤਾਰਾ ਨਹੀਂ ਹੋਇਆ। **(ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ॥੧॥)**

ਜੋ ਕੋਈ ਵੀ ਮਨੁੱਖ ਭਰਮ ਵਿੱਚ ਪੈਂਦਾ ਹੈ ਉਸਦੇ ਪਿੱਛੇ ਕੋਈ ਨਾ ਕੋਈ ਕਾਰਨ ਜਰੂਰ ਹੁੰਦਾ ਹੈ। ਜਿਸਨੂੰ ਵੀ ਅਸੀਂ ਉੱਚਾ ਮੰਨਦੇ ਹਾਂ ਭਾਵ ਧਰਮ ਦੇ ਮਾਰਗ ਤੇ ਉੱਚਾ ਮੰਨਦੇ ਹਾਂ ਉਸਨੂੰ ਅਸੀਂ ਰੱਬ ਦਾ ਰੂਪ ਜਾਂ ਰੱਬ ਦੇ ਨੇੜੇ ਸਮਝ ਕੇ ਹੀ ਲੱਗਦੇ ਹਾਂ। ਪ੍ਰਮਾਤਮਾ ਦੇ ਕੋਲ ਕਿਸੇ ਨੂੰ ਵੀ ਧਰਮ ਦੇ ਮਾਰਗ ਤੇ ਉੱਚਾ ਬਣਾਉਣ ਦਾ ਸਭ ਤੋਂ ਵੱਡਾ ਹਥਿਆਰ ਰਿਧੀਆਂ ਸਿਧੀਆਂ ਦਾ ਹੈ ਜਿੰਨ੍ਹਾਂ ਨੂੰ ਕਿ ਅਸੀਂ ਚਮਤਕਾਰ ਦੇ ਰੂਪ ਵਿੱਚ ਦੇਖਦੇ ਹਾਂ ਭਾਵ ਜੋ ਗੱਲ ਉਹ ਕਰਦੇ ਹਨ, ਦੱਸਦੇ ਹਨ ਉਹ ਕਿਵੇਂ ਸੱਚੀ ਹੋ ਜਾਂਦੀ ਹੈ ਉਸਨੂੰ ਸਮਝਣ ਦਾ ਸਾਡੇ ਕੋਲ ਕੋਈ ਤਰੀਕਾ ਨਹੀਂ ਹੁੰਦਾ ਭਾਵ ਜੋ ਹਰ ਕੋਈ ਕਿਸੇ ਦੀ ਸਮਝ ਤੋਂ ਬਾਹਰ ਹੁੰਦਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਬਰੀਕੀ ਨਾਲ ਸਮਝਿਆ ਹੈ। ਜੇਕਰ ਕਿਸੇ ਦੇ ਮੂੰਹੋਂ ਬੋਲੇ ਹੋਏ ਬਚਨ ਸੱਚ ਹੋ ਜਾਣ, ਕਿਸੇ ਦੇ ਕਹਿਣ ਨਾਲ ਸਾਨੂੰ ਕਿਸੇ ਦਾਤ ਦੀ ਪ੍ਰਾਪਤੀ ਹੋ ਜਾਵੇ, ਸਾਡੇ ਮਨ ਦੀ ਗੱਲ ਨੂੰ ਕੋਈ ਬੁੱਝ ਲਵੇ, ਸਾਡੇ ਭਵਿੱਖ ਬਾਰੇ ਕੋਈ ਦੱਸ ਦੇਵੇ ਤੇ ਫਿਰ ਉਹ ਸੱਚ ਹੋ ਜਾਵੇ ਤਾਂ ਇਨ੍ਹਾਂ ਗੱਲਾਂ ਨੂੰ ਰਿਧੀਆਂ ਸਿੱਧੀਆਂ ਦਾ ਰੂਪ ਸਮਝਦੇ ਹਾਂ ਤੇ ਨਾਲ ਇਹ ਵੀ ਵਿਸ਼ਵਾਸ ਕਰਦੇ ਹਾਂ ਕਿ ਇਹੋ ਜਿਹਾ ਮਨੁੱਖ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ। ਉਸਨੂੰ ਇਹੋ ਜਿਹੀ ਸੋਝੀ ਕਿਵੇਂ ਪੈਂਦੀ ਹੈ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ। ਅਸੀਂ ਉਹੀ ਗੱਲ ਸਮਝ ਸਕਦੇ ਹਾਂ ਜਿਸਦਾ ਸਾਡੇ ਕੋਲ ਕੋਈ ਪ੍ਰਤੱਖ ਪ੍ਰਮਾਣ ਹੋਵੇ ਜਾਂ ਕੋਈ ਸਾਇੰਟਿਫਿਕ ਜਵਾਬ ਹੋਵੇ। ਇਹ ਰਿਧੀਆਂ ਸਿੱਧੀਆਂ ਅਸਲ ਵਿੱਚ ਮਨ ਦੀ ਸਾਇੰਸ ਹੀ ਹਨ। ਇਹ ਸਾਇੰਟਿਫਿਕ ਹੀ ਹਨ ਤੇ ਇਨ੍ਹਾਂ ਵਿੱਚ ਕੁੱਝ ਵੀ ਅਨਸਾਇੰਟਿਫਿਕ ਨਹੀਂ ਹੈ। ਇਸੇ ਲਈ

16/1690

ਗੁਰਬਾਣੀ ਵਿੱਚ ਇਨ੍ਹਾਂ ਰਿਧੀਆਂ ਸਿਧੀਆਂ ਨੂੰ ਨਾਮ ਦੀਆਂ ਦਾਸੀਆਂ ਕਿਹਾ ਹੈ। ਨਾਮ ਪ੍ਰਮਾਤਮਾ ਆਪ ਹੈ, ਬ੍ਰਹਮਗਿਆਨ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ, ਚੌਥੇ ਪਦ ਦੀ ਅਵੱਸਥਾ ਪ੍ਰਾਪਤ ਹੋਏ ਬਿਨ੍ਹਾਂ ਇਨ੍ਹਾਂ ਰਿਧੀਆਂ ਸਿਧੀਆਂ ਨੂੰ ਕੋਈ ਵੀ ਨਹੀਂ ਜਾਣ ਸਕਦਾ ਕਿ ਇਨ੍ਹਾਂ ਦਾ ਮੂਲ ਕਿੱਥੇ ਹੈ। ਇਨ੍ਹਾਂ ਦਾ ਮੂਲ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਮਨ ਦੇ ਵਿੱਚ ਹੀ ਵਿਚਰਦਾ ਹੈ ਤੇ ਹਰ ਵੇਲੇ ਵਿਚਰ ਰਿਹਾ ਹੈ। ਸਾਨੂੰ ਜੋ ਵੀ ਸੋਝੀ ਪੈਂਦੀ ਹੈ ਉਹ ਮਨ ਦੇ ਵਿੱਚੋਂ ਹੀ ਪੈਂਦੀ ਹੈ। ਉਹ ਪ੍ਰਮਾਤਮਾ ਸਭ ਦੇ ਮਨ ਦੀ ਜਾਣਦਾ ਹੈ, ਸਾਡਾ ਭਵਿੱਖ ਕੀ ਹੈ ਉਹ ਇਹ ਵੀ ਜਾਣਦਾ ਹੈ। ਕਿਸੇ ਬਾਰੇ ਕੋਈ ਵੀ ਸੱਚੀ ਗੱਲ ਉਹ ਕਿਸੇ ਦੇ ਮੁੱਖੋਂ ਕੱਢਵਾ ਸਕਦਾ ਹੈ ਤੇ ਉਸਨੂੰ ਉੱਚਾ ਥਾਪ ਸਕਦਾ ਹੈ ਭਾਵ ਲੋਕਾਂ ਦੀਆਂ ਨਜ਼ਰਾਂ ਵਿੱਚ ਉਹ ਉੱਚਾ ਬਣ ਜਾਂਦਾ ਹੈ ਤੇ ਦੁਨੀਆਂ ਉਸਨੂੰ ਪੂਜਣ ਲੱਗ ਪੈਂਦੀ ਹੈ। ਜੋ ਉੱਚਾ ਬਣ ਕੇ ਬੈਠਦਾ ਹੈ, ਲੋਕਾਂ ਦੀਆਂ ਗੱਲਾਂ ਬੁੱਝਦਾ ਹੈ ਉਸਨੂੰ ਖੁਦ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਮੈਨੂੰ ਬੁਝਾਉਣ ਵਾਲਾ ਕੌਣ ਹੈ। ਉਹ ਬੁਝਾਉਣ ਵਾਲਾ ਸਾਡੇ ਮਨ ਦੇ ਅੰਦਰ ਹੀ ਹੈ ਪਰ ਤ੍ਰੈਗੁਣਾਂ ਵਿੱਚ ਰਹਿੰਦੇ ਉਸਨੂੰ ਕੋਈ ਵੀ ਨਹੀਂ ਜਾਣ ਸਕਦਾ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਰਿਧੀਆਂ ਸਿਧੀਆਂ ਦੁਆਰਾ ਹੀ ਉੱਚੇ ਜਾਣੇ ਜਾਂਦੇ ਹਨ, ਦਾਤਾਂ ਵੰਡਣ ਵਾਲੇ ਮੰਨੇ ਜਾਂਦੇ ਹਨ, ਸਾਡੀਆਂ ਆਸਾਂ ਪੂਰੀਆਂ ਕਰਨ ਵਾਲੇ ਮੰਨੇ ਜਾਂਦੇ ਹਨ ਪਰ ਅਸਲ ਵਿੱਚ ਉਨ੍ਹਾਂ ਨੂੰ ਉੱਚਾ ਕਰਨ ਵਾਲਾ ਕੌਣ ਹੈ ਇਸ ਗੱਲ ਦੀ ਸੋਝੀ ਉਨ੍ਹਾਂ ਨੂੰ ਵੀ ਨਹੀਂ ਪੈਂਦੀ ਤੇ ਇਸੇ ਲਈ ਉਹ ਤ੍ਰੈਗੁਣਾਂ ਵਿੱਚ ਹੀ ਰਹੇ ਹਨ ਤੇ ਜਨਮ ਮਰਨ ਦੇ ਗੇੜ ਵਿੱਚ ਹੀ ਹਨ ਭਾਵ ਉਨ੍ਹਾਂ ਦਾ ਨਿਸਤਾਰਾ ਨਹੀਂ ਹੋਇਆ। ਇਹ ਰਿਧੀਆਂ ਸਿਧੀਆਂ ਦੀ ਖੇਡ ਪ੍ਰਮਾਤਮਾ ਦੀ ਚੱਲਦੀ ਹੀ ਰਹਿੰਦੀ ਹੈ। ਜੁਗਾਂ ਜੁਗਾਂ ਤੋਂ ਚੱਲਦੀ ਆ ਰਹੀ ਹੈ ਤੇ ਹੁਣ ਵੀ ਚੱਲ ਰਹੀ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਜੁਗਤਿ ਹੈ, ਦੁਨੀਆਂ ਨੂੰ ਮੋਹ ਮਾਇਆ ਵਿੱਚ ਰੱਖਣ ਦੀ ਜੁਗਤਿ ਹੈ, ਆਪਣੀ ਸੱਚੀ ਸੋਝੀ ਪੈਣ ਤੋਂ ਦੂਰ ਰੱਖਣ ਦੀ ਜੁਗਤਿ ਹੈ ਜਿਸਦੀ ਸੋਝੀ ਕੇਵਲ ਚੌਥੇ ਪਦ ਵਿੱਚ ਪਹੁੰਚਣ ਦੁਆਰਾ ਹੀ ਪੈਂਦੀ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੈ।

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥}

(ਅੰਗ ੫੯੩)

ਬੜਾ ਸਪੱਸ਼ਟ ਸਮਝਾਇਆ ਹੈ ਕਿ ਜਿੱਥੇ ਰਿਧੀਆਂ ਸਿਧੀਆਂ ਹਨ ਉੱਥੇ ਨਾਮ ਨਹੀਂ ਵੱਸਦਾ ਭਾਵ ਉਸ ਮਨ ਵਿੱਚ ਨਾਮ ਨਹੀਂ ਹੈ, ਉਹ ਮਨ ਨਿਰਮਲ ਨਹੀਂ ਹੈ ਭਾਵ ਉਹ ਮਨ ਮੈਲਾ ਹੈ ਭਾਵ ਅਗਿਆਨਤਾ ਕਰਕੇ ਮੈਲਾ ਹੈ। ਜਿੱਥੇ ਨਾਮ ਨਹੀਂ ਹੈ ਉੱਥੇ ਅਗਿਆਨਤਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਇਸ ਅਵੱਸਥਾ ਵਿੱਚੋਂ ਸਾਨੂੰ ਨਾਮ ਹੀ ਕੱਢਦਾ ਹੈ ਭਾਵ

ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਪ੍ਰਮਾਤਮਾ ਆਪ ਹੀ ਕੱਢਦਾ ਹੈ। ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਮਨ ਦਾ ਇਹ ਅਗਿਆਨਤਾ ਦਾ ਹਨੇਰਾ ਕੱਢਦਾ ਹੈ ਜਿਸ ਦੁਆਰਾ ਉਹ ਮਨੁੱਖ ਸਹਜ ਦੀ ਅਵੱਸਥਾ ਵਿੱਚ ਸਮਾਅ ਜਾਂਦਾ ਹੈ, ਚੌਥੇ ਪਦ ਵਿੱਚ ਸਮਾਅ ਜਾਂਦਾ ਹੈ, ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ ਤੇ ਤਾਂ ਹੀ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਇਹ ਰਿਧੀਆਂ ਸਿਧੀਆਂ ਕਿੱਥੋਂ ਆਉਂਦੀਆਂ ਹਨ ਤੇ ਕਿਵੇਂ ਆਉਂਦੀਆਂ ਹਨ। ਇਹ ਸਾਨੂੰ ਮਾਇਆ ਮੋਹ ਵਿੱਚ ਪਾਉਣ ਲਈ ਹੀ ਹਨ ਜੋ ਕਿ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ ਤੇ ਉਸਨੇ ਸਾਰੇ ਜਗਤ ਨੂੰ ਉਲਝਣ ਵਿੱਚ ਹੀ ਰੱਖਿਆ ਹੋਇਆ ਹੈ।**(ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥ ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥ ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥੧॥)** ਜਿੱਥੇ ਰਿਧੀਆਂ ਸਿਧੀਆਂ ਹਨ ਉੱਥੇ ਕਦੇ ਪ੍ਰਮਾਤਮਾ ਆਪ ਨਹੀਂ ਹੈ। ਇਹੋ ਜਿਹੇ ਮਨੁੱਖ ਨਾ ਆਪ ਪ੍ਰਮਾਤਮਾ ਨਾਲ ਮਿਲੇ ਹੋਏ ਹਨ ਤੇ ਨਾ ਹੀ ਕਿਸੇ ਨੂੰ ਪ੍ਰਮਾਤਮਾ ਦੇ ਮਿਲਣ ਦੀ ਸੋਝੀ ਪਾ ਸਕਦੇ ਹਨ ਪਰ ਦਾਅਵਾ ਸਭ ਇਹੋ ਜਿਹਾ ਹੀ ਕਰਦੇ ਹਨ ਪਰ ਇਹ ਕੇਵਲ ਉਨ੍ਹਾਂ ਵਿੱਚ ਤ੍ਰੈਗੁਣਾਂ ਦੀ ਨਿਸ਼ਾਨੀ ਹੈ।

ਗੁਰਬਾਣੀ ਵਿੱਚ ਰਿਧੀਆਂ ਸਿਧੀਆਂ ਨੂੰ ਧ੍ਰਿਗ ਕਿਹਾ ਗਿਆ ਹੈ ਪਰ ਅਸੀਂ ਲੱਗਦੇ ਇਨ੍ਹਾਂ ਰਿਧੀਆਂ ਸਿਧੀਆਂ ਦੇ ਪਿੱਛੇ ਹੀ ਹਾਂ ਤੇ ਉਨ੍ਹਾਂ ਨੂੰ ਵੱਡਾ ਕਰਕੇ ਪੂਜਦੇ ਹਾਂ ਜਿੱਥੇ ਪ੍ਰਮਾਤਮਾ ਇਹੋ ਜਿਹੀਆਂ ਰਿਧੀਆਂ ਸਿਧੀਆਂ ਪਾਉਂਦਾ ਹੈ। ਇਹ ਦੁਨੀਆਂ ਨੂੰ ਭਰਮ ਵਿੱਚ ਪਾਉਣ ਦੇ ਕੇਵਲ ਉਸਦੇ ਚੋਜ਼ ਹਨ ਜਿਸਨੂੰ ਕੋਈ ਸਮਝ ਨਹੀਂ ਸਕਦਾ।

“ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥੨॥"

(ਅੰਗ ੬੫੦)

ਉੱਪਰ ਵਾਲੇ ਸ਼ਬਦ ਦੇ ਅਰਥ ਅਸੀਂ ਪਿੱਛੇ ਵੀ ਜਾਣ ਚੁੱਕੇ ਹਾਂ ਤੇ ਇਸ ਸ਼ਬਦ ਦੇ ਭਾਵ ਨੂੰ ਸਦਾ ਹੀ ਮਨ ਵਿੱਚ ਵਸਾਉਣ ਦੀ ਲੋੜ ਹੈ। ਜਿੰਨ੍ਹਾਂ ਨੂੰ ਕੁੱਝ ਸਿਧੀਆਂ ਆਦਿ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਨਾਮ ਤੋਂ ਦੂਰ ਹੀ ਹੁੰਦੇ ਹਨ, ਨਾਮ ਤੋਂ ਵਾਂਝੇ ਹੀ ਹੁੰਦੇ ਹਨ ਭਾਵ ਜਿੱਥੇ ਰਿਧੀਆਂ ਸਿਧੀਆਂ ਹਨ ਉੱਥੇ ਪ੍ਰਮਾਤਮਾ ਨਹੀਂ ਹੈ, ਉੱਥੇ ਉਸਦਾ ਸੱਚਾ ਗਿਆਨ ਨਹੀਂ ਹੈ। ਨਾਮ ਕੇਵਲ ਗੁਰਮੁਖਿ ਦੀ ਅਵੱਸਥਾ ਦੁਆਰਾ ਮਿਲਦਾ ਹੈ ਭਾਵ ਜਿੱਥੇ ਰਿਧੀਆਂ ਸਿਧੀਆਂ ਹਨ ਉੱਥੇ ਗੁਰਮੁਖਿ ਵਾਲੀ ਅਵੱਸਥਾ ਨਹੀਂ ਹੈ।

16/1692

ਇਹ ਗੱਲ ਵੱਖਰੀ ਹੈ ਕਿ ਜਿੱਥੇ ਕੋਈ ਰਿਧੀ ਸਿਧੀ ਆ ਜਾਂਦੀ ਹੈ ਉਹ ਆਪਣੇ ਆਪ ਨੂੰ ਸਭ ਤੋਂ ਵੱਡੇ ਗੁਰਮੁਖਿ ਅਖਵਾਉਂਦੇ ਹਨ ਤੇ ਉਨ੍ਹਾਂ ਨੂੰ ਮੰਨਣ, ਪੂਜਣ ਵਾਲੇ ਭਾਵ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਵੀ ਇਹੋ ਕੁੱਝ ਸਮਝਦੇ ਹਨ। ਜਿੱਥੇ ਰਿਧੀ ਸਿਧੀ ਹੈ ਜਾਂ ਜਿਸ ਨੂੰ ਅਸੀਂ ਕੋਈ ਕਰਾਮਾਤ ਸਮਝਦੇ ਹਾਂ ਇਹੋ ਜਿਹੇ ਮਨੁੱਖਾਂ ਤੇ ਪ੍ਰਮਾਤਮਾ ਦੀ ਕ੍ਰਿਪਾ ਨਹੀਂ ਹੈ, ਉਹ ਅਜੇ ਪ੍ਰਮਾਤਮਾ ਦੀ ਦਾਤਿ ਤੋਂ ਵਾਂਝੇ ਹਨ ਭਾਵ ਰਿਧੀ ਸਿਧੀ ਪ੍ਰਮਾਤਮਾ ਦੀ ਕੋਈ ਦਾਤਿ ਨਹੀਂ ਹੈ ਬਲਕਿ ਉਸਦੀ ਸੱਚੀ ਦਾਤਿ ਤੋਂ ਦੂਰ ਰੱਖਣ ਦਾ ਇੱਕ ਸਾਧਨ ਹੈ ਤੇ ਇਸੇ ਲਈ ਇਨ੍ਹਾਂ ਨੂੰ ਧ੍ਰਿਗ ਕਿਹਾ ਹੈ, ਬੇਕਾਰ ਕਿਹਾ ਹੈ, ਝੂਠ ਕਿਹਾ ਹੈ ਭਾਵ ਇਨ੍ਹਾਂ ਨੂੰ ਮਾੜਾ ਕਹਿ ਕੇ ਸਮਝਾਇਆ ਹੋਇਆ ਹੈ। **(ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥ ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥)** ਜਿਸ ਮਨੁੱਖ ਵਿੱਚ ਪ੍ਰਮਾਤਮਾ ਨੇ ਇਹੋ ਜਿਹੀਆਂ ਰਿਧੀਆਂ ਸਿਧੀਆਂ ਪਾਈਆਂ ਹੋਈਆਂ ਹਨ ਭਾਵੇਂ ਉਹ ਕਿਸੇ ਵੀ ਧਰਮ ਵਿੱਚ ਆਸਥਾ ਰੱਖਣ ਵਾਲਾ ਹੈ, ਭਾਵੇਂ ਉਹ ਸਿੱਖ ਜਗਤ ਵਿੱਚ ਹੈ ਇਹੋ ਜਿਹਿਆਂ ਦੇ ਪਿੱਛੇ ਲੱਗਣਾ ਮੋਹ ਮਾਇਆ ਦੇ ਪਿੱਛੇ ਲੱਗਣਾ ਹੈ ਜੋ ਕਿ ਗੁਰਮਤਿ ਦੇ ਉਲਟ ਹੈ। ਜੇਕਰ ਅਸੀਂ ਧਿਆਨ ਨਾਲ ਵਿਚਾਰੀਏ ਤੇ ਸਭ ਜਗ੍ਹਾ ਇਹੋ ਜਿਹਿਆਂ ਦੇ ਪਿੱਛੇ ਲੱਗਣ ਵਾਲਿਆਂ ਦੀ ਭਰਮਾਰ ਹੈ ਕਿਉਂਕਿ ਪ੍ਰਮਾਤਮਾ ਨੇ ਮਾਇਆ ਮੋਹ ਬਣਾਇਆ ਹੀ ਇਤਨਾ ਪ੍ਰਬਲ ਹੈ। ਜਿੱਥੇ ਨਾਮ ਹੈ ਭਾਵ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੈ ਅਸਲ ਵਿੱਚ ਉਹੀ ਸਿਧੀ ਹੈ ਤੇ ਉਹੀ ਕਰਾਮਾਤ ਹੈ ਜਿੱਥੋਂ ਇਨ੍ਹਾਂ ਸਿਧੀਆਂ ਤੇ ਕਰਾਮਾਤਾਂ ਦੀ ਸੋਝੀ ਪੈਂਦੀ ਹੈ, ਉਸ ਪਾਉਣ ਵਾਲੇ ਦੀ ਸੋਝੀ ਪੈਂਦੀ ਹੈ ਜਿਸ ਦੀਆਂ ਇਹ ਦਾਸੀਆਂ ਹਨ। **(ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥)**

ਨਾਮ ਮਿਲਣ ਦੇ ਨਾਲ ਹੀ ਆਪ ਮਨ ਦੇ ਵਿੱਚ ਪ੍ਰਮਾਤਮਾ ਦੇ ਮੇਲ ਨਾਲ ਹੀ ਉਸ ਸੱਚੇ ਗਿਆਨ ਦੇ ਨਾਲ, ਬ੍ਰਹਮਗਿਆਨ ਦੇ ਨਾਲ ਮੇਲ ਤੋਂ ਬਾਅਦ ਹੀ ਇਹ ਸੋਝੀ ਪੈਂਦੀ ਹੈ ਕਿ ਇਨ੍ਹਾਂ ਰਿਧੀਆਂ ਸਿਧੀਆਂ ਨੂੰ ਦੁਨੀਆਂ ਚਮਤਕਾਰ ਕਿਉਂ ਸਮਝਦੀ ਹੈ ਭਾਵ ਕੋਈ ਅਨਸਾਇੰਟਿਫਿਕ ਘਟਨਾ ਕਿਉਂ ਸਮਝਦੀ ਹੈ। ਪ੍ਰਮਾਤਮਾ ਜੋ ਸਾਰੇ ਗਿਆਨ ਦਾ ਮਾਲਕ ਹੈ, ਸਾਇੰਸ ਦਾ ਮਾਲਕ ਹੈ ਉੱਥੇ ਅਨਸਾਇੰਟਿਫਿਕ ਕੁੱਝ ਵੀ ਨਹੀਂ ਹੁੰਦਾ। ਉਹ ਸਾਡੇ ਅੰਦਰ ਸਾਇੰਟਿਫਿਕਲੀ ਹੀ ਵਰਤਦਾ ਹੈ ਤੇ ਰਿਧੀਆਂ ਸਿਧੀਆਂ ਸਭ ਸਾਇੰਸ ਦੀ ਹੀ ਦੇਣ ਹਨ ਪਰ ਇਸ ਮਨ ਦੀ ਸੋਝੀ ਪਏ ਬਿਨ੍ਹਾਂ, ਉਸ ਬ੍ਰਹਮਗਿਆਨ ਦੇ ਮਾਲਕ ਦੀ ਸੋਝੀ ਪਏ ਬਿਨ੍ਹਾਂ ਸਾਨੂੰ ਇਹੋ ਜਿਹੀਆਂ ਸਭ ਗੱਲਾਂ ਇੱਕ ਚਮਤਕਾਰ ਦੀ ਤਰ੍ਹਾਂ ਹੀ ਲੱਗਦੀਆਂ ਹਨ ਜਦਕਿ ਉਸਦੀ ਦੁਨੀਆਂ ਵਿੱਚ ਸਭ ਕੁੱਝ ਸਾਇੰਟਿਫਿਕ ਹੈ। ਉਸ

16/1693

ਪ੍ਰਮਾਤਮਾ ਨੂੰ ਜਾਨਣਾ ਹੀ ਅਸਲ ਵਿੱਚ ਇਸ ਦੁਨੀਆਂ ਦਾ ਸਭ ਤੋਂ ਵੱਡਾ ਚਮਤਕਾਰ ਹੈ, ਅਸਚਰਜ ਹੈ, ਅਚੰਭਾ ਹੈ, ਵਿਸਮਾਦ ਹੈ ਜਿਸ ਦੇ ਵਿੱਚ ਸਭ ਕੁੱਝ ਆ ਜਾਂਦਾ ਹੈ। ਉਸ ਅਜੂਬੇ ਦੀ ਸੋਝੀ ਪੈਣ ਤੋਂ ਬਾਅਦ ਫਿਰ ਹੋਰ ਕੋਈ ਗੱਲ ਅਜੂਬਾ ਨਹੀਂ ਲੱਗਦੀ, ਚਮਤਕਾਰ ਨਹੀਂ ਲੱਗਦੀ, ਰਿਧੀ ਸਿਧੀ ਨਹੀਂ ਲੱਗਦੀ।

ਤ੍ਰੈਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਕੀ ਭੇਦ ਹੈ ਆਓ ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖ ਦੁਆਰਾ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਦੀਆਂ ਪੰਗਤੀਆਂ ਦੁਆਰਾ ਜਾਣੀਏ।

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥
ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ਪਹਿਲੀ ਗੱਲ ਤਾਂ ਇਹ ਸਮਝਣ ਦੀ ਹੈ ਕਿ ਹਰਿ ਪਦ ਚੀਨਣਾ ਕੀ ਹੈ, ਪਰਮ ਪਦ ਪਾਉਣਾ ਕੀ ਹੈ। ਇਹ ਸਭ ਚੌਥੇ ਪਦ ਦੀ ਅਵੱਸਥਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੀ ਅਵੱਸਥਾ ਹੈ। ਇਹ ਅਵੱਸਥਾ ਮਾਇਆ ਮੋਹ ਤਿਆਗਣ ਦੀ ਅਵੱਸਥਾ ਹੈ, ਉਸਤਤਿ ਨਿੰਦਾ ਜਿਵੇਂ ਕਿ ਪਿੱਛੇ ਵੀ ਸਮਝਿਆ ਹੈ, ਉਸਨੂੰ ਤਿਆਗਣ ਦੀ ਅਵੱਸਥਾ ਹੈ, ਮਾਨ ਅਭਿਮਾਨ ਤਿਆਗਣ ਦੀ ਅਵੱਸਥਾ ਹੈ, ਕਾਮ, ਕ੍ਰੋਧ, ਲੋਭ, ਮੋਹ, ਤਿਆਗਣ ਦੀ ਅਵੱਸਥਾ ਹੈ ਭਾਵ ਮਾਇਆ ਮੋਹ ਵਿੱਚ ਨਾ ਫਸਣ ਦੀ ਅਵੱਸਥਾ ਹੈ, ਮਾਇਆ ਵਿੱਚ ਨਿਰਲੇਪ ਹੋਣ ਦੀ ਅਵੱਸਥਾ ਹੈ। ਇਹੋ ਜਿਹੀ ਅਵੱਸਥਾ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬਖ਼ਸ਼ਦਾ ਹੈ ਤੇ ਇਸੇ ਲਈ ਉਸਦਾ ਜਨ ਕੋਈ ਇੱਕ ਅੱਧਾ ਹੀ ਹੁੰਦਾ ਹੈ ਭਾਵ ਕੋਈ ਵਿਰਲਾ ਹੀ ਹੁੰਦਾ ਹੈ। ਰਜ ਗੁਣ, ਤਮ ਗੁਣ, ਸਤ ਗੁਣ ਵਿੱਚ ਰਹਿੰਦਿਆਂ ਅਸੀਂ ਮਾਇਆ ਮੋਹ ਵਿੱਚ ਹੀ ਹਾਂ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਇਹ ਮਾਇਆ ਮੋਹ ਦਾ ਮੂਲ ਸਾਡੀ ਅਗਿਆਨਤਾ ਹੈ ਜਿਸ ਵਿੱਚੋਂ ਸਾਨੂੰ ਚੌਥਾ ਪਦ ਹੀ ਕੱਢਦਾ ਹੈ। ਮਨ ਦੇ ਵਿੱਚ ਚੌਥੇ ਪਦ ਦੀ ਅਵੱਸਥਾ ਹੀ ਸਾਡਾ ਤੀਰਥ, ਬਰਤ, ਨੇਮ, ਸੁਚ, ਸੰਜਮ ਹੈ। ਇਹ ਅਵੱਸਥਾ ਮਾਇਆ ਤੋਂ ਨਿਸ਼ਕਾਮ ਹੋਣ ਦੀ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦੀ ਹੈ, ਮਨ ਦੀ ਤ੍ਰਿਸ਼ਨਾ ਮੁੱਕਣ ਦੀ ਹੈ। ਇਸੇ ਅਵੱਸਥਾ ਦੁਆਰਾ ਅਸੀਂ ਆਪਣੇ ਅੰਦਰ ਰਾਮ ਨੂੰ ਚਿਤਵਦੇ ਹਾਂ ਭਾਵ ਉਸ ਦੀ ਸੱਚੀ ਮਤਿ ਨੂੰ ਚਿਤਵਦੇ ਹਾਂ ਜੋ ਸਾਨੂੰ ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਕੱਢਦੀ ਹੈ ਜੋ ਕਿ ਮਾਇਆ ਮੋਹ ਦਾ, ਤ੍ਰਿਸ਼ਨਾ ਦਾ ਮੂਲ ਹੈ। **(ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ॥ ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ॥੩॥)** ਸਾਡੇ ਅੰਦਰ ਮਾਇਆ ਮੋਹ ਮਨ ਦੇ ਵਿੱਚ ਭਰਮ ਕਰਕੇ ਹੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਕਰਕੇ ਹੀ ਹੈ। ਇਸ ਅਵੱਸਥਾ ਵਿੱਚੋਂ ਮਨੁੱਖ ਕਿਵੇਂ ਨਿਕਲਦਾ ਹੈ

16/1694

ਭਾਵ ਚੌਥੇ ਪਦ ਵਿੱਚ ਕਿਵੇਂ ਪਹੁੰਚਦਾ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿਸ ਦੁਆਰਾ ਮਨੁੱਖ ਪਰਮ ਪਦ ਪਾਉਂਦਾ ਹੈ, ਮਾਇਆ ਮੋਹ ਤਿਆਗਦਾ ਹੈ, ਸਾਰੇ ਔਗੁਣਾਂ ਦਾ ਤਿਆਗੀ ਬਣਦਾ ਹੈ।

“ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥੪॥੧॥”

ਤ੍ਰੈਗੁਣ ਸਾਡੀ ਅਗਿਆਨਤਾ ਦੀ ਅਵੱਸਥਾ ਹੈ, ਭਰਮ ਦੀ ਅਵੱਸਥਾ ਹੈ ਤੇ ਚੌਥਾ ਪਦ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਹੈ ਜੋ ਸਾਡੇ ਮਨ ਦਾ ਹਨੇਰਾ ਦੂਰ ਕਰਦਾ ਹੈ। ਮਨ ਦੇ ਪ੍ਰਕਾਸ਼ ਦੁਆਰਾ ਹੀ ਸਾਨੂੰ ਇਸ ਮਨ ਦੀ ਸੋਝੀ ਪੈਂਦੀ ਹੈ ਉਹ ਪ੍ਰਮਾਤਮਾ ਕੀ ਹੈ ਤੇ ਉਹ ਸਭ ਜਗ੍ਹਾ ਕਿਵੇਂ ਪਸਰਿਆ ਹੋਇਆ ਹੈ। ਆਖਰੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸਾਨੂੰ ਪ੍ਰਮਾਤਮਾ ਦੇ ਸਾਡੇ ਅੰਦਰ ਹੁੰਦੇ ਹੋਏ ਵੀ ਉਸਦੀ ਸੋਝੀ ਕਿਉਂ ਨਹੀਂ ਪੈਂਦੀ।

“ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥੪॥੧॥”

ਜਦ ਤੱਕ ਅਸੀਂ ਭਰਮ ਵਿੱਚ ਹਾਂ ਭਾਵ ਜਦ ਤੱਕ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ ਤਦ ਤੱਕ ਅਸੀਂ ਇਹ ਨਹੀਂ ਜਾਣ ਸਕਦੇ ਕਿ ਪ੍ਰਮਾਤਮਾ ਕੀ ਹੈ ਤੇ ਉਸਦਾ ਪਾਉਣਾ ਕੀ ਹੈ ਤੇ ਉਹ ਸਭ ਜਗ੍ਹਾ ਕਿਸ ਰੂਪ ਵਿੱਚ ਮੌਜੂਦ ਹੈ। ਉਸਨੂੰ ਕੇਵਲ ਮਨ ਦੇ ਪ੍ਰਕਾਸ਼ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ। ਮਨ ਦੇ ਪ੍ਰਕਾਸ਼ ਨੇ ਸਾਡਾ ਭਾਵ ਸਾਡੇ ਅੰਦਰ ਸੱਚੇ ਗਿਆਨ ਦੇ ਪ੍ਰਕਾਸ਼ ਨੇ ਸਾਨੂੰ ਭਰਮ ਵਿੱਚੋਂ ਹੀ ਕੱਢਣਾ ਹੈ। ਭਰਮ ਦੇ ਵਿੱਚੋਂ ਨਿਕਲ ਕੇ ਹੀ ਅਸੀਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਕਿ ਉਹ ਕੀ ਹੈ। ਉਹ ਮਨ ਦੇ ਵਿੱਚ ਹੀ ਹੈ ਤੇ ਸਾਡੇ ਅੰਦਰ ਉਹ ਚੌਥੇ ਪਦ ਵਿਚ ਸਦਾ ਹੀ ਵਿਚਰ ਰਿਹਾ ਹੈ ਤੇ ਉਸਨੇ ਆਪ ਹੀ ਸਾਨੂੰ ਆਪਣੇ ਉੱਚੇ ਗਿਆਨ ਦੁਆਰਾ ਭਰਮ ਵਿੱਚ ਭਾਵ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ। ਚੌਥਾ ਪਦ ਸੱਚੇ ਗਿਆਨ ਦੀ ਅਵੱਸਥਾ ਹੈ, ਮਨ ਦੇ ਪ੍ਰਕਾਸ਼ ਦੀ ਅਵੱਸਥਾ ਹੈ, ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਤ੍ਰੈਗੁਣਾਂ ਵਿੱਚੋਂ ਨਿਕਲਣ ਦੀ ਅਵੱਸਥਾ ਹੈ ਤੇ ਇਸੇ ਅਵੱਸਥਾ ਦੁਆਰਾ ਕੋਈ ਉਸਦਾ ਜਨ ਬਣ ਸਕਦਾ ਹੈ, ਉਸਦਾ ਦਾਸ ਬਣ ਸਕਦਾ ਹੈ। **(ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥ ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥੪॥੧॥)**

ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ ਸਾਡੇ ਅੰਦਰ ਮਨ ਦੀਆਂ ਦੋ ਅਵੱਸਥਾਵਾਂ ਹੀ ਹਨ। ਇੱਕ ਵਿੱਚ ਤ੍ਰੈਗੁਣੀ ਗਿਆਨ ਹੈ ਤੇ ਦੂਸਰੀ ਵਿੱਚ ਚੌਥੇ ਪਦ ਦਾ ਗਿਆਨ ਹੈ। ਪ੍ਰਮਾਤਮਾ ਦਾ ਇਹ ਆਪਣਾ ਬਣਾਇਆ ਹੋਇਆ ਮੂਲ ਰੂਪ

ਵਿੱਚ ਉਸਦਾ ਅਸੂਲ ਹੈ ਜੋ ਨਾ ਕਦੇ ਬਦਲਿਆ ਹੈ ਤੇ ਨਾ ਕਦੇ ਬਦਲ ਸਕਦਾ ਹੈ। ਤ੍ਰੈਗੁਣਾਂ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ **‘ਵਿਜੋਗੁ’** ਹੈ, ਵਿਛੋੜਾ ਹੈ ਜਿਸ ਅਵੱਸਥਾ ਵਿੱਚ ਰਹਿ ਕੇ ਮਨੁੱਖ ਆਵਾਗਉਣ ਵਿੱਚ ਹੀ ਰਹਿੰਦਾ ਹੈ। **‘ਸੰਜੋਗੁ’** ਦੀ ਅਵੱਸਥਾ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜੋ ਕਿ ਤੁਰੀਆ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ। ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਉਸ ਤੋਂ ਕੱਢ ਕੇ ਤੁਰੀਆ ਅਵੱਸਥਾ ਵਿੱਚ ਲੈ ਜਾਣ ਵਾਲਾ ਵੀ ਉਹ ਆਪ ਹੈ। ਸਾਰੀ ਗੱਲ ਸਾਡੇ ਮਨ ਦੀ ਅਗਿਆਨਤਾ ਜਾਂ ਗਿਆਨ ਨਾਲ ਜੁੜੀ ਹੋਈ ਹੈ। ਅਗਿਆਨਤਾ ਵਾਲੀ ਅਵੱਸਥਾ ਵਿੱਚ ਅਸੀਂ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰੱਥ ਰਹਿੰਦੇ ਹਾਂ ਤੇ ਤੁਰੀਆ ਅਵੱਸਥਾ ਵਿੱਚ ਪਹੁੰਚ ਕੇ ਸਭ ਵਿੱਚ ਕੇਵਲ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਭਾਵ ਸਭ ਵਿੱਚ ਉਸੇ ਦੀ ਹੋਂਦ ਨਜ਼ਰ ਆਉਂਦੀ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਪਉੜੀ॥

“ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥”

(ਅੰਗ ੫੦੯)

ਭਾਵੇਂ ਸਾਡੇ ਅੰਦਰ ਵਿਯੋਗ ਵਾਲੀ ਅਵੱਸਥਾ ਹੈ ਤੇ ਭਾਵੇਂ ਸੰਜੋਗ ਵਾਲੀ ਅਵੱਸਥਾ ਹੈ, ਇਹ ਸਾਡੇ ਅੰਦਰ ਉਸਦਾ ਹੁਕਮ ਹੀ ਹੈ। ਪ੍ਰਮਾਤਮਾ ਸਾਡੇ ਅੰਦਰ ਆਪਣੀ ਜੋਤ ਦੁਆਰਾ ਵਿਚਰਦਾ ਹੈ, ਸ਼ਬਦ ਦੁਆਰਾ ਵਿਚਰਦਾ ਹੈ ਤੇ ਆਪਣੇ ਇਸ ਜੋਤਿ ਦੁਆਰਾ ਹੀ, ਸ਼ਬਦ ਦੁਆਰਾ ਹੀ ਉਹ ਸਾਨੂੰ ਵਿਯੋਗ ਵਾਲੀ ਅਵੱਸਥਾ ਜਾਂ ਸੰਜੋਗ ਵਾਲੀ ਅਵੱਸਥਾ ਵਿੱਚ ਰੱਖਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਉਸਦੀ ਜੋਤਿ ਦੇ ਵਿੱਚ ਰਲਣਾ ਹੈ। ਉਸਦੀ ਜੋਤਿ ਵਿੱਚ ਰਲਣਾ ਕੀ ਹੈ ਇਹੀ ਗੱਲ ਉੱਪਰ ਸਪੱਸ਼ਟ ਕੀਤੀ ਹੋਈ ਹੈ। ਜੋਤਿ ਦਾ ਮਕਸਦ ਸਾਡੇ ਅੰਦਰ ਚਾਨਣਾ ਕਰਨਾ ਹੈ ਭਾਵ ਮਨ ਦੇ ਵਿੱਚ ਪ੍ਰਕਾਸ਼ ਕਰਨਾ ਹੈ। ਸਾਡੇ ਮਨ ਦੇ ਵਿੱਚ ਕੇਵਲ ਗਿਆਨ ਹੀ ਉਪਜਦਾ ਹੈ, ਗਿਆਨ ਦਾ ਚਾਨਣ ਹੀ ਹੁੰਦਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਸੋਝੀ ਪੈਂਦੀ ਹੈ। ਸਾਡੇ ਮਨ ਦੇ ਵਿੱਚ ਜੋਤਿ ਦਾ ਚਾਨਣ ਸਾਡੇ ਮਨ ਦੇ ਵਿਚਾਰਾਂ ਰਾਹੀਂ ਹੁੰਦਾ ਹੈ, ਮਨ ਦੇ ਵਿੱਚ ਸੋਚਾਂ ਰਾਹੀਂ ਹੁੰਦਾ ਹੈ ਜਿੱਥੋਂ ਸਾਨੂੰ ਸਾਰੀ ਸੋਝੀ ਪੈਂਦੀ ਹੈ। ਮਨ ਦਾ ਮਕਸਦ ਸਾਨੂੰ ਸੋਝੀ ਪਾਉਣ ਨਾਲ ਹੀ ਹੈ, ਸਾਨੂੰ ਗਿਆਨ ਦੇਣ ਲਈ ਹੀ ਹੈ ਤੇ ਇਹ ਮਨ ਹੀ ਆਪ ਜੋਤਿ ਹੈ। ਇਹ ਜੋਤਿ ਆਪ ਪ੍ਰਮਾਤਮਾ ਹੈ ਤੇ ਸਾਡੇ ਅੰਦਰ ਜੋਤਿ ਦਾ ਪ੍ਰਕਾਸ਼ ਸਾਡੇ ਅੰਦਰ ਚੱਲ ਰਿਹਾ ਪ੍ਰਮਾਤਮਾ ਦਾ ਹੁਕਮ ਹੈ। **(ਹੁਕਮੀ**

ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥) ਉੱਪਰ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਸਤਿਗੁਰ ਆਪਣਾ **'ਸਬਦੁ'** ਕਿਵੇਂ ਸੁਣਾਉਂਦਾ ਹੈ। ਸਾਡੇ ਅੰਦਰ ਜੋਤਿ ਹੀ ਸ਼ਬਦ ਰੂਪ ਹੈ ਭਾਵ ਗੁਰੂ ਰੂਪ ਹੈ ਜੋ ਕਿ ਆਪ ਪ੍ਰਮਾਤਮਾ ਹੈ। ਸ਼ਬਦ ਗਿਆਨ ਰੂਪ ਹੈ ਜੋ ਮਨ

16/1696

ਦੇ ਵਿੱਚ ਹੀ ਉਪਜਦਾ ਹੈ ਜੋ ਕਿ ਸਤਿਗੁਰੂ, ਪ੍ਰਮਾਤਮਾ ਮਨ ਦੇ ਵਿੱਚ ਹੀ ਜੋਤਿ ਦੇ ਚਾਨਣ ਦੁਆਰਾ ਸੁਣਾਉਂਦਾ ਹੈ। ਗੁਰਬਾਣੀ ਸਾਡਾ ਗੁਰੂ ਹੈ। ਪੂਰੀ ਗੁਰਬਾਣੀ ਸ਼ਬਦ ਰੂਪ ਹੈ ਭਾਵ ਸੱਚੇ ਗਿਆਨ ਦਾ ਰੂਪ ਹੈ ਜੋ ਮਨ ਦੇ ਵਿੱਚ ਸਾਨੂੰ ਪ੍ਰਮਾਤਮਾ ਆਪ ਹੀ ਸੁਣਾਉਂਦਾ ਹੈ। ਸ਼ਬਦ ਚੌਥੇ ਪਦ ਦਾ ਗਿਆਨ ਹੈ ਜੋ ਮਨ ਦੇ ਰਾਹੀਂ ਆਉਂਦਾ ਹੈ, ਸਿੱਧਾ ਪ੍ਰਮਾਤਮਾ ਦੇ ਕੋਲੋਂ ਸੁਣਨ ਦੁਆਰਾ ਆਉਂਦਾ ਹੈ। ਇਹ ਚੌਥੇ ਪਦ ਦੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਸੰਜੋਗ ਦੀ ਅਵੱਸਥਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਾਡੀ ਸੋਝੀ ਕੱਚੀ ਹੈ ਭਾਵ ਸਾਡੀ ਮਤਿ ਕੱਚੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੀ ਅਸਲੀਅਤ ਤੋਂ ਦੂਰ ਰਹਿੰਦੇ ਹਾਂ ਭਾਵ ਭਰਮ ਵਿੱਚ ਰਹਿੰਦੇ ਹਾਂ। ਬ੍ਰਹਮਾ, ਬਿਸ਼ਨ, ਮਹੇਸ਼ ਇਸੇ ਲਈ ਤ੍ਰੈਗੁਣਾਂ ਵਿੱਚ ਹਨ ਕਿ ਉਨ੍ਹਾਂ ਨੇ ਆਪਣੇ ਅੰਦਰੋਂ ਉਸ ਜੋਤਿ ਦੇ ਚਾਨਣ ਨੂੰ ਨਹੀਂ ਪਹਿਚਾਣਿਆ ਕਿ ਸਾਡੇ ਅੰਦਰ ਇਹ ਚਾਨਣ ਕੌਣ ਕਰਦਾ ਹੈ ਭਾਵ ਸਾਡੇ ਅੰਦਰ ਇਹ ਗਿਆਨ ਦਾ ਪ੍ਰਕਾਸ਼ ਕੌਣ ਕਰਦਾ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਦੁਆਰਾ ਸਮਝੀ ਜਾ ਸਕਦੀ ਹੈ।

"ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥

ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥"

ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੈ। ਅਸੀਂ ਜੋ ਵੀ ਧੰਦੇ ਲੱਗੇ ਹੋਏ ਹਾਂ ਭਾਵ ਅਸੀਂ ਜੋ ਵੀ ਕਾਰ ਕਰਦੇ ਹਾਂ ਸਾਨੂੰ ਇਹ ਕਾਰ ਕਰਵਾਉਣ ਵਾਲਾ ਪ੍ਰਮਾਤਮਾ ਆਪ ਹੈ। ਕਾਰ ਅਸੀਂ ਉਹੀ ਕਰਦੇ ਹਾਂ ਜੋ ਸਾਨੂੰ ਆਪਣੇ ਮਨ ਦੁਆਰਾ ਸੋਝੀ ਪੈਂਦੀ ਹੈ। ਜਿਹੋ ਜਿਹੀ ਸਾਨੂੰ ਉਹ ਸੋਝੀ ਪਾਉਂਦਾ ਹੈ ਅਸੀਂ ਉਹੀ ਕੁੱਝ ਕਰਦੇ ਹਾਂ ਪਰ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਇਸ ਮਨ ਦੀ ਸੋਝੀ ਨੂੰ ਆਪਣੀ ਸਮਝਦੇ ਹਾਂ ਜਿਸ ਨਾਲ ਅਸੀਂ ਆਪਣੇ ਆਪ ਨੂੰ ਉੱਚਾ ਕਰਦੇ ਹਾਂ। ਬ੍ਰਹਮਾ ਕੋਲੋਂ ਵੇਦ ਲਿਖਵਾਉਣ ਵਾਲਾ ਪ੍ਰਮਾਤਮਾ ਆਪ ਸੀ ਭਾਵ ਉਸ ਕੋਲੋਂ ਕਾਰ ਕਰਵਾਉਣ ਵਾਲਾ ਪ੍ਰਮਾਤਮਾ ਆਪ ਸੀ ਉਸ ਨੂੰ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਸੀ ਪਰ ਉਸਨੇ ਇਸ ਸੋਝੀ ਦਾ ਮਾਲਕ ਆਪਣੇ ਆਪ ਨੂੰ ਸਮਝਿਆ ਤੇ ਆਪਣੇ ਆਪ ਨੂੰ ਉੱਚਾ ਕੀਤਾ। ਇਸੇ ਲਈ ਉਹ ਤ੍ਰੈਗੁਣਾਂ ਵਿੱਚ ਹੀ ਰਹਿਆ, ਆਵਾਗਉਣ ਵਿੱਚ ਹੀ ਰਹਿਆ ਭਾਵ ਉਸਨੂੰ ਪ੍ਰਮਾਤਮਾ ਨੇ ਤੁਰੀਆ ਅਵੱਸਥਾ ਨਹੀਂ ਬਖ਼ਸ਼ੀ। ਇਸੇ ਤਰ੍ਹਾਂ ਬਿਸ਼ਨ, ਮਹੇਸ਼ ਕੋਲੋਂ ਜੋ ਕੁੱਝ ਪ੍ਰਮਾਤਮਾ ਨੂੰ ਭਾਇਆ ਉਨ੍ਹਾਂ ਕੋਲੋਂ ਉਹੋ ਜਿਹੀ ਕਾਰ ਕਰਵਾਈ ਪਰ ਉਨ੍ਹਾਂ ਨੂੰ ਤੁਰੀਆ ਅਵੱਸਥਾ ਦੀ ਸੋਝੀ ਨਹੀਂ ਪਾਈ। ਪ੍ਰਮਾਤਮਾ ਦਾ ਮਕਸਦ ਹੀ ਉਨ੍ਹਾਂ ਦੇ ਰਾਹੀਂ ਦੁਨੀਆਂ ਨੂੰ ਭਰਮ ਵਿੱਚ ਰੱਖਣ ਦਾ ਹੈ, ਮਾਇਆ ਮੋਹ ਵਿੱਚ ਰੱਖਣ ਦਾ ਹੈ ਕਿਉਂਕਿ ਇਹ ਉਸਦਾ ਆਪਣਾ ਹੀ ਮੂਲ ਰੂਪ ਦੁਨੀਆਂ ਨੂੰ ਭਰਮ ਵਿੱਚ ਰੱਖਣ ਦਾ ਅਸੂਲ ਹੈ ਜੋ ਕਿ ਅੱਜ ਵੀ ਉਸੇ

16/1697

ਤਰ੍ਹਾਂ ਚੱਲ ਰਿਹਾ ਹੈ। ਭਰਮ ਵਿੱਚੋਂ ਉਹ ਕਿਸੇ ਵਿਰਲੇ ਨੂੰ ਹੀ ਕੱਢਦਾ ਹੈ। ਉਸਨੇ ਆਪਣੇ ਆਪ ਦੀ ਅਸਲੀਅਤ ਸਮਝਣ ਦਾ ਮੌਕਾ ਵੀ ਸਭ ਨੂੰ ਦਿੱਤਾ ਹੈ ਜੋ ਕਿ ਗੁਰਬਾਣੀ ਦੇ ਰੂਪ ਵਿੱਚ ਦਿੱਤਾ ਹੈ ਭਾਵ ਜਦੋਂ ਉਸਨੂੰ ਭਾਇਆ, ਉਦੋਂ ਦਿੱਤਾ ਹੈ। ਉਹ ਪ੍ਰਮਾਤਮਾ ਆਪਣੀ ਮਰਜ਼ੀ ਦਾ ਮਾਲਕ ਹੈ ਤੇ ਉਸਨੂੰ ਜਿਸ ਸਮੇਂ ਜੋ ਕੁੱਝ ਭਾਉਂਦਾ ਹੈ ਉਹੀ ਕੁੱਝ ਕਰਦਾ ਹੈ। ਅੱਜ ਸਾਇੰਸ ਦਾ ਜੁਗ ਹੈ ਤੇ ਹੁਣ ਅਸੀਂ ਗੁਰਬਾਣੀ ਨੂੰ ਹੋਰ ਵੀ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਗੁਰਬਾਣੀ ਵਿੱਚ ਲਿਖੀਆਂ ਹੋਈਆਂ ਗੱਲਾਂ ਅੱਜ ਸਾਇੰਸ ਆਪ ਹੀ ਉਨ੍ਹਾਂ ਨੂੰ ਪਰੂਫ਼ ਕਰ ਰਹੀ ਹੈ। ਸੱਚੇ ਗਿਆਨ ਨੂੰ ਸੱਚਾ ਗਿਆਨ ਹੀ ਪਰੂਫ਼ ਕਰ ਸਕਦਾ ਹੈ ਤੇ ਸਾਰੀ ਗੁਰਬਾਣੀ ਸੱਚੇ ਗਿਆਨ ਨਾਲ ਜੁੜੀ ਹੋਈ ਹੈ। ਤੁਰੀਆ ਅਵੱਸਥਾ ਸੱਚੇ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਇਹ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਸਭ ਕੁੱਝ ਆਪਣੇ ਸੱਚੇ ਗਿਆਨ ਦੁਆਰਾ ਹੀ ਕਰਦਾ ਹੈ, ਸਾਇੰਟਿਫਿਕਲੀ ਹੀ ਕਰਦਾ ਹੈ। ਸਾਨੂੰ ਉਸਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਵੀ ਸਾਇੰਟਿਫਿਕਲੀ ਹੀ ਰੱਖਿਆ ਹੋਇਆ ਹੈ ਕਿਉਂਕਿ ਸਾਡੇ ਅੰਦਰ ਉਹ ਸਾਇੰਸ ਰਾਹੀਂ ਹੀ ਵਰਤ ਰਿਹਾ ਹੈ। ਇਸ ਦੀ ਸੋਝੀ ਕੇਵਲ ਆਤਮਿਕ ਗਿਆਨ ਦੁਆਰਾ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ, ਕੇਵਲ ਤੇ ਕੇਵਲ ਆਪਣੀ ਰਜ਼ਾ ਦੁਆਰਾ ਪਾਉਂਦਾ ਹੈ, ਜਿੱਥੇ ਚਾਹੁੰਦਾ ਹੈ ਉੱਥੇ ਪਾਉਂਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਨਾ ਹੋਰ ਕੋਈ ਤਰੀਕਾ ਹੈ ਤੇ ਨਾ ਕੋਈ ਜਾਣ ਸਕਦਾ ਹੈ। ਜਿਸਨੇ ਉਸਦਾ ਸੱਚਾ ਰੂਪ ਜਾਣਿਆ ਹੈ ਉਸਨੇ ਉਸਦਾ ਮਨ ਦੇ ਵਿੱਚ

ਨਿਰਗੁਣ ਰੂਪ ਜਾਣਿਆ ਹੈ, ਗਿਆਨ ਰੂਪ ਹੀ ਜਾਣਿਆ ਹੈ ਤੇ ਪ੍ਰਮਾਤਮਾ ਦਾ ਇਹੀ ਰੂਪ ਗੁਰਬਾਣੀ ਸਾਨੂੰ ਪੁਕਾਰ ਪੁਕਾਰ ਕੇ ਸਮਝਾ ਰਹੀ ਹੈ, ਵਾਰ-ਵਾਰ ਸਮਝਾ ਰਹੀ ਹੈ, ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ ਪਰ ਇਸ ਗੱਲ ਦੀ ਸੋਝੀ ਪਏ ਬਿਨ੍ਹਾਂ ਭਾਵ ਇਸ ਮਨ ਨੂੰ ਜਾਣੇ ਬਿਨ੍ਹਾਂ ਲੋਕ ਉਸਨੂੰ ਕਿਸੇ ਸਰਗੁਣ ਸਰੂਪ ਵਿੱਚ ਹੀ ਸਮਝਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਭਰਮੇ ਹੋਏ ਦੱਸਿਆ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਸਭ ਕੋਈ ਭਰਮ ਵਿੱਚ ਹੀ ਵਿਚਰਦਾ ਹੈ ਤੇ ਭਰਮ ਪਾਉਣ ਵਾਲਾ ਉਹ ਆਪ ਹੈ। ਅਸੀਂ ਭਰਮ ਵਿੱਚ ਰਹਿੰਦੇ ਹੋਏ ਵੀ ਆਪਣੇ ਆਪ ਨੂੰ ਠੀਕ ਸਮਝੀ ਜਾਂਦੇ ਹਾਂ ਤੇ ਇਹੀ ਅਸਲ ਵਿੱਚ ਭਰਮ ਹੈ। ਠੀਕ ਗੱਲ ਨੂੰ ਗਲਤ ਸਮਝਣਾ ਤੇ ਗਲਤ ਨੂੰ ਠੀਕ ਸਮਝਣਾ, ਇਹ ਭਰਮ ਹੈ ਤੇ ਪ੍ਰਮਾਤਮਾ ਨੂੰ ਸਮਝਣ ਵਿੱਚ ਸਭ ਦੇ ਨਾਲ ਇਹੋ ਕੁੱਝ ਹੀ ਹੁੰਦਾ ਹੈ ਜੋ ਕਿ ਕਿਸੇ ਦੇ ਵੱਸ ਨਹੀਂ ਹੈ। ਸਾਡਾ ਭਰਮ ਵਾਲੀ ਅਵੱਸਥਾ ਵਿੱਚ ਜਨਮ ਹੁੰਦਾ ਹੈ ਤੇ ਇਸੇ ਭਰਮ ਵਿੱਚ ਹਰ ਕੋਈ ਇੱਥੋਂ ਚਲਾ ਜਾਂਦਾ ਹੈ। ਇਹ ਭਰਮ ਪ੍ਰਮਾਤਮਾ ਕਿਸੇ ਵਿਰਲੇ ਦਾ

16/1698

ਹੀ ਮਿਟਾਉਂਦਾ ਹੈ, ਕ੍ਰੋੜਾਂ ਕ੍ਰੋੜਾਂ ਵਿੱਚੋਂ, ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਦਾ ਹੀ ਮਿਟਾਉਂਦਾ ਹੈ। ਉਹ ਅੰਦਰ ਬੈਠਾ ਚੁੱਪ ਚੁਪੀਤਾ ਆਪਣੀ ਖੇਡ ਖੇਡੀ ਜਾ ਰਿਹਾ ਹੈ ਜਿਸ ਦੀ ਕਿਸੇ ਨੂੰ ਭਿਣਕ ਵੀ ਨਹੀਂ ਲੱਗ ਸਕਦੀ, ਉਸਨੂੰ ਸਮਝਣਾ ਤਾਂ ਦੂਰ ਦੀ ਗੱਲ ਹੈ। **(ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥ ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥)**

ਹੁਣ ਅਸੀਂ ਉਸ ਮੁੱਖ ਸ਼ਬਦ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕਿਵੇਂ ਹੁੰਦਾ ਹੈ। ਸ਼ਬਦ ਨੂੰ ਸਮਝਣ ਲਈ ਨੀਚੇ ਫਿਰ ਤੋਂ ਦੁਹਰਾਇਆ ਜਾ ਰਿਹਾ ਹੈ।

“ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ॥੪॥੧॥”

(ਅੰਗ ੨੪੪)

ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਕੇਵਲ ਮਨ ਦੇ ਵਿੱਚ ਭਰਮ ਦੇ ਕਾਰਨ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਕਾਰਨ ਹੈ। ਇਸ ਅਵੱਸਥਾ ਵਿੱਚੋਂ ਉਹ ਆਪ ਹੀ ਕੱਢ ਸਕਦਾ ਹੈ ਤੇ ਕੇਵਲ ਇਹੀ ਇੱਕੋ ਇੱਕ ਤਰੀਕਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮਿਲਿਆ ਜਾ ਸਕਦਾ ਹੈ। **(ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ॥)**

ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਗੁਰ ਸੇਵਾ ਤੋਂ ਕੀ ਭਾਵ ਹੈ। ਗੁਰੂ ਦੀ ਸੇਵਾ ਅਸੀਂ ਕਿਵੇਂ ਕਰ ਸਕਦੇ ਹਾਂ, ਕਿਸ ਰੂਪ ਵਿੱਚ ਕਰ ਸਕਦੇ ਹਾਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਮਨ ਦੀ ਅਵੱਸਥਾ ਦੇ ਨਾਲ ਜੁੜਿਆ ਹੋਇਆ ਹੈ ਜੋ ਕਿ ਇਸ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

“ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥”

ਗੁਰੂ ਦੀ ਸੇਵਾ ਕਰਨੀ ਕੀ ਹੈ ਇਹ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਜੇਕਰ ਸਾਨੂੰ ਆਪਣੇ ਗੁਰੂ ਦੀ ਸਮਝ ਹੈ ਕਿ ਸਾਡਾ ਗੁਰੂ ਕੌਣ ਹੈ ਤਾਂ ਫਿਰ ਸਾਨੂੰ ਸੇਵਾ ਦੀ ਸੋਝੀ ਵੀ ਪੈ ਜਾਵੇਗੀ। ਗੁਰੂ ਸਾਡਾ ਗੁਰੂ ਦੀ ਮਤਿ ਹੈ। ਗੁਰੂ ਸ਼ਬਦ ਹੈ। ਸ਼ਬਦ ਦੀ ਸੇਵਾ ਅਸੀਂ ਕਿਸ ਰੂਪ ਵਿੱਚ ਕਰ ਸਕਦੇ ਹਾਂ ਜੋ ਕਿ ਨਿਰਗੁਣ ਰੂਪ ਵਿੱਚ ਹੈ। ਸ਼ਬਦ ਦੀ ਸੋਝੀ ਉਸਦਾ ਨਿਰਗੁਣ ਰੂਪ ਹੈ। ਗੁਰੂ ਦੀ ਸੇਵਾ ਗੁਰਮਤਿ ਦੀ ਸੇਵਾ ਹੈ, ਸ਼ਬਦ ਦੀ ਸੋਝੀ ਦੀ, ਸ਼ਬਦ ਦੇ ਗਿਆਨ ਦੀ ਸੇਵਾ ਹੈ। ਜਦ ਤੱਕ ਸਾਨੂੰ ਗੁਰਮਤਿ ਦੀ ਸੋਝੀ ਹੀ ਨਹੀਂ, ਸ਼ਬਦ ਦੇ ਗਿਆਨ ਦੀ ਸੋਝੀ ਹੀ ਨਹੀਂ ਤਦ ਤੱਕ ਅਸੀਂ ਉਸਦੀ ਸੇਵਾ ਪੂਰਨ ਰੂਪ ਵਿੱਚ

ਕਿਵੇਂ ਕਰ ਸਕਦੇ ਹਾਂ। ਪੂਜਣਾ ਤਾਂ ਅਸੀਂ

16/1699

ਗੁਰੂ ਦੀ ਮਤਿ ਨੂੰ ਹੈ, ਗੁਰੂ ਦੀ ਸਿੱਖਿਆ ਨੂੰ ਹੈ ਤੇ ਇਹੀ ਉਸਦੀ ਸੇਵਾ ਹੈ। ਸ਼ਬਦ ਦੀ ਸੇਵਾ ਸ਼ਬਦ ਦੇ ਵਿਚਾਰ ਦੀ ਸੇਵਾ ਹੈ ਜੋ ਕਿ ਅਸੀਂ ਪਿੱਛੇ ਵੀ ਅਨੇਕਾਂ ਵਾਰ ਇਸ ਗੱਲ ਨੂੰ ਸਮਝਿਆ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ ॥}

(ਅੰਗ ੨੨੩)

ਜਦ ਤੱਕ ਸ਼ਬਦ ਦੀ ਵਿਚਾਰ ਸਾਨੂੰ ਸਮਝ ਹੀ ਨਹੀਂ ਪੈਂਦੀ ਤਦ ਤੱਕ ਅਸੀਂ ਉਸਦੀ ਸੇਵਾ ਨਹੀਂ ਕਰ ਸਕਦੇ। ਉਸਦੀ ਸਿੱਖਿਆ ਦੀ ਸੇਵਾ ਉਸ ਦੀ ਸਿੱਖਿਆ ਨੂੰ ਮੰਨ ਕੇ ਹੀ ਹੁੰਦੀ ਹੈ। ਸ਼ਬਦ ਦੇ ਵਿਚਾਰ ਦੀ ਸੇਵਾ ਉਸ ਦੇ ਵਿਚਾਰ ਨੂੰ ਮੰਨ ਕੇ ਹੁੰਦੀ ਹੈ। ਸ਼ਬਦ ਦਾ ਵਿਚਾਰ ਸਾਨੂੰ ਸਾਡੇ ਜੀਵਨ ਦਾ ਸਹੀ ਮਾਰਗ ਸਮਝਾਉਂਦਾ ਹੈ ਤੇ ਉਸ ਮਾਰਗ ਅਨੁਸਾਰ ਚੱਲਣਾ ਹੀ ਸ਼ਬਦ ਦੀ ਸੇਵਾ ਹੈ, ਗੁਰੂ ਦੀ ਸੇਵਾ ਹੈ। ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ, ਔਗੁਣ ਤਿਆਗ ਕੇ ਗੁਣਾਂ ਰਾਹੀਂ ਵਿਚਰਨਾ ਹੀ ਸਮਝਾਉਂਦੀ ਹੈ। ਜਦ ਤੱਕ ਸਾਡੇ ਮਨ ਵਿੱਚ ਅਗਿਆਨਤਾ ਹੈ, ਤਦ ਤੱਕ ਅਸੀਂ ਗੁਰੂ ਦੀ ਸੇਵਾ ਨਹੀਂ ਕਰ ਸਕਦੇ ਭਾਵ ਉਸਦੀ ਦੱਸੀ ਹੋਈ ਸੋਝੀ ਤੇ ਨਹੀਂ ਚੱਲ ਸਕਦੇ। ਗੁਰੂ ਦੀ ਸੇਵਾ ਉੱਥੇ ਹੀ ਹੈ ਜਦੋਂ ਸਾਨੂੰ ਮਨ ਵਿੱਚ ਸੱਚੀ ਸੋਝੀ ਪੈ ਕੇ, ਸ਼ਬਦ ਦੇ ਵਿਚਾਰ ਦੀ ਸੋਝੀ ਪੈ ਕੇ ਸਾਡੇ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਮਨ ਦਾ ਹਨੇਰਾ ਦੂਰ ਹੋ ਜਾਂਦਾ ਹੈ ਤੇ ਸਾਨੂੰ ਆਪਣੇ ਸੱਚੇ ਮਾਰਗ ਦੀ ਸੋਝੀ ਪੈ ਜਾਂਦੀ ਹੈ ਕਿ ਸਾਡੇ ਜੀਵਨ ਦੀ ਵਿਚਰਨ ਕਿਹੋ ਜਿਹੀ ਹੋਣੀ ਚਾਹੀਦੀ ਹੈ। **(ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥)** ਸ਼ਬਦ ਦੀ ਵਿਚਾਰ ਕੀਤੇ ਬਿਨ੍ਹਾਂ ਸਾਡੇ ਅੰਦਰ ਘੋਰ ਹਨੇਰਾ ਹੀ ਹੈ, ਘੋਰ ਅਗਿਆਨਤਾ ਹੀ ਹੈ ਤੇ ਸ਼ਬਦ ਦੇ ਵਿਚਾਰ ਦਾ ਮਕਸਦ ਸਾਨੂੰ ਇਸ ਹਨੇਰੇ ਵਿੱਚੋਂ ਕੱਢਣ ਦਾ ਹੀ ਹੈ ਭਾਵ ਗੁਰੂ ਦਾ ਮਕਸਦ ਸਾਨੂੰ ਸੱਚਾ ਮਾਰਗ ਦਿਖਾਉਣ ਦਾ ਹੀ ਹੈ ਜੋ ਕਿ ਮਨ ਦੀ ਸੋਝੀ ਦੁਆਰਾ ਹੀ ਪੈਂਦਾ ਹੈ। ਗੁਰੂ ਸਾਨੂੰ ਤ੍ਰੈਗੁਣਾਂ ਵਿੱਚੋਂ ਕੱਢ ਕੇ ਸਹਜ ਦੀ ਅਵੱਸਥਾ ਵਿੱਚ ਲੈ ਜਾ ਕੇ ਸਾਨੂੰ ਇਸ ਹਨੇਰੇ ਵਿੱਚੋਂ ਕੱਢਦਾ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥)** ਹੁਣ ਇਨ੍ਹਾਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸ਼ਬਦ ਵਿਚਾਰ ਤੋਂ ਭਾਵ ਕੀ ਹੈ। ਸ਼ਬਦ ਦੀ ਵਿਚਾਰ ਸਾਡੇ ਮਨ ਦਾ ਹਨੇਰਾ ਹੀ ਕੱਢਦੀ ਹੈ ਜਿੱਥੋਂ ਸਾਨੂੰ ਸਾਡੇ ਜੀਵਨ ਦਾ ਸਹੀ ਮਾਰਗ ਮਿਲਦਾ ਹੈ। ਸ਼ਬਦ ਦੀ ਵਿਚਾਰ ਦੁਆਰਾ ਹੀ ਸਾਡੀ ਅਵੱਸਥਾ ਸਹਜ ਵਿੱਚ ਪਹੁੰਚਦੀ ਹੈ ਭਾਵ ਚੌਥੇ ਪਦ ਵਿੱਚ ਪਹੁੰਚਦੀ ਹੈ। ਜਿਸਨੂੰ ਪ੍ਰਮਾਤਮਾ ਅਗਿਆਨਤਾ ਵਿੱਚੋਂ ਕੱਢਦਾ ਹੈ ਉਹ ਆਪਣੀ ਇਸ ਸਹਜ ਦੀ ਅਵੱਸਥਾ ਦੁਆਰਾ ਹੀ ਕੱਢਦਾ ਹੈ ਤੇ ਮਨ ਦੇ ਵਿੱਚ ਉਸਨੂੰ ਆਪਣੇ ਸੱਚੇ ਵਿਚਾਰ ਹੀ ਬਖ਼ਸ਼ਦਾ ਹੈ। ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਮਨੁੱਖ ਉਸ

16/1700

ਦੇ ਰੰਗ ਵਿੱਚ ਰੱਤਿਆ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਰੱਤਣਾ, ਉਸਦੀ ਸੱਚੀ ਸੋਝੀ ਦੇ ਨਾਲ ਰੱਤਣਾ ਪ੍ਰਮਾਤਮਾ ਦੇ ਰੰਗ ਵਿੱਚ ਰੱਤਣਾ ਹੈ ਜੋ ਕਿ ਮਨ ਦੇ ਵਿੱਚ ਸਹਜ ਦੀ ਅਵੱਸਥਾ ਹੈ, ਅਗਿਆਨਤਾ ਰਹਿਤ ਅਵੱਸਥਾ ਹੈ। **(ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥)** ਮਨ ਦੇ ਵਿੱਚ ਇਸ ਸੱਚੇ ਗਿਆਨ ਦੀ ਅਵੱਸਥਾ ਦੇ ਨਾਲ ਹੀ, ਸਹਜ ਦੀ ਅਵੱਸਥਾ ਦੇ ਨਾਲ ਹੀ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ ਜੋ ਕਿ ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ ਵਿਚਰਦਾ ਹੈ ਤੇ ਇਸ ਅਵੱਸਥਾ ਦੁਆਰਾ ਹੀ ਕੋਈ ਪ੍ਰਮਾਤਮਾ ਨੂੰ ਭਾਉਂਦਾ ਹੈ, ਚੰਗਾ ਲੱਗਦਾ ਹੈ, ਉਸਦਾ ਪਿਆਰਾ ਬਣਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਉਸਦੀ ਸੱਚੀ ਮਤਿ ਦੇ ਨਾਲ ਪਿਆਰ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਪਿਆਰ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਆਪਣੀ ਸੱਚੀ ਸੋਝੀ ਪਾ ਕੇ ਭਾਵ ਸਹਜ ਦੀ ਅਵੱਸਥਾ ਬਖ਼ਸ ਕੇ ਉਹ ਆਪਣੇ ਨਾਲ ਪਿਆਰ ਆਪ ਹੀ ਜੋੜਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥੧॥)**

ਸਾਨੂੰ ਗੁਰਮਤਿ ਦੀ ਪੂਰੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਕਿਉਂਕਿ ਇਸ ਅਵੱਸਥਾ ਦੁਆਰਾ ਹੀ ਅਸੀਂ ਭਰਮ ਵਿੱਚੋਂ ਨਿਕਲਦੇ ਹਾਂ। ਗੁਰਬਾਣੀ ਬਾਰੇ ਸਾਡਾ ਹਰ ਭੁਲੇਖਾ ਇਸ ਸੱਚੇ ਗਿਆਨ ਦੀ ਅਵੱਸਥਾ ਦੁਆਰਾ ਹੀ ਨਿਕਲਦਾ ਹੈ ਤੇ ਇਸਨੂੰ ਕੱਢਣ ਵਾਲਾ ਭਾਵ ਮਨ ਦੀ ਅਗਿਆਨਤਾ ਨੂੰ ਕੱਢਣ ਵਾਲਾ ਉਹ ਆਪ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਨਾਮ ਕੀ ਹੈ, ਅੰਮ੍ਰਿਤ ਕੀ ਹੈ, ਹਉਮੈ ਕੀ ਹੈ, ਪ੍ਰਮਾਤਮਾ ਨੂੰ ਜਪਣਾ ਕੀ ਹੈ, ਸਿਮਰਨਾ ਕੀ ਹੈ, ਸ਼ਬਦ ਕੀ ਹੈ, ਸ਼ਬਦ ਦੀ ਵਿਚਾਰ ਕੀ ਹੈ, ਸ਼ਬਦ ਸੁਰਤਿ ਦਾ ਮੇਲ ਕੀ ਹੈ, ਸਾਧ ਕੀ ਹੈ, ਸੰਤ ਕੀ ਹੈ, ਸਾਧ ਸੰਗਤ ਕੀ ਹੈ, ਸਤਿ ਸੰਗਤ ਕੀ ਹੈ, ਤ੍ਰੈਗੁਣ ਕੀ ਹੈ ਤੇ ਇਸ ਵਿੱਚੋਂ ਨਿਕਲਣਾ ਕੀ ਹੈ, ਗੁਰੂ ਤੇ ਪ੍ਰਮਾਤਮਾ ਦਾ ਭੇਦ ਕੀ ਹੈ, ਨਿਰਗੁਣ ਤੇ ਸਰਗੁਣ ਦਾ ਭੇਦ ਕੀ ਹੈ, ਇਹ ਮਨ ਕੀ ਹੈ, ਪ੍ਰਮਾਤਮਾ ਕੀ ਹੈ ਤੇ ਪ੍ਰਮਾਤਮਾ ਨੂੰ ਪਾਉਣਾ ਕੀ ਹੈ, ਨਾਮ ਧਨੁ, ਹਰਿ ਧਨੁ, ਹਰਿ ਰਸ, ਨਾਮ ਰਸ, ਹਰਿ ਰੰਗ ਕੀ ਹੈ, ਉਸਦੀ ਸੇਵਾ ਕੀ ਹੈ ਇਤਿਆਦਿ-ਇਤਿਆਦਿ, ਜਿਵੇਂ ਕਿ ਅਸੀਂ ਇਸ ਲੇਖ ਰਾਹੀਂ ਸਮਝਦੇ ਆ ਰਹੇ ਹਾਂ। ਭੁਲੇਖੇ ਸਾਨੂੰ ਹਰ ਗੱਲ ਸਮਝਣ ਵਿੱਚ ਹੀ ਹਨ ਕਿਉਂਕਿ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਹੈ ਪਰ ਤ੍ਰੈਗੁਣ ਕਿਸ ਨੂੰ ਕਹਿੰਦੇ ਹਨ ਤੇ ਸਹਜ ਕਿਸ ਨੂੰ ਕਹਿੰਦੇ ਹਨ ਇਸ ਦੀ ਸੋਝੀ ਵੀ ਕਿਸੇ ਨੂੰ ਨਹੀਂ ਹੈ। ਇਹ ਪ੍ਰਮਾਤਮਾ ਦੀ ਇਤਨੀ ਜਿਆਦਾ ਵੱਡੀ ਕ੍ਰਿਪਾ ਹੈ ਜਿਸ ਦੀ ਮਿਸਾਲ ਦੇਣੀ ਵੀ ਔਖੀ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਇਸ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਜੋ ਕਿ

16/1701

ਉਹ ਕਦੇ ਹੀ ਕਿਸੇ ਵਿਰਲੇ ਸਰੀਰ ਰਾਹੀਂ ਪਾਉਂਦਾ ਹੈ। ਉਸਨੂੰ ਮਿਲੇ ਹੋਏ ਹੋਣ ਦਾ ਦਾਅਵਾ ਅਨੇਕਾਂ ਹੀ ਕਰਦੇ ਹਨ ਤੇ ਉਹਨਾਂ ਦੇ ਦਾਅਵੇ ਕਿਤਨੇ ਖੋਖਲੇ ਹੁੰਦੇ ਹਨ ਇਸਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ। ਉਸਦੇ ਨਾਲ ਮਿਲੇ ਹੋਣ ਦਾ ਦਾਅਵਾ ਉਹ ਆਪ ਹੀ ਕਰਵਾਉਂਦਾ ਹੈ ਜਿਸ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਪੈਂਦੀ ਹੈ। ਉਹ ਬਹੁਤ ਬਹੁਤ ਬਹੁਤ ਜਿਆਦਾ ਸਿਆਣਾ ਹੈ, ਗਿਆਨਵਾਨ ਹੈ ਜਿਸ ਦੀ ਕੋਈ ਹੱਦ ਹੀ ਨਹੀਂ ਹੈ, ਕੋਈ ਅੰਤ ਹੀ ਨਹੀਂ ਹੈ। ਉਸਦੇ ਪਾਏ ਹੋਏ ਭਰਮ ਉਹ ਆਪ ਹੀ ਕੱਢ ਸਕਦਾ ਹੈ। ਗੁਰਬਾਣੀ ਨੂੰ ਸਮਝਣ ਵਿੱਚ ਸਾਨੂੰ ਅਨੇਕਾਂ ਹੀ ਭਰਮ ਹਨ ਤੇ ਇਸ ਲੇਖ ਦਾ ਮਕਸਦ ਸਾਨੂੰ ਇਹਨਾਂ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ। ਹਰ ਇੱਕ ਭਰਮ ਨੂੰ ਬਰੀਕੀ ਨਾਲ ਕੱਢਣ ਦੀ ਕੋਸ਼ਿਸ਼ ਹੈ ਤਾਂ ਜੋ ਸਾਨੂੰ ਗੁਰਬਾਣੀ ਤੇ ਪੂਰਨ ਵਿਸ਼ਵਾਸ ਆ ਸਕੇ ਕਿ ਗੁਰਬਾਣੀ ਰਾਹੀਂ ਸਾਨੂੰ ਜੋ ਗੱਲ ਇੱਕ ਸ਼ਬਦ ਰਾਹੀਂ ਸਮਝਾਈ ਹੁੰਦੀ ਹੈ ਉਹੀ ਗੱਲ ਦੂਜੇ ਸ਼ਬਦ ਵਿੱਚ ਜਾ ਕੇ ਬਦਲ ਨਹੀਂ ਸਕਦੀ। ਗੁਰੂ ਦੀ ਸੇਵਾ ਕਰਨੀ ਕੀ ਹੈ ਇਹ ਹਰ ਸ਼ਬਦ ਦੁਆਰਾ ਇੱਕੋ ਹੀ ਜਿਹੀ ਸਮਝਾਈ ਹੋਈ ਹੈ ਭਾਵ ਮੂਲ ਰੂਪ ਵਿੱਚ ਇਹ ਸ਼ਬਦ ਦੀ ਵਿਚਾਰ ਹੀ ਹੈ। ਇਸੇ ਤਰ੍ਹਾਂ ਨਾਮ ਜਪਣਾ ਕੀ ਹੈ, ਇਹ ਸ਼ਬਦ ਦੀ ਵਿਚਾਰ ਕੀ ਹੈ ਪਰ ਸਾਨੂੰ ਸਮਝਾਉਣ ਦੇ ਤਰੀਕੇ ਵੱਖਰੇ-ਵੱਖਰੇ ਹੁੰਦੇ ਹਨ ਉਹਨਾਂ ਅੰਦਰ ਭਾਵ ਇੱਕ ਹੀ ਹੁੰਦਾ ਹੈ। ਸਾਧਸੰਗਤ ਜੋ ਸਾਨੂੰ ਇੱਕ ਜਗ੍ਹਾਂ ਸਮਝਾਈ ਗਈ ਹੈ ਉਹ ਦੂਸਰੇ ਸ਼ਬਦ ਵਿੱਚ ਜਾ ਕੇ ਉਸਦਾ ਭਾਵ ਕਦੇ ਬਦਲ ਨਹੀਂ ਸਕਦਾ ਸਿਰਫ ਬਰੀਕੀ ਨਾਲ ਸਮਝਣ ਦੀ ਲੋੜ ਹੈ। ਸਾਧਸੰਗਤ ਬਾਰੇ ਭੁਲੇਖਾ ਸਾਡਾ ਕਾਫੀ ਵੱਡਾ ਹੈ ਤੇ ਇਸ ਲਈ ਅਸੀਂ ਪਿੱਛੇ ਵੀ ਇਸਨੂੰ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੁਣ ਅੱਗੇ ਹੋਰ ਵੀ ਇਸ ਗੱਲ ਨੂੰ ਸਮਝਣਾ ਹੈ ਤਾਂ ਜੋ ਅਸੀਂ ਗੁਰਬਾਣੀ ਦੇ ਨਾਲ ਉਸ ਰੂਪ ਵਿੱਚ ਜੁੜ ਸਕੀਏ ਜੋ ਗੁਰਬਾਣੀ ਦਾ ਮਕਸਦ ਹੈ।

ਪ੍ਰਮਾਤਮਾ ਆਪਣੇ ਆਪ ਦੀ ਸੋਝੀ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਤੇ ਉਸਦੀ ਸੋਝੀ ਦੇ ਨਾਲ ਹੀ ਸਾਡੀ ਮਨ ਦੇ ਵਿੱਚ ਉਸਦੇ ਨਾਲ ਸਾਧਸੰਗਤ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਇਸੇ ਲਈ ਸਾਧਸੰਗਤ ਵੀ ਕਿਸੇ ਵਿਰਲੇ ਦੀ ਹੀ ਹੁੰਦੀ ਹੈ ਕਿਉਂਕਿ ਇਹ ਕੋਈ ਮਨੁੱਖੀ ਸੰਗਤ ਨਹੀਂ ਹੈ ਇਹ ਉਸ ਗੁਰੂ ਪ੍ਰਮਾਤਮਾ ਦੇ ਨਾਲ ਸੰਗਤ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਬੀਜ ਮੰਤ੍ਰੁ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸ ਕੀ ਗਤਿ ਹੋਇ॥ ਸਾਧਸੰਗਿ ਪਾਵੈ ਜਨੁ ਕੋਇ॥”

(ਅੰਗ ੨੭੪)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਬਰੀਕੀ ਨਾਲ

16/1702

ਪਹਿਲੇ ਹੀ ਸਮਝ ਚੁੱਕੇ ਹਾਂ। ਨਾਮ ਦੀ ਪ੍ਰਾਪਤੀ ਹੋਣੀ ਜਾਂ ਸਾਧਸੰਗਿ ਦੀ ਪ੍ਰਾਪਤੀ ਹੋਣੀ ਇੱਕੋ ਹੀ ਗੱਲ ਹੈ ਜਿਸ ਦੀ ਪ੍ਰਾਪਤੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ। ਦੋਨਾਂ ਤੋਂ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ ਉਸਦੇ ਸੱਚੇ ਗਿਆਨ ਦੇ ਨਾਲ ਮੇਲ ਹੈ ਤੇ ਇਸ ਮੇਲ ਦੇ ਦੁਆਰਾ ਹੀ ਸਾਡੀ ਇਸ ਸੰਸਾਰ ਤੋਂ ਗਤੀ ਹੁੰਦੀ ਹੈ। ਗਤੀ ਮਨ ਦੇ ਵਿੱਚ ਹੀ ਹੁੰਦੀ ਹੈ ਜੋ ਕਿ ਚੌਥੇ ਪਦ ਦੇ ਵਿੱਚ ਪਹੁੰਚ ਕੇ ਹੁੰਦੀ ਹੈ।

ਹੇਠਲੀਆਂ ਪੰਗਤੀਆਂ ਦੁਆਰਾ ਸਾਧਸੰਗਤਿ ਤੋਂ ਸਾਡਾ ਕਿਹੜਾ ਮਕਸਦ ਪੂਰਾ ਹੁੰਦਾ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ।

“ਨੈਨਹੁ ਪੇਖੁ ਠਾਕੁਰ ਕਾ ਰੰਗੁ॥ ਸਾਧਸੰਗਿ ਬਿਨਸੈ ਸਭ ਸੰਗੁ॥
ਚਰਨ ਚਲਉ ਮਾਰਗਿ ਗੋਬਿੰਦ॥ ਮਿਟਹਿ ਪਾਪ ਜਪੀਐ ਹਰਿ ਬਿੰਦ॥”

(ਅੰਗ ੨੮੧)

ਪ੍ਰਮਾਤਮਾ ਦਾ ਰੰਗ ਕੀ ਹੈ ਇਹ ਅਸੀਂ ਪਿੱਛੇ ਜਾਣ ਹੀ ਚੁੱਕੇ ਹਾਂ। ਉਸਦਾ ਰੰਗ ਉਸਦਾ ਬ੍ਰਹਮ ਗਿਆਨ ਹੈ ਜੋ ਕਿ ਮਨ ਦੀਆਂ ਅੱਖਾਂ ਨਾਲ ਨਜ਼ਰ ਆਉਂਦਾ ਹੈ। ਹਰ ਸਰਗੁਣ ਸਰੂਪ ਦੇ ਵਿੱਚ ਵੀ ਉਸੇ ਦਾ ਰੰਗ ਹੈ ਜੋ ਕਿ ਗਿਆਨ ਦੇ ਰੂਪ ਵਿੱਚ ਹੈ। ਇਸ ਦੀ ਸੋਝੀ **“ਸਾਧਸੰਗਿ”** ਦੁਆਰਾ ਹੀ ਪੈਂਦੀ ਹੈ। ਹੇਠ ਦਿੱਤੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਾਧਸੰਗਿ ਬਿਨਸੈ ਸਭ ਸੰਗੁ॥”

ਸਾਧਸੰਗਤਿ ਦਾ ਮਕਸਦ ਤੇ ਸਾਨੂੰ ਹਰ ਦੂਜੇ ਸੰਗ ਨਾਲੋਂ ਤੋੜਨ ਦਾ ਹੈ। ਫਿਰ ਧਿਆਨ ਨਾਲ ਸੋਚੋ ਕਿ ਇਹ ਕਿਹੋ ਜਿਹਾ ਸੰਗ ਹੋਇਆ ਜਿਸ ਦੇ ਹੋਣ ਨਾਲ ਸਾਡਾ ਹਰ ਕਿਸੇ ਨਾਲ ਸੰਗ ਬਿਨਸ ਜਾਂਦਾ ਹੈ ਭਾਵ ਟੁੱਟ ਜਾਂਦਾ ਹੈ। ਜੇਕਰ ਸਾਨੂੰ ਸਾਧਸੰਗ ਦੀ ਸਮਝ ਹੈ ਤਾਂ ਫਿਰ ਹੋਰ ਸੰਗ ਦਾ ਹੋਣਾ ਕੀ ਹੈ ਇਹ ਵੀ ਸਮਝ ਲੱਗ ਜਾਂਦੀ ਹੈ। ਸਾਧ ਗੁਰੂ ਹੈ ਤੇ ਗੁਰੂ ਦੀ ਸੰਗਤ ਅਸੀਂ ਕਿਸ ਰੂਪ ਵਿੱਚ ਕਰਨੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। “ਗੁਰੂ” ਗੁਰੂ ਦੀ ਮਤਿ ਹੈ, ਗੁਰੂ ਦੇ ਬੋਲ ਹਨ, ਗੁਰੂ ਦੇ ਬਚਨ ਹਨ ਜਿੰਨ੍ਹਾਂ ਦੀ ਸੰਗਤਿ ਦੁਆਰਾ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ ਭਾਵ ਜਿਸ ਦੀ ਸੰਗਤਿ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਸੱਚੇ ਗਿਆਨ ਦੀ ਸੰਗਤਿ ਨਾਲ ਹੀ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ। ਗੁਰੂ ਦਾ ਹਰ ਬੋਲ ਸੱਚਾ ਬੋਲ ਹੈ ਜਿਸ ਵਿੱਚ ਸੱਚਾ ਗਿਆਨ ਹੈ। ਇਹ ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕਿਸੇ ਕੋਲ ਉਹ ਸੱਚਾ ਗਿਆਨ ਨਹੀਂ ਹੈ ਜੋ ਸਾਨੂੰ ਪ੍ਰਮਾਤਮਾ ਦਾ ਮਾਰਗ ਦਿਖਾ ਸਕੇ। ਗੁਰੂ ਤੋਂ ਇਲਾਵਾ ਹਰ ਕੋਈ ਮਨਮਤਿ ਵਿੱਚ ਹੈ, ਤ੍ਰੈਗੁਣਾਂ ਵਿੱਚ ਹੈ। ਕਿਸੇ ਵੀ ਹੋਰ ਦੇ ਬੋਲਾਂ ਦੀ ਸੰਗਤਿ ਕਰਨ ਨਾਲ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਪ੍ਰਮਾਤਮਾ ਦੇ ਮਾਰਗ ਤੇ ਕੇਵਲ

ਅਸੀਂ ਗੁਰਮਤਿ ਦੀ ਸੰਗਤਿ ਦੁਆਰਾ ਹੀ ਚੱਲ ਸਕਦੇ ਹਾਂ। ਗੁਰਮਤਿ ਸਾਨੂੰ ਪ੍ਰਮਾਤਮਾ ਦੇ ਸੱਚੇ ਗੁਣ ਹੀ ਸਿਖਾਉਂਦੀ ਹੈ ਤੇ ਔਗੁਣ ਤਿਆਗਣ ਲਈ ਸਮਝਾਉਂਦੀ ਹੈ। ਜੋ ਕੁਝ ਸਾਨੂੰ ਗੁਰਮਤਿ ਸਮਝਾਉਂਦੀ ਹੈ ਉਸੇ ਵਿੱਚ ਗੁਣ ਹੈ ਤੇ ਸੱਚ ਹੈ ਭਾਵ ਉਸੇ ਅਨੁਸਾਰ ਵਿਚਰਨਾ ਸਾਡਾ ਗੁਣੀ ਬਣ ਕੇ ਵਿਚਰਨਾ ਹੈ, ਸੱਚ ਦੁਆਰਾ ਵਿਚਰਨਾ ਹੈ। ਗੁਰਮਤਿ ਦੇ ਉਲਟ ਅਸੀਂ ਜੋ ਕੁੱਝ ਕਰਦੇ ਹਾਂ ਉਹ ਸਾਡਾ ਔਗੁਣ ਹੈ, ਝੂਠ ਹੈ ਜਿਸ ਦੁਆਰਾ ਸਾਡੀ ਹਉਮੈ ਹੀ ਵੱਧਦੀ ਹੈ, “ਮੈਂ” ਹੀ ਵੱਧਦੀ ਹੈ ਭਾਵ ਪ੍ਰਮਾਤਮਾ ਨਾਲੋਂ ਦੂਰੀ ਹੀ ਵੱਧਦੀ ਹੈ। ਗੁਰਮਤਿ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ। ਜਿਤਨਾ ਅਸੀਂ ਗੁਰਮਤਿ ਦੇ ਨੇੜੇ ਹੁੰਦੇ ਹਾਂ ਉਤਨਾ ਹੀ ਅਸੀਂ ਪ੍ਰਮਾਤਮਾ ਦੇ ਨੇੜੇ ਲੱਗਦੇ ਹਾਂ, ਉਸ ਸੱਚੇ ਗੁਰੂ ਦੇ ਨੇੜੇ ਲੱਗਦੇ ਹਾਂ। ਇੱਕ ਵਾਰੀ ਸਾਧਸੰਗਤਿ ਹੋਣ ਤੋਂ ਬਾਅਦ ਭਾਵ ਮਨ ਦੇ ਵਿੱਚ ਉਸ ਗੁਰੂ ਪ੍ਰਮਾਤਮਾ ਦੇ ਨਾਲ, ਉਸਦੇ ਸੱਚੇ ਗਿਆਨ ਦੇ ਨਾਲ, ਗੁਰਮਤਿ ਦੇ ਨਾਲ ਸੰਗਤਿ ਹੋਣ ਤੋਂ ਬਾਅਦ ਫਿਰ ਮਨੁੱਖ ਇਸੇ ਸੰਗਤਿ ਦੇ ਅਨੁਸਾਰ ਹੀ ਵਿਚਰਦਾ ਹੈ ਜੋ ਕਿ ਪ੍ਰਮਾਤਮਾ ਦੇ ਮਾਰਗ ਤੇ ਚੱਲਦਾ ਹੈ। ਇਸ ਸੱਚੇ ਗਿਆਨ ਦੀ ਪ੍ਰਾਪਤੀ ਦੇ ਦੁਆਰਾ ਮਨੁੱਖ ਦੀ ਬਾਕੀ ਹਰ ਉਹ ਸੰਗਤਿ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੀ ਉਸ ਨਾਲੋਂ ਸੰਗ ਬਿਨਸ ਜਾਂਦਾ ਹੈ ਭਾਵ ਟੁੱਟ ਜਾਂਦਾ ਹੈ। ਮਨ ਵਿੱਚ ਪ੍ਰਮਾਤਮਾ ਕੋਲੋਂ ਸਿੱਧੀ ਸੋਝੀ ਮਿਲਣ ਤੋਂ ਬਾਅਦ ਫਿਰ ਹੋਰ ਕਿਸੇ ਦੀ ਦਿੱਤੀ ਹੋਈ ਸੋਝੀ, ਧਰਮ ਦੇ ਮਾਰਗ ਤੇ ਦੱਸੀ ਹੋਈ ਗੱਲ ਕਬੂਲ ਨਹੀਂ ਹੁੰਦੀ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੀ। ਉਸ ਤੋਂ ਬਾਅਦ ਜੇਕਰ ਕੋਈ ਸਰੀਰਕ ਜਪਾਂ ਤਪਾਂ ਦੁਆਰਾ ਪ੍ਰਮਾਤਮਾ ਦੇ ਮਾਰਗ ਤੇ ਚੱਲਣਾ ਸਮਝਾਉਂਦਾ ਹੈ ਤਾਂ ਉਹ ਕਦੇ ਵੀ ਕਬੂਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ

ਨੂੰ ਪ੍ਰਮਾਤਮਾ ਦੀ ਭਗਤੀ ਸਮਝਣਾ ਕੇਵਲ ਇੱਕ ਭਰਮ ਹੀ ਨਜ਼ਰ ਆਉਂਦਾ ਹੈ ਭਾਵ ਇੱਕੋ ਜਿਹੀਆਂ ਗੱਲਾਂ ਸਮਝਾਉਣ ਵਾਲੇ ਭਰਮੇ ਹੋਏ ਹੀ ਨਜ਼ਰ ਆਉਂਦੇ ਹਨ। ਜਿਸ ਗੱਲ ਨੂੰ ਗੁਰਬਾਣੀ ਵਿੱਚ ਭਰਮ ਦੱਸਿਆ ਹੈ ਉਹ ਹਕੀਕਤ ਵਿੱਚ ਭਰਮ ਹੀ ਹੈ ਜਿਸ ਦੀ ਸੋਝੀ ਸਾਧਸੰਗਤਿ ਦੁਆਰਾ ਪੈਂਦੀ ਹੈ ਕਿਉਂਕਿ ਇਹ ਸੋਝੀ ਸਿੱਧੀ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ ਜਿਸ ਦਾ ਮਕਸਦ ਹੀ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ। **(ਸਾਧਸੰਗਿ ਬਿਨਸੈ ਸਭ ਸੰਗੁ॥)**

ਜੋ ਸਾਧ ਹੈ ਉਹੀ ਸੰਗਤ ਹੈ ਦੋਨਾਂ ਤੋਂ ਭਾਵ ਗੁਰੂ ਨਾਲ ਹੈ, ਪ੍ਰਮਾਤਮਾ ਦੇ ਨਾਲ ਹੈ। ਸਾਧਸੰਗਤਿ ਜਾਂ ਸੰਤਸੰਗਿ ਸਾਡੇ ਮਨ ਵਿੱਚ ਹੀ ਹੁੰਦਾ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਇਹੀ ਨਾਮ ਦੀ ਪ੍ਰਾਪਤੀ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਇਹੀ ਨਾਮ ਦੀ ਪ੍ਰਾਪਤੀ ਹੈ ਜਿਸ ਦੁਆਰਾ ਅਸੀਂ ਨਾਮ

ਦੇ ਨਾਲ, ਗੁਰਮਤਿ ਦੇ ਨਾਲ ਜੁੜਦੇ ਹਾਂ। ਆਓ ਇਹੀ ਗੱਲ ਅਗਲੇ ਸ਼ਬਦ ਰਾਹੀਂ ਸਮਝੀਏ ਤੇ ਸਾਧਸੰਗਤਿ ਦਾ ਭੁਲੇਖਾ ਮਨ ਵਿੱਚੋਂ ਕੱਢੀਏ ਤੇ ਦੁਨਿਆਵੀ ਸੰਤਾਂ ਤੋਂ ਬਚੀਏ।

“ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥ ਅਨਿਕ ਰੰਗ ਨਾਨਾ ਦ੍ਰਿਸਟਾਹਿ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਨਾਨਕ ਤਿਸੁ ਜਨ ਸੋਝੀ ਪਾਏ॥੧॥”

(ਅੰਗ ੨੯੩)

ਸੰਤਸੰਗਿ ਜਾਂ ਸਾਧਸੰਗਿ ਇੱਕੋ ਹੀ ਗੱਲ ਹੈ ਜਿਸ ਦੁਆਰਾ ਸਾਡੇ ਜੀਵਨ ਦਾ ਮਨੋਰਥ ਪੂਰਾ ਹੁੰਦਾ ਹੈ ਭਾਵ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਸੰਤ ਦਾ ਸੰਗਿ ਹੋਣਾ ਜਾਂ **“ਨਾਮੁ”** ਦਾ ਸੰਗਿ ਹੋਣਾ ਇੱਕੋ ਹੀ ਗੱਲ ਹੈ। ਦੋਨਾਂ ਦਾ ਭਾਵ ਪ੍ਰਮਾਤਮਾ ਦੇ ਨਾਲ ਸੰਗਤਿ ਹੈ ਭਾਵ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਦੇ ਨਾਲ ਸੰਗਿ ਹੈ, ਉਸ ਦੇ ਸੱਚੇ ਗਿਆਨ ਦੇ ਨਾਲ ਸੰਗਿ ਹੈ ਜੋ ਉਸਨੇ ਸਾਨੂੰ ਗੁਰਬਾਣੀ ਰੂਪ ਸੰਤ ਦੇ ਰਾਹੀਂ ਦਿੱਤਾ ਹੋਇਆ ਹੈ, ਨਾਮ ਦੇ ਰੂਪ ਵਿੱਚ ਦਿੱਤਾ ਹੋਇਆ ਹੈ। ਪ੍ਰਮਾਤਮਾ ਦਾ ਨਾਮ ਭਾਵ ਉਸਦੀ ਗੁਰਬਾਣੀ ਰਾਹੀਂ ਦਿੱਤੀ ਹੋਈ ਸੱਚੀ ਮਤਿ ਸਾਨੂੰ ਤਾਂ ਹੀ ਮਿੱਠੀ ਲੱਗਦੀ ਹੈ, ਚੰਗੀ ਲੱਗਦੀ ਹੈ ਜਦੋਂ ਸਾਡਾ ਉਸਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਦੋਂ ਸਾਡੀ ਸੋਝੀ ਗੁਰਮਤਿ ਦੇ ਨਾਲ ਜੁੜ ਜਾਂਦੀ ਹੈ। ਸੰਤ ਦੇ ਨਾਲ ਮੇਲ ਗੁਰਮਤਿ ਦੇ ਨਾਲ ਮੇਲ ਹੈ ਜਿਸ ਤੋਂ ਬਾਅਦ ਮਨੁੱਖ ਨੂੰ ਗੁਰਮਤਿ ਦੁਆਰਾ ਵਿਚਰਨਾ ਚੰਗਾ ਲੱਗਦਾ ਹੈ। **(ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥)** ਇਸ ਅਵੱਸਥਾ ਤੋਂ ਬਾਅਦ ਮਨੁੱਖ ਉਸ ਦੇ ਭਾਣੇ ਵਿੱਚ ਆ ਜਾਂਦਾ ਹੈ ਤੇ ਪ੍ਰਮਾਤਮਾ ਜੋ ਕੁੱਝ ਵੀ ਕਰਦਾ ਹੈ ਫਿਰ ਮਨੁੱਖ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਭਾਵ ਪ੍ਰਮਾਤਮਾ ਦੀ ਕਿਸੇ ਗੱਲ ਤੇ ਫਿਰ ਰੋਸ ਨਹੀਂ ਹੁੰਦਾ ਕਿਉਂਕਿ ਪ੍ਰਮਾਤਮਾ ਜੋ ਕੁੱਝ ਵੀ ਕਰਦਾ ਹੈ ਉਸੇ ਵਿੱਚ ਪ੍ਰਮਾਤਮਾ ਦੀ ਰਜ਼ਾ ਹੁੰਦੀ ਹੈ। ਉਸ ਦੀ ਰਜ਼ਾ ਵਿੱਚ ਰਹਿਣਾ ਹੀ ਗੁਰਮਤਿ ਵਿੱਚ ਰਹਿਣਾ ਹੈ, ਉਸ ਦੇ ਹੁਕਮ ਵਿੱਚ ਰਹਿਣਾ ਹੈ। ਉਸਦੀ ਗੁਰਮਤਿ ਉਸ ਦਾ ਹੁਕਮ ਹੀ ਹੈ ਜਿਸ ਵਿੱਚ ਉਹ ਆਪ ਹੀ ਚਲਾਉਂਦਾ ਹੈ, ਮਿੱਠਾ ਕਰਕੇ ਮਨਾਉਂਦਾ ਹੈ। ਇਹੀ “**ਨਾਮ**” ਨੂੰ ਮਿੱਠਾ ਕਰਕੇ ਮੰਨਣਾ ਹੈ, ਉਸਦਾ ਨਾਮ ਜਪਣਾ ਹੈ।

{ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥੨॥੪੨॥੯੩॥}

(ਅੰਗ ੩੯੪)

ਜਦੋਂ ਸੰਤਸੰਗਿ ਹੋਣ ਨਾਲ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ ਫਿਰ ਸਾਨੂੰ ਪ੍ਰਮਾਤਮਾ ਬਾਰੇ ਕੀ ਸੋਝੀ ਪੈਂਦੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਗਲ ਸਮਿਗ੍ਰੀ ਏਕਸੁ ਘਟ ਮਾਹਿ॥ ਅਨਿਕ ਰੰਗ ਨਾਨਾ ਦ੍ਰਿਸਟਾਹਿ॥”

ਮਨ ਦੇ ਵਿੱਚੋਂ ਉਹ ਸਾਰੀ ਸ੍ਰਿਸ਼ਟੀ ਦਾ ਮਾਲਕ ਹੀ ਨਜ਼ਰ ਆਉਂਦਾ ਹੈ ਜਿਸ ਦੁਆਰਾ ਇਹ ਸੋਝੀ ਪੈਂਦੀ ਹੈ ਕਿ ਸ੍ਰਿਸ਼ਟੀ ਦੀ ਹਰ ਵਸਤੂ ਦਾ

16/1705

ਮਾਲਕ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਜੋ ਸਾਡੇ ਘਰ ਦੇ ਅੰਦਰ ਹੈ ਭਾਵ ਜਿਸ ਦੇ ਸਾਨੂੰ ਮਨ ਦੇ ਅੰਦਰੋਂ ਦਰਸ਼ਨ ਹੁੰਦੇ ਹਨ ਫਿਰ ਹਰ ਵਸਤੂ ਵਿੱਚ ਉਸਦਾ ਰੂਪ ਹੀ ਨਜ਼ਰ ਆਉਂਦਾ ਹੈ, ਕੇਵਲ ਇੱਕ ਉਸੇ ਦੀ ਹੋਂਦ ਨਜ਼ਰ ਆਉਂਦੀ ਹੈ। ਹਰ ਰੰਗ ਵਿੱਚ, ਹਰ ਰੂਪ ਵਿੱਚ ਉਹ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਤੇ ਇਸਦੀ ਸੋਝੀ ਉਹ ਆਪ ਹੀ ਪਾਉਂਦਾ ਹੈ ਭਾਵ ਹਰ ਵਸਤੂ ਵਿੱਚ ਆਪਣਾ ਰੂਪ ਆਪ ਦੀ ਦਿਖਾਉਂਦਾ ਹੈ ਜਿਸ ਦੁਆਰਾ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਭਰਮ ਵਿੱਚ ਰਹਿੰਦੇ ਹੋਏ ਉਸਦੇ ਇਸ ਰੂਪ ਨੂੰ ਕੋਈ ਨਹੀਂ ਜਾਣ ਸਕਦਾ। ਉਹ ਆਪਣਾ ਆਪ, ਆਪ ਹੀ ਜਣਾਉਂਦਾ ਹੈ। **(ਸਗਲ ਸਮਿਗ੍ਰੀ ਏਕਸੁ ਘਟ ਮਾਹਿ॥ ਅਨਿਕ ਰੰਗ ਨਾਨਾ ਦ੍ਰਿਸਟਾਹਿ॥)** ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਇਸ ਗੱਲ ਨੂੰ ਜਾਣਿਆ ਹੈ ਪ੍ਰਮਾਤਮਾ ਆਪ ਹੀ "**ਨਾਮੁ**" ਹੈ, "**ਅੰਮ੍ਰਿਤੁ**" ਹੈ, ਉਹ ਸਾਡੇ ਅੰਦਰ ਹੀ ਵੱਸਦਾ ਹੈ ਤੇ ਉਸਦੇ ਨਾਲ ਮੇਲ ਵੀ ਮਨ ਦੇ ਵਿੱਚ ਹੀ ਹੁੰਦਾ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥"

ਇਹ ਸਾਡੀ ਸੰਤਸੰਗਿ ਦੀ ਅਵੱਸਥਾ ਹੈ, ਸਾਧਸੰਗਤਿ ਦੀ ਅਵੱਸਥਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਉਸ ਦਾ ਨਾਮ ਨਉ ਨਿਧਿਆਂ ਦਾ ਖਜ਼ਾਨਾ ਹੈ ਭਾਵ ਬਹੁਤ ਵੱਡਾ ਖਜ਼ਾਨਾ ਹੈ, ਅਮੁਲ ਖਜ਼ਾਨਾ ਹੈ ਜਿਸ ਨੂੰ ਪਾਉਣ ਤੋਂ ਬਾਅਦ ਕਿਸੇ ਹੋਰ ਖਜ਼ਾਨੇ ਦੀ ਤ੍ਰਿਸ਼ਨਾ ਨਹੀਂ ਰਹਿੰਦੀ। ਇਹ ਉਸਦੇ ਸੱਚੇ ਗੁਣਾਂ ਦਾ ਖਜ਼ਾਨਾ ਹੈ ਜਿਸ ਦੀ ਸੋਝੀ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਉਹ ਆਪ ਹੀ ਪਾਉਂਦਾ ਹੈ। ਇਹ ਚੌਥੇ ਪਦ ਦੇ ਗਿਆਨ ਦਾ ਖਜ਼ਾਨਾ ਹੈ, ਬ੍ਰਹਮ ਗਿਆਨ ਦਾ ਖਜ਼ਾਨਾ ਹੈ, ਗੁਰਮਤਿ ਦਾ ਖਜ਼ਾਨਾ ਹੈ ਜਿਸ ਦੁਆਰਾ ਗੁਰਬਾਣੀ ਸਭ ਤੋਂ ਵੱਡੇ ਖਜ਼ਾਨੇ ਦੀ ਮਾਲਕ ਹੈ। ਇਹ ਖਜ਼ਾਨਾ ਸਾਨੂੰ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ, ਉਸਦੇ ਨਾਮ ਦੇ ਰੂਪ ਵਿੱਚ ਮਿਲਦਾ ਹੈ ਤੇ ਆਪ ਪ੍ਰਮਾਤਮਾ ਉਸ ਖਜ਼ਾਨੇ ਦੇ ਰੂਪ ਵਿੱਚ ਹੀ ਮਿਲਦਾ ਹੈ। ਇਹ ਖਜ਼ਾਨਾ ਹੀ ਉਸਦਾ **"ਅੰਮ੍ਰਿਤੁ"** ਹੈ ਜਿਸ ਅੰਮ੍ਰਿਤ ਦੁਆਰਾ ਗੁਰਬਾਣੀ ਭਰਪੂਰ ਹੈ। ਇਸ ਨਾਮ ਰੂਪ ਖਜ਼ਾਨੇ ਦਾ ਟਿਕਾਣਾ ਸਾਡਾ ਮਨ ਹੈ ਜਿੱਥੋਂ ਇਸਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੈ ਫਿਰ ਉਸਨੂੰ ਕਿਸੇ ਹੋਰ ਜਗ੍ਹਾਂ ਤੇ ਨਹੀਂ ਜਾਣਿਆ ਜਾ ਸਕਦਾ। ਉਹ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਵੱਸਦਾ ਹੈ, ਮਨ ਦੇ ਵਿੱਚ ਵੱਸਦਾ ਹੈ ਤੇ ਕੇਵਲ ਉੱਥੋਂ ਹੀ ਉਸਨੂੰ ਪਾਇਆ ਜਾ ਸਕਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕਿਰਪਾ ਤੇ ਨਿਰਭਰ ਹੈ। **(ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥)** ਸਾਡੀ ਦੇਹੀ ਵਿੱਚ ਪ੍ਰਮਾਤਮਾ ਕਿਸ

16/1706

ਰੂਪ ਵਿੱਚ ਵੱਸਦਾ ਹੈ ਤੇ ਉਸ ਦੀ ਸੋਝੀ ਕਿਹਨਾਂ ਨੂੰ ਪੈਂਦੀ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥}

(ਅੰਗ ੨੬੨)

ਜਿਹੜੀ ਪੰਗਤੀ ਅਸੀਂ ਪਹਿਲੇ ਸਮਝੀ ਹੈ, ਉਸ ਵਿੱਚ ਤੇ ਉੱਪਰ ਉਹੋ ਦਿੱਤੀ ਪੰਗਤੀ ਵਿੱਚ ਕੀ ਫਰਕ ਹੋ ਸਕਦਾ ਹੈ, ਕੇਵਲ ਸਮਝਣ ਦੀ ਲੋੜ ਹੈ। ਸੁਖਮਨੀ ਬਾਣੀ ਅਸੀਂ ਅਕਸਰ ਪੜ੍ਹਦੇ ਹਾਂ ਤੇ ਇੱਥੇ ਸਾਨੂੰ ਇਹੀ ਸਮਝਾਇਆ ਹੈ ਕਿ ਸਾਰੀ ਸੁਖਮਨੀ ਬਾਣੀ ਅੰਮ੍ਰਿਤ ਨਾਮ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣ ਦਾ ਮਾਰਗ ਸਮਝਾਉਂਦੀ ਹੈ। ਜੋ ਕੁੱਝ ਸਾਨੂੰ ਸਾਰੀ ਗੁਰਬਾਣੀ ਵਿੱਚ ਸਮਝਾਇਆ ਗਿਆ ਹੈ ਉਹੀ ਸਾਨੂੰ ਭਾਵ ਉਹੀ ਜਿਹੀ ਸਿੱਖਿਆ ਸਾਨੂੰ ਸੁਖਮਨੀ ਸਾਹਿਬ ਜੀ ਦੀ ਬਾਣੀ ਰਾਹੀਂ ਦਿੱਤੀ ਹੋਈ ਹੈ।ਸਾਰੀ ਗੁਰਬਾਣੀ ਅੰਮ੍ਰਿਤ ਨਾਮ ਹੈ ਤੇ ਉਹੀ ਕੁੱਝ ਸੁਖਮਨੀ ਬਾਣੀ ਹੈ ਜੋ ਸਾਨੂੰ ਪ੍ਰਮਾਤਮਾ ਦਾ ਸੱਚਾ ਗਿਆਨ ਸੁਣਾ ਰਹੀ ਹੈ। ਬਾਣੀ ਬਾਣੀ ਵਿੱਚ ਕੋਈ ਭੇਦ ਨਹੀਂ ਹੈ ਕਿ ਕਿਸ ਬਾਣੀ ਨੂੰ ਪੜ੍ਹਨ ਦਾ ਜਿਆਦਾ ਮਹੱਤਵ ਹੈ, ਫਾਇਦਾ ਹੈ ਤੇ ਕਿਸ ਅੰਮ੍ਰਿਤ ਬਾਣੀ ਨੂੰ ਪੜ੍ਹਨ ਦਾ ਘੱਟ ਫਾਇਦਾ ਹੈ, ਘੱਟ ਮਹੱਤਵ ਹੈ। ਪੂਰੀ ਗੁਰਬਾਣੀ ਸਾਨੂੰ ਸੱਚੀ ਸਿੱਖਿਆ ਹੀ ਸੁਣਾ ਰਹੀ ਹੈ ਜਿਸ ਵਿੱਚ ਕਦੇ ਭੇਦ ਨਹੀਂ ਸਮਝਣਾ ਚਾਹੀਦਾ। ਇਹੋ ਜਿਹੇ ਭੇਦ ਕਰਨੇ ਸਾਡੀ ਤ੍ਰੈਗੁਣਾਂ ਵਾਲੀ ਨਿਸ਼ਾਨੀ ਹੈ, ਭਰਮ ਦੀ ਨਿਸ਼ਾਨੀ ਹੈ। ਪ੍ਰਮਾਤਮਾ ਦੇ ਨਾਮ ਦਾ ਬਿਸ਼ਰਾਮ ਸਾਡੇ ਅੰਦਰ ਕਿਸ ਜਗ੍ਹਾਂ ਤੇ ਹੁੰਦਾ ਹੈ ਤੇ ਕਿਸ ਅਵੱਸਥਾ ਵਿੱਚ ਹੁੰਦਾ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥”

ਮਨ ਦੇ ਵਿੱਚ ਨਾਮ ਦੀ ਸੋਝੀ ਉਸਦੇ ਭਗਤ ਜਨਾ ਨੂੰ ਹੀ ਪੈਂਦੀ ਹੈ। ਉਸਦਾ ਭਗਤ ਹੋਣਾ ਕੀ ਹੈ ਇਸ ਗੱਲ ਨੂੰ ਵੀ ਸਮਝਿਆ ਜਾ ਸਕਦਾ ਹੈ। ਉਸਦੇ ਭਗਤ ਉਹੀ ਹੋਏ ਹਨ ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ, ਗੁਰਬਾਣੀ ਰਾਹੀਂ ਨਾਮ ਦੀ ਸੋਝੀ ਪਾਈ ਹੈ। ਨਾਮ ਤਾਂ ਸਾਡੇ ਸਭ ਦੇ ਅੰਦਰ ਹੀ ਹੈ, ਹਰ ਵਸਤੂ ਦੇ ਅੰਦਰ ਹੀ ਹੈ, ਹਰ ਵਸਤੂ ਵਿੱਚ ਨਾਮ ਹੀ ਭਰਪੂਰ ਹੈ ਭਾਵ ਪ੍ਰਮਾਤਮਾ ਸਭ ਦੇ ਅੰਦਰ ਹੀ ਹੈ ਪਰ ਉਸਦੇ ਟਿਕਾਣੇ ਦੀ ਸੋਝੀ, ਸਾਡੇ ਅੰਦਰ ਉਸਦੇ ਵੱਸਣ ਦੀ ਸੋਝੀ ਕੇਵਲ ਉਸਦੇ ਭਗਤ ਰੂਪ ਵਿੱਚ ਹੀ ਪੈਂਦੀ ਹੈ ਜਿੰਨ੍ਹਾਂ ਸਰੀਰਾਂ ਰਾਹੀਂ ਉਹ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰ ਦਿੰਦਾ ਹੈ। ਹਰ ਕਿਸੇ ਵਿੱਚ ਪ੍ਰਮਾਤਮਾ ਗੁਪਤ ਰੂਪ ਵਿੱਚ ਹੀ

16/1707

ਵਿਚਰਦਾ ਹੈ ਪਰ ਆਪਣੇ ਆਪ ਨੂੰ ਪ੍ਰਗਟ ਸੰਤ ਰੂਪ ਵਿੱਚ ਹੀ ਕਰਦਾ ਹੈ ਭਾਵ ਜਿਸ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਉਸ ਦਾ ਸਾਧ ਰੂਪ ਹੈ, ਸੰਤ ਰੂਪ ਹੈ। ਸੰਤ ਰੂਪ ਮਨੁੱਖ ਦਾ ਮਨ ਹੀ ਹੈ ਜੋ ਕਿ ਨਿਰਗੁਣ ਸਰੂਪ ਹੈ, ਜੋਤਿ ਸਰੂਪ ਹੈ ਜੋ ਕਿ ਪ੍ਰਮਾਤਮਾ ਆਪ ਹੈ। ਉਸਦਾ ਸੱਚਾ ਗਿਆਨ ਮਨ ਦੇ ਵਿੱਚੋਂ ਇਸ ਰੂਪ ਦੁਆਰਾ ਹੀ ਆਉਂਦਾ ਹੈ ਭਾਵ ਉਸਦੇ ਆਪਣੇ ਕੋਲੋਂ ਹੀ ਆਉਂਦਾ ਹੈ। ਇਸੇ ਲਈ ਪ੍ਰਮਾਤਮਾ ਆਪ ਹੀ ਸਾਧ ਹੈ, ਸੰਤ ਹੈ, ਗੁਰੂ ਹੈ ਜੋ ਕਿ ਅਸਲ ਵਿੱਚ ਉਸਦਾ ਨਿਰਗੁਣ ਰੂਪ ਹੈ। ਇਸੇ ਲਈ ਸ਼ਬਦ ਗੁਰੂ ਹੈ ਜੋ ਕਿ ਪ੍ਰਮਾਤਮਾ ਆਪ ਹੈ। ਸ਼ਬਦ ਨਿਰਗੁਣ ਰੂਪ ਵਿੱਚ ਗੁਰੂ ਹੈ ਤੇ ਦੇਹ ਕੇਵਲ ਉਸਨੂੰ ਆਪਣੇ ਅੰਦਰ ਟਿਕਾਉਣ ਲਈ ਹੈ, ਪ੍ਰਗਟ ਕਰਨ ਲਈ ਹੈ। ਸ਼ਬਦ ਹੀ ਨਾਮ ਹੈ ਤੇ ਨਾਮ ਹੀ ਗੁਰੂ ਹੈ, ਗੁਰਬਾਣੀ ਹੈ, ਆਪ ਪ੍ਰਮਾਤਮਾ ਹੈ।

ਜਿਹੜੇ ਮਨ ਵਿੱਚ ਨਾਮ ਦਾ ਬਿਸ਼੍ਰਾਮ ਹੈ, ਵਾਸਾ ਹੁੰਦਾ ਹੈ ਭਾਵ ਜਦੋਂ ਉਹ ਆਪਣੇ ਭਗਤ ਰੂਪ ਰਾਹੀਂ ਪ੍ਰਗਟ ਹੁੰਦਾ ਹੈ ਉਸ ਮਨ ਦੀ ਅਵੱਸਥਾ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥”

ਪ੍ਰਮਾਤਮਾ ਸਾਡੇ ਅੰਦਰ, ਨਾਮ ਸਾਡੇ ਅੰਦਰ ਕਿਸ ਅਵੱਸਥਾ ਵਿੱਚ ਹੈ ਭਾਵ ਉਸਦਾ ਟਿਕਾਣਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਇਹੀ ਉੱਪਰ ਪੰਗਤੀਆਂ ਰਾਹੀਂ ਸੋਝੀ ਪਾਈ ਹੋਈ ਹੈ ਜਿਸ ਦੀ ਸਮਝ ਕੇਵਲ ਉਸਦੇ ਭਗਤ ਰੂਪ ਰਾਹੀਂ ਹੀ ਪੈਂਦੀ ਹੈ, ਸਹਜ ਅਵੱਸਥਾ ਦੁਆਰਾ ਹੀ ਪੈਂਦੀ ਹੈ, ਚੌਥੇ ਪਦ ਵਿੱਚ ਹੀ ਪੈਂਦੀ ਹੈ ਭਾਵ ਮਨ ਦੇ ਵਿੱਚ ਸੰਤਸੰਗਿ ਹੋਣ ਤੋਂ ਬਾਅਦ ਉਸਦੇ ਦਰਸ਼ਨ ਕਰਕੇ ਹੀ ਪੈਂਦੀ ਹੈ ਕਿ ਇਸ ਮਨ ਦਾ ਸਰੂਪ ਕੀ ਹੈ। ਪ੍ਰਮਾਤਮਾ ਸਾਡੇ ਅੰਦਰ “**ਸੁੰਨ**” ਦੀ ਅਵੱਸਥਾ ਵਿੱਚ ਹੀ ਵਿਚਰਦਾ ਹੈ ਭਾਵ ਜਿੱਥੇ ਬਿਲਕੁਲ ਸੁੰਨਸਾਨ ਹੈ, ਜਿੱਥੇ ਕੋਈ ਕਿਸੇ ਤਰ੍ਹਾਂ ਦੀ ਆਵਾਜ਼ ਨਹੀਂ ਹੁੰਦੀ। ਪ੍ਰਮਾਤਮਾ ਨੇ ਆਪਣੀ ਸਮਾਧੀ ਸਾਡੇ ਅੰਦਰ ਇਸ ਸੁੰਨ ਦੀ ਅਵੱਸਥਾ ਰਾਹੀਂ ਹੀ ਲਗਾਈ ਹੋਈ ਹੈ ਜਿੱਥੋਂ ਉਸਦਾ ਅਨਹਦ ਨਾਦ ਸਦਾ ਹੀ ਨਿਕਲਦਾ ਰਹਿੰਦਾ ਹੈ, ਵੱਜਦਾ ਰਹਿੰਦਾ ਹੈ ਪਰ ਉਸਦੀ ਕੋਈ ਆਵਾਜ਼ ਨਹੀਂ ਨਿਕਲਦੀ। ਇਸ ਨਾਲ ਮਨ ਦੇ ਵਿੱਚ ਹਰ ਕੋਈ ਸੁਣਦਾ ਹੈ ਪਰ ਇਸ ਦੀ ਸੋਝੀ ਕਿਸੇ ਨੂੰ ਨਹੀਂ ਪੈਂਦੀ ਕਿ ਸਾਡੇ ਅੰਦਰ ਇਹ ਨਾਦ ਵਜਾਉਣ ਵਾਲਾ ਕੌਣ ਹੈ। ਇਹ ਸਾਡੇ ਮਨ ਦਾ ਨਾਦ ਹੈ ਜੋ ਸਾਡੇ ਮਨ ਦੀਆ ਸੋਚਾਂ ਰਾਹੀਂ ਵੱਜਦਾ ਰਹਿੰਦਾ ਹੈ ਤੇ ਇਹਨਾਂ ਸੋਚਾਂ ਦੀ ਕੋਈ ਆਵਾਜ਼ ਨਹੀਂ ਹੁੰਦੀ। ਮਨ ਦੇ ਵਿੱਚ ਇਹ ਸੋਚਾਂ

16/1708

ਹਰ ਵੇਲੇ ਉਪਜਦੀਆਂ ਰਹਿੰਦੀਆਂ ਹਨ ਜਿਹਨਾਂ ਉੱਪਰ ਸਾਡਾ ਕੋਈ ਵੱਸ ਨਹੀਂ ਹੁੰਦਾ। ਇਹ ਅਨਹਦ ਨਾਦ ਸਾਡੇ ਅੰਦਰ ਪ੍ਰਮਾਤਮਾ ਦਾ ਉਹ ਹੁਕਮ ਹੈ ਜੋ ਉਹ ਹਰ ਕਿਸੇ ਵਿੱਚ ਆਪ ਹੀ ਪਾ ਰਿਹਾ ਹੈ ਪਰ ਅਸੀਂ ਇਹਨਾਂ ਮਨ ਦੀਆਂ ਸੋਚਾਂ ਨੂੰ ਆਪਣੀਆਂ ਹੀ ਸਮਝਦੇ ਹਾਂ। ਮਨ ਦੇ ਇਸ ਨਾਦ ਨੂੰ ਜਾਨਣਾ ਹੀ ਕਿ ਇਹ ਨਾਦ ਕਿੱਥੋਂ ਆਉਂਦਾ ਹੈ ਇਹੀ ਸੰਸਾਰ ਦਾ ਸਭ ਤੋਂ ਵੱਡਾ ਅਚਰਜ ਹੈ, ਬਿਸਮਾਦ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਕਿ ਇਸਦੀ ਸੋਝੀ ਪੈਣਾ ਕੀ ਹੈ। ਇਸ ਦੀ ਸੋਝੀ ਪੈਣਾ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਸ ਅਚਰਜ ਨੂੰ ਕੇਵਲ ਉਸਦੇ ਭਗਤ ਰੂਪ ਵਿੱਚ ਹੀ ਜਾਣਿਆ ਜਾ ਸਕਦਾ ਹੈ, ਸੰਤਸੰਗਿ ਦੁਆਰਾ ਹੀ ਜਾਣਿਆ ਜਾ ਸਕਦਾ ਹੈ। **(ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥)**

ਇਸ ਅਚਰਜ ਨੂੰ ਕੌਣ ਦੇਖਦਾ ਹੈ ਤੇ ਕਿਵੇਂ ਦੇਖਦਾ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਨਾਨਕ ਤਿਸੁ ਜਨ ਸੋਝੀ ਪਾਏ॥੧॥”

ਉੱਪਰ ਪੰਗਤੀ ਰਾਹੀਂ ਬੜੇ ਧਿਆਨ ਨਾਲ ਸਮਝੋ ਕਿ ਉਸ ਅਚਰਜ ਨੂੰ ਦੇਖਣਾ, ਪ੍ਰਮਾਤਮਾ ਨੂੰ ਦੇਖਣਾ ਕੀ ਹੈ। ਕੀ ਉਹ ਕੋਈ ਸਰਗੁਣ ਸਰੂਪ ਹੈ, ਆਕਾਰ ਰੂਪ ਹੈ ਜਿਸਨੂੰ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ। ਪਹਿਲੀ ਗੱਲ ਤਾਂ ਸਮਝਣ ਦੀ ਇਹ ਹੈ ਕਿ ਆਪਣੇ ਆਪ ਨੂੰ ਉਹ ਆਪ ਹੀ ਦਿਖਾਉਂਦਾ ਹੈ ਭਾਵ ਆਪਣੀ ਇੱਛਾ ਨਾਲ, ਆਪਣੇ ਕਿਸੇ ਬਲ ਨਾਲ, ਜਪ ਤਪ ਨਾਲ, ਸਿਆਣਪ ਨਾਲ ਕੋਈ ਨਹੀਂ ਜਾਣ ਸਕਦਾ। ਉਹ ਕੇਵਲ ਤੇ ਕੇਵਲ ਆਪਣੀ ਕਿਰਪਾ ਨਾਲ ਹੀ ਆਪਣੇ ਦਰਸ਼ਨ ਦਿੰਦਾ ਹੈ, ਆਪਣਾ ਆਪ ਦਿਖਾਉਂਦਾ ਹੈ। ਉਹ ਆਪਣਾ ਆਪ ਕਿਵੇਂ ਦਿਖਾਉਂਦਾ ਹੈ ਇਸ ਗੱਲ ਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ।

“ਨਾਨਕ ਤਿਸੁ ਜਨ ਸੋਝੀ ਪਾਏ॥੧॥”

ਸੋਝੀ ਪੈਣ ਦੀ ਕੇਵਲ ਇੱਕੋ ਇੱਕ ਜਗ੍ਹਾਂ ਸਾਡਾ ਮਨ ਹੈ। ਪ੍ਰਮਾਤਮਾ ਜਿਸ ਨੂੰ ਵੀ ਆਪਣਾ ਆਪ ਦਿਖਾਉਂਦਾ ਹੈ ਉਸਨੂੰ ਮਨ ਦੇ ਵਿੱਚੋਂ ਸੋਝੀ ਦੁਆਰਾ ਹੀ ਆਪਣਾ ਆਪ ਦਿਖਾਉਂਦਾ ਹੈ ਭਾਵ ਪ੍ਰਮਾਤਮਾ ਕੇਵਲ ਮਨ ਦੀਆਂ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ। ਜਿਸ ਦਾ ਟਿਕਾਣਾ ਸਾਡਾ ਮਨ ਹੈ ਉਸਨੂੰ ਕੇਵਲ ਮਨ ਦੀ ਸੋਝੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਮਨ ਦੇ ਵਿੱਚ ਸੋਝੀ ਪਾਉਣ

ਵਾਲਾ ਪ੍ਰਮਾਤਮਾ ਆਪ ਹੈ ਫਿਰ ਪ੍ਰਮਾਤਮਾ ਦਾ ਰੂਪ ਕੀ ਹੋ ਸਕਦਾ ਹੈ। ਸੋਝੀ ਤਾਂ ਸਾਨੂੰ ਨਿਰਗੁਣ ਰੂਪ ਵਿੱਚ ਹੀ ਪੈਂਦੀ ਹੈ ਫਿਰ ਸੋਝੀ ਪਾਉਣ ਵਾਲਾ ਮਨ ਦੇ ਵਿੱਚ ਨਿਰਗੁਣ ਰੂਪ ਵਿੱਚ ਹੀ ਸਭ ਦੇ ਅੰਦਰ ਵੱਸਿਆ ਹੋਇਆ ਹੈ। ਉਹ ਆਪਣੇ ਆਪ ਦੀ ਸੋਝੀ ਪਾ ਕੇ ਆਪਣੇ ਗਿਆਨ ਦੇ ਵਿੱਚ ਹੀ ਰਲਾਉਂਦਾ ਹੈ, ਚੌਥੇ ਪਦ ਵਿੱਚ ਰਲਾਉਂਦਾ ਹੈ ਜੋ ਕਿ ਉਸਦਾ ਭਗਤ ਰੂਪ ਹੈ। ਪੂਰੀ ਗੁਰਬਾਣੀ ਉਸ ਦਾ ਭਗਤ ਰੂਪ, ਸੰਤ ਰੂਪ ਹੈ, ਸਾਧ ਰੂਪ ਹੈ ਜੋ ਕਿ ਮਨ ਦੇ ਵਿੱਚੋਂ ਹੀ ਪ੍ਰਗਟ ਹੋਇਆ ਹੈ। ਮਨ ਦੇ ਵਿੱਚ ਉਸਦੇ ਆਪ ਪ੍ਰਗਟ ਹੋਣ ਨਾਲ ਉਸਦਾ ਗੁਰਬਾਣੀ ਰੂਪ ਪ੍ਰਗਟ ਹੋਇਆ ਹੈ ਜੋ ਕਿ ਮਨ ਦੀ ਸੋਝੀ ਦੁਆਰਾ ਪ੍ਰਗਟ ਹੋਇਆ ਹੈ। ਚੌਥੇ ਪਦ ਦੀ ਸੋਝੀ ਦੇ ਵਿੱਚ ਪ੍ਰਮਾਤਮਾ ਆਪ ਹੈ ਤੇ ਇਸੇ ਲਈ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੈ। **(ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਨਾਨਕ ਤਿਸੁ ਜਨ ਸੋਝੀ ਪਾਏ॥੧॥)**

ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੈ ਜਿੱਥੇ ਉਸਦਾ ਸਭ ਦੇ ਅੰਦਰ ਵਾਸਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਇਹ ਮਨ ਹੀ ਪ੍ਰਮਾਤਮਾ ਦਾ ਮੰਦਿਰ ਹੈ, ਉਸਦਾ ਘਰ ਹੈ, ਉਸਦਾ ਸੱਚਖੰਡ ਹੈ, ਉਸਦੀ ਦਰਗਾਹ ਹੈ, ਉਸਦਾ ਬੈਕੁੰਠ ਹੈ। ਉਸਦਾ ਬੈਕੁੰਠ ਕੋਈ ਸਰਗੁਣ ਸਰੂਪ ਨਹੀਂ ਹੈ ਜੋ ਕਿ ਇੱਕ ਆਮ ਜਿਹੀ ਧਾਰਨਾ ਬਣੀ ਹੋਈ ਹੈ। ਬੈਕੁੰਠ ਸਾਡੇ ਅੰਦਰ ਹੀ ਹੈ ਜਿਸ ਵਿੱਚ ਅਸੀਂ ਸਾਧ-ਸੰਗਤਿ ਦੁਆਰਾ ਹੀ ਪਹੁੰਚਦੇ ਹਾਂ। ਸਾਧਸੰਗਤਿ ਦੀ ਸਮਝ ਜੇਕਰ ਸਾਨੂੰ ਲੱਗ ਗਈ ਹੈ ਫਿਰ ਬੈਕੁੰਠ ਸਮਝਣ ਵਿੱਚ ਵੀ ਸਾਨੂੰ ਮੁਸ਼ਕਿਲ ਨਹੀਂ ਹੋਵੇਗੀ, ਜੋ ਸਾਧਸੰਗਤਿ ਇੱਕ ਸ਼ਬਦ ਰਾਹੀਂ ਸਮਝਾਈ ਹੁੰਦੀ ਹੈ ਉਹ ਦੂਸਰੇ ਸ਼ਬਦ ਦੁਆਰਾ ਕਦੇ ਬਦਲ ਨਹੀਂ ਸਕਦੀ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਜੋ ਜਨ ਪਰਮਿਤਿ ਪਰਮਨੁ ਜਾਨਾ॥ ਬਾਤਨ ਹੀ ਬੈਕੁੰਠ ਸਮਾਨਾ॥੧॥
ਨਾ ਜਾਨਾ ਬੈਕੁੰਠ ਕਹਾ ਹੀ॥ ਜਾਨੁ ਜਾਨੁ ਸਭਿ ਕਹਹਿ ਤਹਾ ਹੀ॥੧॥ ਰਹਾਉ॥
ਕਹਨ ਕਹਾਵਨ ਨਹ ਪਤੀਅਈ ਹੈ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ॥੨॥
ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥੩॥
ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥੪॥੧੦॥”

(ਅੰਗ ੩੨੫)

ਪ੍ਰਮਾਤਮਾ ਨੂੰ ਪਾਉਣ ਵਿੱਚ ਸਾਡੀ ਸਭ ਤੋਂ ਵੱਡੀ ਭੁੱਲ ਉਸਦਾ ਕੋਈ ਸਰਗੁਣ ਰੂਪ ਟਿਕਾਣਾ ਸਮਝਣਾ ਹੈ। ਜੋ ਵੀ ਸਰਗੁਣ ਰੂਪ ਹੈ, ਆਕਾਰ ਰੂਪ ਹੈ ਭਾਵੇਂ ਉਹ ਕਿਤਨਾ ਵੀ ਵੱਡਾ ਹੋਵੇ ਉਸਦੀ ਕੋਈ ਨਾ ਕੋਈ ਹੱਦ ਜਰੂਰ ਬਣੇਗੀ ਭਾਵ ਮਿੱਤ ਜਰੂਰ ਬਣੇਗੀ। ਜੋ ਪ੍ਰਮਾਤਮਾ ਦੇ ਕਿਸੇ ਖੰਡ ਵਿੱਚ ਭਾਵ ਸੱਚਖੰਡ ਵਿੱਚ ਹੋਣ ਦੀ ਗੱਲ ਕਰਦਾ ਹੈ ਜਾਂ ਬੈਕੁੰਠ ਦੀ ਗੱਲ ਕਰਦਾ ਹੈ ਉਹ ਉਸਦਾ

ਕੋਈ ਸਰਗੁਣ ਟਿਕਾਣਾ ਹੀ ਸਮਝਦਾ ਹੈ ਭਾਵ ਪ੍ਰਮਾਤਮਾ ਨੂੰ ਕਿਸੇ ਹੱਦ ਬੰਨੇ ਵਿੱਚ ਬੰਨ੍ਹਦਾ ਹੈ ਪਰ ਪ੍ਰਮਾਤਮਾ ਦਾ ਕੋਈ ਹੱਦ ਬੰਨਾ ਨਹੀਂ ਹੈ, ਉਸਦਾ

16/1710

ਕੋਈ ਅੰਤ ਨਹੀਂ ਹੈ ਫਿਰ ਉਸਦਾ ਕੋਈ ਹੱਦ ਬੰਨਾ ਕਿਵੇਂ ਮਿਥਿਆ ਜਾ ਸਕਦਾ ਹੈ। ਜੋ ਇਹੋ ਜਿਹੀਆਂ ਗੱਲਾਂ ਕਰਦੇ ਹਨ ਉਹ ਮਨ ਤੋਂ ਬਾਹਰ ਦੀਆਂ ਗੱਲਾਂ ਕਰਦੇ ਹਨ, ਮਨ ਦੀ ਸਮਝ ਤੋਂ ਬਾਹਰ ਦੀਆਂ ਗੱਲਾਂ ਕਰਦੇ ਹਨ ਭਾਵ ਜਿਹਨਾਂ ਨੂੰ ਪ੍ਰਮਾਤਮਾ ਦੇ ਬੈਕੁੰਠ ਦੀ ਕੋਈ ਸਮਝ ਨਹੀਂ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਸਾਨੂੰ ਪ੍ਰਮਾਤਮਾ ਬਾਰੇ ਸੋਝੀ ਨਹੀਂ ਪੈ ਸਕਦੀ। ਪ੍ਰਮਾਤਮਾ ਦੇ ਬੈਕੁੰਠ ਦੀ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਦੀ ਆਪਣੀ ਹਉਮੈ ਮੁੱਕ ਜਾਂਦੀ ਹੈ, ਮੈਂ ਮੁੱਕ ਜਾਂਦੀ ਹੈ ਭਾਵ ਆਪਣੀ ਹੋਂਦ ਨਾ ਹੋਣ ਦੀ ਸੋਝੀ ਪੈ ਜਾਂਦੀ ਹੈ। ਮਨ ਵਿੱਚ ਸੋਝੀ ਉਸਦੇ ਚਰਨਾਂ ਦੇ ਨਿਵਾਸ ਦੁਆਰਾ ਪੈਂਦੀ ਹੈ ਭਾਵ ਉਸਦੇ ਸੱਚੇ ਗਿਆਨ ਦੇ ਨਿਵਾਸ ਦੁਆਰਾ ਪੈਂਦੀ ਹੈ, ਉਸਦੇ ਆਪਣੇ ਪ੍ਰਗਟ ਹੋਣ ਦੁਆਰਾ ਪੈਂਦੀ ਹੈ। ਕਿਸੇ ਬੈਕੁੰਠ ਵਿੱਚ ਜਾਣ ਦੀ ਗੱਲ ਉਹੀ ਕਰਦੇ ਹਨ ਜੋ ਹਉਮੈ ਵਿੱਚ ਹਨ ਤੇ ਜਿਹਨਾਂ ਨੂੰ ਸੱਚੇ ਗਿਆਨ ਦੀ ਸੋਝੀ ਨਹੀਂ ਪਈ। ਜਿਸ ਦੀ ਸਾਧਸੰਗਤਿ ਹੋ ਜਾਂਦੀ ਹੈ ਭਾਵ ਜਿਸਦਾ ਉਸ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ, ਉਹ ਸੱਚਖੰਡ ਵਿੱਚ ਪਹੁੰਚ ਜਾਂਦਾ ਹੈ ਜੋ ਕਿ ਉਸਦਾ ਮਨ ਦੇ ਵਿੱਚ ਨਿਰਗੁਣ ਰੂਪ ਟਿਕਾਣਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚਖੰਡ ਹੈ, ਬੈਕੁੰਠ ਹੈ ਜਿਸ ਰੂਪ ਵਿੱਚ ਉਹ ਸਦਾ ਹੀ ਉੱਥੇ ਨਿਰਗੁਣ ਰੂਪ ਵਿੱਚ ਪ੍ਰਗਟ ਹੈ, ਸ਼ਬਦ ਰੂਪ ਵਿੱਚ ਪ੍ਰਗਟ ਹੈ, ਸੱਚੇ ਗਿਆਨ ਦੇ ਰੂਪ ਵਿੱਚ ਪ੍ਰਗਟ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ ਗੁਰਬਾਣੀ ਦੀ ਸੰਗਤਿ ਪ੍ਰਮਾਤਮਾ ਦੇ ਨਾਲ ਹੋਈ ਹੋਈ ਹੈ, ਸਾਧ ਦੇ ਨਾਲ ਹੋਈ ਹੋਈ ਹੈ ਭਾਵ ਗੁਰਬਾਣੀ ਸਾਧਸੰਗਤਿ ਵਿੱਚ ਹੈ। ਇਸੇ ਕਰਕੇ ਗੁਰਬਾਣੀ ਸੱਚਖੰਡ ਹੈ ਭਾਵ ਉਸ ਸੱਚੇ ਦਾ ਖੰਡ ਹੈ, ਉਸ ਸੱਚੇ ਦਾ ਟਿਕਾਣਾ ਹੈ। ਮਨ ਦੇ ਵਿੱਚ ਵੀ ਸਾਧਸੰਗਤਿ ਇਸੇ ਨਿਰਗੁਣ ਰੂਪ ਵਿੱਚ ਹੁੰਦੀ ਹੈ ਜਿਸ ਦੁਆਰਾ ਅਸੀਂ ਸੱਚਖੰਡ ਵਿੱਚ, ਬੈਕੁੰਠ ਵਿੱਚ ਪਹੁੰਚਦੇ ਹਾਂ।

{ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ ਰਹਾਉ॥}

(ਅੰਗ ੧੨੨੬)

ਸਾਧਸੰਗਤਿ ਦੀ ਅਵੱਸਥਾ ਪੂਰਨ ਬ੍ਰਹਮ ਗਿਆਨ ਦੀ ਅਵੱਸਥਾ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਦੀ ਅਵੱਸਥਾ ਹੈ ਜੋ ਗੁਰਬਾਣੀ ਦੇ ਕੋਲ ਹੈ ਤੇ ਮਨ ਦੇ ਵਿੱਚ ਇਹ ਬ੍ਰਹਮ ਗਿਆਨ ਉਹ ਬ੍ਰਹਮ ਗਿਆਨੀ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ, ਸਾਧਸੰਗਤਿ ਦੁਆਰਾ ਪਾਉਂਦਾ ਹੈ।

16/1711

ਅਸੀਂ ਗੁਰੂ ਦੇ ਕੋਲ ਉਸਦੀ ਸੰਗਤਿ ਕਰਨ ਲਈ ਹੀ ਜਾਂਦੇ ਹਾਂ ਭਾਵ ਸਾਧ ਗੁਰੂ ਦੇ ਕੋਲ ਉਸਦੀ ਸੰਗਤਿ ਕਰਨ ਲਈ ਹੀ ਜਾਂਦੇ ਹਾਂ। ਜਿਵੇਂ ਕਿ ਅਸੀਂ ਵਾਰ-ਵਾਰ ਸਮਝਿਆ ਹੈ ਗੁਰੂ ਦੀ ਸੰਗਤਿ, ਸਾਧ ਦੀ ਸੰਗਤਿ ਉਸਦੇ ਬਚਨਾਂ ਦੀ ਸੰਗਤਿ ਹੈ, ਉਸਦੀ ਮਤਿ ਦੀ ਸੰਗਤਿ ਹੈ। ਅਸੀਂ ਗੁਰੂ ਦੇ ਨਾਲ ਸੰਗਤਿ ਕੇਵਲ ਸਰਗੁਣ ਰੂਪ ਵਿੱਚ ਹੀ ਕਰਦੇ ਹਾਂ ਭਾਵ ਗੁਰੂ ਕੋਲ ਜਾ ਕੇ, ਗੁਰੂ ਦੇ ਦੁਆਰੇ ਤੇ ਜਾ ਕੇ ਗੁਰੂ ਨੂੰ ਮੱਥਾ ਟੇਕਦੇ ਹਾਂ ਤੇ ਆਪਣੀ ਇੱਛਾ ਅਨੁਸਾਰ, ਸਮੇਂ ਅਨੁਸਾਰ ਉੱਥੇ ਬੈਠਦੇ ਹਾਂ ਤੇ ਉਸ ਦੀ ਗੱਲ ਨੂੰ ਸੁਣਦੇ ਹਾਂ। ਇਹੋ ਜਿਹੀ ਸੰਗਤਿ ਅਸੀਂ ਨਿਤਪ੍ਰਤੀ ਕਰਦੇ ਹਾਂ। ਮੁੱਖੋਂ ਬੋਲ-ਬੋਲ ਕੇ ਪਾਠ ਵੀ ਕਰਦੇ ਹਾਂ, ਕੀਰਤਨ ਆਦਿ ਵੀ ਕਰਦੇ ਹਾਂ, ਸੁਣਦੇ ਹਾਂ ਤੇ ਮੁੱਖੋਂ ਉਹ ਜਪ ਵੀ ਕਰਦੇ ਹਾਂ ਜਿਸ ਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ। ਇਹੋ ਜਿਹਾ ਜਪ ਕਰਨ ਨਾਲ ਅਸੀਂ ਆਪਣੀ ਜਿਹਬਾ ਦਾ ਰਸ ਮਾਣਦੇ ਹਾਂ, ਰਸਨਾ ਦਾ ਰਸ ਮਾਣਦੇ ਹਾਂ ਤੇ ਇਹਨਾਂ ਗੱਲਾਂ ਨੂੰ ਹੀ ਅਸੀਂ ਆਪਣਾ ਗੁਰੂ ਦੇ ਦਰਸ਼ਨ ਕਰਨਾ, ਭਗਤੀ ਦੇ ਮਾਰਗ ਤੇ ਚੱਲਣਾ ਸਮਝਦੇ ਹਾਂ। ਇਹੋ ਜਿਹਾ ਕਰਨ ਵਿੱਚ ਅਸੀਂ ਮਨੁੱਖੀ ਸੰਗਤਿ ਨੂੰ ਸਾਧਸੰਗਤਿ ਦਾ ਰੂਪ ਸਮਝਦੇ ਹਾਂ। ਗੁਰਬਾਣੀ ਵਿੱਚ ਸਾਨੂੰ ਕਿਹੋ ਜਿਹੀ ਸੰਗਤਿ ਕਰਨੀ ਸਮਝਾਈ ਹੈ ਭਾਵ ਸਾਡਾ ਸੰਗਤਿ ਕਰਨ ਦਾ ਮਕਸਦ ਕੀ ਹੈ ਆਓ ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

“ਮੂਰਖੁ ਹੋਇ ਨ ਆਖੀ ਸੂਝੈ॥ ਜਿਹਵਾ ਰਸੁ ਨਹੀ ਕਹਿਆ ਬੂਝੈ॥ ਬਿਖੁ ਕਾ ਮਾਤਾ ਜਗ ਸਿਉ ਲੂਝੈ॥੬॥
ਊਤਮ ਸੰਗਤਿ ਊਤਮੁ ਹੋਵੈ॥ ਗੁਣ ਕਉ ਧਾਵੈ ਅਵਗਣ ਧੋਵੈ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ॥੭॥
ਹੀਰਾ ਨਾਮੁ ਜਵੇਹਰ ਲਾਲੁ॥ ਮਨੁ ਮੋਤੀ ਹੈ ਤਿਸ ਕਾ ਮਾਲੁ॥ ਨਾਨਕ ਪਰਖੈ ਨਦਰਿ ਨਿਹਾਲੁ॥੮॥੫॥”

(ਅੰਗ ੪੧੪)

ਅਸੀਂ ਗੁਰੂ ਦੇ ਕੋਲ ਜਾ ਕੇ ਉਸ ਦੀ ਆਖੀ ਹੋਈ ਗੱਲ ਨੂੰ ਸੁਣਦੇ ਹਾਂ ਪਰ ਗੁਰੂ ਨੇ ਸਾਨੂੰ ਉਹ ਗੱਲ ਕਿਸ ਮਕਸਦ ਲਈ ਆਖੀ ਹੈ ਅਸੀਂ ਇਸ ਗੱਲ ਤੇ ਧਿਆਨ ਨਹੀਂ ਦਿੰਦੇ। ਅਸੀਂ ਬੋਲ ਬੋਲ ਕੇ ਬਾਣੀ ਨੂੰ ਪੜ੍ਹਦੇ ਹਾਂ ਤੇ ਮੁੱਖੋਂ ਕਿਸੇ ਅੱਖਰ ਦਾ ਜਪ ਕਰਦੇ ਹਾਂ, ਰਸਨਾ ਰਾਹੀਂ ਜਪ ਕਰਦੇ ਹਾਂ ਤੇ ਇਸੇ ਨੂੰ ਹੀ ਪ੍ਰਮਾਤਮਾ ਦੇ ਰਸ ਵਿੱਚ ਰਸਣਾ ਸਮਝਦੇ ਹਾਂ ਭਾਵ ਆਪਣੀ ਭਗਤੀ ਸਮਝਦੇ ਹਾਂ। ਗੁਰੂ ਨੇ ਜੋ ਗੱਲ ਸਾਨੂੰ ਬਾਣੀ ਦੇ ਰਾਹੀਂ ਸਮਝਾਈ ਹੈ ਸਾਡਾ ਫਰਜ਼ ਉਸਨੂੰ ਸਮਝਣ ਦਾ ਹੈ ਕਿ ਅਸੀਂ ਗੁਰੂ ਦੇ ਮਕਸਦ ਨੂੰ ਸਮਝੀਏ, ਉਸਦੀ ਕਹੀ ਹੋਈ ਗੱਲ ਨੂੰ ਆਪਣੇ ਅੰਦਰ ਬੁੱਝੀਏ ਭਾਵ ਉਸ ਤੇ ਅਮਲ ਕਰੀਏ। ਸਾਡੇ ਅੰਦਰ ਬਿਖ ਹੈ, ਔਗੁਣ ਹਨ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਜਿਸ ਦੁਆਰਾ ਅਸੀਂ ਦੂਸਰਿਆਂ ਦਾ ਮਾੜਾ ਕਰਦੇ ਹਾਂ, ਲੋਕਾਂ ਨਾਲ ਲੂਝਦੇ ਹਾਂ, ਝਗੜੇ ਪਾਉਂਦੇ ਹਾਂ। ਗੁਰੂ ਦਾ ਸਾਨੂੰ ਆਪਣੀ ਗੱਲ ਸੁਣਾਉਣ ਦਾ ਮਕਸਦ ਸਾਨੂੰ ਚੰਗਾ ਮਨੁੱਖ ਬਣਾਉਣ ਦਾ ਹੈ, ਸੰਸਾਰਿਕ ਝਗੜਿਆਂ ਵਿੱਚੋਂ ਕੱਢਣ ਦਾ ਹੈ ਜਿਹਨਾਂ ਦਾ ਮੂਲ ਸਾਡੇ ਅੰਦਰ ਦੇ ਔਗੁਣ ਹਨ, ਬਿਖ ਹੈ।

16/1712

“ਮੂਰਖੁ ਹੋਇ ਨ ਆਖੀ ਸੂਝੈ॥ ਜਿਹਵਾ ਰਸੁ ਨਹੀ ਕਹਿਆ ਬੂਝੈ॥ ਬਿਖੁ ਕਾ ਮਾਤਾ ਜਗ ਸਿਉ ਲੂਝੈ॥੬॥ ਊਤਮ ਸੰਗਤਿ ਊਤਮੁ ਹੋਵੈ॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਦੀ ਸੰਗਤਿ ਕਰਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ। **“ਊਤਮ ਸੰਗਤਿ”** ਤੋਂ ਭਾਵ ਹੈ ਸਭ ਤੋਂ ਚੰਗੀ ਸੰਗਤਿ, ਸਭ ਤੋਂ ਉੱਚੀ ਸੰਗਤਿ ਇਹ ਗੁਰੂ ਤੋਂ ਜਿਆਦਾ ਉੱਤਮ ਸੰਗਤਿ ਕੋਈ ਹੋਰ ਨਹੀਂ ਹੋ ਸਕਦੀ। ਸਾਡਾ ਗੁਰੂ ਦੀ ਸੰਗਤਿ ਕਰਨ ਦਾ ਮਕਸਦ ਆਪ ਉੱਤਮ ਬਣਨ ਦਾ ਹੈ ਭਾਵ ਚੰਗਾ ਮਨੁੱਖ ਬਣਨ ਦਾ ਹੈ, ਗੁਰੂ ਵਰਗਾ ਬਣਨ ਦਾ ਹੈ। ਜੇਕਰ ਅਸੀਂ ਆਪਣੇ ਆਪ ਨੂੰ ਉੱਤਮ ਨਹੀਂ ਬਣਾਉਂਦੇ ਫਿਰ ਗੁਰੂ ਦੀ ਸੰਗਤਿ ਕਰਨ ਦਾ ਮਕਸਦ ਪੂਰਾ ਨਹੀਂ ਹੁੰਦਾ। ਅਸੀਂ ਗੱਲਾਂ ਨਾਲ ਉੱਤਮ ਨਹੀਂ ਬਣ ਸਕਦੇ, ਗੁਰੂ ਦੀਆਂ ਗੱਲਾਂ ਪੜ੍ਹਨ ਸੁਣਨ ਨਾਲ ਜਾਂ ਉਹਨਾਂ ਨੂੰ ਰਟਣ ਨਾਲ, ਵਾਰ-ਵਾਰ ਰਟਣ ਨਾਲ ਉੱਤਮ ਨਹੀਂ ਬਣ ਸਕਦੇ। ਉੱਤਮ ਅਸੀਂ ਕਿਵੇਂ ਬਣ ਸਕਦੇ ਹਾਂ ਭਾਵ ਉੱਤਮ ਅਸੀਂ ਕਿਵੇਂ ਬਣਨਾ ਹੈ, ਗੁਰੂ ਦੀ ਆਖੀ ਹੋਈ ਗੱਲ ਨੂੰ ਕਿਸ ਰੂਪ ਵਿੱਚ ਬੁੱਝਣਾ ਹੈ, ਬਿਖ ਵਿੱਚੋਂ ਕਿਵੇਂ ਨਿਕਲਣਾ ਹੈ ਇਹ ਅਗਲੀ ਪੰਗਤੀ ਰਾਹੀਂ ਨਾਲ ਹੀ ਸਮਝਾਈ ਹੋਈ ਹੈ।

“ਊਤਮ ਸੰਗਤਿ ਊਤਮੁ ਹੋਵੈ॥ ਗੁਣ ਕਉ ਧਾਵੈ ਅਵਗਣ ਧੋਵੈ॥”

16/1713

ਔਗੁਣਾਂ ਦੇ ਵਿੱਚ ਰਹਿੰਦੇ ਹੋਏ ਕੋਈ ਵੀ ਉੱਤਮ ਨਹੀਂ ਹੈ ਭਾਵ ਕਥਨੀ ਦੁਆਰਾ ਅਸੀਂ ਉੱਤਮ ਨਹੀਂ ਬਣ ਸਕਦੇ, ਜਿਹਬਾ ਦੇ ਰਸ ਮਾਣ ਕੇ ਅਸੀਂ ਉੱਤਮ ਨਹੀਂ ਬਣ ਸਕਦੇ ਭਾਵੇਂ ਅਸੀਂ ਉੱਤਮ ਬਣਨਾ ਇਹਨਾਂ ਗੱਲਾਂ ਕਰਕੇ ਸਮਝਦੇ ਹਾਂ। ਅਸੀਂ ਸਾਰਾ ਸਾਰਾ ਦਿਨ ਭਾਵੇਂ ਗੁਰੂ ਦੇ ਦੁਆਰੇ ਤੇ ਬੈਠੇ ਰਹੀਏ, ਉਸਦੀਆਂ ਗੱਲਾਂ ਸੁਣੀ ਜਾਈਏ ਪਰ ਜੇਕਰ ਅਸੀਂ ਉਸ ਵਿੱਚੋਂ ਗੁਣ ਨਹੀਂ ਲੈਂਦੇ ਤਦ ਤੱਕ ਅਸੀਂ ਉੱਤਮ ਨਹੀਂ ਬਣ ਸਕਦੇ। ਉੱਤਮ ਅਸੀਂ ਗੁਣਾਂ ਦੁਆਰਾ ਹੀ ਬਣਨਾ ਹੈ ਕਿਉਂਕਿ ਸਾਡੇ ਔਗੁਣਾਂ ਨੂੰ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਗੁਣਾਂ ਵਾਲੇ ਵਿਚਾਰਾਂ ਨੇ ਹੀ ਧੋਣਾ ਹੈ। ਸ਼ਬਦ ਦੇ ਵਿਚਾਰ ਗੁਣਾਂ ਵਾਲੇ ਵਿਚਾਰ ਹਨ ਤੇ ਸ਼ਬਦ ਦੇ ਵਿਚਾਰੀ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾ ਕੇ ਹੀ ਬਣ ਸਕਦੇ ਹਾਂ। ਸ਼ਬਦ ਗੁਰੂ ਹੈ ਤੇ ਗੁਰੂ ਦੀ ਸੰਗਤਿ ਉਸ ਦੇ ਸ਼ਬਦ ਦੀ ਸੰਗਤਿ ਹੈ ਭਾਵ ਸ਼ਬਦ ਨੇ ਸਾਨੂੰ ਜੋ ਵਿਚਾਰ ਦਿੱਤੀ ਹੈ ਉਸ ਵਿਚਾਰ ਦੀ ਸੰਗਤਿ, ਗੁਰਮਤਿ ਦੀ ਸਮਝ ਦੀ ਸੰਗਤਿ ਹੈ ਜੋ ਸੰਗਤ ਸਾਡੇ ਮਨ ਦੀ ਸੁਰਤ ਦੇ ਵਿਚਾਰਾਂ ਨੇ ਸ਼ਬਦ ਦੇ ਵਿਚਾਰਾਂ ਨਾਲ ਕਰਨੀ ਹੈ। ਸ਼ਬਦ ਦੇ ਵਿਚਾਰ ਦੀ ਸੰਗਤਿ ਨੇ ਹੀ ਸਾਨੂੰ ਉੱਤਮ ਬਣਾਉਣਾ ਹੈ ਭਾਵ ਸਾਡੇ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢ ਕੇ ਉੱਤਮ ਵਿਚਾਰਾਂ ਵਾਲੇ ਬਣਾਉਣਾ ਹੈ। ਸਭ ਤੋਂ ਉੱਚੀ ਸੰਗਤਿ ਗੁਰੂ ਦੇ ਸ਼ਬਦ ਦੀ ਭਾਵ ਸ਼ਬਦ ਦੇ ਵਿਚਾਰ ਦੀ ਸੰਗਤਿ ਹੀ ਹੈ।

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

ਸ਼ਬਦ ਦਾ ਵਿਚਾਰੀ ਬਣੇ ਬਿਨ੍ਹਾਂ, ਗੁਰੂ ਦੀ ਸੰਗਤਿ ਦੁਆਰਾ ਉੱਤਮ ਬਣੇ ਬਿਨ੍ਹਾਂ, ਗੁਣਾਂ ਦੁਆਰਾ ਔਗੁਣਾਂ ਨੂੰ ਧੋਏ ਬਿਨ੍ਹਾਂ ਭਾਵ

ਮਨ ਦੇ ਅੰਦਰ ਸੱਚੀ ਬਿਰਤੀ ਹੋਏ ਬਿਨ੍ਹਾਂ ਅਸੀਂ ਗੁਰੂ ਦੀ ਸੇਵਾ ਨਹੀਂ ਕਰ ਸਕਦੇ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਬਿਨੁ ਗੁਰ ਸੇਵੇ ਸਹਜੁ ਨ ਹੋਵੈ॥੭॥"

ਗੁਰੂ ਦੀ ਸੇਵਾ ਕਰਨੀ ਕੀ ਹੈ ਇਹ ਅਸੀਂ ਪਿੱਛੇ ਵੀ ਬਰੀਕੀ ਨਾਲ ਜਾਣਿਆ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

ਗੁਰੂ ਦੇ ਸ਼ਬਦ ਦੇ ਵਿਚਾਰ ਨੇ ਸਾਨੂੰ ਔਗੁਣਾਂ ਵਿੱਚੋਂ ਹੀ ਕੱਢਣਾ ਹੈ, ਸਾਨੂੰ ਉੱਤਮ ਇਨਸਾਨ ਹੀ ਬਣਾਉਣਾ ਹੈ ਜੋ ਕਿ ਸ਼ਬਦ ਦੀ ਵਿਚਾਰ ਦਾ ਮਕਸਦ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਕਿ ਮਨੁੱਖਤਾ ਦੀ ਸੇਵਾ ਹੀ ਗੁਰੂ ਦੀ ਸੇਵਾ ਹੈ। ਜਦ ਤੱਕ ਸਾਡੇ ਅੰਦਰ ਔਗੁਣ ਹਨ ਸਾਡੀ ਸੰਸਾਰਿਕ ਵਿਚਰਨ ਚੰਗੀ ਨਹੀਂ ਬਣ ਸਕਦੀ, ਤਦ ਤੱਕ ਅਸੀਂ ਮਾੜੇ ਕਰਮ ਹੀ ਕਰਦੇ ਹਾਂ। ਇਸ ਵਿੱਚ ਗੁਰੂ ਦੀ ਸੇਵਾ ਨਹੀਂ ਹੈ। ਗੁਰੂ ਦੀ ਸੇਵਾ ਗੁਰੂ ਦੇ ਵਿਚਾਰ ਦੀ ਸੇਵਾ ਹੈ ਜੋ ਸਾਨੂੰ ਚੰਗੇ ਕਰਮ ਕਰਨੇ ਸਿਖਾਉਂਦੀ ਹੈ। ਚੰਗੇ ਕਰਮ ਅਸੀਂ ਗੁਣਾਂ ਦੁਆਰਾ ਹੀ ਕਰ ਸਕਦੇ ਹਾਂ, ਗੁਰੂ ਦੀ ਦਿੱਤੀ ਹੋਈ ਮਤਿ ਅਨੁਸਾਰ ਚੱਲ ਕੇ ਹੀ ਕਰ

ਸਕਦੇ ਹਾਂ। ਇਸ ਗੱਲ ਨੂੰ ਕਿ ਗੁਰੂ ਦੀ ਸੇਵਾ ਕਰਨੀ ਕੀ ਹੈ, ਉਸ ਨਾਲ ਆਪਣਾ ਪਿਆਰ ਦਿਖਾਉਣਾ ਕੀ ਹੈ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

{ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥}

(ਅੰਗ ੨੭੪)

ਇਹਨਾਂ ਪੰਗਤੀਆਂ ਦੇ ਅਰਥ ਅਸੀਂ ਕਾਫੀ ਪਿੱਛੇ ਪਹਿਲੇ ਵੀ ਜਾਣੇ ਹਨ। ਸਾਨੂੰ ਬੜੀ ਸਰਲ ਭਾਸ਼ਾ ਵਿੱਚ ਪ੍ਰਮਾਤਮਾ ਨਾਲ ਪ੍ਰੀਤ ਕਰਨੀ ਕੀ ਹੈ, ਉਸ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਪ੍ਰਮਾਤਮਾ ਦੇ ਦਰਸ਼ਨਾਂ ਦੀ ਪ੍ਰੀਤ ਉਹੀ ਦਿਖਾਉਂਦਾ ਹੈ ਜਿਸ ਦੀ ਰਸਨਾ ਤੇ ਮਿਥਿਆ ਨੇ ਭਾਵ ਝੂਠ ਨੇ ਪਰਸਿਆ ਵੀ ਨਹੀਂ ਭਾਵ ਜੋ ਰਸਨਾ ਪੂਰੀ ਤਰ੍ਹਾਂ ਝੂਠ ਰਹਿਤ ਹੈ, ਜਿਸ ਰਸਨਾ ਤੇ ਕੇਵਲ ਸੱਚ ਹੀ ਵੱਸਦਾ ਹੈ ਭਾਵ ਜੋ ਰਸਨਾ ਝੂਠ ਦੇ ਔਗੁਣ ਤੋਂ ਪੂਰੀ ਤਰ੍ਹਾਂ ਪਵਿੱਤਰ ਹੈ ਭਾਵ ਔਗੁਣ ਸਾਡੀ ਰਸਨਾ ਨੂੰ ਅਪਵਿੱਤਰ ਕਰਦੇ ਹਨ ਤੇ ਝੂਠ ਰਹਿਤ ਹੋ ਕੇ ਹੀ ਰਸਨਾ ਪਵਿੱਤਰ ਬਣਦੀ ਹੈ। ਅਸੀਂ ਪ੍ਰਮਾਤਮਾ ਦੇ ਨਾਲ ਆਪਣੀ ਪ੍ਰੀਤ ਰਸਨਾ ਦੇ ਜਪ ਤਪ ਦੁਆਰਾ ਹੀ ਦਿਖਾਉਂਦੇ ਹਾਂ ਪਰ ਝੂਠ ਬੋਲਣਾ ਨਹੀਂ ਛੱਡਦੇ। ਇਹ ਸਾਡੀ ਪ੍ਰਮਾਤਮਾ ਦੇ ਨਾਲ ਕੇਵਲ ਇੱਕ ਝੂਠਾ ਦਿਖਾਵਾ ਹੈ ਜਿਸ ਨੂੰ ਕਿ ਬਾਣੀ ਵਿੱਚ ਕੇਵਲ ਇੱਕ ਪਾਖੰਡ ਕਹਿ ਕੇ ਸਮਝਾਇਆ ਹੋਇਆ ਹੈ। ਬੋਲ-ਬੋਲ ਕੇ, ਸ਼ਬਦ ਨੂੰ ਬੋਲ-ਬੋਲ ਕੇ ਅਸੀਂ ਪ੍ਰਮਾਤਮਾ ਨਾਲ ਕੇਵਲ ਕਥਨੀ ਦੁਆਰਾ ਹੀ ਪ੍ਰੀਤ ਦਿਖਾਉਂਦੇ ਹਾਂ ਪਰ ਉਸ ਨਾਲ ਪ੍ਰੀਤ ਦਿਖਾਉਣੀ ਕੇਵਲ ਤੇ ਕੇਵਲ ਸਾਡੀ ਕਰਨੀ ਹੈ। ਸਾਡੀ ਸੱਚੀ ਸੁੱਚੀ ਕਰਨੀ ਝੂਠ ਤਿਆਗ ਕੇ ਹੀ ਹੋ ਸਕਦੀ ਹੈ। **(ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥)** ਗੁਰੂ ਦੀ ਸੇਵਾ ਵੀ ਸਾਡੀ ਚੰਗੀ ਕਰਨੀ ਦੁਆਰਾ ਹੀ ਹੈ ਭਾਵ ਜਦ ਤੱਕ ਸਾਡੇ ਅੰਦਰ ਔਗੁਣ ਹਨ ਭਾਵੇਂ ਕਿਸੇ ਰੂਪ ਵਿੱਚ ਹਨ ਉਹਨਾਂ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਦੀ ਸੇਵਾ ਵਿੱਚ ਨਹੀਂ ਲੱਗ ਸਕਦੇ।

{ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥}

(ਅੰਗ ੨੭੪)

ਪਰ ਤ੍ਰਿਅ ਰੂਪ ਦੇਖਣਾ ਕੀ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ ਜੋ ਕਿ ਇੱਕ ਵੱਡੀ ਸਮਾਜਿਕ ਬੁਰਾਈ ਹੈ, ਇੱਕ ਵੱਡਾ ਔਗੁਣ ਹੈ। ਜਿਸ ਦੇ ਅੰਦਰ ਇਹ ਔਗੁਣ ਨਹੀਂ ਹੈ ਭਾਵ ਜੋ ਮਨੁੱਖ ਔਗੁਣਾਂ ਤੋਂ ਰਹਿਤ ਹੈ, ਹਰ ਤਰ੍ਹਾਂ ਦੇ ਔਗੁਣਾਂ ਤੋਂ ਰਹਿਤ ਹੈ ਉਹੀ ਸਾਧ ਦੀ ਸੇਵਾ ਕਰਦਾ ਹੈ ਭਾਵ ਗੁਰੂ ਦੀ ਸੇਵਾ ਕਰਦਾ ਹੈ ਤੇ ਮਨੁੱਖ ਦਾ ਔਗੁਣ ਰਹਿਤ ਹੋ ਕੇ ਵਿਚਰਨਾ ਹੀ ਉਸ ਸੰਤ ਦੇ ਨਾਲ ਭਾਵ

ਗੁਰੂ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਜਤਾਉਣਾ ਹੈ। ਟਹਿਲ ਤੋਂ ਭਾਵ ਸੇਵਾ ਹੈ ਤੇ ਹੇਤ ਤੋਂ ਭਾਵ ਪਿਆਰ ਹੈ। ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਅਸੀਂ ਆਪਣੀ ਕਰਨੀ ਦੁਆਰਾ ਹੀ ਜਤਾਉਂਦੇ ਹਾਂ ਭਾਵ ਜੇਕਰ ਸਾਡੀ ਕਰਨੀ ਚੰਗੀ ਹੈ ਫਿਰ ਸਾਨੂੰ ਗੁਰੂ ਨਾਲ ਪਿਆਰ ਹੈ ਭਾਵ ਗੁਰੂ ਦੇ ਬਚਨਾਂ ਨਾਲ ਪਿਆਰ ਹੈ ਕਿਉਂਕਿ ਅਸੀਂ ਉਸ ਦੇ ਬਚਨਾਂ ਨੂੰ ਮੰਨ ਰਹੇ ਹਾਂ। ਆਪਣੀ ਸੱਚੀ ਸੁੱਚੀ ਕਰਨੀ ਦੁਆਰਾ ਹੀ ਅਸੀਂ ਗੁਰੂ ਦੀ ਸੇਵਾ ਵਿੱਚ ਲੱਗਦੇ ਹਾਂ। ਸਾਡੀ ਚੰਗੀ ਕਰਨੀ ਦੁਆਰਾ ਦੂਸਰਿਆਂ ਦਾ ਭਲਾ ਹੁੰਦਾ ਹੈ ਪਰ ਸਾਨੂੰ ਆਪਣਾ ਮਨ ਮਾਰਨਾ ਪੈਂਦਾ ਹੈ, ਮਾਇਆ ਮੋਹ ਤਿਆਗਣਾ ਪੈਂਦਾ ਹੈ ਜੋ ਕਿ ਬਹੁਤ ਔਖਾ ਹੈ। ਇਹੀ ਨਾਮ ਜਪਣਾ ਹੈ, ਸ਼ਬਦ ਮਰਨਾ ਹੈ ਜੋ ਕਿ ਬਹੁਤ ਔਖਾ ਹੈ।

ਹੁਣ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਗੁਰੂ ਦੀ ਸੇਵਾ ਵਿੱਚ ਤੇ ਸਹਜ ਵਿੱਚ ਕੀ ਭੇਦ ਹੈ। ਗੁਰੂ ਦੀ ਸੇਵਾ ਵੀ ਸ਼ਬਦ ਦਾ ਵਿਚਾਰ ਹੈ ਤੇ ਸਹਜ ਦੀ ਅਵੱਸਥਾ ਵੀ ਸ਼ਬਦ ਦਾ ਵਿਚਾਰ ਹੈ। ਦੋਨਾਂ ਤੋਂ ਭਾਵ ਮਨ ਦੀ ਅਵੱਸਥਾ ਦੇ ਨਾਲ ਹੀ ਹੈ। ਇਹ ਅਵੱਸਥਾ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਵੱਸਣ ਦੁਆਰਾ ਹੀ ਬਣਦੀ ਹੈ। ਗੁਰੂ ਦਾ ਸੱਚਾ ਸੇਵਕ ਮਨ ਦੀ ਇਸ ਅਵੱਸਥਾ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਦੋਂ ਮਨੁੱਖ ਔਗੁਣਾਂ ਤੋਂ ਰਹਿਤ ਹੋ ਕੇ ਗੁਰੂ ਦੇ ਸੱਚੇ ਗੁਣਾਂ ਦੁਆਰਾ ਵਿਚਰਦਾ ਹੈ। ਮਨ ਦੀ ਇਸ ਅਵੱਸਥਾ ਵਿੱਚ ਪ੍ਰਮਾਤਮਾ ਕਿਸੇ ਨੂੰ ਆਪ ਹੀ ਲਿਆਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਲਿਆਉਂਦਾ ਹੈ, ਮਨ ਦੀ ਅਗਿਆਨਤਾ ਕੱਢ ਕੇ ਸੱਚੇ ਗਿਆਨ ਨਾਲ ਜੋੜ ਕੇ ਲਿਆਉਂਦਾ ਹੈ। ਗੁਰੂ ਦੀ ਸੇਵਾ ਭਾਵ ਸਾਡੀ ਸੱਚੀ ਸੁੱਚੀ ਵਿਚਰਨ ਸਹਜ ਦੀ ਅਵੱਸਥਾ ਵਿੱਚ ਹੀ ਹੁੰਦੀ ਹੈ ਭਾਵ ਜਿੱਥੇ ਗੁਰੂ ਦੀ ਸੱਚੀ ਸੇਵਾ ਹੈ ਉਸੇ ਮਨ ਵਿੱਚ ਸਹਜ ਹੈ। **(ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥)**

ਮਨ ਦੀ ਇਸ ਅਵੱਸਥਾ ਦੁਆਰਾ ਸਾਨੂੰ ਪ੍ਰਮਾਤਮਾ ਆਪਣਾ ਉਹ ਖਜ਼ਾਨਾ ਬਖਸ਼ਦਾ ਹੈ ਜੋ ਉਸ ਦਾ ਸੱਚਾ ਖਜ਼ਾਨਾ ਹੈ। ਉਸਦਾ ਇਹ ਖਜ਼ਾਨਾ ਮਨ ਦੇ ਵਿੱਚ ਹੀ ਹੈ ਜੋ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਹੀਰਾ ਨਾਮੁ ਜਵੇਹਰ ਲਾਲੁ॥ ਮਨੁ ਮੋਤੀ ਹੈ ਤਿਸ ਕਾ ਮਾਲੁ॥ ਨਾਨਕ ਪਰਖੈ ਨਦਰਿ ਨਿਹਾਲੁ॥੮॥੫॥”

16/1716

ਉੱਪਰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦਾ ਧਨੁ ਕੀ ਹੈ, ਉਸਦਾ ਧਨੁ ਮਾਲ ਕੀ ਹੈ। ਉਸਦਾ ਧਨੁ ਇਹ “ਮਨੁ” ਹੈ ਜੋ ਸਭ ਦੇ ਅੰਦਰ ਹੈ। ਇਸ ਮਨ ਨੂੰ ਹੀਰਾ, ਜਵੇਹਰ, ਲਾਲ, ਮੋਤੀ ਕਿਹਾ ਹੈ ਤੇ ਇਸੇ ਨੂੰ ਹੀ “ਨਾਮੁ” ਕਿਹਾ ਹੈ। ਇਸ ਗੱਲ ਨੂੰ ਸਮਝਣਾ ਬਹੁਤ ਹੀ ਜਰੂਰੀ ਹੈ। ਇਸੇ ਗੱਲ ਨੂੰ ਅਸੀਂ ਪਿੱਛੇ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ।

{ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥

ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ॥੫॥}

(ਅੰਗ ੭੫੪)

ਉੱਪਰ ਦਿੱਤੇ ਦੋਨਾਂ ਸ਼ਬਦਾਂ ਨੂੰ ਆਪਸ ਵਿੱਚ ਮਿਲਾ ਕੇ ਦੇਖੋ ਕਿ “ਨਾਮੁ” ਕਿਸ ਨੂੰ ਕਿਹਾ ਹੈ ਤੇ ਇਸਨੂੰ ਪਾਉਣ ਦਾ ਤਰੀਕਾ ਕੀ ਸਮਝਾਇਆ ਹੈ। ਬੜੇ ਸਪੱਸ਼ਟ ਤਰੀਕੇ ਨਾਲ ਇਸ ਮਨ ਨੂੰ ਨਾਮ ਕਿਹਾ ਹੈ। **(ਹੀਰਾ ਨਾਮੁ ਜਵੇਹਰ ਲਾਲੁ॥ ਮਨੁ ਮੋਤੀ ਹੈ ਤਿਸ ਕਾ ਮਾਲੁ॥)**

ਇਹ ਨਾਮ ਦਾ ਖਜ਼ਾਨਾ, ਹੀਰੇ-ਜਵਾਹਰਾਤ, ਲਾਲ, ਮੋਤੀਆਂ ਦਾ ਖਜ਼ਾਨਾ ਜਿਸਦੀ ਕੀਮਤ ਬਹੁਤ ਹੀ ਜਿਆਦਾ ਭਾਰੀ ਹੈ ਭਾਵ ਜੋ ਅਮੋਲ ਹੈ, ਜਿਸਦਾ ਕੋਈ ਮੁੱਲ ਨਹੀਂ ਚੁਕਾ ਸਕਦਾ ਉਹ ਮਨ ਦਾ ਖਜ਼ਾਨਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥

ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥}

(ਅੰਗ ੨)

ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਦ੍ਰਿੜ ਕਰੋ ਕਿ ਮਨ ਵਿੱਚ ਤੇ ਮਤਿ ਵਿੱਚ ਕੀ ਭੇਦ ਹੈ। ਭੇਦ ਕੋਈ ਵੀ ਨਹੀਂ ਹੈ, ਇੱਕੋ ਹੀ ਗੱਲ ਹੈ। ਸਾਡੇ ਮਨ ਦੇ ਵਿੱਚੋਂ ਸਾਨੂੰ ਮਤਿ ਹੀ ਮਿਲਦੀ ਹੈ ਭਾਵ ਸਾਡਾ ਮਨ ਸਾਡੇ ਅੰਦਰ ਮਤਿ ਰੂਪ ਦੇ ਵਿੱਚ ਵਿਚਰਦਾ

ਹੈ ਭਾਵ ਇਹ ਸਾਰੀ ਮਤਿ ਮਨ ਦੇ ਵਿੱਚੋਂ ਹੀ ਉਪਜਦੀ ਹੈ ਭਾਵ ਮਨ ਦਾ ਮਕਸਦ ਸਾਨੂੰ ਮਤਿ ਦੇਣਾ ਹੀ ਹੈ ਜੋ ਉਹ ਹਰ ਵੇਲੇ ਦਿੰਦਾ ਰਹਿੰਦਾ ਹੈ। ਹਰ ਵੇਲੇ ਸਾਡੇ ਅੰਦਰ ਸੋਚਾਂ ਉਪਜਦੀਆਂ ਰਹਿੰਦੀਆਂ ਹਨ, ਵਿਚਾਰ ਉਪਜਦੇ ਰਹਿੰਦੇ ਹਨ ਤੇ ਇਨ੍ਹਾਂ ਵਿਚਾਰਾਂ ਦੁਆਰਾ ਹੀ ਸਾਡਾ ਮਾਰਗ ਦਰਸ਼ਨ ਹੁੰਦਾ ਹੈ ਭਾਵ ਅਸੀਂ ਜੋ ਕੁੱਝ ਵੀ ਕਰਦੇ ਹਾਂ ਅਸੀਂ ਇਸ ਮਨ ਦੀ ਮਤਿ

16/1717

ਦੁਆਰਾ ਹੀ ਕਰਦੇ ਹਾਂ। ਇਹ ਮਤਿ ਹੀ ਸਾਡੇ ਅੰਦਰ ਮਨ ਦਾ ਹੁਕਮ ਹੈ ਜੋ ਕਿ ਪ੍ਰਮਾਤਮਾ ਆਪ ਹੈ। ਇਹ ਮਨ ਹੀ ਨਾਮ ਹੈ, ਪ੍ਰਮਾਤਮਾ ਆਪ ਹੈ। ਇਹ ਮਨ ਗਿਆਨ ਰੂਪ ਹੈ ਭਾਵ ਨਾਮ ਗਿਆਨ ਰੂਪ ਹੈ ਤੇ ਇਸੇ ਲਈ ਨਾਮ ਸਭ ਜਗ੍ਹਾ ਵੱਸਿਆ ਹੋਇਆ ਹੈ ਭਾਵ ਪ੍ਰਮਾਤਮਾ ਆਪ ਵੱਸਿਆ ਹੋਇਆ ਹੈ, ਆਪਣੇ ਗਿਆਨ ਰੂਪ ਰਾਹੀਂ ਵੱਸਿਆ ਹੋਇਆ ਹੈ, ਆਪਣੇ ਨਿਰਗੁਣ ਰੂਪ ਰਾਹੀਂ ਵੱਸਿਆ ਹੋਇਆ ਹੈ, ਸਾਇੰਟਿਫਿਕਲੀ ਵੱਸਿਆ ਹੋਇਆ ਹੈ ਜਿਸਨੂੰ ਤਨ ਦੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਇਸਨੂੰ ਮਨ ਦੇ ਵਿੱਚੋਂ ਹੀ ਦੇਖਿਆ ਜਾ ਸਕਦਾ ਹੈ ਭਾਵ ਮਨ ਦੇ ਵਿੱਚੋਂ ਹੀ ਮਨ ਦੀ ਸੋਝੀ ਦੁਆਰਾ ਦੇਖਿਆ ਜਾ ਸਕਦਾ ਹੈ। ਇਹ ਸੋਝੀ ਉਸਦੇ ਆਪਣੇ ਹੱਥ ਹੈ ਤੇ ਅਸਲ ਵਿੱਚ ਇਹ ਮਨ ਦੀ ਸੋਝੀ ਹੀ, ਮਨ ਦੇ ਵਿਚਾਰ ਹੀ, ਮਨ ਦੀ ਮਤਿ ਹੀ ਉਸ ਪ੍ਰਮਾਤਮਾ ਦਾ ਸੱਚਾ ਧਨੁ ਹੈ ਜੋ ਕਿ ਅਨਮੋਲ ਹੈ। **(ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥)**

ਇਸ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝੋ ਕਿ ਇਸ ਧਨੁ ਦੀ ਭਾਵ ਮਨ ਦੇ ਗਿਆਨ ਧਨੁ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ।

“ਜੇ ਇਕ ਗੁਰ ਕੀ ਸਿਖ ਸੁਣੀ॥”

ਗੁਰੂ ਸਭ ਦਾ ਇੱਕੋ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ। ਸਾਡੇ ਕੋਲ ਉਹ ਸਦਾ ਹੀ ਆਪਣੀ ਗੁਰਬਾਣੀ ਦੇ ਰੂਪ ਵਿੱਚ ਮੌਜੂਦ ਹੈ। ਜੇਕਰ ਅਸੀਂ ਉਸ ਇੱਕੋ ਇੱਕ ਗੁਰੂ ਦੀ ਗੱਲ ਹੀ ਸੁਣਦੇ ਹਾਂ, ਉਸਦੀ ਸਿੱਖਿਆ ਸੁਣਦੇ ਹਾਂ ਭਾਵ ਕੇਵਲ ਉਸੇ ਦੀ ਸਿੱਖਿਆ ਦੁਆਰਾ ਹੀ ਵਿਚਰਦੇ ਹਾਂ ਭਾਵ ਕੇਵਲ ਇੱਕੋ ਇੱਕ ਗੁਰਬਾਣੀ ਦੀ ਗੱਲ ਨੂੰ ਹੀ ਸੱਚੀ ਸਿੱਖਿਆ ਸਮਝਦੇ ਹਾਂ ਤੇ ਹੋਰ ਕਿਸੇ ਦੀ ਸਿੱਖਿਆ ਨੂੰ ਨਹੀਂ ਅਪਣਾਉਂਦੇ, ਕਿਸੇ ਹੋਰ ਨੂੰ ਉੱਚਾ ਸਮਝ ਕੇ, ਸਿਰਮੌਰ ਸਮਝ ਕੇ ਜਿਸਦੀ ਗੱਲ ਗੁਰਬਾਣੀ ਅਨੁਸਾਰ ਨਹੀਂ ਹੈ, ਉਸਨੂੰ ਅਸੀਂ ਨਹੀਂ ਮੰਨਦੇ ਤਾਂ ਫਿਰ ਪ੍ਰਮਾਤਮਾ ਸਾਡੇ ਤੇ ਆਪਣੀ ਕ੍ਰਿਪਾ ਕਰਦਾ ਹੈ। ਉਹ ਆਪਣੀ ਕ੍ਰਿਪਾ ਕਿਸ ਰੂਪ ਵਿੱਚ ਕਰਦਾ ਹੈ ਭਾਵ ਇਸ ਗਿਆਨ ਧਨੁ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਉਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥”

16/1718

ਇਹ ਗਿਆਨ ਦਾ ਧਨੁ ਸਾਡੇ ਮਨ ਦੀ ਸੱਚੀ ਸੋਝੀ ਹੈ ਜੋ ਸਾਡੇ ਅੰਦਰ ਕੇਵਲ ਗੁਰੂ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ ਤੇ ਹੋਰ ਕੋਈ ਨਹੀਂ ਪਾ ਸਕਦਾ। ਮਨ ਦੀ ਇਸ ਸੋਝੀ ਦੁਆਰਾ ਹੀ ਉਸ ਨਾਮ ਦੇ ਦਰਸ਼ਨ ਹੁੰਦੇ ਹਨ ਜੋ ਕਿ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ ਪਰ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ। ਜਦੋਂ ਸਾਨੂੰ ਇਸ ਮਨ ਦੀ ਸੋਝੀ ਪੈਂਦੀ ਹੈ ਜੋ ਕਿ ਉਹ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਉਸ ਸੋਝੀ ਦੁਆਰਾ ਸਾਡੇ ਮਨ ਦੀ ਅਵੱਸਥਾ ਸਹਜ ਗਿਆਨ ਵਾਲੀ ਬਣ ਜਾਂਦੀ ਹੈ, ਚੌਥੇ ਪਦ ਦੇ ਗਿਆਨ ਵਿੱਚ ਮਿਲ ਜਾਂਦੀ ਹੈ। ਮਨ ਦੀ ਇਸ ਸੋਝੀ ਦੁਆਰਾ ਹੀ ਸਾਨੂੰ ਇਹ ਸਮਝ ਪੈਂਦੀ ਹੈ ਕਿ ਹਰ ਕਿਸੇ ਦਾ ਦਾਤਾ ਇੱਕੋ ਹੀ ਹੈ ਭਾਵ ਹਰ ਕਿਸੇ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਉਹ ਆਪਣੀ ਸੋਝੀ ਪਾ ਕੇ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ, ਗੁਰਮਤਿ ਨਾਲ ਜੋੜਦਾ ਹੈ ਤੇ ਗੁਰਮਤਿ ਅਨੁਸਾਰ ਹੀ ਚਲਾਉਂਦਾ ਹੈ ਜੋ ਕਿ ਉਸਦਾ ਆਪਣਾ ਰੂਪ ਹੈ। ਫਿਰ ਉਹ ਮਨ ਵਿੱਚੋਂ ਕਦੇ ਵੀ ਗੁਰਮਤਿ ਨੂੰ ਵਿਸਰਨ ਨਹੀਂ ਦਿੰਦਾ। ਗੁਰਮਤਿ ਨੂੰ ਸਦਾ ਚੇਤੇ ਰੱਖਣਾ ਪ੍ਰਮਾਤਮਾ ਨੂੰ ਚੇਤੇ ਰੱਖਣਾ ਹੈ, ਨਾਮ ਨੂੰ ਚੇਤੇ ਰੱਖਣਾ ਹੈ ਤੇ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਕਦੇ ਨਹੀਂ ਵਿਸਰਦਾ, ਅੱਠੇ ਪਹਿਰ ਉਹ ਨਾਲ ਹੀ ਰਹਿੰਦਾ ਹੈ। **(ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥)** ਜਦੋਂ ਅਸੀਂ ਮਨ ਦੀ ਸੱਚੀ ਸੋਝੀ ਦੁਆਰਾ ਵਿਚਰਦੇ ਹਾਂ, ਗੁਰੂ ਦੀ ਸਿੱਖਿਆ ਅਨੁਸਾਰ ਵਿਚਰਦੇ ਹਾਂ, ਉਸ ਅਵੱਸਥਾ ਵਿੱਚ ਸਾਡੇ ਮਨ ਦੇ ਵਿਚਾਰਾਂ ਦਾ ਰੂਪ ਹੀਰੇ, ਜਵਾਹਰ, ਲਾਲ, ਮੋਤੀ ਮਾਣਕ ਵਾਲਾ ਹੈ ਭਾਵ ਇਹ ਵਿਚਾਰ ਅਮੁੱਲੇ ਹਨ ਜਿੰਨ੍ਹਾਂ ਵਿੱਚ

ਪ੍ਰਮਾਤਮਾ ਦੀ ਆਪਣੀ ਰਜ਼ਾ ਵਸੀ ਹੋਈ ਹੈ ਜਿੰਨ੍ਹਾਂ ਦੁਆਰਾ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦਾ ਭਾਵ ਗੁਰਮਤਿ ਦੇ ਉਲਟ ਨਹੀਂ ਚੱਲਦਾ। ਮਨ ਦੇ ਇਹ ਸੱਚੇ ਵਿਚਾਰ ਉਸਦੇ ਸੱਚੇ ਗਿਆਨ ਦਾ ਧਨੁ ਹੈ ਜੋ ਉਹ ਆਪ ਹੀ ਕਿਸੇ ਨੂੰ ਬਖ਼ਸ਼ਦਾ ਹੈ। ਪੂਰੀ ਗੁਰਬਾਣੀ ਕੋਲ ਇਹ ਸੱਚਾ ਧਨੁ ਹੀ ਹੈ, ਨਾਮ ਧਨੁ ਹੀ ਹੈ ਜੋ ਕਿ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ

16/1719

ਸੱਚੇ ਵਿਚਾਰਾਂ ਦਾ ਧਨੁ ਹੈ। ਇਹ ਸੱਚੇ ਵਿਚਾਰਾਂ ਦਾ ਧਨੁ ਉਹ ਆਪ ਦੇ ਕੇ ਉਨ੍ਹਾਂ ਨੂੰ ਮਨ ਦੇ ਵਿੱਚ ਆਪ ਹੀ ਦ੍ਰਿੜ ਕਰਕੇ ਰੱਖਦਾ ਹੈ। ਫਿਰ ਇਸ ਧਨੁ ਦੀ ਕਦੇ ਚੋਰੀ ਨਹੀਂ ਹੁੰਦੀ ਭਾਵ ਉਹ ਆਪ ਹੀ ਮਨ ਦੇ ਚੋਰਾਂ ਨੂੰ, ਔਗੁਣਾਂ ਨੂੰ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਉਨ੍ਹਾਂ ਨੂੰ ਮਨ ਵਿੱਚ ਵੱਸਣ ਨਹੀਂ ਦਿੰਦਾ। ਜਿੱਥੇ ਉਹ ਆਪ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ ਉੱਥੇ ਫਿਰ ਮਨੁੱਖ ਗੁਣਾਂ ਦੁਆਰਾ ਹੀ ਵਿਚਰਦਾ ਹੈ ਜੋ ਕਿ ਅਸਲ ਵਿੱਚ ਹੀਰੇ, ਲਾਲ, ਜਵਾਹਰ, ਮਾਣਕ ਹਨ। ਪ੍ਰਮਾਤਮਾ ਗੁਣਾਂ ਨਾਲ ਭਰਪੂਰ ਹੈ ਜੋ ਕਿ ਉਸਦੇ ਸੱਚੇ ਗਿਆਨ ਦੁਆਰਾ ਉਪਜਦੇ ਹਨ। ਸੰਸਾਰ ਦੀ ਹਰ ਵਸਤੂ ਗੁਣਾਂ ਨਾਲ ਭਰਪੂਰ ਹੈ, ਉਸਦੇ ਖਜ਼ਾਨੇ ਨਾਲ ਭਰਪੂਰ ਹੈ ਭਾਵ ਉਸਨੇ ਆਪਣੇ ਸੱਚੇ ਗਿਆਨ ਦੁਆਰਾ, ਉੱਚੇ ਗਿਆਨ ਦੁਆਰਾ ਸਭ ਨੂੰ ਬਣਾਇਆ ਹੈ, ਸਭ ਵਿੱਚ ਆਪਣੇ ਗੁਣਾਂ ਨੂੰ ਪਾਇਆ ਹੈ ਤੇ ਆਪਣੇ ਗਿਆਨ ਦੇ ਗੁਣ ਨਾਲ ਹੀ ਉਹ ਸਭ ਨੂੰ ਚਲਾ ਰਿਹਾ ਹੈ।

ਪ੍ਰਮਾਤਮਾ ਦੇ ਇਸ ਖਜ਼ਾਨੇ ਦੀ ਪਰਖ ਸਾਨੂੰ ਮਨ ਦੇ ਵਿੱਚੋਂ ਹੀ ਹੁੰਦੀ ਹੈ ਤੇ ਇਸਦੀ ਪਰਖ ਉਹ ਆਪ ਹੀ ਕਰਵਾਉਂਦਾ ਹੈ, ਗੁਣਾਂ ਔਗੁਣਾਂ ਦਾ ਭੇਦ ਉਹ ਆਪ ਹੀ ਸਮਝਾਉਂਦਾ ਹੈ, ਆਪਣੀ ਕ੍ਰਿਪਾ ਦੁਆਰਾ ਹੀ ਸਮਝਾਉਂਦਾ ਹੈ ਤੇ ਆਪਣੇ ਖਜ਼ਾਨੇ ਵਿੱਚ ਕਿਸੇ ਨੂੰ ਆਪ ਹੀ ਮਿਲਾਉਂਦਾ ਹੈ। **(ਹੀਰਾ ਨਾਮੁ ਜਵੇਹਰ ਲਾਲੁ॥ ਮਨੁ ਮੋਤੀ ਹੈ ਤਿਸ ਕਾ ਮਾਲੁ॥ ਨਾਨਕ ਪਰਖੈ ਨਦਰਿ ਨਿਹਾਲੁ॥੮॥੫॥)**

ਉਸਦੇ ਇਸ ਸੱਚੇ ਗਿਆਨ ਦਾ ਖਜ਼ਾਨਾ ਹੀ ਉਸਦੀ ਨਉ ਨਿਧੀਆਂ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ। ਇਨ੍ਹਾਂ ਨਉ ਨਿਧੀਆਂ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੈ। ਇਸ ਦੀ ਪ੍ਰਾਪਤੀ ਇਸ ਮਨ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ। ਇਸੇ ਲਈ ਬਾਣੀ ਸਾਨੂੰ ਸਮਝਾ ਰਹੀ ਹੈ ਕਿ ਆਪਣੇ ਇਸ ਮਨ ਨੂੰ ਸਮਝੋ ਕਿ ਇਹ ਕੀ ਹੈ, ਇਸਨੂੰ ਖੋਜੋ ਭਾਵ ਜਾਣੋ ਕਿ ਇਹ ਕੀ ਹੈ। ਸਾਰੀ ਬਾਣੀ ਸਾਨੂੰ ਮਨ ਬਾਰੇ ਹੀ ਸਮਝਾ ਰਹੀ ਹੈ। ਜੇਕਰ ਅਸੀਂ ਗੁਰਬਾਣੀ ਨੂੰ ਖੋਜਦੇ ਹਾਂ ਤਾਂ ਫਿਰ ਉਹ ਮਨ ਨੂੰ ਖੋਜਣ ਵਾਲੀ ਗੱਲ ਹੀ ਹੈ। ਆਓ ਗੁਰਬਾਣੀ ਤੇ ਵਿਸ਼ਵਾਸ ਰੱਖ ਕੇ ਇਸ ਨੂੰ ਖੋਜੀਏ ਭਾਵ ਇਸਨੂੰ

ਸਮਝ ਕੇ ਇਸ ਨਾਲ ਜੁੜੀਏ ਤਾਂ ਜੋ ਸਾਨੂੰ ਇਸ ਮਨ ਦੇ ਖਜ਼ਾਨੇ ਦੀ ਪ੍ਰਾਪਤੀ ਹੋ ਸਕੇ।

{ਇਸੁ ਮਨ ਕਉ ਕੋਈ ਖੋਜਹੁ ਭਾਈ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ॥੧॥ਰਹਾਉ॥}

(ਅੰਗ ੧੧੨੮)

{ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ॥੯॥}

(ਅੰਗ ੧੦੧੩)

ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਇਹ ਮਨ ਹੀ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਇਸ ਮਨ ਦੀ ਸੋਝੀ ਪਏ ਬਿਨ੍ਹਾਂ, ਇਸ ਮਨ ਦੇ ਵਿਚਾਰਾਂ ਦੀ ਸੋਝੀ ਪਏ ਬਿਨ੍ਹਾਂ ਅਸੀਂ ਇਸ ਮਨ ਨੂੰ ਨਹੀਂ ਜਾਣ ਸਕਦੇ ਕਿ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਰੂਪ ਵਿੱਚ ਚੱਲ ਰਿਹਾ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਮੈਂ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ।

“ਇਸੁ ਮਨ ਤੇ ਸਭ ਪਿੰਡ ਪਰਾਣਾ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ॥੩॥”

(ਅੰਗ ੧੧੨੮)

ਕਿਤਨਾ ਸਪੱਸ਼ਟ ਹੈ ਕਿ ਸਭ ਨੂੰ ਬਣਾਉਣ ਵਾਲਾ ਇਹ ਮਨ ਹੈ ਭਾਵ ਪ੍ਰਮਾਤਮਾ ਆਪ ਹੈ ਤੇ ਮਨ ਦੇ ਵਿੱਚੋਂ ਉਸ ਪ੍ਰਮਾਤਮਾ ਨੂੰ ਜਾਨਣ ਦਾ ਇੱਕੋ ਇੱਕ ਸਾਧਨ ਸਾਡੇ ਮਨ ਦੇ ਵਿਚਾਰ ਹਨ ਜਿਸ ਰਾਹੀਂ ਉਸਦਾ ਹੁਕਮ ਸਾਡੇ ਅੰਦਰ ਵਰਤ ਰਿਹਾ ਹੈ। ਉਸਦਾ ਹੁਕਮ ਬੁੱਝੇ ਬਿਨ੍ਹਾਂ ਉਸ ਪ੍ਰਮਾਤਮਾ ਵਿੱਚ ਕੋਈ ਨਹੀਂ ਸਮਾਅ ਸਕਦਾ। ਉਸ ਵਿੱਚ ਸਮਾਏ ਬਿਨ੍ਹਾਂ ਕਿਸੇ ਦੀ ਹਉਮੈ ਦੂਰ ਨਹੀਂ ਹੋ ਸਕਦੀ।

{ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

ਕੇਵਲ ਤੇ ਕੇਵਲ ਮਨ ਦੇ ਵਿਚਾਰਾਂ ਦੁਆਰਾ ਹੀ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ, ਜਾਣ ਸਕਦੇ ਹਾਂ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਰੂਪ ਵਿੱਚ ਚੱਲਦਾ ਹੈ। ਨਾ ਕਦੇ ਕਿਸੇ ਨੂੰ ਪ੍ਰਮਾਤਮਾ ਨੇ ਆਪਣੇ ਭਗਤ ਰੂਪ ਬਿਨ੍ਹਾਂ ਕਿਸੇ ਨੂੰ ਇਸ ਗੱਲ ਦੀ ਸੋਝੀ ਪਾਈ ਹੈ ਤੇ ਨਾ ਹੀ ਉਸਦੇ ਸੋਝੀ ਪਾਏ ਬਿਨ੍ਹਾਂ ਕੋਈ ਇਸ

ਗੱਲ ਨੂੰ ਜਾਣ ਸਕਦਾ ਹੈ ਕਿ ਉਸਦਾ ਹੁਕਮ ਸਾਡੇ ਅੰਦਰ ਕਿਵੇਂ ਚੱਲਦਾ ਹੈ। ਆਪਣਾ ਹੁਕਮ ਉਹ ਆਪ ਹੀ ਬੁਝਾਉਂਦਾ ਹੈ, ਮਨ ਦੇ ਵਿੱਚ ਆਪਣੇ ਸ਼ਬਦ ਦੁਆਰਾ ਬੁਝਾਉਂਦਾ ਹੈ ਭਾਵ ਮਨ ਵਿੱਚ ਸ਼ਬਦ ਵਾਲੀ ਸੋਝੀ ਦੁਆਰਾ ਬੁਝਾਉਂਦਾ ਹੈ ਕਿ ਇਹ ਮਨ ਦੇ ਵਿਚਾਰ ਕੀ ਹਨ ਤੇ ਕਿੱਥੋਂ ਆਉਂਦੇ ਹਨ। ਜਦ ਤੱਕ ਸਾਨੂੰ ਪ੍ਰਮਾਤਮਾ ਦਾ ਹੁਕਮ ਸਮਝ ਨਹੀਂ ਆਉਂਦਾ ਤਦ ਤੱਕ ਅਸੀਂ

ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਹੀ ਸਮਝਦੇ ਹਾਂ ਜੋ ਕਿ ਅਸਲ ਵਿੱਚ ਅਸੀਂ ਨਹੀਂ ਹਾਂ। ਇਹ ਸਾਡੀ ਹਉਮੈ ਹੈ, ਮੈਂ ਹੈ। ਅਸਲ ਵਿੱਚ ਅਸੀਂ ਤੂੰ ਹੀ ਹਾਂ ਪਰ ਸਮਝਦੇ ਆਪਣੇ ਆਪ ਨੂੰ ਮੈਂ ਹਾਂ। ਮਨ ਦੀ ਸੋਝੀ ਹੀ ਮੈਂ ਹੈ ਤੇ ਮਨ ਦੀ ਸੋਝੀ ਹੀ ਤੂੰ ਹੈ। ਫਰਕ ਕੇਵਲ ਸੋਝੀ ਦਾ ਹੈ ਜਿਸ ਨਾਲ ਸਾਡੇ ਮਨ ਦੀ ਅਵੱਸਥਾ ਬਣਦੀ ਹੈ। ਤ੍ਰੈਗੁਣਾਂ ਵਿੱਚ ਅਸੀਂ ਮੈਂ ਹਾਂ ਤੇ ਚੌਥੇ ਪਦ ਵਿੱਚ ਅਸੀਂ ਤੂੰ ਹਾਂ ਜਿਸ ਵਿੱਚ ਪਹੁੰਚ ਕੇ ਅਸੀਂ ਮੈਂ ਵਿੱਚੋਂ ਨਿਕਲ ਜਾਂਦੇ ਹਾਂ ਤੇ ਤੂੰ ਵਿੱਚ ਸਮਾਅ ਜਾਂਦੇ ਹਾਂ। ਤੂੰ ਵਿੱਚ ਸਾਡੇ ਮਨ ਦੀ ਸੋਝੀ ਹੀ ਸਮਾਉਂਦੀ ਹੈ, ਸਾਡੇ ਮਨ ਦੇ ਵਿਚਾਰ ਹੀ ਸਮਾਉਂਦੇ ਹਨ। ਅਸੀਂ ਤ੍ਰੈਗੁਣਾਂ ਵਿੱਚੋਂ ਨਿਕਲ ਕੇ ਸ਼ਬਦ ਦੇ ਵਿਚਾਰੀ ਬਣ ਜਾਂਦੇ ਹਾਂ ਜੋ ਸਾਨੂੰ ਸੱਚੇ ਗਿਆਨ ਦੀ ਸੋਝੀ ਹੀ ਪਾਉਂਦੇ ਹਨ।

ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਮਨ ਦੇ ਵਿੱਚੋਂ ਉਸਦਾ ਹੁਕਮ ਬੁੱਝ ਕੇ ਹੀ ਉਚਾਰੀ ਹੈ। ਚੌਥੇ ਪਦ ਰਾਹੀਂ ਜੋ ਵੀ ਆਤਮਿਕ ਗਿਆਨ ਮਿਲਦਾ ਹੈ, ਧਾਰਮਿਕ ਗਿਆਨ ਮਿਲਦਾ ਹੈ, ਉਹ ਪ੍ਰਮਾਤਮਾ ਦਾ ਸਾਡੇ ਲਈ ਸੱਚਾ ਹੁਕਮ ਹੈ। ਗੁਰਬਾਣੀ ਇਸੇ ਲਈ ਸਾਡੇ ਲਈ ਪ੍ਰਮਾਤਮਾ ਦਾ ਹੁਕਮ ਹੈ ਜੋ ਚੌਥੇ ਪਦ ਰਾਹੀਂ ਆਇਆ ਹੈ।

ਗੁਰਬਾਣੀ ਰਾਹੀਂ ਦਿੱਤੀ ਗਈ ਪ੍ਰਮਾਤਮਾ ਦੀ ਮਤਿ ਸਾਡੇ ਲਈ ਉਸਦਾ ਹੁਕਮ ਹੈ ਪਰ ਧਿਆਨ ਨਾਲ ਸੋਚ ਕੇ ਦੇਖੋ ਕਿ ਉਸਦਾ ਹੁਕਮ ਮੰਨਣ ਵਾਲੇ ਕਿਤਨੇ ਕੁ ਹਨ। ਉਸਦਾ ਇਹ ਹੁਕਮ ਹੀ ਉਸਦਾ ਨਾਮ ਹੈ ਤੇ ਇਸਨੂੰ ਮੰਨਣ ਵਾਲੇ ਕਿਤਨੇ ਕੁ ਹਨ। ਗੁਰੂ ਦੇ ਬਚਨ ਸਾਡੇ ਲਈ ਉਸਦਾ ਹੁਕਮ ਹਨ ਪਰ ਅਸੀਂ ਬਚਨ ਮੰਨਦੇ ਕਿਸਦੇ ਹਾਂ ਇਹ ਹਰ ਕੋਈ ਜਾਣਦਾ ਹੈ। ਜਿਆਦਾਤਰ ਗੁਰਬਾਣੀ ਨੂੰ ਮੰਨਣ ਵਾਲੇ ਅਸਲ ਵਿੱਚ ਕਿਸੇ ਨਾ ਕਿਸੇ ਨੂੰ ਧਰਮ ਵਿੱਚ ਉੱਚਾ ਸਮਝ ਕੇ

ਉਨ੍ਹਾਂ ਦੇ ਬਚਨਾਂ ਨਾਲ ਜੁੜੇ ਹੋਏ ਹਨ ਤੇ ਅਸਲ ਵਿੱਚ ਹੁਕਮ ਉਨ੍ਹਾਂ ਦਾ ਹੀ ਮੰਨਦੇ ਹਨ, ਬਚਨ ਉਨ੍ਹਾਂ ਦੇ ਹੀ ਮੰਨਦੇ ਹਨ ਭਾਵੇਂ ਉਹ ਗੁਰਬਾਣੀ ਦੀ ਮਤਿ ਤੇ ਰੱਤੀ ਭਰ ਵੀ ਨਾ ਪੂਰੇ ਉਤਰਦੇ ਹੋਣ। ਜਿੰਨ੍ਹਾਂ ਨੂੰ ਅਸੀਂ ਉੱਚਾ ਸਮਝਦੇ ਹਾਂ, ਉਨ੍ਹਾਂ ਨੂੰ ਮਨ ਦੀ ਸੋਝੀ ਇੱਕ ਰੱਤੀ ਭਰ ਵੀ ਨਹੀਂ ਹੈ ਤੇ ਹਰ ਕੋਈ ਹਉਮੈ ਵਿੱਚ ਹੀ ਹੈ, ਤ੍ਰੈਗੁਣਾਂ ਵਿੱਚ ਹੀ ਹੈ। ਇਤਨੀ ਵੱਡੀ ਗੁਰਬਾਣੀ ਦੀ ਮਤਿ ਨੂੰ ਛੱਡ ਕੇ ਅਸੀਂ ਸੱਚ ਤੋਂ ਭੁੱਲੇ ਹੋਏ ਹਾਂ। ਜੇਕਰ ਅਸਲ ਵਿੱਚ ਉਸ ਪ੍ਰਮਾਤਮਾ ਨੂੰ ਕੋਈ ਪਾਉਣਾ ਚਾਹੁੰਦਾ ਹੈ ਤਾਂ ਉਸ ਲਈ ਅਸੀਂ ਇਸ ਮਨ ਨੂੰ ਖੋਜਣਾ ਹੈ ਜਿਸਨੂੰ ਖੋਜਣ ਦਾ ਸਾਧਨ ਕੇਵਲ ਇੱਕੋ ਇੱਕ ਗੁਰਬਾਣੀ ਹੈ ਜਿਸਨੂੰ ਮਨ ਦੀ ਸੋਝੀ ਹੈ ਤੇ ਸਾਨੂੰ ਇਸ ਮਨ ਦੇ ਨਾਲ ਮਿਲਾ ਸਕਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ। ਵੱਡਾ ਉਹੀ ਅਖਵਾਉਂਦਾ ਹੈ ਜਿਸਨੂੰ ਇਸ ਮਨ ਦੀ ਸੋਝੀ ਨਹੀਂ ਹੈ।

{ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥}

(ਅੰਗ ੩੩੦)

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ॥ ਭਾਇ ਭਗਤਿ ਜਾ ਹਉਮੈ ਸੋਖੈ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ॥੭॥}

(ਅੰਗ ੧੨੪)

{ਕਾਜੀ ਸੇਖ ਭੇਖ ਫਕੀਰਾ॥ ਵਡੇ ਕਹਾਵਹਿ ਹਉਮੈ ਤਨਿ ਪੀਰਾ॥
ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ॥੭॥}

(ਅੰਗ ੨੨੭)

ਜਿਸਨੂੰ ਇਸ ਮਨ ਦੀ ਸੋਝੀ ਹੈ ਉਹ ਕਦੇ ਆਪਣੇ ਆਪ ਨੂੰ ਵੱਡਾ ਨਹੀਂ ਕਹਿ ਸਕਦਾ, ਉਹ ਪ੍ਰਮਾਤਮਾ ਨੂੰ ਹੀ ਉੱਚਾ ਕਰਦਾ ਹੈ ਜਿਵੇਂ ਕਿ ਗੁਰਬਾਣੀ ਉਚਾਰਨ ਵਾਲਿਆਂ ਨੇ ਕੀਤਾ ਹੈ। ਆਪਣੇ ਆਪ ਨੂੰ ਉੱਚਾ ਉਹੀ ਕਰਦਾ ਹੈ ਜਿਸਨੂੰ ਮਨ ਦੀ ਸੋਝੀ ਨਹੀਂ ਪਈ, ਜਿਸਨੇ ਪ੍ਰਮਾਤਮਾ ਦੇ ਹੁਕਮ ਨੂੰ

ਨਹੀਂ ਬੁੱਝਿਆ, ਜਿਸਦੀ ਹਉਮੈ ਨਹੀਂ ਗਈ, ਮੈਂ ਨਹੀਂ ਗਈ। ਹਉਮੈ ਬ੍ਰਹਮਾ, ਬਿਸ਼ਨ, ਮਹੇਸ਼ ਦੀ ਵੀ ਨਹੀਂ ਗਈ ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ। ਇੱਕੋ ਇੱਕ ਕਾਰਨ ਇਸ ਮਨ ਦੀ ਸੋਝੀ ਨਾ ਪੈਣਾ ਹੈ ਜੋ ਕਿ ਆਪ ਪ੍ਰਮਾਤਮਾ

ਪਾਉਂਦਾ ਹੈ। ਸਾਰੀ ਸੋਝੀ ਦਾ ਮਾਲਕ ਇਹ ਮਨ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਇਹ ਮਨ ਹੀ ਸਾਨੂੰ ਉਲਝਾਉਣ ਵਾਲਾ ਹੈ, ਭਰਮ ਵਿੱਚ ਰੱਖਣਾ ਵਾਲਾ ਹੈ ਤੇ ਮਨ ਹੀ ਸਾਨੂੰ ਇਸ ਵਿੱਚੋਂ ਕੱਢਣ ਵਾਲਾ ਹੈ। ਇਹ ਮਨ ਹੀ ਤ੍ਰੈਗੁਣ ਹੈ ਤੇ ਇਹ ਮਨ ਹੀ ਚੌਥਾ ਪਦ ਹੈ। ਇਹ ਮਨ ਹੀ ਪਾਖੰਡ ਹੈ ਤੇ ਇਹ ਮਨ ਹੀ ਸੱਚਖੰਡ ਹੈ। ਸਾਨੂੰ ਉਹ ਕਿਸ ਖੰਡ ਵਿੱਚ ਰੱਖਦਾ ਹੈ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ।

ਪ੍ਰਮਾਤਮਾ ਨੂੰ ਜਪਣ ਵਾਲਾ ਇਹ ਮਨ ਹੀ ਹੈ, ਮਨ ਦੀ ਬਿਰਤੀ ਹੀ ਹੈ, ਮਨ ਦਾ ਗਿਆਨ ਹੀ ਹੈ ਜੋ ਕਿ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ। ਭਾਵੇਂ ਉਹ ਸਾਡੇ ਕੋਲੋਂ ਧਰਮ ਦੇ ਮਾਰਗ ਤੇ ਚੱਲਣ ਦੇ ਪਾਖੰਡ ਕਰਾ ਲਵੇ ਤੇ ਭਾਵੇਂ ਆਪਣਾ ਸੱਚ ਬਖ਼ਸ਼ ਕੇ ਭਾਵ ਆਪਣੀ ਸੱਚੀ ਸੋਝੀ ਪਾ ਕੇ ਅਪਣੇ ਸੱਚੇ ਮਾਰਗ ਤੇ ਚਲਾ ਲਵੇ। ਅਸੀਂ ਕੇਵਲ ਤੇ ਕੇਵਲ ਉਸਦੀ ਰਜ਼ਾ ਦੇ ਗੁਲਾਮ ਹਾਂ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਮਨ ਦੇ ਵਿੱਚ ਸੱਚ ਦੇ ਵੱਸੇ ਬਿਨ੍ਹਾਂ ਭਾਵ ਜਦ ਤੱਕ ਸਾਡੇ ਮਨ ਦੇ ਅੰਦਰ ਝੂਠ ਵਾਲੀ ਬਿਰਤੀ ਹੈ, ਔਗੁਣਾਂ ਵਾਲੀ ਬਿਰਤੀ ਹੈ ਭਾਵ ਗੁਰਮਤਿ ਦੀ ਬਜਾਇ ਮਨਮਤਿ ਹੈ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਜੋ ਕੁੱਝ ਵੀ ਹੀਲੇ ਵਰਤਦੇ ਹਾਂ, ਵਿਖਾਵੇ ਕਰਦੇ ਹਾਂ ਉਨ੍ਹਾਂ ਨੂੰ ਕੇਵਲ ਸਾਡੀ ਚਤੁਰਾਈ ਹੀ ਦੱਸਿਆ ਹੈ, ਪਾਖੰਡ ਹੀ ਦੱਸਿਆ ਹੈ। ਮਨ ਦੇ ਵਿੱਚ ਇਨ੍ਹਾਂ ਚਤੁਰਾਈਆਂ ਦੇ ਰਹਿੰਦਿਆਂ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ। ਪ੍ਰਮਾਤਮਾ ਨੂੰ ਇਨ੍ਹਾਂ ਚਤੁਰਾਈਆਂ ਵਿੱਚੋਂ ਨਿਕਲ ਕੇ ਹੀ ਪਾਇਆ ਜਾ ਸਕਦਾ ਹੈ ਭਾਵ ਭੋਲੇ ਭਾਇ ਹੀ ਪਾਇਆ ਜਾ ਸਕਦਾ ਹੈ। ਸਾਡੀਆਂ ਚਤੁਰਾਈਆਂ ਵਿੱਚ ਤੇ ਭੋਲੇ ਭਾਇ ਵਿੱਚ ਕੀ ਫ਼ਰਕ ਹੈ, ਆਓ ਇਸ

16/1724

ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਰਘੁਰਾਇ ਦੇ ਭਾਵ ਪ੍ਰਮਾਤਮਾ ਦੇ ਬੋਲਾਂ ਨੂੰ ਸਮਝੀਏ ਕਿ ਉਸਨੂੰ ਪਾਉਣ ਦਾ ਤਰੀਕਾ ਕੀ ਹੈ। ਰਘੁਰਾਇ ਦੀ ਦਿੱਤੀ ਹੋਈ ਮਤਿ ਦੇ ਉਲਟ ਚੱਲ ਕੇ ਉਸ ਰਘੁਰਾਇ ਨੂੰ ਕੌਣ ਪਾ ਸਕਦਾ ਹੈ।

ਕਬੀਰ ਜੀ ਗਉੜੀ ॥

“ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥”

(ਅੰਗ ੩੨੪)

ਉੱਪਰ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੀ ਭਗਤੀ ਹੀ ਸਮਝਾਈ ਹੈ ਕਿ ਉਸਨੂੰ ਕਿਹੋ ਜਿਹੀ ਭਗਤੀ ਦੁਆਰਾ ਪਾਇਆ ਜਾ ਸਕਦਾ ਹੈ। ਪਹਿਲੇ ਉਹ ਭਗਤੀ ਸਮਝਾਈ ਹੈ ਜਿਸਨੂੰ ਹਰ ਕੋਈ ਭਗਤੀ ਕਰਨਾ ਸਮਝਦਾ ਹੈ ਤੇ ਜੁਗਾਂ ਜੁਗਾਂ ਤੋਂ ਸਮਝਦਾ ਆ ਰਿਹਾ ਹੈ। ਅੱਜ ਵੀ ਹਰ ਕੋਈ ਇਸੇ ਨੂੰ ਹੀ ਭਗਤੀ ਕਰਨਾ ਸਮਝਦਾ ਹੈ ਤੇ ਸਿੱਖ ਜਗਤ ਵੀ ਇਸ ਵਿੱਚ ਪੂਰੀ ਤਰ੍ਹਾਂ ਸ਼ਾਮਿਲ ਹੈ।

“ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥”

ਹਰ ਕੋਈ ਸਰੀਰਕ ਜਪ ਤਪ ਆਦਿ ਕਰਨ ਨੂੰ ਹੀ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦਾ ਹੈ ਜਿਸ ਵਿੱਚ ਸਿੱਖ ਜਗਤ ਵੀ ਖੁੱਲ੍ਹ ਕੇ ਸ਼ਾਮਿਲ ਹੈ। ਬ੍ਰਤ ਪੂਜਾ ਆਦਿ ਕਰਨੀ ਵੀ ਪ੍ਰਮਾਤਮਾ ਦੀ ਭਗਤੀ ਸਮਝੀ ਜਾਂਦੀ ਹੈ ਜੋ ਕਿ ਹਿੰਦੂ ਧਰਮ ਵਿੱਚ ਆਸਥਾ ਰੱਖਣ ਵਾਲਿਆਂ ਦੀ ਬਣਾਈ ਹੋਈ ਭਗਤੀ ਹੈ। ਵਰਤ ਆਦਿ ਰੱਖਣੇ ਕੋਈ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਭਾਵੇਂ ਵਰਤ ਰੱਖਣ

ਵਾਲਾ ਕਿਸੇ ਵੀ ਧਰਮ ਵਿੱਚ ਆਸਥਾ ਰੱਖਦਾ ਹੋਵੇ। ਇਸੇ ਤਰ੍ਹਾਂ ਕੋਈ ਵੀ ਸਰਗੁਣ ਸਰੂਪ ਦੀ ਪੂਜਾ, ਮੂਰਤੀਆਂ ਦੀ ਪੂਜਾ, ਪੱਥਰਾਂ ਦੀ ਪੂਜਾ, ਮੜ੍ਹੀਆਂ ਆਦਿ ਦੀ ਪੂਜਾ ਭਾਵੇਂ ਕੋਈ ਕਿਸੇ ਧਰਮ ਵਿੱਚ ਆਸਥਾ ਰੱਖਦਾ ਹੋਵੇ, ਇਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਸਾਡੇ ਇਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ, ਜਪਾਂ ਤਪਾਂ ਨੂੰ ਖੰਡਿਆ ਗਿਆ ਹੈ ਤੇ ਇਸ ਨੂੰ ਸਾਡੇ ਅੰਦਰ ਦੂਜਾ ਭਾਉ ਦੱਸਿਆ ਹੈ ਭਾਵ ਇਹੋ ਜਿਹੇ ਕਰਮਾਂ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਨਹੀਂ ਜਤਾ ਸਕਦੇ। ਪ੍ਰਮਾਤਮਾ ਦੇ ਨਾਲ ਪਿਆਰ ਉਸਦੀ ਮਤਿ ਦੇ ਨਾਲ ਪਿਆਰ ਹੈ ਤੇ ਇਹੋ ਜਿਹੇ ਕਰਮ ਕਾਂਡ ਕਰਨ ਵਿੱਚ ਜਪ ਤਪ ਆਦਿ ਕਰਨ ਵਿੱਚ ਗੁਰੂ ਦੀ ਮਤਿ ਨਹੀਂ ਹੈ। **(ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ॥੧॥)**

16/1725

ਸਾਡੇ ਇਹੋ ਜਿਹੇ ਜਪਾਂ ਤਪਾਂ ਨੂੰ ਕੀ ਕਹਿ ਕੇ ਸਮਝਾਇਆ ਹੈ ਇਹ ਅਗਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

“ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥ਰਹਾਉ॥”

ਉਪਰਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਮਨ ਲਗਾਉਣਾ ਕੀ ਹੈ। ਸਾਨੂੰ ਸਮਝਾ ਕੇ ਕਿਹਾ ਹੈ ਕਿ ਜਪ ਤਪ ਆਦਿ ਕਰਨੇ ਪ੍ਰਮਾਤਮਾ ਦੇ ਨਾਲ ਮਨ ਲਗਾਉਣਾ ਨਹੀਂ ਹੈ। ਸਾਡੇ ਜਪਾਂ ਤਪਾਂ ਆਦਿ ਨੂੰ ਸਾਡੀ ਚਤੁਰਾਈ ਕਹਿ ਕੇ ਸਮਝਾਇਆ ਹੈ ਕਿ ਇਹੋ ਜਿਹੀਆਂ ਚਤੁਰਾਈਆਂ ਦੁਆਰਾ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਫਿਰ ਵੀ ਹਰ ਕੋਈ ਪ੍ਰਮਾਤਮਾ ਨੂੰ ਪਾਉਣ ਦਾ ਇਹੀ ਤਰੀਕਾ ਸਮਝਦਾ ਹੈ ਤੇ ਜਪ ਤਪ ਆਦਿ ਕਰਦਾ ਹੈ। ਇਹੋ ਜਿਹੇ ਜਪ ਤਪ ਆਦਿ ਕਰਨ ਵਾਲੇ ਹੀ ਪ੍ਰਮਾਤਮਾ ਨੂੰ ਪਾਉਣ ਦਾ ਦਾਅਵਾ ਕਰਦੇ ਹਨ ਜੋ ਕਿ ਗੁਰਬਾਣੀ ਦੇ ਬਿਲਕੁਲ ਉਲਟ ਹੈ। ਇਹ ਸਭ ਦਾਅਵੇ ਖੋਖਲੇ ਹਨ ਭਾਵ ਕੇਵਲ ਸਾਡੇ ਮਨ ਦਾ ਭਰਮ ਹੀ ਹੈ, ਸਾਡੀ ਅਗਿਆਨਤਾ ਹੀ ਹੈ। ਜਿੱਥੇ ਸਰੀਰਕ ਜਪ ਤਪ ਹੈ ਉੱਥੇ ਕਦੇ ਵੀ ਪ੍ਰਮਾਤਮਾ ਪ੍ਰਗਟ ਨਹੀਂ ਹੋ ਸਕਦਾ ਕਿਉਂਕਿ ਇਹ ਗੁਰਬਾਣੀ ਦਾ ਆਪਣਾ ਫੁਰਮਾਨ ਹੈ, ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ। **(ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥ਰਹਾਉ॥)**

ਇਹ ਸਾਡੇ ਸਰੀਰਕ ਜਪ ਤਪ ਸਭ ਚਤੁਰਾਈ ਹੀ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ।

ਆਸਾ ਮਹਲਾ ੧॥

{ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥}

(ਅੰਗ ੪੧੨)

ਜਪ ਤਪ ਕਰਨ ਵਾਲਾ ਹਰ ਕੋਈ ਭਰਮ ਵਿੱਚ ਹੀ ਹੈ ਜਿਹੜਾ ਆਪਣੇ ਅਸਲ ਮਾਰਗ ਤੋਂ ਭਟਕਿਆ ਹੋਇਆ ਹੈ, ਉਸ ਪ੍ਰਮਾਤਮਾ ਦਾ ਆਪਣਾ ਹੀ ਭਟਕਾਇਆ ਹੋਇਆ ਹੈ ਤੇ ਇਸੇ ਲਈ ਉਹ ਆਪਣੇ ਆਪ ਨੂੰ ਠੀਕ ਸਮਝਦੇ ਹਨ।

ਗੁਰੂ ਦੀ ਸਿੱਖਿਆ ਸਾਨੂੰ ਸਰੀਰਕ ਜਪਾਂ ਤਪਾਂ ਤੋਂ ਵਾਰ-ਵਾਰ ਹਟਾਉਂਦੀ ਹੈ ਤੇ ਫਿਰ ਵੀ ਜੋ ਮਨੁੱਖ ਉਸ ਨੂੰ ਜਪਣ ਵਾਲੇ

16/1726

ਸਰੀਰਕ ਜਪਾਂ ਤਪਾਂ ਦੁਆਰਾ ਜਪਦੇ ਹਨ, ਉਹ ਗੁਰੂ ਦੀ ਸਿੱਖਿਆ ਦੇ ਉਲਟ ਹੀ ਚੱਲਦੇ ਹਨ। ਇਸੇ ਲਈ ਬਾਣੀ ਵਿੱਚ ਸਮਝਾਇਆ ਹੈ ਕਿ ਇਹੋ ਜਿਹੇ ਜਪ ਤਪ ਕਰਨ ਵਾਲੇ ਮਾਇਆ ਮੋਹ ਵਿੱਚ ਹੀ ਹਨ ਤੇ ਇਸ ਵਿੱਚੋਂ ਨਿਕਲ ਨਹੀਂ ਸਕਦੇ ਤੇ ਨਾ ਹੀ ਉਨ੍ਹਾਂ ਦੇ ਇਹੋ ਜਿਹੇ ਜਪ ਤਪ ਕਿਸੇ ਲੇਖੇ ਪੈਂਦੇ ਹਨ ਭਾਵ ਇਹ ਜਪ ਤਪ ਸਭ ਵਿਅਰਥ ਹੀ ਹਨ, ਕੇਵਲ ਸਾਡਾ ਵਿਖਾਵਾ ਹੀ ਹੈ ਜਿਸ ਦੁਆਰਾ ਅਸੀਂ ਕੇਵਲ ਆਪਣੇ ਆਪ ਨੂੰ ਹੀ ਉੱਚਾ ਕਰਦੇ ਹਾਂ ਪਰ ਪ੍ਰਮਾਤਮਾ ਦੀ ਇਸ ਵਿੱਚ ਕੋਈ ਵਡਿਆਈ ਨਹੀਂ ਹੁੰਦੀ।

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥੫॥}

(ਅੰਗ ੩੫੬)

ਸਾਡੇ ਇਨ੍ਹਾਂ ਸਾਰੇ ਜਪਾਂ ਤਪਾਂ ਨੂੰ ਚਤੁਰਾਈ ਹੀ ਦੱਸਿਆ ਹੈ ਪਰ ਨਾਲ ਸਾਨੂੰ ਪ੍ਰਮਾਤਮਾ ਦੀ ਭਗਤੀ ਕਰਨੀ ਕੀ ਹੈ, ਇਹ ਵੀ

ਸਮਝਾਇਆ ਹੋਇਆ ਹੈ, ਉਸ ਮਾਧਉ ਦੇ ਨਾਲ, ਪ੍ਰਮਾਤਮਾ ਦੇ ਨਾਲ ਮਨ ਲਾਉਣਾ ਕੀ ਹੈ, ਇਹ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਪਰਹਰੁ ਲੋਭੁ ਅਰੁ ਲੋਕਾਚਾਰੁ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ॥੨॥”

ਉੱਪਰ ਪੰਗਤੀਆਂ ਰਾਹੀਂ ਸਾਨੂੰ ਉਹੀ ਭਗਤੀ ਸਮਝਾਈ ਹੋਈ ਹੈ ਜਿਹੋ ਜਿਹੀ ਭਗਤੀ ਸਾਨੂੰ ਗੁਰਬਾਣੀ ਵਾਰ-ਵਾਰ ਸਮਝਾ ਰਹੀ ਹੈ। ਭਗਤੀ ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਦੁਆਰਾ ਵਿਚਰਨ ਦੀ ਹੈ, ਸਮਾਜ ਦੇ ਵਿੱਚ ਸੱਚੀ ਸੁੱਚੀ ਕਰਨੀ ਕਰਨ ਦੀ ਹੈ ਜੋ ਕਿ ਔਗੁਣਾਂ ਨੂੰ ਤਿਆਗ ਕੇ ਹੀ ਹੁੰਦੀ ਹੈ। ਜਿਹੋ ਜਿਹੇ ਜਪ ਤਪ ਅਸੀਂ ਕਰਦੇ ਹਾਂ ਇਹ ਕੇਵਲ ਲੋਕਾਚਾਰ ਹੀ ਹੈ ਭਾਵ ਇੱਕ ਵਿਖਾਵਾ ਹੀ ਹੈ ਜਿਸਨੂੰ ਤਿਆਗਣ ਲਈ ਕਿਹਾ ਹੈ। ਸਾਨੂੰ ਲੋਕਾਂ ਕੋਲੋਂ ਵਡਿਆਈ ਜਪ ਤਪ ਦੇ ਵਿਖਾਵੇ ਦੁਆਰਾ ਹੀ ਮਿਲਦੀ ਹੈ ਪਰ ਇਹ ਲੋਕਾਚਾਰ ਕੇਵਲ ਸਾਡੀ ਚਤੁਰਾਈ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਨਾਲ ਹੀ ਸਾਨੂੰ ਕਾਮ, ਕ੍ਰੋਧ, ਲੋਭ, ਅਹੰਕਾਰ ਭਾਵ ਔਗੁਣ ਤਿਆਗਣ ਦਾ ਹੁਕਮ ਕੀਤਾ ਹੋਇਆ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਇਨਸਾਨ ਬਣ ਕੇ ਸਮਾਜ ਵਿੱਚ ਵਿਚਰੀਏ। **(ਪਰਹਰੁ ਲੋਭੁ ਅਰੁ ਲੋਕਾਚਾਰੁ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ॥੨॥)**

16/1727

ਉੱਪਰ ਸਾਨੂੰ ਭਗਤੀ ਕਰਨ ਦਾ ਅਸਲ ਮਾਰਗ ਸਮਝਾਇਆ ਹੈ ਪਰ ਅਸੀਂ ਜਿਹੋ ਜਿਹੇ ਕਰਮ ਕਰਨ ਦੁਆਰਾ ਭਾਵ ਜਪ ਤਪ ਆਦਿ ਕਰਨ ਦੁਆਰਾ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਕਰਮ ਕਰਨੇ ਸਮਝਦੇ ਹਾਂ, ਉਨ੍ਹਾਂ ਦੁਆਰਾ ਸਾਡੀ ਅਵੱਸਥਾ ਤੇ ਕੀ ਅਸਰ ਪੈਂਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਵਿੱਚ ਸਮਝਾਇਆ ਹੋਇਆ ਹੈ।

“ਕਰਮ ਕਰਤ ਬਧੇ ਅਹੰਮੇਵ॥ ਮਿਲਿ ਪਾਥਰ ਕੀ ਕਰਹੀ ਸੇਵ॥੩॥”

ਜਿਹੋ ਜਿਹੇ ਕਰਮ ਕਰਨੇ ਅਸੀਂ ਭਗਤੀ ਸਮਝਦੇ ਹਾਂ ਭਾਵ ਜੋ ਅਸੀਂ ਜਪ ਤਪ ਆਦਿ ਕਰਦੇ ਹਾਂ ਇਹਦੇ ਨਾਲ ਸਾਡੀ ਹਉਮੈ ਹੀ ਵੱਧਦੀ ਹੈ ਭਾਵ ਅਸੀਂ ਆਪਣੇ ਆਪ ਨੂੰ ਉੱਚਾ ਕਰਦੇ ਹਾਂ, ਸਮਾਜ ਵਿੱਚ ਸਾਡਾ ਰੁਤਬਾ ਉੱਚਾ ਹੁੰਦਾ ਹੈ ਕਿਉਂਕਿ ਲੋਕ ਇਸੇ ਨੂੰ ਹੀ ਭਗਤੀ ਕਰਨਾ ਸਮਝਦੇ ਹਨ ਤੇ ਸਾਡੀ ਸਮਾਜ ਵਿੱਚ ਇਨ੍ਹਾਂ ਗੱਲਾਂ ਨਾਲ ਇੱਜ਼ਤ ਵੱਧਦੀ ਹੈ। ਇਹ ਮਾਰਗ ਹਉਮੈ ਨੂੰ ਖ਼ਤਮ ਕਰਨ ਦਾ ਹੈ ਪਰ ਇਹ ਜਪ ਤਪ ਹਉਮੈ ਵਧਾਉਣ ਦਾ ਮਾਰਗ ਹੈ ਤੇ ਇਸੇ ਲਈ ਇਸਨੂੰ ਗੁਰਮਤਿ ਦੇ ਉਲਟ ਕਿਹਾ ਹੈ। **(ਕਰਮ ਕਰਤ ਬਧੇ ਅਹੰਮੇਵ॥)**

ਉਸ ਪ੍ਰਮਾਤਮਾ ਦੀ ਸੇਵਾ ਭਗਤੀ ਤਾਂ ਸਾਡੀ ਸੱਚੀ ਸੁੱਚੀ ਵਿਚਰਨ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਉੱਪਰ ਸਮਝਾਇਆ ਹੈ ਪਰ ਉਸਦੀ ਭਗਤੀ ਕਰਨ ਵਾਲੇ ਸਭ ਭੁੱਲੇ ਹੀ ਹੋਏ ਹਨ ਜੋ ਕਿ ਪੱਥਰ ਦੀ ਭਾਵ ਮੂਰਤੀਆਂ ਆਦਿ ਦੀ ਪੂਜਾ ਕਰਦੇ ਹਨ। ਅੱਜ ਕੱਲ ਸਿੱਖ ਜਗਤ ਵੀ ਮੂਰਤੀਆਂ ਦੀ ਪੂਜਾ ਵੱਲ ਅੱਗੇ ਵੱਧ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਕੁੱਝ ਭਰਮੇ ਹੋਏ, ਅਤਿ ਦੇ ਭਰਮੇ ਹੋਏ ਨਾਲ-ਨਾਲ ਆਪਣੇ ਸਿਰਮੌਰ ਦੀਆਂ ਮੂਰਤੀਆਂ ਵੀ ਰੱਖਣ ਲੱਗ ਪਏ ਹਨ ਭਾਵ ਉਨ੍ਹਾਂ ਨੂੰ ਪੂਜਣ ਲੱਗ ਪਏ ਹਨ। ਮਨ ਦੇ ਵਿੱਚ ਤਾਂ ਆਪਣੇ ਸਿਰਮੌਰ ਨੂੰ ਪੂਜਦੇ ਹੀ ਹਨ ਪਰ ਉਸ ਨਾਲ ਆਪਣੀ ਸ਼ਰਧਾ ਵਿਖਾਉਣ ਲਈ ਉਸਨੂੰ ਪ੍ਰਤੱਖ ਰੂਪ ਵਿੱਚ ਵੀ ਭਾਵ ਮੂਰਤੀਆਂ ਦੇ ਰੂਪ ਵਿੱਚ ਵੀ ਪੂਜਣ ਲੱਗ ਪਏ ਹਨ। ਆਪਣੇ ਆਪ ਨੂੰ ਠੀਕ ਸਾਬਤ ਕਰਨ ਲਈ ਭਾਵ ਆਪਣੇ ਆਪ ਨੂੰ ਕੱਜਣ ਲਈ ਨਾਲ-ਨਾਲ ਧੰਨ ਧੰਨ ਧੰਨ ਧੰਨ ਇਸ ਗੁਰਬਾਣੀ ਦੇ ਦਾਤਾ ਗੁਰੂ ਨਾਨਕ ਦੇਵ ਜੀ ਦੀਆਂ ਮੂਰਤੀਆਂ ਵੀ ਰੱਖਣ ਲੱਗ ਪਏ ਹਨ ਜੋ ਸਾਨੂੰ ਇਸ ਮੂਰਤੀ ਪੂਜਾ ਵਿੱਚੋਂ ਵਾਰ-ਵਾਰ ਨਿਕਲਣ ਲਈ ਪ੍ਰੇਰ ਰਹੇ ਹਨ।

16/1728

ਸ਼ਬਦ ਗੁਰੂ ਕੀ ਹੈ, ਇਹ ਉਨ੍ਹਾਂ ਨੂੰ ਰੱਤੀ ਭਰ ਵੀ ਸੋਝੀ ਨਹੀਂ ਹੈ। ਕਿਸੇ ਮੂਰਤੀ ਨੂੰ ਸ਼ੀਸ਼ੇ ਵਿੱਚ ਜੜ ਕੇ ਰੱਖਣਾ ਜਾਂ ਪੱਥਰ ਰੂਪ ਵਿੱਚ ਰੱਖਣਾ ਇਸ ਵਿੱਚ ਕੀ ਫ਼ਰਕ ਹੈ। ਇੱਕੋ ਹੀ ਗੱਲ ਹੈ। ਮਨ ਦੀ ਬਿਰਤੀ ਇੱਕੋ ਜਿਹੀ ਹੀ ਹੈ ਕਿ ਅਸੀਂ ਉੱਚਾ ਕਿਸ ਨੂੰ ਕਰ ਰਹੇ ਹਾਂ, ਸ਼ਬਦ ਨੂੰ ਜਾਂ ਕਿਸੇ ਦੇਹ ਨੂੰ। **(ਮਿਲਿ ਪਾਥਰ ਕੀ ਕਰਹੀ ਸੇਵ॥੩॥)**

ਉੱਪਰ ਅਸੀਂ ਇਸ ਗੱਲ ਨੂੰ ਤਾਂ ਸਮਝਿਆ ਹੈ ਕਿ ਚਤੁਰਾਈ ਕਰਨੀ ਕੀ ਹੈ ਤੇ ਨਾਲ ਹੀ ਇਹ ਵੀ ਸਮਝਿਆ ਹੈ ਕਿ ਚਤੁਰਾਈ ਕਰਨ ਨਾਲ ਪ੍ਰਮਾਤਮਾ ਨਹੀਂ ਮਿਲਦਾ। ਉਸਦੀ ਭਗਤੀ ਕਰਨ ਦਾ ਸਾਨੂੰ ਅਸਲ ਤਰੀਕਾ ਵੀ ਸਮਝਾਇਆ ਹੈ ਜੋ ਕਿ ਸਾਰੇ ਔਗੁਣਾਂ ਨੂੰ ਤਿਆਗਣਾ ਹੈ ਜੋ ਕਿ ਉਸਦੀ ਭਗਤੀ ਕਰਨ ਦਾ ਤਰੀਕਾ ਹੈ ਜਿਸ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ। ਇੱਕ ਬਿਰਤੀ ਸਾਡੀ ਚਤੁਰਾਈ ਵਾਲੀ ਹੈ। ਚਤੁਰਾਈ ਵਾਲੀ ਬਿਰਤੀ ਸਾਡੀ ਉਹ ਹੈ ਜੋ ਅਸੀਂ ਗੁਰਮਤਿ ਨੂੰ ਨਾ ਮੰਨਦੇ ਹੋਏ

ਕਿਸੇ ਹੋਰ ਤਰੀਕੇ ਨਾਲ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ। ਦੂਸਰੀ ਬਿਰਤੀ ਸਾਡੀ ਭੋਲੇ ਭਾਇ ਦੀ ਹੈ ਭਾਵ ਜਿਸ ਵਿੱਚ ਚਤੁਰਾਈ ਨਹੀਂ ਹੈ ਬਲਕਿ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਭਾਵ ਔਗੁਣ ਰਹਿਤ ਹੋ ਕੇ ਸਾਡੀ ਸੱਚੀ ਸੁੱਚੀ ਵਿਚਰਨ ਦੀ ਹੈ ਜੋ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਹੁ ਕਬੀਰ ਭਗਤਿ ਕਰਿ ਪਾਇਆ॥ ਭੋਲੇ ਭਾਇ ਮਿਲੇ ਰਘੁਰਾਇਆ॥੪॥੬॥"

ਜੋ ਕੁੱਝ ਵੀ ਕਰਮ ਅਸੀਂ ਗੁਰਮਤਿ ਤੋਂ ਉਲਟ ਕਰਦੇ ਹਾਂ ਜਿੰਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਉਹ ਸਭ ਸਾਡੀ ਚਤੁਰਾਈ ਹੀ ਹੈ। ਇਹ ਚਤੁਰਾਈਆਂ ਛੱਡੇ ਬਿਨ੍ਹਾਂ ਭਾਵ ਜਪ ਤਪ ਆਦਿ ਛੱਡੇ ਬਿਨ੍ਹਾਂ, ਔਗੁਣ ਛੱਡੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਦੀ ਭਗਤੀ ਨਹੀਂ ਕਰ ਸਕਦਾ ਤੇ ਅਗਰ ਕੋਈ ਸਮਝ ਰਿਹਾ ਹੈ ਕਿ ਉਹ ਇਸ ਤਰੀਕੇ ਭਗਤੀ ਕਰ ਰਿਹਾ ਹੈ, ਉਹ ਫਿਰ ਪ੍ਰਮਾਤਮਾ ਦੇ ਨਾਲ ਚਤੁਰਾਈਆਂ ਹੀ ਕਰ ਰਿਹਾ ਹੈ, ਜਿਤਨੀ ਕੋਈ ਜਿਆਦਾ ਚਤੁਰਾਈ ਦਿਖਾਉਂਦਾ ਹੈ ਓਨਾਂ ਹੀ ਉਹ ਆਪਣੇ ਆਪ ਨੂੰ ਜਿਆਦਾ ਉੱਚਾ ਕਰਦਾ ਹੈ, ਆਪਣੀ ਹਉਮੈ ਉੱਚੀ ਕਰਦਾ ਹੈ, ਆਪਣੀ ਮਨਮਤਿ ਤੇ, ਮਨਹਠਿ ਤੇ ਮਾਣ ਕਰਦਾ ਹੈ। ਸਭ ਪਾਸੇ ਇਹੋ ਕੁੱਝ ਹੋ ਰਿਹਾ ਹੈ ਭਾਵ ਚਤੁਰਾਈਆਂ ਹੀ ਹੋ ਰਹੀਆਂ ਹਨ ਪਰ ਭਗਤੀ ਕੀ ਹੈ ਇਸ ਤੋਂ ਹਰ ਕੋਈ ਦੂਰ ਹੀ ਹੈ। ਉਸਦੇ ਭੋਲੇ ਭਾਇ ਵਾਲਾ ਕੋਈ ਵਿਰਲਾ ਹੀ ਹੋ ਸਕਦਾ ਹੈ ਪਰ ਚਤੁਰਾਈਆਂ ਵਾਲਿਆਂ ਨਾਲ ਸਮਾਜ ਭਰਪੂਰ ਹੈ।

16/1729

ਸਾਡੇ ਅੰਦਰ ਇਹ ਚਤੁਰਾਈਆਂ ਦਾ ਕਾਰਨ ਸਾਡੇ ਮਨ ਦਾ ਭਰਮ ਹੈ, ਅਗਿਆਨਤਾ ਹੈ ਜਿਸ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਸਵਾਇਆ ਹੋਇਆ ਹੈ। ਇਸ ਅਗਿਆਨਤਾ ਵਿੱਚੋਂ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਕੱਢਦਾ ਹੈ, ਆਪਣੀ ਸਾਧਸੰਗਤ ਬਖ਼ਸ਼ ਕੇ ਕੱਢਦਾ ਹੈ ਜੋ ਕਿ ਉਸਦੀ ਸੰਗਤ ਦਾ ਮਕਸਦ ਹੈ। ਜਿਸਨੂੰ ਉਹ ਇਸ ਅਗਿਆਨਤਾ ਵਿੱਚੋਂ ਜਗਾਉਂਦਾ ਹੈ ਉਸਨੂੰ ਆਪਣੇ ਸੱਚੇ ਗਿਆਨ ਦੀ ਸੰਗਤ ਕਰਵਾ ਕੇ ਹੀ ਜਗਾਉਂਦਾ ਹੈ ਜੋ ਕਿ ਉਸਦੀ ਸਾਧਸੰਗਤ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਰਾਗੁ ਆਸਾ ਘਰੁ ੫ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

"ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥੧॥
ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ ॥ ਕੋਊ ਤਿਆਗੈ ਵਿਰਲਾ ॥੨॥
ਚਰਨ ਕਮਲ ਆਨੂਪ ਹਰਿ ਸੰਤ ਮੰਤ ॥ ਕੋਊ ਲਾਗੈ ਸਾਧੂ ॥੩॥
ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥੪॥੧॥੩੯॥"

(ਅੰਗ ੩੮੦)

ਉੱਪਰ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਹੀ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਸਾਡਾ ਸੌਣਾ ਤੇ ਜਾਗਣਾ ਕੀ ਹੈ। ਸਗਲ ਜਗਤ ਭਾਵ ਹਰ ਕੋਈ ਭਰਮ ਵਿੱਚ ਸੁੱਤਾ ਹੋਇਆ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ।

"ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ॥"

ਪ੍ਰਮਾਤਮਾ ਨੇ ਸਭ ਨੂੰ ਮੂਲ ਰੂਪ ਵਿੱਚ ਭਰਮ ਵਿੱਚ ਹੀ ਰੱਖਿਆ ਹੋਇਆ ਹੈ ਜੋ ਕਿ ਉਸਦਾ ਆਪਣੀ ਸ੍ਰਿਸ਼ਟੀ ਨੂੰ ਚਲਾਉਣ ਦਾ ਬਣਾਇਆ ਹੋਇਆ ਤਰੀਕਾ ਹੈ। ਮਨ ਦੇ ਇਸ ਭਰਮ ਕਰਕੇ ਹੀ ਹਰ ਕੋਈ ਮਾਇਆ ਮੋਹ ਵਿੱਚ ਹੈ, ਮਾਇਆ ਮੋਹ ਵਿੱਚ ਅੰਧਾ ਹੈ ਭਾਵ ਉਸਨੂੰ ਆਪਣੇ ਜੀਵਨ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਆਪਣੇ ਸਹੀ ਮਾਰਗ ਦੀ ਸੋਝੀ ਪਏ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਪ ਸਕਦਾ ਭਾਵ ਉਸਦਾ "**ਜਨੁ**" ਨਹੀਂ ਬਣ ਸਕਦਾ। ਉਹ ਆਪਣਾ ਜਨ ਕਿਸੇ ਵਿਰਲੇ ਨੂੰ ਹੀ ਬਣਾਉਂਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਕੋਊ ਜਾਗੈ ਹਰਿ ਜਨੁ॥੧॥"

ਹੁਣ ਧਿਆਨ ਨਾਲ ਸਮਝੋ ਕਿ "**ਹਰਿ ਜਨੁ**" ਬਣਨਾ ਕੀ ਹੈ। ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਉਸਦਾ ਜਨ ਬਣਕੇ ਉਚਾਰੀ ਹੈ। ਉਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਕੱਢਿਆ ਹੈ ਤੇ ਆਪਣਾ ਸੱਚਾ ਗਿਆਨ ਬਖ਼ਸ ਕੇ ਉਨ੍ਹਾਂ ਨੂੰ ਜਗਾਇਆ ਹੈ। ਮਨ ਦੇ ਵਿੱਚ ਗਿਆਨ ਰਾਹੀਂ ਜਾਗਣ ਦੁਆਰਾ ਹੀ ਉਨ੍ਹਾਂ ਨੇ ਗੁਰਬਾਣੀ ਰੂਪ ਪ੍ਰਮਾਤਮਾ ਦਾ ਸੱਚਾ ਗਿਆਨ ਉਚਾਰਿਆ ਹੈ, ਬ੍ਰਹਮਗਿਆਨ ਉਚਾਰਿਆ ਹੈ। ਮਾਇਆ ਮੋਹ ਵਿੱਚੋਂ ਜੋ ਕਿ ਸਭ ਨੂੰ ਬਹੁਤ ਪਿਆਰੀ ਲੱਗਦੀ ਹੈ ਉਹ ਸਾਡੇ ਅੰਦਰ ਭਰਮ ਦੀ ਨਿਸ਼ਾਨੀ ਹੈ ਭਾਵ ਇਸ ਦਾ ਮੂਲ ਭਰਮ ਹੈ ਤੇ ਇਸ ਮਾਇਆ ਮੋਹ ਵਿੱਚੋਂ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਕੱਢਦਾ ਹੈ ਭਾਵ ਉਸਨੂੰ ਆਪਣਾ ਸੱਚਾ ਗਿਆਨ ਬਖ਼ਸ ਕੇ

16/1730

ਕੱਢਦਾ ਹੈ, ਆਪਣਾ ਜਨ ਬਣਾ ਕੇ ਕੱਢਦਾ ਹੈ ਜੋ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ॥ ਕੋਊ ਤਿਆਗੈ ਵਿਰਲਾ॥੨॥"

ਮਾਇਆ ਮੋਹ ਦੀ ਪ੍ਰੀਤ ਤਿਆਗਣਾ ਬਹੁਤ ਔਖਾ ਹੈ ਕਿਉਂਕਿ ਇਹ ਸਾਨੂੰ ਆਪਣੇ ਪ੍ਰਾਣਾਂ ਵਰਗੀ ਪਿਆਰੀ ਹੈ ਭਾਵ ਸਾਡੇ ਪ੍ਰਾਣ ਮਾਇਆ ਮੋਹ ਵਿੱਚ ਵੱਸਦੇ ਹਨ, ਸੰਸਾਰਿਕ ਦਾਤਾਂ ਵਿੱਚ ਵੱਸਦੇ ਹਨ ਭਾਵ ਸਾਡਾ ਮੋਹ ਉਨ੍ਹਾਂ ਵਿੱਚ ਜੁੜਿਆ ਹੋਇਆ ਹੈ। ਇਸੇ ਮੋਹ ਕਰਕੇ ਹੀ ਮਨੁੱਖ ਔਗੁਣਾਂ ਵਿੱਚ ਫਸਦਾ ਹੈ, ਮਾੜੇ ਕਰਮ ਕਰਦਾ ਹੈ ਤੇ ਗੁਰੂ ਦੇ ਸੱਚੇ ਮਾਰਗ ਤੋਂ ਭਟਕਦਾ ਹੈ। ਇਸੇ ਲਈ ਕੋਈ ਵਿਰਲਾ ਹੀ ਇਸਦਾ ਮੋਹ ਤਿਆਗਦਾ ਹੈ ਜਿਸਨੂੰ ਉਹ ਮਨ ਦੇ ਵਿੱਚ ਸੱਚੇ ਮਾਰਗ ਦੀ ਸੋਝੀ ਪਾ ਕੇ ਉਸ ਤੇ ਦ੍ਰਿੜ ਕਰਦਾ ਹੈ। **(ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ॥ ਕੋਊ ਤਿਆਗੈ ਵਿਰਲਾ॥੨॥)** ਪ੍ਰਮਾਤਮਾ ਮਨੁੱਖ ਨੂੰ ਇਸ ਅਗਿਆਨਤਾ ਵਿੱਚੋਂ, ਭਰਮ ਵਿੱਚੋਂ, ਮਾਇਆ ਮੋਹ ਵਿੱਚੋਂ ਕਿਵੇਂ ਕੱਢਦਾ ਹੈ ਭਾਵ ਕਿਸ ਵਿਧੀ ਦੁਆਰਾ ਕੱਢਦਾ ਹੈ ਇਹ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਚਰਨ ਕਮਲ ਆਨੂਪ ਹਰਿ ਸੰਤ ਮੰਤ॥ ਕੋਊ ਲਾਗੈ ਸਾਧੂ॥੩॥"

ਸਭ ਤੋਂ ਪਹਿਲਾਂ ਤਾਂ ਸਮਝੋ ਕਿ ਚਰਨ ਕਮਲ ਕੀ ਹਨ ਜੋ ਕਿ ਬਹੁਤ ਅਨੂਪ ਹਨ ਭਾਵ ਗੁਰੂ ਦੇ ਚਰਨ ਕਮਲ ਬਹੁਤ ਸੁੰਦਰ ਹਨ। ਗੁਰੂ ਦੇ ਇਹ ਚਰਨ ਕਮਲ ਉਸਦੇ ਸੰਤ ਦਾ ਭਾਵ ਗੁਰੂ ਰੂਪ ਸੰਤ ਦਾ, ਗੁਰਬਾਣੀ ਰੂਪ ਸੰਤ ਦਾ "ਮੰਤ" ਹਨ, ਉਸਦੀ ਦਿੱਤੀ ਹੋਈ ਮਤਿ ਹਨ, ਉਸਦੀ ਪਾਈ ਹੋਈ ਸੱਚੀ ਸੋਝੀ ਹਨ ਤੇ ਉਸਦੇ ਸੰਤ ਦਾ ਇਹੀ ਮਨੋਰਥ ਹੈ, ਦੁਨੀਆਂ ਨੂੰ ਸੱਚਾ ਗਿਆਨ ਦੇਣ ਦਾ ਮਨੋਰਥ ਹੈ। **(ਚਰਨ ਕਮਲ ਆਨੂਪ ਹਰਿ ਸੰਤ ਮੰਤ॥)** ਸੰਤ ਦੇ ਨਾਲ ਜੁੜਨਾ, ਸੰਤ ਦੇ ਨਾਲ ਲੱਗਣਾ ਉਸਦੇ ਮੰਤ ਦੇ ਨਾਲ ਲੱਗਣਾ ਹੈ ਭਾਵ ਉਸਦੀ ਦਿੱਤੀ ਹੋਈ ਮੰਤ ਦੇ ਨਾਲ ਲੱਗਣਾ ਹੈ। ਸੰਤ ਦੇ ਨਾਲ ਜੁੜਨਾ ਜਾਂ ਸਾਧੂ ਦੇ ਨਾਲ ਜੁੜਨਾ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨਾ ਹੀ ਹੈ ਜੋ ਕਿ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ। **(ਕੋਊ ਲਾਗੈ ਸਾਧੂ॥੩॥)** ਉਹ ਆਪਣੀ ਗੁਰਮਤਿ ਦੇ ਨਾਲ, ਸੱਚੀ ਸੋਝੀ ਦੇ ਨਾਲ ਕਿਸੇ ਵਿਰਲੇ ਨੂੰ ਹੀ ਜੋੜਦਾ ਹੈ, ਕਿਸੇ ਵਿਰਲੇ ਨੂੰ ਹੀ ਇਸ ਸੱਚੀ ਸੋਝੀ ਦੁਆਰਾ ਅਗਿਆਨਤਾ ਵਿੱਚੋਂ ਜਗਾਉਂਦਾ ਹੈ, ਮਾਇਆ ਮੋਹ ਵਿੱਚੋਂ ਕੱਢਦਾ ਹੈ, ਔਗੁਣਾਂ ਵਿੱਚੋਂ ਕੱਢਦਾ ਹੈ। ਸਾਧੂ ਦੇ ਨਾਲ ਲੱਗਣਾ ਕੀ ਹੈ ਭਾਵ ਸਾਧਸੰਗ ਕਰਨਾ ਕੀ ਹੈ ਇਸ ਗੱਲ ਨੂੰ ਅਗਲੀਆਂ ਪੰਗਤੀਆਂ ਰਾਹੀਂ ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ।

"ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ॥ ਵਡਭਾਗੇ ਕਿਰਪਾ॥੪॥੧॥੩੯॥"

16/1731

ਉਪਰਲੀ ਪੰਗਤੀ ਰਾਹੀਂ ਹੁਣ ਧਿਆਨ ਨਾਲ ਸਮਝੋ ਕਿ ਸਾਧੂ ਸੰਗਤ ਕੀ ਹੈ ਭਾਵ ਸਾਧਸੰਗਤ ਕੀ ਹੈ, ਇਸ ਸੰਗਤ ਦਾ ਮਕਸਦ ਕੀ ਹੈ ਤੇ ਇਹ ਕਿਸ ਰੂਪ ਵਿੱਚ ਹੁੰਦੀ ਹੈ। ਸਾਧੂ ਦੀ ਸੰਗਤ ਸਾਨੂੰ ਭਰਮ ਵਿੱਚੋਂ ਜਗਾਉਣ ਲਈ ਹੈ ਤੇ ਭਰਮ ਵਿੱਚੋਂ ਕੇਵਲ ਸਾਨੂੰ ਗਿਆਨ ਹੀ ਜਗਾ ਸਕਦਾ ਹੈ। ਜਦੋਂ ਪ੍ਰਮਾਤਮਾ ਸਾਨੂੰ ਆਪਣੀ ਸੰਗਤ ਦੇ ਨਾਲ ਰੰਗਦਾ ਹੈ ਉਹ ਆਪਣੇ ਸੱਚੇ ਗਿਆਨ ਦੇ ਨਾਲ ਹੀ ਰੰਗਦਾ ਹੈ। ਸੱਚੇ ਗਿਆਨ ਵਿੱਚ ਰੰਗੇ ਜਾਣਾ ਉਸ ਦੇ ਨਾਲ ਰੰਗੇ ਜਾਣਾ ਹੈ ਤੇ ਇਹੀ ਉਸਦੇ ਨਾਲ ਸੰਗਤ ਹੈ, ਸਾਧਸੰਗਤ ਹੈ। ਸਾਧ ਸ਼ਬਦ ਰੂਪ ਹੈ ਤੇ ਉਸਦੀ ਸੰਗਤ ਵੀ ਸ਼ਬਦ ਰੂਪ ਵਿੱਚ ਹੀ ਹੁੰਦੀ ਹੈ। ਸ਼ਬਦ ਦਾ ਮਕਸਦ ਸਾਨੂੰ ਸੋਝੀ ਪਾਉਣ ਨਾਲ ਹੀ ਹੈ। ਇਹ ਗੁਰੂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਸੱਚੀ ਸੋਝੀ ਦੀ ਸੰਗਤ ਹੈ ਜੋ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ। ਇਹੀ ਉਸਦਾ ਮਨੁੱਖ ਤੇ ਕ੍ਰਿਪਾ ਕਰਨ ਦਾ ਤਰੀਕਾ ਹੈ, ਕਿਸੇ ਨੂੰ ਵਡਭਾਗਾ ਬਣਾਉਣ ਦਾ ਤਰੀਕਾ ਹੈ ਜੋ ਕ੍ਰਿਪਾ

ਉਹ ਕਿਸੇ ਵਿਰਲੇ ਤੇ ਹੀ ਕਰਦਾ ਹੈ। ਪ੍ਰਮਾਤਮਾ ਦੀ ਕ੍ਰਿਪਾ ਸਾਨੂੰ ਅਗਿਆਨਤਾ ਵਿੱਚੋਂ ਕੱਢ ਕੇ, ਮਨ ਦੇ ਹਨੇਰੇ ਵਿੱਚੋਂ ਕੱਢ ਕੇ ਆਪਣੇ ਸ਼ਬਦ ਦੇ ਚਾਨਣ ਨਾਲ ਮਿਲਾਉਣ ਦੁਆਰਾ ਹੀ ਹੁੰਦੀ ਹੈ। ਉਸਦੀ ਇਹ ਕ੍ਰਿਪਾ ਹੀ ਸਾਧੂ ਸੰਗ ਹੈ, ਸਾਧਸੰਗਤ ਹੈ। **(ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ॥ ਵਡਭਾਗੇ ਕਿਰਪਾ॥੪॥੧॥੩੯॥)**

ਬਾਣੀ ਵਿੱਚ ਜਿੱਥੇ ਸਾਨੂੰ ਸਾਧ ਦੀ ਸੰਗਤ ਸਮਝਾਈ ਹੁੰਦੀ ਹੈ ਉੱਥੇ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੁੰਦਾ ਹੈ ਜਾਂ ਮੇਲ ਕਰਨਾ ਸਮਝਾਇਆ ਹੁੰਦਾ ਹੈ। ਜਿਸਦਾ ਮਕਸਦ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਨਾਲ ਜੁੜਿਆ ਹੁੰਦਾ ਹੈ। ਆਓ ਅਗਲੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝੀਏ ਕਿ ਉਸ ਸੰਗਤ ਵਿੱਚ ਸਮਾਉਣਾ ਕੀ ਹੈ।

ਆਸਾ ਮਹਲਾ ੫ ॥

“ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ ॥
ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ ॥੧॥ ਰਹਾਉ ॥
ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ ॥
ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ ॥੧॥
ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥
ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ ॥੨॥
ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥
ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥
ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥
ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥੪॥੧੨॥੫੧॥”

(ਅੰਗ - ੩੮੩)

ਜੋ ਕੁੱਝ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ, ਉਹੀ ਕੁੱਝ ਸਾਨੂੰ ਉੱਪਰ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ ਸਿਰਫ਼ ਸਮਝਾਉਣ ਦਾ ਤਰੀਕਾ ਬਦਲਿਆ ਹੋਇਆ ਹੈ। ਗੁਰਬਾਣੀ ਵਿੱਚ ਉਸਦੀ ਗੱਲ ਨੂੰ ਬਰੀਕੀ ਨਾਲ ਸਮਝਣਾ ਹੀ ਇੱਕ ਦੂਸਰੇ ਸ਼ਬਦ ਦੇ ਨਾਲ ਗੱਲ ਨੂੰ ਮਿਲਾ ਕੇ ਸਮਝਣਾ ਹੀ ਉਸਨੂੰ ਖੋਜਣਾ ਹੈ। ਗੁਰਬਾਣੀ ਵਿੱਚ ਇੱਕ ਸ਼ਬਦ ਰਾਹੀਂ ਜੋ ਗੱਲ ਸਾਨੂੰ ਸਮਝਾਈ ਹੁੰਦੀ ਹੈ ਉਹੀ ਗੱਲ ਦੂਸਰੇ ਹੋਰ ਸ਼ਬਦਾਂ ਵਿੱਚ ਜਾ ਕੇ ਕਦੇ ਬਦਲ ਨਹੀਂ ਸਕਦੀ ਸਿਰਫ਼ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ, ਬਰੀਕੀ ਨਾਲ ਘੋਖ ਕਰਨ ਦੀ ਲੋੜ ਹੁੰਦੀ ਹੈ।

16/1732

ਉੱਪਰ ਸ਼ਬਦ ਰਾਹੀਂ ਸਾਨੂੰ ਕਿਹੋ ਜਿਹਾ ਸਾਧੂ ਸੰਗਤ ਸਮਝਾਇਆ ਹੋਇਆ ਹੈ ਆਓ ਹੁਣ ਇਸ ਗੱਲ ਨੂੰ ਵਿਚਾਰੀਏ।

“ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ॥
ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ॥੧॥ਰਹਾਉ॥”

ਜਿਹੋ ਜਿਹਾ ਸਾਡੇ ਮਨ ਦਾ ਸੌਣਾ ਪਿਛਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਸੀ ਉਹੀ ਕੁੱਝ ਮਨ ਦਾ ਸੌਣਾ ਜਾਂ ਮਨ ਦੀ ਨੀਂਦ ਉੱਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਹਰ ਕੋਈ ਮਾਇਆ ਮੋਹ ਵਿੱਚ ਸੁੱਤਾ ਹੋਇਆ ਹੈ। ਸਾਨੂੰ ਉੱਪਰ ਆਲਸੀ ਕਿਸ ਗੱਲ ਲਈ ਕਿਹਾ ਗਿਆ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਿਆ ਜਾ ਸਕਦਾ ਹੈ। ਇਸ ਮਾਇਆ ਮੋਹ ਦੀ ਨੀਂਦ ਕਰਕੇ ਹਰ ਕੋਈ ਆਲਸੀ ਹੈ ਭਾਵ ਮਾਇਆ ਮੋਹ ਛੱਡਣ ਵਿੱਚ ਹਰ ਕੋਈ ਆਲਸ ਹੀ ਵਿਖਾਉਂਦਾ ਹੈ ਭਾਵ ਇਸ ਵਿੱਚੋਂ ਕੋਈ ਨਿਕਲਣਾ ਨਹੀਂ ਚਾਹੁੰਦਾ। ਆਲਸ ਛੱਡਣਾ ਕੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ॥

ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ॥੧॥"

ਆਲਸ ਤਾਂ ਇਨ੍ਹਾਂ ਔਗੁਣਾਂ ਨੂੰ ਛੱਡਣ ਦਾ ਹੀ ਹੈ ਜੋ ਕਿ ਮਾਇਆ ਮੋਹ ਦੇ ਪਿਆਦੇ ਹਨ ਜਿੰਨ੍ਹਾਂ ਦੁਆਰਾ ਅਸੀਂ ਮਾਇਆ ਮੋਹ ਵਿੱਚ ਵਿਚਰਦੇ ਹਾਂ। ਇਨ੍ਹਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਬਖ਼ਸ਼ੀ ਹੋਈ ਹੈ ਜਿਸ ਦੁਆਰਾ ਉਸਨੇ ਸਭ ਨੂੰ ਮਾਇਆ ਮੋਹ ਦੀ, ਭਰਮ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ। ਆਪਣੇ ਆਪ ਨੂੰ ਵੱਡੇ ਵੱਡੇ ਸੁਰ ਨਰ ਦੇਵ ਆਦਿ ਅਖਵਾਉਣ ਵਾਲੇ ਵੀ ਤ੍ਰੈਗੁਣਾਂ ਵਿੱਚ ਹੀ ਰਹੇ ਹਨ, ਅਗਿਆਨਤਾ ਵਿੱਚ ਹੀ ਰਹੇ ਹਨ, ਮਾਇਆ ਮੋਹ ਵਿੱਚ ਹੀ ਰਹੇ ਹਨ। ਇਨ੍ਹਾਂ ਤ੍ਰੈਗੁਣਾਂ ਨੇ ਹਰ ਕਿਸੇ ਨੂੰ ਲੁੱਟਿਆ ਹੈ ਤੇ ਲੁੱਟ ਰਹੇ ਹਨ ਜੋ ਕਿ ਇਨ੍ਹਾਂ ਦਾ ਮਕਸਦ ਹੈ। ਜਿਹੜਾ ਸਾਨੂੰ ਇਸ ਵਿੱਚੋਂ ਕੱਢਣ ਦੇ ਸਮਰੱਥ ਹੈ ਉਹ ਕੇਵਲ ਗੁਰੂ ਪ੍ਰਮਾਤਮਾ ਆਪ ਹੈ ਜੋ ਇਨ੍ਹਾਂ ਤ੍ਰੈਗੁਣਾਂ ਤੋਂ ਬਾਹਰ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥

ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ॥੨॥"

ਇਸ ਸ਼ਬਦ ਵਿੱਚ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੀ ਅਵੱਸਥਾ ਰਾਹੀਂ ਸਾਨੂੰ ਇਸ ਵਿੱਚੋਂ ਨਿਕਲਣ ਦੀ ਗੱਲ ਸਮਝਾਈ ਹੋਈ ਹੈ ਕਿ ਇਸ ਮਾਇਆ ਮੋਹ ਵਿੱਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ

16/1733

ਤੇ ਇਸ ਵਿੱਚੋਂ ਸਾਨੂੰ ਕੌਣ ਕੱਢਦਾ ਹੈ। ਤ੍ਰੈਗੁਣਾਂ ਦੀ ਅਵੱਸਥਾ ਹੀ ਸਾਡੇ ਅੰਦਰ ਉਸ ਅਗਨੀ ਦਾ ਕਾਰਨ ਹੈ ਜਿਸ ਨੇ ਸਭ ਨੂੰ ਤ੍ਰਿਸ਼ਨਾ ਵਿੱਚ ਪਾ ਕੇ, ਮਾਇਆ ਮੋਹ ਵਿੱਚ ਪਾ ਕੇ ਤਿਣਕਿਆਂ ਦੀ ਤਰ੍ਹਾਂ ਸਾੜਿਆ ਹੋਇਆ ਹੈ ਭਾਵ ਇਹ ਅਗਨੀ ਬਹੁਤ ਬਲਵਾਨ ਹੈ। ਜਿਵੇਂ ਇੱਕ ਤਿਣਕੇ ਦੀ ਇਸ ਦੇ ਅੱਗੇ ਕੋਈ ਵਾਹ ਨਹੀਂ ਚੱਲਦੀ ਇਸੇ ਤਰ੍ਹਾਂ ਮਨੁੱਖ ਦੀ ਮਾਇਆ ਮੋਹ ਅੱਗੇ, ਮਨ ਦੇ ਭਰਮ ਅੱਗੇ ਕੋਈ ਵਾਹ ਨਹੀਂ ਚੱਲਦੀ। ਇਸ ਅਗਨੀ ਤੋਂ ਕੋਈ ਵਿਰਲਾ ਹੀ ਬਚਿਆ ਹੁੰਦਾ ਹੈ। ਗੁਰੂ ਆਪ ਇਸ ਤ੍ਰੈਗੁਣਾਂ ਦੀ ਅਗਨਿ ਤੋਂ ਬਾਹਰ ਹੈ ਜੋ ਕਿ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਕੇਵਲ ਉਹ ਆਪ ਹੀ ਸਮਰੱਥ ਹੈ ਜੋ ਸਾਨੂੰ ਇਸ ਅਗਨਿ ਵਿੱਚੋਂ ਕੱਢ ਸਕਦਾ ਹੈ, ਅਗਿਆਨਤਾ ਵਿੱਚੋਂ ਕੱਢ ਸਕਦਾ ਹੈ। ਉਸ ਸਮਰੱਥ ਦੀ ਉਪਮਾ ਇਤਨੀ ਜ਼ਿਆਦਾ ਹੈ ਜੋ ਕਿ ਸਾਡੇ ਕਥਨ ਤੋਂ ਬਾਹਰ ਹੈ। ਉਸਦੀ ਉਪਮਾ ਕਿਤਨੀ ਵੱਡੀ ਹੈ ਇਹ ਉਸ ਦੇ ਨਾਲ ਮੇਲ ਤੋਂ ਬਾਅਦ ਹੀ ਸਮਝ ਆਉਂਦੀ ਹੈ। ਉਹ ਸਾਨੂੰ ਇਸ ਅਗਨਿ ਵਿੱਚੋਂ ਕਿਵੇਂ ਕੱਢਦਾ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥

ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ॥੩॥"

ਪ੍ਰਮਾਤਮਾ ਨੇ ਇਸ ਸੰਸਾਰ ਨੂੰ ਇੱਕ ਕਾਲਖ ਦੀ ਕੋਠਰੀ ਦੀ ਤਰ੍ਹਾਂ ਬਣਾਇਆ ਹੋਇਆ ਹੈ ਭਾਵ ਹਰ ਕਿਸੇ ਨੂੰ ਤ੍ਰੈਗੁਣਾਂ ਵਿੱਚ, ਅਗਿਆਨਤਾ ਦੀ ਕਾਲਖ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਨਿਰਮਲ ਹੋ ਕੇ ਵਿਚਰਨਾ, ਪਵਿੱਤਰ ਹੋ ਕੇ ਵਿਚਰਨਾ ਭਾਵ ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਨਾ, ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨਾ ਬਹੁਤ ਔਖਾ ਹੈ। ਇਸ ਕਾਲਖ ਤੋਂ ਉਹ ਸਾਨੂੰ ਆਪ ਹੀ ਕੱਢ ਸਕਦਾ ਹੈ। ਜਿਸ ਨੂੰ ਉਹ ਇਸ ਕਾਲਖ ਵਿੱਚੋਂ ਕੱਢਦਾ ਹੈ ਉਸਨੂੰ ਉਹ ਆਪਣਾ ਨਿਰਮਲ ਰੂਪ ਬਣਾ ਲੈਂਦਾ ਹੈ। (**ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥**) ਉਹ ਸਾਨੂੰ ਨਿਰਮਲ ਕਿਵੇਂ ਬਣਾਉਂਦਾ ਹੈ ਇਹੀ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ॥੩॥"

ਪ੍ਰਮਾਤਮਾ ਆਪਣੇ ਮੰਤ੍ਰ ਕਰਕੇ ਹੀ ਭਾਵ ਆਪਣੇ ਗਿਆਨ ਕਰਕੇ ਹੀ ਵੱਡਾ ਹੈ, ਉੱਚਾ ਹੈ। ਉਹ ਆਪਣੇ ਬ੍ਰਹਮਗਿਆਨ ਕਰਕੇ ਉੱਚਾ ਹੈ। ਗੁਰਬਾਣੀ ਕੋਲ ਸਭ ਤੋਂ ਉੱਚਾ ਗਿਆਨ ਹੈ ਜੋ ਕਿ ਬ੍ਰਹਮਗਿਆਨ ਹੈ। ਇਹ ਗੁਰਬਾਣੀ ਦਾ ਮਹਾਂਮੰਤ੍ਰ ਹੈ ਤੇ ਇਸੇ ਲਈ ਗੁਰਬਾਣੀ ਉਸ

16/1734

ਮਹਾਂਪੁਰਖ ਦਾ ਰੂਪ ਹੈ। ਆਪਣੇ ਮਹਾਂਮੰਤ੍ਰ ਕਰਕੇ ਹੀ ਪ੍ਰਮਾਤਮਾ ਮਹਾਂਪੁਰਖ ਹੈ। ਪ੍ਰਮਾਤਮਾ ਹਿਰਦੇ ਦੇ ਵਿੱਚ ਆਪਣੇ ਇਸ ਉੱਚੇ ਗਿਆਨ ਦੁਆਰਾ ਹੀ ਵੱਸਦਾ ਹੈ। ਇਹੀ ਦੁਨੀਆਂ ਦਾ ਸਭ ਤੋਂ ਵੱਡਾ ਅਚਰਜ ਹੈ ਜੋ ਮਨੁੱਖ, ਮਨ ਦੇ ਅੰਦਰ ਉਸ ਪ੍ਰਮਾਤਮਾ ਨੂੰ ਸੁਣਦਾ ਹੈ। ਆਪਣੇ ਅੰਦਰ ਭਾਵ ਮਨ ਦੇ ਅੰਦਰ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਸੁਣਾਉਂਦਾ ਹੈ ਜੋ ਕਿ ਉਸਦਾ ਨਾਮ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਉਸਦਾ ਨਾਮ ਸੁਣਿਆ ਹੈ, ਉਸ ਅਚਰਜ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰੂਪ ਨਾਮ ਉਚਾਰਿਆ ਹੈ। **(ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ॥ ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ॥੪॥੧੨॥੫੧॥)**

16/1735

ਸਾਨੂੰ ਇਹ ਹੁਣ ਸਪੱਸ਼ਟ ਹੈ ਕਿ ਸਾਧੂ ਕੌਣ ਹੈ ਭਾਵ ਗੁਰੂ ਹੈ ਤੇ ਗੁਰੂ ਦੀ ਸੰਗਤਿ ਕਰਨ ਨਾਲ ਸਾਨੂੰ ਉਸਦੇ ਕੋਲੋਂ ਸਿੱਖਿਆ ਹੀ ਮਿਲਦੀ ਹੈ ਜੋ ਸਾਧ ਦਾ, ਗੁਰੂ ਦਾ ਮਨੋਰਥ ਹੈ। ਪ੍ਰਮਾਤਮਾ ਆਪਣਾ ਸਾਧ ਰੂਪ ਸੰਸਾਰ ਨੂੰ ਸਿੱਖਿਆ ਦੇਣ ਲਈ ਹੀ ਪ੍ਰਗਟ ਕਰਦਾ ਹੈ। ਆਓ ਹੁਣ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਸਾਧੂ ਸੰਗਿ ਸਿਖਾਇਓ ਨਾਮੁ॥ ਸਰਬ ਮਨੋਰਥ ਪੂਰਨ ਕਾਮ॥
ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ॥
ਜਪਿ ਜਪਿ ਜੀਵਾ ਸਾਰਿਗਪਾਨੇ॥੧॥
ਕਰਨ ਕਰਾਵਨ ਸਰਨਿ ਪਰਿਆ॥
ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ॥੧॥ ਰਹਾਉ॥
ਲਾਲ ਜਵੇਹਰ ਭਰੇ ਭੰਡਾਰ॥ ਤੋਟਿ ਨ ਆਵੈ ਜਪਿ ਨਿਰੰਕਾਰ॥
ਅੰਮ੍ਰਿਤ ਸਬਦੁ ਪੀਵੈ ਜਨੁ ਕੋਇ॥ ਨਾਨਕ ਤਾ ਕੀ ਪਰਮ ਗਤਿ ਹੋਇ॥੨॥੪੧॥੯੨॥”

(ਅੰਗ ੩੯੩)

ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਹੀ ਇਹ ਸਮਝੀਏ ਕਿ **“ਨਾਮੁ”** ਦਾ ਸਾਡੇ ਜੀਵਨ ਵਿੱਚ ਮਨੋਰਥ ਕੀ ਹੈ।

“ਸਾਧੂ ਸੰਗਿ ਸਿਖਾਇਓ ਨਾਮੁ॥ ਸਰਬ ਮਨੋਰਥ ਪੂਰਨ ਕਾਮ॥”

ਸਾਧੂ ਕੋਲੋਂ ਭਾਵ ਗੁਰੂ ਦੇ ਕੋਲੋਂ ਸਾਨੂੰ ਸਿੱਖਿਆ ਹੀ ਮਿਲਦੀ ਹੈ ਜੋ ਕਿ ਗੁਰੂ ਦਾ ਮਕਸਦ ਹੈ। ਧਿਆਨ ਨਾਲ ਸਮਝੋ ਕਿ ਸਾਨੂੰ ਗੁਰੂ ਕੋਲੋਂ ਸਿੱਖਿਆ ਕਿਸ ਰੂਪ ਵਿੱਚ ਮਿਲਦੀ ਹੈ। ਗੁਰੂ ਕੋਲੋਂ ਸਿੱਖਿਆ ਸਾਨੂੰ “**ਨਾਮੁ**” ਦੇ ਰੂਪ ਵਿੱਚ ਮਿਲਦੀ ਹੈ ਭਾਵ ‘ਨਾਮੁ’ ਗੁਰੂ ਦੀ ਸਿੱਖਿਆ ਹੈ। ਗੁਰੂ ਆਪਣੀ ਸੰਗਤਿ ਦੁਆਰਾ ਸਾਨੂੰ ਆਪਣੇ ਨਾਮ ਤੇ ਚੱਲਣ ਦੀ ਸਿੱਖਿਆ ਹੀ ਦਿੰਦਾ ਹੈ ਭਾਵ ਉਸਦਾ ਨਾਮ ਮਿਲਣਾ ਜਾਂ ਉਸਦੀ ਸਿੱਖਿਆ ਮਿਲਣਾ ਇੱਕੋ ਹੀ ਗੱਲ ਹੈ। ਗੁਰੂ ਦਾ ਨਾਮ ਉਸਦੀ ਪੂਰਨ ਸਿੱਖਿਆ ਹੈ, ਉਸਦੀ ਪੂਰਨ ਮਤਿ ਹੈ। ਗੁਰਬਾਣੀ ਸਾਡਾ ਗੁਰੂ ਹੈ, ਸਾਧੂ ਹੈ ਤੇ ਗੁਰਬਾਣੀ ਨਾਮ ਦੇ ਨਾਲ ਭਰਪੂਰ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਦੇ ਨਾਲ ਭਰਪੂਰ ਹੈ। ਇਸੇ ਲਈ ਗੁਰਬਾਣੀ ਨੂੰ ਨਾਮ ਕਿਹਾ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ ੧੨੩੯)

ਗੁਰੂ ਆਪਣੇ ਮੁੱਖੋਂ ਜੋ ਕੁੱਝ ਵੀ ਉਚਾਰਦਾ ਹੈ ਉਹ ਸਾਡੇ ਲਈ ਉਸਦੀ ਸਿੱਖਿਆ ਹੈ, ਨਾਮ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਆਪਣਾ ਨਾਮ ਵਸਾਉਂਦਾ ਹੈ ਉਹ ਆਪਣੀ ਸੱਚੀ ਸਿੱਖਿਆ ਦੁਆਰਾ ਹੀ ਵਸਾਉਂਦਾ ਹੈ, ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੀ ਵਸਾਉਂਦਾ ਹੈ। ਸਾਡੇ ਅੰਦਰ ਉਸਦੀ ਸੋਝੀ, ਉਸਦੀ ਸਿੱਖਿਆ, ਉਸਦਾ ਨਾਮ ਉਸੇ ਰੂਪ ਵਿੱਚ ਵੱਸਦਾ ਹੈ ਜਿਸ ਰੂਪ ਵਿੱਚ ਉਸਦਾ ਨਾਮ ਗੁਰਬਾਣੀ ਦੇ ਅੰਦਰ ਵੱਸਿਆ ਹੋਇਆ ਹੈ। ਸਾਧੂ ਦੀ, ਗੁਰੂ ਦੀ ਸੰਗਤਿ ਅਸਲ ਵਿੱਚ ਗੁਰਬਾਣੀ ਦੀ ਹੀ ਸੰਗਤਿ ਹੈ ਭਾਵ ਉਸਦੇ ਸੱਚੇ ਗਿਆਨ ਦੀ ਹੀ ਸੰਗਤਿ ਹੈ। ਜਦੋਂ ਸਾਡੇ ਅੰਦਰ ਉਸ ਸਾਧੂ ਦੇ ਨਾਲ ਸੰਗਤਿ ਹੋ ਜਾਂਦੀ ਹੈ ਤਾਂ ਫਿਰ ਸਾਡੇ ਸਾਰੇ ਮਨੋਰਥ ਭਾਵ ਜਿੰਦਗੀ ਦਾ ਮਨੋਰਥ ਪੂਰਨ ਹੋ ਜਾਂਦਾ ਹੈ ਭਾਵ ਸਾਡਾ ਜੀਵਨ ਸਫ਼ਲ ਹੋ ਜਾਂਦਾ ਹੈ ਭਾਵ ਸਾਡਾ ਇਸ

16/1736

ਸਾਧੂ ਦੇ ਨਾਲ, ਗੁਰੂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋ ਜਾਂਦਾ ਹੈ ਜਿਸ ਦੁਆਰਾ ਉਹ ਸਾਨੂੰ ਮਨ ਦੇ ਅੰਦਰ ਹੀ ਨਾਮ ਦੀ ਸਿੱਖਿਆ ਦਿੰਦਾ ਹੈ। ਉਸਦੀ ਇਹੋ ਜਿਹੀ ਸਿੱਖਿਆ ਦੇਣ ਦੁਆਰਾ ਹੀ ਗੁਰਬਾਣੀ ਪ੍ਰਗਟ ਹੋਈ ਹੈ ਜੋ ਸਭ ਨੂੰ ਆਪਣੀ ਸੱਚੀ ਸਿੱਖਿਆ ਸੁਣਾ ਰਹੀ ਹੈ। **(ਸਾਧੂ ਸੰਗਿ ਸਿਖਾਇਓ ਨਾਮੁ॥ ਸਰਬ ਮਨੋਰਥ ਪੂਰਨ ਕਾਮ॥)**

ਉਸਦੀ ਸਿੱਖਿਆ ਦਾ ਮਨ ਦੇ ਵਿੱਚ ਕੀ ਅਸਰ ਪੈਂਦਾ ਹੈ ਭਾਵ ਸਾਧ ਸੰਗਤਿ ਦਾ ਮਨੋਰਥ ਕਿਵੇਂ ਪੂਰਾ ਹੁੰਦਾ ਹੈ, ਨਾਮ ਦੀ ਸਿੱਖਿਆ ਦਾ ਮਨੋਰਥ ਕਿਵੇਂ ਪੂਰਾ ਹੁੰਦਾ ਹੈ ਇਹ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ॥ ਜਪਿ ਜਪਿ ਜੀਵਾ ਸਾਰਿਗਪਾਨੇ॥੧॥”

ਗੁਰੂ ਦੀ ਸਿੱਖਿਆ ਦਾ ਮਨੋਰਥ ਸਾਨੂੰ ਤ੍ਰਿਸ਼ਨਾ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਿੱਚੋਂ ਕੱਢਣ ਦਾ ਹੈ, ਲੋਭ ਲਾਲਚ ਵਿੱਚੋਂ ਕੱਢਣ ਦਾ ਹੈ, ਔਗੁਣਾਂ ਵਿੱਚੋਂ ਕੱਢਣ ਦਾ ਹੈ ਜਿਹਨਾਂ ਦਾ ਮੂਲ ਸਾਡੇ ਅੰਦਰ ਦੀ ਤ੍ਰਿਸ਼ਨਾ ਹੈ। ਮਨ ਦੇ ਵਿੱਚ ਆਪਣੀ ਸੱਚੀ ਸਿੱਖਿਆ ਦੀ ਸੋਝੀ ਪਾ ਕੇ ਉਹ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਹੀ ਬੁਝਾਉਂਦਾ ਹੈ ਕਿਉਂਕਿ ਇਹਨਾਂ ਦੇ ਰਹਿੰਦੇ ਅਸੀਂ ਉਸਦਾ ਜਸ ਨਹੀਂ ਗਾ ਸਕਦੇ। ਉਸਦਾ ਜੱਸ ਅਸੀਂ ਆਪਣੀ ਸੱਚੀ ਸੁੱਚੀ ਕਿਰਤ ਦੁਆਰਾ ਹੀ ਗਾ ਸਕਦੇ ਹਾਂ ਇਹ ਤ੍ਰਿਸ਼ਨਾ ਬੁਝਣ ਤੋਂ ਬਾਅਦ ਅਸੀਂ ਸੱਚ ਦੁਆਰਾ ਵਿਚਰਨ ਵਿੱਚ ਹੀ ਸੰਤੋਖ ਸਮਝਦੇ ਹਾਂ ਭਾਵ ਮਨ ਦਾ ਰੱਜਣਾ ਸਮਝਦੇ ਹਾਂ। **(ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ॥)** ਜਦੋਂ ਮਾਇਆ ਮੋਹ ਵਿੱਚੋਂ ਨਿਕਲ ਕੇ ਅਸੀਂ ਉਸ ਵਿੱਚ ਹੀ ਤ੍ਰਿਪਤੀ ਮਹਿਸੂਸ ਕਰਦੇ ਹਾਂ ਤੇ ਫਿਰ ਤਾਂ ਹੀ ਅਸੀਂ ਸੱਚੀ ਕਰਣੀ ਤੇ ਦ੍ਰਿੜ ਰਹਿ ਸਕਦੇ ਹਾਂ ਜੋ ਕਿ ਅਸਲ ਵਿੱਚ ਉਸ ਪ੍ਰਮਾਤਮਾ ਦਾ ਹਰਿ ਜੱਸ ਹੈ, ਉਸਦਾ ਜਸ ਗਾਉਣਾ ਹੈ, ਉਸਦੇ ਗੁਣ ਗਾਉਣੇ ਹਨ। ਇਹ ਪ੍ਰਮਾਤਮਾ ਦਾ ਅਸਲ ਰੂਪ ਹੈ, ਸਾਡਾ ਅਸਲ ਜੀਵਨ ਜਿਉਣ ਦਾ ਤਰੀਕਾ ਹੈ ਜੋ ਕਿ ਨਾਲ ਹੀ ਸਮਝਾਇਆ ਹੋਇਆ ਹੈ।

“ਜਪਿ ਜਪਿ ਜੀਵਾ ਸਾਰਿਗਪਾਨੇ॥੧॥”

ਇਹ ਪ੍ਰਮਾਤਮਾ ਦਾ ਨਾਮ ਜਪਣਾ ਹੈ ਜੋ ਕਿ ਤ੍ਰਿਸ਼ਨਾ ਰਹਿਤ ਹੋ ਕੇ ਜਪਿਆ ਜਾ ਸਕਦਾ ਹੈ, ਗੁਰੂ ਦੀ ਸਿੱਖਿਆ, ਨਾਮ ਦੀ ਸੱਚੀ ਸਿੱਖਿਆ ਸਾਡੇ ਅੰਦਰ ਵੱਸਣ ਦੁਆਰਾ ਹੀ ਸਾਨੂੰ ਇਸ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਸਾਨੂੰ ਇਹ ਅਵਸਥਾ ਉਹ ਆਪ ਹੀ ਦਿੰਦਾ ਹੈ, ਆਪਣਾ ਸੰਗਿ ਕਰਕੇ ਭਾਵ ਸਾਧੂਸੰਗਿ ਕਰਕੇ ਦਿੰਦਾ ਹੈ।

ਮਨ ਦੀ ਇਹ ਅਵੱਸਥਾ, ਨਾਮ ਦੀ ਸਿੱਖਿਆ ਦੀ ਅਵੱਸਥਾ ਸਾਨੂੰ ਪ੍ਰਮਾਤਮਾ ਕਿਸ ਰੂਪ ਵਿੱਚ ਬਖਸ਼ਦਾ ਹੈ ਇਹ ਨਾਲ ਹੀ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

16/1737

“ਕਰਨ ਕਰਾਵਨ ਸਰਨਿ ਪਰਿਆ॥

ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ॥੧॥ ਰਹਾਉ॥”

ਗੁਰੂ ਪ੍ਰਮਾਤਮਾ ਦੀ ਸੱਚੀ ਸਿੱਖਿਆ ਦੀ ਸ਼ਰਨ ਵਿੱਚ ਆਉਣਾ ਉਸਦੀ ਸ਼ਰਨ ਵਿੱਚ ਆਉਣਾ ਹੈ, ਉਸਦੀ ਸ਼ਰਨ ਵਿੱਚ ਪੈਣਾ ਹੈ। ਉਸਦੀ ਸ਼ਰਨ ਮੰਨਣਾ ਹੈ। ਉਹ ਆਪਣੀ ਸ਼ਰਨ ਵਿੱਚ ਆਪ ਹੀ ਆਪਣੀ ਕਿਰਪਾ ਦੁਆਰਾ ਪਾਉਂਦਾ ਹੈ। ਜਿਸ ਨੂੰ ਉਹ ਆਪਣੀ ਸੱਚੀ ਸਿੱਖਿਆ ਦੀ, ਨਾਮ ਦੀ ਸਿੱਖਿਆ ਦੀ ਸ਼ਰਨ ਵਿੱਚ ਪਾਉਂਦਾ ਹੈ ਉਸਨੂੰ ਆਪਣੇ ਸਹਜਿ ਦੇ ਘਰ ਵਿੱਚ ਨਿਵਾਸ ਬਖਸ਼ਦਾ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਘਰ ਹੈ। ਜਦ ਤੱਕ ਸਾਡੇ ਮਨ ਵਿੱਚ ਹਨ੍ਹੇਰਾ ਹੈ, ਅਗਿਆਨਤਾ ਦਾ ਹਨ੍ਹੇਰਾ ਹੈ, ਤ੍ਰੈਗੁਣਾਂ ਵਾਲੀ ਅਵਸਥਾ ਦਾ ਹਨ੍ਹੇਰਾ ਹੈ ਤਦ ਤੱਕ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਨਹੀਂ ਹਾਂ, ਨਾਮ ਦੇ ਘਰ ਵਿੱਚ ਨਹੀਂ ਹਾਂ, ਸਹਜਿ ਦੇ ਘਰ ਵਿੱਚ ਨਹੀਂ ਹਾਂ ਭਾਵ ਸੱਚੀ ਸਿੱਖਿਆ ਦੇ ਘਰ ਵਿੱਚ ਨਹੀਂ ਹਾਂ। ਮਨ ਦਾ ਇਹ ਹਨ੍ਹੇਰਾ ਮਿਟਣ ਦੇ ਨਾਲ ਹੀ ਅਸੀਂ ਉਸਦੇ ਸਹਜਿ ਘਰ ਵਿੱਚ ਪਹੁੰਚਦੇ ਹਾਂ। ਸਾਡੇ ਮਨ ਵਿੱਚ ਚੰਦ ਦਾ ਚੜ੍ਹਨਾ ਸਾਨੂੰ ਸੱਚੇ ਗਿਆਨ ਦੀ ਰੋਸ਼ਨੀ ਦਿਖਾਉਂਦਾ ਹੈ, ਸੱਚੀ ਸਿੱਖਿਆ ਦੀ ਰੋਸ਼ਨੀ ਦਿਖਾਉਂਦਾ ਹੈ, ਸਾਡੀ ਅਵੱਸਥਾ ਨੂੰ ਚੌਥੇ ਪਦ ਵਿੱਚ ਮਿਲਾਉਂਦਾ ਹੈ ਭਾਵ ਸਹਜਿ ਦੀ ਅਵੱਸਥਾ ਵਿੱਚ ਮਿਲਾਉਂਦਾ ਹੈ। **(ਕਰਨ ਕਰਾਵਨ ਸਰਨਿ ਪਰਿਆ॥ ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ॥੧॥ ਰਹਾਉ॥)**

ਇਸ ਸੱਚੀ ਸਿੱਖਿਆ ਦੇ ਘਰ ਵਿੱਚ, ਸਹਜ ਦੇ ਘਰ ਵਿੱਚ ਸਾਨੂੰ ਉਸ ਪ੍ਰਮਾਤਮਾ ਦਾ ਭੰਡਾਰ ਕਿਸ ਰੂਪ ਵਿੱਚ ਮਿਲਦਾ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਲਾਲ ਜਵੇਹਰ ਭਰੇ ਭੰਡਾਰ॥ ਤੋਟਿ ਨ ਆਵੈ ਜਪਿ ਨਿਰੰਕਾਰ॥"

{ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥

ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥}

(ਅੰਗ ੨)

ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਕਿ ਲਾਲ, ਜਵੇਹਰ, ਹੀਰੇ, ਮੋਤੀ ਕਿਹਨਾਂ ਨੂੰ ਕਿਹਾ ਹੈ। ਇਹ ਸਭ ਕੁੱਝ ਸਾਡੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ। ਇਹ ਹੀਰੇ, ਜਵਾਹਰ ਸਾਡੇ ਮਨ ਦੇ ਵਿਚਾਰ ਹੀ ਹਨ। ਜਿਹੜੇ ਵਿਚਾਰਾਂ ਵਿੱਚ ਗੁਰੂ ਦੀ ਸੱਚੀ ਸਿੱਖਿਆ ਵੱਸ ਜਾਂਦੀ ਹੈ ਉਹ ਵਿਚਾਰ ਸੱਚੇ ਗੁਣਾਂ ਵਾਲੇ ਬਣ ਜਾਂਦੇ ਹਨ, ਔਗੁਣ ਰਹਿਤ ਹੋ ਜਾਂਦੇ ਹਨ। ਉਹ ਆਪਣੀ ਸੱਚੀ ਸਿੱਖਿਆ ਦੁਆਰਾ ਆਪਣੇ ਸੱਚੇ ਗੁਣਾਂ ਨਾਲ ਹੀ ਜੋੜਦਾ ਹੈ, ਮਨ ਦੇ ਵਿੱਚ ਸਾਨੂੰ ਗੁਣਾਂ ਦਾ ਭੰਡਾਰ ਹੀ ਬਖਸ਼ਦਾ ਹੈ।

16/1738

ਜਦੋਂ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਜਪਿਆ ਜਾਂਦਾ ਹੈ ਭਾਵ ਉਸਦੀ ਸਿੱਖਿਆ ਸਾਡੇ ਅੰਦਰ ਜਪੀ ਜਾਂਦੀ ਹੈ ਫਿਰ ਉਸਦੇ ਸੱਚੇ ਗੁਣਾਂ ਦੀ ਉਹ ਤੋਟ ਨਹੀਂ ਆਉਣ ਦਿੰਦਾ। ਸਾਨੂੰ ਜੀਵਨ ਦੇ ਹਰ ਮਾਰਗ ਤੇ ਉਹ ਆਪਣੇ ਗੁਣਾਂ ਦੁਆਰਾ ਆਪ ਹੀ ਚਲਾਉਂਦਾ ਹੈ। **(ਲਾਲ ਜਵੇਹਰ ਭਰੇ ਭੰਡਾਰ॥ ਤੋਟਿ ਨ ਆਵੈ ਜਪਿ ਨਿਰੰਕਾਰ॥)** ਪ੍ਰਮਾਤਮਾ ਦਾ ਇਹ ਗੁਣਾਂ ਦਾ ਖਜ਼ਾਨਾ ਸਭ ਦੇ ਅੰਦਰ ਹੈ ਪਰ ਇਹ ਖਜ਼ਾਨਾ ਪ੍ਰਗਟ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਇਸ ਖਜ਼ਾਨੇ ਵਿੱਚ ਰਲਾਉਂਦਾ ਹੈ ਉਸਨੂੰ ਆਪਣੀ ਸਹਜ ਦੀ ਅਵੱਸਥਾ ਬਖਸ਼ ਕੇ ਆਪਣੀ ਸੱਚੀ ਸਿੱਖਿਆ ਦੇ ਨਾਲ ਰਲਾਉਂਦਾ ਹੈ। ਗੁਰਬਾਣੀ ਦੀ ਅਵੱਸਥਾ ਸਹਜ ਵਾਲੀ ਹੈ ਤੇ ਇਸੇ ਲਈ ਉਸਦੀ ਸਿੱਖਿਆ ਸੱਚੀ ਹੈ ਕਿਉਂਕਿ ਉਹ ਸਹਜ ਦੀ ਅਵੱਸਥਾ ਵਿੱਚੋਂ ਪ੍ਰਗਟ ਹੋਈ ਹੈ।

ਸਹਜ ਦੀ ਅਵੱਸਥਾ ਦੁਆਰਾ ਜੋ ਪ੍ਰਮਾਤਮਾ ਕੋਲੋਂ ਉਸਦੀ ਸੱਚੀ ਸਿੱਖਿਆ ਮਿਲਦੀ ਹੈ ਇਹੀ ਗੁਰੂ ਦਾ ਅੰਮ੍ਰਿਤ ਹੈ, ਸ਼ਬਦ ਦਾ ਅੰਮ੍ਰਿਤ ਹੈ ਜੋ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅੰਮ੍ਰਿਤ ਸਬਦੁ ਪੀਵੈ ਜਨੁ ਕੋਇ॥ ਨਾਨਕ ਤਾ ਕੀ ਪਰਮ ਗਤਿ ਹੋਇ॥੨॥੪੧॥੯੨॥"

ਮਨ ਦੇ ਵਿੱਚ ਚੌਥੇ ਪਦ ਦੀ ਅਵੱਸਥਾ, ਸਹਜ ਦੀ ਅਵੱਸਥਾ ਪ੍ਰਮਾਤਮਾ ਜਿਸਨੂੰ ਵੀ ਬਖਸ਼ਦਾ ਹੈ ਉਸਨੂੰ ਆਪਣਾ ਅੰਮ੍ਰਿਤ ਹੀ ਪਿਲਾਉਂਦਾ ਹੈ। ਇਹ ਮਨ ਦੇ ਪੀਣ ਦਾ ਅੰਮ੍ਰਿਤ ਹੈ ਜੋ ਸਾਨੂੰ ਸ਼ਬਦ ਦੇ ਕੋਲੋਂ ਭਾਵ ਗੁਰੂ ਦੇ ਕੋਲੋਂ, ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਉਸਦੀ ਸੱਚੀ ਸਿੱਖਿਆ ਦੇ ਰੂਪ ਵਿੱਚ, ਸੱਚੇ ਗਿਆਨ ਦੇ ਰੂਪ ਵਿੱਚ ਮਿਲਦਾ ਹੈ। ਇਹ ਮਨ ਦਾ ਅੰਮ੍ਰਿਤ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਿਲਾਉਂਦਾ ਹੈ ਤੇ ਉਸਨੂੰ ਹੀ ਆਪਣਾ **"ਜਨੁ"** ਬਣਾਉਂਦਾ ਹੈ। ਇਸ ਮਨ ਦੇ ਅੰਮ੍ਰਿਤ ਪੀਣ ਦੁਆਰਾ ਹੀ ਉਸਦੀ ਪਰਮ ਗਤੀ ਹੁੰਦੀ ਹੈ। ਪਰਮ ਗਤਿ ਤੋਂ ਭਾਵ ਸਾਡੇ ਮਨ ਦੀ ਉੱਚੀ ਅਵੱਸਥਾ ਦੇ ਨਾਲ ਹੈ, ਉੱਚੇ ਗਿਆਨ ਦੀ ਅਵੱਸਥਾ ਦੇ ਨਾਲ ਹੈ, ਸਹਜ ਗਿਆਨ ਦੀ ਅਵੱਸਥਾ ਦੇ ਨਾਲ ਹੈ। ਇਸ ਅਵੱਸਥਾ ਦੁਆਰਾ ਕੋਈ ਪ੍ਰਮਾਤਮਾ ਦੇ ਨਾਲ ਇੱਕ ਹੁੰਦਾ ਹੈ ਭਾਵ ਭਰਮ ਰਹਿਤ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਦੇ ਰਚਣ ਵਾਲੇ ਹੋਏ ਹਨ। ਉਹਨਾਂ ਨੇ ਸ਼ਬਦ ਦਾ ਅੰਮ੍ਰਿਤ ਪੀ ਕੇ ਹੀ ਉਸਦੇ ਸ਼ਬਦ ਰਾਹੀਂ ਅੰਮ੍ਰਿਤ ਵੰਡਿਆ ਹੈ। **(ਅੰਮ੍ਰਿਤ ਸਬਦੁ ਪੀਵੈ ਜਨੁ ਕੋਇ॥ ਨਾਨਕ ਤਾ ਕੀ ਪਰਮ ਗਤਿ ਹੋਇ॥੪॥੪੧॥੯੨॥)**

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ ਕਿ ਸਾਧਸੰਗਿ ਸਾਡਾ ਉਸ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ, ਆਓ ਇਹੀ ਗੱਲ ਹੁਣ ਅਗਲੇ ਸ਼ਬਦ ਦੁਆਰਾ ਦ੍ਰਿੜ ਕਰੀਏ।

16/1739

ਆਸਾ ਘਰੁ ੯ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

“ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ ॥
ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ ॥੧॥
ਹਉ ਮਾਗਉ ਆਨ ਲਜਾਵਉ ॥ ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ ॥੧॥ ਰਹਾਉ ॥
ਊਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ ॥
ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ ॥੨॥
ਅਗਮ ਅਗਮ ਆਗਾਧਿ ਬੋਧ ਕੀਮਤਿ ਪਰੈ ਨ ਪਾਵਉ ॥
ਤਾਕੀ ਸਰਣਿ ਸਤਿ ਪੁਰਖ ਕੀ ਸਤਿਗੁਰੁ ਪੁਰਖੁ ਧਿਆਵਉ ॥੩॥
ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ ॥
ਕਹੁ ਨਾਨਕ ਜਉ ਸਾਧਸੰਗੁ ਪਾਇਓ ਤਉ ਫਿਰਿ ਜਨਮਿ ਨ ਆਵਉ ॥੪॥੧॥੧੨੧॥”

(ਅੰਗ ੪੦੧)

ਉੱਪਰ ਸ਼ਬਦ ਦੇ ਆਖਰੀ ਪਦੇ ਰਾਹੀਂ ਸਾਨੂੰ ‘**ਸਾਧਸੰਗਿ**’ ਸਮਝਾਇਆ ਹੋਇਆ ਹੈ ਕਿ ਸਾਧਸੰਗਿ ਦੀ ਪ੍ਰਾਪਤੀ ਕੀ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਦੇ ਬੰਧਨ ਤੋੜ ਕੇ ਉਸਨੂੰ ਆਪਣੀ ਸੰਗਤਿ ਬਖਸ਼ਦਾ ਹੈ ਤੇ ਉਸਦੀ ਸੰਗਤਿ ਹੋਣ ਦੇ ਨਾਲ ਮਨੁੱਖ ਦਾ ਫਿਰ ਇਸ ਸੰਸਾਰ ਤੋਂ ਆਵਾਗਉਣ ਮਿਟ ਜਾਂਦਾ ਹੈ। **(ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ॥ ਕਹੁ ਨਾਨਕ ਜਉ ਸਾਧਸੰਗੁ ਪਾਇਓ ਤਉ ਫਿਰਿ ਜਨਮਿ ਨ ਆਵਉ॥੪॥੧॥੧੨੧॥)** ਸ਼ਬਦ ਦੇ ਇਸ ਆਖਰੀ ਪਦੇ ਦੁਆਰਾ ਸਾਨੂੰ ਆਪਣੇ ਜੀਵਨ ਦੇ ਮਨੋਰਥ ਦੀ ਪੂਰਤੀ ਸਮਝਾਈ ਹੋਈ ਹੈ ਜੋ ਕਿ ਸਾਧਸੰਗਤਿ ਦੇ ਰੂਪ ਵਿੱਚ ਹੁੰਦੀ ਹੈ ਤੇ ਉਸਦੀ ਕਿਰਪਾ ਦੇ ਨਾਲ ਪੂਰੀ ਹੁੰਦੀ ਹੈ।

ਹੁਣ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਇਹ ਕਿਰਪਾ ਕਿਸ ਤੇ ਕਰਦਾ ਹੈ ਭਾਵ ਜੇਕਰ ਅਸੀਂ ਉਸ ਦੀ ਕਿਰਪਾ ਦਾ ਪਾਤਰ ਬਣਨਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਕੀ ਕੁੱਝ ਕਰਨਾ ਚਾਹੀਦਾ ਹੈ ਤਾਂ ਜੋ ਸਾਨੂੰ ਸਾਧਸੰਗਤਿ ਦੀ ਪ੍ਰਾਪਤੀ ਹੋ ਜਾਵੇ। ਸ਼ਬਦ ਦੇ ਪਹਿਲੇ ਤਿੰਨ ਪਦਿਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਗਈ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ॥
ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ॥੧॥”

ਉੱਪਰ ਇਸ ਮਨ ਦੀ ਬਿਰਥਾ ਸਮਝਾਈ ਹੋਈ ਹੈ ਜੋ ਮਨੁੱਖ ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਰੱਖਦਾ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ। ਇੱਥੇ ਸਾਨੂੰ ਕੇਵਲ ਤੇ ਕੇਵਲ ਗੁਰੂ ਤੇ ਆਪਣਾ ਵਿਸ਼ਵਾਸ ਟਿਕਾਉਣ ਲਈ ਸਮਝਾਇਆ ਹੋਇਆ ਹੈ। ਗੁਰੂ ਦੀ ਓਟ ਨੂੰ ਛੱਡ ਕੇ ਕਿਸੇ ਵੀ ਹੋਰ ਮਨੁੱਖੀ ਓਟ ਦਾ ਆਸਰਾ ਲੈਣਾ ਕੀ ਉਹ ਸਾਨੂੰ ਰੱਬ ਨਾਲ ਮਿਲਾ ਸਕਦਾ ਹੈ, ਇਸ ਬਾਰੇ ਸਾਨੂੰ ਸਾਵਧਾਨ ਕੀਤਾ ਹੋਇਆ ਹੈ। ਜਿਹਨਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝ ਲੈਂਦੇ ਹਾਂ ਅਸੀਂ ਉਹਨਾਂ ਨੂੰ ਇਹੀ ਸਮਝਦੇ ਹਾਂ ਕਿ ਪ੍ਰਮਾਤਮਾ ਦੇ ਨੇੜੇ ਹਨ ਭਾਵ ਉਹ ਪ੍ਰਮਾਤਮਾ ਨੂੰ ਭਾ ਗਏ ਹਨ, ਉਹ ਪ੍ਰਮਾਤਮਾ ਦੇ ਪਿਆਰੇ ਬਣ ਗਏ ਹਨ ਤੇ ਉਹਨਾਂ ਦੇ ਨੇੜੇ ਲੱਗ ਕੇ, ਉਹਨਾਂ ਦੀ ਸੇਵਾ ਵਿੱਚ ਲੱਗ ਕੇ ਅਸੀਂ ਵੀ ਪ੍ਰਮਾਤਮਾ ਨੂੰ ਭਾ ਜਾਵਾਂਗੇ। ਉਹਨਾਂ ਦੇ ਬਚਨਾਂ ਨੂੰ ਉੱਚਾ ਸਮਝ ਕੇ ਮੰਨ ਕੇ ਅਸੀਂ ਫਿਰ ਉਹੀ

16/1740

ਕੁੱਝ ਕਰਦੇ ਹਾਂ, ਜਿਹੋ ਜਿਹਾ ਉਹ ਸਿਖਾਉਂਦੇ ਹਨ ਭਾਵ ਅਸੀਂ ਉਹਨਾਂ ਦੀ ਸਿੱਖਿਆ ਨੂੰ ਸੱਚਾ ਸਮਝ ਕੇ, ਉੱਚੀ ਸਮਝ ਕੇ ਉਹਨਾਂ ਅਨੁਸਾਰ ਚੱਲਦੇ ਹਾਂ। ਇਹੋ ਜਿਹੇ ਆਪਣੇ ਪਿੱਛੇ ਲਗਾਉਣ ਵਾਲਿਆਂ ਦੀ ਵੀ ਕਮੀ ਨਹੀਂ ਤੇ ਪਿੱਛੇ ਲੱਗਣ ਵਾਲਿਆਂ ਦੀ ਸਭ ਜਗ੍ਹਾਂ ਭਰਮਾਰ ਹੈ। ਮਿਲਣਾ ਤਾਂ ਅਸੀਂ ਪ੍ਰਮਾਤਮਾ ਦੇ ਨਾਲ ਹੈ ਤੇ ਉਸਨੇ ਆਪਣੇ ਨਾਲ ਮੇਲ ਲਈ ਸਾਨੂੰ ਗੁਰੂ ਦਾ ਦਰ ਦਿੱਤਾ ਹੋਇਆ ਹੈ ਜਿਸ ਤੋਂ ਉੱਚਾ ਹੋਰ ਕੋਈ ਨਹੀਂ ਹੋ ਸਕਦਾ। ਗੁਰੂ ਦਾ ਦਰ ਗੁਰਮਤਿ ਦਾ ਦਰ ਹੈ ਤੇ ਸੱਚੀ ਗੁਰਮਤਿ ਦੀ ਸਿੱਖਿਆ ਗੁਰਬਾਣੀ ਤੋਂ ਉੱਚੀ ਹੋਰ ਕੌਣ ਦੇ ਸਕਦਾ ਹੈ। ਜਿਤਨੇ ਵੀ ਵੱਖਰੇ-ਵੱਖਰੇ ਦਰ ਬਣੇ ਹੋਏ ਹਨ ਸਭ ਆਪਣੀ ਆਪਣੀ ਸਿੱਖਿਆ ਸੁਣਾਉਂਦੇ ਹਨ, ਆਪਣੀ ਆਪਣੀ ਮਰਿਆਦਾ ਤੇ ਚੱਲਣਾ ਸਿਖਾਉਂਦੇ ਹਨ। ਗੁਰਬਾਣੀ ਦੀ ਅਸਲ ਸਿੱਖਿਆ ਕੀ ਹੈ ਇਸ ਨਾਲ ਕਿਸੇ ਨੂੰ ਜਿਆਦਾ ਵਾਸਤਾ ਨਹੀਂ ਹੁੰਦਾ ਤੇ ਅਸਲ ਵਿੱਚ ਉਸਦੀ ਸੱਚੀ ਸਿੱਖਿਆ ਦੀ ਕਿਤੇ ਸੋਝੀ ਵੀ ਨਹੀਂ ਹੈ। ਗੁਰੂ ਦੀ ਸਿੱਖਿਆ ਸਭ ਲਈ ਇੱਕੋ ਹੀ ਹੈ ਪਰ ਵੱਖਰੇ-ਵੱਖਰੇ ਦਰਾ ਤੇ, ਸੰਤਾਂ ਆਦਿ ਦੇ ਡੇਰਿਆਂ ਤੇ ਜਾ ਕੇ ਸਿੱਖਿਆ ਵੀ ਬਦਲ ਜਾਂਦੀ ਹੈ। ਪ੍ਰਕਾਸ਼ ਤਾਂ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਕਰਦੇ ਹਨ ਪਰ ਮਰਿਆਦਾ ਹਰ ਕੋਈ ਆਪਣੀ ਆਪਣੀ ਮਨਵਾਉਂਦਾ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਉੱਚਾ ਕਰਦੇ ਹਨ, ਆਪਣੇ ਦਰ ਦੀ ਮਹਿਮਾਂ ਨੂੰ ਉੱਚਾ ਕਰਦੇ ਹਨ। ਇਹਨਾਂ ਦਰਾਂ ਤੇ ਜਾਣ ਵਾਲੇ ਅਸਲ ਵਿੱਚ ਉਸ ਮਨੁੱਖੀ ਦੇਹ ਨੂੰ ਪੂਜਣ ਜਾਂਦੇ ਹਨ ਜਿਸ ਨੂੰ ਕਿ ਉਹ ਅਸਲ ਵਿੱਚ ਉੱਚਾ ਸਮਝਦੇ ਹਨ। ਜੇਕਰ ਸਾਡਾ ਮਕਸਦ ਗੁਰੂ ਨੂੰ ਪੂਜਣ ਦਾ ਹੈ ਉਸਨੂੰ ਪੂਜਣ ਲਈ ਤਾਂ ਫਿਰ ਜਗ੍ਹਾਂ-ਜਗ੍ਹਾਂ ਗੁਰਦੁਆਰੇ ਹਨ ਤੇ ਇਸੇ ਤਰ੍ਹਾਂ ਹਿੰਦੂ ਸਮਾਜ ਵਿੱਚ ਜਗ੍ਹਾਂ-ਜਗ੍ਹਾਂ ਮੰਦਿਰ ਹਨ ਤੇ ਮੁਸਲਿਮ ਸਮਾਜ ਵਿੱਚ ਜਗ੍ਹਾਂ-ਜਗ੍ਹਾਂ ਮਸਜਿਦਾਂ ਹਨ ਜਿਹਨਾਂ ਦਾ ਮਕਸਦ ਸਾਨੂੰ ਧਰਮ ਦੀ ਸਿੱਖਿਆ ਦੇਣ ਦੇ ਨਾਲ ਹੀ ਹੈ। ਧਰਮ ਗ੍ਰੰਥ ਆਪਣੇ ਉੱਚੇ ਗਿਆਨ ਦੁਆਰਾ ਉੱਚੇ ਹਨ, ਆਪਣੀ ਉੱਚੀ ਸਿੱਖਿਆ ਦੁਆਰਾ ਉੱਚੇ ਹਨ ਤੇ ਜੇਕਰ ਸਾਡਾ ਮਕਸਦ ਉਹਨਾਂ ਕੋਲੋਂ ਸਿੱਖਿਆ ਲੈਣ ਦਾ ਹੈ ਤਾਂ ਉਹ ਇਹਨਾਂ ਅਸਥਾਨਾਂ ਤੇ ਹੀ ਪੂਰਾ ਹੋ ਜਾਂਦਾ ਹੈ ਪਰ ਸਾਡਾ ਅਸਲ ਮਕਸਦ ਕੁੱਝ ਹੋਰ ਹੁੰਦਾ ਹੈ ਜਿਸ ਕਰਕੇ ਅਸੀਂ ਡੇਰਿਆਂ ਆਦਿ ਤੇ ਜਾਂਦੇ ਹਾਂ। ਅਸੀਂ ਸੱਚੇ ਗਿਆਨ ਨੂੰ ਪੂਜਣ ਦੀ ਬਜਾਏ, ਧਰਮ ਗ੍ਰੰਥਾਂ ਦੀ ਦਿੱਤੀ ਹੋਈ ਸੱਚੀ ਮਤਿ ਨੂੰ ਪੂਜਣ ਦੀ ਬਜਾਏ ਉਹਨਾਂ ਨੂੰ ਪੂਜਣ ਜਾਂਦੇ ਹਾਂ ਜਿਹਨਾਂ ਨੂੰ ਅਸੀਂ ਆਪਣੇ ਮਨ ਦੇ ਵਿੱਚ ਉੱਚਾ ਮੰਨਿਆ

16/1741

ਹੁੰਦਾ ਹੈ। ਉਹਨਾਂ ਕੋਲੋਂ ਲਈ ਹੋਈ ਸਿੱਖਿਆ ਅਸੀਂ ਸੱਚ ਕਰਕੇ ਮੰਨਦੇ ਹਾਂ ਭਾਵੇਂ ਉਹਨਾਂ ਦੀ ਸਿੱਖਿਆ ਗੁਰੂ ਦੀ ਦਿੱਤੀ ਹੋਈ ਸਿੱਖਿਆਂ ਉੱਤੇ ਭਾਵੇਂ ਇੱਕ ਤਿਲ ਵੀ ਨਾ ਪੂਰੀ ਉਤਰਦੀ ਹੋਵੇ। ਇਹ ਸਭ ਦੂਜਾ ਭਾਉ ਹੈ। ਜਿਹਨਾਂ ਦੇ ਦਰ ਤੇ ਅਸੀਂ ਜਾਂਦੇ ਹਾਂ ਉਹ ਤਾਂ ਖੁਦ ਪ੍ਰਮਾਤਮਾ ਕੋਲੋਂ ਮੰਗਣ ਵਾਲੇ ਹਨ ਭਾਵ ਉਸਦੇ ਮੰਗਤੇ ਹਨ ਤੇ ਇੱਕ ਮੰਗਤੇ ਨੇ ਸਾਨੂੰ ਕੀ ਦੇ ਦੇਣਾ ਹੈ ਇਸ ਕਰਕੇ ਗੁਰੂ ਦਾ ਦਰ ਛੱਡ ਕੇ, ਗੁਰਮਤਿ ਦਾ ਦਰ ਛੱਡ ਕੇ ਸਾਨੂੰ ਕਿਸੇ ਵੀ ਹੋਰ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਭਾਵੇਂ ਉਹ ਦੁਨੀਆਂ ਨੂੰ ਕਿਤਨਾ ਵੀ ਉੱਚਾ ਨਜ਼ਰ ਆਉਂਦਾ ਹੋਵੇ। ਜਿਹੜੇ ਉਸ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ ਉਹਨਾਂ ਦੇ ਮਨ ਦੀ ਬਿਰਤੀ ਇਹੋ ਜਿਹੀ ਸਮਝਾਈ ਹੈ ਜੋ ਕਿ ਸ਼ਬਦ ਦੀ ਪਹਿਲੀ ਹੀ ਪੰਗਤੀ ਹੈ।

“ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ॥”

ਜੋ ਉਸਨੂੰ ਪਾਉਣਾ ਚਾਹੁੰਦਾ ਹੈ ਉਹ ਫਿਰ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ ਕਿ ਮੈਂ ਅੱਗੇ ਜਾ ਕੇ ਪ੍ਰਮਾਤਮਾ ਨੂੰ ਭਾਵਾਂਗਾ ਜਾਂ ਨਹੀਂ ਭਾਵਾਂਗਾ ਪਰ ਮੈਂ ਤਾਂ ਗੁਰੂ ਦੇ ਦਰ ਤੇ ਹੀ ਟਿਕਾਂਗਾ, ਮੈਂ ਤਾਂ ਕੇਵਲ ਆਪਣੇ ਅੰਦਰ ਗੁਰੂ ਦੀ ਮਤਿ ਨੂੰ ਹੀ ਵਸਾਵਾਂਗਾ ਕਿਉਂਕਿ ਮੇਰੇ ਅੰਦਰ ਭਰੋਸਾ ਹੈ ਕਿ ਉਸ ਤੋਂ ਉੱਚਾ ਹੋਰ ਕੋਈ ਨਹੀਂ ਹੈ, ਉਸ ਤੋਂ ਉੱਚੀ ਮਤਿ ਹੋਰ ਕਿਸੇ ਦੇ ਕੋਲ ਨਹੀਂ ਹੈ ਜੋ ਮੈਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕੇ। ਮੈਂ ਗੁਰੂ ਦਾ ਦਰ ਛੱਡ ਕੇ ਕਿਸੇ ਮੰਗਤੇ ਦੇ ਦਰ ਤੇ ਕਿਉਂ ਜਾਵਾਂ ਭਾਵੇਂ ਲੋਕੀ ਇਹੀ ਸਮਝਦੇ ਹਨ ਕਿ ਜਿਹੜੇ ਆਪਣਾ ਦੂਜਾ ਦਰ ਬਣਾ ਕੇ ਬੈਠੇ ਹਨ ਉਹ ਰੱਬ ਨੂੰ ਭਾਉਣ ਵਾਲੇ ਹਨ ਤੇ ਉਹਨਾਂ ਦੇ ਨਾਲ ਲੱਗ ਕੇ ਪ੍ਰਮਾਤਮਾ ਨੂੰ ਭਾ ਜਾਈਦਾ ਹੈ। ਮੈਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਤੇ ਇਸੇ ਲਈ ਮੈਂ ਤਾਂ ਗੁਰੂ ਦੇ ਦਰ ਤੇ ਹੀ ਟਿਕਿਆ ਰਹਿਣਾ ਹੈ। **(ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ॥ ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ॥੧॥)** ਇਹੀ ਗੱਲ ਸਾਨੂੰ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਤੇ ਗੁਰੂ ਦੀ ਮਤਿ ਦੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ ਤੇ ਇਸੇ ਲਈ ਕੇਵਲ ਸਾਨੂੰ ਗੁਰੂ ਦੀ ਮਤਿ ਦੇ ਨਾਲ ਹੀ ਜੁੜਨਾ ਚਾਹੀਦਾ ਹੈ।

“ਹਉ ਮਾਗਉ ਆਨ ਲਜਾਵਉ॥ ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ॥੨॥ ਰਹਾਉ॥”

ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਫਿਰ

16/1742

ਸਾਡੇ ਮਨ ਦੀ ਬਿਰਤੀ ਇਹੋ ਜਿਹੀ ਹੋਣੀ ਚਾਹੀਦੀ ਹੈ। ਜੇਕਰ ਅਸੀਂ ਕਿਸੇ ਮਨੁੱਖੀ ਦਰ ਤੇ ਜਾ ਕੇ ਪ੍ਰਮਾਤਮਾ ਦੇ ਨਾਲ ਮੇਲ ਮੰਗੀਏ ਭਾਵ ਇਹੋ ਜਿਹੀ ਇੱਛਾ ਰੱਖੀਏ ਕਿ ਕੋਈ ਸਾਨੂੰ ਭਾਵ ਜਿਹਨਾਂ ਨੂੰ ਅਸੀਂ ਉੱਚਾ ਕਰ ਕੇ ਮੰਨਦੇ ਹਾਂ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਦੇਵੇਗਾ ਤਾਂ ਫਿਰ ਇਹ ਸਾਡੇ ਲਈ ਲੱਜਾ ਵਾਲੀ, ਸ਼ਰਮ ਵਾਲੀ ਗੱਲ ਹੋਵੇਗੀ ਭਾਵ ਬੜੀ ਮਾੜੀ ਗੱਲ ਹੋਵੇਗੀ ਭਾਵ ਸਾਨੂੰ ਇਸ ਗੱਲ ਤੇ ਸ਼ਰਮ ਆਉਣੀ ਚਾਹੀਦੀ ਹੈ ਕਿ ਅਸੀਂ ਗੁਰੂ ਦਾ ਦਰ ਛੱਡ ਕੇ ਕਿਸੇ ਮਨੁੱਖੀ ਦੇਹ ਕੋਲੋਂ ਇਹ ਉਮੀਦ ਰੱਖੀਏ ਕਿ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਦੇਵੇਗਾ। **(ਹਉ ਮਾਗਉ ਆਨ ਲਜਾਵਉ॥)** ਜਿਹੜੇ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ ਉਹ ਫਿਰ ਉਸਦੇ ਦਰ ਤੋਂ ਇਲਾਵਾ ਕਿਸੇ ਹੋਰ ਦੀ ਟੇਕ ਨਹੀਂ ਰੱਖਦੇ ਭਾਵ ਕਿਸੇ ਹੋਰ ਨੂੰ ਗੁਰੂ ਦੀ ਬਰਾਬਰੀ ਕਰਨ ਵਿੱਚ ਨੇੜੇ ਤੇੜੇ ਵੀ ਨਹੀਂ ਸਮਝਦੇ।**(ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ॥੨॥ ਰਹਾਉ॥)**

ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਜਿਹਨਾਂ ਨੂੰ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝਦੇ ਹਾਂ ਭਾਵ ਇਹ ਸਮਝਦੇ ਹਾਂ ਕਿ ਉਹ ਪ੍ਰਮਾਤਮਾ ਨੂੰ ਭਾਏ ਹੋਏ ਹਨ, ਉਸਦੇ ਪਿਆਰੇ ਹਨ ਪਰ ਉਹਨਾਂ ਨੂੰ ਵੀ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ ਭਾਵ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ ਭਾਵ ਅਸੀਂ ਉਹਨਾਂ ਦੇ ਪਿੱਛੇ ਨਾ ਲੱਗੀਏ, ਕਿਸੇ ਮਨੁੱਖੀ ਦੇਹ ਨੂੰ ਉੱਚਾ ਮੰਨ ਕੇ ਉਹਨਾਂ ਦੇ ਪਿੱਛੇ ਨਾ ਲੱਗੀਏ ਤੇ ਕੇਵਲ ਗੁਰਮਤਿ ਦੇ ਦਰ ਤੇ ਟਿਕੀਏ। ਪ੍ਰਮਾਤਮਾ ਦੀ ਖੋਜ ਸਾਨੂੰ ਉਹੀ ਕਰਵਾ ਸਕਦਾ ਹੈ ਜਿਸ ਨੇ ਆਪ ਪ੍ਰਮਾਤਮਾ ਦੇ ਦਰਸ਼ਨ ਕੀਤੇ ਹੋਏ ਹਨ ਜੋ ਕਿ ਕੇਵਲ ਗੁਰੂ ਆਪ ਹੀ ਹੈ। ਜਿਸ ਨੇ ਆਪ ਦਰਸ਼ਨ ਨਹੀਂ ਕੀਤੇ ਭਾਵ ਬ੍ਰਹਮਾਦਿਕ, ਸਨਕਾਦਿਕ, ਸਨਕ, ਸਨੰਦਨ, ਸਨਾਤਨ, ਸਨਤਕੁਮਾਰ ਭਾਵ ਜਿਹਨਾਂ ਨੂੰ ਖੁਦ ਉਸ ਦੇ ਮਹਿਲ ਦੀ ਪ੍ਰਾਪਤੀ ਨਹੀਂ ਹੋਈ ਉਹ ਸਾਨੂੰ ਉਸ ਪ੍ਰਮਾਤਮਾ ਦੇ ਦਰਸ਼ਨ ਕਿਵੇਂ ਕਰਵਾ ਸਕਦੇ ਹਨ। ਇਹੀ ਸਾਡਾ ਸਭ ਦਾ ਭੁਲੇਖਾ ਹੈ ਕਿ ਅਸੀਂ ਜਿਹਨਾਂ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਦੇ ਹਾਂ ਤੇ ਉਹਨਾਂ ਨੂੰ ਉੱਚਾ ਥਾਪ ਲੈਂਦੇ ਹਾਂ ਜਦਕਿ ਉਹ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਨਹੀਂ ਹਨ ਭਾਵ ਉਨ੍ਹਾਂ ਨੇ ਆਪਣੇ ਅੰਦਰੋਂ ਅਕਾਲਪੁਰਖ ਦੇ ਨਿਰੰਕਾਰ ਰੂਪ ਨੂੰ ਜਾਣਿਆ ਨਹੀਂ ਹੈ ਤੇ ਆਪਣੇ ਆਪ ਨੂੰ ਹੀ ਉੱਚਾ ਅਖਵਾਇਆ ਹੈ। ਜੋ ਪ੍ਰਮਾਤਮਾ ਦੇ ਨਾਲ ਮਿਲ ਜਾਂਦਾ ਹੈ ਉਹ ਅਸਲ ਵਿੱਚ ਆਪਣਾ ਵੱਖਰਾ ਦਰ ਬਣਾ ਹੀ ਨਹੀਂ ਸਕਦਾ, ਆਪਣੇ ਆਪ ਨੂੰ ਉੱਚਾ ਥਾਪ ਹੀ ਨਹੀਂ ਸਕਦਾ। **(ਊਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ॥ ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ॥੨॥)**

16/1743

ਸ਼ਬਦ ਦੇ ਅਗਲੇ ਪਦੇ ਰਾਹੀਂ ਫਿਰ ਸਾਨੂੰ ਇਹ ਗੱਲ ਦ੍ਰਿੜ ਕਰਵਾਈ ਹੈ ਕਿ ਗੁਰੂ ਤੋਂ ਇਲਾਵਾ ਸਾਨੂੰ ਕਿਸੇ ਹੋਰ ਦੀ ਸ਼ਰਨ ਵਿੱਚ ਨਹੀਂ ਜਾਣਾ ਚਾਹੀਦਾ ਭਾਵੇਂ ਅਸੀਂ ਕਿਸੇ ਨੂੰ ਵੀ ਕਿੰਨਾ ਵੱਡਾ ਸਮਝਦੇ ਹੋਈਏ।

“ਅਗਮ ਅਗਮ ਆਗਾਧਿ ਬੋਧ ਕੀਮਤਿ ਪਰੈ ਨ ਪਾਵਉ॥

ਤਾਕੀ ਸਰਣਿ ਸਤਿ ਪੁਰਖ ਕੀ ਸਤਿਗੁਰੁ ਪੁਰਖੁ ਧਿਆਵਉ॥੩॥”

ਪ੍ਰਮਾਤਮਾ ਕਿਸੇ ਨੂੰ ਆਪਣੀ ਕੀਮਤ ਆਪ ਹੀ ਪਵਾ ਸਕਦਾ ਹੈ। ਹਰ ਕਿਸੇ ਲਈ ਉਸਨੂੰ ਸਮਝਣਾ ਨਾਮੁਮਕਿਨ ਹੈ। ਕੇਵਲ ਇੱਕ ਸਤਿਗੁਰੂ ਹੈ ਜਿਸਨੇ ਉਸਦੀ ਕੀਮਤ ਪਾਈ ਹੋਈ ਹੈ। ਸਤਿਗੁਰੂ ਦੀ ਸ਼ਰਨ ਵਿੱਚ ਆਉਣਾ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ ਤੇ ਇਸੇ ਲਈ ਸਾਨੂੰ ਸਮਝਾਇਆ ਹੈ ਕਿ ਕੇਵਲ ਸਤਿਗੁਰੂ ਨੂੰ ਧਿਆਵੋ ਭਾਵ ਕੇਵਲ ਗੁਰਮਤਿ ਨੂੰ ਆਪਣੇ ਧਿਆਨ ਵਿੱਚ ਰੱਖੋ। ਗੁਰਮਤਿ ਦੀ ਸ਼ਰਨ ਵਿੱਚ ਆਉਣਾ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ ਭਾਵ ਸਾਨੂੰ ਕਿਸੇ ਹੋਰ ਮਨੁੱਖੀ ਸ਼ਰਨ ਦੀ ਲੋੜ ਨਹੀਂ ਹੈ।

ਉੱਪਰ ਸ਼ਬਦ ਦੇ ਪਹਿਲੇ ਤਿੰਨ ਪਦਿਆਂ ਰਾਹੀਂ ਸਾਨੂੰ ਇਹੀ ਗੱਲ ਦ੍ਰਿੜ ਕਰਵਾਈ ਹੈ ਕਿ ਸਾਨੂੰ ਕੇਵਲ ਗੁਰੂ ਦੀ ਮਤਿ ਤੇ ਟਿਕ ਕੇ ਰਹਿਣਾ ਚਾਹੀਦਾ ਹੈ ਤੇ ਕਿਸੇ ਹੋਰ ਦੇ ਦਰ ਤੇ ਭਰੋਸਾ ਨਹੀਂ ਰੱਖਣਾ ਚਾਹੀਦਾ ਜੋ ਕਿ ਆਪ ਹੀ ਉਸ ਦੇ ਮੰਗਤੇ ਹਨ।

ਜੇਕਰ ਸਾਨੂੰ ਇਹੋ ਜਿਹਾ ਭਰੋਸਾ ਗੁਰੂ ਤੇ ਹੋਵੇ ਤੇ ਤਾਂ ਹੀ ਉਹ ਆਪਣੀ ਕ੍ਰਿਪਾ ਕਰਕੇ ਸਾਡੇ ਅਗਿਆਨਤਾ ਦੇ, ਮਾਇਆ ਮੋਹ ਦੇ ਬੰਧਨ ਕੱਟ ਕੇ ਸਾਨੂੰ ਆਪਣੀ ਸੰਗਤ ਬਖ਼ਸਦਾ ਹੈ, ਸਾਧਸੰਗ ਬਖ਼ਸ਼ਦਾ ਹੈ ਜੋ ਕਿ ਅਸੀਂ ਉੱਪਰ ਪਹਿਲੇ ਹੀ ਇਸ ਗੱਲ ਨੂੰ ਸਮਝਿਆ ਹੈ। **(ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ॥ ਕਹੁ ਨਾਨਕ ਜਉ ਸਾਧਸੰਗੁ ਪਾਇਓ ਤਉ ਫਿਰਿ ਜਨਮਿ ਨ ਆਵਉ॥੪॥੧॥੧੨੧॥)**

ਹਰ ਕੋਈ ਭਰਮ ਵਿੱਚ ਹੈ, ਦੁਬਿਧਾ ਵਿੱਚ ਹੈ, ਤ੍ਰੈਗੁਣਾਂ ਵਿੱਚ ਹੈ ਜਿਸ ਕਰਕੇ ਅਸੀਂ ਗੁਰੂ ਦਾ ਦਰ ਛੱਡ ਕੇ ਹੋਰ ਦਰਾਂ ਤੇ ਇੱਧਰ ਉਧਰ ਭਟਕਦੇ ਫਿਰਦੇ ਹਾਂ ਤੇ ਉਨ੍ਹਾਂ ਤੇ ਆਪਣੀ ਆਸ ਟਿਕਾਈ ਬੈਠੇ ਹਾਂ ਜਿੰਨ੍ਹਾਂ ਨੂੰ ਖੁਦ ਪ੍ਰਮਾਤਮਾ ਦੇ ਮਹਿਲ ਦੇ ਦਰਸ਼ਨ ਨਹੀਂ ਹੋਏ। ਆਓ ਇਸ ਸ਼ਬਦ ਦੇ ਮਕਸਦ ਨੂੰ ਸਮਝੀਏ ਤੇ ਕੇਵਲ ਗੁਰਬਾਣੀ ਦੇ ਨਾਲ ਜੁੜੀਏ, ਉਸਦੀ ਸੱਚੀ ਮਤਿ ਦੇ ਨਾਲ ਜੁੜੀਏ ਜੋ ਕਿ ਪ੍ਰਮਾਤਮਾ ਦੀ ਆਪਣੀ ਮਤਿ ਹੈ। ਉਸਦੀ ਮਤਿ ਤੇ ਚੱਲ ਕੇ ਹੀ ਅਸੀਂ ਇਸ ਗੁਰਬਾਣੀ ਦੀ ਮਤਿ ਦੇ ਮਾਲਕ ਦੇ ਨਾਲ ਮਿਲ

16/1744

ਸਕਦੇ ਹਾਂ, ਉਸ ਸੱਚੇ ਸਾਧ ਦੀ ਸੰਗਤ ਕਰ ਸਕਦੇ ਹਾਂ, ਉਸ ਸਾਰੀ ਸ੍ਰਿਸ਼ਟੀ ਦੇ ਸੰਤ ਦੇ ਚਰਨਾਂ ਨਾਲ ਜੁੜ ਸਕਦੇ ਹਾਂ।

ਉੱਪਰ ਸ਼ਬਦ ਰਾਹੀਂ ਅਸੀਂ ਜਾਣਿਆ ਹੈ ਕਿ ਸਾਧਸੰਗ ਹੋਣ ਦੇ ਨਾਲ ਫਿਰ ਸਾਡਾ ਜਨਮ ਮਰਨ ਮਿਟ ਜਾਂਦਾ ਹੈ, ਆਵਾਗਉਣ ਮਿਟ ਜਾਂਦਾ ਹੈ। ਜੇਕਰ ਸਾਧਸੰਗ ਕੋਈ ਮਨੁੱਖੀ ਸੰਗਤ ਹੈ ਜਾਂ ਸਰਗੁਣ ਰੂਪ ਵਿੱਚ ਗੁਰਬਾਣੀ ਰੂਪ ਸਾਧ ਦੀ ਸੰਗਤ ਹੈ ਤਾਂ ਫਿਰ ਇਹੋ ਜਿਹੀ ਸੰਗਤ ਕਰਨ ਵਾਲਿਆਂ ਦੀ ਗਿਣਤੀ ਤਾਂ ਕ੍ਰੋੜਾਂ ਵਿੱਚ ਹੈ, ਜਿਹੋ ਜਿਹੀ ਸੰਗਤ ਸਾਨੂੰ ਹਰ ਰੋਜ਼ ਵੇਖਣ ਨੂੰ ਮਿਲਦੀ ਹੈ ਤੇ ਸਦੀਆਂ ਤੋਂ ਇਹੋ ਜਿਹੀ ਸੰਗਤ ਹੁੰਦੀ ਆ ਰਹੀ ਹੈ। ਜੇਕਰ ਇਹੋ ਜਿਹੀ ਸੰਗਤ ਦੇ ਨਾਲ ਹੀ ਸਾਡਾ ਆਵਾਗਉਣ ਮਿਟ ਜਾਂਦਾ ਹੈ ਤਾਂ ਫਿਰ ਇਸ ਤੋਂ ਸੌਖਾ ਕੰਮ ਕੀ ਹੋ ਸਕਦਾ ਹੈ। ਸਾਧਸੰਗਤ ਕਿਸੇ ਵਿਰਲੇ ਦੀ ਹੀ ਹੁੰਦੀ ਹੈ, ਆਵਾਗਉਣ ਕਿਸੇ ਵਿਰਲੇ ਦਾ ਹੀ ਮਿਟਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ। ਅਨੇਕਾਂ ਜੂਨਾਂ ਵਿੱਚ ਭਟਕਣ ਤੋਂ ਬਾਅਦ ਕਦੇ ਹੀ ਪ੍ਰਮਾਤਮਾ ਕਿਸੇ ਵਿਰਲੇ ਤੇ ਇਹ ਆਪਣੀ ਕ੍ਰਿਪਾ ਕਰਦਾ ਹੈ ਤੇ ਉਸਨੂੰ ਆਪਣੀ ਸਾਧਸੰਗਤ ਬਖ਼ਸ਼ ਕੇ ਆਵਾਗਉਣ ਦੇ ਬੰਧਨ ਤੋਂ ਮੁਕਤ ਕਰਦਾ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜਿੱਥੇ ਸਾਨੂੰ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਾਧਸੰਗਤ ਸਮਝਾਈ ਹੋਈ ਹੈ। ਕਿਸ ਅਸਥਾਨ ਤੇ ਸਾਧਸੰਗਤ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ ਇਸ ਗੱਲ ਨੂੰ ਬੜੀ ਬਰੀਕੀ ਨਾਲ ਸਮਝਾਇਆ ਹੋਇਆ ਹੈ ਜਿਸ ਨੂੰ ਸਮਝਣ ਤੋਂ ਬਾਅਦ ਸਾਡਾ ਸਾਧਸੰਗਤ ਬਾਰੇ ਭੁਲੇਖਾ ਪੂਰੀ ਤਰ੍ਹਾਂ ਨਿਕਲ ਜਾਵੇਗਾ।

“ਕਬਹੂ ਸਾਧਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥
ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥
ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥
ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥੮॥੧੧॥”

(ਅੰਗ ੨੭੮)

ਸਾਡਾ ਇਸ ਸੰਸਾਰ ਤੋਂ ਛੁਟਕਾਰਾ ਸਾਧਸੰਗਤ ਦੁਆਰਾ ਹੀ ਹੁੰਦਾ ਹੈ। ਇੱਥੇ ਸਾਨੂੰ ਸਾਧਸੰਗਤ ਦਾ ਉਹ ਅਸਥਾਨ ਹੀ ਸਮਝਾਇਆ ਹੋਇਆ ਹੈ ਜਿਸ ਅਸਥਾਨ ਤੇ ਸਾਡੀ ਉਹ ਸਾਧਸੰਗਤ ਹੁੰਦੀ ਹੈ ਜਿਸ ਦੁਆਰਾ ਸਾਡਾ ਆਵਾਗਉਣ ਮਿਟਦਾ ਹੈ। ਹੇਠ ਦਿੱਤੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਪੰਗਤੀ ਦੀ ਸਮਝ ਤਾਂ ਸਾਧਸੰਗਤ ਹੋਣ ਤੋਂ ਬਾਅਦ ਹੀ ਪੈਂਦੀ ਹੈ ਭਾਵ ਗੁਰੂ ਪ੍ਰਮਾਤਮਾ ਦੇ ਨਾਲ

16/1745

ਮੇਲ ਹੋਣ ਤੋਂ ਬਾਅਦ ਹੀ ਪੈਂਦੀ ਹੈ ਪਰ ਸਾਡੇ ਲਈ ਇਸ ਨੂੰ ਸਮਝਣਾ ਬਹੁਤ ਜਰੂਰੀ ਹੈ ਤਾਂ ਜੋ ਅਸੀਂ ਭਰਮ ਵਿੱਚੋਂ ਨਿਕਲ ਕੇ ਉਹੋ ਜਿਹੀ ਸਾਧਸੰਗਤ ਦਾ ਉਪਰਾਲਾ ਕਰੀਏ ਜਿਸ ਦੁਆਰਾ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਸਕੇ।

“ਕਬਹੂ ਸਾਧਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥”

ਵੱਡੀ ਗੱਲ ਸਮਝਣ ਦੀ ਇਹ ਹੈ ਕਿ ਉਹ ਕਿਹੜਾ ਅਸਥਾਨ ਹੈ ਜਿਸ ਅਸਥਾਨ ਤੇ ਉਹ ਸਾਧਸੰਗਤ ਹੁੰਦੀ ਹੈ ਜਿਸ ਤੋਂ ਬਾਅਦ ਅਸੀਂ ਫਿਰ ਮੁੜਕੇ ਇਸ ਸੰਸਾਰ ਵਿੱਚ ਨਹੀਂ ਆਉਂਦੇ।

“ਉਸੁ ਅਸਥਾਨ ਤੇ ਬਹੁਰਿ ਨ ਆਵੈ॥” ਤੋਂ ਭਾਵ ਹੈ ਉਸ ਅਸਥਾਨ ਤੇ ਪਹੁੰਚਣ ਤੋਂ ਬਾਅਦ ਭਾਵ ਉਸ ਅਸਥਾਨ ਦੀ ਪ੍ਰਾਪਤੀ ਹੋਣ ਤੋਂ ਬਾਅਦ ਜਿਸ ਅਸਥਾਨ ਤੇ ਇਹ ਸਾਧਸੰਗਤ ਹੁੰਦੀ ਹੈ ਭਾਵ ਜੋ ਮਨੁੱਖ ਆਪਣੇ ਜੀਵਨ ਵਿੱਚ ਇਸ ਅਸਥਾਨ ਤੇ ਪਹੁੰਚ ਜਾਂਦਾ ਹੈ, ਇਸ ਅਸਥਾਨ ਦੀ ਪ੍ਰਾਪਤੀ ਕਰ ਲੈਂਦਾ ਹੈ ਜੋ ਕਿ ਸਾਧਸੰਗਤ ਦਾ ਅਸਥਾਨ ਹੈ ਉਸਦਾ ਫਿਰ ਆਵਾਗਉਣ ਮਿਟ ਜਾਂਦਾ ਹੈ। ਇਹ ਅਸਥਾਨ ਕੀ ਹੈ ਇਹ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥”

ਇਸ ਅਸਥਾਨ ਨੂੰ ਬੜੇ ਹੀ ਧਿਆਨ ਨਾਲ ਸਮਝੋ ਜਿੱਥੇ ਸਾਡੀ ਸਾਧਸੰਗਤ ਹੁੰਦੀ ਹੈ। ਇਹ ਅਸਥਾਨ ਸਾਡਾ “**ਅੰਤਰਿ**” ਹੈ ਭਾਵ ਸਾਡਾ ਮਨ ਹੈ ਜਿੱਥੇ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਗਿਆਨ ਦਾ ਪ੍ਰਕਾਸ਼ ਕੇਵਲ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਤਾਂ ਹੀ ਉਹ ਬਾਹਰ ਦੀ ਦੁਨੀਆਂ ਵਿੱਚ ਆਉਂਦਾ ਹੈ। ਜਿਸ ਅਸਥਾਨ ਤੇ ਸਾਧਸੰਗਤ ਹੁੰਦੀ ਹੈ ਉਹ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ ਤੇ ਮਨ ਦੇ ਵਿੱਚ ਪ੍ਰਕਾਸ਼ ਉਹੀ ਕਰਦਾ ਹੈ ਜੋ ਇਸ ਮਨ ਦਾ ਮਾਲਕ ਹੈ ਜੋ ਸਾਡੇ ਅੰਦਰ ਮਨ ਦੇ ਰੂਪ ਵਿੱਚ ਭਾਵ ਗਿਆਨ ਦੇ ਰੂਪ ਵਿੱਚ ਵਿਚਰ ਰਿਹਾ ਹੈ। ਵਿਚਰ ਤਾਂ ਉਹ ਸਭ ਦੇ ਵਿੱਚ ਹੀ ਰਿਹਾ ਹੈ ਪਰ ਉਸਨੇ ਸਭ ਨੂੰ ਤ੍ਰੈਗੁਣਾਂ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ। ਮਨ ਦੇ ਵਿੱਚ ਉਹ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਪ੍ਰਗਟ ਹੁੰਦਾ ਹੈ ਭਾਵ ਆਪਣੇ ਹੋਣ ਦੀ ਸੋਝੀ ਪਾਉਂਦਾ ਹੈ, ਇਸ ਮਨ ਦੀ ਸੋਝੀ ਪਾਉਂਦਾ ਹੈ ਜੋ ਕਿ ਅਸਲ ਵਿੱਚ ਇਹ ਮਨ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਅਸਥਾਨ

16/1746 ਅਤੇ 1746-1,2

ਤੇ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਸਦਾ ਹੀ ਬਿਰਾਜਮਾਨ ਹੈ ਜੋ ਕਿ ਉਸਦਾ ਆਪਣਾ ਮਹੱਲ ਹੈ, ਆਪਣਾ ਤਖ਼ਤ ਹੈ, ਆਪਣਾ ਸੱਚਖੰਡ ਹੈ। ਉਸਦਾ ਇਹ ਅਸਥਾਨ ਨਿਰਗੁਣ ਰੂਪ ਹੈ ਤੇ ਇਸੇ ਲਈ ਇਸ ਅਸਥਾਨ ਦਾ ਕਦੇ ਬਿਨਾਸ ਨਹੀਂ ਹੋ ਸਕਦਾ। ਹਰ ਆਕਾਰ ਰੂਪ ਨਾਸ਼ਵਾਨ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਅਸਥਾਨ ਤੋਂ ਖੋਜਣਾ, ਕਿਸੇ ਖੰਡ ਬ੍ਰਹਿਮੰਡ ਵਿੱਚੋਂ ਖੋਜਣਾ ਤੇ ਪ੍ਰਮਾਤਮਾ ਨੂੰ ਕੋਈ ਸਰਗੁਣ ਰੂਪ ਸਮਝ ਕੇ ਖੋਜਣਾ ਸਾਡੀ ਅਗਿਆਨਤਾ, ਸਾਡੀ ਮੂਰਖਤਾ ਦੱਸਿਆ ਹੈ। ਬਾਣੀ ਸਾਨੂੰ ਬਾਰ-ਬਾਰ ਸਮਝਾ ਰਹੀ ਹੈ ਕਿ ਉਸ ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਹੀ ਹੈ, ਸਾਡਾ ਮਨ ਹੀ ਹੈ ਤੇ ਇਸੇ ਲਈ ਇਸ ਮਨ ਨੂੰ ਸਮਝੋ, ਇਸ ਮਨ ਨੂੰ ਖੋਜੋ ਕਿ ਇਹ ਮਨ ਕੀ ਹੈ। ਇਸ ਮਨ ਦੀ ਸਮਝ ਹੀ ਭਾਵ ਪ੍ਰਮਾਤਮਾ ਦੇ ਇਸ ਅਸਥਾਨ ਦੀ ਸਮਝ ਹੀ ਉਸਦੀ ਸਾਧਸੰਗਤ ਦੁਆਰਾ ਆਉਂਦੀ ਹੈ ਜੋ ਕਿ ਮਨ ਦੇ ਵਿੱਚ ਹੀ ਮਨ ਦੇ ਪ੍ਰਕਾਸ਼ ਦੁਆਰਾ ਹੁੰਦੀ ਹੈ ਭਾਵ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੇ ਉਪਜਣ ਦੁਆਰਾ ਹੁੰਦੀ ਹੈ, ਬ੍ਰਹਮਗਿਆਨ ਦੇ ਉਪਜਣ ਦੁਆਰਾ ਹੁੰਦੀ ਹੈ, ਨਾਮ ਦੇ ਪ੍ਰਕਾਸ਼ ਦੁਆਰਾ ਹੁੰਦੀ ਹੈ ਜੋ ਕਿ ਉਹ ਆਪ ਹੀ ਕਰ ਸਕਦਾ ਹੈ ਤੇ ਆਪ ਹੀ ਕਰਦਾ ਹੈ ਤੇ ਮਨੁੱਖ ਦੇ ਹੱਥ ਵਸ ਕੁਝ ਨਹੀਂ ਹੈ ਕਿ ਉਸ ਨਾਲ ਸੰਗਤ ਕਰ ਲਵੇ ਤੇ ਆਪਣਾ ਆਵਾਗਉਣ ਮੇਟ ਲਵੇ। ਜੇਕਰ ਦੁਨਿਆਵੀ ਸੰਗਤ ਨਾਲ, ਮਨੁੱਖਾਂ ਦੀ ਸੰਗਤ ਨਾਲ ਇਹ ਆਵਾਗਉਣ ਮਿਟਦਾ ਹੋਵੇ ਤਾਂ ਹਰ ਕੋਈ ਆਵਾਗਉਣ ਤੋਂ ਮੁਕਤ ਹੋ ਜਾਂਦਾ। **(ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥)**

{ਪ੍ਰਭ ਕਿਰਪਾ ਤੇ ਮਨੁ ਵਸਿ ਆਇਆ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ॥੪॥
ਸਾਧਸੰਗਿ ਹਰਿ ਕੀਰਤਨੁ ਗਾਈਐ॥ ਇਹੁ ਅਸਥਾਨੁ ਗੁਰੂ ਤੇ ਪਾਈਐ॥੧॥ਰਹਾਉ ਦੂਜਾ॥੭॥੫੯॥}

(ਅੰਗ ੩੯੫)

ਪਿੱਛੇ ਅਸੀਂ ਇਹ ਸਮਝਿਆ ਸੀ ਕਿ ਉਸ ਪ੍ਰਮਾਤਮਾ ਦਾ ਕੀਰਤਨ ਕਰਨਾ ਕੀ ਹੈ, ਉਸਦਾ ਜਸ ਗਾਉਣਾ ਕੀ ਹੈ। **(ਭਲੋ ਭਲੋ ਰੇ ਕੀਰਤਨੀਆ॥)** ਪ੍ਰਮਾਤਮਾ ਦਾ ਜਸ ਮਨ ਦੇ ਵਿੱਚ ਇਹੋ ਜਿਹੀ ਸਾਧਸੰਗਤ ਹੋਣ ਦੁਆਰਾ ਹੀ ਗਾਇਆ ਜਾ ਸਕਦਾ ਹੈ, ਉਸ ਅਸਥਾਨ ਤੇ ਪਹੁੰਚ ਕੇ ਗਾਇਆ ਜਾ ਸਕਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਮਨ ਦੇ ਵਿੱਚ ਇਸ ਅਸਥਾਨ ਤੇ ਪਹੁੰਚਣ ਦੇ ਨਾਲ ਹੀ ਸਾਡਾ ਮਨ ਵੱਸ ਵਿੱਚ ਆ ਸਕਦਾ ਹੈ। ਮਨ ਦੇ ਵਸ ਆਉਣ ਦਾ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੀ

ਹੈ ਜਿਸਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ। ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਸਾਨੂੰ ਇਸ ਅਗਿਆਨਤਾ ਵਿੱਚੋਂ ਕੱਢਦੀ ਹੈ ਕਿ ਪ੍ਰਮਾਤਮਾ ਦਾ ਜੱਸ, ਉਸਦਾ ਕੀਰਤਨ ਮਾਇਆ ਮੋਹ ਵਿੱਚ ਰਹਿ ਕੇ ਨਹੀਂ ਹੁੰਦਾ, ਤ੍ਰਿਸ਼ਨਾ ਵਿੱਚ ਰਹਿੰਦੇ ਨਹੀਂ ਹੁੰਦਾ ਕਿਉਂਕਿ ਉਸਦਾ ਜੱਸ ਅਸੀਂ ਆਪਣੀ ਕਰਨੀ ਦੁਆਰਾ ਕਰਨਾ ਹੈ। ਸੱਚੀ ਕਰਨੀ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ, ਮਾੜੇ ਕਰਮਾਂ ਤੋਂ ਬਚ ਕੇ ਹੀ ਹੁੰਦੀ ਹੈ, ਔਗੁਣ ਰਹਿਤ ਹੋ ਕੇ ਹੀ ਹੁੰਦੀ ਹੈ। ਮਨ ਦੇ ਵਿੱਚ ਉਹ ਅਸਥਾਨ ਜਿਸ ਤੇ ਪਹੁੰਚ ਕੇ ਅਸੀਂ ਉਸਦਾ ਜੱਸ ਗਾ ਸਕਦੇ ਹਾਂ, ਉਸ ਅਸਥਾਨ ਤੇ ਪ੍ਰਮਾਤਮਾ ਸਾਡੇ ਵਿਚਾਰਾਂ ਨੂੰ ਗੁਣਾਂ ਵਾਲਾ ਬਣਾ ਦਿੰਦਾ ਹੈ ਭਾਵ ਔਗੁਣਾਂ ਵਿੱਚੋਂ ਕੱਢ ਦਿੰਦਾ ਹੈ। ਮਨ ਦੇ ਵਿੱਚ ਸਾਨੂੰ ਆਪਣੀ ਸੱਚੀ ਸੋਝੀ ਗੁਰੂ ਆਪ ਹੀ ਪਾਉਂਦਾ ਹੈ, ਆਪਣੀ ਸੰਗਤ ਦੁਆਰਾ ਪਾਉਂਦਾ ਹੈ, ਸੱਚੇ ਗਿਆਨ ਦੀ ਸੰਗਤ ਦੁਆਰਾ ਪਾਉਂਦਾ ਹੈ। ਸਾਧਸੰਗਤ ਦਾ ਮਕਸਦ ਸਾਨੂੰ ਆਪਣੀ ਸੱਚੀ ਸਿੱਖਿਆ ਦੇ ਕੇ ਮਾਇਆ ਮੋਹ ਵਿੱਚੋਂ ਕੱਢਣ ਦਾ ਹੀ ਹੈ, ਇਸ ਮਨ ਨੂੰ ਵੱਸ ਵਿੱਚ ਲਿਆਉਣ ਦਾ ਹੀ ਹੈ ਤਾਂ ਜੋ ਅਸੀਂ ਉਸ ਪ੍ਰਮਾਤਮਾ ਦਾ ਜੱਸ ਗਾ ਸਕੀਏ। **(ਪ੍ਰਭ ਕਿਰਪਾ ਤੇ ਮਨੁ ਵਸਿ ਆਇਆ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ॥੪॥ ਸਾਧਸੰਗਿ ਹਰਿ ਕੀਰਤਨੁ ਗਾਈਐ॥ ਇਹੁ ਅਸਥਾਨੁ ਗੁਰੂ ਤੇ ਪਾਈਐ॥੧॥ਰਹਾਉ ਦੂਜਾ॥੭॥੫੮॥)**

ਉਸ ਪ੍ਰਮਾਤਮਾ ਦੀ ਸੰਗਤ ਹੋਣ ਦੇ ਨਾਲ, ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣ ਦੇ ਨਾਲ ਸਾਨੂੰ ਉਸ ਕੋਲੋਂ ਮਨ ਦੇ ਵਿੱਚ ਉਸਦੀ ਸਿੱਖਿਆ ਹੀ ਮਿਲਦੀ ਹੈ, ਨਾਮ ਦੀ ਸਿੱਖਿਆ ਹੀ ਮਿਲਦੀ ਹੈ ਜਿਸ ਦੁਆਰਾ ਅਸੀਂ ਉਸਦੇ ਰੰਗ ਵਿੱਚ ਰੰਗੇ ਰਹਿੰਦੇ ਹਾਂ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥”

ਸਾਧਸੰਗਤ ਦੀ ਪ੍ਰਾਪਤੀ ਜਾਂ ਨਾਮ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ। ਅਸੀਂ ਉਸ ਇੱਕ ਦੇ ‘ਰੰਗਿ’ ਵਿੱਚ ਉਸ ਇੱਕ ਦੀ ਸੱਚੀ ਮਤਿ ਲੈ ਕੇ ਹੀ ਰੰਗੇ ਜਾ ਸਕਦੇ ਹਾਂ ਜੋ ਸਾਨੂੰ ਦੁਚਿੱਤੀ ਵਿੱਚੋਂ ਕੱਢਦੀ ਹੈ। ਉਸ ਇੱਕ ਵਿੱਚ ਰੰਗੇ ਬਿਨ੍ਹਾਂ ਕੋਈ ਨਾਮ ਵਿੱਚ ਰੱਤਿਆ ਹੋਇਆ ਨਹੀਂ ਹੋ ਸਕਦਾ।

16/1747

ਸੱਚੀ ਗੁਰਮਤਿ ਦੀ ਪ੍ਰਾਪਤੀ, ਸੱਚੀ ਗੁਰਮਤਿ ਦੀ ਸੋਝੀ ਮਨ ਦੇ ਵਿੱਚ ਪ੍ਰਕਾਸ਼ ਦੁਆਰਾ ਹੀ ਪੈਂਦੀ ਹੈ ਤੇ ਤਾਂ ਹੀ ਉਸ ਦੇ ਰੰਗ ਵਿੱਚ ਰੰਗਿਆ ਜਾ ਸਕਦਾ ਹੈ। ਉਸਦੇ ਸੱਚੇ ਗਿਆਨ ਵਿੱਚ ਰੰਗੇ ਜਾਣਾ ਉਸ ਗੁਰੂ ਪ੍ਰਮਾਤਮਾ ਦੇ ਨਾਲ ਰੰਗੇ ਜਾਣਾ ਹੈ। ਇਹ ਮਨ ਦਾ ਪ੍ਰਕਾਸ਼ ਹੀ ਸਾਡੀ ਪ੍ਰਮਾਤਮਾ ਦੇ ਨਾਲ ਸੰਗਤ ਬਣਾਉਂਦਾ ਹੈ। ਸੱਚੇ ਗਿਆਨ ਦੀ ਸੰਗਤ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਸੰਗਤ ਹੈ। ਸਾਧਸੰਗਤ ਜਾਂ ਪ੍ਰਮਾਤਮਾ ਦੇ ਨਾਲ ਸੰਗਤ ਇੱਕੋ ਹੀ ਗੱਲ ਹੈ ਕਿਉਂਕਿ ਸਾਧ ਹੀ ਆਪ ਗੁਰੂ ਹੈ, ਪ੍ਰਮਾਤਮਾ ਹੈ। **(ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥)** ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਫਿਰ ਤੋਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਉਸਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਸਾਧਸੰਗ ਦੇ ਭਾਵ ਨੂੰ ਬਰੀਕੀ ਨਾਲ ਜਾਣ ਸਕੀਏ ਕਿ ਸਾਧਸੰਗਤ ਕਿਸ ਰੂਪ ਵਿੱਚ ਹੁੰਦੀ ਹੈ।

“ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥”

ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣ ਤੋਂ ਬਾਅਦ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਭੇਦ ਮਿਟ ਜਾਂਦਾ ਹੈ ਭਾਵ ਮਨੁੱਖ ਦੀ ਹਉਮੈ ਮੁੱਕ ਜਾਂਦੀ ਹੈ, ਉਸਦੀ ਮੈਂ ਮੁੱਕ ਜਾਂਦੀ ਹੈ ਤੇ ਉਹ ਤੂੰ ਦੇ ਵਿੱਚ ਸਮਾਅ ਜਾਂਦਾ ਹੈ। ਮੈਂ ਤ੍ਰੈਗੁਣ ਹੈ, ਮਨਮਤਿ ਹੈ ਤੇ ਤੂੰ ਸੱਚਾ ਗਿਆਨ ਹੈ, ਚੌਥਾ ਪਦ ਹੈ, ਪੂਰਨ ਗੁਰਮਤਿ ਹੈ। ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਭੇਦ ਮਨਮਤਿ ਤੇ ਗੁਰਮਤਿ ਦਾ ਹੀ ਹੈ। ਮਨਮਤਿ ਤ੍ਰੈਗੁਣ ਹੈ ਤੇ ਗੁਰਮਤਿ ਚੌਥਾ ਪਦ ਹੈ। ਤ੍ਰੈਗੁਣ ਮਿਟ ਜਾਂਦਾ ਹੈ ਤੇ ਮਨ ਦੇ ਵਿੱਚ ਚੌਥਾ ਪਦ ਗਿਆਨ ਦੇ ਪ੍ਰਕਾਸ਼ ਰਾਹੀਂ ਪ੍ਰਗਟ ਹੋ ਜਾਂਦਾ ਹੈ। ਉਸਦੀ ਜੋਤ ਸਾਡੇ ਅੰਦਰ ਚੌਥੇ ਪਦ ਵਿੱਚ ਵਰਤ ਰਹੀ ਹੈ ਤੇ ਆਪਣੀ ਇਸ ਜੋਤ ਦੁਆਰਾ ਹੀ ਸਾਨੂੰ ਉਸਨੇ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ। ਤ੍ਰੈਗੁਣਾਂ ਵਿੱਚ ਵੀ ਉਸੇ ਦੀ ਜੋਤ ਹੈ ਭਾਵ ਉਸੇ ਦਾ ਹੀ ਦਿੱਤਾ ਹੋਇਆ ਗਿਆਨ ਹੈ, ਉਸੇ ਦੀ ਜੋਤ ਦਾ ਪ੍ਰਕਾਸ਼ ਹੈ ਤੇ ਮਨ ਦੇ ਵਿੱਚ ਉਸਦੇ ਗਿਆਨ ਦੇ ਪ੍ਰਕਾਸ਼ ਦੁਆਰਾ ਕੇਵਲ ਚੌਥਾ ਪਦ ਰਹਿ ਜਾਂਦਾ ਹੈ ਜੋ ਕਿ ਸਾਨੂੰ ਉਸਦੇ ਸੱਚੇ ਮਾਰਗ ਦੀ ਸਿੱਖਿਆ ਪਾਉਂਦਾ ਹੈ ਤੇ ਫਿਰ ਮਨੁੱਖ ਉਸੇ ਗਿਆਨ ਦੁਆਰਾ ਹੀ ਵਿਚਰਦਾ ਹੈ। **(ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥)** ਮਨ ਦੀ ਇਸ ਅਵੱਸਥਾ ਦੁਆਰਾ ਜੋ ਕਿ ਸਾਧਸੰਗਤ ਦੀ ਅਵੱਸਥਾ ਹੈ, ਉਸਦੀ ਜੋਤ ਵਿੱਚ ਮਿਲਣ ਦੀ ਅਵੱਸਥਾ ਹੈ, ਉਸਦੇ ਨਾਲ ਮੇਲ ਦੀ ਅਵੱਸਥਾ ਹੈ ਇਸ ਅਵੱਸਥਾ

16/1748

ਦੁਆਰਾ ਭਾਵ ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ, ਚੌਥੇ ਪਦ ਦੀ ਅਵੱਸਥਾ ਦੁਆਰਾ, ਸੱਚੇ ਗਿਆਨ ਦੇ ਪ੍ਰਕਾਸ਼ ਦੀ ਅਵੱਸਥਾ ਦੁਆਰਾ ਸਾਡਾ ਬੰਧਨ ਟੁੱਟਦਾ ਹੈ, ਭਰਮ ਦਾ ਬੰਧਨ ਟੁੱਟਦਾ ਹੈ ਤੇ ਤਾਂ ਹੀ ਸਾਡੀ ਇਸ ਸੰਸਾਰ ਤੋਂ ਮੁਕਤੀ ਹੁੰਦੀ ਹੈ, ਆਵਾਗਉਣ ਤੋਂ ਮੁਕਤੀ ਹੁੰਦੀ ਹੈ ਜੋ ਕਿ ਸ਼ਬਦ ਦੀ ਆਖਰੀ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥੮॥੧੧॥”

ਬੰਧਨ ਸਾਡੇ ਅੰਦਰ ਅਗਿਆਨਤਾ ਦਾ ਹੀ ਹੈ ਜੋ ਕਿ ਮਨ ਦੇ ਅੰਦਰ ਗਿਆਨ ਦੇ ਪ੍ਰਕਾਸ਼ ਦੁਆਰਾ ਟੁੱਟਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਬੰਧਨ ਪ੍ਰਮਾਤਮਾ ਕਿਸੇ ਦਾ ਆਪ ਹੀ ਤੋੜਦਾ ਹੈ ਤੇ ਇਹ ਬੰਧਨ ਟੁੱਟਣ ਤੋਂ ਬਾਅਦ ਹੀ ਸਾਨੂੰ ਉਸ ਪ੍ਰਮਾਤਮਾ ਦੀ ਵਡਿਆਈ ਸਮਝ ਆਉਂਦੀ ਹੈ ਕਿ ਉਹ ਕਿਤਨਾ ਕੁ ਵੱਡਾ ਹੈ, ਕਿਤਨਾ ਕੁ ਉੱਚਾ ਹੈ ਜੋ ਆਪ ਹੀ ਸਭ ਕੁੱਝ ਹੈ। **(ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥੮॥੧੧॥)**

ਸੁਖਮਨੀ ਬਾਣੀ ਹਰ ਰੋਜ਼ ਪੜ੍ਹਨ ਵਾਲਿਆਂ ਦੀ ਗਿਣਤੀ ਬਹੁਤ ਜਿਆਦਾ ਹੈ ਜਿੱਥੇ ਸਾਨੂੰ ਇੱਕ ਪੂਰੇ ਸ਼ਬਦ ਰਾਹੀਂ, ਅਸ਼ਟਪਦੀ ਰਾਹੀਂ ਇਹੀ ਸਮਝਾਇਆ ਹੈ ਕਿ ਸਾਧ ਕੌਣ ਹੈ ਤੇ ਸਾਧ ਦੀ ਸੰਗਤ ਕੀ ਹੈ। ਸਾਰੀ ਅਸਟਪਦੀ ਵਿੱਚ ਸਾਨੂੰ ਸਾਧ ਸੰਗਤ ਵਾਲੀ ਬਿਰਤੀ ਸਮਝਾਈ ਹੋਈ ਹੈ, ਮਨ ਦੀ ਬਿਰਤੀ ਸਮਝਾਈ ਹੋਈ ਹੈ ਕਿ ਸਾਨੂੰ ਸਾਧਸੰਗਤ ਦੁਆਰਾ ਕੀ ਪ੍ਰਾਪਤੀ ਹੁੰਦੀ ਹੈ ਤੇ ਸਾਡੇ ਜੀਵਨ ਵਿੱਚ ਉਸਦਾ ਕੀ ਮਹੱਤਵ ਹੈ। ਇਸ ਪੂਰੀ ਅਸਟਪਦੀ ਨੂੰ ਸਮਝਣ ਤੋਂ ਬਾਅਦ ਫਿਰ ਆਪ ਹੀ ਇਸ ਗੱਲ ਦਾ ਫੈਸਲਾ ਕਰਨਾ ਕਿ ਕੀ ਸਾਧਸੰਗਤ ਕੋਈ ਮਨੁੱਖੀ ਸੰਗਤ ਹੈ ਜਾਂ ਮਨ ਦੇ ਵਿੱਚ ਗੁਰਮਤਿ ਦੀ ਸੰਗਤ ਹੈ। ਸਾਧ ਗੁਰੂ ਹੈ ਤੇ ਗੁਰੂ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ। ਸਾਧ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਉਸਨੇ ਆਪਣਾ ਸਾਧ ਰੂਪ ਧਾਰ ਕੇ ਗੁਰਬਾਣੀ ਦੀ ਰਚਨਾ ਕੀਤੀ ਹੈ। ਗੁਰਬਾਣੀ ਦੀ ਸੱਚੀ ਸੰਗਤ ਹੀ ਸਾਧਸੰਗਤ ਹੈ ਕਿਉਂਕਿ ਸਾਧ ਦਾ ਆਪਣਾ ਰੂਪ ਅਸਲ ਵਿੱਚ ਗੁਰਮਤਿ ਦਾ ਰੂਪ ਹੀ ਹੈ ਤੇ ਗੁਰਮਤਿ ਨੂੰ ਜਪਣਾ ਹੀ ਉਸ ਗੁਰੂ ਨੂੰ ਜਪਣਾ ਹੈ, ਸਾਧ ਨੂੰ ਜਪਣਾ ਹੈ, ਪ੍ਰਮਾਤਮਾ ਨੂੰ ਜਪਣਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਉਸਨੂੰ ਜਪਣਾ ਕੀ ਹੈ ਸਾਨੂੰ ਇਹੀ ਸਮਝਾਇਆ ਹੋਇਆ ਹੈ। ਸਾਧ ਦੀ ਸਿੱਖਿਆ

16/1749

ਨੂੰ ਜਪਣਾ ਹੀ ਸਾਧ ਨੂੰ ਜਪਣਾ ਹੈ, ਨਾਮ ਜਪਣਾ ਹੈ। ਉਸਦੀ ਪੂਰੀ ਸਿੱਖਿਆ ਨੂੰ ਅਸੀਂ ਤਾਂ ਹੀ ਜਪ ਸਕਦੇ ਹਾਂ ਜਦੋਂ ਸਾਨੂੰ ਉਸਦੀ ਸੱਚੀ ਸਿੱਖਿਆ ਦੀ ਸੋਝੀ ਪੈ ਜਾਵੇ। ਜਿੱਥੇ ਉਹ ਆਪਣੀ ਸੰਗਤ ਕਰਦਾ ਹੈ ਉਹ ਮਨ ਦੇ ਪ੍ਰਕਾਸ਼ ਦੁਆਰਾ ਹੀ ਕਰਦਾ ਹੈ ਜਿਸਦਾ ਮਕਸਦ ਸਾਨੂੰ ਸੱਚੀ ਸੋਝੀ ਪਾ ਕੇ ਉਸਤੇ ਚਲਾਉਣ ਦਾ ਹੀ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਸਲੋਕੁ॥

“ਅਗਮ ਅਗਾਧਿ ਪਾਰਬ੍ਰਹਮੁ ਸੋਇ॥ ਜੋ ਜੋ ਕਹੈ ਸੁ ਮੁਕਤਾ ਹੋਇ॥
ਸੁਨਿ ਮੀਤਾ ਨਾਨਕੁ ਬਿਨਵੰਤਾ॥ ਸਾਧ ਜਨਾ ਕੀ ਅਚਰਜ ਕਥਾ॥੧॥”

ਅਸਟਪਦੀ॥

“ਸਾਧ ਕੈ ਸੰਗਿ ਮੁਖ ਊਜਲ ਹੋਤ॥ ਸਾਧਸੰਗਿ ਮਲੁ ਸਗਲੀ ਖੋਤ॥
ਸਾਧ ਕੈ ਸੰਗਿ ਮਿਟੈ ਅਭਿਮਾਨੁ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥ ਸਾਧਸੰਗਿ ਸਭੁ ਹੋਤ ਨਿਬੇਰਾ॥
ਸਾਧ ਕੈ ਸੰਗਿ ਪਾਏ ਨਾਮ ਰਤਨੁ॥ ਸਾਧ ਕੈ ਸੰਗਿ ਏਕ ਊਪਰਿ ਜਤਨੁ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥੧॥”

(ਅੰਗ ੨੭੧)

ਉੱਪਰ ਸਲੋਕ ਤੇ ਅੱਗੇ ਅਸ਼ਟਪਦੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਸਾਧ ਰੂਪ ਹੀ ਸਮਝਾਇਆ ਹੋਇਆ ਹੈ। ਗੁਰੂ ਪ੍ਰਮਾਤਮਾ ਆਪ ਹੀ ਹੈ ਜੋ ਕਿ ਮਨੁੱਖੀ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣਾ ਸਾਧ ਰੂਪ ਪ੍ਰਗਟ ਕਰਦਾ ਹੈ। ਸਾਧ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੈ। ਜੋ ਮਨ ਦੇ ਵਿੱਚ ਚੌਥੇ ਪਦ ਦੇ ਰੂਪ ਵਿੱਚ ਹੈ। ਜਿੰਨ੍ਹਾਂ ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਸਾਧ ਰੂਪ ਧਾਰਿਆ ਹੈ ਉਹਨਾਂ ਰਾਹੀਂ ਹੀ ਉਸਨੇ ਗੁਰਾਬਣੀ ਦੀ ਰਚਨਾ ਕੀਤੀ ਹੈ। ਉਸਦੇ ਸਾਧ ਜਨਾਂ ਨੇ ਸਾਨੂੰ ਉਸ ਪ੍ਰਮਾਤਮਾ ਦੀ ਕਥਾ, ਉਸਦੀ ਅਚਰਜ ਕਥਾ ਭਾਵ ਕਿਸੇ ਦੀ ਸਮਝ ਵਿੱਚ ਨਾ ਆਉਣ ਵਾਲੀ ਕਥਾ ਸਾਨੂੰ ਬੇਨਤੀ ਦੇ ਰੂਪ ਵਿੱਚ ਸਮਝਾਈ ਹੈ। ਪ੍ਰਮਾਤਮਾ ਦਾ ਗੁਰੂ ਰੂਪ, ਸਾਧ ਰੂਪ ਉਸਦਾ ਦਾਸ ਰੂਪ ਹੈ ਤੇ ਇਸੇ ਲਈ ਉਹ ਆਪਣੀ ਗੱਲ ਸਾਨੂੰ ਬੇਨਤੀ ਦੇ ਰੂਪ ਵਿੱਚ ਸੁਣਾਉਂਦਾ ਹੈ ਭਾਵ ਸਾਨੂੰ ਬੇਨਤੀ ਦੇ ਰੂਪ ਵਿੱਚ ਪ੍ਰਮਾਤਮਾ ਦਾ ਹੁਕਮ ਸੁਣਾਉਂਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ

16/1750

ਹੁਕਮ ਸੁਣ ਕੇ ਸਾਨੂੰ ਉਹੀ ਗੱਲ ਉਸ ਦਾ ਸਾਧ ਰੂਪ ਬੇਨਤੀ ਰਾਹੀਂ ਸੁਣਾਉਂਦਾ ਹੈ ਭਾਵ ਉਸ ਦਾ ਸਾਧ ਰੂਪ ਜੋ ਮਨੁੱਖੀ ਰੂਪ ਵਿੱਚ ਵਿਚਰਦਾ ਹੈ ਉਹ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਕਹਿੰਦੇ, ਆਪਣੇ ਆਪ ਨੂੰ ਉੱਚਾ ਨਹੀਂ ਮੰਨਦੇ ਤੇ ਉਸ ਪ੍ਰਮਾਤਮਾ ਨੂੰ ਉੱਚਾ ਕਰਕੇ ਮੰਨਦੇ ਹਨ ਜੋ ਅਸਲ ਵਿੱਚ ਸਾਰੇ ਗਿਆਨ ਦਾ ਮਾਲਕ ਹੈ ਜੋ ਉਹਨਾਂ ਦੇ ਮਨ ਦੇ ਵਿੱਚ ਆਪਣੇ ਬ੍ਰਹਮ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਦਾ ਦਿੱਤਾ ਹੋਇਆ ਬ੍ਰਹਮ ਗਿਆਨ ਹੀ ਉਸ ਦੀ ਅਚਰਜ ਕਥਾ ਹੈ ਜਿਸ ਨੂੰ ਕਿ ਉਸਦੇ ਸਾਧ ਜਨ ਆਪਣੇ ਮੁੱਖੋਂ ਉਚਾਰ ਕੇ ਸੰਸਾਰ ਨੂੰ ਸੁਣਾਉਂਦੇ ਹਨ। ਪੂਰੀ ਗੁਰਬਾਣੀ ਉਸ ਪ੍ਰਮਾਤਮਾ ਦੀ ਆਪਣੀ ਅਚਰਜ ਕਥਾ ਹੈ ਜੋ ਉਸਨੇ ਆਪਣੇ ਸਾਧ ਰੂਪ ਦੁਆਰਾ, ਗੁਰੂ ਰੂਪ ਦੁਆਰਾ ਦਿੱਤੀ ਹੈ ਜੋ ਕਿ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ, ਬ੍ਰਹਮ ਗਿਆਨ ਸੁਣਾ ਕੇ ਦੁਨੀਆਂ ਨੂੰ ਚਾਨਣ ਦੇ ਰਹੀ ਹੈ, ਸੰਸਾਰ ਨੂੰ ਅਗਿਆਨਤਾ ਵਿੱਚੋਂ ਕੱਢ ਰਹੀ ਹੈ। ਵੇਦਾਂ, ਸ਼ਾਸਤਰਾਂ ਦੇ ਰਚਣ ਵਾਲਿਆਂ ਨੇ ਆਪਣੇ ਆਪ ਨੂੰ ਉੱਚਾ ਆਖਿਆ ਹੈ, ਆਪਣੇ ਆਪ ਨੂੰ ਹੀ ਪ੍ਰਮਾਤਮਾ ਦਾ ਰੂਪ ਆਖਿਆ ਹੈ ਕਿਉਂਕਿ ਉਹਨਾਂ ਨੇ ਆਪਣੇ ਅੰਦਰੋਂ ਉਸ ਬ੍ਰਹਮ ਗਿਆਨੀ ਨੂੰ ਨਹੀਂ ਪਛਾਣਿਆ ਜੋ ਕਿ ਅਸਲ ਵਿੱਚ ਆਪ ਹੀ ਗੁਰੂ ਹੈ।

ਗੁਰਬਾਣੀ ਵਿੱਚ ਸਾਨੂੰ ਇਸੇ ਲਈ ਸਮਝਾਇਆ ਗਿਆ ਹੈ ਕਿ ਗੁਰੂ ਅਸਲ ਵਿੱਚ "**ਸ਼ਬਦ**" ਹੈ ਨਾ ਕਿ ਕੋਈ ਮਨੁੱਖੀ ਦੇਹ। ਇਸੇ ਲਈ ਉਹਨਾਂ ਨੇ ਸਾਨੂੰ ਪ੍ਰਮਾਤਮਾ ਦੀ ਗੱਲ ਆਪਣਾ ਦਾਸ ਬਣ ਕੇ ਸਮਝਾਈ ਹੈ, ਬੇਨਤੀ ਦੇ ਰੂਪ ਵਿੱਚ ਸਮਝਾਈ ਹੈ। **(ਸੁਨਿ ਮੀਤਾ ਨਾਨਕੁ ਬਿਨਵੰਤਾ॥ ਸਾਧ ਜਨਾ ਕੀ ਅਚਰਜ ਕਥਾ॥੧॥)**

"**ਸਾਧ ਜਨ**" ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਪਰ ਪ੍ਰਮਾਤਮਾ ਦਾ ਆਪਣਾ ਰੂਪ "**ਨਿਰਗੁਨ ਰੂਪ**" ਹੈ ਜੋ ਕਿ ਸਰੀਰ ਦੇ ਵਿੱਚ ਮਨ ਦੇ ਰੂਪ ਵਿੱਚ ਹੈ, ਜੋਤਿ ਦੇ ਰੂਪ ਵਿੱਚ ਹੈ ਜੋ ਕਿ ਇਸ ਸਰੀਰ ਦਾ ਮਾਲਕ

16/1751

ਹੈ। ਜੋ ਜੋ ਵੀ ਪ੍ਰਮਾਤਮਾ ਦੀ ਅਕਥ ਕਥਾ ਕਹਿੰਦਾ ਹੈ, ਬਿਆਨ ਕਰਦਾ ਹੈ ਉਹੀ ਮੁਕਤ ਹੁੰਦਾ ਹੈ ਭਾਵ ਉਸਦਾ ਆਪਾ ਮਿਟ ਜਾਂਦਾ ਹੈ ਕਿਉਂਕਿ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਸਦਾ ਪ੍ਰਮਾਤਮਾ ਦੇ ਨਾਲ ਭੇਦ ਮਿਟ ਜਾਂਦਾ ਹੈ। ਉਸਦਾ ਗੁਰੂ ਰੂਪ, ਸਾਧ ਰੂਪ ਮੁਕਤ ਹੈ ਤੇ ਇਸੇ ਲਈ ਉਹ ਦੂਸਰਿਆਂ ਨੂੰ ਮੁਕਤ ਹੋਣ ਦਾ ਤਰੀਕਾ ਦੱਸਦਾ ਹੈ। ਗੁਰਬਾਣੀ ਸਾਨੂੰ ਮੁਕਤ ਹੋਣਾ ਹੀ ਸਮਝਾ ਰਹੀ ਹੈ।

(ਅਗਮ ਅਗਾਧਿ ਪਾਰਬ੍ਰਹਮੁ ਸੋਇ॥ ਜੋ ਜੋ ਕਹੈ ਸੁ ਮੁਕਤਾ ਹੋਇ॥)

ਉੱਪਰ ਪੂਰੇ ਸਲੋਕ ਰਾਹੀਂ ਤੇ ਅਸ਼ਟਪਦੀ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਸਾਧ ਆਪ ਗੁਰੂ ਹੈ, ਸਾਧ ਆਪ ਪ੍ਰਮਾਤਮਾ ਹੈ ਭਾਵ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸਾਧ ਰੂਪ ਹੈ, ਉਸਦਾ ਆਪਣਾ ਰੂਪ ਹੈ। ਗੁਰਬਾਣੀ ਦੀ ਸੰਗਤਿ ਸਾਧ ਸੰਗਤਿ ਹੈ। ਇਹ ਸਾਧਸੰਗਤਿ ਅਸੀਂ ਕਿਸ ਰੂਪ ਵਿੱਚ ਕਰਨੀ ਹੈ ਤੇ ਕਿਸ ਮਨੋਰਥ ਲਈ ਕਰਨੀ ਹੈ ਇਹੀ ਕੁੱਝ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦਾ ਸਾਧ ਰੂਪ ਸ਼ਬਦ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ, ਨਿਰਗੁਣ ਰੂਪ ਵਿੱਚ ਹੈ ਤੇ ਉਸਦੀ ਸੰਗਤਿ ਵੀ ਉਸੇ ਰੂਪ ਵਿੱਚ ਹੀ ਹੋ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਧ ਦਾ ਮਕਸਦ ਸਾਨੂੰ ਆਪਣੀ ਸੱਚੀ ਮਤਿ ਦੇਣ ਦਾ ਹੈ ਤੇ ਇਸੇ ਲਈ ਸੰਗਤਿ ਵੀ ਉਸੇ ਦੀ ਮਤਿ ਦੀ ਕਰਨੀ ਹੈ। ਸਾਧਸੰਗਤਿ ਦਾ ਮਕਸਦ ਸਾਡੇ ਮਨ ਦੀ ਮੈਲ ਕੱਢਣ ਨਾਲ ਹੈ, ਸਾਨੂੰ ਅਗਿਆਨਤਾ ਵਿੱਚੋਂ, ਵਿਕਾਰਾਂ ਵਿੱਚੋਂ ਕੱਢਣ ਨਾਲ ਹੈ ਤਾਂ ਜੋ ਅਸੀਂ

ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰੀਏ। ਜੋ ਸਾਧਸੰਗਿ ਕਰਦਾ ਹੈ ਭਾਵ ਜੋ ਗੁਰੂ ਦੀ ਮਤਿ ਨਾਲ ਜੁੜਦਾ ਹੈ ਉਸਦੇ ਮਨ ਦੀ ਸਾਰੀ ਮੈਲ ਧੁੱਲ ਜਾਂਦੀ ਹੈ ਭਾਵ ਉਹ ਕੇਵਲ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਜੋ ਕਿ ਸਾਧਸੰਗਿ ਦਾ ਮਕਸਦ ਹੈ ਭਾਵ ਉਹ ਗੁਰੂ ਦੇ ਮਕਸਦ ਨੂੰ ਪੂਰਾ ਕਰਦਾ ਹੈ। **(ਸਾਧਸੰਗਿ ਮਲੁ ਸਗਲੀ ਖੋਤ॥)** ਪ੍ਰਮਾਤਮਾ ਦੇ ਦਰ ਤੇ ਸਾਡਾ ਮੁੱਖ ਤਾਂ ਹੀ ਉੱਜਲ ਹੁੰਦਾ ਹੈ ਜਦੋਂ ਸਾਡੇ ਮਨ ਦੀ ਮੈਲ ਨਿਕਲ ਜਾਵੇ। ਸਾਡੇ ਜੀਵਨ ਦਾ ਮਕਸਦ ਆਪਣਾ ਅਭਿਮਾਨ ਛੱਡਣ ਨਾਲ ਹੈ ਭਾਵ ਆਪਣੀ ਹਉਮੈ ਛੱਡਣ ਨਾਲ ਹੈ, ਆਪਣੀ ਮਤਿ ਛੱਡਣ ਨਾਲ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜਦੋਂ ਸਾਡੇ ਅੰਦਰ ਗੁਰਮਤਿ ਦੀ ਸੰਗਤਿ ਹੋ ਜਾਵੇ। **(ਸਾਧ ਕੈ ਸੰਗਿ ਮਿਟੈ ਅਭਿਮਾਨੁ॥)** ਸਾਧ ਦੀ ਸੰਗਤਿ

16/1752

ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਕਿਉਂਕਿ ਸੱਚਾ ਗਿਆਨ ਕੇਵਲ ਗੁਰੂ ਪ੍ਰਮਾਤਮਾ ਦੇ ਆਪਣੇ ਕੋਲ ਹੀ ਹੈ ਜੋ ਸਾਨੂੰ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ। ਜਿਸ ਦੇ ਨਾਲ ਸਾਧ ਭਾਵ ਗੁਰੂ ਪ੍ਰਮਾਤਮਾ ਆਪਣੀ ਸੰਗਤਿ ਕਰਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਕਰਦਾ ਹੈ। ਉਹ ਮਨ ਦੇ ਵਿੱਚ ਪ੍ਰਗਟ ਆਪਣੇ ਸੱਚੇ ਗਿਆਨ ਦੁਆਰਾ ਹੀ ਹੁੰਦਾ ਹੈ। ਸਾਧਸੰਗਿ ਹੋ ਜਾਣਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਜਾਣਿਆ ਹੈ। **(ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥)** ਗੁਰਬਾਣੀ ਆਪ ਸਾਧਸੰਗਤਿ ਵਿੱਚ ਹੈ ਭਾਵ ਪ੍ਰਮਾਤਮਾ ਦੀ ਸਾਧਸੰਗਤਿ ਵਿੱਚ ਹੈ ਭਾਵ ਗੁਰਬਾਣੀ ਦਾ ਮੇਲ ਪ੍ਰਮਾਤਮਾ ਨਾਲ ਹੋਇਆ ਹੋਇਆ ਹੈ ਤੇ ਇਸੇ ਲਈ ਗੁਰਬਾਣੀ ਦੇ ਕੋਲ ਸੱਚਾ ਗਿਆਨ ਹੈ, ਸੁਗਿਆਨੁ ਹੈ, ਬ੍ਰਹਮ ਗਿਆਨ ਹੈ। ਸਾਧਸੰਗਤਿ ਦੀ ਅਵੱਸਥਾ ਪੂਰਨ ਬ੍ਰਹਮ ਗਿਆਨ ਦੀ ਅਵੱਸਥਾ ਹੈ, ਗੁਰੂ ਦੀ ਆਪਣੀ ਅਵੱਸਥਾ ਹੈ।

{ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ ਰਹਾਉ॥}

(ਅੰਗ ੧੨੨੬)

ਸਾਧਸੰਗਤਿ ਕਰਨਾ ਸਾਡੇ ਜੀਵਨ ਦੀ ਮੰਜ਼ਿਲ ਹੈ ਜਿੱਥੇ ਅਸੀਂ ਪਹੁੰਚਣਾ ਹੈ ਤੇ ਉਸ ਲਈ ਸਾਧਨ ਕੇਵਲ ਸਾਡੇ ਕੋਲ ਗੁਰਬਾਣੀ ਹੈ ਜਿਸਦੀ ਪ੍ਰਮਾਤਮਾ ਨਾਲ ਸੰਗਤਿ ਹੋਈ ਹੋਈ ਹੈ, ਉਸ ਸਾਧ ਦੇ ਨਾਲ ਸੰਗਤਿ ਹੋਈ ਹੋਈ ਹੈ। ਗੁਰਬਾਣੀ ਸਾਨੂੰ ਸਾਧਸੰਗਿ ਕਰਨ ਲਈ ਹੀ ਪ੍ਰੇਰ ਰਹੀ ਹੈ, ਉਸਦੀ ਮਤਿ ਅਨੁਸਾਰ ਵਿਚਰਨ ਲਈ ਹੀ ਪ੍ਰੇਰ ਰਹੀ ਹੈ। ਅਸੀਂ ਕੇਵਲ ਉੱਦਮ ਹੀ ਕਰ ਸਕਦੇ ਹਾਂ ਕਿ ਅਸੀਂ ਵੱਧ ਤੋਂ ਵੱਧ, ਪੂਰੇ ਜੀਵਨ ਦੇ ਵਿੱਚ ਗੁਰਮਤਿ ਅਨੁਸਾਰ ਵਿਚਰਨ ਦੀ ਕੋਸ਼ਿਸ਼ ਕਰੀਏ। ਗੁਰਬਾਣੀ ਦੇ ਬ੍ਰਹਮ ਗਿਆਨ ਦੀ ਸੰਗਤਿ ਦੁਆਰਾ ਹੀ ਅਸੀਂ ਉਸ ਬ੍ਰਹਮ ਗਿਆਨੀ ਦੀ ਸੰਗਤਿ ਪਾ ਸਕਦੇ ਹਾਂ ਜੋ ਬ੍ਰਹਮ ਗਿਆਨ ਦਾ ਮਾਲਕ ਹੈ।

ਉਸ ਸਾਧ ਦੀ ਸੰਗਤਿ ਹੋਣ ਤੋਂ ਬਾਅਦ ਹੀ ਸਾਨੂੰ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਕਿਤੇ ਦੂਰ ਨਹੀਂ ਉਹ ਨੇੜੇ ਹੀ ਹੈ ਭਾਵ ਸਾਡੇ ਅੰਦਰ ਹੀ ਹੈ ਤੇ ਸਾਧ ਸੰਗਤਿ ਦੁਆਰਾ ਹੀ ਸਾਡਾ ਇਸ ਜੀਵਨ ਦਾ ਨਿਬੇੜਾ ਹੁੰਦਾ ਹੈ ਭਾਵ ਸਾਡਾ ਆਵਾਗਉਣ ਮਿਟਦਾ ਹੈ। **(ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥ ਸਾਧਸੰਗਿ ਸਭੁ ਹੋਤ ਨਿਬੇਰਾ॥)**

ਨਾਮ ਰਤਨ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੀ ਪ੍ਰਾਪਤੀ, ਬ੍ਰਹਮ ਗਿਆਨ ਦੀ ਪ੍ਰਾਪਤੀ ਸਾਧ ਦੀ ਸੰਗਤਿ ਦੁਆਰਾ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਹੁੰਦੀ ਹੈ। ਮਨੁੱਖ ਦੀ ਇਸ ਅਵੱਸਥਾ ਦੁਆਰਾ ਹੀ ਇਹ ਸੋਝੀ ਪੈਂਦੀ ਹੈ ਕਿ ਸਭ ਕੁੱਝ ਕਰਨ ਕਰਾਵਨ ਉਹ ਪ੍ਰਮਾਤਮਾ ਆਪ ਹੈ ਤੇ

16/1753

ਮਨੁੱਖ ਦੇ ਆਪਣੇ ਵੱਸ ਕੁੱਝ ਵੀ ਨਹੀਂ। ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਮਨ ਦੇ ਵਿੱਚ ਬੈਠਾ ਆਪ ਹੀ ਕਰਾਉਂਦਾ ਹੈ। **(ਸਾਧ ਕੈ ਸੰਗਿ ਪਾਏ ਨਾਮ ਰਤਨੁ॥ ਸਾਧ ਕੈ ਸੰਗਿ ਏਕ ਊਪਰਿ ਜਤਨੁ॥)** ਉਹ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਇਸ ਗੱਲ ਦੀ ਸੋਝੀ ਉਸ ਦੀ ਸੰਗਤਿ ਹੋਣ ਤੋਂ ਬਾਅਦ ਹੀ ਪੈਂਦੀ ਹੈ ਭਾਵ ਉਸ ਦੇ ਨਾਲ ਮੇਲ ਹੋਣ ਤੋਂ ਬਾਅਦ ਹੀ ਪੈਂਦੀ ਹੈ। ਕੋਈ ਵੀ ਮਨੁੱਖ ਆਪਣੇ ਆਪ ਉਸਦੀ ਸ਼ੋਭਾ ਨੂੰ ਨਹੀਂ ਜਾਣ ਸਕਦਾ। ਸਾਧ ਦੀ ਸ਼ੋਭਾ ਭਾਵ ਪ੍ਰਮਾਤਮਾ ਦੀ ਸ਼ੋਭਾ, ਉਸਦੀ ਮਹਿਮਾ ਉਸਦੇ ਵਿੱਚ ਸਮਾਅ ਕੇ ਹੀ ਜਾਣੀ ਜਾ ਸਕਦੀ ਹੈ।

ਪੂਰੀ ਗੁਰਬਾਣੀ ਸਾਨੂੰ ਉਸ ਪ੍ਰਮਾਤਮਾ ਦੀ ਸ਼ੋਭਾ ਦਾ, ਮਹਿਮਾ ਦਾ ਬਿਆਨ ਕਰ ਰਹੀ ਹੈ ਕਿਉਂਕਿ ਉਹ ਪ੍ਰਮਾਤਮਾ ਵਿੱਚ ਸਮਾਈ ਹੋਈ ਹੈ, ਉਸਦੀ ਪ੍ਰਮਾਤਮਾ ਦੇ ਨਾਲ ਸੰਗਤਿ ਬਣੀ ਹੋਈ ਹੈ। **(ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥੧॥)**

ਜਿਵੇਂ ਕਿ ਅਸੀਂ ਉੱਪਰ ਪਹਿਲੇ ਪਦੇ ਦੁਆਰਾ ਸਮਝਿਆ ਹੈ ਇਸੇ ਤਰ੍ਹਾਂ ਸਾਨੂੰ ਪੂਰੀ ਅਸ਼ਟਪਦੀ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ, ਸਾਧਸੰਗਤ ਹੀ ਸਮਝਾਈ ਹੋਈ ਹੈ ਜੋ ਕਿ ਅਸਾਨੀ ਨਾਲ ਸਮਝ ਲੱਗ ਸਕਦੀ ਹੈ ਤੇ ਹਰ ਪੰਗਤੀ ਦੀ ਵਿਆਖਿਆ ਦੀ ਲੋੜ ਨਹੀਂ ਹੈ। ਸਾਡਾ ਮਨ ਕੇਵਲ ਸਾਧਸੰਗਤ ਦੁਆਰਾ ਹੀ ਟਿਕਾ ਵਿੱਚ ਆ ਸਕਦਾ ਹੈ ਜੋ ਕਿ ਮਨ ਦੇ ਅੰਦਰ ਗੁਰਮਤਿ ਦੀ ਪੂਰਨ ਸੋਝੀ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਵਿੱਚੋਂ ਨਿਕਲਦਾ ਹੈ ਤੇ ਮਨ ਵਿਕਾਰਾਂ ਵਿੱਚ ਫਸ ਕੇ ਦੁਨਿਆਵੀ ਪਦਾਰਥਾਂ ਪਿੱਛੇ ਨਹੀਂ ਦੌੜਦਾ। ਇਹ ਪੂਰਨ ਸੁੱਖ ਦੀ ਪ੍ਰਾਪਤੀ ਦੀ ਅਵੱਸਥਾ ਹੈ ਜੋ ਕਿ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸੰਭਵ ਹੈ। ਇਹ ਉਸ ਅਗੋਚਰ ਵਸਤੂ ਦੀ ਪ੍ਰਾਪਤੀ ਹੈ ਜਿਸ ਨੂੰ ਪਾਉਣਾ ਸਾਡੇ ਜੀਵਨ ਦਾ ਮਨੋਰਥ ਹੈ। **(ਸਾਧ ਕੈ ਸੰਗਿ ਨ ਕਬਹੂ ਧਾਵੈ॥ ਸਾਧ ਕੈ ਸੰਗਿ ਸਦਾ ਸੁਖੁ ਪਾਵੈ॥ ਸਾਧਸੰਗਿ ਬਸਤੁ ਅਗੋਚਰ ਲਹੈ॥)** ਉਸ ਗੁਰੂ ਪ੍ਰਮਾਤਮਾ ਦੀ ਸੰਗਤਿ ਦੁਆਰਾ ਹੀ ਭਾਵ ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ "ਅਜਰੁ" ਨੂੰ ਸਹਿ ਸਕਦਾ ਹੈ। "ਅਜਰੁ" ਉਸ ਦਾ ਨਾਮ ਹੈ, ਗੁਰਮਤਿ ਹੈ ਜਿਸ ਦੇ ਉੱਪਰ ਚੱਲਣਾ ਬਹੁਤ ਔਖਾ ਹੈ ਪਰ ਉਸ ਦੇ ਨਾਲ ਮੇਲ ਦੀ ਅਵੱਸਥਾ ਤੋਂ ਬਾਅਦ ਮਨੁੱਖ ਉਸਦੀ ਰਜ਼ਾ ਦੁਆਰਾ ਹੀ ਵਿਚਰਦਾ ਹੈ ਜੋ ਮਨ ਦੇ ਵਿੱਚੋਂ ਉਸ ਦੇ ਕੋਲੋਂ ਹੀ ਮਿਲਦੀ ਹੈ ਤੇ ਉਸ ਦੇ ਉੱਪਰ ਉਹ ਆਪ ਹੀ ਚਲਾਉਂਦਾ ਹੈ। ਇਹ ਸਾਡੇ ਅੰਦਰ ਨਾਮ ਦ੍ਰਿੜ ਹੋਣ ਦੀ ਅਵੱਸਥਾ ਹੈ। **(ਸਾਧੂ ਕੈ ਸੰਗਿ ਅਜਰੁ ਸਹੈ॥)** ਉੱਚਾ ਅਸਥਾਨ ਕੇਵਲ ਉਹੋ ਹੀ ਹੈ ਜਿੱਥੇ ਪ੍ਰਮਾਤਮਾ ਵੱਸਦਾ ਹੈ ਤੇ ਉਸ ਅਸਥਾਨ ਤੇ ਮਨੁੱਖ ਕੇਵਲ ਉਸ ਸਾਧ ਦੀ ਸੰਗਤਿ ਕਰਕੇ ਹੀ ਵੱਸ

16/1754

ਸਕਦਾ ਹੈ **(ਸਾਧ ਕੈ ਸੰਗਿ ਬਸੈ ਥਾਨਿ ਊਚੈ॥)**

ਹੁਣ ਧਿਆਨ ਨਾਲ ਸਮਝੋ ਕਿ ਇੱਥੇ ਸਾਧ ਦੀ ਗੱਲ ਹੋ ਰਹੀ ਹੈ। ਕੀ ਇਹ ਕੋਈ ਮਨੁੱਖੀ ਸੰਗਤ ਹੈ। ਇੱਥੇ ਕੇਵਲ ਇੱਕ ਸਾਧ ਦੀ ਗੱਲ ਹੀ ਹੋ ਰਹੀ ਹੈ ਜਿਸ ਦੇ ਨਾਲ ਮੇਲ ਪ੍ਰਮਾਤਮਾ ਦੇ ਨਾਲ ਮੇਲ ਹੈ ਕਿਉਂਕਿ ਸਾਧ ਕੇਵਲ ਉਹ ਆਪ ਹੀ ਹੈ। ਅਗਲੀ ਪੰਗਤੀ ਰਾਹੀਂ ਸਾਧ ਨੂੰ ਸਾਧੂ ਕਹਿ ਕੇ ਸੰਬੋਧਨ ਕੀਤਾ ਹੈ ਤੇ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਪੰਗਤੀਆਂ ਦੁਆਰਾ ਸਾਧ ਨੂੰ ਸਾਧੂ ਕਹਿ ਕੇ ਸਮਝਾਇਆ ਹੈ ਤਾਂ ਜੋ ਅਸੀਂ ਸਾਧਸੰਗਤ ਨੂੰ ਕੋਈ ਮਨੁੱਖੀ ਸੰਗਤ ਨਾ ਸਮਝੀਏ।

"ਸਾਧੂ ਕੈ ਸੰਗਿ ਮਹਲਿ ਪਹੂਚੈ॥"

ਪ੍ਰਮਾਤਮਾ ਦੇ ਨਾਲ ਕੇਵਲ ਸਾਨੂੰ ਸਾਧੂ ਹੀ ਮਿਲਾ ਸਕਦਾ ਹੈ ਭਾਵ ਗੁਰੂ ਹੀ ਮਿਲਾ ਸਕਦਾ ਹੈ ਜੋ ਕਿ ਉਸਦਾ ਆਪਣਾ ਹੀ ਰੂਪ ਹੈ। ਆਪਣੇ ਇਸ ਸਾਧੂ ਰੂਪ ਰਾਹੀਂ, ਗੁਰਬਾਣੀ ਰੂਪ ਰਾਹੀਂ ਸਾਨੂੰ ਆਪਣਾ ਸੱਚਾ ਗਿਆਨ ਹੀ ਵੰਡ ਰਿਹਾ ਹੈ, ਸੱਚੀ ਮਤਿ ਹੀ ਦੇ ਰਿਹਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ। ਸਾਧ ਦਾ ਮਕਸਦ ਸਾਨੂੰ ਧਰਮ ਸਿਖਾਉਣ ਲਈ ਹੀ ਹੈ ਤੇ ਜਦੋਂ ਮਨੁੱਖ ਉਸ ਦੇ ਨਾਲ ਮਿਲ ਜਾਂਦਾ ਹੈ, ਜਦੋਂ ਉਸਦੀ ਸਾਧਸੰਗਤਿ ਮਿਲ ਜਾਂਦੀ ਹੈ ਤਾਂ ਫਿਰ ਉਹ ਆਪਣੀ ਸੱਚੀ ਸੋਝੀ ਦੁਆਰਾ ਮਨ ਦੇ ਅੰਦਰ ਸਾਨੂੰ ਧਰਮ ਹੀ ਦ੍ਰਿੜ ਕਰਾਉਂਦਾ ਹੈ ਤੇ ਤਾਂ ਹੀ ਮਨੁੱਖ ਆਪਣੇ ਧਰਮ ਦੇ ਮਾਰਗ ਤੇ ਅਡੋਲ ਹੋ ਕੇ ਵਿਚਰਦਾ ਹੈ। ਸਾਡੇ ਅੰਦਰ ਧਰਮ ਦਾ ਦ੍ਰਿੜ ਹੋਣਾ ਜਾਂ ਨਾਮ ਦਾ ਦ੍ਰਿੜ ਹੋਣਾ ਇੱਕੋ ਹੀ ਗੱਲ ਹੈ ਤੇ ਦੋਨਾਂ ਤੋਂ ਭਾਵ ਸਾਡੇ ਅੰਦਰ ਗੁਰਮਤਿ ਦਾ ਦ੍ਰਿੜ ਹੋਣਾ ਹੀ ਹੈ। **(ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ॥)** ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਾਧ ਕੈ ਸੰਗਿ ਕੇਵਲ ਪਾਰਬ੍ਰਹਮ॥"

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਸਮਝਣਾ ਝੂਠ ਹੈ। ਇਹੀ ਗੱਲ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਇਸ ਗੱਲ ਦੀ ਸੋਝੀ ਕੇਵਲ ਸਾਧਸੰਗਤਿ ਦੁਆਰਾ ਹੀ ਪੈਂਦੀ ਹੈ, ਉਸ ਸਾਧ ਰੂਪ ਪ੍ਰਮਾਤਮਾ ਦੀ ਸੰਗਤ ਦੁਆਰਾ ਹੀ ਪੈਂਦੀ ਹੈ। ਉਸਦੇ ਨਾਲ ਸੰਗਤ ਤੋਂ ਬਾਅਦ ਹੀ ਸਾਨੂੰ ਹਰ ਹੋਂਦ ਵਿੱਚ, ਹਰ ਮਾਇਆ ਰੂਪ ਵਿੱਚ, ਹਰ ਆਕਾਰ ਰੂਪ ਵਿੱਚ, ਸਰਗੁਣ ਰੂਪ ਵਿੱਚ ਕੇਵਲ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਪਹਿਲੇ ਪ੍ਰਮਾਤਮਾ ਆਪਣੇ ਅੰਦਰੋਂ ਨਜ਼ਰ ਆਉਂਦਾ ਹੈ ਤੇ ਤਾਂ ਹੀ ਫਿਰ ਸਭ ਵਿੱਚ ਪ੍ਰਮਾਤਮਾ ਨਜ਼ਰ ਆ ਸਕਦਾ ਹੈ।

{ਸਾਧੂ ਕੈ ਸੰਗਿ ਘਟਿ ਘਟਿ ਡੀਠਾ॥}

ਇਹੀ ਸੰਸਾਰ ਦਾ ਸਭ ਤੋਂ

16/1755

ਵੱਡਾ ਸੱਚ ਹੈ ਜਿਸ ਦੀ ਸੋਝੀ ਕਦੇ ਹੀ ਉਹ ਕਿਸੇ ਵਿਰਲੇ ਸਰੀਰ ਰਾਹੀਂ ਪਾਉਂਦਾ ਹੈ। **(ਸਾਧ ਕੈ ਸੰਗਿ ਕੇਵਲ ਪਾਰਬ੍ਰਹਮ॥)** ਮਨੁੱਖ ਦੀ ਇਹ ਅਵੱਸਥਾ ਹੀ ਨਾਮ ਨਿਧਾਨ ਦੀ ਪ੍ਰਾਪਤੀ ਹੈ, ਨਾਮ ਦੇ ਖਜ਼ਾਨੇ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਖਜ਼ਾਨੇ ਦੀ ਪ੍ਰਾਪਤੀ ਹੈ। **(ਸਾਧ ਕੈ ਸੰਗਿ ਪਾਏ ਨਾਮ ਨਿਧਾਨ॥)** ਪੂਰੀ ਗੁਰਬਾਣੀ ਪ੍ਰਮਾਤਮਾ ਦਾ ਨਾਮ ਨਿਧਾਨ ਹੈ ਤੇ ਇਸ ਖਜ਼ਾਨੇ ਦੀ ਸੋਝੀ ਉਸ ਦੀ ਸੰਗਤਿ ਹੋਣ ਨਾਲ ਹੀ ਪੈਂਦੀ ਹੈ ਭਾਵ ਗੁਰਬਾਣੀ ਦੀ ਸੋਝੀ ਮਨ ਦੇ ਵਿੱਚ ਉਹ ਆਪ ਹੀ ਆਪਣੀ ਸੰਗਤਿ ਦੁਆਰਾ ਪਾਉਂਦਾ ਹੈ।

ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਹੋਣ ਤੋਂ ਬਾਅਦ ਹੀ ਮਨੁੱਖ ਆਪਣਾ ਆਪ ਉਸ ਤੇ ਕੁਰਬਾਨ ਕਰ ਦਿੰਦਾ ਹੈ ਭਾਵ ਮੱਨੁਖ ਆਪਣੀ ਮਤਿ ਨੂੰ ਗੁਰੂ ਦੀ ਮਤਿ ਤੇ ਕੁਰਬਾਨ ਕਰ ਦਿੰਦਾ ਹੈ ਕਿਉਂਕਿ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਮਨੁੱਖ ਦੀ ਆਪਣੀ ਕੋਈ ਮਤਿ ਹੈ ਹੀ ਨਹੀਂ ਤੇ ਸਾਨੂੰ ਸਾਰੀ ਮਤਿ ਦੇਣ ਵਾਲਾ ਉਹ ਆਪ ਹੀ ਹੈ ਭਾਵ ਸਭ ਦੇ ਵਿੱਚ ਉਸੇ ਦੀ ਮਤਿ ਹੀ ਵਰਤ ਰਹੀ ਹੈ। **(ਨਾਨਕ ਸਾਧੂ ਕੈ ਕੁਰਬਾਨ॥੪॥)**

ਗੁਰੂ ਦੇ ਕੋਲ ਜੋ ਧਨ ਹੈ ਉਹ ਸਭ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਧਨ ਹੈ। ਗੁਰੂ ਦਾ ਧਨ ਸੱਚੇ ਗਿਆਨ ਦਾ ਧਨ ਹੈ, ਬ੍ਰਹਮ ਗਿਆਨ ਦਾ ਧਨ ਹੈ। ਗੁਰੂ ਨੂੰ ਇਸ ਧਨ ਦੀ ਪ੍ਰਾਪਤੀ ਸਾਧਸੰਗਤਿ ਦੁਆਰਾ ਹੀ ਹੁੰਦੀ ਹੈ। ਗੁਰਬਾਣੀ ਸਾਧਸੰਗਤਿ ਵਿੱਚ ਹੈ ਤੇ ਇਸੇ ਲਈ ਗੁਰਬਾਣੀ ਕੋਲ ਇਹ ਸੱਚਾ ਗਿਆਨ ਹੈ, ਸੱਚਾ ਧਨ ਹੈ। ਗੁਰੂ ਆਪਣਾ ਇਹ ਧਨ ਹੀ ਸਭ ਨੂੰ ਵੰਡ ਰਿਹਾ ਹੈ, ਸਾਰੀ ਮਨੁੱਖਤਾ ਨੂੰ ਵੰਡ ਰਿਹਾ ਹੈ। **(ਸਾਧੂ ਕੈ ਸੰਗਿ ਸੋ ਧਨੁ ਪਾਵੈ॥ ਜਿਸੁ ਧਨ ਤੇ ਸਭੁ ਕੋ ਵਰਸਾਵੈ॥)**

{ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

ਗੁਰੂ ਦਾ ਧਨ ਬ੍ਰਹਮ ਗਿਆਨ ਦਾ ਧਨ ਹੈ, ਪੂਰੀ ਦੀ ਪੂਰੀ ਗੁਰਬਾਣੀ ਬ੍ਰਹਮ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਜਿਸ ਦਾ ਮਨੋਰਥ ਸੰਸਾਰ ਨੂੰ ਭਰਮ ਵਿੱਚੋਂ ਕੱਢਣ ਦਾ ਹੈ, ਪ੍ਰਮਾਤਮਾ ਬਾਰੇ ਸੱਚੀ ਸੋਝੀ ਪਾਉਣ ਦਾ ਹੈ।

ਸਾਡੇ ਜੀਵਨ ਦਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ, ਸਾਡਾ ਜੀਵਨ ਤਾਂ ਹੀ ਸਫ਼ਲ ਹੁੰਦਾ ਹੈ ਜਦੋਂ ਸਾਡੀ ਸਾਧਸੰਗਤਿ ਹੋ ਜਾਵੇ। **(ਨਾਨਕ ਸਾਧ ਕੈ ਸੰਗਿ ਸਫਲ ਜਨੰਮ॥੫॥)** ਸਾਧ ਹੀ ਗੁਰਬਾਣੀ ਹੈ ਤੇ ਸਾਧ ਹੀ ਸਾਡੇ ਮਨ ਦੇ ਵਿੱਚ ਹੈ ਜੋ ਗੁਪਤ ਰੂਪ ਵਿੱਚ ਵਰਤ ਰਿਹਾ ਹੈ। ਜੇਕਰ ਮਨ ਦੇ ਵਿੱਚ ਅਸੀਂ ਉਸ

16/1756

ਸਾਧ ਦੇ ਨਾਲ ਸੰਗਤ ਕਰਨੀ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਸਭ ਤੋਂ ਜ਼ਰੂਰੀ ਇਹ ਗੱਲ ਹੈ ਕਿ ਅਸੀਂ ਗੁਰਬਾਣੀ ਦੀ ਸੰਗਤ ਕਰੀਏ। ਗੁਰਬਾਣੀ ਗੁਰੂ ਦੇ ਬੋਲ ਹਨ, ਗੁਰੂ ਦੇ ਬਚਨ ਹਨ ਜਿੰਨ੍ਹਾਂ ਅਨੁਸਾਰ ਚੱਲ ਕੇ ਅਸੀਂ ਗੁਰਬਾਣੀ ਦੀ ਸੰਗਤਿ ਕਰ ਸਕਦੇ ਹਾਂ। ਗੁਰਬਾਣੀ ਦੇ ਬਚਨਾਂ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਦੇ ਬਚਨਾਂ ਦੀ ਸੰਗਤ ਕਰਦੇ ਹਾਂ ਤਾਂ ਫਿਰ ਗੁਰਬਾਣੀ ਦੀ ਸੰਗਤ ਨਹੀਂ ਹੋ ਸਕਦੀ। ਇਹ ਗੁਰਬਾਣੀ ਸਾਡਾ ਨਿੱਜ ਘਰ ਹੈ ਤੇ ਇਸ ਘਰ ਵਿੱਚ ਅਸੀਂ ਤਾਂ ਹੀ ਰਹਿ ਸਕਦੇ ਹਾਂ ਜੇਕਰ ਅਸੀਂ ਇਸ ਘਰ ਦੀ ਗੱਲ ਮੰਨਦੇ ਹਾਂ। ਗੁਰਬਾਣੀ ਦੇ ਬਚਨਾਂ ਦੀ ਸੰਗਤ ਕਰਨਾ ਹੀ ਸਾਧਸੰਗਤਿ ਕਰਨਾ ਹੈ ਭਾਵ ਸਾਧਸੰਗਤਿ ਦੀ ਪ੍ਰਾਪਤੀ ਲਈ ਸਾਡਾ ਉੱਦਮ ਹੈ। ਗੁਰਬਾਣੀ ਤੋਂ ਬਿਨ੍ਹਾਂ ਹੋਰ ਕੋਈ ਸਾਧ ਨਹੀਂ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕੇ। ਕਿਸੇ ਵੀ ਹੋਰ ਦੇ ਬਚਨ ਮੰਨਣੇ ਜੋ ਗੁਰਬਾਣੀ ਤੇ ਪੂਰੇ ਨਹੀਂ ਉਤਰਦੇ ਉਹ ਪਰ ਘਰ ਵਿੱਚ ਜਾਣਾ ਹੀ ਹੈ ਜਿਸ ਦੁਆਰਾ ਸਾਨੂੰ ਕਦੇ ਸਾਧਸੰਗਤ ਦੀ ਪ੍ਰਾਪਤੀ ਨਹੀਂ ਹੋ ਸਕਦੀ।

{ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ॥ ਨਾਨਕ ਗੁਰਮਤਿ ਸਹਜਿ ਸਮਾਉ॥੪॥੮॥}

(ਅੰਗ ੧੫੩)

ਆਓ ਹੁਣ ਸ਼ਬਦ ਦੀ ਆਖਰੀ ਅਸ਼ਟਪਦੀ ਨੂੰ ਧਿਆਨ ਨਾਲ ਸਮਝੀਏ ਤੇ ਜਾਣੀਏ ਕਿ ਗੁਰਬਾਣੀ ਵਿੱਚ ਤੇ ਵੇਦਾਂ ਸ਼ਾਸਤਰਾਂ ਵਿੱਚ ਕਿਸ ਗੱਲ ਦਾ ਭੇਦ ਹੈ। ਭੇਦ ਸਾਧਸੰਗਤਿ ਦਾ ਹੀ ਹੈ, ਭੇਦ ਇਸ ਮਨ ਨੂੰ ਸਮਝਣ ਦਾ ਹੀ ਹੈ, ਭੇਦ ਗਿਆਨ ਦੇ ਸ੍ਰੋਤ

ਨੂੰ ਪਹਿਚਾਨਣ ਦਾ ਹੀ ਹੈ ਕਿ ਸਾਰੇ ਗਿਆਨ ਦਾ ਮਾਲਕ ਕੌਣ ਹੈ ਜਿਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਤੇ ਉਹ ਪ੍ਰਮਾਤਮਾ ਆਪ ਹੀ ਪਾਉਂਦਾ ਹੈ।

“ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥ ਸਾਧ ਕੀ ਉਪਮਾ ਰਹੀ ਭਰਪੂਰਿ॥

ਸਾਧ ਕੀ ਸੋਭਾ ਕਾ ਨਾਹੀ ਅੰਤ॥ ਸਾਧ ਕੀ ਸੋਭਾ ਸਦਾ ਬੇਅੰਤ॥

ਸਾਧ ਕੀ ਸੋਭਾ ਊਚ ਤੇ ਊਚੀ॥ ਸਾਧ ਕੀ ਸੋਭਾ ਮੂਚ ਤੇ ਮੂਚੀ॥

ਸਾਧ ਕੀ ਸੋਭਾ ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ॥੮॥੭॥”

ਉਪਰਲੀਆਂ ਪੰਗਤੀਆਂ ਨੂੰ ਪੜ੍ਹ ਕੇ ਕੀ ਮਨ ਵਿੱਚ ਕੋਈ ਸ਼ੰਕਾ ਬਚਦੀ ਹੈ ਕਿ ਸਾਧ ਕਿਸ ਨੂੰ ਕਿਹਾ ਹੈ। ਸਾਧ ਹੀ ਗੁਰੂ ਹੈ ਤੇ ਸਾਧ ਹੀ ਆਪ ਪ੍ਰਮਾਤਮਾ ਹੈ ਕਿਉਂਕਿ ਗੁਰੂ ਪ੍ਰਮਾਤਮਾ ਵਿੱਚ ਕੋਈ ਭੇਦ ਹੈ ਹੀ ਨਹੀਂ।

“ਸਾਧ ਕੀ ਮਹਿਮਾ ਬੇਦ ਨ ਜਾਨਹਿ॥”

ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ। ਵੇਦਾਂ ਨੂੰ ਭਾਵ ਜਿਸਨੇ ਵੇਦ ਉਚਾਰੇ ਹਨ ਉਸਨੂੰ ਸਾਧ ਦੀ ਮਹਿਮਾ ਸਮਝ ਨਹੀਂ ਆਈ ਭਾਵ ਵੇਦਾਂ ਦੇ ਰਾਹੀਂ ਉਸਨੇ ਸਾਧ ਦੀ ਮਹਿਮਾ ਨਹੀਂ ਕੀਤੀ। ਵੇਦਾਂ ਦੇ ਉਚਾਰਨ ਕਰਨ ਵਾਲੇ ਨੇ ਆਪਣੇ ਆਪ ਨੂੰ ਹੀ ਪ੍ਰਮਾਤਮਾ ਦੱਸਿਆ ਹੈ ਭਾਵ

16/1757

ਉਸਨੂੰ ਉਸ ਸਾਧ ਦੀ, ਪ੍ਰਮਾਤਮਾ ਦੀ ਸੋਝੀ ਨਹੀਂ ਪਈ। ਜੇਕਰ ਉਸਨੂੰ ਆਪਣੇ ਅੰਦਰੋਂ ਉਸ ਸਾਧ ਦੀ, ਪ੍ਰਮਾਤਮਾ ਦੀ ਭਾਵ ਇਸ ਮਨ ਦੀ ਸੋਝੀ ਪੈ ਜਾਂਦੀ ਕਿ ਇਹ ਸਾਰਾ ਗਿਆਨ ਕਿੱਥੋਂ ਆਉਂਦਾ ਹੈ ਫਿਰ ਉਹ ਪ੍ਰਮਾਤਮਾ ਦੀ ਮਹਿਮਾ ਕਰਦਾ ਭਾਵ ਆਪਣੀ ਮਹਿਮਾ ਨਾ ਕਰਦਾ ਹੈ। ਇਸ ਗੱਲ ਨੂੰ ਅਗਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

“ਜੇਤਾ ਸੁਨਹਿ ਤੇਤਾ ਬਖਿਆਨਹਿ॥”

ਵੇਦ ਬ੍ਰਹਮਾ ਨੇ ਉਚਾਰੇ ਹਨ ਪਰ ਉਸਨੂੰ ਇਸ ਗੱਲ ਦੀ ਸੋਝੀ ਨਹੀਂ ਪਈ ਕਿ ਮੇਰੇ ਅੰਦਰ ਸੁਣਾਉਣ ਵਾਲਾ ਕੌਣ ਹੈ ਭਾਵ ਸੋਝੀ ਪਾਉਣ ਵਾਲਾ ਕੌਣ ਹੈ। ਬ੍ਰਹਮਾ ਨੇ ਜੋ ਕੁੱਝ ਸੁਣਿਆ ਉਹੀ ਕੁੱਝ ਬਿਆਨ ਕੀਤਾ ਭਾਵ ਇਸ ਵਿੱਚ ਉਸਦੀ ਪਾਈ ਹੋਈ ਕੋਈ ਸੋਝੀ ਨਹੀਂ ਸੀ ਪਰ ਉਸਨੂੰ ਇਸ ਗੱਲ ਦੀ ਸੋਝੀ ਨਹੀਂ ਪਈ ਕਿ ਮੈਨੂੰ ਇਹ ਸਾਰਾ ਗਿਆਨ ਦੇਣ ਵਾਲਾ ਕੌਣ ਹੈ ਇਸੇ ਲਈ ਉਸਨੇ ਆਪਣੀ ਹੀ ਮਹਿਮਾ ਕਰਵਾਈ ਹੈ, ਆਪਣੇ ਆਪ ਨੂੰ ਵੱਡਾ ਕਿਹਾ ਹੈ, ਪ੍ਰਮਾਤਮਾ ਕਿਹਾ ਹੈ ਪਰ ਅਸਲ ਵਿੱਚ ਪ੍ਰਮਾਤਮਾ ਸਾਡੇ ਵਿੱਚ ਕਿਸ ਰੂਪ ਵਿੱਚ ਹੈ ਇਸ ਗੱਲ ਦੀ ਸੋਝੀ ਉਸਨੂੰ ਨਹੀਂ ਪਈ। ਬ੍ਰਹਮਾ ਨੂੰ ਇਹ ਗੱਲ ਦੀ ਸੋਝੀ ਕਿਉਂ ਨਹੀਂ ਪਈ ਕਿ ਸਾਰਾ ਗਿਆਨ ਸੁਣਾਉਣ ਵਾਲਾ ਕੌਣ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥”

ਬ੍ਰਹਮਾ ਆਦਿ ਨੂੰ ਬਾਣੀ ਵਿੱਚ ਵਾਰ-ਵਾਰ ਤ੍ਰੈਗੁਣਾਂ ਵਿੱਚ ਹੀ ਦੱਸਿਆ ਹੈ ਜਿਵੇਂ ਕਿ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਵਿਚਰਦਾ ਹੈ। ਇਹ ਅਵੱਸਥਾ ਸਾਡੇ ਅੰਦਰ ਅਗਿਆਨਤਾ ਵਾਲੀ ਅਵੱਸਥਾ ਹੈ ਜੋ ਸਾਨੂੰ ਚੌਥੇ ਪਦ ਦੇ ਗਿਆਨ ਤੋਂ ਦੂਰ ਰੱਖਦੀ ਹੈ। ਇਸ ਅਵੱਸਥਾ ਵਿੱਚ ਰਹਿੰਦੇ ਹੋਏ ਕੋਈ ਵੀ ਨਹੀਂ ਜਾਣ ਸਕਦਾ ਕਿ ਇਹ ਮਨ ਕੀ ਹੈ। ਇਹ ਮਨ ਆਪ ਪ੍ਰਮਾਤਮਾ ਹੈ ਤੇ ਇਸ ਮਨ ਨੂੰ ਜਾਨਣਾ ਹੀ ਚੌਥੇ ਪਦ ਵਿੱਚ ਪ੍ਰਵੇਸ਼ ਕਰਨਾ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਵੇਦਾਂ ਰਾਹੀਂ ਗਿਆਨ ਪ੍ਰਮਾਤਮਾ ਨੇ ਆਪ ਹੀ ਦਿੱਤਾ ਹੈ ਪਰ ਗੁਪਤ ਰੂਪ ਵਿੱਚ ਦਿੱਤਾ ਹੈ ਭਾਵ ਉਸਨੇ ਆਪਣੇ ਆਪ ਨੂੰ ਬ੍ਰਹਮਾ ਦੇ ਸਰੀਰ ਰਾਹੀਂ ਪ੍ਰਗਟ ਨਹੀਂ ਕੀਤਾ। ਮਨ ਵਿੱਚ ਉਸਦੇ ਪ੍ਰਗਟ ਹੋਏ ਬਿਨ੍ਹਾਂ ਉਸ ਸਾਧ ਦੀ ਉਪਮਾ ਨੂੰ ਕੋਈ ਵੀ ਨਹੀਂ ਜਾਣ ਸਕਦਾ ਕਿ ਉਹ ਕਿਤਨਾ ਵੱਡਾ ਹੈ ਭਾਵ ਉਹ ਸਭ ਕੁੱਝ ਆਪ ਹੀ ਹੈ। ਉਸਨੂੰ ਜਾਣੇ ਬਿਨ੍ਹਾਂ ਮਨੁੱਖ ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਹੀ ਸਮਝਦਾ ਹੈ ਤੇ ਉਸ ਵਿੱਚ ਆਪਣੀ ਵਡਿਆਈ ਹੀ ਸਮਝਦਾ ਹੈ ਜਿਵੇਂ ਕਿ ਇਹ ਗੱਲ ਪਿੱਛੇ ਵੀ ਕਈ ਸ਼ਬਦਾਂ ਦੁਆਰਾ ਸਮਝੀ ਹੈ। ਪੂਰੀ ਗੁਰਬਾਣੀ ਉਸ ਸਾਧ ਦੀ ਮਹਿਮਾ ਦਾ ਹੀ ਬਿਆਨ ਕਰ ਰਹੀ ਹੈ,

16/1758

ਉਸ ਪ੍ਰਮਾਤਮਾ ਦੀ ਉਪਮਾ ਦਾ ਹੀ ਬਿਆਨ ਕਰ ਰਹੀ ਹੈ ਕਿਉਂਕਿ ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉੱਥੇ ਪ੍ਰਮਾਤਮਾ ਨੇ ਪਹਿਲਾ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਉੱਥੇ ਆਪਣੀ ਸਾਧਸੰਗਤਿ ਬਖਸ਼ੀ ਹੈ। ਇਸੇ ਲਈ ਪੂਰੀ ਗੁਰਬਾਣੀ ਸਾਧਸੰਗਤਿ ਵਿੱਚ ਹੈ। ਜਿੱਥੇ ਸਾਧਸੰਗਤਿ ਹੈ ਉੱਥੇ ਕੇਵਲ ਸੱਚ ਹੈ, ਉੱਥੇ ਕੇਵਲ ਨਾਮ ਹੈ ਭਾਵ ਉੱਥੇ ਕੋਈ ਭਰਮ ਨਹੀਂ ਹੋ ਸਕਦਾ ਕਿਉਂਕਿ ਸਾਧਸੰਗਤਿ ਚੌਥਾ ਪਦ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਭਰਮ ਵੀ ਨਾਲ ਚੱਲਦਾ ਹੈ ਤੇ ਇਸੇ ਲਈ ਵੇਦਾਂ ਸ਼ਾਸਤਰਾਂ ਵਿੱਚ ਭਰਮ ਵੀ ਨਾਲ-ਨਾਲ ਹੀ ਚੱਲਦਾ ਹੈ ਕਿਉਂਕਿ ਅਸੀਂ ਸਰਗੁਣ ਸਰੂਪ ਨੂੰ ਹੀ ਪ੍ਰਮਾਤਮਾ ਦਾ ਰੂਪ ਮੰਨਦੇ ਹਾਂ ਤੇ ਸਰਗੁਣ ਰੂਪ ਦੀ ਹੀ ਪੂਜਾ ਕਰਦੇ ਹਾਂ। ਗੁਰਬਾਣੀ ਸਾਨੂੰ ਸਰਗੁਣ ਰੂਪ ਦੀ ਪੂਜਾ ਵਿੱਚੋਂ ਕੱਢ ਕੇ ਨਿਰਗੁਣ ਰੂਪ ਦੀ ਪੂਜਾ ਨਾਲ ਜੋੜਦੀ ਹੈ, ਸ਼ਬਦ ਗੁਰੂ ਨਾਲ ਜੋੜਦੀ ਹੈ ਭਾਵ ਪ੍ਰਮਾਤਮਾ ਨੂੰ ਹੀ ਗੁਰੂ ਸਮਝਾਉਂਦੀ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਹਰ ਕੋਈ ਸਾਧਸੰਗਤਿ ਤੋਂ ਦੂਰ ਹੈ ਤੇ ਉਸ ਸਾਧ ਦੀ ਉਪਮਾ ਸਾਧਸੰਗਤਿ ਦੀ ਪ੍ਰਾਪਤੀ ਦੁਆਰਾ ਹੀ ਹੋ ਸਕਦੀ ਹੈ। ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਹੋ ਸਕਦੀ ਹੈ। **(ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥)**

“ਸਾਧ ਕੀ ਉਪਮਾ ਰਹੀ ਭਰਪੂਰਿ॥”

ਮਨ ਵਿੱਚ ਚੌਥੇ ਪਦ ਦੀ ਪ੍ਰਾਪਤੀ ਤੋਂ ਬਾਅਦ ਸਾਡਾ ਮੇਲ ਉਸ ਸਾਧ ਦੇ ਨਾਲ ਹੀ ਹੁੰਦਾ ਹੈ, ਪ੍ਰਮਾਤਮਾ ਦੇ ਨਾਲ ਹੀ ਹੁੰਦਾ ਹੈ ਤੇ ਤਾਂ ਹੀ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਸੰਸਾਰ ਦੀ ਹਰ ਵਸਤੂ ਉਸ ਸਾਧ ਦੀ ਉਪਮਾ, ਵਡਿਆਈ ਹੀ ਬਿਆਨ ਕਰ ਰਹੀ ਹੈ ਜੋ ਸਭ ਵਿੱਚ ਸਮਾਇਆ ਹੋਇਆ ਹੈ, ਸਭ ਜਗ੍ਹਾਂ ਭਰਪੂਰ ਹੈ। ਗੁਰਬਾਣੀ ਕੇਵਲ ਉਸ ਸਾਧ ਦੀ ਉਪਮਾ ਨੂੰ ਹੀ ਬਿਆਨ ਕਰਦੀ ਹੈ ਕਿਉਂਕਿ ਉਹ ਉਸ ਸਾਧ ਨੂੰ ਜਾਣਦੀ ਹੈ, ਜੋ ਉਸ ਸਾਧ ਦੇ ਨਾਲ ਇੱਕਮਿਕ ਹੈ ਕਿਉਂਕਿ ਗੁਰਬਾਣੀ ਚੌਥੇ ਪਦ ਵਿੱਚ ਹੈ ਭਾਵ ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਹ ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਹੋਈ ਹੈ। ਚੌਥਾ ਪਦ ਹੀ ਅਸਲ ਵਿੱਚ ਸਾਧਸੰਗਤਿ ਹੈ ਜਿਸ ਦੁਆਰਾ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਦੂਰ ਹੁੰਦੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਤੇ ਸਰਗੁਣ ਰੂਪ ਦਾ ਭੇਦ ਸਮਝ ਆ ਹੀ ਨਹੀਂ ਸਕਦਾ। ਉਸ ਦੀ ਸਾਧਸੰਗਤਿ ਉਸਦਾ ਨਿਰਗੁਣ ਰੂਪ ਹੈ ਜਿਸ ਰੂਪ ਦੁਆਰਾ ਉਹ ਸਭ ਜਗ੍ਹਾਂ ਭਰਪੂਰ ਹੈ। ਆਪਣੇ ਇਸ ਨਿਰਗੁਣ ਰੂਪ ਦੁਆਰਾ ਹੀ ਉਹ ਹਰ ਸਰਗੁਣ ਰੂਪ ਵਿੱਚ ਸਮਾਇਆ ਹੋਇਆ ਹੈ।

“ਸਾਧ ਕੀ ਸੋਭਾ ਕਾ ਨਾਹੀ ਅੰਤ॥ ਸਾਧ ਕੀ ਸੋਭਾ ਸਦਾ ਬੇਅੰਤ॥”

16/1759

ਕੀ ਕੋਈ ਸੰਸਾਰ ਵਿੱਚ ਐਸਾ ਕੋਈ ਵਿਅਕਤੀ ਵੀ ਹੋ ਸਕਦਾ ਹੈ ਜਿਸਦੀ ਸ਼ੋਭਾ ਦਾ ਅੰਤ ਹੀ ਨਾ ਹੋ ਸਕੇ ਤੇ ਉਸਦੀ ਸ਼ੋਭਾ ਸਦਾ ਲਈ ਬੇਅੰਤ ਹੀ ਰਹੇ। ਇਸ ਸ਼ੋਭਾ ਦਾ ਮਾਲਕ ਕੇਵਲ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਹਰ ਖੰਡ ਬ੍ਰਹਿਮੰਡ ਜਿੰਨ੍ਹਾਂ ਦੀ ਗਿਣਤੀ ਦਾ ਕੋਈ ਅੰਤ ਹੀ ਨਹੀਂ ਹੈ ਹਰ ਕੋਈ ਪ੍ਰਮਾਤਮਾ ਦੀ ਸ਼ੋਭਾ ਦਾ ਹੀ ਬਿਆਨ ਕਰ ਰਿਹਾ ਹੈ ਜੋ ਹਰ ਵਸਤੂ ਦਾ ਮਾਲਕ ਹੈ। ਉਸ ਦੀ ਸ਼ੋਭਾ ਦਾ ਕੋਈ ਅੰਤ ਪਾ ਹੀ ਨਹੀਂ ਸਕਦਾ ਕਿ ਉਹ ਕਿਤਨਾ ਕੁ ਵੱਡਾ ਹੈ।

“ਸਾਧ ਕੀ ਸੋਭਾ ਊਚ ਤੇ ਊਚੀ॥ ਸਾਧ ਕੀ ਸੋਭਾ ਮੂਚ ਤੇ ਮੂਚੀ॥”

ਕੀ ਇਹੋ ਜਿਹੀ ਸ਼ੋਭਾ ਗੁਰੂ ਪ੍ਰਮਾਤਮਾ ਤੋਂ ਇਲਾਵਾ ਕਿਸੇ ਹੋਰ ਲਈ ਮੁਮਕਿਨ ਹੋ ਸਕਦੀ ਹੈ ਭਾਵ ਨਾਮੁਮਕਿਨ।

ਉਸ ਪ੍ਰਮਾਤਮਾ ਦੀ ਸ਼ੋਭਾ ਨੂੰ ਕੌਣ ਜਾਣ ਸਕਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਾਧ ਕੀ ਸੋਭਾ ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ॥੮॥੭॥”

ਸਾਧ ਹੀ ਗੁਰੂ ਹੈ ਤੇ ਸਾਧ ਹੀ ਆਪ ਪ੍ਰਮਾਤਮਾ ਹੈ। ਇਸੇ ਲਈ ਜਿੰਨ੍ਹਾਂ ਸਰੀਰਾਂ ਦੁਆਰਾ ਗੁਰਬਾਣੀ ਦਾ ਉਚਾਰਨ ਹੋਇਆ ਹੈ ਉਹਨਾਂ ਨੂੰ ਪ੍ਰਤੱਖ ਪ੍ਰਮਾਤਮਾ ਦਾ ਰੂਪ ਕਿਹਾ ਗਿਆ ਹੈ। ਸਾਧ ਸਾਡੇ ਮਨ ਦੇ ਵਿੱਚ ਹੀ ਹੈ, ਜੋਤਿ ਰੂਪ ਵਿੱਚ ਹੀ ਹੈ ਪਰ ਜਦ ਤੱਕ ਉਹ ਆਪ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉਸ ਦਾ ਸਾਧ ਰੂਪ ਕੋਈ ਨਹੀਂ ਜਾਣ ਸਕਦਾ। ਜਿੰਨ੍ਹਾਂ ਨੇ ਉਸ ਦਾ ਸਾਧ ਰੂਪ ਜਾਣਿਆ ਹੈ ਉਹਨਾਂ ਨੇ ਹੀ ਉਸ ਪ੍ਰਮਾਤਮਾ ਦੇ ਭੇਦ ਨੂੰ ਜਾਣਿਆ ਹੈ ਕਿ ਉਹ ਕਿਤਨਾ ਕੁ ਵੱਡਾ ਹੈ ਭਾਵ ਸਭ ਕੁੱਝ ਉਹ ਆਪ ਹੀ ਹੈ। ਸਾਧ ਰੂਪ ਉਸਦਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਸਮਝ ਆਉਂਦਾ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਮਨ ਦੇ ਵਿੱਚ ਆਪਣੀ ਸ਼ੋਭਾ ਦਾ ਬਿਆਨ ਫਿਰ ਉਹ ਆਪ ਹੀ ਕਰ ਕੇ ਸੁਣਾਉਂਦਾ ਹੈ ਤੇ ਇਸੇ ਲਈ ਪੂਰੀ ਗੁਰਬਾਣੀ

ਉਸਦਾ ਆਪਣਾ ਹੀ ਰੂਪ ਹੈ ਤੇ ਉਸਦਾ ਆਪਣਾ ਰੂਪ ਹੀ ਉਸਦੀ ਸ਼ੋਭਾ ਬਿਆਨ ਕਰ ਰਿਹਾ ਹੈ। ਪੂਰੀ ਗੁਰਬਾਣੀ ਉਸਦਾ ਸਾਧ ਰੂਪ ਹੈ, ਗੁਰੂ ਰੂਪ ਹੈ ਜੋ ਕਿ ਆਪ ਹੀ ਉਸ ਸਾਧ ਦੀ ਮਹਿਮਾ ਬਿਆਨ ਕਰ ਰਹੀ ਹੈ। ਗੁਰਬਾਣੀ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ। ਪੂਰੀ ਗੁਰਬਾਣੀ ਬ੍ਰਹਮ ਗਿਆਨ ਹੈ ਤੇ ਬ੍ਰਹਮ ਗਿਆਨ ਹੀ ਆਪ ਪ੍ਰਮਾਤਮਾ ਹੈ।

{ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥}

(ਅੰਗ ੩੯)

ਗੁਰਬਾਣੀ ਦਾ ਤੇ ਪ੍ਰਮਾਤਮਾ ਦਾ ਆਪਸ ਵਿੱਚ ਮੇਲ ਕਿਸ ਰੂਪ ਵਿੱਚ ਹੈ ਇਹ ਵੀ ਉਪਰਲੀ ਪੰਗਤੀ ਰਾਹੀਂ ਸਮਝਿਆ ਜਾ ਸਕਦਾ ਹੈ।

16/1760

ਦੋਨਾਂ ਦੇ ਨਾਲ ਮੇਲ ਦੀ ਕੜੀ "ਸਬਦਿ" ਹੈ। ਸ਼ਬਦ ਹੀ ਪ੍ਰਮਾਤਮਾ ਆਪ ਹੈ ਤੇ ਸ਼ਬਦ ਹੀ ਉਸਦਾ ਗੁਰੂ ਰੂਪ ਹੈ। ਪ੍ਰਮਾਤਮਾ ਆਪਣੇ ਸ਼ਬਦ ਰਾਹੀਂ ਹੀ ਸਭ ਜਗ੍ਹਾਂ ਭਰਪੂਰ ਹੈ।

{ਸਚੁ ਸਾਲਾਹੀ ਸਦਾ ਹਜੂਰੇ॥ ਗੁਰ ਕੈ ਸਬਦਿ ਰਹਿਆ ਭਰਪੂਰੇ॥}

(ਅੰਗ ੧੨੦)

{ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥
ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥੧॥ਰਹਾਉ॥}

(ਅੰਗ ੪੨੯)

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥
ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

ਜੋ ਰੂਪ ਪ੍ਰਮਾਤਮਾ ਦਾ ਗੁਰੂ ਰੂਪ ਹੈ ਆਪਣੇ ਉਸੇ ਰੂਪ ਦੁਆਰਾ ਉਹ ਸਭ ਜਗ੍ਹਾਂ ਵਿਆਪਕ ਹੈ। ਇਹ ਉਸਦਾ "ਸਬਦਿ" ਰੂਪ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ। ਜਿਸ ਸਰੀਰ ਰਾਹੀਂ ਵੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਆਪਣੇ ਸ਼ਬਦ ਰੂਪ ਰਾਹੀਂ ਹੀ ਪ੍ਰਗਟ ਕਰਦਾ ਹੈ। ਸਾਰੀ ਗੁਰਬਾਣੀ ਉਸਦਾ ਸ਼ਬਦ ਰੂਪ ਹੀ ਹੈ ਜਿਸ ਰਾਹੀਂ ਗੁਰਬਾਣੀ ਆਪਣੇ ਸ਼ਬਦਾਂ ਰਾਹੀਂ ਸਭ ਨੂੰ ਪ੍ਰਮਾਤਮਾ ਦਾ ਸੱਚਾ ਗਿਆਨ ਸੁਣਾਉਂਦੀ ਹੈ। ਸਾਡੇ ਅੰਦਰ ਉਸਦਾ ਸ਼ਬਦ ਰੂਪ ਚੌਥੇ ਪਦ ਵਿੱਚ ਹੈ ਜੋ ਕਿ ਸਾਡੇ ਅੰਦਰ ਗਿਆਨ ਰੂਪ ਵਿੱਚ ਹੈ। **(ਸਬਦਿ ਰਵੈ ਮਨਿ ਗਿਆਨੁ॥)** ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਜੋੜਦਾ ਹੈ, ਮੇਲਦਾ ਹੈ ਉਹ ਆਪਣੀ ਸ਼ਬਦ ਦੀ ਕੜੀ ਦੁਆਰਾ ਹੀ ਜੋੜਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡੀ ਗੰਢ ਸ਼ਬਦ ਦੁਆਰਾ ਹੀ ਪੈਂਦੀ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦੇ ਨਾਲ ਸੱਚੇ ਸ਼ਬਦ ਦੀ ਗੰਢ ਨਾਲ ਹੀ ਜੁੜੀ ਹੋਈ ਹੈ। ਪਹਿਲਾਂ ਇਹ ਗੰਢ ਮਨ ਦੇ ਵਿੱਚ ਪ੍ਰਮਾਤਮਾ ਨੇ ਆਪ ਹੀ ਪਾਈ ਹੈ ਤੇ ਆਪਣੇ ਆਪ ਨੂੰ ਗੁਰਬਾਣੀ ਦੇ ਰੂਪ ਵਿੱਚ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਕੀਤਾ ਹੈ। ਇਸੇ ਲਈ ਪੂਰੀ ਗੁਰਬਾਣੀ ਬ੍ਰਹਮ ਦਾ ਗਿਆਨ ਹੈ ਜਿਸ ਦਾ ਮੇਲ ਪ੍ਰਮਾਤਮਾ ਦੇ ਨਾਲ ਸ਼ਬਦ ਰਾਹੀਂ ਹੋਇਆ ਹੋਇਆ ਹੈ ਤੇ ਗੁਰਬਾਣੀ ਦੇ ਸ਼ਬਦਾਂ ਦੀ ਭਾਵ ਗੁਰਬਾਣੀ ਦੇ ਸ਼ਬਦਾਂ ਅਨੁਸਾਰ ਗੁਰਬਾਣੀ ਦਾ ਵੀਚਾਰੀ ਬਣ ਕੇ, ਉਸਦੇ ਵਿਚਾਰਾਂ ਤੇ ਅਮਲ ਕਰਕੇ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ, ਉਸਦੇ ਨਾਲ ਸਾਡੀ ਸਾਧਸੰਗਤਿ ਹੋ ਸਕਦੀ ਹੈ। ਗੁਰਬਾਣੀ ਆਪ ਸਾਧਸੰਗਤਿ ਵਿੱਚ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ, ਜਿਸ ਸਰੀਰ ਰਾਹੀਂ ਵੀ ਲਿਖਿਆ ਹੋਇਆ ਹੈ

16/1761

ਉਹ ਬ੍ਰਹਮ ਗਿਆਨ ਹੀ ਹੈ ਭਾਵ ਸਾਰਾ ਗਿਆਨ ਉਸ ਬ੍ਰਹਮ ਦੇ ਕੋਲੋਂ ਹੀ ਆਇਆ ਹੈ। ਪੂਰੀ ਦੀ ਪੂਰੀ ਗੁਰਬਾਣੀ ਬ੍ਰਹਮ ਗਿਆਨ ਹੈ।

"ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥"

(ਅੰਗ ੧੨੨੬)

"**ਪੂਰਨ ਬ੍ਰਹਮ ਗਿਆਨੁ**" ਤੋਂ ਭਾਵ ਹੈ ਕਿ ਗੁਰਬਾਣੀ ਦੇ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਪੂਰੇ ਦਾ ਪੂਰਾ ਬ੍ਰਹਮ ਗਿਆਨ ਹੈ ਭਾਵ ਪੂਰੀ ਦੀ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਮਤਿ ਹੈ ਤੇ ਇਸੇ ਲਈ ਗੁਰਬਾਣੀ ਸੱਚੀ ਬਾਣੀ ਹੈ। ਪੂਰੀ ਗੁਰਬਾਣੀ ਵਿੱਚ ਕੋਈ ਕੱਚੀ ਮਤਿ, ਆਪਣੀ ਮਤਿ ਨਹੀਂ ਹੈ ਭਾਵ ਕਿਸੇ ਕੱਚੇ ਦੀ ਬਾਣੀ ਨਹੀਂ ਹੈ। ਗੁਰਬਾਣੀ ਵਿੱਚ ਕੇਵਲ ਉਹਨਾਂ ਦੀ ਬਾਣੀ ਦਰਜ ਹੈ ਜਿਹਨਾਂ ਦੀ ਪ੍ਰਮਾਤਮਾ ਦੇ ਨਾਲ ਸਾਧਸੰਗਤਿ ਹੋਈ ਹੈ, ਜਿਹਨਾਂ ਦੀ ਸਾਧ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਸੰਗਤਿ ਹੋਈ ਹੈ, ਮੇਲ ਹੋਇਆ ਹੈ ਭਾਵ ਜਿਹਨਾਂ ਨੂੰ ਚੌਥੇ ਪਦ ਦੀ ਪ੍ਰਾਪਤੀ ਹੋਈ ਹੈ। ਇਸੇ ਲਈ ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ, ਸ਼ਬਦ ਰੂਪ ਹੈ। ਅਸਲ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਸਾਰੇ ਗਿਆਨ ਦਾ ਸ੍ਰੋਤ ਹੈ ਤੇ ਇਸ ਗੱਲ ਦੀ ਸੋਝੀ ਆਪਣੇ ਅੰਦਰੋਂ ਹੀ ਪੈਂਦੀ ਹੈ, ਮਨ ਦੇ ਵਿੱਚੋਂ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ। ਜੁਗਾਂ-ਜੁਗਾਂ ਤੋਂ ਉਹ ਆਪ ਹੀ ਗੁਰੂ ਹੈ ਤੇ ਇਸੇ ਲਈ ਬਾਣੀ ਦੇ ਰਚਣ ਵਾਲਿਆਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਬਲਕਿ ਪ੍ਰਮਾਤਮਾ ਨੂੰ ਗੁਰੂ ਕਿਹਾ ਹੈ, ਸ਼ਬਦ ਨੂੰ ਗੁਰੂ ਕਿਹਾ ਹੈ।

{ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥੧॥੮॥}

(ਅੰਗ ੪੪੨)

{ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥}

(ਅੰਗ ੯੪੩)

ਜਦ ਤੱਕ ਸਾਨੂੰ ਸਾਧ ਵਿੱਚ ਤੇ ਪ੍ਰਮਾਤਮਾ ਵਿੱਚ ਭੇਦ ਸਮਝ ਨਹੀਂ ਆਉਂਦਾ ਭਾਵ ਜਦ ਤੱਕ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ ਸਾਧ ਹੀ ਆਪ ਪ੍ਰਮਾਤਮਾ ਹੈ ਤੇ ਸਾਧ ਹੀ ਆਪ ਗੁਰੂ ਹੈ ਤਦ ਤੱਕ ਸਾਨੂੰ ਸਾਧਸੰਗਤਿ ਦੀ ਸਮਝ ਵੀ ਨਹੀਂ ਪੈ ਸਕਦੀ। ਸਾਧ ਨੂੰ ਭੇਟਣਾ ਪ੍ਰਮਾਤਮਾ ਨੂੰ ਭੇਟਣਾ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੀ ਹੈ ਜਿਸ ਦੇ ਨਾਲ ਸਾਡੀ ਭੇਟ ਮਨ ਦੇ ਵਿੱਚ ਹੀ ਹੁੰਦੀ ਹੈ। ਸਾਧ ਨੂੰ ਭੇਟਣਾ ਜਾਂ ਸਾਧਸੰਗਤਿ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਹੈ। ਆਓ ਇਹੀ ਗੱਲ ਹੇਠ ਦਿੱਤੇ ਸਲੋਕ ਦੁਆਰਾ ਸਮਝੀਏ।

16/1762

ਆਸਾ ਮਹਲਾ ੫॥ਸਲੋਕੁ॥

"ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ॥ ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ॥੧॥"

(ਅੰਗ ੪੫੫)

ਹੁਣ ਧਿਆਨ ਨਾਲ ਵਿਚਾਰੋ ਉੱਪਰ ਕਿਸ ਨੂੰ ਖੋਜਣ ਦੀ ਗੱਲ ਹੋ ਰਹੀ ਹੈ, ਜਿਸ ਨੂੰ ਖੋਜਣ ਲਈ, ਉਸ ਪ੍ਰਮਾਤਮਾ ਨੂੰ ਪਾਉਣ ਲਈ ਅਨੇਕਾਂ ਹੀ ਅਨੇਕਾਂ ਜੰਗਲਾਂ ਆਦਿ ਵਿੱਚ ਭਟਕਦੇ ਹਨ ਮਗਰ ਉਹ ਫਿਰ ਫਿਰ ਕੇ ਹਾਰ ਜਾਂਦੇ ਹਨ ਤੇ ਇਸੇ ਤਰੀਕੇ ਨਾਲ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। **(ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ॥)** ਉਸ ਪ੍ਰਮਾਤਮਾ ਨੂੰ ਕਿਸ ਤਰੀਕੇ ਪਾਇਆ ਜਾ ਸਕਦਾ ਹੈ ਤੇ ਕਿੱਥੇ ਪਾਇਆ ਜਾ ਸਕਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ॥੧॥"

ਪ੍ਰਮਾਤਮਾ ਨੂੰ ਮਿਲਣ ਦਾ ਅਸਥਾਨ ਕੇਵਲ ਸਾਡਾ ਮਨ ਹੈ। ਇਹ ਸਾਡਾ ਮਨ ਹੀ ਆਪ ਸਾਧ ਹੈ ਭਾਵ ਆਪ ਪ੍ਰਮਾਤਮਾ ਹੈ ਜੋ ਸਾਡੇ ਮਨ ਦੇ ਵਿੱਚ ਗਿਆਨ ਰੂਪ ਵਿੱਚ ਹੈ। ਮਨ ਦੇ ਵਿੱਚ ਸਾਧ ਦੇ ਨਾਲ ਭੇਟ ਪ੍ਰਮਾਤਮਾ ਦੇ ਨਾਲ ਭੇਟ ਹੈ, ਗੁਰੂ ਦੇ ਨਾਲ ਭੇਟ ਹੈ। ਇਹ ਮਨ ਦੇ ਵਿੱਚ ਚੌਥੇ ਪਦ ਦੇ ਨਾਲ ਭੇਟ ਹੈ, ਸਹਜ ਗਿਆਨ ਦੇ ਨਾਲ ਭੇਟ ਹੈ, ਬ੍ਰਹਮ ਗਿਆਨੀ ਦੇ ਨਾਲ ਭੇਟ ਹੈ ਜੋ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢ ਕੇ ਆਪਣੀ ਬ੍ਰਹਮ ਗਿਆਨ ਦੀ ਅਵੱਸਥਾ ਵਿੱਚ ਮਿਲਾ ਲੈਂਦਾ ਹੈ, ਆਪਣੇ ਸੱਚੇ ਗਿਆਨ ਦੇ ਨਾਲ ਜੋੜ ਲੈਂਦਾ ਹੈ। ਮਨ ਦੇ ਵਿੱਚ ਸੱਚਾ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ, ਉਹ ਬ੍ਰਹਮ ਗਿਆਨੀ ਆਪ

ਹੀ ਆਪਣਾ ਬ੍ਰਹਮ ਗਿਆਨ ਦਿੰਦਾ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ ਤੇ ਅਸੀਂ ਪ੍ਰਮਾਤਮਾ ਨੂੰ ਖੋਜਣ ਦੇ ਜੋ ਵੀ ਉਪਰਾਲੇ ਕਰਦੇ ਹਾਂ ਭਾਵ ਸਰੀਰਕ ਕਿਰਿਆਵਾਂ ਆਦਿ ਕਰਦੇ ਹਾਂ, ਜਪ ਤਪ ਆਦਿ ਕਰਦੇ ਹਾਂ ਉਹ ਸਭ ਵਿਅਰਥ ਹੀ ਜਾਂਦੇ ਹਨ ਤੇ ਇਸੇ ਲਈ ਉਹਨਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ, ਸਾਡਾ ਭਰਮ ਦੱਸਿਆ ਹੋਇਆ ਹੈ।

ਜੋ ਸਾਧ ਹੈ ਉਹੀ ਸੰਤ ਹੈ। ਦੋਨਾਂ ਤੋਂ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਹੀ ਹੈ। ਸਾਧ ਨੂੰ ਭੇਟਣਾ ਜਾਂ ਸੰਤ ਨੂੰ ਭੇਟਣਾ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੀ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ ਤੇ ਨਾਲ ਇਹ ਵੀ ਸਮਝੀਏ ਕਿ ਇਹ ਭੇਂਟ ਕਿੱਥੇ ਹੁੰਦੀ ਹੈ ਤੇ ਕਿਸ ਵਿਧੀ ਦੁਆਰਾ ਹੁੰਦੀ ਹੈ।

16/1763

ਸਲੋਕੁ॥

“ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥”

(ਅੰਗ ੨੯੩)

ਉੱਪਰ ਸਲੋਕ ਰਾਹੀਂ ਤੇ ਉਸ ਤੋਂ ਬਾਅਦ ਅਸ਼ਟਪਦੀ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ, ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ। ਪ੍ਰਮਾਤਮਾ ਜਿੱਥੇ ਵੀ ਆਪਣਾ ਮੇਲ ਕਰਦਾ ਹੈ ਭਾਵ ਜਿੱਥੇ ਵੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਕੇਵਲ ਆਪਣੀ ਕਿਰਪਾ ਦੁਆਰਾ ਹੀ ਕਰਦਾ ਹੈ ਭਾਵ ਇਹ ਕੇਵਲ ਗੁਰਪ੍ਰਸਾਦਿ ਹੈ। ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ, ਮਨ ਦੇ ਭਰਮ ਕਰਕੇ ਹੀ ਹੈ ਜੋ ਕਿ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਇਸ ਅਵੱਸਥਾ ਦੁਆਰਾ ਪ੍ਰਮਾਤਮਾ ਨੂੰ ਕੋਈ ਵੀ ਨਹੀਂ ਜਾਣ ਸਕਦਾ। ਜਿੱਥੇ ਵੀ ਉਹ ਆਪਣੀ ਕਿਰਪਾ ਕਰਦਾ ਹੈ ਉਹ ਉਸ ਮਨ ਦੇ ਵਿੱਚ ਪ੍ਰਕਾਸ਼ ਹੀ ਕਰਦਾ ਹੈ। ਮਨ ਦੇ ਵਿੱਚ ਪ੍ਰਕਾਸ਼ ਕੇਵਲ ਗਿਆਨ ਦੁਆਰਾ ਹੀ ਹੋ ਸਕਦਾ ਹੈ ਜਿਸ ਦੁਆਰਾ ਸਾਡੀ ਅਗਿਆਨਤਾ ਦੂਰ ਹੁੰਦੀ ਹੈ, ਸਾਡੀ ਹਉਮੈ, ਸਾਡੀ ਦੁਬਿਧਾ, ਸਾਡੀ ਦੁਚਿੱਤੀ ਦੂਰ ਹੁੰਦੀ ਹੈ ਕਿ ਪ੍ਰਮਾਤਮਾ ਅਸਲ ਵਿੱਚ ਕੀ ਹੈ। ਉਹ ਸਾਡੇ ਅੰਦਰ, ਸਭ ਦੇ ਅੰਦਰ ਗਿਆਨ ਰੂਪ ਵਿੱਚ ਹੀ ਵਰਤ ਰਿਹਾ ਹੈ ਜਿਸ ਦੀ ਸੋਝੀ ਕੇਵਲ ਮਨ ਦੇ ਵਿੱਚੋਂ ਹੀ ਪੈ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਗੁਰਬਾਣੀ ਵਿੱਚ ਵਾਰ-ਵਾਰ ਸਾਨੂੰ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਉਹ ਗੁਪਤ ਰੂਪ ਵਿੱਚ ਹੈ। ਜਦ ਤੱਕ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉਸਦਾ ਗੁਪਤ ਰੂਪ ਸਮਝ ਵਿੱਚ ਨਹੀਂ ਆ ਸਕਦਾ। ਉਹ ਆਪਣੇ ਆਪ ਨੂੰ ਮਨ ਦੇ ਵਿੱਚ ਗਿਆਨ ਰਾਹੀਂ ਹੀ ਪ੍ਰਗਟ ਕਰਦਾ ਹੈ, ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਰਾਹੀਂ ਹੀ ਪ੍ਰਗਟ ਕਰਦਾ ਹੈ ਜਿਸ ਦੁਆਰਾ ਇਹ ਸੋਝੀ ਪੈਂਦੀ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਜੋ ਸਾਨੂੰ ਸਭ ਗਿਆਨ ਦੇਣ ਵਾਲਾ ਹੈ। ਤ੍ਰੈਗੁਣਾਂ ਵਿੱਚ ਵੀ ਉਹ ਆਪ ਹੀ ਹੈ ਪਰ ਇਸ ਦੀ ਸਮਝ ਕੇਵਲ ਚੌਥੇ ਪਦ ਦੁਆਰਾ ਹੀ ਪੈਂਦੀ ਹੈ। ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੀ ਚੌਥਾ ਪਦ ਹੈ ਜੋ ਕਿ ਕੇਵਲ ਉਹ ਆਪ ਹੀ ਬਖਸ਼ਦਾ ਹੈ। **(ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥)** (ਅੰਗ ੨੯੩)

ਜੋ ਸਾਧ ਨੂੰ ਭੇਟਣਾ ਹੈ ਉਹੀ ਸੰਤ ਨੂੰ ਭੇਟਣਾ ਹੈ। ਜੋ ਸਾਧ ਸੰਗ ਹੈ ਉਹੀ ਸੰਤ ਸੰਗ ਹੈ। ਦੋਨਾਂ ਤੋਂ ਭਾਵ ਮਨ ਦੀ ਅਵੱਸਥਾ ਦੇ ਨਾਲ ਹੀ ਹੈ ਜਿਸ ਅਵੱਸਥਾ ਦੁਆਰਾ ਮਨ ਦੇ ਵਿੱਚ

16/1764

ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸਦੇ ਦਰਸ਼ਨ ਹੁੰਦੇ ਹਨ ਜਿਵੇਂ ਕਿ ਅਸ਼ਟਪਦੀ ਦੇ ਪਹਿਲੇ ਪਦੇ ਵਿੱਚ ਸ਼ੁਰੂ ਵਾਲੀਆਂ ਪੰਗਤੀਆਂ ਵਿੱਚ ਹੀ ਸਮਝਾਇਆ ਹੋਇਆ ਹੈ।

“ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥ ਅਨਿਕ ਰੰਗ ਨਾਨਾ ਦ੍ਰਿਸਟਾਹਿ॥

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਨਾਨਕ ਤਿਸੁ ਜਨ ਸੋਝੀ ਪਾਏ॥੧॥"

(ਅੰਗ ੨੯੩)

ਉੱਪਰ ਪੂਰੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਨਾਮ ਦੀ ਪ੍ਰਾਪਤੀ ਸੰਤ ਸੰਗ ਦੁਆਰਾ ਹੀ ਹੁੰਦੀ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਡਿੱਠਣ ਦੁਆਰਾ ਹੀ ਹੁੰਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਸਾਨੂੰ ਮਨ ਦੇ ਵਿੱਚੋਂ ਗੁਰਮਤਿ ਦੀ ਸੱਚੀ ਸੋਝੀ ਹੀ ਪੈਂਦੀ ਹੈ ਤੇ ਇਹ ਸੋਝੀ ਹੀ ਅਸਲ ਵਿੱਚ ਨਾਮ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੈ। ਇਹ ਸੋਝੀ ਪੈਣ ਤੋਂ ਬਾਅਦ ਹੀ ਮਨੁੱਖ ਗੁਰਮਤਿ ਨੂੰ ਪੂਜਦਾ ਹੈ, ਉਸਦੀ ਹਰ ਗੱਲ ਨੂੰ ਮਿੱਠਾ ਕਰਕੇ ਮੰਨਦਾ ਹੈ ਭਾਵੇਂ ਉਸ ਗੱਲ ਨੂੰ ਮੰਨਣਾ ਔਖਾ ਹੈ, ਇਹ ਸੱਚੇ ਧਰਮ ਤੇ ਚੱਲਣ ਦਾ ਮਾਰਗ ਹੈ ਜਿਸਦੀ ਸੋਝੀ ਪਾ ਕੇ ਪ੍ਰਮਾਤਮਾ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਉਸ ਤੇ ਦ੍ਰਿੜ ਕਰ ਕੇ ਚਲਾਉਂਦਾ ਹੈ। **(ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥)**

"ਸਗਲ ਸਮਿਗ੍ਰੀ ਏਕਸੁ ਘਟ ਮਾਹਿ॥ ਅਨਿਕ ਰੰਗ ਨਾਨਾ ਦ੍ਰਿਸਟਾਹਿ॥"

ਉਪਰਲੀਆਂ ਪੰਗਤੀਆਂ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਦੀ ਸਮੱਗਰੀ ਕੀ ਹੈ,

16/1765

ਉਸਦੀ ਵਸਤੂ ਕੀ ਹੈ ਜੋ ਉਸਦੇ ਕੋਲੋਂ ਮਿਲਦੀ ਹੈ, ਮਨ ਦੇ ਵਿੱਚ ਹੀ ਮਿਲਦੀ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ ਪ੍ਰਮਾਤਮਾ ਦੀ ਸਮੱਗਰੀ, ਪ੍ਰਮਾਤਮਾ ਦੀ ਜਿਨਸ, ਪ੍ਰਮਾਤਮਾ ਦਾ ਵੱਖਰ, ਪ੍ਰਮਾਤਮਾ ਦਾ ਧਨ ਉਸਦਾ ਸੱਚਾ ਗਿਆਨ ਹੈ। ਪ੍ਰਮਾਤਮਾ ਦੀ ਇਹ ਸਾਰੀ ਦੀ ਸਾਰੀ ਸਮੱਗਰੀ ਇੱਕ ਘਟ ਦੇ ਵਿੱਚੋਂ ਹੀ ਪ੍ਰਾਪਤ ਹੋ ਜਾਂਦੀ ਹੈ ਭਾਵ ਹਰ ਘਟ ਦੇ ਵਿੱਚ ਪ੍ਰਮਾਤਮਾ ਦੀ ਇਹ ਸਮੱਗਰੀ ਪੂਰਨ ਰੂਪ ਵਿੱਚ ਹੈ ਤੇ ਉਹ ਜਿਹੜੇ ਮਰਜ਼ੀ ਘਟ ਦੇ ਵਿੱਚੋਂ ਇਹ ਆਪਣੀ ਪੂਰਨ ਸਮੱਗਰੀ ਦੇ ਸਕਦਾ ਹੈ, ਆਪਣਾ ਪੂਰਨ ਗਿਆਨ ਦੇ ਸਕਦਾ ਹੈ ਭਾਵ ਜਿੱਥੇ ਵੀ ਉਹ ਆਪਣਾ ਮੇਲ ਕਰਦਾ ਹੈ, ਉਹ ਆਪਣਾ ਪੂਰਨ ਗਿਆਨ ਬਖਸ਼ ਸਕਦਾ ਹੈ ਭਾਵ ਆਪਣੀ ਪੂਰਨ ਗੁਰਮਤਿ ਬਖਸ਼ ਸਕਦਾ ਹੈ। **(ਸਗਲ ਸਮਿਗ੍ਰੀ ਏਕਸੁ ਘਟ ਮਾਹਿ॥)**

ਹਰ ਘਟ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹਰ ਕਿਸੇ ਨੂੰ ਉਹ ਆਪਣੇ ਗਿਆਨ ਦੁਆਰਾ ਹੀ ਚਲਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਹ ਹਰ ਮਨੁੱਖ ਵਿੱਚ ਆਪਣੇ ਵੱਖਰੇ-ਵੱਖਰੇ ਵਿਚਾਰ ਦੇ ਕੇ ਸਭ ਨੂੰ ਵੱਖਰੇ-ਵੱਖਰੇ ਰੰਗ ਵਿੱਚ ਰੰਗਦਾ ਹੈ। ਉਹ ਆਪਣੇ ਉੱਚੇ ਗਿਆਨ ਦੁਆਰਾ ਸਭ ਨੂੰ ਵੱਖਰੇ-ਵੱਖਰੇ ਵਿਚਾਰ ਦੇਣ ਦੇ ਸਮਰੱਥ ਹੈ। ਸਾਡੀ ਤ੍ਰੈਗੁਣੀ ਅਵੱਸਥਾ ਵਿੱਚ ਉਹ ਆਪ ਹੀ ਹੈ, ਪਰ ਇਸ ਗੱਲ ਦੀ ਸੋਝੀ ਕੇਵਲ ਸੰਤ ਸੰਗ ਹੋਣ ਤੋਂ ਬਾਅਦ ਹੀ ਪੈਂਦੀ ਹੈ। **(ਅਨਿਕ ਰੰਗ ਨਾਨਾ ਦ੍ਰਿਸਟਾਹਿ॥)**

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ॥}

(ਅੰਗ ੭੪੬)

ਸਾਡੇ ਅੰਦਰ ਉਸ ਦੀ ਸਮੱਗਰੀ, ਉਸਦੀ ਵਸਤੂ, ਉਸਦਾ ਵੱਖਰ ਕਿਸ ਰੂਪ ਵਿੱਚ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

16/1766

"ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥"

ਉਸ ਪ੍ਰਮਾਤਮਾ ਦਾ ਵਖਰ ਨਾਮ ਹੈ ਜਿਸਦੀ ਪ੍ਰਾਪਤੀ ਸਾਡੇ ਜੀਵਨ ਦਾ ਮਨੋਰਥ ਹੈ। ਜਿਵੇਂ ਕਿ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਸਮਝਿਆ ਹੈ ਇਹ ਮਨ ਦੇ ਅੰਦਰ ਸੰਤ ਸੰਗ ਹੋਣ ਦੇ ਨਾਲ ਮਿਲਦਾ ਹੈ। ਆਪਣੇ ਅੰਦਰ ਪ੍ਰਮਾਤਮਾ ਨੂੰ ਡਿੱਠਣਾ ਜਾਂ ਨਾਮ ਦੀ ਪ੍ਰਾਪਤੀ ਹੋਣਾ ਇੱਕੋ ਹੀ ਗੱਲ ਹੈ। ਜਿੱਥੇ ਨਾਮ ਵੱਸਦਾ ਹੈ ਭਾਵ ਜਿੱਥੇ ਪ੍ਰਮਾਤਮਾ ਦਾ ਬਿਸ਼ਰਾਮ ਹੈ, ਨਾਮ ਦਾ ਵਿਸ਼ਰਾਮ ਹੈ ਉੱਥੋਂ ਹੀ ਉਸਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਦਾ ਸੱਚੇ ਗਿਆਨ ਦਾ ਖਜ਼ਾਨਾ ਹੀ ਉਸ ਦੀ ਨਉ ਨਿਧ ਹੈ, ਉਸਦਾ ਅੰਮ੍ਰਿਤ ਹੈ, ਉਸਦਾ ਨਾਮ ਹੈ। **(ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥)**

ਇਹ ਨਾਮ ਦਾ ਖਜ਼ਾਨਾ ਹੀ ਉਹ "ਸੁਖਮਨੀ" ਹੈ ਜਿਸਦੇ ਨਾਲ ਸਾਨੂੰ ਹਰ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇਹ ਪ੍ਰਮਾਤਮਾ ਦੀ ਸੱਚੀ ਗੁਰਮਤਿ ਹੈ ਜੋ ਸਾਨੂੰ ਅਗਿਆਨਤਾ ਵਿੱਚੋਂ ਕੱਢਦੀ ਹੈ। ਸਾਡੇ ਦੁੱਖਾਂ ਦਾ ਕਾਰਨ ਸਾਡੀ ਅਗਿਆਨਤਾ ਹੈ, ਦੁਚਿੱਤੀ ਹੈ, ਦੁਬਿਧਾ ਹੈ, ਭਰਮ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰਹਿੰਦੇ ਹਾਂ। ਪ੍ਰਮਾਤਮਾ ਦਾ ਇਹ ਨਾਮ ਦਾ ਖਜ਼ਾਨਾ ਹੀ ਉਸਦੀ "ਸੁਖਮਨੀ" ਹੈ ਜੋ ਸਾਨੂੰ ਅਗਿਆਨਤਾ ਵਿੱਚੋਂ ਕੱਢ ਕੇ ਪ੍ਰਮਾਤਮਾ ਦੇ ਨਾਲ ਮਿਲਾਉਂਦੀ ਹੈ। ਜਿਸਨੂੰ ਪ੍ਰਮਾਤਮਾ ਆਪਣਾ ਭਗਤ ਬਣਾਉਂਦਾ ਹੈ, ਜਿਸਨੂੰ ਆਪਣੀ ਭਗਤੀ ਬਖਸ਼ਦਾ ਹੈ, ਉਸਨੂੰ ਹੀ ਇਹ ਖਜ਼ਾਨਾ ਬਖਸ਼ਦਾ ਹੈ। **(ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥)**

ਸਾਡੇ ਅੰਦਰ ਪ੍ਰਮਾਤਮਾ ਦੀ ਸਮਾਧ ਆਪਣੇ ਇਸ ਖਜ਼ਾਨੇ ਦੁਆਰਾ ਹੀ ਲੱਗੀ ਹੋਈ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥"

ਜਿਵੇਂ ਕਿ ਪਿੱਛੇ ਵੀ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ

16/1767

"ਸੁੰਨ" ਸਾਡਾ ਮਨ ਹੈ ਜੋ ਸਦਾ ਹੀ ਸੁੰਨ ਦੀ ਅਵੱਸਥਾ ਵਿੱਚ ਰਹਿੰਦਾ ਹੈ, ਜਿੱਥੇ ਸਦਾ ਸੁੰਨ-ਸਾਨ ਹੀ ਹੁੰਦਾ ਹੈ ਭਾਵ ਜਿੱਥੇ ਕੋਈ ਆਵਾਜ਼ ਨਹੀਂ ਉੱਠਦੀ, ਜਿੱਥੇ ਪੂਰਨ ਖਾਮੋਸ਼ੀ ਦੀ ਅਵੱਸਥਾ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਅਵੱਸਥਾ ਦੁਆਰਾ ਹੀ ਵਿਚਰਦਾ ਹੈ ਭਾਵ ਉਸ ਦੀ ਸਮਾਧੀ ਸਾਡੇ ਅੰਦਰ ਸਦਾ ਹੀ ਖਾਮੋਸ਼ੀ ਦੁਆਰਾ ਲੱਗੀ ਹੋਈ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ, ਉਹ ਸਾਡੇ ਮਨ ਦਾ ਨਾਦ ਹੈ ਜਿਸਦੀ ਕੋਈ ਆਵਾਜ਼ ਨਹੀਂ ਸੁਣਦੀ ਕਿਉਂਕਿ ਇਹ ਨਾਦ ਅਨਹਦ ਨਾਦ ਹੈ, ਬਿਨ੍ਹਾਂ ਆਵਾਜ਼ ਤੋਂ ਉਪਜਣ ਵਾਲਾ ਨਾਦ ਹੈ। ਮਨ ਦੇ ਵਿੱਚ ਇਹ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਮਨ ਦੇ ਵਿਚਾਰਾਂ ਦੀ ਸੋਝੀ ਪੈਂਦੀ ਕਿ ਇਹ ਕਿੱਥੋਂ ਆਉਂਦੇ ਹਨ ਤੇ ਕਿਸਦੇ ਹੁਕਮ ਨਾਲ ਆਉਂਦੇ ਹਨ। ਇਸ ਨਾਦ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਹ ਸੰਸਾਰ ਦਾ ਸਭ ਤੋਂ ਵੱਡਾ ਅਚਰਜ ਹੈ, ਬਿਸਮਾਦ ਹੈ ਜਿਸਦਾ ਵਖਿਆਣ ਕੋਈ ਵੀ ਨਹੀਂ ਕਰ ਸਕਦਾ ਭਾਵ ਇਸ ਬਿਸਮਾਦ ਨੂੰ ਜਾਨਣਾ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। **(ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥)**

ਪੂਰੀ ਗੁਰਬਾਣੀ ਅਨਹਦ ਬਾਣੀ ਹੈ, ਅਨਹਦ ਨਾਦ ਹੈ ਜੋ ਕਿ ਮਨ ਦੀ ਇਸ ਅਵੱਸਥਾ ਦੁਆਰਾ ਹੀ ਆਈ ਹੈ, ਉਸਦੇ ਭਗਤ ਜਨਾਂ ਦੇ ਰਾਹੀਂ ਆਈ ਹੈ, ਸੰਤ ਸੰਗ ਦੇ ਰਾਹੀਂ ਆਈ ਹੈ। ਜਿੰਨ੍ਹਾਂ ਨੇ ਉਸਦੇ ਬਿਸਮਾਦ ਨੂੰ ਦੇਖਿਆ ਹੈ, ਜਿਹਨਾਂ ਨੇ ਉਸਦਾ ਅਨਹਦ ਨਾਦ ਸੁਣਿਆ ਹੈ, ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਇਹ ਨਾਦ ਸੁਣਾਇਆ ਹੈ। ਆਪਣਾ ਇਹ ਬਿਸਮਾਦ ਪ੍ਰਮਾਤਮਾ ਕਿਸੇ ਨੂੰ ਆਪ ਹੀ ਦਿਖਾ ਸਕਦਾ ਹੈ ਭਾਵ ਕੋਈ ਵੀ ਉਸਨੂੰ ਕਿਸੇ ਜੁਗਤਿ ਦੁਆਰਾ ਨਹੀਂ ਦੇਖ ਸਕਦਾ। ਇਹ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ। ਜਿਸਨੂੰ ਉਹ ਆਪਣਾ ਇਹ ਬਿਸਮਾਦ ਦਿਖਾਉਂਦਾ ਹੈ, ਉਸਨੂੰ ਮਨ ਵਿੱਚ ਸੋਝੀ ਹੀ ਪਾਉਂਦਾ ਹੈ ਭਾਵ ਉਸਦਾ ਇਹ ਬਿਸਮਾਦ ਕੇਵਲ ਮਨ ਦੀ ਸੋਝੀ ਦੁਆਰਾ ਦੇਖਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਪ੍ਰਮਾਤਮਾ ਦੇ ਨਾਲ ਮੇਲ ਦਾ ਬਿਸਮਾਦ ਹੈ। ਜਿੱਥੇ ਪ੍ਰਮਾਤਮਾ ਦਾ ਸਾਡੇ ਮਨ ਦੇ ਅੰਦਰ ਟਿਕਾਣਾ ਹੈ

16/1768

ਉੱਥੇ ਹੀ ਉਹ ਆਪਣਾ ਬਿਸਮਾਦ ਦਿਖਾਉਂਦਾ ਹੈ। ਉਹ ਸਾਡੇ ਮਨ ਦੇ ਵਿੱਚ ਹੀ ਹੈ ਤੇ ਮਨ ਦੇ ਵਿੱਚੋਂ ਹੀ ਆਪਣੇ ਆਪ ਦੀ ਸੋਝੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਸੋਝੀ ਪਾਉਂਦਾ ਹੈ। ਉਹ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ, ਬ੍ਰਹਮ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ। ਇਹ ਕੇਵਲ ਤੇ ਕੇਵਲ ਉਸ ਬ੍ਰਹਮ ਗਿਆਨੀ ਦੀ ਆਪਣੀ ਰਜ਼ਾ ਹੈ ਕਿ ਉਹ ਕਿਸਨੂੰ ਇਹ ਬਿਸਮਾਦ ਦਿਖਾਉਂਦਾ ਹੈ ਉਸ ਸੰਤ ਦੀ ਆਪਣੀ ਰਜ਼ਾ ਹੈ ਕਿ ਉਹ ਕਿਸ ਨਾਲ ਆਪਣਾ ਸੰਗ ਕਰਦਾ ਹੈ, ਕਿਸ ਦੀ ਅਗਿਆਨਤਾ ਕੱਢ ਕੇ ਉਸਨੂੰ ਆਪਣੇ ਗਿਆਨ ਨਾਲ ਮਿਲਾਉਂਦਾ ਹੈ। **(ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਨਾਨਕ ਤਿਸੁ ਜਨ ਸੋਝੀ ਪਾਏ॥੧॥)** ਸੋਝੀ ਮਨ ਦੇ ਪ੍ਰਕਾਸ਼ ਦੁਆਰਾ ਹੀ ਪੈਂਦੀ ਹੈ, ਮਨ ਦੀ ਅਗਿਆਨਤਾ ਦੂਰ ਹੋਣ ਨਾਲ ਹੀ ਪੈਂਦੀ ਹੈ ਜਿਵੇਂ ਕਿ ਅਸ਼ਟਪਦੀ ਤੋਂ ਪਹਿਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ। ਪੂਰੀ ਅਸ਼ਟਪਦੀ ਵਿੱਚ ਸਲੋਕ ਦੀ ਵਿਆਖਿਆ ਹੀ ਕੀਤੀ ਹੁੰਦੀ ਹੈ।

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥

ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥}

ਜਿੱਥੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਭਾਵ ਜਿੱਥੇ ਪ੍ਰਮਾਤਮਾ ਆਪਣੇ ਦਰਸ਼ਨ ਦਿੰਦਾ ਹੈ, ਜਿੱਥੇ ਉਸ ਦਾ ਗੁਰਪ੍ਰਸਾਦਿ ਮਿਲਦਾ ਹੈ ਉਹ ਮਨ ਦੇ ਗਿਆਨ ਰੂਪ ਵਿੱਚ ਹੀ ਮਿਲਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਭਰਮ ਵਿੱਚੋਂ ਕੱਢਦਾ ਹੈ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਕੇਵਲ ਸਾਡੇ ਮਨ ਦਾ ਭਰਮ ਹੈ ਜੋ ਸਾਡੀ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਭਰਮ ਦੀ ਦੀਵਾਰ ਹੈ, ਭਰਮ ਦਾ ਪੜਦਾ ਹੈ। ਜਦ ਤੱਕ ਸਾਡਾ ਮਨ ਦੇ ਵਿੱਚੋਂ ਪ੍ਰਮਾਤਮਾ ਇਹ ਭਰਮ ਦਾ ਪੜਦਾ ਦੂਰ ਨਹੀਂ ਕਰਦਾ ਕਿਸੇ ਨੂੰ ਇਹ ਗੱਲ ਦਾ ਯਕੀਨ ਨਹੀਂ ਆ ਸਕਦਾ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਤੇ ਮਨੁੱਖ ਆਪਣੀ ਹੋਂਦ ਕੇਵਲ ਇਸ ਭਰਮ ਦੇ ਪੜਦੇ ਦੁਆਰਾ ਹੀ ਸਮਝਦਾ ਹੈ ਜੋ ਕਿ ਕੇਵਲ ਇੱਕ ਝੂਠੀ ਹੋਂਦ ਹੈ। ਅਸਲ ਹੋਂਦ ਕੇਵਲ ਪ੍ਰਮਾਤਮਾ ਦੀ ਆਪਣੀ ਹੀ ਹੈ ਪਰ ਇਸ ਗੱਲ ਦਾ ਵਿਸ਼ਵਾਸ ਪ੍ਰਮਾਤਮਾ ਮਨ ਦੇ ਵਿੱਚੋਂ ਆਪ ਹੀ ਦਿਵਾਉਂਦਾ ਹੈ, ਗਿਆਨ ਅੰਜਨ ਦੁਆਰਾ ਦਿਵਾਉਂਦਾ ਹੈ ਭਾਵ ਗਿਆਨ ਦੀ ਸੋਝੀ ਦੁਆਰਾ ਦਿਵਾਉਂਦਾ ਹੈ, ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਦਿਵਾਉਂਦਾ ਹੈ। **(ਗੁਰ ਪਰਸਾਦਿ ਭਰਮ ਕਾ ਨਾਸੁ॥ ਨਾਨਕ ਤਿਨ ਮਹਿ ਏਹੁ ਬਿਸਾਸੁ॥੩॥)** ਪਹਿਲਾਂ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਮਨੁੱਖ ਦੇ ਰੂਪ ਵਿੱਚ ਉਹ ਆਪ ਹੀ ਹੈ ਤੇ ਤਾਂ ਹੀ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਹਰ ਹੋਂਦ ਵਿੱਚ ਉਹ ਆਪ ਹੀ ਸਮਾਇਆ ਹੋਇਆ ਹੈ। ਅਸਲ ਵਿੱਚ ਤੁਸੀਂ ਹਰ ਕੋਈ ਪ੍ਰਮਾਤਮਾ ਦਾ ਹੀ

16/1769

ਰੂਪ ਹੈ, ਤੁਹਾਡੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਪਰ ਜਦ ਤੱਕ ਉਹ ਮਨ ਵਿੱਚ ਪ੍ਰਗਟ ਹੋ ਕੇ ਤੁਹਾਡਾ ਭਰਮ ਨਹੀਂ ਕੱਢਦਾ ਤੁਸੀਂ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦੇ, ਕੋਈ ਵੀ ਨਹੀਂ ਕਰ ਸਕਦਾ। ਇਸ ਗੱਲ ਨੂੰ ਕਹਿ ਦੇਣਾ ਹੋਰ ਗੱਲ ਹੈ ਪਰ ਵਿਸ਼ਵਾਸ ਕਰਨਾ ਹੋਰ ਗੱਲ ਹੈ। ਵਿਸ਼ਵਾਸ ਆਉਣ ਤੋਂ ਬਾਅਦ ਫਿਰ ਕੋਈ ਆਪਣੇ ਆਪ ਨੂੰ ਵੱਡਾ ਨਹੀਂ ਕਹਿ ਸਕਦਾ, ਆਪਣੇ ਆਪ ਨੂੰ ਕੋਈ ਸੰਤ ਜਾਂ ਬ੍ਰਹਮ ਗਿਆਨੀ ਨਹੀਂ ਕਹਿ ਸਕਦਾ ਜਾਂ ਸਮਝ ਸਕਦਾ। ਉਹ ਪ੍ਰਮਾਤਮਾ ਆਪ ਹੀ ਸੰਤ ਹੈ, ਸਾਧ ਹੈ, ਬ੍ਰਹਮ ਗਿਆਨੀ ਹੈ, ਸੇਵਕ ਹੈ, ਜਨ ਹੈ। ਹਰ ਰੂਪ ਉਸੇ ਦਾ ਆਪਣਾ ਹੀ ਹੈ ਪਰ ਉਸ ਦਾ ਇਹ ਰੂਪ ਉਸ ਨੂੰ ਜਾਨਣ ਤੋਂ ਬਾਅਦ ਹੀ ਸਮਝ ਆਉਂਦਾ ਹੈ।

ਜੋ ਉਸ ਦਾ ਸਾਧ ਰੂਪ ਹੈ, ਸੰਤ ਰੂਪ ਹੈ ਉਹੀ ਉਸ ਦਾ "ਜਨੁ" ਰੂਪ ਹੈ। ਇਹ ਉਸ ਦਾ ਪ੍ਰਗਟ ਹੋਣ ਦਾ ਰੂਪ ਹੈ, ਉਸ ਦਾ ਗੁਰੂ ਰੂਪ ਹੈ ਜਿਵੇਂ ਕਿ ਸਾਨੂੰ ਅਸ਼ਟਪਦੀ ਦੇ ਆਖਰੀ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥

ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੯॥੨੩॥"

(ਅੰਗ - ੨੯੪)

ਜਿਹੜੇ ਮਨ ਦੇ ਵਿੱਚ ਉਸ ਦੇ ਗਿਆਨ ਦਾ ਪ੍ਰਕਾਸ਼ ਹੈ ਉਹੀ ਉਸਦਾ ਸਾਧ ਰੂਪ ਹੈ, ਸੰਤ ਰੂਪ ਹੈ, ਸੇਵਕ ਰੂਪ ਹੈ, ਜਨ ਰੂਪ ਹੈ। ਉਪਰਲੀਆਂ ਪੰਗਤੀਆਂ ਵਿੱਚ ਉਸਦਾ "ਜਨੁ" ਗੁਰੂ ਨੂੰ ਕਿਹਾ ਹੈ। ਉਸਦੇ ਗੁਰੂ ਰੂਪ ਨੂੰ ਹੀ ਧੰਨੁ ਧੰਨੁ ਧੰਨੁ ਕਿਹਾ ਹੈ ਜੋ ਕਿ ਅਸਲ ਵਿੱਚ ਉਹ ਆਪ ਹੀ ਹੈ। ਉਸਦੇ ਗੁਰੂ ਰੂਪ ਦਾ ਮਕਸਦ ਇਸ ਜਗ ਨੂੰ ਤਾਰਨ ਨਾਲ ਹੀ ਹੈ ਭਾਵ ਅਗਿਆਨਤਾ ਵਿੱਚੋਂ ਕੱਢਣ ਨਾਲ ਹੀ ਹੈ। ਪ੍ਰਮਾਤਮਾ ਨੇ ਆਪਣੀ ਵੱਡੀ ਕਿਰਪਾ ਕਰਕੇ ਇਸ ਜਗ ਨੂੰ ਤਾਰਨ ਦਾ ਉਪਰਾਲਾ ਕੀਤਾ ਹੈ ਜੋ ਕਿ ਆਪਣੇ ਜਨੁ ਦੇ ਰੂਪ ਵਿੱਚ ਕੀਤਾ ਹੈ, ਗੁਰੂ ਦੇ ਰੂਪ ਵਿੱਚ ਕੀਤਾ ਹੈ। ਪੂਰੀ ਗੁਰਬਾਣੀ ਉਸ ਦਾ ਜਨੁ ਰੂਪ ਹੈ ਜੋ ਕਿ ਪ੍ਰਮਾਤਮਾ ਦਾ ਇਸ ਮਨੁੱਖਤਾ ਤੇ ਆਪਣਾ ਕੀਤਾ ਹੋਇਆ ਉਸਦਾ ਆਪਣਾ ਪਰਉਪਕਾਰ ਹੈ। **(ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥)**

16/1770

ਪ੍ਰਮਾਤਮਾ ਦਾ ਆਪਣਾ ਇਹ "ਜਨੁ" ਰੂਪ ਧਾਰਨ ਕਰਨ ਦਾ ਮਕਸਦ ਕੀ ਹੈ ਭਾਵ ਗੁਰਬਾਣੀ ਨੂੰ ਰਚਣ ਦਾ ਮਕਸਦ ਕੀ ਹੈ

ਜਿਸ ਦੁਆਰਾ ਜਗ ਨੂੰ ਤਾਰਨਾ ਹੈ ਉਹ ਨਾਲ ਹੀ ਅਗਲੀਆਂ ਪੰਗਤੀਆ ਰਾਹੀਂ ਸਮਝਾਇਆ ਹੋਇਆ ਹੈ।

“ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦੇ ਗੁਰੂ ਰੂਪ ਦਾ, ਜਨੁ ਰੂਪ ਦਾ ਭਾਵ ਗੁਰਬਾਣੀ ਦਾ ਇਹੀ ਮਨੋਰਥ ਹੈ ਕਿ ਅਸੀਂ ਗੁਰਬਾਣੀ ਦਾ ਸੰਗ ਕਰੀਏ ਭਾਵ ਗੁਰਬਾਣੀ ਦੇ ਨਾਲ ਜੁੜੀਏ, ਉਸਦੀ ਵਿਚਾਰਧਾਰਾ ਦੇ ਨਾਲ ਜੁੜੀਏ। ਪੂਰੀ ਗੁਰਬਾਣੀ ਦੇ ਵਿੱਚ ਨਾਮ ਹੈ ਭਾਵ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ, ਉਸਦੀ ਦਿੱਤੀ ਹੋਈ ਸੱਚੀ ਮਤਿ ਹੈ। ਨਾਮ ਹੀ ਪ੍ਰਮਾਤਮਾ ਆਪ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਪ੍ਰਮਾਤਮਾ ਆਪਣੇ ਨਾਮ ਨਾਲ ਆਪ ਹੀ ਜੋੜਦਾ ਹੈ ਭਾਵ ਮਨ ਦੇ ਵਿੱਚ ਉਹ ਕਿਰਪਾ ਆਪ ਹੀ ਕਰਦਾ ਹੈ ਪਰ ਉਸਦੀ ਕਿਰਪਾ ਦਾ ਪਾਤਰ ਬਣਨ ਲਈ ਸਾਡੇ ਲਈ ਸਭ ਤੋਂ ਜਰੂਰੀ ਇਹ ਹੈ ਕਿ ਅਸੀਂ ਪਹਿਲਾਂ ਉਸ ਨਾਮ ਦੇ ਨਾਲ ਜੁੜੀਏ ਜੋ ਉਸਨੇ ਸਾਨੂੰ ਆਪਣੇ ਜਨ ਰੂਪ ਦੁਆਰਾ ਸਮਝਾਇਆ ਹੈ। ਜਦ ਤੱਕ ਅਸੀਂ ਗੁਰਬਾਣੀ ਦੇ ਨਾਲ ਨਹੀਂ ਜੁੜਾਂਗੇ ਤਦ ਤੱਕ ਸਾਡੇ ਚਿੱਤ ਵਿੱਚ ਨਾਮ ਨਹੀਂ ਆ ਸਕਦਾ, ਪ੍ਰਮਾਤਮਾ ਨਹੀਂ ਆ ਸਕਦਾ। ਗੁਰਬਾਣੀ ਦਾ ਮਨੋਰਥ ਸਾਨੂੰ ਨਾਮ ਨਾਲ ਜੋੜਨ ਦਾ ਹੀ ਹੈ, ਗੁਰੂ ਰੂਪ ਪ੍ਰਮਾਤਮਾ ਦੇ ਨਾਲ ਜੋੜਨ ਦਾ ਹੀ ਹੈ, ਉਸ ਪ੍ਰਮਾਤਮਾ ਦੇ ਦਰਸ਼ਨ ਕਰਾਉਣ ਦਾ ਹੀ ਹੈ। ਸਾਡੀ ਸੰਸਾਰਿਕ ਆਵਾਗਉਣ ਤੋਂ ਮੁਕਤੀ ਪ੍ਰਮਾਤਮਾ ਦੇ ਮਨ ਵਿੱਚੋਂ ਦਰਸ਼ਨਾਂ ਦੁਆਰਾ ਹੀ ਹੁੰਦੀ ਹੈ। ਉਸ ਦਾ ਗੁਰੂ ਰੂਪ ਆਪ ਮੁਕਤ ਹੈ ਭਾਵ ਭਰਮ ਤੋਂ ਮੁਕਤ ਹੈ ਤੇ ਉਸ ਦੇ ਨਾਲ ਜੁੜ ਕੇ ਹੀ ਅਸੀਂ ਮੁਕਤ ਹੋ ਸਕਦੇ ਹਾਂ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੯॥੨੩॥”

ਜਨ ਰੂਪ ਅਸਲ ਵਿੱਚ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ, ਬ੍ਰਹਮ

16/1771

ਗਿਆਨ ਰੂਪ ਹੈ, ਸ਼ਬਦ ਰੂਪ ਹੈ। ਗੁਰਬਾਣੀ ਉਸਦਾ ਸ਼ਬਦ ਰੂਪ ਵਿੱਚ ਹੀ ਜਨ ਰੂਪ ਹੈ। ਸ਼ਬਦ ਚੌਥੇ ਪਦ ਦਾ ਗਿਆਨ ਹੈ ਜੋ ਕਿ ਭਰਮ ਤੋਂ ਮੁਕਤ ਹੈ। ਜੋ ਆਪ ਮੁਕਤ ਹੈ ਉਹੀ ਸਾਨੂੰ ਮੁਕਤ ਕਰ ਸਕਦਾ ਹੈ। ਸ਼ਬਦ ਆਪ ਮੁਕਤ ਹੈ ਤੇ ਸ਼ਬਦ ਦਾ ਮੇਲ ਹੀ ਸਾਨੂੰ ਮੁਕਤ ਕਰ ਸਕਦਾ ਹੈ ਭਾਵ ਭਰਮ ਤੋਂ ਮੁਕਤ ਕਰ ਸਕਦਾ ਹੈ। ਸ਼ਬਦ ਹੀ ਉਸਦਾ ਨਾਮ ਹੈ। ਨਾਮ ਹੀ ਗੁਰੂ ਹੈ ਤੇ ਨਾਮ ਹੀ ਸਾਨੂੰ ਮੁਕਤ ਕਰ ਸਕਦਾ ਹੈ। ਨਾਮ ਹੀ ਜਨ ਹੈ। ਸਭ ਤੋਂ ਭਾਵ ਚੌਥੇ ਪਦ ਦੇ ਗਿਆਨ ਨਾਲ ਹੀ ਹੈ।

ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ, ਬ੍ਰਹਮਗਿਆਨ ਹੈ। ਗੁਰੂ ਰੂਪ ਅਸਲ ਵਿੱਚ ਬ੍ਰਹਮਗਿਆਨ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਰੂਪ ਹੈ। ਪੂਰੀ ਗੁਰਮਤਿ ਬ੍ਰਹਮਗਿਆਨ ਹੈ ਤੇ ਗੁਰਮਤਿ ਨੂੰ ਨਮਸਕਾਰ ਕਰਨਾ ਹੀ ਗੁਰੂ ਨੂੰ ਨਮਸਕਾਰ ਹੈ, ਜਨ ਨੂੰ ਨਮਸਕਾਰ ਹੈ, ਨਾਮ ਨੂੰ ਨਮਸਕਾਰ ਹੈ, ਸ਼ਬਦ ਨੂੰ ਨਮਸਕਾਰ ਹੈ। ਨਮਸਕਾਰ ਅਸੀਂ ਗੁਰੂ ਦੀ ਸਿੱਖਿਆ ਨੂੰ ਹੀ ਕਰਨਾ ਹੈ ਤੇ ਸਦਾ ਉਸਦੀ ਸਿੱਖਿਆ ਵਿੱਚ ਹੀ ਅਸੀਂ ਵਿਚਰਨਾ ਹੈ ਜੋ ਕਿ ਸਾਡੇ ਲਈ ਇਹ ਸੰਸਾਰ ਤੋਂ ਮੁਕਤੀ ਦਾ ਸਾਧਨ ਹੈ।
(ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੯॥੨੩॥)

ਪ੍ਰਮਾਤਮਾ ਆਪਣਾ ਜਨ ਰੂਪ ਕਦੇ ਹੀ ਕਿਸੇ ਵਿਰਲੇ ਸਰੀਰ ਰਾਹੀਂ ਪ੍ਰਗਟ ਕਰਦਾ ਹੈ ਜੋ ਕਿ ਉਸਨੇ ਭਗਤਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ, ਭੱਟ ਸਾਹਿਬਾਨ ਰਾਹੀਂ ਗੁਰਬਾਣੀ ਉਚਾਰਨ ਲਈ ਕੀਤਾ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ।

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

“ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥
ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥”

(ਅੰਗ - ੧੧੨੩)

ਉਸ ਪ੍ਰਮਾਤਮਾ ਦਾ ਜਨ ਬਣਨਾ, ਪ੍ਰਮਾਤਮਾ ਦਾ ਰੂਪ ਬਣਨ ਵਾਲੀ ਗੱਲ ਹੈ, ਉਸਦੇ ਨਾਲ ਇੱਕ ਹੋਣ ਵਾਲੀ ਗੱਲ ਹੈ ਭਾਵ ਉਸਦੇ ਨਾਲ ਮੇਲ ਦੀ ਅਵੱਸਥਾ ਹੈ। ਉਸਦਾ ਜਨ ਕੋਈ ਇੱਕ ਅੱਧਾ ਹੀ ਹੋ ਸਕਦਾ ਹੈ ਭਾਵ ਕੋਈ ਵਿਰਲਾ ਹੀ

16/1772

ਹੋ ਸਕਦਾ ਹੈ। ਉਸਦਾ ਜਨ ਬਣਨਾ ਉਸ ਪ੍ਰਮਾਤਮਾ ਦੀ ਮੂਰਤਿ ਬਣਨਾ ਹੈ ਭਾਵ ਉਸਦੇ ਨਾਲ ਭੇਦ ਦਾ ਮਿਟ ਜਾਣਾ ਹੈ, ਉਸਦੇ ਰੂਪ ਵਿੱਚ ਸਮਾਅ ਜਾਣਾ ਹੈ। **(ਤੇ ਮੂਰਤਿ ਭਗਵਾਨਾ॥੧॥)** ਇਹ ਅਵੱਸਥਾ ਹਰਿ ਪਦੁ ਚੀਨਣ ਦੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਮਨੁੱਖ ਪੂਰੀ ਤਰ੍ਹਾਂ ਔਗੁਣ ਰਹਿਤ ਬਣ ਜਾਂਦਾ ਹੈ ਭਾਵ ਇਹ ਮਨ ਦੇ ਵਿੱਚ ਪੂਰਨ ਗੁਰਮਤਿ ਦੀ ਸੋਝੀ ਦੀ ਅਵੱਸਥਾ ਹੈ। **(ਤੇਰਾ ਜਨੁ ਏਕੁ ਆਧੁ ਕੋਈ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ॥੧॥ਰਹਾਉ॥)**

ਜਿੰਨ੍ਹਾਂ ਨੇ ਉਸਦਾ ਜਨ ਰੂਪ ਧਾਰਨ ਕੀਤਾ ਹੈ ਉਨ੍ਹਾਂ ਨੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਕੀਤਾ ਹੈ ਜੋ ਕਿ ਉੱਪਰ ਸ਼ਬਦ ਦੁਆਰਾ ਸਮਝਾਈ ਹੋਈ ਹੈ। ਇਹ ਮਨ ਦੇ ਵਿੱਚ ਸੱਚਾਈ ਦੀ ਅਵੱਸਥਾ ਹੈ, ਪੂਰਨ ਸੋਝੀ ਦੀ ਅਵੱਸਥਾ ਹੈ, ਇਸ ਜੀਵਨ ਨੂੰ ਪੂਰਨ ਸੋਝੀ ਦੁਆਰਾ ਜਿਉਣ ਦੀ ਅਵੱਸਥਾ ਹੈ, ਸੱਚੇ ਮਾਰਗ ਤੇ ਚੱਲਣ ਦੀ ਅਵੱਸਥਾ ਹੈ। ਜਿੰਨ੍ਹਾਂ ਨੇ ਸਾਨੂੰ ਇਸ ਮਾਰਗ ਤੇ ਚੱਲਣ ਦੀ ਸੋਝੀ ਪਾਈ ਹੈ ਭਾਵ ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਪਹਿਲੇ ਉਨ੍ਹਾਂ ਨੇ ਇਸ ਮਾਰਗ ਤੇ ਆਪ ਚੱਲ ਕੇ ਵੀ ਦਿਖਾਇਆ ਹੈ। ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਨਾਮ ਦੀ ਸੋਝੀ ਪਾਈ ਹੈ ਪਹਿਲਾਂ ਉਨ੍ਹਾਂ ਨੇ ਆਪਣੇ ਜੀਵਨ ਦੇ ਵਿੱਚ ਨਾਮ ਜਪ ਕੇ ਵੀ ਦਿਖਾਇਆ ਹੈ ਭਾਵ ਗੁਰਮਤਿ ਅਨੁਸਾਰ ਚੱਲ ਕੇ ਵੀ ਦਿਖਾਇਆ ਹੈ। ਉਨ੍ਹਾਂ ਨੇ ਕੋਈ ਸਰੀਰਕ ਜਪ ਤਪ ਕਰਕੇ ਨਹੀਂ ਦਿਖਾਏ ਬਲਕਿ ਆਪਣੀ ਬਾਣੀ ਰਾਹੀਂ ਇਨ੍ਹਾਂ ਜਪਾਂ ਤਪਾਂ ਦਾ ਖੰਡਨ ਕੀਤਾ ਹੈ। ਪ੍ਰਮਾਤਮਾ ਦਾ ਜਨ ਬਣਨ ਲਈ ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ ਬਲਕਿ ਉਸਦੇ ਜਨ ਦੀ ਸਮਝਾਈ ਹੋਈ ਸਿੱਖਿਆ ਨੂੰ ਮੰਨਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਆਵਾਗਉਣ ਤੋਂ ਮੁਕਤ ਹੋ ਸਕੀਏ। ਮੁਕਤਿ ਅਸੀਂ ਮਨ ਦੇ ਵਿੱਚੋਂ ਹੀ ਹੋਣਾ ਹੈ, ਮੁਕਤਿ ਭਰਮ ਤੋਂ ਹੋਣਾ ਹੈ ਤੇ ਮੁਕਤ ਸਾਨੂੰ ਮਨ ਦੇ ਗਿਆਨ ਨੇ ਹੀ ਕਰਨਾ ਹੈ। ਗੁਰਬਾਣੀ ਆਪਣੇ ਸੱਚੇ ਗਿਆਨ ਰਾਹੀਂ ਮੁਕਤ ਹੈ ਤੇ ਉਸਦੇ ਸੱਚੇ ਗਿਆਨ ਨੂੰ ਮਨ ਦੇ ਅੰਦਰ ਵਸਾ ਕੇ ਹੀ ਮੁਕਤ ਹੋਣ ਦਾ ਉੱਦਮ ਕਰ ਸਕਦੇ ਹਾਂ। ਹੋਰ ਕੋਈ ਤਰੀਕਾ ਨਹੀਂ ਹੈ। ਸਰੀਰਕ ਜਪ ਤਪ ਕੇਵਲ ਸਾਨੂੰ ਹੋਰ ਭਰਮਾਂ ਵਿੱਚ ਹੀ ਪਾਉਂਦੇ ਹਨ,

16/1773

ਮੁਕਤੀ ਦੇ ਮਾਰਗ ਤੋਂ ਦੂਰ ਹੀ ਕਰਦੇ ਹਨ, ਸਾਡਾ ਮਾਣ ਅਭਿਮਾਨ ਹੀ ਵਧਾਉਂਦੇ ਹਨ ਜੋ ਕਿ ਝੂਠਾ ਮਾਣ ਹੈ, ਸਾਡੀ ਹਉਮੈ ਹੈ। ਜਿਤਨੀ ਸਾਡੀ ਹਉਮੈ ਵੱਧਦੀ ਹੈ ਉਤਨਾ ਹੀ ਅਸੀਂ ਨਾਮ ਤੋਂ ਦੂਰ ਹੁੰਦੇ ਹਾਂ। **(ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥ ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ॥੧॥)**

ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਉਸਦਾ ਸਾਧ ਰੂਪ, ਗੁਰੂ ਰੂਪ, ਜਨ ਰੂਪ, ਸੰਤ ਰੂਪ ਇੱਕੋ ਹੀ ਗੱਲ ਹੈ। ਸਭ ਤੋਂ ਭਾਵ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ, ਸਹਜ ਗਿਆਨ ਦੀ ਅਵੱਸਥਾ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ, ਸ਼ਬਦ ਰੂਪ ਹੈ, ਸੱਚੇ ਗਿਆਨ ਦਾ ਰੂਪ ਹੈ, ਬ੍ਰਹਮਗਿਆਨ ਦਾ ਰੂਪ ਹੈ ਜਿਸ ਦੁਆਰਾ ਉਸਨੇ ਗੁਰਬਾਣੀ ਦਾ ਉਚਾਰਨ

ਕੀਤਾ ਹੈ। ਇਹੀ ਰੂਪ ਉਸਦਾ ਭਗਤ ਰੂਪ ਹੈ ਜਿਸ ਨੂੰ ਕਿ ਹੇਠ ਦਿੱਤੇ ਸਲੋਕ ਦੁਆਰਾ ਤੇ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੫॥

"ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥੨॥"

(ਅੰਗ ੫੨੦)

ਪਉੜੀ॥

"ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥ ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥
ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥ ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ॥
ਤਿਸੁ ਸਿਉ ਲਾਇਨ੍ਹਿ ਰੰਗੁ ਜਿਸ ਦੀ ਸਭ ਧਾਰੀਆ॥ ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ॥
ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ॥ ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ॥੯॥"

(ਅੰਗ ੫੨੦)

ਉੱਪਰ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਭਗਤ ਕਿਹੋ ਜਿਹੇ ਹੁੰਦੇ ਹਨ ਤੇ ਉਨ੍ਹਾਂ ਦਾ ਮਕਸਦ ਕੀ ਹੈ ਇਹੀ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਭਗਤਾਂ ਨੂੰ ਸਾਡੇ ਮਿੱਤਰ ਕਹਿ ਕੇ ਸਮਝਾਇਆ ਹੋਇਆ ਹੈ ਤੇ ਉਹ ਸਾਡੇ ਮਿੱਤਰ ਕਿਸ ਰੂਪ ਵਿੱਚ ਬਣਦੇ ਹਨ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥"

ਗੁਰੂ ਦੇ ਭਗਤਾਂ ਦਾ ਮਕਸਦ ਭਾਵ ਉਨ੍ਹਾਂ ਦੇ ਸਰੀਰਾਂ ਰਾਹੀਂ ਪ੍ਰਮਾਤਮਾ ਦਾ ਪ੍ਰਗਟ ਹੋਣ ਦਾ ਮਕਸਦ ਸਾਨੂੰ ਦੁਰਮਤਿ ਵਿੱਚੋਂ ਕੱਢਣ ਦਾ ਹੀ ਹੈ। ਉਸਦੇ ਭਗਤ ਰੂਪ ਤੋਂ ਬਿਨ੍ਹਾਂ ਹਰ ਕੋਈ ਦੁਰਮਤਿ ਰੂਪ ਵਿੱਚ ਹੀ ਹੈ, ਮਨਮਤਿ ਵਿੱਚ ਹੀ ਹੈ, ਧਰਮ ਬਾਰੇ ਮਨ ਦੀ ਅਗਿਆਨਤਾ ਵਿੱਚ ਹੀ ਹੈ, ਦੁਬਿਧਾ ਵਿੱਚ ਹੀ ਹੈ। ਗੁਰੂ ਆਪਣੀ ਗੁਰਮਤਿ ਦੁਆਰਾ ਸੱਚਾ ਹੈ, ਗੁਰਮਤਿ ਦੁਆਰਾ ਉੱਚਾ ਹੈ ਭਾਵ ਸੱਚੇ ਗਿਆਨ ਦੁਆਰਾ ਉੱਚਾ ਹੈ। ਗੁਰਬਾਣੀ ਦੀ ਰਚਨਾ ਪ੍ਰਮਾਤਮਾ ਦੇ ਭਗਤ ਰੂਪ ਵਿੱਚ ਹੀ ਹੋਈ ਹੈ। ਜਿਹੜੇ-ਜਿਹੜੇ ਸਰੀਰਾਂ ਰਾਹੀਂ ਵੀ ਉਸਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਸਨੇ

16/1774

ਆਪਣੇ ਹਰ ਭਗਤ ਰੂਪ ਵਿੱਚ ਗੁਰਬਾਣੀ ਦੀ ਸੋਝੀ ਹੀ ਪਾਈ ਹੈ। ਉਸਨੇ ਆਪਣੇ ਹਰ ਰੂਪ ਰਾਹੀਂ ਇੱਕੋ ਜਿਹੀ ਹੀ ਗੁਰਮਤਿ ਸਮਝਾਈ ਹੈ। ਇਹ ਮਨ ਦੇ ਵਿੱਚ ਉਸਦਾ ਚੌਥੇ ਪਦ ਦੇ ਗਿਆਨ ਦਾ ਰੂਪ ਹੈ ਜੋ ਇੱਕੋ ਜਿਹੀ ਸੋਝੀ ਹੀ ਪਾਉਂਦਾ ਹੈ ਤੇ ਹਰ ਸਰੀਰ ਰਾਹੀਂ ਪ੍ਰਮਾਤਮਾ ਦਾ ਮਕਸਦ ਸਾਨੂੰ ਦੁਰਮਤਿ ਵਿੱਚੋਂ ਕੱਢਣ ਦਾ ਹੀ ਹੈ। ਉਸਦੇ ਭਗਤ ਸਾਡੇ ਮਿੱਤਰ ਗੁਰਮਤਿ ਦੀ ਸੱਚੀ ਸਮਝ ਰੂਪ ਵਿੱਚ ਹੀ ਹਨ ਜਿਸ ਦੁਆਰਾ ਸਾਡੀ ਦੁਰਮਤਿ ਦੂਰ ਹੁੰਦੀ ਹੈ। ਉਸਦੇ ਭਗਤਾਂ ਨਾਲ ਸਾਡੀ ਮਿੱਤਰਤਾ ਤਾਂ ਹੀ ਬਣਦੀ ਹੈ ਜੇਕਰ ਅਸੀਂ ਦੁਰਮਤਿ ਵਿੱਚੋਂ ਨਿਕਲੀਏ, ਮਨਮਤਿ ਵਿੱਚੋਂ ਨਿਕਲੀਏ ਭਾਵ ਉਨ੍ਹਾਂ ਦੀ ਦੱਸੀ ਹੋਈ ਮਤਿ ਨੂੰ ਕਬੂਲ ਕਰੀਏ। ਜੇਕਰ ਉਨ੍ਹਾਂ ਦੇ ਦਰਸ਼ਨ ਕਰਕੇ ਭਾਵ ਉਨ੍ਹਾਂ ਦੀ ਰਚੀ ਹੋਈ ਬਾਣੀ ਦੇ ਦਰਸ਼ਨ ਕਰਕੇ ਅਸੀਂ ਦੁਰਮਤਿ ਵਿੱਚ ਹੀ ਰਹਿੰਦੇ ਹਾਂ ਤਾਂ ਫਿਰ ਅਸੀਂ ਉਨ੍ਹਾਂ ਨੂੰ ਆਪਣੇ ਮਿੱਤਰ ਨਹੀਂ ਬਣਾਉਂਦੇ। ਭਗਤਾਂ ਦੇ, ਗੁਰੂ ਸਾਹਿਬਾਨਾਂ ਦੇ ਜੀਵਨ ਕਾਲ ਦੇ ਵਿੱਚ ਜਿੰਨ੍ਹਾਂ ਨੇ ਉਨ੍ਹਾਂ ਦੇ ਬਚਨ ਮੰਨੇ ਹਨ, ਜਿਸ ਨੇ ਆਪਣੀ ਮਨਮਤਿ ਛੱਡੀ ਹੈ ਉਨ੍ਹਾਂ ਨੇ ਹੀ ਉਨ੍ਹਾਂ ਦੇ ਨਾਲ ਆਪਣੀ ਮਿੱਤਰਤਾ ਨਿਭਾਈ ਹੈ। ਅੱਜ ਉਨ੍ਹਾਂ ਦੀ ਬਾਣੀ ਗੁਰਬਾਣੀ ਵਿੱਚ ਦਰਜ ਹੈ ਤੇ ਅੱਜ ਵੀ ਗੱਲ ਉਹੀ ਹੈ। ਸਾਰੀ ਗੁਰਬਾਣੀ ਸਾਨੂੰ ਗੁਰਮਤਿ ਹੀ ਸਮਝਾ ਰਹੀ ਹੈ ਜਿਸਦਾ ਮਕਸਦ ਸਾਨੂੰ ਦੁਰਮਤਿ ਵਿੱਚੋਂ ਕੱਢਣ ਦਾ ਹੈ। ਗੁਰਬਾਣੀ ਦੇ ਕੇਵਲ ਦਰਸ਼ਨ ਕਰਕੇ ਜੇਕਰ ਅਸੀਂ ਉਸਦੀ ਦੱਸੀ ਹੋਈ ਮਤਿ ਨੂੰ ਨਹੀਂ ਮੰਨਦੇ ਤਾਂ ਫਿਰ ਗੁਰਬਾਣੀ ਸਾਡੀ ਮਿੱਤਰ ਨਹੀਂ ਬਣ ਸਕਦੀ ਭਾਵ ਅਸੀਂ ਗੁਰਬਾਣੀ ਨੂੰ ਆਪਣਾ ਮਿੱਤਰ ਨਹੀਂ ਸਮਝਦੇ। ਸਾਡੀ ਮਿੱਤਰ ਅਸਲ ਵਿੱਚ ਗੁਰੂ ਦੀ ਦੱਸੀ ਹੋਈ ਗੁਰਮਤਿ ਹੈ ਜਿਸ ਨਾਲ ਅਸੀਂ ਮਿੱਤਰਤਾ ਨਿਭਾਉਣੀ ਹੈ।
(ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥)

ਸਲੋਕੁ ਮਃ ੩॥

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥}

(ਅੰਗ ੫੯੪)

ਆਪਣਾ ਭਗਤ ਰੂਪ ਪ੍ਰਮਾਤਮਾ ਪੂਰੇ ਸੰਸਾਰ ਵਿੱਚ ਕਦੇ ਹੀ ਕਿਸੇ ਵਿਰਲੇ ਸਰੀਰ ਰਾਹੀਂ ਪ੍ਰਗਟ ਕਰਦਾ ਹੈ **(ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥੨॥)** ਉਸਦਾ ਜਨ ਕੋਈ ਵਿਰਲਾ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦ ਦੁਆਰਾ ਸਮਝਿਆ ਹੈ। ਜੋ ਉਸਦਾ ਜਨ ਹੈ ਉਹੀ ਉਸਦਾ ਭਗਤ ਹੈ, ਸੰਤ ਹੈ ਤੇ ਇਹੀ ਗੱਲ ਅੱਗੇ ਪਉੜੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਭਾਵ ਉਸਦਾ ਇਹ ਰੂਪ ਪੂਰੇ ਸੰਸਾਰ ਵਿੱਚ ਕੋਈ ਵਿਰਲਾ ਹੀ ਹੁੰਦਾ ਹੈ।

"ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥ ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

16/1775

ਜਿਸ ਨੇ ਵੀ ਪ੍ਰਮਾਤਮਾ ਨੂੰ ਡਿੱਠਿਆ ਹੈ, ਵੇਖਿਆ ਹੈ ਉਸਨੇ ਆਪਣੇ ਚਿੱਤ ਵਿੱਚੋਂ ਹੀ ਦੇਖਿਆ ਹੈ। ਜਿਸਨੇ ਉਸਨੂੰ ਆਪਣੇ ਚਿੱਤ ਦੇ ਵਿੱਚੋਂ ਦੇਖਿਆ ਹੈ ਉਹੀ ਉਸਦਾ ਭਗਤ ਹੈ। ਸਾਡੇ ਚਿੱਤ ਵਿੱਚ ਪ੍ਰਮਾਤਮਾ ਆਪ ਹੀ ਆਉਂਦਾ ਹੈ ਕਿਉਂਕਿ ਇਹ ਉਸਦੀ ਆਪਣੀ ਰਜ਼ਾ ਹੈ। **(ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥)** ਪ੍ਰਮਾਤਮਾ ਦਾ ਸਾਡੇ ਚਿੱਤ ਵਿੱਚ ਆਉਣਾ ਕੀ ਹੈ ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਵੀ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੈ। ਉਸਦਾ ਸਾਡੇ ਚਿੱਤ ਵਿੱਚ ਆਉਣਾ ਸਾਡੇ ਚਿੱਤ ਵਿੱਚ ਪ੍ਰਗਟ ਹੋਣਾ ਹੈ ਜੋ ਕਿ ਉਸਦੇ ਨਾਲ ਮੇਲ ਦੀ ਅਵੱਸਥਾ ਹੈ।

ਪਉੜੀ॥

{ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥ ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥ ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥
ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥ ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ॥
ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ॥ ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ॥੬॥}

(ਅੰਗ ੯੬੦)

ਉੱਪਰ ਪੂਰੇ ਸ਼ਬਦ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਜਾਣ ਚੁੱਕੇ ਹਾਂ। ਪ੍ਰਮਾਤਮਾ ਦਾ ਸਾਡੇ ਚਿੱਤ ਵਿੱਚ ਆਉਣਾ ਜਾਂ ਨਾਮ ਦਾ ਚਿੱਤ ਵਿੱਚ ਆਉਣਾ ਇੱਕੋ ਗੱਲ ਹੈ। ਇਹ ਸਾਡੇ ਚਿੱਤ ਦੇ ਵਿੱਚ ਚੌਥੇ ਪਦ ਦੀ ਅਵੱਸਥਾ ਹੀ ਹੈ ਜਿਸ ਦੁਆਰਾ ਉਸਦੇ ਭਗਤ ਵਿਚਰਦੇ ਹਨ ਜੋ ਕਿ ਮੁੱਖ ਸ਼ਬਦ ਰਾਹੀਂ ਅਸੀਂ ਸਮਝਿਆ ਹੈ।

(ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥) ਪ੍ਰਮਾਤਮਾ ਦਾ ਸਾਡੇ ਚਿੱਤ ਵਿੱਚ ਆਉਣ ਦਾ ਮਕਸਦ ਸਾਡੇ ਮਨ ਦੀ ਮੈਲ ਕੱਟਣ ਨਾਲ ਹੀ ਹੈ ਜਿਸਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜੋ ਕਿ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੇ ਉਪਜਣ ਦੁਆਰਾ ਹੀ ਜਾਂਦੀ ਹੈ। ਇਹ ਅਵੱਸਥਾ ਹੀ ਸਾਡੇ ਮਨ ਦੇ ਵਿੱਚ ਸਾਧਸੰਗਤ ਦੀ ਅਵੱਸਥਾ ਹੈ ਜਿਵੇਂ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। **(ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥)।**

ਉਸਦਾ ਭਗਤ ਹੀ ਉਸਦਾ ਜਨ ਹੈ ਜੋ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਉਸਦੇ ਭਗਤ ਦਾ, ਜਨ ਦਾ ਮਨੋਰਥ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਉਸਦਾ ਮਨੋਰਥ ਉਹੀ ਹੈ ਜੋ ਕਿ ਪਿੱਛੇ ਅਸੀਂ ਸ਼ਬਦ ਰਾਹੀਂ ਸਮਝਿਆ ਹੈ।

"ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥"

ਪ੍ਰਮਾਤਮਾ ਜਿੰਨ੍ਹਾਂ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਜਿੱਥੇ ਵੀ ਉਹ ਆਪਣਾ ਭਗਤ ਰੂਪ, ਜਨ ਰੂਪ,

ਸਾਧ ਰੂਪ, ਸੰਤ ਰੂਪ, ਗੁਰੂ ਰੂਪ ਪ੍ਰਗਟ ਕਰਦਾ ਹੈ ਉਨ੍ਹਾਂ ਰਾਹੀਂ ਸਾਨੂੰ ਸ਼ਬਦ ਦੀ ਵਿਚਾਰ ਹੀ ਦਿੰਦਾ ਹੈ। ਪੂਰੀ ਗੁਰਬਾਣੀ ਵਿੱਚ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਸਦੀ ਆਪਣੀ ਦਿੱਤੀ ਹੋਈ ਸ਼ਬਦ ਦੀ ਵਿਚਾਰ ਹੈ, ਸ਼ਬਦ ਦਾ ਗਿਆਨ ਹੈ। ਪ੍ਰਮਾਤਮਾ ਆਪ ਸ਼ਬਦ ਰੂਪ ਹੀ ਹੈ ਤੇ ਉਸਦਾ ਸ਼ਬਦ ਰੂਪ ਹੀ ਗੁਰੂ

16/1776

ਰੂਪ ਹੈ, ਨਾਮ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਸ਼ਬਦ ਰੂਪ ਹੈ ਭਾਵ ਉਸਦੇ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮਗਿਆਨ ਦਾ ਰੂਪ ਹੈ ਜਿਸ ਦਾ ਮਕਸਦ ਸਾਨੂੰ ਜਨਮ ਮਰਨ ਦੇ ਗੇੜ ਵਿੱਚੋਂ ਕੱਢਣ ਦਾ ਹੈ, ਸਾਨੂੰ ਭਉ ਵਿੱਚੋਂ ਕੱਢਣ ਦਾ ਹੈ। ਸਾਡਾ ਇਹ ਆਵਾਗਉਣ ਉਸਦੇ ਸ਼ਬਦ ਨੂੰ ਜਪਣ ਦੁਆਰਾ ਹੀ ਜਾ ਸਕਦਾ ਹੈ। ਉਸਦਾ ਸ਼ਬਦ ਸਾਨੂੰ ਉਸਦੀ ਮਤਿ ਸਮਝਾਉਣ ਲਈ ਹੈ ਤੇ ਉਸਦੀ ਮਤਿ ਨੂੰ ਜਪਣਾ ਹੀ ਸ਼ਬਦ ਨੂੰ ਜਪਣਾ ਹੈ ਤੇ ਇਹੀ ਉਸਦੇ ਜਨ ਦਾ ਮਨੋਰਥ ਹੈ। **(ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ॥)।**

"ਸਬਦੁ" ਗੁਰੂ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਸਾਡੇ ਮਨ ਦਾ ਬੰਧਨ ਖੁੱਲ੍ਹ ਸਕਦਾ ਹੈ, ਮਨ ਦੀ ਅਗਿਆਨਤਾ ਦਾ ਬੰਧਨ ਖੁੱਲ੍ਹ ਸਕਦਾ ਹੈ ਤੇ ਤਾਂ ਹੀ ਸਾਡਾ ਜਨਮ ਮਰਨ ਤੋਂ ਛੁਟਕਾਰਾ ਹੋ ਸਕਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ॥"

ਜੋ ਉਸਦਾ ਜਨ ਰੂਪ ਹੈ ਉਹੀ ਉਸਦਾ ਸੰਤ ਰੂਪ ਹੈ। ਮਨੋਰਥ ਸੱਚੇ ਗਿਆਨ ਦੇ ਨਾਲ ਹੀ ਹੈ। ਮਨ ਦੀ ਅਗਿਆਨਤਾ ਕਰਕੇ ਹੀ ਸਾਡੇ ਅੰਦਰ ਦੂਤਾਂ ਦਾ ਵਾਸਾ ਹੈ, ਔਗੁਣਾਂ ਦਾ ਵਾਸਾ ਹੈ। ਗੁਰੂ ਦੀ ਸੱਚੀ ਮਤਿ ਸਾਡੇ ਅੰਦਰ ਵੱਸਣ ਦੇ ਨਾਲ ਹੀ ਸਾਡੇ ਇਹ ਦੂਤ ਛੁਪ ਜਾਂਦੇ ਹਨ ਭਾਵ ਸੱਚੀ ਸੋਝੀ ਪੈਣ ਤੋਂ ਬਾਅਦ ਮਨੁੱਖ ਔਗੁਣਾਂ ਵਿੱਚੋਂ ਨਿਕਲ ਜਾਂਦਾ ਹੈ, ਮਨੁੱਖ ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲ ਜਾਂਦਾ ਹੈ ਜਿਸ ਦਾ ਮੂਲ ਕਾਰਨ ਸਾਡੇ ਅੰਦਰ ਦੀ ਅਗਿਆਨਤਾ ਹੈ। **(ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ॥)**

ਜੇ ਅਸੀਂ ਇੱਕ ਅੱਖਰ ਨੂੰ ਹੀ ਚਿੱਤ ਵਿੱਚ ਜਪੀ ਜਾਵਾਂਗੇ ਪਰ ਉਸ ਕੋਲੋਂ ਕੋਈ ਗਿਆਨ ਨਹੀਂ ਲਵਾਂਗੇ, ਆਪਣੀ ਮਾੜੀ ਬਿਰਤੀ ਨੂੰ ਛੱਡਣ ਦਾ ਉਪਰਾਲਾ ਨਹੀਂ ਕਰਾਂਗੇ ਤਾਂ ਫਿਰ ਅਸੀਂ ਇਨ੍ਹਾ ਦੂਤਾਂ ਤੋਂ ਨਹੀਂ ਛੁੱਟ ਸਕਦੇ। ਗੁਰਮਤਿ ਦਾ ਮਕਸਦ ਸਾਨੂੰ ਇਨ੍ਹਾਂ ਦੂਤਾਂ ਕੋਲੋਂ ਛੁਡਵਾਉਣ ਦਾ ਹੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰ ਸਕੀਏ।

ਪ੍ਰਮਾਤਮਾ ਦੇ ਭਗਤ, ਉਸਦੇ ਜਨ, ਉਸਦੇ ਸੰਤ ਜੋ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਸਾਡੇ ਕੋਲ ਸਦਾ ਹੀ ਮੌਜੂਦ ਹਨ ਉਹ ਸਾਨੂੰ ਕੇਵਲ ਪ੍ਰਮਾਤਮਾ ਦੇ ਨਾਲ ਹੀ ਜੋੜਦੇ ਹਨ, ਉਸ ਸ਼ਬਦ ਰੂਪ ਪ੍ਰਮਾਤਮਾ ਦੇ ਨਾਲ ਹੀ ਜੋੜਦੇ ਹਨ ਭਾਵ ਸਾਨੂੰ ਸਰੀਰ ਨਾਲ, ਦੇਹ ਨਾਲ ਨਹੀਂ ਜੋੜਦੇ। ਉਨ੍ਹਾਂ ਨੂੰ ਨਿਰਗੁਣ ਰੂਪ ਪ੍ਰਮਾਤਮਾ ਦੀ ਸੋਝੀ ਹੈ, ਉਸ ਸ਼ਬਦ ਦੀ ਸੋਝੀ ਹੈ ਤੇ ਇਸੇ ਲਈ ਉਹ ਸਾਨੂੰ ਉਸ ਨਿਰਗੁਣ ਰੂਪ ਨਾਲ ਹੀ ਜੋੜਦੇ ਹਨ, ਆਪਣੇ ਨਾਲ ਨਹੀਂ ਜੋੜਦੇ। ਉਹ

16/1777

ਸਾਨੂੰ ਉਸ ਸੰਤ ਦੇ ਨਾਲ ਹੀ ਜੋੜਦੇ ਹਨ ਜੋ ਸਾਰੇ ਸੰਸਾਰ ਲਈ ਇੱਕੋ ਹੀ ਹੈ। ਉਹ ਸਾਨੂੰ ਦੇਹ ਦੇ ਮੋਹ ਵਿੱਚੋਂ ਕੱਢਦੇ ਹਨ। **(ਤਿਸੁ ਸਿਉ ਲਾਇਨ੍ਹਿ ਰੰਗੁ ਜਿਸ ਦੀ ਸਭ ਧਾਰੀਆ॥ ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ॥)** ਇੱਕ ਪਾਸੇ ਗੁਰੂ ਰੂਪ ਸੰਤ ਹੈ ਜੋ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਹੈ, ਸਾਨੂੰ ਪ੍ਰਮਾਤਮਾ ਦੀ ਵਡਿਆਈ ਸਿਖਾਉਂਦਾ ਹੈ ਜਿਸ ਦੁਆਰਾ ਅਸੀਂ ਉਸ ਸੱਚੇ ਸੰਤ ਨਾਲ ਭਾਵ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ ਕਿਉਂਕਿ ਗੁਰਬਾਣੀ ਉਸ ਪ੍ਰਮਾਤਮਾ ਦਾ ਆਪਣਾ ਹੀ ਸੱਚਾ ਰੂਪ ਹੈ, ਉਸ ਦਾ ਸੰਤ ਰੂਪ ਹੈ। ਦੂਸਰੇ ਪਾਸੇ ਆਪਣੇ ਆਪ ਨੂੰ ਸੰਤ ਅਖਵਾਉਣ ਵਾਲਿਆਂ ਦੀ ਕੋਈ ਘਾਟ ਨਹੀਂ ਹੈ ਜੋ ਸਾਨੂੰ ਦੇਹ ਰੂਪ ਨਾਲ ਹੀ ਜੋੜਦੇ ਹਨ, ਆਪਣਾ ਹੀ ਮਾਣ ਕਰਾਉਂਦੇ ਹਨ, ਆਪਣੇ ਆਪ ਨੂੰ ਹੀ ਉੱਚਾ ਅਖਵਾਉਂਦੇ ਹਨ। ਪ੍ਰਮਾਤਮਾ ਦੇ ਨਾਲ ਸਾਨੂੰ ਉਹੀ ਮਿਲਾ ਸਕਦਾ ਹੈ ਜੋ ਉਸਦਾ ਆਪਣਾ ਹੀ ਸੱਚਾ ਰੂਪ ਹੈ, ਉਸਦਾ ਸੱਚਾ ਸੰਤ ਹੈ ਜੋ ਕਿ ਸਾਡੇ ਕੋਲ ਕੇਵਲ ਤੇ ਕੇਵਲ ਗੁਰਬਾਣੀ ਦੇ ਰੂਪ ਵਿੱਚ ਹੀ ਹੈ।

ਦਿਨ ਰਾਤ ਅਸੀਂ ਉਸੇ ਨੂੰ ਹੀ ਧਿਆਉਣਾ ਹੈ ਜੋ ਉਸਦਾ ਸੱਚਾ ਸੰਤ ਹੈ, ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ॥

ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ॥੯॥"

ਜੇਕਰ ਅਸੀਂ ਪ੍ਰਮਾਤਮਾ ਨੂੰ ਮੁੱਖੋਂ ਬੋਲ ਬੋਲ ਕੇ ਧਿਆਉਣਾ ਸਮਝਦੇ ਹਾਂ ਤਾਂ ਫਿਰ ਹਰ ਵੇਲੇ, ਅੱਠੇ ਪਹਿਰ ਆਪਣੇ ਦੋਵੇਂ ਹੱਥ ਜੋੜ ਕੇ ਸਾਰੀ ਜ਼ਿੰਦਗੀ ਕੀ ਕੋਈ ਉਸਨੂੰ ਧਿਆ ਸਕਦਾ ਹੈ ਭਾਵ ਨਾਮ ਧਿਆ ਸਕਦਾ ਹੈ? ਕੀ ਕੋਈ ਸਾਰੀ ਜ਼ਿੰਦਗੀ ਹੱਥ ਜੋੜ ਕੇ ਵਿਚਰ ਸਕਦਾ ਹੈ ਤੇ ਨਾ ਹੀ ਕੋਈ ਸਾਰੀ ਜ਼ਿੰਦਗੀ ਮੁੱਖੋਂ ਬੋਲ ਬੋਲ ਕੇ ਧਿਆ ਸਕਦਾ ਹੈ ਤੇ ਨਾ ਹੀ ਕੋਈ ਸਾਰੀ ਜ਼ਿੰਦਗੀ ਹੱਥ ਜੋੜ ਕੇ ਜੀਵਨ ਬਤੀਤ ਕਰ ਸਕਦਾ ਹੈ। ਸਾਰੀ ਗੱਲ ਗੁਰੂ ਦੇ ਭਾਵ ਨੂੰ ਸਮਝਣ ਦੀ ਹੁੰਦੀ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਅਸੀਂ ਧਿਆਉਣਾ ਕਿਸ ਨੂੰ ਹੈ ਤੇ ਉਸਨੂੰ ਧਿਆਉਣ ਦਾ ਮਕਸਦ ਕੀ ਹੈ ਤਾਂ ਫਿਰ ਅਸੀਂ ਸਾਰੀ ਜ਼ਿੰਦਗੀ ਉਸ ਨੂੰ ਹੱਥ ਜੋੜ ਕੇ ਧਿਆ ਸਕਦੇ ਹਾਂ। ਧਿਆਉਣਾ ਅਸੀਂ ਗੁਰੂ ਦੀ ਮਤਿ ਨੂੰ ਹੀ ਹੈ, ਉਸਦੇ ਬਚਨਾਂ ਨੂੰ ਹੀ ਹੈ ਜਿਸਨੂੰ ਕਿ ਸਾਡੇ ਮਨ ਨੇ ਧਿਆਉਣਾ ਹੈ, ਮਨ ਦੇ ਵਿਚਾਰਾਂ ਰਾਹੀਂ ਧਿਆਉਣਾ ਹੈ। ਅੱਠੇ ਪਹਿਰ ਸਾਡੇ ਮਨ ਦੇ ਵਿਚਾਰਾਂ ਨੇ ਹੀ ਗੁਰੂ ਦੇ ਵਿਚਾਰਾਂ ਅੱਗੇ

16/1778

ਨਿਰਗੁਣ ਰੂਪ ਵਿੱਚ ਉਸਨੂੰ ਹੱਥ ਜੋੜਣੇ ਹਨ ਭਾਵ ਅੱਠੇ ਪਹਿਰ ਗੁਰੂ ਦੀ ਮਤਿ ਨੂੰ ਆਪਣੇ ਮਨ ਦੇ ਵਿੱਚ ਵਸਾ ਕੇ ਰੱਖਣਾ ਹੈ ਤਾਂ ਜੋ ਅਸੀਂ ਹਰ ਕੰਮ ਗੁਰੂ ਦੀ ਮਤਿ ਮੁਤਾਬਿਕ ਕਰ ਸਕੀਏ, ਸਾਰੀ ਜ਼ਿੰਦਗੀ ਗੁਰਮਤਿ ਤੇ ਚੱਲ ਸਕੀਏ। ਇਹੀ ਪ੍ਰਮਾਮਤਮਾ ਨੂੰ ਸਵਾਸ-ਸਵਾਸ ਧਿਆਉਣਾ ਹੈ ਭਾਵ ਆਪਣਾ ਹਰ ਸਵਾਸ ਗੁਰਮਤਿ ਦੇ ਲੇਖੇ ਲਗਾਉਣਾ ਹੈ। ਇਹ ਸਭ ਕੁਝ ਉਹ ਕਿਸੇ ਕੋਲੋਂ ਆਪਣੀ ਕ੍ਰਿਪਾ ਦੁਆਰਾ ਹੀ ਕਰਵਾ ਸਕਦਾ ਹੈ, ਆਪਣੀ ਗੁਰਮਤਿ ਦੀ ਸੋਝੀ ਕਿਸੇ ਵਿਰਲੇ ਸਰੀਰ ਰਾਹੀਂ ਪਾ ਕੇ ਆਪ ਹੀ ਉਸ ਤੇ ਚੱਲ ਸਕਦਾ ਹੈ। ਗੁਰਮਤਿ ਦਾ ਸੰਗ ਹੀ ਭਗਤ ਦਾ ਸੰਗ ਕਰਨਾ ਹੈ, ਗੁਰਬਾਣੀ ਦਾ, ਪ੍ਰਮਾਤਮਾ ਦਾ ਸੰਗ ਕਰਨਾ ਹੈ ਜੋ ਕਿ ਮਨ ਦੇ ਵਿੱਚ ਸੱਚੇ ਗਿਆਨ ਦੇ ਨਾਲ ਸਾਂਝ ਹੈ, ਚੌਥੇ ਪਦ ਦੇ ਨਾਲ ਸਾਂਝ ਹੈ ਜੋ ਸਾਂਝ ਪ੍ਰਮਾਤਮਾ ਆਪ ਹੀ ਕਿਸੇ ਤੇ ਦਿਆਲ ਹੋ ਕੇ ਪਾਉਂਦਾ ਹੈ, ਮਨ ਦੇ ਵਿੱਚ ਹੀ ਪਾਉਂਦਾ ਹੈ। ਜੋ ਸਾਧਸੰਗ ਹੈ, ਉਹੀ ਸੰਤ ਸੰਗ ਹੈ, ਉਹੀ ਭਗਤ ਸੰਗ ਹੈ। ਇਹ ਮਨ ਦੀ ਅਵੱਸਥਾ ਹੈ ਜਿਸ ਦੁਆਰਾ ਸਾਡਾ ਉਸ ਪ੍ਰਮਾਤਮਾ ਦੇ ਨਾਲ ਸੰਗ ਹੁੰਦਾ ਹੈ। **(ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ॥ ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ॥੯॥)**।

ਜਦ ਤੱਕ ਅਸੀਂ ਗੁਰਬਾਣੀ ਵਿੱਚ, ਸਾਧ ਵਿੱਚ, ਸੰਤ ਵਿੱਚ, ਜਨ ਵਿੱਚ, ਭਗਤ ਵਿੱਚ, ਪ੍ਰਮਾਤਮਾ ਵਿੱਚ ਭੇਦ ਸਮਝੀ ਜਾਵਾਂਗੇ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਸਹੀ ਮਾਰਗ ਤੇ ਨਹੀਂ ਤੁਰ ਸਕਦੇ। ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੀ ਸਾਧ ਹੈ, ਸੰਤ ਹੈ, ਪ੍ਰਮਾਤਮਾ ਦਾ ਜਨ ਹੈ, ਉਸਦਾ ਭਗਤ ਹੈ ਤੇ ਇਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਗੁਰਬਾਣੀ ਬਿਲਕੁਲ ਪ੍ਰਮਾਤਮਾ ਦਾ ਆਪਣਾ ਹੀ ਸੱਚਾ ਰੂਪ ਹੈ ਤੇ ਗੁਰਬਾਣੀ ਦੀ ਮਤਿ ਨਾਲੋਂ ਵਿਛੜ ਕੇ ਭਾਵ ਕਿਸੇ ਹੋਰ ਦੀ ਮਤਿ ਪਿੱਛੇ ਲੱਗ ਕੇ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ। ਗੁਰਬਾਣੀ ਦੀ ਮਤਿ ਨੂੰ ਮੰਨਣਾ ਹੀ ਕੇਵਲ, ਨਾਮ ਜਪਣਾ ਹੈ ਕਿਉਂਕਿ ਕੇਵਲ ਗੁਰਬਾਣੀ ਹੀ ਸਾਨੂੰ ਸੱਚਾ ਨਾਮ ਸਿਖਾਉਂਦੀ ਹੈ। ਆਓ ਆਪਣਾ ਕੇਵਲ ਤੇ ਕੇਵਲ ਭਰੋਸਾ ਗੁਰਬਾਣੀ ਦੀ ਮਤਿ ਤੇ ਟਿਕਾਈਏ ਜੋ ਸਾਡਾ ਪਾਰ ਉਤਾਰਾ ਕਰ ਸਕਦੀ ਹੈ ਤੇ ਦੁਨਿਆਵੀ ਸਾਧਾਂ ਸੰਤਾਂ ਤੋਂ ਬਚੀਏ ਭਾਵ ਉਨ੍ਹਾਂ ਦੇ ਕੋਲ ਪ੍ਰਮਾਤਮਾ ਦੇ ਨਾਲ ਮਿਲਣ ਦਾ ਮਾਰਗ ਸਮਝਣ ਨਾ ਜਾਈਏ। ਜੇਕਰ ਉਨ੍ਹਾਂ ਨੂੰ ਪ੍ਰਮਾਤਮਾ ਦੇ ਮੇਲ ਦਾ ਮਾਰਗ ਪਤਾ ਹੋਵੇ ਤਾਂ ਫਿਰ ਆਪਣੇ ਆਪ ਨੂੰ ਕੋਈ ਸਾਧ, ਸੰਤ ਜਾਂ ਭਗਤ ਅਖਵਾ ਹੀ ਨਹੀਂ ਸਕਦਾ ਕਿਉਂਕਿ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ

16/1779

ਉਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ, ਸਾਧ ਕਿਹਾ ਹੈ, ਸੰਤ ਕਿਹਾ ਹੈ ਭਾਵ ਨਿਰਗੁਣ ਰੂਪ ਨੂੰ ਪ੍ਰਮਾਤਮਾ ਦਾ ਰੂਪ ਕਿਹਾ ਹੈ ਤੇ ਇਸ ਦੇਹ ਨੂੰ ਵੱਡਾ ਨਹੀਂ ਕਿਹਾ, ਸਰਗੁਣ ਰੂਪ ਨੂੰ ਵੱਡਾ ਨਹੀਂ ਕਿਹਾ। ਇਸ ਸਰਗੁਣ ਰੂਪ ਦਾ ਮਕਸਦ ਉਸ ਨਿਰਗੁਣ ਰੂਪ ਨੂੰ ਟਿਕਾਉਣ ਲਈ ਹੀ ਹੈ ਤੇ ਨਿਰਗੁਣ ਰੂਪ ਦੇ ਹੁਕਮ ਅਨੁਸਾਰ ਵਿਚਰਨ ਲਈ ਹੀ ਹੈ।

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ

ਭਿੰਨ ਭਿੰਨ ਭਿੰਨ ਭਿਨ ਕਰੀਆ॥ ਵਿਚਿ ਮਨ ਕੋਟਵਰੀਆ॥}

(ਅੰਗ ੭੪੬)

ਇਸ ਸਰਗੁਣ ਸਰੂਪ ਸਰੀਰ ਨੂੰ ਚਲਾਉਣ ਵਾਲਾ ਇਹ ਮਨ ਹੀ ਹੈ ਜੋ ਇਸ ਸਰੀਰ ਦਾ ਮਾਲਕ ਹੈ। ਇਸ ਮਨ ਦੀ ਸੋਝੀ ਪਏ ਬਿਨ੍ਹਾਂ ਕਿ ਇਹ ਮਨ ਕੀ ਹੈ, ਤਦ ਤੱਕ ਅਸੀਂ ਸਰਗੁਣ ਸਰੂਪ ਨੂੰ ਹੀ ਉੱਚਾ ਸਮਝਦੇ ਹਾਂ। ਇੱਕ ਗੁਰਬਾਣੀ ਹੀ ਹੈ ਜੋ ਇਸ ਮਨ ਨੂੰ ਜਾਣਦੀ ਹੈ, ਪ੍ਰਮਾਤਮਾ ਨੂੰ ਜਾਣਦੀ ਹੈ ਤੇ ਆਓ ਗੁਰਬਾਣੀ ਦੀ ਮਤਿ ਨਾਲ ਜੁੜੀਏ ਜੋ ਸਾਨੂੰ ਇਸ ਮਨ ਦੇ ਦਰਸ਼ਨ ਕਰਵਾ ਸਕਦੀ ਹੈ, ਸੱਚੇ ਸਾਧ ਦੇ, ਸੱਚੇ ਸੰਤ ਦੇ ਦਰਸ਼ਨ ਕਰਵਾ ਸਕਦੀ ਹੈ।

ਆਓ ਹੁਣ ਇਹੀ ਗੱਲ ਹੇਠ ਦਿੱਤੇ ਸ਼ਬਦ ਰਾਹੀਂ ਜਾਣੀਏ ਕਿ ਸਿਵਾਇ ਗੁਰੂ ਦੇ ਭਾਵ ਸਿਵਾਇ ਗੁਰਬਾਣੀ ਦੀ ਮਤਿ ਦੇ ਸਾਨੂੰ ਪ੍ਰਮਾਤਮਾ ਦੇ ਨਾਲ ਕੋਈ ਨਹੀਂ ਮਿਲਾ ਸਕਦਾ। ਗੁਰੂ ਦੀ ਮਤਿ ਕੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਪੂਰੇ ਸ਼ਬਦ ਨੂੰ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ, ਹਰ ਕੋਈ ਸਮਝ ਸਕਦਾ ਹੈ।

ਸੋਰਠਿ ਮਹਲਾ ੧ ॥

“ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥”

(ਅੰਗ - ੫੯੮)

ਸਾਡੇ ਜੀਵਨ ਦਾ ਮਨੋਰਥ ਉਸ ਪ੍ਰਮਾਤਮਾ ਨੂੰ ਪਾਉਣ ਦਾ ਹੈ ਜਿਸ ਦੁਆਰਾ ਸਾਡਾ ਇਹ ਜੀਵਨ ਸਫ਼ਲ ਹੋ ਸਕਦਾ ਹੈ। ਪ੍ਰਾਪਤੀ ਅਸੀਂ "ਅੰਮ੍ਰਿਤੁ" ਦੀ ਕਰਨੀ ਹੈ। "ਅੰਮ੍ਰਿਤੁ" ਆਪ ਪ੍ਰਮਾਤਮਾ ਹੈ ਭਾਵ ਜੋ ਮ੍ਰਿਤੂ ਤੋਂ ਰਹਿਤ ਹੈ ਤੇ ਉਸ ਅੰਮ੍ਰਿਤੁ ਦੀ ਪ੍ਰਾਪਤੀ ਕੇਵਲ ਗੁਰੂ ਦੇ ਕੋਲੋਂ ਹੀ ਹੋ ਸਕਦੀ ਹੈ ਕਿਉਂਕਿ ਇਹ "ਅੰਮ੍ਰਿਤੁ" ਕੇਵਲ ਗੁਰੂ ਦੇ ਕੋਲ ਹੀ ਹੈ। ਪੂਰੀ ਗੁਰਬਾਣੀ ਵਿੱਚ "ਅੰਮ੍ਰਿਤੁ ਜਲ" ਹੈ ਭਾਵ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਜਲ ਹੈ। ਜਲ ਉਸਦਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮਗਿਆਨ ਹੈ, ਜਲ ਨਿਧਿ ਹੈ ਭਾਵ ਸੱਚੇ ਗਿਆਨ ਦਾ ਖ਼ਜ਼ਾਨਾ ਹੈ। ਗੁਰਬਾਣੀ ਦੇ ਵਿੱਚ ਆਪ ਪ੍ਰਮਾਤਮਾ ਇਸ "ਜਲ

ਨਿਧਿ" ਰੂਪ ਵਿੱਚ ਹੀ ਭਰਿਆ ਹੋਇਆ ਹੈ। ਇਸ 'ਜਲਨਿਧਿ' ਦੀ ਪ੍ਰਾਪਤੀ ਹੀ ਅੰਮ੍ਰਿਤ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਕਿ ਕੇਵਲ ਗੁਰੂ ਦੇ ਰਾਹੀਂ ਭਾਵ ਗੁਰਬਾਣੀ ਦੇ ਰਾਹੀਂ ਹੋ ਸਕਦੀ ਹੈ। ਜਿਸਦੇ ਕੋਲ ਇਹ ਜਲਨਿਧਿ ਹੈ ਭਾਵ ਸੱਚੇ ਗਿਆਨ ਦਾ ਖਜ਼ਾਨਾ ਹੈ ਉਸਦੇ ਕੋਲੋਂ ਹੀ ਸਾਨੂੰ ਇਸਦੀ ਪ੍ਰਾਪਤੀ ਹੋ ਸਕਦੀ ਹੈ। **(ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥)।**

ਇਸ ਅੰਮ੍ਰਿਤੁ ਫ਼ਲ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਫ਼ਲ ਸਾਨੂੰ ਕਿਵੇਂ ਮਿਲ ਸਕਦਾ ਹੈ, ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥੧॥"

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ ਸਾਡੀ ਗੁਰੂ ਪ੍ਰਮਾਤਮਾ ਨਾਲੋਂ ਦੂਰੀ ਸਾਡੇ ਅੰਦਰ ਦੀ ਦੁਬਿਧਾ ਹੈ, ਦੁਚਿੱਤੀ ਹੈ, ਅਗਿਆਨਤਾ ਹੈ, ਭਰਮ ਹੈ, ਮਨਮਤਿ ਹੈ ਜਿਸਦੇ ਰਹਿੰਦਿਆਂ ਸਾਨੂੰ ਸੱਚਾਈ ਦੀ ਸਮਝ ਨਹੀਂ ਪੈਂਦੀ ਕਿ ਸਾਡਾ ਧਰਮ ਦਾ ਮਾਰਗ ਕੀ ਹੈ, ਅੰਮ੍ਰਿਤ ਫ਼ਲ ਦੀ ਪ੍ਰਾਪਤੀ ਦਾ ਮਾਰਗ ਕੀ ਹੈ ਭਾਵ ਪ੍ਰਮਾਤਮਾ ਨੂੰ ਮਿਲਣ ਦਾ ਮਾਰਗ ਕੀ ਹੈ। ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਜੋ ਵੀ ਤਰੀਕੇ ਅਪਣਾਉਂਦੇ ਹਾਂ ਉਨ੍ਹਾਂ ਨੂੰ ਸਾਡੇ ਵੇਸ, ਭੇਖ, ਚਤੁਰਾਈ ਦੱਸਿਆ ਹੈ। ਇਹ ਸਾਡੇ ਸਾਰੇ ਭਗਤੀ ਦੇ ਦਿਖਾਵੇ ਹਨ ਜਿੰਨ੍ਹਾਂ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਜਿੰਨ੍ਹਾਂ ਨੂੰ ਹੇਠ ਦਿੱਤੀਆਂ ਕੁੱਝ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{"ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥

ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥"}

(ਅੰਗ ੨੬੯)

ਅਸੀਂ ਪ੍ਰਮਾਤਮਾ ਦੇ ਨਾਲ ਆਪਣੀ ਗੰਢ ਮੁੱਖੋਂ ਬੋਲ ਬੋਲ ਕੇ ਹੀ ਲਗਾਉਂਦੇ ਹਾਂ, ਮੁੱਖੋਂ ਜਪ ਕਰਨ ਦੁਆਰਾ ਹੀ ਪ੍ਰਮਾਤਮਾ ਨਾਲ ਪ੍ਰੀਤ ਲਗਾਉਣੀ ਸਮਝਦੇ ਹਾਂ ਪਰ ਸਾਡੀ ਇਹੋ ਜਿਹੀ ਮਤਿ ਨੂੰ ਖੰਡਿਆ ਹੋਇਆ ਹੈ। ਇਸ ਨੂੰ ਕੇਵਲ ਸਾਡਾ ਭੇਖ ਦੱਸਿਆ ਹੈ, ਬਾਹਰੀ ਦਿਖਾਵਾ ਦੱਸਿਆ ਹੈ ਤੇ ਸਾਡੇ ਇਹੋ ਜਿਹੇ ਦਿਖਾਵੇ ਨਾਲ ਪ੍ਰਮਾਤਮਾ ਸਾਡੇ ਨਾਲ ਕਦੇ ਨਹੀਂ ਭਿੱਜਦਾ। ਉਹ ਸਾਡੇ ਨਾਲ ਸਾਡੀ ਰਹਿਤ ਦੁਆਰਾ ਭਾਵ ਸੱਚੀ ਸੁੱਚੀ ਰਹਿਣੀ ਦੁਆਰਾ ਜੋ ਕਿ ਉਸਨੂੰ ਜਪਣ ਦਾ ਅਸਲ ਮਾਰਗ ਹੈ, ਇਸ ਮਾਰਗ ਤੇ ਚੱਲਣ ਦਆਰਾ ਹੀ ਭਿੱਜਦਾ ਹੈ। ਇਹੋ ਜਿਹੇ ਮਾਰਗ ਤੇ ਚੱਲਣ ਲਈ ਸਾਨੂੰ ਕਿਸੇ ਮੁੱਖੋਂ ਬੋਲ ਬੋਲ ਕੇ ਜਪ ਤਪ ਕਰਨ ਦੀ ਲੋੜ ਨਹੀਂ ਹੈ ਭਾਵ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। ਇਹ ਕੇਵਲ ਸਾਡੇ ਅੰਦਰ ਦੀ ਦੁਬਿਧਾ ਹੈ, ਅਗਿਆਨਤਾ ਹੈ। ਅਸੀਂ ਪ੍ਰਮਾਤਮਾ ਨੂੰ ਆਪਣਾ ਕਿਹੋ ਜਿਹਾ ਵੇਸ ਦਿਖਾਉਂਦੇ ਹਾਂ ਜਿਸ ਦੁਆਰਾ ਅਸੀਂ ਭਗਤੀ ਕਰਨਾ ਸਮਝਦੇ ਹਾਂ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

16/1781

ਮਹਲਾ ੧॥

{ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥ ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥੧॥}

(ਅੰਗ ੫੩)

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਤਨੇ ਵੀ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਿੱਚ ਲੱਗਿਆ ਹੋਇਆ ਸਮਝਦੇ ਹਨ ਭਾਵੇਂ ਕੋਈ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਉਹ ਆਪਣੀ ਭਗਤੀ ਨੂੰ ਉਸ ਪ੍ਰਮਾਤਮਾ ਦੇ ਨਾਲ ਮੇਲ ਦਾ ਸ਼ਿੰਗਾਰ ਹੀ ਸਮਝਦੇ ਹਨ, ਉਸ ਪ੍ਰਮਾਤਮਾ ਰੂਪ ਕੰਤ ਨੂੰ, ਪਤੀ ਨੂੰ ਪਾਉਣ ਲਈ, ਉਸਨੂੰ ਰੀਝਾਉਣ ਲਈ ਆਪਣਾ ਸ਼ਿੰਗਾਰ ਸਮਝਦੇ ਹਨ। **(ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥)**

ਅਸੀਂ ਆਪਣਾ ਸ਼ਿੰਗਾਰ ਕਰਨਾ ਕਿਸ ਰੂਪ ਵਿੱਚ ਸਮਝਦੇ ਹਾਂ, ਪ੍ਰਮਾਤਮਾ ਨੂੰ ਆਪਣੇ ਸ਼ਿੰਗਾਰ ਦੁਆਰਾ ਰੀਝਾਉਣਾ ਕਿਸ ਤਰੀਕੇ ਨਾਲ ਸਮਝਦੇ ਹਾਂ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

"ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥"

ਅਸੀਂ ਹਰ ਰੋਜ਼ ਗੁਰੂ ਦੇ ਦੁਆਰੇ ਤੇ ਜਾਂਦੇ ਹਾਂ, ਉਥੇ ਜ਼ਿਆਦਾ ਤੋਂ ਜਿਆਦਾ ਸਮਾਂ ਬੈਠ ਕੇ ਗੁਰੂ ਦੀ ਗੱਲ ਨੂੰ ਪੜ੍ਹਨ ਜਾਂ ਸੁਣਨ ਵਿੱਚ ਬਿਤਾਉਂਦੇ ਹਾਂ ਭਾਵ ਅਸੀਂ ਇਨ੍ਹਾਂ ਗੱਲਾਂ ਦੀ ਗਿਣਤੀ ਮਿਣਤੀ ਵਿੱਚ ਪੈਂਦੇ ਹਾਂ ਕਿ ਕਿਤਨਾ ਕੋਈ ਜਿਆਦਾ ਗੁਰੂ ਦੇ ਦੁਆਰੇ ਤੇ ਜਾਂਦਾ ਹੈ, ਕੌਣ ਉਸਦੀ ਬਾਣੀ ਨੂੰ ਜਿਆਦਾ ਤੋਂ ਜਿਆਦਾ ਪੜ੍ਹਦਾ ਤੇ ਸੁਣਦਾ ਹੈ ਭਾਵ ਜਿਤਨਾ ਕੋਈ ਜਿਆਦਾ ਉਸਦੀਆਂ ਬਾਣੀਆਂ ਨੂੰ ਪੜ੍ਹਦਾ ਤੇ ਸੁਣਦਾ ਹੈ ਅਸੀਂ ਉਤਨਾ ਹੀ ਉਸਨੂੰ ਜਿਆਦਾ ਭਗਤੀ ਵਾਲਾ ਸਮਝਦੇ ਹਾਂ। ਜਿਤਨਾ ਕੋਈ ਜਿਆਦਾ ਸਮਾਧੀਆਂ ਲਗਾ ਕੇ ਬੈਠਾ ਰਹਿੰਦਾ ਹੈ, ਜਿਤਨਾ ਕੋਈ ਜਿਆਦਾ ਜਪ ਤਪ ਕਰਦਾ ਹੈ ਉਸਨੂੰ ਅਸੀਂ ਉਤਨਾ ਹੀ ਉੱਚਾ ਥਾਪਦੇ

ਹਾਂ, ਧਾਰਮਿਕ ਸਮਝਦੇ ਹਾਂ, ਗੁਰੂ ਪ੍ਰਮਾਤਮਾ ਦੇ ਨੇੜੇ ਸਮਝਦੇ ਹਾਂ। ਪ੍ਰਮਾਤਮਾ ਨੂੰ ਜਪਣਾ ਕੋਈ ਗਿਣਤੀ ਮਿਣਤੀ ਦਾ ਮਾਰਗ ਨਹੀਂ ਹੈ, ਇਹ ਉਸਨੂੰ ਪਾਉਣ ਦਾ ਵੇਸ ਨਹੀਂ ਹੈ ਪਰ ਹਰ ਕੋਈ ਇਸੇ ਨੂੰ ਹੀ ਚੰਗਾ ਵੇਸ ਸਮਝਦਾ ਹੈ ਜਿਸਨੂੰ ਕਿ ਕੇਵਲ ਸਾਡਾ ਵਿਕਾਰ ਦੱਸਿਆ ਹੈ। ਵਿਕਾਰ ਇਸ ਲਈ ਦੱਸਿਆ ਹੈ ਕਿਉਂਕਿ ਅਸੀਂ ਕੇਵਲ ਗਿਣਤੀਆਂ ਮਿਣਤੀਆਂ ਨੂੰ ਹੀ ਚੰਗਾ ਵੇਸ ਸਮਝਦੇ ਹਾਂ ਜਦਕਿ ਅਸਲ ਮਕਸਦ ਗੁਰੂ ਦੀ ਮਤਿ ਨੂੰ ਸਮਝਣ ਦਾ ਹੈ ਤੇ ਉਸ ਅਨੁਸਾਰ ਸੱਚੇ ਸੁੱਚੇ ਬਣ ਕੇ ਆਪਣਾ ਜੀਵਨ ਬਤੀਤ ਕਰਨ ਦਾ ਹੈ। ਜਗ੍ਹਾ ਜਗ੍ਹਾ ਤੇ ਪ੍ਰਚਾਰ ਇਨ੍ਹਾਂ ਗਿਣਤੀਆਂ ਮਿਣਤੀਆਂ ਦਾ ਹੀ ਹੁੰਦਾ ਹੈ ਤੇ ਜੋ ਗਿਣਤੀਆਂ ਮਿਣਤੀਆਂ ਵਿੱਚ ਅੱਗੇ ਲੰਘ ਜਾਂਦਾ ਹੈ ਉਸਨੂੰ ਹੀ ਜਿਆਦਾ ਭਗਤੀ ਵਾਲਾ ਸਮਝਿਆ ਜਾਂਦਾ ਹੈ। ਇਨ੍ਹਾਂ ਗਿਣਤੀਆਂ ਮਿਣਤੀਆਂ ਦੁਆਰਾ ਕਿਸੇ ਨੂੰ

16/1782

ਉੱਚਾ ਸਮਝਣਾ ਜਾਂ ਅਖਵਾਉਣਾ, ਮਾਣ ਦੇਣਾ ਜਾਂ ਲੈਣਾ ਸਾਡਾ ਵਿਕਾਰ ਹੀ ਹੈ ਭਾਵ ਸਾਡਾ ਔਗੁਣ ਹੀ ਦੱਸਿਆ ਹੈ ਜੋ ਕਿ ਗੁਰਮਤਿ ਅਨੁਸਾਰ ਨਹੀਂ ਹੈ। ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਦਾ ਮਕਸਦ ਸਮਝਣ ਦੀ ਲੋੜ ਹੈ ਨਾ ਕਿ ਇਨ੍ਹਾਂ ਦੀ ਗਣਤ ਗਿਣਾਉਣ ਦਾ। ਜਿਤਨਾ ਮਰਜ਼ੀ ਪੜ੍ਹੀ ਸੁਣੀ ਜਾਈਏ ਪਰ ਉਸ ਤੇ ਅਮਲ ਨਾ ਕਰੀਏ ਤਾਂ ਫਿਰ ਗੁਰੂ ਦੀ ਦਿੱਤੀ ਹੋਈ ਮਤਿ ਕਿਸ ਲੇਖੇ। ਜਿਸ ਗੱਲ ਨਾਲ ਉਲਟੀ ਸਾਡੀ ਹਉਮੈ ਵੱਧਦੀ ਹੈ ਉਹ ਸਾਨੂੰ ਗੁਰੂ ਪ੍ਰਮਾਤਮਾ ਤੋਂ ਦੂਰ ਹੀ ਕਰਦੀ ਹੈ। ਸਾਡੇ ਅੰਦਰ ਹਉਮੈ ਦਾ ਵੱਧਣਾ ਸਾਡਾ ਵਿਕਾਰ ਹੀ ਹੈ ਜੋ ਸਾਨੂੰ ਨਾਮ ਤੋਂ ਦੂਰ ਕਰਦਾ ਹੈ, ਗੁਰੂ ਤੋਂ ਦੂਰ ਕਰਦਾ ਹੈ। **(ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥)।**

ਇਨ੍ਹਾਂ ਗਿਣਤੀਆਂ ਮਿਣਤੀਆਂ ਨੂੰ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਨਾਲ ਪਿਆਰ ਦਿਖਾਉਣ ਦਾ ਤਰੀਕਾ ਹੀ ਸਮਝਦੇ ਹਾਂ ਤੇ ਤਾਂ ਹੀ ਇਨ੍ਹਾਂ ਦੇ ਪਿੱਛੇ ਲੱਗਦੇ ਹਾਂ, ਆਪਣਾ ਬਹੁਤਾ ਸਮਾਂ ਇਹੋ ਜਿਹੀ ਪੂਜਾ ਵਿੱਚ ਲਗਾਉਂਦੇ ਹਾਂ, ਜਪ ਤਪ ਵਿੱਚ ਲਗਾਉਂਦੇ ਹਾਂ ਪਰ ਅਸਲ ਵਿੱਚ ਸਾਡਾ ਇਹ ਪ੍ਰਮਾਤਮਾ ਦੇ ਨਾਲ ਪਿਆਰ ਦਿਖਾਉਣ ਦਾ ਤਰੀਕਾ ਨਹੀਂ ਹੈ ਤੇ ਕੇਵਲ ਸਾਡੀ ਨਾਮਸਝੀ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥੧॥"

ਅਸੀਂ ਭਾਵੇਂ ਆਪਣੇ ਵੱਲੋਂ ਪ੍ਰੇਮ ਹੀ ਦਿਖਾਉਂਦੇ ਹਾਂ ਪਰ ਅਸਲ ਵਿੱਚ ਇਸ ਨੂੰ ਸਾਡਾ ਪਾਖੰਡ ਹੀ ਦੱਸਿਆ ਹੈ। ਗੁਰੂ ਦਾ ਮਕਸਦ ਸਾਡੇ ਅੰਦਰ ਆਪਣੇ ਦੱਸੇ ਹੋਏ ਸੱਚ ਨੂੰ ਵਸਾਉਣ ਦਾ ਹੈ ਤੇ ਜਦ ਤੱਕ ਸਾਡੇ ਅੰਦਰ ਸੱਚ ਨਹੀਂ ਵੱਸਦਾ ਤਦ ਤੱਕ ਸਾਡਾ ਹਰ ਉਪਰਾਲਾ ਭਾਵ ਇਹ ਸਾਰੀਆਂ ਗਿਣਤੀਆਂ ਮਿਣਤੀਆਂ ਵਿਅਰਥ ਦੀਆਂ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਇਹ ਸਾਡੀਆਂ ਗਿਣਤੀਆਂ ਮਿਣਤੀਆਂ ਕੇਵਲ ਸਾਡਾ ਪਾਖੰਡ ਦਿਖਾਉਣ ਵਾਲੀ ਗੱਲ ਹੀ ਹੈ ਜਿਸਨੂੰ ਕਿ ਸਾਡਾ ਝੂਠਾ ਦਿਖਾਵਾ ਹੀ ਦੱਸਿਆ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਾਂ ਭਾਵ ਆਪਣੇ ਕਾਰ ਵਿਹਾਰ ਗੁਆ ਕੇ ਵਿਅਰਥ ਹੀ ਆਪਣੀ ਖੁਆਰੀ ਵਿੱਚ ਲੱਗੇ ਹੋਏ ਹਾਂ ਜਿਸਦਾ ਸਾਨੂੰ ਕੋਈ ਫ਼ਲ ਨਹੀਂ ਮਿਲਦਾ।

17/1783

ਜੋ ਗੱਲ ਗੁਰਮਤਿ ਤੇ ਪੂਰੀ ਨਹੀਂ ਉਤਰਦੀ ਤੇ ਜੋ ਗੱਲ ਗੁਰੂ ਦੇ ਸਮਝਾਉਣ ਤੇ ਵੀ ਅਸੀਂ ਉਸ ਨੂੰ ਨਹੀਂ ਛੱਡਦੇ ਉਸ ਦੁਆਰਾ ਅਸੀਂ ਉਲਟਾ ਪ੍ਰਮਾਤਮਾ ਦੇ ਦਰ ਤੋਂ ਦੂਰ ਜਾਂਦੇ ਹਾਂ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਦ੍ਰਿੜ ਕਰੀਏ ਤੇ ਗਿਣਤੀਆਂ ਮਿਣਤੀਆਂ ਤੇ ਆਪਣਾ ਵਿਸ਼ਵਾਸ ਨਾ ਟਿਕਾਈਏ ਬਲਕਿ ਗੁਰੂ ਦੀ ਦੱਸੀ ਹੋਈ ਗੱਲ ਨੂੰ ਮੰਨਣ ਦਾ ਉਪਰਾਲਾ ਕਰੀਏ ਜਿਸਨੇ ਸਾਨੂੰ ਗੁਰੂ ਦੇ ਨੇੜੇ ਲਗਾਉਣਾ ਹੈ।

ਮਃ ੪॥

{"ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥

ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ॥
ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ॥
ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ॥
ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ॥
ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ॥
ਨਾਨਕ ਤਿਨ੍ਹਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ॥੨॥"}

(ਅੰਗ ੧੨੪੬)

ਪਹਿਲੀ ਪੰਗਤੀ ਰਾਹੀਂ ਹੀ ਸਾਨੂੰ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸ਼ਬਦ ਦੀਆਂ ਗਿਣਤੀਆਂ ਮਿਣਤੀਆਂ ਵਿੱਚ ਪ੍ਰਮਾਤਮਾ ਦੀ ਸੇਵਾ ਨਹੀਂ ਹੋ ਸਕਦੀ ਭਾਵ ਉਸਦਾ ਜੱਸ ਨਹੀਂ ਗਾਇਆ ਜਾ ਸਕਦਾ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ ਤੇ ਇਹੋ ਜਿਹੀਆਂ ਗਿਣਤੀਆਂ ਮਿਣਤੀਆਂ ਸਾਡੀਆਂ ਥਾਇ ਨਹੀਂ ਪੈਂਦੀਆਂ। ਜੋ ਉਸਦੀ ਸੇਵਾ ਕਰਨ ਦਾ ਤਰੀਕਾ ਹੈ, ਉਹੀ ਉਸਦਾ ਨਾਮ ਜਪਣਾ ਹੈ ਤੇ ਉਹੀ ਉਸਦੀ ਭਗਤੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। ਸਭ ਤੋਂ ਭਾਵ ਉਸਦੇ ਸ਼ਬਦ ਦਾ ਵੀਚਾਰੀ ਬਣਨਾ ਹੀ ਹੈ। ਅਸੀਂ ਸ਼ਬਦ ਦਾ ਵੀਚਾਰੀ ਬਣਨ ਦੀ ਬਜਾਇ ਸ਼ਬਦ ਦੀਆਂ ਗਿਣਤੀਆਂ ਮਿਣਤੀਆਂ ਵਿੱਚ ਹੀ ਲੱਗੇ ਰਹਿੰਦੇ ਹਾਂ ਤੇ ਉਸੇ ਨੂੰ ਹੀ ਆਪਣੀ ਭਗਤੀ ਦਾ ਤਰੀਕਾ ਸਮਝਦੇ ਹਾਂ ਜੋ ਕਿ ਲੇਖੇ ਵਿੱਚ ਨਹੀਂ ਪੈਂਦਾ। **(ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥)** ਸਾਡੀ ਇਹੋ ਜਿਹੀ ਸੇਵਾ ਥਾਇ ਕਿਉਂ ਨਹੀਂ ਪੈਂਦੀ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਭਾਵ ਸਾਡੀ ਗਲਤੀ ਨਾਲ ਹੀ ਸਮਝਾਈ ਹੋਈ ਹੈ ਕਿ ਅਸੀਂ ਕਿੱਥੇ ਗਲਤ ਹਾਂ।

"ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ॥"

ਸ਼ਬਦ ਦਾ ਸੁਆਦ ਲੈਣਾ ਕੀ ਹੈ, ਸ਼ਬਦ ਦਾ ਸੁਆਦ ਆਉਣਾ ਕੀ ਹੈ, ਸ਼ਬਦ ਦਾ ਆਨੰਦ ਕਿਸ ਨੂੰ ਕਿਹਾ ਹੈ ਇਸ ਦੀ ਸੋਝੀ ਵੀ ਨਾਲ ਹੀ ਪਾਈ ਹੋਈ ਹੈ। ਸ਼ਬਦ ਨੂੰ ਪੜ੍ਹਨ ਸੁਣਨ ਵਿੱਚ ਸੁਆਦ ਆਉਂਦਾ ਹੈ ਭਾਵ ਸਾਨੂੰ ਆਨੰਦ ਮਹਿਸੂਸ ਹੁੰਦਾ ਹੈ, ਇਸ ਵਿੱਚ ਕੋਈ ਦੋ ਰਾਇ ਨਹੀਂ ਹਨ। ਗੱਲ ਅਸਲ ਆਨੰਦ ਨੂੰ ਸਮਝਣ ਦੀ ਹੈ ਜੋ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। ਗੁਰੂ ਦਾ ਸ਼ਬਦ ਸਾਨੂੰ ਜੋ ਕੁੱਝ ਸਮਝਾਉਂਦਾ ਹੈ ਉਸ ਦੁਆਰਾ ਉਹ ਸਾਨੂੰ ਸੱਚ ਹੀ ਸਮਝਾਉਂਦਾ ਹੈ। ਜੇਕਰ ਗੁਰੂ ਦੇ ਦੱਸੇ ਹੋਏ ਸੱਚ ਨਾਲ ਪਿਆਰ ਜੋੜਦੇ ਹਾਂ ਭਾਵ ਉਸਦੇ ਦੱਸੇ ਹੋਏ ਸੱਚ ਨੂੰ ਕਬੂਲ ਕਰਦੇ ਹਾਂ, ਉਸਦੇ ਬਚਨਾਂ ਨੂੰ

ਕਬੂਲ ਕਰਦੇ ਹਾਂ ਤਾਂ ਫਿਰ ਸਾਡਾ ਸ਼ਬਦ ਦੇ ਨਾਲ ਪਿਆਰ ਜੁੜਦਾ ਹੈ। ਪਿਆਰ ਅਸੀਂ ਅਸਲ ਵਿੱਚ ਗੁਰੂ ਦੀ ਮਤਿ ਦੇ ਨਾਲ ਹੀ ਜੋੜਨਾ ਹੈ, ਸ਼ਬਦ ਦੇ ਦੱਸੇ ਹੋਏ ਸੱਚ ਨਾਲ ਹੀ ਜੋੜਨਾ ਹੈ। ਜੇਕਰ ਸਾਨੂੰ ਗੁਰੂ ਦਾ ਦੱਸਿਆ ਹੋਇਆ ਸੱਚ ਚੰਗਾ ਨਹੀਂ ਲੱਗਾ ਭਾਵ ਉਸਨੂੰ ਮੰਨਣਾ ਨਹੀਂ ਭਾਇਆ ਤਾਂ ਫਿਰ ਸਾਡਾ ਸ਼ਬਦ ਨਾਲ ਮਨੋ ਪਿਆਰ ਨਹੀਂ ਜੁੜਿਆ। ਸ਼ਬਦ ਨੂੰ ਕੇਵਲ ਪੜ੍ਹਨ ਸੁਣਨ ਵਿੱਚ ਆਨੰਦ ਸਮਝਣਾ, ਸੁਆਦ ਮਾਨਣਾ ਕੇਵਲ ਉਸਦਾ ਓਪਰਾ ਸੁਆਦ ਲੈਣ ਵਾਲੀ ਗੱਲ ਹੀ ਹੈ ਜਦਕਿ ਅਸਲ ਸੁਆਦ ਉਹ ਹੈ ਜੋ ਸਾਨੂੰ ਗੁਰੂ ਦੀ ਗੱਲ ਮੰਨਣ ਵਿੱਚ ਆਉਂਦਾ ਹੈ। ਉਸਦੀ ਗੱਲ ਨੂੰ ਮੰਨਣ ਵਿੱਚ, ਸੱਚ ਨੂੰ ਕਬੂਲ ਕਰਨ ਵਿੱਚ, ਮਾਇਆ ਮੋਹ ਵਿੱਚੋਂ ਨਿਕਲਣ ਵਿੱਚ, ਔਗੁਣਾਂ ਵਿੱਚੋਂ ਨਿਕਲਣ ਵਿੱਚ ਸੁਆਦ ਕੋਈ ਵਿਰਲਾ ਹੀ ਮਹਿਸੂਸ ਕਰਦਾ ਹੈ। ਗੁਰੂ ਦਾ ਸ਼ਬਦ ਸਾਨੂੰ ਸਿੱਖਿਆ ਦੇਣ ਲਈ ਹੈ ਤੇ ਅਸਲ ਆਨੰਦ ਉਸਦੀ ਸਿੱਖਿਆ ਮੰਨਣ ਵਿੱਚ ਹੈ ਜੋ ਕਿ ਸ਼ਬਦ ਦਾ ਮਨੋਰਥ ਹੈ, ਗੁਰਬਾਣੀ ਵਿੱਚ ਸ਼ਬਦਾਂ ਨੂੰ ਉਚਾਰਨ ਦਾ ਮਕਸਦ ਹੈ। **(ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ॥)**

ਰਾਮਕਲੀ ਮਹਲਾ ੧॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥}

(ਅੰਗ ੮੭੮)

ਜੋ ਸ਼ਬਦ ਹੈ ਉਹੀ ਨਾਮ ਹੈ। ਸ਼ਬਦ ਨੂੰ ਮੰਨਣਾ ਜਾਂ ਨਾਮ ਨੂੰ ਮੰਨਣਾ ਇੱਕੋ ਹੀ ਗੱਲ ਹੈ ਦੋਨਾਂ ਤੋਂ ਭਾਵ ਗੁਰੂ ਦੀ ਦੱਸੀ ਹੋਈ

ਗੱਲ ਨੂੰ ਮੰਨਣ ਤੋਂ ਹੀ ਹੈ।

{ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ॥ ਨਾਨਕ ਗੁਰਮਤਿ ਸਹਜਿ ਸਮਾਉ॥੪॥੮॥}

(ਅੰਗ ੧੫੩)

ਸ਼ਬਦ ਅਸੀਂ ਗੁਰੂ ਦੇ ਗਾਉਂਦੇ ਹਾਂ, ਉਨ੍ਹਾਂ ਨੂੰ ਪੜ੍ਹਦੇ ਸੁਣਦੇ ਹਾਂ ਪਰ ਗੱਲਾਂ ਅਸੀਂ ਉਨ੍ਹਾਂ ਦੀਆਂ ਮੰਨਦੇ ਹਾਂ ਜਿਨ੍ਹਾਂ ਨੂੰ ਅਸੀਂ ਆਪਣੇ ਧਰਮ ਦੇ ਦਿਲੋਂ ਆਗੂ ਮੰਨਿਆ ਹੋਇਆ ਹੈ। ਆਗੂ ਸਾਡਾ ਉਹੀ ਹੈ ਜਿਸਦੀ ਅਸੀਂ ਗੱਲ ਮੰਨਦੇ ਹਾਂ। ਮੁੱਖੋਂ ਅਸੀਂ ਭਾਵੇਂ ਜੋ ਵੀ ਸ਼ਬਦ ਉਚਾਰੀਏ ਉਹ ਕੇਵਲ ਸਾਡਾ ਓਪਰਾ ਸੁਆਦ ਹੀ ਹੈ। ਪਿਆਰ ਸਾਡਾ ਉਸਦੇ ਨਾਲ ਹੀ ਹੁੰਦਾ ਹੈ ਜਿਸ ਦੀ ਅਸੀਂ ਗੱਲ ਮੰਨਦੇ ਹਾਂ ਤੇ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ॥"

ਸਤਿਗੁਰ ਨਾਲ ਪਿਆਰ, ਸ਼ਬਦ ਨਾਲ ਪਿਆਰ ਸ਼ਬਦ ਦੀ ਮਤਿ ਨਾਲ ਪਿਆਰ ਦਿਖਾਉਣਾ ਹੀ ਹੈ। ਕੇਵਲ ਸ਼ਬਦ ਨੂੰ ਪੜ੍ਹਨ ਸੁਣਨ ਨਾਲ ਭਾਵ

17/1785

ਕੇਵਲ ਸ਼ਬਦ ਦੀਆਂ ਗਿਣਤੀਆਂ ਮਿਣਤੀਆਂ ਗਿਣਨ ਦੇ ਨਾਲ, ਸ਼ਬਦ ਨੂੰ ਵਾਰ-ਵਾਰ ਜਪਣ ਦੇ ਨਾਲ ਸ਼ਬਦ ਨਾਲ ਪਿਆਰ ਨਹੀਂ ਦਿਖਾਇਆ ਜਾ ਸਕਦਾ। ਜੋ ਗੱਲ ਅਸੀਂ ਗੁਰਮਤਿ ਅਨੁਸਾਰ ਨਹੀਂ ਕਰਦੇ ਉੱਥੇ ਕੇਵਲ ਸਾਡੀ ਮਨਮਤਿ ਹੈ, ਮਨਹਠਿ ਹੈ। ਇਸ ਮਨਹਠਿ ਨੂੰ ਛੱਡੇ ਬਿਨ੍ਹਾਂ ਕੋਈ ਇਸ ਸੰਸਾਰ ਤੋਂ ਛੁਟਕਾਰਾ ਨਹੀਂ ਪਾ ਸਕਦਾ। ਛੁਟਕਾਰਾ ਸਾਡਾ ਗੁਰੂ ਨੇ ਹੀ ਕਰਵਾਉਣਾ ਹੈ ਤੇ ਉਹ ਤਾਂ ਹੀ ਹੋਵੇਗਾ ਜਦੋਂ ਗੁਰੂ ਦੀ, ਸ਼ਬਦ ਦੀ ਗੱਲ ਨੂੰ ਮੰਨਾਂਗੇ, ਉਸਦੇ ਦੱਸੇ ਹੋਏ ਸੱਚ ਨਾਲ ਜੁੜਾਂਗੇ, ਉਸਦੀ ਸੱਚੀ ਮਤਿ ਅਨੁਸਾਰ ਚੱਲਣ ਵਿੱਚ ਆਨੰਦ ਮਹਿਸੂਸ ਕਰਾਂਗੇ। ਮੁੱਖੋਂ ਬੋਲ ਬੋਲ ਕੇ ਗਿਣਤੀਆਂ ਮਿਣਤੀਆਂ ਕਰੀ ਜਾਣਾ ਕੇਵਲ ਸਾਡੀ ਮਨਹਠਿ ਹੀ ਹੈ ਜਿਸ ਦੁਆਰਾ ਗੁਰੂ ਨਾਲ ਸੱਚਾ ਪਿਆਰ ਨਹੀਂ ਦਿਖਾਇਆ ਜਾ ਸਕਦਾ। **(ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ॥)**

ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਵੀ ਸਮਝਿਆ ਹੈ ਗਿਣਤੀਆਂ ਮਿਣਤੀਆਂ ਵਿੱਚ ਪੈ ਕੇ ਅਸੀਂ ਆਪਣੇ ਆਪ ਨੂੰ ਹੀ ਉੱਚਾ ਕਰਦੇ ਹਾਂ, ਆਪਣਾ ਹੀ ਮਾਣ ਵਧਾਉਂਦੇ ਹਾਂ, ਆਪਣੀ ਹਉਮੈ ਹੀ ਵਧਾਉਂਦੇ ਹਾਂ, ਆਪਣੀ ਮਨਹਠਿ ਹੀ ਵਧਾਉਂਦੇ ਹਾਂ। ਇਨ੍ਹਾਂ ਗੱਲਾਂ ਨਾਲ ਭਾਵ ਇਹੋ ਜਿਹੇ ਵਿਖਾਵੇ ਨਾਲ, ਇਹੋ ਜਿਹੇ ਭੇਖ ਨਾਲ, ਸਾਡੇ ਇਹੋ ਜਿਹੇ ਵੇਸ ਨਾਲ ਸੰਸਾਰਿਕ ਮਾਣ ਭਾਵੇਂ ਮਿਲਦਾ ਹੈ ਪਰ ਪ੍ਰਮਾਤਮਾ ਦੇ ਦਰ ਤੇ ਸਾਨੂੰ ਇਨ੍ਹਾਂ ਗੱਲਾਂ ਦਾ, ਵਿਖਾਵੇ ਦਾ ਕਿਹੋ ਜਿਹਾ ਮਾਣ ਮਿਲਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ॥"

ਜਿਉਂ ਜਿਉਂ ਅਸੀਂ ਗੁਰਮਤਿ ਅਨੁਸਾਰ ਚੱਲਦੇ ਹਾਂ ਤਿਉਂ ਤਿਉਂ ਅਸੀਂ ਗੁਰੂ ਪ੍ਰਮਾਤਮਾ ਦੇ ਦਰ ਦੇ ਪਾਸੇ ਵੱਧਦੇ ਹਾਂ ਤੇ ਜਿਉਂ ਜਿਉਂ ਅਸੀਂ ਆਪਣੀ ਮਨਹਠਿ ਵਧਾਉਂਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ ਭਾਵ ਜਿਉਂ ਜਿਉਂ ਅਸੀਂ ਆਪਣੇ ਭੇਖ, ਵੇਸ ਦਿਖਾਉਂਦੇ ਹਾਂ, ਚਤੁਰਾਈਆਂ ਦਿਖਾਉਂਦੇ ਹਾਂ ਤਿਉਂ ਤਿਉਂ ਅਸੀਂ ਉਲਟਾ ਗੁਰੂ ਪ੍ਰਮਾਤਮਾ ਦੇ ਦਰ ਤੋਂ ਦੂਰ ਜਾਂਦੇ ਹਾਂ। ਜੇਕਰ ਅਸੀਂ ਇੱਕ ਕਦਮ ਗੁਰਮਤਿ ਦੇ ਉਲਟ ਚੱਲਦੇ ਹਾਂ ਭਾਵ ਜੇ ਅਸੀਂ ਇੱਕ ਕਦਮ ਮਨਹਠਿ ਨਾਲ ਪੁੱਟਦੇ ਹਾਂ ਤਾਂ ਅਸੀਂ ਗੁਰੂ ਦੇ ਦਰ ਤੋਂ ਦਸ ਕਦਮ ਪੁੱਠਾ ਹੀ ਤੁਰਦੇ ਹਾਂ ਭਾਵ ਬਹੁਤ ਦੂਰ ਜਾਂਦੇ ਹਾਂ ਭਾਵ ਸਾਡੇ ਇਹੋ ਜਿਹੇ ਸਾਡੇ

17/1786

ਸਾਰੇ ਭਗਤੀ ਦੇ ਦਿਖਾਵੇ ਸਾਨੂੰ ਪ੍ਰਮਾਤਮਾ ਨਾਲੋਂ ਦੂਰ ਹੀ ਕਰਦੇ ਹਨ। ਜਦ ਤੱਕ ਅਸੀਂ ਗੁਰੂ ਦੇ ਅਸਲ ਮਕਸਦ ਨੂੰ ਨਹੀਂ ਸਮਝਦੇ, ਗੁਰੂ ਦੀ ਅਸਲ ਸੇਵਾ ਕਰਨੀ ਕੀ ਹੈ, ਉਸਦੀ ਚਾਕਰੀ ਕਰਨੀ ਕੀ ਹੈ ਇਸ ਗੱਲ ਨੂੰ ਨਹੀਂ ਸਮਝਦੇ ਤਦ ਤੱਕ ਅਸੀਂ ਗੁਰੂ ਦੇ ਦਰ ਵੱਲ ਨਹੀਂ ਤੁਰ ਸਕਦੇ। ਉਸਦੇ ਦਰ ਵੱਲ ਚੱਲਣਾ ਕੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ॥"

ਗੁਰੂ ਦੀ ਸੇਵਾ, ਉਸਦੀ ਚਾਕਰੀ, ਉਸਨੂੰ ਜਪਣਾ ਉਹੀ ਹੈ ਜੋ ਅਸੀਂ ਹੁਣ ਤਕ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਰੀ ਗੱਲ ਗੁਰੂ ਦੇ ਭਾਣੇ ਅਨੁਸਾਰ ਚੱਲਣ ਦੀ ਹੈ ਤੇ ਉਸਦੇ ਭਾਣੇ ਵਿੱਚ ਚੱਲਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬੜੀ ਬਰੀਕੀ ਨਾਲ ਸਮਝਿਆ ਹੈ। ਗੁਰਮਤਿ ਅਨੁਸਾਰ ਚੱਲਣਾ ਹੀ ਉਸਦੇ ਭਾਣੇ ਅਨੁਸਾਰ ਚੱਲਣਾ ਹੈ, ਪੂਰੀ ਤਰ੍ਹਾਂ ਔਗੁਣ ਰਹਿਤ ਹੋ ਕੇ ਸੱਚੀ ਸੁੱਚੀ ਕਿਰਤ ਕਰਨਾ ਹੀ ਉਸਦੇ ਭਾਣੇ ਵਿੱਚ ਚੱਲਣਾ ਹੈ, ਪ੍ਰਮਾਤਮਾ ਦੇ ਹਰ ਭਾਣੇ ਨੂੰ ਖਿੜੇ ਮੱਥੇ ਕਬੂਲ ਕਰਨਾ ਹੀ ਉਸਦੇ ਭਾਣੇ ਵਿੱਚ ਚੱਲਣਾ ਹੈ। ਪੂਰੀ ਗੁਰਬਾਣੀ ਸਾਨੂੰ ਗੁਰੂ ਪ੍ਰਮਾਤਮਾ ਦਾ ਭਾਣਾ ਹੀ ਸਮਝਾ ਰਹੀ ਹੈ, ਉਸਦੀ ਸੇਵਾ ਚਾਕਰੀ ਹੀ ਸਮਝਾ ਰਹੀ ਹੈ, ਉਸਦਾ ਨਾਮ ਜਪਣਾ ਹੀ ਸਮਝਾ ਰਹੀ ਹੈ। ਉਸਦਾ ਭਾਣਾ ਮੰਨਣ ਲਈ ਕੇਵਲ ਗੁਰੂ ਦੀ ਗੱਲ ਨੂੰ ਪੜ੍ਹ ਸੁਣ ਕੇ ਉਸਨੂੰ ਸਮਝਣ ਦੀ ਲੋੜ ਹੈ ਤੇ ਉਸ ਅਨੁਸਾਰ ਚੱਲਣ ਦੀ ਲੋੜ ਹੈ। ਭਾਣਾ ਮੰਨਣ ਲਈ ਕਿਸੇ ਗਿਣਤੀਆਂ ਮਿਣਤੀਆਂ ਦੀ ਲੋੜ ਨਹੀਂ ਹੈ, ਸ਼ਬਦ ਦੇ ਰੱਟੇ ਲਗਾਉਣ ਦੀ ਲੋੜ ਨਹੀਂ ਹੈ, ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ।

ਸਾਡੇ ਜੀਵਨ ਦਾ ਮਨੋਰਥ ਪ੍ਰਮਾਤਮਾ ਨੂੰ ਪਾਉਣ ਦਾ ਹੈ, ਉਸਦੇ ਵਿੱਚ ਸਮਾਉਣ ਦਾ ਹੈ, ਉਸਦੇ ਨਾਲ ਇੱਕਮਿਕ ਹੋਣ ਦਾ ਹੈ, ਉਸਦੇ ਵਿੱਚ ਅਸੀਂ ਤਾਂ ਹੀ ਸਮਾ ਸਕਦੇ ਹਾਂ ਜੇਕਰ ਸਾਡੇ ਮਨ ਦੀ ਅਵਸਥਾ ਗੁਰੂ ਦੀ ਅਵਸਥਾ ਨਾਲ ਇੱਕ ਹੋ ਜਾਵੇ। ਗੁਰੂ ਦੀ ਅਵਸਥਾ ਸਹਜ ਵਾਲੀ ਅਵਸਥਾ ਹੈ ਭਾਵ ਚੌਥੇ ਪਦ ਵਾਲੇ ਗਿਆਨ ਵਾਲੀ ਅਵਸਥਾ ਹੈ। ਗੁਰੂ ਦੀ ਅਵਸਥਾ ਸਾਡੇ ਨਾਲੋਂ ਬਹੁਤ ਉੱਚੀ ਅਵਸਥਾ ਹੈ ਤੇ

17/1787

ਸਾਡਾ ਗੁਰੂ ਦੇ ਨਾਲ ਭੇਦ ਸਾਡੇ ਮਨ ਦੀ ਅਵੱਸਥਾ ਦੇ ਕਾਰਨ ਹੀ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਕੇਵਲ ਤੇ ਕੇਵਲ ਆਪਣੇ ਮਨ ਦੀ ਅਵੱਸਥਾ ਨੂੰ ਉੱਚਾ ਕਰਨ ਦੀ ਲੋੜ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ॥"

ਅਸੀਂ ਜੋ ਕੁੱਝ ਵੀ ਹਾਂ ਭਾਵ ਸਾਡਾ ਆਪਾ ਆਪਣੀ ਮਤਿ ਦੇ ਦੁਆਰਾ ਹੀ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ। ਆਪਣੀ ਮਤਿ ਨੂੰ ਛੱਡਣਾ ਹੀ, ਆਪਣੀ ਮਨਹਠਿ ਨੂੰ ਛੱਡਣਾ ਹੀ ਆਪਾ ਆਪ ਛੱਡਣਾ ਹੈ, ਆਪਣਾ ਆਪ ਤਿਆਗਣਾ ਹੈ। ਆਪਣੀ ਮਤਿ ਛੱਡੇ ਬਿਨ੍ਹਾਂ ਕੋਈ ਗੁਰੂ ਪ੍ਰਮਾਤਮਾ ਨੂੰ ਨਹੀਂ ਮਿਲ ਸਕਦਾ। "ਗੁਰਮਤਿ" ਸਹਜ ਦੀ ਅਵੱਸਥਾ ਵਿੱਚ ਹੈ ਤੇ ਮਨਮਤਿ ਤ੍ਰੈਗੁਣਾਂ ਵਿੱਚ ਹੈ। ਭੇਦ ਕੇਵਲ ਗਿਆਨ ਦਾ ਹੈ, ਉੱਚੇ ਤੇ ਨੀਵੇਂ ਗਿਆਨ ਦਾ ਹੈ। ਉੱਚੇ ਗਿਆਨ ਦੀਆਂ ਗੱਲਾਂ ਸੁਣਨ ਨਾਲ ਜਾਂ ਉਸਨੂੰ ਵਾਰ-ਵਾਰ ਰਟਣ ਨਾਲ ਸਾਡੇ ਮਨ ਦੀ ਬਿਰਤੀ ਉੱਚੀ ਨਹੀਂ ਹੋ ਸਕਦੀ। ਗੁਰੂ ਜੋ ਗਿਆਨ ਸਾਨੂੰ ਸਮਝਾਉਂਦਾ ਹੈ ਉਸਨੂੰ ਆਪ ਮੰਨਦਾ ਵੀ ਹੈ ਭਾਵ ਉਸ ਤੇ ਅਮਲ ਵੀ ਕਰਦਾ ਹੈ ਭਾਵ ਜੋ ਗੁਰੂ ਦੀ ਕਥਨੀ ਹੈ ਉਹੀ ਉਸਦੀ ਕਰਨੀ ਹੈ। ਅਸੀਂ ਕਥਨੀ ਤਾਂ ਗੁਰੂ ਵਾਲੀ, ਸ਼ਬਦ ਵਾਲੀ ਕਰੀ ਜਾਂਦੇ ਹਾਂ ਪਰ ਸਾਡੀ ਕਰਨੀ ਗੁਰੂ ਵਾਲੀ ਨਹੀਂ ਹੈ। ਕਰਨੀ ਸਾਡੀ ਮਨਮਤਿ ਵਾਲੀ ਹੀ ਹੈ। ਕੇਵਲ ਤੇ ਕੇਵਲ ਆਪਣੀ ਕਰਨੀ ਨੂੰ ਸੁਧਾਰਨ ਦੀ ਲੋੜ ਹੈ। ਅਸੀਂ ਕੇਵਲ ਉੱਦਮ ਹੀ ਕਰ ਸਕਦੇ ਹਾਂ ਤੇ ਸਾਡਾ ਇਹ ਉੱਦਮ ਸੱਚੇ ਮਨੋਂ ਹੋਣਾ ਚਾਹੀਦਾ ਹੈ। ਇਹ ਕਥਨੀ ਦਾ ਮਾਰਗ ਨਹੀਂ ਹੈ ਇਹ ਕਰਨੀ ਦਾ ਮਾਰਗ ਹੈ। ਉਸ ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਰੱਖ ਕੇ ਉਸ ਅਨੁਸਾਰ ਵਿਚਰਨ ਦਾ ਹੈ, ਸਹਜ ਦੀ ਮਤਿ ਨੂੰ ਮੰਨਣ ਦਾ ਹੈ ਤੇ ਤਾਂ ਹੀ ਪ੍ਰਮਾਤਮਾ ਆਪਣੀ ਕ੍ਰਿਪਾ ਕਰਕੇ ਸਾਨੂੰ ਆਪਣੀ ਅਵੱਸਥਾ ਵਾਲਾ, ਸਹਜ ਦੀ ਅਵੱਸਥਾ ਵਾਲਾ ਬਣਾਉਂਦਾ ਹੈ ਤੇ ਇਸ ਅਵੱਸਥਾ ਦੁਆਰਾ ਹੀ ਉਸ ਪ੍ਰਮਾਤਮਾ ਦੇ ਨਾਲ ਮਿਲਿਆ ਜਾ ਸਕਦਾ ਹੈ, ਉਸ ਵਿੱਚ ਸਮਾਇਆ ਜਾ ਸਕਦਾ ਹੈ। **(ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ॥)**

17/1788

ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪਣੀ ਸੱਚੀ ਮਤਿ ਹੀ ਬਖ਼ਸ਼ਦਾ ਹੈ, ਸਹਜ ਦੀ ਅਵੱਸਥਾ ਵਾਲੀ, ਚੌਥੇ ਪਦ ਦੇ ਗਿਆਨ ਵਾਲੀ ਮਤਿ ਹੀ ਬਖ਼ਸ਼ਦਾ ਹੈ ਤੇ ਇਹੀ ਨਾਮ ਦੀ ਪ੍ਰਾਪਤੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਨਾਨਕ ਤਿਨ੍ਹਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ॥੨॥"

ਨਾਮ ਪ੍ਰਮਾਤਮਾ ਦੇ ਸੱਚੇ ਮੇਲ ਦੁਆਰਾ ਹੀ ਮਿਲਦਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਸਹਜ ਵਾਲੀ ਅਵੱਸਥਾ ਦੁਆਰਾ ਹੀ

ਮਿਲਦਾ ਹੈ। ਇੱਕ ਵਾਰੀ ਨਾਮ ਮਿਲ ਜਾਵੇ ਤਾਂ ਉਹ ਕਦੇ ਵਿਸਰ ਨਹੀਂ ਸਕਦਾ ਭਾਵ ਮਨ ਦੇ ਵਿੱਚ ਪ੍ਰਮਾਤਮਾ ਆਪਣੀ ਗੁਰਮਤਿ ਨੂੰ ਦ੍ਰਿੜ ਕਰ ਦਿੰਦਾ ਹੈ ਤੇ ਉਸ ਤੋਂ ਬਾਅਦ ਮਨੁੱਖ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਹੀ, ਉਸਦੇ ਭਾਣੇ ਅਨੁਸਾਰ ਹੀ ਵਿਚਰਦਾ ਹੈ। ਇਹੋ ਜਿਹੀ ਅਵੱਸਥਾ ਦੁਆਰਾ ਮਨੁੱਖ ਫਿਰ ਕਦੇ ਗਿਣਤੀਆਂ ਮਿਣਤੀਆਂ ਵਿੱਚ ਨਹੀਂ ਪੈ ਸਕਦਾ, ਸਰੀਰਕ ਜਪਾਂ ਤਪਾਂ ਵਿੱਚ ਨਹੀਂ ਪੈ ਸਕਦਾ ਕਿਉਂਕਿ ਉਸ ਨੂੰ ਮਨ ਦੇ ਵਿੱਚ ਸਮਝਾਉਣ ਵਾਲਾ ਆਪ ਪ੍ਰਮਾਤਮਾ ਮਿਲ ਜਾਂਦਾ ਹੈ ਤੇ ਸੱਚ ਦੀ ਸਮਝ ਪੈ ਜਾਂਦੀ ਹੈ, ਆਪਣੇ ਜੀਵਨ ਦੇ ਮਨੋਰਥ ਦੀ ਸਮਝ ਪੈ ਜਾਂਦੀ ਹੈ। ਗੁਰੂ ਸਾਹਿਬਾਨਾਂ ਨੇ, ਉਸਦੇ ਭਗਤਾਂ ਨੇ ਇਹੋ ਜਿਹਾ ਸੁੱਚਾ ਜੀਵਨ ਹੀ ਜੀਵਿਆ ਹੈ ਤੇ ਉਸੇ ਦਾ ਹੀ ਸਭ ਨੂੰ ਉਪਦੇਸ਼ ਦਿੱਤਾ ਹੈ। ਨਾ ਉਨ੍ਹਾਂ ਨੇ ਆਪ ਸਰੀਰਕ ਜਪ ਤਪ ਕੀਤੇ ਹਨ ਤੇ ਨਾ ਹੀ ਸਾਨੂੰ ਇਹ ਕੁੱਝ ਕਰਨ ਲਈ ਸਮਝਾਇਆ ਹੈ। ਉਲਟਾ ਇਨ੍ਹਾਂ ਨੂੰ ਸਾਡੀਆਂ ਚਤੁਰਾਈਆਂ ਦੱਸਿਆ ਹੈ, ਸਾਡੇ ਪਾਖੰਡ ਹੀ ਦੱਸਿਆ ਹੈ। ਇਨ੍ਹਾਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਦਰ ਵੱਲ ਨਹੀਂ ਤੁਰ ਸਕਦੇ, ਗੁਰਮਤਿ ਦੇ ਦਰ ਵੱਲ ਨਹੀਂ ਤੁਰ ਸਕਦੇ ਉਲਟਾ ਦਸ ਕਦਮ ਪਿੱਛੇ ਨੂੰ ਹੀ ਜਾਂਦੇ ਹਾਂ। ਇਹ ਗੁਰੂ ਸਾਹਿਬ ਦਾ ਆਪਣਾ ਫੁਰਮਾਨ ਹੈ ਜੋ ਕਿ ਅਸੀਂ ਉੱਪਰ ਸ਼ਬਦ ਦੁਆਰਾ ਸਮਝਿਆ ਹੈ। ਅਸੀਂ ਗੁਰੂ ਦੀ ਗੱਲ ਤੇ ਯਕੀਨ ਤਾਂ ਹੀ ਕਰ ਪਾਵਾਂਗੇ ਜੇਕਰ ਸਾਨੂੰ ਗੁਰੂ ਨਾਲ ਦਿਲੋਂ ਪਿਆਰ ਹੈ ਨਾ ਕਿ ਉਨ੍ਹਾਂ ਦੇ ਨਾਲ ਜੋ ਸਾਨੂੰ ਗਿਣਤੀਆਂ ਮਿਣਤੀਆਂ ਵਿੱਚ ਹੀ ਪਾਉਂਦੇ ਹਨ, ਸਰੀਰਕ ਜਪਾਂ ਤਪਾਂ ਵਿੱਚ ਹੀ ਪਾਉਂਦੇ ਹਨ।

17/1789

ਅਸੀਂ ਪਿਛਲੇ ਸ਼ਬਦਾਂ ਦੁਆਰਾ ਸਾਡੇ ਵੇਸ ਕੀ ਹਨ, ਭੇਖ ਕੀ ਹਨ ਜਿੰਨ੍ਹਾਂ ਨੂੰ ਬਾਣੀ ਵਿੱਚ ਖੰਡਿਆ ਹੋਇਆ ਹੈ ਇਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਮੁੱਖ ਸ਼ਬਦ ਨੂੰ ਸਮਝਣ ਲਈ ਅਸੀਂ ਇਨ੍ਹਾਂ ਉਪਰਲੀਆਂ ਗੱਲਾਂ ਨੂੰ ਸਮਝਿਆ ਹੈ ਜਿੱਥੋਂ ਕਿ ਸਾਨੂੰ ਆਪਣੇ ਵੇਸ, ਭੇਖ ਤੇ ਚਤੁਰਾਈ ਛੱਡਣ ਲਈ ਸਮਝਾਇਆ ਹੈ ਜਿਸ ਨੂੰ ਕਿ ਸਾਡੀ ਦੁਬਿਧਾ ਦੱਸਿਆ ਹੋਇਆ ਹੈ। ਸਾਡੀਆਂ ਚਤੁਰਾਈਆਂ ਕੀ ਹਨ ਜਿੰਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੀਆਂ ਕੁੱਝ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਮੁੱਖ ਸ਼ਬਦ ਦੀ ਵਿਚਾਰ ਨੂੰ ਧਿਆਨ ਨਾਲ ਸਮਝ ਸਕੀਏ।

ਆਸਾ ਮਹਲਾ ੧॥

{"ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥
ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ॥੧॥"}

(ਅੰਗ ੪੧੨)

ਕਬੀਰ ਜੀ ਗਉੜੀ॥

{"ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥ਰਹਾਉ॥"}

(ਅੰਗ ੩੨੪)

{"ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥"}

(ਅੰਗ ੧੫੧)

{"ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥੫॥"}

(ਅੰਗ ੩੫੬)

ਇਨ੍ਹਾਂ ਸਾਰੇ ਸ਼ਬਦਾਂ ਦੇ ਅਰਥ ਅਸੀਂ ਬਰੀਕੀ ਨਾਲ ਜਾਣ ਚੁੱਕੇ ਹਾਂ। ਕੇਵਲ ਗੁਰੂ ਦੀ ਗੱਲ ਤੇ ਯਕੀਨ ਕਰਨ ਦੀ ਲੋੜ ਹੈ ਜੋ ਕਿ ਸਾਡੇ ਲਈ ਸਭ ਤੋਂ ਔਖੀ ਗੱਲ ਹੈ। ਸਾਡੇ ਸਾਰੇ ਜਪ

17/1790

ਤਪ ਭਾਵ ਸਰੀਰਕ ਜਪ ਤਪ ਭਾਵੇਂ ਉਹ ਕਿਸ ਰੂਪ ਵਿੱਚ ਹੀ ਹਨ ਭਾਵੇਂ ਉਹ ਕਿਸੇ ਵੀ ਧਰਮ ਵਿੱਚ ਆਸਥਾ ਰੱਖਣ ਵਾਲਾ ਕਰਦਾ ਹੈ ਉਸਨੂੰ ਸਾਡੀ ਚਤੁਰਾਈ ਹੀ ਦੱਸਿਆ ਹੈ। ਸਿੱਖ ਜਗਤ ਇਸ ਤੋਂ ਕੋਈ ਬਾਹਰ ਨਹੀਂ ਹੈ। ਗੱਲ ਕੇਵਲ ਕਥਨੀ ਤੇ ਕਰਨੀ ਨੂੰ ਸਮਝਣ ਵਿੱਚ ਹੈ, ਵਿਖਾਵੇ ਤੇ ਅਸਲੀਅਤ ਨੂੰ ਸਮਝਣ ਦੀ ਹੈ। ਜਿੱਥੇ ਦਿਖਾਵਾ ਹੈ ਉੱਥੇ ਕੇਵਲ ਸਾਡੀ ਚਤੁਰਾਈ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਚਤੁਰਾਈ ਹੈ। ਜੋ ਮਾਰਗ ਗੁਰਮਤਿ ਦੇ ਉਲਟ ਹੈ ਉਹ ਕੇਵਲ ਮਨਮਤਿ ਹੈ, ਚਤੁਰਾਈ ਹੈ ਜਿਸ ਦਾ ਮੂਲ ਕਾਰਨ ਸਾਡੇ ਮਨ ਦੀ ਦੁਬਿਧਾ ਹੈ ਜੋ ਕਿ ਸਾਨੂੰ ਮੁੱਖ ਸ਼ਬਦ ਰਾਹੀਂ ਸਮਝਾਇਆ ਹੈ। ਆਓ ਹੁਣ ਮੁੱਖ ਸ਼ਬਦ ਨੂੰ ਧਿਆਨ ਨਾਲ ਵਿਚਾਰੀਏ ਤੇ ਸਮਝੀਏ ਕਿ ਗੁਰੂ ਸਾਹਿਬ ਸਾਨੂੰ ਕਿਹੋ ਜਿਹੀ ਭਗਤੀ ਸਮਝਾ ਰਹੇ ਹਨ, ਪ੍ਰਮਾਤਮਾ ਨੂੰ ਪਾਉਣ ਲਈ ਕਿਹੋ ਜਿਹਾ ਮਾਰਗ ਸਮਝਾ ਰਹੇ ਹਨ।

ਸੋਰਠਿ ਮਹਲਾ ੧॥

"ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥"

(ਅੰਗ ੫੯੮)

ਪਹਿਲੀਆਂ ਪੰਗਤੀਆਂ ਦੇ ਅਰਥ ਅਸੀਂ ਪਿੱਛੇ ਜਾਣੇ ਹਨ ਜਿੱਥੇ ਸਾਨੂੰ ਸਾਡੇ ਜੀਵਨ ਦਾ ਮਨੋਰਥ ਸਮਝਾਇਆ ਹੋਇਆ ਹੈ। ਸਾਡੇ ਜੀਵਨ ਦਾ ਮਨੋਰਥ "ਜਲ ਨਿਧਿ" ਰੂਪ ਅੰਮ੍ਰਿਤ ਦੀ ਪ੍ਰਾਪਤੀ ਕਰਨਾ ਹੈ ਜਿਸ ਦੀ ਪ੍ਰਾਪਤੀ ਕੇਵਲ ਗੁਰੂ ਦੇ ਰਾਹੀਂ ਹੀ ਹੋ ਸਕਦੀ ਹੈ। ਇਹ ਪ੍ਰਾਪਤੀ ਅਸੀਂ ਕਿਵੇਂ ਕਰਨੀ ਹੈ ਇਸਨੂੰ ਹੀ ਗਹਿਰਾਈ ਨਾਲ ਸਮਝਣ ਦੀ ਲੋੜ ਹੈ ਜੋ ਕਿ ਉੱਪਰ ਨਾਲ ਹੀ ਸਮਝਾਇਆ ਹੋਇਆ ਹੈ।

“ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥”

ਸਾਡਾ ਵੇਸ ਕਿਸ ਨੂੰ ਕਿਹਾ ਹੈ, ਭੇਖ ਕਿਸ ਨੂੰ ਕਿਹਾ ਹੈ, ਚਤੁਰਾਈ ਕਿਸ ਨੂੰ ਕਿਹਾ ਹੈ ਇਸੇ ਗੱਲ ਨੂੰ ਹੀ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਜਿਸ ਨੂੰ ਕਿ ਸਾਡੀ ਦੁਬਿਧਾ ਦੱਸਿਆ ਹੈ ਭਾਵ ਸਾਡੀ ਦੁਬਿਧਾ ਦਾ ਨਤੀਜਾ ਦੱਸਿਆ ਹੈ। ਦੁਬਿਧਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਕੋਈ ਵੀ ਨਹੀਂ ਪਾ ਸਕਦਾ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਗਹਿਰਾਈ ਨਾਲ ਸਮਝਿਆ ਹੈ ਕਿ ਦੁਬਿਧਾ ਕੀ ਹੈ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਇਸ ਮਨ ਦੀ ਦੁਬਿਧਾ ਕਰਕੇ

17/1791

ਹੀ ਹੈ। ਦੁਬਿਧਾ ਆਪਣੇ ਆਪ ਵਿੱਚ ਕੇਵਲ ਸਾਡੇ ਮਨ ਦੀ ਇੱਕ ਅਵੱਸਥਾ ਹੈ ਜੋ ਸਾਨੂੰ ਆਪਣੇ ਅਨੁਸਾਰ ਚਲਾਉਂਦੀ ਹੈ। ਇਹ ਸਾਡੇ ਮਨ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਵਿੱਚੋਂ ਨਿਕਲਣਾ ਸਭ ਤੋਂ ਔਖਾ ਕੰਮ ਹੈ। ਸਾਨੂੰ ਗੁਰਮਤਿ ਤੋਂ ਦੂਸਰੇ ਪਾਸੇ ਇਹ ਮਨ ਦੀ ਦੁਬਿਧਾ ਹੀ ਤੋਰਦੀ ਹੈ ਜਿਸ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ, ਧਰਮ ਦੇ ਮਾਰਗ ਦੀ ਸੱਚਾਈ ਤੋਂ ਦੂਰ ਰੱਖਣ ਦਾ ਹੈ ਭਾਵ ਇਸਦਾ ਮਕਸਦ ਸਾਨੂੰ ਉਲਝਾਉਣਾ ਹੀ ਹੈ। ਇਹੀ ਸਾਡੇ ਮਨ ਦੀ ਠਗਉਰੀ ਹੈ, ਮੋਹ ਠਗਉਰੀ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਮੋਹ ਮਾਇਆ ਦੇ ਜਾਲ ਵਿੱਚ ਰੱਖਿਆ ਹੋਇਆ ਹੈ।ਇਸ ਵਿੱਚੋਂ ਨਿਕਲਣਾ ਬਹੁਤ ਬਹੁਤ ਬਹੁਤ ਹੀ ਔਖਾ ਹੈ। ਸਾਡੀ ਇਹ ਮਨ ਦੀ ਦੁਬਿਧਾ ਬਿਲਕੁਲ ਸੱਚੀ ਗੱਲ ਨੂੰ ਵੀ ਮੰਨਣ ਨਹੀਂ ਦਿੰਦੀ ਕਿਉਂਕਿ ਇਸਦੇ ਵਿੱਚ ਵੀ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ। ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਆਪਣੀ ਸੱਚਾਈ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਹੀ ਆਪਣਾ ਪੜਦਾ ਖੋਲਿਆ ਹੋਇਆ ਹੈ ਭਾਵ ਆਪਣਾ ਸੱਚ ਸਮਝਾਇਆ ਹੋਇਆ ਹੈ। ਗੁਰਬਾਣੀ ਦੁਬਿਧਾ ਤੋਂ ਬਾਹਰ ਹੈ ਤੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣ ਦਾ ਸੱਚਾ ਮਾਰਗ ਸਮਝਾ ਰਹੀ ਹੈ। ਅਸੀਂ ਜੋ ਕੁੱਝ ਵੀ ਹੁਣ ਤੱਕ ਭਾਵ ਸਦੀਆਂ ਤੋਂ ਜੋ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਸਮਝਦੇ ਆਏ ਹਾਂ ਉਸਨੂੰ ਖੰਡਿਆ ਹੋਇਆ ਹੈ ਤੇ ਸਮਝਾਇਆ ਹੈ ਕਿ ਇਸ ਮਾਰਗ ਨੂੰ ਛੱਡਣ ਦੀ ਲੋੜ ਹੈ। ਜੋ ਵੀ ਸਾਡੇ ਵੇਸ ਦੱਸੇ ਹਨ, ਭੇਖ ਦੱਸੇ ਹਨ, ਚਤੁਰਾਈਆਂ ਦੱਸੀਆਂ ਹਨ ਇਹਨਾਂ ਨੂੰ ਛੱਡਣ ਦੀ ਲੋੜ ਹੈ ਭਾਵ ਸਭ ਸਰੀਰਕ ਜਪ ਤਪ, ਗਿਣਤੀਆਂ ਮਿਣਤੀਆਂ ਆਦਿ, ਸ਼ਬਦ ਦੇ ਰੱਟੇ ਲਗਾਈ ਜਾਣਾ ਆਦਿ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਨਹੀਂ ਹੈ। ਇਹ ਕੇਵਲ ਸਾਡੇ ਮਨ ਦੀ ਦੁਬਿਧਾ ਦਾ ਨਤੀਜਾ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਇਹੋ ਜਿਹੇ ਮਾਰਗ ਤੇ ਚੱਲਣ ਦੁਆਰਾ ਜਿਸਨੂੰ ਕਿ ਅਸੀਂ ਭਗਤੀ ਦਾ ਮਾਰਗ ਸਮਝੀ ਬੈਠੇ ਹਾਂ, ਇਸ ਵਿੱਚ ਰਹਿੰਦਿਆਂ ਸਾਨੂੰ ਉਸ ਫਲ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਅੰਮ੍ਰਿਤ ਫਲ

17/1792

ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਸ ਦੀ ਪ੍ਰਾਪਤੀ ਸਾਡੇ ਜੀਵਨ ਦਾ ਮਨੋਰਥ ਹੈ। **(ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥੧॥)** ਉਪਰਲੀ ਪੰਗਤੀ ਰਾਹੀਂ ਹੁਣ ਇਹ ਗੱਲ ਹੋਰ ਵੀ ਧਿਆਨ ਨਾਲ ਸਮਝੋ ਕੀ ਉਹਨਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਜਾ ਕੋਈ ਪਾ ਸਕਦਾ ਹੈ ਜਿੰਨ੍ਹਾਂ ਨੇ ਇਹ ਵੇਸ, ਭੇਖ ਜਾਂ ਚਤੁਰਾਈਆਂ ਕੀਤੀਆਂ ਹਨ ਤੇ ਹੁਣ ਵੀ ਜੋ ਇਹੀ ਕੁੱਝ ਕਰ ਰਹੇ ਹਨ। ਤਾਂ ਹੀ ਸਾਨੂੰ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਕਿਸੇ ਵੀ ਜਪੀਏ ਤਪੀਏ ਨੇ ਉਸਨੂੰ ਨਹੀਂ ਪਾਇਆ ਤੇ ਨਾ ਹੀ ਕੋਈ ਪਾ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਫੁਰਮਾਨ ਹੈ ਜਿਸਨੂੰ ਜਪੀਏ ਤਪੀਏ ਪਾਉਣ ਦੀਆਂ ਗੱਲਾਂ ਕਰਦੇ ਹਨ। ਉਸਨੂੰ ਪਾਉਣ ਦੀਆਂ ਗੱਲਾਂ ਕਰਨੀਆਂ ਵੀ ਕੇਵਲ ਮਨ ਦੀ ਦੁਬਿਧਾ ਹੈ ਹੋਰ ਕੁੱਝ ਵੀ ਨਹੀਂ। ਇਹੋ ਜਿਹਿਆਂ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਣਾ ਵੀ ਸਾਡੇ ਮਨ ਦੀ ਦੁਬਿਧਾ ਹੈ ਤੇ ਇਹ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ

ਕਿ ਅਸੀਂ ਕਿਸ ਦੇ ਪਿੱਛੇ ਲੱਗਣਾ ਹੈ।

“ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥

ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ਰਹਾਉ॥”

ਪ੍ਰਮਾਤਮਾ ਆਪ ਨਿਰਗੁਣ ਰੂਪ ਹੈ ਜਿਸ ਦੁਆਰਾ ਉਹ ਸਭ ਜਗ੍ਹਾਂ ਵਿਚਰਦਾ ਹੈ। ਉਸਦਾ ਨਿਰਗੁਣ ਰੂਪ ਕੀ ਹੈ ਇਸਦੀ ਸੋਝੀ ਕੇਵਲ ਗੁਰਬਾਣੀ ਦੇ ਕੋਲ ਹੀ ਹੈ ਤੇ ਪੂਰੇ ਸੰਸਾਰ ਵਿੱਚ ਹੋਰ ਕੋਈ ਨਹੀਂ ਜੋ ਸਾਨੂੰ ਇਹ ਸਮਝਾ ਸਕੇ ਕਿ ਪ੍ਰਮਾਤਮਾ ਸਭ ਜਗ੍ਹਾ ਕਿਸ ਰੂਪ ਵਿੱਚ ਹੈ ਭਾਵ ਪ੍ਰਮਾਤਮਾ ਦਾ ਨਿਰਗੁਣ ਰੂਪ ਕੀ ਹੈ ਤੇ ਉਸਦੇ ਨਾਲ ਮੇਲ ਕਿਸ ਰੂਪ ਵਿੱਚ ਹੈ। ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਤੇ ਉਸਨੂੰ ਪਾਉਣ ਦੇ ਸਰਗੁਣ ਰੂਪ ਠਿਕਾਣੇ ਦੀਆਂ ਗੱਲਾਂ ਕਰਦੇ ਹਨ, ਕਿਸੇ ਸਰਗੁਣ ਰੂਪ ਦੀਆਂ ਗੱਲਾਂ ਕਰਦੇ ਹਨ ਜੋ ਕਿ ਕੇਵਲ ਮਨ ਦੀ ਦੁਬਿਧਾ ਦੀ ਉਪਜ ਹੈ ਹੋਰ ਕੁੱਝ ਵੀ ਨਹੀਂ। ਇਹੋ ਜਿਹੇ ਪ੍ਰਮਾਤਮਾ ਦੀਆਂ ਗੱਲਾਂ ਕਰਨ ਵਾਲੇ ਸਾਨੂੰ ਜਪਾਂ ਤਪਾਂ ਵਿੱਚ ਹੀ ਪਾਉਂਦੇ ਹਨ, ਗਿਣਤੀਆਂ ਮਿਣਤੀਆਂ ਵਿੱਚ ਹੀ ਪਾਉਂਦੇ ਹਨ। ਆਪ ਭੇਖ ਵੇਸ

17/1793

ਚਤੁਰਾਈਆਂ ਕਰਦੇ ਹਨ ਤੇ ਉਹੀ ਕੁੱਝ ਦੂਸਰਿਆਂ ਨੂੰ ਸਿਖਾਉਂਦੇ ਹਨ। ਜਦ ਤੱਕ ਅਸੀਂ ਗੁਰੂ ਦੀ ਮਤਿ ਤੇ ਥਿਰ ਨਹੀਂ ਹੁੰਦੇ ਭਾਵ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜਦੇ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਮਾਰਗ ਤੇ ਨਹੀਂ ਚੱਲ ਸਕਦੇ। **(ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥)** ਪ੍ਰਮਾਤਮਾ ਨੇ ਜਦੋਂ ਮਿਲਣਾ ਹੈ ਉੱਥੋਂ ਹੀ ਮਿਲਣਾ ਹੈ ਜਿਸ ਜਗ੍ਹਾਂ ਤੇ ਉਸਦਾ ਸਾਡੇ ਅੰਦਰ ਟਿਕਾਣਾ ਹੈ। ਜਿਸ ਅੰਮ੍ਰਿਤ ਫਲ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਕਿਤੇ ਬਾਹਰੋਂ ਲੱਭਣ ਨਾਲ ਨਹੀਂ ਮਿਲਣਾ, ਕਿਸੇ ਖਾਸ ਟਿਕਾਣੇ ਤੇ ਨਹੀਂ ਮਿਲਣਾ, ਕਿਸੇ ਸਰਗੁਣ ਰੂਪ ਵਿੱਚ ਨਹੀਂ ਮਿਲਣਾ। ਉਹ ਅੰਮ੍ਰਿਤ ਫਲ ਸਾਡੇ ਘਟਿ ਦੇ ਵਿੱਚ ਹੀ ਹੈ, ਮਨ ਦੇ ਵਿੱਚ ਹੀ ਹੈ। ਜਦੋਂ ਅਸੀਂ ਗੁਰੂ ਦੀ ਮਤਿ ਤੇ ਥਿਰ ਹੋ ਕੇ, ਉਸ ਤੇ ਪੂਰਨ ਵਿਸ਼ਵਾਸ ਰੱਖ ਕੇ, ਵੇਸ ਭੇਖ ਚਤੁਰਾਈਆਂ ਛੱਡ ਕੇ ਉਸ ਅਨੁਸਾਰ ਵਿਚਰਾਂਗੇ ਤਾਂ ਫਿਰ ਪ੍ਰਮਾਤਮਾ ਦੀ ਕਿਰਪਾ ਦੇ ਨਾਲ ਇਸ ਫ਼ਲ ਦੀ ਪ੍ਰਾਪਤੀ ਆਪਣੇ ਅੰਦਰੋਂ ਹੀ ਹੁੰਦੀ ਹੈ, ਮਨ ਦੇ ਵਿੱਚੋਂ ਹੀ ਹੁੰਦੀ ਹੈ, ਜਲਨਿਧਿ ਰੂਪ ਵਿੱਚ ਹੀ ਹੁੰਦੀ ਹੈ ਭਾਵ ਬ੍ਰਹਮ ਗਿਆਨ ਦੇ ਖਜ਼ਾਨੇ ਦੇ ਰੂਪ ਵਿੱਚ ਹੀ ਹੁੰਦੀ ਹੈ। ਜਿੰਨ੍ਹਾਂ ਨੂੰ ਇਸ ਖਜ਼ਾਨੇ ਦੀ ਪ੍ਰਾਪਤੀ ਹੋਈ ਹੈ, ਇਸ ਜਲਨਿਧਿ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੇ ਹੀ ਇਸ ਗੁਰਬਾਣੀ ਨੂੰ ਜਲਨਿਧਿ ਦੇ ਨਾਲ ਭਰਿਆ ਹੈ, ਅੰਮ੍ਰਿਤ ਦੇ ਨਾਲ ਭਰਿਆ ਹੈ। ਇਸੇ ਲਈ ਪੂਰੀ ਗੁਰਬਾਣੀ ਅੰਮ੍ਰਿਤ ਦਾ ਸਰੋਵਰ ਹੈ। **(ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ਰਹਾਉ॥)**

ਜਿਵੇਂ ਕਿ ਇਸ ਲੇਖ ਦੇ ਸ਼ੁਰੂ ਦੇ ਵਿੱਚ ਹੀ ਇਹ ਗੱਲ ਕਹੀ ਹੋਈ ਹੈ ਕਿ ਗੁਰਬਾਣੀ ਰੂਪ ਅੰਮ੍ਰਿਤ ਸਰੋਵਰ ਨੂੰ ਜਿਸ ਮਨ ਦੀ ਸੋਝੀ ਦੁਆਰਾ ਭਰਿਆ ਹੋਇਆ ਹੈ ਉਹੋ ਜਿਹੀ ਮਨ ਦੀ ਸੋਝੀ ਦੁਆਰਾ ਹੀ ਇਸ ਅੰਮ੍ਰਿਤ ਸਰੋਵਰ ਵਿੱਚੋਂ ਜਲ ਨੂੰ ਕੱਢਿਆ ਜਾ ਸਕਦਾ ਹੈ ਭਾਵ ਉਸਨੂੰ ਸਮਝਿਆ ਜਾ ਸਕਦਾ ਹੈ। ਇਹ ਜਲ ਸੱਚੇ ਗਿਆਨ ਦਾ ਖਜ਼ਾਨਾ ਹੈ, “ਜਲ ਨਿਧਿ” ਹੈ ਤੇ ਜਿਸ ਮਨ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਇਹ ਸੱਚੇ ਗਿਆਨ ਦਾ ਖਜ਼ਾਨਾ ਪਾਉਂਦਾ ਹੈ ਉਹੀ ਗੁਰਬਾਣੀ ਦੇ ਜਲ ਨਿਧਿ ਨੂੰ ਜਾਣ ਸਕਦਾ ਹੈ। ਮਨ ਦੀ ਇਹ ਸੋਝੀ ਹੀ ਅੰਮ੍ਰਿਤ ਫਲ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਮਨ ਦੇ ਵਿੱਚ ਉਸ ਦੇ ਨਾਲ ਗਿਆਨ ਰੂਪ ਵਿੱਚ ਹੀ ਹੁੰਦੀ ਹੈ।

17/1794

ਜੋ ਗਿਆਨ ਦਾ ਮਾਲਕ ਹੈ ਉਹ ਆਪ ਹੀ ਆਪਣੀ ਗੱਲ ਸਮਝਾ ਸਕਦਾ ਹੈ। ਜਿਸ ਨੇ ਆਪ ਪ੍ਰਗਟ ਹੋ ਕੇ ਗੁਰਬਾਣੀ ਲਿਖਵਾਈ ਹੈ ਉਹ ਆਪ ਹੀ ਪ੍ਰਗਟ ਹੋ ਕੇ ਇਸ ਦੇ ਅਰਥ ਸਮਝਾ ਸਕਦਾ ਹੈ। ਨਾ ਹੀ ਕਿਸੇ ਮਨੁੱਖ ਦੀ ਇਹ ਆਪਣੀ ਉਚਾਰੀ ਹੋਈ ਬਾਣੀ ਹੈ ਤੇ ਨਾ ਹੀ ਆਪਣੇ ਆਪ ਇਸ ਗੁਰਬਾਣੀ ਨੂੰ ਕੋਈ ਸਮਝ ਸਕਦਾ ਹੈ। ਇਹ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ। ਗੁਰਪ੍ਰਸਾਦਿ ਨਾਲ ਹੀ ਗੁਰਬਾਣੀ ਦੀ ਰਚਨਾ ਹੋਈ ਹੈ ਤੇ ਗੁਰਪ੍ਰਸਾਦਿ ਨਾਲ ਹੀ ਇਸਨੂੰ ਸਮਝਿਆ ਜਾ ਸਕਦਾ ਹੈ। ਮਨੁੱਖ ਦੇ ਆਪਣੇ ਹੱਥ ਵੱਸ ਕੁੱਝ ਵੀ ਨਹੀਂ ਤੇ ਅਸਲ ਵਿੱਚ ਮਨੁੱਖ ਦੀ ਆਪਣੀ ਕੋਈ ਹੋਂਦ ਹੈ ਹੀ ਨਹੀਂ। ਇਸ ਗੱਲ ਨੂੰ ਕੇਵਲ ਗੁਰਪ੍ਰਸਾਦਿ ਦੁਆਰਾ ਸਮਝਿਆ ਜਾ ਸਕਦਾ ਹੈ।

ਇੱਕ ਗੱਲ ਦ੍ਰਿੜ ਕਰ ਕੇ ਚੱਲੋ ਕਿ ਪ੍ਰਮਾਤਮਾ ਦੇ ਨਾਲ ਇਸ ਰਹਿੰਦੀ ਦੁਨੀਆਂ ਤੱਕ ਜਦੋਂ ਵੀ ਕਿਸੇ ਦਾ ਮੇਲ ਹੋਣਾ ਹੈ ਉਹ ਮਨ ਦੇ ਵਿੱਚ ਹੀ ਹੋਣਾ ਹੈ ਜੋ ਕਿ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਪ੍ਰਮਾਤਮਾ ਨੇ ਜਿੱਥੇ ਵੀ ਆਪਣਾ ਮੇਲ ਕੀਤਾ

ਹੈ, ਮਨ ਦੇ ਵਿੱਚ ਆਪਣੇ ਨਿਰਗੁਣ ਰੂਪ ਰਾਹੀਂ ਹੀ ਕੀਤਾ ਹੈ ਤੇ ਉਸਦੇ ਨਿਰਗੁਣ ਰੂਪ ਨੂੰ ਜਾਨਣਾ ਹੀ ਪ੍ਰਮਾਤਮਾ ਨੂੰ ਜਾਨਣਾ ਹੈ। ਉਸਦੇ ਲਈ ਸਾਡੇ ਕੋਲ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਉਸ ਬਾਣੀ ਦੀ ਗੱਲ ਮੰਨੀਏ, ਸੱਚੀ ਬਾਣੀ ਦੀ ਗੱਲ ਮੰਨੀਏ ਜੋ ਉਸ ਸੱਚੇ ਦੀ ਆਪਣੀ ਰਚੀ ਹੋਈ ਹੈ। ਗਿਣਤੀਆਂ ਮਿਣਤੀਆਂ ਵਿੱਚ ਪੈਣ ਦੀ ਬਜਾਇ, ਵੇਸ, ਭੇਖ, ਚਤੁਰਾਈਆਂ ਕਰਨ ਦੀ ਬਜਾਇ ਉਹੋ ਕੁਝ ਕਰੀਏ ਜੋ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਾਝਾਇਆ ਹੋਇਆ ਹੈ।

“ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ॥”

ਪ੍ਰਮਾਤਮਾ ਦੀ ਭਗਤੀ ਕਰਨਾ ਦਾ ਇੱਕੋ ਇੱਕ ਤਰੀਕਾ ਇਹੀ ਹੈ ਜੋ ਸਾਨੂੰ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਇਹੀ ਤਰੀਕਾ ਅਸੀਂ ਹੁਣ ਤੱਕ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੀ ਭਗਤੀ ਸਾਡੀ ਕਿਰਤ ਦੇ ਨਾਲ ਜੁੜੀ ਹੋਈ ਹੈ। ਅਵਗੁਣਾਂ ਦੇ ਰਹਿੰਦਿਆਂ ਅਸੀਂ ਮਾੜੀ ਕਿਰਤ ਕਰਦੇ ਹਾਂ, ਮੰਦੇ ਕਰਮ ਕਰਦੇ ਹਾਂ ਜਿੰਨ੍ਹਾਂ ਨੂੰ ਕਿ ਛੱਡਣ ਦੀ ਲੋੜ ਹੈ। ਚੰਗੀ ਤੇ ਸੱਚੀ ਸੁੱਚੀ ਕਿਰਤ

17/1795

ਅਸੀਂ ਕੇਵਲ ਅਵਗੁਣ ਛੱਡ ਕੇ ਹੀ ਕਰ ਸਕਦੇ ਹਾਂ, ਗੁਣਾਂ ਨੂੰ ਆਪਣੇ ਅੰਦਰ ਵਸਾ ਕੇ ਹੀ ਕਰ ਸਕਦੇ ਹਾਂ। ਇਹੀ ਸਾਡਾ ਨਾਮ ਜਪਣਾ ਹੈ ਭਾਵ ਸਾਡਾ ਸੱਚਾ ਜਪ ਤਪ ਹੈ, ਸਾਡਾ ਸੱਚਾ ਸੰਜਮ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਪਛਤਾਉਣਾ ਸਾਨੂੰ ਅਵਗੁਣਾਂ ਕਰਕੇ ਹੀ ਪੈਂਦਾ ਹੈ, ਮਾੜੇ ਕਰਮਾਂ ਕਰ ਕੇ ਹੀ ਪੈਂਦਾ ਹੈ। ਮਾੜੇ ਕਰਮ ਛੱਡੇ ਬਿਨ੍ਹਾਂ ਅਸੀਂ ਜਿਹੋ ਜਿਹਾ ਦਿਖਾਵਾ ਮਰਜ਼ੀ ਕਰ ਲਈਏ, ਜਿਤਨੇ ਮਰਜ਼ੀ ਸ਼ਬਦ ਦੇ ਰੱਟੇ ਲਗਾ ਲਈਏ ਪਰ ਉਸਦੇ ਨਾਲ ਸਾਡਾ ਪਛਤਾਉਣ ਤੋਂ ਛੁਟਕਾਰਾ ਨਹੀਂ ਹੋ ਸਕਦਾ। ਛੁਟਕਾਰਾ ਸਾਡਾ ਗੁਣਾਂ ਨੇ ਹੀ ਕਰਵਾਉਣਾ ਹੈ। ਸਾਡੇ ਨਾਲ ਸਾਡੇ ਗੁਣ ਅਵਗੁਣ ਹੀ ਜਾਣੇ ਹਨ ਭਾਵ ਮੰਦੇ ਚੰਗੇ ਕਰਮ ਹੀ ਜਾਣੇ ਹਨ ਜਿੰਨ੍ਹਾਂ ਦੁਆਰਾ ਅਸੀਂ ਲੇਖਾ ਭੁਗਤਣਾ ਹੈ। ਸਰੀਰਕ ਜਪ ਤਪ ਸਾਡਾ ਕੋਈ ਗੁਣ ਨਹੀਂ ਹੈ ਬਲਕਿ ਸਾਡੀ ਚਤੁਰਾਈ ਹੈ ਜਿਸ ਦੁਆਰਾ ਅਸੀਂ ਆਪਣੇ ਪਛਤਾਵੇ ਤੋਂ ਨਹੀਂ ਬਚ ਸਕਦੇ, ਲੇਖੇ ਤੋਂ ਨਹੀਂ ਬਚ ਸਕਦੇ। **(ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ॥)** ਸਾਡੇ ਸੱਚੇ ਸੱਜਣ ਸਾਡੇ ਗੁਣ ਹੀ ਹਨ ਜਿੰਨ੍ਹਾਂ ਨੇ ਸਾਡਾ ਸਾਥ ਦੇਣਾ ਹੈ ਭਾਵ ਗੁਰੂ ਦੇ ਸ਼ਬਦਾਂ ਦੇ ਸੱਚੇ ਵਿਚਾਰ ਹੀ ਹਨ ਜਿਸ ਰੂਪ ਵਿੱਚ ਗੁਰੂ ਆਪ ਹੈ, ਪ੍ਰਮਾਤਮਾ ਆਪ ਹੈ। ਇਹ ਸਾਡੇ ਉਹ ਸੱਜਣ ਹਨ ਜੋ ਸਾਡੇ ਜੀਵਨ ਦੀ ਵਿਚਰਨ ਵਿੱਚ ਸਾਡੇ ਨਾਲ ਚੱਲਦੇ ਹਨ ਭਾਵ ਮਨ ਦੇ ਗੁਣਾਂ ਵਾਲੇ ਵਿਚਾਰਾਂ ਰਾਹੀਂ ਹਰ ਵੇਲੇ ਸਾਡੇ ਨਾਲ ਹੀ ਰਹਿੰਦੇ ਹਨ। **{ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥}** (ਅੰਗ ੭੨੯) **{ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥ ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥}** (ਅੰਗ ੧੪੨੬) **{ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥}** (ਅੰਗ ੪੧)

ਇੱਕ ਗੱਲ ਸਦਾ ਹੀ ਧਿਆਨ ਵਿੱਚ ਰੱਖੋ ਕਿ ਗੁਣ ਉਸ ਗੱਲ ਵਿੱਚ ਹੈ ਜੋ ਗੁਰਮਤਿ ਅਨੁਸਾਰ ਹੈ, ਜੋ ਗੱਲ ਗੁਰਮਤਿ ਦੇ ਸੱਚ ਤੇ ਪੂਰੀ ਉਤਰਦੀ ਹੈ। ਜੋ ਗੱਲ ਗੁਰਮਤਿ ਤੇ ਪੂਰੀ ਨਹੀਂ ਉਤਰਦੀ ਨਾ ਹੀ ਉਹ ਸੱਚ ਹੈ ਤੇ ਨਾ ਹੀ ਉਸ ਵਿੱਚ ਗੁਣ ਹੈ। ਜਿੱਥੇ ਸੱਚ ਨਹੀਂ ਉਹ ਝੂਠ ਹੈ, ਜਿੱਥੇ ਗੁਣ ਨਹੀਂ ਉਹ ਅਵਗੁਣ ਹੈ ਭਾਵ ਸਾਡਾ ਜੋ ਵੀ ਕਰਮ, ਸਾਡੀ ਜਿੰਦਗੀ ਦੀ ਜੋ ਵੀ ਵਿਚਰਨ ਗੁਰਮਤਿ ਅਨੁਸਾਰ ਨਹੀਂ ਹੈ ਉਸ ਵਿੱਚ ਝੂਠ ਹੈ, ਕੂੜ ਹੈ, ਵਿਕਾਰ ਹੈ, ਸਾਡਾ ਅਵਗੁਣ ਹੈ। ਇਸੇ ਲਈ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਜੋ ਵੀ ਸਾਡੇ ਭਗਤੀ ਦੇ ਵੇਸ ਹਨ, ਦਿਖਾਵੇ ਹਨ ਉਹ ਸਾਡਾ ਵਿਕਾਰ ਹੈ ਭਾਵ ਉਸ ਵਿੱਚ ਸੱਚ ਨਹੀਂ ਹੈ, ਉਸ ਵਿੱਚ ਗੁਰਮਤਿ ਨਹੀਂ ਹੈ। ਮੁੱਖੋਂ ਭਾਵੇਂ ਅਸੀਂ

17/1796

ਸੱਚ ਵੀ ਬੋਲੀਏ ਪਰ ਜੇਕਰ ਸਾਡੇ ਵਿਖਾਵੇ, ਸਾਡੇ ਵੇਸ, ਭੇਖ, ਚਤੁਰਾਈਆਂ ਸਾਡੇ ਨਾਲ ਹੀ ਹਨ ਜਿੰਨ੍ਹਾਂ ਦੁਆਰਾ ਅਸੀਂ ਸੰਸਾਰਿਕ ਮਾਣ ਬਟੋਰਦੇ ਹਾਂ ਇਹ ਸੱਚ ਨਹੀਂ ਹੈ, ਇਹ ਝੂਠ ਹੈ ਤੇ ਇਸੇ ਲਈ ਸਾਡੇ ਇਹੋ ਜਿਹੇ ਧਰਮ ਕਰਮ ਕਿਸੇ ਥਾਇ ਨਹੀਂ ਪੈਂਦੇ।

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥

ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥

ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ॥੧॥}

(ਅੰਗ ੬੩੫)

ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਆਪਣੇ ਵੱਲੋਂ ਧਰਮ ਦੇ ਕਰਮ ਸਮਝਦੇ ਹਾਂ। ਆਪਣੇ ਸਰੀਰਕ ਜਪ ਤਪ ਨੂੰ ਹੀ ਅਸੀਂ ਧਰਮ, ਕਰਮ ਸਮਝਦੇ ਹਾਂ, ਆਪਣੀਆਂ ਗਿਣਤੀਆਂ ਮਿਣਤੀਆਂ ਨੂੰ, ਸਵੇਰੇ ਸ਼ਾਮ ਧਾਰਮਿਕ ਅਸਥਾਨ ਤੇ ਹਾਜ਼ਰੀ ਲਗਾਉਣ ਨੂੰ ਅਸੀਂ ਧਰਮ ਕਰਮ ਹੀ ਸਮਝਦੇ ਹਾਂ ਜਿੰਨ੍ਹਾਂ ਦੁਆਰਾ ਉਲਟੀ ਸਾਡੀ ਹਉਮੈ ਹੀ ਵੱਧਦੀ ਹੈ, ਮਾਣ-ਅਭਿਮਾਨ ਹੀ ਵੱਧਦਾ ਹੈ। ਇਹੋ ਜਿਹੇ ਆਪਣੇ ਵੱਲੋਂ ਕੀਤੇ ਹੋਏ ਕਰਮ ਧਰਮ ਸਾਨੂੰ ਬੰਧਨਾਂ ਵਿੱਚ ਹੀ ਪਾਉਂਦੇ ਹਨ। ਅਸਲ ਗੱਲ ਇਸ ਮਨ ਦੀ ਮਨਸਾ ਨੂੰ ਮਾਰਨ ਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦੀ ਹੈ ਤਾਂ ਜੋ ਅਸੀਂ ਮਾਇਆ ਮੋਹ ਵਿੱਚੋਂ ਨਿਕਲ ਕੇ ਸੱਚੀ ਸੁੱਚੀ ਕਿਰਤ ਨਾਲ ਜੁੜ ਸਕੀਏ। ਅਸਲ ਵਿੱਚ ਸਾਡਾ ਬੰਧਨ ਮਨ ਦੀਆਂ ਤ੍ਰਿਸ਼ਨਾਵਾਂ ਕਰਕੇ ਹੀ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ। ਗੁਰੂ ਦਾ ਮਕਸਦ ਸਾਨੂੰ ਗਿਆਨ ਦੇਣ ਲਈ ਹੈ ਤਾਂ ਜੋ ਅਸੀਂ ਉਸ ਦੀ ਗੱਲ ਨੂੰ ਮੰਨ ਕੇ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰੀਏ ਜੋ ਕਿ ਭਗਤੀ ਦਾ ਅਸਲ ਮਾਰਗ ਹੈ।

ਅਸੀਂ ਇਹ ਕੁੱਝ ਕਰਨ ਦੀ ਬਜਾਇ ਭਗਤੀ ਦੇ ਦਿਖਾਵੇ ਵਿੱਚ ਆਪਣਾ ਵੱਧ ਤੋਂ ਵੱਧ ਸਮਾਂ ਬਤੀਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜੋ ਸਾਡੇ ਕਿਸੇ ਲੇਖੇ ਵਿੱਚ ਨਹੀਂ ਹੈ ਉਲਟਾ ਸਾਨੂੰ ਗੁਰੂ ਦੇ ਦਰ ਤੋਂ ਦੂਰ ਕਰਦੇ ਹਨ, ਗੁਰਮਤਿ ਤੋਂ ਦੂਰ ਹੀ ਕਰਦੇ ਹਨ। ਇਸੇ ਲਈ ਸਾਨੂੰ ਵਾਰ-ਵਾਰ ਇਹ ਵੇਸ, ਭੇਖ, ਚਤੁਰਾਈਆਂ ਛੱਡਣ ਲਈ ਪ੍ਰੇਰਿਆ ਹੈ ਤਾਂ ਜੋ ਅਸੀਂ ਗੁਰਮਤਿ ਦੇ ਮਾਰਗ

17/1797

ਤੇ ਚੱਲ ਸਕੀਏ। ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ। ਮਨ ਦੀ ਮਾੜੀ ਸੋਝੀ ਕਰਕੇ ਹੀ ਅਸੀਂ ਗੁਰੂ ਦੇ ਦੱਸੇ ਹੋਏ ਮਾਰਗ ਤੋਂ ਉਲਟ ਚੱਲਦੇ ਹਾਂ ਤੇ ਮਨ ਦੀ ਸਹੀ ਸੋਝੀ ਦੁਆਰਾ ਹੀ ਅਸੀਂ ਗੁਰਮਤਿ ਵਾਲੇ ਪਾਸੇ ਤੁਰ ਸਕਦੇ ਹਾਂ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ॥੨॥"

ਹਰ ਕੋਈ ਭਗਤੀ ਕਰਨ ਵਾਲਾ ਭਾਵ ਵੇਸ, ਭੇਖ, ਚਤੁਰਾਈਆਂ ਕਰਨ ਵਾਲਾ ਭਾਵ ਗਿਣਤੀਆਂ ਮਿਣਤੀਆਂ ਤੇ ਸਰੀਰਕ ਜਪ ਤਪ ਆਦਿ ਕਰਨ ਵਾਲਾ ਆਪਣੇ ਆਪ ਨੂੰ ਭਗਤੀ ਦੇ ਮਾਰਗ ਦਾ ਸਿਆਣਾ ਹੀ ਸਮਝਦਾ ਹੈ ਤੇ ਇਸੇ ਲਈ ਉਹ ਇਸ ਗੱਲ ਦਾ ਪ੍ਰਚਾਰ ਵੀ ਕਰਦੇ ਹਨ। ਇੱਥੇ ਹੀ ਸਾਡੀ ਭੁੱਲ ਦਾ ਕਾਰਨ ਹੈ ਕਿ ਅਸੀਂ ਆਪਣੇ ਆਪ ਨੂੰ ਗੁਰੂ ਨਾਲੋਂ ਜਿਆਦਾ ਸਿਆਣਾ ਸਮਝਦੇ ਹਾਂ। ਇਸੇ ਲਈ ਸਾਨੂੰ ਜਪ ਤਪ ਕਰਨ ਵਾਲਿਆਂ ਨੂੰ ਗੁਰੂ ਸਾਹਿਬ ਚਤੁਰ ਕਹਿ ਕੇ ਸੰਬੋਧਨ ਕਰ ਰਹੇ ਹਨ ਕਿਉਂਕਿ ਅਸੀਂ ਗੁਰੂ ਸਾਹਿਬ ਕੋਲੋਂ ਸਿੱਖਣ ਦੀ ਬਜਾਇ ਉਹਨਾਂ ਨੂੰ ਆਪਣੀ ਸਿਆਣਪ ਦਿਖਾ ਰਹੇ ਹਾਂ ਕਿ ਅਸੀਂ ਕੋਈ ਘੱਟ ਸਿਆਣੇ ਨਹੀਂ ਹਾਂ, ਸਾਨੂੰ ਭਗਤੀ ਦੀ ਪੂਰੀ ਸਮਝ ਹੈ ਭਾਵ ਸਾਨੂੰ ਗੁਰੂ ਕੋਲੋਂ ਕੁੱਝ ਹੋਰ ਸਮਝਣ ਦੀ ਲੋੜ ਨਹੀਂ ਹੈ। ਕੀ ਕੋਈ ਗੁਰੂ ਨਾਲੋਂ ਸਿਆਣਾ ਵੀ ਹੋ ਸਕਦਾ ਹੈ? ਗੁਰੂ ਤਾਂ ਸਾਨੂੰ ਇਹ ਜਪ ਤਪ ਛੱਡਣ ਲਈ ਕਹਿੰਦਾ ਹੈ ਪਰ ਅਸੀਂ ਇਹਨਾਂ ਨੂੰ ਛੱਡਣ ਦੀ ਬਜਾਇ ਉਲਟਾ ਇਹਨਾਂ ਦਾ ਪ੍ਰਚਾਰ ਕਰਦੇ ਹਾਂ। ਆਪਣੀਆਂ ਚਤੁਰਾਈਆਂ ਦੁਆਰਾ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਪਰ ਕੀ ਕਦੇ ਕੋਈ ਉਸ ਪ੍ਰਮਾਤਮਾ ਨਾਲ ਆਪਣੀ ਚਤੁਰਾਈ ਦਿਖਾ ਕੇ ਉਸਨੂੰ ਪਾ ਸਕਦਾ ਹੈ। ਸਾਡੀਆਂ ਇਹਨਾਂ ਚਤੁਰਾਈਆਂ ਦਾ ਨਤੀਜਾ ਕੀ ਮਿਲਦਾ ਹੈ, ਇਹੀ ਗੱਲ ਸਾਨੂੰ ਉੱਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਅਸੀਂ ਫਿਰ ਫਿਰ ਉਸੇ ਚਿੱਕੜ ਵਿੱਚ ਆਪਣੇ ਆਪ ਨੂੰ ਪਾਉਂਦੇ ਹਾਂ ਜਿਸ ਵਿੱਚੋਂ ਨਿਕਲਣਾ ਹੀ ਸਾਡੇ ਜੀਵਨ ਦਾ ਮਨੋਰਥ ਹੈ। ਅਸਲ ਵਿੱਚ ਚਿੱਕੜ ਸਾਡੇ ਮਨ ਦੀ ਸੋਝੀ ਹੈ, ਮਨਮਤਿ ਹੈ, ਦੁਰਮਤਿ ਹੈ, ਮਾਇਆ

17/1798

ਮੋਹ ਹੈ, ਅਗਿਆਨਤਾ ਹੈ, ਮਨਹਠਿ ਹੈ, ਹਉਮੈ ਹੈ, ਦੁਬਿਧਾ ਹੈ ਜਿਸ ਵਿੱਚੋਂ ਨਿਕਲਣਾ ਹੀ ਸਾਡੇ ਜੀਵਨ ਦਾ ਮਨੋਰਥ ਹੈ। ਕੇਵਲ ਗੁਰੂ ਦੇ ਕੋਲ ਹੀ ਉਹ ਸੋਝੀ ਹੈ, ਉਹ ਗਿਆਨ ਹੈ ਜੋ ਸਾਨੂੰ ਇਹ ਸਮਝਾ ਸਕਦਾ ਹੈ ਕਿ ਸਾਡੇ ਲਈ ਸਰ ਕੀ ਹੈ, ਅਪਸਰ ਕੀ ਹੈ ਭਾਵ ਸਾਡੇ ਲਈ ਚੰਗਾ ਕੀ ਹੈ, ਮੰਦਾ ਕੀ ਹੈ। ਇਸ ਚਿੱਕੜ ਵਿੱਚੋਂ ਕੇਵਲ ਗੁਰੂ ਦੀ ਮਤਿ ਹੀ ਕੱਢ ਸਕਦੀ ਹੈ ਕਿਉਂਕਿ ਅਸੀਂ ਆਪਣੇ ਆਪ ਇਹ ਨਹੀਂ ਜਾਣ ਸਕਦੇ ਕਿ ਸਾਡੇ ਲਈ ਚੰਗਾ ਕੀ ਹੈ ਤੇ ਮੰਦਾ ਕੀ ਹੈ ਭਾਵ ਇਸ ਚਿੱਕੜ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਆਪਣੀਆਂ ਚਤੁਰਾਈਆਂ ਛੱਡੀਏ ਤੇ ਉਸ ਦੀ ਗੱਲ ਮੰਨੀਏ ਜਿਸ ਨੂੰ ਸਾਡੇ ਚੰਗੇ

ਮੰਦੇ ਦੀ ਸੋਝੀ ਹੈ। **(ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ॥੨॥)** ਅਗਿਆਨਤਾ ਦੇ ਚਿੱਕੜ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਸ਼ਬਦ ਦੀ ਗੱਲ ਤੇ ਅਮਲ ਕਰਾਂਗੇ ਤੇ ਜੇਕਰ ਆਪਣੀ ਮਨਮਤਿ ਦੁਆਰਾ ਕਿਸੇ ਸ਼ਬਦ ਦੇ ਰੱਟੇ ਲਗਾਈ ਜਾਵਾਂਗੇ, ਆਪਣੀ ਚਤੁਰਾਈ ਹੀ ਦਿਖਾਈ ਜਾਵਾਂਗੇ ਫਿਰ ਇਸ ਚਿੱਕੜ ਵਿੱਚੋਂ ਅਸੀਂ ਕਦੇ ਵੀ ਨਹੀਂ ਨਿਕਲ ਸਕਦੇ।

ਪ੍ਰਾਪਤੀ ਤਾਂ ਅਸੀਂ ਉਸ ਅੰਮ੍ਰਿਤ ਜਲ ਦੀ ਕਰਨੀ ਚਾਹੁੰਦੇ ਹਾਂ ਜੋ ਸੰਸਾਰ ਦਾ ਸਭ ਤੋਂ ਪਵਿੱਤਰ ਜਲ ਹੈ। ਉਸ ਜਲ ਦਾ ਮਕਸਦ ਸਾਨੂੰ ਮਨ ਦੇ ਵਿੱਚ ਪਵਿੱਤਰ ਕਰਨ ਦਾ ਹੈ ਭਾਵ ਸਾਡੇ ਮਨ ਨੂੰ ਸੋਧਣ ਦਾ ਹੈ ਭਾਵ ਸ਼ਬਦ ਦਾ ਮਕਸਦ ਸਾਡੇ ਮਨ ਨੂੰ ਪਵਿੱਤਰ ਕਰਨ ਦਾ ਹੈ ਪਰ ਅਸੀਂ ਆਪਣੇ ਆਪ ਨੂੰ ਕਿਸ ਤਰੀਕੇ ਨਾਲ ਪਵਿੱਤਰ ਕਰਦੇ ਹਾਂ ਇਹੀ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ॥”

ਸਭ ਤੋਂ ਪਹਿਲਾਂ ਤਾਂ ਇਹ ਗੱਲ ਸਮਝੋ ਕਿ ਸਾਡੇ ਮਨ ਦੀ ਮੈਲ ਕਿਸ ਨੂੰ ਕਿਹਾ ਹੈ। ਸ਼ਬਦ ਦਾ ਮਕਸਦ ਸਾਡੀ ਮੈਲ ਨੂੰ ਧੋਣ ਦਾ ਹੈ। ਮੈਲ ਸਾਡੇ ਮਨ ਦਾ ਲੋਭ ਹੈ, ਮਨ ਦੀ ਝੂਠੀ ਬਿਰਤੀ ਹੈ ਭਾਵ ਸਾਡੇ ਅਵਗੁਣ ਹਨ। ਸ਼ਬਦ ਦਾ ਮਕਸਦ ਸਾਡੀ ਇਸ ਮੈਲ ਨੂੰ ਧੋਣ ਦਾ ਹੈ, ਨਾਮ ਦਾ

17/1799

ਮਕਸਦ ਸਾਡੇ ਮਨ ਦੀ ਮੈਲ ਨੂੰ ਧੋਣ ਦਾ ਹੈ। ਸਮਝਣ ਦੀ ਲੋੜ ਇਸ ਗੱਲ ਦੀ ਹੈ ਜੇਕਰ ਸ਼ਬਦ ਦੀ ਗੱਲ ਸਾਡੇ ਅੰਦਰ ਨਹੀਂ ਵੱਸਦੀ ਤੇ ਅਸੀਂ ਬਾਹਰੋਂ ਬਾਹਰੋਂ ਹੀ ਉਸ ਦਾ ਜਪ ਕਰੀ ਜਾਂਦੇ ਹਾਂ, ਸਰੀਰਕ ਕਿਰਿਆਵਾਂ ਦੁਆਰਾ ਕਰੀ ਜਾਂਦੇ ਹਾਂ, ਮੁੱਖੋਂ ਬੋਲ-ਬੋਲ ਕੇ ਕਰੀ ਜਾਂਦੇ ਹਾਂ ਉਹ ਕੇਵਲ ਬਾਹਰੋਂ ਨਹਾਉਣ ਵਾਲੀ ਗੱਲ ਹੈ। ਨਹਾਉਣਾ ਅਸੀਂ ਇਸ ਮਨ ਨੂੰ ਹੈ, ਪਵਿੱਤਰ ਇਸ ਮਨ ਨੂੰ ਕਰਨਾ ਹੈ, ਮੈਲ ਇਸ ਮਨ ਦੀ ਧੋਣੀ ਹੈ, ਇਸ ਮਨ ਦੇ ਵਿੱਚੋਂ ਲੋਭ, ਲਾਲਚ ਤੇ ਝੂਠ ਵਾਲੀ ਬਿਰਤੀ ਨੂੰ ਕੱਢਣਾ ਹੈ ਜੋ ਕਿ ਨਾਮ ਦੀ, ਸ਼ਬਦ ਦੀ ਗੱਲ ਨੂੰ ਮੰਨ ਕੇ ਹੀ ਹੋ ਸਕਦਾ ਹੈ ਭਾਵ ਸਾਡੇ ਬਾਹਰੀ ਦਿਖਾਵੇ ਕਿਸੇ ਲੇਖੇ ਵਿੱਚ ਨਹੀਂ। **(ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ॥)**

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥

ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

ਗਤਿ ਅਸੀਂ ਆਪਣੇ ਅੰਦਰ ਦੀ ਕਰਨੀ ਹੈ, ਮੁਕਤਿ ਅਸੀਂ ਆਪਣੇ ਇਸ ਮਨ ਨੂੰ ਕਰਨਾ ਹੈ, ਬੰਧਨ ਵਿੱਚੋਂ ਇਸ ਮਨ ਨੂੰ ਕੱਢਣਾ ਹੈ, ਮਾਇਆ ਮੋਹ ਵਿੱਚੋਂ ਇਸ ਮਨ ਨੂੰ ਕੱਢਣਾ ਹੈ ਜੋ ਮਨ ਦੀ ਮੈਲ ਕਰਕੇ ਬੰਧਨ ਵਿੱਚ ਹੈ। ਇਸ ਮੈਲ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ। ਅਸੀਂ ਇਸ ਅਗਿਆਨਤਾ ਨੂੰ ਭਾਵ ਮਨ ਦੀ ਮਾੜੀ ਸੋਝੀ ਨੂੰ ਕਿਵੇਂ ਧੋਣਾ ਹੈ, ਮਨ ਦੇ ਵਿਕਾਰਾਂ ਵਿੱਚੋਂ ਕਿਵੇਂ ਨਿਕਲਣਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ॥੩॥”

ਉਪਰਲੀ ਪੰਗਤੀ ਰਾਹੀਂ ਪਹਿਲੇ ਇਸ ਗੱਲ ਨੂੰ ਸਮਝੋ ਕਿ “ਨਾਮੁ” ਨਿਰਮਲ ਕਿਸ ਲਈ ਹੈ ਭਾਵ ਨਾਮ ਪਵਿੱਤਰ ਕਿਸ ਲਈ ਹੈ। “ਨਾਮੁ” ਇਸ ਲਈ ਪਵਿੱਤਰ ਹੈ, ਨਿਰਮਲ ਹੈ ਕਿਉਂਕਿ “ਨਾਮੁ” ਮੈਲ ਤੋਂ ਰਹਿਤ ਹੈ। ਮੈਲ ਕੀ ਹੈ ਅਸੀਂ ਉਪਰਲੀ ਪੰਗਤੀ ਰਾਹੀਂ ਪਹਿਲਾ ਹੀ ਸਮਝਿਆ ਹੈ। ਮੈਲ ਸਾਡੇ ਅੰਦਰ ਦੇ ਲੋਭ, ਝੂਠ ਤੇ ਵਿਕਾਰਾਂ ਨੂੰ ਕਿਹਾ ਹੈ। “ਨਾਮੁ” ਆਪ ਗੁਰੂ ਹੈ, ਆਪ ਪ੍ਰਮਾਤਮਾ ਹੈ ਜੋ ਅਵਗੁਣਾਂ ਤੋਂ ਰਹਿਤ ਹੈ, ਵਿਕਾਰਾਂ ਤੋਂ ਰਹਿਤ ਹੈ, ਮਨ ਦੀ ਮੈਲ ਤੋਂ ਰਹਿਤ ਹੈ ਤੇ ਇਸੇ ਲਈ “ਨਾਮੁ” ਪਵਿੱਤਰ ਹੈ। ਜੋ ਮਨ ਦੀ ਮੈਲ ਤੋਂ ਰਹਿਤ ਹੈ, ਜਿਸ ਨੂੰ ਮਨ ਦੀ

17/1800

ਮੈਲ ਦੀ ਸੋਝੀ ਹੈ ਉਹੀ ਸਾਨੂੰ ਮੈਲ ਤੋਂ ਰਹਿਤ ਹੋਣ ਦੀ ਗੱਲ ਸਮਝਾ ਸਕਦਾ ਹੈ। ਗੁਰੂ ਆਪਣੀ ਗੱਲ ਕਹਿ ਕੇ ਹੀ ਸਮਝਾਉਂਦਾ ਹੈ। ਗੁਰੂ ਆਪਣੇ ਮੁੱਖੋਂ ਜੋ ਵੀ ਬੋਲ-ਬੋਲ ਕੇ ਸਮਝਾਉਂਦਾ ਹੈ ਅਸੀਂ ਉਸਦੇ ਉਹਨਾਂ ਬੋਲਾਂ ਨੂੰ ਜਪਣਾ ਹੈ ਭਾਵ ਉਸਦੇ ਬੋਲਾਂ ਨੂੰ

ਆਪਣੇ ਅੰਦਰ ਵਸਾਉਣਾ ਹੈ ਭਾਵ ਗੁਰੂ ਦੀ ਦੱਸੀ ਹੋਈ ਮਤਿ ਨੂੰ ਸਦਾ ਆਪਣੇ ਮਨ ਦੇ ਵਿੱਚ ਜਪਣਾ ਹੈ। ਜਿਸ ਦੁਆਰਾ ਸਾਡੇ ਮਨ ਦੀ ਮੈਲ ਜਾ ਸਕਦੀ ਹੈ ਭਾਵ ਅਸੀਂ ਆਪਣੇ ਆਪ ਨੂੰ ਅਵਗੁਣ ਰਹਿਤ ਕਰ ਸਕਦੇ ਹਾਂ। 'ਨਾਮੁ' ਨੂੰ ਇਹੋ ਜਿਹਾ ਜਪਣਾ ਆਪਣੇ ਮਨ ਨੂੰ ਧੋਣਾ ਹੈ, ਮਨ ਦੀ ਮੈਲ ਨੂੰ ਧੋਣਾ ਹੈ ਤੇ ਕੇਵਲ ਮੁੱਖੋਂ ਬੋਲੀ ਜਾਣਾ, ਸਰੀਰਕ ਜਪ ਤਪ ਆਦਿ ਕਰੀ ਜਾਣਾ ਕੇਵਲ ਬਾਹਰੀ ਇਸ਼ਨਾਨ ਕਰਨ ਵਾਲੀ ਗੱਲ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। **(ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ॥੩॥)**

ਸਾਡੇ ਅੰਤਰ ਦੀ ਗਤਿ ਤਾਂ ਹੀ ਹੁੰਦੀ ਹੈ ਜਦੋਂ ਅਸੀਂ ਨਾਮੁ ਨੂੰ ਆਪਣੇ ਅੰਦਰ ਪੂਰੀ ਤਰ੍ਹਾਂ ਵਸਾ ਕੇ ਪੂਰੀ ਤਰ੍ਹਾਂ ਅਵਗੁਣ ਰਹਿਤ ਹੋ ਜਾਂਦੇ ਹਾਂ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ॥"

ਪ੍ਰਾਪਤੀ ਅਸੀਂ ਉਸ ਫਲੁ ਦੀ ਕਰਨੀ ਹੈ, ਜਲਨਿਧਿ ਦੀ ਕਰਨੀ ਹੈ ਭਾਵ ਅੰਮ੍ਰਿਤ ਫਲ ਦੀ ਕਰਨੀ ਹੈ ਜਿਸ ਦੀ ਗੱਲ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਕੀਤੀ ਹੋਈ ਹੈ। ਇਸ ਫਲੁ ਦੀ ਪ੍ਰਾਪਤੀ ਨਾਮ ਜਪ ਕੇ ਹੀ ਹੁੰਦੀ ਹੈ ਜਿਵੇਂ ਕਿ ਸਾਨੂੰ ਉੱਪਰ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਸਾਨੂੰ ਸਾਰੇ ਵਿਕਾਰ ਤਿਆਗਣ ਲਈ ਹੀ ਕਿਹਾ ਹੋਇਆ ਹੈ, ਹੁਕਮ ਕੀਤਾ ਹੋਇਆ ਹੈ ਕਿਉਂਕਿ ਇਹਨਾਂ ਨੂੰ ਤਿਆਗਣਾ ਹੀ ਅਸਲ ਵਿੱਚ ਨਾਮ ਜਪਣਾ ਹੈ ਜੋ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਪਰਲੀ ਪੰਗਤੀ ਰਾਹੀਂ ਇਹ ਵੀ ਧਿਆਨ ਨਾਲ ਸਮਝੋ ਕਿ ਗੁਰੂ ਦੇ ਬਚਨਾਂ ਨੂੰ ਜਪਣਾ ਕਿਵੇਂ ਹੈ, ਮੰਨਣਾ ਕਿਵੇਂ ਹੈ। ਗੁਰੂ ਦੇ ਬਚਨ ਸਾਨੂੰ ਅਵਗੁਣ ਤਿਆਗਣ ਲਈ ਹੀ ਹੁਕਮ ਕਰ ਰਹੇ ਹਨ। ਜਿਸ ਫਲੁ ਦੀ ਪ੍ਰਾਪਤੀ ਸਾਨੂੰ ਹੋਣੀ ਹੈ ਉਹ "ਸਚੁ" ਦੇ ਰੂਪ ਵਿੱਚ ਹੋਣੀ ਹੈ। ਇਹ "ਸਚੁ" ਹੀ ਅੰਮ੍ਰਿਤ ਫਲ ਹੈ ਜੋ ਕਿ

17/1801

ਪ੍ਰਮਾਤਮਾ ਦਾ ਆਪਣਾ ਰੂਪ ਹੈ, ਉਸਦਾ ਨਿਰਗੁਣ ਰੂਪ ਹੈ, ਸੱਚੇ ਗਿਆਨ ਦਾ ਰੂਪ ਹੈ। ਸਚੁ ਦੇ ਫਲੁ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇਕਰ ਸਾਡਾ ਮਨ ਝੂਠ ਤੋਂ ਤੇ ਸਾਰੇ ਵਿਕਾਰਾਂ ਤੋਂ ਰਹਿਤ ਹੈ। ਇਹ ਮਨ ਦੇ ਸੱਚੇ ਵਿਚਾਰਾਂ ਦਾ ਫਲੁ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚੋਂ ਝੂਠੇ ਵਿਚਾਰ ਨਿਕਲਣ ਦੁਆਰਾ ਹੀ ਹੁੰਦੀ ਹੈ, ਗੁਰੂ ਦੇ ਬਚਨਾਂ ਨੂੰ ਮੰਨ ਕੇ ਹੀ ਹੁੰਦੀ ਹੈ ਨਾ ਕਿ ਉਸਦੇ ਬਚਨਾਂ ਨੂੰ ਵਾਰ-ਵਾਰ ਰਟੀ ਜਾਣ ਨਾਲ। **(ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ॥)**

ਇਸ ਫਲੁ ਦੀ ਪ੍ਰਾਪਤੀ ਤੋਂ ਬਾਅਦ ਹੀ ਮਨੁੱਖ ਨੂੰ ਗੁਰਮਤਿ ਦੀ ਸਹੀ ਸੋਝੀ ਪੈਂਦੀ ਹੈ, ਨਾਮੁ ਦੀ ਸਹੀ ਸੋਝੀ ਪੈਂਦੀ ਹੈ ਤੇ ਪ੍ਰਮਾਤਮਾ ਦੀ ਉਹੋ ਜਿਹੀ ਸਿਫ਼ਤ ਸਾਲਾਹ ਹੁੰਦੀ ਹੈ ਜਿਹੋ ਜਿਹੀ ਸਿਫ਼ਤ ਸਾਲਾਹ ਉਸਨੂੰ ਚੰਗੀ ਲੱਗਦੀ ਹੈ ਤੇ ਇਹੀ ਗੱਲ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ॥੪॥੯॥"

ਪ੍ਰਮਾਤਮਾ ਦੇ ਭਾਣੇ ਵਿੱਚ ਤਾਂ ਹੀ ਮਨੁੱਖ ਚੱਲ ਸਕਦਾ ਹੈ ਜਦੋਂ ਇਹ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ। ਆਪਣਾ ਭਾਣਾ ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ,ਆਪਣੇ ਸ਼ਬਦ ਦੁਆਰਾ ਸਮਝਾਉਂਦਾ ਹੈ। ਉਸਦੇ ਸ਼ਬਦ ਅਨੁਸਾਰ ਚੱਲਣਾ,ਵਿਚਰਨਾ ਹੀ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੈ ਤੇ ਇਹੀ ਉਸਦੇ ਭਾਣੇ ਅਨੁਸਾਰ ਚੱਲਣਾ ਹੈ।ਆਪਣਾ ਭਾਣਾ ਉਹ ਆਪ ਹੀ ਮਨਾਉਂਦਾ ਹੈ, ਆਪਣੇ ਜਨ ਨੂੰ ਹੀ ਮਨਾਉਂਦਾ ਹੈ।ਅੰਮ੍ਰਿਤ ਫਲੁ ਦੀ ਪ੍ਰਾਪਤੀ ਤੋਂ ਪਹਿਲੇ ਅਸੀਂ ਕੇਵਲ ਉਸਦੀ ਪ੍ਰਾਪਤੀ ਦਾ ਉੱਦਮ ਹੀ ਕਰ ਸਕਦੇ ਹਾਂ ਭਾਵ ਵੱਧ ਤੋਂ ਵੱਧ ਅਵਗੁਣ ਰਹਿਤ ਹੋ ਕੇ ਗੁਰਮਤਿ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਨੂੰ ਪਾਉਣ ਦਾ ਸਾਡਾ ਸੱਚਾ ਉੱਦਮ ਹੈ।**(ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ॥੪॥੯॥)**

ਉੱਪਰ ਸ਼ਬਦ ਰਾਹੀਂ ਅਸੀਂ ਅੰਮ੍ਰਿਤ ਫਲ ਦੀ ਪ੍ਰਾਪਤੀ ਕਰਨ ਲਈ ਗੁਰੂ ਸਾਹਿਬ ਕੋਲੋਂ ਇਹੀ ਸਿੱਖਿਆ ਲਈ ਹੈ ਕਿ ਅਸੀਂ ਆਪਣੇ ਆਪ ਨੂੰ ਅਵਗੁਣ ਰਹਿਤ ਕਰੀਏ ਭਾਵ ਅਵਗੁਣ ਰਹਿਤ ਹੋ ਕੇ ਵਿਚਰੀਏ ਤੇ ਵਿਅਰਥ ਦੇ ਜਪਾਂ ਤਪਾਂ ਨੂੰ, ਵੇਸ, ਭੇਖ,

17/1802

ਚਤੁਰਾਈਆਂ ਨੂੰ ਛੱਡੀਏ ਕਿਉਂਕਿ ਇਹ ਸਭ ਸਾਡੀ ਭਗਤੀ ਦਾ ਮਾਰਗ ਨਹੀਂ ਹੈ। ਪ੍ਰਮਾਤਮਾ ਦੀ ਭਗਤੀ, ਉਸ ਦਾ ਜੱਸ ਅਸੀਂ ਕੇਵਲ ਆਪਣੀ ਜੀਵਨ ਜਾਂਚ ਦੁਆਰਾ ਹੀ ਕਰ ਸਕਦੇ ਹਾਂ ਨਾ ਕਿ ਕਿਸੇ ਭਗਤੀ ਦੇ ਦਿਖਾਵੇ ਦੁਆਰਾ। ਸਾਡੇ ਅਵਗੁਣ ਰਹਿਤ ਹੋਣ ਦਾ ਮਕਸਦ ਹੀ ਇਹ ਹੈ ਕਿ ਅਸੀਂ ਸੱਚੀ ਸੁੱਚੀ ਕਿਰਤ ਕਰੀਏ, ਕਿਸੇ ਦਾ ਮਾੜਾ ਨਾ ਕਰੀਏ ਤੇ ਕੇਵਲ ਗੁਰਮਤਿ ਅਨੁਸਾਰ ਵਿਚਰੀਏ। ਸਾਡੀ ਜੋ ਵੀ ਕਰਨੀ ਗੁਰਮਤਿ ਅਨੁਸਾਰ ਹੈ ਕੇਵਲ ਉਸੇ ਵਿੱਚ ਪ੍ਰਮਾਤਮਾ ਦੀ ਕੀਰਤੀ ਹੈ, ਉਸਦਾ ਜੱਸ ਹੈ। ਜਿੱਥੇ ਵੀ ਅਸੀਂ ਸੱਚ ਨੂੰ ਉੱਚਾ ਕਰਦੇ ਹਾਂ, ਸੱਚ ਦੀ ਵਡਿਆਈ ਕਰਦੇ ਹਾਂ ਉਸਦੇ ਰਾਹੀਂ ਅਸੀਂ ਪ੍ਰਮਾਤਮਾ ਦੀ ਕੀਰਤੀ ਕਰਦੇ ਹਾਂ ਜੋ ਕਿ ਸਾਡੀ ਕਰਣੀ ਦੁਆਰਾ ਪ੍ਰਗਟ ਹੁੰਦੀ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਕੇਵਲ ਸਾਡੀ ਕਰਣੀ ਹੀ ਸਾਡੇ ਕੋਲ ਗੁਰੂ ਦਾ ਜੱਸ ਕਰਵਾ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਰੇ ਹੀ ਸਰੀਰਕ ਜਪ ਤਪ ਆਦਿ ਕਰਨ ਵਾਲਿਆਂ ਅੱਗੇ ਤਹਿ ਦਿਲੋਂ ਬੇਨਤੀ ਹੈ ਕਿ ਸ਼ਬਦ ਦੀ ਗੱਲ ਨੂੰ ਧਿਆਨ ਨਾਲ ਸਮਝੋ। ਆਪ ਭਰਮ ਵਿੱਚੋਂ ਨਿਕਲੋ ਤੇ ਦੂਸਰਿਆਂ ਨੂੰ ਵੀ ਇਸ ਭਰਮ ਵਿੱਚ ਨਾ ਪਾਉ। ਸ਼ਬਦ ਦੇ ਅਰਥ ਸਮਝਣ ਵਿੱਚ ਬਹੁਤ ਹੀ ਸੌਖੇ ਹਨ ਤੇ ਕੇਵਲ ਇੱਕੋ ਇੱਕ ਗੱਲ ਗੁਰੂ ਤੇ ਵਿਸ਼ਵਾਸ ਕਰਨ ਦੀ ਹੈ ਕਿ ਜੋ ਕੁਝ ਸਾਨੂੰ ਗੁਰੂ ਸਮਝਾਉਂਦਾ ਹੈ ਕੇਵਲ ਉਹੀ ਸੱਚ ਹੈ।

ਸੋਰਠਿ ਮਹਲਾ ੧ ਘਰ ੩

“ਭਣਤਿ ਨਾਨਕੁ ਬੂਝੈ ਕੋ ਬੀਚਾਰੀ॥ ਇਸੁ ਜਗ ਮਹਿ ਕਰਣੀ ਸਾਰੀ॥
ਕਰਣੀ ਕੀਰਤਿ ਹੋਈ॥ ਜਾ ਆਪੇ ਮਿਲਿਆ ਸੋਈ॥੪॥੧॥੧੨॥”

(ਅੰਗ ੫੯੯)

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਜਿਸ ਵਿੱਚ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦਾ ਜੱਸ ਗਾਉਣ ਦਾ ਮਾਰਗ ਕੋਈ ਵਿਰਲਾ ਹੀ ਜਾਣ ਸਕਦਾ ਹੈ, ਬੁੱਝ ਸਕਦਾ ਹੈ। ਪ੍ਰਮਾਤਮਾ ਦਾ ਆਪਣਾ ਗੁਰੂ ਰੂਪ ਹੀ ਇਸ ਗੱਲ ਨੂੰ ਜਾਣਦਾ ਹੈ ਤੇ ਉਹੀ ਸਾਨੂੰ ਇਹ ਗੱਲ ਸਮਝਾ ਸਕਦਾ ਹੈ ਕਿ ਪ੍ਰਮਾਤਮਾ ਦਾ ਜੱਸ ਗਾਉਣਾ ਕੀ ਹੈ। **(ਭਣਤਿ ਨਾਨਕੁ ਬੂਝੈ ਕੋ ਬੀਚਾਰੀ॥)** ਅਗਲੀ ਪੰਗਤੀ

17/1803

ਰਾਹੀਂ ਸਾਨੂੰ ਉਹੀ ਗੱਲ ਸਮਝਾਈ ਹੋਈ ਹੈ ਜੋ ਅਸੀਂ ਹੁਣ ਤੱਕ ਹਰ ਸ਼ਬਦ ਰਾਹੀਂ ਸਮਝਦੇ ਆ ਰਹੇ ਹਾਂ।

“ਇਸੁ ਜਗ ਮਹਿ ਕਰਣੀ ਸਾਰੀ॥”

ਗੁਰੂ ਸਾਹਿਬ ਦਾ ਇਹ ਫੁਰਮਾਨ ਸਾਰੇ ਜਗ ਲਈ ਇੱਕੋ ਜਿਹਾ ਹੀ ਹੈ ਭਾਵ ਜੋ ਸਭ ਤੇ ਇੱਕੋ ਜਿਹਾ ਲਾਗੂ ਹੁੰਦਾ ਹੈ ਭਾਵੇਂ ਕੋਈ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਗੁਰਬਾਣੀ ਸਾਰੇ ਜੱਗ ਦੀ ਸਾਂਝੀ ਹੈ ਤੇ ਸਭ ਲਈ ਧਰਮ ਦਾ ਇੱਕੋ ਜਿਹਾ ਮਾਰਗ ਸਮਝਾਉਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ, ਉਸ ਦੀ ਕੀਰਤੀ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਦਾ ਨਾਮ ਜਪਣਾ ਸਾਰੇ ਜੱਗ ਲਈ ਇੱਕੋ ਹੀ ਹੈ ਜੋ ਕਿ ਜੁਗਾਂ-ਜੁਗਾਂ ਤੋਂ ਸਭ ਲਈ ਇੱਕੋ ਜਿਹਾ ਹੀ ਹੈ। ਉਸਦਾ ਨਾਮ ਜਪਣਾ ਨਾ ਕਦੇ ਬਦਲਿਆ ਹੈ ਤੇ ਨਾ ਹੀ ਕਦੇ ਬਦਲ ਸਕਦਾ ਹੈ।

“ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥੭॥”

(ਅੰਗ ੨੨੯)

ਜਿਸ ਨਾਮ ਦੁਆਰਾ ਹਰ ਜੁਗ ਵਿੱਚ ਪਾਰ ਉਤਾਰਾ ਹੋਇਆ ਹੈ, ਉਸੇ ਨਾਮ ਦੁਆਰਾ ਕਲਯੁੱਗ ਵਿੱਚ ਪਾਰ ਉਤਾਰਾ ਹੈ ਭਾਵ ਪ੍ਰਮਾਤਮਾ ਦਾ ਅਸੂਲ ਸਦਾ ਤੋਂ ਇੱਕੋ ਹੀ ਚੱਲ ਰਿਹਾ ਹੈ ਤੇ ਉਸ ਦਾ ਇਹ ਅਸੂਲ ਕੀ ਹੈ ਇਹੀ ਸਾਨੂੰ ਉੱਪਰ ਸਮਝਾਇਆ ਹੋਇਆ ਹੈ। **(ਇਸੁ ਜਗ ਮਹਿ ਕਰਣੀ ਸਾਰੀ॥)** ਸਾਰੀ ਗੱਲ ਸਾਡੀ ਕਰਣੀ ਤੇ ਨਿਬੜਦੀ ਹੈ, ਸਾਡੀ ਦੁਨਿਆਵੀ ਵਿਚਰਨ

ਤੇ ਨਿਬੜਦੀ ਹੈ ਕਿ ਉਹ ਕਿਹੋ ਜਿਹੀ ਹੈ। ਪ੍ਰਮਾਤਮਾ ਦਾ ਇਹ ਅਸੂਲ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਦੇ ਦਰ ਤੇ ਸਾਡਾ ਲੇਖਾ ਜੋਖਾ ਸਾਡੀ ਕਰਣੀ ਦੁਆਰਾ ਹੀ ਨਿਬੜਦਾ ਹੈ। ਅਸੀਂ ਆਪਣੀ ਕਥਨੀ ਨੂੰ ਹੀ ਆਪਣੀ ਚੰਗੀ ਕਰਣੀ ਸਮਝਦੇ ਹਾਂ ਜਿਹੜਾ ਸਾਡਾ ਭੁਲੇਖਾ ਬਾਣੀ ਵਿੱਚ ਵਾਰ-ਵਾਰ ਕੱਢਿਆ ਹੋਇਆ ਹੈ, ਸਾਡਾ ਵੇਸ, ਭੇਖ ਤੇ ਚਤੁਰਾਈ ਕਹਿ ਕੇ ਸਮਝਾਇਆ ਹੋਇਆ ਹੈ।

ਅਸੀਂ ਸ਼ਬਦ ਦੀ ਕਥਨੀ ਨੂੰ ਹੀ ਆਪਣੀ ਚੰਗੀ ਕਰਣੀ ਸਮਝਦੇ ਹਾਂ ਜਿਸ ਨੂੰ ਕਿ ਸਾਡਾ ਭਰਮ ਹੀ ਦੱਸਿਆ ਹੋਇਆ ਹੈ।

{ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥}

(ਅੰਗ ੫੬)

ਕਰਣੀ ਸਾਡੀ ਰਹਿਣੀ ਹੈ ਭਾਵ ਸਾਡੇ ਜੀਵਨ ਦੀ ਵਿਚਰਨ ਹੈ।

17/1804

{ਭਗਤ ਜਨਾ ਕੀ ਬਰਤਨਿ ਨਾਮੁ॥ ਸੰਤ ਜਨਾ ਕੈ ਮਨਿ ਬਿਸ੍ਰਾਮੁ॥}

(ਅੰਗ ੨੬੪)

ਉਸਦੇ ਭਗਤਾਂ ਨੇ ਪ੍ਰਮਾਤਮਾ ਦਾ ਨਾਮ ਆਪਣੀ ਵਰਤਣ ਦੁਆਰਾ ਹੀ ਜਪਿਆ ਹੈ ਭਾਵ ਆਪਣੇ ਜੀਵਨ ਦੀ ਰਹਿਣੀ ਦੁਆਰਾ ਹੀ ਜਪਿਆ ਹੈ। ਉਸਦਾ ਨਾਮ ਉਹੀ ਜਪਦਾ ਹੈ ਜਿਸ ਨੂੰ ਨਾਮ ਦੀ ਪ੍ਰਾਪਤੀ ਹੋਈ ਹੁੰਦੀ ਹੈ ਭਾਵ ਜਿੰਨ੍ਹਾਂ ਦੇ ਮਨ ਵਿੱਚ ਨਾਮੁ ਦਾ ਬਿਸਰਾਮ ਹੋਇਆ ਹੁੰਦਾ ਹੈ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਨਾਮ ਦੀ ਸੋਝੀ ਪਾਈ ਹੁੰਦੀ ਹੈ। ਜੋ ਉਸ ਦਾ ਭਗਤ ਹੈ ਉਹੀ ਉਸਦਾ ਸੰਤ ਹੈ ਤੇ ਉਹਨਾਂ ਦੀ ਸੰਸਾਰਿਕ ਵਿਚਰਨ ਨਾਮ ਦੁਆਰਾ ਹੀ ਹੁੰਦੀ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਜਪਾਉਂਦਾ ਹੈ, ਆਪਣੇ ਮਾਰਗ ਤੇ ਆਪਣਾ ਰੂਪ ਧਾਰ ਕੇ ਆਪ ਹੀ ਆਪਣੇ ਆਪ ਨੂੰ ਚਲਾਉਂਦਾ ਹੈ। ਪ੍ਰਮਾਤਮਾ ਆਪ ਹੀ ਭਗਤ ਹੈ, ਆਪ ਹੀ ਸੰਤ ਹੈ, ਆਪ ਹੀ ਆਪਣਾ ਸੇਵਕ ਹੈ, ਆਪ ਹੀ ਆਪਣਾ ਦਾਸ ਹੈ, ਆਪ ਹੀ ਆਪਣਾ ਜਨ ਹੈ। ਇਸ ਗੱਲ ਦੀ ਸੋਝੀ ਕੇਵਲ ਮਨ ਦੇ ਵਿੱਚ ਨਾਮ ਦੇ ਪ੍ਰਕਾਸ਼ ਦੁਆਰਾ ਹੀ ਪੈਂਦੀ ਹੈ, ਨਾਮ ਦੇ ਬਿਸਰਾਮ ਦੁਆਰਾ ਹੀ ਪੈਂਦੀ ਹੈ।

ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੀ ਕਿਰਪਾ ਕੀਤੀ ਹੈ ਉਹਨਾਂ ਨੇ ਆਪਣੀ ਕਰਣੀ ਦੁਆਰਾ ਹੀ ਪ੍ਰਮਾਤਮਾ ਦਾ ਜਸ ਗਾਇਆ ਹੈ, ਆਪਣੀ ਗੁਰਮਤਿ ਸਮਝਾ ਕੇ ਆਪ ਹੀ ਗੁਰਮਤਿ ਤੇ ਚੱਲ ਕੇ ਦਿਖਾਇਆ ਹੈ। ਇਹ ਕੇਵਲ ਸਾਡੀ ਕਰਣੀ ਹੀ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਨੇੜੇ ਲੱਗ ਸਕਦੇ ਹਾਂ।

{ਚੀਰੀ ਆਈ ਢਿਲ ਨ ਕਾਊ॥ ਏਥੈ ਜਾਣੈ ਸੁ ਜਾਇ ਸਿਵਾਣੈ॥

ਹੋਰੁ ਫਕੜੁ ਹਿੰਦੂ ਮੁਸਲਮਾਣੈ॥ ਸਭਨਾ ਕਾ ਦਰਿ ਲੇਖਾ ਹੋਇ॥

ਕਰਣੀ ਬਾਝਹੁ ਤਰੈ ਨ ਕੋਇ॥ ਸਚੋ ਸਚੁ ਵਖਾਣੈ ਕੋਇ॥ ਨਾਨਕ ਅਗੈ ਪੁਛ ਨ ਹੋਇ॥੨॥}

(ਅੰਗ ੯੫੨)

ਜਿਹੋ ਜਿਹੀ ਕਰਣੀ ਨੇ ਸਾਨੂੰ ਲੇਖੇ ਤੋਂ ਛੁਡਵਾਣਾ ਹੈ ਉਹੀ ਜਿਹੀ ਕਰਣੀ ਕੇਵਲ ਸੱਚ ਦੁਆਰਾ ਹੀ ਹੋ ਸਕਦੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਭਾਵੇਂ ਕੋਈ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਗੁਰਸਿੱਖ ਅਖਵਾਉਣ ਵਾਲਿਆਂ ਲਈ ਵੀ ਲੇਖੇ ਤੋਂ ਛੁਟਕਾਰਾ ਇਹੋ ਜਿਹੀ ਕਰਣੀ ਦੁਆਰਾ ਹੀ ਹੋਣਾ ਹੈ ਭਾਵ ਸੱਚ ਤੇ ਚੱਲਣ ਦੁਆਰਾ ਹੀ ਹੋਣਾ ਹੈ ਜੋ ਸਭ ਲਈ ਇੱਕੋ ਜਿਹਾ ਹੀ ਹੈ। ਸੱਚ ਉਸ ਮਨ ਵਿੱਚ ਹੈ ਜਿੱਥੇ ਝੂਠ

17/1805

ਨਹੀਂ ਹੈ।

{ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥

ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥ ਮਨਿ ਅੰਧੈ ਜਨਮੁ ਗਵਾਇਆ॥੩॥}

(ਅੰਗ ੪੬੪)

{ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥}

(ਅੰਗ ੪੬੩)

ਜਿਸ ਨੇ ਵੀ ਇਹ ਸੰਸਾਰ ਦੇ ਭਵਸਾਗਰ ਤੋਂ ਤਰਨਾ ਹੈ, ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ ਉਹ ਕੇਵਲ ਸਾਡੀ ਸੱਚੀ ਸੁੱਚੀ ਕਰਣੀ ਦੁਆਰਾ ਹੀ ਤਰਿਆ ਜਾ ਸਕਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰ ਕੇ ਹੀ ਤਰਿਆ ਜਾ ਸਕਦਾ ਹੈ। ਇਹਨਾਂ ਤ੍ਰਿਸ਼ਨਾਵਾਂ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਦਾ ਉਹੋ ਜਿਹਾ ਜੱਸ ਨਹੀਂ ਗਾ ਸਕਦੇ ਜਿਸ ਦੁਆਰਾ ਅਸੀਂ ਇਸ ਭਵਸਾਗਰ ਤੋਂ ਪਾਰ ਪਾਉਣਾ ਹੈ। ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ ਵੀ ਸਾਡੀ ਤ੍ਰਿਸ਼ਨਾ ਹੈ ਤੇ ਇਸ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਹੀ ਅਸੀਂ ਕਥਨੀ ਦੇ ਮਾਰਗ ਤੇ ਚੱਲਦੇ ਹਾਂ ਕਿਉਂਕਿ ਇਸ ਕਥਨੀ ਦੇ ਮਾਰਗ ਦੁਆਰਾ ਹੀ ਅਸੀਂ ਆਪਣੇ ਆਪ ਨੂੰ ਉੱਚਾ ਬਣਾਉਂਦੇ ਹਾਂ, ਉੱਚਾ ਕਰਦੇ ਹਾਂ ਜਿਸ ਕਰਕੇ ਸਾਨੂੰ ਦੁਨਿਆਵੀ ਮਾਣ ਮਿਲਦਾ ਹੈ ਪਰ ਅਸਲ ਵਿੱਚ ਇਸ ਮਾਰਗ ਦੁਆਰਾ ਅਸੀਂ ਕੇਵਲ ਧੋਖੇ ਵਿੱਚ ਹੀ ਹਾਂ ਜਿਸ ਲਈ ਆਖਿਰਕਾਰ ਸਾਨੂੰ ਪਛਤਾਉਣਾ ਹੀ ਪੈਂਦਾ ਹੈ।

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥}

(ਅੰਗ ੪੯੧)

ਜਿੱਥੇ ਭਗਤੀ ਦਾ ਦਿਖਾਵਾ ਹੋਵੇਗਾ ਉੱਥੇ ਹੀ ਇਹੋ ਜਿਹਾ ਦੁਨਿਆਵੀ ਮਾਣ ਮਿਲਦਾ ਹੈ ਜੋ ਕਿ ਸੱਚਾ ਮਾਣ ਨਹੀਂ ਹੈ। ਸੱਚਾ ਮਾਣ ਉਹ ਹੈ ਜੋ ਸੱਚ ਤੇ ਚੱਲ ਕੇ ਮਿਲਦਾ ਹੈ, ਹਿਰਦੈ ਅੰਦਰ ਸੱਚ ਵੱਸਣ ਦੁਆਰਾ ਮਿਲਦਾ ਹੈ। ਉਸਦੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਸੱਚਾ ਮਾਣ ਮਿਲਿਆ ਹੈ ਕਿਸੇ ਦਿਖਾਵੇ ਦਾ ਮਾਣ ਨਹੀਂ ਹੈ। ਉਹਨਾਂ ਨੇ ਕੋਈ ਭਗਤੀ ਦੇ ਦਿਖਾਵੇ ਨਹੀਂ ਕੀਤੇ ਬਲਕਿ ਗੁਰਮਤਿ ਅਨੁਸਾਰ ਵਿਚਰ ਕੇ ਪ੍ਰਮਾਤਮਾ ਦਾ ਜੱਸ ਗਾਇਆ ਹੈ।

''ਸ਼ਬਦੁ'' ਗੁਰੂ ਹੈ ਤੇ ''ਸ਼ਬਦੁ'' ਦਾ ਸਾਰ

17/1806

ਭਾਵ ਗੁਰਬਾਣੀ ਦਾ ਸਾਰ ਇਹ ਹੈ ਕਿ ਅਸੀਂ ਸੱਚ ਤੇ ਚੱਲੀਏ ਭਾਵ ਸੱਚ ਦੁਆਰਾ ਆਪਣੀ ਕਰਣੀ ਕਰੀਏ। ਜੋ ਆਪ ''ਸ਼ਬਦੁ'' ਰੂਪ ਹੋਏ ਹਨ ਉਹਨਾਂ ਨੇ ਆਪਣੇ ਜੀਵਨ ਵਿੱਚ ਸਾਰੀ ਕਰਣੀ ਸੱਚ ਦੁਆਰਾ ਹੀ ਕੀਤੀ ਹੈ ਤੇ ਤਾਂ ਹੀ ਸਾਨੂੰ ਇਹੋ ਜਿਹੀ ਕਰਣੀ ਸਮਝਾਈ ਹੈ ਜੋ ਕਿ ਹੇਠ ਦਿੱਤੀ ਪੰਗਤੀ ਦੁਆਰਾ ਕੋਈ ਵੀ ਅਸਾਨੀ ਨਾਲ ਸਮਝ ਸਕਦਾ ਹੈ।

{ਸਚੁ ਕਰਣੀ ਸਬਦੁ ਹੈ ਸਾਰੁ॥ ਪੂਰੈ ਗੁਰਿ ਪਾਈਐ ਮੋਖ ਦੁਆਰੁ॥}

(ਅੰਗ ੧੧੪)

ਮੁਕਤੀ ਦਾ ''ਦੁਆਰੁ'' ਸਾਡੀ ਸੱਚੀ ਸੁੱਚੀ ਕਰਨੀ ਦੁਆਰਾ ਹੀ ਪਾਇਆ ਜਾ ਸਕਦਾ ਹੈ। ਸ਼ਬਦੁ ਦੀ ਕਥਨੀ ਦੁਆਰਾ ਨਹੀਂ ਪਾਇਆ ਜਾ ਸਕਦਾ ਹੈ।

{ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥ ਗੁਰਮੁਖਿ ਪਾਏ ਮੋਖ ਦੁਆਰੁ॥}

(ਅੰਗ ੧੧੫)

{ਮਨ ਮੇਰੇ ਗੁਰਮਤਿ ਕਰਣੀ ਸਾਰੁ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ॥੧॥ਰਹਾਉ॥}

(ਅੰਗ ੫੫੯)

ਪੂਰੀ ਗੁਰਬਾਣੀ ਵਿੱਚ ਵੀ ਉਸ ਦੇ ਭਗਤਾਂ ਦੀ ਕਥਨੀ ਹੀ ਹੈ ਜੋ ਕਿ ਉਸਦੀ ਆਪਣੀ ਹੀ ਕਥੀ ਹੋਈ ਹੈ। ਉਸਦੀ ਆਪਣੀ ਕਥਨੀ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ ਤਾਂ ਜੋ ਅਸੀਂ ਉਸ ਪ੍ਰਮਾਤਮਾ ਦੀ ਕਥਨੀ ਤੋਂ ਸਿੱਖਿਆ ਲੈ ਕੇ ਉਸਨੂੰ ਆਪਣੀ ਕਰਣੀ ਵਿੱਚ ਬਦਲ ਸਕੀਏ। ਗੁਰੂ ਵਾਲੀ ਕਥਨੀ ਨੂੰ ਕੇਵਲ ਉਸੇ ਤਰ੍ਹਾਂ ਕਥੀ ਜਾਣ ਨਾਲ ਅਸੀਂ ਗੁਰੂ ਵਰਗੇ ਨਹੀਂ ਬਣ ਸਕਦੇ। ਇਹ ਕਥਨੀ ਸਾਨੂੰ ਉਹਨਾਂ ਨੇ ਸਮਝਾਈ ਹੈ ਜਿੰਨ੍ਹਾਂ ਨੇ ਇਸ ਅਨੁਸਾਰ ਕਰਣੀ ਵੀ ਕੀਤੀ ਹੈ। ਅਸੀਂ ਆਪਣਾ ਸਾਰਾ ਭਰੋਸਾ ਕੇਵਲ

ਕਥਨੀ ਤੇ ਟਿਕਾਇਆ ਹੋਇਆ ਹੈ ਤੇ ਕਰਣੀ ਨੂੰ ਇੱਕ ਪਾਸੇ ਰੱਖਿਆ ਹੋਇਆ ਹੈ। ਕਥਨੀ ਕੇਵਲ ਉਸ ਮਨੁੱਖ ਦੀ ਉੱਚੀ ਹੈ, ਉੱਤਮ ਹੈ ਜਿਸ ਨੂੰ ਪ੍ਰਮਾਤਮਾ ਨੇ ਮੰਨਿਆ ਹੋਇਆ ਹੈ ਭਾਵ ਜਿਸ ਮਨੁੱਖ ਦੀ ਕਥਨੀ ਨੂੰ ਉਸਨੇ ਪ੍ਰਵਾਨ ਕੀਤਾ ਹੋਇਆ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਕਥੀ ਹੈ ਉਹਨਾਂ ਦੀ ਕਥਨੀ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੈ ਭਾਵ ਉਹ ਪ੍ਰਮਾਤਮਾ ਦੀ ਆਪਣੀ ਸਮਝਾਈ ਹੋਈ ਕਥਾ ਹੀ ਹੈ ਇਸੇ ਲਈ ਉਹ ਕਥਨੀ ਉੱਤਮ ਹੈ।

(ਕਹੁ ਨਾਨਕ ਸਾ ਕਥਨੀ ਸਾਰੁ॥ ਮਾਨਿ ਲੇਤੁ ਜਿਸੁ ਸਿਰਜਨਹਾਰੁ॥੪॥੯੪॥੧੬੩॥)

(ਅੰਗ ੧੯੮)

17/1807

ਜਦ ਤੱਕ ਅਸੀਂ ਗੁਰੂ ਦੀ ਕਥਨੀ ਦਾ ਮਕਸਦ ਨਹੀਂ ਸਮਝਦੇ ਕਿ ਉਹ ਕਥਨੀ ਕਿਸ ਲਈ ਕੀਤੀ ਗਈ ਹੈ ਤਦ ਤੱਕ ਅਸੀਂ ਕਥਨੀ ਤੋਂ ਲਾਭ ਨਹੀਂ ਲੈ ਸਕਦੇ। ਗੁਰੂ ਦੀ ਦੱਸੀ ਹੋਈ ਗੱਲ ਨੂੰ ਅਸੀਂ ਕੇਵਲ ਬੋਲ-ਬੋਲ ਕੇ ਗੁਰੂ ਨੂੰ ਸੁਣਾਈ ਜਾਈਏ ਉਸ ਨਾਲ ਸਾਨੂੰ ਲਾਭ ਨਹੀਂ ਮਿਲ ਸਕਦਾ। ਸਾਰਾ ਭੇਦ ਇਸ ਕਥਨੀ ਨੂੰ ਆਪਣੀ ਕਰਣੀ ਵਿੱਚ ਬਦਲਣ ਲਈ ਹੈ।

ਕਰਣੀ ਨੂੰ ਸਮਝੇ ਬਿਨ੍ਹਾਂ ਅਸੀਂ ਮੁੱਖ ਸ਼ਬਦ ਦੀ ਵਿਚਾਰ ਨੂੰ ਸਮਝਣ ਵਿੱਚ ਅਸਮਰੱਥ ਹੀ ਮਹਿਸੂਸ ਕਰਾਂਗੇ ਖਾਸ ਕਰਕੇ ਜੋ ਆਪਣੀ ਕਥਨੀ ਨੂੰ ਹੀ ਕਰਣੀ ਸਮਝਦੇ ਹਨ।

“ਭਣਤਿ ਨਾਨਕੁ ਬੂਝੈ ਕੋ ਬੀਚਾਰੀ॥ ਇਸੁ ਜਗ ਮਹਿ ਕਰਣੀ ਸਾਰੀ॥

ਕਰਣੀ ਕੀਰਤਿ ਹੋਈ॥ ਜਾ ਆਪੇ ਮਿਲਿਆ ਸੋਈ॥੪॥੧॥੧੨॥”

ਇਹ ਗੁਰੂ ਸਾਹਿਬ ਦਾ ਆਪਣਾ ਫੁਰਮਾਨ ਹੈ ਕਿ ਇਹ ਗੱਲ ਕੋਈ ਵਿਰਲਾ ਹੀ ਜਾਣ ਸਕਦਾ ਹੈ, ਕੋਈ ਵਿਰਲਾ ਹੀ ਇਸ ਗੱਲ ਨੂੰ ਵਿਚਾਰ ਸਕਦਾ ਹੈ ਕਿ ਸਾਰੀ ਗੱਲ ਸਾਡੀ ਕਰਣੀ ਤੇ ਹੀ ਮੁੱਕਦੀ ਹੈ। ਪ੍ਰਮਾਤਮਾ ਦੀ ਕੀਰਤੀ ਅਸੀਂ ਆਪਣੀ ਕਰਣੀ ਦੁਆਰਾ ਹੀ ਕਰ ਸਕਦੇ ਹਾਂ ਜੋ ਕਿ ਸਾਡੀ ਸੰਸਾਰਿਕ ਵਿਚਰਨ ਹੈ।

“ਕਰਣੀ ਕੀਰਤਿ ਹੋਈ॥ ਜਾ ਆਪੇ ਮਿਲਿਆ ਸੋਈ॥੪॥੧॥੧੨॥”

ਆਖਰੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। **“ਜਾ ਆਪੇ ਮਿਲਿਆ ਸੋਈ॥”** ਜਦ ਤੱਕ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਅਸੀਂ ਪ੍ਰਮਾਤਮਾ ਦਾ ਉਸ ਰੂਪ ਵਿੱਚ ਜੱਸ ਨਹੀਂ ਗਾ ਸਕਦੇ ਭਾਵ ਪੂਰੀ ਤਰ੍ਹਾਂ ਸੱਚ ਦੁਆਰਾ ਨਹੀਂ ਵਿਚਰ ਸਕਦੇ ਜਦ ਤੱਕ ਮਨ ਦੇ ਵਿੱਚ ਉਹ ਆਪ ਹੀ ਆਪਣਾ ਸੱਚ ਨਹੀਂ ਸਮਝਾਉਂਦਾ, ਆਪ ਨਾਮ ਨਹੀਂ ਸਮਝਾਉਂਦਾ, ਆਪ ਨਾਮ ਦ੍ਰਿੜ ਨਹੀਂ ਕਰਵਾਉਂਦਾ। ਉਸਦੇ ਮੇਲ ਦੁਆਰਾ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਸਾਰੀ ਗੱਲ ਇਸ ਜਗ ਵਿੱਚ ਸਾਡੀ ਕਰਣੀ ਤੇ ਹੀ ਨਿਬੜਦੀ ਹੈ ਜੋ ਕਿ ਉਹ ਆਪ ਹੀ ਸਮਝਾਉਂਦਾ ਹੈ। ਬਾਣੀ ਦੁਆਰਾ ਸਾਨੂੰ ਜਿੰਨ੍ਹਾਂ ਨੇ ਸਾਡੀ ਕਥਨੀ ਤੇ ਕਰਣੀ ਵਿੱਚ ਭੇਦ ਸਮਝਾਇਆ ਹੈ ਉਹਨਾਂ ਨੇ ਮਨ ਦੇ ਵਿੱਚ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਸਮਝਾਇਆ ਹੈ।

17/1808

ਬੜਾ ਸਪੱਸ਼ਟ ਹੈ ਕਿ ਜੋ ਆਪਣੀ ਕਥਨੀ ਨੂੰ ਹੀ, ਸਰੀਰਕ ਜਪ ਤਪ ਆਦਿ ਨੂੰ ਹੀ, ਗਿਣਤੀਆਂ ਮਿਣਤੀਆਂ ਨੂੰ ਹੀ, ਕੇਵਲ ਸ਼ਬਦ ਨੂੰ ਵਾਰ-ਵਾਰ ਪੜ੍ਹੀ ਜਾਣ ਨੂੰ ਹੀ ਪ੍ਰਮਾਤਮਾ ਦਾ ਜੱਸ ਗਾਉਣਾ ਸਮਝਦੇ ਹਨ ਜਾਂ ਸਮਝਾਉਂਦੇ ਹਨ, ਉਹਨਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ। ਜਿੰਨ੍ਹਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਮੰਨ ਕੇ ਅਸੀਂ ਉਹਨਾਂ ਨੇ ਪਿੱਛੇ ਲੱਗੇ ਹੋਏ ਹਾਂ ਉਹ ਸਭ ਸਾਨੂੰ ਇਹੋ ਕੁੱਝ ਹੀ ਸਮਝਾਉਂਦੇ ਹਨ ਜਿਹੜੀਆਂ ਗੱਲਾਂ ਨੂੰ ਬਾਣੀ ਵਿੱਚ ਵਾਰ-ਵਾਰ ਖੰਡਿਆ ਹੋਇਆ ਹੈ। ਜਦ ਤੱਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਪ੍ਰਮਾਤਮਾ ਦਾ ਮੇਲ ਕੀ ਹੈ, ਅਸੀਂ ਭਰਮ ਵਿੱਚ ਹੀ ਭਰਮਿਆਂ ਹੋਇਆਂ ਦੇ ਪਿੱਛੇ ਲੱਗੇ ਹੋਏ ਹਾਂ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦੇ ਲਈ ਨਾ ਕਿਤੇ ਜਾਣਾ ਪੈਂਦਾ ਹੈ ਤੇ ਨਾ ਹੀ ਕੋਈ ਜੁਗਤੀ ਕੰਮ ਆਉਂਦੀ ਹੈ। ਜਿੱਥੇ ਉਹ ਕਿਰਪਾ ਕਰਦਾ ਹੈ ਉਹ ਆਪ ਹੀ ਮਿਲਦਾ ਹੈ ਤੇ ਮਨ ਦੇ ਵਿੱਚ ਹੀ ਮਿਲਦਾ ਹੈ, ਨਿਰਗੁਣ ਰੂਪ ਵਿੱਚ ਹੀ ਮਿਲਦਾ ਹੈ, ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਮਿਲਦਾ ਹੈ ਤੇ ਆਪਣੀ ਕੀਰਤੀ ਕਰਣੀ ਆਪ ਹੀ ਸਮਝਾਉਂਦਾ ਹੈ। **(ਕਰਣੀ ਕੀਰਤਿ ਹੋਈ॥ ਜਾ ਆਪੇ ਮਿਲਿਆ ਸੋਈ॥੪॥੧॥੧੨॥)**

ਜਦ ਤੱਕ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਕਿਸੇ ਦਾ ਭਰਮ ਜਾ ਹੀ ਨਹੀਂ ਸਕਦਾ। ਸਭ ਨੂੰ ਭੁਲਾਉਣ ਵਾਲਾ ਵੀ ਉਹ

ਆਪ ਹੀ ਹੈ ਤੇ ਇਸ ਗੱਲ ਦੀ ਸੋਝੀ ਵੀ ਉਸ ਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ। ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਵੀ ਸਮਝੀਏ ਕਿ ਹਰ ਕੋਈ ਭੁੱਲਿਆ ਹੋਇਆ ਵੀ ਆਪਣੇ ਆਪ ਨੂੰ ਨਾ ਭੁੱਲਿਆ ਹੋਇਆ ਹੀ ਭਾਵ ਠੀਕ ਹੀ ਸਮਝਦਾ ਹੈ।

ਸੋਰਠਿ ਮਹਲਾ ੫॥

"ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥
ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ॥੧॥
ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ਰਹਾਉ॥
ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥
ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ॥੨॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ॥੩॥
ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ॥
ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥੪॥੬॥"

(ਅੰਗ ੬੧੦)

17/1809

"ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥"

ਉੱਪਰ ਸ਼ਬਦ ਦੀ ਪਹਿਲੀ ਪੰਗਤੀ ਨੂੰ ਸਮਝਣ ਦੇ ਲਈ ਪਹਿਲੇ ਸਾਡੇ ਲਈ ਇਹ ਸਮਝਣਾ ਜਰੂਰੀ ਹੈ ਕਿ ਬਾਣੀ ਵਿੱਚ ਸੁਖੀ ਕਿਸ ਨੂੰ ਕਿਹਾ ਹੈ ਤੇ ਰੋਗੀ ਕਿਸ ਨੂੰ ਕਿਹਾ ਹੈ। ਸੁਖੀ ਉਹ ਹੈ ਜਿਸਨੂੰ ਪ੍ਰਮਾਤਮਾ ਨੇ ਆਪਣੇ ਮੇਲ ਦਾ ਸੁੱਖ ਬਖਸ਼ਿਆ ਹੋਇਆ ਹੈ। ਪੂਰਨ ਸੁੱਖ ਕੇਵਲ ਉਸਦੇ ਮੇਲ ਵਿੱਚ ਹੀ ਹੈ ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੋਇਆ ਹੈ। ਰੋਗ ਸਾਡੀ ਹਉਮੈ ਹੈ ਜਿਵੇਂ ਕਿ ਇਸੇ ਸ਼ਬਦ ਵਿੱਚ ਹੀ ਕੁੱਝ ਅੱਗੇ ਜਾ ਕੇ ਸਮਝਾਇਆ ਹੋਇਆ ਹੈ ਤੇ ਹਉਮੈ ਰੋਗ ਦੀ ਗੱਲ ਬਾਣੀ ਵਿੱਚ ਵਾਰ-ਵਾਰ ਹੀ ਆਉਂਦੀ ਹੈ। ਸੁੱਖ ਤੇ ਰੋਗ ਦੋਨਾਂ ਤੋਂ ਭਾਵ ਸਾਡੇ ਮਨ ਦੀ ਅਵੱਸਥਾ ਤੋਂ ਹੀ ਹੈ। ਸਾਡੇ ਮਨ ਦੇ ਵਿੱਚ ਹੀ ਸੁੱਖ ਹੈ ਤੇ ਮਨ ਦੇ ਵਿੱਚ ਹੀ ਦੁੱਖ ਦਾ ਰੋਗ ਹੈ। ਸੁੱਖ ਸਾਡੇ ਅੰਦਰ ਨਾਮ ਵਾਲੀ ਅਵੱਸਥਾ ਹੈ ਤੇ ਰੋਗ ਸਾਡੇ ਅੰਦਰ ਹਉਮੈ ਵਾਲੀ ਅਵੱਸਥਾ ਹੈ। ਸੁੱਖ ਚੌਥੇ ਪਦ ਵਾਲੀ ਅਵੱਸਥਾ ਹੈ, ਸੱਚੇ ਗਿਆਨ ਵਾਲੀ ਅਵੱਸਥਾ ਹੈ ਤੇ ਰੋਗ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਜਦੋਂ ਮਨੁੱਖ ਦੀ ਅਵੱਸਥਾ ਸੁੱਖ ਵਾਲੀ ਬਣ ਜਾਂਦੀ ਹੈ ਤੇ ਫਿਰ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜੋ ਸਾਡੇ ਅੰਦਰ ਹੈ ਉਹ ਹੀ ਸਭ ਦੇ ਅੰਦਰ ਹੈ। ਇਸ ਅਵੱਸਥਾ ਦੁਆਰਾ ਮਨੁੱਖ ਨੂੰ ਸਭ ਦੇ ਵਿੱਚ ਫਿਰ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਜੋ ਅਸਲ ਵਿੱਚ ਆਪ ਹੀ ਹਰ ਰੂਪ ਵਿੱਚ ਵਿਚਰ ਰਿਹਾ ਹੈ। **(ਸੁਖੀਏ ਕਉ ਪੇਖੈ ਸਭ ਸੁਖੀਆ)**

ਇਸੇ ਤਰ੍ਹਾਂ ਜਦ ਤੱਕ ਸਾਡੇ ਮਨ ਦੀ ਅਵੱਸਥਾ ਰੋਗੀਆਂ ਵਾਲੀ ਹੈ, ਹਉਮੈ ਰੋਗ ਵਾਲੀ ਹੈ, ਤ੍ਰੈਗੁਣਾਂ ਵਾਲੀ ਹੈ ਤਦ ਤੱਕ ਸਾਨੂੰ ਨਾ ਆਪਣੇ ਅੰਦਰ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ, ਨਾ ਹੀ ਕਿਸੇ ਹੋਰ ਦੇ ਵਿੱਚ ਸਾਨੂੰ ਪ੍ਰਮਾਤਮਾ ਦਾ ਰੂਪ ਨਜ਼ਰ ਆਉਂਦਾ ਹੈ। ਜਿਵੇਂ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਇਸੇ ਤਰ੍ਹਾਂ ਅਸੀਂ

17/1810

ਦੂਸਰਿਆਂ ਵਿੱਚ ਪ੍ਰਮਾਤਮਾ ਦੀ ਹੋਂਦ ਨੂੰ ਨਹੀਂ ਸਮਝ ਸਕਦੇ। ਪ੍ਰਮਾਤਮਾ ਕਿਸ ਰੂਪ ਵਿੱਚ ਹੈ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ। ਇਹ ਰੋਗ ਸਭ ਵਿੱਚ ਇੱਕੋ ਜਿਹਾ ਹੀ ਹੈ ਤੇ ਇਹੋ ਕੁੱਝ ਹੀ ਸਾਨੂੰ ਸਮਝ ਪੈਂਦੀ ਹੈ। **(ਰੋਗੀ ਕੈ ਭਾਣੈ ਸਭ ਰੋਗੀ॥)**

ਪ੍ਰਮਾਤਮਾ ਕਿਸ ਨੂੰ ਸੁੱਖ ਦੀ ਅਵੱਸਥਾ ਬਖਸ਼ਦਾ ਹੈ, ਕਿਸਦਾ ਰੋਗ ਕੱਟਦਾ ਹੈ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਭਾਵ

ਸਾਡੇ ਹੱਥ ਵੱਸ ਕੁੱਝ ਨਹੀਂ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ॥੧॥”

ਅਸੀਂ ਜੋ ਕੁੱਝ ਵੀ ਕਰਦੇ ਹਾਂ ਭਾਵ ਜਿਸ ਤਰੀਕੇ ਵੀ ਅਸੀਂ ਵਿਚਰਦੇ ਹਾਂ ਸਾਡੇ ਕੋਲੋਂ ਉਹ ਸਭ ਕੁੱਝ ਕਰਵਾਉਣ ਵਾਲਾ ਆਪ ਹੀ ਹੈ। ਇਸ ਗੱਲ ਦੀ ਸੋਝੀ ਉਸ ਪ੍ਰਮਾਤਮਾ ਦੇ ਸੰਜੋਗ ਦੁਆਰਾ ਭਾਵ ਮੇਲ ਦੁਆਰਾ ਹੀ ਪੈਂਦੀ ਹੈ ਜੋ ਕਿ ਉਸਨੇ ਕੇਵਲ ਆਪਣੇ ਹੱਥ ਵਿੱਚ ਹੀ ਰੱਖਿਆ ਹੋਇਆ ਹੈ। ਸਾਡੇ ਨਾਲ ਉਹ ਆਪਣਾ ਸੰਜੋਗ, ਮੇਲ ਕਿਵੇਂ ਕਰਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥ ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ਰਹਾਉ॥”

ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਜਾਂ ਮੇਲ ਸਾਡੇ ਮਨ ਦੀ ਅਵੱਸਥਾ ਹੀ ਹੈ। ਮਨ ਦੇ ਰੋਗ ਵਾਲੀ ਅਵੱਸਥਾ ਭਰਮ ਵਾਲੀ ਅਵੱਸਥਾ ਹੈ। ਜਿਸ ਦਾ ਪ੍ਰਮਾਤਮਾ ਰੋਗ ਕੱਟਦਾ ਹੈ ਉਸਦਾ ਭਰਮ ਹੀ ਕੱਟਦਾ ਹੈ। ਮਨ ਦੇ ਵਿੱਚ ਭਰਮ ਦੇ ਰਹਿੰਦਿਆਂ ਨਾ ਆਪਣੇ ਅੰਦਰ ਬ੍ਰਹਮ ਨਜ਼ਰ ਆ ਸਕਦਾ ਹੈ ਤੇ ਨਾ ਹੀ ਕਿਸੇ ਹੋਰ ਦੇ ਅੰਦਰ ਉਸਦਾ ਰੂਪ ਨਜ਼ਰ ਆ ਸਕਦਾ ਹੈ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਵਿਚਰਦਾ ਹੈ। ਮਨ ਦਾ ਇਹ ਭਰਮ ਨਿਕਲੇ ਬਿਨ੍ਹਾਂ ਭਾਵ ਮਨ ਦੀ ਇਹ ਤ੍ਰੈਗੁਣੀ ਅਵੱਸਥਾ ਖ਼ਤਮ ਹੋਏ ਬਿਨ੍ਹਾਂ

17/1811

ਹਰ ਕੋਈ ਭੁੱਲਿਆ ਹੋਇਆ ਹੀ ਹੈ ਕਿ ਪ੍ਰਮਾਤਮਾ ਕੀ ਹੈ, ਕਿਸ ਰੂਪ ਵਿੱਚ ਹੈ, ਕਿਸ ਰੂਪ ਵਿੱਚ ਉਹ ਵਿਚਰਦਾ ਹੈ। ਮਨੁੱਖ ਦੀ ਇਹ ਭੁੱਲ ਪ੍ਰਮਾਤਮਾ ਆਪ ਹੀ ਕੱਢਦਾ ਹੈ, ਪ੍ਰਮਾਤਮਾ ਨੂੰ ਸਮਝਣ ਵਿੱਚ, ਉਸਨੂੰ ਜਪਣ ਵਿੱਚ ਭਾਵੇਂ ਹਰ ਕੋਈ ਭੁੱਲਿਆ ਹੋਇਆ ਹੈ ਪਰ ਇਸ ਗੱਲ ਨੂੰ ਕੋਈ ਮੰਨ ਨਹੀਂ ਸਕਦਾ ਕਿ ਉਹ ਭੁੱਲਿਆ ਹੋਇਆ ਹੈ। ਅਸਲ ਵਿੱਚ ਸਭ ਨੂੰ ਭੁਲਾਉਣ ਵਾਲਾ ਉਹ ਆਪ ਹੀ ਹੈ ਜੋ ਸਾਡੇ ਮਨ ਦੇ ਵਿੱਚ ਹੀ ਸਾਡੇ ਮਨ ਦੇ ਵਿਚਾਰਾਂ ਰਾਹੀਂ ਵਿਚਰ ਰਿਹਾ ਹੈ। ਇਸ ਗੱਲ ਦੀ ਸੋਝੀ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਜਾਨਣ ਦੇ ਨਾਲ ਹੀ ਪੈਂਦੀ ਹੈ ਕਿ ਉਹ ਸਭ ਨੂੰ ਕਿਵੇਂ ਭੁਲਾਉਂਦਾ ਹੈ, ਉਸਨੇ ਸਭ ਨੂੰ ਹਉਮੈ ਵਿੱਚ ਕਿਵੇਂ ਰੱਖਿਆ ਹੋਇਆ ਹੈ। ਆਪਣੇ ਵੱਲੋਂ ਜੋ ਵੀ ਕੋਈ ਉਸਦੀ ਭਗਤੀ ਕਰਦਾ ਹੈ, ਠੀਕ ਸਮਝ ਕੇ ਹੀ ਕਰਦਾ ਹੈ ਤੇ ਇਹ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਸਮਝ ਲੱਗਦੀ ਹੈ ਕਿ ਆਪਣੇ ਆਪ ਜਾਣ ਕੇ ਕੋਈ ਨਹੀਂ ਭੁੱਲਦਾ ਤੇ ਹਰ ਕੋਈ ਉਸੇ ਦਾ ਹੀ ਭੁਲਾਇਆ ਹੋਇਆ ਹੈ। **(ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥ ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ਰਹਾਉ॥)**

{ਕੋਈ ਜਾਣਿ ਨ ਭੂਲੈ ਭਾਈ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥੧॥ਰਹਾਉ॥}

(ਅੰਗ ੧੩੪੪)

{ਤਪੁ ਕਰਤੇ ਤਪਸੀ ਭੂਲਾਏ॥ ਪੰਡਿਤ ਮੋਹੇ ਲੋਭਿ ਸਬਾਏ॥}

(ਅੰਗ ੩੭੦)

ਸਾਡੇ ਮਨ ਦੀ ਸੁੱਖ ਦੀ ਅਵੱਸਥਾ ਕੀ ਹੈ ਤੇ ਰੋਗ ਦੀ ਅਵੱਸਥਾ ਕੀ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ॥

ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ॥੨॥”

ਸੰਤਸੰਗਿ ਹੋਣਾ ਜਾਂ ਪ੍ਰਮਾਤਮਾ ਗੁਰੂ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ ਮਨ ਪ੍ਰਮਾਤਮਾ ਦੇ ਮੇਲ ਦੇ ਨਾਲ ਹੀ ਸੀਤਲ ਹੁੰਦਾ ਹੈ, ਮਨ ਨੂੰ ਠੰਢ ਪੈਂਦੀ ਹੈ ਭਾਵ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

17/1812

ਜਿਸਦਾ ਮਨ ਸ਼ੀਤਲ ਹੋ ਜਾਂਦਾ ਹੈ ਉਸਨੂੰ ਹੀ ਇਹ ਸਮਝ ਪੈਂਦੀ ਹੈ ਕਿ ਉਹ ਪ੍ਰਮਾਤਮਾ ਆਪ ਹੀ ਸਭ ਵਿੱਚ ਵਿਚਰ ਰਿਹਾ ਹੈ ਜੋ ਸਭ ਨੂੰ ਸ਼ੀਤਲ ਕਰ ਸਕਦਾ ਹੈ। **(ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ॥)**

ਮਨ ਦੇ ਸ਼ੀਤਲ ਹੋਣ ਤੋਂ ਬਿਨ੍ਹਾਂ ਹਰ ਕੋਈ ਮਨ ਦਾ ਰੋਗੀ ਹੀ ਹੈ ਜੋ ਕਿ ਸਾਡੇ ਅੰਦਰ ਹਉਮੈ ਦਾ ਰੋਗ ਹੈ, ਮੈਂ ਦਾ ਰੋਗ ਹੈ, ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਰੋਗ ਹੈ। ਇਸ ਰੋਗ ਦੇ ਰਹਿੰਦਿਆਂ ਮਨੁੱਖ ਤ੍ਰਿਸ਼ਨਾ ਵਿੱਚ ਹੀ ਜਲਦਾ ਹੈ ਤੇ ਮਨੁੱਖ ਦਾ ਜੀਵਨ ਵਿਅਰਥ ਹੀ ਚਲਾ ਜਾਂਦਾ ਹੈ ਕਿਉਂਕਿ ਉਹ ਮਨੁੱਖ ਭਰਮ ਵਿੱਚ ਹੀ ਰਹਿੰਦਾ ਹੈ ਕਿ ਇਹ ਮੈਂ ਹੈ ਭਾਵ ਮੈਂ ਪ੍ਰਮਾਤਮਾ ਤੋਂ ਵੱਖਰਾ ਹਾਂ **(ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ॥੨॥)** ਇਹ ਹਉਮੈ ਰੋਗ ਸਾਡੇ ਮਨ ਦੀ ਅਗਿਆਨਤਾ ਕਰਕੇ ਹੀ ਹੈ ਜੋ ਕਿ ਮਨ ਦੇ ਗਿਆਨ ਦੁਆਰਾ ਹੀ ਦੂਰ ਹੁੰਦਾ ਹੈ ਤੇ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥

ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ॥੩॥”

ਉਪਰਲੀਆਂ ਪੰਗਤੀਆਂ ਨੂੰ ਅਗਰ ਧਿਆਨ ਨਾਲ ਸਮਝੋਗੇ ਤਾਂ ਇਹ ਸਮਝ ਲੱਗ ਜਾਵੇਗੀ ਕਿ ਸਾਡੇ ਅੰਦਰ ਸੁੱਖ ਦੀ ਅਵੱਸਥਾ ਕੀ ਹੈ ਤੇ ਰੋਗ ਦੀ ਅਵੱਸਥਾ ਕੀ ਹੈ, ਦੁੱਖ ਦੀ ਅਵੱਸਥਾ ਕੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਕੀ ਹੈ ਤੇ ਉਸ ਨਾਲੋਂ ਵਿਛੋੜੇ ਦੀ ਅਵੱਸਥਾ ਕੀ ਹੈ। ਨਾਮ ਵਾਲੀ ਅਵੱਸਥਾ ਕੀ ਹੈ ਤੇ ਹਉਮੈ ਵਾਲੀ ਅਵੱਸਥਾ ਕੀ ਹੈ। ਸਭ ਕੁਝ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸਨੂੰ ਜਾਣਦੇ ਆ ਰਹੇ ਹਾਂ। ਜਦ ਤੱਕ ਸਾਡੇ ਮਨ ਦੇ ਅੰਦਰ ਪ੍ਰਕਾਸ਼ ਨਹੀਂ ਹੁੰਦਾ ਤਦ ਤੱਕ ਸਾਨੂੰ ਉਹ ਸੋਝੀ ਨਹੀਂ ਪੈ ਸਕਦੀ ਕਿ ਪ੍ਰਮਾਤਮਾ ਦੇ ਨਾਲ ਸੰਜੋਗ ਕਿਵੇਂ ਹੁੰਦਾ ਹੈ। ‘ਪ੍ਰਕਾਸ਼’ ਸਾਡੇ ਮਨ ਦੀ ਸੋਝੀ ਹੈ। ‘‘ਸਰਬ ਪ੍ਰਗਾਸਾ’’ ਤੋਂ ਭਾਵ ਹੈ ਪੂਰਨ ਸੋਝੀ ਦੀ ਅਵੱਸਥਾ। ਇਸ ਪੂਰਨ ਸੋਝੀ ਦੀ ਅਵੱਸਥਾ ਤੋਂ ਬਿਨ੍ਹਾਂ ਹਰ ਕੋਈ ਅਗਿਆਨਤਾ ਵਿੱਚ ਹੀ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ ਤੇ ਉਸ ਦੀ ਮਤਿ ਨੂੰ ਜਾਨਣ ਬਾਰੇ ਅਗਿਆਨਤਾ

ਵਿੱਚ ਹੀ ਹੈ ਭਾਵੇਂ ਕਿਸੇ ਕੋਲ ਜਿਤਨਾ ਮਰਜ਼ੀ ਉੱਚਾ ਦੁਨਿਆਵੀ ਗਿਆਨ ਹੋਵੇ। ਇਹ ਉਹ ਗਿਆਨ ਹੈ ਜਿਸ ਗਿਆਨ ਦਾ ਸੁਰਮਾ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਗਿਆਨ ਦਾ ਸੁਰਮਾ ਮਨ ਦੇ ਵਿੱਚ ਹੀ ਪੈਂਦਾ ਹੈ ਭਾਵੇਂ ਗੱਲ ਨੇਤ੍ਰਾਂ ਦੀ ਕੀਤੀ ਹੁੰਦੀ ਹੈ। ਇਹ ਸਾਡੀ ਦਿਬਦ੍ਰਿਸ਼ਟੀ ਦੀ ਅਵੱਸਥਾ ਹੈ ਜਿਸ ਦੁਆਰਾ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਮਨ ਦੇ ਇਸ ਪ੍ਰਕਾਸ਼ ਦੁਆਰਾ ਹੀ ਸਾਨੂੰ ਮਨ ਦੇ ਵਿੱਚੋਂ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਸਾਡੇ ਮਨ ਦੇ ਵਿੱਚ ਉਹ ਗਿਆਨ ਰੂਪ ਵਿੱਚ ਹੈ ਤੇ ਇਸੇ ਤਰ੍ਹਾਂ ਪ੍ਰਮਾਤਮਾ ਆਪਣੀ ਹਰ ਹੋਂਦ ਦੇ ਵਿੱਚ ਆਪਣੇ ਗਿਆਨ ਰੂਪ ਵਿੱਚ ਵਿਚਰਦਾ ਹੈ, ਨਿਰਗੁਣ ਰੂਪ ਵਿੱਚ ਹੀ ਵਿਚਰਦਾ ਹੈ ਜਿਸ ਨੂੰ ਕੋਈ ਦੇਖ ਨਹੀਂ ਸਕਦਾ। ਉਸ ਦੇ ਦਰਸ਼ਨ ਕੇਵਲ ਮਨ ਦੀ ਸੋਝੀ ਦੁਆਰਾ ਹੀ ਹੁੰਦੇ ਹਨ, ਗਿਆਨ ਅੰਜਨ ਦੁਆਰਾ ਹੀ ਹੁੰਦੇ ਹਨ, ਸਰਬ ਪ੍ਰਗਾਸ ਦੁਆਰਾ ਭਾਵ ਮਨ ਦੀ ਪੂਰਨ ਸੋਝੀ ਦੁਆਰਾ ਹੀ ਹੁੰਦੇ ਹਨ ਜਿਸ ਦੁਆਰਾ ਮਨੁੱਖ ਦਾ ਆਵਾਗਉਣ ਕੱਟਿਆ ਜਾਂਦਾ ਹੈ। **(ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥)** ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ ਬੰਧਨ ਸਾਡੇ ਮਨ ਦੇ ਵਿੱਚ ਹੈ ਜੋ ਕਿ ਮਨ ਦੀ ਅਗਿਆਨਤਾ ਦੇ ਕਾਰਨ ਹੈ, ਮਨ ਦੀ ਤ੍ਰੈਗੁਣੀ ਅਵੱਸਥਾ ਦੇ ਕਾਰਨ ਹੈ। ਮਨ ਦੇ ਇਸ ਬੰਧਨ ਦੇ ਕਾਰਨ ਹੀ ਮਨੁੱਖ ਨੂੰ ਵਾਰ-ਵਾਰ ਜੂਨਾਂ ਵਿੱਚ ਪੈਣਾ ਪੈਂਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ। **(ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ॥੩॥)**

ਸਾਡੇ ਅੰਦਰ ਇਹ ਅਗਿਆਨਤਾ ਦਾ ਹਨ੍ਹੇਰਾ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਦੇ ਰਹਿੰਦਿਆਂ ਹਰ ਕੋਈ ਪ੍ਰਮਾਤਮਾ ਨੂੰ ਸਮਝਣ ਵਿੱਚ ਅਸਮਰੱਥ ਹੀ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਉਸਨੂੰ ਸਮਝਣ ਤੋਂ ਅਸਮਰੱਥ ਰੱਖਿਆ ਹੋਇਆ ਹੈ। ਸਾਡੇ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ, ਸਾਡੇ ਮਨ ਵਿੱਚ ਆਪਣੀ ਜੋਤਿ ਦੇ ਰਾਹੀਂ ਬੋਲਣ ਵਾਲਾ ਉਹ ਆਪ ਹੀ ਹੈ ਤੇ ਇਸ ਗੱਲ ਦੀ ਸੋਝੀ ਪਏ ਬਿਨ੍ਹਾਂ ਕਿ ਜੋਤਿ ਵਿੱਚ ਬੋਲਣ ਵਾਲਾ ਕੌਣ ਹੈ ਭਾਵ ਮਨ ਦੇ ਵਿੱਚ ਸਾਨੂੰ ਗਿਆਨ ਦੇਣ ਵਾਲਾ ਕੌਣ ਹੈ ਉਸ ਪ੍ਰਮਾਤਮਾ ਨੂੰ ਕੋਈ

ਨਹੀਂ ਜਾਣ ਸਕਦਾ। ਇਸ ਮਨ ਦੀ ਸੋਝੀ ਪੈਣਾ ਹੀ ਇਸ ਪ੍ਰਮਾਤਮਾ ਦੀ ਸੋਝੀ ਪੈਣਾ ਹੈ ਤੇ ਤਾਂ ਹੀ ਮਨੁੱਖ ਦਾ ਆਵਾਗਉਣ

ਕੱਟਿਆ ਜਾਂਦਾ ਹੈ ਜਦੋਂ ਇਸ ਮਨ ਦੀ ਸੋਝੀ ਪੈ ਜਾਂਦੀ ਹੈ। ਮਨੁੱਖ ਅਗਿਆਨਤਾ ਦੀ ਅਵੱਸਥਾ ਵਿੱਚ ਸੰਸਾਰ ਵਿੱਚ ਆਉਂਦਾ ਹੈ ਤੇ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਇਸੇ ਅਵੱਸਥਾ ਰਾਹੀਂ ਸੰਸਾਰ ਤੋਂ ਚਲਾ ਜਾਂਦਾ ਹੈ। ਅਸਲ ਵਿੱਚ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ ਤੇ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਹਉਮੈ ਵਿੱਚ ਹੀ ਹੈ ਜੋ ਕਿ ਕੇਵਲ ਤੇ ਕੇਵਲ ਸਾਡੇ ਮਨ ਦੀ ਅਗਿਆਨਤਾ ਹੈ। ਇਸੇ ਲਈ ਬਾਣੀ ਵਿੱਚ ਸਾਨੂੰ ਸਮਝਾਇਆ ਹੈ ਕਿ ਵਾਰ-ਵਾਰ ਇਹ ਹਉਮੈ ਹੀ ਆਉਂਦੀ ਜਾਂਦੀ ਹੈ, ਸਹਸਾ ਹੀ ਆਉਂਦੀ ਜਾਂਦੀ ਹੈ। ਨਾ ਹੀ ਕੋਈ ਮਨੁੱਖੀ ਹੋਂਦ ਹੈ ਤੇ ਨਾ ਹੀ ਅਸਲ ਵਿੱਚ ਕੋਈ ਮਰਦਾ ਹੈ। ਭਰਮ ਵਿੱਚ ਰਹਿੰਦੇ ਹੋਏ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਹਰ ਸਰਗੁਣ ਸਰੂਪ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹਉਮੈ ਸਰੂਪ ਹੈ। ਹਉਮੈ ਦੇ ਰਹਿੰਦਿਆਂ ਸਾਨੂੰ ਨਾਮ ਦੀ ਹੋਂਦ ਨਜ਼ਰ ਨਹੀਂ ਆਉਂਦੀ ਤੇ ਹਉਮੈ ਖ਼ਤਮ ਹੋਣ ਤੋਂ ਬਾਅਦ ਸਭ ਵਿੱਚ ਕੇਵਲ ਨਾਮ ਹੀ ਨਜ਼ਰ ਆਉਂਦਾ ਹੈ। ਇਹ ਸਭ ਕੁੱਝ ਸਾਡੇ ਮਨ ਦਾ ਭਰਮ ਹੈ ਜਿਸ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਦੀ ਅਸਲੀਅਤ ਨੂੰ ਕਦੇ ਵੀ ਨਹੀਂ ਸਮਝ ਸਕਦੇ, ਇਹ ਸੰਸਾਰ ਕੀ ਹੈ ਇਸ ਗੱਲ ਨੂੰ ਕਦੇ ਨਹੀਂ ਸਮਝ ਸਕਦੇ।

{ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥}

(ਅੰਗ ੯੯੫)

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ॥}

(ਅੰਗ ੧੩੯)

17/1815

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥੩॥}

(ਅੰਗ ੯੯੯)

{ਤ੍ਰੈ ਗੁਣ ਕੀਆ ਪਸਾਰਾ॥ ਨਰਕ ਸੁਰਗ ਅਵਤਾਰਾ॥
ਹਉਮੈ ਆਵੈ ਜਾਈ॥ ਮਨੁ ਟਿਕਣੁ ਨ ਪਾਵੈ ਰਾਈ॥
ਬਾਝੁ ਗੁਰੂ ਗੁਬਾਰਾ॥ ਮਿਲਿ ਸਤਿਗੁਰ ਨਿਸਤਾਰਾ॥੨॥}

(ਅੰਗ ੧੦੦੩)

ਜਦ ਤੱਕ ਸਾਡੀ ਉਸ ਗੁਰੂ ਪ੍ਰਮਾਤਮਾ ਦੇ ਨਾਲ ਭੇਟ ਨਹੀਂ ਹੁੰਦੀ ਭਾਵ ਉਸ ਨਾਲ ਮੇਲ ਨਹੀਂ ਹੁੰਦਾ ਤਦ ਤੱਕ ਹਰ ਕੋਈ ਮਨ ਦੇ ਹਨ੍ਹੇਰੇ ਵਿੱਚ ਹੀ ਹੈ, ਮਨ ਦੀ ਅਗਿਆਨਤਾ ਵਿੱਚ ਹੀ ਹੈ। **(ਬਾਝੁ ਗੁਰੂ ਗੁਬਾਰਾ॥)** ਨਿਸਤਾਰਾ ਸਾਡਾ ਉਸ ਗੁਰੂ ਪ੍ਰਮਾਤਮਾ ਨੇ ਹੀ ਕਰਨਾ ਹੈ ਤੇ ਉਹ ਨਿਸਤਾਰਾ ਆਪਣੇ ਮੇਲ ਦੁਆਰਾ ਹੀ ਕਰਦਾ ਹੈ ਤੇ ਆਪਣੇ ਮੇਲ ਦੁਆਰਾ ਸਾਡੇ ਮਨ ਦਾ ਗੁਬਾਰਾ ਹੀ ਦੂਰ ਕਰਦਾ ਹੈ ਭਾਵ ਮਨ ਦਾ ਹਨੇਰਾ ਹੀ ਦੂਰ ਕਰਦਾ ਹੈ ਤੇ ਤਾਂ ਹੀ ਇਸ ਮਨ ਦੀ ਹਉਮੈ ਦੂਰ ਹੁੰਦੀ ਹੈ।

ਆਪਣੇ ਮਨ ਦੀ ਅਗਿਆਨਤਾ ਕਰਕੇ ਹੀ ਸਾਨੂੰ ਉਹ ਸੱਚੀ ਸੋਝੀ ਨਹੀਂ ਪੈਂਦੀ ਜਿਸ ਦੁਆਰਾ ਅਸੀਂ ਆਪਣਾ ਆਵਾਗਉਣ ਮੇਟ ਸਕਦੇ ਹਾਂ, ਆਪਣੀ ਹਉਮੈ ਮੇਟ ਸਕਦੇ ਹਾਂ, ਆਪਣੀ ਸਹਸਾ ਖਤਮ ਕਰ ਸਕਦੇ ਹਾਂ ਤੇ ਇਸ ਅਗਿਆਨਤਾ ਵਿੱਚ ਰਹਿੰਦੇ ਹੋਏ ਇਸ ਭਰਮ ਦੇ ਚੋਲੇ ਵਿੱਚ ਹੀ ਮਨੁੱਖ ਆਵਾਗਉਣ ਵਿੱਚ ਪਿਆ ਰਹਿੰਦਾ ਹੈ। **(ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ॥੩॥)**

ਇਸ ਅਗਿਆਨਤਾ ਤੋਂ ਛੁਟਕਾਰਾ ਪਾਉਣ ਲਈ ਸਾਡੇ ਲਈ ਇੱਕੋ ਇੱਕ ਸਾਧਨ ਜੋ ਸਾਨੂੰ ਪ੍ਰਮਾਤਮਾ ਦੀ ਸੱਚਾਈ ਸਮਝਾ ਸਕਦਾ ਹੈ, ਉਹ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ। ਭਾਵ ਆਪਣਾ ਨਿਸਤਾਰਾ ਕਰਨ ਲਈ ਸਾਨੂੰ ਗੁਰਬਾਣੀ ਦੀ ਮਤਿ ਦੇ ਨਾਲ ਜੁੜਨ ਲਈ ਸਮਝਾਇਆ ਹੈ ਜੋ ਸਾਨੂੰ ਭਰਮ ਵਿੱਚੋਂ ਕੱਢ ਸਕਦੀ ਹੈ ਜੋ ਕਿ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਸੋਝੀ

ਪਾਈ ਹੋਈ ਹੈ।

“ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ॥
ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥੪॥੬॥”

(ਅੰਗ ੬੧੦)

17/1816

ਸਾਨੂੰ ਇੱਥੇ ਉਹ ਸੁੱਖ ਮੰਗਣਾ ਸਿਖਾਇਆ ਹੋਇਆ ਹੈ ਜਿਸ ਸੁੱਖ ਦੀ ਗੱਲ ਸ਼ਬਦ ਦੇ ਸ਼ੁਰੂ ਵਿੱਚ ਕੀਤੀ ਹੋਈ ਹੈ ਜਿਸ ਰਾਹੀਂ ਅਸੀਂ ਸਮਝਿਆ ਹੈ ਕਿ ਸੁੱਖ ਵਾਲੀ ਅਵੱਸਥਾ ਕੀ ਹੈ ਤੇ ਰੋਗ ਵਾਲੀ ਅਵੱਸਥਾ ਕੀ ਹੈ। ਸੁੱਖ ਸਾਡੇ ਮਨ ਦੇ ਪੂਰਨ ਗਿਆਨ ਵਾਲੀ ਅਵੱਸਥਾ ਹੈ, “ਸਰਬ ਪ੍ਰਗਾਸਾ” ਵਾਲੀ ਅਵੱਸਥਾ ਹੈ ਤੇ ਰੋਗ ਸਾਡੇ ਅੰਦਰ ਅਗਿਆਨ ਵਾਲੀ ਅਵੱਸਥਾ ਹੈ। ਇਸ ਸੁੱਖ ਦੀ ਪ੍ਰਾਪਤੀ ਕੇਵਲ ਤੇ ਕੇਵਲ ਗੁਰੂ ਦੇ ਘਰ ਰਾਹੀਂ ਹੀ ਹੋ ਸਕਦੀ ਹੈ ਭਾਵ ਗੁਰਮਤਿ ਰਾਹੀਂ ਹੋ ਸਕਦੀ ਹੈ। ਜਿਸਦੇ ਕੋਲ ਗਿਆਨ ਅੰਜਨ ਹੈ ਭਾਵ ਜਿਸਦੇ ਕੋਲ ਗਿਆਨ ਦੀ ਸੋਝੀ ਹੈ ਉਹੀ ਸਾਨੂੰ ਇਹ ਸੋਝੀ ਪਾ ਸਕਦਾ ਹੈ ਜਿੱਥੋਂ ਸਾਨੂੰ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ। ਜੋ ਆਪ ਭਰਮ ਰਹਿਤ ਹੈ ਉਹੀ ਸਾਨੂੰ ਭਰਮ ਵਿੱਚੋਂ ਕੱਢ ਸਕਦਾ ਹੈ। ਪ੍ਰਮਾਤਮਾ ਦਾ ਜੱਸ, ਉਸਦਾ ਕੀਰਤਨ ਮਨ ਦੀ ਪੂਰਨ ਸੋਝੀ ਦੁਆਰਾ ਹੀ ਕੀਤਾ ਜਾ ਸਕਦਾ ਹੈ, ਗਾਇਆ ਜਾ ਸਕਦਾ ਹੈ। ਪ੍ਰਮਾਤਮਾ ਦਾ ਕੀਰਤਨ ਉਸਦਾ ਸਾਧੂ ਹੀ ਗਾਉਂਦਾ ਹੈ ਭਾਵ ਉਸਦਾ ਗੁਰੂ ਰੂਪ ਹੀ ਗਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸਾਧੂ ਰੂਪ ਹੈ ਜੋ ਹਰ ਵੇਲੇ ਉਸ ਪ੍ਰਮਾਤਮਾ ਦਾ ਕੀਰਤਨ ਗਾ ਰਹੀ ਹੈ, ਉਸਦਾ ਜੱਸ ਗਾ ਰਹੀ ਹੈ। ਗੁਰਬਾਣੀ ਦੇ ਵਿੱਚ ਬ੍ਰਹਮ ਗਿਆਨ ਹੈ, ਗੁਰਬਾਣੀ ਦੇ ਕੋਲ ਪੂਰਨ ਸੋਝੀ ਦੀ ਅਵੱਸਥਾ ਹੈ ਤੇ ਇਸੇ ਲਈ ਉਹ ਪ੍ਰਮਾਤਮਾ ਦਾ ਕੀਰਤਨ ਕਰ ਰਹੀ ਹੈ। ਸਾਡਾ ਇੱਕੋ ਇੱਕ ਉਪਰਾਲਾ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਮਨ ਨੂੰ ਗੁਰਬਾਣੀ ਦੇ ਨਾਲ ਜੋੜੀਏ ਭਾਵ ਉਸਦੀ ਮਤਿ ਦੇ ਨਾਲ ਜੋੜੀਏ ਭਾਵ ਉਹ ਕੁੱਝ ਕਰੀਏ ਜੋ ਗੁਰਬਾਣੀ ਸਾਨੂੰ ਸਮਝਾਉਂਦੀ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਗੁਰਬਾਣੀ ਦੀ ਮਤਿ ਤੇ ਵਿਸ਼ਵਾਸ ਟਿਕਾਏ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੇ। ਨਿਸਤਾਰਾ ਸਾਡਾ ਗਿਆਨ ਨੇ ਹੀ ਕਰਨਾ ਹੈ ਤੇ ਜਿਸ ਗਿਆਨ ਨਾਲ ਸਾਡਾ ਨਿਸਤਾਰਾ ਹੋ ਸਕਦਾ ਹੈ ਉਹ ਗਿਆਨ ਕੇਵਲ ਤੇ ਕੇਵਲ ਗੁਰਬਾਣੀ ਦੇ ਕੋਲ ਹੈ, ਪ੍ਰਮਾਤਮਾ ਦੇ ਸੱਚੇ ਸਾਧੂ ਦੇ ਕੋਲ ਹੈ। ਜੇਕਰ ਇਸ ਸੱਚੇ ਸਾਧੂ ਨੂੰ ਛੱਡ ਕੇ

17/1817

ਭਾਵ ਇਸ ਸੱਚੇ ਸਾਧੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਕੋਲੋਂ ਉਹ ਮਤਿ ਲੈਣ ਜਾਂਦੇ ਹਾਂ ਜੋ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਫਿਰ ਕੀ ਅਸੀਂ ਕਦੇ ਪ੍ਰਮਾਤਮਾ ਨਾਲ ਮਿਲ ਸਕਦੇ ਹਾਂ। ਭਰਮ ਵਿੱਚੋਂ ਸਾਨੂੰ ਉਹੀ ਕੱਢ ਸਕਦਾ ਹੈ ਜੋ ਆਪ ਭਰਮ ਵਿੱਚੋਂ ਨਿਕਲਿਆ ਹੋਇਆ ਹੈ। ਜੋ ਖੁਦ ਭਰਮੇ ਹੋਏ ਹਨ, ਉਹਨਾਂ ਨੇ ਸਾਨੂੰ ਭਰਮ ਵਿੱਚੋਂ ਕੀ ਕੱਢਣਾ ਹੈ। ਗੁਰੂ ਦੀ ਮਤਿ ਨੂੰ ਛੱਡ ਕੇ ਅਸੀਂ ਜਿਹਨਾਂ ਦੀ ਮਤਿ ਪਿੱਛੇ ਲੱਗੇ ਹੋਏ ਹਾਂ, ਉਹ ਆਪ ਵੇਸ, ਭੇਖ, ਚਤੁਰਾਈਆਂ ਨਾਲ ਜੁੜੇ ਹੋਏ ਹਨ ਤੇ ਇਹੀ ਕੁੱਝ ਸਾਨੂੰ ਸਿਖਾਉਂਦੇ ਹਨ। ਜੋ ਆਪ ਗਿਣਤੀਆਂ ਮਿਣਤੀਆਂ ਤੇ ਸਰੀਰਕ ਜਪ ਤਪ ਨਾਲ ਜੁੜੇ ਹੋਏ ਹੋਏ ਹਨ, ਉਹ ਆਪ ਵੱਡੇ ਭਰਮ ਵਿੱਚ ਹਨ ਤੇ ਸਾਨੂੰ ਵੀ ਭਰਮ ਵਿੱਚ ਪਾਉਂਦੇ ਹਨ। ਸੱਚੀ ਸੋਝੀ ਕੇਵਲ ਤੇ ਕੇਵਲ ਗੁਰਬਾਣੀ ਦੇ ਕੋਲ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ, ਜਿਸ ਦੁਆਰਾ ਸਾਨੂੰ “ਸੁਖੁ” ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ। **(ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ॥ ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥੪॥੬॥)**

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ਰਹਾਉ॥}

(ਅੰਗ ੫੯੮)

ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਅਸੀਂ ਇਹ ਸਮਝਦੇ ਆ ਰਹੇ ਹਾਂ ਕਿ ਸਾਧਸੰਗਤਿ ਕੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਸਾਧਸੰਗਿ ਹੋਏ ਬਿਨ੍ਹਾਂ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ ਗੁਰੂ ਬਿਨ੍ਹਾਂ ਹਰ ਕੋਈ ਭਰਮਿਆ ਹੋਇਆ ਹੀ ਹੈ। ਭਰਮ ਵਿੱਚ ਹੀ ਆਪਣੇ ਆਪ ਨੂੰ ਕੋਈ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦਾ ਹੈ ਤੇ ਭਰਮ ਦੇ ਵਿੱਚ ਹੀ ਅਸੀਂ ਉਹਨਾਂ ਨੂੰ ਉੱਚਾ ਸਮਝ ਕੇ ਉਹਨਾਂ ਦੇ ਪਿੱਛੇ ਲੱਗਦੇ ਹਾਂ। ਮਨ ਦਾ ਇਹ ਭਰਮ

17/1818

ਸਾਧਸੰਗਿ ਦੁਆਰਾ ਹੀ ਦੂਰ ਹੁੰਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਅਸਲ ਵਿੱਚ ਵੱਡਾ ਕੇਵਲ ਆਪ ਪ੍ਰਮਾਤਮਾ ਹੀ ਹੈ ਅਸੀਂ ਭਰਮ ਵਿੱਚ ਹੀ ਮਨੁੱਖੀ ਹੋਂਦ ਨੂੰ ਉੱਚਾ ਸਮਝਦੇ ਹਾਂ ਤੇ ਉਸ ਦੇ ਪਿੱਛੇ ਲੱਗਦੇ ਹਾਂ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਉਸ ਦੇ ਪਿੱਛੇ ਲੱਗੀਏ ਜਿਸ ਦਾ ਭਰਮ ਨਿਕਲਿਆ ਹੋਇਆ ਹੈ, ਜਿਸ ਦੀ ਅਵੱਸਥਾ ਸਾਧਸੰਗਤਿ ਵਾਲੀ ਹੈ ਭਾਵ ਕੇਵਲ ਗੁਰਬਾਣੀ ਦੇ ਨਾਲ ਜੁੜੀਏ ਜੋ ਆਪ ਭਰਮ ਰਹਿਤ ਹੈ।

ਸੋਰਠਿ ਮਹਲਾ ੫ ਘਰੁ ੨ ॥

“ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥
ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥
ਮਾਧੌ ਤੂ ਠਾਕੁਰੁ ਸਿਰਿ ਮੋਰਾ ॥ ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥
ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥
ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥੨॥
ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥
ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥੩॥
ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥
ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥੪॥੭॥੧੮॥”

(ਅੰਗ ੬੧੩-੬੧੪)

ਉੱਪਰ ਸ਼ਬਦ ਵਿੱਚ ਰਹਾਉ ਦੀ ਪੰਗਤੀ ਤੱਕ ਸਾਨੂੰ ਇਹ ਸਮਝਾ ਰਹੇ ਹਨ ਕਿ ਪ੍ਰਮਾਤਮਾ ਤੂੰ ਹੀ ਆਪ ਮੈਨੂੰ ਆਪਣਾ ਸਿਮਰਨ ਦੇ ਕੇ ਗਰਭ ਦੀ ਅਵੱਸਥਾ ਵਿੱਚ ਪਾਲਿਆ ਹੈ, ਮੇਰੀ ਸੰਭਾਲ ਕੀਤੀ ਹੈ। ਉਸਦਾ ਸਿਮਰਨ, ਉਸਦੇ ਭਰੋਸੇ ਵਿੱਚ ਰਹਿਣਾ ਹੈ, ਉਸਦੇ ਹੁਕਮ ਵਿੱਚ ਰਹਿਣਾ ਹੈ, ਉਸਦੀ ਰਜ਼ਾ ਵਿੱਚ ਰਹਿਣਾ ਹੈ। ਜਿਵੇਂ ਤੂੰ ਆਪਣੀ ਰਜ਼ਾ ਵਿੱਚ ਰੱਖ ਕੇ ਮੈਨੂੰ ਗਰਭ ਦੇ ਵਿੱਚ ਪਾਲਿਆ ਹੈ ਉਸੇ ਤਰ੍ਹਾਂ ਹੁਣ ਤੂੰ ਮੈਨੂੰ ਇਸ ਸੰਸਾਰ ਦੇ ਮਾਇਆ ਮੋਹ ਦੇ ਸਾਗਰ ਵਿੱਚ ਤੂੰ ਰੱਖਣ ਵਾਲਾ ਹੈ ਭਾਵ ਸਭ ਕੁੱਝ ਤੇਰੀ ਰਜ਼ਾ ਹੈ ਭਾਵ ਸਭ ਕੁੱਝ ਤੂੰ ਆਪ ਹੀ ਕਰਨ ਵਾਲਾ ਹੈ ਭਾਵ ਮੈਨੂੰ ਤੇਰੇ ਬਿਨ੍ਹਾਂ ਕਿਸੇ ਹੋਰ ਤੇ ਭਰੋਸਾ ਨਹੀਂ ਹੈ, ਕੇਵਲ ਇੱਕ ਤੇਰੀ ਟੇਕ ਹੈ। ਇਹ ਗੁਰੂ ਸਾਹਿਬ ਦੀ ਆਪਣੀ ਅਵੱਸਥਾ ਦੱਸੀ ਹੈ ਜੋ ਪ੍ਰਮਾਤਮਾ ਦੇ ਨਾਲ ਇੱਕਮਿਕ ਹਨ ਤੇ ਇਸ ਗੱਲ ਨੂੰ ਜਾਣਦੇ ਹਨ ਕਿ ਸਭ ਕੁੱਝ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਵੀ ਮਨੁੱਖੀ ਟੇਕ ਸਾਡਾ ਸਹਾਰਾ ਨਹੀਂ ਬਣ ਸਕਦੀ ਜਿਸ ਦੇ ਨਾਲ ਜੁੜ ਕੇ ਅਸੀਂ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਤਰ ਕੇ ਪਾਰ ਲੱਗ ਸਕਦੇ ਹਾਂ।

ਅਗਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭੁਲੇਖਾ ਕੱਢਿਆ ਹੋਇਆ ਹੈ ਕਿ ਜੇਕਰ ਅਸੀਂ ਗੁਰੂ ਦੀ

17/1819

ਟੇਕ ਲੈਣ ਦੀ ਬਜਾਇ ਕਿਸੇ ਹੋਰ ਦੀ ਟੇਕ ਲੈਂਦੇ ਹਾਂ ਭਾਵ ਕਿਸੇ ਮਨੁੱਖੀ ਦੇਹ ਨੂੰ ਧਰਮ ਦੇ ਮਾਰਗ ਤੇ ਵੱਡਾ ਮੰਨ ਕੇ ਉਸਦੇ ਪਿੱਛੇ ਲੱਗਦੇ ਹਾਂ, ਇਸ ਤਰ੍ਹਾਂ ਅਸੀਂ ਉਸ ਪ੍ਰਮਾਤਮਾ ਦੀ ਵਡਿਆਈ ਨਹੀਂ ਕਰ ਸਕਦੇ। ਗੁਰੂ ਦੀ ਵਡਿਆਈ ਹੀ ਕੇਵਲ ਪ੍ਰਮਾਤਮਾ ਦੀ ਵਡਿਆਈ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਵਡਿਆਈ ਅਸੀਂ ਉਸੇ ਦੀ ਹੀ ਕਰਦੇ ਹਾਂ ਜਿਸ ਦੇ ਅਸੀਂ ਬਚਨ ਮੰਨਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹੀ ਗੱਲ ਸਾਨੂੰ ਸ਼ਬਦ

ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਵੱਡਾ ਅਸਲ ਵਿੱਚ ਕੌਣ ਹੈ ਤੇ ਅਸੀਂ ਸਮਝਦੇ ਕਿਸ ਨੂੰ ਹਾਂ।

“ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥

ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥੨॥”

ਸਾਰੀ ਗੱਲ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਤੇ ਸਰਗੁਣ ਰੂਪ ਨੂੰ ਸਮਝਣ ਦੀ ਹੈ। ਜਦ ਤੱਕ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਹੈ ਤਦ ਤੱਕ ਅਸੀਂ ਸਰਗੁਣ ਰੂਪ ਨੂੰ ਹੀ ਉੱਚਾ ਮੰਨ ਕੇ ਚੱਲਦੇ ਹਾਂ ਤੇ ਉਸਦੀ ਪੂਜਾ ਕਰਦੇ ਹਾਂ ਭਾਵ ਉਸਦੇ ਪਿੱਛੇ ਲੱਗਦੇ ਹਾਂ। ਪ੍ਰਮਾਤਮਾ ਪੰਜਾਂ ਤੱਤਾਂ ਤੋਂ ਬਾਹਰ ਹੈ, ਜਨਮ ਮਰਨ ਤੋਂ ਰਹਿਤ ਹੈ ਜੋ ਕਿ ਹਰ ਸਰਗੁਣ ਸਰੂਪ ਨੂੰ ਰਚਣ ਵਾਲਾ ਹੈ ਤੇ ਉਸ ਨੂੰ ਚਲਾਉਣ ਵਾਲਾ ਹੈ। ਹਰ ਕੋਈ ਪ੍ਰਮਾਤਮਾ ਦਾ ਹੀ ਕੀਤਾ ਹੋਇਆ ਹੈ ਤੇ ਜੇਕਰ ਸਾਨੂੰ ਕਰਣ ਵਾਲੇ ਦੀ ਸਮਝ ਨਹੀਂ ਹੈ ਫਿਰ ਅਸੀਂ ਉਸ ਦੇ ਕੀਤੇ ਹੋਏ ਨੂੰ ਵੱਡਾ ਮੰਨਦੇ ਹਾਂ।

“ਕੀਤੇ ਕਉ ਮੇਰੈ ਸੰਮਾਨੈ” ਇਸ ਤੋਂ ਭਾਵ ਹੈ ਕਿ ਜੇਕਰ ਉਸ ਦੇ ਬਣਾਏ ਹੋਏ ਸਰੀਰ ਨੂੰ ਭਾਵ ਕਿਸੇ ਮਨੁੱਖ ਨੂੰ ਅਸੀਂ ਵੱਡਾ ਕਰ ਕੇ ਮੰਨਦੇ ਹਾਂ ਭਾਵ ਇੱਕ ਪਹਾੜ ਦੀ ਤਰ੍ਹਾਂ ਵੱਡਾ ਕਰਕੇ ਮੰਨਦੇ ਹਾਂ ਤੇ ਫਿਰ ਉਸ ਸਰੀਰ ਦੇ ਬਣਾਉਣ ਵਾਲੇ ਦੀ ਵਡਿਆਈ ਕੀ ਬੱਚੀ। ਕਰਣਵਾਲੇ ਦੀ, ਕਰਣਹਾਰ ਦੀ ਵਡਿਆਈ ਕੇਵਲ ਇੱਕ ਤਿਨਕੇ ਦੇ ਬਰਾਬਰ ਰਹਿ ਗਈ। **(ਕਰਣਹਾਰੁ ਤ੍ਰਿਣੁ ਜਾਨੈ॥)** ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ। ਅਸੀਂ ਸਰਗੁਣ

17/1820

ਰੂਪ ਦੀ ਪੂਜਾ ਜਾਂ ਵਡਿਆਈ ਵਿੱਚ ਹੀ ਲੱਗੇ ਰਹਿੰਦੇ ਹਾਂ ਤੇ ਇਸ ਤਰੀਕੇ ਪ੍ਰਮਾਤਮਾ ਦੀ ਵਡਿਆਈ ਨਹੀਂ ਹੋ ਸਕਦੀ। ਇੱਕ ਪਹਾੜ ਦੇ ਸਾਹਮਣੇ ਜਿਵੇਂ ਇੱਕ ਤਿਣਕੇ ਦੀ ਵਡਿਆਈ ਨਹੀਂ ਹੋ ਸਕਦੀ, ਇਕ ਸਰਗੁਣ ਰੂਪ ਨੂੰ ਉੱਚਾ ਮੰਨਣ ਵਿੱਚ ਅਸੀਂ ਪ੍ਰਮਾਤਮਾ ਦੀ ਵਡਿਆਈ ਤੁਛ ਭਰ ਵੀ ਨਹੀਂ ਕਰ ਸਕਦੇ। ਅਗਰ ਧਿਆਨ ਨਾਲ ਸੋਚੀਏ ਤਾਂ ਹਰ ਕੋਈ ਵਡਿਆਈ ਕਿਸੇ ਨਾ ਕਿਸੇ ਸਰਗੁਣ ਸਰੂਪ ਦੀ ਹੀ ਕਰਦਾ ਹੈ। ਸਰਗੁਣ ਸਰੂਪ ਨੂੰ ਪ੍ਰਮਾਤਮਾ ਦਾ ਸਰੂਪ ਸਮਝਣਾ ਸਾਡੀ ਵੱਡੀ ਭੁੱਲ ਹੈ ਤੇ ਇਸੇ ਲਈ ਬਾਣੀ ਵਿੱਚ ਦੇਵੀ ਦੇਵਤਿਆਂ ਆਦਿ ਦੀ ਪੂਜਾ ਨੂੰ ਖੰਡਿਆ ਹੋਇਆ ਹੈ। ਇਹੀ ਗੱਲ ਆਪਣੇ ਆਪ ਨੂੰ ਕਿਸੇ ਵੀ ਰੂਪ ਵਿੱਚ ਵੱਡਾ ਅਖਵਾਉਣ ਵਿੱਚ ਜਾਂ ਸਮਝਣ ਵਿੱਚ ਹੈ। ਆਪਣੇ ਆਪ ਨੂੰ ਸੰਤ ਜਾਂ ਬ੍ਰਹਮ ਗਿਆਨੀ ਆਦਿ ਅਖਵਾਉਣਾ ਆਪਣੇ ਸਰਗੁਣ ਰੂਪ ਨੂੰ ਉੱਚਾ ਕਰਨਾ ਤੇ ਉਸਨੂੰ ਵਡਿਆਣ ਵਾਲੀ ਗੱਲ ਹੈ। ਅਸੀਂ ਉਹਨਾਂ ਦੇ ਸਰਗੁਣ ਸਰੂਪ ਨੂੰ ਉੱਚਾ ਮੰਨ ਕੇ ਹੀ ਪਹਿਲਾਂ ਉਹਨਾਂ ਦੇ ਬਚਨ ਮੰਨਦੇ ਹਾਂ ਤੇ ਸਰਗੁਣ ਰੂਪ ਦੀਆਂ ਹੀ ਬਰਸੀਆਂ ਮਨਾਉਂਦੇ ਹਾਂ। ਸਰਗੁਣ ਰੂਪ ਦੇ ਦਰਸ਼ਨਾਂ ਵਿੱਚ ਹੀ ਅਸੀਂ ਆਪਣੇ ਮਨ ਦੀ ਤਸੱਲੀ ਸਮਝਦੇ ਹਾਂ। ਇਹ ਕਿਸੇ ਮਨੁੱਖ ਨੂੰ ਪਹਾੜ ਵਰਗਾ ਸਮਝਣ ਵਾਲੀ ਗੱਲ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਇੱਕ ਤਿਨਕੇ ਦੇ ਬਰਾਬਰ ਰਹਿ ਜਾਂਦੀ ਹੈ ਭਾਵ ਇਸ ਵਿੱਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ। ਪ੍ਰਮਾਤਮਾ ਦੀ ਵਡਿਆਈ ਨੂੰ ਕੇਵਲ ਗੁਰੂ ਹੀ ਜਾਣਦਾ ਹੈ ਜੋ ਉਸ ਦੇ ਨਿਰਗੁਣ ਰੂਪ ਨੂੰ ਜਾਣਦਾ ਹੈ ਕਿਉਂਕਿ ਆਪਣੇ ਨਿਰਗੁਣ ਰੂਪ ਦੁਆਰਾ ਹੀ ਪ੍ਰਮਾਤਮਾ ਹਰ ਇੱਕ ਵਸਤੂ ਦਾ ਮਾਲਕ ਹੈ ਤੇ ਉਸ ਦੀ ਵਡਿਆਈ ਦਾ ਕੋਈ ਅੰਤ ਨਹੀਂ ਪ੍ਰਮਾਤਮਾ ਦੀ ਵਡਿਆਈ ਜਾਨਣ ਤੋਂ ਬਾਅਦ ਕੋਈ ਆਪਣੀ ਵਡਿਆਈ ਨਹੀਂ ਸਮਝ ਸਕਦਾ। ਉਹ ਪ੍ਰਮਾਤਮਾ ਆਪ ਦਾਤਾ ਹੈ ਤੇ ਹੋਰ ਹਰ ਕੋਈ ਉਸਦਾ ਮੰਗਤਾ ਹੀ ਹੈ ਭਾਵ ਸਰਗੁਣ ਰੂਪ, ਮਨੁੱਖੀ ਦੇਹ ਕੇਵਲ ਉਸਦਾ ਮੰਗਤਾ ਹੀ ਹੈ। ਇੱਕ ਮਨੁੱਖੀ ਦੇਹ ਨੂੰ ਵੱਡਾ ਮੰਨਣਾ ਮੰਗਤੇ ਨੂੰ ਵੱਡਾ ਕਹਿਣ ਵਾਲੀ ਗੱਲ ਹੈ ਤੇ ਦੇਣ ਵਾਲੇ ਨੂੰ ਛੋਟਾ ਸਮਝਣ ਵਾਲੀ ਗੱਲ ਹੈ ਤੇ ਇਹੀ ਗੱਲ ਅਗਲੀ

17/1821

ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥੨॥”

ਜਿਸ ਨੂੰ ਪ੍ਰਮਾਤਮਾ ਆਪਣੀ ਵਡਿਆਈ ਸਮਝਾਉਂਦਾ ਹੈ ਉਸ ਨੂੰ ਆਪਣਾ ਨਿਰਗੁਣ ਰੂਪ ਸਮਝਾਉਣ ਦੁਆਰਾ ਹੀ ਆਪਣੀ ਵਡਿਆਈ ਦੀ ਸੋਝੀ ਪਾਉਂਦਾ ਹੈ। ਇਹ ਸੋਝੀ ਉਹ ਆਪਣੇ ਦਾਨ ਦੇ ਰੂਪ ਵਿੱਚ ਦਿੰਦਾ ਹੈ, ਆਪਣੇ ਨਾਮ ਦਾਨ ਦੇ ਰੂਪ ਵਿੱਚ ਦਿੰਦਾ ਹੈ ਜੋ ਕਿ ਮਨੁੱਖ ਲਈ ਉਸਦਾ ਸਭ ਤੋਂ ਵੱਡਾ ਦਾਨ ਹੈ। ਪ੍ਰਮਾਤਮਾ ਦਾ ਇਹ ਦਾਨ ਹਰ ਕੋਈ ਮੰਗਦਾ ਹੈ ਭਾਵ ਪ੍ਰਮਾਤਮਾ

ਨੂੰ ਹਰ ਕੋਈ ਜਾਨਣਾ ਚਾਹੁੰਦਾ ਹੈ ਪਰ ਪ੍ਰਮਾਤਮਾ ਇਹ ਦਾਨ ਕਿਸੇ ਨੂੰ ਆਪਣੀ ਖੁਸ਼ੀ ਦੁਆਰਾ ਹੀ ਦਿੰਦਾ ਹੈ। ਗੁਰੂ ਰੂਪ ਵਿੱਚ ਉਸਨੇ ਆਪਣਾ ਇਹ ਦਾਨ ਦਿੱਤਾ ਹੋਇਆ ਹੈ ਤੇ ਤਾਂ ਹੀ ਗੁਰੂ ਨੂੰ ਉਸ ਪ੍ਰਮਾਤਮਾ ਦੀ ਪੂਰਨ ਸੋਝੀ ਹੈ ਜਿਸ ਕਰਕੇ ਉਹ ਪ੍ਰਮਾਤਮਾ ਦੀ ਵਡਿਆਈ ਨੂੰ ਜਾਣਦਾ ਹੈ। ਜਦ ਤੱਕ ਕਿਸੇ ਨੂੰ ਇਹ ਦਾਨ ਨਹੀਂ ਮਿਲਿਆ ਤਦ ਤੱਕ ਹੀ ਕੋਈ ਆਪਣੇ ਆਪ ਨੂੰ ਵੱਡਾ ਅਖਵਾਉਂਦਾ ਹੈ ਭਾਵ ਮੰਗਤਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਵੱਡਾ ਸਮਝਦਾ ਹੈ। **(ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥੨॥)**

ਪ੍ਰਮਾਤਮਾ ਕੋਲੋਂ ਇਹ ਦਾਨ ਮਿਲਣ ਤੋਂ ਬਾਅਦ ਮਨੁੱਖ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਭਾਵ ਇਹ ਦਾਨ ਕਿਸ ਰੂਪ ਵਿੱਚ ਮਿਲਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥

ਰੂੜੋ ਗੂੜੋ ਗਹਿਰ ਗੰਭੀਰੋ ਊਚੋ ਅਗਮ ਅਪਾਰੇ॥੩॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਹਨਾਂ ਨੂੰ ਆਪਣੇ ਆਪ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣੇ ਬਿਨ੍ਹਾਂ ਇਹਨਾਂ ਪੰਗਤੀਆਂ ਦੇ ਅਰਥ ਹੋ ਹੀ ਨਹੀਂ ਸਕਦੇ। ਅਸੀਂ ਕੁੱਝ ਪਿੱਛੇ ਹੇਠ ਦਿੱਤੇ ਸ਼ਬਦ ਨੂੰ ਸਮਝਿਆ ਹੈ ਤੇ ਉਹੀ ਗੱਲ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

17/1822

“ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥

ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥”

(ਅੰਗ - ੮੮੫)

ਉੱਪਰ ਇਹਨਾਂ ਪੰਗਤੀਆਂ ਰਾਹੀਂ ਮਨੁੱਖੀ ਸਮਰੱਥਾ ਦੀ ਤੇ ਗੁਰੂ ਦੀ ਸਮਰੱਥਾ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਗੁਰੂ ਪ੍ਰਮਾਤਮਾ ਦੇ ਨਾਲ ਇੱਕ ਹੈ ਭਾਵ ਉਸ ਦੇ ਨਾਲ ਮਿਲਿਆ ਹੋਇਆ ਹੈ ਤੇ ਇਸੇ ਲਈ ਉਸ ਦੀ ਸਮਰੱਥਾ ਉੱਚੀ ਹੈ ਜੋ ਪ੍ਰਮਾਤਮਾ ਬਾਰੇ ਜਾਣਦਾ ਹੈ, ਪ੍ਰਮਾਤਮਾ ਦੀ ਅਸਲੀਅਤ ਨੂੰ ਜਾਣਦਾ ਹੈ, ਇਸ ਸੰਸਾਰ ਦੀ ਖੇਡ ਨੂੰ ਜਾਣਦਾ ਹੈ ਕਿ ਪ੍ਰਮਾਤਮਾ ਆਪਣੀ ਇਸ ਖੇਡ ਨੂੰ ਕਿਵੇਂ ਚਲਾ ਰਿਹਾ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਜੋ ਕੁੱਝ ਅਸੀਂ ਇਸ ਸੰਸਾਰ ਨੂੰ ਸਮਝਦੇ ਹਾਂ ਜਾਂ ਆਪਣੇ ਆਪ ਨੂੰ ਸਮਝਦੇ ਹਾਂ ਅਸਲ ਵਿੱਚ ਉਹ ਕੁੱਝ ਨਹੀਂ ਹੈ, ਜੋ ਕੁੱਝ ਅਸੀਂ ਸਮਝਦੇ ਹਾਂ ਅਸਲ ਵਿੱਚ ਉਹ ਕੁੱਝ ਨਹੀਂ ਹੈ। ਜੋ ਕੁੱਝ ਅਸੀਂ ਸਮਝਦੇ ਹਾਂ ਉਸ ਵਿੱਚ ਸੱਚਾਈ ਨਹੀਂ ਹੈ। ਅਸੀਂ ਹਰ ਹੋਂਦ ਨੂੰ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਦੇ ਹਾਂ ਤੇ ਆਪਣੇ ਆਪ ਨੂੰ ਵੀ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਦੇ ਹਾਂ ਤੇ ਆਪਣੇ ਆਪ ਨੂੰ ਵੀ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹਾਂ ਪਰ ਇਹ ਸੱਚਾਈ ਨਹੀਂ ਹੈ। **(ਜੋ ਇਹੁ ਜਾਣਹੁ ਸੋ ਇਹੁ ਨਾਹਿ॥)** ਪ੍ਰਮਾਤਮਾ ਨੇ ਹਰ ਕਿਸੇ ਨੂੰ ਅਸਲੀਅਤ ਜਾਨਣ ਤੋਂ ਦੂਰ ਹੀ ਰੱਖਿਆ ਹੋਇਆ ਹੈ। ਉਸਦੀ ਅਸਲੀਅਤ ਨੂੰ ਕੇਵਲ ਗੁਰੂ ਹੀ ਜਾਣਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਕਿ ਗੁਰੂ ਹੀ ਇਸ ਗੱਲ ਨੂੰ ਜਾਨਣ ਲਈ ਸਮਰੱਥ ਹੈ।

“ਜਾਨਣਹਾਰੇ ਕਉ ਬਲਿ ਜਾਉ॥”

ਉਸਨੂੰ ਜਾਨਣ ਵਾਲਾ ਗੁਰੂ ਹੈ ਤੇ ਇਸੇ ਲਈ ਸਾਨੂੰ ਕੇਵਲ ਗੁਰੂ ਤੋਂ ਹੀ ਸਦਕੇ ਜਾਣਾ ਚਾਹੀਦਾ ਹੈ ਭਾਵ ਕੇਵਲ ਗੁਰੂ ਦੀ ਮਤਿ ਤੋਂ ਹੀ ਸਦਕੇ ਜਾਣਾ ਚਾਹੀਦਾ ਹੈ ਭਾਵ ਗੁਰੂ ਦੇ ਕੋਲ ਉਹ ਮਤਿ ਹੈ, ਉਹ ਗਿਆਨ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਨੂੰ ਜਾਣਦਾ ਹੈ। ਗੁਰੂ ਆਪਣੀ ਉੱਚੀ ਮਤਿ ਕਰਕੇ ਹੀ ਪ੍ਰਮਾਤਮਾ ਨੂੰ ਜਾਨਣ ਦੇ ਸਮਰੱਥ ਹੈ ਭਾਵ ਸਾਨੂੰ ਕੇਵਲ ਗੁਰੂ ਦੀ ਮਤਿ ਦੇ ਨਾਲ ਹੀ ਜੁੜਨਾ ਚਾਹੀਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦੇ ਲਈ ਕਿਸੇ ਹੋਰ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ

17/1823

ਜੋ ਆਪ ਹੀ ਗੁਰੂ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰੱਥ ਹਨ। ਗੁਰੂ ਦੀ ਮਤਿ ਤੋਂ ਸਦਕੇ ਜਾਣਾ ਹੀ ਗੁਰੂ ਤੋਂ ਸਦਕੇ ਜਾਣਾ

ਹੈ ਕਿਉਂਕਿ ਗੁਰੂ ਦੀ ਮਤਿ ਹੀ ਅਸਲ ਵਿੱਚ ਸਾਡਾ ਗੁਰੂ ਹੈ। ਗੁਰੂ ਭਰਮ ਰਹਿਤ ਹੈ ਤੇ ਇਸੇ ਲਈ ਉਹ ਸਮਰੱਥ ਹੈ ਤੇ ਭਰਮ ਵਿੱਚੋਂ ਕੇਵਲ ਸਾਨੂੰ ਗੁਰੂ ਹੀ ਕੱਢ ਸਕਦਾ ਹੈ, ਆਪ ਪ੍ਰਮਾਤਮਾ ਹੀ ਕੱਢ ਸਕਦਾ ਹੈ ਜੋ ਕਿ ਅਸਲ ਵਿੱਚ ਆਪ ਹੀ ਗੁਰੂ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਉਸ ਨੂੰ ਜਾਨਣ ਦੀ ਸਮਰੱਥਾ ਬਖਸ਼ਦਾ ਹੈ ਉਹ ਮਨ ਦਾ ਭਰਮ ਕੱਢ ਕੇ ਹੀ ਬਖਸ਼ਦਾ ਹੈ ਤੇ ਤਾਂ ਹੀ ਇਹ ਪਤਾ ਲੱਗਦਾ ਹੈ ਕਿ ਜੋ ਅਸੀਂ ਇਸ ਸੰਸਾਰ ਨੂੰ ਸਮਝ ਰਹੇ ਹਾਂ ਉਹ ਸੱਚਾਈ ਨਹੀਂ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥”

ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਭਰਮ ਕਿਸ ਚੀਜ਼ ਦਾ ਹੈ। ਭਰਮ ਇਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ, ਹਰ ਹੋਂਦ ਵਿੱਚ ਉਹ ਆਪ ਹੈ ਪਰ ਭਰਮ ਵਿੱਚ ਰਹਿੰਦੇ ਅਸੀਂ ਇਸ ਗੱਲ ਨੂੰ ਜਾਣ ਨਹੀਂ ਸਕਦੇ। ਮਨ ਦੇ ਵਿੱਚੋਂ ਮਨੁੱਖ ਦਾ ਇਹ ਭਰਮ ਪ੍ਰਮਾਤਮਾ ਆਪ ਹੀ ਕੱਢਦਾ ਹੈ, ਮਨ ਦੇ ਵਿੱਚ ਉਹ ਆਪਣੇ ਆਪ ਦਾ ਹੋਣਾ ਆਪ ਹੀ ਪ੍ਰਗਟ ਕਰਦਾ ਹੈ ਜਿਸ ਨਾਲ ਇਹ ਸੋਝੀ ਪੈਂਦੀ ਹੈ ਜੋ ਸਾਡੇ ਅੰਦਰ ਵਰਤ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਗਿਆਨ ਰਾਹੀਂ ਵਿਚਰ ਰਿਹਾ ਹੈ ਉਹੀ ਸਭ ਕੁੱਝ ਆਪਣੇ ਗਿਆਨ ਰਾਹੀਂ ਸਭ ਵਿੱਚ ਆਪ ਹੀ ਵਿਚਰ ਰਿਹਾ ਹੈ। ਆਪਣੇ ਆਪ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਉਹ ਆਪ ਹੀ ਬੋਲਦਾ ਹੈ, ਆਪਣੀ ਜੋਤਿ ਦੇ ਰਾਹੀਂ ਉਹ ਆਪ ਹੀ ਗੱਲਾਂ ਕਰਦਾ ਹੈ ਜਿਸ ਨੂੰ ਜਾਣਨਾ ਇਸ ਸੰਸਾਰ ਦਾ ਸਭ ਤੋਂ ਵੱਡਾ ਅਸਚਰਜ ਹੈ। ਜੇਕਰ ਹਰ ਹੋਂਦ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਨਿਰਗੁਣ ਰੂਪ ਵਿੱਚ ਹੀ ਹੈ ਫਿਰ ਮਰਦਾ ਕੌਣ ਹੈ ਭਾਵ ਕੋਈ ਵੀ ਨਹੀਂ ਮਰਦਾ। ਕੇਵਲ ਮਿੱਟੀ ਮਰਦੀ ਹੈ, ਇਹ ਪੰਜ ਤੱਤਾਂ

ਦਾ ਪੁਤਲਾ ਮਰਦਾ ਹੈ ਤੇ ਅਸਲ ਵਿੱਚ ਉਸਨੂੰ ਚਲਾਉਣ ਵਾਲਾ ਇਸ ਪੁਤਲੇ ਦਾ ਮਾਲਕ ਕਦੇ ਮਰ ਨਹੀਂ ਸਕਦਾ। ਉਹ ਗਿਆਨ ਰੂਪ ਵਿੱਚ ਵਿਚਰਦਾ ਹੈ ਤੇ ਗਿਆਨ ਕਦੇ ਮਰ ਨਹੀਂ ਸਕਦਾ। ਇਹ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਸਦਾ ਤੋਂ ਹੀ ਕੇਵਲ ਆਪ ਹੀ ਹੈ। ਆਪਣੇ ਗਿਆਨ ਦੁਆਰਾ ਉਸਨੇ ਸਭ ਕੁੱਝ ਬਣਾਇਆ ਹੈ ਤੇ ਆਪਣੇ ਗਿਆਨ ਦੁਆਰਾ ਹੀ ਸਭ ਨੂੰ ਚਲਾ ਰਿਹਾ ਹੈ। ਆਪਣੇ ਗਿਆਨ ਦੁਆਰਾ ਹੀ ਉਸਨੇ ਸਾਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਆਪਣੇ ਗਿਆਨ ਦੁਆਰਾ ਹੀ ਸਾਨੂੰ ਉਹ ਭਰਮ ਵਿੱਚੋਂ ਕੱਢ ਲੈਂਦਾ ਹੈ। ਗੁਰੂ ਉਸਦਾ ਭਰਮ ਰਹਿਤ ਰੂਪ ਹੈ ਤੇ ਇਸੇ ਲਈ ਪ੍ਰਮਾਤਮਾ ਦੇ ਨਾਲ ਇਕਮਿਕ ਹੈ। ਭਰਮ ਵਿੱਚ ਰਹਿੰਦੇ ਹੋਏ ਸਭ ਕੁੱਝ ਮੈਂ ਹੀ ਮੈਂ ਹੈ ਤੇ ਭਰਮ ਰਹਿਤ ਅਵੱਸਥਾ ਵਿੱਚ ਸਭ ਕੁੱਝ ਤੂੰ ਹੀ ਤੂੰ ਹੈ। ਸੱਚ ਕੇਵਲ ਇਹੀ ਹੈ ਕਿ ਸਭ ਕੁੱਝ ਤੂੰ ਹੀ ਤੂੰ ਹੈ। ਇਸ ਸੱਚ ਨੂੰ ਸਮਝੇ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ। ਆਪਣਾ ਸੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਆਪਣੇ ਆਪ ਵਿੱਚ ਹਰ ਕੋਈ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਵਿੱਚ, ਸੱਚ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ।

ਹੁਣ ਅਸੀਂ ਮੁੱਖ ਸ਼ਬਦ ਦੀਆਂ ਇਹਨਾਂ ਪੰਗਤੀਆਂ ਨੂੰ ਕੁੱਝ ਆਸਾਨੀ ਨਾਲ ਸਮਝ ਸਕਾਂਗੇ।

“ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥

ਰੂੜੋ ਗੂੜੋ ਗਹਿਰ ਗੰਭੀਰੋ ਊਚੋ ਅਗਮ ਅਪਾਰੇ॥੨॥”

ਪ੍ਰਮਾਤਮਾ ਸਾਨੂੰ ਆਪਣੇ ਆਪ ਦੀ ਸੋਝੀ ਪਾਉਣ ਲਈ, ਸਾਡਾ ਭਰਮ ਕੱਟਣ ਲਈ ਇਕ ਖਿਨ ਹੀ ਲਗਾਉਂਦਾ ਹੈ ਕਿਉਂਕਿ ਉਹ ਇਕ ਖਿਨ ਵਿੱਚ ਹੀ ਆਪਣੇ ਆਪ ਨੂੰ ਸਾਡੇ ਅੰਦਰ ਪ੍ਰਗਟ ਕਰ ਦਿੰਦਾ ਹੈ। ਇਸ ਗੱਲ ਨੂੰ ਕੇਵਲ ਉਹ ਹੀ ਸਮਝ ਸਕਦਾ ਹੈ ਜਿੱਥੇ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਜੋ ਕੁੱਝ ਅਸੀਂ ਆਪਣੇ ਆਪ ਨੂੰ ਸਮਝਦੇ ਹਾਂ, ਜਿਵੇਂ ਕਿ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ, ਆਪਣੀ ਇੱਕ ਵੱਖਰੀ ਹੋਂਦ ਸਮਝਦੇ ਹਾਂ, ਪ੍ਰਮਾਤਮਾ ਸਾਨੂੰ ਇੱਕ ਖਿਨ ਵਿੱਚ ਹੀ ਮਨ ਦੇ ਵਿੱਚੋਂ ਇਹ ਸਮਝਾ ਦਿੰਦਾ ਹੈ ਕਿ ਜੋ ਅਸੀਂ ਹੁਣ ਤੱਕ ਆਪਣੇ ਆਪ

ਨੂੰ ਸਮਝਿਆ ਹੋਇਆ ਹੈ ਅਸੀਂ ਉਹ ਨਹੀਂ ਹਾਂ ਭਾਵ ਕੁੱਝ ਹੋਰ ਹਾਂ ਭਾਵ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਅਸੀਂ ਅਸਲ ਵਿੱਚ ਕੋਈ ਮਨੁੱਖ ਨਾ ਹੋ ਕੇ ਪ੍ਰਮਾਤਮਾ ਦਾ ਹੀ ਰੂਪ ਹਾਂ ਭਾਵ ਸਾਡੇ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਸਾਡੀ ਹੋਂਦ ਉਸ ਨਾਲੋਂ ਕੋਈ ਵੱਖਰੀ ਨਹੀਂ ਹੈ। **(ਖਿਨ ਮਹਿ ਅਵਰੁ)** ਇੱਕ ਖਿਨ ਵਿੱਚ ਹੀ ਸਾਡਾ ਆਪਾ ਮੁੱਕ ਜਾਂਦਾ ਹੈ

ਕਿਉਂਕਿ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੀ ਹੋਂਦ ਨੂੰ ਜਾਣ ਲੈਂਦੇ ਹਾਂ। ਆਪਣੇ ਅੰਦਰ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ ਭਾਵ ਜੋ ਮੇਰੇ ਅੰਦਰ ਵਰਤ ਰਿਹਾ ਹੈ ਉਹੀ ਸਭ ਦੇ ਅੰਦਰ ਵਰਤ ਰਿਹਾ ਹੈ, ਹਰ ਕੋਈ ਉਹ ਕੁੱਝ ਨਹੀਂ ਹੈ ਜੋ ਕਿ ਹਰ ਕੋਈ ਆਪਣੇ ਆਪ ਨੂੰ ਸਮਝਦਾ ਹੈ। ਮਨ ਦਾ ਇਹ ਭੁਲੇਖਾ ਨਿਕਲ ਜਾਂਦਾ ਹੈ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਭਰਮ ਵਿੱਚ ਰਹਿੰਦੇ ਹੋਏ ਕਿਸੇ ਨੂੰ ਇਸ ਗੱਲ ਦੀ ਸੋਝੀ ਨਹੀਂ ਹੈ। **(ਖਿਨੈ ਮਹਿ ਅਵਰਾ)** ਅਸਲ ਵਿੱਚ ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਖੇਡ ਹੈ ਜਿਸਨੂੰ ਕੋਈ ਆਪਣੇ ਆਪ ਸਮਝ ਹੀ ਨਹੀਂ ਸਕਦਾ। ਪ੍ਰਮਾਤਮਾ ਦੀ ਇਹ ਖੇਡ ਮਨ ਦੇ ਵਿੱਚ ਉਸਦੀ ਸੋਝੀ ਪੈਣ ਤੋਂ ਬਾਅਦ ਹੀ ਪੈਂਦੀ ਹੈ ਕਿ ਉਹ ਸਭ ਨੂੰ ਆਪ ਹੀ ਖਿਡਾ ਰਿਹਾ ਹੈ। **(ਅਚਰਜ ਚਲਤ ਤੁਮਾਰੇ॥)** ਪ੍ਰਮਾਤਮਾ ਅਸਲ ਵਿੱਚ ਕਿਤਨਾ ਕੁ ਵੱਡਾ ਹੈ, ਉਸਦੀ ਵਡਿਆਈ ਕਿਤਨੀ ਵੱਡੀ ਹੈ ਤੇ ਮਨੁੱਖ ਦਾ ਆਪਣੇ ਆਪ ਨੂੰ ਵੱਡਾ ਸਮਝਣਾ ਕਿੰਨੀ ਵੱਡੀ ਭੁੱਲ ਹੈ ਇਹ ਉਸਨੂੰ ਜਾਨਣ ਤੋਂ ਬਾਅਦ ਹੀ ਸਮਝ ਪੈਂਦੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਰੂੜੋ ਗੂੜੋ ਗਹਿਰ ਗੰਭੀਰੋ ਊਚੋ ਅਗਮ ਅਪਾਰੇ॥੩॥”

ਪ੍ਰਮਾਤਮਾ ਕਿਤਨਾ ਵੱਡਾ ਹੈ ਇਹ ਉਸਨੂੰ ਜਾਨਣ ਤੋਂ ਬਾਅਦ ਹੀ ਪਤਾ ਲੱਗਦਾ ਹੈ।

{ਕੇਵਡੁ ਵਡਾ ਡੀਠਾ ਹੋਇ॥}

ਜਿੰਨ੍ਹਾਂ ਨੇ ਪ੍ਰਮਾਤਮਾ ਦਾ ਅਸਲ ਰੂਪ ਦੇਖਿਆ ਹੈ ਭਾਵ ਭਗਤਾਂ ਨੇ, ਗੁਰੂ ਸਾਹਿਬਾਨ ਨੇ ਉਸਦਾ ਇਤਨਾ ਵੱਡਾ ਰੂਪ ਦੇਖ ਕੇ ਹੀ ਉਸਦੀ ਉਪਮਾ ਕੀਤੀ ਹੈ ਜੋ ਕਿ ਅਸਲ ਵਿੱਚ ਸਭ ਕੁੱਝ ਆਪ

ਹੀ ਹੈ। ਕੇਵਲ ਪ੍ਰਮਾਤਮਾ ਨੂੰ ਗੱਲਾਂ ਨਾਲ ਉੱਚਾ ਕਹਿ ਦੇਣ ਨਾਲ ਉਸਦੀ ਵਡਿਆਈ ਨਹੀਂ ਹੋ ਸਕਦੀ। ਉਸਦੀ ਵਡਿਆਈ ਦੀ ਸੋਝੀ ਤਾਂ ਹੀ ਪਵੇਗੀ ਜਦੋਂ ਆਪਣੇ ਆਪ ਦੀ ਸੋਝੀ ਪੈ ਜਾਵੇਗੀ ਕਿ ਅਸਲ ਵਿੱਚ ਮਨੁੱਖੀ ਹੋਂਦ ਦੀ ਆਪਣੀ ਕੀ ਔਕਾਤ ਹੈ। ਜਦ ਤੱਕ ਅਸੀਂ ਆਪਣੇ ਆਪ ਨੂੰ ਵੱਡਾ ਸਮਝਿਆ ਹੋਇਆ ਹੈ, ਇਸ ਮਨੁੱਖੀ ਦੇਹ ਦਾ ਮਾਣ ਸਮਝਿਆ ਹੋਇਆ ਹੈ ਤਦ ਤੱਕ ਅਸੀਂ ਪ੍ਰਮਾਤਮਾ ਦੀ ਵਡਿਆਈ ਕੀ ਕਰ ਸਕਦੇ ਹਾਂ ਜਿਵੇਂ ਕਿ ਸ਼ਬਦ ਦੇ ਵਿੱਚ ਦੂਸਰੇ ਪਦੇ ਰਾਹੀਂ ਸਮਝਾਇਆ ਹੋਇਆ ਹੈ। **(ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥)**

ਜਦ ਤੱਕ ਅਸੀਂ ਆਪਣੇ ਆਪ ਨੂੰ ਪਹਾੜ ਵਰਗਾ ਉੱਚਾ ਸਮਝਿਆ ਹੋਇਆ ਹੈ ਤਦ ਤੱਕ ਪ੍ਰਮਾਤਮਾ ਦੀ ਵਡਿਆਈ ਸਾਡੇ ਸਾਹਮਣੇ ਇੱਕ ਤਿਨਕੇ ਦੇ ਬਰਾਬਰ ਰਹਿ ਜਾਂਦੀ ਹੈ। ਪ੍ਰਮਾਤਮਾ ਦੀ ਵਡਿਆਈ ਤਾਂ ਹੋ ਸਕਦੀ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਮਨੁੱਖ ਤਿਨਕਾ ਹੈ ਤੇ ਪ੍ਰਮਾਤਮਾ ਪਹਾੜ ਹੈ। ਉਸਦੀ ਸੋਝੀ ਪੈਣ ਤੋਂ ਬਾਅਦ ਫਿਰ ਕੋਈ ਆਪਣੇ ਆਪ ਨੂੰ ਵੱਡਾ ਨਹੀਂ ਕਹਿ ਸਕਦਾ। ਮਨੁੱਖੀ ਦੇਹ ਨੂੰ ਅਸੀਂ ਤਦ ਤੱਕ ਹੀ ਵੱਡਾ ਸਮਝਦੇ ਹਾਂ ਜਦ ਤੱਕ ਉਸ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਪੈਂਦੀ, ਹਰ ਵਸਤੂ ਵਿੱਚ ਉਸਦੀ ਹੋਂਦ ਨਜ਼ਰ ਨਹੀਂ ਆਉਂਦੀ। ਭਲੇਖੇ ਵਿੱਚ, ਭਰਮ ਵਿੱਚ ਅਸੀਂ ਇੱਕ ਤਿਨਕੇ ਨੂੰ ਹੀ ਅਸਲ ਵਿੱਚ ਪਹਾੜ ਸਮਝੀ ਰੱਖਦੇ ਹਾਂ ਤੇ ਪਹਾੜ ਨੂੰ ਇੱਕ ਤਿਨਕਾ ਬਣਾਈ ਰੱਖਦੇ ਹਾਂ। ਭਰਮ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਵਡਿਆਈ ਨਹੀਂ ਹੋ ਸਕਦੀ। ਭਰਮ ਵਿੱਚ ਰਹਿੰਦੇ ਹੋਏ ਸਾਨੂੰ ਮਨੁੱਖੀ ਸਰੀਰਾਂ ਵਿੱਚ ਹੀ ਵੱਡਾਪਨ ਨਜ਼ਰ ਆਉਂਦਾ ਹੈ ਤੇ ਅਸੀਂ ਉਨ੍ਹਾਂ ਦੇ ਪਿੱਛੇ ਲੱਗਦੇ ਹਾਂ, ਜੋ ਅਸਲ ਵਿੱਚ ਤਿਨਕੇ ਹਨ ਤੇ ਉਨ੍ਹਾਂ ਨੂੰ ਪਹਾੜ ਦਾ ਰੂਪ ਸਮਝ ਕੇ ਉਨ੍ਹਾਂ ਦੇ ਪਿੱਛੇ ਲੱਗਦੇ ਹਾਂ। ਅਸੀਂ ਜੈ-ਜੈ ਕਾਰ ਵੀ ਮਨੁੱਖੀ ਸਰੀਰਾਂ ਦੀ ਕਰਦੇ ਹਾਂ, ਉਨ੍ਹਾਂ ਦੇ ਹੀ ਬੋਲ ਬੋਲ ਕੇ ਗੁਣ ਗਾਉਂਦੇ ਹਾਂ ਤੇ ਉਨ੍ਹਾਂ ਦੀਆਂ ਬਰਸੀਆਂ ਮਨਾਉਂਦੇ ਹਾਂ। ਇਹ ਕੇਵਲ ਸਾਡੀ ਅਗਿਆਨਤਾ ਹੈ ਹੋਰ ਕੁੱਝ ਵੀ ਨਹੀਂ। ਆਪਣੇ ਆਪ ਨੂੰ ਉੱਚਾ ਕਰਨ ਨਾਲ ਅਸੀਂ ਅਸਲ ਵਿੱਚ ਗੁਰੂ ਪ੍ਰਮਾਤਮਾ ਨੂੰ ਨੀਵਾਂ ਹੀ ਕਰਦੇ ਹਾਂ, ਆਪਣੇ

ਆਪ ਨੂੰ ਪਹਾੜ ਵਰਗਾ ਸਮਝ ਕੇ ਗੁਰੂ ਪ੍ਰਮਾਤਮਾ ਨੂੰ ਨੀਵਾਂ ਹੀ ਕਰਦੇ ਹਾਂ। ਇਹੀ ਗੱਲ ਉਨ੍ਹਾਂ ਸਭ ਤੇ ਵੀ ਲਾਗੂ ਹੁੰਦੀ ਹੈ ਜੋ ਇਨ੍ਹਾਂ ਦੇ ਪਿੱਛੇ ਲੱਗਦੇ ਹਨ ਤੇ ਇਨ੍ਹਾਂ ਨੂੰ ਪਹਾੜ ਦੀ ਟੀਸੀ ਤੇ ਬਿਠਾਉਂਦੇ ਹਨ। ਵੱਖਰੀਆਂ-ਵੱਖਰੀਆਂ ਧਾਰਮਿਕ ਸੰਸਥਾਵਾਂ, ਜੱਥੇਬੰਦੀਆਂ ਭਾਵ ਸੰਪ੍ਰਦਾਵਾਂ ਆਪਣੇ ਆਪਣੇ ਸਿਰਮੌਰ ਨੂੰ ਹੀ ਉੱਚੇ ਤੋਂ ਉੱਚਾ ਦਿਖਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਵਿੱਚ ਪ੍ਰਮਾਤਮਾ ਦੀ, ਗੁਰੂ ਦੀ ਵਡਿਆਈ ਕਿਤਨੀ ਕੁ ਹੁੰਦੀ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ ਜੋ ਕਿ ਇਸ ਪੂਰੇ ਸ਼ਬਦ

ਰਾਹੀਂ ਸਾਨੂੰ ਸਮਝਾਉਣ ਦਾ ਗੁਰੂ ਸਾਹਿਬ ਦਾ ਮਕਸਦ ਹੈ।

ਪ੍ਰਮਾਤਮਾ ਦੀ ਮਹਿਮਾ, ਗੁਰੂ ਦੀ ਮਹਿਮਾ ਕੇਵਲ ਮਨ ਦਾ ਭਰਮ ਮਿਟਾਉਣ ਦੁਆਰਾ ਹੀ ਹੋ ਸਕਦੀ ਹੈ ਤੇ ਉਸ ਤੋਂ ਪਹਿਲਾਂ ਸਾਨੂੰ ਸਰਗੁਣ ਸਰੂਪ ਦੀ ਸੋਝੀ ਹੀ ਨਹੀਂ ਪੈਂਦੀ ਕਿ ਇਸਨੂੰ ਚਲਾਉਣ ਵਾਲਾ ਕੌਣ ਹੈ। ਇਹੀ ਉਹ ਕਿਨਕਾ ਹੈ ਜਿਸ ਦੇ ਸਾਡੇ ਅੰਦਰ ਵੱਸਣ ਦੁਆਰਾ ਸਾਡਾ ਭਰਮ ਮਿਟਦਾ ਹੈ ਤੇ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪ ਹੀ ਗੁਰੂ ਹੈ ਜੋ ਕਿਸੇ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣੀ ਮਹਿਮਾ ਸਮਝਾਉਂਦਾ ਹੈ।

“ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾ ਕੀ ਮਹਿਮਾ ਗਨੀ ਨ ਆਵੈ॥
ਕਾਂਖੀ ਏਕੈ ਦਰਸ ਤੁਹਾਰੋ॥ ਨਾਨਕ ਉਨ ਸੰਗਿ ਮੋਹਿ ਉਧਾਰੋ॥੧॥”

(ਅੰਗ ੨੬੨)

ਇਹ ਕਿਨਕਾ ਗੁਰੂ ਦੇ ਮਨ ਵਿੱਚ ਵੱਸਿਆ ਹੋਇਆ ਹੈ ਤੇ ਤਾਂ ਹੀ ਗੁਰੂ ਦੀ ਮਹਿਮਾ ਉੱਚੀ ਹੈ। ਕਿਨਕਾ ਮਨ ਦੀ ਉਹ ਸੱਚੀ ਸੋਝੀ ਹੈ ਜੋ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਮਨ ਦੇ ਵਿੱਚ ਪਾਉਂਦਾ ਹੈ ਜਿਸ ਦੁਆਰਾ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਸੇ ਲਈ ਗੁਰੂ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਇਹ ਗੱਲ ਸਮਝਾ ਰਿਹਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਿਸ ਦੇ ਮਨ ਵਿੱਚ ਪ੍ਰਮਾਤਮਾ ਨੇ ਆਪਣਾ ਇਹ ਕਿਨਕਾ ਵਸਾਇਆ ਹੋਇਆ ਹੈ ਉਹੀ ਪ੍ਰਮਾਤਮਾ ਦੀ ਵਡਿਆਈ ਨੂੰ ਜਾਣਦਾ ਹੈ, ਉਸਦੇ ਨਿਰਗੁਣ ਰੂਪ ਨੂੰ ਜਾਣਦਾ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਨੇ ਹਰ ਸਰਗੁਣ ਸਰੂਪ ਦੀ ਥਾਪਨਾ ਕੀਤੀ ਹੈ। ਹਰ ਸਰਗੁਣ ਸਰੂਪ ਪ੍ਰਮਾਤਮਾ ਦੀ ਵਡਿਆਈ ਹੀ ਬਿਆਨ ਕਰਦਾ ਹੈ ਕਿ ਪ੍ਰਮਾਤਮਾ ਕਿਤਨਾ ਵੱਡਾ ਹੈ ਪਰ ਉਸਦੀ ਇਹ ਵਡਿਆਈ

ਤਾਂ ਹੀ ਸਮਝ ਆ ਸਕਦੀ ਹੈ ਜਦੋਂ ਸਰਗੁਣ ਸਰੂਪ ਦੇ ਮਾਲਕ ਦੀ ਸੋਝੀ ਪੈ ਜਾਂਦੀ ਹੈ। ਇਹ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣੇ ਗਿਆਨ ਦਾ ਕਿਨਕਾ ਵਸਾ ਕੇ ਪਾਉਂਦਾ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਇਸੇ ਲਈ ਗੁਰੂ ਦੀ ਵਡਿਆਈ ਕਰਨਾ, ਗੁਰੂ ਦੀ ਮਹਿਮਾ ਕਰਨਾ ਪ੍ਰਮਾਤਮਾ ਦੀ ਮਹਿਮਾ ਕਰਨਾ ਹੀ ਹੈ। ਅਗਰ ਅਸੀਂ ਗੁਰੂ ਨੂੰ ਧੰਨ ਕਹਿੰਦੇ ਹਾਂ ਤੇ ਉਹ ਪ੍ਰਮਾਤਮਾ ਨੂੰ ਧੰਨ ਕਹਿਣ ਵਾਲੀ ਗੱਲ ਹੈ। ਜਿਸਦੇ ਅੰਦਰ ਪ੍ਰਮਾਤਮਾ ਦਾ ਇਹ ਕਿਨਕਾ ਨਹੀਂ ਵੱਸਿਆ ਹੋਇਆ ਉੱਥੇ ਅਸੀਂ ਸੱਚ ਦੀ ਵਡਿਆਈ ਨਹੀਂ ਕਰਦੇ। ਸੱਚ ਕੇਵਲ ਗੁਰੂ ਦੇ ਕੋਲ ਹੈ। ਜਿਸਨੂੰ ਸੱਚ ਦੀ ਸੋਝੀ ਪੈ ਜਾਂਦੀ ਹੈ ਉਹ ਫਿਰ ਆਪਣੇ ਆਪ ਨੂੰ ਵੱਡਾ ਨਹੀਂ ਅਖਵਾਉਂਦਾ। ਜੋ ਪ੍ਰਮਾਤਮਾ ਦਾ ਗੁਰੂ ਰੂਪ ਹੈ ਉਹ ਹਰ ਗੱਲ ਵਿੱਚ ਪ੍ਰਮਾਤਮਾ ਨੂੰ ਵੱਡਾ ਮੰਨਦਾ ਹੈ ਤੇ ਉਸੇ ਦੀ ਵਡਿਆਈ ਕਰਨ ਲਈ ਸਾਨੂੰ ਪ੍ਰੇਰਦਾ ਹੈ।

ਸਾਡਾ ਉਧਾਰ ਗੁਰੂ ਹੀ ਕਰ ਸਕਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜੇਕਰ ਸਾਡੇ ਅੰਦਰ ਪ੍ਰਮਾਤਮਾ ਦੇ ਦਰਸ਼ਨਾਂ ਦੀ ਪਿਆਸ ਹੈ, ਉਸਨੂੰ ਮਿਲਣ ਦੀ ਤਮੰਨਾ ਹੈ, ਅਭਿਲਾਸ਼ਾ ਹੈ, ਇੱਛਾ ਹੈ ਤੇ ਸਾਡੀ ਇਹ ਇੱਛਾ ਕੇਵਲ ਗੁਰੂ ਹੀ ਪੂਰੀ ਕਰ ਸਕਦਾ ਹੈ ਤੇ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਕਾਂਖੀ ਏਕੈ ਦਰਸ ਤੁਹਾਰੋ॥ ਨਾਨਕ ਉਨ ਸੰਗਿ ਮੋਹਿ ਉਧਾਰੋ॥੧॥"

"ਉਨ ਸੰਗਿ" ਤੋਂ ਭਾਵ ਹੈ ਉਸਦਾ ਸੰਗ ਜਿੱਥੇ ਪ੍ਰਮਾਤਮਾ ਨੇ ਆਪਣਾ ਕਿਨਕਾ ਵਸਾਇਆ ਹੋਇਆ ਹੈ, ਜਿਸਦੀ ਮਹਿਮਾ ਉੱਚੀ ਹੈ ਭਾਵ ਗੁਰੂ। ਸਾਨੂੰ ਬੇਨਤੀ ਦੇ ਰੂਪ ਵਿੱਚ ਸਮਝਾਇਆ ਹੈ ਕਿ ਪ੍ਰਮਾਤਮਾ ਮੇਰੇ ਅੰਦਰ ਤੇਰੇ ਦਰਸ਼ਨਾਂ ਦੀ ਚਾਹ ਹੈ ਤੇ ਇਸ ਕਰਕੇ ਮੈਨੂੰ ਆਪਣੇ ਗੁਰੂ ਰੂਪ ਦੇ ਨਾਲ ਮਿਲਾ ਜਿਸ ਦੇ ਨਾਲ ਮਿਲ ਕੇ ਮੇਰਾ ਉਧਾਰ ਹੋ ਸਕਦਾ ਹੈ ਭਾਵ ਤੇਰੇ ਦਰਸ਼ਨ ਹੋ ਸਕਦੇ ਹਨ ਭਾਵ ਮੇਰੀ ਇੱਛਾ ਪੂਰੀ ਹੋ ਸਕਦੀ ਹੈ।

ਜੇਕਰ ਅਸੀਂ ਗੁਰੂ ਨਾਲੋਂ ਵੱਡੀ ਜਾਂ ਗੁਰੂ ਦੇ ਬਰਾਬਰ ਕਿਸੇ ਹੋਰ ਦੀ ਮਹਿਮਾ ਸਮਝੀ ਜਾਵਾਂਗੇ ਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਸਾਡੀ ਇਹ ਇੱਛਾ ਕਦੇ ਪੂਰੀ ਨਹੀਂ ਹੋ ਸਕਦੀ। ਸਾਡੀ ਇੱਛਾ ਤਾਂ ਪੂਰੀ ਹੋਣੀ ਹੈ ਜਦੋਂ ਪ੍ਰਮਾਤਮਾ ਆਪਣਾ ਕਿਨਕਾ ਸਾਡੇ ਅੰਦਰ ਵਸਾਵੇਗਾ ਤੇ ਉਹ ਤਾਂ ਹੀ ਵਸਾਵੇਗਾ ਜਦੋਂ ਅਸੀਂ ਉਸ ਦੇ ਪਿੱਛੇ

ਲੱਗਾਗੇ ਜੋ ਉਸੇ ਦਾ ਰੂਪ ਹੈ, ਜੋ ਭਰਮ ਤੋਂ ਰਹਿਤ ਹੈ। ਗੁਰੂ ਤੋਂ ਵੱਡੀ ਮਹਿਮਾ ਹੋਰ ਕਿਸੇ ਦੀ ਨਹੀਂ ਹੋ ਸਕਦੀ। ਉਹ ਕਿਨਕਾ ਜਿਸ ਦੁਆਰਾ ਅਸੀਂ ਭਰਮ ਤੋਂ ਨਿਕਲ ਸਕਦੇ ਹਾਂ ਉਹ ਕੇਵਲ ਤੇ ਕੇਵਲ ਗੁਰੂ ਪ੍ਰਮਾਤਮਾ ਦੇ ਕੋਲ ਹੈ ਜੋ ਇਸ ਕਿਨਕੇ ਦਾ ਮਾਲਕ ਹੈ।

ਸਾਡੇ ਅੰਦਰ ਪ੍ਰਮਾਤਮਾ ਦਾ ਇਹ ਕਿਨਕਾ ਵੱਸਣ ਦੁਆਰਾ ਹੀ ਉਸਦੇ ਨਾਲ ਸਾਡਾ ਸਾਧਸੰਗ ਹੁੰਦਾ ਹੈ ਭਾਵ ਉਸਦੇ ਨਾਲ ਮੇਲ ਹੁੰਦਾ ਹੈ ਜੋ ਕਿ ਮੁੱਖ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮਨੁੱਖ ਦੀ ਇਸ ਅਵੱਸਥਾ ਦੁਆਰਾ ਹੀ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਕਿਤਨਾ ਵੱਡਾ ਹੈ ਤੇ ਤਾਂ ਹੀ ਅਸੀਂ ਦੇਹਧਾਰੀਆਂ ਦੀ ਉੱਚੀ ਵਡਿਆਈ ਵਿੱਚੋਂ ਨਿਕਲ ਸਕਦੇ ਹਾਂ।

"ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥

ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ॥੪॥੭॥੧੮॥"

ਉੱਪਰ ਪਹਿਲੀ ਪੰਗਤੀ ਰਾਹੀਂ ਹੀ ਇਹ ਸਪੱਸ਼ਟ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਜਾਂ ਸਾਧਸੰਗਿ ਇੱਕ ਹੀ ਗੱਲ ਹੈ। ਪ੍ਰਮਾਤਮਾ ਕੋਲੋਂ ਉਸਦੀ ਬਾਣੀ ਉਸਦੇ ਨਾਲ ਮੇਲ ਤੋਂ ਬਾਅਦ ਹੀ ਸੁਣੀ ਜਾ ਸਕਦੀ ਹੈ। ਆਪਣੇ ਮੇਲ ਤੋਂ ਬਾਅਦ ਉਹ ਆਪਣੀ ਬਾਣੀ ਹੀ ਸੁਣਾਉਂਦਾ ਹੈ ਭਾਵ ਆਂਪਣਾ ਸੱਚਾ ਗਿਆਂਨ ਹੀ ਸੁਣਾਉਂਦਾ ਹੈ ਜੋ ਕਿ ਉਹ ਮਨ ਦੇ ਵਿੱਚ ਹੀ ਸੁਣਾਉਂਦਾ ਹੈ। ਜਿਹੜੇ ਜਿਹੜੇ ਸਰੀਰਾਂ ਰਾਹੀਂ ਉਸਨੇ ਆਪਣਾ ਸਾਧਸੰਗਿ ਕੀਤਾ ਹੈ ਉਨ੍ਹਾਂ ਸਰੀਰਾਂ ਰਾਹੀਂ ਹੀ ਉਸਨੇ ਆਪਣੀ ਬਾਣੀ ਸੁਣਾਈ ਹੈ ਜੋ ਸਾਡੇ ਕੋਲ ਹੁਣ ਗੁਰਬਾਣੀ ਦੇ ਰੂਪ ਵਿੱਚ ਮੌਜੂਦ ਹੈ। ਇਸ ਗੱਲ ਦੀ ਸੋਝੀ ਮਨ ਦੇ ਵਿੱਚ ਸਾਧਸੰਗਿ ਹੋਣ ਤੋਂ ਬਾਅਦ ਹੀ ਪੈ ਸਕਦੀ ਹੈ, ਸਾਧ ਦੇ ਨਾਲ, ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਅਦ ਹੀ ਪੈ ਸਕਦੀ ਹੈ। ਇਹ ਅਵੱਸਥਾ ਮਿਲਣ ਤੋਂ ਪਹਿਲੇ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਗੁਰਬਾਣੀ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਕਿਸ ਲਈ ਹੈ। ਇਸੇ ਲਈ ਸਾਰੀ ਗੁਰਬਾਣੀ ਸੱਚੀ ਬਾਣੀ ਹੈ ਜੋ ਉਸ ਸੱਚੇ ਦੇ ਕੋਲੋਂ ਆਈ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਉਸਨੇ ਆਪ ਹੀ ਲਿਖਵਾਈ ਹੈ। **(ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥)** ਮਨ ਦੀ ਇਹ ਅਵੱਸਥਾ ਹੀ ਸਾਡੇ ਅੰਦਰ "ਅਨਦੁ" ਦੇ ਵੱਸਣ ਦੀ ਅਵੱਸਥਾ ਹੈ ਜਿਸ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ

17/1830

ਹੋਣ ਦੇ ਨਾਲ ਹੀ ਫਿਰ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਦਾ ਪ੍ਰਤਾਪ ਕਿਤਨਾ ਕੁ ਉੱਚਾ ਹੈ ਤੇ ਮਨੁੱਖ ਦੀ ਔਕਾਤ ਉਸ ਦੇ ਅੱਗੇ ਕਿਤਨੀ ਤੁਛ ਹੈ। ਇਸ ਅਵੱਸਥਾ ਤੋਂ ਬਾਅਦ ਹੀ ਫਿਰ ਸੋਝੀ ਪੈਂਦੀ ਹੈ ਕਿ ਜੋ ਆਪਣੇ ਆਪ ਨੂੰ ਉੱਚਾ ਬਣਾ ਕੇ ਬੈਠੇ ਹਨ, ਪਹਾੜ ਵਰਗਾ ਉੱਚਾ ਸਮਝੀ ਬੈਠੇ ਹਨ ਉਹ ਅਸਲ ਵਿੱਚ ਪ੍ਰਮਾਤਮਾ ਅੱਗੇ ਇੱਕ ਤਿਨਕੇ ਦੇ ਬਰਾਬਰ ਵੀ ਨਹੀਂ ਹਨ। ਆਪਣੇ ਅੰਦਰੋਂ ਉਸ ਪਹਾੜ ਦੇ ਦਰਸ਼ਨ ਕਰਨ ਤੋਂ ਬਾਅਦ ਫਿਰ ਸਮਝ ਲੱਗਦੀ ਹੈ ਕਿ ਆਪਣੇ ਆਪ ਨੂੰ ਪਹਾੜ ਵਰਗਾ ਉੱਚਾ ਸਮਝਣ ਵਾਲੇ ਹੀ ਅਸਲ ਵਿੱਚ ਤ੍ਰਿਣ ਹਨ ਜੋ ਕਿ ਕੇਵਲ ਮਨ ਦਾ ਭਰਮ ਹੈ। ਮਨ ਦਾ ਇਹ ਭਰਮ ਨਿਕਲੇ ਬਿਨ੍ਹਾਂ ਹਰ ਕੋਈ ਪ੍ਰਮਾਤਮਾ ਦੇ ਉਸ ਨਿਰਗੁਣ ਰੂਪ ਨੂੰ ਜਾਨਣ ਵਿੱਚ ਅਸਮਰੱਥ ਹੀ ਹੈ। **(ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ॥੪॥੭॥੧੮॥)**

17/1830-1

ਪ੍ਰਮਾਤਮਾ ਆਪਣਾ ਪ੍ਰਤਾਪ, ਆਪਣੀ ਤਾਕਤ ਸਾਨੂੰ ਮਨ ਦੇ ਵਿੱਚ ਹੀ ਦਿਖਾਉਂਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਦੇ ਵੱਸਣ ਦੀ ਸੋਝੀ ਪੈਂਦੀ ਹੈ। ਪਹਿਲੇ ਉਸ ਦੀ ਤਾਕਤ ਮਨ ਵਿੱਚੋਂ ਦੇਖ ਕੇ ਹੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਕਿਤਨਾ ਤਾਕਤਵਰ ਹੈ। ਆਪਣੀ ਤਾਕਤ ਦਿਖਾਉਣ ਲਈ ਪਹਿਲੇ ਉਹ ਸਾਨੂੰ ਤਾਕਤਹੀਣ ਕਰਕੇ ਦਿਖਾਉਂਦਾ ਹੈ ਜਿਵੇਂ ਕਿ ਅਸੀਂ ਕਾਫੀ ਪਿੱਛੇ ਵੀ ਇਸ ਗੱਲ ਨੂੰ ਜਾਣਿਆ ਹੈ। ਉਹ ਮਨ ਦੇ ਅੰਦਰ ਹੀ ਆਪਣਾ ਹੁਕਮ ਚਲਾ ਕੇ ਦਿਖਾਉਂਦਾ ਹੈ ਕਿ ਸਾਡਾ ਇਹ ਸਰੀਰ ਕਿਸਦੇ ਵੱਸ ਹੈ, ਕਿਸ ਦੇ ਹੁਕਮ ਵਿੱਚ ਚੱਲਦਾ ਹੈ। ਉਹ ਆਪਣੀ ਤਾਕਤ ਨਿਰਗੁਣ ਰੂਪ ਵਿੱਚ ਹੀ ਦਿਖਾਉਂਦਾ ਹੈ ਭਾਵ ਬਿਨ੍ਹਾਂ ਮੁੱਖੋਂ ਕੁੱਝ ਬੋਲੇ ਹੀ ਦਿਖਾਉਂਦਾ ਹੈ। "ਪੁਰਖ ਨਿਰਬਾਣੀ" ਤੋਂ ਭਾਵ ਹੈ ਕਿ ਪ੍ਰਮਾਤਮਾ ਉਸ ਰੂਪ ਵਿੱਚ ਨਹੀਂ ਬੋਲਦਾ ਜਿਸ ਰੂਪ ਵਿੱਚ ਅਸੀਂ ਬੋਲਦੇ ਹਾਂ। ਉਹ ਮਨ ਦੇ ਵਿੱਚ ਹੀ ਬੋਲਦਾ ਹੈ, ਮਨ ਦੇ ਵਿਚਾਰਾਂ ਰਾਹੀਂ ਬੋਲਦਾ ਹੈ, ਜਿਸਦੀ ਕੋਈ ਆਵਾਜ਼ ਨਹੀਂ ਆਉਂਦੀ। ਉਸ ਦੀ ਬਾਣੀ ਬਿਨ੍ਹਾਂ ਆਵਾਜ਼ ਵਾਲੀ ਬਾਣੀ ਹੈ ਤੇ ਇਸੇ ਲਈ ਪ੍ਰਮਾਤਮਾ ਨਿਰਬਾਣੀ ਹੈ ਜੋ ਬਿਨ੍ਹਾਂ ਕੁੱਝ ਬੋਲਣ ਤੋਂ

ਹੀ ਗਿਆਨ ਰੂਪ ਵਿੱਚ ਆਪਣੀ ਗੱਲ ਮਨ ਦੇ ਵਿੱਚ ਹੀ ਬੋਲਦਾ ਹੈ। ਉਹ ਸਾਡੇ ਅੰਦਰ ਸੁੰਨ ਸਮਾਧਿ ਦੀ ਅਵੱਸਥਾ ਵਿੱਚ ਹੈ ਜਿੱਥੇ ਕੋਈ ਸਰਗੁਣ ਰੂਪ ਵਿੱਚ ਆਵਾਜ਼ ਨਹੀਂ ਉੱਠਦੀ। ਮਨ ਦੇ ਵਿੱਚ ਇਹ ਹੀ ਉਸਦਾ ਅਨਹਦ ਨਾਦੁ ਹੈ, ਅਨਾਹਤਿ ਬਾਣੀ ਹੈ, ਪੰਚ ਸ਼ਬਦ ਹੈ ਜੋ ਮਨ ਦੇ ਵਿੱਚ ਬਿਨ੍ਹਾਂ ਕਿਸੇ ਬਾਣੀ ਦੇ ਬੋਲ ਤੋਂ ਖਾਮੋਸ਼ੀ ਦੇ ਰੂਪ ਵਿੱਚ ਸੁਣਦਾ ਹੈ। ਪ੍ਰਮਾਤਮਾ ਮਨ ਦੇ ਵਿੱਚ

17/1830-2

ਆਪਣੇ ਇਸ ਨਿਰਗੁਣ ਰੂਪ ਦੁਆਰਾ ਹੀ ਵਿਚਰਦਾ ਹੈ ਤੇ ਇਹ ਹੀ ਉਸਦਾ ਸਾਡੇ ਅੰਦਰ ਹਰ ਵੇਲੇ ਚੱਲ ਰਿਹਾ ਹੁਕਮ ਹੈ ਜਿਸਦੀ ਸੋਝੀ ਮਨ ਦੇ ਵਿੱਚ ਉਸਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ। ਉਹ ਮਨ ਦੇ ਵਿੱਚ ਆਪਣੇ ਪ੍ਰਤਾਪ ਦੁਆਰਾ ਹੀ, ਆਪਣੀ ਤਾਕਤ ਦੁਆਰਾ ਹੀ ਪ੍ਰਗਟ ਹੁੰਦਾ ਹੈ। ਮਨੁੱਖ ਨੂੰ ਮਨ ਦੀ ਇਸ ਤਾਕਤ ਦੁਆਰਾ ਹੀ ਭਾਵ ਮਨ ਦੇ ਵਿਚਾਰਾਂ ਦੀ ਤਾਕਤ ਦੁਆਰਾ ਹੀ ਆਪਣਾ ਪ੍ਰਤਾਪ ਦਿਖਾਉਂਦਾ ਹੈ ਕਿ ਇਹ ਵਿਚਾਰ ਕਿਸਦੇ ਵੱਸ ਹਨ। ਮਨੁੱਖ ਨੂੰ ਉਹ ਵਿਚਾਰਾਂ ਰਾਹੀਂ ਹੀ ਹਰਾ ਕੇ ਦਿਖਾਉਂਦਾ ਹੈ, ਆਪਣਾ ਹੁਕਮ ਵਰਤਾ ਕੇ ਦਿਖਾਉਂਦਾ ਹੈ ਕਿ ਇਹ ਵਿਚਾਰ ਕਿਸ ਦੇ ਵੱਸ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਿਆ ਹੈ। ਉਹ ਮਨ ਨੂੰ ਬੇਵੱਸ ਕਰਕੇ ਹੀ ਆਪਣਾ ਪ੍ਰਤਾਪ ਦਿਖਾਉਂਦਾ ਹੈ ਤੇ ਫਿਰ ਤਾਂ ਹੀ ਉਸਦੀ ਤਾਕਤ ਦਾ ਅੰਦਾਜ਼ਾ ਲੱਗਦਾ ਹੈ ਕਿ ਜੋ ਕੁੱਝ ਵੀ ਅੱਜ ਤੱਕ ਸੰਸਾਰ ਵਿੱਚ ਹੋਇਆ ਹੈ, ਉਹ ਸਭ ਕੁੱਝ ਪ੍ਰਮਾਤਮਾ ਦੇ ਉੱਚੇ ਗਿਆਨ ਦੁਆਰਾ ਹੀ ਹੋਇਆਂ ਹੈ, ਉਸਦੇ ਗਿਆਨ ਦੁਆਰਾ ਹੀ ਹੋ ਰਿਹਾ ਹੈ ਤੇ ਉਸਦੇ ਗਿਆਨ ਦੁਆਰਾ ਹੀ ਹੁੰਦਾ ਰਹੇਗਾ। ਪ੍ਰਮਾਤਮਾ ਤੋਂ ਬਿਨ੍ਹਾਂ ਨਾ ਕੋਈ ਅੱਜ ਤੱਕ ਹੋਇਆ ਹੈ, ਨਾ ਕੋਈ ਹੈ ਤੇ ਨਾ ਹੀ ਕੋਈ ਹੋ ਸਕਦਾ ਹੈ ਭਾਵ ਸਦਾ ਤੋਂ ਪ੍ਰਮਾਤਮਾ ਸਭ ਕੁੱਝ ਆਪ ਹੀ ਹੈ। ਆਪਣੇ ਇਸ ਮਨ ਦੀ ਸੋਝੀ ਪਏ ਬਿਨ੍ਹਾਂ ਉਸ ਪ੍ਰਮਾਤਮਾ ਦੀ ਤਾਕਤ ਨੂੰ, ਉਸਦੇ ਪ੍ਰਤਾਪ ਨੂੰ, ਉਸਦੀ ਵਡਿਆਈ ਨੂੰ, ਨਾ ਕਿਸੇ ਅੱਜ ਤੱਕ ਜਾਣਿਆ ਹੈ ਤੇ ਨਾ ਹੀ ਕੋਈ ਜਾਣ ਸਕਦਾ ਹੈ। ਨਾ ਕਿਸੇ ਨੂੰ ਇਹ ਸਮਝ ਹੈ ਕਿ ਇਸ ਮਨ ਦੀ ਜਿੱਤ ਕੀ ਹੈ ਤੇ ਹਾਰ ਕੀ ਹੈ ਤੇ ਇਸ ਗੱਲ ਦੀ ਸੋਝੀ ਪਏ ਬਿਨ੍ਹਾਂ ਆਪਣੇ ਅਸਲ ਘਰ ਦੀ ਭਾਵ ਮਨ ਦੀ ਕੀਮਤ ਨਹੀਂ ਪੈ ਸਕਦੀ। ਇਸ ਮਨ ਨੂੰ ਜਾਨਣ ਦੇ ਨਾਲ ਹੀ ਉਸ ਪ੍ਰਮਾਤਮਾ ਦੀ ਕੀਮਤ ਪੈਂਦੀ ਹੈ ਤੇ ਆਪਣੀ ਕੀਮਤ ਉਹ ਆਪ ਹੀ ਪਾਉਂਦਾ ਹੈ।

{ਕਰਿ ਕਿਰਪਾ ਜਉ ਸਤਿਗੁਰੁ ਮਿਲਿਓ॥ ਮਨ ਮੰਦਰ ਮਹਿ ਦੀਪਕੁ ਜਲਿਓ॥
ਜੀਤ ਹਾਰ ਕੀ ਸੋਝੀ ਕਰੀ॥ ਤਉ ਇਸੁ ਘਰ ਕੀ ਕੀਮਤਿ ਪਰੀ॥੭॥}

(ਅੰਗ ੨੩੫)

{ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥੩॥੫॥}

(ਅੰਗ ੧੩੫੦)

ਉੱਪਰ ਸ਼ਬਦ ਵਿੱਚ "ਅਨਦੁ ਭਇਆ" ਦੀ ਗੱਲ ਆਈ ਹੈ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਸਮਝਾਏ ਹੋਏ ਹਨ। ਇਹੀ ਗੱਲ ਅਸੀਂ ਆਨੰਦ ਸਾਹਿਬ ਜੀ ਦੀ ਬਾਣੀ ਰਾਹੀਂ ਸਮਝੀ ਸੀ।

ਰਾਮਕਲੀ ਮਹਲਾ ੩ ਅਨੰਦੁ
ੴ ਸਤਿਗੁਰ ਪ੍ਰਸਾਦਿ ॥
{"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥"}

(ਅੰਗ ੯੧੭)

ਸਾਡੇ ਅੰਦਰ "ਅਨੰਦੁ" ਦੀ ਅਵੱਸਥਾ ਜਾਂ "ਅਨਦੁ" ਦੀ ਅਵੱਸਥਾ ਇੱਕੋ ਹੀ ਗੱਲ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ, ਸਹਜ ਗਿਆਨ ਦੀ ਅਵੱਸਥਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ, ਮਨ ਵਿੱਚ ਸੱਚੀ ਸੋਝੀ ਦੀ ਅਵੱਸਥਾ ਹੈ, ਬ੍ਰਹਮਗਿਆਨ ਦੀ ਸੋਝੀ ਦੀ ਅਵੱਸਥਾ ਹੈ ਜਿਸ ਦੁਆਰਾ ਅਸੀਂ ਉਸ ਬ੍ਰਹਮਗਿਆਨੀ ਦੇ, ਪ੍ਰਮਾਤਮਾ ਦੇ ਪਰਿਵਾਰ ਵਾਲੇ ਬਣਦੇ ਹਾਂ, ਚੌਥੇ ਪਦ ਵਿੱਚ ਵਾਸਾ ਪ੍ਰਮਾਤਮਾ ਦੇ ਘਰ ਵਿੱਚ ਵਾਸਾ ਹੈ ਜੋ ਕਿ ਇਸ ਮਨ ਦੇ ਵਿੱਚ ਹੀ ਹੈ। ਅਨੰਦ ਹੀ ਪ੍ਰਮਾਤਮਾ ਆਪ ਹੈ ਜੋ ਕਿ ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਅਨੰਦ ਦੀ ਇਹ ਅਵੱਸਥਾ ਮਨ ਦੇ ਵਿੱਚ ਅਨੰਦ ਨੂੰ ਸੁਣਨ ਦੁਆਰਾ ਹੀ ਬਣਦੀ ਹੈ ਭਾਵ ਬ੍ਰਹਮਗਿਆਨ ਦੀ ਅਵੱਸਥਾ ਮਨ ਦੇ ਵਿੱਚ ਬ੍ਰਹਮਗਿਆਨੀ

17/1831

ਕੋਲੋਂ ਉਸਦਾ ਬ੍ਰਹਮਗਿਆਨ ਸੁਣ ਕੇ ਹੀ ਬਣਦੀ ਹੈ। ਮਨ ਦੇ ਵਿੱਚ ਬ੍ਰਹਮਗਿਆਨ ਨੂੰ ਸੁਣਨਾ ਹੀ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਉਸਦੀ ਸੱਚੀ ਬਾਣੀ ਨੂੰ ਸੁਣਨਾ ਹੈ ਜੋ ਕਿ ਉਹ ਨਿਰਗੁਣ ਰੂਪ ਵਿੱਚ ਹੀ ਸੁਣਾਉਂਦਾ ਹੈ। ਆਓ ਇਹੀ ਗੱਲ ਅਨੰਦ ਬਾਣੀ ਦੇ ਆਖਰੀ ਸ਼ਬਦ ਦੁਆਰਾ ਸਮਝੀਏ ਕਿ ਗੁਰਬਾਣੀ ਪ੍ਰਮਾਤਮਾ ਨੇ ਕਿਸ ਤਰੀਕੇ ਪ੍ਰਗਟ ਕੀਤੀ ਹੈ।

“ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥”

(ਅੰਗ ੯੨੨)

ਸਾਡਾ ਵਡਭਾਗੀ ਬਣਨਾ ਕੀ ਹੈ ਇਹ ਬਾਣੀ ਵਿੱਚ ਅਨੇਕਾਂ ਵਾਰ ਸਮਝਾਇਆ ਹੋਇਆ ਹੈ। ਵਡਭਾਗੀ ਉਹ ਹੀ ਹੈ ਜੋ ਪ੍ਰਮਾਤਮਾ ਦੇ ਨਾਲ ਮਿਲ ਜਾਂਦਾ ਹੈ। ਗੁਰੂ ਵਡਭਾਗੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ ਕਿਉਂਕਿ ਗੁਰੂ ਆਪ ਵਡਭਾਗੀ ਹੈ ਤੇ ਇਸੇ ਲਈ ਸਾਨੂੰ ਉੱਪਰ ਸ਼ਬਦ ਰਾਹੀਂ ਵੱਡਭਾਗੀ ਬਣਨਾ ਸਿਖਾਇਆ ਹੋਇਆ ਹੈ। ਵਡਭਾਗੀ ਅਸੀਂ ਅਨੰਦ ਨੂੰ ਸੁਣਨ ਦੁਆਰਾ ਬਣਨਾ ਹੈ ਜਿਸ ਅਨੰਦ ਨੂੰ ਸੁਣ ਕੇ ਗੁਰੂ ਆਪ ਵਡਭਾਗੀ ਬਣਿਆ ਹੈ। ਅਨੰਦ ਨੂੰ ਸੁਣਨ ਦੁਆਰਾ ਮਨੁੱਖ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ਕਿਉਂਕਿ ਅਨੰਦ ਸੁਣਨ ਦੁਆਰਾ ਪਾਰਬ੍ਰਹਮ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਮਨੁੱਖ ਦੇ ਸਾਰੇ ਝੋਰੇ ਮੁੱਕ ਜਾਂਦੇ ਹਨ, ਮਾਇਆ ਮੋਹ ਮੁੱਕ ਜਾਂਦੇ ਹਨ ਭਾਵ ਉਸ ਤੋਂ ਬਾਅਦ ਮਨੁੱਖ ਦੀ ਹੋਰ ਕੋਈ ਇੱਛਾ ਨਹੀਂ ਬਚਦੀ ਕਿਉਂਕਿ ਉਸਦੀ ਸਭ ਤੋਂ ਵੱਡੀ ਇੱਛਾ ਪੂਰੀ ਹੋ ਜਾਂਦੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ। ਇਹ ਮਨ ਦੇ ਪੂਰਨ ਸੰਤੋਖ ਦੀ ਅਵੱਸਥਾ ਹੈ, ਮਨ ਦੇ ਵਿੱਚ ਸੱਚੇ ਅਨੰਦ ਦੀ ਅਵੱਸਥਾ ਹੈ। **(ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥)**

ਇਹ ਅਨੰਦ ਦਾ ਸੁਣਨਾ ਕੀ ਹੈ ਜਿਸ ਦੁਆਰਾ ਸਾਡੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

17/1832

"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥"

ਉਪਰਲੀਆਂ ਪੰਗਤੀਆਂ ਨੂੰ ਜੇਕਰ ਧਿਆਨ ਨਾਲ ਸਮਝੋਗੇ ਤਾਂ ਸਮਝ ਲੱਗ ਜਾਵੇਗੀ ਕਿ ਅਨੰਦ ਨੂੰ ਸੁਣਨਾ ਜਾਂ ਸੱਚੀ ਬਾਣੀ ਨੂੰ ਸੁਣਨਾ ਇੱਕੋ ਹੀ ਗੱਲ ਹੈ। ਸਾਡੇ ਸਾਰੇ ਰੋਗ, ਦੁੱਖ ਦਰਦ ਸੱਚੀ ਬਾਣੀ ਨੂੰ ਸੁਣ ਕੇ ਹੀ ਮਿਟਦੇ ਹਨ। ਸੱਚੀ ਬਾਣੀ ਉਹ ਬਾਣੀ ਹੈ ਜਿਸਨੂੰ ਮਨੁੱਖ ਉਸ ਸੱਚੇ ਕੋਲੋਂ ਸੁਣਦਾ ਹੈ। ਉੱਪਰ ਇਸ ਪੂਰੇ ਸ਼ਬਦ ਵਿੱਚ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ, ਉਸਦੇ ਭਗਤਾਂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿੰਨ੍ਹਾਂ ਨੇ ਸੱਚੀ ਬਾਣੀ ਦੀ ਰਚਨਾ ਕੀਤੀ ਹੈ। ਪੂਰੀ ਗੁਰਬਾਣੀ ਇਸੇ ਲਈ ਸੱਚੀ ਬਾਣੀ ਹੈ ਕਿਉਂਕਿ ਇਹ ਬਾਣੀ ਉਸ ਸੱਚੇ ਪ੍ਰਮਾਤਮਾ ਨੇ ਆਪ ਸੁਣਾਈ ਹੈ। ਗੁਰੂ ਪ੍ਰਮਾਤਮਾ ਦਾ ਸੱਜਣ ਰੂਪ ਹੈ ਜੋ ਉਸ ਸੰਤ

ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ। ਪ੍ਰਮਾਤਮਾ ਜਿਸਨੂੰ ਆਪਣਾ ਸੱਜਣ ਬਣਾਉਂਦਾ ਹੈ ਉਸਨੂੰ ਆਪਣੀ ਸੱਚੀ ਬਾਣੀ ਸੁਣਾ ਕੇ ਹੀ ਬਣਾਉਂਦਾ ਹੈ। ਭੇਦ ਕੇਵਲ ਸੱਚੀ ਬਾਣੀ ਸੁਣਨ ਵਿੱਚ ਹੈ। ਪਹਿਲਾਂ ਪ੍ਰਮਾਤਮਾ ਆਪਣੀ ਸੱਚੀ ਬਾਣੀ ਮਨ ਦੇ ਵਿੱਚ ਹੀ ਸੁਣਾਉਂਦਾ ਹੈ ਜਿਸ ਦੁਆਰਾ ਉਸਦੇ ਭਗਤ ਪ੍ਰਮਾਤਮਾ ਦੀ ਬਾਣੀ ਨੂੰ ਬਿਆਨ ਕਰਦੇ ਹਨ। ਮਨ ਦੇ ਵਿੱਚ ਇਹ ਬਾਣੀ ਸੁਣਨ ਦੁਆਰਾ ਪ੍ਰਮਾਤਮਾ ਦੇ ਸੱਜਣ ਭਾਵ ਉਸਦੇ ਭਗਤ ਜੋ ਕਿ ਉਸਦਾ ਗੁਰੂ ਰੂਪ ਹਨ ਉਹ ਪ੍ਰਮਾਤਮਾ ਦੇ ਰਸ ਵਾਲੇ ਹੀ ਬਣ ਜਾਂਦੇ ਹਨ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਵਾਲੇ ਹੀ ਬਣ ਜਾਂਦੇ ਹਨ। "ਸਰਸੇ" ਤੋਂ ਭਾਵ ਹੈ ਚੰਗੇ ਰਸ ਵਾਲੇ ਭਾਵ ਉੱਚੇ ਗਿਆਨ ਵਾਲੇ। ਪ੍ਰਮਾਤਮਾ ਆਪਣੇ ਭਗਤਾਂ ਦੇ ਨਾਲ ਮਨ ਦੇ ਵਿੱਚ ਮੇਲ ਇਸ ਰਸ ਦੁਆਰਾ ਹੀ ਕਰਦਾ ਹੈ। ਉਸਦਾ ਰਸ ਉਸਦਾ ਸੱਚਾ ਗਿਆਨ ਹੈ, ਸੱਚੀ ਮਤਿ ਹੈ। ਇਹ ਬ੍ਰਹਮਗਿਆਨ ਹੈ, ਨਾਮ ਰਸ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਇਹ ਨਾਮ ਰਸ ਹੀ ਹੈ। ਪੂਰਾ ਗੁਰੂ ਪ੍ਰਮਾਤਮਾ ਆਪ ਹੀ ਹੈ ਤੇ ਗੁਰੂ ਰੂਪ ਉਸਦਾ ਆਪਣਾ ਹੀ

17/1833

ਰੂਪ ਹੈ, ਭਗਤ ਰੂਪ ਹੈ ਜਿਸ ਮਨ ਦੇ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ ਤੇ ਉਸਦੀ ਸੱਚੀ ਬਾਣੀ ਕੇਵਲ ਉਸਦੇ ਕੋਲੋਂ ਹੀ ਜਾਣੀ ਜਾ ਸਕਦੀ ਹੈ। ਆਪਣੇ ਆਪ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣਾ ਤੱਤ ਗਿਆਨ ਆਪ ਹੀ ਸਮਝਾਉਂਦਾ ਹੈ। ਪ੍ਰਮਾਤਮਾ ਪੂਰਾ ਗੁਰੂ ਹੈ, ਪੂਰੇ ਜਗਤ ਦਾ ਗੁਰੂ ਹੈ ਤੇ ਇਸੇ ਲਈ ਉਸਦੀ ਸੱਚੀ ਬਾਣੀ ਸਾਰੇ ਜਗਤ ਲਈ ਇੱਕੋ ਜਿਹੀ ਹੀ ਹੈ ਤੇ ਸਦਾ ਸੱਚ ਰਹਿਣ ਵਾਲੀ ਹੈ ਜਿਸ ਵਿੱਚ ਕਦੇ ਕੋਈ ਫ਼ਰਕ ਨਹੀਂ ਆ ਸਕਦਾ। **(ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥)**

ਗੁਰੂ ਪ੍ਰਮਾਤਮਾ ਦਾ ਹੀ ਪਵਿੱਤਰ ਰੂਪ ਹੈ, ਨਿਰਮਲ ਰੂਪ ਹੈ ਕਿਉਂਕਿ ਉਹ ਸੱਚ ਦੇ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਕੋਈ ਖੋਟ ਹੋ ਹੀ ਨਹੀਂ ਸਕਦੀ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥"

ਉਪਰਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ "ਸਤਿਗੁਰੁ" ਅਸਲ ਵਿੱਚ ਕੌਣ ਹੈ ਜੋ ਸਭ ਜਗ੍ਹਾ ਭਰਪੂਰ ਹੈ। ਸਭ ਜਗ੍ਹਾਂ ਕੇਵਲ ਪ੍ਰਮਾਤਮਾ ਹੀ ਭਰਪੂਰ ਹੈ। ਇਹ ਗੱਲ ਉਹ ਹੀ ਕਹਿ ਸਕਦਾ ਹੈ ਜੋ ਉਸ ਪ੍ਰਮਾਤਮਾ ਨੂੰ ਜਾਣਦਾ ਹੈ ਭਾਵ ਜਿਸਨੂੰ ਪਹਿਲੇ ਪ੍ਰਮਾਤਮਾ ਆਪ ਪਵਿੱਤਰ ਬਣਾਉਂਦਾ ਹੈ। ਪਵਿੱਤਰ ਕਿਸੇ ਨੂੰ ਉਹ ਆਪ ਪ੍ਰਮਾਤਮਾ ਹੀ ਬਣਾਉਂਦਾ ਹੈ ਜੋ ਆਪ "ਪੁਨੀਤ" ਹੈ। ਉਸਦੀ ਸੱਚੀ ਬਾਣੀ ਉਸਦਾ ਪੁਨੀਤ ਰੂਪ ਹੈ ਤੇ ਜਿਸਨੂੰ ਪ੍ਰਮਾਤਮਾ ਪਵਿੱਤਰ ਬਣਾਉਂਦਾ ਹੈ ਉਸਨੂੰ ਆਪਣੀ ਪੁਨੀਤ ਬਾਣੀ ਰਾਹੀਂ ਹੀ ਬਣਾਉਂਦਾ ਹੈ ਤੇ ਤਾਂ ਹੀ ਇਹ ਸੋਝੀ ਪੈਂਦੀ ਹੈ ਕਿ ਸਤਿਗੁਰੂ ਪ੍ਰਮਾਤਮਾ ਆਪ ਹੀ ਹੈ ਜੋ ਮਨ ਦੇ ਵਿੱਚ ਆਪਣੀ ਸੱਚੀ ਬਾਣੀ ਸੁਣਾਉਂਦਾ ਹੈ, ਆਪਣਾ ਸੱਚਾ ਉਪਦੇਸ਼ ਸੁਣਾਉਂਦਾ ਹੈ ਤੇ ਉਸ ਤੋਂ ਬਾਅਦ ਹੀ ਇਹ ਸੋਝੀ ਪੈਂਦੀ ਹੈ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਉਹ ਸਤਿਗੁਰ ਆਪ ਹੀ ਸਭ ਜਗ੍ਹਾ ਪਸਰਿਆ ਹੋਇਆ ਹੈ। ਸਾਡੇ ਅੰਦਰ ਵੀ ਸਤਿਗੁਰ ਹੈ ਤੇ ਸਭ ਜਗ੍ਹਾ ਬਾਹਰ ਵੀ ਆਪ ਸਤਿਗੁਰ ਹੀ ਹੈ। **(ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥)**

17/1834

ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਾਡੀ ਮਨਮਤਿ ਦੂਰ ਹੁੰਦੀ ਹੈ, ਅਗਿਆਨਤਾ ਦੂਰ ਹੁੰਦੀ ਹੈ ਤੇ ਅਸੀਂ ਗੁਰਮਤਿ ਦੇ ਨਾਲ ਜੁੜਦੇ ਹਾਂ, ਅਹਨਦ ਦੇ ਨਾਲ ਜੁੜਦੇ ਹਾਂ ਭਾਵ ਗੁਰੂ ਦੀ ਸੱਚੀ ਬਾਣੀ ਨਾਲ ਜੁੜਦੇ ਹਾਂ ਜੋ ਕਿ ਆਖਰੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥"

ਅਨਹਦ ਤੂਰੇ ਵੱਜਣੇ ਉਹੀ ਹਨ ਜੋ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ ਇਹ ਮਨ ਦੇ ਵਿੱਚ ਪ੍ਰਮਾਤਮਾ ਦੀ ਸੱਚੀ ਬਾਣੀ ਨੂੰ ਸੁਣਨਾ ਹੀ ਹੈ ਜਿਸ ਮਨ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਜਿੰਨ੍ਹਾਂ ਨੇ ਮਨ ਦੇ ਵਿੱਚ ਇਹ ਅਨਹਦ ਤੂਰੇ ਸੁਣੇ ਹਨ ਉਨ੍ਹਾਂ ਨੇ ਹੀ ਅਨਹਦ ਬਾਣੀ ਬਿਆਨ ਕੀਤੀ ਹੈ ਭਾਵ ਉਚਾਰੀ ਹੈ। ਅਹਨਦ ਤੂਰੇ ਜਾਂ ਅਨਹਦ ਨਾਦ ਇੱਕੋ ਹੀ ਗੱਲ ਹੈ। ਇਹ ਸੱਚ ਦੇ ਤੂਰੇ ਹਨ, ਸੱਚੇ ਗਿਆਨ ਦੇ ਤੂਰੇ ਹਨ ਜਿੰਨ੍ਹਾਂ ਦੇ ਵੱਜਣ ਨਾਲ ਸਾਡੇ ਅੰਦਰੋਂ ਕੂੜ ਦੇ ਤੂਰੇ ਮੁੱਕ ਜਾਂਦੇ ਹਨ ਭਾਵ ਉਸ ਤੋਂ ਬਾਅਦ ਸਾਡੇ ਅੰਦਰ ਕੂੜ ਦੇ ਤੂਰੇ ਨਹੀਂ ਵੱਜਦੇ। ਜਿੱਥੇ ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਵੱਸ ਜਾਂਦੀ ਹੈ ਉੱਥੇ ਫਿਰ ਕੂੜ ਮੁੱਕ ਜਾਂਦਾ ਹੈ ਜਿਸਦਾ ਮੂਲ ਅਗਿਆਨਤਾ ਹੈ। ਇਹ ਮਨ ਦੇ ਪਵਿੱਤਰ ਹੋਣ ਦੀ ਅਵੱਸਥਾ ਹੈ ਜਿਸਨੂੰ ਕਿ ਉਹ

ਪੁਨੀਤ ਰੂਪ ਪ੍ਰਮਾਤਮਾ ਆਪ ਹੀ ਕਰਦਾ ਹੈ। ਇਹ ਸਾਡੇ ਅੰਦਰ ਗੁਰੂ ਦੇ ਗੁਣ ਵੱਸਣ ਦੀ ਅਵੱਸਥਾ ਹੈ, ਔਗੁਣ ਰਹਿਤ ਹੋਣ ਦੀ ਅਵੱਸਥਾ ਹੈ, ਪੂਰਨ ਗੁਰਮਤਿ ਦੀ ਅਵੱਸਥਾ ਹੈ।

ਸਿਰੀਰਾਗੁ ਮਹਲ ੧॥

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥

ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ॥੧॥}

(ਅੰਗ ੧੯)

ਇਹ ਸਾਡੇ ਅੰਦਰ ਸ਼ਬਦ ਦੇ ਵੱਜਣ ਦੀ ਅਵੱਸਥਾ ਹੈ, ਭਰਮ ਵਿੱਚੋਂ ਨਿਕਲਣ ਦੀ ਅਵੱਸਥਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦੀ ਅਵੱਸਥਾ ਹੈ ਭਾਵ ਮਨ ਦੀ ਇਹ ਅਵੱਸਥਾ ਉਸ

17/1835

ਅਵੱਸਥਾ ਨਾਲੋਂ ਬਿਲਕੁਲ ਉਲਟ ਹੈ ਜੋ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਵਾਰ ਜਾਣਿਆ ਹੈ ਸਾਡੇ ਮਨ ਦੀਆਂ ਦੋ ਹੀ ਅਵੱਸਥਾਵਾਂ ਹਨ। ਇੱਕ ਅਵੱਸਥਾ ਉਹ ਹੈ ਜਿਸ ਵਿੱਚ ਪ੍ਰਮਾਤਮਾ ਨੇ ਹਰ ਕਿਸੇ ਨੂੰ ਰੱਖਿਆ ਹੋਇਆ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਜਿਸ ਵਿੱਚ ਭਰਮ ਹੈ, ਦੁਬਿਧਾ ਹੈ, ਅਗਿਆਨਤਾ ਹੈ, ਮਾਇਆ ਮੋਹ ਹੈ। ਇਹ ਅਵੱਸਥਾ ਸਾਡੀ ਕੂੜ ਵਾਲੀ ਅਵੱਸਥਾ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ, ਸਭ ਵਿੱਚ ਪ੍ਰਮਾਤਮਾ ਦੀ ਹੋਂਦ ਦੀ ਸੋਝੀ ਨਹੀਂ ਪੈਂਦੀ, ਨਾਮ ਦੀ ਸੋਝੀ ਨਹੀਂ ਪੈਂਦੀ। ਦੂਸਰੀ ਅਵੱਸਥਾ ਚੌਥੇ ਪਦ ਦੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਦੇ ਭਗਤ ਰੂਪ ਦੀ, ਸਾਧ ਰੂਪ ਦੀ, ਗੁਰੂ ਰੂਪ ਦੀ, ਬ੍ਰਹਮਗਿਆਨੀ ਰੂਪ ਦੀ ਅਵੱਸਥਾ ਹੈ, ਮਨ ਵਿੱਚ ਸ਼ਬਦ ਦੇ ਵੱਸਣ ਦੀ ਅਵੱਸਥਾ ਹੈ, ਨਾਮ ਦੇ ਵੱਸਣ ਦੀ ਅਵੱਸਥਾ ਹੈ, ਇਸ ਅਵੱਸਥਾ ਦੁਆਰਾ ਮਨੁੱਖ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਅਨਹਦ ਨਾਦ ਨੂੰ ਸੁਣਦਾ ਹੈ ਜੋ ਕਿ ਮਨ ਦੇ ਵਿੱਚ ਮਨ ਦੇ ਵਿਚਾਰਾਂ ਰਾਹੀਂ ਹੀ ਸੁਣਿਆ ਜਾਂਦਾ ਹੈ। ਜਿਸ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਭਾਵ ਆਪਣੇ ਮਨੁੱਖੀ ਰੂਪ ਨੂੰ ਮਨ ਦੇ ਵਿੱਚ ਹੀ ਆਪਣਾ ਸੱਚਾ ਗਿਆਨ ਬਖ਼ਸ਼ਦਾ ਹੈ, ਆਪਣੀ ਸੱਚੀ ਮਤਿ ਬਖ਼ਸ਼ਦਾ ਹੈ ਜੋ ਕਿ ਬਿਲਕੁਲ ਭਰਮ ਰਹਿਤ ਹੁੰਦੀ ਹੈ, ਦੁਬਿਧਾ ਰਹਿਤ ਹੁੰਦੀ ਹੈ। ਇਹ ਅਵੱਸਥਾ ਸਾਡੇ ਅੰਦਰ ਅਨਹਦ ਤੂਰਿਆਂ ਦਾ ਵੱਜਣਾ ਹੈ ਜਿਸ ਦੁਆਰਾ ਮਨੁੱਖ ਸਦਾ ਹੀ ਸੱਚ ਨੂੰ ਉੱਚਾ ਕਰਕੇ ਚੱਲਦਾ ਹੈ ਭਾਵ ਸੱਚ ਦੇ ਤੂਰੇ ਵਜਾਉਂਦਾ ਹੈ ਕਿਉਂਕਿ ਉਸ ਵਿੱਚੋਂ ਝੂਠ ਦੇ ਤੂਰੇ ਮੁੱਕ ਜਾਂਦੇ ਹਨ।

ਮਨੁੱਖ ਦੀ ਇਹ ਅਵੱਸਥਾ ਹੀ ਗੁਰੂ ਦੇ ਚਰਨਾਂ ਨਾਲ ਜੁੜਨ ਦੀ ਅਵੱਸਥਾ ਹੈ। ਗੁਰੂ ਦੇ ਚਰਨ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਸੱਚੀ ਮਤਿ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਗੁਰੂ "ਸਬਦੁ" ਹੈ ਤੇ ਸਬਦੁ ਦੇ ਚਰਨ ਸ਼ਬਦ ਦੀ ਪਾਈ ਹੋਈ ਸੋਝੀ ਹੈ। ਸ਼ਬਦ ਦੀ ਸੱਚੀ ਸੋਝੀ ਦਾ ਸਾਡੇ ਅੰਦਰ ਵੱਸਣਾ ਹੀ ਗੁਰੂ ਦੇ ਚਰਨਾਂ ਦਾ ਵੱਸਣਾ ਹੈ।

17/1836

ਸ਼ਬਦ, ਗੁਰੂ ਦੇ ਚਰਨ ਨਿਰਗੁਣ ਰੂਪ ਹਨ ਜੋ ਕਿ ਸਾਡੇ ਅੰਦਰ ਮਨ ਦੀ ਸੋਝੀ ਦੁਆਰਾ ਹੀ ਵੱਸਦੇ ਹਨ। ਸ਼ਬਦ ਦੀ ਸੱਚੀ ਸੋਝੀ ਹੀ ਸਾਨੂੰ ਭਰਮ ਵਿੱਚੋਂ, ਮਾਇਆ ਮੋਹ ਵਿੱਚੋਂ ਕੱਢਦੀ ਹੈ। ਗੁਰਮਤਿ ਹੀ ਸਾਨੂੰ ਮਨਮਤਿ ਵਿੱਚੋਂ ਕੱਢਦੀ ਹੈ। ਸੱਚਾ ਗਿਆਨ ਹੀ ਸਾਨੂੰ ਅਗਿਆਨ ਵਿੱਚੋਂ ਕੱਢਦਾ ਹੈ। ਮਨ ਦੀ ਅਗਿਆਨਤਾ ਕਰਕੇ ਹੀ ਅਸੀਂ ਪ੍ਰਮਾਤਮਾ ਤੋਂ ਦੂਰ ਹਾਂ, ਗੁਰਮਤਿ ਤੋਂ ਦੂਰ ਹਾਂ ਤੇ ਮਨ ਦੇ ਸੱਚੇ ਗਿਆਨ ਦੁਆਰਾ ਹੀ ਸਾਡਾ ਵਾਸਾ ਗੁਰਮਤਿ ਦੇ ਵਿੱਚ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਸੱਚੇ ਘਰ ਵਿੱਚ ਹੁੰਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। **(ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥)**

ਉੱਪਰ ਪਿੱਛੇ ਸ਼ਬਦਾਂ ਰਾਹੀਂ, ''ਆਨੰਦ'' ਬਾਣੀ ਰਾਹੀਂ ਅਸੀਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਅਨੰਦ ਕੀ ਹੈ। ''ਆਨੰਦ'' ਬਾਣੀ ਦੇ ਪਹਿਲੇ ਸ਼ਬਦ ਰਾਹੀਂ ਅਸੀਂ ਇਸ ਤਰ੍ਹਾਂ ਜਾਣਿਆ ਹੈ:-

"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥"

ਇੱਥੇ ਮਨ ਦੇ ਅਨੰਦ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਮਨ ਦੇ ਵਿੱਚ ਅਨੰਦ ਦਾ ਹੋਣਾ ਕੀ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਅਵੱਸਥਾ ਹੈ।

ਆਖਰੀ ਸ਼ਬਦ ਰਾਹੀਂ ਅਸੀਂ ਇਸ ਤਰੀਕੇ ਨਾਲ ਜਾਣਿਆ ਹੈ।

“ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥”

ਉੱਪਰ ਸ਼ਬਦ ਰਾਹੀਂ ਅਨੰਦ ਨੂੰ ਸੁਣਨ ਦੀ ਗੱਲ ਕੀਤੀ ਹੋਈ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਅਨੰਦ ਅਸਲ ਵਿੱਚ ਸਾਡੇ ਅੰਦਰ ਕਿਸ ਰੂਪ ਵਿੱਚ ਵੱਸਦਾ ਹੈ ਇਹ ਗੱਲ ਅਨੰਦ ਬਾਣੀ ਦੇ ਹੇਠ ਦਿੱਤੇ ਸ਼ਬਦ ਦੁਆਰਾ ਜਾਣਿਆ ਜਾ ਸਕਦਾ ਹੈ।

"ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥"

(ਅੰਗ ੯੧੭)

17/1837

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ। ਸਮਝਣ ਦੀ ਗੱਲ ਕੇਵਲ ਇਹ ਹੈ ਕਿ ਸਾਡੇ ਅੰਦਰ ਇਹ ਅਨੰਦ ਕਿਸ ਰੂਪ ਵਿੱਚ ਵੱਸਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਬੜਾ ਸਪੱਸ਼ਟ ਹੈ ਕਿ "ਅਨੰਦੁ" ਗੁਰੂ ਕੋਲੋਂ ਜਾਣਨ ਦੀ ਵਸਤੂ ਹੈ। ਜਿਸਦੀ ਇਹ ਵਸਤੂ ਹੈ ਉਸਦੇ ਕੋਲੋਂ ਹੀ ਇਸਨੂੰ ਜਾਣਿਆ ਜਾ ਸਕਦਾ ਹੈ। ਇਹ ਵਸਤੂ ਗੁਰੂ ਦੀ ਹੈ ਤੇ ਗੁਰੂ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਸਭ ਦੇ ਅੰਦਰ ਹੀ ਵਰਤ ਰਿਹਾ ਹੈ। ਪ੍ਰਮਾਤਮਾ ਦੀ ਇਹ ਵਸਤੂ, ਇਹ ਅਨੰਦ ਸ਼ਬਦ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ, ਗਿਆਨ ਅੰਜਨ ਰੂਪ ਵਿੱਚ ਹੈ ਭਾਵ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੈ, ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਇਹ ਵਸਤੂ ਦਿੰਦਾ ਹੈ, ਸ਼ਬਦ ਦੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਉਹ ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਕੱਢਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਮਨ ਦਾ ਭਰਮ ਹੀ ਹੈ ਜੋ ਕਿ ਉਹ ਇਸ ਪੜਦੇ ਨੂੰ ਆਪ ਹੀ ਖੋਲ੍ਹ ਸਕਦਾ ਹੈ। ਸਾਡੇ ਮਨ ਦੇ ਅੰਦਰ ਇਹ ਭਰਮ ਰੂਪ ਤਾਲਾ ਪ੍ਰਮਾਤਮਾ ਨੇ ਆਪ ਹੀ ਲਾਇਆ ਹੋਇਆ ਹੈ ਜੋ ਕਿ ਕੇਵਲ ਮਨ ਦੇ ਵਿੱਚ ਗਿਆਨ ਦੀ ਸੋਝੀ ਦੁਆਰਾ ਹੀ ਖੁੱਲ੍ਹਦਾ ਹੈ, ਉਸਦੇ ਆਪਣੇ ਖੋਲਣ ਦੁਆਰਾ ਹੀ ਖੁੱਲ੍ਹਦਾ ਹੈ।

ਪ੍ਰਮਾਤਮਾ ਜਿਸ ਤੇ ਵੀ ਕ੍ਰਿਪਾ ਕਰਦਾ ਹੈ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਪਾ ਕੇ ਹੀ ਕਰਦਾ ਹੈ।

(ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥)

ਇਹ ਮਨ ਦੀ ਸੱਚੀ ਸੋਝੀ ਦਾ ਆਨੰਦ ਹੈ ਜੋ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਮਿਲਦੀ ਹੀ ਰਹਿੰਦੀ ਹੈ। ਪ੍ਰਮਾਤਮਾ ਦਾ ਘਰ ਇਹ ਸੱਚੀ ਸੋਝੀ ਹੀ ਹੈ ਜੋ ਕਿ ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਹੈ, ਸਹਜ ਦੀ ਅਵੱਸਥਾ ਹੈ। ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਹੀ ਸਭ ਜਗ੍ਹਾ

17/1838

ਭਰਪੂਰ ਹੈ ਪਰ ਭਰਮ ਵਿੱਚ ਰਹਿੰਦੇ ਹੋਏ ਉਸਨੂੰ ਕੋਈ ਨਹੀਂ ਜਾਣ ਸਕਦਾ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਭਰਮ ਵਿੱਚੋਂ ਹੀ ਕੱਢਦਾ ਹੈ, ਦੁਬਿਧਾ ਵਿੱਚੋਂ, ਮਨਮਤਿ ਵਿੱਚੋਂ, ਹਉਮੈ ਵਿੱਚੋਂ, ਮਾਇਆ ਮੋਹ ਵਿੱਚੋਂ ਹੀ ਕੱਢਦਾ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਹੀ ਜੁੜਿਆ ਹੋਇਆ ਹੈ ਤੇ ਮਨ ਦੀ ਇਹ ਸੋਝੀ ਸਾਡੇ ਵੱਸ ਨਹੀਂ ਹੈ। ਭਰਮ ਨਿਕਲਣ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਇਹ ਮਨ ਦੀ ਸੋਝੀ ਕਿਸਦੇ ਵੱਸ ਹੈ, ਇਸਦਾ ਮਾਲਕ ਕੌਣ ਹੈ।

ਸਲੋਕੁ॥

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥

ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥}

(ਅੰਗ ੨੯੩)

ਗੁਰੂ ਪ੍ਰਮਾਤਮਾ ਦੇ ਨਾਲ, ਉਸ ਸਤਿਗੁਰੂ ਦੇ ਨਾਲ ਸਾਡਾ ਧਿਆਨ ਮਨ ਦੀ ਸੱਚੀ ਸੋਝੀ ਦੁਆਰਾ ਹੀ ਜੁੜਦਾ ਹੈ ਭਾਵ ਉਸ ਵਿੱਚ ਸਾਡਾ ਧਿਆਨ ਟਿਕਦਾ ਹੈ ਜੋ ਕਿ ਉਸਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ। ਮਨ ਦੇ ਵਿੱਚ ਸੱਚੀ ਸੋਝੀ ਹੀ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ ਭਾਵ ਗੁਰੂ ਦੇ ਮੰਤਰ ਦਾ ਦ੍ਰਿੜ ਹੋਣਾ ਹੈ, ਉਸਦੇ ਉਪਦੇਸ਼ ਦਾ ਦ੍ਰਿੜ ਹੋਣਾ ਹੈ ਜੋ ਕਿ ਮਨ ਦੇ ਵਿੱਚ ਸੱਚਾ ਗਿਆਨ ਮਿਲਣ ਦੁਆਰਾ ਹੀ ਹੁੰਦਾ ਹੈ। ਮਨ ਦੇ ਵਿੱਚ ਸੱਚਾ ਗਿਆਨ ਵੱਸਣ ਦੁਆਰਾ ਹੀ ਸਾਡੇ ਅੰਦਰ ਸਾਧਸੰਗਿ ਦੀ ਅਵੱਸਥਾ ਬਣਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਸਾਡੇ ਤੇ ਆਪਣੀ ਕ੍ਰਿਪਾ ਸਾਨੂੰ ਭਰਮ ਵਿੱਚੋਂ ਕੱਢਣ ਦੁਆਰਾ ਹੀ ਕਰਦਾ ਹੈ ਤੇ ਸਾਡਾ ਭਰਮ ਕੇਵਲ ਸੱਚੇ ਗਿਆਨ ਦੁਆਰਾ, ਨਾਮ ਦ੍ਰਿੜ ਹੋਣ ਦੁਆਰਾ ਹੀ ਨਿਕਲ ਸਕਦਾ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਉਹੋ ਜਿਹਾ ਨਾਮ ਜਪਣ ਦਾ ਉਪਰਾਲਾ ਕਰੀਏ ਜਿਸ ਦੁਆਰਾ ਸਾਡਾ ਭਰਮ ਦੂਰ ਹੋਵੇ ਤੇ ਅਸੀਂ ਸਾਧਸੰਗਿ ਦੀ ਪ੍ਰਾਪਤੀ ਕਰ ਸਕੀਏ, ਉਸ ਅੰਮ੍ਰਿਤ ਦੀ ਪ੍ਰਾਪਤੀ ਕਰ ਸਕੀਏ ਜੋ ਅੰਮ੍ਰਿਤ ਸਾਨੂੰ ਭਰਮ ਵਿੱਚੋਂ ਕੱਢਦਾ ਹੈ।

ਜੈਤਸਰੀ ਮਹਲਾ ੫ ॥

“ਮਨ ਮਹਿ ਸਤਿਗੁਰ ਧਿਆਨੁ ਧਰਾ ॥

ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥

ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥

ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥

ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥

ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥”

(ਅੰਗ ੭੦੧)

17/1839

ਇਸ ਸ਼ਬਦ ਰਾਹੀਂ ਸਾਨੂੰ ਆਪਣਾ ਧਿਆਨ ਟਿਕਾਉਣਾ ਹੀ ਸਿਖਾਇਆ ਹੋਇਆ ਹੈ ਜੋ ਕਿ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਹੀ ਸਪੱਸ਼ਟ ਹੈ ਤੇ ਰਹਾਉ ਦੀ ਪੰਗਤੀ ਦਾ ਹਿੱਸਾ ਹੈ। **(ਮਨ ਮਹਿ ਸਤਿਗੁਰ ਧਿਆਨੁ ਧਰਾ॥)**

ਹਰ ਕੋਈ ਧਿਆਨ ਨੂੰ ਟਿਕਾਉਣ ਦੀਆਂ ਗੱਲਾਂ ਕਰਦਾ ਹੈ ਤੇ ਧਿਆਨ ਟਿਕਾਉਣਾ ਕੀ ਹੈ ਇਸ ਗੱਲ ਦੀ ਸੋਝੀ ਅਸਲ ਵਿੱਚ ਕਿਸੇ ਨੂੰ ਵੀ ਨਹੀਂ ਹੈ। ਪ੍ਰਮਾਤਮਾ ਦੇ ਨਾਲ ਸਾਡਾ ਧਿਆਨ ਦਾ ਜੁੜਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਸੇ ਗੱਲ ਨੂੰ ਇਸ ਸ਼ਬਦ ਰਾਹੀਂ ਬਰੀਕੀ ਨਾਲ ਸਮਝਾਇਆ ਹੋਇਆ ਹੈ। ਧਿਆਨ ਅਸੀਂ ਗੁਰੂ ਦੇ ਸ਼ਬਦ ਨਾਲ ਹੀ ਜੋੜਨਾ ਹੈ, ਗੁਰੂ ਦੇ ਨਾਮ ਨਾਲ ਹੀ ਜੋੜਨਾ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜੋ ਕਿ ਰਹਾਉ ਦੀ ਪੰਗਤੀ ਹੀ ਹੈ।

“ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ॥੧॥ਰਹਾਉ॥”

ਸਭ ਤੋਂ ਪਹਿਲੀ ਗੱਲ ਤਾਂ ਸਮਝਣ ਦੀ ਇਹ ਹੈ ਕਿ ਕੀ ਧਿਆਨ ਟਿਕਾਉਣਾ ਸਾਡੇ ਵੱਸ ਵਿੱਚ ਹੈ? ਬਿਲਕੁਲ ਨਹੀਂ ਹੈ। ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ। ਸਾਡੇ ਧਿਆਨ ਨੂੰ ਉਹੀ ਟਿਕਾ ਸਕਦਾ ਹੈ ਜਿਸਦੇ ਵੱਸ ਵਿੱਚ ਸਾਡਾ ਧਿਆਨ ਹੈ। ਸਾਡਾ ਧਿਆਨ ਸਾਡੇ ਮਨ ਦੇ ਵਿਚਾਰ ਹਨ ਤੇ ਮਨ ਦੇ ਵਿਚਾਰਾਂ ਤੇ ਸਾਡਾ ਕੋਈ ਵੱਸ ਨਹੀਂ ਹੈ। ਜਿਸਦਾ ਇਹ ਮਨ ਹੈ ਉਹੀ ਇਸਨੂੰ ਚਲਾਉਂਦਾ ਹੈ। ਜਦ ਤੱਕ ਉਹ ਸਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਤਦ ਤੱਕ ਸਾਡਾ ਧਿਆਨ ਨਹੀਂ ਟਿਕ

ਸਕਦਾ। ਸਾਡੇ ਧਿਆਨ ਦਾ ਟਿਕਣਾ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ, ਗੁਰੂ ਦੀ ਸੱਚੀ ਮਤਿ ਦਾ, ਗੁਰੂ ਦੇ ਸੱਚੇ ਉਪਦੇਸ਼ ਦਾ, ਗੁਰੂ ਦੇ ਮੰਤ੍ਰ ਦਾ ਦ੍ਰਿੜ ਹੋਣਾ ਹੈ। ਗੁਰੂ ਦਾ ਸੱਚਾ ਉਪਦੇਸ਼ ਗੁਰੂ ਦਾ ਮੰਤ੍ਰ ਹੈ, ਗੁਰੂ ਦੀ ਮਤਿ ਹੈ। ਗੁਰੂ ਦਾ ਇਹ ਮੰਤ੍ਰ ਗਿਆਨ ਰੂਪ ਵਿੱਚ ਹੈ। ਪੂਰੀ ਗੁਰਬਾਣੀ "**ਗਿਆਨੁ ਮੰਤ੍ਰ**" ਹੈ।

{ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥੧॥੨੦॥}

(ਅੰਗ ੧੨੦੯)

ਸਾਡਾ ਧਿਆਨ ਤਾਂ ਹੀ ਟਿਕ ਸਕਦਾ ਹੈ ਜਦੋਂ ਸਾਡੇ ਅੰਦਰ ਪ੍ਰਮਾਤਮਾ ਦਾ "ਗਿਆਨੁ ਮੰਤ੍ਰ" ਦ੍ਰਿੜ ਹੋ ਜਾਏ ਭਾਵ

17/1840

ਜਦੋਂ ਅਸੀਂ ਗੁਰੂ ਦੇ ਉਪਦੇਸ਼ ਤੇ ਦ੍ਰਿੜ ਹੋ ਜਾਈਏ ਤੇ ਉਸ ਤੇ ਚੱਲਣ ਤੋਂ ਕਦੇ ਵੀ ਨਾ ਡੋਲੀਏ ਭਾਵ ਗੁਰੂ ਦੀ ਮਤਿ ਤੇ ਪੂਰਨ ਤੌਰ ਤੇ ਅਡੋਲ ਹੋ ਕੇ ਚੱਲੀਏ ਭਾਵ ਜੋ ਕੁਝ ਵੀ ਗੁਰਬਾਣੀ ਸਾਨੂੰ ਸਮਝਾ ਰਹੀ ਹੈ ਪੂਰੀ ਤਰ੍ਹਾਂ ਉਸੇ ਅਨੁਸਾਰ ਹੀ ਵਿਚਰੀਏ ਭਾਵ ਸਾਡੇ ਧਿਆਨ ਵਿੱਚ ਹਰ ਵੇਲੇ ਗੁਰੂ ਦੀ ਮਤਿ ਟਿਕੀ ਰਹੇ। ਗੁਰੂ ਦਾ ਇਹ "ਗਿਆਨੁ ਮੰਤ੍ਰ" ਹੀ ਉਸਦਾ ਨਾਮ ਹੈ, ਪ੍ਰਮਾਤਮਾ ਦਾ ਨਾਮ ਹੈ, "ਹਰਿ ਨਾਮਾ" ਹੈ। ਇਸੇ ਲਈ ਪੂਰੀ ਬਾਣੀ ਹਰਿ ਨਾਮ ਹੈ ਭਾਵ "ਗਿਆਨੁ ਮੰਤ੍ਰ" ਤੇ ਹਰਿ ਨਾਮ ਇੱਕੋ ਹੀ ਗੱਲ ਹੈ। ਬਾਣੀ ਵਿੱਚ ਵਾਰ-ਵਾਰ ਨਾਮ ਦ੍ਰਿੜ ਕਰਨ ਦੀ ਗੱਲ ਆਉਂਦੀ ਹੈ ਜੋ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਸਾਡੇ ਅੰਦਰ ਆਪਣਾ ਨਾਮ ਆਪ ਹੀ ਦ੍ਰਿੜ ਕਰਦਾ ਹੈ ਜੋ ਕਿ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਕਰਦਾ ਹੈ। ਉਹ ਆਪ ਗਿਆਨ ਰੂਪ ਹੈ ਜੋ ਕਿ ਸਾਡੇ ਧਿਆਨ ਦੇ ਵਿੱਚ ਹੀ ਵੱਸਦਾ ਹੈ ਤੇ ਸਾਡੇ ਧਿਆਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ ਕੇ, "ਗਿਆਨੁ ਮੰਤ੍ਰ" ਬਖਸ਼ ਕੇ, ਆਪਣਾ ਨਾਮ ਬਖਸ਼ ਕੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ। ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਸਾਡਾ ਧਿਆਨ ਗੁਰਮਤਿ ਦੇ ਨਾਲ ਦ੍ਰਿੜ ਹੋਣਾ ਹੈ।

(ਮਨ ਮਹਿ ਸਤਿਗੁਰ ਧਿਆਨੁ ਧਰਾ॥
ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ॥੧॥ਰਹਾਉ॥)

ਮਨ ਦਾ ਡੋਲਣਾ ਕੀ ਹੈ ਭਾਵ ਸਾਡੇ ਧਿਆਨ ਦਾ ਡੋਲਣਾ ਕੀ ਹੈ, ਸਾਡੇ ਧਿਆਨ ਦਾ ਥਿਰ ਨਾ ਰਹਿਣਾ ਕੀ ਹੈ ਅਗਰ ਇਸ ਗੱਲ ਦੀ ਸਾਨੂੰ ਸਮਝ ਹੈ ਤਾਂ ਫਿਰ ਸਾਨੂੰ ਧਿਆਨ ਦਾ ਟਿਕਣਾ ਵੀ ਸਮਝ ਆ ਸਕਦਾ ਹੈ। ਮਨ ਸਾਡਾ ਮਾਇਆ ਮੋਹ ਵਿੱਚ ਹੀ ਡੋਲਦਾ ਹੈ ਜਿਸਦਾ ਮੂਲ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਸਾਡੇ ਅੰਦਰ ਗੁਰੂ ਦੀ ਮਤਿ ਦਾ ਨਾ ਦ੍ਰਿੜ ਹੋਣਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਕਾਫੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਕਿ ਸਾਡਾ ਧਿਆਨ ਟਿਕਦਾ ਕਿਸ ਕਾਰਨ ਨਹੀਂ।

17/1841

ਆਸਾ ਘਰੁ ੫ ਮਹਲਾ ੧

ੴ ਸਤਿਗੁਰ ਪ੍ਰਸਾਦਿ॥

"ਭੀਤਰਿ ਪੰਚ ਗੁਪਤ ਮਨਿ ਵਾਸੇ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥੧॥
ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ॥ ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ॥੧॥ਰਹਾਉ॥"

(ਅੰਗ ੩੫੯)

ਇਹਨਾਂ ਪੰਗਤੀਆਂ ਰਾਹੀਂ ਸਾਡਾ ਮਨ ਪ੍ਰਮਾਤਮਾ ਦੇ ਨਾਲ ਥਿਰ ਕਿਉਂ ਨਹੀਂ ਰਹਿੰਦਾ ਭਾਵ ਸਾਡਾ ਮਨ ਪ੍ਰਮਾਤਮਾ ਦੇ ਨਾਲ ਕਿਉਂ ਨਹੀਂ ਟਿਕਦਾ, ਸਾਡਾ ਧਿਆਨ ਪ੍ਰਮਾਤਮਾ ਨਾਲ ਕਿਉਂ ਨਹੀਂ ਜੁੜਦਾ, ਇਸਦੀ ਵਜ੍ਹਾ ਹੀ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਪਾਏ ਹੋਏ ਪੰਜ ਦੂਤ ਸਾਡੇ ਸਭ ਦੇ ਅੰਦਰ ਗੁਪਤ ਰੂਪ ਵਿੱਚ ਵਿਚਰ ਰਹੇ ਹਨ ਭਾਵ ਸਾਡੇ ਔਗੁਣ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਰੂਪ ਵਿੱਚ ਸਾਡੇ ਵਿੱਚ ਹੀ ਹਨ ਜੋ ਕਿ ਗੁਪਤ ਰੂਪ ਵਿੱਚ ਸਾਡੇ ਮਨ ਦੇ ਵਿੱਚ ਹੀ ਹਨ। ਸਾਨੂੰ ਸਾਰੀ ਸੋਝੀ ਮਨ ਦੇ ਵਿੱਚੋਂ

ਹੀ ਪੈਂਦੀ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਪੈਂਦੀ ਹੈ ਤੇ ਇਹ ਸਾਡੇ ਔਗੁਣ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਆਪਣੇ ਵੱਲ ਤੋਰਦੇ ਹਨ, ਸਾਨੂੰ ਮਾਇਆ ਮੋਹ ਵਿੱਚ ਫਸਾਉਂਦੇ ਹਨ। ਇਹਨਾਂ ਔਗੁਣਾਂ ਦੇ ਕਾਰਨ ਸਾਡਾ ਮਨ ਥਿਰ ਨਹੀਂ ਰਹਿੰਦਾ ਤੇ ਮਾਇਆ ਮੋਹ ਵਿੱਚ ਡੋਲਦਾ ਹੈ। ਇਹ ਸਾਨੂੰ ਗੁਰੂ ਦੀ ਮਤਿ ਨਾਲ ਜੁੜਨ ਨਹੀਂ ਦਿੰਦੇ ਕਿਉਂਕਿ ਗੁਰੂ ਦੀ ਮਤਿ ਦੇ ਨਾਲ ਜੁੜਨਾ ਹੀ ਗੁਰੂ ਪ੍ਰਮਾਤਮਾ ਨਾਲ ਜੁੜਨਾ ਹੈ। ਇਹ ਔਗੁਣ ਸਾਡਾ ਧਿਆਨ ਗੁਰਮਤਿ ਵੱਲੋਂ ਹਟਾ ਕੇ ਮਾਇਆ ਮੋਹ ਵਿੱਚ ਪਾਉਂਦੇ ਹਨ। ਇਹਨਾਂ ਔਗੁਣਾਂ ਦੇ ਰਹਿੰਦਿਆਂ ਅਸੀਂ ਗੁਰੂ ਦੀ ਮਤਿ ਵੱਲੋਂ ਉਦਾਸ ਹੀ ਰਹਿੰਦੇ ਹਾਂ ਕਿਉਂਕਿ ਸਾਨੂੰ ਗੁਰੂ ਦੀ ਮਤਿ ਮੰਨਣ ਵਿੱਚ ਸਾਨੂੰ ਖੁਸ਼ੀ ਮਹਿਸੂਸ ਨਹੀਂ ਹੁੰਦੀ। ਖੁਸ਼ੀ ਸਾਨੂੰ ਮਾਇਆ ਮੋਹ ਵਿੱਚੋਂ ਮਿਲਦੀ ਹੈ। ਜੇਕਰ ਅਸੀਂ ਗੁਰੂ ਦੀ ਮਤਿ ਵਿੱਚ ਖੁਸ਼ੀ ਮਹਿਸੂਸ ਕਰਨੀ ਚਾਹੁੰਦੇ ਹਾਂ ਤਾਂ ਫਿਰ ਇਹਨਾਂ ਔਗੁਣਾਂ ਨੂੰ ਰੁਸਾ ਕੇ ਹੀ ਹੋ ਸਕਦੀ ਹੈ, ਮਾਇਆ ਮੋਹ ਵਿੱਚ ਉਦਾਸੀ ਦੁਆਰਾ ਹੀ ਹੋ ਸਕਦੀ ਹੈ। **(ਭੀਤਰਿ ਪੰਚ ਗੁਪਤ ਮਨਿ ਵਾਸੇ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ॥੧॥)**

ਪ੍ਰਮਾਤਮਾ ਨਾਲ ਸਾਡਾ ਮਨ ਥਿਰ ਕਿਉਂ ਨਹੀਂ ਰਹਿੰਦਾ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਹੋਰ ਸਪੱਸ਼ਟ ਕੀਤੀ ਹੋਈ ਹੈ ਜਿਸਦਾ ਕਾਰਨ

17/1842

ਸਾਡੇ ਮਨ ਦੇ ਔਗੁਣ ਹੀ ਹਨ। **(ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ॥ ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ॥੧॥ਰਹਾਉ॥)**

ਮਨੁੱਖ ਲੋਭੀ, ਪਾਪੀ, ਕਪਟੀ, ਪਾਖੰਡੀ ਕਿਸ ਕਰਕੇ ਹੈ ਇਹ ਬੜਾ ਹੀ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਇਸਦੀ ਵਜ੍ਹਾ ਜਿਆਦਾ ਮਾਇਆ ਦੇ ਪਿੱਛੇ ਲੱਗਣਾ ਹੈ ਭਾਵ ਸਾਡੀ ਮਾਇਆ ਦੀ ਤ੍ਰਿਸ਼ਨਾ ਹੈ ਤੇ ਇਸ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਹੀ ਅਸੀਂ ਔਗੁਣਾਂ ਦਾ ਸਹਾਰਾ ਲੈਂਦੇ ਹਾਂ, ਜਿਆਦਾ ਸਿੱਧਾ ਅਸਰ ਸਾਡੀ ਕਰਨੀ ਤੇ ਪੈਂਦਾ ਹੈ, ਸਾਡੀ ਸੰਸਾਰਿਕ ਵਿਚਰਨ ਤੇ ਪੈਂਦਾ ਹੈ, ਸਾਡੇ ਕਰਮਾਂ ਤੇ ਪੈਂਦਾ ਹੈ ਭਾਵ ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਉਹ ਮਾਇਆ ਮੋਹ ਵਿੱਚ ਕਰਦੇ ਹਾਂ। ਸਾਡੇ ਮਨ ਦੀ ਇਹ ਅਵੱਸਥਾ ਮਨ ਦੇ ਡੋਲਣ ਦੀ ਅਵੱਸਥਾ ਹੈ, ਸੱਚ ਤੋਂ ਡੋਲਣ ਦੀ ਅਵੱਸਥਾ ਹੈ, ਗੁਰਮਤਿ ਤੋਂ ਡੋਲਣ ਦੀ ਅਵੱਸਥਾ ਹੈ, ਨਾਮ ਤੋਂ ਡੋਲਣ ਦੀ ਅਵੱਸਥਾ ਹੈ ਤੇ ਜਦ ਤੱਕ ਸਾਡੇ ਮਨ ਦੀ ਇਹ ਅਵੱਸਥਾ ਹੈ ਤਦ ਤੱਕ ਸਾਡਾ ਮਨ ਪ੍ਰਮਾਤਮਾ ਨਾਲ ਥਿਰ ਨਹੀਂ ਰਹਿ ਸਕਦਾ। ਗੁਰੂ ਦੀ ਮਤਿ ਤੇ ਥਿਰ ਰਹਿਣਾ, ਅਡੋਲ ਰਹਿਣਾ ਹੀ ਪ੍ਰਮਾਤਮਾ ਦੇ ਨਾਲ ਥਿਰ ਰਹਿਣਾ ਹੈ। **(ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ॥੧॥ਰਹਾਉ॥)**

ਮੁੱਖ ਸ਼ਬਦ ਰਾਹੀਂ ਸਾਨੂੰ ਇਹੀ ਗੱਲ "ਗਿਆਨੁ ਮੰਤ੍ਰ" ਭਾਵ ਹਰਿ ਨਾਮ ਦ੍ਰਿੜ ਹੋਣ ਦੀ ਅਵੱਸਥਾ ਦੁਆਰਾ ਸਮਝਾਇਆ ਹੋਇਆ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਧਿਆਨ ਟਿਕਦਾ ਹੈ। ਕੇਵਲ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਹੁੰਦੀ ਹੈ ਜੋ ਕਿ ਸਾਨੂੰ ਵੱਖਰੇ-ਵੱਖਰੇ ਸ਼ਬਦਾਂ ਰਾਹੀਂ ਸਮਝਾਈ ਹੁੰਦੀ ਹੈ।

(ਮਨ ਮਹਿ ਸਤਿਗੁਰ ਧਿਆਨੁ ਧਰਾ॥

ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ॥੧॥ਰਹਾਉ॥)

ਸਾਡੇ ਅੰਦਰ ਗੁਰਮਤਿ ਦਾ ਟਿਕਣਾ ਹੀ ਸਾਡੇ ਧਿਆਨ ਦਾ ਟਿਕਣਾ ਹੈ ਤੇ ਗੁਰਮਤਿ ਸਾਡੇ ਅੰਦਰ ਤਾਂ ਹੀ ਟਿਕ ਸਕਦੀ ਹੈ ਜਦੋਂ ਸਾਡੇ ਅੰਦਰੋਂ ਔਗੁਣ ਨਿਕਲ ਜਾਣਗੇ ਤੇ ਗੁਰੂ ਦੇ ਦੱਸੇ ਹੋਏ ਗੁਣ ਵੱਸ ਜਾਣਗੇ।

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

17/1843

ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੀ, ਸਾਡੇ ਅੰਦਰ "ਗਿਆਨੁ ਮੰਤ੍ਰ" ਦਾ ਦ੍ਰਿੜ ਹੋਣਾ ਹੀ, ਨਾਮ ਦਾ ਦ੍ਰਿੜ ਹੋਣਾ ਹੀ ਭਾਵ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਦ੍ਰਿੜ ਹੋਣਾ ਹੀ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ॥

ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ॥੧॥"

(ਅੰਗ - ੭੦੧)

ਕਾਲ ਜਾਲ ਅਤੇ ਮਹਾਂ ਜੰਜਾਲ ਇਹ ਸਾਡੇ ਮਨ ਦੀ ਅਵੱਸਥਾ ਹੈ। ਕਾਲ ਜਾਲ ਸਾਡੇ ਅੰਦਰ ਔਗੁਣਾਂ ਦਾ ਜਾਲ ਹੈ, ਮਾਇਆ ਮੋਹ ਦਾ ਜਾਲ ਹੈ ਤੇ ਮਹਾਂ ਜੰਜਾਲ ਸਾਡੇ ਮਨ ਦੀ ਅਗਿਆਨਤਾ ਹੈ, ਤ੍ਰੈਗੁਣੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਕਰਕੇ ਹੀ ਸਾਡੇ ਅੰਦਰ ਜਮਾਂ ਦਾ ਭਉ ਬਣਿਆ ਰਹਿੰਦਾ ਹੈ। ਮਨ ਦੀ ਇਹ ਬਿਰਤੀ ਮਨ ਦੀ ਸੱਚੀ ਸੋਝੀ ਦੁਆਰਾ ਹੀ ਨਿਕਲਦੀ ਹੈ, ਆਪਣੇ ਅੰਦਰ ਗਿਆਨ ਮੰਤ੍ਰ, ਨਾਮ ਦ੍ਰਿੜ ਹੋਣ ਨਾਲ ਹੀ ਨਿਕਲਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਦ੍ਰਿੜ ਕਰਦਾ ਹੈ। ਮਨ ਦੀ ਇਸ ਸੱਚੇ ਗਿਆਨ ਦੀ ਅਵੱਸਥਾ ਦੁਆਰਾ ਹੀ ਮਨੁੱਖ ਗੁਰਮਤਿ ਦੀ ਸ਼ਰਨ ਵਿੱਚ ਆਉਂਦਾ ਹੈ ਤੇ ਗੁਰਮਤਿ ਦੇ ਆਸਰੇ ਚੱਲਣਾ ਹੀ, ਗੁਰਮਤਿ ਅਨੁਸਾਰ ਵਿਚਰਨਾ ਹੀ ਗੁਰੂ ਦੇ ਚਰਨਾਂ ਦਾ ਆਸਰਾ ਲੈਣਾ ਹੈ। ਮਨ ਦੇ ਵਿੱਚ ਸੱਚੇ ਗਿਆਨ ਦਾ ਦ੍ਰਿੜ ਹੋਣਾ ਹੀ ਪ੍ਰਮਾਤਮਾ ਦੀ ਉਹ ਬੇੜੀ ਹੈ, ਉਹ ਬੋਹਿਥ ਹੈ ਜਿਸ ਤੇ ਸਵਾਰ ਹੋ ਕੇ ਅਸੀਂ ਇਸ ਮਾਇਆ ਮੋਹ ਦੇ ਭਵਸਾਗਰ ਤੋਂ ਪਾਰ ਉਤਰਦੇ ਹਾਂ।

ਮਨ ਦੇ ਵਿੱਚ ਇਹ ਸੱਚੀ ਸੋਝੀ ਦੁਆਰਾ ਹੀ ਭਾਵ ਮਨ ਦੇ ਵਿੱਚ ਇਸ ਨਾਵ ਤੇ ਬੈਠ ਕੇ ਹੀ ਸਾਡਾ ਸਾਧਸੰਗਿ ਹੁੰਦਾ ਹੈ ਭਾਵ ਉਸ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਵਿਚਾਰਾਂ ਰਾਹੀਂ ਹੀ ਹੁੰਦਾ ਹੈ। ਮਨ ਦੇ ਵਿੱਚ ਮਨਮਤਿ ਦੇ ਵਿਚਾਰ ਨਿਕਲ ਕੇ ਗੁਰਮਤਿ ਦੇ ਵਿਚਾਰ ਵੱਸ ਜਾਂਦੇ ਹਨ। **(ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ॥)**

ਮਨ ਦੇ ਵਿੱਚ ਇਹ ਸੱਚੇ ਵਿਚਾਰ, ਗੁਰੂ ਦਾ ਇਹ ਸੱਚਾ ਗਿਆਨ ਸਾਨੂੰ ਭਰਮ ਵਿੱਚੋਂ ਹੀ ਕੱਢਦਾ ਹੈ, ਮਹਾਂ ਜੰਜਾਲ ਵਿੱਚੋਂ ਹੀ ਕੱਢਦਾ ਹੈ ਜਿਵੇਂ ਕਿ ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

17/1844

"ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ॥੨॥੨॥੬॥"

(ਅੰਗ - ੭੦੧)

ਅਸੀਂ ਮਾਇਆ ਮੋਹ ਦੇ ਭਵਜਲ ਸਾਗਰ ਨੂੰ ਕਿਸ ਰੂਪ ਵਿੱਚ ਪਾਰ ਕਰਦੇ ਹਾਂ ਇਹੀ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਇਹ ਭਵਸਾਗਰ ਅੰਮ੍ਰਿਤ ਪੀਣ ਦੁਆਰਾ ਪਾਰ ਹੁੰਦਾ ਹੈ, ਅਜਰ ਨੂੰ ਜਰਨ ਦੁਆਰਾ ਪਾਰ ਹੁੰਦਾ ਹੈ। ਇਹ ਭਵਸਾਗਰ ਮਨ ਦੀ ਸੋਝੀ ਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ, ਨਿਰਗੁਣ ਰੂਪ ਵਿੱਚ ਹੀ ਹੈ। ਨਿਰਗੁਣ ਰੂਪ ਵਿੱਚ ਹੀ ਅਸੀਂ ਇਸ ਵਿੱਚ ਡੁੱਬਦੇ ਹਾਂ ਤੇ ਨਿਰਗੁਣ ਰੂਪ ਵਿੱਚ ਹੀ ਇਸ ਵਿੱਚ ਤਰ ਸਕਦੇ ਹਾਂ। ਮਨ ਦੀ ਮਾੜੀ ਸੋਝੀ ਕਰਕੇ ਅਸੀਂ ਇਸ ਵਿੱਚ ਡੁੱਬਦੇ ਹਾਂ ਤੇ ਮਨ ਦੀ ਸੱਚੀ ਸੋਝੀ ਕਰਕੇ ਅਸੀਂ ਇਸ ਵਿੱਚੋਂ ਤਰ ਜਾਂਦੇ ਹਾਂ। ਮਾੜੀ ਸੋਝੀ ਤੇ ਚੰਗੀ ਸੋਝੀ ਵਿੱਚ ਅੰਤਰ ਕੇਵਲ ਭਰਮ ਦਾ ਹੈ। ਜਿਸਦੇ ਹੱਥ ਸਾਡੇ ਮਨ ਦੀ ਸੋਝੀ ਹੈ ਉਹੀ ਸਾਨੂੰ ਇਸ ਵਿੱਚੋਂ ਪਾਰ ਲੰਘਾ ਸਕਦਾ ਹੈ। ਇਸ ਭਵਸਾਗਰ ਵਿੱਚੋਂ ਪਾਰ ਅਸੀਂ ਅੰਮ੍ਰਿਤ ਪੀ ਕੇ ਹੀ ਨਿਕਲ ਸਕਦੇ ਹਾਂ। ਇਹ ਅੰਮ੍ਰਿਤ ਮਨ ਦੇ ਪੀਣ ਦਾ ਅੰਮ੍ਰਿਤ ਹੈ, ਅੰਮ੍ਰਿਤ ਬਾਣੀ ਦਾ ਅੰਮ੍ਰਿਤ ਹੈ ਜਿਸ ਬਾਰੇ ਅਸੀਂ ਪਿੱਛੇ ਵੀ ਚਰਚਾ ਕਰਦੇ ਆਏ ਹਾਂ। ਇਹ ਅੰਮ੍ਰਿਤ ਗੁਰਬਾਣੀ ਦੀ ਸੱਚੀ ਸੋਝੀ ਦਾ ਅੰਮ੍ਰਿਤ ਹੈ ਜਿਸ ਵਿੱਚ ਆਪ ਗੁਰਬਾਣੀ ਭਿੱਜੀ ਹੋਈ ਹੈ। ਇਹ ਅੰਮ੍ਰਿਤ ਪ੍ਰਮਾਤਮਾ ਦੇ ਆਪਣੇ ਹੱਥ ਵੱਸ ਹੈ ਜਿਸਨੇ ਆਪ ਇਹ ਅੰਮ੍ਰਿਤ ਗੁਰਬਾਣੀ ਵਿੱਚ ਪਾਇਆ ਹੈ। ਸਾਡੇ ਲਈ ਇਹ ਅੰਮ੍ਰਿਤ "ਅਪਿਉ" ਹੈ ਭਾਵ ਅਸੀਂ ਆਪਣੇ ਆਪ ਇਸ ਅੰਮ੍ਰਿਤ ਨੂੰ ਨਹੀਂ ਪੀ ਸਕਦੇ। ਇਸ ਅੰਮ੍ਰਿਤ ਨੂੰ ਅਸੀਂ ਉਸਦੇ ਪਿਆਉਣ ਦੁਆਰਾ ਹੀ ਪੀ ਸਕਦੇ ਹਾਂ। ਇਹ ਅੰਮ੍ਰਿਤ ਪੀਣ ਦੁਆਰਾ ਅਸੀਂ ਭਰਮ ਵਿੱਚੋਂ ਹੀ ਨਿਕਲਦੇ ਹਾਂ, ਅਗਿਆਨਤਾ ਵਿੱਚੋਂ ਹੀ ਨਿਕਲਦੇ ਹਾਂ, ਦੁਬਿਧਾ ਵਿੱਚੋਂ ਹੀ ਨਿਕਲਦੇ ਹਾਂ, ਮਨਮਤਿ ਵਿੱਚੋਂ ਹੀ ਨਿਕਲਦੇ ਹਾਂ ਜੋ ਕਿ ਸਾਡੇ ਅੰਦਰ ਮਾਇਆ ਮੋਹ ਦਾ ਕਾਰਨ ਹੈ। ਜਿਸਨੂੰ ਪ੍ਰਮਾਤਮਾ ਆਪਣਾ ਇਹ ਅੰਮ੍ਰਿਤ ਪਿਆਉਂਦਾ ਹੈ, ਮਨ ਦੇ ਵਿੱਚ ਹੀ ਪਿਆਉਂਦਾ ਹੈ ਤੇ ਮਨੁੱਖ ਨੂੰ ਸੱਚੀ ਸੋਝੀ ਪਾ ਕੇ, ਗੁਰਮਤਿ ਦੀ ਸੱਚੀ ਸੋਝੀ ਪਾ ਕੇ ਭਰਮ ਵਿੱਚੋਂ ਹੀ ਕੱਢਦਾ ਹੈ। **(ਅਪਿਉ ਪੀਓ ਗਤੁ ਥੀਓ ਭਰਮਾ)** ਧਰਮ ਦਾ ਮਾਰਗ ਜਾਨਣ ਬਾਰੇ ਮਨੁੱਖ ਦੇ ਸਾਰੇ ਭਰਮ ਦੂਰ ਹੋ ਜਾਂਦੇ ਹਨ ਕਿਉਂਕਿ ਉਸਨੂੰ ਇਸ ਅੰਮ੍ਰਿਤ ਦੀ ਪ੍ਰਾਪਤੀ ਦੁਆਰਾ ਉਸ

17/1845

ਅੰਮ੍ਰਿਤ ਰੂਪ, ਗਿਆਨ ਰੂਪ ਭਾਵ ਬ੍ਰਹਮ ਗਿਆਨ ਰੂਪ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸਨੇ ਆਪ ਹੀ ਅੰਮ੍ਰਿਤ ਬਾਣੀ

ਰਚੀ ਹੋਈ ਹੈ। ਇਸੇ ਲਈ ਬਾਣੀ ਭਰਮ ਰਹਿਤ ਹੈ।

ਇਸ ਅੰਮ੍ਰਿਤ ਦੀ ਪ੍ਰਾਪਤੀ ਦੁਆਰਾ ਹੀ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੇ ਉਪਜਣ ਦੁਆਰਾ ਹੀ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਣ ਦੁਆਰਾ ਹੀ ਮਨੁੱਖ ਅਜਰ ਨੂੰ ਜਰ ਸਕਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰ ਸਕਦਾ ਹੈ। ਭਰਮ ਵਿੱਚ ਰਹਿੰਦੇ ਹੋਏ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਹੀ ਨਹੀਂ ਪੈਂਦੀ, ਧਰਮ ਦੇ ਮਾਰਗ ਦੀ ਸੱਚੀ ਸੋਝੀ ਹੀ ਨਹੀਂ ਪੈਂਦੀ। ਮਨ ਦੇ ਵਿੱਚ ਪ੍ਰਮਾਤਮਾ ਸੋਝੀ ਵੀ ਆਪ ਹੀ ਪਾਉਂਦਾ ਹੈ ਤੇ ਉਸ ਤੇ ਚੱਲਣ ਦੀ ਸਮਰੱਥਾ ਵੀ ਆਪ ਹੀ ਬਖਸ਼ਦਾ ਹੈ। ਆਪਣਾ ਨਾਮ ਵੀ ਆਪ ਹੀ ਬਖਸ਼ਦਾ ਹੈ ਤੇ ਆਪਣਾ ਨਾਮ ਦ੍ਰਿੜ ਕਰਾ ਕੇ ਉਸ ਤੇ ਚੱਲਣ ਦੀ ਸਮਰੱਥਾ ਵੀ ਆਪ ਹੀ ਬਖਸ਼ਦਾ ਹੈ। ਮਨੁੱਖੀ ਸਮਰੱਥਾ ਵਿੱਚ ਗੁਰਮਤਿ ਤੇ ਚੱਲਣਾ "ਅਜਰੁ" ਹੀ ਹੈ ਭਾਵ ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਗੁਰਮਤਿ ਅਨੁਸਾਰ ਨਹੀਂ ਚੱਲ ਸਕਦੇ। ਇਹ "ਅਜਰੁ" ਉਸਦੀ ਕਿਰਪਾ ਨਾਲ ਹੀ ਜਰਿਆ ਜਾ ਸਕਦਾ ਹੈ। ਇਹ ਉਸਦੇ ਸ਼ਬਦ ਦੁਆਰਾ ਮਰਨ ਦੀ ਅਵੱਸਥਾ ਹੈ, ਆਪਣੇ ਮਨ ਨੂੰ ਮਾਰਨ ਦੀ ਅਵੱਸਥਾ ਹੈ, ਪੂਰੀ ਤਰ੍ਹਾਂ ਔਗੁਣ ਰਹਿਤ ਹੋਣ ਦੀ ਅਵੱਸਥਾ ਹੈ, ਇਹ ਚੌਥੇ ਪਦ ਦੀ ਅਵੱਸਥਾ ਹੈ, ਮਨ ਦੇ ਸਹਜ ਦੀ, ਸੰਤੋਖ ਦੀ, ਅਨੰਦ ਦੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਦੁੱਖ ਸੁੱਖ ਵਿੱਚੋਂ ਨਿਕਲ ਕੇ ਉਸਦੇ ਭਾਣੇ ਅਨੁਸਾਰ ਚੱਲ ਸਕਦਾ ਹੈ, ਗੁਰਮਤਿ ਤੇ ਚੱਲਣ ਦਾ ਭਉ ਕਬੂਲ ਕਰਦਾ ਹੈ।

ਇਹ ਅਜਰ ਜਰਨਾ ਕੀ ਹੈ ਇਸਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਕੁੱਝ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

"ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ॥ ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ॥
ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ॥ ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ॥੪॥੨॥੧੬੭॥"

(ਅੰਗ ੨੧੭)

17/1846

ਪਉੜੀ॥

"ਸੋ ਐਸਾ ਦਾਤਾਰੁ ਮਨਹੁ ਨ ਵੀਸਰੈ॥ ਘੜੀ ਨ ਮੁਹਤੁ ਚਸਾ ਤਿਸੁ ਬਿਨੁ ਨਾ ਸਰੈ॥
ਅੰਤਰਿ ਬਾਹਰਿ ਸੰਗਿ ਕਿਆ ਕੋ ਲੁਕਿ ਕਰੈ॥ ਜਿਸੁ ਪਤਿ ਰਖੈ ਆਪਿ ਸੋ ਭਵਜਲੁ ਤਰੈ॥
ਭਗਤੁ ਗਿਆਨੀ ਤਪਾ ਜਿਸੁ ਕਿਰਪਾ ਕਰੈ॥ ਸੋ ਪੂਰਾ ਪਰਧਾਨੁ ਜਿਸ ਨੋ ਬਲੁ ਧਰੈ॥
ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ॥ ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ॥੩॥"

(ਅੰਗ ੯੫੮)

"ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ॥
ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ॥੩॥"

(ਅੰਗ ੧੨੦੬)

"ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ॥
ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ॥
ਗੁਰ ਅਰਜੁਨ ਕਲ੍ਹਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ॥੯॥"

(ਅੰਗ ੧੪੦੯)

"ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ॥
ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ॥੪॥੯॥"

(ਅੰਗ ੧੨੦੫)

“ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੨॥”

(ਅੰਗ ੯੯੧)

“ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ॥੪॥
ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ॥
ਨਾਨਕੁ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ॥੫॥੧੩॥”

(ਅੰਗ ੧੩੩੧)

“ਦੇਵ ਸਥਾਨੈ ਕਿਆ ਨੀਸਾਣੀ॥ ਤਹ ਬਾਜੇ ਸਬਦ ਅਨਾਹਦ ਬਾਣੀ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ॥ ਸਾਖੀ ਜਾਗੀ ਗੁਰਮੁਖਿ ਜਾਣੀ॥੨॥
ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥
ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥੪॥
ਜਾਗਤੁ ਰਹੈ ਸੁ ਕਬਹੁ ਨ ਸੋਵੈ॥ ਤੀਨਿ ਤਿਲੋਕ ਸਮਾਧਿ ਪਲੋਵੈ॥
ਬੀਜ ਮੰਤ੍ਰੁ ਲੈ ਹਿਰਦੈ ਰਹੈ॥ ਮਨੂਆ ਉਲਟਿ ਸੁੰਨ ਮਹਿ ਗਹੈ॥੫॥
ਜਾਗਤੁ ਰਹੈ ਨ ਅਲੀਆ ਭਾਖੈ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥
ਗੁਰ ਕੀ ਸਾਖੀ ਰਾਖੈ ਚੀਤਿ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥੬॥
ਕਰ ਪਲਵ ਸਾਖਾ ਬੀਚਾਰੇ॥ ਅਪਨਾ ਜਨਮੁ ਨ ਜੂਐ ਹਾਰੇ॥
ਅਸੁਰ ਨਦੀ ਕਾ ਬੰਧੈ ਮੂਲੁ॥ ਪਛਿਮ ਫੇਰਿ ਚੜਾਵੈ ਸੂਰੁ॥
ਅਜਰੁ ਜਰੈ ਸੁ ਨਿਝਰੁ ਝਰੈ॥ਜਗੰਨਾਥ ਸਿਉ ਗੋਸਟਿ ਕਰੈ॥੭॥”

(ਅੰਗ ੯੭੪)

ਉਪਰਲੇ ਸ਼ਬਦਾਂ ਦੀਆਂ ਪੰਗਤੀਆ ਨੂੰ ਅਗਰ ਧਿਆਨ ਨਾਲ ਸਮਝਾਂਗੇ ਤਾਂ ਅਜਰ ਜਰਨ ਦੀ ਅਵੱਸਥਾ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ, ਗੁਰਮਤਿ ਦੇ ਪੂਰੇ ਉਤਰਨ ਦੀ ਅਵੱਸਥਾ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਮਨ ਦੇ

ਵਿੱਚ ਪ੍ਰਗਟ ਹੋ ਕੇ ਆਪ ਹੀ ਇਸ ਅਜਰੁ ਨੂੰ ਜਰਨ ਦੀ ਭਾਵ ਸਹਿਣ ਦੀ ਮੁਕਤੀ ਬਖਸ਼ਦਾ ਹੈ।

“ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ॥ ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ॥
ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ॥ ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ॥੪॥੨॥੧੬॥”

(ਅੰਗ - ੨੧੭)

ਉੱਪਰ ਪੰਗਤੀਆਂ ਰਾਹੀਂ ਸਾਨੂੰ ਮਨ ਦੀ ਉਹ ਅਵੱਸਥਾ ਸਮਝਾਈ ਹੋਈ ਹੈ ਜਦੋਂ ਮਨੁੱਖ ਦੀ ਇੱਛਾ ਪੂਰੀ ਹੋ ਜਾਂਦੀ ਹੈ, ਪ੍ਰਮਾਤਮਾ ਦੇ ਦਰਸ਼ਨਾਂ ਦੀ ਇੱਛਾ ਪੂਰੀ ਹੋ ਜਾਂਦੀ ਹੈ। ਇਸ ਅਵੱਸਥਾ ਵਿੱਚ ਮਨੁੱਖ ਦੁੱਖਾਂ ਵਿੱਚੋਂ ਨਿਕਲ ਜਾਂਦਾ ਹੈ ਭਾਵ ਔਗੁਣਾਂ ਤੋਂ ਮੁਕਤ ਹੋ ਜਾਂਦਾ ਹੈ ਜੋ ਸਾਡੇ ਦੁੱਖਾਂ ਦਾ ਕਾਰਨ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਮਨ ਦੀ ਇਸ ਅਵੱਸਥਾ

ਦੁਆਰਾ ਹੀ ਮਨੁੱਖ ਹਰਿ ਹਰਿ ਨਾਮ ਜਪਦਾ ਹੈ ਤੇ ਮਾਇਆ ਮੋਹ ਤੋਂ ਤਰ ਜਾਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਅਜਰ ਦੇ ਵਿੱਚ ਵੀ ਭਾਵ ਮਾਇਆ ਮੋਹ ਦੇ ਵਿੱਚੋਂ ਨਿਕਲਣ ਦੇ ਵਿੱਚ ਵੀ ਸੁੱਖ ਮਹਿਸੂਸ ਕਰਦਾ ਹੈ, ਗੁਰੂ ਦੀ ਗੱਲ ਨੂੰ ਸਹਿਣ ਵਿੱਚ ਭਾਵ ਉਸ ਤੇ ਚੱਲਣ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ। "ਸੁਖੁ" ਦੀ ਅਵੱਸਥਾ ਸਾਡੇ ਅੰਦਰ ਪ੍ਰਮਾਤਮਾ ਦੇ ਵੱਸਣ ਦੀ ਅਵੱਸਥਾ ਹੈ, ਗੁਰੂ ਦੇ ਗੁਣਾਂ ਦੇ ਵੱਸਣ ਦੀ ਅਵੱਸਥਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦੀ ਅਵੱਸਥਾ ਹੈ ਭਾਵ ਇਸ ਅਵੱਸਥਾ ਵਿੱਚ ਮਾਇਆ ਮੋਹ ਵਿੱਚੋਂ ਨਿਕਲਣ ਦਾ ਦੁੱਖ ਮਹਿਸੂਸ ਨਹੀਂ ਹੁੰਦਾ ਤੇ ਮਨੁੱਖ ਇਸ ਨੂੰ ਪ੍ਰਮਾਤਮਾ ਦਾ ਭਾਣਾ ਸਮਝ ਕੇ ਸਹਿਣ ਕਰਦਾ ਹੈ। ਪ੍ਰਮਾਤਮਾ ਦੀ ਕਿਸੇ ਗੱਲ ਤੇ ਰੋਸ ਨਹੀਂ ਕਰਦਾ। ਆਪਣਾ ਭਾਣਾ ਉਹ ਆਪ ਹੀ ਮਨਵਾਉਂਦਾ ਹੈ। **(ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ॥)**

ਪਉੜੀ॥

"ਸੋ ਐਸਾ ਦਾਤਾਰੁ ਮਨਹੁ ਨ ਵੀਸਰੈ॥ ਘੜੀ ਨ ਮੁਹਤੁ ਚਸਾ ਤਿਸੁ ਬਿਨੁ ਨਾ ਸਰੈ॥
ਅੰਤਰਿ ਬਾਹਰਿ ਸੰਗਿ ਕਿਆ ਕੋ ਲੁਕਿ ਕਰੈ॥ ਜਿਸੁ ਪਤਿ ਰਖੈ ਆਪਿ ਸੋ ਭਵਜਲੁ ਤਰੈ॥
ਭਗਤੁ ਗਿਆਨੀ ਤਪਾ ਜਿਸੁ ਕਿਰਪਾ ਕਰੈ॥ ਸੋ ਪੂਰਾ ਪਰਧਾਨੁ ਜਿਸ ਨੋ ਬਲੁ ਧਰੈ॥
ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ॥ ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ॥੩॥"

(ਅੰਗ - ੯੫੮)

ਉਪਰਲੇ ਸ਼ਬਦ ਰਾਹੀਂ ਵੀ ਉਸਦੇ ਭਗਤ ਦੀ ਅਵੱਸਥਾ ਸਮਝਾਈ ਹੋਈ ਹੈ, ਉਸਦੇ ਗਿਆਨੀ ਦੀ ਅਵੱਸਥਾ ਸਮਝਾਈ ਹੋਈ ਹੈ,

17/1848

ਉਸਦਾ ਤਪ ਕਰਨ ਵਾਲੇ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਤੇ ਪ੍ਰਮਾਤਮਾ ਦੀ ਆਪਣੀ ਕਿਰਪਾ ਹੋਈ ਹੁੰਦੀ ਹੈ। ਜਿਹਨਾਂ ਨੂੰ ਆਪਣੇ ਅੰਦਰ ਤੇ ਬਾਹਰ ਇੱਕੋ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਇਹ ਉਹਨਾਂ ਦੀ ਅਵੱਸਥਾ ਹੈ ਜਿਹਨਾਂ ਨੇ ਇਸ ਭਵਜਲ ਸਾਗਰ ਨੂੰ ਤਰਿਆ ਹੁੰਦਾ ਹੈ। ਉਸਦੇ ਮਹਿਲ ਵਿੱਚ ਉਹੀ ਪ੍ਰਧਾਨ ਹੈ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਅਜਰ ਜਰਨ ਦਾ ਬਲ ਬਖਸ਼ ਦਿੰਦਾ ਹੈ। ਉਹ ਆਪਣਾ ਬਲ ਮਨ ਦੇ ਵਿੱਚ ਹੀ ਬਖਸ਼ਦਾ ਹੈ ਜੋ ਕਿ ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦੀ ਸੋਝੀ ਹੈ। ਇਸ ਸੋਝੀ ਦੁਆਰਾ ਮਨੁੱਖ ਫਿਰ ਸੱਚ ਤੇ ਚੱਲਦਾ ਹੈ। ਪ੍ਰਮਾਤਮਾ ਆਪਣਾ ਮੰਤ੍ਰ ਬਖਸ਼ ਕੇ ਭਾਵ ਆਪਣਾ ਸੱਚਾ ਉਪਦੇਸ਼ ਬਖਸ਼ ਕੇ ਹੀ ਆਪਣਾ ਅਜਰ ਜਰਾਉਂਦਾ ਹੈ। "ਸਚੁ ਮੰਤ੍ਰ" ਪ੍ਰਮਾਤਮਾ ਦਾ ਸੱਚਾ ਉਪਦੇਸ਼ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚ ਮੰਤ੍ਰ ਹੈ ਤੇ ਜਿਸਨੂੰ ਪ੍ਰਮਾਤਮਾ ਇਹ ਅਜਰ ਜਰਨ ਦਾ ਬਲ ਬਖਸ਼ਦਾ ਹੈ ਉਸਦੇ ਮਨ ਵਿੱਚ ਆਪਣਾ ਸੱਚ ਮੰਤ੍ਰ ਹੀ ਟਿਕਾਉਂਦੀ ਹੈ ਜਿਸ ਦੁਆਰਾ ਮਨੁੱਖ ਫਿਰ ਕੇਵਲ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ। ਜਿਸਨੂੰ ਪ੍ਰਮਾਤਮਾ ਇਹ ਆਪਣਾ ਸੱਚ ਮੰਤ੍ਰ ਬਖਸ਼ਦਾ ਹੈ ਉਹੀ ਉਸਦਾ ਭਗਤ ਹੈ, ਗਿਆਨੀ ਹੈ, ਤਪਾ ਹੈ। ਸਾਡੀ ਸੱਚੀ ਸੁੱਚੀ ਵਿਚਰਨ ਹੀ ਅਸਲ ਵਿੱਚ ਸਾਡਾ ਤਪ ਹੈ ਜਿਹੋ ਜਿਹਾ ਤਪ ਸਾਨੂੰ ਉਸਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਪੂਰੇ ਜੀਵਨ ਵਿੱਚ ਕਰ ਕੇ ਦਿਖਾਇਆ ਹੈ। ਉਸਦੇ ਅਜਰ ਨੂੰ ਜਰਨਾ ਹੀ ਉਸਦਾ ਤਪੀਆ ਬਣਨਾ ਹੈ। **(ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ॥ ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ॥੩॥)**

{ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ॥੨॥}

(ਅੰਗ ੫੬੨)

"**ਸਚੁ ਮੰਤ੍ਰ**" ਕੀ ਹੈ ਇਸਨੂੰ ਸਮਝਣਾ ਬਹੁਤ ਹੀ ਜਰੂਰੀ ਹੈ। ਪੂਰੀ ਗੁਰਬਾਣੀ ਸੱਚ ਮੰਤ੍ਰ ਹੈ ਭਾਵ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਉਸਦੀ ਸੱਚੀ ਮਤਿ ਹੈ, ਸੱਚੀ ਸੋਝੀ ਹੈ, ਬ੍ਰਹਮ ਗਿਆਨ ਹੈ, ਚੌਥੇ

17/1849

ਪਦ ਦਾ ਗਿਆਨ ਹੈ, ਸਹਜ ਗਿਆਨ ਹੈ, ਅੰਮ੍ਰਿਤ ਭੋਜਨ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਦੇ ਮਨ ਵਿੱਚ ਆਪਣਾ ਇਹ ਸੱਚ ਮੰਤ੍ਰ ਹੀ ਧਰਦਾ ਹੈ। ਜਿਹਨਾਂ ਨੇ ਗੁਰਬਾਣੀ ਉਚਾਰੀ ਹੈ ਪ੍ਰਮਾਤਮਾ ਨੇ ਪਹਿਲੇ ਉਹਨਾਂ ਦੇ ਮਨ ਦੇ

ਵਿੱਚ ਇਹ ਸੱਚ ਮੰਤ੍ਰ ਟਿਕਾਇਆ ਹੈ ਭਾਵ ਦ੍ਰਿੜ ਕੀਤਾ ਹੈ, ਆਪਣੀ ਗੁਰਮਤਿ ਦ੍ਰਿੜ ਕੀਤੀ ਹੈ ਤੇ ਤਾਂ ਹੀ ਉਹਨਾਂ ਨੇ ਅਜਰ ਜਰਿਆ ਹੈ। ਉਹਨਾਂ ਨੇ ਮਨ ਦੀ ਸੱਚੀ ਸੋਝੀ ਦੁਆਰਾ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ। "**ਸਚੁ ਮੰਤ੍ਰ**" ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਮੰਤ੍ਰ ਹੈ ਭਾਵ ਗਿਆਨ ਹੈ ਜੋ ਉਸ ਸੱਚ ਦੇ ਕੋਲੋਂ ਆਇਆ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਆਇਆ ਹੋਇਆ ਹੈ। ਪ੍ਰਮਾਤਮਾ ਦਾ ਇਹ ਗਿਆਨ ਸਦਾ ਸੱਚ ਰਹਿਣ ਵਾਲਾ ਹੈ ਜਿਸਨੂੰ ਕਦੇ ਵੀ ਗਲਤ ਸਾਬਿਤ ਨਹੀਂ ਕੀਤਾ ਜਾ ਸਕਦਾ। ਇਹ ਪ੍ਰਮਾਤਮਾ ਦੇ ਆਪਣੇ ਫੁਰਮਾਏ ਹੋਏ ਸੱਚੇ ਬੋਲ ਹਨ ਜੋ ਕਦੇ ਬਿਨਸ ਨਹੀਂ ਸਕਦੇ। ਸੱਚ ਹੀ ਨਾਮ ਹੈ ਤੇ ਪੂਰੀ ਗੁਰਬਾਣੀ ਨਾਮ ਮੰਤ੍ਰ ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਮੰਤ੍ਰ ਹੈ। ਜਿੱਥੇ ਸੱਚ ਮੰਤ੍ਰ ਹੈ, ਨਾਮ ਮੰਤ੍ਰ ਹੈ ਉੱਥੇ ਪ੍ਰਮਾਤਮਾ ਆਪ ਹੈ। ਇਸੇ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ। ਪ੍ਰਮਾਤਮਾ ਦੇ ਇਸ ਮੰਤ੍ਰ ਨੂੰ ਜਪ ਕੇ ਹੀ ਅਸੀਂ ਪ੍ਰਮਾਤਮਾ ਨੂੰ ਜਪ ਸਕਦੇ ਹਾਂ ਭਾਵ ਗੁਰਬਾਣੀ ਅਨੁਸਾਰ ਵਿਚਰਨ ਦਾ ਉੱਦਮ ਕਰਕੇ ਹੀ ਅਸੀਂ ਉਸ ਗੁਰਬਾਣੀ ਦੇ ਮਾਲਕ ਨਾਲ ਮਿਲ ਸਕਦੇ ਹਾਂ। ਗਰਬਾਣੀ ਦੀ ਮਤਿ ਅਨੁਸਾਰ ਚੱਲਣਾ ਬਹੁਤ ਔਖਾ ਹੈ ਤੇ ਇਸੇ ਲਈ ਇਹ ਅਜਰ ਹੈ ਭਾਵ ਗੁਰਬਾਣੀ ਦੇ ਬੋਲਾਂ ਤੇ ਪੂਰਾ ਉਤਰਨਾ ਸਾਡੇ ਲਈ ਅਜਰ ਹੈ ਤੇ ਇਹ ਸਮਰੱਥਾ, ਸਾਡੇ ਅੰਦਰ ਇਹ ਬਲ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਪਾਉਂਦਾ ਹੈ, ਆਪਣੀ ਗੁਰਮਤਿ ਦ੍ਰਿੜ ਕਰਕੇ ਪਾਉਂਦਾ ਹੈ। ਅਜਰ ਜਰਨਾ ਜਾਂ ਨਾਮ ਜਪਣਾ ਇੱਕੋ ਹੀ ਗੱਲ ਹੈ।

"ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ॥
ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ॥੩॥"

(ਅੰਗ - ੧੨੦੬)

17/1850

ਉਪਰਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਦੋਂ ਪ੍ਰਮਾਤਮਾ ਮਨੁੱਖ ਦੇ ਜਨਮ ਮਰਨ ਦੇ ਬੰਧਨ ਕੱਟ ਦਿੰਦਾ ਹੈ ਭਾਵ ਜਦੋਂ ਉਸਦੀ ਕਿਰਪਾ ਹੋ ਜਾਂਦੀ ਹੈ ਤਾਂ ਹੀ ਫਿਰ ਮਨੁੱਖ ਅਜਰ ਨੂੰ ਜਰ ਸਕਦਾ ਹੈ। ਨਾਲ ਇਸ ਗੱਲ ਦੀ ਸੋਝੀ ਵੀ ਪਾਈ ਹੋਈ ਹੈ ਕਿ ਅਜਰ ਜਰਨਾ ਹੀ ਅਸਲ ਵਿੱਚ ਹਰਿ ਹਰਿ ਕਰਨਾ ਹੈ। ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਦੇ ਆ ਰਹੇ ਹਾਂ ਕਿ ਹਰਿ ਹਰਿ ਕਰਨਾ ਗੁਰਮਤਿ ਅਨੁਸਾਰ ਵਿਚਰਨਾ ਹੈ, ਉਹੀ ਗੱਲ ਉੱਪਰ ਸਮਝਾਈ ਹੋਈ ਹੈ। ਹਰਿ ਹਰਿ ਕਰਨਾ ਜਾਂ ਅਜਰ ਜਰਨਾ ਕੋਈ ਵੱਖਰੀ ਗੱਲ ਨਹੀਂ ਹੈ ਭਾਵ ਨਾਮ ਜਪਣਾ ਜਾਂ ਅਜਰ ਜਰਨਾ ਇੱਕੋ ਹੀ ਗੱਲ ਹੈ।

"ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ॥
ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ॥
ਗੁਰ ਅਰਜੁਨ ਕਲ੍ਹਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ॥੮॥"

(ਅੰਗ - ੧੪੦੮)

ਉਪਰਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਅਜਰ ਜਰਨਾ ਸਿਖਾਇਆ ਹੋਇਆ ਹੈ ਜੋ ਕਿ ਧੰਨ ਧੰਨ ਭੱਟ ਸਾਹਿਬ ਦੇ ਮੁੱਖੋਂ ਉਚਾਰੇ ਹੋਏ ਪ੍ਰਮਾਤਮਾ ਦੇ ਬੋਲਾਂ ਦੁਆਰਾ ਸਮਝਾਇਆ ਹੋਇਆ ਹੈ। ਪਹਿਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਗੁਰੂ ਧੰਨ ਕਿਸ ਰੂਪ ਵਿੱਚ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਮਨੁੱਖ ਤੇ ਗੁਰੂ ਵਿੱਚ ਭੇਦ ਕੀ ਹੈ, ਇਸਦੀ ਵੀ ਸੋਝੀ ਪੈ ਜਾਂਦੀ ਹੈ। ਫਰਕ ਕੇਵਲ ਮਨ ਦੀ ਸੋਝੀ ਦਾ ਹੈ। ਆਮ ਮਨੁੱਖ ਦੀ ਸੋਝੀ ਬਹੁਤ ਨੀਵੀਂ ਹੈ ਤੇ ਗੁਰੂ ਆਪਣੀ ਉੱਚੀ ਸੋਝੀ ਕਰਕੇ ਧੰਨ ਹੈ। ਆਮ ਮਨੁੱਖ ਦੀ ਸੋਝੀ ਅਭਰ ਹੈ ਜਿਸਨੂੰ ਅਸੀਂ ਆਪਣੇ ਆਪ ਨਹੀਂ ਭਰ ਸਕਦੇ। ਇੱਥੇ ਸਾਡੇ ਮਨ ਦੇ ਸਰੋਵਰ ਦੀ ਗੱਲ ਕੀਤੀ ਹੋਈ ਹੈ, ਮਨ ਦੇ ਵਿੱਚ ਗਿਆਨ ਦੀ ਸੋਝੀ ਦੀ ਗੱਲ ਕੀਤੀ ਹੋਈ ਹੈ। ਸਾਡੇ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਸੋਝੀ ਦਾ ਸਰੋਵਰ ਹੈ ਜਿਸ ਦੇ ਰਹਿੰਦਿਆਂ ਹਰ ਕੋਈ ਭਰਮ ਵਿੱਚ ਹੈ, ਮਾਇਆ ਮੋਹ ਵਿੱਚ ਹੈ, ਹਉਮੈ ਵਿੱਚ ਹੈ। ਗੁਰੂ ਦਾ ਇਹ ਸਰੋਵਰ ਸੁਭਰ ਹੈ, ਪੂਰੀ ਤਰ੍ਹਾਂ ਭਰਿਆ ਹੋਇਆ ਹੈ, ਪੂਰਨ ਸੋਝੀ ਦੇ ਨਾਲ ਭਰਿਆ

17/1851

ਹੋਇਆ ਹੈ, ਸੱਚੀ ਮਤਿ ਦੇ ਨਾਲ ਭਰਿਆ ਹੋਇਆ ਹੈ, ਸੱਚੀ ਬਾਣੀ ਦੇ ਨਾਲ ਭਰਿਆ ਹੋਇਆ ਹੈ। ਇਸ ਸਰੋਵਰ ਨੂੰ ਕੇਵਲ

ਪ੍ਰਮਾਤਮਾ ਆਪ ਹੀ ਭਰ ਸਕਦਾ ਹੈ ਤੇ ਗੁਰੂ ਨੇ ਇਹ ਸਰੋਵਰ, ਗਿਆਨ ਦਾ ਸਰੋਵਰ ਪ੍ਰਮਾਤਮਾ ਦੇ ਕੋਲੋਂ ਭਰਵਾਇਆ ਹੋਇਆ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਜਿਸ ਸਰੋਵਰ ਵਿੱਚ, ਜਿਸ ਮਨ ਵਿੱਚ ਪ੍ਰਮਾਤਮਾ ਆਪਣੀ ਪੂਰਨ ਸੋਝੀ ਪਾਉਂਦਾ ਹੈ ਉਹ ਉਸਦਾ ਗੁਰੂ ਰੂਪ ਹੈ, ਭਗਤ ਰੂਪ ਹੈ, ਸਾਧ ਰੂਪ ਹੈ, ਸੰਤ ਰੂਪ ਹੈ, ਜਨ ਰੂਪ ਹੈ, ਭਗਤ ਰੂਪ ਹੈ, ਸੇਵਕ ਰੂਪ ਹੈ, ਦਾਸ ਰੂਪ ਹੈ। **(ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ॥)**

ਮਨ ਦੀ ਇਹੋ ਜਿਹੀ ਸੋਝੀ ਦੁਆਰਾ ਹੀ ਪ੍ਰਮਾਤਮਾ ਦਾ ਸੇਵਕ ਬਣਿਆ ਜਾ ਸਕਦਾ ਹੈ, ਉਸਦਾ ਅਜਰ ਜਰਿਆ ਜਾ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ॥”

ਉੱਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ। “ਗੁਰ ਗਮ” ਤੋਂ ਭਾਵ ਹੈ ਜਿਸਨੇ ਉਸ ਗੁਰੂ ਪ੍ਰਮਾਤਮਾ ਦੇ ਨਾਲ ਆਪਣੀ ਪਹੁੰਚ ਬਣਾਈ ਹੋਈ ਹੈ ਭਾਵ ਜਿਸਦਾ ਉਸਦੇ ਨਾਲ ਮੇਲ ਹੋਇਆ ਹੋਇਆ ਹੈ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ, ਜਿਸਦੀ ਪਹੁੰਚ ਪ੍ਰਮਾਤਮਾ ਨਾਲ ਬਣੀ ਹੋਈ ਹੈ। ਪ੍ਰਮਾਤਮਾ ਦੇ ਨਾਲ ਪਹੁੰਚ ਤੋਂ ਬਾਅਦ ਮਨੁੱਖੀ ਰੂਪ ਵਿੱਚ ਵਿਚਰਨ ਕਿਹੋ ਜਿਹੀ ਹੁੰਦੀ ਹੈ ਇਸ ਦਾ ਪ੍ਰਮਾਣ ਗੁਰੂ ਸਾਹਿਬ ਨੇ ਆਪ ਹੀ ਆਪਣੇ ਜੀਵਨ ਵਿੱਚ ਅਜਰ ਜਰ ਕੇ ਦਿੱਤਾ ਹੋਇਆ ਹੈ। ਉਹਨਾਂ ਨੇ ਆਪਣੇ ਜੀਵਨ ਵਿੱਚ ਪ੍ਰਮਾਤਮਾ ਦਾ ਅਜਰ ਜਰ ਕੇ ਦਿਖਾਇਆ ਹੈ ਭਾਵ ਗੁਰਮਤਿ ਅਨੁਸਾਰ ਵਿਚਰ ਕੇ ਦਿਖਾਇਆ ਹੈ। ਆਪਣੀ ਦਿੱਤੀ ਹੋਈ ਗੁਰਮਤਿ ਤੇ ਆਪ ਹੀ ਉਸਦੇ ਸੇਵਕ ਰੂਪ ਵਿੱਚ ਵਿਚਰ ਕੇ ਦਿਖਾਇਆ ਹੈ, ਪ੍ਰਮਾਣ ਦਿੱਤਾ ਹੈ। **(ਗੁਰ ਗਮ ਪ੍ਰਮਾਣਿ ਅਜਰੁ ਜਰਿਓ)**

17/1852

ਜੋ ਉਹਨਾਂ ਨੇ ਬਾਣੀ ਰਾਹੀਂ ਉਪਦੇਸ਼ ਦਿੱਤਾ ਹੈ ਆਪ ਉਸ ਤੇ ਚੱਲ ਕੇ ਵੀ ਦਿਖਾਇਆ ਹੈ ਤੇ ਤਾਂ ਹੀ ਗੁਰਬਾਣੀ ਰਾਹੀਂ ਸਾਨੂੰ ਇਹ ਗੱਲ ਸਮਝਾਈ ਹੈ ਕਿ ਦੂਸਰਿਆਂ ਨੂੰ ਉਪਦੇਸ਼ ਦੇਣ ਤੋਂ ਪਹਿਲਾਂ, ਆਗੂ ਬਣਨ ਤੋਂ ਪਹਿਲਾਂ ਆਪ ਵੀ ਉਸ ਤੇ ਚੱਲ ਕੇ ਦਿਖਾਉ।

{ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥
ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥}

(ਅੰਗ ੨੬੯)

{ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥੧॥}

(ਅੰਗ ੧੩੯)

ਜਿੰਨ੍ਹਾਂ ਨੇ ਇਸ ਅਜਰ ਨੂੰ ਜਰਿਆ ਹੈ ਉਹਨਾਂ ਨੇ ਮਨ ਦੀ ਕਿਸ ਅਵੱਸਥਾ ਦੁਆਰਾ ਜਰਿਆ ਹੈ ਇਹ ਨਾਲ ਹੀ ਸਮਝਾਇਆ ਹੋਇਆ ਹੈ।

“ਸਰਿ ਸੰਤੋਖ ਸਮਾਇਯਉ॥”

ਉਸ ਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਮਨ ਦੀ ਇਸ ਅਵੱਸਥਾ ਦੁਆਰਾ ਆਪ ਹੀ ਆਪਣੀ ਗੁਰਮਤਿ ਤੇ ਚੱਲ ਕੇ ਦਿਖਾਇਆ ਹੈ, ਅਜਰ ਜਰ ਕੇ ਦਿਖਾਇਆ ਹੈ। ਗੁਰੂ ਸਾਹਿਬਾਨ ਦੇ ਮਨ ਦਾ ਸਰੋਵਰ ਸੁਭਰ ਹੈ, ਪੂਰਨ ਸੋਝੀ ਵਾਲਾ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲ ਜਾਂਦਾ ਹੈ, ਤ੍ਰਿਸ਼ਨਾ ਵਿੱਚੋਂ ਨਿਕਲ ਜਾਂਦਾ ਹੈ ਤੇ ਇਹ ਮਨ ਦੇ ਵਿੱਚ ਸੰਤੋਖ ਦੀ ਅਵੱਸਥਾ ਹੈ ਭਾਵ ਮਨ ਸੰਤੋਖ ਦੇ ਸਰੋਵਰ ਵਿੱਚ ਸਮਾਅ ਜਾਂਦਾ ਹੈ। ਅਜਰ ਨੂੰ ਮਨ ਦੇ ਸੰਤੋਖ ਦੁਆਰਾ ਹੀ ਜਰਿਆ ਜਾ ਸਕਦਾ ਹੈ ਜਿਸ ਦੁਆਰਾ ਮਨੁੱਖ ਅਵਗੁਣ ਰਹਿਤ ਹੋ ਜਾਂਦਾ ਹੈ ਤੇ ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਦਾ ਹੈ। ਮਨ ਦੇ ਵਿੱਚ ਸੰਤੋਖ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਆਉਂਦਾ ਹੈ, ਉਸ ਦੇ ਨਾਲ ਮੇਲ ਦੁਆਰਾ ਹੀ ਆਉਂਦਾ ਹੈ ਜੋ ਕਿ ਮਨ ਦੇ

ਵਿੱਚ ਆਪ

17/1853

ਹੀ ਆਪਣਾ ਨਾਮ ਬਖਸ਼ ਕੇ ਉਸ ਤੇ ਦ੍ਰਿੜ ਕਰ ਕੇ ਚਲਾਉਂਦਾ ਹੈ, ਆਪਣਾ ਨਾਮ ਆਪ ਹੀ ਜਪਾਉਂਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਗੁਰ ਅਰਜੁਨ ਕਲ੍ਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ॥੯॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਧੰਨ ਧੰਨ ਗੁਰੂ ਅਰਜੁਨ ਦੇਵ ਜੀ ਦਾ ਪ੍ਰਮਾਤਮਾ ਦੇ ਨਾਲ "ਜੋਗੁ" ਭਾਵ ਮੇਲ ਜਿਸ ਰੂਪ ਵਿੱਚ ਹੋਇਆ ਹੋਇਆ ਹੈ, ਉਹਨਾਂ ਨੇ ਆਪਣਾ "ਨਿਜੁ" ਘਰ ਭਾਵ ਪ੍ਰਮਾਤਮਾ ਦਾ ਘਰ ਕਿਸ ਰੂਪ ਵਿੱਚ ਪਾਇਆ ਹੋਇਆ ਹੈ ਜਿੱਥੋਂ ਉਹਨਾਂ ਨੂੰ ਸੱਚੀ ਬਾਣੀ ਦੀ ਸੋਝੀ ਪਈ ਹੈ, ਪ੍ਰਮਾਤਮਾ ਨੇ ਉਹਨਾਂ ਨੂੰ ਸੁਭਰ ਕੀਤਾ ਹੈ, ਉਹਨਾਂ ਦੇ ਮਨ ਰੂਪ ਸਰੋਵਰ ਨੂੰ ਭਰਿਆ ਹੈ। ਸਾਰਾ ਭੇਦ "ਸਹਜਿ" ਦੀ ਅਵੱਸਥਾ ਦਾ ਹੈ ਜਿਸ ਦਾ ਭੇਦ ਕੇਵਲ ਸਹਜਿ ਦੀ ਪ੍ਰਾਪਤੀ ਦੁਆਰਾ ਹੀ ਸਮਝ ਆਉਂਦਾ ਹੈ। ਸਹਜਿ ਦੀ ਪ੍ਰਾਪਤੀ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਹੈ, ਭਰਮ ਵਿੱਚ, ਦੁਬਿਧਾ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ। ਸਹਜਿ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਤੇ ਪ੍ਰਮਾਤਮਾ ਜਿਸ ਮਨ ਵਿੱਚ ਸਰੋਵਰ ਨੂੰ ਭਰਦਾ ਹੈ ਉਹ ਸਹਜਿ ਦੇ ਗਿਆਨ ਨਾਲ ਹੀ ਭਰਦਾ ਹੈ। ਮਨ ਦੇ ਇਸ ਗਿਆਨ ਦੀ ਅਵੱਸਥਾ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਆਪਣੀ ਸੱਚੀ ਬਾਣੀ ਦੀ ਸੋਝੀ ਪਾਉਂਦਾ ਹੈ ਤੇ ਆਪ ਹੀ ਉਸ ਤੇ ਦ੍ਰਿੜ ਕਰ ਕੇ ਉਸ ਤੇ ਚਲਾਉਂਦਾ ਹੈ। ਜਿਸ ਮਨ ਵਿੱਚ ਪਹਿਲੇ ਸਹਜ ਪ੍ਰਗਟ ਹੁੰਦਾ ਹੈ ਕੇਵਲ ਉੱਥੋਂ ਹੀ ਸੱਚੀ ਬਾਣੀ ਉਪਜ ਸਕਦੀ ਹੈ ਜੋ ਉਸ ਸੱਚੇ ਦੇ ਕੋਲੋਂ ਆਉਂਦੀ ਹੈ। ਸਹਜਿ ਦੀ ਅਵੱਸਥਾ ਦੀ ਪ੍ਰਾਪਤੀ ਬਿਨ੍ਹਾਂ, ਜੋ ਵੀ ਕੋਈ ਬਾਣੀ ਉਚਾਰਦਾ ਹੈ ਉਹ ਕੱਚੀ ਬਾਣੀ ਹੈ ਭਾਵ ਇਹ ਜਰੂਰੀ ਨਹੀਂ ਕਿ ਉਹ ਠੀਕ ਹੋਵੇ। ਜਿੱਥੇ ਸਹਜ ਦੀ ਅਵੱਸਥਾ ਨਹੀਂ ਉੱਥੇ ਭਰਮ ਨਾਲ ਨਾਲ ਹੀ ਚੱਲਦਾ ਹੈ। ਸੱਚੀ ਬਾਣੀ ਕੇਵਲ ਉੱਥੇ ਹੈ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੈ ਤੇ ਇਸੇ ਲਈ ਜਿਸ ਦੀ ਬਾਣੀ ਸੱਚੀ ਹੈ ਉਹ ਕਦੇ ਨਹੀਂ ਕਹਿ ਸਕਦਾ ਕਿ ਇਹ ਉਸਦੀ ਆਪਣੀ ਬਾਣੀ ਹੈ। ਜਿੰਨ੍ਹਾਂ ਨੂੰ ਸਹਜ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੇ ਆਪਣੇ ਮੁੱਖੋਂ ਉਚਾਰੀ ਹੋਈ ਬਾਣੀ ਨੂੰ ਪ੍ਰਮਾਤਮਾ ਦੀ ਬਾਣੀ ਕਿਹਾ ਹੈ। ਆਪਣੀ ਦੇਹ ਨੂੰ ਗੁਰੂ ਨਹੀਂ ਕਿਹਾ ਬਲਕਿ ਪ੍ਰਮਾਤਮਾ ਨੂੰ ਗੁਰੂ ਕਿਹਾ ਹੈ, ਸ਼ਬਦ ਨੂੰ ਗੁਰੂ ਕਿਹਾ ਹੈ ਜੋ ਸੱਚੀ ਬਾਣੀ ਦਾ ਸ੍ਰੋਤ ਹੈ। ਸੱਚੀ ਬਾਣੀ ਦਾ ਸ੍ਰੋਤ ਚੌਥਾ ਪਦ ਹੈ ਤੇ ਕੱਚੀਆਂ ਬਾਣੀਆਂ ਦਾ ਸ੍ਰੋਤ ਤ੍ਰੈਗੁਣੀ ਅਵੱਸਥਾ ਹੈ।

17/1854

ਸਾਡਾ ਪ੍ਰਮਾਤਮਾ ਦੇ ਨਾਲ ਭੇਦ, ਪੜਦਾ ਮਨ ਦੀ ਅਵੱਸਥਾ ਕਾਰਨ ਕਰਕੇ ਹੀ ਹੈ। ਤ੍ਰੈਗੁਣਾਂ ਦੇ ਵਿੱਚ ਰਹਿੰਦੇ ਹੋਏ ਸਭ ਕੁੱਝ ਮੈਂ ਹੈ, ਹਉਮੈ ਹੈ ਤੇ ਚੌਥੇ ਪਦ ਵਿੱਚ, ਸਹਜ ਵਿੱਚ ਸਭ ਕੁੱਝ ਤੂੰ ਹੈ, ਨਾਮ ਹੈ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ, ਸਹਜ ਦੀ ਅਵੱਸਥਾ ਵਿੱਚ ਹੈ, ਸੱਚੇ ਗਿਆਨ ਨਾਲ ਭਰਪੂਰ ਹੈ ਤੇ ਇਸੇ ਕਰਕੇ ਉਹ ਪ੍ਰਮਾਤਮਾ ਦੇ ਨਾਲ ਇੱਕ ਹੈ, ਭਰਮ ਰਹਿਤ ਹੈ, ਸੱਚੀ ਬਾਣੀ ਹੈ।

ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਮਿਲਣਾ ਚਾਹੁੰਦੇ ਹਾਂ ਤੇ ਉਸ ਲਈ ਸਾਡੇ ਕੋਲ ਇੱਕੋ ਇੱਕ ਤਰੀਕਾ ਸੱਚੀ ਬਾਣੀ ਨਾਲ ਜੁੜਨ ਦਾ ਹੈ, ਉਸ ਦੇ ਬਚਨਾਂ ਅਨੁਸਾਰ ਚੱਲਣ ਦਾ ਹੈ। ਸਭ ਤੋਂ ਪਹਿਲਾਂ ਸਾਨੂੰ ਕੱਚਿਆ ਨਾਲੋਂ, ਕੱਚੀਆ ਬਾਣੀਆਂ ਨਾਲੋਂ ਮੋਹ ਤੋੜਨ ਦੀ ਲੋੜ ਹੈ ਜੋ ਸਾਡੀ ਵੱਡੀ ਉਲਝਣ ਦਾ ਕਾਰਨ ਹੈ। ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਆਪਣੇ ਆਪ ਕੋਈ ਵੀ ਨਹੀਂ ਚੱਲ ਸਕਦਾ ਪਰ ਸਾਡਾ ਸੱਚਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਵੱਧ ਤੋਂ ਵੱਧ ਸੱਚੇ ਦਿਲੋਂ ਗੁਰਬਾਣੀ ਦੇ ਬਚਨਾਂ ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰੀਏ, ਅਜਰ ਨੂੰ ਜਰਨ ਦੀ ਕੋਸ਼ਿਸ਼ ਕਰੀਏ ਤੇ ਫ਼ਲ ਉਹ ਪ੍ਰਮਾਤਮਾ ਆਪ ਹੀ ਦਿੰਦਾ ਹੈ। ਪਹਿਲਾਂ ਧਰਮ ਦੇ ਫੁਲ ਨਾਲ ਜੁੜਾਂਗੇ ਤੇ ਤਾਂ ਹੀ ਫ਼ਲ ਦੀ ਪ੍ਰਾਪਤੀ ਹੋ ਸਕਦੀ ਹੈ। ਧਰਮ ਦਾ ਫੁਲ ਕੇਵਲ ਗੁਰਬਾਣੀ ਦੇ ਕੋਲ ਹੈ ਜਿਸ ਨਾਲ ਜੁੜ ਕੇ ਸਾਨੂੰ ਫ਼ਲ ਦੀ ਪ੍ਰਾਪਤੀ ਹੋ ਸਕਦੀ ਹੈ। ਆਓ ਇਹੀ ਗੱਲ ਅਗਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ਕਿ ਅਸੀਂ ਅਜਰ ਕਿਵੇਂ ਜਰਨਾ ਹੈ।

"ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ॥
ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ॥੩॥
ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ॥

ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ॥੪॥੯॥"

(ਅੰਗ ੧੨੦੫)

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਣ ਦਾ ਇੱਕੋ

17/1855

ਇੱਕ ਤਰੀਕਾ ਉਸਦੇ ਅਜਰ ਨੂੰ ਜਰਨ ਦਾ ਹੈ ਭਾਵ ਗੁਰਮਤਿ ਅਨੁਸਾਰ ਚੱਲਣ ਦਾ ਉੱਦਮ ਕਰਨ ਦਾ ਹੈ। ਉਸ ਤਰੀਕੇ ਨੂੰ ਛੱਡ ਕੇ ਅਸੀਂ ਜੋ ਕੋਈ ਵੀ ਹੋਰ ਤਰੀਕੇ ਅਪਣਾਉਂਦੇ ਹਾਂ **(ਆਨ ਉਪਾਵ ਜੇਤੇ ਕਿਛੁ ਕਹੀਅਹਿ)** ਭਾਵ ਪ੍ਰਮਾਤਮਾ ਨੂੰ ਜਿਤਨੇ ਵੀ ਤਰੀਕੇ ਨਾਲ, ਹਰ ਕਿਸੇ ਤਰੀਕੇ ਨਾਲ ਜੋ ਕੋਈ ਵੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਅਪਣਾਉਂਦਾ ਹੈ, ਗੁਰਮਤਿ ਅਨੁਸਾਰ ਵਿਚਰਨ ਤੋਂ ਇਲਾਵਾ ਕੋਈ ਵੀ ਤਰੀਕਾ ਅਪਣਾਉਂਦੇ ਹਨ ਉਹ ਸਾਰੇ ਇੱਧਰੋਂ ਉੱਧਰੋਂ ਸਿੱਖੇ ਹੋਏ ਹਨ, ਗੁਰੂ ਤੋਂ ਬਿਨ੍ਹਾਂ ਦੂਸਰਿਆਂ ਕੋਲੋਂ ਸਿੱਖੇ ਹੋਏ ਹਨ। **(ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ॥)** ਅਸੀਂ ਜੋ ਅਨੇਕਾਂ ਹੀ ਤਰੀਕੇ ਅਪਣਾਉਂਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ, ਸੁਰਤੀਆਂ ਸਮਾਧੀਆਂ ਆਦਿ ਜੋੜਦੇ ਹਾਂ, ਦਿਨ ਰਾਤ ਪ੍ਰਮਾਤਮਾ ਨੂੰ ਜਪਣ ਲਈ ਕਿਸੇ ਅੱਖਰ ਦਾ ਜਪ ਕਰੀ ਜਾਂਦੇ ਹਾਂ, ਕੋਈ ਮਾਲਾ ਫੇਰੀ ਜਾਂਦੇ ਹਾਂ, ਤੀਰਥਾਂ ਆਦਿ ਤੇ ਭਵੀ ਜਾਂਦੇ ਹਾਂ, ਅਨੇਕਾਂ ਹੀ ਮਨੁੱਖਾਂ ਨੂੰ ਉੱਚਾ ਮੰਨ ਕੇ, ਸੰਤ, ਬ੍ਰਹਮ ਗਿਆਨੀ ਆਦਿ ਮੰਨ ਕੇ ਉਹਨਾਂ ਦੀ ਸੇਵਾ ਵਿੱਚ ਲੱਗਦੇ ਹਾਂ, ਉਹਨਾਂ ਨੂੰ ਪੂਜਦੇ ਹਾਂ, ਧਰਮ ਗ੍ਰੰਥਾਂ ਦੀ ਬਾਣੀ ਨੂੰ ਰਟੀ ਜਾਂਦੇ ਹਾਂ, ਗਿਣਤੀਆਂ ਮਿਣਤੀਆਂ ਵਿੱਚ ਪੈਂਦੇ ਹਾਂ, ਅਨੇਕਾਂ ਵੇਸ ਭੇਖ ਕਰਦੇ ਹਾਂ, ਚਤੁਰਾਈਆਂ ਕਰਦੇ ਹਾਂ, ਆਪਣੇ ਆਪ ਨੂੰ ਸਰੀਰਕ ਤੌਰ ਤੇ ਕਸ਼ਟ ਦਿੰਦੇ ਹਾਂ, ਬਸਤਰਹੀਣ ਹੋ ਕੇ ਰਹਿੰਦੇ ਹਾਂ, ਨੰਗੇ ਪੈਰੀ ਘੁੰਮਦੇ ਹਾਂ, ਬਣਾਂ ਵਿੱਚ ਫਿਰਦੇ ਹਾਂ, ਸੰਨਿਆਸੀ ਆਦਿ ਬਣ ਕੇ ਰਹਿੰਦੇ ਹਾਂ, ਵਰਤ ਆਦਿ ਰੱਖਦੇ ਹਾਂ, ਕਿਸੇ ਖਾਸ ਤਰੀਕੇ ਦੇ ਬਸਤਰ ਪਾਉਂਦੇ ਹਾਂ, ਥਿਤਾਂ, ਵਾਰਾਂ ਆਦਿ ਨੂੰ ਪੂਜਦੇ ਹਾਂ, ਘਰ ਬਾਰ ਆਦਿ ਛੱਡ ਕੇ ਚਲੇ ਜਾਂਦੇ ਹਾਂ, ਆਪਣੇ ਖਾਣੇ ਵਿੱਚ ਕਿਸੇ ਖਾਸ ਕਿਸਮ ਦੀ ਸੁੱਚਮਤਾ ਵਰਤਦੇ ਹਾਂ ਤੇ ਇਹਨਾਂ ਤਰੀਕਿਆਂ ਨਾਲ ਅਸੀਂ ਇਹ ਸਮਝਦੇ ਹਾਂ ਕਿ ਪ੍ਰਮਾਤਮਾ ਨੂੰ ਇਹਨਾਂ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ। ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਕਰਮ ਕਾਂਡ ਕਰਦੇ ਹਾਂ ਤੇ ਇਹੋ ਜਿਹੇ ਸਾਰਿਆਂ ਤਰੀਕਿਆਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇਹੋ ਜਿਹਾ ਹਰ ਕੋਈ ਤਰੀਕਾ, ਕੋਈ ਵੀ ਤਰੀਕਾ ਗੁਰਮਤਿ ਤੇ ਖਰਾ

17/1856

ਨਹੀਂ ਉਤਰਦਾ ਭਾਵ ਉਸ ਤੇ ਗੁਰਬਾਣੀ ਦੀ ਮੋਹਰ ਨਹੀਂ ਹੈ। ਸਾਡੇ ਇਹ ਸਾਰੇ ਤਰੀਕੇ ਇੱਧਰੋਂ ਉੱਧਰੋਂ ਸਿੱਖੇ ਹੋਏ ਹੀ ਹਨ ਭਾਵ ਦੂਸਰਿਆਂ ਕੋਲੋਂ ਸਿੱਖੇ ਹੋਏ ਹਨ। ਸਦੀਆਂ ਤੋਂ ਭਾਰਤ ਵਰਸ਼ ਵਿੱਚ ਖਾਸ ਕਰਕੇ ਇਹਨਾਂ ਸਭ ਤਰੀਕਿਆਂ ਨੂੰ ਹੀ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਮਝਿਆ ਜਾਂਦਾ ਰਿਹਾ ਹੈ ਤੇ ਅੱਜ ਵੀ ਉਹੀ ਪ੍ਰਥਾ ਚੱਲਦੀ ਆ ਰਹੀ ਹੈ ਜਿਸਨੇ ਸਦੀਆਂ ਤੋਂ ਸਾਡੇ ਅੰਦਰ ਘਰ ਕੀਤਾ ਹੋਇਆ ਹੈ। ਇਸੇ ਲਈ ਗੁਰਬਾਣੀ ਵਿੱਚ ਇਹੋ ਜਿਹੇ ਤਰੀਕੇ ਅਪਣਾਉਣ ਵਾਲਿਆਂ ਨੂੰ ਭਰਮ ਵਿੱਚ ਦੱਸਿਆ ਹੈ, ਅਗਿਆਨਤਾ ਵਿੱਚ ਦੱਸਿਆ ਹੈ। ਅਗਿਆਨਤਾ ਉਸੇ ਦੀ ਹੀ ਨਿਕਲਦੀ ਹੈ, ਪ੍ਰਮਾਤਮਾ ਨੂੰ ਪਾਉਣ ਦੀ ਸੱਚੀ ਸੋਝੀ ਉਸੇ ਨੂੰ ਹੀ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਸੱਚੀ ਸੋਝੀ ਪਾਉਂਦਾ ਹੈ। ਉਹ ਸਾਡੇ ਕਿਸੇ ਵੀ ਭਗਤੀ ਦੇ ਇਹੋ ਜਿਹੇ ਤਰੀਕੇ ਦਾ ਬੱਝਿਆ ਹੋਇਆ ਨਹੀਂ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ॥੩॥"

ਜਿੰਨ੍ਹਾਂ ਨੂੰ ਪ੍ਰਮਾਤਮਾ ਦੀ ਸੱਚੀ ਸੋਝੀ ਪਈ ਹੈ, ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਸਮਝ ਆਇਆ ਹੈ, ਪ੍ਰਮਾਤਮਾ ਪਹਿਲੇ ਉਹਨਾਂ ਅੰਦਰ ਆਪ ਪ੍ਰਗਟ ਹੋਇਆ ਹੈ। ਪੂਰੀ ਗੁਰਬਾਣੀ ਰਾਹੀਂ ਜਿੰਨ੍ਹਾਂ ਸਰੀਰਾਂ ਨੇ ਸਾਨੂੰ ਪ੍ਰਮਾਤਮਾ ਦੀ ਭਗਤੀ ਸਮਝਾਈ ਹੈ, ਉਹਨਾਂ ਸਭਨਾ ਦੇ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੋਇਆ ਹੈ ਤੇ ਤਾਂ ਹੀ ਉਹਨਾਂ ਨੇ ਸਾਨੂੰ ਸੱਚੀ ਸੋਝੀ ਪਾਈ ਹੈ। ਪਹਿਲਾਂ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਜਿਹੋ ਜਿਹੀ ਸੋਝੀ ਉਹਨਾਂ ਨੂੰ ਪਾਈ ਹੈ ਉਹੀ ਕੁੱਝ ਉਹਨਾਂ ਨੇ ਗੁਰਬਾਣੀ ਰਾਹੀਂ ਸਾਨੂੰ ਸਮਝਾਇਆ ਹੈ। ਜਿੰਨ੍ਹਾਂ ਨੇ ਸਾਨੂੰ, ਸਭ ਨੂੰ ਭੁੱਲੇ ਹੋਏ ਕਿਹਾ ਹੈ, ਸਾਡੇ ਹਰ ਤਰੀਕੇ ਦਾ ਖੰਡਨ ਕੀਤਾ ਹੈ ਉਹਨਾਂ ਨੂੰ ਪਹਿਲੇ ਇਹ ਗੱਲ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਸਮਝਾਈ ਹੈ ਤੇ ਤਾਂ ਹੀ ਉਹਨਾਂ ਨੇ ਇਹ ਗੱਲ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੈ। ਇਸੇ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦੇ ਆਪਣੇ ਹੀ ਬੋਲ ਹਨ ਭਾਵ ਸਾਡੇ ਹਰ ਭਗਤੀ ਦੇ ਤਰੀਕੇ ਨੂੰ ਪ੍ਰਮਾਤਮਾ ਨੇ ਆਪ ਹੀ ਖੰਡਿਆ ਹੋਇਆ ਹੈ। ਜਿਹੋ

17/1857

ਜਿਹੀ ਭਗਤੀ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਗਈ ਹੈ ਉਹ ਭਗਤਾਂ ਦੇ ਸਰੀਰਾਂ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ, ਭੱਟ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਮਾਤਮਾ ਦੀ ਆਪਣੀ ਹੀ ਸਮਝਾਈ ਹੋਈ ਹੈ। ਪ੍ਰਮਾਤਮਾ ਦੀ ਆਪਣੀ ਗੱਲ ਸਮਝਾਉਣ ਦਾ ਇਹੀ ਤਰੀਕਾ ਹੈ ਕਿ ਜਦੋਂ ਉਸ ਨੇ ਆਪਣੀ ਗੱਲ ਸਮਝਾਉਣੀ ਹੁੰਦੀ ਹੈ ਉਹ ਆਪਣੇ ਆਪ ਨੂੰ ਕਿਸੇ ਸਰੀਰ ਰਾਹੀਂ ਹੀ ਪ੍ਰਗਟ ਕਰਦਾ ਹੈ। ਉਸਦੇ ਕੰਮ ਅਚਿੰਤੇ ਹੀ ਹਨ ਭਾਵ ਉਹ ਆਪਣੀ ਮਰਜ਼ੀ ਦਾ ਆਪ ਹੀ ਮਾਲਕ ਹੈ। ਉਹ ਕਿਸ ਸਰੀਰ ਨੂੰ ਭਾਗਾਂ ਵਾਲਾ ਬਣਾਉਂਦਾ ਹੈ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿੱਥੇ ਪ੍ਰਗਟ ਹੋ ਕੇ ਆਪਣੇ ਆਪ ਦੀ ਸੋਝੀ ਪਾਉਂਦਾ ਹੈ। **(ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ॥੩॥)**

ਜਿਸ ਸਰੀਰ ਰਾਹੀਂ ਉਹ ਪ੍ਰਗਟ ਹੁੰਦਾ ਹੈ ਉੱਥੇ ਉਸ ਕੋਲੋਂ ਜਾਣ ਕੇ ਇਹ ਸਮਝ ਪੈਂਦੀ ਹੈ ਕਿ ਉਸ ਪ੍ਰਮਾਤਮਾ ਦਾ ਤੋਲ ਕੋਈ ਨਹੀਂ ਤੁਲ ਸਕਦਾ ਭਾਵ ਆਪਣੇ ਕਿਸੇ ਵੀ ਤਰੀਕੇ ਨਾਲ, ਕਿਸੇ ਵੀ ਜਪ ਤਪ ਦੁਆਰਾ ਕੋਈ ਵੀ ਨਹੀਂ ਪਾ ਸਕਦਾ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ॥”

ਪ੍ਰਮਾਤਮਾ ਜੇਕਰ ਕੋਈ ਆਕਾਰ ਰੂਪ ਵਿੱਚ ਹੋਵੇ ਤਾਂ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਹ ਕਿਤਨਾ ਕੁ ਭਾਰਾ ਹੈ ਭਾਵ ਉਸਦਾ ਤੋਲ ਕਿਤਨਾ ਕੁ ਵੱਡਾ ਹੈ। ਉਹ ਪ੍ਰਮਾਤਮਾ ਨਿਰਗੁਣ ਰੂਪ ਵਿੱਚ ਹੈ, ਨਿਰੰਕਾਰ ਰੂਪ ਵਿੱਚ ਹੈ ਭਾਵ ਆਕਾਰ ਰਹਿਤ ਹੈ ਜਿਸ ਕਰਕੇ ਉਹ ਅਬਿਨਾਸੀ ਹੈ। ਜੋ ਆਕਾਰ ਰਹਿਤ ਹੈ ਉਸਦਾ ਤੋਲ ਅਸੀਂ ਕਿਵੇਂ ਜਾਣ ਸਕਦੇ ਹਾਂ ਤੇ ਕਿਵੇਂ ਤੁਲ ਸਕਦੇ ਹਾਂ। ਉਸਦਾ ਤੋਲ ਤੁਲਣਾ ਕੀ ਹੈ ਇਸ ਗੱਲ ਨੂੰ ਕੇਵਲ ਉਸ ਨਿਰਗੁਣ ਰੂਪ ਦੇ ਨਾਲ ਮੇਲ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਨਿਰਗੁਣ ਰੂਪ ਦੇ ਨਾਲ ਮੇਲ ਕੇਵਲ ਨਿਰਗੁਣ ਰੂਪ ਵਿੱਚ ਹੀ ਹੋ ਸਕਦਾ ਹੈ। ਪ੍ਰਮਾਤਮਾ ਦਾ ਨਿਰਗੁਣ ਰੂਪ ਉਸਦਾ ਸ਼ਬਦ ਰੂਪ ਹੈ, ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ। ਪ੍ਰਮਾਤਮਾ ਦੇ ਨਾਲ ਮੇਲ ਵੀ ਨਾਮ ਰੂਪ ਵਿੱਚ ਹੀ ਹੁੰਦਾ ਹੈ, ਬ੍ਰਹਮ ਗਿਆਨ ਰੂਪ ਵਿੱਚ ਹੀ ਹੁੰਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਵਿਚਰਦਾ ਹੈ, ਸਭ

17/1858

ਵਿੱਚ ਸਮਾਇਆ ਹੋਇਆ ਹੈ। ਜਦੋਂ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਸਰੀਰ ਰਾਹੀਂ ਪ੍ਰਗਟ ਕਰਦਾ ਹੈ ਉਹ ਮਨ ਦੇ ਵਿੱਚ ਹੀ ਕਰਦਾ ਹੈ, ਮਨ ਦੇ ਗਿਆਨ ਰਾਹੀਂ ਹੀ ਕਰਦਾ ਹੈ, ਆਪਣੇ ਨਾਮ ਰੂਪ ਵਿੱਚ ਹੀ ਕਰਦਾ ਹੈ, ਸ਼ਬਦ ਰੂਪ ਵਿੱਚ ਹੀ ਕਰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਆਪਣੀ ਸੱਚੀ ਸੋਝੀ, ਭਗਤੀ ਦੀ ਸੋਝੀ, ਉਸਨੂੰ ਜਪਣ ਦੀ ਸੋਝੀ ਭਾਵ ਉਸਨੂੰ ਪਾਉਣ ਦਾ ਤਰੀਕਾ ਮਨ ਦੇ ਵਿੱਚ ਨਿਰਗੁਣ ਰੂਪ ਵਿੱਚ ਹੀ ਸਮਝਾਉਂਦਾ ਹੈ। ਉਹ ਆਪ ਨਿਰਗੁਣ ਰੂਪ ਹੈ ਤੇ ਉਸਦਾ ਤੋਲ ਵੀ ਨਿਰਗੁਣ ਰੂਪ ਹੀ ਉਹ ਆਪ ਹੀ ਤੁਲਾਉਂਦਾ ਹੈ। ਉਸਦਾ ਤੋਲ ਮਨ ਹੀ ਤੋਲਦਾ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਹੀ ਤੁਲਦਾ ਹੈ। ਉਸਦਾ ਤੋਲ ਕੇਵਲ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਹੀ ਤੁਲਿਆ ਜਾ ਸਕਦਾ ਹੈ। ਸੱਚ ਰੂਪ ਹੀ ਪ੍ਰਮਾਤਮਾ ਆਪ ਹੈ ਤੇ ਸੱਚ ਰੂਪ ਹੀ ਉਸਦੀ ਗੁਰਮਤਿ ਹੈ। ਸਾਡੇ ਅੰਦਰ ਸੱਚ ਦਾ ਵੱਸਣਾ ਗੁਰਮਤਿ ਦਾ ਵੱਸਣਾ ਹੈ ਤੇ ਮਨ ਦੀ ਇਸ ਸੱਚੀ ਬਿਰਤੀ ਦੁਆਰਾ ਹੀ ਸੱਚ ਦਾ ਤੋਲ ਤੁਲਿਆ ਜਾ ਸਕਦਾ ਹੈ। ਸਾਡੇ ਲਈ ਇਹ ਤੋਲ ਅਤੁਲ ਹੈ ਭਾਵ ਇਸ ਤੋਲ ਤੇ ਤੁਲਣਾ, ਪੂਰਾ ਉਤਰਨਾ ਸਾਡੇ ਵੱਸ ਨਹੀਂ ਹੈ। ਆਪਣਾ ਤੋਲ ਉਹ ਆਪ ਹੀ ਤੁਲਾਉਂਦਾ ਹੈ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਗੁਰਮਤਿ ਦੀ ਸੱਚੀ ਸੋਝੀ ਪਾ ਕੇ ਆਪ ਹੀ ਉਸ ਤੇ ਚਲਾਉਂਦਾ ਹੈ, ਆਪਣਾ ਨਾਮ ਬਖਸ਼ ਕੇ ਆਪ ਹੀ ਉਸ ਤੇ ਦ੍ਰਿੜ ਕਰਕੇ ਚਲਾਉਂਦਾ ਹੈ, ਆਪਣਾ ਅਜਰ ਆਪ ਹੀ ਜਰਾਉਂਦਾ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। (**ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ॥**)

“ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ॥੪॥੯॥”

ਜੋ ਉਸ ਦਾ ਤੋਲ ਤੁਲਣਾ ਹੈ ਉਹੀ ਉਸਦਾ ਅਜਰ ਜਰਨਾ ਹੈ। ਤੋਲ ਅਸੀਂ ਗੁਰੂ ਦੇ ਬਚਨਾਂ ਦਾ ਹੀ ਤੁਲਣਾ ਹੈ ਭਾਵ ਗੁਰੂ ਨੇ ਆਪਣੇ ਬਚਨਾਂ ਰਾਹੀਂ ਜੋ ਕੁੱਝ ਸਾਨੂੰ ਸਮਝਾਇਆ ਹੈ ਅਸੀਂ ਉਸੇ ਅਨੁਸਾਰ ਵਿਚਰਨਾ ਹੈ ਭਾਵ ਮਨ ਦੀ ਸ਼ੁੱਧੀ ਦੁਆਰਾ ਵਿਚਰਨਾ ਹੈ। ਗੁਰੂ ਦੀ ਦੱਸੀ ਹੋਈ ਗੱਲ ਤੇ ਚੱਲਣਾ ਬਹੁਤ ਔਖਾ ਹੈ, ਉਸਨੂੰ ਜਰਨਾ ਭਾਵ ਸਹਿਣਾ ਬਹੁਤ

17/1859

ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ। ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਬਣ ਕਿਸ ਦੀ ਆਉਂਦੀ ਹੈ, ਪਿਆਰ ਕਿਸ ਦਾ ਜੁੜਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਆਪਣੀ ਬਣਾ ਕੇ ਰੱਖਣਾ ਕੀ ਹੈ, ਪ੍ਰਮਾਤਮਾ ਦੇ ਨਾਲ ਦੋਸਤੀ ਪਾਉਣਾ ਕੀ ਹੈ। ਜਿਸ ਦੀ ਗੁਰਮਤਿ ਦੇ ਨਾਲ ਬਣ ਆਉਂਦੀ ਹੈ ਉਸ ਦੀ ਹੀ ਗੁਰੂ ਪ੍ਰਮਾਤਮਾ ਦੇ ਨਾਲ ਬਣ ਆਉਂਦੀ ਹੈ। ਜਿਸ ਦਾ ਗੁਰਮਤਿ ਦੇ ਨਾਲ ਪਿਆਰ ਹੈ ਭਾਵ ਜੋ ਗੁਰਮਤਿ ਦੇ ਭਉ ਨੂੰ ਕਬੂਲ ਕਰਦਾ ਹੈ ਉਹੀ ਗੁਰੂ ਪ੍ਰਮਾਤਮਾ ਦਾ ਭਉ ਕਬੂਲ ਕਰਦਾ ਹੈ, ਪ੍ਰਮਾਤਮਾ ਦਾ ਭਾਣਾ ਕਬੂਲ ਕਰਦਾ ਹੈ। **(ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ ॥ ੪ ॥ ੯ ॥)**

ਉੱਪਰ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੀ ਅਸਲ ਭਗਤੀ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ ਜੋ ਕਿ ਗੁਰਮਤਿ ਅਨੁਸਾਰ ਜੀਵਨ ਜਿਉਣ ਦਾ ਹੈ। ਬਾਕੀ ਅਸੀਂ ਜੋ ਕੁੱਝ ਵੀ ਹੋਰ ਤਰੀਕੇ ਅਪਣਾਉਂਦੇ ਹਾਂ ਉਹਨਾਂ ਤੇ ਗੁਰਬਾਣੀ ਦੀ ਮੋਹਰ ਨਹੀਂ ਹੈ ਤੇ ਕੇਵਲ ਸਾਡਾ ਭਰਮ ਹੈ। ਆਪਣੇ ਵੱਲੋਂ ਅਸੀਂ ਸਾਰੇ ਹੀ ਆਪਣੇ ਸਰੀਰਕ ਜਪਾਂ ਤਪਾਂ ਆਦਿ ਦੁਆਰਾ, ਕਿਸੇ ਅੱਖਰ ਦੇ ਜਪ ਦੁਆਰਾ ਤੇ ਕੇਵਲ ਪੜੀ ਸੁਣੀ ਜਾਣ ਨੂੰ ਪ੍ਰਮਾਤਮਾ ਦੇ ਨਾਲ ਪਿਆਰ ਪਾਉਣ ਦਾ ਤਰੀਕਾ ਸਮਝਿਆ ਹੋਇਆ ਹੈ, ਆਪਣੇ ਵੱਲੋਂ ਪ੍ਰੇਮਾ ਭਗਤੀ ਸਮਝੀ ਹੋਈ ਹੈ ਪਰ ਕੀ ਸਾਡੀ ਇਹੋ ਜਿਹੀ ਕੋਈ ਗੱਲ ਗੁਰਮਤਿ ਤੇ ਪੂਰੀ ਉਤਰਦੀ ਹੈ, ਨਹੀਂ ਉਤਰਦੀ ਤੇ ਨਾ ਹੀ ਕਦੇ ਪੂਰੀ ਉਤਰ ਸਕਦੀ ਹੈ। ਇਹ ਸਾਡੇ ਸਾਰੇ ਤਰੀਕੇ ਇੱਧਰੋਂ ਉਧਰੋਂ ਸਿੱਖੇ ਹੋਏ ਹੀ ਹਨ ਜੋ ਸਾਨੂੰ ਕੇਵਲ ਗੁਰੂ ਪ੍ਰਮਾਤਮਾ ਤੋਂ ਦੂਰ ਹੀ ਕਰਦੇ ਹਨ, ਸਾਡੀ ਮਨਹਠਿ, ਸਾਡੀ ਹਉਮੈ ਹੀ ਵਧਾਉਂਦੇ ਹਨ ਭਾਵ ਨਾਮ ਤੋਂ ਦੂਰ ਹੀ ਕਰਦੇ ਹਨ। ਜਿਤਨਾ ਜਲਦੀ ਇਸ ਭਰਮ ਵਿੱਚੋਂ ਨਿਕਲ ਜਾਵਾਂਗੇ ਉਤਨੀ ਹੀ ਜਲਦੀ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਣੇ ਸ਼ੁਰੂ ਹੋ ਜਾਵਾਂਗੇ। ਜਦ ਤੱਕ ਅਸੀਂ ਗੁਰਬਾਣੀ ਨੂੰ ਆਪਣਾ ਸਿਰਮੌਰ ਨਹੀਂ ਮੰਨਦੇ ਤਦ ਤੱਕ ਅਸੀਂ ਦੂਜੇ ਤੀਜੇ ਸਿਰਮੌਰਾਂ ਦੇ ਜਾਲ ਵਿੱਚ ਹੀ ਫਸੇ ਰਹਾਂਗੇ ਜਿੰਨ੍ਹਾਂ ਨੇ ਸਾਨੂੰ ਇਹ ਸਭ ਜਪ ਤਪ ਆਦਿ ਸਿਖਾਏ ਹੋਏ ਹਨ।

ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ

17/1860

ਸਮਝਿਆ ਹੈ ਕਿ ਜਦ ਤੱਕ ਸਾਨੂੰ ਸੱਚੀ ਸੋਝੀ ਹੀ ਨਹੀਂ ਪੈਂਦੀ ਤਦ ਤੱਕ ਅਸੀਂ ਮਨ ਦੀ ਅਗਿਆਨਤਾ ਕਰਕੇ ਹੀ ਅਨੇਕਾਂ ਤਰ੍ਹਾਂ ਦੇ ਸਰਗੁਣ ਰੂਪ ਤਰੀਕੇ ਅਪਣਾਈ ਜਾਂਦੇ ਹਾਂ ਤੇ ਉਮੀਦ ਲਾਈ ਬੈਠੇ ਹਾਂ ਕਿ ਇਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਮਿਲ ਜਾਂਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਮਨ ਦੀ ਸੋਝੀ ਹੈ, ਇਸ ਮਨ ਨੂੰ ਜਾਨਣਾ ਹੈ ਜਿੱਥੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਜਦ ਤੱਕ ਅਸੀਂ ਆਪਣੀ ਮਨਮਤਿ ਛੱਡ ਕੇ ਗੁਰੂ ਦੇ ਸੱਚੇ ਗਿਆਨ ਨਾਲ ਨਹੀਂ ਜੁੜਦੇ ਭਾਵ ਗੁਰੂ ਤੇ ਆਪਣਾ ਪੂਰਨ ਭਰੋਸਾ ਨਹੀਂ ਟਿਕਾਉਂਦੇ ਅਸੀਂ ਪ੍ਰਮਾਤਮਾ ਦਾ ਜਪਣਾ ਨਹੀਂ ਜਾਣ ਸਕਦੇ। ਹਰ ਕੋਈ ਭਰਮ ਵਿੱਚ ਹੀ ਹੈ ਤੇ ਅਸੀਂ ਭਰਮ ਵਿੱਚੋਂ ਕਿਵੇਂ ਨਿਕਲਣਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਪ ਸਕੀਏ ਇਹੀ ਗੱਲ ਅਸੀਂ ਅਗਲੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਣੀ ਹੈ।

“ਮੂੜੇ ਕਾਇਚੇ ਭਰਮਿ ਭੁਲਾ॥
ਨਹ ਚੀਨਿਆ ਪਰਮਾਨੰਦੁ ਬੈਰਾਗੀ॥੧॥ਰਹਾਉ॥
ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੨॥
ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੩॥੯॥”

(ਅੰਗ ੯੯੧)

ਉੱਪਰ ਰਹਾਉ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਮੂਰਖ ਕਿਸ ਲਈ ਕਿਹਾ ਹੈ, ਸਭ ਨੂੰ ਮੂਰਖ ਕਿਸ ਲਈ ਕਿਹਾ ਹੈ। **(ਮੂੜੇ ਕਾਇਚੇ ਭਰਮਿ ਭੁਲਾ॥)** ਇਸ ਗੱਲ ਦਾ ਜਵਾਬ ਨਾਲ ਹੀ ਦਿੱਤਾ ਹੋਇਆ ਹੈ।

“ਨਹ ਚੀਨਿਆ ਪਰਮਾਨੰਦੁ ਬੈਰਾਗੀ॥੧॥ਰਹਾਉ॥”

ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਜਦ ਤੱਕ ਅਸੀਂ ਉਸਨੂੰ ਆਪਣੇ ਅੰਦਰੋਂ ਜਾਣਦੇ ਨਹੀਂ ਅਸੀਂ ਭੁੱਲੇ ਹੋਏ ਹੀ ਹਾਂ ਭਾਵ ਹਰ ਕੋਈ ਭਰਮ ਵਿੱਚ ਹੀ ਹੈ। ਅਸਲ ਵਿੱਚ ਜੋ ਕੁੱਝ ਅਸੀਂ ਹਾਂ ਸਾਨੂੰ ਉਸ ਗੱਲ ਦੀ ਸੋਝੀ ਨਹੀਂ ਹੈ, ਇਹ ਸਾਡਾ ਭਰਮ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਅਸੀਂ ਆਪਣੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਹੀ ਸਮਝਦੇ ਹਾਂ ਤੇ ਇਸ ਅਵੱਸਥਾ ਦੁਆਰਾ ਨਾ ਹੀ ਕਿਸੇ ਹੋਰ ਵਿੱਚ ਸਾਨੂੰ ਪ੍ਰਮਾਤਮਾ ਦਾ ਰੂਪ ਨਜ਼ਰ ਆਉਂਦਾ ਹੈ। ਸਾਡੇ

17/1861

ਵਿੱਚ ਤੇ ਪ੍ਰਮਾਤਮਾ ਵਿੱਚ ਇਹ ਭਰਮ ਦਾ ਪੜਦਾ ਹੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਤੇ ਆਪਣੇ ਆਪ

ਨੂੰ ਜਾਨਣ ਵਿੱਚ, ਪ੍ਰਮਾਤਮਾ ਨੂੰ ਜਾਨਣ ਵਿੱਚ ਸਭ ਨੂੰ ਭਰਮ ਵਿੱਚ ਹੀ ਰੱਖਿਆ ਹੋਇਆ ਹੈ। ਭਰਮ ਵਿੱਚ ਰਹਿੰਦੇ ਹੋਏ ਅਸੀਂ ਇਹ ਨਹੀਂ ਜਾਣ ਸਕਦੇ ਕਿ ਸਾਡਾ ਭਰਮ ਕੀ ਹੈ। ਭਰਮ ਉਹ ਹੈ ਜਦੋਂ ਅਸੀਂ ਸੱਚੀ ਗੱਲ ਨੂੰ ਝੂਠੀ ਸਮਝਦੇ ਹਾਂ ਤੇ ਝੂਠੀ ਗੱਲ ਨੂੰ ਸੱਚ ਸਮਝਦੇ ਹਾਂ। ਅਸੀਂ ਆਪਣੇ ਵੱਲੋਂ ਜੋ ਕੁੱਝ ਵੀ ਕਰਦੇ ਹਾਂ ਭਾਵ ਜੋ ਕੁੱਝ ਧਰਮ ਕਰਮ ਕਰਦੇ ਹਾਂ, ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਅਪਣਾਉਂਦੇ ਹਾਂ ਉਹਨਾਂ ਨੂੰ ਸੱਚ ਸਮਝ ਕੇ ਹੀ ਅਪਣਾਉਂਦੇ ਹਾਂ। ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਹੀ ਤਰੀਕੇ ਅਪਣਾਉਂਦੇ ਹਾਂ ਜਿੰਨ੍ਹਾਂ ਦਾ ਬਾਣੀ ਦੇ ਵਿੱਚ ਵਾਰ-ਵਾਰ ਜਿਕਰ ਕੀਤਾ ਹੋਇਆ ਹੈ ਤੇ ਨਾਲ ਹੀ ਉਹਨਾਂ ਦਾ ਖੰਡਨ ਕੀਤਾ ਹੋਇਆ ਹੈ। ਭਰਮ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਅਸੀਂ ਉਸ ਦੀ ਗੱਲ ਮੰਨੀਏ ਜਿਸ ਨੇ ਉਸ ਪਰਮਾਨੰਦ ਬੈਰਾਗੀ ਨੂੰ ਚੀਨਿਆ ਹੋਇਆ ਹੈ, ਜਾਣਿਆ ਹੋਇਆ ਹੈ। ਗੁਰਬਾਣੀ ਨੇ ਉਸ ਪ੍ਰਮਾਤਮਾ ਨੂੰ ਜਾਣਿਆ ਹੋਇਆ ਹੈ ਤੇ ਇਸੇ ਲਈ ਗੁਰਬਾਣੀ ਭਰਮ ਤੋਂ ਰਹਿਤ ਹੈ। ਗੁਰਬਾਣੀ ਇਹ ਜਾਣਦੀ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ। ਜੋ ਤਰੀਕਾ ਜਾਣਦਾ ਹੈ ਉਹੀ ਸਾਨੂੰ ਸਮਝਾ ਸਕਦਾ ਹੈ। ਅਸੀਂ ਕੁੱਝ ਪਿੱਛੇ ਇਹ ਜਾਣਿਆ ਹੈ ਕਿ ਹਰ ਕੋਈ ਉਸਨੂੰ ਇੱਧਰੋਂ ਉਧਰੋਂ ਸਿੱਖੇ ਹੋਏ ਤਰੀਕਿਆਂ ਦੁਆਰਾ ਹੀ ਪਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਉਸਨੂੰ ਪਾਉਣ ਦਾ ਤਰੀਕਾ ਉਹੀ ਜਾਣਦਾ ਹੈ ਜਿਸ ਨੂੰ ਪ੍ਰਮਾਤਮਾ ਨੇ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਸਮਝਾਇਆ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੇ ਰਚਨ ਵਾਲਿਆਂ ਨੂੰ ਸਮਝਾਇਆ ਹੈ। **(ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ॥ ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ॥੩॥)**

ਪ੍ਰਮਾਤਮਾ ਨੇ ਆਪਣੇ ਆਪ ਨੂੰ ਪਾਉਣ ਦਾ ਜਿਹੋ ਜਿਹਾ ਤਰੀਕਾ ਭਗਤਾਂ ਰਾਹੀਂ, ਭੱਟ ਸਾਹਿਬਾਨ ਰਾਹੀਂ, ਗੁਰੂ ਸਾਹਿਬਾਨ ਰਾਹੀਂ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਸਮਝਾਇਆ ਹੈ ਉਹੀ ਕੁੱਝ ਉਹਨਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ। **(ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ॥੩॥)**

17/1862

ਭਰਮ ਉਹਨਾਂ ਦਾ ਹੀ ਨਿਕਲਦਾ ਹੈ ਜਿਸ ਦਾ ਭਰਮ ਪ੍ਰਮਾਤਮਾ ਆਪ ਮਨ ਰਾਹੀਂ ਪ੍ਰਗਟ ਹੋ ਕੇ ਕੱਢਦਾ ਹੈ। ਸਾਡੇ ਲਈ ਸਮਝਣ ਦੀ ਗੱਲ ਇਹ ਹੈ ਕਿ ਅਸੀਂ ਗੁਰੂ ਨੂੰ ਜਿਆਦਾ ਸਿਆਣਾ ਸਮਝਦੇ ਹਾਂ ਜਾਂ ਉਹਨਾਂ ਨੂੰ ਜਿਆਦਾ ਸਮਝਦੇ ਹਾਂ ਜਿੰਨ੍ਹਾਂ ਦੇ ਅਸੀਂ ਪਿੱਛੇ ਲੱਗਦੇ ਹਾਂ। ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦੇ ਤਰੀਕੇ ਸਿੱਖੇ ਹਨ ਜੇਕਰ ਉਹਨਾਂ ਉੱਤੇ ਅਸੀਂ ਚੱਲਦੇ ਹਾਂ ਤਾਂ ਫਿਰ ਇਸਦਾ ਮਤਲਬ ਇਹ ਹੈ ਕਿ ਅਸੀਂ ਉਹਨਾਂ ਨੂੰ ਗੁਰੂ ਨਾਲੋਂ ਜਿਆਦਾ ਸਿਆਣਾ ਸਮਝਦੇ ਹਾਂ ਭਾਵ ਉਹਨਾਂ ਨੂੰ ਭਰਮ ਰਹਿਤ ਸਮਝਦੇ ਹਾਂ ਤੇ ਗੁਰੂ ਨੂੰ ਭਰਮ ਵਿੱਚ ਸਮਝਦੇ ਹਾਂ। ਜੇਕਰ ਗੁਰੂ ਦੀ ਗੱਲ ਨੂੰ ਅਸੀਂ ਮੰਨਣਾ ਵੀ ਨਹੀਂ ਚਾਹੁੰਦੇ ਫਿਰ ਅਸੀਂ ਗੁਰੂ ਨੂੰ ਸਿਆਣਾ ਕਿਸ ਲਈ ਕਹਿੰਦੇ ਹਾਂ ਭਾਵ ਕੇਵਲ ਆਪਣਾ ਦਿਖਾਵਾ ਹੀ ਕਰਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ ਪਿਆਰ ਅਸੀਂ ਉਸੇ ਦੇ ਨਾਲ ਕਰਦੇ ਹਾਂ ਜਿਸ ਦੇ ਅਸੀਂ ਬਚਨ ਮੰਨਦੇ ਹਾਂ, ਜਿਸ ਨੂੰ ਉੱਚਾ ਵੇਖਣ ਵਿੱਚ ਸਾਨੂੰ ਹਮਦਰਦੀ ਮਹਿਸੂਸ ਹੁੰਦੀ ਹੈ, ਚਿੰਤਾ ਮਹਿਸੂਸ ਹੁੰਦੀ ਹੈ। ਇਹੀ ਸਾਡਾ ਭਰਮ ਹੈ ਜਦੋਂ ਅਸੀਂ ਕਿਸੇ ਨੂੰ ਗੁਰੂ ਨਾਲੋਂ ਜਿਆਦਾ ਸਿਆਣਾ ਸਮਝਦੇ ਹਾਂ। ਗੁਰੂ ਸਾਨੂੰ ਵਾਰ-ਵਾਰ ਸਮਝਾ ਰਿਹਾ ਹੈ ਕਿ ਸਾਡੇ ਸਾਰੇ ਸਰੀਰਕ ਜਪ ਤਪ ਸਾਡੀਆਂ ਚਤੁਰਾਈਆਂ ਹਨ ਪਰ ਫਿਰ ਵੀ ਅਸੀਂ ਉਹਨਾਂ ਨੂੰ ਛੱਡਦੇ ਨਹੀਂ ਕਿਉਂਕਿ ਜਿੰਨ੍ਹਾਂ ਨੇ ਸਾਨੂੰ ਸਿਖਾਇਆ ਹੈ ਉਹਨਾਂ ਨੂੰ ਅਸੀਂ ਗੁਰੂ ਨਾਲੋਂ ਜਿਆਦਾ ਸਿਆਣਾ ਮੰਨਦੇ ਹਾਂ, ਉਹਨਾਂ ਤੇ ਸਾਨੂੰ ਭਰੋਸਾ ਜਿਆਦਾ ਹੈ। ਜੋ ਸਾਨੂੰ ਗਿਣਤੀਆਂ ਮਿਣਤੀਆਂ ਵਿੱਚ ਪਾਉਂਦੇ ਹਨ ਅਸੀਂ ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ ਪਰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਜੋ ਸਾਨੂੰ ਸਮਝਾਉਂਦਾ ਹੈ ਕਿ ਇਹ ਗੱਲਾਂ ਸਾਨੂੰ ਉਲਟਾ ਦੂਰ ਕਰਦੀਆਂ ਹਨ, ਇੱਕ ਕਦਮ ਅੱਗੇ ਜਾਣ ਦੀ ਬਜਾਇ ਦਸ ਕਦਮ ਪਿੱਛੇ ਖਿੱਚਦੀਆਂ ਹਨ। ਗੁਰਬਾਣੀ ਸਾਨੂੰ ਸਮਝਾ ਰਹੀ ਹੈ ਕਿ ਰਿਧੀਆਂ ਸਿਧੀਆਂ ਸਭ ਮੋਹ ਹਨ ਭਾਵ ਮੋਹ ਮਾਇਆ ਹੈ ਜੋ ਸਾਨੂੰ ਮਾਇਆ ਵਿੱਚ ਹੋਰ ਫਸਾਉਂਦੀਆਂ ਹਨ ਤੇ ਜਿੱਥੇ ਇਹ ਰਿਧੀਆਂ ਸਿਧੀਆਂ ਹੁੰਦੀਆਂ ਹਨ ਉੱਥੇ ਪ੍ਰਮਾਤਮਾ ਆਪਣੇ ਆਪ ਨੂੰ ਨਹੀਂ ਵਸਾਉਂਦਾ ਪਰ ਭਰਮ ਵਿੱਚ ਰਹਿੰਦੇ ਹੋਏ ਅਸੀਂ ਉਹਨਾਂ ਨੂੰ ਹੀ ਰੱਬ ਦਾ ਰੂਪ ਸਮਝਦੇ ਹਾਂ, ਪ੍ਰਮਾਤਮਾ ਦੇ ਨਾਲ ਜੁੜੇ ਹੋਏ ਸਮਝਦੇ ਹਾਂ।

17/1863

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥}

(ਅੰਗ ੫੯੩)

ਇਹ ਰਿਧੀਆਂ ਸਿਧੀਆਂ ਵਾਲੇ ਆਪ ਮਾਇਆ ਮੋਹ ਵਿੱਚ ਹਨ, ਭਰਮ ਵਿੱਚ ਹਨ ਤੇ ਜੋ ਵੀ ਇਹਨਾਂ ਦੇ ਪਿੱਛੇ ਲੱਗਦੇ ਹਨ,

ਭਰਮ ਦੇ ਵਿੱਚ ਹੀ ਇਹਨਾਂ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਦੇ ਹਨ। ਇਸੇ ਤਰ੍ਹਾਂ ਬਾਣੀ ਵਿੱਚ ਸਾਡੇ ਅਨੇਕਾਂ ਹੀ ਅਨੇਕਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਭਾਵ ਉਹਨਾਂ ਨੂੰ ਸਾਡਾ ਭਰਮ ਦੱਸਿਆ ਹੋਇਆ ਹੈ। ਉੱਪਰ ਪੂਰੇ ਸ਼ਬਦ ਦਾ ਸਾਰ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਸਾਨੂੰ ਇਹ ਸਮਝਾਇਆ ਹੈ ਕਿ ਅਸੀਂ ਉਸ ਦੇ ਪਿੱਛੇ ਲੱਗੀਏ ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ।

(ਮੂੜੇ ਕਾਇਚੇ ਭਰਮਿ ਭੁਲਾ॥ ਨਹ ਚੀਨਿਆ ਪਰਮਾਨੰਦੁ ਬੈਰਾਗੀ॥੧॥ਰਹਾਉ॥)

ਭਰਮ ਦੇ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਉਸ ਅੰਮ੍ਰਿਤ ਦੀ ਪ੍ਰਾਪਤੀ ਹੋ ਸਕਦੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ॥”

“ਅਜਰ” ਕੀ ਹੈ ਇਸਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ। “ਅਜਰ” “ਗੁਰਮਤਿ” ਹੈ। ਕੇਵਲ ਗੁਰਮਤਿ ਹੀ ਭਰਮ ਰਹਿਤ ਹੈ ਕਿਉਂਕਿ ਇਹ ਉਸ ਪ੍ਰਮਾਤਮਾ ਦੇ ਕੋਲੋਂ ਆਈ ਹੈ, ਪਰਮਾਨੰਦ ਬੈਰਾਗੀ ਦੇ ਕੋਲੋਂ ਆਈ ਹੈ। ਸਾਡੇ ਕੋਲ ਇੱਕੋ ਇੱਕ ਸਾਧਨ ਇਹ ਹੈ ਕਿ ਅਸੀਂ ਗੁਰਮਤਿ ਨੂੰ ਪਕੜ ਕੇ ਰੱਖੀਏ ਭਾਵ ਇਸ ਤੇ ਪੂਰੀ ਤਰ੍ਹਾਂ ਟਿਕੀਏ ਭਾਵ ਇਸ ਨੂੰ ਆਪਣੇ ਅੰਦਰ ਦ੍ਰਿੜ ਕਰੀਏ ਭਾਵ ਕੇਵਲ ਗੁਰਮਤਿ ਨੂੰ ਹੀ ਸਿਆਣਾ ਸਮਝੀਏ ਤੇ ਕਿਸੇ ਹੋਰ ਨੂੰ ਇਸ ਤੋਂ ਜਿਆਦਾ ਸਿਆਣਾ ਨਾ ਸਮਝੀਏ। ਗੁਰੂ ਆਪਣੀ ਗੁਰਮਤਿ ਦੁਆਰਾ ਹੀ ਸਿਆਣਾ ਹੈ ਤੇ ਗੁਰਮਤਿ ਨੂੰ ਸਿਆਣਾ ਮੰਨਣਾ ਹੀ, ਕੇਵਲ ਗੁਰਮਤਿ ਤੇ ਭਰੋਸਾ ਰੱਖਣਾ ਹੀ ਗੁਰੂ ਤੇ ਭਰੋਸਾ ਰੱਖਣਾ ਹੈ। ਸਾਡੇ ਅੰਦਰ ਦੇ ਭਰਮ ਨੂੰ, ਅਗਿਆਨਤਾ ਨੂੰ ਕੇਵਲ ਗੁਰੂ ਦੀ ਸੱਚੀ ਮਤਿ ਹੀ ਸਾੜ ਸਕਦੀ ਹੈ ਭਾਵ ਸਾਨੂੰ ਭਰਮ ਵਿੱਚੋਂ ਕੱਢ ਸਕਦੀ ਹੈ। ਉਹ ਤਾਂ ਹੀ ਕੱਢੇਗੀ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ। ਜੇਕਰ ਗੁਰੂ ਸਾਨੂੰ ਆਪਣੀ ਗੁਰਮਤਿ ਰਾਹੀਂ ਇਹ ਸਮਝਾਉਂਦਾ ਹੈ ਕਿ ਸਾਡੇ ਜਪ ਤਪ

ਸਭ ਚਤੁਰਾਈ ਹਨ, ਸਾਡੇ ਵੇਸ ਭੇਖ ਕਿਸੇ ਲੇਖੇ ਨਹੀਂ ਹਨ ਤੇ ਇਹਨਾਂ ਨੂੰ ਛੱਡਣ ਲਈ ਸਮਝਾਇਆ ਹੈ ਤੇ ਜਦ ਤੱਕ ਅਸੀਂ ਇਹਨਾਂ ਨੂੰ ਛੱਡਦੇ ਨਹੀਂ ਇਸ ਦਾ ਮਤਲਬ ਇਹ ਹੈ ਕਿ ਸਾਡੇ ਮਨ ਦਾ ਭਰਮ ਨਹੀਂ ਨਿਕਲਿਆ, ਸਾਡੇ ਮਨ ਦੀ ਦੁਬਿਧਾ ਦੂਰ ਨਹੀਂ ਹੋਈ ਭਾਵ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਇਆ। ਵਿਸ਼ਵਾਸ ਸਾਨੂੰ ਅਜੇ ਉਹਨਾਂ ਤੇ ਹੀ ਹੈ ਜਿੰਨ੍ਹਾਂ ਨੇ ਸਾਨੂੰ ਇਹ ਸਭ ਕੁੱਝ ਸਿਖਾਇਆ ਹੈ। ਸਾਨੂੰ ਗੁਰੂ ਦੀ ਜਿਹੜੀ ਗੱਲ ਤੇ ਵਿਸ਼ਵਾਸ ਆ ਜਾਂਦਾ ਹੈ ਉਸ ਗੱਲ ਨੂੰ ਅਸੀਂ ਮੰਨਣਾ ਕਬੂਲ ਕਰਦੇ ਹਾਂ। ਬਿਨ੍ਹਾਂ ਵਿਸ਼ਵਾਸ ਤੋਂ ਕਿਸੇ ਗੱਲ ਨੂੰ ਮੰਨਿਆ ਨਹੀਂ ਜਾ ਸਕਦਾ ਤੇ ਜਦ ਤੱਕ ਵਿਸ਼ਵਾਸ ਨਹੀਂ ਆਉਂਦਾ ਤਦ ਤੱਕ ਇਹ ਸਾਡਾ ਭਰਮ ਹੈ, ਦੁਬਿਧਾ ਹੈ।

(ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥੧॥)

ਜਿਸ ਦਿਨ ਤੁਹਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਆ ਜਾਵੇਗਾ ਕਿ ਸਾਡੇ ਜਪ ਤਪ ਆਦਿ ਕਿਸੇ ਲੇਖੇ ਨਹੀਂ ਹਨ ਤਾਂ ਹੀ ਅਸੀਂ ਇਸ ਭਰਮ ਵਿੱਚੋਂ ਨਿਕਲਾਂਗੇ ਤੇ ਉਹ ਕੁੱਝ ਨਹੀਂ ਕਰਾਂਗੇ ਜਿਸਨੂੰ ਅਸੀਂ ਹੁਣ ਤੱਕ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ। ਸਾਡੇ ਵੇਸ ਭੇਖ ਚਤੁਰਾਈਆਂ ਕੀ ਹਨ ਇਸ ਗੱਲ ਨੂੰ ਅਸੀਂ ਕੁੱਝ ਪਿੱਛੇ ਹੀ ਸਮਝਿਆ ਹੈ ਜਿਸ ਨੂੰ ਮਨ ਵਿੱਚ ਬੈਠਾਉਣ ਦੀ ਲੋੜ ਹੈ। **(ਅਜਰ ਗਹੁ ਜਾਰਿ ਲੈ)**

ਜਦ ਤੱਕ ਅਸੀਂ ਗੁਰਮਤਿ ਤੇ ਟਿਕਦੇ ਨਹੀਂ ਤਦ ਤੱਕ ਸਾਡਾ ਭਰਮ ਨਹੀਂ ਜਾ ਸਕਦਾ। ਅਸੀਂ ਉਹਨਾਂ ਦੇ ਪਿੱਛੇ ਲੱਗੇ ਹੋਏ ਹਾਂ ਜੋ ਆਪ ਭਰਮ ਵਿੱਚ ਹਨ।

ਪੰਗਤੀ ਦੀ ਅਗਲੀ ਗੱਲ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਭਰਮ ਵਿੱਚੋਂ ਨਿਕਲ ਸਕੀਏ।

“ਅਜਰ ਗਹੁ ਜਾਰਿ ਲੈ”

ਜੋ ਅਜਰ ਹੈ ਉਹੀ ਅਮਰ ਹੈ। ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਆਪ ਅਮਰ ਹੈ ਜੋ ਸਦਾ ਰਹਿਣ ਵਾਲਾ ਹੈ ਤੇ ਕਦੇ ਮਰ ਨਹੀਂ ਸਕਦਾ। ਉਹ ਆਪਣੇ ਨਿਰਗੁਣ ਦੁਆਰਾ ਅਮਰ ਹੈ ਜੋ ਪੰਜਾਂ ਤੱਤਾਂ ਤੋਂ ਬਾਹਰ ਹੈ, ਜਨਮ ਮਰਨ ਤੋਂ ਰਹਿਤ ਹੈ। ਗੁਰੂ ਰੂਪ ਉਸਦਾ ਆਪਣਾ ਹੀ ਰੂਪ ਹੈ ਜੋ ਕਿ ਉਸਦਾ ਅਮਰ ਰੂਪ

17/1865

ਹੈ।ਅਮਰ ਰੂਪ ਉਸਦਾ ਸ਼ਬਦ ਰੂਪ ਹੈ ਜਿਸ ਰੂਪ ਦੁਆਰਾ ਉਹ ਆਪ ਹੀ ਗੁਰੂ ਹੈ। ਗੁਰਬਾਣੀ ਪ੍ਰਮਾਤਮਾ ਦਾ ਸ਼ਬਦ ਹੈ ਜੋ ਉਸਦਾ ਅਮਰ ਰੂਪ ਹੈ। ਉਸਦਾ ਗੁਰੂ ਰੂਪ ਸਾਨੂੰ ਗਿਆਨ ਹੀ ਦਿੰਦਾ ਹੈ, ਸੱਚਾ ਗਿਆਨ ਹੀ ਦਿੰਦਾ ਹੈ ਜਿਸ ਦੇ ਅੰਦਰ ਰੱਤੀ ਭਰ ਵੀ ਭਰਮ ਨਹੀਂ ਹੈ। ਅਮਰ ਗੁਰੂ ਦੇ ਸੱਚੇ ਬੋਲ ਹਨ, ਉਸਦੀ ਸੱਚੀ ਸੋਝੀ ਹੈ ਜੋ ਸਦਾ ਹੀ ਸੱਚ ਰਹਿਣ ਵਾਲੀ ਹੈ ਭਾਵ ਜਿਸਨੂੰ ਕਦੇ ਵੀ ਝੂਠ ਸਾਬਿਤ ਨਹੀਂ ਕੀਤਾ ਜਾ ਸਕਦਾ। ਗੁਰੂ ਦੇ ਸੱਚੇ ਬੋਲ ਬ੍ਰਹਮ ਗਿਆਨ ਹਨ। ਬ੍ਰਹਮ ਗਿਆਨ ਕਦੇ ਬਿਨਸ ਨਹੀਂ ਸਕਦਾ। ਬ੍ਰਹਮ ਗਿਆਨ ਸਦਾ ਰਹਿਣ ਵਾਲਾ ਹੈ ਜੋ ਕਿ ਨਿਰਗੁਣ ਰੂਪ ਹੈ। ਬ੍ਰਹਮ ਗਿਆਨ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਰੂਪ ਦੁਆਰਾ ਉਹ ਪੰਜਾਂ ਤੱਤਾਂ ਤੋਂ ਬਾਹਰ ਹੈ ਤੇ ਅਮਰ ਹੈ। ਅਮਰ ਬ੍ਰਹਮ ਗਿਆਨ ਹੈ ਜੋ ਭਰਮ ਤੋਂ ਰਹਿਤ ਹੈ। ਜੋ ਗੱਲ ਅਸੀਂ ਭਰਮ ਵਿੱਚ ਕਹਿੰਦੇ ਹਾਂ, ਦੁਬਿਧਾ ਵਿੱਚ, ਦੁਚਿੱਤੀ ਵਿੱਚ ਕਹਿੰਦੇ ਹਾਂ ਸਾਡੇ ਉਹ ਬੋਲ ਬਿਨਸ ਸਕਦੇ ਹਨ ਭਾਵ ਕਦੇ ਵੀ ਝੂਠੇ ਸਾਬਿਤ ਹੋ ਸਕਦੇ ਹਨ ਭਾਵੇਂ ਹਜ਼ਾਰਾਂ ਸਾਲ ਲੱਗ ਜਾਣ। ਜਿੱਥੇ ਭਰਮ ਹੈ ਉਹ ਗੱਲ ਕੱਚੀ ਹੈ ਜਿਸ ਦੀ ਮਿਆਦ ਪੱਕੀ ਨਹੀਂ ਹੈ। ਬ੍ਰਹਮ ਗਿਆਨ ਦੁਆਰਾ ਉਚਾਰੀ ਹੋਈ ਗੱਲ ਸਦਾ ਹੀ ਸੱਚੀ ਹੈ। ਪੂਰੀ ਗੁਰਬਾਣੀ ਬ੍ਰਹਮ ਗਿਆਨ ਹੈ ਜਿਸ ਦੁਆਰਾ ਸਾਨੂੰ ਗੁਰੂ ਨੇ ਆਪਣੀ ਗੁਰਮਤਿ ਸਮਝਾਈ ਹੈ। ਪੂਰੀ ਗੁਰਮਤਿ ਅਮਰ ਹੈ, ਗੁਰਬਾਣੀ ਸਦਾ ਲਈ ਅਮਰ ਰਹਿਣ ਲਈ ਹੈ ਜਿਸ ਦੇ ਬੋਲ ਕਦੇ ਗਲਤ ਸਾਬਿਤ ਨਹੀਂ ਹੋ ਸਕਦੇ। ਸਾਨੂੰ ਝੂਠੀ ਜਾਂ ਸੱਚੀ ਗੱਲ ਦਾ ਨਿਸਤਾਰਾ ਸਾਇੰਸ ਕਰ ਕੇ ਦਿਖਾਉਂਦੀ ਹੈ। ਗੁਰਬਾਣੀ ਸਾਇੰਟਿਫਿਕ ਰਚਨਾ ਹੈ ਜੋ ਸਦਾ ਹੀ ਸਾਇੰਸ ਦੀ ਕਸਵੱਟੀ ਤੇ ਪੂਰੀ ਹੈ ਤੇ ਪੂਰੀ ਹੀ ਰਹੇਗੀ। ਬ੍ਰਹਮ ਗਿਆਨ ਉਹ ਗਿਆਨ ਹੈ ਜੋ ਸਾਇੰਟਿਫਿਕਲੀ ਸੱਚ ਹੈ, ਸਾਇੰਟਿਫਿਕਲੀ ਪਰਫੈਕਟ ਹੈ ਜਿਸ ਕਰਕੇ ਉਹ ਅਮਰ ਹੈ। ਸਾਇੰਸ ਅਮਰ ਹੈ ਕਿਉਂਕਿ ਉਹ ਪ੍ਰਮਾਤਮਾ ਦੇ ਬਣਾਏ ਹੋਏ ਸਾਇੰਟਿਫਿਕ ਗਿਆਨ ਦੁਆਰਾ ਬੱਝੀ ਹੋਈ ਹੈ, ਬ੍ਰਹਮ ਗਿਆਨੀ ਦੇ ਬ੍ਰਹਮ ਗਿਆਨ ਦੁਆਰਾ, ਬ੍ਰਹਮ ਗਿਆਨ ਦੇ ਅਸੂਲਾਂ ਦੁਆਰਾ, ਬ੍ਰਹਮ ਗਿਆਨ ਦੀ ਸੋਝੀ ਦੁਆਰਾ, ਗਿਆਨ ਅੰਜਨ ਦੁਆਰਾ ਬੱਝੀ ਹੋਈ ਹੈ। ਸਾਇੰਟਿਫਿਕ ਰੂਪ ਪ੍ਰਮਾਤਮਾ ਦਾ ਆਪਣਾ ਅਮਰ

17/1866

ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਮਰ ਰੂਪ ਹੈ ਜੋ ਹਰ ਕਸਵੱਟੀ ਤੇ ਪੂਰਾ ਉਤਰਦਾ ਹੈ।

ਜੇਕਰ ਅਸੀਂ ਆਪਣੇ ਆਪ ਨੂੰ ਅਮਰ ਬਣਾਉਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਕੇਵਲ ਉਹ ਬੋਲ ਹੀ ਅਮਰ ਬਣਾ ਸਕਦੇ ਹਨ, ਗੁਰਬਾਣੀ ਦੇ ਉਹ ਬਚਨ ਹੀ ਸਾਨੂੰ ਅਮਰ ਬਣਾ ਸਕਦੇ ਹਨ ਜੋ ਆਪ ਅਮਰ ਹਨ। ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰਗੁਣ ਸਰੀਰ ਬਿਨਸ ਚੁੱਕੇ ਹਨ ਪਰ ਉਹ ਅੱਜ ਵੀ ਅਮਰ ਹਨ, ਆਪਣੇ ਬੋਲਾਂ ਦੁਆਰਾ ਅਮਰ ਹਨ ਤੇ ਸਦਾ ਹੀ ਅਮਰ ਰਹਿਣ ਵਾਲੇ ਹਨ।

ਆਪਣੀ ਭਗਤੀ ਕਰਨ ਦਾ ਤਰੀਕਾ ਸਾਨੂੰ ਪ੍ਰਮਾਤਮਾ ਨੇ ਆਪਣੀ ਬਾਣੀ ਰਾਹੀਂ ਸਮਝਾਇਆ ਹੈ, ਗੁਰਬਾਣੀ ਰੂਪ ਸ਼ਬਦਾਂ ਰਾਹੀਂ ਸਮਝਾਇਆ ਹੈ ਜੋ ਕਿ ਪ੍ਰਮਾਤਮਾ ਦੇ ਆਪਣੇ ਹੀ ਬੋਲ ਹਨ। ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਜੁਗਾਂ ਜੁਗਾਂ ਤੋਂ ਇੱਕੋ ਹੀ ਹੈ ਜੋ ਕਿ ਅਟੱਲ ਹੈ ਭਾਵ ਕਦੇ ਬਦਲ ਨਹੀਂ ਸਕਦਾ। ਪ੍ਰਮਾਤਮਾ ਨੇ ਜੋ ਤਰੀਕਾ ਇਕ ਵਾਰੀ ਸਮਝਾ ਦਿੱਤਾ ਹੈ ਉਹ ਕਦੇ ਬਦਲ ਨਹੀਂ ਸਕਦਾ। ਉਸਦੇ ਬੋਲ ਸਦਾ ਥਿਰ ਰਹਿਣ ਵਾਲੇ ਹਨ, ਸਦਾ ਅਮਰ ਰਹਿਣ ਵਾਲੇ ਹਨ ਜੋ ਕਦੇ ਮਿਟ ਨਹੀਂ ਸਕਦੇ। ਆਪਣੇ ਇਹਨਾਂ ਬੋਲਾਂ ਕਰਕੇ ਹੀ ਉਸਦਾ ਗੁਰੂ ਰੂਪ ਅਮਰ ਹੈ। ਅਸੀਂ ਅਮਰ ਤਾਂ ਹੀ ਹੋ ਸਕਦੇ ਹਾਂ ਜੇਕਰ ਸਾਡੀ ਬਿਰਤੀ ਭਾਵ ਮਨ ਦੀ ਸੋਝੀ ਉਹੋ ਜਿਹੀ ਹੋ ਜਾਵੇ ਜਿਹੋ ਜਿਹੀ ਉਸਦੇ ਗੁਰੂ ਰੂਪ ਦੀ ਹੈ। ਉਸਦਾ ਗੁਰੂ ਰੂਪ ਮਨ ਦੀ ਇਸ ਸੋਝੀ ਦੁਆਰਾ ਹੀ ਅਮਰ ਹੈ, ਸੱਚੇ ਗਿਆਨ ਦੁਆਰਾ ਹੀ ਅਮਰ ਹੈ। ਅਮਰ ਅਸਲ ਵਿੱਚ ਸੱਚਾ ਗਿਆਨ ਹੈ। ਗੁਰਮਤਿ ਸੱਚਾ ਗਿਆਨ ਹੈ ਜਿਸਦਾ ਗਿਆਨ ਕਦੇ ਡੋਲ ਨਹੀਂ ਸਕਦਾ ਤੇ ਇਸੇ ਲਈ ਗੁਰਮਤਿ ਅਮਰ ਹੈ।

ਜੇਕਰ ਅਸੀਂ ਆਪਣੇ ਭਰਮ ਨੂੰ ਮਾਰਨਾ ਹੈ ਤਾਂ ਉਸ ਲਈ ਸਾਧਨ ਸਾਡੇ ਕੋਲ ਗੁਰੂ ਦੇ ਬਚਨ ਹੀ ਹਨ ਜੋ ਭਰਮ ਤੋਂ ਰਹਿਤ ਹਨ। ਅਸੀਂ ਆਪਣੀ ਸੋਝੀ ਦੁਆਰਾ ਭਰਮ ਦੇ ਭਰੇ ਹੋਏ ਹਾਂ, ਅਗਿਆਨਤਾ ਦੇ, ਤ੍ਰੈਗੁਣੀ ਗਿਆਨ ਦੇ ਭਰੇ ਹੋਏ ਹਾਂ। ਭਰਮ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਗੁਰੂ ਦੇ ਬਚਨਾਂ ਨੂੰ ਅਸੀਂ ਆਪਣੇ ਮਨ ਦੀ ਸੋਝੀ ਵਿੱਚ ਵਸਾਵਾਂਗੇ ਭਾਵ ਆਪਣੀ ਸੋਝੀ ਨੂੰ ਗੁਰੂ ਦੇ ਕਹੇ ਅਨੁਸਾਰ ਬਦਲਾਂਗੇ। ਜੇਕਰ ਗੁਰੂ ਨੇ ਸਾਨੂੰ ਸਮਝਾਇਆ ਹੈ ਕਿ ਉਸਨੂੰ ਕੇਵਲ ਸੱਚੀ ਕਰਨੀ ਦੁਆਰਾ ਪਾਇਆ ਜਾ ਸਕਦਾ ਹੈ ਤੇ ਕਿਸੇ ਸਰੀਰਕ ਜਪ ਤਪ ਦੁਆਰਾ,

17/1867

ਵੇਸ, ਭੇਖ, ਚਤੁਰਾਈਆਂ ਦੁਆਰਾ ਨਹੀਂ ਪਾਇਆ ਜਾ ਸਕਦਾ ਫਿਰ ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਸੋਝੀ ਨੂੰ ਬਦਲੀਏ ਤੇ ਦੁਬਿਧਾ ਵਿੱਚੋਂ ਨਿਕਲੀਏ। **(ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ)** ਸਾੜਨਾ ਤੇ ਮਾਰਨਾ ਅਸੀਂ ਆਪਣੇ ਭਰਮ ਨੂੰ ਹੀ ਹੈ ਜੋ ਸਾਡਾ ਗੁਰੂ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਹੈ ਤੇ ਇਹੀ ਗੱਲ ਸਾਨੂੰ ਬਾਕੀ ਦੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ॥"

ਸਾਡੇ ਜੀਵਨ ਦਾ ਮਨੋਰਥ ਅੰਮ੍ਰਿਤ ਦੀ ਪ੍ਰਾਪਤੀ ਹੈ ਜੋ ਅੰਮ੍ਰਿਤ ਸਾਡੇ ਲਈ "ਅਪਿਉ" ਹੈ ਭਾਵ ਜੋ ਅੰਮ੍ਰਿਤ ਸਾਨੂੰ ਪ੍ਰਮਾਤਮਾ ਆਪ ਹੀ ਪਿਆਉਂਦਾ ਹੈ। ਇਹ ਮਨ ਦਾ ਅੰਮ੍ਰਿਤ ਹੈ ਜੋ ਕਿ ਸੱਚੇ ਗਿਆਨ ਦਾ ਅੰਮ੍ਰਿਤ ਹੈ। ਭਰਮ ਵਿੱਚੋਂ ਸਾਨੂੰ ਇਸ ਅੰਮ੍ਰਿਤ ਨੇ ਹੀ ਕੱਢਣਾ ਹੈ ਜਿਸ ਦੀ ਪ੍ਰਾਪਤੀ ਦੁਆਰਾ ਉਸ ਅੰਮ੍ਰਿਤ ਦੇ ਭਾਵ ਪ੍ਰਮਾਤਮਾ ਦੇ ਮਨ ਦੇ ਵਿੱਚੋਂ ਹੀ ਦਰਸ਼ਨ ਹੁੰਦੇ ਹਨ। ਪੂਰੀ ਗੁਰਬਾਣੀ ਉਸ ਦੇ ਅੰਮ੍ਰਿਤ ਦੇ ਨਾਲ ਭਰਪੂਰ ਹੈ, ਅੰਮ੍ਰਿਤ ਭੋਜਨ ਨਾਲ ਭਰਪੂਰ ਹੈ। ਪਹਿਲਾਂ ਅਸੀਂ ਇਹੀ ਉੱਦਮ ਕਰਨਾ ਹੈ ਕਿ ਅਸੀਂ ਗੁਰਬਾਣੀ ਦੀ ਸੱਚੀ ਮਤਿ ਨਾਲ ਜੁੜੀਏ ਜੋ ਭਰਮ ਤੋਂ ਰਹਿਤ ਹੈ, ਉਸ ਅਜਰ ਦੇ ਨਾਲ ਜੁੜੀਏ, ਉਸ ਅਮਰ ਦੇ ਨਾਲ ਜੁੜੀਏ ਜੋ ਭਰਮ ਤੋਂ ਰਹਿਤ ਹੈ। ਗੁਰਬਾਣੀ ਦੀ ਮਤਿ ਨਾਲ ਜੁੜੇ ਬਿਨਾਂ ਕੋਈ ਭਰਮ ਵਿੱਚੋਂ ਨਹੀਂ ਨਿਕਲ ਸਕਦਾ। ਜਿਸ ਕਿਸੇ ਦੀ ਵੀ ਦੱਸੀ ਹੋਈ ਗੱਲ ਜੇਕਰ ਗੁਰਬਾਣੀ ਤੇ ਪੂਰੀ ਨਹੀਂ ਉਤਰਦੀ ਫਿਰ ਉਸ ਵਿੱਚ ਭਰਮ ਹੈ। ਭਰਮ ਵਿੱਚੋਂ ਨਿਕਲਣ ਲਈ ਪਹਿਲੇ ਸਾਡੇ ਲਈ ਇਹੀ ਸਮਝਣਾ ਜਰੂਰੀ ਹੈ ਕਿ ਅਸਲ ਵਿੱਚ ਭਰਮ ਕੀ ਹੈ। ਜੋ ਗੱਲ ਗੁਰਬਾਣੀ ਅਨੁਸਾਰ ਨਹੀਂ ਹੈ ਉਹ ਭਰਮ ਹੈ। ਗੁਰਬਾਣੀ ਚੌਥੇ ਪਦ ਵਿੱਚ ਹੈ ਤੇ ਮਨੁੱਖ ਤ੍ਰੈਗੁਣਾਂ ਵਿੱਚ ਹੈ ਜਿਸ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ। ਸਾਨੂੰ ਭਰਮ ਵਿੱਚੋਂ ਕੱਢਣ ਦਾ ਮਾਰਗ ਪ੍ਰਮਾਤਮਾ ਨੇ ਆਪ ਹੀ ਗੁਰਬਾਣੀ ਦੇ ਰੂਪ ਵਿੱਚ ਦਿੱਤਾ ਹੈ ਤੇ ਉਹ ਸੱਚਮੁੱਚ ਅਭਾਗਾ ਹੈ ਜੋ ਗੁਰੂ ਦੀ ਮਤਿ ਤੋਂ ਵਿਛੜਿਆ ਹੋਇਆ ਹੈ।

ਭਰਮ ਵੀ ਸਾਡੇ ਮਨ ਦੇ ਵਿੱਚ ਹੈ ਤੇ ਨਿਕਲਣਾ ਵੀ ਮਨ ਦੇ ਵਿੱਚੋਂ ਹੀ ਹੈ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡੇ ਮਨ ਦੀ ਅਵੱਸਥਾ ਦੀ ਤੁਲਨਾ ਮੱਛੀ ਦੀ ਸਮਝਦਾਰੀ ਦੇ ਨਾਲ ਕਰਕੇ ਦਿਖਾਈ ਹੈ ਕਿ ਅਸੀਂ ਉਹੋ ਜਿਹੀ ਸਮਝਦਾਰੀ ਅਪਣਾਈਏ ਜੋ ਮੱਛੀ ਨੇ ਅਪਣਾਈ ਹੋਈ ਹੈ।

17/1868

"ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੨॥"

ਉਪਰਲੀ ਪੰਗਤੀ ਦੇ ਸ਼ਬਦ ਗਹਿਰਾਈ ਵਿੱਚ ਹਨ। ਇਸ ਪੂਰੇ ਸ਼ਬਦ ਵਿੱਚ ਸਾਨੂੰ ਭਰਮ ਵਿੱਚੋਂ ਨਿਕਲਣਾ ਹੀ ਸਿਖਾਇਆ ਹੋਇਆ ਹੈ ਜਿਵੇਂ ਕਿ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਮੂੜੇ ਕਾਇਚੇ ਭਰਮਿ ਭੁਲਾ॥ ਨਹ ਚੀਨਿਆ ਪਰਮਾਨੰਦੁ ਬੈਰਾਗੀ॥੧॥ਰਹਾਉ॥)**

ਸਾਡੇ ਮਨ ਦੀ ਤੁਲਨਾ ਮੱਛੀ ਦੇ ਮਨ ਦੇ ਨਾਲ ਕੀਤੀ ਹੈ ਤੇ ਗੁਰਮਤਿ ਦੀ ਤੁਲਨਾ ਪਾਣੀ ਨਾਲ ਕੀਤੀ ਹੈ ਜਿਸ ਵਿੱਚ ਮੱਛੀ ਆਪਣਾ ਜੀਵਨ ਬਤੀਤ ਕਰਦੀ ਹੈ। ਸਾਨੂੰ ਆਪਣੇ ਵਿਚਰਨ ਦੀ ਜੁਗਤਿ ਮੱਛੀ ਦੇ ਵਿਚਰਨ ਦੀ ਜੁਗਤਿ ਜਾਣ ਕੇ ਸਿੱਖਿਆ ਲਈ ਪ੍ਰੇਰਿਆ ਹੈ ਭਾਵ ਅਸੀਂ ਉਹੋ ਜਿਹੀ ਜੁਗਤਿ ਅਪਣਾਈਏ ਜੋ ਮੱਛੀ ਨੇ ਅਪਣਾਈ ਹੋਈ ਹੈ। ਫਰਕ ਕੇਵਲ ਭਰਮ ਤੇ ਭਰੋਸੇ ਦਾ ਹੈ। ਅਸੀਂ ਭਰਮ ਦੇ ਨਾਲ ਭਰੇ ਹੋਏ ਹਾਂ ਜਿਸ ਕਰਕੇ ਸਾਡਾ ਗੁਰੂ ਦੀ ਗੱਲ ਤੇ ਭਰੋਸਾ ਨਹੀਂ ਟਿਕਦਾ ਤੇ ਅਸੀਂ ਗੁਰੂ ਦੀ ਗੱਲ ਨੂੰ ਨਹੀਂ ਮੰਨਦੇ। ਮੱਛੀ ਜਲ ਵਿੱਚ ਰਹਿੰਦੀ ਹੈ ਤੇ ਉਸ ਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਜਲ ਦੇ ਬਿਨ੍ਹਾਂ ਉਸਦਾ ਜੀਵਨ ਨਹੀਂ ਹੈ। ਉਹ ਜਾਣਦੀ ਹੈ ਕਿ ਜਲ ਤੋਂ ਬਾਹਰ ਜਾਣ ਵਿੱਚ ਉਸਨੇ ਤੜਪ-ਤੜਪ ਕੇ ਮਰਨਾ ਹੀ ਹੈ, ਦੁੱਖ ਸਹਿ ਕੇ ਮਰਨਾ ਹੈ। ਉਹ ਆਪਣਾ ਪੂਰਾ ਜੀਵਨ ਜਲ ਦੇ ਵਿੱਚ ਹੀ ਬਤੀਤ ਕਰਦੀ ਹੈ। ਜਲ ਦੇ ਵਿੱਚੋਂ ਹੀ ਉਸਨੂੰ ਭੋਜਨ ਮਿਲਦਾ ਹੈ ਤੇ ਉੱਥੇ ਹੀ ਉਸਦਾ ਸਾਰਾ ਜੀਵਨ ਬੀਤਦਾ ਹੈ। ਉਸਨੂੰ ਜਲ ਦੇ ਨਾਲ ਤਨੋਂ ਮਨੋਂ ਪ੍ਰੀਤ ਹੈ ਤੇ ਜਲ ਤੋਂ ਬਿਨ੍ਹਾਂ ਕਿਸੇ ਹੋਰ ਥਾਂ ਜੀਵਨ ਦੀ ਉਸ ਵਿੱਚ ਕੋਈ ਤ੍ਰਿਸ਼ਨਾ ਹੀ ਨਹੀਂ ਹੈ। ਉਹ ਜਲ ਵਿੱਚ ਹੀ ਸੰਤੋਖ ਵਿੱਚ ਹੈ। ਇਸੇ ਲਈ ਬਾਣੀ ਵਿੱਚ ਸਾਨੂੰ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੈ ਕਿ ਅਸੀਂ ਗੁਰੂ ਨਾਲ ਉਹੋ ਜਿਹੀ ਪ੍ਰੀਤ ਜੋੜੀਏ ਜਿਹੋ ਜਿਹੀ ਮੱਛੀ ਨੂੰ ਜਲ ਦੇ ਨਾਲ ਪ੍ਰੀਤ ਹੈ।

ਮਨੁੱਖ ਦੇ ਮਨ ਦੀ ਬਿਰਤੀ ਭਰਮ ਕਰਕੇ ਗੁਰੂ ਦੀ ਮਤਿ ਤੇ ਨਹੀਂ ਟਿਕਦੀ, ਉਸ ਤੇ ਵਿਸ਼ਵਾਸ ਨਹੀਂ ਆਉਂਦਾ ਤੇ ਤਾਂ ਹੀ ਅਸੀਂ ਗੁਰੂ ਦੀ ਗੱਲ ਨੂੰ ਮੰਨ ਨਹੀਂ ਸਕਦੇ। ਸਾਡਾ ਇਹ ਮਨ ਗੁਰਮਤਿ ਦੇ ਵਿੱਚੋਂ ਉੱਡਦਾ ਹੈ, ਮਾਇਆ ਮੋਹ ਕਰ ਕੇ ਉੱਡਦਾ ਹੈ, ਵਿਕਾਰਾਂ ਵਿੱਚ ਉੱਡਦਾ ਹੈ, ਜਿਆਦਾ ਪਦਾਰਥਾਂ ਦੀ

17/1869

ਦੀ ਪ੍ਰਾਪਤੀ ਲਈ ਉੱਡਦਾ ਹੈ। ਇਹੀ ਕਾਰਨ ਹੈ ਕਿ ਸਾਡੀ ਗੁਰਮਤਿ ਦੇ ਨਾਲ ਉਹੋ ਜਿਹੀ ਪ੍ਰੀਤ ਨਹੀਂ ਜੁੜਦੀ ਜਿਹੋ ਜਿਹੀ ਮੱਛੀ ਦੀ ਪ੍ਰੀਤ ਜਲ ਦੇ ਨਾਲ ਜੁੜੀ ਹੋਈ ਹੈ। ਮੱਛੀ ਨੇ ਆਪਣਾ ਸਭ ਕੁੱਝ ਪਾਣੀ ਨੂੰ ਹੀ ਮੰਨਿਆ ਹੋਇਆ ਹੈ ਪਰ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਅਨੇਕਾਂ ਹੀ ਹੋਰਾਂ ਦੇ ਪਿੱਛੇ ਲੱਗ ਜਾਂਦੇ ਹਾਂ, ਹੋਰਾਂ ਦੀ ਮਤਿ ਦੇ ਪਿੱਛੇ ਲੱਗ ਜਾਂਦੇ ਹਾਂ ਜਿੰਨ੍ਹਾਂ ਨੂੰ ਅਸਲ ਭਗਤੀ ਦੀ ਸਮਝ ਨਹੀਂ ਹੈ। ਜਿਉਂ ਜਿਉਂ ਅਸੀਂ ਗੁਰਮਤਿ ਤੋਂ ਬਾਹਰ ਜਾਂਦੇ ਹਾਂ ਭਾਵ ਜਿਉਂ ਜਿਉਂ ਸਾਡਾ ਮਨ ਰੂਪੀ ਹੰਸ, ਮਨ ਦੇ ਵਿਚਾਰ ਰੂਪੀ ਹੰਸ ਗੁਰਮਤਿ ਤੇ ਨਹੀਂ ਟਿਕਦੇ, ਤਿਉਂ ਤਿਉਂ ਸਾਡੀ ਗੁਰਮਤਿ ਰੂਪ ਓਟ, ਗੁਰੂ ਦੀ ਓਟ, ਗੁਰੂ ਦਾ ਆਸਰਾ ਛਿੱਜਦਾ ਜਾਂਦਾ ਹੈ, ਸਾਡੇ ਜੀਵਨ ਦਾ ਆਸਰਾ ਛਿੱਜਦਾ ਜਾਂਦਾ ਹੈ, ਸਾਡਾ ਜੀਵਨ ਵਿਅਰਥ ਹੁੰਦਾ ਜਾਂਦਾ ਹੈ ਭਾਵ ਜੋ ਕੰਮ ਅਸੀਂ ਗੁਰਮਤਿ ਅਨੁਸਾਰ ਨਹੀਂ ਕਰਦੇ ਉਹ ਸਾਡੇ ਜੀਵਨ ਨੂੰ ਬਰਬਾਦ ਕਰੀ ਜਾਂਦੇ ਹਨ, ਛਿੱਜਦੇ ਜਾਂਦੇ ਹਨ ਜੋ ਸਾਡੇ ਦੁੱਖਾਂ ਦਾ ਕਾਰਨ ਬਣਦੇ ਹਨ। **(ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੨॥)**

ਜੇਕਰ ਅਸੀਂ ਪ੍ਰਮਾਤਮਾ ਦੇ ਅਮਰ ਰੂਪ ਵਿੱਚ ਸਮਾਉਣਾ ਚਾਹੁੰਦੇ ਹਾਂ ਤੇ ਆਓ ਫਿਰ ਗੁਰਬਾਣੀ ਦੇ ਬਚਨਾਂ ਵਿੱਚ ਸਮਾਈਏ, ਸਾਧ ਦੇ ਬਚਨਾਂ ਵਿੱਚ ਸਮਾਈਏ, ਉਸ ਦੇ ਨਿਰਗੁਣ ਰੂਪ ਵਿੱਚ ਸਮਾਈਏ ਜੋ ਸਦਾ ਅਮਰ ਰਹਿਣ ਵਾਲਾ ਹੈ, ਜੋ ਰੂਪ ਕਦੇ ਬਿਨਸ ਨਹੀਂ ਸਕਦਾ।

{ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥੧॥ਰਹਾਉ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥੩॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥੪॥੬॥}

(ਅੰਗ ੧੨੦੪)

ਸਾਡਾ ਅਸਲੀ ਸਾਧ ਨਾਲੋਂ ਵਿਛੜਨ ਦਾ ਕਾਰਨ ਭਾਵ ਗੁਰਬਾਣੀ ਰੂਪ ਸਾਧ ਨਾਲੋਂ ਵਿਛੜਨ ਦਾ ਕਾਰਨ ਉਹ ਨਕਲੀ ਸਾਧ ਹਨ ਜੋ ਸੱਚੇ ਸਾਧ ਦੀ ਸੋਝੀ ਪੈਣ ਵਿੱਚ ਰੁਕਾਵਟ ਦਾ ਕੰਮ ਹੀ ਕਰਦੇ ਹਨ। ਸਭ ਤੋਂ ਪਹਿਲਾਂ ਸਾਡੇ ਲਈ ਇਹ ਵਿਸ਼ਵਾਸ ਰੱਖਣਾ ਹੀ ਜਰੂਰੀ ਹੈ ਕਿ ਸੱਚਾ ਸਾਧ ਕੇਵਲ ਇੱਕੋ ਹੀ ਹੈ, ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਬ੍ਰਹਮ ਗਿਆਨ ਹੈ। ਪੂਰੀ ਗੁਰਬਾਣੀ ਬ੍ਰਹਮ ਗਿਆਨ ਹੈ ਤੇ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਗੁਰਬਾਣੀ ਬ੍ਰਹਮ ਗਿਆਨੀ ਹੈ ਜੋ ਸਾਨੂੰ ਸਭ ਨੂੰ ਇੱਕੋ ਜਿਹਾ ਬ੍ਰਹਮ ਗਿਆਨ

17/1870

ਵੰਡ ਰਹੀ ਹੈ। ਗੁਰਬਾਣੀ ਕਿਸੇ ਜੱਥੇਬੰਦੀ ਨਾਲ ਜੁੜੀ ਹੋਈ ਨਹੀਂ ਹੈ, ਕਿਸੇ ਖਾਸ ਅਦਾਰੇ ਨਾਲ ਜੁੜੀ ਹੋਈ ਨਹੀਂ ਹੈ ਜਿਸ ਤੇ ਹਰ ਕੋਈ ਭਰੋਸਾ ਰੱਖ ਸਕਦਾ ਹੈ। ਆਓ ਅਮਲੀ ਰੂਪ ਵਿੱਚ ਗੁਰਬਾਣੀ ਨੂੰ ਗੁਰੂ ਮੰਨੀਏ ਤੇ ਭਰਮ ਵਿੱਚੋਂ ਨਿਕਲੀਏ।

ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਅਜਰ ਜਰਨਾ ਕੀ ਹੈ। ਭਰਮ ਵਿੱਚ ਰਹਿੰਦੇ ਹੋਏ ਅਸੀਂ ਅਜਰ ਨਹੀਂ ਜਰ ਸਕਦੇ। ਭਰਮ ਵਿੱਚ ਰਹਿੰਦੇ ਹੋਏ ਸਾਨੂੰ ਇਹ ਪਹਿਚਾਣ ਹੀ ਨਹੀਂ ਹੁੰਦੀ ਕਿ ਸੱਚ ਕੀ ਹੈ ਤੇ ਝੂਠ ਕੀ ਹੈ, ਖੋਟਾ ਹੋਣਾ ਕੀ ਹੈ ਤੇ ਖਰਾ ਹੋਣਾ ਕੀ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਅਜਰ ਉਹਨਾਂ ਨੇ ਜਰਿਆ ਹੈ ਭਾਵ ਉਹਨਾਂ ਵਿਰਲਿਆਂ ਨੇ ਹੀ ਜਰਿਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੀ ਸੋਝੀ ਪਾਈ ਹੈ। ਮਨ ਦੀ ਸੱਚੀ ਸੋਝੀ ਬਿਨ੍ਹਾਂ ਸਾਨੂੰ ਗੁਰਮਤਿ ਦੀ ਕੀਮਤ ਹੀ ਨਹੀਂ ਪੈਂਦੀ ਕਿ ਉਸ ਅਨੁਸਾਰ ਵਿਚਰਨਾ ਸਾਡੇ ਲਈ ਕਿਤਨਾ ਜਰੂਰੀ ਹੈ। ਸਾਨੂੰ ਅਜਰ ਸਾਡੇ ਮਨ ਦੇ ਗਿਆਨ ਨੇ ਹੀ ਕਰਨਾ ਹੈ, ਅਜਰ ਨੇ ਹੀ ਕਰਨਾ ਹੈ, ਗੁਰਮਤਿ ਦੀ ਸੱਚੀ ਸੋਝੀ ਨੇ ਹੀ ਕਰਨਾ ਹੈ। ਆਓ ਇਹੀ ਗੱਲ ਹੇਠ ਦਿੱਤੇ ਅਗਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ।

“ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥
ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥੩॥
ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ॥੪॥
ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ॥
ਨਾਨਕੁ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ॥੫॥੧੩॥”

(ਅੰਗ ੧੩੩੧)

ਮਨੁੱਖ ਭਰਮ ਵਿੱਚ ਇਸ ਸੰਸਾਰ ਵਿੱਚ ਆਉਂਦਾ ਹੈ, ਹਉਮੈ ਵਿੱਚ ਆਉਂਦਾ ਹੈ ਤੇ ਉਹੋ ਜਿਹੀ ਅਵੱਸਥਾ ਵਿੱਚ ਹੀ ਭਾਵ ਆਪਣੇ ਆਪ ਦੀ ਸੱਚਾਈ ਜਾਣੇ ਬਿਨ੍ਹਾਂ ਭਾਵ ਮਨ ਦੀ ਮੈਂ ਵਿੱਚ ਹੀ ਸੰਸਾਰ ਤੋਂ ਚਲਿਆ ਜਾਂਦਾ ਹੈ। ਆਪਣੇ ਨਾਲ ਅਸੀਂ ਜੋ ਕੁੱਝ ਵੀ ਲੈ ਕੇ ਜਾਂਦੇ ਹਾਂ ਉਹ ਆਪਣੇ ਕੀਤੇ ਹੋਏ ਕਰਮ ਲੈ ਕੇ ਜਾਂਦੇ ਹਾਂ

17/1871

ਭਾਵ ਚੰਗੇ ਮਾੜੇ ਕਰਮ ਲੈ ਕੇ ਜਾਂਦੇ ਹਾਂ। **(ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥)** ਹਰ ਕੋਈ ਸੰਸਾਰ ਵਿੱਚ ਇਹੋ ਜਿਹੀ ਅਵੱਸਥਾ ਵਿੱਚ ਹੀ ਆ ਜਾ ਰਿਹਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਨਾਲ ਹਰ ਕਿਸੇ ਨੂੰ ਮਨਮੁਖਿ ਹੀ ਕਿਹਾ ਹੈ ਜਿਸ ਦਾ ਕਾਰਨ ਆਪਣੇ ਅੰਦਰ ਉਸ ਮੂਲ ਨੂੰ ਨਾ ਜਾਨਣ ਦਾ ਹੈ ਭਾਵ ਪ੍ਰਮਾਤਮਾ ਨੂੰ ਨਾ ਜਾਨਣ ਦਾ ਹੈ ਜੋ ਸਾਡੇ ਜੀਵਨ ਦਾ ਮਨੋਰਥ ਹੈ। ਪ੍ਰਮਾਤਮਾ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਮਨਮੁਖਿ ਵਾਲੀ ਅਵੱਸਥਾ ਵਿੱਚ ਹੀ ਹੈ। ਆਪਣੇ ਜੀਵਨ ਕਾਲ ਵਿੱਚ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਜੋ ਗੁਰੂ ਪ੍ਰਮਾਤਮਾ ਨੂੰ ਨਹੀਂ ਭਾਉਂਦੇ ਜੋ ਉਸ ਦੀ ਰਜ਼ਾ ਅਨੁਸਾਰ ਨਹੀਂ ਹੁੰਦੇ। ਇਹੋ ਜਿਹੇ ਕਰਮਾਂ ਦੀ ਸਾਨੂੰ ਸਭ ਨੂੰ ਸਜ਼ਾ ਭੁਗਤਣੀ ਪੈਂਦੀ ਹੈ। **(ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥੩॥)**

“ਮੂਲੁ” ਇੱਕੋ ਇੱਕ ਆਪ ਪ੍ਰਮਾਤਮਾ ਹੈ ਜੋ ਸਭ ਦਾ ਮੁੱਢ ਹੈ, ਜੋ ਸਭ ਨੂੰ ਰਚਨ ਵਾਲਾ ਹੈ।

ਆਪਣੇ ਅੰਦਰੋਂ ਉਸ “ਮੂਲੁ” ਦੀ ਸੋਝੀ ਕਿਉਂ ਨਹੀਂ ਪੈਂਦੀ ਭਾਵ ਹਰ ਕੋਈ ਮਨਮੁਖਿ ਕਿਸ ਲਈ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ॥੪॥”

ਸਾਰੇ ਜੱਗ ਨੂੰ ਖੋਟਾ ਕਿਹਾ ਹੈ ਜਿਸ ਨੂੰ ਕਿ ਸਮਝਣ ਦੀ ਲੋੜ ਹੈ। “ਸਚੁ” ਨੂੰ ਨਿਰਮਲ ਕਿਹਾ ਹੈ। ਦੋਨਾਂ ਵਿੱਚ ਭੇਦ ਸ਼ਬਦ ਦੀ ਵਿਚਾਰ ਦਾ ਹੈ। “ਸਚੁ” ਆਪਣੇ ਸ਼ਬਦ ਦੀ ਵਿਚਾਰ ਕਰਕੇ ਨਿਰਮਲ ਹੈ ਭਾਵ ਖਰਾ, ਨਿਰਮਲ ਹੈ, ਪਵਿੱਤਰ ਹੈ। ਜੱਗ ਸ਼ਬਦ ਦੀ ਵਿਚਾਰ ਤੋਂ ਵਿਛੜਿਆ ਹੋਇਆ ਹੈ ਜਿਸ ਕਰਕੇ ਉਹ ਖੋਟਾ ਹੈ, ਅਪਵਿੱਤਰ ਹੈ। ਸ਼ਬਦ ਦਾ ਵਿਚਾਰੀ ਕਿਵੇਂ ਬਣਿਆ ਜਾਂਦਾ ਹੈ ਇਸ ਨੂੰ ਸਮਝਣ ਦੀ ਲੋੜ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ॥੪॥”

ਫਰਕ ਕੇਵਲ ਮਨ ਦੀ ਅਵੱਸਥਾ ਦਾ ਹੈ। ਸ਼ਬਦ ਦੀ ਵਿਚਾਰ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸੱਚੀ ਵਿਚਾਰ ਹੈ। ਇਸੇ

17/1872

ਵਿਚਾਰ ਦੁਆਰਾ ਹੀ ਪ੍ਰਮਾਤਮਾ ਆਪ “ਸਚੁ” ਹੈ, ਨਿਰਮਲ ਹੈ ਤੇ ਇਹੀ ਉਸਦਾ ਗੁਰੂ ਰੂਪ ਹੈ। ਪੂਰੀ ਗੁਰਬਾਣੀ ਇਸ ਸ਼ਬਦ ਦੀ ਵਿਚਾਰ ਦੁਆਰਾ ਹੀ “ਸਚੁ” ਹੈ, ਨਿਰਮਲ ਹੈ। “ਸਚੁ” ਉੱਥੇ ਹੀ ਹੈ ਜਿੱਥੇ ਪ੍ਰਮਾਤਮਾ ਦੇ ਸ਼ਬਦ ਦੀ ਵਿਚਾਰ ਵੱਸੀ ਹੋਈ ਹੈ। ਆਪਣਾ “ਸਚੁ” ਪ੍ਰਮਾਤਮਾ, ਆਪਣੇ ਮੂਲੁ ਦੀ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਸਰੀਰ ਰਾਹੀਂ ਹੀ ਪਾਉਂਦਾ ਹੈ। ਇਹ ਸੋਝੀ ਉਹ ਆਪਣੇ ਗਿਆਨ ਦੁਆਰਾ ਹੀ ਪਾਉਂਦਾ ਹੈ, ਸੱਚੇ ਗਿਆਨ ਦੁਆਰਾ, ਬ੍ਰਹਮ ਗਿਆਨ ਦੁਆਰਾ ਹੀ ਪਾਉਂਦਾ ਹੈ ਤੇ ਤਾਂ ਹੀ ਕਿਸੇ ਨੂੰ ਵਿਰਲਾ ਬਣਾਉਂਦਾ ਹੈ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਵਿੱਚ ਪ੍ਰਮਾਤਮਾ ਨੇ ਪਹਿਲੇ ਆਪਣਾ ਸੱਚਾ ਗਿਆਨ ਹੀ ਪਾਇਆ ਹੈ, ਗਿਆਨ ਦੀ ਸੱਚੀ ਸੋਝੀ ਹੀ ਪਾਈ ਹੈ, ਸ਼ਬਦ ਦੀ ਵਿਚਾਰ ਹੀ ਪਾਈ ਹੈ ਤੇ ਇਸੇ “ਗਿਆਨੁ” ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵਰਤਦਾ ਹੈ ਜਿਵੇਂ ਉਹ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਵਰਤਿਆ ਹੈ। **(ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ॥੪॥)**

ਜਿਸ ਨੂੰ ਪ੍ਰਮਾਤਮਾ ਖੋਟੇ ਤੋਂ ਖਰਾ ਬਣਾਉਂਦਾ ਹੈ, ਨਿਰਮਲ ਬਣਾਉਂਦਾ ਹੈ, ਮਨਮੁਖਿ ਤੋਂ ਗੁਰਮੁਖਿ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚ ਸੱਚਾ ਗਿਆਨ ਦੇ ਕੇ ਹੀ ਬਣਾਉਂਦਾ ਹੈ। ਸੱਚੇ ਗਿਆਨ ਨਾਲ ਸਾਡੀ ਅਗਿਆਨਤਾ ਹੀ ਨਿਕਲਦੀ ਹੈ, ਮਨਮਤਿ ਵਾਲੀ, ਦੁਰਮਤਿ ਵਾਲੀ ਬਿਰਤੀ ਹੀ ਦੂਰ ਹੁੰਦੀ ਹੈ। ਸਾਡਾ ਭਰਮ ਹੀ ਦੂਰ ਹੁੰਦਾ ਹੈ ਕਿ “ਸਚੁ” ਕੀ ਹੈ ਤੇ ਝੂਠ ਕੀ ਹੈ। ਇਸ ਗੱਲ ਦੀ ਸੋਝੀ ਸਾਨੂੰ ਮਨ ਦੇ ਵਿੱਚੋਂ ਹੀ ਪੈਂਦੀ ਹੈ ਕਿ ਸਾਰਾ ਜੱਗ ਮਨ ਦੀ ਅਗਿਆਨਤਾ ਕਰਕੇ ਹੀ ਖੋਟਾ ਹੈ ਜਿਸ ਦੇ ਰਹਿੰਦਿਆਂ ਸਾਨੂੰ “ਸਚੁ” ਦੀ ਸੋਝੀ ਪੈ ਹੀ ਨਹੀਂ ਸਕਦੀ, ਗੁਰਮਤਿ ਦੀ ਸੋਝੀ ਪੈ ਹੀ ਨਹੀਂ ਸਕਦੀ ਤੇ ਨਾ ਹੀ ਗੁਰਮਤਿ ਦੀ ਕੀਮਤ ਪੈਂਦੀ ਹੈ ਕਿ ਉਹ ਸਾਡੇ ਲਈ ਕਿਤਨੀ ਕੀਮਤੀ ਹੈ, ਸਾਡੇ ਲਈ ਉਸਨੂੰ ਮੰਨਣਾ ਕਿਤਨਾ ਜਰੂਰੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਅਸੀਂ “ਅਜਰੁ” ਨੂੰ ਜਰ ਸਕਦੇ ਹਾਂ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ॥”

17/1873

ਪ੍ਰਮਾਤਮਾ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਕਿਵੇਂ ਦਿੰਦਾ ਹੈ, ਸਾਡੇ ਅੰਦਰ “ਅੰਤਰਿ ਗਿਆਨ ਮੁਰਾਰਿ” ਵਾਲੀ ਅਵੱਸਥਾ ਕਿਵੇਂ ਬਣਦੀ ਹੈ ਤੇ ਉਸ ਦਾ ਮਕਸਦ ਕਿਵੇਂ ਪੂਰਾ ਹੁੰਦਾ ਹੈ, ਉਸ ਨਾਲ ਪ੍ਰਾਪਤੀ ਕੀ ਹੁੰਦੀ ਹੈ ਮਨ ਦੀ ਉਹ ਅਵੱਸਥਾ ਹੀ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ “**ਅਜਰੁ**” ਨੂੰ ਜਰ ਸਕਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰ ਸਕਦਾ ਹੈ। (**ਅਜਰੁ ਜਰੈ**) ਗੁਰਮਤਿ ਅਨੁਸਾਰ ਕੋਈ ਤਾਂ ਹੀ ਚੱਲ ਸਕਦਾ ਹੈ ਜੇਕਰ ਪਹਿਲਾਂ ਮਨ ਦੇ ਵਿੱਚ ਇਹ ਵੀ ਸੋਝੀ ਪਵੇ ਕਿ ਅਸਲ ਵਿੱਚ ਗੁਰਮਤਿ ਕੀ ਹੈ। ਗੁਰਮਤਿ ਦੀ ਸੋਝੀ ਉਹ ਪ੍ਰਮਾਤਮਾ ਆਪਣੇ ਗਿਆਨ ਦੇ ਰਾਹੀਂ ਆਪ ਹੀ ਪਾਉਂਦਾ ਹੈ। “**ਨੀਝਰੁ ਝਰੈ**” ਤੋਂ ਭਾਵ ਹੈ ਕਿ ਸਾਡੇ ਅੰਦਰ ਗਿਆਨ ਦੇ ਚਸ਼ਮੇ ਦਾ ਫੁੱਟਣਾ। ਇਹ ਸਾਡੇ ਅੰਦਰ ਸਹਜ ਗਿਆਨ ਦਾ ਉਪਜਣਾ ਹੈ, ਚੌਥੇ ਪਦ ਦਾ ਉਪਜਣਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਗੋਸ਼ਟ ਹੈ ਜਿਸ ਦੁਆਰਾ ਮਨ ਦੇ ਵਿੱਚ ਵਿਚਾਰਾਂ ਦੇ ਰਾਹੀਂ ਉਹ ਆਪ ਹੀ ਆਪਣੀ ਗੱਲ ਸਮਝਾਉਂਦਾ ਹੈ ਤੇ ਸਾਨੂੰ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਵਿਚਾਰਾਂ ਦਾ ਸ੍ਰੋਤ ਕੀ ਹੈ ਤੇ ਇਹ ਵਿਚਾਰ ਕਿੱਥੋਂ ਆਉਂਦੇ ਹਨ ਭਾਵ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਸਭ ਨੂੰ ਆਪਣੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। “**ਅਜਰੁ**” ਤਾਂ ਹੀ ਜਰਿਆ ਜਾ ਸਕਦਾ ਹੈ ਜਦੋਂ ਉਸ “**ਅਜਰੁ**” ਦੀ ਸੋਝੀ ਪੈ ਜਾਂਦੀ ਹੈ ਤੇ ਸੋਝੀ “**ਨੀਝਰੁ**” ਝਰਨ ਦੁਆਰਾ ਹੀ ਪੈਂਦੀ ਹੈ। ਮਨ ਦੇ ਵਿੱਚ ਸੋਝੀ ਦੁਆਰਾ ਹੀ, “**ਨੀਝਰੁ**” ਦੁਆਰਾ ਹੀ ਉਹ ਆਪਣੀ ਮਤਿ ਅਨੁਸਾਰ ਚੱਲਣ ਦੀ ਸਮਰੱਥਾ ਬਖਸ਼ਦਾ ਹੈ, ਮਨ ਦੀ ਦ੍ਰਿੜਤਾ ਬਖਸ਼ਦਾ ਹੈ ਜਿਸ ਦੁਆਰਾ ਮਨੁੱਖ ਉਸ ਦੇ ਨਾਮ ਤੇ ਦ੍ਰਿੜ ਹੁੰਦਾ ਹੈ ਤੇ ਉਸ ‘**ਅਜਰੁ**’ ਨੂੰ ਜਰਦਾ ਹੈ, ਉਸਦੇ ਭਾਣੇ ਵਿੱਚ ਰਹਿੰਦਾ ਹੈ ਭਾਵ ਉਸਦੀ ਗੁਰਮਤਿ ਦੇ ਅਨੁਸਾਰ ਵਿਚਰਦਾ ਹੈ। **(ਅਜਰੁ ਜਰੈ ਨੀਝਰੁ ਝਰੈ)**

ਸਾਡੇ ਅੰਦਰ ਇਹ “ਨੀਝਰੁ” ਝਰਨਾ ਹੀ ਅੰਮ੍ਰਿਤ ਧਾਰਾ ਦਾ ਵਰਸਣਾ ਹੈ। ਇਹ ਮਨ ਦੇ ਪੀਣ ਦਾ ਅੰਮ੍ਰਿਤ ਹੈ, ਸੱਚੇ ਗਿਆਨ ਦਾ ਅੰਮ੍ਰਿਤ ਹੈ, ਬ੍ਰਹਮ ਗਿਆਨ ਦਾ ਅੰਮ੍ਰਿਤ ਹੈ। ਇਹ ਅੰਮ੍ਰਿਤ ਧਾਰਾ ਸ਼ਬਦ ਦੀ ਵਿਚਾਰ ਦਾ ਗਿਆਨ ਹੈ ਜੋ ਉਸ

“ਸਬਦੁ” ਰੂਪ ਗੁਰੂ ਪ੍ਰਮਾਤਮਾ ਕੋਲੋਂ ਮਨੁੱਖ ਮਨ ਦੇ ਵਿੱਚ ਹੀ ਸੁਣਦਾ ਹੈ ਜੋ ਕਿ “ਸਬਦੁ” ਆਪ ਹੀ ਸੁਣਾਉਂਦਾ ਹੈ।

“ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥”

(ਅੰਗ ੧੦੨)

17/1874

ਇਹ ਅੰਮ੍ਰਿਤ ਧਾਰਾ ਸਾਨੂੰ ਭਰਮ ਦੇ ਵਿੱਚੋਂ ਹੀ ਕੱਢਦੀ ਹੈ। ਸਾਡੇ ਅੰਦਰ ਕਿਵਾੜ ਭਰਮ ਦੇ ਹੀ ਹਨ ਭਾਵ ਪ੍ਰਮਾਤਮਾ ਨਾਲੋਂ ਉਹਲਾ ਸਾਡਾ ਇਸ ਭਰਮ ਦੇ ਕਿਵਾੜ ਕਰ ਕੇ ਹੀ ਹੈ। ਇਹ ਭਰਮ ਦੇ ਕਿਵਾੜ ਖੁੱਲਣ ਦੁਆਰਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਕਿ ਇਸ ਪੂਰੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਮਾਝ ਮਹਲਾ ੫॥

“ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ॥ ਸਾਧ ਕ੍ਰਿਪਾ ਤੇ ਸੂਕਾ ਹਰਿਆ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥੪॥੧੯॥੨੬॥”

(ਅੰਗ ੧੦੨)

ਇਸ ਪੂਰੇ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਉੱਥੇ ਹੀ ਹੋ ਸਕਦਾ ਹੈ ਜੋ ਕਿ ਉਸਨੂੰ ਮਿਲਣ ਦੀ ਵਿਧੀ ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਆਪਣੇ ਘਰ ਦੇ ਵਿੱਚ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡਾ ਮਨ ਹੈ। ਪ੍ਰਮਾਤਮਾ ਨੂੰ ਮਿਲਣ ਦੀ ਨਾ ਹੀ ਕੋਈ ਜਗ੍ਹਾਂ ਹੈ ਤੇ ਨਾ ਹੀ ਕੋਈ ਹੋਰ ਤਰੀਕਾ ਹੈ ਤੇ ਇਹੀ ਗੱਲ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਬਾਹਰੋਂ ਲੱਭਣ ਦੀਆਂ ਗੱਲਾਂ ਕਰਨ ਵਾਲੇ, ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚੋਂ ਲੱਭਣ ਦੀਆਂ ਗੱਲਾਂ ਕਰਨ ਵਾਲੇ ਪ੍ਰਮਾਤਮਾ ਦੇ ਆਪਣੇ ਹੀ ਭੁਲਾਏ ਹੋਏ ਹਨ। ਉਹ ਸਭ ਨੂੰ ਕਿਵੇਂ ਭੁਲਾਉਂਦਾ ਹੈ ਇਸਦੀ ਸੋਝੀ ਉਸਦੇ ਨਾਲ ਮਨ ਦੇ ਵਿੱਚ ਮੇਲ ਤੋਂ ਬਾਅਦ ਹੀ ਪੈਂਦੀ ਹੈ।

(ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥)

ਹੇਠਾਂ ਵਾਲੀ ਇਸ ਪੰਗਤੀ ਨੂੰ ਧਿਆਨ ਨਾਲ ਵਿਚਾਰੋ।

“ਬਾਹਰਿ ਟੋਲੈ ਸੋ ਭਰਮਿ ਭੁਲਾਹੀ॥”

ਜੋ ਕੋਈ ਵੀ ਪ੍ਰਮਾਤਮਾ ਨੂੰ ਬਾਹਰੋਂ ਲੱਭਣ ਦੀਆਂ ਗੱਲਾਂ ਕਰਦਾ ਹੈ ਜਾਂ ਕਿਤੇ ਬਾਹਰੋਂ ਲੱਭਣ ਦੀ ਉਮੀਦ ਰੱਖਦਾ ਹੈ ਉਹ ਇਹੋ ਜਿਹੀਆਂ ਗੱਲਾਂ ਕਿੱਥੋਂ ਸਿੱਖੇ ਹਨ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਹਰ ਕੋਈ ਉਹਨਾਂ ਦਾ ਭੁਲਾਇਆ ਹੋਇਆ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਕਿਤੋਂ ਬਾਹਰ ਪਾਉਣ ਦੀ ਗੱਲ ਕੀਤੀ ਹੈ ਜਾਂ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਕਿਸੇ ਖਾਸ ਟਿਕਾਣੇ ਤੇ ਮਿਲਦਾ ਹੈ। ਹਰ ਧਰਮ ਦੇ ਨਾਲ ਜੁੜੇ ਹੋਏ ਇਹੋ ਜਿਹੇ ਅਨੇਕਾਂ ਹਨ ਜੋ ਪ੍ਰਮਾਤਮਾ ਨੂੰ ਕਿਤੇ

17/1875

ਬਾਹਰੋਂ ਲੱਭਣ ਦੀਆਂ ਗੱਲਾਂ ਕਰਦੇ ਹਨ, ਕਿਸੇ ਸਰਗੁਣ ਸਰੂਪ ਵਿੱਚ ਲੱਭਣ ਦੀਆਂ ਗੱਲਾਂ ਕਰਦੇ ਹਨ, ਆਕਾਰ ਰੂਪ ਵਿੱਚੋਂ

ਲੱਭਣ ਦੀਆਂ ਗੱਲਾਂ ਕਰਦੇ ਹਨ। ਅਸੀਂ ਇਹੋ ਜਿਹਿਆਂ ਦੇ ਭੁਲਾਏ ਹੋਏ ਹੀ ਹਾਂ। ਅਸਲ ਵਿੱਚ ਉਹ ਆਪ ਭਰਮ ਵਿੱਚ ਹਨ ਤੇ ਆਪਣੇ ਭਰਮ ਦੁਆਰਾ ਸਾਨੂੰ ਭੁਲਾਉਂਦੇ ਹਨ। **(ਬਾਹਰਿ ਟੋਲੈ ਸੋ ਭਰਮਿ ਭੁਲਾਹੀ॥)** ਸਮਝਾਇਆ ਇਹ ਹੈ ਕਿ ਸਾਨੂੰ ਇਹੋ ਜਿਹਿਆਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। ਉਹ ਪ੍ਰਮਾਤਮਾ ਨਿਰਗੁਣ ਸਰੂਪ ਹੈ ਜਿਸ ਦਾ ਟਿਕਾਣਾ ਸਾਡੇ ਅੰਦਰ ਹੀ ਹੈ ਜਿੱਥੋਂ ਉਸਨੂੰ ਪਾਇਆ ਜਾ ਸਕਦਾ ਹੈ। ਜਿਹੜੇ ਪ੍ਰਮਾਤਮਾ ਨੂੰ ਬਾਹਰੋਂ ਪਾਉਣ ਦੀਆਂ ਗੱਲਾਂ ਕਰਦੇ ਹਨ ਉਹਨਾਂ ਤੇ ਪ੍ਰਮਾਤਮਾ ਦੀ ਕਿਰਪਾ ਨਹੀਂ ਹੈ। ਉਹ ਆਪ ਭਟਕੇ ਹੋਏ ਹਨ ਤੇ ਸਾਨੂੰ ਵੀ ਭਟਕਣਾ ਵਿੱਚ ਪਾਉਂਦੇ ਹਨ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਹਨਾਂ ਨੂੰ ਆਪਣੇ ਅੰਦਰੋਂ ਹੀ ਆਪਣੇ ਦਰਸ਼ਨ ਕਰਵਾਉਂਦਾ ਹੈ, ਮਨ ਦੇ ਵਿੱਚ ਨਿਰਗੁਣ ਰੂਪ ਵਿੱਚ ਹੀ ਕਰਵਾਉਂਦਾ ਹੈ। ਜਦੋਂ ਮਨੁੱਖ ਉਸਨੂੰ ਅੰਦਰੋਂ ਦੇਖ ਲੈਂਦਾ ਹੈ ਤਾਂ ਹੀ ਉਹ ਬਾਹਰ ਸਭ ਵਿੱਚ ਨਜ਼ਰ ਆਉਂਦਾ ਹੈ। **(ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥)** ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾਏ ਬਿਨ੍ਹਾਂ ਨਾ ਅਸੀਂ ਆਪਣੇ ਅੰਦਰੋਂ ਉਸ ਸੁੱਖ ਨੂੰ ਮਹਿਸੂਸ ਕਰ ਸਕਦੇ ਹਾਂ ਤੇ ਨਾ ਹੀ ਸਾਨੂੰ ਬਾਹਰੋਂ ਉਹ ਸੁੱਖ ਨਜ਼ਰ ਆ ਸਕਦਾ ਹੈ।

ਆਪਣੇ ਅੰਦਰੋਂ ਪ੍ਰਮਾਤਮਾ ਆਪਣੇ ਆਪ ਦੀ ਸੋਝੀ ਕਿਵੇਂ ਪਾਉਂਦਾ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥”

ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਅੰਮ੍ਰਿਤ ਧਾਰਾ ਹੀ ਵਰਸ ਰਹੀ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਵਿਚਾਰ ਹੀ ਹੈ, ਆਪਣਾ ਦਿੱਤਾ ਹੋਇਆ ਬ੍ਰਹਮ ਗਿਆਨ ਹੀ ਹੈ। ਜਿੱਥੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਪਹਿਲਾਂ ਮਨ ਦੇ ਵਿੱਚ ਆਪਣੀ ਅੰਮ੍ਰਿਤ ਧਾਰਾ ਵਰਸਾਉਂਦਾ ਹੈ ਭਾਵ ਆਪਣੇ ਬ੍ਰਹਮ

17/1876

ਗਿਆਨ ਦੀ ਵਰਖਾ ਕਰਦਾ ਹੈ। ਇਹ ਵਰਖਾ ਉਸ “**ਸਬਦੁ**” ਦੇ ਭਾਵ ਗੁਰੂ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ। (**ਸਬਦੁ ਬੀਚਾਰਾ**) ਇਹ ਅੰਮ੍ਰਿਤ ਵਿਚਾਰ ਹਨ, ਅੰਮ੍ਰਿਤ ਬੋਲ ਹਨ ਜਿੰਨ੍ਹਾਂ ਨੂੰ ਸਾਡਾ ਮਨ ਸੁਣਦਾ ਹੈ ਤੇ ਗਿਆਨ ਦੇ ਰੂਪ ਵਿੱਚ, ਬ੍ਰਹਮਗਿਆਨ ਦੇ ਰੂਪ ਵਿੱਚ ਇਸ ਅੰਮ੍ਰਿਤ ਨੂੰ ਪੀਂਦਾ ਹੈ। ਜਿੰਨ੍ਹਾਂ ਨੇ ਇਹ ਅੰਮ੍ਰਿਤ ਆਪਣੇ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਪੀਤਾ ਹੈ ਉਨ੍ਹਾਂ ਨੇ ਹੀ ਅੰਮ੍ਰਿਤ ਬਾਣੀ ਰਾਹੀਂ, ਗੁਰਬਾਣੀ ਰਾਹੀਂ ਸਭ ਤੇ ਇਹ ਅੰਮ੍ਰਿਤ ਵਰਖਾ ਕੀਤੀ ਹੈ। **(ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥)** ਪ੍ਰਮਾਤਮਾ ਦੇ ਨਾਲ ਮਨ ਵਿੱਚ "ਅਨਦ ਬਿਨੋਦ" ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਦੇ ਆਏ ਹਾਂ ਤੇ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਇਸ ਗੱਲ ਨੂੰ ਸਮਝਿਆ ਹੈ। ਇਹ ਮਨ ਦੀ ਉਹ ਅਵੱਸਥਾ ਹੈ ਜੋ ਬਿਆਨ ਤੋਂ ਬਾਹਰ ਹੈ। ਪ੍ਰਮਾਤਮਾ ਬਹੁਤ ਹੀ ਰੰਗੀਲਾ ਹੈ, ਆਨੰਦ ਦੇਣ ਵਾਲਾ ਹੈ, ਮਨ ਦੇ ਵਿੱਚ ਹੀ ਮਜ਼ਾਕ ਕਰਨ ਵਾਲਾ ਹੈ ਜਿਸ ਦੁਆਰਾ ਉਹ ਬੈਠੇ ਬੈਠੇ ਹੀ ਹੱਸਾਈ ਜਾਂਦਾ ਹੈ ਤੇ ਮਨੁੱਖ ਨੂੰ ਖੇੜੇ ਵਿੱਚ ਰੱਖਦਾ ਹੈ। **(ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥੨॥)**

ਮਨ ਦੀ ਇਸ ਅਵੱਸਥਾ ਦੁਆਰਾ ਹੀ ਉਹ ਮਨੁੱਖ ਨੂੰ ਆਪਣੀ ਸੁਮਤਿ ਪਾਉਂਦਾ ਹੈ ਭਾਵ ਆਪਣੀ ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ, ਨਾਮ ਦੀ ਸੋਝੀ ਪਾਉਂਦਾ ਹੈ ਜਿਸ ਅਵੱਸਥਾ ਦੁਆਰਾ ਮਨੁੱਖ ਉਸਦਾ ਨਾਮ ਧਿਆਉਂਦਾ ਹੈ ਭਾਵ ਉਸ ਅਨੁਸਾਰ ਵਿਚਰਦਾ ਹੈ। ਉਸਦਾ ਨਾਮ ਉਸਦੇ ਨਾਲ ਮੇਲ ਤੋਂ ਬਾਅਦ ਹੀ ਧਿਆਇਆ ਜਾ ਸਕਦਾ ਹੈ ਭਾਵ ਪੂਰਨ ਗੁਰਮਤਿ ਅਨੁਸਾਰ ਉਸਦੀ ਸੋਝੀ ਪੈਣ ਤੇ ਹੀ ਚੱਲਿਆ ਜਾ ਸਕਦਾ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। **(ਜਨਮ ਜਨਮ ਕਾ ਵਿਛੁੜਿਆ ਮਿਲਿਆ॥ ਸਾਧ ਕ੍ਰਿਪਾ ਤੇ ਸੂਕਾ ਹਰਿਆ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ॥੩॥)** ਮਨ ਦੀ ਇਹ ਅਵੱਸਥਾ ਹੀ ਗੁਰਮੁਖਿ ਵਾਲੀ ਅਵੱਸਥਾ ਹੈ। ਪ੍ਰਮਾਤਮਾ ਦੇ ਨਾਲ ਮੇਲ ਇਸ ਅਵੱਸਥਾ ਦੁਆਰਾ ਹੀ ਹੁੰਦਾ ਹੈ।

17/1877

ਅਗਲੀਆਂ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੋਰ ਵੀ ਸਪੱਸ਼ਟ ਕੀਤਾ ਹੋਇਆ ਹੈ ਤੇ ਇਹ ਮਨ ਦੇ ਕਿਵਾੜ ਕਿਵੇਂ ਖੁੱਲ੍ਹਦੇ ਹਨ, ਉਸਦੇ ਮਹਿਲ ਦਾ ਦਰਵਾਜ਼ਾ ਕਿਵੇਂ ਖੁੱਲ੍ਹਦਾ ਹੈ ਤੇ ਕਿਸ ਰੂਪ ਵਿੱਚ ਖੁੱਲ੍ਹਦਾ ਹੈ ਇਹ ਵੀ ਸਪੱਸ਼ਟ ਕੀਤਾ ਹੋਇਆ

ਹੈ।

"ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥੪॥੧੯॥੨੬॥"

(ਅੰਗ - ੧੦੨)

ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਗੁਰਬਾਣੀ ਆਪਣੇ ਸ਼ਬਦਾਂ ਦੀ ਕਸਵੱਟੀ ਆਪ ਹੈ। ਪ੍ਰਮਾਤਮਾ ਦੇ ਨਾਲ ਮੇਲ ਦੇ ਤਰੀਕੇ ਦੋ ਨਹੀਂ ਹੋ ਸਕਦੇ। ਜੋ ਤਰੀਕਾ ਇਸ ਸ਼ਬਦ ਰਾਹੀਂ ਸਮਝਾਇਆ ਹੈ ਉਹੀ ਤਰੀਕਾ ਸਾਨੂੰ ਵਾਰ-ਵਾਰ ਸਮਝਾਇਆ ਹੈ ਤਾਂ ਜੋ ਅਸੀਂ ਉਸ ਦੀ ਸੱਚਾਈ ਤੇ ਟਿਕੀਏ ਤੇ ਭਰਮੇ ਹੋਇਆਂ ਦੇ ਪਿੱਛੇ ਨਾ ਲੱਗੀਏ। ਸਾਰੀ ਗੱਲ ਮਨ ਦੇ ਵਿਚਾਰਾਂ ਦੀ ਹੈ, ਮਨ ਦੀ ਸੋਝੀ ਦੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਦੀ ਹੈ ਤੇ ਚੌਥੇ ਪਦ ਦੀ ਅਵੱਸਥਾ ਦੀ ਹੈ। ਜਦ ਤੱਕ ਸਾਡੇ ਅੰਦਰ ਭਰਮ ਹੈ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਸਾਡੇ ਅੰਦਰ ਇਹ ਭਰਮ ਦਾ ਦਰਵਾਜ਼ਾ ਹੈ ਜੋ ਕੇਵਲ ਗਿਆਨ ਦੇ ਗੋਲੇ ਨਾਲ ਟੁੱਟਦਾ ਹੈ, ਬ੍ਰਹਮਗਿਆਨ ਦੇ ਗੋਲੇ ਨਾਲ ਟੁੱਟਦਾ ਹੈ ਜੋ ਕਿ ਉਸਦੇ ਆਪਣੇ ਹੱਥ ਹੈ। ਇਹ ਭਰਮ ਦੇ ਕਿਵਾੜ ਅੰਮ੍ਰਿਤ ਧਾਰਾ ਦੇ ਝਰਨੇ ਨਾਲ ਖੁੱਲ੍ਹਦੇ ਹਨ। ਜਿੱਥੇ ਇਹ ਭਰਮ ਵੱਸਿਆ ਹੋਇਆ ਹੈ ਉੱਥੋਂ ਹੀ ਇਹ ਨਿਕਲ ਸਕਦਾ ਹੈ ਭਾਵ ਕੱਢਿਆ ਜਾ ਸਕਦਾ ਹੈ। ਭਰਮ ਮਨ ਦੇ ਵਿੱਚ ਹੈ ਤੇ ਮਨ ਦੇ ਵਿੱਚੋਂ ਹੀ ਨਿਕਲਦਾ ਹੈ। ਜੋ ਸਾਡੇ ਮਨ ਦੇ ਵਿੱਚ ਹੈ, ਜਿਸਨੇ ਸਾਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਉਹੀ ਸਾਨੂੰ ਭਰਮ ਵਿੱਚੋਂ ਕੱਢ ਸਕਦਾ ਹੈ। ਮਨ ਦੇ ਵਿੱਚ ਉਹ ਪ੍ਰਗਟ ਹੋ ਕੇ ਸਾਨੂੰ ਇਸ ਭਰਮ ਵਿੱਚੋਂ ਹੀ ਕੱਢਦਾ ਹੈ ਕਿ ਅਸੀਂ ਅਸਲ ਵਿੱਚ ਕੌਣ ਹਾਂ। ਉਸਦੇ ਸਮਝਾਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਮਨੁੱਖ ਦੀ ਅਸਲੀਅਤ ਕੀ ਹੈ, ਇਹ ਸੰਸਾਰ ਦੀ ਅਸਲੀਅਤ ਕੀ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਹਉਮੈ ਵਿੱਚ ਹੀ ਰੱਖਿਆ ਹੋਇਆ ਹੈ, ਮੈਂ ਵਿੱਚ ਹੀ ਰੱਖਿਆ ਹੋਇਆ ਹੈ। ਅਸਲ ਵਿੱਚ ਸਭ ਕੁੱਝ

ਉਹ ਆਪ ਹੈ ਜਿਸਦੀ ਸੋਝੀ ਮਨ ਦਾ ਭਰਮ ਨਿਕਲਣ ਦੁਆਰਾ ਹੀ ਪੈਂਦੀ ਹੈ ਤੇ ਉਸ ਪ੍ਰਮਾਤਮਾ ਦਾ ਅਸਲ ਰੂਪ ਸਮਝ ਆਉਂਦਾ ਹੈ, ਨਿਰਗੁਣ ਰੂਪ ਸਮਝ ਆਉਂਦਾ ਹੈ ਕਿ ਉਹ ਆਪਣੇ ਇਸ ਰੂਪ ਦੁਆਰਾ, ਗਿਆਨ ਰੂਪ ਦੁਆਰਾ ਸਭ ਵਿੱਚ ਕਿਵੇਂ ਸਮਾਇਆ ਹੋਇਆ ਹੈ, ਜ਼ਰ੍ਹੇ-ਜ਼ਰ੍ਹੇ ਵਿੱਚ ਕਿਵੇਂ ਸਮਾਇਆ ਹੋਇਆ ਹੈ। ਮਨ ਦਾ ਭਰਮ ਨਿਕਲਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਉਸ ਪ੍ਰਮਾਤਮਾ ਨੂੰ ਬਾਹਰੋਂ ਲੱਭਣ ਦੀਆਂ ਗੱਲਾਂ ਕਰਨ ਵਾਲੇ ਅਸਲ ਵਿੱਚ ਕਿਤਨੇ ਕੁ ਭਰਮੇ ਹੋਏ ਹਨ। ਉਨ੍ਹਾਂ ਦੇ ਭਰਮ ਦਾ ਕਾਰਨ ਵੀ ਸਮਝ ਲੱਗ ਜਾਂਦਾ ਹੈ ਕਿ ਉਨ੍ਹਾਂ ਨੂੰ ਭਰਮ ਵਿੱਚ ਰੱਖਣ ਵਾਲਾ ਕੌਣ ਹੈ। ਭਰਮ ਦਾ ਦਾਤਾ ਵੀ ਉਹ ਆਪ ਹੀ ਹੈ ਜਿਸ ਦੁਆਰਾ ਉਹ ਆਪਣੀ ਬਣਾਈ ਹੋਈ ਖੇਡ ਨੂੰ ਚਲਾ ਰਿਹਾ ਹੈ। **(ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥ ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥੪॥੧੯॥੨੬॥)**

ਜੋ ਅਸੀਂ ਉੱਪਰ ਸ਼ਬਦ ਰਾਹੀਂ ਅੰਮ੍ਰਿਤ ਧਾਰਾ ਨੂੰ ਸਮਝਿਆ ਹੈ ਉਹੀ ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ "**ਨੀਝਰੁ**" ਝਰਨਾ ਸਮਝਿਆ ਹੈ। ਦੋਨਾਂ ਤੋਂ ਭਾਵ ਬ੍ਰਹਮਗਿਆਨ ਨਾਲ ਹੀ ਹੈ ਜਿਸ ਦੁਆਰਾ ਮਨੁੱਖ ਅਮਰ ਹੁੰਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ॥
ਨਾਨਕੁ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ॥੫॥੧੩॥"

ਮਨ ਦੀ ਇਸ ਅਵੱਸਥਾ ਦੁਆਰਾ ਹੀ ਜਦੋਂ ਸਾਡੇ ਅੰਦਰ "**ਨੀਝਰੁ**" ਝਰਦਾ ਹੈ ਤੇ ਅਸੀਂ "ਅਜਰੁ" ਨੂੰ ਜਰਦੇ ਹਾਂ ਉਹ ਸਾਨੂੰ ਅਮਰ ਬਣਾਉਂਦੀ ਹੈ, "ਅਨੰਦ ਸਰੂਪ" ਬਣਾਉਂਦੀ ਹੈ ਭਾਵ ਪ੍ਰਮਾਤਮਾ ਦਾ ਗਿਆਨ ਰੂਪ ਬਣਾਉਂਦੀ ਹੈ, ਉਸਦੇ ਸੱਚੇ ਗਿਆਨ ਵਾਲਾ ਬਣਾਉਂਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਦੀ ਗੁਰੂ ਪ੍ਰਮਾਤਮਾ ਨਾਲ ਉਹੋ ਜਿਹੀ ਪ੍ਰੀਤ ਜੁੜਦੀ ਹੈ ਜਿਹੋ ਜਿਹੀ ਪ੍ਰੀਤ ਮੱਛੀ ਨੂੰ ਜਲ ਦੇ ਨਾਲ ਹੈ। ਇਹ ਪ੍ਰੀਤ ਪ੍ਰਮਾਤਮਾ ਆਪ ਹੀ ਬਣਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਭਰਮ ਰਹਿਤ ਹੋ ਕੇ ਪੂਰਨ

17/1879

ਗੁਰਮਤਿ ਦੀ ਸੋਝੀ ਅਨੁਸਾਰ ਉਸ ਤੇ ਪੂਰੇ ਵਿਸ਼ਵਾਸ ਨਾਲ ਟਿਕਦਾ ਹੈ ਤੇ ਗੁਰਮਤਿ ਵਿੱਚੋਂ ਉਸਦਾ ਮਨ ਨਹੀਂ ਦੌੜਦਾ। ਜਿਵੇਂ ਮੱਛੀ ਪਾਣੀ ਤੇ ਪੂਰਨ ਵਿਸ਼ਵਾਸ ਰੱਖਦੀ ਹੈ ਉਸ ਵਿੱਚੋਂ ਕਦੇ ਵਿਛੜਨਾ ਨਹੀਂ ਚਾਹੁੰਦੀ ਇਸੇ ਤਰ੍ਹਾਂ ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਕਦੇ ਵੀ ਗੁਰਮਤਿ ਤੋਂ ਵਿਛੜਨਾ ਨਹੀਂ ਚਾਹੁੰਦਾ ਕਿਉਂਕਿ ਉਹ ਅੰਦਰ ਬੈਠਾ ਸਾਡੇ ਵਿਚਾਰ ਹੀ ਬਦਲ ਦਿੰਦਾ ਹੈ। ਪ੍ਰਮਾਤਮਾ ਨੂੰ ਪਾਉਣ ਤੋਂ ਬਾਅਦ ਮਨੁੱਖ ਦਾ ਇਹ ਭਰਮ ਖ਼ਤਮ ਹੋ ਜਾਂਦਾ ਹੈ ਕਿ ਉਸ ਤੋਂ ਉੱਤੇ ਕੋਈ ਹੋਰ ਨਹੀਂ ਹੈ ਜੋ ਸਾਨੂੰ ਇਸ ਤੋਂ ਚੰਗੀ ਸੋਝੀ ਪਾ ਸਕਦਾ ਹੈ। ਇੱਥੇ ਮਨੁੱਖ ਦੀ ਦੌੜ ਮੁੱਕ ਜਾਂਦੀ ਹੈ। ਇਹ ਪੂਰਨ ਵਿਸ਼ਵਾਸ ਦੀ ਅਵੱਸਥਾ ਹੈ।
(ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ॥ ਨਾਨਕੁ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ॥੫॥੧੩॥)
ਜਦ ਤੱਕ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ, ਉਸ ਨਿਰਗੁਣ ਰੂਪ, ਗਿਆਨ ਰੂਪ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਤਦ ਤੱਕ ਨਾ ਹੀ ਕੋਈ "ਅਜਰੁ" ਨੂੰ ਸਮਝ ਸਕਦਾ ਹੈ, ਨਾ ਉਸਦਾ ਜਰਨਾ ਕੋਈ ਸਮਝ ਸਕਦਾ ਹੈ। ਨਾ ਕੋਈ "ਨੀਝਰੁ" ਨੂੰ ਸਮਝ ਸਕਦਾ ਹੈ ਤੇ ਨਾ ਹੀ "ਨੀਝਰੁ" ਝਰਨ ਦੇ ਮਕਸਦ ਨੂੰ ਸਮਝ ਸਕਦਾ ਹੈ। ਇਨ੍ਹਾਂ ਗੱਲਾਂ ਨੂੰ ਕੇਵਲ ਉਨ੍ਹਾਂ ਨੇ ਹੀ ਜਾਣਿਆ ਹੈ ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਆਪਣਾ ਨਿਰਗੁਣ ਰੂਪ ਦਿਖਾਇਆ ਹੈ। ਉਸਦੇ ਇਸ ਰੂਪ ਨੂੰ ਜਾਣੇ ਬਿਨ੍ਹਾਂ ਹਰ ਕੋਈ ਉਸਨੂੰ ਕਿਸੇ ਨਾ ਕਿਸੇ ਸਰਗੁਣ ਤਰੀਕੇ ਦੁਆਰਾ ਹੀ, ਕਿਸੇ ਨਾ ਕਿਸੇ ਸਰੀਰਕ ਜੁਗਤ ਦੁਆਰਾ ਹੀ ਪਾਉਣਾ ਚਾਹੁੰਦਾ ਹੈ ਜੋ ਕਿ ਸਾਡੇ ਸਭ ਦਾ ਭਰਮ ਹੈ। ਪ੍ਰਮਾਤਮਾ ਕੇਵਲ ਸਾਨੂੰ ਮਨ ਦੇ ਵਿੱਚੋਂ ਹੀ ਆਪਣੇ ਆਪ ਦੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਕਿ ਸੱਚ ਕੀ ਹੈ। ਪੂਰੀ ਗੁਰਬਾਣੀ ਸੱਚ ਹੈ ਕਿਉਂਕਿ ਗੁਰਬਾਣੀ ਦੇ ਰਚਨ ਵਾਲੇ ਉਹ ਹਨ ਜਿੰਨ੍ਹਾਂ ਨੇ ਉਸ "ਸਚੁ" ਨੂੰ ਜਾਣਿਆ ਹੈ ਤੇ ਸੰਸਾਰ ਦੇ ਸਾਹਮਣੇ ਪ੍ਰਮਾਤਮਾ ਦਾ ਸਚੁ ਪ੍ਰਗਟ ਕੀਤਾ ਹੈ ਕਿ ਪ੍ਰਮਾਤਮਾ ਕੀ ਹੈ, ਉਸਦਾ ਰੂਪ ਕੀ ਹੈ, ਉਸਦਾ ਮੇਲ ਕਿਸ ਰੂਪ ਵਿੱਚ ਹੁੰਦਾ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਕੀ ਹੈ, ਇਸ ਸੰਸਾਰ ਦੀ ਰਚਨਾ ਕਿਸਨੇ ਕੀਤੀ ਹੈ, ਕਿਸ

17/1880

ਵਿਧੀ ਦੁਆਰਾ ਕੀਤੀ ਹੈ ਤੇ ਇਸ ਸੰਸਾਰ ਨੂੰ ਉਹ ਕਿਸ ਵਿਧੀ ਅਨੁਸਾਰ ਚਲਾ ਰਿਹਾ ਹੈ। ਮਨੁੱਖ ਦਾ ਇਸ ਵਿੱਚ ਕੀ ਯੋਗ ਹੋਣਾ ਚਾਹੀਦਾ ਹੈ ਭਾਵ ਮਨੁੱਖ ਦਾ ਧਰਮ ਕੀ ਹੈ ਇਹ ਵੀ ਸਾਨੂੰ ਉਨ੍ਹਾਂ ਨੇ ਹੀ ਸਮਝਾਇਆ ਹੈ ਜਿੰਨ੍ਹਾਂ ਨੇ ਪਹਿਲੇ ਉਸ ਪੂਰਨ ਸੱਚ ਨੂੰ ਜਾਣਿਆ ਹੈ ਤੇ ਉਸਦਾ ਪੂਰਨ ਸੱਚ ਸਾਨੂੰ ਸਮਝਾਇਆ ਹੈ। ਆਓ ਇਹੀ ਗੱਲ ਧੰਨ ਧੰਨ ਭਗਤ ਬੇਣੀ ਜੀ ਦੇ ਮੁੱਖੋਂ ਉਚਾਰੇ ਹੋਏ ਪ੍ਰਮਾਤਮਾ ਦੇ ਇਸ ਸ਼ਬਦ ਦੁਆਰਾ ਸਮਝੀਏ।

ਰਾਮਕਲੀ ਬਾਣੀ ਬੇਣੀ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

"ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥
ਸੰਤਹੁ ਤਹਾ ਨਿਰੰਜਨ ਰਾਮੁ ਹੈ ॥ ਗੁਰ ਗਮਿ ਚੀਨੈ ਬਿਰਲਾ ਕੋਇ ॥
ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥

ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥
ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥
ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥
ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥
ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥
ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥
ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥
ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥
ਮਸਤਕਿ ਪਦਮੁ ਦੁਆਲੈ ਮਣੀ ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥
ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥"

(ਅੰਗ ੯੭੪)

ਅਸੀਂ ਪ੍ਰਮਾਤਮਾ ਨੂੰ ਕਿਸੇ ਸਰੀਰਕ ਕਿਰਿਆਵਾਂ ਦੁਆਰਾ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਜੋ ਕਿ ਸਾਨੂੰ ਜੋਗੀਆਂ ਆਦਿ ਨੇ ਸਿਖਾਏ ਹੋਏ ਹਨ। ਸਿੱਖ ਜਗਤ ਵਿੱਚ ਵੀ ਇਨ੍ਹਾਂ ਤਰੀਕਿਆਂ ਨੂੰ ਮੰਨਣ ਵਾਲਿਆਂ ਦੀ ਗਿਣਤੀ ਘੱਟ ਨਹੀਂ ਹੈ। ਥੋੜ੍ਹੇ ਬਹੁਤ ਤਰੀਕਿਆਂ ਦਾ ਹੀ ਫਰਕ ਹੈ। ਅਸੀਂ ਨਾੜੀਆਂ ਤੇ ਸੁਆਸਾਂ ਦੇ ਵੱਖਰੇ-ਵੱਖਰੇ ਤਰੀਕੇ ਅਪਣਾ ਕੇ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਸੁਆਸਾਂ ਦੀ ਤੇ ਨਾੜੀਆਂ ਦੀ ਕਿਰਿਆ ਹੀ ਸਮਝਾਈ ਹੋਈ ਹੈ ਜਿਸ ਦੁਆਰਾ ਜੋਗੀ ਲੋਕ ਪ੍ਰਮਾਤਮਾ ਦੇ ਨਾਲ ਆਪਣੇ ਆਪ ਨੂੰ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੇ ਇਸ ਤਰੀਕੇ ਨੂੰ ਖੰਡਿਆ ਹੋਇਆ ਹੈ ਭਾਵ ਇਹੋ ਜਿਹੇ ਹਰ ਤਰੀਕੇ ਨੂੰ ਖੰਡਿਆ ਹੋਇਆ ਹੈ। ਇੜਾ, ਪਿੰਗੁਲਾ ਤੇ ਸੁਖਮਨਾ ਨਾੜੀ ਦੇ ਰਾਹੀਂ ਜੋ ਕਿ ਅਸੀਂ ਆਪਣੀ ਸੁਆਸਾਂ ਦੀ ਕਿਰਿਆ ਚਲਾਉਂਦਾ ਹੈ ਉਨ੍ਹਾਂ ਦਾ ਕੰਟਰੋਲ ਕਿੱਥੇ ਹੈ ਭਾਵ ਉਹ ਨਾੜੀਆਂ ਕਿਸ ਜਗ੍ਹਾ ਵੱਸ ਵਿੱਚ ਆਉਂਦੀਆਂ ਹਨ ਉਹ ਜਗ੍ਹਾ ਸਮਝਾਈ ਹੋਈ ਹੈ। ਇਨ੍ਹਾਂ ਨਾੜੀਆਂ ਦਾ ਵਾਸਾ ਭਾਵ ਜਿੱਥੋਂ ਇਹ ਕੰਟਰੋਲ ਹੁੰਦੀਆਂ ਹਨ ਉਹ ਸਾਡਾ ਮਨ ਹੈ ਜੋ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥)**

17/1881

"ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥"

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਅਸੀਂ ਤੀਰਥਾਂ ਆਦਿ ਤੇ ਜਾਣ ਨੂੰ, ਉੱਥੇ ਜਾ ਕੇ ਇਸ਼ਨਾਨ ਕਰਨ ਵਿੱਚ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ, ਉਸਦੇ ਨੇੜੇ ਲੱਗਣ ਦਾ ਤਰੀਕਾ ਸਮਝਦੇ ਹਾਂ। ਸਾਨੂੰ ਮਨ ਦੇ ਨਾਲ ਜੁੜਨ ਲਈ ਸਮਝਾਇਆ ਹੋਇਆ ਹੈ ਜਿੱਥੇ ਸਾਡੇ ਸਰੀਰ ਦਾ ਕੰਟਰੋਲ ਹੈ। ਅਸੀਂ ਮਨ ਦੇ ਵਿਚਾਰਾਂ ਦੁਆਰਾ ਹੀ ਵਿਚਰਦੇ ਹਾਂ ਤੇ ਹਰ ਇੰਦ੍ਰੀ ਮਨ ਦੇ ਵੱਸ ਵਿੱਚ ਹੀ ਹੈ। ਅਸੀਂ ਸੰਗਮ ਤੇ ਇਸ਼ਨਾਨ ਕਰਨ ਜਾਂਦੇ ਹਾਂ ਜਿੱਥੇ ਤਿੰਨੇ ਨਦੀਆਂ ਦਾ ਮੇਲ ਹੁੰਦਾ ਹੈ ਜਿੰਨ੍ਹਾਂ ਨੂੰ ਅਸੀਂ ਪਵਿੱਤਰ ਮੰਨਦੇ ਹਾਂ। ਪਵਿੱਤਰ ਅਸੀਂ ਮਨ ਦੇ ਵਿਚਾਰਾਂ ਰਾਹੀਂ ਹੋਣਾ ਹੈ ਤੇ ਇਸ ਲਈ ਸਾਨੂੰ ਮਨ ਦੇ ਵਿੱਚ ਹੀ ਇਸ਼ਨਾਨ ਕਰਨਾ ਸਿਖਾਇਆ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਪਵਿੱਤਰ ਹੋਣਾ ਸਿਖਾਇਆ ਹੈ ਜਿਸ ਦੁਆਰਾ

ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਇਸ ਮਨ ਨੂੰ ਸ਼ੁੱਧ ਕਰਨਾ ਹੈ ਜੋ ਕਿ ਕੇਵਲ ਮਨ ਦੇ ਵਿਚਾਰਾਂ ਦੁਆਰਾ ਹੋ ਸਕਦਾ ਹੈ ਨਾ ਕਿ ਕਿਸੇ ਸਰੀਰਕ ਕਿਰਿਆਵਾਂ ਦੁਆਰਾ ਜਾਂ ਕਿਸੇ ਨਦੀਆਂ ਦੇ, ਤੀਰਥਾਂ ਦੇ ਇਸ਼ਨਾਨ ਦੁਆਰਾ। **(ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥)**

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ॥

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥}

(ਅੰਗ ੬੮੭)

ਜਦੋਂ ਗੁਰੂ ਦਾ ਸੱਚਾ ਗਿਆਨ, ਗੁਰੂ ਦੀ ਸੱਚੀ ਮਤਿ ਸਾਡੇ ਅੰਦਰ ਵੱਸ ਜਾਵੇਗੀ, ਸਾਡੇ ਅੰਤਰ ਦਾ ਗਿਆਨ ਬਣ ਜਾਵੇਗੀ ਫਿਰ ਮਨ ਉਸ ਤੀਰਥੁ ਵਿੱਚ ਹੀ ਇਸ਼ਨਾਨ ਕਰੇਗਾ ਜਿਸ ਦੁਆਰਾ ਅਸੀਂ ਪਵਿੱਤਰ ਹੋ ਸਕਦੇ ਹਾਂ। ਪਵਿੱਤਰ ਸਾਨੂੰ ਗੁਰੂ ਦੀ ਮਤਿ ਨੇ ਹੀ ਕਰਨਾ ਹੈ ਜੋ ਕਿ ਮਨ ਦੇ ਵਿਚਾਰਾਂ ਵਿੱਚ ਵੱਸਣ ਦੁਆਰਾ ਕਰਨਾ ਹੈ। ਮਨ ਵਿੱਚ ਸੱਚਾ ਗਿਆਨ ਵੱਸਣ ਦੁਆਰਾ ਸਾਰੀਆਂ ਇੰਦ੍ਰੀਆਂ ਫਿਰ ਆਪਣੇ ਹੀ ਵੱਸ ਵਿੱਚ ਆ ਜਾਂਦੀਆਂ ਹਨ। ਗੁਰੂ ਦਾ ਇਹ ਸੱਚਾ ਗਿਆਨ ਹੀ ਨਾਮ ਹੈ ਜਿਵੇਂ ਕਿ ਉੱਪਰ ਸਮਝਾਇਆ

17/1882

ਹੋਇਆ ਹੈ। ਨਾਮ ਆਪਣੇ ਇਸ ਸੱਚੇ ਗਿਆਨ ਦੁਆਰਾ ਹੀ ਸਾਡਾ ਦਾਰੂ ਹੈ, ਸਾਡੀ ਅਉਖਧ ਹੈ ਜੋ ਸਾਡੇ ਮਨ ਦੀ ਮੈਲ ਨੂੰ ਕੱਢਦਾ ਹੈ। ਸਾਡਾ ਸੰਸਾਰ ਮਨ ਦੀ ਮੈਲ ਕਰਕੇ ਹੀ ਰੋਗੀ ਹੈ, ਸੱਚ ਦੀ ਸੋਝੀ ਨਾ ਹੋਣ ਬਿਨ੍ਹਾਂ ਹੀ ਰੋਗੀ ਹੈ।

{ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥}

(ਅੰਗ ੬੮੭)

ਜਦ ਤੱਕ ਸਾਡੇ ਅੰਦਰ ਗਿਆਨ ਦਾ ਚਾਨਣ ਨਹੀਂ ਹੁੰਦਾ, "ਗੁਰ ਵਾਕ" ਦਾ ਚਾਨਣ ਨਹੀਂ ਹੁੰਦਾ ਤਦ ਤੱਕ ਸਾਡੇ ਮਨ ਦੇ ਵਿੱਚ ਸੱਚ ਨਹੀਂ ਵੱਸਦਾ, ਸਾਡਾ ਮਨ ਨਿਰਮਲ ਨਹੀਂ ਹੁੰਦਾ ਤੇ ਸਾਡੇ ਅੰਦਰ ਉਹ "ਤੀਰਥੁ" ਨਹੀਂ ਬਣਦਾ, ਨਾਮ ਦਾ ਤੀਰਥੁ ਨਹੀਂ ਬਣਦਾ, ਜਿਸਦਾ ਅਸੀਂ ਇਸ਼ਨਾਨ ਕਰਕੇ ਪਵਿੱਤਰ ਬਣ ਸਕਦੇ ਹਾਂ। ਇਹ ਮਨ ਦੇ ਤੀਰਥੁ ਦਾ ਇਸ਼ਨਾਨ ਹੈ। ਮਨ ਦੇ ਤੀਰਥੁ ਦੇ ਇਸ ਇਸ਼ਨਾਨ ਨੇ ਸਾਡੀ ਅਗਿਆਨਤਾ ਦੀ ਮੈਲ ਹੀ ਧੋਣੀ ਹੈ ਤੇ ਸਾਰਾ ਸੰਸਾਰ ਇਸ ਅਗਿਆਨਤਾ ਦੀ ਮੈਲ ਦਾ ਰੋਗੀ ਹੀ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ। ਅਗਿਆਨਤਾ ਦਾ ਦਾਰੂ ਕੇਵਲ ਨਾਮ ਹੈ ਤੇ ਇਸੇ ਲਈ ਸਾਨੂੰ ਪ੍ਰਮਾਤਮਾ ਕੋਲੋਂ ਇਹੋ ਜਿਹਾ ਨਾਮ ਮੰਗਣਾ ਸਿਖਾਇਆ ਹੋਇਆ ਹੈ ਜਿਸ ਦੁਆਰਾ ਸਾਡੇ ਮਨ ਦਾ ਰੋਗ ਕੱਟਿਆ ਜਾਵੇ। **(ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥)**

ਮੁੱਖ ਸ਼ਬਦ ਰਾਹੀਂ ਸਾਨੂੰ ਇਹੋ ਜਿਹਾ ਮਨ ਦਾ ਤੀਰਥ ਹੀ ਸਮਝਾਇਆ ਹੋਇਆ ਹੈ। **(ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥)** ਮਨ ਦੇ ਇਸ ਤੀਰਥ ਦਾ ਇਸ਼ਨਾਨ ਨਾਮ ਦਾ ਇਸ਼ਨਾਨ ਹੈ। ਇਹੋ ਜਿਹੇ ਤੀਰਥ ਦਾ ਇਸ਼ਨਾਨ ਸਾਡੇ ਮਨ ਦੀ ਮੈਲ ਨੂੰ ਕਿਸ ਰੂਪ ਵਿੱਚ ਧੋਂਦਾ ਹੈ ਭਾਵ ਸਾਡੇ ਮਨ ਦੇ ਤੀਰਥ ਦੇ ਵਿੱਚ ਵਾਸਾ ਕਿਸ ਰੂਪ ਵਿੱਚ ਹੁੰਦਾ ਹੈ ਉਹ ਮਨ ਦੇ ਵਿਚਾਰਾਂ ਨੂੰ ਔਗੁਣ ਰਹਿਤ ਬਣਾ ਕੇ ਹੁੰਦਾ ਹੈ ਜੋ ਇਸ ਤੀਰਥ ਦੇ ਇਸ਼ਨਾਨ ਦਾ ਮਕਸਦ ਹੈ, ਗੁਰੂ ਦੇ ਸੱਚੇ ਗਿਆਨ ਦਾ ਮਕਸਦ ਹੈ।

ਆਸਾ ਮਹਲਾ ੧ ਚਉਪਦੇ॥

{ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥੧॥}

(ਅੰਗ ੩੫੬)

ਇਸ ਤੀਰਥ ਦੇ ਇਸ਼ਨਾਨ ਦੁਆਰਾ ਮਨੁੱਖ ਪੰਜਾਂ ਔਗੁਣਾਂ ਨੂੰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਫਿਰ ਵੱਸ ਵਿੱਚ ਰੱਖਦਾ ਹੈ ਜਿਸ ਦੁਆਰਾ ਸਾਡੀ ਸੰਸਾਰਿਕ ਵਿਚਰਨ ਚੰਗੀ ਹੁੰਦੀ ਹੈ।

17/1883

ਤੇ ਅਸੀਂ ਸਮਾਜ ਵਿੱਚ ਪਰਉਪਕਾਰੀ ਬਣ ਕੇ ਵਿਚਰਦੇ ਹਾਂ, ਸੱਚੇ ਸੁੱਚੇ ਕਰਮ ਕਰਦੇ ਹਾਂ ਤੇ ਮਾੜੇ ਕਰਮ ਨਹੀਂ ਕਰ ਸਕਦੇ। ਮਨ ਦੇ ਇਸ ਇਸ਼ਨਾਨ ਦੁਆਰਾ ਗੁਰੂ ਦੇ ਗਿਆਨ ਦਾ ਮਕਸਦ ਪੂਰਾ ਹੁੰਦਾ ਹੈ। ਸਾਡੇ ਮਨ ਦੀ ਇਹੋ ਜਿਹੀ ਅਵੱਸਥਾ ਪ੍ਰਮਾਤਮਾ ਆਪ ਹੀ ਬਣਾ ਸਕਦਾ ਹੈ ਭਾਵ ਆਪ ਹੀ ਪ੍ਰਗਟ ਹੋ ਕੇ ਬਣਾ ਸਕਦਾ ਹੈ ਭਾਵ ਸਾਡਾ ਸਾਰਾ ਉੱਦਮ ਗੁਰੂ ਦੀ ਮਤਿ ਅਨੁਸਾਰ ਚੱਲਣ ਦਾ ਹੋਣਾ ਚਾਹੀਦਾ ਹੈ ਜਿਸ ਵਿਧੀ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਜਿਸ ਮਨ ਦੇ ਵਿੱਚ ਤੀਰਥ ਬਣ ਜਾਂਦਾ ਹੈ, ਨਾਮ ਦਾ ਤੀਰਥ ਬਣ ਜਾਂਦਾ ਹੈ ਉੱਥੇ ਹੀ ਪ੍ਰਮਾਤਮਾ ਆਪ ਵੱਸਿਆ ਹੁੰਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸੰਤਹੁ ਤਹਾ ਨਿਰੰਜਨ ਰਾਮੁ ਹੈ॥ ਗੁਰ ਗਮਿ ਚੀਨੈ ਬਿਰਲਾ ਕੋਇ॥

ਤਹਾਂ ਨਿਰੰਜਨੁ ਰਮਈਆ ਹੋਇ॥੧॥ਰਹਾਉ॥"

(ਅੰਗ ੯੭੪)

ਉੱਪਰ ਪੰਗਤੀਆਂ ਰਾਹੀਂ ਸਾਨੂੰ "ਸੰਤਹੁ" ਕਹਿ ਕੇ ਸਮਝਾਇਆ ਹੈ ਕਿਉਂਕਿ ਸੰਤ ਅਖਵਾਉਣ ਵਾਲੇ ਬਹੁਤ ਹਨ ਜੋ ਕਿ ਰੱਬ ਨੂੰ ਪਾਉਣ ਦੀਆਂ ਜਾਂ ਸਮਝਾਉਣ ਦੀਆਂ ਗੱਲਾਂ ਕਰਦੇ ਹਨ ਭਾਵ ਸੰਤ ਅਖਵਾਉਣ ਨਾਲ ਕੋਈ ਪ੍ਰਮਾਤਮਾ ਨੂੰ ਜਾਨਣ ਵਾਲਾ ਨਹੀਂ ਬਣ ਜਾਂਦਾ ਤੇ ਉਨ੍ਹਾਂ ਨੂੰ ਵੀ ਸਮਝਣ ਦੀ ਲੋੜ ਹੈ, ਭਰਮ ਵਿੱਚੋਂ ਨਿਕਲਣ ਦੀ ਲੋੜ ਹੈ। ਭਰਮ ਵਿੱਚੋਂ ਸਾਨੂੰ ਉਹੀ ਕੱਢ ਸਕਦਾ ਹੈ ਜੋ ਆਪ ਭਰਮ ਵਿੱਚੋਂ ਨਿਕਲਿਆ ਹੋਇਆ ਹੈ। ਸਾਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ ਤੇ ਉਸਨੂੰ ਕਿਸੇ ਸਰੀਰਕ ਕਿਰਿਆਵਾਂ ਦੁਆਰਾ, ਤੀਰਥਾਂ ਆਦਿ ਤੇ ਜਾ ਕੇ ਇਸ਼ਨਾਨ ਕਰਨ ਦੁਆਰਾ ਲੱਭਣ ਦੀ ਲੋੜ ਨਹੀਂ ਹੈ। ਉਹ ਮਨ ਦੇ ਵਿੱਚ ਗਿਆਨ ਦੁਆਰਾ ਹੀ ਲੱਭਦਾ ਹੈ। ਉਹ ਨੂੰ ਕੋਈ ਵਿਰਲਾ ਹੀ ਆਪਣੇ ਅੰਦਰੋਂ ਜਾਣ ਸਕਦਾ ਹੈ। ਇਸੇ ਲਈ ਸਾਨੂੰ ਬਾਣੀ ਰਾਹੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਇਆ ਹੈ ਕਿ ਇਸ ਮਨ ਨੂੰ ਖੋਜੋ ਜਿੱਥੋਂ ਤੁਹਾਨੂੰ ਪ੍ਰਮਾਤਮਾ ਦੀ ਸੋਝੀ ਪੈ ਸਕਦੀ ਹੈ। ਜਿੰਨ੍ਹਾਂ ਨੂੰ ਇਸ ਮਨ ਦੀ ਸੋਝੀ ਪਈ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਸਾਨੂੰ ਮਨ ਨੂੰ ਖੋਜਣਾ ਸਿਖਾਇਆ ਹੈ ਭਾਵ ਮਨ ਤੱਕ ਪਹੁੰਚ ਕਰਨੀ ਸਿਖਾਇਆ ਹੈ।

17/1884

ਗੁਰਬਾਣੀ ਦਾ ਗਿਆਨ ਹੀ ਸਾਨੂੰ ਇਸ ਮਨ ਤੱਕ ਪਹੁੰਚਾ ਸਕਦਾ ਹੈ। ਗੁਰਬਾਣੀ ਨੂੰ ਖੋਜਣਾ ਹੀ ਇਸ ਮਨ ਨੂੰ ਖੋਜਣਾ ਹੈ ਕਿਉਂਕਿ ਗੁਰਬਾਣੀ ਉਸ ਮਨ ਦਾ ਰੂਪ ਹੈ ਜਿਸ ਮਨ ਵਿੱਚ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਸਭ ਨੇ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਨਾਲ ਹੀ ਜੋੜਿਆ ਹੈ ਜੋ ਕਿ ਸਾਡਾ ਮਨ ਹੈ ਜਿੱਥੇ ਪ੍ਰਮਾਤਮਾ ਆਪ ਵੱਸਦਾ ਹੈ। **(ਸੰਤਹੁ ਤਹਾ ਨਿਰੰਜਨ ਰਾਮੁ ਹੈ॥ ਗੁਰ ਗਮਿ ਚੀਨੈ ਬਿਰਲਾ ਕੋਇ॥ ਤਹਾਂ ਨਿਰੰਜਨੁ ਰਮਈਆ ਹੋਇ॥੧॥ਰਹਾਉ॥)**

ਪ੍ਰਮਾਤਮਾ ਨੂੰ ਪਾਉਣ ਦੀ ਕੀ ਨਿਸ਼ਾਨੀ ਹੈ, ਜਿਸ ਅਸਥਾਨ ਤੇ ਪ੍ਰਮਾਤਮਾ ਵੱਸਦਾ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ, ਉਹ ਅਸਥਾਨ ਕਿਹੋ ਜਿਹਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਦੇਵ ਸਥਾਨੈ ਕਿਆ ਨੀਸਾਣੀ॥ ਤਹ ਬਾਜੇ ਸਬਦ ਅਨਾਹਦ ਬਾਣੀ॥

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ॥ ਸਾਖੀ ਜਾਗੀ ਗੁਰਮੁਖਿ ਜਾਣੀ॥੨॥"

ਉਪਰਲੀਆਂ ਪਹਿਲੀਆਂ ਪੰਗਤੀਆਂ ਰਾਹੀਂ ਇਹ ਧਿਆਨ ਨਾਲ ਸਮਝੋ ਕਿ ਗੁਰਬਾਣੀ ਸਾਡੇ ਕੋਲ ਕਿਸ ਤਰੀਕੇ ਨਾਲ ਆਈ

ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਆਪਣੀ ਬਾਣੀ ਹੈ ਜੋ ਮਨ ਦੇ ਰਾਹੀਂ ਹੀ ਆਈ ਹੈ। ਗੁਰਬਾਣੀ ਉਸ ਅਸਥਾਨ ਤੋਂ ਆਈ ਹੈ ਜਿਸ ਅਸਥਾਨ ਤੇ ਪ੍ਰਮਾਤਮਾ ਸਾਡੇ ਅੰਦਰ ਆਪ ਵੱਸਦਾ ਹੈ। ਪੂਰੀ ਗਰੁਬਾਣੀ "ਅਨਾਹਦ ਬਾਣੀ" ਹੈ ਭਾਵ ਉਸ ਨਾਦ ਦੁਆਰਾ ਆਈ ਹੈ ਜੋ ਸਾਡੇ ਮਨ ਦੇ ਵਿੱਚ ਹੀ ਵੱਜਦਾ ਹੈ। ਸਭ ਦੇ ਅੰਦਰ ਪ੍ਰਮਾਤਮਾ ਦਾ ਨਾਦ ਹੀ ਵੱਜਦਾ ਹੈ। **(ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥)** ਇਹ ਸਾਡੇ ਅੰਦਰ ਮਨ ਦੇ ਗਿਆਨ ਦਾ ਨਾਦ ਹੈ ਜੋ ਪ੍ਰਮਾਤਮਾ ਸਭ ਦੇ ਅੰਦਰ ਵਜਾ ਰਿਹਾ ਹੈ, ਇਹ ਮਨ ਦੀ ਸੋਝੀ ਦਾ ਨਾਦ ਹੈ ਜੋ ਬਿਨ੍ਹਾਂ ਕਿਸੇ ਆਵਾਜ਼ ਦੇ ਹੀ ਵੱਜਦਾ ਹੈ। ਜਦ ਤੱਕ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ ਤਦ ਤੱਕ ਸਾਨੂੰ ਇਹ ਸਮਝ ਨਹੀਂ ਲੱਗ ਸਕਦੀ ਕਿ ਸਾਡੇ ਅੰਦਰ ਇਹ ਨਾਦ ਵਜਾਉਣ ਵਾਲਾ ਕੌਣ ਹੈ। ਇਹ ਸਾਡੇ ਅੰਦਰ

ਸ਼ਬਦ ਦਾ ਨਾਦ ਹੈ, ਉਸ ਪ੍ਰਮਾਤਮਾ ਦਾ ਆਪਣਾ ਵਜਾਇਆ ਹੋਇਆ ਨਾਦ ਹੈ ਜੋ ਸਾਡੇ ਸਭ ਦੇ ਅੰਦਰ ਸ਼ਬਦ ਰੂਪ ਵਿੱਚ ਹੀ ਵਿਚਰਦਾ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੀ ਵਿਚਰਦਾ ਹੈ।

{ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

ਇਸੇ ਲਈ ਗੁਰੂ ਸ਼ਬਦ ਹੈ ਤੇ ਉਹ ਆਪਣੀ ਅਨਾਹਦ ਬਾਣੀ ਦੇ ਰੂਪ ਵਿੱਚ ਗੁਰੂ ਹੈ ਜਿਸ ਦਾ ਅਸਥਾਨ ਸਾਡਾ ਮਨ ਹੈ। ਜਿਹੋ ਜਿਹਾ ਨਾਦ ਆਪਣੇ ਸ਼ਬਦ ਦੁਆਰਾ ਉਹ ਮਨ ਦੇ ਵਿੱਚ ਵਜਾਉਂਦਾ ਹੈ ਉਹੋ ਜਿਹਾ ਸ਼ਬਦ ਦਾ ਨਾਦ ਉਸਦੇ ਭਗਤਾਂ ਨੇ, ਗੁਰੂ ਸਾਹਿਬਾਨਾਂ ਨੇ, ਭੱਟ ਸਾਹਿਬਾਨ ਨੇ ਗੁਰਬਾਣੀ ਰਾਹੀਂ ਪ੍ਰਗਟ ਕੀਤਾ ਹੈ। **(ਤਹ ਬਾਜੇ ਸਬਦ ਅਨਾਹਦ ਬਾਣੀ॥)** ਇਹ ਚੌਥੇ ਪਦ ਦਾ ਨਾਦ ਹੈ ਜੋ ਸਾਨੂੰ ਭਰਮ ਦੇ ਵਿੱਚੋਂ ਕੱਢਦਾ ਹੈ ਤੇ ਇਹੀ ਇਸ ਅਨਾਹਦ ਨਾਦ ਦਾ ਮਕਸਦ ਹੈ। **(ਦੇਵ ਸਥਾਨੈ ਕਿਆ ਨੀਸਾਣੀ॥ ਤਹ ਬਾਜੇ ਸਬਦ ਅਨਾਹਦ ਬਾਣੀ॥)** ਜਿਸਨੂੰ ਵੀ ਪ੍ਰਮਾਤਮਾ ਭਰਮ ਰਹਿਤ ਕਰਦਾ ਹੈ ਆਪਣੇ ਇਸ ਨਾਦ ਦੁਆਰਾ ਹੀ ਕਰਦਾ ਹੈ ਜੋ ਕਿ ਉਸਦਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ ਜਿਸ ਦੁਆਰਾ ਮਨੁੱਖ ਦੀ ਅਵੱਸਥਾ ਸਹਜ ਗਿਆਨ ਵਾਲੀ ਬਣਦੀ ਹੈ, ਨਾਮ ਵਾਲੀ ਅਵੱਸਥਾ ਹੈ। ਜਿਸ ਅਸਥਾਨ ਤੇ ਇਹ ਨਾਦ ਵੱਜਦਾ ਹੈ ਭਾਵ ਜਿਸ ਅਸਥਾਨ ਤੋਂ ਇਹ ਨਾਦ ਪ੍ਰਗਟ ਹੁੰਦਾ ਹੈ ਉਹ ਅਸਥਾਨ ਨਿਰਗੁਣ ਰੂਪ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ॥ ਸਾਖੀ ਜਾਗੀ ਗੁਰਮੁਖਿ ਜਾਣੀ॥੨॥"

ਬੜਾ ਸਪੱਸ਼ਟ ਹੈ ਕਿ ਜਿਸ ਅਸਥਾਨ ਤੇ ਪ੍ਰਮਾਤਮਾ ਆਪਣੀ ਅਨਹਾਦ ਬਾਣੀ ਸੁਣਾਉਂਦਾ ਹੈ, ਆਪਣਾ ਸ਼ਬਦ ਵਸਾਉਂਦਾ ਹੈ, ਉੱਥੇ ਕੋਈ ਸਰਗੁਣ ਰੂਪ ਜਾਂ ਆਕਾਰ ਰੂਪ ਨਹੀਂ ਹੈ। ਸਾਡਾ ਮਨ ਨਿਰਗੁਣ ਰੂਪ ਹੈ। ਮਨ ਦੇ ਵਿੱਚ ਆਪਣੇ ਨਾਦ ਦੁਆਰਾ ਪ੍ਰਮਾਤਮਾ ਆਪਣੀ ਸਾਖੀ ਭਾਵ ਸਿੱਖਿਆ ਹੀ ਸੁਣਾਉਂਦਾ ਹੈ। ਉਹ ਸਾਡੇ ਅੰਦਰ ਆਪਣੀ ਸਿੱਖਿਆ ਨੂੰ ਹੀ ਜਗਾਉਂਦਾ ਹੈ। ਜਿਸ ਦੁਆਰਾ ਸਾਡੀ ਸੁੱਤੀ ਹੋਈ ਮਤਿ ਜਾਗਦੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਦਿੱਤੀ ਹੋਈ ਸਿੱਖਿਆ ਹੀ ਹੈ। ਪਹਿਲੇ ਇਹ ਸਿੱਖਿਆ ਮਨ ਦੇ ਵਿੱਚ ਜਾਗੀ ਹੈ ਜੋ ਕਿ ਉਨ੍ਹਾਂ ਨੇ ਮਨ ਦੇ ਵਿੱਚੋਂ ਪ੍ਰਮਾਤਮਾ

ਦੇ ਕੋਲੋਂ ਜਾਣੀ ਹੈ। ਗੁਰਮੁਖਿ ਦੇ ਕੋਲੋਂ ਜਾਣੀ ਹੈ। ਉਸ ਕੋਲੋਂ ਮਨ ਦੇ ਵਿੱਚ ਇਹ ਸਿੱਖਿਆ ਜਾਨਣ ਦੁਆਰਾ ਹੀ ਕਿਸੇ ਦੀ ਗੁਰਮੁਖਿ ਵਾਲੀ ਅਵੱਸਥਾ ਬਣਦੀ ਹੈ। ਗੁਰੂ ਉਸਦਾ ਗੁਰਮੁਖਿ ਰੂਪ ਹੈ ਤੇ ਇਸ ਰੂਪ ਦੁਆਰਾ ਹੀ ਉਹ ਸਭ ਨੂੰ ਆਪਣੀ ਸੱਚੀ ਸਿੱਖਿਆ ਦਿੰਦਾ ਹੈ। ਪੂਰੀ ਗੁਰਬਾਣੀ ਉਸਦਾ ਗੁਰਮੁਖਿ ਰੂਪ ਹੈ ਤੇ ਇਸ ਰੂਪ ਦੁਆਰਾ ਹੀ ਉਹ ਸਭ ਨੂੰ ਆਪਣੀ ਸੱਚੀ ਸਿੱਖਿਆ ਦਿੰਦਾ ਹੈ। ਪੂਰੀ ਗੁਰਬਾਣੀ ਉਸਦਾ ਗੁਰਮੁਖਿ ਰੂਪ ਹੈ ਜੋ ਆਪ ਸੱਚੀ ਸਿੱਖਿਆ ਦੁਆਰਾ ਜਾਗ ਰਹੀ ਹੈ ਤੇ ਸਭ ਨੂੰ ਜਾਗਣਾ ਸਿਖਾ ਰਹੀ ਹੈ। ਗੁਰਬਾਣੀ ਆਪ ਭਰਮ ਵਿੱਚੋਂ ਨਿਕਲੀ ਹੋਈ ਹੈ, ਅਗਿਆਨਤਾ ਵਿੱਚੋਂ ਨਿਕਲੀ ਹੋਈ ਹੈ ਤੇ ਸਭ ਨੂੰ ਆਪਣੇ ਗਿਆਨ ਦੁਆਰਾ ਜਗਾ ਰਹੀ ਹੈ। **(ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ॥ ਸਾਖੀ ਜਾਗੀ ਗੁਰਮੁਖਿ ਜਾਣੀ॥੨॥)**

{ਊਹਾਂ ਸੂਰਜ ਨਾਹੀ ਚੰਦ॥ ਆਦਿ ਨਿਰੰਜਨੁ ਕਰੈ ਅਨੰਦ॥੫॥}

(ਅੰਗ ੧੧੬੨)

ਪ੍ਰਮਾਤਮਾ ਦੀ ਸਿੱਖਿਆ ਸਾਡੇ ਅੰਦਰ ਕਿਸ ਰੂਪ ਵਿੱਚ ਜਾਗਦੀ ਹੈ ਤੇ ਸਾਡੇ ਮਨ ਵਿੱਚ ਉਸਦਾ ਕੀ ਅਸਰ ਪੈਂਦਾ ਹੈ, ਸਾਨੂੰ ਉਸ ਤੋਂ ਲਾਭ ਕੀ ਮਿਲਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥

ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥੩॥"

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਇਹ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੀ ਹੈ, ਕਿਸ ਅਸਥਾਨ ਤੇ ਹੁੰਦਾ ਹੈ ਤੇ ਕਿਸ ਰੂਪ ਵਿੱਚ ਹੁੰਦਾ ਹੈ।

ਗੱਲ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਕੇਵਲ ਮਨ ਦੇ ਭਰਮ ਦਾ ਹੈ, ਦੁਬਿਧਾ ਦਾ ਹੈ, ਹਉਮੈ ਦਾ ਹੈ, ਅਗਿਆਨਤਾ ਦਾ ਹੈ, ਉਸਦੀ ਆਪਣੀ ਪਾਈ ਹੋਈ ਮਾਇਆ ਦੀ ਜੁਗਤਿ ਦਾ ਹੈ, ਉਸਦੀ ਆਪਣੀ ਪਾਈ ਹੋਈ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਹੈ ਜਿਸਦੇ ਰਹਿੰਦਿਆਂ ਹਰ ਕੋਈ ਮਨਮਤਿ ਵਿੱਚ ਹੈ, ਦੁਰਮਤਿ ਵਿੱਚ ਹੈ, ਮਨਮੁਖ ਵਾਲੀ ਅਵੱਸਥਾ ਵਿੱਚ ਹੈ ਜਿਸ

17/1887

ਦੇ ਰਹਿੰਦਿਆਂ ਅਸੀਂ ਇਹ ਕਦੇ ਨਹੀਂ ਜਾਣ ਸਕਦੇ ਕਿ ਪ੍ਰਮਾਤਮਾ ਕੀ ਹੈ, ਸਾਡੇ ਅੰਦਰ ਕਿੱਥੇ ਵੱਸਦਾ ਹੈ, ਕਿਸ ਰੂਪ ਵਿੱਚ ਵੱਸਦਾ ਹੈ ਤੇ ਸਭ ਜਗ੍ਹਾ ਕਿਸ ਰੂਪ ਵਿੱਚ ਸਮਾਇਆ ਹੋਇਆ ਹੈ, ਕਿਸ ਗੁਪਤ ਰੂਪ ਵਿੱਚ ਸਮਾਇਆ ਹੋਇਆ ਹੈ, ਕਿਸ ਨਿਰਗੁਣ ਰੂਪ ਵਿੱਚ ਸਮਾਇਆ ਹੋਇਆ ਹੈ ਜਿਸਨੂੰ ਨਾ ਕੋਈ ਦੇਖ ਸਕਦਾ ਹੈ, ਨਾ ਕੋਈ ਸਮਝ ਸਕਦਾ ਹੈ, ਨਾ ਕੋਈ ਉਸਨੂੰ ਬਿਆਨ ਕਰ ਸਕਦਾ ਹੈ।

ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਆਪਣੀ ਮਨ ਦੀ ਸੋਝੀ ਕਰਕੇ ਹੀ ਅਸੀਂ ਪ੍ਰਮਾਤਮਾ ਨੂੰ ਜਾਨਣ ਤੋਂ ਅਸਮਰੱਥ ਹਾਂ ਤੇ ਮਨ ਦੀ ਇਸ ਸੋਝੀ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਜਾਨਣ ਵਿੱਚ ਸਮਰੱਥ ਬਣਦੇ ਹਾਂ। ਸਾਡੇ ਇਹ ਮਨ ਦੀ ਸੋਝੀ ਕਿੱਥੋਂ ਆਉਂਦੀ ਹੈ, ਮਨ ਦੀ ਸੋਚ ਕਿੱਥੋਂ ਆਉਂਦੀ ਹੈ, ਮਨ ਦੇ ਵਿਚਾਰ ਕਿੱਥੋਂ ਆਉਂਦੇ ਹਨ ਇਸ ਗੱਲ ਦੀ ਸੋਝੀ ਕਿਸੇ ਨੂੰ ਵੀ ਨਹੀਂ ਤੇ ਇਸੇ ਲਈ ਪ੍ਰਮਾਤਮਾ ਦੇ ਉਸ ਨਿਰਗੁਣ ਰੂਪ ਦੀ ਸੋਝੀ ਸਿਵਾਇ ਗੁਰਬਾਣੀ ਦੇ ਰਚਨ ਵਾਲਿਆਂ ਤੋਂ ਇਲਾਵਾ ਹੋਰ ਕਿਸੇ ਕੋਲ ਵੀ ਨਹੀਂ ਹੈ। ਸਾਨੂੰ ਸੋਝੀ ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ ਤੇ ਮਨ ਦੇ ਇਸ ਗਿਆਨ ਦਾ ਮਾਲਕ ਕੌਣ ਹੈ ਇਸ ਨੂੰ ਜਾਣੇ ਬਿਨ੍ਹਾਂ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਕੋਈ ਵੀ ਨਹੀਂ ਜਾਣ ਸਕਦਾ। ਪ੍ਰਮਾਤਮਾ ਆਪ "ਗਿਆਨੁ" ਰੂਪ ਵਿੱਚ ਹੀ ਹੈ ਜੋ ਕਿ ਸਾਡੇ ਅੰਦਰ ਆਪ ਹੀ ਉਪਜ ਕੇ ਭਾਵ ਪ੍ਰਗਟ ਹੋ ਕੇ ਸਾਨੂੰ ਆਪਣੇ ਆਪ ਦੀ ਸੋਝੀ ਪਾਉਂਦਾ ਹੈ, ਸਾਨੂੰ ਦੁਰਮਤਿ ਵਿੱਚੋਂ ਕੱਢਦਾ ਹੈ, ਤ੍ਰੈਗੁਣਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ ਭਾਵ ਭਰਮ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ ਜੋ ਕਿ ਮਨ ਦੇ ਵਿੱਚ ਉਸਦਾ ਆਪਣਾ ਹੀ ਪਾਇਆ ਹੋਇਆ ਪੜਦਾ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿਸ ਸਰੀਰ ਰਾਹੀਂ ਮਨ ਦੇ ਵਿੱਚੋਂ ਉਪਜਦਾ ਹੈ। **(ਉਪਜੈ ਗਿਆਨੁ ਦੁਰਮਤਿ ਛੀਜੈ॥)** ਇਸ ਗਿਆਨ ਦੇ ਉਪਜਣ ਬਿਨ੍ਹਾਂ ਹਰ ਕੋਈ ਅਗਿਆਨਤਾ ਵਿੱਚ ਸੁੱਤਾ ਹੋਇਆ ਹੀ ਹੈ, ਪ੍ਰਮਾਤਮਾ ਦਾ ਆਪਣਾ ਸਵਾਇਆ ਹੋਇਆ ਹੀ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥੮॥੧॥}

(ਅੰਗ ੧੩੦੮)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥

ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥}

(ਅੰਗ ੯੨)

17/1888

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

ਜਦ ਤੱਕ ਸਾਡੇ ਅੰਦਰ ਸੱਚਾ ਗਿਆਨ ਨਹੀਂ ਉਪਜਦਾ, ਸਹਜ ਗਿਆਨ ਨਹੀਂ ਉਪਜਦਾ, ਚੌਥੇ ਪਦ ਦਾ ਗਿਆਨ ਨਹੀਂ ਉਪਜਦਾ, ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਮਾਇਆ ਮੋਹ ਦੀ, ਅਗਿਆਨਤਾ ਦੀ ਨੀਂਦ ਵਿੱਚੋਂ ਕੋਈ ਜਾਗ ਸਕਦਾ ਹੈ। ਜਿਸਨੂੰ ਉਹ ਜਗਾਉਂਦਾ ਹੈ ਆਪ ਹੀ ਜਗਾਉਂਦਾ ਹੈ।

"ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥"

ਉੱਪਰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਗਿਆਨ ਦੇ ਉਪਜਣ ਨਾਲ ਪ੍ਰਾਪਤੀ ਕਿਸ ਚੀਜ਼ ਦੀ ਹੁੰਦੀ ਹੈ। ਪ੍ਰਾਪਤੀ "ਅੰਮ੍ਰਿਤ ਰਸਿ" ਦੀ ਹੁੰਦੀ ਹੈ। "ਅੰਮ੍ਰਿਤ ਰਸ" ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਰਸਿ ਹੈ ਭਾਵ ਉਸਦਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ ਜਿਸ ਦੁਆਰਾ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਦੇ ਹਾਂ, ਦੁਰਮਤਿ ਵਿੱਚੋਂ ਨਿਕਲਦੇ ਹਾਂ ਤੇ ਇਹੀ ਉਹ ਰਸਿ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਨਾਲ ਭਿੱਜਦੇ ਹਾਂ, ਗਗਨੰਤਰਿ ਦੇ ਨਾਲ ਭਿੱਜਦੇ ਹਾਂ ਭਾਵ ਇੱਕ ਹੁੰਦੇ ਹਾਂ, ਉਸਦੇ ਨਾਲ ਮਿਲਦੇ ਹਾਂ। ਪ੍ਰਮਾਤਮਾ ਆਪਣੇ ਨਾਲ ਸਾਨੂੰ ਮਨ ਦੇ ਵਿੱਚ ਇਸ ਅੰਮ੍ਰਿਤ ਰਸਿ ਦੁਆਰਾ ਹੀ ਮਿਲਾਉਂਦਾ ਹੈ। ਇਹ ਅੰਮ੍ਰਿਤ ਰਸ ਉਸਦੀ ਸੱਚੀ ਸਿੱਖਿਆ ਹੈ, ਸੱਚੀ ਸੋਝੀ ਹੈ ਜਿਸ ਦੁਆਰਾ ਪੂਰੀ ਗੁਰਬਾਣੀ ਉਸ ਪ੍ਰਮਾਤਮਾ ਦੇ ਨਾਲ ਭਿੱਜੀ ਹੋਈ ਹੈ, ਉਸ ਵਿੱਚ ਸਮਾਈ ਹੋਈ ਹੈ। **(ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥)** ਅਗਲੀਆਂ ਪੰਗਤੀਆਂ ਰਾਹੀਂ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਸਾਨੂੰ ਸੋਝੀ ਪਾਉਣ ਦੀ ਭਾਵ ਆਪਣੇ ਦਰਸ਼ਨ ਕਰਵਾਉਣ ਦੀ ਉਹ ਕਿਹੜੀ ਕਲਾ ਹੈ ਜਿਸ ਦੁਆਰਾ ਉਸ ਨੂੰ ਜਾਣਿਆ ਜਾ ਸਕਦਾ ਹੈ।

"ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥੩॥"

ਪ੍ਰਮਾਤਮਾ ਨੂੰ ਜਾਨਣ ਦੀ ਕਲਾ ਇੱਕੋ ਹੀ ਹੈ ਤੇ ਦੋ ਨਹੀਂ ਹੋ ਸਕਦੀਆਂ। ਜਿਸ ਨੇ ਸੱਚਮੁੱਚ ਪ੍ਰਮਾਤਮਾ ਨੂੰ ਜਾਣਿਆ ਹੈ ਭਾਵ ਹਕੀਕਤ ਵਿੱਚ ਪ੍ਰਮਾਤਮਾ ਨੂੰ ਜਾਣਿਆ ਹੈ ਉਨ੍ਹਾਂ ਨੇ ਕੇਵਲ ਇਸ ਕਲਾ ਦੁਆਰਾ ਹੀ ਜਾਣਿਆ ਹੈ ਜਿਸ ਦੁਆਰਾ ਉਸਦੇ ਨਿਰਗੁਣ ਰੂਪ ਨੂੰ ਜਾਣਿਆ ਜਾ ਸਕਦਾ ਹੈ। ਕੇਵਲ ਤੇ ਕੇਵਲ ਇੱਕੋ ਇੱਕ ਕਲਾ ਮਨ ਦੇ ਵਿੱਚ "ਗਿਆਨੁ" ਉਪਜਣ ਦੀ ਹੈ ਤੇ ਹੋਰ ਕੋਈ ਨਹੀਂ ਹੋ ਸਕਦੀ।

17/1889

ਨਿਕਲਣਾ ਅਸੀਂ ਭਰਮ ਵਿੱਚੋਂ ਹੀ ਹੈ ਤੇ ਉਹ ਸਾਨੂੰ ਕੇਵਲ ਗਿਆਨ ਹੀ ਕੱਢ ਸਕਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਵਿਚਰਦਾ ਹੈ। ਆਪਣੇ ਆਪ ਦੀ ਸੋਝੀ ਉਹ ਆਪ ਹੀ ਪਾ ਸਕਦਾ ਹੈ ਜੋ ਗਿਆਨ ਦਾ ਮਾਲਕ ਹੈ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਪ੍ਰਮਾਤਮਾ ਦੀ ਕੇਵਲ ਇਸ ਕਲਾ ਦੁਆਰਾ ਹੀ ਉਸਨੂੰ ਜਾਣਿਆ ਹੈ ਤੇ ਉਸਨੂੰ ਬਿਆਨ ਕੀਤਾ ਹੈ। ਇਸੇ ਲਈ ਪ੍ਰਮਤਮਾ ਦਾ ਸੱਚਾ ਰੂਪ ਬਿਆਨ ਕਰਨ ਵਾਲੇ ਇੱਕ ਮਤਿ ਹਨ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ ਸਾਨੂੰ ਕੋਈ ਦੂਜੀ ਮਤਿ ਨਹੀਂ ਸਮਝਾਉਂਦੇ। ਇਸ ਤੋਂ ਬਿਨ੍ਹਾਂ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਸਮਝਾਉਣ ਵਾਲੇ, ਮਨ ਤੋਂ ਬਿਨ੍ਹਾਂ ਕਿਸੇ ਹੋਰ ਜਗ੍ਹਾ ਪ੍ਰਮਾਤਮਾ ਨੂੰ ਖੋਜਣ ਵਾਲੇ, ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝਣ ਵਾਲੇ ਸਭ ਭਰਮ ਵਿੱਚ ਹੀ ਹਨ ਤੇ ਸਾਨੂੰ ਭਰਮ ਵਿੱਚ ਹੀ ਪਾਉਂਦੇ ਹਨ। ਸੱਚ ਕੇਵਲ ਗੁਰਬਾਣੀ ਦੇ ਕੋਲ ਹੈ ਜੋ ਉਸ ਦੀ ਕਲਾ ਦੁਆਰਾ ਹੀ ਪ੍ਰਗਟ ਹੋਈ ਹੈ। **(ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥੩॥)**

ਮਾਝ ਮਹਲਾ ੫॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥}

(ਅੰਗ ੧੦੨)

ਜਿੰਨ੍ਹਾਂ ਨੇ ਮਨ ਨੂੰ ਜਾਣਿਆ ਹੈ, ਮਨ ਦੇ ਗਿਆਨ ਨੂੰ ਜਾਣਿਆ ਹੈ ਭਾਵ ਮਨ ਦੇ ਵਿੱਚ ਗਿਆਨ ਉਪਜਣ ਦੀ ਕਲਾ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਦਸਮ ਦੁਆਰ ਨੂੰ ਜਾਣਿਆ ਹੈ, ਪ੍ਰਮਾਤਮਾ ਦੇ ਦੁਆਰ ਨੂੰ ਜਾਣਿਆ ਹੈ ਜੋ ਕਿ ਸਾਡੇ ਅੰਦਰ ਹੀ ਹੈ ਜਿਵੇਂ ਕਿ

ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਗਿਆ ਹੈ।

"ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥

ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥੪॥"

(ਅੰਗ - ੯੭੪)

ਉੱਪਰ ਗੱਲ ਉਹੀ ਸਮਝਾਈ ਹੋਈ ਹੈ ਜਿਸ ਨੂੰ ਅਸੀਂ ਪਿੱਛੇ ਵੀ ਅਨੇਕਾਂ ਵਾਰ ਸਮਝਿਆ ਹੈ। ਸਾਡਾ ਇਹ ਸਰੀਰ ਸਰਗੁਣ ਰੂਪ ਹੈ ਤੇ ਮਨ ਨਿਰਗੁਣ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ।

17/1890

"ਗਿਆਨੁ" ਦਾ ਕੋਈ ਰੂਪ ਰੇਖ ਨਹੀਂ ਹੈ। ਇਸ '**ਗਿਆਨੁ**' ਨੂੰ ਜਾਨਣ ਲਈ ਸਰਗੁਣ ਰੂਪ ਦਾ ਬਣਨਾ ਵੀ ਜਰੂਰੀ ਹੈ ਜਿੱਥੋਂ ਇਹ ਗਿਆਨ ਉਪਜ ਸਕਦਾ ਹੈ, ਇਸ ਨੂੰ ਜਾਣਿਆ ਜਾ ਸਕਦਾ ਹੈ।

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ॥

ਵਿਚਿ ਮਨ ਕੋਟਵਰੀਆ॥ ਨਿਜ ਮੰਦਰਿ ਪਿਰੀਆ॥

ਤਹਾ ਆਨਦ ਕਰੀਆ॥ ਨਹ ਮਰੀਆ ਨਹ ਜਰੀਆ॥੧॥}

(ਅੰਗ ੭੪੬)

ਇਸੇ ਲਈ ਸਾਡੀ ਮਨੁੱਖੀ ਜੂਨ ਨੂੰ ਉੱਚਾ ਦੱਸਿਆ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਮਨੁੱਖੀ ਜੂਨ ਵਿੱਚ ਤੇ ਹੋਰ ਹਰ ਜੂਨ ਵਿੱਚ ਸਾਡਾ ਫਰਕ ਗਿਆਨ ਦੇ ਲੈਵਲ ਕਰਕੇ ਹੈ। ਜਿਸ ਗਿਆਨ ਦੇ ਲੈਵਲ ਨਾਲ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਉਹ ਲੈਵਲ ਪ੍ਰਮਾਤਮਾ ਨੇ ਕੇਵਲ ਮਨੁੱਖਾ ਜੂਨ ਰਾਹੀਂ ਹੀ ਪਾਇਆ ਹੈ। ਸਾਡਾ ਮਨੁੱਖੀ ਸਰੂਪ ਹਉਮੈ ਸਰੂਪ ਹੈ ਤੇ ਹਰ ਆਕਾਰ ਰੂਪ ਹਉਮੈ ਸਰੂਪ ਹੀ ਹੈ। ਉਹ ਦਾਰੂ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਉਹ ਕੇਵਲ ਮਨੁੱਖੀ ਸਰੂਪ ਵਿੱਚ ਹੀ ਹੈ। ਹਉਮੈ ਸਰਗੁਣ ਰੂਪ ਹੈ ਤੇ ਦਾਰੂ ਨਿਰਗੁਣ ਰੂਪ ਹੈ। ਅਸਲ ਵਿੱਚ ਇਹ ਸਰਗੁਣ ਰੂਪ ਵੀ ਆਪ ਪ੍ਰਮਾਤਮਾ ਹੈ ਤੇ ਨਿਰਗੁਣ ਰੂਪ ਵੀ ਪ੍ਰਮਾਤਮਾ ਆਪ ਹੈ। ਜਦ ਤੱਕ ਸਾਡੇ ਮਨ ਵਿੱਚ ਭਰਮ ਹੈ ਤਦ ਤੱਕ ਹਰ ਕੋਈ ਦਿੱਸਣ ਵਾਲੀ ਵਸਤੂ ਹਉਮੈ ਸਰੂਪ ਹੈ ਭਾਵ ਸਾਨੂੰ ਕਿਸੇ ਵਿੱਚ ਪ੍ਰਮਾਤਮਾ ਦੀ ਹੋਂਦ ਨਜ਼ਰ ਨਹੀਂ ਆਉਂਦੀ। ਹਉਮੈ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ ਜਿਸ ਦੁਆਰਾ ਸਾਨੂੰ ਹਰ ਸਰਗੁਣ ਰੂਪ ਪ੍ਰਮਾਤਮਾ ਤੋਂ ਵੱਖਰਾ ਰੂਪ ਨਜ਼ਰ ਆਉਂਦਾ ਹੈ। ਹਰ ਸਰਗੁਣ ਸਰੂਪ ਨੂੰ ਪ੍ਰਮਾਤਮਾ ਦਾ ਰੂਪ ਸਮਝਣਾ ਹੀ ਹਉਮੈ ਦਾ ਮਿਟਣਾ ਹੈ। ਹਉਮੈ ਅਸਲ ਵਿੱਚ ਸਾਡੇ ਮਨ ਦੇ ਰੋਗ ਦੇ ਕਾਰਨ ਹੈ ਜੋ ਕਿ ਮਨ ਦੀ ਅਗਿਆਨਤਾ ਹੈ। ਇਸ ਦਾ ਦਾਰੂ ਵੀ ਸਾਡੇ ਮਨ ਦੇ ਵਿੱਚ ਹੀ ਹੈ ਜੋ ਸਾਨੂੰ ਇਸ ਰੋਗ ਤੋਂ ਮੁਕਤ ਕਰ ਸਕਦਾ ਹੈ।

{ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥}

(ਅੰਗ ੪੬੬)

"ਰੋਗੁ" ਵੀ ਮਨ ਦੇ ਵਿੱਚ ਹੈ ਤੇ "ਦਾਰੂ" ਵੀ ਮਨ ਦੇ ਵਿੱਚ ਹੈ। ਇਹ ਦਾਰੂ ਉਸ ਦਾ ਸੱਚਾ ਗਿਆਨ ਹੈ ਜੋ ਸਾਨੂੰ ਗੁਰਬਾਣੀ ਰਾਹੀਂ ਮਿਲਿਆ ਹੋਇਆ ਹੈ, ਗੁਰੂ ਦੇ ਸ਼ਬਦ ਰਾਹੀਂ ਮਿਲਿਆ ਹੋਇਆ ਹੈ।

17/1891

ਮਨ ਦੇ ਇਸ ਦਾਰੂ ਦਾ ਸ੍ਰੋਤ ਸਾਡਾ ਦਸਮ ਦੁਆਰ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਸਰਗੁਣ ਸਰੂਪ ਦਾ ਤੇ ਨਿਰਗੁਣ ਸਰੂਪ ਦਾ ਇੱਕ ਹੋ ਜਾਣਾ ਹੈ ਜਿਸ ਦੁਆਰਾ ਇਸ ਸਰਗੁਣ ਸਰੂਪ ਦੀ ਸੋਝੀ ਪੈ ਜਾਂਦੀ ਹੈ ਕਿ ਇਹ ਪ੍ਰਮਾਤਮਾ ਤੋਂ ਵੱਖਰਾ ਨਹੀਂ ਹੈ ਭਾਵ ਸਾਡੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਨਹੀਂ ਹੈ। ਸਾਡੀ ਵੱਖਰੀ ਹੋਂਦ ਦਾ ਮਿਟਣਾ ਹੀ ਹਉਮੈ ਦਾ ਮਿਟਣਾ ਹੈ ਜੋ ਕਿ ਕੇਵਲ ਮਨੁੱਖੀ ਸਰੀਰ ਦੁਆਰਾ ਹੀ ਮਿਟ ਸਕਦੀ ਹੈ। ਇਹ ਮੈਂ ਤੇ ਤੂੰ ਦਾ ਭੇਦ ਹੈ ਜਿਸ ਭੇਦ ਨੂੰ ਮਨ ਦੇ ਦਾਰੂ ਦੁਆਰਾ ਹੀ ਮਿਟਾਇਆ ਜਾ ਸਕਦਾ ਹੈ। ਜਿਸ ਦਾ ਵੀ ਪ੍ਰਮਾਤਮਾ ਭੇਦ ਮਿਟਾਉਂਦਾ ਹੈ, ਜਿਸ ਦੀ ਹਉਮੈ ਖ਼ਤਮ ਕਰਦਾ

ਹੈ ਉਹ ਮਨ ਦੇ ਵਿੱਚੋਂ ਹੀ ਕਰਦਾ ਹੈ, ਦਸਮ ਦੁਆਰਾ ਰਾਹੀਂ ਹੀ ਕਰਦਾ ਹੈ। ਉੱਪਰ ਪੰਗਤੀਆਂ ਰਾਹੀਂ "ਹਾਟੁ" ਸਾਡੇ ਮਸਤਕ ਨੂੰ ਕਿਹਾ ਹੈ ਤੇ "ਆਲਾ" ਸਾਡੇ ਦਿਮਾਗ ਨੂੰ ਕਿਹਾ ਹੈ ਜੋ ਕਿ ਸਰਗੁਣ ਸਰੂਪ ਹਨ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰ ਟਿਕਾਉਣ ਲਈ ਹਨ। ਪ੍ਰਮਾਤਮਾ ਨਿਰਗੁਣ ਰੂਪ ਵਿੱਚ ਸਾਡੇ ਇਸ ਦਿਮਾਗ ਦੇ ਵਿੱਚ ਹੀ ਵਿਚਰਦਾ ਹੈ। ਦਿਮਾਗ ਦੇ ਵਿੱਚੋਂ ਸਾਨੂੰ ਗਿਆਨ ਹੀ ਮਿਲਦਾ ਹੈ, ਮਨ ਦੇ ਵਿਚਾਰਾਂ ਰਾਹੀਂ ਮਿਲਦਾ ਹੈ। ਸਾਡਾ ਇਹ ਦਿਮਾਗ ਦਾ ਗਿਆਨ ਹੀ ਪ੍ਰਮਾਤਮਾ ਦਾ ਦਸਮ ਦੁਆਰ ਹੈ ਜਿਸ ਨੂੰ ਕੋਈ ਦੇਖ ਨਹੀਂ ਸਕਦਾ। ਦਿਮਾਗ ਦੇ ਗਿਆਨ ਵਿੱਚ ਪ੍ਰਮਾਤਮਾ ਆਪ ਹੈ ਜਿਸ ਨੂੰ ਆਪਣੇ ਆਪ ਕੋਈ ਸਮਝ ਨਹੀਂ ਸਕਦਾ। ਸਾਡਾ ਦਿਮਾਗ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੀ ਹੈ ਤੇ ਗਿਆਨ ਇਸ ਦਿਮਾਗ ਵਿੱਚੋਂ ਹੀ ਉਪਜਦਾ ਹੈ। ਗਿਆਨ ਨਿਰਗੁਣ ਰੂਪ ਹੈ ਤੇ ਦਿਮਾਗ ਉਸਨੂੰ ਟਿਕਾਉਣ ਲਈ ਹੈ। ਪ੍ਰਮਾਤਮਾ ਦੀ ਸਾਡੇ ਅੰਦਰ ਇਹੀ ਉਸਦੀ ਘਾਟੀ ਹੈ, ਉਸਦੀ ਥਾਤੀ ਹੈ ਭਾਵ ਟਿਕਾਣਾ ਹੈ।

{ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥
ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥}

(ਅੰਗ ੪੧੫)

{ਇਹੁ ਮਨੁ ਸਕਤੀ ਇਹੁ ਮਨੁ ਸੀਉ॥ ਇਹੁ ਮਨੁ ਪੰਚ ਤਤ ਕੋ ਜੀਉ॥
ਇਹੁ ਮਨੁ ਲੇ ਜਉ ਉਨਮਨਿ ਰਹੈ॥ ਤਉ ਤੀਨਿ ਲੋਕ ਕੀ ਬਾਤੈ ਕਹੈ॥੩੩॥}

(ਅੰਗ ੩੪੨)

ਮਨ ਦੀ ਮਾੜੀ ਅਵੱਸਥਾ ਕਰਕੇ ਹੀ ਇਹ ਮਨ ਮਾੜਾ ਹੈ ਤੇ ਮਨ ਦੀ ਚੰਗੀ ਅਵੱਸਥਾ ਕਰਕੇ ਹੀ ਚੰਗਾ ਹੈ। ਆਪਣੇ ਆਪ ਨਾ ਕੋਈ ਮਾੜਾ ਹੈ ਤੇ ਨਾ ਹੀ ਕੋਈ ਚੰਗਾ ਹੈ। ਸਭ ਕੁੱਝ ਉਸ ਦੇ ਵੱਸ ਹੈ ਜੋ ਸਾਡੇ ਦਸਮ ਦੁਆਰ ਵਿੱਚ ਆਪ ਹੀ ਬੈਠਾ ਹੈ। ਦਸਮ ਦੁਆਰ ਵਿੱਚ ਹੀ

17/1892

ਉਹ ਆਪ ਹੈ ਤੇ ਉੱਥੇ ਹੀ ਉਸਦੀ ਮਾਇਆ ਹੈ। ਇਹ ਮਨ ਸਿਵ ਸ਼ਕਤੀ ਦਾ ਮੇਲ ਹੈ। ਸਿਵ ਚੌਥਾ ਪਦ ਹੈ, ਸ਼ਕਤੀ ਤ੍ਰੈਗੁਣ ਹੈ। ਮਨ ਦੇ ਵਿੱਚ ਹੀ ਪ੍ਰਮਾਤਮਾ ਨੇ ਸਾਨੂੰ ਸ਼ਕਤੀ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਤੇ ਮਨ ਦੇ ਵਿੱਚੋਂ ਹੀ ਸਾਨੂੰ ਉਹ ਇਸ ਅਵੱਸਥਾ ਵਿੱਚੋਂ ਕੱਢ ਲੈਂਦਾ ਹੈ ਤੇ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਸਿਵ ਆਪ ਹੀ ਹੈ, ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਉਸਦੀ ਸ਼ਕਤੀ ਵਾਲੀ ਅਵੱਸਥਾ ਵਰਤਦੀ ਹੈ ਤਦ ਤੱਕ ਅਸੀਂ ਹਉਮੈ ਵਿੱਚ ਹਾਂ ਭਾਵ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦੇ ਹਾਂ, ਸਰਗੁਣ ਸਰੂਪ ਦੀ ਵੱਖਰੀ ਹੋਂਦ ਸਮਝਦੇ ਹਾਂ। ਆਪਣੀ ਹਉਮੈ ਮਿਟਣ ਨਾਲ ਫਿਰ ਹਰ ਸਰੂਪ ਵਿੱਚ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। ਉਸ ਤੋਂ ਬਾਅਦ ਹੀ ਕੋਈ ਇਹ ਕਹਿ ਸਕਦਾ ਹੈ ਕਿ

{ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥}

(ਅੰਗ ੪੮੫)

ਜਿੰਨ੍ਹਾਂ ਨੇ ਪ੍ਰਮਾਤਮਾ ਦੇ ਇਸ ਦਸਮ ਦੁਆਰ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਦੀ ਤਾਂ ਅਗਿਆਨਤਾ ਮਿਟੀ ਹੀ ਹੈ, ਹਉਮੈ ਹੀ ਮਿਟੀ ਹੈ ਤੇ ਸਮਝ ਲੱਗੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਉਨ੍ਹਾਂ ਉਲਝਿਆਂ ਹੋਇਆਂ ਦੀ ਵੀ ਕੋਈ ਕਮੀ ਨਹੀਂ ਜਿਹੜੇ ਸਰੀਰਕ ਕਿਰਿਆਵਾਂ ਦੁਆਰਾ, ਨਾੜੀਆਂ ਦੇ, ਸੁਆਸਾਂ ਦੇ ਬਲ ਤੇ ਦਸਮ ਦੁਆਰ ਦੇ ਦਰਸ਼ਨ ਕਰਨ ਦੀਆਂ ਗੱਲਾਂ ਕਰਦੇ ਹਨ। ਸਭ ਕੁੱਝ ਭਰਮ ਹੀ ਹੈ ਜੋ ਦਸਮ ਦੁਆਰ ਦੇ ਦਰਸ਼ਨ ਕਰਕੇ ਹੀ ਨਿਕਲਦਾ ਹੈ।

(ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥੪॥)

ਜਿਸਨੂੰ ਦਸਮ ਦੁਆਰ ਦੇ ਦਰਸ਼ਨ ਹੁੰਦੇ ਹਨ ਉਨ੍ਹਾਂ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ, ਉਨ੍ਹਾਂ ਨੂੰ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥

ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥”

ਇਹ ਜਾਗਣਾ ਮਨ ਦੀ ਮਤਿ ਦਾ ਜਾਗਣਾ ਹੈ, ਜੋ ਗੁਰੂ ਦੀ ਸਿੱਖਿਆ ਦੁਆਰਾ ਜਾਗਦੀ ਹੈ ਜਿਵੇਂ ਕਿ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। **(ਸਾਖੀ ਜਾਗੀ ਗੁਰਮੁਖਿ ਜਾਣੀ॥੨॥) (ਉਪਜੈ ਗਿਆਨੁ ਦੁਰਮਤਿ ਛੀਜੈ॥)**

{ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥}

(ਅੰਗ ੯੨)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥}

(ਅੰਗ ੧੩੦੮)

18/1893

ਇੱਕ ਵਾਰੀ ਮਨ ਦੇ ਵਿੱਚ ਇਹੋ ਜਿਹੀ ਮਤਿ ਮਿਲ ਜਾਵੇ, ਇਸ ਅੰਮ੍ਰਿਤ ਰਸ ਦੀ ਪ੍ਰਾਪਤੀ ਹੋ ਜਾਵੇ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਉਹ ਮਤਿ ਫਿਰ ਸਦਾ ਜਾਗਦੀ ਹੀ ਰਹਿੰਦੀ ਹੈ ਤੇ ਕਦੇ ਸੌਂ ਨਹੀਂ ਸਕਦੀ ਭਾਵ ਫਿਰ ਕਦੇ ਅਗਿਆਨਤਾ ਵਿੱਚ ਭਟਕ ਨਹੀਂ ਸਕਦੀ, ਉਸਨੂੰ ਹੋਰ ਕੋਈ ਇਸ ਤੋਂ ਉੱਚੀ ਗੱਲ ਨਹੀਂ ਸਮਝਾ ਸਕਦਾ ਜਿਸ ਦੁਆਰਾ ਉਸਨੂੰ ਕੋਈ ਭਟਕਣਾ ਵਿੱਚ ਪਾ ਸਕੇ। ਗੁਰਬਾਣੀ ਆਪਣੇ ਇਸ ਉੱਚੇ ਗਿਆਨ ਦੁਆਰਾ ਹੀ ਸਦਾ ਜਾਗਦੀ ਹੈ ਤੇ ਉਸ ਤੋਂ ਉੱਚੀ ਗੱਲ ਹੋਰ ਕੋਈ ਨਹੀਂ ਕਹਿ ਸਕਦਾ। **(ਜਾਗਤੁ ਰਹੈ ਸੁ ਕਬਹੁ ਨ ਸੋਵੈ॥)**

ਸੁੱਤੇ ਹੋਏ ਅਸੀਂ ਆਪਣੀ ਤ੍ਰੈਗੁਣਾਂ ਵਾਲੀ ਅਵੱਸਥਾ ਕਰਕੇ ਹੀ ਹਾਂ, ਮਾਇਆ ਮੋਹ ਕਰਕੇ ਹੀ ਹਾਂ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ ਜਿਸ ਦੁਆਰਾ ਉਸਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਮਨ ਦੀ ਇਹ ਅਵੱਸਥਾ ਮਨ ਦੇ ਵਿੱਚ ਸਹਜ ਗਿਆਨ ਦੇ ਉਪਜਣ ਦੁਆਰਾ ਹੀ ਹੁੰਦੀ ਹੈ, ਚੌਥੇ ਪਦ ਦੇ ਗਿਆਨ ਦੁਆਰਾ ਹੀ ਹੁੰਦੀ ਹੈ। ਚੌਥੇ ਪਦ ਵਿੱਚ ਪਹੁੰਚਣਾ ਹੀ ਉਸ ਸਮਾਧੀ ਵਿੱਚ ਪਹੁੰਚਣਾ ਹੈ ਜਿਸ ਸਮਾਧੀ ਦੁਆਰਾ ਉਸ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਇਹ ਸਮਾਧਿ ਸਾਡਾ ਮਨ ਲਗਾਉਂਦਾ ਹੈ, ਨਿਰਗੁਣ ਰੂਪ ਵਿੱਚ ਲਗਾਉਂਦਾ ਹੈ ਜੋ ਕਿ ਸਦਾ ਹੀ ਲੱਗੀ ਰਹਿੰਦੀ ਹੈ। ਇਸ ਸਮਾਧਿ ਦੁਆਰਾ ਸਾਡਾ ਮਨ ਸਦਾ ਹੀ ਜਾਗਦਾ ਰਹਿੰਦਾ ਹੈ, ਗੁਰਮਤਿ ਦੇ ਸੱਚੇ ਗਿਆਨ ਦੁਆਰਾ ਜਾਗਦਾ ਰਹਿੰਦਾ ਹੈ। ਪ੍ਰਮਾਤਮਾ ਦਾ ਨਾਮ ਮਨ ਦੀ ਇਸ ਸਮਾਧਿ ਦੁਆਰਾ ਹੀ ਜਪਿਆ ਜਾਂਦਾ ਹੈ ਜੋ ਸਾਨੂੰ ਕੇਵਲ ਸੱਚ ਤੇ ਚੱਲਣ ਦੀ ਸੋਝੀ ਹੀ ਪਾਉਂਦੀ ਹੈ। ਅਸਲ ਵਿੱਚ ਸਾਡੇ ਅੰਦਰ ਇਹ ਸਮਾਧਿ ਪ੍ਰਮਾਤਮਾ ਆਪ ਹੀ ਲਗਾਉਂਦਾ ਹੈ, ਉਹ ਬ੍ਰਹਮਗਿਆਨੀ ਆਪ ਹੀ ਲਗਾਉਂਦਾ ਹੈ ਜਿਸ ਦੁਆਰਾ ਉਹ ਆਪਣਾ ਬ੍ਰਹਮਗਿਆਨ ਬਖ਼ਸ਼ਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਅਸੀਂ ਤ੍ਰੈਗੁਣਾਂ ਵਿੱਚੋਂ ਨਿਕਲਦੇ ਹਾਂ। "ਪਲੋਵੈ" ਤੋਂ ਭਾਵ ਹੈ ਤ੍ਰੈਗੁਣਾਂ ਵਾਲੀ ਅਵੱਸਥਾ ਖ਼ਤਮ ਹੋ ਜਾਂਦੀ ਹੈ। **(ਜਾਗਤੁ ਰਹੈ ਸੁ ਕਬਹੁ ਨ ਸੋਵੈ॥ ਤੀਨਿ ਤਿਲੋਕ ਸਮਾਧਿ ਪਲੋਵੈ॥)** ਮਨ ਦੀ ਇਸ ਸਮਾਧਿ ਦੁਆਰਾ ਪ੍ਰਮਾਤਮਾ ਸਾਨੂੰ ਕੀ ਦਿੰਦਾ ਹੈ ਤੇ ਉਸ ਨਾਲ ਸਾਨੂੰ ਕੀ ਅਸਰ ਪੈਂਦਾ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਬੀਜ ਮੰਤ੍ਰੁ ਲੈ ਹਿਰਦੈ ਰਹੈ॥ ਮਨੂਆ ਉਲਟਿ ਸੁੰਨ ਮਹਿ ਗਹੈ॥੫॥"

18/1894

"ਮੰਤ੍ਰ" ਗਿਆਨ ਨੂੰ ਕਹਿੰਦੇ ਹਨ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ 'ਮੰਤ੍ਰ' ਹੈ।

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥

ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥੧॥੨੦॥}

(ਅੰਗ ੧੨੦੮)

ਇਸ ਗਿਆਨ ਦਾ ਬੀਜ ਕਿੱਥੋਂ ਆਉਂਦਾ ਹੈ ਭਾਵ ਸਾਡੇ ਅੰਦਰ ਇਹ ਗਿਆਨ ਦਾ ਬੀਜ ਕੌਣ ਬੀਜਦਾ ਹੈ ਇਹੀ ਗੱਲ ਸਮਝਣੀ ਸਾਡੇ ਲਈ ਸਭ ਤੋਂ ਜਰੂਰੀ ਹੈ। ਜਦ ਤੱਕ ਸਾਨੂੰ ਇਹ ਸਮਝ ਨਹੀਂ ਆਉਂਦੀ ਕਿ ਸਾਡੇ ਅੰਦਰ ਗਿਆਨ ਦਾ ਬੀਜ ਕੌਣ ਬੀਜਦਾ ਹੈ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਇਸ ਬੀਜ ਬੀਜਣ ਵਾਲੇ ਦੀ ਸੋਝੀ ਪੈਣ ਦੁਆਰਾ ਹੀ ਸਾਨੂੰ ਇਹ ਸਮਝ ਲੱਗਦੀ ਹੈ ਕਿ ਗਿਆਨ ਦਾ ਮਾਲਕ ਕੌਣ ਹੈ, ਇਸ "ਮੰਤ੍ਰ" ਦਾ ਬੀਜ ਕਿਸ ਦੇ ਕੋਲ ਹੈ। ਜਿਸਨੂੰ ਪ੍ਰਮਾਤਮਾ ਕੋਲੋਂ ਇਹ ਗਿਆਨ ਮਿਲ ਜਾਂਦਾ ਹੈ, ਜਿਸਨੂੰ ਗਿਆਨ ਦੇ ਮੁੱਢ ਦੀ ਸੋਝੀ ਪੈ ਜਾਂਦੀ ਹੈ ਉਸਨੂੰ ਹੀ ਇਹ ਸਮਝ ਲੱਗਦੀ ਹੈ ਕਿ ਜੋ ਗਿਆਨ ਪ੍ਰਮਾਤਮਾ ਦੇ ਆਪਣੇ ਕੋਲੋਂ ਮਿਲਦਾ ਹੈ, ਜੋ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਦਿੰਦਾ ਹੈ ਉਹੀ ਕੇਵਲ ਸੱਚ ਹੈ। ਉਹ ਮਨੁੱਖ ਫਿਰ ਉਸ ਗਿਆਨ ਤੇ ਹੀ ਟਿਕਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਮਿਲੀ ਸੱਚੀ ਸੋਝੀ ਤੇ, ਸੱਚੀ ਸਿੱਖਿਆ ਤੇ ਹੀ ਟਿਕਦਾ ਹੈ। **(ਬੀਜ ਮੰਤ੍ਰ ਲੈ ਹਿਰਦੈ ਰਹੈ॥)** ਗੁਰਬਾਣੀ ਦੀ ਰਚਨਾ ਮਨ ਦੇ ਵਿੱਚ ਇਹ "ਮੰਤ੍ਰ" ਲੈ ਕੇ ਹੀ ਹੋਈ ਹੈ ਤੇ ਉਨ੍ਹਾਂ ਨੇ ਆਪ ਵੀ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਟਿਕਾਇਆ ਹੈ। ਮਨ ਦੇ ਵਿੱਚ ਇਸ ਗਿਆਨ ਦੁਆਰਾ ਸਾਡੀ ਸੋਝੀ ਹੀ ਬਦਲਦੀ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਉਲਟ ਕੇ ਚੌਥੇ ਪਦ ਵਾਲੀ ਹੋ ਜਾਂਦੀ ਹੈ। ਗਿਆਨ ਦੇ ਇਸ ਚੌਥੇ ਪਦ ਵਿੱਚ ਪਹੁੰਚਣਾ ਸੁੰਨ ਵਿੱਚ ਪਹੁੰਚਣਾ ਹੈ। ਇਹ ਅਵੱਸਥਾ ਮਨ ਦੀ ਸੁੰਨ ਸਮਾਧਿ ਵਾਲੀ ਅਵੱਸਥਾ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੀ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਲਗਾਉਂਦਾ ਹੈ। ਉਹ ਸਭ ਦੇ ਅੰਦਰ ਹੀ ਹੈ ਤੇ ਜਿੱਥੇ ਆਪਣੇ ਆਪ ਨੂੰ ਪ੍ਰਗਟ ਕਰ ਲੈਂਦਾ ਹੈ ਉਸ ਮਨ ਵਿੱਚ ਉਸਦੀ ਸੁੰਨ ਸਮਾਧਿ ਲੱਗ ਜਾਂਦੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਸੁੰਨ ਸਮਾਧਿ ਲੱਗੀ ਹੋਈ ਹੈ, ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਲੱਗੀ ਹੋਈ ਹੈ। **(ਮਨੂਆ ਉਲਟਿ ਸੁੰਨ ਮਹਿ ਗਹੈ॥੫॥)**

ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਦੀ ਇਹ ਸੁੰਨ ਸਮਾਧ ਲੱਗੀ ਹੈ ਉਨ੍ਹਾਂ

18/1895

ਨੇ ਹੀ ਸਾਨੂੰ ਸਰੀਰਕ ਰੂਪ ਵਿੱਚ, ਸਰਗੁਣ ਰੂਪ ਵਿੱਚ ਸਮਾਧੀਆਂ ਲਗਾਉਣ ਆਦਿ ਤੋਂ ਮਨ੍ਹਾ ਕੀਤਾ ਹੈ ਤੇ ਸਾਨੂੰ ਉਸਦੀ ਭਗਤੀ ਕਰਨ ਦਾ ਸਹੀ ਮਾਰਗ ਸਮਝਾਇਆ ਹੈ। ਉਸਨੂੰ ਪਾਉਣ ਦਾ ਮਾਰਗ ਕੀ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਿਹੋ ਜਿਹੇ ਮਾਰਗ ਤੇ ਉਹ ਆਪ ਚੱਲੇ ਹਨ ਉਹੀ ਮਾਰਗ ਸਾਨੂੰ ਸਮਝਾਇਆ ਹੈ।

"ਜਾਗਤੁ ਰਹੈ ਨ ਅਲੀਆ ਭਾਖੈ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥

ਗੁਰ ਕੀ ਸਾਖੀ ਰਾਖੈ ਚੀਤਿ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥੬॥"

(ਅੰਗ - ੯੭੪)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਡਾ ਅਸਲ ਵਿੱਚ ਜਾਗਣਾ ਕੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਆਪਣੀ ਸੱਚੀ ਸੋਝੀ ਪਾ ਕੇ ਜਗਾਇਆ ਹੈ ਉਨ੍ਹਾਂ ਨੇ ਹੀ ਸਾਨੂੰ ਜਾਗਣਾ ਸਿਖਾਇਆ ਹੈ। ਪੂਰੀ ਗੁਰਬਾਣੀ ਸਾਨੂੰ ਜਾਗਣਾ ਸਿਖਾ ਰਹੀ ਹੈ, ਸਾਨੂੰ ਮਾਇਆ ਮੋਹ ਦੀ ਨੀਂਦਰ ਵਿੱਚੋਂ ਜਾਗਣਾ ਹੀ ਸਿਖਾ ਰਹੀ ਹੈ ਜਿਸ ਵਿੱਚ ਹਰ ਕੋਈ ਹੀ ਸੁੱਤਾ ਹੋਇਆ ਹੈ। ਜੋ ਜਾਗਣ ਵਾਲੇ ਹੁੰਦੇ ਹਨ ਸਾਨੂੰ ਉਨ੍ਹਾਂ ਦੇ ਲੱਛਣ ਹੀ ਸਮਝਾਏ ਹੋਏ ਹਨ। ਇਹ ਸਾਡਾ ਗੁਰਮਤਿ ਵਿੱਚ ਜਾਗਣਾ ਹੈ, ਸੱਚੇ ਗਿਆਨ ਦੁਆਰਾ ਜਾਗਣਾ ਹੈ ਭਾਵ ਜਿਸ ਦੇ ਅੰਦਰ ਗੁਰੂ ਦੀ ਮਤਿ ਵੱਸੀ ਹੋਈ ਹੈ ਉਨ੍ਹਾਂ ਦਾ ਜਾਗਣਾ ਸਮਝਾਇਆ ਹੋਇਆ ਹੈ। ਮਨ ਦੇ ਇਹੋ ਜਿਹੇ ਜਾਗਣ ਦੁਆਰਾ ਹੀ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ ਜਿਵੇਂ ਕਿ ਬਾਣੀ ਦੇ ਰਚਨ ਵਾਲਿਆਂ ਨੇ ਆਪ ਜਪਿਆ ਹੈ। ਜਿੰਨ੍ਹਾਂ ਨੇ ਆਪ ਜਪਿਆ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਜਪਣਾ ਸਿਖਾਇਆ ਹੈ।

ਜੋ ਗੁਰਮਤਿ ਵਿੱਚ ਜਾਗਦਾ ਹੈ ਉਹ ਝੂਠ ਨਹੀਂ ਬੋਲਦਾ, ਜਿਸਦੇ ਅੰਦਰ ਸੱਚਾ ਗਿਆਨ ਹੈ ਉਹ ਕਦੇ ਝੂਠ ਨਹੀਂ ਬੋਲਦਾ ਭਾਵ ਕੇਵਲ ਸੱਚ ਬੋਲਦਾ ਹੈ, ਕੇਵਲ ਨਾਮ ਤੇ ਚੱਲਦਾ ਹੈ। **(ਜਾਗਤੁ ਰਹੈ ਨ ਅਲੀਆ ਭਾਖੈ॥)** "ਅਲੀਆ" ਝੂਠ ਨੂੰ ਕਹਿੰਦੇ ਹਨ। ਸੱਚ ਉਹੀ ਬੋਲ ਸਕਦਾ ਹੈ ਜੋ ਝੂਠ ਨਹੀਂ ਬੋਲਦਾ। ਕੇਵਲ ਮੁੱਖੋਂ "**ਸਚੁ ਸਚੁ**" ਕਰੀ ਜਾਣ ਨਾਲ, "**ਨਾਮੁ ਨਾਮੁ**" ਕਰੀ ਜਾਣ ਨਾਲ ਸੱਚ ਨਹੀਂ ਬੋਲਿਆ ਜਾ ਸਕਦਾ। ਸੱਚ ਤਾਂ ਹੀ ਬੋਲਿਆ ਜਾ ਸਕਦਾ ਹੈ ਜਦੋਂ ਸਾਡੇ ਮਨ ਦੇ ਅੰਦਰ ਸੱਚ ਵੱਸ ਜਾਵੇ, ਗੁਰੂ ਦੀ ਸੱਚੀ ਮਤਿ ਵੱਸ ਜਾਵੇ। ਜਿਸ ਦੇ ਅੰਦਰ ਸੱਚ ਹੁੰਦਾ ਹੈ ਉਸਦੀਆਂ ਸਾਰੀਆਂ ਇੰਦ੍ਰੀਆਂ ਵੱਸ ਵਿੱਚ ਆ ਜਾਂਦੀਆਂ

18/1896

ਹਨ, ਪੰਜੇ ਔਗੁਣ ਵੱਸ ਵਿੱਚ ਆ ਜਾਂਦੇ ਹਨ। ਮਨੁੱਖ ਚੰਗੇ ਕਰਮ ਤਾਂ ਹੀ ਕਰ ਸਕਦਾ ਹੈ ਜਦੋਂ ਔਗੁਣ ਵੱਸ ਵਿੱਚ ਆ ਜਾਂਦੇ ਹਨ। ਭਰਮ ਵਿੱਚ ਰਹਿੰਦਿਆਂ ਸਾਨੂੰ ਸੱਚ ਦੀ ਸਮਝ ਹੀ ਨਹੀਂ ਪੈਂਦੀ ਕਿ ਸਾਡੇ ਜੀਵਨ ਦਾ ਅਸਲ ਮਨੋਰਥ ਕੀ ਹੈ। ਆਪਣੇ ਅਸਲ ਮਨੋਰਥ ਦੀ ਸੋਝੀ ਸਾਨੂੰ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ ਜੋ ਕਿ ਉਹ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਉਸ ਦੇ ਸੋਝੀ ਪਾਉਣ ਤੋਂ ਬਾਅਦ ਫਿਰ ਮਨੁੱਖ ਮਾੜੇ ਕਰਮ ਨਹੀਂ ਕਰਦਾ ਤੇ ਨਾ ਹੀ ਕਿਸੇ ਜਪਾਂ ਤਪਾਂ ਵਿੱਚ ਭਟਕਦਾ ਹੈ। ਉਹ ਕੇਵਲ ਸੱਚਾ ਸੁੱਚਾ ਜੀਵਨ ਹੀ ਬਤੀਤ ਕਰਦਾ ਹੈ ਜੋ ਗੁਰਮਤਿ ਦਾ ਮਨੋਰਥ ਹੈ। **(ਪਾਚਉ ਇੰਦ੍ਰੀ ਬਸਿ ਕਰਿ ਰਾਖੈ॥)** ਔਗੁਣਾਂ ਤੋਂ ਮੁਕਤ ਅਸੀਂ ਤਾਂ ਹੀ ਹੁੰਦੇ ਹਾਂ ਭਾਵ ਉਹੀ ਹੁੰਦੇ ਹਨ ਜੋ ਗੁਰੂ ਦੀ ਸਿੱਖਿਆ ਨੂੰ ਆਪਣੇ ਮਨ ਦੇ ਵਿੱਚ ਵਸਾਉਂਦੇ ਹਨ। **(ਗੁਰ ਕੀ ਸਾਖੀ ਰਾਖੈ ਚੀਤਿ॥)** ਗੁਰੂ ਦੀ ਸਿੱਖਿਆ ਸਾਨੂੰ ਔਗੁਣ ਮੁਕਤ ਹੋਣ ਲਈ ਹੀ ਪ੍ਰੇਰਦੀ ਹੈ, ਸੱਚੀ ਸੁੱਚੀ ਕਰਣੀ ਲਈ ਹੀ ਪ੍ਰੇਰਦੀ ਹੈ ਜੋ ਕਿ ਗੁਰੂ ਦਾ ਮਨੋਰਥ ਹੈ। ਗੁਰੂ ਆਪਣੀ ਸਿੱਖਿਆ ਦੁਆਰਾ ਹੀ ਗੁਰੂ ਹੈ, ਆਪਣੇ ਬਚਨਾਂ ਦੁਆਰਾ ਹੀ ਗੁਰੂ ਹੈ ਤੇ ਉਸਦੀ ਸਿੱਖਿਆ ਨੂੰ ਜਪਣਾ ਹੀ ਗੁਰੂ ਨੂੰ ਜਪਣਾ ਹੈ, ਗੁਰੂ ਗੁਰੂ ਕਰਨਾ ਹੈ। ਜਿਸ ਨੂੰ ਹਰ ਵੇਲੇ ਗੁਰੂ ਦੀ ਸਿੱਖਿਆ ਚੇਤੇ ਵਿੱਚ ਹੈ ਉਸਦੀ ਹਰ ਕਰਣੀ ਵਿੱਚ ਆਪੇ ਹੀ ਗੁਰੂ ਗੁਰੂ ਹੁੰਦਾ ਹੈ ਜਿਸ ਲਈ ਮੁੱਖੋਂ ਕੁੱਝ ਬੋਲਣ ਦੀ ਲੋੜ ਨਹੀਂ ਹੈ। ਜਿਸਨੂੰ ਗੁਰੂ ਦੀ ਸਿੱਖਿਆ ਚੇਤੇ ਹੈ ਉਸਨੂੰ ਹੀ ਗੁਰੂ ਦੇ ਨਾਲ ਪ੍ਰੇਮ ਹੈ। ਗੁਰੂ ਦੀ ਸਿੱਖਿਆ ਨਾਲ ਪ੍ਰੇਮ ਹੀ ਗੁਰੂ ਦੇ ਨਾਲ ਪ੍ਰੇਮ ਹੈ। ਇਹੀ ਗੁਰੂ ਨੂੰ ਆਪਣਾ "ਮਨੁ ਤਨੁ" ਅਰਪ ਕਰਨਾ ਹੈ। ਮਨਮਤਿ ਛੱਡ ਕੇ ਗੁਰਮਤਿ ਨੂੰ ਅਪਣਾਉਣਾ ਹੀ ਉਸਨੂੰ "ਮਨੁ ਤਨੁ" ਅਰਪ ਕਰਨਾ ਹੈ, ਉਸ ਨਾਲ ਪ੍ਰੀਤ ਦਿਖਾਉਣੀ ਹੈ। ਇਹ ਸਭ ਕੁੱਝ ਉਨ੍ਹਾਂ ਨੇ ਹੀ ਕੀਤਾ ਹੈ ਜਾਂ ਉਹੀ ਕਰ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪ ਆਪਣੀ ਸੱਚੀ ਮਤਿ ਬਖ਼ਸ਼ਦਾ ਹੈ। **(ਗੁਰ ਕੀ ਸਾਖੀ ਰਾਖੈ ਚੀਤਿ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥੬॥)**

ਗੁਰੂ ਦੀ ਸਿੱਖਿਆ ਨੂੰ ਉਹ ਆਪਣੇ ਅੰਦਰ ਕਿਸ ਰੂਪ ਵਿੱਚ ਵਸਾਉਂਦੇ ਹਨ ਇਹੀ ਗੱਲ ਅਗਲੇ

18/1897

ਪਦੇ ਰਾਹੀਂ ਹੋਰ ਸਪੱਸ਼ਟ ਕੀਤੀ ਹੋਈ ਹੈ।

"ਕਰ ਪਲਵ ਸਾਖਾ ਬੀਚਾਰੇ॥ ਅਪਨਾ ਜਨਮੁ ਨ ਜੂਐ ਹਾਰੇ॥

ਅਸੁਰ ਨਦੀ ਕਾ ਬੰਧੈ ਮੂਲੁ॥ ਪਛਿਮ ਫੇਰਿ ਚੜਾਵੈ ਸੂਰੁ॥"

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਜਿਸ ਦੁਆਰਾ ਸਾਨੂੰ ਗੁਰਮਤਿ ਨਾਲ ਜੁੜਨਾ ਹੀ ਸਿਖਾਇਆ ਹੋਇਆ ਹੈ, ਗੁਰੂ ਦੀ ਸਿੱਖਿਆ ਨਾਲ ਜੁੜਨਾ ਹੀ ਸਿਖਾਇਆ ਹੋਇਆ ਹੈ।

"ਕਰ ਪਲਵ ਸਾਖਾ ਬੀਚਾਰੇ॥"

ਸਾਡੇ ਹੱਥਾਂ ਦੀ ਤੁਲਨਾ ਸ਼ਾਖਾ ਦੇ ਪੱਤਿਆਂ ਨਾਲ ਕੀਤੀ ਹੋਈ ਹੈ। ਜਦ ਤੱਕ ਪੱਤੇ ਸ਼ਾਖਾ ਨਾਲ ਜੁੜੇ ਰਹਿੰਦੇ ਹਨ ਤਦ ਤੱਕ ਹੀ ਉਨ੍ਹਾਂ ਦਾ ਜੀਵਨ ਹੈ। ਸ਼ਾਖਾ ਨਾਲੋਂ ਵਿਛੜ ਕੇ ਉਹ ਗਿਰ ਜਾਂਦੇ ਹਨ, ਬਿਨਸ ਜਾਂਦੇ ਹਨ। ਉਨ੍ਹਾਂ ਦਾ ਜੀਵਨ ਸ਼ਾਖਾ ਦੇ ਨਾਲ ਹੀ ਹੈ ਭਾਵ ਤਦ ਤੱਕ ਹੀ ਹੈ ਜਦ ਤੱਕ ਉਹ ਸ਼ਾਖਾ ਦੇ ਨਾਲ ਜੁੜੇ ਰਹਿੰਦੇ ਹਨ। ਮਨੁੱਖ ਲਈ ਸਾਡੀ ਸ਼ਾਖਾ ਗੁਰੂ ਦੀ ਮਤਿ ਹੈ, ਗੁਰੂ ਦੀ ਸਿੱਖਿਆ ਹੈ ਤੇ ਜਦ ਤੱਕ ਸਾਡੇ ਹੱਥ ਗੁਰੂ ਦੀ ਸਿੱਖਿਆ ਅੱਗੇ ਜੁੜੇ ਹੋਏ ਹਨ ਉਹ ਸਾਡਾ ਅਸਲ ਜੀਵਨ ਹੈ। ਗੁਰਮਤਿ ਨਾਲੋਂ ਵਿਛੜਕੇ ਸਾਡਾ ਉਹੀ ਹਾਲ ਹੁੰਦਾ ਹੈ ਜੋ ਪੱਤੇ ਦਾ ਆਪਣੀ ਸ਼ਾਖਾ ਨਾਲੋਂ ਵਿਛੜਕੇ ਹੁੰਦਾ ਹੈ। ਮਨੁੱਖ ਦਾ ਉਹ ਜੀਵਨ ਵਿਅਰਥ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੈ। ਇਸ ਦੀ ਸੋਝੀ ਉਸ ਨੂੰ ਹੀ ਪੈਂਦੀ ਹੈ ਭਾਵ ਗੁਰਮਤਿ ਅਨੁਸਾਰ ਚੱਲਣਾ ਹੀ ਸਾਡਾ ਅਸਲ ਜੀਵਨ ਹੈ ਇਸ ਗੱਲ ਦੀ ਸੋਝੀ ਮਨ ਦੇ ਵਿੱਚ, ਗਿਆਨ ਦੇ ਉਪਜਣ ਦੁਆਰਾ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਆਪਣਾ ਜਨਮ ਉਹੀ ਜਿੱਤ ਕੇ ਜਾਂਦਾ ਹੈ ਜੋ ਆਪਣੇ ਜੀਵਨ ਨੂੰ ਗੁਰਮਤਿ ਅਨੁਸਾਰ ਚੱਲ ਕੇ ਵਿਚਰਦਾ ਹੈ। ਸੱਚੀ ਸੋਝੀ ਬਿਨ੍ਹਾਂ ਹਰ ਕੋਈ ਆਪਣਾ ਜੀਵਨ ਇਸ ਜ਼ਿੰਦਗੀ

18/1898

ਦੇ ਜੂਏ ਵਿੱਚ ਹਾਰ ਕੇ ਹੀ ਜਾਂਦਾ ਹੈ। ਸੱਚੀ ਸੋਝੀ ਬਿਨ੍ਹਾਂ ਨਾ ਹੀ ਗੁਰਮਤਿ ਦੀ ਸਮਝ ਪੈਂਦੀ ਹੈ ਤੇ ਨਾ ਹੀ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ। ਸੋਝੀ ਵੀ ਉਹ ਆਪ ਹੀ ਪਾਉਂਦਾ ਹੈ ਭਾਵ ਨਾਮ ਵੀ ਉਹ ਆਪ ਹੀ ਬਖ਼ਸ਼ਦਾ ਹੈ ਤੇ ਉਸ ਤੇ ਚੱਲਣ ਦੀ ਦ੍ਰਿੜਤਾ ਵੀ ਮਨ ਦੇ ਵਿੱਚ ਆਪ ਹੀ ਬਖ਼ਸ਼ਦਾ ਹੈ ਜੋ ਸਾਡੇ ਮਨ ਦਾ ਮਾਲਕ ਹੈ। **(ਕਰ ਪਲਵ ਸਾਖਾ ਬੀਚਾਰੇ॥ ਅਪਨਾ ਜਨਮੁ ਨ ਜੂਐ ਹਾਰੇ॥)**

ਗੁਰਮਤਿ ਅਨੁਸਾਰ ਵਿਚਰਨਾ, ਨਾਮ ਜਪਣਾ ਬਹੁਤ ਔਖਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਦੁਨਿਆਵੀ ਮਾਣ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਸੱਚ ਨੂੰ ਕਬੂਲ ਕਰਨਾ ਬਹੁਤ ਔਖਾ ਹੈ ਤੇ ਗੁਰਮਤਿ ਦਾ ਭਉ ਕਬੂਲ ਕਰਨਾ ਬਹੁਤ ਔਖਾ ਹੈ। ਇਹ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅਸੁਰ ਨਦੀ ਕਾ ਬੰਧੈ ਮੂਲੁ॥ ਪਛਿਮ ਫੇਰਿ ਚੜਾਵੈ ਸੂਰੁ॥"

ਸਾਡੇ ਜੀਵਨ ਨੂੰ ਬਰਬਾਦ ਕਰਨ ਵਾਲੇ ਸਾਡੇ ਔਗੁਣ ਹਨ ਜਿੰਨ੍ਹਾਂ ਨੂੰ ਰਾਖਸ਼ਸ ਦੀ ਤਰ੍ਹਾਂ ਕਿਹਾ ਹੈ। ਉਹ ਕਿਸੇ ਦਾ ਲਿਹਾਜ਼ ਨਹੀਂ ਕਰਦੇ ਤੇ ਇਨ੍ਹਾਂ ਦੇ ਰਹਿੰਦਿਆਂ ਕੋਈ ਗੁਰਮਤਿ ਅਨੁਸਾਰ ਨਹੀਂ ਵਿਚਰ ਸਕਦਾ। ਇਹ ਅਸੁਰ ਸਾਡੇ ਮਨ ਦੇ ਵਿੱਚ ਹੀ ਹਨ ਤੇ ਮਨ ਦੇ ਵਿੱਚੋਂ ਹੀ ਕਾਬੂ ਆਉਂਦੇ ਹਨ। ਜਿਸ ਦੇ ਇਹ ਲਾਏ ਹੋਏ ਹਨ ਉਹੀ ਇਨ੍ਹਾਂ ਨੂੰ ਕਾਬੂ ਵਿੱਚ ਲਿਆ ਸਕਦਾ ਹੈ। ਜਦ ਤੱਕ ਮਨ ਦੇ ਵਿੱਚ ਸੱਚੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਨੂੰ ਇਹ ਸਮਝ ਹੀ ਨਹੀਂ ਪੈਂਦੀ ਕਿ ਸਾਡੇ ਜੀਵਨ ਦਾ ਅਸਲ ਮਨੋਰਥ ਇਨ੍ਹਾਂ ਰਾਖ਼ਸ਼ਸਾਂ ਤੋਂ ਬਚਣਾ ਹੈ ਜੋ ਦਿਨ ਰਾਤ ਸਾਡੇ ਜੀਵਨ ਨੂੰ ਖਾਈ ਜਾ ਰਹੇ ਹਨ, ਸਾਡੇ ਅੰਦਰੋਂ ਸੱਚ ਨੂੰ ਖਾਈ ਜਾ ਰਹੇ ਹਨ, ਸਾਡੇ ਅੰਦਰੋਂ ਨਾਮ ਨੂੰ ਚੋਰੀ ਕਰੀ ਜਾ ਰਹੇ ਹਨ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਦੇ ਅੰਦਰ ਇਨ੍ਹਾਂ ਦਾ ਮੂਲ ਬੰਨ੍ਹ ਦਿੰਦਾ ਹੈ, ਇਨ੍ਹਾਂ ਦਾ ਰਸਤਾ ਹੀ ਬੰਦ ਕਰ ਦਿੰਦਾ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਨੂੰ ਇਨ੍ਹਾਂ ਤੋਂ ਦੂਰ ਰਹਿਣ ਦੀ ਦ੍ਰਿੜਤਾ ਬਖ਼ਸ਼ ਦਿੰਦਾ ਹੈ। **(ਅਸੁਰ ਨਦੀ ਕਾ ਬੰਧੈ ਮੂਲੁ॥)**

18/1899

{ਸਾਚ ਧਰਮ ਕੀ ਕਰਿ ਦੀਨੀ ਵਾਰਿ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ॥੨॥}

(ਅੰਗ ੪੩੦)

ਇਨ੍ਹਾਂ ਔਗੁਣਾਂ ਦੇ ਰਹਿੰਦਿਆਂ ਨਾ ਕੋਈ ਸੱਚ ਤੇ ਚੱਲ ਸਕਦਾ ਹੈ ਤੇ ਨਾ ਹੀ ਕੋਈ ਧਰਮ ਤੇ ਪੂਰਾ ਉਤਰ ਸਕਦਾ ਹੈ। ਇਨ੍ਹਾਂ ਔਗੁਣਾਂ ਨੂੰ ਰੋਕਣ ਦੀ ਵਾੜ ਗੁਰੂ ਦੇ ਗਿਆਨ ਦੀ "ਬੀਚਾਰਿ" ਹੈ। ਜਿਸ 'ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਅਪਣੇ ਗਿਆਨ ਦਾ ਵਿਚਾਰੀ ਬਣਾਉਂਦਾ ਹੈ ਭਾਵ ਉਸਦੇ ਅੰਦਰ ਆਪਣੇ ਗਿਆਨ ਦੇ ਵਿਚਾਰ ਹੀ ਦ੍ਰਿੜ ਕਰਦਾ ਹੈ, ਆਪਣੇ ਸ਼ਬਦ ਦੀ ਵਿਚਾਰ ਹੀ ਦ੍ਰਿੜ ਕਰਦਾ ਹੈ। ਉਸਦੇ ਸ਼ਬਦ ਦੀ ਵਿਚਾਰ ਹੀ ਨਾਮ ਹੈ ਤੇ ਮਨ ਦੇ ਵਿੱਚ ਇਹ ਵਿਚਾਰ ਦ੍ਰਿੜ ਹੋਏ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ, ਸੱਚ ਤੇ, ਧਰਮ ਤੇ ਨਹੀਂ ਚੱਲਿਆ ਜਾ ਸਕਦਾ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

ਗਉੜੀ ਮਹਲਾ ੫॥

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥

ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥੧॥}

(ਅੰਗ ੨੩੬)

ਮਨ ਦੇ ਵਿੱਚ ਪ੍ਰਕਾਸ਼ ਗਿਆਨ ਦੁਆਰਾ ਹੀ ਹੁੰਦਾ ਹੈ। ਸ਼ਬਦ ਦਾ ਮਕਸਦ ਸਾਨੂੰ ਗਿਆਨ ਦੇਣ ਨਾਲ ਹੈ। ਜਿੱਥੇ ਗੁਰੂ ਦਾ ਸ਼ਬਦ ਵੱਸ ਜਾਂਦਾ ਹੈ ਉੱਥੇ ਸ਼ਬਦ ਦਾ ਗਿਆਨ ਵੱਸ ਜਾਂਦਾ ਹੈ ਜੋ ਸਾਡੇ ਮਨ ਦੇ ਵਿੱਚ ਵਿਚਾਰਾਂ ਰਾਹੀਂ ਸੱਚ ਤੇ ਧਰਮ ਦੀ ਰੱਖਿਆ ਕਰਨ ਲਈ ਵਾੜ ਦਾ ਕੰਮ ਹੀ ਕਰਦੇ ਹਨ। ਇਹੀ ਸਾਡੀ ਗੁਰਮਤਿ ਦੀ ਵਾੜ ਹੈ, ਗੁਰਮਤਿ ਦੀ ਕੰਧ ਹੈ। ਜਿਉਂ ਜਿਉਂ ਅਸੀਂ ਗੁਰਮਤਿ ਦੇ ਉਲਟ ਚੱਲਦੇ ਹਾਂ, ਇਹ ਕੰਧ ਛਿੱਜਦੀ ਜਾਂਦੀ ਹੈ ਜਿਸ ਦੁਆਰਾ ਸਾਡਾ ਜੀਵਨ ਹੀ ਛਿੱਜ ਜਾਂਦਾ ਹੈ ਭਾਵ ਵਿਅਰਥ ਹੋ ਜਾਂਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਸੱਚੀ ਕ੍ਰਿਪਾ ਕਰਦਾ ਹੈ ਉਸਦੇ ਅੰਦਰੋਂ ਇਹ ਅਸੁਰਾਂ ਦੀ ਨਦੀ ਦਾ ਮੂਲ ਹੀ ਬੰਦ ਕਰ ਦਿੰਦਾ ਹੈ।

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥

ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥

ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥

ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥੨॥}

(ਅੰਗ ੧੧੯੩)

ਪ੍ਰਮਾਤਮਾ ਦੇ ਚਰਨ ਉਹੀ ਜਪਦਾ ਹੈ, ਉਸਦੀ ਮਤਿ ਨੂੰ ਉਹੀ ਜਪਦਾ ਹੈ, ਉਸਦਾ ਨਾਮ ਉਹੀ ਜਪਦਾ ਹੈ ਜਿਸ ਤੇ ਉਹ ਆਪਣੀ ਕ੍ਰਿਪਾ ਕਰਕੇ

18/1900

ਇਹ ਮਹਾਂਬਲੀ ਰਾਖਸ਼ਸਾਂ ਨੂੰ ਬੰਨ੍ਹ ਦਿੰਦਾ ਹੈ। ਇਨ੍ਹਾਂ ਪੰਜੇ ਵਿਕਾਰਾਂ ਤੋਂ ਖਲਾਸੀ ਹੋਣ ਦੇ ਨਾਲ ਹੀ ਦਿਨ ਰਾਤ ਨਾਮ ਧਿਆਇਆ ਜਾ ਸਕਦਾ ਹੈ ਕਿਉਂਕਿ ਉਸ ਅਵੱਸਥਾ ਵਿੱਚ ਮਨੁੱਖ ਔਗੁਣਾਂ ਤੋਂ ਰਹਿਤ ਹੋ ਕੇ ਹਰ ਵੇਲੇ ਗੁਣਾਂ ਦੁਆਰਾ, ਸੱਚ ਦੁਆਰਾ ਹੀ ਵਿਚਰਦਾ ਹੈ। ਫਿਰ ਉਹ ਆਪਣੀ ਹਰ ਕਰਨੀ ਵਿੱਚ, ਕਾਰ ਵਿਹਾਰ ਵਿੱਚ ਨਾਮ ਹੀ ਜਪਦਾ ਹੈ। ਉਸਦੇ ਮਨ ਦੀ ਅਵੱਸਥਾ ਦਿਨ ਰਾਤ ਸੱਚੀ ਹੀ ਰਹਿੰਦੀ ਹੈ ਭਾਵੇਂ ਉਹ ਸੁੱਤਾ ਹੋਵੇ ਜਾਂ ਜਾਗਦਾ ਹੋਵੇ। ਬਿਨ੍ਹਾਂ ਔਗੁਣ ਛੱਡੇ ਕੋਈ ਨਾਮ ਨਹੀਂ ਧਿਆ ਸਕਦਾ ਭਾਵ ਸੱਚੀ ਸੁੱਚੀ ਕਿਰਤ ਨਹੀਂ ਕਰ ਸਕਦਾ।

ਭੈਰਉ ਮਹਲਾ ੫॥

{ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥}

(ਅੰਗ ੧੧੪੭)

ਇਸੇ ਲਈ ਗੁਰਬਾਣੀ ਵਿੱਚ ਸਾਨੂੰ ਵਾਰ-ਵਾਰ ਸਮਝਾਇਆ ਗਿਆ ਹੈ ਕਿ ਉਸਦਾ ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ ਤੇ ਉਹੀ ਜਪ ਸਕਦਾ ਹੈ ਜਿਸ ਨੂੰ ਉਹ ਆਪ ਜਪਾਉਂਦਾ ਹੈ। ਜਿਸ ਨੂੰ ਉਹ ਆਪਣਾ ਨਾਮ ਜਪਾਉਂਦਾ ਹੈ, ਆਪਣੀ ਗੁਰਮਤਿ ਤੇ ਚਲਾਉਣ ਦੀ ਸਮਰੱਥਾ ਵੀ ਉਹ ਆਪ ਹੀ ਬਖ਼ਸ਼ਦਾ ਹੈ ਕਿਉਂਕਿ ਗੁਰਮਤਿ ਅਨੁਸਾਰ ਚੱਲਣਾ ਬਹੁਤ ਔਖਾ ਹੈ, ਇਹ ਬਿਖ਼ਮ ਮਾਰਗ ਹੈ ਤੇ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਪਛਿਮ ਫੇਰਿ ਚੜਾਵੈ ਸੂਰੁ॥"

ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਦੀ ਮਤਿ ਹੀ ਬਦਲਦਾ ਹੈ। ਆਪਣੀ ਮਤਿ ਅਸੀਂ ਆਪ ਨਹੀਂ ਬਦਲ ਸਕਦੇ। ਇਹ ਉਤਨਾ ਹੀ ਔਖਾ ਹੈ ਕਿ ਅਸੀਂ ਸੂਰਜ ਨੂੰ ਪੂਰਬ ਦੀ ਬਜਾਇ ਪੱਛਮ ਤੋਂ ਚੜ੍ਹਾ ਲਈਏ ਭਾਵ ਨਾਮੁਮਕਿਨ ਹੈ। ਇਹ ਕੇਵਲ ਤੇ ਕੇਵਲ ਉਸਦੇ ਆਪਣੇ ਹੱਥ ਵੱਸ ਹੈ। ਹਰ ਕਿਸੇ ਵਿੱਚ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਪਾਈ ਹੋਈ ਹੈ ਜਿਸ ਦੁਆਰਾ ਸਾਡੀ ਮਤਿ ਨੂੰ ਉਸਨੇ ਆਪ ਹੀ ਪੁੱਠਾ ਕੀਤਾ ਹੋਇਆ ਹੈ। ਇਹੀ ਸਾਡੇ ਅੰਦਰ ਕਮਲ ਦਾ ਪੁੱਠਾ ਹੋਣਾ ਹੈ। ਸਾਡੀ ਮਤਿ ਨੂੰ ਉਹ ਆਪ ਹੀ ਸਿੱਧੀ ਕਰ ਸਕਦਾ ਹੈ ਭਾਵ ਜੋ ਸਾਡੇ ਲਈ ਨਾਮੁਮਕਿਨ ਹੈ ਉਸਨੂੰ ਉਹ ਮੁਮਕਿਨ ਬਣਾ ਦਿੰਦਾ ਹੈ। ਉਹ ਸਾਡੀ ਤ੍ਰੈਗੁਣਾਂ ਵਾਲੀ ਮਤਿ ਨੂੰ ਚੌਥੇ ਪਦ

18/1901

ਵਿੱਚ ਬਦਲ ਦਿੰਦਾ ਹੈ ਭਾਵ ਸਾਡੀ ਪੁੱਠੀ ਮਤਿ ਨੂੰ ਸਿੱਧੀ ਕਰ ਦਿੰਦਾ ਹੈ, ਅਗਿਆਨਤਾ ਨੂੰ ਗਿਆਨ ਵਿੱਚ ਬਦਲ ਦਿੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਗੁਰਮਤਿ ਦੀ ਸੋਝੀ ਪੈਂਦੀ ਹੈ। ਆਪਣੇ ਆਪ ਗੁਰਮਤਿ ਨੂੰ ਸਮਝਣਾ, ਪ੍ਰਮਾਤਮਾ ਦੀ ਸੱਚੀ ਬਾਣੀ ਨੂੰ ਸਮਝਣਾ ਉਸੇ ਤਰ੍ਹਾਂ ਨਾਮੁਮਕਿਨ ਹੈ ਜਿਵੇਂ ਕਿ ਸੂਰਜ ਨੂੰ ਪੱਛਮ ਕੋਲੋਂ ਚੜ੍ਹਾਉਣਾ। ਆਪਣੇ ਆਪ ਕੋਈ ਔਗੁਣ ਮੁਕਤ ਨਹੀਂ ਹੋ ਸਕਦਾ ਕਿਉਂਕਿ ਅਗਿਆਨਤਾ ਵਿੱਚ ਰਹਿੰਦੇ ਸਾਨੂੰ ਇਹ ਸੋਝੀ ਹੀ ਨਹੀਂ ਪੈਂਦੀ ਕਿ ਸਾਡੇ ਲਈ ਗੁਣ ਕੀ ਹੈ ਤੇ ਔਗੁਣ ਕੀ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅਨੇਕਾਂ ਹੀ ਭਗਤੀ ਦੇ ਤਰੀਕਿਆਂ ਨੂੰ ਆਪਣਾ ਗੁਣ ਸਮਝਦੇ ਹਾਂ, ਜਪਾਂ ਤਪਾਂ ਨੂੰ, ਸਮਾਧੀਆਂ ਸੁਰਤੀਆਂ ਲਗਾਉਣ ਨੂੰ, ਧਰਮ ਗ੍ਰੰਥਾਂ ਦੇ ਕੇਵਲ ਪੜ੍ਹੀ ਜਾਣ ਨੂੰ, ਕਿਸੇ ਅੱਖਰ ਦਾ ਜਪ ਕਰੀਂ ਜਾਣ ਨੂੰ, ਸਰੀਰ ਨੂੰ ਕਸ਼ਟ ਵਿੱਚ ਪਾਈ ਜਾਣ ਨੂੰ ਤੇ ਇਹੋ ਜਿਹੇ ਹੋਰ ਅਨੇਕਾਂ ਤਰੀਕਿਆਂ ਨੂੰ ਆਪਣੇ ਗੁਣ ਸਮਝਦੇ ਹਾਂ। ਜਿੰਨ੍ਹਾਂ ਨੂੰ ਗੁਰਮਤਿ ਦੀ ਸੱਚੀ ਸੋਝੀ ਪਈ ਹੈ, ਜਿੰਨ੍ਹਾਂ ਨੂੰ ਚੌਥਾ ਪਦ ਮਿਲਿਆ ਹੈ ਉਨ੍ਹਾਂ ਨੇ ਇਨ੍ਹਾਂ ਤਰੀਕਿਆਂ ਨੂੰ ਗੁਣ ਨਹੀਂ ਕਿਹਾ ਬਲਕਿ ਸਾਡਾ ਔਗੁਣ ਹੀ ਕਿਹਾ ਹੈ ਜਿੰਨ੍ਹਾਂ ਦੁਆਰਾ ਕੇਵਲ ਸਾਡੀ ਹਉਮੈ ਹੀ ਵੱਧਦੀ ਹੈ ਤੇ ਇਨ੍ਹਾਂ ਨੂੰ ਛੱਡਣ ਲਈ ਪ੍ਰੇਰਿਆ ਹੈ। ਫ਼ਰਕ ਕੇਵਲ ਪੁੱਠੀ ਮਤਿ ਵਿੱਚ ਤੇ ਸਿੱਧੀ ਮਤਿ ਵਿੱਚ ਹੈ, ਪੁੱਠੇ ਕਮਲ ਤੇ ਸਿੱਧੇ ਕਮਲ ਵਿੱਚ ਹੈ, ਤ੍ਰੈਗੁਣਾਂ ਤੇ ਚੌਥੇ ਪਦ ਵਿੱਚ ਹੈ। ਆਪਣੇ ਆਪ ਕੋਈ ਚੌਥੇ ਪਦ ਵਿੱਚ ਨਹੀਂ ਪਹੁੰਚ ਸਕਦਾ ਤੇ ਨਾ ਹੀ ਕੋਈ ਗੁਰਮਤਿ ਨੂੰ ਜਾਣ ਸਕਦਾ ਹੈ, ਸੱਚ ਨੂੰ ਜਾਣ ਸਕਦਾ ਹੈ। ਇਹ ਸਾਡੇ ਸਭ ਲਈ

18/1902

ਨਾਮੁਮਕਿਨ ਹੀ ਹੈ। ਜਿਸਨੂੰ ਵੀ ਪ੍ਰਮਾਤਮਾ ਔਗੁਣ ਮੁਕਤ ਕਰਦਾ ਹੈ ਉਸਨੂੰ ਮਨ ਦੀ ਇਸ ਸੋਝੀ ਦੁਆਰਾ ਹੀ ਕਰਦਾ ਹੈ। ਭਗਤੀ ਦਾ ਮਾਰਗ ਬਿਖਮ ਹੀ ਹੈ, ਨਿਰਾਲਾ ਹੀ ਹੈ ਤੇ ਤਾਂ ਹੀ ਕੋਈ ਇਸ ਬਿਖਮ ਮਾਰਗ ਤੇ ਚੱਲ ਸਕਦਾ ਹੈ ਜਦੋਂ ਇਸ ਬਿਖਮ ਮਾਰਗ ਦੀ ਸਮਝ ਪੈ ਜਾਂਦੀ ਹੈ।

{ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥}

(ਅੰਗ ੯੧੮)

ਪਉੜੀ॥
{ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ॥੧੬॥}

(ਅੰਗ ੧੪੫)

ਭਗਤਾਂ ਤੇ ਸੰਸਾਰੀਆਂ ਵਿੱਚ ਫ਼ਰਕ ਕੇਵਲ ਸੋਝੀ ਦਾ ਹੀ ਹੈ। ਭਗਤਾਂ ਨੂੰ ਸੱਚ ਦੀ ਸਮਝ ਹੈ ਜਿੰਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ ਕਿ ਸੱਚ ਕੀ ਹੈ। ਗੁਰਬਾਣੀ ਦੀ ਦੱਸੀ ਹੋਈ ਗੱਲ ਤੋਂ ਇਲਾਵਾ ਕਿਸੇ ਹੋਰ ਭਗਤੀ ਦੇ ਤਰੀਕੇ ਨੂੰ ਸੱਚ ਸਮਝਣਾ ਝੂਠ ਹੈ ਭਾਵ ਸਾਡੀ ਭੁੱਲ ਹੈ ਤੇ ਇਸੇ ਲਈ ਬਾਣੀ ਵਿੱਚ ਸਾਨੂੰ ਸਭ ਨੂੰ ਭਾਵੇਂ ਕੋਈ ਕਿੰਨਾ ਵੀ ਜਪੀ ਤਪੀ ਅਖਵਾਉਂਦਾ ਹੈ, ਸਿੱਧ ਸਾਧਿਕ ਅਖਵਾਉਂਦਾ ਹੈ, ਭੁੱਲੇ ਹੋਏ ਹੀ ਦੱਸਿਆ ਹੈ। ਭਗਤਾਂ ਨੇ ਕੇਵਲ ਸੱਚੇ ਸੁੱਚੇ ਕਰਮ ਹੀ ਕੀਤੇ ਹਨ ਤੇ ਆਪਣੀ ਮਤਿ ਛੱਡੀ ਹੈ। ਸਭ ਤੋਂ ਔਖੀ ਆਪਣੀ ਮਤਿ ਛੱਡਣੀ ਹੈ, ਆਪਣਾ ਮਾਨ ਛੱਡਣਾ ਹੈ ਜਿਸ ਨੂੰ ਛੱਡਣਾ ਸਾਡੇ ਵੱਸ ਨਹੀਂ ਹੈ। ਜਦ ਤੱਕ ਅਸੀਂ ਆਪਣੀ ਮਤਿ ਨੂੰ ਨਹੀਂ ਛੱਡਦੇ ਤਦ ਤੱਕ ਭਗਤੀ ਹੋ ਹੀ ਨਹੀਂ ਸਕਦੀ, ਸਾਡੇ ਅੰਦਰ ਗੁਰੂ ਦੇ ਗੁਣ ਵੱਸ ਹੀ ਨਹੀਂ ਸਕਦੇ। ਇਹ ਪ੍ਰਮਾਤਮਾ ਦਾ ਆਪਣਾ ਹੀ ਕਿਸੇ ਤੇ ਕਰਮ ਹੈ ਕਿ ਉਸਨੂੰ ਆਪਣੇ ਬਚਨਾਂ ਤੇ ਪੂਰਾ ਉਤਾਰ ਲਵੇ।

{ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥
ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥}

(ਅੰਗ ੧੫੧)

18/1903

ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਕੋਈ ਉਸਦਾ ਵਿਚਾਰੀ ਬਣ ਸਕਦਾ ਹੈ, ਸ਼ਬਦ ਦਾ ਵਿਚਾਰੀ ਬਣ ਸਕਦਾ ਹੈ। ਗੁਰੂ ਗੁਰੂ ਰਟਣ ਵਾਲੇ, ਸ਼ਬਦ ਨੂੰ, ਅੱਖਰ ਨੂੰ ਰਟਣ ਵਾਲੇ ਤਾਂ ਬਹੁਤ ਹਨ ਜੋ ਹਰ ਵੇਲੇ ਲੱਗੇ ਰਹਿੰਦੇ ਹਨ ਪਰ ਗੁਰੂ ਦੇ ਸ਼ਬਦ ਦਾ ਵਿਚਾਰੀ ਕੋਈ ਵਿਰਲਾ ਹੀ ਬਣ ਸਕਦਾ ਹੈ ਜਿਸ ਦੁਆਰਾ ਕੋਈ ਉਸਦੇ ਬਚਨਾਂ ਦੇ ਤੋਲ ਤੇ ਤੁਲ ਸਕਦਾ ਹੈ, ਉਸਨੂੰ ਜਪ ਸਕਦਾ ਹੈ, ਉਸਦੀ ਭਗਤੀ ਕਰ ਸਕਦਾ ਹੈ। ਜਦ ਤੱਕ ਸਾਡੇ ਅੰਦਰ ਭਰਮ ਹੈ ਤਦ ਤੱਕ ਉਸਦਾ ਭਗਤ ਨਹੀਂ ਬਣਿਆ ਜਾ ਸਕਦਾ। ਜਦ ਤੱਕ ਸਾਡੇ ਮਨ ਦੀ ਸੋਝੀ ਸਿੱਧੀ ਨਹੀਂ ਹੁੰਦੀ ਕੋਈ ਵੀ ਭਰਮ ਵਿੱਚੋਂ ਨਹੀਂ ਨਿਕਲ ਸਕਦਾ। ਇਹ ਸਾਡੇ ਲਈ ਨਾਮੁਮਕਿਨ ਹੈ ਕਿ ਅਸੀਂ ਆਪਣੇ ਆਪ ਔਗੁਣਾਂ ਵਿੱਚੋਂ ਨਿਕਲ ਜਾਈਏ ਤੇ ਸਾਨੂੰ ਅਸਲ ਭਗਤੀ ਦੀ ਸਮਝ ਪੈ ਜਾਵੇ। **(ਅਸੁਰ ਨਦੀ ਕਾ ਬੰਧੈ ਮੂਲੁ॥ ਪਛਿਮ ਫੇਰਿ ਚੜਾਵੈ ਸੂਰੁ॥)**

ਮਨੁੱਖ ਆਪਣੀ ਇਸ ਅਵੱਸਥਾ ਦੁਆਰਾ ਹੀ ਭਾਵ ਜਦੋਂ ਮਨੁੱਖ ਔਗੁਣ ਰਹਿਤ ਹੋ ਜਾਂਦਾ ਹੈ ਤਾਂ ਹੀ ਉਹ ਅਜਰ ਜਰ ਸਕਦਾ ਹੈ ਭਾਵ ਗੁਰਮਤਿ ਤੇ ਚੱਲਣਾ ਸਹਿਣ ਕਰ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ

ਹੈ।

"ਅਜਰੁ ਜਰੈ ਸੁ ਨਿਝਰੁ ਝਰੈ॥ ਜਗੰਨਾਥ ਸਿਉ ਗੋਸਟਿ ਕਰੈ॥੭॥"

(ਅੰਗ - ੯੭੪)

18/1904

ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਿਆ ਹੈ ਕਿ "ਅਜਰੁ" ਜਰਨਾ ਕੀ ਹੈ ਤੇ ਨੀਝਰ ਝਰਨਾ ਕੀ ਹੈ। ਦੋਨੋਂ ਗੱਲਾਂ ਇਕੱਠੀਆਂ ਹੀ ਜੁੜੀਆਂ ਹੋਈਆਂ ਹਨ। ਇੱਕ ਤੋਂ ਭਾਵ ਮਨ ਦੇ ਵਿੱਚ ਸੋਝੀ ਪੈਣ ਦੇ ਨਾਲ ਹੈ ਤੇ ਦੂਸਰੀ ਤੋਂ ਭਾਵ ਉਸ ਸੋਝੀ ਅਨੁਸਾਰ ਵਿਚਰਨ ਤੋਂ ਹੈ। ਨੀਝਰ ਝਰਨ ਤੋਂ ਭਾਵ ਸੋਝੀ ਪੈਣ ਦੇ ਨਾਲ ਹੈ ਤੇ "ਅਜਰੁ" ਜਰਨ ਤੋਂ ਭਾਵ ਉਸ ਸੋਝੀ ਅਨੁਸਾਰ ਵਿਚਰਨ ਤੋਂ ਹੈ। ਪਹਿਲਾਂ ਸਾਨੂੰ ਗੁਰਮਤਿ ਦੀ ਸੋਝੀ ਪਵੇਗੀ ਭਾਵ ਪਹਿਲਾਂ ਸਾਡੇ ਅੰਦਰ ਨੀਝਰ ਝਰੇਗਾ, ਗਿਆਨ ਦਾ ਚਸ਼ਮਾ ਚੱਲੇਗਾ ਤੇ ਤਾਂ ਹੀ ਸੋਝੀ ਪਵੇਗੀ ਕਿ "ਗੁਰਮਤਿ" ਕੀ ਹੈ। ਗੁਰਮਤਿ ਦੀ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਗੱਲਾਂ ਕਿੱਥੇ ਹੁੰਦੀਆਂ ਹਨ, ਉਸਦੇ ਨਾਲ ਉਸਦੇ ਭਗਤਾਂ ਦੀ ਗੋਸਟਿ ਕਿੱਥੇ ਹੁੰਦੀ ਹੈ ਜੋ ਕਿ ਹੋਰਾਂ ਸ਼ਬਦਾਂ ਰਾਹੀਂ ਵੀ ਸਮਝਾਇਆ ਹੋਇਆ ਹੈ। ਸਾਡੇ ਅੰਦਰ ਇਹ ਗਿਆਨ ਦਾ ਚਸ਼ਮਾ ਪ੍ਰਮਾਤਮਾ ਦੇ ਨਾਲ ਗੱਲਾਂ ਦੇ ਰੂਪ ਵਿੱਚ ਹੀ ਫੁੱਟਦਾ ਹੈ। ਮਨ ਦੇ ਵਿੱਚ ਉਸਦੇ ਨਾਲ ਗੱਲਾਂ ਕਰਨੀਆਂ ਹੀ ਇਸ ਚਸ਼ਮੇ ਦਾ ਵਗਣਾ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੀ ਚੱਲਦਾ ਹੈ। ਮਨ ਦੇ ਵਿੱਚ ਇਹ ਗਿਆਨ ਦਾ ਚਸ਼ਮਾ ਚੱਲਦਾ ਰਹਿੰਦਾ ਹੈ ਤੇ ਪ੍ਰਮਾਤਮਾ ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਗੱਲਾਂ ਰਾਹੀਂ ਪ੍ਰਮਾਤਮਾ ਆਪ ਹੀ ਆਪਣੇ ਸੱਚ ਦੀ ਸੋਝੀ ਪਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਉਸ ਪ੍ਰਮਾਤਮਾ ਦਾ ਨੀਝਰ ਹੀ ਝਰ ਰਿਹਾ ਹੈ, ਉਸਦੇ ਨਾਲ ਉਸਦੇ ਭਗਤਾਂ ਦੀ ਹੋਈ ਗੋਸਟਿ ਹੀ ਉਚਾਰੀ ਹੋਈ ਹੈ ਤੇ ਇਸੇ ਲਈ ਸਾਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ, ਉਸਦੀ ਆਪਣੀ ਬਾਣੀ ਹੈ, ਸੱਚੀ ਬਾਣੀ ਹੈ ਜਿਸਨੂੰ ਕਦੇ ਵੀ ਕੋਈ ਗਲਤ ਸਾਬਿਤ ਨਹੀਂ ਕਰ ਸਕਦਾ। ਪ੍ਰਮਾਤਮਾ ਦੇ ਬੋਲੇ ਹੋਏ ਬੋਲ ਸਦਾ ਥਿਰ ਰਹਿਣ ਵਾਲੇ ਹਨ ਜੋ ਕਦੇ ਡੋਲ ਨਹੀਂ ਸਕਦੇ। ਉਸਦੇ ਭਗਤ, ਗੁਰੂ ਸਾਹਿਬਾਨ ਜਿੰਨ੍ਹਾਂ ਨੇ ਬਾਣੀ ਉਚਾਰੀ ਹੈ ਮਨ ਦੀ ਇਸ ਅਵੱਸਥਾ ਦੁਆਰਾ ਹੀ ਅਡੋਲ ਹੋਏ ਹਨ ਜੋ ਕਿ ਪ੍ਰਮਾਤਮਾ ਆਪ ਹੀ ਕਰਦਾ ਹੈ। ਅਡੋਲ ਮਨ ਉਹ ਹੈ ਜੋ ਸੱਚੇ ਬੋਲਾਂ ਤੇ ਟਿਕ ਕੇ ਰਹਿੰਦਾ ਹੈ ਤੇ ਉਨ੍ਹਾਂ ਬੋਲਾਂ ਤੋਂ ਕਦੇ ਡੋਲਦਾ ਨਹੀਂ। ਸਾਨੂੰ ਅਡੋਲ ਕੇਵਲ ਗੁਰਬਾਣੀ ਦੇ ਬੋਲ ਹੀ ਕਰ ਸਕਦੇ ਹਨ ਜਿੰਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਗੁਰਬਾਣੀ ਦੇ ਬੋਲਾਂ ਤੇ

18/1905

ਸਾਨੂੰ ਜਦ ਤੱਕ ਪੂਰਨ ਵਿਸ਼ਵਾਸ ਨਹੀਂ ਆਉਂਦਾ ਤਦ ਤੱਕ ਅਸੀਂ ਗੁਰਬਾਣੀ ਨਾਲ ਪੂਰੀ ਤਰ੍ਹਾਂ ਨਹੀਂ ਜੁੜ ਸਕਦੇ। ਗੁਰਬਾਣੀ ਦੇ ਬਚਨਾਂ ਤੋਂ ਡੋਲਣਾ ਸਾਡੇ ਮਨ ਦਾ ਡੋਲਣਾ ਹੈ। ਗੁਰਬਾਣੀ ਦੇ ਬੋਲਾਂ ਤੇ ਅਡੋਲ ਹੋਏ ਬਿਨ੍ਹਾਂ ਕੋਈ ਅਜਰ ਨਹੀਂ ਜਰ ਸਕਦਾ। ਜੋ ਉਸਦੇ ਅਜਰ ਨੂੰ ਜਰਦਾ ਹੈ ਉਸਨੂੰ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਮਨ ਵਿੱਚ ਸੋਝੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਪੂਰਨ ਵਿਸ਼ਵਾਸ ਦੁਆਰਾ ਗੁਰਮਤਿ ਤੇ ਚੱਲਦਾ ਹੈ ਭਾਵ ਅਜਰ ਜਰਦਾ ਹੈ। ਉਹ ਮਨ ਦੇ ਚੌਥੇ ਪਦ ਦੀ ਅਵੱਸਥਾ ਹੈ ਜੋ ਸਾਡੇ ਅੰਦਰ ਨੀਝਰ ਦੇ ਝਰਨ ਦੁਆਰਾ ਹੀ ਉਪਜਦੀ ਹੈ, ਬ੍ਰਹਮਗਿਆਨ ਦੇ ਉਪਜਣ ਦੁਆਰਾ ਹੀ ਉਪਜਦੀ ਹੈ। ਇਹ ਉਹ ਅੰਮ੍ਰਿਤ ਧਾਰਾ ਹੈ, ਪਵਿੱਤਰ ਜਲ ਹੈ ਜੋ ਭਰਮ ਰਹਿਤ ਹੈ ਜੋ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਸਾਡੇ ਅੰਦਰ ਪੂਰਨ ਵਿਸ਼ਵਾਸ ਜਾਗਦਾ ਹੈ। ਸਾਡਾ ਮਨ ਭਰਮ ਕਰਕੇ ਹੀ ਮੈਲਾ ਹੈ ਤੇ ਇਹ ਸੱਚੇ ਗਿਆਨ ਦਾ ਜਲ ਮਨ ਦੀ ਮੈਲ ਕੱਢ ਕੇ ਉਸਨੂੰ ਪਵਿੱਤਰ ਬਣਾ ਦਿੰਦਾ ਹੈ, ਨਿਰਮਲ ਬਣਾ ਦਿੰਦਾ ਹੈ ਜਿਸ ਦੁਆਰਾ ਉਸਦੇ ਅਜਰ ਨੂੰ ਜਰਿਆ ਜਾ ਸਕਦਾ ਹੈ। ਮਨ ਦੇ ਵਿੱਚੋਂ ਭਰਮ ਦੇ ਨਿਕਲਣ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕ੍ਰਿਪਾ ਹੈ। ਉਹ ਸਾਡੇ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੀ ਕਰਦਾ ਹੈ, ਸਾਡੀ ਸੋਝੀ ਨੂੰ ਹੀ ਉਲਟਦਾ ਹੈ। ਇਸੇ ਲਈ ਪ੍ਰਮਾਤਮਾ ਨੂੰ ਕੋਈ ਆਪਣੇ ਯਤਨ ਨਾਲ ਮਿਲ ਜਾਵੇ, ਕਿਸੇ ਸਰੀਰਕ ਜਪਾਂ ਤਪਾਂ ਦੁਆਰਾ ਮਿਲ ਲਵੇ ਇਹ ਨਾਮੁਮਕਿਨ ਹੈ। ਜਿਸ ਦੇ ਹੱਥ ਸਾਡੇ ਮਨ ਦੀ ਸੋਝੀ ਹੈ ਉਹੀ ਇਸਨੂੰ ਬਦਲ ਸਕਦਾ ਹੈ।

(ਅਜਰੁ ਜਰੈ ਸੁ ਨਿਝਰੁ ਝਰੈ॥ ਜਗੰਨਾਥ ਸਿਉ ਗੋਸਟਿ ਕਰੈ॥੭॥)

(ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥

ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥੩॥)

{ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ॥੪॥

ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ॥}

(ਅੰਗ ੧੩੩੧)

ਜਦੋਂ ਮਨੁੱਖ ਮਨ ਦੇ ਵਿੱਚੋਂ ਉਸ ਗਿਆਨ ਸਰੂਪ ਪ੍ਰਮਾਤਮਾ ਦੇ ਦਰਸ਼ਨ ਕਰ ਲੈਂਦਾ ਹੈ ਫਿਰ ਤਾਂ ਹੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਸਭ ਵਿੱਚ ਆਪਣੇ ਗਿਆਨ ਰੂਪ ਵਿੱਚ ਹੀ ਸਮਾਇਆ ਹੋਇਆ ਹੈ ਜਿਵੇਂ

18/1906

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਚਉਮੁਖ ਦੀਵਾ ਜੋਤਿ ਦੁਆਰ॥ ਪਲੂ ਅਨਤ ਮੂਲੁ ਬਿਚਕਾਰਿ॥"

"ਚਉਮੁਖ ਦੀਵਾ" ਤੋਂ ਭਾਵ ਹੈ ਕਿ ਚਾਰੋਂ ਪਾਸੇ ਭਾਵ ਜਗ੍ਹਾ ਜੋ ਕੁੱਝ ਵੀ ਹੈ ਉਹ ਸਭ ਗਿਆਨ ਦੁਆਰਾ ਹੀ ਹੈ ਭਾਵ ਸਭ ਪਾਸੇ ਗਿਆਨ ਦਾ ਪ੍ਰਕਾਸ਼ ਹੀ ਹੈ ਭਾਵ ਹਰ ਵਸਤੂ ਵਿੱਚ ਗਿਆਨ ਦਾ ਪ੍ਰਕਾਸ਼ ਹੀ ਹੈ ਭਾਵ ਹਰ ਵਸਤੂ ਗਿਆਨ ਦੁਆਰਾ ਹੀ ਬਣੀ ਹੈ ਤੇ ਗਿਆਨ ਦੁਆਰਾ ਹੀ ਚੱਲ ਰਹੀ ਹੈ। ਇਸ ਗਿਆਨ ਦਾ ਦੁਆਰ ਇੱਕੋ ਇੱਕ ਪ੍ਰਮਾਤਮਾ ਦੀ ਜੋਤਿ ਹੈ ਭਾਵ ਹਰ ਗਿਆਨ ਜੋ ਚਾਰੇ ਪਾਸੇ ਪਸਰਿਆ ਹੋਇਆ ਹੈ ਉਸ ਸਭ ਦਾ ਦੁਆਰ ਜਿੱਥੋਂ ਗਿਆਨ ਆਉਂਦਾ ਹੈ ਉਹ ਇੱਕੋ ਇੱਕ ਪ੍ਰਮਾਤਮਾ ਦੀ ਜੋਤਿ ਹੈ। ਸਭ ਤੋਂ ਪਹਿਲਾਂ ਮਨੁੱਖ ਇਸ ਗਿਆਨ ਦੇ ਦੁਆਰ ਨੂੰ ਆਪਣੇ ਅੰਦਰੋਂ ਹੀ ਪਹਿਚਾਣਦਾ ਹੈ ਜੋ ਕਿ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਦੇ ਰੂਪ ਵਿੱਚ ਹੈ। ਪ੍ਰਮਾਤਮਾ ਨੇ ਸਭ ਜਗ੍ਹਾ ਆਪਣੀ ਜੋਤਿ ਗਿਆਨ ਦੁਆਰਾ ਹੀ ਜਗਾਈ ਹੋਈ ਹੈ। ਸਾਰਾ ਗਿਆਨ ਦਾ ਚਾਨਣ ਉਸਦੀ ਜੋਤਿ ਰਾਹੀਂ ਹੀ ਆਉਂਦਾ ਹੈ। ਹਰ ਵਸਤੂ ਵਿੱਚ ਗਿਆਨ ਦਾ ਦੁਆਰ ਪ੍ਰਮਾਤਮਾ ਦੀ ਜੋਤਿ ਹੀ ਹੈ। **(ਚਉਮੁਖ ਦੀਵਾ ਜੋਤਿ ਦੁਆਰ॥)**

{ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥}

(ਅੰਗ ੧੩)

ਪ੍ਰਮਾਤਮਾ ਸਭ ਦੇ ਵਿੱਚ ਇਸ ਤਰੀਕੇ ਸਮਾਇਆ ਹੋਇਆ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਦੱਸਿਆ ਹੋਇਆ ਹੈ।

"ਪਲੂ ਅਨਤ ਮੂਲੁ ਬਿਚਕਾਰਿ॥"

ਪੇੜ੍ਹ ਦੇ ਸਾਰੇ ਪੱਤੇ ਇੱਕੋ ਤਣੇ ਤੋਂ ਹੀ ਉਪਜਦੇ ਹਨ। ਹਰ ਪੱਤਾ ਉਹੋ ਕੁੱਝ ਬਣ ਜਾਂਦਾ ਹੈ ਜਿਹੋ ਜਿਹਾ ਅੰਦਰੋਂ ਉਸਨੂੰ ਗਿਆਨ ਮਿਲ ਰਿਹਾ ਹੈ। ਜਿਹੋ ਜਿਹਾ ਗਿਆਨ ਪ੍ਰਮਾਤਮਾ ਨੇ ਬੀਜ ਦੇ ਵਿੱਚ ਪਾਇਆ ਹੋਇਆ ਹੈ ਉਹੋ ਕੁੱਝ ਆਪਣੇ ਆਪ ਹੋਈ ਜਾ ਰਿਹਾ ਹੈ। ਇਹ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸਾਇੰਟਿਫਿਕ ਗਿਆਨ ਹੈ, ਜੈਨੇਟਿਕ ਗਿਆਨ ਹੈ ਜੋ ਆਪਣਾ ਕੰਮ ਆਪ ਹੀ ਕਰੀ ਆਉਂਦਾ ਹੈ। ਹਰ ਬੀਜ ਦਾ ਗਿਆਨ

18/1907

ਇੱਕੋ ਦੇ ਕੋਲੋਂ ਹੀ ਆਇਆ ਹੈ ਜਿਸ ਨੇ ਪੰਜ ਤੱਤਾਂ ਦੀ ਰਚਨਾ ਕੀਤੀ ਹੈ। ਜਿਸ ਨੇ ਗਿਆਨ ਦੀ ਬੁਨਿਆਦ ਰਚੀ ਹੈ, ਉਹੀ ਆਪਣੇ ਗਿਆਨ ਦੁਆਰਾ ਸਭ ਨੂੰ ਗੁਪਤ ਰੂਪ ਵਿੱਚ ਚਲਾ ਰਿਹਾ ਹੈ ਜੋ ਕਿਸੇ ਨੂੰ ਨਜ਼ਰ ਨਹੀਂ ਆ ਸਕਦਾ। ਉਸਨੂੰ ਕੇਵਲ ਮਨ ਦੇ ਵਿੱਚੋਂ, ਮਨ ਦੇ ਗਿਆਨ ਰਾਹੀਂ ਭਾਵ ਮਨ ਦੀਆਂ ਅੱਖਾਂ ਰਾਹੀਂ ਦੇਖਿਆ ਜਾ ਸਕਦਾ ਹੈ, ਦਿਬ ਦ੍ਰਿਸ਼ਟ ਦੁਆਰਾ ਦੇਖਿਆ ਜਾ ਸਕਦਾ ਹੈ, ਚੌਥੇ ਪਦ ਦੀ ਸੋਝੀ ਦੁਆਰਾ ਦੇਖਿਆ ਜਾ ਸਕਦਾ ਹੈ। **(ਪਲੂ ਅਨਤ ਮੂਲੁ ਬਿਚਕਾਰਿ॥)** ਪ੍ਰਮਾਤਮਾ ਦਾ ਉੱਚਾ ਗਿਆਨ ਹੀ ਉਸਦੀ ਕਲਾ ਹੈ, ਉਸਦੀ ਸ਼ਕਤੀ ਹੈ, ਉਸਦੀ ਜੁਗਤਿ ਹੈ। ਪ੍ਰਮਾਤਮਾ ਆਪਣੀ ਹਰ ਕਲਾ ਆਪਣੇ ਇਸ ਗਿਆਨ ਦੀ ਜੁਗਤਿ ਦੁਆਰਾ ਹੀ ਵਰਤਾਉਂਦਾ ਹੈ। ਸਾਰੀ ਸਾਇੰਸ ਉਸਦੀ ਆਪਣੀ ਬਣਾਈ ਹੋਈ ਕਲਾ ਹੈ ਜੋ ਅਨੇਕਾਂ ਹੀ ਅਨੇਕਾਂ ਤਰੀਕਿਆਂ ਦੁਆਰਾ ਹਰ ਕਿਸੇ ਨੂੰ ਚਲਾ ਰਹੀ ਹੈ, ਉਸਦੀ ਪੂਰੀ ਕੁਦਰਤ ਨੂੰ ਚਲਾ ਰਹੀ ਹੈ। ਜੋ ਸਾਨੂੰ ਨਜ਼ਰ ਆਉਂਦਾ ਹੈ ਉਹ ਕੁਦਰਤ ਦਾ ਸਰਗੁਣ ਰੂਪ ਹੈ ਤੇ ਜੋ ਇਸ ਕੁਦਰਤ ਨੂੰ ਚਲਾਉਂਦਾ ਹੈ ਉਹ ਕੁਦਰਤ ਦਾ ਨਿਰਗੁਣ ਰੂਪ ਹੈ। ਕੁਦਰਤ ਦਾ ਨਿਰਗੁਣ ਰੂਪ ਬ੍ਰਹਮਗਿਆਨ ਹੈ ਤੇ ਬ੍ਰਹਮਗਿਆਨ ਦਾ ਮਾਲਕ ਉਹ ਆਪ ਹੀ ਬ੍ਰਹਮਗਿਆਨੀ ਹੈ ਜਿਸ ਨੇ ਸਾਰੀ ਸਾਇੰਸ

ਦੀ ਰਚਨਾ ਕੀਤੀ ਹੈ। ਆਪਣੀ ਇਸ ਸਾਇੰਸ ਦੁਆਰਾ ਹੀ ਉਹ ਸਭ ਵਿੱਚ ਸਮਾਇਆ ਹੋਇਆ ਹੈ। ਸਾਇੰਸ ਦੀ ਹਰ ਕਲਾ ਦਾ ਬਣਾਉਣ ਵਾਲਾ ਉਹ ਆਪ ਹੈ, ਉਹ ਸਰਬ ਕਲਾ ਸਮਰੱਥ ਹੈ ਤੇ ਇਸੇ ਲਈ ਉਹ ਕੇਵਲ ਆਪ ਹੀ ਹੈ ਕਿਉਂਕਿ ਸਭ ਕੁੱਝ ਉਸਦੇ ਗਿਆਨ ਦੀ ਕਲਾ ਨਾਲ ਹੀ ਬਣਿਆ ਹੈ ਤੇ ਸਭ ਕੁੱਝ ਉਸਦੇ ਗਿਆਨ ਦੀ ਕਲਾ ਨਾਲ ਹੀ ਚੱਲ ਰਿਹਾ ਹੈ। ਉਸਦੇ ਗਿਆਨ ਦੀ ਕਲਾ ਅਨੇਕਾਂ ਹੀ ਅਨੇਕਾਂ ਤਰੀਕਿਆਂ ਦੁਆਰਾ ਵਰਤ ਰਹੀ ਹੈ ਕਿਉਂਕਿ ਉਹ ਹਰ ਕਲਾ ਦੇ ਸਮਰੱਥ ਹੈ। **(ਸਰਬ ਕਲਾ ਲੇ ਆਪੇ ਰਹੈ॥)** ਆਪਣੀ ਸ੍ਰਿਸ਼ਟੀ ਨੂੰ ਬਣਾ ਕੇ ਉਸਨੇ ਆਪ ਹੀ ਇਸਨੂੰ ਆਪਣੇ ਉੱਚੇ ਗਿਆਨ ਦੁਆਰਾ ਗੋਇਆ ਹੋਇਆ ਹੈ, ਸਾਇੰਟਿਫਿਕਲੀ ਗੋਇਆ ਹੋਇਆ ਹੈ ਜਿਸ ਕਰਕੇ ਹਰ ਵਸਤੂ ਆਪਣੇ ਹੀ ਸਾਇੰਟਿਫਿਕ ਸਿਸਟਮ ਦੁਆਰਾ ਚੱਲ ਰਹੀ ਹੈ। ਉਸਦਾ ਇਹ ਸਾਇੰਟਿਫਿਕ ਸਿਸਟਮ ਹੀ ਉਸਦਾ ਹੁਕਮ ਹੈ ਜਿਸ ਨੂੰ ਹਰ ਕੋਈ ਮੰਨ ਰਿਹਾ ਹੈ ਤੇ ਸਭ ਕੁੱਝ ਉਸਦੇ ਹੁਕਮ ਅਨੁਸਾਰ ਹੀ ਹੋ ਰਿਹਾ ਹੈ। ਸਾਡੀ ਤ੍ਰੈਗੁਣਾਂ

18/1908

ਵਾਲੀ ਅਵੱਸਥਾ ਵਿੱਚ ਵੀ ਪ੍ਰਮਾਤਮਾ ਦੀ ਕਲਾ ਹੀ ਵਰਤ ਰਹੀ ਹੈ ਜੋ ਕਿ ਉਸਦੀ ਆਪਣੀ ਬਣਾਈ ਹੋਈ ਮਾਇਆ ਦੀ ਜੁਗਤਿ ਹੈ। ਸਭ ਕੁੱਝ ਸਾਇੰਟਿਫਿਕਲੀ ਹੈ ਤੇ ਸਾਡਾ ਸਾਰਾ ਸਰੀਰ ਸਾਇੰਟਿਫਿਕ ਸਿਸਟਮ ਦੁਆਰਾ ਚੱਲ ਰਿਹਾ ਹੈ। ਸਾਡੇ ਮਨ ਦੇ ਅੰਦਰੋਂ ਗਿਆਨ ਸਾਇੰਟਿਫਿਕ ਤਰੀਕੇ ਨਾਲ ਹੀ ਉਪਜਦਾ ਹੈ ਪਰ ਆਪਣਾ ਇਹ ਤਰੀਕਾ ਉਹ ਕਿਸੇ ਨੂੰ ਨਹੀਂ ਸਮਝਾਉਂਦਾ। ਇਹ ਕਿਸੇ ਸਾਇੰਟਿਫਿਕ ਤਰੀਕੇ ਨਾਲ ਸਮਝ ਵੀ ਨਹੀਂ ਆ ਸਕਦਾ ਕਿਉਂਕਿ ਇਹ ਕੇਵਲ ਗੁਰਪ੍ਰਸਾਦਿ ਹੈ। ਜਿਵੇਂ ਕਿ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ ਰਿਧੀਆਂ ਸਿਧੀਆਂ ਸਭ ਮੋਹ ਹਨ, ਕਰਾਮਾਤਾਂ ਧ੍ਰਿਗ ਹਨ ਭਾਵ ਅਨਸਾਇੰਟਿਫਿਕਲੀ ਕੁੱਝ ਵੀ ਨਹੀਂ ਹੁੰਦਾ। ਅਸੀਂ ਕਿਸੇ ਗੱਲ ਨੂੰ ਤਦ ਤੱਕ ਹੀ ਕੋਈ ਰਿਧੀ ਸਿਧੀ ਜਾਂ ਕਰਾਮਾਤ ਸਮਝਦੇ ਹਾਂ ਜਦ ਤੱਕ ਸਾਨੂੰ ਉਸਦੀ ਕੋਈ ਸਾਇੰਟਿਫਿਕ ਐਕਸਪਲਾਨੇਸ਼ਨ ਨਹੀਂ ਮਿਲਦੀ। ਜਦੋਂ ਗੱਲ ਸਾਇੰਟਿਫਿਕਲੀ ਸਮਝ ਆ ਜਾਂਦੀ ਹੈ ਫਿਰ ਉਹ ਕੋਈ ਕਰਾਮਾਤ ਨਜ਼ਰ ਨਹੀਂ ਆਉਂਦੀ। ਇਸ ਸੰਸਾਰ ਵਿੱਚ ਇੱਕੋ ਇੱਕ ਸਿਧੀ, ਕਰਾਮਾਤ ਕੇਵਲ ਇਹੀ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਮਨ ਦੇ ਰਾਹੀਂ ਪ੍ਰਗਟ ਕਰਦਾ ਹੈ। ਇਸ ਤੋਂ ਬਿਨ੍ਹਾਂ ਹੋਰ ਕੋਈ ਸਿਧੀ ਜਾਂ ਕਰਾਮਾਤ ਨਹੀਂ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੀ ਇਸ ਕਲਾ ਨੂੰ ਵੀ ਕਿਸੇ ਤਰੀਕੇ ਨਾਲ ਸਮਝਿਆ ਨਹੀਂ ਜਾ ਸਕਦਾ। ਪ੍ਰਮਾਤਮਾ ਨੇ ਆਪਣੀ ਇਸ ਕਲਾ ਨੂੰ ਗੁਪਤ ਹੀ ਰੱਖਿਆ ਹੋਇਆ ਹੈ। ਜਿਸਨੂੰ ਉਹ ਆਪਣੀ ਇਹ ਕਲਾ ਵਿਖਾਉਂਦਾ ਹੈ ਕੇਵਲ ਉਹ ਹੀ ਉਸਦੀ ਇਹ ਕਲਾ ਵੇਖ ਸਕਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਮਨ ਦੇ ਵਿੱਚ ਹੀ ਦਰਸ਼ਨ ਹੁੰਦੇ ਹਨ। ਇਹ ਕਲਾ ਉਸਦੀ "ਗੁਰ ਪ੍ਰਸਾਦਿ" ਹੈ ਭਾਵ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਆਪਣੀ ਇਹ ਕਲਾ ਕਿਸੇ ਨੂੰ ਦਿਖਾਵੇ। ਪ੍ਰਮਾਤਮਾ ਦੇ ਦਰਸ਼ਨ ਕੇਵਲ ਉਸਦੀ ਇਸ ਕਲਾ ਨੂੰ ਜਾਨਣ ਦੁਆਰਾ ਹੀ ਹੁੰਦੇ ਹਨ ਜਿਸਨੂੰ ਉਸਨੇ ਸਾਇੰਟਿਫਿਕ ਸੋਝੀ ਤੋਂ ਦੂਰ ਰੱਖਿਆ ਹੈ ਭਾਵ ਜਿਸ ਨੂੰ ਕਿਸੇ ਸਾਇੰਟਿਫਿਕ ਗਿਆਨ ਦੁਆਰਾ ਨਹੀਂ ਸਮਝਿਆ ਜਾ ਸਕਦਾ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੩॥

"ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥੨॥"

(ਅੰਗ ੬੫੦)

18/1909

ਕਰਾਮਾਤਾਂ ਦਾ ਗੁਰਬਾਣੀ ਖੰਡਨ ਕਰਦੀ ਹੈ ਕਿਉਂਕਿ ਗੁਰਬਾਣੀ ਜਾਣਦੀ ਹੈ ਕਿ ਪ੍ਰਮਾਤਮਾ ਹੈ ਹੀ "ਗਿਆਨੁ" ਰੂਪ ਜਿਸਨੇ ਸਭ ਕੁੱਝ ਰਚਿਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਗਿਆਨੁ ਦਾ ਅੰਜਨ ਪਾਉਣ ਵਾਲਾ ਭਾਵ ਗਿਆਨੁ ਦੀ ਸੋਝੀ ਪਾਉਣ

ਵਾਲਾ ਆਪ ਪ੍ਰਮਾਤਮਾ ਹੈ ਕਿਉਂਕਿ ਉਹ ਆਪ ਹੀ ਗਿਆਨੁ ਦਾ ਮਾਲਕ ਹੈ ਤੇ ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਨੂੰ "ਗਿਆਨੁ" ਰੂਪ ਕਿਹਾ ਹੈ ਜਿਸ ਦੇ ਕੋਲੋਂ ਉਨ੍ਹਾਂ ਨੂੰ ਗੁਰਬਾਣੀ ਉਚਾਰਨ ਲਈ ਗਿਆਨ ਮਿਲਿਆ ਹੈ ਤੇ ਸੋਝੀ ਪਈ ਹੈ ਕਿ ਪ੍ਰਮਾਤਮਾ ਆਪਣੇ ਗਿਆਨ ਰਾਹੀਂ ਹੀ ਸਭ ਜਗ੍ਹਾ ਵਿਚਰਦਾ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥}

(ਅੰਗ ੪੫੬)

{ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ॥੩॥}

(ਅੰਗ ੧੧੫੨)

ਇਸ ਮਨ ਦੀ ਸੋਝੀ ਪਏ ਬ੍ਰਿਨਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਨਾ ਕੋਈ ਨਾਮ ਨੂੰ ਜਾਣ ਸਕਦਾ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਵਿਚਰਦਾ ਹੈ ਜੋ ਕਿ ਉਸਦਾ ਬ੍ਰਹਮਗਿਆਨ ਰੂਪ ਹੈ। ਪਹਿਲਾਂ ਮਨ ਦੇ ਵਿੱਚ ਉਸਦੇ ਬ੍ਰਹਮਗਿਆਨ ਰੂਪ ਦੇ, ਨਾਮ ਰੂਪ ਦੇ ਦਰਸ਼ਨ ਹੁੰਦੇ ਹਨ ਤੇ ਤਾਂ ਹੀ ਸਭ ਵਿੱਚ ਉਸਦਾ ਬ੍ਰਹਮਗਿਆਨ ਹੀ ਨਜ਼ਰ ਆਉਂਦਾ ਹੈ। ਪ੍ਰਮਾਤਮਾ ਸਭ ਵਿੱਚ ਆਪਣੇ ਇਸ ਬ੍ਰਹਮਗਿਆਨ ਦੁਆਰਾ ਹੀ ਵੱਸਿਆ ਹੋਇਆ ਹੈ, ਗਿਆਨ ਅੰਜਨ ਦੇ ਰੂਪ ਵਿੱਚ ਹੀ ਵੱਸਿਆ ਹੋਇਆ ਹੈ। ਗਿਆਨ ਅੰਜਨ ਦਾ ਮਾਲਕ ਉਹ ਆਪ ਹੈ ਭਾਵ ਗਿਆਨ ਦੀ ਸੋਝੀ ਦਾ ਮਾਲਕ ਉਹ ਆਪ ਹੈ ਤੇ ਉਹ ਆਪਣੀ ਇਸ ਗਿਆਨ ਦੀ ਸੋਝੀ ਦੁਆਰਾ ਹੀ ਸਭ ਵਿੱਚ ਸਮਾਇਆ ਹੋਇਆ ਹੈ। ਸਾਰੀ ਸਾਇੰਸ ਦੇ ਵਿੱਚ ਪ੍ਰਮਾਤਮਾ ਦਾ ਗਿਆਨ ਅੰਜਨ ਹੀ ਹੈ ਜਿਸ ਦੁਆਰਾ ਸਾਇੰਸ ਵਿਚਰਦੀ ਹੈ ਭਾਵ ਸਾਇੰਸ ਨੂੰ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਇਹ ਇੱਕੋ ਸਿਸਟਮ ਚੱਲ ਰਿਹਾ ਹੈ। ਸਭ ਜਗ੍ਹਾ, ਸਭ ਖੰਡਾਂ, ਬ੍ਰਹਿਮੰਡਾਂ ਵਿੱਚ ਪ੍ਰਮਾਤਮਾ ਦਾ ਗਿਆਨ ਅੰਜਨ ਹੀ ਵਰਤ ਰਿਹਾ ਹੈ। **(ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥)** ਮਨ ਦੇ ਵਿੱਚ ਇਸ ਗਿਆਨ ਅੰਜਨ ਦਾ ਪ੍ਰਕਾਸ਼ ਹੋਏ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿਉਂਕਿ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੇ ਵਿੱਚ ਗਿਆਨ

ਅੰਜਨ ਦਾ ਪ੍ਰਕਾਸ਼ ਹੋਣ ਨਾਲ ਹੀ ਹੁੰਦਾ ਹੈ ਜੋ ਕਿ ਕੇਵਲ ਤੇ ਕੇਵਲ ਉਹ ਆਪ ਹੀ ਕਰ ਸਕਦਾ ਹੈ। ਇਹ "ਗੁਰ ਪ੍ਰਸਾਦਿ" ਹੈ ਭਾਵ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ ਜਿਸਨੂੰ ਕਿਸੇ ਵੀ ਤਰੀਕੇ ਨਾਲ, ਸਾਇੰਟਿਫਿਕ ਤਰੀਕੇ ਨਾਲ ਵੀ ਨਹੀਂ ਸਮਝਿਆ ਜਾ ਸਕਦਾ। ਇਸ ਗੱਲ ਨੂੰ ਉਸਨੇ ਮਨੁੱਖੀ ਸਮਰੱਥਾ ਤੋਂ ਦੂਰ ਰੱਖਿਆ ਹੈ। ਪ੍ਰਮਾਤਮਾ ਦੀ ਆਪਣੀ ਮਰਜ਼ੀ ਤੋਂ ਬਿਨ੍ਹਾਂ ਉਸਨੂੰ ਕੋਈ ਨਹੀਂ ਜਾਣ ਸਕਦਾ। ਕੇਵਲ ਇਹੀ ਇੱਕ ਸਿਧਿ ਹੈ, ਕਰਾਮਾਤ ਹੈ ਜੋ ਕਿਸੇ ਦੀ ਸਮਝ ਵਿੱਚ ਨਹੀਂ ਆ ਸਕਦੀ। **(ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥ ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥੨॥)**

ਸਲੋਕੁ॥

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥}

(ਅੰਗ ੨੯੩)

{ਇਨ ਬਿਧਿ ਰਾਮ ਰਮਤ ਮਨੁ ਮਾਨਿਆ॥
ਗਿਆਨ ਅੰਜਨੁ ਗੁਰ ਸਬਦਿ ਪਛਾਨਿਆ॥੧॥ਰਹਾਉ॥}

(ਅੰਗ ੨੨੧)

ਆਪਣੇ ਅੰਦਰੋਂ "ਗਿਆਨੁ ਅੰਜਨੁ" ਨੂੰ ਅਸੀਂ ਆਪਣੇ ਆਪ ਪਹਿਚਾਣ ਲਈਏ ਇਹ ਸਾਡੀ ਸਮਰੱਥਾ ਤੋਂ ਬਾਹਰ ਹੈ। "ਗਿਆਨੁ ਅੰਜਨੁ" ਹੀ ਪ੍ਰਮਾਤਮਾ ਆਪ ਹੈ, ਉਸਦਾ ਨਾਮ ਹੈ। ਮਨ ਦੇ ਵਿੱਚ ਆਪਣੀ ਪਹਿਚਾਣ ਉਹ ਆਪ ਹੀ ਕਰਵਾਉਂਦਾ

ਹੈ, ਆਪਣਾ ਨਾਮ ਉਹ ਆਪ ਹੀ ਦਿੰਦਾ ਹੈ। ਇਹ "ਗਿਆਨ ਅੰਜਨੁ" ਹੀ ਸਾਨੂੰ ਅਗਿਆਨਤਾ ਵਿੱਚੋਂ ਕੱਢਦਾ ਹੈ ਭਾਵ ਪ੍ਰਮਾਤਮਾ ਆਪ ਹੀ ਸਾਨੂੰ ਅਗਿਆਨਤਾ ਵਿੱਚੋਂ ਕੱਢਦਾ ਹੈ ਤੇ ਆਪਣਾ ਰੂਪ ਭਾਵ ਗਿਆਨ ਰੂਪ ਆਪ ਹੀ ਮਨ ਦੇ ਵਿੱਚੋਂ ਦਿਖਾਉਂਦਾ ਹੈ। ਮਨ ਦੇ ਵਿੱਚ ਉਸਦਾ ਇਹ ਗਿਆਨ ਰੂਪ, "ਗਿਆਨੁ ਅੰਜਨੁ" ਰੂਪ ਦੇਖ ਕੇ ਹੀ ਇਸ ਗੱਲ ਨੂੰ ਮੰਨਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਆਪਣੇ ਇਸ ਗਿਆਨ ਰੂਪ ਵਿੱਚ, "ਗਿਆਨੁ ਅੰਜਨੁ" ਦੇ ਰੂਪ ਵਿੱਚ ਭਾਵ ਸਭ ਦੇ ਵਿੱਚ ਆਪਣੇ ਗਿਆਨ ਦੀ ਸੋਝੀ ਰੂਪ ਵਿੱਚ ਸਮਾਇਆ ਹੋਇਆ ਹੈ। ਸਾਰੀ ਸਾਇੰਸ ਉਸਦਾ ਗਿਆਨੁ ਰੂਪ ਹੈ ਤੇ ਉਸ ਸਾਇੰਸ ਦੇ ਵਿੱਚ ਅੰਜਨ ਪਾਉਣ ਵਾਲਾ ਭਾਵ ਸਾਇੰਸ ਨੂੰ ਸੋਝੀ ਪਾਉਣ ਵਾਲਾ, ਉਸਨੂੰ ਚਲਾਉਣ ਵਾਲਾ ਉਹ ਆਪ ਹੈ। ਉਹ ਗਿਆਨ ਦਾ ਮੂਲ ਹੈ, ਗਿਆਨ ਦਾ ਸ੍ਰੋਤ ਹੈ ਜਿੱਥੋਂ ਉਸਦੀ ਹਰ ਕਲਾ ਉਪਜਦੀ ਹੈ।

18/1911

ਉਸਦੀ ਹਰ ਕਲਾ ਸਾਇੰਟਿਫਿਕ ਹੈ। ਉਸ ਦੀਆਂ ਕਲਾਂ ਦਾ ਕੋਈ ਅੰਤ ਨਹੀਂ ਹੈ। ਉਹ ਹਰ ਵਸਤੂ ਨੂੰ ਆਪਣੀ ਇਸ ਕਲਾ ਦੁਆਰਾ ਹੀ ਚਲਾ ਰਿਹਾ ਹੈ। ਸਭ ਜਗ੍ਹਾ ਉਹ ਆਪਣੀ ਕਲਾ ਦੁਆਰਾ ਹੀ ਭਰਪੂਰ ਹੈ। "ਗਿਆਨੁ ਅੰਜਨੁ" ਉਸਦਾ ਬ੍ਰਹਮਗਿਆਨ ਰੂਪ ਹੈ ਤੇ ਉਹ ਆਪਣੇ ਇਸ ਰੂਪ ਦੁਆਰਾ ਹੀ ਵਿਚਰਦਾ ਹੈ। ਜਿੰਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੋਈ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਈ ਹੈ ਉਨ੍ਹਾਂ ਨੂੰ ਹੀ ਬ੍ਰਹਮਗਿਆਨ ਦੀ ਸੋਝੀ ਪਈ ਹੈ ਕਿ ਅਸਲ ਵਿੱਚ ਇਹ ਬ੍ਰਹਮਗਿਆਨ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ, ਉਸਦਾ ਨਾਮ ਰੂਪ ਹੈ ਜਿਸ ਦੁਆਰਾ ਉਸਨੇ ਹਰ ਵਸਤੂ ਦੀ ਰਚਨਾ ਕੀਤੀ ਹੈ।

{ਨਿਜ ਪਦ ਊਪਰਿ ਲਾਗੋ ਧਿਆਨੁ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

ਜਿੰਨ੍ਹਾਂ ਨੇ ਆਪਣੇ ਅੰਦਰੋਂ ਉਸ ਬ੍ਰਹਮਗਿਆਨੀ ਦੇ ਦਰਸ਼ਨ ਕੀਤੇ ਹਨ ਉਨ੍ਹਾਂ ਨੂੰ ਹੀ "**ਬ੍ਰਹਮ ਗਿਆਨੁ**" ਦੀ ਪ੍ਰਾਪਤੀ ਹੋਈ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਦੀ ਪ੍ਰਾਪਤੀ ਹੋਈ ਹੈ ਤੇ ਉਨ੍ਹਾਂ ਨੂੰ ਹੀ ਸਭ ਜਗ੍ਹਾ, ਸਭ ਵਿੱਚ ਬ੍ਰਹਮਗਿਆਨ ਨਜ਼ਰ ਆਇਆ ਹੈ ਜਿਸ ਦੁਆਰਾ ਉਹ ਬ੍ਰਹਮ ਗਿਆਨੀ ਸਭ ਵਿੱਚ ਵਿਚਰ ਰਿਹਾ ਹੈ। (**ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥**)

{ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ॥੩॥}

(ਅੰਗ ੧੧੫੨)

ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਸੋਝੀ ਪਾਉਂਦਾ ਹੈ ਕਿ ਰਿਧੀਆਂ ਸਿਧੀਆਂ ਵਿੱਚ ਉਲਝੇ ਹੋਏ, ਚਮਤਕਾਰਾਂ ਦੀਆਂ ਗੱਲਾਂ ਕਰਨ ਵਾਲੇ ਉਹੀ ਹਨ ਜਿੰਨ੍ਹਾਂ ਨੂੰ ਉਸ ਗਿਆਨੁ ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ। ਰਿਧੀ ਸਿਧੀ ਅਸਲ ਵਿੱਚ ਕੁੱਝ ਵੀ ਨਹੀਂ ਹੈ ਭਾਵ ਚਮਤਕਾਰ ਅਸਲ ਵਿੱਚ ਕੁੱਝ ਵੀ ਨਹੀਂ ਹੈ। ਜਿਸ ਗੱਲ ਦੀ ਸਾਨੂੰ ਸਮਝ ਨਹੀਂ ਲੱਗਦੀ ਉਸ ਨੂੰ ਅਸੀਂ ਰਿਧੀ ਸਿਧੀ ਸਮਝ ਲੈਂਦੇ ਹਾਂ। ਜਿਵੇਂ ਕਿ ਕਿਸੇ ਦੇ ਬੋਲੇ ਹੋਏ ਬਚਨ ਸੱਚ ਹੋ ਜਾਣੇ, ਕਿਸੇ ਦੂਸਰੇ ਦੇ ਮਨ ਦੀ ਗੱਲ ਬੁੱਝ ਲੈਣੀ ਆਦਿ ਅਸੀਂ ਰਿਧੀ ਸਿਧੀ ਸਮਝਦੇ ਹਾਂ ਪਰ ਅਸਲ ਵਿੱਚ ਇਹ ਸਭ ਕੁੱਝ ਸਾਇੰਟਿਫਿਕ ਹੈ, ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਕਲਾ ਹੈ ਜਿਸ ਦੀ ਸੋਝੀ ਉਸ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਸਭ ਦੇ ਅੰਦਰ ਉਹ ਆਪ ਹੀ ਵਰਤ ਰਿਹਾ ਹੈ ਤੇ ਇਸੇ ਲਈ ਉਹ ਅੰਤਰਜਾਮੀ ਹੈ। ਕਿਸ ਦੇ ਮਨ ਵਿੱਚ ਕੀ ਹੈ ਉਹ ਸਭ ਕੁੱਝ ਜਾਣਦਾ ਹੈ। ਆਉਣ ਵਾਲੇ ਸਮੇਂ

18/1912

ਵਿੱਚ ਕਿਸ ਮਨੁੱਖ ਨਾਲ ਕੀ ਵਰਤਣ ਵਾਲਾ ਹੈ ਉਹ ਸਭ ਕੁੱਝ ਜਾਣਦਾ ਹੈ। ਉਹ ਕਿਸੇ ਦੇ ਮੂੰਹੋਂ ਕਢਾਏ ਹੋਏ ਬੋਲ ਪੂਰੇ ਕਰਵਾ ਦਿੰਦਾ ਹੈ। ਕੋਈ ਦੂਸਰੇ ਦੇ ਮਨ ਦੀ ਗੱਲ ਬੁੱਝ ਲੈਂਦਾ ਹੈ ਕਿਉਂਕਿ ਦੂਸਰੇ ਦੇ ਮਨ ਦੀ ਗੱਲ ਉਸਨੂੰ ਆਪੇ ਹੀ ਸਮਝ ਲੱਗ ਜਾਂਦੀ ਹੈ। ਇਹ ਬਹੁਤ ਮਾਮੂਲੀ ਗੱਲਾਂ ਹਨ ਜੋ ਕਿ ਪ੍ਰਮਾਤਮਾ ਦੇ ਆਪਣੇ ਹੀ ਚੋਜ਼ ਹਨ। ਰਿਧੀਆਂ ਸਿਧੀਆਂ ਨੂੰ ਕੋਈ ਚਮਤਕਾਰ ਸਮਝਣਾ ਜਾਂ ਇਨ੍ਹਾਂ ਦੁਆਰਾ ਕਿਸੇ ਨੂੰ ਉੱਚਾ ਸਮਝਣਾ, ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਣਾ ਕੇਵਲ ਮਨ ਦੀ ਅਗਿਆਨਤਾ ਹੈ, ਮਾਇਆ ਮੋਹ ਹੈ। ਇਨ੍ਹਾਂ ਤਰੀਕਿਆਂ ਨਾਲ ਪ੍ਰਮਾਤਮਾ ਆਪ ਹੀ ਸਭ ਨੂੰ ਉਲਝਾਈ ਰੱਖਦਾ ਹੈ ਤੇ ਦੁਨੀਆਂ ਨੂੰ ਧੰਦੇ ਲਾਈ ਰੱਖਦਾ ਹੈ। ਇਸੇ ਲਈ ਇਨ੍ਹਾਂ ਨੂੰ ਗੁਰਬਾਣੀ ਰਾਹੀਂ ਖੰਡਿਆ ਹੋਇਆ ਹੈ।

ਸਲੋਕੁ ਮਃ ੩॥

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥੧॥}

(ਅੰਗ ੫੯੩)

ਇਨ੍ਹਾਂ ਰਿਧੀਆਂ ਸਿਧੀਆਂ ਦੀ ਸੋਝੀ ਨਾ ਪੈਣਾ ਕੇਵਲ ਸਾਡੇ ਮਨ ਦੀ ਅਗਿਆਨਤਾ ਹੀ ਦੱਸੀ ਹੈ ਜੋ ਕਿ ਕੇਵਲ ਮਨ ਦੇ ਵਿੱਚ "**ਗਿਆਨ ਅੰਜਨੁ**" ਦੀ ਪ੍ਰਾਪਤੀ ਦੁਆਰਾ "**ਨਾਮ ਰਤਨੁ**" ਦੇ ਮਨ ਵਿੱਚ ਪ੍ਰਗਟ ਹੋਣ ਦੁਆਰਾ ਹੀ ਦੂਰ ਹੁੰਦੀ ਹੈ। ਮਨ ਦੇ ਵਿੱਚ ਗਿਆਨ ਮਿਲਣ ਦੁਆਰਾ ਹੀ 'ਗਿਆਨੁ ਰਤਨੁ' ਦੇ ਪ੍ਰਗਟ ਹੋਣ ਦੁਆਰਾ ਹੀ ਭਾਵ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਹੀ ਸਾਨੂੰ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ ਜਿਸ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ, ਦੁਬਿਧਾ ਵਿੱਚੋਂ, ਭਰਮ ਵਿੱਚੋਂ ਕੱਢਣ ਦਾ ਹੀ ਹੈ ਕਿ ਰਿਧੀਆਂ ਸਿਧੀਆਂ ਸਭ ਮਾਇਆ ਮੋਹ ਹੀ ਹੈ। ਰਿਧੀਆਂ ਸਿਧੀਆਂ ਦੁਆਰਾ ਕਿਸੇ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਣਾ ਕੇਵਲ ਸਾਡੇ ਮਨ ਦੀ ਅਗਿਆਨਤਾ ਹੈ, ਤ੍ਰੈਗੁਣੀ ਅਵੱਸਥਾ ਦਾ ਨਤੀਜਾ ਹੈ।

ਇਸੇ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਕਿ ਸਿਧ ਸਾਧਿਕ ਆਦਿ ਜਿੰਨ੍ਹਾਂ ਨੂੰ ਅਸੀਂ ਉੱਚਾ ਮੰਨਿਆ ਹੋਇਆ ਹੈ, ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝਿਆ ਹੈ ਉਹ ਭਰਮ ਵਿੱਚ ਹੀ ਹਨ

18/1913

ਤੇ ਉਹ ਪ੍ਰਮਾਤਮਾ ਨੂੰ ਖੋਜ ਨਹੀਂ ਸਕੇ ਭਾਵ ਉਸਨੂੰ ਜਾਣ ਨਹੀਂ ਸਕੇ। ਉਹ ਆਪਣੇ ਜਪਾਂ ਤਪਾਂ ਦੁਆਰਾ ਹੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ ਜਿਸ ਨੂੰ ਕਿ ਕੇਵਲ ਸਾਡੀ ਮਨਹਠਿ ਦੱਸਿਆ ਹੈ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ। **(ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥ ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥)**

ਆਓ ਹੁਣ ਮੁੱਖ ਸ਼ਬਦ ਵੱਲ ਵਾਪਿਸ ਆਈਏ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਹਰ ਵਸਤੂ ਵਿੱਚ, ਹਰ ਜੀਵ ਵਿੱਚ ਗਿਆਨ ਦਾ ਦੁਆਰ ਪ੍ਰਮਾਤਮਾ ਦੀ ਜੋਤਿ ਹੀ ਹੈ। ਜਿਵੇਂ ਸਾਡੇ ਅੰਦਰ ਪ੍ਰਮਾਤਮਾ ਦੀ ਜੋਤ ਦਾ ਦੁਆਰ ਦਸਮ ਦੁਆਰ ਹੈ ਜਿਸ ਰਾਹੀਂ ਸਾਡੇ ਅੰਦਰ ਪ੍ਰਮਾਤਮਾ ਦਾ ਗਿਆਨ ਪ੍ਰਵੇਸ਼ ਹੁੰਦਾ ਹੈ ਇਸੇ ਤਰ੍ਹਾਂ ਹਰ ਵਸਤੂ ਵਿੱਚ ਗਿਆਨ ਦਾ ਦੁਆਰ ਪ੍ਰਮਾਤਮਾ ਆਪ ਹੀ ਹੈ ਜਿਸ ਦੁਆਰਾ ਉਸ ਵਸਤੂ ਦਾ ਮੂਲ ਬਣਿਆ ਹੈ ਤੇ ਉਹ ਵਸਤੂ ਟਿਕੀ ਹੋਈ ਹੈ। **(ਚਉਮੁਖ ਦੀਵਾ ਜੋਤਿ ਦੁਆਰ॥ ਪਲੂ ਅਨਤ ਮੂਲੁ ਬਿਚਕਾਰਿ॥)**

ਪ੍ਰਮਾਤਮਾ ਆਪਣੀ ਕਿਸ ਕਲਾ ਦੁਆਰਾ ਵਿਚਰਦਾ ਹੈ, ਇਹ ਅਸੀਂ ਉੱਪਰ ਜਾਣਿਆ ਹੈ। ਉਹ ਸਰਬ ਕਲਾ ਭਰਪੂਰ ਹੈ, ਹਰ ਕਲਾ ਦਾ ਮਾਲਕ ਉਹ ਆਪ ਹੀ ਹੈ ਜੋ ਗਿਆਨ ਦਾ ਮੂਲ ਹੈ। ਇਸੇ ਲਈ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਆਪਣੇ ਬ੍ਰਹਮਗਿਆਨ ਦੁਆਰਾ ਆਪ ਹੀ ਉਸਨੇ ਪੰਜਾਂ ਤੱਤਾਂ ਦੀ ਰਚਨਾ ਕੀਤੀ ਹੈ ਤੇ ਆਪ ਹੀ ਉਨ੍ਹਾਂ ਨੂੰ ਬੇਅੰਤ ਕਲਾਂ ਦੇ ਨਾਲ ਗੋਇਆ ਹੋਇਆ ਹੈ। ਹਰ ਵਸਤੂ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਉਹ ਆਪ ਹੀ ਸਭ ਵਿੱਚ ਆਪਣੀ ਗਿਆਨ ਦੀ ਕਲਾ ਦੁਆਰਾ ਵਿਚਰ ਰਿਹਾ ਹੈ। **(ਸਰਬ ਕਲਾ ਲੇ ਆਪੇ ਰਹੈ॥)**

{ਕੀਮਤਿ ਪਾਈ ਪਾਵਣਹਾਰੈ॥ ਵੇਪਰਵਾਹ ਪੂਰੇ ਭੰਡਾਰੈ॥
ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ॥੫॥}

(ਅੰਗ ੧੦੩੬)

ਪ੍ਰਮਾਤਮਾ ਦੀ ਕੀਮਤ ਉਦੋਂ ਹੀ ਪੈਂਦੀ ਹੈ ਜਦੋਂ

18/1914

ਉਸਦੀ ਕਲਾ ਦੀ ਸਮਝ ਲੱਗ ਜਾਂਦੀ ਹੈ ਕਿ ਹਰ ਕਲਾ ਦਾ ਮਾਲਕ ਉਹ ਆਪ ਹੀ ਹੈ। ਤਾਂ ਹੀ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਅਸਲ ਵਿੱਚ ਕਿਤਨਾ ਵੱਡਾ ਹੈ, ਕਿਤਨਾ ਸ਼ਕਤੀ ਵਾਨ ਹੈ, ਕਿਤਨਾ ਗਿਆਨਵਾਨ ਹੈ। ਪ੍ਰਮਾਤਮਾ ਆਪਣੀ ਕੀਮਤ ਆਪ ਹੀ ਪਵਾਉਂਦਾ ਹੈ। ਪ੍ਰਮਾਤਮਾ ਕੋਲ ਆਪਣੇ ਗਿਆਨ ਦਾ ਭੰਡਾਰ ਹੈ ਤੇ ਆਪਣੇ ਇਸ ਭੰਡਾਰ ਕਰਕੇ ਹੀ ਉਹ ਪ੍ਰਮਾਤਮਾ ਬੇਪਰਵਾਹ ਹੈ ਕਿਉਂਕਿ ਸਭ ਕੁੱਝ ਗਿਆਨ ਦੁਆਰਾ ਹੀ ਹੁੰਦਾ ਹੈ, ਸਾਰੀ ਸ੍ਰਿਸ਼ਟੀ ਗਿਆਨ ਦੁਆਰਾ ਹੀ ਚੱਲਦੀ ਹੈ ਤੇ ਗਿਆਨ ਦਾ ਮਾਲਕ ਉਹ ਆਪ ਹੈ। ਆਪਣੇ ਗਿਆਨ ਦੁਆਰਾ ਗਿਆਨ ਦੇ ਮਾਲਕ ਨੂੰ ਕਿਸੇ ਦੀ ਪ੍ਰਵਾਹ ਨਹੀਂ ਹੈ ਤੇ ਇਸੇ ਲਈ ਜੋ ਕੁੱਝ ਉਹ ਚਾਹੁੰਦਾ ਹੈ ਉਹੀ ਕੁੱਝ ਸੰਸਾਰ ਵਿੱਚ ਹੁੰਦਾ ਹੈ। ਉਸਦੇ ਭੰਡਾਰ ਵਿੱਚ ਗਿਆਨ ਦੀ ਹਰ ਕਲਾ ਹੈ ਤੇ ਇਸੇ ਲਈ ਉਹ ਆਪਣੇ ਆਪ ਇਕੱਲਾ ਰਹਿਣ ਵਿੱਚ ਸਮਰੱਥ ਹੈ ਭਾਵ ਸਭ ਕੁਛ ਆਪੇ ਆਪ ਹੈ। ਜਿਸਨੂੰ ਉਹ ਆਪਣੀ ਕੀਮਤ ਪਵਾਉਂਦਾ ਹੈ ਆਪਣੇ ਗਿਆਨ ਦੇ ਭੰਡਾਰ ਰਾਹੀਂ ਹੀ ਪਵਾਉਂਦਾ ਹੈ ਤੇ ਕਿਸੇ ਵਿਰਲੇ ਨੂੰ ਹੀ ਇਸ ਗੱਲ ਦੀ ਸੋਝੀ ਪਾਉਂਦਾ ਹੈ। ਉਸਦੀ ਕੀਮਤ ਉਸ ਨੂੰ ਜਾਣਨ ਤੋਂ ਬਾਅਦ ਹੀ ਪੈਂਦੀ ਹੈ।

ਜਿਸਨੂੰ ਉਹ ਆਪਣਾ ਆਪ ਬੁਝਾਉਂਦਾ ਹੈ ਉਸਨੂੰ ਮਨ ਦੇ ਵਿੱਚ ਹੀ ਆਪਣੀ ਕਲਾ ਦਿਖਾਉਂਦਾ ਹੈ ਤੇ ਆਪਣੇ ਉੱਚੇ ਗਿਆਨ ਦੀ ਸੋਝੀ ਪਾਉਂਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਰਬ ਕਲਾ ਲੇ ਆਪੇ ਰਹੈ॥ ਮਨੁ ਮਾਣਕੁ ਰਤਨਾ ਮਹਿ ਗੁਹੈ॥੯॥”

(ਅੰਗ - ੯੭੪)

ਸਾਰੀ ਗੱਲ ਇਸ ਮਨ ਦੀ ਸੋਝੀ ਪੈਣ ਦੀ ਹੀ ਹੈ ਜਿੱਥੋਂ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ

18/1915

ਆਪ ਹੀ ਹੈ। ਮਨ ਦੀ ਕਲਾ ਦੁਆਰਾ ਹੀ ਉਹ ਸਾਨੂੰ ਭਰਮ ਵਿੱਚ ਰੱਖਣ ਦੇ ਸਮਰੱਥ ਹੈ ਜਿਸ ਕਰਕੇ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹਰ ਮਨੁੱਖ ਵੀ ਉਸਦਾ ਹੀ ਚੱਲਦਾ ਫਿਰਦਾ ਰੂਪ ਹੈ। ਇਸ ਮਨ ਨੂੰ “ਮਾਣਕੁ” ਕਿਹਾ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਕਿਹਾ ਹੈ ਜਿਸ ਦੀ ਸੋਝੀ ਇਸ ਮਨ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ।

{ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥}

(ਅੰਗ ੭੫੪)

{ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥}

(ਅੰਗ ੨)

ਬਾਣੀ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ ਮਨ ਨੂੰ ਸਪੱਸ਼ਟ ਰੂਪ ਵਿੱਚ ਪ੍ਰਮਾਤਮਾ ਕਿਹਾ ਹੈ। ਸਮਝਣ ਦੀ ਗੱਲ ਇਹ ਹੈ ਕਿ ਇਹ ਮਨ ਸਾਡੇ ਅੰਦਰ ਕਿਸ ਰੂਪ ਵਿੱਚ ਹੈ। ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ। ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਫਿਰ ਤੋਂ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਦ੍ਰਿੜ ਹੋ ਸਕੀਏ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਵਿਚਰਦਾ ਹੈ। ਉੱਪਰ ਪੰਗਤੀਆਂ ਵਿੱਚ ਮਨ ਨੂੰ ਰਤਨ, ਜਵਾਹਰ, ਮਾਣਕ ਕਿਹਾ ਹੈ ਭਾਵ ਪ੍ਰਮਾਤਮਾ ਦਾ ਰੂਪ ਕਿਹਾ ਹੈ। ਦੂਸਰੇ ਸ਼ਬਦਾਂ ਰਾਹੀਂ ਸਾਡੀ ਮਤਿ ਦੇ ਵਿੱਚ ਰਤਨ, ਜਵਾਹਰ, ਮਾਣਕ ਹੋਣ ਦੀ ਗੱਲ ਕੀਤੀ ਗਈ ਹੈ। ਜੋ ਸਾਡੀ ਮਤਿ ਦੇ ਵਿੱਚ ਹੈ ਉਹੀ ਸਾਡਾ ਮਨ ਹੈ। ਸਾਡੀ ਮਤਿ ਦੇ ਵਿੱਚ ਵਿਚਾਰ ਹੀ ਹਨ ਜਿੰਨ੍ਹਾਂ ਦੁਆਰਾ ਸਾਨੂੰ ਸੋਝੀ ਪੈਂਦੀ ਹੈ, ਗਿਆਨ ਮਿਲਦਾ ਹੈ। ਪ੍ਰਮਾਤਮਾ

18/1916

ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਸਾਡੇ ਅੰਦਰ ਗਿਆਨ ਦਾ ਅੰਜਨ ਪਾਉਣ ਵਾਲਾ, ਵਿਚਾਰਾਂ ਦੁਆਰਾ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਸਭ ਦੇ ਵਿੱਚ ਪ੍ਰਮਾਤਮਾ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ।

ਸਾਇੰਸ ਦੇ ਅੰਦਰ ਗਿਆਨ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਜਿਸ ਦੁਆਰਾ ਉਹ ਸਭ ਵਿੱਚ ਆਪਣੇ ਨਿਰਗੁਣ ਰੂਪ ਦੁਆਰਾ ਹੀ ਵਿਚਰਦਾ ਹੈ। ਇਹ ਉਸਦੀ ਆਪਣੀ ਕਲਾ ਹੈ ਤੇ ਉਸ ਦੀਆਂ ਕਲਾਂ ਦਾ ਕੋਈ ਅੰਤ ਨਹੀਂ ਹੈ। ਸਭ ਜਗ੍ਹਾ, ਹਰ ਵਸਤੂ ਵਿੱਚ, ਸਾਡੇ ਸਰੀਰ ਵਿੱਚ ਸਭ ਕੁੱਝ ਉਸੇ ਦੀ ਕਲਾ ਨਾਲ ਹੀ ਹੋ ਰਿਹਾ ਹੈ, ਉਸਦੀ ਪਾਈ ਹੋਈ ਗਿਆਨ ਦੀ ਸੋਝੀ ਦੁਆਰਾ ਹੀ ਹੋ ਰਿਹਾ ਹੈ। ਉਸਨੇ ਆਪਣੀਆਂ ਅਨੇਕਾਂ ਹੀ ਅਨੇਕਾਂ ਕਲਾਂ ਦੁਆਰਾ ਪੂਰੀ ਸ੍ਰਿਸ਼ਟੀ ਨੂੰ, ਖੰਡਾਂ ਬ੍ਰਹਿਮੰਡਾਂ ਨੂੰ ਬਣਾਇਆ ਹੋਇਆ ਹੈ, ਜਿਸ ਦਾ ਕੋਈ ਅੰਤ ਨਹੀਂ ਹੈ। ਸਾਡੇ ਮਨ ਦੇ ਵਿੱਚ ਵੀ ਉਸਦੇ ਗਿਆਨ ਦੀ ਕਲਾ ਹੀ ਵਰਤਦੀ ਹੈ ਤੇ ਆਪਣੇ ਇਸ ਗਿਆਨ ਦੀ ਕਲਾ ਦੁਆਰਾ ਹੀ ਉਹ ਸਾਨੂੰ ਆਪਣੇ ਆਪ ਦੀ ਸੋਝੀ ਪਾਉਂਦਾ ਹੈ। ਉਹ ਆਪਣੇ ਗਿਆਨ ਦੀ ਕਲਾ ਦੁਆਰਾ ਹੀ ਸਾਡੇ ਅੰਦਰ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਉਸਦੇ ਗਿਆਨ ਰੂਪ ਦੀ ਸੋਝੀ ਪੈਂਦੀ ਹੈ। ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਕੌਣ ਹੈ ਇਸ ਦੀ ਸੋਝੀ ਉਹ ਮਨ ਦੇ ਵਿਚਾਰਾਂ ਦੁਆਰਾ ਹੀ ਪਾਉਂਦਾ ਹੈ। ਉਹ ਪ੍ਰਮਾਤਮਾ ਆਪਣੇ ਗਿਆਨ ਨਾਲ ਭਰਪੂਰ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਗਿਆਨ ਹੈ, ਗਿਆਨ ਦਾ ਭੰਡਾਰ ਹੈ। ਇਹ ਗਿਆਨ ਉਸ ਦੇ ਸ਼ਬਦਾਂ ਦਾ ਭੰਡਾਰ ਹੈ ਜਿਸ ਦੁਆਰਾ ਉਸ ਨੇ ਸਾਨੂੰ

18/1917

ਸੋਝੀ ਪਾਈ ਹੈ। ਗੁਰੂ ਦੇ ਸ਼ਬਦ ਉਸ ਦੇ ਰਤਨ ਹਨ ਜੋ ਗੁਣਾਂ ਨਾਲ ਭਰਪੂਰ ਹਨ, ਸੱਚੀ ਸੋਝੀ ਨਾਲ ਭਰਪੂਰ ਹਨ ਤੇ ਇਸੇ ਲਈ ਉਹ ਕੀਮਤੀ ਹਨ। ਗੁਰੂ ਦਾ ਹਰ ਸ਼ਬਦ ਉਸਦਾ ਰਤਨ ਹੈ ਜਿਸ ਦੀ ਕੀਮਤ ਬਹੁਤ ਉੱਚੀ ਹੈ ਕਿਉਂਕਿ ਉਸ ਤੋਂ ਉੱਚਾ ਤੇ ਸੁੱਚਾ ਗਿਆਨ ਹੋ ਹੀ ਨਹੀਂ ਸਕਦਾ। ਸ਼ਬਦ ਸਾਨੂੰ ਸੱਚ ਦੀ ਸਿੱਖਿਆ ਦਿੰਦਾ ਹੈ ਜੋ ਸਦਾ ਹੀ ਸੱਚੀ ਰਹਿਣ ਵਾਲੀ ਹੈ, ਖਰੀ ਰਹਿਣ ਵਾਲੀ ਹੈ ਜਿਵੇਂ ਕਿ ਰਤਨ ਸਦਾ ਹੀ ਖਰ੍ਹਾ ਰਹਿੰਦਾ ਹੈ। ਗੁਰਬਾਣੀ ਦਾ ਹਰ ਬੋਲ, ਹਰ ਬਚਨ ਹੀਰੇ ਜਵਾਹਰਾਤਾਂ ਦੀ ਤਰ੍ਹਾਂ ਖਰ੍ਹਾ ਹੈ ਜਿਸ ਵਿੱਚ ਕੋਈ ਖੋਟ ਨਹੀਂ ਹੈ। ਖੋਟ ਸਾਡੇ ਮਨ ਦਾ ਭਰਮ ਹੈ, ਅਗਿਆਨਤਾ ਹੈ ਤੇ ਗੁਰੂ ਦਾ ਸ਼ਬਦ ਇਸ ਖੋਟ ਤੋਂ ਰਹਿਤ ਹੈ, ਇਸ ਮੈਲ ਤੋਂ ਰਹਿਤ ਹੈ ਤੇ ਇਸੇ ਲਈ ਉਹ ਪਵਿੱਤਰ ਹੈ। ਗੁਰਬਾਣੀ ਦੇ ਇਹ ਰਤਨ ਭਾਵ ਖਰ੍ਹੇ ਬੋਲ ਉਨ੍ਹਾਂ ਸਰੀਰਾਂ ਰਾਹੀਂ ਆਏ ਹਨ ਜਿੰਨ੍ਹਾਂ ਦੇ ਮਨ ਦੇ ਵਿਚਾਰਾਂ ਨੂੰ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ, ਆਪ ਆਪਣੀ ਕਲਾ ਵਰਤਾ ਕੇ ਇਨ੍ਹਾਂ ਰਤਨਾਂ ਨਾਲ ਪਰੋਇਆ ਹੈ। ਉਸਦਾ ਰਤਨ ਉਹ ਹੈ, ਉਸਦਾ ਸ਼ਬਦ ਉਹ ਹੈ ਜਿਸ ਦੇ ਵਿੱਚ ਬ੍ਰਹਮਗਿਆਨ ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਤੇ ਇਸੇ ਲਈ ਉਹ ਖਰ੍ਹੇ ਬੋਲ ਹਨ। ਜਦੋਂ ਮਨ ਦੇ ਵਿਚਾਰਾਂ ਨੂੰ ਪ੍ਰਮਾਤਮਾ ਆਪਣਾ ਰਤਨ ਰੂਪ ਬਣਾ ਦਿੰਦਾ ਹੈ ਉਸ ਮਨ ਰਾਹੀਂ ਫਿਰ ਉਸ ਦੇ ਰਤਨ ਹੀ ਪ੍ਰਗਟ ਹੁੰਦੇ ਹਨ ਜਿਵੇਂ ਕਿ ਪੂਰੀ ਗੁਰਬਾਣੀ ਵਿੱਚ ਉਸਦੇ ਰਤਨ ਭਰੇ ਹੋਏ ਹਨ। **(ਮਨੁ ਮਾਣਕੁ ਰਤਨਾ ਮਹਿ ਗੁਹੈ॥੮॥)**

ਮਃ ੨॥

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥}

(ਅੰਗ ੯੫੪)

18/1918

ਉੱਪਰ ਵਾਲੀਆਂ ਪੰਗਤੀਆਂ ਦੇ ਅਰਥ ਅਸੀਂ ਕਾਫੀ ਪਿੱਛੇ ਵੀ ਸਮਝੇ ਹਨ। ਰਤਨ ਹੀ ਪ੍ਰਮਾਤਮਾ ਆਪ ਹੈ ਤੇ ਰਤਨ ਹੀ ਉਸਦਾ ਸ਼ਬਦ ਹੈ ਭਾਵ ਪ੍ਰਮਾਤਮਾ ਰਤਨ ਦੇ ਵਿੱਚ ਸੋਝੀ ਪਾਉਣ ਵਾਲਾ, ਸ਼ਬਦ ਦੇ ਵਿੱਚ ਸੋਝੀ ਪਾਉਣ ਵਾਲਾ ਆਪ ਹੀ ਹੈ। ਇਹੀ ਉਹ ਵੱਖਰ ਹੈ ਭਾਵ ਸ਼ਬਦ ਦਾ ਗਿਆਨ ਹੈ, ਬ੍ਰਹਮਗਿਆਨ ਹੈ, ਉਸਦਾ ਨਾਮ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਜੋ ਵੱਖਰ ਗੁਰਬਾਣੀ ਦੇ ਵਿੱਚ ਹੈ ਉਹ ਵੱਖਰ ਮਨ ਦੇ ਰਾਹੀਂ ਹੀ ਆਇਆ ਹੈ ਤੇ ਇਸੇ ਲਈ ਸਾਨੂੰ ਸਮਝਾਇਆ ਹੈ ਕਿ ਜੋ ਵਖਰ ਗੁਰਬਾਣੀ ਵਿੱਚ ਹੈ ਉਹੀ ਵੱਖਰ ਸਾਡੇ ਮਨ ਦੇ ਵਿੱਚ ਹੈ। **(ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥)** ਜਿਸ ਪ੍ਰਮਾਤਮਾ ਨੇ ਰਤਨਾਂ ਦੀ ਗੁਥਲੀ ਸਾਡੇ ਲਈ ਖੋਲ੍ਹੀ ਹੈ ਉਹ ਰਤਨ ਵਖਰ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ ਉਹ ਸਾਡੇ ਮਨ ਦੇ ਵਿਚਾਰਾਂ ਨੂੰ ਆਪਣੇ ਰਤਨਾਂ ਨਾਲ ਪਰੋ ਕੇ ਉਨ੍ਹਾਂ ਨੂੰ ਸੱਚੇ ਸੁੱਚੇ ਬਣਾ ਦਿੰਦਾ ਹੈ। **(ਮਨੁ ਮਾਣਕੁ ਰਤਨਾ ਮਹਿ ਗੁਹੈ॥੮॥)**

ਪਉੜੀ॥

{ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ॥

ਜੋ ਜਨੁ ਭੇਟੈ ਸਾਧਸੰਗਿ ਸੋ ਹਰਿ ਰੰਗੁ ਮਾਣੀ॥

ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ॥
ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ॥
ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ॥੪॥}

(ਅੰਗ ੩੧੯)

ਉੱਪਰ ਸ਼ਬਦ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਇਹ ਗੁਰਬਾਣੀ ਹੀ ਰਤਨਾ ਦੀ ਖਾਨ ਹੈ। ਗੁਰਬਾਣੀ ਦੀ ਕੀਮਤ ਉਸਦੇ ਵਿੱਚ ਪਏ ਹੋਏ ਰਤਨਾ ਦੇ ਕਰਕੇ ਹੀ ਹੈ ਜਿਸ ਨਾਲ ਬਾਣੀ ਭਰਪੂਰ ਹੈ। ਰਤਨ ਗੁਰੂ ਦਾ ਸ਼ਬਦ ਹੈ।

18/1919

ਤੇ ਪੂਰੀ ਗੁਰਬਾਣੀ ਸ਼ਬਦਾਂ ਦੀ ਖਾਨ ਹੈ, ਸ਼ਬਦਾਂ ਦਾ ਭੰਡਾਰ ਹੈ। ਇਸ ਗੱਲ ਨੂੰ ਪਹਿਲੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਸਮਝ ਲੱਗ ਸਕੇ ਕਿ ਇਹ ਰਤਨ ਕਿਤਨਾ ਕੀਮਤੀ ਹੈ ਤੇ ਇਸਦਾ ਸਾਡੇ ਜੀਵਨ ਵਿੱਚ ਕੀ ਮਨੋਰਥ ਹੈ।

ਸਲੋਕ ਮਃ ੩॥

“ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ॥
ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ॥
ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ॥
ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ॥੧॥”

(ਅੰਗ ੫੯੯)

ਜੋ ਰਤਨ ਹੈ, ਉਹੀ ਸ਼ਬਦ ਹੈ, ਉਹੀ ਨਾਮ ਹੈ। ਕੇਵਲ ਧਿਆਨ ਨਾਲ ਸਮਝਣ ਦੀ ਲੋੜ ਹੈ। ਇਹ ਰਤਨ ਹੀ ਆਪ ਪ੍ਰਮਾਤਮਾ ਹੈ, ਆਪ ਹਰਿ ਹੈ। ਇਨ੍ਹਾਂ ਸਭ ਦਾ ਮਕਸਦ ਸਾਨੂੰ ਸੋਝੀ ਪਾਉਣ ਦੇ ਨਾਲ ਹੈ, ਸਾਨੂੰ ਸਿੱਖਿਆ ਦੇਣ ਦੇ ਨਾਲ ਹੈ। ਇਨ੍ਹਾਂ ਰਤਨਾ ਦੇ ਰਾਹੀਂ ਅਸੀਂ ਉਸ ਸਿੱਖਿਆ ਦੇ ਮਾਲਕ ਤੱਕ ਪਹੁੰਚਣਾ ਹੈ ਜੋ ਕਿ ਆਪਣੀ ਸਿੱਖਿਆ ਦੇ ਰੂਪ ਵਿੱਚ ਹੀ ਵਿਚਰਦਾ ਹੈ। ਅਸੀਂ ਇਸ ਰਤਨ ਨੂੰ ਉਦੋਂ ਹੀ ਲੈ ਸਕਦੇ ਹਾਂ ਜਦੋਂ ਅਸੀਂ ਇਸ ਦੀ ਪਰਖ ਕਰ ਲਈਏ ਕਿ ਇਹ ਕਿਤਨਾ ਕੁ ਕੀਮਤੀ ਹੈ। ਰਤਨ ਦੀ ਕੀਮਤ ਉਸ ਦੇ ਵਿਚਾਰਾਂ ਦੇ ਵਿੱਚ ਹੈ ਕਿ ਉਸਦੇ ਵਿਚਾਰ ਕਿਤਨੇ ਕੁ ਉੱਚੇ ਹਨ, ਸੁੱਚੇ ਹਨ। ਉਸਦੀ ਕੀਮਤ ਤਾਂ ਹੀ ਸਮਝ ਆਉਂਦੀ ਹੈ ਜਦੋਂ ਅਸੀਂ ਉਸਨੂੰ ਬਰੀਕੀ ਨਾਲ ਵਿਚਾਰੀਏ ਭਾਵ ਸ਼ਬਦ ਦੀ ਗੱਲ ਨੂੰ ਬਰੀਕੀ ਨਾਲ ਸਮਝੀਏ। ਸ਼ਬਦ ਆਪਣੇ ਵਿਚਾਰਾਂ ਕਰਕੇ ਹੀ ਉੱਚਾ ਹੈ ਤੇ ਉਸਦਾ ਉੱਚਾਪਨ ਵਿਚਾਰਾਂ ਨੂੰ ਸਮਝਣ ਦੁਆਰਾ ਹੀ ਪਤਾ ਲੱਗਦਾ ਹੈ। **(ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ॥)** ਜੇਕਰ ਅਸੀਂ ਗੁਰੂ ਦੇ ਰਤਨ ਨੂੰ, ਗੁਰੂ ਦੇ ਸ਼ਬਦ ਨੂੰ ਕੇਵਲ ਮੁੱਖੋਂ ਬੋਲੀ ਹੀ ਜਾਈਏ ਫਿਰ ਉਸਦੀ ਪਰਖ ਕਿਵੇਂ ਹੋ ਸਕਦੀ ਹੈ। ਰਤਨ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਜੋ ਕਿ ਰਤਨ ਦਾ ਸਾਰ ਹੈ, ਉਸਦੇ ਅੰਦਰ ਦਾ ਤੱਤ ਹੈ, ਉਸਦੇ ਅੰਦਰ ਦਾ ਮਕਸਦ ਹੈ। ਖਾਲ੍ਹੀ ਸ਼ਬਦ ਨੂੰ ਰਟੀ ਜਾਣਾ ਸਾਨੂੰ ਅਗਿਆਨਤਾ ਵਿੱਚ ਹੀ ਰੱਖਦਾ ਹੈ ਭਾਵ ਸ਼ਬਦ ਨੂੰ ਪੜ੍ਹਨ ਦਾ ਮਕਸਦ ਪੂਰਾ ਨਹੀਂ ਹੁੰਦਾ। **(ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ॥)**

ਸਾਨੂੰ ਆਪਣੇ ਆਪ ਦੀ ਸੋਝੀ ਮਨ ਦੇ ਵਿੱਚੋਂ ਸ਼ਬਦ ਰਤਨ ਦੁਆਰਾ ਹੀ ਪੈਂਦੀ ਹੈ ਕਿ ਸਾਡਾ ਪ੍ਰਮਾਤਮਾ ਦੇ ਨਾਲ

18/1920

ਰਿਸ਼ਤਾ ਕੀ ਹੈ। ਜਦੋਂ ਅਸੀਂ ਆਪਣੇ ਅੰਦਰੋਂ "ਰਤਨੁ" ਨੂੰ ਬੁੱਝ ਲੈਂਦੇ ਹਾਂ ਤੇ ਤਾਂ ਹੀ ਸਾਨੂੰ ਸਮਝ ਲੱਗਦੀ ਹੈ ਕਿ ਪ੍ਰਮਾਤਮਾ

ਸਾਡੇ ਅੰਦਰ ਕਿਸ ਰੂਪ ਵਿੱਚ ਵਿਚਰਦਾ ਹੈ। "ਰਤਨੁ" ਉਸ ਗੁਰੂ ਪ੍ਰਮਾਤਮਾ ਦਾ ਆਪਣਾ "**ਸਬਦੁ**" ਹੈ ਭਾਵ ਉਸਦਾ ਸੱਚਾ ਗਿਆਨ ਹੈ ਜੋ ਮਨ ਦੇ ਵਿੱਚੋਂ ਹੀ ਉਪਜਦਾ ਹੈ। ਪ੍ਰਮਾਤਮਾ ਇਸ ਆਪਣੇ "ਸਬਦੁ" ਦੁਆਰਾ ਹੀ ਗੁਰੂ ਹੈ ਜੋ ਕਿ ਉਸਦਾ ਬ੍ਰਹਮਗਿਆਨ ਰੂਪ ਹੈ। ਇਸ ਗੱਲ ਦੀ ਸੋਝੀ ਮਨ ਦੇ ਵਿੱਚੋਂ "**ਰਤਨੁ**" ਨੂੰ ਬੁਝਣ ਦੁਆਰਾ ਹੀ ਪੈਂਦੀ ਹੈ ਜਿਸ ਨਾਲ ਇਹ ਸਮਝ ਲੱਗਦੀ ਹੈ ਕਿ ਮਨੁੱਖ ਦੀ ਅਸਲ ਵਿੱਚ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ। ਆਪਣੇ ਅੰਦਰੋਂ "ਰਤਨੁ" ਨੂੰ, ਪ੍ਰਮਾਤਮਾ ਨੂੰ ਬੁੱਝੇ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰੇ ਹੀ ਸਮਝਦੇ ਹਾਂ, ਆਪਾ ਸਮਝਦੇ ਹਾਂ ਜਿਸ ਕਰਕੇ ਅਸੀਂ ਆਵਾਗਉਣ ਵਿੱਚ ਹੀ ਰਹਿੰਦੇ ਹਾਂ। **(ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ॥**)

ਪੂਰੀ ਗੁਰਬਾਣੀ ਰਤਨਾਂ ਨਾਲ ਭਰੀ ਹੋਈ ਹੈ, ਸ਼ਬਦਾਂ ਨਾਲ ਭਰੀ ਹੋਈ ਹੈ। ਪ੍ਰਾਪਤੀ ਵੀ ਅਸੀਂ ਉਸ ਰਤਨ ਦੀ ਕਰਨੀ ਹੈ ਜਿਸਨੇ ਆਪਣੇ ਗਿਆਨ ਰਾਹੀਂ ਗੁਰਬਾਣੀ ਵਿੱਚ ਇਹ ਰਤਨ ਭਰੇ ਹੋਏ ਹਨ। ਇਨ੍ਹਾਂ ਰਤਨਾਂ ਦੀ ਪ੍ਰਾਪਤੀ ਉਸੇ ਨੂੰ ਹੀ ਹੋ ਸਕਦੀ ਹੈ ਜਿਸਨੂੰ ਪਹਿਲਾਂ ਰਤਨਾਂ ਦੀ ਵਿਚਾਰ ਚੰਗੀ ਲੱਗੇਗੀ, ਗੁਰੂ ਦੀ ਦਿੱਤੀ ਹੋਈ ਮਤਿ ਚੰਗੀ ਲੱਗੇਗੀ ਭਾਵ ਗੁਰੂ ਦੀ ਮਤਿ ਦੇ ਨਾਲ ਪਿਆਰ ਜੁੜੇਗਾ। ਗੁਰੂ ਦੀ ਮਤਿ ਦੇ ਨਾਲ ਪਿਆਰ ਹੀ ਨਾਮ ਨਾਲ ਪਿਆਰ ਹੈ। ਨਾਮ ਦੇ ਨਾਲ ਪਿਆਰ ਪਾਉਣ ਦੇ ਨਾਲ ਸਾਡੇ ਬਿਉਹਾਰੁ ਹੀ ਚੰਗੇ ਹੁੰਦੇ ਹਨ ਭਾਵ ਸਾਡੀ ਦੁਨਿਆਵੀ ਵਿਚਰਨ ਹੀ ਚੰਗੀ ਹੁੰਦੀ ਹੈ। **(ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ॥ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ॥)**

ਗੁਰੂ ਦੀ ਮਤਿ ਦੇ ਵਿੱਚ ਹੀ ਪ੍ਰਮਾਤਮਾ ਆਪ ਹੈ, ਨਾਮ ਦੇ ਵਿੱਚ ਪ੍ਰਮਾਤਮਾ ਆਪ ਹੈ। ਆਪਣੀ ਮਤਿ, ਆਪਣੇ

ਸ਼ਬਦ ਦੀ ਵਿਚਾਰ, ਰਤਨ ਦੀ ਵਿਚਾਰ ਪ੍ਰਮਾਤਮਾ ਆਪ ਹੀ ਕਿਸੇ ਤੇ ਕ੍ਰਿਪਾ ਕਰਕੇ ਉਸਦੇ ਹਿਰਦੇ ਵਿੱਚ ਵਸਾਉਂਦਾ ਹੈ। ਪ੍ਰਮਾਤਮਾ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੀ ਵਿਚਰਦਾ ਹੈ। **(ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ॥੧॥)** ਮੁੱਖੋਂ ਹਰਿ ਹਰਿ ਕਰੀ ਜਾਣ ਵਿੱਚ ਤੇ ਹਰਿ ਨੂੰ ਹਿਰਦੇ ਵਿੱਚ ਵਸਾਉਣ ਵਿੱਚ ਇਹ ਹੀ ਭੇਦ ਹੈ ਕਿ ਅਸੀਂ ਕਥਨੀ ਨਾਲ ਜੁੜਨਾ ਹੈ ਜਾਂ ਕਰਨੀ ਨਾਲ ਜੁੜਨਾ ਹੈ। ਸ਼ਬਦ ਨੂੰ ਪੜ੍ਹੀ ਜਾਣਾ ਹੈ ਜਾਂ ਸ਼ਬਦ ਦੀ ਵਿਚਾਰ ਨਾਲ ਜੁੜਨਾ ਹੈ।

ਇਸ ਤੋਂ ਪਹਿਲੇ ਵਾਲੇ ਸ਼ਬਦ ਦੇ ਅਰਥ ਹੁਣ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ।

ਪਉੜੀ॥

“ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ॥
ਜੋ ਜਨੁ ਭੇਟੈ ਸਾਧਸੰਗਿ ਸੋ ਹਰਿ ਰੰਗੁ ਮਾਣੀ॥
ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ॥
ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ॥
ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ॥੪॥”

(ਅੰਗ - ੩੧੯)

ਧਰਮ ਗ੍ਰੰਥਾਂ ਦਾ ਸਾਡੇ ਲਈ ਅਸਲ ਮਕਸਦ ਕੀ ਹੈ ਇਹ ਹੀ ਗੱਲ ਸਾਨੂੰ ਉੱਪਰ ਸਮਝਾਈ ਹੋਈ ਹੈ। ਗੁਰਬਾਣੀ ਦੀ ਸਾਡੇ ਲਈ ਕਿਸ ਰੂਪ ਵਿੱਚ ਮਹੱਤਤਾ ਹੈ ਇਹ ਸਮਝਾਇਆ ਹੋਇਆ ਹੈ।

ਧਰਮ ਗ੍ਰੰਥਾਂ ਨੂੰ ਜਿਤਨਾ ਮਰਜ਼ੀ ਪੜ੍ਹੀ ਜਾਈਏ ਉਸ ਨਾਲ ਅਸੀਂ ਪ੍ਰਮਾਤਮਾ ਨਾਲ ਮੇਲ ਨਹੀਂ ਕਰ ਸਕਦੇ। ਸਾਨੂੰ ਜੋ ਪ੍ਰਾਪਤੀ ਹੋਣੀ ਹੈ ਉਹ ਸਾਧਸੰਗਿ ਦੁਆਰਾ ਹੋਣੀ ਹੈ। ਸਾਧ ਗੁਰੂ ਹੈ, ਆਪ ਪ੍ਰਮਾਤਮਾ ਹੈ ਜੋ ਕਿ ਧਰਮ ਗ੍ਰੰਥਾਂ ਦੇ ਵਿੱਚ ਆਪਣੀ ਸੋਝੀ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਸ਼ਬਦ ਦੀ ਸੋਝੀ ਦੇ ਨਾਲ ਮੇਲ ਕਰਨਾ, ਸ਼ਬਦ ਦੀ ਸੋਝੀ ਦੀ ਸੰਗਤ ਕਰਨਾ ਸਾਧ ਸੰਗਿ ਕਰਨਾ ਹੈ।ਇਹ ਸਾਧ ਸੰਗਿ ਮਨ ਦੇ ਵਿੱਚ ਹੀ ਹੈ, ਮਨ ਦੇ ਵਿੱਚ ਸ਼ਬਦ ਦੇ ਵਿਚਾਰਾਂ ਦੇ ਨਾਲ ਸੰਗਤ ਹੈ। ਪ੍ਰਮਾਤਮਾ ਨੂੰ ਮਿਲਣ ਦਾ ਸਾਧਨ ਕੇਵਲ ਉਸਦੀ ਗੱਲ ਨੂੰ ਮੰਨਣ ਦੇ ਨਾਲ ਹੈ ਜਿਸ ਦੁਆਰਾ ਅਸੀਂ ਸਾਧਸੰਗਿ ਵਿੱਚ ਪਹੁੰਚ ਸਕਦੇ ਹਾਂ। **(ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ॥ ਜੋ ਜਨੁ ਭੇਟੈ ਸਾਧਸੰਗਿ ਸੋ ਹਰਿ ਰੰਗੁ ਮਾਣੀ॥)**

18/1922

ਸਾਧਸੰਗਿ ਕਰਨ ਲਈ ਪ੍ਰਮਾਤਮਾ ਨੇ ਜੋ ਸਾਡੇ ਲਈ ਉਪਰਾਲਾ ਕੀਤਾ ਹੈ ਉਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ॥

ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ॥"

(ਅੰਗ - ੩੧੯)

ਵੇਦਾਂ ਸ਼ਾਸਤਰਾਂ ਰਾਹੀਂ ਵੀ ਸਾਨੂੰ ਸੱਚ ਦੁਆਰਾ ਵਿਚਰਨ ਦਾ ਗਿਆਨ ਦਿੱਤਾ ਹੋਇਆ ਹੈ ਪਰ ਉਨ੍ਹਾਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਸਰੂਪ ਦੀ ਸੋਝੀ ਨਹੀਂ ਪੈਂਦੀ ਕਿ ਪ੍ਰਮਾਤਮਾ ਸਾਡੇ ਅੰਦਰ ਤੇ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ। ਪ੍ਰਮਾਤਮਾ ਦੇ ਨਾਲ ਸਾਡੀ ਸਾਧਸੰਗਤ ਕਿਸ ਰੂਪ ਵਿੱਚ ਹੁੰਦੀ ਹੈ ਇਹ ਸੋਝੀ ਕੇਵਲ ਸਾਨੂੰ ਪ੍ਰਮਾਤਮਾ ਨੇ ਗੁਰਬਾਣੀ ਰਾਹੀਂ ਹੀ ਪਾਈ ਹੈ। ਪੂਰੀ ਗੁਰਬਾਣੀ ਨੂੰ ਰਤਨਾ ਦੀ ਖਾਣ ਕਹਿ ਕੇ ਸੰਬੋਧਨ ਕੀਤਾ ਹੈ, ਰਤਨਾ ਦੀ ਖਾਣ ਕਹਿ ਕੇ ਨਿਵਾਜਿਆ ਹੈ। ਗੁਰੂ ਦਾ ਹਰ ਸ਼ਬਦ ਆਪਣੇ ਆਪ ਵਿੱਚ ਰਤਨ ਹੈ ਜੋ ਕਿ ਗੁਰਬਾਣੀ ਰਾਹੀਂ ਭਰੇ ਹੋਏ ਹਨ। ਉਪਰਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇ ਕਿ ਨਾਮ ਕੀ ਹੈ ਤੇ ਪ੍ਰਮਾਤਮਾ ਆਪ ਕੀ ਹੈ।

"ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ॥"

ਇਹ ਰਤਨਾ ਦੀ ਖਾਣ ਕੀ ਹੈ ਇਸਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਭਾਵ ਪੂਰੀ ਗੁਰਬਾਣੀ ਰਤਨਾ ਦੀ ਖਾਣ ਹੈ। ਪੂਰੀ ਗੁਰਬਾਣੀ "ਸਚੁ" ਹੈ, ਪੂਰੀ ਗੁਰਬਾਣੀ "ਨਾਮ" ਹੈ, ਪੂਰੀ ਗੁਰਬਾਣੀ ਆਪ "ਕਰਤਾ ਪੁਰਖੁ" ਹੈ। ਇਹੀ ਗੱਲ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਹੁਣ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਅਸੀਂ ਕਿਹੜੇ ਨਾਮ ਨੂੰ ਸਿਮਰਨਾ ਹੈ।

"ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ॥"

ਅਸੀਂ ਪੂਰੀ ਗੁਰਬਾਣੀ ਨੂੰ ਹੀ ਸਿਮਰਨਾ ਹੈ, ਗੁਰਬਾਣੀ ਦੇ ਮਕਸਦ ਨੂੰ ਸਿਮਰਨਾ ਹੈ ਜਿਸ ਮਕਸਦ ਨੂੰ ਲੈ ਕੇ ਗੁਰਬਾਣੀ ਦੀ ਰਚਨਾ ਕੀਤੀ ਗਈ ਹੈ। ਗੁਰਬਾਣੀ ਦੇ

18/1923

ਸ਼ਬਦ ਸਾਨੂੰ ਸਿੱਖਿਆ ਦੇਣ ਲਈ ਹੀ ਉਚਾਰੇ ਗਏ ਹਨ ਤੇ ਗੁਰਬਾਣੀ ਦੀ ਸਿੱਖਿਆ ਨੂੰ ਹੀ ਆਪਣੇ ਅੰਦਰ ਸਿਮਰਨਾ ਗੁਰੂ ਨੂੰ ਸਿਮਰਨਾ ਹੈ। ਜਿਹੜੀ ਗੱਲ ਨੂੰ ਅਸੀਂ ਆਪਣੇ ਅੰਦਰ ਵਸਾ ਲੈਂਦੇ ਹਾਂ, ਧਾਰ ਲੈਂਦੇ ਹਾਂ ਉਸ ਗੱਲ ਨੂੰ ਅਸੀਂ ਸਿਮਰ ਲੈਂਦੇ ਹਾਂ, ਜਪ ਲੈਂਦੇ ਹਾਂ, ਧਿਆ ਲੈਂਦੇ ਹਾਂ। ਅਸੀਂ ਪੂਰੀ ਗੁਰਬਾਣੀ ਨੂੰ ਹੀ ਭਾਵ ਪੂਰੀ ਗੁਰਮਤਿ ਨੂੰ ਹੀ ਆਪਣੇ ਅੰਦਰ ਸਿਮਰਨਾ ਹੈ ਤਾਂ ਜੋ ਆਪ ਹੀ ਗੁਰੂ ਦੇ ਦੱਸੇ ਹੋਏ ਮਾਰਗ ਤੋਂ ਕਦੇ ਭਟਕ ਨਾ ਸਕੀਏ।

ਗੁਰਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਨੇ ਸਾਡੇ ਉੱਤੇ ਕ੍ਰਿਪਾ ਕਰਕੇ ਆਪਣਾ ਸੰਸਾਰ ਨੂੰ ਤੋਹਫ਼ਾ ਦਿੱਤਾ ਹੈ, ਤੋਸਾ ਦਿੱਤਾ ਹੈ। ਇਹ ‘‘ਸਚੁ ਨਾਮੁ’’ ਦਾ ਤੋਹਫਾ ਦਿੱਤਾ ਹੈ। ਇਹ ਤੋਹਫ਼ਾ ਉਸਦੇ ਲਈ ਹੈ ਭਾਵ ਇਸ ਤੋਹਫ਼ੇ ਦਾ ਲਾਭ ਉਸਨੂੰ ਮਿਲੇਗਾ ਭਾਵ ਇਸ ਤੋਹਫ਼ੇ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਦਾ ਲਾਭ ਉਸਨੂੰ ਮਿਲੇਗਾ ਜੋ "ਸਚੁ ਨਾਮੁ" ਦਾ ਭਾਵ ਗੁਰਬਾਣੀ ਦਾ ਮਹਿਮਾਨ ਬਣ ਕੇ ਰਹੇਗਾ ਭਾਵ ਗੁਰੂ ਘਰ ਦਾ ਮਹਿਮਾਨ ਬਣ ਕੇ ਰਹੇਗਾ। ਗੁਰੂ ਘਰ ਦਾ ਮਹਿਮਾਨ ਉਹੀ ਬਣ ਸਕਦਾ ਹੈ ਜੋ ਉਸਦੀ ਮਹਿਮਾਨ ਨਿਵਾਜ਼ੀ ਕਬੂਲ ਕਰਦਾ ਹੈ। ਗੁਰੂ ਘਰ ਦੇ ਵਿੱਚੋਂ ਸੱਚ ਤੇ ਚੱਲਣ ਦਾ ਉਪਦੇਸ਼ ਹੀ ਮਿਲਦਾ ਹੈ ਤੇ ਉਸ ਅਨੁਸਾਰ ਚੱਲਣਾ ਹੀ ਉਸਦਾ ਮਹਿਮਾਨ ਬਣ ਕੇ ਰਹਿਣਾ ਹੈ। **(ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ॥੪॥)**

ਜਦੋਂ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਹ ਸਾਨੂੰ ਆਪਣੇ ਰਤਨਾਂ ਦੇ ਗਿਆਨ ਦੇ ਨਾਲ ਹੀ ਜੋੜਦਾ ਹੈ, ਮਨ ਦੇ ਵਿੱਚ ਹੀ ਜੋੜਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੁਆਰਾ ਪਿੱਛੇ ਸਮਝਿਆ ਹੈ। **(ਸਰਬ ਕਲਾ ਲੇ ਆਪੇ ਰਹੈ॥ ਮਨੁ ਮਾਣਕੁ ਰਤਨਾ ਮਹਿ ਗੁਹੈ॥੮॥)**

ਜਿਤਨੇ ਵੀ ਰਤਨ ਗੁਰਬਾਣੀ ਵਿੱਚ ਭਰੇ ਹੋਏ ਹਨ ਉਹ "ਮਨੁ ਮਾਣਕੁ" ਦੇ ਰਾਹੀਂ ਹੀ ਆਏ ਹਨ ਭਾਵ ਪ੍ਰਮਾਤਮਾ ਦੇ ਆਪਣੇ

ਰਾਹੀਂ ਹੀ ਆਏ ਹਨ। ਮਨ ਦੀ ਜਿਸ ਅਵੱਸਥਾ ਰਾਹੀਂ ਰਤਨ ਉਪਜਦੇ ਹਨ, ਉੱਥੇ ਹੀ ਉਹ ਮਣੀ ਹੈ ਜਿਸਦੀ ਪ੍ਰਾਪਤੀ ਹਰ ਕੋਈ ਕਰਨਾ

18/1924

ਚਾਹੁੰਦਾ ਹੈ ਤੇ ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਸਤਕਿ ਪਦਮੁ ਦੁਆਲੈ ਮਣੀ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ॥"

ਉਪਰਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਕਿਸ ਜਗ੍ਹਾ ਤੇ ਹੈ। ਸਾਰੀ ਗੱਲ ਸਾਡੇ ਮਨ ਦੇ ਨਾਲ ਹੀ ਜੁੜੀ ਹੋਈ ਹੈ ਜਿੱਥੇ ਪ੍ਰਮਾਤਮਾ ਦਾ ਸਾਡੇ ਅੰਦਰ ਨਿਵਾਸ ਹੈ। ਪ੍ਰਮਾਤਮਾ ਉਸ ਮਣੀ ਦੇ ਅੰਦਰ ਹੈ ਜੋ ਸਾਡੇ ਮਸਤਕਿ ਦੇ ਭਾਵ ਦਿਮਾਗ ਦੇ ਆਸੇ ਪਾਸੇ ਹੈ, ਦੁਆਲੇ ਹੈ। ਸਾਡੇ ਦਿਮਾਗ ਨੂੰ ਪਦਮ ਕਿਹਾ ਹੈ ਭਾਵ ਕਮਲ ਕਿਹਾ ਹੈ ਤੇ ਇਸਦੇ ਚਾਰੇ ਪਾਸੇ ਉਹ ਮਣੀ ਹੈ ਜਿਸ ਦੇ ਅੰਦਰ ਪ੍ਰਮਾਤਮਾ ਵੱਸਿਆ ਹੋਇਆ ਹੈ। ਸਾਡੇ ਦਿਮਾਗ ਦੇ ਵਿੱਚੋਂ ਵਿਚਾਰ ਹੀ ਉਪਜਦੇ ਹਨ ਜੋ ਕਿ ਦਿਮਾਗ ਨੂੰ ਚਾਰੇ ਪਾਸਿਓਂ ਘੇਰੀ ਰੱਖਦੇ ਹਨ ਇਹ ਵਿਚਾਰ ਨਿਰਗੁਣ ਰੂਪ ਵਿੱਚ ਹੀ ਹੁੰਦੇ ਹਨ। ਮਨ ਦੇ ਇਨ੍ਹਾਂ ਵਿਚਾਰਾਂ ਨੂੰ ਹੀ "ਮਣੀ" ਕਿਹਾ ਹੈ। ਪ੍ਰਮਾਤਮਾ ਇਸ ਮਣੀ ਦੇ ਵਿੱਚ ਹੈ ਭਾਵ ਵਿਚਾਰਾਂ ਦੀ ਸੋਝੀ ਦੇ ਰੂਪ ਵਿੱਚ ਹੈ। ਵਿਚਾਰਾਂ ਰਾਹੀਂ ਜੋ ਸਾਨੂੰ ਸੋਝੀ ਪੈਂਦੀ ਹੈ, ਜੋ ਸਾਨੂੰ ਗਿਆਨ ਮਿਲਦਾ ਹੈ ਉਸ ਗਿਆਨ ਦੇ ਵਿੱਚ ਆਪ ਪ੍ਰਮਾਤਮਾ ਹੈ। **(ਮਸਤਕਿ ਪਦਮੁ ਦੁਆਲੈ ਮਣੀ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ॥)**

ਪ੍ਰਮਾਤਮਾ ਸਾਡੇ ਅੰਦਰ ਸ਼ਬਦ ਰੂਪ ਵਿੱਚ ਹੀ ਵਿਚਰਦਾ ਹੈ ਭਾਵ ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਹਰ ਵਸਤੂ ਵਿੱਚ ਪ੍ਰਮਾਤਮਾ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਇਹ ਮਣੀ ਹੀ ਉਹ ਸੁੱਖ ਦੀ ਮਣੀ ਹੈ, "ਸੁਖਮਨੀ" ਹੈ ਜਿਸ ਦੀ ਚਰਚਾ ਅਸੀਂ ਪਿੱਛੇ ਵੀ ਕੀਤੀ ਹੈ।

"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥"

(ਅੰਗ ੨੬੨)

ਸੁਖਮਨੀ ਸਾਡੇ ਮਨ ਦੀ ਅਵੱਸਥਾ ਹੀ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਇਹ ਸੁਖਮਨੀ ਸੱਚੇ ਗਿਆਨ ਦੀ ਮਣੀ ਹੈ, ਬ੍ਰਹਮਗਿਆਨ ਦੀ ਮਣੀ ਹੈ। ਮਨ ਦੇ ਵਿੱਚ ਇਸ ਅਵੱਸਥਾ

18/1925

ਦੇ ਵਿਚਾਰਾਂ ਰਾਹੀਂ ਹੀ ਸਾਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ। ਜਿਸਨੂੰ ਪ੍ਰਮਾਤਮਾ ਆਪਣਾ ਭਗਤ ਰੂਪ ਬਣਾਉਂਦਾ ਹੈ, ਉਸਨੂੰ ਹੀ ਆਪਣੀ ਸੁਖਮਨੀ ਵਾਲੀ ਅਵੱਸਥਾ ਬਖ਼ਸ਼ਦਾ ਹੈ ਭਾਵ ਆਪਣੇ ਸੱਚੇ ਵਿਚਾਰ ਉੱਥੇ ਹੀ ਟਿਕਾਉਂਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ। **(ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥)**

ਮਨ ਦੇ ਵਿੱਚ ਆਪਣੇ ਵਿਚਾਰਾਂ ਦੁਆਰਾ ਹੀ ਪ੍ਰਮਾਤਮਾ ਸਾਨੂੰ ਆਪਣਾ ਪੰਚ ਬਣਾਉਂਦਾ ਹੈ ਭਾਵ ਉਨ੍ਹਾਂ ਵਿਚਾਰਾਂ ਤੇ ਚੱਲਣ ਦੀ ਦ੍ਰਿੜਤਾ ਬਖ਼ਸ਼ਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਪੰਚ ਸਬਦ ਨਿਰਮਾਇਲ ਬਾਜੇ॥ ਢੁਲਕੇ ਚਵਰ ਸੰਖ ਘਨ ਗਾਜੇ॥

ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ॥ ਬੇਣੀ ਜਾਚੈ ਤੇਰਾ ਨਾਮੁ॥੯॥੧॥"

(ਅੰਗ - ੯੭੪)

ਮਨ ਦੇ ਵਿੱਚ ਵਿਚਾਰਾਂ ਰਾਹੀਂ ਪ੍ਰਮਾਤਮਾ ਸਾਨੂੰ ਨਿਰਮਲ ਹੀ ਬਣਾਉਂਦਾ ਹੈ, ਪਵਿੱਤਰ ਹੀ ਬਣਾਉਂਦਾ ਹੈ। ਪੰਚ ਸ਼ਬਦ ਪ੍ਰਮਾਤਮਾ ਦੇ ਆਪਣੇ ਬੋਲੇ ਹੋਏ ਸੱਚੇ ਬੋਲ ਹਨ ਜਿੰਨ੍ਹਾਂ ਦੇ ਮਨ ਵਿੱਚ ਵੱਸਣ ਨਾਲ ਮਨੁੱਖ ਦਾ ਮਨ ਨਿਰਮਲ ਹੁੰਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦੇ ਪੰਚ ਸ਼ਬਦ ਹੀ ਹਨ ਜਿੰਨ੍ਹਾਂ ਦਾ ਮਕਸਦ ਸਾਡੇ ਮਨ ਨੂੰ ਪਵਿੱਤਰ ਬਣਾਉਣ ਨਾਲ ਹੀ ਹੈ। ਜਿੰਨ੍ਹਾਂ ਦੇ ਮਨ ਵਿੱਚ ਪਹਿਲਾਂ ਇਹ ਪੰਚ ਸ਼ਬਦ ਵੱਜੇ ਹਨ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਪੰਚ ਸ਼ਬਦ ਦਿੱਤੇ ਹਨ। ਮਨ ਦੇ ਵਿੱਚ ਪ੍ਰਮਾਤਮਾ

ਕੋਲੋਂ ਇਹ ਵਿਚਾਰ ਮਿਲਣ ਤੋਂ ਬਾਅਦ ਹੀ, ਪੰਚ ਸ਼ਬਦ ਸੁਣਨ ਤੋਂ ਬਾਅਦ ਹੀ ਪਤਾ ਚੱਲਦਾ ਹੈ ਕਿ ਪ੍ਰਮਾਤਮਾ ਦੀ ਵਡਿਆਈ ਕਿਤਨੀ ਕੁ ਵੱਡੀ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਨੂੰ ਮਨ ਦੇ ਵਿੱਚ ਹੀ ਉੱਚਾ ਜਾਣ ਕੇ ਉਸਦੀ ਵਡਿਆਈ ਵਿੱਚ ਆ ਜਾਂਦਾ ਹੈ। ਬਾਹਰਲੀ ਵਡਿਆਈ ਅਸੀਂ ਸਰਗੁਣ ਰੂਪ ਵਿੱਚ ਕਰਦੇ ਹਾਂ, ਚਵਰ ਝੁਲਾ ਕੇ

18/1926

ਕਰਦੇ ਹਾਂ, ਸੰਖ ਵਜਾ ਕੇ ਕਰਦੇ ਹਾਂ ਜਿਸ ਤਰੀਕੇ ਨਾਲ ਅਸੀਂ ਕਿਸੇ ਨੂੰ ਮਾਣ ਦਿੰਦੇ ਹਾਂ। ਇਹੋ ਜਿਹੀ ਉੱਚੀ ਵਡਿਆਈ ਫਿਰ ਮਨ ਦੇ ਵਿੱਚ ਆਪੇ ਹੀ ਹੋਈ ਜਾਂਦੀ ਹੈ ਕਿਉਂਕਿ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ। **(ਪੰਚ ਸਬਦ ਨਿਰਮਾਇਲ ਬਾਜੇ॥ ਢੁਲਕੇ ਚਵਰ ਸੰਖ ਘਨ ਗਾਜੇ॥)**

ਪੰਚ ਸ਼ਬਦ ਸਾਨੂੰ ਕਿਸ ਰੂਪ ਵਿੱਚ ਨਿਰਮਲ ਕਰਦੇ ਹਨ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ॥ ਬੇਣੀ ਜਾਚੈ ਤੇਰਾ ਨਾਮੁ॥੯॥੧॥"

ਪੰਚ ਸ਼ਬਦ ਰਾਹੀਂ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਮਿਲਦਾ ਹੈ ਜੋ ਸਾਨੂੰ ਮਾੜੀ ਬਿਰਤੀ ਵਿੱਚੋਂ ਕੱਢਦਾ ਹੈ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਦਾ ਹੈ। ਗੁਰੂ ਦੇ ਦਿੱਤੇ ਹੋਏ ਚੰਗੇ ਵਿਚਾਰ ਸਾਡੇ ਔਗੁਣਾਂ ਵਾਲੇ ਵਿਚਾਰਾਂ ਨੂੰ, ਸਾਡੇ ਮਨ ਦੇ ਰਾਖਸ਼ਸ਼ਾਂ ਨੂੰ ਦਲ ਦਿੰਦੇ ਹਨ, ਮਾਰ ਦਿੰਦੇ ਹਨ ਜਿਸ ਦੁਆਰਾ ਮਨ ਪਵਿੱਤਰ ਹੁੰਦਾ ਹੈ, ਨਿਰਮਲ ਹੁੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਪ੍ਰਮਾਤਮਾ ਦਾ ਪੰਚ ਬਣਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਉਸ ਵਿੱਚ ਦ੍ਰਿੜ ਹੋ ਜਾਂਦੀ ਹੈ ਤੇ ਉਹ ਵਿਕਾਰਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ। ਇਹ ਅਵੱਸਥਾ ਹੀ "ਨਾਮੁ" ਮਿਲਣ ਦੀ ਅਵੱਸਥਾ ਹੈ ਤੇ ਸਾਨੂੰ ਪ੍ਰਮਾਤਮਾ ਕੋਲੋਂ ਇਹੋ ਜਿਹਾ "ਨਾਮੁ" ਮੰਗਣਾ ਸਿਖਾਇਆ ਹੈ। ਇਹ "ਨਾਮੁ" ਗੁਰੂ ਦੀ ਸੱਚੀ ਮਤਿ ਦਾ ਸੱਚਾ ਗਿਆਨ ਹੈ ਭਾਵ ਬ੍ਰਹਮਗਿਆਨ ਹੈ ਜੋ ਸਾਨੂੰ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਹੀ ਮਿਲਦਾ ਹੈ, ਮਨ ਦੇ ਵਿੱਚ ਪੰਚ ਸ਼ਬਦ ਵੱਜਣ ਦੁਆਰਾ ਮਿਲਦਾ ਹੈ। **(ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ॥ ਬੇਣੀ ਜਾਚੈ ਤੇਰਾ ਨਾਮੁ॥੯॥੧॥)**

ਜਦ ਤੱਕ ਸਾਡੇ ਅੰਦਰ ਨਾਮ ਨਹੀਂ ਵੱਸਦਾ, ਗੁਰੂ ਦੀ ਮਤਿ ਨਹੀਂ ਵੱਸਦੀ ਤਦ ਤੱਕ ਅਸੀਂ ਲੋਭ ਵਿਕਾਰਾਂ ਵਿੱਚੋਂ ਨਹੀਂ ਨਿਕਲ ਸਕਦੇ। ਨਾਮ ਦੀ ਪ੍ਰਾਪਤੀ ਬਿਨ੍ਹਾਂ ਹਰ ਕੋਈ ਅਗਿਆਨੀ ਹੀ ਹੈ ਤੇ ਗਿਆਨੀ ਉਹੀ ਹੈ ਜਿਸਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ।

18/1927

ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਨਾਲ ਸਾਡੀ ਬੁੱਧੀ ਹੀ ਬਦਲਦੀ ਹੈ ਭਾਵ ਸਾਡੀ ਮਾੜੀ ਬੁੱਧ ਬਿਬੇਕ ਬੁੱਧ ਵਿੱਚ ਬਦਲ ਜਾਂਦੀ ਹੈ। ਇਹ ਬਿਬੇਕ ਬੁੱਧ ਹੀ ਸਾਡੇ ਅੰਦਰ ਨਾਮ ਵਾਲੀ ਬੁੱਧ ਹੈ ਜੋ ਸਾਨੂੰ ਲੋਭ ਤੇ ਵਿਕਾਰਾਂ ਤੋਂ ਮੁਕਤ ਕਰਦੀ ਹੈ। ਇਹੀ ਗੱਲ ਸ਼ਬਦ ਦੀਆਂ ਕੁੱਝ ਹੇਠ ਲਿਖੀਆਂ ਪੰਗਤੀਆਂ ਦੁਆਰਾ ਸਮਝੀ ਜਾ ਸਕਦੀ ਹੈ।

“ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥੩॥
ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ॥੪॥੧॥”

(ਅੰਗ ੭੧੧)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਉਹ ਕੌਣ ਹਨ ਜਿੰਨ੍ਹਾਂ ਨੂੰ ਹਰਿ ਵਿਸਰਿਆ ਹੋਇਆ ਹੈ, ਗੁਰੂ ਪ੍ਰਮਾਤਮਾ ਵਿਸਰਿਆ ਹੋਇਆ ਹੈ। ਬਹੁਤ ਸਪੱਸ਼ਟ ਹੈ ਕਿ ਜਿੰਨ੍ਹਾਂ ਦੀ ਬਿਰਤੀ ਲੋਭ ਲਾਲਚ ਵਾਲੀ ਹੈ, ਵਿਕਾਰਾਂ ਵਾਲੀ ਹੈ, ਉਨ੍ਹਾਂ ਨੂੰ ਪ੍ਰਮਾਤਮਾ ਵਿਸਰਿਆ ਹੋਇਆ ਹੈ ਭਾਵ ਜਿੰਨ੍ਹਾਂ ਨੂੰ ਗੁਰੂ ਦੀ ਮਤਿ ਵਿਸਰੀ ਹੋਈ ਹੈ ਉਨ੍ਹਾਂ ਨੂੰ ਗੁਰੂ ਵਿਸਰਿਆ ਹੋਇਆ ਹੈ। ਅਸੀਂ ਮੁੱਖੋਂ ਜਿਤਨਾ ਮਰਜ਼ੀ ਹਰਿ ਹਰਿ ਕਰੀ ਜਾਈਏ ਪਰ ਜੇਕਰ ਹਰਿ ਦੀ ਮਤਿ ਵਿਸਰੀ ਹੋਈ ਹੈ ਫਿਰ ਸਾਨੂੰ ਹਰਿ ਸਦਾ ਹੀ ਵਿਸਰਿਆ ਹੋਇਆ ਹੈ। ਬਾਹਰੀ ਵਿਖਾਵੇ ਨਾਲ ਅਸੀਂ ਹਰਿ ਨੂੰ ਯਾਦ ਰੱਖਣ ਵਾਲੇ ਨਹੀਂ ਬਣ ਸਕਦੇ। **(ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥)**

ਹੁਣ ਧਿਆਨ ਨਾਲ ਸਮਝੋ ਕਿ ਮਨਮੁਖਿ, ਮੂੜ, ਅਗਿਆਨੀ ਤੇ ਮੰਦੇ ਭਾਗ ਵਾਲੇ ਕਿਨ੍ਹਾਂ ਨੂੰ ਕਿਹਾ ਹੈ। ਬੜਾ ਸਪੱਸ਼ਟ ਹੈ ਕਿ

ਜਿੰਨ੍ਹਾਂ ਦੀ ਬਿਰਤੀ ਮਾੜੀ ਹੈ, ਜਿੰਨ੍ਹਾਂ ਦੇ ਕਰਮ ਮਾੜੇ ਹਨ, ਜਿੰਨ੍ਹਾਂ ਦੀ ਕਿਰਤ ਮਾੜੀ ਹੈ, ਜਿੰਨ੍ਹਾਂ ਦੀ ਸੰਸਾਰਿਕ ਵਿਚਰਨ ਮਾੜੀ ਹੈ, ਉਨ੍ਹਾਂ ਨੂੰ ਹੀ ਮਨਮੁਖਿ, ਮੂੜ, ਅਗਿਆਨੀ ਤੇ ਮੰਦੇ ਭਾਗ ਵਾਲੇ ਕਿਹਾ ਹੈ। **(ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥ ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥੩॥)**

ਮਨੁੱਖ ਦੇ ਧਰਮ ਦੀ ਪਹਿਚਾਣ ਕੇਵਲ ਤੇ ਕੇਵਲ

18/1928

ਉਸਦੇ ਚੰਗੇ ਮੰਦੇ ਕਰਮਾਂ ਦੁਆਰਾ ਹੀ ਹੈ, ਸੰਸਾਰਿਕ ਵਿਚਰਨ ਦੁਆਰਾ ਹੀ ਹੈ। ਬਾਹਰੀ ਵਿਖਾਵਿਆਂ ਨਾਲ, ਸਰੀਰਕ ਜਪਾਂ ਤਪਾਂ ਨਾਲ ਸਾਨੂੰ ਐਵੇਂ ਝੂਠਾ ਮਾਣ ਹੀ ਮਿਲਦਾ ਹੈ ਜਿਸਦਾ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੋਈ ਮੁੱਲ ਨਹੀਂ ਹੈ। ਉਸਦੇ ਘਰ ਵਿੱਚ ਮੁੱਲ ਕੇਵਲ ਸੱਚ ਦਾ ਪੈਂਦਾ ਹੈ ਜੋ ਸਾਨੂੰ ਕੇਵਲ ਸੱਚੀ ਸੁੱਚੀ ਕਿਰਤ ਕਰਨੀ ਸਿਖਾਉਂਦਾ ਹੈ। ਜਦ ਤੱਕ ਸਾਡੇ ਅੰਦਰ ਗੁਰੂ ਦੀ ਮਤਿ ਵੱਸਦੀ ਨਹੀਂ ਤਦ ਤੱਕ ਅਸੀਂ ਮਾੜੀ ਬਿਰਤੀ ਵਿੱਚੋਂ ਨਿਕਲ ਹੀ ਨਹੀਂ ਸਕਦੇ। ਜਿਸ ਤੇ ਪ੍ਰਮਾਤਮਾ ਕ੍ਰਿਪਾ ਕਰਦਾ ਹੈ ਉਸਦੀ ਮਤਿ ਹੀ ਸੱਚੇ ਗਿਆਨ ਵਾਲੀ ਬਣਾਉਂਦਾ ਹੈ ਜਿਸ ਦੁਆਰਾ ਮਨੁੱਖ ਔਗੁਣਾਂ ਤੋਂ ਰਹਿਤ ਹੁੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥

ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ॥੪॥੧॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ। ਗੁਰੂ ਦੇ ਕੋਲ ਬਿਬੇਕ ਬੁਧਿ ਹੈ ਜਿਸ ਦੁਆਰਾ ਗੁਰੂ ਦਾ ਗਿਆਨ ਉੱਚਾ ਹੈ। ਆਪਣੇ ਇਸ ਗਿਆਨ ਦੁਆਰਾ ਹੀ ਗੁਰੂ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ। ਇਹ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਜੋ ਕਿ ਆਪ ਹੀ ਸਤਿਗੁਰੂ ਹੈ। ਜੋ ਬਿਬੇਕ ਬੁਧਿ ਹੈ ਉਹ ਹੀ ਨਾਮ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ। ਦੋਨਾਂ ਤੋਂ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਹੈ ਜੋ ਕਿ ਸਿੱਧਾ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਲੋਭ ਲਾਲਚ ਤੇ ਵਿਕਾਰਾਂ ਦੀ ਬਿਰਤੀ ਵਿੱਚੋਂ ਨਿਕਲਦਾ ਹੈ ਤੇ ਚੰਗੇ ਭਾਗਾਂ ਵਾਲਾ ਬਣਦਾ ਹੈ। ਨਾਮ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢ ਕੇ ਗੁਰੂ ਦੀ ਸੱਚੀ ਮਤਿ ਨਾਲ ਜੋੜਨ ਦਾ ਹੀ ਹੈ ਤਾਂ ਜੋ ਅਸੀਂ ਵਿਕਾਰ ਰਹਿਤ ਹੋ ਕੇ ਸੱਚੀ ਸੁੱਚੀ ਕਿਰਤ ਕਰ ਸਕੀਏ ਤੇ ਮੰਦੇ ਭਾਗਾਂ ਵਿੱਚੋਂ ਨਿਕਲ ਕੇ ਚੰਗੇ ਭਾਗਾਂ ਵਾਲੇ ਬਣ ਸਕੀਏ। ਅਸੀਂ ਕਥਨੀ ਨਾਲ ਨਹੀਂ ਬਲਕਿ ਚੰਗੀ ਕਰਨੀ ਨਾਲ ਚੰਗੇ ਭਾਗਾਂ ਵਾਲੇ ਬਣਨਾ ਹੈ ਜੋ ਕਿ ਗੁਰਮਤਿ ਦਾ ਮਕਸਦ ਹੈ। **(ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥ ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗ ਲਿਖੇਰਾ॥੪॥੧॥)**

18/1929

ਜਦ ਤੱਕ ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਮਕਸਦ ਨਹੀਂ ਸਮਝਦੇ ਤਦ ਤੱਕ ਅਸੀਂ ਕੇਵਲ ਆਪਣੇ ਦਿਖਾਵੇ ਦੁਆਰਾ ਧਰਮੀ ਹੋਣ ਦਾ ਪਾਖੰਡ ਹੀ ਕਰਦੇ ਹਾਂ। ਜੇਕਰ ਸਾਨੂੰ ਧਰਮ ਗ੍ਰੰਥਾਂ ਦੇ ਪੜ੍ਹਨ ਦਾ ਮਕਸਦ ਸਮਝ ਆ ਜਾਵੇ ਤਾਂ ਫਿਰ ਅਸੀਂ ਕੇਵਲ ਆਪਣੀ ਕਰਨੀ ਹੀ ਸੁਧਾਰਾਂਗੇ ਜੋ ਸਾਡੇ ਲੇਖੇ ਵਿੱਚ ਪੈਣੀ ਹੈ, ਜਿਸ ਦੁਆਰਾ ਸਾਡਾ ਪਾਰ ਉਤਾਰਾ ਹੋਣਾ ਹੈ। ਆਓ ਇਹੀ ਗੱਲ ਅਗਲੇ ਸ਼ਬਦਾਂ ਦੁਆਰਾ ਸਮਝੀਏ।

ਸਲੋਕ ਮਃ ੧॥

"ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥

ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥

ਬੇਦ ਪਾਠ ਸੰਸਾਰ ਕੀ ਕਾਰ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ॥

ਬਿਨੁ ਬੂਝੇ ਸਭ ਹੋਇ ਖੁਆਰ॥ ਨਾਨਕ ਗੁਰਮੁਖਿ ਉਤਰਸਿ ਪਾਰਿ॥੧॥"

(ਅੰਗ ੭੯੧)

ਉਪਰਲੇ ਸ਼ਬਦ ਰਾਹੀਂ ਸਾਨੂੰ ਪਾਠ ਪੜ੍ਹਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਡੇ

ਪਾਠ ਪੜ੍ਹਨ ਦੀ ਤੁਲਨਾ ਦੀਵੇ ਦੇ ਬਲਣ ਨਾਲ ਕੀਤੀ ਹੋਈ ਹੈ। ਦੀਵੇ ਦਾ ਮਕਸਦ ਰੌਸ਼ਨੀ ਦੇਣ ਨਾਲ ਹੈ ਤਾਂ ਜੋ ਜਿੱਥੇ ਦੀਵਾ ਬਲਦਾ ਹੈ ਉੱਥੇ ਹਨੇਰਾ ਮਿਟ ਜਾਵੇ। ਦੀਵੇ ਦੇ ਬਲਣ ਦਾ ਮਕਸਦ ਅੰਧੇਰਾ ਦੂਰ ਕਰਕੇ ਹੀ ਪੂਰਾ ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਅਸੀਂ ਵੇਦਾਂ ਦਾ ਪਾਠ ਕਰਦੇ ਹਾਂ ਭਾਵ ਜਦੋਂ ਕਿਸੇ ਧਰਮ ਗ੍ਰੰਥ ਦਾ ਪਾਠ ਕਰਦੇ ਹਾਂ ਭਾਵੇਂ ਉਹ ਗੁਰਬਾਣੀ ਦਾ ਪਾਠ ਕਰਦੇ ਹਾਂ ਉਸ ਤੋਂ ਮਸਕਦ ਸਾਡੇ ਮਨ ਦੀ ਮਾੜੀ ਬਿਰਤੀ ਨੂੰ, ਪਾਪਾਂ ਵਾਲੀ ਬਿਰਤੀ ਨੂੰ ਭਾਵ ਲੋਭ ਲਾਲਚ ਵਾਲੀ, ਵਿਕਾਰਾਂ ਵਾਲੀ ਬਿਰਤੀ ਨੂੰ ਖਾਣ ਨਾਲ ਹੈ ਭਾਵ ਦੂਰ ਕਰਨ ਨਾਲ ਹੈ। **(ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥)**

ਹੁਣ ਜੇਕਰ ਸਾਰਾ ਦਿਨ ਪਾਠ ਕਰੀ ਜਾਈਏ, ਕਿਸੇ ਸ਼ਬਦ ਨੂੰ ਰਟੀ ਜਾਈਏ ਪਰ ਉਸ ਵਿੱਚੋਂ ਸੋਝੀ ਲੈ ਕੇ ਆਪਣੀ ਮਾੜੀ ਬਿਰਤੀ ਨੂੰ ਨਾ ਸੋਧੀਏ ਤਾਂ ਫਿਰ ਪਾਠ ਪੜ੍ਹਨ ਦਾ ਮਕਸਦ ਸਿਵਾਏ ਇੱਕ ਵਿਖਾਵੇ ਦੇ ਹੋਰ ਕੀ ਰਹਿ ਗਿਆ। ਜਦ ਤੱਕ ਸਾਡੇ ਮਨ ਤੇ ਅਸਰ ਨਹੀਂ ਹੁੰਦਾ

18/1930

ਸਾਡਾ ਪਾਠ ਪੜ੍ਹਿਆ ਕਿਸੇ ਲੇਖੇ ਨਹੀਂ ਹੈ।

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਗੁਰੂ ਕੋਲੋਂ ਗਿਆਨ ਲੈਣ ਦਾ ਮਕਸਦ ਕੀ ਹੈ।

"ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥"

ਸੂਰਜ ਦਾ ਮਕਸਦ ਸੰਸਾਰ ਵਿੱਚ ਰੌਸ਼ਨੀ ਦੇਣ ਦਾ ਹੈ ਜਿਸ ਤੋਂ ਬਾਅਦ ਚੰਦਰਮਾ ਦੀ ਮੱਧਮ ਰੌਸ਼ਨੀ ਖ਼ਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਜਿੱਥੇ ਧਰਮ ਗ੍ਰੰਥ ਦੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਉਸ ਮਨ ਵਿੱਚ ਚੰਦਰਮੇ ਦੀ ਰੌਸ਼ਨੀ ਵਾਲੀ ਅਵੱਸਥਾ ਭਾਵ ਥੋੜ੍ਹੀ ਮਤਿ ਵਾਲੀ ਅਵੱਸਥਾ ਦੂਰ ਹੋ ਜਾਂਦੀ ਹੈ ਭਾਵ ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਥੋੜ੍ਹੀ ਮਤਿ ਵਿੱਚੋਂ ਕੱਢ ਕੇ ਉੱਚੀ ਮਤਿ ਵਾਲਾ ਬਣਾਉਣ ਨਾਲ ਹੈ ਭਾਵ ਮਨਮਤਿ ਵਿੱਚੋਂ ਕੱਢ ਕੇ ਗੁਰਮਤਿ ਵਿੱਚ ਪਹੁੰਚਾਉਣ ਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਧਰਮ ਗ੍ਰੰਥਾਂ ਦੀ ਗੱਲ ਨੂੰ ਪੜ੍ਹ ਕੇ ਉਨ੍ਹਾਂ ਨੂੰ ਮੰਨ ਲਈਏ ਤੇ ਆਪਣੀ ਮਤਿ ਛੱਡ ਦੇਈਏ। ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਤੇ ਉਸ ਤੋਂ ਬਿਨ੍ਹਾਂ ਹਰ ਕਿਸੇ ਦੀ ਮਤਿ ਅਗਿਆਨਤਾ ਵਾਲੀ ਹੀ ਹੈ। ਗੁਰੂ ਦਾ ਗਿਆਨ ਸੂਰਜ ਦੀ ਤਰ੍ਹਾਂ ਹੈ ਤੇ ਹਰ ਕੋਈ ਮਤਿ ਉਸਦੇ ਸਾਹਮਣੇ ਇੱਕ ਚੰਦਰਮੇ ਦੀ ਰੌਸ਼ਨੀ ਦੀ ਤਰ੍ਹਾਂ ਹੀ ਹੈ ਭਾਵ ਬਹੁਤ ਛੋਟੀ ਹੈ। ਸਾਡਾ ਮਕਸਦ ਇਸ ਮਤਿ ਨੂੰ ਗੁਰੂ ਦੀ ਮਤਿ ਵਰਗਾ ਬਣਾਉਣ ਨਾਲ ਹੀ ਹੈ ਜੋ ਕਿ ਧਰਮ ਗ੍ਰੰਥਾਂ ਦੀ ਮਤਿ ਨੂੰ ਮੰਨ ਕੇ ਹੀ ਹੋ ਸਕਦਾ ਹੈ। **(ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥)**

ਪਹਿਲਾਂ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਅਸਲ ਮਕਸਦ ਸਮਝਾਇਆ ਹੈ ਤਾਂ ਜੋ ਅਸੀਂ ਪਾਪਾਂ ਵਾਲੀ ਬਿਰਤੀ ਛੱਡ ਕੇ ਚੰਗੇ ਕਰਮ ਕਰੀਏ। ਅਸੀਂ ਧਰਮ ਗ੍ਰੰਥਾਂ ਦੇ ਮਕਸਦ ਨੂੰ ਸਮਝਣ ਦੀ ਬਜਾਇ ਕੇਵਲ ਉਨ੍ਹਾਂ ਨੂੰ

18/1931

ਪੜ੍ਹੀ ਜਾਣਾ ਜਾਂ ਸੁਣੀ ਜਾਣਾ ਹੀ ਆਪਣਾ ਮਕਸਦ ਸਮਝਿਆ ਹੋਇਆ ਹੈ, ਇੱਕ ਧਰਮ ਕਰਮ ਸਮਝਿਆ ਹੋਇਆ ਹੈ ਜਿਸਨੂੰ ਕਿ ਅਗਲੀਆਂ ਪੰਗਤੀਆਂ ਦੁਆਰਾ ਖੰਡਿਆ ਹੋਇਆ ਹੈ।

“ਬੇਦ ਪਾਠ ਸੰਸਾਰ ਕੀ ਕਾਰ ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ ॥

ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥”

ਜੇਕਰ ਧਿਆਨ ਨਾਲ ਦੇਖੀਏ ਤਾਂ ਸਭ ਪਾਸੇ ਹੋ ਇਹੋ ਕੁੱਝ ਹੀ ਰਿਹਾ ਹੈ। ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਨਾ ਸੁਣਨਾ ਹੀ ਆਪਣੀ ਕਾਰ ਸਮਝਦੇ ਹਾਂ ਭਾਵ ਧਰਮ ਦੀ ਕਾਰ ਸਮਝਦੇ ਹਾਂ। ਉਨ੍ਹਾਂ ਵਿੱਚੋਂ ਗਿਆਨ ਲੈ ਕੇ ਅਸੀਂ ਪੰਡਿਤ ਭਾਵ ਧਰਮ ਦੇ ਵਿਦਵਾਨ, ਗਿਆਨਵਾਨ ਅਖਵਾਉਂਦੇ ਹਾਂ ਤੇ ਗਿਆਨ ਦੀ ਚਰਚਾ ਵੀ ਬਹੁਤ ਕਰਦੇ ਹਾਂ। ਇਸ ਤੋਂ ਅੱਗੇ ਅਸੀਂ ਨਹੀਂ ਨਿਕਲਦੇ ਜਿਸ ਦੁਆਰਾ ਸਾਡਾ ਅਸਲ ਮਕਸਦ ਪੂਰਾ ਹੁੰਦਾ ਹੈ। ਸਾਰੀ ਗੱਲ ਗੁਰੂ ਦੀ ਗੱਲ ਨੂੰ ਆਪਣੇ ਅੰਦਰ ਬੁੱਝਣ ਦੀ ਹੈ ਭਾਵ ਮੰਨਣ ਦੀ ਹੈ। ਜਦ ਤਕੱ ਅਸੀਂ ਗੁਰੂ ਦੀ ਗੱਲ ਨੂੰ ਬੁੱਝਦੇ ਨਹੀਂ ਤਦ ਤੱਕ ਸਾਡੀ ਖੁਆਰੀ ਦੂਰ ਨਹੀਂ ਹੋ ਸਕਦੀ। ਖੁਆਰੀ ਸਾਡੀ ਸਾਡੇ

ਔਗੁਣਾਂ ਕਰਕੇ ਹੁੰਦੀ ਹੈ, ਇਹ ਖੁਆਰੀ ਤਾਂ ਹੀ ਬੰਦ ਹੋ ਸਕਦੀ ਹੈ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮਨ ਦੇ ਵਿੱਚ ਬੁੱਝ ਕੇ ਰੱਖਦੇ ਹਾਂ ਭਾਵ ਉਸਦੀ ਸੋਝੀ ਨੂੰ ਆਪਣੇ ਅੰਦਰ ਵਸਾ ਕੇ ਰੱਖਦੇ ਹਾਂ। ਅਸੀਂ ਮਾਇਆ ਮੋਹ ਦੇ ਸਾਗਰ ਤੋਂ ਪਾਰ ਹੋਣਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ, ਮਨ ਦੇ ਵਿੱਚ ਮਾੜੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਸਾਰੀ ਗੱਲ ਆਪਣੇ ਮਨ ਦੇ ਵਿਚਾਰਾਂ ਨੂੰ ਗੁਰਮਤਿ ਅਨੁਸਾਰ ਸੋਧਣ ਦੀ ਹੈ ਤੇ ਤਾਂ ਹੀ ਸਾਡਾ ਪਾਰ ਉਤਾਰਾ ਹੋ ਸਕਦਾ ਹੈ। ਧਰਮ ਗ੍ਰੰਥਾਂ ਦਾ ਸਾਡੇ ਲਈ ਇਹੀ ਮਕਸਦ ਹੈ ਪਰ ਸੰਸਾਰ ਕੇਵਲ ਕਥਨੀ ਬਦਨੀ ਵਿੱਚ ਹੀ ਉਲਝਿਆ ਹੋਇਆ ਹੈ। **(ਬੇਦ ਪਾਠ ਸੰਸਾਰ ਕੀ ਕਾਰ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ॥ ਬਿਨੁ ਬੂਝੇ ਸਭ ਹੋਇ ਖੁਆਰ॥ ਨਾਨਕ ਗੁਰਮੁਖਿ ਉਤਰਸਿ ਪਾਰਿ॥੧॥)**

18/1932

ਗੁਰਬਾਣੀ ਦੇ ਪੜ੍ਹਨ ਵਾਲਿਆਂ ਵਿੱਚ ਇੱਕ ਆਮ ਜਿਹੀ ਧਾਰਨਾ ਇਹ ਵੀ ਬਣੀ ਹੋਈ ਹੈ ਕਿ ਗੁਰਬਾਣੀ ਰਾਹੀਂ ਜੋ ਵੇਦਾਂ ਸ਼ਾਸਤਰਾਂ ਦੀ ਗੱਲ ਸਮਝਾਈ ਹੁੰਦੀ ਹੈ ਜਾਂ ਪੰਡਿਤ ਕਹਿ ਕੇ ਸੰਬੋਧਨ ਕੀਤੀ ਹੁੰਦੀ ਹੈ ਉਹ ਕੇਵਲ ਉਨ੍ਹਾਂ ਤੇ ਹੀ ਲਾਗੂ ਹੁੰਦੀ ਹੈ ਤੇ ਇਸੇ ਲਈ ਉਹ ਉਨ੍ਹਾਂ ਸ਼ਬਦਾਂ ਤੇ ਕੋਈ ਖਾਸ ਤਵੱਜੋਂ ਨਹੀਂ ਦਿੰਦੇ। ਇਹ ਸਾਡੀ ਘੋਰ ਅਗਿਆਨਤਾ ਹੈ। ਗੁਰਬਾਣੀ ਜੋ ਵੀ ਗੱਲ ਕਰਦੀ ਹੈ ਉਹ ਸਾਰੇ ਜੱਗ ਲਈ ਸਾਂਝੀ ਗੱਲ ਕਰਦੀ ਹੈ। ਜੇਕਰ ਵੇਦਾਂ ਦਾ ਪਾਠ ਪੜ੍ਹਨ ਦਾ ਮਕਸਦ ਪਾਪਾਂ ਵਾਲੀ ਬਿਰਤੀ ਵਿੱਚੋਂ ਨਿਕਲਣ ਦਾ ਹੈ ਤਾਂ ਫਿਰ ਕੀ ਗੁਰਬਾਣੀ ਦਾ ਪਾਠ ਪੜ੍ਹਨ ਨਾਲ ਸਾਨੂੰ ਪਾਪਾਂ ਵਾਲੀ ਬਿਰਤੀ ਛੱਡਣ ਦੀ ਲੋੜ ਨਹੀਂ ਹੈ। ਇਹੋ ਜਿਹੀ ਸੋਚ ਰੱਖਣ ਵਾਲਿਆਂ ਨੂੰ ਤੇ ਦਲੀਲਾਂ ਦੇਣ ਵਾਲਿਆਂ ਨੂੰ ਸਮਝਣ ਦੀ ਲੋੜ ਹੈ ਤਾਂ ਜੋ ਗੁਰਬਾਣੀ ਦੀ ਸਾਂਝੀਵਾਲਤਾ ਤੇ ਕੋਈ ਠੇਸ ਨਾ ਆਵੇ।

ਸਲੋਕੁ ਮਃ ੩॥

{ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥}

(ਅੰਗ ੬੪੭)

ਜੋ ਗੱਲ ਅਸੀਂ ਉੱਪਰ ਸਮਝੀ ਹੈ ਭਾਵ ਜੋ ਵੇਦਾਂ ਨੂੰ ਪੜ੍ਹਨ ਦਾ ਮਕਸਦ ਸਮਝਿਆ ਹੈ ਉਹੀ ਗੱਲ ਪੁਰਾਨੁ ਪੜ੍ਹਨ ਵਾਲਿਆਂ ਨੂੰ ਸਮਝਾਈ ਹੋਈ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੱਚੇ ਸੁੱਚੇ ਕਰਮਾਂ ਨਾਲ ਜੋੜਨ ਦਾ ਹੀ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

ਸਾਰੰਗ ॥

ੴ ਸਤਿਗੁਰ ਪ੍ਰਸਾਦਿ ॥

“ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥
ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥”

(ਅੰਗ ੧੨੫੩)

ਉੱਪਰ ਸ਼ਬਦ ਰਾਹੀਂ ਸਾਨੂੰ ਪੁਰਾਨੁ ਸੁਣਨ ਪੜ੍ਹਨ ਦਾ ਮਕਸਦ ਸਮਝਾਇਆ ਹੋਇਆ ਹੈ। ਮਕਸਦ ਉਹੀ ਹੈ ਜੋ ਅਸੀਂ ਪਿਛਲੇ ਸ਼ਬਦ ਰਾਹੀਂ ਵੇਦਾਂ ਨੂੰ ਪੜ੍ਹਨ ਦਾ ਸਮਝਿਆ ਹੈ। ਧਰਮ ਗ੍ਰੰਥ ਸਾਨੂੰ ਭਗਤੀ ਦਾ ਮਾਰਗ ਹੀ ਸਮਝਾਉਂਦੇ ਹਨ ਤੇ ਭਗਤੀ ਦਾ ਮਾਰਗ ਹੀ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਗੁਰਬਾਣੀ ਸਾਨੂੰ ਧਰਮ ਗ੍ਰੰਥਾਂ ਦੇ ਨਾਲ ਜੋੜਨ ਲਈ ਹੈ, ਉਨ੍ਹਾਂ ਦੇ ਸਹੀ ਮਕਸਦ ਨਾਲ ਜੋੜਨ ਲਈ ਹੈ। ਸਾਡੀ ਭਗਤੀ ਤਾਂ ਹੀ ਹੁੰਦੀ ਹੈ ਜਦੋਂ ਸਾਡਾ ਮਨ ਅਡੋਲ ਅਵੱਸਥਾ ਵਿੱਚ ਆ ਜਾਂਦਾ ਹੈ, ਨਾ ਡੋਲਣ ਵਾਲੀ ਅਵੱਸਥਾ ਵਿੱਚ ਆ ਜਾਂਦਾ ਹੈ। ਇਹ ਮਨ ਦੀ ਅਨਪਾਵਨੀ ਅਵੱਸਥਾ ਹੈ। ਮਨ ਦਾ ਡੋਲਣਾ ਕੀ ਹੈ

18/1933

ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ। ਮਨ ਹਰ ਵੇਲੇ ਮਾਇਆ ਮੋਹ ਵਿੱਚ ਡੋਲਦਾ ਹੈ, ਵਿਕਾਰਾਂ ਵਿੱਚ

ਡੋਲਦਾ ਹੈ, ਲੋਭ ਲਾਲਚ ਵਿੱਚ ਡੋਲਦਾ ਹੈ, ਤ੍ਰਿਸ਼ਨਾ ਵਿੱਚ ਡੋਲਦਾ ਹੈ। ਇਹ ਤ੍ਰਿਸ਼ਨਾ ਸਾਡੇ ਮਨ ਦੀ ਭੁੱਖ ਹੈ, ਮਾਇਆ ਦੀ ਭੁੱਖ ਹੈ। ਮਨ ਦੀ ਭੁੱਖ ਦਾ ਇਲਾਜ ਇਸ ਨੂੰ ਗੁਰੂ ਦੀ ਮਤਿ ਦਾ ਦਾਨ ਦੇਣਾ ਹੈ, ਨਾਮ ਦਾ ਦਾਨ ਦੇਣਾ ਹੈ। ਜਦੋਂ ਗੁਰੂ ਦੀ ਮਤਿ ਮਨ ਦੇ ਵਿੱਚ ਵੱਸ ਜਾਂਦੀ ਹੈ ਤਾਂ ਫਿਰ ਇਸ ਭੁੱਖੇ ਮਨ ਨੂੰ ਗੁਰਮਤਿ ਦਾ ਦਾਨ ਮਿਲ ਜਾਂਦਾ ਹੈ ਜਿਸ ਤੋਂ ਬਾਅਦ ਮਨ ਫਿਰ ਵਿਕਾਰਾਂ ਵਿੱਚ ਨਹੀਂ ਡੋਲਦਾ। ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਦਾ ਇਹੀ ਮਕਸਦ ਹੈ ਕਿ ਅਸੀਂ ਇਸ ਮਨ ਦੀ ਭੁੱਖ ਨੂੰ ਕੱਢੀਏ, ਇਸ ਨੂੰ ਗੁਰੂ ਦੀ ਸੱਚੀ ਮਤਿ ਦਾ ਦਾਨ ਦੇਈਏ। **(ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥੧॥ਰਹਾਉ॥)**

ਸਾਡੇ ਮਨ ਨੂੰ ਭਗਤੀ ਦੀ ਸਹੀ ਸੋਝੀ ਨਾ ਪੈਣਾ ਕੀ ਹੈ ਭਾਵ ਮਨ ਦੀ ਅਡੋਲਤਾ ਨਾ ਹੋਣਾ ਕੀ ਹੈ, ਮਨ ਦੀ ਭੁੱਖ ਦਾ ਕਾਰਨ ਕੀ ਹੈ, ਪੁਰਾਨੁ ਪੜ੍ਹਨ ਦਾ ਮਕਸਦ ਕੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥

ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥੧॥"

ਗੁਰੂ ਪ੍ਰਮਾਤਮਾ ਦਾ ਸੱਚਾ ਦਾਨ ਸਾਡੇ ਲਈ ਉਸ ਦੀ ਸੱਚੀ ਮਤਿ ਹੈ ਜੋ ਸਾਨੂੰ ਉਹ ਧਰਮ ਗ੍ਰੰਥਾਂ ਰਾਹੀਂ ਦਿੰਦਾ ਹੈ। ਹਰ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਲਈ ਹੀ ਪ੍ਰੇਰਦਾ ਹੈ ਭਾਵ ਨਾਮ ਜਪਣ ਲਈ ਹੀ ਪ੍ਰੇਰਦਾ ਹੈ। ਇਹ ਸੱਚ ਦਾ ਮਾਰਗ ਔਗੁਣਾਂ ਤੋਂ ਰਹਿਤ ਹੋਣ ਦਾ ਮਾਰਗ ਹੈ। ਔਗੁਣਾਂ ਵਿੱਚ ਰਹਿੰਦੇ ਅਸੀਂ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ। ਭਗਤੀ ਹੈ ਹੀ ਸੱਚ ਤੇ ਚੱਲਣ ਦਾ ਮਾਰਗ। ਸੱਚ ਦੁਆਰਾ ਵਿਚਰਨਾ ਹੀ ਉਸ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਭਾਵ ਸੱਚੇ ਸੁੱਚੇ ਕਰਮ ਕਰਨਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ। ਜਦ ਤੱਕ ਅਸੀਂ ਔਗੁਣਾਂ ਵਿੱਚ ਹਾਂ ਭਾਵ ਜਦ ਤੱਕ ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ, ਨਿੰਦਾ ਆਦਿ ਰਸੇ ਹੋਏ ਹਨ ਤਦ ਤੱਕ ਸਾਡੇ ਕੋਈ ਧਰਮ ਕਰਮ ਆਦਿ ਕਿਸੇ ਲੇਖੇ ਨਹੀਂ ਲੱਗਦੇ। **(ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥ ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥੧॥)** ਇੱਕ ਅੱਖਰ ਦਾ ਜਪ ਕਰਨ ਵਾਲੇ ਜੋ ਉਸਨੂੰ

18/1934

ਨਾਮ ਜਪਣਾ ਕਹਿੰਦੇ ਹਨ ਤੇ ਪ੍ਰਚਾਰ ਕਰਦੇ ਹਨ ਕੀ ਉਸਨੂੰ ਆਪਣੀ ਭਗਤੀ ਕਹਿ ਸਕਦੇ ਹਨ, ਗੁਰੂ ਦੀ ਸੇਵਾ ਕਹਿ ਸਕਦੇ ਹਨ। ਨਾ ਉਹ ਆਪ ਭਗਤੀ ਕਰ ਰਹੇ ਹਨ ਤੇ ਨਾ ਹੀ ਦੂਸਰਿਆਂ ਨੂੰ ਭਗਤੀ ਕਰਨ ਲਈ ਸਮਝਾਉਣ ਦੇ ਲਾਇਕ ਹਨ। ਉਹ ਔਗੁਣਾਂ ਨੂੰ ਛੱਡਣ ਨੂੰ ਕੋਈ ਖਾਸ ਤਰਜੀਹ ਨਹੀਂ ਦਿੰਦੇ ਬਲਕਿ ਇੱਕ ਪ੍ਰਹੇਜ਼ ਮਾਤਰ ਹੀ ਸਮਝਾਉਂਦੇ ਹਨ ਜਦ ਕਿ ਅਸਲ ਭਗਤੀ ਇੱਕ ਅੱਖਰ ਦੇ ਜਪ ਨੂੰ ਹੀ ਸਮਝੀ ਜਾਂਦੇ ਹਨ। ਇਹ ਸਮਾਜ ਨੂੰ ਕੁਰਾਹੇ ਪਾਉਣ ਵਾਲੀ ਗੱਲ ਹੈ, ਭਗਤੀ ਦੇ ਅਸਲ ਮਾਰਗ ਤੋਂ ਭਟਕਾਉਣ ਵਾਲੀ ਗੱਲ ਹੈ, ਗੁਰਮਤਿ ਤੋਂ ਭਟਕਾਉਣ ਵਾਲੀ ਗੱਲ ਹੈ। ਉਹ ਸਮਾਜ ਦਾ ਕਿਤਨਾ ਵੱਡਾ ਨੁਕਸਾਨ ਕਰ ਰਹੇ ਹਨ, ਇਸ ਗੱਲ ਤੋਂ ਬੇਖ਼ਬਰ ਹਨ। ਸਾਨੂੰ ਸਜਾਵਾਂ ਮਾੜੇ ਕਰਮਾਂ ਦੀਆਂ ਭੁਗਤਣੀਆਂ ਪੈਂਦੀਆਂ ਹਨ ਜੋ ਸਭ ਲਈ ਇੱਕੋ ਜਿਹੀਆਂ ਹੀ ਹਨ ਭਾਵੇਂ ਉਹ ਕਿਸੇ ਵੀ ਧਰਮ ਗ੍ਰੰਥ ਦਾ ਪੜ੍ਹਨ ਜਾਂ ਮੰਨਣ ਵਾਲਾ ਹੈ। ਪ੍ਰਮਾਤਮਾ ਦੇ ਦਰ ਤੇ ਅਪਰਾਧੀ ਉਹ ਹੈ ਜੋ ਮਾੜੇ ਕਰਮ ਕਰਦਾ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਵਿੱਚ ਸਮਝਾਈ ਹੋਈ ਹੈ।

"ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥"

ਅਪਰਾਧੀ ਉਹ ਹੈ ਜੋ ਦੂਸਰੇ ਦਾ ਹੱਕ ਖਾ ਕੇ ਅਪਣਾ ਪੇਟ ਭਰਦਾ ਹੈ। ਅੱਗੇ ਜਾ ਕੇ ਸਜਾਵਾਂ ਵੀ ਇਸ ਗੱਲ ਦੀਆਂ ਹੀ ਹਨ। ਪ੍ਰਮਾਤਮਾ ਦੀ ਕੀਰਤ ਗੁਣਾਂ ਵਿੱਚ ਰਹਿ ਕੇ ਹੁੰਦੀ ਹੈ ਭਾਵ ਚੰਗੇ ਕਰਮ ਕਰਨ ਦੁਆਰਾ ਹੁੰਦੀ ਹੈ ਤੇ ਔਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੀ ਕੀਰਤੀ ਕਰਨ ਦੇ ਉਲਟ ਚੱਲਦੇ ਹਾਂ ਭਾਵ ਅਪਕੀਰਤ ਕਰਦੇ ਹਾਂ। ਜਿੱਥੇ ਸਾਡੇ ਅੰਦਰ ਗੁਣ ਹਨ, ਉੱਥੇ ਸਾਡੇ ਅੰਦਰ ਗੁਰੂ ਦੀ ਵਿੱਦਿਆ ਹੈ ਭਾਵ ਉਸਦੀ ਸਿੱਖਿਆ ਹੈ ਤੇ ਜਿੱਥੇ ਔਗੁਣ ਹਨ ਉੱਥੇ ਅਵਿੱਦਿਆਂ ਹੈ ਭਾਵ ਇਹ ਉਸਦੀ ਸਿੱਖਿਆ ਦੇ ਉਲਟ ਹੈ। ਗੁਣਾਂ ਦੁਆਰਾ ਅਸੀਂ ਪ੍ਰਮਾਤਮਾ ਦੀ ਕੀਰਤੀ ਕਰਦੇ ਹਾਂ ਤੇ ਔਗੁਣਾਂ ਦੁਆਰਾ ਅਪਕੀਰਤ ਕਰਦੇ ਹਾਂ। ਸਾਰੀ ਗੱਲ ਸਾਡੇ ਚੰਗੇ ਮਾੜੇ ਕਰਮਾਂ ਤੇ ਹੀ ਨਿਬੜਦੀ ਹੈ। ਚੰਗੇ ਕਰਮ ਕਰਨ ਦੁਆਰਾ ਅਸੀਂ ਭਗਤੀ ਕਰਦੇ ਹਾਂ ਤੇ ਮਾੜੇ ਕਰਮ ਕਰਨ ਦੁਆਰਾ ਅਸੀਂ ਪ੍ਰਮਾਤਮਾ ਦੇ ਅਪਰਾਧੀ ਬਣਦੇ ਹਾਂ।

ਸਾਡੇ ਮਨ ਦੇ ਔਗੁਣ ਸਾਡੇ ਮਨ ਦੀ ਹਿੰਸਾ ਦਾ ਕਾਰਨ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੇ ਮਨ ਦੀ ਹਿੰਸਾ ਨੂੰ ਜਨਮ

ਦਿੰਦੇ ਹਨ ਜਿੰਨ੍ਹਾਂ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਲੋਕਾਂ ਨੂੰ ਆਪਣੀ ਹਿੰਸਾ ਦਾ ਸ਼ਿਕਾਰ ਬਣਾਉਂਦੇ ਹਾਂ। ਸਾਡੇ ਜੀਵਨ ਦਾ ਮਨੋਰਥ

18/1935

ਪਰਉਪਕਾਰੀ ਬਣ ਕੇ ਜਿਉਣ ਦਾ ਹੈ, ਦਇਆ ਵਾਲੀ ਬਿਰਤੀ ਦੁਆਰਾ ਜਿਉਣ ਦਾ ਹੈ ਜੋ ਕਿ ਗੁਣੀ ਬਣ ਕੇ ਹੀ ਜੀਆ ਜਾ ਸਕਦਾ ਹੈ। **(ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥ ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥੨॥)**

ਪਾਰਉਤਾਰਾ ਸਾਡਾ ਇਸ ਸੰਸਾਰ ਤੋਂ ਸਾਧਸੰਗਤ ਦੁਆਰਾ ਹੀ ਹੋਣਾ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਧਸੰਗਤ ਗੁਰੂ ਦੇ ਸੱਚੇ ਗੁਣਾਂ ਦੀ ਸੰਗਤ ਹੈ, ਉਸਦੀ ਸੱਚੀ ਮਤਿ ਦੀ ਸੰਗਤ ਹੈ ਤੇ ਉਸਦੀ ਸੱਚੀ ਮਤਿ ਦੇ ਨਾਲ ਜੁੜ ਕੇ ਹੀ ਅਸੀਂ ਉਸ ਸਾਧ ਦੀ, ਸਾਰੀ ਸ੍ਰਿਸ਼ਟੀ ਦੇ ਸਾਧ ਦੀ ਭਾਵ ਪ੍ਰਮਾਤਮਾ ਦੀ ਸੰਗਤ ਤੱਕ ਪਹੁੰਚ ਸਕਦੇ ਹਾਂ। ਉਸਦੇ ਲਈ ਸਾਡਾ ਇਹੀ ਉੱਦਮ ਹੋਣਾ ਚਾਹੀਦਾ ਹੈ ਕਿ ਅਸੀਂ ਤਨੋ ਮਨੋ ਗੁਰੂ ਦੀ ਮਤਿ ਨਾਲ ਜੁੜੀਏ ਭਾਵ ਔਗੁਣ ਰਹਿਤ ਹੋ ਕੇ ਵਿਚਰੀਏ ਜੋ ਕਿ ਧਰਮ ਗ੍ਰੰਥਾਂ ਦਾ ਮਕਸਦ ਹੈ। ਜਦੋਂ ਉਸਦੀ ਕ੍ਰਿਪਾ ਨਾਲ ਸਾਧਸੰਗਿ ਹੋ ਜਾਂਦਾ ਹੈ ਤਾਂ ਫਿਰ ਮਨ ਦੇ ਵਿੱਚ ਹੀ ਉਸ ਦੀ ਪੁਨੀਤ ਕਥਾ ਚੱਲ ਪੈਂਦੀ ਹੈ ਭਾਵ ਉਸ ਦੀ ਸੱਚੀ ਮਤਿ ਮਨ ਦੇ ਵਿੱਚ ਹੀ ਮਿਲਣੀ ਸ਼ੁਰੂ ਹੋ ਜਾਂਦੀ ਹੈ। ਇਹ ਸਾਧਸੰਗਤ ਦੀ ਅਵੱਸਥਾ ਹੈ ਜਿਸ ਦੁਆਰਾ ਸਾਡੇ ਜੀਵਨ ਦਾ ਮਨੋਰਥ ਪੂਰਾ ਹੁੰਦਾ ਹੈ। **(ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥੩॥੧॥੬॥)**

ਗੁਰੂ ਦਾ ਮਕਸਦ ਕੇਵਲ ਤੇ ਕੇਵਲ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤੇ ਜਦ ਤੱਕ ਸਾਨੂੰ ਇਹ ਮਕਸਦ ਸਮਝ ਨਹੀਂ ਆਉਂਦਾ ਅਸੀਂ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦੇ। ਗੁਰੂ ਸ਼ਬਦ ਹੈ ਭਾਵ ਸ਼ਬਦ ਦੇ ਰੂਪ ਵਿੱਚ ਹੈ ਤੇ ਸ਼ਬਦ ਦਾ ਮਕਸਦ ਸਾਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਣ ਦਾ ਹੀ ਹੈ। ਪ੍ਰਮਾਤਮਾ ਆਪ ਸ਼ਬਦ ਰੂਪ ਵਿੱਚ ਹੈ ਤੇ ਉਸਦੇ ਨਾਲ ਮੇਲ ਵੀ ਸ਼ਬਦ ਰੂਪ ਵਿੱਚ ਹੁੰਦਾ ਹੈ ਭਾਵ ਗਿਆਨ ਰੂਪ ਵਿੱਚ ਹੁੰਦਾ ਹੈ। ਸ਼ਬਦ ਨਾਲੋਂ ਸਾਡਾ ਭੇਦ, ਸਾਡੀ ਦੂਰੀ ਮਨ ਦੀ ਅਗਿਆਨਤਾ ਕਰਕੇ ਹੀ ਹੈ। ਸ਼ਬਦ ਦੇ ਨਾਲ ਮੇਲ ਸਾਡੀ ਸੁਰਤਿ ਦਾ ਹੀ ਹੋਣਾ ਹੈ ਤੇ ਜਦ ਤੱਕ ਸਾਡੀ ਸੁਰਤਿ ਦੀ

18/1936

ਅਗਿਆਨਤਾ ਦੂਰ ਨਹੀਂ ਹੁੰਦੀ ਤਦ ਤੱਕ ਅਸੀਂ ਉਸ "ਸਬਦੁ" ਦੇ ਨਾਲ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ। ਜਦ ਤੱਕ ਅਸੀਂ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਮਨ ਵਿੱਚ ਨਹੀਂ ਵਸਾਉਂਦੇ, ਸ਼ਬਦ ਨੂੰ ਮਨ ਵਿੱਚ ਨਹੀਂ ਵਸਾਉਂਦੇ ਤਦ ਤੱਕ ਸਾਡੇ ਮਨ ਦੀ ਅਗਿਆਨਤਾ ਦੂਰ ਨਹੀਂ ਹੋ ਸਕਦੀ। ਅਸੀਂ ਸ਼ਬਦ ਨੂੰ ਰਟੀ ਜਾਣ ਦੁਆਰਾ ਹੀ, ਜਪੀ ਜਾਣ ਦੁਆਰਾ ਹੀ ਉਸਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਜੋ ਕਿ ਸ਼ਬਦ ਦੀ ਮੂਲ ਵਿਚਾਰਧਾਰਾ ਦੇ ਹੀ ਉਲਟ ਹੈ। ਸਾਡੇ ਅੰਦਰ ਸ਼ਬਦ ਦਾ ਵੱਸਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਦੇ ਹਾਂ ਤਾਂ ਜੋ ਅਸੀਂ ਸ਼ਬਦ ਦੇ ਨਾਲ ਜੁੜ ਸਕੀਏ, ਗੁਰੂ ਦੇ ਨਾਲ ਜੁੜ ਸਕੀਏ।

"ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ॥੪॥੫॥"

(ਅੰਗ ੭੯੮)

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਕੇਵਲ ਮਨ ਦੀ ਅਗਿਆਨਤਾ ਕਰਕੇ ਹੈ ਉਹ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਜਿਸਦੀ ਸੋਝੀ ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ, ਮਨ ਦੇ ਵਿੱਚ ਸ਼ਬਦ ਦੇ ਵੱਸਣ ਦੁਆਰਾ ਪੈਂਦੀ ਹੈ, ਸ਼ਬਦ ਦਾ ਗਿਆਨ ਪ੍ਰਗਟ ਹੋਣ ਦੁਆਰਾ ਪੈਂਦੀ ਹੈ। ਗੁਰੂ ਪ੍ਰਮਾਤਮਾ ਆਪ ਸ਼ਬਦ ਰੂਪ ਹੈ ਭਾਵ ਗਿਆਨ ਰੂਪ ਹੈ ਤੇ ਆਪਣੇ ਇਸ ਰੂਪ ਦੁਆਰਾ ਹੀ ਉਹ ਮਨ ਦੇ ਵਿੱਚ ਆਪਣੇ ਆਪ ਦੇ ਦਰਸ਼ਨ ਦਿੰਦਾ ਹੈ। ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਜਿੱਥੇ ਸਤਿਗੁਰੂ ਨੂੰ "ਗਿਆਨੁ" ਰੂਪ ਕਿਹਾ ਹੈ ਤੇ ਉਸ ਦੇ ਇਸੇ ਰੂਪ ਨੂੰ ਹੀ ਪ੍ਰਮਾਤਮਾ ਦਾ ਰੂਪ ਕਿਹਾ ਹੈ। ਪ੍ਰਮਾਤਮਾ ਸਾਡੇ ਅੰਦਰ "ਗਿਆਨੁ" ਰੂਪ ਵਿੱਚ ਹੀ ਹੈ ਤੇ ਇਸੇ ਤਰ੍ਹਾਂ ਉਹ ਹਰ ਵਸਤੂ ਵਿੱਚ, ਹਰ ਕਿਸੇ ਵਿੱਚ ਆਪਣੇ ਗਿਆਨ ਰੂਪ ਦੁਆਰਾ ਹੀ ਸਮਾਇਆ ਹੋਇਆ ਹੈ। ਪਹਿਲੇ ਉਸਦਾ ਇਹ ਰੂਪ ਮਨ ਦੇ ਵਿੱਚੋਂ ਨਜ਼ਰ ਆਉਂਦਾ ਹੈ ਫਿਰ ਤਾਂ ਹੀ ਸਭ ਵਿੱਚ ਉਸਦਾ ਇਹ ਰੂਪ ਨਜ਼ਰ ਆਉਂਦਾ ਹੈ। ਕੇਵਲ

ਤੇ ਕੇਵਲ ਇੱਕੋ ਇੱਕ ਸਾਡਾ ਮਨ ਹੈ ਜਿੱਥੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਰੀ ਗੱਲ ਮਨ ਦੀ ਅਗਿਆਨਤਾ ਮਿਟਣ ਦੀ ਹੈ,

18/1937

ਦੁਬਿਧਾ ਮਿਟਣ ਦੀ ਹੈ ਜਿਸਦੇ ਰਹਿੰਦਿਆਂ ਪ੍ਰਮਾਤਮਾ ਨੂੰ ਕੋਈ ਵੀ ਨਹੀਂ ਜਾਣ ਸਕਦਾ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਅਗਿਆਨਤਾ ਵਿੱਚੋਂ ਕੱਢ ਲਵੇ। **(ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ॥)**

ਅਸੀਂ ਮੁੱਖੋਂ ਹੀ ਕਿਸੇ ਸ਼ਬਦ ਨੂੰ ਰਟੀ ਜਾਂਦੇ ਹਾਂ, ਕਿਸੇ ਅੱਖਰ ਨੂੰ ਜਪੀ ਜਾਂਦੇ ਹਾਂ ਜਦਕਿ ਸ਼ਬਦ ਦਾ ਮਕਸਦ ਅਗਿਆਨਤਾ ਵਿੱਚੋਂ ਨਿਕਲ ਕੇ ਹੀ ਪੂਰਾ ਹੁੰਦਾ ਹੈ। ਮੁਕਤੀ ਸ਼ਬਦ ਦੇ ਗਿਆਨ ਨਾਲ ਮਿਲਣੀ ਹੈ ਨਾ ਕਿ ਮੁੱਖੋਂ ਬੋਲੀ ਜਾਣ ਨਾਲ।

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

ਸਾਡਾ ਆਵਾਗਉਣ ਉਦੋਂ ਹੀ ਮੁੱਕਣਾ ਹੈ ਜਦੋਂ ਸ਼ਬਦ ਦਾ ਗਿਆਨ ਸਾਡੇ ਅੰਦਰ ਵੱਸ ਜਾਏਗਾ। ਸ਼ਬਦ ਦਾ ਗਿਆਨ ਵੱਸਣ ਨਾਲ ਸਾਡੇ ਅੰਦਰ ਸ਼ਬਦ ਭਾਵ ਗੁਰੂ ਦੀ ਮਤਿ ਹੀ ਵੱਸਦੀ ਹੈ। ਗੁਰੂ ਦੀ ਸੱਚੀ ਮਤਿ ਨਾਲ ਰੱਤਣਾ ਹੀ ਸੱਚ ਦੇ ਨਾਲ ਰੱਤਣਾ ਹੈ। ਸਾਡੇ ਅੰਦਰ ਇਹੋ ਜਿਹੇ ਸੱਚ ਦਾ ਦ੍ਰਿੜ ਹੋਣਾ ਹੀ ਨਾਮ ਦਾ ਦ੍ਰਿੜ ਹੋਣਾ ਹੈ ਜੋ ਕਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਆਪਣੇ ਸੱਚੇ ਗਿਆਨ ਦੁਆਰਾ ਦ੍ਰਿੜ ਕਰਦਾ ਹੈ, ਮਨ ਦੇ ਵਿੱਚ ਆਪਣਾ ਸ਼ਬਦ ਵਸਾਉਣ ਦੁਆਰਾ ਕਰਦਾ ਹੈ। **(ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ॥੪॥੫॥)**

ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਭਾਵ ਜਦ ਤੱਕ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਨਹੀਂ ਹੈ ਤਦ ਤੱਕ ਨਾ ਹੀ ਸਾਡੇ ਅੰਦਰ ਸੱਚ ਹੈ ਭਾਵ ਪੂਰਨ ਸੱਚ ਹੈ ਤੇ ਨਾ ਹੀ ਉੱਥੇ ਨਾਮ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਆਪ ਹੀ ਉਸਨੂੰ ਸਾਡੇ ਅੰਦਰ ਦ੍ਰਿੜ ਕਰਦਾ ਹੈ। ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋਣਾ ਹੀ ਹੈ, ਕੇਵਲ ਗੁਰਮਤਿ ਅਨੁਸਾਰ ਵਿਚਰਨਾ ਹੀ ਹੈ।

ਗਉੜੀ ਮਹਲਾ ੫॥

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥
ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥੧॥
ਐਸੀ ਦ੍ਰਿੜਤਾ ਤਾ ਕੈ ਹੋਇ॥ ਜਾ ਕਉ ਦਇਆ ਮਇਆ ਪ੍ਰਭ ਸੋਇ॥੧॥ਰਹਾਉ॥}

(ਅੰਗ ੨੩੬)

{ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥੭॥}

(ਅੰਗ ੧੨੪)

18/1938

ਜਿਸ "ਵਸਤੁ" ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਸਾਡੇ ਅੰਤਰ ਵਿੱਚ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ। ਜਦ ਤੱਕ ਸਾਡੇ ਅੰਦਰ ਸ਼ਬਦ ਦਾ ਗਿਆਨ ਨਹੀਂ ਵੱਸਦਾ, ਗੁਰੂ ਦਾ ਸੱਚਾ ਗਿਆਨ ਨਹੀਂ ਵੱਸਦਾ ਤਦ ਤੱਕ ਸਾਡੇ ਅੰਦਰ ਅੰਧੇਰਾ ਹੀ ਹੈ, ਅਗਿਆਨਤਾ ਦਾ ਅੰਧੇਰਾ ਹੀ ਹੈ। ਜਿਸ ਵਸਤੂ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਮਨ ਦੀ ਅਗਿਆਨਤਾ ਦੂਰ ਹੋਣ ਨਾਲ ਮਿਲਦੀ ਹੈ। ਉਹ ਵਸਤੂ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਗਿਆਨ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ। ਉਹ ਬ੍ਰਹਮਗਿਆਨ ਦਾ ਮਾਲਕ ਬ੍ਰਹਮਗਿਆਨੀ ਸਾਡੇ ਅੰਦਰ ਹੀ ਹੈ। ਜਦ ਤੱਕ ਅਸੀਂ ਉਸਨੂੰ ਪ੍ਰਾਪਤ ਨਹੀਂ ਕਰਦੇ ਤਦ ਤੱਕ ਸਾਡਾ ਇਸ ਸੰਸਾਰ

ਤੋਂ ਆਵਾਗਉਣ ਨਹੀਂ ਮੁੱਕ ਸਕਦਾ। **(ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੁਕੈ ਫੇਰਾ॥)** ਜਦ ਤੱਕ ਸਾਨੂੰ ਸ਼ਬਦ ਦਾ ਮਕਸਦ ਸਮਝ ਨਹੀਂ ਆਉਂਦਾ ਤਦ ਤੱਕ ਅਸੀਂ ਗੁਰਮਤਿ ਨਾਲ ਨਹੀਂ ਜੁੜ ਸਕਦੇ। ਸ਼ਬਦ ਨੂੰ ਮੁੱਖੋਂ ਰਟੀ ਜਾਣ ਵਿੱਚ ਕੋਈ ਗੁਰਮਤਿ ਨਹੀਂ ਹੈ ਕਿਉਂਕਿ ਇਸ ਤਰੀਕੇ ਨਾਲ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਜੋ ਕਿ ਸ਼ਬਦ ਦਾ ਮਕਸਦ ਹੈ। ਇਹੋ ਜਿਹੇ ਸ਼ਬਦ ਦੇ ਰੱਟੇ ਲਗਾਉਣ ਨਾਲ ਕੇਵਲ ਸਾਡੀ ਅਗਿਆਨਤਾ ਹੀ ਦ੍ਰਿੜ ਹੁੰਦੀ ਹੈ, ਸਾਡੀ ਝੂਠੀ ਆਸ ਹੀ ਦ੍ਰਿੜ ਹੁੰਦੀ ਹੈ ਕਿ ਇਸ ਤਰੀਕੇ ਨਾਲ ਪ੍ਰਮਾਤਮਾ ਦੇ ਨਾਲ ਮਿਲ ਸਕੀਦਾ ਹੈ। ਪ੍ਰਮਾਤਮਾ ਕੇਵਲ ਮਨ ਦੇ ਗਿਆਨ ਨਾਲ ਮਿਲਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਡੇ ਮਨ ਦੀ ਕੁੰਜੀ ਭਾਵ ਮਨ ਦੇ ਗਿਆਨ ਦੀ ਕੁੰਜੀ ਕੇਵਲ ਗੁਰੂ ਪ੍ਰਮਾਤਮਾ ਦੇ ਕੋਲ ਹੈ ਜੋ ਸਾਡੇ ਅੰਦਰੋਂ ਅਗਿਆਨਤਾ ਦਾ ਤਾਲਾ ਖੋਲ੍ਹ ਸਕਦਾ ਹੈ। ਗੁਰੂ ਆਪਣੇ ਸ਼ਬਦ ਰੂਪ ਵਿੱਚ ਹੀ ਆਪ ਕੁੰਜੀ ਹੈ। ਸ਼ਬਦ ਬ੍ਰਹਮਗਿਆਨ ਹੈ। ਪੂਰੀ ਗੁਰਬਾਣੀ ਬ੍ਰਹਮਗਿਆਨ ਹੈ, ਗੁਰੂ ਬ੍ਰਹਮਗਿਆਨ ਹੈ। ਇਸ ਬ੍ਰਹਮਗਿਆਨ ਦਾ ਮਾਲਕ ਆਪ ਬ੍ਰਹਮਗਿਆਨੀ ਪ੍ਰਮਾਤਮਾ ਹੈ ਜੋ ਸ਼ਬਦ ਰੂਪ ਵਿੱਚ ਵਿਚਰਦਾ ਹੈ। ਸਾਡੇ ਮਨ ਦਾ ਹਨੇਰਾ ਉਹ ਆਪ ਆਪਣੇ ਇਸ ਬ੍ਰਹਮਗਿਆਨ ਦੁਆਰਾ ਹੀ ਕੱਢਦਾ ਹੈ। ਇਹ ਬ੍ਰਹਮਗਿਆਨ ਦੀ ਕੁੰਜੀ ਕੇਵਲ ਉਸ ਬ੍ਰਹਮਗਿਆਨੀ ਦੇ ਆਪਣੇ ਕੋਲ ਹੀ ਹੈ। ਸੰਸਾਰ ਵਿੱਚ ਹੋਰ ਕੋਈ ਨਹੀਂ ਜੋ ਸਾਡੇ ਅੰਦਰ ਇਸ ਮਨ ਦੀ ਅਗਿਆਨਤਾ ਨੂੰ ਦੂਰ ਕਰ ਸਕਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਮਨ ਦੇ ਵਿੱਚ ਹੀ ਹੁੰਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਸੱਚਾ ਰੂਪ ਹੈ, ਉਸਦਾ ਸ਼ਬਦ ਰੂਪ ਹੈ, ਉਸਦਾ ਬ੍ਰਹਮਗਿਆਨ ਰੂਪ ਹੈ

18/1939

ਜੇਕਰ ਅਸੀਂ ਆਪਣੇ ਮਨ ਦਾ ਇਹ ਤਾਲਾ ਖੁੱਲਵਾਉਣਾ ਚਾਹੁੰਦੇ ਹਾਂ, ਮਨ ਦੀ ਅਗਿਆਨਤਾ ਦੂਰ ਕਰਨੀ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਸਾਡੇ ਕੋਲ ਇੱਕੋ ਇੱਕ ਸਾਧਨ ਗੁਰਬਾਣੀ ਹੈ ਭਾਵ ਗੁਰਬਾਣੀ ਦਾ ਸੱਚਾ ਗਿਆਨ ਹੈ, ਗੁਰਬਾਣੀ ਦਾ ਸ਼ਬਦ ਹੈ ਜਿਸ ਨਾਲ ਜੁੜ ਕੇ ਸਾਡੇ ਮਨ ਦੀ ਅਗਿਆਨਤਾ ਦੂਰ ਹੋ ਸਕਦੀ ਹੈ। ਸਾਡਾ ਇੱਕੋ ਇੱਕ ਸੱਚਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰਬਾਣੀ ਦੀ ਦਿੱਤੀ ਹੋਈ ਮਤਿ ਨੂੰ ਛੱਡ ਕੇ, ਸ਼ਬਦ ਦੀ ਦਿੱਤੀ ਹੋਈ ਮਤਿ ਨੂੰ ਛੱਡ ਕੇ ਕਿਸੇ ਹੋਰ ਦੇ ਪਿੱਛੇ ਨਾ ਲੱਗੀਏ, ਅਗਿਆਨੀਆਂ ਦੇ ਪਿੱਛੇ ਨਾ ਲੱਗੀਏ ਜਿੰਨ੍ਹਾਂ ਦੇ ਆਪਣੇ ਮਨ ਦੇ ਵਿੱਚ ਤਾਲਾ ਲੱਗਿਆ ਹੋਇਆ ਹੈ। **(ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੁਕੈ ਫੇਰਾ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥੭॥)** ਜਿਸ ਦੀ ਪ੍ਰਮਾਤਮਾ ਮਨ ਦੇ ਵਿੱਚੋਂ ਅਗਿਆਨਤਾ ਦੂਰ ਕਰਦਾ ਹੈ ਕੇਵਲ ਉਹੀ ਪ੍ਰਮਾਤਮਾ ਨੂੰ ਮਿਲ ਸਕਦਾ ਹੈ, ਉਹੀ ਵਡਭਾਗੀ ਬਣ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਉਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਸੱਚਾ ਗਿਆਨ ਹੀ ਬਖਸ਼ਿਆ ਹੈ, ਬ੍ਰਹਮਗਿਆਨ ਹੀ ਬਖਸ਼ਿਆ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਉਨ੍ਹਾਂ ਦੇ ਮਨ ਦੇ ਤਾਲੇ ਨੂੰ ਖੋਲ੍ਹਿਆ ਹੈ। ਇਹ ਤਾਲਾ ਇੱਕ ਵਾਰੀ ਖੁੱਲ੍ਹ ਜਾਵੇ ਤਾਂ ਫਿਰ ਸਦਾ ਖੁੱਲ੍ਹਿਆ ਹੀ ਰਹਿੰਦਾ ਹੈ। ਮਨ ਦਾ ਇਹ ਤਾਲਾ ਖੁੱਲ੍ਹਣ ਦੇ ਦੁਆਰਾ ਹੀ ਮਨੁੱਖ ਪ੍ਰਮਾਤਮਾ ਵਿੱਚ ਸਮਾਉਂਦਾ ਹੈ ਭਾਵ ਉਸਦੇ ਸੱਚੇ ਗਿਆਨ ਵਿੱਚ ਸਦਾ ਲਈ ਸਮਾਅ ਜਾਂਦਾ ਹੈ ਜੋ ਮਨੁੱਖ ਨੂੰ ਆਵਾਗਉਣ ਵਿੱਚੋਂ ਸਦਾ ਲਈ ਕੱਢ ਲੈਂਦਾ ਹੈ। ਮਨ ਦਾ ਇਹ ਤਾਲਾ ਖੁੱਲ੍ਹੇ ਬਿਨ੍ਹਾਂ ਹਰ ਕੋਈ ਹਉਮੈ ਵਿੱਚ ਹੀ ਹੈ, ਮੈਂ ਵਿੱਚ ਹੀ ਹੈ ਜਿਸ ਵਿੱਚ ਰਹਿੰਦਿਆਂ ਉਸ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਰੱਤੀ ਭਰ ਵੀ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਨੂੰ ਕਿਸੇ ਸਰਗੁਣ ਸਰੂਪ ਵਿੱਚ ਜਾਨਣ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਇਸੇ ਲਈ ਬਾਣੀ ਵਿੱਚ ਵਾਰ-ਵਾਰ ਭਰਮੇ ਹੋਏ ਦੱਸਿਆ ਹੈ। ਮਨ ਦਾ ਭਰਮ ਨਿਕਲੇ ਬਿਨ੍ਹਾਂ ਉਸ ਸ਼ਬਦ ਰੂਪ ਪ੍ਰਮਾਤਮਾ ਨੂੰ ਕੋਈ ਵੀ ਨਹੀਂ ਜਾਣ ਸਕਦਾ। ਉਸ ਪ੍ਰਮਾਤਮਾ ਨੂੰ ਜਾਨਣਾ ਬਹੁਤ ਬਹੁਤ ਬਹੁਤ ਵੱਡੀ ਗੱਲ ਹੈ ਜਿਸ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ।

18/1940

ਅਸੀਂ ਇੱਕ ਅੱਖਰ ਦਾ ਜਪ ਕਰੀ ਜਾਣ ਨਾਲ ਇਹ ਆਸ ਲਗਾਈ ਬੈਠੇ ਹਾਂ ਕਿ ਸਾਨੂੰ ਇਹੋ ਜਿਹਾ ਜਪ ਕਰਨ ਨਾਲ ਗੁਰੂ ਦੇ ਦਰ ਤੇ ਸ਼ੋਭਾ ਮਿਲਦੀ ਹੈ, ਪ੍ਰਮਾਤਮਾ ਇਸ ਨਾਲ ਪ੍ਰਸੰਨ ਹੁੰਦਾ ਹੈ। ਅਸੀ ਆਪਣੇ ਇਸ ਜਪ ਤਪ ਨੂੰ ਹੀ ਆਪਣੀ ਪੂੰਜੀ ਸਮਝਿਆ ਹੋਇਆ ਹੈ। ਨਾ ਹੀ ਕੋਈ ਅੱਖਰ ਦਾ ਜਪ ਸਾਡੀ ਪੂੰਜੀ ਹੈ ਤੇ ਨਾ ਹੀ ਇਹੋ ਜਿਹੀ ਪੂੰਜੀ ਨਾਲ ਪ੍ਰਮਾਤਮਾ ਦੇ ਦਰ ਤੋਂ ਸਾਨੂੰ ਕੋਈ ਸ਼ੋਭਾ ਮਿਲਦੀ ਹੈ। ਇਹ ਸਭ ਕੁੱਝ ਸਾਡੇ ਮਨ ਦਾ ਭਰਮ ਹੈ ਤੇ ਹਰ ਕੋਈ ਭਰਮ ਵਿੱਚ ਹੀ ਪ੍ਰਮਾਤਮਾ ਨੂੰ ਜਪਣ ਵਿੱਚ ਲੱਗਾ ਹੋਇਆ ਹੈ। ਮਨ ਦਾ ਭਰਮ ਨਿਕਲਣ ਦੁਆਰਾ ਹੀ, ਅਗਿਆਨਤਾ ਨਿਕਲਣ ਦੁਆਰਾ ਹੀ ਸਾਨੂੰ ਸਹੀ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਨੂੰ ਅਸਲ ਵਿੱਚ ਜਪਣਾ ਕੀ ਹੈ। ਬਾਣੀ ਵਿੱਚ ਵਾਰ-ਵਾਰ ਸਾਡੇ ਭੁਲੇਖੇ ਕੱਢੇ ਹੋਏ ਹਨ ਤੇ ਗੁਰੂ ਦੀ

ਗੱਲ ਨੂੰ ਕੇਵਲ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ। ਆਓ ਹੇਠ ਦਿੱਤੇ ਸ਼ਬਦ ਦੁਆਰਾ ਇਹ ਸਮਝੀਏ ਕਿ ਸਾਡੀ ਸੱਚੀ ਪੂੰਜੀ ਕੀ ਹੈ, ਰਾਸਿ ਕੀ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਸ਼ੋਭਾ ਮਿਲਦੀ ਹੈ ਤਾਂ ਜੋ ਅਸੀਂ ਉਹੋ ਜਿਹੀ ਰਾਸਿ ਇਕੱਠੀ ਕਰੀਏ ਜੋ ਸਾਡੇ ਕੰਮ ਆਉਣੀ ਹੈ।

“ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥
ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥੧॥ ਰਹਾਉ ॥
ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥
ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥
ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥
ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥
ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥੯॥੩੯॥”

(ਅੰਗ ੮੧੦)

ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਵਾਲੀ ਅਵੱਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਨੇ ਇਸ ਮਾਇਆ ਮੋਹ ਦੇ ਸਾਗਰ ਨੂੰ ਤਰਿਆ ਹੈ। ਉਸ ਗੁਰੂ ਪ੍ਰਮਾਤਮਾ ਦੇ ਚਰਨ ਹੀ ਉਸ ਦਾ ਬੋਹਿਥ ਹੈ, ਸੰਤ ਬੋਹਿਥ ਹੈ ਜਿਸ ਦੁਆਰਾ ਇਸ ਭਵਜਲ ਸਾਗਰ ਤੋਂ ਤਰਿਆ ਜਾਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਆਪਣੇ ਹੀ ਚਰਨ ਹਨ ਜਿਸ ਲਈ ਪੂਰੀ ਗੁਰਬਾਣੀ ਉਸ ਪ੍ਰਮਾਤਮਾ ਦਾ, ਸੰਤ ਦਾ ਬੋਹਿਥ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਇਸ ਬੋਹਿਥ ਤੇ ਬਿਠਾਇਆ ਹੈ ਉਹਨਾਂ ਨੇ ਹੀ ਇਸ ਬੋਹਿਥ ਦੀ ਰਚਨਾ ਕੀਤੀ ਹੈ। ਇਸ ਬੋਹਿਥ ਦਾ ਮਕਸਦ, ਗੁਰੂ ਦੇ ਚਰਨਾਂ ਦਾ ਮਕਸਦ ਸਾਨੂੰ ਮਾਰਗ ਪਾਉਣ ਲਈ ਹੈ। ਅਸੀਂ ਜੰਗਲ ਦੇ ਵਿੱਚ ਭਟਕੇ ਹੋਏ ਹਾਂ ਭਾਵ ਅਸੀਂ ਧਰਮ ਦੇ ਮਾਰਗ ਤੋਂ ਭਟਕੇ ਹੋਏ ਹਾਂ ਤੇ ਗੁਰੂ ਦਾ ਮਕਸਦ ਸਾਨੂੰ ਇਸ ਅਗਿਆਨਤਾ ਵਿੱਚੋਂ ਕੱਢਣ ਦਾ ਹੈ। **(ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ॥ ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ॥੧॥)**

18/1941

ਅਗਲੀ ਰਹਾਉ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਦੁਆਰਾ ਸਾਨੂੰ ਗੁਰਬਾਣੀ ਆਪਣੇ ਮਾਰਗ ਤੇ ਚੱਲਣਾ ਸਿਖਾ ਰਹੀ ਹੈ।

“ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥੧॥ਰਹਾਉ॥”

ਗੁਰਬਾਣੀ ਸਾਨੂੰ ਸਾਡਾ ਮਾਰਗ ਸਮਝਾਉਣ ਲਈ ਹੀ ਹੈ। ਪੂਰੀ ਗੁਰਬਾਣੀ ਸਾਨੂੰ ਹਰਿ ਹਰਿ ਕਰਨਾ ਹੀ ਸਿਖਾ ਰਹੀ ਹੈ ਭਾਵ ਆਪਣੇ ਮਾਰਗ ਤੇ ਚੱਲਣਾ ਹੀ ਸਿਖਾ ਰਹੀ ਹੈ। ਗੁਰੂ ਦੇ ਮਾਰਗ ਦੇ ਨਾਲ ਪ੍ਰੇਮ ਹਰਿ ਹਰਿ ਪ੍ਰੇਮ ਹੈ। ਜਿਸ ਨੂੰ ਹਰ ਵੇਲੇ ਹਰਿ ਦਾ ਮਾਰਗ ਚੇਤੇ ਹੈ ਉਸਨੂੰ ਹਰ ਵੇਲੇ ਹਰਿ ਚੇਤੇ ਹੈ। ਗੁਰੂ “ਸਚੁ” ਤੇ ਚੱਲਣ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਜਿਸ ਦੇ ਅੰਦਰ ਉਸ ਦਾ “ਸਚੁ” ਹੈ ਉਸਨੂੰ ਹਰ ਵੇਲੇ ਹਰਿ ਚੇਤੇ ਹੈ। ਉਹ ਮਨੁੱਖ ਉੱਠਦੇ ਬੈਠਦੇ ਵੀ ਸੱਚਾ ਹੈ ਤੇ ਸੁੱਤਾ ਹੋਇਆ ਵੀ ਸੱਚ ਹੈ। ਇਸ ਮਾਰਗ ਤੇ ਚੱਲਣਾ ਕੀ ਹੈ ਭਾਵ ਹਰਿ ਹਰਿ ਕਰਨਾ ਕੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

“ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥”

ਪੂਰੀ ਗੁਰਬਾਣੀ ਸਾਨੂੰ ਸਾਧਸੰਗਤਿ ਕਰਨੀ ਹੀ ਸਿਖਾ ਰਹੀ ਹੈ। ਸਾਧ ਗੁਰੂ ਹੈ ਤੇ ਸਾਧ ਦੀ ਸੰਗਤਿ ਗੁਰੂ ਦੀ ਦੱਸੀ ਹੋਈ ਮਤਿ

ਦੀ ਸੰਗਤਿ ਹੈ, ਗੁਰੂ ਦੇ ਦੱਸੇ ਹੋਏ "ਸਚੁ" ਦੀ ਸੰਗਤਿ ਹੈ, ਗੁਰੂ ਦੇ ਦੱਸੇ ਹੋਏ ਗੁਣਾਂ ਦੀ ਸੰਗਤਿ ਹੈ। ਉੱਪਰ ਧਿਆਨ ਨਾਲ ਸਮਝੋ ਕਿ ਸਾਨੂੰ ਕਿਹੋ ਜਿਹੀ ਸਾਧਸੰਗਤਿ ਸਮਝਾਈ ਹੈ। ਇਹ ਕੋਈ ਮਨੁੱਖੀ ਸੰਗਤਿ ਨਹੀਂ ਹੈ। ਇਹ ਸੰਗਤਿ ਮਨ ਦੇ ਵਿੱਚ ਹੀ ਹੈ ਜੋ ਕਿ ਗੁਰੂ ਦੇ ਵਿਚਾਰਾਂ ਦੇ ਨਾਲ ਸੰਗਤਿ ਹੈ। ਸਾਧਸੰਗਤਿ ਉੱਥੇ ਹੈ ਜਦੋਂ ਸਾਡੇ ਅੰਦਰੋਂ ਪੰਜੇ ਚੋਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨਿਕਲ ਜਾਂਦੇ ਹਨ। ਵਿਕਾਰਾਂ ਦੇ ਰਹਿੰਦਿਆਂ ਸਾਡੇ ਅੰਦਰ ਕਦੇ ਵੀ ਸਾਧਸੰਗਤਿ ਨਹੀਂ ਹੋ ਸਕਦੀ। ਸਾਧਸੰਗਤਿ ਹੀ ਸਾਨੂੰ ਗੁਰੂ ਦਾ ਮਾਰਗ ਦਿਖਲਾਉਂਦੀ ਹੈ ਤੇ ਸਾਨੂੰ ਹਰ ਵੇਲੇ, ਅੱਠੇ ਪਹਿਰ ਦਿਨ ਰਾਤ ਹਰਿ ਹਰਿ ਕਰਨਾ ਸਿਖਾਉਂਦੀ ਹੈ। ਔਗੁਣ ਰਹਿਤ ਹੋ ਕੇ ਹਰ ਵੇਲੇ ਗੁਣਾਂ ਦੁਆਰਾ ਵਿਚਰਨਾ ਹੀ ਹਰਿ ਹਰਿ ਕਰਨਾ ਹੈ। ਬਿਨ੍ਹਾਂ ਸਾਧਸੰਗਤਿ

18/1942

ਦੀ ਅਵੱਸਥਾ ਦੇ ਕੋਈ ਹਰਿ ਹਰਿ ਨਹੀਂ ਕਰ ਸਕਦਾ ਜੋ ਕਿ ਰਹਾਉ ਵਾਲੀ ਪੰਗਤੀ ਦਾ ਸਾਰ ਹੈ। ਹਰਿ ਨੂੰ ਚੇਤੇ ਰੱਖਣਾ ਹਰਿ ਦੀ ਮਤਿ ਨੂੰ ਚੇਤੇ ਰੱਖਣਾ ਹੈ ਤੇ ਉਸਦੀ ਮਤਿ ਉਸਨੂੰ ਹੀ ਚੇਤੇ ਹੈ ਜਿਸ ਨੇ ਔਗੁਣ ਤਿਆਗੇ ਹੋਏ ਹਨ। ਬਿਨ੍ਹਾਂ ਔਗੁਣ ਛੱਡੇ ਕਿਸੇ ਨੂੰ ਨਾਮ ਚੇਤੇ ਨਹੀਂ ਹੈ। **(ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥)**

ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝੋ ਕਿ ਸਾਡੀ ਪੂੰਜੀ ਕੀ ਹੈ ਜਿਸ ਦੁਆਰਾ ਅਸੀਂ ਹਰਿ ਹਰਿ ਕਰਨਾ ਹੈ, ਨਾਮ ਜਪਣਾ ਹੈ।

"ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥"

ਜਦ ਤੱਕ ਪੰਜੇ ਵਿਕਾਰ ਸਾਡੇ ਅੰਦਰ ਆਪਣਾ ਘਰ ਬਣਾਈ ਬੈਠੇ ਹਨ ਤਦ ਤੱਕ ਕਿਸੇ ਦੀ ਵੀ ਪੂੰਜੀ ਸਾਬਤ ਨਹੀਂ ਹੈ। ਜਦ ਤੱਕ ਅਸੀਂ ਸਾਧਸੰਗਤਿ ਦੀ ਅਵੱਸਥਾ ਵਿੱਚ ਨਹੀਂ ਪਹੁੰਚਦੇ ਤਦ ਤੱਕ ਸਾਡੀ ਪੂੰਜੀ, ਸਾਡੀ ਰਾਸਿ ਸਾਬਤ ਨਹੀਂ ਰਹਿ ਸਕਦੀ। ਸਾਡੀ ਇਸ ਪੂੰਜੀ ਨੂੰ ਪੰਜੇ ਚੋਰ ਲੁੱਟੀ ਜਾਂਦੇ ਹਨ। ਇਹ ਪੂੰਜੀ ਸਾਡੇ ਅੰਦਰ ਗੁਰਮਤਿ ਦੀ ਪੂੰਜੀ ਹੈ, ਗੁਰੂ ਦੀ ਸੱਚੀ ਮਤਿ ਦੀ ਪੂੰਜੀ ਹੈ, "ਸਚੁ" ਦੀ ਪੂੰਜੀ ਹੈ, ਨਾਮ ਦੀ ਪੂੰਜੀ ਹੈ, ਸ਼ਬਦ ਦੀ ਪੂੰਜੀ ਹੈ ਜਿਸ ਨੂੰ ਕਿ ਪੰਜੇ ਚੋਰ ਹਰ ਵੇਲੇ ਲੁੱਟਦੇ ਰਹਿੰਦੇ ਹਨ ਤੇ ਉਸਨੂੰ ਸਾਬਤ ਨਹੀਂ ਰਹਿਣ ਦਿੰਦੇ। ਇਹ ਚੋਰ ਅੰਦਰੋਂ ਭਾਵ ਇਹ ਔਗੁਣ ਸਾਡੇ ਅੰਦਰੋਂ ਹਰ ਵੇਲੇ ਗੁਣਾਂ ਨੂੰ ਚੁਰਾਉਂਦੇ ਰਹਿੰਦੇ ਹਨ ਤੇ ਸਾਡੇ ਅੰਦਰ ਗੁਣਾਂ ਦੀ ਰਾਸਿ ਨੂੰ ਪੂਰਾ ਨਹੀਂ ਹੋਣ ਦਿੰਦੇ। ਸਾਡੀ ਇਹ ਪੂੰਜੀ ਕੀ ਹੈ ਇਸਨੂੰ ਅਸੀਂ ਪਿੱਛੇ ਵੀ ਬਰੀਕੀ ਨਾਲ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉੱਪਰ ਸਮਝਾਈ ਹੋਈ ਹੈ। ਗੁਰੂ ਦੀ ਗੱਲ ਕਦੇ ਬਦਲ ਨਹੀਂ ਸਕਦੀ ਤੇ ਬਦਲਣ ਦੀ ਲੋੜ ਕੇਵਲ ਸਾਨੂੰ ਹੈ ਜਿੰਨ੍ਹਾਂ ਨੂੰ ਆਪਣੀ ਪੂੰਜੀ ਦੀ ਸਮਝ ਨਹੀਂ ਹੈ। ਪ੍ਰਮਾਤਮਾ ਦੇ ਘਰ ਤੋਂ ਲਾਭ, ਲਾਹਾ ਇਸ ਪੂੰਜੀ ਦੁਆਰਾ ਹੀ ਮਿਲਦਾ ਹੈ। ਗੁਰਮਤਿ ਦੀ ਇਸ ਪੂੰਜੀ ਦੁਆਰਾ ਅਸੀਂ ਔਗੁਣ ਰਹਿਤ ਹੋ ਕੇ ਕੇਵਲ ਸੱਚੇ ਸੁੱਚੇ ਕਰਮ ਦੀ ਕਰਦੇ ਹਾਂ ਭਾਵ ਕੇਵਲ ਨਾਮ ਹੀ ਜਪਦੇ ਹਾਂ। ਲਾਹਾ ਸਾਨੂੰ ਸਾਡੇ ਚੰਗੇ ਕਰਮਾਂ ਦਾ ਮਿਲਦਾ ਹੈ, ਸਚੁ ਦੁਆਰਾ ਵਿਚਰਨ ਨਾਲ ਮਿਲਦਾ ਹੈ, ਪਰਉਪਕਾਰੀ ਬਣ ਕੇ ਵਿਚਰਨ ਦੁਆਰਾ ਮਿਲਦਾ ਹੈ। ਸਾਨੂੰ ਪ੍ਰਮਾਤਮਾ ਦੇ ਦਰ ਤੋਂ ਸ਼ੋਭਾ ਵੀ ਇਹੋ ਜਿਹੀ ਵਿਚਰਨ ਦੁਆਰਾ ਮਿਲਦੀ ਹੈ ਭਾਵ ਕੇਵਲ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਸ਼ੋਭਾ ਮਿਲਦੀ ਹੈ,

18/1943

ਮਾੜੇ ਕਰਮ ਕਰਨ ਵਾਲਿਆਂ ਨੂੰ ਪ੍ਰਮਾਤਮਾ ਦੇ ਦਰ ਤੋਂ ਸ਼ੋਭਾ ਤਾਂ ਦੂਰ ਦੀ ਗੱਲ ਸਜ਼ਾਵਾਂ ਹੀ ਮਿਲਦੀਆਂ ਹਨ ਜਿਵੇਂ ਕਿ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। **(ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥)**

ਹੁਣ ਧਿਆਨ ਨਾਲ ਸੋਚੋ ਜੋ ਇੱਕ ਅੱਖਰ ਦੇ ਜਪ ਨੂੰ ਹੀ ਆਪਣੀ ਪੂੰਜੀ ਸਮਝੀ ਬੈਠੇ ਹਨ ਤੇ ਪ੍ਰਮਾਤਮਾ ਦੇ ਦਰ ਤੋਂ ਇਸੇ ਗੱਲ ਦੀ ਸ਼ੋਭਾ ਲੈਣੀ ਸਮਝਦੇ ਹਨ , ਲਾਹਾ ਖੱਟਣਾ ਸਮਝਦੇ ਹਨ ਉਹ ਕਿਤਨੇ ਕੁ ਵੱਡੇ ਭੁਲੇਖੇ ਵਿੱਚ ਹਨ ਆਪ ਹੀ ਸਮਝ ਲੈਣ। ਜਿਸ ਦੇ ਦਰ ਤੋਂ ਅਸੀਂ ਸ਼ੋਭਾ ਲੈਣੀ ਹੈ ਉਸਦੀ ਹੀ ਰਚੀ ਹੋਈ ਇਹ ਬਾਣੀ ਹੈ ਜੋ ਸਾਨੂੰ ਸਾਡੀ ਪੂੰਜੀ ਵੀ ਸਮਝਾ ਰਹੀ ਹੈ, ਲਾਭ ਲੈਣਾ ਵੀ ਸਮਝਾ ਰਹੀ ਹੈ, ਸ਼ੋਭਾ ਲੈਣੀ ਵੀ ਸਮਝਾ ਰਹੀ ਹੈ। ਹਰ ਕੋਈ ਝੂਠੀ ਸ਼ੋਭਾ ਲੈਣ ਵਿੱਚ ਹੀ ਲੱਗਾ ਹੋਇਆ ਹੈ ਕਿਉਂਕਿ ਦੁਨਿਆਵੀ ਤੌਰ ਤੇ ਅਸੀਂ ਆਪਣੇ ਜਪਾਂ ਤਪਾਂ ਨੂੰ ਹੀ ਸ਼ੋਭਾ ਦਾ ਮਾਰਗ ਸਮਝਿਆ ਹੋਇਆ ਹੈ ਤੇ ਔਗੁਣ ਛੱਡਣ ਨੂੰ ਕੇਵਲ ਇੱਕ ਪਰਹੇਜ਼ ਮਾਤਰ ਦਰਜਾ ਹੀ ਦਿੱਤਾ ਹੋਇਆ ਹੈ। ਅਸਲ ਗੱਲ ਕਿਨਾਰੇ ਪਈ ਹੋਈ ਹੈ ਤੇ ਭਰਮ ਪ੍ਰਧਾਨ ਬਣਿਆ

ਹੋਇਆ ਹੈ। ਜਿਤਨੇ ਜਲਦੀ ਇਸ ਭਰਮ ਵਿੱਚੋਂ ਨਿਕਲ ਜਾਵੋਗੇ ਉਤਨਾ ਹੀ ਸਭ ਦੇ ਲਈ ਚੰਗਾ ਹੈ। ਨਾ ਆਪ ਭਰਮ ਵਿੱਚ ਰਹੋਗੇ ਤੇ ਨਾ ਦੂਜਿਆਂ ਨੂੰ ਭਰਮ ਵਿੱਚ ਪਾਉਗੇ। ਨਾ ਆਪ ਮਾੜੇ ਕਰਮ ਕਰੋਗੇ ਤੇ ਨਾ ਹੀ ਦੂਜਿਆਂ ਨੂੰ ਇਹ ਕੁੱਝ ਸਿਖਾਉਗੇ।

ਆਓ ਅਗਲੀ ਪੰਗਤੀ ਦੁਆਰਾ ਇਹ ਸਮਝੀਏ ਕਿ "**ਨਿਹਚਲ ਆਸਣੁ**" ਕੀ ਹੈ ਜੋ ਡੋਲਦਾ ਨਹੀਂ।

"ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥੩॥"

ਜਦ ਤੱਕ ਸਾਡੇ ਮਨ ਦੇ ਵਿੱਚ ਪੂੰਜੀ ਸਾਬਤ ਨਹੀਂ ਹੈ ਤਦ ਤੱਕ ਸਾਡਾ "ਆਸਣ" ਡੋਲਦਾ ਹੀ ਰਹਿੰਦਾ ਹੈ। ਇਹ ਆਸਣ ਮਨ ਦਾ ਆਸਣ ਹੈ ਜੋ ਕੇਵਲ ਸਾਧਸੰਗਿ ਦੀ ਅਵੱਸਥਾ ਦੁਆਰਾ ਹੀ ਡੋਲਣੋਂ ਹੱਟਦਾ ਹੈ ਭਾਵ ਨਿਹਚਲ ਹੁੰਦਾ ਹੈ। ਮਨ ਦਾ ਇਹ ਆਸਣ ਮਾਇਆ ਮੋਹ ਕਰਕੇ ਡੋਲਦਾ ਹੈ, ਮਨ ਵਿੱਚ ਔਗੁਣਾਂ ਦੇ ਰਹਿਣ

18/1944

ਕਰਕੇ ਡੋਲਦਾ ਹੈ। ਜਦ ਤੱਕ ਸਾਡੇ ਅੰਦਰ ਗੁਰੂ ਦੀ ਮਤਿ ਦ੍ਰਿੜ ਨਹੀਂ ਹੁੰਦੀ, "ਸੱਚੁ" ਦ੍ਰਿੜ ਨਹੀਂ ਹੁੰਦਾ, ਨਾਮ ਦ੍ਰਿੜ ਨਹੀਂ ਹੁੰਦਾ ਇਹ ਆਸਣ ਡੋਲਦਾ ਹੀ ਰਹਿੰਦਾ ਹੈ। ਸਾਡੇ ਅੰਦਰ ਸਾਬਤ ਪੂੰਜੀ, ਗੁਰਮਤਿ ਦੇ ਦ੍ਰਿੜ ਹੋਣ ਦੀ ਪੂੰਜੀ ਜਿਸ ਦੁਆਰਾ ਮਨ ਅਡੋਲ ਹੁੰਦਾ ਹੈ ਤੇ ਫਿਰ ਵਿਕਾਰਾਂ ਵਿੱਚ ਨਹੀਂ ਡੋਲਦਾ। ਸਾਡੇ ਮਨ ਦੀ ਚਿੰਤਾ ਦਾ ਕਾਰਨ ਜਿਸ ਕਰਕੇ ਅਸੀਂ ਪ੍ਰਮਾਤਮਾ ਤੋਂ ਦੂਰ ਰਹਿੰਦੇ ਹਾਂ, ਪ੍ਰਮਾਤਮਾ ਨਾਲੋਂ ਵਿਛੜੇ ਰਹਿੰਦੇ ਹਾਂ ਉਹ ਸਾਡੇ ਮਨ ਦੇ ਔਗੁਣ ਹਨ। ਔਗੁਣਾਂ ਤੋਂ ਮੁਕਤ ਹੋ ਕੇ ਅਸੀਂ ਚਿੰਤਾ ਮੁਕਤ ਹੁੰਦੇ ਹਾਂ ਕਿਉਂਕਿ ਫਿਰ ਪ੍ਰਮਾਤਮਾ ਨਾਲੋਂ ਵਿਛੋੜੇ ਦੀ ਚਿੰਤਾ ਮੁੱਕ ਜਾਂਦੀ ਹੈ, ਮਾਇਆ ਮੋਹ ਦੀ ਚਿੰਤਾ ਮੁੱਕ ਜਾਂਦੀ ਹੈ ਜੋ ਚਿੰਤਾ ਸਾਨੂੰ ਸਭ ਨੂੰ ਸਤਾਉਂਦੀ ਰਹਿੰਦੀ ਹੈ। **(ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ॥)** ਗੁਰੂ ਦੇ ਮਨ ਦਾ "**ਆਸਣੁ**" ਨਿਹਚਲ ਹੈ ਤੇ ਇਸੇ ਲਈ ਗੁਰੂ ਚਿੰਤਾ ਮੁਕਤ ਹੈ। ਗੁਰੂ ਆਪਣੀ ਗੱਲ ਤੋਂ ਕਦੇ ਨਹੀਂ ਡੋਲਦਾ ਕਿਉਂਕਿ ਉਸਦੀ ਮਤਿ ਨਿਹਚਲ ਹੈ।

ਇਸ ਨਿਹਚਲ ਆਸਣ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥੩॥"

ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣੀ ਕ੍ਰਿਪਾ ਕਰਕੇ ਨਿਹਚਲ ਆਸਣ ਬਖਸ਼ਦਾ ਹੈ, ਸਾਬਤ ਪੂੰਜੀ ਬਖ਼ਸ਼ਦਾ ਹੈ ਸਾਧ ਸੰਗਤ ਬਖਸ਼ਦਾ ਹੈ ਉਸ ਮਨੁੱਖ ਨੂੰ ਭਰਮ ਵਿੱਚੋਂ ਹੀ ਕੱਢਦਾ ਹੈ। ਭਰਮ ਸਾਡੇ ਮਨ ਦੇ ਵਿੱਚ ਹੈ ਤੇ ਭਰਮ ਮਨ ਦੇ ਵਿੱਚੋਂ ਹੀ ਨਿਕਲਦਾ ਹੈ। ਭਰਮ ਵਿੱਚ ਰਹਿੰਦਿਆਂ ਹਰ ਕੋਈ ਦੁਚਿੱਤੀ ਵਿੱਚ ਹੈ ਤੇ ਸੱਚਾਈ ਦੀ ਸਮਝ ਨਹੀਂ ਪੈਂਦੀ ਤੇ ਮਨੁੱਖ ਮਾਇਆ ਮੋਹ ਵਿੱਚ ਹੀ ਵਿਚਰਦਾ ਹੈ, ਮਾਇਆ ਮੋਹ ਵਿੱਚ ਹੀ ਡੋਲਦਾ ਹੈ। ਆਪਣੇ ਸੱਚ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਹੀ ਪਾਉਂਦਾ ਹੈ, ਮਨ ਦੇ ਵਿੱਚ ਦਰਸ਼ਨ ਦੇ ਕੇ ਹੀ ਪਾਉਂਦਾ ਹੈ। **(ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥੩॥)**

ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਸਾਡਾ ਮੇਲ ਉਸ ਗੁਣਾਂ ਦੇ ਖਜ਼ਾਨੇ ਨਾਲ ਹੁੰਦਾ ਹੈ ਜਿੱਥੇ ਔਗੁਣਾਂ ਦਾ ਕੋਈ ਕੰਮ ਨਹੀਂ ਰਹਿ ਜਾਂਦਾ। ਗੁਰੂ ਗੁਣਾਂ ਦਾ ਖ਼ਜ਼ਾਨਾ ਇਸੇ ਲਈ ਹੈ ਕਿਉਂਕਿ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਬਣਿਆ ਹੋਇਆ ਹੈ। ਇਹ ਗੁਰੂ ਹੀ ਜਾਣਦਾ

18/1945

ਹੈ ਕਿ ਪ੍ਰਮਾਤਮਾ ਕਿੰਨੇ ਵੱਡੇ ਗੁਣਾਂ ਦਾ ਮਾਲਕ ਹੈ। ਹਰ ਵਸਤੂ ਵਿੱਚ ਪ੍ਰਮਾਤਮਾ ਦੇ ਦਿੱਤੇ ਹੋਏ ਗੁਣ ਹੀ ਭਰਪੂਰ ਹਨ। ਪ੍ਰਮਾਤਮਾ ਆਪਣੇ ਗੁਣ ਬਖ਼ਸ਼ ਕੇ ਹੀ ਇਸ ਮਨ ਨੂੰ ਨਿਹਚਲ ਆਸਣ ਬਣਾਉਂਦਾ ਹੈ। "**ਨਿਹਚਲ ਆਸਣੁ**" ਉਹੀ ਹੈ ਜਿੱਥੇ ਉਹ ਪ੍ਰਗਟ ਹੋ ਜਾਂਦਾ ਹੈ। ਗੁਰਬਾਣੀ ਉਸਦਾ ਸਦਾ ਹੀ ਨਿਹਚਲ ਆਸਣ ਹੈ ਜੋ ਕਦੇ ਡੋਲ ਨਹੀਂ ਸਕਦਾ। ਗੁਰਬਾਣੀ ਸਾਧਸੰਗਤ ਵਿੱਚ ਹੈ ਕਿਉਂਕਿ ਗੁਰਬਾਣੀ ਦੀ ਰਚਨਾ ਉਨ੍ਹਾਂ ਸਰੀਰਾਂ ਦੁਆਰਾ ਹੋਈ ਹੈ ਜਿੰਨ੍ਹਾਂ ਦੀ ਪਹਿਲੇ ਆਪਣੀ ਸਾਧਸੰਗਤ ਹੋਈ ਹੈ, ਜਿੰਨ੍ਹਾਂ ਨੇ ਇਹ ਨਿਹਚਲ ਆਸਣ ਮਾਣਿਆ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਹਰਿ ਹਰਿ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੀ ਸੱਚੀ ਮਤਿ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਹਰ ਵੇਲੇ ਹਰਿ ਹਰਿ ਜਪਦਾ ਹੈ, ਨਾਮ ਜਪਦਾ ਹੈ। **(ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ॥ ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ॥੪॥੯॥੩੯॥)**

ਜਦ ਤੱਕ ਪ੍ਰਮਾਤਮਾ ਆਪ ਕਿਸੇ ਦੇ ਮਨ ਵਿੱਚ ਨਹੀਂ ਵੱਸਦਾ ਤਦ ਤੱਕ ਸਾਡਾ ਮਨ ਕਦੇ ਵੀ ਡੋਲਣੋਂ ਨਹੀਂ ਹੱਟ ਸਕਦਾ। ਸਾਡੇ

ਮਨ ਦੇ ਡੋਲਣ ਦਾ ਕਾਰਨ ਮਾਇਆ ਮੋਹ ਹੈ ਤੇ ਮਾਇਆ ਮੋਹ ਦਾ ਕਾਰਨ ਸਾਡੀ ਅਗਿਆਨਤਾ ਹੈ। ਜਿਸਨੂੰ ਪ੍ਰਮਾਤਮਾ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਉਸਦਾ ਮਨ ਹੀ ਮਾਇਆ ਮੋਹ ਵਿੱਚੋਂ ਡੋਲਣੋਂ ਹੱਟਦਾ ਹੈ। ਜਦ ਤੱਕ ਸਾਡਾ ਮਨ ਡੋਲਦਾ ਹੈ ਉਸ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ, ਗੁਰਮਤਿ ਤੇ ਨਹੀਂ ਚੱਲਿਆ ਜਾ ਸਕਦਾ।

"ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥"

(ਅੰਗ - ੧੪੨੭)

ਕ੍ਰੋੜਾਂ ਕ੍ਰੋੜਾਂ ਵਿੱਚੋਂ ਕਿਤੇ ਹੀ ਪ੍ਰਮਾਤਮਾ ਆਪਣੀ ਕ੍ਰਿਪਾ ਕਰਕੇ ਕਿਸੇ ਦੇ ਚਿੱਤ ਵਿੱਚ ਆਉਂਦਾ ਹੈ ਤੇ ਮਨੁੱਖ ਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ, ਮਨ ਦੇ ਆਸਣ ਨੂੰ "**ਨਿਹਚਲ ਆਸਣੁ**" ਬਣਾਉਂਦਾ ਹੈ। ਸਾਰਾ ਦਿਨ ਮੁੱਖੋਂ ਗੁਰੂ ਗੁਰੂ ਕਰੀ ਜਾਣ ਵਾਲੇ ਜਾਂ ਚੁੱਪ ਚੁਪੀਤੇ ਮਨ ਵਿੱਚ ਗੁਰੂ ਗੁਰੂ ਕਰੀ ਜਾਣ ਵਾਲੇ ਆਪਣੇ ਚਿੱਤ ਵਿੱਚ ਗੁਰੂ ਨੂੰ ਵਸਾ ਕੇ ਰੱਖਣਾ ਸਮਝਦੇ ਹਨ ਜਿਵੇਂ ਕਿ ਇਹ ਸਾਡੇ ਵੱਸ ਵਿੱਚ ਹੈ। ਪ੍ਰਮਾਤਮਾ ਨੂੰ ਇਹੋ ਜਿਹੇ ਜਪਣ ਵਾਲੇ ਕ੍ਰੋੜਾਂ ਹਨ ਤੇ ਸਿੱਖ ਜਗਤ ਵਿੱਚ ਵੀ ਲੱਖਾਂ ਉਸਨੂੰ ਜਪਣ ਵਾਲੇ ਹਨ। ਪ੍ਰਮਾਤਮਾ ਦਾ ਸਾਡੇ ਚਿੱਤ ਵਿੱਚ ਵੱਸਣਾ ਕੀ ਹੈ ਇਸ ਗੱਲ ਦੀ

18/1946

ਕਿਸੇ ਨੂੰ ਸਮਝ ਹੀ ਨਹੀਂ। ਮਨ ਹਰ ਕਿਸੇ ਦਾ ਮਾਇਆ ਮੋਹ ਵਿੱਚ ਡੋਲਦਾ ਹੈ, ਭਰਮ ਵਿੱਚ ਡੋਲਦਾ ਹੈ ਤੇ ਆਪਣੇ ਚਿੱਤ ਵਿੱਚ ਹਰ ਕੋਈ ਗੁਰੂ ਨੂੰ ਵਸਾਈ ਬੈਠਾ ਹੈ। ਹਰ ਕੋਈ ਵੱਡੇ ਭਰਮ ਵਿੱਚ ਹੀ ਹੈ। **(ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥)**

ਔਗੁਣਾਂ ਵਿੱਚ ਰਹਿੰਦਿਆਂ ਅਗਰ ਕੋਈ ਇਹ ਸਮਝਦਾ ਹੈ ਕਿ ਉਹ ਨਾਮ ਜਪਣ ਵਾਲਾ ਹੈ ਫਿਰ ਇਸ ਤੋਂ ਵੱਡਾ ਭੁਲੇਖਾ ਗੁਰਬਾਣੀ ਨੂੰ ਸਮਝਣ ਵਿੱਚ ਕੀ ਹੋ ਸਕਦਾ ਹੈ। ਇਸ ਗੱਲ ਨੂੰ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਭਰਮ ਵਿੱਚੋਂ ਨਿਕਲੀਏ, ਇੱਕ ਝੂਠੀ ਆਸ ਵਿੱਚੋਂ ਨਿਕਲੀਏ। ਇਸ ਸ਼ਬਦ ਨੂੰ ਅਸੀਂ ਕਾਫੀ ਪਿੱਛੇ ਪਹਿਲੇ ਵੀ ਸਮਝਿਆ ਹੈ।

ਸਲੋਕ ਮਃ ੩॥

"ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ॥
ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ॥
ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ॥੧॥"

(ਅੰਗ ੮੫੪)

ਅਸੀਂ ਕੁੱਝ ਪਿੱਛੇ ਹੀ ਹੇਠ ਦਿੱਤੇ ਸ਼ਬਦ ਨੂੰ ਸਮਝਿਆ ਹੈ ਕਿ ਸਾਡਾ ਪ੍ਰਮਾਤਮਾ ਨੂੰ ਵਿਸਾਰਨਾ ਕੀ ਹੈ।

{ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥੩॥}

(ਅੰਗ ੭੧੧)

ਜਿਹੜਾ ਕਾਰਨ ਸਾਡੇ ਅੰਦਰੋਂ ਪ੍ਰਮਾਤਮਾ ਨੂੰ ਵਿਸਰਨ ਦਾ ਹੈ ਉਹੀ ਕਾਰਨ ਉੱਪਰ ਸ਼ਬਦ ਰਾਹੀਂ ਨਾਮ ਵਿਸਰਨ ਦਾ ਸਮਝਾਇਆ ਹੋਇਆ ਹੈ। ਗੁਰੂ ਪ੍ਰਮਾਤਮਾ ਨੂੰ ਵਿਸਾਰਨਾ ਜਾਂ ਨਾਮ ਨੂੰ ਵਿਸਾਰਨਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਵਿਚਰਦਾ ਹੈ। ਇਹ ਉਸਦੀ ਸੱਚੀ ਸੋਝੀ ਦਾ ਰੂਪ ਹੈ ਜਿਸ ਦੁਆਰਾ ਉਹ ਆਪਣੀ ਗੁਰਮਤਿ ਸਮਝਾਉਂਦਾ ਹੈ। ਸਾਰੀ ਗੁਰਬਾਣੀ ਸਾਨੂੰ ਗੁਰਮਤਿ ਹੀ ਸਮਝਾ ਰਹੀ ਹੈ, ਨਾਮ ਦੀ ਸੋਝੀ ਹੀ ਪਾ ਰਹੀ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਸੱਚਾ ਰੂਪ ਹੈ। ਜੋ ਗੁਰਮਤਿ ਨੂੰ ਜਪਦਾ ਹੈ ਉਹ ਨਾਮ ਜਪਦਾ ਹੈ। ਜਿਸਨੂੰ ਗੁਰਮਤਿ ਵਿਸਰੀ ਹੋਈ ਹੈ, ਉਸਨੂੰ ਗੁਰੂ ਵਿਸਰਿਆ ਹੋਇਆ ਹੈ, ਨਾਮ ਵਿਸਰਿਆ ਹੋਇਆ ਹੈ, ਪ੍ਰਮਾਤਮਾ ਵਿਸਰਿਆ ਹੋਇਆ ਹੈ, ਸੱਚ ਵਿਸਰਿਆ ਹੋਇਆ ਹੈ। ਜਿੱਥੇ ਗੁਰਮਤਿ ਹੈ ਉੱਥੇ ਸੱਚ ਹੈ ਤੇ ਜਿੱਥੇ ਗੁਰਮਤਿ ਨਹੀਂ ਹੈ ਉੱਥੇ ਝੂਠ ਹੈ, ਕੂੜ ਹੈ। ਜਿੰਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਉਹ ਕੂੜ ਦੇ ਪਿੱਛੇ ਲੱਗੇ ਹੋਏ ਹਨ, ਝੂਠ ਦੇ ਪਿੱਛੇ

18/1947

ਲੱਗੇ ਹੋਏ ਹਨ। **(ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ॥)** ਇਹ ਨਾਮ ਦਾ ਵਿਸਰਨਾ ਕੀ ਹੈ ਭਾਵ ਸਾਡੇ ਅੰਦਰ ਦਾ ਕੂੜ ਕੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ॥"

ਹੁਣ ਧਿਆਨ ਨਾਲ ਸਮਝੋ ਕਿ ਹਉਮੈ ਤੇ ਨਾਮ ਵਿੱਚ ਕੀ ਫ਼ਰਕ ਹੈ। ਜਿੱਥੇ ਗੁਰੂ ਦੀ ਮਤਿ ਹੈ ਉੱਥੇ ਨਾਮ ਹੈ ਤੇ ਜਿੱਥੇ ਗੁਰੂ ਦੀ ਮਤਿ ਨਹੀਂ ਹੈ ਉੱਥੇ ਹਉਮੈ ਹੈ ਭਾਵ ਮਨਮਤਿ ਹੈ, ਮੈਂ ਹੈ। ਜਿੱਥੇ ਮੈਂ ਹੈ, ਮਨਮਤਿ ਹੈ, ਹਉਮੈ ਹੈ ਉਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਕਿਉਂਕਿ ਉਹ ਆਪਣੀ ਮਤਿ ਅਨੁਸਾਰ ਚੱਲਦੇ ਹਨ। ਜਿਸ ਮਨੁੱਖ ਦੇ ਅੰਦਰ ਵੀ ਔਗੁਣ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹਨ ਉੱਥੇ ਨਾਮ ਨਹੀਂ ਹੈ, ਉੱਥੇ ਗੁਰੂ ਦੀ ਮਤਿ ਨਹੀਂ ਹੈ। ਜਦ ਤੱਕ ਸਾਡੇ ਅੰਦਰ ਗੁਰੂ ਦੀ ਮਤਿ ਨਹੀਂ ਵੱਸਦੀ, ਨਾਮ ਨਹੀਂ ਵੱਸਦਾ ਤਦ ਤੱਕ ਇਹ ਪੰਜੇ ਚੋਰ ਸਾਡੇ ਘਰ ਨੂੰ ਲੁੱਟੀ ਜਾਂਦੇ ਹਨ, ਜਿਸਦਾ ਕਾਰਨ ਸਾਡੇ ਅੰਦਰ

ਹਉਮੈ ਦਾ ਹੋਣਾ ਹੈ ਭਾਵ ਮਨਮਤਿ ਦਾ ਹੋਣਾ ਹੈ। ਨਾਮ ਤੇ ਹਉਮੈ ਇੱਕ ਦੂਜੇ ਦੇ ਵਿਰੋਧੀ ਹਨ। ਹਉਮੈ ਦੇ ਰਹਿੰਦਿਆਂ ਨਾਮ ਨਹੀਂ ਹੈ ਤੇ ਨਾਮ ਦੇ ਵੱਸਣ ਨਾਲ ਹਉਮੈ ਮੁੱਕ ਜਾਂਦੀ ਹੈ, ਮਨਮਤਿ ਮੁੱਕ ਜਾਂਦੀ ਹੈ **(ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ॥ ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ॥)** ਹੁਣ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਕਤ ਕਿੰਨ੍ਹਾਂ ਨੂੰ ਕਿਹਾ ਹੈ, ਦੁਰਮਤਿ ਵਾਲੇ ਕਿੰਨ੍ਹਾਂ ਨੂੰ ਕਿਹਾ ਹੈ ਤੇ ਹਰ ਰਸਿ ਕਿਸ ਨੂੰ ਕਿਹਾ ਹੈ।

"ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥ ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥"

ਜਿੰਨ੍ਹਾਂ ਨੂੰ ਨਾਮ ਵਿਸਰਿਆਂ ਹੋਇਆ ਹੈ ਭਾਵ ਜੋ ਔਗੁਣਾਂ ਵਿੱਚ ਰਹਿੰਦਿਆਂ ਮਾੜੇ ਕਰਮ ਕਰਦੇ ਹਨ ਉਨ੍ਹਾਂ ਨੂੰ ਹੀ ਸਾਕਤ ਕਿਹਾ ਹੈ ਤੇ ਦੁਰਮਤਿ ਵਾਲੇ ਕਿਹਾ ਹੈ। ਜਿੱਥੇ ਗੁਰਮਤਿ ਨਹੀਂ ਹੈ ਉੱਥੇ ਦੁਰਮਤਿ ਹੈ। ਜਿੱਥੇ ਗੁਣ ਨਹੀਂ ਉੱਥੇ ਦੁਰਮਤਿ ਹੈ। ਸਾਡੇ ਅੰਦਰ ਤਾਂ ਔਗੁਣ ਹੋਣ, ਕਰਮ ਅਸੀਂ ਮਾੜੇ ਕਰੀਏ ਤੇ ਕੇਵਲ ਇੱਕ ਅੱਖਰ ਦਾ ਜਪ ਕਰੀ ਜਾਣ ਨਾਲ ਅਸੀਂ ਆਪਣੇ ਆਪ ਨੂੰ ਗੁਰਮਤਿ ਵਾਲਾ ਸਮਝੀਏ, ਨਾਮ ਰਸੀਏ ਸਮਝੀਏ ਉਸ ਤੋਂ ਵੱਡਾ ਭੁਲੇਖਾ ਹੋਰ ਕੀ ਹੋ ਸਕਦਾ ਹੈ। ਸਾਡੇ ਭੁਲੇਖੇ ਦਾ ਕਾਰਨ ਵੀ ਨਾਲ ਹੀ ਸਮਝਾਇਆ ਹੋਇਆ ਹੈ। ਭਰਮ ਹਰਿ ਰਸ ਨੂੰ ਨਾ ਜਾਨਣ ਵਿੱਚ ਹੈ। ਪੂਰੀ ਗੁਰਬਾਣੀ ਹਰਿਰਸ ਹੈ ਭਾਵ

18/1948

ਪ੍ਰਮਾਤਮਾ ਦਾ ਦਿੱਤਾ ਹੋਇਆ ਉਸਦਾ ਸੱਚਾ ਗਿਆਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮਤਿ ਦੀ ਸੱਚੀ ਸੋਝੀ ਦਾ ਗਿਆਨ ਹਰਿ ਰਸੁ ਹੈ। "ਹਰਿ ਰਸੁ" ਸਾਡੇ ਜਾਨਣ ਦੀ ਚੀਜ਼ ਹੈ ਭਾਵ ਸਾਡੇ ਸਮਝਣ ਦੀ ਚੀਜ਼ ਹੈ। **(ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥)** ਭਰਮ ਵਿੱਚ ਰਹਿੰਦਿਆਂ ਅਸੀਂ ਉਸ "ਅੰਮ੍ਰਿਤੁ" ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। "ਅੰਮ੍ਰਿਤੁ" ਆਪ ਪ੍ਰਮਾਤਮਾ ਹੈ ਜਿਸਦੀ ਪ੍ਰਾਪਤੀ ਕਰਨਾ ਸਭ ਦਾ ਮਨੋਰਥ ਹੈ। ਅਸੀਂ ਇਸ "ਅੰਮ੍ਰਿਤੁ" ਨੂੰ ਭਰਮ ਵਿੱਚ ਹੀ ਲੁਟਾ ਰਹੇ ਹਾਂ ਕਿਉਂਕਿ ਸਾਨੂੰ ਹਰਿ ਰਸੁ ਦੀ ਸਮਝ ਨਹੀਂ ਹੈ ਭਾਵ ਗੁਰਮਤਿ ਦੀ ਸਮਝ ਨਹੀਂ ਹੈ। ਜਿਸਨੂੰ ਗੁਰਮਤਿ ਦੀ ਸਮਝ ਹੈ ਉਹ ਕਦੇ ਬਿਖ ਨਾਲ ਨਹੀਂ ਰੱਜ ਸਕਦਾ ਭਾਵ ਉਹ ਕਦੇ ਮਾੜੇ ਕਰਮ ਨਹੀਂ ਕਰ ਸਕਦਾ, ਉਹ ਮਾਇਆ ਮੋਹ ਵਿੱਚ ਫਸ ਕੇ ਲੋਭ ਲਾਲਚ ਵਿੱਚ ਨਹੀਂ ਪੈਂਦਾ, ਉਹ ਪੰਜਾਂ ਵਿਕਾਰਾਂ ਤੋਂ ਦੂਰ ਰਹਿੰਦਾ ਹੈ, ਪੰਜਾਂ ਚੋਰਾਂ ਨੂੰ ਆਪਣੇ ਤੋਂ ਦੂਰ ਰੱਖਦਾ ਹੈ **(ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥ ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥)** ਅਗਲੀਆਂ ਪੰਗਤੀਆਂ ਰਾਹੀਂ ਹੁਣ ਧਿਆਨ ਨਾਲ ਸਮਝੋ ਕਿ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਝਗੜਾ ਕਿਸ ਗੱਲ ਦਾ ਹੈ ਤੇ ਸਾਨੂੰ ਸਜਾਵਾਂ ਕਿਸ ਗੱਲ ਦੀਆਂ ਭੁਗਤਣੀਆਂ ਪੈਂਦੀਆਂ ਹਨ।

"ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ॥੧॥"

ਦੁਸਟ ਇਹ ਪੰਜ ਵਿਕਾਰ ਹਨ ਤੇ ਜਿਸਦੇ ਅੰਦਰ ਇਹ ਵਿਕਾਰ ਹਨ ਉਨ੍ਹਾਂ ਦਾ ਇਨ੍ਹਾਂ ਵਿਕਾਰਾਂ ਨਾਲ ਪਿਆਰ ਹੈ। ਪਿਆਰ ਅਸੀਂ ਇੱਕ ਪਾਸੇ ਹੀ ਪਾ ਸਕਦੇ ਹਾਂ, ਭਾਵੇਂ ਗੁਰੂ ਨਾਲ ਪਾ ਲਈਏ ਭਾਵ ਗੁਰਮਤਿ ਨਾਲ ਪਾ ਲਈਏ ਜਾਂ ਵਿਕਾਰਾਂ ਨਾਲ ਪਾ ਲਈਏ, ਮਾਇਆ ਮੋਹ ਨਾਲ ਪਾ ਲਈਏ। ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਵਾਦ ਸਾਡਾ ਵਿਕਾਰਾਂ ਦੇ ਨਾਲ ਮੋਹ ਹੈ ਭਾਵ ਵਿਕਾਰਾਂ ਵਿੱਚ ਰਹਿੰਦੇ ਹੋਏ ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਉਹ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਵਿਖਾਉਣ ਵਾਲੀ ਗੱਲ ਹੈ, ਗੁਰੂ ਨਾਲ ਝਗੜਾ ਦਿਖਾਉਣ ਵਾਲੀ ਗੱਲ ਹੈ। ਪ੍ਰਮਾਤਮਾ ਦਾ ਜਨ ਉਸਦਾ ਗੁਰੂ ਰੂਪ ਹੈ ਜਿਸ ਰਾਹੀਂ ਪ੍ਰਮਾਤਮਾ ਸਾਨੂੰ ਗੁਰਮਤਿ ਦੀ ਸਿੱਖਿਆ ਦਿੰਦਾ ਹੈ। ਗੁਰਮਤਿ ਨਾਲ ਝਗੜਾ ਗੁਰੂ ਨਾਲ ਝਗੜਾ ਹੈ। **(ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥)**

18/1949

ਪ੍ਰਮਾਤਮਾ ਦੇ ਨਾਲ ਇਸ ਝਗੜੇ ਦੇ ਕਾਰਨ ਹੀ ਭਾਵ ਮਾੜੇ ਕਰਮ ਕਰਨ ਦੇ ਕਾਰਨ ਹੀ ਭਾਵ ਗੁਰਮਤਿ ਦੇ ਉਲਟ ਚੱਲਣ ਦੇ ਕਾਰਨ ਹੀ ਹਰ ਕੋਈ ਸਾਕਤ ਹੈ ਜਿਸ ਕਰਕੇ ਮਨੁੱਖ ਨੂੰ ਪ੍ਰਮਾਤਮਾ ਸਜਾਵਾਂ ਵਿੱਚ ਪਾਉਂਦਾ ਹੈ। **(ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ॥)** ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਕਿਸੇ ਨੂੰ ਆਪਣੀ ਸੱਚੀ ਸੋਝੀ

ਪਾ ਕੇ ਉਹ ਔਗੁਣਾਂ ਵਿੱਚੋਂ ਕੱਢ ਲਵੇ ਕਿਉਂਕਿ ਹਰ ਕੋਈ ਉਹੋ ਜਿਹੀ ਕਿਰਤ ਹੀ ਕਮਾਉਂਦਾ ਹੈ ਜਿਵੇਂ ਉਸਨੇ ਕਿਸੇ ਨੂੰ ਲਗਾਇਆ ਹੋਇਆ ਹੈ। ਕਿਸੇ ਕੋਲੋਂ ਮਾੜੀ ਕਿਰਤ ਕਰਵਾਵੇ ਜਾਂ ਚੰਗੀ ਕਿਰਤ ਕਰਵਾਵੇ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ। ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸ ਕੋਲੋਂ ਹੀ ਚੰਗੀ ਕਿਰਤ ਕਰਵਾਉਂਦਾ ਹੈ। **(ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ॥੧॥)**

ਗੁਰੂ ਸਾਡਾ ਸਭ ਦਾ ਸੱਜਣ ਹੈ। ਉਹ ਸੱਜਣ ਇਸੇ ਲਈ ਹੈ ਕਿ ਗੁਰੂ ਗੁਣਾਂ ਦਾ ਭਰਿਆ ਹੋਇਆ ਹੈ ਕਿਉਂਕਿ ਉਹ ਔਗੁਣਾਂ ਤੋਂ ਰਹਿਤ ਹੈ। ਸੱਜਣ ਪੁਰਸ਼ ਉਹੀ ਬਣ ਸਕਦਾ ਹੈ ਜੋ ਕੇਵਲ ਗੁਣਾਂ ਦੁਆਰਾ ਵਿਚਰਦਾ ਹੈ। ਮਾੜੇ ਕਰਮ ਕਰਨ ਵਾਲਾ ਕਦੇ ਸੱਜਣ ਨਹੀਂ ਬਣ ਸਕਦਾ। ਸਾਡੇ ਔਗੁਣ ਸਾਨੂੰ ਮਾੜਾ ਬਣਾਉਂਦੇ ਹਨ ਤੇ ਸਾਡੇ ਗੁਣ ਸਾਨੂੰ ਸੱਜਣ ਬਣਾਉਂਦੇ ਹਨ। ਜੇਕਰ ਅਸੀਂ ਗੁਰੂ ਨਾਲ ਪਿਆਰ ਪਾਉਣਾ ਚਾਹੁੰਦੇ ਹਾਂ ਉਹ ਫਿਰ ਕੇਵਲ ਗੁਰੂ ਦੇ ਗੁਣਾਂ ਨੂੰ ਗ੍ਰਹਿਣ ਕਰਕੇ ਹੀ ਪਾਇਆ ਜਾ ਸਕਦਾ ਹੈ। ਅਸੀਂ ਗੁਰੂ ਨੂੰ ਸੱਜਣ ਕਿਸ ਰੂਪ ਵਿੱਚ ਲੱਗਦੇ ਹਾਂ ਆਓ ਇਹੀ ਗੱਲ ਸ਼ਬਦ ਦੀਆਂ ਕੁੱਝ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

“ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ॥
ਅਵਗਣ ਵਿਕਣਿ ਪਲ੍ਰਹਿ ਗੁਣ ਕੀ ਸਾਝ ਕਰੰਨ੍ਹਿ॥੨੫॥
ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ॥
ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ॥੨੬॥”

(ਅੰਗ ੭੫੬)

ਗੁਰੂ ਦੇ ਭਾਈ, ਸੱਜਣ ਉਹ ਹਨ ਜੋ ਉਸ ਸੱਚੇ ਗੁਰੂ ਦੀ ਸੇਵਾ ਕਰਦੇ ਹਨ। ਜਦ ਤੱਕ ਸਾਨੂੰ ਗੁਰੂ ਦੀ ਸੇਵਾ ਸਮਝ ਨਹੀਂ ਆਉਂਦੀ ਤਦ ਤੱਕ ਨਾ ਅਸੀਂ ਉਸ ਦੇ ਭਾਈ ਬਣ ਸਕਦੇ ਹਾਂ, ਨਾ ਸੱਜਣ ਬਣ ਸਕਦੇ ਹਾਂ। ਅਸੀਂ ਕੇਵਲ ਗੱਲਾਂ ਨਾਲ, ਕਥਨੀ ਨਾਲ ਹੀ ਗੁਰੂ ਦੇ ਸੱਜਣ ਬਣੀ ਬੈਠੇ ਹਾਂ ਪਰ ਗੁਰੂ ਆਪਣੇ ਸੱਜਣ ਕਿੰਨ੍ਹਾਂ ਨੂੰ ਸਮਝਦਾ

18/1950

ਹੈ ਇਹ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਜਿਸ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਗੁਰੂ ਦੀ ਸੇਵਾ ਵਿੱਚ ਉਹੀ ਲੱਗ ਸਕਦਾ ਹੈ ਜੋ ਔਗੁਣ ਰਹਿਤ ਹੋ ਕੇ ਵਿਚਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸਬਦਾਂ ਦੁਆਰਾ ਇਹ ਗੱਲ ਨੂੰ ਸਮਝਿਆ ਹੈ। ਗੁਰੂ ਦੀ ਸੇਵਾ ਕੇਵਲ ਸਾਡੇ ਸੱਚੇ ਸੁੱਚੇ ਕਰਮਾਂ ਦੁਆਰਾ ਹੁੰਦੀ ਹੈ ਤੇ ਔਗੁਣਾਂ ਦੇ ਰਹਿੰਦਿਆਂ ਭਾਵ ਮਾੜੇ ਕਰਮ ਕਰਦੇ ਹੋਇਆ ਅਸੀਂ ਜਿਤਨੇ ਮਰਜ਼ੀ ਆਪਣੇ ਬਾਹਰੀ ਦਿਖਾਵੇ ਕਰੀ ਜਾਈਏ, ਕਥਨੀ ਕਰੀ ਜਾਈਏ ਉਸ ਵਿੱਚ ਗੁਰੂ ਦੀ ਕੋਈ ਸੇਵਾ ਨਹੀਂ ਹੈ। ਗੁਰੂ ਦੀ ਸੇਵਾ ਉਹੀ ਕਰਦਾ ਹੈ ਜੋ ਉਸ ਦੇ ਸ਼ਬਦ ਦਾ ਵਿਚਾਰੀ ਹੈ ਜੋ ਉਸਦੇ ਸ਼ਬਦ ਦੀ ਮਤਿ ਦਾ ਵਿਚਾਰੀ ਹੈ। ਸ਼ਬਦ ਦੀ ਮਤਿ ਸਾਨੂੰ ਔਗੁਣ ਛੱਡ ਕੇ ਗੁਣਾਂ ਨਾਲ ਸਾਂਝ ਕਰਨੀ ਸਿਖਾਉਂਦੀ ਹੈ ਤੇ ਉਸ ਦੀ ਸੇਵਾ ਗੁਣਾਂ ਦੀ ਸਾਂਝ ਕਰਕੇ ਹੀ ਹੁੰਦੀ ਹੈ, ਉਸਦੀ ਭਗਤੀ ਗੁਣਾਂ ਦੁਆਰਾ ਵਿਚਰ ਕੇ ਹੀ ਹੁੰਦੀ ਹੈ ਤੇ ਤਾਂ ਹੀ ਕੋਈ ਗੁਰੂ ਦਾ ਭਾਈ ਜਾਂ ਸੱਜਣ ਅਖਵਾ ਸਕਦਾ ਹੈ। ਜੋ ਗੁਰੂ ਦੀ ਮਤਿ ਦਾ ਸੱਜਣ ਹੈ ਉਹੀ ਗੁਰੂ ਦਾ ਸੱਜਣ ਹੈ ਭਾਵ ਉਹੀ ਗੁਰੂ ਨੂੰ ਪਿਆਰਾ ਲੱਗਦਾ ਹੈ ਜੋ ਉਸਦੀ ਗੁਰਮਤਿ ਨਾਲ ਪਿਆਰ ਕਰਦਾ ਹੈ। **(ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ॥ ਅਵਗਣ ਵਿਕਣਿ ਪਲ੍ਰਹਿ ਗੁਣ ਕੀ ਸਾਝ ਕਰੰਨ੍ਹਿ॥੨੫॥)** ਸਾਡੇ ਜੀਵਨ ਦਾ ਮਕਸਦ “ਸੁਖੁ” ਦੀ ਪ੍ਰਾਪਤੀ ਕਰਨਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਇਸ “ਸੁਖੁ” ਦੀ ਪ੍ਰਾਪਤੀ ਕੇਵਲ ਗੁਰੂ ਨਾਲ ਗੁਣਾਂ ਦੀ ਸਾਂਝ ਕਰਕੇ ਹੀ ਕੀਤੀ ਜਾ ਸਕਦੀ ਹੈ ਭਾਵ ਔਗੁਣ ਤਿਆਗ ਕੇ ਹੀ ਕੀਤੀ ਜਾ ਸਕਦੀ ਹੈ। ਜਿਵੇਂ ਕਿ ਨਾਲ ਹੀ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ॥
ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ॥੨੬॥”

ਅਸੀਂ ਇੱਕ ਅੱਖਰ ਦੇ ਜਪ ਨੂੰ ਹੀ ਆਪਣਾ ਗੁਣ ਸਮਝਿਆ ਹੋਇਆ ਹੈ ਭਾਵੇਂ ਸਾਡੇ ਅੰਦਰ ਮਾਇਆ ਮੋਹ ਭਰਪੂਰ ਹੈ, ਲੋਭ ਲਾਲਚ ਭਰਪੂਰ ਹੈ, ਇਹੋ ਜਿਹਾ ਜਪ ਤਪ ਸਾਡੀ ਸੱਚੀ ਭਗਤੀ ਨਹੀਂ ਹੈ। ਭਗਤੀ ਕੇਵਲ ਗੁਣਾਂ ਦੁਆਰਾ ਹੈ ਭਾਵ ਗੁਣਾਂ ਦੁਆਰਾ

ਵਿਚਰਨ ਦੁਆਰਾ ਹੈ। ਅਸੀਂ ਕੇਵਲ ਗੱਲਾਂ ਨਾਲ ਗੁਣੀ ਬਣੀ ਬੈਠੇ ਹਾਂ ਤੇ ਗੁਰੂ ਦੇ ਸੱਜਣ ਅਖਵਾਉਣ ਵਾਲੇ ਬਣੀ ਬੈਠੇ ਹਾਂ। ਜਿਸ ਮਨੁੱਖ ਦੀ ਕਰਨੀ ਮਾੜੀ ਹੈ, ਸੰਸਾਰਿਕ ਵਿਚਰਨ ਮਾੜੀ ਹੈ ਉਹ ਕਦੇ ਗੁਰੂ ਦਾ ਸੱਜਣ ਨਹੀਂ ਬਣ ਸਕਦਾ ਬਲਕਿ ਉਹ ਗੁਰੂ ਦਾ ਦੋਖੀ ਹੈ, ਸੰਤ ਦਾ ਦੋਖੀ ਹੈ। ਸਚੁ ਦੀ ਵਣਜ ਉਹੀ ਕਰਦਾ ਹੈ ਜਿਸ ਦੇ ਹਿਰਦੇ ਵਿੱਚ ਸਚੁ ਹੈ। ਜਿੱਥੇ ਸੱਚ ਹੈ ਉੱਥੇ ਹੀ ਗੁਣ ਹਨ ਜਿੰਨ੍ਹਾਂ ਨੂੰ ਗੁਰੂ ਸ਼ਬਦ ਨਾਲ ਵਣਜ ਕਰਨੀ ਆਉਂਦੀ ਹੈ ਉਹ ਫਿਰ ਕੇਵਲ ਸੱਚ ਦੁਆਰਾ ਹੀ ਵਿਚਰਦੇ ਹਨ। ਇਹੋ ਜਿਹੇ ਸੱਚ ਦੁਆਰਾ ਚੱਲਣ ਵਾਲਿਆਂ ਨੂੰ ਹੀ

18/1951

"ਨਾਮੁ" ਰੂਪ ਲਾਹੇ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਜੋ ਸੁੱਖ ਦੀ ਪ੍ਰਾਪਤੀ ਹੈ ਉਹੀ ਨਾਮ ਦੀ ਪ੍ਰਾਪਤੀ ਹੈ। ਇਹ ਪ੍ਰਾਪਤੀ ਮਨ ਦੇ ਵਿੱਚੋਂ ਹੀ ਉਪਜਦੀ ਹੈ, ਸੱਚੇ ਗਿਆਨ ਦੇ ਰੂਪ ਵਿੱਚ ਉਪਜਦੀ ਹੈ। ਇਹ ਉਹ ਫ਼ਲ ਹੈ ਜੋ ਸਾਨੂੰ ਸੱਚ ਤੇ ਚੱਲਣ ਦੇ ਨਾਲ ਮਿਲਦਾ ਹੈ, ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਨਾਲ ਮਿਲਦਾ ਹੈ। ਅਸੀਂ ਕੇਵਲ ਉੱਦਮ ਹੀ ਕਰਨਾ ਹੈ, ਇਸ ਮਨ ਨੂੰ ਮਾਰ ਕੇ ਗੁਣੀ ਬਣਨ ਦਾ ਉੱਦਮ ਕਰਨਾ ਹੈ ਤੇ ਫ਼ਲ ਉਹ ਆਪ ਹੀ ਦਿੰਦਾ ਹੈ ਜੋ ਕਿ ਆਪਣੇ ਨਾਮ ਦੇ ਰੂਪ ਵਿੱਚ ਦਿੰਦਾ ਹੈ, ਸੁੱਖ ਦੇ ਰੂਪ ਵਿੱਚ ਦਿੰਦਾ ਹੈ। **(ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ॥੨੬॥)**

ਗੁਰ ਸ਼ਬਦ ਦੇ ਨਾਲ ਅਸੀਂ ਵਣਜ ਕਿਸ ਰੂਪ ਵਿੱਚ ਕਰਨੀ ਹੈ ਇਸ ਤੋਂ ਸਪੱਸ਼ਟ ਸਾਨੂੰ ਹੋਰ ਕੀ ਸਮਝਾਇਆ ਜਾਵੇ। ਇੱਕ ਅੱਖਰ ਨੂੰ ਰਟੀ ਜਾਣ ਵਾਲੇ ਸ਼ਬਦ ਦੁਆਰਾ ਨਾਮ ਦੀ ਵਣਜ ਕਰਨੀ ਹੀ ਸਮਝਦੇ ਹਨ। ਹਰ ਕੋਈ ਅਤਿ ਦੇ ਭੁਲੇਖੇ ਵਿੱਚ ਹੀ ਡੁੱਬਿਆ ਹੋਇਆ ਹੈ ਤੇ ਆਪਣੇ ਆਪ ਨੂੰ ਗੁਰੂ ਦਾ ਸੱਜਣ ਸਮਝੀ ਬੈਠਾ ਹੈ। ਬਹੁਤ ਔਖਾ ਹੈ ਗੁਰੂ ਦਾ ਸੱਜਣ ਬਣਨਾ, ਗੁਰੂ ਦੇ ਪਿਆਰ ਵਾਲਾ ਬਣਨਾ, ਗੁਰੂ ਦਾ ਭਾਈ ਵੀਰ ਬਣਨਾ। ਬੜਾ ਔਖਾ ਹੈ ਨਾਮ ਜਪਣਾ।

ਜਦ ਤੱਕ ਕਿਸੇ ਨੂੰ ਨਾਮ ਮਿਲਦਾ ਨਹੀਂ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ ਕਿ ਨਾਮ ਕੀ ਹੈ, ਨਾਮ ਦਾ ਮਿਲਣਾ ਕੀ ਹੈ। ਨਾਮ ਦਾ ਮਿਲਣਾ ਪ੍ਰਮਾਤਮਾ ਦਾ ਮਿਲਣਾ ਹੈ ਤੇ ਨਾਮ ਦੀ ਪਛਾਣ ਆਪਣੇ ਅੰਦਰੋਂ ਹੀ ਹੁੰਦੀ ਹੈ। ਨਾਮ ਮਿਲੇ ਬਿਨ੍ਹਾਂ ਉਸ ਪ੍ਰਮਾਤਮਾ ਦੀ ਵਡਿਆਈ ਵੀ ਨਹੀਂ ਹੋ ਸਕਦੀ। ਉਸਦੀ ਵਡਿਆਈ ਨਾਮ ਮਿਲਣ ਦੁਆਰਾ ਹੀ ਹੁੰਦੀ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤੀ ਹੋਈ ਹੈ।

"ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ॥੩॥"

(ਅੰਗ ੭੬੯)

ਪ੍ਰਮਾਤਮਾ ਦੇ ਨਾਲ ਮੇਲ ਕਦੇ ਕਿਸੇ ਕ੍ਰੋੜਾਂ ਵਿੱਚੋਂ ਹੀ ਕਿਸੇ ਦਾ ਹੁੰਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਰਜ਼ਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਉਸਨੂੰ ਪਹਿਚਾਣ ਕੋਈ ਵਿਰਲਾ ਹੀ ਕਰ ਸਕਦਾ ਹੈ। ਜਦੋਂ ਮਨੁੱਖ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣ ਲੈਂਦਾ ਹੈ ਫਿਰ ਤਾਂ ਹੀ ਇਹ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਆਪ ਹੀ ਨਾਮ ਹੈ ਤੇ ਆਪ ਹੀ

18/1952

ਕੇਵਲ ਸਚੁ ਹੈ। "ਨਾਮੁ" ਪੂਰਨ ਸਚੁ ਹੈ। **(ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ॥)** ਜਿੰਨ੍ਹਾਂ ਨੇ ਆਪਣੇ ਅੰਦਰੋਂ ਉਸ ਨਾਮ ਨੂੰ ਪਛਾਣਿਆ ਹੈ, ਪ੍ਰਮਾਤਮਾ ਨੂੰ ਪਛਾਣਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਸੰਸਾਰ ਨੂੰ ਸੱਚ ਦੀ ਸੋਝੀ ਪਾਈ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚ ਹੈ ਤੇ ਇਹ ਸੱਚ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ, ਨਾਮ ਰੂਪ ਹੈ। ਨਾਮ ਦੇ ਦਰਸ਼ਨ ਹੋਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਨਾਮ ਕੀ ਹੈ। ਪ੍ਰਮਾਤਮਾ ਦੀ ਵਡਿਆਈ ਨਾਮ ਮਿਲਣ ਦੁਆਰਾ ਹੀ ਹੁੰਦੀ ਹੈ, ਸੱਚ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ। ਜਿਸਨੂੰ ਪ੍ਰਮਾਤਮਾ ਆਪਣੀ ਵਡਿਆਈ ਦਿੰਦਾ ਹੈ ਉਹ ਉਸ ਦੀ ਵਡਿਆਈ ਕਰ ਸਕਦਾ ਹੈ। ਪ੍ਰਮਾਤਮਾ ਦੀ ਵਡਿਆਈ ਸਮਝ ਆਉਣ ਤੋਂ ਪਹਿਲੇ ਹਰ ਕੋਈ "ਦੂਜੈ ਭਾਇ" ਵਿੱਚ ਹੀ ਹੈ ਭਾਵ ਗੁਰਮਤਿ ਦੀ ਸੋਝੀ ਤੋਂ, ਨਾਮ ਦੀ ਸੋਝੀ ਤੋਂ ਵਿਹੂਣਾ ਹੀ ਹੈ। ਸਾਡੀ ਪਤਿ ਕੇਵਲ ਸੱਚ ਤੇ ਚੱਲਣ ਦੁਆਰਾ ਪੈਂਦੀ ਹੈ ਤੇ ਸੱਚ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਜਦੋਂ ਉਹ ਆਪਣਾ ਸੱਚ ਬਖ਼ਸ਼ ਕੇ ਆਪ ਹੀ ਆਪਣੇ

ਸੱਚ ਅਨੁਸਾਰ ਚਲਾਉਂਦਾ ਹੈ। **(ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ॥ ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ॥੩॥)**

ਜਦੋਂ ਪ੍ਰਮਾਤਮਾ ਆਪਣਾ ਮੇਲ ਕਰਦਾ ਹੈ ਉਹ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ ਆਪਣੇ ਗੁਣ ਹੀ ਬਖ਼ਸ਼ਦਾ ਹੈ ਤੇ ਤਾਂ ਹੀ ਕੋਈ ਗੁਣਾਂ ਦੁਆਰਾ ਵਿਚਰ ਸਕਦਾ ਹੈ, ਨਾਮ ਧਿਆ ਸਕਦਾ ਹੈ। ਹਰ ਵੇਲੇ ਸਾਡਾ ਧਿਆਨ ਗੁਰਬਾਣੀ ਨਾਲ ਜੁੜਿਆ ਰਹਿਣਾ ਹੀ ਨਾਮ ਨੂੰ ਧਿਆਉਣਾ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਰਾਗੁ ਸੂਹੀ ਮਹਲਾ ੪ ਛੰਤ ਘਰੁ ੧

ੴ ਸਤਿਗੁਰ ਪ੍ਰਸਾਦਿ॥

"ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ॥
ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ॥
ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ॥
ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ॥੧॥"

(ਅੰਗ ੭੭੩)

ਪ੍ਰਮਾਤਮਾ ਦੇ ਗੁਣ ਉਦੋਂ ਹੀ ਗਾਏ ਜਾ ਸਕਦੇ ਹਨ ਜਦੋਂ ਉਹ ਆਪਣੇ ਨਾਲ ਮੇਲ ਕੇ ਮਨੁੱਖ ਨੂੰ ਔਗੁਣ ਰਹਿਤ ਬਣਾ ਦਿੰਦਾ ਹੈ। ਔਗੁਣਾਂ ਵਿੱਚ ਰਹਿੰਦਿਆਂ ਹੋਇਆਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਇਹ ਕਥਨੀ ਨਾਲ ਗੁਣ ਗਾਉਣ ਦਾ ਮਾਰਗ ਨਹੀਂ ਹੈ, ਇਹ ਗੁਣਾਂ ਦੁਆਰਾ ਵਿਚਰਨ ਦਾ ਮਾਰਗ ਹੈ। ਉੱਪਰ ਧਿਆਨ ਨਾਲ ਸਮਝੋ ਕਿ ਹਰਿ ਹਰਿ ਨਾਮ ਧਿਆਉਣਾ ਕੀ ਹੈ। ਗੁਰਬਾਣੀ ਨੂੰ ਧਿਆਉਣਾ ਹੀ ਹਰਿ ਹਰਿ ਨਾਮ ਧਿਆਉਣਾ ਹੈ। ਜਦ ਤੱਕ ਸਾਡੇ ਅੰਦਰ ਔਗੁਣ ਹਨ ਤਦ ਤੱਕ ਅਸੀਂ ਗੁਰਬਾਣੀ ਰੂਪ ਨਾਮ

ਨੂੰ ਨਹੀਂ ਧਿਆਉਂਦੇ। ਗੁਰਬਾਣੀ ਦੀ ਮਤਿ ਨੂੰ ਧਿਆਉਣਾ ਹੀ ਗੁਰਬਾਣੀ ਨੂੰ ਧਿਆਉਣਾ ਹੈ, ‘‘ਹਰਿ ਹਰਿ ਨਾਮੁ’’ ਧਿਆਉਣਾ ਹੈ। ਜਿਸ ਦੇ ਔਗੁਣ ਨਿਕਲੇ ਹੋਏ ਹਨ ਉਹ ਨਿਤ ਨਿਤ ਭਾਵ ਹਰ ਵੇਲੇ ਨਾਮ ਧਿਆਉਂਦਾ ਹੈ। **(ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ॥ ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ॥)**

ਗੁਰਬਾਣੀ ਦਾ ਮਿੱਠਾ ਲੱਗਣਾ ਭਾਵ ਗੁਰਬਾਣੀ ਨੂੰ ਮਿੱਠਾ ਕਰ ਕੇ ਜਾਣਨਾ, ਨਾਮੁ ਨੂੰ ਮਿੱਠਾ ਕਰਕੇ ਜਾਣਨਾ ਕੀ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

‘‘ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ॥’’

ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜੋ ਕਿ ਗੁਰਬਾਣੀ ਦੇ ਰਚਨ ਵਾਲਿਆਂ ਦੇ ਮਨ ਦੀ ਅਵੱਸਥਾ ਹੈ। ਗੁਰਬਾਣੀ ਮਿੱਠੀ ਉਸ ਨੂੰ ਲੱਗਦੀ ਹੈ ਜਿਸ ਨੂੰ ਉਸਦੇ ਗੁਣ ਮਿੱਠੇ ਲੱਗਦੇ ਹਨ ਭਾਵ ਗੁਰਬਾਣੀ ਦੀ ਮਤਿ ਮਿੱਠੀ ਲੱਗਦੀ ਹੈ। ਗੁਣ ਉਸ ਨੂੰ ਹੀ ਮਿੱਠੇ ਲੱਗਦੇ ਹਨ ਜਿਸ ਨੂੰ ਪਾਪ ਤੇ ਵਿਕਾਰ ਮਾੜੇ ਲੱਗਦੇ ਹਨ। ਜਿਸ ਮਨੁੱਖ ਦੀ ਬਿਰਤੀ ਮਾੜੀ ਹੈ ਭਾਵ ਪਾਪਾਂ ਵਿਕਾਰਾਂ ਵਾਲੀ ਹੈ ਉਸ ਨੂੰ ਫਿਰ ਗੁਰਬਾਣੀ ਚੰਗੀ ਨਹੀਂ ਲੱਗਦੀ। ਗੁਰਬਾਣੀ ਦਾ ਮਕਸਦ ਸਾਨੂੰ ਪਾਪਾਂ ਵਿਕਾਰਾਂ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੀ ਹੈ, ਨਾਮੁ ਜਪਣ ਦਾ ਮਕਸਦ, ਗੁਰਬਾਣੀ ਨੂੰ ਧਿਆਉਣ ਦਾ ਮਕਸਦ ਸਾਨੂੰ ਵਿਕਾਰਾਂ ਵਿੱਚੋਂ ਕੱਢਣ ਦਾ ਹੈ ਜੋ ਕਿ ਕੇਵਲ ਉਸ ਦੀ ਮਤਿ ਨੂੰ ਮੰਨ ਕੇ ਹੀ ਹੋ ਸਕਦਾ ਹੈ, ਸ਼ਬਦ ਦੀ ਸੋਝੀ ਨੂੰ ਮਨ ਵਿੱਚ ਵਸਾ ਕੇ ਹੀ ਹੋ ਸਕਦਾ ਹੈ ਨਾ ਕਿ

ਮੁੱਖੋਂ ਕਿਸੇ ਸ਼ਬਦ ਨੂੰ ਜਾਂ ਅੱਖਰ ਨੂੰ ਰਟੀ ਜਾਣ ਨਾਲ। ਸ਼ਬਦ ਦਾ ਮਕਸਦ ਸ਼ਬਦ ਦੀ ਗੱਲ ਨੂੰ ਮੰਨ ਕੇ ਹੀ ਪੂਰਾ ਹੁੰਦਾ ਹੈ। **(ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥)** ਜਦ ਤੱਕ ਗੁਰਬਾਣੀ ਦਾ ਸੱਚਾ ਗਿਆਨ ਸਾਡੇ ਅੰਦਰ ਨਹੀਂ ਵੱਸਦਾ ਸਾਡੀ ਹਉਮੈ ਦੂਰ ਨਹੀਂ ਹੋ ਸਕਦੀ ਭਾਵ ਸਾਡੀ ਮੈਂ, ਸਾਡੀ ਮਨਮਤਿ ਦੂਰ ਨਹੀਂ ਹੋ ਸਕਦੀ, ਸਾਡੇ ਅੰਦਰ ਵਿਕਾਰਾਂ ਨੂੰ, ਮਾਇਆ ਮੋਹ ਨੂੰ ਛੱਡਣ ਦਾ ਭਉ ਹੈ ਕਿਉਂਕਿ ਇਸ ਵਿੱਚੋਂ ਨਿਕਲ ਕੇ ਸਾਡੀ ਮਾਇਆ ਦੀ ਤ੍ਰਿਸ਼ਨਾ ਦੀ ਪੂਰਤੀ ਨਹੀਂ ਹੁੰਦੀ। ਇਸ ਭਉ ਵਿੱਚੋਂ ਸਾਨੂੰ ਗੁਰਮਤਿ ਹੀ ਕੱਢਦੀ ਹੈ

18/1954

ਭਾਵ ਜਦੋਂ ਅਸੀਂ ਗੁਰਮਤਿ ਤੇ ਚੱਲਣ ਦਾ ਭਉ ਕਬੂਲ ਕਰ ਲੈਂਦੇ ਹਾਂ ਫਿਰ ਸਾਡੇ ਅੰਦਰੋਂ ਮਾਇਆ ਮੋਹ ਦਾ ਭਉ ਨਿਕਲ ਜਾਂਦਾ ਹੈ ਜਿਸ ਕਰਕੇ ਅਸੀਂ ਪਾਪਾਂ ਵਿਕਾਰਾਂ ਵਾਲੀ ਬਿਰਤੀ ਵਿੱਚ ਰਹਿੰਦੇ ਹਾਂ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਫਿਰ ਗੁਰਬਾਣੀ ਦੀ ਮਤਿ ਆਪ ਹੀ ਮਿੱਠੀ ਕਰਕੇ ਮਨਾਉਂਦਾ ਹੈ। ਉਹ ਮਨੁੱਖ ਨੂੰ ਸਹਜਿ ਦੀ ਅਵੱਸਥਾ ਭਾਵ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਬਖਸ਼ ਕੇ ਇਹ ਕਿਰਪਾ ਕਰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਮਨੁੱਖ ਹਉਮੈ ਰਹਿਤ ਹੁੰਦਾ ਹੈ, ਪਾਪਾਂ ਰਹਿਤ ਹੁੰਦਾ ਹੈ। **(ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥ ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ॥)**

ਮਨ ਦੀ ਇਹ ਅਵੱਸਥਾ, ਸਹਜਿ ਦੀ ਅਵੱਸਥਾ ਸਾਡੇ ਅੰਦਰ ਤਤਿ ਗਿਆਨ ਦੀ ਅਵੱਸਥਾ ਹੈ ਜੋ ਗਿਆਨ ਪ੍ਰਮਾਤਮਾ ਦੇ ਕੋਲੋਂ ਹੀ ਮਿਲਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ॥੧॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਡੀ ਕਾਇਆ ਰੂਪ ਸੇਜ ਸੁਖਾਲੀ ਕਿਵੇਂ ਹੁੰਦੀ ਹੈ। ਸਾਡੀ ਕਾਇਆ ਦੀ ਸੇਜ ਸਾਡਾ ਮਨ ਹੀ ਹੈ ਤੇ ਮਨ ਦੀ ਇਹ ਸੇਜ ਗੁਰੂ ਦੇ ਸ਼ਬਦ ਦੁਆਰਾ ਹੀ ਸੁਖਾਲੀ ਹੁੰਦੀ ਹੈ। ਗੁਰੂ ਦਾ ਸ਼ਬਦ ਇਸ ਸੇਜ ਨੂੰ ਜਿਸ ਰੂਪ ਵਿੱਚ ਸੁਖਾਲੀ ਬਣਾਉਂਦਾ ਹੈ ਉਹ ਆਪਣੇ ਗਿਆਨ ਦੇ ਤੱਤ ਦੁਆਰਾ ਬਣਾਉਂਦਾ ਹੈ। ਗੁਰੂ ਦੇ ਸ਼ਬਦ ਦੇ ਗਿਆਨ ਦਾ ਤੱਤ ਉਸ ਦੁਆਰਾ ਪਾਈ ਹੋਈ ਸੋਝੀ ਹੈ। ਪੂਰੀ ਗੁਰਬਾਣੀ ਸ਼ਬਦ ਦਾ ਤੱਤ ਹੈ ਭਾਵ ਸ਼ਬਦ ਦੇ ਗਿਆਨ ਦਾ ਤੱਤ ਹੈ। ਅਸੀਂ ਇਸ ਤੱਤ ਦੀ ਪ੍ਰਾਪਤੀ ਹੀ ਕਰਨੀ ਹੈ ਤੇ ਮਨ ਦੇ ਵਿੱਚ ਇਸ ਗਿਆਨ ਦੇ ਤੱਤ ਨੂੰ ਹੀ ਭੋਗਣਾ ਹੈ। ਪ੍ਰਮਾਤਮਾ ਸਾਨੂੰ ਆਪਣੇ ਇਸ ਗਿਆਨ ਤੱਤ ਦੁਆਰਾ ਆਪਣੇ ਮਨ ਦੇ ਵਿੱਚ ਹੀ ਭੋਗਦਾ ਹੈ, ਆਪਣੇ ਸ਼ਬਦ ਦੁਆਰਾ ਹੀ ਭੋਗਦਾ ਹੈ। ਸਾਡਾ ਸਾਰਾ ਉੱਦਮ ਸ਼ਬਦ ਕੋਲੋਂ ਉਸ ਦਾ ਗਿਆਨ ਲੈਣ ਦਾ ਹੋਣਾ ਚਾਹੀਦਾ ਹੈ, ਗਿਆਨ ਦੇ ਤੱਤ ਦੀ ਪ੍ਰਾਪਤੀ ਦਾ ਹੋਣਾ ਚਾਹੀਦਾ ਹੈ ਜੋ ਕਿ ਸ਼ਬਦ ਦੀ ਗੱਲ ਨੂੰ ਮੰਨ ਕੇ ਪੂਰਾ ਹੁੰਦਾ ਹੈ।

18/1955

ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਆਪਣੇ ਗਿਆਨ ਦਾ ਤੱਤ ਬਖਸ ਕੇ ਉਸ ਤੇ ਅਮਲ ਹੀ ਕਰਵਾਉਂਦਾ ਹੈ। ਮੁੱਖੋਂ ਕਿਸੇ ਸ਼ਬਦ ਨੂੰ ਬੋਲ ਬੋਲ ਕੇ ਰੱਟੀ ਜਾਣਾ ਕੇਵਲ ਸਾਡੀ ਅਗਿਆਨਤਾ ਹੈ ਹੋਰ ਕੁੱਝ ਵੀ ਨਹੀਂ। ਅਸਲ ਸੁਖੁ ਗਿਆਨ ਤੱਤ ਦੀ ਪ੍ਰਾਪਤੀ ਵਿੱਚ ਹੈ, ਉਸ ਤੱਤ ਨੂੰ ਭੋਗਣ ਵਿੱਚ ਹੈ ਜਿਸ ਦੁਆਰਾ ਸਾਡਾ ਉਸ ਧੁਰਿ ਦੇ ਨਾਲ ਸੰਜੋਗ ਹੁੰਦਾ ਹੈ, ਪ੍ਰਮਾਤਮਾ ਦੇ ਨਾਲ ਸੰਜੋਗ ਹੁੰਦਾ ਹੈ। **(ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ॥੧॥)**

ਪ੍ਰਮਾਤਮਾ ਦੇ ਨਾਲ ਸਾਡੇ ਮੇਲ ਵਿੱਚ ਰੁਕਾਵਟ ਸਾਡੇ ਮਨ ਦੇ ਔਗੁਣ ਹੀ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹੀ ਹਨ। ਜਿੱਥੇ ਇਹ ਵਿਕਾਰ ਵੱਸੇ ਹੋਏ ਹਨ ਉੱਥੇ ਪ੍ਰਮਾਤਮਾ ਦੀ ਭਗਤੀ ਹੋ ਹੀ ਨਹੀਂ ਸਕਦੀ। ਪ੍ਰਮਾਤਮਾ ਦੀ ਭਗਤੀ ਕੇਵਲ ਸੱਚੇ ਸੁੱਚੇ ਕਰਮਾਂ ਦੁਆਰਾ ਹੁੰਦੀ ਹੈ ਤੇ ਇਹ ਸਾਡੇ ਔਗੁਣ ਹੀ ਸਾਡੇ ਸੱਚੇ ਸੁੱਚੇ ਕਰਮ ਕਰਨ ਵਿੱਚ ਰੁਕਾਵਟ ਹਨ। ਇੱਕ ਆਮ ਮਨੁੱਖ ਵਿੱਚ ਤੇ ਉਸਦੇ ਭਗਤ ਵਿੱਚ ਤੇ ਭਗਤੀ ਦਾ ਦਿਖਾਵਾ ਕਰਨ ਵਾਲੇ ਵਿੱਚ ਕੀ ਫਰਕ ਹੁੰਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਸ਼ਬਦ ਦੇ ਅਰਥਾਂ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ ਤੇ ਭਗਤੀ ਦਾ ਤਰੀਕਾ ਜਾਣ ਸਕਦਾ ਹੈ।

ਗੋਂਡ ਮਹਲਾ ੫॥

“ਉਨ ਕਉ ਖਸਮਿ ਕੀਨੀ ਠਾਕਹਾਰੇ॥ ਦਾਸ ਸੰਗ ਤੇ ਮਾਰਿ ਬਿਦਾਰੇ॥
ਗੋਬਿੰਦ ਭਗਤ ਕਾ ਮਹਲੁ ਨ ਪਾਇਆ॥ ਰਾਮ ਜਨਾ ਮਿਲਿ ਮੰਗਲੁ ਗਾਇਆ॥੧॥
ਸਗਲ ਸ੍ਰਿਸਟਿ ਕੇ ਪੰਚ ਸਿਕਦਾਰ॥ ਰਾਮ ਭਗਤ ਕੇ ਪਾਨੀਹਾਰ॥੧॥ਰਹਾਉ॥
ਜਗਤ ਪਾਸ ਤੇ ਲੇਤੇ ਦਾਨੁ॥ ਗੋਬਿੰਦ ਭਗਤ ਕਉ ਕਰਹਿ ਸਲਾਮੁ॥
ਲੂਟਿ ਲੇਹਿ ਸਾਕਤ ਪਤਿ ਖੋਵਹਿ॥ ਸਾਧ ਜਨਾ ਪਗ ਮਲਿ ਮਲਿ ਧੋਵਹਿ॥੨॥
ਪੰਚ ਪੂਤ ਜਣੇ ਇਕ ਮਾਇ॥ ਉਤਭੁਜ ਖੇਲੁ ਕਰਿ ਜਗਤ ਵਿਆਇ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ॥ ਇਨ ਕਉ ਛੋਡਿ ਊਪਰਿ ਜਨ ਬਸੇ॥੩॥
ਕਰਿ ਕਿਰਪਾ ਜਨ ਲੀਏ ਛਡਾਇ॥ ਜਿਸ ਕੇ ਸੇ ਤਿਨਿ ਰਖੇ ਹਟਾਇ॥
ਕਹੁ ਨਾਨਕ ਭਗਤਿ ਪ੍ਰਭ ਸਾਰੁ॥ ਬਿਨੁ ਭਗਤੀ ਸਭ ਹੋਇ ਖੁਆਰੁ॥੪॥੯॥੧੧॥”

(ਅੰਗ ੮੬੫)

ਸਭ ਤੋਂ ਪਹਿਲਾਂ ਤਾਂ ਸਾਡੇ ਅੰਦਰ ਇਸ ਵਿਸ਼ਵਾਸ ਦਾ ਹੋਣਾ ਜਰੂਰੀ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨਾ ਜਾਂ ਉਸਦਾ ਨਾਮ ਜਪਣਾ ਜਾਂ ਉਸਦੀ ਸੇਵਾ ਕਰਨਾ ਕੋਈ ਵੱਖਰੀ ਗੱਲ ਨਹੀਂ ਹੈ। ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਵਾਰ-ਵਾਰ ਸਮਝਿਆ ਹੈ। ਪ੍ਰਮਾਤਮਾ ਦਾ ਜੱਸ ਗਾਉਣਾ ਵੀ ਉਹੀ ਗੱਲ ਹੈ ਕੋਈ ਵੱਖਰੀ ਗੱਲ ਨਹੀਂ ਹੈ। ਸਭ ਤੋਂ ਭਾਵ ਗੁਰੂ ਦੇ ਸ਼ਬਦ ਦਾ ਵਿਚਾਰੀ ਬਣਨਾ ਹੀ ਹੈ ਭਾਵ ਸ਼ਬਦ ਦੀ ਵਿਚਾਰ ਨਾਲ ਜੁੜਨਾ ਹੀ

18/1956

ਹੈ। ਜਦ ਤੱਕ ਸ਼ਬਦ ਦੀ ਦਿੱਤੀ ਹੋਈ ਵਿਚਾਰ ਸਾਡੀ ਸੁਰਤ ਨਾਲ ਨਹੀਂ ਜੁੜਦੀ ਤਦ ਤੱਕ ਅਸੀਂ ਸ਼ਬਦ ਦੇ ਵਿਚਾਰੀ ਨਹੀਂ ਬਣ ਸਕਦੇ ਤੇ ਸ਼ਬਦ ਦਾ ਵਿਚਾਰੀ ਬਣੇ ਬਿਨ੍ਹਾਂ ਨਾ ਹੀ ਭਗਤੀ ਹੈ, ਨਾ ਹੀ ਨਾਮ ਹੈ, ਨਾ ਹੀ ਸੇਵਾ ਹੈ, ਨਾ ਹੀ ਪ੍ਰਮਾਤਮਾ ਦਾ ਅਸੀਂ ਜੱਸ ਗਾ ਸਕਦੇ ਹਾਂ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥
ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

{ਰਾਮ ਭਗਤਿ ਗੁਰ ਸੇਵਾ ਤਰਣਾ॥
ਬਾਹੁੜਿ ਜਨਮੁ ਨ ਹੋਇ ਹੈ ਮਰਣਾ॥੧॥ਰਹਾਉ॥}

(ਅੰਗ ੧੫੪)

{ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ॥੧॥ਰਹਾਉ॥}

(ਅੰਗ ੬੬)

{ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ॥}

(ਅੰਗ ੩੬੪)

ਉੱਪਰ ਮੁੱਖ ਸ਼ਬਦ ਰਾਹੀਂ ਧਿਆਨ ਨਾਲ ਸਮਝੋ ਕਿ ਸਾਨੂੰ ਕਿਹੋ ਜਿਹੀ ਭਗਤੀ ਸਮਝਾਈ ਹੈ, ਕਿਹੋ ਜਿਹਾ ਨਾਮ ਜਪਣਾ

ਸਮਝਾਇਆ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲਿਆਂ ਵਿੱਚ ਤੇ ਦੂਸਰਿਆਂ ਵਿੱਚ ਫਰਕ ਦੱਸ ਕੇ ਸਮਝਾਇਆ ਹੋਇਆ ਹੈ ਕਿ ਦੋਨਾਂ ਵਿੱਚ ਫਰਕ ਕੀ ਹੈ। ਪੂਰੇ ਸ਼ਬਦ ਰਾਹੀਂ ਇੱਕੋ ਗੱਲ ਦਾ ਫਰਕ ਹੀ ਸਮਝਾਇਆ ਹੋਇਆ ਹੈ। ਸਾਰਾ ਫਰਕ ਸਾਡੇ ਅੰਦਰ ਔਗੁਣਾਂ ਦੇ ਹੋਣ ਦਾ ਜਾਂ ਨਾ ਹੋਣ ਦਾ ਹੈ। ਸਾਡੀ ਭਗਤੀ ਵਿੱਚ ਰੁਕਾਵਟ ਸਾਡੇ ਔਗੁਣ ਹੀ ਹਨ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਦਾਸ ਬਣਾਉਂਦਾ ਹੈ, ਜਿਸ ਦੇ ਨਾਲ ਆਪਣਾ ਸੰਗ ਕਰਦਾ ਹੈ ਭਾਵ ਜਿਸ ਕੋਲੋਂ ਆਪਣੀ ਭਗਤੀ ਕਰਵਾਉਂਦਾ ਹੈ ਉਹਨਾਂ ਨੂੰ ਫਿਰ ਔਗੁਣਾਂ ਦੀ ਰੁਕਾਵਟ ਨਹੀਂ ਪਾਉਂਦਾ ਤੇ ਉਸਨੂੰ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ, ਉਸਦੇ

18/1957

ਔਗੁਣਾਂ ਨੂੰ ਮਾਰ ਦਿੰਦਾ ਹੈ। **(ਉਨ ਕਉ ਖਸਮਿ ਕੀਨੀ ਠਾਕਹਾਰੇ॥ ਦਾਸ ਸੰਗ ਤੇ ਮਾਰਿ ਬਿਦਾਰੇ॥)** ਅਸੀਂ ਸਾਰੇ ਉਹਨਾਂ ਵਿੱਚ ਹੀ ਆਉਂਦੇ ਹਾਂ ਜਿੱਥੇ ਪ੍ਰਮਾਤਮਾ ਨੇ ਸਾਡੇ ਅੰਦਰ ਔਗੁਣਾਂ ਦੇ ਰੂਪ ਵਿੱਚ ਸਾਡੇ ਅੰਦਰ ਭਗਤੀ ਦੀ ਰੁਕਾਵਟ ਪਾਈ ਹੋਈ ਹੈ। ਜਦ ਤੱਕ ਸਾਡੇ ਅੰਦਰ ਇਹ ਔਗੁਣ ਹਨ ਉਸ ਪ੍ਰਮਾਤਮਾ ਦਾ ਮੇਲ ਕੋਈ ਨਹੀਂ ਪਾ ਸਕਦਾ ਤੇ ਨਾ ਹੀ ਕੋਈ ਉਸਦਾ ਕੋਈ ਮੰਗਲ ਗਾ ਸਕਦਾ ਹੈ ਭਾਵ ਉਸਦੇ ਚੰਗੇ ਗੁਣ ਗਾ ਸਕਦਾ ਹੈ। ਉਸਦੇ ਚੰਗੇ ਗੁਣ ਕੇਵਲ ਗੁਣੀ ਬਣ ਕੇ ਹੀ ਗਾਏ ਜਾ ਸਕਦੇ ਹਨ। ਉਸਦੇ ਜਨ ਉਹੀ ਹਨ ਜਿੰਨ੍ਹਾਂ ਨੂੰ ਉਹ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ। **(ਗੋਬਿੰਦ ਭਗਤ ਕਾ ਮਹਲੁ ਨ ਪਾਇਆ॥ ਰਾਮ ਜਨਾ ਮਿਲਿ ਮੰਗਲੁ ਗਾਇਆ॥੧॥)** ਸਾਰੇ ਸੰਸਾਰ ਵਿੱਚ ਪ੍ਰਮਾਤਮਾ ਨੇ ਸਭ ਨੂੰ ਕਿਸੇ ਨਾ ਕਿਸੇ ਔਗੁਣ ਵਿੱਚ ਜਰੂਰ ਰੱਖਿਆ ਹੋਇਆ ਹੈ ਤੇ ਸਭ ਦੇ ਅੰਦਰ ਕਿਸੇ ਨਾ ਕਿਸੇ ਰੂਪ ਵਿੱਚ ਪੰਜ ਔਗੁਣਾਂ ਦਾ ਹੀ ਰਾਜ ਚੱਲਦਾ ਹੈ। ਜਿਸ ਨੂੰ ਉਹ ਆਪਣੀ ਭਗਤੀ ਬਖਸ਼ਦਾ ਹੈ ਇਹ ਔਗੁਣ ਫਿਰ ਇਹਨਾਂ ਔਗੁਣਾਂ ਦਾ ਹੁਕਮ ਨਹੀਂ ਚੱਲਦਾ। ਸਭ ਵਿੱਚ ਤੇ ਉਸਦੇ ਭਗਤਾਂ ਵਿੱਚ ਇਹੀ ਮੂਲ ਰੂਪ ਵਿੱਚ ਅੰਤਰ ਹੈ। **(ਸਗਲ ਸ੍ਰਿਸਟਿ ਕੇ ਪੰਚ ਸਿਕਦਾਰ॥ ਰਾਮ ਭਗਤ ਕੇ ਪਾਨੀਹਾਰ॥੧॥ਰਹਾਉ॥)** ਜੋ ਕੁੱਝ ਵੀ ਅਸੀਂ ਆਪਣੇ ਅੰਦਰ ਔਗੁਣਾਂ ਦੀ ਮੰਨਦੇ ਹਾਂ ਇਹ ਅਸੀਂ ਔਗੁਣਾਂ ਨੂੰ ਦਾਨ ਹੀ ਦਿੰਦੇ ਹਾਂ ਭਾਵ ਉਹਨਾਂ ਦੀ ਸੇਵਾ ਕਰਦੇ ਹਾਂ, ਪ੍ਰਮਾਤਮਾ ਦੇ ਭਗਤ ਇਹਨਾਂ ਨੂੰ ਦਾਨ ਨਹੀਂ ਦਿੰਦੇ ਤੇ ਉਲਟਾ ਇਹ ਔਗੁਣ ਉਸਦੇ ਭਗਤ ਅੱਗੇ ਝੁਕ ਕੇ ਰਹਿੰਦੇ ਹਨ ਭਾਵ ਉਸਦਾ ਕੋਈ ਮਾੜਾ ਨਹੀਂ ਕਰ ਸਕਦੇ। **(ਜਗਤ ਪਾਸ ਤੇ ਲੇਤੇ ਦਾਨੁ॥ ਗੋਬਿੰਦ ਭਗਤ ਕਉ ਕਰਹਿ ਸਲਾਮੁ॥)** ਜਿੰਨ੍ਹਾਂ ਦੇ ਅੰਦਰ ਇਹ ਪੰਜ ਔਗੁਣ ਵੱਸੇ ਹੋਏ ਹਨ ਇਹਨਾਂ ਦਾ ਕੰਮ ਮਨੁੱਖ ਨੂੰ ਲੁੱਟਣਾ ਹੀ ਹੈ, ਸਾਡੇ ਅੰਦਰੋਂ ਗੁਣਾਂ ਨੂੰ ਇਹ ਲੁੱਟਦੇ ਹੀ ਹਨ। ਔਗੁਣਾਂ ਦਾ ਕੰਮ ਗੁਣਾਂ ਨੂੰ ਲੁੱਟਣਾ ਹੀ ਹੁੰਦਾ ਹੈ। ਇਹਨਾਂ ਔਗੁਣਾਂ ਨੂੰ ਹੀ ਸਾਡੇ ਪੰਜ ਚੋਰ ਕਿਹਾ ਹੈ ਜੋ ਸਾਡੇ ਅੰਦਰੋਂ ਨਾਮ ਨੂੰ ਚੁਰਾਉਂਦੇ ਹਨ, ਗੁਰੂ ਦੀ ਮਤਿ ਚੁਰਾਉਂਦੇ ਹਨ ਭਾਵ ਗੁਰੂ ਦੀ ਮਤਿ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ। ਸਾਨੂੰ ਸਭ ਨੂੰ ਸਾਕਤ ਬਣਾਉਣਾ ਵਾਲੇ ਇਹ ਪੰਜ ਚੋਰ ਹੀ ਹਨ ਜਿੰਨ੍ਹਾਂ ਨਾਲ ਸਾਡੀ ਪਤਿ ਜਾਂਦੀ ਹੈ, ਨੀਵੀਂ ਹੁੰਦੀ ਹੈ।

18/1958

ਸਾਡੀ ਪਤਿ ਗੁਣਾਂ ਨਾਲ ਪੈਂਦੀ ਹੈ ਤੇ ਇਹ ਔਗੁਣ ਸਾਡੀ ਮਤਿ ਹਰ ਵੇਲੇ ਲਾਉਂਦੇ ਰਹਿੰਦੇ ਹਨ। ਪ੍ਰਮਾਤਮਾ ਦੇ ਦਰ ਤੋਂ ਸਾਨੂੰ ਪਤਿ ਕੇਵਲ ਗੁਣਾਂ ਦੁਆਰਾ ਵਿਚਰ ਕੇ ਹੀ ਮਿਲਦੀ ਹੈ। ਉਸਦੇ ਦਰ ਤੋਂ ਪਤਿ ਉਸਦੇ ਭਗਤਾਂ ਨੂੰ ਹੀ ਮਿਲਦੀ ਹੈ ਜਿੰਨ੍ਹਾਂ ਦੇ ਇਹ ਪੰਜੇ ਔਗੁਣ ਪੈਰ ਧੋਂਦੇ ਹਨ ਭਾਵ ਉਹਨਾਂ ਅੱਗੇ ਗੁਲਾਮ ਬਣ ਕੇ ਰਹਿੰਦੇ ਹਨ। **(ਲੂਟਿ ਲੇਹਿ ਸਾਕਤ ਪਤਿ ਖੋਵਹਿ॥ ਸਾਧ ਜਨਾ ਪਗ ਮਲਿ ਮਲਿ ਧੋਵਹਿ॥੨॥)** ਉਸਦਾ ਸਾਧ ਜਨ ਆਪ ਗੁਰੂ ਹੀ ਹੈ ਜੋ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੈ ਤੇ ਕੇਵਲ ਸਚੁ ਦੁਆਰਾ ਵਿਚਰਦਾ ਹੈ, ਕੇਵਲ ਨਾਮ ਜਪਦਾ ਹੈ। ਅਸੀਂ ਆਪਣੀ ਪਤਿ ਕੇਵਲ ਇੱਕ ਅੱਖਰ ਦੇ ਜਪ ਵਿੱਚ ਹੀ ਸਮਝੀ ਬੈਠੇ ਹਾਂ ਤੇ ਸਾਡੇ ਅੰਦਰ ਔਗੁਣ ਕਿਤਨੇ ਕੁ ਹਨ ਇਸਦਾ ਸਾਨੂੰ ਕੋਈ ਹਿਸਾਬ ਹੀ ਨਹੀਂ ਹੈ। ਪਤਿ ਕੇਵਲ ਚੰਗੇ ਕਰਮ ਕਰਨ ਵਿੱਚ ਹੈ ਤੇ ਹੋਰ ਕਿਸੇ ਕੰਮ ਵਿੱਚ ਨਹੀਂ ਹੈ। ਪਤਿ ਨਾਮ ਜਪਣ ਵਿੱਚ ਹੀ ਹੈ ਪਰ ਉਸ ਤੋਂ ਪਹਿਲੇ ਸਾਨੂੰ ਨਾਮ ਜਪਣ ਦੀ, ਪ੍ਰਮਾਤਮਾ ਦੀ ਭਗਤੀ ਕਰਨ ਦੀ ਸੋਝੀ ਦਾ ਹੋਣਾ ਵੀ ਜਰੂਰੀ ਹੈ।

18/1959

ਇਸ ਸੰਸਾਰ ਨੂੰ ਪ੍ਰਮਾਤਮਾ ਨੇ ਆਪਣੀ ਇੱਕ ਖੇਡ ਹੀ ਬਣਾਇਆ ਹੋਇਆ ਹੈ। ਇਸ ਖੇਡ ਦੇ ਵਿੱਚ ਉਹ ਨਿਰਗੁਣ ਰੂਪ ਵਿੱਚ ਗੁਪਤ ਹੀ ਵਿਚਰਦਾ ਹੈ ਤੇ ਆਪਣੀ ਉਹ ਖੇਡ ਸਰਗੁਣ ਰੂਪ ਦੁਆਰਾ ਖੇਡਦਾ ਹੈ। ਉਸਦਾ ਸਰਗੁਣ ਰੂਪ ਉਸਦੇ ਨਿਰਗੁਣ ਰੂਪ ਨੂੰ ਟਿਕਾਉਣ ਦੇ ਲਈ ਹੀ ਹੈ। ਇਸ ਖੇਡ ਨੂੰ ਚਲਾਉਣ ਵਾਲਾ ਉਹ ਆਪ ਨਿਰਗੁਣ ਰੂਪ ਹੀ ਹੈ।

ਪ੍ਰਮਾਤਮਾ ਆਪਣੀ ਇਹ ਖੇਡ ਸਭ ਦੇ ਅੰਦਰ ਮਾਇਆ ਮੋਹ ਪਾ ਕੇ ਹੀ ਚਲਾਉਂਦਾ ਹੈ ਜਿਸ ਕਰਕੇ ਹਰ ਕੋਈ ਮਨੁੱਖ

ਮਾਇਆ ਦੇ ਪਿੱਛੇ ਭੱਜਿਆ ਫਿਰਦਾ ਹੈ। ਇਹ ਪੰਜੇ ਔਗੁਣ ਸਾਡੇ ਅੰਦਰ ਦੇ ਮਾਇਆ ਮੋਹ ਦੇ, ਮਾਇਆ ਦੀ ਤ੍ਰਿਸ਼ਨਾ ਦੇ ਪਿਆਦੇ ਹਨ ਜਿਸ ਦੁਆਰਾ ਮਾਇਆ ਦੀ ਖੇਡ ਚੱਲਦੀ ਹੈ। ਸਾਡੇ ਅੰਦਰ ਇਹ ਮਾਇਆ ਦੀ ਜੁਗਤਿ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਇਹ ਖੇਡ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੀ ਵਿਚਰਦੀ ਹੈ, ਮਨ ਦੇ ਵਿੱਚ ਹੀ ਵਿਚਰਦੀ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਸਭ ਨੂੰ ਪ੍ਰਮਾਤਮਾ ਨੇ ਇਸ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਸਾਡੇ ਪੰਜੇ ਔਗੁਣ ਮਾਇਆ ਦੀ ਇਸ ਜੁਗਤਿ ਦੁਆਰਾ ਹੀ ਸਾਡੇ ਨਾਲ ਵਿਆਹੇ ਹੋਏ ਹਨ ਭਾਵ ਸਾਡੇ ਪਿਆਰੇ ਬਣੇ ਹੋਏ ਹਨ।

ਮਨ ਦੀ ਇਸ ਅਵੱਸਥਾ ਦੁਆਰਾ ਹਰ ਕੋਈ ਪ੍ਰਮਾਤਮਾ ਨੂੰ ਜਾਨਣ ਤੋਂ, ਉਸਦੀ ਖੇਡ ਨੂੰ ਸਮਝਣ ਤੋਂ ਅਸਮਰੱਥ ਹੀ ਰਹਿੰਦਾ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਆਪਣਾ ਆਪ ਜਣਾਉਣ ਤੋਂ ਅਸਮਰੱਥ ਰੱਖਿਆ ਹੋਇਆ ਹੈ। ਜਿਸਨੂੰ ਉਹ ਆਪਣਾ ਜਨ ਬਣਾਉਂਦਾ ਹੈ ਉਸਨੂੰ ਪ੍ਰਮਾਤਮਾ ਇਸ ਅਵੱਸਥਾ ਵਿੱਚੋਂ ਕੱਢ ਲੈਂਦਾ ਹੈ ਤੇ ਫਿਰ ਤਾਂ ਹੀ ਕੋਈ ਇਹਨਾਂ ਔਗੁਣਾਂ ਤੋਂ ਰਹਿਤ ਹੁੰਦਾ ਹੈ ਤੇ ਉਸਦੀ ਭਗਤੀ ਕਰ ਸਕਦਾ ਹੈ।

(ਪੰਚ ਪੂਤ ਜਣੇ ਇਕ ਮਾਇ॥ਉਤਭੁਜ ਖੇਲੁ ਕਰਿ ਜਗਤ ਵਿਆਇ॥

ਤੀਨਿ ਗੁਣਾ ਕੈ ਸੰਗਿ ਰਚਿ ਰਸੇ॥ਇਨ ਕਉ ਛੋਡਿ ਊਪਰਿ ਜਨ ਬਸੇ॥੩॥)

18/1960

{ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥}

(ਅੰਗ ੭)

ਸਾਡੇ ਅੰਦਰ ਇਹ ਤ੍ਰੈਗੁਣ ਕੀ ਹਨ ਇਸਨੂੰ ਅਸੀਂ ਜਪੁਜੀ ਬਾਣੀ ਦੇ ਅਰਥਾ ਵਿੱਚ ਪਹਿਲੇ ਹੀ ਸਮਝਿਆ ਹੋਇਆ ਹੈ। ਇਹ ਪੰਜੇ ਔਗੁਣ ਸਾਡੀ ਤ੍ਰੈਗੁਣੀ ਅਵੱਸਥਾ ਦਾ ਹਿੱਸਾ ਹੀ ਹਨ। ਕਿਤੇ ਇਹ ਔਗੁਣ ਘੱਟ ਹੁੰਦੇ ਹਨ ਤੇ ਕਿਤੇ ਇਹ ਜਿਆਦਾ ਹੁੰਦੇ ਹਨ ਭਾਵ ਇਹ ਤ੍ਰੈਗੁਣਾਂ ਦੀ ਅਵੱਸਥਾ ਦਾ ਹਿੱਸਾ ਹੀ ਹਨ ਕਿਉਂਕਿ ਗੁਣ, ਔਗੁਣ ਸਾਡੇ ਨਾਲ ਨਾਲ ਹੀ ਚੱਲਦੇ ਹਨ। ਪੂਰਨ ਗੁਣਾਂ ਵਾਲੀ ਅਵੱਸਥਾ ਤ੍ਰੈਗੁਣਾਂ ਵਿੱਚੋਂ ਨਿਕਲਣ ਦੁਆਰਾ ਹੀ ਮਿਲਦੀ ਹੈ।

ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਸਾਨੂੰ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਜਿਸਨੇ ਸਾਡੇ ਅੰਦਰ ਇਹ ਅਵੱਸਥਾ ਪਾਈ ਹੋਈ ਹੈ। ਇਹੀ ਗੱਲ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਹੀ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਡੀ ਭਗਤੀ ਦਾ ਸਾਰ ਕੀ ਹੈ, ਤੱਤ ਕੀ ਹੈ, ਨਿਚੋੜ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ।

“ਕਰਿ ਕਿਰਪਾ ਜਨ ਲੀਏ ਛਡਾਇ॥ ਜਿਸ ਕੇ ਸੇ ਤਿਨਿ ਰਖੇ ਹਟਾਇ॥

ਕਹੁ ਨਾਨਕ ਭਗਤਿ ਪ੍ਰਭ ਸਾਰੁ॥ ਬਿਨੁ ਭਗਤੀ ਸਭ ਹੋਇ ਖੁਆਰੁ॥੪॥੯॥੧੧॥”

ਸਭ ਤੋਂ ਪਹਿਲਾ ਤੇ ਉਸਦੀ ਕਿਰਪਾ ਸਮਝੋ ਕਿ ਉਸਦੀ ਕਿਰਪਾ ਸਾਡੇ ਉੱਤੇ ਕਿਸ ਰੂਪ ਵਿੱਚ ਹੁੰਦੀ ਹੈ। ਉਸਦੀ ਕਿਰਪਾ ਕਰਨ ਦਾ ਤਰੀਕਾ ਉਹ ਹੀ ਹੈ ਜੋ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਵਾਰ-ਵਾਰ ਸਮਝਦੇ ਆ ਰਹੇ ਹਾਂ। ਜਿਸਨੂੰ ਉਹ ਆਪਣਾ ਜਨ ਬਣਾਉਂਦਾ ਹੈ, ਆਪਣਾ ਭਗਤ ਬਣਾਉਂਦਾ ਹੈ ਉਸ ਤੇ ਆਪਣੀ ਕਿਰਪਾ ਕਰਕੇ ਹੀ ਬਣਾਉਂਦਾ ਹੈ। ਆਪਣੇ ਜਨ ਤੇ ਕਿਰਪਾ ਕਰਨ ਦੁਆਰਾ ਉਹ ਉਸਨੂੰ ਪੰਜਾਂ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ, ਉਸਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ

18/1961

ਕੱਢ ਲੈਂਦਾ ਹੈ ਜਿਸਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਹੀ ਸੋਝੀ ਹੀ ਨਹੀਂ ਪੈਂਦੀ। ਜਿਸਨੇ ਸਾਡੇ ਅੰਦਰ ਔਗੁਣ ਪਾਏ ਹੋਏ ਹਨ ਭਾਵ ਜਿਸਦੇ ਹੁਕਮ ਕਰਕੇ ਸਾਡੇ ਵਿਚਾਰ ਮਾੜੇ ਬਣੇ ਰਹਿੰਦੇ ਹਨ ਉਹਨਾਂ ਵਿਚਾਰਾਂ ਦੇ ਵਿੱਚ ਸੱਚੀ ਸੋਝੀ ਪਾ ਕੇ ਸਾਡੇ ਵਿਚਾਰਾਂ ਨੂੰ ਔਗੁਣ ਰਹਿਤ ਕਰ ਦਿੰਦਾ ਹੈ, ਗੁਣਾਂ ਵਾਲੇ ਬਣਾਂ ਦਿੰਦਾ ਹੈ ਜਿਸ ਦੁਆਰਾ ਉਸਦੀ ਭਗਤੀ ਹੋ ਸਕਦੀ ਹੈ। ਸਾਨੂੰ ਮਾੜੇ ਕਰਮ ਕਰਨ ਵਾਲੀ ਬਿਰਤੀ ਵਿੱਚੋਂ ਕੱਢ ਕੇ ਚੰਗੇ ਕਰਮ ਕਰਨ ਵਾਲੀ ਬਿਰਤੀ ਦੇ ਦਿੰਦਾ ਹੈ ਤੇ ਭਗਤੀ ਦਾ ਅਸਲੀ ਮਾਰਗ ਸਮਝਾ ਦਿੰਦਾ ਹੈ, ਆਪਣਾ ਨਾਮ ਜਪਣਾ ਸਮਝਾ ਦਿੰਦਾ ਹੈ।

ਮਨ ਦੀ ਇਹੋ ਜਿਹੀ ਸੋਝੀ ਤੋਂ ਬਾਅਦ ਹੀ ਮਨੁੱਖ ਨੂੰ ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਦੀ ਭਗਤੀ ਸਾਡੇ ਸੱਚੇ ਸੁੱਚੇ ਕਰਮ ਕਰਨੇ ਹੀ ਹੈ ਤੇ ਇਸ ਤੋਂ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਦਾ ਕੋਈ ਤਰੀਕਾ ਨਹੀਂ ਹੈ। ਇਹ ਵਿਸ਼ਵਾਸ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ। ਉਸ ਤੋਂ ਬਾਅਦ ਹੀ ਇਹ ਵਿਸ਼ਵਾਸ ਆਉਂਦਾ ਹੈ ਕਿ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਜੋ ਕੁੱਝ ਸਮਝਾਇਆ ਹੋਇਆ ਹੈ ਉਹ ਬਿਲਕੁਲ ਉਸੇ ਤਰ੍ਹਾਂ ਸੱਚ ਹੈ। ਮਨ ਦੇ ਵਿੱਚ ਸੱਚ ਵੱਸਣ ਤੋਂ ਬਿਨ੍ਹਾਂ ਭਾਵ ਔਗੁਣ ਰਹਿਤ ਹੋਏ ਬਿਨ੍ਹਾਂ ਸੰਸਾਰ ਅਨੇਕਾਂ ਹੀ ਤਰੀਕਿਆਂ ਦੁਆਰਾ, ਸਰੀਰਕ ਜਪਾਂ ਤਪਾਂ ਦੁਆਰਾ ਜੋ ਪ੍ਰਮਾਤਮਾ ਨੂੰ ਜਪਣਾ ਸਮਝਦੇ ਹਨ ਉਹ ਸਭ ਕੁੱਝ ਵਿਅਰਥ ਹੀ ਹੈ ਭਾਵ ਹਰ ਕੋਈ ਭਰਮ ਵਿੱਚ ਹੀ ਹੈ, ਪ੍ਰਮਾਤਮਾ ਦੇ ਜਪ ਤਪ ਵਿੱਚ ਲੱਗਾ ਹੋਇਆ ਹੈ, ਦਿਖਾਵੇ ਵਿੱਚ ਲੱਗਾ ਹੋਇਆ ਹੈ ਜਿਸਨੂੰ ਕਿ ਗੁਰਬਾਣੀ ਵਿੱਚ ਕੇਵਲ ਇੱਕ ਪਾਖੰਡ ਕਿਹਾ ਹੈ। ਮਨ ਦੇ ਵਿੱਚੋਂ ਹੀ ਇਹ ਸਮਝ ਪੈਂਦੀ ਹੈ ਕਿ ਹਰ ਕੋਈ ਅਸਲ ਵਿੱਚ ਭਗਤੀ ਦੀ ਸੋਝੀ ਬਿਨ੍ਹਾਂ ਐਵੇਂ ਵਿਅਰਥ ਹੀ ਪਾਖੰਡ ਦਿਖਾਉਣ ਵਿੱਚ ਲੱਗਾ ਹੋਇਆ ਹੈ। ਸਾਡੀ ਗੁਣਾਂ ਵਾਲੀ ਸੰਸਾਰਿਕ ਵਿਚਰਨ ਹੀ ਅਸਲ ਵਿੱਚ ਭਗਤੀ ਹੈ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ, ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ। ਇਹੋ ਜਿਹਾ ਜਪ ਤਪ ਕਰਨ ਵਾਲਿਆਂ ਤੇ ਪ੍ਰਮਾਤਮਾ ਦੀ ਕਿਰਪਾ ਨਹੀਂ ਹੈ। ਉਸਦੀ ਕਿਰਪਾ ਉਹਨਾਂ ਤੇ ਹੈ ਜਿਹਨਾਂ ਦੇ

18/1962

ਉਸਨੇ ਔਗੁਣ ਕੱਢੇ ਹਨ, ਔਗੁਣਾਂ ਤੋਂ ਬਚਾਇਆ ਹੋਇਆ ਹੈ। **(ਕਰਿ ਕਿਰਪਾ ਜਨ ਲੀਏ ਛਡਾਇ॥ ਜਿਸ ਕੇ ਸੇ ਤਿਨਿ ਰਖੇ ਹਟਾਇ॥)**

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥}

(ਅੰਗ ੧੧੯੩)

ਜਿਹਨਾਂ ਕੋਲੋਂ ਪ੍ਰਮਾਤਮਾ ਆਪਣੇ ਚਰਣ ਜਪਾਉਂਦਾ ਹੈ ਭਾਵ ਆਪਣਾ ਨਾਮ ਜਪਾਉਂਦਾ ਹੈ ਪਹਿਲਾਂ ਉਹਨਾਂ ਦੇ ਪੰਜੇ ਵਿਕਾਰਾਂ ਨੂੰ ਹੀ ਬੰਨਦਾ ਹੈ ਜੋ ਕਿ ਉਸਦੀ ਸੱਚੀ ਕਿਰਪਾ ਹੈ। ਉਸਦੀ ਇਹ ਸੱਚੀ ਕਿਰਪਾ ਹੋਏ ਬਿਨ੍ਹਾਂ ਉਸਦਾ ਨਾਮ ਨਹੀਂ ਜਪਿਆ ਜਾ ਸਕਦਾ ਭਾਵ ਸੱਚੀ ਸੁੱਚੀ ਕਿਰਤ ਨਹੀਂ ਹੋ ਸਕਦੀ। ਸਾਡੀ ਭਗਤੀ ਦਾ ਸਾਰ ਇਹ ਹੀ ਹੈ ਕਿ ਅਸੀਂ ਔਗੁਣ ਰਹਿਤ ਹੋ ਕੇ ਵਿਚਰੀਏ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਹੁ ਨਾਨਕ ਭਗਤਿ ਪ੍ਰਭ ਸਾਰੁ॥ ਬਿਨੁ ਭਗਤੀ ਸਭ ਹੋਇ ਖੁਆਰੁ॥੪॥੯॥੧੧॥”

ਪਹਿਲਾਂ ਸਾਨੂੰ ਸਾਰੇ ਸ਼ਬਦ ਰਾਹੀਂ ਪ੍ਰਮਾਤਮਾ ਦੀ ਭਗਤੀ ਕਰਨੀ ਹੀ ਸਿਖਾਈ ਹੈ ਕਿ ਉਸਦੀ ਭਗਤੀ ਕਿਵੇਂ ਹੁੰਦੀ ਹੈ, ਉਸਦੇ ਭਗਤ, ਉਸਦੇ ਜਨ ਕਿਹੋ ਜਿਹੇ ਹੁੰਦੇ ਹਨ। ਆਖਰੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਨਿਰਣਾ ਸੁਣਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਸਾਰ ਭਾਵ ਤੱਤ, ਨਿਚੋੜ ਇਹ ਹੀ ਹੈ ਕਿ ਅਸੀਂ ਪੰਜੇ ਔਗੁਣਾਂ ਤੋਂ ਮੁਕਤ ਹੋ ਕੇ ਵਿਚਰੀਏ। ਇਸ ਤੋਂ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਇਸ ਤੋਂ ਬਿਨ੍ਹਾਂ ਜੇ ਕੋਈ ਭਗਤੀ ਦਾ ਤਰੀਕਾ ਸਮਝਦਾ ਹੈ ਤੇ ਉਹ ਕੇਵਲ ਉਹਨਾਂ ਦੀ ਅਗਿਆਨਤਾ ਹੈ। ਬਿਨ੍ਹਾਂ ਸੱਚੀ ਭਗਤੀ ਤੋਂ ਭਾਵ ਔਗੁਣਾਂ ਦੇ ਰਹਿੰਦੇ ਹੋਏ ਜੇ ਕੋਈ ਭਗਤੀ ਦਾ ਤਰੀਕਾ ਸਮਝਦਾ ਹੈ ਉਹ ਕੇਵਲ ਆਪਣੇ ਆਪ ਨੂੰ ਖੁਆਰ ਕਰਨ ਵਾਲੀ ਗੱਲ ਹੈ। ਔਗੁਣਾਂ ਵਿੱਚ ਰਹਿੰਦੇ ਹੋਏ ਹਰ ਕਿਸੇ ਦੀ ਖੁਆਰੀ ਹੀ ਹੈ। **(ਕਹੁ ਨਾਨਕ ਭਗਤਿ ਪ੍ਰਭ ਸਾਰੁ॥ ਬਿਨੁ ਭਗਤੀ ਸਭ ਹੋਇ ਖੁਆਰੁ॥੪॥੯॥੧੧॥)**

18/1963

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

{ਸਾਧਸੰਗਿ ਮਿਟਿ ਜਾਤ ਬਿਕਾਰ॥ ਸਭ ਤੇ ਊਚ ਏਹੋ ਉਪਕਾਰ॥੩॥}

(ਅੰਗ ੧੯੮)

ਪ੍ਰਮਾਤਮਾ ਦਾ ਸਾਡੇ ਤੇ ਸਭ ਤੋਂ ਉੱਚਾ ਉਪਕਾਰ, ਵੱਡਾ ਉਪਕਾਰ ਇਹੀ ਹੈ ਕਿ ਉਹ ਸਾਨੂੰ ਵਿਕਾਰਾਂ ਵਿੱਚੋਂ ਕੱਢ ਲਵੇ। ਇਹੀ ਸਾਡਾ ਸਾਧਸੰਗਿ ਦਾ ਮਕਸਦ ਹੈ, ਗੁਰੂ ਦੀ ਭਾਵ ਗੁਰੂ ਦੀ ਮਤਿ ਦੀ ਸੰਗਤਿ ਕਰਨ ਦਾ ਮਕਸਦ ਹੈ। ਜਿਸਨੂੰ ਪ੍ਰਮਾਤਮਾ

ਸਾਧਸੰਗਤਿ ਬਖਸ਼ਦਾ ਹੈ, ਆਪਣੀ ਸੰਗਤਿ ਬਖਸ਼ਦਾ ਹੈ ਉਸਨੂੰ ਵਿਕਾਰਾਂ ਵਿੱਚੋਂ ਕੱਢ ਲੈਂਦਾ ਹੈ।

{ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ॥ ਨਾਨਕ ਤੇ ਜਨ ਨਾਮਿ ਮਿਲੇਇ॥੩॥}

ਉਸਦੀ ਭਗਤੀ ਦਾ ਮਿਲਣਾ ਉਸਦੇ ਨਾਮ ਦੇ ਵਿੱਚ ਮਿਲਣਾ ਹੈ। ਉਸਦਾ ਨਾਮ ਉਸਦੀ ਸੱਚੀ ਮਤਿ ਹੈ, ਉਸਦਾ ਸੱਚਾ ਗਿਆਨ ਹੈ। ਉਸਦੀ ਭਗਤੀ ਉਸਦਾ ਸੱਚਾ ਗਿਆਨ ਮਿਲਣ ਦੁਆਰਾ ਹੀ ਹੁੰਦੀ ਹੈ। ਮਨ ਦੇ ਵਿੱਚ ਆਪਣੇ ਇਸ ਸੱਚੇ ਗਿਆਨ ਦੁਆਰਾ ਹੀ ਉਹ ਸਾਨੂੰ ਔਗੁਣ ਮੁਕਤ ਕਰਦਾ ਹੈ ਜਿਸ ਦੁਆਰਾ ਉਸਦੀ ਭਗਤੀ ਹੁੰਦੀ ਹੈ।

ਇੱਕ ਅੱਖਰ ਦਾ ਜਪ ਕਰਨ ਵਾਲਿਆਂ ਵਿੱਚ ਜਿਸਨੂੰ ਕਿ ਉਹ ਨਾਮ ਜਪਣਾ ਸਮਝਦੇ ਹਨ ਸਭ ਤੋਂ ਵੱਡਾ ਭੁਲੇਖਾ ਇਸ ਗੱਲ ਦਾ ਹੈ ਕਿ ਉਹ ਇਹੋ ਜਿਹੇ ਜਪ ਨੂੰ ਹੀ ਆਪਣਾ ਗੁਣ ਸਮਝਦੇ ਹਨ। ਅਸਲ ਗੁਣ ਕੀ ਹਨ ਜਿਹਨਾਂ ਨੂੰ ਗੁਰਬਾਣੀ ਗੁਣ ਕਹਿੰਦੀ ਹੈ ਉਹ ਉਸਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਉਹ ਇੱਕ ਅੱਖਰ ਦੇ ਜਪ ਨੂੰ ਹੀ ਸੱਚ ਤੇ ਚੱਲਣਾ ਸਮਝਦੇ ਹਨ, ਸੱਚ ਨੂੰ ਜਪਣਾ ਸਮਝਦੇ ਹਨ ਪਰ ਗੁਰਬਾਣੀ ਵਿੱਚ ਸੱਚ ਕਿਸ ਨੂੰ ਕਿਹਾ ਹੈ ਇਸ ਗੱਲ ਨੂੰ ਉਹ ਨਹੀਂ ਸਮਝਦੇ। ਉਹ ਇੱਕ ਅੱਖਰ ਦੇ ਜਪ ਨੂੰ ਹੀ ਸਭ ਕੁੱਝ ਸਮਝਦੇ ਹਨ। ਉਹ ਮੁੱਖੋਂ ਸੱਚੀ

18/1964

ਗੱਲ ਬੋਲਣ ਨੂੰ ਸੱਚ ਸਮਝਣ ਦੀ ਬਜਾਏ ਇੱਕ ਅੱਖਰ ਨੂੰ ਬੋਲਣਾ ਹੀ ਸੱਚ ਸਮਝਦੇ ਹਨ। ਉਹ ਔਗੁਣਾਂ ਨੂੰ ਛੱਡਣ ਦੀ ਬਜਾਏ ਇੱਕ ਅੱਖਰ ਦੇ ਜਪ ਨੂੰ ਹੀ ਗੁਣ ਸਮਝਦੇ ਹਨ। ਇੱਕ ਅੱਖਰ ਦੇ ਜਪ ਨੂੰ ਹੀ ਉਹ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦੇ ਹਨ। ਗੁਣ ਅਸੀਂ ਉਸਦੇ ਗਾਉਂਦੇ ਹਾਂ ਜਿੱਥੇ ਸਾਡੇ ਮਨ ਦੇ ਵਿਚਾਰ ਟਿਕੇ ਹੁੰਦੇ ਹਨ।। ਜੇਕਰ ਮਨ ਦੇ ਵਿੱਚ ਵਿਕਾਰ ਹਨ ਤਾਂ ਫਿਰ ਅਸੀਂ ਵਿਕਾਰਾਂ ਦੇ ਗੁਣ ਗਾਉਂਦੇ ਹਾਂ ਤੇ ਜੇਕਰ ਸਾਡੇ ਮਨ ਦੇ ਵਿੱਚ ਗੁਣ ਹਨ ਫਿਰ ਅਸੀਂ ਪ੍ਰਮਾਤਮਾ ਦੇ ਗੁਣ ਗਾਉਂਦੇ ਹਾਂ, ਸੱਚ ਦੇ ਗੁਣ ਗਾਉਂਦੇ ਹਾਂ। ਅਸੀਂ ਗੁਣ ਝੂਠ ਦੇ ਗਾਉਂਦੇ ਹਾਂ ਤੇ ਉਸਨੂੰ ਸਮਝਦੇ ਅਸੀਂ ਸੱਚ ਦੇ ਗੁਣ ਗਾਉਣਾ ਹੀ ਹਾਂ। ਸਾਡੇ ਭੁਲੇਖੇ ਦਾ ਕਾਰਨ ਉਹ ਹੀ ਹੈ ਜਿਸਦੀ ਚਰਚਾ ਅਸੀਂ ਪਿੱਛੇ ਅਨੇਕਾਂ ਵਾਰ ਕੀਤੀ ਹੈ। ਅਸੀਂ ਪ੍ਰਮਾਤਮਾ ਦਾ ਨਾਮ ਜਪਣਾ ਉਹਨਾਂ ਕੋਲੋਂ ਸਿੱਖਿਆ ਹੈ ਜਿਹਨਾਂ ਨੂੰ ਨਾਮ ਦੀ ਸੋਝੀ ਨਹੀਂ ਹੈ। ਨਾਮ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਜਦ ਤੱਕ ਅਸੀਂ ਇਹ ਗੱਲ ਗੁਰੂ ਦੇ ਕੋਲੋਂ ਨਹੀਂ ਸਿੱਖਾਂਗੇ ਤਦ ਤੱਕ ਸਾਨੂੰ ਸੋਝੀ ਪੈ ਵੀ ਨਹੀਂ ਸਕਦੀ। ਗੁਰੂ ਸਾਹਿਬਾਨ ਨੇ ਪ੍ਰਮਾਤਮਾ ਦੇ ਗੁਣ ਕਿਸ ਰੂਪ ਵਿੱਚ ਗਾਏ ਹਨ ਆਓ ਇਹ ਗੱਲ ਗੁਰੂ ਸਾਹਿਬ ਕੋਲੋਂ ਹੀ ਉਹਨਾਂ ਦੇ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ।

ਸੂਹੀ ਮਹਲਾ ੨॥

“ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥
ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥
ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥
ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥
ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥
ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥
ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥
ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ॥
ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ॥
ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ॥
ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ ਕਿਉ ਮਿਲੈ ਹੋਇ ਪਰਾਇਆ॥
ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ॥੨॥”

(ਅੰਗ ੭੬੬)

ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਸਾਹਿਬ ਆਪਣੇ ਮਨ ਦੀ ਅਵੱਸਥਾ ਸਮਝਾ ਰਹੇ ਹਨ ਕਿ ਉਹ ਪ੍ਰਮਾਤਮਾ ਦੇ ਨਾਲ ਕਿਸ ਤਰ੍ਹਾਂ ਜੁੜੇ ਹੋਏ ਹਨ ਤੇ ਉਸਦੇ ਗੁਣ ਗਾ ਰਹੇ ਹਨ ਭਾਵ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਸਿਖਾ ਰਹੇ ਹਨ ਕਿ ਪ੍ਰਮਾਤਮਾ ਦੇ ਗੁਣ ਕਿਸ ਤਰੀਕੇ ਨਾਲ ਗਾਏ ਜਾ ਸਕਦੇ ਹਨ।

“ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥ ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥”

ਸਾਰੀ ਗੱਲ ਸਾਡੇ ਮਨ ਤੇ ਨਿਬੜਦੀ ਹੈ ਕਿ ਸਾਨੂੰ ਭਾਉਂਦਾ ਕੀ ਹੈ। ਅਸੀਂ ਉਹੀ ਕੁੱਝ ਕਰਦੇ ਹਾਂ ਜੋ ਗੱਲ ਸਾਨੂੰ ਭਾਉਂਦੀ ਹੈ,

18/1965

ਸਾਡੇ ਅੰਦਰ ਗੁਣ ਤਾਂ ਹੀ ਵੱਸ ਸਕਦੇ ਹਨ ਭਾਵ ਟਿਕ ਸਕਦੇ ਹਨ ਜੇਕਰ ਸਾਨੂੰ ਉਹ ਚੰਗੇ ਲੱਗਦੇ ਹਨ, ਜੇਕਰ ਸਾਨੂੰ ਗੁਣਾਂ ਨਾਲ ਪਿਆਰ ਹੈ। ਜੇਕਰ ਸਾਨੂੰ ਭਾਉਂਦੇ ਹੀ ਔਗੁਣ ਹਨ ਫਿਰ ਸਾਨੂੰ ਗੁਣ ਚੰਗੇ ਹੀ ਨਹੀਂ ਲੱਗ ਸਕਦੇ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਉਹਨਾਂ ਦਾ ਮਨ ਪ੍ਰਮਾਤਮਾ ਦੇ ਨਾਲ ਰੱਤਿਆ ਹੋਇਆ ਹੈ, ਉਸਦੇ ਗੁਣਾਂ ਦੇ ਨਾਲ ਰੱਤਿਆ ਹੋਇਆ ਹੈ ਭਾਵ ਪ੍ਰਮਾਤਮਾ ਦੇ ਨਾਲ ਰੱਤਣਾ ਉਸਦੇ ਗੁਣਾਂ ਦੇ ਨਾਲ ਰੱਤਣਾ ਹੈ। ਇਹ ਉਦੋਂ ਹੀ ਹੁੰਦਾ ਹੈ ਜਦੋਂ ਸਾਨੂੰ ਗੁਣ ਹੀ ਭਾਉਂਦੇ ਹਨ। ਗੁਣਾਂ ਦੇ ਨਾਲ ਪਿਆਰ ਹੀ ਪ੍ਰਮਾਤਮਾ ਦੇ ਨਾਲ ਪਿਆਰ ਹੈ। ਗੁਣਾਂ ਦੇ ਨਾਲ ਰੱਤਣਾ ਹੀ ਪ੍ਰਮਾਤਮਾ ਦੇ ਨਾਲ ਰੱਤਣਾ ਹੈ। **(ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥)**

ਗੁਰੂ ਸਾਹਿਬ ਜਿਹੜੀ ਪੌੜੀ ਤੇ ਚੜ੍ਹੇ ਹੋਏ ਹਨ ਉਹ ਪੌੜੀ ਸੱਚ ਦੀ ਹੈ। ਇਹ ਪੌੜੀ ਮਨ ਦੇ ਵਿੱਚ ਹੀ ਹੈ। ਜਦੋਂ ਮਨ ਦੇ ਅੰਦਰ ਪੂਰਨ ਸੱਚ ਦੀ ਅਵੱਸਥਾ ਹੁੰਦੀ ਹੈ, ਇਹ ਮਨ ਦੇ ਵਿੱਚ ਸੱਚ ਦੀ ਪੌੜੀ ਹੈ। ਗੁਰੂ ਉਹੀ ਹੈ ਜਿਸਨੇ ਇਹ ਸੱਚ ਦੀ ਪੌੜੀ ਚੜ੍ਹੀ ਹੋਈ ਹੈ। ਇਸ ਪੌੜੀ ਤੇ ਹੀ ਆਪ ਪ੍ਰਮਾਤਮਾ ਬੈਠਾ ਹੈ। ਇਹ ਪੌੜੀ ਹੀ "ਸੁਖੁ" ਦੀ ਪੌੜੀ ਹੈ ਜਿੱਥੇ ਚੜ੍ਹ ਕੇ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦਾ ਪ੍ਰਮਾਤਮਾ ਦੇ ਨਾਲ ਮੇਲ ਇਸ ਪੌੜੀ ਤੇ ਚੜ੍ਹਨ ਦੇ ਨਾਲ ਹੀ ਹੁੰਦਾ ਹੈ ਤੇ ਇਸੇ ਲਈ ਗੁਰੂ ਅਸਲ ਵਿੱਚ ਆਪ ਪ੍ਰਮਾਤਮਾ ਹੀ ਹੈ ਜੋ ਇਸ ਪੌੜੀ ਦਾ ਮਾਲਕ ਹੈ, ਸੱਚ ਦਾ, "ਸੁਖੁ" ਦਾ ਮਾਲਕ ਹੈ। **(ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥)**

ਗੁਰੂ ਇਸ ਪਉੜੀ ਤੇ ਪਹੁੰਚ ਕੇ ਹੀ ਹਰ ਵੇਲੇ ਪ੍ਰਮਾਤਮਾ ਦੇ ਗੁਣਾਂ ਨਾਲ ਰੱਤਿਆ ਰਹਿੰਦਾ ਹੈ। ਇਹ ਸੱਚ ਦਾ ਗਿਆਨ ਗੁਰੂ ਨੂੰ ਕਿਸ ਵਿਧੀ ਦੁਆਰਾ ਮਿਲਦਾ ਹੈ ਤੇ ਕਿੱਥੇ ਮਿਲਦਾ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥
ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥"

18/1966

ਸਾਡੇ ਅੰਦਰ ਸੁੱਖ ਦੀ ਪ੍ਰਾਪਤੀ ਹੀ ਸਾਡੇ ਅੰਦਰ ਸਹਜ ਦੀ ਪ੍ਰਾਪਤੀ ਹੈ ਭਾਵ ਇਹ ਪ੍ਰਾਪਤੀ ਸਹਜ ਦੀ ਅਵੱਸਥਾ ਦੁਆਰਾ ਹੁੰਦੀ ਹੈ। ਸਾਨੂੰ ਸੱਚ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਸਾਡੇ ਅੰਦਰ ਪ੍ਰਮਾਤਮਾ ਮਨ ਦੀ ਇਸ ਵਿਧੀ ਦੁਆਰਾ ਹੀ ਆਉਂਦਾ ਹੈ ਤੇ ਉਸ ਤੋਂ ਬਾਅਦ ਮਨੁੱਖ ਨੂੰ ਕੇਵਲ ਸੱਚ ਹੀ ਭਾਉਂਦਾ ਹੈ। ਮਨ ਦੇ ਵਿੱਚ ਆਉਣ ਤੋਂ ਬਾਅਦ ਪ੍ਰਮਾਤਮਾ ਆਪਣਾ ਸੱਚ ਹੀ ਬਖਸ਼ਦਾ ਹੈ ਤੇ ਫਿਰ ਤਾਂ ਹੀ ਸੱਚ ਦੀ ਕਦਰ ਪੈਂਦੀ ਹੈ ਭਾਵ ਗੁਰਮਤਿ ਦੀ ਕਦਰ ਪੈਂਦੀ ਹੈ। ਜਿੱਥੇ ਸੱਚ ਹੈ ਉੱਥੇ ਹੀ ਗੁਰਮਤਿ ਹੈ। **(ਸੁਖਿ ਸਹਜਿ ਆਵੈ ਸਾਚ ਭਾਵੈ)**

ਸਾਡੇ ਅੰਦਰ ਇਹ ਮਨ ਦੀ ਅਵੱਸਥਾ ਜਿਸ ਦੁਆਰਾ ਸਾਨੂੰ ਸੁੱਖ ਦੀ, ਸਹਜ ਦੀ, ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਇਹੀ ਗੱਲ ਪੰਗਤੀ ਦੇ ਬਾਕੀ ਹਿੱਸੇ ਦੁਆਰਾ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਾਚ ਕੀ ਮਤਿ ਕਿਉ ਟਲੈ॥"

ਮਨ ਦੀ ਇਸ ਅਵੱਸਥਾ ਤੋਂ ਬਾਅਦ ਮਨੁੱਖ ਨੂੰ ਫਿਰ ਸੱਚ ਕਿਉਂ ਭਾਉਂਦਾ ਹੈ, ਗੁਰਮਤਿ ਕਿਉਂ ਭਾਉਂਦੀ ਹੈ ਇਸੇ ਗੱਲ ਦਾ ਜਵਾਬ ਉੱਪਰ ਦਿੱਤਾ ਹੋਇਆ ਹੈ। ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਮਤਿ ਹੀ ਦਿੰਦਾ ਹੈ ਭਾਵ ਆਪਣਾ ਸੱਚਾ ਗਿਆਨ ਹੀ ਦੇਂਦਾ ਹੈ। ਸਾਡੀ ਮਤਿ ਦਾ ਮਾਲਕ ਉਹ ਆਪ ਹੀ ਹੈ ਤੇ ਜਦੋਂ ਉਹ ਆਪਣੀ ਮਤਿ ਆਪ ਪ੍ਰਗਟ ਹੋਣ ਦੁਆਰਾ ਦਿੰਦਾ ਹੈ ਉਸਦੀ ਦਿੱਤੀ ਹੋਈ ਮਤਿ ਟਲ ਨਹੀਂ ਸਕਦੀ ਭਾਵ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ। ਉਹ ਆਪ ਸੱਚਾ ਹੈ ਤੇ ਉਸਨੂੰ ਕੇਵਲ ਸੱਚ ਹੀ ਭਾਉਂਦਾ ਹੈ ਤੇ ਜਿੱਥੇ ਉਹ ਪ੍ਰਗਟ ਹੋ ਜਾਂਦਾ ਹੈ ਉਹ ਮਨ ਦੇ ਵਿੱਚ ਮਨੁੱਖ ਨੂੰ ਆਪਣੇ ਸੱਚ ਦੇ ਨਾਲ ਜੋੜ ਲੈਂਦਾ ਹੈ। ਮਨ ਦੇ ਵਿੱਚ ਉਸ ਦੇ ਸੱਚ ਵਿੱਚ ਸਮਾਉਣਾ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ। ਗੁਰੂ ਸਾਹਿਬਾਨ ਨੂੰ, ਉਸਦੇ ਭਗਤਾਂ ਨੂੰ ਕੇਵਲ

18/1967

ਸੱਚ ਹੀ ਭਾਇਆ ਹੈ ਕਿਉਂਕਿ ਉਹਨਾਂ ਨੂੰ ਹੀ ਆਪਣੇ ਅੰਦਰੋਂ ਸੱਚ ਦੀ ਸੋਝੀ ਪਈ ਹੈ, ਸੱਚੀ ਸੋਝੀ ਪਈ ਹੈ ਜਿਸ ਸੋਝੀ ਦੁਆਰਾ ਉਹਨਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਇਸੇ ਲਈ ਪੂਰੀ ਗੁਰਬਾਣੀ ਸੱਚੀ ਗੁਰਬਾਣੀ ਹੈ ਭਾਵ ਉਹ ਮਨ ਦੇ ਵਿੱਚ ਪ੍ਰਮਾਤਮਾ ਦੁਆਰਾ ਦਿੱਤੀ ਹੋਈ ਸੱਚੀ ਮਤਿ ਦੁਆਰਾ ਆਈ ਹੈ। ਮਨ ਦੇ ਵਿੱਚ ਇਸ ਸੱਚੀ ਸੋਝੀ ਦੁਆਰਾ ਹੀ ਪੂਰਨ ਸੱਚ ਤੇ ਚੱਲਿਆ ਜਾ ਸਕਦਾ ਹੈ ਜਿਵੇਂ ਕਿ ਉਸਦੇ ਭਗਤ ਸੱਚ ਦੁਆਰਾ ਵਿਚਰੇ ਹਨ। ਜਿਸ ਸੋਝੀ ਦੁਆਰਾ ਉਹ ਆਪ ਵਿਚਰੇ ਹਨ ਉਸੇ ਸੋਝੀ ਦੁਆਰਾ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਵਿਚਰਨਾ ਸਮਝਾਇਆ ਹੈ। **(ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥)**

ਸਾਡੇ ਸਭ ਦੀ ਮਤਿ ਦੇ ਅੰਦਰ, ਮਨ ਦੇ ਵਿਚਾਰਾਂ ਦੇ ਅੰਦਰ ਆਪ ਪ੍ਰਮਾਤਮਾ ਹੀ ਹੈ ਜਿਸ ਦੁਆਰਾ ਉਸ ਦਾ ਹੁਕਮ ਸਾਡੇ ਅੰਦਰ ਸਦਾ ਹੀ ਚੱਲ ਰਿਹਾ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਆਪਣੀ ਮਾਇਆ ਦੀ ਜੁਗਤਿ ਹੀ ਪਾਈ ਹੋਈ ਹੈ ਜਿਸ ਦੁਆਰਾ ਉਸਨੇ ਸਭ ਨੂੰ ਤ੍ਰੈਗੁਣੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਸਾਡੀ ਤ੍ਰੈਗੁਣੀ ਅਵੱਸਥਾ ਦਾ ਮਾਲਕ ਵੀ ਉਹ ਆਪ ਹੀ ਹੈ ਪਰ ਮਨ ਦੀ ਇਸ ਅਵੱਸਥਾ ਵਿੱਚ ਅਸੀਂ ਪੂਰਨ ਸੱਚ ਤੋਂ ਦੂਰ ਰਹਿੰਦੇ ਹਾਂ ਭਾਵ ਮਨ ਦੀ ਇਸ ਅਵੱਸਥਾ ਦੁਆਰਾ ਕਿਸੇ ਨੂੰ ਵੀ ਪੂਰਨ ਸੱਚ ਦੀ ਸੋਝੀ ਨਹੀਂ ਪੈ ਸਕਦੀ। ਇਹ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਹੀ ਖੇਡ ਹੈ। ਆਪਣਾ ਪੂਰਨ ਸੱਚ ਉਹ ਆਪਣੇ ਗੁਰੂ ਰੂਪ ਦੁਆਰਾ ਹੀ ਪ੍ਰਗਟ ਕਰਦਾ ਹੈ। ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ। ਉਸ ਦਾ ਗੁਰੂ ਪਦ ਭਾਵ ਸੱਚ ਦਾ ਪਦ ਚੌਥੇ ਪਦ ਦੇ ਗਿਆਨ ਦਾ ਪਦ ਹੈ, ਸਹਜ ਦੀ ਅਵੱਸਥਾ ਦਾ ਪਦ ਹੈ ਜਿਸ ਦੁਆਰਾ ਉਹ ਆਪਣੇ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ। ਚੌਥੇ ਪਦ ਵਿੱਚ ਬ੍ਰਹਮ ਗਿਆਨ ਹੈ ਜੋ ਉਸ ਬ੍ਰਹਮ ਦੇ ਕੋਲੋਂ ਹੀ ਮਿਲਦਾ ਹੈ ਤੇ ਅਸਲ ਵਿੱਚ ਬ੍ਰਹਮ ਗਿਆਨ ਹੀ ਸਭ ਦਾ ਗੁਰੂ ਹੈ।

ਗੁਰਬਾਣੀ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਸਾਰੇ ਜਗਤ ਦੀ ਗੁਰੂ ਹੈ ਜਿੱਥੇ ਪ੍ਰਮਾਤਮਾ ਨੇ ਆਪਣਾ ਪੂਰਨ ਸੱਚ

ਬਖਸ਼ਿਆ ਹੋਇਆ ਹੈ। ਇਸ ਪੂਰਨ ਸੱਚ ਦੀ ਅਵੱਸਥਾ ਦੁਆਰਾ ਮਨੁੱਖ ਉਸ ਪ੍ਰਮਾਤਮਾ ਦੇ ਗੁਣਾਂ ਵਿੱਚ ਰਵਿਆ ਰਹਿੰਦਾ ਹੈ ਜਿਵੇਂ ਕਿ ਉਸਦੇ ਭਗਤ ਰਵੇ ਹੋਏ ਹਨ, ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿੱਚ ਆਪਣੇ ਆਪ ਨੂੰ ਪ੍ਰਮਾਤਮਾ ਦੇ ਰੰਗ ਵਿੱਚ ਰੰਗ ਕੇ ਦਿਖਾਇਆ ਹੈ। ਇਹ ਸਭ ਮਨ ਦੀ ਸੋਝੀ ਦੀ ਅਵੱਸਥਾ ਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥

ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਮਨ ਦਾ ਇਸ਼ਨਾਨ ਸਮਝਾਇਆ ਹੋਇਆ ਹੈ ਜੋ ਕਿ ਉਸ ਪ੍ਰਮਾਤਮਾ ਦਾ ਆਪਣਾ ਦਾਨ ਹੈ। ਇਹ ਉਹ ਸੱਚਾ ਦਾਨ ਹੈ ਭਾਵ ਉਸ ਦਾ ਨਾਮ ਦਾਨ ਹੈ ਜਿਸਦੀ ਹਰ ਕੋਈ ਮੰਗ ਕਰਦਾ ਹੈ। ਇਹ ਦਾਨ ਸਾਨੂੰ ਪ੍ਰਮਾਤਮਾ ਮਨ ਦੇ ਵਿੱਚ ਹੀ ਦਿੰਦਾ ਹੈ ਜਿਸ ਦੁਆਰਾ ਅਸੀਂ ਉਸਦੇ ਤੀਰਥ ਦਾ ਇਸ਼ਨਾਨ ਕਰਦੇ ਹਾਂ। ਮਨ ਦੇ ਵਿੱਚ ਇਹ ਸੱਚੇ ਗਿਆਨ ਦਾ ਮਜਨੁ ਹੈ ਜੋ ਕਿ ਉਹ ਪ੍ਰਮਾਤਮਾ ਸਾਨੂੰ ਆਪ ਹੀ ਆਪਣੇ ਦਾਨ ਦੁਆਰਾ ਕਰਵਾਉਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਇਹ ਉਸਦੀ ਸੱਚੀ ਸੋਝੀ ਦਾ ਦਾਨ ਹੈ ਜਿਸ ਦੁਆਰਾ ਉਹ ਕਿਸੇ ਸਰੀਰ ਰਾਹੀਂ ਆਪਣਾ ਗੁਰੂ ਰੂਪ, ਭਗਤ ਰੂਪ ਧਾਰਦਾ ਹੈ। ਮਨ ਦੇ ਵਿੱਚ ਇਸ ਗਿਆਨ ਦੇ ਦਾਨ ਦੁਆਰਾ ਹੀ ਗੁਰਮਤਿ ਦੀ ਸੱਚੀ ਸੋਝੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਮਨ ਦੇ ਵਿੱਚ ਇਸ ਸੱਚੀ ਸੋਝੀ ਦੁਆਰਾ ਹੀ ਸਾਡੇ ਅੰਦਰੋਂ ਵਿਕਾਰਾਂ ਦਾ ਛਲ ਦੂਰ ਹੁੰਦਾ ਹੈ ਜੋ ਵਿਕਾਰ ਸਭ ਨੂੰ ਛਲ ਰਹੇ ਹਨ। ਜਦੋਂ ਮਨ ਦੇ ਵਿੱਚੋਂ ਇਹ ਵਿਕਾਰਾਂ ਦਾ ਛਲ ਦੂਰ ਹੋ ਜਾਂਦਾ ਹੈ ਫਿਰ ਉਹ ਮਨੁੱਖ ਕਿਸੇ ਨੂੰ ਨਹੀਂ ਛਲਦਾ, ਕਿਸੇ ਨੂੰ ਨਹੀਂ ਠੱਗਦਾ। ਦੂਸਰਿਆਂ ਨੂੰ ਠੱਗਣ ਤੋਂ ਭਾਵ ਦੂਸਰਿਆਂ ਦਾ ਮਾੜਾ ਕਰਨ ਤੋਂ ਉਹੀ ਰੁਕਦਾ ਹੈ ਜਿਸ ਦੇ ਆਪਣੇ ਅੰਦਰੋਂ ਠੱਗੀ ਬੰਦ ਹੋ ਜਾਂਦੀ ਹੈ। ਇਹ ਸਭ ਮਨ ਦੀ ਸੋਝੀ ਦੁਆਰਾ ਹੀ ਹੁੰਦਾ ਹੈ, ਮਨ ਦੇ ਵਿੱਚ

“ਸੁਗਿਆਨੁ ਮਜਨੁ” ਦੁਆਰਾ ਹੀ ਹੁੰਦਾ ਹੈ, “ਇਸਨਾਨੁ ਦਾਨੁ” ਦੁਆਰਾ ਹੀ ਹੁੰਦਾ ਹੈ ਭਾਵ ਸਾਨੂੰ ਵਿਕਾਰਾਂ ਦੇ ਛਲ ਤੋਂ ਪ੍ਰਮਾਤਮਾ ਆਪਣੇ ਨਾਮ ਦਾ ਦਾਨ ਬਖਸ਼ ਕੇ ਹੀ ਕੱਢਦਾ ਹੈ, ਬਚਾਉਂਦਾ ਹੈ। ਮਨ ਦੇ ਵਿੱਚ ਬ੍ਰਹਮ ਗਿਆਨ ਹੀ ਉਸਦਾ ਨਾਮ ਦਾਨ ਹੈ।

ਉਸਦੇ ਇਹ ਦਾਨ ਦੇ ਨਾਲ ਮਨ ਦੇ ਵਿੱਚ ਨਾ ਵਿਕਾਰ ਹੀ ਰਹਿੰਦੇ ਹਨ ਤੇ ਨਾ ਹੀ ਮਨੁੱਖ ਦੀ ਬਿਰਤੀ ਕੂੜ ਕਪਟ ਵਾਲੀ ਰਹਿੰਦੀ ਹੈ। ਜਦ ਤੱਕ ਅਸੀਂ ਦੁਚਿੱਤੀ ਵਿੱਚ ਹਾਂ ਤਦ ਤੱਕ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ। ਮਨ ਦੇ ਵਿੱਚ ਇਸ ਨਾਮ ਦਾਨ ਦੁਆਰਾ ਹੀ, ਸੁਗਿਆਨ ਮਜਨੁ ਦੁਆਰਾ ਹੀ ਦੁਚਿੱਤੀ ਵਿੱਚੋਂ ਨਿਕਲਦੇ ਹਾਂ, ਦੁਬਿਧਾ ਵਿੱਚੋਂ ਨਿਕਲਦੇ ਹਾਂ, ਸਹਸਾ ਵਿੱਚੋਂ, ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਮਨਮਤਿ ਵਿੱਚੋਂ ਨਿਕਲਦੇ ਹਾਂ। ਮਾਇਆ ਮੋਹ ਵਿੱਚੋਂ ਨਿਕਲਦੇ ਹਾਂ। **(ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥ ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥)**

"ਦੋਈ" ਵਿੱਚੋਂ ਭਾਵ ਇਸ ਮਨ ਦੀ ਦੁਚਿੱਤੀ ਵਿੱਚੋਂ, ਦੁਬਿਧਾ ਵਿੱਚੋਂ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਕਿਉਂਕਿ ਮਨ ਦੀ ਅਵੱਸਥਾ ਸਾਡੇ ਵੱਸ ਵਿੱਚ ਨਹੀਂ ਹੈ। ਇਸ "ਦੋਈ" ਦੇ ਨਿਕਲੇ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ, ਉਸਦੇ ਸੱਚ ਨੂੰ ਨਹੀਂ ਜਾਣ ਸਕਦਾ। ਇਹ "ਦੋਈ" ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਦੂਰ ਹੁੰਦੀ ਹੈ ਜੋ ਕਿ ਕੇਵਲ ਤੇ ਕੇਵਲ ਉਸਦੇ ਦਾਨ ਤੇ ਨਿਰਭਰ ਹੈ, ਗੁਰਪ੍ਰਸਾਦਿ ਤੇ ਨਿਰਭਰ ਹੈ। ਉਹ ਆਪਣਾ ਪ੍ਰਸਾਦਿ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਦਿੰਦਾ ਹੈ।

ਇਸ ਸਾਰੇ ਸ਼ਬਦ ਦਾ ਸਾਰ ਸਾਨੂੰ ਇਹ ਗੱਲ ਸਮਝਾਉਣ ਲਈ ਹੀ ਹੈ ਕਿ ਸਾਡੇ ਮਨ ਦਾ ਪ੍ਰਮਾਤਮਾ ਦੇ ਗੁਣਾਂ ਵਿੱਚ ਰੱਤਣਾ ਕੀ ਹੈ ਭਾਵ ਉਹ ਕਿਹੜੇ ਗੁਣ ਹਨ, ਸਾਡਾ ਉਹ ਗੁਣੀ ਬਣਨਾ ਕੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨਾਲ ਰੱਤੇ ਰਹੀਏ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਣੀ

18/1970

ਬਣਨਾ ਹੀ ਸਿਖਾਇਆ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਰੱਤੇ ਜਾ ਸਕਦੇ ਹਾਂ। ਹੁਣ ਧਿਆਨ ਨਾਲ ਸਮਝੋ ਕਿ ਗੁਣੀ ਬਣਨਾ ਕੀ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਭਰੇ ਹੋਏ ਹਨ, ਕੂੜ ਕਪਟ ਹੈ, ਦੁਚਿੱਤੀ ਹੈ ਤਦ ਤੱਕ ਅਸੀਂ ਗੁਣੀ ਨਹੀਂ ਬਣ ਸਕਦੇ। ਗੁਣੀ ਅਸੀਂ ਔਗੁਣਾਂ ਨੂੰ ਛੱਡ ਕੇ ਹੀ ਬਣ ਸਕਦੇ ਹਾਂ। ਉੱਪਰ ਸਾਰੇ ਸ਼ਬਦ ਰਾਹੀਂ ਗੁਰੂ ਸਾਹਿਬ ਸਾਨੂੰ ਆਪਣੇ ਵੱਲੋਂ ਇਹ ਗੱਲ ਸਮਝਾ ਰਹੇ ਹਨ ਕਿ ਉਹ ਇਸ ਤਰੀਕੇ ਨਾਲ ਪ੍ਰਮਾਤਮਾ ਦੇ ਨਾਲ ਗੁਣੀ ਬਣ ਕੇ ਰੱਤੇ ਹੋਏ ਹਨ ਜਿਵੇਂ ਕਿ ਪੂਰੇ ਪਦੇ ਰਾਹੀਂ ਸਿਖਾਇਆ ਗਿਆ ਹੈ। ਪਹਿਲਾਂ ਸਾਨੂੰ ਗੁਣੀ ਬਣਨ ਦੀ ਅਵੱਸਥਾ ਸਿਖਾਈ ਹੈ ਤੇ ਉਸ ਤੋਂ ਬਾਅਦ ਆਪਣੇ ਆਪ ਨੂੰ ਗੁਣੀ ਦੱਸਿਆ ਹੈ। **(ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥ ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥ ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥)**

ਜੋ ਉੱਪਰ ਵਾਲੇ ਪਦੇ ਦੀ ਆਖਰੀ ਪੰਗਤੀ ਹੈ ਉਹੀ ਸ਼ਬਦ ਦੀ ਪਹਿਲੀ ਪੰਗਤੀ ਹੈ। **(ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥)** ਇਸ ਪੂਰੇ ਸ਼ਬਦ ਦਾ ਮਕਸਦ ਸਾਨੂੰ ਇਹੀ ਸਿਖਾਉਣ ਨਾਲ ਹੈ ਕਿ ਗੁਰੂ ਕਿਸ ਲਈ ਗੁਣੀ ਹੈ ਜਿਸ ਕਰਕੇ ਉਹ ਪ੍ਰਮਾਤਮਾ ਨਾਲ ਰੱਤਿਆ ਹੋਇਆ ਹੈ। ਜੇਕਰ ਅਸੀਂ ਗੁਣੀ ਅਖਵਾਉਣਾ ਚਾਹੁੰਦੇ ਹਾਂ, ਪ੍ਰਮਾਤਮਾ ਨਾਲ ਰੱਤੇ ਹੋਏ ਅਖਵਾਉਣਾ ਚਾਹੁੰਦੇ ਹਾਂ, ਨਾਮ ਰਸੀਏ ਅਖਵਾਉਣਾ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਕੋਈ ਵੱਖਰੀ ਮਤਿ ਨਹੀਂ ਹੋ ਸਕਦੀ, ਕੋਈ ਵੱਖਰਾ ਤਰੀਕਾ ਨਹੀਂ ਹੋ ਸਕਦਾ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਗੁਣੀ ਅਖਵਾ ਸਕੀਏ।

ਹੁਣ ਧਿਆਨ ਨਾਲ ਸੋਚੋ ਕਿ ਅਸਲ ਵਿੱਚ ਹੋ ਕੀ ਰਿਹਾ ਹੈ, ਅਸੀਂ ਆਪਣੇ ਆਪ ਨੂੰ ਗੁਣੀ ਕਿਸ ਗੱਲ ਕਰਕੇ ਸਮਝਦੇ ਹਾਂ। ਸਭ ਦੇ ਚਰਨਾਂ ਵਿੱਚ ਤਹਿ ਦਿਲੋਂ ਬੇਨਤੀ ਹੈ ਕਿ ਇਸ ਗੱਲ ਨੂੰ ਸਮਝੋ ਕਿ ਗੁਣੀ ਅਖਵਾਉਣਾ ਕੀ ਹੈ। ਉੱਪਰ

18/1971

ਸ਼ਬਦ ਰਾਹੀਂ ਧੰਨ ਧੰਨ ਧੰਨ ਧੰਨ ਅਕਾਲ ਪੁਰਖ ਰੂਪ ਬਾਬਾ ਨਾਨਕ ਜੀ ਨੇ ਸਾਨੂੰ ਗੁਣੀ ਮਨੁੱਖ ਦੀ ਅਵੱਸਥਾ ਦੱਸੀ ਹੈ, ਆਪਣੀ ਅਵੱਸਥਾ ਦੱਸੀ ਹੈ ਕਿ ਮੈਂ ਮਨ ਦੇ ਇਹੋ ਜਿਹੇ ਗਿਆਨ ਦੁਆਰਾ, ਸੱਚ ਦੀ ਪੌੜੀ ਤੇ ਚੜ੍ਹਨ ਦੁਆਰਾ, "ਸੁਖੁ" ਦੀ, ਸਹਜਿ ਦੀ ਅਵੱਸਥਾ ਦੁਆਰਾ, ਮਨ ਦੇ ਵਿੱਚ ਸੱਚੇ ਗਿਆਨ ਦਾ ਇਸ਼ਨਾਨ ਕਰਨ ਦੁਆਰਾ, ਪ੍ਰਮਾਤਮਾ ਦੇ ਨਾਮ ਦਾ ਦਾਨ ਮਿਲਣ ਦੁਆਰਾ ਸੱਚੀ ਸੋਝੀ ਪ੍ਰਾਪਤ ਕੀਤੀ ਹੈ, ਚੌਥੇ ਪਦ ਦੀ ਪ੍ਰਾਪਤੀ ਕੀਤੀ ਹੈ ਜਿਸ ਸੋਝੀ ਦੁਆਰਾ ਮੈਂ ਆਪਣੇ ਸਾਰੇ ਵਿਕਾਰਾਂ ਵਿੱਚੋਂ ਨਿਕਲਿਆ ਹੋਇਆ ਹਾਂ, ਕੂੜ ਕਪਟ ਵਿੱਚੋਂ ਨਿਕਲਿਆ ਹੋਇਆ ਹਾਂ ਜੋ ਕਿ ਇਸ ਮਨ ਦੀ ਦੁਬਿਧਾ ਖ਼ਤਮ ਹੋਣ ਦੀ ਅਵੱਸਥਾ ਹੈ ਭਾਵ ਮੇਰੇ ਅੰਦਰ ਕੋਈ ਦੁਬਿਧਾ ਨਹੀਂ ਹੈ। ਮੈਨੂੰ ਸੱਚ ਦੀ ਸਮਝ ਹੈ, ਮੈਨੂੰ ਗੁਰਮਤਿ ਦੀ ਸਮਝ ਹੈ, ਮੈਨੂੰ ਪ੍ਰਮਾਤਮਾ ਦਾ ਗੁਣੀ ਬਣਨ

ਦੀ ਸਮਝ ਹੈ ਤੇ ਇਸੇ ਲਈ ਮੇਰਾ ਮਨ ਪ੍ਰਮਾਤਮਾ ਦੇ ਨਾਲ ਰੱਤਿਆ ਹੋਇਆ ਹੈ, ਮੈਂ ਗੁਣਾਂ ਦੁਆਰਾ ਵਿਚਰਦਾ ਹਾਂ ਭਾਵ ਮੈਂ ਪ੍ਰਮਾਤਮਾ ਦਾ ਜਪ ਕਰਨ ਵਾਲਾ ਹੈ, ਮੈਂ ਨਾਮ ਜਪਣ ਵਾਲਾ ਹੈ, ਮੈਂ ਨਾਮ ਰਸੀਆ ਹਾਂ। ਇਹ ਸਭ ਕੁੱਝ ਉਹਨਾਂ ਨੇ ਸਾਨੂੰ ਸਮਝਾਉਣ ਲਈ ਹੀ ਦੱਸਿਆ ਹੈ ਕਿ ਗੁਣੀ ਇਸ ਤਰੀਕੇ ਨਾਲ ਬਣੀਦਾ ਹੈ ਭਾਵ ਔਗੁਣ ਰਹਿਤ ਹੋ ਕੇ ਹੀ ਬਣੀਦਾ ਹੈ। ਸਾਨੂੰ ਔਗੁਣ ਛੱਡਣ ਦੁਆਰਾ ਹੀ ਗੁਣੀ ਬਣਨਾ ਸਿਖਾਇਆ ਹੈ ਜਿਹਨਾਂ ਗੁਣਾਂ ਦੁਆਰਾ ਵਿਚਰ ਕੇ ਉਸ ਪ੍ਰਮਾਤਮਾ ਦੀ ਭਗਤੀ ਕੀਤੀ ਜਾ ਸਕਦੀ ਹੈ। ਮਨ ਦੇ ਵਿੱਚ ਵਿਕਾਰਾਂ ਦੇ ਰਹਿੰਦੇ ਹੋਏ, ਮਾੜੀ ਬਿਰਤੀ ਦੇ ਰਹਿੰਦੇ ਹੋਏ ਅਸੀਂ ਚੰਗੇ ਕਰਮ ਨਹੀਂ ਕਰ ਸਕਦੇ। ਪ੍ਰਮਾਤਮਾ ਦੀ ਭਗਤੀ ਗੁਣਾਂ ਦੁਆਰਾ ਵਿਚਰ ਕੇ ਹੀ ਹੁੰਦੀ ਹੈ, ਸਾਡੀ ਚੰਗੀ ਕਿਰਤ ਦੁਆਰਾ, ਸੱਚੀ ਸੁੱਚੀ ਕਿਰਤ ਦੁਆਰਾ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦੁਆਰਾ ਹੀ ਹੁੰਦੀ ਹੈ ਤੇ ਇਹੋ ਜਿਹੇ ਚੰਗੇ ਕਰਮ ਕਰਨਾ ਹੀ ਉਸਦਾ ਨਾਮ ਜਪਣਾ ਹੈ। ਨਾਮ ਉਸੇ ਮਨ ਵਿੱਚ ਹੁੰਦਾ ਹੈ ਜੋ ਮਨ ਔਗੁਣਾਂ ਤੋਂ ਰਹਿਤ ਹੁੰਦਾ ਹੈ।

18/1972

ਨਾਮ ਜਪਣਾ ਸਾਡੀ ਸੰਸਾਰਿਕ ਵਿਚਰਨ ਦਾ ਮਾਰਗ ਹੈ, ਚੰਗੇ ਇਨਸਾਨ ਬਣ ਕੇ ਸੱਚ ਤੇ ਚੱਲਣ ਦਾ ਮਾਰਗ ਹੈ। ਇਹ ਕਥਨੀ ਦਾ ਮਾਰਗ ਨਹੀਂ ਹੈ। ਕਥਨੀ ਦੁਆਰਾ ਅਸੀਂ ਕੇਵਲ ਗੁਰੂ ਦੀ ਮਤਿ ਨੂੰ ਸਮਝਣ ਦਾ ਉਪਰਾਲਾ ਹੀ ਕਰਦੇ ਹਾਂ ਜੋ ਕਿ ਕਥਨੀ ਦਾ ਮਕਸਦ ਹੈ। ਉਸ ਮਕਸਦ ਨੂੰ ਸਾਡੀ ਕਰਨੀ ਹੀ ਪਾਰ ਲਗਾਉਂਦੀ ਹੈ।

ਹੁਣ ਧਿਆਨ ਨਾਲ ਸਮਝੋ ਜੋ ਆਪਣੀ ਕਥਨੀ ਨੂੰ ਹੀ, ਇਕ ਅੱਖਰ ਦੇ ਜਪ ਨੂੰ ਹੀ ਆਪਣਾ ਗੁਣ ਸਮਝਦੇ ਹਨ, ਸੱਚ ਤੇ ਚੱਲਣਾ ਸਮਝਦੇ ਹਨ, ਗੁਰਮਤਿ ਸਮਝਦੇ ਹਨ, ਚੰਗੇ ਕਰਮ ਕਰਨਾ ਸਮਝਦੇ ਹਨ, ਨਾਮ ਰਸੀਏ ਬਣਨਾ ਸਮਝਦੇ ਹਨ, ਕੀ ਉਹ ਬਾਬੇ ਨਾਨਕ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ ਜੋ ਇਸ ਗੁਰਬਾਣੀ ਦੇ ਰਚਨ ਦਾ ਮੁੱਢ ਹਨ। ਬਾਬੇ ਨਾਨਕ ਨੇ ਤੇ ਸਾਨੂੰ ਸੋਝੀ ਪਾਉਣ ਵਿੱਚ ਕਸਰ ਨਹੀਂ ਛੱਡੀ। ਕਸਰ ਸਾਡੇ ਸਮਝਣ ਵਿੱਚ ਹੀ ਹੈ। ਅਸਲ ਵਿੱਚ ਅਸੀਂ ਇਹ ਗੱਲ ਗੁਰੂ ਕੋਲੋਂ ਸਮਝੀ ਹੀ ਨਹੀਂ ਕਿ ਗੁਣੀ ਬਣਨਾ ਕੀ ਹੈ। ਇਹ ਸਭ ਕੁੱਝ ਅਸੀਂ ਉਹਨਾਂ ਕੋਲੋਂ ਸਮਝਿਆ ਹੈ ਜੋ ਆਪ "ਦੋਈ" ਵਿੱਚ ਹਨ ਭਾਵ ਦੁਚਿੱਤੀ ਵਿੱਚ ਹਨ। ਦੁਚਿੱਤੀ ਵਿੱਚ ਰਹਿੰਦਿਆਂ ਕਿਸੇ ਨੂੰ ਅਸਲੀਅਤ ਦੀ ਸਮਝ ਹੀ ਨਹੀਂ ਪੈਂਦੀ। ਦੁਚਿੱਤੀ ਤੋਂ ਰਹਿਤ ਕੇਵਲ ਆਪ ਗੁਰੂ ਹੀ ਹੈ। ਜੇਕਰ ਇੱਕ ਕਥਨੀ ਨੂੰ, ਅੱਖਰ ਦੇ ਜਪ ਤਪ ਨੂੰ ਹੀ ਅਸੀਂ ਸਭ ਕੁੱਝ ਸਮਝ ਲਿਆ ਹੈ ਤੇ ਫਿਰ ਬਾਣੀ ਦੇ ਵਿੱਚ ਵਾਰ-ਵਾਰ ਔਗੁਣਾਂ ਨੂੰ ਗਿਣਾਉਣ ਦਾ ਮਕਸਦ ਹੀ ਕੀ ਰਹਿ ਜਾਂਦਾ ਹੈ। ਜੇਕਰ ਸਾਨੂੰ ਝੂਠ ਤੇ ਸੱਚ ਵਿੱਚ ਫਰਕ ਕਰਨਾ ਹੀ ਨਹੀਂ ਆਉਂਦਾ ਤੇ ਫਿਰ ਅਸੀਂ ਝੂਠ ਬੋਲੀਏ ਜਾਂ ਸੱਚ ਬੋਲੀਏ ਉਸ ਵਿੱਚ ਫਰਕ ਕੀ ਰਹਿ ਜਾਂਦਾ ਹੈ। ਜੇਕਰ ਇਹ ਅੱਖਰ ਨੂੰ ਬੋਲੀ ਜਾਣਾ ਹੀ ਸੱਚ ਹੈ ਫਿਰ ਤੇ ਅੱਖਰ ਨੂੰ ਨਾ ਬੋਲਣਾ ਝੂਠ ਰਹਿ ਜਾਂਦਾ ਹੈ। ਜੋ ਇੱਕ ਅੱਖਰ ਦਾ ਜਪ ਕਰਦਾ ਹੈ ਉਹ ਸੱਚ ਬੋਲਦਾ ਹੈ ਤੇ ਅੱਖਰ ਦਾ ਜਪ ਨਾ ਕਰਨ ਵਾਲਾ ਝੂਠ ਬੋਲਦਾ ਹੈ ਭਾਵੇਂ ਉਹ ਆਪਣੇ ਮੁੱਖੋਂ ਸੱਚ ਹੀ ਬੋਲਦਾ ਹੋਵੇ। ਇੱਕ ਸੱਚ ਬੋਲਣ ਵਾਲਾ ਮਨੁੱਖ ਜੇਕਰ ਅੱਖਰ ਨੂੰ ਨਹੀਂ ਜਪਦਾ

18/1973

ਤਾਂ ਫਿਰ ਕੀ ਉਹ ਸੱਚ ਬੋਲਦਾ ਹੋਇਆ ਵੀ ਝੂਠ ਬੋਲਦਾ ਹੈ। ਅਸੀਂ ਕਿਤਨੀ ਵੱਡੀ ਅਗਿਆਨਤਾ ਵਿੱਚ ਫਸੇ ਹੋਏ ਹਾਂ ਕਿ ਝੂਠ ਬੋਲਣ ਵਾਲਾ ਮਨੁੱਖ ਜੇਕਰ ਮੂੰਹੋਂ ਅੱਖਰ ਜਪਦਾ ਹੈ ਅਸੀਂ ਉਸਨੂੰ ਸੱਚ ਬੋਲਣ ਵਾਲਾ ਸਮਝਦੇ ਹਾਂ। ਕੀ ਸਾਨੂੰ ਗੁਰੂ ਇਹ ਕੁੱਝ ਸਮਝਾ ਰਿਹਾ ਹੈ? ਅਸਲ ਵਿੱਚ ਸਾਨੂੰ ਸਮਝਾਉਣ ਵਾਲੇ ਹੋਰ ਹਨ ਜੋ ਆਪ ਭਰਮ ਵਿੱਚ ਹਨ ਤੇ ਸਾਨੂੰ ਸਭ ਨੂੰ ਭਰਮ ਵਿੱਚ ਪਾ ਰਹੇ ਹਨ। ਸੱਚ ਬੋਲਣਾ ਧਰਮ ਤੇ ਚੱਲਣਾ ਹੈ ਤੇ ਝੂਠ ਬੋਲਣਾ ਧਰਮ ਦੇ ਉਲਟ ਚੱਲਣਾ ਹੈ। ਬਾਣੀ ਸਾਨੂੰ ਇਹ ਕੁੱਝ ਸਮਝਾਉਂਦੀ ਹੈ।

"ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥੩॥"

(ਅੰਗ ੪੯੯)

ਹੁਣ ਧਿਆਨ ਨਾਲ ਸਮਝੋ ਕਿ ਸਾਡਾ ਧਰਮ ਕੀ ਹੈ। ਇਹ ਉਹ ਧਰਮ ਹੈ ਜੋ ਸਾਰੀ ਦੁਨੀਆਂ ਲਈ ਇੱਕੋ ਹੀ ਹੈ। ਇਹ ਸੱਚ ਬੋਲਣ ਦਾ ਧਰਮ ਹੈ, ਸੱਚ ਦੁਆਰਾ ਵਿਚਰਨ ਦਾ ਧਰਮ ਹੈ। ਸੱਚ ਕੇਵਲ ਉਹੀ ਬੋਲ ਸਕਦਾ ਹੈ ਜੋ ਝੂਠ ਨਹੀਂ ਬੋਲਦਾ। ਗੁਰੂ ਨੇ ਤਾਂ ਸਾਨੂੰ ਇਹੋ ਜਿਹੇ ਸੱਚ ਦਾ ਮਾਰਗ ਸਮਝਾਇਆ ਹੈ। ਗੁਰੂ ਦਾ ਮੁਰੀਦ ਉਹੀ ਹੈ ਭਾਵ ਗੁਰੂ ਦਾ ਚੇਲਾ ਉਹੀ ਹੈ ਜੋ ਸੱਚ ਬੋਲਦਾ ਹੈ, ਕੇਵਲ ਸੱਚ ਦੁਆਰਾ ਵਿਚਰਦਾ ਹੈ ਤੇ ਝੂਠ ਦਾ ਤਿਆਗ ਕਰਦਾ ਹੈ। ਜਿੱਥੇ ਸੱਚ ਹੈ ਉੱਥੇ ਗੁਣ ਹਨ ਤੇ ਜਿੱਥੇ ਝੂਠ

ਹੈ ਉੱਥੇ ਔਗੁਣ ਹਨ। ਔਗੁਣਾਂ ਦੇ ਰਹਿੰਦਿਆਂ ਕੋਈ ਗੁਣੀ ਨਹੀਂ ਹੈ।

"ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥"

(ਅੰਗ ੩੬)

ਹੁਣ ਧਿਆਨ ਨਾਲ ਸਮਝੋ ਕਿ ਗੁਰੂ ਦੇ ਸ਼ਬਦ ਦੇ ਨਾਲ ਸਾਡੇ ਮਨ ਦਾ ਰੰਗਿਆ ਹੋਣਾ ਕੀ ਹੈ। ਜਿਸਦੀ ਰਸਨਾ ਗੁਰੂ ਦੇ ਪ੍ਰੇਮ ਪਿਆਰ ਵਿੱਚ ਰੰਗੀ ਹੋਈ ਹੈ ਉਸਦੇ ਮਨ ਦੀ ਬਿਰਤੀ ਕਿਹੋ ਜਿਹੀ ਹੈ। ਗੁਰੂ ਦਾ ਸ਼ਬਦ ਆਪਣੇ ਮਨ ਦੇ ਅੰਦਰ ਵਸਾਉਣ ਲਈ ਹੈ ਜਿਸਨੇ ਸਾਡੇ ਮਨ ਦੀ ਬਿਰਤੀ ਨੂੰ ਚੰਗਾ ਬਣਾਉਣਾ ਹੈ, ਸੱਚਾ ਸੁੱਚਾ ਬਣਾਉਣਾ ਹੈ ਭਾਵ ਗੁਣਾਂ ਵਾਲਾ ਬਣਾਉਣਾ ਹੈ। ਇਹੋ ਜਿਹਾ ਗੁਣਾਂ ਵਾਲਾ ਬਣੇ ਬਿਨ੍ਹਾਂ ਅਸੀਂ ਸ਼ਬਦ ਦੇ ਨਾਲ ਨਹੀਂ ਰੰਗੇ ਜਾ ਸਕਦੇ, ਗੁਰੂ ਦੇ ਪ੍ਰੇਮ

ਪਿਆਰ ਵਾਲੇ ਨਹੀਂ ਬਣ ਸਕਦੇ। ਗੁਰੂ, ਸ਼ਬਦ ਦਾ ਮਕਸਦ ਭਾਵ ਗੁਰੂ ਦਾ ਮਕਸਦ ਸਾਨੂੰ ਗੁਣਾਂ ਵਾਲਾ ਬਣਾਉਣਾ ਹੀ ਹੈ। ਗੁਣਾਂ ਵਾਲਾ ਬਣ ਕੇ ਹੀ "ਸਚੁ" ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਜਿੱਥੇ ਗੁਣ ਹਨ ਉੱਥੇ ਸੱਚ ਹੈ ਤੇ ਜਿੱਥੇ ਸੱਚ ਹੈ ਉੱਥੇ ਗੁਣ ਹਨ। ਗੁਣਾਂ ਵਾਲਾ ਬਣਨਾ, ਸੱਚ ਵਾਲਾ ਬਣਨਾ ਹੈ ਇਸ ਤੋਂ ਸਪੱਸ਼ਟ ਸਾਨੂੰ ਹੋਰ ਕੀ ਸਮਝਾਇਆ ਜਾਏ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਗੁਣਾਂ ਵਾਲਾ ਉਹ ਹੈ, ਸੱਚ ਉੱਥੇ ਹੈ ਜਿਸਨੇ ਤ੍ਰਿਸ਼ਨਾ ਨੂੰ ਤੇ ਸਾਰੇ ਔਗੁਣਾਂ ਨੂੰ ਤਜਿਆ ਹੋਇਆ ਹੈ, ਜੋ ਵਿਕਾਰ ਰਹਿਤ ਹੈ ਭਾਵ ਜੋ ਕਾਮ, ਕ੍ਰੋਧ, ਲੋਭ, ਮੋਹ, ਨਿੰਦਾ ਆਦਿ ਤੋਂ ਰਹਿਤ ਹੈ ਭਾਵ ਜਿਸਨੇ ਗੁਰੂ ਦੇ ਸ਼ਬਦ ਦੀ ਗੱਲ ਨੂੰ ਮੰਨਿਆ ਹੋਇਆ ਹੈ ਉਸ ਮਨੁੱਖ ਦਾ ਮਨ ਗੁਰੂ ਦੇ ਸ਼ਬਦ ਨਾਲ ਰੰਗਿਆ ਹੋਇਆ ਹੈ, ਉਸਦੀ ਰਸਨਾ ਗੁਰੂ ਦੇ ਪਿਆਰ ਵਿੱਚ ਰੰਗੀ ਹੋਈ ਹੈ। **(ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥)**

ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਔਗੁਣਾਂ ਦੇ ਰਹਿੰਦੇ ਹੋਏ, ਵਿਕਾਰਾਂ ਦੇ ਰਹਿੰਦੇ ਹੋਏ ਕੀ ਸਾਡਾ ਮਨ ਸ਼ਬਦ ਨਾਲ ਰੰਗਿਆ ਜਾ ਸਕਦਾ ਹੈ, ਕੀ ਸਾਡੀ ਰਸਨਾ ਤੇ ਗੁਰੂ ਨਾਲ ਪ੍ਰੇਮ ਪਿਆਰ ਹੈ। ਇਕ ਅੱਖਰ ਦਾ ਜਪ ਕਰਨ ਵਾਲੇ ਕੇਵਲ ਇਸੇ ਗੱਲ ਨੂੰ ਹੀ ਸ਼ਬਦ ਨਾਲ ਰੰਗਣਾ ਸਮਝਦੇ ਹਨ ਤੇ ਆਪਣੀ ਰਸਨਾ ਦੁਆਰਾ ਭਾਵ ਰਸਨਾ ਦੇ ਜਪ ਦੁਆਰਾ ਪ੍ਰਮਾਤਮਾ ਨਾਲ ਆਪਣਾ ਪ੍ਰੇਮ ਪਿਆਰ ਜਤਾਉਣਾ ਸਮਝਦੇ ਹਨ। ਹੁਣ ਧਿਆਨ ਨਾਲ ਸਮਝੋ ਕਿ ਕੀ ਇਹੋ ਜਿਹੇ ਵਿਚਾਰ ਰੱਖਣ ਵਾਲੇ ਗੁਰੂ ਦੀ ਕਸਵੱਟੀ ਤੇ , ਗੁਰਮਤਿ ਦੀ ਕਸਵੱਟੀ ਤੇ ਇੱਕ ਰੱਤੀ ਭਰ ਵੀ ਪੂਰਾ ਉਤਰ ਸਕਦੇ ਹਨ। ਅਖਵਾਉਣ ਨੂੰ ਤਾਂ ਇਹੋ ਜਿਹੇ ਆਪਣੇ ਆਪ ਨੂੰ ਗੁਰਮਤਿ ਦੇ ਮੋਹਰੀ ਅਖਵਾਉਂਦੇ ਹਨ ਤੇ ਸਮਾਜ ਵਿੱਚੋਂ ਇਸੇ ਗੱਲ ਦੀ ਵਾਹ-ਵਾਹ ਬਟੋਰਦੇ ਹਨ। ਅਸਲ ਵਿੱਚ ਇਹੋ ਜਿਹਿਆਂ ਦੀ ਵਾਹੁ ਵਾਹੁ ਕਰਨ ਵਾਲੇ ਵੀ ਆਪ ਅਗਿਆਨਤਾ ਵਿੱਚ ਹਨ ਤੇ ਇਹਨਾਂ ਨੂੰ ਝੂਠਾ ਮਾਣ ਦੇ ਕੇ ਇਹਨਾਂ

ਨੂੰ ਹੋਰ ਹੱਲਾ ਸ਼ੇਰੀ ਦਿੰਦੇ ਹਨ। ਇਹੋ ਜਿਹੇ ਝੂਠੇ ਮਾਣ ਨਾਲ ਉਹਨਾਂ ਦੀ ਹਉਮੈ ਹੀ ਵੱਧਦੀ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਨਾਮ ਕਦੇ ਨਹੀਂ ਜਪਿਆ ਜਾ ਸਕਦਾ। ਜਿਉਂ ਜਿਉਂ ਸਾਡੇ ਅੰਦਰ ਹਉਮੈ ਵੱਧਦੀ ਹੈ, ਮਨਹਠਿ ਵੱਧਦੀ ਹੈ ਉਤਨਾ ਹੀ ਅਸੀਂ ਨਾਮ ਤੋਂ, ਗੁਰਮਤਿ ਤੋਂ ਦੂਜੇ ਪਾਸੇ ਜਾਂਦੇ ਹਾਂ। ਇਹੋ ਜਿਹੇ ਆਪ ਵੀ ਗੁਰਮਤਿ ਤੋਂ ਉਲਟ ਚੱਲਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਕੁੱਝ ਸਿਖਾਉਂਦੇ ਹਨ। ਨਾ ਉਹ ਆਪ ਧਰਮ ਤੇ, ਸੱਚ ਤੇ ਚੱਲਦੇ ਹਨ ਤੇ ਉਲਟਾ ਸਮਾਜ ਵਿੱਚ ਭਰਮ ਹੀ ਫੈਲਾਉਂਦੇ ਹਨ। ਨਾ ਉਹ ਆਪ ਗੁਣਾਂ ਨੂੰ ਗ੍ਰਹਿਣ ਕਰਦੇ ਹਨ ਭਾਵ ਨਾ ਉਹ ਆਪ ਔਗੁਣ ਛੱਡਦੇ ਹਨ ਤੇ ਨਾ ਹੀ ਦੂਸਰਿਆਂ ਨੂੰ ਔਗੁਣ ਛੱਡਣਾ ਸਿਖਾਉਂਦੇ ਹਨ। ਅੱਜ ਸਮਾਜ ਵਿੱਚ ਇਸੇ ਲਈ ਸੱਚ ਰੁਲਦਾ ਫਿਰਦਾ ਹੈ। ਜਦ ਤੱਕ ਸੱਚ ਦੀ ਕਦਰ ਨਹੀਂ ਪੈਂਦੀ, ਜਦ ਤੱਕ ਗੁਣਾਂ ਦੀ ਕਦਰ ਨਹੀਂ ਪੈਂਦੀ ਤਦ ਤੱਕ ਗੁਰਮਤਿ ਦੀ ਕਦਰ ਨਹੀਂ ਪੈਂਦੀ। ਅਗਰ ਧਿਆਨ ਨਾਲ ਵਿਚਾਰੋਗੇ ਤਾਂ ਅਸੀਂ ਗੁਰਮਤਿ ਨੂੰ ਹੀ ਰੋਲਦੇ ਫਿਰਦੇ ਹਾਂ ਤੇ ਉਲਟਾ ਇਸ ਦੇ ਬਦਲੇ ਸਮਾਜ ਵਿੱਚੋਂ ਵਾਹੁ ਵਾਹੁ ਖੱਟੀ ਜਾਂਦੇ ਹਾਂ। ਗੁਰਮਤਿ ਰੁਲਣੀ ਤਾਂ ਹੀ ਬੰਦ ਹੋਵੇਗੀ ਜਦੋਂ ਸਾਨੂੰ ਗੁਰਮਤਿ ਦੀ ਸੋਝੀ ਪੈ ਜਾਵੇਗੀ, ਨਾਮ ਦੀ ਸੋਝੀ ਪੈ ਜਾਵੇਗੀ।

{ਮੁੰਧੇ ਗੁਣ ਦਾਸੀ ਸੁਖੁ ਹੋਇ॥

ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥}

(ਅੰਗ ੧੪੧੪)

ਸਾਰਾ ਭੇਦ ਮਨ ਦੇ ਗਿਆਨ ਤੇ ਅਗਿਆਨਤਾ ਦਾ ਹੈ। ਅਗਿਆਨਤਾ ਵਿੱਚ ਰਹਿੰਦਿਆਂ ਅਸੀਂ ਉਸ ਗੱਲ ਨੂੰ ਗੁਣ ਸਮਝਿਆ ਹੋਇਆ ਹੈ ਜੋ ਗੁਣ ਨਹੀਂ ਹੈ, ਉਸ ਗੱਲ ਨੂੰ ਸੱਚ ਸਮਝਿਆ ਹੋਇਆ ਹੈ ਜੋ ਸੱਚ ਨਹੀਂ ਹੈ, ਉਸ ਗੱਲ ਨੂੰ ਚੰਗੇ ਕਰਮ ਕਰਨਾ ਸਮਝਿਆ ਹੋਇਆ ਹੈ ਜਿਸਨੂੰ ਬਾਣੀ ਨੇ ਪਾਖੰਡ ਕਿਹਾ ਹੈ, ਉਸ ਗੱਲ ਨੂੰ ਪ੍ਰਮਾਤਮਾ ਦਾ ਜੱਸ ਗਾਉਣਾ

18/1976

ਸਮਝਿਆ ਹੋਇਆ ਹੈ ਜਿਸ ਦੁਆਰਾ ਅਸਲ ਵਿੱਚ ਅਸੀਂ ਆਪਣਾ ਜੱਸ ਗਾਉਂਦੇ ਹਾਂ, ਆਪਣੀ ਕੀਮਤ ਪਾਉਂਦੇ ਹਾਂ ਭਾਵ ਜਿਸ ਵਿੱਚ ਪ੍ਰਮਾਤਮਾ ਦਾ ਤਾਂ ਕੋਈ ਜੱਸ ਨਹੀਂ ਹੁੰਦਾ ਪਰ ਸਾਨੂੰ ਜੱਸ ਜਰੂਰ ਮਿਲਦਾ ਹੈ। ਸਾਨੂੰ ਸ਼ੋਭਾ ਜਰੂਰ ਮਿਲਦੀ ਹੈ, ਸਾਨੂੰ ਮਾਣ ਜਰੂਰ ਮਿਲਦਾ ਹੈ। ਇਸ ਸ਼ੋਭਾ ਦੇ ਲਾਲਚ ਨੇ ਹੀ ਸਾਨੂੰ ਇਸ ਪਾਸੇ ਲਾਇਆ ਹੋਇਆ ਹੈ। ਜੇਕਰ ਸਾਨੂੰ ਜਪਾਂ ਤਪਾਂ ਦੀ ਸਮਾਜ ਵਿੱਚੋਂ ਸ਼ੋਭਾ ਮਿਲਣੀ ਬੰਦ ਹੋ ਜਾਵੇ ਫਿਰ ਸਾਡੇ ਅੰਦਰ ਉਹ ਜਜ਼ਬਾ ਵੀ ਖ਼ਤਮ ਹੋ ਜਾਵੇ। ਅਗਿਆਨਤਾ ਸਭ ਦੇ ਅੰਦਰ ਹੀ ਹੈ ਤੇ ਇਹੋ ਜਿਹਿਆਂ ਨੂੰ ਮਾਣ ਦੇਣ ਵਾਲੇ ਵੀ ਭੁੱਲੇ ਹੋਏ ਹਨ। ਜੇਕਰ ਮਾਣ ਦੇਣ ਵਾਲਿਆਂ ਨੂੰ ਸੋਝੀ ਪੈ ਜਾਵੇ ਕਿ ਕਿਸੇ ਨੂੰ ਝੂਠਾ ਮਾਣ ਦੇਣਾ ਵੀ ਗੁਰਮਤਿ ਦੇ ਉਲਟ ਹੈ ਫਿਰ ਇਹ ਵੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਨਗੇ। ਇਹ ਝੂਠਾ ਮਾਣ ਸਾਨੂੰ ਇਸ ਮਾਰਗ ਦੇ ਨਾਲ ਜੋੜੀ ਰੱਖਦਾ ਹੈ ਜਿਸਨੂੰ ਛੱਡਣਾ ਸਭ ਤੋਂ ਔਖਾ ਹੈ, ਮਾਇਆ ਨੂੰ ਛੱਡਣ ਤੋਂ ਵੀ ਔਖਾ ਹੈ।

“ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥”

(ਅੰਗ ੧੩੭੨)

ਜਦ ਤੱਕ ਸਾਨੂੰ ਸੱਚ ਦੀ ਸੋਝੀ ਨਹੀਂ ਹੈ ਤਦ ਤੱਕ ਸਾਨੂੰ ਆਪਣਾ ਮਾਣ ਹੀ ਭਾਉਂਦਾ ਹੈ ਜੋ ਕਿ ਸਾਡੀ ਤ੍ਰਿਸ਼ਨਾ ਹੈ। ਜਦੋਂ ਸਾਨੂੰ ਸੱਚ ਦੀ ਸਮਝ ਪੈ ਜਾਂਦੀ ਹੈ ਫਿਰ ਮਨੁੱਖ ਉਸੇ ਗੱਲ ਦਾ ਮਾਣ ਕਰਦਾ ਹੈ ਜਿਸ ਵਿੱਚ ਸੱਚ ਹੈ। ਸੱਚ ਦਾ ਮਾਣ ਹੀ ਅਸਲ ਵਿੱਚ ਪ੍ਰਮਾਤਮਾ ਦਾ ਮਾਣ ਹੈ, ਗੁਰੂ ਦਾ ਮਾਣ ਹੈ। ਆਪਣੇ ਆਪ ਨੂੰ ਮੁਨੀ, ਮੁਨਿਵਰ, ਸੰਤ, ਬ੍ਰਹਮ ਗਿਆਨੀ ਆਦਿ ਉਹੀ ਅਖਵਾ ਸਕਦਾ ਹੈ ਜਿਸਨੂੰ ਸੱਚ ਦੀ ਸਮਝ ਨਹੀਂ ਹੈ। ਸੱਚ ਦੀ ਸਮਝ ਸਾਨੂੰ ਆਪਣੇ ਅੰਦਰ ਸੱਚ ਦੇ ਵੱਸਣ ਦੁਆਰਾ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਦੇ ਵੱਸਣ ਦੁਆਰਾ ਹੀ ਪੈਂਦੀ ਹੈ। ਜੇਕਰ ਮਨ ਦੀ ਇਸ ਅਵੱਸਥਾ ਦੁਆਰਾ ਅਸੀਂ ਕਿਸੇ ਨੂੰ ਮਾਣ ਦਿੰਦੇ ਹਾਂ ਤਾਂ ਫਿਰ

18/1977

ਉਹ ਸੱਚਾ ਮਾਣ ਹੈ। ਭਗਤ ਸਾਹਿਬਾਨ, ਗੁਰੂ ਸਾਹਿਬਾਨ, ਭੱਟ ਸਾਹਿਬਾਨ ਨੇ ਸੱਚ ਦੀ ਪ੍ਰਾਪਤੀ ਕੀਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕੀਤੀ ਹੈ। ਉਹਨਾਂ ਨੂੰ ਮਾਣ ਦੇਣਾ ਸੱਚਾ ਮਾਣ ਹੈ। ਕਿਉਂਕਿ ਉਹਨਾਂ ਦੇ ਅੰਦਰ ਸੱਚ ਹੈ ਇਸੇ ਲਈ ਉਹਨਾਂ ਨੇ ਪੂਰੀ ਗੁਰਬਾਣੀ ਵਿੱਚ ਸੱਚ ਉਚਾਰਿਆ ਹੈ। ਜਿਸਨੂੰ ਸੱਚ ਦੀ ਸੋਝੀ ਪੈ ਜਾਂਦੀ ਹੈ ਉਹ ਫਿਰ ਸੱਚ ਨੂੰ ਹੀ ਉੱਚਾ ਕਰਦਾ ਹੈ, ਪ੍ਰਮਾਤਮਾ ਨੂੰ ਹੀ ਉੱਚਾ ਕਰਦਾ ਹੈ, ਗੁਰਮਤਿ ਨੂੰ ਹੀ ਉੱਚਾ ਕਰਦਾ ਹੈ। ਗੁਰਮਤਿ ਦਾ ਮਾਣ ਹੀ ਅਸਲ ਵਿੱਚ ਸੱਚ ਦਾ ਮਾਣ ਹੈ, ਗੁਰੂ ਪ੍ਰਮਾਤਮਾ ਦਾ ਮਾਣ ਹੈ। ਜਿਹਨਾਂ ਦੇ ਅੰਦਰ ਗੁਰਮਤਿ ਵੱਸ ਜਾਂਦੀ ਹੈ ਉਹ ਫਿਰ ਗੁਰਮਤਿ ਨੂੰ ਹੀ ਉੱਚਾ ਕਰਦੇ ਹਨ। ਜੋ ਮਨੁੱਖ ਗੁਰਮਤਿ ਨੂੰ ਉੱਚਾ ਕਰਦਾ ਹੈ ਉਸ ਮਨੁੱਖ ਨੂੰ ਮਾਣ ਦੇਣਾ ਸੱਚਾ ਮਾਣ ਹੈ। ਬਾਣੀ ਦੇ ਰਚਨ ਵਾਲਿਆਂ ਨੇ ਆਪਣੀ ਹਰ ਕਰਨੀ ਵਿੱਚ ਗੁਰਮਤਿ ਨੂੰ ਹੀ ਉੱਚਾ ਕੀਤਾ ਹੈ ਤੇ ਇਸੇ ਲਈ ਉਹਨਾਂ ਨੂੰ ਮਾਣ ਦੇਣਾ ਸੱਚਾ ਮਾਣ ਹੈ।

“ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥”

(ਅੰਗ 135-136)

ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਕਿ ਸੱਚਾ ਮਾਣ ਮਿਲਣਾ ਕੀ ਹੈ ਜੋ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। ਗੱਲ ਗੁਣਾਂ ਔਗੁਣਾਂ ਤੇ ਹੀ ਨਿਬੜਦੀ ਹੈ, ਸੱਚ ਝੂਠ ਤੇ ਹੀ ਨਿਬੜਦੀ ਹੈ, ਗੁਰਮਤਿ ਮਨਮਤਿ ਤੇ ਹੀ ਨਿਬੜਦੀ ਹੈ। ਜਿੱਥੇ ਔਗੁਣ ਹਨ ਉੱਥੇ ਗੁਰਮਤਿ ਨਹੀਂ ਹੈ, ਸੱਚ ਨਹੀਂ ਹੈ। ਸੱਚਾ ਮਾਰਗ ਗੁਰਮਤਿ ਦਾ ਮਾਰਗ ਹੈ। ਉੱਪਰ ਸਾਨੂੰ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ, ਗੁਰਮਤਿ ਦਾ ਮਾਰਗ ਹੀ ਸਮਝਾਇਆ ਹੋਇਆ ਹੈ। ਇਹੋ ਜਿਹੇ ਮਾਰਗ ਤੇ ਚੱਲ ਕੇ ਜੇਕਰ ਸਾਡੀ ਕੋਈ ਉਸਤਤਿ ਕਰਦਾ ਹੈ, ਸਾਨੂੰ ਕੋਈ ਇੱਜ਼ਤ ਦਿੰਦਾ ਹੈ, ਸਾਨੂੰ ਕੋਈ ਮਾਣ ਦਿੰਦਾ ਹੈ ਫਿਰ ਉਹ ਸੱਚਾ ਮਾਣ ਹੈ, ਇਹ ਸੱਚ ਤੇ ਚੱਲਣ ਦਾ ਮਾਣ ਹੈ, ਸੱਚ ਤੇ ਚੱਲਣ ਨਾਲ ਸੱਚ ਦਾ ਮਾਣ ਹੁੰਦਾ ਹੈ, ਸੱਚ ਉੱਚਾ ਹੁੰਦਾ ਹੈ। ਜਿੱਥੇ ਅਸੀਂ ਸੱਚ ਨੂੰ

18/1978

ਉੱਚਾ ਕਰਦੇ ਹਾਂ, ਸੱਚ ਨੂੰ ਮਾਣ ਦਿੰਦੇ ਹਾਂ ਇਸ ਵਿੱਚ ਗੁਰੂ ਪ੍ਰਮਾਤਮਾ ਦਾ ਮਾਣ ਹੈ ਜੋ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੰਦਾ ਹੈ। ਇਹ ਉਸਦੀ ਸਿੱਖਿਆ ਦਾ ਮਾਣ ਹੈ। ਆਪਣੀ ਹਰ ਸੱਚੀ ਕਰਨੀ ਵਿੱਚ ਅਸੀਂ ਸੱਚ ਦਾ ਹੀ ਮਾਣ ਕਰਦੇ ਹਾਂ ਭਾਵ ਗੁਰੂ ਪ੍ਰਮਾਤਮਾ ਦਾ ਮਾਣ ਕਰਦੇ ਹਾਂ ਭਾਵ ਗੁਰੂ ਦਾ ਜੱਸ ਗਾਉਂਦੇ ਹਾਂ, ਗੁਰੂ ਦੀ ਵਡਿਆਈ ਕਰਦੇ ਹਾਂ, ਸੱਚ ਦੀ ਵਡਿਆਈ ਕਰਦੇ ਹਾਂ। ਸੱਚ ਦੀ ਵਡਿਆਈ ਕਰਨ ਨਾਲ ਜੇਕਰ ਸਾਡੀ ਵਡਿਆਈ ਹੁੰਦੀ ਹੈ ਫਿਰ ਉਹ ਸਾਡੀ ਸੱਚੀ ਵਡਿਆਈ ਹੈ। ਜੇਕਰ ਅਸੀਂ ਗੁਰਮਤਿ ਅਨੁਸਾਰ ਵਿਚਰਦੇ ਹੋਏ ਕਿਸੇ ਦਾ ਹੱਕ ਨਹੀਂ ਖਾਂਦੇ, ਕੋਈ ਰਿਸ਼ਵਤ ਨਹੀਂ ਲੈਂਦੇ, ਸਭ ਨਾਲ ਇਨਸਾਫ਼ ਕਰਦੇ ਹਾਂ, ਕਿਸੇ ਲੋੜਵੰਦ ਦੀ ਸੱਚੀ ਲੋੜ ਪੂਰੀ ਕਰਦੇ ਹਾਂ ਫਿਰ ਅਸੀਂ ਸੱਚ ਨੂੰ ਉੱਚਾ ਕਰਦੇ ਹਾਂ, ਗੁਰਮਤਿ ਨੂੰ ਉੱਚਾ ਕਰਦੇ ਹਾਂ, ਗੁਰੂ ਦੀ ਵਡਿਆਈ ਕਰਦੇ ਹਾਂ ਭਾਵ ਸੱਚ ਦੇ ਮਾਰਗ ਤੇ ਚੱਲਦੇ ਹਾਂ। ਇਹੋ ਜਿਹੇ ਸੱਚ ਦੇ ਮਾਰਗ ਤੇ ਚੱਲਦਿਆਂ ਜੇਕਰ ਕੋਈ ਸਾਨੂੰ ਵਡਿਆਈ ਦਿੰਦਾ ਹੈ, ਸਾਨੂੰ ਚੰਗਾ ਕਹਿੰਦਾ ਹੈ ਫਿਰ ਇਹ ਸਾਡੀ ਸੱਚੀ ਵਡਿਆਈ ਹੈ।

ਹੁਣ ਧਿਆਨ ਨਾਲ ਸਮਝੋ ਕਿ ਅਸੀਂ ਜਿਹਨਾਂ ਨੂੰ ਧਰਮ ਤੇ ਚੱਲਣ ਦੀ ਵਡਿਆਈ ਦਿੰਦੇ ਹਾਂ, ਗੁਰਮਤਿ ਦੇ ਪਹਿਰੇਦਾਰ ਅਖਵਾਉਣ ਵਾਲਿਆਂ ਨੂੰ ਵਡਿਆਈ ਦਿੰਦੇ ਹਾਂ, ਉਹਨਾਂ ਨੂੰ ਕਿਸ ਕਰਕੇ ਦਿੰਦੇ ਹਾਂ। ਗੁਰਮਤਿ ਨੂੰ ਸਮਝਣਾ ਸਾਡਾ ਸਭ ਦਾ ਇੱਕੋ ਜਿਹਾ ਫਰਜ਼ ਹੀ ਹੈ। ਧਰਮ ਦਾ ਮਾਰਗ ਕੋਈ ਅੰਧ ਵਿਸ਼ਵਾਸ ਦਾ ਮਾਰਗ ਨਹੀਂ ਹੈ। ਗੁਰਬਾਣੀ ਪ੍ਰਮਾਤਮਾ ਨੇ ਸਭ ਲਈ ਰਚੀ ਹੈ ਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਉਸਨੂੰ ਸਮਝਣ ਦਾ ਉੱਦਮ ਕਰੀਏ। ਅਗਰ ਧਿਆਨ ਨਾਲ ਵਿਚਾਰੋਗੇ ਤਾਂ ਉਲਝਾਉਣ ਵਾਲਿਆਂ ਦੀ ਗਿਣਤੀ ਜਿੱਥੋਂ ਇਹ ਉਲਝਣ ਸ਼ੁਰੂ ਹੋਈ ਹੈ ਭਾਵ ਜਿਹਨਾਂ ਨੇ ਇਹ ਉਲਝਣ ਸ਼ੁਰੂ ਕੀਤੀ ਹੈ, ਉਹਨਾਂ ਦੀ ਗਿਣਤੀ ਕੋਈ ਜਿਆਦਾ ਨਹੀਂ ਹੈ। ਉਲਝਣ ਵਾਲਿਆਂ ਦੀ ਗਿਣਤੀ ਬੇਸ਼ੁਮਾਰ ਹੈ ਜੋ ਕੁੱਝ ਪਿਛਲੇ ਸਮੇਂ ਵਿੱਚ ਸਿੱਖ ਜਗਤ ਵਿੱਚ ਕਾਫੀ ਤੇਜ਼ੀ ਨਾਲ ਵਧੀ ਹੈ। ਇਸਦੇ ਵੱਧਣ ਦਾ ਵੱਡਾ ਕਾਰਨ ਸਾਡੀ ਅਗਿਆਨਤਾ ਹੀ ਹੈ,

18/1979

ਗੁਰਬਾਣੀ ਕੋਲੋਂ ਸਹੀ ਸੋਝੀ ਨਾ ਲੈਣ ਦਾ ਹੀ ਹੈ। ਦੂਸਰਾ ਵੱਡਾ ਕਾਰਨ ਇਹਨਾਂ ਗੱਲਾਂ ਨਾਲ ਮਾਣ ਮਿਲਣ ਕਰਕੇ ਹੈ। ਜਿਸਨੂੰ ਸਰੀਰਕ ਜਪ ਤਪ ਦਾ ਮਾਣ ਮਿਲਣਾ ਸ਼ੁਰੂ ਹੋ ਜਾਂਦਾ ਹੈ, ਉਹ ਫਿਰ ਇਸ ਤੇ ਹੋਰ ਵੀ ਦ੍ਰਿੜ ਹੋਈ ਜਾਂਦਾ ਹੈ ਕਿ ਮੈਨੂੰ ਸੱਚਾ ਮਾਣ ਮਿਲ ਰਿਹਾ ਹੈ। ਜਿਤਨੀ ਗਲਤੀ ਮਾਣ ਲੈਣ ਵਾਲਿਆਂ ਦੀ ਹੈ ਉਤਨੀ ਹੀ ਗਲਤੀ ਉਹਨਾਂ ਨੂੰ ਮਾਣ ਦੇਣ ਵਾਲਿਆਂ ਦੀ ਹੈ। ਗੁਰਮਤਿ ਦੇ ਉਲਟ ਚੱਲਣ ਵਾਲਿਆਂ ਨੂੰ ਮਾਣ ਦੇਣਾ, ਔਗੁਣਾਂ ਵਿੱਚ ਰਹਿਣ ਵਾਲਿਆਂ ਨੂੰ ਗੁਣੀ ਕਹਿਣਾ ਜਾਂ ਸਮਝਣਾ, ਝੂਠ ਬੋਲਣ ਵਾਲਿਆਂ ਨੂੰ ਸੱਚ ਤੇ ਚੱਲਣ ਵਾਲਾ ਕਹਿਣਾ ਜਾਂ ਸਮਝਣਾ ਗੁਰਮਤਿ ਨੂੰ ਨੀਵਾਂ ਕਰਨ ਵਾਲੀ ਹੀ ਗੱਲ ਹੈ। ਝੂਠਾ ਮਾਣ ਲੈਣਾ ਵੀ ਗਲਤ ਹੈ ਤੇ ਕਿਸੇ ਨੂੰ ਝੂਠਾ ਮਾਣ ਦੇਣਾ ਵੀ ਗਲਤ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਇਹ ਝੂਠਾ ਮਾਣ ਲੈਣਾ ਜਾਂ ਦੇਣਾ ਸਾਡੇ ਲਈ ਕਿਤਨਾ ਮਾੜਾ ਹੈ।

ਸਲੋਕ ਮਃ ੧॥

"ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥

ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥੧॥”

(ਅੰਗ ੧੨੯੩)

ਉੱਪਰ ਸ਼ਬਦ ਰਾਹੀਂ ਸਾਨੂੰ ਬੜੀ ਹੀ ਬਰੀਕੀ ਨਾਲ ਇਹ ਸਮਝਾਇਆ ਹੋਇਆ ਹੈ ਕਿ ਝੂਠੇ ਮਾਣ ਤੇ ਸੱਚੇ ਮਾਣ ਵਿੱਚ ਕੀ ਫਰਕ ਹੈ। ਧਰਮ ਦੀ ਸਿੱਖਿਆ ਲੈਣ ਲਈ, ਨਾਮ ਨੂੰ ਸਮਝਣ ਲਈ ਕਿਹੜਾ ਦਰ ਚੰਗਾ ਹੈ ਤੇ ਕਿਹੜਾ ਦਰ ਮਾੜਾ ਹੈ, ਕਿਹੜਾ ਦਰ ਸੱਚਾ ਹੈ ਤੇ ਕਿਹੜਾ ਦਰ ਝੂਠਾ ਹੈ। ਸ਼ਬਦ ਦੀ ਬਰੀਕੀ ਸਾਡੀ ਧਾਰਮਿਕ ਆਸਥਾ ਨਾਲ ਜੁੜੀ ਹੋਈ ਹੈ। ਅਸੀਂ ਉਸ ਦੇ ਦਰ ਤੇ ਹੀ ਜਾਂਦੇ ਹਾਂ ਜਿਸਨੂੰ ਅਸੀਂ ਆਪਣੇ ਵੱਲੋਂ ਧਰਮ ਦੇ ਮਾਰਗ ਤੇ ਚੱਲਣ ਵਾਲਾ ਸਮਝਿਆ ਹੁੰਦਾ ਹੈ, ਉੱਚਾ ਸਮਝਿਆ ਹੁੰਦਾ ਹੈ, ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਿਆ ਹੁੰਦਾ ਹੈ। ਬਿਨ੍ਹਾਂ ਆਸਥਾ ਤੋਂ ਅਸੀਂ ਕਿਸੇ ਦੇ ਦਰ ਦੇ ਨਾਲ ਨਹੀਂ ਜੁੜ ਸਕਦੇ। ਲੇਖ ਦੇ ਪੜ੍ਹਨ ਵਾਲੇ ਸਾਰਿਆਂ ਅੱਗੇ ਤਹਿ ਦਿਲੋਂ ਬੇਨਤੀ ਹੈ ਕਿ ਇਸ ਲੇਖ ਦਾ ਮਕਸਦ ਕਿਸੇ ਦੀ ਧਾਰਮਿਕ ਆਸਥਾ ਨੂੰ ਠੇਸ ਪਹੁੰਚਾਣ ਦਾ ਨਹੀਂ ਹੈ। ਤੁਹਾਡੇ ਨਾਲ ਕੇਵਲ ਗੁਰਬਾਣੀ ਦੇ ਵਿਚਾਰ ਸਾਂਝੇ ਕੀਤੇ ਜਾ ਰਹੇ ਹਨ, ਉਹਨਾਂ ਦਾ ਅਸਲ ਭਾਵ ਸਮਝਾਇਆ ਜਾ ਰਿਹਾ ਹੈ। ਜੋ ਕੋਈ ਸਮਝਾ ਰਿਹਾ ਹੈ ਇਹ ਅਕਾਲ ਪੁਰਖ ਆਪ ਹੀ

18/1980

ਸਮਝਾ ਰਿਹਾ ਹੈ ਕਿਉਂਕਿ ਗੁਰਬਾਣੀ ਨੂੰ ਆਪਣੇ ਆਪ ਸਮਝਣਾ ਮਨੁੱਖੀ ਸਮਰੱਥਾ ਤੋਂ ਹੀ ਬਾਹਰ ਹੈ। ਗੁਰਬਾਣੀ ਸਾਨੂੰ ਜੋ ਵੀ ਸਮਝਾ ਰਹੀ ਹੈ ਉਹ ਬਿਲਕੁਲ ਸੱਚ ਹੀ ਸਮਝਾ ਰਹੀ ਹੈ। ਹੋ ਸਕਦਾ ਹੈ ਕਿ ਜਿੱਥੇ ਸਾਡੀ ਧਾਰਮਿਕ ਆਸਥਾ ਜੁੜੀ ਹੋਈ ਹੈ ਉਸ ਵਿੱਚ ਸਾਡੀ ਭੁੱਲ ਹੋਵੇ, ਸਾਨੂੰ ਸੱਚ ਦੀ ਸਮਝ ਨਾ ਹੋਵੇ। ਫਿਰ ਸੱਚ ਨੂੰ ਕਬੂਲ ਕਰਨ ਵਿੱਚ ਮਨ ਨੂੰ ਠੇਸ ਪਹੁੰਚਣਾ ਵੀ ਸੁਭਾਵਿਕ ਹੀ ਹੈ ਪਰ ਸੱਚ ਨੂੰ ਸਮਝਣਾ ਵੀ ਸਾਡਾ ਫਰਜ਼ ਬਣਦਾ ਹੈ ਕਿਉਂਕਿ ਸੱਚ ਤੋਂ ਉੱਪਰ ਕੁੱਝ ਵੀ ਨਹੀਂ ਹੈ। ਅਸਲ ਵਿੱਚ ਸੱਚ ਦਾ ਮਾਰਗ ਹੀ ਧਰਮ ਦਾ ਮਾਰਗ ਹੈ। ਜੇਕਰ ਅਸੀਂ ਕਿਸੇ ਕਾਰਨ ਸੱਚ ਤੋਂ ਭਟਕੇ ਹੋਏ ਹਾਂ, ਗੁਰੂ ਦਾ ਮਕਸਦ ਸਾਨੂੰ ਉਸ ਭਟਕਣਾ ਵਿੱਚੋਂ ਕੱਢਣ ਦਾ ਹੀ ਹੈ ਤੇ ਇਸ ਲਈ ਸਾਨੂੰ ਗੁਰੂ ਦੀ ਗੱਲ ਨੂੰ ਨਿਮਰਤਾ ਨਾਲ ਕਬੂਲ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੀ ਭੁੱਲ ਨੂੰ ਸੁਧਾਰ ਸਕੀਏ। ਸਾਨੂੰ ਭੁੱਲ ਵਿੱਚੋਂ ਕੱਢਣ ਦੀ ਸਮਰੱਥਾ ਕੇਵਲ ਗੁਰੂ ਦੇ ਕੋਲ ਹੀ ਹੈ। ਗੁਰੂ ਦਾ ਸਤਿਕਾਰ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਉਸ ਤੇ ਪੂਰਨ ਵਿਸ਼ਵਾਸ ਰੱਖ ਕੇ ਸਮਝੀਏ ਕਿ ਗੁਰੂ ਸਾਨੂੰ ਜੋ ਕੁੱਝ ਵੀ ਸਮਝਾਉਂਦਾ ਹੈ ਉਹ ਸਾਡੇ ਭਲੇ ਲਈ ਹੀ ਸਮਝਾਉਂਦਾ ਹੈ। ਗੁਰੂ ਸਾਡੇ ਭਲੇ ਦੀ ਗੱਲ ਕਰਦਾ ਹੈ ਪਰ ਉਸਨੂੰ ਮੰਨਣ ਵਿੱਚ ਸਾਡੀ ਧਾਰਮਿਕ ਆਸਥਾ ਨੂੰ ਠੇਸ ਪਹੁੰਚ ਸਕਦੀ ਹੈ ਪਰ ਆਖੀਰ ਗੁਰੂ ਦੀ ਗੱਲ ਨੂੰ ਧਿਆਨ ਨਾਲ ਸਮਝ ਕੇ ਉਸਨੂੰ ਮੰਨਣ ਵਿੱਚ ਹੀ ਸਾਡਾ ਭਲਾ ਹੈ। ਆਓ ਹੁਣ ਉੱਪਰ ਦਿੱਤੇ ਹੋਏ ਸ਼ਬਦ ਦੇ ਅਰਥਾਂ ਨੂੰ, ਉਸ ਦੇ ਅੰਦਰ ਦੇ ਗੂੜ ਭਾਵ ਨੂੰ ਪੂਰੇ ਧੀਰਜ ਤੇ ਗੁਰਬਾਣੀ ਵਿੱਚ ਆਸਥਾ ਰੱਖ ਕੇ ਸਮਝੀਏ।

ਇਸ ਸ਼ਬਦ ਰਾਹੀਂ ਸਾਨੂੰ ਬਰੀਕੀ ਨਾਲ ਇਹ ਗੱਲ ਸਮਝਾਈ ਹੋਈ ਹੈ ਕਿ ਧਰਮ ਦਾ ਮਾਰਗ ਸਾਨੂੰ ਸਮਝਾਉਣ ਲਈ ਪ੍ਰਮਾਤਮਾ ਨੇ ਕਿਸ ਨੂੰ ਆਪਣਾ ਧਰਮ ਦਾ ਠੇਕੇਦਾਰ ਬਣਾਇਆ ਹੋਇਆ ਹੈ ਜੋ ਸਾਨੂੰ ਧਰਮ ਦੀ ਸਹੀ ਸੋਝੀ ਪਾ ਸਕਦਾ ਹੈ, ਨਾਮ ਦੀ ਸਹੀ ਸੋਝੀ ਪਾ ਸਕਦਾ ਹੈ। ਜੇਕਰ ਨਾਮ ਦੀ ਸਿੱਖਿਆ ਲੈਣ ਲਈ ਅਸੀਂ ਗੁਰੂ ਦੇ ਦਰ ਨੂੰ ਛੱਡ ਕੇ ਕਿਸੇ ਹੋਰ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝ ਕੇ ਉਸ ਕੋਲ ਜਾਂਦੇ ਹਾਂ ਤੇ ਇਸ ਵਿੱਚ ਸਾਡੀ ਵੱਡੀ ਭੁੱਲ ਹੈ। ਨਾਮ ਦੀ ਸਿੱਖਿਆ ਕੇਵਲ ਸਾਨੂੰ ਗੁਰੂ ਹੀ ਦੇ ਸਕਦਾ ਹੈ ਭਾਵ ਨਾਮ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕਿਸੇ ਦੇ ਕੋਲ ਨਹੀਂ ਹੈ।

18/1981

ਜਿਸ ਨੂੰ ਖੁਦ ਨਾਮ ਨਹੀਂ ਮਿਲਿਆ, ਜਿਸ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ ਉਹ ਦੂਸਰਿਆਂ ਨੂੰ ਨਾਮ ਕਿਵੇਂ ਸਮਝਾ ਸਕਦਾ ਹੈ। ਜੇਕਰ ਧਿਆਨ ਨਾਲ ਦੇਖੀਏ ਨਾਮ ਸਮਝਾਉਣ ਵਾਲੇ, ਨਾਮ ਦਾ ਪ੍ਰਚਾਰ ਕਰਨ ਵਾਲੇ ਬਹੁਤ ਹਨ। ਇਹੋ ਜਿਹਿਆਂ ਨੂੰ ਭੁੱਲੇ ਹੋਏ ਕਹਿ ਕੇ ਸ਼ਰਮਸਾਰ ਕੀਤਾ ਹੋਇਆ ਹੈ।

“ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥
ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥”

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਅਸੀਂ ਆਪਣੇ ਲਈ ਦੁਆਵਾਂ ਮੰਗਣ ਲਈ ਕਿਹਨਾਂ ਦੇ ਕੋਲ ਜਾਂਦੇ ਹਾਂ ਕਿ ਉਹ ਸਾਡੇ ਕੰਮ ਸਵਾਰ ਦੇਣ। ਅਸੀਂ ਉਹਨਾਂ ਦੇ ਕੋਲ ਜਾਂਦੇ ਹਾਂ ਜਿਹਨਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਕਰਕੇ ਮੰਨਿਆ ਹੋਇਆ ਹੈ, ਜਿਹਨਾਂ ਨੂੰ ਅਸੀਂ ਪ੍ਰਮਾਤਮਾ ਦੇ ਨੇੜੇ ਸਮਝਿਆ ਹੋਇਆ ਹੈ, ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝਿਆ ਹੋਇਆ ਹੈ। ਇਹ ਸਾਰੇ ਉਹੀ ਹਨ ਜੋ ਆਪ ਸਰੀਰਕ ਜਪ ਤਪ ਆਦਿ ਕਰਦੇ ਹਨ, ਸੁਰਤੀਆਂ ਸਮਾਧੀਆਂ ਆਦਿ ਜੋੜ ਕੇ ਬੈਠੇ ਰਹਿੰਦੇ ਹਨ ਤੇ ਇਹਨਾਂ ਗੱਲਾਂ ਦਾ ਹੀ ਪ੍ਰਚਾਰ ਕਰਦੇ ਹਨ। ਗੁਰਬਾਣੀ ਰਾਹੀਂ ਸਾਨੂੰ ਜੋ ਕੁੱਝ ਵੀ ਸਮਝਾਇਆ ਹੋਇਆ ਹੈ ਉਹ ਸਾਰੇ ਜੱਗ ਲਈ ਇੱਕੋ ਜਿਹਾ ਹੀ ਹੈ। ਖਾਸ ਕਰਕੇ ਭਾਰਤ ਵਰਸ਼ ਵਿੱਚ ਇਹੋ ਜਿਹਿਆਂ ਦੀ ਗਿਣਤੀ ਬਹੁਤ ਜਿਆਦਾ ਹੈ ਜੋ ਸਾਰੇ ਜਗ ਵਿੱਚ ਹੀ ਇਸਨੂੰ ਧਰਮ ਦਾ ਮਾਰਗ ਕਹਿ ਕੇ ਸਮਝਾਉਂਦੇ ਹਨ। ਇਹਨਾਂ ਦੀਆਂ ਇਹੋ ਜਿਹੀਆਂ ਗੱਲਾਂ ਕਰ ਕੇ ਹੀ ਇਹਨਾਂ ਦੀ ਮਹਾਨਤਾ ਬਣਦੀ ਹੈ ਤੇ ਲੋਕੀਂ ਇਹਨਾਂ ਨੂੰ ਪੂਜਣ ਲੱਗ ਪੈਂਦੇ ਹਨ। ਜੇਕਰ ਕਿਸੇ ਨੂੰ ਕੋਈ ਰਿਧੀ ਸਿਧੀ ਆ ਜਾਵੇ ਜੋ ਕਿ ਮਾਇਆ ਮੋਹ ਦਾ ਹਿੱਸਾ ਹੀ ਹੈ ਫਿਰ ਉਸਦੀ ਮਹਾਨਤਾ ਹੋਰ ਵੀ ਵੱਧ ਜਾਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਸਿੱਖ ਜਗਤ ਵਿੱਚ ਵੀ ਧਰਮ ਦਾ ਮਾਰਗ ਸਰੀਰਕ ਜਪ ਤਪ ਆਦਿ ਨਾਲ ਹੀ ਜੁੜਿਆ ਹੋਇਆ ਹੈ, ਖਾਸ ਕਰਕੇ ਇਕ ਅੱਖਰ ਦੇ ਜਪ ਨਾਲ ਜੁੜਿਆ ਹੋਇਆ ਹੈ। ਜਿਤਨਾ ਕੋਈ ਜਿਆਦਾ ਅੱਖਰ ਜਪਣ ਵਾਲਾ ਬਣ ਜਾਂਦਾ ਹੈ, ਜਿਤਨਾ ਕੋਈ ਜਿਆਦਾ ਸਮਾਧੀਆਂ ਵਿੱਚ ਬੈਠਣ ਵਾਲਾ ਬਣ ਜਾਂਦਾ ਹੈ, ਜਿਤਨਾ ਕੋਈ

18/1982

ਜਿਆਦਾ ਭੋਰਿਆਂ ਵਿੱਚ ਵੜਿਆ ਰਹਿੰਦਾ ਹੈ ਭਾਵ ਜਿਤਨਾ ਕੋਈ ਜਿਆਦਾ ਸਮਾਂ ਇਹੋ ਜਿਹੇ ਜਪਾਂ ਤਪਾਂ ਵਿੱਚ ਬਿਤਾਉਂਦਾ ਹੈ ਉਤਨੀ ਹੀ ਉਸਦੀ ਮਹਾਨਤਾ ਵੱਧਦੀ ਜਾਂਦੀ ਹੈ ਜਦੋਂ ਮਹਾਨਤਾ ਜਿਆਦਾ ਵੱਧ ਜਾਂਦੀ ਹੈ ਫਿਰ ਉਹ ਕਿਸੇ ਡੇਰੇ ਦਾ ਰੂਪ ਲੈ ਲੈਂਦੀ ਹੈ। ਸਿੱਖ ਜਗਤ ਵਿੱਚ ਅੱਜ ਕੱਲ੍ਹ ਡੇਰਿਆਂ ਦੀ ਭਰਮਾਰ ਹੈ, ਹਰ ਕੋਈ ਆਪਣੀ ਵੱਖਰੀ ਵੱਖਰੀ ਮਰਿਆਦਾ ਬਣਾਉਂਦਾ ਹੈ, ਵੱਖਰੇ ਵੱਖਰੇ ਅਸੂਲ ਬਣਾਉਂਦਾ ਹੈ। ਇਸੇ ਤਰੀਕੇ ਨਾਲ ਅਨੇਕਾਂ ਜੱਥੇਬੰਦੀਆਂ ਹੋਂਦ ਵਿੱਚ ਆਉਂਦੀਆਂ ਹਨ ਜਿੰਨ੍ਹਾਂ ਦੀ ਮਰਿਆਦਾ ਆਪਣੇ ਆਪਣੇ ਸਿਰਮੌਰ ਅਨੁਸਾਰ ਬਣੀ ਹੁੰਦੀ ਹੈ। ਜੇਕਰ ਧਿਆਨ ਨਾਲ ਵਿਚਾਰੋਗੇ ਕਿ ਤਾਂ ਕਰੀਬ ਕਰੀਬ ਹਰ ਕੋਈ ਕਿਸੇ ਨਾ ਕਿਸੇ ਧਾਰਮਿਕ ਸਿਰਮੌਰ ਨਾਲ ਜੁੜਿਆ ਹੁੰਦਾ ਹੈ ਜਿੰਨ੍ਹਾਂ ਨੂੰ ਅਸੀਂ ਧਾਰਮਿਕ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ। ਸਾਨੂੰ ਇਹਨਾਂ ਅਨੇਕਾਂ ਜਗ੍ਹਾ ਤੇ ਇਹੋ ਜਿਹੀਆਂ ਮਰਿਆਦਾ ਸਮਝਾਈਆਂ ਜਾਂਦੀਆ ਹਨ, ਇਹੋ ਜਿਹੀ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ, ਇਹੋ ਜਿਹਾ ਨਾਮ ਜਪਣਾ ਸਮਝਾਇਆ ਜਾਂਦਾ ਹੈ ਜੋ ਗੁਰਬਾਣੀ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ। ਗੁਰਬਾਣੀ ਦੀ ਰਚਨਾ ਦਾ ਸਭ ਤੋਂ ਵੱਡਾ ਮਕਸਦ ਇਹੀ ਹੈ ਕਿ ਅਸੀਂ ਉਹਨਾਂ ਧਰਮ ਦੇ ਠੇਕੇਦਾਰਾਂ ਤੋਂ ਬਚੀਏ ਜਿੰਨ੍ਹਾਂ ਨੂੰ ਖੁਦ ਧਰਮ ਦੀ ਸਮਝ ਨਹੀਂ। ਗੁਰਬਾਣੀ ਨੂੰ ਪ੍ਰਮਾਤਮਾ ਨੇ ਸਾਡੇ ਲਈ ਧਰਮ ਦਾ ਠੇਕਾ ਦਿੱਤਾ ਹੋਇਆ ਹੈ ਤਾਂ ਜੋ ਅਸੀਂ ਧਰਮ ਦੇ ਇੱਕੋ ਇੱਕ ਠੇਕੇਦਾਰ ਨਾਲ ਜੁੜੀਏ ਤੇ ਆਪਣਾ ਸਾਰਾ ਮਾਣ ਗੁਰੂ ਨੂੰ, ਗੁਰਬਾਣੀ ਨੂੰ ਦੇਈਏ ਜਿਸ ਨੂੰ ਧਰਮ ਦੀ ਪੂਰੀ ਸੋਝੀ ਹੈ, ਨਾਮ ਦੀ ਪੂਰਨ ਸੋਝੀ ਹੈ।

“ਕੁਲਹਾ” ਤੋਂ ਭਾਵ ਹੈ ਟੋਪੀਆਂ ਭਾਵ ਕਿਸੇ ਨੂੰ ਸਨਮਾਨ ਦੇਣ ਦਾ ਤਰੀਕਾ। ਗੁਰੂ ਨੂੰ ਛੱਡ ਕੇ, ਗੁਰਬਾਣੀ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਨੂੰ ਧਰਮ ਦੇ ਮਾਰਗ ਤੇ ਉੱਚਾ ਹੋਣ ਦਾ ਸਨਮਾਨ ਦਿੰਦੇ ਹਾਂ, ਉਸ ਨੂੰ ਧਰਮ ਸਿਖਾਉਣ ਵਾਲਾ ਸਮਝਦੇ ਹਾਂ, ਨਾਮ ਸਿਖਾਉਣ ਵਾਲਾ ਸਮਝਦੇ ਹਾਂ ਤੇ ਫਿਰ ਅਸੀਂ ਬਾਵਲੇ ਹਾਂ ਭਾਵ ਨਾ ਸਮਝ ਹਾਂ ਭਾਵ ਸਾਨੂੰ ਇਹ ਸਮਝ ਨਹੀਂ ਕਿ ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਕੋਲੋਂ ਸਿੱਖਿਆ ਲੈਣਾ, ਦੁਆਵਾਂ ਲੈਣਾ, ਆਸ਼ੀਰਵਾਦ ਲੈਣੇ ਗਲਤ ਹੈ ਕਿ ਉਹ ਸਾਡਾ ਕੁੱਝ ਸਵਾਰ ਸਕਦੇ ਹਨ, ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦੇ ਹਨ। **(ਕੁਲਹਾਂ ਦੇਂਦੇ ਬਾਵਲੇ)** ਉਸ ਤੋਂ ਵੱਡੇ ਨਾ

18/1983

ਸਮਝ ਉਹ ਹਨ ਜੋ ਆਪਣੇ ਸਿਰ ਇਹੋ ਜਿਹੀਆਂ ਟੋਪੀਆਂ ਪੁਆਉਂਦੇ ਹਨ ਭਾਵ ਮਾਣ ਕਬੂਲ ਕਰਦੇ ਹਨ ਭਾਵ ਆਪਣੇ ਆਪ

ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਝੂਠੀ ਸ਼ੋਭਾ ਕਬੂਲ ਕਰਦੇ ਹਨ। ਜੋ ਸ਼ੋਭਾ ਗੁਰੂ ਦੀ ਹੋਣੀ ਚਾਹੀਦੀ ਹੈ ਇਹ ਸ਼ੋਭਾ ਉਹ ਆਪ ਕਬੂਲ ਕਰਦੇ ਹਨ। ਇਹ ਗੁਰੂ ਦੇ ਸ਼ਰੀਕ ਬਣਨ ਵਾਲੀ ਗੱਲ ਹੈ, ਗੁਰੂ ਦੀ ਸ਼ੋਭਾ ਘਟਾਉਣ ਵਾਲੀ ਗੱਲ ਹੈ ਤੇ ਇਸੇ ਲਈ ਉਹਨਾਂ ਨੂੰ ਵੱਡੇ ਨਿਲਜ ਕਿਹਾ ਹੈ ਭਾਵ ਵੱਡੇ ਬੇਸ਼ਰਮ ਕਿਹਾ ਹੈ ਕਿ ਉਹਨਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਅਸੀਂ ਐਂਵੇ ਝੂਠਾ ਮਾਣ ਹੀ ਲੈ ਰਹੇ ਹਾਂ। **(ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥)**

ਇਹ ਟੋਪੀਆਂ ਅਸੀਂ ਕਿਸ ਰੂਪ ਵਿੱਚ ਪਾਉਂਦੇ ਹਾਂ ਇਸ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਇਹਨਾਂ ਠੇਕੇਦਾਰਾਂ ਦੇ ਪੈਰ ਫੜਨੇ, ਗੋਡੇ ਫੜਨੇ, ਮੱਥੇ ਟੇਕਣੇ, ਇਹਨਾਂ ਦੀਆਂ ਲੱਤਾਂ ਘੁੱਟਣੀਆਂ, ਇਹਨਾਂ ਦੀ ਸੇਵਾ ਵਿੱਚ ਲੱਗਣਾ ਆਦਿ ਇਹਨਾਂ ਨੂੰ ਟੋਪੀਆਂ ਪਾਉਣ ਵਾਲੀ ਗੱਲ ਹੀ ਹੈ। ਕਿਸੇ ਕੋਲੋਂ ਆਸ਼ੀਰਵਾਦ ਲੈਣ ਜਾਂ ਦੁਆਵਾਂ ਲੈਣਾ ਮਾੜੀ ਗੱਲ ਨਹੀਂ ਹੈ ਪਰ ਕਿਸੇ ਨੂੰ ਗੁਰੂ ਤੋਂ ਬਿਨ੍ਹਾਂ ਇਹ ਰੁਤਬਾ ਦੇਣਾ ਮਾੜੀ ਗੱਲ ਹੈ। ਅਸੀਂ ਇਹਨਾਂ ਠੇਕੇਦਾਰਾਂ ਕੋਲੋਂ ਦਾਤਾਂ ਆਦਿ ਮੰਗਣ ਜਾਂਦੇ ਹਾਂ ਕਿਉਂਕਿ ਸਾਨੂੰ ਗੁਰੂ ਤੇ ਭਰੋਸਾ ਨਹੀਂ ਹੈ ਕਿ ਉਹ ਸਾਡੀ ਮੰਗ ਪੂਰੀ ਕਰ ਸਕਦਾ ਹੈ। ਇਹ ਉੱਚੇ ਬਣ ਕੇ ਬੈਠੇ ਹੋਏ ਸਾਨੂੰ ਦਾਤਾਂ ਦੇਣ ਦਾ ਭਰੋਸਾ ਦਿਵਾਉਂਦੇ ਹਨ ਕਿ ਸਾਡੀ ਸੇਵਾ ਕਰਨ ਨਾਲ, ਸਾਡੇ ਬਚਨ ਮੰਨਣ ਨਾਲ ਤੁਹਾਨੂੰ ਦਾਤਾਂ ਮਿਲ ਜਾਣਗੀਆਂ। ਸਾਡੇ ਦੁਖ ਦੂਰ ਕਰਨ ਦੀਆਂ ਗੱਲਾਂ ਵੀ ਕਰਦੇ ਹਨ ਭਾਵ ਆਪਣੇ ਆਪ ਨੂੰ ਗੁਰੂ ਵਰਗਾ ਉੱਚਾ ਕਹਿਣ ਜਾਂ ਕਹਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ। ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣ ਦੀਆਂ ਗੱਲਾਂ ਵੀ ਕਰਦੇ ਹਨ। ਕੀ ਕੋਈ ਗੁਰੂ ਤੋਂ ਬਿਨ੍ਹਾਂ ਕਿਸੇ ਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ? ਫਿਰ ਇਹ ਗੁਰੂ ਵਰਗੇ ਬਣਨ ਵਿੱਚ ਕਸਰ ਹੀ ਕੀ ਛੱਡਦੇ ਹਨ। ਇਹ ਗੁਰੂ ਦੇ ਰੁਤਬੇ ਨੂੰ ਆਪਣਾ ਰੁਤਬਾ ਬਣਾ ਕੇ ਮਾਣਦੇ ਹਨ ਤੇ ਇਸੇ ਲਈ ਇਹਨਾਂ ਨੂੰ ਵੱਡੇ ਨਿਲਜ ਕਿਹਾ ਹੈ। ਜਦੋਂ ਅਸੀਂ ਭਾਵੇਂ ਗੁਰੂ ਸਾਹਿਬ ਦੀ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠੇ ਹੋਈਏ ਤੇ ਉਸ ਵੇਲੇ ਜੇਕਰ ਇਹ ਠੇਕੇਦਾਰ ਉੱਥੇ ਪਹੁੰਚ ਜਾਣ ਤੇ ਇਹਨਾਂ ਨੂੰ ਟੋਪੀਆਂ ਪਾਉਣ ਵਾਲੇ ਗੁਰੂ ਸਾਹਿਬ ਜੀ ਦੀ ਹਜ਼ੂਰੀ

18/1984

ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਇਹਨਾਂ ਦੇ ਸਤਿਕਾਰ ਵਜੋਂ ਖੜੇ ਹੋ ਜਾਂਦੇ ਹਨ, ਮੱਥੇ ਟੇਕਣ ਲੱਗ ਜਾਂਦੇ ਹਨ। ਇਸ ਤੋਂ ਵੱਡੀ ਟੋਪੀ ਇਹਨਾਂ ਨੂੰ ਕੋਈ ਕੀ ਪਾ ਸਕਦਾ ਹੈ। ਹੁਣ ਧਿਆਨ ਨਾਲ ਸੋਚੋ ਇਸ ਵਿੱਚ ਗੁਰੂ ਸਾਹਿਬ ਦਾ ਮਾਣ ਹੈ ਜਾਂ ਅਪਮਾਨ ਹੈ। ਇਹੋ ਜਿਹਿਆਂ ਦਾ ਮਾਣ ਕਰਨ ਤੋਂ ਪਹਿਲਾਂ ਅਸੀਂ ਗੁਰੂ ਸਾਹਿਬ ਜੀ ਦਾ ਅਪਮਾਨ ਕਰਦੇ ਹਾਂ। ਇਹ ਸਾਡੇ ਸਭ ਲਈ ਜੋ ਇਹਨਾਂ ਨੂੰ ਇਹੋ ਜਿਹਾ ਮਾਣ ਦਿੰਦੇ ਹਨ ਸਾਡੀ ਨਾ ਸਮਝੀ ਹੈ ਜਿਸ ਕਰਕੇ ਸਾਨੂੰ ਬਾਵਲੇ ਕਿਹਾ ਹੈ ਤੇ ਇਹੋ ਜਿਹਾ ਮਾਣ ਲੈਣ ਵਾਲਿਆਂ ਨੂੰ ਵੱਡੇ ਨਿਲਜ ਕਿਹਾ ਹੈ ਜਿਹਨਾਂ ਨੂੰ ਇਤਨੀ ਵੀ ਸ਼ਰਮ ਨਹੀਂ ਕਿ ਅਸੀਂ ਘੱਟੋ ਘੱਟ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਤਾਂ ਕੁੱਝ ਸ਼ਰਮ ਕਰ ਲਈਏ। ਉਹਨਾਂ ਨੂੰ ਪ੍ਰਸੰਨਤਾ ਕੇਵਲ ਮਾਣ ਲੈਣ ਵਿੱਚ ਹੀ ਹੁੰਦੀ ਹੈ ਭਾਵੇਂ ਕੋਈ ਕਿਸ ਰੂਪ ਵਿੱਚ ਵੀ ਦੇਵੇ।

ਗੁਰੂ ਘਰ ਦੀ ਮਰਿਆਦਾ ਅਸੀਂ ਰੋਜ਼ ਹਰਿਮੰਦਰ ਸਾਹਿਬ ਜੀ ਤੋਂ ਦੇਖਦੇ ਹੀ ਹਾਂ ਜਿੱਥੇ ਮਰਿਆਦਾ ਆਪਣੀ ਗੁਰੂ ਸਾਹਿਬਾਨ ਦੀ ਚਲਾਈ ਹੋਈ ਹੈ। ਉਹਨਾਂ ਦੇ ਦਰਬਾਰ ਵਿੱਚ ਹਰ ਕੋਈ ਇਕੋ ਜਿਹਾ ਹੀ ਹੈ ਭਾਵੇਂ ਕੋਈ ਰਾਜਾ ਹੈ ਤੇ ਭਾਵੇਂ ਕੋਈ ਫਕੀਰ ਹੈ। ਉੱਥੇ ਕੋਈ ਕਿਸੇ ਨੂੰ ਉਚੇਚੇ ਤੌਰ ਤੇ ਉੱਠ ਕੇ ਉਹਨਾਂ ਦਾ ਵੱਖਰਾ ਸਤਿਕਾਰ ਨਹੀਂ ਕਰਦਾ। ਉਹ ਸਭ ਦੇ ਵਿੱਚ ਉਸੇ ਤਰ੍ਹਾਂ ਹੀ ਬੈਠਦੇ ਹਨ, ਜਿਵੇਂ ਹਰ ਕੋਈ ਗੁਰੂ ਦੇ ਸਤਿਕਾਰ ਵਿੱਚ ਬੈਠਾ ਹੁੰਦਾ ਹੈ। ਉਹਨਾਂ ਨੇ ਕਿਸੇ ਨੂੰ ਗੁਰੂ ਘਰ ਦੀ ਮਰਿਆਦਾ ਕੀ ਸਿਖਾਉਣੀ ਹੈ ਜੋ ਖੁਦ ਹੀ ਹਰ ਵੇਲੇ ਗੁਰੂ ਦੀ ਮਰਿਆਦਾ ਨੂੰ ਤੋੜਦੇ ਹਨ। ਇਹੋ ਜਿਹਿਆਂ ਕੋਲੋਂ ਗੁਰਮਤਿ ਦੀ ਮਰਿਆਦਾ ਸਿੱਖਣ ਵੀ ਉਹੀ ਜਾਂਦੇ ਹਨ ਜਿੰਨ੍ਹਾਂ ਨੂੰ ਗੁਰਮਤਿ ਦੀ ਸੋਝੀ ਹੀ ਨਹੀਂ ਹੈ। ਆਪਣੇ ਡੇਰਿਆਂ ਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦਾ ਕਰਦੇ ਹਨ ਤੇ ਧੰਨ ਧੰਨ ਆਪਣੇ ਆਪ ਨੂੰ ਅਖਵਾਉਂਦੇ ਹਨ, ਮਾਣ ਆਪਣਾ ਕਰਵਾਉਂਦੇ ਹਨ। ਗੁਰਦੁਆਰਿਆਂ ਦਾ ਨਾਮ ਬਾਬੇ ਨਾਨਕ ਦੇ ਨਾਮ ਤੇ ਰੱਖਦੇ ਹਨ ਤੇ ਧੰਨ ਧੰਨ ਆਪਣੇ ਬਾਬਿਆਂ ਦੀ ਕਰਦੇ ਹਨ। ਸਭ ਪਾਸੇ ਪਾਖੰਡ ਦਾ ਹੀ ਪਸਾਰਾ ਹੈ। ਹਰ ਕੋਈ ਆਪਣੇ ਆਪ ਨੂੰ ਤੇ ਆਪਣੇ ਸਿਰਮੌਰ ਦੀ ਮਰਿਆਦਾ ਉੱਚੀ ਕਰਨ ਵਿੱਚ ਹੀ ਲੱਗਿਆ ਹੋਇਆ ਹੈ। ਹਰ ਵੱਖਰੀ ਵੱਖਰੀ ਧਾਰਮਿਕ ਜੱਥੇਬੰਦੀ ਦਾ ਆਪਣਾ ਆਪਣਾ ਵੱਖਰਾ ਸਿਰਮੌਰ ਹੈ ਤੇ ਹਰ ਕੋਈ ਆਪਣੇ ਆਪਣੇ ਸਿਰਮੌਰ ਦੀ ਮਰਿਆਦਾ ਨਾਲ ਹੀ ਜੁੜਿਆ ਹੋਇਆ ਹੈ। ਆਪਣੇ ਆਪਣੇ ਸਿਰਮੌਰ ਨੂੰ ਉੱਚਾ ਕਰਨ ਵਿੱਚ ਹੀ ਲੱਗਾ ਹੋਇਆ ਹੈ ਭਾਵ ਟੋਪੀਆਂ ਪਾਉਣ ਵਿੱਚ ਲੱਗਾ ਹੋਇਆ ਹੈ।

18/1985

ਗੁਰੂ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਵੀ ਹੋਰ ਮਨੁੱਖ ਨੂੰ ਸੰਤ ਕਹਿੰਦੇ ਹਾਂ ਜਾਂ ਸਮਝਦੇ ਹਾਂ ਇਹ ਉਸਨੂੰ ਟੋਪੀ ਪਾਉਣ ਵਾਲੀ ਗੱਲ ਹੈ। ਗੁਰੂ ਤੋਂ ਬਿਨ੍ਹਾਂ ਕਿਸੇ ਨੂੰ ਬ੍ਰਹਮ ਗਿਆਨੀ ਕਹਿਣਾ ਜਾਂ ਸਮਝਣਾ ਹੋਰ ਵੱਡੀ ਟੋਪੀ ਪਾਉਣ ਵਾਲੀ ਗੱਲ ਹੈ। ਇਹਨਾਂ ਦੀਆਂ ਬਰਸੀਆਂ ਮਨਵਾਉਣੀਆਂ ਇਹਨਾਂ ਨੂੰ ਕਿਤਨੀ ਵੱਡੀ ਟੋਪੀ ਪਾਉਣ ਵਾਲੀ ਗੱਲ ਹੈ ਇਹ ਹਰ ਕੋਈ ਸਮਝ ਸਕਦਾ ਹੈ। ਅਸਲ ਵਿੱਚ ਗੁਰੂ ਹੀ ਸੰਤ ਹੈ, ਗੁਰੂ ਹੀ ਸਾਧ ਹੈ ਤੇ ਗੁਰੂ ਹੀ ਬ੍ਰਹਮ ਗਿਆਨੀ ਹੈ। ਇਸ ਬ੍ਰਹਮ ਗਿਆਨ ਦੀ ਟੋਪੀ ਦਾ ਮਾਲਕ ਆਪ ਪ੍ਰਮਾਤਮਾ ਹੈ ਤੇ ਉਸਨੇ ਇਹ ਟੋਪੀ ਕੇਵਲ ਗੁਰੂ ਦੇ ਸਿਰ ਤੇ ਰੱਖੀ ਹੋਈ ਹੈ। ਉਸਨੇ ਗੁਰੂ ਨੂੰ ਧਰਮ ਦਾ ਠੇਕੇਦਾਰ, ਨਾਮ ਦਾ ਠੇਕੇਦਾਰ ਭਾਵ ਸਾਨੂੰ ਨਾਮ ਸਮਝਾਉਣ ਦਾ ਠੇਕੇਦਾਰ ਤੇ ਨਾਮ ਦੇ ਨਾਲ ਮਿਲਾਉਣ ਦਾ ਠੇਕੇਦਾਰ ਕੇਵਲ ਗੁਰਬਾਣੀ ਨੂੰ ਹੀ ਬਣਾਇਆ ਹੋਇਆ ਹੈ। ਜਿੰਨ੍ਹਾਂ-ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਇਹ ਬ੍ਰਹਮ ਗਿਆਨ ਦੀ ਟੋਪੀ ਪਾਈ ਹੈ ਉਹਨਾਂ ਨੇ ਹੀ ਗੁਰਬਾਣੀ ਰੂਪ ਬ੍ਰਹਮ ਗਿਆਨ ਦੀ ਰਚਨਾ ਕੀਤੀ ਹੈ। ਸੱਚਾ ਬ੍ਰਹਮ ਗਿਆਨ, ਸੱਚਾ ਨਾਮ ਕੇਵਲ ਗੁਰੂ ਦੇ ਕੋਲ ਹੈ ਤੇ ਇਸ ਲਈ ਉਸੇ ਨੂੰ ਇਸ ਮਾਣ ਦੀ ਪ੍ਰਾਪਤੀ ਹੈ। ਇਹ ਮਾਣ ਪ੍ਰਮਾਤਮਾ ਆਪ ਹੀ ਕਿਸੇ ਨੂੰ ਉਸਦੇ ਅੰਦਰ ਪ੍ਰਗਟ ਹੋ ਕੇ ਬਖਸ਼ਦਾ ਹੈ ਜਿਸ ਦੁਆਰਾ ਕੋਈ ਸੱਚੇ ਮਾਣ ਦਾ ਹੱਕਦਾਰ ਬਣਦਾ ਹੈ। ਗੁਰਬਾਣੀ ਨੂੰ ਇਹ ਮਾਣ ਪ੍ਰਮਾਤਮਾ ਨੇ ਆਪ ਹੀ ਆਪਣਾ ਧਰਮ ਦਾ ਠੇਕੇਦਾਰ ਬਣਾ ਕੇ ਬਖਸ਼ਿਆ ਹੋਇਆ ਹੈ ਜੋ ਕਿ ਇਸ ਸ਼ਬਦ ਦੇ ਵਿੱਚ ਹੀ ਸਮਝਾਇਆ ਹੋਇਆ ਹੈ।

ਗੁਰੂ ਦੀ ਬਜਾਇ ਜੋ ਝੂਠਾ ਮਾਣ ਲੈਣ ਵਿੱਚ ਲੱਗੇ ਹੋਏ ਹਨ ਉਹਨਾਂ ਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਇਹ ਕੁੱਝ ਕਹਿ ਕੇ ਸ਼ਰਮਸਾਰ ਕੀਤਾ ਹੋਇਆ ਹੈ।

“ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥

ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥”

ਝੂਠਾ ਮਾਣ ਲੈਣਾ ਕਿਤਨਾ ਮਾੜਾ ਹੈ ਇਹੀ ਗੱਲ ਉੱਪਰ ਸਮਝਾਈ ਹੋਈ ਹੈ। ਇਹੋ ਜਿਹਾ ਮਾਣ ਲੈਣ ਵਾਲਿਆਂ ਨੂੰ ਸ਼ਰਮਸਾਰ ਕੀਤਾ ਹੋਇਆ ਹੈ ਭਾਵ ਉਹਨਾਂ ਦੀ ਤੁਲਨਾ ਚੂਹੇ ਦੇ ਨਾਲ ਕਰ ਕੇ ਸਾਨੂੰ ਇਹ ਸਮਝਾਇਆ ਹੈ

18/1986

ਕਿ ਜੇਕਰ ਚੂਹੇ ਦੇ ਲੱਕ ਦੇ ਨਾਲ ਛੱਜ ਬੰਨ੍ਹ ਦੇਈਏ ਤਾਂ ਫਿਰ ਉਹ ਆਪਣੀ ਖੁੱਡ ਵਿੱਚ ਨਹੀਂ ਵੜ ਸਕਦਾ ਭਾਵ ਉਹ ਕਿਸੇ ਨਾ ਕਿਸੇ ਸ਼ਿਕਾਰੀ ਦਾ ਸ਼ਿਕਾਰ ਬਣ ਜਾਵੇਗਾ ਤੇ ਉਹ ਆਪਣੇ ਬਚਾਅ ਲਈ ਖੁੱਡ ਵਿੱਚ ਨਹੀਂ ਵੜ ਸਕਦਾ। ਇਹ ਛੱਜ ਸਾਡੀ ਹਉਮੈ ਦਾ ਛੱਜ ਹੈ, ਸਾਡੇ ਝੂਠੇ ਮਾਣ ਦਾ ਛੱਜ ਹੈ। ਇਹ ਛੱਜ ਉਹੀ ਬੰਨ੍ਹਦੇ ਹਨ ਜੋ ਇਹਨਾਂ ਦੇ ਸਿਰ ਤੇ ਟੋਪੀਆਂ ਪਾਉਂਦੇ ਹਨ ਭਾਵ ਅਗਿਆਨਤਾ ਵਿੱਚ ਹੀ ਗੁਰੂ ਦੇ ਬਰਾਬਰ ਸਮਝੀ ਜਾਂਦੇ ਹਨ। ਹਉਮੈ ਸਾਡੇ ਜੀਵਨ ਦਾ ਨਾਸ਼ ਹੀ ਕਰਦੀ ਹੈ। ਝੂਠਾ ਮਾਣ ਕੇਵਲ ਸਾਡੀ ਹਉਮੈ ਹੀ ਵਧਾਉਂਦਾ ਹੈ। ਜਿਸ ਦੀ ਜਿਤਨੀ ਹਉਮੈ ਵੱਧਦੀ ਹੈ ਉਸਦੀ ਉੱਤਨੀ ਹੀ ਨਾਮ ਦੇ ਨਾਲੋਂ ਦੂਰੀ ਵੱਧਦੀ ਜਾਂਦੀ ਹੈ ਕਿਉਂਕਿ ਹੁਉਮੈ ਦਾ ਨਾਮ ਦੇ ਨਾਲ ਵਿਰੋਧ ਹੈ। ਸੱਚੇ ਮਾਣ ਦਾ ਤੇ ਝੂਠੇ ਮਾਣ ਦਾ ਆਪਸ ਵਿੱਚ ਵਿਰੋਧ ਹੈ। ਇਹੋ ਜਿਹੇ ਝੂਠੇ ਮਾਣ ਨਾਲ ਸਾਡੇ ਜੀਵਨ ਦਾ ਬਰਬਾਦ ਹੋਣਾ ਤਹਿ ਹੈ ਭਾਵ ਇਹੋ ਜਿਹੇ ਮਨੁੱਖ ਕਦੇ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। **(ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥)** ਇਹਨਾਂ ਦਾ ਆਪਣਾ ਜੀਵਨ ਤਾਂ ਬਰਬਾਦ ਹੁੰਦਾ ਹੀ ਹੈ ਪਰ ਨਾਲ ਉਹਨਾਂ ਦਾ ਜੀਵਨ ਵੀ ਬਰਬਾਦ ਹੁੰਦਾ ਹੈ ਜਿਹੜੇ ਇਹਨਾਂ ਦੇ ਲੱਕ ਦੇ ਨਾਲ ਛੱਜ ਬੰਨ੍ਹਦੇ ਹਨ, ਇਹਨਾਂ ਨੂੰ ਟੋਪੀਆਂ ਪਾਉਂਦੇ ਹਨ ਤੇ ਇਹਨਾਂ ਕੋਲੋਂ ਦੁਆਵਾਂ ਮੰਗਣ ਆਉਂਦੇ ਹਨ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥

ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥”

ਬੜਾ ਸਪੱਸ਼ਟ ਸਮਝਾਇਆ ਹੈ ਕਿ ਇਹ ਦੁਆਵਾਂ ਦੇਣ ਵਾਲੇ ਤੇ ਮਰਦੇ ਹੀ ਹਨ ਭਾਵ ਆਪਣਾ ਜੀਵਨ ਤਾਂ ਬਰਬਾਦ ਕਰਦੇ ਹੀ ਹਨ ਤੇ ਨਾਲ ਉਹਨਾਂ ਦਾ ਜੀਵਨ ਵੀ ਬਰਬਾਰ ਕਰਦੇ ਹਨ ਜੋ ਇਹਨਾਂ ਤੇ ਭਰੋਸਾ ਰੱਖ ਕੇ ਮਾਇਆ ਮੋਹ ਵਿੱਚ ਫਸਦੇ ਹਨ। ਇਹ ਸਭ ਕੁੱਝ ਮਾਇਆ ਮੋਹ ਹੀ ਹੈ। ਇਹਨਾਂ ਸਾਰੀਆਂ ਗੱਲਾਂ ਦੀ ਵਜ੍ਹਾ ਸਾਡੇ ਮਨ ਦੀ ਅਗਿਆਨਤਾ ਹੀ ਹੈ ਜਿਸ ਕਰਕੇ ਸਾਨੂੰ ਉਸ ਗੁਰੂ ਪ੍ਰਮਾਤਮਾ ਦੇ ਹੁਕਮ ਦੀ ਸਮਝ ਨਹੀਂ ਪੈਂਦੀ ਕਿ ਅਸਲ ਵਿੱਚ ਸਾਨੂੰ ਬਚਾਉਣ ਵਾਲਾ ਕੌਣ ਹੈ ਤੇ ਇਸ ਨਾਸਮਝ ਦੁਨਿਆਵੀ ਝੂਠੇ ਜੀਵਨ ਵਿੱਚ ਆਪਣੇ ਆਪ ਨੂੰ ਮਨ ਦੀ ਨਾਸਮਝੀ ਕਰਕੇ ਸਮਝ ਤੋਂ ਬਾਅਦ ਅਸੀਂ ਕਿਸ ਦੇ ਵਿੱਚ ਜਾ ਕੇ ਸਮਾਉਣਾ ਹੈ, ਇਸ ਗੱਲ ਨੂੰ ਸਮਝਣ ਵਿੱਚ ਹਰ ਕੋਈ ਮਨ ਦੀ ਤ੍ਰੈਗੁਣੀ ਅਵਸਥਾ ਕਰਕੇ ਅਸਲੀਅਤ ਨੂੰ ਸਮਝਣ ਵਿੱਚ

ਅਸਮਰਥ ਹੀ ਹੈ ਭਾਵ ਜੀਵਨ ਮਰਣ ਦੀ ਸੱਚਾਈ ਨੂੰ ਸਮਝਣ ਤੋਂ ਦੂਰ ਹੀ ਹੈ ਜਿਸ ਗੱਲ ਦੀ ਸਮਝ ਹੀ ਜਨਮ ਮਰਨ ਤੋਂ ਰਹਿਤ ਸਰੀਰ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈ ਸਕਦੀ ਹੈ। ਜਾਣਾ ਸਭ ਨੇ ਪ੍ਰਮਾਤਮਾ ਦੇ ਕੋਲ

18/1987

ਹੀ ਹੈ ਤੇ ਪ੍ਰਮਾਤਮਾ ਦੇ ਨਾਲ ਜੁੜਨ ਦਾ ਮਾਰਗ ਕੇਵਲ ਸਾਡੇ ਕੋਲ ਉਸ ਦਾ ਥਾਪਿਆ ਹੋਇਆ ਗੁਰੂ ਹੈ ਜੋ ਸਾਨੂੰ ਉਸ ਵਿੱਚ ਸਮਾਉਣ ਦਾ ਤਰੀਕਾ ਸਮਝਾ ਸਕਦਾ ਹੈ। ਉਸ ਦੇ ਵਿੱਚ ਸਮਾਉਣ ਦਾ ਤਰੀਕਾ ਸਾਨੂੰ ਕੇਵਲ ਗੁਰਬਾਣੀ ਹੀ ਸਮਝਾ ਸਕਦੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸਾਨੂੰ ਕੇਵਲ ਹੁਕਮ ਗੁਰੂ ਦਾ ਹੀ ਮੰਨਣਾ ਚਾਹੀਦਾ ਹੈ ਤੇ ਕਿਸੇ ਹੋਰ ਤੇ ਭਰੋਸਾ ਨਹੀਂ ਟਿਕਾਉਣਾ ਚਾਹੀਦਾ। ਮਾਣ ਅਸੀਂ ਉਸੇ ਦਾ ਹੀ ਕਰਦੇ ਹਾਂ ਜਿਸ ਦਾ ਅਸੀਂ ਹੁਕਮ ਮੰਨਦੇ ਹਾਂ, ਜਿਸ ਦੀ ਦੱਸੀ ਹੋਈ ਗੱਲ ਤੇ ਚੱਲਦੇ ਹਾਂ। ਜੇਕਰ ਅਸੀਂ ਪ੍ਰਮਾਤਮਾ ਵਿੱਚ ਸਮਾਉਣਾ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਜਰੂਰੀ ਹੈ ਕਿ ਅਸੀਂ ਗੁਰਬਾਣੀ ਦੇ ਹੁਕਮ ਨੂੰ ਸਮਝੀਏ ਤੇ ਕੇਵਲ ਉਸ ਦੀ ਮਤਿ ਦੁਆਰਾ ਹੀ ਵਿਚਰੀਏ। ਸਾਡੇ ਭਰਮ ਦਾ ਕਾਰਨ, ਅਗਿਆਨਤਾ ਦਾ ਕਾਰਨ ਗੁਰੂ ਦਾ ਹੁਕਮ ਨਾ ਸਮਝ ਆਉਣਾ ਹੀ ਹੈ, ਗੁਰਮਤਿ ਨਾ ਸਮਝ ਆਉਣਾ ਹੀ ਹੈ ਜਿਸ ਕਰਕੇ ਅਸੀਂ ਗੁਰੂ ਦੀ ਬਜਾਇ ਦੂਸਰਿਆਂ ਨੂੰ ਵਡਿਆਈ ਦੇਣ ਵਿੱਚ ਲੱਗੇ ਹੋਏ ਹਾਂ, ਗੁਰੂ ਦੀ ਬਜਾਇ ਦੂਸਰਿਆਂ ਨੂੰ ਟੋਪੀਆਂ ਪਾਉਣ ਵਿੱਚ ਲੱਗੇ ਹੋਏ ਹਾਂ। **(ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥)**

ਪ੍ਰਮਾਤਮਾ ਨੇ ਆਪਣਾ ਧਰਮ ਦਾ ਠੇਕੇਦਾਰ, ਨਾਮ ਦਾ ਠੇਕੇਦਾਰ ਕਿਸ ਨੂੰ ਬਣਾਇਆ ਹੋਇਆ ਹੈ, ਆਪਣੀ ਮਾਣ ਰੂਪ ਟੋਪੀ ਕਿਸ ਦੇ ਸਿਰ ਤੇ ਪਾਈ ਹੋਈ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਬੜੇ ਗੂੜ ਭਾਵ ਵਿੱਚ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣਾ ਮਾਣ ਉਸ ਨੂੰ ਦੇਈਏ ਜੋ ਇਸ ਮਾਣ ਦਾ ਅਸਲ ਹੱਕਦਾਰ ਹੈ।

“ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥
ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥
ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥੧॥”

ਅਰਥ ਗਹਿਰਾਈ ਵਿੱਚ ਹਨ ਤੇ ਪ੍ਰਮਾਤਮਾ ਨੇ ਜਿਹੋ ਜਿਹੀ

18/1988

ਸਾਡੀ ਸਮਰੱਥਾ ਰੱਖੀ ਹੋਈ ਹੈ ਉਹੋ ਜਿਹੀ ਮਨੁੱਖੀ ਸਮਰੱਥਾ ਦੁਆਰਾ ਸ਼ਬਦ ਦੇ ਭਾਵ ਨੂੰ ਸਮਝਣਾ ਸਾਡੇ ਸਭ ਦੀ ਸਮਰੱਥਾ ਤੋਂ ਬਾਹਰ ਹੈ। ਆਪਣੇ ਸ਼ਬਦਾਂ ਦੇ ਅਸਲ ਭਾਵ ਨੂੰ ਉਹ ਆਪ ਹੀ ਜਾਣਦਾ ਹੈ ਤੇ ਆਪ ਹੀ ਸਮਝਾ ਸਕਦਾ ਹੈ।

ਇੱਥੇ ਸਾਨੂੰ “ਨਾਮੁ” ਸਮਝਾਉਣ ਲਈ ਅਹਾੜੀ ਤੇ ਸਾਉਣੀ ਦੀ ਫ਼ਸਲ ਦਾ ਹਵਾਲਾ ਦੇ ਕੇ ਸਮਝਾਇਆ ਹੈ। ਖੇਤੀ ਦਾ ਕੰਮ ਕਰਨ ਵਾਲੇ ਇਸ ਗੱਲ ਨੂੰ ਕੁੱਝ ਸੌਖਾ ਸਮਝ ਸਕਦੇ ਹਨ। ਜੋ ਜ਼ਮੀਨ ਦੇ ਮਾਲਕ ਨਹੀਂ ਹੁੰਦੇ ਉਹ ਅਗਰ ਉਸ ਤੇ ਖੇਤੀ ਕਰਨਾ ਚਾਹੁੰਣ ਤੇ ਉਹਨਾਂ ਨੂੰ ਪਹਿਲੇ ਉਸ ਜ਼ਮੀਨ ਦੇ ਮਾਲਕ ਕੋਲੋਂ ਆਪਣੇ ਨਾਮ ਉਸ ਜ਼ਮੀਨ ਦਾ ਪੱਟਾ ਲਿਖਵਾਉਣਾ ਪੈਂਦਾ ਹੈ ਜਿਸ ਦੁਆਰਾ ਉਹਨਾਂ ਨੂੰ ਉਸ ਜ਼ਮੀਨ ਦੇ ਉੱਤੇ ਫ਼ਸਲ ਬੀਜਣ ਦਾ ਹੱਕ ਮਿਲਦਾ ਹੈ। ਇਹ ਹੱਕ ਜ਼ਮੀਨ ਦੇ ਮਾਲਕ ਦੀ ਮਰਜ਼ੀ, ਉਸ ਦੀ ਰਜ਼ਾ ਨਾਲ ਹੀ ਮਿਲਦਾ ਹੈ ਭਾਵ ਅਗਰ ਮਾਲਕ ਚਾਹੇ ਤੇ ਤਾਂ ਹੀ ਉਸ ਦੀ ਜ਼ਮੀਨ ਤੇ ਕੋਈ ਫ਼ਸਲ ਬੀਜ ਸਕਦਾ ਹੈ।

ਨਾਮ ਦੀ ਤੁਲਨਾ ਅਹਾੜੀ ਤੇ ਸਾਉਣੀ ਦੀ ਫ਼ਸਲ ਦੇ ਨਾਲ ਕੀਤੀ ਹੋਈ ਹੈ। ਜਿਵੇਂ ਕੋਈ ਆਪਣੇ ਨਾਮ ਤੇ ਜ਼ਮੀਨ ਦੇ ਮਾਲਕ ਕੋਲੋਂ ਪੱਟਾ ਲਿਖਾਉਣ ਨਾਲ ਫਸਲ ਬੀਜਣ ਦਾ ਹੱਕਦਾਰ ਬਣਦਾ ਹੈ ਇਸੇ ਤਰ੍ਹਾਂ ਬਾਬਾ ਨਾਨਕ ਸਾਨੂੰ ਸਮਝਾ ਰਹੇ ਹਨ ਕਿ ਮੈਂ ਅਹਾੜੀ ਤੇ ਸਾਉਣੀ ਰੂਪ ਨਾਮ ਦੀ ਫ਼ਸਲ ਬੀਜਣ ਦੇ ਲਈ ਉਸ ਨਾਮ ਦੇ ਮਾਲਕ ਕੋਲੋਂ ਆਪਣੇ ਨਾਮ ਪੱਟਾ ਲਿਖਵਾਇਆ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਮੈਨੂੰ ਗੁਰਬਾਣੀ ਰੂਪ ਫ਼ਸਲ ਬੀਜਣ ਦਾ, ਗੁਰਬਾਣੀ ਦੇ ਰਾਹੀਂ ਨਾਮ ਦੀ ਫ਼ਸਲ ਬੀਜਣ ਦਾ ਹੱਕ ਦਿੱਤਾ ਹੈ। ਇਹ ਹੱਕ ਮੈਂ ਪ੍ਰਮਾਤਮਾ ਦੇ ਦਰ ਤੇ ਪਹੁੰਚ ਕੇ ਹੀ ਲਿਆ ਹੈ, ਨਾਮ ਦੇ ਮਾਲਕ ਦੇ ਦਰ ਤੇ ਪਹੁੰਚ ਕੇ ਹੀ ਲਿਆ

ਹੈ। "**ਮਹਦੂਦੁ ਲਿਖਾਇਆ**" ਤੋਂ ਭਾਵ ਹੈ ਆਪਣੇ ਹੱਕ ਲਈ ਪ੍ਰਵਾਨਾ ਲੈਣਾ, ਪੱਟੇ ਦਾਰ ਬਣਨਾ। ਜਦੋਂ ਜ਼ਮੀਨ ਠੇਕੇ ਤੇ ਲਈ ਜਾਂਦੀ ਹੈ ਤਾਂ ਉਹ ਇਹੋ ਜਿਹੀ ਲਿਖਤ ਦੁਆਰਾ ਹੀ ਲਈ ਜਾਂਦੀ ਹੈ। ਨਾਮ ਸਾਨੂੰ ਸਾਡਾ ਧਰਮ ਸਿਖਾਉਣ ਲਈ ਹੀ ਹੈ ਤੇ ਇਸ ਧਰਮ ਦਾ ਠੇਕੇਦਾਰ ਪ੍ਰਮਾਤਮਾ ਨੇ ਆਪ ਹੀ ਇਹ ਹੱਕ ਗੁਰਬਾਣੀ ਨੂੰ ਦਿੱਤਾ ਹੋਇਆ ਹੈ ਤੇ ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ।

(ਪੋਥੀ ਪਰਮੇਸਰ ਕਾ ਥਾਨੁ॥

ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥)

(ਅੰਗ ੧੨੨੬)

18/1989

ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ। ਬ੍ਰਹਮ ਗਿਆਨ ਹੀ ਨਾਮ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

{ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

ਆਪਣਾ ਇਹ "ਬ੍ਰਹਮ ਗਿਆਨੁ" ਭਾਵ ਆਪਣਾ ਨਾਮ ਪ੍ਰਮਾਤਮਾ ਉਸੇ ਨੂੰ ਹੀ ਦਿੰਦਾ ਹੈ ਜੋ ਉਸ ਦੇ ਦਰ ਤੇ ਪਹੁੰਚ ਕਰਦਾ ਹੈ। ਭਾਵ ਉਸ ਦੇ ਨਾਲ ਆਪਣਾ ਮੇਲ ਕਰਦਾ ਹੈ। ਕਿਸੇ ਨੂੰ ਆਪਣਾ ਨਾਮ ਦੇਣਾ ਜਾਂ ਨਾ ਦੇਣਾ ਇਹ ਉਸਦੀ ਆਪਣੀ ਰਜ਼ਾ ਹੈ ਕਿਉਂਕਿ ਉਹ ਇਸ ਨਾਮ ਦਾ ਮਾਲਕ ਹੈ, ਬ੍ਰਹਮ ਗਿਆਨ ਦਾ ਮਾਲਕ ਹੈ। ਉਹ ਆਪਣਾ ਪੱਟਾ ਕਿਸ ਦੇ ਨਾਮ ਲਿਖਦਾ ਹੈ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ। ਜਿਸ ਨੂੰ ਉਹ ਪਹਿਲੇ ਆਪਣੇ ਨਾਲ ਮਿਲਾਉਂਦਾ ਹੈ ਉਸਦੇ ਹੱਕ ਵਿੱਚ ਹੀ ਉਹ ਆਪਣਾ ਇਹ ਪੱਟਾ ਲਿਖ ਕੇ ਦਿੰਦਾ ਹੈ। ਜਿੰਨ੍ਹਾਂ-ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਭਾਵ ਜਿੱਥੇ ਉਸਨੇ ਪਹਿਲੇ ਆਪਣਾ ਮੇਲ ਕੀਤਾ ਹੈ ਉਹਨਾਂ ਨੂੰ ਗੁਰਬਾਣੀ ਰਾਹੀਂ ਆਪਣੇ ਨਾਮ ਦੀ ਫ਼ਸਲ ਬੀਜਣ ਦਾ ਹੱਕ ਦਿੱਤਾ ਹੈ। ਪੂਰੀ ਗੁਰਬਾਣੀ ਸਹਜ ਦੀ ਅਵੱਸਥਾ ਵਿੱਚ ਹੈ ਭਾਵ ਚੌਥੇ ਪਦ ਵਿੱਚ ਹੈ ਜਿਸ ਰਾਹੀਂ ਇਹ ਨਾਮ ਦੀ ਫ਼ਸਲ ਬੀਜੀ ਜਾ ਸਕਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਚੌਥੇ ਪਦ ਦਾ ਗਿਆਨ ਬਖਸ਼ਿਆ ਹੈ ਉਹਨਾਂ ਨੇ ਹੀ ਇਸ ਵਿੱਚ ਨਾਮ ਦਾ ਬੀਜ ਬੀਜਿਆ ਹੈ।

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥

ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥}

(ਅੰਗ ੯੪੭)

ਪ੍ਰਮਾਤਮਾ ਦਾ ਦਰ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੀ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੇ ਦਰ ਤੇ ਪਹੁੰਚਾਉਂਦਾ ਹੈ, ਮਨ ਦੇ ਵਿੱਚ ਹੀ ਪਹੁੰਚਾਉਂਦਾ ਹੈ। ਜਿਸ ਮਨ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ ਹੀ ਆਪਣਾ ਚੌਥਾ ਪਦ ਬਖਸ਼ਦਾ ਹੈ। ਮਨ ਦੇ ਵਿੱਚ ਇਸ ਚੌਥੇ ਪਦ ਦੀ ਪ੍ਰਾਪਤੀ ਹੀ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੀ ਸਾਡੇ ਅੰਦਰ ਦਾ ਉਹ ਕਾਗਜ਼ ਹੈ ਜਿਸ ਦੇ ਉੱਪਰ ਪ੍ਰਮਾਤਮਾ ਆਪਣਾ ਪੱਟਾ ਲਿਖ ਕੇ ਦਿੰਦਾ ਹੈ। ਇਸ ਪੱਟੇ ਦੁਆਰਾ ਹੀ ਉਹ ਕਿਸੇ ਨੂੰ ਨਾਮ ਫ਼ਸਲ ਬੀਜਣ ਦਾ ਹੱਕ ਦਿੰਦਾ ਹੈ। ਨਾਮ ਬੀਜਣਾ ਉਹ ਆਪ ਹੀ ਸਿਖਾਉਂਦਾ ਹੈ। ਪਹਿਲੇ ਉਹ ਇਹ ਨਾਮ ਰੂਪ ਫ਼ਸਲ ਮਨ ਦੇ ਵਿੱਚ ਹੀ ਬੀਜਦਾ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੀ ਬੀਜਦਾ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿੱਚ

18/1990

ਬੀਜਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਬੀਜਦਾ ਹੈ। ਇਸ ਵਿਧੀ ਰਾਹੀਂ ਪ੍ਰਮਾਤਮਾ ਆਪਣੇ ਪੂਰਨ ਸੱਚ ਦੀ, ਸਾਰੀ ਸ੍ਰਿਸ਼ਟੀ ਦੇ ਸੱਚੇ ਧਰਮ ਦੀ, ਨਾਮ ਦੀ ਸੋਝੀ ਆਪ ਹੀ ਪਾਉਂਦਾ ਹੈ। ਧਰਮ ਦਾ ਠੇਕੇਦਾਰ ਉਹੀ ਹੈ ਜਿਸ ਨੂੰ ਧਰਮ ਦੀ, ਪ੍ਰਮਾਤਮਾ ਦੀ, ਨਾਮ ਦੀ ਪੂਰਨ ਸੋਝੀ ਹੈ ਭਾਵ ਜਿੱਥੇ ਪੂਰਨ ਬ੍ਰਹਮ ਗਿਆਨ ਹੈ। ਗੁਰਬਾਣੀ ਇਸੇ ਲਈ ਹੀ ਸਾਰੀ ਸ੍ਰਿਸ਼ਟੀ ਦੇ ਧਰਮ ਦੀ ਠੇਕੇਦਾਰ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਇੱਕੋ ਜਿਹਾ ਧਰਮ ਸਿਖਾਉਂਦੀ ਹੈ, ਇੱਕੋ ਜਿਹਾ ਨਾਮ ਦਾ ਮਾਰਗ ਸਿਖਾਉਂਦੀ ਹੈ, ਇੱਕੋ ਜਿਹੀ ਸੱਚ ਤੇ ਚੱਲਣ ਦੀ ਮਰਿਆਦਾ ਸਿਖਾਉਂਦੀ ਹੈ। **(ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥ ਮੈ ਮਹਦੂਦੁ**

ਲਿਖਾਇਆ ਖਸਮੈ ਕੈ ਦਰਿ ਜਾਇ॥)

ਸਾਰੇ ਸਾਲ ਦੀ ਫ਼ਸਲ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੁੰਦਾ ਹੈ ਭਾਵ ਅਹਾੜੀ ਤੇ ਸਾਉਣੀ ਦੀਆਂ ਫ਼ਸਲਾਂ ਨੂੰ ਮਿਲਾ ਕੇ ਪੂਰੇ ਸਾਲ ਦੀ ਫ਼ਸਲ ਬਣਦੀ ਹੈ ਭਾਵ ਇਸ ਤੋਂ ਬਾਅਦ ਹੋਰ ਕੋਈ ਫ਼ਸਲ ਬੀਜਣ ਦੀ ਗੁੰਜ਼ਾਇਸ਼ ਨਹੀਂ ਬਣਦੀ। ਹਰ ਕਿਸਮ ਦੀ ਫ਼ਸਲ ਅਹਾੜੀ ਤੇ ਸਾਉਣੀ ਦੇ ਵਿੱਚ ਹੀ ਆ ਜਾਂਦੀ ਹੈ। ਇਸੇ ਤਰ੍ਹਾਂ ਗੁਰਬਾਣੀ ਦੇ ਵਿੱਚ ਨਾਮ ਦੀ ਪੂਰੀ ਫ਼ਸਲ ਹੈ ਭਾਵ ਇਸ ਦੇ ਵਿੱਚ ਨਾਮ ਦਾ, ਧਰਮ ਦਾ ਪੂਰਨ ਗਿਆਨ ਹੈ ਤੇ ਇਸ ਦੇ ਵਿੱਚ ਹੋਰ ਕੁੱਝ ਬੀਜਣ ਦੀ ਗੁੰਜ਼ਾਇਸ਼ ਨਹੀਂ ਹੈ। ਗੁਰਬਾਣੀ ਪੂਰਾ ਗੁਰੂ ਹੈ ਜੋ ਸਾਨੂੰ ਪੂਰਨ ਸਿੱਖਿਆ ਦੇ ਰਹੀ ਹੈ ਤੇ ਦੁਨੀਆਂ ਦੀ ਹੋਰ ਕੋਈ ਐਸੀ ਸਿੱਖਿਆ ਨਹੀਂ ਬਚਦੀ ਜੋ ਗੁਰਬਾਣੀ ਤੋਂ ਬਾਹਰੋਂ ਲੈਣੀ ਜਰੂਰੀ ਹੋਵੇ।

{ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥੩੩॥}

(ਅੰਗ ੧੪੧੨)

ਪਰ ਫਿਰ ਵੀ ਸਾਨੂੰ ਇਹੋ ਜਿਹੀਆਂ ਗੱਲਾਂ ਸਿਖਾਉਣ ਵਾਲੇ ਬਹੁਤ ਹਨ ਜੋ ਗੁਰੂ ਦੀ ਮਤਿ ਤੋਂ ਬਾਹਰ ਹੁੰਦੀਆਂ ਹਨ। ਸਾਨੂੰ ਇਹੋ ਜਿਹੀਆਂ ਮੱਤਾਂ ਦੇਣ ਦੁਆਰਾ ਉਹ ਕੇਵਲ ਆਪਣੀ ਸਿਆਣਪ ਹੀ ਦਿਖਾਉਂਦੇ ਹਨ ਜਿਵੇਂ ਕਿ ਉਹ ਗੁਰੂ ਨਾਲੋਂ ਵੀ ਜਿਆਦਾ ਸਿਆਣੇ ਹਨ। ਜੇਕਰ ਸਭ ਨੂੰ ਗੁਰਬਾਣੀ ਦੀ ਮਤਿ ਤੇ ਵਿਸ਼ਵਾਸ ਹੋਵੇ ਤਾਂ ਫਿਰ ਉਹ ਆਪਣੀ ਵੱਖਰੀ ਵੱਖਰੀ ਮਤਿ ਕਿਉਂ ਸਮਝਾਉਣ। ਸਾਨੂੰ ਉਹ ਅਨੇਕਾਂ ਇਹੋ ਜਿਹੀਆਂ ਗੱਲਾਂ ਸਿਖਾਉਂਦੇ ਹਨ ਜੋ ਗੁਰੂ ਦੀ ਮਤਿ ਤੇ ਬਿਲਕੁਲ ਵੀ ਖਰੀਆਂ ਨਹੀਂ ਉਤਰਦੀਆਂ।

ਸਾਨੂੰ ਨਾਮ ਬਾਰੇ ਭੁਲੇਖਾ ਪਾਉਣ ਵਾਲੇ ਇਹੋ ਜਿਹੇ ਧਰਮ ਦੇ ਠੇਕੇਦਾਰ ਹੀ ਹਨ। ਇਹਨਾਂ ਦੇ ਮੋਹ ਵਿੱਚ ਪੈ ਕੇ ਹੀ, ਇਹਨਾਂ ਨੂੰ ਉੱਚਾ ਮੰਨਣ ਕਰਕੇ ਹੀ ਸਾਨੂੰ ਗੁਰੂ ਦੀ ਮਤਿ ਤੇ ਯਕੀਨ ਨਹੀਂ ਆਉਂਦਾ। ਭਾਵੇਂ ਗੁਰੂ ਦੀ ਗੱਲ ਬੜੀ ਸਪੱਸ਼ਟ ਸਮਝ ਆ ਰਹੀ ਹੋਵੇ

18/1991

ਕਿ ਨਾਮ ਕੀ ਹੈ ਪਰ ਫਿਰ ਵੀ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ। ਇਸ ਦਾ ਕਾਰਨ ਇਹ ਧਰਮ ਦੇ ਨਕਲੀ ਠੇਕੇਦਾਰ ਹੀ ਹਨ ਜਿੰਨ੍ਹਾਂ ਨੂੰ ਅਸੀਂ ਬੜਾ ਉੱਚਾ ਮੰਨ ਬੈਠੇ ਹੋਏ ਹਾਂ। ਇਹ ਆਪਣੇ ਸਰੀਰਕ ਜਪਾਂ ਤਪਾਂ ਦੁਆਰਾ, ਕਿਸੇ ਅੱਖਰ ਦਾ ਜਪ ਕਰਨ ਦੁਆਰਾ ਹੀ ਉੱਚੇ ਬਣੀ ਬੈਠੇ ਹਨ ਜਿਸ ਮਾਰਗ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਸਾਡੇ ਤੇ ਗੁਰੂ ਦੀ ਗੱਲ ਦਾ ਅਸਰ ਨਹੀਂ ਹੁੰਦਾ ਕਿਉਂਕਿ ਸਾਡੇ ਅੰਦਰ ਸਦੀਆਂ ਤੋਂ ਹੀ ਇਹ ਧਾਰਨਾ ਬਣੀ ਹੋਈ ਹੈ ਕਿ ਭਗਤੀ ਦਾ ਮਾਰਗ ਇਹ ਸਰੀਰਕ ਜਪ ਤਪ ਹੀ ਹਨ। ਗੁਰਬਾਣੀ ਦਾ ਮਕਸਦ ਸਾਨੂੰ ਇਹਨਾਂ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ।

ਧਰਮ ਦਾ ਮਾਰਗ ਕੇਵਲ ਸੱਚ ਤੇ ਚੱਲਣ ਦਾ ਹੈ, ਨਾਮ ਤੇ ਚੱਲਣ ਦਾ ਹੈ। ਹੁਣ ਜੇਕਰ ਕੋਈ ਮਨੁੱਖ ਪੰਜ ਸੱਤ ਸਾਲ ਕਿਸੇ ਭੌਰੇ ਵਿੱਚ ਵੜਿਆ ਰਵੇ, ਕੋਈ ਸਮਾਧੀਆਂ ਲਾ ਕੇ ਬੈਠਾ ਰਵੇ ਤੇ ਭੌਰੇ ਵਿੱਚੋਂ ਨਿਕਲ ਕੇ ਇਹ ਕਹੇ ਕਿ ਮੈਂ ਹੁਣ ਸੰਤ ਬਣ ਗਿਆ ਹਾਂ ਤੇ ਮੈਂ ਵੱਡਾ ਧਰਮੀ ਬਣ ਗਿਆ ਹਾਂ, ਮੈਂ ਹੁਣ ਧਰਮ ਦੀ ਸਿੱਖਿਆ ਦੇਣ ਵਾਲਾ ਬਣ ਗਿਆ ਹਾਂ ਫਿਰ ਇੱਥੇ ਸੱਚ ਦਾ ਮੁੱਲ ਕੀ ਰਹਿ ਗਿਆ। ਸਭ ਪਾਸੇ ਇਹੋ ਕੁੱਝ ਹੀ ਹੋ ਰਿਹਾ ਹੈ ਤੇ ਸੰਤ ਦੀਆਂ, ਬ੍ਰਹਮ ਗਿਆਨ ਦੀਆਂ ਗੱਦੀਆਂ ਬਣ ਚੁੱਕੀਆਂ ਹਨ। ਜੋ ਇਹਨਾਂ ਗੱਦੀਆਂ ਤੇ ਬੈਠ ਜਾਂਦਾ ਹੈ ਉਹ ਸੰਤ ਬਣ ਜਾਂਦਾ ਹੈ, ਕੋਈ ਬ੍ਰਹਮ ਗਿਆਨੀ ਬਣ ਜਾਂਦਾ ਹੈ। ਅਸਲ ਵਿੱਚ ਬ੍ਰਹਮ ਗਿਆਨ ਕੀ ਹੈ, ਉਸਦਾ ਮਕਸਦ ਕੀ ਹੈ, ਨਾਮ ਕੀ ਹੈ, ਨਾਮ ਦਾ ਮਕਸਦ ਕੀ ਹੈ, ਇਸ ਗੱਲ ਨਾਲ ਇਹਨਾਂ ਨੂੰ ਕੋਈ ਵਾਸਤਾ ਨਹੀਂ ਹੈ। ਜੇਕਰ ਇੱਕ ਅੱਖਰ ਦਾ ਜਪ ਕਰੀ ਜਾਣ ਨਾਲ ਹੀ ਇਤਨਾ ਵੱਡਾ ਮਾਣ ਮਿਲ ਜਾਂਦਾ ਹੈ, ਇਤਨਾ ਵੱਡਾ ਰੁਤਬਾ ਮਿਲ ਜਾਂਦਾ ਹੈ, ਇਤਨੇ ਜਿਆਦਾ ਚੇਲੇ ਭਾਵ ਟੋਪੀਆਂ ਪਾਉਣ ਵਾਲੇ ਮਿਲ ਜਾਂਦੇ ਹਨ ਫਿਰ ਸੱਚ ਨੂੰ ਸਮਝ ਕੇ ਲੈਣਾ ਵੀ ਕੀ ਹੈ। ਇਹਨਾਂ ਲਈ ਇੱਕ ਅੱਖਰ ਨੂੰ ਜਪੀ ਜਾਣਾ ਹੀ ਸੱਚ ਹੈ, ਅੱਖਰ ਨੂੰ ਜਪੀ ਜਾਣਾ ਹੀ ਗੁਣ ਹੈ, ਅੱਖਰ ਨੂੰ ਜਪੀ ਜਾਣਾ ਹੀ ਚੰਗਾ ਕਰਮ ਹੈ, ਅੱਖਰ ਨੂੰ ਜਪੀ ਜਾਣਾ ਹੀ ਪ੍ਰਮਾਤਮਾ ਦਾ ਜੱਸ ਕਰਨਾ ਹੈ, ਅੱਖਰ ਨੂੰ ਜਪੀ ਜਾਣਾ ਹੀ ਗੁਰੂ ਦੀ ਸੇਵਾ ਹੈ, ਧਰਮ ਗ੍ਰੰਥਾਂ ਨੂੰ ਪੜ੍ਹੀ ਸੁਣੀ ਜਾਣਾ ਹੀ ਚੰਗਾ ਕਰਮ ਹੈ, ਸਵੇਰੇ ਸ਼ਾਮ ਕੇਵਲ ਧਰਮ ਅਸਥਾਨਾਂ ਤੇ ਮੱਥੇ ਟੇਕੇ ਜਾਣਾ ਹੀ ਚੰਗਾ ਕਰਮ ਹੈ। ਇਹਨਾਂ ਗੱਲਾਂ ਨਾਲ ਜਿਹੋ ਜਿਹਾ ਇਹਨਾਂ ਨੂੰ ਮਾਣ ਮਿਲਦਾ ਹੈ ਉਸਨੂੰ ਇਹ ਆਪਣਾ ਸੱਚਾ

18/1992

ਮਾਣ ਸਮਝਦੇ ਹਨ ਤੇ ਆਪਣੇ ਆਪ ਵਿੱਚ ਪੂਰਨ ਤਸੱਲੀ ਕਰੀ ਬੈਠੇ ਹਨ ਕਿ ਅਸੀਂ ਬੜੀ ਵੱਡੀ ਭਗਤੀ ਵਿੱਚ ਲੱਗੇ ਹੋਏ ਹਾਂ ਤੇ ਦੁਨੀਆਂ ਨੂੰ ਬੜਾ ਹੀ ਭਗਤੀ ਦੇ ਮਾਰਗ ਤੇ ਤੋਰ ਰਹੇ ਹਾਂ। ਬਾਣੀ ਵਿੱਚ ਇਹਨਾਂ ਸਾਰੀਆਂ ਗੱਲਾਂ ਦੀ ਨਿਖੇਧੀ ਕੀਤੀ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇੱਕ ਅੱਖਰ ਦੇ ਜਪ ਨੂੰ ਹੀ ਨਾਮ ਸਮਝਾ ਕੇ, ਸੱਚ ਸਮਝਾ ਕੇ, ਗੁਣ ਸਮਝਾ ਕੇ, ਚੰਗਾ ਕਰਮ ਸਮਝਾ ਕੇ ਇਹ ਸਮਾਜ ਦਾ ਕਿਤਨਾ ਕੁ ਵੱਡਾ ਨੁਕਸਾਨ ਕਰ ਰਹੇ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਸਮਾਜ ਦਾ ਭਲਾ ਕੇਵਲ "**ਸਚੁ**" ਤੇ ਚੱਲ ਕੇ ਹੁੰਦਾ ਹੈ ਭਾਵ ਝੂਠ ਨੂੰ ਤਿਆਗ ਕੇ ਹੁੰਦਾ ਹੈ। ਸਮਾਜ ਦਾ ਭਲਾ ਗੁਣੀ ਬਣ ਕੇ ਹੁੰਦਾ ਹੈ ਭਾਵ ਔਗੁਣ ਰਹਿਤ ਹੋ ਕੇ, ਵਿਕਾਰ ਰਹਿਤ ਹੋ ਕੇ ਵਿਚਰਨ ਦੁਆਰਾ ਹੁੰਦਾ ਹੈ।

ਹੁਣ ਧਿਆਨ ਨਾਲ ਸਮਝੋ ਕਿ ਇਹੋ ਜਿਹੇ ਧਰਮ ਦੇ ਠੇਕੇਦਾਰਾਂ ਦੀ ਤੁਲਨਾ ਚੂਹਿਆਂ ਨਾਲ ਕਿਸ ਲਈ ਕੀਤੀ ਹੈ। ਚੂਹੇ ਫ਼ਸਲ ਨੂੰ ਬਰਬਾਦ ਕਰਦੇ ਹਨ, ਫ਼ਸਲ ਨੂੰ ਟੁੱਕਦੇ ਹਨ, ਕੁਤਰਦੇ ਹਨ। ਗੁਰਬਾਣੀ ਪ੍ਰਮਾਤਮਾ ਦੀ ਆਪਣੀ ਬੀਜੀ ਹੋਈ ਨਾਮ ਦੀ, ਧਰਮ ਦੀ ਫ਼ਸਲ ਹੈ ਜੋ ਕਿ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ। ਇਹ ਧਰਮ ਦੇ ਠੇਕੇਦਾਰ ਇਸ ਫ਼ਸਲ ਦਾ ਨੁਕਸਾਨ ਕਰਨ ਵਿੱਚ ਲੱਗੇ ਹੋਏ ਹਨ, ਉਸ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਿੱਚ ਲੱਗੇ ਹੋਏ ਹਨ। ਕੋਈ ਵੀ ਗੱਲ ਜੋ ਅਸੀਂ ਗੁਰਮਤਿ ਤੋਂ ਉਲਟ ਕਰਦੇ ਹਾਂ, ਸ਼ਬਦ ਦੇ ਭਾਵ ਤੋਂ ਉਲਟ ਚੱਲਦੇ ਹਾਂ ਉਹ ਇਸ ਫ਼ਸਲ ਨੂੰ ਖਰਾਬ ਕਰਨ ਵਾਲੀ ਗੱਲ ਹੈ, ਇਸ ਨੂੰ ਚੂਹਿਆਂ ਦੀ ਤਰ੍ਹਾਂ ਕੁਤਰਨ ਵਾਲੀ ਗੱਲ ਹੈ। ਗੁਰੂ ਦੇ ਜੋ ਵੀ ਬੋਲ ਹਨ ਜੇਕਰ ਅਸੀਂ ਉਹਨਾਂ ਬੋਲਾਂ ਦੇ ਉਲਟ ਚੱਲਦੇ ਹਾਂ ਤਾਂ ਫਿਰ ਅਸੀਂ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ ਤੇ ਇਸੇ ਲਈ ਗੁਰੂ ਦੇ ਬੋਲ ਵਿਗਾੜਨ ਵਾਲਿਆਂ ਨੂੰ ਗਵਾਰ ਕਿਹਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਕਾਫੀ ਪਿੱਛੇ ਵੀ ਸਮਝਿਆ ਹੈ।

{ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥}

(ਅੰਗ ੬)

ਸਾਨੂੰ ਲਾਹਾ ਭਾਵ ਲਾਭ ਇਸੇ ਫ਼ਸਲ ਤੋਂ ਹੀ ਮਿਲਣਾ ਹੈ।

18/1993

ਇਹ ਫ਼ਸਲ ਗੁਰੂ ਦੇ ਵਿਚਾਰਾਂ ਦੀ ਫ਼ਸਲ ਹੈ, ਗੁਰੂ ਦੀ ਸੱਚੀ ਸਿੱਖਿਆ ਦੀ ਫ਼ਸਲ ਹੈ ਜਿਸ ਵਿੱਚ ਕੇਵਲ ਸੱਚ ਉੱਗਦਾ ਹੈ। ਜਦ ਤੱਕ ਅਸੀਂ ਇਸ ਫ਼ਸਲ ਨੂੰ ਨੁਕਸਾਨ ਪਹੁੰਚਾਈ ਜਾਵਾਂਗੇ ਫਿਰ ਇਸ ਵਿੱਚੋਂ ਲਾਭ ਕੀ ਲਵਾਂਗੇ, ਲਾਹਾ ਕੀ ਲਵਾਂਗੇ। ਲਾਹਾ ਤੇ ਸਾਨੂੰ ਸੱਚ ਦੇ ਰੂਪ ਵਿੱਚ ਹੀ ਮਿਲਣਾ ਹੈ ਤੇ ਜੇਕਰ ਸੱਚ ਨੂੰ ਹੀ ਕੁਤਰੀ ਜਾਵਾਂਗੇ, ਗੁਣਾਂ ਨੂੰ ਕੁਤਰੀ ਜਾਵਾਂਗੇ ਤੇ ਫਿਰ ਅਸੀਂ ਲਾਹੇ ਦੀ ਉਮੀਦ ਕਿਵੇਂ ਰੱਖ ਸਕਦੇ ਹਾਂ। ਇਹ ਲਾਹਾ ਸਾਨੂੰ ਸਾਡੇ ਮਨ ਦੇ ਵਿੱਚ ਹੀ ਮਿਲਣਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੀ ਮਿਲਣਾ ਹੈ। ਇਹ "**ਸਚੁ**" ਦੀ ਫਸਲ ਹੈ ਤੇ ਸੱਚ ਨੇ ਸਾਡੇ ਮਨ ਦੇ ਵਿੱਚ ਹੀ ਪੱਕਣਾ ਹੈ। ਸੱਚ ਤਾਂ ਹੀ ਪੱਕ ਸਕਦਾ ਹੈ ਜੇਕਰ ਉਸਦੇ ਵਿੱਚੋਂ ਝੂਠ ਨਿਕਲ ਜਾਵੇ। ਇਹ ਸੱਚ ਤੇ ਪੱਕੇ ਹੋਣ ਦਾ ਮਾਰਗ ਹੈ, ਗੁਰਮਤਿ ਤੇ ਪੱਕੇ ਹੋਣ ਦਾ ਮਾਰਗ ਹੈ ਭਾਵ ਆਪਣੇ ਜੀਵਨ ਵਿੱਚ ਸੱਚ ਨੂੰ ਅਪਣਾਉਣ ਦਾ ਮਾਰਗ ਹੈ। ਇਹ ਕਿਸੇ ਅੱਖਰ ਨੂੰ ਰਟੀ ਜਾਣ ਦਾ ਮਾਰਗ ਨਹੀਂ ਹੈ ਜਿਸ ਨੂੰ ਅਸੀਂ ਸੱਚ ਸਮਝਿਆ ਹੋਇਆ ਹੈ। ਸੱਚ ਦੀ ਸਿੱਖਿਆ ਲੈਣ ਲਈ ਆਉ ਕੇਵਲ ਸੱਚੇ ਗੁਰੂ ਨਾਲ ਜੁੜੀਏ ਜੋ ਸਾਨੂੰ ਸੱਚ ਸਿਖਾ ਸਕਦਾ ਹੈ, ਜਿਸ ਨੂੰ ਆਪ ਹੀ ਪ੍ਰਮਾਤਮਾ ਨੇ ਸਾਨੂੰ ਸੱਚ ਸਿਖਾਉਣ ਦਾ ਠੇਕਾ ਦਿੱਤਾ ਹੋਇਆ ਹੈ, ਸੌਂਪਿਆ ਹੋਇਆ ਹੈ। **(ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥)**

ਦਰ ਕੇਵਲ ਗੁਰੂ ਦਾ ਹੀ ਸੱਚਾ ਹੈ ਜੋ ਸਾਨੂੰ ਸੱਚ ਦੇ ਨਾਲ ਜੋੜਦਾ ਹੈ, ਅਸਲ ਸੱਚ ਦੇ ਨਾਲ ਜੋੜਦਾ ਹੈ। ਝੂਠੇ ਸੱਚ ਦੇ ਨਾਲ ਜੋੜਨ ਵਾਲੇ, ਨਕਲੀ ਸੱਚ ਦੇ ਨਾਲ ਜੋੜਨ ਵਾਲੇ ਅਨੇਕਾਂ ਹੀ ਆਪਣੇ ਪੂਰੇ ਸੰਸਾਰ ਵਿੱਚ ਦਰ ਬਣਾਈ ਬੈਠੇ ਹਨ ਜਿੰਨ੍ਹਾਂ ਦੇ ਨਾਲ ਜੁੜ ਕੇ ਅਸੀਂ ਕਦੇ ਜੀਵਨ ਦੇ ਮਨੋਰਥ ਦੀ ਪ੍ਰਾਪਤੀ ਨਹੀਂ ਕਰ ਸਕਦੇ ਭਾਵ ਆਵਾਗਉਣ ਤੋਂ ਨਹੀਂ ਬਚ ਸਕਦੇ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥
ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥੧॥"

ਜੇਕਰ ਸਾਡਾ ਮਕਸਦ ਪ੍ਰਮਾਤਮਾ ਦੇ ਨਾਲ ਮਿਲਣ ਦਾ ਹੈ ਤੇ ਫਿਰ ਉਸ ਲਈ ਕੇਵਲ ਇੱਕੋ ਇੱਕ ਦਰ ਗੁਰੂ ਦਾ ਹੀ ਹੈ। ਆਪਣੇ ਵੱਖਰੇ

18/1994

ਵੱਖਰੇ ਦਰ ਜੋ ਬਣਾਈ ਬੈਠੇ ਹਨ ਉਹ ਆਪ ਹੀ ਪ੍ਰਮਾਤਮਾ ਤੋਂ ਦੂਰ ਹਨ। ਪ੍ਰਮਾਤਮਾ ਨੂੰ ਜਾਣਨ ਵਾਲੇ ਕਦੇ ਆਪਣੇ ਆਪ ਨੂੰ ਵੱਡਾ ਨਹੀਂ ਕਹਿੰਦੇ। ਉਹ ਪ੍ਰਮਾਤਮਾ ਨੂੰ ਹੀ ਵੱਡਾ ਕਹਿੰਦੇ ਹਨ ਤੇ ਇਸੇ ਗੱਲ ਕਰਕੇ ਹੀ ਉਹਨਾਂ ਦਾ ਮਾਣ ਸੱਚਾ ਮਾਣ ਹੈ। ਜੋ ਆਪਣੇ ਆਪ ਨੂੰ ਵੱਡਾ ਅਖਵਾਉਂਦਾ ਹੈ ਉਹ ਝੂਠਾ ਮਾਣ ਲੈਂਦਾ ਹੈ। ਇਹੋ ਜਿਹੇ ਝੂਠਾ ਮਾਣ ਲੈਣ ਵਾਲਿਆਂ ਨਾਲ ਪੂਰਾ ਸੰਸਾਰ ਭਰਿਆ ਹੋਇਆ ਹੈ। ਭਾਰਤ ਵਰਸ਼ ਵਿੱਚ ਇਹਨਾਂ ਦੀ ਭਰਮਾਰ ਬਹੁਤ ਹੀ ਜਿਆਦਾ ਹੈ ਤੇ ਸਿੱਖ ਜਗਤ ਵੀ ਇਸ ਵਿੱਚ ਪਿੱਛੇ ਨਹੀਂ ਹੈ। ਅਨੇਕਾਂ ਹੀ ਆਪਣੇ ਵੱਖਰੇ-ਵੱਖਰੇ ਦਰ ਬਣਾ ਕੇ ਬੈਠੇ ਹੋਏ ਹਨ ਜੋ ਸਭ ਨੂੰ ਆਪਣੀ ਆਪਣੀ ਬਣਾਈ ਹੋਈ ਮਰਿਆਦਾ ਦੇ ਨਾਲ ਜੋੜਦੇ ਹਨ, ਪਰ ਉਹਨਾਂ ਨੂੰ ਪ੍ਰਮਾਤਮਾ ਦੇ ਦਰ ਦੀ ਸੋਝੀ ਨਹੀਂ ਹੈ, ਉਸਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਹੈ, ਇਸ ਮਨ ਦੀ ਸੋਝੀ ਨਹੀਂ ਹੈ ਕਿ ਇਹ ਮਨ ਕੀ ਹੈ। ਇਸੇ ਲਈ ਇਹ ਲੋਕ ਪ੍ਰਮਾਤਮਾ ਨੂੰ ਪਾਉਣ ਦੀਆਂ ਵੱਖਰੀਆਂ-ਵੱਖਰੀਆਂ ਗੱਲਾਂ ਕਰਦੇ ਹਨ, ਪ੍ਰਮਾਤਮਾ ਦੇ ਸਰਗੁਣ ਰੂਪ ਦੀਆਂ ਗੱਲਾਂ ਕਰਦੇ ਹਨ ਤੇ ਸਾਨੂੰ ਸਰਗੁਣ ਰੂਪ ਦੇ ਨਾਲ ਹੀ ਜੋੜਦੇ ਹਨ। ਉਹ ਪ੍ਰਮਾਤਮਾ "**ਬ੍ਰਹਮ ਗਿਆਨੁ**" ਰੂਪ ਹੈ ਜਿਸ ਦਾ ਮਾਲਕ ਉਹ ਬ੍ਰਹਮ ਗਿਆਨੀ ਆਪ ਪ੍ਰਮਾਤਮਾ ਹੈ। ਉਸਦੇ ਇਸ ਰੂਪ ਨੂੰ ਜਾਣੇ ਬਿਨ੍ਹਾਂ ਅਨੇਕਾਂ ਹੀ ਆਪਣੇ ਵੱਖਰੇ-ਵੱਖਰੇ ਦਰ ਬਣਾਈ ਬੈਠੇ ਹਨ ਤੇ ਉਹ ਆਵਾਗਉਣ ਵਿੱਚ ਹੀ ਹਨ। ਜੋ ਖੁਦ ਪ੍ਰਮਾਤਮਾ ਦੇ ਮੰਗਤੇ ਹਨ ਉਹ ਦੂਸਰਿਆਂ ਨੂੰ ਕੀ ਦੇ ਸਕਦੇ ਹਨ। ਇਹੋ ਜਿਹਿਆਂ ਕੋਲੋਂ ਮੰਗਣ ਵਾਲੇ ਵੀ ਸੰਸਾਰ ਤੋਂ ਆਪਣਾ ਜੀਵਨ ਵਿਅਰਥ ਕਰਕੇ ਹੀ ਜਾਂਦੇ ਹਨ। **(ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥੧॥)**

ਪ੍ਰਮਾਤਮਾ ਤੇ ਮਨੁੱਖ ਦੇ ਵਿੱਚ ਕੇਵਲ ਇੱਕ ਭਰਮ ਦਾ ਪੜਦਾ ਹੈ ਜੋ ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਨਾਲ ਦੂਰ ਹੁੰਦਾ ਹੈ। ਬ੍ਰਹਮ ਗਿਆਨ ਕੇਵਲ ਗੁਰਬਾਣੀ ਦੇ ਕੋਲ ਹੈ ਤੇ ਇਸ ਬ੍ਰਹਮ ਗਿਆਨੀ ਦੇ ਨਾਲ ਜੁੜੇ ਬਿਨ੍ਹਾਂ ਸਾਡਾ ਭਰਮ ਦਾ ਪੜਦਾ ਕਦੇ ਨਹੀਂ ਉਤਰ ਸਕਦਾ। ਪਹਿਲਾ ਭਰਮ ਜੋ ਸਾਨੂੰ ਛੱਡਣ

18/1995

ਦੀ ਲੋੜ ਹੈ ਉਹ ਇਹੀ ਹੈ ਕਿ ਅਸੀਂ ਗੁਰਬਾਣੀ ਦਾ ਦਰ ਛੱਡ ਕੇ ਕਿਸੇ ਵੀ ਹੋਰ ਦੇ ਦਰ ਨਾਲ ਨਾ ਜੁੜੀਏ ਭਾਵੇਂ ਅਸੀਂ ਕਿਸੇ ਨੂੰ ਹੁਣ ਤੱਕ ਆਪਣੇ ਮਨ ਵਿੱਚ ਜਿਤਨਾ ਮਰਜ਼ੀ ਵੱਡਾ ਸਮਝਿਆ ਹੋਵੇ। ਅਕਾਲ ਪੁਰਖ ਦੀਆਂ ਨਜ਼ਰਾਂ ਵਿੱਚ ਇਹਨਾਂ ਭੁੱਲਿਆਂ ਹੋਇਆਂ ਦੀ ਕਿਤਨੀ ਕੁ ਕਦਰ ਹੈ ਇਹ ਤੁਸੀਂ ਉੱਪਰ ਸ਼ਬਦ ਰਾਹੀਂ ਜਾਣ ਹੀ ਚੁੱਕੇ ਹੋ। ਕੇਵਲ ਗੁਰਬਾਣੀ ਤੇ ਵਿਸ਼ਵਾਸ ਟਿਕਾਉਣ ਦੀ ਗੱਲ ਹੈ ਕਿਉਂਕਿ ਅਸਲ ਵਿੱਚ ਸਾਡੇ ਅੰਦਰ ਦਾ ਇਹ ਵਿਸ਼ਵਾਸ ਹੀ ਸਾਡੀ ਪੂੰਜੀ ਹੈ ਜਿਸ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ ਜਿਵੇਂ ਕਿ ਅਸੀਂ ਲੇਖ ਰਾਹੀਂ ਕਾਫੀ ਪਿੱਛੇ ਸ਼ੁਰੂ ਵਿੱਚ ਇਸ ਗੱਲ ਨੂੰ ਸਮਝਿਆ ਹੈ।

{ਲਾਹਾ ਨਾਮੁ ਰਤਨੁ ਜਪਿ ਸਾਰੁ॥ ਲਬੁ ਲੋਭੁ ਬੁਰਾ ਅਹੰਕਾਰੁ॥
ਲਾੜੀ ਚਾੜੀ ਲਾਇਤਬਾਰੁ॥ ਮਨਮੁਖੁ ਅੰਧਾ ਮੁਗਧੁ ਗਵਾਰੁ॥
ਲਾਹੇ ਕਾਰਣਿ ਆਇਆ ਜਗਿ॥ ਹੋਇ ਮਜੂਰੁ ਗਇਆ ਠਗਾਇ ਠਗਿ॥
ਲਾਹਾ ਨਾਮੁ ਪੂੰਜੀ ਵੇਸਾਹੁ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ॥੧੩॥}

(ਅੰਗ ੯੩੧)

ਸਾਰੀ ਗੱਲ ਸਾਡੇ ਮਨ ਦੇ ਵਿਸ਼ਵਾਸ ਤੇ, "ਵੇਸਾਹੁ" ਤੇ ਟਿਕੀ ਹੋਈ ਹੈ। ਸਾਡੇ ਮਨ ਦਾ ਇਹ ਵਿਸ਼ਵਾਸ ਹੀ ਸਾਡੀ ਪੂੰਜੀ ਹੈ। ਅਸੀਂ ਗੁਰੂ ਦੀ ਗੱਲ ਨੂੰ ਤਾਂ ਹੀ ਮੰਨ ਸਕਦੇ ਹਾਂ ਜੇਕਰ ਸਾਡੇ ਅੰਦਰ ਇਹ ਪੂਰਨ ਵਿਸ਼ਵਾਸ ਆ ਜਾਵੇ ਕਿ ਜੋ ਕੁੱਝ ਗੁਰੂ ਸਾਨੂੰ ਸਮਝਾਉਂਦਾ ਹੈ ਉਹੀ ਗੱਲ ਸਾਡੇ ਲਈ ਠੀਕ ਹੈ। ਉੱਪਰ ਗੁਰੂ ਨੇ ਸਾਨੂੰ ਸਮਝਾਇਆ ਹੈ ਕਿ "**ਲਬੁ, ਲੋਭ, ਅਹੰਕਾਰ**" ਸਾਡੇ ਲਈ ਬੁਰਾ ਹੈ, ਜੋ ਇਹਨਾਂ ਵਿੱਚ ਰਹਿੰਦਾ ਹੈ ਉਹ ਮਨਮੁਖਿ ਹੈ, ਅੰਧਾ ਹੈ, ਨਾ ਸਮਝ ਹੈ, ਗਵਾਰ ਹੈ। ਜੇਕਰ ਸਾਨੂੰ ਇਹ ਇਤਬਾਰ ਆ ਜਾਵੇ ਕਿ ਗੁਰੂ ਨੇ ਸਾਨੂੰ ਧਰਮ ਦੀ ਗੱਲ ਸਮਝਾਈ ਹੈ, ਇਹਨਾਂ ਵਿਕਾਰਾਂ ਕਰਕੇ ਸਾਨੂੰ ਮਾੜਾ ਕਿਹਾ ਹੈ ਭਾਵ

ਸਾਨੂੰ ਛੱਡਣ ਲਈ ਕਿਹਾ ਹੈ ਤਾਂ ਫਿਰ ਅਸੀਂ ਇਹਨਾਂ ਨੂੰ ਛੱਡਣਾ ਹੀ ਧਰਮ ਦਾ ਮਾਰਗ ਸਮਝਾਂਗੇ, ਧਰਮ ਤੇ ਚੱਲਣ

18/1996

ਦਾ ਮਾਰਗ ਸਮਝਾਂਗੇ ਭਾਵ ਔਗੁਣ ਤਿਆਗਣ ਦੁਆਰਾ ਸੰਸਾਰ ਵਿੱਚ ਸੱਚੇ ਸੁੱਚੇ ਹੋ ਕੇ ਵਿਚਰਾਂਗੇ। ਜੇਕਰ ਸਾਨੂੰ ਇਹ ਵਿਸ਼ਵਾਸ ਆ ਜਾਵੇ ਕਿ ਗੁਰੂ ਤੇ ਇਹੋ ਜਿਹਾ ਵਿਸ਼ਵਾਸ ਰੱਖ ਕੇ, ਇਹੋ ਜਿਹੀ ਪੂੰਜੀ ਆਪਣੇ ਨਾਲ ਰੱਖ ਕੇ ਸਾਨੂੰ ਨਾਮ ਦਾ ਲਾਹਾ ਮਿਲਣਾ ਹੈ ਭਾਵ ਨਾਮ ਦੀ ਪ੍ਰਾਪਤੀ ਹੋਣੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਹੈ, ਸਾਨੂੰ ਸੱਚੀ ਪਤਿ ਮਿਲਣੀ ਹੈ ਤਾਂ ਫਿਰ ਅਸੀਂ ਵਿਕਾਰਾਂ ਤੋਂ ਰਹਿਤ ਹੋ ਕੇ ਵਿਚਰਾਂਗੇ ਤੇ ਇਸਨੂੰ ਨਾਮ ਦੀ ਪ੍ਰਾਪਤੀ ਕਰਨ ਦਾ ਸਾਧਨ ਸਮਝਾਂਗੇ। ਜੇਕਰ ਵਿਸ਼ਵਾਸ ਹੀ ਕਿਸੇ ਹੋਰ ਦੀ ਮਤਿ ਤੇ ਆਇਆ ਹੈ ਕਿ ਇੱਕ ਅੱਖਰ ਨੂੰ ਜਪੀ ਜਾਣਾ ਹੀ ਨਾਮ ਹੈ ਤੇ ਔਗੁਣਾਂ ਵਿੱਚੋਂ ਨਿਕਲਣ ਦੀ ਕੋਈ ਖਾਸ ਲੋੜ ਨਹੀਂ ਹੈ, ਕੋਈ ਲੋਭ, ਲਾਲਚ ਛੱਡਣ ਦੀ ਲੋੜ ਨਹੀਂ ਹੈ ਤਾਂ ਫਿਰ ਅਸੀਂ ਗੁਰੂ ਦੀ ਮਤਿ ਨਾਲ ਕਦੇ ਵੀ ਨਹੀਂ ਜੁੜ ਸਕਦੇ, ਨਾਮ ਦਾ ਲਾਹਾ ਕਦੇ ਨਹੀਂ ਖੱਟ ਸਕਦੇ। ਕੇਵਲ ਤੇ ਕੇਵਲ ਸਾਨੂੰ ਆਪਣਾ ਵਿਸ਼ਵਾਸ ਬਦਲਣ ਦੀ ਲੋੜ ਹੈ ਕਿ ਸਾਡੇ ਲਈ ਕਿਸ ਤੇ ਵਿਸ਼ਵਾਸ ਟਿਕਾਉਣਾ ਚੰਗਾ ਹੈ ਤੇ ਕਿਸ ਤੇ ਵਿਸ਼ਵਾਸ ਕਰਨਾ ਮਾੜਾ ਹੈ। ਜੁੜਨਾ ਅਸੀਂ ਗੁਰੂ ਦੇ ਘਰ ਨਾਲ ਹੀ ਚਾਹੁੰਦੇ ਹਾਂ ਤੇ ਜੁੜਿਆ ਉਸ ਦੇ ਨਾਲ ਹੀ ਜਾ ਸਕਦਾ ਹੈ ਜਿਸ ਦੀ ਅਸੀਂ ਗੱਲ ਮੰਨਦੇ ਹਾਂ। ਗੱਲ ਅਸੀਂ ਉਸੇ ਦੀ ਮੰਨਦੇ ਹਾਂ ਜਿਸ ਤੇ ਸਾਡਾ ਵਿਸ਼ਵਾਸ ਟਿਕਦਾ ਹੈ। ਜੇਕਰ ਅਗਰ ਅਸੀਂ ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਦੀ ਗੱਲ ਤੇ ਵਿਸ਼ਵਾਸ ਕਰਕੇ ਉਸ ਦੀ ਗੱਲ ਮੰਨ ਰਹੇ ਹਾਂ ਤਾਂ ਫਿਰ ਅਸੀਂ ਉਸ ਦੇ ਘਰ ਵਿੱਚ ਪਹੁੰਚੇ ਹੋਏ ਹਾਂ। ਗੱਲ ਇਸ ਤੇ ਨਿਰਭਰ ਕਰਦੀ ਹੈ ਕਿ ਅਸੀਂ ਕਿਸ ਦੀ ਗੱਲ ਮੰਨਦੇ ਹਾਂ।

{ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ॥ ਨਾਨਕ ਗੁਰਮਤਿ ਸਹਜਿ ਸਮਾਉ॥੪॥੮॥}

(ਅੰਗ ੧੫੩)

ਪ੍ਰਮਾਤਮਾ ਦੇ ਨਾਲ ਮੇਲ ਕੇਵਲ ਸਹਜ ਦੀ ਅਵੱਸਥਾ ਦੁਆਰਾ ਹੈ, ਸੱਚੇ ਗਿਆਨ ਦੀ ਅਵੱਸਥਾ ਵਿੱਚ ਹੈ ਜਿਸ ਵਿੱਚ ਪ੍ਰਮਾਤਮਾ ਦੀ ਰਚੀ ਹੋਈ ਗੁਰਬਾਣੀ ਹੈ। ਸਾਨੂੰ ਸਹਜ ਦੀ ਪ੍ਰਾਪਤੀ, ਚੌਥੇ ਪਦ ਦੀ ਪ੍ਰਾਪਤੀ ਕੇਵਲ ਗੁਰੂ ਦੀ ਮਤਿ ਨਾਲ ਜੁੜ ਕੇ ਹੋ ਸਕਦੀ ਹੈ।

18/1997

ਗੁਰਮਤਿ ਗੁਰੂ ਦਾ ਘਰ ਹੈ ਤੇ ਗੁਰਮਤਿ ਨੂੰ ਮੰਨਣਾ ਗੁਰੂ ਦੇ ਘਰ ਵਿੱਚ ਰਹਿਣਾ ਹੈ। ਜਿਸ ਨੂੰ ਅਸੀਂ ਮੰਨਦੇ ਹਾਂ ਭਾਵ ਜਿਸ ਦੀ ਗੱਲ ਅਸੀਂ ਮੰਨਦੇ ਹਾਂ ਅਸੀਂ ਉਸੇ ਦੇ ਘਰ ਦੇ ਵਿੱਚ ਹੀ ਵਿਚਰਦੇ ਹਾਂ। ਗੁਰੂ ਤੋਂ ਬਿਨ੍ਹਾਂ ਸਾਡੇ ਲਈ ਹਰ ਕੋਈ "ਆਨ" ਹੈ ਭਾਵ ਦੂਸਰਾ ਹੈ ਜਿਸ ਦੀ ਮਤਿ ਨੂੰ ਅਸੀਂ ਮੰਨਦੇ ਹਾਂ। ਜਗ੍ਹਾ ਜਗ੍ਹਾ ਜੋ ਅਨੇਕਾਂ ਦਰ ਖੋਲ ਕੇ ਬੈਠੇ ਹਨ ਉਹ ਸਭ ਸਾਡੇ ਲਈ ਆਨ ਹੀ ਹਨ ਅਗਰ ਉਹਨਾਂ ਦੀ ਦੱਸੀ ਹੋਈ ਗੱਲ ਗੁਰਮਤਿ ਤੇ ਖਰੀ ਨਹੀਂ ਉਤਰਦੀ।

ਜਦ ਤੱਕ ਸਾਡੇ ਅੰਦਰ ਇਹ ਵਿਸ਼ਵਾਸ ਨਹੀਂ ਆਉਂਦਾ ਕਿ ਜਿੰਨ੍ਹਾਂ ਕੋਲੋਂ ਅਸੀਂ ਨਾਮ ਦੀ ਸਿੱਖਿਆ ਲਈ ਹੈ, ਨਾਮ ਜਪਣਾ ਸਿੱਖਿਆ ਹੈ ਉਹ ਗੁਰਮਤਿ ਤੇ ਖਰਾ ਨਹੀਂ ਉਤਰਦਾ, ਉਹ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਨਹੀਂ ਹਨ ਬਲਕਿ ਸਾਨੂੰ ਗੁਰਮਤਿ ਤੇ ਉਲਟ ਚਲਾਉਂਦੇ ਹਨ ਤਦ ਤੱਕ ਅਸੀਂ ਉਹਨਾਂ ਨਾਲੋਂ ਟੁੱਟ ਨਹੀਂ ਸਕਦੇ ਤੇ ਉਹਨਾਂ ਨਾਲੋਂ ਤੋੜੇ ਬਿਨ੍ਹਾਂ ਅਸੀਂ ਗੁਰਮਤਿ ਨਾਲ ਜੁੜ ਨਹੀਂ ਸਕਦੇ। ਜਿਸ ਨੂੰ ਇਹ ਵਿਸ਼ਵਾਸ ਆ ਗਿਆ ਹੈ ਕਿ ਗੁਰਮਤਿ ਹੀ ਸੱਚ ਹੈ, ਸਾਨੂੰ ਸੱਚੀ ਗੱਲ ਸਮਝਾਉਂਦੀ ਹੈ ਤਾਂ ਫਿਰ ਆਪਣੇ ਤਹਿ ਦਿਲੋਂ ਇਹ ਬੋਲ ਦਿਉ - ਧੰਨ ਗੁਰਬਾਣੀ, ਧੰਨ ਗੁਰਬਾਣੀ, ਧੰਨ ਗੁਰਬਾਣੀ, ਧੰਨ ਗੁਰਬਾਣੀ, ਧੰਨ ਗੁਰਬਾਣੀ।

ਧੰਨ ਗੁਰੂ ਦੀ ਮਤਿ, ਧੰਨ ਗੁਰੂ ਦੀ ਮਤਿ, ਧੰਨ ਗੁਰੂ ਦੀ ਮਤਿ, ਧੰਨ ਗੁਰੂ ਦੀ ਮਤਿ, ਧੰਨ ਗੁਰੂ ਦੀ ਮਤਿ।

ਗੁਰਮਤਿ ਨੂੰ ਮੰਨਣਾ ਹੀ ਗੁਰਮਤਿ ਨੂੰ ਧੰਨ ਆਖਣਾ ਹੈ, ਗੁਰਬਾਣੀ ਨੂੰ ਧੰਨ ਆਖਣਾ ਹੈ, ਗੁਰੂ ਨੂੰ ਧੰਨ ਆਖਣਾ ਹੈ, ਗੁਰੂ ਸਾਹਿਬਾਨ ਨੂੰ ਧੰਨ ਆਖਣਾ ਹੈ, ਭੱਟ ਸਾਹਿਬਾਨ ਨੂੰ, ਭਗਤਾਂ ਨੂੰ ਧੰਨ ਆਖਣਾ ਹੈ ਤੇ ਸਭ ਤੋਂ ਵੱਡੀ ਗੱਲ ਪ੍ਰਮਾਤਮਾ ਨੂੰ ਧੰਨ ਆਖਣਾ ਹੈ, ਵਾਹਿਗੁਰੂ ਨੂੰ ਧੰਨ ਆਖਣਾ ਹੈ, ਰਾਮ ਨੂੰ ਧੰਨ ਆਖਣਾ ਹੈ, ਅੱਲ੍ਹਾ ਨੂੰ ਧੰਨ ਆਖਣਾ ਹੈ, "**ਗਾਡ**" ਨੂੰ ਧੰਨ ਆਖਣਾ ਹੈ, "**ਸਚੁ**" ਨੂੰ ਧੰਨ ਆਖਣਾ ਹੈ, ਨਾਮ ਨੂੰ ਧੰਨ ਆਖਣਾ ਹੈ।

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥੪॥}

(ਅੰਗ ੪੭੪)

18/1998

ਸਾਡਾ ਦਿਲੋਂ ਪਿਆਰ ਉਸੇ ਨਾਲ ਹੀ ਹੈ ਜਿਸ ਦੇ ਨਾਲ ਅਸੀਂ ਦੋਸਤੀ ਪਾਈ ਹੋਈ ਹੈ। ਦੋਸਤੀ ਸਾਡੀ ਉਹਨਾਂ ਇਆਣਿਆਂ ਦੇ ਨਾਲ ਹੈ ਭਾਵ ਨਾਸਮਝਾਂ ਦੇ ਨਾਲ ਹੈ ਜਿੰਨ੍ਹਾਂ ਨੇ ਸਾਨੂੰ ਨਾਮ ਜਪਣਾ ਸਿਖਾਇਆ ਹੈ। ਸਿੱਖਿਆ ਅਸੀਂ ਅਸਲ ਵਿੱਚ ਉਹਨਾਂ ਦੀ ਮੰਨਦੇ ਹਾਂ ਤੇ ਪਿਆਰ ਆਪਣਾ ਪ੍ਰਮਾਤਮਾ ਨਾਲ ਵਿਖਾਉਂਦੇ ਹਾਂ ਜੋ ਕਿ ਬਿਲਕੁਲ ਬੇਬੁਨਿਆਦ ਹੈ, ਕੇਵਲ ਪਾਣੀ ਦੇ ਵਿੱਚ ਲੀਕ ਮਾਰਨ ਵਾਲੀ ਗੱਲ ਹੈ ਜੋ ਕਦੇ ਨਹੀਂ ਪੈ ਸਕਦੀ, ਜੋ ਕਦੇ ਵਜੂਦ ਵਿੱਚ ਨਹੀਂ ਆ ਸਕਦੀ। ਇਸੇ ਤਰ੍ਹਾਂ ਇਆਣਿਆਂ ਦੀ ਗੱਲ ਮੰਨਣ ਨਾਲ ਸਾਡਾ ਪ੍ਰਮਾਤਮਾ ਦੇ ਨਾਲ ਝੂਠਾ ਪਿਆਰ ਦਿਖਾਉਣਾ ਕਿਸੇ ਕੰਮ ਨਹੀਂ ਆ ਸਕਦਾ। ਜਿਸ ਗੱਲ ਦੀ ਬੁਨਿਆਦ ਹੀ ਨਹੀਂ ਬਣ ਸਕਦੀ ਉਸਦਾ ਵਜੂਦ ਕੀ ਹੋ ਸਕਦਾ ਹੈ।

ਗੁਰਬਾਣੀ ਨੇ ਤਾਂ ਸਾਨੂੰ ਸਮਝਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਪਰ ਸਾਡੇ ਝੂਠੇ ਮਾਣ ਨੇ ਸਾਨੂੰ ਗੁਰਮਤਿ ਦੀ ਗੱਲ ਮੰਨਣ ਤੋਂ ਦੂਰ ਰੱਖਿਆ ਹੋਇਆ ਹੈ। ਗੁਰੂ ਨੂੰ ਸੱਚਾ ਮਾਣ ਦੇਣ ਲਈ ਧਰਮ ਦੇ ਝੂਠੇ ਠੇਕੇਦਾਰਾਂ ਨੂੰ ਟੋਪੀਆਂ ਪਾਉਣੀਆਂ ਛੱਡਣੀਆਂ ਹੀ ਪੈਣੀਆਂ ਹਨ। ਮਾਣ ਅਸੀਂ ਇੱਕ ਦਾ ਹੀ ਕਰਨਾ ਹੈ ਜਿਸ ਦਾ ਮਰਜ਼ੀ ਕਰ ਲਈਏ। ਦੁਚਿੱਤੀ ਵਿੱਚ ਰਹਿ ਕੇ ਅਸੀਂ ਗੁਰੂ ਦੇ ਨਾਲ ਨਹੀਂ ਜੁੜ ਸਕਦੇ। ਜੇਕਰ ਕੋਈ ਇਹੋ ਜਿਹਾ ਸਮਝਦਾ ਹੈ ਤਾਂ ਫਿਰ ਉਹ ਵੱਡੇ ਭੁਲੇਖੇ ਵਿੱਚ ਹੈ।

ਉੱਪਰ ਪਿੱਛੇ ਸਲੋਕ ਰਾਹੀਂ ਗੁਰੂ ਸਾਹਿਬ ਨੇ ਇਹ ਸਮਝਾਇਆ ਹੈ ਕਿ ਨਾਮ ਸਮਝਾਉਣ ਦਾ ਠੇਕਾ ਪ੍ਰਮਾਤਮਾ ਨੇ ਗੁਰੂ ਨੂੰ ਦਿੱਤਾ ਹੋਇਆ ਹੈ। ਇਹ ਨਾਮ ਅਸੀਂ ਕਿਵੇਂ ਜਪਣਾ ਹੈ ਇਹ ਨਾਲ ਹੀ ਅਗਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ। ਅਸੀਂ ਰਾਮ ਰਾਮ, ਖੁਦਾਇ ਖੁਦਾਇ, ਵਾਹਿਗੁਰੂ ਵਾਹਿਗੁਰੂ ਆਪਣੇ ਜੀਵਨ ਵਿੱਚ ਕਿਸ ਤਰੀਕੇ ਨਾਲ ਕਰਨਾ ਹੈ ਇਸ ਸਲੋਕ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

ਮਃ ੧॥

“ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥
ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥
ਅੰਧੀ ਫੂਕਿ ਮੁਈ ਦੇਵਾਨੀ ॥ ਖਸਮਿ ਮਿਟੀ ਫਿਰਿ ਭਾਨੀ ॥
ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥
ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥
ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥
ਅੰਧਾ ਕਿਸ ਨੋ ਬੁਕਿ ਸੁਣਾਵੈ ॥ ਖਸਮੈ ਮੂਲਿ ਨ ਭਾਵੈ ॥
ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥
ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥
ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥
ਮਖੀ ਮਿਠੈ ਮਰਣਾ ॥ ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥2॥”

(ਅੰਗ - ੧੨੮੬)

18/1999

ਨਾਮ ਜਪਣ ਦਾ ਤਰੀਕਾ ਉਹੀ ਹੈ ਜੋ ਸਾਨੂੰ ਧਰਮ ਦੇ ਠੇਕੇਦਾਰ ਨੇ ਹੁਣ ਤੱਕ ਸਮਝਾਇਆ ਹੈ ਭਾਵ ਜੋ ਗੁਰੂ ਗੁਰਬਾਣੀ ਨੇ ਸਮਝਾਇਆ ਹੈ। ਗੁਰੂ ਆਪਣੀ ਫ਼ਸਲ ਦੇ ਵਿੱਚ ਕੇਵਲ ਸੱਚ ਹੀ ਬੀਜਦਾ ਹੈ ਭਾਵ ਸੱਚ ਦਾ ਬੀਜ ਹੀ ਪਾਉਂਦਾ ਹੈ ਤੇ ਸੱਚ ਕਦੇ ਬਦਲ ਨਹੀਂ ਸਕਦਾ। ਜੋ ਸੱਚ ਗੁਰੂ ਇੱਕ ਸ਼ਬਦ ਰਾਹੀਂ ਸਮਝਾਉਂਦਾ ਹੈ ਉਹ ਸੱਚ ਦੂਸਰੇ ਸ਼ਬਦ ਰਾਹੀਂ ਕਦੇ ਬਦਲ ਨਹੀਂ ਸਕਦਾ। ਇਹ ਠੇਕੇਦਾਰ ਸਾਨੂੰ ਕੇਵਲ ਸੱਚ ਦੇ ਨਾਲ ਹੀ ਜੋੜਦਾ ਹੈ, ਸੱਚੇ ਨਾਮ ਦੇ ਨਾਲ ਹੀ ਜੋੜਦਾ ਹੈ ਭਾਵ ਕੇਵਲ ਸੱਚੀ ਮਤਿ ਹੀ ਦਿੰਦਾ ਹੈ ਕਿਉਂਕਿ ਇਸ ਠੇਕੇਦਾਰ ਦੇ ਕੋਲ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਮਤਿ ਹੀ ਹੈ, ਚੌਥੇ ਪਦ ਵਾਲੀ ਮਤਿ ਹੈ। ਗੁਰੂ ਤ੍ਰੈਗੁਣਾਂ ਵਾਲੀ ਮਤਿ ਤੋਂ ਬਾਹਰ ਹੈ, ਭਰਮ ਤੋਂ ਬਾਹਰ ਹੈ। ਦੂਸਰੇ ਧਰਮ ਦੇ ਠੇਕੇਦਾਰਾਂ ਵਿੱਚ ਤੇ ਗੁਰਬਾਣੀ ਰੂਪ ਠੇਕੇਦਾਰ ਵਿੱਚ ਇਸੇ ਗੱਲ ਦਾ ਹੀ ਫਰਕ ਹੈ। ਗੁਰੂ ਨੂੰ ਇਹ ਧਰਮ ਸਿਖਾਉਣ ਦਾ ਠੇਕਾ ਪ੍ਰਮਾਤਮਾ ਨੇ ਆਪ ਹੀ ਦਿੱਤਾ ਹੋਇਆ ਹੈ ਤੇ ਬਾਕੀ ਦੇ ਠੇਕੇਦਾਰ ਆਪਣੇ ਆਪ ਹੀ ਠੇਕਦਾਰ ਬਣੀ ਬੈਠੇ ਹਨ। ਠੇਕੇਦਾਰਾਂ ਦੀਆਂ ਬਹੁਤੀਆਂ ਗੱਲਾਂ ਆਪਸ ਵਿੱਚ ਵੀ ਮੇਲ ਨਹੀਂ ਖਾਂਦੀਆਂ ਗੁਰੂ ਦੇ ਨਾਲ ਮੇਲ ਖਾਣਾ ਤਾਂ ਦੂਰ ਦੀ ਗੱਲ ਹੈ।

ਗੁਰੂ ਸਾਨੂੰ ਵਾਰ-ਵਾਰ ਸਮਝਾ ਰਿਹਾ ਹੈ ਕਿ ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾ ਹੈ, ਮਾਇਆ ਮੋਹ ਹੈ ਤਦ ਤੱਕ ਅਸੀਂ ਸੱਚਾ ਸੁੱਚਾ ਜੀਵਨ ਬਤੀਤ ਨਹੀਂ ਕਰ ਸਕਦੇ। ਸਾਰੀ ਗੱਲ ਇਸ ਮਨ ਨੂੰ ਸੰਤੋਖ ਵਿੱਚ ਰੱਖਣ ਦੀ ਹੈ ਤਾਂ ਜੋ ਸਾਡੀ ਸੰਸਾਰਿਕ ਵਿਚਰਨ ਚੰਗੀ ਹੋ ਸਕੇ। ਸੰਤੋਖ ਵਿੱਚ ਰਹਿ ਕੇ ਸੱਚਾ ਸੁੱਚਾ ਜੀਵਨ ਬਤੀਤ ਕਰਨਾ ਹੀ ਨਾਮ ਜਪਣਾ ਹੈ, ਵਾਹਿਗੁਰੂ ਵਾਹਿਗੁਰੂ ਕਰਨਾ ਹੈ। ਪਹਿਲੇ ਸਾਨੂੰ ਉੱਪਰ ਸ਼ਬਦ ਰਾਹੀਂ ਨਾਮ ਜਪਣ ਦੀ ਵਿਧੀ ਹਾਥੀ ਤੇ ਚਿੜੀ ਦੀ ਜੀਵਨ ਵਿੱਚ ਫਰਕ ਦੱਸ ਕੇ ਸਮਝਾਈ ਹੋਈ ਹੈ ਤੇ ਉਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸ਼ੇਰ ਦੀ ਜੀਵਨ ਜਾਂਚ ਤੇ ਅੱਕ ਦੇ ਤਿਡੇ ਦੀ ਜੀਵਨ ਜਾਂਚ ਵਿੱਚ ਫਰਕ

ਦੱਸ ਕੇ ਸਮਝਾਈ ਹੋਈ ਹੈ ਕਿ ਕਿਸ ਦਾ ਜੀਵਨ ਮਾੜਾ ਹੈ ਤੇ ਕਿਸ ਦਾ ਜੀਵਨ ਚੰਗਾ ਹੈ ਭਾਵ ਕੌਣ ਨਾਮ ਜਪਣ ਵਾਲਾ ਹੈ ਤੇ ਕੌਣ ਨਾਮ ਨਾ ਜਪਣ ਵਾਲਾ ਹੈ।

ਹਾਥੀ ਆਪਣੇ ਸੁਭਾਉ ਦੇ ਕਾਰਨ ਤ੍ਰਿਸ਼ਨਾ ਵਿੱਚ ਹੈ ਤੇ ਆਪਣੀ ਤ੍ਰਿਸ਼ਨਾ ਪੂਰੀ ਕਰਨ ਦੇ ਲਈ ਹਰ ਵੇਲੇ ਉਸ ਦਾ ਧਿਆਨ ਖਾਣ ਵਿੱਚ ਹੀ ਰਹਿੰਦਾ ਹੈ ਭਾਵ ਉਸਨੂੰ ਖਾਣ ਪੀਣ ਦੇ ਨਾਲ ਮੋਹ ਹੈ। ਇਸੇ ਤਰ੍ਹਾਂ ਜਿੰਨ੍ਹਾਂ ਮਨੁੱਖਾਂ ਦੇ ਅੰਦਰ

18/2000

ਤ੍ਰਿਸ਼ਨਾ ਹੈ, ਮਾਇਆ ਮੋਹ ਹੈ ਉਹਨਾਂ ਦਾ ਸਾਰਾ ਧਿਆਨ ਮਾਇਆ ਇਕੱਠੀ ਕਰਨ ਵਿੱਚ ਹੀ ਲੱਗਿਆ ਰਹਿੰਦਾ ਹੈ। ਜਿਵੇਂ ਹਾਥੀ ਆਪਣੀ ਤ੍ਰਿਸ਼ਨਾ ਪੂਰੀ ਕਰਨ ਲਈ ਜੰਗਲ ਦੇ ਵਿੱਚ ਉਜਾੜਾ ਪਾਉਂਦਾ ਹੈ, ਅਨੇਕਾਂ ਪੇੜ ਪੌਦਿਆਂ ਦਾ ਨੁਕਸਾਨ ਕਰਦਾ ਹੈ ਇਸੇ ਤਰ੍ਹਾਂ ਮਾਇਆ ਦੇ ਲਾਲਚੀ ਮਨੁੱਖ ਮਾਇਆ ਇਕੱਠੀ ਕਰਨ ਲਈ, ਆਪਣੀ ਤ੍ਰਿਸ਼ਨਾ ਪੂਰੀ ਕਰਨ ਲਈ ਸਮਾਜ ਵਿੱਚ ਅਨੇਕਾਂ ਦਾ ਮਾੜਾ ਵੀ ਕਰਦੇ ਹਨ। ਉਹਨਾਂ ਦੀ ਤ੍ਰਿਸ਼ਨਾ ਪੂਰੀ ਕਰਨ ਵਿੱਚ ਜੇਕਰ ਦੂਸਰੇ ਦਾ ਮਾੜਾ ਵੀ ਹੁੰਦਾ ਹੈ ਤੇ ਉਹ ਇਸ ਗੱਲ ਦੀ ਪ੍ਰਵਾਹ ਨਹੀਂ ਜਾਣਦੇ ਜਿਵੇਂ ਕਿ ਹਾਥੀ ਆਪਣੇ ਸੁਭਾਉ ਦੁਆਰਾ ਇਹੋ ਜਿਹਾ ਪ੍ਰਗਟਾਵਾ ਕਰਦਾ ਹੈ। **(ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥ ਡਕੈ ਢੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥)** ਇਹੋ ਜਿਹਾ ਜੀਵਨ ਜਿਉਂ ਕੇ ਆਖੀਰ ਮਨੁੱਖ ਪਛਤਾਉਂਦਾ ਹੀ ਹੈ ਕਿਉਂਕਿ ਇਹੋ ਜਿਹਾ ਜੀਵਨ ਜਿਉਣ ਵਿੱਚ ਸਾਨੂੰ ਮਾੜੇ ਕਰਮ ਕਰਨੇ ਹੀ ਪੈਂਦੇ ਹਨ। ਪਛਤਾਉਣਾ ਅਸਲ ਵਿੱਚ ਸਾਨੂੰ ਆਪਣੇ ਜੀਵਨ ਵਿੱਚ ਮਾੜੇ ਕਰਮਾਂ ਕਰਕੇ ਹੀ ਪੈਂਦਾ ਹੈ ਜੋ ਸਭ ਲਈ ਇੱਕੋ ਜਿਹੀ ਗੱਲ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਹੈ। **(ਸਾਹਿ ਗਇਐ ਪਛੁਤਾਇ॥)**

ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ, ਮਾਇਆ ਦੀ ਤਲਬ ਹੈ ਇਸ ਨੂੰ ਇਕੱਠੀ ਕਰਨ ਨਾਲ ਸਾਡਾ ਅਹੰਕਾਰ ਹੀ ਵੱਧਦਾ ਹੈ, ਸੰਸਾਰਿਕ ਮਾਣ ਵੱਧਦਾ ਹੈ ਜਿਸ ਕਰਕੇ ਸਾਡੀ ਪੁੱਛ ਵੱਧਦੀ ਹੈ, ਸਾਡੀ ਮੈਂ ਵੱਧਦੀ ਹੈ, ਹਉਮੈ ਵੱਧਦੀ ਹੈ ਜਿਸ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਨਹੀਂ ਭਾ ਸਕਦੇ ਭਾਵ ਉਸਨੂੰ ਚੰਗੇ ਨਹੀਂ ਲੱਗ ਸਕਦੇ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅੰਧੀ ਢੂਕਿ ਮੁਈ ਦੇਵਾਨੀ॥ ਖਸਮਿ ਮਿਟੀ ਫਿਰਿ ਭਾਨੀ॥”

ਜਦ ਤੱਕ ਸਾਡੇ ਅੰਦਰ ਮਾਇਆ ਦੀ ਦਿਵਾਨਗੀ ਹੈ, ਮਾਇਆ ਦਾ ਅਹੰਕਾਰ ਹੈ ਭਾਵ ਜਦ ਤੱਕ ਸਾਡੀ ਬਿਰਤੀ ਮਾਇਆ ਮੋਹ ਵਾਲੀ ਹੈ ਤਦ ਤੱਕ ਸਾਨੂੰ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ, ਨਾਮ ਜਪਣ ਦੀ ਸਮਝ ਨਹੀਂ ਹੈ ਕਿਉਂਕਿ ਮਾੜੇ ਕਰਮ ਕਰਦੇ ਹੋਏ ਕੋਈ ਉਸਦਾ ਨਾਮ ਨਹੀਂ ਜਪ ਸਕਦਾ। ਇਸੇ ਲਈ ਸਾਨੂੰ ਅੰਧਾ ਕਿਹਾ ਹੈ, ਅਗਿਆਨਤਾ ਵਿੱਚ ਕਿਹਾ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਆਪਣੇ ਧਰਮ ਦੇ ਮਾਰਗ ਦੀ ਸੋਝੀ ਨਹੀਂ ਪੈਂਦੀ। ਧਰਮ ਦੇ ਸੱਚ ਨੂੰ

18/2001

ਸਮਝਣ ਵਿੱਚ ਸਾਡੇ ਮਨ ਦੀ ਅਗਿਆਨਤਾ ਹੀ ਰੁਕਾਵਟ ਹੈ। **(ਅੰਧੀ ਢੂਕਿ ਮੁਈ ਦੇਵਾਨੀ॥)** ਗੁਰੂ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ ਉਸਦੀ ਅਗਿਆਨਤਾ ਹੀ ਕੱਢਦਾ ਹੈ, ਮਨ ਦੇ ਵਿੱਚੋਂ ਭਰਮ ਹੀ ਕੱਢਦਾ ਹੈ ਜਿਸ ਦੁਆਰਾ ਸਾਨੂੰ ਸਾਡੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ। ਸਾਡੀ ਇਹ ਅਗਿਆਨਤਾ ਕੇਵਲ ਪ੍ਰਮਾਤਮਾ ਆਪ ਹੀ ਮਿਟਾ ਸਕਦਾ ਹੈ, ਉਹ ਖਸਮ ਹੀ ਮਿਟਾ ਸਕਦਾ ਹੈ। ਉਹ ਸਾਨੂੰ ਆਪਣਾ ਗਿਆਨ ਹੀ ਦਿੰਦਾ ਹੈ ਭਾਵ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਦੁਆਰਾ ਸਾਨੂੰ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ ਜਿਸ ਤੋਂ ਬਾਅਦ ਮਨੁੱਖ ਫਿਰ ਮਾਇਆ ਮੋਹ ਵਿੱਚ ਨਹੀਂ ਫਸਦਾ, ਕਿਸੇ ਦਾ ਮਾੜਾ ਨਹੀਂ ਕਰਦਾ ਤੇ ਕੇਵਲ ਸੱਚ ਦੁਆਰਾ ਹੀ ਮਾਇਆ ਕਮਾਉਂਦਾ ਹੈ ਤੇ ਝੂਠ ਦਾ ਆਸਰਾ ਨਹੀਂ ਲੈਂਦਾ। ਪ੍ਰਮਾਤਮਾ ਮਨ ਦੇ ਵਿੱਚ ਗਿਆਨ ਦੇ ਕੇ ਸਾਨੂੰ ਤ੍ਰਿਸ਼ਨਾ ਮੁਕਤ ਹੀ ਕਰਦਾ ਹੈ ਜਿਸ ਦੁਆਰਾ ਮਨੁੱਖ ਦੇ ਅੰਦਰ ਸੰਤੋਖ ਆਉਂਦਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਭਾਉਂਦੇ ਹਾਂ ਭਾਵ ਪ੍ਰਮਾਤਮਾ ਨੂੰ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਪਾਇਆ ਜਾ ਸਕਦਾ ਹੈ। **(ਅੰਧੀ ਢੂਕਿ ਮੁਈ ਦੇਵਾਨੀ॥ ਖਸਮਿ ਮਿਟੀ ਫਿਰਿ ਭਾਨੀ॥)** ਮਨ ਦੇ ਸੰਤੋਖ ਵਾਲੀ ਬਿਰਤੀ ਕਿਹੋ ਜਿਹੀ ਹੁੰਦੀ ਹੈ ਇਸਦੀ ਤੁਲਨਾ ਸਾਨੂੰ ਚਿੜੀ ਦੇ ਨਾਲ ਕਰ ਕੇ ਸਮਝਾਈ ਹੋਈ ਹੈ।

“ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥”

ਧਿਆਨ ਨਾਲ ਪੜ੍ਹੋ ਉਪਰਲੀਆਂ ਪੰਗਤੀਆਂ ਨੂੰ ਤੇ ਸਮਝੋ ਪ੍ਰਮਾਤਮਾ ਦਾ ਨਾਮ ਜਪਣਾ ਕੀ ਹੈ। ਉਸਦਾ ਨਾਮ ਉਹੀ ਜਪਦਾ ਹੈ ਜੋ ਉਸਨੂੰ ਭਾਉਂਦਾ ਹੈ। ਉਸਨੂੰ ਹਾਥੀ ਵਾਲੀ ਬਿਰਤੀ ਨਹੀਂ ਭਾਉਂਦੀ, ਹਉਮੈ ਵਾਲੀ, ਅਹੰਕਾਰ ਵਾਲੀ, ਮਾਇਆ ਮੋਹ ਵਾਲੀ ਬਿਰਤੀ ਨਹੀਂ ਭਾਉਂਦੀ। ਉਸਨੂੰ ਮਨ ਦੇ ਸੰਤੋਖ ਵਾਲੀ ਬਿਰਤੀ ਭਾਉਂਦੀ ਹੈ ਜੋ ਉਤਨੇ ਨਾਲ ਹੀ ਗੁਜ਼ਾਰਾ ਕਰਦੀ ਹੈ ਜਿਤਨੀ ਕੁ ਉਸਦੀ ਲੋੜ ਹੈ। ਉਹ ਆਪਣੀ ਇਹੋ ਜਿਹੀ ਬਿਰਤੀ

18/2002

ਰਾਹੀਂ ਖੁਸ਼ ਹੈ, ਅਨੰਦ ਵਿੱਚ ਹੈ ਤੇ ਅਸਮਾਨ ਵਿੱਚ ਉਡਾਰੀਆਂ ਮਾਰਦੀ ਹੈ, ਚਹਿਕਦੀ ਰਹਿੰਦੀ ਹੈ। ਸਮਝਾਇਆ ਇਹ ਹੈ ਕਿ ਭਾਈ ਜਿਤਨੀ ਕੁ ਸਾਨੂੰ ਲੋੜ ਹੈ ਉਸ ਤੋਂ ਵੱਧ ਮਾਇਆ ਦੇ ਪਿੱਛੇ ਦੌੜਨਾ ਕੇਵਲ ਸਾਡੀ ਤ੍ਰਿਸ਼ਨਾ ਹੈ, ਮਾਇਆ ਮੋਹ ਹੈ ਜਿਸ ਕਰਕੇ ਅਸੀਂ ਅਨੇਕਾਂ ਦਾ ਮਾੜਾ ਕਰਦੇ ਹਾਂ ਤੇ ਹਾਥੀ ਵਰਗੇ ਅਹੰਕਾਰੇ ਰਹਿੰਦੇ ਹਾਂ। ਨਾਮ ਜਪਣ ਦਾ ਮਾਰਗ ਮਨ ਨੂੰ ਮਾਰਨ ਦਾ ਮਾਰਗ ਹੈ, ਮਨ ਦੀਆਂ ਆਸਾਂ ਮਨਸ਼ਾਂ ਮਾਰਨ ਦੀ ਗੱਲ ਹੈ, ਤ੍ਰਿਸ਼ਨਾਵਾਂ ਨੂੰ ਰੋਕਣ ਦੀ ਗੱਲ ਹੈ ਤੇ ਇਹੋ ਜਿਹੀ ਅਵੱਸਥਾ ਦੁਆਰਾ ਹੀ ਅਸੀਂ ਨਾਮ ਜਪਦੇ ਹਾਂ ਭਾਵ ਸੱਚੇ ਸੁੱਚੇ ਬਣ ਕੇ ਵਿਚਰਦੇ ਹਾਂ ਜਿਵੇਂ ਕਿ ਚਿੜੀ ਆਪਣੇ ਜੀਵਨ ਵਿੱਚ ਵਿਚਰਦੀ ਹੈ। ਇਹ ਹੈ ਉਹ ਰਾਮ ਨਾਮ ਜਪਣਾ, ਹਰਿ ਹਰਿ ਨਾਮ ਜਪਣਾ ਜੋ ਬਾਣੀ ਸਾਨੂੰ ਵਾਰ-ਵਾਰ ਜਪਣ ਲਈ ਸਮਝਾ ਰਹੀ ਹੈ। ਆਓ ਇੱਕ ਚਿੜੀ ਕੋਲੋਂ ਹੀ ਮਤਿ ਲਈਏ ਤੇ ਅਪਣੇ ਜੀਵਨ ਵਿੱਚ ਉਹੋ ਜਿਹਾ ਖੁਦਾਇ ਖੁਦਾਇ ਜਪੀਏ ਜਿਸ ਲਈ ਮੁੱਖੋਂ ਕੁੱਝ ਬੋਲਣ ਦੀ ਲੋੜ ਨਹੀਂ ਹੈ। ਜੇਕਰ ਅਸੀਂ ਉਸ ਖਸਮ ਨੂੰ ਭਾਉਣ ਚਾਹੁੰਦੇ ਹਾਂ ਤਾਂ ਫਿਰ ਅਸੀਂ ਉਸਨੂੰ ਇਹੋ ਜਿਹਾ ਨਾਮ ਜਪ ਕੇ ਭਾ ਸਕਦੇ ਹਾਂ।

ਸੱਚਾ ਧਰਮ ਦਾ ਠੇਕੇਦਾਰ ਤਾਂ ਸਾਨੂੰ ਵਾਰ-ਵਾਰ ਇਹੋ ਜਿਹਾ ਨਾਮ ਜਪਣਾ ਹੀ ਸਿਖਾ ਰਿਹਾ ਹੈ। ਸੱਚੇ ਧਰਮ ਦੇ ਠੇਕੇਦਾਰ ਦੇ ਨਾਲ ਜੁੜਨ ਦੇ ਲਈ ਤਾਂ ਸਾਨੂੰ ਮਾੜੀ ਬਿਰਤੀ ਤਿਆਗਣੀ ਹੀ ਪੈਂਦੀ ਹੈ ਤੇ ਹੋਰ ਕੋਈ ਸਾਧਨ ਨਹੀਂ ਹੈ। ਜੋ ਧਰਮ ਦੇ ਠੇਕੇਦਾਰ ਸਾਨੂੰ ਕੇਵਲ ਇੱਕ ਅੱਖਰ ਦਾ ਜਪ ਹੀ ਸਿਖਾਉਂਦੇ ਹਨ ਪਰ ਮਾਇਆ ਮੋਹ ਵਿੱਚੋਂ ਨਿਕਲਣ ਨੂੰ ਨਾਮ ਨਹੀਂ ਸਮਝਦੇ ਫਿਰ ਉਹ ਪ੍ਰਮਾਤਮਾ ਨੂੰ ਕਿਵੇਂ ਚੰਗੇ ਲੱਗ ਸਕਦੇ ਹਨ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਪ੍ਰਮਾਤਮਾ ਨੂੰ ਕਿਵੇਂ ਚੰਗੇ ਲੱਗ ਸਕਦੇ ਹਨ। ਪ੍ਰਮਾਤਮਾ ਨੂੰ ਭਾਉਣ ਦਾ ਤਰੀਕਾ ਕੇਵਲ ਇੱਕ ਹੀ ਹੈ ਜੋ ਕਿ ਸੱਚ ਹੈ, ਸਾਡੇ ਅੰਦਰ ਸੱਚ ਦਾ ਵੱਸਣਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ। ਨਕਲੀ ਧਰਮ ਦੇ ਠੇਕੇਦਾਰ ਸਾਨੂੰ ਸੱਚ ਵੀ ਨਕਲੀ ਸਮਝਾਉਂਦੇ ਹਨ, ਗੁਣ ਵੀ ਨਕਲੀ ਹੀ ਸਮਝਾਉਂਦੇ ਹਨ।

19/2003

ਆਓ ਹੁਣ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝੀਏ ਕਿ ਅੱਕ ਦਾ ਤਿੱਡਾ ਕਿਸ ਰੂਪ ਵਿੱਚ ਨਾਮ ਜਪਦਾ ਹੈ ਤਾਂ ਜੋ ਅਸੀਂ ਵੀ ਉਹੋ ਜਿਹਾ ਨਾਮ ਜਪ ਸਕੀਏ।

“ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥
ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ॥
ਅੰਧਾ ਕਿਸ ਨੋ ਬੁਕਿ ਸੁਣਾਵੈ॥ ਖਸਮੈ ਮੂਲਿ ਨ ਭਾਵੈ॥
ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥”

ਇੱਥੇ ਵੀ ਸਾਨੂੰ ਸਾਡੀ ਜੀਵਨ ਸ਼ੈਲੀ ਹੀ ਸਮਝਾਈ ਹੋਈ ਹੈ, ਸਾਡੀ ਸੰਸਾਰਿਕ ਵਿਚਰਨ ਹੀ ਸਮਝਾਈ ਹੋਈ ਹੈ ਕਿ ਕਿਹੋ ਜਿਹੀ ਵਿਚਰਨ ਨਾਮ ਵਾਲੀ ਹੈ ਭਾਵ ਗੁਰਮਤਿ ਵਾਲੀ ਹੈ ਤੇ ਕਿਹੋ ਜਿਹੀ ਸਾਡੀ ਵਿਚਰਨ ਗੁਰਮਤਿ ਤੋਂ ਉਲਟ ਹੈ, ਨਾਮ ਤੋਂ ਉਲਟ ਹੈ। ਸ਼ੇਰ ਦਾ ਜੀਵਨ ਕਿਹੋ ਜਿਹਾ ਹੁੰਦਾ ਹੈ ਇਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਉਹ ਆਪਣੇ ਜੀਵਨ ਵਿੱਚ ਅਨੇਕਾਂ ਹੀ ਜਾਨਵਰਾਂ ਨੂੰ ਮਾਰਦਾ ਹੈ, ਸੈਂਕੜੇ ਹਿਰਨਾਂ ਆਦਿ ਨੂੰ ਮਾਰਦਾ ਹੈ ਭਾਵ ਦੂਸਰਿਆਂ ਨੂੰ ਪ੍ਰੇਸ਼ਾਨ ਕਰਦਾ ਹੈ, ਦੂਸਰਿਆਂ ਦਾ ਜੀਵਨ ਬਰਬਾਦ ਕਰਦਾ ਹੈ। ਜਿਤਨੇ ਭੋਜਨ ਦੀ ਉਸਨੂੰ ਲੋੜ ਹੈ ਉਸ ਤੋਂ ਵੀ ਭਾਵ ਆਪਣੀ ਲੋੜ ਤੋਂ ਵੀ ਜਿਆਦਾ ਜੀਵਾਂ ਨੂੰ ਮਾਰਦਾ ਹੈ ਤੇ ਉਸਦਾ ਮਾਰਿਆ ਹੋਇਆ ਸ਼ਿਕਾਰ ਹੋਰ ਵੀ ਅਨੇਕਾਂ ਜਾਨਵਰ ਖਾਂਦੇ ਹਨ ਕਿਉਂਕਿ ਉਹ ਆਪਣੀ ਜਰੂਰਤ

ਪੂਰੀ ਕਰਕੇ ਬਾਕੀ ਦਾ ਸ਼ਿਕਾਰ ਉੱਥੇ ਸੁੱਟ ਜਾਂਦਾ ਹੈ। ਸ਼ੇਰ ਕੋਲ ਸ਼ਿਕਾਰ ਕਰਨ ਦੀ ਤਾਕਤ ਹੈ, ਸਭ ਤੋਂ ਜਿਆਦਾ ਤਾਕਤ ਹੈ ਤੇ ਉਹ ਆਪਣੀ ਤਾਕਤ ਦਾ ਨਾਜ਼ਾਇਜ ਫਾਇਦਾ ਉਠਾਉਂਦਾ ਹੈ। ਇਸੇ ਤਰ੍ਹਾਂ ਸੰਸਾਰ ਵਿੱਚ ਜੋ ਮਨੁੱਖ ਜਿਆਦਾ ਤਾਕਤ ਇਕੱਠੀ ਕਰ ਲੈਂਦੇ ਹਨ ਉਹ ਫਿਰ ਕਿਸੇ ਦੀ ਪ੍ਰਵਾਹ ਨਾ ਕਰਦੇ ਹੋਏ ਅਨੇਕਾਂ ਨੂੰ ਪ੍ਰੇਸ਼ਾਨ ਕਰਦੇ ਹਨ। ਤਾਕਤ ਇਕੱਠੀ ਕਰਨ ਦੇ ਅਨੇਕਾਂ ਹੀ ਤਰੀਕੇ ਹਨ ਜਿਵੇਂ ਕਿ ਕਿਸੇ ਨੂੰ ਕੋਈ ਵੱਡਾ ਅਹੁਦਾ ਮਿਲ ਜਾਵੇ ਤਾਂ ਫਿਰ ਉਹ ਆਪਣੇ ਅਹੁਦੇ ਦਾ ਨਾਜ਼ਾਇਜ ਫਾਇਦਾ ਉਠਾ ਕੇ ਅਨੇਕਾਂ ਨੂੰ ਤੰਗ ਕਰਦਾ ਹੈ, ਦੂਸਰਿਆਂ ਦੇ ਜੀਵਨ ਨਾਲ ਖੇਡਦਾ ਹੈ। ਇਹ ਸਭ ਮਾਇਆ ਮੋਹ ਹੈ ਜਿਸ ਵਿੱਚ ਫਸ ਕੇ, ਝੂਠੇ ਮਾਣ ਵਿੱਚ ਫਸ ਕੇ ਅਸੀਂ ਸਮਾਜ ਦੀ ਪ੍ਰੇਸ਼ਾਨੀ ਦਾ ਕਾਰਨ ਬਣਦੇ ਹਾਂ। ਸਾਡੇ ਜੀਵਨ ਦਾ ਮਨੋਰਥ ਕਿਸੇ ਨੂੰ ਪ੍ਰੇਸ਼ਾਨ ਕਰਨ ਦਾ ਨਹੀਂ ਹੈ, ਸ਼ੇਰ ਵਰਗਾ ਜੀਵਨ ਜਿਉਂਣ ਦਾ ਨਹੀਂ ਹੈ। ਇਹੋ ਜਿਹਾ ਜੀਵਨ ਜਿਉਂਣ ਨਾਲ ਅੰਤ ਸਾਨੂੰ ਪਛਤਾਉਣਾ ਹੀ ਪੈਂਦਾ ਹੈ ਭਾਵ ਸਾਨੂੰ ਮਾੜੇ ਕਰਮ ਨਾ ਕਰਨ ਲਈ ਪ੍ਰੇਰਿਆ ਹੈ। **(ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥ ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ॥)** ਆਕੜ ਰੱਖਣ ਵਾਲੇ ਮਨੁੱਖ ਭਾਵੇਂ ਕੋਈ ਕਿਸੇ ਵੀ ਰੂਪ ਵਿੱਚ ਰੱਖਦਾ ਹੋਵੇ, ਹੰਕਾਰੇ ਹੋਏ ਮਨੁੱਖ ਪ੍ਰਮਾਤਮਾ ਨੂੰ ਕਦੇ ਨਹੀਂ ਭਾਉਂਦੇ ਭਾਵੇਂ ਕੋਈ ਕਿਸੇ ਰੂਪ ਵਿੱਚ ਵੀ ਆਪਣੇ ਆਪ ਨੂੰ ਉੱਚਾ ਕਰ ਕੇ ਸਮਾਜ

ਦਾ ਮਾੜਾ ਕਰਦਾ ਹੈ। ਜਿੰਨ੍ਹਾਂ ਨੂੰ ਧਰਮ ਦੇ ਝੂਠੇ ਠੇਕੇਦਾਰ ਕਿਹਾ ਗਿਆ ਹੈ ਉਨ੍ਹਾਂ ਨੇ ਵੀ ਆਪਣੇ ਝੂਠੇ ਮਾਣ ਦੁਆਰਾ ਆਪਣੇ ਆਪ ਨੂੰ ਉੱਚਾ ਕੀਤਾ ਹੋਇਆ ਹੈ, ਆਪਣੀ ਹਉਮੈ ਉੱਚੀ ਕੀਤੀ ਹੋਈ ਹੈ। ਆਪਣੇ ਇਸ ਉੱਚੇ ਰੁਤਬੇ ਦੁਆਰਾ ਉਹ ਨਾਮ ਦੀ ਝੂਠੀ ਸਿੱਖਿਆ ਦਾ ਪ੍ਰਚਾਰ ਕਰਕੇ ਅਸਲ ਵਿੱਚ ਸਮਾਜ ਦਾ ਨੁਕਸਾਨ ਹੀ ਕਰ ਰਹੇ ਹਨ, ਸਮਾਜ ਨੂੰ ਅਸਲ ਸੱਚ ਤੋਂ, ਅਸਲ ਗੁਣਾਂ ਤੋਂ ਦੂਰ ਕਰ ਰਹੇ ਹਨ ਜਿਸ ਦੁਆਰਾ ਸਮਾਜ ਵਿੱਚ ਭ੍ਰਿਸ਼ਟਾਚਾਰ ਨੂੰ ਵਧਾਵਾ ਦੇਣ ਵਾਲੀ ਗੱਲ ਹੀ ਹੈ। ਇਹ ਭ੍ਰਿਸ਼ਟਾਚਾਰ ਸਮਾਜ ਲਈ ਕਿਤਨਾ ਕੁ ਮਾੜਾ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਸੱਚੇ ਠੇਕੇਦਾਰ ਦਾ ਮਕਸਦ ਸਮਾਜ ਨੂੰ, ਪੂਰੇ ਸਮਾਜ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨ ਦਾ ਹੈ ਤੇ ਇਹ ਨਕਲੀ ਠੇਕੇਦਾਰ ਧਰਮ ਦੀ, ਨਾਮ ਦੀ ਪੁੱਠੀ ਸਿੱਖਿਆ ਦੇ ਕੇ ਉਲਟਾ ਭ੍ਰਿਸ਼ਟਾਚਾਰ ਨੂੰ ਤੂਲ ਦੇਣ ਵਾਲਾ ਕੰਮ ਕਰਦੇ ਹਨ। ਉਨ੍ਹਾਂ ਦੇ ਇਹੋ ਜਿਹਾ ਪ੍ਰਚਾਰ ਕਰਨ ਦੁਆਰਾ ਮਾੜੇ ਕਰਮ ਕਰਨ ਵਾਲੇ ਮਨੁੱਖ ਵੀ ਕੇਵਲ ਇੱਕ ਅੱਖਰ ਦਾ ਜਪ ਕਰੀ ਜਾਣ ਨਾਲ, ਸਵੇਰੇ ਸ਼ਾਮ ਮੱਥੇ ਟੇਕੀ ਜਾਣ ਨਾਲ ਹੀ ਆਪਣੇ ਆਪ ਨੂੰ ਧਰਮੀ ਸਮਝੀ ਬੈਠੇ ਹਨ, ਨਾਮ ਰਸੀਏ ਸਮਝੀ ਬੈਠੇ ਹਨ। ਸਾਨੂੰ ਉਲਝਾਉਣ ਵਾਲੇ ਉਹੀ ਹਨ ਜਿੰਨ੍ਹਾਂ ਨੂੰ ਅਸੀਂ ਝੂਠਾ ਮਾਣ ਦਿੱਤਾ ਹੋਇਆ ਹੈ। ਝੂਠਾ ਮਾਣ ਆਖਰ ਸਮਾਜ ਨੂੰ ਖਰਾਬ ਹੀ ਕਰਦਾ ਹੈ ਭਾਵੇਂ ਉਹ ਕਿਸ ਰੂਪ ਵਿੱਚ ਵੀ ਹੋਵੇ। ਜਿਸ ਦੇ ਅੰਦਰ ਸੱਚ ਹੈ ਉਹ ਕਦੇ ਕਿਸੇ ਗੱਲ ਦਾ ਮਾਣ ਨਹੀਂ ਕਰਦਾ, ਆਪਣੇ ਉੱਚੇ ਰੁਤਬੇ ਦਾ ਮਾਣ ਨਹੀਂ ਕਰਦਾ। ਉਹ ਕੇਵਲ ਸੱਚ ਤੇ ਚੱਲਣ ਦਾ ਮਾਣ ਹੀ ਕਰਦਾ ਹੈ। ਸੱਚ ਨੂੰ ਉੱਚਾ ਕਰਨਾ ਗੁਰਮਤਿ ਨੂੰ ਉੱਚਾ ਕਰਨਾ ਹੈ, ਨਾਮ ਨੂੰ ਉੱਚਾ ਕਰਨਾ ਹੈ ਤੇ ਪ੍ਰਮਾਤਮਾ ਨੂੰ ਕੇਵਲ ਇਹ ਕੁੱਝ ਹੀ ਭਾਉਂਦਾ ਹੈ ਕਿ ਅਸੀਂ ਸੱਚ ਦੁਆਰਾ ਵਿਚਰੀਏ ਤੇ ਆਪਣੇ ਜੀਵਨ ਵਿੱਚ ਸੱਚ ਨੂੰ ਹੀ ਉੱਚਾ ਕਰੀਏ। **(ਅੰਧਾ ਕਿਸ ਨੋ ਬੁਕਿ ਸੁਣਾਵੈ॥ ਖਸਮੈ ਮੂਲਿ ਨ ਭਾਵੈ॥)**

ਪ੍ਰਮਾਤਮਾ ਨੂੰ ਕਿਹੋ ਜਿਹੇ ਮਨੁੱਖ ਭਾਉਂਦੇ ਹਨ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥

ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਨਾਲ ਪ੍ਰੀਤ ਕਰਨੀ ਹੀ ਸਿਖਾਈ ਹੈ ਕਿ ਉਸ ਨਾਲ ਪ੍ਰੀਤ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ। ਸਾਨੂੰ ਗੁਰੂ ਨਾਲ ਉਹੋ ਜਿਹੀ ਪ੍ਰੀਤ ਕਰਨੀ ਸਿਖਾਈ ਹੈ ਜਿਹੋ ਜਿਹੀ ਪ੍ਰੀਤ ਅੱਕ ਦਾ ਤਿੱਡਾ ਅੱਕ ਦੇ ਨਾਲ ਕਰਦਾ ਹੈ, ਅੱਕ ਦੇ ਬੂਟੇ ਦੇ ਨਾਲ ਕਰਦਾ ਹੈ। ਅੱਕ ਦਾ ਤਿੱਡਾ ਆਪਣੀ ਖੁਰਾਕ ਅੱਕ ਦੇ ਬੂਟੇ ਵਿੱਚੋਂ ਹੀ ਲੈਂਦਾ ਹੈ। ਅੱਕ ਦਾ ਰਸ ਕੌੜਾ ਹੁੰਦਾ ਹੈ ਪਰ ਫਿਰ ਵੀ ਉਹ

ਅੱਕ ਦੇ ਬੂਟੇ ਨੂੰ ਨਹੀਂ ਛੱਡਦਾ, ਉਸਦੇ ਨਾਲ ਹੀ ਜੁੜਿਆ ਰਹਿੰਦਾ ਹੈ। ਉਹ ਅੱਕ ਦੇ ਰਸ ਵਿੱਚ ਹੀ ਮਿਠਾਸ ਮਹਿਸੂਸ ਕਰਦਾ ਹੈ। ਇਸੇ ਤਰ੍ਹਾਂ ਜੇਕਰ ਅਸੀਂ ਗੁਰੂ ਦੇ ਨਾਲ ਆਪਣੀ ਪ੍ਰੀਤ ਦਿਖਾਉਣੀ ਹੈ ਤੇ ਸਾਡੇ ਲਈ ਗੁਰਮਤਿ ਉਸ ਅੱਕ ਦੀ ਡਾਲੀ ਦੀ

ਤਰ੍ਹਾਂ ਹੈ ਜਿਸ ਨੂੰ ਤਿੱਡਾ ਨਹੀਂ ਛੱਡਦਾ। ਗੁਰਮਤਿ ਦਾ ਰਸ ਸਾਡੇ ਲਈ ਅੱਕ ਦੇ ਰਸ ਦੀ ਤਰ੍ਹਾਂ ਕੌੜਾ ਹੀ ਹੈ ਭਾਵ ਇਸ ਰਸ ਨੂੰ ਪੀਣਾ ਸਾਡੇ ਲਈ ਔਖਾ ਹੈ ਭਾਵ ਗੁਰਮਤਿ ਅਨੁਸਾਰ ਜੀਵਨ ਜਿਉਣਾ ਔਖਾ ਹੈ। ਗੁਰਮਤਿ ਸਾਨੂੰ ਕੇਵਲ ਸੱਚ ਦੁਆਰਾ ਵਿਚਰਨ ਲਈ ਪ੍ਰੇਰਦੀ ਹੈ, ਮਾਇਅ ਮੋਹ ਤਿਆਗਣ ਲਈ ਪ੍ਰੇਰਦੀ ਹੈ, ਝੂਠਾ ਮਾਣ, ਹਉਮੈ, ਅਹੰਕਾਰ ਛੱਡਣ ਲਈ ਪ੍ਰੇਰਦੀ ਹੈ, ਔਗੁਣ ਤਿਆਗ ਕੇ ਗੁਣਾਂ ਦੇ ਧਾਰਨੀ ਬਣ ਕੇ ਵਿਚਰਨ ਲਈ ਪ੍ਰੇਰਦੀ ਹੈ ਜਿਸਨੂੰ ਮੰਨਣਾ ਸਾਡੇ ਲਈ ਬਹੁਤ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ। ਇਹੋ ਜਿਹਾ ਔਖਾਪਣ, ਕੌੜਾ ਰਸ ਕਬੂਲ ਕਰਕੇ ਹੀ ਕੋਈ ਖੁਦਾਇ ਖੁਦਾਇ ਕਰ ਸਕਦਾ ਹੈ ਭਾਵ ਉਸਦਾ ਨਾਮ ਜਪ ਸਕਦਾ ਹੈ ਅੱਕ ਦਾ ਤਿੱਡਾ ਇਸ ਤਰੀਕੇ ਦੇ ਨਾਲ ਖੁਦਾਇ ਖੁਦਾਇ ਕਰ ਰਿਹਾ ਹੈ ਭਾਵ ਉਸਨੇ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਕਬੂਲ ਕੀਤਾ ਹੋਇਆ ਹੈ। ਉਹ ਗੁਰਮਤਿ 'ਤੇ ਦ੍ਰਿੜ ਹੈ ਆਪਣੇ ਅੱਕ ਦੇ ਬੂਟੇ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਉਸਨੂੰ ਛੱਡ ਕੇ ਨਹੀਂ ਜਾਂਦਾ। ਇਸੇ ਤਰ੍ਹਾਂ ਜਦੋਂ ਸਾਡੇ ਮਨ ਦੀ ਬਿਰਤੀ ਅੱਕ ਦੇ ਤਿੱਡੇ ਵਾਲੀ ਬਣ ਜਾਵੇਗੀ ਫਿਰ ਅਸੀਂ ਗੁਰਮਤਿ ਨੂੰ ਕਦੇ ਨਹੀਂ ਛੱਡਾਂਗੇ ਭਾਵੇਂ ਉਸਨੂੰ ਮੰਨਣਾ ਸਾਨੂੰ ਕਿਤਨਾ ਵੀ ਔਖਾ ਲੱਗੇ। ਗੁਰਮਤਿ ਅਨੁਸਾਰ ਵਿਚਰਨਾ ਹੀ ਹਰ ਵੇਲੇ ਖੁਦਾਇ ਖੁਦਾਇ ਕਰਨਾ ਹੈ, ਵਾਹਿਗੁਰੂ ਵਾਹਿਗੁਰੂ ਕਰਨਾ ਹੈ, ਰਾਮ ਰਾਮ ਕਰਨਾ ਹੈ ਜਿਸ ਲਈ ਮੂੰਹੋਂ ਕੁੱਝ ਬੋਲਣ ਦੀ ਲੋੜ ਨਹੀਂ ਹੈ ਕਿਉਂਕਿ ਸਾਡੇ ਮਨ ਦੀ ਬਿਰਤੀ ਵਾਹਿਗੁਰੂ ਨਾਲ ਜੁੜੀ ਹੁੰਦੀ ਹੈ, ਰਾਮ ਨਾਲ ਜੁੜੀ ਹੁੰਦੀ ਹੈ, ਖੁਦਾ ਨਾਲ ਜੁੜੀ ਹੁੰਦੀ ਹੈ ਭਾਵ ਸੱਚ ਨਾਲ ਜੁੜੀ ਹੁੰਦੀ ਹੈ। ਸਾਰੇ ਸੰਸਾਰ ਲਈ ਨਾਮ ਜਪਣ ਦਾ ਮਾਰਗ ਇਹੋ ਹੀ ਹੈ। ਸੱਚਾ ਧਰਮ ਦਾ ਠੇਕੇਦਾਰ ਤਾਂ ਸਾਨੂੰ ਇਹੋ ਜਿਹਾ ਨਾਮ ਜਪਣਾ ਹੀ ਸਮਝਾ ਰਿਹਾ ਹੈ, ਵਾਰ-ਵਾਰ ਸਮਝਾ ਰਿਹਾ ਹੈ। **(ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥ ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥)**

ਜਿਵੇਂ ਕਿ ਅਸੀਂ ਉੱਪਰ ਜਾਣਿਆ ਹੈ ਕਿ ਮਾਇਆ ਮੋਹ ਵਿੱਚੋਂ ਨਿਕਲੇ ਬਿਨ੍ਹਾਂ, ਝੂਠੇ ਮਾਣ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਗੁਰਮਤਿ ਤੇ ਨਹੀਂ ਚੱਲ ਸਕਦਾ ਪਰ ਫਿਰ ਵੀ ਇਸ ਮਾਇਆ ਮੋਹ ਵਿੱਚੋਂ ਨਿਕਲਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ, ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਵਾਲਾ

ਕਹਿਣ ਵਾਲੇ ਬਹੁਤ ਹਨ, ਆਪਣੇ ਆਪ ਨੂੰ ਨਾਮ ਜਪਣ ਵਾਲਾ ਕਹਿਣ ਵਾਲੇ ਬਹੁਤ ਹਨ ਪਰ ਅਸਲ ਵਿੱਚ ਮਾਇਆ ਮੋਹ ਵਿੱਚੋਂ ਆਪਣੇ ਆਪ ਕੋਈ ਨਹੀਂ ਨਿਕਲ ਸਕਦਾ, ਆਪਣੇ ਆਪ ਵਿਕਾਰ ਮੁਕਤ ਕੋਈ ਨਹੀਂ ਹੋ ਸਕਦਾ ਆਪਣੇ ਆਪ ਇਸ ਮਾਇਆ ਮੋਹ ਦੇ ਸਾਗਰ ਤੋਂ ਕੋਈ ਨਹੀਂ ਤਰ ਸਕਦਾ। ਪ੍ਰਮਾਤਮਾ ਜਿਸ ਤੇ ਆਪ ਹੀ ਆਪਣੀ ਕ੍ਰਿਪਾ ਕਰਕੇ ਇਸ ਮਾਇਆ ਮੋਹ ਵਿੱਚੋਂ ਕੱਢਦਾ ਹੈ ਉਹੀ ਇਸ ਵਿੱਚੋਂ ਨਿਕਲ ਸਕਦਾ ਹੈ ਤੇ ਉਸ ਦਾ ਨਾਮ ਜਪ ਸਕਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥

ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥

ਮਖੀ ਮਿਠੈ ਮਰਣਾ॥ ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ॥੨॥”

ਉੱਪਰ ਪਹਿਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ ਸਾਡੇ ਦੁੱਖਾਂ ਵਿੱਚ ਪੈਣ ਦਾ ਕਾਰਨ ਕੀ ਹੈ ਭਾਵ ਵਾਰ-ਵਾਰ ਜੂਨਾਂ ਵਿੱਚ ਪੈਣ ਦਾ ਕਾਰਨ ਕੀ ਹੈ, ਸਾਨੂੰ ਸਜ਼ਾਵਾਂ ਵਿੱਚ ਪੈਣ ਦਾ ਕਾਰਨ ਕੀ ਹੈ, ਇਸ ਸੰਸਾਰ ਵਿੱਚ ਰਹਿੰਦੇ ਹੋਏ ਅਸੀਂ ਮਾਇਆ ਵਿੱਚ, ਝੂਠੇ ਮਾਣ ਸਤਿਕਾਰ ਵਿੱਚ, ਸੁੱਖ ਦੀ ਪ੍ਰਾਪਤੀ ਸਮਝਦੇ ਹਾਂ। ਮਾਇਆ ਮੋਹ ਦਾ ਸੁੱਖ ਇੱਕ ਝੂਠਾ ਸੁੱਖ ਹੀ ਹੈ ਜੋ ਸਾਡੇ ਸਾਰੇ ਦੁੱਖਾਂ ਦਾ ਕਾਰਨ ਬਣਦਾ ਹੈ। ਮਾਇਆ ਦੇ ਸੁੱਖ ਲੈਣ ਲਈ ਸਾਨੂੰ ਅਨੇਕਾਂ ਮਾੜੇ ਕਰਮ ਵੀ ਕਰਨੇ ਪੈਂਦੇ ਹਨ ਜਿਵੇਂ ਕਿ ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਾਨੂੰ ਹਾਥੀ ਤੇ ਸ਼ੇਰ ਦੇ ਜੀਵਨ ਦਾ ਹਵਾਲਾ ਦੇ ਕੇ ਸਮਝਾਇਆ ਹੋਇਆ ਹੈ। ਇਸ ਦੁਨੀਆਂ ਦੇ ਸੁੱਖ ਚਾਰ ਦਿਹਾੜੇ ਦੇ ਹੀ ਹਨ ਭਾਵ ਇਹ ਸੁੱਖ ਬਹੁਤੀ ਦੇਰ ਨਹੀਂ ਚੱਲਦੇ ਪਰ ਇਸ ਮਾਇਆ ਮੋਹ ਵਿੱਚ ਫਸ ਕੇ ਅਸੀਂ ਆਪਣੇ ਦੁੱਖਾਂ ਦਾ ਕਾਰਨ ਜਰੂਰ ਇਕੱਠਾ ਕਰ ਲੈਂਦੇ ਹਾਂ। **(ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥)** ਮਾਇਆ ਮੋਹ ਦੇ ਸੁੱਖਾਂ ਨੂੰ ਤਿਆਗਣ ਦੀਆਂ ਗੱਲਾਂ ਬਹੁਤ ਕਰਦੇ ਹਨ। ਜਿਤਨੇ ਵੀ ਉਸਦੀ ਭਗਤੀ ਵਿੱਚ ਲੱਗੇ ਹੋਏ ਆਪਣੇ ਆਪ ਨੂੰ ਸਮਝਦੇ ਹਨ ਉਹੀ ਲੋਕ ਇਹੋ ਜਿਹੀਆਂ ਗੱਲਾਂ ਕਰਦੇ ਹਨ। ਜਿਸਨੇ ਆਪਣਾ ਘਰ ਬਾਰ ਤਿਆਗਿਆ ਹੋਇਆ ਹੈ ਉਹ ਵੀ ਇਸਨੂੰ ਸੁੱਖ ਤਿਆਗਣਾ ਸਮਝਦਾ ਹੈ। ਜਿਸਨੇ ਜਪ ਤਪ ਕਰਨ ਲਈ ਨੀਂਦ ਤਿਆਗੀ ਹੋਈ ਹੈ ਉਹ ਵੀ

ਇਸਨੂੰ ਸੁੱਖ ਦਾ ਤਿਆਗ ਹੀ ਸਮਝਦਾ ਹੈ। ਜੋ ਨਾਮ ਦੀ ਸਿੱਖਿਆ ਸਮਝਾਉਣ ਲਈ ਪ੍ਰਚਾਰ ਕਰਨ ਲਈ ਜਾਂਦੇ ਹਨ ਉਹ ਇਸਨੂੰ ਆਪਣਾ ਸੁੱਖ ਤਿਆਗਣਾ ਹੀ ਸਮਝਦੇ ਹਨ ਤੇ ਇਸੇ ਤਰ੍ਹਾਂ ਹੋਰ ਵੀ ਇਸੇ ਤਰ੍ਹਾਂ ਦੇ ਅਨੇਕਾਂ ਕਰਮ ਜਿੰਨ੍ਹਾਂ ਨੂੰ

19/2007

ਅਸੀਂ ਆਪਣੇ ਧਰਮ, ਕਰਮ ਆਦਿ ਸਮਝਦੇ ਹਾਂ, ਤੀਰਥਾਂ ਆਦਿ ਤੇ ਜਾਂਦੇ ਹਾਂ, ਉੱਚੀਆਂ-ਉੱਚੀਆਂ ਚੜ੍ਹਾਈਆਂ ਚੜ੍ਹਦੇ ਹਾਂ, ਇਨ੍ਹਾਂ ਨੂੰ ਸੁੱਖ ਦਾ ਤਿਆਗ ਹੀ ਸਮਝਦੇ ਹਾਂ। ਇਹ ਸਭ ਕੁੱਝ ਮਾਇਆ ਮੋਹ ਹੀ ਹੈ। ਸੁੱਖ ਦਾ ਤਿਆਗ ਆਪਣੇ ਅੰਦਰ ਔਗੁਣਾਂ ਦਾ ਤਿਆਗ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ ਆਦਿ ਦਾ ਤਿਆਗ ਹੈ ਜਿਸ ਦੁਆਰਾ ਅਸੀਂ ਉਸ ਅਸਲ ਸੁੱਖ ਦੀ ਪ੍ਰਾਪਤੀ ਕਰਦੇ ਹਾਂ ਜੋ ਕੇਵਲ ਸਾਡੇ ਅੰਦਰ ਗੁਣਾਂ ਦੇ ਵੱਸਣ ਦੁਆਰਾ, ਸੱਚ ਦੇ ਵੱਸਣ ਦੁਆਰਾ ਹੁੰਦੀ ਹੈ। ਇਸ ਮਾਇਆ ਮੋਹ ਵਿੱਚੋਂ ਨਿਕਲਣਾ, ਲੋਭ, ਲਾਲਚ ਵਾਲੀ ਬਿਰਤੀ ਵਿੱਚੋਂ ਨਿਕਲਣਾ ਬਹੁਤ ਔਖਾ ਹੈ। **(ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥)**

ਇਹ ਮਾਇਆ ਮੋਹ ਪ੍ਰਮਾਤਮਾ ਨੇ ਸਭ ਵਿੱਚ ਬਹੁਤ ਮਿੱਠਾ ਕਰਕੇ ਪਾਇਆ ਹੋਇਆ ਹੈ ਭਾਵ ਸਭ ਨੂੰ ਚੰਗਾ ਲੱਗਦਾ ਹੈ ਤੇ ਸਾਡੇ ਮਨ ਦੀ ਬਿਰਤੀ ਮੱਖੀ ਦੀ ਤਰ੍ਹਾਂ ਇਸ ਮਿੱਠੇ ਤੇ ਹੀ ਮਰਦੀ ਹੈ ਭਾਵ ਇਹ ਮਾਇਆ ਮੋਹ ਹੀ ਸਾਡੇ ਜੀਵਨ ਨੂੰ ਖਰਾਬ ਕਰਦੀ ਹੈ। **(ਮਖੀ ਮਿਠੈ ਮਰਣਾ॥)**

ਜਿਸ ਨੇ ਸਾਡੇ ਅੰਦਰ ਇਹ ਮਾਇਆ ਮੋਹ ਪਾਇਆ ਹੋਇਆ ਹੈ, ਮਾਇਆ ਦੀ ਜੁਗਤਿ ਦੁਆਰਾ ਸਾਨੂੰ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਉਹ ਸਾਡੇ ਅੰਦਰ ਹੀ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਮਾਇਆ ਮੋਹ ਵਿੱਚੋਂ ਹੀ ਕੱਢਦਾ ਹੈ ਤੇ ਉਸ ਤੋਂ ਬਾਅਦ ਹੀ ਫਿਰ ਮਾਇਆ ਮੋਹ ਵਾਲੇ ਵਿਚਾਰ ਸਾਨੂੰ ਤੰਗ ਨਹੀਂ ਕਰਦੇ ਜੋ ਕਿ ਉਸਦੇ ਆਪਣੇ ਹੱਥ ਵਿੱਚ ਹੀ ਹਨ। ਮਨ ਦੀ ਇਸ ਮਾੜੀ ਬਿਰਤੀ ਵਿੱਚੋਂ ਨਿਕਲ ਕੇ ਹੀ, ਮਾਇਆ ਦੀ ਜੁਗਤਿ ਵਿੱਚੋਂ ਨਿਕਲ ਕੇ ਹੀ ਇਸ ਮਾਇਆ ਦੇ ਸਾਗਰ ਤੋਂ ਤਰਿਆ ਜਾ ਸਕਦਾ ਹੈ। ਮਾਇਆ ਦੇ ਇਸ ਸਾਗਰ ਨੂੰ "ਭਉ ਸਾਗਰੁ" ਕਿਹਾ ਹੈ। ਸਾਡੇ ਅੰਦਰ ਇਸ ਮਾਇਆ ਦਾ ਭਉ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਇਹ ਮਾਇਆ ਮੋਹ ਨੂੰ ਛੱਡਣ ਦਾ ਭਉ ਹੈ, ਇਸ ਵਿੱਚੋਂ ਨਿਕਲਣ ਦਾ ਭਉ ਹੈ। ਇਸ ਭਉ ਵਿੱਚੋਂ ਨਿਕਲ ਕੇ ਹੀ ਅਸੀਂ ਗੁਰਮਤਿ ਦਾ ਭਉ ਕਬੂਲ ਕਰ ਸਕਦੇ ਹਾਂ, ਨਾਮ ਤੇ ਚੱਲਣ ਦਾ ਭਉ ਕਬੂਲ ਕਰ ਸਕਦੇ ਹਾਂ ਜਿਸਨੂੰ ਕਿ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। **(ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ॥੨॥)**

19/2008

ਅਸੀਂ ਜੋ ਵੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ, ਜਪ ਤਪ ਆਦਿ ਸਮਝਿਆ ਹੋਇਆ ਹੈ ਉਹ ਕੁੱਝ ਕਰਨ ਦੁਆਰਾ ਅਸੀਂ ਆਪਣੇ ਆਪ ਨੂੰ ਗੁਰੂ ਦਾ ਸੇਵਕ ਸਮਝਦੇ ਹਾਂ ਕਿ ਅਸੀਂ ਗੁਰੂ ਦੀ ਸੇਵਾ ਵਿੱਚ ਲੱਗੇ ਹੋਏ ਹਾਂ। ਦਿਨ ਰਾਤ ਕਿਸੇ ਅੱਖਰ ਦਾ ਜਪ ਕਰੀ ਜਾਣ ਨਾਲ, ਗੁਰੂ ਗੁਰੂ ਕਰੀ ਜਾਣ ਨਾਲ ਅਸੀਂ ਨਾਮ ਦੀ ਵਣਜ ਕਰਨਾ ਸਮਝਦੇ ਹਾਂ ਤੇ ਇਹ ਸਭ ਕੁੱਝ ਅਸੀਂ ਉਨ੍ਹਾਂ ਕੋਲੋਂ ਸਿੱਖਿਆ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ। ਆਓ ਹੁਣ ਅਗਲੇ ਸ਼ਬਦ ਦੁਆਰਾ ਇਹ ਸਮਝੀਏ ਤੇ ਮਨ ਵਿੱਚ ਦ੍ਰਿੜ ਕਰੀਏ ਕਿ ਗੁਰੂ ਦੇ ਸੇਵਕ ਕਿਸ ਤਰੀਕੇ ਨਾਲ ਬਣਿਆ ਜਾ ਸਕਦਾ ਹੈ, ਨਾਮ ਦੀ ਵਣਜ ਕਿਸ ਤਰੀਕੇ ਨਾਲ ਹੋ ਸਕਦੀ ਹੈ। ਉਹ ਕਿਹੜਾ ਵੱਖਰ ਹੈ ਜੋ ਅਸੀਂ ਇਸ ਸੰਸਾਰ ਵਿੱਚੋਂ ਲੈ ਕੇ ਅੱਗੇ ਜਾਣਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਇਹ ਸਭ ਕੁੱਝ ਬੜੇ ਹੀ ਸਰਲ ਤੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਹਰ ਕੋਈ ਸਮਝ ਸਕਦਾ ਹੈ, ਉਹ ਵੀ ਸਮਝ ਸਕਦੇ ਹਨ ਜੋ ਹੁਣ ਤੱਕ ਸਾਨੂੰ ਭੁਲਾਉਂਦੇ ਆਏ ਹਨ। ਕੇਵਲ ਗੁਰੂ ਦੀ ਗੱਲ ਤੇ, ਧਰਮ ਦੇ ਸੱਚੇ ਠੇਕੇਦਾਰ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ।

ਮਾਰੂ ਮਹਲਾ ੫॥

“ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥

ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫॥"

(ਅੰਗ ੧੦੦੦)

ਸ਼ਬਦ ਦੀਆਂ ਅਗਰ ਪਹਿਲੀਆਂ ਦੋ ਪੰਗਤੀਆਂ ਹੀ ਸਮਝ ਲਈਏ ਤੇ ਸਾਰੀ ਗੱਲ ਦਾ ਨਿਬੇੜਾ ਹੋ ਜਾਂਦਾ ਹੈ ਕਿ ਸਾਡੇ ਆਪਣੇ ਕੌਣ ਹਨ ਤੇ ਦੂਸਰੇ ਕੌਣ ਹਨ। ਜੇਕਰ ਇਤਨੀ ਗੱਲ ਵੀ ਸਮਝ ਆ ਜਾਵੇ ਕਿ ਸਾਡਾ ਸਵਾਰਦੇ ਕੌਣ ਹਨ ਤੇ ਵਿਗਾੜਦੇ ਕੌਣ ਹਨ ਫਿਰ ਗੁਰੂ ਦੀ ਸੇਵਾ ਵੀ ਸਮਝ ਆ ਜਾਵੇਗੀ, ਨਾਮ ਦੀ ਵਣਜ ਵੀ ਸਮਝ ਆ ਜਾਵੇਗੀ, ਇਸ ਜੀਵਨ ਦਾ ਮਨੋਰਥ ਵੀ ਸਮਝ ਆ ਜਾਵੇਗਾ। ਇਸ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਸੇਵਕ ਦਾ ਜੀਵਨ ਹੀ ਸਮਝਾਇਆ ਹੋਇਆ ਹੈ ਕਿ ਉਹ ਕਿਹੋ ਜਿਹਾ ਜੀਵਨ ਜਿਉਂਦਾ ਹੈ ਭਾਵ ਸਾਨੂੰ ਇਹੋ ਜਿਹਾ ਜੀਵਨ ਜਿਉਣ ਲਈ ਪ੍ਰੇਰਿਆ ਹੋਇਆ ਹੈ।

"ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥"

ਸਾਰੀ ਗੱਲ ਸਾਡੀ ਮਨ ਦੀ ਬਿਰਤੀ ਤੇ ਨਿਬੜਦੀ ਹੈ, ਮਨ ਦੇ ਸੱਚ-ਝੂਠ ਤੇ ਨਿਬੜਦੀ ਹੈ, ਮਨ ਦੇ ਗੁਣਾਂ-ਔਗੁਣਾਂ ਤੇ ਨਿਬੜਦੀ ਹੈ ਜਿਸ ਦਾ ਮੂਲ ਸਾਡੇ ਮਨ ਦੀ ਸੋਝੀ ਹੈ। ਪ੍ਰਮਾਤਮਾ ਦਾ ਸੇਵਕ ਉਹੀ ਬਣ ਸਕਦਾ ਹੈ, ਗੁਰੂ ਦੀ ਸੇਵਾ ਉਹੀ ਕਰਦਾ ਹੈ, ਜਿਸਨੂੰ ਉਸਦੀ ਗੁਰਮਤਿ ਦੀ ਸੋਝੀ ਹੈ, ਜੋ ਉਸਦੇ ਸ਼ਬਦ ਦਾ ਵਿਚਾਰੀ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

19/2009

ਜੋ ਉਸਦਾ ਸੇਵਕ ਹੈ, ਜੋ ਉਸਦੀ ਸੇਵਾ ਨੂੰ ਜਾਣਦਾ ਹੈ, ਸਮਝਦਾ ਹੈ ਭਾਵ ਜੋ ਉਸਦੇ ਸ਼ਬਦ ਦਾ ਵਿਚਾਰੀ ਹੈ ਉਹ ਮਾਣ, ਮੋਹ, ਲੋਭ ਅਤੇ ਵਿਕਾਰਾਂ ਨੂੰ ਆਪਣੇ ਚਿੱਤ ਦੇ ਵਿੱਚ ਨਹੀਂ ਲਿਆਉਂਦਾ ਭਾਵ ਉਹ ਹਰ ਤਰੀਕੇ ਦੇ ਵਿਕਾਰਾਂ ਤੋਂ ਦੂਰ ਰਹਿੰਦਾ ਹੈ ਕਿਉਂਕਿ ਗੁਰਮਤਿ ਸਾਨੂੰ ਇਨ੍ਹਾਂ ਨੂੰ ਛੱਡਣ ਲਈ ਹੀ ਸਮਝਾਉਂਦੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਇਨਸਾਨ ਬਣ ਕੇ ਵਿਚਰੀਏ, ਕਿਸੇ ਦਾ ਮਾੜਾ ਨਾ ਕਰੀਏ, ਝੂਠਾ ਮਾਣ ਨਾ ਕਰੀਏ। ਇਹ ਸਾਰੇ ਵਿਕਾਰ ਉਸਦੇ ਲਈ "ਬੀਓ" ਹਨ ਭਾਵ ਇਹ ਗੁਰਮਤਿ ਤੋਂ ਦੂਸਰਾ ਪਾਸਾ ਹੈ, ਗੁਰਮਤਿ ਜਿਸਨੂੰ ਮਾੜਾ ਕਹਿੰਦੀ ਹੈ ਉਸਨੂੰ ਸਾਡੇ ਲਈ ਹੀ ਮਾੜਾ ਕਹਿੰਦੀ ਹੈ ਤੇ ਉਸਦਾ ਸੇਵਕ ਇਹ ਜਾਣਦਾ ਹੈ ਕਿ ਇਹ ਔਗੁਣ ਮਾੜੇ ਹਨ ਤੇ ਇਸੇ ਲਈ ਉਹ ਇਨ੍ਹਾਂ ਨੂੰ ਆਪਣੇ ਚਿੱਤ ਦੇ ਵਿੱਚ ਨਹੀਂ ਆਉਣ ਦਿੰਦਾ। **(ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥)** ਔਗੁਣਾਂ ਨੂੰ ਆਪਣੇ ਅੰਦਰ ਨਾ ਵੱਸਣ ਦੇਣ ਦੇ ਨਾਲ ਫਿਰ ਤਾਂ ਹੀ ਸਾਡੇ ਅੰਦਰ ਗੁਣ ਵੱਸਦੇ ਹਨ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥"

ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ, ਵੱਡੇ-ਵੱਡੇ ਨਾਮ ਦੇ ਠੇਕੇਦਾਰ ਅਖਵਾਉਣ ਵਾਲੇ ਜਿੰਨ੍ਹਾਂ ਨੇ ਸਾਨੂੰ ਨਾਮ ਜਪਣਾ ਸਮਝਾਇਆ ਹੋਇਆ ਹੈ ਉਹ ਉਪਰਲੀਆਂ ਪੰਗਤੀਆਂ ਨੂੰ ਪੜ੍ਹ ਕੇ ਇਹ ਕਹਿ ਸਕਦੇ ਹਨ ਕਿ ਇੱਕ ਅੱਖਰ ਨੂੰ ਬੋਲੀ ਜਾਣਾ ਨਾਮ ਦੀ ਵਣਜ ਕਰਨਾ ਨਹੀਂ ਹੈ। ਇਸ ਤੋਂ ਸਪੱਸ਼ਟ ਗੁਰੂ ਸਾਹਿਬ ਸਾਨੂੰ ਹੋਰ ਕੀ ਸਮਝਾਉਣ ਕਿ ਨਾਮ ਦੀ ਵਣਜ ਕਿਵੇਂ ਹੋਣੀ ਹੈ। "ਨਾਮ ਰਤਨੁ" ਸਾਡੇ ਅੰਦਰ ਦੇ ਗੁਣ ਹਨ ਜੋ ਕਿ ਔਗੁਣਾਂ ਦਾ ਪੁੱਠਾ ਪਾਸਾ ਹਨ। ਜਿੱਥੇ ਔਗੁਣ ਹਨ

ਉੱਥੇ ਗੁਣ ਨਹੀਂ ਹਨ ਤੇ ਜਿਸ ਮਨ ਦੇ ਵਿੱਚ ਗੁਣ ਵੱਸ ਜਾਂਦੇ ਹਨ ਉਸ ਮਨ ਵਿੱਚ ਔਗੁਣ ਨਹੀਂ ਰਹਿ ਸਕਦੇ, ਉੱਥੇ ਮਾਣ, ਮੋਹ ਅਤੇ ਲੋਭ ਵਿਕਾਰ ਆਦਿਕ ਨਹੀਂ ਰਹਿ ਸਕਦੇ।

ਔਗੁਣਾਂ ਵਾਲਾ ਪਾਸਾ ਦੂਸਰਾ ਪਾਸਾ ਹੈ ਭਾਵ ਹਰਿ ਦੇ ਗੁਣਾਂ ਤੋਂ ਦੂਸਰਾ ਪਾਸਾ ਹੈ ਤੇ ਗੁਣਾਂ ਵਾਲਾ ਪਾਸਾ ਹਰਿ ਦਾ ਪਾਸਾ ਹੈ। ਜੇਕਰ ਅਸੀਂ ਹਰਿ ਦੇ ਪਾਸੇ ਵਾਲਾ ਬਣਨਾ ਹੈ ਤੇ ਉਹ ਫਿਰ ਮਨ ਦੇ ਵਿੱਚ ਗੁਣਾਂ ਦੇ ਵੱਸਣ ਦੁਆਰਾ ਹੀ ਬਣਿਆ ਜਾ ਸਕਦਾ ਹੈ। ਹਰਿ ਵਾਲਾ ਪਾਸਾ ਉੱਥੇ ਹੀ ਹੈ ਜਿੱਥੇ ਹਰਿ ਦੀ ਮਤਿ ਹੈ। "ਨਾਮ ਰਤਨੁ" ਗੁਰੂ ਦਾ ਸ਼ਬਦ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਗੁਰੂ ਦਾ ਸ਼ਬਦ ਸਾਨੂੰ ਗੁਣਾਂ ਦੇ ਨਾਲ ਹੀ ਜੋੜਦਾ ਹੈ ਭਾਵ ਸਾਨੂੰ ਔਗੁਣਾਂ ਵਾਲੀ ਮਤਿ

19/2010

ਤਿਆਗਣ ਲਈ ਹੀ ਪ੍ਰੇਰਦਾ ਹੈ। ਜਿਸ ਮਨੁੱਖ ਦੇ ਔਗੁਣ ਦੂਰ ਹੋ ਜਾਂਦੇ ਹਨ ਉੱਥੇ "ਨਾਮ ਰਤਨੁ" ਵਸ ਜਾਂਦਾ ਹੈ। "ਨਾਮ ਰਤਨੁ" ਹੀ ਪ੍ਰਮਾਤਮਾ ਆਪ ਹੈ ਜੋ ਕਿ ਸੱਚਾ ਗਿਆਨ ਹੈ। ਮਨ ਦੇ ਵਿੱਚ ਇਹ ਸੱਚਾ ਗਿਆਨ ਵੱਸਣ ਦੁਆਰਾ ਸਾਡੇ ਅੰਦਰ ਗੁਣ ਹੀ ਵੱਸਦੇ ਹਨ ਭਾਵ ਉਹ "ਨਾਮ ਰਤਨੁ" ਸਾਡੇ ਅੰਦਰੋਂ ਔਗੁਣਾਂ ਨੂੰ ਕੱਢ ਦਿੰਦਾ ਹੈ। "ਨਾਮ ਰਤਨੁ" ਹੀ ਅਸਲ ਵਿੱਚ ਗੁਰਮਤਿ ਹੈ ਜੋ ਸਾਨੂੰ ਪ੍ਰਮਾਤਮਾ ਦੇ ਗੁਣਾਂ ਦੀ ਸੋਝੀ ਪਾਉਂਦੀ ਹੈ ਤੇ ਜੋ ਆਪਣੇ ਜੀਵਨ ਵਿੱਚ ਇਨ੍ਹਾਂ ਗੁਣਾਂ ਦੀ ਵਣਜ ਕਰਦਾ ਹੈ ਭਾਵ ਇਨ੍ਹਾਂ ਗੁਣਾਂ ਦੀ ਪ੍ਰਾਪਤੀ ਕਰਕੇ ਗੁਣਾਂ ਦੁਆਰਾ ਸੰਸਾਰ ਵਿੱਚ ਵਿਚਰਦਾ ਹੈ ਉਹ ਨਾਮ ਦੀ ਵਣਜ ਕਰਦਾ ਹੈ। ਉਹ ਆਪਣੇ ਗੁਣਾਂ ਦੁਆਰਾ ਚੰਗੇ ਕਰਮ ਹੀ ਕਰਦਾ ਹੈ ਤੇ ਇਹ ਚੰਗੇ ਕਰਮ ਹੀ, ਸਾਡੇ ਗੁਣ ਹੀ ਸਾਡੇ ਕੰਮ ਆਉਂਦੇ ਹਨ ਜੋ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਵਾਉਂਦੇ ਹਨ। ਅਸੀਂ ਜੋ ਵੀ ਚੰਗਾ ਕਰਮ ਕਰਦੇ ਹਾਂ ਉਹ ਸਾਡਾ ਗੁਣ ਹੈ ਤੇ ਜੋ ਵੀ ਮਾੜਾ ਕਰਮ ਕਰਦੇ ਹਾਂ ਉਹ ਸਾਡਾ ਔਗੁਣ ਹੈ। ਕੋਈ ਇਸ ਸੰਸਾਰ ਵਿੱਚੋਂ ਆਪਣੇ ਨਾਲ ਗੁਣ ਲੈ ਕੇ ਜਾਂਦਾ ਹੈ ਤੇ ਕੋਈ ਔਗੁਣ ਲੈ ਕੇ ਜਾਂਦਾ ਹੈ। ਜਿਸ ਵੱਖਰ ਦੀ ਅਸੀਂ ਪ੍ਰਾਪਤੀ ਕਰਨ ਆਏ ਹਾਂ ਉਹ ਵੱਖਰ "ਨਾਮ ਰਤਨੁ" ਹੈ ਭਾਵ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਉਸਦਾ ਸੇਵਕ ਇਸ "ਨਾਮ ਰਤਨੁ" ਦੀ ਪ੍ਰਾਪਤੀ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਿਸ ਦੁਆਰਾ ਸਾਨੂੰ ਉਹ ਆਪ ਹੀ ਗੁਣਾਂ ਦੀ ਸਿੱਖਿਆ ਦਿੰਦਾ ਹੈ। ਗੁਰੂ ਉਸਦਾ ਸੇਵਕ ਹੈ ਭਾਵ ਉਹ ਆਪ ਹੀ ਗੁਰੂ ਰੂਪ ਹੈ ਤੇ ਆਪ ਹੀ ਆਪਣਾ ਸੇਵਕ ਬਣ ਕੇ ਦਿਖਾਉਂਦਾ ਹੈ। ਗੁਰੂ ਦੇ ਕੋਲ ਇਹ "ਨਾਮ ਰਤਨੁ" ਹੈ, ਸੱਚਾ ਗਿਆਨ ਹੈ ਜਿਸ ਦੁਆਰਾ ਉਹ ਸੇਵਕ ਬਣ ਕੇ ਦਿਖਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਨੂੰ ਆਪਣੇ ਜੀਵਨ ਕਾਲ ਵਿੱਚ ਬਣ ਕੇ ਦਿਖਾਇਆ ਹੈ। ਉਹੀ ਇੱਥੋਂ ਨਾਮ ਵੱਖਰ ਲੈ ਕੇ ਗਏ ਹਨ ਭਾਵ ਆਪਣੇ ਜੀਵਨ ਕਾਲ ਵਿੱਚ ਪ੍ਰਮਾਤਮਾ ਦੇ ਘਰ ਵਿੱਚ ਪਹੁੰਚੇ ਹਨ ਜੋ ਉਸ ਦਾ ਨਾਮ ਰੂਪ ਘਰ ਸਾਡੇ ਅੰਦਰ ਹੀ ਹੈ। ਉਨ੍ਹਾਂ ਨੇ ਸਾਨੂੰ ਇਸ ਨਾਮ ਵੱਖਰ ਦੀ ਪ੍ਰਾਪਤੀ ਕਰਨੀ ਵੀ ਸਿਖਾਈ ਹੈ ਤੇ ਗੁਰਬਾਣੀ ਸਾਨੂੰ ਇਸ ਦੀ ਪ੍ਰਾਪਤੀ ਕਰਨ ਦਾ ਤਰੀਕਾ ਹੀ ਸਮਝਾ ਰਹੀ ਹੈ। ਤਰੀਕਾ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਲੋਭ ਲਾਲਚ ਛੱਡ ਕੇ, ਮਾਇਆ ਮੋਹ ਛੱਡ ਕੇ ਵੱਧ ਤੋਂ ਵੱਧ ਚੰਗੇ ਕਰਮ ਕਰੀਏ, ਸੰਸਾਰ ਵਿੱਚ ਸੱਚੇ ਸੁੱਚੇ ਇਨਸਾਨ ਬਣ ਕੇ ਵਿਚਰੀਏ ਭਾਵ ਗੁਰੂ ਦਾ ਸੱਚਾ ਨਾਮ ਜਪੀਏ। ਪ੍ਰਮਾਤਮਾ ਨੂੰ ਪਾਉਣ ਦਾ, "ਨਾਮ ਰਤਨੁ" ਨੂੰ ਖੱਟਣ ਦਾ ਇਹੀ ਤਰੀਕਾ ਹੈ, **(ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥ ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥)** ਅਗਲੀਆਂ ਪੰਗਤੀਆਂ ਨੂੰ ਵੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਪ੍ਰੀਤ, ਗੁਰੂ ਦੇ ਨਾਲ ਪ੍ਰੀਤ ਕਿਸ ਤਰੀਕੇ ਨਿਭਦੀ ਹੈ।

19/2011

"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥

ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥"

ਗੁਰੂ ਪ੍ਰਮਾਤਮਾ ਦੇ ਨਾਲ ਸਾਡੀ ਪ੍ਰੀਤ ਉਸਦਾ ਸੇਵਕ ਬਣ ਕੇ ਹੀ ਨਿਭਦੀ ਹੈ ਤੇ ਉਸਦਾ ਸੇਵਕ ਕਿਹੋ ਜਿਹਾ ਹੁੰਦਾ ਹੈ ਉਹੀ ਅਸੀਂ ਇਨ੍ਹਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਜੋ ਕੁੱਝ ਸਾਡੇ ਚਿੱਤ ਦੇ ਵਿੱਚ ਹੈ ਉਹੀ ਸਾਡੀ ਕਰਨੀ ਵਿੱਚ ਸਾਡੇ ਨਾਲ ਚੱਲਦਾ ਹੈ। ਜੇਕਰ ਚਿੱਤ ਦੇ ਵਿੱਚ ਔਗੁਣ ਹਨ ਜਿੰਨ੍ਹਾਂ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਫਿਰ ਸਾਡੇ ਨਾਲ ਉਹੀ ਹਰ ਵੇਲੇ ਚੱਲਦੇ ਹਨ। ਜੇਕਰ ਸਾਡੇ ਚਿੱਤ ਦੇ ਵਿੱਚ ਗੁਣ ਹਨ ਜਿੰਨ੍ਹਾਂ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ ਤਾਂ ਫਿਰ ਸਾਡੀ ਕਰਨੀ

ਵਿੱਚ ਉਹ ਸਾਡੇ ਨਾਲ ਚੱਲਦੇ ਹਨ। ਜੋ ਉਸਦਾ ਸੇਵਕ ਬਣਦਾ ਹੈ ਉਹ ਗੁਣਾਂ ਦੁਆਰਾ ਕੇਵਲ ਚੰਗੇ ਕਰਮ ਹੀ ਕਰਦਾ ਹੈ ਭਾਵ ਕੇਵਲ ਨਾਮ ਹੀ ਜਪਦਾ ਹੈ ਤੇ ਉਸ ਦੇ ਨਾਲ ਉਸਦੇ ਚੰਗੇ ਕਰਮ ਹੀ ਉਸਨੂੰ ਉਸਦੇ ਜੀਵਨ ਵਿੱਚ ਪ੍ਰਮਾਤਮਾ ਦੇ ਘਰ ਵਿੱਚ ਲੈ ਕੇ ਜਾਂਦੇ ਹਨ, ਸੱਚੇ ਗੁਣ ਹੀ ਲੈ ਕੇ ਜਾਂਦੇ ਹਨ। **(ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥)**

ਪ੍ਰਮਾਤਮਾ ਦਾ ਸੇਵਕ ਉਸਦੀ ਆਗਿਆ ਵਿੱਚ ਰਹਿ ਕੇ ਹੀ ਬਣਿਆ ਜਾ ਸਕਦਾ ਹੈ ਤੇ ਉਸਦੀ ਆਗਿਆ ਕੀ ਹੈ ਜਿਸ ਨੂੰ ਉਸਦਾ ਸੇਵਕ ਮੰਨਦਾ ਹੈ ਇਹ ਅਸੀਂ ਉਪਰਲੀਆਂ ਪੰਗਤੀਆਂ ਰਾਹੀਂ ਪਹਿਲੇ ਜਾਣਿਆ ਹੀ ਹੈ। ਉਸਦਾ ਸੇਵਕ ਆਪਣੇ ਅੰਦਰੋਂ ਔਗੁਣਾਂ ਨੂੰ ਤਿਆਗ ਕੇ ਉਸਦੀ ਆਗਿਆ ਦਾ ਪਾਲਣ ਹੀ ਕਰਦਾ ਹੈ ਤੇ ਉਸ ਤੋਂ ਆਪਣਾ ਮੁੱਖ ਨਹੀਂ ਮੋੜਦਾ। ਗੁਰੂ ਸਾਨੂੰ ਚੰਗੇ ਕਰਮ ਕਰਨ ਲਈ ਹੀ ਆਗਿਆ ਦਿੰਦਾ ਹੈ ਤੇ ਉਸਦਾ ਸੇਵਕ ਉਸਦੇ ਹੁਕਮ ਅਨੁਸਾਰ ਉਸਦੇ ਭਾਣੇ ਵਿੱਚ ਹੀ ਚੱਲਦਾ ਹੈ, ਗੁਰਮਤਿ ਅਨੁਸਾਰ ਹੀ ਵਿਚਰਦਾ ਹੈ। **(ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥)** ਬਾਣੀ ਸਾਨੂੰ ਵਾਰ-ਵਾਰ ਔਗੁਣ ਤਿਆਗਣ ਲਈ ਸਮਝਾ ਰਹੀ ਹੈ, ਮਾਇਆ ਮੋਹ ਛੱਡਣ ਲਈ ਸਮਝਾ ਰਹੀ ਹੈ ਪਰ ਉਸ ਵੱਲੋਂ ਅਸੀਂ ਆਪਣਾ ਮੁੱਖ ਮੋੜਿਆ ਹੋਇਆ ਹੈ। ਉਸ ਤੋਂ ਮੁੱਖ ਮੋੜ ਕੇ ਉਸਦਾ ਸੇਵਕ ਨਹੀਂ ਬਣਿਆ ਜਾ ਸਕਦਾ।

19/2012

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥੮॥}

(ਅੰਗ ੪੧੮)

ਵਪਾਰੀ ਤਾਂ ਇੱਥੇ ਹਰ ਕੋਈ ਬਣਿਆ ਬੈਠਾ ਹੈ, ਹਰ ਕੋਈ ਆਪਣੇ ਵੱਲੋਂ ਨਾਮ ਦੀ ਵਣਜ ਕਰਨ ਵਿੱਚ ਹੀ ਲੱਗਾ ਹੋਇਆ ਹੈ ਪਰ ਅਸਲ ਵਿੱਚ ਇਹੋ ਜਿਹੇ ਕਿਤਨੇ ਵੱਡੇ ਭੁਲੇਖੇ ਵਿੱਚ ਹਨ, ਗੁਰੂ ਸਾਹਿਬ ਇਨ੍ਹਾਂ ਦਾ ਇਹ ਭੁਲੇਖਾ ਵਾਰ-ਵਾਰ ਕੱਢ ਰਹੇ ਹਨ। ਸਾਨੂੰ ਗੱਲ ਸਮਝ ਵੀ ਆ ਜਾਂਦੀ ਹੈ ਪਰ ਫਿਰ ਵੀ ਅਸੀਂ ਮੰਨਣ ਲਈ ਤਿਆਰ ਨਹੀਂ ਹੁੰਦੇ। ਇਸ ਦੀ ਇੱਕੋ ਇੱਕ ਵਜ੍ਹਾ ਸਾਡੇ ਅੰਦਰ ਵੱਸਿਆ ਹੋਇਆ ਉਹ ਮਾਣ ਹੈ ਜੋ ਅਸੀਂ ਗੁਰੂ ਦੀ ਬਜਾਇ ਕਿਸੇ ਹੋਰ ਨੂੰ ਦੇ ਬੈਠੇ ਹਾਂ। ਗੁਰੂ ਦੀ ਗੱਲ ਮੰਨਣ ਨਾਲ ਉਨ੍ਹਾਂ ਦੇ ਮਾਣ ਨੂੰ ਠੇਸ ਪਹੁੰਚਦੀ ਹੈ ਜਿੰਨ੍ਹਾਂ ਨਾਲ ਅਸੀਂ ਦਿਲੋਂ ਜੁੜੇ ਹੋਏ ਹਾਂ ਤੇ ਸਾਡਾ ਇਸੇ ਲਈ ਉਨ੍ਹਾਂ ਨਾਲੋਂ ਮੋਹ ਨਹੀਂ ਤੁੱਟਦਾ। ਸਦੀਆਂ ਤੋਂ ਇਹੋ ਜਿਹੀ ਰੀਤ ਹੀ ਚਲਦੀ ਆ ਰਹੀ ਹੈ ਜਿਸ ਵਿੱਚ ਕਰੀਬ-ਕਰੀਬ ਹਰ ਕੋਈ ਫਸਿਆ ਹੋਇਆ ਹੈ। ਕੁੱਝ ਸੱਜਣ ਜੋ ਗੁਰੂ ਦੀ ਗੱਲ ਨੂੰ ਬਰੀਕੀ ਨਾਲ ਸਮਝਣ ਦਾ ਮਾਦਾ ਰੱਖਦੇ ਹਨ ਉਹ ਇਸ ਗੱਲ ਨੂੰ ਸਮਝਦੇ ਹਨ ਕਿ ਇੱਕ ਅੱਖਰ ਦਾ ਜਪ ਕਰੀ ਜਾਣ ਵਾਲੇ ਭੁਲੇਖੇ ਵਿੱਚ ਹਨ ਤੇ ਇਹ ਨਾਮ ਜਪਣਾ ਨਹੀਂ ਹੈ। ਉਹ ਆਪਣੀ ਗੱਲ ਨੂੰ ਖੁੱਲ੍ਹ ਕੇ ਕਹਿਣ ਵਿੱਚ ਕੁੱਝ ਝਿਜਕ ਮਹਿਸੂਸ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਬਹੁਤ ਹਨ। ਸੱਚੀ ਗੱਲ ਕਹਿਣ ਤੋਂ ਸਾਨੂੰ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਕਈ ਪ੍ਰਚਾਰਕ ਇਸ ਗੱਲ ਨੂੰ ਸਮਝਦੇ ਹੋਏ ਵੀ ਆਪਣੀ ਗੱਲ ਨੂੰ ਕੁੱਝ ਦੱਬੀ ਜ਼ੁਬਾਨ ਵਿੱਚ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਜਿਤਨਿਆਂ ਨੂੰ ਵੀ ਅਸੀਂ ਧਰਮ ਦੇ ਸਿਰਮੌਰ ਮੰਨਿਆ ਹੋਇਆ ਹੈ ਉਹ ਸਾਰੇ ਸਰੀਰਕ ਜਪ ਤਪ ਆਦਿ ਨਾਲ ਹੀ ਜੁੜੇ ਹੋਏ ਹਨ, ਇੱਕ ਅੱਖਰ ਦੇ ਜਪ ਨਾਲ ਹੀ ਜੁੜੇ ਹੋਏ ਹਨ। ਸੱਚਾਈ ਦੱਸਣ ਨਾਲ ਸਿੱਧਾ ਨਿਸ਼ਾਨਾ ਉਨ੍ਹਾਂ ਤੇ ਹੀ ਜਾਂਦਾ ਹੈ ਜਿੰਨ੍ਹਾਂ ਨੇ ਸਾਨੂੰ ਇੱਕ ਅੱਖਰ ਦੇ ਜਪ ਨਾਲ ਜੋੜਿਆ ਹੋਇਆ ਹੈ। ਸੱਚ ਕਦੇ ਛੁਪਿਆ ਨਹੀਂ ਰਹਿ ਸਕਦਾ। ਆਖਰ ਸੱਚ ਉੱਪਰ ਆ ਹੀ ਜਾਂਦਾ ਹੈ। ਸੱਚ ਕਦੇ ਬਿਨਸ ਨਹੀਂ ਸਕਦਾ ਪਰ ਉਸਨੂੰ ਉੱਪਰ ਆਉਣ ਵਿੱਚ ਦੇਰ ਜਰੂਰ ਹੋ ਸਕਦੀ ਹੈ। ਝੂਠੀ ਗੱਲ ਸੱਚ ਦੇ ਉੱਪਰ ਆਉਣ ਦੇ ਨਾਲ ਆਪੇ ਹੀ ਬਿਨਸ ਜਾਂਦੀ ਹੈ। ਝੂਠ ਨਾਲ

19/2013

ਜੁੜੇ ਰਹਿਣ ਨਾਲ ਸਾਡਾ ਕਦੇ ਪਾਰ ਉਤਾਰਾ ਨਹੀਂ ਹੋ ਸਕਦਾ। ਸਾਡਾ ਪਾਰ ਉਤਾਰਾ ਸੱਚ ਨਾਲ ਹੀ ਹੋਣਾ ਹੈ ਤੇ ਸੱਚ ਕੇਵਲ ਗੁਰਬਾਣੀ ਦੇ ਕੋਲ ਹੈ, ਨਾਮ ਦੇ ਸੱਚੇ ਠੇਕੇਦਾਰ ਦੇ ਕੋਲ ਹੈ। ਸੱਚ ਦੇ ਨਾਲ ਜੁੜਨ ਲਈ ਸਾਨੂੰ ਝਿਜਕ ਨਹੀਂ ਹੋਣੀ ਚਾਹੀਦੀ।

ਧਰਮ ਦਾ ਮਾਰਗ ਕੋਈ ਝਗੜੇ ਕਰਨ ਦਾ ਮਾਰਗ ਨਹੀਂ ਹੈ। ਆਪਣੀ ਗੱਲ ਸਮਝਾਉਣ ਲਈ ਸਾਨੂੰ ਕਦੇ ਝਗੜੇ ਵਿੱਚ ਨਹੀਂ ਪੈਣਾ ਚਾਹੀਦਾ। ਅਸੀਂ ਕੇਵਲ ਸੱਚ ਦੀ ਗੱਲ ਕਰਨੀ ਹੈ ਤੇ ਜਿਸ ਨੂੰ ਸੱਚ ਚੰਗਾ ਲੱਗਦਾ ਹੈ ਉਹ ਸੱਚ ਨੂੰ ਹੀ ਮੰਨੇਗਾ। ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੋਵੇਗੀ ਉਸਨੂੰ ਉਹ ਆਪ ਹੀ ਸੱਚ ਦੇ ਨਾਲ ਜੋੜ ਲਵੇਗਾ। ਅਸੀਂ ਆਪਣਾ ਫਰਜ਼ ਸੱਚ ਦੇ ਨਾਲ ਜੁੜ ਕੇ ਹੀ ਪੂਰਾ ਕਰ ਸਕਦੇ ਹਾਂ।

ਸੱਚ ਤੋਂ ਮੁੱਖ ਮੋੜਨਾ ਗੁਰੂ ਤੋਂ ਮੁੱਖ ਮੋੜਨਾ ਹੈ। ਜੋ ਉਸਦਾ ਸੇਵਕ ਬਣ ਜਾਂਦਾ ਹੈ ਉਹ ਕਦੇ ਸੱਚ ਤੋਂ ਮੁੱਖ ਨਹੀਂ ਮੋੜ ਸਕਦਾ। ਗੁਰੂ ਸਾਨੂੰ ਜੋ ਵੀ ਆਗਿਆ ਕਰਦਾ ਹੈ ਉਸ ਵਿੱਚ ਕੇਵਲ ਸੱਚ ਹੀ ਹੁੰਦਾ ਹੈ ਜਿਸ ਨੂੰ ਪ੍ਰਮਾਤਮਾ ਆਪਣਾ ਸੇਵਕ ਬਣਾਉਂਦਾ ਹੈ ਉਸਨੂੰ ਆਪਣਾ "ਨਾਮ ਰਤਨੁ" ਬਖ਼ਸ਼ ਕੇ ਭਾਵ ਸੱਚਾ ਗਿਆਨ ਬਖ਼ਸ ਕੇ ਹੀ ਬਣਾਉਂਦਾ ਹੈ ਜਿਸ ਦੁਆਰਾ ਉਹ ਆਪਣੀ ਆਗਿਆ ਮੰਨਣੀ ਹੀ ਸਿਖਾਉਂਦਾ ਹੈ ਤੇ ਉਸ ਤੇ ਦ੍ਰਿੜ ਕਰਕੇ ਚਲਾਉਂਦਾ ਹੈ। ਇਹੀ ਸਾਡੇ ਅੰਦਰ "ਸਹਜੁ" ਦੀ, "ਅਨੰਦੁ" ਦੀ ਅਵੱਸਥਾ ਹੈ ਜੋ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਮਨ ਦੀ ਇਸ ਅਵੱਸਥਾ ਦੁਆਰਾ ਹੀ ਉਸਦਾ ਸੇਵਕ ਬਣਿਆ ਜਾਂਦਾ ਹੈ ਤੇ ਉਸ ਦਾ ਸੇਵਕ ਫਿਰ ਉਸਦੀ ਆਗਿਆ ਅਨੁਸਾਰ ਹੀ ਵਿਚਰਦਾ ਹੈ ਤੇ ਉਸ ਤੋਂ ਬਾਹਰ ਨਹੀਂ ਜਾਂਦਾ। ਉਹ ਗੁਰੂ ਦੀ ਆਗਿਆ ਨੂੰ ਦੌੜ ਕੇ ਮੰਨਦਾ ਹੈ ਭਾਵ ਖਿੜੇ ਮੱਥੇ ਮੰਨਦਾ ਹੈ ਭਾਵ ਉਸ ਤੋਂ ਮੂੰਹ ਨਹੀਂ ਮੋੜਦਾ, ਸੱਚ ਤੋਂ ਮੁੱਖ ਨਹੀਂ ਮੋੜਦਾ। **(ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥੨॥)**

ਗੁਰੂ ਦੀ ਆਗਿਆ ਮੰਨਣੀ ਕਿਤਨੀ ਔਖੀ ਹੁੰਦੀ ਹੈ, ਉਸਦਾ ਹੁਕਮ ਮੰਨਣਾ ਕੀ ਹੁੰਦਾ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥

ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥੩॥"

ਗੁਰੂ ਦਾ ਸੇਵਕ, ਪ੍ਰਮਾਤਮਾ ਦਾ ਸੇਵਕ ਉਸਦਾ ਭਾਣਾ ਮੰਨਣ ਦੁਆਰਾ ਹੀ ਉਸਦਾ ਨਾਮ ਜਪਦਾ ਹੈ, ਉਸਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ। ਇਹ ਮਨ ਦੇ ਸੰਤੋਖ ਦੀ ਅਵੱਸਥਾ ਹੈ। ਇਹ ਮਨ ਦੇ ਵਿੱਚ ਸਹਜ

ਗਿਆਨ ਦੀ ਅਵੱਸਥਾ ਹੈ, ਸੱਚੇ ਅਨੰਦ ਦੀ ਅਵੱਸਥਾ ਹੈ, ਗੁਰਮਤਿ ਦੀ ਸੱਚੀ ਸੋਝੀ ਦੀ ਅਵੱਸਥਾ ਹੈ ਜਿਸ ਦੁਆਰਾ ਮਨ ਮਾਇਆ ਮੋਹ ਤੋਂ, ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਵਿਚਰਦਾ ਹੈ। ਮਾਇਆ ਮੋਹ ਤੋਂ ਮੁਕਤ ਹੋ ਕੇ ਅਸੀਂ ਕਦੇ ਉਸ ਤਰੀਕੇ ਨਾਲ ਮਾਇਆ ਨਹੀਂ ਕਮਾ ਸਕਦੇ ਜਿਸ ਦੁਆਰਾ ਅਸੀਂ ਕਿਸੇ ਦਾ ਮਾੜਾ ਕਰੀਏ। ਸੱਚ ਤੇ ਚੱਲਣ ਦੁਆਰਾ, ਸੱਚ ਨੂੰ ਉੱਚਾ ਰੱਖਣ ਦੁਆਰਾ ਸਾਨੂੰ ਮਾਇਆ ਦਾ ਨੁਕਸਾਨ ਵੀ ਉਠਾਉਣਾ ਪੈਂਦਾ ਹੈ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਮਾਇਆ ਨੂੰ ਉੱਚਾ ਨਹੀਂ ਸਮਝਦਾ ਭਾਵੇਂ ਜਿਤਨਾ ਮਰਜ਼ੀ ਨੁਕਸਾਨ ਹੋਵੇ। ਉਸ ਨੂੰ ਭੁੱਖ ਮਨਜ਼ੂਰ ਹੈ ਪਰ ਸੱਚ ਨੂੰ ਛੱਡਣਾ ਮਨਜ਼ੂਰ ਨਹੀਂ ਹੈ। ਉਹ ਇਸੇ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ ਤੇ ਮਾਇਆ ਦੇ ਜਾਣ ਦਾ ਦੁੱਖ ਨਹੀਂ ਕਰਦਾ, ਰੋਸ ਨਹੀਂ ਕਰਦਾ। ਉਹ ਇਸ ਨੂੰ ਪ੍ਰਮਾਤਮਾ ਦਾ ਹੁਕਮ ਸਮਝ ਕੇ, ਉਸਦਾ ਭਾਣਾ ਸਮਝ ਕੇ ਮੰਨਦਾ ਹੈ ਤੇ ਖਿੜੇ ਮੱਥੇ ਕਬੂਲ ਕਰਦਾ ਹੈ। ਜਿੱਥੇ ਵੀ ਉਹ ਵਿਚਰਦਾ ਹੈ ਭਾਵ ਆਪਣੀ ਸੰਸਾਰਿਕ ਵਿਚਰਨ ਵਿੱਚ ਉਹ ਸੱਚ ਨੂੰ ਨਹੀਂ ਛੱਡਦਾ ਭਾਵੇਂ ਸੱਚ ਤੇ ਚੱਲਣਾ ਜਿੰਨਾ ਮਰਜ਼ੀ ਔਖਾ ਹੋਵੇ। ਉਹ ਸੱਚ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਹੀ ਉਸ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ ਭਾਵ ਉਸਦੀ ਬਿਰਤੀ ਝੂਠ ਤੇ ਵਿਕਾਰਾਂ ਵਿੱਚੋਂ ਨਿਕਲ ਜਾਂਦੀ ਹੈ। **(ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥੩॥)**

ਪ੍ਰਮਾਤਮਾ ਦਾ ਸੱਚਾ ਸੇਵਕ ਉਸਦੀ ਇਹੋ ਜਿਹੀ ਆਗਿਆ ਮੰਨ ਕੇ ਹੀ ਬਣਿਆ ਜਾ ਸਕਦਾ ਹੈ ਤੇ ਜਿੰਨ੍ਹਾਂ ਨੇ ਉਸਦੀ ਆਗਿਆ ਹੀ ਇਹ ਸਮਝੀ ਹੋਈ ਹੈ, ਹੁਕਮ ਹੀ ਇਹ ਸਮਝਿਆ ਹੋਇਆ ਹੈ, ਗੁਰਮਤਿ ਹੀ ਇਹ ਸਮਝੀ ਹੋਈ ਹੈ ਕਿ ਕੇਵਲ ਬਾਣੀ ਨੂੰ ਪੜ੍ਹੀ ਸੁਣੀ ਜਾਣਾ ਹੀ, ਕੇਵਲ ਇੱਕ ਅੱਖਰ ਦਾ ਜਪ ਕਰੀ ਜਾਣਾ ਹੀ, ਸਵੇਰੇ ਸ਼ਾਮ ਮੱਥਾ ਟੇਕੀ ਜਾਣਾ ਹੀ, ਕੇਵਲ ਗੁਰੂ ਦੇ ਦਰ ਤੇ ਹਾਜ਼ਰੀ ਲਗਵਾਈ ਜਾਣਾ ਹੀ, ਸਮਾਗਮਾਂ ਵਿੱਚ ਹਿੱਸੇ ਲਈ ਜਾਣਾ ਹੀ ਉਸਦੀ ਆਗਿਆ ਨੂੰ ਮੰਨਣ ਦਾ ਤਰੀਕਾ ਹੈ, ਉਸਦੇ ਭਾਣੇ ਵਿੱਚ ਰਹਿਣ ਦਾ ਤਰੀਕਾ ਹੈ ਫਿਰ ਉਹ ਗੁਰੂ ਦੀ ਗੱਲ ਤੇ ਪੂਰੇ ਕਿੱਥੋਂ ਉਤਰ ਸਕਦੇ ਹਨ, ਸੱਚ ਤੇ ਪੂਰੇ ਕਿੱਥੇ

ਉਤਰ ਸਕਦੇ ਹਨ। ਇਹ ਸੱਚ ਤੋਂ ਮੁੱਖ ਮੋੜਨ ਵਾਲੀ ਗੱਲ ਹੈ, ਗੁਰੂ ਦੇ ਹੁਕਮ ਤੋਂ ਮੂੰਹ ਮੋੜਨ ਵਾਲੀ ਗੱਲ ਹੈ। ਸਾਡੇ ਇਹੋ ਜਿਹੇ ਭੁਲੇਖੇ ਵਿੱਚ ਰਹਿੰਦਿਆਂ ਨਾ ਸਾਡਾ ਹਲਤ ਸੰਵਰ ਸਕਦਾ ਹੈ, ਨਾ ਪਲਤ ਸੰਵਰ ਸਕਦਾ ਹੈ। ਹਲਤ ਪਲਤ ਉਸਦਾ ਹੀ ਸੰਵਰਦਾ ਹੈ ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਂਦੀ ਹੈ। ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸਦੇ

19/2015

ਮਨ ਵਿੱਚ ਪ੍ਰਗਟ ਹੋ ਕੇ ਹੀ ਕਰਦਾ ਹੈ। ਜਿਸ ਨੂੰ ਉਹ ਆਪਣਾ ਸੇਵਕ ਬਣਾਉਂਦਾ ਹੈ ਉਸ ਨੂੰ ਪਹਿਲੇ ਆਪਣੇ ਦਰਸ਼ਨ ਦਿੰਦਾ ਹੈ ਭਾਵ ਮਨ ਦੇ ਵਿੱਚ ਹੀ ਆਪਣੇ ਆਪ ਦੀ ਪਹਿਚਾਣ ਕਰਵਾਉਂਦਾ ਹੈ ਜਿਸ ਦੁਆਰਾ ਉਹ ਆਪ ਹੀ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਪਾ ਕੇ ਉਸ ਤੇ ਚਲਾਉਂਦਾ ਹੈ, ਆਪਣਾ ਭਾਣਾ ਮਨਵਾਉਂਦਾ ਹੈ। **(ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫॥)** ਉਸਦਾ ਗੁਰੂ ਰੂਪ ਹੀ ਉਸਦਾ ਸੇਵਕ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆ ਰਹੇ ਹਾਂ। ਆਪਣੇ ਗੁਰੂ ਰੂਪ ਰਾਹੀਂ ਉਹ ਸਿੱਖਿਆ ਵੀ ਦਿੰਦਾ ਹੈ ਤੇ ਉਸ ਸਿੱਖਿਆ ਤੇ ਆਪ ਚੱਲ ਕੇ ਵੀ ਦਿਖਾਉਂਦਾ ਹੈ। ਉਸਦੇ ਭਗਤ ਹੀ ਗੁਰੂ ਰੂਪ ਹਨ ਤੇ ਉਹੀ ਸੇਵਕ ਰੂਪ ਹਨ। ਭਗਤ ਦੇ ਰੂਪ ਵਿੱਚ ਵੀ ਉਹ ਆਪ ਹੈ ਤੇ ਸੇਵਕ ਦੇ ਰੂਪ ਵਿੱਚ ਹੀ ਉਹ ਆਪ ਹੀ ਹੈ। ਇਸੇ ਲਈ "ਸੇਵਕ" ਨੂੰ ਧੰਨ ਕਿਹਾ ਹੈ ਕਿਉਂਕਿ ਇਹ ਉਸਦਾ ਆਪਣਾ ਭਗਤ ਰੂਪ ਹੈ, ਬ੍ਰਹਮ ਰੂਪ ਹੈ। ਜਿੱਥੇ ਉਹ ਆਪਣਾ ਬ੍ਰਹਮ ਰੂਪ ਪ੍ਰਗਟ ਕਰਦਾ ਹੈ, ਬ੍ਰਹਮਗਿਆਨੀ ਰੂਪ ਪ੍ਰਗਟ ਕਰਦਾ ਹੈ ਤਾਂ ਹੀ ਸੱਚੀ ਸਿੱਖਿਆ ਸਮਝ ਆਉਂਦੀ ਹੈ ਤੇ ਉਸ ਤੇ ਚੱਲਿਆ ਜਾ ਸਕਦਾ ਹੈ ਜਿਵੇਂ ਕਿ ਉਸਦੇ ਭਗਤਾਂ ਨੇ, ਭੱਟ ਸਾਹਿਬਾਨ ਨੇ, ਗੁਰੂ ਸਾਹਿਬਾਨ ਨੇ ਬ੍ਰਹਮਗਿਆਨ ਦੀ ਪ੍ਰਾਪਤੀ ਦੁਆਰਾ ਉਸਦਾ ਸੇਵਕ ਰੂਪ ਨਿਭਾਇਆ ਹੈ। ਇਸੇ ਲਈ ਉਹ "ਧੰਨੁ" ਹਨ। **(ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫॥)**

ਜਦ ਤੱਕ ਸਾਨੂੰ ਗੁਰੂ ਦੀ ਸੱਚੀ ਸਿੱਖਿਆ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਅਸੀਂ ਗੁਰੂ ਪ੍ਰਮਾਤਮਾ ਦੇ ਸੱਚੇ ਸੇਵਕ ਨਹੀਂ ਬਣ ਸਕਦੇ। ਜਿੰਨ੍ਹਾਂ ਨੇ ਪਹਿਲੇ ਆਪਣੇ ਅੰਦਰੋਂ ਗੁਰੂ ਪ੍ਰਮਾਤਮਾ ਨੂੰ ਪਛਾਣਿਆ ਹੈ ਉਹਨਾਂ ਨੂੰ ਹੀ ਪ੍ਰਮਾਤਮਾ ਨੇ ਸੱਚੀ ਗੁਰਮਤਿ ਸਮਝਾਈ ਹੈ, ਸੇਵਾ ਕਰਨੀ ਸਮਝਾਈ ਹੈ। ਜਿੰਨ੍ਹਾਂ ਨੇ ਉਸਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ ਉਹੀ ਧਰਮ ਦੇ ਸੱਚੇ ਠੇਕੇਦਾਰ ਹਨ ਜਿੰਨ੍ਹਾਂ ਨੇ ਸਾਨੂੰ ਉਸਦੀ ਸੇਵਾ ਕਰਨੀ ਸਿਖਾਈ ਹੈ। ਉਸਦੀ ਸੇਵਾ ਉਸਦੀ ਸਿੱਖਿਆ ਦੁਆਰਾ ਵਿਚਰ ਕੇ ਹੀ ਹੁੰਦੀ ਹੈ, ਮਾਇਆ ਮੋਹ ਤਿਆਗਣ ਦੁਆਰਾ ਹੀ ਹੁੰਦੀ ਹੈ, ਔਗੁਣਾਂ ਤੋਂ ਮੁਕਤ ਹੋ ਕੇ, ਵਿਕਾਰਾਂ ਤੋਂ, ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਦੇ ਆਏ ਹਾਂ।

ਪਉੜੀ॥

{ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥ ਵਡਿਆਈ ਵਡਾ ਪਾਇਆ॥੭॥}

(ਅੰਗ ੪੬੬-੪੬੭)

19/2016

ਇਸ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਵੀ ਜਾਣ ਚੁੱਕੇ ਹਾਂ। ਗੁਰੂ ਦੀ ਸੇਵਾ ਤਾਂ ਇਹੋ ਜਿਹੇ ਸੱਚ ਦੁਆਰਾ ਹੀ ਹੁੰਦੀ ਹੈ ਜਿਹੋ ਜਿਹਾ ਸੱਚ ਸਾਨੂੰ ਉੱਪਰ ਸਮਝਾਇਆ ਹੋਇਆਂ ਹੈ। ਸੱਚ ਹੀ ਨਾਮ ਹੈ ਤੇ ਇਹੋ ਜਿਹਾ ਸੱਚ ਧਿਆਉਣਾ ਨਾਮ ਧਿਆਉਣਾ ਹੈ। ਸੱਚ ਹੀ ਗੁਰਮਤਿ ਹੈ ਤੇ ਇਹੋ ਸੱਚ ਆਪਣੇ ਅੰਦਰ ਧਿਆਉਣਾ ਗੁਰਮਤਿ ਨੂੰ ਧਿਆਉਣਾ ਹੈ। ਸੰਤੋਖ ਉਸਦੇ ਮਨ ਵਿੱਚ ਹੀ ਆਉਂਦਾ ਹੈ ਜਿਸਦੇ ਮਨ ਵਿੱਚ ਸੱਚ ਵੱਸ ਜਾਂਦਾ ਹੈ, ਜਿਸਦੇ ਧਿਆਨ ਵਿੱਚ ਸੱਚ ਵੱਸ ਜਾਂਦਾ ਹੈ ਭਾਵ ਜਿਸ ਮਨੁੱਖ ਦੀ ਬਿਰਤੀ ਸੱਚੀ ਸੁੱਚੀ ਬਣ ਜਾਂਦੀ ਹੈ, ਜਿਸਦੀ ਬਿਰਤੀ ਮਾਇਆ ਮੋਹ ਵਿੱਚੋਂ ਨਿਕਲ ਜਾਂਦੀ ਹੈ, ਝੂਠ ਵਿੱਚੋਂ ਨਿਕਲ ਜਾਂਦੀ ਹੈ। **(ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ॥)** ਧਰਮ ਦਾ ਸੱਚਾ ਠੇਕੇਦਾਰ ਤਾਂ ਸਾਨੂੰ ਇਹੋ ਜਿਹਾ ਸੱਚ ਸਮਝਾਉਂਦਾ ਹੈ, ਇਹੋ ਜਿਹਾ ਨਾਮ ਧਿਆਉਣਾ ਸਮਝਾਉਂਦਾ ਹੈ। ਨਕਲੀ ਠੇਕੇਦਾਰ ਸਾਨੂੰ ਕੇਵਲ ਇੱਕ ਅੱਖਰ ਨੂੰ ਜਪੀ ਜਾਣਾ ਹੀ ਸੱਚ ਕਹਿ ਕੇ ਸਮਝਾਉਂਦੇ ਹਨ ਭਾਵੇਂ ਮਨ ਦੇ ਅੰਦਰ ਝੂਠ ਭਰਿਆ ਹੋਵੇ, ਅਨੇਕਾਂ ਵਿਕਾਰ ਭਰੇ ਹੋਏ ਹੋਣ। ਗੁਰੂ ਐਵੇਂ ਹੀ ਸੱਚਾ ਠੇਕੇਦਾਰ ਨਹੀਂ ਹੈ, ਉਹ ਸੱਚ ਨੂੰ ਹੀ ਉੱਚਾ ਕਰਦਾ ਹੈ, ਸੱਚ ਦੀ ਹੀ ਕਦਰ ਪਾਉਂਦਾ ਹੈ।

ਜੋ ਮਨੁੱਖ ਸੱਚ ਨੂੰ ਧਿਆਉਂਦੇ ਹਨ ਭਾਵ ਜਿੰਨ੍ਹਾਂ ਨੇ ਸੱਚ ਨੂੰ ਧਿਆਇਆ ਹੈ ਉਹ ਫਿਰ ਉਸ ਸੱਚ ਨਾਲ ਕੀ ਕਰਦੇ ਹਨ ਭਾਵ ਸੱਚ ਨੂੰ ਧਿਆਉਣ ਦਾ ਮਕਸਦ ਕੀ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥"

ਸੱਚ ਦਾ ਮਕਸਦ ਸਾਨੂੰ ਮੰਦੇ ਕਰਮ ਕਰਨ ਤੋਂ ਰੋਕਣ ਦਾ ਹੀ ਹੈ, ਸਾਰੇ ਕਰਮ ਕਰਨ ਤੋਂ ਰੋਕਣ ਦਾ ਹੀ ਹੈ। ਜਦ ਤੱਕ ਸਾਡੀ ਬਿਰਤੀ ਦੇ ਅੰਦਰ ਝੂਠ ਹੈ ਵਿਕਾਰ ਹਨ, ਔਗੁਣ ਹਨ ਤਦ ਤੱਕ ਅਸੀਂ ਮਾੜੇ ਕਰਮ ਹੀ ਕਰਦੇ ਹਾਂ। ਸਾਡੇ ਜੀਵਨ ਦਾ ਮਕਸਦ "ਸੁਕ੍ਰਿਤੁ" ਕਰਨਾ ਹੈ ਭਾਵ ਚੰਗੇ ਕਰਮ ਕਰਨਾ ਹੈ, ਚੰਗੀ ਕਿਰਤ ਕਰਨਾ ਹੈ। ਕਿਰਤ ਅਸੀਂ ਆਪਣੇ ਕਾਰ ਵਿਹਾਰ ਵਿੱਚ ਹੀ ਕਰਦੇ ਹਾਂ। ਸੱਚੀ ਸੁੱਚੀ ਕਿਰਤ ਕਰਨਾ ਹੀ ‘‘ਸੁਕ੍ਰਿਤੁ’’ ਕਰਨਾ ਹੈ। ਜਿਸ ਦੁਆਰਾ ਅਸੀਂ ਸਮਾਜ ਵਿੱਚ ਸੱਚੇ ਸੁੱਚੇ ਹੋ ਕੇ ਵਿਚਰਦੇ ਹਾਂ ਭਾਵ ਕਿਸੇ ਦਾ ਮਾੜਾ ਨਹੀਂ ਕਰਦੇ, ਝੂਠ ਨਹੀਂ ਬੋਲਦੇ, ਲੋਭ ਲਾਲਚ ਨਹੀਂ ਕਰਦੇ, ਕਿਸੇ ਦਾ ਹੱਕ ਨਹੀਂ ਖਾਂਦੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਾਡੇ ਅੰਦਰ ਸੱਚ ਵੱਸਿਆ ਹੋਇਆ ਹੈ, ‘‘ਨਾਮੁ’’ ਦੀ ਮਤਿ ਵਸੀ ਹੋਈ ਹੈ, ਗੁਰੂ ਦੀ ਮਤਿ ਵਸੀ ਹੋਈ ਹੈ। ਇਹੋ ਜਿਹੀ ਮਤਿ ਦੁਆਰਾ ‘‘ਸੁਕ੍ਰਿਤੁ’’ ਕਰਨੀ ਹੀ ਆਪਣੇ ਜੀਵਨ ਵਿੱਚ ਧਰਮ ਨੂੰ ਕਮਾਉਣਾ ਹੈ ਭਾਵ ਧਰਮੀ ਬਣ ਕੇ ਵਿਚਰਨਾ ਹੈ। ਧਰਮ ਹੀ ਨਾਮੁ ਹੈ। ਧਰਮ ਦੀ ਕਮਾਈ ਨਾਮੁ ਦੀ ਕਮਾਈ ਹੈ, ਸੱਚ ਦੀ ਕਮਾਈ ਹੈ।

19/2017

ਧਰਮ ਦਾ ਸੱਚਾ ਠੇਕੇਦਾਰ ਤਾਂ ਸਾਨੂੰ ਇਹੋ ਜਿਹਾ ਧਰਮ ਸਿਖਾਉਂਦਾ ਹੈ, ਸੱਚੀ ਕਮਾਈ ਸਿਖਾਉਂਦਾ ਹੈ, ਇਹੋ ਜਿਹਾ ਗੁਣੀ ਬਣ

ਕੇ ਵਿਚਰਨਾ ਸਿਖਾਉਂਦਾ ਹੈ। ਧਰਮ ਦਾ ਨਕਲੀ ਠੇਕੇਦਾਰ ਕੇਵਲ ਪੜ੍ਹਨ ਸੁਣਨ ਨੂੰ ਹੀ, ਇੱਕ ਅੱਖਰ ਦੇ ਜਪ ਨੂੰ ਹੀ ਗੁਣੀ ਬਣਨਾ ਸਮਝਦੇ ਹਨ ਤੇ ਸਮਝਾਉਂਦੇ ਹਨ, ਧਰਮ ਦੀ ਕਮਾਈ ਸਮਝਦੇ ਹਨ, ਚੰਗੇ ਕਰਮ ਕਰਨਾ ਸਮਝਦੇ ਹਨ ਭਾਵ ਉਹ ਆਪ ਘੋਰ ਅਗਿਆਨਤਾ ਵਿੱਚ ਹਨ ਤੇ ਸਾਨੂੰ ਵੀ ਕੇਵਲ ਭਰਮ ਵਿੱਚ ਹੀ ਪਾਉਂਦੇ ਹਨ। ਜੇਕਰ ਗੁਰੂ ਸਾਹਿਬ ਉਨ੍ਹਾਂ ਨੂੰ ਮਾੜਾ ਕਹਿ ਰਹੇ ਹਨ ਫਿਰ ਇਸ ਵਿੱਚ ਗਲਤ ਕੀ ਹੈ। ਜੋ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਸਮਝਾਵੇ ਉਹ ਠੀਕ ਕਿਵੇਂ ਹੋ ਸਕਦਾ ਹੈ, ਚੰਗਾ ਕਿਵੇਂ ਹੋ ਸਕਦਾ ਹੈ। ਉਹ ਸਾਨੂੰ ਨਾਮ ਦੀ ਪੁੱਠੀ ਪੱਟੀ ਪੜ੍ਹਾ ਕੇ ਸਮਾਜ ਦਾ ਕਿੰਨਾ ਵੱਡਾ ਨੁਕਸਾਨ ਕਰ ਰਹੇ ਹਨ, ਗੁਰਮਤਿ ਦਾ ਕਿਤਨਾ ਵੱਡਾ ਨੁਕਸਾਨ ਕਰ ਰਹੇ ਹਨ, ਗੁਰਬਾਣੀ ਦਾ ਕਿਤਨਾ ਕੁ ਵੱਡਾ ਪ੍ਰਚਾਰ ਕਰ ਰਹੇ ਹਨ ਇਸਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਗੁਰਬਾਣੀ ਸਾਰੇ ਜਗਤ ਲਈ ਹੈ ਤੇ ਸਾਰੇ ਜਗਤ ਨੂੰ ਸੱਚ ਦੀ ਸਿੱਖਿਆ ਦੇਣ ਲਈ ਹੈ, ਗੁਣਾਂ ਦੀ ਸਿੱਖਿਆ ਦੇਣ ਲਈ ਹੈ ਤਾਂ ਜੋ ਅਸੀਂ ਸੱਚ ਤੇ ਚੱਲ ਕੇ ਭਾਵ ਔਗੁਣਾਂ ਨੂੰ ਛੱਡ ਕੇ, ਗੁਣੀ ਬਣ ਕੇ ਸੰਸਾਰ ਵਿੱਚ ਵਿਚਰੀਏ ਤਾਂ ਜੋ ਅਸੀਂ ਸਮਾਜ ਦਾ ਭਲਾ ਕਰੀਏ, ਸਮਾਜ ਵਿੱਚ ਕਿਸੇ ਦਾ ਮਾੜਾ ਨਾ ਕਰੀਏ ਤੇ ਕਿਸੇ ਲਈ ਵੀ ਮਾੜਾ ਨਾ ਸੋਚੀਏ, ਸਭ ਨੂੰ ਇੱਕੋ ਜਿਹਾ ਸਮਝ ਕੇ ਕੇਵਲ ਨਿਆਂ ਕਰੀਏ। ਨਿਆਂ ਕੇਵਲ ਸੱਚ ਨਾਲ ਹੁੰਦਾ ਹੈ ਤੇ ਤਾਂ ਹੀ ਸਮਾਜ ਸੁਖੀ ਰਹਿੰਦਾ ਹੈ।

ਧਰਮ ਦੇ ਨਕਲੀ ਠੇਕੇਦਾਰ ਗੁਰਬਾਣੀ ਦੀ ਸਿੱਖਿਆ ਨੂੰ ਬਹੁਤ ਛੋਟਾ ਕਰ ਰਹੇ ਹਨ ਤੇ ਸਭ ਨੂੰ ਸਰੀਰਕ ਜਪਾਂ ਤਪਾਂ ਨਾਲ ਜੋੜ ਰਹੇ ਹਨ, ਸੁਰਤੀਆਂ ਸਮਾਧੀਆਂ ਨਾਲ ਜੋੜ ਰਹੇ ਹਨ ਜਿੰਨ੍ਹਾਂ ਦਾ ਕਿ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇੱਕ ਅੱਖਰ ਦੇ ਜਪ ਨੂੰ ਹੀ ਸੱਚ ਕਹਿਣਾ, ਗੁਣ ਕਹਿਣਾ, ਪ੍ਰਮਾਤਮਾ ਦਾ ਜੱਸ ਕਹਿਣਾ, ਚੰਗਾ ਕਰਮ ਕਹਿਣਾ, ਧਰਮ ਦਾ ਮਾਰਗ ਕਹਿਣਾ ਤੇ ਇਨ੍ਹਾਂ ਗੱਲਾਂ ਦਾ ਪ੍ਰਚਾਰ ਕਰਨਾ ਹੀ ਗੁਰਬਾਣੀ ਨੂੰ ਕਿਸ ਕਦਰ ਛੋਟਾ ਬਣਾ ਰਿਹਾ ਹੈ ਉਸ ਗੱਲ ਦੀ ਇਨ੍ਹਾਂ ਭਰਮੇ ਹੋਇਆਂ ਨੂੰ ਸਮਝ ਨਹੀਂ ਹੈ। ਇਨ੍ਹਾਂ ਦੀ ਤੁਲਨਾ ਚੂਹਿਆਂ ਦੇ ਨਾਲ ਇਵੇਂ ਹੀ ਨਹੀਂ ਕੀਤੀ ਗਈ। ਇਹ ਸੱਚਮੁੱਚ ਗੁਰਬਾਣੀ ਦੀ ਗੁਰਮਤਿ ਰੂਪ ਫ਼ਸਲ ਨੂੰ, ਸੱਚ ਦੀ ਫ਼ਸਲ ਨੂੰ ਕੁਤਰਣ ਵਿੱਚ, ਟੁੱਕਣ ਵਿੱਚ, ਬਰਬਾਦ ਕਰਨ ਵਿੱਚ ਹੀ ਲੱਗੇ ਹੋਏ ਹਨ। ਇਹ ਗੁਰਬਾਣੀ ਦੀ, ਗੁਰੂ ਦੇ ਬੋਲਾਂ ਦੀ, ਗੁਰੂ

ਦੀ ਮਤਿ ਦੀ, ਸੱਚ ਦੀ, ਨਾਮ ਦੀ ਬੇਅਦਬੀ ਨਹੀਂ ਤਾਂ ਹੋਰ ਕੀ ਹੈ। ਜੇਕਰ ਸਾਨੂੰ ਗੁਰਮਤਿ ਦੀ ਇਤਨੀ ਕੁ ਹੀ ਸਮਝ ਹੈ ਤਾਂ ਫਿਰ ਅਸੀਂ ਗੁਰਬਾਣੀ ਦਾ ਪ੍ਰਚਾਰ ਵੀ ਇਹੋ ਜਿਹਾ ਹੀ ਕਰ ਰਹੇ ਹਾਂ ਭਾਵ ਗੁਰਮਤਿ ਨੂੰ ਬਹੁਤ ਛੋਟਾ ਬਣਾ ਕੇ ਪੇਸ਼ ਕਰ ਰਹੇ ਹਾਂ, ਗੁਰਮਤਿ ਦੇ ਅਸਲ ਮਕਸਦ ਨੂੰ ਦੁਨੀਆਂ ਦੀ ਸਮਝ ਤੋਂ ਦੂਰ ਕਰ ਰਹੇ ਹਾਂ। ਇਨ੍ਹਾਂ ਸਾਰੀਆਂ ਗੱਲਾਂ ਦਾ ਜਿੰਮੇਵਾਰ ਕੌਣ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਜੋ ਇਸ ਲਈ ਜਿੰਮੇਵਾਰ ਹਨ ਉਨ੍ਹਾਂ ਨੂੰ ਹੀ ਅਸਲ ਵਿੱਚ ਅਸੀਂ ਆਪਣੇ-ਆਪਣੇ ਸਿਰਮੌਰ ਮੰਨਿਆ ਹੋਇਆ ਹੈ।

ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਜਾਣਿਆ ਹੈ ਪ੍ਰਮਾਤਮਾ ਦਾ ਸੇਵਕ ਉਹੀ ਬਣਦਾ ਹੈ ਜੋ ਉਸਨੂੰ ਆਪਣੇ ਅੰਦਰੋਂ ਪਹਿਚਾਣ ਲੈਂਦਾ ਹੈ। ਧਰਮ ਦਾ ਸੱਚਾ ਠੇਕੇਦਾਰ ਉਹੀ ਹੈ ਜਿਸਨੇ ਪਹਿਲੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ। ਆਪਣੀ ਸੱਚੀ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਸਰੀਰ ਰਾਹੀਂ ਭਾਵ ਕ੍ਰੋੜਾਂ ਅਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਮਨ ਦੇ ਵਿੱਚ ਆਪਣੇ ਦਰਸ਼ਨ ਦੇ ਕੇ ਪਾਉਂਦਾ ਹੈ। ਜਿੰਨ੍ਹਾਂ ਨੂੰ ਮਨ ਦੀ ਸੋਝੀ ਹੀ ਨਹੀਂ ਪਈ, ਜਿੰਨ੍ਹਾਂ ਨੂੰ ਪ੍ਰਮਾਤਮਾ ਬਾਰੇ ਕੁੱਝ ਪਤਾ ਹੀ ਨਹੀਂ ਹੈ ਉਹੀ ਸਾਡੇ ਸਿਰਮੌਰ ਬਣੀ ਬੈਠੇ ਹਨ। ਇਹੋ ਜਿਹੇ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਵੀ ਸਰਗੁਣ ਸਰੂਪ ਦੇ ਦਰਸ਼ਨਾਂ ਦੀਆਂ ਕਰਦੇ ਹਨ ਜੋ ਕਿ ਕੇਵਲ ਇੱਕ ਮਨ ਦਾ ਭਰਮ ਹੈ ਹੋਰ ਕੁੱਝ ਵੀ ਨਹੀਂ। ਇਹ ਭਰਮ ਹੀ ਪ੍ਰਮਾਤਮਾ ਦਾ ਸਾਡੇ ਅੰਦਰ ਪਾਇਆਂ ਹੋਇਆ ਬੰਧਨ ਹੈ ਜਿਸ ਦੇ ਟੁੱਟੇ ਬਿਨ੍ਹਾਂ ਨਾ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ ਤੇ ਨਾ ਹੀ ਸਚੁ ਦੀ ਸਮਝ ਪੈ ਸਕਦੀ ਹੈ ਭਾਵ ਗੁਰਮਤਿ ਦੀ ਪੂਰਨ ਸੋਝੀ ਪੈ ਸਕਦੀ ਹੈ। ਜਿਤਨਿਆਂ ਨੂੰ ਵੀ ਅਸੀਂ ਸਿਰਮੌਰ ਮੰਨਿਆ ਹੋਇਆ ਹੈ ਕਿਸੇ ਨੂੰ ਵੀ ਇਸ ਮਨ ਦੀ ਸਮਝ ਨਹੀਂ ਪਈ, ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ ਸਮਝ ਨਹੀਂ ਪਈ ਭਾਵ ਹਰ ਕੋਈ ਭਰਮ ਵਿੱਚ ਹੀ ਰਿਹਾ ਹੈ। ਭਰਮ ਵਿੱਚ ਰਹਿ ਕੇ ਅਸੀਂ ਪ੍ਰਮਾਤਮਾ ਬਾਰੇ ਭਰਮੀਆਂ ਹੋਈਆਂ ਗੱਲਾਂ ਹੀ ਕਰਦੇ ਹਾਂ। ਨਾ ਇਹੋ ਜਿਹਿਆਂ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਦੀ ਸਮਝ ਹੈ, ਨਾ ਚੌਥੇ ਪਦ ਦੀ ਅਵੱਸਥਾ ਦੀ ਸਮਝ ਹੈ, ਨਾ ਸਹਜ ਦੀ ਅਵੱਸਥਾ ਦੀ ਸਮਝ ਹੈ, ਨਾ ਬ੍ਰਹਮਗਿਆਨ ਦੀ ਸਮਝ ਹੈ ਤੇ ਇਸੇ ਲਈ ਇਨ੍ਹਾਂ ਨੂੰ ਕਦੇ ਸਮਝ ਨਹੀਂ ਆ ਸਕਦੀ ਕਿ ਅਸਲ ਵਿੱਚ ਭਰਮ ਕੀ ਹੈ। ਭਰਮ ਵਿੱਚੋਂ ਨਿਕਲੇ ਬਿਨ੍ਹਾਂ ਸਾਨੂੰ ਇਹ ਵੀ ਕਦੀ ਸਮਝ ਨਹੀਂ ਲੱਗ ਸਕਦੀ ਕਿ ਮਨ ਦਾ ਭਰਮ ਕੀ ਹੈ। ਭਰਮ ਵਿੱਚ ਰਹਿੰਦੇ ਹੋਏ ਅਸੀਂ ਝੂਠ ਨੂੰ ਸੱਚ ਸਮਝੀ

ਜਾਂਦੇ ਹਾਂ।

19/2019

ਸਾਨੂੰ ਸਮਝਾਉਣ ਵਾਲੇ ਵੀ ਭਰਮ ਵਿੱਚ ਹਨ ਤੇ ਸਮਝਣ ਵਾਲੇ ਵੀ ਭਰਮ ਵਿੱਚ ਹਨ। ਭਰਮ ਵਿੱਚ ਰਹਿੰਦੇ ਹੋਏ ਅਸੀਂ ਉਨ੍ਹਾਂ ਭਰਮਿਆਂ ਹੋਇਆ ਨੂੰ ਰੱਬ ਦੇ ਨਾਲ ਮਿਲੇ ਹੋਏ ਸਮਝਿਆ ਹੋਇਆ ਹੈ। ਮਨ ਦੇ ਵਿੱਚੋਂ ਭਰਮ ਦਾ ਬੰਧਨ ਟੁੱਟੇ ਬਿਨ੍ਹਾਂ ਸਾਡਾ ਭਰਮ ਨਹੀਂ ਜਾ ਸਕਦਾ ਤੇ ਤਦ ਤੱਕ ਨਾ ਹੀ ਕਿਸੇ ਨੂੰ ਅਸਲੀਅਤ ਦੀ ਸਮਝ ਪੈ ਸਕਦੀ ਹੈ। ਇਹ ਉਸ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਖੇਡ ਹੈ ਜੋ ਸਭ ਨੂੰ ਭਰਮ ਵਿੱਚ ਰੱਖ ਕੇ ਹੀ ਚਲਾ ਰਿਹਾ ਹੈ। ਸਾਡੇ ਮਨ ਦਾ ਭਰਮ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਹੋਣ ਦੁਆਰਾ ਹੀ ਨਿਕਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਸਾਡੇ ਅੰਦਰੋਂ ਇਹ ਭਰਮ ਦੀ ਬੇੜੀ ਕਿਵੇਂ ਟੁੱਟਦੀ ਹੈ ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਸਮਝੀਏ ਕਿ ਧਰਮ ਦਾ ਸੱਚਾ ਠੇਕੇਦਾਰ ਉਹੀ ਹੈ ਜਿਸ ਦੀ ਪ੍ਰਮਾਤਮਾ ਨੇ ਇਹ ਭਰਮ ਦੀ ਜੇਵਰੀ, ਜ਼ੰਜ਼ੀਰ ਕੱਟੀ ਹੋਈ ਹੈ।

ਮਾਰੂ ਮਹਲਾ ੫॥

"ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥
ਆਵਣ ਜਾਣੁ ਰਹਿਓ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ਰਹਾਉ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ॥੪॥੫॥੧੪॥"

(ਅੰਗ ੧੦੦੨)

ਉੱਪਰ ਸ਼ਬਦ ਰਾਹੀਂ ਸਾਨੂੰ ਕੋਈ ਨਵੀਂ ਗੱਲ ਨਹੀਂ ਸਮਝਾਈ ਜਾ ਰਹੀ। ਗੱਲ ਉਹੀ ਹੈ ਜੋ ਅਸੀਂ ਪਿੱਛੇ ਵਾਰ-ਵਾਰ ਸਮਝਦੇ ਆ ਰਹੇ ਹਾਂ। ਸਾਡਾ ਜੀਵਨ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ। ਪ੍ਰਮਾਤਮਾ ਨੇ ਸਾਨੂੰ ਸਭ ਨੂੰ ਭਰਮ ਵਾਲੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ, ਸਾਰੇ ਸੰਸਾਰ ਨੂੰ ਉਸਨੇ ਇਸੇ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ। ਇਹ ਭਰਮ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਵਿੱਚ ਰਹਿੰਦਿਆਂ ਇਹ ਅਸੀਂ ਕਦੀ ਨਹੀਂ ਜਾਣ ਸਕਦੇ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਭਰਮ ਵਿੱਚੋਂ, ਦੁਚਿੱਤੀ ਵਿੱਚੋਂ, ਦੁਬਿਧਾ ਵਿੱਚੋਂ, ਸਹਿਸਾ ਵਿੱਚੋਂ ਕੇਵਲ ਸਾਨੂੰ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਮਨ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ। ਭਰਮ ਸਾਡੇ ਮਨ ਦਾ ਗਿਆਨ ਹੀ ਹੈ ਪਰ ਇਹ ਦੁਚਿੱਤੀ ਵਾਲਾ ਗਿਆਨ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਦੀ ਕਦੇ ਸਮਝ ਨਹੀਂ ਪੈ ਸਕਦੀ। ਸਾਨੂੰ ਸਭ ਨੂੰ ਭਰਮ ਵਿੱਚ ਰੱਖਣ ਦਾ ਪ੍ਰਮਾਤਮਾ ਦਾ ਮਕਸਦ ਹੀ ਇਹ ਹੈ ਕਿ ਅਸੀਂ ਉਸ ਨੂੰ ਜਾਣ ਨਾ ਸਕੀਏ। ਉਹ ਆਪਣੀ ਖੇਡ, ਮਾਇਆ ਰੂਪੀ ਖੇਡ ਸਾਨੂੰ ਭਰਮ ਵਿੱਚ ਰੱਖ ਕੇ ਹੀ ਚਲਾ ਰਿਹਾ ਹੈ। ਇਸ ਭਰਮ ਵਿੱਚੋਂ ਨਿਕਲੇ ਬਿਨ੍ਹਾਂ

19/2020

ਕੋਈ ਉਸ ਪ੍ਰਮਾਤਮਾ ਦੀ ਖੇਡ ਨੂੰ ਸਮਝ ਨਹੀਂ ਸਕਦਾ। ਉੱਪਰ ਸ਼ਬਦ ਰਾਹੀਂ ਸਾਨੂੰ ਇਹ ਸਪੱਸ਼ਟ ਕਰ ਕੇ ਸਮਝਾਇਆ ਹੈ ਕਿ ਮਨ ਦਾ ਭਰਮ ਹੀ ਸਾਡੇ ਪੈਰਾਂ ਵਿੱਚ ਪਾਈ ਹੋਈ ਪ੍ਰਮਾਤਮਾ ਦੀ ਉਹ ਬੇੜੀ ਹੈ, ਜ਼ੰਜੀਰ ਹੈ, ਬੰਧਨ ਹੈ ਜਿਸ ਦੁਆਰਾ ਉਸਨੇ ਸਾਨੂੰ ਸਭ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ, ਆਪਣੀ ਕੈਦ ਵਿੱਚ ਰੱਖਿਆ ਹੋਇਆ ਹੈ। ਆਪਣੇ ਆਪ ਉਸਦੀ ਇਸ ਕੈਦ ਵਿੱਚੋਂ

ਕੋਈ ਵੀ ਨਹੀਂ ਨਿਕਲ ਸਕਦਾ। ਇਹ ਕੈਦ ਸਾਡੇ ਮਨ ਦੇ ਅੰਦਰ ਹੈ, ਸਾਡੇ ਮਨ ਦੇ ਅੰਦਰ ਸਾਡੇ ਵਿਚਾਰਾਂ ਤੇ ਉਸਦਾ ਲਾਇਆ ਹੋਇਆ ਬੰਧਨ ਹੈ ਜਿਸ ਦੁਆਰਾ ਸਾਡੇ ਮਨ ਦੇ ਵਿਚਾਰ ਸਾਨੂੰ ਆਪ ਹੀ ਭਰਮ ਵਿੱਚ ਪਾਉਂਦੇ ਹਨ। ਅਸੀਂ ਆਪਣੇ ਮਨ ਦੇ ਵਿਚਾਰਾਂ ਦੁਆਰਾ ਹੀ ਵਿਚਰਦੇ ਹਾਂ ਪਰ ਇਹ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ। ਇਨ੍ਹਾਂ ਵਿਚਾਰਾਂ ਵਿੱਚ ਪ੍ਰਮਾਤਮਾ ਆਪ ਹੀ ਹੈ, ਮਨ ਦੇ ਵਿੱਚ ਉਹ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ। ਜਦ ਤੱਕ ਉਹ ਸਾਨੂੰ ਭਰਮ ਵਿੱਚ, ਅਗਿਆਨਤਾ ਵਿੱਚ ਭਾਵ ਬੰਧਨ ਵਿੱਚ ਰੱਖਣਾ ਚਾਹੁੰਦਾ ਹੈ ਤਦ ਤੱਕ ਇਸ ਵਿੱਚੋਂ ਅਸੀਂ ਨਿਕਲ ਵੀ ਕਿਵੇਂ ਸਕਦੇ ਹਾਂ। ਇਸ ਬੰਧਨ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਮਨ ਦੇ ਵਿੱਚ ਪ੍ਰਕਾਸ਼ ਦਾ ਹੋਣਾ ਹੈ ਭਾਵ ਸੱਚੇ ਗਿਆਨ ਦਾ ਪ੍ਰਕਾਸ਼ ਹੋਣਾ ਹੈ। ਸੱਚਾ ਗਿਆਨ ਕੇਵਲ ਬ੍ਰਹਮਗਿਆਨ ਹੈ ਜੋ ਗਿਆਨ ਗੁਰੂ ਦੇ ਕੋਲ ਹੈ, ਜੋ ਗਿਆਨ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਗਿਆਨ ਹੈ। ਇਸੇ ਲਈ ਗੁਰਬਾਣੀ ਭਰਮ ਤੋਂ ਰਹਿਤ ਹੈ, ਬੰਧਨ ਤੋਂ ਮੁਕਤ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਨ੍ਹਾਂ ਤੇ ਪ੍ਰਮਾਤਮਾ ਨੇ ਪਹਿਲੇ ਇਹ ਅਗਿਆਨਤਾ ਦਾ ਬੰਧਨ ਹੀ ਤੋੜਿਆ ਹੈ, ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਕਰਕੇ ਹੀ ਤੋੜਿਆ ਹੈ। ਇਹ ਭਰਮ ਦਾ ਆਂਡਾ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਆਂਡਾ ਹੈ ਜਿਸਨੂੰ ਕੇਵਲ ਚੌਥੇ ਪਦ ਦੀ ਅਵੱਸਥਾ ਦਾ ਗਿਆਨ ਹੀ ਤੋੜ ਸਕਦਾ ਹੈ। ਮਨ ਦੇ ਵਿੱਚ ਪ੍ਰਕਾਸ਼ ਚੌਥੇ ਪਦ ਦੇ ਗਿਆਨ ਦੁਆਰਾ ਹੀ ਹੁੰਦਾ ਹੈ, ਬਹਮਗਿਆਨ ਦੁਆਰਾ ਹੀ ਹੁੰਦਾ ਹੈ। ਸਾਡੇ ਅੰਦਰ ਇਹ ਪ੍ਰਕਾਸ਼ ਕੇਵਲ ਉਹ ਬ੍ਰਹਮਗਿਆਨੀ ਅਕਾਲ ਪੁਰਖ ਆਪ ਹੀ ਕਰ ਸਕਦਾ ਹੈ ਜੋ ਬ੍ਰਹਮਗਿਆਨ ਦਾ ਮਾਲਕ ਹੈ। ਉਹ ਬ੍ਰਹਮਗਿਆਨੀ ਸਾਡੇ ਮਨ ਦੇ ਵਿੱਚ ਹੀ ਹੈ ਪਰ ਉਸਦੀ ਸਮਝ ਕੇਵਲ ਮਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ। ਮਨ ਦੇ ਪ੍ਰਕਾਸ਼ ਤੋਂ ਬਿਨ੍ਹਾਂ ਹਰ ਕੋਈ ਬੰਧਨ ਵਿੱਚ ਹੀ ਹੈ। **(ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥)**

19/2021

ਹੁਣ ਅਗਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਨਾਮ ਦਾ ਮਿਲਣਾ ਕੀ ਹੈ ਤੇ ਆਵਾਗਉਣ ਤੋਂ ਮੁਕਤੀ ਕੀ ਹੈ।

"ਆਵਣ ਜਾਣੁ ਰਹਿਓ॥

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ਰਹਾਉ॥"

ਜਦ ਤੱਕ ਸਾਡੇ ਅੰਦਰ ਭਰਮ ਦੀ ਬੇੜੀ ਹੈ ਤਦ ਤੱਕ ਅਸੀਂ ਆਵਾਗਉਣ ਤੋਂ ਮੁਕਤ ਨਹੀਂ ਹੋ ਸਕਦੇ। ਜੇਕਰ ਕੋਈ ਆਪਣੇ ਆਪ ਨੂੰ ਮੁਕਤ ਸਮਝੀ ਬੈਠਾ ਹੈ ਤਾਂ ਉਹ ਵੱਡੇ ਭੁਲੇਖੇ ਵਿੱਚ ਹੈ। ਜਿੰਨ੍ਹਾਂ ਨੂੰ ਗੁਰੂ ਸਾਹਿਬ ਨੇ ਝੂਠੇ ਠੇਕੇਦਾਰ ਕਿਹਾ ਹੈ ਉਹ ਸਾਰੇ ਆਪਣੇ ਆਪ ਨੂੰ ਮੁਕਤ ਹੀ ਸਮਝੀਂ ਬੈਠੇ ਹਨ ਜਦ ਕਿ ਮੁਕਤੀ ਕੀ ਹੈ ਇਸ ਗੱਲ ਦੀ ਉਨ੍ਹਾਂ ਨੂੰ ਰੱਤੀ ਭਰ ਵੀ ਸਮਝ ਨਹੀਂ ਹੈ। ਇਹੋ ਜਿਹੇ ਦੂਸਰਿਆਂ ਨੂੰ ਮੁਕਤ ਕਰਵਾਉਣ ਦੀਆਂ ਗੱਲਾਂ ਵੀ ਕਰਦੇ ਹਨ, ਮੁਕਤੀ ਦਾ ਦਰ ਵੀ ਸਮਝਾਉਂਦੇ ਹਨ। ਇਹੋ ਜਿਹੀਆਂ ਗੱਲਾਂ ਉਹੀ ਕਰ ਸਕਦਾ ਹੈ ਜੋ ਆਪ ਵੱਡੇ ਭਰਮ ਵਿੱਚ ਹੈ, ਅਗਿਆਨਤਾ ਦੇ ਬੰਧਨ ਵਿੱਚ ਹੈ।

ਆਪਣਾ ਨਾਮ ਪ੍ਰਮਾਤਮਾ ਸਾਨੂੰ ਆਪ ਹੀ ਦਿੰਦਾ ਹੈ ਤੇ ਨਾਮ ਦੀ ਪ੍ਰਾਪਤੀ ਦੁਆਰਾ ਹੀ ਕੋਈ ਮੁਕਤ ਹੁੰਦਾ ਹੈ। ਇਨ੍ਹਾਂ ਨਕਲੀ ਠੇਕੇਦਾਰਾਂ ਨੂੰ ਨਾਮ ਦੀ ਕੋਈ ਸਮਝ ਨਹੀਂ ਹੈ। ਨਾਮ ਤਾਂ ਸਾਡੇ ਬੰਧਨ ਕੱਟਣ ਲਈ ਹੈ। ਮਨ ਦੇ ਵਿੱਚ ਬ੍ਰਹਮਗਿਆਨ ਦਾ ਪ੍ਰਕਾਸ਼ ਹੀ "ਨਾਮੁ" ਦੀ ਪ੍ਰਾਪਤੀ ਹੈ। ਮਨੁੱਖ ਦਾ ਮਨ ਨਾਮ ਦੇ ਨਾਲ ਹੀ ਸ਼ੀਤਲ ਹੁੰਦਾ ਹੈ ਭਾਵ ਸੰਤੋਖ ਵਿੱਚ ਆਉਂਦਾ ਹੈ। ਮਨ ਦੇ ਵਿੱਚ ਸੰਤੋਖ ਤਾਂ ਹੀ ਆਉਂਦਾ ਹੈ ਜਦੋਂ ਮਨ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ, ਮਾਇਆ ਮੋਹ ਮੁੱਕ ਜਾਂਦਾ ਹੈ। ਮਨ ਦੀ ਇਹ ਤ੍ਰਿਸ਼ਨਾ ਜਿਸ ਵਿੱਚ ਹਰ ਕੋਈ ਜਲ ਰਿਹਾ ਹੈ, ਸੜ ਰਿਹਾ ਹੈ ਭਾਵ ਤਪ ਰਿਹਾ ਹੈ ਇਹ ਸਾਡੇ ਮਨ ਦੀ ਅਗਿਆਨਤਾ ਕਰਕੇ ਹੀ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ ਸਾਡੇ ਲਈ ਚੰਗਾ ਕੀ ਹੈ ਤੇ ਮਾੜਾ ਕੀ ਹੈ। ਇਹ ਸੋਝੀ ਸਾਨੂੰ ਪ੍ਰਮਾਤਮਾ ਮਨ ਦੇ ਪ੍ਰਕਾਸ਼ ਦੁਆਰਾ ਆਪ ਹੀ ਪਾਉਂਦਾ ਹੈ, ਆਪਣੇ ਨਾਮ ਦੁਆਰਾ ਪਾਉਂਦਾ ਹੈ। ਜਿਸ ਦੁਆਰਾ ਮਨੁੱਖ ਫਿਰ ਮਾਇਆ ਮੋਹ ਵਿੱਚ ਨਹੀਂ ਫਸਦਾ ਤੇ ਮਾੜੀ ਬਿਰਤੀ ਵਿੱਚੋਂ ਨਿਕਲ ਕੇ ਕੇਵਲ ਸੱਚ ਦੁਆਰਾ ਹੀ ਵਿਚਰਦਾ ਹੈ। "ਨਾਮੁ" ਆਪ ਸੱਚ ਹੈ ਤੇ ਸਾਨੂੰ ਸੱਚ ਤੇ ਚੱਲਣ ਦਾ ਗਿਆਨ ਹੀ ਦਿੰਦਾ ਹੈ। **(ਆਵਣ ਜਾਣੁ ਰਹਿਓ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ਰਹਾਉ॥)** ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਮਨ ਦੇ ਪ੍ਰਕਾਸ਼ ਦੁਆਰਾ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ

19/2022

ਨੂੰ ਪ੍ਰਮਾਤਮਾ ਨੇ ਇਹੋ ਜਿਹਾ ਨਾਮ ਦਿੱਤਾ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਤੇ ਤਾਂ ਹੀ ਉਨ੍ਹਾਂ ਨੇ ਗੁਰਬਾਣੀ ਰਾਹੀਂ ਨਾਮ ਉਚਾਰਿਆ ਹੈ। ਇਹ ਪ੍ਰਮਾਤਮਾ ਦਾ ਸੱਚਾ ਨਾਮ ਹੈ ਤੇ ਜਿਸ ਦੇ ਕੋਲ ਉਸਦਾ ਸੱਚਾ ਨਾਮ ਹੈ ਉਹ ਉਸਦਾ ਸੱਚਾ ਠੇਕੇਦਾਰ ਹੈ। ਜਿੰਨ੍ਹਾਂ ਦੇ ਕੋਲ ਝੂਠਾ ਨਾਮ ਹੈ ਉਹ ਠੇਕੇਦਾਰ ਵੀ ਝੂਠੇ ਹੀ ਹਨ। ਇਹੋ ਜਿਹੇ ਠੇਕੇਦਾਰ ਸਾਨੂੰ ਸਾਧਸੰਗਤ ਵੀ ਝੂਠੀ ਹੀ ਸਮਝਾਉਂਦੇ ਹਨ। ਸੱਚੀ ਸਾਧਸੰਗਤ ਕੀ ਹੈ ਇਹ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ॥

ਜਿਸ ਕੀ ਅਟਕ ਤਿਸ ਤੇ ਛੂਟੀ ਤਉ ਕਹਾ ਕਰੈ ਕੋਟਵਾਰ॥੨॥"

ਸਾਧਸੰਗਤ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ "ਸਾਧੂ" ਦੀ ਸੰਗਤ ਹੈ ਭਾਵ ਗੁਰੂ ਦੀ, ਪ੍ਰਮਾਤਮਾ ਦੀ ਸੰਗਤ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦੀ ਹੈ, ਮਨ ਦੇ ਵਿੱਚ ਪ੍ਰਕਾਸ਼ ਦੁਆਰਾ ਹੁੰਦੀ ਹੈ, ਮਨ ਦੇ ਵਿੱਚ ਭਰਮ ਦਾ ਆਂਡਾ ਟੁੱਟਣ ਦੁਆਰਾ ਹੁੰਦੀ ਹੈ। ਨਾਮ ਦਾ ਮਿਲਣਾ ਜਾਂ ਸਾਧਸੰਗਤ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਮਨੁੱਖਾਂ ਦੀ ਸੰਗਤ ਨੂੰ ਸਾਧਸੰਗਤ ਕਹਿ ਕੇ ਉਹੀ ਸਮਝਾਉਂਦੇ ਹਨ ਜਿੰਨ੍ਹਾਂ ਦੀ ਆਪਣੀ ਸਾਧਸੰਗਤ ਨਹੀਂ ਹੋਈ। ਇਨ੍ਹਾਂ ਭਰਮਾਂ ਵਿੱਚ ਪਾਉਣ ਵਾਲੇ ਸਾਡੇ ਉਹ ਝੂਠੇ ਠੇਕੇਦਾਰ ਹੀ ਹਨ ਜਿੰਨ੍ਹਾਂ ਦੇ ਅੰਦਰ ਭਰਮ ਦਾ ਆਂਡਾ ਨਹੀਂ ਟੁੱਟਿਆ।

ਜਿਸ ਦਾ ਸਾਧੂਸੰਗ ਹੋ ਜਾਂਦਾ ਹੈ ਉਸਦੇ ਮਨ ਦੀ ਬਿਰਤੀ ਕਿਹੋ ਜਿਹੀ ਹੁੰਦੀ ਹੈ ਇਹ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਿਸ ਮਨ ਦੇ ਵਿੱਚ ਸਾਧਸੰਗਤ ਹੋ ਜਾਂਦੀ ਹੈ ਉੱਥੇ ਫਿਰ ਵਿਕਾਰਾਂ ਦਾ ਕੋਈ ਕੰਮ ਨਹੀਂ ਰਹਿ ਜਾਂਦਾ, ਜਮਦੂਤਾਂ ਦਾ ਕੋਈ ਕੰਮ ਨਹੀਂ ਰਹਿ ਜਾਂਦਾ। **(ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ॥)** ਇਹ ਸਾਧਸੰਗਤ ਜੇ ਇੱਕ ਵਾਰੀ ਹੋ ਜਾਵੇ ਫਿਰ ਹਰ ਵੇਲੇ ਬਣੀ ਰਹਿੰਦੀ ਹੈ ਜਿਸ ਦੁਆਰਾ ਮਨੁੱਖ ਹਰ ਵੇਲੇ ਔਗੁਣ ਰਹਿਤ ਹੋ ਕੇ ਹੀ ਵਿਚਰਦਾ ਹੈ। ਸਾਧਸੰਗਤ ਮਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ ਤੇ ਮਨ ਦੀ ਸੱਚੀ ਸੋਝੀ ਦੁਆਰਾ ਹੀ ਅਸੀਂ ਔਗੁਣ ਮੁਕਤ ਹੁੰਦੇ ਹਾਂ, ਜਦੋਂ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਇਹ ਵਿਕਾਰ ਸਾਡੇ ਲਈ ਕਿਤਨੇ ਮਾੜੇ ਹਨ ਤੇ ਗੁਣ ਸਾਡੇ ਲਈ ਕਿਤਨੇ ਚੰਗੇ

ਹਨ। ਝੂਠ ਸਾਡੇ ਲਈ ਕਿਤਨਾ ਮਾੜਾ ਹੈ ਤੇ ਸੱਚ ਸਾਡੇ ਲਈ ਕਿਤਨਾ ਚੰਗਾ ਹੈ। ਸਾਡੇ ਅੰਦਰ ਦੀ ਅਟਕ ਇਹ ਅਗਿਆਨਤਾ ਹੀ ਹੈ ਜਿਸ ਦੇ ਰਹਿੰਦਿਆਂ ਸਾਨੂੰ ਆਪਣੇ ਜੀਵਨ ਜਿਉਣ ਦਾ ਸਹੀ ਮਾਰਗ ਸਮਝ ਨਹੀਂ ਆਉਂਦਾ। ਜਿਸਨੇ ਸਾਡੇ ਅੰਦਰ ਇਹ ਅਟਕ ਪਾਈ ਹੋਈ ਹੈ, ਇਹ ਭਰਮ ਰੂਪ ਅਟਕ ਪਾਈ ਹੋਈ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਪਾਈ ਹੋਈ ਹੈ, ਮਾਇਆ ਮੋਹ ਦੀ ਜੁਗਤ ਪਾਈ ਹੋਈ ਹੈ ਉਹੀ ਇਸ ਅਟਕ ਨੂੰ ਦੂਰ ਕਰ ਸਕਦਾ ਹੈ, ਉਹੀ ਇਸ ਭਰਮ ਦੇ ਆਂਡੇ ਨੂੰ ਤੋੜ ਸਕਦਾ ਹੈ ਜਿਸਨੇ ਇਹ ਭਰਮ ਰੂਪ ਆਂਡਾ ਸਾਡੇ ਅੰਦਰ ਪਾਇਆ ਹੋਇਆ ਹੈ, ਬਣਾਇਆ ਹੋਇਆ ਹੈ। ਇਹ ਅਗਿਆਨਤਾ ਵੀ ਮਨ ਦੇ ਵਿੱਚੋਂ ਹੀ ਆਉਂਦੀ ਹੈ ਤੇ ਇਸ ਨੂੰ ਦੂਰ ਕਰਨ ਦੀ ਵਿਧੀ ਵੀ ਮਨ ਦੇ ਵਿੱਚ ਹੀ ਹੈ। ਸਾਡੇ ਅੰਦਰ ਮਨ ਹੀ ਸਾਡਾ ਕੋਟਵਾਰ ਹੈ ਜੋ ਸਾਨੂੰ ਚਲਾ ਰਿਹਾ ਹੈ। ਜਦੋਂ ਮਨ ਦਾ ਮਾਲਕ ਆਪ ਅੰਦਰ ਪ੍ਰਗਟ ਹੋ ਜਾਂਦਾ ਹੈ ਫਿਰ ਮਨ ਦੀ ਤ੍ਰੈਗੁਣ ਵਾਲੀ ਸੋਚ, ਤ੍ਰੈਗੁਣੀ ਅਵੱਸਥਾ ਸਾਨੂੰ ਭਰਮ ਵਿੱਚ ਨਹੀਂ ਰੱਖ ਸਕਦੀ। ਜਿਸਨੇ ਇਹ ਅਵੱਸਥਾ ਪਾਈ ਹੋਈ ਹੈ ਉਹ ਆਪ ਹੀ ਇਸ ਨੂੰ ਮਨ ਦੇ ਪ੍ਰਕਾਸ਼ ਦੁਆਰਾ ਦੂਰ ਕਰ ਦਿੰਦਾ ਹੈ ਤੇ ਸਾਨੂੰ ਦੁਚਿੱਤੀ ਵਿੱਚੋਂ ਕੱਢ ਕੇ ਆਪਣੇ ਸੱਚੇ ਗਿਆਨ ਨਾਲ ਮਿਲਾ ਲੈਂਦਾ ਹੈ, "**ਸੋਚੈ**" ਵਿੱਚੋਂ ਕੱਢ ਕੇ "**ਇਕ ਸੋਚ**" ਵਿੱਚ ਮਿਲਾ ਲੈਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਉਹ ਆਪਣੀ ਪੂਰਨ ਗੁਰਮਤਿ ਦੀ ਸੋਝੀ ਪਾਉਂਦਾ ਹੈ, ਨਾਮ ਦੀ ਸੋਝੀ ਪਾਉਂਦਾ ਹੈ, ਸਾਧਸੰਗਤ ਬਖ਼ਸ਼ਦਾ ਹੈ, ਆਪਣੇ ਨਾਲ ਮਿਲਾਉਂਦਾ ਹੈ, ਆਪਣੇ ਸੱਚੇ ਗਿਆਨ ਦੇ ਨਾਲ ਮਿਲਾਉਂਦਾ ਹੈ।**(ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ॥ ਜਿਸ ਕੀ ਅਟਕ ਤਿਸ ਤੇ ਛੂਟੀ ਤਉ ਕਹਾ ਕਰੈ ਕੋਟਵਾਰ॥੨॥)**

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ॥

ਵਿਚਿ ਮਨ ਕੋਟਵਰੀਆ॥ ਨਿਜ ਮੰਦਰਿ ਪਿਰੀਆ॥

ਤਹਾ ਆਨਦ ਕਰੀਆ॥ ਨਹ ਮਰੀਆ ਨਹ ਜਰੀਆ॥੧॥}

(ਅੰਗ ੭੪੬)

ਅਸੀਂ ਅਨੇਕਾਂ ਜਨਮਾਂ ਤੋਂ ਮਾੜੇ ਕਰਮਾਂ ਦਾ ਭਾਰ ਆਪਣੇ ਸਿਰ ਚੁੱਕਦੇ ਰਹਿੰਦੇ ਹਾਂ, ਪਾਉਂਦੇ ਰਹਿੰਦੇ ਹਾਂ ਜਿਸ ਕਰਕੇ ਅਸੀਂ ਆਵਾਗਉਣ ਵਿੱਚ ਰਹਿੰਦੇ ਹਾਂ। ਜਦ ਤੱਕ ਪ੍ਰਮਾਤਮਾ ਨੇ ਸਾਡੇ ਅੰਦਰ ਆਪਣੀ ਅਟਕ ਪਾ ਕੇ ਸਾਨੂੰ ਔਗੁਣਾਂ ਵਿੱਚ ਰੱਖਿਆ ਹੋਇਆ ਹੈ ਤਦ ਤੱਕ ਅਸੀਂ ਆਪਣੇ ਸਿਰ ਭਾਰ ਵਧਾਉਂਦੇ ਰਹਿੰਦੇ ਹਾਂ। ਪ੍ਰਮਾਤਮਾ ਸਾਨੂੰ ਇਸ ਭਾਰ ਤੋਂ ਮੁਕਤ ਆਪ ਹੀ ਕਰਦਾ ਹੈ, ਸਾਡੇ ਤੇ ਤਰਸ ਖਾ ਕੇ ਕਰਦਾ

19/2024

ਹੈ ਜੋ ਕਿ ਕੇਵਲ ਆਪਣੀ ਕ੍ਰਿਪਾ ਤੇ ਨਿਰਭਰ ਹੈ। ਉਹ ਕਿਸ ਤੇ ਤਰਸ ਖਾਂਦਾ ਹੈ ਇਹ ਉਹੀ ਜਾਣਦਾ ਹੈ ਪਰ ਸਾਡਾ ਉੱਦਮ ਕੇਵਲ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਵੱਧ ਤੋਂ ਵੱਧ ਉਸਦੀ ਦਿੱਤੀ ਹੋਈ ਮਤਿ ਨਾਲ ਹੀ ਜੁੜੀਏ ਜਿਸ ਨੇ ਸਾਡੇ ਤੇ ਕ੍ਰਿਪਾ ਕਰਨੀ ਹੈ। ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਆਪਣੀ ਸੱਚੀ ਮਤਿ ਬਖ਼ਸ਼ ਕੇ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਆਪਣੇ ਮਾੜੇ ਕਰਮਾਂ ਕਰ ਕੇ ਹੀ ਅਸੀਂ ਮਾਇਆ ਮੋਹ ਦੇ ਸਾਗਰ ਵਿੱਚ ਫਸੇ ਹੋਏ ਹਾਂ ਤੇ ਇਸ ਵਿੱਚੋਂ ਸਾਨੂੰ ਉਹ ਆਪ ਹੀ "**ਕੰਢੈ**" ਤੇ ਲਾ ਸਕਦਾ ਹੈ, ਉਸ ਵਿੱਚੋਂ ਪਾਰ ਕਰ ਸਕਦਾ ਹੈ। **(ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ॥੩॥)**

ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਭਾਵ ਭਰਮ ਦਾ ਆਂਡਾ ਟੁੱਟਣ ਦੁਆਰਾ, ਮਨ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਸਾਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ, ਸੱਚੇ ਥਾਨ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ॥

ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ॥੪॥੫॥੧੪॥"

19/2025

ਹੁਣ ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਅਸੀਂ ਕਿਹੋ ਜਿਹੇ ਸੱਚ ਦੀ ਪ੍ਰਾਪਤੀ ਕਰਨੀ ਹੈ। ਸੱਚ ਦੀ ਪ੍ਰਾਪਤੀ ਉਸ ਸੱਚੇ ਥਾਨ ਤੇ ਪਹੁੰਚ ਕੇ ਹੁੰਦੀ ਹੈ ਜਿਸ ਥਾਨ ਤੇ ਆਪ ਪ੍ਰਮਾਤਮਾ ਵੱਸਦਾ ਹੈ। "ਸਚੁ ਥਾਨੁ" ਇਸ ਤੋਂ ਭਾਵ ਹੈ ਪ੍ਰਮਾਤਮਾ ਦਾ ਅਸਥਾਨ। "ਸਚੁ" ਤੋਂ ਭਾਵ ਹੈ ਆਪ ਪ੍ਰਮਾਤਮਾ। ਜਦ ਤੱਕ ਸਾਡੇ ਅੰਦਰ ਭਰਮ ਹੈ ਤਦ ਤੱਕ ਅਸੀਂ ਇਸ "ਸਚੁ ਥਾਨੁ" ਤੇ ਨਹੀਂ ਪਹੁੰਚ ਸਕਦੇ। ਇਹ "ਸਚੁ ਥਾਨੁ" ਸਾਡੇ ਮਨ ਦੇ ਵਿੱਚ ਹੀ ਹੈ ਜਿਸ ਦੀ ਪ੍ਰਾਪਤੀ ਭਰਮ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ। ਇਹ ਮਨ ਦੇ ਚੌਥੇ ਪਦ ਦਾ ਥਾਨ ਹੈ, ਬ੍ਰਹਮਗਿਆਨ ਦਾ ਥਾਨ ਹੈ ਭਾਵ ਮਨ ਦੇ ਵਿੱਚ ਬ੍ਰਹਮਗਿਆਨ ਦੀ ਅਵੱਸਥਾ ਹੈ ਜਿਸ ਵਿੱਚ ਪ੍ਰਮਾਤਮਾ ਆਪ ਵੱਸਦਾ ਹੈ। ਮਨ ਦੇ ਵਿੱਚ ਇਸ ਅਸਥਾਨ ਤੇ ਪਹੁੰਚ ਕੇ ਹੀ ਸਾਡੀ ਉਸ "ਸਚੁ" ਦੇ ਨਾਲ, ਪ੍ਰਮਾਤਮਾ ਦੇ ਨਾਲ ਬੈਠਕ ਹੁੰਦੀ ਹੈ ਭਾਵ ਉਸਦੇ ਨਾਲ ਮੇਲ ਹੁੰਦਾ ਹੈ। ਇਹ ਅਸਥਾਨ ਨਿਰਗੁਣ ਰੂਪ ਹੈ ਤੇ ਉਸਦੇ ਨਾਲ ਮੇਲ, ਬੈਠਕ ਵੀ ਨਿਰਗੁਣ ਰੂਪ ਵਿੱਚ ਹੀ ਹੁੰਦੀ ਹੈ। ਆਪਣੇ ਇਸ ਅਸਥਾਨ ਤੇ ਪ੍ਰਮਾਤਮਾ ਮਨ ਦੇ ਵਿੱਚ ਹੀ ਆਪਣਾ ਬ੍ਰਹਮਗਿਆਨ ਦਿੰਦਾ ਹੈ, ਆਪਣਾ ਅੰਮ੍ਰਿਤ ਵੰਡਦਾ ਹੈ ਭਾਵ ਸਾਨੂੰ ਆਪਣੀ ਪੂਰੀ ਗੁਰਮਤਿ ਦੀ ਸੋਝੀ ਪਾਉਂਦਾ ਹੈ। ਪ੍ਰਮਾਤਮਾ ਦੇ ਨਾਲ ਇਸ ਅਸਥਾਨ ਤੇ ਬੈਠ ਕੇ ਹੀ ਗੁਰਬਾਣੀ ਦੇ ਰਚਨ ਵਾਲਿਆਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਇਸ ਅਸਥਾਨ ਤੇ ਪਹੁੰਚ ਕੇ ਹੀ ਸੱਚ ਦੀ ਕਦਰ ਪੈਂਦੀ ਹੈ ਕਿ ਸੱਚ ਮਨੁੱਖ ਲਈ ਕਿਤਨਾ ਜਰੂਰੀ ਹੈ ਭਾਵ ਸੱਚ ਦੁਆਰਾ ਵਿਚਰਨਾ ਕਿਤਨਾ ਜਰੂਰੀ ਹੈ ਪ੍ਰਮਾਤਮਾ ਦੇ ਪੂਰਨ ਸੱਚ ਦੀ ਸੋਝੀ ਇਸ ਅਸਥਾਨ ਤੇ ਪਹੁੰਚ ਕੇ ਹੀ ਪੈਂਦੀ ਹੈ ਤੇ ਉਸ ਤੋਂ ਬਾਅਦ ਮਨੁੱਖ ਦਾ ਮਨੋਰਥ ਕੇਵਲ ਸੱਚ ਤੇ ਚੱਲਣਾ ਹੀ ਰਹਿ ਜਾਂਦਾ ਹੈ। ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਉਹ ਸਾਨੂੰ ਆਪਣਾ ਸੱਚ ਸਮਝਾ ਕੇ ਆਪ ਹੀ ਸੱਚ ਨੂੰ ਸਾਡੇ ਅੰਦਰ ਦ੍ਰਿੜ ਕਰਦਾ ਹੈ ਤੇ ਮਨ ਦੇ ਵਿਚਾਰਾਂ ਨੂੰ ਸੱਚ ਤੇ ਹੀ ਟਿਕਾ ਕੇ ਰੱਖਦਾ ਹੈ। ਜਿੱਥੇ ਸੱਚ ਹੁੰਦਾ ਹੈ ਭਾਵ ਜਿਹੜੇ ਮਨ ਦੇ ਵਿੱਚ ਸੱਚ ਵੱਸ ਜਾਂਦਾ ਹੈ ਉੱਥੇ ਫਿਰ ਕੇਵਲ ਗੁਣ ਹੀ ਹੁੰਦੇ ਹਨ ਤੇ ਔਗੁਣਾਂ ਵਾਲੇ ਵਿਚਾਰ ਫਿਰ ਚੰਗੇ ਹੀ ਨਹੀਂ ਲੱਗਦੇ। ਪੂਰੀ ਗੁਰਬਾਣੀ ਵਿੱਚ ਸਾਨੂੰ ਪ੍ਰਮਾਤਮਾ ਨੇ ਸੱਚ ਹੀ ਸਮਝਾਇਆ ਹੋਇਆ ਹੈ ਤੇ ਇਹੋ ਜਿਹੇ ਸੱਚ ਦੇ ਅੰਦਰ ਵਿਚਰਨਾ ਸਾਡਾ ਗੁਣ ਹੈ। ਗੁਰਬਾਣੀ ਦੇ ਸੱਚ ਤੋਂ ਬਾਹਰ ਜਾਣਾ ਸਾਡਾ ਔਗੁਣ ਹੈ। ਜੇਕਰ ਬਾਣੀ ਸਾਨੂੰ ਸਮਝਾਉਂਦੀ ਹੈ ਕਿ ਥਿਤਾਂ, ਵਾਰਾਂ ਨੂੰ ਪੂਜਣਾ ਸਾਡਾ ਗਵਾਰਪੁਣਾ ਹੈ ਤੇ ਜੇਕਰ ਅਸੀਂ ਥਿਤਾਂ ਵਾਰਾਂ ਨੂੰ ਪੂਜਦੇ ਹਾਂ ਤਾਂ ਫਿਰ ਉਹ ਸੱਚ ਨਹੀਂ ਹੈ, ਉਹ ਸਾਡਾ ਔਗੁਣ ਹੈ। ਜੇਕਰ ਬਾਣੀ ਸਾਨੂੰ ਸਮਝਾ

ਰਹੀ ਹੈ ਕਿ ਸਰੀਰਕ ਜਪ ਤਪ ਕੇਵਲ ਸਾਡੀ ਚਤੁਰਾਈ ਹੈ ਤੇ ਇਸ ਵਿੱਚ ਕੋਈ ਭਗਤੀ ਨਹੀਂ ਹੈ ਫਿਰ ਸਾਨੂੰ ਇਹ ਸਭ ਕੁੱਝ ਛੱਡਣ ਦੀ ਲੋੜ ਹੈ ਤੇ ਬਾਣੀ ਦੁਆਰਾ ਸਾਨੂੰ ਇਨ੍ਹਾਂ ਨੂੰ ਛੱਡਣ ਲਈ ਹੀ ਪ੍ਰੇਰਿਆ ਹੈ।

19/2026

ਜੇਕਰ ਅਸੀਂ ਇਨ੍ਹਾਂ ਨੂੰ ਛੱਡਦੇ ਹਾਂ ਫਿਰ ਅਸੀਂ ਸੱਚ ਨੂੰ ਮੰਨਦੇ ਹਾਂ ਭਾਵ ਸੱਚ ਤੇ ਅਮਲ ਕਰਦੇ ਹਾਂ। ਜੇਕਰ ਨਹੀਂ ਛੱਡਦੇ ਤਾਂ ਫਿਰ ਸਾਨੂੰ ਸੱਚ ਦੀ ਪ੍ਰਵਾਹ ਨਹੀਂ ਹੈ, ਸਾਨੂੰ ਝੂਠ ਹੀ ਚੰਗਾ ਲੱਗਦਾ ਹੈ ਤੇ ਇਸੇ ਲਈ ਇਹ ਸਾਡਾ ਔਗੁਣ ਹੈ। ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਕਿ ਇੱਕ ਅੱਖਰ ਦਾ ਜਪ ਕਿਸੇ ਲੇਖੇ ਨਹੀਂ ਹੈ ਤੇ ਇਹੋ ਜਿਹੇ ਜਪ ਦੁਆਰਾ ਸਾਡੇ ਔਗੁਣ ਦੂਰ ਨਹੀਂ ਹੋ ਸਕਦੇ। ਜੇਕਰ ਅਸੀਂ ਇਸ ਗੱਲ ਨੂੰ ਮੰਨਦੇ ਹਾਂ ਤੇ ਇਹ ਫਿਰ ਸੱਚ ਨੂੰ ਮੰਨਣ ਵਾਲੀ ਗੱਲ ਹੈ ਤੇ ਜੇਕਰ ਅਸੀਂ ਇਹੀ ਰੱਟ ਲਗਾਈ ਜਾਈਏ ਕਿ ਅੱਖਰ ਦੇ ਜਪ ਨਾਲ ਆਪੇ ਹੀ ਔਗੁਣ ਦੂਰ ਹੋ ਜਾਂਦੇ ਹਨ ਤਾਂ ਫਿਰ ਅਸੀਂ ਝੂਠ ਦੇ ਨਾਲ ਹੀ ਜੁੜੇ ਹੋਏ ਹਾਂ। ਗੁਰੂ ਦੀ ਗੱਲ ਨੂੰ ਮੰਨਣਾ ਸੱਚ ਹੈ, ਗੁਣ ਹੈ ਤੇ ਗੁਰੂ ਦੀ ਗੱਲ ਤੋਂ ਮੂੰਹ ਮੋੜਨਾ ਸੱਚ ਤੋਂ ਮੁੱਖ ਮੋੜਨਾ ਹੈ ਤੇ ਝੂਠ ਨਾਲ ਮੁੱਖ ਜੋੜਨਾ ਹੈ। ਜਿੱਥੇ ਝੂਠ ਹੈ ਉਹ ਸਾਡਾ ਔਗੁਣ ਹੈ। ਅਸੀਂ ਕਰਦੇ ਔਗੁਣ ਹਾਂ ਤੇ ਸਮਝਦੇ ਉਸਨੂੰ ਗੁਣ ਹਾਂ। ਸੱਚ ਤੇ ਚੱਲਣਾ ਬਹੁਤ ਔਖਾ ਹੈ ਜੇਕਰ ਸੱਚ ਦੀ ਸਮਝ ਲੱਗ ਜਾਵੇ। ਸੱਚ ਦੀ ਸਹੀ ਸੋਝੀ ਉਸਦੇ ਸੱਚੇ ਥਾਨ ਤੇ ਪਹੁੰਚ ਕੇ ਹੀ ਲੱਗਦੀ ਹੈ, ਉਸ ਸੱਚੇ ਦੇ ਨਾਲ ਬੈਠਕ ਹੋਣ ਤੇ ਹੀ ਲੱਗਦੀ ਹੈ ਤੇ ਫਿਰ ਤਾਂ ਹੀ ਉਸ ਤੋਂ ਬਾਅਦ ਮਨੁੱਖ ਦਾ ਮਨੋਰਥ ਕੇਵਲ ਸੱਚ ਤੇ ਚੱਲਣ ਦਾ ਹੀ ਰਹਿ ਜਾਂਦਾ ਹੈ ਜਿਹੋ ਜਿਹੇ ਸੱਚ ਤੇ ਗੁਰਬਾਣੀ ਦੇ ਰਚਨ ਵਾਲਿਆਂ ਨੇ ਚੱਲ ਕੇ ਦਿਖਾਇਆ ਹੈ। ਇਹੋ ਜਿਹਾ ਸੱਚ ਨਾਮ ਹੈ ਜਿਸ ਦੀ ਸੋਝੀ ਪ੍ਰਮਾਤਮਾ ਆਪ ਪਾਉਂਦਾ ਹੈ। ਸੱਚ ਦੀ ਸੋਝੀ ਨਾਮ ਦੁਆਰਾ ਹੀ ਪੈਂਦੀ ਹੈ ਤੇ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਨਾਮ ਬਖ਼ਸ਼ਿਆ ਹੈ, ਜਿੰਨ੍ਹਾਂ ਦੇ ਵਿੱਚੋਂ ਭਰਮ ਦਾ ਆਂਡਾ ਤੋੜਿਆ ਹੈ ਭਾਵ ਜਿੰਨ੍ਹਾਂ ਨੂੰ ਬ੍ਰਹਮਗਿਆਨ ਬਖ਼ਸ਼ਿਆ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਸੱਚ ਸਮਝਾਇਆ ਹੈ। ਪੂਰੀ ਗੁਰਬਾਣੀ ਵਿੱਚ ਨਾਮ ਹੈ, ਸੱਚ ਹੈ, ਬ੍ਰਹਮਗਿਆਨ ਹੈ ਜਿੱਥੋਂ ਸਾਨੂੰ ਸੱਚ ਦੀ ਸਮਝ ਪੈਂਦੀ ਹੈ। **(ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ॥)** ਇਸੇ ਲਈ ਪੂਰੀ ਗੁਰਬਾਣੀ ਉਸ ਪ੍ਰਮਾਤਮਾ ਦਾ ਆਪਣਾ ਸੱਚਾ ਥਾਨ ਹੈ ਜਿਸ ਦੁਆਰਾ ਉਹ ਸਭ ਨੂੰ ਆਪਣਾ ਸੱਚ ਵੰਡ ਰਿਹਾ ਹੈ, ਆਪਣੇ ਬ੍ਰਹਮਗਿਆਨ ਦੁਆਰਾ, ਨਾਮ ਦੁਆਰਾ ਸਭ ਨੂੰ ਸੱਚ ਸਮਝਾ ਰਿਹਾ ਹੈ।

ਸਾਰਗ ਮਹਲਾ ੫॥

{ਪੋਥੀ ਪਰਮੇਸਰ ਕਾ ਥਾਨੁ॥

ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

{ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥}

(ਅੰਗ ੫੧੪)

19/2027

ਬਾਣੀ ਨੇ ਸਾਨੂੰ ਜਿਹੋ ਜਿਹਾ ਸੱਚ ਸਮਝਾਇਆ ਹੋਇਆ ਹੈ ਉਹੋ ਜਿਹੇ ਸੱਚ ਤੇ ਚੱਲਣ ਦੁਆਰਾ ਬਾਣੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਵਾਉਂਦੀ ਹੈ। ਜਿਹੋ ਜਿਹਾ ਸੱਚ ਸਾਨੂੰ ਗੁਰੂ ਸਮਝਾ ਰਿਹਾ ਹੈ ਉਹੋ ਜਿਹੇ ਸੱਚ ਤੇ ਚੱਲਣ ਬਿਨ੍ਹਾਂ ਅਸੀਂ ਇਹ ਉਮੀਦ ਰੱਖੀਏ ਕਿ ਅਸੀਂ ਪ੍ਰਮਾਤਮਾ ਨੂੰ ਪਾ ਲਵਾਂਗੇ ਇਹ ਕੇਵਲ ਸਾਡਾ ਭਰਮ ਹੈ। ਜੋ ਕੰਮ ਸਾਨੂੰ ਗੁਰੂ ਛੱਡਣ ਲਈ ਸਮਝਾ ਰਿਹਾ ਹੈ ਭਾਵ ਜਿੰਨ੍ਹਾਂ ਵਿੱਚ ਕੋਈ ਸੱਚ ਨਹੀਂ ਹੈ ਪਰ ਫਿਰ ਵੀ ਅਸੀਂ ਉਸੇ ਨੂੰ ਸੱਚ ਸਮਝੀ ਜਾਈਏ ਫਿਰ ਗੁਰੂ ਦੇ ਸਮਝਾਉਣ ਦਾ ਮਕਸਦ ਹੀ ਕੀ ਰਹਿ ਗਿਆ। ਜੇਕਰ ਕਰਨੀ ਅਸੀਂ ਮਨਮਤਿ ਹੈ ਫਿਰ ਗੁਰਮਤਿ ਦਾ ਮਕਸਦ ਹੀ ਕੀ ਰਹਿ ਗਿਆ।

ਹੁਣ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝੋ ਕਿ ਸਾਡੀ ਉਹ ਕਿਹੜੀ ਪੂੰਜੀ ਹੈ ਜਿਸ ਦੁਆਰਾ ਅਸੀਂ ਉਸ ਵੱਖਰ ਦੀ ਪ੍ਰਾਪਤੀ ਕਰ ਸਕਦੇ ਹਾਂ ਜਿਸ ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ। **(ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ॥੪॥੫॥੧੪॥)**

ਜਿੰਨ੍ਹਾਂ ਨੇ ਪ੍ਰਮਾਤਮਾ ਦੇ ਘਰ ਨੂੰ ਪਾਇਆ ਹੈ ਉਨ੍ਹਾਂ ਨੇ ਸੱਚ ਦੇ ਘਰ ਨੂੰ ਹੀ ਪਾਇਆ ਹੈ। ਪ੍ਰਮਾਤਮਾ ਉਸ ਘਰ ਦੇ ਵਿੱਚ ਹੈ

ਭਾਵ ਮਨ ਦੀ ਉਸ ਅਵੱਸਥਾ ਦੇ ਵਿੱਚ ਹੈ ਜਿਸ ਅਵੱਸਥਾ ਵਿੱਚ ਕੇਵਲ ਸੱਚ ਹੀ ਹੁੰਦਾ ਹੈ। ਇਹ ਸੱਚ ਉਸ ਸੱਚੇ ਥਾਨ ਤੇ ਉਹ ਆਪ ਹੀ ਦਿੰਦਾ ਹੈ ਜਿਸ ਦੁਆਰਾ ਪੂਰਨ ਸੱਚ ਦੀ ਸੋਝੀ ਪੈਂਦੀ ਹੈ। ਇਹੋ ਜਿਹਾ ਸੱਚ ਮਨੁੱਖ ਦੀ ਪੂੰਜੀ ਹੈ ਜਿਸ ਦੁਆਰਾ ਉਸ ਸੱਚ ਵੱਖਰ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ।**(ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ॥੪॥੫॥੧੪॥)** ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਦਾ ਭਰਮ ਦਾ ਆਂਡਾ ਤੋੜ ਕੇ, ਅਗਿਆਨਤਾ ਦੀਆਂ ਜ਼ੰਜ਼ੀਰਾਂ ਤੋੜ ਕੇ, ਬੰਧਨ ਤੋੜ ਕੇ ਕਿਸੇ ਦੇ ਮਨ ਵਿੱਚ ਆਪਣੇ ਬ੍ਰਹਮਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਆਪਣੇ ਸੱਚ ਦੀ ਪੂੰਜੀ ਬਖ਼ਸ਼ ਦੇਵੇ, ਆਪਣਾ ਸੱਚ ਸਮਝਾ ਦੇਵੇ ਜਿਸ ਦੁਆਰਾ ਮਨੁੱਖ ਫਿਰ ਉਸ ਸੱਚ ਵੱਖਰ ਦੇ ਨਾਲ ਹੀ ਜੁੜਿਆ ਰਹਿੰਦਾ ਹੈ, ਬ੍ਰਹਮਗਿਆਨ ਦੇ ਨਾਲ ਹੀ ਜੁੜਿਆ ਰਹਿੰਦਾ ਹੈ। ਮਨ ਦੇ ਵਿੱਚ ਬ੍ਰਹਮਗਿਆਨ ਦਾ ਘਰ ਪ੍ਰਮਾਤਮਾ ਦਾ ਆਪਣਾ ਘਰ ਹੈ, ਉਸਦਾ ਸੱਚਖੰਡ ਹੈ ਜਿੱਥੋਂ ਸਾਰੇ ਬ੍ਰਹਮਗਿਆਨ ਦੀ ਉਤਪਤੀ ਹੁੰਦੀ ਹੈ ਤੇ ਸੱਚ ਦੀ ਉਤਪਤੀ ਹੁੰਦੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸੱਚ ਦੇ ਨਾਲ-ਨਾਲ ਭਰਮ ਵੀ ਪੈਦਾ ਹੁੰਦਾ ਹੈ ਭਾਵ ਸਾਨੂੰ ਭਰਮ ਵਿੱਚ ਪਾਉਣ ਵਾਲੇ ਵਿਚਾਰ ਵੀ ਨਾਲ-ਨਾਲ ਹੀ ਉਪਜਦੇ ਰਹਿੰਦੇ ਹਨ ਜੋ ਸਾਨੂੰ

ਦੁਚਿੱਤੀ ਵਿੱਚ, ਦੁਬਿਧਾ ਵਿੱਚ ਰੱਖਦੇ ਹਨ ਤੇ ਪੂਰਨ ਸੱਚ ਦੀ ਸੋਝੀ ਤੋਂ ਦੂਰ ਰੱਖਦੇ ਹਨ। ਪੂਰਨ ਸੱਚ ਕੇਵਲ ਚੌਥੇ ਪਦ ਦੀ ਪ੍ਰਾਪਤੀ ਵਿੱਚ ਹੈ, ਬ੍ਰਹਮਗਿਆਨ ਦੀ ਪ੍ਰਾਪਤੀ ਵਿੱਚ ਹੈ ਜਿਸ ਦੁਆਰਾ ਅਸੀਂ ਬੰਧਨ ਤੋਂ ਮੁਕਤ ਹੁੰਦੇ ਹਾਂ।

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਸਾਨੂੰ ਧਰਮ ਸਮਝਾਉਣ ਦਾ ਠੇਕਾ ਦਿੱਤਾ ਹੈ ਉਨ੍ਹਾਂ ਨੂੰ ਪਹਿਲਾਂ ਇਹੋ ਜਿਹੀ ਅਵੱਸਥਾ ਬਖ਼ਸ਼ੀ ਹੈ ਜੋ ਅਵੱਸਥਾ ਮਨ ਦੇ ਵਿੱਚੋਂ ਭਰਮ ਦਾ ਗੜ੍ਹ ਟੁੱਟਣ ਦੁਆਰਾ ਹੀ ਮਿਲਦੀ ਹੈ। ਸੱਚੇ ਠੇਕੇਦਾਰਾਂ ਵਿੱਚ ਤੇ ਝੂਠੇ ਠੇਕੇਦਾਰਾਂ ਵਿੱਚ ਕੇਵਲ ਇਸੇ ਗੱਲ ਦਾ ਹੀ ਭੇਦ ਹੈ। ਨਾ ਇਨ੍ਹਾਂ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਦੀ ਸਮਝ ਹੈ, ਨਾ ਚੌਥੇ ਪਦ ਦੀ ਸਮਝ ਹੈ, ਨਾ ਬ੍ਰਹਮਗਿਆਨ ਦੀ ਸਮਝ ਹੈ, ਨਾ ਨਾਮ ਦੀ ਸਮਝ ਹੈ, ਨਾ ਸਾਧਸੰਗਤ ਦੀ ਸਮਝ ਹੈ, ਨਾ ਸ਼ਬਦ ਦੇ ਮਕਸਦ ਦੀ ਸਮਝ ਹੈ ਤੇ ਇਨ੍ਹਾਂ ਦੀ ਸੋਝੀ ਪਏ ਬਿਨ੍ਹਾਂ ਸੱਚ ਨੂੰ ਨਹੀਂ ਸਮਝਿਆ ਜਾ ਸਕਦਾ। ਸੱਚ ਨੂੰ ਸਮਝਣਾ ਉਸ ਪ੍ਰਮਾਤਮਾ ਨੂੰ ਸਮਝਣਾ ਹੈ, ਉਸਦੇ ਨਿਰਗੁਣ ਰੂਪ ਨੂੰ ਸਮਝਣਾ ਹੈ, ਇਸ ਮਨ ਨੂੰ ਸਮਝਣਾ ਹੈ, ਸੱਚ ਦੇ ਸ੍ਰੋਤ ਨੂੰ, ਗਿਆਨ ਦੇ ਸ੍ਰੋਤ ਨੂੰ ਸਮਝਣਾ ਹੈ ਕਿ ਇਹ ਸੱਚ ਦਾ ਮਾਲਕ ਕੌਣ ਹੈ। ਜਦ ਤੱਕ ਮਨ ਦੇ ਵਿੱਚ ਭਰਮ ਹੈ ਇਨ੍ਹਾਂ ਗੱਲਾਂ ਨੂੰ ਨਹੀਂ ਸਮਝਿਆ ਜਾ ਸਕਦਾ। ਸੱਚ ਦੀ ਸਮਝ ਨਾਮ ਦੀ ਸਮਝ ਤਾਂ ਬ੍ਰਹਮਾ ਆਦਿ ਨੂੰ ਵੀ ਨਹੀਂ ਪਈ ਜਿੰਨ੍ਹਾਂ ਨੂੰ ਗੁਰਬਾਣੀ ਨੇ ਭਰਮ ਵਿੱਚ, ਤ੍ਰੈਗੁਣਾਂ ਵਿੱਚ, ਹਉਮੈ ਵਿੱਚ ਦੱਸਿਆ ਹੈ। ਇਹ ਸਾਰੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਕੇਵਲ ਆਪਣੇ ਮੇਲ ਦੁਆਰਾ ਹੀ ਪਾਉਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਇਸ ਨੂੰ ਗੁਰਬਾਣੀ ਦੇ ਰਚਨ ਵਾਲੇ ਹੀ ਜਾਣਦੇ ਹਨ ਤੇ ਹੋਰ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਕਰਨ ਵਾਲੇ ਅਨੇਕਾਂ ਹੀ ਅਨੇਕਾਂ ਹਨ ਪਰ ਅਸਲ ਵਿੱਚ ਉਹ ਸਭ ਭਰਮ ਵਿੱਚ ਹੀ ਹਨ ਤੇ ਸਾਡੇ ਅੰਦਰ ਉਹ ਭਰਮ ਪਾਉਣ ਵਾਲਾ ਉਹ ਆਪ ਹੀ ਹੈ। ਸੰਸਾਰ ਨੂੰ ਭਰਮ ਵਿੱਚ ਰੱਖਣਾ ਉਸਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ। ਸਾਡੇ ਅੰਦਰ ਇਹ ਭਰਮ ਕਿੱਥੋਂ ਆਉਂਦਾ ਹੈ, ਕਿਵੇਂ ਆਉਂਦਾ ਹੈ, ਕੌਣ ਪਾਉਂਦਾ ਹੈ, ਇਸ ਗੱਲ ਦੀ ਸੋਝੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ। ਗੁਰਬਾਣੀ ਤੋਂ ਬਿਨ੍ਹਾਂ ਜੋ ਵੀ ਧਰਮ ਦੇ ਠੇਕੇਦਾਰ ਬਣੀ ਬੈਠੇ ਹਨ ਉਹ ਸਭ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹਨ। ਜਿਸ ਨੂੰ ਚੌਥੇ ਪਦ

ਦੀ ਸੋਝੀ ਪੈ ਜਾਂਦੀ ਹੈ ਉਸਨੂੰ ਫਿਰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਸੱਚਾ ਸੰਤ ਕੌਣ ਹੈ, ਸੱਚਾ ਬ੍ਰਹਮਗਿਆਨੀ ਕੌਣ ਹੈ ਭਾਵ ਕੇਵਲ ਗੁਰੂ ਪ੍ਰਮਾਤਮਾ ਆਪ ਹੀ ਸੰਤ ਹੈ, ਬ੍ਰਹਮਗਿਆਨੀ ਹੈ। ਇਸ ਅਵੱਸਥਾ ਵਿੱਚ ਪਹੁੰਚਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਸੰਤ ਕਹਿ ਜਾਵੇ, ਬ੍ਰਹਮਗਿਆਨੀ ਕਹਿ ਜਾਵੇ ਜਾਂ ਅਖਵਾ ਲਵੇ ਇਹ ਨਾਮੁਮਕਿਨ ਹੈ, ਇਹ ਮਰਨ ਦੇ ਬਰਾਬਰ ਹੈ, ਜ਼ਹਿਰ ਖਾਣ ਦੇ ਬਰਾਬਰ ਹੈ, ਭਾਵ ਜ਼ਹਿਰ ਖਾਣਾ ਵੀ ਉਸ ਤੋਂ ਚੰਗਾ ਹੈ, ਆਪਣੇ ਵੱਖਰੇ ਡੇਰੇ ਬਣਾਉਣੇ ਤੇ ਉੱਚੇ ਰੁਤਬੇ ਥਾਪਣੇ ਬਿਲਕੁਲ ਹੀ ਮਰਨ ਵਾਲੀ ਗੱਲ ਹੈ, ਘੋਰ ਅਗਿਆਨਤਾ ਹੈ। ਇਹੋ ਜਿਹਿਆਂ ਨਾਲ ਜੁੜੇ ਹੋਏ ਵੀ, ਇਨ੍ਹਾਂ ਦੇ ਦਰ ਨੂੰ ਉੱਚਾ ਸਮਝਣ ਵਾਲੇ ਹੀ ਅਗਿਆਨਤਾ ਨਾਲ ਹੀ ਭਰਪੂਰ ਹਨ ਤੇ ਇਸੇ ਲਈ ਗੁਰਬਾਣੀ ਵਿੱਚ ਸਾਨੂੰ ਵਾਰ-ਵਾਰ ਇਨ੍ਹਾਂ ਤੋਂ ਮੋਹ ਤੋੜਨ ਲਈ ਕਿਹਾ ਹੈ ਤਾਂ ਜੋ ਸਾਡੇ ਅੰਦਰ ਗੁਰਬਾਣੀ ਦਾ ਭਾਵ ਗੁਰਬਾਣੀ ਦੀ ਮਤਿ ਦਾ ਮੋਹ ਪੈਦਾ ਹੋਵੇ। ਗੁਰਮਤਿ ਤੋਂ ਬਿਨ੍ਹਾਂ ਸਭ ਮਨਮਤਿ ਹੈ ਭਾਵ ਜੋ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਹ ਕੇਵਲ ਮਨਮਤਿ ਹੈ, ਮਨਮਤਿ ਹੈ, ਮਨਮਤਿ ਹੈ।

ਆਪਣੇ ਆਪ ਨੂੰ ਪ੍ਰਮਾਤਮਾ ਦਾ ਜਨ ਕਹਿਣਾ ਜਾਂ ਅਖਵਾਉਣਾ ਬਹੁਤ ਸੌਖਾ ਹੈ ਪਰ ਉਸਦਾ ਜਨ ਬਣਨਾ ਬਹੁਤ ਔਖਾ ਹੈ। ਗੁਰੂ ਪ੍ਰਮਾਤਮਾ ਦਾ ਜਨ ਹੈ ਕਿਉਂਕਿ ਗੁਰਬਾਣੀ ਦੀ ਰਚਨਾ ਜਿੰਨ੍ਹਾਂ ਸਰੀਰਾਂ ਰਾਹੀਂ ਹੋਈ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਆਪਣਾ ਜਨ ਬਣਾਇਆ ਹੈ ਤੇ ਜਿਸਨੂੰ ਉਹ ਆਪਣਾ ਜਨ ਬਣਾਉਂਦਾ ਹੈ ਉਹੀ ਸਾਨੂੰ ਧਰਮ ਦੀ ਸੱਚੀ ਸਿੱਖਿਆ ਦੇ ਸਕਦਾ ਹੈ, ਨਾਮ ਦੀ ਸੋਝੀ ਪਾ ਸਕਦਾ ਹੈ। ਉਸਦਾ ਜਨ ਉਹੀ ਬਣਦਾ ਹੈ ਜਿਸਨੂੰ ਉਹ ਪਹਿਲੇ ਚੌਥਾ ਪਦ ਬਖ਼ਸ਼ਦਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਹਰ ਕੋਈ ਭਰਮ ਵਿੱਚ ਹੀ ਹੈ ਜਿਸ ਵਿੱਚੋਂ ਕੇਵਲ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਅਸਲ ਵਿੱਚ ਚੌਥਾ ਪਦ ਹੀ ਸਾਡਾ ਗੁਰੂ ਹੈ ਜੋ ਕਿ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਜੋ ਵੀ ਆਪਣੀ ਸੱਚੀ ਸਿੱਖਿਆ ਦਿੰਦਾ ਹੈ, ਜਿਸ ਸਰੀਰ ਰਾਹੀਂ ਵੀ ਦਿੰਦਾ ਹੈ ਉਹ ਆਪਣੇ ਇਸ ਪਦ ਦੁਆਰਾ ਹੀ ਦਿੰਦਾ ਹੈ। ਚੌਥਾ ਪਦ ਸੱਚੇ ਗਿਆਨ ਦਾ ਪਦ ਹੈ, ਸਹਜ ਦੀ ਅਵੱਸਥਾ ਦਾ ਪਦ ਹੈ, ਬ੍ਰਹਮਗਿਆਨ ਦੀ ਅਵੱਸਥਾ ਦਾ ਪਦ ਹੈ। ਇਹ ਪਦ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬਖ਼ਸ਼ਦਾ ਹੈ ਭਾਵ ਕ੍ਰੋੜਾਂ, ਅਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਬਖ਼ਸ਼ਦਾ ਹੈ। ਇਹ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਨਣ ਦਾ ਪਦ ਹੈ ਜਿਸ ਰੂਪ ਵਿੱਚ ਉਹ ਆਪ ਵਿਚਰਦਾ ਹੈ ਇਹ ਪਦ ਖਸਮ ਦਾ ਆਪਣਾ ਪਦ ਹੈ, ਸਾਡੇ ਸੁਹਾਗ

19/2030

ਦਾ ਪਦ ਹੈ। ਆਪਣਾ ਇਹ ਪਦ ਬਖ਼ਸ ਕੇ ਹੀ ਉਹ ਕਿਸੇ ਨੂੰ ਆਪਣੀ ਸੁਹਾਗਣ ਬਣਾਉਂਦਾ ਹੈ। ਉਸਦੀ ਸੁਹਾਗਣ ਬਣੇ ਬਿਨ੍ਹਾਂ ਕੋਈ ਆਪਣੇ ਸੁਹਾਗ ਨੂੰ ਨਹੀਂ ਜਾਣ ਸਕਦਾ। ਉਸਦਾ ਜਨ ਹੀ ਉਸਦੀ ਸੁਹਾਗਣ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਹਰ ਕੋਈ ਪ੍ਰਮਾਤਮਾ ਦੀ ਦੁਹਾਗਣ ਹੀ ਹੈ। ਦੁਹਾਗਣ ਹੁੰਦੇ ਹੋਏ ਆਪਣੇ ਆਪ ਨੂੰ ਸੁਹਾਗਣ ਸਮਝਣਾ ਜਾਂ ਅਖਵਾਉਣਾ ਕੇਵਲ ਮਨ ਦਾ ਭਰਮ ਹੈ। ਉਸ ਸੁਹਾਗ ਦੀ ਪ੍ਰਾਪਤੀ ਕਰਨ ਲਈ ਸਾਡੇ ਕੋਲ ਇੱਕੋ ਇੱਕ ਮਾਰਗ ਉਸਦੀ ਸੁਹਾਗਣ ਦੇ ਲੜ ਲੱਗਣ ਦਾ ਹੈ ਭਾਵ ਗੁਰਬਾਣੀ ਦੇ ਲੜ ਲੱਗਣ ਦਾ ਹੈ ਜੋ ਉਸ ਸੁਹਾਗ ਨੂੰ ਜਾਣਦੀ ਹੈ। ਅਗਲੇ ਸ਼ਬਦਾਂ ਰਾਹੀਂ ਅਸੀਂ ਇਹੀ ਕੁੱਝ ਦ੍ਰਿੜ ਕਰਨ ਦੀ ਕੋਸ਼ਿਸ਼ ਕਰਨੀ ਹੈ ਤਾਂ ਜੋ ਅਸੀਂ ਗੁਰਮਤਿ ਦੇ ਲੜ ਲੱਗ ਸਕੀਏ, ਨਾਮ ਦੇ ਸੱਚੇ ਠੇਕੇਦਾਰ ਦੇ ਲੜ ਲੱਗ ਸਕੀਏ।

ਹੇਠ ਦਿੱਤੇ ਪਹਿਲੇ ਸ਼ਬਦ ਦੁਆਰਾ ਆਓ ਇਹ ਜਾਣੀਏ ਕਿ ਉਸਦਾ ਜਨ ਬਣਨਾ ਕੀ ਹੈ ਤਾਂ ਜੋ ਅਸੀਂ ਸੱਚੇ ਤੇ ਝੂਠੇ ਜਨ ਵਿੱਚ ਪਹਿਚਾਣ ਕਰ ਸਕੀਏ।

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ॥

“ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ॥੧॥
ਤੇਰਾ ਜਨੁ ਏਕੁ ਆਧੁ ਕੋਈ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ॥੧॥ਰਹਾਉ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥੪॥੧॥”

(ਅੰਗ ੧੧੨੩)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਤੇ ਰਹਾਉ ਦੀ ਪੰਗਤੀ ਦੁਆਰਾ ਸਾਨੂੰ ਉਨ੍ਹਾਂ ਦੇ ਮਨ ਦੀ ਅਵੱਸਥਾ ਦੱਸੀ ਹੋਈ ਹੈ ਜੋ ਪ੍ਰਮਾਤਮਾ ਨੂੰ ਪਾ ਲੈਂਦੇ ਹਨ। ਇਹੋ ਜਿਹੀ ਮਨ ਦੀ ਅਵੱਸਥਾ ਦੁਆਰਾ ਹੀ ਕੋਈ ਉਸਦਾ ਜਨ ਬਣ ਸਕਦਾ ਹੈ। ਸਾਰੀ ਗੱਲ ਵਿਕਾਰਾਂ ਨੂੰ ਛੱਡਣ ਦੀ ਕੀਤੀ ਹੋਈ ਹੈ, ਮਾਨ ਅਭਿਮਾਨ ਛੱਡਣ ਦੀ ਕੀਤੀ ਹੋਈ ਹੈ, ਹਰ ਕਿਸੇ ਨੂੰ ਇੱਕੋ ਜਿਹਾ ਸਮਝਣ ਦੀ ਗੱਲ ਕੀਤੀ ਹੋਈ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਜਿਸਨੂੰ ਪ੍ਰਮਾਤਮਾ ਨੇ ਮਨ ਦੀ ਇਹੋ ਜਿਹੀ ਅਵੱਸਥਾ ਬਖ਼ਸ਼ੀ ਹੈ ਉਨ੍ਹਾਂ ਨੇ ਹੀ ਉਸਦੀ ਭਗਤੀ ਕੀਤੀ ਹੈ, ਨਾਮ ਜਪਿਆ ਹੈ ਤੇ ਸਾਰਿਆਂ ਨੂੰ, ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਭਗਤੀ ਕਰਨ ਦਾ,

19/2031

ਨਾਮ ਜਪਣ ਦਾ ਭਾਵ ਧਰਮ ਦੇ ਮਾਰਗ ਤੇ ਚੱਲਣ ਦਾ ਮਾਰਗ ਸਮਝਾਇਆ ਹੈ। ਇਹ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਸਾਨੂੰ ਔਗੁਣ ਤਿਆਗ ਕੇ, ਮਨੁੱਖ-ਮਨੁੱਖ ਦੇ ਵਿੱਚ ਭੇਦ ਤਿਆਗ ਕੇ ਸੱਚ ਦੁਆਰਾ ਚੱਲਣਾ ਸਿਖਾਉਂਦਾ ਹੈ। ਪ੍ਰਮਾਤਮਾ ਦਾ ਥਾਪਿਆ ਹੋਇਆ ਇਹ ਧਰਮ ਦਾ ਠੇਕੇਦਾਰ ਮਨੁੱਖ-ਮਨੁੱਖ ਵਿੱਚ ਫਰਕ ਨਹੀਂ ਕਰਦਾ ਤੇ ਸਾਰੇ ਸੰਸਾਰ ਨੂੰ ਇੱਕੋ ਜਿਹੀ ਮਰਿਆਦਾ ਹੀ ਸਮਝਾਉਂਦਾ ਹੈ। ਮਰਿਆਦਾ ਸਭ ਲਈ ਸੱਚ ਹੀ ਹੈ ਜੋ ਸਭ ਲਈ ਇੱਕੋ ਜਿਹੀ ਹੈ। ਧਰਮ ਦੇ ਦੂਸਰੇ ਆਪੇ ਹੀ ਬਣੇ ਹੋਏ ਠੇਕੇਦਾਰ ਆਪਣੀ ਆਪਣੀ ਮਰਿਆਦਾ ਨਾਲ ਜੋੜਨ ਵਿੱਚ ਬਹੁਤਾ ਜ਼ੋਰ ਪਾਉਂਦੇ ਹਨ ਜਿਸਨੂੰ ਕਿ ਹਰ ਕੋਈ ਦੇਖ ਸਕਦਾ ਹੈ ਤੇ ਸਮਝ ਸਕਦਾ ਹੈ। ਸਿੱਖ ਜਗਤ ਵਿੱਚ ਹੀ ਆਪਣੀਆਂ-ਆਪਣੀਆਂ ਵੱਖਰੀਆਂ ਮਰਿਆਦਾ ਸਿਖਾਉਣ ਵਾਲਿਆਂ ਦੀ ਕਮੀ ਨਹੀਂ ਹੈ। ਅਸਲ ਵਿੱਚ ਉਨ੍ਹਾਂ ਨੂੰ ਮਾਣ ਵੀ ਇਨ੍ਹਾਂ ਗੱਲਾਂ ਦਾ ਹੀ ਮਿਲਦਾ ਹੈ। ਉਹ ਬੜੇ ਫ਼ਖ਼ਰ ਨਾਲ ਇਹ ਗੱਲਾਂ ਕਰਦੇ ਹਨ ਕਿ ਸਾਡੇ ਜੱਥੇਬੰਦੀ ਦੀ ਮਰਿਆਦਾ ਦੂਸਰਿਆਂ ਨਾਲੋਂ ਜਿਆਦਾ ਉੱਚੀ ਹੈ, ਅਸੀਂ ਦੂਸਰਿਆਂ ਨਾਲੋਂ ਜਿਆਦਾ ਸੁੱਚਾ ਖਾਣਾ ਪਕਾਉਂਦੇ ਹਾਂ ਤੇ ਖਾਉਂਦੇ ਹਾਂ। ਅਸੀਂ ਆਮ ਲੰਗਰ ਨਹੀਂ ਛਕਦੇ ਭਾਵ ਅਸੀਂ ਗੁਰੂ ਸਾਹਿਬਾਨ ਦੀ ਸ਼ੁਰੂ ਕੀਤੀ ਹੋਈ ਮਰਿਆਦਾ ਵਿੱਚ ਵਿਸ਼ਵਾਸ ਨਹੀਂ ਰੱਖਦੇ। ਸਾਡੀ ਮਰਿਆਦਾ ਉਨ੍ਹਾਂ ਤੋਂ ਵੀ ਉੱਚੀ ਹੈ ਤੇ ਸੁੱਚੀ ਹੈ। ਗੁਰਬਾਣੀ ਸਾਨੂੰ ਖਾਣੇ ਦੀ ਮਰਿਆਦਾ ਕੋਈ ਵੱਖਰੀ-ਵੱਖਰੀ ਨਹੀਂ ਸਿਖਾਉਂਦੀ ਜਿਸ ਦੁਆਰਾ ਅਸੀਂ ਆਪਸ ਵਿੱਚ ਕੋਈ ਇਨ੍ਹਾਂ ਗੱਲਾਂ ਕਰਕੇ ਭੇਦ ਭਾਵ ਵਧਾਈਏ। ਉਲਟਾ ਸਾਨੂੰ ਇਹੋ ਜਿਹੇ ਭੇਦ ਭਾਵ ਛੱਡਣ ਲਈ ਪ੍ਰੇਰਿਆ ਹੈ ਜਿੰਨ੍ਹਾਂ ਦੀ ਚਰਚਾ ਅੱਗੇ ਚੱਲ ਕੇ ਕੁੱਝ ਬਰੀਕੀ ਨਾਲ

ਕਰਾਂਗੇ।

ਸਿੱਖ ਜਗਤ ਵਿੱਚ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਦੀ ਮਰਿਯਾਦਾ ਧੰਨ ਧੰਨ ਦਸਮ ਪਾਤਸ਼ਾਹ ਦੁਆਰਾ ਆਪ ਹੀ ਕੀਤੀ ਹੋਈ ਹੈ ਜਿਸਨੂੰ ਕਿ ਹਰ ਕੋਈ ਜਾਣਦਾ ਹੈ। ਉਨ੍ਹਾਂ ਨੇ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਸਾਜੇ ਸਨ। ਸਿੱਖ ਜਗਤ ਵਿੱਚ ਵੱਖਰੀਆਂ ਵੱਖਰੀਆਂ ਜੱਥੇਬੰਦੀਆਂ ਅੰਮ੍ਰਿਤ ਛਕਾਉਣ ਦੀ ਮਰਿਆਦਾ ਵੀ ਵੱਖਰੀ-ਵੱਖਰੀ ਅਪਣਾਉਂਦੀਆਂ ਹਨ, ਵਿੱਚ ਆਪਣੀ-ਆਪਣੀ ਮਰਿਆਦਾ ਜੋੜ ਕੇ ਇੱਕ ਦੂਜੇ ਤੋਂ ਵੱਖਰੀ

19/2032

ਮਰਿਆਦਾ ਸਿਖਾਉਂਦੇ ਹਨ ਤੇ ਆਪਣੀ ਮਰਿਆਦਾ ਨੂੰ ਉੱਚਾ ਸਮਝ ਕੇ ਉਸ ਤੇ ਮਾਣ ਕਰਦੇ ਹਨ। ਜੇਕਰ ਕੋਈ ਜੱਥੇਬੰਦੀ ਇਸ ਗੱਲ ਦਾ ਮਾਣ ਕਰਦੀ ਹੈ ਕਿ ਅੰਮ੍ਰਿਤ ਛਕਣ ਲਈ ਘਰ ਵਾਲੇ ਦਾ ਤੇ ਘਰ ਵਾਲੀ ਦਾ ਇਕੱਠਾ ਆਉਣਾ ਜਰੂਰੀ ਹੈ ਭਾਵ ਇਕੱਠਾ ਅੰਮ੍ਰਿਤ ਛਕਣਾ ਜਰੂਰੀ ਹੈ ਫਿਰ ਇਹੋ ਜਿਹੀ ਮਰਿਆਦਾ ਗੁਰੂ ਸਾਹਿਬਦ ਦੀ ਮਰਿਆਦਾ ਨਾਲ ਮੇਲ ਨਹੀਂ ਖਾਂਦੀ। ਜੇਕਰ ਘਰ ਵਾਲੇ ਦੀ ਤੇ ਘਰ ਵਾਲੀ ਦੀ ਆਪਸ ਵਿੱਚ ਇਕੱਠੇ ਅੰਮ੍ਰਿਤ ਛਕਣ ਦੀ ਰਜ਼ਾ ਨਾ ਬਣੇ, ਸਹਿਮਤੀ ਨਾ ਬਣੇ ਤਾਂ ਫਿਰ ਉਨ੍ਹਾਂ ਵਿੱਚੋਂ ਜੇਕਰ ਇੱਕ ਜਾਣਾ ਅੰਮ੍ਰਿਤ ਛਕਣਾ ਚਾਹੇ ਤਾਂ ਉਸਨੂੰ ਅੰਮ੍ਰਿਤ ਨਹੀਂ ਛਕਾਉਂਦੇ ਕਿਉਂਕਿ ਇਹ ਉਨ੍ਹਾਂ ਦੀ ਮਰਿਆਦਾ ਵਿੱਚ ਨਹੀਂ ਆਉਂਦਾ। ਹੁਣ ਧਿਆਨ ਨਾਲ ਸੋਚੋ ਕਿ ਅੰਮ੍ਰਿਤ ਦੇ ਦਾਤੇ ਧੰਨ ਧੰਨ ਗੁਰੂ ਗੋਬਿੰਦ ਸਿੰਘ ਹੀ ਨੇ ਅੰਮ੍ਰਿਤ ਛਕਾਉਣ ਲੱਗਿਆਂ ਕੀ ਕੋਈ ਇਹੋ ਜਿਹੀਆਂ ਸ਼ਰਤਾਂ ਲਗਾਈਆਂ ਸਨ। ਉਨ੍ਹਾਂ ਨੇ ਜਦੋਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਸੀ ਉਨ੍ਹਾਂ ਨੂੰ ਕੋਈ ਇਹੋ ਜਿਹੀ ਪਾਬੰਦੀ ਨਹੀਂ ਸੀ ਲਗਾਈ। ਪੰਜਾਂ ਪਿਆਰਿਆਂ ਕੋਲੋਂ ਉਨ੍ਹਾਂ ਨੇ ਆਪ ਵੀ ਅੰਮ੍ਰਿਤ ਛਕਿਆ ਸੀ ਤੇ ਇਕੱਲਿਆਂ ਹੀ ਛਕਿਆ ਸੀ। ਕੀ ਸਾਨੂੰ ਇਹੋ ਜਿਹੀ ਮਰਿਆਦਾ ਸਿਖਾਉਣ ਵਾਲੇ ਖੁਦ ਅੰਮ੍ਰਿਤ ਦੇ ਦਾਤੇ ਨਾਲੋਂ ਵੀ ਸਿਆਣੇ ਹਨ ਪਰ ਉਹ ਆਪਣੇ ਆਪ ਨੂੰ ਜ਼ਿਆਦਾ ਸਿਆਣੇ ਸਮਝਣ ਦਾ ਮਾਣ ਹੀ ਲੈਂਦੇ ਹਨ। ਇਹ ਧਰਮ ਦਾ ਮਾਰਗ ਹੈ ਜੋ ਕਿ ਕਿਸੇ ਹੋਰ ਤੇ ਥੋਪਿਆ ਨਹੀਂ ਜਾ ਸਕਦਾ। ਇਨ੍ਹਾਂ ਗੱਲਾਂ ਦੇ ਕਾਰਨ ਅਨੇਕਾਂ ਘਰਾਂ ਵਿੱਚ ਝਗੜੇ ਵੀ ਪੈਂਦੇ ਹਨ। ਅਸਲ ਵਿੱਚ ਇਹ ਲੋਕ ਇਹੋ ਜਿਹੀਆਂ ਪਾਬੰਦੀਆਂ ਇਸ ਲਈ ਲਗਾਉਂਦੇ ਹਨ ਕਿ ਅੰਮ੍ਰਿਤ ਛਕਣ ਤੋਂ ਬਾਅਦ ਮਨੁੱਖ ਉਸੇ ਦੇ ਹੱਥ ਦਾ ਬਣਿਆ ਖਾਣਾ ਖਾਏ ਜੋ ਅੰਮ੍ਰਿਤਧਾਰੀ ਹੈ ਕਿਉਂਕਿ ਉਹ ਇਹੋ ਜਿਹੀ ਸੋਚ ਰੱਖਦੇ ਹਨ ਕਿ ਸੁੱਚਾ ਖਾਣਾ ਉਹੀ ਬਣਾਉਂਦਾ ਹੈ ਜਿਸਨੇ ਅੰਮ੍ਰਿਤ ਛਕਿਆ ਹੋਇਆ ਹੈ ਤੇ ਇਸੇ ਲਈ ਉਨ੍ਹਾਂ ਨੂੰ ਦੂਸਰਿਆਂ ਦੇ ਹੱਥ ਦਾ ਖਾਣਾ ਖਾਣ ਤੋਂ ਮਨ੍ਹਾ ਕੀਤਾ ਜਾਂਦਾ ਹੈ। ਗੁਰਬਾਣੀ ਸਾਨੂੰ ਇਹੋ ਜਿਹੀ ਵਿਚਾਰਧਾਰਾ ਨਾਲ ਨਹੀਂ ਜੋੜਦੀ ਜਿਸ ਦੁਆਰਾ ਸਮਾਜ ਵਿੱਚ ਅਸੀਂ ਫਿੱਕ ਪਾਈਏ ਭਾਵ ਅੰਮ੍ਰਿਤ ਛਕਣ ਵਾਲੇ ਨੂੰ ਉੱਚਾ ਤੇ ਦੂਸਰੇ ਨੂੰ ਨੀਵਾਂ ਸਮਝੀਏ। ਇਨ੍ਹਾਂ ਗੱਲਾਂ ਨਾਲ ਕੇਵਲ ਅਸੀਂ ਸਮਾਜ ਵਿੱਚ ਫਾੜ ਹੀ ਪਾਉਂਦੇ ਹਾਂ ਜਿਸ ਕਰਕੇ ਸਵਰਨ ਬ੍ਰਾਹਮਣਾਂ ਦੀ ਵਿਚਾਰਧਾਰਾ ਨੂੰ ਖੰਡਿਆ ਜਾਂਦਾ ਹੈ। ਉਨ੍ਹਾਂ ਦੀ ਵਿਚਾਰਧਾਰਾ ਕਰਕੇ ਹੀ ਅੱਜ ਭਾਰਤਵਰਸ਼ ਵਿੱਚ ਉੱਚੀ ਨੀਵੀਂ ਜਾਤ ਦਾ ਭੇਦ ਬਣਿਆ ਹੋਇਆ ਹੈ। ਖੁਦ ਦਸਵੀਂ ਪਾਤਸ਼ਾਹੀ ਨੇ ਅੰਮ੍ਰਿਤਧਾਰੀ ਹੁੰਦੇ ਹੋਏ ਵੀ ਚਮਕੌਰ ਦੀ ਗੜ੍ਹੀ ਛੱਡਣ ਤੋਂ ਬਾਅਦ ਅਨੇਕਾਂ ਘਰਾਂ ਵਿੱਚ ਰੁਕ ਕੇ ਵਿਸ਼ਰਾਮ ਕੀਤਾ ਹੈ ਜਿੰਨ੍ਹਾਂ ਵਿੱਚ ਮੁਸਲਮਾਨ ਵੀਰ ਵੀ ਸਨ। ਉਨ੍ਹਾਂ ਨੇ ਕਿਸੇ ਦੇ ਹੱਥੋਂ ਖਾਣਾ ਖਾਣ ਤੋਂ ਮਨ੍ਹਾ ਨਹੀਂ ਕੀਤਾ। ਅਸਲ ਵਿੱਚ ਅਸੀਂ ਸੁੱਚ ਨੂੰ ਤਨ ਦੀ ਸੁੱਚ ਨਾਲ ਜੋੜਿਆ ਹੋਇਆ ਹੈ ਜਦਕਿ ਧਰਮ ਦਾ ਮਸਲਾ ਮਨ ਦੀ ਸੁੱਚ ਦਾ ਹੈ। ਇਹੋ ਜਿਹੀਆਂ ਮਰਿਆਦਾ ਸਿਖਾਉਣ ਵਾਲੇ ਮਨ ਦੀ ਸੁੱਚ ਦੀ ਅਹਿਮੀਅਤ ਨਹੀਂ ਸਮਝਦੇ ਜੋ ਕਿ ਅੰਮ੍ਰਿਤ ਛਕਣ ਦਾ ਅਸਲ ਮਕਸਦ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਵੀ ਸਮਝਿਆ ਹੈ।

19/2033

ਹੁਣ ਧਿਆਨ ਨਾਲ ਸੋਚੋ ਕਿ ਜੇਕਰ ਕਿਸੇ ਜੱਥੇਬੰਦੀ ਦੀ ਮਰਿਆਦਾ ਦੋਨੋਂ ਜੀਵਾਂ ਨੂੰ ਇਕੱਠੇ ਅੰਮ੍ਰਿਤ ਛਕਾਉਣ ਦੀ ਹੀ ਹੈ ਤੇ ਜੇਕਰ ਵਿੱਚੋ ਇੱਕ ਦਾ ਸਰੀਰ ਬਿਨਸ ਜਾਵੇ ਤਾਂ ਫਿਰ ਉਹ ਮਰਿਆਦਾ ਕਿੱਥੇ ਜਾਵੇਗੀ। ਇਸੇ ਤਰ੍ਹਾਂ ਜਿਸ ਮਨੁੱਖ ਨੇ ਅੰਮ੍ਰਿਤ ਛਕਣ ਦਾ ਮਨ ਬੁਢਾਪੇ ਵਿੱਚ ਬਣਾਇਆ ਹੈ ਜਿਸ ਦੀ ਪਤਨੀ ਦਾ ਪਹਿਲੇ ਹੀ ਸਰੀਰ ਬਿਨਸ ਗਿਆ ਹੋਵੇ ਉਸਦੇ ਲਈ ਇਨ੍ਹਾਂ ਦੀ ਕੀ ਮਰਿਆਦਾ ਹੈ। ਉਸਨੂੰ ਇਹ ਇਕੱਲੇ ਨੂੰ ਹੀ ਅੰਮ੍ਰਿਤ ਛਕਾ ਦਿੰਦੇ ਹਨ ਫਿਰ ਇਨ੍ਹਾਂ ਦੇ ਅਸੂਲ ਕਿੱਥੇ ਗਏ। ਝੂਠੀ ਮਰਿਆਦਾ ਕਦੇ ਟਿਕ ਨਹੀਂ ਸਕਦੀ। ਇਹ ਕੇਵਲ ਆਪਣੀਆਂ ਸਿਆਣਪਾਂ ਦਿਖਾਉਣ ਵਾਲੀ ਗੱਲ ਹੈ ਜਿਸ ਕਰਕੇ ਇਨ੍ਹਾਂ ਨੂੰ ਸਮਾਜ ਵਿੱਚੋਂ ਉੱਚਾ ਮਾਣ ਮਿਲਦਾ ਹੈ ਤੇ ਬੜੇ ਫ਼ਖ਼ਰ ਦੇ ਨਾਲ ਆਪਣੀ ਮਰਿਆਦਾ ਦਾ ਪ੍ਰਚਾਰ ਕਰਦੇ ਹਨ।

ਅੰਮ੍ਰਿਤ ਛਕਾਉਣ ਦੇ ਨਾਲ-ਨਾਲ ਇਹ ਇੱਕ ਅੱਖਰ ਦੇ ਜਪਣ ਨੂੰ ਨਾਮ ਕਹਿ ਕੇ ਵੀ ਸਮਝਾਉਂਦੇ ਹਨ ਭਾਵ ਨਾਮ ਵੀ ਦਿੰਦੇ

ਹਨ ਤੇ ਉਸ ਨਾਮ ਨੂੰ ਦ੍ਰਿੜ ਕਿਵੇਂ ਕਰਨਾ ਹੈ ਇਸ ਨੂੰ ਸਰੀਰਕ ਕਿਰਿਆਵਾਂ ਦੁਆਰਾ ਦ੍ਰਿੜ ਕਰਕੇ ਦਿਖਾਉਂਦੇ ਹਨ ਜੋ ਕਿ ਗੁਰਮਤਿ ਤੇ ਰੱਤੀ ਭਰ ਵੀ ਪੂਰਾ ਨਹੀਂ ਉਤਰਦਾ। ਇਹ ਇਨ੍ਹਾਂ ਦੀ ਆਪਣੀ ਹੀ ਬਣਾਈ ਹੋਈ ਮਰਿਆਦਾ ਹੈ ਜਿਸਦਾ ਕਿ ਇਹ ਬਹੁਤ ਫ਼ਖ਼ਰ ਕਰਦੇ ਹਨ। ਪ੍ਰਮਾਤਮਾ ਜਿਸ ਨੂੰ ਨਾਮ ਦਿੰਦਾ ਹੈ ਉਹ ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਦਿੰਦਾ ਹੈ ਤੇ ਉਸਦਾ ਨਾਮ ਕੋਈ ਹੋਰ ਨਹੀਂ ਦੇ ਸਕਦਾ। ਕਿਸੇ ਨੂੰ ਨਾਮ ਦੇਣਾ ਕਿਤਨੀ ਕੁ ਵੱਡੀ ਅਗਿਆਨਤਾ ਹੈ ਇਸ ਗੱਲ ਨੂੰ ਹੁਣ ਹਰ ਕੋਈ ਸਮਝ ਹੀ ਚੁੱਕਾ ਹੈ ਜੋ ਕਿ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੋਇਆ ਹੈ। ਹੁਣ ਧਿਆਨ ਨਾਲ ਸੋਚੋ ਜਦੋਂ ਧੰਨ ਧੰਨ ਦਸਵੀਂ ਪਾਤਸ਼ਾਹੀ ਨੇ ਇਹ ਅੰਮ੍ਰਿਤ ਦੀ ਮਰਿਆਦਾ ਸ਼ੁਰੂ ਕੀਤੀ ਸੀ ਕੀ ਉਨ੍ਹਾਂ ਨੇ ਕਿਸੇ ਨੂੰ ਕੋਈ ਅੱਖਰ ਦਾ ਜਪ ਕਰਨਾ ਸਿਖਾਇਆ ਸੀ ਜਾਂ ਸਰੀਰਕ ਕਿਰਿਆਵਾਂ ਦੁਆਰਾ ਉਨ੍ਹਾਂ ਨੂੰ ਨਾਮ ਦ੍ਰਿੜ ਕਰਨਾ ਸਿਖਾਇਆ ਸੀ। ਪਰ ਇਹ ਭਰਮੇ ਹੋਏ ਇਸ ਗੱਲ ਦਾ ਹੀ ਫ਼ਖ਼ਰ ਮਹਿਸੂਸ ਕਰਦੇ ਹਨ ਕਿ ਸਾਡੇ ਵਰਗਾ ਨਾਮ ਦ੍ਰਿੜਾਉਣ ਦਾ ਤਰੀਕਾ ਹੋਰ ਕਿਸੇ ਦੇ ਕੋਲ ਨਹੀਂ ਹੈ। ਇਹ ਝੂਠਾ ਮਾਣ ਲੈਣ ਵਾਲੀ ਗੱਲ ਨਹੀਂ ਤਾਂ ਹੋਰ ਕੀ ਹੈ। ਜੇਕਰ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਧਰਮ ਦੇ ਝੂਠੇ ਠੇਕੇਦਾਰ ਕਿਹਾ ਹੈ ਫਿਰ ਬਿਲਕੁਲ ਸੱਚ ਹੈ। ਸੱਚੇ ਠੇਕੇਦਾਰ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ ਤੇ ਝੂਠੇ ਠੇਕੇਦਾਰ ਸਾਨੂੰ ਉਲਟਾ ਭਰਮ ਵਿੱਚ ਹੀ ਪਾਉਂਦੇ ਹਨ, ਸਾਨੂੰ ਸੱਚ ਸਮਝਣ ਤੋਂ ਹੋਰ ਦੂਰ ਹੀ ਕਰਦੇ ਹਨ।

ਇਹ ਲੋਕ ਸਾਨੂੰ ਵਿਕਾਰ ਛੱਡਣ ਦੀ ਬਜਾਇ, ਝੂਠ ਛੱਡਣ ਦੀ ਬਜਾਇ ਇੱਕ ਅੱਖਰ ਦੇ ਜਪ ਨੂੰ ਹੀ ਗੁਣ ਕਹਿ ਕੇ ਸਮਝਾਉਂਦੇ

19/2034

ਹਨ, ਇੱਕ ਅੱਖਰ ਦੇ ਜਪ ਨੂੰ ਹੀ ਸੱਚ ਕਹਿ ਕੇ ਸਮਝਾਉਂਦੇ ਹਨ, ਇੱਕ ਅੱਖਰ ਦੇ ਜਪ ਨੂੰ ਹੀ ਤੇ ਬਾਣੀ ਦੇ ਪੜ੍ਹਨ ਸੁਣਨ ਨੂੰ ਹੀ ਵਾਰ-ਵਾਰ ਰਟੀ ਜਾਣ ਨੂੰ ਹੀ ਧਰਮ ਕਰਮ ਸਮਝਾਉਂਦੇ ਹਨ, ਚੰਗਾ ਕਰਮ ਸਮਝਾਉਂਦੇ ਹਨ, ਪ੍ਰਮਾਤਮਾ ਦੇ ਗੁਣ ਗਾਉਣੇ ਸਮਝਾਉਂਦੇ ਹਨ ਜੋ ਕਿ ਗੁਰੂ ਦੀ ਮਤਿ ਤੇ ਰੱਤੀ ਭਰ ਵੀ ਪੂਰੇ ਨਹੀਂ ਉਤਰਦੇ ਪਰ ਇਨ੍ਹਾਂ ਨੂੰ ਆਪਣੀ ਇਸੇ ਗੱਲ ਤੇ ਬੜਾ ਮਾਣ ਹੈ ਕਿਉਂਕਿ ਇਹ ਸਭ ਕੁੱਝ ਇਨ੍ਹਾਂ ਨੇ ਆਪਣੇ ਸਿਰਮੌਰ ਕੋਲੋਂ ਹੀ ਸਿੱਖਿਆ ਹੋਇਆ ਹੈ ਜਿਸ ਨੂੰ ਇਨ੍ਹਾਂ ਨੇ ਬਹੁਤ ਹੀ ਉੱਚਾ ਦਰਜਾ ਦਿੱਤਾ ਹੋਇਆ ਹੈ। ਜਦੋਂ ਕਿਸੇ ਸਿਰਮੌਰ ਦਾ ਇਤਨਾ ਵੱਡਾ ਮਾਣ ਆਪਣੇ ਅੰਦਰ ਵੱਸ ਜਾਂਦਾ ਹੈ ਫਿਰ ਉਸੇ ਦੀ ਗੱਲ ਹੀ ਮਨ ਨੂੰ ਭਾਉਂਦੀ ਹੈ ਭਾਵੇਂ ਉਹ ਗੁਰਮਤਿ ਤੇ ਇੱਕ ਰੱਤੀ ਭਰ ਵੀ ਨਾ ਟਿਕਦੀ ਹੋਵੇ। ਜੇਕਰ ਇਹ ਗੁਰੂ ਦੀ ਮਤਿ ਨੂੰ ਮੰਨਦੇ ਹਨ ਤੇ ਫਿਰ ਆਪਣੇ ਸਿਰਮੌਰ ਨੂੰ ਗਲਤ ਮੰਨਣਾ ਪੈਂਦਾ ਹੈ ਜੋ ਕਿ ਬਰਦਾਸ਼ਤ ਨਹੀਂ ਹੁੰਦਾ ਪਰ ਸੱਚ ਤੋਂ ਕੋਈ ਕਿਤਨੀ ਦੇਰ ਮੁੱਖ ਮੋੜ ਲਵੇਗਾ। ਜੇਕਰ ਅਸੀਂ ਗੁਰੂ ਦੇ ਪਿਆਰੇ ਬਣਨਾ ਹੈ ਫਿਰ ਇੱਕ ਦਿਨ ਤਾਂ ਉਨ੍ਹਾਂ ਦਾ ਮੋਹ ਛੱਡਣਾ ਹੀ ਪੈਣਾ ਹੈ। ਇਸ ਸੰਸਾਰਿਕ ਆਵਾਗਉਣ ਤੋਂ ਮੁਕਤੀ ਸਾਡੀ ਗੁਰੂ ਨੇ ਕਰਵਾਉਣੀ ਹੈ ਨਾ ਕਿ ਕਿਸੇ ਸਿਰਮੌਰ ਨੇ, ਜੋ ਕਿ ਆਪ ਉਸਦੇ ਮੰਗਤੇ ਹਨ। ਇੱਕ ਮੰਗਤੇ ਦੇ ਅੱਗੋਂ ਮੰਗਤੇ ਬਣ ਕੇ ਸਾਨੂੰ ਕੀ ਪ੍ਰਾਪਤੀ ਹੋ ਸਕਦੀ ਹੈ।

ਦਾਸ ਇਹ ਵੀ ਜਾਣਦਾ ਹੈ ਕਿ ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਭੁਲਾਇਆ ਹੋਇਆ ਹੈ। ਇਸ ਭੁੱਲ ਵਿੱਚੋਂ ਸਾਨੂੰ ਕੱਢਣ ਦਾ ਉਪਰਾਲਾ ਵੀ ਉਸ ਨੇ ਆਪ ਹੀ ਕੀਤਾ ਹੈ ਤੇ ਜਦੋਂ ਸਾਨੂੰ ਭੁੱਲ ਸਮਝ ਆ ਜਾਵੇ ਤਾਂ ਉਸ ਵਿੱਚੋਂ ਨਿਕਲਣਾ ਹੀ ਸਾਡੇ ਲਈ ਚੰਗਾ ਹੈ। ਆਪਣੇ ਮਨੋ ਹਰ ਕੋਈ ਪੂਰੀ ਲਗਨ ਦੇ ਨਾਲ ਉਸ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਅਸੀਂ ਆਪਣੇ ਰਾਹ ਤੋਂ ਭਟਕੇ ਹੋਏ ਹਾਂ। ਇਸ ਪੂਰੇ ਲੇਖ ਦਾ ਮਕਸਦ ਸਭ ਨੂੰ ਸਹੀ ਮਾਰਗ ਤੇ ਪਾਉਣ ਦਾ ਹੀ ਹੈ ਤੇ ਸਭ ਨੂੰ ਫਿਰ ਤੋਂ ਤਹਿ ਦਿਲੋਂ ਬੇਨਤੀ ਹੈ ਕਿ ਸੱਚਾ ਮਾਰਗ ਕੇਵਲ ਗੁਰੂ ਦੇ ਕੋਲ ਹੈ ਤੇ ਉਸ ਤੇ ਚੱਲ ਕੇ ਹੀ ਉਸ ਨੂੰ ਪਾਇਆ ਜਾ ਸਕਦਾ ਹੈ, ਇਸ ਲਈ ਭਰਮ ਵਿੱਚੋਂ ਨਿਕਲੋ ਤੇ ਕੇਵਲ ਸੱਚ ਤੇ ਚੱਲਣ ਦਾ ਉਪਰਾਲਾ ਕਰੋ ਭਾਵ ਆਪਣੇ ਜੀਵਨ ਵਿੱਚੋਂ ਉਹੋ ਜਿਹੇ ਸੱਚ ਨੂੰ ਅਪਣਾਓ, ਗੁਣਾਂ ਨੂੰ ਅਪਣਾਓ ਜਿਹੋ ਜਿਹੇ ਸਾਨੂੰ ਗੁਰੂ ਸਾਹਿਬ ਸਮਝਾ ਰਹੇ ਹਨ।

19/2035

ਸਾਡਾ ਪਾਰ ਉਤਾਰਾ ਇਹੋ ਜਿਹੇ ਮਾਰਗ ਤੇ ਚੱਲ ਕੇ ਹੋਣਾ ਹੈ। ਸਰੀਰਕ ਜਪ ਤਪ ਸਾਡੇ ਕਿਸੇ ਕੰਮ ਨਹੀਂ ਆਉਣੇ ਸਿਵਾਇ ਸਮਾਜ ਵਿੱਚੋਂ ਝੂਠਾ ਮਾਣ ਲੈਣ ਦੇ। ਇਹ ਝੂਠਾ ਮਾਣ ਸਾਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਬਹੁਤ ਨੀਵਾਂ ਕਰਦਾ ਹੈ।

ਉਸ ਪ੍ਰਮਾਤਮਾ ਦਾ ਜਨ ਬਣਨ ਲਈ ਸਾਨੂੰ ਇਹੋ ਜਿਹੇ ਮਾਰਗ ਤੇ ਹੀ ਚੱਲਣ ਦੀ ਲੋੜ ਹੈ ਭਾਵ ਕੇਵਲ ਸੱਚ ਦੇ ਮਾਰਗ ਤੇ ਚੱਲਣ ਦੀ ਲੋੜ ਹੈ।

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ॥

(ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥

ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ॥੧॥

ਤੇਰਾ ਜਨੁ ਏਕੁ ਆਧੁ ਕੋਈ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ॥੧॥ਰਹਾਉ॥)

(ਅੰਗ ੧੧੨੩)

ਉਸਦਾ ਜਨ ਬਣਨ ਲਈ ਮਾਇਆ ਮੋਹ ਵਿੱਚੋਂ ਨਿਕਲਣਾ ਪੈਂਦਾ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਨੇ ਸਭ ਨੂੰ ਰੱਖਿਆ ਹੋਇਆ ਹੈ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਮਾਇਆ ਮੋਹ ਵਿੱਚ ਹੀ ਰਹਿੰਦੇ ਹਾਂ ਤੇ ਸਾਨੂੰ ਧਰਮ ਦਾ, ਨਾਮ ਦਾ ਸਹੀ ਮਾਰਗ ਸਮਝ ਨਹੀਂ ਆਉਂਦਾ। ਜਿਸਨੂੰ ਪ੍ਰਮਾਤਮਾ ਆਪਣਾ ਜਨ ਬਣਾਉਂਦਾ ਹੈ ਉਨ੍ਹਾਂ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢ ਕੇ ਆਪਣੇ ਚੌਥੇ ਪਦ ਵਿੱਚ ਮਿਲਾਉਂਦਾ ਹੈ ਜਿਸ ਅਵੱਸਥਾ ਵਿੱਚ ਉਹ ਆਪਣੇ ਸੱਚ ਦੀ ਸੋਝੀ ਪਾਉਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥

ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ॥੨॥"

(ਅੰਗ - ੧੧੨੩)

ਚੌਥੇ ਪਦ ਵਿੱਚ ਪਹੁੰਚੇ ਬਿਨ੍ਹਾਂ ਕੋਈ ਮਾਇਆ ਮੋਹ ਦੀ ਜੁਗਤਿ ਵਿੱਚੋਂ ਨਹੀਂ ਨਿਕਲ ਸਕਦਾ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਹੀਂ ਨਿਕਲ ਸਕਦਾ। ਇਸ ਪਦ ਦੀ ਪ੍ਰਾਪਤੀ ਦੁਆਰਾ ਹੀ ਕੋਈ ਉਸ ਪ੍ਰਮਾਤਮਾ ਦਾ ਜਨ ਬਣ ਸਕਦਾ ਹੈ। ਪਰਮਪਦ ਪ੍ਰਮਾਤਮਾ ਦਾ ਆਪਣਾ ਪਦ ਹੈ, ਇਹ ਸੱਚੇ ਗਿਆਨ ਦਾ ਪਦ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਇਸ ਪਦ ਦੀ ਪ੍ਰਾਪਤੀ ਦੁਆਰਾ ਹੀ ਕੋਈ ਪ੍ਰਮਾਤਮਾ ਦਾ ਧਰਮ

ਸਮਝਾਉਣ ਵਾਲਾ ਠੇਕੇਦਾਰ ਬਣ ਸਕਦਾ ਹੈ। ਜਿਹੋ ਜਿਹਾ ਠੇਕੇਦਾਰ ਪ੍ਰਮਾਤਮਾ ਨੇ ਆਪਣੇ ਭਗਤਾਂ ਨੂੰ ਬਣਾਇਆ ਹੋਇਆ ਹੈ ਉਹੋ ਜਿਹਾ ਠੇਕੇਦਾਰ ਹੀ ਗੁਰੂ ਸਾਹਿਬਾਨ ਨੂੰ ਬਣਾਇਆ ਹੈ ਤੇ ਇਸੇ ਲਈ ਇਨ੍ਹਾਂ ਸਾਰੇ ਸੱਚੇ ਠੇਕੇਦਾਰਾਂ ਦੀ ਗੱਲ ਵਿੱਚ ਇੱਕੋ ਜਿਹਾ ਸੱਚ ਹੁੰਦਾ ਹੈ, ਇੱਕ ਦੀ ਗੱਲ ਦੂਜੇ ਨਾਲ ਮੇਲ ਖਾਂਦੀ ਹੈ ਤੇ ਕਦੇ ਵੱਖਰੀ ਨਹੀਂ ਹੋ ਸਕਦੀ। ਚੌਥਾ ਪਦ ਸਭ ਨੂੰ ਇੱਕੋ ਜਿਹਾ ਗਿਆਨ ਹੀ ਦਿੰਦਾ ਹੈ ਕਿਉਂਕਿ ਚੌਥੇ ਪਦ ਦਾ ਮਾਲਕ, ਪਰਮਪਦ ਦਾ ਮਾਲਕ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਹੁਣ ਧਿਆਨ ਨਾਲ ਸੋਚੋ ਕਿ ਨਕਲੀ ਠੇਕੇਦਾਰਾਂ ਦੀ ਗੱਲ ਆਪਸ ਵਿੱਚ ਮੇਲ ਕਿਉਂ ਨਹੀਂ ਖਾਂਦੀ। ਇਹ ਸਾਨੂੰ ਗੁਰਬਾਣੀ ਦੇ ਅਰਥ ਵੀ ਹੋਰ ਹੋਰ ਸਮਝਾਉਂਦੇ ਹਨ ਤੇ ਮਰਿਆਦਾ ਵੀ ਹੋਰ ਹੋਰ ਸਮਝਾਉਂਦੇ ਹਨ। ਚੌਥਾ ਪਦ ਕੀ ਹੁੰਦਾ ਹੈ ਇਸ ਦੀ ਇਨ੍ਹਾਂ ਨੂੰ ਰੱਤੀ ਭਰ ਵੀ ਸਮਝ ਨਹੀਂ ਹੈ ਕਿਉਂਕਿ ਜਿੱਥੇ ਚੌਥਾ ਪਦ ਹੈ ਉੱਥੇ ਭਰਮ ਹੋ ਹੀ ਨਹੀਂ ਸਕਦਾ। ਚੌਥੇ ਪਦ ਵਿੱਚ ਪਹੁੰਚ ਕੇ ਉਸਦਾ ਜਨ ਤ੍ਰਿਸ਼ਨਾ, ਮਾਇਆ ਮੋਹ ਤੇ ਭਰਮ ਤੋਂ ਰਹਿਤ ਹੋ ਜਾਂਦਾ ਹੈ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

(ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ॥

ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ॥੩॥)

ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਭਾਵ ਜਦੋਂ ਮਨੁੱਖ ਚੌਥੇ ਪਦ ਵਿੱਚ ਪਹੁੰਚ ਜਾਂਦਾ ਹੈ, ਤ੍ਰਿਸ਼ਨਾ, ਮਾਇਆ ਮੋਹ ਤੇ ਭਰਮ ਤੋਂ, ਤ੍ਰੈਗੁਣਾਂ ਵਿੱਚੋਂ ਨਿਕਲ ਜਾਂਦਾ ਹੈ ਤਾਂ ਹੀ ਫਿਰ ਉਹ ਆਪਣੇ ਅੰਦਰ ਚਿਤਵਦਾ ਹੈ ਭਾਵ ਉਸਨੂੰ ਹਰ ਵੇਲੇ ਪ੍ਰਮਾਤਮਾ ਦੀ ਮਤਿ ਚੇਤੇ ਰਹਿੰਦੀ ਹੈ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮਨ ਦੇ ਵਿੱਚ ਆਪਣੀ ਸੱਚੀ ਮਤਿ ਪ੍ਰਮਾਤਮਾ ਆਪ ਹੀ ਦਿੰਦਾ ਹੈ, ਆਪਣਾ ਨਾਮ ਆਪ ਹੀ ਦਿੰਦਾ ਹੈ ਤੇ ਆਪ ਹੀ ਉਸਨੂੰ ਚਿੱਤ ਵਿੱਚ ਵੱਸਾ ਕੇ ਰੱਖਦਾ ਹੈ ਭਾਵ ਉਸਤੇ ਦ੍ਰਿੜ ਰੱਖਦਾ ਹੈ। **(ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ॥੩॥)**

ਮਨ ਦੇ ਵਿੱਚ ਇਹ ਚੌਥੇ ਪਦ ਦੀ ਅਵੱਸਥਾ ਕਿਵੇਂ ਆਉਂਦੀ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਕਿਵੇਂ ਮਿਟਦੀ ਹੈ, ਭਰਮ ਕਿਵੇਂ

ਦੂਰ ਹੁੰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

19/2037

"ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥

ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥੪॥੧॥"

ਜਿੰਨ੍ਹਾਂ ਨੇ ਰੱਬ ਨੂੰ ਪਾਇਆ ਹੈ ਉਨ੍ਹਾਂ ਨੇ ਰੱਬ ਨੂੰ ਪਾਉਣ ਦੀ ਇੱਕੋ ਜਿਹੀ ਗੱਲ ਹੀ ਸਮਝਾਈ ਹੈ। ਜੋ ਵੀ ਉਸਦਾ ਜਨ ਬਣਿਆ ਹੈ, ਦਾਸ ਬਣਿਆ ਹੈ ਇੱਕੋ ਜਿਹੀ ਵਿਧੀ ਦੁਆਰਾ ਹੀ ਬਣਿਆ ਹੈ ਜੋ ਕਿ ਬਾਣੀ ਵਿੱਚ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਜਿਸਦੇ ਮਨ ਵਿੱਚ ਪ੍ਰਮਾਤਮਾ ਨੇ ਆਪਣੇ ਗਿਆਨ ਦਾ ਪ੍ਰਕਾਸ਼ ਕੀਤਾ ਹੈ, ਉਸਨੂੰ ਹੀ ਆਪਣਾ ਜਨ ਬਣਾਇਆ ਹੈ, ਆਪਣਾ ਦਾਸ ਬਣਾਇਆ ਹੈ। ਮਨ ਦੇ ਪ੍ਰਕਾਸ਼ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੀ ਹੈ, ਹਉਮੈ ਦੇ ਪੜਦੇ ਵਿੱਚੋਂ ਕੱਢਣ ਦਾ ਹੀ ਹੈ ਜਿਸਦੇ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਤੇ ਸਾਰਾ ਗਿਆਨ ਦੇਣ ਵਾਲਾ ਉਹ ਆਪ ਹੀ ਹੈ। ਉਹ ਆਪਣਾ ਚੌਥਾ ਪਦ, ਪਰਮਪਦ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਦਿੰਦਾ ਹੈ, ਆਪਣੇ ਗਿਆਨ ਦੁਆਰਾ ਪ੍ਰਗਟ ਹੋ ਕੇ ਹੀ ਦਿੰਦਾ ਹੈ। ਮਨ ਦੇ ਅੰਦਰੋਂ ਪ੍ਰਮਾਤਮਾ ਨੂੰ ਜਾਣਨ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਹੀ ਸਭ ਜਗ੍ਹਾ ਭਰਪੂਰ ਹੈ। ਭਰਮ ਵਿੱਚ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਤੇ ਭਰਮ ਉਸਦੀ ਰਜ਼ਾ ਤੋਂ ਬਿਨ੍ਹਾਂ ਕਿਸੇ ਦਾ ਨਿਕਲ ਨਹੀਂ ਸਕਦਾ। ਇਸ ਅਵੱਸਥਾ ਦੁਆਰਾ ਉਹ ਮਨੁੱਖ ਨੂੰ ਧਰਮ ਦਾ ਸਹੀ ਮਾਰਗ ਸਮਝਾਉਂਦਾ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਸਨੂੰ ਪਾਉਣ ਦਾ ਮਾਰਗ ਤ੍ਰਿਸ਼ਨਾ ਅਤੇ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੀ ਹੈ ਜਿੰਨ੍ਹਾਂ ਦੇ ਰਹਿੰਦਿਆਂ ਅਸੀਂ ਔਗੁਣਾਂ ਵਿੱਚੋਂ ਨਹੀਂ ਨਿਕਲ ਸਕਦੇ ਤੇ ਉਹੋ ਜਿਹੇ ਚੰਗੇ ਕਰਮ ਨਹੀਂ ਕਰ ਸਕਦੇ, ਪੂਰਨ ਸੱਚ ਤੇ ਨਹੀਂ ਚੱਲ ਸਕਦੇ ਜਿਹੋ ਜਿਹਾ ਮਾਰਗ ਉਸਨੂੰ ਚੰਗਾ ਲੱਗਦਾ ਹੈ। ਆਪਣੇ ਮਾਰਗ ਤੇ ਉਹ ਆਪ ਹੀ ਦ੍ਰਿੜ ਕਰ ਕੇ ਚਲਾਉਂਦਾ ਹੈ।

(ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ॥

ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ॥੩॥

ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ॥

ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ॥੪॥੧॥)

ਪੂਰੀ ਗੁਰਬਾਣੀ ਵਿੱਚ ਇੱਕ-ਇੱਕ ਸ਼ਬਦ ਪੜ੍ਹ ਲਵੋ

19/2038

ਤੇ ਸਮਝੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਕੀ ਕੋਈ ਹੋਰ ਤਰੀਕਾ ਦੱਸਿਆ ਹੋਇਆ ਹੈ ਤੇ ਪ੍ਰਮਾਤਮਾ ਕਿਸ ਰੂਪ ਵਿੱਚ ਮਿਲਦਾ ਹੈ, ਕਿਸ ਜਗ੍ਹਾ ਤੇ ਮਿਲਦਾ ਹੈ ਤੇ ਕਿਸ ਵਿਧੀ ਦੁਆਰਾ ਮਿਲਦਾ ਹੈ, ਕੀ ਕੋਈ ਹੋਰ ਤਰੀਕਾ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ ਜੋ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਜਾਂ ਉਸ ਤੋਂ ਪਹਿਲੇ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ ਕੀ ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਅੱਜ ਤੱਕ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣ ਦਾ ਇਹੋ ਜਿਹਾ ਤਰੀਕਾ ਸਮਝਾਇਆ ਹੈ ਜੋ ਸਾਨੂੰ ਗੁਰਬਾਣੀ ਨੇ ਸਮਝਾਇਆ ਹੈ। ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਅਨੇਕਾਂ ਹਨ ਇਹ ਗੁਰਬਾਣੀ ਦਾ ਆਪਣਾ ਹੀ ਫੁਰਮਾਨ ਹੈ। ਜਿਸਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਪ੍ਰਮਾਤਮਾ ਸਭ ਕੁੱਝ ਜਾਣਦਾ ਹੈ ਕਿ ਉਸਨੇ ਸਭ ਨੂੰ ਆਪ ਹੀ ਭੁਲਾਇਆ ਹੋਇਆ ਹੈ ਤੇ ਇਹ ਗੱਲ ਗੁਰਬਾਣੀ ਰਾਹੀਂ ਸਾਨੂੰ ਅਨੇਕਾਂ ਵਾਰ ਦੱਸੀ ਗਈ ਹੈ ਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ। ਇਹ ਭਰਮ ਕੀ ਹੈ ਇਸ ਦੀ ਸੋਝੀ ਵੀ ਕਿਸੇ ਨੂੰ ਨਹੀਂ ਹੈ। ਇਸ ਦੀ ਸੋਝੀ ਕੇਵਲ ਚੌਥੇ ਪਦ ਦੁਆਰਾ ਹੀ ਪੈਂਦੀ ਹੈ। ਜਦ ਤੱਕ ਕੋਈ ਭਰਮ ਵਿੱਚ ਹੈ ਉਹ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਵੀ ਵੱਖਰੇ-ਵੱਖਰੇ ਤਰੀਕਿਆਂ ਦੀਆਂ ਕਰਦਾ ਹੈ ਜਿਵੇਂ ਕਿ ਅਸੀਂ ਆਪਣੇ-ਆਪਣੇ ਸਿਰਮੌਰ ਦੀਆਂ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਾਂ। ਹਰ ਕੋਈ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਦਰਸ਼ਨ ਆਦਿ ਕਰਨ ਦੀਆਂ ਗੱਲਾ ਕਰਦਾ ਹੈ ਪਰ ਇਸ ਮਨ ਦੀ ਸੋਝੀ ਪ੍ਰਮਾਤਮਾ ਨੇ ਕਿਸੇ ਨੂੰ ਵੀ ਨਹੀਂ ਪਾਈ ਹੈ।

ਸਾਡੇ ਲਈ ਇਹ ਫੈਸਲਾ ਕਰਨਾ ਬਹੁਤ ਜਰੂਰੀ ਹੈ ਕਿ ਗੁਰਬਾਣੀ ਦੇ ਲਿਖਣ ਵਾਲੇ ਸੱਚੇ ਹਨ ਜਾਂ ਉਹ ਸਾਡੇ ਸਿਰਮੌਰ ਸੱਚੇ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਉਣ ਦੇ ਆਪਣੇ-ਆਪਣੇ ਤਰੀਕੇ ਦੱਸੇ ਹਨ ਜਾਂ ਅਸੀਂ ਆਪ ਹੀ ਉਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝਿਆ ਹੋਇਆ ਹੈ।

ਜਿਹੋ ਜਿਹੀਆਂ ਵਿਧੀਆਂ ਦੁਆਰਾ ਭਾਵ ਵਿਧੀਆਂ ਅਪਣਾਉਣ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦੇ ਹਾਂ ਇਹੋ ਜਿਹੇ ਤਰੀਕੇ ਹੇਠ ਦਿੱਤੇ ਸ਼ਬਦ ਦੁਆਰਾ ਗਿਣਵਾਏ ਹੋਏ ਹਨ ਤੇ ਨਾਲ ਹੀ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਤਰੀਕੇ ਅਪਣਾ ਕੇ ਨਾ ਹੀ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਪਾਇਆ ਜਾ ਸਕਦਾ ਹੈ ਤੇ ਉਸਨੂੰ ਜੋ ਪਾਉਣ ਦੀਆਂ ਗੱਲਾਂ ਕਰਦੇ ਹਨ, ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਕਹਿੰਦੇ ਹਨ ਇਨ੍ਹਾਂ ਤਰੀਕਿਆਂ ਨੂੰ ਅਪਣਾਉਣ ਦੁਆਰਾ ਹੀ ਕਹਿੰਦੇ ਹਨ।

19/2039

ਸਿਰੀਰਾਗੁ ਮਹਲਾ ੫ ਘਰੁ ੫॥

“ਜਾਨਉ ਨਹੀ ਭਾਵੈ ਕਵਨ ਬਾਤਾ॥ ਮਨ ਖੋਜਿ ਮਾਰਗੁ॥੧॥ਰਹਾਉ॥
ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥ ਪ੍ਰਭੁ ਕਿਨ ਹੀ ਜਾਤਾ॥੧॥
ਭਗਉਤੀ ਰਹਤ ਜੁਗਤਾ॥ ਜੋਗੀ ਕਹਤ ਮੁਕਤਾ॥ ਤਪਸੀ ਤਪਹਿ ਰਾਤਾ॥੨॥
ਮੋਨੀ ਮੋਨਿਧਾਰੀ॥ ਸਨਿਆਸੀ ਬ੍ਰਹਮਚਾਰੀ॥ ਉਦਾਸੀ ਉਦਾਸਿ ਰਾਤਾ॥੩॥
ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥ ਗਿਰਸਤੀ ਗਿਰਸਤਿ ਧਰਮਾਤਾ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ॥ ਕਾਪੜੀ ਕਉਤੇ ਜਾਗੂਤਾ॥ ਇਕਿ ਤੀਰਥਿ ਨਾਤਾ॥੫॥
ਨਿਰਹਾਰ ਵਰਤੀ ਆਪਰਸਾ॥ ਇਕਿ ਲੂਕਿ ਨ ਦੇਵਹਿ ਦਰਸਾ॥ ਇਕਿ ਮਨ ਹੀ ਗਿਆਤਾ॥੬॥
ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥ ਜਿਸੁ ਮੇਲੇ ਸੋ ਭਗਤਾ॥੭॥
ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥ ਨਾਨਕੁ ਗੁਰ ਚਰਣਿ ਪਰਾਤਾ॥੮॥੨॥੨੭॥”

(ਅੰਗ ੭੧)

ਪ੍ਰਮਾਤਮਾ ਨੂੰ ਪਾਉਣਾ ਤਾਂ ਹਰ ਕੋਈ ਚਾਹੁੰਦਾ ਹੈ ਤੇ ਉਸਨੂੰ ਪਾਉਣ ਦੀ ਕੋਸ਼ਿਸ਼ ਵਿੱਚ ਸਦੀਆਂ ਤੋਂ ਹੀ ਮਨੁੱਖ ਲੱਗਿਆ ਹੋਇਆ ਹੈ ਤੇ ਅਨੇਕਾਂ ਹੀ ਤਰੀਕੇ ਅਪਣਾ ਰਿਹਾ ਹੈ ਕਿ ਸਾਨੂੰ ਪ੍ਰਮਾਤਮਾ ਮਿਲ ਜਾਵੇ। ਗੁਰਬਾਣੀ ਦੀ ਰਚਨਾ ਕਰ ਕੇ ਪ੍ਰਮਾਤਮਾ ਨੇ ਸਾਡੇ ਤੇ ਕਿਤਨੀ ਕੁ ਵੱਡੀ ਕ੍ਰਿਪਾ ਕੀਤੀ ਹੈ ਇਹ ਸਾਡੀ ਸਭ ਦੀ ਸਮਝ ਤੋਂ ਬਾਹਰ ਹੈ। ਕ੍ਰਿਪਾ ਦੀਆਂ ਗੱਲਾਂ ਤਾਂ ਅਸੀਂ ਬਹੁਤ ਕਰਦੇ ਹਾਂ ਪਰ ਉਸਦੀ ਕ੍ਰਿਪਾ ਨੂੰ ਸਮਝਣ ਵਿੱਚ ਅਸਮਰੱਥ ਹਾਂ। ਗੁਰਬਾਣੀ ਦਾ ਸਭ ਤੋਂ ਵੱਡਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ, ਉਸ ਭਰਮ ਵਿੱਚੋਂ ਕੱਢਣ ਦਾ ਹੈ ਜਿਹੜਾ ਭਰਮ ਸਾਡੇ ਅੰਦਰ ਪ੍ਰਮਾਤਮਾ ਨੂੰ ਪਾਉਣ ਲਈ ਸਦੀਆਂ-ਸਦੀਆਂ ਤੋਂ ਬਣਿਆ ਹੋਇਆ ਹੈ। ਗੁਰਬਾਣੀ ਸਾਨੂੰ ਪ੍ਰਮਾਤਮਾ ਦਾ ਅਸਲ ਰੂਪ ਭਾਵ ਸ਼ਬਦ ਰੂਪ, ਨਿਰਗੁਣ ਰੂਪ ਸਮਝਾਉਣ ਲਈ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਅਸਲ ਤਰੀਕਾ ਸਮਝ ਸਕੀਏ ਤੇ ਉਨ੍ਹਾਂ ਤਰੀਕਿਆਂ ਵਿੱਚੋਂ ਨਿਕਲੀਏ ਜਿਹੜੇ ਤਰੀਕੇ ਹੁਣ ਤੱਕ ਸਦੀਆਂ ਤੋਂ ਅਸੀਂ ਵਿਅਰਥ ਵਿੱਚ ਹੀ ਕਰੀ ਜਾ ਰਹੇ ਹਾਂ। ਹੇਠ ਦਿੱਤੇ ਸ਼ਬਦ ਦੁਆਰਾ ਸਾਡੇ ਉਹ ਤਰੀਕੇ ਹੀ ਗਿਣਵਾਏ ਹੋਏ ਹਨ ਤੇ ਨਾਲ ਇਹ ਸਮਝਾਇਆ ਹੈ ਕਿ ਇਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਤੇ ਜੋ ਇਹੋ ਜਿਹੇ ਤਰੀਕੇ ਅਪਣਾ ਕੇ ਉਸਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਉਨ੍ਹਾਂ ਦੇ ਇਹੋ ਜਿਹੇ ਭਰਮ ਦਾ ਖੰਡਨ ਕੀਤਾ ਹੋਇਆ ਹੈ ਤੇ ਸਾਰੇ ਸੰਸਾਰ ਨੂੰ ਇਹ ਸਮਝਾਇਆ ਹੋਇਆ ਹੈ ਕਿ ਇਨ੍ਹਾਂ ਤਰੀਕਿਆਂ ਨੂੰ ਛੱਡਣ ਦੀ ਲੋੜ ਹੈ ਭਾਵ ਜੋ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ ਪਹਿਲੇ ਉਸਨੂੰ ਇਹੋ ਜਿਹੇ ਤਰੀਕੇ ਛੱਡਣ ਦੀ ਲੋੜ ਹੈ। ਜਿੰਨ੍ਹਾਂ ਨੂੰ ਅਸੀਂ ਆਪਣੇ ਸਿਰਮੌਰ ਮੰਨਿਆ ਹੋਇਆ ਹੈ ਉਨ੍ਹਾਂ ਨੇ ਹੇਠ ਦਿੱਤੇ ਤਰੀਕਿਆਂ ਵਿੱਚੋਂ ਹੀ ਕੋਈ ਨਾ ਕੋਈ ਤਰੀਕਾ ਅਪਣਾ ਕੇ ਆਪਣੇ ਆਪ ਨੂੰ ਉੱਚਾ ਥਾਪਿਆ ਹੋਇਆ ਹੈ ਜਾਂ ਅਸੀਂ ਆਪ ਹੀ ਥਾਪ ਲਿਆ ਹੈ।

"ਜਾਨਉ ਨਹੀ ਭਾਵੈ ਕਵਨ ਬਾਤਾ॥ ਮਨ ਖੋਜਿ ਮਾਰਗੁ॥੧॥ਰਹਾਉ॥"

ਅਸੀਂ ਜੋ ਵੀ ਆਪਣੀ ਭਗਤੀ ਦਾ ਤਰੀਕਾ ਅਪਣਾਉਂਦੇ ਹਾਂ ਉਹ ਇਹੀ ਸਮਝ ਕੇ ਅਪਣਾਉਂਦੇ ਹਾਂ ਕਿ ਪ੍ਰਮਾਤਮਾ ਨੂੰ ਇਹ ਤਰੀਕਾ

19/2040

ਭਾਉਂਦਾ ਹੈ ਭਾਵ ਉਸਨੂੰ ਚੰਗਾ ਲੱਗਦਾ ਹੈ। ਇਹ ਸਾਡੇ ਮਨ ਦੀ ਅਵੱਸਥਾ ਹੈ, ਸਾਡੇ ਮਨ ਦਾ ਵਿਸ਼ਵਾਸ ਹੈ ਕਿ ਪ੍ਰਮਾਤਮਾ ਨੂੰ ਇਹ ਸਭ ਕੁੱਝ ਚੰਗਾ ਲੱਗਦਾ ਹੈ ਪਰ ਸਾਨੂੰ ਇਹ ਸਮਝਾਇਆ ਹੈ ਕਿ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ। ਅਸੀਂ ਜਿਹੜੇ ਮਾਰਗ ਤੇ ਚੱਲ ਰਹੇ ਹਾਂ ਭਾਵ ਜਿਸ ਤਰੀਕੇ ਆਪਣੀ ਭਗਤੀ ਕਰਨਾ ਸਮਝਦੇ ਹਾਂ ਉਸਨੂੰ ਠੀਕ ਮਾਰਗ ਹੀ ਸਮਝਦੇ ਹਾਂ ਪਰ ਸਾਨੂੰ ਸਮਝਾਇਆ ਹੈ ਕਿ ਸਾਨੂੰ ਆਪਣਾ ਸਹੀ ਮਾਰਗ ਖੋਜਣ ਦੀ ਲੋੜ ਹੈ ਭਾਵ ਸਾਨੂੰ ਸੁਚੇਤ ਕੀਤਾ ਹੈ ਕਿ ਜੋ ਮਾਰਗ ਭਗਤੀ ਦਾ ਅਸੀਂ ਸਮਝਿਆ ਹੋਇਆ ਹੈ ਉਸ ਨੂੰ ਵਿਚਾਰਨ ਦੀ ਲੋੜ ਹੈ ਭਾਵ ਆਪਣੇ ਵਿਸ਼ਵਾਸ ਨੂੰ, ਆਪਣੀ ਆਸਥਾ ਨੂੰ ਟਟੋਲਣ ਦੀ ਲੋੜ ਹੈ। **(ਜਾਨਉ ਨਹੀ ਭਾਵੈ ਕਵਨ ਬਾਤਾ॥ ਮਨ ਖੋਜਿ ਮਾਰਗੁ॥੧॥ਰਹਾਉ॥)** ਉਸਦਾ "ਮਾਰਗੁ" ਭਾਵ ਭਗਤੀ ਦਾ ਸੱਚਾ 'ਮਾਰਗੁ' ਇੱਕੋ ਹੀ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਵੱਖਰਾ-ਵੱਖਰਾ ਨਹੀਂ ਹੋ ਸਕਦਾ।

ਅਸੀਂ ਜਿਹੋ ਜਿਹੇ ਤਰੀਕੇ ਆਪਣੀ ਭਗਤੀ ਦੇ ਅਪਣਾਉਂਦੇ ਹਾਂ ਭਾਵ ਚੰਗੇ ਸਮਝਦੇ ਹਾਂ, ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦੇ ਤਰੀਕੇ ਸਮਝਦੇ ਹਾਂ ਉਹੀ ਸਾਰੇ ਤਰੀਕੇ ਸ਼ਬਦ ਰਾਹੀਂ ਗਿਣਵਾਏ ਗਏ ਹਨ।

"ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥ ਪ੍ਰਭੁ ਕਿਨ ਹੀ ਜਾਤਾ॥੧॥"

ਉਪਰਲੀ ਪਹਿਲੀ ਪੰਗਤੀ ਨੂੰ ਹੀ ਅਗਰ ਧਿਆਨ ਨਾਲ ਸਮਝੋਗੇ ਤੇ ਹਰ ਕੋਈ ਇਸ ਨੂੰ ਆਪਣੀ ਭਗਤੀ ਦਾ ਤਰੀਕਾ ਸਮਝਦਾ ਹੈ ਤੇ ਇਸ ਗੱਲ ਦਾ ਪ੍ਰਚਾਰ ਵੀ ਬਹੁਤ ਕੀਤਾ ਜਾਂਦਾ ਹੈ ਕਿ ਧਿਆਨ ਜੋੜ ਕੇ, ਇਕਾਗਰ ਚਿੱਤ ਹੋ ਕੇ ਭਾਵ ਸਮਾਧੀ ਲਗਾ ਕੇ, ਸੁਰਤਿ ਜੋੜ ਕੇ ਪ੍ਰਮਾਤਮਾ ਦੇ ਧਿਆਨ ਵਿੱਚ ਬੈਠਣਾ ਚਾਹੀਦਾ ਹੈ। **(ਧਿਆਨੀ ਧਿਆਨੁ ਲਾਵਹਿ॥)**

ਸਾਡਾ ਹਰ ਸਿਰਮੌਰ ਜਿਸ ਨੂੰ ਅਸੀਂ ਉੱਚਾ ਮੰਨਿਆ ਹੋਇਆ ਹੈ ਉਹ ਇਸ ਦੇ ਵਿੱਚ ਹੀ ਆ ਜਾਂਦਾ ਹੈ ਭਾਵ ਇਸ ਨੂੰ ਹਰ ਕੋਈ ਭਗਤੀ ਦਾ ਤਰੀਕਾ ਹੀ ਸਮਝਦਾ ਹੈ। ਇਸ ਤਰੀਕੇ ਦਾ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ। ਇਸ ਤਰੀਕੇ ਨੂੰ ਅਸੀਂ ਪ੍ਰਮਾਤਮਾ ਦੇ ਨਾਲ ਲਿਵ ਲਾਉਣ ਦਾ ਤਰੀਕਾ ਸਮਝਦੇ ਹਾਂ। ਪ੍ਰਮਾਤਮਾ ਦੇ ਨਾਲ ਲਿਵ ਲਾਉਣੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਸਮਾਧੀਆਂ, ਸੁਰਤੀਆਂ ਜੋੜ ਕੇ ਬੈਠਣ ਵਿੱਚ ਹਰ ਕੋਈ ਭਗਤੀ ਦਾ ਤਰੀਕਾ ਹੀ ਸਮਝਦਾ ਹੀ ਹੈ ਜੋ ਤਰੀਕਾ ਅਸੀਂ ਸਦੀਆਂ ਸਦੀਆਂ ਤੋਂ

19/2041

ਆਪਣੇ ਮਨ ਵਿੱਚ ਵਸਾਇਆ ਹੋਇਆ ਹੈ। ਅਗਲੀ ਪੰਗਤੀ ਰਾਹੀਂ ਉਨ੍ਹਾਂ ਗਿਆਨੀਆਂ ਦੀ ਗੱਲ ਕੀਤੀ ਹੋਈ ਹੈ ਜੋ ਧਰਮ ਗ੍ਰੰਥਾਂ ਦੇ ਗਿਆਨ ਨੂੰ ਇਕੱਠਾ ਕਰਨਾ ਹੀ ਤੇ ਗਿਆਨ ਦੀਆਂ ਗੱਲਾਂ ਕਰਨ ਨੂੰ ਹੀ ਗਿਆਨ ਦੀ ਕਮਾਈ ਕਰਨੀ ਸਮਝਦੇ ਹਨ। ਇਹ ਗਿਆਨ ਦੇ ਮਕਸਦ ਨੂੰ ਨਹੀਂ ਸਮਝਦੇ ਕਿ ਗਿਆਨ ਗੁਰੂ ਨੇ ਸਾਨੂੰ ਕਿਸ ਮਕਸਦ ਲਈ ਦਿੱਤਾ ਹੈ। ਇਹ ਗਿਆਨ ਨੂੰ ਕਥਨ ਵਿੱਚ ਹੀ ਆਪਣੀ ਭਗਤੀ ਦਾ ਮਾਰਗ ਸਮਝਦੇ ਹਨ। **(ਗਿਆਨੀ ਗਿਆਨੁ ਕਮਾਵਹਿ॥)** ਉਸਦਾ ਗਿਆਨੀ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਵਿਚਾਰ ਚੁੱਕੇ ਹਾਂ।

{ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

ਆਪਣੇ ਆਪ ਨੂੰ ਉੱਚੇ ਗਿਆਨ ਵਾਲਾ ਅਖਵਾ ਕੇ ਕੋਈ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ ਜੋ ਆਪ ਹੀ ਗਿਆਨ ਦਾ ਮਾਲਕ ਹੈ। ਆਪਣੇ ਆਪ ਨੂੰ ਗਿਆਨਵਾਨ ਕਹਿਣ ਵਾਲਾ ਬੰਧਨ ਵਿੱਚ ਹੀ ਹੈ ਭਾਵ ਅਗਿਆਨਤਾ ਦੇ ਬੰਧਨ ਵਿੱਚ ਹੀ ਹੈ ਜਿਸ ਕਰਕੇ ਬ੍ਰਹਮਾ ਨੂੰ ਵੀ ਬੰਧਨ ਵਿੱਚ ਕਿਹਾ ਗਿਆ ਹੈ, ਹਉਮੈ ਵਿੱਚ ਕਿਹਾ ਗਿਆ ਹੈ, ਅਗਿਆਨਤਾ ਵਿੱਚ ਕਿਹਾ ਗਿਆ ਹੈ। ਇਹੋ ਜਿਹਾ ਉੱਚਾ ਅਖਵਾ ਕੇ, ਸੁਰਤੀਆਂ ਸਮਾਧੀਆਂ ਲਗਾ ਕੇ ਉਸ ਪ੍ਰਮਾਤਮਾ ਨੂੰ ਕਿਸੇ ਨੇ ਨਹੀਂ ਜਾਣਿਆ ਪਰ ਉਸਨੂੰ ਜਾਣਨ ਦੀਆਂ

ਗੱਲਾਂ ਅਨੇਕਾਂ ਹੀ ਕਰਦੇ ਹਨ ਤੇ ਇਨ੍ਹਾਂ ਤਰੀਕਿਆਂ ਨੂੰ ਅਪਣਾ ਕੇ ਹੀ ਜਾਣਨ ਦੀਆਂ ਗੱਲਾਂ ਕਰਦੇ ਹਨ। **(ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥ ਪ੍ਰਭੁ ਕਿਨ ਹੀ ਜਾਤਾ॥੧॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡੇ ਹੋਰ ਤਰੀਕੇ ਗਿਣਵਾਏ ਹੋਏ ਹਨ ਜਿੰਨ੍ਹਾਂ ਦੁਆਰਾ ਅਸੀਂ ਆਪਣੀ ਆਪਣੀ ਭਗਤੀ ਦਾ ਤਰੀਕਾ ਸਮਝਦੇ ਹਾਂ ਤੇ ਸਦੀਆਂ ਤੋਂ ਸਮਝਦੇ ਆ ਰਹੇ ਹਾਂ।

19/2042

"ਭਗਉਤੀ ਰਹਤ ਜੁਗਤਾ॥ ਜੋਗੀ ਕਹਤ ਮੁਕਤਾ॥ ਤਪਸੀ ਤਪਹਿ ਰਾਤਾ॥੨॥
ਮੋਨੀ ਮੋਨਿਧਾਰੀ॥ ਸਨਿਆਸੀ ਬ੍ਰਹਮਚਾਰੀ॥ ਉਦਾਸੀ ਉਦਾਸਿ ਰਾਤਾ॥੩॥
ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥ ਗਿਰਸਤੀ ਗਿਰਸਤਿ ਧਰਮਾਤਾ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ॥ ਕਾਪੜੀ ਕਉਤੇ ਜਾਗੂਤਾ॥ ਇਕਿ ਤੀਰਥਿ ਨਾਤਾ॥੫॥
ਨਿਰਹਾਰ ਵਰਤੀ ਆਪਰਸਾ॥ ਇਕਿ ਲੂਕਿ ਨ ਦੇਵਹਿ ਦਰਸਾ॥ ਇਕਿ ਮਨ ਹੀ ਗਿਆਤਾ॥੬॥
ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥ ਜਿਸੁ ਮੇਲੇ ਸੋ ਭਗਤਾ॥੭॥"

ਗੁਰੂ ਸਾਹਿਬ ਨੇ ਕੋਈ ਤਰੀਕਾ ਛੱਡਿਆਂ ਨਹੀਂ ਜਿਸਨੂੰ ਅਸੀਂ ਭਗਤੀ ਦੇ ਤਰੀਕੇ ਹੀ ਸਮਝਦੇ ਹਾਂ ਤੇ ਇਨ੍ਹਾਂ ਸਾਰੇ ਤਰੀਕਿਆਂ ਦਾ ਖੰਡਨ ਹੀ ਕੀਤਾ ਹੋਇਆ ਹੈ ਜਿਵੇਂ ਕਿ ਹੋਰ ਵੀ ਅਨੇਕਾਂ ਸ਼ਬਦਾਂ ਰਾਹੀਂ ਇਨ੍ਹਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ। ਜੋ ਵੀ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਦਾ ਹੈ, ਭਗਤੀ ਦੇ ਮਾਰਗ ਤੇ ਉੱਚਾ ਸਮਝਦਾ ਹੈ ਉਹ ਹਰ ਕੋਈ ਇਨ੍ਹਾਂ ਵਿੱਚੋਂ ਹੀ ਕਿਸੇ ਨਾ ਕਿਸੇ ਤਰੀਕੇ ਨੂੰ ਅਪਣਾਉਂਦਾ ਹੈ ਤੇ ਇਹ ਤਰੀਕੇ ਹਰ ਕਿਸੇ ਦੀ ਸਮਝ ਵਿੱਚ ਬੜੀ ਆਸਾਨੀ ਨਾਲ ਆ ਰਹੇ ਹਨ। ਸਿੱਖ ਜਗਤ ਵਿੱਚ ਵੀ ਜੋ ਭਗਤੀ ਕਰਨ ਦਾ ਤਰੀਕਾ ਸਮਝਦੇ ਹਨ ਉਹ ਇਨ੍ਹਾਂ ਵਿੱਚੋਂ ਹੀ ਕੋਈ ਨਾ ਕੋਈ ਤਰੀਕਾ ਅਪਣਾਉਂਦੇ ਹਨ ਕਿਉਂਕਿ ਸਦੀਆਂ ਤੋਂ ਅਸੀਂ ਇਹੋ ਜਿਹੀ ਧਾਰਨਾ ਦੇ ਨਾਲ ਜੁੜੇ ਹੋਏ ਹਾਂ।

ਪ੍ਰਮਾਤਮਾ ਦਾ ਤਪ ਕਰਨ ਨੂੰ ਹਰ ਕੋਈ ਭਗਤੀ ਦਾ ਮਾਰਗ ਸਮਝਦਾ ਹੈ ਤੇ ਸਿੱਖ ਜਗਤ ਵਿੱਚ ਹੀ ਇਸੇ ਮਾਰਗ ਨੂੰ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਤੇ ਆਪਣੇ-ਆਪਣੇ ਸਿਰਮੌਰ ਦੇ ਤਪ ਅਸਥਾਨ ਵੀ ਬਣਾਏ ਹੋਏ ਹਨ ਜਿਸ ਮਾਰਗ ਦਾ ਬਾਣੀ ਵਾਰ-ਵਾਰ ਖੰਡਨ ਕਰ ਰਹੀ ਹੈ ਤੇ ਉੱਪਰ ਪੰਗਤੀਆਂ ਰਾਹੀਂ ਵੀ ਖੰਡਨ ਕੀਤਾ ਹੋਇਆ ਹੈ। **(ਤਪਸੀ ਤਪਹਿ ਰਾਤਾ॥੨॥)**

{ਤਪੁ ਕਰਤੇ ਤਪਸੀ ਭੂਲਾਏ॥ ਪੰਡਿਤ ਮੋਹੇ ਲੋਭਿ ਸਬਾਏ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥੩॥}

(ਅੰਗ ੩੭੦)

19/2043

ਤਪ ਕਰਨ ਵਾਲਾ ਕੌਣ ਕਹਿ ਸਕਦਾ ਹੈ ਕਿ ਉਹ ਭੁੱਲਿਆ ਹੋਇਆ ਹੈ ਭਾਵ ਉਸਨੂੰ ਭਗਤੀ ਦਾ ਮਾਰਗ ਸਮਝ ਨਹੀਂ ਹੈ ਪਰ ਇਹ ਸੱਚ ਹੈ। ਜੇਕਰ ਗੁਰੂ ਸਾਹਿਬ ਇਹ ਕਹਿ ਰਹੇ ਹਨ ਕਿ ਤਪ ਕਰਨ ਵਾਲੇ ਭੁੱਲੇ ਹੋਏ ਹਨ ਫਿਰ ਉਹ ਭੁੱਲੇ ਹੋਏ ਹੀ ਹਨ ਤੇ ਸਾਨੂੰ ਭੁਲਾਉਣ ਵਾਲਾ ਉਹ ਆਪ ਹੀ ਹੈ। ਸਾਨੂੰ ਉਸਦਾ ਭੁਲਾਉਣ ਦਾ ਤਰੀਕਾ ਕੀ ਹੈ ਇਹ ਵੀ ਉਪਰਲੀਆਂ ਪੰਗਤੀਆਂ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ। ਉਸਦਾ ਭੁਲਾਉਣ ਦਾ ਤਰੀਕਾ ਉਹੀ ਹੈ ਜੋ ਸਾਨੂੰ ਬਾਣੀ ਵਿੱਚ ਅਨੇਕਾਂ ਵਾਰ ਸਮਝਾਇਆ ਹੋਇਆ ਹੈ। ਇਹ ਤਰੀਕਾ ਸਾਡੇ ਅੰਦਰ ਪਾਈ ਹੋਈ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਵਿੱਚ ਉਸਨੇ ਸਭ ਨੂੰ ਰੱਖਿਆ ਹੋਇਆ ਹੈ। ਪੂਰਾ ਸੰਸਾਰ ਇਸ ਅਵੱਸਥਾ ਦੁਆਰਾ ਹੀ ਵਿਚਰਦਾ ਹੈ ਜਿਸ ਦੁਆਰਾ ਸਾਨੂੰ ਆਪਣੇ ਭਗਤੀ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ। ਤ੍ਰੈਗੁਣਾਂ ਦਾ ਮਕਸਦ ਸਾਨੂੰ ਭਰਮ ਵਿੱਚ ਰੱਖਣ ਦਾ ਹੀ ਹੈ। ਸਪੱਸ਼ਟ ਹੈ ਕਿ ਜੋ ਤਪ ਕਰਨ ਵਾਲਾ ਹੈ ਉਹ ਤ੍ਰੈਗੁਣਾਂ ਵਿੱਚ ਹੀ ਹੈ, ਭਰਮ ਵਿੱਚ ਹੀ ਹੈ ਭਾਵ ਉਸਨੂੰ ਚੌਥੇ ਪਦ ਦੀ ਪ੍ਰਾਪਤੀ ਨਹੀਂ ਹੈ ਜਿਸ ਦੁਆਰਾ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਪੈਂਦੀ ਹੈ। ਇਹੋ ਜਿਹੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਸਾਹਿਬਾਨ ਦਾ ਨਾਂ ਵੀ ਤਪ ਨਾਲ ਜੋੜਿਆ ਹੋਇਆ ਹੈ ਕਿ ਉਨ੍ਹਾਂ ਨੇ ਵੀ ਤਪ ਕੀਤੇ ਹਨ, ਖਾਸ ਕਰਕੇ ਨੌਵੀਂ ਪਾਤਸ਼ਾਹੀ ਦਾ ਨਾਂ ਤਪ ਨਾਲ ਜੋੜਿਆ ਜਾਂਦਾ

ਹੈ। ਇਹ ਉਨ੍ਹਾਂ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਕਹਿਣ ਵਾਲੀ ਗੱਲ ਹੈ, ਉਨ੍ਹਾਂ ਨੂੰ ਭੁੱਲੇ ਹੋਏ ਕਹਿਣ ਵਾਲੀ ਗੱਲ ਹੈ। ਅਸਲ ਵਿੱਚ ਅਸੀਂ ਆਪ ਭੁੱਲੇ ਹੋਏ ਹਾਂ ਤੇ ਆਪਣੀ ਭੁੱਲ ਕਰਕੇ ਉਨ੍ਹਾਂ ਨੂੰ ਵੀ ਭੁੱਲੇ ਹੋਏ ਸਾਬਤ ਕਰਦੇ ਹਾਂ ਤੇ ਆਪਣੀ ਆਪਣੀ ਭੁੱਲ ਤੇ ਪੜਦਾ ਪਾਉਣ ਦੀ ਕੋਸ਼ਿਸ਼ ਕਰਦੇ ਹਾਂ। ਭਗਤਾਂ ਦਾ, ਗੁਰੂ ਸਾਹਿਬਾਨ ਦਾ ਨਾਂ ਕਿਸੇ ਸਰੀਰਕ ਤਪ ਨਾਲ ਜੋੜਨਾ ਘੋਰ ਅਗਿਆਨਤਾ ਹੈ, ਮਨਮਤਿ ਹੈ ਤੇ ਗੁਰਬਾਣੀ ਦੀ ਮੂਲ ਵਿਚਾਰਧਾਰਾ ਦੇ ਉਲਟ ਪ੍ਰਚਾਰ ਕਰਨ ਵਾਲੀ ਗੱਲ ਹੈ, ਗੁਰਬਾਣੀ ਦੀ ਸੱਚੀ ਵਿਚਾਰਧਾਰਾ ਨੂੰ ਭੰਡਣ ਵਾਲੀ ਗੱਲ ਹੈ, ਬਦਨਾਮ ਕਰਨ ਵਾਲੀ ਗੱਲ ਹੈ। ਧੰਨ ਧੰਨ ਨੌਵੀਂ ਪਾਤਸ਼ਾਹੀ ਨੇ ਸਾਨੂੰ ਬਾਣੀ ਰਾਹੀਂ ਹੀ ਨਾਮ ਜਪਣਾ ਸਿਖਾਇਆ ਹੈ ਜੋ ਹਰ ਕਿਸੇ ਦੇ ਸਾਹਮਣੇ ਹੈ। ਸਾਨੂੰ ਉਨ੍ਹਾਂ ਨੇ ਉਹੋ ਜਿਹਾ ਨਾਮ ਜਪਣਾ ਹੀ ਸਿਖਾਇਆ ਹੈ ਜਿਵੇਂ ਕਿ ਗੁਰਬਾਣੀ ਦੇ ਦੂਸਰੇ ਰਚਨ ਵਾਲਿਆਂ ਨੇ ਸਿਖਾਇਆ ਹੈ। ਰੱਤੀ ਭਰ ਵੀ ਫਰਕ ਨਹੀਂ ਹੈ

19/2044

ਕਿਉਂਕਿ ਸਭ ਨੂੰ ਲਿਖਾਉਣ ਵਾਲਾ, ਅੰਦਰ ਬੈਠ ਕੇ ਸਮਝਾਉਣ ਵਾਲਾ ਇੱਕੋ ਹੀ ਹੈ। ਗੁਰੂ ਸਾਹਿਬ ਦਾ ਨਾਂ ਸਰੀਰਕ ਜਪ ਤਪ ਦੇ ਨਾਲ ਜੋੜ ਕੇ ਅਸੀਂ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਇਤਿਹਾਸਕ ਸੱਚ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜੋ ਕੇਵਲ ਸਾਡੀ ਤ੍ਰੈਗੁਣੀ ਅਵੱਸਥਾ ਦਾ ਨਤੀਜਾ ਹੈ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਤੇ ਹਰ ਸਰੀਰ ਨੇ ਚੌਥੇ ਪਦ ਦੁਆਰਾ ਹੀ ਗੁਰਬਾਣੀ ਵਿੱਚ ਆਪਣਾ ਯੋਗਦਾਨ ਪਾਇਆ ਹੈ ਤੇ ਸਾਨੂੰ ਇੱਕੋ ਜਿਹੀ ਗੱਲ ਸਮਝਾਈ ਹੈ। ਅਸੀਂ ਗੁਰਬਾਣੀ ਕੋਲੋਂ ਸੱਚੀ ਗੱਲ ਸਮਝਣ ਦੀ ਬਜਾਇ ਝੂਠੇ ਇਤਿਹਾਸਕਾਰਾਂ ਦੀਆਂ ਗੱਲਾਂ ਵਿੱਚ ਆ ਜਾਂਦੇ ਹਾਂ ਜਿੰਨ੍ਹਾਂ ਨੇ ਅਨੇਕਾਂ ਹੀ ਮਨਘੜਤ ਗੱਲਾਂ ਕੀਤੀਆਂ ਹੁੰਦੀਆਂ ਹਨ। ਉਹ ਸਭ ਕੱਚੇ ਹੀ ਹਨ ਤੇ ਕੱਚਿਆਂ ਦੀਆਂ ਗੱਲਾਂ ਵਿੱਚ ਆ ਕੇ ਅਸੀਂ ਸੱਚੇ ਦੀ ਗੱਲ ਨੂੰ ਝੂਠ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਚੌਥੇ ਪਦ ਨੂੰ ਝੂਠਾ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸੱਚੇ ਦੀ ਗੱਲ ਨੇ ਸੱਚੀ ਹੀ ਰਹਿਣਾ ਹੈ, ਰਹਿੰਦੀ ਦੁਨੀਆਂ ਤੱਕ ਸੱਚੀ ਹੀ ਰਹਿਣਾ ਹੈ। ਇਹ ਪ੍ਰਮਾਤਮਾ ਦਾ ਆਪਣਾ ਕੀਤਾ ਹੋਇਆ ਫੁਰਮਾਨ ਹੈ ਕਿ ਤਪ ਕਰਨ ਦੁਆਰਾ ਉਸ ਪ੍ਰਮਾਤਮਾ ਨੂੰ ਕੋਈ ਵੀ ਨਹੀਂ ਪਾ ਸਕਦਾ। ਇਹ ਉਸਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ, ਗੁਰਬਾਣੀ ਰਾਹੀਂ ਪ੍ਰਗਟ ਕੀਤੇ ਹੋਏ ਆਪਣੇ ਹੀ ਬਚਨ ਹਨ ਜੋ ਸਦਾ ਥਿਰ ਰਹਿਣ ਵਾਲੇ ਹਨ ਤੇ ਕਦੇ ਬਦਲ ਨਹੀਂ ਸਕਦੇ। ਕਿਸੇ ਵੀ ਸਰੀਰਕ ਜਪ ਤਪ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਨੀ ਕੇਵਲ ਸਾਡੀ ਇੱਕ ਭੁੱਲ ਹੈ, ਭਰਮ ਹੈ ਜਿਸ ਨੂੰ ਕਿ ਛੱਡਣ ਦੀ ਲੋੜ ਹੈ। ਨਾ ਹੀ ਕਿਸੇ ਨੇ ਪ੍ਰਮਾਤਮਾ ਨੂੰ ਅੱਜ ਤੱਕ ਸਰੀਰਕ ਜਪਾਂ ਤਪਾਂ ਦੁਆਰਾ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ। ਉਸਦੇ ਬਣਾਏ ਹੋਏ ਅਸੂਲ ਦੇ ਉਲਟ ਚੱਲ ਕੇ ਉਸਨੂੰ ਪਾਉਣ ਦੀ ਉਮੀਦ ਰੱਖਣਾ ਵੀ ਇੱਕ ਬੇ-ਬੁਨਿਆਦ ਉਮੀਦ ਹੈ।

ਸਿੱਖ ਜਗਤ ਵਿੱਚ ਮੌਨਧਾਰਨ ਕਰ ਕੇ ਬੈਠਣ ਵਾਲਿਆਂ ਨੂੰ, ਮੋਨੀ ਅਖਵਾਉਣ ਵਾਲਿਆਂ ਨੂੰ ਵੀ ਉੱਚਾ ਮੰਨਿਆ ਜਾਂਦਾ ਹੈ ਤੇ ਪੂਜਣ ਯੋਗ ਮੰਨਿਆ ਜਾਂਦਾ ਹੈ। ਇਹ ਕੋਈ ਭਗਤੀ ਦਾ ਮਾਰਗ ਨਹੀਂ ਦੱਸਿਆ ਬਲਕਿ ਉੱਪਰ ਮੁੱਖ ਸ਼ਬਦ ਰਾਹੀਂ ਇਸ ਪ੍ਰਥਾ ਦਾ ਖੰਡਨ ਕੀਤਾ ਹੋਇਆ ਹੈ। **(ਮੋਨੀ ਮੋਨਿਧਾਰੀ॥)** ਇਹ ਸਦੀਆਂ ਤੋਂ ਚੱਲਦੀ ਆ ਰਹੀ ਕੇਵਲ ਇੱਕ ਝੂਠੀ ਪ੍ਰਥਾ ਦਾ ਹਿੱਸਾ ਹੈ ਜਿਸ ਰਾਹੀਂ ਕੋਈ ਭਗਤੀ ਨਹੀਂ ਹੈ।

ਇਸੇ ਤਰ੍ਹਾਂ ਕਈ ਸਿੱਖ ਜਗਤ ਵਿੱਚ ਵੀ ਉਦਾਸੀਆਂ ਵਾਲਾ ਜੀਵਨ ਜੀਉਣ ਵਿੱਚ ਭਗਤੀ ਦਾ ਮਾਰਗ ਸਮਝਦੇ ਹਨ ਜੋ ਕਿ ਕੇਵਲ ਇੱਕ ਭਰਮ ਹੈ ਜਿਸ ਦਾ

19/2045

ਕਿ ਖੰਡਨ ਕੀਤਾ ਹੋਇਆ ਹੈ। ਕਈ ਸਿਰਮੌਰਾਂ ਨੇ ਉਦਾਸੀਆਂ ਵਾਲਾ ਜੀਵਨ ਆਪਣਾ ਕੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ। **(ਉਦਾਸੀ ਉਦਾਸਿ ਰਾਤਾ॥੩॥)** ਸਿੱਖ ਜਗਤ ਵਿੱਚ ਵੀ ਕਈ ਸੰਨਿਆਸੀ ਬਣਨ ਨੂੰ ਤੇ ਘਰ-ਬਾਰ ਛੱਡ ਕੇ ਬ੍ਰਹਮਚਾਰੀਆਂ ਵਾਲਾ ਜੀਵਨ ਜੀਉਣ ਵਿੱਚ ਭਗਤੀ ਦਾ ਮਾਰਗ ਸਮਝਦੇ ਹਨ ਤੇ ਕਿਤੇ ਸੰਨਿਆਸੀ ਬਣ ਕੇ ਬੈਠ ਜਾਂਦੇ ਹਨ, ਕਿਤੇ ਜੰਗਲ ਆਦਿ ਵਿੱਚ ਡੇਰਾ ਲਗਾ ਕੇ ਬੈਠ ਜਾਂਦੇ ਹਨ। ਇਹੋ ਜਿਹੇ ਮਾਰਗ ਦੁਆਰਾ ਵੀ ਉਨ੍ਹਾਂ ਨੂੰ ਉੱਚਾ ਮੰਨਿਆ ਗਿਆ ਹੈ ਤੇ ਇਹੋ ਜਿਹੇ ਮਾਰਗ ਦਾ ਖੰਡਨ ਕੀਤਾ ਹੋਇਆ ਹੈ। **(ਸਨਿਆਸੀ ਬ੍ਰਹਮਚਾਰੀ॥)**

ਵੇਦਾਂ ਸ਼ਾਸਤਰਾਂ ਰਾਹੀਂ ਨੌਂ ਪ੍ਰਕਾਰ ਦੀ ਭਗਤੀ ਦਾ ਜ਼ਿਕਰ ਕੀਤਾ ਜਾਂਦਾ ਹੈ ਜਿੰਨ੍ਹਾਂ ਵਿੱਚ ਧਰਮ ਗ੍ਰੰਥਾਂ ਨੂੰ ਸੁਣਨਾ, ਕੀਰਤਨ ਕਰਨਾ, ਸਿਮਰਨ ਕਰਨਾ, ਚਰਨ ਪੂਜਣੇ ਆਦਿ ਦੀ ਗੱਲ ਕੀਤੀ ਜਾਂਦੀ ਹੈ। ਇਹੋ ਜਿਹੀਆਂ ਗੱਲਾਂ ਦਾ ਪ੍ਰਚਾਰ ਹੀ ਸਿੱਖ ਜਗਤ ਵਿੱਚ ਕੀਤਾ ਜਾਂਦਾ ਹੈ। ਉੱਪਰ ਗੱਲ ਕੋਈ ਵੀ ਮਾੜੀ ਨਹੀਂ ਦੱਸੀ ਹੋਈ ਹੈ, ਇਹ ਭਗਤੀ ਦੇ ਤਰੀਕੇ ਹੀ ਹਨ ਤੇ ਗੁਰਬਾਣੀ ਰਾਹੀਂ ਇਨ੍ਹਾਂ ਤਰੀਕਿਆਂ ਨੂੰ ਖੋਲ੍ਹ ਕੇ ਸਮਝਾਇਆ ਹੈ, ਸਪੱਸ਼ਟ ਕਰਕੇ ਸਮਝਾਇਆ ਹੈ ਭਾਵ ਇਨ੍ਹਾਂ ਦੀ ਵਿਸਥਾਰ ਵਿੱਚ ਵਿਆਖਿਆ ਕਰਕੇ ਸਮਝਾਇਆ ਹੈ ਕਿ ਇਹ ਸਭ ਕੁੱਝ ਅਸੀਂ ਕਿਸ ਤਰੀਕੇ ਨਾਲ ਕਰਨਾ ਹੈ। ਅਸੀਂ ਹੁਣ ਤੱਕ ਜੋ ਵੀ ਭਗਤੀ ਦਾ ਮਾਰਗ ਪਿਛਲੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਉੱਥੇ ਇਨ੍ਹਾਂ ਗੱਲਾਂ ਦਾ ਹੀ ਹਵਾਲਾ ਦੇ ਕੇ ਸਾਨੂੰ ਭਗਤੀ ਦਾ ਤਰੀਕਾ ਸਮਝਾਇਆ ਹੋਇਆ ਹੈ। ਇਨ੍ਹਾਂ ਸਾਰੀਆਂ ਗੱਲਾਂ ਤੋਂ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨ ਦਾ ਹੈ, ਆਪਣੀ ਕਰਨੀ ਸੁਧਾਰਨ ਦਾ ਹੈ ਤਾਂ ਜੋ ਅਸੀਂ ਆਪਣੀ ਸੰਸਾਰਿਕ ਵਿਚਰਨ ਵਿੱਚ, ਕਿਰਤ ਵਿੱਚ ਸੱਚੇ ਸੁੱਚੇ ਹੋ ਕੇ ਵਿਚਰੀਏ ਜੋ ਸਾਡੀ ਭਗਤੀ ਕਰਨ ਦਾ ਅਸਲ ਤਰੀਕਾ ਹੈ। ਫ਼ਰਕ ਕਥਨੀ ਕਰਨੀ ਦਾ ਹੀ ਹੈ। ਅਸੀਂ ਇਹ ਸਾਰੇ ਤਰੀਕੇ ਕਥਨੀ ਦੁਆਰਾ ਪੂਰੇ ਕਰਨੇ ਸਮਝਦੇ ਹਾਂ ਭਾਵ ਕਥਨੀ ਦੁਆਰਾ ਇਨ੍ਹਾਂ ਤੇ ਪੂਰਾ ਉਤਰਨਾ ਚਾਹੁੰਦੇ ਹਾਂ। ਇੱਥੇ ਸਾਡੀ ਕਥਨੀ ਨੂੰ ਹੀ ਖੰਡਿਆ ਹੋਇਆ ਹੈ। **(ਭਗਤਿ ਨਵੈ ਪਰਕਾਰਾ॥)** ਇਨ੍ਹਾਂ ਤਰੀਕਿਆਂ ਦੁਆਰਾ ਸਾਨੂੰ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ ਭਾਵ ਸਾਡੀ ਕਰਨੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ, ਵੇਦਾਂ ਰਾਹੀਂ ਵੀ ਸਾਨੂੰ ਨਾਮ ਸਮਝਾਇਆ ਹੋਇਆ ਹੈ ਪਰ ਅਸੀਂ ਉਸ ਦੇ ਸਹੀ ਭਾਵ ਨੂੰ ਸਮਝਣ ਦੀ ਬਜਾਇ, ਅਸਲ ਸੱਚ ਨੂੰ ਸਮਝਣ ਦੀ ਬਜਾਇ ਕੇਵਲ ਕਥਨੀ ਵਿੱਚ ਹੀ ਲੱਗੇ ਰਹਿੰਦੇ ਹਾਂ, ਸਰੀਰਕ ਜਪਾਂ ਤਪਾਂ ਆਦਿ ਵਿੱਚ ਹੀ ਲੱਗੇ ਰਹਿੰਦੇ ਹਾਂ।

19/2046

ਹੁਣ ਪੰਡਿਤ ਲੋਕ ਵੇਦਾਂ ਨੂੰ ਹੀ ਪੁਕਾਰੀ ਜਾਂਦੇ ਹਨ ਭਾਵ ਪੜ੍ਹੀ ਜਾਂਦੇ ਹਨ ਜਿਸਨੂੰ ਉਹ ਆਪਣੀ ਭਗਤੀ ਸਮਝਦੇ ਹਨ। ਜੇਕਰ ਧਰਮ ਗ੍ਰੰਥਾਂ ਨੂੰ ਕੇਵਲ ਪੁਕਾਰੀ ਜਾਵਾਂਗੇ ਇਸ ਵਿੱਚ ਭਗਤੀ ਨਹੀਂ ਹੈ ਕਿਉਂਕਿ ਧਰਮ ਗ੍ਰੰਥਾਂ ਦਾ ਅਸਲ ਮਕਸਦ ਸਾਨੂੰ ਸਿੱਖਿਆ ਦੇਣ ਲਈ ਹੀ ਹੈ। ਸਾਡਾ ਮਕਸਦ ਧਰਮ ਗ੍ਰੰਥਾਂ ਤੋਂ ਸਿੱਖਿਆ ਲੈਣ ਦਾ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਉਸਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਆਪਣਾ ਜੀਵਨ ਸੁਧਾਰ ਸਕੀਏ। ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਣਾ ਕੋਈ ਭਗਤੀ ਨਹੀਂ ਹੈ ਤੇ ਇਸੇ ਲਈ ਇਸ ਦਾ ਖੰਡਨ ਕੀਤਾ ਹੋਇਆ ਹੈ। **(ਪੰਡਿਤੁ ਵੇਦੁ ਪੁਕਾਰਾ॥)**

ਇਸੇ ਤਰ੍ਹਾਂ ਸਿੱਖ ਜਗਤ ਲਈ ਗੁਰਬਾਣੀ ਨੂੰ ਪੜ੍ਹਨ ਦਾ ਮਕਸਦ ਕੋਈ ਵੱਖਰਾ ਨਹੀਂ ਹੋ ਸਕਦਾ। ਗੁਰਬਾਣੀ ਦਾ ਮਕਸਦ ਸਾਨੂੰ ਸੱਚ ਸਿਖਾਉਣ ਲਈ ਹੈ ਤਾਂ ਜੋ ਅਸੀਂ ਉਸ ਸੱਚ ਨੂੰ ਆਪਣੇ ਜੀਵਨ ਵਿੱਚ ਅਪਣਾਈਏ ਤੇ ਆਪਣੇ ਜੀਵਨ ਨੂੰ ਸੁਧਾਰੀਏ। ਜੇਕਰ ਵੇਦਾਂ ਨੂੰ ਪੜ੍ਹੀ ਜਾਣ ਨਾਲ ਆਪਣੇ ਆਪ ਨੂੰ ਪੰਡਿਤ ਅਖਵਾ ਕੇ ਭਗਤੀ ਨਹੀਂ ਹੋ ਸਕਦੀ ਇਸੇ ਤਰ੍ਹਾਂ ਗੁਰਬਾਣੀ ਨੂੰ ਪੜ੍ਹੀ ਜਾਣ ਨਾਲ ਗੁਰਬਾਣੀ ਦਾ ਗਿਆਨੀ ਅਖਵਾ ਕੇ ਭਗਤੀ ਨਹੀਂ ਹੋ ਸਕਦੀ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਣਾ ਇੱਕ ਗੱਡੀ ਲੱਦਣ ਵਾਲੀ ਗੱਲ ਹੈ ਤੇ ਲੇਖੇ ਵਿੱਚ ਕੇਵਲ ਉਨ੍ਹਾਂ ਦੀ ਗੱਲ ਨੂੰ ਮੰਨਣਾ ਹੀ ਹੈ ਭਾਵ ਲੇਖੇ ਵਿੱਚ ਉਹੀ ਕੁੱਝ ਪੈਂਦਾ ਹੈ ਜਿਸ ਗੱਲ ਤੇ ਅਸੀਂ ਅਮਲ ਕਰਦੇ ਹਾਂ।

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

ਮਨ ਦੇ ਵਿੱਚ ਗੱਡੀ ਲੱਦੀ ਜਾਣ ਨਾਲ, ਮਨ ਦੇ ਵਿੱਚ ਗਿਆਨ ਦਾ ਭਾਰ ਵਧਾਈ ਜਾਣ ਨਾਲ, ਗਿਣਤੀਆਂ ਮਿਣਤੀਆਂ ਦਾ ਭਾਰ ਵਧਾਈ ਜਾਣ ਨਾਲ ਕੁੱਝ ਹਾਸਿਲ ਨਹੀਂ ਹੋਣਾ। ਹਾਸਲ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਹੋਣਾ ਹੈ। ਮਨ ਦਾ ਭਾਰ ਭਾਵੇਂ ਵੇਦਾਂ ਨੂੰ ਪੜ੍ਹਨ ਨਾਲ ਵਧਾ ਲਈਏ ਤੇ ਭਾਵੇਂ ਗੁਰਬਾਣੀ ਨੂੰ ਪੜ੍ਹਨ ਨਾਲ ਵਧਾ ਲਈਏ ਕੀ ਫ਼ਰਕ ਪੈਂਦਾ ਹੈ, ਇੱਕੋ ਹੀ ਗੱਲ ਹੈ। ਗੱਲ ਸੱਚ ਸਿੱਖਣ ਦੀ ਹੈ ਭਾਵੇਂ ਵੇਦਾਂ ਕੋਲੋਂ ਸਿੱਖ ਲਈਏ, ਭਾਵੇਂ ਕੁਰਾਨ ਕੋਲੋਂ ਸਿੱਖ ਲਈਏ ਤੇ ਭਾਵੇਂ ਗੁਰਬਾਣੀ ਕੋਲੋਂ ਸਿੱਖ ਲਈਏ। ਨਾਮ ਦਾ ਮਕਸਦ ਸਾਨੂੰ ਸੱਚੇ ਕਰਮ ਭਾਵ ਸੱਚੀ ਸੁੱਚੀ ਕਿਰਤ ਸਿਖਾਉਣ ਨਾਲ ਹੈ ਤੇ ਸਾਰੇ ਧਰਮ ਗ੍ਰੰਥ ਸਾਨੂੰ ਸੱਚੇ ਸੁੱਚੇ ਕਰਮ ਕਰਨੇ ਹੀ ਸਿਖਾਉਂਦੇ ਹਨ ਤੇ ਇਹੀ ਅਸਲ ਵਿੱਚ ਸਾਡੀ ਭਗਤੀ ਹੈ। ਵੇਦਾਂ ਵਿੱਚ ਭਰਮ ਪ੍ਰਮਾਤਮਾ ਨੂੰ ਸਮਝਣ ਵਿੱਚ

19/2047

ਹੈ ਕਿ ਉਹ ਕਿਸ ਰੂਪ ਵਿੱਚ ਵਿਚਰਦਾ ਹੈ ਪਰ ਉਸਨੂੰ ਪਾਉਣ ਦਾ ਤਰੀਕਾ ਸੱਚੇ ਸੁੱਚੇ ਕਰਮ ਕਰਨਾ ਹੀ ਹੈ। ਫ਼ਲ ਉਹ

ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਸਾਡਾ ਉੱਦਮ ਕੇਵਲ ਇਤਨਾ ਹੀ ਹੈ ਕਿ ਅਸੀਂ ਸੱਚੇ ਸੁੱਚੇ ਇਨਸਾਨ ਬਣ ਕੇ ਵਿਚਰੀਏ। ਇਸ ਤੋਂ ਬਿਨ੍ਹਾਂ ਅਸੀਂ ਜੋ ਵੀ ਭਗਤੀ ਦਾ ਮਾਰਗ ਸਮਝਦੇ ਹਾਂ ਉਹ ਸਾਡਾ ਭਰਮ ਹੀ ਹੈ। ਵੇਦਾਂ ਸ਼ਾਸਤਰਾਂ ਦੇ ਨਾਲ ਭਰਮ ਵੀ ਚੱਲਦੇ ਹਨ ਕਿਉਂਕਿ ਉੱਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਪਰ ਪ੍ਰੇਰਿਆ ਸਾਨੂੰ ਸੱਚੇ ਸੁੱਚੇ ਕਰਮ ਕਰਨ ਲਈ ਹੀ ਹੈ। ਗੁਰਬਾਣੀ ਦੀ ਰਚਨਾ ਕਰਕੇ ਪ੍ਰਮਾਤਮਾ ਨੇ ਸਾਨੂੰ ਉਸ ਹਰ ਭਰਮ ਤੋਂ ਮੁਕਤ ਹੀ ਕੀਤਾ ਹੈ ਜੋ ਭਰਮ ਵੇਦਾਂ ਸ਼ਾਸਤਰਾਂ ਨੂੰ ਪੜ੍ਹਨ ਦੁਆਰਾ ਸਾਨੂੰ ਪਏ ਹੋਏ ਹਨ। ਇਸ ਗੱਲ ਨੂੰ ਅਸੀਂ ਪਿੱਛੇ ਵੀ ਬਰੀਕੀ ਨਾਲ ਸਮਝਿਆ ਹੈ ਕਿ ਵੇਦਾਂ ਦਾ ਲਿਖਣ ਵਾਲਾ ਤ੍ਰੈਗੁਣਾਂ ਵਿੱਚ ਹੀ ਹੈ ਭਾਵੇਂ ਮਨ ਦੇ ਵਿੱਚ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਬ੍ਰਹਮਾ ਨੂੰ ਇਸ ਗੱਲ ਦੀ ਸੋਝੀ ਨਹੀਂ ਪਈ। ਜਦ ਤੱਕ ਸਾਡੀ ਅਵੱਸਥਾ ਤ੍ਰੈਗੁਣਾਂ ਵਾਲੀ ਹੈ ਉਸ ਵਿੱਚ ਭਰਮ ਦਾ ਰਹਿਣਾ ਪ੍ਰਮਾਤਮਾ ਦਾ ਬਣਾਇਆ ਹੋਇਆ ਅਸੂਲ ਹੀ ਹੈ। ਗੁਰਬਾਣੀ ਦੀ ਹਰ ਗੱਲ ਭਰਮ ਤੋਂ ਮੁਕਤ ਹੈ ਪਰ ਵੇਦਾਂ ਵਿੱਚ ਸਭ ਕੁੱਝ ਭਰਮ ਤੋਂ ਮੁਕਤ ਨਹੀਂ ਹੈ, ਉੱਥੇ ਸੱਚ ਦੇ ਨਾਲ ਨਾਲ ਭਰਮ ਵੀ ਹੈ। ਜਿਸ ਸਮੇਂ ਪ੍ਰਮਾਤਮਾ ਨੂੰ ਜੋ ਕੁੱਝ ਭਾਉਂਦਾ ਹੈ, ਉਹ ਉਹੀ ਕੁੱਝ ਕਰਦਾ ਹੈ ਜਦੋਂ ਉਸਨੂੰ ਭਾਇਆ ਹੈ ਉਸਨੇ ਗੁਰਬਾਣੀ ਦੀ ਰਚਨਾ ਕਰਕੇ ਸੰਸਾਰ ਨੂੰ ਭਰਮ ਮੁਕਤ ਕੀਤਾ ਹੈ। ਜਦ ਤੱਕ ਸਾਨੂੰ ਗੁਰਬਾਣੀ ਦਾ ਮਕਸਦ ਸਮਝ ਨਹੀਂ ਆਉਂਦਾ ਤਦ ਤੱਕ ਕੇਵਲ ਗੁਰਬਾਣੀ ਨੂੰ ਪੜ੍ਹੀ ਜਾਣ ਨਾਲ ਹੀ ਸਾਨੂੰ ਕੀ ਲਾਭ ਮਿਲਣਾ ਹੈ। ਮਕਸਦ ਤਾਂ ਭਰਮ ਵਿੱਚੋਂ ਨਿਕਲਣ ਦਾ ਹੈ ਕਿ ਜੋ ਭਰਮ ਸਦੀਆਂ ਤੋਂ ਸਾਡੇ ਅੰਦਰ ਬੈਠੇ ਹੋਏ ਹਨ ਉਨ੍ਹਾਂ ਵਿੱਚੋਂ ਨਿਕਲੀਏ ਤੇ ਧਰਮ ਦੇ ਸਹੀ ਮਾਰਗ ਨੂੰ ਸਮਝੀਏ, ਭਗਤੀ ਦੇ ਸਹੀ ਮਾਰਗ ਨੂੰ ਸਮਝੀਏ ਤੇ ਉਹੋ ਜਿਹਾ ਨਾਮ ਜਪੀਏ ਜਿਹੋ ਜਿਹਾ ਸਾਨੂੰ ਗੁਰਬਾਣੀ ਨੇ ਸਮਝਾਇਆ ਹੈ।

ਹੁਣ ਧਿਆਨ ਨਾਲ ਸੋਚੋ ਕਿ ਗੁਰਬਾਣੀ ਦਾ ਮਕਸਦ ਫਿਰ ਕੀ ਰਹਿ ਗਿਆ ਜੇਕਰ ਸਾਡੇ ਅੰਦਰ ਭਰਮ ਤਾਂ ਉਹੋ ਕੁੱਝ ਹੀ ਬਣੇ ਹੋਏ ਹਨ ਭਾਵ ਭਗਤੀ ਅਸੀਂ ਉਹੀ ਕੁੱਝ ਸਮਝੀ ਹੋਈ ਹੈ ਜੋ ਵੇਦਾਂ ਦੇ ਪੜ੍ਹਨ ਵਾਲਿਆਂ ਨੇ ਸਮਝੀ ਹੋਈ ਹੈ। ਇਸ ਸ਼ਬਦ ਰਾਹੀਂ ਜਿਤਨੇ ਵੀ ਭਗਤੀ ਦੇ ਤਰੀਕੇ ਸਮਝਾਏ ਹੋਏ ਹਨ ਇਨ੍ਹਾਂ

19/2048

ਸਾਰਿਆਂ ਦਾ ਹੀ ਜ਼ਿਕਰ ਵੇਦਾਂ ਸ਼ਾਸਤਰਾਂ ਵਿੱਚ ਆਉਂਦਾ ਹੈ। ਇਨ੍ਹਾਂ ਵਿੱਚੋਂ ਕੁੱਝ ਗੱਲਾਂ ਜਿੰਨ੍ਹਾਂ ਦੀ ਸਾਨੂੰ ਸਮਝ ਆਈ ਹੈ ਉਨ੍ਹਾਂ ਨੂੰ ਅਸੀਂ ਛੱਡ ਦਿੱਤਾ ਹੈ ਪਰ ਭਗਤੀ ਦਾ ਮੂਲ ਭਾਵ ਸਰੀਰਕ ਜਪਾਂ ਤਪਾਂ ਨੂੰ ਹੀ ਸਮਝਿਆ ਹੋਇਆ ਹੈ। ਜਿੰਨ੍ਹਾਂ ਕੁੱਝ ਗੱਲਾਂ ਨੂੰ ਅਸੀਂ ਛੱਡਿਆ ਹੈ ਉਹ ਵੀ ਅੱਧੇ ਅਧੂਰੇ ਮਨ ਨਾਲ ਹੀ ਛੱਡਿਆ ਹੈ। ਅਸੀਂ ਮੂਰਤੀ ਪੂਜਾ ਨੂੰ ਛੱਡਿਆ ਹੈ ਭਾਵ ਉਨ੍ਹਾਂ ਦੀਆਂ ਮੂਰਤੀਆਂ ਨੂੰ ਪੂਜਣਾ ਛੱਡਿਆ ਹੈ ਜਿੰਨ੍ਹਾਂ ਵੇਦਾਂ ਵਿੱਚ ਪ੍ਰਮਾਤਮਾ ਦਾ ਰੂਪ ਕਹਿ ਕੇ ਦੱਸਿਆ ਹੋਇਆ ਹੈ, ਦੇਵੀ ਦੇਵਤੇ ਕਹਿ ਕੇ ਦੱਸਿਆ ਹੋਇਆ ਹੈ। ਉਨ੍ਹਾਂ ਦੀ ਪੂਜਾ ਛੱਡ ਕੇ ਅਸੀਂ ਆਪਣੇ-ਆਪਣੇ ਸਿਰਮੌਰਾਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ ਹੈ ਤੇ ਜਿਹੜਾ ਜਿਹੜੇ ਸਿਰਮੌਰ ਨੂੰ ਮੰਨਦਾ ਹੈ ਉਹਦੇ ਘਰ ਵਿੱਚ ਆਮ ਕਰਕੇ ਉਸਦੀ ਫੋਟੋ ਲੱਗੀ ਮਿਲਦੀ ਹੈ ਜੋ ਉਨ੍ਹਾਂ ਦੇ ਮਨ ਦੀ ਸ਼ਰਧਾ ਆਪਣੇ ਸਿਰਮੌਰ ਲਈ ਪ੍ਰਗਟ ਕਰਦਾ ਹੈ, ਉਸਦੇ ਲਈ ਮਾਨ ਦਾ ਪ੍ਰਗਟਾਵਾ ਕਰਦਾ ਹੈ। ਮੂਰਤੀ ਪੂਜਾ ਵਿੱਚ ਤੇ ਇਹੋ ਜਿਹੀਆਂ ਫੋਟੋ ਲਾਉਣ ਵਿੱਚ ਫਿਰ ਫ਼ਰਕ ਕੀ ਰਹਿ ਜਾਂਦਾ ਹੈ। ਗੱਲ ਤਾਂ ਸਾਰੀ ਮਨ ਦੀ ਭਾਵਨਾ ਦੀ ਹੈ ਕਿ ਉਹ ਕਿੱਥੇ ਟਿਕੀ ਹੋਈ ਹੈ ਕਿ ਅਸੀਂ ਕਿਸਨੂੰ ਆਪਣਾ ਮਨ ਸੌਂਪਿਆ ਹੋਇਆ ਹੈ, ਸਤਿਕਾਰ ਸੌਂਪਿਆ ਹੋਇਆ ਹੈ। ਸਰੀਰਕ ਤੌਰ ਤੇ ਮੱਥਾ ਟੇਕਣ ਜਾਂ ਨਾ ਟੇਕਣ ਨਾਲ ਕੀ ਫਰਕ ਪੈਂਦਾ ਹੈ ਸਾਡਾ ਸਤਿਕਾਰ ਤਾਂ ਕਿਸੇ ਦੇਹ ਦੇ ਨਾਲ ਹੀ ਜੁੜਿਆ ਹੁੰਦਾ ਹੈ ਤੇ ਅਸੀਂ ਬਚਨ ਵੀ ਉਨ੍ਹਾਂ ਦੇ ਹੀ ਮੰਨ ਕੇ ਚੱਲਦੇ ਹਾਂ ਭਾਵੇਂ ਉਨ੍ਹਾਂ ਦੇ ਬਚਨ ਗੁਰਮਤਿ ਤੇ ਪੂਰੇ ਨਾ ਵੀ ਉਤਰਦੇ ਹੋਣ। ਇੱਕ ਜੱਥੇਬੰਦੀ ਨੇ ਤਾਂ ਖੁੱਲ੍ਹੇਆਮ ਹੀ ਮੂਰਤੀ ਪੂਜਾ ਸ਼ੁਰੂ ਕਰ ਦਿੱਤੀ ਹੈ ਜਿਸਦਾ ਜ਼ਿਕਰ ਲੇਖ ਦੇ ਵਿੱਚ ਪਿੱਛੇ ਵੀ ਕੀਤਾ ਹੋਇਆ ਹੈ। ਪ੍ਰਕਾਸ਼ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਕਰਦੇ ਹਨ ਪਰ ਅੱਗੇ ਮੂਰਤੀ ਆਪਣੇ ਸਿਰਮੌਰ ਦੀ ਰੱਖਦੇ ਹਨ ਤੇ ਉਸ ਤੋਂ ਵੱਡੀ ਮਾੜੀ ਗੱਲ ਨਾਲ ਬਾਬੇ ਨਾਨਕ ਦੀ ਫੋਟੋ ਵੀ ਟਿਕਾ ਕੇ ਰੱਖਦੇ ਹਨ ਤੇ ਬਾਬੇ ਨਾਨਕ ਨੂੰ ਵੀ ਉਨ੍ਹਾਂ ਨੇ ਮੂਰਤੀ ਰੂਪ ਬਣਾ ਦਿੱਤਾ ਹੈ ਤੇ ਫਿਰ ਹੁਣ ਮੂਰਤੀ ਪੂਜਾ ਵਿੱਚ ਕਸਰ ਹੀ ਕੀ ਬਚੀ ਹੈ। ਇਹ ਗੁਰਬਾਣੀ ਦੀ ਮੂਲਧਾਰਾ ਦੀ ਬੇਅਦਬੀ ਹੈ ਤੇ ਅਸਲ ਵਿੱਚ ਗੁਰਬਾਣੀ ਦੀ ਮੂਲਧਾਰਾ ਹੀ ਸਾਡਾ ਗੁਰੂ ਹੈ ਜਿਸਨੂੰ ਅਸੀਂ ਮੰਨਣਾ ਹੈ। ਬਾਬੇ ਨਾਨਕ ਦੀ ਫੋਟੋ ਨੂੰ ਮੱਥਾ ਟਿਕਵਾਉਣਾ ਜਾਂ ਟੇਕਣਾ ਗੁਰੂ ਦੀ ਇੱਜ਼ਤ ਕਰਨ ਦੀ ਬਜਾਇ ਗੁਰੂ ਦੀ ਬੇਅਦਬੀ ਕਰਨ ਵਾਲੀ ਗੱਲ ਹੈ। ਇਹ ਕੇਵਲ ਆਪਣੇ ਸਿਰਮੌਰ ਦੀ ਵਿਚਾਰਧਾਰਾ ਨੂੰ ਉੱਚਾ ਕਰਨ ਵਾਲੀ

19/2049

ਗੱਲ ਹੈ, ਦੇਹ ਦੇ ਮੋਹ ਨਾਲ ਜੁੜੇ ਰਹਿਣ ਵਾਲੀ ਗੱਲ ਹੈ। ਇਹ ਸਭ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਨਤੀਜਾ ਹੈ ਜੋ ਸਾਨੂੰ

ਦੇਹ ਦੇ ਮੋਹ ਨਾਲ ਜੋੜ ਕੇ ਰੱਖਦੀ ਹੈ। ਸ਼ਬਦ ਦੇ ਨਾਲ ਮੋਹ ਕੀ ਹੈ ਇਸ ਗੱਲ ਦੀ ਸੋਝੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਸ਼ਬਦ ਦੀ ਵਿਚਾਰਧਾਰਾ ਨਾਲ ਜੁੜਦਾ ਹੈ, ਪੂਰਨ ਰੂਪ ਵਿੱਚ ਗੁਰੂ ਦੀ ਵਿਚਾਰਧਾਰਾ ਨਾਲ ਜੁੜਦਾ ਹੈ। ਇਨ੍ਹਾਂ ਨੂੰ ਅਗਰ ਗੁਰਬਾਣੀ ਰਾਹੀਂ ਧਰਮ ਦੇ ਝੂਠੇ ਠੇਕੇਦਾਰ ਕਿਹਾ ਗਿਆ ਹੈ ਫਿਰ ਉਹ ਬਿਲਕੁਲ ਸੱਚ ਹੈ ਕਿਉਂਕਿ ਇਹ ਪ੍ਰਚਾਰ ਹੀ ਪੁੱਠਾ ਕਰਦੇ ਹਨ, ਆਪਣੇ ਆਪਣੇ ਸਿਰਮੌਰਾਂ ਨੂੰ ਉੱਚਾ ਕਰਨ ਦਾ ਭਾਵ ਉਨ੍ਹਾਂ ਦੀ ਵਿਚਾਰਧਾਰਾ ਨੂੰ ਉੱਚਾ ਕਰਨ ਦਾ ਪ੍ਰਚਾਰ ਕਰਦੇ ਹਨ।

ਜਿਆਦਾਤਰ ਇਹੋ ਜਿਹੀਆਂ ਜੱਥੇਬੰਦੀਆਂ ਕੇਵਲ ਸਾਨੂੰ ਗਿਣਤੀਆਂ ਮਿਣਤੀਆਂ ਵਿੱਚ ਹੀ ਪਾਉਂਦੀਆਂ ਹਨ, ਵੱਧ ਤੋਂ ਵੱਧ ਬਾਣੀ ਪੜ੍ਹੀ ਜਾਣ ਨਾਲ ਹੀ ਜੋੜਦੀਆਂ ਹਨ ਜਿਵੇਂ ਕਿ ਇਨ੍ਹਾਂ ਦੇ ਪ੍ਰਚਾਰ ਕਰਨ ਦੇ ਤਰੀਕੇ ਤੋਂ ਸਮਝਿਆ ਜਾ ਸਕਦਾ ਹੈ ਕਿਉਂਕਿ ਇਹ ਪ੍ਰਚਾਰ ਹੀ ਇਹ ਕਰਦੇ ਹਨ ਕਿ ਸਾਡਾ ਕੰਮ ਬਾਣੀ ਪੜ੍ਹੀ ਜਾਣਾ ਹੈ, ਵਾਰ-ਵਾਰ ਪੜ੍ਹੀ ਜਾਣਾ ਹੈ ਤੇ ਇਹੋ ਜਿਹਾ ਕਰਨ ਨਾਲ ਆਪੇ ਹੀ ਪ੍ਰਮਾਤਮਾ ਮਿਲ ਜਾਂਦਾ ਹੈ, ਉਹ ਲੋਹੇ ਨੂੰ ਕੰਚਨ ਕਰ ਦਿੰਦਾ ਹੈ, ਮਨੁੱਖ ਆਪੇ ਹੀ ਪਾਰਸ ਹੋ ਜਾਂਦਾ ਹੈ। ਇਹੋ ਜਿਹੀ ਵਿਚਾਰਧਾਰਾ ਨਾਲ ਜੁੜ ਕੇ ਤੁਸੀਂ ਕੀ ਗੁਰਬਾਣੀ ਨੂੰ ਸਿੱਖੋਗੇ ਤੇ ਕੀ ਕਿਸੇ ਨੂੰ ਸਿਖਾਉਗੇ। ਸਾਨੂੰ ਭਗਤੀ ਹੀ ਸਿਖਾਈ ਇਹੋ ਜਿਹੀ ਹੀ ਗਈ ਹੈ ਤੇ ਜਿੰਨ੍ਹਾਂ ਸਿਰਮੌਰਾਂ ਨੇ ਇਹ ਕੁੱਝ ਸਿਖਾਇਆ ਹੈ ਉਨ੍ਹਾਂ ਨੂੰ ਹੀ ਅਸੀਂ ਪੂਜੀ ਜਾਂਦੇ ਹਾਂ। ਗੁਰਬਾਣੀ ਦਾ ਅਸਲ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ ਜੋ ਕਿ ਗੁਰਬਾਣੀ ਦਾ ਮਨੁੱਖਤਾ ਤੇ ਬਹੁਤ ਵੱਡਾ ਪਰਉਪਕਾਰ ਹੈ ਤੇ ਜੇਕਰ ਅਸੀਂ ਉਹੀ ਸਭ ਕੁੱਝ ਕਰੀ ਜਾਣਾ ਹੈ ਭਾਵ ਉਹੋ ਜਿਹੀ ਭਗਤੀ ਹੀ ਕਰੀ ਜਾਣੀ ਹੈ ਜੋ ਵੇਦਾਂ ਦੇ ਪੜ੍ਹਨ ਵਾਲੇ ਸਮਝਦੇ ਹਨ ਫਿਰ ਗੁਰਬਾਣੀ ਨੂੰ ਰਚਨ ਦਾ ਪ੍ਰਮਾਤਮਾ ਦਾ ਮਕਸਦ ਕੀ ਰਹਿ ਜਾਂਦਾ ਹੈ, ਫਿਰ ਵੇਦਾਂ ਨੂੰ ਪੜ੍ਹ ਲਿਆ ਜਾਂ ਗੁਰਬਾਣੀ ਨੂੰ ਪੜ੍ਹ ਲਿਆ ਇੱਕੋ ਹੀ ਗੱਲ ਹੈ ਤੇ ਇਸੇ ਲਈ ਸਾਡੇ ਇਸ ਭਗਤੀ ਦੇ ਤਰੀਕੇ ਨੂੰ ਉੱਪਰ ਸ਼ਬਦ ਰਾਹੀਂ ਖੰਡਿਆ ਹੋਇਆ ਹੈ।**(ਪੰਡਿਤੁ ਵੇਦੁ ਪੁਕਾਰਾ॥)**

ਉੱਪਰ ਸ਼ਬਦ ਰਾਹੀਂ ਸਾਨੂੰ ਜਿਤਨੇ ਵੀ ਭਗਤੀ ਦੇ ਤਰੀਕੇ ਗਿਣਾਏ ਹੋਏ ਹਨ ਅਸੀਂ ਉਨ੍ਹਾਂ ਤਰੀਕਿਆਂ ਵਿੱਚੋਂ ਕੁੱਝ ਨੂੰ ਹੀ ਜਿਆਦਾ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਖਾਸ ਕਰਕੇ ਜਿੰਨ੍ਹਾਂ ਨੂੰ ਸਿੱਖ ਜਗਤ

ਵਿੱਚ ਅਪਣਾਇਆ ਹੋਇਆ ਹੈ, ਜੋ ਗੁਰਬਾਣੀ ਦੇ ਨਾਲ ਸਿੱਧੇ ਤੌਰ ਤੇ ਜੁੜੇ ਹੋਏ ਹਨ, ਗੁਰਬਾਣੀ ਦੇ ਮੰਨਣ ਵਾਲੇ ਹਨ। ਹੁਣ ਹੇਠ ਲਿਖੇ ਤਰੀਕੇ ਨੂੰ ਸਮਝਦੇ ਹਾਂ ਜੋ ਤਰੀਕਾ ਵੇਦਾਂ ਦੇ ਰਾਹੀਂ ਹੀ ਆਇਆ ਹੈ ਤੇ ਕਰੀਬ-ਕਰੀਬ ਹਰ ਭਗਤੀ ਕਰਨ ਵਾਲਾ ਇਸ ਤਰੀਕੇ ਨੂੰ ਭਗਤੀ ਕਰਨਾ ਸਮਝਦਾ ਹੈ।

“ਇਕ ਸਬਦੀ ਬਹੁ ਰੂਪਿ ਅਵਧੂਤਾ॥”

ਸਾਡੇ ਲਈ ਸਮਝਣ ਦੀ ਗੱਲ ਇਹ ਹੈ ਕਿ "ਇਕ ਸਬਦੀ" ਕਿੰਨ੍ਹਾਂ ਨੂੰ ਕਿਹਾ ਹੈ। "ਇਕ ਸਬਦੀ" ਉਹ ਹਨ ਜੋ ਪ੍ਰਮਾਤਮਾ ਨੂੰ ਕਿਸੇ ਇੱਕ ਸ਼ਬਦ ਦੁਆਰਾ ਬੋਲ ਬੋਲ ਕੇ ਜਪਦੇ ਹਨ। ਆਪਣੇ ਮੱਥੋਂ ਕੋਈ ਕਿਹੜਾ ਸ਼ਬਦ ਬੋਲ ਕੇ ਪ੍ਰਮਾਤਮਾ ਨੂੰ ਜਪਦਾ ਹੈ ਇਹ ਹਰ ਕਿਸੇ ਦੀ ਆਪਣੀ ਆਪਣੀ ਆਸਥਾ ਹੈ। ਭਾਵੇਂ ਕੋਈ ਰਾਮ ਰਾਮ ਬੋਲ ਕੇ ਜਪਦਾ ਹੈ, ਭਾਵੇਂ ਕੋਈ ਅਲਖ ਨਿਰੰਜਨ ਬੋਲ ਕੇ ਜਪਦਾ ਹੈ, ਭਾਵੇਂ ਕੋਈ ਹਰਿ ਹਰਿ ਬੋਲ ਕੇ ਜਪਦਾ ਹੈ, ਇਹ ਹਰ ਕਿਸੇ ਦੀ ਆਪਣੀ ਆਪਣੀ ਆਸਥਾ ਹੈ। ਸਮਝਾਇਆ ਇਹ ਹੈ ਕਿ ਇਸ ਤਰੀਕੇ ਨਾਲ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਸਾਰਿਆਂ ਤਰੀਕਿਆਂ ਦੇ ਨਾਲ ਇਸ ਤਰੀਕੇ ਦਾ ਵੀ ਖੰਡਨ ਕੀਤਾ ਹੋਇਆ ਹੈ। ਜੇਕਰ ਅਸੀਂ ਆਪਣੀ ਆਸਥਾ ਅਨੁਸਾਰ ਵਾਹਿਗੁਰੂ ਵਾਹਿਗੁਰੂ ਸ਼ਬਦ ਜਪ ਲਈਏ ਫਿਰ ਉਸ ਤਰੀਕੇ ਨਾਲ ਕੀ ਫ਼ਰਕ ਪੈਂਦਾ ਹੈ। ਸ਼ਬਦ ਦੁਆਰਾ ਅੱਖਰ ਦੇ ਜਪ ਨੂੰ ਹੀ ਖੰਡਿਆ ਹੋਇਆ ਹੈ ਜਿਵੇਂ ਕਿ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਖੰਡਿਆ ਹੋਇਆ ਹੈ ਤੇ ਅੱਖਰ ਦਾ ਜਪ ਕਰਨ ਵਾਲਿਆਂ ਨੂੰ ਮਨਮੁਖਿ ਹੀ ਕਿਹਾ ਹੋਇਆ ਹੈ। ਕੇਵਲ ਮੁੱਖੋਂ ਹਵਾ ਛੱਡਣ ਵਾਲੀ ਗੱਲ ਦੱਸਿਆ ਹੋਇਆ ਹੈ ਭਾਵ ਇਹ ਕੋਈ ਭਗਤੀ ਕਰਨ ਦਾ ਤਰੀਕਾ ਨਹੀਂ ਹੈ।

{ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

ਉੱਪਰ ਵਾਲਿਆਂ ਪੰਗਤੀਆਂ ਦੇ ਤੇ ਇਸ ਨਾਲ ਜੁੜੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਬਰੀਕੀ ਨਾਲ ਪਹਿਲੇ ਹੀ ਸਮਝੇ ਹੋਏ ਹਨ। ਇੱਕ ਅੱਖਰ ਦਾ ਜਪ ਕਰੀ ਜਾਣ ਦਾ ਭਰਮ ਸਭ ਵਿੱਚ ਹੀ ਹੈ ਪਰ ਸਿੱਖ ਜਗਤ ਵਿੱਚ ਇਹ ਭਰਮ ਵੇਦਾਂ ਦੇ ਪੜ੍ਹਨ

ਵਾਲਿਆਂ ਨਾਲੋਂ ਵੀ ਜਿਆਦਾ ਵੱਧ ਚੁੱਕਾ ਹੈ ਤੇ ਤੇਜੀ ਨਾਲ ਵੱਧ ਰਿਹਾ ਹੈ ਤੇ ਇਸ ਦੀ ਦੇਣ ਸਾਡੇ ਉਹ ਸਿਰਮੌਰ ਹੀ ਹਨ ਜਿੰਨ੍ਹਾਂ ਨੂੰ ਗੁਰਬਾਣੀ ਵਿੱਚ ਧਰਮ ਦੇ ਝੂਠੇ ਠੇਕੇਦਾਰ ਕਹਿ ਕੇ ਉਨ੍ਹਾਂ ਦੇ ਮੋਹ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਤਾਂ ਜੋ ਅਸੀਂ ਗੁਰਬਾਣੀ ਦੀ ਸੱਚੀ ਮਤਿ ਨਾਲ ਜੁੜ ਕੇ ਭਰਮ ਵਿੱਚੋਂ

19/2051

ਨਿਕਲੀਏ ਜੋ ਕਿ ਗੁਰਬਾਣੀ ਦਾ ਮਕਸਦ ਹੈ। ਇੱਕ ਅੱਖਰ ਨੂੰ ਜਪੀ ਜਾਣ ਨਾਲ ਸਾਨੂੰ ਗੁਰਬਾਣੀ ਦੀ ਸਮਝ ਕੀ ਆਵੇਗੀ ਤੇ ਫਿਰ ਭਰਮ ਕਿਵੇਂ ਨਿਕਲ ਸਕਦਾ ਹੈ।

ਆਓ ਹੁਣ ਇੱਕ ਹੋਰ ਤਰੀਕੇ ਨੂੰ ਸਮਝੀਏ ਜਿਸ ਨੂੰ ਭਾਵੇਂ ਸਭ ਤੋਂ ਵੱਡਾ ਤਰੀਕਾ ਮੰਨਿਆ ਜਾਂਦਾ ਹੈ ਪਰ ਉਸਦਾ ਖੰਡਨ ਕੀਤਾ ਹੋਇਆ ਹੈ।

"ਇਕਿ ਲੂਕਿ ਨ ਦੇਵਹਿ ਦਰਸਾ॥"

ਇੱਥੇ ਉਨ੍ਹਾਂ ਦੀ ਗੱਲ ਕੀਤੀ ਹੋਈ ਹੈ ਜੋ ਪ੍ਰਮਾਤਮਾ ਦਾ ਜਪ ਕਰਨ ਲਈ ਆਪਣੇ ਆਪ ਨੂੰ ਸੰਸਾਰ ਤੋਂ ਬਿਲਕੁਲ ਵੱਖਰਾ ਕਰ ਲੈਂਦੇ ਹਨ, ਇਕੱਲੇ ਹੋ ਜਾਂਦੇ ਹਨ ਜਿਵੇਂ ਕਿ ਕੋਈ ਕਿਸੇ ਪਹਾੜ ਦੀ ਗੁਫ਼ਾ ਵਿੱਚ ਵੜ ਕੇ ਆਪਣੇ ਆਪ ਨੂੰ ਲੁਕਾ ਲੈਂਦਾ ਹੈ, ਕੋਈ ਕਿਸੇ ਭੋਰੇ ਵਿੱਚ ਵੜ ਕੇ ਆਪਣੇ ਆਪ ਨੂੰ ਦੂਸਰਿਆਂ ਤੋਂ ਅਲੱਗ ਕਰ ਲੈਂਦਾ ਹੈ ਤਾਂ ਕਿ ਕੋਈ ਉਨ੍ਹਾਂ ਦਾ ਦਰਸ ਨਾ ਕਰ ਸਕੇ ਭਾਵ ਉਨ੍ਹਾਂ ਨੂੰ ਕੋਈ ਦੇਖ ਨਾ ਸਕੇ ਤੇ ਉਹ ਬਿਲਕੁਲ ਨਿਰਵਿਘਨ ਹੋ ਕੇ ਪ੍ਰਮਾਤਮਾ ਨੂੰ ਜਪ ਸਕੇ। ਇਹੋ ਜਿਹਾ ਜੋ ਜਪ ਕਰਦੇ ਹਨ ਉਨ੍ਹਾਂ ਦੀ ਮਹਾਨਤਾ ਜਿਆਦਾ ਉੱਚੀ ਗਿਣੀ ਜਾਂਦੀ ਹੈ ਭਾਵ ਉਨ੍ਹਾਂ ਨੂੰ ਇਸ ਦਾ ਉੱਚਾ ਮਾਣ ਮਿਲਦਾ ਹੈ ਕਿ ਇਨ੍ਹਾਂ ਨੇ ਅਨੇਕਾਂ ਵਰਸ਼ ਭੋਰਿਆਂ ਵਿੱਚ ਵੜ ਕੇ, ਪਹਾੜਾਂ ਦੀਆਂ ਕੁੰਦਰਾਂ ਵਿੱਚ ਵੜ ਕੇ ਬੜਾ ਜਪ ਤਪ ਕੀਤਾ ਹੈ। ਅਨੇਕਾਂ ਹੀ ਸਾਡੇ ਸਿਰਮੌਰ ਇਹੋ ਜਿਹੀਆਂ ਦੀ ਗਿਣਤੀ ਵਿੱਚ ਆਉਂਦੇ ਹਨ ਜਿੰਨ੍ਹਾਂ ਨੇ ਭੋਰਿਆਂ ਆਦਿ ਵਿੱਚ ਵੜ ਕੇ ਆਪਣੇ ਆਪ ਨੂੰ ਜਪੀਆ, ਤਪੀਆ ਅਖਵਾਇਆ ਹੈ ਤੇ ਉਨ੍ਹਾਂ ਨੂੰ ਵੱਡਾ ਮਾਣ ਮਿਲਿਆ ਹੈ। ਆਪਣੇ-ਆਪਣੇ ਸਿਰਮੌਰਾਂ ਵੱਲ ਅਗਰ ਝਾਤੀ ਮਾਰੋਗੇ ਤੇ ਬਹੁਤਿਆਂ ਦਾ ਪਿਛੋਕੜ ਕੁੱਝ ਇਹੋ ਜਿਹਾ ਹੀ ਮਿਲੇਗਾ। ਭਗਤੀ ਦੇ ਇਹੋ ਜਿਹੇ ਮਾਰਗ ਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਖੰਡਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਹੇਠ ਦਿੱਤੇ ਸ਼ਬਦਾਂ ਨੂੰ ਕੁੱਝ ਫਿਰ ਤੋਂ ਵਿਚਾਰ ਕੇ ਇਹ ਸਮਝਿਆ ਜਾ ਸਕਦਾ ਹੈ ਕਿ ਇਹੋ ਜਿਹੇ ਜਪ ਤਪ ਦੁਆਰਾ ਭਾਵੇਂ ਕੋਈ ਜਿਤਨੀ ਮਰਜ਼ੀ ਕੋਸ਼ਿਸ਼ ਕਰ ਲਵੇ, ਭਾਵੇਂ ਕ੍ਰੋੜਾਂ ਸਾਲ ਲੱਗਾ ਰਹੇ ਤਾਂ ਵੀ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ।

ਸਿਰੀਰਾਗੁ ਮਹਲਾ ੧॥

{ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥}

(ਅੰਗ - ੧੪)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲਾਂ ਹੀ ਜਾਣ ਚੁੱਕੇ ਹਾਂ ਤੇ ਉਪਰਲੀਆਂ ਇਨ੍ਹਾਂ ਪੰਗਤੀਆਂ ਨੂੰ ਫਿਰ ਤੋਂ ਵਿਚਾਰਦੇ ਹਾਂ ਜਿਸ ਰਾਹੀਂ ਜੋ ਗੁਫ਼ਾ ਆਦਿ ਵਿੱਚ ਵੜ ਕੇ ਜੋ ਜਪ ਤਪ ਕਰਦੇ

19/2052

ਹਨ ਜਾਂ ਭਗਤੀ ਦਾ ਮਾਰਗ ਸਮਝਦੇ ਹਨ ਉਨ੍ਹਾਂ ਦਾ ਇਹ ਭਰਮ ਬੜੇ ਹੀ ਕੜੜੇ ਤਰੀਕੇ ਨਾਲ, ਸਖ਼ਤ ਤਰੀਕੇ ਨਾਲ ਕੱਢਿਆ ਹੋਇਆ ਹੈ ਤਾਂ ਜੋ ਇਹੋ ਜਿਹਾ ਤਪ ਕਰਨ ਵਾਲਿਆਂ ਨੂੰ ਸੋਝੀ ਪੈ ਸਕੇ ਕਿ ਇਹ ਤਪ ਕਿਸੇ ਲੇਖੇ ਨਹੀਂ ਪੈਂਦਾ।

ਸਾਡਾ ਭਰਮ ਕੱਢਣ ਲਈ ਸਾਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਜੇ ਕਿਸੇ ਮਨੁੱਖ ਦੀ ਕ੍ਰੋੜਾਂ ਹੀ ਕ੍ਰੋੜਾਂ ਸਾਲ ਉਮਰ ਹੋ ਜਾਵੇ ਭਾਵ ਕ੍ਰੋੜਾਂ ਹੀ ਕ੍ਰੋੜਾਂ ਸਾਲ ਉਹ ਕਿਸੇ ਗੁਫ਼ਾ ਵਿੱਚ ਵੜ ਕੇ ਬੈਠ ਜਾਵੇ, ਕਿਸੇ ਹਨੇਰੀ ਗੁਫ਼ਾ ਵਿੱਚ ਵੜ ਜਾਵੇ ਜਿੱਥੇ ਸੂਰਜ ਤੇ ਚੰਦਰਮੇ ਦੀ ਰੌਸ਼ਨੀ ਵੀ ਨਾ ਜਾਂਦੀ ਹੋਵੇ ਤੇ ਉਹ ਸਦਾ ਜਾਗਦਾ ਹੀ ਰਹੇ ਭਾਵ ਉੱਥੇ ਬਿਲਕੁਲ ਸੌਣ ਲਈ ਜਗ੍ਹਾ ਹੀ ਨਾ ਹੋਵੇ ਤੇ ਉਸਦਾ ਜੀਵਨ ਕੇਵਲ ਪਵਣ ਦੇ, ਹਵਾ ਦੇ ਆਸਰੇ ਹੀ ਚੱਲਦਾ ਰਹੇ, ਬਿਨ੍ਹਾਂ ਕੁੱਝ ਹੋਰ ਖਾਏ ਪੀਏ ਚੱਲਦਾ ਰਹੇ ਤੇ ਉਹ ਇਹੋ

ਜਿਹੀ ਅਵੱਸਥਾ ਵਿੱਚ ਪ੍ਰਮਾਤਮਾ ਦਾ ਤਪ ਹੀ ਕਰੀ ਜਾਵੇ ਭਾਵ ਇਹ ਤਪ ਕਰਨ ਦੀ ਆਖੀਰ ਦੱਸੀ ਹੈ, ਤਪ ਦੇ ਸਿਰੇ ਨੂੰ ਹੱਥ ਲਾਉਣ ਵਾਲੀ ਗੱਲ ਹੈ ਜਿਸ ਤੋਂ ਉੱਪਰ ਤਪ ਦੀ ਹੋਰ ਕੋਈ ਗੁੰਜਾਇਸ਼ ਹੀ ਨਹੀਂ ਬਚ ਸਕਦੀ ਕਿ ਤਪ ਪੂਰਾ ਹੋਣ ਵਿੱਚ ਹਾਲੇ ਕੋਈ ਕਸਰ ਬਾਕੀ ਰਹਿ ਗਈ ਹੈ। ਇਹੋ ਜਿਹੇ ਤਪ ਤੋਂ ਬਾਅਦ ਵੀ ਭਾਵ ਇਤਨਾ ਜਿਆਦਾ ਅਗਰ ਕੋਈ ਤਪ ਕਰ ਲੈਂਦਾ ਹੈ ਪਰ ਫਿਰ ਵੀ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਕਿਉਂਕਿ ਇਹ ਉਸਦੀ ਕੀਮਤ ਪਾਉਣ ਦਾ ਤਰੀਕਾ ਹੀ ਨਹੀਂ ਹੈ। ਪ੍ਰਮਾਤਮਾ ਨੂੰ ਕਿਸੇ ਸਰੀਰਕ ਜ਼ੋਰ ਦੇ ਨਾਲ ਅਗਰ ਕੋਈ ਪਾਉਣ ਦੀ ਕੋਸ਼ਿਸ਼ ਕਰਦਾ ਹੈ ਭਾਵ ਉਸਨੂੰ ਜਾਣਨਾ ਚਾਹੁੰਦਾ ਹੈ ਕਿ ਪ੍ਰਮਾਤਮਾ ਕਿਤਨਾ ਵੱਡਾ ਹੈ, ਨਾਮ ਕਿਤਨਾ ਵੱਡਾ ਹੈ ਇਸ ਗੱਲ ਨੂੰ ਉਹ ਨਹੀਂ ਜਾਣ ਸਕਦਾ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਇਹ ਤਰੀਕਾ ਹੀ ਨਹੀਂ ਹੈ। **(ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥)** ਬਿਨ੍ਹਾਂ ਪ੍ਰਮਾਤਮਾ ਨੂੰ ਵੇਖਣ ਦੇ ਭਾਵ ਉਸ ਨੂੰ ਜਾਣਨ ਦੇ ਇਹ ਕੋਈ ਨਹੀਂ ਕਹਿ ਸਕਦਾ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ।

{ਕੇਵਡੁ ਵਡਾ ਡੀਠਾ ਹੋਇ॥}

(ਅੰਗ ੯)

ਪ੍ਰਮਾਤਮਾ ਦੀ ਕੀਮਤ ਪਾਉਣ ਦਾ ਤਰੀਕਾ ਕੀ ਹੈ ਇਹ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਹੀ ਰਹੇ ਹਾਂ।

ਪ੍ਰਮਾਤਮਾ ਨੂੰ ਕਿਸੇ ਵੀ ਸਰੀਰਕ ਜਪ ਤਪ ਦੁਆਰਾ ਪਾਉਣ ਦੀ ਕੋਸਿਸ਼ ਕਰਨਾ ਕੇਵਲ ਸਾਡਾ ਭਰਮ ਹੈ ਜਿਸ ਭਰਮ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ ਤੇ ਉਹ ਇਸੇ ਤਰ੍ਹਾਂ ਹੀ ਆਪਣੀ ਖੇਡ ਨੂੰ

19/2053

ਚਲਾ ਰਿਹਾ ਹੈ। ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਵਿਚਾਰਿਆ ਜਾ ਸਕਦਾ ਹੈ ਜਿਸ ਦੇ ਅਰਥ ਅਸੀਂ ਕਾਫੀ ਪਿੱਛੇ ਪਹਿਲੇ ਵੀ ਜਾਣ ਚੁੱਕੇ ਹਾਂ।

ਸਿਰੀਰਾਗੁ ਮਹਲਾ ੧॥

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥੧॥
ਬਾਬਾ ਮਾਇਆ ਭਰਮਿ ਭੁਲਾਇ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ॥੧॥ਰਹਾਉ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ॥
ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ॥੨॥
ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ॥
ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥੪॥
ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ॥

ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ॥
ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ॥੬॥
ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ॥੮॥੧੨॥}

(ਅੰਗ ੬੦)

ਗੁਰੂ ਦੀ ਮਤਿ ਨੂੰ ਜਾਣੇ ਬਿਨ੍ਹਾਂ ਹਰ ਕੋਈ ਭੁੱਲਿਆ ਹੋਇਆ ਹੀ ਹੈ। ਜੇਕਰ ਅਸੀਂ ਪਿੱਛੇ ਹੀ ਭੁੱਲੇ ਹੋਇਆਂ ਦੇ ਲੱਗਾਂਗੇ ਫਿਰ ਸਾਡੀ ਭੁੱਲ ਕਦੇ ਜਾ ਨਹੀਂ ਸਕਦੀ। ਇਸ ਸ਼ਬਦ ਰਾਹੀਂ ਵੀ ਸਾਡੇ ਅਨੇਕਾਂ ਉਹ ਤਰੀਕੇ ਗਿਣਾਏ ਹੋਏ ਹਨ ਜਿੰਨ੍ਹਾਂ ਦੁਆਰਾ ਅਸੀਂ ਆਪਣੀ ਭਗਤੀ ਕਰਨਾ ਸਮਝਦੇ ਹਾਂ ਪਰ ਇਨ੍ਹਾਂ ਸਾਰਿਆਂ ਨੂੰ ਭੁੱਲਿਆ ਹੋਇਆ ਹੀ ਕਿਹਾ ਹੈ ਕਿ ਉਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਹੈ। ਸਾਡੀ ਇਸ ਭੁੱਲ ਦਾ ਕਾਰਨ ਵੀ ਵਿੱਚ ਹੀ ਸਮਝਾਇਆ ਹੋਇਆ ਹੈ।

“ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥੧॥”

ਸਾਡੇ ਭਰਮ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਸੱਚੀ ਸੋਝੀ ਦਾ ਨਾ ਹੋਣਾ ਹੈ। ਪੂਰੀ ਗੁਰਮਤਿ ਪ੍ਰਮਾਤਮਾ ਦਾ "ਗਿਆਨ ਪਦਾਰਥੁ" ਹੈ ਜੋ ਉਸਨੇ ਗੁਰਬਾਣੀ ਵਿੱਚ ਪਾਇਆ ਹੋਇਆ ਹੈ। ਅਸੀਂ ਇਸ “**ਗਿਆਨ ਪਦਾਰਥੁ**” ਤੋਂ ਹੀ ਵਿਛੜੇ ਹੋਏ ਹਾਂ ਭਾਵ ਇਸਨੂੰ ਅਸੀਂ ਗਵਾਇਆ ਹੋਇਆ ਹੈ। ਇਹ ਗਿਆਨ ਪਦਾਰਥੁ ਸਾਨੂੰ ਭਰਮ ਵਿੱਚੋਂ ਕੱਢਣ ਲਈ ਹੀ ਹੈ, ਸਾਨੂੰ ਆਪਣੇ ਧਰਮ ਦੇ ਮਾਰਗ ਦੀ ਸੋਝੀ ਪਾਉਣ ਲਈ ਹੀ ਹੈ, ਸਾਨੂੰ ਪ੍ਰਮਾਤਮਾ ਦੀ ਸਹੀ ਭਗਤੀ ਦਾ ਮਾਰਗ ਸਮਝਾਉਣ ਲਈ ਹੀ ਹੈ। ਸ਼ਬਦ ਰਾਹੀਂ ਜਿਤਨੇ ਵੀ ਭਗਤੀ ਦੇ ਤਰੀਕੇ ਸਮਝਾਏ ਹੋਏ ਹਨ ਉਨ੍ਹਾਂ ਨੂੰ ਖੰਡਿਆ ਹੋਇਆ ਹੈ ਤੇ ਉਸਦਾ ਕਾਰਨ ਸਾਡੇ ਅੰਦਰ "ਗਿਆਨ ਪਦਾਰਥੁ" ਦਾ ਨਾ ਹੋਣਾ ਹੈ। ਇਹ ਗਿਆਨ ਪਦਾਰਥੁ ਹੀ ਨਾਮ ਹੈ ਜਿਸ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ।

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥}

(ਅੰਗ ੭੫੯)

ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਸਾਨੂੰ ਆਪਣੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਅਸੀਂ ਉਹੋ ਜਿਹੀ ਭਗਤੀ ਵਿੱਚ ਹੀ ਲੱਗੇ ਰਹਿੰਦੇ ਹਾਂ ਜਿਹੋ ਜਿਹੀ ਭਗਤੀ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਇਹ ਨਾਮ ਪਦਾਰਥੁ ਹੈ, ਗੁਰੂ ਦੇ ਕੋਲ ਇਹ ਨਾਮ ਪਦਾਰਥੁ ਹੈ ਜਿਸ ਕਰਕੇ ਉਹ ਸਾਨੂੰ ਨਾਮ ਜਪਣਾ ਸਮਝਾ ਰਿਹਾ ਹੈ ਪਰ ਅਸੀਂ ਗੁਰੂ ਦੀ ਗੱਲ ਨੂੰ ਸਮਝੇ ਬਿਨ੍ਹਾਂ ਅਗਿਆਨਤਾ ਵਿੱਚ ਹੀ ਉਹੋ ਜਿਹਾ ਨਾਮ ਜਪਦੇ ਹਾਂ ਜਿਸਨੂੰ ਬਾਣੀ ਵਿੱਚ ਕੇਵਲ ਇੱਕ ਪਾਖੰਡ ਦੀ ਸੰਗਿਆ ਦਿੱਤੀ ਹੋਈ ਹੈ। ਪਹਾੜਾਂ ਦੀਆਂ ਖੁੰਦਰਾਂ

ਆਦਿ ਵਿੱਚ ਤੇ ਪਹਾੜਾਂ ਦੀਆਂ ਚੋਟੀਆਂ ਤੇ ਅਸੀਂ ਆਪਣੇ ਵੱਲੋਂ ਨਾਮ ਦਾ ਜਪ ਕਰਨ ਹੀ ਜਾਂਦੇ ਹਾਂ। ਜਿਹੜੇ ਜਪ ਦਾ ਮੂਲ ਹੀ ਗਲਤ ਹੈ, ਜੋ ਨਾਮ ਦਾ ਜਪ ਹੀ ਨਹੀਂ ਹੈ ਉਹ ਪ੍ਰਵਾਨ ਕਿਵੇਂ ਹੋ ਸਕਦਾ ਹੈ ਤੇ ਇਸੇ ਲਈ ਇਹੋ ਜਿਹੇ ਸਾਰੇ ਜਪ ਤਪ

ਕਰਨ ਵਾਲੇ ਮੂਲੋਂ ਹੀ ਭੁੱਲੇ ਹੋਏ ਹਨ। ਇਸੇ ਤਰ੍ਹਾਂ ਜੋ ਆਪਣਾ ਘਰ-ਬਾਰ ਛੱਡ ਕੇ ਭਗਤੀ ਕਰਨਾ ਸਮਝਦੇ ਹਨ ਤੇ ਕਿਤੇ ਜਾ ਕੇ ਡੇਰੇ ਆਦਿ ਬਣਾ ਲੈਂਦੇ ਹਨ ਇਨ੍ਹਾਂ ਨੂੰ ਵੀ ਭੁੱਲੇ ਹੋਏ ਦੱਸਿਆ ਹੈ ਕਿਉਂਕਿ ਇਹ ਭਗਤੀ ਦਾ ਮਾਰਗ ਨਹੀਂ ਹੈ। ਭਗਤੀ ਗ੍ਰਹਿਸਤ ਦੀ ਸੰਭਾਲ ਕਰਦੇ ਹੋਏ ਹੀ ਹੁੰਦੀ ਹੈ ਜੋ ਕਿ ਸਾਡਾ ਵੱਡਾ ਫ਼ਰਜ਼ ਹੈ। ਇਸ ਫਰਜ਼ ਤੋਂ ਮੂੰਹ ਮੋੜਨਾ ਭਗਤੀ ਨਹੀਂ ਹੈ। **(ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ॥)**

ਇਸੇ ਤਰ੍ਹਾਂ ਅਨੇਕਾਂ ਹੀ ਅਨੇਕਾਂ ਨੇ ਅੱਖਰ ਨੂੰ ਪੜ੍ਹੀ ਜਾਣਾ ਹੀ ਜਾਂ ਅੱਖਰ ਦਾ ਜਪ ਕਰੀ ਜਾਣ ਨੂੰ ਹੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਤੇ ਇਨ੍ਹਾਂ ਨੂੰ ਵੀ ਭੁੱਲੇ ਹੋਏ ਕਿਹਾ ਹੈ ਕਿ ਇਨ੍ਹਾਂ ਨੂੰ ਭਗਤੀ ਦੇ ਮਾਰਗ ਦੀ ਸਮਝ ਨਹੀਂ ਹੈ। **(ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥)** ਜਦ ਤੱਕ ਅਸੀਂ ਅੱਖਰ ਨੂੰ ਪੜ੍ਹਨ ਦਾ ਮਕਸਦ ਨਹੀਂ ਸਮਝਦੇ ਫਿਰ ਉਹ ਅੱਖਰ ਭਾਵੇਂ ਵੇਦਾਂ ਵਿੱਚੋਂ ਪੜ੍ਹ ਲਈਏ, ਭਾਵੇਂ ਗੁਰਬਾਣੀ ਵਿੱਚੋਂ ਪੜ੍ਹ ਲਈਏ ਕੀ ਫ਼ਰਕ ਪੈਂਦਾ ਹੈ। ਵੇਦ ਵੀ ਅੱਖਰਾਂ ਨਾਲ ਲਿਖੇ ਹੋਏ ਹਨ ਤੇ ਗੁਰਬਾਣੀ ਵੀ ਅੱਖਰਾਂ ਨਾਲ ਲਿਖੀ ਹੋਈ ਹੈ। ਛੋਟਾ-ਵੱਡਾ ਕੋਈ ਅੱਖਰ ਨਹੀਂ ਹੈ, ਛੋਟੀ ਜਾਂ ਵੱਡੀ ਉਸਦੇ ਅੰਦਰ ਦੀ ਸੋਝੀ ਹੈ। ਅੱਖਰ ਦੀ ਕੀਮਤ ਉਸਦੀ ਸੋਝੀ ਦੇ ਨਾਲ ਹੈ। ਗੁਰਬਾਣੀ ਦੇ ਅੱਖਰਾਂ ਰਾਹੀਂ ਸਾਨੂੰ ਭਰਮ ਵਿੱਚੋਂ ਕੱਢਿਆ ਹੋਇਆ ਹੈ, ਸਾਨੂੰ ਦੇਹ ਗੁਰੂ ਨਾਲੋਂ ਹਟਾ ਕੇ ਸ਼ਬਦ ਗੁਰੂ ਨਾਲ ਜੋੜਿਆ ਹੋਇਆ ਹੈ ਤੇ ਸਾਨੂੰ ਪ੍ਰਮਾਤਮਾ ਦੇ ਸੱਚੇ ਰੂਪ ਦੀ ਭਾਵ ਉਸ ਦੇ ਨਿਰਗੁਣ ਰੂਪ ਦੀ ਸੋਝੀ ਪਾਈ ਹੋਈ ਹੈ, ਸ਼ਬਦ ਰੂਪ ਦੀ ਸੋਝੀ ਪਾਈ ਹੋਈ ਹੈ। ਗੁਰਬਾਣੀ ਆਪਣੀ ਸੋਝੀ ਕਰਕੇ ਹੀ ਉੱਚੀ ਹੈ ਤੇ ਜੇਕਰ ਅਸੀਂ ਗੁਰਬਾਣੀ ਦੇ ਅੱਖਰਾਂ ਨਾਲ ਹੀ ਜੁੜੇ ਰਹਿਣਾ ਹੈ ਭਾਵ ਅੱਖਰਾਂ ਦੀ ਲਿਖਤ ਨਾਲ ਹੀ ਜੁੜੇ ਰਹਿਣਾ ਹੈ, ਅੱਖਰਾਂ ਦੀ ਲਿਖਤ ਨੂੰ ਹੀ ਪੜ੍ਹੇ ਜਾਣਾ ਹੈ ਫਿਰ ਉਸ ਅੱਖਰਾਂ ਦੀ ਲਿਖਤ ਦਾ ਮਕਸਦ ਕੀ ਰਹਿ ਜਾਂਦਾ ਹੈ ਪਰ ਸਾਡੇ ਇਹੋ ਜਿਹੇ ਸਿਰਮੌਰ ਵੀ ਹਨ, ਅਨੇਕਾਂ ਹੀ ਹਨ ਜੋ ਸਾਨੂੰ ਲਿਖ਼ਤ ਨਾਲ ਜੁੜਨਾ ਹੀ ਸਿਖਾਉਂਦੇ ਹਨ ਤੇ ਇੱਕ ਅੱਖਰ ਦਾ ਜਪ ਕਰੀ ਜਾਣਾ ਸਿਖਾਉਂਦੇ ਹਨ ਤੇ ਸ਼ਬਦ ਦੀ ਵਿਚਾਰ ਨਾਲ ਜੁੜਨਾ ਜੋ ਕਿ ਅਸਲ ਮਕਸਦ ਹੈ ਉਸ ਤੋਂ ਦੂਰ ਹੀ ਰੱਖਦੇ ਹਨ। ਜੇਕਰ ਸਾਡਾ ਮਕਸਦ ਹੀ ਭਰਮ ਵਿੱਚ ਰਹਿਣਾ ਹੈ ਫਿਰ ਗੁਰਬਾਣੀ ਨੂੰ ਪੜ੍ਹਨ ਦਾ ਮਕਸਦ

ਹੀ ਮੁੱਕ ਜਾਂਦਾ ਹੈ। ਇਹੋ ਜਿਹੀਆਂ ਗੱਲਾਂ ਸਮਝਾਉਣ ਵਾਲੇ ਆਪਣੇ ਆਪ ਨੂੰ ਉੱਚਾ ਅਖਵਾ ਕੇ ਗਏ ਹਨ ਤੇ ਹੁਣ ਵੀ ਅਖਵਾ ਰਹੇ ਹਨ ਜਿੰਨ੍ਹਾਂ ਦੇ ਪਿੱਛੇ ਲੱਗਣ ਵਾਲਿਆਂ ਦੀ ਗਿਣਤੀ ਬੇਸ਼ੁਮਾਰ ਹੈ। ਇਹੋ ਜਿਹਿਆਂ ਨੂੰ ਫਿਰ ਗੁਰਬਾਣੀ ਕਿਹੋ ਜਿਹਾ ਚੰਗਾ ਸਮਝ ਸਕਦੀ ਹੈ ਜੋ ਗੁਰਬਾਣੀ ਦੇ ਮੂਲ ਮਨੋਰਥ ਦੇ ਹੀ ਉਲਟ ਚੱਲਦੇ ਹਨ ਤੇ ਉਲਟ ਚੱਲਣ ਦੀ ਹੀ ਸਿੱਖਿਆ ਦਿੰਦੇ ਹਨ। ਇਹੋ ਜਿਹੀਆਂ ਮੱਤਾਂ ਸਾਨੂੰ ਉਹੀ ਦਿੰਦੇ ਹਨ ਜੋ ਭੋਰਿਆਂ ਵਿੱਚ ਵੜਨ ਦੀ ਵਕਾਲਤ ਵੀ ਕਰਦੇ ਹਨ ਭਾਵ ਕੇਵਲ ਉਲਝਾਉਣ ਵਾਲੀਆਂ ਗੱਲਾਂ ਹੀ ਕਰਦੇ ਹਨ।

ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਤੇ ਪੂਰੇ ਸ਼ਬਦ ਉੱਪਰ ਫਿਰ ਤੋਂ ਇੱਕ ਨਜ਼ਰ ਮਾਰੀਏ ਤੇ ਇਸ ਸ਼ਬਦ ਦੇ ਮੂਲ ਮਕਸਦ ਨੂੰ ਸਮਝੀਏ ਕਿ ਸਾਨੂੰ ਇਹ ਸ਼ਬਦ ਕਿਸ ਲਈ ਸਮਝਾਇਆ ਗਿਆ ਹੈ ਭਾਵ ਗੁਰੂ ਸਾਹਿਬ ਨੇ ਕੀ ਸੋਝੀ ਪਾਉਣ ਲਈ ਸ਼ਬਦ ਨੂੰ ਉਚਾਰਿਆ ਹੈ।

ਸਿਰੀਰਾਗੁ ਮਹਲਾ ੫ ਘਰੁ ੫॥

“ਜਾਨਉ ਨਹੀ ਭਾਵੈ ਕਵਨ ਬਾਤਾ॥ ਮਨ ਖੋਜਿ ਮਾਰਗੁ॥੧॥ਰਹਾਉ॥
ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥ ਪ੍ਰਭੁ ਕਿਨ ਹੀ ਜਾਤਾ॥੧॥
ਭਗਉਤੀ ਰਹਤ ਜੁਗਤਾ॥ ਜੋਗੀ ਕਹਤ ਮੁਕਤਾ॥ ਤਪਸੀ ਤਪਹਿ ਰਾਤਾ॥੨॥
ਮੋਨੀ ਮੋਨਿਧਾਰੀ॥ ਸਨਿਆਸੀ ਬ੍ਰਹਮਚਾਰੀ॥ ਉਦਾਸੀ ਉਦਾਸਿ ਰਾਤਾ॥੩॥
ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥ ਗਿਰਸਤੀ ਗਿਰਸਤਿ ਧਰਮਾਤਾ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ॥ ਕਾਪੜੀ ਕਉਤੇ ਜਾਗੂਤਾ॥ ਇਕਿ ਤੀਰਥਿ ਨਾਤਾ॥੫॥
ਨਿਰਹਾਰ ਵਰਤੀ ਆਪਰਸਾ॥ ਇਕਿ ਲੂਕਿ ਨ ਦੇਵਹਿ ਦਰਸਾ॥ ਇਕਿ ਮਨ ਹੀ ਗਿਆਤਾ॥੬॥
ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥ ਜਿਸੁ ਮੇਲੇ ਸੋ ਭਗਤਾ॥੭॥

ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥ ਨਾਨਕੁ ਗੁਰ ਚਰਣਿ ਪਰਾਤਾ॥੯॥੨॥੨੭॥"

(ਅੰਗ ੭੧)

ਗੁਰੂ ਸਾਹਿਬ ਨੇ ਉੱਪਰ ਸ਼ਬਦ ਰਾਹੀਂ ਉਨ੍ਹਾਂ ਹਰ ਤਰੀਕਿਆਂ ਦਾ ਜ਼ਿਕਰ ਕੀਤਾ ਹੋਇਆ ਹੈ ਜਿੰਨ੍ਹਾਂ ਨਾਲ ਹਰ ਕੋਈ ਕਿਸੇ ਨਾ ਕਿਸੇ ਤਰੀਕੇ ਨਾਲ ਭਗਤੀ ਕਰਨਾ ਸਮਝਦਾ ਹੈ ਭਾਵ ਉਨ੍ਹਾਂ ਨੇ ਹਰ ਕਿਸੇ ਨੂੰ ਭਰਮ ਵਿੱਚੋਂ ਕੱਢਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਸਮਝ ਸਕੀਏ। ਸ਼ਬਦ ਦੇ ਆਖਿਰ ਵਿੱਚ ਆਪਣਾ ਨਿਰਣਾ ਵੀ ਸੁਣਾਇਆ ਹੋਇਆ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ।

"ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥

ਜਿਸੁ ਮੇਲੇ ਸੋ ਭਗਤਾ॥੭॥

ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥

ਨਾਨਕੁ ਗੁਰ ਚਰਣਿ ਪਰਾਤਾ॥੯॥੨॥੨੭॥"

ਗੁਰੂ ਸਾਹਿਬਾਨ, ਭਗਤਾਂ ਤੋਂ ਬਿਨ੍ਹਾਂ ਹੋਰ ਜਿਤਨਿਆਂ ਨੇ ਵੀ ਪ੍ਰਮਾਤਮਾ ਨਾਲ ਮਿਲਣ ਦੀਆਂ ਗੱਲਾਂ ਕੀਤੀਆਂ ਹਨ ਜਾਂ ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਿਆ ਹੈ ਉਹ ਸਭ ਇਹੋ ਜਿਹੇ ਭਗਤੀ ਦੇ ਤਰੀਕੇ ਦੇ ਨਾਲ ਹੀ ਜੁੜੇ ਹਨ ਜੋ ਉੱਪਰ ਸ਼ਬਦ ਰਾਹੀਂ ਸਮਝਾਏ ਗਏ ਹਨ

19/2056

ਜਿੰਨ੍ਹਾਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਿੱਖ ਜਗਤ ਵਿੱਚ ਵੀ ਇਹੋ ਜਿਹੇ ਅਨੇਕਾਂ ਹੀ ਹਨ ਜਿੰਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਦੱਸਿਆ ਹੈ ਤੇ ਮੇਲ ਵੀ ਵੱਖਰੇ-ਵੱਖਰੇ ਤਰੀਕਿਆਂ ਵਿੱਚ ਦੱਸਿਆ ਹੋਇਆ ਹੈ। ਉਨ੍ਹਾਂ ਸਭ ਨੇ ਕੋਈ ਨਾ ਕੋਈ ਇਹੋ ਜਿਹਾ ਤਰੀਕਾ ਹੀ ਅਪਣਾਇਆ ਹੈ ਜਿੰਨ੍ਹਾਂ ਦਾ ਉੱਪਰ ਸ਼ਬਦ ਰਾਹੀਂ ਜ਼ਿਕਰ ਕੀਤਾ ਹੋਇਆ ਹੈ। ਇਹੋ ਜਿਹੇ ਦਾਅਵੇ ਕਰਨ ਵਾਲਿਆਂ ਦਾ ਖੰਡਨ ਕੀਤਾ ਹੋਇਆ ਹੈ। ਖੰਡਨ ਕਰਨ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਇਹ ਗੁਰਬਾਣੀ ਹੈ। ਉਸ ਤੋਂ ਜਿਆਦਾ ਹੋਰ ਕੌਣ ਜਾਣਦਾ ਹੈ ਕਿ ਉਸਦੇ ਨਾਲ ਮੇਲ ਕਿਵੇਂ ਹੁੰਦਾ ਹੈ, ਕਿਸ ਵਿਧੀ ਦੁਆਰਾ ਹੁੰਦਾ ਹੈ, ਕਿਸ ਅਸਥਾਨ ਤੇ ਹੁੰਦਾ ਹੈ ਤੇ ਕਿਸ ਰੂਪ ਵਿੱਚ ਹੁੰਦਾ ਹੈ। ਉਸਦਾ ਮੇਲ ਕਿਵੇਂ ਹੁੰਦਾ ਹੈ ਇਸ ਗੱਲ ਨੂੰ ਗੁਰਬਾਣੀ ਰਾਹੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਤੇ ਇਸੇ ਲਈ ਇਹੋ ਜਿਹਿਆਂ ਨੂੰ ਭਰਮ ਵਿੱਚ ਦੱਸਿਆ ਹੈ ਜੋ ਉਸਦੇ ਨਾਲ ਮੇਲ ਦਾ ਦਾਅਵਾ ਕਰਦੇ ਹਨ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਵੇ ਤੇ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੁੰਦਾ ਹੈ। ਇਹੋ ਜਿਹਾ ਮੇਲ ਦਾ ਦਾਅਵਾ ਕਰਨ ਵਾਲੇ ਕੇਵਲ ਝੂਠੇ ਦੁਆਵੇ ਕਰਦੇ ਹਨ ਜਦਕਿ ਪ੍ਰਮਾਤਮਾ ਦਾ ਅਸਲ ਮੇਲ ਕੀ ਹੁੰਦਾ ਹੈ, ਇਹ ਮਨ ਕੀ ਹੈ, ਗਿਆਨ ਕੀ ਹੈ ਇਸ ਗੱਲ ਦੀ ਸੋਝੀ ਉਨ੍ਹਾਂ ਨੂੰ ਰੱਤੀ ਭਰ ਵੀ ਨਹੀਂ ਹੈ। **(ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥)** ਇਹੋ ਜਿਹੇ ਆਪਣੇ ਆਪ ਨੂੰ ਪ੍ਰਮਾਤਮਾ ਦਾ ਭਗਤ ਹੀ ਸਮਝਦੇ ਹਨ ਪਰ ਅਸਲ ਵਿੱਚ ਨਾ ਇਸ ਤਰੀਕੇ ਨਾਲ ਕੋਈ ਭਗਤ ਬਣ ਸਕਦਾ ਹੈ ਤੇ ਨਾ ਹੀ ਇਹ ਭਗਤੀ ਦੇ ਤਰੀਕੇ ਹਨ ਜਿੰਨ੍ਹਾਂ ਦੁਆਰਾ ਅਸੀਂ ਭਗਤੀ ਕਰਨਾ ਸਮਝਦੇ ਹਾਂ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਜਿਸੁ ਮੇਲੇ ਸੋ ਭਗਤਾ॥੭॥"

ਬੜਾ ਸਪੱਸ਼ਟ ਹੈ ਕਿ ਜੋ ਉਸਨੂੰ ਪਾਉਣ ਦਾ ਦਾਅਵਾ ਕਰਦੇ ਹਨ, ਆਪਣੇ ਆਪ ਨੂੰ ਉੱਚਾ ਥਾਪਦੇ ਹਨ ਜਿੰਨ੍ਹਾਂ ਨੂੰ ਅਸੀਂ ਸੰਤ ਜਾਂ ਬ੍ਰਹਮਗਿਆਨੀ ਆਦਿ ਦੇ ਦਰਜੇ ਦਿੰਦੇ ਹਾਂ ਉਹ ਪ੍ਰਮਾਤਮਾ ਦੇ ਭਗਤ ਨਹੀਂ ਹਨ। ਉਸਦਾ ਭਗਤ ਉਹੀ ਬਣਦਾ ਹੈ ਜਿਸਨੂੰ ਉਹ ਆਪਣੇ ਨਾਲ ਪਹਿਲੇ ਮਿਲਾ ਲੈਂਦਾ ਹੈ। ਸਪੱਸ਼ਟ ਹੈ ਕਿ ਇਹੋ ਜਿਹੇ ਝੂਠੇ ਦਾਅਵੇ ਕਰਨ ਵਾਲੇ ਨਾ ਹੀ ਉਸਦੇ ਨਾਲ ਮਿਲੇ ਹਨ ਤੇ ਨਾ ਹੀ ਉਸਦੇ ਭਗਤ ਹਨ। ਅਸੀਂ ਉਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ

19/2057

ਕੇਵਲ ਇਸੇ ਲਈ ਸਮਝ ਬੈਠਦੇ ਹਾਂ ਕਿਉਂਕਿ ਸਾਨੂੰ ਇਹ ਸੋਝੀ ਹੀ ਨਹੀਂ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੁੰਦਾ ਹੈ। ਆਪਣੇ

ਆਪ ਨੂੰ ਮਿਲੇ ਹੋਏ ਦੱਸਣ ਵਾਲੇ ਵੀ ਭਰਮੇ ਹੋਏ ਹਨ ਤੇ ਉਨ੍ਹਾਂ ਨੂੰ ਮਿਲਿਆ ਹੋਇਆ ਸਮਝਣ ਵਾਲੇ ਵੀ ਭਰਮ ਵਿੱਚ ਹੀ ਹਨ। ਉਹ ਆਪਣਾ ਮੇਲ ਕਿਵੇਂ ਕਰਦਾ ਹੈ ਇਹ ਵੀ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥ ਨਾਨਕੁ ਗੁਰ ਚਰਣਿ ਪਰਾਤਾ॥੮॥੨॥੨੭॥"

ਪਹਿਲਾਂ ਸਾਨੂੰ ਉੱਪਰ ਸ਼ਬਦ ਰਾਹੀਂ ਸਾਡੇ ਉਹ ਸਾਰੇ ਉਪਾਵ ਸਮਝਾਏ ਹਨ, ਉਪਰਾਲੇ ਸਮਝਾਏ ਹਨ ਭਾਵ ਤਰੀਕੇ ਸਮਝਾਏ ਹਨ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਤਰੀਕੇ ਸਮਝਦੇ ਹਾਂ ਤੇ ਉਨ੍ਹਾਂ ਤਰੀਕਿਆਂ ਨਾਲ ਹੀ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਹੋਏ ਹਾਂ। ਸਾਨੂੰ ਬੜਾ ਸਪੱਸ਼ਟ ਫੁਰਮਾਨ ਕਰਕੇ ਸਮਝਾਇਆ ਹੈ ਕਿ ਇਹੋ ਜਿਹੇ ਸਾਰੇ ਉਪਰਾਲੇ ਜਿੰਨ੍ਹਾਂ ਦੀ ਉੱਪਰ ਗੱਲ ਕੀਤੀ ਗਈ ਹੈ, ਜੋ ਇਨ੍ਹਾਂ ਨੂੰ ਤਿਆਗਦਾ ਹੈ ਭਾਵ ਇਹੋ ਜਿਹੇ ਉਹ ਕਿਸੇ ਵੀ ਤਰੀਕੇ ਨੂੰ ਜੇਕਰ ਭਗਤੀ ਨਹੀਂ ਮੰਨਦਾ ਫਿਰ ਤਾਂ ਹੀ ਉਹ ਗੁਰੂ ਦੀ ਸ਼ਰਨ ਵਿੱਚ ਆ ਸਕਦਾ ਹੈ। **(ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥)**

ਜੋ ਮਾਰਗ ਹੈ ਹੀ ਗੁਰਮਤਿ ਦੇ ਉਲਟ ਉਸਨੂੰ ਛੱਡੇ ਬਿਨ੍ਹਾਂ ਅਸੀਂ ਗੁਰਮਤਿ ਵਿੱਚ ਦਾਖਲ ਵੀ ਕਿਵੇਂ ਹੋ ਸਕਦੇ ਹਾਂ। ਬਾਣੀ ਦੇ ਵਿੱਚ ਸਾਨੂੰ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਇਹੋ ਜਿਹੀ ਭਗਤੀ ਕਰਨ ਦੇ ਤਰੀਕਿਆਂ ਨੂੰ ਛੱਡਣ ਲਈ ਪ੍ਰੇਰਿਆ ਹੈ ਤੇ ਇਨ੍ਹਾਂ ਨੂੰ ਛੱਡੇ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਪਾ ਲਵੇ ਇਹ ਨਾਮੁਮਕਿਨ ਹੈ। ਜਿਸਨੂੰ ਅਸੀਂ ਪਾਉਣਾ ਹੈ ਜੇਕਰ ਅਸੀਂ ਉਸੇ ਦੀ ਗੱਲ ਨੂੰ ਹੀ ਨਹੀਂ ਮੰਨਣਾ ਫਿਰ ਉਸਨੂੰ ਪਾਉਣ ਦੀ ਉਮੀਦ ਰੱਖਣਾ ਵੀ ਇੱਕ ਝੂਠੀ ਆਸ ਹੈ ਜੋ ਕਦੇ ਪੂਰੀ ਨਹੀਂ ਹੋ ਸਕਦੀ। ਇਹ ਆਸ ਅੱਜ ਤੱਕ ਵਿਸ਼ਨੂੰ, ਬ੍ਰਹਮਾ, ਮਹੇਸ਼ ਆਦਿ ਦੀ ਵੀ ਪੂਰੀ ਨਹੀਂ ਹੋਈ, ਕਿਸੇ ਦੇਵੀ ਦੇਵਤੇ ਆਦਿ ਦੀ, ਕਿਸੇ ਰਿਸ਼ੀ ਮੁਨੀ ਆਦਿ ਦੀ, ਕਿਸੇ ਸਿੱਧ ਸਾਧਿਕ ਆਦਿ ਦੀ ਭਾਵ ਇਹੋ ਜਿਹਾ ਅਖਵਾਉਣ ਵਾਲਿਆਂ ਦੀ ਤੇ ਆਪਣੇ ਆਪ ਨੂੰ ਵੱਡਾ ਸਮਝਣ ਵਾਲਿਆਂ ਦੀ ਆਸ ਵੀ ਪੂਰੀ ਨਹੀਂ ਹੋਈ ਭਾਵ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਪ੍ਰਮਾਤਮਾ ਨੂੰ ਨਹੀਂ ਪਾਇਆ। ਇਨ੍ਹਾਂ ਸਾਰਿਆਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਹੀ ਸਮਝਿਆ ਜਾਂਦਾ ਹੈ ਜਿਸ ਬਾਰੇ ਇਨ੍ਹਾਂ ਦੇ ਮੰਨਣ ਵਾਲਿਆਂ ਨੂੰ ਕਦੇ ਯਕੀਨ ਹੀ ਨਹੀਂ ਆ ਸਕਦਾ ਕਿ ਇਹ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਨਹੀਂ ਹਨ। ਇਨ੍ਹਾਂ ਨੂੰ ਮੰਨਣ

ਵਾਲਿਆਂ ਨੂੰ ਜਿਤਨਾ ਮਰਜ਼ੀ ਸਮਝਾਉਣ ਦੀ ਕੋਸ਼ਿਸ਼ ਕਰੋ ਕਿ ਉਹ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਨਹੀਂ ਹਨ ਪਰ ਉਨ੍ਹਾਂ ਤੇ ਕੋਈ ਅਸਰ ਨਹੀਂ ਹੋ ਸਕਦਾ। ਇਹ ਧਰਮ ਦੇ ਨਾਲ ਜੁੜੀ ਹੋਈ ਆਸਥਾ ਹੈ ਜਿਸਨੂੰ ਮਨ ਵਿੱਚੋਂ ਕੱਢਣਾ ਬਹੁਤ-ਬਹੁਤ ਜਿਆਦਾ ਔਖਾ ਹੈ। ਗੁਰਬਾਣੀ ਵਿੱਚ ਇਨ੍ਹਾਂ ਸਾਰਿਆਂ ਨੂੰ ਭਰਮ ਵਿੱਚ ਦੱਸਿਆ ਹੋਇਆ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਬਾਣੀ ਹੈ ਤੇ ਪ੍ਰਮਾਤਮਾ ਖੁਦ ਕਹਿ ਰਿਹਾ ਹੈ ਕਿ ਇਹ ਸਭ ਮੇਰੇ ਨਾਲ ਮਿਲੇ ਹੋਏ ਨਹੀਂ ਹਨ ਬਲਕਿ ਮੇਰੇ ਹੀ ਪਾਏ ਹੋਏ ਭਰਮ ਦੇ ਵਿੱਚ ਹੀ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ, ਸ਼ਬਦ ਰੂਪ ਦੀ ਬਿਲਕੁਲ ਸੋਝੀ ਨਹੀਂ ਹੈ।

ਗੁਰਬਾਣੀ ਦੇ ਪੜ੍ਹਨ ਵਾਲੇ ਇਸ ਗੱਲ ਤੇ ਤਾਂ ਯਕੀਨ ਕਰ ਲੈਂਦੇ ਹਨ ਕਿ ਸਿੱਧ ਸਾਧਿਕ ਆਦਿ ਪ੍ਰਮਾਤਮਾ ਦੇ ਜਾਣਨ ਵਾਲੇ ਨਹੀਂ ਹਨ ਪਰ ਉਨ੍ਹਾਂ ਕੋਲੋਂ ਇਸ ਗੱਲ ਤੇ ਯਕੀਨ ਨਹੀਂ ਹੁੰਦਾ ਕਿ ਸਾਡੇ ਸਿਰਮੌਰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਨਹੀਂ ਹਨ। ਜਿੰਨ੍ਹਾਂ ਨੂੰ ਅਸੀਂ ਸਿਰਮੌਰ ਥਾਪਿਆ ਹੋਇਆ ਹੈ, ਭਗਤੀ ਕਰਨ ਦਾ ਤਰੀਕਾ ਤਾਂ ਉਹੀ ਹੈ ਜੋ ਸਿੱਧ ਸਾਧਿਕ ਆਦਿ ਕਰਦੇ ਹਨ ਜਾਂ ਕਰਦੇ ਰਹੇ ਹਨ। ਫਰਕ ਕੇਵਲ ਆਪਣੀ-ਆਪਣੀ ਆਸਥਾ ਦਾ ਹੋਰ ਕੁੱਝ ਵੀ ਨਹੀਂ। ਜਿੰਨ੍ਹਾਂ ਨੂੰ ਅਸੀਂ ਆਪਣਾ ਸਿਰਮੌਰ ਥਾਪਿਆ ਹੋਇਆ ਹੈ ਉਨ੍ਹਾਂ ਸਭ ਨੇ ਸਰੀਰਕ ਜਪ ਤਪ ਆਦਿ ਹੀ ਕੀਤੇ ਹਨ ਜੋ ਵੇਦਾਂ ਆਦਿ ਦੇ ਪੜ੍ਹਨ ਵਾਲੇ ਕਰਦੇ ਹਨ। ਜੇਕਰ ਕੋਈ ਫ਼ਰਕ ਹੈ ਤਾਂ ਉਹ ਕੇਵਲ ਇੱਕ ਅੱਖਰ ਦਾ ਹੈ ਕਿ ਸਾਡੇ ਸਿਰਮੌਰਾਂ ਨੇ ਉਨ੍ਹਾਂ ਨਾਲੋਂ ਵੱਖਰਾ ਅੱਖਰ ਜਪਿਆ ਹੈ ਜਿਹੋ ਜਿਹੇ ਅੱਖਰ ਦੇ ਜਪ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਮਕਸਦ ਤਾਂ ਗਿਆਨ ਲੈਣ ਦਾ ਹੈ ਜਿਸ ਦੁਆਰਾ ਸਾਡੇ ਮਨ ਦੀ ਅਗਿਆਨਤਾ ਦੂਰ ਹੋਣੀ ਹੈ। ਵਾਹਿਗੁਰੂ ਅੱਖਰ ਕੋਈ ਰਾਮ ਅੱਖਰ ਨਾਲੋਂ ਵੱਡਾ ਨਹੀਂ ਹੈ, ਹਰਿ ਹਰਿ ਜਾਂ ਅੱਲ੍ਹਾ ਅੱਖਰ ਤੋਂ ਵੱਡਾ ਨਹੀਂ ਹੈ। ਜਿਹੜੀ ਸਿਆਣਪ ਰਾਮ ਦੇ ਕੋਲ ਹੈ ਭਾਵ ਜੋ ਗਿਆਨ ਰਾਮ ਦੇ ਕੋਲ ਹੈ ਉਹੀ ਹਰਿ ਦੇ ਕੋਲ ਹੈ, ਉਹੀ ਅੱਲ੍ਹਾ ਦੇ ਕੋਲ ਹੈ ਤੇ ਉਹੀ ਵਾਹਿਗੁਰੂ ਦੇ ਕੋਲ ਹੈ। ਰਾਮ ਜਾਂ ਵਾਹਿਗੁਰੂ ਵਿੱਚ ਤਾਂ ਕੋਈ ਫ਼ਰਕ ਨਹੀਂ ਹੈ, ਫ਼ਰਕ ਸਾਡੇ ਮਨ ਦੀ ਸੋਝੀ ਵਿੱਚ ਹੈ ਜਿਸ ਨੂੰ ਬਦਲਣ ਦੀ ਲੋੜ ਹੈ।

ਇਹੋ ਜਿਹੇ ਜਪਾਂ ਤਪਾਂ ਨੂੰ ਤਿਆਗ ਕੇ ਹੀ ਅਸੀਂ ਗੁਰੂ ਦੀ ਸ਼ਰਨ ਵਿੱਚ ਆਉਂਦੇ ਹਾਂ ਤੇ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰ ਸਕਦੇ ਹਾਂ। ਜੇਕਰ ਅਸੀਂ ਗੁਰੂ ਦੇ ਚਰਨਾਂ ਨਾਲ ਜੁੜਨਾ ਹੈ

19/2059

ਤਾਂ ਫਿਰ ਉਸ ਨਾਲ ਜੁੜਨ ਦਾ ਤਰੀਕਾ ਇਨ੍ਹਾਂ ਭਗਤੀ ਦੇ ਤਰੀਕਿਆਂ ਵਿੱਚੋਂ ਨਿਕਲ ਕੇ ਭਾਵ ਤਿਆਗ ਕੇ ਗੁਰਮਤਿ ਅਨੁਸਾਰ ਵਿਚਰਨ ਦਾ ਹੈ ਭਾਵ ਉਹੋ ਜਿਹੀ ਭਗਤੀ ਕਰਨ ਦਾ ਹੈ ਜੋ ਸਾਨੂੰ ਗੁਰਬਾਣੀ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਾ ਰਹੀ ਹੈ। ਉਹ ਮਾਰਗ ਕੇਵਲ ਸੱਚ ਤੇ ਚੱਲਣ ਦਾ ਹੈ। ਇਹੋ ਜਿਹੇ ਜਪਾਂ ਤਪਾਂ ਵਾਲੇ ਤਰੀਕਿਆਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚ ਦੇ ਲੜ ਨਹੀਂ ਲੱਗ ਸਕਦੇ ਕਿਉਂਕਿ ਸੱਚ ਉਹੀ ਹੈ ਜੋ ਸਾਨੂੰ ਗੁਰੂ ਸਾਹਿਬ ਸਮਝਾ ਰਹੇ ਹਨ। **(ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥ ਨਾਨਕੁ ਗੁਰ ਚਰਣਿ ਪਰਾਤਾ॥੯॥੨॥੨੭॥)**

ਜਦ ਤੱਕ ਅਸੀਂ ਇਸ ਗੱਲ ਨੂੰ ਦ੍ਰਿੜ ਹੋ ਕੇ ਨਹੀਂ ਸਮਝਦੇ ਕਿ ਪ੍ਰਮਾਤਮਾ ਦਾ ਮੇਲ ਕੀ ਹੈ, ਉਸ ਦੀ ਸੁਹਾਗਣ ਬਣਨਾ ਕੀ ਹੈ, ਸਾਡਾ ਉਹ ਵਰ ਕਿੱਥੇ ਹੈ ਤੇ ਕਿਸ ਰੂਪ ਵਿੱਚ ਹੈ ਤੱਦ ਤੱਕ ਅਸੀਂ ਪ੍ਰਮਾਤਮਾ ਦੀਆਂ ਦੁਹਾਗਣਾਂ ਨੂੰ ਹੀ ਸੁਹਾਗਣਾਂ ਸਮਝ ਲੈਂਦੇ ਹਾਂ ਭਾਵੇਂ ਜਿਸ ਨੂੰ ਅਸੀਂ ਉਸਦੀ ਸੁਹਾਗਣ ਸਮਝਦੇ ਹਾਂ ਉਸਨੂੰ ਆਪਣੇ ਸੁਹਾਗ ਦਾ ਕੋਈ ਸੁਰ ਪਤਾ ਹੀ ਨਾ ਹੋਵੇ ਕਿ ਉਹ ਕੌਣ ਹੈ ਤੇ ਕਿੱਥੇ ਰਹਿੰਦਾ ਹੈ। ਜਿਤਨਿਆਂ ਨੂੰ ਅਸੀਂ ਆਪਣੇ ਸਿਰਮੌਰ ਬਣਾਇਆ ਹੋਇਆ ਹੈ ਕੀ ਉਨ੍ਹਾਂ ਨੂੰ ਕਿਸੇ ਨੇ ਅੱਜ ਤੱਕ ਪੁੱਛਣ ਜਾਂ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦਾ ਸੁਹਾਗ ਕਿੱਥੇ ਹੈ। ਸਾਨੂੰ ਉਹ ਸਾਡੇ ਸੁਹਾਗ ਨਾਲ ਮਿਲਾਉਣ ਦੀਆਂ ਗੱਲਾਂ ਵੀ ਕਰਦੇ ਹਨ, ਉਸਦੇ ਦਰਸ਼ਨ ਕਰਵਾਉਣ ਦੀਆਂ ਗੱਲਾਂ ਵੀ ਕਰਦੇ ਹਨ ਪਰ ਖੁਦ ਉਨ੍ਹਾਂ ਨੂੰ ਭਾਵ ਇਹੋ ਜਿਹਿਆਂ ਕਿਸੇ ਨੂੰ ਇਹ ਸਮਝ ਨਹੀਂ ਹੈ ਕਿ ਸਾਡਾ ਉਹ ਵਰ, ਲਾੜਾ ਕਿੱਥੇ ਹੈ, ਕੌਣ ਹੈ ਜਿਸਦੇ ਨਾਲ ਮੇਲ ਕਰਕੇ ਅਸੀਂ ਉਸ ਦੀ ਸੁਹਾਗਣ ਬਣਨਾ ਹੈ। ਉਸਦੇ ਨਾਲ ਮੇਲ ਕਰਕੇ ਅਸੀਂ ਉਸ ਦੀ ਸੁਹਾਗਣ ਬਣਨਾ ਹੈ। ਉਸਦੇ ਨਾਲ ਮੇਲ ਹੋਏ ਬਿਨ੍ਹਾਂ ਹਰ ਕੋਈ ਪੂਰਾ ਸੰਸਾਰ ਉਸਦੀਆਂ ਦੁਹਾਗਣਾਂ ਹੀ ਹਨ। ਬਾਣੀ ਵਿੱਚ ਵਾਰ-ਵਾਰ ਉਸਦੀ ਸੁਹਾਗਣ ਬਣਨ ਦੀ ਗੱਲ ਆਉਂਦੀ ਹੈ ਤੇ ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਉਸ ਦੀ ਸੁਹਾਗਣ ਬਣਨਾ ਸਮਝਿਆ ਹੈ, ਉਸਦੇ ਨਾਲ ਸਾਡਾ ਵਿਆਹ ਕਿਸ ਰੂਪ ਵਿੱਚ ਹੁੰਦਾ ਹੈ ਇਸ ਗੱਲ ਨੂੰ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ। ਆਓ ਹੇਠ ਦਿੱਤੇ ਸ਼ਬਦ ਦੁਆਰਾ ਇਹ ਦ੍ਰਿੜ ਕਰੀਏ ਕਿ ਸਾਡਾ ਵਰ ਕੌਣ ਹੈ ਤੇ ਕਿੱਥੇ ਵੱਸਦਾ ਹੈ ਤੇ ਉਸਨੂੰ ਪ੍ਰਾਪਤ ਕਿਵੇਂ ਕਰਨਾ ਹੈ।

ਮਾਰੂ ਮਹਲਾ ੧॥

"ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥
ਅੰਤਰਿ ਅਗਨਿ ਜਲੈ ਭੜਕਾਰੇ॥ ਮਨਮੁਖੁ ਤਕੇ ਕੁੰਡਾ ਚਾਰੇ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥੩॥"

(ਅੰਗ ੧੦੨੨)

19/2060

ਸਾਡਾ ਮਨ ਹੀ ਦੁਹਾਗਣ ਹੈ ਤੇ ਮਨ ਦੇ ਵਿੱਚ ਹੀ ਸਾਡਾ ਸੁਹਾਗ ਹੈ। ਮਨ ਦੇ ਸੁਹਾਗਣ ਬਣਨ ਨਾਲ ਹੀ ਅਸੀਂ ਉਸ ਪ੍ਰਮਾਤਮਾ ਦੀ ਸੁਹਾਗਣ ਬਣ ਸਕਦੇ ਹਾਂ। ਅਸੀਂ ਦੁਹਾਗਣ ਵੀ ਨਿਰਗੁਣ ਰੂਪ ਵਿੱਚ ਹਾਂ ਤੇ ਅਸੀਂ ਸੁਹਾਗਣ ਵੀ ਨਿਰਗੁਣ ਰੂਪ ਵਿੱਚ ਹੀ ਬਣਦੇ ਹਾਂ। ਮਨੁੱਖ ਪ੍ਰਮਾਤਮਾ ਦੀ ਜੀਵ ਇਸਤਰੀ ਮਨ ਦੀ ਅਵੱਸਥਾ ਕਰਕੇ ਹੀ ਹੈ। ਜੀਵ ਇਸਤਰੀ ਅਸਲ ਵਿੱਚ ਸਾਡੇ ਮਨ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਜਦੋਂ ਉਹ ਮਨ ਦੀ ਅਵੱਸਥਾ ਚੌਥੇ ਪਦ ਵਿੱਚ ਬਦਲ ਜਾਂਦੀ ਹੈ ਫਿਰ ਇਹ ਪ੍ਰਮਾਤਮਾ ਦੀ ਸੁਹਾਗਣ ਬਣ ਜਾਂਦੀ ਹੈ। ਅਸਲ ਵਿੱਚ ਚੌਥਾ ਪਦ ਹੀ ਸਾਡਾ ਸੁਹਾਗ ਹੈ ਜੋ ਆਪਣੇ ਸੱਚੇ ਗਿਆਨ ਰਾਹੀਂ ਸਾਡੀ ਮਤਿ ਨੂੰ ਰਾਵਦਾ ਹੈ, ਸਾਡੀ ਮਤਿ ਨੂੰ ਭੋਗਦਾ ਹੈ ਭਾਵ ਸਾਡੀ ਮਤਿ ਨਾਲ ਭੋਗ ਕਰਦਾ ਹੈ।

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਪਹਿਲੇ ਸਾਡੀ ਤ੍ਰੈ-ਗੁਣਾਂ ਵਾਲੀ ਅਵੱਸਥਾ ਦੱਸੀ ਹੋਈ ਹੈ।

"ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥"

ਗੁਰੂ ਦੀ ਇੱਕ ਮਤਿ ਤੋਂ ਬਿਨ੍ਹਾਂ ਹਰ ਕੋਈ ਦੂਜੀ ਮਤਿ ਹੈ ਤੇ ਪ੍ਰਮਾਤਮਾ ਨੇ ਹਰ ਕਿਸੇ ਨੂੰ ਇਸ ਦੂਜੀ ਮਤਿ ਵਿੱਚ ਹੀ ਰੱਖਿਆ ਹੋਇਆ ਹੈ ਜਿਸ ਦੁਆਰਾ ਉਸਨੇ ਸਭ ਨੂੰ ਗੁਰਮਤਿ ਦੀ ਸੱਚੀ ਸੋਝੀ ਤੋਂ ਦੂਰ ਰੱਖਿਆ ਹੋਇਆ ਹੈ। ਇਹ ਦੂਜੀ ਮਤਿ ਹੀ ਦੁਰਮਤਿ ਹੈ ਭਾਵ ਮਾੜੀ ਮਤਿ ਹੈ। ਜੋ ਮਤਿ ਗੁਰਮਤਿ ਅਨੁਸਾਰ ਨਹੀਂ ਹੈ ਉਹ ਦੁਰਮਤਿ ਹੈ। ਦੁਰਮਤਿ ਨੂੰ ਅੰਨ੍ਹੀ ਤੇ ਬੋਲੀ ਕਿਹਾ ਹੈ। ਅੰਨ੍ਹੀ ਅਗਿਆਨਤਾ ਕਰਕੇ ਕਿਹਾ ਹੈ ਤੇ ਬੋਲੀ ਇਸ ਲਈ ਕਿਹਾ ਹੈ ਕਿ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਸੱਚ ਵੱਲੋਂ ਵੀ ਬੋਲੇ ਬਣੇ ਰਹਿੰਦੇ ਹਾਂ ਭਾਵ ਸੱਚ ਦੀ ਗੱਲ ਨੂੰ ਨਹੀਂ ਸੁਣਦੇ। ਸਾਡੇ ਬੋਲੇਪਣ ਦਾ ਕਾਰਨ ਸਾਡੀ ਅੰਨ੍ਹੀ ਮਤਿ ਹੈ, ਸਾਡੀ ਅਗਿਆਨਤਾ ਹੈ। ਜਦ ਤੱਕ ਮਨੁੱਖ ਇਹੋ ਜਿਹੀ ਮਤਿ ਵਿੱਚ ਰਹਿੰਦਾ ਹੈ ਮਨ ਦੀ ਅਗਿਆਨਤਾ ਦੇ ਕਾਰਨ ਵਿਕਾਰ ਵੀ ਸਾਡੇ

ਮਨ ਦੇ ਵਿੱਚ ਵੱਸੇ ਰਹਿੰਦੇ ਹਨ। ਇਹ ਦੁਰਮਤਿ ਹੀ ਸਾਡੀ ਕੱਚੀ ਚੋਲੀ ਹੈ ਭਾਵ ਕੱਚੀ ਮਤਿ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਇਹ ਕੱਚੀ ਚੋਲੀ ਹੀ ਪਾਈ ਹੋਈ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਪਾਈ ਹੋਈ ਹੈ। ਇਹ ਹੀ ਮਨਮਤਿ ਦੀ ਚੋਲੀ ਹੈ, ਹਉਮੈ ਦੀ ਚੋਲੀ ਹੈ। **(ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥)** ਇਸ ਮਤਿ ਦੇ ਰਹਿੰਦੇ ਹੋਏ ਹਰ ਕੋਈ ਆਪਣੇ ਸੁਹਾਗ ਤੋਂ ਦੂਰ ਰਹਿੰਦਾ ਹੈ ਭਾਵ ਉਸ ਪ੍ਰਮਾਤਮਾ ਦੀ ਦੁਹਾਗਣ ਹੀ ਰਹਿੰਦਾ ਹੈ। ਸਾਡਾ ਉਹ ਸੁਹਾਗ ਕੌਣ ਹੈ ਇਹੀ ਗੱਲ ਅਗਲੀ

19/2061

ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਬੜੇ ਧਿਆਨ ਨਾਲ ਸਮਝੋ ਕਿ ਸਾਡਾ “ਵਰੁ” ਕਿਸ ਨੂੰ ਕਿਹਾ ਹੈ ਤੇ ਉਹ ਕਿਸ ਜਗ੍ਹਾ ਰਹਿੰਦਾ ਹੈ। ਉਹ “ਵਰੁ” ਸਾਡੇ ਘਰ ਦੇ ਵਿੱਚ ਹੀ ਹੈ ਭਾਵ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਸਾਡੇ ਅੰਦਰ “ਸਹਜੁ” ਦੇ ਰੂਪ ਵਿੱਚ ਹੈ। “ਸਹਜੁ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਇਹ ਪ੍ਰਮਾਤਮਾ ਦੀ ਆਪਣੀ ਅਵੱਸਥਾ ਹੈ, ਆਪਣਾ ਰੂਪ ਹੈ ਜਿਸ ਦੁਆਰਾ ਉਹ ਸਭ ਦੇ ਅੰਦਰ ਹੀ ਵਰਤ ਰਿਹਾ ਹੈ। “ਸਹਜੁ” ਚੌਥੇ ਪਦ ਦਾ ਗਿਆਨ ਹੈ, ਨਾਮ ਹੈ ਭਾਵ ਸਹਜੁ ਦੀ ਅਵੱਸਥਾ ਦੁਆਰਾ ਹੀ ਅਸੀਂ ਨਾਮ ਦੇ ਵਿੱਚ ਸਮਾਉਂਦੇ ਹਾਂ, ਪ੍ਰਮਾਤਮਾ ਦੇ ਵਿੱਚ, ਉਸਦੇ ਸੱਚੇ ਗਿਆਨ ਵਿੱਚ ਸਮਾਉਂਦੇ ਹਾਂ।

{ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥ ਸਹਜੇ ਹੀ ਹਰਿ ਨਾਮਿ ਸਮਾਇਆ॥3॥}

(ਅੰਗ ੧੧)

{ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ॥੪॥੧੯॥੫੨॥}

(ਅੰਗ ੩੪)

{ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ॥
ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ॥੩॥}

(ਅੰਗ ੧੨੫੮)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥

ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥੧੦॥੬॥੨੩॥}

(ਅੰਗ ੬੮)

ਇਹਨਾਂ ਸਾਰੀਆਂ ਗੱਲਾਂ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੋਇਆ ਹੈ। ਬ੍ਰਹਮ ਗਿਆਨ ਹੀ "ਸਹਜੁ" ਹੈ, ਬ੍ਰਹਮ ਗਿਆਨ ਹੀ "ਨਾਮ" ਹੈ, ਬ੍ਰਹਮ ਗਿਆਨ ਹੀ "ਸਬਦੁ" ਹੈ ਤੇ ਬ੍ਰਹਮ ਗਿਆਨ ਹੀ ਆਪ ਪ੍ਰਮਾਤਮਾ ਹੈ ਜਿਸ ਰੂਪ ਦੁਆਰਾ ਉਹ ਬ੍ਰਹਮ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਸਭ ਜਗ੍ਹਾ ਵਰਤਦਾ ਹੈ, ਸਭ ਵਿੱਚ ਵਰਤਦਾ ਹੈ। ਇਹ ਬ੍ਰਹਮ ਗਿਆਨ ਹੀ ਸਾਡਾ "ਵਰੁ" ਹੈ ਜੋ ਸਾਡੀ ਤ੍ਰੈਗੁਣਾਂ ਵਾਲੀ ਮਤਿ ਨੂੰ

19/2062

ਆਪਣੇ ਬ੍ਰਹਮ ਗਿਆਨ ਦੇ ਨਾਲ ਜੋੜ ਕੇ ਉਸ ਨੂੰ ਚੌਥੇ ਪਦ ਵਿੱਚ ਬਦਲ ਦਿੰਦਾ ਹੈ। ਇਹ "**ਵਰੁ**" ਸਾਡੇ ਸਭ ਦੇ ਅੰਦਰ ਹੈ ਪਰ ਜੀਵ ਇਸਤਰੀ ਉਸ ਨੂੰ ਜਾਣਦੀ ਨਹੀਂ ਹੈ ਕਿ ਉਹ ਸਾਡੇ ਅੰਦਰ ਹੀ ਹੈ। "**ਛੋਹਰਿ**" ਲੜਕੀ ਨੂੰ ਕਹਿੰਦੇ ਹਨ ਜਿਵੇਂ ਛੋਹਰਾ ਲੜਕੇ ਨੂੰ ਕਹਿੰਦੇ ਹਨ। ਹਰਿਆਣਾ ਪ੍ਰਦੇਸ਼ ਦੇ ਰਹਿਣ ਵਾਲੇ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਨ। ਇਸ "ਵਰੁ" ਦੀ ਪ੍ਰਾਪਤੀ ਹੋਏ ਬਿਨ੍ਹਾਂ, ਆਪਣੇ ਪਿਰ ਦੀ ਪ੍ਰਾਪਤੀ ਹੋਏ ਬਿਨ੍ਹਾਂ ਅਸੀਂ ਉਸ ਨੀਂਦ ਵਿੱਚ ਨਹੀਂ ਸੌਂ ਸਕਦੇ, ਉਸ ਸੁਭਾਗੜੀ ਨੀਂਦ ਵਿੱਚ ਨਹੀਂ ਸੌਂ ਸਕਦੇ ਜੋ ਸਾਡੇ ਜੋ ਸਾਡੇ ਜੀਵਨ ਦਾ ਮਨੋਰਥ ਹੈ। ਇਹ ਭਉ ਰਹਿਤ ਹੋ ਕੇ ਭਾਵ ਨਿਸ਼ਚਿਤ ਹੋ ਕੇ ਸੌਣ ਵਾਲੀ ਅਵੱਸਥਾ ਹੈ, ਸੰਤੋਖ ਵਿੱਚ ਜਿਉਣ ਵਾਲੀ ਅਵੱਸਥਾ ਹੈ। ਇਹ ਮਨ ਦੇ ਵਿੱਚ ਸੰਤੋਖ ਦੇ ਵਿਚਾਰਾਂ ਵਾਲੀ ਨੀਂਦ ਹੈ ਜਦੋਂ ਇਹ ਮਨ ਤ੍ਰਿਸ਼ਨਾ ਵਿੱਚੋਂ ਨਿਕਲ ਜਾਂਦਾ ਹੈ, ਭਟਕਣਾਂ ਵਿੱਚੋਂ ਨਿਕਲ ਜਾਂਦਾ ਹੈ, ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ, ਦੁਰਮਤਿ ਵਿੱਚੋਂ ਨਿਕਲ ਜਾਂਦਾ ਹੈ। ਇਹ ਮਨ ਦੇ ਵਿੱਚ ਗੁਰਮਤਿ ਦੇ ਵੱਸਣ ਦੀ ਨੀਂਦ ਹੈ, ਚੌਥੇ ਪਦ ਦੇ ਗਿਆਨ ਦੀ ਨੀਂਦ ਹੈ, ਮਨ ਦੀ ਸੱਚੀ ਸੋਝੀ ਦੀ ਨੀਂਦ ਹੈ। **(ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥)**

{ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥}

(ਅੰਗ 16)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਜਾਣ ਹੀ ਚੁੱਕੇ ਹਾਂ ਜੋ ਕਿ ਕਾਫੀ ਗਹਿਰਾਈ ਵਿੱਚ ਹਨ। ਸਹਜੁ ਦੀ ਪ੍ਰਾਪਤੀ ਤੋਂ ਬਿਨ੍ਹਾਂ ਅਸੀਂ ਨਿਸ਼ਚਿਤ ਹੋ ਕੇ ਨਹੀਂ ਸੌਂ ਸਕਦੇ ਜਿਸ ਦੁਆਰਾ ਸਾਨੂੰ ਗੁਰਮਤਿ ਦੀ ਸਹੀ ਸੋਝੀ ਪੈਂਦੀ ਹੈ ਤੇ ਅਸੀਂ ਵਿਕਾਰ ਰਹਿਤ ਹੋ ਕੇ ਵਿਚਰਦੇ ਹਾਂ। ਵਿਕਾਰਾਂ ਵਿੱਚ ਰਹਿ ਕੇ ਭਾਵ ਗੁਰਮਤਿ ਤੋਂ ਬਿਨ੍ਹਾਂ ਹੋਰ ਤਰੀਕੇ ਵਿਚਰਨਾ, ਗੁਰਮਤਿ ਤੋਂ ਬਾਹਰ ਹੋ ਕੇ ਵਿਚਰਨਾ ਸਾਡਾ ਉਹੋ ਜਿਹਾ ਸੌਣਾ ਨਹੀਂ ਹੈ ਜਿਸ ਨਾਲ ਅਸੀਂ ਨਿਸ਼ਚਿਤ ਹੋ ਕੇ ਸੌਂ ਸਕਦੇ ਹਾਂ। ਉਹੋ ਜਿਹਾ ਸਾਡਾ ਸੌਣਾ ਆਪਣੇ ਆਪ ਨੂੰ ਪ੍ਰਮਾਤਮਾ ਦੀ ਖੁਸ਼ੀ ਤੋਂ ਖੁਆਰ ਕਰਨ ਵਾਲੀ ਗੱਲ ਹੈ। ਸਾਡੀ ਅਸਲ ਨੀਂਦ ਉਹੀ ਹੈ, ਸੁਭਾਗੀ ਨੀਂਦ ਉਹੀ ਹੈ ਜਦੋਂ ਅਸੀਂ ਆਪਣੇ ਪਿਰ ਦੇ ਨਾਲ ਸੌਂਈਏ, ਵਰੁ ਦੇ ਨਾਲ ਸੌਂਈਏ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਨ ਦੇ ਵਿੱਚ ਉਸ ਦੇ ਨਾਲ ਨਿਸ਼ਚਿੰਤ ਹੋ ਕੇ ਸੌਂਈਏ ਕਿ ਸਾਡਾ ਇਹ ਜੀਵਨ ਸਫਲ ਹੋ ਗਿਆ ਹੈ, ਸਾਡੇ ਇਸ ਜੀਵਨ

19/2063

ਦੇ ਮਨੋਰਥ ਦੀ ਪ੍ਰਾਪਤੀ ਹੋ ਗਈ ਹੈ। **(ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥)**

ਆਪਣੀ ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਅਸੀਂ ਆਪ ਚੌਥੇ ਪਦ ਵਿੱਚ ਬਦਲ ਲਈਏ ਕੀ ਇਹ ਕਦੇ ਮੁਮਕਿਨ ਹੋ ਸਕਦਾ ਹੈ ਭਾਵ ਨਾ-ਮੁਮਕਿਨ ਹੈ। ਹੁਣ ਧਿਆਨ ਨਾਲ ਸਮਝੋ ਕਿ ਅਸੀਂ ਪਿੱਛੇ ਜਿਹੋ ਜਿਹੇ ਭਗਤੀ ਕਰਨ ਦੇ ਤਰੀਕਿਆਂ ਦਾ ਜ਼ਿਕਰ ਕੀਤਾ ਹੈ ਤੇ ਹਰ ਕੋਈ ਉਹੋ ਜਿਹੀ ਭਗਤੀ ਵਿੱਚ ਹੀ ਲੱਗਾ ਹੋਇਆ ਹੈ ਫਿਰ ਕੀ ਇਹੋ ਜਿਹੀ ਭਗਤੀ ਦੁਆਰਾ ਕਦੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜੋ ਕਿ ਉਸ ਦੀ ਭਗਤੀ ਹੈ ਹੀ ਨਹੀਂ। ਭਗਤੀ ਸਾਡੇ ਕਿਸੇ ਜ਼ੋਰ ਦਾ ਮਾਰਗ ਨਹੀਂ ਹੈ ਤੇ ਉਹੋ ਜਿਹੀ ਭਗਤੀ ਕਰਨ ਦੁਆਰਾ ਅਸੀਂ ਇਹੀ ਸਮਝਦੇ ਹਾਂ ਕਿ ਇਹਨਾਂ ਦੀ ਤਪੱਸਿਆ ਸਫ਼ਲ ਹੋ ਗਈ ਹੈ ਭਾਵ ਇਹਨਾਂ ਨੇ ਆਪਣੀ

ਹਿੰਮਤ ਦੁਆਰਾ, ਲਗਨ ਦੁਆਰਾ ਪ੍ਰਮਾਤਮਾ ਨੂੰ ਪਾਇਆ ਹੈ। ਇਹ ਭਗਤੀ ਦਾ ਮਾਰਗ ਪ੍ਰਮਾਤਮਾ ਨੂੰ ਆਪਣਾ ਜ਼ੋਰ ਦਿਖਾਉਣ ਦਾ ਮਾਰਗ ਨਹੀਂ ਹੈ, ਕਿਸੇ ਸਿਆਣਪ ਦਾ ਮਾਰਗ ਨਹੀਂ ਹੈ ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ, ਉਸਦੀ ਆਪਣੀ ਰਜ਼ਾ ਹੈ। ਸਾਡੇ ਲਈ ਇੱਕੋ ਇੱਕ ਉੱਦਮ ਗੁਰਮਤਿ ਅਨੁਸਾਰ ਵੱਧ ਤੋਂ ਵੱਧ ਆਪਣੇ ਆਪ ਨੂੰ ਢਾਲਣ ਦਾ ਹੈ, ਸੱਚੇ ਸੁੱਚੇ ਹੋ ਕੇ ਵਿਚਰਨ ਦਾ ਹੈ, ਵਿਕਾਰ ਰਹਿਤ ਹੋ ਕੇ ਸੱਚੇ ਸੁੱਚੇ ਇਨਸਾਨ ਬਣਨ ਦਾ ਹੈ, ਆਪਣੀ ਨੀਅਤ ਨੂੰ ਚੰਗੀ ਬਣਾਉਣ ਦਾ ਹੈ ਤੇ ਇਸੇ ਵਿੱਚ ਪ੍ਰਮਾਤਮਾ ਦੀ ਸੱਚੀ ਭਗਤੀ ਹੈ। ਇਸ ਤੋਂ ਬਿਨ੍ਹਾਂ ਨਾ ਹੋਰ ਕੋਈ ਭਗਤੀ ਦਾ ਮਾਰਗ ਦੱਸਿਆ ਹੈ ਤੇ ਨਾ ਹੀ ਹੋ ਸਕਦਾ ਹੈ। ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਉਹ ਕੇਵਲ ਸਾਡੇ ਅੰਦਰੋਂ ਭਰਮ ਦੀ ਉਪਜ ਹੈ ਜੋ ਸਾਨੂੰ ਭਰਮਿਆ ਹੋਇਆਂ ਦੇ ਨਾਲ ਜੋੜਦੀ ਹੈ। ਇਸ ਭਰਮ ਵਿੱਚੋਂ ਨਿਕਲਣਾ ਹੀ ਸਾਡਾ ਪਹਿਲਾ ਉੱਦਮ ਹੈ ਜਿਸ ਦੁਆਰਾ ਅਸੀਂ ਭਗਤੀ ਦੇ ਮਾਰਗ ਨਾਲ ਜੁੜ ਸਕਦੇ ਹਾਂ। ਸਾਰੀ ਗੱਲ ਆਪਣੇ ਅੰਦਰ ਦੇ ਵਿਕਾਰਾਂ ਨੂੰ ਮਾਰਨ ਦੀ ਹੈ, ਤ੍ਰਿਸ਼ਨਾ ਨੂੰ ਮਾਰਨ ਦੀ ਹੈ ਜੋ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਭਾਵ ਉਸ ਵਰੁ ਨੂੰ ਪ੍ਰਾਪਤ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ।

“ਅੰਤਰਿ ਅਗਨਿ ਜਲੈ ਭੜਕਾਰੇ॥ ਮਨਮੁਖੁ ਤਕੇ ਕੁੰਡਾ ਚਾਰੇ॥

ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ॥੨॥”

19/2064

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਕੀ ਹੈ। ਕਾਰਨ ਸਾਡੀ ਦੁਰਮਤਿ ਹੀ ਹੈ, ਮਨ ਦੀ ਅਗਿਆਨਤਾ ਹੀ ਹੈ ਜਿਸ ਦੁਆਰਾ ਸਾਡੇ ਅੰਦਰ ਤ੍ਰਿਸ਼ਨਾ ਦੀ ਅਗਨਿ ਜਲਦੀ ਰਹਿੰਦੀ ਹੈ ਜਿਸ ਦੀ ਪੂਰਤੀ ਲਈ ਹੀ ਅਸੀਂ ਮਾੜੇ ਕਰਮਾਂ ਦਾ ਆਸਰਾ ਲੈਂਦੇ ਹਾਂ। ਜਦ ਤੱਕ ਇਹ ਸਾਡੇ ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ, ਭਰਮ ਦੂਰ ਨਹੀਂ ਹੁੰਦਾ ਭਾਵ ਜਦ ਤੱਕ ਸਾਨੂੰ ਸਾਡੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ ਅਸੀਂ ਤ੍ਰਿਸ਼ਨਾ ਵਿੱਚੋਂ, ਵਿਕਾਰਾਂ ਵਿੱਚੋਂ ਨਹੀਂ ਨਿਕਲ ਸਕਦੇ ਜੋ ਕਿ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਹਨ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿਉਂਕਿ ਪ੍ਰਮਾਤਮਾ ਦੀ ਭਗਤੀ ਕੇਵਲ ਗੁਣੀ ਬਣ ਕੇ ਵਿਚਰਨ ਦੁਆਰਾ ਹੀ ਹੋ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਗੁਰੂ ਤਾਂ ਸਾਨੂੰ ਇਹੋ ਤਰੀਕਾ ਹੀ ਸਮਝਾਉਂਦਾ ਹੈ ਪਰ ਅਸੀਂ ਭਗਤੀ ਦਾ ਤਰੀਕਾ ਸਮਝਦੇ ਕਿੱਥੋਂ ਹਾਂ, ਕਿੰਨ੍ਹਾਂ ਦੇ ਕੋਲੋਂ ਸਮਝਦੇ ਹਾਂ ਇਹੀ ਗੱਲ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਮਨਮੁਖੁ ਤਕੇ ਕੁੰਡਾ ਚਾਰੇ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ॥੨॥”

ਅਸੀਂ ਆਪਣੀ ਇਹ ਮਨ ਦੀ ਅਗਨਿ ਬੁਝਾਉਣ ਲਈ ਜਿਸ ਦਾ ਮੂਲ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਇੱਧਰ ਉਧਰ ਅਨੇਕਾਂ ਦਰਾਂ ਤੇ ਜਾਂਦੇ ਹਾਂ। ‘‘ਤਕੇ ਕੁੰਡਾ ਚਾਰੇ’’ ਤੋਂ ਭਾਵ ਹੈ ਅਨੇਕਾਂ ਦਰਾਂ ਦਾ ਆਸਰਾ ਤੱਕਣਾ ਜੋ ਹਰ ਪਾਸੇ ਵੱਸੇ ਹੋਏ ਹਨ, ਜੋ ਜਗ੍ਹਾ ਜਗ੍ਹਾ, ਵੱਖਰੇ-ਵੱਖਰੇ ਦਰ ਬਣਾ ਕੇ ਬੈਠੇ ਹੋਏ ਹਨ, ਆਪਣੇ-ਆਪਣੇ ਢੇਰੇ ਬਣਾ ਕੇ ਬੈਠੇ ਹੋਏ ਹਨ। ਇਹੋ ਜਿਹਿਆਂ ਨੂੰ ‘‘ਮਨਮੁਖੁ’’ ਕਿਹਾ ਹੈ ਜੋ ਗੁਰੂ ਦਾ ਦਰ ਛੱਡ ਕੇ ਹੋਰਾਂ ਦਰਾਂ ਤੇ ਜਾਂਦੇ ਹਨ। ਸਾਨੂੰ ਤ੍ਰਿਸ਼ਨਾ ਤੋਂ ਮੁਕਤਿ ਗੁਰੂ ਹੀ ਕਰ ਸਕਦਾ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਾਪਤੀ ਅਸੀਂ ‘‘ਸੁਖੁ’’ ਦੀ ਕਰਨੀ ਚਾਹੁੰਦੇ ਹਾਂ ਭਾਵ ਪ੍ਰਮਾਤਮਾ ਦੀ ਕਰਨੀ ਚਾਹੁੰਦੇ ਹਾਂ ਪਰ ਅਸੀਂ ਉਹਨਾਂ ਦੇ ਦਰ ਤੇ ਜਾਂਦੇ ਹਾਂ ਜਿੰਨ੍ਹਾਂ ਨੂੰ ਖੁਦ ‘‘ਸੁਖੁ’’ ਦੀ ਪ੍ਰਾਪਤੀ ਨਹੀਂ ਹੋਈ। ‘‘ਸੁਖੁ’’ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਗੁਰੂ ਦਾ ਹੋਇਆ ਹੋਇਆ ਹੈ ਜੋ ਸਾਨੂੰ ‘‘ਸੁਖੁ’’ ਦੀ ਪ੍ਰਾਪਤੀ ਕਰਵਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਸਾਨੂੰ ਮਿਲਾਉਣ ਦੀ ਵਡਿਆਈ ਕੇਵਲ ਗੁਰੂ ਦੇ ਕੋਲ ਹੈ ਤੇ ਇਸ ਲਈ ਜਦ ਤੱਕ ਅਸੀਂ ਗੁਰੂ ਦੀ ਸੇਵਾ ਵਿੱਚ ਨਹੀਂ ਆਉਂਦੇ ਭਾਵ

19/2065

ਜਦ ਤੱਕ ਅਸੀਂ ਦੂਸਰਿਆਂ ਦੇ ਦਰ ਦਾ ਆਸਰਾ ਨਹੀਂ ਛੱਡਦੇ ਤਦ ਤੱਕ ਸਾਨੂੰ ‘‘ਸੁਖੁ’’ ਦੀ ਪ੍ਰਾਪਤੀ ਨਹੀਂ ਹੋ ਸਕਦਾ। ਗੁਰੂ ਦੀ ਸੇਵਾ ਵਿੱਚ ਲੱਗਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਗੁਰੂ ਦੇ ਸ਼ਬਦ ਦਾ ਵਿਚਾਰੀ ਬਣ ਕੇ ਸੱਚੀ ਸੁੱਚੀ ਕਿਰਤ ਕਰਨਾ ਹੀ ਉਸ ਦੀ ਸੇਵਾ ਵਿੱਚ ਲੱਗਣਾ ਹੈ। ਹੋਰ ਦਰ ਸਾਨੂੰ ਆਪਣੀ-ਆਪਣੀ ਮਰਿਆਦਾ ਅਨੁਸਾਰ ਹੀ ਭਗਤੀ ਕਰਨਾ ਸਿਖਾਉਂਦੇ ਹਨ, ਸਰੀਰਕ ਜਪਾਂ ਤਪਾਂ ਵਿੱਚ ਹੀ ਪਾਉਂਦੇ ਹਨ, ਅੱਖਰਾਂ ਦੇ ਜਪ ਨਾਲ

ਹੀ ਜੋੜਦੇ ਹਨ ਤੇ ਆਪਣੇ ਆਪਣੇ ਮਕਸਦ ਦੀ ਪੂਰਤੀ ਨਾਲ ਹੀ ਜੋੜਦੇ ਹਨ। ਗੁਰੂ ਦਾ ਮਕਸਦ ਸਭ ਲਈ ਇੱਕੋ ਜਿਹਾ ਹੀ ਹੈ ਜੋ ਕਿ ਸਭ ਨੂੰ ਭਰਮ ਵਿੱਚੋਂ ਕੱਢਣਾ ਹੈ, ਤ੍ਰਿਸ਼ਨਾ ਦੀ ਅਗਨਿ ਵਿੱਚੋਂ ਕੱਢਣਾ ਹੈ ਜੋ ਕਿ "ਸੁਖੁ" ਦੀ ਪ੍ਰਾਪਤੀ ਦਾ ਅਸਲ ਮਾਰਗ ਹੈ। **(ਅੰਤਰਿ ਅਗਨਿ ਜਲੈ ਭੜਕਾਰੇ॥ ਮਨਮੁਖੁ ਤਕੇ ਕੁੰਡਾ ਚਾਰੇ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ॥੨॥)**

ਗੁਰੂ ਸਾਨੂੰ ਦੁਰਮਤਿ ਵਿੱਚੋਂ ਕੱਢਣ ਲਈ, ਤ੍ਰਿਸ਼ਨਾ ਵਿੱਚੋਂ, ਮਾਇਆ ਮੋਹ ਵਿੱਚੋਂ ਕੱਢਣ ਲਈ ਭਾਵ ਸੱਚੀ ਸੁੱਚੀ ਕਿਰਤ ਕਰਨ ਲਈ, ਉਸਦੀ ਭਗਤੀ ਕਰਨ ਲਈ ਕਿਹੋ ਜਿਹੀ ਸਿੱਖਿਆ ਦਿੰਦਾ ਹੈ ਜਿਸ ਦੁਆਰਾ ਸਾਨੂੰ ਸਾਡੇ "ਵਰੁ" ਦੀ ਪ੍ਰਾਪਤੀ ਹੋ ਜਾਵੇ, "ਸਹਜੁ" ਦੀ ਪ੍ਰਾਪਤੀ ਹੋ ਜਾਵੇ, "ਸੁਖੁ" ਦੀ ਪ੍ਰਾਪਤੀ ਹੋ ਜਾਵੇ ਭਾਵ ਗੁਰੂ ਦੇ ਦਰ ਤੋਂ ਸਾਨੂੰ ਕਿਹੋ ਜਿਹੀ ਸਿੱਖਿਆ ਮਿਲਦੀ ਹੈ ਇਹ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥੩॥"

(ਅੰਗ ੧੦੨੨)

ਗੁਰੂ ਸਭ ਲਈ ਇੱਕੋ ਜਿਹਾ ਹੈ ਤੇ ਉਹ ਆਪਣੇ ਦਰ ਤੋਂ ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਕਰਨ ਦਾ ਤਰੀਕਾ ਹੀ ਸਿਖਾਉਂਦਾ ਹੈ, ਉਸਦੀ ਸਾਰੇ ਜਗ ਲਈ ਬਣਾਈ ਹੋਈ ਮਰਿਆਦਾ ਇੱਕੋ ਜਿਹੀ ਹੀ ਹੈ। ਪ੍ਰਮਾਤਮਾ ਸਾਨੂੰ ਜੋ ਵੀ ਸਿੱਖਿਆ ਦਿੰਦਾ ਹੈ ਭਾਵ ਜੋ ਭਗਤੀ ਕਰਨ ਦਾ ਤਰੀਕਾ ਸਮਝਾਉਂਦਾ ਹੈ ਉਹ ਸਾਰੇ ਜਗ ਦੀ ਭਲਾਈ ਦੇ ਲਈ ਹੀ ਹੈ ਤਾਂ ਜੋ ਸਮਾਜ ਵਿੱਚ ਕੋਈ ਮਾੜੇ ਕਰਮ ਨਾ ਕਰੇ। ਸਮਾਜ ਵਿੱਚ ਅਸੀਂ ਚੰਗੇ ਬਣ ਕੇ ਤਾਂ ਹੀ ਵਿਚਰ ਸਕਦੇ ਹਾਂ ਜੇਕਰ ਅਸੀਂ ਔਗੁਣ ਰਹਿਤ ਹੋ ਕੇ ਵਿਚਰੀਏ ਤੇ ਇਹੀ ਸਾਰੇ ਜਗ ਲਈ ਭਗਤੀ ਦਾ ਮੂਲ ਹੈ ਤੇ ਸਾਰੇ ਜਗ

ਲਈ ਇੱਕੋ ਹੀ ਮੰਤ੍ਰ ਹੈ ਭਾਵ ਔਗੁਣਾਂ ਨੂੰ ਤਿਆਗਣ ਦਾ ਮੰਤ੍ਰ ਹੈ ਭਾਵ ਗੁਰ ਮੰਤ੍ਰ ਹੈ। ਇਹ ਗੁਰਮੰਤ੍ਰ ਸਾਰੇ ਜਗ ਦੇ ਜਪਣ ਲਈ ਇੱਕੋ ਜਿਹਾ ਹੀ ਹੈ। **(ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥)**

ਆਸਾ ਮਹਲਾ ੫॥

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ॥੧॥ਰਹਾਉ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥੩॥੨੯॥}

(ਅੰਗ ੩੭੭)

ਸ਼ਬਦ ਦਾ "ਮੰਤ੍ਰ" ਹੀ ਗੁਰੂ ਦਾ "ਮੰਤ੍ਰ" ਹੈ। ਅਸੀਂ ਇਹੋ ਜਿਹੀ ਸ਼ਬਦ ਦੇ ਮੰਤ੍ਰ ਦੀ ਕਮਾਈ ਕਰਨੀ ਹੈ ਭਾਵ ਆਪਣੇ ਆਪ ਨੂੰ ਔਗੁਣ ਰਹਿਤ ਕਰਨਾ ਹੀ ਗੁਰਮੰਤ੍ਰ ਨੂੰ ਜਪਣਾ ਹੈ, ਸ਼ਬਦ ਦੀ ਕਮਾਈ ਕਰਨਾ ਹੈ। ਇਹ ਸ਼ਬਦ ਦੀ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ। ਇਹੋ ਜਿਹੇ ਗੁਰਮੰਤ੍ਰ ਦੀ ਕਮਾਈ "ਸਬਦੁ" ਦੀ ਕਮਾਈ "ਨਾਮੁ" ਦੀ ਕਮਾਈ ਹੈ, ਨਾਮੁ ਦੇ ਮੰਤ੍ਰ ਨੂੰ ਕਮਾਉਣਾ ਹੈ।

ਔਗੁਣ ਸਾਡੇ 'ਸਬਦੁ' ਦੁਆਰਾ ਹੀ ਮਰਦੇ ਹਨ ਤੇ "ਸਬਦੁ" ਦੁਆਰਾ ਇਹ ਸਾਡੇ ਸਾਰੇ ਵਿਕਾਰ ਕਿਵੇਂ ਮਰਦੇ ਹਨ ਭਾਵ

ਉਹਨਾਂ ਨੂੰ ਮਾਰਨ ਦਾ ਤਰੀਕਾ ਕੀ ਹੈ ਇਹੀ ਮੁੱਖ ਸ਼ਬਦ ਰਾਹੀਂ ਸਾਨੂੰ ਸੋਝੀ ਪਾਈ ਹੋਈ ਹੈ।

“ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥੩॥”

(ਅੰਗ ੧੦੨੨)

ਜਦ ਤੱਕ ਅਸੀਂ ਸ਼ਬਦ ਦੇ ਮਕਸਦ ਨੂੰ ਨਹੀਂ ਸਮਝਦੇ ਇਹ ਔਗੁਣ ਰੂਪ ਚੋਰ ਸਾਡੇ ਅੰਦਰੋਂ ਚੋਰੀ ਕਰਦੇ ਹੀ ਰਹਿਣਗੇ। ਸ਼ਬਦ ਦਾ ਰੱਟਾ ਲਗਾਈ ਜਾਣ ਨਾਲ ਇਹ ਔਗੁਣ ਕਦੇ ਨਹੀਂ ਮਰ ਸਕਦੇ ਕਿਉਂਕਿ ਇਹ ਗੁਰੂ ਸਾਹਿਬ ਦਾ ਆਪਣਾ ਹੀ ਫੁਰਮਾਨ ਹੈ। ਔਗੁਣਾਂ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਕੱਚੀ ਮਤਿ ਹੈ, ਕੱਚੀ ਚੋਲੀ ਹੈ, ਕੱਚੀ ਸੋਝੀ ਹੈ ਜਿਸ ਨੂੰ ਗੁਰੂ ਦਾ ਸ਼ਬਦ ਹੀ ਸੁਧਾਰ ਸਕਦਾ ਹੈ ਤੇ ਇਹੀ ਗੁਰੂ ਦੇ ਸ਼ਬਦ ਦਾ ਮਕਸਦ ਹੈ। ਗੁਰੂ ਦੇ ਸ਼ਬਦ ਦੁਆਰਾ ਪਾਈ ਹੋਈ ਸੋਝੀ ਹੀ “ ਗਿਆਨ ਖੜਗੁ” ਹੈ ਜਿਸ ਦੇ ਨਾਲ ਸਾਡੇ ਅੰਦਰ ਦੇ ਇਹ ਪੰਜੇ ਚੋਰ ਮਰ ਸਕਦੇ ਹਨ। ਉਹ ਤਾਂ ਹੀ ਮਰਨਗੇ ਜਦੋਂ ਅਸੀਂ ਇਸ ਗਿਆਨ ਦੀ ਖੜਗੁ ਨੂੰ ਇਹਨਾਂ ਚੋਰਾਂ ਉੱਤੇ ਚੱਲਾਵਾਂਗੇ ਭਾਵ ਮਨ ਦੇ ਮਾੜੇ ਵਿਕਾਰਾਂ ਉੱਤੇ ਚੱਲਾਵਾਂਗੇ। ਬੜਾ ਔਖਾ ਹੈ ਮਨ ਦੇ ਵਿਚਾਰਾਂ ਨੂੰ ਮਾਰਨਾ, ਮਾਇਆ ਮੋਹ ਨੂੰ ਮਾਰਨਾ ਤੇ ਇਸ ਦੇ ਲਈ ਮਨ ਦੇ ਨਾਲ ਜੂਝਣਾ ਪੈਂਦਾ ਹੈ, ਆਪਣੇ ਆਪ ਦੇ ਨਾਲ ਝਗੜਨਾ ਪੈਂਦਾ ਹੈ ਭਾਵ ਆਪਣੇ ਮਨ ਨੂੰ ਸੱਚ ਤੇ ਚੱਲਣ ਲਈ ਟਿਕਾਉਣਾ ਪੈਂਦਾ ਹੈ, ਗੁਰੂ ਦੀ ਹਰ ਗੱਲ ਤੇ ਸੱਚਾ ਉਤਰਨਾ ਪੈਂਦਾ ਹੈ, ਇਸਦੇ ਲਈ ਦੂਸਰਿਆਂ ਦਾ ਦਰ ਵੀ ਛੱਡਣਾ ਪੈਂਦਾ ਹੈ ਜੋ ਕਿ ਸਾਡੇ ਮਾਇਆ ਮੋਹ ਦਾ ਹਿੱਸਾ ਹੀ ਹੈ।

19/2067

ਇਹਨਾਂ ਪੰਜਾਂ ਵਿਕਾਰਾਂ ਵਿੱਚ ਸਭ ਕੁੱਝ ਆ ਜਾਂਦਾ ਹੈ ਭਾਵ ਹਰ ਵਿਕਾਰ ਆ ਜਾਂਦਾ ਹੈ ਜਿੰਨ੍ਹਾਂ ਦਾ ਮੂਲ ਸਾਡੇ ਮਨ ਦਾ ਮੋਹ ਹੁੰਦਾ ਹੈ। ਦੂਜਿਆਂ ਦੇ ਦਰ ਤੇ ਜਾਣਾ ਸਾਡਾ ਉਹਨਾਂ ਲਈ ਇੱਕ ਮੋਹ ਹੀ ਹੈ। ਜਦ ਤੱਕ ਅਸੀਂ ਵਿਕਾਰ ਮੁਕਤਿ ਨਹੀਂ ਹੁੰਦੇ ਅਸੀਂ ਤ੍ਰਿਸ਼ਨਾ ਦੀ ਅਗਨਿ ਤੋਂ ਮੁਕਤਿ ਨਹੀਂ ਹੁੰਦੇ ਕਿਉਂਕਿ ਇਹ ਸਾਰੇ ਵਿਕਾਰ ਸਾਡੇ ਅੰਦਰ ਦੀ ਤ੍ਰਿਸ਼ਨਾ ਦੇ ਪਿਆਦੇ ਹੀ ਹਨ। ਤ੍ਰਿਸ਼ਨਾ ਸਾਡੇ ਮਨ ਦੀ ਮਨਸਾ ਹੀ ਹੈ ਤੇ ਜਦ ਤੱਕ ਇਹ ਸਾਡੀ ਮਨਸਾ ਨਹੀਂ ਮਰਦੀ ਅਸੀਂ ਤ੍ਰਿਸ਼ਨਾ ਮੁਕਤਿ ਨਹੀਂ ਹੋ ਸਕਦੇ। ਗੁਰੂ ਦੇ ਸ਼ਬਦ ਦਾ ਮਕਸਦ, ਉਸਦੀ “ਗਿਆਨ ਖੜਗੁ” ਦਾ ਮਕਸਦ ਮਨ ਦੀ ਮਨਸਾ ਨੂੰ ਮਾਰਨ ਦੇ ਨਾਲ ਹੀ ਹੈ ਜਿਸ ਦੇ ਮਰਨ ਨਾਲ ਔਗੁਣ ਆਪੇ ਹੀ ਮਰ ਜਾਂਦੇ ਹਨ। ਸਾਰੀ ਗੱਲ ਸ਼ਬਦ ਦੀ ਗੱਲ ਨੂੰ ਮੰਨਣ ਦੀ ਹੈ ਤੇ ਗੁਰੂ ਦੀ ਗੱਲ ਨੂੰ ਮੰਨਣਾ ਹੀ ਇਸ ਗਿਆਨ ਦੀ ਖੜਗੁ ਨੂੰ ਚਲਾਉਣਾ ਹੈ, ਵਰਤਣਾ ਹੈ। **(ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥ ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥੩॥)** ਹੁਣ ਧਿਆਨ ਨਾਲ ਸਮਝੋ ਜੇਕਰ ਉਹ ਗਿਆਨ ਦੀ ਖੜਗੁ ਨੂੰ ਮੂੰਹ ਨਾਲ ਹੀ ਚਲਾਈ ਜਾਵਾਂਗੇ ਭਾਵ ਇੱਕ ਸ਼ਬਦ ਨੂੰ ਰਟੀ ਜਾਵਾਂਗੇ ਤੇ ਉਸ ਨਾਲ ਚੋਰਾਂ ਦਾ ਕੀ ਵਿਗੜਨਾ ਹੈ। ਜੇਕਰ ਉਹਨਾਂ ਨੂੰ ਖੜਗੁ ਮਾਰਨੀ ਹੀ ਨਹੀਂ ਫਿਰ ਇਹੋ ਜਿਹੀ ਖੜਗੁ ਫੜਨ ਦਾ ਹੀ ਕੀ ਫਾਇਦਾ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ।

“ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥
ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ॥
ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ॥
ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ॥”

(ਅੰਗ ੫੯੯)

ਉਪਰਲੀਆਂ ਪੰਗਤੀਆਂ ਰਾਹੀਂ “ਅਗਨਿ” ਕਿਸ ਨੂੰ ਕਿਹਾ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ ਇਹ ਸਾਡੀ ਮਨ ਦੀ ਤ੍ਰਿਸ਼ਨਾ ਹੈ ਤੇ ਸਾਡਾ ਮਕਸਦ ਇਸ ਤ੍ਰਿਸ਼ਨਾ ਨੂੰ ਬੁਝਾਉਣ ਨਾਲ ਹੈ। ਤ੍ਰਿਸ਼ਨਾ ਸ਼ਬਦ ਦੇ ਨਾਲ ਹੀ ਜਾਂਦੀ ਹੈ ਪਰ ਸ਼ਬਦ ਰੂਪ ਤਲਵਾਰ ਨੂੰ ਚਲਾਉਣ ਦੁਆਰਾ ਜਾਂਦੀ ਹੈ ਭਾਵ ਸ਼ਬਦ ਦੀ ਗੱਲ ਨੂੰ ਮੰਨਣ ਦੁਆਰਾ ਜਾਂਦੀ ਹੈ। ਸਾਡੇ ਮਨ ਦੀ ਤ੍ਰਿਸ਼ਨਾ ਦੀ ਤੁਲਨਾ ਸੱਪ ਦੇ ਨਾਲ ਕੀਤੀ ਹੋਈ ਹੈ ਜੋ ਕਿ ਆਪਣੀ ਖੁੱਡ ਦੇ ਅੰਦਰ ਰਹਿੰਦਾ ਹੈ। ਸੱਪ ਨੂੰ ਮਾਰਨ ਲਈ ਅਸੀਂ ਉਸਨੂੰ ਡਾਗਾਂ ਦੇ ਨਾਲ, ਸੋਂਟੇ ਦੇ ਨਾਲ ਮਾਰਦੇ ਹਾਂ। ਜੇਕਰ ਸੋਂਟੇ ਦੇ ਨਾਲ ਕੇਵਲ ਖੁੱਡ ਨੂੰ ਹੀ ਕੁੱਟੀ ਜਾਵਾਂਗੇ ਭਾਵ ਖੁੱਡ ਤੇ ਹੀ ਡਾਗਾਂ ਮਾਰੀ ਜਾਵਾਂਗੇ ਉਸ ਨਾਲ ਸੱਪ ਕਿਵੇਂ ਮਰ ਸਕਦਾ ਹੈ। ਜਦ ਤੱਕ ਡਾਂਗ ਸੱਪ ਨੂੰ ਨਹੀਂ ਲੱਗਦੀ ਤਦ ਤੱਕ ਸੱਪ ਨਹੀਂ ਮਰਦਾ ਪਰ ਅਸੀਂ ਜਿਹੋ

ਜਿਹਾ ਸ਼ਬਦ ਜਪਦੇ ਹਾਂ ਉਹ ਕੇਵਲ ਮੁੱਖੋਂ ਹੀ ਬੋਲ

19/2068

ਬੋਲ ਕੇ ਜਪੀ ਜਾਂਦੇ ਹਾਂ ਪਰ ਸ਼ਬਦ ਦੇ ਮਕਸਦ ਨੂੰ ਨਹੀਂ ਸਮਝਦੇ। ਮੁੱਖੋਂ ਕਥਨੀ ਕਰੀ ਜਾਣਾ ਕੇਵਲ ਖੁੱਡ ਕੁੱਟਣ ਵਾਲੀ ਗੱਲ ਹੈ ਜਿਸ ਨਾਲ ਸਾਡੀ ਤ੍ਰਿਸ਼ਨਾ ਦੀ ਅਗਨਿ ਨਹੀਂ ਬੁਝਦੀ ਭਾਵ ਮਕਸਦ ਦੀ ਪੂਰਤੀ ਨਹੀਂ ਹੁੰਦੀ। ਇਸ ਨੂੰ ਸਾਡਾ ਭੇਖ ਕਿਹਾ ਹੈ ਭਾਵ ਭਗਤੀ ਦਾ ਦਿਖਾਵਾ ਕਿਹਾ ਹੈ ਤੇ ਨਾਲ ਹੀ ਉਹਨਾਂ ਨੂੰ ਨਿਗੁਰੇ ਵੀ ਕਿਹਾ ਹੈ ਕਿਉਂਕਿ ਗੁਰੂ ਵਾਲਾ ਉਹੀ ਹੈ ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ, ਸ਼ਬਦ ਦੀ ਗੱਲ ਨੂੰ ਮੰਨਦਾ ਹੈ ਤੇ ਖੁੱਡ ਨੂੰ ਮਾਰਨ ਦੀ ਬਜਾਇ ਸੱਪ ਨੂੰ ਮਾਰਦਾ ਹੈ ਭਾਵ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਦਾ ਹੈ ਜਿਸ ਦੁਆਰਾ ਅਸੀਂ ਵਿਕਾਰ ਰਹਿਤ ਹੋ ਕੇ ਚੰਗੀ ਕਰਨੀ ਕਰੀਏ ਜੋ ਕਿ ਸ਼ਬਦ ਦਾ ਅਸਲ ਮਕਸਦ ਹੈ। ਭਗਤੀ ਦੀ ਸਮਝ ਨਾ ਹੋਣ ਕਰਕੇ, ਗੁਰੂ ਦੀ ਬਜਾਇ ਸਿਰਮੌਰਾਂ ਦੇ ਪਿੱਛੇ ਲੱਗ ਕੇ ਬਹੁਤੇ ਇਹੋ ਜਿਹੀ ਭਗਤੀ ਵਿੱਚ ਹੀ ਲੱਗੇ ਹੋਏ ਹਨ, ਸਵੇਰੇ- ਸ਼ਾਮ ਖੁੱਡ ਕੁੱਟਣ ਤੇ ਹੀ ਲੱਗੇ ਰਹਿੰਦੇ ਹਨ। **(ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥ ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ॥)**

{ਭੈ ਤਨਿ ਅਗਨਿ ਭਖੈ ਭੈ ਨਾਲਿ॥ ਭੈ ਭਉ ਘੜੀਐ ਸਬਦਿ ਸਵਾਰਿ॥
ਭੈ ਬਿਨੁ ਘਾੜਤ ਕਚੁ ਨਿਕਚ॥ ਅੰਧਾ ਸਚਾ ਅੰਧੀ ਸਟ॥੨॥
ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥}

(ਅੰਗ ੫੬)

ਜਦ ਤੱਕ ਸਾਨੂੰ ਸੱਚੀ ਭਗਤੀ ਦੀ ਸਮਝ ਨਹੀਂ ਆਉਂਦੀ ਅਸੀਂ ਕੇਵਲ ਕਥਨੀ ਨੂੰ ਹੀ ਭਗਤੀ ਸਮਝਿਆ ਹੋਇਆ ਹੈ ਤੇ ਇਸੇ ਗੱਲ ਦਾ ਝੂਠਾ ਮਾਣ ਬਣਾਇਆ ਹੋਇਆ ਹੈ। ਸੱਚਾ ਮਾਣ ਕੇਵਲ ਸੱਚੀ ਕਰਨੀ ਵਿੱਚ ਹੈ, ਸੱਚ ਨੂੰ ਸਮਝ ਕੇ ਉਸ ਤੇ ਚੱਲਣ ਵਿੱਚ ਹੈ ਤੇ ਸੰਸਾਰ ਨੂੰ ਸਹੀ ਸੱਚ ਦੀ ਸੋਝੀ

19/2069

ਪਾਉਣ ਵਿੱਚ ਹੈ। ਗੁਰੂ ਸਾਹਿਬਾਨ ਨੇ, ਭੱਟ ਸਾਹਿਬਾਨ ਨੇ, ਭਗਤ ਸਾਹਿਬਾਨ ਨੇ ਸੱਚ ਦਾ ਮਾਣ ਲਿਆ ਹੈ। ਜਿਸ ਦੇ ਅੰਦਰ ਪਹਿਲੇ "ਸਚੁ" ਪ੍ਰਗਟ ਨਹੀਂ ਹੁੰਦਾ ਭਾਵ ਪ੍ਰਮਾਤਮਾ ਪ੍ਰਗਟ ਨਹੀਂ ਹੁੰਦਾ ਉਸ ਤੋਂ ਪਹਿਲੇ ਪੂਰਨ ਸੱਚ ਦੀ ਸੋਝੀ ਵੀ ਨਹੀਂ ਪੈ ਸਕਦੀ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜਿਸ ਰਾਹੀਂ ਧੰਨ ਧੰਨ ਭਗਤ ਕਬੀਰ ਜੀ ਸਾਨੂੰ ਸਮਝਾ ਰਹੇ ਹਨ ਕਿ ਮੈਂ ਆਪਣੇ ਆਪ ਨੂੰ ਮਾਣ ਲੈਣ ਦੇ ਯੋਗ ਕਿਸ ਤਰੀਕੇ ਸਮਝਿਆ ਹੈ, ਕਿਸ ਲਈ ਸਮਝਿਆ ਹੈ।

"ਸੰਤਹੁ ਮਨ ਪਵਨੈ ਸੁਖੁ ਬਨਿਆ॥ ਕਿਛੁ ਜੋਗੁ ਪਰਾਪਤਿ ਗਨਿਆ॥ਰਹਾਉ॥
ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ॥
ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥੧॥
ਕੁੰਭ ਕਮਲੁ ਜਲਿ ਭਰਿਆ॥ ਜਲੁ ਮੇਟਿਆ ਊਭਾ ਕਰਿਆ॥
ਕਹੁ ਕਬੀਰ ਜਨ ਜਾਨਿਆ॥ ਜਉ ਜਾਨਿਆ ਤਉ ਮਨੁ ਮਾਨਿਆ॥੨॥੧੦॥"

(ਅੰਗ ੬੫੬)

ਹੁਣ ਤੱਕ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਪਾਉਣਾ ਕੀ ਹੈ। ਉਸ ਦੇ ਨਾਲ ਮੇਲ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ ਜਿਸ ਦੁਆਰਾ ਇਹ ਦੁਚਿੱਤੀ ਵਿੱਚ ਭਟਕਣ ਵਾਲਾ ਮਨ ਵੱਸ ਵਿੱਚ ਆਉਂਦਾ ਹੈ ਜੋ ਕਿ ਮਨ ਦੇ

ਅੰਦਰ ''ਸਹਜੁ'' ਦੀ ਅਵੱਸਥਾ ਦੀ ਪ੍ਰਾਪਤੀ ਹੈ। ਇਹ ਪ੍ਰਾਪਤੀ ''ਸੁਖੁ'' ਦੇ ਰੂਪ ਵਿੱਚ ਹੁੰਦੀ ਹੈ ਭਾਵ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਇਸ ਉੱਡਦੇ ਹੋਏ ਮਨ ਨੂੰ ਭਾਵ ਭਟਕਦੇ ਹੋਏ ਮਨ ਦੇ ਵਿਚਾਰਾਂ ਨੂੰ, ਮਾਇਆ ਮੋਹ ਵਿੱਚ ਉਲਝੇ ਹੋਏ ਇਸ ਮਨ ਨੂੰ ਟਿਕਾਉ ਵਿੱਚ ਲਿਆਉਂਦਾ ਹੈ। ਭਗਤ ਕਬੀਰ ਜੀ ਨੂੰ ਇਸ ''ਸੁਖੁ'' ਦੀ ਪ੍ਰਾਪਤੀ ਹੋਈ ਹੋਈ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੇ ਨਾਲ ਇਕਮਿਕ ਬਣੇ ਹੋਏ ਹਨ। **(ਸੰਤਹੁ ਮਨ ਪਵਨੈ ਸੁਖੁ ਬਨਿਆ॥)** ਇੱਥੇ ਸਾਨੂੰ ਭਗਤ ਕਬੀਰ ਜੀ ਨੇ, ਸਤਿਗੁਰ ਕਬੀਰ ਜੀ ਨੇ ''ਸੰਤਹੁ'' ਕਹਿ ਕੇ ਸੰਬੋਧਨ ਕੀਤਾ ਹੈ, ਸੰਤ ਅਖਵਾਉਣ ਵਾਲਿਆਂ ਨੂੰ, ਧਰਮ ਦੇ ਮਾਰਗ ਉੱਚਾ ਮਾਣ ਲੈਣ ਵਾਲਿਆਂ ਨੂੰ ਸੰਬੋਧਨ ਕਰ ਕੇ ਸਮਝਾਇਆ ਹੈ ਕਿ ਸੱਚਾ ਮਾਣ ਕੀ ਹੁੰਦਾ ਹੈ ਜੋ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

''ਕਿਛੁ ਜੋਗੁ ਪਰਾਪਤਿ ਗਨਿਆ॥ਰਹਾਉ॥''

ਬੜੇ ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ। ਬਾਬਾ ਕਬੀਰ ਜੀ ਸੰਤਾਂ ਨੂੰ ਸੰਬੋਧਨ ਕਰ ਕੇ ਇਹ ਕਹਿ ਰਹੇ ਹਨ ਭਾਵ ਇਹ ਸਮਝਾ ਰਹੇ ਹਨ ਕਿ ਮੈਂ ਆਪਣੇ ਆਪ ਨੂੰ ਕੁੱਝ ''ਗਨਿਆ'' ਹੈ ਭਾਵ ਸਮਝਿਆ ਹੈ ਭਾਵ ਜੇਕਰ ਮੈਂ ਆਪਣੇ ਆਪ ਨੂੰ ਕੁੱਝ ਮਾਣ ਲੈਣ ਦੇ ਯੋਗ ਸਮਝਿਆ ਹੈ, ਮਾਣ ਲੈਣ ਦੇ ਕਾਬਿਲ ਸਮਝਿਆ ਹੈ ਉਹ ਇਸ ਲਈ ਸਮਝਿਆ ਹੈ ਕਿ ਮੈਨੂੰ ਪ੍ਰਮਾਤਮਾ ਦੇ ਨਾਲ ''ਜੋਗੁ'' ਦੀ ਪ੍ਰਾਪਤੀ ਹੋਈ ਹੋਈ ਹੈ, ਮੇਰਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ ਭਾਵ ਮੈਂ

19/2070

ਸੱਚਾ ਮਾਣ ਹੀ ਲੈ ਰਿਹਾ ਹਾਂ ਤੇ ਸੰਤ ਅਖਵਾਉਣ ਵਾਲਿਆਂ ਨੂੰ ਇਹ ਸਮਝਾਇਆ ਹੈ ਕਿ ਸੱਚਾ ਮਾਣ ਲੈਣ ਦਾ ਤਰੀਕਾ ਇਹ ਵਾਲਾ ਹੈ ਤੇ ਇਸ ਤਰੀਕੇ ਕੋਈ ਧਰਮ ਦੇ ਮਾਰਗ ਤੇ ਉੱਚਾ ਅਖਵਾ ਸਕਦਾ ਹੈ ਜਿਵੇਂ ਮੈਂ ਅਖਵਾ ਰਿਹਾ ਹੈ ਭਾਵ ਸੰਤਾਂ ਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਤੁਹਾਡਾ ਪ੍ਰਮਾਤਮਾ ਦੇ ਨਾਲ ''ਜੋਗੁ'' ਨਹੀਂ ਹੋਇਆ ਤੇ ਤੁਸੀਂ ਐਵੇਂ ਝੂਠਾ ਮਾਣ ਹੀ ਲੈਂਦੇ ਹੋ ਤੇ ਤੁਹਾਨੂੰ ਸੱਚੇ ਮਾਣ ਦੀ ਸਮਝ ਨਹੀਂ ਹੈ।**(ਸੰਤਹੁ ਮਨ ਪਵਨੈ ਸੁਖੁ ਬਨਿਆ॥ ਕਿਛੁ ਜੋਗੁ ਪਰਾਪਤਿ ਗਨਿਆ॥ਰਹਾਉ॥)**

ਪਹਿਲੇ ਜਿਸਨੂੰ ਪ੍ਰਮਾਤਮਾ ਦੇ ਦਰ ਤੋਂ ਮਾਣ ਮਿਲਦਾ ਹੈ ਉਹੀ ਫਿਰ ਧਰਮ ਦੇ ਮਾਰਗ ਤੇ ਉੱਚਾ ਅਖਵਾ ਸਕਦਾ ਹੈ ਭਾਵ ਜਿਸ ਨੂੰ ਪਹਿਲੇ ਪ੍ਰਮਾਤਮਾ ਆਪਣਾ ਧਰਮ ਦਾ ਠੇਕੇਦਾਰ ਭਾਵ ਧਰਮ ਸਮਝਾਉਣ ਦਾ, ਨਾਮ ਸਮਝਾਉਣ ਦਾ ਠੇਕੇਦਾਰ ਥਾਪਦਾ ਹੈ ਉਹੀ ਫਿਰ ਮਾਣ ਲੈਣ ਦਾ ਹੱਕਦਾਰ ਬਣਦਾ ਹੈ ਤੇ ਇਹੋ ਜਿਹਾ ਮਾਣ ਮਿਲਣਾ ਸੱਚਾ ਮਾਣ ਹੈ। ਇਹੋ ਜਿਹਾ ਮਾਣ ਲੈਣ ਵਾਲੇ ਫਿਰ ਸਭ ਨੂੰ ''ਸਚੁ'' ਹੀ ਭਾਵ ਕੇਵਲ ''ਸਚੁ'' ਹੀ ਸਮਝਾਉਂਦੇ ਹਨ, ਕੇਵਲ ਨਾਮ ਹੀ ਸਮਝਾਉਂਦੇ ਹਨ। ਜਿਹੋ ਜਿਹਾ ਸੱਚ ਉਹ ਦੁਨੀਆਂ ਨੂੰ ਸਮਝਾਉਂਦੇ ਹਨ ਉਹੋ ਜਿਹੇ ਸੱਚ ਤੇ ਪਹਿਲੇ ਆਪ ਵੀ ਚੱਲਦੇ ਹਨ, ਜਿਹੋ ਜਿਹਾ ਨਾਮ ਜਪਣਾ ਉਹ ਸੰਸਾਰ ਨੂੰ ਸਮਝਾਉਂਦੇ ਹਨ ਉਹੋ ਜਿਹਾ ਨਾਮ ਪਹਿਲੇ ਆਪ ਵੀ ਜਪਦੇ ਹਨ। ਇਹ ਅਸਲ ਵਿੱਚ ਪੂਰਨ ਸੱਚ ਤੇ ਚੱਲਣ ਦਾ ਤੇ ਸੰਸਾਰ ਨੂੰ ਪੂਰਨ ਸੱਚ ਸਮਝਾਉਣ ਦਾ ਮਾਰਗ ਹੈ। ਸੱਚ ਹੀ ਪ੍ਰਮਾਤਮਾ ਆਪ ਹੈ ਤੇ ਸੱਚ ਨੂੰ ਮਾਣ ਦੇਣਾ ਗੁਰੂ ਨੂੰ ਮਾਣ ਦੇਣਾ ਹੈ, ਪ੍ਰਮਾਤਮਾ ਨੂੰ ਮਾਣ ਦੇਣਾ ਹੈ। ਗੁਰੂ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ, ਗੁਰੂ ਪ੍ਰਮਾਤਮਾ ਦਾ ਹੀ ਪ੍ਰਤੱਖ ਰੂਪ ਹੈ।

ਜਿੰਨ੍ਹਾਂ ਨੇ ਸਾਨੂੰ ਸੱਚੀ ਭਗਤੀ ਸਮਝਾਈ ਹੈ ਉਹਨਾਂ ਨੇ ਉਸ ਹਰ ਤਰੀਕੇ ਦਾ ਖੰਡਨ ਕੀਤਾ ਹੈ ਭਾਵ ਸਰੀਰਕ ਜਪਾਂ ਤਪਾਂ ਆਦਿ ਦਾ ਖੰਡਨ ਕੀਤਾ ਹੈ ਜਿੰਨ੍ਹਾਂ ਨੂੰ ਆਮ ਕਰਕੇ ਸਭ ਨੇ ਭਗਤੀ ਦੇ ਤਰੀਕੇ ਸਮਝੇ ਹੋਏ ਹਨ। ਉਹਨਾਂ ਨੇ ਆਪਣੇ ਜੀਵਨ ਕਾਲ ਵਿੱਚ ਕੋਈ ਸਰੀਰਕ ਜਪ ਤਪ ਆਦਿ ਨਹੀਂ ਕੀਤੇ ਬਲਕਿ ਮਨੁੱਖਤਾ ਨੂੰ, ਪੂਰੀ ਮਨੁੱਖਤਾ ਨੂੰ ਇਹਨਾਂ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਜਿਸ ਵਿੱਚ ਸਿੱਖ ਜਗਤ ਵੀ ਸ਼ਾਮਿਲ ਹੈ ਜੋ ਗੁਰਬਾਣੀ ਨੂੰ ਪੜ੍ਹਨ ਤੋਂ ਬਾਅਦ ਵੀ ਇੰਨ੍ਹਾਂ ਤਰੀਕਿਆਂ ਵਿੱਚ ਹੀ ਉਲਝੇ ਹੋਏ ਹਨ ਤੇ ਐਵੇਂ ਝੂਠਾ ਮਾਣ ਇਕੱਠਾ ਕਰਨ ਵਿੱਚ ਲੱਗੇ ਹੋਏ ਹਨ ਤੇ ਇਹੋ ਜਿਹੇ ਤਰੀਕਿਆਂ ਨਾਲ ਹੀ ਕੋਈ ਆਪਣੇ ਆਪ ਨੂੰ ਸੰਤ ਅਖਵਾਉਣ ਦਾ ਮਾਣ ਲੈ ਰਿਹਾ ਹੈ,

19/2071

ਕੋਈ ਬ੍ਰਹਮ ਗਿਆਨੀ ਅਖਵਾਉਣ ਦਾ ਮਾਣ ਲੈ ਰਿਹਾ ਹੈ, ਕੋਈ ਇਹੋ ਜਿਹੀਆਂ ਭਗਤੀਆਂ ਦਾ ਪ੍ਰਚਾਰ ਕਰ ਕੇ, ਕਥਾ ਆਦਿ ਕਰ ਕੇ ਮਾਣ ਲੈ ਰਿਹਾ ਹੈ। ਝੂਠ ਦਾ ਪ੍ਰਚਾਰ ਕਰ ਕੇ ਉਸ ਵਿੱਚ ਮਾਣ ਵੀ ਝੂਠਾ ਹੀ ਹੈ।

ਜਿੰਨ੍ਹਾਂ ਨੇ ਸੱਚਾ ਮਾਣ ਲਿਆ ਹੈ ਉਹਨਾਂ ਨੇ ਸਾਨੂੰ ਭਗਤੀ ਦਾ ਇੱਕੋ ਹੀ ਤਰੀਕਾ ਸਿਖਾਇਆ ਹੈ ਜੋ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ॥

ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥੧॥”

ਜਦੋਂ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੁੰਦਾ ਜੋ ਕਿ ਆਪ ਹੀ ਗੁਰੂ ਹੈ ਉਹ ਮਨ ਦੇ ਵਿੱਚ ਗੁਰੂ ਬਣ ਕੇ ਆਪਣੀ ਸੱਚੀ ਭਗਤੀ ਦੀ ਸੋਝੀ ਹੀ ਪਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ ਕਿ ਭਗਤੀ ਤਾਂ ਹੀ ਹੋ ਸਕਦੀ ਹੈ ਜੇਕਰ ਮਨ ਦੇ ਵਿੱਚੋਂ ਗੁਣਾਂ ਦੀ ਚੋਰੀ ਬੰਦ ਹੋ ਜਾਵੇ ਜੋ ਕਿ ਸਾਡੇ ਅੰਦਰ ਦੇ ਔਗੁਣ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹਰ ਵੇਲੇ ਸਾਡੇ ਅੰਦਰੋਂ ਗੁਣਾਂ ਨੂੰ ਚੁਰਾਉਂਦੇ ਰਹਿੰਦੇ ਹਨ, ਨਾਮ ਨੂੰ ਚੁਰਾਉਂਦੇ ਰਹਿੰਦੇ ਹਨ, ਸੱਚ ਨੂੰ ਚੁਰਾਉਂਦੇ ਰਹਿੰਦੇ ਹਨ। ਸਾਡੇ ਅੰਦਰੋਂ ਸੱਚ ਦੀ ਚੋਰੀ ਰੁਕੇ ਬਿਨ੍ਹਾਂ ਅੰਦਰ ਸੱਚ ਨਹੀਂ ਟਿਕ ਸਕਦਾ। ਇਹ ਚੋਰ ਸਾਡੇ ਅੰਦਰ ਮਨ ਦੇ ਰਾਹੀਂ ਹੀ ਆਉਂਦੇ ਹਨ, ਮਨ ਦੇ ਵਿਚਾਰਾਂ ਦੇ ਰਾਹੀਂ ਹੀ ਆਉਂਦੇ ਹਨ। ਜਦ ਤੱਕ ਮਨੁੱਖ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਮੇਲ ਤੋਂ ਦੂਰ ਹੁੰਦਾ ਹੈ ਤਦ ਤੱਕ ਸਾਨੂੰ ਇਹ ਸਮਝ ਨਹੀਂ ਲੱਗ ਸਕਦੀ ਕਿ ਇਹ ਚੋਰ ਸਾਡੇ ਅੰਦਰ ਭਾਵ ਮਨ ਦੇ ਮਾੜੇ ਵਿਚਾਰ ਸਾਡੇ ਅੰਦਰ ਕਿਸ ਰਸਤੇ ਤੋਂ ਆਉਂਦੇ ਹਨ ਤੇ ਕਿਵੇਂ ਆਉਂਦੇ ਹਨ। ਇਸ ਗੱਲ ਦੀ ਸੋਝੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਆਉਂਦੀ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਨਾਲ ਹੀ ਹੁੰਦੀ ਹੈ। ਇਹ ਚੌਥਾ ਪਦ ਸੱਚ ਦਾ ਪਦ ਹੈ ਜਿਸ ਕਰਕੇ ਗੁਰਬਾਣੀ ਪੂਰਨ ਤੌਰ ਤੇ ਸੱਚ ਹੈ। ਅਸਲ ਵਿੱਚ ਇਹ ਮੋਰੀ ਭਾਵ ਜਿਸ ਰਸਤੇ ਮਨ ਦੇ ਵਿਚਾਰ ਸਾਡੇ ਅੰਦਰ ਘੁਸਦੇ ਹਨ ਉਹ ਸਾਡੇ ਮਨ ਦੀ ਅਗਿਆਨਤਾ ਹੈ। ਇਹ ਅਗਿਆਨਤਾ ਰੂਪ ਮੋਰੀ ਪ੍ਰਮਾਤਮਾ ਨੇ ਸਭ ਵਿੱਚ ਪਾਈ ਹੋਈ ਹੈ ਜਿਸ ਦੇ ਰਹਿੰਦਿਆਂ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ ਇਹ ਮਨ ਦੇ ਮਾੜੇ ਵਿਚਾਰ ਸਾਡਾ

ਕਿਤਨਾ ਨੁਕਸਾਨ ਕਰ ਰਹੇ ਹਨ ਜਿੰਨ੍ਹਾਂ ਦੇ ਰਹਿੰਦਿਆਂ ਭਗਤੀ ਦੇ ਮਾਰਗ ਤੇ ਚੱਲਿਆ ਹੀ ਨਹੀਂ ਜਾ ਸਕਦਾ। ਇਸ ਮੋਰੀ ਦੀ ਸੋਝੀ ਸਾਨੂੰ ਚੌਥਾ ਪਦ ਆਪ ਹੀ ਪਾਉਂਦਾ ਹੈ ਤੇ ਸੱਚ ਦੀ ਅਹਿਮੀਅਤ ਸਮਝਾਉਂਦਾ ਹੈ। ਸੱਚ ਦੀ ਅਹਿਮੀਅਤ ਸਮਝ ਆਉਣ ਤੋਂ ਬਾਅਦ ਫਿਰ ਮਨੁੱਖ ਇਹਨਾਂ ਚੋਰਾਂ ਦੇ ਦਰਵਾਜ਼ੇ ਨੂੰ ਬੰਦ ਕਰ ਦਿੰਦਾ ਹੈ ਭਾਵ ਫਿਰ ਉਹ ਮਨ ਦੇ ਵਿਚਾਰਾਂ ਰਾਹੀਂ ਉਸ ਗੱਲ ਨੂੰ ਕਬੂਲ ਨਹੀਂ ਕਰਦਾ ਜੋ ਸੱਚ ਤੇ ਖਰੀ ਨਹੀਂ ਉਤਰਦੀ। ਸੱਚ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਤੇ ਸੱਚ ਦੀ ਅਹਿਮੀਅਤ ਸਮਝ ਆਉਣ ਤੋਂ ਬਾਅਦ ਹੀ ਮਨ ਦੇ ਵਿੱਚ ਸੱਚ ਤੇ ਚੱਲਣ ਦੀ ਦ੍ਰਿੜਤਾ ਪੈਦਾ ਹੁੰਦੀ ਹੈ। ਜੋ ਸਾਨੂੰ ਮਨ ਦੇ ਵਿੱਚ ਸੱਚ ਦੀ ਸੋਝੀ ਪਾਉਂਦਾ ਹੈ ਉਹ ਆਪ ਹੀ ਅਸਲ ਵਿੱਚ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਹੈ ਤੇ ਸਾਡੇ ਮਨ ਦੇ ਵਿਚਾਰ ਉਸੇ ਦੇ ਹੀ ਗੁਲਾਮ ਹਨ ਭਾਵ ਸਾਡੇ ਕੋਲੋਂ ਉਹੀ ਕੁੱਝ ਕਰਵਾਉਂਦੇ ਹਨ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ। ਸਭ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਆਪ ਹੀ ਰੱਖਿਆ ਹੋਇਆ ਹੈ ਜਿਸ ਵਿੱਚ ਮਾਇਆ ਮੋਹ ਹੈ ਤੇ ਪ੍ਰਮਾਤਮਾ ਨੂੰ ਇਸ ਸੰਸਾਰ ਨੂੰ ਚਲਾਉਣ ਦਾ, ਆਪਣੀ ਖੇਡ ਨੂੰ ਚਲਾਉਣ ਦਾ ਆਪਣਾ ਹੀ ਬਣਾਇਆ ਹੋਇਆ ਢੰਗ ਹੈ ਤੇ ਸੰਸਾਰ ਇਸੇ ਤਰੀਕੇ ਹੀ ਵਿਚਰਦਾ ਹੈ। ਪੂਰਨ ਸੱਚ ਨੂੰ ਉਸ ਨੇ ਆਪਣੇ ਕੋਲ ਹੀ ਰੱਖਿਆ ਹੋਇਆ ਹੈ ਤੇ ਤ੍ਰੈਗੁਣਾਂ ਵਿੱਚ ਉਸਨੇ ਝੂਠ ਤੇ ਸੱਚ ਨੂੰ ਮਿਕਸ ਕੀਤਾ ਹੋਇਆ ਹੈ, ਆਪ ਹੀ ਰਲਾਇਆ ਹੋਇਆ ਹੈ। ਇਹ ਸਾਡੇ ਧਰਮ ਦੇ ਇਮਤਿਹਾਨ ਦਾ ਮਾਰਗ ਹੈ ਜਿਸ ਤੇ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਵਿੱਚ ਰਹਿੰਦੇ ਹੋਏ ਉਸ ਵਿੱਚੋਂ ਸੱਚ ਦੀ ਛਾਂਟ ਕਰਕੇ ਉਸ ਦੇ ਉੱਪਰ ਚੱਲਣਾ ਹੈ। ਸੱਚ- ਝੂਠ ਦੀ ਸੋਝੀ ਪ੍ਰਮਾਤਮਾ ਨੇ ਸਭ ਨੂੰ ਪਾਈ ਹੋਈ ਹੈ, ਗੁਣਾਂ-ਔਗੁਣਾਂ ਦੀ ਸੋਝੀ ਸਭ ਨੂੰ ਪਾਈ ਹੋਈ ਹੈ ਤੇ ਵਿਕਾਰ ਸਾਡੇ ਲਈ ਮਾੜੇ ਹਨ ਇਸ ਨੂੰ ਵੀ ਹਰ ਕੋਈ ਸਮਝਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਹਨਾਂ ਗੱਲਾਂ ਨੂੰ ਸਮਝਿਆ ਹੈ।

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥

ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥}

(ਅੰਗ 1376)

ਪ੍ਰਮਾਤਮਾ ਨੇ ਧਰਮ ਗ੍ਰੰਥਾ ਦੀ ਰਚਨਾ ਵੀ ਸਾਨੂੰ ਸੱਚ-ਝੂਠ ਦੀ, ਚੰਗੇ-ਮਾੜੇ ਦੀ ਸੋਝੀ ਪਾਉਣ ਲਈ ਹੀ ਬਣਾਈ ਹੋਈ ਹੈ ਤਾਂ ਜੋ ਅਸੀਂ ਸੱਚ ਦੀ ਅਹਿਮੀਅਤ ਨੂੰ ਪਹਿਚਾਣ ਸਕੀਏ। ਇਹ ਸਾਡਾ ਪੂਰਾ ਮਨੁੱਖੀ ਜੀਵਨ ਇੱਕ ਇਮਤਿਹਾਨ ਹੀ ਹੈ, ਧਰਮ ਤੇ ਚੱਲਣ ਦਾ

19/2073

ਇਮਤਿਹਾਨ ਹੀ ਹੈ ਜਿਸ ਵਿੱਚੋਂ ਲੰਘ ਕੇ ਹੀ ਭਾਵ ਸੱਚ ਦੁਆਰਾ ਵਿਚਰ ਕੇ ਹੀ ਅਸੀਂ ਆਪਣਾ ਧਰਮ ਨਿਭਾ ਸਕਦੇ ਹਾਂ। ਪ੍ਰਮਾਤਮਾ ਸਾਡੇ ਚੰਗੇ- ਮਾੜੇ ਕਰਮਾਂ ਨੂੰ ਹੀ ਵਿਚਾਰਦਾ ਹੈ ਤੇ ਸਾਨੂੰ ਆਪਣੇ ਮੇਲ ਦੇ ਰੂਪ ਵਿੱਚ ਹੀ ਆਪਣਾ ਫ਼ਲ ਦਿੰਦਾ ਹੈ। ਫ਼ਲ ਸੱਚੇ-ਸੁੱਚੇ ਕਰਮਾਂ ਨਾਲ ਹੀ ਮਿਲਦਾ ਹੈ ਜੋ ਕਿ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਮਿਲਦਾ ਹੈ ਕਿਉਂਕਿ ਸੱਚੇ ਗਿਆਨ ਦੀ, ਬ੍ਰਹਮ ਗਿਆਨ ਦੀ ਪ੍ਰਾਪਤੀ ਹੀ ਪ੍ਰਮਾਤਮਾ ਦੇ ਨਾਲ ਮੇਲ ਦਾ ਫ਼ਲ ਹੈ। ਇਹ ਫ਼ਲ ਧਰਮ ਦੇ ਫੁੱਲ ਨੂੰ ਹੀ ਲੱਗਦਾ ਹੈ।

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ॥੫॥}

(ਅੰਗ ੧੩੨੫)

{ਗੁਰੁ ਮੇਲਿ ਮਿਲਾਵੈ ਕਰੇ ਦਾਤਿ॥ ਗੁਰਸਿਖ ਪਿਆਰੇ ਦਿਨਸੁ ਰਾਤਿ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ॥ ਕਹੁ ਨਾਨਕ ਪਾਵਹਿ ਵਿਰਲੇ ਕੇਇ॥੪॥੭॥}

(ਅੰਗ ੧੧੭੦)

ਇਹ "ਫਲੁ" ਨਾਮ ਦੀ ਪ੍ਰਾਪਤੀ ਦਾ ਫ਼ਲ ਹੈ ਜਿਹੜਾ ਫ਼ਲ ਪ੍ਰਮਾਤਮਾ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਆਪ ਹੀ ਦ੍ਰਿੜਾਉਂਦਾ ਹੈ ਭਾਵ ਆਪਣਾ ਗਿਆਨ ਦੇ ਕੇ ਆਪ ਹੀ ਉਸ ਤੇ ਚੱਲਣ ਦੀ ਦ੍ਰਿੜਤਾ ਬਖਸ਼ਦਾ ਹੈ, ਆਪਣਾ ਨਾਮ ਸਮਝਾ ਕੇ ਮਨ ਦੇ ਵਿੱਚ ਆਪ ਹੀ ਆਪਣਾ ਨਾਮ ਦ੍ਰਿੜਾਉਂਦਾ ਹੈ। ਇਹ ਉਹ ਨਾਮ ਦ੍ਰਿੜ ਕਰਨਾ ਹੈ ਜੋ ਨਾਮ ਸਾਨੂੰ ਬਾਣੀ ਵਾਰ- ਵਾਰ ਦ੍ਰਿੜ ਕਰਨ ਲਈ ਪ੍ਰੇਰਦੀ ਹੈ। ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ, ਗੁਰੂ ਦੀ ਮਤਿ ਦੇ ਰੂਪ ਵਿੱਚ ਨਾਮ ਹੀ ਹੈ ਤੇ ਸਾਡੇ ਅੰਦਰ ਗੁਰਮਤਿ ਦਾ ਦ੍ਰਿੜ ਹੋਣਾ ਹੀ, ਗੁਰੂ ਦੇ ਸੱਚੇ "ਗਿਆਨੁ" ਦਾ ਦ੍ਰਿੜ ਹੋਣਾ ਹੀ ਨਾਮ ਦਾ ਦ੍ਰਿੜ ਹੋਣਾ ਹੈ ਤੇ ਤਾਂ ਹੀ ਫਿਰ ਉਸ ਤੇ ਦ੍ਰਿੜਤਾ ਦੇ ਨਾਲ ਚੱਲਿਆ ਜਾ ਸਕਦਾ ਹੈ, ਅਡੋਲ ਹੋ ਕੇ ਚੱਲਿਆ ਜਾ ਸਕਦਾ ਹੈ। ਇਹ ਅਡੋਲਤਾ ਹੀ ਅਸਲ ਵਿੱਚ "ਫਲੁ" ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ ਤੇ ਉਸ ਲਈ ਸਾਡਾ ਉੱਦਮ ਕੇਵਲ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਵੱਧ ਤੋਂ ਵੱਧ ਆਪਣੇ ਜੀਵਨ ਵਿੱਚ ਅਪਣਾਈਏ ਤੇ ਉਸ ਅਨੁਸਾਰ ਵਿਚਰੀਏ, ਸੱਚੀ ਸੁੱਚੀ ਕਿਰਤ ਕਰੀਏ ਤਾਂ ਜੋ ਪ੍ਰਮਾਤਮਾ ਸਾਡੇ ਤੇ ਪ੍ਰਸੰਨ ਹੋ ਕੇ ਸਾਨੂੰ ਆਪਣੇ "ਫਲੁ" ਦੀ ਦਾਤਿ ਬਖਸ਼ ਦੇਵੇ, ਆਪਣੇ ਨਾਲ ਮੇਲ ਦੀ ਦਾਤਿ ਬਖਸ਼ ਦੇਵੇ।

19/2074

ਉੱਪਰ ਮੁੱਖ ਸ਼ਬਦ ਰਾਹੀਂ ਬਾਬਾ ਕਬੀਰ ਜੀ ਸਾਨੂੰ ਇਹੋ ਜਿਹੇ ਧਰਮ ਤੇ ਚੱਲਣਾ ਹੀ ਸਿਖਾ ਰਹੇ ਹਨ, ਭਗਤੀ ਦਾ ਮਾਰਗ ਸਿਖਾ ਰਹੇ ਹਨ। ਸਾਡਾ ਪੂਰਾ ਉੱਦਮ ਔਗੁਣ ਰਹਿਤ ਹੋ ਕੇ ਵਿਚਰਨ ਦਾ ਹੀ ਹੋਣਾ ਚਾਹੀਦਾ ਹੈ, ਮਨ ਦੇ ਚੋਰਾਂ ਤੋਂ ਬਚਣ ਦਾ ਹੀ ਹੈ। **(ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ॥ ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥੧॥)**

ਉਪਰਲੀਆਂ ਪੰਗਤੀਆਂ ਰਾਹੀਂ ਹੁਣ ਧਿਆਨ ਨਾਲ ਇਹ ਵੀ ਸਮਝਣ ਦੀ ਕੋਸ਼ਿਸ਼ ਕਰੋ ਕਿ ਸਾਡੇ ਅੰਦਰ ਅਨਹਦ ਬਾਜੇ ਵੱਜਣਾ ਕੀ ਹੈ। ਅਨਹਦ ਬਾਜੇ ਜਾਂ ਅਨਹਦ ਤੂਰੇ ਵੱਜਣਾ ਉਹੀ ਹੈ ਜੋ ਅਸੀਂ ਪਿੱਛੇ ਵੀ ਸਮਝਿਆ ਹੈ। ਪ੍ਰਮਾਤਮਾ ਨੂੰ ਜਿਹੋ ਜਿਹੇ ਬਾਬੇ ਨਾਨਕ ਨੇ ਜਾਣਿਆ ਹੈ ਜਾਂ ਹੋਰ ਗੁਰੂ ਸਾਹਿਬਾਨ ਨੇ ਜਾਣਿਆ ਹੈ ਉਹੋ ਜਿਹਾ ਹੀ ਭਗਤ ਕਬੀਰ ਜੀ ਨੇ ਜਾਣਿਆ ਹੈ ਤੇ ਹੋਰ ਭਗਤ ਸਾਹਿਬਾਨ ਨੇ ਜਾਣਿਆ ਹੈ, ਭੱਟ ਸਾਹਿਬਾਨ ਨੇ ਜਾਣਿਆ ਹੈ। ਅਨਹਦ ਬਾਜੇ ਸਾਰਿਆਂ ਦੇ ਅੰਦਰ ਇੱਕੋ ਜਿਹੇ ਹੀ ਵੱਜੇ ਹਨ। ਜਦ ਤੱਕ ਸਾਡੇ ਅੰਦਰ ਕੂੜ ਦੇ ਤੂਰੇ ਵੱਜ ਰਹੇ ਹਨ, ਔਗੁਣਾਂ ਦੇ ਤੂਰੇ ਵੱਜ ਰਹੇ ਹਨ ਭਾਵ ਜਦ ਤੱਕ ਇਹ ਔਗੁਣ ਰੂਪ ਚੋਰ ਸਾਡੇ ਅੰਦਰ ਵੱਸੇ ਹੋਏ ਹਨ ਤਦ ਤੱਕ ਇਹਨਾਂ ਦੇ ਹੀ ਤੂਰੇ ਵੱਜ ਰਹੇ ਹਨ। ਅਨਹਦ ਬਾਜੇ ਜਾਂ ਅਨਹਦ ਤੂਰੇ ਔਗੁਣਾਂ ਦੇ ਨਿਕਲਣ ਤੋਂ ਬਾਅਦ ਹੀ ਵੱਜਦੇ ਹਨ, ਚੋਰਾਂ ਦਾ ਰਸਤਾ ਬੰਦ ਹੋਣ ਤੋਂ ਬਾਅਦ ਹੀ ਵੱਜਦੇ ਹਨ ਜੋ ਤੂਰੇ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਵਜਾਉਂਦਾ ਹੈ। ਇਹ "ਸਚੁ" ਦੇ ਤੂਰੇ ਹਨ, ਇਹ ਸੱਚੇ ਗੁਣਾਂ ਦੇ ਤੂਰੇ ਹਨ ਇਹ "ਨਾਮੁ" ਦੇ ਤੂਰੇ ਹਨ, ਇਹ ਸਾਡੇ ਅੰਦਰ ਸੱਚ ਦੀ ਦ੍ਰਿੜਤਾ ਦੇ ਤੂਰੇ ਹਨ ਜਿੰਨ੍ਹਾਂ ਦੁਆਰਾ ਮਨ ਅਡੋਲਤਾ ਵਿੱਚ ਆਉਂਦਾ ਹੈ। ਇਹ ਮਨ ਦੇ ਵਿੱਚ ਵੱਜਣ ਵਾਲੇ ਸੱਚੇ ਗਿਆਨ ਦੀ ਸੋਝੀ ਦੇ ਨਿਰਗੁਣ ਰੂਪ ਤੂਰੇ ਹਨ ਜੋ ਸਾਨੂੰ ਪ੍ਰਮਾਤਮਾ ਦੇ ਕੋਲੋਂ "ਫਲੁ" ਦੇ ਰੂਪ ਵਿੱਚ ਮਿਲਦੇ

ਹਨ।

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥
ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ॥੧॥}

(ਅੰਗ ੧੯)

ਪੂਰੀ ਗੁਰਬਾਣੀ ਅਨਹਦ ਬਾਣੀ ਹੈ, ਪ੍ਰਮਾਤਮਾ ਦੀ ਆਪਣੀ ਬਾਣੀ ਹੈ, ਪ੍ਰਮਾਤਮਾ ਦਾ ਆਪਣਾ ਅਨਹਦ ਨਾਦ ਹੈ ਜੋ ਪੂਰੀ

19/2075

ਗੁਰਬਾਣੀ ਵਿੱਚ ਵੱਜ ਰਿਹਾ ਹੈ, ਨਿਰਗੁਣ ਰੂਪ ਵਿੱਚ ਵੱਜ ਰਿਹਾ ਹੈ। ਆਪਣੇ ਇਸ ਅਨਹਦ ਗਿਆਨ ਦੁਆਰਾ, ਸੱਚੇ "ਗਿਆਨੁ" ਦੁਆਰਾ ਸੱਚ ਦੀ ਸੱਚੀ ਸੋਝੀ ਦੁਆਰਾ ਉਸ ਪ੍ਰਮਾਤਮਾ ਦੇ ਹੀ ਤੁਰੇ ਵਜਾ ਰਹੀ ਹੈ ਕਿ ਪ੍ਰਮਾਤਮਾ ਕਿਤਨਾ ਕੁ ਉੱਚਾ ਹੈ, ਪ੍ਰਮਾਤਮਾ ਕਿਤਨਾ ਕੁ ਵੱਡਾ ਹੈ। ਪੂਰੀ ਗੁਰਬਾਣੀ ਉਸ ਦਾ ਜੱਸ ਹੀ ਗਾ ਰਹੀ ਹੈ। ਅਸੀਂ ਪ੍ਰਮਾਤਮਾ ਦਾ ਜੱਸ, ਪ੍ਰਮਾਤਮਾ ਦੇ ਤੂਰੇ ਤਾਂ ਹੀ ਵਜਾ ਸਕਦੇ ਹਾਂ ਭਾਵ ਉਸ ਦੀ ਵਡਿਆਈ ਤਾਂ ਹੀ ਕਰ ਸਕਦੇ ਹਾਂ ਜਦੋਂ ਸਾਡੇ ਅੰਦਰ ਇਹ ਤੂਰੇ ਵੱਜ ਪੈਂਦੇ ਹਨ ਭਾਵ ਜਦੋਂ ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਾ ਦਿੰਦੇ ਹਨ ਕਿ ਉਹ ਕਿਤਨਾ ਕੁ ਵੱਡਾ ਹੈ, ਕਿਤਨਾ ਕੁ ਗਿਆਨਵਾਨ ਹੈ ਤੇ ਹਰ ਵਸਤੂ ਦਾ, ਖੰਡਾਂ- ਬ੍ਰਹਿਮੰਡਾਂ ਦਾ ਮਾਲਕ ਉਹ ਆਪ ਹੀ ਹੈ ਤੇ ਸਭ ਵਿੱਚ ਆਪ ਹੀ ਸਮਾਇਆ ਹੋਇਆ ਹੈ।

ਉੱਪਰ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਗਿਆ ਹੈ ਕਿ ਸੱਚਾ ਮਾਣ ਕਿਸ ਵਿੱਚ ਹੈ ਭਾਵ ਧਰਮ ਦੇ ਮਾਰਗ ਤੇ ਸੱਚਾ ਮਾਣ ਲੈਣ ਲਈ ਕਿਹੋ ਜਿਹੀ ਅਵੱਸਥਾ ਹੁੰਦੀ ਹੈ। ਸੱਚਾ ਮਾਣ ਲੈਣ ਦਾ ਹੱਕਦਾਰ ਉਹੀ ਬਣਦਾ ਹੈ ਜਿਸ ਨੂੰ ਪਹਿਲੇ ਪ੍ਰਮਾਤਮਾ ਆਪ ਉਸਦੇ ਅੰਦਰ ਪ੍ਰਗਟ ਹੋ ਕੇ ਧਰਮ ਦਾ ਮਾਰਗ ਸਿਖਾਉਂਦਾ ਹੈ ਤੇ ਸੰਸਾਰ ਨੂੰ ਧਰਮ ਸਿਖਾਉਣ ਲਈ ਆਪ ਹੀ ਉਸ ਨੂੰ ਧਰਮ ਦਾ ਠੇਕੇਦਾਰ ਥਾਪਦਾ ਹੈ। ਉਸ ਦੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਭੱਟ ਸਹਿਬਾਨ ਨੂੰ ਜੇਕਰ ਅਸੀਂ ਮਾਣ ਦਿੰਦੇ ਹਾਂ ਤਾਂ ਫਿਰ ਉਹ ਇਸ ਮਾਣ ਦੇ ਸੱਚੇ ਹੱਕਦਾਰ ਹਨ ਕਿਉਂਕਿ ਇਹ ਹੱਕ ਉਹਨਾਂ ਨੂੰ ਪ੍ਰਮਾਤਮਾ ਨੇ ਆਪ ਹੀ ਉਹਨਾਂ ਦੇ ਅੰਦਰ, ਆਪਣਾ ਬ੍ਰਹਮ ਗਿਆਨ ਦੇ ਕੇ ਸੌਂਪਿਆ ਹੈ। ਜਦ ਤੱਕ ਪ੍ਰਮਾਤਮਾ ਕਿਸੇ ਨੂੰ ਇਹ ਸੱਚਾ ਹੱਕ ਲੈਣ ਦਾ ਮਾਣ ਨਹੀਂ ਦਿੰਦਾ ਤਦ ਤੱਕ ਅਸੀਂ ਨਾਸਮਝੀ ਵਿੱਚ ਹੀ ਉਹਨਾਂ ਨੂੰ ਇਹ ਮਾਣ ਦੇਣ ਲੱਗ ਪੈਂਦੇ ਹਾਂ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਹੱਕ ਨਹੀਂ ਦਿੱਤਾ। ਅਸੀਂ ਭਰਮ ਵਿੱਚ ਹੀ ਅਨੇਕਾਂ ਹੀ ਅਨੇਕਾਂ ਨੂੰ ਸੰਤ ਆਦਿ, ਬ੍ਰਹਮ ਗਿਆਨੀ ਆਦਿ ਥਾਪ ਕੇ ਉਹਨਾਂ ਨੂੰ ਇਹ ਮਾਣ ਦਿੰਦੇ ਹਾਂ। ਪ੍ਰਮਾਤਮਾ ਨੇ ਆਪ ਜਿਸਨੂੰ ਆਪਣਾ ਸੰਤ ਥਾਪਿਆ ਹੋਇਆ ਹੈ, ਮੰਨਿਆ ਹੋਇਆ ਹੈ ਉਹ ਉਸਦੀ ਰਚੀ ਹੋਈ ਗੁਰਬਾਣੀ ਹੈ। ਗੁਰਬਾਣੀ ਬ੍ਰਹਮ ਗਿਆਨੀ ਹੈ, ਉਸ ਬ੍ਰਹਮ ਗਿਆਨੀ ਦਾ ਰੂਪ ਹੈ ਜਿਸ ਨੇ ਇਸ ਵਿੱਚ ਆਪਣਾ ਬ੍ਰਹਮ ਗਿਆਨ ਪਾਇਆ ਹੋਇਆ ਹੈ। ਗੁਰਬਾਣੀ ਪ੍ਰਮਾਤਮਾ ਦਾ ਸੱਚਾ ਭਗਤ ਹੈ, ਸਾਧ ਹੈ, ਸੰਤ ਹੈ ਕਿਉਂਕਿ ਉਸਦਾ ਸੰਤ ਉਹੀ ਹੈ ਭਾਵ ਉਹੀ ਅਖਵਾ ਸਕਦਾ ਹੈ ਜਿਸ ਨੂੰ ਪਹਿਲੇ ਪ੍ਰਮਾਤਮਾ ਆਪ ਮੰਨੇ ਭਾਵ ਆਪ ਪ੍ਰਵਾਨ ਕਰੇ ਕਿ ਇਹ ਮੇਰਾ ਸੰਤ ਹੈ। ਆਓ ਇਹੀ ਗੱਲ

19/2076

ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

“ਗੁਣ ਬੇਅੰਤ ਸੁਆਮੀ ਤੇਰੇ ਕੋਇ ਨ ਜਾਨਈ॥
ਦੇਖਿ ਚਲਤ ਦਇਆਲ ਸੁਣਿ ਭਗਤ ਵਖਾਨਈ॥
ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖਪਤਿ ਪਰਮੇਸਰਾ॥
ਸਰਬ ਜਾਚਿਕ ਏਕੁ ਦਾਤਾ ਕਰੁਣਾ ਮੈ ਜਗਦੀਸਰਾ॥
ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ॥
ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ॥੩॥”

(ਅੰਗ ੯੨੫)

ਪੂਰੀ ਗੁਰਬਾਣੀ ਪ੍ਰਮਾਤਮਾ ਦੇ ਗੁਣਾਂ ਦਾ ਵਖਿਆਨ ਕਰ ਰਹੀ ਹੈ ਕਿ ਪ੍ਰਮਾਤਮਾ ਆਪਣੇ ਗੁਣਾਂ ਦੁਆਰਾ ਕਿਤਨਾ ਕੁ ਉੱਚਾ ਹੈ। ਗੁਰਬਾਣੀ ਦੇ ਰਚਨ ਵਾਲਿਆਂ ਨੂੰ ਪਹਿਲੇ ਉਸ ਪ੍ਰਮਾਤਮਾ ਦੇ ਗੁਣਾਂ ਦੀ ਸਮਝ ਆਈ ਹੈ ਤੇ ਫਿਰ ਤਾਂ ਹੀ ਉਹਨਾਂ ਨੇ ਗੁਰਬਾਣੀ ਰਾਹੀਂ ਪ੍ਰਮਾਤਮਾ ਦੇ ਗੁਣ ਗਾਏ ਹਨ। ਪ੍ਰਮਾਤਮਾ ਦੇ ਗੁਣ ਜਾਣਨ ਲਈ ਪ੍ਰਮਾਤਮਾ ਦੇ ਨਾਲ ਮੇਲ ਦਾ ਹੋਣਾ ਜਰੂਰੀ ਹੈ ਜਿਸ ਦੁਆਰਾ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹਰ ਵਸਤੂ ਵਿੱਚ ਪ੍ਰਮਾਤਮਾ ਦੇ ਆਪਣੇ ਹੀ ਪਾਏ ਹੋਏ ਗੁਣ ਹਨ ਤੇ ਹਰ ਰਚਨਾ ਪ੍ਰਮਾਤਮਾ ਦੀ ਵਡਿਆਈ ਨੂੰ ਹੀ ਬਿਆਨ ਕਰਦੀ ਹੈ ਕਿ ਦੇਖੋ ਪ੍ਰਮਾਤਮਾ ਕਿਤਨਾ ਵੱਡਾ ਹੈ। ਪਹਿਲੇ ਆਪਣੇ ਆਪ ਦੀ ਸੋਝੀ ਪਏ ਬਿਨ੍ਹਾਂ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ, ਵਿਸ਼ਵਾਸ ਕਰ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਇਸ ਗੱਲ ਤੇ ਕੋਈ ਵਿਸ਼ਵਾਸ ਨਹੀਂ ਕਰ ਸਕਦਾ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਹੈ ਤੇ ਮੈਂ ਉਸ ਪ੍ਰਮਾਤਮਾ ਦਾ ਹੀ ਰੂਪ ਹਾਂ ਜੋ ਮੇਰੇ ਅੰਦਰ ਬੈਠਾ ਮੈਨੂੰ ਚਲਾ ਰਿਹਾ ਹੈ, ਸਾਰੀ ਸੋਝੀ ਪਾ ਰਿਹਾ ਹੈ। ਇਸ ਤੋਂ ਬਾਅਦ ਹੀ ਫਿਰ ਪ੍ਰਮਾਤਮਾ ਦਾ ਰੂਪ ਸਮਝ ਆਉਂਦਾ ਹੈ, ਉਸ ਦਾ ਨਿਰਗੁਣ ਰੂਪ ਸਮਝ ਆਉਂਦਾ ਹੈ ਕਿ ਉਹ ਆਪਣੇ ਗਿਆਨ ਰਾਹੀਂ ਕਿਤਨਾ ਕੁ ਵੱਡਾ ਹੈ। ਹਰ ਵਸਤੂ ਵਿੱਚ ਗੁਣ, ਭਾਵੇਂ ਉਹ ਕੋਈ ਵੀ ਵਸਤੂ ਹੈ, ਗਿਆਨ ਦੁਆਰਾ ਹੀ ਪੈਂਦੇ ਹਨ ਤੇ ਬਿਨ੍ਹਾਂ ਗਿਆਨ ਤੋਂ ਕਿਸੇ ਵਸਤੂ ਦੀ ਰਚਨਾ ਨਹੀਂ ਹੋ ਸਕਦੀ। ਪ੍ਰਮਾਤਮਾ ਦਾ ਗਿਆਨ ਰੂਪ ਸਮਝ ਆਉਣ ਨਾਲ ਹੀ ਇਹ ਪਤਾ ਲੱਗਦਾ ਹੈ ਕਿ ਪ੍ਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਕਿਵੇਂ ਕੀਤੀ ਹੈ। ਸਾਰੇ ਗਿਆਨ ਦਾ ਸ੍ਰੋਤ ਉਹ ਆਪ ਹੀ ਹੈ ਤੇ ਉਹ ਗਿਆਨ ਦੇ ਨਾਲ ਭਰਪੂਰ ਹੈ ਤੇ ਆਪਣੇ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ। ਉਹ ਆਪ ਹੀ ਕੇਵਲ ਬ੍ਰਹਮਗਿਆਨੀ ਹੈ ਤੇ ਸੰਸਾਰ ਦੀ ਰਚਨਾ ਉਸ ਨੇ ਬ੍ਰਹਮਗਿਆਨ ਦੁਆਰਾ ਹੀ ਕੀਤੀ ਹੈ।

19/2077

ਪਹਿਲੇ ਆਪਣੇ ਗਿਆਨ ਦੁਆਰਾ ਪੰਜਾਂ ਤੱਤਾਂ ਨੂੰ ਬਣਾ ਕੇ ਆਪਣੇ ਗਿਆਨ ਦੁਆਰਾ ਹੀ ਪੰਜਾਂ ਤੱਤਾਂ ਨੂੰ ਆਪਸ ਵਿੱਚ ਗੋਇਆ ਹੋਇਆ ਹੈ, ਰਲਾਇਆ ਹੋਇਆ ਹੈ ਜਿਸ ਦੁਆਰਾ ਉਸ ਨੇ ਹਰ ਵਸਤੂ ਵਿੱਚ ਆਪਣੇ ਗੁਣ ਪਾਏ ਹੋਏ ਹਨ। ਹਰ ਵਸਤੂ ਦੇ ਗੁਣਾਂ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਗਿਆਨ ਹੈ ਤੇ ਪੂਰੀ ਸ੍ਰਿਸ਼ਟੀ ਪ੍ਰਮਾਤਮਾ ਦੇ ਗੁਣਾਂ ਨਾਲ ਭਰਪੂਰ ਹੈ। ਸੁਣੀ ਸੁਣਾਈ ਗੱਲ ਨਾਲ ਪ੍ਰਮਾਤਮਾ ਨੂੰ ਗੁਣੀ ਕਹਿ ਦੇਣਾ ਹੋਰ ਗੱਲ ਹੈ ਪਰ ਉਹਨਾਂ ਗੁਣਾਂ ਦੇ ਪਿੱਛੇ ਉਹ ਕਿਸ ਰੂਪ ਵਿੱਚ ਹੈ ਇਹ ਇਸ ਗੱਲ ਨੂੰ ਕੇਵਲ ਉਹੀ ਜਾਣ ਸਕਦਾ ਹੈ ਜਿਸ ਨੂੰ ਉਸ ਗੁਣੀ ਦੇ ਦਰਸ਼ਨ ਹੋ ਜਾਂਦੇ ਹਨ, ਉਸ ਗੁਣਾਂ ਦੇ ਮਾਲਕ ਬ੍ਰਹਮਗਿਆਨੀ ਦੇ ਦਰਸ਼ਨ ਹੋ ਜਾਂਦੇ ਹਨ ਜੋ ਕਿ ਮਨ ਦੇ ਵਿੱਚ ਉਸ ਦੇ ਪ੍ਰਗਟ ਹੋਣ ਨਾਲ, ਉਸਦੀ ਆਪਣੀ ਕਿਰਪਾ ਨਾਲ ਹੀ ਹੁੰਦੇ ਹਨ। ਮਨ ਦੇ ਵਿੱਚੋਂ ਉਸ ਬ੍ਰਹਮਗਿਆਨੀ ਨੂੰ ਦੇਖਣ ਤੋਂ ਬਾਅਦ ਫਿਰ ਸਭ ਵਿੱਚ, ਹਰ ਸਰਗੁਣ ਸਰੂਪ ਵਿੱਚ ਉਸਦਾ ਬ੍ਰਹਮਗਿਆਨ ਹੀ ਨਜ਼ਰ ਆਉਂਦਾ ਹੈ, ਜਿਸ ਰੂਪ ਵਿੱਚ ਉਹ ਹਰ ਵਸਤੂ ਵਿੱਚ ਸਮਾਇਆ ਹੋਇਆ। ਇਸੇ ਲਈ ਜਿੰਨ੍ਹਾਂ ਨੂੰ ਉਸ ਬ੍ਰਹਮਗਿਆਨੀ ਦੇ ਦਰਸ਼ਨ ਹੋਏ ਹਨ ਉਹਨਾਂ ਨੂੰ ਹੀ ਸਭ ਜਗ੍ਹਾ ਬ੍ਰਹਮਗਿਆਨ ਨਜ਼ਰ ਆਇਆ ਹੈ, ਸਭ ਵਿੱਚ ਪ੍ਰਮਾਤਮਾ ਵੱਸਿਆ ਹੋਇਆ ਨਜ਼ਰ ਆਇਆ ਹੈ। ਜੋ ਰੂਪ ਉਹਨਾਂ ਨੇ ਉਸਦਾ ਆਪਣੇ ਅੰਦਰ ਦੇਖਿਆ ਹੈ ਉਹੀ ਰੂਪ ਉਹਨਾਂ ਨੂੰ ਬਾਹਰ ਨਜ਼ਰ ਆਇਆ ਹੈ।

{"ਜਾ ਕਾ ਕੀਆ ਸਭੁ ਕਿਛੁ ਹੋਇ॥ ਤਿਸ ਕਾ ਅਮਰੁ ਨ ਮੇਟੈ ਕੋਇ॥
ਪਾਰਬ੍ਰਹਮੁ ਪਰਮੇਸਰੁ ਅਨੂਪੁ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ॥੨॥
ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ॥੩॥"}

(ਅੰਗ ੧੧੫੨)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦਾ ਰੂਪ ਹੈ, ਗੁਰੂ ਪ੍ਰਮਾਤਮਾ ਦੀ ਹੀ ਮੂਰਤਿ ਹੈ, ਜਿਸ ਦੁਆਰਾ ਗੁਰੂ ਦਾ ਜੀਵਨ ਸਫ਼ਲ ਹੈ ਭਾਵ ਜਿਸ ਦੇ ਅੰਦਰ ਸਾਰੇ ਫ਼ਲ ਭਰੇ ਹੋਏ ਹਨ ਭਾਵ ਗੁਣਾਂ ਰੂਪ ਫ਼ਲ ਭਰੇ ਹੋਏ ਹਨ। ਗੁਰੂ ਪ੍ਰਮਾਤਮਾ ਦਾ ਰੂਪ ਇਸੇ ਲਈ ਹੈ

19/2078

ਕਿਉਂਕਿ ਉਹ ਪ੍ਰਮਾਤਮਾ ਦੇ ਗੁਣਾਂ ਨੂੰ ਜਾਣਦਾ ਹੈ। ਗੁਰੂ ਨੂੰ ਸੋਝੀ ਪਾਉਣ ਵਾਲਾ ਆਪ ਪ੍ਰਮਾਤਮਾ ਹੈ ਜੋ ਗੁਰੂ ਦੇ ਅੰਦਰ ਵੱਸਿਆ ਹੋਇਆ ਹੈ ਭਾਵ ਜਿੱਥੇ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੋਇਆ ਹੈ।

ਸਾਡੇ ਅੰਦਰ ਪ੍ਰਮਾਤਮਾ ਦਾ ਵੱਸਣਾ "ਹਰਿ ਨਾਮੁ" ਦਾ ਵੱਸਣਾ ਹੈ ਤੇ ਇਹ "ਹਰਿ ਨਾਮੁ" ਗੁਰੂ ਦੇ ਅੰਦਰ ਵੱਸਿਆ ਹੋਇਆ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦਾ ਰੂਪ ਹੈ। **(ਸਫਲ ਮੂਰਤਿ ਗੁਰੁ ਤਿਸ ਕਾ ਰੂਪੁ॥੨॥)** ਗੁਰੂ ਪ੍ਰਮਾਤਮਾ ਦਾ ਰੂਪ ਕਿਸ ਕਰਕੇ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਜਾ ਕੈ ਅੰਤਰਿ ਬਸੈ ਹਰਿ ਨਾਮੁ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਵੀ ਸਪੱਸ਼ਟ ਕੀਤਾ ਹੋਇਆ ਹੈ ਕਿ "ਹਰਿ ਨਾਮੁ" ਬ੍ਰਹਮ ਗਿਆਨ ਹੈ ਤੇ ਇਹ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਗੁਰੂ ਦੇ ਹਿਰਦੇ ਵਿੱਚ ਨਾਮ ਵੱਸਿਆ ਹੋਇਆ ਹੈ ਭਾਵ ਬ੍ਰਹਮਗਿਆਨ ਵੱਸਿਆ ਹੋਇਆ ਹੈ, ਪ੍ਰਮਾਤਮਾ ਵੱਸਿਆ ਹੋਇਆ ਹੈ ਤੇ ਇਸੇ ਲਈ ਗੁਰੂ ਨੂੰ ਜੋ ਆਪਣੇ ਅੰਦਰ ਨਜ਼ਰ ਆਉਂਦਾ ਹੈ ਉਹੀ ਰੂਪ ਉਸਦਾ ਬਾਹਰ ਨਜ਼ਰ ਆਉਂਦਾ ਹੈ।

{ਉਰਿ ਧਾਰੈ ਜੋ ਅੰਤਰਿ ਨਾਮੁ॥
ਸਰਬ ਮੈ ਪੇਖੈ ਭਗਵਾਨੁ॥}

(ਅੰਗ 274)

ਜਿੰਨ੍ਹਾਂ ਦੇ ਅੰਦਰ ਨਾਮ ਵੱਸਿਆ ਹੋਇਆ ਹੈ, ਬ੍ਰਹਮ ਗਿਆਨ ਵੱਸਿਆ ਹੋਇਆ ਹੈ ਉਹਨਾਂ ਨੂੰ ਹੀ ਸਭ ਵਿੱਚ ਬ੍ਰਹਮ ਗਿਆਨ ਨਜ਼ਰ ਆਇਆ ਹੈ, ਸਭ ਜਗ੍ਹਾ "ਨਾਮੁ" ਨਜ਼ਰ ਆਇਆ ਹੈ, ਪ੍ਰਮਾਤਮਾ ਨਜ਼ਰ ਆਇਆ ਹੈ। ਜਿਹੜੇ ਇੱਕ ਅੱਖਰ ਨੂੰ ਹੀ ਨਾਮ ਸਮਝੀ ਬੈਠੇ ਹਨ ਉਹਨਾਂ ਨੂੰ ਆਪਣੇ ਅੰਦਰੋਂ ਕੀ ਨਜ਼ਰ ਆਉਂਦਾ ਹੈ ਤੇ ਬਾਹਰ ਕੀ ਨਜ਼ਰ ਆਉਂਦਾ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਜਿੰਨ੍ਹਾਂ ਸਿਰਮੌਰਾਂ ਨੇ ਸਾਨੂੰ ਨਾਮ ਜਪਣਾ ਸਿਖਾਇਆ ਹੈ ਹੁਣ ਆਪੇ ਹੀ ਸਮਝ ਲਵੋ ਕਿ ਉਹ ਕਿਤਨੇ ਕੁ ਭਰਮੇ ਹੋਏ ਹਨ, ਜਿੰਨ੍ਹਾਂ ਨੂੰ ਅਸੀਂ ਇਤਨਾ ਵੱਡਾ ਮੰਨਿਆ ਹੋਇਆ ਹੈ, ਧਰਮ ਸਿਖਾਉਣ ਦੇ ਠੇਕੇਦਾਰ ਸਮਝਿਆ ਹੋਇਆ ਹੈ ਉਹ ਉਸ ਨਾਮ ਦੇ ਸੱਚੇ ਠੇਕੇਦਾਰ ਦੇ ਸਾਹਮਣੇ ਇੱਕ ਪਾਸਕੂ ਭਰ ਵੀ ਨਹੀਂ ਹਨ ਤੇ ਉਲਟਾ ਉਸ ਸੱਚੇ "ਨਾਮੁ" ਦੀ ਫ਼ਸਲ ਨੂੰ ਕੁਤਰਨ ਤੇ ਹੀ ਲੱਗੇ ਹੋਏ ਹਨ। ਆਪਣੇ ਆਪ ਨੂੰ ਬ੍ਰਹਮ ਗਿਆਨੀ ਅਖਵਾ ਕੇ ਕੋਈ

19/2079

ਆਪਣੇ ਆਪ ਨੂੰ ਉੱਚਾ ਕਰਦਾ ਹੈ ਜਾਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਸ ਦਾ ਸ਼ਰੀਕ ਬਣ ਕੇ ਉਲਟਾ ਉਸ ਦੀਆਂ ਨਜ਼ਰਾਂ ਵਿੱਚ ਨੀਵਾਂ ਬਣਦਾ ਹੈ ਇਸ ਦਾ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ। ਬ੍ਰਹਮਗਿਆਨੀ ਕੇਵਲ ਗੁਰੂ ਹੈ ਜਿਸ ਨੂੰ ਆਪਣੇ ਅੰਦਰੋਂ ਪਹਿਲਾਂ ਉਸ ਬ੍ਰਹਮ ਗਿਆਨੀ ਦੇ ਦਰਸ਼ਨ ਹੁੰਦੇ ਹਨ ਤੇ ਸਭ ਵਿੱਚ ਉਹ ਬ੍ਰਹਮਗਿਆਨੀ ਹੀ ਨਜ਼ਰ ਆਉਂਦਾ ਹੈ ਭਾਵ ਉਸ ਦਾ ਬ੍ਰਹਮ ਗਿਆਨ ਹੀ ਨਜ਼ਰ ਆਉਂਦਾ ਹੈ।

ਗੁਰੂ ਨੂੰ ਸਭ ਵਿੱਚ ਬ੍ਰਹਮ ਗਿਆਨ ਕਿਵੇਂ ਨਜ਼ਰ ਆਉਂਦਾ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ॥੩॥"

"ਬੀਸ ਬਿਸੁਏ" ਕੀ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਤੋਂ ਭਾਵ ਹੈ ਹਰ ਲਿਹਾਜ ਨਾਲ ਪੂਰਾ ਭਾਵ ਪੂਰਨ। ਭਾਵੇਂ ਸਾਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਪਰ ਉਸ ਅਵੱਸਥਾ ਵਿੱਚ ਹੀ ਸਾਡੇ ਅੰਦਰ ਪ੍ਰਕਾਸ਼ ਕਰਨ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਜਿਸ ਨੇ ਆਪਣੀ ਜੁਗਤਿ ਦੁਆਰਾ, ਮਾਇਆ ਮੋਹ ਦੀ ਜੁਗਤਿ ਦੁਆਰਾ, ਹਉਮੈ ਦੀ ਜੁਗਤਿ ਦੁਆਰਾ ਭਰਮ ਵਿੱਚ, ਅਗਿਆਨਤਾ ਵਿੱਚ, ਸਹਸਾ ਵਿੱਚ, ਦੁਬਿਧਾ ਵਿੱਚ ਰੱਖਿਆ ਹੋਇਆ ਹੈ। ਇਸ ਅਵੱਸਥਾ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪਣਾ ਪੂਰਨ ਸੱਚ ਨਹੀਂ ਪਾਉਂਦਾ ਭਾਵ ਭਰਮ ਵੀ ਸੱਚ ਦੇ ਨਾਲ ਹੀ ਚੱਲਦਾ ਹੈ। ਇਹ ਭਰਮ ਸਾਨੂੰ ਪੂਰਨ ਸੱਚ ਸਮਝਣ ਤੋਂ ਦੂਰ ਰੱਖਦਾ ਹੈ। ਜਿਸ ਨੂੰ ਪ੍ਰਮਾਤਮਾ ਇਸ ਦੁਬਿਧਾ ਵਾਲੀ ਤ੍ਰੈਗੁਣੀ ਅਵੱਸਥਾ ਵਿੱਚੋਂ ਕੱਢਦਾ ਹੈ ਉਸਦੇ ਅੰਦਰ, ਉਸਦੇ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਉਹ ਭਰਮ ਦੇ ਪੜਦੇ ਵਿੱਚੋਂ ਕੱਢ ਲੈਂਦਾ ਹੈ। ਮਨ ਦੀ ਇਹ ਅਵੱਸਥਾ ਗੁਰਮਤਿ ਦੀ ਪੂਰਨ ਸੋਝੀ ਵਾਲੀ ਅਵੱਸਥਾ ਹੈ, ਬ੍ਰਹਮ ਗਿਆਨ ਵਾਲੀ ਅਵੱਸਥਾ ਹੈ ਜਿਸ ਵਿਧੀ ਦੁਆਰਾ ਪ੍ਰਮਾਤਮਾ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਦਾ ਹੈ। ਇਹ ਉਸਦਾ ਗੁਰੂ ਰੂਪ ਹੈ ਜਿਸ ਦੁਆਰਾ ਉਸਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਬ੍ਰਹਮਗਿਆਨ ਦੀ ਰਚਨਾ ਕੀਤੀ ਹੈ ਤੇ ਉਸ ਵਿੱਚ ਆਪਣਾ ਪੂਰਨ ਸੱਚ ਪ੍ਰਗਟ ਕੀਤਾ ਹੈ। ਇਸੇ ਲਈ ਗੁਰਬਾਣੀ ਭਰਮ ਤੋਂ ਰਹਿਤ ਹੈ। ਮਨ ਦੀ ਇਹ ਅਵੱਸਥਾ

19/2080

ਹੀ ਸਾਡੇ ਅੰਦਰ "ਹਰਿ ਨਾਮ" ਵੱਸਣ ਦੀ ਅਵੱਸਥਾ ਹੈ ਜਿਸ ਦੁਆਰਾ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੈ, "ਹਰਿ ਨਾਮੁ" ਹੈ। **(ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥ ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ॥੩॥)**

ਪੂਰੀ ਗੁਰਬਾਣੀ ਇਸੇ ਲਈ ਸੱਚੀ ਬਾਣੀ ਹੈ ਕਿ ਉਹ ਮਨ ਦੇ ਵਿੱਚ ਪੂਰਨ ਸੱਚ ਦੇ ਪ੍ਰਕਾਸ਼ ਦੁਆਰਾ ਆਈ ਹੈ ਜਿਸ ਦੀ ਹਰ ਗੱਲ ਸਦਾ ਅਡੋਲ ਰਹਿਣ ਵਾਲੀ ਹੈ ਭਾਵ ਜੋ ਕਦੇ ਬਦਲ ਨਹੀਂ ਸਕਦੀ। ਸੱਚੀ ਬਾਣੀ ਤੇ ਕੱਚੀ ਬਾਣੀ ਵਿੱਚ ਇਹੀ ਭੇਦ ਹੈ। ਸੱਚੀ ਬਾਣੀ ਚੌਥੇ ਪਦ ਵਿੱਚੋਂ ਆਈ ਹੈ ਤੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਭ ਦੀ ਮਤਿ ਕੱਚੀ ਹੀ ਹੈ ਜਿਸ ਵਿੱਚ ਭਰਮ ਦਾ ਹੋਣਾ ਸੁਭਾਵਿਕ ਹੀ ਹੈ। ਕੱਚੀ ਬਾਣੀ ਦੀ ਗੱਲ ਜਰੂਰੀ ਨਹੀਂ ਕਿ ਉਹ ਸੱਚ ਤੇ ਖਰੀ ਉਤਰ ਸਕੇ। ਸੱਚ ਸਾਹਮਣੇ ਆਉਣ ਦੇ ਨਾਲ ਕੱਚੀ ਮਤਿ ਦੀ ਗੱਲ ਡੋਲ ਜਾਂਦੀ ਹੈ ਤੇ ਸੱਚ ਦੇ ਸਾਹਮਣੇ ਟਿਕ ਨਹੀਂ ਸਕਦੀ। ਸੱਚ ਸਦਾ ਨਵਾਂ ਰਹਿਣ ਵਾਲਾ ਹੈ

ਭਾਵ ਸੱਚੀ ਮਤਿ ਦੁਆਰਾ ਕਹੀ ਹੋਈ ਗੱਲ ਸਦਾ ਨਵੀਂ ਰਹਿੰਦੀ ਹੈ, ਕਦੇ ਪੁਰਾਣੀ ਨਹੀਂ ਹੋ ਸਕਦੀ। ਕੱਚੀ ਗੱਲ ਕਦੇ ਵੀ ਪੁਰਾਣੀ ਹੋ ਸਕਦੀ ਹੈ। ਸੱਚ ਝੂਠ ਨੂੰ ਪੁਰਾਣਾ ਕਰ ਦਿੰਦਾ ਹੈ ਪਰ ਆਪ ਸੱਚ ਕਦੇ ਪੁਰਾਣਾ ਨਹੀਂ ਹੋ ਸਕਦਾ, ਸੱਚ ਸਦਾ ਹੀ ਨਵਾਂ ਰਹਿੰਦਾ ਹੈ। ਗੁਰਬਾਣੀ ਦੇ ਬੋਲ ਚੌਥੇ ਪਦ ਦੇ ਵਿੱਚੋਂ ਆਏ ਹਨ ਜੋ ਕਦੇ ਪੁਰਾਣੇ ਨਹੀਂ ਹੋ ਸਕਦੇ। ਪ੍ਰਮਾਤਮਾ ਦੀ ਆਪਣੀ ਸਮਝਾਈ ਹੋਈ ਗੱਲ, ਸੱਚ ਦੀ ਆਪਣੀ ਸਮਝਾਈ ਹੋਈ ਗੱਲ ਕਦੇ ਕੱਚੀ ਸਾਬਿਤ ਨਹੀਂ ਹੋ ਸਕਦੀ ਤੇ ਇਸੇ ਲਈ ਉਸਦੀ ਬਾਣੀ ਸੱਚੀ ਹੈ।

{ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥}

(ਅੰਗ ੯੨੦)

ਧਰਮ ਦਾ ਸੱਚਾ ਠੇਕੇਦਾਰ ਉਹੀ ਹੈ ਜਿਸਦੀ ਬਾਣੀ ਸੱਚੀ ਹੈ ਤੇ ਉਸ ਤੋਂ ਬਿਨ੍ਹਾਂ ਹਰ ਬਾਣੀ ਕੱਚੀ ਹੈ, ਹਰ ਬੋਲ ਕੱਚਾ ਹੈ। ਅਸੀਂ ਇਹਨਾਂ ਕੱਚੇ ਠੇਕੇਦਾਰਾਂ ਦੇ ਪਿੱਛੇ ਲੱਗੇ ਹੋਏ ਹਾਂ। ਇਹੋ ਜਿਹੇ ਠੇਕੇਦਾਰ ਆਪ ਵੀ ਕੱਚੇ ਹਨ, ਇਹਨਾਂ ਦੀਆਂ ਗੱਲਾਂ ਸੁਣਨ ਵਾਲੇ ਵੀ ਕੱਚੇ ਹਨ ਤੇ ਉਹਨਾਂ ਨੂੰ ਮੰਨਣ ਵਾਲੇ ਵੀ ਕੱਚੇ ਹਨ। ਸਾਨੂੰ ਮੁੱਖੋਂ ਹਰਿ-ਹਰਿ ਬੋਲੀ ਜਾਣਾ ਇਹਨਾਂ ਕੱਚਿਆਂ ਨੇ ਹੀ ਸਿਖਾਇਆ ਹੈ ਜਦ ਕਿ ਹਰਿ- ਹਰਿ ਕਰਨਾ

19/2081

ਕੀ ਹੈ ਇਸ ਗੱਲ ਨੂੰ ਉਸਦਾ ਸੱਚਾ ਠੇਕੇਦਾਰ ਹੀ ਜਾਣਦਾ ਹੈ ਤੇ ਸਾਨੂੰ ਆਪਣੀ ਸੱਚੀ ਬਾਣੀ ਰਾਹੀਂ ਵਾਰ-ਵਾਰ ਹਰਿ ਹਰਿ ਕਰਨਾ ਸਿਖਾ ਰਿਹਾ ਹੈ। ਸਾਨੂੰ ਇਹ ਸਿਖਾਉਣ ਵਾਲੇ ਸਭ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹਨ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। **(ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥)** ਮੁੱਖੋਂ ਜੋ ਅਸੀਂ ਹਰਿ ਹਰਿ ਬੋਲੀ ਜਾਂਦੇ ਹਾਂ ਇਹੋ ਜਿਹੇ ਬੋਲ ਸਾਡੇ ਕਿਸੇ ਲੇਖੇ ਵਿੱਚ ਨਹੀਂ ਪੈਂਦੇ ਜਿਸ ਲਈ ਸਾਨੂੰ ਸਮਝਾਇਆ ਹੈ ਕਿ ਇਹੋ ਜਿਹੇ ਸਾਡੇ ਬੋਲ "ਰਵਾਣੀ" ਵਿੱਚ ਭਾਵ ਢੱਠੇ ਖੂਹ ਵਿੱਚ ਪੈਂਦੇ ਹਨ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ। ਇਸੇ ਲਈ ਬਾਣੀ ਸਾਨੂੰ ਵਾਰ- ਵਾਰ ਸਮਝਾ ਰਹੀ ਹੈ ਕਿ ਅਸੀਂ ਇਹਨਾਂ ਕੱਚਿਆਂ ਦੇ ਪਿੱਛੇ ਨਾ ਲੱਗੀਏ ਤੇ ਕੇਵਲ ਸੱਚੀ ਬਾਣੀ ਦੀ ਮਤਿ ਦੇ ਪਿੱਛੇ ਲੱਗੀਏ ਜਿਸ ਦੀ ਸਮਝਾਈ ਹੋਈ ਮਤਿ ਸਦਾ ਥਿਰ ਰਹਿਣ ਵਾਲੀ ਹੈ ਤੇ ਸਾਨੂੰ ਸੱਚ ਦੇ ਨਾਲ ਮਿਲਾ ਸਕਦੀ ਹੈ, ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ। **(ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥)**

ਆਓ ਹੁਣ ਮੁੱਖ ਸ਼ਬਦ ਵੱਲ ਮੁੜੀਏ ਜਿਸ ਰਾਹੀਂ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਪ੍ਰਮਾਤਮਾ ਨੇ ਆਪਣਾ ਸੱਚਾ ਸੰਤ ਬਣਾ ਕੇ ਕਿਸ ਨੂੰ ਧਰਮ ਦਾ ਠੇਕਾ ਸੌਂਪਿਆ ਹੋਇਆ ਹੈ।

"ਗੁਣ ਬੇਅੰਤ ਸੁਆਮੀ ਤੇਰੇ ਕੋਇ ਨ ਜਾਨਈ॥
ਦੇਖਿ ਚਲਤ ਦਇਆਲ ਸੁਨਿ ਭਗਤ ਵਖਾਨਈ॥
ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖਪਤਿ ਪਰਮੇਸਰਾ॥
ਸਰਬ ਜਾਚਿਕ ਏਕੁ ਦਾਤਾ ਕਰੁਣਾ ਮੈ ਜਗਦੀਸਰਾ॥
ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ॥
ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ॥੩॥"

(ਅੰਗ ੯੨੫)

ਅਸੀਂ ਪਹਿਲੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਪ੍ਰਮਾਤਮਾ ਦੇ ਗੁਣਾਂ ਨੂੰ ਜਾਨਣ ਵਾਲਾ ਕੌਣ ਹੈ। ਉਸਦੇ ਗੁਣਾਂ ਨੂੰ ਉਸਦੇ ਭਗਤ ਹੀ ਜਾਣ ਸਕਦੇ ਹਨ ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ। ਪ੍ਰਮਾਤਮਾ ਦੇ ਭਗਤਾਂ ਨੇ ਹੀ ਉਸਨੂੰ ਜਾਣ ਕੇ ਗੁਰਬਾਣੀ ਰਾਹੀਂ ਉਸਦੇ ਗੁਣਾਂ ਦਾ ਬਿਆਨ ਕੀਤਾ ਹੈ ਤੇ ਉਸਦੇ ਭਗਤਾਂ ਤੋਂ ਬਿਨ੍ਹਾਂ ਉਸ ਪ੍ਰਮਾਤਮਾ ਦੇ ਗੁਣਾਂ ਨੂੰ ਹੋਰ ਕੋਈ ਨਹੀਂ ਜਾਣ ਸਕਦਾ। **(ਗੁਣ ਬੇਅੰਤ ਸੁਆਮੀ ਤੇਰੇ ਕੋਇ ਨ ਜਾਨਈ॥)**

19/2082

ਉਸਦੇ ਭਗਤ ਉਸਦੇ ਗੁਣਾਂ ਦਾ ਵਰਣਨ ਕਿਵੇਂ ਕਰਦੇ ਹਨ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਦੇਖਿ ਚਲਤ ਦਇਆਲ ਸੁਨਿ ਭਗਤ ਵਖਾਨਈ॥”

ਇਸ ਸੰਸਾਰ ਨੂੰ ਬਣਾ ਕੇ ਪ੍ਰਮਾਤਮਾ ਨੇ ਆਪਣੀ ਖੇਡ ਰਚੀ ਹੋਈ ਹੈ ਜਿਸ ਨੂੰ ਕਿ ਅਸੀਂ ਪਿੱਛੇ ਸਮਝਿਆ ਹੈ। ਪ੍ਰਮਾਤਮਾ ਦੀ ਇਸ ਖੇਡ ਨੂੰ ਕੇਵਲ ਮਨੁੱਖੀ ਮਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਕਿ ਉਹ ਆਪਣੀ ਖੇਡ ਕਿਵੇਂ ਚਲਾ ਰਿਹਾ ਹੈ। ਉਸਦੀ ਖੇਡ ਨੂੰ ਸਮਝਣ ਲਈ ਸੋਝੀ ਦੀ ਲੋੜ ਹੈ ਤੇ ਉਹ ਸੋਝੀ ਪਾਉਣ ਦਾ ਤਰੀਕਾ ਪ੍ਰਮਾਤਮਾ ਨੇ ਕੇਵਲ ਮਨੁੱਖੀ ਜੂਨ ਵਿੱਚ ਹੀ ਪਾਇਆ ਹੈ। ਆਪਣੀ ਖੇਡ ਚਲਾਉਣ ਲਈ ਉਸਨੇ ਸੰਸਾਰ ਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ, ਹਉਮੈ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ, ਭਰਮ ਦੇ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਉਸਦੀ ਖੇਡ ਨੂੰ ਕੋਈ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਵਿਚਰ ਰਿਹਾ ਹੈ ਤੇ ਕਿਸ ਵਿਧੀ ਦੁਆਰਾ ਵਿਚਰ ਰਿਹਾ ਹੈ। ਜਿਸ ਨੂੰ ਉਹ ਪਹਿਲੇ ਆਪਣੀ ਖੇਡ ਦਿਖਾਉਂਦਾ ਹੈ ਉਹੀ ਪ੍ਰਮਾਤਮਾ ਨੂੰ ਜਾਣ ਕੇ ਫਿਰ ਉਸਦੇ ਗੁਣਾਂ ਦਾ ਵਰਣਨ ਕਰ ਸਕਦਾ ਹੈ। ਆਪਣੇ ਆਪ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ। ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹੀ ਉਸਦਾ ਭਗਤ ਹੈ, ਸੰਤ ਹੈ।

{ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ॥}

(ਅੰਗ ੧੧੭੧)

ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਇਸ ਰੂਪ ਦੁਆਰਾ ਹੀ ਕੀਤੀ ਹੈ। ਆਪ ਉਹ ਮਨ ਦੇ ਵਿੱਚ ਗੁਪਤ ਹੀ ਵਰਤਦਾ ਹੈ ਪਰ ਜਿਸ ਸਰੀਰ ਰਾਹੀਂ ਉਹ ਪ੍ਰਗਟ ਹੁੰਦਾ ਹੈ ਉਸ ਨੂੰ ਅਸੀਂ ਭਗਤ, ਸੰਤ ਜਾਂ ਗੁਰੂ ਰੂਪ ਕਹਿੰਦੇ ਹਾਂ, ਸਾਧ ਰੂਪ ਕਹਿੰਦੇ ਹਾਂ। ਅਸਲ ਵਿੱਚ ਸੰਤ ਜਾਂ ਭਗਤ ਕੋਈ ਦੇਹ ਰੂਪ ਭਾਵ ਦਿੱਸਣ ਵਾਲਾ ਸਰੂਪ ਨਹੀਂ ਹੈ। ਉਹ ਸੰਤ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੈ ਜੋ ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਉਹ ਗੁਪਤ ਰੂਪ ਵਿੱਚ ਹੀ ਸੰਤ ਹੈ ਜੋ ਆਪਣੀ ਗੱਲ ਭਾਵ ਜੋ ਕੁੱਝ ਉਹ ਸਮਝਾਉਣਾ ਚਾਹੁੰਦਾ ਹੈ ਮਨ ਦੇ ਵਿੱਚ ਹੀ ਸਮਝਾ ਦਿੰਦਾ ਹੈ ਜੋ ਕਿ ਆਪ ਹੀ ਗਿਆਨ ਦਾ ਮਾਲਕ ਹੈ। ਉਸਦੇ ਭਗਤ ਉਸਦੇ ਗੁਣਾਂ ਦਾ ਵਰਣਨ ਮਨ ਦੇ ਵਿੱਚ ਉਸਦੇ ਕੋਲੋਂ, ਪ੍ਰਮਾਤਮਾ ਦੇ ਕੋਲੋਂ ਸੁਣਨ ਦੁਆਰਾ ਹੀ ਕਰਦੇ ਹਨ। **(ਦੇਖਿ ਚਲਤ ਦਇਆਲ ਸੁਨਿ ਭਗਤ ਵਖਾਨਈ॥)** ਇਸੇ ਲਈ ਪ੍ਰਮਾਤਮਾ ਆਪ ਹੀ ਗੁਰੂ ਹੈ, ਗਿਆਨ ਰੂਪ ਵਿੱਚ ਗੁਰੂ ਹੈ ਭਾਵ ਬ੍ਰਹਮ ਗਿਆਨ ਰੂਪ ਵਿੱਚ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ ਭਾਵ ਸ਼ਬਦ ਦੀ ਸੋਝੀ ਦੇ ਰੂਪ ਵਿੱਚ ਗੁਰੂ ਹੈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਜੋ ਸਾਨੂੰ ਸੋਝੀ ਪਾਈ ਹੈ ਉਸ ਸੋਝੀ ਦਾ ਮਾਲਕ ਪ੍ਰਮਾਤਮਾ ਹੈ ਭਾਵ ਉਹ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

19/2083

ਪ੍ਰਮਾਤਮਾ ਦੇ ਭਗਤ ਉਸ ਨੂੰ ਮਨ ਦੇ ਵਿੱਚ ਹੀ ਸੁਣਦੇ ਹਨ ਜੋ ਕਿ ਇਸ ਸੰਸਾਰ ਦਾ ਸਭ ਤੋਂ ਵੱਡਾ ਆਚੰਬਾ ਹੈ ਜਿਸ ਨੂੰ ਕੇਵਲ ਇਹ ਅਚੰਬਾ ਦੇਖਣ ਤੋਂ ਬਾਅਦ ਹੀ ਸਮਝਿਆ ਜਾ ਸਕਦਾ ਹੈ ਤੇ ਵਿਸ਼ਵਾਸ ਆ ਸਕਦਾ ਹੈ ਕਿ ਪ੍ਰਮਾਤਮਾ ਸੱਚਮੁੱਚ ਮਨ ਦੇ ਵਿੱਚ ਗੱਲਾਂ ਕਰਦਾ ਹੈ।

(ਸੁੰਨ ਸਮਾਧਿ ਗੁਫਾ ਤਹ ਆਸਨੁ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ॥ ਭਗਤ ਸੰਗਿ ਪ੍ਰਭੁ ਗੋਸਟਿ ਕਰਤ॥)

(ਅੰਗ ੯੯੪)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿੱਥੇ ਪ੍ਰਮਾਤਮਾ ਦਾ ਸਾਡੇ ਅੰਦਰ ਆਪਣਾ ਆਸਣ ਹੈ ਜਿਸ ਆਸਣ ਤੇ ਉਹ ਸਦਾ ਹੀ ਆਪਣੀ "ਸੁੰਨ ਸਮਾਧਿ" ਲਗਾ ਕੇ ਬੈਠਾ ਹੈ। ਉਸਦੀ ਇਹ ਸਾਡੇ ਅੰਦਰ ਗਿਆਨ ਰੂਪ ਸਮਾਧਿ ਹੈ ਜੋ ਗੁਪਤ ਰੂਪ ਵਿੱਚ ਲੱਗੀ ਹੋਈ ਹੈ। ਇਸ ਮਨ ਦੀ ਸਮਾਧਿ ਵਿੱਚ ਕੇਵਲ ਪ੍ਰਮਾਤਮਾ ਆਪ ਹੈ ਤੇ ਹੋਰ ਕੋਈ ਨਹੀਂ ਹੈ ਭਾਵ ਮਨ ਦੇ ਵਿੱਚ ਗਿਆਨ ਦੇਣ ਵਾਲਾ ਸਾਨੂੰ ਕੇਵਲ ਪ੍ਰਮਾਤਮਾ ਆਪ ਹੀ ਹੈ। **(ਕੇਵਲ ਬ੍ਰਹਮ ਪੂਰਨ ਤਹ ਬਾਸਨੁ॥)** ਇਸੇ ਮਨ ਨੂੰ ਜਦ ਤੱਕ ਅਸੀਂ ਆਤਮਾ ਸਮਝਦੇ ਹਾਂ ਇਹ ਸਾਡਾ ਭਰਮ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਸਾਡਾ ਭਰਮ ਹੀ ਕੱਢਦਾ ਹੈ ਕਿ ਇਹ ਮਨ ਜਿਸ ਨੂੰ ਅਸੀਂ ਆਤਮਾ ਸਮਝਿਆ ਹੋਇਆ ਹੈ ਉਹੀ ਅਸਲ ਵਿੱਚ ਆਪ ਪ੍ਰਮਾਤਮਾ ਹੈ। ਅਸੀਂ ਭਰਮ ਦੇ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਅਸਲ ਵਿੱਚ ਸਾਡੀ ਕੋਈ ਵੱਖਰੀ ਹੋਂਦ ਨਹੀਂ ਹੈ। ਮਨ ਦੇ ਵਿੱਚ ਬੈਠਾ ਉਹ ਆਪ ਹੀ ਸਾਨੂੰ ਬਣਾ ਕੇ ਸਾਨੂੰ ਆਪ ਚਲਾ ਰਿਹਾ ਹੈ। ਇਸ ਤਰੀਕੇ ਉਹ ਆਪਣੀ ਖੇਡ ਹੀ ਚਲਾ ਰਿਹਾ ਹੈ। ਉਸਦੀ ਇਹ ਖੇਡ ਉਸਦਾ ਭਗਤ ਰੂਪ ਬਣ ਕੇ ਹੀ ਸਮਝ ਆਉਂਦੀ ਹੈ।

ਮਨ ਦੇ ਇਸ ਆਸਣ ਤੇ ਬੈਠਾ ਹੋਇਆ ਹੀ ਚੁੱਪ ਚੁਪੀਤੇ ਮਨ ਦੇ ਵਿਚਾਰਾਂ ਰਾਹੀਂ ਉਹ ਆਪਣੀ ਗੱਲ ਸਮਝਾਈ ਜਾਂਦਾ ਹੈ। ਹਰ ਇੱਕ ਭਰਮ ਜੋ ਉਸਦੀ ਬਾਣੀ ਨੂੰ ਸਮਝਣ ਵਿੱਚ ਹੈ ਉਹ ਆਪ ਹੀ ਅੰਦਰ ਬੈਠਾ ਕੱਢਦਾ ਹੈ ਜਿਸ ਨੇ ਆਪ ਹੀ ਇਹ ਬਾਣੀ ਰਚੀ ਹੋਈ ਹੈ। ਉਸਦੇ ਨਾਲ ਗੋਸ਼ਟਿ ਮਨ ਦੇ ਵਿੱਚ ਹੀ ਹੁੰਦੀ ਹੈ। **(ਭਗਤ ਸੰਗਿ ਪ੍ਰਭੁ ਗੋਸਟਿ ਕਰਤ॥)** ਸਾਰੇ ਗਿਆਨ ਦਾ ਮਾਲਕ ਉਹ ਆਪ ਹੀ ਹੈ ਤੇ ਇਸੇ ਲਈ ਕੋਈ ਮਨੁੱਖੀ ਦੇਹ ਉੱਚੀ ਨਹੀਂ ਹੈ, ਉੱਚਾ ਉਹ ਆਪ ਹੀ ਹੈ ਜੋ ਇਸ ਦੇਹ ਨੂੰ ਮਾਣ ਦੇ ਯੋਗ ਬਣਾਉਂਦਾ ਹੈ। ਇਸ ਦੇਹ ਦਾ, ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ ਕਿ ਉਹ ਇਸ ਮਾਣ ਦੇ ਕਾਬਿਲ ਬਣ ਸਕੇ। ਜਿਸ ਨੂੰ ਉਹ ਪਹਿਲੇ ਆਪ ਆਪਣੇ ਮੇਲ ਦਾ ਮਾਣ ਬਖਸਦਾ ਹੈ ਉਹੀ ਉਸਦਾ ਸੱਚਾ ਮਾਣ ਵਧਾਉਂਦਾ ਹੈ ਭਾਵ ਹਰ ਗੱਲ ਵਿੱਚ ਪ੍ਰਮਾਤਮਾ ਨੂੰ ਹੀ ਉੱਚਾ ਕਰਦਾ ਹੈ, ਉਸ ਦੀ ਦਿੱਤੀ ਹੋਈ ਮਤਿ ਨੂੰ ਹੀ ਉੱਚਾ ਕਰਦਾ ਹੈ। ਇਹੋ ਜਿਹੀ ਅਵੱਸਥਾ

ਦੁਆਰਾ ਜੇਕਰ ਕਿਸੇ ਨੂੰ ਭਗਤਾਂ ਨੂੰ ਦੁਨਿਆਵੀ ਮਾਣ ਮਿਲਦਾ ਹੈ ਫਿਰ ਉਹ ਸੱਚਾ ਮਾਣ ਹੈ। ਇਹ ਸੱਚਾ ਮਾਣ ਲੈਣ ਦਾ ਹੱਕ ਉਹ ਕਿਸੇ ਨੂੰ ਆਪ ਹੀ ਦਿੰਦਾ ਹੈ।

ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਭਾਵ ਚੌਥੇ ਪਦ ਦੀ ਅਵੱਸਥਾ ਦੁਆਰਾ, ਮਨ ਦੇ ਵਿੱਚ ਸੱਚੀ ਗੁਰਮਤਿ ਦੀ ਸੋਝੀ ਦੁਆਰਾ ਹੀ ਉਸਦੇ ਭਗਤ ਹਰਖ ਸੋਗ ਤੋਂ ਉੱਪਰ ਉਠਦੇ ਹਨ ਤੇ ਜਨਮ- ਮਰਨ ਤੋਂ ਰਹਿਤ ਹੁੰਦੇ ਹਨ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਵਿੱਚ ਸਮਾਅ ਜਾਂਦੇ ਹਨ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਜਨਮ- ਮਰਨ ਤੋਂ ਰਹਿਤ ਹੈ। **(ਤਹ ਹਰਖ ਨ ਸੋਗ ਨ ਜਨਮ ਨ ਮਰਤ ॥੩॥)**

ਹੁਣ ਤੁਸੀਂ ਇਸ ਗੱਲ ਨੂੰ ਅਸਾਨੀ ਨਾਲ ਸਮਝ ਸਕਦੇ ਹੋ ਕਿ ਉਸਦੇ ਭਗਤ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਹੀ ਸੁਣਦੇ ਹਨ ਭਾਵ ਪ੍ਰਮਾਤਮਾ ਦੇ ਕੋਲੋਂ ਸੁਣਦੇ ਹਨ, ਮਨ ਦੇ ਵਿੱਚ ਉਸਦੇ ਨਾਲ "ਗੋਸਟਿ" ਕਰਦੇ ਹਨ ਤੇ ਉਹਨਾਂ ਦੇ ਮਨ ਦੀ ਇਹ ਅਵੱਸਥਾ ਹੀ ਜਪੁਜੀ ਬਾਣੀ ਦੇ ਅਰਥਾਂ ਰਾਹੀਂ ਸਮਝਾਈ ਹੋਈ ਹੈ।

{ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥
ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੮॥}

(ਅੰਗ ੨)

ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਸੁਣਨ ਦੁਆਰਾ ਹੀ ਉਸਦੇ ਭਗਤਾਂ ਨੇ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੇ ਗੁਣਾਂ ਦਾ ਵਰਣਨ ਕੀਤਾ ਹੈ। **(ਦੇਖਿ ਚਲਤ ਦਇਆਲ ਸੁਨਿ ਭਗਤ ਵਖਾਨਈ॥)**

ਹਰ ਜੀਅ ਜੰਤ ਦੇ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ, ਹਰ ਕੋਈ ਉਸਨੂੰ ਹੀ ਧਿਆ ਰਿਹਾ ਹੈ ਭਾਵ ਹਰ ਕੋਈ ਉਸੇ ਦੇ ਹੁਕਮ ਵਿੱਚ ਹੀ ਵਿਚਰ ਰਿਹਾ ਹੈ ਤੇ ਕਿਸ ਵਿਧੀ ਦੁਆਰਾ ਵਿਚਰ ਰਿਹਾ ਹੈ ਇਸ ਗੱਲ ਦੀ ਸੋਝੀ ਉਸਦੇ ਭਗਤਾਂ ਨੂੰ

ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। **(ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖਪਤਿ ਪਰਮੇਸਰਾ॥)**

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਰਬ ਜਾਚਿਕ ਏਕੁ ਦਾਤਾ ਕਰੁਣਾ ਮੈ ਜਗਦੀਸਰਾ॥”

ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਹਰ ਕੋਈ ਰੱਖਦਾ ਹੈ ਪਰ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ, ਆਪਣੀ ਕਿਰਪਾ ਹੈ ਕਿ ਉਹ ਕਿਸ ਤੇ ਆਪਣੀ ਕਿਰਪਾ ਕਰਕੇ ਉਸਨੂੰ ਆਪਣਾ ਭਗਤ ਬਣਾਉਂਦਾ ਹੈ। ਜਦ ਤੱਕ ਉਹ ਕਿਸੇ ਨੂੰ ਆਪਣਾ ਭਗਤ ਆਪ ਨਹੀਂ ਬਣਾਉਂਦਾ ਤਦ ਤੱਕ ਹਰ ਕੋਈ ਉਸਦਾ ਮੰਗਤਾ ਹੀ ਹੈ। ਜੇਕਰ ਮੰਗਤਾ ਆਪ ਹੀ ਆਪਣੇ ਆਪ ਨੂੰ ਉੱਚਾ ਥਾਪ ਲਵੇ, ਆਪ ਹੀ ਆਪਣੇ ਆਪ ਨੂੰ ਸੰਤ ਬਣਾ ਲਵੇ, ਸੰਤ ਅਖਵਾ ਲਵੇ ਉਹ ਕੋਈ ਉਸਦਾ ਸੰਤ ਨਹੀਂ ਬਣ ਜਾਂਦਾ ਭਾਵ ਉਹ ਮੰਗਤਾ ਹੀ ਰਹਿੰਦਾ ਹੈ ਤੇ ਮੰਗਤਾ ਕਿਸੇ ਦੀ ਮੰਗ ਕੀ ਪੂਰੀ ਕਰ ਸਕਦਾ ਹੈ।

19/2085

ਇਸੇ ਲਈ ਅਗਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਉਸਦਾ ਭਗਤ, ਸਾਧੂ, ਸੰਤ ਉਹੀ ਬਣ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਨੇ ਪਹਿਲੇ ਆਪ ਆਪਣਾ ਭਗਤ ਮੰਨਿਆ ਹੈ ਭਾਵ ਉਸਨੂੰ ਸੰਤ ਹੋਣ ਦਾ ਦਰਜ਼ਾ ਦਿੱਤਾ ਹੈ ਭਾਵ ਉਸਨੂੰ ਆਪ ਧਰਮ ਦਾ ਠੇਕਾ ਸੌਂਪਿਆ ਹੈ, ਠੇਕੇਦਾਰ ਥਾਪਿਆ ਹੈ। **(ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ॥)**

ਜਿਸ ਨੂੰ ਉਹ ਆਪਣਾ ਸੰਤ ਥਾਪਦਾ ਹੈ ਉਹ ਉਸਨੂੰ ਆਪਣੀ ਕਿਰਪਾ ਦੁਆਰਾ ਹੀ ਥਾਪਦਾ ਹੈ ਤੇ ਉਹੀ ਉਸ ਪ੍ਰਮਾਤਮਾ ਨੂੰ ਪਛਾਣਦਾ ਹੈ, ਆਪਣੇ ਅੰਦਰੋਂ ਪਹਿਚਾਣਦਾ ਹੈ ਕਿ ਪ੍ਰਮਾਤਮਾ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ ਭਾਵ ਉਸਦੀ ਕਿਰਪਾ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣੇ ਬਿਨ੍ਹਾਂ ਉਸਦਾ ਸੰਤ ਨਹੀਂ ਬਣਿਆ ਜਾ ਸਕਦਾ। **(ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ॥ ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ॥੩॥)** ਅੰਗ 925

ਹੁਣ ਧਿਆਨ ਨਾਲ ਸਮਝੋ ਕਿ ਗੁਰਬਾਣੀ ਰਾਹੀਂ ਗੁਰੂ ਨੂੰ ਸਾਧੂ, ਸੰਤ ਕਿਸ ਲਈ ਕਿਹਾ ਗਿਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਸਾਧੂ ਰੂਪ, ਸੰਤ ਰੂਪ ਅਸਲ ਵਿੱਚ ਉਸਦਾ ਨਿਰਗੁਣ ਰੂਪ ਹੈ, ਚੌਥੇ ਪਦ ਦਾ ਰੂਪ ਹੈ, ਨਾਮ ਰੂਪ ਹੈ, ਸ਼ਬਦ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਸਹਜ ਰੂਪ ਹੈ। ਪ੍ਰਮਾਤਮਾ ਦਾ ਇਹ ਰੂਪ ਭਰਮ ਤੋਂ ਰਹਿਤ ਰੂਪ ਹੈ ਤੇ ਪੂਰਨ ਸੱਚ ਦਾ ਰੂਪ ਹੈ। ਪ੍ਰਮਾਤਮਾ ਸਾਰੇ ਸੰਸਾਰ ਦਾ ਗੁਰੂ ਇਸੇ ਰੂਪ ਵਿੱਚ ਹੈ ਤੇ ਗੁਰਬਾਣੀ ਰਾਹੀਂ ਪੂਰੇ ਜਗਤ ਨੂੰ ਇੱਕੋ ਜਿਹਾ ਸੱਚ ਹੀ ਸਮਝਾ ਰਿਹਾ ਹੈ, ਇੱਕੋ ਜਿਹਾ ਧਰਮ ਹੀ ਸਮਝਾ ਰਿਹਾ ਹੈ, ਇੱਕੋ ਜਿਹੀ ਮਰਿਆਦਾ ਹੀ ਸਮਝਾ ਰਿਹਾ ਹੈ, ਇੱਕੋ ਜਿਹੀ ਭਗਤੀ ਹੀ ਸਮਝਾ ਰਿਹਾ ਹੈ ਕਿਉਂਕਿ ਉਹ ਆਪ ਸੱਚਾ ਹੈ। ਉਸਦੀ ਆਪਣੀ ਕੋਈ ਵੱਖਰੀ ਜੱਥੇਬੰਦੀ ਨਹੀਂ ਹੈ, ਆਪਣਾ ਕੋਈ ਵੱਖਰਾ ਡੇਰਾ ਨਹੀਂ ਹੈ। ਉਸਦਾ ਆਪਣਾ ਡੇਰਾ ਕੇਵਲ ਤੇ ਕੇਵਲ ਗੁਰਬਾਣੀ ਹੈ ਤੇ ਇਸ ਡੇਰੇ ਤੋਂ ਬਾਹਰ ਜਾਣਾ ਕੱਚਿਆਂ ਦੇ ਡੇਰੇ ਤੇ ਜਾਣਾ ਹੈ, ਸੱਚੇ ਨੂੰ ਛੱਡ ਕੇ ਕੱਚਿਆਂ ਦੇ ਨਾਲ ਜੁੜਨਾ ਹੈ ਜੋ ਸਾਨੂੰ ਆਪਣੀ- ਆਪਣੀ ਮਤਿ ਨਾਲ ਹੀ ਜੋੜਦੇ ਹਨ। ਜਿਸ ਨੂੰ ਗੁਰਬਾਣੀ ਦੀ ਕਦਰ ਹੈ ਉਸਨੂੰ ਘਰ ਬੈਠੇ ਵੀ ਕਦਰ ਹੋ ਸਕਦੀ ਹੈ, ਕਿਸੇ ਵੀ ਗੁਰਦੁਆਰੇ ਵਿੱਚ ਜਾ ਕੇ ਉਸਦੀ ਕਦਰ ਪਾਈ ਜਾ ਸਕਦੀ ਹੈ। ਦੂਸਰਿਆਂ ਦੇ ਦਰਾਂ ਤੇ ਜਾ ਕੇ ਅਸੀਂ ਕਿਸੇ ਦੇਹ ਦੇ ਨਾਲ ਜੁੜਨ ਹੀ ਜਾਂਦੇ ਹਾਂ ਜਿਸ ਨੇ ਅੰਤ ਸਾਨੂੰ ਖੁਆਰ ਹੀ ਕਰਨਾ ਹੈ। ਅਸੀਂ ਕੇਵਲ ਥੋੜ੍ਹੇ ਦਿਨਾਂ ਦੇ ਦੁਨਿਆਵੀ ਸੁੱਖਾਂ ਤੇ ਮਾਣ- ਮੋਹ ਵਿੱਚ, ਮਾਇਆ- ਮੋਹ ਵਿੱਚ ਫਸੇ ਹੋਏ ਹਾਂ ਪਰ ਸਾਨੂੰ ਪ੍ਰਮਾਤਮਾ ਦਾ ਸੱਚਾ ਦਰ ਭਾਵ ਸੱਚੀ ਸਮਝ ਦਾ ਦਰ ਨਜ਼ਰ ਨਹੀਂ ਆਉਂਦਾ ਜਿੱਥੇ ਅਸੀਂ ਲੇਖਾ ਦੇਣਾ ਹੈ ਜੋ ਕਿ ਪ੍ਰਮਾਤਮਾ ਦਾ ਦਰ ਹੈ ਜੋ ਦਰ ਸਾਡੇ ਅੰਦਰ ਹੀ ਹੈ ਜਿੱਥੇ ਸਾਨੂੰ ਸਾਡੇ ਕਰਮਾਂ ਦੀਆਂ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ। ਗੁਰਬਾਣੀ ਦੀ ਮਤਿ ਦੇ ਉਲਟ ਚੱਲਕੇ ਕਿਸੇ ਨੂੰ ਪੂਜਣਾ ਸਾਡਾ ਮਾੜਾ ਕਰਮ ਹੀ ਹੈ। ਜਿੱਥੇ ਅਸੀਂ ਲੇਖਾ ਦੇਣਾ ਹੈ ਭਾਵ ਮਨ ਦੀ ਸਮਝ ਰਾਹੀਂ ਸਾਡਾ ਕਿਸੇ ਸਾਥ ਨਹੀਂ ਦੇਣਾ। ਉੱਥੇ

19/2086

ਕੇਵਲ ਗੁਰਮਤਿ ਕੰਮ ਆਉਣੀ ਹੈ ਕਿ ਅਸੀਂ ਗੁਰਮਤਿ ਨੂੰ ਕਿੰਨਾ ਕੁ ਮੰਨਿਆ ਹੈ, ਕਿਤਨਾ ਕੁ ਉਸ ਤੇ ਵਿਸ਼ਵਾਸ ਕਰਕੇ ਉਸ ਅਨੁਸਾਰ ਵਿਚਰਿਆ ਹੈ। ਜਿਸ ਨੇ ਗੁਰਮਤਿ ਰਚੀ ਹੈ ਅਸੀਂ ਲੇਖਾ ਵੀ ਉਸੇ ਨੂੰ ਦੇਣਾ ਹੈ ਤੇ ਉਸ ਦੀਆਂ ਸਜ਼ਾਵਾਂ ਤੋਂ ਫਿਰ ਉਹਨਾਂ ਨੇ ਸਾਨੂੰ ਕੀ ਬਚਾਉਣਾ ਹੈ ਜਿਹੜੇ ਖੁਦ ਜਨਮ- ਮਰਨ ਦੇ ਗੇੜ ਵਿੱਚ ਹਨ। ਇਹ ਜਨਮ- ਮਰਨ ਦਾ ਗੇੜ ਤਾਂ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਦਾ ਵੀ ਨਹੀਂ ਮਿਟਿਆ, ਰਿਸ਼ੀਆਂ, ਮੁਨੀਆਂ, ਦੇਵੀ ਦੇਵਤਿਆਂ, ਸਿਧ- ਸਾਧਿਕਾ ਆਦਿ ਨਾਲ ਵੀ ਨਹੀਂ

ਮਿਟਿਆ ਜਿੰਨ੍ਹਾਂ ਨੇ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਵਿੱਚ ਪਾਇਆ ਹੋਇਆ ਹੈ, ਭਰਮ ਵਿੱਚ ਪਾਇਆ ਹੈ, ਭਗਤੀ ਦੇ ਸਹੀ ਮਾਰਗ ਤੋਂ ਪੁੱਠੇ ਰਸਤੇ ਤੇ ਪਾਇਆ ਹੈ ਤੇ ਉਹੋ ਜਿਹੀ ਵਿਚਾਰਧਾਰਾ ਨੂੰ ਲੈ ਕੇ ਹੀ ਅਨੇਕਾਂ ਧਰਮ ਦੇ ਠੇਕੇਦਾਰ ਸਾਨੂੰ ਸਰੀਰਕ ਕਿਰਿਆਵਾਂ ਵਿੱਚ, ਸਵਾਸਾਂ ਦੀਆਂ ਕਿਰਿਆਵਾਂ ਵਿੱਚ, ਸਰੀਰਕ ਜਪਾਂ ਤਪਾਂ ਆਦਿ ਵਿੱਚ ਪਾ ਕੇ ਉਲਝਾਉਂਦੇ ਹਨ, ਭਰਮ ਵਿੱਚ ਪਾਉਂਦੇ ਹਨ। ਜਦ ਤੱਕ ਅਸੀਂ ਗੁਰਬਾਣੀ ਤੇ ਆਪਣਾ ਸੱਚਾ ਵਿਸ਼ਵਾਸ ਨਹੀਂ ਟਿਕਾਉਂਦੇ, ਸੱਚੇ ਠੇਕੇਦਾਰ ਨਾਲ ਨਹੀਂ ਜੁੜਦੇ ਤਦ ਤੱਕ ਇਹਨਾਂ ਨਕਲੀ ਠੇਕੇਦਾਰਾਂ ਦਾ ਵਿਉਪਾਰ ਬੰਦ ਨਹੀਂ ਹੋ ਸਕਦਾ ਤੇ ਗੁਰਬਾਣੀ ਨੂੰ ਰਚਨ ਦਾ ਮਕਸਦ ਪੂਰਾ ਨਹੀਂ ਹੋ ਸਕਦਾ।

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥

ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥}

(ਅੰਗ ੫੬)

ਇਹਨਾਂ ਨੂੰ ਟੋਪੀਆ ਪਾਉਣ ਵਾਲੇ ਅਸੀਂ ਆਪ ਹੀ ਹਾਂ ਜਿਸ ਕਰਕੇ ਬਾਣੀ ਵਿੱਚ ਸਾਨੂੰ ਬਾਵਲੇ ਕਿਹਾ ਗਿਆ ਹੈ, ਨਾ ਸਮਝ ਕਿਹਾ ਗਿਆ ਹੈ। ਜੇਕਰ ਸਾਡਾ ਬਾਵਲਾਪਨ ਦੂਰ ਹੋ ਜਾਵੇਗਾ ਤਾਂ ਫਿਰ ਝੂਠੇ ਵਾਪਾਰੀਆਂ ਦਾ ਕੰਮ ਆਪੇ ਹੀ ਘੱਟ ਜਾਵੇਗਾ। ਜਿਉਂ ਜਿਉਂ ਇਹਨਾਂ ਦੇ ਗ੍ਰਾਹਕ ਵੱਧਦੇ ਹਨ ਤਿਉਂ ਤਿਉਂ ਇਹਨਾਂ ਦਾ ਮਾਣ ਵੱਧਦਾ ਜਾਂਦਾ ਹੈ। ਇਹਨਾਂ ਦੇ ਮਾਣ ਦੀ ਸਭ ਤੋਂ ਵੱਡੀ ਕਦਰ ਉਸ ਵੇਲੇ ਪੈਂਦੀ ਹੈ ਜਦੋਂ ਵੋਟਾਂ ਪਾਉਣ ਦਾ ਮੌਕਾ ਆਉਂਦਾ ਹੈ ਜੋ ਕਿ ਸਭ ਦੇ ਸਾਹਮਣੇ ਹੈ ਤੇ ਹਰ ਕੋਈ ਇਸ ਗੱਲ ਨੂੰ ਸਮਝਦਾ ਹੈ। ਇਹਨਾਂ ਨੂੰ ਸਭ ਤੋਂ ਵੱਡੀ ਟੋਪੀ ਸਿਆਸੀ ਨੇਤਾ ਪਾਉਂਦੇ ਹਨ ਜੋ ਇਹਨਾਂ ਦੇ ਦਰਾਂ ਤੇ ਜਾ ਕੇ ਇਹਨਾਂ ਰਾਹੀਂ ਆਪਣਾ ਮਕਸਦ ਹੱਲ ਕਰਦੇ ਹਨ। ਜੋ ਸੱਚਾ ਸੰਤ ਹੈ ਉਹ ਕਦੇ ਕਿਸੇ ਇੱਕ ਪਾਸੇ ਦਾ ਧੜਾ ਨਹੀਂ ਕਰ ਸਕਦਾ ਕਿਉਂਕਿ ਉਹ ਸਭ ਲਈ ਇੱਕ ਜਿਹਾ ਹੀ ਹੁੰਦਾ ਹੈ ਤੇ ਇਹਨਾਂ ਗੱਲਾਂ ਤੋਂ ਉੱਪਰ ਉੱਠਿਆ ਹੁੰਦਾ ਹੈ। ਉਹ ਕੇਵਲ ਸੱਚ ਦੀ ਗੱਲ ਕਰਦਾ ਹੈ ਤੇ ਸੱਚ ਨੂੰ ਹੀ ਉੱਚਾ ਮੰਨ ਕੇ ਚੱਲਦਾ ਹੈ। ਇਹ ਜਰੂਰੀ ਨਹੀਂ ਕਿ ਕੋਈ ਸਿਆਸੀ ਪਾਰਟੀ

ਪੂਰੀ ਸੱਚੀ ਹੈ ਤੇ ਕੋਈ ਸਿਆਸੀ ਪਾਰਟੀ ਪੂਰੀ ਝੂਠੀ ਹੈ। ਸੱਚ- ਝੂਠ ਸਭ ਵਿੱਚ ਹੀ ਹੁੰਦਾ ਹੈ ਤੇ ਫਿਰ ਇਹੋ ਜਿਹਾ ਫੈਸਲਾ ਕੋਈ ਸੱਚਾ ਸੰਤ ਕਿਵੇਂ ਲੈ ਸਕਦਾ ਹੈ। ਇਹੋ ਜਿਹੇ ਫੈਸਲੇ ਉਹੀ ਲੈਂਦੇ ਹਨ, ਕਿਸੇ ਖਾਸ ਧੜੇ ਦਾ ਸਾਥ ਉਹੀ ਦਿੰਦੇ ਹਨ ਜਿੰਨ੍ਹਾਂ ਦੇ ਆਪਣੇ ਅੰਦਰ ਸੱਚ ਨਹੀਂ ਹੈ। ਇਹ ਗੱਲ ਸਭ ਤੇ ਲਾਗੂ ਹੁੰਦੀ ਹੈ, ਹਰ ਸੰਤ ਅਖਵਾਉਣ ਵਾਲੇ ਤੇ ਲਾਗੂ ਹੁੰਦੀ ਹੈ, ਸਿੱਖ ਜਗਤ ਤੇ ਵੀ ਲਾਗੂ ਹੁੰਦੀ ਹੈ ਜੋ ਇਹੋ ਜਿਹੇ ਕੰਮਾਂ ਵਿੱਚ ਉਲਝਦੇ ਹਨ, ਕਿਸੇ ਖਾਸ ਧੜੇ ਦਾ ਪੱਖ ਕਰਦੇ ਹਨ। ਸੱਚ ਤੇ ਚੱਲਣਾ ਬਹੁਤ ਔਖਾ ਹੈ ਤੇ ਸੰਤ ਅਖਵਾਉਣਾ ਬਹੁਤ ਸੌਖਾ ਹੈ। ਇਸੇ ਲਈ ਸਾਨੂੰ ਬਾਣੀ ਰਾਹੀਂ ਹੀ ਇਹ ਗੱਲ ਸਮਝਾਈ ਹੋਈ ਹੈ ਕਿ ਆਪਣੇ ਆਪ ਨੂੰ ਸੰਤ, ਸਾਧ ਆਦਿ ਜਾਂ ਬ੍ਰਹਮਗਿਆਨੀ ਅਖਵਾਉਣ ਵਾਲੇ ਹਰ ਸਮੇਂ ਵਿੱਚ ਅਨੇਕਾਂ ਹੀ ਹੋਏ ਹਨ ਪਰ ਉਸ ਗੁਰੂ ਪ੍ਰਮਾਤਮਾ ਦੀ ਕਸਵੱਟੀ ਤੇ ਪੂਰੇ ਨਹੀਂ ਉਤਰ ਸਕਦੇ।

“ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥

ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥

ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥

ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥

ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥

ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥੧॥੧੯॥”

(ਅੰਗ ੧੩੯੫)

“ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥

ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥

ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥੨॥੨੦॥"

(ਅੰਗ ੧੩੯੫)

ਉੱਪਰ ਸ਼ਬਦ ਰਾਹੀਂ ਧੰਨ ਧੰਨ ਭੱਟ ਭਿਖੇ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲਾਂ ਨੂੰ, ਬਚਨਾਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਸ਼ਬਦ ਰਾਹੀਂ ਪਹਿਲੇ ਸਾਨੂੰ ਸੱਚੇ ਸੰਤ, ਸਾਧ ਕੌਣ ਹਨ ਇਹ ਸਮਝਾਇਆ ਹੋਇਆ ਹੈ ਭਾਵ ਗੁਰੂ ਸਾਹਿਬਾਨ ਦੀ ਉਪਮਾ ਕਰਕੇ ਸਮਝਾਈ ਹੋਈ ਹੈ ਕਿ ਉਹ ਕਿਸ ਰੂਪ ਵਿੱਚ ਪ੍ਰਮਾਤਮਾ ਦੇ ਥਾਪੇ ਹੋਏ ਸੰਤ ਹਨ ਤੇ ਬਾਅਦ ਵਿੱਚ ਉਹਨਾਂ ਸਾਧਾਂ ਸੰਤਾਂ ਦੀ ਗੱਲ ਕੀਤੀ ਹੋਈ ਹੈ ਜੋ ਜਗ੍ਹਾ- ਜਗ੍ਹਾ ਤੇ ਆਪਣੇ ਡੇਰੇ ਆਦਿ ਬਣਾ ਕੇ ਆਪ ਹੀ ਸਾਧ ਸੰਤ ਬਣੇ ਬੈਠੇ ਹਨ ਭਾਵ ਉਹਨਾਂ ਨੇ ਹੀ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਬਣਾਇਆ ਹੋਇਆ ਹੈ। ਉੱਪਰ ਪਹਿਲੇ ਸ਼ਬਦ ਰਾਹੀਂ ਸਾਨੂੰ ਸੱਚਾ ਸੰਤ ਕਿਹੋ ਜਿਹਾ ਹੁੰਦਾ ਹੈ ਉਹ ਇਸ ਤਰੀਕੇ ਨਾਲ ਸਮਝਾਇਆ ਹੈ।

"ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥"

ਜਦ ਤੱਕ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਹੈ, ਇਸ ਮਨ ਦੀ ਸੋਝੀ ਨਹੀਂ ਹੈ ਤਦ ਤੱਕ ਸਾਨੂੰ ਇਹ ਸਮਝ ਨਹੀਂ ਲੱਗ ਸਕਦੀ ਕਿ ਸੱਚਾ ਸੰਤ ਕਿਹੋ ਜਿਹਾ ਹੁੰਦਾ ਹੈ, ਗੁਰੂ ਪ੍ਰਮਾਤਮਾ ਦਾ ਰੂਪ ਕਿਸ ਕਰਕੇ ਹੈ। ਪ੍ਰਮਾਤਮਾ ਦਾ ਨਿਰਗੁਣ ਰੂਪ ਤੱਤ ਉਸਦਾ ਗਿਆਨ ਹੈ, ਉਸਦੀ ਜੋਤਿ ਹੈ, ਉਸਦਾ ਸ਼ਬਦ ਹੈ, ਉਸਦਾ

ਨਾਮ ਹੈ। ਪ੍ਰਮਾਤਮਾ ਦੇ ਇਸ ਰੂਪ ਵਿੱਚ ਮਿਲਣਾ ਹੀ ਭਾਵ ਸਮਾਉਣਾ ਹੀ ਤੱਤ ਦੇ ਨਾਲ ਤੱਤ ਦਾ ਰਲਣਾ ਹੈ, ਜੋਤਿ ਦੇ ਨਾਲ ਜੋਤਿ ਦਾ ਰਲਣਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜਿਸ ਰੂਪ ਵਿੱਚ ਗੁਰੂ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ। ਸਾਡੇ ਸਭ ਦੇ ਅੰਦਰ ਭਾਵੇਂ ਅਸੀਂ ਤ੍ਰੈਗਣਾਂ ਵਾਲੀ ਅਵੱਸਥਾ ਵਿੱਚ ਹਾਂ ਇਸ ਅਵੱਸਥਾ ਨੂੰ ਚਲਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਭਾਵ ਇਸ ਵਿੱਚ ਤੱਤ ਪਾਉਣ ਵਾਲਾ ਭਾਵ ਗਿਆਨ ਰਾਹੀਂ ਸੋਝੀ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ। ਗਿਆਨ ਤਾਂ "ਤਤ" ਗਿਆਨ ਦੀ ਸੋਝੀ ਹੈ, ਗਿਆਨ ਦਾ ਪਦਾਰਥ ਹੈ, ਗਿਆਨ ਦਾ ਅੰਜਨ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ। ਗਿਆਨ ਦੀ ਕੀਮਤ ਗਿਆਨ ਦੇ ਤੱਤ ਦੁਆਰਾ ਹੀ ਪੈਂਦੀ ਹੈ ਭਾਵ ਉਸ ਦੁਆਰਾ ਪਾਈ ਹੋਈ ਸੋਝੀ ਦੁਆਰਾ ਪੈਂਦੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਾਡੇ ਅੰਦਰ ਤੱਤ ਪ੍ਰਮਾਤਮਾ ਦਾ ਹੀ ਵਰਤਦਾ ਹੈ, ਜੋਤਿ ਪ੍ਰਮਾਤਮਾ ਦੀ ਹੀ ਵਰਤਦੀ ਹੈ, ਸ਼ਬਦ ਪ੍ਰਮਾਤਮਾ ਦਾ ਹੀ ਵਰਤਦਾ ਹੈ, ਨਾਮ ਪ੍ਰਮਾਤਮਾ ਦਾ ਹੀ ਵਰਤਦਾ ਹੈ ਪਰ ਇਹੋ ਜਿਹੀ ਸੋਝੀ ਦੁਆਰਾ ਭਾਵ ਜਦ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ ਤਾਂ ਸਾਡੀ ਸੋਝੀ ਦੇ ਵਿੱਚ ਪ੍ਰਮਾਤਮਾ ਆਪਣਾ ਪੂਰਨ ਸੱਚ ਨਹੀਂ ਪਾਉਂਦਾ ਤੇ ਸਾਨੂੰ ਭਰਮ ਵਿੱਚ, ਦੁਬਿਧਾ ਵਿੱਚ ਹੀ ਰੱਖਦਾ ਹੈ। ਜਦੋਂ ਪ੍ਰਮਾਤਮਾ ਸਾਡੇ ਤੇ ਆਪਣੀ ਕਿਰਪਾ ਕਰਦਾ ਹੈ ਉਹ ਸਾਨੂੰ ਇਸ ਤੱਤ ਵਿੱਚੋਂ ਕੱਢ ਕੇ ਆਪਣੇ ਸੱਚੇ "ਤਤੁ" ਦੇ ਨਾਲ ਮਿਲਾ ਲੈਂਦਾ ਹੈ। ਇਹ ਸੱਚਾ "ਤਤੁ" ਪ੍ਰਮਾਤਮਾ ਦੇ ਆਪਣੇ ਪ੍ਰਗਟ ਹੋਣ ਦਾ ਤੱਤ ਹੈ, ਚੌਥੇ ਪਦ ਦੇ ਗਿਆਨ ਦਾ ਤੱਤ ਹੈ। ਇਸ ਤੱਤ ਵਿੱਚ ਰਲ ਕੇ ਮਨੁੱਖ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ। ਬਦਲਦੀ ਸਾਡੀ ਸੋਝੀ ਹੀ ਹੈ, ਬਦਲਦੇ ਸਾਡੇ ਵਿਚਾਰ ਹੀ ਹਨ, ਬਦਲਦੀ ਸਾਡੀ ਮਤਿ ਹੀ ਹੈ, ਬਦਲਦੀ ਸਾਡੀ ਸੁਰਤਿ ਦੀ ਸੋਝੀ ਹੀ ਹੈ ਭਾਵ ਸਾਡੀ ਸੁਰਤਿ ਦੀ ਸੋਝੀ ਸ਼ਬਦ ਦੀ ਸੋਝੀ ਨਾਲ ਰਲ ਜਾਂਦੀ ਹੈ, ਤ੍ਰੈਗੁਣਾਂ ਵਾਲੀ ਸੋਝੀ ਚੌਥੇ ਪਦ ਦੀ ਸੋਝੀ ਦੇ ਨਾਲ ਮਿਲ ਜਾਂਦੀ ਹੈ। ਇਹ ਸ਼ਬਦ ਸੁਰਤਿ ਦਾ ਮੇਲ ਹੈ ਜੋ ਮਨ ਦੇ ਵਿੱਚ ਹੀ ਹੁੰਦਾ ਹੈ। ਮਨ ਦੀ ਇਹ ਅਵੱਸਥਾ ਹੀ ਪ੍ਰਮਾਤਮਾ ਦਾ ਗੁਰੂ ਰੂਪ ਹੈ, ਸੰਤ ਰੂਪ ਹੈ, ਸਾਧ ਰੂਪ ਹੈ ਜਿਸ ਰਾਹੀਂ ਉਹ ਆਪਣਾ ਸੱਚਾ ਗਿਆਨ, ਬ੍ਰਹਮ ਗਿਆਨ ਵੰਡਦਾ ਹੈ ਜੋ ਗਿਆਨ ਉਸਨੇ ਸਾਨੂੰ ਗੁਰਬਾਣੀ ਰਾਹੀਂ ਵੰਡਿਆ ਹੈ। ਸਾਰੀ ਗੱਲ ਸਾਡੇ ਧਿਆਨ ਦੀ, ਮਨ ਦੇ ਵਿਚਾਰਾਂ ਦੀ ਗੁਰੂ ਦੇ ਗਿਆਨ ਦੇ ਨਾਲ ਜੁੜਨ ਦੀ ਹੈ ਭਾਵ ਗੁਰੂ ਆਪਣੇ ਗਿਆਨ ਰਾਹੀਂ ਜੋ ਵਿਚਾਰ ਦਿੰਦਾ ਹੈ ਉਹਨਾਂ ਵਿਚਾਰਾਂ ਦੇ ਨਾਲ ਇੱਕ ਹੋਣ ਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਗਿਆਨ ਦੇ ਨਾਲ ਜੋੜਦਾ ਹੈ, ਤੱਤ ਦੇ ਨਾਲ ਜੋੜਦਾ ਹੈ, ਉਸ ਨੂੰ ਮਨ

ਦੇ ਧਿਆਨ ਰਾਹੀਂ ਹੀ ਜੋੜਦਾ ਹੈ ਭਾਵ ਮਨ ਦੇ ਧਿਆਨ ਵਿੱਚ, ਮਨ ਦੇ ਵਿਚਾਰਾਂ ਵਿੱਚ ਆਪਣਾ ਸੱਚਾ ਗਿਆਨ ਪਾ ਕੇ ਮਨ ਦੇ ਧਿਆਨ ਨੂੰ ਚੌਥੇ ਪਦ ਵਿੱਚ ਬਦਲ ਦਿੰਦਾ ਹੈ, ਮਨ ਦੀ ਸੋਝੀ ਨੂੰ ਚੌਥੇ ਪਦ ਵਾਲੀ ਸੋਝੀ ਬਣਾ ਦਿੰਦਾ ਹੈ। ਇਹ ਸਾਡੇ ਅੰਦਰ ਗਿਆਨੁ ਧਿਆਨੁ ਦੀ ਅਵੱਸਥਾ ਹੈ। **(ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥)**

19/2089

ਗੁਰੂ ਆਪਣੇ ਇਹੋ ਜਿਹੇ ਗਿਆਨ ਅਤੇ ਧਿਆਨ ਦੁਆਰਾ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ ਜਿਸ ਦੁਆਰਾ ਉਸਦੇ ਕੋਲ ਸੰਤ ਦਾ ਦਰਜਾ ਹੈ, ਸਾਧ ਦਾ ਦਰਜਾ ਹੈ, ਬ੍ਰਹਮ ਗਿਆਨੀ ਦਾ ਦਰਜਾ ਹੈ। ਇਹ ਦਰਜਾ ਗੁਰਬਾਣੀ ਦੇ ਕੋਲ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਇਹ ਗਿਆਨ ਧਿਆਨ ਦੀ ਅਵੱਸਥਾ ਕਿਵੇਂ ਬਣਦੀ ਹੈ।

“ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥”

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਭਗਤ ਬਣਾਇਆ ਹੈ, ਆਪਣੀ ਸੱਚੀ ਭਗਤੀ ਬਖਸ਼ੀ ਹੈ ਉਹਨਾਂ ਨੇ ਕੇਵਲ ਸੱਚ ਹੀ ਬਿਆਨ ਕੀਤਾ ਹੈ। ਆਪਣੇ ਆਪ ਕੋਈ ਨਹੀਂ ਜਾਣ ਸਕਦਾ ਕਿ ਸੱਚ ਕੀ ਹੈ ਭਾਵ ਪ੍ਰਮਾਤਮਾ ਦਾ ਸੱਚ ਕੀ ਹੈ, ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ, ਉਸਦਾ ਸਭ ਵਿੱਚ ਸਮਾਉਣ ਦਾ ਤਰੀਕਾ ਕੀ ਹੈ, ਉਸਦਾ ਗੁਣੀ ਹੋਣ ਦਾ ਤਰੀਕਾ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ, ਉਸਦਾ ਸਾਰਾ ਪਸਾਰਾ ਰਚਨ ਦਾ ਤੇ ਉਸਨੂੰ ਚਲਾਉਣ ਦਾ ਤਰੀਕਾ ਕੀ ਹੈ। ਇਹ ਸਭ ਕੁੱਝ ਉਹ ਆਪ ਹੀ ਸਮਝਾਉਂਦਾ ਹੈ। ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਸੱਚ ਹੈ। ਆਪਣਾ ਸੱਚ ਮਨ ਦੇ ਵਿੱਚ ਉਹ ਆਪ ਹੀ ਸੁਣਾ ਕੇ ਦੱਸਦਾ ਹੈ ਤੇ ਉਸ ਦੇ ਭਗਤ ਮਨ ਦੇ ਵਿੱਚ ਜੋ ਉਸਦੇ ਕੋਲੋਂ ਸੁਣਦੇ ਹਨ ਉਹੀ ਕੁੱਝ ਬਿਆਨ ਕਰਦੇ ਹਨ। ‘‘ਸਚੁ’’ ਪ੍ਰਮਾਤਮਾ ਆਪ ਹੈ ਤੇ ਉਸਦਾ ਸੱਚ ਸੱਚੇ ਦੇ ਕੋਲੋਂ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਉਸਦੇ ਭਗਤਾਂ ਨੇ ਜਾਣਿਆ ਹੈ। **(ਸਚਿ ਸਚੁ ਜਾਣੀਐ)** ਮਨ ਦੇ ਵਿੱਚ ਇਹੋ ਜਿਹਾ ਸੱਚ ਜਾਨਣ ਨਾਲ ਗੁਰੂ ਦੀ ਮਨ ਦੇ ਵਿੱਚ ਹੀ ਇੱਕ ਪ੍ਰਮਾਤਮਾ ਦੇ ਨਾਲ ਲਿਵ ਲੱਗੀ ਰਹਿੰਦੀ ਹੈ। ਲਿਵ ਲਾਉਣ ਦਾ ਤਰੀਕਾ ਉਹੀ ਹੈ ਜੋ ਅਸੀਂ ਹੁਣ ਤੱਕ ਸਮਝਦੇ ਆਏ ਹਾਂ। ਆਪਣੀ ਲਿਵ ਪ੍ਰਮਾਤਮਾ ਆਪ ਹੀ ਲਗਾਉਂਦਾ ਹੈ। ਉਸਦੇ ਸੱਚੇ ਗਿਆਨ ਨਾਲ ਲਿਵ ਲੱਗਣੀ ਹੀ, ਪੂਰਨ ਸੱਚ ਦੇ ਨਾਲ ਲਿਵ ਲੱਗਣੀ ਹੀ, ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਲਿਵ ਲੱਗਣੀ ਹੈ, ਉਸ ਪ੍ਰਮਾਤਮਾ ਦੇ ਨਾਲ, ਗੁਰੂ ਦੇ ਨਾਲ ਲਿਵ ਲੱਗਣੀ ਹੈ। ਇਹੋ ਜਿਹੀ ਲਿਵ ਲੱਗਣ ਦੇ ਨਾਲ ਫਿਰ ਕਿਸੇ ਹੋਰ ਮਨੁੱਖ ਦੇ ਨਾਲ ਅਸੀਂ ਨਹੀਂ ਜੁੜ ਸਕਦੇ ਜੋ ਭਾਵੇਂ ਸਾਨੂੰ ਦੇਖਣ ਵਿੱਚ ਜਿਤਨਾ ਮਰਜ਼ੀ ਧਰਮ ਦੇ ਮਾਰਗ ਤੇ ਉੱਚਾ ਨਜ਼ਰ ਆਵੇ। ਜਿਸ ਦੀ ਗੱਲ ਗੁਰਮਤਿ ਤੇ ਨਹੀਂ ਟਿਕਦੀ ਉਹ ਫਿਰ ਕਦੇ ਪ੍ਰਵਾਨ ਨਹੀਂ ਹੋ ਸਕਦੀ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਸੱਚ ਨੂੰ ਜਾਣਿਆ ਹੈ ਉਹਨਾਂ ਨੇ ਹੀ ਸਾਨੂੰ ਇਹ ਸਮਝਾਇਆ ਹੈ ਕਿ ਦੁਨਿਆਵੀ ਸਾਧ ਸੰਤ ਅਖਵਾਉਣ ਵਾਲੇ ਸਭ ਭਰਮ ਵਿੱਚ ਹੀ ਹਨ ਤੇ ਸਾਨੂੰ ਉਹੋ ਜਿਹੀ ਭਗਤੀ ਦੇ ਨਾਲ ਜੋੜਦੇ ਹਨ ਜਿਸਦਾ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਹੀ ਵਾਰ- ਵਾਰ ਖੰਡਨ ਕੀਤਾ ਹੋਇਆ ਹੈ। ਉਹਨਾਂ ਦੇ ਪਿੱਛੇ ਲੱਗ ਕੇ ਅਸੀਂ ਗੁਰਮਤਿ ਤੋਂ ਦੂਰ ਹੀ ਹੁੰਦੇ ਹਾਂ, ਸੱਚ ਤੋਂ ਦੂਰ ਹੀ ਹੁੰਦੇ ਹਾਂ। **(ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥)**

19/2090

ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਸੱਚੀ ਸੋਝੀ ਮਿਲਣ ਦੁਆਰਾ, ਗੁਰਮਤਿ ਨੂੰ ਜਾਣਨ ਦੁਆਰਾ ਜੋ ਦੂਸਰਿਆਂ ਨੂੰ ਉਪਦੇਸ਼ ਕਰਦੇ ਹਨ ਉਸ ਗੱਲ ਨੂੰ ਪਹਿਲੇ ਆਪ ਵੀ ਮੰਨਦੇ ਹਨ, ਆਪ ਵੀ ਉਸ ਤੇ ਪੂਰਾ ਉਤਰਦੇ ਹਨ। ਗੁਰਬਾਣੀ ਰਾਹੀਂ ਉਹਨਾਂ ਨੇ ਸਾਨੂੰ ਵਾਰ- ਵਾਰ ਇਹ ਸਮਝਾਇਆ ਹੈ ਕਿ ਔਗੁਣ ਛੱਡੇ ਬਿਨ੍ਹਾਂ, ਵਿਕਾਰਾਂ ਵਿੱਚੋਂ ਨਿਕਲੇ ਬਿਨ੍ਹਾਂ, ਮਾਇਆ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ। ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਉਸਦਾ ਭਗਤ, ਉਸਦਾ ਸੰਤ ਔਗੁਣ ਰਹਿਤ ਹੋ ਕੇ ਵਿਚਰਦਾ ਹੈ ਭਾਵ ਸੱਚ ਤੇ ਚੱਲਣ ਦੁਆਰਾ ਪ੍ਰਮਾਤਮਾ ਦਾ ਨਾਮ ਜਪਦਾ ਹੈ। **(ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥)** ਇਸੇ ਲਈ ਬਾਣੀ ਵਿੱਚ ਸਾਨੂੰ ਵਾਰ- ਵਾਰ ਸਮਝਾਇਆ ਹੈ ਕਿ ਉਸਦੀ ਭਗਤੀ, ਭਗਤੀ ਦੀ ਸੋਝੀ ਪੈਣ ਦੁਆਰਾ ਹੁੰਦੀ ਹੈ ਭਾਵ ਭਗਤੀ ਮਿਲਣ ਦੁਆਰਾ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਦਿੰਦਾ ਹੈ, ਉਸਦੀ ਸੇਵਾ ਉਸਦਾ ਸੇਵਕ ਬਣ ਕੇ ਹੀ ਹੁੰਦੀ ਹੈ ਤੇ ਆਪਣਾ ਸੇਵਕ ਉਹ ਆਪ ਹੀ ਬਣਾਉਂਦਾ ਹੈ। ਆਪਣੇ ਭਗਤ ਰੂਪ ਵਿੱਚ ਹੀ ਉਹ ਸੇਵਕ ਹੈ। ਉਸਦਾ ਨਾਮ ਮਿਲਣ ਦੁਆਰਾ ਹੀ ਉਸਦਾ ਨਾਮ ਜਪਿਆ ਜਾ ਸਕਦਾ ਹੈ। ਸਭ

ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਕੱਚੀ ਮਤਿ ਦੇ ਵਿੱਚ ਰਹਿੰਦਿਆਂ, ਭਰਮ ਵਿੱਚ ਰਹਿੰਦਿਆਂ ਸਾਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ ਤੇ ਇਸੇ ਲਈ ਸਾਨੂੰ ਵਾਰ- ਵਾਰ ਸਮਝਾਇਆ ਹੈ ਕਿ ਅਸੀਂ ਕੇਵਲ ਗੁਰੂ ਦੀ ਸੱਚੀ ਮਤਿ ਨਾਲ ਜੁੜੀਏ, ਕੇਵਲ ਨਾਮ ਨਾਲ ਜੁੜੀਏ ਤੇ ਇੱਧਰ ਉਧਰ ਨਾ ਭਟਕੀਏ। ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਉਸਨੂੰ ਛੱਡ ਕੇ ਕਿਸੇ ਹੋਰ ਤੇ ਆਪਣਾ ਵਿਸ਼ਵਾਸ ਟਿਕਾਉਣਾ ਕੇਵਲ ਸਾਡਾ ਭਰਮ ਹੈ, ਅਗਿਆਨਤਾ ਹੈ, ਮਨਮਤਿ ਹੈ, ਮਾਇਆ ਮੋਹ ਹੈ, ਕਿਸੇ ਦੇਹ ਦੇ ਨਾਲ, ਸਰਗੁਣ ਰੂਪ ਦੇ ਨਾਲ ਪਿਆਰ ਹੈ।

ਸੱਚਾ ਵਿਚਾਰ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥”

ਹੁਣ ਧਿਆਨ ਨਾਲ ਸਮਝੋ ਕਿ ਨਿਰੰਕਾਰ ਦਾ ਦੇਸ ਕਿੱਥੇ ਹੈ, ਟਿਕਾਣਾ ਕਿੱਥੇ ਹੈ ਜਿੱਥੇ ਉਹ ਰਹਿੰਦਾ ਹੈ। ਗੁਰੂ ਉਸਦੇ ਦੇਸ ਵਿੱਚ ਵੱਸਿਆ ਹੋਇਆ ਹੈ ਭਾਵ ਗੁਰੂ ਉਸਦੇ ਦੇਸ ਵਿੱਚ ਹੀ ਰਹਿੰਦਾ ਹੈ ਤੇ ਹੁਣ ਵੀ ਰਹਿ ਰਿਹਾ ਹੈ। ਜੋ ਹੈ ਹੀ “ਨਿਰੰਕਾਰ” ਉਸਦਾ ਫਿਰ ਕੋਈ ਆਕਾਰ ਕਿਵੇਂ ਹੋ ਸਕਦਾ ਹੈ, ਰੂਪ ਰੇਖ ਕਿਵੇਂ ਹੋ ਸਕਦਾ ਹੈ। ਨਿਰੰਕਾਰ ਕਿਸ ਰੂਪ ਵਿੱਚ ਆਕਾਰ ਰਹਿਤ ਹੈ ਇਸ ਗੱਲ ਨੂੰ ਉਸਦਾ ਗੁਰੂ ਰੂਪ ਹੀ ਜਾਣਦਾ ਹੈ, ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਉਹੀ ਜਾਣਦੇ ਹਨ

19/2091

ਕਿ ਉਸਦਾ ਦੇਸ ਕਿੱਥੇ ਹੈ ਤੇ ਕਿਸ ਰੂਪ ਵਿੱਚ ਹੈ। ਜਿਹੜੇ ਉਸਦੇ ਦੇਸ ਵਿੱਚ ਵੱਸੇ ਹੋਏ ਹਨ ਉਹਨਾਂ ਨੇ ਹੀ ਵਾਰ- ਵਾਰ ਸਾਨੂੰ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਦੇਸ ਸਾਡੇ ਅੰਦਰ ਹੀ ਹੈ, ਇਹ ਮਨ ਹੀ ਹੈ ਜਿੱਥੇ ਬੈਠ ਕੇ ਉਹ ਸਾਰੀ ਸੋਝੀ ਪਾਉਂਦਾ ਹੈ, ਆਪਣਾ ਹੁਕਮ ਬੁਝਾਉਂਦਾ ਹੈ, ਆਪਣੇ ਵਿਚਾਰ ਦਿੰਦਾ ਹੈ। ਉਸਦੇ ਭਗਤਾਂ ਨੇ ਉਸਦੇ ਦੇਸ ਵਿੱਚ ਵੱਸ ਕੇ ਹੀ ਉਸਦੇ ਹੁਕਮ ਨੂੰ ਬੁੱਝਿਆ ਹੈ ਤੇ ਉਸ ਦੇ ਸੱਚੇ ਵਿਚਾਰ ਪ੍ਰਾਪਤ ਕੀਤੇ ਹਨ ਤੇ ਆਪਣੇ ਉਹੀ ਵਿਚਾਰ ਉਹਨਾਂ ਨੇ ਸਾਨੂੰ ਗੁਰਬਾਣੀ ਰਾਹੀਂ ਦਿੱਤੇ ਹਨ। **(ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥)** ਜਿਹੜੇ ਪ੍ਰਮਾਤਮਾ ਦਾ ਦੇਸ, ਉਸਦਾ ਸੱਚਖੰਡ ਕਿਸੇ ਸਰਗੁਣ ਰੂਪ ਵਿੱਚ ਸਮਝਦੇ ਹਨ ਉਹ ਅਸਲ ਵਿੱਚ ਕਿਤਨੇ ਕੁ ਭਰਮੇ ਹੋਏ ਹਨ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ, ਗਿਆਨ ਰੂਪ ਨੂੰ ਜਾਣਨ ਤੋਂ ਬਾਅਦ ਹੀ ਪੈ ਸਕਦੀ ਹੈ। ਨਾ ਸਮਝੀ ਕਰਕੇ ਅਸੀਂ ਇਹੋ ਜਿਹਿਆਂ ਦੇ ਪਿੱਛੇ ਲੱਗ ਜਾਂਦੇ ਹਾਂ, ਉਹਨਾਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝ ਬੈਠਦੇ ਹਾਂ ਭਾਵੇਂ ਉਹਨਾਂ ਦੀ ਗੱਲ ਗੁਰਮਤਿ ਤੇ ਰੱਤੀ ਭਰ ਵੀ ਪੂਰੀ ਨਹੀਂ ਉੱਤਰਦੀ। ਇਹੋ ਜਿਹੇ ਪ੍ਰਮਾਤਮਾ ਦੀਆਂ ਗੱਲਾਂ ਕਰਨ ਵਾਲੇ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ, ਅੱਖਰ ਦੇ ਜਪ ਨਾਲ ਜੋੜਦੇ ਹਨ ਜੋ ਕਿ ਗੁਰਮਤਿ ਦੇ ਬਿਲਕੁਲ ਉਲਟ ਹੈ। ਜਿੰਨ੍ਹਾਂ ਨੇ ਨਿਰੰਕਾਰ ਦਾ ਦੇਸ ਦੇਖਿਆ ਹੋਇਆ ਹੈ ਉਹਨਾਂ ਨੇ ਸਾਨੂੰ ਇਹੋ ਜਿਹੀ ਭਗਤੀ ਦੇ ਤਰੀਕਿਆਂ ਵਿੱਚੋਂ ਨਿਕਲਣ ਲਈ ਹੀ ਸਮਝਾਇਆ ਹੈ।

ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣਿਆ ਹੈ ਉਹਨਾਂ ਨੇ ਫਿਰ ਆਪਣੇ ਆਪ ਨੂੰ ਉੱਚਾ ਨਹੀਂ ਕਿਹਾ ਬਲਕਿ ਆਪਣੇ ਮਾਣ ਦਾ ਕਾਰਨ ਪ੍ਰਮਾਤਮਾ ਦੇ ਪ੍ਰਗਟ ਹੋਣ ਨੂੰ ਦੱਸਿਆ ਹੈ ਜਿਸ ਪ੍ਰਮਾਤਮਾ ਨੇ ਉਹਨਾਂ ਨੂੰ ਆਪਣਾ ਉੱਚਾ ਗਿਆਨ ਬਖਸ਼ ਕੇ ਮਾਣ ਕੇ ਯੋਗ ਬਣਾਇਆ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥”

ਗੁਰਬਾਣੀ ਦੀ ਰਚਨਾ ਕਲਜੁਗ ਦੇ ਵਿੱਚ ਹੋਈ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਨਿਰਗੁਣ ਰੂਪ ਦਾ ਗਿਆਨ ਕੀਤਾ ਗਿਆ ਹੈ। ਉਸ ਤੋਂ ਪਹਿਲਾਂ ਵੇਦਾਂ ਸ਼ਾਸਤਰਾਂ ਆਦਿ ਦੇ ਮੁਤਾਬਿਕ ਪ੍ਰਮਾਤਮਾ ਨੂੰ ਸਰਗੁਣ ਰੂਪ ਵਿੱਚ ਹੀ ਸਮਝਿਆ ਜਾਂਦਾ ਰਿਹਾ ਹੈ। ਇਸ ਭਰਮ ਵਿੱਚੋਂ ਸਾਨੂੰ ਗੁਰਬਾਣੀ ਨੇ ਹੀ ਕੱਢਿਆ ਹੈ ਕਿ ਪ੍ਰਮਾਤਮਾ ਅਸਲ ਵਿੱਚ ਨਿਰਗੁਣ ਰੂਪ ਹੈ। ਜਿੰਨ੍ਹਾਂ ਨੇ ਵੀ ਭਾਵ ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉੱਥੇ ਪ੍ਰਮਾਤਮਾ ਨੇ ਆਪਣਾ ਨਿਰਗੁਣ ਰੂਪ, ਸ਼ਬਦ ਰੂਪ, ਗਿਆਨ ਰੂਪ ਪ੍ਰਗਟ ਕਰਕੇ ਹੀ ਇਹ ਰਚਨਾ ਕਰਵਾਈ ਹੈ ਤੇ ਸੰਸਾਰ ਨੂੰ ਆਪਣਾ ਨਿਰਗੁਣ ਰੂਪ

19/2092

ਸਮਝਾਇਆ ਹੈ, ਆਪਣਾ ਅਸਲ ਰੂਪ ਸਮਝਾਇਆ ਹੈ ਜਿਸ ਰੂਪ ਨੂੰ ਗੁਰਬਾਣੀ ਦੀ ਰਚਨਾ ਹੋਣ ਤੋਂ ਪਹਿਲੇ ਕੋਈ ਨਹੀਂ ਸੀ ਜਾਣਦਾ। ਇਸੇ ਲਈ ਹੁਣ ਤੱਕ ਲੋਕ ਆਪਣੀ ਪੁਰਾਣੀ ਭਾਵਨੀ ਅਨੁਸਾਰ, ਪੁਰਾਣੇ ਖਿਆਲਾਂ ਅਨੁਸਾਰ, ਸੁਣੀਆਂ ਸੁਣਾਈਆਂ ਗੱਲਾਂ ਅਨੁਸਾਰ, ਵੇਦਾਂ ਸ਼ਾਸਤਰਾਂ ਰਾਹੀਂ ਆਈਆਂ ਗੱਲਾਂ ਅਨੁਸਾਰ ਪ੍ਰਮਾਤਮਾ ਨੂੰ ਕੋਈ ਸਰਗੁਣ ਰੂਪ ਹੀ ਸਮਝਦੇ ਹਨ ਤੇ ਸਰਗੁਣ ਰੂਪ ਦੀ ਵਡਿਆਈ ਹੀ ਕਰਦੇ ਹਨ। ਪ੍ਰਮਾਤਮਾ ਦਾ ਅਸਲ ਰੂਪ ਸਮਝ ਆਉਣ ਤੋਂ ਬਾਅਦ ਹੀ ਪਤਾ ਲੱਗਦਾ ਹੈ

ਕਿ ਸਾਰੀ ਵਡਿਆਈ ਸ਼ਬਦ ਰੂਪ ਦੀ ਹੈ ਜਿਸ ਕਰਕੇ ਮਨੁੱਖੀ ਦੇਹ ਨੂੰ ਮਾਣ ਮਿਲਦਾ ਹੈ। ਇਸੇ ਲਈ ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਸ਼ਬਦ ਰੂਪ ਰਾਹੀਂ ਪ੍ਰਗਟ ਕੀਤਾ ਹੈ, ਬ੍ਰਹਮ ਗਿਆਨ ਰੂਪ ਰਾਹੀਂ ਪ੍ਰਗਟ ਕੀਤਾ ਹੈ ਉਹਨਾਂ ਨੇ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਹੈ ਤੇ ਉਸਦਾ ਸੱਚਾ ਰੂਪ ਬਿਆਨ ਕੀਤਾ ਹੈ ਤੇ ਉਸੇ ਨੂੰ ਹੀ ਗੁਰੂ ਹੋਣ ਦਾ ਮਾਣ ਦਿੱਤਾ ਹੈ ਜੋ ਅਸਲ ਵਿੱਚ ਆਪ ਹੀ ਗੁਰੂ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਸ਼ਬਦ ਰੂਪ ਸਾਨੂੰ ਨਜ਼ਰ ਨਹੀਂ ਆਉਂਦਾ ਪਰ ਨਜ਼ਰ ਉਹ ਸਰਗੁਣ ਸਰੂਪ ਹੀ ਆਉਂਦਾ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੁੰਦਾ ਹੈ। ਉਸ ਸਰਗੁਣ ਸਰੂਪ ਨੂੰ ਮਾਣ ਦੇਣਾ ਸੱਚਾ ਮਾਣ ਹੈ ਕਿਉਂਕਿ ਉਸ ਦੇ ਅੰਦਰ ਸੱਚ ਹੈ ਜੋ ਕੇਵਲ ਸੱਚ ਦੀ ਹੀ ਗੱਲ ਕਰਦਾ ਹੈ, ਸੰਸਾਰ ਨੂੰ ਸੱਚ ਹੀ ਸਮਝਾਉਂਦਾ ਹੈ ਤੇ ਸਭ ਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਨਾਲ, ਸ਼ਬਦ ਰੂਪ ਨਾਲ ਜੋੜਦਾ ਹੈ। ਜਿਸ ਨੂੰ ਪ੍ਰਮਾਤਮਾ ਇਸ ਮਾਣ ਦੇ ਯੋਗ ਬਣਾਉਂਦਾ ਹੈ ਉਸ ਨੂੰ ਮਾਣ ਦੇਣਾ ਸੱਚਾ ਮਾਣ ਹੈ ਜਿਵੇਂ ਕਿ ਗੁਰਬਾਣੀ ਰਾਹੀਂ ਗੁਰੂ ਸਾਹਿਬਾਨ ਨੇ, ਭਗਤਾਂ ਦੇ ਮਾਣ ਦੀ ਗੱਲ ਕੀਤੀ ਗਈ ਹੈ। **(ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥)**

ਜੋ ਸਾਨੂੰ ਪ੍ਰਮਾਤਮਾ ਦਾ ਕੋਈ ਸਰਗੁਣ ਰੂਪ ਸਮਝਾਉਂਦੇ ਹਨ ਉਹ ਸਾਨੂੰ ਸੱਚ ਤੋਂ ਦੂਰ ਹੀ ਕਰਦੇ ਹਨ ਤੇ ਇਸੇ ਲਈ ਉਹਨਾਂ ਨੂੰ ਮਾਣ ਦੇਣਾ ਝੂਠਾ ਮਾਣ ਹੈ। ਇਹੋ ਜਿਹੇ ਭਰਮੇ ਹੋਏ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਵੀ ਸਰਗੁਣ ਰੂਪ ਹੀ ਸਮਝਾਉਂਦੇ ਹਨ, ਸਰੀਰਕ ਕਿਰਿਆਵਾਂ ਆਦਿ ਹੀ ਸਮਝਾਉਂਦੇ ਹਨ, ਪ੍ਰਮਾਤਮਾ ਨੂੰ ਪਾਉਣ ਵਿੱਚ ਆਪਣਾ ਕੋਈ ਜ਼ੋਰ ਸਮਝਦੇ ਹਨ ਜਦ ਕਿ ਉਸ ਨੂੰ ਪਾਉਣ ਦਾ ਵਿਸ਼ਾ ਕੇਵਲ ਤੇ ਕੇਵਲ "ਗੁਰ ਪ੍ਰਸਦਿ" ਹੈ, ਉਸਦੀ ਆਪਣੀ ਰਜ਼ਾ ਹੈ। ਸਰਗੁਣ ਤਰੀਕਿਆਂ ਦੇ ਨਾਲ ਅਸੀਂ ਕੇਵਲ ਭਗਤੀ ਦਾ ਦਿਖਾਵਾ ਕਰਦੇ ਹਾਂ ਜਦ ਕਿ ਭਗਤੀ ਸਾਡੀ ਸੰਸਾਰਿਕ ਵਿਚਰਨ ਦੇ ਵਿੱਚ ਹੈ, ਸਾਡੀ ਸੱਚੀ ਸੁੱਚੀ ਨੀਅਤ ਦੇ ਵਿੱਚ ਹੈ ਜਿਸ ਦੀ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। ਭਗਤੀ ਦੇ ਦਿਖਾਵਿਆਂ ਦੇ ਜ਼ੋਰ ਤੇ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਪਾ ਸਕਦਾ ਹੈ ਕਿਉਂਕਿ ਇਹ ਪ੍ਰਮਾਤਮਾ ਨੂੰ

ਪਾਉਣ ਦਾ ਤਰੀਕਾ ਨਹੀਂ ਹੈ ਜਿਵੇਂ ਕਿ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਵਾਰ- ਵਾਰ ਸਮਝਾਇਆ ਗਿਆ ਹੈ।

ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਸੱਚੇ ਦਰਸ਼ਨ ਹੋਏ ਹਨ ਉਹਨਾਂ ਨੂੰ ਨਿਰਗੁਣ ਰੂਪ ਵਿੱਚ ਹੀ ਹੋਏ ਹਨ ਜਿਵੇਂ ਕਿ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥੧॥੧੯॥"

ਉਪਰਲੀਆਂ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਦੇ ਦਰਸ਼ਨ ਕਿਸ ਰੂਪ ਵਿੱਚ ਹੁੰਦੇ ਹਨ। ਧੰਨ- ਧੰਨ ਭੱਟ ਭਿਖਾ ਜੀ ਸਾਨੂੰ ਸਮਝਾ ਰਹੇ ਹਨ ਕਿ ਉਹਨਾਂ ਨੂੰ ਦਰਸ਼ਨ ਕਿਸ ਰੂਪ ਵਿੱਚ ਦਿੰਦੇ ਹਨ। ਉਹ ਸਾਨੂੰ ਸਮਝਾ ਰਹੇ ਹਨ ਕਿ ਜਿਸ ਰੂਪ ਵਿੱਚ "ਗੁਰੂ" ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ ਉਸੇ ਰੂਪ ਵਿੱਚ ਮੈਂ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹਾਂ। ਜੋ ਰੂਪ ਸਾਨੂੰ ਪ੍ਰਮਾਤਮਾ ਦਾ ਗੁਰੂ ਸਾਹਿਬ ਸਮਝਾ ਰਹੇ ਹਨ ਉਹੀ ਰੂਪ ਪ੍ਰਮਾਤਮਾ ਦਾ ਮੈਂ ਕਹਿ ਰਿਹਾ ਹਾਂ ਭਾਵ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਇੱਕੋ ਹੀ ਹੈ ਕੋਈ ਵੱਖਰਾ- ਵੱਖਰਾ ਨਹੀਂ ਹੋ ਸਕਦਾ। ਪ੍ਰਮਾਤਮਾ ਸਾਨੂੰ ਮਨ ਦੇ ਵਿੱਚ ਮਿਲਦਾ ਹੈ, ਸਹਜ ਗਿਆਨ ਦੀ ਅਵੱਸਥਾ ਵਿੱਚ ਮਿਲਦਾ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਵਿੱਚ ਮਿਲਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਰੰਗ ਵਿੱਚ ਜੋੜਦਾ ਹੈ ਉਸ ਨੂੰ ਆਪਣਾ ਸਹਜ ਦਾ ਰੰਗ ਬਖਸ਼ਦਾ ਹੈ। ਪ੍ਰਮਾਤਮਾ ਦਾ "ਰੰਗਿ" ਉਸਦਾ ਗਿਆਨ ਹੈ, ਬ੍ਰਹਮ ਗਿਆਨ ਹੈ, ਗੁਰਮਤਿ ਦਾ ਸੱਚਾ ਗਿਆਨ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੇ ਦਰਸ਼ਨ ਦਿੰਦਾ ਹੈ ਆਪਣੇ ਇਸ ਰੂਪ ਦੁਆਰਾ ਹੀ ਦਿੰਦਾ ਹੈ, ਮਨ ਦੇ ਵਿੱਚ ਹੀ ਦਿੰਦਾ ਹੈ। ਪ੍ਰਮਾਤਮਾ ਸਾਡੇ ਅੰਦਰ ਸਹਜ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਪ੍ਰਮਾਤਮਾ ਦਾ ਉਹੀ ਰੂਪ ਭੱਟ ਭਿਖਾ ਜੀ ਬਿਆਨ ਕਰ ਰਹੇ ਹਨ। **(ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥੧॥੧੯॥)**

{ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥}

(ਅੰਗ ੧੦੨੨)

ਉੱਪਰ ਪੂਰੇ ਸ਼ਬਦ ਰਾਹੀਂ ਅਸੀਂ ਉਹਨਾਂ ਦੀ ਅਵੱਸਥਾ ਨੂੰ ਜਾਣਿਆ ਹੈ ਜਿੰਨ੍ਹਾਂ ਦਾ ਮੇਲ ਪ੍ਰਮਾਤਮਾ ਦੇ ਨਾਲ ਹੋਇਆ ਹੋਇਆ ਹੈ, ਜਿਹੜੇ ਪ੍ਰਮਾਤਮਾ ਦੇ ਦੇਸ ਵਿੱਚ ਵੱਸੇ ਹੋਏ ਹਨ, ਜਿੰਨ੍ਹਾਂ ਨੇ ਸੱਚ ਨੂੰ ਜਾਣਿਆ ਹੋਇਆ ਹੈ, ਜਿੰਨ੍ਹਾਂ ਦਾ ਤੱਤ ਦੇ ਨਾਲ ਤਤੁ ਰਲਿਆ ਹੋਇਆ ਹੈ, ਜਿੰਨ੍ਹਾਂ ਨੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਿਆ ਹੋਇਆ ਹੈ, ਜਿੰਨ੍ਹਾਂ ਨੇ ਆਪਣੇ ਵਿਚਾਰ ਪ੍ਰਮਾਤਮਾ ਦੇ ਕੋਲੋਂ ਸੁਣ ਕੇ ਸਾਨੂੰ ਗੁਰਬਾਣੀ ਰਾਹੀਂ ਦਿੱਤੇ ਹੋਏ ਹਨ, ਜਿੰਨ੍ਹਾਂ ਨੂੰ ਚੌਥੇ ਪਦ

19/2094

ਦੀ ਅਵੱਸਥਾ ਪ੍ਰਾਪਤ ਹੈ, ਬ੍ਰਹਮ ਗਿਆਨ ਦੀ ਅਵੱਸਥਾ ਪ੍ਰਾਪਤ ਹੈ। ਉਹਨਾਂ ਦੀ ਇਸ ਅਵੱਸਥਾ ਕਰਕੇ ਪ੍ਰਮਾਤਮਾ ਨੇ ਉਹਨਾਂ ਨੂੰ ਧਰਮ ਸਮਝਾਉਣ ਦਾ ਠੇਕਾ ਦਿੱਤਾ ਹੋਇਆ ਹੈ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਆਪ ਧਰਮ ਦੀ ਸੋਝੀ ਪਾਈ ਹੈ ਉਹਨਾਂ ਨੂੰ ਹੀ ਆਪਣਾ ਧਰਮ ਦਾ ਠੇਕੇਦਾਰ ਥਾਪਿਆ ਹੋਇਆ ਹੈ ਤੇ ਇਸੇ ਲਈ ਉਨ੍ਹਾਂ ਸਾਰਿਆਂ ਦੇ ਵਿਚਾਰ ਇੱਕੋ ਜਿਹੇ ਹਨ ਕਿਉਂਕਿ ਉਹਨਾਂ ਸਭ ਨੂੰ ਪ੍ਰਮਾਤਮਾ ਦੇ ਦਰਸ਼ਨ ਇੱਕੋ ਰੂਪ ਵਿੱਚ ਹੀ ਹੋਏ ਹਨ ਭਾਵ ਸਭ ਦੀ ਸੋਝੀ ਦਾ ਸਰੋਤ, ਗੁਰਬਾਣੀ ਦੀ ਰਚਨਾ ਕਰਨ ਵਾਲੇ ਸਾਰੇ ਸਰੀਰਾਂ ਦੀ ਸੋਝੀ ਦਾ ਸਰੋਤ ਇੱਕੋ ਹੀ ਹੈ ਭਾਵ ਸਹਜ ਗਿਆਨ ਹੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵਿਚਰਦਾ ਹੈ।

ਗੁਰਬਾਣੀ ਬੜੀ ਕਮਾਲ ਦੀ ਰਚਨਾ ਹੈ। ਇਹ ਸਾਨੂੰ ਸੱਚ- ਝੂਠ ਦਾ ਨਿਸਤਾਰਾ ਬੜੇ ਹੀ ਡੂੰਘੇ ਢੰਗ ਨਾਲ ਕਰ ਕੇ ਸਮਝਾਉਂਦੀ ਹੈ। ਉਪਰਲੇ ਸ਼ਬਦ ਵਿੱਚ ਸਾਨੂੰ ਸੱਚੇ ਸੰਤਾਂ ਦੀ ਸੋਝੀ ਪਾਉਣ ਤੋਂ ਬਾਅਦ, ਸੱਚੇ ਸਾਧ ਦੀ ਸੋਝੀ ਪਾਉਣ ਤੋਂ ਬਾਅਦ ਹੁਣ ਅਗਲੇ ਸ਼ਬਦ ਰਾਹੀਂ ਉਹਨਾਂ ਸੰਤਾਂ, ਸਾਧਾਂ ਬਾਰੇ ਸਮਝਾਇਆ ਹੋਇਆ ਹੈ ਜੋ ਆਪ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਨ ਤੇ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਅਸਲ ਰੂਪ ਦੀ ਬਿਲਕੁਲ ਵੀ ਸੋਝੀ ਨਹੀਂ ਹੁੰਦੀ ਕਿ ਉਸ ਦੇ ਨਾਲ ਮੇਲ ਕਿਸ ਰੂਪ ਵਿੱਚ ਹੁੰਦਾ ਹੈ ਭਾਵ ਜੋ ਕੇਵਲ ਝੂਠਾ ਮਾਣ ਲੈਂਦੇ ਹਨ। ਉਹਨਾਂ ਨੂੰ ਮਾਣ ਦੇਣ ਵਾਲੇ ਵੀ ਉਹੋ ਜਿਹੇ ਹੁੰਦੇ ਹਨ ਜਿੰਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੁੰਦੀ।

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥}

(ਅੰਗ ੧੨੮੬)

ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਥਾਪਣ ਵਾਲੇ ਹਰ ਸਮੇਂ ਵਿੱਚ ਵਿਚਰਦੇ ਰਹੇ ਹਨ ਤੇ ਅੱਜ ਵੀ ਵਿਚਰ ਰਹੇ ਹਨ। ਇਹਨਾਂ ਦੀ ਗੱਲ ਸਾਨੂੰ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਇਹਨਾਂ ਦੀਆਂ ਗੱਲਾਂ ਵਿੱਚ ਨਾ ਆਈਏ ਤੇ ਕੇਵਲ ਉਸ ਦੇ ਨਾਲ ਜੁੜੀਏ ਜਿਸ ਦੇ ਕੋਲ ਧਰਮ ਦੀ ਸੱਚੀ ਸੋਝੀ ਹੈ, ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਹੈ ਭਾਵ ਕੇਵਲ ਗੁਰਬਾਣੀ ਦੀ ਸਿੱਖਿਆ ਦੇ ਨਾਲ ਜੁੜੀਏ।

“ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥੨॥੨੦॥”

(ਅੰਗ ੧੩੯੫)

19/2095

ਉੱਪਰ ਸ਼ਬਦ ਰਾਹੀਂ ਗੁਰੂ ਸਾਹਿਬ ਨੇ ਸੁਚੇਤ ਹੀ ਕੀਤਾ ਹੈ ਕਿ ਆਪਣੇ ਆਪ ਨੂੰ ਸਾਧ- ਸੰਤ ਅਖਵਾਉਣ ਵਾਲਿਆਂ ਦੀ ਕਮੀ

ਨਹੀਂ ਹੈ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ। ਸਿੱਖ ਜਗਤ ਵਿੱਚ ਵੀ ਇਹਨਾਂ ਲੋਕਾਂ ਦੀ ਗਿਣਤੀ ਕੋਈ ਘੱਟ ਨਹੀਂ ਹੈ ਜੋ ਕਿ ਸਭ ਦੇ ਸਾਹਮਣੇ ਹੈ। ਇਹਨਾਂ ਵਿੱਚ ਉਹ ਵੀ ਹਨ ਜਿੰਨ੍ਹਾਂ ਨੇ ਘਰ ਛੱਡ ਕੇ, ਗ੍ਰਹਿਸਥ ਛੱਡ ਕੇ ਸੰਨਿਆਸ ਵਾਲਾ ਜੀਵਨ ਧਾਰਿਆ ਹੋਇਆ ਹੈ ਤੇ ਬਹੁਤੇ ਸਰੀਰਕ ਤਪ ਨਾਲ ਜੁੜੇ ਹੋਏ ਹਨ ਜੋ ਅਨੇਕਾਂ ਵਰਸ਼ ਤਪ ਕਰਨ ਦੀਆਂ ਗੱਲਾਂ ਕਰਦੇ ਹਨ। ਗੁਰਬਾਣੀ ਵਿੱਚ ਇਹਨਾਂ ਤਰੀਕਿਆਂ ਨੂੰ ਭਗਤੀ ਦਾ ਮਾਰਗ ਨਹੀਂ ਦੱਸਿਆ ਤੇ ਇਸੇ ਲਈ ਉੱਪਰ ਸ਼ਬਦ ਰਾਹੀਂ ਵੀ ਖੰਡਿਆ ਹੋਇਆ ਹੈ। ਆਪਣੇ ਆਪ ਨੂੰ ਜੋ ਉੱਚਾ ਥਾਪਦੇ ਹਨ ਇਹੋ ਜਿਹੇ ਤਰੀਕਿਆਂ ਰਾਹੀਂ ਹੀ ਥਾਪਦੇ ਹਨ ਤੇ ਇਹੋ ਜਿਹਿਆਂ ਦੇ ਬੋਲ ਸਾਨੂੰ ਮਿੱਠੇ ਲੱਗਦੇ ਹਨ ਭਾਵ ਅਸੀਂ ਇਹਨਾਂ ਦੇ ਦਿਖਾਵੇ ਤੋਂ ਇਹਨਾਂ ਨੂੰ ਉੱਚਾ ਮੰਨ ਲੈਂਦੇ ਹਾਂ। **(ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥)** ਅਸੀਂ ਇਹਨਾਂ ਨੂੰ ਪੰਡਿਤ ਭਾਵ ਧਰਮ ਦੇ ਵਿਦਵਾਨ ਸਮਝਦੇ ਹਾਂ ਤੇ ਇਹਨਾਂ ਦੇ ਬੋਲੇ ਹੋਏ ਬਚਨਾਂ ਨੂੰ ਮਿੱਠਾ ਕਰਕੇ ਮੰਨਦੇ ਹਾਂ। ਅਗਲੀਆ ਪੰਗਤੀਆਂ ਰਾਹੀਂ ਸਾਨੂੰ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਬਾਹਰੋਂ ਜਿਤਨਾ ਮਰਜ਼ੀ ਖੋਜ ਲਵੋ ਪਰ ਤੁਹਾਨੂੰ ਕਿਧਰੇ ਸੱਚਾ ਸੰਤ ਨਹੀਂ ਮਿਲ ਸਕਦਾ, ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ, ਆਪਣੇ ਆਪ ਨੂੰ ਉੱਚਾ ਕਹਿਣ ਵਾਲੇ ਸੰਤ ਨਹੀਂ ਹੋ ਸਕਦੇ। ਸੱਚੇ ਸੰਤ ਕਿਹੋ ਜਿਹੇ ਹੁੰਦੇ ਹਨ ਇਹ ਸਾਨੂੰ ਪਹਿਲੇ ਹੀ ਉੱਪਰ ਸ਼ਬਦ ਵਿੱਚ ਸਮਝਾਇਆ ਹੈ। ਇਹੋ ਜਿਹੇ ਕੋਈ ਵੀ ਸੱਚ ਦੀ ਰਹਿਤ ਤੇ ਭਾਵ ਜਿਹੋ ਜਿਹਾ ਸੱਚ ਗੁਰਬਾਣੀ ਸਮਝਾਉਂਦੀ ਹੈ ਇਹ ਉਸ ਤੇ ਪੂਰੇ ਨਹੀਂ ਉਤਰ ਸਕਦੇ। ਸੱਚ ਤੇ ਪੂਰਾ ਉਹੀ ਉਤਰ ਸਕਦਾ ਹੈ ਜਿਸ ਦੇ ਅੰਦਰ ਸੱਚ ਪ੍ਰਗਟ ਹੋਇਆ ਹੁੰਦਾ ਹੈ ਭਾਵ ਪ੍ਰਮਾਤਮਾ ਆਪ ਪ੍ਰਗਟ ਹੋਇਆ ਹੁੰਦਾ ਹੈ। ਅਗਿਆਨਤਾ ਵਿੱਚ ਇਹਨਾਂ ਨੂੰ ਸੰਤ ਕਹਿਣ ਵਾਲੇ ਬਹੁਤ ਹਨ ਜੋ ਇਹਨਾਂ ਦੀਆਂ ਗੱਲਾਂ ਨੂੰ ਮੰਨਦੇ ਹਨ ਤੇ ਇਹਨਾਂ ਦਾ ਪ੍ਰਚਾਰ ਵੀ ਕਰਦੇ ਹਨ ਪਰ ਅਸਲ ਵਿੱਚ ਉਸ ਪ੍ਰਮਾਤਮਾ ਦੀ ਕਸਵੱਟੀ ਤੇ ਇਹ ਸੰਤ- ਸਾਧ ਅਖਵਾਉਣ ਵਾਲੇ ਪੂਰੇ ਨਹੀਂ ਉਤਰਦੇ। **(ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥)**

ਇਹੋ ਜਿਹੇ ਸੰਤ- ਸਾਧ ਅਖਵਾਉਣ ਵਾਲੇ ਕਦੇ ਪ੍ਰਮਾਤਮਾ ਦੀ ਖੁਸ਼ੀ ਨਹੀਂ ਲੈ ਸਕਦੇ ਕਿਉਂਕਿ ਅਸਲ ਵਿੱਚ ਇਹ ਪ੍ਰਮਾਤਮਾ ਦੇ ਸ਼ਰੀਕ ਬਣ ਕੇ ਝੂਠਾ ਮਾਣ ਲੈਂਦੇ ਹਨ, ਆਪਣੇ ਆਪ ਨੂੰ ਉੱਚਾ ਸਾਬਿਤ ਕਰਦੇ ਹਨ ਤੇ ਆਪਣੀ- ਆਪਣੀ ਮਤਿ ਅਨੁਸਾਰ ਸਿੱਖਿਆ ਦਿੰਦੇ ਹਨ, ਆਪਣੀ- ਆਪਣੀ ਮਰਿਆਦਾ

19/2096

ਨੂੰ ਉੱਚਾ ਕਰਦੇ ਹਨ, ਉਹੋ ਜਿਹੇ ਭਗਤੀ ਦੇ ਤਰੀਕੇ ਸਮਝਾਉਂਦੇ ਹਨ, ਸਰੀਰਕ ਜਪ- ਤਪ ਆਦਿ ਸਮਝਾਉਂਦੇ ਹਨ, ਸ਼ਬਦਾਂ ਦੀਆਂ ਕਿਰਿਆਵਾਂ ਨਾਲ ਜੋੜਦੇ ਹਨ ਜੋ ਕਿ ਅਸਲ ਵਿੱਚ ਧਰਮ ਦਾ ਮਾਰਗ ਹੀ ਨਹੀਂ ਹੈ। ਇਹਨਾਂ ਨੇ ਆਪਣਾ ਉੱਚਾ ਰੁਤਬਾ ਹੀ ਉਹਨਾਂ ਗੱਲਾਂ ਨਾਲ ਬਣਾਇਆ ਹੋਇਆ ਹੈ ਜੋ ਭਗਤੀ ਦਾ ਮਾਰਗ ਹੀ ਨਹੀਂ ਹੈ। ਇਸੇ ਲਈ ਸਾਨੂੰ ਗੁਰੂ ਸਾਹਿਬ ਨੇ ਪਿੱਛੇ ਸ਼ਬਦ ਰਾਹੀਂ ਸਮਝਾਇਆ ਹੈ ਕਿ ਉਸ ਪ੍ਰਮਾਤਮਾ ਦਾ "ਸਾਧੂ, "ਸੰਤੁ", "ਸੁਜਾਣੁ" ਉਹੀ ਹੈ ਜਿਸ ਨੂੰ ਪ੍ਰਮਾਤਮਾ ਨੇ ਆਪ ਉਸ ਦੇ ਅੰਦਰ ਪ੍ਰਗਟ ਹੋ ਕੇ ਇਹ ਪਦਵੀਂ ਦਿੱਤੀ ਹੋਈ ਹੈ। ਪ੍ਰਮਾਤਮਾ ਨੂੰ ਉਹੀ ਪਹਿਚਾਣਦੇ ਹਨ ਭਾਵ ਆਪਣੇ ਅੰਦਰੋਂ ਉਹੀ ਪਹਿਚਾਣਦੇ ਹਨ ਜਿੰਨ੍ਹਾਂ ਤੇ ਪ੍ਰਮਾਤਮਾ ਨੇ ਆਪਣੀ ਕਿਰਪਾ ਕਰ ਕੇ ਇਹ ਰੁਤਬਾ ਬਖਸ਼ਿਆ ਹੋਇਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਰੁਤਬਾ ਬਖਸ਼ਿਆ ਹੈ ਉਹਨਾਂ ਨੇ ਹੀ ਗੁਰਬਾਣੀ ਰੂਪ ਸੰਤ ਦੀ, ਸਾਧ ਦੀ ਰਚਨਾ ਕਰ ਕੇ ਉਸ ਵਿੱਚ ਬ੍ਰਹਮਗਿਆਨੀ ਦਾ ਬ੍ਰਹਮਗਿਆਨ ਪਾਇਆ ਹੈ। ਆਪਣੇ ਇਸ ਬ੍ਰਹਮਗਿਆਨ ਦੁਆਰਾ ਹੀ ਗੁਰਬਾਣੀ ਸਾਰੇ ਸੰਸਾਰ ਦਾ ਸੰਤ ਹੈ, ਸਾਧ ਹੈ, ਬ੍ਰਹਮਗਿਆਨੀ ਹੈ ਜਿਸਨੂੰ ਪ੍ਰਮਾਤਮਾ ਨੇ ਆਪ ਹੀ ਇਹ ਰੁਤਬਾ ਬਖਸ਼ਿਆ ਹੋਇਆ ਹੈ।

{ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਣੀ॥
ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਣੀ॥੩॥}

(ਅੰਗ ੯੨੫)

ਆਪਣੇ ਆਪ ਨੂੰ ਸੰਤ- ਸਾਧ ਅਖਵਾ ਕੇ ਉੱਚਾ ਕਰਨ ਵਾਲਿਆਂ ਬਾਰੇ ਗੁਰੂ ਸਾਹਿਬ ਦਾ ਆਪਣਾ ਫੁਰਮਾਨ ਕੀ ਹੈ ਇਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥"

ਸਭ ਤੋਂ ਪਹਿਲੀ ਗੱਲ ਇਹੀ ਹੈ ਕਿ ਜੋ ਆਪਣੇ ਆਪ ਨੂੰ ਸੰਤ ਆਦਿ ਅਖਵਾਉਂਦਾ ਹੈ ਉਸਨੂੰ ''ਹਰਿ ਨਾਮੁ'' ਦੀ ਸਮਝ ਨਹੀਂ ਹੈ। ਜਪਵਾਉਣ ਨੂੰ ਤਾਂ ਆਪਣੇ ਵੱਲੋਂ ਇਹ ਨਾਮ ਹੀ ਜਪਵਾਉਂਦੇ ਹਨ ਪਰ ਅਸਲ ਵਿੱਚ ਨਾਮ ਕੀ ਹੈ ਉਸ ਤੋਂ ਇਹ ਆਪ ਹੀ ਵਿਛੜੇ ਹੋਏ ਹਨ। ''ਹਰਿ ਨਾਮੁ'' ਉਹੀ ਹੈ ਜਿਸ ਨੂੰ ਹੁਣ ਤੱਕ ਸਮਝਦੇ ਆ ਰਹੇ ਹਾਂ। ''ਹਰਿ ਨਾਮੁ'' ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਤੋਂ ਬਿਨ੍ਹਾਂ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਉਸ ਤੋਂ ਦੂਸਰਾ ਪਾਸਾ ਹੈ ਭਾਵ ਇਹੋ ਜਿਹੇ ਉੱਚਾ ਅਖਵਾਉਣ ਵਾਲਿਆਂ ਨੂੰ ''ਹਰਿ ਨਾਮੁ'' ਦੀ ਸੋਝੀ ਨਹੀਂ ਹੈ। ਜਿਸ ਨੂੰ ''ਹਰਿ ਨਾਮੁ'' ਦੀ ਸੋਝੀ ਹੈ ਉਹ ਕਦੇ ਆਪਣੇ ਆਪ ਨੂੰ ਸੰਤ ਅਖਵਾ ਹੀ ਨਹੀਂ ਸਕਦਾ। ''ਹਰਿ ਨਾਮੁ'' ਦੀ ਸੋਝੀ ਉਸੇ ਨੂੰ ਹੀ ਪੈਂਦੀ ਹੈ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਪਾਉਂਦਾ ਹੈ ਜੋ ਕਿ ਉਸ ਨੇ ਸਭ ਨੂੰ ਗੁਰਬਾਣੀ ਰਾਹੀਂ ਪਾਈ ਹੋਈ

19/2097

ਹੈ। ਜਿਸ ਨੂੰ ਗੁਰਬਾਣੀ ਦੀ ਮਤਿ ਸਮਝ ਆ ਜਾਵੇ ਉਹ ਫਿਰ ਆਪਣੇ ਆਪ ਨੂੰ ਸੰਤ ਨਹੀਂ ਅਖਵਾ ਸਕਦਾ। ਗੁਰਬਾਣੀ ਰਾਹੀਂ ਸਾਨੂੰ ਵਾਰ- ਵਾਰ ਇਹ ਸਮਝਾਇਆ ਗਿਆ ਹੈ ਕਿ ਸੰਤ ਆਪ ਗੁਰਬਾਣੀ ਹੈ, ਗੁਰੂ ਹੈ ਤੇ ਇਹ ਜਾਣਨ ਤੋਂ ਬਾਅਦ ਵੀ ਕੋਈ ਆਪਣੇ ਆਪ ਨੂੰ ਸੰਤ ਅਖਵਾਉਂਦਾ ਹੈ ਫਿਰ ਉਸ ਤੋਂ ਮਤਲਬ ਇਹੀ ਹੈ ਕਿ ਉਸ ਨੂੰ ਗੁਰਬਾਣੀ ਦੀ ਸਮਝ ਨਹੀਂ ਹੈ ਭਾਵ ਗੁਰਮਤਿ ਦੀ ਸਮਝ ਨਹੀਂ ਹੈ। ਇਸ ਸ਼ਬਦ ਰਾਹੀਂ ਭੱਟ ਭਿਖਾ ਜੀ ਗੁਰੂ ਸਾਹਿਬਾਨ ਦੇ ਗੁਣ ਗਾ ਰਹੇ ਹਨ ਤੇ ਨਾਲ ਸਾਨੂੰ ਇਹ ਵੀ ਸਮਝਾ ਰਹੇ ਹਨ ਕਿ ਮੈਂ ਉਹਨਾਂ ਦੇ ਗੁਣ ਕੀ ਗਾਵਾਂ ਜਿੰਨ੍ਹਾਂ ਨੂੰ ਨਾਮ ਦੀ ਸੋਝੀ ਹੀ ਨਹੀਂ ਹੈ, ਗੁਰਮਤਿ ਦੀ ਸੋਝੀ ਹੀ ਨਹੀਂ ਹੈ, ਜੋ ਆਪ ਹੀ ਆਪਣੇ ਆਪ ਨੂੰ ਗੁਰੂ ਰੂਪ ਬਣਾ ਕੇ ਬੈਠੇ ਹਨ ਤੇ ਗੁਰਮਤਿ ਤੋਂ ਦੂਸਰੇ ਪਾਸੇ ਲੱਗੇ ਹੋਏ ਹਨ ਭਾਵ ਗੁਰਮਤਿ ਤੋਂ ਉਲਟ ਚੱਲ ਰਹੇ ਹਨ ਭਾਵ ਸੱਚੇ ਮਾਰਗ ਤੋਂ ਭਟਕੇ ਹੋਏ ਹਨ। **(ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥)**

ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸੰਤ ਅਸਲ ਵਿੱਚ ਕੌਣ ਹੈ। ਸੰਤ ਆਪ ਪ੍ਰਮਾਤਮਾ ਹੀ ਹੈ ਜਿਸ ਨੇ ਗੁਰਬਾਣੀ ਰਾਹੀਂ ਸਾਰਾ ਗਿਆਨ ਪਾਇਆ ਹੈ ਤੇ ਸਾਨੂੰ ਧਰਮ ਦਾ ਮਾਰਗ ਸਮਝਾਇਆ ਹੈ। ਗੁਰਬਾਣੀ ਸਾਨੂੰ ਪ੍ਰਮਾਤਮਾ ਦਾ ਭਾਣਾ ਮੰਨਣਾ ਹੀ ਸਿਖਾ ਰਹੀ ਹੈ ਭਾਵ ਉਹ ਸਿਖਾ ਰਹੀ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ, ਚੰਗਾ ਲੱਗਦਾ ਹੈ। ਪ੍ਰਮਾਤਮਾ ਨੂੰ ਜਾਨਣ ਵਾਲਾ ਫਿਰ ਉਸਦੀ ਰਜ਼ਾ ਵਿੱਚ ਹੀ ਚੱਲਦਾ ਹੈ ਭਾਵ ਉਹੀ ਕੁੱਝ ਕਰਦਾ ਹੈ ਜੋ ਗੁਰੂ ਦੀ ਸਿੱਖਿਆ ਅਨੁਸਾਰ ਕਰਨਾ ਬਣਦਾ ਹੈ। ਗੁਰਬਾਣੀ ਸਾਨੂੰ ਔਗੁਣ- ਰਹਿਤ ਹੋ ਕੇ ਸੱਚੇ- ਸੁੱਚੇ ਕਰਮ ਕਰਨ ਲਈ ਹੀ ਪ੍ਰੇਰਦੀ ਹੈ ਤੇ ਇਸੇ ਨੂੰ ਭਗਤੀ ਦਾ ਮਾਰਗ ਸਮਝਾਉਂਦੀ ਹੈ। ਉਸ ਪ੍ਰਮਾਤਮਾ ਨੂੰ ਜਾਨਣ ਵਾਲੇ ਇਹੋ ਜਿਹੀ ਭਗਤੀ ਹੀ ਕਰਦੇ ਹਨ। ਨਾ ਉਹ ਕੋਈ ਸਰੀਰਕ ਜਪ ਤਪ ਆਦਿ ਕਰਦੇ ਹਨ, ਸਵਾਸਾਂ ਵਾਲੀਆਂ ਕਿਰਿਆਵਾਂ ਆਦਿ ਕਰਦੇ ਹਨ, ਨਾ ਉਹ ਕਿਸੇ ਅੱਖਰ ਦਾ ਜਪ ਕਰਦੇ ਹਨ, ਨਾ ਉਹ ਸੰਨਿਆਸ ਦੇ ਮਾਰਗ ਤੇ ਚੱਲਦੇ ਹਨ ਤੇ ਕੇਵਲ ਗ੍ਰਹਿਸਥ ਵਿੱਚ ਰਹਿ ਕੇ ਸੱਚੀ- ਸੁੱਚੀ ਕਿਰਤ ਕਰਦੇ ਹਨ ਜਿਵੇਂ ਕਿ ਉਸ ਨੂੰ ਜਾਨਣ ਵਾਲਿਆਂ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਜੀਵਨ ਵਿੱਚ ਵਿਚਰ ਕੇ ਦਿਖਾਇਆ ਹੈ। ਜਿਹੋ ਜਿਹੀ ਗੁਰਮਤਿ ਦੀ ਉਹਨਾਂ ਨੇ ਸੋਝੀ ਪਾਈ ਹੈ ਉਹੋ ਜਿਹੀ ਉਹਨਾਂ ਦੀ ਆਪਣੀ ਵਿਚਰਨ ਰਹੀ ਹੈ। ਇਹੀ ਉਸ ਦੇ ਭਾਣੇ ਵਿੱਚ ਚੱਲਣਾ ਹੈ। ਦੁਨਿਆਵੀ ਸੰਤ

19/2098

ਅਖਵਾਉਣ ਵਾਲੇ ਸਾਨੂੰ ਸੱਚੇ ਮਾਰਗ ਤੋਂ ਭਟਕਾਉਂਦੇ ਹੀ ਹਨ ਤੇ ਵਿਅਰਥ ਦੀਆਂ ਕਿਰਿਆਵਾਂ ਆਦਿ ਵਿੱਚ ਪਾਉਂਦੇ ਹਨ, ਥਿਤਾਂ ਵਾਰਾਂ ਨੂੰ ਪੂਜਣ ਦੀਆਂ ਗੱਲਾਂ ਸਮਝਾਉਂਦੇ ਹਨ ਜੋ ਕਿ ਗੁਰਮਤਿ ਦੇ ਉਲਟ ਹੈ। ਗੁਰਮਤਿ ਦੀ ਸੋਝੀ ਪੈਣ ਤੋਂ ਬਾਅਦ ਹੀ ਪਤਾ ਚੱਲਦਾ ਹੈ ਕਿ ਇਹ ਲੋਕ ਕਿਤਨੇ ਭਟਕੇ ਹੋਏ ਹਨ ਤੇ ਝੂਠਾ ਮਾਣ ਹੀ ਬਟੋਰ ਰਹੇ ਹਨ। ਇਸ ਗੱਲ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਉਹੀ ਇਹਨਾਂ ਨੂੰ ਭਟਕੇ ਹੋਇਆ ਸਮਝ ਸਕਦਾ ਹੈ ਜਿਵੇਂ ਕਿ ਸਾਨੂੰ ਭਿਖਾ ਭੱਟ ਜੀ ਸਮਝਾ ਰਹੇ ਹਨ ਕਿਉਂਕਿ ਉਹ ਪ੍ਰਮਾਤਮਾ ਨਾਲ ਮਿਲੇ ਹੋਏ ਹਨ ਤੇ ਉਸਦੇ ਭਾਣੇ ਨੂੰ ਸਮਝਦੇ ਹਨ ਕਿ ਉਸ ਦੇ ਭਾਣੇ ਵਿੱਚ ਚੱਲਣਾ ਕੀ ਹੈ। ਉਹਨਾਂ ਨੇ ਗੁਰੂ ਸਾਹਿਬਾਨ ਦੇ ਗੁਣ ਗਾਏ ਹਨ, ਸੱਚੇ ਸੰਤ ਦੇ ਗੁਣ ਦੱਸੇ ਹਨ ਤੇ ਨਕਲੀ ਸੰਤਾਂ ਬਾਰੇ ਚਾਨਣ ਪਾਇਆ ਹੈ। **(ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥ ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥੨॥੨੦॥)**

19/2099

ਪਿਛਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ ਕਿ ਸਾਨੂੰ ਧਰਮ ਦੀ ਸਿੱਖਿਆ ਦੇਣ ਲਈ ਪ੍ਰਮਾਤਮਾ ਨੇ ਆਪਣਾ ਸੰਤ ਕਿਸ ਨੂੰ ਥਾਪਿਆ ਹੋਇਆ ਹੈ ਭਾਵ ਧਰਮ ਸਮਝਾਉਣ ਦੀ ਜਿੰਮੇਵਾਰੀ ਕਿਸ ਨੂੰ ਸੌਂਪੀ ਹੋਈ ਹੈ। ਪ੍ਰਮਾਤਮਾ ਨੇ ਇਤਨਾ ਲੰਬਾ ਸਮਾਂ ਲਗਾ ਕੇ ਅਨੇਕਾਂ ਸਰੀਰਾਂ ਰਾਹੀਂ ਸਾਨੂੰ ਗੁਰਬਾਣੀ ਦੀ ਦਾਤ ਬਖ਼ਸ਼ੀ ਹੈ ਜਿਸਦਾ ਮਕਸਦ ਸਾਨੂੰ ਧਰਮ ਸਮਝਾਉਣ ਲਈ ਹੀ ਹੈ। ਆਪਣਾ ਧਰਮ ਦਾ ਠੇਕੇਦਾਰ ਪ੍ਰਮਾਤਮਾ ਨੇ ਗੁਰਬਾਣੀ ਨੂੰ ਥਾਪਿਆ ਹੋਇਆਂ ਹੈ ਜੋ ਸਾਰੇ ਜਗਤ ਨੂੰ ਇੱਕੋ ਜਿਹੀ ਸਿੱਖਿਆਂ ਦੇ ਰਹੀ ਹੈ ਤੇ ਸਾਰੇ ਸੰਸਾਰ ਨੂੰ ਆਪਸ ਵਿੱਚ ਜੋੜਨ ਦਾ ਕੰਮ ਕਰਦੀ ਹੈ। ਗੁਰਬਾਣੀ ਸਭ ਨੂੰ ਇੱਕੋ ਜਿਹਾ ਨਾਮ ਜਪਣਾ ਸਮਝਾਉਂਦੀ ਹੈ। ਪਰ ਜੇਕਰ ਧਿਆਨ ਨਾਲ ਵੇਖੀਏ ਗੁਰਬਾਣੀ ਦੇ ਅਸਲ ਭਾਵ ਦੀ ਸੋਝੀ ਨਾ ਹੋਣ ਕਰਕੇ ਅਨੇਕਾਂ ਹੀ ਅਨੇਕਾਂ ਆਪਣੇ ਆਪ ਨੂੰ ਸੰਤ ਥਾਪ ਕੇ ਬੈਠੇ ਹਨ, ਬ੍ਰਹਮਗਿਆਨੀ ਆਦਿ ਥਾਪ ਕੇ ਬੈਠੇ ਹਨ ਜੋ ਸਾਨੂੰ ਆਪਣੀ ਆਪਣੀ ਮਤਿ ਅਨੁਸਾਰ ਵੱਖਰੀ-ਵੱਖਰੀ ਮਰਿਆਦਾ ਸਮਝਾਉਂਦੇ ਹਨ ਤੇ ਆਪਣੇ ਆਪ ਨੂੰ ਉੱਚਾ ਕਰਦੇ ਹਨ। ਇਹ ਸਭ ਲੋਕ ਸਾਨੂੰ ਭਗਤੀ ਦੇ ਇਹੋ ਜਿਹੇ ਤਰੀਕਿਆਂ ਨਾਲ ਜੋੜਦੇ ਹਨ ਜਿੰਨ੍ਹਾਂ ਦਾ ਗੁਰਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ। ਇਹ ਗੁਰਬਾਣੀ ਦੇ ਭਾਵ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ ਤੇ ਇਨ੍ਹਾਂ ਨੇ ਗੁਰਬਾਣੀ ਨੂੰ ਇੱਕ ਛੋਟੇ ਜਿਹੇ ਦਾਇਰੇ ਵਿੱਚ ਬੰਨ੍ਹ ਦਿੱਤਾ ਹੈ ਜਿਸ ਕਰਕੇ ਇਸ ਵਿੱਚ ਪੂਰੀ ਮਨੁੱਖਤਾ ਦਾ ਧਰਮ ਇੱਕ ਖਾਸ ਤਬਕੇ ਦਾ ਧਰਮ ਬਣ ਕੇ ਰਹਿ ਗਿਆ ਹੈ ਤੇ ਅਸਲ ਧਰਮ ਦੀ ਸਮਝ ਇੱਕ ਤਬਕੇ ਤੱਕ ਵੀ ਨਹੀਂ ਪਈ। ਗੁਰਬਾਣੀ ਦਾ ਮਕਸਦ ਸਾਨੂੰ ਜਪਾਂ ਤਪਾਂ ਦੇ ਭਰਮ ਵਿੱਚੋਂ ਕੱਢਣ ਦਾ ਹੈ, ਅਨੇਕਾਂ ਹੀ ਅਨੇਕਾਂ ਕਰਮ-ਕਾਂਡਾਂ ਵਿੱਚੋਂ ਕੱਢਣ ਦਾ ਹੈ, ਥਿਤਾਂ ਵਾਰਾਂ ਆਦਿ ਦੀ ਪੂਜਾ ਵਿੱਚੋਂ ਕੱਢਣ ਦਾ ਹੈ, ਸਰਗੁਣ ਰੂਪ ਦੀ ਪੂਜਾ ਵਿੱਚੋਂ, ਮੂਰਤੀ ਪੂਜਾ ਵਿੱਚੋਂ ਕੱਢਣ ਦਾ ਹੈ, ਮੜੀਆਂ ਆਦਿ ਦੀ ਪੂਜਾ ਭਾਵ ਮਰਿਆਂ ਹੋਇਆਂ ਆਦਿ ਦੀ ਪੂਜਾ ਵਿੱਚੋਂ ਕੱਢਣ ਦਾ ਹੈ, ਬਰਸੀਆਂ ਆਦਿ ਮਨਾਉਣ ਵਿੱਚੋਂ ਕੱਢਣ ਦਾ ਹੈ, ਤੀਰਥਾਂ ਆਦਿ ਤੇ ਜਾਣ ਦਾ ਮਕਸਦ ਸਮਝਾਉਣ ਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਗੁਰਬਾਣੀ ਵਿੱਚ ਧਰਮ ਦੇ ਪਾਖੰਡ ਕਹਿ ਕੇ ਸਮਝਾਇਆ ਹੈ ਪਰ ਇਹ ਧਰਮ ਦੇ ਨਕਲੀ ਠੇਕੇਦਾਰ ਸਾਨੂੰ ਇਨ੍ਹਾਂ ਗੱਲਾਂ ਨਾਲ ਹੀ ਜੋੜ ਰਹੇ ਹਨ ਤੇ ਗੁਰਬਾਣੀ ਦੇ ਅਸਲ ਮਨੋਰਥ ਦਾ ਸਤਿਆਨਾਸ ਕਰ ਰਹੇ ਹਨ ਜਿਸ ਵਜ੍ਹਾ ਕਰ ਕੇ ਦੁਨੀਆਂ ਨੂੰ ਇਨ੍ਹਾਂ ਨੇ ਗੁਰਬਾਣੀ ਦਾ ਅਸਲ ਮਨੋਰਥ ਸਮਝਣ ਤੋਂ ਦੂਰ ਰੱਖਿਆ ਹੈ। ਇਨ੍ਹਾਂ ਨੇ ਨਾਮ ਜਪਣ ਨੂੰ ਇੱਕ ਤੰਤ੍ਰ-ਮੰਤ੍ਰ ਬਣਾ ਕੇ ਰੱਖ ਦਿੱਤਾ ਹੈ ਤੇ ਸਭ ਨੂੰ ਇਸੇ ਤੰਤ੍ਰ-ਮੰਤ੍ਰ ਨਾਲ ਜੋੜਨ ਵਿੱਚ ਹੀ ਲੱਗੇ ਹੋਏ ਹਨ ਤੇ ਜੋ ਗੁਰਬਾਣੀ ਦਾ

19/2100

ਅਸਲ ਮਕਸਦ ਹੈ ਉਸਨੂੰ ਇਨ੍ਹਾਂ ਨੇ ਕਿਨਾਰੇ ਵਿੱਚ ਲਗਾ ਕੇ ਰੱਖ ਦਿੱਤਾ ਹੈ ਜੋ ਕਿ ਆਪਣੇ ਜੀਵਨ ਵਿੱਚ ਸੱਚ ਨੂੰ ਅਪਣਾਉਣ ਦਾ ਹੈ, ਔਗੁਣਾਂ ਨੂੰ ਛੱਡ ਕੇ ਸੱਚ ਨੂੰ ਅਪਣਾਉਣ ਦਾ ਹੈ। ਇਹ ਸੱਚ ਦੀ ਵਿਆਖਿਆ ਵੀ ਆਪਣੇ ਤਰੀਕਿਆਂ ਨਾਲ ਹੀ ਕਰਦੇ ਹਨ, ਗੁਣਾਂ ਦੀ ਵਿਆਖਿਆ ਵੀ ਆਪਣੇ ਤਰੀਕੇ ਨਾਲ ਕਰਦੇ ਹਨ, ਧਾਰਮਿਕ ਮਰਿਆਦਾ ਦੀ ਵਿਆਖਿਆ ਵੀ ਆਪਣੇ ਤਰੀਕਿਆਂ ਨਾਲ ਕਰਦੇ ਹਨ ਭਾਵ ਹਰ ਗੱਲ ਵਿੱਚ ਆਪਣੀ ਮਤਿ ਨੂੰ ਉੱਚਾ ਕਰਦੇ ਹਨ ਤੇ ਉਲਟਾ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ। ਆਪਣੇ-ਆਪਣੇ ਦੁਖ ਭੰਜਨੀ ਗੁਟਕੇ ਬਣਾਉਂਦੇ ਹਨ ਜਿਵੇਂ ਕਿ ਇਹ ਗੁਰੂ ਨਾਲੋਂ ਵੀ ਜਿਆਦਾ ਸਿਆਣੇ ਹਨ। ਇਸੇ ਲਈ ਸਾਨੂੰ ਗੁਰਬਾਣੀ ਵਿੱਚ ਇਨ੍ਹਾਂ ਤੋਂ ਸੁਚੇਤ ਕੀਤਾ ਹੈ ਕਿ ਅਸੀਂ ਇਨ੍ਹਾਂ ਦੇ ਪਿੱਛੇ ਨਾ ਲੱਗੀਏ ਤੇ ਕੇਵਲ ਗੁਰੂ ਦੇ ਪਿੱਛੇ ਲੱਗੀਏ ਜਿਸ ਦੇ ਨਾਲ ਜੁੜ ਕੇ ਅਸੀਂ ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਇੱਕ ਹੋ ਸਕਦੇ ਹਾਂ। ਅਸੀਂ ਆਪਣੀ ਨਾਸਮਝੀ ਕਰ ਕੇ ਹੀ ਇਨ੍ਹਾਂ ਸੰਤਾਂ ਆਦਿ ਦੇ ਮੋਹ ਵਿੱਚ ਫਸ ਜਾਂਦੇ ਹਾਂ ਤੇ ਇਨ੍ਹਾਂ ਨੂੰ ਉੱਚਾ ਥਾਪ ਕੇ ਇਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ। ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਕਰਨਾ ਜਾਂ ਥਾਪਣਾ ਸਾਡਾ ਵਿਸ਼ਾ ਨਹੀਂ ਹੈ ਕਿਉਂਕਿ ਅਸੀਂ ਇਹ ਨਹੀਂ ਜਾਣ ਸਕਦੇ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਹ ਕੌਣ ਹੈ ਜੋ ਉੱਚਾ ਹੈ। ਉਸ ਦੀਆਂ ਨਜ਼ਰਾਂ ਵਿੱਚ ਜੋ ਉੱਚਾ ਹੈ ਭਾਵ ਜਿਸ ਨੂੰ ਆਪ ਹੀ ਉਸਨੇ ਧਰਮ ਸਿਖਾ ਕੇ ਉੱਚਾ ਕੀਤਾ ਹੈ ਉਸਨੂੰ ਹੀ ਪ੍ਰਮਾਤਮਾ ਨੇ ਧਰਮ ਸਿਖਾਉਣ ਲਈ ਥਾਪਿਆ ਹੈ। ਇਹ ਗੱਲ ਅਸੀਂ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਸਮਝਾਂਗੇ ਤੇ ਇੱਥੇ ਵੀ ਸੰਖੇਪ ਵਿੱਚ ਸਮਝਦੇ ਹਾਂ।

"ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ॥"

(ਅੰਗ ੨)

ਇਨ੍ਹਾਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। ਇੱਥੇ ਸਾਨੂੰ ਮਾਣ ਦੀ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੇ ਦਰ ਤੋਂ ਮਾਣ ਕਿਸ ਨੂੰ ਮਿਲਦਾ ਹੈ ਭਾਵ ਉਸ ਦੀਆਂ ਨਜ਼ਰਾਂ ਵਿੱਚ ਕੌਣ ਉੱਚਾ ਹੈ ਜੋ ਸਾਨੂੰ ਧਰਮ ਦੀ ਸਿੱਖਿਆ ਦੇ ਸਕਦਾ ਹੈ ਤੇ ਸਾਨੂੰ ਕਿਸ ਦੇ ਪਿੱਛੇ ਲੱਗਣਾ ਚਾਹੀਦਾ ਹੈ। ਧਰਮ ਦੇ ਮਾਰਗ ਤੇ ਕਿਸੇ ਨੂੰ ਉੱਚਾ ਥਾਪਣਾ ਜਾਂ ਉੱਚਾ ਕਰਨਾ ਇਹ ਸਾਡੇ ਵੱਸ ਨਹੀਂ ਹੈ ਭਾਵ ਇਹ ਸਾਡਾ ਵਿਸ਼ਾ ਨਹੀਂ ਹੈ। ਇਹ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਹੈ ਤੇ ਇਸ ਗੱਲ ਨੂੰ ਪ੍ਰਮਾਤਮਾ ਆਪ ਹੀ ਜਾਣਦਾ ਹੈ ਕਿ ਉਸਨੇ ਆਪਣੇ ਆਪ ਨੂੰ ਕਿੱਥੇ ਪ੍ਰਗਟ ਕੀਤਾ ਹੋਇਆ ਹੈ ਭਾਵ ਕਿਸ ਸਰੀਰ ਰਾਹੀਂ

19/2101

ਧਰਮ ਦੀ ਸਿੱਖਿਆ ਦਿੱਤੀ ਹੋਈ ਹੈ। **(ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥)**

ਅਗਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਸਾਨੂੰ ਕਿਸ ਦੇ ਪਿੱਛੇ ਲੱਗਣ ਦਾ ਹੁਕਮ ਹੈ।

"ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ॥"

ਹੁਣ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੀ ਸੇਵਾ ਕਰਨ ਵਾਲਾ ਕਿਹੋ ਜਿਹਾ ਹੁੰਦਾ ਹੈ। ਉਸਦੀ ਸੇਵਾ ਉਸਦਾ ਸੇਵਕ ਬਣ ਕੇ ਹੀ ਹੁੰਦੀ ਹੈ ਭਾਵ ਪੂਰਨ ਗੁਰਮਤਿ ਦੀ ਸੋਝੀ ਦੁਆਰਾ ਹੀ ਹੁੰਦੀ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

ਗੁਰੂ ਆਪ ਹੀ ਉਸਦਾ ਸੇਵਕ ਰੂਪ ਹੈ ਜੋ ਸਾਨੂੰ ਸਿੱਖਿਆ ਵੀ ਦਿੰਦਾ ਹੈ ਤੇ ਪ੍ਰਮਾਤਮਾ ਦਾ ਸੇਵਕ ਬਣ ਕੇ ਵੀ ਦਿਖਾਉਂਦਾ ਹੈ ਭਾਵ ਆਪਣੀ ਸਿੱਖਿਆ ਤੇ ਆਪ ਚੱਲ ਕੇ ਵੀ ਦਿਖਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪ ਹੀ ਆਪਣੇ ਜੀਵਨ ਕਾਲ ਵਿੱਚ ਪ੍ਰਮਾਤਮਾ ਦਾ ਸੇਵਕ ਬਣ ਕੇ ਦਿਖਾਇਆ ਹੈ। ਉਸਦੀ ਸੇਵਾ ਸੱਚ ਅਨੁਸਾਰ ਵਿਚਰਨਾ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

ਪਉੜੀ॥

{ਸੇਵ ਕੀਤੀ ਸੰਤੋਖੀਈਂ ਜਿਨ੍ੀ ਸਚੋ ਸਚੁ ਧਿਆਇਆ॥

ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥}

(ਅੰਗ ੪੬੬-467)

ਜਿੰਨ੍ਹਾਂ ਨੇ ਪ੍ਰਮਾਤਮਾ ਦੀ ਇਹੋ ਜਿਹੀ ਸੇਵਾ ਕੀਤੀ ਹੈ ਭਾਵ ਜਿੰਨ੍ਹਾਂ ਨੇ ਆਪਣੇ ਜੀਵਨ ਵਿੱਚ ਪੂਰਨ ਸੱਚ ਨੂੰ ਅਪਣਾਇਆ ਹੈ ਉਨ੍ਹਾਂ ਨੂੰ ਹੀ ਪ੍ਰਮਾਤਮਾ ਦੇ ਦਰ ਤੋਂ ਮਾਣ ਮਿਲਿਆ ਹੈ। ਪ੍ਰਮਾਤਮਾ ਦੇ ਦਰ ਤੋਂ ਮਾਣ ਉਨ੍ਹਾਂ ਨੂੰ ਹੀ ਮਿਲਿਆ ਹੈ ਜਿੰਨ੍ਹਾਂ ਰਾਹੀਂ ਉਸਨੇ ਪ੍ਰਗਟ ਹੋ ਕੇ ਗੁਰਬਾਣੀ ਦੀ ਰਚਨਾ ਕਰਵਾਈ ਹੈ। ਗੁਰਬਾਣੀ ਹੀ ਉਹ ਗੁਣੀ ਨਿਧਾਨ ਹੈ ਭਾਵ ਗੁਣਾਂ ਦਾ ਖਜ਼ਾਨਾ ਹੈ, ਪ੍ਰਮਾਤਮਾ ਦੇ ਦਿੱਤੇ ਹੋਏ ਗੁਣਾਂ ਦਾ ਖਜ਼ਾਨਾ ਹੈ ਜਿਸ ਦਾ ਜੱਸ ਗਾਉਣ ਲਈ ਸਾਨੂੰ ਇੱਥੇ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੇ ਇਸ ਗੁਣੀ ਨਿਧਾਨ ਨੂੰ ਆਪਣਾ ਮਾਣ ਬਖ਼ਸ਼ਿਆ ਹੋਇਆ ਹੈ ਜੋ ਉਸਦਾ ਆਪਣਾ ਹੀ ਰੂਪ ਹੈ। ਗੁਰਬਾਣੀ ਨੂੰ ਮਾਣ ਦੇਣਾ ਉਸਦੇ ਰਚਨ ਵਾਲਿਆਂ ਨੂੰ ਮਾਣ ਦੇਣਾ ਹੈ, ਪ੍ਰਮਾਤਮਾ

19/2102

ਨੂੰ ਮਾਣ ਦੇਣਾ ਹੈ ਜੋ ਅਸਲ ਵਿੱਚ ਆਪ ਹੀ ਪ੍ਰਗਟ ਹੋ ਕੇ ਸਾਰਾ ਗਿਆਨ ਦੇਣ ਵਾਲਾ ਹੈ। **(ਜਿਨਿ ਸੇਵਿਆ ਤਿਨਿ ਪਾਇਆ ਮਾਨੁ॥ ਨਾਨਕ ਗਾਵੀਐ ਗੁਣੀ ਨਿਧਾਨੁ॥)**

ਇਹ ਗੁਰਬਾਣੀ ਰੂਪ "ਗੁਣੀ ਨਿਧਾਨੁ" ਪ੍ਰਮਾਤਮਾ ਦਾ ਥਾਪਿਆ ਹੋਇਆ ਧਰਮ ਦਾ ਠੇਕੇਦਾਰ ਹੈ ਤੇ ਸਾਨੂੰ ਇਹੀ ਸਮਝਾਇਆ ਗਿਆ ਹੈ ਕਿ ਅਸੀਂ ਇਸ ਸੱਚੇ ਠੇਕੇਦਾਰ ਦੇ ਪਿੱਛੇ ਲੱਗੀਏ, ਇਸ ਸੱਚੇ ਠੇਕੇਦਾਰ ਦੇ ਗੁਣ ਗਾਈਏ ਤੇ ਉਨ੍ਹਾਂ ਨਕਲੀ ਠੇਕੇਦਾਰਾਂ ਦੇ ਪਿੱਛੇ ਨਾ ਲੱਗੀਏ ਜਿੰਨ੍ਹਾਂ ਨੇ ਆਪ ਹੀ ਆਪਣੇ ਆਪ ਨੂੰ ਧਰਮ ਸਮਝਾਉਣ ਦਾ ਠੇਕੇਦਾਰ ਥਾਪਿਆ ਹੋਇਆ ਹੈ ਜਾਂ ਅਸੀਂ ਉਨ੍ਹਾਂ ਨੂੰ ਉੱਚਾ ਮੰਨ ਕੇ ਥਾਪਿਆ ਹੋਇਆ ਹੈ।

ਇਨ੍ਹਾਂ ਦੁਨਿਆਵੀ ਸੰਤਾ-ਸਾਧਾਂ ਨੂੰ ਉੱਚਾ ਸਮਝਣ ਦੀ ਇੱਕ ਸਦੀਆਂ ਤੋਂ ਚੱਲਦੀ ਆ ਰਹੀ ਪ੍ਰਥਾ ਦਾ ਨਤੀਜਾ ਹੀ ਹੈ ਕਿਉਂਕਿ ਸਾਡੇ ਅੰਦਰ ਭਾਵਨੀ ਹੀ ਇਹੋ ਜਿਹੀ ਬਣੀ ਹੋਈ ਹੈ ਕਿ ਪ੍ਰਮਾਤਮਾ ਦੇ ਸੰਤ ਜਪ ਤਪ ਕਰਨ ਵਾਲੇ ਹੀ ਹੁੰਦੇ ਹਨ ਤੇ ਉਨ੍ਹਾਂ ਦਾ ਬਾਹਰੀ ਰੂਪ ਭਾਵ ਉਨ੍ਹਾਂ ਦਾ ਬਾਣਾ ਸੰਸਾਰੀਆਂ ਨਾਲੋਂ ਵੱਖਰਾ ਹੁੰਦਾ ਹੈ ਤੇ ਜਿਆਦਾਤਰ ਉਹ ਆਪਣੇ ਵੱਖਰੇ ਡੇਰੇ ਆਦਿ ਬਣਾ ਕੇ ਹੀ ਬੈਠਦੇ ਹਨ। ਸਾਨੂੰ ਉਨ੍ਹਾਂ ਦਾ ਇਹੋ ਜਿਹਾ ਰੂਪ ਹੀ ਲੁਭਾਉਂਦਾ ਹੈ ਤੇ ਸਦੀਆਂ ਤੋਂ ਲੈ ਕੇ ਹੁਣ ਤੱਕ ਵੀ ਸਾਨੂੰ ਇਹ ਰੂਪ ਹੀ ਲੁਭਾਉਂਦਾ ਹੈ। ਪਰ ਗੁਰਬਾਣੀ ਸਾਨੂੰ ਇਹੋ ਜਿਹੇ ਸੰਤ ਰੂਪ ਵਿੱਚੋਂ ਨਿਕਲਣ ਲਈ ਪ੍ਰੇਰ ਰਹੀ ਹੈ ਤੇ ਕੇਵਲ ਸੱਚ ਨਾਲ ਜੋੜ ਰਹੀ ਹੈ ਜਿੱਥੇ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। ਜਿੰਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਵਿੱਚੋਂ ਅਨੇਕਾਂ ਨੂੰ ਦੁਨੀਆਂ ਨੇ ਭਗਤ ਮੰਨਣ ਤੋਂ ਹੀ ਇਨਕਾਰ ਕੀਤਾ ਹੈ ਤੇ ਉਨ੍ਹਾਂ ਦੇ ਜੀਵਨ ਕਾਲ ਵਿੱਚ ਉਨ੍ਹਾਂ ਨੂੰ ਭੁੱਲੇ ਹੋਏ, ਭਟਕੇ ਹੋਏ, ਦਿਵਾਨੇ ਕਿਹਾ ਹੈ ਕਿ ਉਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਹੈ। ਜੋ ਸਰੀਰਕ ਜਪ ਤਪ ਆਦਿ ਨਹੀਂ ਕਰਦੇ, ਸਮਾਧੀਆਂ ਆਦਿ ਲਗਾ ਕੇ ਨਹੀਂ ਬੈਠਦੇ ਉਨ੍ਹਾਂ ਨੂੰ ਆਮ ਕਰਕੇ ਭਗਤੀ ਵਾਲੇ ਮਨੁੱਖ ਨਹੀਂ ਮੰਨਿਆ ਜਾਂਦਾ ਕਿਉਂਕਿ ਸਦੀਆਂ ਤੋਂ ਸਾਡੇ ਅੰਦਰ ਧਾਰਨਾ ਹੀ ਇਹੋ ਜਿਹੀ ਬਣੀ ਹੋਈ ਹੈ । ਸਾਨੂੰ ਇਹੋ ਜਿਹਿਆਂ ਦਾ ਭਾਵ ਸਰੀਰਕ ਜਪ ਤਪ ਆਦਿ ਕਰਨ ਵਾਲਿਆਂ ਦਾ ਰੂਪ ਹੀ ਲੁਭਾਉਂਦਾ ਹੈ ਤੇ ਅਸੀਂ ਉਨ੍ਹਾਂ ਦੇ ਇਸ ਰੂਪ ਨੂੰ ਭਗਤੀ ਵਾਲਾ ਰੂਪ ਸਮਝਦੇ ਹਾਂ ਉਨ੍ਹਾਂ ਨੂੰ ਉੱਚਾ ਥਾਪ ਕੇ ਉਨ੍ਹਾਂ ਦੇ ਪਿੱਛੇ ਲੱਗਦੇ ਹਾਂ ਤੇ ਉਨ੍ਹਾਂ ਨੂੰ ਉੱਚਾ ਮਾਣ ਦਿੰਦੇ ਹਾਂ ਜਿਸਨੂੰ ਕਿ ਗੁਰੂ ਸਾਹਿਬ ਨੇ ਝੂਠਾ ਮਾਣ ਦੱਸਿਆ ਹੈ। ਸੱਚੇ ਮਾਣ ਦਾ ਹੱਕਦਾਰ ਉਹੀ ਹੈ ਜਿਸਦੇ ਅੰਦਰ ਸੱਚ ਵੱਸਿਆ ਹੋਇਆ ਹੈ ਭਾਵ

19/2103

ਪ੍ਰਮਾਤਮਾ ਆਪ ਵੱਸਿਆ ਹੋਇਆ ਹੈ। ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਝੂਠੇ ਤੇ ਸੱਚੇ ਮਾਣ ਵਿੱਚ ਕੀ ਫ਼ਰਕ ਹੈ ਤੇ ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਵਡਹੰਸੁ ਮਹਲਾ ੧ ਘਰੁ ੨॥

“ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥
ਮਾਠਿ ਗੁੰਦਾਣੀ ਪਟੀਆ ਭਰੀਐ ਮਾਗ ਸੰਧੂਰੇ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥
ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥੧॥੩॥"

(ਅੰਗ ੫੫੭)

ਸ਼ਬਦ ਦਾ ਭਾਵ ਗਹਿਰਾਈ ਵਿੱਚ ਹੈ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ। ਅਸੀਂ ਪ੍ਰਮਾਤਮਾ ਨੂੰ ਆਪਣੇ ਬਾਹਰੀ ਜਪ ਤਪ ਦੁਆਰਾ ਪ੍ਰਸੰਨ ਕਰਨਾ ਚਾਹੁੰਦੇ ਹਾਂ ਪਰ ਪ੍ਰਮਾਤਮਾ ਨੂੰ ਇਹੋ ਜਿਹੇ ਦਿਖਾਵਿਆਂ ਨਾਲ ਪ੍ਰਸੰਨ ਨਹੀਂ ਕੀਤਾ ਜਾ ਸਕਦਾ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪਰ ਦੁਨੀਆਂ ਵਾਲੇ ਸਾਡੇ ਇਨ੍ਹਾਂ ਤਰੀਕਿਆਂ ਨੂੰ ਹੀ ਭਗਤੀ ਸਮਝਦੇ ਹਨ ਤੇ ਸਾਨੂੰ ਉੱਚਾ ਥਾਪ ਕੇ ਇਸ ਗੱਲ ਦਾ ਮਾਣ ਦਿੰਦੇ ਹਨ ਕਿਉਂਕਿ ਸਭ ਨੂੰ ਭਗਤੀ ਦਾ ਦਿਖਾਵਾ ਹੀ ਲੁਭਾਉਂਦਾ ਹੈ ਤੇ ਅਸਲ ਭਗਤੀ ਕੀ ਹੈ ਇਸ ਗੱਲ ਦੀ ਦੁਨੀਆਂ ਨੂੰ ਸੋਝੀ ਨਹੀਂ ਹੈ। ਸਾਡੇ ਇਸ ਭੁਲੇਖੇ ਦਾ ਹੀ ਇਸ ਸ਼ਬਦ ਦੁਆਰਾ ਖੰਡਨ ਕੀਤਾ ਹੋਇਆ ਹੈ ਤੇ ਭਗਤੀ ਦਾ ਅਸਲ ਤਰੀਕਾ ਸਮਝਾਇਆ ਹੋਇਆ ਹੈ।

"ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥"

ਸਾਵਣ ਦੇ ਮਹੀਨੇ ਵਿੱਚ ਮੋਰ ਖੁਸ਼ੀ ਦੇ ਨਾਲ ਨੱਚਦੇ ਹਨ, ਰੁਣ ਝੁਣ ਲਾਉਂਦੇ ਹਨ ਕਿਉਂਕਿ ਸਾਵਣ ਉਨ੍ਹਾਂ ਨੂੰ ਚੰਗਾ ਲੱਗਦਾ ਹੈ। ਉਨ੍ਹਾਂ ਦਾ ਇਹ ਰੂਪ ਜਦੋਂ ਉਹ ਆਪਣੇ ਖੰਭ ਖਿਲਾਰਦੇ ਹਨ ਸਭ ਨੂੰ ਬਹੁਤ ਸੁਹਾਵਣਾ ਲੱਗਦਾ ਹੈ ਤੇ ਸਭ ਉਨ੍ਹਾਂ ਦੀ ਤਾਰੀਫ਼ ਕਰਦੇ ਹਨ। ਤਾਰੀਫ਼ ਉਨ੍ਹਾਂ ਦੇ ਸੋਹਣੇਪਨ ਦੀ ਹੀ ਹੁੰਦੀ ਹੈ, ਬਾਹਰੀ ਰੂਪ ਦੀ ਹੀ ਹੁੰਦੀ ਹੈ ਤੇ ਇਸੇ ਗੱਲ ਦਾ ਹੀ ਉਨ੍ਹਾਂ ਨੂੰ ਮਾਣ ਮਿਲਦਾ ਹੈ ਭਾਵ ਬਾਹਰੀ ਰੂਪ ਦਾ ਮਾਣ ਮਿਲਦਾ ਹੈ। ਇਸੇ ਤਰ੍ਹਾਂ ਇਸਤਰੀ ਦੇ ਨੈਣ-ਨਕਸ਼ ਸੁੰਦਰ ਹੁੰਦੇ ਹਨ ਉਹ ਆਪਣੇ ਇਸ ਰੂਪ ਦੁਆਰਾ ਸੁੰਦਰ ਲੱਗਦੀ ਹੈ ਤੇ ਉਸਦਾ ਇਹ ਰੂਪ ਸਭ ਨੂੰ ਲੁਭਾਉਂਦਾ ਹੈ, ਚੰਗਾ ਲੱਗਦਾ ਹੈ। ਬਾਹਰੀ ਰੂਪ ਦੀ ਸੁੰਦਰਤਾ ਸਭ ਨੂੰ ਲੋਭ ਵਿੱਚ ਪਾਉਂਦੀ ਹੈ, ਲੁਭਾਉਂਦੀ ਹੈ ਜੋ ਕਿ ਸਭ ਲਈ ਸੁਭਾਵਿਕ ਹੀ ਹੈ ਭਾਵ ਸਭ ਦੇ ਸੁਭਾਅ ਵਿੱਚ ਹੀ ਹੈ। ਆਪਣੇ ਸੁਹੱਪਣ ਦਾ ਮਾਣ ਸਭ ਨੂੰ ਹੁੰਦਾ ਹੈ ਕਿਉਂਕਿ ਉਸ ਸੁਹੱਪਣ ਦੀ ਤਾਰੀਫ਼ ਹਰ ਕੋਈ ਕਰਦਾ ਹੈ।

ਇਸੇ ਤਰ੍ਹਾਂ ਜੋ ਮਨੁੱਖ ਸਰੀਰਕ ਜਪ ਤਪ ਨਾਲ ਜੁੜੇ ਹੋਏ ਹਨ ਉਹ ਆਪਣੇ ਇਹੋ ਜਿਹੇ ਭਗਤੀ ਦੇ ਮਾਰਗ ਨਾਲ ਪ੍ਰਸੰਨਤਾ ਮਹਿਸੂਸ ਕਰਦੇ ਹਨ ਤੇ ਉਨ੍ਹਾਂ ਦਾ ਇਹੋ ਜਿਹਾ ਰੂਪ ਦੁਨੀਆਂ ਨੂੰ ਬਹੁਤ ਲੁਭਾਉਂਦਾ ਹੈ ਤੇ ਉਨ੍ਹਾਂ ਕੋਲੋਂ ਇਹੋ ਜਿਹੇ ਬਾਹਰੀ

ਰੂਪ ਦਾ, ਬਾਹਰੀ ਦਿਖਾਵੇ ਦਾ ਮਾਣ ਮਿਲਦਾ ਹੈ। ਸਾਡੇ ਇਸ ਬਾਹਰੀ ਰੂਪ ਨੂੰ, ਬਾਹਰੀ ਦਿਖਾਵੇ ਨੂੰ ਭਾਵ ਬਾਹਰੀ ਜਪ-ਤਪ ਨੂੰ ਇੱਕ ਜੇਵਡਾ ਦੱਸਿਆ ਹੈ, ਸਾਡੇ ਗਲੇ ਦਾ ਰੱਸਾ ਦੱਸਿਆ ਹੈ ਜੋ ਸਾਨੂੰ ਮਾਰਨ ਦਾ ਕੰਮ ਕਰਦਾ ਹੈ ਭਾਵ ਸਾਡੇ ਜੀਵਨ ਨੂੰ ਨਸ਼ਟ ਕਰਦਾ ਹੈ, ਇਸ ਮਨੁੱਖੀ ਜੀਵਨ ਨੂੰ ਵਿਅਰਥ ਗਵਾਉਂਦਾ ਹੈ ਭਾਵ ਸਾਡੇ ਬਾਹਰੀ ਜਪ-ਤਪ ਤੇ ਦਿਖਾਵੇ ਕੇਵਲ ਸਾਨੂੰ ਝੂਠਾ ਮਾਣ ਦਿਵਾਉਂਦੇ ਹਨ ਤੇ ਅਸੀਂ ਜਿਹੋ ਜਿਹੀ ਭਗਤੀ ਨਾਲ ਆਪਣੀ ਖੁਸ਼ੀ ਮਹਿਸੂਸ ਕਰਦੇ ਹਾਂ ਉਹ ਅਸਲ ਵਿੱਚ ਸਾਨੂੰ ਫਾਹੀ ਦੇ ਰਸਤੇ ਤੇ ਤੋਰ ਰਹੀ ਹੈ। **(ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥)**

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਧੰਨ ਧੰਨ ਬਾਣੀ ਦੇ ਦਾਤਾ ਬਾਬਾ ਨਾਨਕ ਜੀ ਸਾਨੂੰ ਸਮਝਾ ਰਹੇ ਹਨ ਕਿ ਸੱਚਾ ਮਾਣ ਲੈਣਾ ਕੀ ਹੈ। ਬਾਬੇ ਨਾਨਕ ਨੂੰ ਬਹੁਤ ਮਾਣ ਮਿਲਿਆ ਹੈ ਤੇ ਹੁਣ ਵੀ ਮਿਲ ਰਿਹਾ ਹੈ ਪਰ ਉਸ ਮਾਣ ਦੀ ਵਜ੍ਹਾ ਕੀ ਹੈ ਇਹੀ ਗੱਲ ਸਾਨੂੰ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥"

ਬਾਬਾ ਨਾਨਕ ਜੀ ਸਾਨੂੰ ਸਮਝਾ ਰਹੇ ਹਨ, ਆਪਣੀ ਗੱਲ ਪ੍ਰਮਾਤਮਾ ਨੂੰ ਸੰਬੋਧਨ ਕਰਕੇ ਸਮਝਾ ਰਹੇ ਹਨ ਕਿ ਮੈਂ ਤਾਂ ਤੇਰੇ ਦਰਸ਼ਨ ਕੀਤੇ ਹੋਏ ਹਨ ਤੇ ਇਸ ਲਈ ਮੈਂ ਇਸ ਸਰੀਰ ਦਾ ਮਾਣ ਕੀ ਕਰ ਸਕਦਾ ਹੈ, ਕਿਸੇ ਦਿਖਾਵੇ ਦਾ ਕੀ ਮਾਣ ਕਰ ਸਕਦਾ

ਹਾਂ, ਇਸ ਸਰਗੁਣ ਰੂਪ ਦਾ ਕੀ ਮਾਣ ਕਰ ਸਕਦਾ ਹਾਂ ਜੋ ਤੇਰਾ ਹੀ ਦਿੱਤਾ ਹੋਇਆ ਹੈ ਤੇ ਮੇਰਾ ਆਪਣਾ ਇਸ ਵਿੱਚ ਕੁੱਝ ਵੀ ਨਹੀਂ ਹੈ। ਤੇਰੇ ਦਰਸ਼ਨਾਂ ਦੇ ਬਦਲੇ ਮੈਂ ਇਸ ਸਰੀਰ ਨੂੰ ਟੁਕੜੇ-ਟੁਕੜੇ ਕਰ ਦਿਆਂ, ਕਟਵਾ ਦਿਆਂ ਭਾਵ ਮਨੁੱਖ ਐਵੇਂ ਹੀ ਆਪਣੇ ਆਪ ਦਾ ਮਾਣ ਕਰਦਾ ਹੈ ਭਾਵ ਤਾਂ ਹੀ ਮਾਣ ਕਰਦਾ ਹੈ, ਤਾਂ ਹੀ ਆਪਣੇ ਆਪ ਨੂੰ ਕੁੱਝ ਸਮਝਦਾ ਹੈ ਜਦ ਤੱਕ ਉਸਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ, ਉਸ ਧਰਮ ਦੀ ਸਿੱਖਿਆ ਦੇਣ ਵਾਲੇ ਦੇ ਦਰਸ਼ਨ ਨਹੀਂ ਹੁੰਦੇ, ਉਸ ਗਿਆਨ ਦੇ ਮਾਲਕ ਦੇ ਦਰਸ਼ਨ ਨਹੀਂ ਹੁੰਦੇ, ਉਸ ਸੰਤ ਦੇ ਦਰਸ਼ਨ ਨਹੀਂ ਹੁੰਦੇ ਜੋ ਸਾਰੇ ਸੰਸਾਰ ਨੂੰ ਚਲਾਉਣ ਵਾਲਾ ਹੈ। ਉਸ ਦੇ ਦਰਸ਼ਨਾਂ ਤੋਂ ਬਾਅਦ ਕੋਈ ਆਪਣੇ ਆਪ ਦਾ ਮਾਣ ਕਰ ਹੀ ਨਹੀਂ ਸਕਦਾ ਕਿ ਮੈਂ ਆਪ ਧਰਮ ਸਿਖਾਉਣ ਵਾਲਾ ਹਾਂ, ਮੈਂ ਆਪ ਸੰਤ ਹਾਂ, ਮੈਂ ਆਪ ਸਿੱਖਿਆ ਦੇਣ ਵਾਲਾ ਹਾਂ। ਉਹ ਫਿਰ ਪ੍ਰਮਾਤਮਾ ਨੂੰ ਹੀ ਸੰਤ ਰੂਪ ਕਹਿੰਦੇ ਹਨ, ਗੁਰੂ-ਰੂਪ ਕਹਿੰਦੇ ਹਨ। ਉਹ ਆਪਣੀ ਮਤਿ ਨੂੰ ਉੱਚਾ ਨਹੀਂ ਦੱਸਦੇ ਬਲਕਿ ਉਸ ਪ੍ਰਮਾਤਮਾ ਦੀ ਮਤਿ ਨੂੰ ਉੱਚਾ ਕਰਦੇ ਹਨ, ਸੱਚ

19/2105

ਦੀ ਮਤਿ ਨੂੰ ਉੱਚਾ ਕਰਦੇ ਹਨ ਭਾਵ ਪ੍ਰਮਾਤਮਾ ਦੀ ਮਤਿ ਤੋਂ ਕੁਰਬਾਨ ਜਾਂਦੇ ਹਨ ਉਸਦੇ ਨਾਮ ਤੋਂ ਕੁਰਬਾਨ ਜਾਂਦੇ ਹਨ। ਇਸ ਅਵੱਸਥਾ ਦੁਆਰਾ ਜਦੋਂ ਮਨੁੱਖ ਪ੍ਰਮਾਤਮਾ ਨੂੰ ਉੱਚਾ ਕਰਦਾ ਹੈ, ਪ੍ਰਮਾਤਮਾ ਦੀ ਉਸਤਤਿ ਕਰਨੀ ਸਿਖਾਉਂਦਾ ਹੈ, ਮਨੁੱਖਤਾ ਦਾ ਧਰਮ ਸਿਖਾਉਂਦਾ ਹੈ ਤੇ ਆਪ ਹੀ ਉਸ ਮਤਿ ਅਨੁਸਾਰ ਵਿਚਰਦਾ ਹੈ, ਸੇਵਕ ਰੂਪ ਬਣ ਕੇ ਵਿਚਰਦਾ ਹੈ ਫਿਰ ਅਗਰ ਦੁਨੀਆਂ ਉਸਨੂੰ ਮਾਣ ਦਿੰਦੀ ਹੈ ਤਾਂ ਫਿਰ ਇਹ ਉਸਦਾ ਸੱਚਾ ਮਾਣ ਹੈ। ਜਿਸਨੂੰ ਪਹਿਲੇ ਪ੍ਰਮਾਤਮਾ ਦੇ ਦਰ ਤੋਂ ਮਾਣ ਮਿਲਦਾ ਹੈ, ਸੱਚ ਦੀ ਸੋਝੀ ਪੈਂਦੀ ਹੈ ਉਹ ਫਿਰ ਆਪਣੀ ਹਰ ਕਰਨੀ ਵਿੱਚ ਸੱਚ ਨੂੰ ਹੀ ਉੱਚਾ ਕਰਦਾ ਹੈ ਤੇ ਜੋ ਸੱਚ ਨੂੰ ਉੱਚਾ ਕਰਦਾ ਹੈ ਉਸਨੂੰ ਮਾਣ ਦੇਣਾ ਉਸਦਾ ਸੱਚਾ ਮਾਣ ਕਰਨਾ ਹੈ। ਇਹ ਅਸਲ ਵਿੱਚ ਸੱਚ ਦਾ ਮਾਣ ਹੈ ਤੇ ਜਿੱਥੇ ਸੱਚ ਦਾ ਮਾਣ ਹੈ ਉਹ ਗੁਰੂ ਦਾ ਮਾਣ ਹੈ, ਪ੍ਰਮਾਤਮਾ ਦਾ ਮਾਣ ਹੈ। ਬਾਬਾ ਨਾਨਕ ਜੀ ਸਾਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਪ੍ਰਮਾਤਮਾ ਜੇਕਰ ਤੂੰ ਮੇਰੇ ਵਿੱਚ ਵੱਸਿਆ ਹੈਂ ਮੈਂ ਫਿਰ ਤਾਂ ਆਪਣੇ ਆਪ ਨੂੰ ਮਾਣ ਲੈਣ ਦੇ ਯੋਗ ਸਮਝਿਆ ਹੈ ਨਹੀਂ ਤਾਂ ਉਸ ਮਨੁੱਖ ਦਾ ਕਾਹਦਾ ਮਾਣ ਜਿਸ ਨੂੰ ਪ੍ਰਮਾਤਮਾ ਦੇ ਦਰਸ਼ਨ ਹੀ ਨਹੀਂ ਹੋਏ ਭਾਵ ਜਦ ਤੱਕ ਕਿਸੇ ਨੂੰ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ, ਉਸਦੇ ਨਿਰਗੁਣ ਰੂਪ ਦੇ ਦਰਸ਼ਨ ਨਹੀਂ ਹੋਏ, ਨਾਮ ਰੂਪ ਦੇ, ਸ਼ਬਦ ਰੂਪ ਦੇ, ਗਿਆਨ ਰੂਪ ਦੇ ਦਰਸ਼ਨ ਨਹੀਂ ਹੋਏ ਭਾਵ ਜਦ ਤੱਕ ਨਾਮ ਦੀ, ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੋਈ, ਚੌਥੇ ਪਦ ਦੀ ਪ੍ਰਾਪਤੀ ਨਹੀਂ ਹੋਈ ਜਦ ਤੱਕ ਤ੍ਰੈਗੁਣਾਂ ਵਾਲੀ ਅਵੱਸਥਾ ਦੂਰ ਨਹੀਂ ਹੋਈ ਤਦ ਤੱਕ ਭਗਤੀ ਦੀ ਸਮਝ ਹੀ ਨਹੀਂ ਆਉਂਦੀ, ਪੂਰਨ ਸੱਚ ਦੀ ਸਮਝ ਹੀ ਨਹੀਂ ਪੈਂਦੀ ਤੇ ਤਦ ਤੱਕ ਲੋਕੀ ਸਰੀਰਕ ਜਪਾਂ ਤਪਾਂ ਦੁਆਰਾ ਹੀ ਭਗਤੀ ਦਾ ਮਾਰਗ ਸਮਝ ਕੇ ਲੱਗੇ ਹੋਏ ਹਨ ਤੇ ਝੂਠਾ ਮਾਣ ਲੈਣ ਵਿੱਚ ਲੱਗੇ ਹੋਏ ਹਨ। **(ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥)**

ਇਹੀ ਗੱਲ ਅਸੀਂ ਪਿੱਛੇ ਧੰਨ ਧੰਨ ਭਗਤ ਕਬੀਰ ਜੀ ਦੇ ਸ਼ਬਦ ਰਾਹੀਂ ਸਮਝੀ ਹੈ ਕਿ ਜੇਕਰ ਉਨ੍ਹਾਂ ਨੇ ਆਪਣੇ ਆਪ ਨੂੰ ਕੁੱਝ ਮਾਣ ਦੇ ਯੋਗ ਸਮਝਿਆ ਹੈ ਉਹ ਇਸੇ ਲਈ ਸਮਝਿਆ ਹੈ ਕਿ ਉਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ।

{ਸੰਤਹੁ ਮਨ ਪਵਨੈ ਸੁਖੁ ਬਨਿਆ॥ ਕਿਛੁ ਜੋਗੁ ਪਰਾਪਤਿ ਗਨਿਆ॥ਰਹਾਉ॥}

(ਅੰਗ ੬੫੬)

19/2106

ਅਗਲੀਆਂ ਪੰਗਤੀਆਂ ਰਾਹੀਂ ਉਨ੍ਹਾਂ ਨੂੰ ਸਮਝਾਇਆ ਹੋਇਆ ਹੈ ਜੋ ਆਪਣੀ ਦਿਖਾਵੇ ਵਾਲੀ ਭਗਤੀ ਦਾ ਮਾਣ ਕਰਦੇ ਹਨ, ਜਿਹੋ ਜਿਹਾ ਦਿਖਾਵਾ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਤੇ ਉਨ੍ਹਾਂ ਦਾ ਦਿਖਾਵਾ ਸਭ ਨੂੰ ਲੁਭਾਉਂਦਾ ਹੈ। ਪ੍ਰਮਾਤਮਾ ਨੂੰ ਇਹੋ ਜਿਹਾ ਦਿਖਾਵਾ ਨਹੀਂ ਲੁਭਾਉਂਦਾ ਤੇ ਉਨ੍ਹਾਂ ਨੂੰ ਇਹੋ ਜਿਹਾ ਦਿਖਾਵਾ ਨਾ ਕਰਨ ਦੀ ਨਸੀਹਤ ਦਿੱਤੀ ਹੋਈ ਹੈ।

"ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਡੇ ਵੇਸ, ਭੇਖ ਹੀ ਦੱਸੇ ਹੋਏ ਹਨ ਜਿੰਨ੍ਹਾਂ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆਏ ਹਾਂ। ਸਾਡੇ ਸਾਰੇ ਸਰੀਰਕ ਜਪ-ਤਪ ਤੇ ਕਥਨੀ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨੀਆਂ, ਗਿਣਤੀਆਂ-ਮਿਣਤੀਆਂ ਰਾਹੀਂ ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦੀਆ ਗੱਲਾਂ ਕਰਨੀਆਂ ਆਦਿ ਸਭ ਦਾ ਖੰਡਨ ਕੀਤਾ ਹੋਇਆ ਹੈ ਭਾਵ ਭਗਤੀ

ਦੇ ਉਸ ਹਰ ਦਿਖਾਵੇ ਦਾ ਖੰਡਨ ਕੀਤਾ ਹੋਇਆ ਹੈ ਜਿਸਨੂੰ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਸਮਝਦੇ ਹਾਂ। ਅਸੀਂ ਆਪਣੇ ਇਹੋ ਜਿਹੇ ਦਿਖਾਵਿਆਂ ਦੁਆਰਾ ਆਪਣੇ ਵੱਲੋਂ ਪ੍ਰਮਾਤਮਾ ਦੇ ਆਉਣ ਦੀ ਸੇਜ ਤਿਆਰ ਕਰਦੇ ਹਾਂ, ਪਲੰਘ ਤਿਆਰ ਕਰਦੇ ਹਾਂ ਜਿਵੇਂ ਕਿ ਕੋਈ ਇਸਤਰੀ ਚੂੜਾ ਪਾ ਕੇ, ਪਲੰਘ ਵਿਛਾ ਕੇ ਆਪਣੇ ਪਤੀ ਦੇ ਆਉਣ ਦੀ ਤਿਆਰੀ ਕਰਦੀ ਹੈ। ਸਾਨੂੰ ਇਹੋ ਜਿਹਾ ਚੂੜਾ ਸਣੇ ਬਾਹਾਂ ਤੇ ਨਾਲ ਹੀ ਪਲੰਘ ਨੂੰ ਭੰਨਣ ਲਈ ਕਿਹਾ ਹੈ, ਪੂਰੀ ਤਰ੍ਹਾਂ ਭੰਨਣ ਲਈ ਕਿਹਾ ਹੈ ਭਾਵ ਸਾਡੇ ਦਿਖਾਵੇ ਵਾਲੀ ਭਗਤੀ ਨੂੰ ਪੂਰੀ ਤਰ੍ਹਾਂ ਖੰਡਿਆ ਹੈ ਜਿਸ ਦੁਆਰਾ ਅਸੀਂ ਝੂਠਾ ਮਾਣ ਲੈਂਦੇ ਹਾਂ। ਨਾਲ ਹੀ ਸਾਨੂੰ ਸੁਚੇਤ ਕੀਤਾ ਹੈ ਕਿ ਇਹੋ ਜਿਹੀ ਸੇਜ ਤੇ ਪ੍ਰਮਾਤਮਾ ਨਹੀਂ ਆਉਂਦਾ ਬਲਕਿ ਉਹ ਉਸ ਸੇਜ ਤੇ ਜਾਂਦਾ ਹੈ ਜਿੱਥੇ ਇਹ ਦਿਖਾਵੇ ਨਹੀਂ ਹੁੰਦੇ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਦੀ ਸਹੀ ਸਮਝ ਹੈ ਉਨ੍ਹਾਂ ਨੂੰ ਪ੍ਰਮਾਤਮਾ ਇਹੋ ਜਿਹੇ ਦਿਖਾਵਿਆਂ ਵਿੱਚ ਨਹੀਂ ਪਾਉਂਦਾ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਦੇ ਆਏ ਹਾਂ। ਪ੍ਰਮਾਤਮਾ ਨੂੰ ਕੇਵਲ ਸਾਡੀ ਇਨਸਾਨੀਅਤ ਚੰਗੀ ਲੱਗਦੀ ਹੈ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। **(ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥)**

ਸੋਰਠਿ ਮਹਲਾ ੧॥

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥੧॥}

(ਅੰਗ ੫੯੮)

ਸਿਰੀਰਾਗੁ ਮਹਲਾ ੫ ਘਰੁ ੫॥

{ਜਾਨਉ ਨਹੀ ਭਾਵੈ ਕਵਨ ਬਾਤਾ॥ ਮਨ ਖੋਜਿ ਮਾਰਗੁ॥੧॥ਰਹਾਉ॥
ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥ ਪ੍ਰਭੁ ਕਿਨ ਹੀ ਜਾਤਾ॥੧॥
ਭਗਉਤੀ ਰਹਤ ਜੁਗਤਾ॥ ਜੋਗੀ ਕਹਤ ਮੁਕਤਾ॥ ਤਪਸੀ ਤਪਹਿ ਰਾਤਾ॥੨॥
ਮੋਨੀ ਮੋਨਿਧਾਰੀ॥ ਸਨਿਆਸੀ ਬ੍ਰਹਮਚਾਰੀ॥ ਉਦਾਸੀ ਉਦਾਸਿ ਰਾਤਾ॥੩॥
ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥ ਗਿਰਸਤੀ ਗਿਰਸਤਿ ਧਰਮਾਤਾ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ॥ ਕਾਪੜੀ ਕਉਤੇ ਜਾਗੂਤਾ॥ ਇਕਿ ਤੀਰਥਿ ਨਾਤਾ॥੫॥
ਨਿਰਹਾਰ ਵਰਤੀ ਆਪਰਸਾ॥ ਇਕਿ ਲੂਕਿ ਨ ਦੇਵਹਿ ਦਰਸਾ॥ ਇਕਿ ਮਨ ਹੀ ਗਿਆਤਾ॥੬॥
ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥ ਜਿਸੁ ਮੇਲੇ ਸੋ ਭਗਤਾ॥੭॥
ਸਗਲ ਉਕਤਿ ਉਪਾਵਾ॥ ਤਿਆਗੀ ਸਰਨਿ ਪਾਵਾ॥ ਨਾਨਕੁ ਗੁਰ ਚਰਣਿ ਪਰਾਤਾ॥੮॥੨॥੨੭॥}

(ਅੰਗ ੭੧)

19/2107

ਸਾਡੀ ਇਹੋ ਜਿਹੀ ਦਿਖਾਵੇ ਵਾਲੀ ਭਗਤੀ ਦਾ ਕਾਰਨ ਕੀ ਹੈ ਇਹੀ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥"

ਅਸੀਂ ਉਹੋ ਜਿਹੀ ਭਗਤੀ ਵਿੱਚ ਲੱਗੇ ਹੋਏ ਹਾਂ ਜਿਸਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਅਸੀਂ ਭਗਤੀ ਦਾ ਤਰੀਕਾ ਗੁਰਬਾਣੀ ਗੁਰੂ ਕੋਲੋਂ ਨਹੀਂ ਸਿੱਖਿਆ ਬਲਕਿ ਉਨ੍ਹਾਂ ਕੋਲੋਂ ਸਿੱਖਿਆ ਹੈ ਜਿੰਨ੍ਹਾਂ ਨੂੰ ਭਗਤੀ ਦੀ ਸਮਝ ਹੀ ਨਹੀਂ ਹੈ। ਅਸੀਂ ਸਦੀਆਂ ਤੋਂ ਚੱਲੀ ਆ ਰਹੀ ਭਗਤੀ ਦੀ ਝੂਠੀ ਪ੍ਰੰਪਰਾ ਵਿੱਚ ਹੀ ਫਸੇ ਹੋਏ ਹਾਂ। ਨਾ ਹੀ ਉਹ "ਮਨੀਆਰੁ" ਭਾਵ ਚੂੜੀਆਂ ਵੇਚਣ ਵਾਲਾ ਸੱਚਾ ਹੈ ਤੇ ਨਾ ਹੀ ਇਹ ਉਹ ਚੂੜੀਆਂ ਹਨ ਜਿੰਨ੍ਹਾਂ ਦੁਆਰਾ ਅਸੀਂ ਆਪਣੇ ਆਪ ਨੂੰ ਸ਼ਿੰਗਾਰ ਸਕਦੇ ਹਾਂ ਭਾਵ ਨਾ ਹੀ ਉਨ੍ਹਾਂ ਨੂੰ ਸਮਝ ਹੈ ਜਿੰਨ੍ਹਾਂ ਕੋਲੋਂ ਅਸੀਂ ਇਹੋ ਜਿਹੀ ਭਗਤੀ ਸਿੱਖੀ ਹੋਈ ਹੈ ਤੇ ਨਾ ਹੀ ਉਹ ਤਰੀਕੇ ਸਹੀ ਹਨ ਜੋ ਉਨ੍ਹਾਂ ਨੇ ਸਾਨੂੰ ਪ੍ਰਮਾਤਮਾ ਦਾ ਜਪ ਕਰਨ ਲਈ ਸਮਝਾਏ ਹਨ। ਉਨ੍ਹਾਂ ਨੇ ਸਾਨੂੰ ਉਹੋ ਜਿਹਾ ਸ਼ਿੰਗਾਰ ਕਰਨਾ ਸਮਝਾਇਆ ਹੈ ਜਿਸ ਦੁਆਰਾ ਪ੍ਰਮਾਤਮਾ ਪ੍ਰਸੰਨ ਨਹੀਂ ਹੁੰਦਾ। ਇਹੋ ਜਿਹਾ ਸ਼ਿੰਗਾਰ ਕਰਕੇ ਅਸੀਂ ਪ੍ਰਮਾਤਮਾ ਦੇ ਕੰਠ ਨਹੀਂ ਲੱਗ ਸਕਦੇ ਤੇ ਇਸ ਜੀਵਨ ਨੂੰ ਵਿਅਰਥ ਕਰਨ ਵਾਲੀ ਗੱਲ ਹੈ, ਸਾੜਨ ਵਾਲੀ ਗੱਲ ਹੈ, ਬੇਕਾਰ ਕਰਨ ਵਾਲੀ ਗੱਲ ਹੈ ਭਾਵ ਸਾਡੇ ਇਹੋ ਜਿਹੇ ਸ਼ਿੰਗਾਰ ਦੁਆਰਾ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ ਤੇ ਸਾਡਾ ਸੰਸਾਰਿਕ ਆਵਾਗਉਣ ਨਹੀਂ ਮਿਟ ਸਕਦਾ। **(ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥)**

ਅਗਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਭਗਤੀ ਦਾ ਦਿਖਾਵਾ ਕਰਨ ਵਾਲੇ ਕਿਸ ਤਰੀਕੇ ਨਾਲ ਕਰਦੇ ਹਨ ਉਸ ਬਾਰੇ ਹੀ ਸਮਝਾਇਆ ਹੋਇਆ ਹੈ ਤੇ ਭਗਤੀ ਦਾ ਅਸਲ ਤਰੀਕਾ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥

ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥"

ਅਸੀਂ ਆਪਣੀ ਭਗਤੀ ਦਾ ਪ੍ਰਗਟਾਵਾ ਕਰਨ ਲਈ ਕਿਸੇ ਨਾ ਕਿਸੇ ਦਰ ਤੇ ਜਾਂਦੇ ਹਾਂ ਤੇ ਕਿਸੇ ਨਾ ਕਿਸੇ ਤਰੀਕੇ ਨੂੰ ਅਪਣਾ ਕੇ ਭਾਵ ਸੁਣੇ-ਸੁਣਾਏ ਤਰੀਕਿਆਂ ਨੂੰ ਅਪਣਾ ਕੇ ਪ੍ਰਮਾਤਮਾ ਲਈ ਆਪਣੀ ਸ਼ਰਧਾ ਪ੍ਰਗਟ ਕਰਦੇ ਹਾਂ ਜਿਵੇਂ ਕਿ ਹਰ ਕੋਈ ਉਸਦੀ ਭਗਤੀ ਕਰਨਾ ਸਮਝਦਾ ਹੈ। ਪਰ ਜਿਸਨੂੰ ਇਸ ਗੱਲ ਦੀ ਸਮਝ ਹੈ ਕਿ ਉਸਦੀ ਭਗਤੀ ਕਿਵੇਂ ਕਰਨੀ ਹੈ

19/2108

ਉਹ ਗੁਰੂ ਦੀ ਮਤਿ ਲੈ ਕੇ ਖਰੀ ਤੇ ਸੁਚੱਜੀ ਬਣਾਉਂਦੀ ਹੈ ਕਿਉਂਕਿ ਉਹ ਜਾਣਦੀ ਹੈ ਕਿ ਪ੍ਰਮਾਤਮਾ ਨੂੰ ਇਹੋ ਜਿਹਾ ਵੇਸ ਹੀ ਚੰਗਾ ਲੱਗਦਾ ਹੈ। ਮਨੁੱਖ ਨੂੰ ਖਰਾ ਤੇ ਸੁਚੱਜਾ ਬਣਨ ਲਈ ਆਪਣੀ ਤ੍ਰਿਸ਼ਨਾ ਨੂੰ ਹੀ ਸਾੜਨਾ ਪੈਂਦਾ ਹੈ ਤੇ ਜਿਸਨੇ ਆਪਣੀ ਤ੍ਰਿਸ਼ਨਾ ਸਾੜੀ ਹੋਈ ਹੈ ਉਸਨੂੰ ਕਿਸੇ ਦਰ ਦਰ ਭਟਕ ਕੇ ਪ੍ਰਮਾਤਮਾ ਨੂੰ ਖੁਸ਼ ਕਰਨ ਦੀ ਜਰੂਰਤ ਨਹੀਂ ਹੁੰਦੀ। ਮਨੁੱਖ ਖਰਾ-ਸੁਚੱਜਾ ਬਣ ਕੇ ਚੰਗੇ ਕਰਮ ਹੀ ਕਰਦਾ ਹੈ ਜੋ ਪ੍ਰਮਾਤਮਾ ਨੂੰ ਭਾਉਣ ਦਾ ਅਸਲ ਤਰੀਕਾ ਹੈ। ਜੋ ਪ੍ਰਮਾਤਮਾ ਨੂੰ ਦਰ ਦਰ ਤੇ ਜਾ ਕੇ ਆਪਣਾ ਦਿਖਾਵਾ ਕਰਦੇ ਹਨ ਉਹ ਪ੍ਰਮਾਤਮਾ ਨੂੰ ਨਹੀਂ ਭਾਉਂਦੇ। **(ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥)**

"ਹਉ ਦਾਧੀ" ਤੋਂ ਭਾਵ ਹੈ ਜਿਸਦੀ ਹਉਮੈ ਸੜੀ ਹੋਈ ਹੈ ਜੋ ਕਿ ਪ੍ਰਮਾਤਮਾ ਆਪ ਹੀ ਸਾੜਦਾ ਹੈ, ਆਪਣੇ ਸ਼ਬਦ ਦੁਆਰਾ, ਸੱਚੇ ਗਿਆਨ ਦੁਆਰਾ ਸਾੜਦਾ ਹੈ, ਮਨ ਦੀ ਸੱਚੀ ਸੋਝੀ ਦੁਆਰਾ ਸਾੜਦਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਤ੍ਰਿਸ਼ਨਾਵਾਂ ਤੋਂ ਮੁਕਤ ਹੁੰਦਾ ਹੈ, ਵਿਕਾਰਾਂ ਤੋਂ ਮੁਕਤ ਹੁੰਦਾ ਹੈ ਤੇ ਖਰਾ ਸੁਚੱਜਾ ਬਣਦਾ ਹੈ। ਇਹ ਗੁਰੂ ਸਾਹਿਬ ਦੀ ਆਪਣੀ ਅਵੱਸਥਾ ਹੈ ਜੋ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਹਨ ਤੇ ਸਾਨੂੰ ਸਹੀ ਮਾਰਗ ਦੀ ਸੋਝੀ ਪਾ ਰਹੇ ਹਨ।

ਅਗਲੀਆਂ ਪੰਗਤੀਆਂ ਰਾਹੀਂ ਵੀ ਸਾਡਾ ਦਿਖਾਵਾ ਹੀ ਸਮਝਾਇਆ ਹੋਇਆ ਹੈ ਕਿ ਅਸੀਂ ਉਸ ਪਤੀ ਰੂਪ ਪ੍ਰਮਾਤਮਾ ਨੂੰ ਰੀਝਾਉਣ ਲਈ ਜੋ ਦਿਖਾਵੇ ਕਰਦੇ ਹਾਂ ਉਹ ਕਿਸੇ ਲੇਖੇ ਨਹੀਂ ਪੈਂਦਾ।

"ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥"

ਸਾਨੂੰ ਪ੍ਰਮਾਤਮਾ ਨੂੰ ਜਪਣ ਵਾਲਿਆਂ ਦੇ ਇਹੋ ਜਿਹੇ ਬਾਹਰੀ ਸ਼ਿੰਗਾਰ ਹੀ ਚੰਗੇ ਲੱਗਦੇ ਹਨ, ਸਾਨੂੰ ਮੋਰਾਂ ਵਰਗੇ ਚੰਗੇ ਲੱਗਦੇ ਹਨ ਜਿੰਨ੍ਹਾਂ ਨੂੰ ਦੇਖ ਕੇ ਅਸੀਂ ਉਨ੍ਹਾਂ ਨੂੰ ਮਾਣ ਦਿੰਦੇ ਹਾਂ ਪਰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਦਾ ਕਿਹੋ ਜਿਹਾ ਮਾਣ ਹੁੰਦਾ ਹੈ ਇਹ ਉੱਪਰ ਸਪੱਸ਼ਟ ਕੀਤਾ ਹੋਇਆ ਹੈ। ਅੱਗੇ ਜਾਣ ਲਈ ਭਾਵ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਭਾਵ ਉਸਨੂੰ ਪਾਉਣ ਲਈ ਭਾਵ ਜਿਸ ਮਕਸਦ ਲਈ ਅਸੀਂ ਭਗਤੀ ਕਰਦੇ ਹਾਂ ਇਹੋ ਜਿਹੀ ਭਗਤੀ ਉਸਦੇ ਦਰ ਤੇ ਕਬੂਲ ਨਹੀਂ ਹੁੰਦੀ ਤੇ ਉਨ੍ਹਾਂ ਨੂੰ ਆਖੀਰ ਇਸ ਗੱਲ ਤੇ ਪਛਤਾਉਣਾ ਹੀ ਪੈਂਦਾ ਹੈ ਕਿ ਉਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਆਈ ਤੇ ਉਨ੍ਹਾਂ ਨੇ ਆਪਣਾ ਜਨਮ ਵਿਅਰਥ ਗਵਾਇਆ ਹੈ। ਪ੍ਰਮਾਤਮਾ ਦਾ ਦਰ ਜੋ ਸਾਡੇ ਅੰਦਰ ਹੀ ਹੈ ਉੱਥੇ ਲੇਖਾ ਕਰਮਾਂ ਦਾ ਹੀ ਹੁੰਦਾ ਹੈ ਭਾਵ ਅਸੀਂ ਕਿਰਤ ਕਿਹੋ ਜਿਹੇ ਕਰਮਾਂ ਨਾਲ ਕੀਤੀ ਹੈ ਲੇਖਾ ਉਸ ਗੱਲ ਦਾ ਹੁੰਦਾ ਹੈ। ਭਗਤੀ ਦੇ ਦਿਖਾਵੇ ਸਾਡੇ ਕਿਸੇ ਕੰਮ ਨਹੀਂ ਆਉਣੇ। **(ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥)**

ਸਾਡੀ ਇਹੋ ਜਿਹੀ ਦਿਖਾਵੇ ਦੀ ਭਗਤੀ ਦਾ ਕਾਰਨ ਹੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥

ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥"

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ

19/2109

ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਸਾਡੀ "ਮੈਂ" ਕਰਕੇ ਹੈ, ਹਉਮੈ ਕਰ ਕੇ ਹੈ ਜੋ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਪੜਦਾ ਹੈ ਤੇ ਇਹ ਪੜਦਾ ਪ੍ਰਮਾਤਮਾ ਨੇ ਸਭ ਵਿੱਚ ਪਾਇਆ ਹੋਇਆ ਹੈ, ਜਿਸ ਪੜਦੇ ਦੁਆਰਾ ਪ੍ਰਮਾਤਮਾ ਨੇ ਆਪਣੇ ਹਰ ਸਰਗੁਣ-ਸਰੂਪ ਨੂੰ ਵੱਖਰੀ ਹੋਂਦ ਦਿੱਤੀ ਹੋਈ ਹੈ ਭਾਵ ਆਪਣੇ ਆਪ ਤੋਂ ਵੱਖਰਾ ਕੀਤਾ ਹੈ। ਇਹ ਮੈਂ ਸਭ

ਨੂੰ ਪਿਆਰੀ ਲੱਗਦੀ ਹੈ ਤੇ ਹਰ ਕੋਈ ਆਪਣੀ ਮੈਂ ਨੂੰ ਹੀ ਉੱਚਾ ਕਰਨਾ ਚਾਹੁੰਦਾ ਹੈ ਭਾਵ ਹਰ ਕੋਈ ਆਪਣੀ ਮੈਂ ਨੂੰ ਹੀ ਰੋਂਦਾ ਹੈ ਕਿ ਮੈਂ ਦੂਸਰੇ ਤੋਂ ਉੱਚਾ ਹੋ ਜਾਵਾਂ। ਜਿਤਨਾ ਅਸੀਂ ਆਪਣੀ ਮੈਂ ਨੂੰ ਉੱਚਾ ਕਰਦੇ ਹਾਂ ਉਤਨਾ ਹੀ ਅਸੀਂ ਪ੍ਰਮਾਤਮਾ ਤੋਂ ਦੂਰ ਹੁੰਦੇ ਜਾਂਦੇ ਹਾਂ, ਨਾਮ ਨਾਲੋਂ ਸਾਡੀ ਦੂਰੀ ਵੱਧਦੀ ਜਾਂਦੀ ਹੈ। ਸਾਡੇ ਤਨ ਦਾ ਬਿਰਹਾ ਭਾਵ ਜਿਸ ਕਰਕੇ ਅਸੀਂ ਪ੍ਰਮਾਤਮਾ ਕੋਲੋਂ ਵਿਛੜੇ ਹੋਏ ਹਾਂ ਭਾਵ ਜੋ ਸਾਡੇ ਤਨ ਦੇ ਵਿਛੋੜੇ ਦਾ ਕਾਰਨ ਹੈ ਉਹ ਸਾਡੀ "ਮੈਂ" ਹੈ। ਜਦ ਤੱਕ ਅਸੀਂ ਇਸ ਵਿਛੋੜੇ ਦੇ ਕਾਰਨ ਨੂੰ ਨਹੀਂ ਰੋਂਦੇ ਭਾਵ ਹਉਮੈ ਨੂੰ ਖ਼ਤਮ ਕਰਨ ਲਈ ਨਹੀਂ ਰੋਂਦੇ ਭਾਵ ਆਪਣੇ ਅੰਦਰ ਦੇ ਮਾਣ ਨੂੰ ਖ਼ਤਮ ਕਰਨ ਲਈ ਨਹੀਂ ਰੋਂਦੇ ਭਾਵ ਜਦ ਤੱਕ ਹਉਮੈ ਨੂੰ ਖ਼ਤਮ ਕਰਨ ਲਈ ਉੱਦਮ ਨਹੀਂ ਕਰਦੇ ਤਦ ਤੱਕ ਅਸੀਂ ਪ੍ਰਮਾਤਮਾ ਦੀ ਭਗਤੀ ਨਹੀਂ ਕਰ ਸਕਦੇ। ਸਾਡੀ "ਹਉਮੈ" ਸਾਡੀ ਮਨ ਮਤਿ ਦੀ ਉਪਜ ਹੈ। ਸਾਡੇ ਅੰਦਰ ਮਨਮਤਿ ਦੇ ਰਹਿੰਦਿਆਂ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ। ਸੱਚੀ ਸੋਝੀ ਕੇਵਲ "ਨਾਮੁ" ਦੇ ਕੋਲ ਹੈ ਭਾਵ ਗੁਰਮਤਿ ਦੇ ਕੋਲ ਹੈ। ਸਾਡੀ ਮਨਮਤਿ ਨੂੰ, ਹਉਮੈ ਨੂੰ ਕੇਵਲ "ਨਾਮੁ" ਦੀ ਮਤਿ ਹੀ ਖ਼ਤਮ ਕਰ ਸਕਦੀ ਹੈ, ਸ਼ਬਦ ਦੀ ਮਤਿ ਹੀ ਦੂਰ ਕਰ ਸਕਦੀ ਹੈ। “ਨਾਮੁ” ਦੀ ਮਤਿ ਸਾਨੂੰ ਸਰੀਰਕ ਜਪਾਂ-ਤਪਾਂ ਤੋਂ ਹਟਾਉਂਦੀ ਹੈ ਜਿੰਨ੍ਹਾਂ ਦੁਆਰਾ ਸਾਡੀ ਹਉਮੈ ਹੀ ਵੱਧਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਜੇਕਰ ਅਸੀਂ ਪ੍ਰਮਾਤਮਾ ਨਾਲੋਂ ਆਪਣਾ ਵਿਛੋੜਾ ਦੂਰ ਕਰਨਾ ਚਾਹੁੰਦੇ ਹਾਂ ਤਾਂ ਫਿਰ ਉਹ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਹੋ ਸਕਦਾ ਹੈ, ਆਪਣਾ ਝੂਠਾ ਮਾਣ ਵਧਾਉਣ ਵਾਲੇ ਤਰੀਕਿਆਂ ਨੂੰ ਛੱਡ ਕੇ ਹੀ ਹੋ ਸਕਦਾ ਹੈ। (**ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥**)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥੮॥੮॥}

(ਅੰਗ ੫੮)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥}

(ਅੰਗ ੯)

19/2110

{ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥
ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥}

(ਅੰਗ ੧੨੩੯)

"ਮੈਂ" ਵਿੱਚ ਰਹਿੰਦੇ ਹੋਏ, ਹਉਮੈ ਵਿੱਚ ਰਹਿੰਦੇ ਹੋਏ ਭਾਵ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ, ਪੜਦੇ ਵਿੱਚ ਰਹਿੰਦੇ ਹੋਏ ਮਨੁੱਖ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ, ਇਸ ਜੱਗ ਦੀ ਹਕੀਕਤ ਸਮਝੇ ਬਿਨ੍ਹਾਂ ਹੀ ਇਸ ਸੰਸਾਰ ਤੋਂ ਇਸ ਸਰੀਰ ਨੂੰ ਆਪਣਾ ਸਮਝਦੇ ਹੋਏ ਹੀ ਚਲਾ ਜਾਂਦਾ ਹੈ ਭਾਵ ਭਰਮ ਵਿੱਚ ਹੀ ਚਲਾ ਜਾਂਦਾ ਹੈ ਤੇ ਜੋ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਉਸਦੀ ਸਮਝ ਨਹੀਂ ਲੱਗਦੀ ਤੇ ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥"

ਜਦ ਤੱਕ ਸਾਨੂੰ ਆਪਣੇ ਆਪ ਦੀ ਸਮਝ ਨਹੀਂ ਲੱਗਦੀ, ਸਾਡੀ ਹਉਮੈ ਨਹੀਂ ਮਿਟਦੀ ਤਦ ਤੱਕ ਅਸੀਂ ਇਸ ਸੰਸਾਰ ਦੀ ਹਕੀਕਤ ਨੂੰ ਨਹੀਂ ਜਾਣ ਸਕਦੇ ਕਿ ਇਹ ਸਭ ਕੁੱਝ ਜੋ ਅਸੀਂ ਦੇਖਦੇ ਹਾਂ ਇਹ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ, ਹਉਮੈ ਖ਼ਤਮ ਹੋਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਦੀ ਸਮਝ ਨਹੀਂ ਲੱਗਦੀ ਤਦ ਤੱਕ ਸਾਡਾ ਜੀਵਨ ਇੱਕ ਸੁਪਨੇ ਦੀ ਤਰ੍ਹਾਂ ਹੀ ਹੈ ਭਾਵ ਉਸ ਸੁਪਨੇ ਦੀ ਤਰ੍ਹਾਂ ਝੂਠਾ ਹੈ ਜੋ ਸੁਪਨਾ ਦੇਖਦੇ ਹੋਏ ਸੱਚਾ ਲੱਗਦਾ ਹੈ ਪਰ ਅਸਲ ਵਿੱਚ

ਉਸਦੇ ਵਿੱਚ ਝੂਠ ਹੁੰਦਾ ਹੈ। ਇਸੇ ਤਰ੍ਹਾਂ ਜੋ ਅਸੀਂ ਆਪਣੇ ਜੀਵਨ ਵਿੱਚ ਆਪਣੇ ਆਪ ਨੂੰ ਸਮਝ ਰਹੇ ਹਾਂ ਜਾਂ ਦੂਸਰੀ ਕਿਸੇ ਵਸਤੂ ਨੂੰ ਸਮਝ ਰਹੇ ਹਾਂ ਉਹ ਇੱਕ ਸੁਪਨੇ ਦੀ ਤਰ੍ਹਾਂ ਝੂਠ ਹੈ। ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜੋ ਕਿ ਸਾਨੂੰ ਸੱਚ ਲੱਗਦਾ ਹੈ ਪਰ ਅਸਲ ਵਿੱਚ ਇਹ ਝੂਠ ਹੈ, ਇੱਕ ਸੁਪਨੇ ਦੀ ਤਰ੍ਹਾਂ ਝੂਠ ਹੈ। ਇਸੇ ਤਰ੍ਹਾਂ ਹਰ ਵਸਤੂ ਹਰ ਸਰਗੁਣ ਸਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਉਸਦਾ ਰੂਪ ਸਾਨੂੰ ਸਮਝ ਨਹੀਂ ਆਉਂਦਾ। ਪ੍ਰਮਾਤਮਾ ਨੂੰ ਆਪਣੇ ਮਨ ਦੇ ਅੰਦਰੋਂ ਉਸਦਾ ਨਿਰਗੁਣ ਰੂਪ, ਗਿਆਨ ਰੂਪ ਦੇਖੇ ਬਿਨ੍ਹਾਂ ਉਸਦਾ ਇਹ ਰੂਪ ਜਿਸ ਦੁਆਰਾ ਉਸਨੇ ਸਭ ਨੂੰ ਬਣਾਇਆ ਹੈ ਤੇ ਚਲਾ ਰਿਹਾ ਹੈ ਸਾਨੂੰ ਸਮਝ

19/2111

ਨਹੀਂ ਆਉਂਦਾ। ਇਸ ਨਾ ਸਮਝੀ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਮਨ ਦੇ ਵਿੱਚ ਪਿਆ ਹੋਇਆ ਹਉਮੈ ਦਾ ਪੜਦਾ ਹੈ। ਜਦ ਤੱਕ ਸਾਡੇ ਅੰਦਰ ਇਹ ਹਉਮੈ ਹੈ ਤਦ ਤੱਕ ਸਾਡਾ ਜੀਵਨ ਇੱਕ ਸੁਪਨੇ ਦੀ ਤਰ੍ਹਾਂ ਹੀ ਹੈ ਜਿਸ ਰਾਹੀਂ ਅਸੀਂ ਝੂਠੀ ਗੱਲ ਨੂੰ ਸੱਚੀ ਸਮਝੀ ਬੈਠੇ ਹਾਂ। ਇਹ ਸੱਚ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸਭ ਵਿੱਚ ਪ੍ਰਮਾਤਮਾ ਨੂੰ ਨਾ ਦੇਖ ਸਕਣਾ ਝੂਠ ਹੈ, ਸਭ ਵਿੱਚ ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾਡ ਨੂੰ, ਅਕਾਲਪੁਰਖ ਨੂੰ ਭਾਵ ਸ੍ਰਿਸ਼ਟੀ ਦੇ ਇੱਕੋ ਇੱਕ ਕਰਤੇ ਨੂੰ ਆਪਣੇ ਅੰਦਰ ਨਾ ਦੇਖ ਸਕਣਾ ਝੂਠ ਹੈ, ਇੱਕ ਸੁਪਨੇ ਦੀ ਤਰ੍ਹਾਂ ਝੂਠ ਹੈ। ਜੋ ਸੁਪਨਾ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਜਿਹੇ ਤਰੀਕੇ ਨਾਲ ਹੀ ਉਪਜਦਾ ਹੈ ਜਿਸ ਨੂੰ ਸੁਪਨੇ ਦੇ ਵਿੱਚ ਹੁੰਦੇ ਹੋਏ ਉਸ ਗੱਲ ਨੂੰ ਸੱਚ ਸਮਝਦੇ ਹਾਂ ਪਰ ਅਸਲ ਵਿੱਚ ਉਹ ਗੱਲ ਝੂਠੀ ਹੁੰਦੀ ਹੈ ਜਿਸ ਦੀ ਸਮਝ ਸੁਪਨਾ ਖੁੱਲਣ ਤੋਂ ਬਾਅਦ ਹੀ ਪੈਂਦੀ ਹੈ। ਸੰਸਾਰ ਇਸੇ ਤਰ੍ਹਾਂ ਹੀ ਭਾਵ ਇਸ ਅਵੱਸਥਾ ਦੁਆਰਾ ਹੀ ਆਉਂਦਾ ਹੈ ਤੇ ਸੰਸਾਰ ਤੋਂ ਚਲਾ ਜਾਂਦਾ ਹੈ ਤੇ ਉਹ "ਜਲੁ" ਜੋ ਸਾਡੇ ਅੰਦਰ ਹੀ ਹੈ ਉਸਦੀ ਸਾਨੂੰ ਸਮਝ ਨਹੀਂ ਲੱਗਦੀ। ਇਸ "ਜਲੁ" ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਹੈ, ਸੱਚੇ ਗਿਆਨ ਦੇ ਰੂਪ ਵਿੱਚ ਆਪ ਹੀ ਹੈ ਪਰ ਅਸੀਂ ਆਪਣੀ "ਮੈਂ" ਦੇ ਕਾਰਨ, ਹਉਮੈ ਦੇ ਕਾਰਨ ਉਸਨੂੰ ਜਾਣ ਨਹੀਂ ਸਕਦੇ। ਜਦ ਤੱਕ ਅਸੀਂ ਆਪਣੀ "ਮੈਂ" ਨੂੰ ਰੋਈ ਜਾਂਦੇ ਹਾਂ ਭਾਵ ਆਪਣੀ ਭਗਤੀ ਦੇ ਤਰੀਕਿਆਂ ਦੇ ਨਾਲ ਆਪਣੀ "ਮੈਂ" ਨੂੰ ਉੱਚਾ ਕਰੀ ਜਾਂਦੇ ਹਾਂ ਤਦ ਤੱਕ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਦੂਰ ਨਹੀਂ ਹੋ ਸਕਦਾ ਤੇ ਅਸੀਂ ਆਪਣੇ ਜੀਵਨ ਨੂੰ, ਇੱਕ ਸੁਪਨੇ ਦੀ ਤਰ੍ਹਾਂ ਝੂਠਾ ਜੀਵਨ ਜੀਅ ਕੇ ਚਲੇ ਜਾਂਦੇ ਹਾਂ। (**ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥**)

ਜਦ ਤੱਕ ਸਾਡੇ ਅੰਧਰ "ਮੈਂ" ਹੈ, ਹਉਮੈ ਹੈ, ਮਨਮਤਿ ਹੈ, ਅਗਿਆਨਤਾ ਹੈ, ਦੁਬਿਧਾ ਹੈ ਤਦ ਤੱਕ ਅਸੀਂ ਪ੍ਰਮਾਤਮਾ ਦੇ ਕੋਲ ਨਹੀਂ ਜਾ ਸਕਦੇ ਭਾਵ ਉਸਨੂੰ ਨਹੀਂ ਪਾ ਸਕਦੇ। "ਮੈਂ" ਨੂੰ ਖ਼ਤਮ ਕਰਨ ਦਾ, ਮਨਮਤਿ ਨੂੰ ਖ਼ਤਮ ਕਰਨ ਦਾ ਇੱਕੋ-ਇੱਕ ਤਰੀਕਾ ਗੁਰਮਤਿ ਨੂੰ ਮੰਨਣਾ ਹੈ। ਜੋ ਆਪਣੇ ਆਪ ਨੂੰ ਮੈਂ ਵਿੱਚ ਰਹਿੰਦਿਆਂ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਨ ਉਹ ਨਾ ਤਾਂ ਆਪ ਪ੍ਰਮਾਤਮਾ ਨਾਲ ਮਿਲ ਸਕਦੇ ਹਨ ਤੇ ਨਾ ਹੀ ਕਿਸੇ ਹੋਰ ਨੂੰ ਪ੍ਰਮਾਤਮਾ ਦੇ ਕੋਲ ਭੇਜ ਸਕਦੇ ਹਨ ਭਾਵ ਮਿਲਾ ਸਕਦੇ ਹਨ ਭਾਵ ਗੁਰਮਤਿ ਨੂੰ ਛੱਡ ਕੇ ਕੋਈ ਉਸ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਅਗਿਆਨਤਾ ਦੂਰ ਕਰਨ ਦੇ ਨਾਲ ਹੈ, ਹਉਮੈ ਦੂਰ ਕਰਨ ਦੇ ਨਾਲ ਹੈ ਜਿਸ ਵਿੱਚ ਉਹ ਕੇਵਲ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ, ਗਿਆਨ ਦਾ ਮਾਲਕ ਹੀ ਕੱਢ ਸਕਦਾ ਹੈ ਜਿਸਨੇ

19/2112

ਸਾਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਗੁਰੂ ਦਾ ਦਰ ਛੱਡ ਕੇ ਕਿਸੇ ਹੋਰ ਦੇ ਦਰ ਤੇ ਜਾਣਾ ਤੇ ਪ੍ਰਮਾਤਮਾ ਦੇ ਨਾਲ ਮੇਲ ਦੀ ਉਮੀਦ ਰੱਖਣਾ ਸਾਡਾ ਵੱਡਾ ਭੁਲੇਖਾ ਹੈ ਕਿ ਸਾਨੂੰ ਕੋਈ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਜੋ ਆਪ ਇੱਕ ਸੁਪਨੇ ਦੀ ਤਰ੍ਹਾਂ ਜੀਅ ਰਹੇ ਹਨ ਉਨ੍ਹਾਂ ਨੇ ਸਾਡਾ ਸੁਪਨਾ ਕੀ ਦੂਰ ਕਰਨਾ ਹੈ। (**ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥**)

ਇਹ ਸੁਪਨਾ ਕੀ ਹੈ ਇਸਨੂੰ ਅਸੀਂ ਪਿੱਛੇ ਵੀ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਹੈ।

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥}

(ਅੰਗ ੧੪੨੭)

ਆਓ ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਵਿਚਾਰੀਏ ਤੇ ਆਪਣੇ ਅਸਲ ਸੌਂਣ ਤੇ ਜਾਗਣ ਨੂੰ ਸਮਝੀਏ, ਪ੍ਰਮਾਤਮਾ

ਨੂੰ ਪਾਉਣ ਦਾ ਤਰੀਕਾ ਸਮਝੀਏ ਜਿਸ ਦੁਆਰਾ ਸਾਡੀ ਹਉਮੈ ਦੂਰ ਹੋ ਕੇ ਉਸ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ।

"ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥੧॥੩॥"

ਪ੍ਰਮਾਤਮਾ ਦੇ ਨਾਲ ਸਾਡੇ ਵਿਛੋੜੇ ਦਾ ਕਾਰਨ ਸਾਡੀ ਹਉਮੈ ਦੀ ਨੀਂਦ ਹੀ ਹੈ, ਅਗਿਆਨਤਾ ਦੀ ਨੀਂਦ ਹੀ ਹੈ, ਮਾਇਆ ਮੋਹ ਦੀ ਨੀਂਦ ਹੀ ਹੈ ਜਿਸ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਸਾਡੀ ਅਭਾਗੀ ਨੀਂਦ ਹੈ ਜਿਸ ਨੀਂਦ ਵਿੱਚ ਸੁੱਤੇ ਹੋਏ ਅਸੀਂ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ। ਇਹ ਨੀਂਦ ਕੀ ਹੈ ਇਸ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

ਗਉੜੀ ਗੁਆਰੇਰੀ ਮਹਲਾ ੫ ॥
{ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥੨॥
ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੯੯॥}

(ਅੰਗ ੧੮੨)

ਸ਼ਬਦ ਦੇ ਅਰਥ ਅਸੀਂ ਪਿੱਛੇ ਪਹਿਲੇ ਹੀ ਜਾਣੇ ਹਨ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਅਸੀਂ ਕਿਹੋ ਜਿਹੀ ਨੀਂਦੇ ਸੁੱਤੇ ਹੋਏ ਹਾਂ ਜਿਸ ਵਿੱਚ ਸਾਡੇ ਚੋਰ ਭਾਵ ਵਿਕਾਰ ਰੂਪ ਚੋਰ ਸਾਡੇ ਘਰ ਨੂੰ ਲੁੱਟ ਰਹੇ ਹਨ। ਇਹ

ਸਾਡੇ ਮਨ ਦੀ ਅਗਿਆਨਤਾ ਦੀ ਨੀਂਦ ਹੈ, ਮਾਇਆ ਮੋਹ ਦੀ ਨੀਂਦ ਹੈ, ਅਭਾਗੀ ਨੀਂਦ ਹੈ।

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

ਸੁੱਤੇ ਅਸੀਂ ਗੁਰਮਤਿ ਵੱਲੋਂ ਹੀ ਹੋਏ ਹਾਂ ਭਾਵ ਅਸੀਂ ਗੁਰਮਤਿ ਨੂੰ ਭੁੱਲੇ ਹੋਏ ਹਾਂ। ਸਾਡੇ ਅੰਦਰ ਮਨਮਤਿ ਜਾਗਦੀ ਹੈ ਤੇ ਗੁਰਮਤਿ ਸੁੱਤੀ ਹੋਈ ਹੈ। ਗੁਰਮਤਿ ਵੱਲੋਂ ਜਾਗਣਾ ਕੀ ਹੈ ਇਸ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

ਔਗੁਣਾਂ ਦੇ ਰਹਿੰਦੇ ਹੋਏ ਅਗਰ ਕੋਈ ਇਹ ਸਮਝਦਾ ਹੈ ਕਿ ਉਹ ਗੁਰਮਤਿ ਵੱਲੋਂ ਜਾਗਦਾ ਹੈ ਭਾਵ ਉਹ ਗੁਰਮਤਿ ਵਾਲਾ ਹੈ ਫਿਰ ਇਹ ਉਸਦਾ ਭੁਲੇਖਾ ਹੀ ਹੈ, ਅਗਿਆਨਤਾ ਹੀ ਹੈ। ਸਾਡੀ ਇਸ ਨੀਂਦ ਦਾ ਕਾਰਨ, ਮਾਇਆ ਮੋਹ ਦਾ ਕਾਰਨ, ਸਾਡੇ ਅੰਦਰ ਵਿਕਾਰਾਂ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੀ ਹੈ ਜਿਸ ਦੁਆਰਾ ਸਾਡੇ ਅੰਦਰ ਗੁਰਮਤਿ ਨਹੀਂ ਵੱਸਦੀ। ਪ੍ਰਮਾਤਮਾ ਨੇ ਆਪ ਹੀ ਸਭ ਨੂੰ ਤ੍ਰੈ-ਗੁਣਾਂ ਵਾਲੀ ਅਵੱਸਥਾ ਵਿੱਚ ਰੱਖ ਕੇ, ਭਰਮ ਵਿੱਚ ਰੱਖ ਕੇ ਸਵਾਇਆ ਹੋਇਆ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥੮॥੧॥}

(ਅੰਗ ੧੩੦੮)

ਗੁਰਬਾਣੀ ਗਿਆਨ ਦਾ ਸਾਗਰ ਹੈ ਜਿਸ ਦਾ ਮਕਸਦ ਸਾਨੂੰ ਮਾਇਆ ਮੋਹ ਦੀ ਨੀਂਦ ਵਿੱਚੋਂ ਕੱਢਣ ਦਾ ਹੀ ਹੈ। ਜਦ ਤੱਕ ਅਸੀਂ ਗੁਰਬਾਣੀ ਦੇ ਰਾਹੀਂ ਗੁਰਮਤਿ ਨੂੰ ਸਮਝਦੇ ਹੀ ਨਹੀਂ ਫਿਰ ਸਾਡੀ ਅਗਿਆਨਤਾ ਦੂਰ ਵੀ ਕਿਵੇਂ ਹੋ ਸਕਦੀ ਹੈ। ਆਪਣੇ ਗਿਆਨ ਰਾਹੀਂ ਗੁਰੂ ਸਾਨੂੰ ਵਾਰ-ਵਾਰ ਇਹ ਸਮਝਾ ਰਿਹਾ ਹੈ ਕਿ ਸਾਡੇ ਸਰੀਰਕ ਜਪ ਤਪ ਆਦਿ ਕਿਸੇ ਲੇਖੇ ਨਹੀਂ, ਕਿਸੇ ਅੱਖਰ ਦੇ ਜਪ ਕਰੀ ਜਾਣਾ ਕਿਸੇ ਲੇਖੇ ਨਹੀਂ ਭਾਵ ਇਨ੍ਹਾਂ ਨੂੰ ਛੱਡਣ ਦੀ ਲੋੜ ਹੈ, ਇਹ ਕੋਈ ਭਗਤੀ ਦਾ ਮਾਰਗ ਨਹੀਂ ਪੈ ਪਰ ਫਿਰ ਵੀ ਅਸੀਂ ਅਗਿਆਨਤਾ ਵਿੱਚ ਹੀ ਇਨ੍ਹਾਂ ਨੂੰ ਆਪਣੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ। ਗੁਰੂ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਜਗਾ ਰਿਹਾ ਹੈ ਪਰ ਅਸੀਂ ਸੁੱਤੇ ਹੋਏ ਹਾਂ ਤੇ ਇਹੋ ਜਿਹੀ ਭਗਤੀ ਕਰ ਰਹੇ ਹਾਂ ਜਿਸ ਨਾਲ ਕੇਵਲ ਸਾਨੂੰ ਝੂਠਾ ਮਾਣ ਮਿਲਦਾ ਹੈ। ਇਨ੍ਹਾਂ ਜਪਾਂ-ਤਪਾਂ ਦੁਆਰਾ ਅਸੀਂ ਮੋਰਾਂ ਦੀ ਤਰ੍ਹਾਂ ਸੁੰਦਰ ਜਰੂਰ ਲੱਗਦੇ ਹਾਂ, ਇੱਕ ਸੋਹਣੇ ਨੈਨ-ਨਕਸ਼ ਵਾਲੀ ਇਸਤਰੀ

19/2114

ਦੀ ਤਰ੍ਹਾਂ ਸੋਹਣੇ ਜਰੂਰ ਲੱਗਦੇ ਹਾਂ, ਪਰ ਅਸਲ ਵਿੱਚ ਅਸੀਂ ਇਨ੍ਹਾਂ ਤਰੀਕਿਆਂ ਦੁਆਰਾ ਆਪਣੇ ਲਈ ਫੰਦਾ ਹੀ ਤਿਆਰ ਕਰਦੇ ਹਾਂ ਭਾਵ ਸੰਸਾਰਿਕ ਬੰਧਨ ਵਿੱਚ ਹੀ ਪੈਂਦੇ ਹਾਂ ਜਿਸ ਦੁਆਰਾ ਮੁਕਤ ਨਹੀਂ ਹੋਇਆ ਜਾ ਸਕਦਾ। ਜਦ ਤੱਕ ਅਸੀਂ ਗੁਰੂ ਦੇ ਗਿਆਨ ਨੂੰ ਸਮਝ ਕੇ ਉਸ ਤੇ ਅਮਲ ਨਹੀਂ ਕਰਦੇ ਅਸੀਂ ਇਸ ਅਗਿਆਨਤਾ ਦੀ ਨੀਂਦ ਵਿੱਚੋਂ ਨਹੀਂ ਜਾਗ ਸਕਦੇ, ਮਾਇਆ ਮੋਹ ਦੀ ਅਭਾਗੀ ਨੀਂਦ ਵਿੱਚੋਂ ਨਹੀਂ ਜਾਗ ਸਕਦੇ। ਅਭਾਗੀ ਨੀਂਦ ਨੇ ਸਾਨੂੰ ਪ੍ਰਮਾਤਮਾ ਤੋਂ ਦੂਰ ਰੱਖਣਾ ਹੈ ਤੇ ਸੁਭਾਗੀ ਨੀਂਦ ਉਹ ਹੈ ਜਦੋਂ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ, ਆਪਣੇ ਅੰਦਰੋਂ ਆਪਣੇ ਕੰਤ ਦੇ, ਪਤੀ ਦੇ ਦਰਸ਼ਨ ਹੋ ਜਾਂਦੇ ਹਨ ਤੇ ਅਸੀਂ ਉਸ ਦੇ ਨਾਲ ਇੱਕ ਸੇਜ ਤੇ ਸੌਂਦੇ ਹਾਂ। ਇਹ ਸਾਡੇ ਜੀਵਨ ਦੀ ਅਸਲ ਨੀਂਦ ਹੈ, ਨਿਸ਼ਚਿਤ ਹੋ ਕੇ ਸੌਣ ਦੀ ਨੀਂਦ ਹੈ ਜੋ ਸਾਡੇ ਜੀਵਨ ਦਾ ਮਕਸਦ ਹੈ। ਇਸ ਨੀਂਦ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ॥

ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ॥

ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ॥

ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ॥੪॥੪॥੨॥੫॥੧੧॥}

(ਅੰਗ ੨੪੯)

ਸੁੱਖ ਦੀ ਨੀਂਦ ਅਸੀਂ ਉਸ ਦਿਨ ਸੋਵਾਂਗੇ ਜਿਸ ਦਿਨ ਸਾਡੇ ਅੰਦਰ ਸੁੱਖ ਵੱਸ ਜਾਵੇਗਾ ਭਾਵ ਪ੍ਰਮਾਤਮਾ ਵੱਸ ਜਾਵੇਗਾ। ਸਾਡਾ ਪਿਰ ਸਾਡਾ ਪਤੀ ਸੁੱਖ ਰੂਪ ਹੀ ਹੈ ਜਿਸ ਦੇ ਵੱਸਣ ਨਾਲ ਸਾਡੇ ਮਨ ਨੂੰ ਸੰਤੋਖ ਆਉਂਦਾ ਹੈ। ਸਾਡਾ ਮਨ ਸੰਤੋਖ ਆਉਣ ਨਾਲ ਹੀ ਸ਼ਾਂਤ ਹੁੰਦਾ ਹੈ ਜਦੋਂ ਮਨ ਮਾਇਆ ਮੋਹ ਵਿੱਚ ਦੌੜਨਾ ਬੰਦ ਕਰ ਦਿੰਦਾ ਹੈ, ਔਗੁਣ ਮੁਕਤ ਹੋ ਜਾਂਦਾ ਹੈ। ਇਨ ਮਨ ਦੇ ਵਿੱਚੋਂ ਮਨਮਤਿ ਨਿਕਲ ਕੇ ਗੁਰਮਤਿ ਵਿੱਚ ਵੱਸਣ ਦੀ ਅਵੱਸਥਾ ਹੈ। ਇਹ ਨੀਂਦ ਸਾਨੂੰ ਭਰਮ ਦੇ ਵਿੱਚੋਂ ਕੱਢਦੀ ਹੈ। ਇਹ ਮਨ ਦੇ ਵਿੱਚ ਪ੍ਰਕਾਸ਼ ਦੀ ਨੀਂਦ ਹੈ, ਸੱਚੇ ਗਿਆਨ ਦੇ ਪ੍ਰਕਾਸ਼ ਦੀ ਨੀਂਦ ਹੈ, ਮਨ ਦੇ ਵਿੱਚ ਕਮਲ ਦੇ ਖਿੜਨ ਦੀ ਨੀਂਦ ਹੈ, ਸਹਜ ਦੀ ਅਵੱਸਥਾ ਦੀ ਨੀਂਦ ਹੈ ਭਾਵ ਚੌਥੇ ਪਦ ਦੇ ਗਿਆਨ ਦੀ ਨੀਂਦ ਹੈ, ਬ੍ਰਹਮਗਿਆਨ ਦੇ ਉਪਜਣ ਦੀ ਨੀਂਦ ਹੈ ਜੋ ਸਾਨੂੰ ਅਗਿਆਨਤਾ ਦੀ, ਭਰਮ ਦੀ ਨੀਂਦ ਵਿੱਚੋਂ ਕੱਢਦੀ ਹੈ, ਅਭਾਗੀ ਨੀਂਦ ਵਿੱਚੋਂ ਕੱਢਦੀ ਹੈ। ਇਹ ਉਹ ਸੁਭਾਗੜੀ ਨੀਂਦ ਹੈ ਜਿਸਦੀ

ਗੱਲ ਮੁੱਖ ਸ਼ਬਦ ਵਿੱਚ ਕੀਤੀ ਹੋਈ ਹੈ। ਇਹ ਆਪਣੇ ਸੁਹਾਗ ਦੇ ਨਾਲ ਮਨ ਦੇ ਵਿੱਚ ਵਿਚਾਰਾਂ ਰਾਹੀਂ ਨਿਸ਼ਚਿਤ ਹੋ ਕੇ ਸੌਂਣ ਦੀ ਨੀਂਦ ਹੈ। ਇਸ ਸੁਹਾਗ

19/2115

ਦੀ ਇੱਕ ਵਾਰੀ ਪ੍ਰਾਪਤੀ ਹੋ ਜਾਵੇ ਫਿਰ ਉਹ ਸਦਾ ਲਈ ਹੋ ਜਾਂਦੀ ਹੈ ਜੋ ਸੁਹਾਗ ਕਦੇ ਟਲ ਨਹੀਂ ਸਕਦਾ, ਕਦੇ ਵਿਛੜ ਨਹੀਂ ਸਕਦਾ। ਦੁਨਿਆਵੀ ਸੁਹਾਗ ਟਲਣ ਵਾਲਾ ਹੈ ਪਰ ਇਹ ਸੁਹਾਗ ਸਦਾ ਥਿਰ ਰਹਿਣ ਵਾਲਾ ਸੁਹਾਗ ਹੈ। ਇਹ ਸੁਹਾਗ ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਜੋ ਕਿ ਕਦੇ ਬਿਨਸ ਨਹੀਂ ਸਕਦਾ। ਇਸ ਸੁਹਾਗ ਵਿੱਚ ਸਮਾਉਣ ਤੋਂ ਬਾਅਦ ਫਿਰ ਉਸ ਦੀ ਸੁਹਾਗਣ ਉਸ ਵਿੱਚ ਹੀ ਸਮਾਈ ਰਹਿੰਦੀ ਹੈ।

ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀ ਜਾ ਸਕਦੀ ਹੈ।

{ਮੋਹਨ ਰੂਪੁ ਦਿਖਾਵੈ॥ ਅਬ ਮੋਹਿ ਨੀਦ ਸੁਹਾਵੈ॥ ਸਭ ਮੇਰੀ ਤਿਖਾ ਬੁਝਾਨੀ॥ ਅਬ ਮੈ ਸਹਜਿ ਸਮਾਨੀ॥ ਮੀਠੀ ਪਿਰਹਿ ਕਹਾਨੀ॥ ਮੋਹਨੁ ਲਾਲਨੁ ਪਾਇਓ ਰੀ ॥ਰਹਾਉ ਦੂਜਾ॥੧॥੧੨੯॥}

(ਅੰਗ ੮੩੦)

ਸਾਡਾ ਵਰ ਭਾਵ ਪ੍ਰਮਾਤਮਾ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਦੁਆਰਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਦੇ ਆਏ ਹਾਂ ਕਿਉਂਕਿ ਸਹਜ ਦੀ ਅਵੱਸਥਾ ਕੀ ਹੁੰਦੀ ਹੈ ਇਸ ਦੀ ਕਿਸੇ ਨੂੰ ਸਮਝ ਨਹੀਂ ਹੈ ਜਿਸ ਕਰਕੇ ਹਰ ਕੋਈ ਪ੍ਰਮਾਤਮਾ ਨੂੰ ਉਨ੍ਹਾਂ ਤਰੀਕਿਆਂ ਨਾਲ ਹੀ ਪਾਉਣ ਦੀ ਕੋਸ਼ਿਸ਼ ਕਰਦਾ ਹੈ ਜਿਸ ਵਿੱਚ ਗਿਆਨ ਨਾਲ ਜੁੜਨ ਵਾਲੀ ਕੋਈ ਗੱਲ ਨਹੀਂ ਹੁੰਦੀ। ਸਰੀਰਕ ਜਪਾਂ-ਤਪਾਂ ਦੁਆਰਾ ਜਾਂ ਕਿਸੇ ਅੱਖਰ ਦਾ ਜਪ ਕਰੀ ਜਾਣ ਦੁਆਰਾ ਜਾਂ ਕਿਸੇ ਸ਼ਬਦ ਨੂੰ ਵਾਰ-ਵਾਰ ਪੜ੍ਹੀ ਜਾਣ ਦੁਆਰਾ ਜਾਂ ਸਵਾਸਾਂ ਦੀਆਂ ਕਿਰਿਆਵਾਂ ਕਰੀ ਜਾਣ ਦੁਆਰਾ ਸਾਨੂੰ ਉਸ ਵਿੱਚੋਂ ਗਿਆਨ ਦੇ ਰੂਪ ਵਿੱਚ ਕੀ ਮਿਲਣਾ ਹੈ, ਉਸ ਵਿੱਚੋਂ ਗੁਰਮਤਿ ਦੀ ਸੋਝੀ ਕੀ ਪੈਣੀ ਹੈ ਭਾਵ ਇਨ੍ਹਾਂ ਸਰਗੁਣ ਤਰੀਕਿਆਂ ਨਾਲ ਅਸੀਂ ਪ੍ਰਮਾਤਮਾ ਦੇ "ਸਚੁ" ਨਾਲ ਨਹੀਂ ਜੁੜ ਸਕਦੇ। ‘‘ਸਚੁ’’ ਦੇ ਨਾਲ ਅਸੀਂ ‘‘ਸਚੁ’’ ਦਾ ਗਿਆਨ ਲੈ ਕੇ ਹੀ ਜੁੜ ਸਕਦੇ ਹਾਂ ਜਿਸਦੇ ਲਈ ਕਿਸੇ ਜਪ ਤਪ ਦੇ ਦਿਖਾਵੇ ਦੀ ਲੋੜ ਨਹੀਂ ਹੈ, ਮੋਰਾਂ ਵਰਗੇ ਸੋਹਣੇ ਰੂਪ ਬਣਾਉਣ ਦੀ ਲੋੜ ਨਹੀਂ ਹੈ ਜਿੰਨ੍ਹਾਂ ਨਾਲ ਕੇਵਲ ਸਾਨੂੰ ਸੰਸਾਰਿਕ ਸੋਭਾ ਹੀ ਮਿਲਦੀ ਹੈ ਪਰ ਉਸ ਪ੍ਰਮਾਤਮਾ ਦੇ ਦਰ ਤੋਂ ਸੋਭਾ ਨਹੀਂ ਮਿਲਦੀ। ਉਸ ਪ੍ਰਮਾਤਮਾ ਦੇ ਦਰ ਤੋਂ ਸੋਭਾ ਕੇਵਲ ਸੱਚ ਤੇ ਚੱਲਣ ਦੁਆਰਾ ਹੀ ਮਿਲਦੀ ਹੈ। ਸਹਜ ਦੀ ਅਵੱਸਥਾ

19/2116

ਪੂਰਨ ਸੱਚ ਦੀ ਅਵੱਸਥਾ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਪੂਰੀ ਗੁਰਬਾਣੀ ਸਹਜ ਦੀ ਅਵੱਸਥਾ ਵਿੱਚ ਹੈ ਭਾਵ ਚੌਥੇ ਪਦ ਦਾ ਗਿਆਨ ਹੈ ਜੋ ਕਿ ਅਸਲ ਵਿੱਚ ਸਾਡਾ ਵਰ ਹੈ। ਅਸੀਂ ਇਸੇ ਵਰ ਦੀ ਪ੍ਰਾਪਤੀ ਕਰਨੀ ਹੈ ਜਿਸਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ ਤੇ ਆਪਣੇ ਨਾਲ ਮਿਲਾਉਣਾ ਹੈ। ਇਸ ਵਰ ਨੂੰ ਪ੍ਰਾਪਤ ਕਰਨ ਲਈ ਨਾ ਕਿਸੇ ਜਪ ਤਪ ਦੀ ਲੋੜ ਹੈ, ਨਾ ਕਿਸੇ ਸਵਾਸਾਂ ਦੀ ਲੋੜ ਹੈ। ਕੇਵਲ ਗੁਰੂ ਦੀ ਗੱਲ ਨੂੰ ਸਮਝ ਕੇ, ਸੱਚ ਨੂੰ ਸਮਝ ਕੇ ਮਨ ਨੂੰ ਸਮਝਾਉਣ ਦੀ ਲੋੜ ਹੈ ਤਾਂ ਜੋ ਅਸੀਂ ਸਹਜ ਗਿਆਨ ਦੇ ਨਾਲ ਜੁੜੀਏ ਭਾਵ ਪ੍ਰਮਾਤਮਾ ਨਾਲ ਜੁੜਨ ਦਾ ਉਪਰਾਲਾ ਕਰੀਏ। ਸਹਜ ਦੀ ਅਵੱਸਥਾ ਵਿੱਚ ਸਮਾਉਣ ਦੇ ਨਾਲ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਉਸ ਵਰ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੇ ਨਾਲ ਮਨ ਦੀ ਸੇਜ ਤੇ ਸੌਂਣ ਦੇ ਨਾਲ ਸਾਡੀ ਨੀਂਦ ਸੁਹਾਉਂਦੀ ਹੈ। ਪ੍ਰਮਾਤਮਾ ਦੇ ਨਾਲ ਇਸ ਸੇਜ ਤੇ ਸੌਂਣ ਤੋਂ ਬਾਅਦ ਪ੍ਰਮਾਤਮਾ ਆਪਣੀ ਕਹਾਣੀ ਹੀ ਸੁਣਾਉਂਦਾ ਹੈ ਭਾਵ ਅਕਥ ਕਥਾ ਹੀ ਸੁਣਾਉਂਦਾ ਹੈ ਭਾਵ ਆਪਣੀ ਉਹ ਕਥਾ ਸੁਣਾਉਂਦਾ ਹੈ ਜਿਸ ਨੂੰ ਕੋਈ ਆਪਣੇ ਆਪ ਨਹੀਂ ਕਥ ਸਕਦਾ। ਪੂਰੀ ਗੁਰਬਾਣੀ ਉਸਦੀ ਅਕਥ ਕਥਾ ਹੈ, ਉਸਦੀ ਮਿੱਠੀ ਕਹਾਣੀ ਹੈ ਭਾਵ ਪ੍ਰਮਾਤਮਾ ਦੇ ਮਿੱਠੇ ਬੋਲ ਹਨ ਜੋ ਉਸਨੇ ਆਪਣੀਆਂ ਸੁਹਾਗਣਾਂ ਦੇ ਰਾਹੀਂ ਸੁਣਾਏ ਹਨ ਤੇ ਸਾਡੇ ਕੋਲ ਉਹ ਬੋਲ ਹਨ, ਉਹ ਮਿੱਠੀ ਕਹਾਣੀ, ਅਕਥ ਕਹਾਣੀ ਗੁਰਬਾਣੀ ਦੇ ਰੂਪ ਵਿੱਚ ਬਿਰਾਜਮਾਨ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਹੀ ਸਾਡਾ ਗੁਰੂ ਹੈ। ਜੇਕਰ ਅਸੀਂ ਉਸ ਸੁਭਾਗੜੀ ਨੀਂਦ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ ਜਿਸ ਨੂੰ ਗੁਰਬਾਣੀ ਦੇ ਰਚਣ ਵਾਲਿਆਂ ਨੇ ਪ੍ਰਾਪਤ ਕੀਤਾ ਹੈ ਤੇ ਆਓ ਫਿਰ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜੀਏ ਤੇ ਜਪਾਂ ਤਪਾਂ ਦੇ ਭਰਮ ਵਿੱਚੋਂ ਨਿਕਲੀਏ, ਬਾਹਰੀ ਦਿਖਾਵੇ ਵਿੱਚੋਂ ਨਿਕਲੀਏ।

ਇਹ ਸਾਡਾ ਉਹੋ ਜਿਹਾ ਸੌਂਣਾ ਹੈ ਭਾਵ ਉਹੋ ਜਿਹੀਂ ਨੀਂਦ ਹੈ ਜਿਸ ਦੀ ਗੱਲ ਸ਼ਬਦ ਵਿੱਚ ਕਾਫੀ ਪਿੱਛੇ ਹੇਠ ਦਿੱਤੀ ਪੰਗਤੀ

ਦੁਆਰਾ ਕੀਤੀ ਹੋਈ ਹੈ।

{ਬਾਬਾ ਹੋਰੁ ਸਉਣਾ ਖੁਸੀ ਖੁਆਰੁ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥੪॥੭॥}

(ਅੰਗ ੧੭)

ਗੁਰੂ ਦੀ ਮਤਿ ਤੋਂ ਬਾਹਰ ਨਿਕਲ ਕੇ ਅਸੀਂ ਜੋ ਕੁੱਝ

ਵੀ ਕਰਦੇ ਹਾਂ ਉਹ ਦੂਸਰਾ ਪਾਸਾ ਹੈ, ਹੋਰ ਪਾਸਾ ਹੈ ਭਾਵ ਹੋਰ ਮਤਿ ਹੈ, ਦੂਸਰੀ ਮਤਿ ਹੈ ਤੇ ਹਰ ਕੋਈ ਇਸੇ ਮਤਿ ਵਿੱਚ ਹੀ ਸੁੱਤਾ ਪਿਆ ਹੈ, ਦੂਜੇ ਭਾਓ ਵਿੱਚ ਸੁੱਤਾ ਪਿਆ ਹੈ ਜਿਸ ਵਿੱਚੋਂ ਜਾਗਣ ਦੀ ਲੋੜ ਹੈ। "ਸਹਜੁ" ਦੀ ਮਤਿ ਸਾਨੂੰ ਜਗਾਉਣ ਲਈ ਹੈ ਤਾਂ ਜੋ ਅਸੀਂ ਇਸ ਵਿੱਚੋਂ ਜਾਗ ਕੇ ਆਪਣੇ ਵਰ ਦੀ ਪ੍ਰਾਪਤੀ ਕਰ ਸਕੀਏ ਤੇ ਉਸ ਦੇ ਨਾਲ ਸੁਭਾਗੜੀ ਨੀਂਦ ਦੀ ਪ੍ਰਾਪਤੀ ਕਰੀਏ।

ਮਾਰੂ ਮਹਲਾ ੧॥

{ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥

ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥}

(ਅੰਗ ੧੦੨੨)

ਹੁਣ ਅਸੀਂ ਮੁੱਖ ਸ਼ਬਦ ਦੀ ਪੰਗਤੀ ਦੇ ਅਰਥ ਸਮਝ ਸਕਦੇ ਹਾਂ ਕਿ ਸਾਡਾ ਸੁੱਤਾ ਹੋਣਾ ਕੀ ਹੈ ਤੇ ਸੁਭਾਗੀ ਨੀਂਦ ਕੀ ਹੈ। (**ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥**)

ਸਾਨੂੰ ਇਸ ਨੀਂਦ ਵਿੱਚੋਂ ਕਿਸੇ ਨੇ ਜਗਾਉਣਾ ਹੈ ਤੇ ਕਿਸ ਤਰੀਕੇ ਨਾਲ ਜਗਾਉਣਾ ਹੈ ਤਾਂ ਜੋ ਅਸੀਂ ਆਪਣੇ ‘‘ਵਰੁ’’ ਦੀ ਪ੍ਰਾਪਤੀ ਕਰਕੇ ਸੁਭਾਗੀ ਨੀਂਦ ਸੌਂ ਸਕੀਏ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥"

ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ, ਸੁਭਾਗੀ ਨੀਂਦ ਪਾਉਣ ਦਾ ਤਰੀਕਾ ਕਿਸ ਦੇ ਕੋਲੋਂ ਸਿੱਖਣਾ ਹੈ। ਇਹ ਤਰੀਕਾ ਅਸੀਂ ਉਸਦੇ ਕੋਲੋਂ ਹੀ ਸਿੱਖਣਾ ਹੈ ਜੋ ਇਸ ਤਰੀਕੇ ਨੂੰ ਜਾਣਦਾ ਹੈ, ਜਿਸਨੂੰ ਪ੍ਰਮਾਤਮਾ ਨੇ ਆਪ ਹੀ ਸਾਨੂੰ ਇਹ ਤਰੀਕਾ ਸਿਖਾਉਣ ਲਈ ਆਪਣਾ ਧਰਮ ਦਾ ਠੇਕੇਦਾਰ ਥਾਪਿਆ ਹੋਇਆ ਹੈ, ਜਿਸਨੂੰ ਪ੍ਰਮਾਤਮਾ ਨੇ ਆਪਣਾ ਸੱਚ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਗੱਲ ਸਾਨੂੰ ਸੁਣਾਉਣ ਲਈ ਕੇਵਲ ਗੁਰਬਾਣੀ ਹੈ ਤੇ ਸਾਨੂੰ ਕੇਵਲ ਤੇ ਕੇਵਲ ਗੁਰੂ ਕੋਲੋਂ, ਗੁਰਬਾਣੀ ਕੋਲੋਂ ਪੁੱਛਣਾ ਚਾਹੀਦਾ ਹੈ ਕਿ ਅਸੀਂ ਕੀ ਅਰਪਣ ਕਰੀਏ ਜਿਸ ਨਾਲ ਅਸੀਂ ਉਸ ਪ੍ਰਮਾਤਮਾ ਰੂਪ ਪਤੀ ਨੂੰ ਪ੍ਰਾਪਤ ਕਰ ਲਈਏ। (**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥**) ਸਾਡਾ ਸਭ ਤੋਂ ਵੱਡਾ ਇਮਤਿਹਾਨ ਇੱਥੇ ਹੀ ਹੈ ਕਿ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕਿਸਦੇ ਕੋਲੋਂ ਪੁੱਛਦੇ ਹਾਂ। ਪ੍ਰਮਾਤਮਾ ਦੀ ਸੱਚੀ ਗੱਲ ਕਰਨ ਵਾਲੀ, ਸਮਝਾਉਣ ਵਾਲੀ ਕੇਵਲ ਗੁਰਬਾਣੀ ਹੈ ਜੋ ਉਸ

ਪ੍ਰਮਾਤਮਾ ਨੂੰ ਜਾਣਦੀ ਹੈ ਤੇ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਕੇਵਲ ਗੁਰਬਾਣੀ ਦੀ ਮਤਿ ਦੇ ਪਿੱਛੇ ਲੱਗ ਕੇ ਹੀ ਅਸੀਂ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਜੇਕਰ ਅਸੀਂ ਉਨ੍ਹਾਂ ਦੇ ਪਿੱਛੇ ਲੱਗਾਂਗੇ ਜਿੰਨ੍ਹਾਂ ਦਾ ਬਾਹਰੀ ਦਿਖਾਵਾ ਸਾਨੂੰ ਭਾਉਂਦਾ ਹੈ, ਮੋਰਾਂ ਦੀ ਤਰ੍ਹਾਂ ਭਾਉਂਦਾ ਹੈ ਤਾਂ ਫਿਰ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਜੋ ਖੁਦ ਪ੍ਰਮਾਤਮਾ ਨੂੰ ਨਹੀਂ ਜਾਣਦੇ, "ਸਹਜੁ" ਰੂਪ ਨੂੰ, "ਵਰੁ" ਨੂੰ ਨਹੀਂ ਜਾਣਦੇ ਉਨ੍ਹਾਂ ਨੇ ਸਾਨੂੰ ਬ੍ਰਹਮਗਿਆਨ ਦੇ ਮਾਲਕ ਨਾਲ, ਬ੍ਰਹਮਗਿਆਨੀ ਨਾਲ ਕਿੱਥੋਂ ਮਿਲਾਉਣਾ ਹੈ। ਸਭ ਤੋਂ ਪਹਿਲਾਂ ਸਾਨੂੰ ਇਹੀ ਗੱਲ ਦ੍ਰਿੜ ਕਰਨੀ ਚਾਹੀਦੀ ਹੈ ਕਿ ਸਿਵਾਇ ਗੁਰਬਾਣੀ ਦੀ ਮਤਿ ਤੋਂ ਕਿਸੇ ਹੋਰ ਦੇ ਪਿੱਛੇ ਨਾ ਲੱਗੀਏ, ਕਿਸੇ ਵਿਖਾਵਿਆਂ ਵਿੱਚ ਨਾ ਆਈਏ, ਉਨ੍ਹਾਂ ਦੇ ਵਿਖਾਵਿਆਂ ਵਿੱਚ ਨਾ ਆਈਏ ਜੋ ਖੁਦ ਗੁਰਮਤਿ ਤੋਂ ਭਟਕੇ ਹੋਏ ਹਨ।

ਜੋ ਸਾਨੂੰ ਪ੍ਰਮਾਤਮਾ ਦੀ ਗੱਲ ਸੁਣਾਉਣੀ ਜਾਣਦਾ ਹੈ ਭਾਵ ਗੁਰਬਾਣੀ ਜੋ ਸਾਨੂੰ ਪ੍ਰਮਾਤਮਾ ਦੀ ਗੱਲ ਸੁਣਾਉਂਦੀ ਹੈ ਉਸਨੂੰ ਅਸੀਂ ਕਿਹੋ ਜਿਹੀ ਭੇਂਟ ਦੇਣੀ ਹੈ ਜਿਸ ਦੁਆਰਾ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਂਦੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥"

ਇਹ "ਸੀਸੁ" ਸਾਡਾ ਮਨ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ ਭਾਵ ਸਾਡੀ ਮਨਮਤਿ ਹੈ, ਸਾਡੀ ਸੁਰਤਿ ਹੈ। ਜੇਕਰ ਅਸੀਂ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ, ਉਸਨੂੰ ਆਪਣੇ ਅੰਦਰ ਬਿਠਾਉਣਾ ਹੈ ਫਿਰ ਉਸਦਾ ਇੱਕੋ-ਇੱਕ ਹੱਲ ਆਪਣੀ ਮਨਮਤਿ ਤਿਆਗਣ ਦਾ ਹੈ, ਮਨਮਤਿ ਮਿਟਾਉਣ ਦਾ ਹੈ। ਪ੍ਰਮਾਤਮਾ ਦੀ ਸੇਵਾ ਮਨਮਤਿ ਵਿੱਚ ਰਹਿੰਦਿਆਂ ਨਹੀਂ ਹੁੰਦੀ, ਉਹ ਗੁਰਮਤਿ ਦੇ ਵੱਸਣ ਨਾਲ ਹੁੰਦੀ ਹੈ, ਸੱਚ ਵੱਸਣ ਦੁਆਰਾ ਹੁੰਦੀ ਹੈ, ਸ਼ਬਦ ਦਾ ਵਿਚਾਰੀ ਬਣਨ ਨਾਲ ਹੁੰਦੀ ਹੈ। ਜੇਕਰ ਆਪਣੀ ਸੁਰਤਿ ਦੀ ਮਤਿ ਛੱਡਾਂਗੇ ਫਿਰ ਤਾਂ ਹੀ ਸ਼ਬਦ ਦੀ ਮਤਿ ਸਾਡੇ ਅੰਦਰ ਟਿਕੇਗੀ। ਗੁਰੂ ਦੀ ਮਤਿ ਨੇ ਸਾਨੂੰ ਕੇਵਲ ਸੱਚ ਹੀ ਸਿਖਾਉਣਾ ਹੈ, ਔਗੁਣਾਂ ਤੋਂ ਮੁਕਤ ਹੀ ਕਰਨਾ ਹੈ ਜਿਸ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਹੀ ਕਰਾਂਗੇ, ਸੱਚੀ-ਸੁੱਚੀ ਕਿਰਤ ਹੀ ਕਰਾਂਗੇ ਤੇ ਕਿਸੇ ਦਿਖਾਵੇ ਵਾਲੀ ਭਗਤੀ ਵਿੱਚ ਨਹੀਂ ਪਵਾਂਗੇ, ਸਰੀਰਕ ਜਪਾਂ ਤਪਾਂ ਵਿੱਚ ਨਹੀਂ ਉਲਝਾਂਗੇ ਤੇ ਨਾ ਹੀ ਇਹੋ ਜਿਹੇ ਉਲਝਿਆਂ ਹੋਇਆਂ ਦੇ ਪਿੱਛੇ ਲੱਗਾਂਗੇ। ਉਸ "ਵਰੁ" ਨੂੰ ਪ੍ਰਾਪਤ ਕਰਨ ਦਾ ਇਹੀ ਤਰੀਕਾ ਹੈ। (**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥**)

19/2119

ਮਨਮਤਿ ਸਾਡੀ ਹਉਮੈ ਵਾਲੀ ਅਵੱਸਥਾ ਹੈ ਤੇ ਗੁਰਮਤਿ ਨਾਮ ਵਾਲੀ ਅਵੱਸਥਾ ਹੈ। ਇਹ ਦੋਨੋਂ ਅਵੱਸਥਾਵਾਂ ਪੂਰੀ ਤਰ੍ਹਾਂ ਭਾਵ ਪੂਰਨ ਰੂਪ ਵਿੱਚ ਇਕੱਠੀਆਂ ਨਹੀਂ ਵੱਸ ਸਕਦੀਆਂ। ਜੇਕਰ ਸਾਡੇ ਅੰਦਰ ਗੁਰਮਤਿ ਬਾਰੇ ਜ਼ਰਾ ਜਿੰਨ੍ਹਾਂ ਵੀ ਭਰਮ ਹੈ ਤਾਂ ਫਿਰ ਅਸੀਂ ਨਾਮ ਤੋਂ ਦੂਰ ਹਾਂ। ਗੁਰਮਤਿ ਦੀ ਪੂਰਨ ਭਰਮ ਰਹਿਤ ਅਵੱਸਥਾ ਨਾਮ ਹੈ, ਪੂਰਨ ਮਨਮਤਿ ਦਾ ਤਿਆਗ, ਹਉਮੈ ਦਾ ਤਿਆਗ ਹੈ ਤੇ ਨਾਮ ਦੀ ਪ੍ਰਾਪਤੀ ਹੈ। ਪੂਰਨ ਗੁਰਮਤਿ ਦੇ ਵੱਸਣ ਲਈ ਪੂਰਨ ਮਨਮਤਿ ਦਾ ਨਿਕਲਣਾ ਜਰੂਰੀ ਹੈ। ਅਸੀਂ ਕੇਵਲ ਉੱਦਮ ਹੀ ਕਰਨਾ ਹੈ ਕਿ ਵੱਧ ਤੋਂ ਵੱਧ ਗੁਰਮਤਿ ਨੂੰ ਆਪਣੇ ਅੰਦਰ ਵਸਾਈਏ। ਆਪਣੀ ਪੂਰਨ ਗੁਰਮਤਿ, ਆਪਣਾ ਨਾਮ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਪ੍ਰਗਟ ਹੋ ਕੇ ਬਖ਼ਸ਼ਦਾ ਹੈ ਜਿਸ ਦੁਆਰਾ ਉਹ ਸਾਨੂੰ ਮਨਮਤਿ ਤੋਂ ਪੂਰਨ ਰੂਪ ਵਿੱਚ ਮੁਕਤ ਕਰਦਾ ਹੈ, ਹਉਮੈ ਤੋਂ ਮੁਕਤ ਕਰਦਾ ਹੈ। ਜਦ ਤੱਕ ਅਸੀਂ ਮਨਮਤਿ ਦੁਆਰਾ ਵਿਚਰਦੇ ਹਾਂ ਤਦ ਤੱਕ ਅਸੀਂ ਆਪਣਾ ਹੁਕਮ ਮੰਨਦੇ ਹਾਂ ਪਰ ਧਰਮ ਦੇ ਮਾਰਗ ਤੇ ਆਪਣਾ ਹੁਕਮ ਨਹੀਂ ਚੱਲਦਾ। ਉਸ ਪ੍ਰਮਾਤਮਾ ਅੱਗੇ ਅਰਦਾਸ ਹੀ ਚੱਲਦੀ ਹੈ ਤੇ ਉਸਦੇ ਅੱਗੇ ਸਾਡੀ ਸੱਚੀ ਅਰਦਾਸ ਉਸਦਾ ਹੁਕਮ ਮੰਨ ਕੇ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਅਰਦਾਸ ਅਸੀਂ ਉਸਦੀ ਗੁਰਮਤਿ ਅਨੁਸਾਰ ਵਿਚਰ ਕੇ ਹੀ ਕਰ ਸਕਦੇ ਹਾਂ, ਉਸਦੇ ਹੁਕਮ ਨੂੰ ਮੰਨ ਕੇ ਕਰ ਸਕਦੇ ਹਾਂ। ਸਾਡਾ ਸਾਰਾ ਉੱਦਮ ਮਨਮਤਿ ਨੂੰ ਛੱਡ ਕੇ ਗੁਰਮਤਿ ਨੂੰ ਅਪਣਾਉਣ ਦਾ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਵਰੁ ਦੀ ਪ੍ਰਾਪਤੀ ਕਰ ਸਕੀਏ। ਪ੍ਰਮਾਤਮਾ ਦੀ ਸਿਫ਼ਤ ਉਸਦੇ ਹੁਕਮ ਅਨੁਸਾਰ ਚੱਲ ਕੇ ਹੀ ਹੁੰਦੀ ਹੈ ਭਾਵ ਗੁਰਮਤਿ ਅਨੁਸਾਰ ਚੱਲ ਕੇ ਹੀ ਹੁੰਦੀ ਹੈ। ਮਨਮਤਿ "ਕੂੜਿ" ਹੈ ਤੇ ਗੁਰਮਤਿ "ਸਚੁ" ਹੈ।

{ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥ ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ॥੩॥}

(ਅੰਗ ੪੭੪)

ਪ੍ਰਮਾਤਮਾ ਦੀ ਸੇਵਾ, ਉਸਦੀ ਸਿਫ਼ਤ ਸਾਲਾਹ, ਮਨਮਤਿ ਤਿਆਗ ਕੇ ਹੀ ਹੋ ਸਕਦੀ ਹੈ, ਇਸ ਮਨਮਤਿ ਰੂਪ "ਸੀਸੁ" ਨੂੰ ਵੱਢਣ ਦੁਆਰਾ ਹੀ ਹੋ ਸਕਦੀ ਹੈ ਤਾਂ ਜੋ ਸਾਡੇ ਅੰਦਰ ਗੁਰਮਤਿ ਦੀ ਬੈਠਕ ਹੋ ਸਕੇ।(**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥**)

19/2120

ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਾਨੂੰ ਸੁਚੇਤ ਕੀਤਾ ਹੈ ਤੇ ਝੰਜੋੜਿਆ ਹੈ ਕਿ ਅਸੀਂ ਉਸ ਵਰ ਦੀ ਪ੍ਰਾਪਤੀ ਕਰੀਏ ਜੋ ਸਾਡੇ

ਇਸ ਜੀਵਨ ਦਾ ਮਨੋਰਥ ਹੈ। ਵਰ ਦੀ ਪ੍ਰਾਪਤੀ ਸਾਡੇ ਲਈ ਇਸ ਤਰ੍ਹਾਂ ਜਰੂਰੀ ਦੱਸੀ ਹੈ ਜਿਵੇਂ ਕਿਸੇ ਔਰਤ ਦਾ ਪਤੀ ਉਸਨੂੰ ਛੱਡ ਕੇ ਕਿਸੇ ਹੋਰ ਦਾ ਹੋ ਜਾਵੇ। ਇਸਤਰੀ ਕੋਲੋਂ ਇਹੀ ਜਿਹੀ ਗੱਲ ਬਰਦਾਸ਼ਤ ਨਹੀਂ ਹੁੰਦੀ ਕਿ ਉਸਦਾ ਪਤੀ ਕਿਸੇ ਹੋਰ ਦਾ ਹੋ ਜਾਵੇ। ਜਿਵੇਂ ਸੰਸਾਰਿਕ ਵਿਚਰਨ ਵਿੱਚ ਔਰਤ ਪਤੀ ਬਿਨ੍ਹਾਂ ਨਹੀਂ ਰਹਿ ਸਕਦੀ ਇਸੇ ਤਰ੍ਹਾਂ ਸਾਨੂੰ ਸਾਡੇ ਅੰਦਰ ਉਹੋ ਜਿਹੀ ਖਿੱਚ ਪੈਦਾ ਕਰਨ ਲਈ ਸਮਝਾਇਆ ਹੈ ਕਿ ਅਸੀਂ ਉਸ ਤੋਂ ਬਿਨ੍ਹਾਂ ਨਾ ਰਹਿ ਸਕੀਏ ਭਾਵ ਉਹੋ ਜਿਹਾ ਉਪਰਾਲਾ ਕਰੀਏ ਭਾਵ ਮਨਮਤਿ ਛੱਡੀਏ ਤੇ ਗੁਰਮਤਿ ਨੂੰ ਅਪਣਾਈਏ ਭਾਵ ਗੁਰਮਤਿ ਤੇ ਚੱਲਣ ਦੀ ਪੂਰੀ ਖਿੱਚ ਮਹਿਸੂਸ ਕਰੀਏ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਆਪਣੀ ਮਨਮਤਿ ਨੂੰ ਛੱਡਣਾ ਹੀ ਆਪਣੇ ਮਨ ਨੂੰ ਮਾਰਨਾ ਹੈ ਤੇ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰਨਾ ਹੈ ਭਾਵ ਗੁਰਮਤਿ ਦੇ ਹਵਾਲੇ ਕਰਨਾ ਹੈ।

(ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥੧॥੩॥)

ਉੱਪਰ ਸਾਰੇ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਕਿਸ ਦੇ ਨਾਲ ਜੁੜਨਾ ਹੈ ਭਾਵ ਉਨ੍ਹਾਂ ਦੇ ਨਾਲ ਜੁੜਨਾ ਹੈ ਜਿੰਨ੍ਹਾਂ ਦਾ ਬਾਹਰੀ ਰੂਪ ਸਾਨੂੰ ਲੁਭਾਉਂਦਾ ਹੈ ਜਾਂ ਗੁਰੂ ਦੇ ਨਾਲ ਜੁੜਨਾ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਸਾਡਾ ਸੱਜਣ ਇੱਕੋ-ਇੱਕ ਗੁਰੂ ਹੈ ਭਾਵ ਗੁਰੂ ਦੀ ਮਤਿ ਹੈ ਜਿਸਦੇ ਰੰਗ ਨਾਲ ਆਪਣੇ ਆਪ ਨੂੰ ਰੰਗਣਾ ਹੈ ਪਰ ਜਪ ਤਪ ਦੇ ਬਾਹਰੀ ਦਿਖਾਵਿਆਂ ਦੁਆਰਾ ਅਸੀਂ ਉਨ੍ਹਾਂ ਨੂੰ ਆਪਣੇ ਸੱਜਣ ਸਮਝੀ ਬੈਠੇ ਹਾਂ ਜੋ ਅਸਲ ਵਿੱਚ ਸਾਡੇ ਕਿਸੇ ਕੰਮ ਨਹੀਂ ਆ ਸਕਦੇ ਭਾਵ ਸਾਨੂੰ ਪ੍ਰਮਾਤਮਾ ਦੇ ਦਰ ਦੀ ਸੋਝੀ ਨਹੀਂ ਪਾ ਸਕਦੇ।

ਪ੍ਰਮਾਤਮਾ ਦੇ ਨਾਲੋਂ ਸਾਡੀ ਦੂਰੀ ਦਾ ਕਾਰਨ ਸਾਡੇ ਮਨ ਦੀ ਦੁਚਿੱਤੀ ਹੈ, ਦੁਬਿਧਾ ਹੈ, ਭਰਮ ਹੈ ਤੇ ਅਸੀਂ ਇਸ ਭਰਮ ਦੇ ਰਹਿੰਦਿਆਂ ਉਨ੍ਹਾਂ ਨੂੰ ਆਪਣੇ ਸੱਜਣ ਸਮਝ ਲੈਂਦੇ ਹਾਂ, ਜੋ ਆਪ ਦੁਚਿੱਤੀ ਵਿੱਚ ਹਨ ਤੇ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ। ਪ੍ਰਮਾਤਮਾ ਨਾਲ ਕੇਵਲ ਸਾਨੂੰ ਗੁਰੂ ਹੀ ਮਿਲਾ ਸਕਦਾ ਹੈ ਜੋ ਭਰਮ ਰਹਿਤ ਹੈ ਤੇ ਪ੍ਰਮਾਤਮਾ ਦੇ ਨਾਲ ਇੱਕ ਹੈ ਭਾਵ ਪ੍ਰਮਾਤਮਾ ਦਾ ਹੀ ਰੂਪ ਹੈ। ਆਓ ਇਹ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਉਸ ਸੱਜਣ ਦੇ ਨਾਲ ਜੁੜੀਏ ਭਾਵ ਗੁਰੂ ਦੇ ਨਾਲ ਜੁੜੀਏ ਜੋ ਸਾਡਾ ਸਭ ਦਾ ਸੱਚਾ ਸੱਜਣ ਹੈ।

20/2121

ਸਿਰੀਰਾਗੁ ਮਹਲਾ ੧ ਘਰੁ ੨॥

"ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥੧॥ਰਹਾਉ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥੪॥੨੪॥"

(ਅੰਗ ੨੩)

ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਸੁਚੇਤ ਕੀਤਾ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਮਾਇਆ ਮੋਹ ਵਿੱਚ ਫਸੇ ਰਹਿੰਦੇ ਹਾਂ ਤੇ ਆਪਣੇ ਜੀਵਨ ਦਾ ਅਸਲ ਮਨੋਰਥ ਨਹੀਂ ਸਮਝਦੇ। ਸਾਡਾ ਇਹ ਜੀਵਨ ਕੋਈ ਬਹੁਤੀ ਦੇਰ ਰਹਿਣ ਵਾਲਾ, ਟਿਕਣ ਵਾਲਾ ਨਹੀਂ ਹੈ ਤੇ ਸਾਨੂੰ ਇਸ ਜੀਵਨ ਦਾ ਮਨੋਰਥ ਸਮਝਾਇਆ ਹੋਇਆ ਹੈ ਕਿ ਅਸੀਂ ਆਪਣੇ ਇਸ ਜੀਵਨ ਵਿੱਚ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰੀਏ, ਆਪਣੇ ਆਪ ਨੂੰ ਉਸ ਦੇ ਰੰਗ ਵਿੱਚ ਰੰਗੀਏ। ਅਸੀਂ ਮਾਇਆ ਮੋਹ ਦੇ ਰੰਗ ਵਿੱਚ ਰੰਗੇ ਰਹਿੰਦੇ ਹਾਂ ਤੇ ਪ੍ਰਮਾਤਮਾ ਦੇ ਰੰਗ ਵਿੱਚ ਅਸੀਂ ਆਪਣੇ ਆਪ ਨੂੰ ਤਾਂ ਹੀ ਰੰਗ ਸਕਦੇ ਹਾਂ ਜਦੋਂ ਸਾਡੇ ਤੋਂ ਮਾਇਆ ਦਾ ਰੰਗ ਉਤਰ ਜਾਵੇ। ਇਹ "ਰੰਗੁ" ਸਾਡੇ ਅੰਦਰ ਦੇ ਵਿਚਾਰਾਂ ਦੀ ਧੁਨ ਹੈ ਕਿ ਉਹ ਕਿੱਥੇ ਜੁੜੀ ਹੋਈ ਹੈ, ਉਹ ਕਿਸ ਚੀਜ਼ ਦੀ ਪ੍ਰਾਪਤੀ ਕਰਨਾ ਚਾਹੁੰਦੀ ਹੈ। ਪ੍ਰਮਾਤਮਾ ਦੇ "ਰੰਗੁ" ਵਿੱਚ ਰੰਗਣ ਲਈ ਸਾਨੂੰ ਆਪਣੇ ਆਪ ਨੂੰ "ਸਚੁ" ਦੇ ਰੰਗ ਵਿੱਚ ਰੰਗਣ ਦੀ ਲੋੜ ਹੈ, ਗੁਣਾਂ ਦੇ ਰੰਗ ਵਿੱਚ ਰੰਗਣ ਦੀ ਲੋੜ ਹੈ ਤੇ ਮਾਇਆ ਦੇ ਰੰਗ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ।

ਆਪਣੇ ਆਪ ਨੂੰ ਪ੍ਰਮਾਤਮਾ ਦੇ "ਰੰਗੁ" ਵਿੱਚ ਰੰਗਣ ਲਈ ਸਾਡੇ ਕੋਲ ਉਸਦਾ ਮਾਰਗ ਦਿਖਾਉਣ ਲਈ ਕੇਵਲ ਗੁਰੂ ਹੈ ਜਿਸ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੇ ਰੰਗ ਵਿੱਚ ਰੰਗਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਸਾਨੂੰ ਗੁਰੂ ਹੀ ਜੋੜ ਸਕਦਾ ਹੈ ਭਾਵ ਸਾਨੂੰ ਪ੍ਰਮਾਤਮਾ ਦੇ ਰੰਗ ਵਿੱਚ ਰੰਗ ਸਕਦਾ ਹੈ ਭਾਵ ਸਾਨੂੰ ਉਹਨਾਂ ਵਿਚਾਰਾਂ ਦੇ ਨਾਲ ਰੰਗ ਸਕਦਾ ਹੈ ਜਿਹੋ ਜਿਹੇ ਵਿਚਾਰਾਂ ਦੁਆਰਾ ਅਸੀਂ ਪ੍ਰਮਾਤਮਾ ਦੇ ਰੰਗ ਵਿੱਚ ਵਿਚਰ ਸਕਦੇ ਹਾਂ, ਉਸਦੇ ਰੰਗ ਵਿੱਚ ਰੰਗੇ ਜਾ ਸਕਦੇ ਹਾਂ। ਇਸ ਪੂਰੇ ਸ਼ਬਦ ਤੋਂ ਭਾਵ ਸਾਨੂੰ ਇਹ ਸਮਝਾਉਣ ਲਈ ਹੀ ਹੈ ਕਿ ਪ੍ਰਮਾਤਮਾ ਦੇ ਰੰਗ ਵਿੱਚ ਰੰਗਣ ਲਈ ਅਸੀਂ ਆਪਣਾ ਸੱਜਣ ਕਿਸ ਨੂੰ ਬਣਾਉਣਾ ਹੈ ਜੋ ਸਾਨੂੰ ਪ੍ਰਮਾਤਮਾ ਦੇ ਰੰਗ ਵਿੱਚ "ਰੰਗੁ" ਸਕੇ। ਉਹ ਸੱਜਣ ਸਾਡਾ ਇੱਕੋ ਹੀ ਹੈ ਭਾਵ ਗੁਰੂ ਹੈ, ਗੁਰਬਾਣੀ ਹੈ ਜੋ ਸਭ ਲਈ ਇੱਕੋ ਜਿਹਾ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਤੇ ਸਭ ਨੂੰ ਇੱਕੋ ਜਿਹੀ ਸਿੱਖਿਆ ਹੀ ਦਿੰਦਾ ਹੈ, ਕੇਵਲ ਸੱਚ ਤੇ ਚੱਲਣਾ ਸਮਝਾਉਂਦਾ ਹੈ ਭਾਵ ਸਭ ਨੂੰ ਇੱਕੋ ਜਿਹਾ ਨਾਮ ਜਪਣਾ ਸਮਝਾਉਂਦਾ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨਾਲ ਰੰਗਣ ਦਾ ਇੱਕੋ ਜਿਹਾ ਮਾਰਗ ਸਮਝਾਉਂਦਾ ਹੈ।

{ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥ ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥੨੧॥
ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥ ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ॥੨੨॥}

(ਅੰਗ ੧੪੨੬)

20/2122

{ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ॥੧॥ਰਹਾਉ॥}

(ਅੰਗ ੪੧)

ਸਾਡੇ ਅੰਦਰ ਸਭ ਤੋਂ ਪਹਿਲੇ ਇਸ ਵਿਸ਼ਵਾਸ ਦਾ ਹੋਣਾ ਜਰੂਰੀ ਹੈ ਕਿ ਧਰਮ ਦਾ ਮਾਰਗ ਸਮਝਾਉਣ ਲਈ ਜਿਸ ਨੂੰ ਧਰਮ ਦੀ ਪੂਰਨ ਸੋਝੀ ਹੈ ਉਹ ਕੇਵਲ ਤੇ ਕੇਵਲ ਗੁਰੂ ਹੈ। ਅਸੀਂ ਸਭ ਤੋਂ ਵੱਡੀ ਭੁੱਲ ਉਦੋਂ ਕਰਦੇ ਹਾਂ ਜਦੋਂ ਅਸੀਂ ਗੁਰੂ ਦੀ ਬਜਾਇ ਕਿਸੇ ਹੋਰ ਨੂੰ ਆਪਣਾ ਸੱਜਣ ਸਮਝ ਬੈਠਦੇ ਹਾਂ ਕਿ ਇਹ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਕੌਣ ਹੈ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ। ਗੁਰੂ ਪ੍ਰਮਾਤਮਾ ਦੇ ਨਾਲ ਇੱਕ ਹੈ ਇਸ ਗੱਲ ਨੂੰ ਹਰ ਕੋਈ ਜਾਣਦਾ ਹੈ। ਅਸੀਂ ਸੱਜਣ ਆਪਣਾ ਉਹਨਾਂ ਨੂੰ ਹੀ ਬਣਾਉਂਦੇ ਹਾਂ ਜਿੰਨ੍ਹਾਂ ਦਾ ਬਾਹਰੀ ਰੂਪ ਭਾਵ ਸਰੀਰਕ ਜਪ ਤਪ ਆਦਿ ਸਾਨੂੰ ਲੁਭਾਉਂਦੇ ਹਨ, ਮੋਰਾਂ ਦੀ ਤਰ੍ਹਾਂ ਸੋਹਣੇ ਲੱਗਦੇ ਹਨ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਅਸੀਂ ਇਹੋ ਜਿਹਿਆਂ ਨੂੰ ਪ੍ਰਮਾਤਮਾ ਦੇ ਰੰਗ ਵਿੱਚ ਰੰਗੇ ਹੋਏ ਸਮਝਦੇ ਹਾਂ ਭਾਵ ਰੰਗਲੇ ਸੱਜਣ ਸਮਝਦੇ ਹਾਂ ਪਰ ਅਸਲ ਵਿੱਚ ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਕੀ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ। ਇਹੋ ਜਿਹਿਆਂ ਨੂੰ ਆਪਣਾ ਸੱਜਣ ਸਮਝ ਕੇ ਅਸੀਂ ਗੁਰੂ ਰੂਪ "ਸਜਣੁ" ਕੋਲੋਂ ਦੂਰ ਹੋ ਜਾਂਦੇ ਹਾਂ। ਇਹ ਸੱਜਣ ਸਾਨੂੰ ਉਹ ਕੁੱਝ ਸਿਖਾਉਂਦੇ ਹਨ ਜੋ ਗੁਰਮਤਿ ਦੀ ਸਿੱਖਿਆ ਤੇ ਨਹੀਂ ਟਿਕਦਾ। ਇਹੋ ਜਿਹੇ ਸੱਜਣਾਂ ਨੂੰ ਭਾਵ ਜਿੰਨ੍ਹਾਂ ਨੂੰ ਅਸੀਂ ਰੰਗਲੇ ਸੱਜਣ ਸਮਝਦੇ ਹਾਂ ਇਹਨਾਂ ਦੀ ਅਸਲੀਅਤ ਬਿਆਨ ਕੀਤੀ ਹੋਈ ਹੈ ਜਿਸ ਨੂੰ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥ ਹੰ ਭੀ ਵੰਞਾ ਭੁਮਣੀ ਰੋਵਾ ਝੀਣੀ ਬਾਣਿ॥੨॥"

ਧਿਆਨ ਨਾਲ ਵਿਚਾਰੋ ਉੱਪਰ ਵਾਲੀਆਂ ਪੰਗਤੀਆਂ ਨੂੰ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। ਸਰੀਰ ਤਾਂ ਸਭ ਨੇ ਛੱਡਣਾ ਹੀ ਹੈ ਤੇ ਸਾਰੀ ਗੱਲ ਪ੍ਰਮਾਤਮਾ ਨੂੰ ਜਾਨਣ ਦੀ ਹੈ ਕਿ ਉਸਨੂੰ ਆਪਣੇ ਜੀਵਨ ਦੇ ਰਹਿੰਦਿਆਂ ਕਿਸ ਨੇ ਜਾਣਿਆ ਹੈ। ਜੋ ਉਸ ਨੂੰ ਜਾਣ ਲੈਂਦਾ ਹੈ ਉਸ ਦੀ ਦੁਚਿੱਤੀ ਖ਼ਤਮ ਹੋ ਜਾਂਦੀ ਹੈ, ਸਹਿਸਾ, ਦੁਬਿਧਾ ਖ਼ਤਮ ਹੋ ਜਾਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਸਾਡੇ ਅੰਦਰ ਭਰਮ ਦਾ ਪੜਦਾ ਹੀ ਹੈ ਜਿਸ ਦੇ ਰਹਿੰਦਿਆਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਸਾਡੇ ਅੰਦਰ ਬੰਧਨ ਹੀ ਭਰਮ ਦਾ ਹੈ, ਅਗਿਆਨਤਾ ਦਾ ਹੈ, ਦੁਚਿੱਤੀ ਦਾ ਹੈ ਜਿਸ ਦੇ ਦੂਰ ਹੋਏ ਬਿਨ੍ਹਾਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ।

"ਭੁਮਣੀ" ਤੋਂ ਭਾਵ ਹੈ ਦੁਚਿੱਤੀ, ਦੁਬਿਧਾ, ਸਹਿਸਾ, ਭਰਮ ਜਿਸ ਨੂੰ ਕਿ ਹਰ ਕੋਈ ਸਮਝ ਸਕਦਾ ਹੈ। ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਇਹੀ

20/2123

ਗੱਲ ਸਮਝਾਈ ਗਈ ਹੈ ਕਿ ਉਹ ਜੋ ਸੱਜਣ ਜਿੰਨ੍ਹਾਂ ਨੂੰ ਅਸੀਂ ਆਪਣੇ ਰੰਗਲੇ ਸੱਜਣ ਸਮਝਿਆ ਹੋਇਆ ਹੈ ਉਹ ਇਸ ਸੰਸਾਰ ਵਿੱਚੋਂ ਦੁਚਿੱਤੀ ਵਿੱਚ ਹੀ ਗਏ ਹਨ ਭਾਵ ਉਹਨਾਂ ਨੂੰ ਪ੍ਰਮਾਤਮਾ ਬਾਰੇ ਕੋਈ ਸਮਝ ਨਹੀਂ ਲੱਗੀ ਤੇ ਆਪਣਾ ਜੀਵਨ ਵਿਅਰਥ ਵਿੱਚ ਹੀ ਗਵਾ ਕੇ ਹੀ ਗਏ ਹਨ। ਜਿਹੜੇ ਉਹਨਾਂ ਦੇ ਪਿੱਛੇ ਲੱਗੇ ਹੋਏ ਹਨ ਭਾਵ ਜਿੰਨ੍ਹਾਂ ਨੇ ਉਹਨਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਿਆ ਹੋਇਆ ਹੈ ਤੇ ਉਹਨਾਂ ਦੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ ਉਹਨਾਂ ਨੂੰ ਵੀ ਸੁਚੇਤ ਕੀਤਾ ਹੈ ਕਿ ਜਿਸ ਤਰ੍ਹਾਂ ਉਹ ਦੁਚਿੱਤੀ ਵਿੱਚ ਗਏ ਹਨ ਉਸੇ ਤਰ੍ਹਾਂ ਉਹਨਾਂ ਦੇ ਪਿੱਛੇ ਲੱਗ ਕੇ ਅਸੀਂ ਵੀ ਸੰਸਾਰ ਤੋਂ ਦੁਚਿੱਤੀ ਵਿੱਚ ਹੀ ਜਾਵਾਂਗੇ ਭਾਵ ਜਿਵੇਂ ਉਹਨਾਂ ਦਾ ਜੀਵਨ ਵਿਅਰਥ ਗਿਆ ਹੈ ਇਸੇ ਤਰ੍ਹਾਂ ਉਹਨਾਂ ਦੇ ਪਿੱਛੇ ਲੱਗਣ ਵਾਲਿਆਂ ਦਾ ਜੀਵਨ ਵੀ ਵਿਅਰਥ ਹੀ ਜਾਂਦਾ ਹੈ। ਆਪਣੇ ਇਹੋ ਜਿਹੇ ਸੱਜਣਾਂ ਦੇ ਵਿਛੋੜੇ ਵਿੱਚ ਉਹਨਾਂ ਨੇ ਪਿੱਛੇ ਲੱਗਣ ਵਾਲੇ ਵਿਰਲਾਪ ਵੀ ਕਰਦੇ ਹਨ, ਉਹਨਾਂ ਦੀ ਯਾਦ ਵਿੱਚ ਰੋਂਦੇ ਵੀ ਹਨ ਤੇ ਬਰਸੀਆਂ ਆਦਿ ਵੀ ਮਨਾਉਂਦੇ ਹਨ ਭਾਵ ਉਹਨਾਂ ਦੇ ਨਾਲ ਆਪਣੇ ਪਿਆਰ ਦਾ ਪ੍ਰਗਟਾਵਾ ਕਰਦੇ ਹਨ ਪਰ ਉਹ ਨਾਸਮਝ ਹਨ ਕਿਉਂਕਿ ਉਹ ਉਹਨਾਂ ਨੂੰ ਆਪਣਾ ਸੱਜਣ ਬਣਾਈ ਬੈਠੇ ਹਨ ਜੋ ਨਾ ਹੀ ਆਪ ਪ੍ਰਮਾਤਮਾ ਦੇ ਨਾਲ ਮਿਲੇ ਹਨ ਤੇ ਨਾ ਹੀ ਕਿਸੇ ਹੋਰ ਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦੇ ਹਨ। **(ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥ ਹੰ ਭੀ ਵੰਞਾ ਭੁਮਣੀ ਰੋਵਾ ਝੀਣੀ ਬਾਣਿ॥੨॥)**

ਸਾਡੀ ਸਭ ਤੋਂ ਵੱਡੀ ਭੁੱਲ ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਆਪਣਾ ਸੱਜਣ ਸਮਝਣ ਦੀ ਹੈ ਭਾਵ ਧਰਮ ਦੇ ਮਾਰਗ ਤੇ ਉੱਚਾ ਸਮਝਣ ਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਸਾਨੂੰ ਕਿਸ ਦੇ ਪਿੱਛੇ ਲੱਗਣਾ ਚਾਹੀਦਾ ਹੈ।

“ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥੩॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਉੱਪਰ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਆਪਣੇ ਕੰਨੀ ਕਿਉਂ ਨਹੀਂ ਸੁਣਦੇ **(ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥)** ਭਾਵ ਅਸੀਂ ਗੁਰੂ ਦੀ ਗੱਲ ਨੂੰ ਉਹਨਾਂ ਦੇ ਰਾਹੀਂ ਸੁਣਨਾ ਚੰਗਾ ਸਮਝਦੇ ਹਾਂ ਭਾਵ ਆਪਣਾ ਧਰਮ ਦਾ ਮਾਰਗ ਉਹਨਾਂ ਦੇ ਕੋਲੋਂ ਸੁਣਦੇ ਹਾਂ, ਸਮਝਦੇ ਹਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਿਆ ਹੋਇਆ ਹੈ, ਆਪਣੇ ਰੰਗਲੇ ਸੱਜਣ ਸਮਝਿਆ ਹੋਇਆ ਹੈ। ਸਾਨੂੰ ਸੁਚੇਤ ਕੀਤਾ ਹੈ ਕਿ ਅਸੀਂ ਸਿੱਧਾ ਗੁਰੂ ਦੇ ਨਾਲ ਜੁੜੀਏ ਭਾਵ ਕੇਵਲ ਗੁਰੂ ਦੇ ਕੋਲੋਂ ਆਪਣਾ ਧਰਮ ਦਾ ਮਾਰਗ ਜਾਣੀਏ ਤੇ ਇੱਧਰੋਂ-ਉਧਰੋਂ ਸੁਣੀਆਂ-ਸੁਣਾਈਆਂ ਗੱਲਾਂ ਵਿੱਚ ਨਾ ਆਈਏ, ਕਿਸੇ ਨੂੰ

20/2124

ਗੁਰੂ ਨਾਲੋਂ ਜਿਆਦਾ ਸਿਆਣਾ ਨਾ ਸਮਝੀਏ। ਜੋ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਹ ਗੱਲ ਸਾਨੂੰ ਕਦੇ ਵੀ ਨਹੀਂ ਮੰਨਣੀ ਚਾਹੀਦੀ। ਧਰਮ ਦੇ ਮਾਰਗ ਦੀ ਕਸਵੱਟੀ ਸਾਡੇ ਕੋਲ ਗੁਰਬਾਣੀ ਹੈ ਜੋ ਸੱਚ- ਝੂਠ ਦਾ ਨਿਸਤਾਰਾ ਕਰ ਦਿੰਦੀ ਹੈ ਪਰ ਉਸ ਲਈ ਸਭ ਤੋਂ ਜਰੂਰੀ ਇਹ ਹੈ ਕਿ ਅਸੀਂ ਆਪ ਗੁਰੂ ਦੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤੇ ਕਿਸੇ ਤੇ ਵੀ ਅੰਧ-ਵਿਸ਼ਵਾਸ ਨਾ ਕਰੀਏ। ਕਿਸੇ ਨੂੰ ਰੰਗਲੇ ਸੱਜਣ ਸਮਝਣ ਦਾ ਕਾਰਨ ਸਾਡੀ ਅਗਿਆਨਤਾ ਹੈ, ਅੰਧ ਵਿਸ਼ਵਾਸ ਹੈ।

ਸਾਡੇ ਜੀਵਨ ਦਾ ਮਨੋਰਥ ਆਪਣੇ ਸਹੁਰੇ ਘਰ ਵਿੱਚ ਪਹੁੰਚਣ ਦਾ ਹੈ। ਸਹੁਰਾ ਘਰ ਪ੍ਰਮਾਤਮਾ ਦਾ ਘਰ ਹੈ ਤੇ ਹਰ ਕੋਈ ਉਸ ਪ੍ਰਮਾਤਮਾ ਦੀ ਹੀ ਨਾਰ ਹੈ, ਜੀਵ ਇਸਤਰੀ ਹੈ। ਪ੍ਰਮਾਤਮਾ ਦਾ ਘਰ ਸੱਚ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੀ ਹੈ ਤੇ ਸਾਡੇ ਅੰਦਰ ਹੀ ਹੈ। ਇਹ ਚੌਥੇ ਪਦ ਦਾ ਘਰ ਹੈ, “ਸਹਜੁ” ਦਾ ਘਰ ਹੈ ਜਿਸ ਵਿੱਚ ਪਹੁੰਚਣਾ ਸਾਡੇ ਜੀਵਨ ਦਾ ਮਨੋਰਥ ਹੈ।

{ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥}

(ਅੰਗ ੧੦੨੨)

ਪੇਕਾ ਘਰ ਸਾਡਾ ਮਨਮਤਿ ਦਾ ਘਰ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦਾ ਘਰ ਹੈ, ਦੁਚਿੱਤੀ, ਦੁਬਿਧਾ, ਸਹਿਸਾ, ਭਰਮ, ਅਗਿਆਨਤਾ ਦਾ ਘਰ ਹੈ। ਅਸੀਂ ਇਸ ਘਰ ਵਿੱਚੋਂ ਨਿਕਲਕੇ ਗੁਰਮਤਿ ਦੇ ਘਰ ਵਿੱਚ ਪਹੁੰਚਣਾ ਹੈ ਜੋ ਕਿ ਸਾਡਾ ਸਹੁਰਾ ਘਰ ਹੈ। ਸਾਨੂੰ ਇਸ ਸੁਹਰਾ ਘਰ ਵਿੱਚ ਪਹੁੰਚਾਉਣ ਲਈ ਇੱਕੋ- ਇੱਕ ਸੱਜਣ ਗੁਰੂ ਹੈ, ਗੁਰਬਾਣੀ ਹੈ ਜਿਸਦਾ ਨਿਵਾਸ ਸੁਹਰਾ ਘਰ ਦੇ ਵਿੱਚ ਹੀ ਹੈ ਤੇ ਸਾਨੂੰ ਸਾਡੇ ਸਹੁਰੇ ਘਰ ਵਿੱਚ ਪਹੁੰਚਾ ਸਕਦੀ ਹੈ ਭਾਵ ਪਤੀ ਰੂਪ ਪ੍ਰਮਾਤਮਾ ਨਾਲ ਮਿਲਾ ਸਕਦੀ ਹੈ। ਇੱਕ ਵਾਰੀ ਜਦੋਂ ਮਨੁੱਖ ਇਸ ਸਹੁਰੇ ਘਰ ਵਿੱਚ ਪਹੁੰਚ ਜਾਂਦਾ ਹੈ, ਗੁਰਮਤਿ ਦੇ, ਬ੍ਰਹਮਗਿਆਨ ਦੇ ਘਰ ਵਿੱਚ ਪਹੁੰਚ ਜਾਂਦਾ ਹੈ ਤੇ ਫਿਰ ਸਦਾ ਲਈ ਮਨਮਤਿ ਤੋਂ ਛੁਟਕਾਰਾ ਹੋ ਜਾਂਦਾ ਹੈ,ਪੇਕਾ ਘਰ ਸਦਾ ਲਈ ਛੁੱਟ ਜਾਂਦਾ ਹੈ ਭਾਵ ਮਨੁੱਖ ਦਾ ਆਵਾਗਉਣ ਮਿਟ ਜਾਂਦਾ ਹੈ। **(ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥੩॥)**

ਇਹ ਪੇਕਾ ਘਰ ਸਾਡਾ ਕਿਸ ਲਈ ਮਾੜਾ ਹੈ ਜਿਸ ਕਰਕੇ ਅਸੀਂ ਆਪਣੇ ਸਹੁਰੇ ਘਰ ਪਹੁੰਚਣ ਤੋਂ ਦੂਰ ਰਹਿੰਦੇ ਹਾਂ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਭਾਵ ਗੁਰੂ ਜੋ ਸਾਡਾ ਅਸਲ ਸੱਜਣ ਹੈ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਇਹਨਾਂ ਪੰਗਤੀਆਂ ਦੁਆਰਾ ਸਮਝਾ ਰਿਹਾ ਹੈ।

“ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥੪॥੨੪॥”

20/2125

ਸਾਡੇ ਪੇਕੇ ਘਰ ਤੇ ਸਹੁਰੇ ਘਰ ਵਿੱਚ ਫਰਕ ਮਨ ਦੀ ਸੋਝੀ ਦਾ ਹੀ ਹੈ, ਫਰਕ ਮਨ ਦੇ ਵਿਚਾਰਾਂ ਦਾ ਹੀ ਹੈ। ਪੇਕਾ ਘਰ ਵੀ ਮਨ ਦੇ ਵਿੱਚ ਹੈ ਤੇ ਸਹੁਰਾ ਘਰ ਵੀ ਮਨ ਦੇ ਵਿੱਚ ਹੀ ਹੈ। ਪੇਕੇ ਘਰ ਵਿੱਚ ਰਹਿੰਦਿਆਂ ਅਸੀਂ ਸੁੱਤੇ ਹੋਏ ਹਾਂ ਭਾਵ ਗੁਰਮਤਿ ਵੱਲੋਂ ਸੁੱਤੇ ਹੋਏ ਹਾਂ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿਛਲੇ ਸ਼ਬਦ ਰਾਹੀਂ ਜਾਣਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਮਨਮਤਿ ਦੇ ਰਹਿੰਦਿਆਂ ਭਾਵ ਪੇਕਾ ਘਰ ਵਿੱਚ ਰਹਿੰਦਿਆਂ ਅਸੀਂ ਔਗੁਣਾਂ ਵੱਲੋਂ ਅੱਖਾਂ ਮੀਟੀਆਂ ਹੋਈਆਂ ਹਨ, ਪੰਜੇ ਚੋਰਾਂ ਵੱਲੋਂ ਅੱਖਾਂ ਮੀਟੀਆਂ ਹੋਈਆਂ ਹਨ ਜੋ ਸਾਡੇ ਘਰ ਨੂੰ ਲੁੱਟਦੇ ਰਹਿੰਦੇ ਹਨ ਤੇ ਇਸ ਮਨ ਨੂੰ ਗੁਰਮਤਿ

ਦਾ ਘਰ ਨਹੀਂ ਬਣਨ ਦਿੰਦੇ। ਗੁਰਮਤਿ ਦੇ ਘਰ ਵਿੱਚ ਗੁਣਾਂ ਦੀ ਚੋਰੀ ਨਹੀਂ ਹੁੰਦੀ, ਸੱਚ ਦੀ ਚੋਰੀ ਨਹੀਂ ਹੁੰਦੀ ਕਿਉਂਕਿ ਜਿੱਥੇ ਗੁਰਮਤਿ ਹੈ ਉੱਥੇ ਇਹ ਚੋਰ ਸਾਡੇ ਘਰ ਵਿੱਚ ਨਹੀਂ ਵੜ ਸਕਦੇ ਭਾਵ ਮਨ ਦੇ ਵਿਚਾਰਾਂ ਵਿੱਚ ਨਹੀਂ ਵੜ ਸਕਦੇ। ਗੁਰਮਤਿ ਸਾਡੇ ਮਨ ਦੀ ਉਹ ਸੋਝੀ ਹੈ ਜੋ ਸਾਡੇ ਅੰਦਰ ਧਰਮ ਦੀ ਵਾੜ ਦਾ ਕੰਮ ਕਰਦੀ ਹੈ ਤੇ ਔਗੁਣਾਂ ਨੂੰ ਅੰਦਰ ਨਹੀਂ ਵੜਨ ਦਿੰਦੀ। ਸਾਡਾ ਸਹੁਰਾ ਘਰ ਗੁਣਾਂ ਦਾ ਘਰ ਹੈ ਤੇ ਉਸ ਘਰ ਵਿੱਚ ਗੁਣਾਂ ਦੁਆਰਾ ਹੀ ਵੱਸਿਆ ਜਾ ਸਕਦਾ ਹੈ। ਔਗੁਣ ਛੱਡੇ ਬਿਨ੍ਹਾਂ ਭਾਵ ਗੁਰਮਤਿ ਅਪਣਾਏ ਬਿਨ੍ਹਾਂ ਅਸੀਂ ਇਸ ਪੇਕੇ ਘਰ ਵਿੱਚੋਂ ਨਿਕਲ ਕੇ ਸਹੁਰੇ ਘਰ ਵਿੱਚ ਨਹੀਂ ਪਹੁੰਚ ਸਕਦੇ। ਗੁਰੂ ਸਾਡਾ ਸੱਜਣ ਇਸ ਲਈ ਹੈ ਕਿ ਉਹ ਸਾਨੂੰ ਗੁਣਾਂ ਦੇ ਨਾਲ ਜੋੜਦਾ ਹੈ ਤੇ ਅਸਲ ਸੱਜਣ ਸਾਡੇ ਇਹ ਗੁਣ ਹੀ ਹਨ ਜੋ ਸਾਨੂੰ ਸਾਡੇ ਸਹੁਰੇ ਘਰ ਵਿੱਚ ਪਹੁੰਚਾਉਂਦੇ ਹਨ। **(ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥੪॥੨੪॥)**

ਗੁਰੂ ਸਾਡਾ ਸੱਚਾ ਸੱਜਣ ਹੈ ਜੋ ਸਾਨੂੰ ਧਰਮ ਦਾ ਅਸਲ ਮਾਰਗ ਸਮਝਾਉਂਦਾ ਹੈ ਤੇ ਸਾਰੇ ਜਗ ਨੂੰ ਇੱਕੋ ਜਿਹਾ ਮਾਰਗ ਸਮਝਾਉਂਦਾ ਹੈ ਜੋ ਕਿ ਔਗੁਣ ਛੱਡ ਕੇ ਗੁਣਾਂ ਨੂੰ ਧਾਰਨ ਕਰਨ ਦਾ ਮਾਰਗ ਹੈ, ਸੱਚ ਦਾ ਮਾਰਗ ਹੈ ਤੇ ਸਾਰੇ ਜਗ ਨੂੰ ਇਹੋ ਜਿਹਾ ਨਾਮ ਜਪਣਾ ਸਿਖਾਉਂਦਾ ਹੈ। ਜਿੰਨ੍ਹਾਂ ਨੂੰ ਅਸੀਂ ਆਪਣੇ ਰੰਗਲੇ ਸੱਜਣ ਥਾਪਿਆ ਹੋਇਆ ਹੈ ਉਹ ਸਾਨੂੰ ਆਪਣੀ-ਆਪਣੀ ਮਤਿ ਅਨੁਸਾਰ ਹੀ ਜਪ- ਤਪ ਆਦਿ ਸਮਝਾਉਂਦੇ ਹਨ, ਆਪਣੇ- ਆਪਣੇ ਅੱਖਰ ਦਾ ਜਪ ਸਮਝਾਉਂਦੇ ਹਨ, ਸਵਾਸਾਂ ਦੀ ਕਿਰਿਆਵਾਂ ਆਦਿ ਨਾਲ ਜੋੜਦੇ ਹਨ ਜਿੰਨ੍ਹਾਂ ਦਾ ਬਾਣੀ ਵਿੱਚ ਵਾਰ- ਵਾਰ ਖੰਡਨ ਕੀਤਾ ਗਿਆ ਹੈ ਤੇ ਇਹਨਾਂ ਗੱਲਾਂ ਨੂੰ ਕੇਵਲ ਭਗਤੀ ਦਾ ਦਿਖਾਵਾ ਦੱਸਿਆ ਹੈ, ਝੂਠਾ ਪ੍ਰੇਮ ਦੱਸਿਆ ਹੈ, ਪਾਖੰਡ ਦੱਸਿਆ ਹੈ।

{ਅਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ॥੧੩॥
ਪਾਖੰਡਿ ਕੀਨੈ ਜਮੁ ਨਹੀ ਛੋਡੈ ਲੈ ਜਾਸੀ ਪਤਿ ਗਵਾਈ॥੧੪॥}

(ਅੰਗ 910)

20/2126

ਸੰਤ ਅਖਵਾਉਣਾ ਬਹੁਤ ਔਖਾ ਹੈ, ਆਪਣੇ ਆਪ ਨੂੰ ਉੱਚਾ ਥਾਪ ਲੈਣਾ ਜਾਂ ਅਖਵਾ ਲੈਣਾ ਬਹੁਤ ਸੌਖਾ ਹੈ ਪਰ ਉਸ ਪ੍ਰਮਾਤਮਾ ਦੀ ਵਡਿਆਈ ਨੂੰ ਜਾਨਣਾ ਬਹੁਤ ਔਖਾ ਹੈ। ਜਦ ਤੱਕ ਸਾਨੂੰ ਆਪਣੇ ਆਪ ਦੀ ਸਮਝ ਨਹੀਂ ਪੈਂਦੀ ਕਿ ਅਸੀਂ ਕੀ ਹਾਂ ਤਦ ਤੱਕ ਅਸੀਂ ਇਹ ਵੀ ਨਹੀਂ ਜਾਣ ਸਕਦੇ ਕਿ ਪ੍ਰਮਾਤਮਾ ਕੀ ਹੈ ਤੇ ਉਸਦੀ ਵਡਿਆਈ ਕਰਨੀ ਕੀ ਹੈ। ਜਦ ਤੱਕ ਸਾਨੂੰ ਆਪਣੇ ਆਪ ਵਿੱਚ ਤੇ ਹਰ ਕਿਸੇ ਵਿੱਚ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਤਦ ਤੱਕ ਅਸੀਂ ਪ੍ਰਮਾਤਮਾ ਦੀ ਸੱਚੀ ਵਡਿਆਈ ਨਹੀਂ ਕਰ ਸਕਦੇ ਪਰ ਅਸੀਂ ਆਪਣੀ ਵਡਿਆਈ ਜਰੂਰ ਕਰਵਾਈ ਜਾਂਦੇ ਹਾਂ।

“ਸਿਧ ਸਾਧਿਕ ਜੇ ਕੋ ਕਹੈ ਕਹਾਏ॥ ਭਰਮੇ ਭੂਲਾ ਆਵੈ ਜਾਏ॥
ਸਤਿਗੁਰੁ ਸੇਵੈ ਸੋ ਜਨੁ ਬੂਝੈ॥ ਹਉਮੈ ਮਾਰੇ ਤਾ ਦਰੁ ਸੂਝੈ॥੨॥”

(ਅੰਗ ੮੪੨)

ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲਿਆਂ ਦੇ ਤਰੀਕੇ ਸਭ ਦੇ ਮਿਲਦੇ ਜੁਲਦੇ ਹੀ ਹਨ ਭਾਵ ਸਰੀਰਕ ਜਪ- ਜਪ ਆਦਿ ਹੀ ਹਨ, ਸਵਾਸਾਂ ਦੀਆਂ ਕਿਰਿਆਵਾਂ ਆਦਿ ਹੀ ਹਨ, ਕਿਸੇ ਅੱਖਰ ਦਾ ਜਪ ਹੀ ਹੈ। ਆਪਣੇ ਆਪ ਨੂੰ ਕੋਈ ਸਿਧ ਅਖਵਾ ਲਵੇ, ਸੰਤ ਅਖਵਾ ਲਵੇ ਜਾਂ ਬ੍ਰਹਮਗਿਆਨੀ ਅਖਵਾ ਲਵੇ ਕੀ ਫਰਕ ਪੈਂਦਾ ਹੈ ਮਕਸਦ ਤਾਂ ਮਾਣ ਲੈਣ ਨਾਲ ਹੀ ਹੈ ਜਿਸ ਨਾਲ ਸਾਡੀ ਹਉਮੈ ਉੱਚੀ ਹੀ ਹੁੰਦੀ ਹੈ। ਹਉਮੈ ਦੇ ਰਹਿੰਦਿਆਂ ਕਿਸੇ ਨੂੰ ਪ੍ਰਮਾਤਮਾ ਦੇ ਦਰ ਦੀ ਸੋਝੀ ਨਹੀਂ ਪੈ ਸਕਦੀ। ਉਸਦੇ ਦਰ ਦੀ ਸੋਝੀ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਵੀ ਨਹੀਂ ਪਈ, ਦੇਵੀ ਦੇਵਤਿਆਂ ਨੂੰ ਵੀ ਨਹੀਂ ਪਈ ਜਿੰਨ੍ਹਾਂ ਨੇ ਆਪਣੇ ਆਪ ਨੂੰ ਇਤਨਾ ਉੱਚਾ ਅਖਵਾਇਆ ਹੈ। ਉਸਦਾ ਦਰ ਸੁੱਝਣ ਤੋਂ ਬਾਅਦ ਫਿਰ ਆਪਣੇ ਆਪ ਨੂੰ ਉੱਚਾ ਨਹੀਂ ਕਿਹਾ ਜਾ ਸਕਦਾ। ਪ੍ਰਮਾਤਮਾ ਦੀ ਵਡਿਆਈ ਉਸਨੂੰ ਜਾਣਨ ਤੋਂ ਬਾਅਦ ਹੀ ਹੁੰਦੀ ਹੈ ਕਿ ਉਹ ਕਿਤਨਾ ਕੁ ਵੱਡਾ ਹੈ ਤੇ ਮਨੁੱਖ ਕਿਤਨਾ ਕੁ ਤੁਛ ਹੈ।

“ਜਪ ਤਪ ਸੰਜਮ ਇਸ ਤੇ ਕਿਛੁ ਨਾਹੀ॥ ਆਦਿ ਅੰਤਿ ਪ੍ਰਭ ਅਗਮ ਅਗਾਹੀ॥

ਨਾਮੁ ਦੇਹਿ ਮਾਗੈ ਦਾਸੁ ਤੇਰਾ॥ ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ॥੪॥੩॥੧੯॥"

(ਅੰਗ ੧੦੦੫)

ਬੜੇ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ। ਜਿਸਨੇ ਵੀ

20/2127

ਅੱਜ ਤੱਕ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕੀਤੀਆ ਹਨ ਜਿੰਨ੍ਹਾਂ ਵਿੱਚ ਸਿੱਖ ਜਗਤ ਵੀ ਸ਼ਾਮਿਲ ਹੈ ਉਹਨਾਂ ਸਭ ਨੇ ਪ੍ਰਮਾਤਮਾ ਨੂੰ ਕਿਸੇ ਜਪ- ਤਪ ਦੁਆਰਾ ਹੀ ਪਾਉਣ ਦੀਆਂ ਗੱਲਾਂ ਕੀਤੀਆ ਹਨ ਅਤੇ ਉਹਨਾਂ ਨੇ ਸਾਨੂੰ ਸੰਜਮ ਆਦਿ ਨਾਲ ਜੋੜਿਆ ਹੈ ਭਾਵ ਆਪਣੀ- ਆਪਣੀ ਮਰਿਆਦਾ ਸਮਝਾਈ ਹੈ। ਪੂਰੀ ਗੁਰਾਬਣੀ ਜੋ ਪ੍ਰਮਾਤਮਾ ਦੀ ਆਪਣੀ ਹੀ ਲਿਖਤ ਹੈ ਉਹ ਸਾਨੂੰ ਇਹ ਸਮਝਾ ਰਹੀ ਹੈ ਕਿ ਜਪ, ਤਪ, ਸੰਜਮ ਆਦਿ ਦੁਆਰਾ ਕੋਈ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ ਭਾਵ ਇਸਦੇ ਨਾਲ ਕੁੱਝ ਹਾਸਿਲ ਨਹੀਂ ਹੁੰਦਾ ਭਾਵ ਉਹ ਕੁੱਝ ਹਾਸਿਲ ਨਹੀਂ ਹੁੰਦਾ ਜਿਸ ਚੀਜ਼ ਨੂੰ ਅਸੀਂ ਹਾਸਿਲ ਕਰਨਾ ਚਾਹੁੰਦੇ ਹਾਂ। ਹਾਸਿਲ ਤਾਂ ਅਸੀਂ ਪ੍ਰਮਾਤਮਾ ਨੂੰ ਹੀ ਕਰਨਾ ਚਾਹੁੰਦੇ ਹਾਂ ਪਰ ਇਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਸਾਡੀ ਪਹੁੰਚ ਤੋਂ ਬਾਹਰ ਹੀ ਰਹਿੰਦਾ ਹੈ ਭਾਵ ਇਹ ਉਸਨੂੰ ਪਾਉਣ ਦਾ ਤਰੀਕਾ ਹੀ ਨਹੀਂ ਹੈ। ਆਦਿ ਤੋਂ ਲੈ ਕੇ ਹੁਣ ਤੱਕ ਇਸ ਤਰੀਕੇ ਪ੍ਰਮਾਤਮਾ ਨੂੰ ਕਿਸੇ ਨੇ ਨਹੀਂ ਪਾਇਆ ਹੈ ਤੇ ਨਾ ਹੀ ਰਹਿੰਦੀ ਦੁਨੀਆਂ ਤੱਕ, ਅੰਤ ਤੱਕ ਇਸ ਤਰੀਕੇ ਪ੍ਰਮਾਤਮਾ ਨੂੰ ਕੋਈ ਪਾ ਸਕਦਾ ਹੈ। ਉਸ ਨੂੰ ਪਾਉਣ ਦੀਆਂ ਗੱਲਾਂ ਬਹੁਤ ਕਰਦੇ ਹਨ ਤੇ ਇਹਨਾਂ ਤਰੀਕਿਆ ਨਾਲ ਹੀ ਪਾਉਣ ਦੀਆਂ ਗੱਲਾਂ ਕਰਦੇ ਹਨ। ਸਭ ਭਰਮ ਵਿੱਚ ਹੀ ਹਨ ਤੇ ਉਸ ਪ੍ਰਮਾਤਮਾ ਦਾ ਅਸਲ ਰੂਪ ਜਾਣਨ ਤੋਂ ਦੂਰ ਹੀ ਹਨ। **(ਜਪ ਤਪ ਸੰਜਮ ਇਸ ਤੇ ਕਿਛੁ ਨਾਹੀ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥)**

ਪ੍ਰਮਾਤਮਾ ਨੂੰ ਕਿਸੇ ਸਰੀਰਕ ਜਪ-ਤਪ ਦੁਆਰਾ ਨਹੀਂ ਪਾਇਆ ਜਾ ਸਕਦਾ, ਕਿਸੇ ਮਰਿਆਦਾ ਦੀ ਜੁਗਤੀ ਦੁਆਰਾ ਨਹੀਂ ਪਾਇਆ ਜਾ ਸਕਦਾ। ਇਹ ਸਭ ਸਾਡੀਆਂ ਸਿਆਣਪਾਂ ਹੀ ਹਨ, ਆਪਣਾ- ਆਪਣਾ ਵੱਸ ਚਲਾਉਣ ਦੇ ਤਰੀਕੇ ਹੀ ਹਨ ਪਰ ਪ੍ਰਮਾਤਮਾ ਕਿਸੇ ਦਾ ਬੱਝਿਆ ਹੋਇਆ ਨਹੀਂ ਹੈ। ਅਗਰ ਉਹ ਕਿਸੇ ਚੀਜ਼ ਦਾ ਬੱਝਿਆ ਹੋਇਆ ਹੈ ਤੇ ਉਹ ਕੇਵਲ ਉਸਦੇ ਬਚਨ ਹਨ। ਉਸਦੇ ਬਚਨਾਂ ਨੂੰ ਮੰਨੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ। ਇਹ ਪ੍ਰਮਾਤਮਾ ਦੇ ਆਪਣੇ ਹੀ ਬਚਨ ਹਨ ਕਿ ਉਸਨੂੰ ਕਿਸੇ ਸਰੀਰਕ ਜਪ-ਤਪ ਦੁਆਰਾ ਨਹੀਂ ਪਾਇਆ ਜਾ ਸਕਦਾ ਤੇ ਫਿਰ ਇਹ ਸਪੱਸ਼ਟ ਹੈ ਕਿ ਨਹੀਂ ਪਾਇਆ ਜਾ ਸਕਦਾ, ਨਹੀਂ ਪਾਇਆ ਜਾ ਸਕਦਾ, ਨਹੀਂ ਪਾਇਆ ਜਾ ਸਕਦਾ। ਜਿੰਨ੍ਹਾਂ ਨੇ ਉਸਨੂੰ ਪਾਇਆ ਹੈ ਉਹਨਾਂ ਨੇ ਉਸ ਦਾ "ਨਾਮੁ" ਮਿਲਣ ਦੁਆਰਾ ਪਾਇਆ ਹੈ ਤੇ ਸਾਨੂੰ "ਨਾਮੁ" ਮੰਗਣਾ ਹੀ ਸਿਖਾਇਆ ਹੈ। ਜਿੱਥੇ ਸਰੀਰਕ ਜਪ-ਤਪ ਹੈ ਉੱਥੇ ਨਾਮ ਨਹੀਂ ਹੈ ਤੇ ਜਿੱਥੇ "ਨਾਮੁ" ਹੈ ਉੱਥੇ ਸਰੀਰਕ ਜਪ-ਤਪ ਨਹੀਂ ਹਨ।

"ਨਾਮੁ ਦੇਹਿ ਮਾਗੈ ਦਾਸੁ ਤੇਰਾ॥ ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ॥੪॥੩॥੧੯॥"

20/2128

ਸਾਡੇ ਜੀਵਨ ਦੀ ਪਦਵੀਂ "ਨਾਮੁ" ਦੇ ਮਿਲਣ ਦੁਆਰਾ ਪੂਰੀ ਹੁੰਦੀ ਹੈ ਭਾਵ ਜਦ ਤੱਕ ਸਾਨੂੰ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਸਾਡਾ "ਜੀਵਨ ਪਦੁ" ਅਧੂਰਾ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਇਹ "ਜੀਵਨ ਪਦੁ" ਪ੍ਰਾਪਤ ਕੀਤਾ ਹੈ ਜਿਸ ਦੁਆਰਾ ਉਹਨਾਂ ਨੇ ਆਪਣੇ ਜੀਵਨ ਦੇ ਮਨੋਰਥ ਨੂੰ ਜਾਣਿਆ ਹੈ। ਆਪਣੇ ਜੀਵਨ ਦੇ ਮਨੋਰਥ ਨੂੰ ਮਨ ਦੀ ਸੱਚੀ ਸੋਝੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤਾਂ ਹੀ ਉਸ ਅਨੁਸਾਰ ਵਿਚਰਿਆ ਜਾ ਸਕਦਾ ਹੈ। "ਨਾਮੁ" ਦੁਆਰਾ ਸਾਨੂੰ ਸਾਡੇ ਜੀਵਨ ਦੇ ਮਾਰਗ ਦੀ ਸੋਝੀ ਹੀ ਪੈਂਦੀ ਹੈ ਤੇ ਇਸ ਲਈ ਸਾਨੂੰ ਪ੍ਰਮਾਤਮਾ ਕੋਲੋਂ ਨਾਮ ਮੰਗਣਾ ਸਿਖਾਇਆ ਹੈ, ਉਸਦੀ ਸੱਚੀ ਮਤਿ ਮੰਗਣੀ ਸਿਖਾਈ ਹੈ। ਸੱਚੀ ਮਤਿ ਮਿਲਣ ਨਾਲ ਹੀ ਸਾਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਧਰਮ ਦਾ ਅਸਲ ਮਾਰਗ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਨਾਮ ਦੀ ਸੋਝੀ ਹੀ ਸਮਾਈ ਹੋਈ ਹੈ ਤੇ ਉਸ ਸੋਝੀ ਤੇ ਟਿਕੇ ਬਿਨ੍ਹਾਂ ਅਸੀਂ ਉਸ ਨਾਮ ਦੇ ਮਾਲਕ ਤੱਕ ਨਹੀਂ ਪਹੁੰਚ ਸਕਦੇ, ਬ੍ਰਹਮ- ਗਿਆਨ ਦੇ ਮਾਲਕ ਤੱਕ ਨਹੀਂ ਪਹੁੰਚ ਸਕਦੇ ਜੋ ਸਾਡੇ ਅੰਦਰ ਹੀ ਹੈ। ਉਸ ਨੂੰ ਪਾਉਣ ਦਾ ਤਰੀਕਾ ਕੇਵਲ ਉਸ ਦੀ ਪਾਈ ਹੋਈ ਸੋਝੀ ਦੁਆਰਾ ਵਿਚਰਨ ਦਾ ਹੈ ਤੇ ਉਸ ਤੋਂ ਬਾਹਰ ਭਾਵ ਜਪ, ਤਪ, ਸੰਜਮ, ਆਦਿ ਕੇਵਲ ਸਾਡਾ ਭਰਮ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ।

ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ "ਨਾਮੁ" ਕੀ ਹੈ ਤੇ ਉਸਦਾ ਮਕਸਦ ਕੀ ਹੈ ਤਦ ਤੱਕ ਅਸੀਂ ਪ੍ਰਮਾਤਮਾ

ਨੂੰ ਪਾਉਣ ਦਾ ਸੱਚਾ ਉੱਦਮ ਨਹੀਂ ਕਰ ਸਕਦੇ। ''ਨਾਮੁ'' ਚੌਥਾ ਪਦ ਹੈ ਤੇ ਅਸੀਂ ਤ੍ਰੈਗੁਣਾਂ ਵਿੱਚ ਹਾਂ, ਹਉਮੈ ਵਿੱਚ ਹਾਂ। ਹੁਉਮੈ ਵਿੱਚੋਂ ਸਾਨੂੰ ਨਾਮ ਨੇ ਹੀ ਕੱਢਣਾ ਹੈ ਪਰ ਜਦ ਤੱਕ ਅਸੀਂ ਨਾਮ ਦੇ ਮਕਸਦ ਨੂੰ ਨਹੀਂ ਸਮਝਦੇ ਤਦ ਤੱਕ ਅਸੀਂ ਚੌਥੇ ਪਦ ਦੀ ਪ੍ਰਾਪਤੀ ਦਾ ਉੱਦਮ ਵੀ ਨਹੀਂ ਕਰ ਸਕਦੇ। ਤ੍ਰੈਗੁਣਾਂ ਵਿੱਚ ਤੇ ਚੌਥੇ ਪਦ ਵਿੱਚ, ਹਉਮੈ ਤੇ ਨਾਮ ਵਿੱਚ ਅੰਤਰ ਕੇਵਲ ਸਾਡੇ ਮਨ ਦੀ ਸੋਝੀ ਦਾ ਹੈ, ਮਨ ਦੇ ਗਿਆਨ ਦਾ ਹੈ ਤੇ ਅਸੀਂ ਆਪਣੀ ਸੋਝੀ ਨੂੰ ਹੀ ਚੌਥੇ ਪਦ ਦੇ ਅਨੁਸਾਰ ਢਾਲਣਾ ਹੈ, ਗੁਰਮਤਿ ਦੇ ਅਨੁਸਾਰ, ਨਾਮ ਦੀ ਮਤਿ ਦੇ ਅਨੁਸਾਰ, ਸ਼ਬਦ ਦੀ ਮਤਿ ਦੇ ਅਨੁਸਾਰ ਢਾਲਣਾ ਹੈ ਜੋ ਕਿ ਚੌਥੇ ਪਦ ਵਿੱਚ ਹੈ। ਜਿਉਂ-ਜਿਉਂ ਸਾਡੀ ਮਤਿ ਚੌਥੇ ਪਦ ਦੇ ਗਿਆਨ ਨਾਲ ਜੁੜਦੀ ਜਾਵੇਗੀ ਤਿਉਂ-ਤਿਉਂ ਅਸੀਂ ਨਾਮ ਦੇ ਨੇੜੇ ਲੱਗਦੇ ਜਾਵਾਂਗੇ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕਰ ਸਕਦੇ ਹਾਂ, ਬ੍ਰਹਮ- ਗਿਆਨ ਦੇ ਘਰ

20/2129

ਵਿੱਚ ਪਹੁੰਚ ਸਕਦੇ ਹਾਂ, ਸਹਜ ਦੀ ਅਵੱਸਥਾ ਤੱਕ ਪਹੁੰਚ ਬਣਾ ਸਕਦੇ ਹਾਂ। ਸਾਡਾ ਨਿਸਤਾਰਾ ਚੌਥੇ ਪਦ ਦੁਆਰਾ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਹੁੰਦਾ ਹੈ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਜੋ ਸਾਨੂੰ ਰਾਮ ਨਾਮਿ ਹੀ ਸਿਖਾ ਰਹੀ ਹੈ ਤੇ ਉਸ ਨਾਲ ਜੁੜੇ ਬਿਨ੍ਹਾਂ ਅਸੀਂ ਆਪਣੀ ਪਹੁੰਚ ਪ੍ਰਮਾਤਮਾ ਤੱਕ ਨਹੀਂ ਕਰ ਸਕਦੇ। ਗੁਰਬਾਣੀ ਤੋਂ ਬਿਨ੍ਹਾਂ ਕਿਸੇ ਵੀ ਹੋਰ ਦੀ ਮਤਿ ਦੇ ਪਿੱਛੇ ਲੱਗ ਕੇ ਪ੍ਰਮਾਤਮਾ ਤੱਕ ਪਹੁੰਚ ਨਹੀਂ ਕਰ ਸਕਦੇ। ਆਓ ਇਹੀ ਗੱਲ ਸ਼ਬਦ ਦੀਆਂ ਕੁੱਝ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

ਸੋਰਠਿ ਮਹਲਾ ੩॥

"ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ॥੧॥
ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ਰਹਾਉ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ॥੪॥੧੨॥"

(ਅੰਗ ੬੦੪)

ਸਾਡੇ ਜੀਵਨ ਦਾ ਮਕਸਦ ''ਗਤਿ'' ਦੀ ਪ੍ਰਾਪਤੀ ਕਰਨਾ ਹੈ ਭਾਵ ਮੁਕਤੀ ਦੀ ਪ੍ਰਾਪਤੀ ਕਰਨਾ ਹੈ। ਸਾਡੇ ਲਈ ਇਹ ਗੱਲ ਦ੍ਰਿੜ ਕਰਨੀ ਬਹੁਤ ਜਰੂਰੀ ਹੈ ਕਿ ਗਤਿ ਸਾਡੀ ਅੰਦਰੋਂ ਹੀ ਹੋਣੀ ਹੈ ਭਾਵ ਮਨ ਦੇ ਵਿੱਚੋਂ ਹੀ ਹੋਣੀ ਹੈ ਭਾਵ ਮਨ ਦੀ ''ਮਤਿ'' ਦੁਆਰਾ ਹੀ ਹੋਣੀ ਹੈ ਜਿਵੇਂ ਕਿ ਉੱਪਰ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ।

"ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ॥੧॥"

ਸਾਡੀ ਗਤਿ ਮਨ ਦੇ ਵਿੱਚ ਭਰਮ ਦੇ ਛੁਟਕਾਰੇ ਤੋਂ ਹੀ ਹੋਣੀ ਹੈ ਜਿਸ ਕਰਕੇ ਹਰ ਕੋਈ ਬੰਧਨ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਛੁਟਕਾਰਾ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਹੀ ਪਾਉਣਾ ਹੈ, ਹਉਮੈ ਵਾਲੀ ਅਵੱਸਥਾ ਵਿੱਚੋਂ ਹੀ ਪਾਉਣਾ ਹੈ, ਤ੍ਰੈਗੁਣਾਂ ਵਾਲੀ ਮਤਿ ਤੋਂ ਹੀ ਪਾਉਣਾ ਹੈ। ਤ੍ਰੈਗੁਣਾਂ ਵਾਲੀ ਮਤਿ ਵਿੱਚੋਂ ਸਾਨੂੰ ਚੌਥੇ ਪਦ ਵਾਲੀ ਮਤਿ ਨੇ ਹੀ ਕੱਢਣਾ ਹੈ ਭਾਵ ਸਹਜ ਗਿਆਨ ਵਾਲੀ ਮਤਿ ਨੇ ਹੀ ਕੱਢਣਾ ਹੈ। ਮੁਕਤੀ ਸਾਨੂੰ ਉਹੀ ਦੇ ਸਕਦਾ ਹੈ ਜਿਸ ਨੇ ਸਾਨੂੰ

ਤ੍ਰੈਗੁਣਾਂ

20/2130

ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਜਿਸ ਨੇ ਸਾਨੂੰ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ ਉਸੇ ਨੇ ਹੀ ਆਪ ਗੁਰਬਾਣੀ ਦੀ ਰਚਨਾ ਕੀਤੀ ਹੈ, ਸਹਜ ਗਿਆਨ ਦੀ ਰਚਨਾ ਕੀਤੀ ਹੈ, ਬ੍ਰਹਮਗਿਆਨ ਦੀ ਰਚਨਾ ਕੀਤੀ ਹੈ ਜਿਸ ਰਾਹੀਂ ਸਾਨੂੰ ਮੁਕਤਿ ਹੋਣ ਦਾ ਤਰੀਕਾ ਸਮਝਾਇਆ ਹੈ। ਜੇਕਰ ਅਸੀਂ ਇਹ ਮੁਕਤੀ ਦਾ ਤਰੀਕਾ ਗੁਰੂ ਦੀ ਬਜਾਇ ਇੱਧਰੋਂ- ਉਧਰੋਂ ਸਿਖਾਂਗੇ ਫਿਰ ਕਦੇ ਮੁਕਤੀ ਨਹੀਂ ਪਾ ਸਕਦੇ। ਮੁਕਤੀ ਸਾਡੀ ਸਾਡੇ ਅੰਦਰ ‘‘ਸਹਜ ਧੁਨਿ’’ ਦੇ ਉਪਜਣ ਦੁਆਰਾ ਹੋਣੀ ਹੈ ਜੋ ਕਿ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਹੀ ‘‘ਸਹਜ ਧੁਨਿ’’ ਹੈ ਭਾਵ ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਹਨਾਂ ਦੇ ਅੰਦਰ ਪਹਿਲੇ ‘‘ਸਹਜ ਧੁਨਿ’’ ਉਪਜਣ ਦੁਆਰਾ ਹੀ ਇਹ ਰਚਨਾ ਹੋਈ ਹੈ। ਜਦ ਤੱਕ ਅਸੀਂ ‘‘ਸਤਿਗੁਰ’’ ਦੀ ਸੇਵਾ ਵਿੱਚ ਨਹੀਂ ਲੱਗਦੇ ਤਦ ਤੱਕ ਸਾਡੇ ਅੰਦਰ ‘‘ਸਹਜ ਧੁਨਿ’’ ਨਹੀਂ ਉਪਜ ਸਕਦੀ ਭਾਵ ਜਦ ਤੱਕ ਅਸੀਂ ਗੁਰੂ ਦੀ, ਗੁਰਬਾਣੀ ਦੀ ਵਿਚਾਰਧਾਰਾ ਨਾਲ ਨਹੀਂ ਜੁੜਦੇ, ਗੁਰੂ ਦੇ ਸ਼ਬਦ ਦੀ ਵਿਚਾਰ ਨਾਲ ਨਹੀਂ ਜੁੜਦੇ ਭਾਵ ਗੁਰੂ ਦੀ ਮਤਿ ਨਾਲ ਨਹੀਂ ਜੁੜਦੇ ਭਾਵ ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਦੇ ਭਾਵ ਜਦ ਤੱਕ ਕੇਵਲ ਤੇ ਕੇਵਲ ਗੁਰੂ ਦੀ ਮਤਿ ਨਾਲ ਨਹੀਂ ਜੁੜਦੇ ਤਦ ਤੱਕ ਸਾਡੇ ਅੰਦਰ ਪ੍ਰਮਾਤਮਾ ਦੀ ਕਿਰਪਾ ਦੁਆਰਾ ਚੌਥੇ ਪਦ ਦਾ ਗਿਆਨ ਨਹੀਂ ਉਪਜ ਸਕਦਾ। **(ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ॥)**

{ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥

ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥

ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ਰਹਾਉ ਦੂਜਾ॥}

(ਅੰਗ ੯੨)

ਸਾਡੇ ਅੰਦਰ ‘‘ਸਹਜ ਧੁਨਿ’’ ਦਾ ਉਪਜਣਾ ਚੌਥੇ ਪਦ ਦੇ ਗਿਆਨ ਦਾ ਉਪਜਣਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੈ ਜੋ ਪ੍ਰਮਾਤਮਾ ਆਪ ਹੀ ਅੰਦਰ ਪ੍ਰਗਟ ਹੋ ਕੇ ਕਰਦਾ ਹੈ ਜਿਸ ਦੁਆਰਾ ਮਨੁੱਖ ਦੀ ਅਗਿਆਨਤਾ ਵਾਲੀ ਮਤਿ ਸੱਚੇ ਗਿਆਨ ਵਾਲੀ ਮਤਿ ਦੇ ਵਿੱਚ ਬਦਲ ਜਾਂਦੀ ਹੈ ਜੋ ਸਾਨੂੰ ਭਰਮ ਤੋਂ ਮੁਕਤਿ ਕਰਦੀ ਹੈ, ਬੰਧਨ ਤੋਂ ਮੁਕਤਿ ਕਰਦੀ ਹੈ। ਮਨ ਦੇ ਵਿੱਚ ਇਸ ਸੱਚੇ ਗਿਆਨ ਦਾ ਪ੍ਰਕਾਸ਼ ਹੀ ਮਨ ਦੇ ਵਿੱਚ ਨਾਮ ਦਾ ਵੱਸਣਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ

20/2131

ਹੋਇਆ ਹੈ।

"ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ॥੧॥"

ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦਾ ਉਪਜਣਾ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ, ਪ੍ਰਮਾਤਮਾ ਦਾ ਵੱਸਣਾ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਭਾਵ ਆਪਣਾ ਬ੍ਰਹਮਗਿਆਨ ਉਹ ਬ੍ਰਹਮਗਿਆਨੀ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਸਦੇ ਨਾਮ ਵਿੱਚ ਭਾਵ ਬ੍ਰਹਮਗਿਆਨ ਵਿੱਚ ਸਮਾਇਆ ਜਾ ਸਕਦਾ ਹੈ। **(ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ॥੧॥)**

ਸਾਨੂੰ ਕੇਵਲ ਗੁਰੂ ਦੇ ਪਿੱਛੇ ਕਿਸ ਲਈ ਲੱਗਣਾ ਚਾਹੀਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਕਿ ਰਹਾਉ ਵਾਲੀ ਪੰਗਤੀ ਹੈ ਤੇ ਸ਼ਬਦ ਦਾ ਮਕਸਦ ਹੈ।

"ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ਰਹਾਉ॥"

ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਤੇ ਸਾਡੀ ਮੁਕਤੀ ਵੀ ਮਨ ਦੀ ਸੋਝੀ ਦੁਆਰਾ ਹੀ ਹੁੰਦੀ ਹੈ। ਕੇਵਲ ਇੱਕ ਗੁਰੂ ਹੈ ਜੋ ਚੌਥੇ ਪਦ ਵਿੱਚ ਹੈ ਤੇ ਭਰਮ ਤੋਂ ਮੁਕਤ ਹੈ। ਚੌਥੇ ਪਦ ਦੀ ਪ੍ਰਾਪਤੀ ਬਿਨ੍ਹਾਂ ਸਾਰਾ ਜੱਗ ਹੀ ਭਰਮ ਵਿੱਚ ਹੈ ਜੋ ਕਿ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਇਸ ਅਵੱਸਥਾ ਵਿੱਚ ਰੱਖਿਆ ਹੋਇਆਂ ਹੈ। ਮਨ ਦੀ ਇਸ ਅਵੱਸਥਾ ਦੁਆਰਾ ਭਾਵ

ਮਨ ਦੀ ਅਗਿਆਨਤਾ ਦੁਆਰਾ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ "ਸਬਦੁ" ਕੀ ਹੈ। ‘‘ਸਬਦੁ’’ ਆਪ ਗੁਰੂ ਹੈ ਜੋ ਕਿ ਚੌਥੇ ਪਦ ਵਿੱਚ ਹੈ, ਬ੍ਰਹਮਗਿਆਨ ਹੈ। ‘‘ਸਬਦੁ’’ ਦੀ ਗੱਲ ਨੂੰ ‘‘ਸਬਦੁ’’ ਵਾਲੀ ਅਵੱਸਥਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਇਸ ਲਈ ਸ਼ਬਦ ਗੁਰੂ ਦੀ ਗੱਲ ਨੂੰ ਕੇਵਲ ਸ਼ਬਦ ਦੇ ਗਿਆਤਾ ਰਾਹੀਂ ਹੀ ਸਮਝਣਾ ਚਾਹੀਦਾ ਹੈ ਭਾਵ ਗੁਰੂ ਦੀ ਗੱਲ ਗੁਰੂ ਕੋਲੋਂ ਹੀ ਸਮਝਣਾ ਚਾਹੀਦਾ ਹੈ ਤੇ ਕੇਵਲ ਉਸੇ ਦੀ ਗੱਲ ਤੇ ਵਿਸ਼ਵਾਸ ਟਿਕਾਉਣਾ ਚਾਹੀਦਾ ਹੈ। ਸਮਝਾਉਣ ਵਾਲੇ ਸਾਨੂੰ ਬਹੁਤ ਹਨ ਪਰ ਉਹ ਸਭ ਸੱਚ ਸਮਝਣ ਤੋਂ ਦੂਰ ਹਨ, ਭਰਮ ਵਿੱਚ ਹਨ ਤੇ ਸਾਨੂੰ ਵੀ ਭਰਮ ਦੁਆਰਾ ਭੁਲਾਉਂਦੇ ਹੀ ਹਨ। **(ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ਰਹਾਉ॥)**

ਹੁਣ ਧਿਆਨ ਨਾਲ ਸਮਝੋ ਜਿੰਨ੍ਹਾਂ ਨੇ ਸਾਨੂੰ ਸ਼ਬਦ ਜਪਣਾ ਇੱਕ ਅੱਖਰ ਦਾ ਜਪਣਾ ਹੀ ਸਿਖਾਇਆ ਹੋਇਆ ਹੈ, ਸ਼ਬਦ ਦੀ ਕਮਾਈ

20/2132

ਕਰਨਾ ਸਮਝਾਇਆ ਹੋਇਆ ਹੈ ਉਹ ਆਪ ਕਿਤਨੇ ਵੱਡੇ ਭਰਮ ਵਿੱਚ ਹਨ ਤੇ ਨਾਲ ਸਾਨੂੰ ਵੀ ਭਰਮ ਵਿੱਚ ਪਾ ਰਹੇ ਹਨ। ਸ਼ਬਦ ਦਾ ਮਕਸਦ ਸਾਨੂੰ ਗਿਆਨ ਦੇਣ ਦੇ ਨਾਲ ਹੈ ਜਿਸ ਮਕਸਦ ਤੋਂ ਸਾਨੂੰ ਇਨ੍ਹਾਂ ਭਰਮ ਪਾਉਣ ਵਾਲਿਆਂ ਨੇ ਹੀ ਦੂਰ ਰੱਖਿਆ ਹੋਇਆ ਹੈ। ਸਾਡੀ ਗਤਿ, ਸਾਡੀ ਮੁਕਤੀ ਗਿਆਨ ਨੇ ਹੀ ਕਰਨੀ ਹੈ ਭਾਵ ਸ਼ਬਦ ਦੇ ਵਿਚਾਰ ਨੇ ਹੀ ਕਰਨੀ ਹੈ ਭਾਵ ਸਾਡੇ ਅੰਦਰ ਸ਼ਬਦ ਦੇ ਵਿਚਾਰਾਂ ਦੇ ਵੱਸਣ ਦੁਆਰਾ ਸਾਡੀ ਗਤੀ ਹੋਣੀ ਹੈ। ਗਤੀ ਸਾਡੀ ਮਾਇਆ ਮੋਹ ਤੋਂ ਹੋਣੀ ਹੈ, ਵਿਕਾਰਾਂ ਤੋਂ ਹੋਣੀ ਹੈ ਤੇ ਉਹ ਤਾਂ ਹੀ ਹੋ ਸਕਦੀ ਹੈ ਜੇਕਰ ਸ਼ਬਦ ਦੀ ਵਿਚਾਰ ਨੂੰ ਮੰਨਾਂਗੇ, ਸ਼ਬਦ ਦੀ ਮਤਿ ਨੂੰ ਮੰਨਾਂਗੇ। "ਸਬਦੁ" ਆਪਣੀ ਮਤਿ ਦੁਆਰਾ ਹੀ ਮੁਕਤ ਹੈ ਭਾਵ ਆਪਣੇ ਗਿਆਨ ਦੁਆਰਾ ਹੀ ਮੁਕਤਿ ਹੈ। ਜਦੋਂ 'ਸਬਦੁ' ਦਾ ਗਿਆਨ ਸ਼ਬਦ ਦੀ ਮਤਿ ਭਾਵ ਗੁਰੂ ਦੀ ਮਤਿ ਸਾਡੇ ਅੰਦਰ ਵੱਸ ਜਾਵੇਗੀ ਅਸੀਂ ਤਾਂ ਹੀ ਮੁਕਤਿ ਹੋ ਸਕਦੇ ਹਾਂ। ਮੁਕਤਿ ਅਸੀਂ ਮਨਮਤਿ ਤੋਂ ਹੀ ਹੋਣਾ ਹੈ ਤੇ ਮੁਕਤਿ ਸਾਨੂੰ ਗੁਰਮਤਿ ਨੇ ਕਰਨਾ ਹੈ, ਗੁਰਮਤਿ ਦੇ ਗਿਆਨ ਨੇ ਕਰਨਾ ਹੈ।**(ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ਰਹਾਉ॥)**

ਸਾਰਾ ਜਗ ਭਰਮ ਵਿੱਚ ਕਿਸ ਲਈ ਹੈ, ਮਨਮੁਖਿ ਕਿਸ ਲਈ ਹੈ, ਅੰਧਾ ਕਿਸ ਲਈ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ॥

ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ॥੨॥"

ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ ਪਰ ਇਹ ਅਵੱਸਥਾ ਕੀ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ। ਇਹ ਅਵੱਸਥਾ ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਆਪਣੀ ਮਾਇਆ ਹੈ, ਉਸਦੀ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਉਹ ਆਪ ਸਾਡੇ ਅੰਦਰ ਹੁੰਦੇ ਹੋਏ ਵੀ, ਵਰਤਦੇ ਹੋਏ ਵੀ ਸਾਨੂੰ ਇਹ ਸਮਝ ਨਹੀਂ ਲੱਗਣ ਦਿੰਦਾ ਕਿ ਸਾਡੇ ਅੰਦਰ ਸਾਨੂੰ ਚਲਾਉਣ ਵਾਲਾ ਕੌਣ ਹੈ। ਸਾਨੂੰ ਚਲਾਉਂਦਾ ਸਾਡਾ ਮਨ ਹੀ ਹੈ, ਮਨ ਦੇ ਵਿਚਾਰ ਹੀ ਸਾਨੂੰ ਚਲਾਉਂਦੇ ਹਨ ਜਿੱਥੋਂ ਸਾਨੂੰ ਸਾਰੀ ਸੋਝੀ ਪੈਂਦੀ ਹੈ ਪਰ ਇਹ ਵਿਚਾਰ ਕਿੱਥੋਂ ਆਉਂਦੇ ਹਨ ਇਸ ਗੱਲ ਦੀ ਸੋਝੀ ਸਾਨੂੰ ਨਹੀਂ ਪੈਂਦੀ। ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਹੀ ਸਮਝਦੇ ਹਾਂ ਪਰ ਇਹ ਪ੍ਰਮਾਤਮਾ ਦੀ ਪਾਈ ਹੋਈ ਆਪਣੀ ਜੁਗਤਿ ਹੈ ਜਿਸ ਦੁਆਰਾ ਇਸ ਮਨ ਦੀ ਅਸਲੀਅਤ ਸਮਝ ਨਹੀਂ ਆਉਂਦੀ। ਸਾਨੂੰ ਮੈਂ ਸਾਡਾ ਮਨ ਹੀ ਸਿਖਾਉਂਦਾ ਹੈ ਕਿ ਅਸੀਂ ਮਨੁੱਖ ਹਾਂ ਤੇ ਪ੍ਰਮਾਤਮਾ ਨਾਲੋਂ ਵੱਖਰੇ ਹਾਂ। ਸਾਨੂੰ ਆਪਣੇ ਅੰਦਰੋਂ

20/2133

ਮਹਿਸੂਸ ਹੀ ਇਹ ਕੁੱਝ ਹੁੰਦਾ ਹੈ ਕਿ ਜੋ ਕੁੱਝ ਮੈਂ ਕਰ ਰਿਹਾ ਹਾਂ ਉਹ ਮੈਂ ਆਪ ਹੀ ਕਰ ਰਿਹਾ ਹਾਂ ਤੇ ਅਸਲ ਵਿੱਚ ਉਸ ਕਰਵਾਉਣ ਵਾਲੇ ਦੀ ਸਮਝ ਨਹੀਂ ਪੈਂਦੀ ਜੋ ਗੁਪਤ ਰੂਪ ਵਿੱਚ ਸਾਡੇ ਮਨ ਦੇ ਵਿਚਾਰਾਂ ਰਾਹੀਂ ਹੀ ਵਿਚਰ ਰਿਹਾ ਹੈ, ਆਪਣੀ ਜੋਤਿ ਦੁਆਰਾ ਵਿਚਰ ਰਿਹਾ ਹੈ। ਆਪਣੇ ਆਪ ਨੂੰ "ਮੈਂ" ਕਹਿਣਾ ਭਾਵ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਣਾ ਸਾਡੀ ਹਉਮੈ ਹੈ, ਭਰਮ ਹੈ ਜੋ ਕਿ ਸਾਨੂੰ ਉਹ ਆਪ ਹੀ ਪਾਉਂਦਾ ਹੈ। ਮਨ ਦਾ ਇਹ ਭਰਮ, ਸਾਡੀ "ਮੈਂ" ਹੀ ਸਾਡਾ ਬੰਧਨ ਹੈ ਤੇ ਜਦ ਤੱਕ ਅਸੀਂ ਆਪਣੀ ਮੈਂ ਨੂੰ ਉੱਚਾ ਕਰਦੇ ਹਾਂ ਅਸੀਂ ਆਪਣਾ ਬੰਧਨ ਹੀ ਕਮਾਉਂਦੇ ਹਾਂ ਭਾਵ ਆਪਣਾ ਬੰਧਨ ਪੱਕਾ ਕਰਦੇ ਹਾਂ। ਇਹ "ਮੈਂ" ਵਿੱਚੋਂ ਨਿਕਲਣ ਦਾ ਮਾਰਗ ਹੈ, ਹਉਮੈ ਛੱਡਣ ਦਾ, ਮਨਮਤਿ ਛੱਡਣ ਦਾ ਮਾਰਗ ਹੈ ਪਰ ਇਹ ਪ੍ਰਮਾਤਮਾ ਦੀ

ਪਾਈ ਹੋਈ ਜੁਗਤਿ ਹੈ ਜਿਸ ਕਰਕੇ ਸਾਨੂੰ "ਮੈਂ" ਚੰਗੀ ਲੱਗਦੀ ਹੈ, ਆਪਣਾ ਮਾਣ ਉੱਚਾ ਕਰਨਾ ਚੰਗਾ ਲੱਗਦਾ ਹੈ। ਪ੍ਰਮਾਤਮਾ ਸੰਸਾਰ ਨੂੰ ਆਪਣੀ ਇਸ ਜੁਗਤਿ ਦੁਆਰਾ ਹੀ ਚਲਾ ਰਿਹਾ ਹੈ ਜੋ ਕਿ ਉਸਦੀ ਆਪਣੀ ਬਣਾਈ ਹੋਈ ਇੱਕ ਖੇਡ ਹੀ ਹੈ। ਪ੍ਰਮਾਤਮਾ ਸਭ ਕੁੱਝ ਆਪ ਹੁੰਦੇ ਹੋਏ ਵੀ ਸਾਨੂੰ ਇਹ ਸਮਝ ਨਹੀਂ ਲੱਗਣ ਦਿੰਦਾ ਕਿ ਹਰ ਸਰਗੁਣ ਸਰੂਪ ਉਸਦਾ ਆਪਣਾ ਹੀ ਰਚਿਆ ਹੋਇਆ ਹੈ ਤੇ ਆਪ ਹੀ ਆਪਣੇ ਉੱਚੇ ਗਿਆਨ ਦੁਆਰਾ ਹਰ ਕਿਸੇ ਨੂੰ ਚਲਾ ਰਿਹਾ ਹੈ। ਆਪਣੇ ਆਪ ਦੀ ਸੋਝੀ ਪਉਣ ਦੀ ਸਮਰੱਥਾ, ਪ੍ਰਮਾਤਮਾ ਨੂੰ ਸਮਝ ਸਕਣ ਦੀ ਸਮਰੱਥਾ ਪ੍ਰਮਾਤਮਾ ਨੇ ਕੇਵਲ ਮਨੁੱਖੀ ਮਨ ਵਿੱਚ ਹੀ ਪਾਈ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਸਮਝਿਆ ਜਾ ਸਕਦਾ ਹੈ। ਜਦ ਤੱਕ ਅਸੀਂ ਇਸ ਹਉਮੈ ਦੇ ਬੰਧਨ ਵਿੱਚ ਹਾਂ ਤਦ ਤੱਕ ਅਸੀਂ "ਜੰਮਣ" "ਮਰਣ" ਦੇ ਗੇੜ ਵਿੱਚ ਹੀ ਹਾਂ, ਆਵਾਗਉਣ ਵਿੱਚ ਹੀ ਹਾਂ। ਇਹ ਬੰਧਨ ਸਾਡੇ ਅੰਦਰ ਮਨ ਦੀ ਅਗਿਆਨਤਾ ਦਾ ਹੈ ਜਿਸ ਨੂੰ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਦੂਰ ਕੀਤਾ ਜਾ ਸਕਦਾ ਹੈ, ਸ਼ਬਦ ਦੇ ਸੱਚੇ ਗਿਆਨ ਦੁਆਰਾ ਦੂਰ ਕੀਤਾ ਜਾ ਸਕਦਾ ਹੈ ਤੇ ਇਸਨੂੰ ਦੂਰ ਕਰਨ ਦਾ ਤਰੀਕਾ ਕੇਵਲ ਗੁਰਬਾਣੀ ਦੇ ਕੋਲ ਹੀ ਹੈ ਜੋ ਉਸ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ, ਗਿਆਨ ਰੂਪ ਨੂੰ ਜਾਣਦੀ ਹੈ। ਇਸ ਪੂਰੇ ਸ਼ਬਦ ਦਾ ਮਕਸਦ ਸਾਨੂੰ ਇਹੀ ਸਮਝਾਉਣ ਲਈ ਹੈ ਕਿ ਅਸੀਂ ਕੇਵਲ ਗੁਰਬਾਣੀ ਦੀ ਮਤਿ ਤੇ ਭਰੋਸਾ ਕਰਕੇ ਉਸਦੇ ਨਾਲ ਜੁੜੀਏ ਤੇ ਉਨ੍ਹਾਂ ਦੀਆਂ ਗੱਲਾਂ ਵਿੱਚ ਨਾ ਆਈਏ ਜੋ ਖੁਦ ਭਰਮ ਤੋਂ ਮੁਕਤ ਨਹੀਂ ਹਨ, ਜੋ ਆਪ ਹੀ ਹਉਮੈ ਵਿੱਚ ਹਨ, ਆਵਾਗਉਣ ਵਿੱਚ ਹਨ। **(ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ॥ ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ॥੨॥)**

20/2134

ਆਮ ਮਨੁੱਖ ਦਾ ਤੇ ਗੁਰੂ ਦਾ ਭੇਦ ਤ੍ਰੈ-ਗੁਣਾਂ ਵਾਲੀ ਅਵੱਸਥਾ ਤੇ ਚੌਥੇ ਪਦ ਦਾ ਹੀ ਹੈ। ਰਾਮ ਨਾਮ ਚੌਥੇ ਪਦ ਵਿੱਚ ਹੈ ਤੇ ਗੁਰੂ ਆਪਣੇ ਰਾਮ ਨਾਮ ਦੁਆਰਾ ਹੀ ਚੌਥੇ ਪਦ ਵਿੱਚ ਹੈ। ਰਾਮ ਨਾਮ ਬ੍ਰਹਮਗਿਆਨ ਹੈ ਤੇ ਗੁਰੂ ਦੇ ਕੋਲ ਬ੍ਰਹਮਗਿਆਨ ਹੈ ਜਿਸ ਦੁਆਰਾ ਉਸਨੇ ਰਾਮ ਨਾਮ ਉਚਾਰਿਆ ਹੈ, ਪੂਰੀ ਗੁਰਬਾਣੀ ਉਚਾਰੀ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਚੌਥਾ ਪਦ ਕਿਸਦੇ ਕੋਲ ਹੈ ਤੇ ਕਿੱਥੋਂ ਇਸਦੀ ਪ੍ਰਾਪਤੀ ਹੋਣੀ ਹੈ।

"ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ॥

ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ॥੩॥"

ਹੁਣ ਧਿਆਨ ਨਾਲ ਸਮਝੋ ਕਿ ਸਾਨੂੰ "ਸੁਖੁ" ਦੀ ਪ੍ਰਾਪਤੀ ਕਿਵੇਂ ਹੋਣੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਿਵੇਂ ਹੋਣੀ ਹੈ ਜੋ ਸਾਡੇ ਜੀਵਨ ਦਾ ਮਨੋਰਥ ਹੈ। ਇਹ ਸੁੱਖ ਦੀ ਪ੍ਰਾਪਤੀ ਚੌਥੇ ਪਦ ਦੀ ਪ੍ਰਾਪਤੀ ਦੇ ਵਿੱਚ ਹੈ ਤੇ ਇਹ ਚੌਥਾ ਪਦ ਸਾਨੂੰ ਰਾਮ ਨਾਮ ਦੁਆਰਾ ਮਿਲਣਾ ਹੈ। ਚੌਥਾ ਪਦ ਸਹਜ ਗਿਆਨ ਦਾ ਪਦ ਹੈ, ਬ੍ਰਹਮਗਿਆਨ ਦਾ ਪਦ ਹੈ ਤੇ ਇਸ ਪਦ ਦੀ ਪ੍ਰਾਪਤੀ ਰਾਮ ਨਾਮ ਦੇ ਨਾਲ ਜੁੜ ਕੇ ਹੀ ਹੋ ਸਕਦੀ ਹੈ ਭਾਵ ਗੁਰਬਾਣੀ ਦੀ ਸਿੱਖਿਆ ਦੇ ਨਾਲ ਜੁੜ ਕੇ ਹੀ ਹੋ ਸਕਦੀ ਹੈ। ਗੁਰਬਾਣੀ ਦੀ ਸਿੱਖਿਆ ਚੌਥੇ ਪਦ ਦੇ ਗਿਆਨ ਦੇ ਰਾਹੀਂ ਆਈ ਹੈ ਤੇ ਸਾਨੂੰ ਚੌਥੇ ਪਦ ਦੇ ਨਾਲ ਕੇਵਲ ਗੁਰਬਾਣੀ ਹੀ ਜੋੜ ਸਕਦੀ ਹੈ। ਸਾਡੇ ਜੀਵਨ ਦਾ ਮਕਸਦ ਇਸ ਹਉਮੈ ਵਿੱਚੋਂ ਨਿਕਲਣ ਦਾ ਹੈ, ਮਨਮਤਿ ਵਿੱਚੋਂ ਨਿਕਲਣ ਦਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਣ ਦਾ ਹੈ, ਕੱਚੀ ਮਤਿ ਵਿੱਚੋਂ ਨਿਕਲਣ ਦਾ ਹੈ ਜਿਸ ਵਿੱਚੋਂ ਕੇਵਲ ਗੁਰੂ ਦੀ ਸੱਚੀ ਮਤਿ ਹੀ ਕੱਢ ਸਕਦੀ ਹੈ। ਪੂਰੀ ਗੁਰਬਾਣੀ ਵਿੱਚ ਰਾਮ ਨਾਮ ਹੀ ਹੈ ਭਾਵ ਸੱਚੀ ਮਤਿ ਹੀ ਹੈ ਜੋ ਸਾਨੂੰ ਕੱਚੀ ਮਤਿ ਵਿੱਚੋਂ ਕੱਢ ਸਕਦੀ ਹੈ। ਸਾਰਾ ਸੰਸਾਰ ਤ੍ਰੈਗੁਣਾਂ ਵਾਲੀ ਮਤਿ ਵਿੱਚ ਹੈ, ਹਉਮੈ ਵਿੱਚ ਹੈ, ਕੱਚੀ ਮਤਿ ਵਾਲਾ ਹੈ ਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਚੌਥੇ ਪਦ ਦੀ ਪ੍ਰਾਪਤੀ ਕੀ ਕਰ ਸਕਦੇ ਹਾਂ, ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਕਰ ਸਕਦੇ ਹਾਂ। ਚੌਥੇ ਪਦ ਦੀ ਮਤਿ ਦੇਣ ਵਾਲਾ ਸਾਡੇ ਅੰਦਰ ਹੀ ਹੈ ਤੇ ਉਸਦੀ ਆਪਣੀ ਰਚੀ ਹੋਈ ਬਾਣੀ ਦੀ ਮਤਿ ਨੂੰ ਛੱਡ ਕੇ ਭਾਵ ਉਸ ਤੇ ਵਿਸ਼ਵਾਸ ਨਾ ਕਰਕੇ ਕਿਸੇ ਹੋਰ ਦੀਆਂ ਗੱਲਾਂ ਤੇ ਵਿਸ਼ਵਾਸ ਕਰਕੇ ਚੌਥੇ ਪਦ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਾਂ, ਬੰਧਨ ਤੋਂ ਮੁਕਤੀ ਕਿਵੇਂ ਪਾ ਸਕਦੇ ਹਾਂ। ਅਸੀਂ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ ਜਿੰਨ੍ਹਾਂ ਨੂੰ ਚੌਥੇ ਪਦ ਦੀ ਭਿਣਕ ਤੱਕ ਵੀ ਨਹੀਂ ਹੈ ਕਿ ਉਹ ਕਿਸ ਨੂੰ ਕਹਿੰਦੇ ਹਨ। ਅਸੀਂ ਕੇਵਲ ਉਨ੍ਹਾਂ ਦੇ ਬਾਹਰੀ ਦਿਖਾਵਿਆਂ ਨੂੰ ਤੇ ਸਰੀਰਕ ਜਪਾਂ ਤਪਾਂ ਨੂੰ ਵੇਖ ਕੇ

20/2135

ਉਨ੍ਹਾਂ ਨੂੰ ਉੱਚਾ ਥਾਪਿਆ ਹੋਇਆ ਹੈ। **(ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ॥ ਗੁਰਮੁਖਿ**

ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ॥੩॥)

ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਣ ਵਾਲਾ, ਭਰਮ ਵਿੱਚ ਰੱਖਣ ਵਾਲਾ ਹੀ ਪ੍ਰਮਾਤਮਾ ਆਪ ਹੈ ਤੇ ਉਸਦੇ ਵਿੱਚੋਂ ਨਿਕਲਣ ਦਾ ਉਪਰਾਲਾ ਵੀ ਉਸਨੇ ਸਾਡੇ ਲਈ ਆਪ ਹੀ ਕੀਤਾ ਹੋਇਆ ਹੈ ਜੋ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ॥੪॥੧੨॥"

ਪ੍ਰਮਾਤਮਾ ਸਾਨੂੰ ਸਭ ਨੂੰ ਬੰਧਨ ਵਿੱਚ ਰੱਖਣ ਵਾਲਾ ਆਪ ਹੀ ਹੈ ਜਿਸਨੇ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਮਾਇਆ ਦੀ ਜੁਗਤਿ ਪਾਈ ਹੋਈ ਹੈ ਪਰ ਉਸ ਵਿੱਚੋਂ ਨਿਕਲਣ ਲਈ, ਨਿਸਤਾਰਾ ਕਰਨ ਲਈ ਰਾਮ ਨਾਮ ਦੀ ਰਚਨਾ ਵੀ ਆਪ ਹੀ ਕੀਤੀ ਹੈ ਭਾਵ ਗੁਰਬਾਣੀ ਦੀ ਰਚਨਾ ਆਪ ਹੀ ਕੀਤੀ ਹੈ ਜਿਸ ਦੁਆਰਾ ਉਸਨੇ ਸਾਨੂੰ ਇਸ ਬੰਧਨ ਵਿੱਚੋਂ ਨਿਕਲਣ ਦਾ, ਹਉਮੈ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ ਪੂਰੀ ਗੁਰਬਾਣੀ ਵਿੱਚ ਉਸਨੇ ਆਪਣੇ ਸ਼ਬਦ ਪਾਏ ਹੋਏ ਹਨ ਜਿੰਨ੍ਹਾਂ ਸ਼ਬਦਾਂ ਰਾਹੀਂ ਉਸਨੇ ਸਾਨੂੰ ਭਰਮ ਵਿੱਚੋਂ ਨਿਕਲਣ ਦਾ ਤਰੀਕਾ ਸਮਝਾਇਆ ਹੈ। ਜਦ ਤੱਕ ਅਸੀਂ ਸ਼ਬਦ ਦੇ ਮਕਸਦ ਨੂੰ ਨਹੀਂ ਸਮਝਾਂਗੇ ਅਸੀਂ ਭਰਮ ਵਿੱਚੋਂ ਨਹੀਂ ਨਿਕਲ ਸਕਦੇ। ਜੇਕਰ ਸ਼ਬਦ ਦਾ ਮਕਸਦ ਹੀ ਉਸਨੂੰ ਅਸੀਂ ਰਟੀ ਜਾਣਾ ਸਮਝਿਆ ਹੋਇਆ ਹੈ, ਕਿਸੇ ਅੱਖਰ ਦਾ ਜਪ ਕਰੀ ਜਾਣਾ ਸਮਝਿਆ ਹੋਇਆ ਹੈ ਫਿਰ ਭਰਮ ਵਿੱਚੋਂ ਸਾਨੂੰ ਕੌਣ ਕੱਢ ਸਕਦਾ ਹੈ। ਸਾਡਾ ਭਰਮ ਸ਼ਬਦ ਦੀ ਗੱਲ ਮੰਨਣ ਦੁਆਰਾ ਹੀ ਨਿਕਲਦਾ ਹੈ। ਗੁਰੂ ਦੀ ਜੋ-ਜੋ ਗੱਲ ਅਸੀਂ ਮੰਨੀ ਜਾਂਦੇ ਹਾਂ ਅਸੀਂ ਭਰਮ ਮੁਕਤ ਹੋਈ ਜਾਂਦੇ ਹਾਂ। ਜੇਕਰ ਗੁਰੂ ਨੇ ਸਮਝਾਇਆ ਹੈ ਕਿ ਮੂਰਤੀ ਪੂਜਾ ਨਹੀਂ ਕਰਨੀ ਤੇ ਜੇਕਰ ਅਸੀਂ ਮੂਰਤੀ ਪੂਜਾ ਨਹੀਂ ਕਰਦੇ ਫਿਰ ਅਸੀਂ ਭਰਮ ਤੋਂ ਮੁਕਤ ਹਾਂ ਤੇ ਜੇਕਰ ਫਿਰ ਵੀ ਕਰੀ ਜਾਂਦੇ ਹਾਂ ਤਾਂ ਅਸੀਂ ਭਰਮ ਵਿੱਚ ਹੀ ਹਾਂ ਭਾਵ ਸਾਡੇ ਅੰਦਰ ਜੋ ਪਹਿਲੇ ਤੋਂ ਬੈਠੀ ਹੋਈ ਗੱਲ ਹੈ ਉਹ ਨਹੀਂ ਨਿਕਲੀ। ਇਸੇ ਤਰ੍ਹਾਂ ਜੇਕਰ ਗੁਰੂ ਸਾਨੂੰ ਸਮਝਾਉਂਦਾ ਹੈ ਕਿ ਸਰੀਰਕ ਜਪ ਤਪ ਸਾਡੇ ਕਿਸੇ ਲੇਖੇ ਨਹੀਂ ਹਨ ਫਿਰ ਇਹ ਸੱਚ ਹੈ। ਸੱਚ ਨੂੰ ਨਾ ਮੰਨਣਾ ਭਰਮ ਹੈ ਤੇ ਆਪਣੇ ਝੂਠੇ ਵਿਸ਼ਵਾਸ ਨੂੰ ਹੀ ਸੱਚ ਕਰਕੇ ਮੰਨੀ ਜਾਣਾ ਭਰਮ ਹੈ। ਸਾਡੇ ਅੰਦਰ ਅਨੇਕਾਂ ਹੀ ਅਨੇਕਾਂ ਭਰਮ ਹਨ ਤੇ ਗੁਰੂ ਸਾਨੂੰ ਹਰ ਭਰਮ ਵਿੱਚੋਂ ਕੱਢਣ ਲਈ ਹੀ ਸਿੱਖਿਆ ਦੇ ਰਿਹਾ ਹੈ ਜਿਸ ਲਈ ਉਸਨੇ ਰਾਮ ਨਾਮ ਦੀ ਰਚਨਾ ਕੀਤੀ ਹੈ, ਗੁਰਬਾਣੀ ਦੀ ਰਚਨਾ ਕੀਤੀ ਹੈ। ਆਪਣੇ ਰਾਮ ਨਾਮ

ਰਾਹੀਂ ਆਪਣੇ ਸ਼ਬਦਾਂ ਦੀ ਮਤਿ ਦੇ ਰਾਹੀਂ ਸਾਨੂੰ ਗੁਰੂ ਇਹ ਸਮਝਾ ਰਿਹਾ ਹੈ ਕਿ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੇ ਧਾਰਨੀ ਬਣ ਕੇ ਸੱਚੀ ਸੁੱਚੀ ਕਿਰਤ ਕਰਨਾ ਹੀ ਉਸਦਾ ਨਾਮ ਜਪਣਾ ਹੈ, ਉਸਦੀ ਭਗਤੀ ਕਰਨ ਦਾ ਤਰੀਕਾ ਹੈ ਫਿਰ ਇਹ ਸੱਚ ਹੈ। ਜੇਕਰ ਅਸੀਂ ਇਸਨੂੰ ਮੰਨ ਲੈਂਦੇ ਹਾਂ ਫਿਰ ਅਸੀਂ ਭਗਤੀ ਨੂੰ ਸਮਝਣ ਵਿੱਚ ਭਰਮ ਤੋਂ ਮੁਕਤ ਹਾਂ ਤੇ ਜੇਕਰ ਸਾਨੂੰ ਵਿਸ਼ਵਾਸ ਕਿਸੇ ਹੋਰ ਭਗਤੀ ਦੇ ਤਰੀਕੇ ਤੇ ਆਇਆ ਹੋਇਆ ਹੈ, ਕਿਸੇ ਹੋਰ ਦੀਆਂ ਗੱਲਾਂ ਤੇ ਆਇਆ ਹੋਇਆ ਹੈ ਫਿਰ ਅਸੀਂ ਭਰਮ ਵਿੱਚ ਹੀ ਹਾਂ। ਅਸੀਂ ਗੱਲ ਉਸੇ ਦੀ ਹੀ ਮੰਨਦੇ ਹਾਂ ਜਿਸਦੀ ਗੱਲ ਤੇ ਸਾਨੂੰ ਵਿਸ਼ਵਾਸ ਹੁੰਦਾ ਹੈ। ਜਦੋਂ ਸਾਨੂੰ ਇਹ ਵਿਸ਼ਵਾਸ ਆ ਜਾਵੇਗਾ ਕਿ ਸੱਚ ਕੇਵਲ ਗੁਰੂ ਦੇ ਕੋਲ ਹੈ ਫਿਰ ਅਸੀਂ ਗੁਰੂ ਦੀ ਗੱਲ ਹੀ ਮੰਨਾਂਗੇ ਤੇ ਹੋਰਾਂ ਦੀਆਂ ਗੱਲਾਂ ਵਿੱਚ ਨਹੀਂ ਆਵਾਂਗੇ। ਨਿਸਤਾਰਾ ਸਾਡਾ ਰਾਮ ਨਾਮ ਨੇ ਹੀ ਕਰਨਾ ਹੈ ਹੋਰ ਕੋਈ ਨਹੀਂ ਕਰ ਸਕਦਾ ਤੇ ਰਾਮ ਨਾਮ ਪੂਰਨ ਗੁਰਮਤਿ ਹੈ ਜਿਸਨੂੰ ਅਪਣਾ ਕੇ ਹੀ ਨਿਸਤਾਰਾ ਹੋ ਸਕਦਾ ਹੈ। **(ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ॥ ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ॥੪॥੧੨॥)**

ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ। ਜਿਸਨੂੰ ਉਸਨੇ ਉਲਝਾ ਕੇ ਰੱਖਣਾ ਹੈ ਇਹ ਵੀ ਉਸਦੀ ਰਜ਼ਾ ਹੈ। ਸੱਚ ਵੀ ਸਾਡੇ ਸਾਹਮਣੇ ਹੈ ਤੇ ਝੂਠ ਵੀ ਸਾਡੇ ਸਾਹਮਣੇ ਹੈ ਪਰ ਇਸ ਨੂੰ ਪਹਿਚਾਣ ਕਰਨ ਦੀ ਪਰਖ ਵੀ ਉਸਨੇ ਸਾਨੂੰ ਦਿੱਤੀ ਹੋਈ ਹੈ। ਪ੍ਰਮਾਤਮਾ ਸਾਨੂੰ ਇਸ ਇਮਤਿਹਾਨ ਦੇ ਵਿੱਚੋਂ ਹੀ ਕੱਢਦਾ ਹੈ ਤੇ ਸੱਚ ਨੂੰ ਪਹਿਚਾਨਣ ਦਾ ਉੱਦਮ ਵੀ ਸਾਡੇ ਸਿਰ ਲਾਇਆ ਹੋਇਆ ਹੈ। ਸੱਚ ਨੂੰ ਮੰਨਣਾ ਸਾਡੇ ਲਈ ਉਸਦਾ ਹੁਕਮ ਹੈ ਜਿਸ ਲਈ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰਨਾ ਪੈਂਦਾ ਹੈ ਜੋ ਕਿ ਬਹੁਤ ਔਖਾ ਹੈ। ਪ੍ਰਮਾਤਮਾ ਦੇ ਹੁਕਮ ਨੂੰ ਮੰਨਣਾ ਹੀ ਸਾਡਾ ਫ਼ਰਜ਼ ਹੈ ਤੇ ਸਾਨੂੰ ਇਸੇ ਲਈ ਸਮਝਾਇਆ ਹੈ ਕਿ ਅਸੀਂ ਗੁਰੂ ਦੀ ਕਿਸੇ ਵੀ ਗੱਲ ਤੇ ਸ਼ੰਕਾ ਕੀਤੇ ਬਿਨ੍ਹਾਂ ਕੇਵਲ ਉਸ ਅਨੁਸਾਰ ਵਿਚਰਨ ਦਾ ਉੱਦਮ ਕਰੀਏ। ਆਪਣੀ ਰਜ਼ਾ ਉਹ ਆਪ ਹੀ ਜਾਣਦਾ ਹੈ ਪਰ ਸਾਡੇ ਲਈ ਉੱਦਮ ਇਹੀ ਹੈ ਕਿ ਅਸੀਂ ਹਰ ਗੱਲ ਵਿੱਚ ਸੱਚ ਨੂੰ ਸਮਝੀਏ ਤੇ ਕੇਵਲ ਉਸ ਅਨੁਸਾਰ ਵਿਚਰੀਏ।

ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਕੇਵਲ ਸੱਚ ਨਾਲ ਜੁੜਦੇ ਹਨ ਤੇ ਸੱਚ ਕੇਵਲ ਗੁਰੂ ਦੇ ਕੋਲ ਹੈ। ਜਿਸਨੂੰ ਗੁਰੂ ਦੇ ਸੱਚ ਤੇ ਯਕੀਨ ਨਹੀਂ, ਉਹ ਕਦੇ ਸੱਚ ਨਾਲ ਨਹੀਂ ਜੁੜ ਸਕਦਾ। ਗੁਰਬਾਣੀ ਦੀ ਰਚਨਾ ਉਨ੍ਹਾਂ ਨੇ

20/2137

ਹੀ ਕੀਤੀ ਹੈ ਜਿੰਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਨੇ ਕ੍ਰਿਪਾ ਕਰਕੇ ਮਨ ਦੇ ਰਾਹੀਂ ਸੱਚ ਦੇ ਨਾਲ ਜੋੜਿਆ ਹੈ ਭਾਵ ਆਪਣੀ ਸੱਚੀ ਮਤਿ ਦੇ ਨਾਲ ਜੋੜਿਆ ਹੈ। ਜਿਹੜੇ ਪਹਿਲਾਂ ਸੱਚ ਦੇ ਨਾਲ ਜੁੜੇ ਹਨ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸੱਚ ਸਮਝਾਇਆ ਹੈ। ਪ੍ਰਮਾਤਮਾ ਦਾ ਪੂਰਨ ਸੱਚ ਕੇਵਲ ਗੁਰਬਾਣੀ ਦੇ ਕੋਲ ਹੈ ਤੇ ਉਸ ਦੇ ਸੱਚ ਨਾਲ ਜੁੜ ਕੇ ਹੀ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਾਂ। ਪ੍ਰਮਾਤਮਾ ਨਾਲ ਮਿਲਾਉਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਪ੍ਰਮਾਤਮਾ ਦੇ ਸੱਚ ਦੀ ਸੋਝੀ ਕਿਸੇ ਕੋਲ ਨਹੀਂ ਹੈ ਕਿ ਉਹ ਕਿਸ ਰੂਪ ਵਿੱਚ ਵਿਚਰਦਾ ਹੈ ਤੇ ਉਸਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ। ਉਸ ਦੇ ਜਾਨਣ ਵਾਲਿਆਂ ਨੇ ਉਸਦੀ ਭਗਤੀ ਦਾ ਤਰੀਕਾ, ਕੇਵਲ ਇੱਕੋ-ਇੱਕ ਤਰੀਕਾ ਸੱਚ ਤੇ ਚੱਲਣਾ ਸਿਖਾਇਆ ਹੈ ਤੇ ਸੱਚ ਨੂੰ ਸਮਝਣ ਲਈ ਜਾਂ ਸੱਚ ਤੇ ਚੱਲਣ ਲਈ ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ, ਕੇਵਲ ਮਨ ਨੂੰ ਸਮਝਾਉਣ ਦੀ ਲੋੜ ਹੈ। ਜਿਸਦੇ ਕੋਲ ਸੱਚ ਹੈ ਉਸਦੇ ਕੋਲੋਂ ਸੱਚ ਦੀ ਸਿੱਖਿਆ ਲੈਣ ਦੀ ਲੋੜ ਹੈ ਤੇ ਉਸ ਸੱਚ ਨੂੰ ਅਪਣਾਉਣ ਦੀ ਲੋੜ ਹੈ। ਇਸ ਤੋਂ ਬਾਹਰ ਹੋਰ ਕੋਈ ਭਗਤੀ ਨਹੀਂ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਗਉੜੀ ਮਹਲਾ ੧॥

"ਸੇਵਾ ਏਕ ਨ ਜਾਨਸਿ ਅਵਰੇ॥ ਪਰਪੰਚ ਬਿਆਧਿ ਤਿਆਗੈ ਕਵਰੇ॥
ਭਾਇ ਮਿਲੈ ਸਚੁ ਸਾਚੈ ਸਚੁ ਰੇ॥੧॥
ਐਸਾ ਰਾਮ ਭਗਤੁ ਜਨੁ ਹੋਈ॥ ਹਰਿ ਗੁਣ ਗਾਇ ਮਿਲੈ ਮਲੁ ਧੋਈ॥੧॥ਰਹਾਉ॥
ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥
ਸੋ ਉਬਰੈ ਗੁਰ ਸਬਦੁ ਬੀਚਾਰੈ॥੨॥
ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ॥ ਮਿਰਗੁ ਮਰੈ ਸਹਿ ਅਪੁਨਾ ਕੀਨਾ॥
ਤ੍ਰਿਸਨਾ ਰਾਚਿ ਤਤੁ ਨਹੀ ਬੀਨਾ॥੩॥
ਕਾਮੁ ਚਿਤੈ ਕਾਮਣਿ ਹਿਤਕਾਰੀ॥ ਕ੍ਰੋਧੁ ਬਿਨਾਸੈ ਸਗਲ ਵਿਕਾਰੀ॥
ਪਤਿ ਮਤਿ ਖੋਵਹਿ ਨਾਮੁ ਵਿਸਾਰੀ॥੪॥
ਪਰ ਘਰਿ ਚੀਤੁ ਮਨਮੁਖਿ ਡੋਲਾਇ॥ ਗਲਿ ਜੇਵਰੀ ਧੰਧੈ ਲਪਟਾਇ॥
ਗੁਰਮੁਖਿ ਛੂਟਸਿ ਹਰਿ ਗੁਣ ਗਾਇ॥੫॥
ਜਿਉ ਤਨੁ ਬਿਧਵਾ ਪਰ ਕਉ ਦੇਈ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ॥
ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ॥੬॥

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ॥ ਬੇਦ ਪੁਰਾਣ ਪੜੈ ਸੁਣਿ ਥਾਟਾ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ॥੭॥
ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ॥ ਜਿਉ ਮੀਨਾ ਜਲ ਮਾਹਿ ਉਲਾਸਾ॥
ਨਾਨਕ ਹਰਿ ਰਸੁ ਪੀ ਤ੍ਰਿਪਤਾਸਾ॥੮॥੧੧॥"

(ਅੰਗ ੨੨੫)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਉਸ ਪ੍ਰਮਾਤਮਾ ਦੀ ਸੇਵਾ ਕਰਨ ਵਾਲੇ ਕਿਹੋ ਜਿਹੇ ਹੁੰਦੇ ਹਨ। ਉਹ ਕੇਵਲ ਇੱਕ ਸੱਚ ਦੇ ਨਾਲ ਜੁੜਦੇ ਹਨ ਭਾਵ ਜਿਸਨੂੰ ਸੱਚ ਦੀ ਸਮਝ ਹੈ, ਜਿਸਨੂੰ ਪ੍ਰਮਾਤਮਾ ਦੀ ਸਮਝ ਹੈ ਕੇਵਲ ਉਸਦੇ ਨਾਲ ਜੁੜਦੇ ਹਨ। ਪ੍ਰਮਾਤਮਾ ਦਾ ਪੂਰਨ ਸੱਚ ਗੁਰਬਾਣੀ ਦੇ ਕੋਲ ਹੈ ਤੇ ਜਦ ਤੱਕ ਸਾਡਾ ਇਸ ਸੱਚ ਦੇ ਨਾਲ ਪਿਆਰ ਨਹੀਂ ਜੁੜਦਾ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਤੱਕ ਨਹੀਂ ਪਹੁੰਚ ਸਕਦੇ। **(ਭਾਇ ਮਿਲੈ ਸਚੁ ਸਾਚੈ ਸਚੁ ਰੇ॥੧॥)** ਗੁਰਬਾਣੀ ਉਸ ਸੱਚੇ ਦੇ ਕੋਲੋਂ ਹੀ ਆਈ ਹੈ। ਉਹ ਆਪ ਸੱਚਾ ਹੈ ਇਸ ਲਈ ਉਸਦੀ ਬਾਣੀ ਵਿੱਚ ਪੂਰਨ ਸੱਚ ਹੈ। ਉਸ ਪ੍ਰਮਾਤਮਾ ਦੀ ਸੇਵਾ ਵਿੱਚ ਅਸੀਂ ਤਾਂ ਹੀ ਲੱਗ ਸਕਦੇ ਹਾਂ ਜੇ ਅਸੀਂ ਕੇਵਲ ਉਸਦੇ ਨਾਲ ਹੀ ਜੁੜਦੇ ਹਾਂ ਤੇ ਉਸਦੇ ਨਾਲ ਜੁੜਨ ਦਾ ਤਰੀਕਾ ਕੇਵਲ ਗੁਰਬਾਣੀ ਦੇ ਕੋਲ ਹੈ ਜਿਸਦੇ ਕੋਲ ਸੱਚ ਹੈ। ਗੁਰਬਾਣੀ ਦੀ ਮਤਿ ਨਾਲ ਭਾਵ ਪੂਰਨ ਸੱਚ ਨਾਲ ਉਹੀ ਜੁੜ ਸਕਦਾ ਹੈ ਜੋ ਕਿਸੇ ਹੋਰ ਨੂੰ ਉਸਦੇ ਬਰਾਬਰ ਨਹੀਂ ਸਮਝਦਾ ਭਾਵ ਕਿਸੇ ਹੋਰ ਦੀ ਮਤਿ ਤੇ ਨਹੀਂ ਚੱਲਦਾ। ਜਦ ਤੱਕ ਅਸੀਂ ਕਿਸੇ ਹੋਰ ਦੀ ਮਤਿ ਨਾਲ ਜੁੜੇ ਹੋਏ ਹਾਂ ਤਦ ਤੱਕ ਅਸੀਂ ਪ੍ਰਮਾਤਮਾ ਦੀ ਸੇਵਾ ਨਾਲ ਨਹੀਂ ਜੁੜ ਸਕਦੇ। **(ਸੇਵਾ ਏਕ ਨ ਜਾਨਸਿ ਅਵਰੇ॥)** ਜੇਕਰ ਧਿਆਨ

20/2138

ਨਾਲ ਦੇਖੀਏ ਤੇ ਚਾਰੇ ਪਾਸੇ ਹੋ ਇਹੋ ਕੁੱਝ ਹੀ ਰਿਹਾ ਹੈ। ਹਰ ਕੋਈ ਕਿਸੇ ਨਾ ਕਿਸੇ ਸਿਰਮੌਰ ਨਾਲ ਜੁੜਿਆ ਹੋਇਆ ਹੈ, ਆਪਣੀ-ਆਪਣੀ ਸ਼ਰਧਾ ਅਨੁਸਾਰ, ਆਸਥਾ ਅਨੁਸਾਰ ਜੁੜਿਆ ਹੋਇਆ ਹੈ। ਜੋ ਇੱਕ ਪ੍ਰਮਾਤਮਾ ਦੀ ਸੇਵਾ ਕਰਨ ਵਾਲੇ ਹਨ ਉਹ ਕੇਵਲ ਇੱਕ ਸੱਚ ਨਾਲ ਹੀ ਜੁੜਦੇ ਹਨ ਤੇ ਕਿਸੇ ਹੋਰ ਨਾਲ ਨਹੀਂ ਜੁੜਦੇ। ਉਹ ਦੂਸਰਿਆਂ ਨੂੰ ਕੌੜਾ ਸਮਝ ਦੇ ਤਿਆਗ ਦਿੰਦੇ ਹਨ ਭਾਵ ਉਨ੍ਹਾਂ ਨੂੰ ਕੇਵਲ ਗੁਰੂ ਦੇ ਬੋਲ ਹੀ ਮਿੱਠੇ ਲੱਗਦੇ ਹਨ, ਚੰਗੇ ਲੱਗਦੇ ਹਨ ਤੇ ਗੁਰੂ ਦੇ ਮੁਕਾਬਲੇ ਹੋਰ ਜੋ ਆਪਣੀ ਸਿੱਖਿਆ ਦਿੰਦੇ ਹਨ ਭਾਵ ਜੋ ਸਿੱਖਿਆ ਗੁਰਮਤਿ ਅਨੁਸਾਰ ਨਹੀਂ ਹੁੰਦੀ ਉਸਨੂੰ ਕੌੜੀ ਕਰ ਕੇ ਜਾਣਦੇ ਹਨ ਭਾਵ ਉਹ ਉਨ੍ਹਾਂ ਦੀਆਂ ਗੱਲਾਂ ਵਿੱਚ ਨਹੀਂ ਆਉਂਦੇ। ਜੋ ਗੱਲ ਗੁਰਬਾਣੀ ਦੇ ਸੱਚ ਤੇ ਖਰੀ ਨਹੀਂ ਉਤਰਦੀ ਉਹ ਮਿੱਠੀ ਨਹੀਂ ਹੋ ਸਕਦੀ ਭਾਵ ਉਹ ਸਭ ਲਈ ਕੌੜੀ ਹੀ ਹੈ। ਸਾਰੇ ਸੰਸਾਰ ਵਿੱਚ ਇਹ ਕੌੜੇ ਦਾ ਰੋਗ ਹੀ ਸਭ ਨੂੰ ਲੱਗਾ ਹੋਇਆ ਹੈ ਭਾਵ ਸੱਚ ਨੂੰ ਛੱਡ ਕੇ ਲੋਕ ਝੂਠ ਦੇ ਪਿੱਛੇ ਲੱਗੇ ਹੋਏ ਹਨ ਭਾਵ ਭਗਤੀ ਦੇ ਉਹੋ ਜਿਹੇ ਤਰੀਕਿਆਂ ਦੇ ਪਿੱਛੇ ਲੱਗੇ ਹੋਏ ਹਨ ਜੋ ਸੱਚ ਤੇ ਖਰੇ ਨਹੀਂ ਉਤਰਦੇ ਕਿਉਂਕਿ ਇਹ ਤਰੀਕੇ ਸਾਨੂੰ ਉਨ੍ਹਾਂ ਨੇ ਸਿਖਾਏ ਹਨ ਜਿੰਨ੍ਹਾਂ ਨੂੰ ਗੁਰਬਾਣੀ ਦੇ ਸੱਚ ਦੀ ਸਮਝ ਨਹੀਂ ਹੈ। ਪ੍ਰਮਾਤਮਾ ਦੀ ਸੇਵਾ ਕਰਨ ਵਾਲਾ ਇਨ੍ਹਾਂ ਕਿਸੇ ਵੀ ਤਰੀਕਿਆਂ ਦੁਆਰਾ ਭਗਤੀ ਸਿਖਾਉਣ ਵਾਲਿਆਂ ਦੇ ਪਿੱਛੇ ਨਹੀਂ ਲੱਗਦਾ ਤੇ ਕੇਵਲ ਉਸੇ ਗੱਲ ਨੂੰ ਮੰਨਦਾ ਹੈ ਜੋ ਸੱਚ ਤੇ ਖਰੀ ਉਤਰਦੀ ਹੈ, ਗੁਰਮਤਿ ਤੇ ਖਰੀ ਉਤਰਦੀ ਹੈ। **(ਸੇਵਾ ਏਕ ਨ ਜਾਨਸਿ ਅਵਰੇ॥ ਪਰਪੰਚ ਬਿਆਧਿ ਤਿਆਗੈ ਕਵਰੇ॥ ਭਾਇ ਮਿਲੈ ਸਚੁ ਸਾਚੈ ਸਚੁ ਰੇ॥੧॥)**

ਉੱਪਰ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਭਗਤ ਦੇ ਲੱਛਣ ਸਮਝਾਏ ਹਨ ਕਿ ਉਹ ਕਿਹੋ ਜਿਹੇ ਹੁੰਦੇ ਹਨ ਭਾਵ ਜੋ ਕੇਵਲ ਸੱਚ ਨਾਲ ਪ੍ਰੇਮ ਕਰਦੇ ਹਨ ਉਹੀ ਉਸਦੇ ਭਗਤ ਹੁੰਦੇ ਹਨ ਭਾਵ ਕੇਵਲ ਸੱਚ ਦੁਆਰਾ ਵਿਚਰ ਕੇ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਜਿਵੇਂ ਕਿ ਗੁਰਬਾਣੀ ਦੇ ਰਚਨ ਵਾਲਿਆਂ ਨੇ ਆਪਣੇ ਜੀਵਨ ਵਿੱਚ ਸੱਚ ਤੇ ਵਿਚਰ ਕੇ ਦਿਖਾਇਆ ਹੈ। ਪ੍ਰਮਾਤਮਾ ਦੇ ਗੁਣ ਸੱਚੇ ਬਣ ਕੇ ਹੀ ਗਾਏ ਜਾ ਸਕਦੇ ਹਨ ਭਾਵ ਸੱਚੀ ਸੁੱਚੀ ਵਿਚਰਨ ਦੁਆਰਾ ਹੀ ਗਾਏ ਜਾ ਸਕਦੇ ਹਨ ਤੇ ਪ੍ਰਮਾਤਮਾ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਹੀ ਮਿਲਦਾ ਹੈ। ਸੱਚ ਦਾ ਮਕਸਦ ਸਾਡੇ ਮਨ ਦੀ ਮੈਲ ਧੋਣ ਨਾਲ ਹੀ ਹੈ, ਔਗੁਣਾਂ ਦੀ ਮੈਲ ਧੋਣ ਲਈ ਹੀ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ। ਸਾਡੇ ਅੰਦਰ ਸੱਚ ਵੱਸਣ ਨਾਲ ਭਾਵ ਗੁਰੂ ਦੀ ਮਤਿ ਵੱਸਣ ਨਾਲ ਸਾਡੀ ਸੋਝੀ ਹੀ ਸੱਚੀ ਹੁੰਦੀ ਹੈ ਜੋ ਸਾਨੂੰ ਔਗੁਣਾਂ ਵਿੱਚੋਂ ਕੱਢਦੀ ਹੈ, ਵਿਕਾਰਾਂ ਵਿੱਚੋਂ ਕੱਢਦੀ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਮੈਲ ਧੁਪਣ ਦੁਆਰਾ ਹੀ ਹੁੰਦੀ ਹੈ ਭਾਵ ਔਗੁਣ ਨਿਕਲ ਕੇ ਗੁਣ ਵੱਸਣ ਦੁਆਰਾ ਹੀ ਹੁੰਦੀ ਹੈ, ਗੁਣੀ ਬਣ ਕੇ ਵਿਚਰਨ

ਦੁਆਰਾ ਹੀ ਹੁੰਦੀ ਹੈ।

20/2139

ਜਿੱਥੇ ਸੱਚ ਹੁੰਦਾ ਹੈ ਉੱਥੇ ਗੁਰੂ ਦੇ ਗੁਣ ਹੀ ਹੁੰਦੇ ਹਨ। **(ਐਸਾ ਰਾਮ ਭਗਤੁ ਜਨੁ ਹੋਈ॥ ਹਰਿ ਗੁਣ ਗਾਇ ਮਿਲੈ ਮਲੁ ਧੋਈ॥੧॥ ਰਹਾਉ॥)**

ਸੱਚ ਨੂੰ ਅਪਣਾਉਣ ਲਈ, ਗੁਰਮਤਿ ਨੂੰ ਅਪਣਾਉਣ ਲਈ ਕੀ ਸਾਨੂੰ ਕਿਸੇ ਸਰੀਰਕ ਜਪ ਤਪ ਦੀ ਲੋੜ ਹੈ? ਕੀ ਕਿਸੇ ਸਵਾਸਾਂ ਦੇ ਕਿਰਿਆਵਾਂ ਦੀ ਲੋੜ ਹੈ, ਕੀ ਕਿਸੇ ਅੱਖਰ ਨੂੰ ਰਟੀ ਜਾਣ ਦੀ ਲੋੜ ਹੈ, ਕੀ ਕਿਤੇ ਸਾਰੀ-ਸਾਰੀ ਰਾਤ ਜਾਗਣ ਦੀ ਲੋੜ ਹੈ, ਕੀ ਕਿਤੇ ਸਾਰੀ ਉਮਰ ਤੀਰਥਾਂ ਤੇ ਭਉਣ ਦੀ ਲੋੜ ਹੈ, ਕੀ ਕਿਤੇ ਭੋਰਿਆਂ ਵਿੱਚ ਵੜਨ ਦੀ ਲੋੜ ਹੈ, ਕੀ ਕਿਤੇ ਪਹਾੜਾਂ ਦੀਆਂ ਟੀਸੀਆਂ ਤੇ ਚੜ੍ਹਨ ਦੀ ਲੋੜ ਹੈ, ਕੀ ਕੋਈ ਸੰਨਿਆਸ ਲੈਣ ਦੀ ਲੋੜ ਹੈ, ਕੀ ਕਿਤੇ ਵੱਖਰੇ ਡੇਰੇ ਬਣਾਉਣ ਦੀ ਲੋੜ ਹੈ, ਕੀ ਕਿਤੇ ਜੰਗਲਾਂ ਵਿੱਚ ਭਉਣ ਦੀ ਲੋੜ ਹੈ, ਕੀ ਕਿਤੇ ਸਰੀਰ ਨੂੰ ਕਸ਼ਟ ਦੇਣ ਦੀ ਲੋੜ ਹੈ, ਕੀ ਕਿਤੇ ਨੰਗੀ ਪੈਰੀਂ ਘੁੰਮਣ ਦੀ ਲੋੜ ਹੈ, ਕੀ ਕਿਸੇ ਖਾਸ ਕਿਸਮ ਦੇ ਖਾਣੇ, ਪਹਿਰਾਵੇ ਦੀ ਲੋੜ ਹੈ, ਕੀ ਕਿਤੇ ਥਿਤਾਂ-ਵਾਰਾਂ ਮਨਾਉਣ ਦੀ ਲੋੜ ਹੈ, ਕੀ ਕਿਸੇ ਸਿਰਮੌਰ ਦੀਆਂ ਲੱਤਾਂ ਘੁੱਟਣ ਦੀ ਲੋੜ ਹੈ, ਕੀ ਕੋਈ ਆਰਤੀਆਂ ਉਤਾਰਨ ਦੀ ਲੋੜ ਹੈ, ਕੀ ਕਿਤੇ ਦੀਵੇ ਜਗਾਉਣ ਦੀ ਲੋੜ ਹੈ, ਕੀ ਕਿਸੇ ਖਾਸ ਸਮੇਂ ਨਾਲ ਜੁੜਨ ਦੀ ਲੋੜ ਹੈ?

ਸੱਚ ਨੂੰ ਅਪਣਾਉਣ ਲਈ ਕੇਵਲ ਇਸ ਮਨ ਨੂੰ ਸਮਝਾਉਣ ਦੀ ਲੋੜ ਹੈ, ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦੀ ਲੋੜ ਹੈ ਤਾਂ ਜੋ ਅਸੀਂ ਔਗੁਣਾਂ ਵਿੱਚੋਂ ਨਿਕਲ ਸਕੀਏ ਤੇ ਸੱਚੇ ਸੁੱਚੇ ਬਣ ਕੇ ਸੰਸਾਰ ਵਿੱਚ ਵਿਚਰ ਸਕੀਏ। ਉਸਦੇ ਭਗਤਾਂ ਨੇ ਤਾਂ ਪ੍ਰਮਾਤਮਾ ਦੇ ਇਹੋ ਜਿਹਾ ਸੱਚ ਅਪਣਾ ਕੇ ਗੁਣ ਗਾਏ ਹਨ ਜਿਸ ਲਈ ਕਿਸੇ ਸਰੀਰਕ ਦਿਖਾਵੇ ਦੀ ਲੋੜ ਨਹੀਂ ਹੈ ਤੇ ਕੇਵਲ ਚੁੱਪ-ਚਪੀਤੇ ਸੱਚ ਤੇ ਚੱਲਣ ਦੀ ਲੋੜ ਹੈ। ਆਪ ਸੱਚ ਤੇ ਚੱਲ ਕੇ ਹੀ ਕਿਸੇ ਨੂੰ ਸੱਚ ਸਮਝਾਇਆ ਜਾ ਸਕਦਾ ਹੈ, ਸੱਚ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ। ਉਸਦੇ ਭਗਤਾਂ ਵਿੱਚ ਤੇ ਸੰਸਾਰੀਆਂ ਵਿੱਚ ਇਸੇ ਗੱਲ ਦਾ ਭੇਦ ਹੈ ਕਿ ਉਸਦੇ ਭਗਤਾਂ ਨੂੰ ਸੱਚ ਦੀ ਸਮਝ ਹੈ, ਗੁਰਮਤਿ ਦੀ ਸਮਝ ਹੈ ਤੇ ਸੰਸਾਰ ਸੱਚ ਨੂੰ ਸਮਝਣ ਵਿੱਚ ਅਸਮਰੱਥ ਹੈ ਕਿਉਂਕਿ ਪੂਰਨ ਸੱਚ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਦੁਰਮਤਿ ਵਿੱਚ ਹੀ ਹੈ। ਤ੍ਰੈ-ਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਕਿਸੇ ਨੂੰ ਵੀ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ ਭਾਵ ਪ੍ਰਮਾਤਮਾ ਦੀ ਅਸਲ ਭਗਤੀ ਦੀ ਸੋਝੀ ਨਹੀਂ ਪੈਂਦੀ ਤੇ ਇਸੇ ਲਈ ਹਰ ਕੋਈ ਉਲਝਣ ਵਾਲੀ ਭਗਤੀ ਵਿੱਚ ਹੀ ਲੱਗਿਆ ਰਹਿੰਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥ ਸੋ ਉਬਰੈ ਗੁਰ ਸਬਦੁ ਬੀਚਾਰੈ॥੨॥"

20/2140

ਉੱਪਰ ਧਿਆਨ ਨਾਲ ਸਮਝੋ ਕਿ ਆਮ ਮਨੁੱਖ ਤੇ ਗੁਰੂ ਵਿੱਚ ਕਿਸ ਗੱਲ ਦਾ ਫ਼ਰਕ ਹੈ। ਫ਼ਰਕ ਸਾਡੇ ਮਨ ਦੀ ਸੋਝੀ ਦਾ ਹੈ। ਫ਼ਰਕ ਗੁਰਮਤਿ ਤੇ ਦੁਰਮਤਿ ਦਾ ਹੈ। ਭੇਦ ਤ੍ਰੈਗੁਣਾਂ ਵਾਲੀ ਅਵੱਸਥਾ ਤੇ ਚੌਥੇ ਪਦ ਵਾਲੀ ਅਵੱਸਥਾ ਦਾ ਹੀ ਹੈ ਭਾਵ ਮਨ ਦੇ ਵਿੱਚ ਗਿਆਨ ਦੀ ਸੋਝੀ ਦਾ ਹੀ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਪੁੱਠੇ ਕਮਲ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਭਾਵ ਪੁੱਠੀ ਮਤਿ ਵਿੱਚ ਰੱਖਿਆ ਹੋਇਆ ਹੈ, ਭਰਮ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ, ਥੋੜ੍ਹੀ ਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਸੱਚੀ ਗੱਲ ਮੰਨਣ ਵਿੱਚ ਵੀ ਸੱਚ ਨਹੀਂ ਲੱਗਦਾ ਤੇ ਝੂਠੀ ਗੱਲ ਨੂੰ ਅਸੀਂ ਸੱਚ ਮੰਨ ਲੈਂਦੇ ਹਾਂ। ਇਹ ਸਾਰੀ ਗੱਲ ਸਾਡੀ ਧਰਮ ਦੀ ਆਸਥਾ ਦੇ ਨਾਲ ਜੁੜੀ ਹੋਈ ਹੈ ਜਿਸ ਦੁਆਰਾ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਨਹੀਂ ਪੈਂਦੀ ਤੇ ਅਸੀਂ ਧਰਮ ਨੂੰ ਸਮਝਣ ਵਿੱਚ ਉਲਝ ਜਾਂਦੇ ਹਾਂ ਤੇ ਸੱਚ ਨੂੰ, ਅਸਲੀਅਤ ਨੂੰ ਸਮਝਣ ਵਿੱਚ ਦੂਰ ਰਹਿੰਦੇ ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ, ਉਸਦੀ ਭਗਤੀ ਦਾ ਤਰੀਕਾ ਕੀ ਹੈ ਇਹ ਸਮਝਣ ਤੋਂ ਦੂਰ ਰਹਿੰਦੇ ਹਾਂ। ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਕੇਵਲ ਉਹੀ ਜਾਣ ਸਕਦਾ ਹੈ ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣੇ ਆਪ ਨੂੰ ਪਾਉਣ ਦਾ ਤਰੀਕਾ ਸਮਝਾਉਂਦਾ ਹੈ। ਜਿੱਥੇ ਉਹ ਪ੍ਰਗਟ ਹੁੰਦਾ ਹੈ ਉਸੇ ਮਨ ਦੇ ਵਿੱਚ ਹੀ ਕਮਲ ਸਿੱਧਾ ਹੁੰਦਾ ਹੈ, ਕਮਲ ਖਿੜਦਾ ਹੈ। ਕਮਲ ਦਾ ਸਿੱਧਾ ਹੋਣਾ ਮਨ ਦੀ ਪੂਰਨ ਸੋਝੀ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ, ਬ੍ਰਹਮਗਿਆਨ ਦੀ ਅਵੱਸਥਾ ਹੈ, ਗੁਰੂ ਵਾਲੀ ਅਵੱਸਥਾ ਹੈ। ਆਮ ਮਨੁੱਖ ਤੇ ਗੁਰੂ ਵਿੱਚ ਇਸੇ ਗੱਲ ਦਾ ਭੇਦ ਹੈ। **(ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥)**

ਇਸ ਤੋਂ ਪਿਛਲੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਤ੍ਰੈਗੁਣਾਂ ਵਾਲੀ ਅਵੱਸਥਾਂ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ। ਤ੍ਰੈਗੁਣਾਂ ਵਾਲੀ ਅਵੱਸਥਾ, ਹਉਮੈ ਵਾਲੀ ਅਵੱਸਥਾ ਜਾਂ ਪੁੱਠੇ ਕਮਲ ਵਾਲੀ ਅਵੱਸਥਾ ਇੱਕੋ ਹੀ ਗੱਲ ਹੈ। ਸਭ ਤੋਂ ਭਾਵ ਮਨਮਤਿ ਦੇ ਨਾਲ ਹੀ ਹੈ, ਦੁਰਮਤਿ ਦੇ ਨਾਲ ਹੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਨਾ ਹੋਣ ਦੇ ਨਾਲ ਹੀ ਹੈ।

{ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ॥੪॥੧੨॥}

(ਅੰਗ ੬੦੪)

ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਹੈ, ਦੂਰੀ ਦਾ ਕਾਰਨ ਹੈ। ਇਸ ਅਵੱਸਥਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਗੁਰੂ ਦਾ ਸ਼ਬਦ ਹੈ ਜੋ ਕਿ "ਚਉਥੇ ਪਦੁ" ਵਿੱਚ ਹੈ। ਗੁਰੂ ਦੇ ਸ਼ਬਦ ਦੀ ਮਤਿ ‘‘ਚਉਥੇ ਪਦੁ’’

20/2141

ਦਾ ਗਿਆਨ ਹੈ ਜਿਸ ਨਾਲ ਜੁੜ ਕੇ ਅਸੀਂ ਚੌਥੇ ਪਦ ਨਾਲ ਜੁੜ ਸਕਦੇ ਹਾਂ ਭਾਵ ਚੌਥੇ ਪਦ ਦੇ ਗਿਆਨ ਨਾਲ ਮਿਲ ਸਕਦੇ ਹਾਂ ਜਿਸ ਦੁਆਰਾ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਮਿਟਣੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੋ ਉਬਰੈ ਗੁਰ ਸਬਦੁ ਬੀਚਾਰੈ॥੨॥"

ਉਭਰਨਾ ਭਾਵ ਨਿਕਲਣਾ ਤੇ ਅਸੀਂ ਮਨਮਤਿ ਵਿੱਚੋਂ ਹੈ, ਦੁਰਮਤਿ ਦੇ ਵਿੱਚੋਂ ਹੈ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਹੈ ਤੇ ਉਹ ਤਾਂ ਹੀ ਉਭਰਾਂਗੇ ਜਦੋਂ ਸ਼ਬਦ ਦੇ ਵਿਚਾਰ ਸਾਡੇ ਅੰਦਰ ਵੱਸਣਗੇ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਾਨੂੰ ਸੱਚ ਦੀ ਸੋਝੀ ਪਾਈ ਹੈ, ਭਗਤੀ ਦੀ ਸੋਝੀ ਪਾਈ ਹੈ, ਸੱਚ ਦੇ ਨਾਲ ਮੇਲ ਦਾ ਤਰੀਕਾ ਸਮਝਾਇਆ ਹੈ। ਸ਼ਬਦ ਦਾ ਵਿਚਾਰੀ ਬਣਨ ਲਈ ਕੇਵਲ ਸ਼ਬਦ ਦੀ ਗੱਲ ਨੂੰ ਮੰਨਣ ਦੀ ਲੋੜ ਹੈ ਭਾਵ ਉਸ ਤੇ ਅਮਲ ਕਰਨ ਦੀ ਲੋੜ ਹੈ ਨਾ ਕਿ ਕਿਸੇ ਸਰੀਰਕ ਕਿਰਿਆਵਾਂ ਦੀ। ਕੇਵਲ ਇੱਕ ਸ਼ਬਦ ਨੂੰ ਰਟੀ ਜਾਣ ਨਾਲ ਅਸੀਂ ਉਸ ਵਿੱਚੋਂ ਕੀ ਵਿਚਾਰ ਲਵਾਂਗੇ ਤੇ ਕੀ ਉਸਨੂੰ ਮੰਨਾਂਗੇ, ਕੀ ਸਮਝਾਂਗੇ ਤੇ ਕੀ ਉਸ ਤੇ ਅਮਲ ਕਰਾਂਗੇ। ਇਨ੍ਹਾਂ ਗੱਲਾਂ ਨੂੰ ਆਪਣੀ ਭਗਤੀ ਸਮਝਣਾ ਕੇਵਲ ਸਾਡਾ ਭਰਮ ਹੈ ਭਾਵ ਸੱਚ ਕੀ ਹੈ ਇਸ ਦੀ ਸਾਨੂੰ ਸਮਝ ਨਹੀਂ ਹੈ ਤੇ ਅਸੀਂ ਝੂਠੀ ਭਗਤੀ ਵਿੱਚ ਹੀ ਲੱਗੇ ਹੋਏ ਹਾਂ ਪਰ ਉਸੇ ਨੂੰ ਸੱਚ ਸਮਝੀ ਬੈਠੇ ਹਾਂ। ਸਾਰਾ ਸੰਸਾਰ ਇਹੋ ਜਿਹੀ ਭਗਤੀ ਨੂੰ ਹੀ ਸੱਚ ਸਮਝਦਾ ਹੈ। ਇਹ ਸਾਡੇ ਅੰਦਰ ਦਾ ਕਮਲ ਦਾ ਪੁੱਠਾ ਹੋਣ ਦੀ ਨਿਸ਼ਾਨੀ ਹੈ ਹੋਰ ਕੁੱਝ ਵੀ ਨਹੀਂ। ਸੱਚ ਦੀ ਸਮਝ ਚੌਥੇ ਪਦ ਵਿੱਚ ਹੀ ਪੈਂਦੀ ਹੈ ਜੋ ਕੇਵਲ ਗੁਰਬਾਣੀ ਦੇ ਕੋਲ ਹੈ। ਗੁਰਬਾਣੀ ਦੀ ਮਤਿ ਨਾਲ ਜੁੜੇ ਬਿਨ੍ਹਾਂ ਕਿਸੇ ਹੋਰ ਦੀ ਮਤਿ ਨਾਲ ਜੁੜਨਾ ਆਪਣੇ ਆਪ ਨੂੰ ਤ੍ਰੈਗੁਣਾਂ ਨਾਲ ਜੋੜਨ ਵਾਲੀ ਗੱਲ ਹੈ ਜਿਸ ਗੱਲ ਨੂੰ ਤਿਆਗਣ ਦੀ ਲੋੜ ਹੈ। ਸਾਡਾ ਨਿਸਤਾਰਾ ਚੌਥੇ ਪਦ ਨੇ ਕਰਨਾ ਹੈ ਤੇ ਉਹ ਕੇਵਲ ਤੇ ਕੇਵਲ ਗੁਰਬਾਣੀ ਦੀ ਮਤਿ ਨਾਲ ਜੁੜ ਕੇ ਹੀ ਹੋ ਸਕਦਾ ਹੈ, ਗੁਰਬਾਣੀ ਦੇ ਸ਼ਬਦਾਂ ਦਾ ਵਿਚਾਰੀ ਬਣ ਕੇ ਹੀ ਹੋ ਸਕਦਾ ਹੈ। **(ਸੋ ਉਬਰੈ ਗੁਰ ਸਬਦੁ ਬੀਚਾਰੈ॥੨॥)**

20/2142

ਸ਼ਬਦ ਦਾ ਵਿਚਾਰ ਸਾਨੂੰ ਸੱਚ ਤੇ ਚੱਲਣਾ ਹੀ ਸਿਖਾਉਂਦਾ ਹੈ ਪਰ ਸਾਡੇ ਸੱਚ ਵਿੱਚ ਚੱਲਣ ਦੀ ਰੁਕਾਵਟ ਸਾਡੇ ਅੰਦਰ ਦੀ ਤ੍ਰਿਸ਼ਨਾ ਹੈ ਜਿਸ ਦੀ ਪੂਰਤੀ ਲਈ ਅਸੀਂ ਸੱਚ ਤੇ ਨਹੀਂ ਚੱਲਦੇ ਤੇ ਆਪਣਾ ਜੀਵਨ ਤ੍ਰਿਸ਼ਨਾ ਵਿੱਚ ਗਵਾ ਲੈਂਦੇ ਹਾਂ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ॥
ਮਿਰਗੁ ਮਰੈ ਸਹਿ ਅਪੁਨਾ ਕੀਨਾ॥ ਤ੍ਰਿਸਨਾ ਰਾਚਿ ਤਤੁ ਨਹੀ ਬੀਨਾ॥੩॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਭਗਤੀ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ, ਤ੍ਰਿਸ਼ਨਾ ਵਿੱਚੋਂ ਨਿਕਲਣਾ ਸਮਝਾਇਆ ਹੈ। ਭੰਵਰੇ ਅੰਦਰ ਫੁੱਲਾਂ ਦੇ ਰਸ ਦੀ ਤ੍ਰਿਸ਼ਨਾ ਹੈ ਜਿਸਦੀ ਪੂਰਤੀ ਲਈ ਉਹ ਆਪਣਾ ਜੀਵਨ ਗਵਾ ਦਿੰਦਾ ਹੈ। ਪਤੰਗੇ ਨੂੰ ਦੀਪਕ ਦੀ ਲੋ, ਅਗਨ ਦੀ ਲੋ ਲੁਭਾਉਂਦੀ ਹੈ ਤੇ ਉਸਦੇ ਕਾਰਨ ਆਪਣੇ ਮਨ ਦੀ ਇੱਛਾ ਦੀ ਪੂਰਤੀ ਦੇ ਕਾਰਨ ਉਹ ਆਪਣਾ ਜੀਵਨ

ਗਵਾ ਦਿੰਦਾ ਹੈ। ਹਾਥੀ ਦੇ ਅੰਦਰ ਕਾਮ ਦੀ ਵਾਸ਼ਨਾ ਹੈ ਤੇ ਉਹ ਆਪਣੀ ਇਸ ਕਾਮਨਾ ਦੀ ਪੂਰਤੀ ਲਈ ਸ਼ਿਕਾਰੀਆਂ ਦੇ ਹੱਥ ਆ ਜਾਂਦਾ ਹੈ ਜੋ ਉਸਨੂੰ ਨਕਲੀ ਹਥਨੀ ਦਾ ਦਿਖਾਵਾ ਕਰਾ ਕੇ ਫਸਾਉਂਦੇ ਹਨ। ਆਪਣੀ ਇਸ ਤ੍ਰਿਸ਼ਨਾ ਦੀ ਪੂਰਤੀ ਲਈ ਹਾਥੀ ਅਪਣਾ ਜੀਵਨ ਬਰਬਾਦ ਕਰ ਲੈਂਦਾ ਹੈ। ਮੱਛੀ ਸ਼ਿਕਾਰੀ ਦੇ ਜਾਲ ਵਿੱਚ ਆਪਣੇ ਲਾਲਚ ਦੀ ਪੂਰਤੀ ਲਈ ਹੀ ਫਸਦੀ ਹੈ, ਤ੍ਰਿਸ਼ਨਾ ਦੀ ਪੂਰਤੀ ਲਈ ਹੀ ਫਸਦੀ ਹੈ। ਹਿਰਨ ਨੂੰ ਹਰੀ ਘਾਹ ਲੁਭਾਉਂਦੀ ਹੈ ਤੇ ਉਸ ਘਾਹ ਦੀ ਲਾਲਚ ਵਿੱਚ ਸ਼ਿਕਾਰੀਆਂ ਦੇ ਹੱਥ ਆ ਜਾਂਦਾ ਹੈ ਤੇ ਸ਼ਿਕਾਰ ਬਣ ਜਾਂਦਾ ਹੈ ਭਾਵ ਆਪਣਾ ਜੀਵਨ ਗਵਾ ਬੈਠਦਾ ਹੈ। ਇਹੋ ਜਿਹੀ ਤ੍ਰਿਸ਼ਨਾ ਨੂੰ ਸਾਡੀ ਮਨਮਤਿ ਕਹਿ ਕੇ ਸਮਝਾਇਆ ਹੋਇਆ ਹੈ। "ਤਤੁ" ਗੁਰਮਤਿ ਵਿੱਚ ਹੈ ਤੇ ਜਿੱਥੇ ਗੁਰਮਤਿ ਹੈ ਉੱਥੇ ਤ੍ਰਿਸ਼ਨਾ ਨਹੀਂ ਹੈ। ਸੱਚ ਦੇ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਜਦੋਂ ਅਸੀਂ ਆਪਣੇ ਆਪ ਨੂੰ ਤ੍ਰਿਸ਼ਨਾ ਮੁਕਤ ਕਰੀਏ। **(ਤ੍ਰਿਸਨਾ ਰਾਚਿ ਤਤੁ ਨਹੀ ਬੀਨਾ॥੩॥)**

ਜਿਸਦੇ ਅੰਦਰ ਤ੍ਰਿਸ਼ਨਾ ਹੈ ਭਾਵ ਸੱਚ ਤੇ ਚੱਲਣ ਦੀ ਰੁਕਾਵਟ ਹੈ ਉੱਥੇ ਨਾਮ ਨਹੀਂ ਹੈ, ਗੁਰਮਤਿ ਨਹੀਂ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਾਮੁ ਚਿਤੈ ਕਾਮਣਿ ਹਿਤਕਾਰੀ॥ ਕ੍ਰੋਧੁ ਬਿਨਾਸੈ ਸਗਲ ਵਿਕਾਰੀ॥ ਪਤਿ ਮਤਿ ਖੋਵਹਿ ਨਾਮੁ ਵਿਸਾਰੀ॥੪॥"

ਉੱਪਰ ਸਾਡੇ ਔਗੁਣ ਹੀ ਗਿਣਾਏ ਹੋਏ ਹਨ ਜਿੰਨ੍ਹਾਂ ਦਾ ਕਾਰਨ ਸਾਡੇ ਮਨ ਦੀ ਤ੍ਰਿਸ਼ਨਾ ਹੈ। ਆਪਣੀ ਤ੍ਰਿਸ਼ਨਾ ਦੀ ਪੂਰਤੀ ਲਈ

20/2143

ਹੀ ਅਸੀਂ ਮਾੜੇ ਕਰਮ ਕਰਦੇ ਹਾਂ, ਵਿਕਾਰੀ ਬਣਦੇ ਹਾਂ। ਜਿੱਥੇ ਵਿਕਾਰ ਹਨ ਉੱਥੇ ਨਾਮ ਨਹੀਂ ਹੈ ਭਾਵ ਉਸ ਮਨੁੱਖ ਨੂੰ ਨਾਮ ਵਿਸਰਿਆ ਹੋਇਆ ਹੈ ਭਾਵ ਗੁਰੂ ਦੀ ਮਤਿ ਵਿਸਰੀ ਹੋਈ ਹੈ। ਵਿਕਾਰਾਂ ਵਿੱਚ ਰਹਿੰਦਿਆਂ ਮਨੁੱਖ ਨੇ ਆਪਣੀ ਪਤਿ ਹੀ ਗਵਾਈ ਹੋਈ ਹੈ ਤੇ ਮਤਿ ਵੀ ਗਵਾਈ ਹੋਈ ਹੈ। **(ਕਾਮੁ ਚਿਤੈ ਕਾਮਣਿ ਹਿਤਕਾਰੀ॥ ਕ੍ਰੋਧੁ ਬਿਨਾਸੈ ਸਗਲ ਵਿਕਾਰੀ॥ ਪਤਿ ਮਤਿ ਖੋਵਹਿ ਨਾਮੁ ਵਿਸਾਰੀ॥੪॥)**

ਹੁਣ ਧਿਆਨ ਨਾਲ ਸਮਝੋ ਕਿ "ਨਾਮੁ" ਕੀ ਹੈ, ਸਾਡੀ ਪਤਿ ਕੀ ਹੈ ਤੇ ਚੰਗੀ ਮਾੜੀ ਮਤਿ ਕੀ ਹੈ। ਜੋ ਮਨੁੱਖ ਮਾੜੇ ਕਰਮ ਕਰਦਾ ਹੈ ਨਾ ਹੀ ਉਸ ਨੂੰ ਗੁਰੂ ਦੀ ਮਤਿ ਹੈ ਤੇ ਨਾ ਹੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਸਦੀ ਕੋਈ ਪਤਿ ਹੈ। ਜਿੱਥੇ ਨਾਮ ਹੈ ਉੱਥੇ ਹੀ ਪਤ ਹੈ ਤੇ ਉੱਥੇ ਹੀ ਮਤਿ ਹੈ। ਸਾਡੀ ਪਤਿ ਸਾਡੀ ਮਤਿ ਦੇ ਨਾਲ ਹੀ ਚੱਲਦੀ ਹੈ। ਜਿੱਥੇ ਮਨਮਤਿ ਹੈ ਉੱਥੇ ਵਿਕਾਰ ਹਨ, ਔਗੁਣ ਹਨ ਜੋ ਸਾਡੀ ਪਤਿ ਗਵਾਉਂਦੇ ਹਨ ਤੇ ਇਹੋ ਜਿਹੇ ਮਨੁੱਖਾਂ ਨੂੰ 'ਨਾਮੁ' ਵਿਸਰਿਆ ਹੁੰਦਾ ਹੈ, ਗੁਰੂ ਦਾ ਸਮਝਾਇਆ ਹੋਇਆ ਸੱਚ ਵਿਸਰਿਆ ਹੁੰਦਾ ਹੈ। ਸਾਡੇ ਅੰਦਰ ਨਾਮੁ ਦੀ ਪਹਿਚਾਣ ਸਾਡੇ ਕਰਮਾਂ ਦੁਆਰਾ ਹੁੰਦੀ ਹੈ, ਸੱਚ-ਝੂਠ ਦੀ ਪਹਿਚਾਣ ਕਰਮਾਂ ਦੁਆਰਾ ਹੁੰਦੀ ਹੈ ਕਿ ਸਾਡੀ ਸੰਸਾਰਿਕ ਵਿਚਰਨ ਕਿਹੋ ਜਿਹੀ ਹੈ ਜਿਵੇਂ ਕਿ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਰੀ ਬਾਣੀ ਵਿੱਚ ਸਾਨੂੰ ਇਹੋ ਜਿਹਾ ਨਾਮ ਹੀ ਸਮਝਾਇਆ ਹੋਇਆ ਹੈ ਪਰ ਇੱਕ ਅੱਖਰ ਨੂੰ ਨਾਮੁ ਕਹਿਣ ਵਾਲੇ ਤੇ ਜਪਣ ਵਾਲੇ ਕਿਤਨੇ ਕੁ ਭੁੱਲੇ ਹੋਏ ਹਨ ਤੇ ਦੂਸਰਿਆਂ ਨੂੰ ਭੁਲਾ ਰਹੇ ਹਨ ਇਹ ਹਰ ਕੋਈ ਸਮਝ ਸਕਦਾ ਹੈ। ਆਪਣੀ ਇਸ ਭੁੱਲ ਕਰਕੇ ਉਹ ਸਮਾਜ ਦਾ ਕਿਤਨਾ ਵੱਡਾ ਨੁਕਸਾਨ ਕਰ ਰਹੇ ਹਨ ਇਸ ਗੱਲ ਦੀ ਉਨ੍ਹਾਂ ਨੂੰ ਸਮਝ ਨਹੀਂ ਹੈ। ਇਹ ਆਪਣੇ ਅੰਦਰ ਔਗੁਣਾਂ ਨੂੰ ਪਨਾਹ ਦੇਣ ਵਾਲੀ ਗੱਲ ਹੈ ਜਿਸ ਕਰਕੇ ਸਮਾਜ ਭ੍ਰਿਸ਼ਟ ਹੁੰਦਾ ਹੈ। ਗੁਰਬਾਣੀ ਵਿੱਚ ਇਹੋ ਜਿਹਿਆਂ ਨੂੰ ਐਵੇਂ ਨਿਰਲੱਜ ਨਹੀਂ ਕਿਹਾ। ਕਿਸੇ ਨੂੰ ਮਾੜੀ ਮਤਿ ਨਾਲ ਜੋੜਨਾ ਨਿਰਲੱਜਤਾ ਹੀ ਹੈ, ਸ਼ਰਮ ਵਾਲੀ ਗੱਲ ਹੈ ਜਿਸ ਦੁਆਰਾ ਉਨ੍ਹਾਂ ਨੇ ਸੰਸਾਰ ਨੂੰ ਭਰਮ ਵਿੱਚ ਪਾ ਕੇ ਸੱਚ ਨਾਲੋਂ ਦੂਰ ਰੱਖਿਆ ਹੋਇਆ ਹੈ, ਸੱਚੀ ਭਗਤੀ ਨਾਲੋਂ ਦੂਰ ਰੱਖਿਆ ਹੋਇਆ ਹੈ, ਸੱਚੇ ਨਾਮੁ ਨਾਲੋਂ ਦੂਰ ਰੱਖਿਆ ਹੋਇਆ ਹੈ।

ਗੁਰਮਤਿ ਦਾ ਘਰ "ਨਾਮੁ" ਦਾ ਘਰ ਹੈ, ਸੱਚੇ ਗਿਆਨ ਦਾ ਘਰ ਹੈ ਜਿੱਥੋਂ ਕੇਵਲ ਸੱਚੀ ਸੋਝੀ ਹੀ ਮਿਲਦੀ ਹੈ। "ਮਨਮਤਿ" ਦਾ ਘਰ "ਪਰ ਘਰਿ" ਹੈ ਭਾਵ ਗੁਰਮਤਿ ਤੋਂ ਬਿਗਾਨਾ ਘਰ ਹੈ। ਗੁਰਮਤਿ ਦਾ ਘਰ ਗੁਰਮੁਖਿ ਦਾ ਘਰ ਹੈ ਤੇ ਮਨਮਤਿ ਦਾ ਘਰ ਮਨਮੁਖਿ ਦਾ ਘਰ ਹੈ।

20/2144

ਜਦ ਤੱਕ ਅਸੀਂ ਮਨਮਤਿ ਦੇ ਘਰ ਵਿੱਚ ਹਾਂ ਭਾਵ ਜਦ ਤੱਕ ਸਾਡੇ ਅੰਦਰ ਗੁਰੂ ਦੀ ਮਤਿ ਨਹੀਂ ਵੱਸਦੀ ਅਸੀਂ ਆਪਣੇ ਬੰਧਨ ਵਿੱਚੋਂ ਨਹੀਂ ਨਿਕਲ ਸਕਦੇ। ਬੰਧਨ ਸਾਡੇ ਅੰਦਰ ਭਰਮ ਦਾ ਹੀ ਹੈ ਜਿਸ ਦਾ ਮੂਲ ਕਾਰਨ ਸਾਡੀ ਮਨਮਤਿ ਹੈ। ਸਾਡੇ

ਜੀਵਨ ਦਾ ਮਕਸਦ ਇਸ ਬੰਧਨ ਵਿੱਚੋਂ ਨਿਕਲਣ ਦਾ ਹੈ ਤਾਂ ਜੋ ਅਸੀਂ ਆਪਣੇ ਅਸਲ ਘਰ ਵਿੱਚ ਪਹੁੰਚ ਸਕੀਏ, ਪਰ ਘਰਿ ਦੇ ਵਿੱਚੋਂ ਨਿਕਲ ਸਕੀਏ ਭਾਵ ਹਉਮੈ ਦੇ ਘਰ ਵਿੱਚੋਂ ਨਿਕਲ ਕੇ "ਨਾਮੁ" ਦੇ ਘਰ ਵਿੱਚ ਪਹੁੰਚ ਸਕੀਏ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਪਰ ਘਰਿ ਚੀਤੁ ਮਨਮੁਖਿ ਡੋਲਾਇ॥

ਗਲਿ ਜੇਵਰੀ ਧੰਧੈ ਲਪਟਾਇ॥ ਗੁਰਮੁਖਿ ਛੂਟਸਿ ਹਰਿ ਗੁਣ ਗਾਇ॥੫॥"

ਜਦ ਤੱਕ ਅਸੀਂ ਮਨਮਤਿ ਵਿੱਚ ਹਾਂ ਭਾਵ ਜਦ ਤੱਕ ਸਾਡਾ ਚਿੱਤ ਆਪਣੀ ਮਤਿ ਦੇ ਨਾਲ ਜੁੜਿਆ ਹੋਇਆ ਹੈ ਤਦ ਤੱਕ ਅਸੀਂ ਤ੍ਰਿਸ਼ਨਾ ਵਿੱਚ ਹੀ ਹਾਂ ਭਾਵੇਂ ਉਹ ਤ੍ਰਿਸ਼ਨਾ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਦੀ ਹੈ, ਕਿਸੇ ਗੱਦੀ ਤੇ ਬੈਠਣ ਦੀ ਹੈ। ਸਾਡੇ ਸਾਰੇ ਵਿਕਾਰਾਂ ਦਾ ਕਾਰਨ, ਔਗੁਣਾਂ ਦਾ ਕਾਰਨ ਸਾਡੇ ਮਨ ਦੀ ਤ੍ਰਿਸ਼ਨਾ ਹੀ ਹੈ, ਮਾਇਆ ਮੋਹ ਹੀ ਹੈ ਜਿਸ ਕਰਕੇ ਸਾਡਾ ਮਨ ਉਸਦੀ ਪ੍ਰਾਪਤੀ ਲਈ ਡੋਲਦਾ ਰਹਿੰਦਾ ਹੈ। ਸਾਡੇ ਮਨ ਦਾ ਟਿਕਣਾ ਉਹੀ ਹੈ ਜਦੋਂ ਸਾਡਾ ਮਨ ਮਾਇਆ ਮੋਹ ਵਿੱਚੋਂ ਡੋਲਣਾ ਹੱਟ ਜਾਏ ਭਾਵ ਮਨ ਵਿੱਚੋਂ ਅਸ਼ੀਂ ਤ੍ਰਿਸ਼ਨਾ ਮੁਕਤ ਹੋ ਜਾਈਏ। ਸਾਡੇ ਅੰਦਰ ਇਹ ਤ੍ਰਿਸ਼ਨਾ ਵਾਲੀ ਮਤਿ, ਖੁਵਾਇਸ਼ਾਂ ਦੀ ਪੂਰਤੀ ਕਰਨ ਵਾਲੀ ਮਤਿ, ਸਾਡੇ ਮਨ ਦੀ ਮਨਸਾ ਹੀ ਅਸਲ ਵਿੱਚ ਸਾਡੇ ਗੱਲ ਦੀ ਜੇਵਰੀ ਹੈ ਸਾਡੇ ਗਲ ਦੀ ਫਾਂਸੀ ਹੈ ਭਾਵ ਸਾਡੇ ਜੀਵਨ ਨੂੰ ਨਸ਼ਟ ਕਰਦੀ ਹੈ ਜਿਸ ਕਰਕੇ ਅਸੀਂ ਮਾੜੇ ਧੰਦਿਆਂ ਵਿੱਚ ਪੈਂਦੇ ਹਾਂ, ਔਗੁਣਾਂ ਦਾ ਸਹਾਰਾ ਲੈਂਦੇ ਹਾਂ। **(ਪਰ ਘਰਿ ਚੀਤੁ ਮਨਮੁਖਿ ਡੋਲਾਇ॥ ਗਲਿ ਜੇਵਰੀ ਧੰਧੈ ਲਪਟਾਇ॥ ਗੁਰਮੁਖਿ ਛੂਟਸਿ ਹਰਿ ਗੁਣ ਗਾਇ॥੫॥)**

ਪਰ ਘਰਿ ਦੇ ਬੰਧਨ ਵਿੱਚੋਂ ਛੁੱਟਣ ਦਾ ਤਰੀਕਾ ਕੇਵਲ ਗੁਰੂ ਦੇ ਕੋਲ ਹੈ। ਗੁਰਮਤਿ ਸਾਨੂੰ "ਹਰਿ ਗੁਣ" ਹੀ ਸਿਖਾਉਂਦੀ ਹੈ। ਸ਼ਬਦ ਸਾਨੂੰ ਹਰਿ ਗੁਣ ਸਿਖਾਉਣ ਲਈ ਹੀ ਹੈ ਭਾਵ ਆਪਣੀ ਗੁਣਾਂ ਵਾਲੀ ਮਤਿ ਦੇਣ ਲਈ ਹੀ ਹੈ। ਜਦ ਤੱਕ ਅਸੀਂ ਮਨਮਤਿ ਵਿੱਚ ਹਾਂ ਅਸੀਂ ਆਪਣੀ ਮਤਿ ਦੇ ਗੁਣ ਹੀ ਗਾਉਂਦੇ ਹਾਂ ਭਾਵ ਆਪਣੀ ਮਤਿ ਨੂੰ ਹੀ ਉੱਚਾ ਕਰਦੇ ਹਾਂ, ਆਪਣੀ ਹਉਮੈ ਨੂੰ ਹੀ

ਉੱਚਾ ਕਰਦੇ ਹਾਂ। ਜਦੋਂ ਅਸੀਂ ਗੁਰੂ ਦੀ ਮਤਿ ਅਨੁਸਾਰ ਵਿਚਰਦੇ ਹਾਂ ਅਸੀਂ ਹਰਿ ਗੁਣ ਗਾਉਂਦੇ ਹਾਂ ਭਾਵ ਆਪਣੀ ਹਰ ਕਰਨੀ ਵਿੱਚ ਗੁਰੂ ਦੀ ਮਤਿ ਨੂੰ ਹੀ ਉੱਚਾ ਕਰਦੇ ਹਾਂ, ਸੱਚ ਨੂੰ ਹੀ ਉੱਚਾ ਕਰਦੇ ਹਾਂ। ਆਪਣੇ ਬੰਧਨ ਵਿੱਚੋਂ ਨਿਕਲਣ ਦਾ, ਛੁੱਟਣ ਦਾ ਤਰੀਕਾ ਇਹੀ ਹੈ ਕਿ ਅਸੀਂ ਪਰਘਰਿ ਨੂੰ ਛੱਡ ਕੇ ਗੁਰੂ ਦੇ ਘਰ ਦੀ ਮੰਨੀਏ। **(ਗੁਰਮੁਖਿ ਛੂਟਸਿ ਹਰਿ ਗੁਣ ਗਾਇ॥੫॥)**

ਮਨਮਤਿ ਵਿੱਚ ਤੇ ਗੁਰਮਤਿ ਵਿੱਚ ਕਿਤਨਾ ਵੱਡਾ ਫਰਕ ਹੈ, ਪਰ ਘਰਿ ਵਿੱਚ ਤੇ ਗੁਰੂ ਘਰ ਵਿੱਚ ਕਿਤਨਾ ਵੱਡਾ ਫਰਕ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਿਉ ਤਨੁ ਬਿਧਵਾ ਪਰ ਕਉ ਦੇਈ॥

ਕਾਮਿ ਦਾਮਿ ਚਿਤੁ ਪਰ ਵਸਿ ਸੇਈ॥ ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ॥੬॥"

ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿੰਨ੍ਹਾਂ ਨੂੰ "ਨਾਮ" ਵਿਸਰਿਆ ਹੋਇਆ ਹੈ ਜਿਵੇਂ ਕਿ ਸ਼ਬਦ ਦੇ ਪਹਿਲੇ ਪਦਿਆਂ ਰਾਹੀਂ ਸਮਝਿਆ ਹੈ ਉਹੀ ਗੱਲ ਸਾਨੂੰ ਇੱਥੇ ਸਮਝਾਈ ਹੋਈ ਹੈ। ਸਾਡਾ ਅਸਲ ਘਰ ਗੁਰੂ ਦਾ ਘਰ ਹੈ, ਨਾਮੁ ਦਾ ਘਰ ਹੈ ਜਿੱਥੋਂ ਸਾਨੂੰ ਗੁਰਮਤਿ ਦੀ ਸੋਝੀ ਮਿਲਦੀ ਹੈ। ਗੁਰੂ ਪ੍ਰਮਾਤਮਾ ਆਪ ਹੀ ਹੈ ਜਿਸਨੂੰ ਅਸੀਂ ਪਤੀ ਦੇ ਰੂਪ ਵਿੱਚ ਪਾਉਣਾ ਹੈ । ਗੁਰੂ ਪ੍ਰਮਾਤਮਾ ਆਪਣੀ ਸੱਚੀ ਸੋਝੀ ਦੇ ਰੂਪ ਵਿੱਚ ਹੀ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਸਾਡਾ ਪਤੀ ਹੈ। ਅਸੀਂ ਆਪਣੇ ਪਤੀ ਦੇ ਨਾਲ ਮਿਲਣ ਲਈ ਉਸਦੀ ਸੋਝੀ ਦੇ ਨਾਲ ਹੀ ਇੱਕ ਹੋਣਾ ਹੈ, ਉਸਦੀ ਮਤਿ ਦੇ ਨਾਲ ਹੀ ਇੱਕ ਹੋਣਾ ਹੈ। ਜਿਉਂ-ਜਿਉਂ ਗੁਰੂ ਦੀ ਸੋਝੀ, ਗੁਰੂ ਦੀ ਮਤਿ ਸਾਡੇ ਮਨਮਤਿ ਦੇ ਘਰ ਵਿੱਚ ਵੱਸਦੀ ਜਾਂਦੀ ਹੈ ਤਿਉਂ-ਤਿਉਂ ਸਾਡੀ ਮਨਮਤਿ ਦੂਰ ਹੋਈ ਜਾਂਦੀ ਹੈ ਭਾਵ ਅਸੀਂ ਮਨਮਤਿ ਦੇ ਘਰ ਵਿੱਚੋਂ ਨਿਕਲ ਕੇ ਗੁਰਮਤਿ ਦੇ ਘਰ ਵਿੱਚ ਫਸਦੇ ਜਾਂਦੇ ਹਾਂ ਭਾਵ ਆਪਣੇ ਪਤੀ ਪ੍ਰਮੇਸ਼ਵਰ ਦੇ ਨੇੜੇ ਲੱਗਦੇ ਜਾਂਦੇ ਹਾਂ ਜੋ ਕਿ ਨਿਰਗੁਣ ਰੂਪ ਵਿੱਚ ਹੀ ਵਿਚਰਦਾ ਹੈ। ਉਸ ਪਤੀ ਦੇ ਨਾਲ ਮੇਲ ਤੋਂ ਪਹਿਲੇ ਹਰ ਕੋਈ ਉਸਦੀ ਦੁਹਾਗਣ ਹੀ ਹੈ। ਸਾਡਾ ਸੁਹਾਗ ਗੁਰਮਤਿ ਹੈ ਤੇ ਸਾਡੀ ਮਨਮਤਿ ਦੁਹਾਗਣ ਹੈ।

ਉੱਪਰ ਪੰਗਤੀਆਂ ਰਾਹੀਂ ਸਾਡੀ ਮਨਮਤਿ ਦੀ ਤੁਲਨਾ, ਪਰ ਘਰਿ ਵਿੱਚ ਰਹਿਣ ਦੀ ਤੁਲਨਾ, ਹਉਮੈ ਦੇ ਘਰ ਵਿੱਚ ਰਹਿਣ ਦੀ ਤੁਲਨਾ ਇੱਕ ਵਿਧਵਾ ਦੇ ਨਾਲ ਕੀਤੀ ਹੈ ਜਿਸਦਾ ਆਪਣਾ ਕੋਈ

20/2146

ਪਤੀ ਨਹੀਂ ਹੁੰਦਾ। ਉਹ ਆਪਣੀ ਜਰੂਰਤ ਪੂਰੀ ਕਰਨ ਲਈ ਆਪਣਾ ਤਨ ਕਿਸੇ ਹੋਰ ਦੇ ਹਵਾਲੇ ਕਰਦੀ ਹੈ, ਆਪਣੀ ਤ੍ਰਿਸ਼ਨਾ ਦੀ ਪੂਰਤੀ ਲਈ ਆਪਣੇ ਆਪ ਨੂੰ ਬਿਗਾਨਿਆਂ ਦੇ ਹਵਾਲੇ ਕਰਦੀ ਹੈ। ਇਸੇ ਤਰ੍ਹਾਂ ਮਨਮਤਿ ਵਿੱਚ ਰਹਿੰਦਿਆਂ ਹੋਇਆਂ ਭਾਵ ਗੁਰਮਤਿ ਤੋਂ ਵਿਛੜੇ ਹੋਇਆਂ ਅਸੀਂ ਆਪਣਾ ਚਿੱਤ ਪਰਾਇਆਂ ਦੇ ਹਵਾਲੇ ਕੀਤਾ ਹੋਇਆ ਹੈ। ਜਦ ਤੱਕ ਸਾਡਾ ਆਪਣਾ ਪਤੀ ਨਾਲ ਨਹੀਂ ਹੈ ਤਦ ਤੱਕ ਸਾਡੀ ਤ੍ਰਿਪਤੀ ਨਹੀਂ ਹੋ ਸਕਦੀ ਤੇ ਸਾਨੂੰ ਕਾਮ ਦੀ ਤੇ ਪੈਸੇ ਦੀ ਭੁੱਖ ਸਤਾਉਂਦੀ ਰਹਿੰਦੀ ਹੈ। ਗੁਰੂ ਦੇ ਘਰ ਨੂੰ ਛੱਡ ਕੇ ਸਾਡੀ ਕਦੇ ਤ੍ਰਿਪਤੀ ਨਹੀਂ ਹੋ ਸਕਦੀ ਭਾਵ ਸਾਨੂੰ ਕਦੇ ਆਪਣੇ ਪਤੀ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਦੀ। ਗੁਰੂ ਘਰ ਤੋਂ ਬਿਨ੍ਹਾਂ ਭਾਵ ਗੁਰਮਤਿ ਤੋਂ ਬਿਨ੍ਹਾਂ ਹਰ ਕੋਈ ਸਾਡੇ ਲਈ ਪਰਾਇਆ ਘਰ ਹੈ ਭਾਵੇਂ ਉੱਪਰੋਂ ਦਿਖਣ ਨੂੰ ਕੋਈ ਕਿਤਨਾ ਵੀ ਗੁਰੂ ਘਰ ਵਰਗਾ ਲੱਗੇ। ਜਿੱਥੇ ਗੁਰਮਤਿ ਨਹੀਂ ਉਹ ਗੁਰੂ ਦਾ ਘਰ ਨਹੀਂ ਹੋ ਸਕਦਾ। ਦਿਖਾਵੇ ਦੇ ਘਰ ਬਹੁਤ ਹਨ, ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹੋਏ ਬਹੁਤ ਹਨ ਪਰ ਸਾਡੀ ਅਸਲ ਤ੍ਰਿਪਤੀ ਕਿੱਧਰੋਂ ਵੀ ਨਹੀਂ ਹੋ ਸਕਦੀ। ਜਦ ਤੱਕ ਅਸੀਂ ਗੁਰਮਤਿ ਦੇ ਘਰ ਨਾਲ ਨਹੀਂ ਜੁੜਦੇ ਤਦ ਤੱਕ ਸਾਡਾ ਹਾਲ ਉਸ ਵਿਧਵਾ ਵਾਲਾ ਹੀ ਹੈ ਜਿਸ ਨੇ ਆਪਣੇ ਆਪ ਨੂੰ ਪਰ ਘਰਿ ਵਿੱਚ ਵੇਚਿਆ ਹੋਇਆ ਹੈ। ਪਤਿ ਕੇਵਲ ਸਾਡੀ ਗੁਰੂ ਦੇ ਘਰ ਵਿੱਚ ਹੈ ਜਿੱਥੋਂ ਸਾਨੂੰ ਚੰਗੀ ਮਤਿ ਮਿਲਦੀ ਹੈ, ਨਾਮੁ ਦੀ ਸੋਝੀ ਪੈਂਦੀ ਹੈ। ਦੂਸਰੇ ਘਰ ਸਾਨੂੰ ਉਲਝਾਉਂਦੇ ਹੀ ਹਨ, ਸਾਰੇ ਮਨਮਤਿ ਦੇ ਘਰ ਹੀ ਹਨ, ਪਰ ਘਰ ਹੀ ਹਨ। **(ਜਿਉ ਤਨੁ ਬਿਧਵਾ ਪਰ ਕਉ ਦੇਈ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ॥ ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ॥੬॥)**

{ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ॥ ਨਾਨਕ ਗੁਰਮਤਿ ਸਹਜਿ ਸਮਾਉ॥੪॥੮॥}

(ਅੰਗ ੧੫੩)

ਸਾਡੀ ਮਨਮਤਿ ਨਾ ਨਿਕਲਣ ਦਾ ਭਾਵ ਸਾਡੇ ਅੰਦਰ ਗੁਰਮਤਿ ਨਾ ਵੱਸਣ ਦਾ ਕਾਰਨ ਕੀ ਹੈ, ਪਰ ਘਰਿ ਵਿੱਚੋਂ ਨਾ ਨਿਕਲ ਕੇ ਗੁਰੂ ਦੇ ਘਰ ਵਿੱਚ ਨਾ ਜਾਣ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਹਰ ਕੋਈ ਭਗਤੀ ਕਰਨ ਵਾਲਾ ਇਸੇ ਗੱਲ ਦਾ ਹੀ ਸ਼ਿਕਾਰ ਹੈ।

"ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ॥

ਬੇਦ ਪੁਰਾਣ ਪੜੈ ਸੁਣਿ ਥਾਟਾ॥ ਬਿਨੁ ਰਸ ਰਾਤੇ ਮਨੁ ਬਹੁ ਨਾਟਾ॥੭॥"

20/2147

ਹਰ ਕੋਈ ਭਗਤੀ ਕਰਨ ਵਾਲਾ ਕਿਸੇ ਨਾ ਕਿਸੇ ਧਾਰਮਿਕ ਗ੍ਰੰਥ ਦੀ ਆਸਥਾ ਨਾਲ ਹੀ ਜੁੜਿਆ ਹੁੰਦਾ ਹੈ। ਉੱਪਰ ਪੰਗਤੀਆਂ ਰਾਹੀਂ ਸਾਨੂੰ ਧਰਮ ਗ੍ਰੰਥਾਂ ਦੇ ਨਾਲ ਜੁੜਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਤੱਕ ਹੀ ਰਹਿੰਦੇ ਹਾਂ ਤੇ ਵਾਰ-ਵਾਰ ਪੜ੍ਹਦੇ ਸੁਣਦੇ ਹਾਂ ਭਾਵ ਕੇਵਲ ਪੜ੍ਹਨ ਸੁਣਨ ਵਿੱਚ ਹੀ ਉਨ੍ਹਾਂ ਦਾ ਰਸ ਮਾਨਣਾ ਸਮਝਦੇ ਹਾਂ। "ਥਾਟਾ" ਤੋਂ ਭਾਵ ਹੈ ਅੱਖਰਾਂ ਦੀ ਬਨਾਵਟ ਭਾਵ ਅੱਖਰਾਂ ਦੀ ਲਿਖਤ। ਅਸੀਂ ਅੱਖਰਾਂ ਦੀ ਲਿਖਤ ਨੂੰ ਹੀ ਵਾਰ-ਵਾਰ ਪੜ੍ਹੀ ਜਾਂਦੇ ਹਾਂ ਤੇ ਸੁਣੀ ਜਾਂਦੇ ਹਾਂ। **(ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ॥ ਬੇਦ ਪੁਰਾਣ ਪੜੈ ਸੁਣਿ ਥਾਟਾ॥)**

ਅਸਲ ਰਸ ਉਹ ਹੈ ਜੋ ਸਾਨੂੰ ਅੱਖਰਾਂ ਰਾਹੀਂ ਸੋਝੀ ਪਾਈ ਹੁੰਦੀ ਹੈ। ਇਹ ਰਸ ਅੱਖਰ ਦੇ ਗਿਆਨ ਦਾ ਰਸ ਹੈ, ਅੱਖਰਾਂ ਦੁਆਰਾ ਦਿੱਤੀ ਹੋਈ ਮਤਿ ਦਾ ਰਸ ਹੈ, ਸੱਚ ਦੁਆਰਾ ਵਿਚਰਨ ਦੀ ਸੋਝੀ ਦਾ ਰਸ ਹੈ, ਨਾਮੁ ਰਸ ਹੈ, ਹਰਿ ਰਸ ਹੈ ਜਿਸਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਇਸ ਰਸ ਦਾ ਮਕਸਦ ਸਾਡੇ ਮਨ ਨੂੰ ਟਿਕਾਉਣ ਲਈ ਹੈ ਭਾਵ ਤ੍ਰਿਸ਼ਨਾ ਮੁਕਤ ਕਰਨ ਲਈ ਹੈ, ਮਾਇਆ ਮੋਹ ਵਿੱਚੋਂ ਕੱਢਣ ਲਈ ਹੈ ਜਿਸ ਦੀ ਵਜ੍ਹਾ ਕਰਕੇ ਸਾਡਾ ਮਨ ਨਾਟਾ ਹੈ ਭਾਵ ਚੰਚਲ ਸੁਭਾਅ ਦਾ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਡੀ ਇਸ ਮਨ ਦੀ ਚੰਚਲਤਾ ਨੂੰ ਰੋਕਣ ਦੇ ਨਾਲ ਹੈ, ਤ੍ਰਿਸ਼ਨਾਵਾਂ ਵਿੱਚੋਂ ਕੱਢ ਕੇ ਸੰਤੋਖ ਵਿੱਚ ਲਿਆਉਣ ਦੇ ਨਾਲ ਹੈ ਤਾਂ ਜੋ ਅਸੀਂ ਵਿਕਾਰਾਂ ਵਿੱਚੋਂ ਨਿਕਲ ਸਕੀਏ ਤੇ ਕੇਵਲ ਚੰਗੇ ਕਰਮ ਕਰੀਏ। **(ਬਿਨੁ ਰਸ ਰਾਤੇ ਮਨੁ ਬਹੁ ਨਾਟਾ॥੭॥)** ਕੋਈ ਵੀ ਸੱਚਾ ਧਰਮ ਗ੍ਰੰਥ ਸਾਨੂੰ ਮਾੜੇ ਕਰਮ ਕਰਨ ਲਈ ਨਹੀਂ ਸਮਝਾਉਂਦਾ ਬਲਕਿ ਵਿਕਾਰਾਂ ਵਿੱਚੋਂ ਨਿਕਲ ਕੇ ਚੰਗੇ ਕਰਮ ਕਰਨੇ ਹੀ ਸਿਖਾਉਂਦਾ ਹੈ। ਇਹੀ "ਨਾਮੁ" ਹੈ ਭਾਵ ਸੱਚੀ ਮਤਿ ਹੈ ਜੋ ਸਾਨੂੰ ਵੇਦਾਂ ਤੇ ਸ਼ਾਸਤਰਾਂ ਕੋਲੋਂ ਵੀ ਮਿਲਦੀ ਹੈ, ਕੁਰਾਨ ਰਾਹੀਂ ਵੀ ਮਿਲਦੀ ਹੈ, ਬਾਈਬਲ ਰਾਹੀਂ ਵੀ ਮਿਲਦੀ ਹੈ ਕਿਉਂਕਿ ਸਾਰੇ ਧਰਮ ਗ੍ਰੰਥਾਂ ਦੇ ਅੰਦਰ ਜੋ ਸੱਚੀ ਮਤਿ

ਹੈ ਉਹ ਸਭ ਦੇ ਅੰਦਰ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੀ , ਨਾਮ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਭਾਵ ਬ੍ਰਹਮਗਿਆਨ ਦੇ ਮਾਲਕ ਕਰਤੇ ਦੀ ਆਪਣੀ ਪਾਈ ਹੋਈ ਹੈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਆਪਣੀ ਇਸ ਕੁਦਰਤ ਦੀ ਰਚਨਾ ਕੀਤੀ ਹੈ ਜਿਸ ਉਸਦੀ ਕੁਦਰਤ ਦੁਆਰਾ ਸਾਰੀ ਸ੍ਰਿਸ਼ਟੀ ਚੱਲ ਰਹੀ ਹੈ। ਸਾਡੇ ਜੀਵਨ ਦਾ ਮਕਸਦ ਇਨ੍ਹਾਂ ਵਿੱਚੋਂ ਕਿਸੇ ਵੀ ਸੱਚੇ ਧਰਮ ਗ੍ਰੰਥ ਦੀ ਸੱਚੀ ਮਤਿ ਤੇ ਅਮਲ ਕਰਨ ਦੁਆਰਾ ਪੂਰਾ ਹੋ ਸਕਦਾ ਹੈ ਜੋ ਕਿ ਸੱਚੇ-ਸੁੱਚੇ ਕਰਮ ਕਰਨ ਦਾ ਹੈ, ਪੂਰੀ ਮਨੁੱਖਤਾ ਦੇ ਭਲੇ ਲਈ ਵਿਚਰਨ ਦਾ ਹੈ। {**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥**} ਅੰਗ-1350 {**ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥3॥**} ਅੰਗ-141 {**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥2॥**} ਅੰਗ-464

ਅਸੀਂ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਨੂੰ ਸਮਝਣ ਦੀ ਬਜਾਇ, ਜੋ ਉਸਦੀ ਸੱਚੀ ਭਗਤੀ ਦਾ ਮਾਰਗ ਭਾਵ ਉਸਦਾ ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ, ਪੂਰੀ ਮਨੁੱਖਤਾ ਦੇ ਭਲੇ ਲਈ ਵਿਚਰਨ ਦਾ ਹੈ, ਉਸਨੂੰ ਨਾ ਸਮਝ ਕੇ ਭਾਵ ਭਰਮਾਂ ਵਾਲਿਆਂ ਦੀ ਮਤਿ ਪਿੱਛੇ ਲੱਗ ਕੇ, ਅਸੀਂ ਭਰਮਾਂ ਵਿੱਚ ਪੈ ਕੇ ਅਨੇਕਾਂ ਹੀ ਸਰੀਰਕ ਜਪਾਂ ਤਪਾਂ ਵਿੱਚ ਲੱਗੇ ਹੋਏ ਹਾਂ, ਕਰਮ-ਕਾਂਡਾਂ ਵਿੱਚ ਲੱਗੇ ਹੋਏ ਹਾਂ ਤੇ ਗੁਰਬਾਣੀ ਦਾ ਵੱਡਾ ਮਕਸਦ ਸਾਨੂੰ ਇਨ੍ਹਾਂ ਕਰਮ-ਕਾਂਡਾਂ ਵਿੱਚੋਂ ਕੱਢਣ ਦਾ ਹੀ ਹੈ, ਸਰਗੁਣ ਰੂਪ ਨੂੰ ਉੱਚਾ ਨਾ ਸਮਝਾਉਣ ਦਾ ਹੀ ਹੈ ਭਾਵ ਨਿਰਗੁਣ ਰੂਪ ਦੇ ਨਾਲ ਜੋੜਨ ਦਾ ਹੀ ਹੈ ਜਿਸ ਨਾਲ ਕੇਵਲ ਸੱਚ ਤੇ ਚੱਲ ਕੇ ਜੁੜਿਆ ਜਾ ਸਕਦਾ ਹੈ। ਗੁਰਬਾਣੀ ਦੇ ਪੜ੍ਹਨ ਸੁਣਨ ਵਾਲੇ ਵੀ ਕੇਵਲ ਗੁਰਬਾਣੀ ਨੂੰ ਪੜ੍ਹਨ ਸੁਣਨ ਤੱਕ ਹੀ ਲੱਗੇ ਹੋਏ ਹਨ ਭਾਵ ਕੇਵਲ ਕਥਨੀ ਵਿੱਚ ਹੀ ਭਗਤੀ ਕਰਨਾ ਸਮਝਦੇ ਹਨ ਤੇ ਮਨ ਨੂੰ ਸਮਝਾਉਣ ਦੀ ਚਿੰਤਾ ਨਹੀਂ ਕਰਦੇ ਜਿਸਨੇ ਸਾਨੂੰ ਸੱਚ ਦੇ ਨਾਲ ਜੋੜਨਾ

ਹੈ। ਮਕਸਦ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਔਗੁਣਾਂ ਵਿੱਚੋਂ ਨਿਕਲਣ ਦਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਅੱਖਰਾਂ ਦੀ ਬਨਾਵਟ ਵਿੱਚੋਂ ਨਿਕਲ ਕੇ ਭਾਵ ਅੱਖਰਾਂ ਦੇ ਜਪ ਵਿੱਚੋਂ ਨਿਕਲ ਕੇ ਅੱਖਰ ਦੇ ਰਸ ਨਾਲ ਜੁੜਾਂਗੇ ਭਾਵ ਅੱਖਰ ਦੀ ਸੋਝੀ ਦੇ ਨਾਲ ਜੁੜਾਂਗੇ ਤੇ ਆਪਣੇ ਚੰਚਲ ਮਨ ਨੂੰ ਟਿਕਾਅ ਵਿੱਚ ਲਿਆਵਾਂਗੇ, ਸੰਤੋਖ ਵਿੱਚ ਲਿਆਵਾਂਗੇ।

ਸਾਰੰਗ॥

ੴ ਸਤਿਗੁਰ ਪ੍ਰਸਾਦਿ॥

{ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥੧॥ਰਹਾਉ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥੧॥
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥੨॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥੩॥੧॥੬॥}

(ਅੰਗ ੧੨੫੩)

ਉਪਰਲੇ ਸ਼ਬਦ ਰਾਹੀਂ ਸਾਨੂੰ "ਪੁਰਾਨੁ" ਦੇ ਪੜ੍ਹਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਇਸ ਸ਼ਬਦ ਨੂੰ ਅਸੀਂ ਪਿੱਛੇ ਪਹਿਲੇ ਹੀ ਸਮਝ ਚੁੱਕੇ ਹਾਂ। ਧਰਮ ਗ੍ਰੰਥ ਸਾਡੇ ਪੜ੍ਹਨ ਸੁਣਨ ਲਈ ਹੀ ਬਣੇ ਹਨ ਤੇ ਗੁਰਬਾਣੀ ਸਾਨੂੰ ਕਿਸੇ ਧਰਮ ਗ੍ਰੰਥ ਨੂੰ ਨਾ ਪੜ੍ਹਨ ਜਾਂ ਨਾ ਸੁਣਨ ਲਈ ਨਹੀਂ ਕਹਿੰਦੀ ਬਲਕਿ ਉਸ ਵਿੱਚ ਦਿੱਤੀ ਹੋਈ ਚੰਗੀ ਮਤਿ ਨੂੰ ਅਪਣਾਉਣ ਲਈ ਕਹਿੰਦੀ ਹੈ, ਸੱਚ ਨੂੰ ਅਪਣਾਉਣ ਲਈ ਕਹਿੰਦੀ ਹੈ ਤਾਂ ਜੋ ਅਸੀਂ ਆਪਣੇ ਜੀਵਨ ਨੂੰ ਸੱਚੇ-ਸੁੱਚੇ ਬਣ ਕੇ ਬਤੀਤ ਕਰੀਏ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥}

(ਅੰਗ ੧੨੦)

ਬਿਨ੍ਹਾਂ ਸ਼ਬਦ ਦੀ ਸੋਝੀ ਦੇ ਨਾਲ ਜੁੜੇ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਨਹੀਂ ਹੋ ਸਕਦੀ। ਪ੍ਰਮਾਤਮਾ ਦੀ ਕੀਮਤ ਪਾਉਣ ਦਾ ਤਰੀਕਾ ਭਾਵ ਉਸਦੀ ਕੀਮਤ ਚੁਕਾਉਣ ਦਾ ਤਰੀਕਾ ਕੇਵਲ ਉਸਦੇ ਦੱਸੇ ਹੋਏ ਸੱਚ ਤੇ ਚੱਲਣਾ ਹੀ ਹੈ ਤੇ ਇਸ ਤੋਂ ਬਿਨ੍ਹਾਂ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਉਸ ਦੀ ਕੀਮਤ ਪਾਈ ਜਾ ਸਕਦੀ ਹੈ। ਧਰਮ ਗ੍ਰੰਥਾਂ ਨੂੰ ਪੜ੍ਹੀ-ਸੁਣੀ ਜਾਣ ਨਾਲ ਉਸਦੀ ਕੀਮਤ ਨਹੀਂ ਪੈ ਸਕਦੀ।

ਆਸਾ ਮਹਲਾ ੧॥

{ਲੇਖ ਅਸੰਖ ਲਿਖਿ ਲਿਖਿ ਮਾਨੁ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ॥
ਕਥਨੀ ਬਦਨੀ ਪੜਿ ਪੜਿ ਭਾਰੁ॥ ਲੇਖ ਅਸੰਖ ਅਲੇਖੁ ਅਪਾਰੁ॥੧॥}

(ਅੰਗ ੪੧੨)

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥੪॥}

(ਅੰਗ ੧੦੧੩)

ਆਸਾ ਮਹਲਾ ੧॥

{ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ॥}

(ਅੰਗ ੩੫੧)

20/2149

ਕੇਵਲ ਸ਼ਬਦ ਦੇ ਅੱਖਰਾਂ ਨਾਲ ਜੁੜੇ ਰਹਿਣ ਨਾਲ, ਅੱਖਰਾਂ ਦੀ ਲਿਖਤ ਦੇ ਨਾਲ ਜੁੜੇ ਰਹਿਣ ਨਾਲ ਮਨਮਤਿ ਦੂਰ ਕਿਵੇਂ ਹੋ ਸਕਦੀ ਹੈ ਤੇ ਇਹੀ ਸਾਡਾ ਗੁਰਮਤਿ ਨਾਲੋਂ ਭਾਵ ਗੁਰਮਤਿ ਦੇ ਘਰ ਨਾਲ ਦੂਰੀ ਦਾ ਕਾਰਨ ਹੈ। ਇਹ ਦੂਰੀ ਗੁਰਮਤਿ ਨੂੰ ਮੰਨਣ ਨਾਲ ਹੀ ਮਿਟਣੀ ਹੈ। ਗੱਲ ਗੁਰੂ ਨਾਲ ਪਿਆਰ ਕਿਵੇਂ ਪੈਂਦਾ ਹੈ ਇਹ ਸਮਝਣਾ ਜਰੂਰੀ ਹੈ ਜਿਸਨੂੰ ਗੁਰੂ ਦੀ ਮਤਿ ਨਾਲ ਪਿਆਰ ਹੈ ਉਸੇ ਨੂੰ ਹੀ ਗੁਰੂ ਨਾਲ ਪਿਆਰ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ॥ ਜਿਉ ਮੀਨਾ ਜਲ ਮਾਹਿ ਉਲਾਸਾ॥
ਨਾਨਕ ਹਰਿ ਰਸੁ ਪੀ ਤ੍ਰਿਪਤਾਸਾ॥੮॥੧੧॥"

ਗੱਲ ਉਹੀ ਸਮਝਾਈ ਹੋਈ ਹੈ ਜੋ ਪਿਛਲੇ ਪਦੇ ਦੁਆਰਾ ਸਮਝੀ ਹੈ। ਜਦ ਤੱਕ ਸਾਨੂੰ ਅੱਖਰਾਂ ਦੀ ਬਣਾਵਟ ਦੇ ਨਾਲ ਪ੍ਰੇਮ ਹੈ ਭਾਵ ਅੱਖਰਾਂ ਨੂੰ ਪੜ੍ਹੀ ਜਾਣ ਨਾਲ ਹੀ ਪ੍ਰੇਮ ਹੈ ਤਦ ਤੱਕ ਸਾਡੀ ਤ੍ਰਿਪਤੀ ਨਹੀਂ ਹੋ ਸਕਦੀ ਭਾਵ ਤ੍ਰਿਸ਼ਨਾ ਨਹੀਂ ਮਿਟ ਸਕਦੀ। ਤ੍ਰਿਸ਼ਨਾ ਅੱਖਰਾਂ ਦੀ ਸੋਝੀ ਨੇ ਮਿਟਾਉਣੀ ਹੈ, ਹਰਿ ਰਸੁ ਨੇ ਮਿਟਾਉਣੀ ਹੈ। "ਹਰਿ ਰਸੁ" ਅੱਖਰਾਂ ਦੇ ਅੰਦਰ ਪਾਈ ਹੋਈ ਸੋਝੀ ਹੈ ਜਿਸਨੂੰ ਅਸੀਂ ਪੀਣਾ ਹੈ। ਸਾਡੀ ਪਿਆਸ ਗੁਰਮਤਿ ਨੂੰ ਮੰਨਣ ਦੇ ਨਾਲ ਬੁਝਣੀ ਹੈ, ਸਾਡੇ ਅੰਦਰ ਗੁਰਮਤਿ ਦੀ ਸੋਝੀ ਵੱਸਣ

ਦੇ ਨਾਲ ਬੁਝਣੀ ਹੈ। ਅਸੀਂ ਗੁਰਮਤਿ ਦੀ ਸੋਝੀ ਨਾਲ ਉਹੋ ਜਿਹਾ ਪਿਆਰ ਕਰਨਾ ਹੈ ਜਿਹੋ ਜਿਹਾ ਚਾਤ੍ਰਿਕ ਤੇ ਮਛਲੀ ਨੂੰ ਜਲ ਦੇ ਨਾਲ ਪ੍ਰੇਮ ਹੈ। ਜਿਵੇਂ ਚਾਤ੍ਰਿਕ ਤੇ ਮੱਛੀ ਜਲ ਬਿਨ੍ਹਾਂ ਨਹੀਂ ਰਹਿ ਸਕਦੇ ਜੇਕਰ ਸਾਡੀ ਇਹੋ ਜਿਹੀ ਬਿਰਤੀ ਗੁਰੂ ਦੀ ਮਤਿ ਬਾਰੇ ਹੋ ਜਾਵੇਗੀ ਕਿ ਅਸੀਂ ਇੱਕ ਘੜੀ ਵੀ ਗੁਰਮਤਿ ਬਿਨ੍ਹਾਂ ਨਾ ਰਹਿ ਸਕੀਏ ਫਿਰ ਤਾਂ ਹੀ ਅਸੀਂ ਗੁਰਮਤਿ ਨਾਲ ਜੁੜਾਂਗੇ। **(ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ॥ ਜਿਉ ਮੀਨਾ ਜਲ ਮਾਹਿ ਉਲਾਸਾ॥ ਨਾਨਕ ਹਰਿ ਰਸੁ ਪੀ ਤ੍ਰਿਪਤਾਸਾ॥੮॥੧੧॥)**

ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਸਭ ਦੇ ਅੰਦਰ ਦੁਰਮਤਿ ਦੀ ਅਗਨਿ ਹੈ ਜਿਸਨੇ ਸਭ ਨੂੰ ਸਾੜਿਆ ਹੋਇਆ ਹੈ ਭਾਵ ਜੋ ਸਾਡੇ ਜੀਵਨ ਨੂੰ ਨਸ਼ਟ ਕਰਦੀ ਹੈ ਭਾਵ ਇਹ ਸਾਡੀ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਰੁਕਾਵਟ ਹੈ। ਇਸ ਦੁਰਮਤਿ ਦੀ ਅਗਨਿ ਦੇ ਰਹਿੰਦਿਆਂ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਇਹ ਦੁਰਮਤਿ ਹੀ

ਸਾਡੇ ਅੰਦਰ ਦਾ ਪੁੱਠਾ ਕਮਲ ਹੈ ਭਾਵ ਪੁੱਠੀ ਮਤਿ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਸੱਚ ਕੇਵਲ "ਸਬਦੁ" ਹੈ ਭਾਵ ਸ਼ਬਦ ਦੀ ਵਿਚਾਰ ਹੈ ਜੋ ਗੁਰੂ ਦੇ ਕੋਲ ਹੈ। ਸਾਨੂੰ ਇਸ ਦੁਰਮਤਿ ਦੀ ਅਗਨਿ ਵਿੱਚੋਂ, ਪੁੱਠੇ ਕਮਲ ਦੀ ਅਵੱਸਥਾ ਵਿੱਚੋਂ ਕੇਵਲ ਸ਼ਬਦ ਦਾ ਵਿਚਾਰ ਹੀ ਕੱਢ ਸਕਦਾ ਹੈ ਜੋ ਕਿ ਚੌਥੇ ਪਦ ਵਿੱਚ ਹੈ। ਸਾਡੀ ਦੁਰਮਤਿ ਦੀ ਅਗਨਿ ਨੂੰ ਚੌਥੇ ਪਦ ਦਾ ਵਿਚਾਰ ਹੀ ਸਾੜ ਸਕਦਾ ਹੈ ਭਾਵ ਖ਼ਤਮ ਕਰ ਸਕਦਾ ਹੈ ਤੇ ਸਾਨੂੰ ਸੱਚ ਦੇ ਨਾਲ ਮਿਲਾ ਸਕਦਾ ਹੈ, ਸਾਡੇ ਅੰਦਰ ਦੇ ਕਮਲ ਨੂੰ ਸਿੱਧਾ ਕਰ ਸਕਦਾ ਹੈ ਭਾਵ ਸਾਡੀ ਮਤਿ ਦੇ ਅੰਦਰ ਸੱਚੀ ਸੋਝੀ ਪਾ ਸਕਦਾ ਹੈ। ਸ਼ਬਦ ਦੀ ਵਿਚਾਰ ਗੁਰਮਤਿ ਹੈ ਤੇ ਤ੍ਰੈਗੁਣਾਂ ਦੇ ਵਿੱਚ ਦੁਰਮਤਿ ਹੈ। ਸਾਡੇ ਜੀਵਨ ਦਾ ਮਨੋਰਥ ਤ੍ਰੈ-ਗੁਣਾਂ ਵਿੱਚੋਂ ਨਿਕਲ ਕੇ ਚੌਥੇ ਪਦ ਵਿੱਚ ਰਲਣ ਦਾ ਹੈ ਭਾਵ ਸ਼ਬਦ ਦੇ ਵਿਚਾਰ ਨਾਲ ਇੱਕ ਹੋਣ ਦਾ ਹੈ। **(ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥ ਸੋ ਉਬਰੈ ਗੁਰ ਸਬਦੁ ਬੀਚਾਰੈ॥੨॥)**

ਉਪਰਲੀਆਂ ਪੰਗਤੀਆਂ ਵਿੱਚ "ਪਰਜਾਰੈ" ਤੋਂ ਭਾਵ ਕੀ ਹੈ ਇਹ ਬੜਾ ਸਪੱਸ਼ਟ ਹੈ ਤੇ ਹਰ ਕੋਈ ਸਮਝ ਸਕਦਾ ਹੈ ਕਿ ਇਸ ਤੋਂ ਭਾਵ "ਸਾੜਨ" ਦੇ ਨਾਲ ਹੈ ਕਿ ਇਹ ਦੁਰਮਤਿ ਦੀ ਅਗਨਿ ਸਭ ਨੂੰ ਸਾੜ ਰਹੀ ਹੈ। ਇਹ ਦੁਰਮਤਿ ਦੀ ਅਗਨਿ ਸਾਡੇ ਅੰਦਰ ਆਪਣੀ ਪਾਈ ਹੋਈ ਨਹੀਂ ਹੈ ਜਿਵਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਇਹ ਦੁਰਮਤਿ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ, "ਬ੍ਰਹਮੁ" ਦੀ ਆਪਣੀ ਹੀ ਪਾਈ ਹੋਈ ਹੈ ਤੇ ਇਸ ਅਗਨਿ ਨੂੰ ਕੁੱਝ ਸ਼ਬਦਾਂ ਰਾਹੀਂ "ਬ੍ਰਹਮੁ ਅਗਨਿ" ਵੀ ਕਿਹਾ ਗਿਆ ਹੈ ਜਿਸਨੂੰ ਕਿ ਸਾੜਨ ਦੀ ਲੋੜ ਹੈ, ਪਰਜਾਲਣ ਦੀ ਲੋੜ ਹੈ। ਇਹ ‘‘ਬ੍ਰਹਮ ਅਗਨਿ’’ ਹੀ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਪ੍ਰਮਾਤਮਾ ਦੀ ਆਪਣੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਭਰਮ ਵਿੱਚ ਰੱਖਦੀ ਹੈ, ਚੌਥੇ ਪਦ ਤੋਂ ਦੂਰ ਰੱਖਦੀ ਹੈ।

{ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ॥੪॥੧੨॥}

(ਅੰਗ ੬੦੪)

ਸਾਡੇ ਅੰਦਰ ਇਹ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਸਾਡੀ ਦੁਰਮਤਿ ਵਾਲੀ ਅਵੱਸਥਾ ਹੈ, ਮਨ ਦੇ ਵਿੱਚ ਪੁੱਠੇ ਕਮਲ ਦੀ ਅਵੱਸਥਾ ਹੈ ਜਿਸ ਦੁਆਰਾ ਹਰ ਕੋਈ ਹਉਮੈ ਵਿੱਚ ਹੈ। ਸਾਡੇ ਮਨ ਦੀ ਇਹ ਅਵੱਸਥਾ ਹੀ ਉਹ ਅਗਨਿ ਹੈ ਜੋ ਸਭ ਨੂੰ ਸਾੜ ਰਹੀ ਹੈ, ਮਾਇਆ ਮੋਹ ਦੇ ਨਾਲ, ਤ੍ਰਿਸ਼ਨਾ ਦੇ ਨਾਲ ਸਭ ਨੂੰ ਸਾੜ ਰਹੀ ਹੈ। ਅਸੀਂ ਆਪਣੇ ਆਪ ਨੂੰ ਇਸ ਅਗਨਿ ਤੋਂ ਬਚਾਉਣ

ਲਈ ਇਸ ਅਗਨਿ ਨੂੰ ਅਪਣੇ ਅੰਦਰੋਂ ਸਾੜਨਾ ਹੈ, ਪਰਜਾਲਣਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੇ ਨਾਲ ਭੇਦ ਮਿਟਾ ਸਕੀਏ। ਇਸ ਦੁਰਮਤਿ ਦੀ ਅਗਨਿ ਨੂੰ, ਅਗਿਆਨਤਾ ਦੀ ਅਗਨਿ ਨੂੰ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ, ਬ੍ਰਹਮਗਿਆਨ ਦੁਆਰਾ ਖ਼ਤਮ ਕੀਤਾ ਜਾ ਸਕਦਾ ਹੈ। ਪੂਰੀ ਗੁਰਬਾਣੀ ਸਾਨੂੰ ਇਸ ਮਨਮਤਿ ਦੀ ਅਗਨਿ ਵਿੱਚੋਂ ਪ੍ਰਮਾਤਮਾ ਦੀ ਹੀ ਪਾਈ ਹੋਈ "ਬ੍ਰਹਮੁ ਅਗਨਿ" ਦੇ ਵਿੱਚੋਂ ਨਿਕਲਣ ਦਾ ਸਾਧਨ ਹੀ ਸਮਝਾ ਰਹੀ ਹੈ, ਆਪਣੇ ਬ੍ਰਹਮਗਿਆਨ ਦੀ ਮਤਿ ਦੁਆਰਾ ਭਾਵ ਗੁਰਮਤਿ ਦੁਆਰਾ ਸਮਝਾ ਰਹੀ ਹੈ। ਜਿਸ ਪ੍ਰਮਾਤਮਾ ਨੇ ਸਾਡੇ ਅੰਦਰ "ਬ੍ਰਹਮੁ ਅਗਨਿ" ਪਾਈ ਹੋਈ ਹੈ ਉਸਨੂੰ ਬੁਝਾਉਣ ਦਾ ਤਰੀਕਾ ਵੀ ਉਹ ਆਪ ਹੀ ਆਪਣੀ ਬਾਣੀ ਦੁਆਰਾ ਸਮਝਾ ਰਿਹਾ ਹੈ। ਅਗਿਆਨਤਾ ਨੂੰ ਗਿਆਨ ਨੇ ਹੀ ਦੂਰ ਕਰਨਾ ਹੈ ਤੇ ਉਸ ਗਿਆਨ ਨੇ ਦੂਰ ਕਰਨਾ ਹੈ ਜੋ ਸੱਚਾ ਗਿਆਨ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ। ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਾਨੂੰ ਇਹ "ਬ੍ਰਹਮੁ ਅਗਨਿ" ਸਾੜਨ ਲਈ ਭਾਵ ਖ਼ਤਮ ਕਰਨ ਲਈ ਸਮਝਾਇਆ ਹੋਇਆ ਹੈ ਜੋ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਬਸੰਤੁ ਹਿੰਡੋਲੁ ਘਰੁ ੨
ੴ ਸਤਿਗੁਰ ਪ੍ਰਸਾਦਿ॥

{"ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ॥
ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ॥੧॥
ਕਹੁ ਪੰਡਿਤ ਸੂਚਾ ਕਵਨੁ ਠਾਉ॥ ਜਹਾਂ ਬੈਸਿ ਹਉ ਭੋਜਨੁ ਖਾਉ॥੧॥ਰਹਾਉ॥
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ॥
ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥੨॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ॥
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ॥੩॥
ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥੪॥੧॥੭॥"}

(ਅੰਗ ੧੧੯੫)

ਉੱਪਰ ਪੂਰੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝੋ ਕਿ ਸਭ ਨੂੰ ਜੂਠਾ ਕਿਸ ਲਈ ਕਿਹਾ ਗਿਆ ਹੈ ਭਾਵ ਸਾਡੇ ਅੰਦਰ ਦੀ ਜੂਠ ਕੀ ਹੈ। ਇਹ ਜੂਠ ਸਾਨੂੰ ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥੪॥੧॥੭॥"

ਅਸੀਂ ਸੁੱਚੇ ਜਾਂ ਜੂਠੇ ਮਨ ਦੇ ਵਿੱਚ ਹੀ ਹਾਂ ਭਾਵ ਮਨ ਦੇ ਵਿਚਾਰਾਂ ਰਾਹੀਂ ਹੀ ਹਾਂ। ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਜੂਠੇ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਸੁੱਚੇ ਬਣਦੇ ਹਾਂ। ਸਾਡੇ ਮਨ ਨੂੰ ਸੁੱਚਾ ਸ਼ਬਦ ਦੀ ਵਿਚਾਰ ਹੀ ਬਣਾਉਂਦੀ ਹੈ ਜੋ ਸਾਨੂੰ ਸੱਚੀ ਸੋਝੀ ਪਾਉਂਦੀ ਹੈ, ਸੱਚ ਦੀ ਸੋਝੀ ਪਾਉਂਦੀ ਹੈ। ਜੂਠੇ ਅਸੀਂ ਮਨ ਦੀ ਅਗਿਆਨਤਾ ਕਰਕੇ ਹੀ ਹਾਂ ਜੋ ਅਸਲ ਵਿੱਚ ਸਾਡੇ ਮਨ ਦੀ ਅਗਨਿ ਹੈ। ਇਸ ਅਗਨਿ ਨੇ ਹੀ ਸਭ ਨੂੰ ਸਾੜਿਆ ਹੋਇਆ ਹੈ ਜੋ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। **(ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥੨॥)** ਲੂਠੇ ਤੋਂ ਭਾਵ ਹੈ ਸੜੇ ਹੋਏ। ਅਸੀਂ ਜੋ ਵੀ

ਮਾੜੇ ਕਰਮ ਕਰਦੇ ਹਾਂ ਉਹ ਮਨ ਦੀ ਅਗਿਆਨਤਾ ਕਰਕੇ ਹੀ ਕਰਦੇ ਹਾਂ, ਸਾਡੇ ਅੰਦਰ ਬ੍ਰਹਮਅਗਨਿ ਦੇ ਹੋਣ ਕਰਕੇ ਹੀ ਕਰਦੇ ਹਾਂ। ਜੋ ਆਪਣੇ ਵੱਖਰੇ ਚੌਉਂਕੇ ਬਣਾ ਕੇ ਵੱਖਰਾ ਭੋਜਨ ਬਣਾਉਂਦੇ ਹਨ ਤੇ ਉਸ ਦੁਆਰਾ ਆਪਣੇ ਆਪ ਨੂੰ ਸੁੱਚਾ ਬਣਾਉਣਾ ਸਮਝਦੇ ਹਨ ਉਹ ਕੇਵਲ ਅਗਿਆਨਤਾ ਵਿੱਚ ਹੀ ਇਹ ਸਭ ਕਰਦੇ ਹਨ, ਮਨ ਦੀ ਜੂਠ ਦੁਆਰਾ ਹੀ ਇਹ ਸਭ ਕਰਦੇ ਹਨ। ਇਹ ਸਾਡੇ ਅੰਦਰ ਹਉਮੈ ਦੀ ਜੂਠ ਹੈ ਜੋ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਈ ਹੋਈ ਹੈ ਜਿਸ ਕਰਕੇ ਅਸੀਂ ਸਭ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ। ਮਨ ਦੀ ਅਗਿਆਨਤਾ ਰਾਹੀਂ, ਹਉਮੈ ਰਾਹੀਂ ਭਾਵ ਹਉਮੈ ਦੇ ਪੜਦੇ ਰਾਹੀਂ, ਭਰਮ ਦੇ ਪੜਦੇ ਰਾਹੀਂ ਹਰ ਕੋਈ ਸੰਸਾਰ ਵਿੱਚ ਇਸ ਮਨ ਦੀ ਜੂਠ ਦੁਆਰਾ ਹੀ ਆਉਂਦਾ ਹੈ ਤੇ ਮਨ ਦੀ ਜੂਠ ਦੁਆਰਾ ਹੀ ਸੰਸਾਰ ਤੋਂ ਚਲਾ ਜਾਂਦਾ ਹੈ ਭਾਵ ਸੱਚ ਨੂੰ ਜਾਣੇ ਬਿਨ੍ਹਾਂ ਹੀ ਚਲਾ ਜਾਂਦਾ ਹੈ, ਇਸ ਸੰਸਾਰ ਦੀ ਅਸਲੀਅਤ ਨੂੰ ਜਾਣੇ ਬਿਨ੍ਹਾਂ ਹੀ ਚਲਾ ਜਾਂਦਾ ਹੈ। **(ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ॥੧॥)** ਇਹੀ ਉਹ ਅਭਾਗੀ ਨੀਂਦ ਹੈ, ਮਾਇਆ ਮੋਹ ਦੀ ਨੀਂਦ ਹੈ, ਅਗਿਆਨਤਾ ਦੀ ਨੀਂਦ ਹੈ ਜਿਸ ਵਿੱਚ ਪ੍ਰਮਾਤਮਾ ਨੇ ਸਭ ਨੂੰ ਸਵਾਇਆ ਹੋਇਆ ਹੈ। ਮਨੁੱਖ ਇਸ ਸੰਸਾਰ ਵਿੱਚ ਇਸ ਅਭਾਗੀ ਨੀਂਦ ਵਿੱਚ ਹੀ ਆਉਂਦਾ ਹੈ ਤੇ ਇੱਥੋਂ ਚਲਾ ਜਾਂਦਾ ਹੈ, ਸੁਪਨੇ ਵਿੱਚ ਹੀ ਆਉਂਦਾ ਹੈ ਤੇ ਸੁਪਨੇ ਵਿੱਚ ਹੀ ਚਲਾ ਜਾਂਦਾ ਹੈ। ਉਹ ਸੁਭਾਗੜੀ ਨੀਂਦ ਦੀ ਪ੍ਰਾਪਤੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ ਜਿਸ ਦੁਆਰਾ ਉਸ ਸੱਚ ਦੇ ਦਰਸ਼ਨ ਹੁੰਦੇ ਹਨ ਤੇ ਸੱਚ ਦੀ ਸੋਝੀ ਪੈਂਦੀ ਹੈ।

{ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥}

(ਅੰਗ ੫੫੯)

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥੮॥੧॥}

(ਅੰਗ ੧੩੦੮)

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਸਾਡੇ ਅੰਦਰ ਬ੍ਰਹਮ ਅਗਨੀ ਦੇ ਸੜਨ ਨਾਲ ਭਾਵ ਖ਼ਤਮ ਹੋਣ ਨਾਲ ਹੀ ਹੁੰਦਾ ਹੈ ਕਿਉਂਕਿ ਇਹ ਬ੍ਰਹਮ ਅਗਨੀ ਹੀ ਸਾਡੀ ਪ੍ਰਮਾਤਮਾ ਨਾਲ ਮੇਲ ਵਿੱਚ ਰੁਕਾਵਟ ਹੈ। ਜੋ

ਉਸ ਪ੍ਰਮਾਤਮਾ ਦੇ ਜੋਗੀ ਹੁੰਦੇ ਹਨ ਭਾਵ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੁੰਦਾ ਹੈ ਉਨ੍ਹਾਂ ਦੀ ਬ੍ਰਹਮ ਅਗਨੀ ਸੜੀ ਹੁੰਦੀ ਹੈ। ਪ੍ਰਮਾਤਮਾ ਦੇ ਜੋਗੀ ਦੇ ਲੱਛਣ ਕਿਹੋ ਜਿਹੇ ਹੁੰਦੇ ਹਨ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਮਹਲਾ ੧॥

"ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥ ਰੋਗੁ ਨ ਬਿਆਪੈ ਨਾ ਜਮ ਦੋਖੰ॥
ਮੁਕਤ ਭਏ ਪ੍ਰਭ ਰੂਪ ਨ ਰੇਖੰ॥੧॥
ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥੧॥ਰਹਾਉ॥
ਨਿਰਭਉ ਜੋਗੀ ਨਿਰੰਜਨੁ ਧਿਆਵੈ॥ ਅਨਦਿਨੁ ਜਾਗੈ ਸਚਿ ਲਿਵ ਲਾਵੈ॥ ਸੋ ਜੋਗੀ ਮੇਰੈ ਮਨਿ ਭਾਵੈ॥੨॥
ਕਾਲੁ ਜਾਲੁ ਬ੍ਰਹਮ ਅਗਨੀ ਜਾਰੇ॥ ਜਰਾ ਮਰਣ ਗਤੁ ਗਰਬੁ ਨਿਵਾਰੇ॥
ਆਪਿ ਤਰੈ ਪਿਤਰੀ ਨਿਸਤਾਰੇ॥੩॥
ਸਤਿਗੁਰੁ ਸੇਵੇ ਸੋ ਜੋਗੀ ਹੋਇ॥ ਭੈ ਰਚਿ ਰਹੈ ਸੁ ਨਿਰਭਉ ਹੋਇ॥ ਜੈਸਾ ਸੇਵੈ ਤੈਸੋ ਹੋਇ॥੪॥
ਨਰ ਨਿਹਕੇਵਲ ਨਿਰਭਉ ਨਾਉ॥ ਅਨਾਥਹ ਨਾਥ ਕਰੇ ਬਲਿ ਜਾਉ॥
ਪੁਨਰਪਿ ਜਨਮੁ ਨਾਹੀ ਗੁਣ ਗਾਉ॥੫॥
ਅੰਤਰਿ ਬਾਹਰਿ ਏਕੋ ਜਾਣੈ॥ ਗੁਰ ਕੈ ਸਬਦੇ ਆਪੁ ਪਛਾਣੈ॥ ਸਾਚੈ ਸਬਦਿ ਦਰਿ ਨੀਸਾਣੈ॥੬॥
ਸਬਦਿ ਮਰੈ ਤਿਸੁ ਨਿਜ ਘਰਿ ਵਾਸਾ॥ ਆਵੈ ਨ ਜਾਵੈ ਚੂਕੈ ਆਸਾ॥
ਗੁਰ ਕੈ ਸਬਦਿ ਕਮਲੁ ਪਰਗਾਸਾ॥੭॥
ਜੋ ਦੀਸੈ ਸੋ ਆਸ ਨਿਰਾਸਾ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ॥
ਨਾਨਕ ਬਿਰਲੇ ਮਿਲਹਿ ਉਦਾਸਾ॥੮॥੭॥"

(ਅੰਗ ੨੨੩)

ਪ੍ਰਮਾਤਮਾ ਦਾ ਜੋਗੀ ਕੋਈ ਆਪਣੇ ਆਪ ਨਹੀਂ ਬਣ ਸਕਦਾ। ਅਸੀਂ ਕੇਵਲ ਉੱਦਮ ਕਰਨਾ ਹੈ ਭਾਵ ਆਪਣੇ ਅੰਦਰ ਉਹੋ ਜਿਹੇ ਗੁਣ ਲਿਆਉਣ ਦਾ ਉੱਦਮ ਕਰਨਾ ਹੈ ਜਿਹੋ ਜਿਹੇ ਗੁਣ ਸਾਨੂੰ ਜੋਗੀ ਦੇ ਸਮਝਾਏ ਹੋਏ ਹਨ। ਪ੍ਰਮਾਤਮਾ ਆਪਣੇ ਗੁਣਾਂ ਤੇ ਪੂਰਨ ਉਸੇ ਨੂੰ ਹੀ ਕਰਦਾ ਹੈ ਜਿਸਨੂੰ ਆਪਣੀ ਪੂਰਨ ਮਤਿ ਦੇ ਕੇ ਸੱਚੀ ਸੋਝੀ ਪਾਉਂਦਾ ਹੈ। ਜਿਸਨੂੰ ਪ੍ਰਮਾਤਮਾ ਖਿਮਾ ਬਖ਼ਸ਼ਦਾ ਹੈ, ਮੁਆਫੀ ਬਖ਼ਸ਼ਦਾ ਹੈ ਭਾਵ ਇਸ ਸੰਸਾਰਿਕ ਆਵਾਗਉਣ ਤੋਂ ਮੁਆਫੀ ਬਖ਼ਸ਼ਦਾ ਹੈ ਉਸਨੂੰ ਆਪਣੇ ਮੇਲ ਦੁਆਰਾ ਹੀ ਬਖ਼ਸ਼ਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਵੀ ਜਾਣਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਸੋਝੀ ਦੁਆਰਾ ਹੀ ਹੁੰਦਾ ਹੈ। ਪ੍ਰਮਾਤਮਾ ਦੀ ਖਿਮਾ ਸਾਨੂੰ ਅਸਲ ਵਿੱਚ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਛੁਟਕਾਰਾ ਹੋਣ ਨਾਲ ਹੀ ਮਿਲਦੀ ਹੈ, ਅਗਿਆਨਤਾ ਤੋਂ, ਭਰਮ ਤੋਂ, ਬ੍ਰਹਮ ਅਗਨਿ ਤੋਂ ਛੁਟਕਾਰਾ ਹੋਣ ਨਾਲ ਮਿਲਦੀ ਹੈ। ਜਿਸਨੂੰ ਪ੍ਰਮਾਤਮਾ ਆਪਣੀ ਖਿਮਾ ਬਖ਼ਸ਼ਦਾ ਹੈ ਉਹੀ ਉਸਦਾ ਜੋਗੀ ਬਣਦਾ ਹੈ ਤੇ ਉਸ ਦੇ ਇਹੋ ਜਿਹੇ ਜੋਗੀ ਦੇ ਲੱਛਣ ਹੀ ਉੱਪਰ ਸ਼ਬਦ ਦੁਆਰਾ ਸਮਝਾਏ ਹੋਏ ਹਨ।

"ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥ ਰੋਗੁ ਨ ਬਿਆਪੈ ਨਾ ਜਮ ਦੋਖੰ॥ ਮੁਕਤ ਭਏ ਪ੍ਰਭ ਰੂਪ ਨ ਰੇਖੰ॥੧॥"

ਜਿਸਨੂੰ ਪ੍ਰਮਾਤਮਾ ਆਪਣੀ ਖਿਮਾ ਬਖਸ਼ਦਾ ਹੈ ਉਸ ਮਨੁੱਖ ਦਾ ਸੁਭਾਓ ਹੀ ਬਦਲਦਾ ਹੈ, ਮਨ ਦੀ ਬਿਰਤੀ ਹੀ ਬਦਲਦੀ ਹੈ। ਇਹੋ ਜਿਹੇ ਮਨੁੱਖ ਦਾ "ਬ੍ਰਤੁ" ਕੀ ਹੁੰਦਾ ਹੈ ਭਾਵ ਉਸਦਾ ਨਿਤ-ਨਿਯਮ ਕੀ ਹੁੰਦਾ ਹੈ ਭਾਵ ਉਸਦਾ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਕੀ ਹੁੰਦਾ ਹੈ ਉਹ ਉਸਦੇ ਅੰਦਰ ਦਾ ਸੀਲ ਤੇ ਸੰਤੋਖ ਹੈ। ਇਹੋ ਜਿਹਾ ਮਨੁੱਖ ਸਹਿਣਸ਼ੀਲਤਾ ਵਿੱਚ ਆ ਜਾਂਦਾ ਹੈ, ਮਨ ਤ੍ਰਿਸ਼ਨਾ ਮੁਕਤ ਹੋ ਕੇ ਸੰਤੋਖ

ਵਿੱਚ ਆ ਜਾਂਦਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਮਨੁੱਖ ਮਾਇਆ ਦੇ ਮੋਹ ਵਿੱਚੋਂ ਨਿਕਲ ਕੇ ਸੱਚੇ ਸੁੱਚੇ ਕਰਮ ਕਰਦਾ ਹੈ ਜੋ ਕਿ ਪ੍ਰਮਾਤਮਾ ਦੀ ਅਸਲ ਭਗਤੀ ਦਾ ਤਰੀਕਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਸੰਤੋਖ ਨਾਲ ਹੀ ਹੁੰਦੀ ਹੈ, ਉਸਦੀ ਪੂਜਾ, ਬ੍ਰਤੁ ਮਨ ਦੇ ਸੰਤੋਖ ਦੁਆਰਾ ਹੀ ਹੁੰਦੀ ਹੈ ਜਿਸ ਦਾ ਮੂਲ ਮਨ ਦੇ ਵਿੱਚ ਸੱਚ ਦਾ ਵੱਸਣਾ ਹੈ, ਸੱਚੀ ਸੋਝੀ ਦਾ ਵੱਸਣਾ ਹੈ ਜੋ ਉਸ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ, ਉਸਦੇ ਕੋਲੋਂ ਖਿਮਾ ਮਿਲਣ ਦੇ ਦੁਆਰਾ ਹੀ ਹੁੰਦਾ ਹੈ। **(ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥)**

{ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥
ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ॥ ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ॥}

(ਅੰਗ ੯੩੭)

ਪ੍ਰਮਾਤਮਾ ਦੇ ਕੋਲੋਂ ਸਾਨੂੰ ਖਿਮਾ ਦੇ ਰੂਪ ਵਿੱਚ ਉਸਦਾ "ਸਚੁ" ਹੀ ਮਿਲਦਾ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਹੀ ਮਿਲਦਾ ਹੈ ਜਿਸ ਦੁਆਰਾ ਸਾਡੇ ਅੰਦਰ ਸੰਤੋਖ ਆਉਂਦਾ ਹੈ। ਪ੍ਰਮਾਤਮਾ ਦੀ ਖਿਮਾ ਲੈਣ ਲਈ ਸਾਡਾ ਮਾਰਗ ਵੀ "ਸਚੁ" ਦੇ ਚੱਲਣ ਦਾ ਹੀ ਹੈ। ਸਚੁ ਤੇ ਚੱਲਣ ਦੁਆਰਾ ਹੀ ਸਾਨੂੰ ਪੂਰਨ "ਸਚੁ" ਦੀ ਪ੍ਰਾਪਤੀ ਹੁੰਦੀ ਹੈ ਤੇ ਇਸੇ ਪੂਰਨ ਸਚੁ ਦੇ ਵਿੱਚ ਆਪ ਪ੍ਰਮਾਤਮਾ ਹੈ ਜਿਸਦੇ ਮੇਲ ਦੇ ਨਾਲ ਸਾਨੂੰ ਖਿਮਾ ਮਿਲਦੀ ਹੈ। ਜਦ ਤੱਕ ਅਸੀਂ ਸਚੁ ਤੇ ਚੱਲਣ ਵਿੱਚ ਸੁੱਖ ਮਹਿਸੂਸ ਨਹੀਂ ਕਰਦੇ ਭਾਵ ਜਦ ਤੱਕ ਸਾਨੂੰ ਮਾਇਆ ਮੋਹ ਤੋਂ ਨਿਰਲੇਪ ਰਹਿਣ ਵਿੱਚ, ਗੁਰਮਤਿ ਤੇ ਚੱਲਣ ਵਿੱਚ ਸੁੱਖ ਮਹਿਸੂਸ ਨਹੀਂ ਹੁੰਦਾ, ਚੰਗਾ ਨਹੀਂ ਲੱਗਦਾ ਤਦ ਤੱਕ ਅਸੀਂ ਖਿਮਾ ਲੈਣ ਦੇ ਵੱਲ ਨਹੀਂ ਤੁਰਦੇ। ਪ੍ਰਮਾਤਮਾ ਦੀ ਭਗਤੀ ਉਸਦੀ ਸੇਵਾ ਮਨ ਦੇ ਸੰਤੋਖ ਦੁਆਰਾ ਹੀ ਹੁੰਦੀ ਹੈ, ਮਾਇਆ ਮੋਹ ਤੋਂ ਨਿਰਲੇਪ ਹੋ ਕੇ ਹੀ ਹੁੰਦੀ ਹੈ, ਸਾਡੀ ਚੰਗੀ ਤੇ ਸੱਚੀ-ਸੁੱਚੀ ਕਿਰਤ ਦੁਆਰਾ ਹੀ ਹੁੰਦੀ ਹੈ। ਉਸਦੇ ਜੋਗੀ ਦੇ ਲੱਛਣ ਉਸਦੇ ਵਿੱਚ ਹੀ ਹੁੰਦੇ ਹਨ ਜੋ ਮਨ ਦੇ ਸੰਤੋਖ ਦੁਆਰਾ ਸੱਚੀ-ਸੁੱਚੀ ਕਿਰਤ ਹੀ ਕਰਦੇ ਹਨ, ਕੇਵਲ ਤੇ ਕੇਵਲ ਸਚੁ ਤੇ ਹੀ ਚੱਲਦੇ ਹਨ ਭਾਵ ਕੇਵਲ ਗੁਰਮਤਿ ਅਨੁਸਾਰ ਹੀ ਚੱਲਦੇ ਹਨ।

ਪਉੜੀ॥

{ਸੇਵ ਕੀਤੀ ਸੰਤੋਖੀਣੀ ਜਿਨ੍ੀ ਸਚੋ ਸਚੁ ਧਿਆਇਆ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥}

(ਅੰਗ 466-467)

20/2155

ਜਿਸਨੂੰ ਪ੍ਰਮਾਤਮਾ ਦੇ ਕੋਲੋਂ ਉਸਦੀ ਖਿਮਾ ਦੇ ਰੂਪ ਵਿੱਚ ਮਨ ਦਾ ਸੰਤੋਖ ਮਿਲ ਜਾਂਦਾ ਹੈ, ਸਚੁ ਮਿਲ ਜਾਂਦਾ ਹੈ ਉਸਦੇ ਮਨ ਦਾ ਰੋਗ ਮਿਟ ਜਾਂਦਾ ਹੈ। ਇਸ ਮਨ ਨੂੰ ਤ੍ਰਿਸ਼ਨਾ ਦਾ ਰੋਗ ਹੈ, ਅਗਿਆਨਤਾ ਦਾ ਰੋਗ ਹੈ ਜਿਸ ਕਰਕੇ ਮਨੁੱਖ ਔਗੁਣਾਂ ਵਿੱਚ ਫਸਦਾ ਹੈ। ਇਹ ਮਨ ਦੇ ਔਗੁਣ ਹੀ ਸਾਡੇ ਜਮ ਹਨ ਜੋ ਸਾਨੂੰ ਸਜਾਵਾਂ ਵਿੱਚ ਪਾਉਂਦੇ ਹਨ। ਉਸਦਾ ਜੋਗੀ ਮਨ ਦੇ ਇਸ ਰੋਗ ਤੋਂ ਮੁਕਤ ਹੁੰਦਾ ਹੈ। **(ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥ ਰੋਗੁ ਨ ਬਿਆਪੈ ਨਾ ਜਮ ਦੋਖੰ॥)**

ਸਾਡਾ ਰੋਗ ਵੀ ਮਨ ਦੇ ਵਿੱਚ ਹੈ ਤੇ ਇਸ ਤੋਂ ਮੁਕਤੀ ਵੀ ਮਨ ਦੇ ਵਿੱਚ ਹੀ ਹੈ। ਇਹ ਰੋਗ ਵੀ ਨਿਰਗੁਣ ਰੂਪ ਵਿੱਚ ਹੈ ਤੇ ਇਸ ਤੋਂ ਮੁਕਤੀ ਵੀ ਨਿਰਗੁਣ ਰੂਪ ਵਿੱਚ ਹੈ। ਇਸ ਰੋਗ ਤੋਂ ਸਾਨੂੰ ਪ੍ਰਮਾਤਮਾ ਆਪ ਹੀ ਮੁਕਤ ਕਰਦਾ ਹੈ ਜੋ ਸਾਡੇ ਮਨ ਦੇ ਵਿੱਚ ਨਿਰਗੁਣ ਰੂਪ ਵਿੱਚ ਹੀ ਵਿਚਰਦਾ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਮਨ ਦੇ ਵਿੱਚੋਂ ਇਸ ਮੁਕਤੀ ਦੀ ਪ੍ਰਾਪਤੀ ਦੇ ਨਾਲ ਹੀ ਸਾਨੂੰ ਸਮਝ ਲੱਗਦੀ ਹੈ ਭਾਵ ਉਸਦੇ ਜੋਗੀ ਨੂੰ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ, ਕੋਈ ਆਕਾਰ ਰੂਪ ਨਹੀਂ ਹੈ, ਉਹ ਆਪ ਸਰਗੁਣ ਰੂਪ ਨਹੀਂ ਹੈ ਬਲਕਿ ਹਰ ਸਰਗੁਣ ਸਰੂਪ ਦਾ ਮਾਲਕ ਹੈ, ਇੱਕੋ ਇੱਕ ਆਪ ਹੀ ਮਾਲਕ ਹੈ ਜੋ ਸਭ ਦੇ ਅੰਦਰ ਆਪਣੇ ਨਿਰਗੁਣ ਰੂਪ ਵਿੱਚ ਹੈ ਭਾਵ ਗਿਆਨ ਰੂਪ ਵਿੱਚ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੁੰਦਾ। ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਸਭ ਦੇ ਅੰਦਰ ਹੈ। **(ਮੁਕਤ ਭਏ ਪ੍ਰਭ ਰੂਪ ਨ ਰੇਖੰ॥੧॥)**

{ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ॥ ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥੨॥

ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥ ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ॥੩॥}

(ਅੰਗ ੮੧੬)

ਮੌਤ ਦਾ ਡਰ ਸਭ ਦੇ ਅੰਦਰ ਹੁੰਦਾ ਹੈ ਪਰ ਉਸ ਦੇ ਜੋਗੀ ਦਾ ਭਾਵ ਜੋ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਇਸ ਡਰ ਤੋਂ ਮੁਕਤ ਹੋ ਜਾਂਦਾ ਹੈ। ਉਸਦਾ ਜੋਗੀ ਲੇਖੇ ਤੋਂ ਮੁਕਤ ਹੁੰਦਾ ਹੈ ਤੇ ਜਿਸ ਨੂੰ ਅਸੀਂ ਲੇਖਾ ਦੇਣਾ ਹੈ ਉਸਦੀ ਪ੍ਰਾਪਤੀ ਉਸਨੂੰ ਮਨ ਦੇ ਵਿੱਚੋਂ ਹੀ ਹੋ ਜਾਂਦੀ ਹੈ ਤੇ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਜਗ੍ਹਾ ਤੇ ਹਰ ਰੂਪ

20/2156

ਵਿੱਚ ਪ੍ਰਮਾਤਮਾ ਆਪ ਹੀ ਹੈ। ਉਸਨੂੰ ਸਮਝ ਲੱਗ ਜਾਂਦੀ ਹੈ ਕਿ ਸਾਡਾ ਜੀਵਨ ਪੂਰੀ ਤਰ੍ਹਾਂ ਪ੍ਰਮਾਤਮਾ ਦੇ ਹੱਥ ਵਿੱਚ ਹੈ ਤੇ ਜਦ ਤੱਕ ਉਸਨੇ ਸੰਸਾਰ ਵਿੱਚ ਰੱਖਣਾ ਹੈ ਇਹ ਕੇਵਲ ਉਸ ਦੀ ਆਪਣੀ ਰਜ਼ਾ ਹੈ ਇਸ ਲਈ ਉਹ ਭਾਵੇਂ ਜੰਗਲਾਂ ਵਿੱਚ ਰਹੇ ਤੇ ਭਾਵੇਂ ਘਰ ਵਿੱਚ ਰਹੇ ਭਾਵ ਜਿੱਥੇ ਮਰਜੀ ਰਹੇ ਉਸਨੂੰ ਕੋਈ ਫਰਕ ਨਹੀਂ ਪੈਂਦਾ। ਉਸਨੂੰ ਪਤਾ ਹੁੰਦਾ ਹੈ ਕਿ ਇਹ ਜੀਵਨ ਮੇਰੇ ਵਸ ਨਹੀਂ ਹੈ। ਜਿਸਨੂੰ ਉਸਨੇ ਬਚਾ ਕੇ ਰੱਖਣਾ ਹੈ ਉਸਨੂੰ ਜੰਗਲਾਂ ਵਿੱਚ ਹੀ ਬਚਾ ਲੈਣਾ ਹੈ ਤੇ ਜੇਕਰ ਨਹੀਂ ਬਚਾਉਣਾ ਤਾਂ ਫਿਰ ਘਰ ਦੇ ਵਿੱਚ ਵੀ ਕੋਈ ਨਹੀਂ ਬਚਾ ਸਕਦਾ। ਉਸਦਾ ਜੋਗੀ ਇਸ ਗੱਲ ਨੂੰ ਸਮਝ ਜਾਂਦਾ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਦੇ ਲਈ ਕਿਸੇ ਵਿਸ਼ੇਸ਼ ਸਥਾਨ ਦੀ ਲੋੜ ਨਹੀਂ ਹੈ। **(ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥੧॥ਰਹਾਉ॥)** ਆਮ ਕਰਕੇ ਜੋਗੀਆਂ ਦੀ ਮਤਿ ਅਨੁਸਾਰ ਇਸ ਗੱਲ ਦਾ ਵੀ ਡਰ ਹੈ ਕਿ ਪ੍ਰਮਾਤਮਾ ਘਰ ਵਿੱਚ ਰਹਿੰਦੇ ਹੋਏ ਨਹੀਂ ਮਿਲਦਾ ਤੇ ਬਾਹਰ ਜੰਗਲਾਂ ਆਦਿ ਵਿੱਚ ਜਾਣ ਦੇ ਨਾਲ ਮਿਲਦਾ ਹੈ। ਉਨ੍ਹਾਂ ਦਾ ਇਹ ਡਰ ਵੀ ਨਾਲ ਹੀ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਸਭ ਜਗ੍ਹਾ ਇੱਕੋ ਜਿਹਾ ਹੀ ਹੈ ਭਾਵ ਘਰ ਛੱਡਣ ਦੀ ਲੋੜ ਨਹੀਂ ਹੈ।

ਉਸਦਾ ਜੋਗੀ ਬਣਨ ਲਈ ਕੇਵਲ ਸਚੁ ਦੇ ਨਾਲ ਲਿਵ ਜੋੜਨ ਦੀ ਲੋੜ ਹੈ ਨਾ ਕਿ ਕਿਸੇ ਵਿਸ਼ੇਸ਼ ਸਥਾਨ ਤੇ ਜਾਣ ਦੀ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਨਿਰਭਉ ਜੋਗੀ ਨਿਰੰਜਨੁ ਧਿਆਵੈ॥ ਅਨਦਿਨੁ ਜਾਗੈ ਸਚਿ ਲਿਵ ਲਾਵੈ॥ ਸੋ ਜੋਗੀ ਮੇਰੈ ਮਨਿ ਭਾਵੈ॥੨॥"

ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਜੋਗੀ ਪੂਰੀ ਤਰ੍ਹਾਂ ਭਉ ਰਹਿਤ ਹੁੰਦਾ ਹੈ, ਹਰ ਭਉ ਤੋਂ ਰਹਿਤ ਹੁੰਦਾ ਹੈ। ਸਚੁ ਤੇ ਚੱਲਣ ਦਾ ਭਉ ਸਭ ਦੇ ਅੰਦਰ ਹੈ ਭਾਵ ਨਾਮ ਅਨੁਸਾਰ ਵਿਚਰਨ ਦਾ, ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਭਉ ਸਭ ਦੇ ਅੰਦਰ ਹੈ ਤੇ ਇਸ ਭਉ ਨੂੰ ਕਬੂਲ ਕਰਨਾ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਪ੍ਰਮਾਤਮਾ ਨੂੰ ਉਹੀ ਧਿਆਉਂਦਾ ਹੈ ਜੋ ਭਉ ਰਹਿਤ ਹੋ ਜਾਂਦਾ ਹੈ। **(ਨਿਰਭਉ ਜੋਗੀ ਨਿਰੰਜਨੁ ਧਿਆਵੈ॥)**

ਉਸਦੇ ਇਹੋ ਜਿਹੇ ਜੋਗੀ ਦੀ ਮਤਿ ਸਦਾ ਜਾਗਦੀ ਹੈ ਭਾਵ ਗੁਰਮਤਿ ਦੁਆਰਾ ਜਾਗਦੀ ਰਹਿੰਦੀ ਹੈ। ਇਹ ਉਹੋ ਜਿਹਾ ਜਾਗਣਾ ਹੈ

20/2157

ਜਿਹੋ ਜਿਹਾ ਜਾਗਣਾ ਅਸੀਂ ਪਿੱਛੇ ਸਮਝਦੇ ਆਏ ਹਾਂ। ਸਾਡੀ ਮਤਿ ਜਦੋਂ ਗੁਰਮਤਿ ਵਿੱਚ ਜਾਗ ਜਾਂਦੀ ਹੈ ਤਾਂ ਹੀ ਸਾਡੀ "ਸਚੁ" ਦੇ ਨਾਲ ਲਿਵ ਜੁੜਦੀ ਹੈ। ਗੁਰਮਤਿ ਸਾਨੂੰ ਸੱਚ ਦੇ ਨਾਲ ਹੀ ਜੋੜਦੀ ਹੈ, ਸੱਚੇ ਵਿਚਾਰਾਂ ਦੇ ਨਾਲ ਹੀ ਜੋੜਦੀ ਹੈ। ਪ੍ਰਮਾਤਮਾ ਦੇ ਜੋਗੀ ਇਹੋ ਜਿਹੀ ਲਿਵ ਜੋੜਦੇ ਹਨ ਜੋ ਕਿ ਕੇਵਲ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਜੁੜਦੀ ਹੈ। **(ਅਨਦਿਨੁ ਜਾਗੈ ਸਚਿ ਲਿਵ ਲਾਵੈ॥)**

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ॥
ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥
ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥੧॥ਰਹਾਉ ਦੂਜਾ॥}

(ਅੰਗ ੯੨)

ਉਸ ਪ੍ਰਮਾਤਮਾ ਦਾ ਜੋਗੀ ਹਰ ਵੇਲੇ ਅੱਠੇ ਪਹਿਰ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਜਾਗਦਾ ਹੈ। ਉਪਰਲੇ ਸ਼ਬਦਾਂ ਰਾਹੀਂ ਮਨ ਦਾ ਜਾਗਣਾ ਹੀ ਸਮਝਾਇਆ ਹੋਇਆ ਹੈ, ਸੱਚ ਦੇ ਨਾਲ ਲਿਵ ਜੁੜਨੀ ਹੀ ਸਮਝਾਈ ਹੋਈ ਹੈ, ਨਾਮ ਦੇ ਨਾਲ ਜੁੜਨਾ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਇਹੋ ਜਿਹੇ ਜੋਗੀ ਚੰਗੇ ਲੱਗਦੇ ਹਨ, ਭਾਉਂਦੇ ਹਨ ਜੋ ਸੱਚ ਨਾਲ ਪਿਆਰ ਕਰਦੇ ਹਨ। **(ਨਿਰਭਉ ਜੋਗੀ ਨਿਰੰਜਨੁ ਧਿਆਵੈ॥ ਅਨਦਿਨੁ ਜਾਗੈ ਸਚਿ ਲਿਵ ਲਾਵੈ॥ਸੋ ਜੋਗੀ ਮੇਰੈ ਮਨਿ ਭਾਵੈ॥੨॥)**

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੮)

ਜੋ ਉਸਦਾ ਜੋਗੀ ਹੈ ਉਸਦੀ ਫਿਰ ਬ੍ਰਹਮ ਅਗਨੀ ਸੜ ਜਾਂਦੀ ਹੈ

20/2158

ਭਾਵ ਫਿਰ ਖ਼ਤਮ ਹੋ ਜਾਂਦੀ ਹੈ। ਸੱਚ ਨਾਲ ਲਿਵ ਜੁੜਨ ਤੋਂ ਬਾਅਦ ਹੀ ਮਨੁੱਖ ਇਸ ਬ੍ਰਹਮ ਅਗਨੀ ਤੋਂ ਮੁਕਤ ਹੁੰਦਾ ਹੈ, ਪ੍ਰਮਾਤਮਾ ਦੀ ਆਪਣੀ ਪਾਈ ਹੋਈ ਅਗਨੀ ਤੋਂ ਪ੍ਰਮਾਤਮਾ ਆਪ ਹੀ ਮੁਕਤ ਕਰਦਾ ਹੈ, ਆਪਣੀ ਪਾਈ ਹੋਈ ਅਗਿਆਨਤਾ ਤੋਂ, ਤ੍ਰਿਸ਼ਨਾ ਤੋਂ ਆਪ ਹੀ ਮੁਕਤ ਕਰਦਾ ਹੈ। ਆਪਣੀ ਪਾਈ ਹੋਈ ਹਉਮੈ ਦੀ ਅਗਨੀ ਤੋਂ ਆਪ ਹੀ ਕੱਢਦਾ ਹੈ। **(ਕਾਲੁ ਜਾਲੁ ਬ੍ਰਹਮ ਅਗਨੀ ਜਾਰੇ॥ ਜਰਾ ਮਰਣ ਗਤੁ ਗਰਬੁ ਨਿਵਾਰੇ॥)** "ਕਾਲੁ ਜਾਲੁ" ਸਾਡੇ ਅੰਦਰ ਪ੍ਰਮਾਤਮਾ ਦਾ ਪਾਇਆ ਹੋਇਆ ਮਾਇਆ ਦਾ ਮੋਹ ਜਾਲ ਹੈ ਜਿਸ ਕਰਕੇ ਹਰ ਕੋਈ ਕਾਲੁ ਦੇ ਵੱਸ ਵਿੱਚ ਹੈ, ਆਵਾਗਉਣ ਦੇ ਵੱਸ ਹੈ। ਇਹ "ਕਾਲੁ ਜਾਲੁ" ਹੀ ਅਸਲ ਵਿੱਚ ਸਾਡੇ ਅੰਦਰ ਦੀ ਬ੍ਰਹਮ ਅਗਨੀ ਹੈ ਜਿਸ ਦਾ ਮੂਲ ਮਨ ਦੀ ਅਗਿਆਨਤਾ ਹੈ, ਭਰਮ ਹੈ, ਦੁਬਿਧਾ ਹੈ, ਸਹਸਾ ਹੈ। ਇਸ ਮਾਇਆ ਮੋਹ ਤੋਂ ਤਰਨਾ ਹੀ ਇਸ ਜੀਵਨ ਤੋਂ ਤਰਨਾ ਹੈ ਭਾਵ ਮੁਕਤ ਹੋਣਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਕੇ ਕਿਸੇ ਨੂੰ ਆਪਣਾ ਜੋਗੀ ਬਣਾਉਂਦਾ ਹੈ ਭਾਵ ਆਪਣੇ ਦਰਸ਼ਨ ਦੇ ਕੇ ਉਸਨੂੰ ਤਾਰਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਜਾਣਦਾ ਹੈ। **(ਆਪਿ ਤਰੈ ਪਿਤਰੀ ਨਿਸਤਾਰੇ॥੩॥)**

ਸ਼ਬਦ ਦੇ ਅਗਲੇ ਪਦਿਆਂ ਰਾਹੀਂ ਵੀ ਪ੍ਰਮਾਤਮਾ ਨੇ ਜੋਗੀ ਦੇ ਲੱਛਣ ਹੀ ਸਮਝਾਏ ਹੋਏ ਹਨ ਜਿੰਨ੍ਹਾਂ ਨੂੰ ਹੁਣ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ। ਸਾਡਾ ਨਿੱਜ ਘਰ ਦੇ ਵਿੱਚ ਵਾਸਾ ਕੀ ਹੈ, ਆਪਣੇ ਆਪ ਨੂੰ ਪਹਿਚਾਨਣਾ ਕੀ ਹੈ, ਉਸਦੇ ਦਰ ਦਾ ਨਿਸ਼ਾਨ ਲੱਗਣਾ ਕੀ ਹੈ, ਸਾਡੇ ਅੰਦਰ ਕਮਲ ਦਾ ਪ੍ਰਕਾਸ਼ ਹੋਣਾ ਕੀ ਹੈ ਇਨ੍ਹਾਂ ਗੱਲਾਂ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ ਤੇ ਇਹ ਸਭ ਉਸਦੇ ਜੋਗੀ ਦੇ ਲੱਛਣ ਹੀ ਹਨ।

ਸਾਰੀ ਗੱਲ ਆਪਣੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋਣ ਦੀ ਹੈ, ਤ੍ਰਿਸ਼ਨਾਵਾਂ ਦੀ ਅਗਨੀ ਤੋਂ ਮੁਕਤ ਹੋਣ ਦੀ ਹੈ ਤੇ ਇਨ੍ਹਾਂ ਤੋਂ ਮੁਕਤੀ ਪਾਉਣਾ ਹੀ ਉਸਦਾ ਜੋਗੀ ਬਣਨਾ ਹੈ ਜਿਵੇਂ ਕਿ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਜੋ ਦੀਸੈ ਸੋ ਆਸ ਨਿਰਾਸਾ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ॥
ਨਾਨਕ ਬਿਰਲੇ ਮਿਲਹਿ ਉਦਾਸਾ॥੮॥੭॥"

ਪ੍ਰਮਾਤਮਾ ਨੇ ਸਭ ਦੇ ਅੰਦਰ ਤਿਸ਼੍ਨਾਵਾਂ ਦੀ ਅਗਨੀ ਪਾਈ ਹੋਈ ਹੈ।

20/2159

ਹਰ ਕੋਈ ਆਪਣੀ ਆਸ ਦੀ ਪੂਰਤੀ ਕਰਨਾ ਚਾਹੁੰਦਾ ਹੈ। ਕਿਸੇ ਦੇ ਅੰਦਰ ਕੋਈ ਆਸ ਹੈ, ਕਿਸੇ ਦੇ ਅੰਦਰ ਕੋਈ ਆਸ ਹੈ ਤੇ ਕਿਸੇ ਦੇ ਅੰਦਰ ਕੋਈ ਆਸ ਹੈ। ਆਪਣੀ ਆਸਾਵਾਂ ਦੀ ਪੂਰਤੀ ਨਾ ਹੋਣ ਨਾਲ ਅਸੀਂ ਨਿਰਾਸ਼ ਹੁੰਦੇ ਹਾਂ। **(ਜੋ ਦੀਸੈ ਸੋ ਆਸ ਨਿਰਾਸਾ॥)** ਆਪਣੀਆਂ ਇਹ ਆਸਾਂ ਪੂਰੀਆਂ ਕਰਨ ਲਈ, ਆਪਣੀ ਨਿਰਾਸ਼ਾ ਦੂਰ ਕਰਨ ਲਈ ਭਾਵ ਆਪਣੀ ਆਸਾ ਦਾ ਸੁੱਖ ਪ੍ਰਾਪਤ ਕਰਨ ਲਈ ਅਸੀਂ ਅਨੇਕਾਂ ਹੀ ਔਗੁਣਾਂ ਦਾ ਆਸਰਾ ਲੈਂਦੇ ਹਾਂ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਡੀ ਤ੍ਰਿਸ਼ਨਾ ਦੀ ਪੂਰਤੀ, ਆਸਾਵਾਂ ਦੀ ਪੂਰਤੀ ਵਿੱਚ ਹੀ ਸਹਾਇਕ ਹੁੰਦੇ ਹਨ ਜਿੰਨ੍ਹਾਂ ਦਾ ਆਸਰਾ ਲੈ ਕੇ ਅਸੀਂ ਆਪਣੀ ਆਸ ਪੂਰੀ ਕਰਦੇ ਹਾਂ। ਸਾਡੇ ਮਨ ਦੀ ਇਹੋ ਜਿਹੀ ਆਸਾ ਹੀ ਸਾਨੂੰ ਸੱਚ ਤੋਂ ਦੂਰ ਕਰਦੀ ਹੈ, ਗੁਰੂ ਦੀ ਮਤਿ ਤੋਂ ਦੂਰ ਕਰਦੀ ਹੈ, ਗੁਰੂ ਪ੍ਰਮਾਤਮਾ ਤੋਂ ਦੂਰ ਕਰਦੀ ਹੈ। ਸਾਡੀ ਤ੍ਰਿਸ਼ਨਾਵਾਂ ਦੀ ਭੁੱਖ ਪਿਆਸ ਹੀ ਸਾਨੂੰ ਔਗੁਣਾਂ ਦੇ ਜ਼ਹਿਰ ਨਾਲ ਜੋੜਦੀ ਹੈ ਭਾਵ ਆਪਣੀਆਂ ਆਸਾਵਾਂ ਪੂਰੀਆਂ ਕਰਨ ਲਈ, ਆਪਣੀਆਂ ਆਸਾਵਾਂ ਦੀ ਭੁੱਖ ਮਿਟਾਉਣ ਲਈ ਔਗੁਣ ਰੂਪ ਜ਼ਹਿਰ ਨੂੰ ਪੀਂਦੇ ਹਾਂ। **(ਜੋ ਦੀਸੈ ਸੋ ਆਸ ਨਿਰਾਸਾ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ॥)**

ਆਸਾਵਾਂ ਦੇ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਮਾਇਆ ਮੋਹ ਤੋਂ ਉਦਾਸ ਹੋਣਾ ਬਹੁਤ ਔਖਾ ਹੈ। ਇਹੋ ਜਿਹੀ ਮਾਇਆ ਤੋਂ ਉਦਾਸੀ ਦਾ ਜੀਵਨ, ਕਿਸੇ ਵੀ ਤ੍ਰਿਸ਼ਨਾ ਤੋਂ ਮੁਕਤ ਹੋਣ ਦਾ ਜੀਵਨ, ਮਾਣ-ਅਭਿਮਾਨ ਦੀ ਤ੍ਰਿਸ਼ਨਾ ਤੋਂ ਮੁਕਤ ਹੋਣ ਦਾ ਜੀਵਨ ਜਿਸ ਵਿੱਚ ਧਰਮ ਦੇ ਮਾਰਗ ਉੱਤੇ ਵੱਡਾ ਅਖਵਾਉਣ ਦੀ ਤ੍ਰਿਸ਼ਨਾ ਵੀ ਸ਼ਾਮਿਲ ਹੈ, ਮਾਣ ਲੈਣਾ ਸ਼ਾਮਿਲ ਹੈ, ਕਿਸੇ ਵਿਰਲੇ ਨੂੰ ਹੀ ਮਿਲਦਾ ਹੈ। ਆਪਣੇ ਜੋਗੀ ਨੂੰ ਪ੍ਰਮਾਤਮਾ ਇਹੋ ਜਿਹਾ ਜੀਵਨ ਬਖ਼ਸ਼ਦਾ ਹੈ। ਉਸਦੀ ਬਖਸ਼ਿਸ਼ ਮਨ ਦੀ ਸੋਝੀ ਦੁਆਰਾ ਹੀ ਹੁੰਦੀ ਹੈ ਤੇ ਇਹ ਸੋਝੀ ਉਹ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਤੇ ਆਪਣੀ ਸੋਝੀ ਅਨੁਸਾਰ ਆਪ ਹੀ ਉਸ ਤੇ ਚਲਾਉਂਦਾ ਹੈ। **(ਨਾਨਕ ਬਿਰਲੇ ਮਿਲਹਿ ਉਦਾਸਾ॥੮॥੭॥)**

ਬ੍ਰਹਮ ਦੀ ਅਗਨਿ ਭਾਵ ਦੁਰਮਤਿ ਦੀ ਅਗਨਿ ਪ੍ਰਮਾਤਮਾ ਨੇ ਸਭ ਵਿੱਚ ਇੱਕੋ ਜਿਹੇ ਤਰੀਕੇ ਨਾਲ ਹੀ ਪਾਈ ਹੋਈ ਹੈ, ਇੱਕੋ ਜਿਹੀ ਜੁਗਤਿ ਨਾਲ ਹੀ ਪਾਈ ਹੋਈ ਹੈ ਜੋ ਸਾਨੂੰ ਮਾਇਆ ਮੋਹ

ਵਿੱਚ ਫਸਾਉਂਦੀ ਹੈ। ਸਭ ਦਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਸਾਡੇ ਅੰਦਰ ਦੀ ਇਹ ਬ੍ਰਹਮ ਅਗਨਿ ਹੀ ਹੈ ਤੇ ਸਭ ਲਈ ਇੱਕੋ ਇੱਕ ਮਾਰਗ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਵੀ ਇੱਕੋ ਹੀ ਹੈ, ਇਸ ਬ੍ਰਹਮ ਅਗਨਿ ਤੋਂ ਛੁਟਕਾਰਾ ਪਾਉਣਾ ਹੀ ਹੈ। ਆਓ ਇਹੀ ਗੱਲ ਹੇਠ ਦਿੱਤੇ ਦੋ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਨੂੰ ਇਕੱਠਾ ਵਿਚਾਰ ਕੇ ਸਮਝੀਏ। ਪਹਿਲੀਆਂ ਪੰਗਤੀਆਂ ਵਿੱਚ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲ ਹਨ ਜਿੰਨ੍ਹਾਂ ਰਾਹੀਂ ਉਨ੍ਹਾਂ ਨੇ ਮੁਸਲਮਾਨ ਵੀਰਾਂ ਨੂੰ ਪ੍ਰਮਾਤਮਾ ਨੂੰ ਪਾਉਣ ਦੀ ਤਰੀਕਾ ਸਮਝਾਇਆ ਹੈ ਤੇ ਦੂਸਰੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲ ਹਨ ਜਿਸ ਰਾਹੀਂ ਉਹੀ ਗੱਲ ਹਿੰਦੂ ਵੀਰਾਂ ਨੂੰ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ।

"ਕਾਜੀ ਸੋ ਜੁ ਕਾਇਆ ਬੀਚਾਰੈ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ॥
ਸੁਪਨੈ ਬਿੰਦੁ ਨ ਦੇਈ ਝਰਨਾ॥ ਤਿਸੁ ਕਾਜੀ ਕਉ ਜਰਾ ਨ ਮਰਨਾ॥੨॥"

(ਅੰਗ ੧੧੬੦)

ਮਃ ੧॥

ਸੋ ਪਾਖੰਡੀ ਜਿ ਕਾਇਆ ਪਖਾਲੇ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ॥
ਸੁਪਨੈ ਬਿੰਦੁ ਨ ਦੇਈ ਝਰਣਾ॥ ਤਿਸੁ ਪਾਖੰਡੀ ਜਰਾ ਨ ਮਰਣਾ॥
ਬੋਲੈ ਚਰਪਟੁ ਸਤਿ ਸਰੂਪੁ॥ ਪਰਮ ਤੰਤ ਮਹਿ ਰੇਖ ਨ ਰੂਪੁ॥੫॥

(ਅੰਗ ੯੫੨)

ਪ੍ਰਮਾਤਮਾ ਨੂੰ ਪਾਉਣ ਦੀ ਸਾਰੀ ਗੱਲ ਸਾਡੇ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ ਜੋ ਕਿ ਸਭ ਲਈ ਇੱਕੋ ਜਿਹੀ ਹੈ। ਇਹ "ਬ੍ਰਹਮ ਅਗਨਿ" ਸਾਡੇ ਮਨ ਦੇ ਵਿਚਾਰਾਂ ਵਿੱਚ ਹੈ ਜਿਸ ਕਰਕੇ ਸਾਡੇ ਮਨ ਦੇ ਵਿਚਾਰ ਮਾੜੇ ਬਣਦੇ ਹਨ ਭਾਵ ਸਾਨੂੰ ਤ੍ਰਿਸ਼ਨਾ

ਦੀ ਅਗਨਿ ਵਿੱਚ ਪਾਉਂਦੇ ਹਨ। ਸਾਡੇ ਸਭ ਲਈ ਭਾਵ ਸਾਰੇ ਸੰਸਾਰ ਲਈ ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਮਾਰਗ ਤ੍ਰਿਸ਼ਨਾ ਤੋਂ ਮੁਕਤਿ ਹੋਣ ਦਾ ਹੀ ਹੈ, ਹਰ ਇੱਕ ਲਈ ਤ੍ਰਿਸ਼ਨਾ ਤੋਂ ਮੁਕਤਿ ਹੋਣ ਦਾ ਹੀ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਦੀ ਤ੍ਰਿਸ਼ਨਾ ਵੀ ਸਾਡੇ ਅੰਦਰ ਦੀ ਬ੍ਰਹਮ ਅਗਨਿ ਹੀ ਹੈ ਤੇ ਇਸੇ ਲਈ ਉੱਪਰ ਸ਼ਬਦਾਂ ਵਿੱਚ ਉਨ੍ਹਾਂ ਨੂੰ ਸੰਬੋਧਨ ਕੀਤਾ ਹੋਇਆ ਹੈ ਜੋ ਧਰਮ

20/2161

ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ, ਆਪਣੇ ਆਪ ਨੂੰ ਖੁਦਾ ਦੇ, ਪ੍ਰਮਾਤਮਾ ਦੇ, ਮਾਰਗ ਤੇ ਚੱਲਣ ਵਾਲਾ ਸਮਝਦੇ ਹਨ। ਭਾਵੇਂ ਉਹ "ਕਾਜੀ" ਹੈ ਤੇ ਭਾਵੇਂ ਉਹ "ਪਾਖੰਡੀ" ਮਤਿ ਵਾਲਾ ਹੈ ਉਹ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਹੀ ਦੱਸਦੇ ਹਨ। "ਪਾਖੰਡੀ" ਮਤਿ ਇੱਕ ਹਿੰਦੂ ਸਮਾਜ ਦੀ ਮਤਿ ਹੈ ਜੋ ਪ੍ਰਮਾਤਮਾ ਨੂੰ ਆਪਣੇ ਤਰੀਕੇ ਨਾਲ ਪਾਉਣ ਦੀ ਗੱਲ ਕਰਦੇ ਹਨ ਤੇ ਕਾਜੀ ਆਪਣੇ ਆਪ ਨੂੰ ਮੁਸਲਿਮ ਮਤਿ ਦੁਆਰਾ ਉੱਚਾ ਸਮਝਦੇ ਹਨ। ਦੋਨਾਂ ਨੂੰ ਇੱਕੋ ਜਿਹੀ ਗੱਲ ਸਮਝਾਈ ਹੈ ਕਿ ਉਹ ਆਪਣੇ ਅੰਦਰ ਦੀ ਬ੍ਰਹਮ ਅਗਨਿ ਨੂੰ ਸਾੜਨ ਭਾਵ ਖ਼ਤਮ ਕਰਨ। "ਪਰਜਾਰੈ" ਜਾਂ "ਪਰਜਾਲੈ" ਇਨ੍ਹਾਂ ਦੋਨਾਂ ਗੱਲਾਂ ਤੋਂ ਭਾਵ ਇੱਕੋ ਹੀ ਹੈ ਭਾਵ ਇਸ ਅਗਨਿ ਨੂੰ ਖ਼ਤਮ ਕਰਨ ਲਈ ਹੀ ਹੈ। "ਪਰਜਾਰੈ" ਤੋਂ ਭਾਵ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ।

{ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥ ਸੋ ਉਬਰੈ ਗੁਰ ਸਬਦੁ ਬੀਚਾਰੈ॥੨॥}

(ਅੰਗ ੨੨੫)

ਜਿਸ ਪ੍ਰਮਾਤਮਾ ਨੇ ਸਾਡੇ ਸਭ ਦੇ ਅੰਦਰ ਇਹ ਕਾਇਆ ਦੀ ਅਗਨਿ ਪਾਈ ਹੋਈ ਹੈ, ਮਨ ਦੀ ਅਗਨਿ ਪਾਈ ਹੋਈ ਹੈ ਇਸਨੂੰ ਖ਼ਤਮ ਵੀ ਉਹ ਆਪ ਹੀ ਕਰਦਾ ਹੈ ਤੇ ਅਸੀਂ ਕੇਵਲ ਇਸ ਨੂੰ ਖ਼ਤਮ ਕਰਨ ਦਾ ਉੱਦਮ ਹੀ ਕਰਨਾ ਹੈ। ਜਿਸਨੂੰ ਪ੍ਰਮਾਤਮਾ ਧਰਮ ਦੇ ਮਾਰਗ ਤੇ ਉੱਚਾ ਕਰਦਾ ਹੈ ਭਾਵੇਂ ਕੋਈ ਕਿਸੇ ਵੀ ਧਾਰਮਿਕ ਆਸਥਾ ਵਾਲਾ ਹੈ ਉਸ ਦੇ ਮਨ ਨੂੰ ਸ਼ੁੱਧ ਹੀ ਕਰਦਾ ਹੈ ਭਾਵ ਤ੍ਰਿਸ਼ਨਾ ਦੀ ਅਗਨਿ ਤੋਂ, ਮਨ ਦੀ ਅਗਿਆਨਤਾ ਦੀ ਅਗਨਿ ਤੋਂ, ਦੁਰਮਤਿ ਦੀ ਅਗਨਿ ਤੋਂ ਮੁਕਤਿ ਹੀ ਕਰਦਾ ਹੈ। ਪ੍ਰਮਾਤਮਾ ਜਿਸ ਤੇ ਵੀ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ, ਔਗੁਣਾਂ ਤੋਂ ਮੁਕਤ ਹੀ ਕਰਦਾ ਹੈ।

(ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ॥)

(ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ॥)

ਜਿਸ ਨੂੰ ਪ੍ਰਮਾਤਮਾ ਇਸ ਅਗਨਿ ਤੋਂ ਮੁਕਤ ਕਰਦਾ ਹੈ ਉਹ ਫਿਰ ਸੁਪਨੇ ਦੇ ਵਿੱਚ ਵੀ ਵਿਕਾਰ ਨਹੀਂ ਕਰ ਸਕਦਾ ਭਾਵ ਪ੍ਰਮਾਤਮਾ ਉਸ ਨੂੰ ਪੂਰੀ ਤਰ੍ਹਾਂ ਔਗੁਣਾਂ ਤੋਂ ਮੁਕਤ ਕਰਦਾ ਹੈ। ਮਨ ਦੀ ਇਸ ਮੁਕਤੀ ਦੁਆਰਾ ਹੀ ਉਹ ਮਨੁੱਖ ਨੂੰ ਜਨਮ ਮਰਨ ਤੋਂ ਮੁਕਤ ਕਰਦਾ ਹੈ, ਆਵਾਗਉਣ ਤੋਂ ਮੁਕਤ ਕਰਦਾ ਹੈ। ਸਾਰੇ ਸੰਸਾਰ ਲਈ ਪ੍ਰਮਾਤਮਾ ਦਾ ਆਵਾਗਉਣ ਤੋਂ ਮੁਕਤ ਕਰਨ ਦਾ ਇਹੀ

20/2162

ਤਰੀਕਾ ਹੈ ਜੋ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ। ਉਸਦੀ ਇਸ ਕ੍ਰਿਪਾ ਦੀ ਪ੍ਰਾਪਤੀ ਲਈ ਸਾਨੂੰ ਕੇਵਲ ਸੱਚ ਦੇ ਨਾਲ ਜੁੜਨ ਦੀ ਲੋੜ ਹੈ, ਸੱਚ ਨੂੰ ਅਪਣਾਉਣ ਦੀ ਲੋੜ ਹੈ ਨਾ ਕਿ ਕਿਸੇ ਸਰੀਰਕ ਜਪ ਤਪ ਆਦਿ ਦੀ ਲੋੜ ਹੈ। ਸੱਚ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। (**ਸੁਪਨੈ ਬਿੰਦੁ ਨ ਦੇਈ ਝਰਣਾ॥ ਤਿਸੁ ਪਾਖੰਡੀ ਜਰਾ ਨ ਮਰਣਾ॥**)

ਜੋ ਗੱਲ ਧੰਨ ਧੰਨ ਭਗਤ ਕਬੀਰ ਜੀ ਨੇ ਮੁਸਲਿਮ ਸਮਾਜ ਨੂੰ ਸਮਝਾਈ ਹੈ, ਸੱਚਾ ਮੁਸਲਮਾਨ ਬਣਨ ਲਈ ਸਮਝਾਈ ਹੈ ਉਹੀ ਗੱਲ ਧੰਨ ਧੰਨ ਬਾਬਾ ਨਾਨਕ ਜੀ ਨੇ ਹਿੰਦੂ ਸਮਾਜ ਨੂੰ ਇੱਕ ਸੱਚਾ ਹਿੰਦੂ ਬਣਨ ਲਈ ਸਮਝਾਈ ਕਿਉਂਕਿ ਦੋਨੋਂ ਪ੍ਰਮਾਤਮਾ ਦੇ ਨਾਲ ਇੱਕ ਹੀ ਹਨ ਉਨ੍ਹਾਂ ਦੇ ਗਿਆਨ ਦਾ ਸ੍ਰੋਤ ਇੱਕੋ ਹੀ ਹੈ। ਸੱਚਾ ਗੁਰੂ ਸਾਨੂੰ ਸੋਝੀ ਪਾਉਣ ਵਾਲਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਜੋ ਸੋਝੀ ਮੁਸਲਿਮ ਸਮਾਜ ਨੂੰ ਜਾਂ ਹਿੰਦੂ ਸਮਾਜ ਨੂੰ ਪਾਈ ਹੈ ਭਾਵ ਇੱਕ ਚੰਗਾ ਇਨਸਾਨ ਬਣਨ ਲਈ ਪਾਈ

ਹੈ ਉਹੀ ਸੋਝੀ ਸਿੱਖ ਜਗਤ ਤੇ ਅਤੇ ਹੋਰ ਸਾਰੇ ਸੰਸਾਰ ਤੇ ਲਾਗੂ ਹੁੰਦੀ ਹੈ ਕਿਉਂਕਿ ਗੁਰਬਾਣੀ ਸਾਰੇ ਜਗਤ ਲਈ ਇੱਕੋ ਜਿਹੀ ਹੀ ਹੈ। ਤ੍ਰਿਸ਼ਨਾ ਦੀ ਅਗਨਿ ਸਾਰੇ ਜਗਤ ਲਈ ਇੱਕੋ ਜਿਹੀ ਹੀ ਹੈ ਉਸਦੇ ਵਿੱਚੋਂ ਨਿਕਲਕੇ ਪ੍ਰਮਾਤਮਾ ਨੂੰ ਪਾਉਣ ਦਾ ਸਾਧਨ ਵੀ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਜਪਣਾ ਹੀ ਸਿਖਾ ਰਹੀ ਹੈ ਜੋ ਕਿ ਮਾੜੇ ਕਰਮਾਂ ਵਿੱਚੋਂ ਨਿਕਲਕੇ ਚੰਗੇ ਕਰਮਾਂ ਨਾਲ ਜੁੜਨ ਦਾ ਹੈ, ਮਾੜੇ ਇਨਸਾਨ ਨਾ ਬਣਕੇ ਚੰਗੇ ਇਨਸਾਨ ਬਨਣ ਦਾ ਹੈ। ਅਸੀਂ ਉੱਪਰ ਇਸ ਗੱਲ ਨੂੰ ਸਮਝਿਆ ਹੈ ਕਿ ਬ੍ਰਹਮ ਅਗਨਿ ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ ਜਿਸਦੇ ਵਿੱਚੋਂ ਪ੍ਰਮਾਤਮਾ ਸਾਨੂੰ ਆਪਣਾ ਸੱਚਾ ਗਿਆਨ ਦੇ ਕੇ ਕੱਢਦਾ ਹੈ, ਸਹਜ ਗਿਆਨ ਦੇ ਕੇ ਕੱਢਦਾ ਹੈ ਭਾਵ ਚੌਥੇ ਪਦ ਦਾ ਗਿਆਨ ਬਖਸ਼ਕੇ ਇਸ ਅਗਨਿ ਵਿੱਚੋਂ ਕੱਢਦਾ ਹੈ, ਤ੍ਰੈ ਗੁਣਾਂ ਵਿੱਚੋਂ ਕੱਢਦਾ ਹੈ। ਆਓ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ

20/2163

ਪੁਰਖ ਦੇ ਇਸ ਸ਼ਬਦ ਦੁਆਰਾ ਸਮਝੀਏ।

"ਕਿਉ ਲੀਜੈ ਗਢੁ ਬੰਕਾ ਭਾਈ॥
ਦੋਵਰ ਕੋਟ ਅਰੁ ਤੇਵਰ ਖਾਈ॥੧॥ਰਹਾਉ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥੧॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ॥੬॥੯॥੧੭॥"

(ਅੰਗ ੧੧੬੧)

ਉੱਪਰ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੀ ਸਮਝਾਇਆ ਹੋਇਆਂ ਹੈ, ਪ੍ਰਮਾਤਮਾ ਨੂੰ ਪਾਉਣ ਦਾ, ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਕਿ ਉਹ ਕਿਤਨਾ ਔਖਾ ਹੈ। ਪ੍ਰਮਾਤਮਾ ਨੂੰ ਪਾਉਣ ਵਿੱਚ ਸਾਡੀ ਰੁਕਾਵਟ ਕੀ ਹੈ ਇਸੇ ਗੱਲ ਦਾ ਬਿਆਨ ਕੀਤਾ ਹੋਇਆ ਹੈ।

"ਗਢੁ ਬੰਕਾ" ਇਸ ਮਨ ਨੂੰ ਕਿਹਾ ਹੈ ਜਿਸ ਵਿੱਚ ਪ੍ਰਮਾਤਮਾ ਆਪ ਵੱਸਦਾ ਹੈ। ਇਸ ਮਨ ਨੂੰ ਜਿੱਤਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਕਿ ਬਹੁਤ ਔਖਾ ਹੈ। ਇਹ ਉਸ ਤਰ੍ਹਾਂ ਔਖਾ ਦੱਸਿਆ ਹੈ ਜਿਵੇਂ ਕਿ ਕਿਸੇ ਰਾਜੇ ਦੇ ਕਿਲੇ ਨੂੰ ਜਿੱਤਣਾ ਔਖਾ ਹੁੰਦਾ ਹੈ। "ਦੋਵਰ ਕੋਟ" ਤੋਂ ਭਾਵ ਹੈ ਸਾਡੇ ਮਨ ਦੀ ਦੁਚਿੱਤੀ ਜੋ ਸਾਨੂੰ ਪ੍ਰਮਾਤਮਾ ਨਾਲ ਇੱਕ ਮਨ ਇੱਕ ਚਿੱਤ ਨਹੀਂ ਹੋਣ ਦਿੰਦੀ ਤੇ ਸਾਨੂੰ ਵੱਖਰੀਆਂ-ਵੱਖਰੀਆਂ ਸੋਚਾਂ ਵਿੱਚ ਉਲਝਾਈ ਰੱਖਦੀ ਹੈ। "ਤੇਵਰ ਖਾਈ" ਤੋਂ ਭਾਵ ਹੈ ਸਾਡੇ ਮਨ ਦੇ ਤ੍ਰੈਗੁਣਾਂ ਵਾਲੀ ਅਵੱਸਥਾ, ਮਾਇਆ ਮੋਹ ਦੀ ਅਵੱਸਥਾ, ਅਗਿਆਨਤਾ ਦੀ ਅਵੱਸਥਾ ਜਿਸ ਦੇ ਰਹਿੰਦਿਆਂ ਮਨੁੱਖ ਸਦਾ ਹੀ ਭਰਮ ਵਿੱਚ ਰਹਿੰਦਾ ਹੈ। ਇਹੀ ਅਸਲ ਵਿੱਚ ਸਾਡੇ ਅੰਦਰ ਦੀ ਬ੍ਰਹਮੁ ਅਗਨਿ ਹੈ ਜਿਸ ਦਾ ਸ਼ਬਦ ਵਿੱਚ ਅੱਗੇ ਚੱਲ ਕੇ ਜ਼ਿਕਰ ਕੀਤਾ ਹੋਇਆ ਹੈ।

ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ ਜਿੱਥੋਂ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। **(ਕਿਉ ਲੀਜੈ ਗਢੁ ਬੰਕਾ ਭਾਈ॥ ਦੋਵਰ ਕੋਟ ਅਰੁ ਤੇਵਰ ਖਾਈ॥੧॥ਰਹਾਉ॥)**

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਇਨ੍ਹਾਂ ਮਨ ਦੇ ਵਿਚਾਰਾਂ ਤੋਂ ਪਾਰ ਪਾਉਣਾ ਸਾਡੇ ਵੱਸ ਨਹੀਂ ਹੈ ਕਿਉਂਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸ ਨੇ ਆਪ ਹੀ ਸਾਨੂੰ ਦੁਚਿੱਤੀ ਵਿੱਚ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥

ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥੧॥"

ਸਾਡੇ ਅੰਦਰ ਦੁਚਿੱਤੀ ਦਾ, ਤ੍ਰੈਗੁਣਾਂ ਵਾਲੀ ਅਵੱਸਥਾ ਦਾ ਭਰਮ ਰੂਪ

20/2164

ਤਾਲਾ ਪ੍ਰਮਾਤਮਾ ਦਾ ਆਪਣਾ ਹੀ ਲਗਾਇਆ ਹੋਇਆ ਹੈ, ਸਭ ਦੇ ਅੰਦਰ ਲਗਾਇਆ ਹੋਇਆ ਹੈ ਜਿਸਨੂੰ ਆਪਣੇ ਆਪ ਕੋਈ ਵੀ ਨਹੀਂ ਸਮਝ ਸਕਦਾ। ਇਹ ਮਾਇਆ ਮੋਹ ਦਾ ਤਾਲਾ ਹੈ ਜੋ ਕਿ ਪ੍ਰਮਾਤਮਾ ਨੇ ਬਹੁਤ ਹੀ ਮਜ਼ਬੂਤ ਬਣਾਇਆ ਹੋਇਆ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਮਾਇਆ ਮੋਹ ਨੂੰ ਬਹੁਤ ਮਿੱਠਾ ਬਣਾਇਆ ਹੋਇਆ ਹੈ ਜੋ ਸਭ ਨੂੰ ਲੁਭਾਉਂਦੀ ਹੈ। ਮਨ ਦੇ ਵਿਚਾਰਾਂ ਦੇ ਵਿੱਚ ਉਹ ਆਪ ਹੀ ਹੈ, ਸਾਡੇ ਮਨ ਦੇ ਅੰਦਰ ਵਿਚਾਰ ਉਪਜਾਉਣ ਵਾਲਾ ਉਹ ਆਪ ਹੀ ਹੈ ਜਿਸ ਦੁਆਰਾ ਸਾਨੂੰ ਉਹ ਤ੍ਰਿਸ਼ਨਾ ਵਿੱਚ ਰੱਖਦਾ ਹੈ ਜਿਸ ਲਈ ਸਾਨੂੰ ਵਿਕਾਰ ਚੰਗੇ ਲੱਗਦੇ ਹਨ। "ਪਾਂਚ" ਤੋਂ ਭਾਵ ਹੈ ਪੰਜੇ ਵਿਕਾਰ ਭਾਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ। "ਪਚੀਸ" ਤੋਂ ਭਾਵ ਹੈ ਮਾਇਆ ਮੋਹ ਦੇ ਵੱਖਰੇ-ਵੱਖਰੇ ਪ੍ਰਭਾਵ ਜੋ ਮਨ ਦੇ ਵਿਚਾਰਾਂ ਵਿੱਚ ਪੈਂਦੇ ਹਨ ਜਿੰਨ੍ਹਾਂ ਦੀ ਗੱਲ ਸਮਾਜ ਵਿੱਚ ਪ੍ਰਚਲਿਤ ਮੱਤ ਅਨੁਸਾਰ ਕੀਤੀ ਜਾਂਦੀ ਸੀ। ਮਨ ਦੇ ਇਨ੍ਹਾਂ ਵਿਚਾਰਾਂ ਉੱਤੇ ਮਨੁੱਖ ਦਾ ਕੋਈ ਜੋਰ ਨਹੀਂ ਹੈ ਤੇ ਇਸੇ ਲਈ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਬੇਵੱਸ ਦੱਸਿਆ ਹੈ ਤੇ ਪ੍ਰਮਾਤਮਾ ਅੱਗੇ ਬੇਨਤੀ ਕੀਤੀ ਹੋਈ ਹੈ ਕਿ ਸਾਨੂੰ ਉਹ ਇਸ ਮਾਇਆ ਮੋਹ ਵਿੱਚੋਂ ਕੱਢ ਲਵੇ, ਵਿਕਾਰਾਂ ਵਿੱਚੋਂ ਕੱਢ ਲਵੇ ਕਿਉਂਕਿ ਇਸ ਦੇ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਇਸ ਮਨ ਨੂੰ ਨਹੀਂ ਜਿੱਤ ਸਕਦੇ, "ਗਢੁ ਬੰਕਾ" ਨਹੀਂ ਜਿੱਤ ਸਕਦੇ, ਆਪਣੇ ਇਸ ਜੀਵਨ ਨੂੰ ਨਹੀਂ ਜਿੱਤ ਸਕਦੇ, ਆਪਣੇ ਇਸ ਜੀਵਨ ਦੇ ਮਨੋਰਥ ਨੂੰ ਪੂਰਾ ਨਹੀਂ ਕਰ ਸਕਦੇ। **(ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥ ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥੧॥)**

ਸਾਡੇ ਮਨ ਦੇ ਮਾਇਆ ਮੋਹ ਵਾਲੇ ਵਿਚਾਰ ਹੀ, ਔਗੁਣਾਂ ਵਾਲੇ ਵਿਚਾਰ ਹੀ ਅਸਲ ਵਿੱਚ ਉਹ ਦਰਵਾਜਾ ਹਨ ਜਿਸ ਕਰਕੇ ਅਸੀਂ ਪ੍ਰਮਾਤਮਾ ਦੇ ਮਹਿਲ ਵਿੱਚ ਦਾਖਿਲ ਨਹੀਂ ਹੋ ਸਕਦੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਸਾਡੀ ਰੁਕਾਵਟ ਹਨ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥

ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥੨॥"

"ਕਾਮੁ" ਸਾਡਾ ਸਭ ਦਾ ਬਹੁਤ ਵੱਡਾ ਔਗੁਣ ਹੈ, ਮਾਇਆ ਮੋਹ ਦਾ ਪਿਆਦਾ ਹੈ ਜੋ ਸਾਡੇ ਮਨ ਦੇ ਵਿੱਚ ਦਰਵਾਜੇ ਦੇ ਰੂਪ ਵਿੱਚ ਖੜ੍ਹਾ ਹੈ ਭਾਵ ਦਰਵਾਜੇ ਨੂੰ ਖੋਲ੍ਹਣ ਵਾਲੇ ਪਹਿਰੇਦਾਰ ਦੇ ਰੂਪ ਵਿੱਚ ਖੜ੍ਹਾ ਹੈ।

20/2165

ਇਸੇ ਤਰ੍ਹਾਂ ਸਾਡੇ ਮਨ ਦੇ "ਦੁਖੁ ਸੁਖੁ" ਹਨ ਭਾਵ ਦੁੱਖ ਸੁੱਖ ਵਾਲੇ ਵਿਚਾਰ ਹਨ ਜਿੰਨ੍ਹਾਂ ਵਿੱਚ ਫਸ ਕੇ ਅਸੀਂ ਸੱਚ ਤੋਂ ਦੂਰ ਹੋ ਜਾਂਦੇ ਹਾਂ। ਅਸੀਂ ਮਾਇਆ ਵਿੱਚ ਸੁੱਖ ਮਹਿਸੂਸ ਕਰਦੇ ਹਾਂ ਤੇ ਉਸਦੀ ਪ੍ਰਾਪਤੀ ਨਾ ਹੋਣ ਵਿੱਚ ਦੁੱਖ ਮਹਿਸੂਸ ਕਰਦੇ ਹਾਂ ਜਿਸਦੇ ਕਿ ਅਨੇਕਾਂ ਹੀ ਰੂਪ ਹਨ। ਦੁੱਖ-ਸੁੱਖ ਵਿੱਚ ਪਏ ਹੋਏ ਸਾਡੇ ਲਈ ਪ੍ਰਮਾਤਮਾ ਦੇ ਮਹਿਲ ਦਾ ਦਰਵਾਜਾ ਬੰਦ ਹੀ ਰਹਿੰਦਾ ਹੈ। ਇਸੇ ਤਰ੍ਹਾਂ ਸਾਡੇ "ਪਾਪੁ ਪੁੰਨੁ" ਵਾਲੇ ਵਿਚਾਰ ਹਨ। ਅਸੀਂ ਆਪਣੀ ਆਪਣੀ ਮਤਿ ਅਨੁਸਾਰ, ਸਮਝ ਅਨੁਸਾਰ, ਮਰਿਆਦਾ ਅਨੁਸਾਰ ਕਿਸੇ ਗੱਲ ਵਿੱਚ ਪਾਪ ਤੇ ਕਿਸੇ ਗੱਲ ਵਿੱਚ ਪੁੰਨ ਸਮਝਦੇ ਹਾਂ ਪਰ ਅਸਲ ਵਿੱਚ ਸੱਚ ਕੀ ਹੈ ਉਸਦੀ ਸਾਨੂੰ ਸਮਝ

ਨਹੀਂ ਪੈਂਦੀ। ਸਾਡੇ ਇਹੋ ਜਿਹੇ ਵਿਚਾਰ ਸਾਡੀ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਰੁਕਾਵਟ ਹੀ ਹਨ। **(ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥)**

ਪ੍ਰਮਾਤਮਾ ਦੇ ਨਾਲ ਮੇਲ ਵਿੱਚ ਰੁਕਾਵਟ ਸਾਡੇ ਮਨ ਦੇ ਵਿਚਾਰ ਹੀ ਹਨ ਜਿੰਨ੍ਹਾਂ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ। ਸਾਡੇ ਮਨ ਦੇ "ਕ੍ਰੋਧੁ" ਨੂੰ ਇਸ ਮਨ ਦਾ ਪ੍ਰਧਾਨ ਦੱਸਿਆ ਹੈ, ਵੱਡਾ ਲੜਾਕਾ ਦੱਸਿਆ ਹੈ। ਮਨ ਦੇ ਕ੍ਰੋਧ ਨੂੰ ਜਿੱਤੇ ਬਿਨ੍ਹਾਂ ਭਾਵ ਮਨ ਦੇ ਕ੍ਰੋਧ ਨਾਲ ਲੜੇ ਬਿਨ੍ਹਾਂ ਇਸ ਮਨ ਨੂੰ ਜਿੱਤਿਆ ਨਹੀਂ ਜਾ ਸਕਦਾ। ਇਸ ਕ੍ਰੋਧ ਨੂੰ ਜਿੱਤੇ ਬਿਨ੍ਹਾਂ ਮਨ ਵਿੱਚ ਸੰਤੋਖ ਨਹੀਂ ਆ ਸਕਦਾ। "ਕ੍ਰੋਧੁ" ਕੀ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਹ ਜ਼ੂਰਰੀ ਨਹੀਂ ਕਿ ਅਸੀਂ ਆਪਣੇ ਬਾਹਰੀ ਰੂਪ ਦੁਆਰਾ ਹੀ ਆਪਣਾ ਕ੍ਰੋਧ ਦਿਖਾਉਂਦੇ ਹਾਂ। ਆਪਣਾ ਬਾਹਰੀ ਕ੍ਰੋਧ ਅਸੀਂ ਕਿਸੇ ਦੇ ਭਲੇ ਲਈ ਵੀ ਦਿਖਾਉਂਦੇ ਹਾਂ ਜਿਵੇਂ ਕਿ ਬੱਚਿਆਂ ਨੂੰ ਸਮਝਾਉਣ ਲਈ ਦਿਖਾਉਂਦੇ ਹਾਂ। ਕ੍ਰੋਧ ਅਸਲ ਵਿੱਚ ਸਾਡੇ ਮਨ ਦੇ ਮਾਣ ਨਾਲ ਜੁੜਿਆ ਹੋਇਆ ਹੈ, ਸਾਡੀ ਮਨਹਠਿ ਨਾਲ ਜੁੜਿਆ ਹੋਇਆ ਹੈ। ਅਸੀਂ ਆਪਣਾ ਬਾਹਰੀ ਰੂਪ ਦਿਖਾਏ ਬਿਨ੍ਹਾਂ ਆਪਣੇ ਮਨ ਦਾ ਕ੍ਰੋਧ, ਮਨ ਦਾ ਗੁੱਸਾ ਕਿਸੇ ਨੂੰ ਚੁੱਪ-ਚਪੀਤੇ ਗੁਪਤ ਰੂਪ ਵਿੱਚ ਪ੍ਰੇਸ਼ਾਨ ਕਰਕੇ ਵੀ ਦਿਖਾਉਂਦੇ ਹਾਂ। ਸਾਡੇ ਮਨ ਦੇ ਇਹੋ ਜਿਹੇ ਛੁਪੇ ਹੋਏ ਭਾਵ ਜਿੰਨ੍ਹਾਂ ਦੁਆਰਾ ਅਸੀਂ ਕਿਸੇ ਨਾਲ ਈਰਖਾ ਕਰਦੇ ਹਾਂ ਇਹ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਰੁਕਾਵਟ ਹੀ ਹਨ ਜੋ ਅੰਦਰ ਬੈਠਾ ਸਭ ਕੁੱਝ ਆਪ ਹੀ ਕਰਵਾਉਣ ਵਾਲਾ ਹੈ ਤੇ ਸਭ ਕੁੱਝ ਜਾਣਦਾ ਹੈ। ਇਸੇ ਲਈ ਇਹ ਮਨ "ਮਾਵਾਸੀ" ਹੈ ਭਾਵ ਜਿੱਦੀ ਹੈ। ਜਿੱਦੀ ਰਾਜੇ ਨੂੰ ਮਨਾਉਣਾ ਬਹੁਤ ਔਖਾ ਹੈ, ਮਨ ਦੇ ਵਿਚਾਰਾਂ ਨੂੰ ਸਮਝਾਉਣਾ, ਮਨ ਦੇ ਵਿਚਾਰਾਂ ਨਾਲ ਲੜਨਾ ਬਹੁਤ

20/2166

ਔਖਾ ਹੈ। ਇਸੇ ਲਈ ਇਨ੍ਹਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਇਨ੍ਹਾਂ ਵਿਚਾਰਾਂ ਤੇ ਸਾਡਾ ਕੋਈ ਜ਼ੋਰ ਨਹੀਂ ਹੈ ਤੇ ਪ੍ਰਮਾਤਮਾ ਅੱਗੇ ਸਾਨੂੰ ਮਨ ਦੇ ਵਿੱਚ ਅਰਦਾਸ ਹੀ ਕਰਨੀ ਚਾਹੀਦੀ ਹੈ ਕਿ ਹੇ ਪ੍ਰਮਾਤਮਾ! ਮੈਨੂੰ ਮਾੜੇ ਵਿਚਾਰਾਂ ਵਿੱਚੋਂ ਕੱਢ ਲੈ ਤਾਂ ਜੋ ਤੇਰੇ ਮੇਲ ਵਿੱਚ ਰੁਕਾਵਟ ਦੂਰ ਹੋ ਸਕੇ। **(ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥ ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥੨॥)**

ਸਾਡੇ ਅੰਦਰ ਮਾੜੇ ਵਿਚਾਰਾਂ ਦਾ, ਵਿਕਾਰਾਂ ਦੇ ਵੱਸਣ ਦਾ ਕਾਰਨ ਕੀ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਦੇ ਦਰ ਤੇ ਨਹੀਂ ਪਹੁੰਚ ਸਕਦੇ, ਇਸ ਮਨ ਰੂਪ ਕਿਲੇ ਨੂੰ ਨਹੀ ਜਿੱਤ ਸਕਦੇ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ॥੩॥"

ਮਾਇਆ ਮੋਹ ਦਾ ਸਵਾਦ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਇਆ ਹੋਇਆ ਹੈ, ਮਾਇਆ ਬਹੁਤ ਮਿੱਠੀ ਬਣਾਈ ਹੋਈ ਹੈ ਤੇ ਇਸੇ ਲਈ ਹਰ ਕੋਈ ਇਸ ਦੇ ਸਵਾਦ ਵਿੱਚ ਫਸਿਆ ਹੋਇਆ ਹੈ। ਵਿਕਾਰਾਂ ਰਾਹੀਂ ਅਸੀਂ ਮਾਇਆ ਮੋਹ ਦੇ ਸਵਾਦਾਂ ਦੀ ਪੂਰਤੀ ਹੀ ਕਰਦੇ ਹਾਂ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਡੇ ਮਾਇਆ ਮੋਹ ਦੇ ਸਵਾਦ ਹੀ ਹਨ। ਮਾਣ ਅਭਿਮਾਨ ਸਾਡੇ ਮਾਇਆ ਮੋਹ ਦੇ ਸਵਾਦ ਹੀ ਹਨ। ਇਨ੍ਹਾਂ ਸਵਾਦਾਂ ਨੂੰ ਭੇਦਣਾ ਇਤਨਾ ਔਖਾ ਦੱਸਿਆ ਹੈ ਜਿਵੇਂ ਕਿ ਕਿਸੇ ਫੌਜੀ ਦੇ ਕਵਚ ਨੂੰ ਭੇਦਣਾ ਔਖਾ ਹੁੰਦਾ ਹੈ। ਇਸੇ ਤਰ੍ਹਾਂ ਮਮਤਾ ਮੋਹ ਨੂੰ ਇੱਕ ਫੌਜੀ ਦੇ ਟੋਪ ਵਰਗਾ ਦੱਸਿਆ ਹੈ ਜੋ ਮਮਤਾ ਦੀ ਰੱਖਿਆ ਕਰਦਾ ਹੈ ਭਾਵ ਸਾਡੇ ਅੰਦਰ ਮਮਤਾ ਮੋਹ ਬਹੁਤ ਪ੍ਰਬਲ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਸਾਡੇ ਇਨ੍ਹਾਂ ਵਿਕਾਰਾਂ ਦੀ ਜੜ੍ਹ ਕੀ ਹੈ ਇਹ ਨਾਲ ਹੀ ਸਮਝਾਈ ਹੋਈ ਹੈ। ਇਨ੍ਹਾਂ ਦਾ ਕਾਰਨ ਸਾਡੇ ਅੰਦਰ ਦੀ ਕੁਬੁਧਿ ਹੈ ਭਾਵ ਮਾੜੀ ਬੁਧਿ ਹੈ ਜੋ ਸਾਨੂੰ ਮਾਇਆ ਮੋਹ ਵਿੱਚ ਫਸਾਉਂਦੀ ਹੈ। ਇਹ ਸਾਡੇ ਅੰਦਰ ਦੀ ਕੁਬੁਧਿ ਸਾਡੇ ਹੀ ਤੀਰ ਚਲਾਉਣ ਦਾ ਸਾਧਨ ਬਣਦੀ ਹੈ ਭਾਵ ਸਾਡੇ ਜੀਵਨ ਦਾ ਨਾਸ਼ ਕਰਨ ਵਾਲੀ ਸਾਡੀ ਕੁਬੁਧਿ ਹੈ। **(ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ॥)**

20/2167

ਸਾਡੀ ਕੁਬੁਧਿ ਨੂੰ ਕਮਾਨ ਰੂਪ ਦੱਸਿਆ ਹੈ ਜਿਸਦੇ ਰਾਹੀਂ ਤੀਰ ਚਲਾਏ ਜਾਂਦੇ ਹਨ। ਇਹ ਤੀਰ ਸਾਡੇ ਆਪਣੇ ਤੇ ਹੀ ਚੱਲਦੇ ਹਨ ਜੋ ਕਿ ਤ੍ਰਿਸ਼ਨਾ ਦੇ ਰੂਪ ਵਿੱਚ ਚੱਲਦੇ ਹਨ। ਸਾਨੂੰ ਮਾਰਨ ਵਾਲੀ ਸਾਡੇ ਮਨ ਦੀ ਤ੍ਰਿਸ਼ਨਾ ਹੀ ਹੈ ਪਰ ਤ੍ਰਿਸ਼ਨਾ ਦਾ ਮੂਲ ਸਾਡੇ ਮਨ ਦੀ ਕੁਬੁਧਿ ਹੀ ਹੈ, ਮਾੜੀ ਬੁਧਿ ਹੈ, ਮਨ ਦੀ ਮਾੜੀ ਸੋਝੀ ਹੀ ਹੈ, ਮਨ ਦੇ ਵਿੱਚ ਸੱਚੀ ਸੋਝੀ ਦਾ ਨਾ ਹੋਣਾ ਹੀ ਹੈ ਭਾਵ ਮਨ ਦੀ ਅਗਿਆਨਤਾ ਹੀ ਹੈ। ਮਨ ਦੀ ਇਸ ਕੁਬੁਧਿ ਦੇ ਰਹਿੰਦਿਆਂ ਇਸ ਮਨ ਨੂੰ ਕਦੇ ਨਹੀਂ ਜਿੱਤਿਆ ਜਾ ਸਕਦਾ, ਇਸ

ਮਨ ਰੂਪ ਕਿਲੇ ਨੂੰ ਕਦੇ ਫਤਿਹ ਨਹੀਂ ਕੀਤਾ ਜਾ ਸਕਦਾ, ਪ੍ਰਮਾਤਮਾ ਦੇ ਦਰ ਤੇ ਨਹੀਂ ਪਹੁੰਚਿਆ ਜਾ ਸਕਦਾ। **(ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ॥੩॥)**

ਸਾਡੇ ਅੰਦਰ ਦੀ ਇਹ ਕੁਬੁੱਧ ਹੀ, ਤ੍ਰਿਸ਼ਨਾ ਹੀ ਸਾਡੇ ਅੰਦਰ ਦੀ "ਬ੍ਰਹਮ ਅਗਨਿ" ਹੈ ਤੇ ਇਹ ਬ੍ਰਹਮ ਅਗਨਿ ਕਿਵੇਂ ਦੂਰ ਹੁੰਦੀ ਹੈ ਭਾਵ ਇਹ ਮਨ ਰੂਪ ਕਿਲਾ ਕਿਵੇਂ ਫਤਿਹ ਹੁੰਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥

ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥੪॥"

ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੀ ਅਗਿਆਨਤਾ ਕਰਕੇ ਹੀ ਹੈ, ਗੁਰਮਤਿ ਦੀ ਸੱਚੀ ਸੋਝੀ ਨਾ ਹੋਣ ਕਰਕੇ ਹੀ ਹੈ ਜਿਸ ਦੇ ਰਹਿੰਦਿਆਂ ਅਸੀਂ ਮਨ ਦੇ ਵਿਕਾਰਾਂ ਨੂੰ ਸੋਧਣ ਦੀ ਬਜਾਇ, ਵਿਕਾਰਾਂ ਵਿੱਚੋਂ ਨਿਕਲਣ ਦੀ ਬਜਾਇ ਸਰੀਰਕ ਜਪਾਂ-ਤਪਾਂ ਵਿੱਚ ਹੀ ਆਪਣੀ ਭਗਤੀ ਸਮਝਦੇ ਹਾਂ ਤੇ ਹੋਰ ਵੀ ਇਹੋ ਜਿਹੇ ਅਨੇਕਾਂ ਤਰੀਕੇ ਅਪਣਾਉਂਦੇ ਹਾਂ, ਸੁੱਚ-ਸੰਜਮ ਆਦਿ ਵਰਤਦੇ ਹਾਂ ਜਿੰਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਮਝਦੇ ਹਾਂ। ਗੁਰਬਾਣੀ ਰਾਹੀਂ ਸਾਨੂੰ ਭਾਵ ਸਾਰੇ ਸੰਸਾਰ ਨੂੰ ਇੱਕੋ ਇੱਕ ਤਰੀਕਾ ਵਿਕਾਰ ਰਹਿਤ ਹੋ ਕੇ ਵਿਚਰਨ ਦਾ ਸਮਝਾਇਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਭਗਤੀ ਬਖ਼ਸ਼ਦਾ ਹੈ ਉਸਨੂੰ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਉਸਦੇ ਅੰਦਰ ਦੀ ਬ੍ਰਹਮ ਅਗਨਿ ਨੂੰ ਸਾੜਦਾ ਹੈ। ਜਦ ਤੱਕ ਸਾਡੇ ਅੰਦਰ ਇਹ ਬ੍ਰਹਮ ਅਗਨਿ ਹੈ ਤਦ ਤੱਕ ਸਾਡਾ

20/2168

ਪ੍ਰਮਾਤਮਾ ਦੇ ਨਾਲ ਪ੍ਰੇਮ ਨਹੀਂ ਜੁੜਦਾ। ਮਾਇਆ ਮੋਹ ਵਿੱਚ ਰਹਿੰਦਿਆਂ ਪ੍ਰਮਾਤਮਾ ਦੇ ਨਾਲ ਪ੍ਰੇਮ ਨਹੀਂ ਜੁੜਦਾ। ਪ੍ਰਮਾਤਮਾ ਦੇ ਨਾਲ ਪ੍ਰੇਮ ਸਾਡਾ ਕੇਵਲ ਸੱਚ ਦੁਆਰਾ ਹੀ ਜੁੜਦਾ ਹੈ ਤੇ ਸੱਚ ਸਾਡੇ ਅੰਦਰ ਕੇਵਲ ਸੱਚੀ ਸੋਝੀ ਦੁਆਰਾ ਹੀ ਵੱਸਦਾ ਹੈ। ਸੱਚ ਕੇਵਲ ਉਹ ਹੈ ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ। ਜਿੱਥੇ ਕੇਵਲ ਸੱਚ ਹੈ ਉੱਥੇ ਹੀ ਪ੍ਰਮਾਤਮਾ ਦੀ ਭਗਤੀ ਹੈ। ਜਦੋਂ ਵੀ ਅਸੀਂ ਗੁਰੂ ਦੀ ਮਤਿ ਤੋਂ ਇੱਧਰ ਉਧਰ ਹੁੰਦੇ ਹਾਂ ਉਹ ਸੱਚ ਤੋਂ ਹੀ ਇੱਧਰ ਉਧਰ ਹੁੰਦੇ ਹਾਂ। ਜਿਤਨਾ ਵੀ ਅਸੀਂ ਭਗਤੀ ਦੇ ਦਿਖਾਵੇ ਕਰਦੇ ਹਾਂ ਭਾਵ ਸਰੀਰਕ ਜਪ, ਤਪ, ਸੰਜਮ ਆਦਿ ਕਰਦੇ ਹਾਂ ਇਨ੍ਹਾਂ ਵਿੱਚ ਸੱਚ ਨਹੀਂ ਹੈ ਭਾਵ ਅਸੀਂ ਗੁਰਮਤਿ ਤੋਂ ਦੂਰ ਜਾਂਦੇ ਹਾਂ। ਜਿੰਨ੍ਹਾਂ ਗੱਲਾਂ ਦਾ ਗੁਰਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ ਉਹ ਕਦੇ ਸੱਚ ਨਹੀਂ ਹੋ ਸਕਦਾ, ਰਹਿੰਦੀ ਦੁਨੀਆਂ ਤੱਕ ਉਹ ਕਦੇ ਸੱਚ ਤੇ ਪੂਰਾ ਨਹੀਂ ਉਤਰ ਸਕਦੀ। ਜੋ ਗੱਲ ਗੁਰੂ ਪ੍ਰਮਾਤਮਾ ਨੂੰ ਮਨਜ਼ੂਰ ਨਹੀਂ ਹੈ ਉਹ ਸੱਚ ਹੋ ਹੀ ਨਹੀਂ ਸਕਦੀ। ਆਪਣੇ ਪੂਰਨ ਸੱਚ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਸਹਜ ਦੀ ਅਵੱਸਥਾ ਬਖ਼ਸ਼ ਕੇ ਪਾਉਂਦਾ ਹੈ, ਮਨ ਦੇ ਵਿੱਚ ਆਪ ਹੀ ਪਾਉਂਦਾ ਹੈ। ਜਿੰਨ੍ਹਾਂ ਨੂੰ ਉਸ ਨੇ ਸੱਚ ਦੀ ਸੋਝੀ ਪਾਈ ਹੈ ਉਨ੍ਹਾਂ ਨੇ ਹੀ ਸੱਚ ਰੂਪ ਗੁਰਬਾਣੀ ਦੀ ਰਚਨਾ ਕੀਤੀ ਹੈ। ਸਾਡੇ ਅੰਦਰ ਸਹਜ ਦੀ ਅਵੱਸਥਾ ਦੇਣਾ ਕੇਵਲ ਪ੍ਰਮਾਤਮਾ ਦੇ ਆਪਣੇ ਹੱਥ ਹੈ ਜੋ ਸਾਡੇ ਅੰਦਰ "ਗਿਆਨੁ" ਰੂਪ ਵਿੱਚ ਵਿਚਰਦਾ ਹੈ। ਮਨ ਦੇ ਵਿੱਚ ਸੱਚੀ ਸੋਝੀ ਉਪਜਣ ਦੁਆਰਾ ਹੀ ਮਨੁੱਖ ਮਾਇਆ ਮੋਹ ਵਿੱਚੋਂ ਨਿਕਲਦਾ ਹੈ, ਵਿਕਾਰਾਂ ਵਿੱਚੋਂ ਨਿਕਲਦਾ ਹੈ ਤੇ ਕੇਵਲ ਸੱਚ ਦੇ ਨਾਲ ਜੁੜਦਾ ਹੈ ਜੋ ਕਿ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। ਪ੍ਰਮਾਤਮਾ ਆਪਣੀ ਇੱਕੋ ਸਹਜ ਗਿਆਨ ਦੀ ਚੋਟ ਦੇ ਨਾਲ ਮਨ ਵਿੱਚ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ, ਮਨ ਦੇ ਵਿੱਚ ਸੋਝੀ ਪਾ ਦਿੰਦਾ ਹੈ ਕਿ ਸਾਡੇ ਮਨ ਦੇ ਵਿੱਚ ਕੌਣ ਹੈ ਜਿਸਦੇ ਨਾਲ ਲੜਨਾ ਔਖਾ ਹੈ ਕਿਉਂਕਿ ਇਹ ਸਾਡੇ ਹੁਕਮ ਵਿੱਚ ਨਹੀਂ ਹੈ ਪਰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਾਨੂੰ ਇਹ ਮਨ ਆਪਣਾ ਹੀ ਲੱਗਦਾ ਹੈ, ਮਨ ਦੇ ਵਿਚਾਰ ਆਪਣੇ ਹੀ ਲੱਗਦੇ ਹਨ। ਸਹਜ ਦੀ ਅਵੱਸਥਾ ਦੁਆਰਾ ਹੀ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ

20/2169

ਜਿਸਨੂੰ ਉਹ ਸਭ ਦੇ ਅੰਦਰ ਆਪਣੀ ਮਾਇਆ ਮੋਹ ਵਾਲੀ ਜੁਗਤਿ ਪਾ ਕੇ, ਅਗਿਆਨਤਾ ਵਿੱਚ ਰੱਖ ਕੇ, ਬ੍ਰਹਮ ਅਗਨਿ ਪਾ ਕੇ ਚਲਾ ਰਿਹਾ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਇਹ ਮਨ ਦੇ ਵਿਚਾਰਾਂ ਨੂੰ ਬਦਲਣਾ, ਵਿਕਾਰਾਂ ਵਿੱਚੋਂ ਨਿਕਲਣਾ,

ਸੱਚੇ ਮਾਰਗ ਤੇ ਚੱਲਣਾ ਬਹੁਤ ਔਖਾ ਹੈ। **(ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥ ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥੪॥)**

ਸਹਜ ਦੀ ਅਵੱਸਥਾ ਦੇ ਨਾਲ, ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੀ ਸੋਝੀ ਦੇ ਨਾਲ ਸਾਨੂੰ ਕਿਹੋ ਜਿਹੀ ਪ੍ਰਾਪਤੀ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥੫॥"

ਹੁਣ ਧਿਆਨ ਨਾਲ ਸਮਝੋ ਕਿ ਸਾਨੂੰ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ, ਤ੍ਰਿਸ਼ਨਾ ਦੀ ਅਗਨਿ ਹੈ ਤਦ ਤੱਕ ਸਾਡੇ ਅੰਦਰ "ਸਤੁ ਸੰਤੋਖੁ" ਨਹੀਂ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਡੇ ਅੰਦਰ ਸੱਚ ਵੱਸਦਾ ਹੈ ਜਿਸ ਦੁਆਰਾ ਸਾਡਾ ਮਨ ਪਵਿੱਤਰ ਹੁੰਦਾ ਹੈ। ਸਹਜ ਦੀ ਅਵੱਸਥਾ ਦੁਆਰਾ ਸਾਨੂੰ ਸੱਚ ਦੀ ਸੋਝੀ ਹੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਔਗੁਣਾਂ ਤੋਂ ਮੁਕਤ ਹੁੰਦਾ ਹੈ। ਸਾਡੀ ਦੁਚਿੱਤੀ ਦਾ ਦਰਵਾਜ਼ਾ, ਤੈਗੁਣਾਂ ਵਾਲੀ ਅਵੱਸਥਾ ਦਾ ਤਾਲਾ ਇਸ ਸਹਜ ਦੀ ਅਵੱਸਥਾ ਦੁਆਰਾ ਹੀ ਖੁੱਲ੍ਹਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਖੁੱਲ੍ਹਦਾ ਹੈ। ਮਨ ਦੇ ਵਿੱਚ ਵਿਕਾਰਾਂ ਦੇ ਨਾਲ ਯੁੱਧ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੁੰਦਾ ਹੈ, ਗੁਰਮਤਿ ਦੀ ਸੱਚੀ ਮਤਿ ਦੁਆਰਾ ਹੀ ਹੁੰਦਾ ਹੈ ਜੋ ਸਾਨੂੰ ਵਿਕਾਰਾਂ ਤੋਂ ਦੂਰ ਰੱਖਦੀ ਹੈ। ਮਨ ਦੇ ਵਿੱਚ ਸੱਚੇ ਗਿਆਨ ਦੀ ਅਵੱਸਥਾ, ਸਹਜ ਗਿਆਨ ਦੀ ਅਵੱਸਥਾ ਹੀ ਸਾਡੇ ਅੰਦਰ ਸਾਧਸੰਗਤਿ ਦੀ ਅਵੱਸਥਾ ਹੈ, ਸੱਚੇ ਗੁਣਾਂ ਦੇ ਨਾਲ ਮੇਲ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਇਹ ਕੇਵਲ ਗੁਰੂ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਕਿ ਉਹ ਸਾਡੇ ਮਨ ਦੇ ਅੰਦਰ ਆਪਣੇ ਗਿਆਨ ਦਾ ਪ੍ਰਕਾਸ਼ ਕਰਕੇ ਸਾਨੂੰ ਸੱਚੀ ਸੋਝੀ ਪਾ ਦੇਵੇ। ਮਨ ਦੀ

ਇਸ ਅਵੱਸਥਾ ਦੁਆਰਾ ਹੀ ਇਸ ਮਨ ਰੂਪ ਮਾਵਾਸੀ ਰਾਜਾ ਤੇ ਫਤਿਹ ਪਾਈ ਜਾ ਸਕਦੀ ਹੈ, ਇਸ ਮਨ ਨੂੰ ਵੱਸ ਵਿੱਚ ਰੱਖਿਆ ਜਾ ਸਕਦਾ ਹੈ ਭਾਵ ਔਗੁਣਾਂ ਤੋਂ ਮੁਕਤ ਰੱਖਿਆ ਜਾ ਸਕਦਾ ਹੈ। ਜੋ ਇਸ ਮਨ ਦਾ ਮਾਲਕ ਹੈ ਉਹ ਆਪ ਹੀ ਆਪਣੀ ਮਰਜ਼ੀ ਦੇ ਨਾਲ ਇਸ ਨੂੰ ਵੱਸ ਵਿੱਚ ਰੱਖਦਾ ਹੈ। ਉਹ ਨਿਰਗੁਣ ਰੂਪ ਮਾਲਕ ਆਪ ਹੀ ਇਸ ਸਰਗੁਣ ਰੂਪ ਸਰੀਰ ਨੂੰ ਆਪਣੇ ਸੱਚ ਤੇ ਚਲਾਉਂਦਾ ਹੈ, ਗੁਰਮਤਿ ਅਨੁਸਾਰ ਚਲਾਉਂਦਾ ਹੈ। **(ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥ ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥੫॥)**

ਪਉੜੀ॥

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥

ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ॥ ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ॥

ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ॥ ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ॥੯॥}

(ਅੰਗ ੫੧੨)

ਪਉੜੀ॥

{ਸੇਵ ਕੀਤੀ ਸੰਤੋਖੀਣੀ ਜਿਨ੍ੀ ਸਚੋ ਸਚੁ ਧਿਆਇਆ॥

ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥

ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥

ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥ ਵਡਿਆਈ ਵਡਾ ਪਾਇਆ॥੭॥}

(ਅੰਗ ੪੬੬-੪੬੭)

ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਹੀ ਪ੍ਰਮਾਤਮਾ ਸਾਨੂੰ ਇਸ ਯੋਗ ਬਣਾਉਂਦਾ ਹੈ ਕਿ ਅਸੀਂ ਵਿਕਾਰਾਂ ਦੇ ਨਾਲ ਲੜ ਸਕੀਏ। ਸਾਡੇ ਮਨ ਨੂੰ ਸੱਚੀ ਸ਼ਕਤੀ, ਸੱਚੀ ਤਾਕਤ ਮਨ ਦੀ ਸੋਝੀ ਦੁਆਰਾ ਹੀ ਮਿਲਦੀ ਹੈ ਜਿਸ ਨਾਲ ਅਸੀਂ ਪੂਰੀ ਦ੍ਰਿੜਤਾ ਨਾਲ ਸੱਚ ਤੇ ਚੱਲ ਸਕਦੇ ਹਾਂ। ਮਨ ਦੀ ਇਸ ਤਾਕਤ ਦੁਆਰਾ ਹੀ ਅਸੀਂ ਹਰ ਵੇਲੇ ਪ੍ਰਮਾਤਮਾ ਦੇ ਸਿਮਰਨ ਵਿੱਚ ਰਹਿ ਸਕਦੇ ਹਾਂ, ਉਸਦੀ ਗੁਰਮਤਿ ਦੇ ਵਿੱਚ ਰਹਿ ਸਕਦੇ ਹਾਂ, ਉਸਦੇ ਹੁਕਮ ਦੇ ਵਿੱਚ, ਭਾਣੇ ਦੇ ਵਿੱਚ ਰਹਿ ਸਕਦੇ ਹਾਂ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥

ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ॥੬॥੯॥੧੭॥"

20/2171

"ਭਗਵਤ ਭੀਰਿ" ਕੀ ਹੈ ਇਸ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਭਗਵਤ ਭੀਰਿ ਸਾਡੇ ਅੰਦਰ ਪ੍ਰਮਾਤਮਾ ਦੀ ਦਿੱਤੀ ਹੋਈ ਫੌਜ ਹੈ ਜਿਸ ਦੁਆਰਾ ਅਸੀਂ ਵਿਕਾਰਾਂ ਦੀ ਫੌਜ ਦੇ ਨਾਲ ਲੜਦੇ ਹਾਂ। ਵਿਕਾਰਾਂ ਦੀ ਫੌਜ ਵੀ ਸਾਡੇ ਵਿਚਾਰਾਂ ਵਿੱਚ ਹੈ ਤੇ ਉਸਦੇ ਨਾਲ ਲੜਨ ਵਾਲੀ ਫੌਜ ਵੀ ਸਾਡੇ ਵਿਚਾਰਾਂ ਵਿੱਚ ਹੈ। ਫਰਕ ਕੇਵਲ ਵਿਚਾਰਾਂ ਦੀ ਸੋਝੀ ਦਾ ਹੈ। ਜਦ ਤੱਕ ਸਾਡੇ ਅੰਦਰ ਬ੍ਰਹਮ ਅਗਨਿ ਹੈ, ਪ੍ਰਮਾਤਮਾ ਦੀ ਪਾਈ ਹੋਈ ਤ੍ਰਿਸ਼ਨਾ ਦੀ ਅਗਨਿ ਹੈ, ਮਾਇਆ ਮੋਹ ਦੀ ਅਗਨਿ ਹੈ, ਅਗਿਆਨਤਾ ਦੀ ਅਗਨਿ ਹੈ ਤਦ ਤੱਕ ਸਾਡੇ ਵਿਚਾਰਾਂ ਨੂੰ ਸਾਡੇ ਅੰਦਰ ਔਗੁਣਾਂ ਦਾ ਬਲ ਮਿਲਦਾ ਹੈ ਭਾਵ ਸਾਡੇ ਮਨ ਦੇ ਵਿਚਾਰ ਸਾਨੂੰ ਔਗੁਣਾਂ ਵੱਲ ਤੋਰਦੇ ਹਨ। ਮਨ ਦੇ ਅੰਦਰ ਸੱਚੀ ਸੋਝੀ ਪਾ ਕੇ ਪ੍ਰਮਾਤਮਾ ਸਾਨੂੰ ਸੱਚੇ ਵਿਚਾਰਾਂ ਦੀ ਫੌਜ ਬਖ਼ਸ਼ਦਾ ਹੈ ਜੋ ਮਾੜੇ ਵਿਚਾਰਾਂ ਨੂੰ ਮਾਰ ਦਿੰਦੀ ਹੈ। ਮਨ ਦੇ ਵਿੱਚ ਇਨ੍ਹਾਂ ਸ਼ਕਤੀ ਦੇ ਵਿਚਾਰਾਂ ਦੇ ਨਾਲ ਹੀ ਭਾਵ ਵਿਚਾਰਾਂ ਦੀ ਸ਼ਕਤੀ ਦੇ ਨਾਲ ਹੀ, ਸੱਚ ਦੀ ਸ਼ਕਤੀ ਦੇ ਨਾਲ ਹੀ ਅਸੀਂ ਪ੍ਰਮਾਤਮਾ ਦੇ ਸਿਮਰਨ ਨਾਲ ਜੁੜਦੇ ਹਾਂ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਅਸੀਂ ਕਾਲ ਦੇ ਭੈ ਤੋਂ ਮੁਕਤ ਹੁੰਦੇ ਹਾਂ, ਜੀਵਨ ਮਰਨ ਦੇ ਗੇੜ ਤੋਂ ਮੁਕਤ ਹੁੰਦੇ ਹਾਂ। **(ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥)**

ਜਿੰਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਸੱਚੇ ਰੂਪ ਵਿੱਚ ਪਾਇਆ ਹੈ ਭਾਵ ਉਸਦੇ ਨਿਰਗੁਣ ਰੂਪ ਵਿੱਚ ਪਾਇਆ ਹੈ ਉਨ੍ਹਾਂ ਨੇ ਉਸਨੂੰ ਮਨ ਦੀ ਇਸ ਅਵੱਸਥਾ ਦੁਆਰਾ ਹੀ ਪਾਇਆ ਹੈ। ਉਨ੍ਹਾਂ ਨੇ ਇਸ ਮਨ ਰੂਪ ਕਿਲੇ ਨੂੰ ਜਿੱਤ ਕੇ ਹੀ ਉਸ ਰਾਜ ਦੀ ਪ੍ਰਾਪਤੀ ਕੀਤੀ ਹੈ ਜੋ ਕਦੇ ਬਿਨਸ ਨਹੀਂ ਸਕਦਾ। ਇਹ ਮਨ ਦੇ ਵਿੱਚ ਸੱਚੇ ਵਿਚਾਰਾਂ ਦਾ ਰਾਜ ਹੈ ਜੋ ਕਿ ਸੱਚਾ ਰਾਜ ਹੈ। ਪ੍ਰਮਾਤਮਾ ਸਾਰੇ ਸੰਸਾਰ ਦਾ ਰਾਜਾ ਆਪਣੇ ਸੱਚੇ ਗਿਆਨ ਦੁਆਰਾ ਹੀ ਹੈ। ਸੱਚਾ ਗਿਆਨ ਕਦੇ ਬਿਨਸ ਨਹੀਂ ਸਕਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦਾ ਰਾਜ ਹੈ ਜਿਸ ਕਰਕੇ ਗੁਰਬਾਣੀ ਸਾਰੇ ਸੰਸਾਰ ਤੇ ਸੱਚ ਦਾ ਰਾਜ ਕਰ ਰਹੀ ਹੈ ਭਾਵ ਪ੍ਰਮਾਤਮਾ ਦਾ ਸੱਚ ਸਮਝਾ ਰਹੀ ਹੈ, ਪ੍ਰਮਾਤਮਾ ਦਾ ਤੱਤ ਸਾਰ ਸਮਝਾ ਰਹੀ ਹੈ। ਗੁਰਬਾਣੀ ਦੇ ਵਿਚਾਰ ਸਦਾ ਥਿਰ ਰਹਿਣ ਵਾਲੇ ਹਨ ਜੋ ਕਦੇ ਬਿਨਸ ਨਹੀਂ ਸਕਦੇ। ਸੱਚ ਕਦੇ ਨਹੀਂ ਬਿਨਸਦਾ। ਸੱਚ ਸਦਾ ਥਿਰ ਰਹਿਣ ਵਾਲਾ ਹੈ। ਗੁਰਬਾਣੀ ਦੀ ਰਚਨਾ ਉਨ੍ਹਾਂ ਸਰੀਰਾਂ ਰਾਹੀਂ ਹੋਈ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਮਨ ਦੇ ਵਿੱਚ ਇਹ ਅਬਿਨਾਸ਼ੀ ਰਾਜ ਬਖਸ਼ਿਆ ਹੈ। ਮਨ ਦੇ ਵਿੱਚ ਸਹਜ ਗਿਆਨ ਦੀ

20/2172

ਅਵੱਸਥਾ ਅਬਿਨਾਸ਼ੀ ਰਾਜ ਦੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਉਚਾਰੀ ਹੋਈ ਗੱਲ ਭਰਮ ਤੋਂ ਰਹਿਤ ਹੁੰਦੀ ਹੈ, ਅਗਿਆਨਤਾ ਤੋਂ ਰਹਿਤ ਹੁੰਦੀ ਹੈ। **(ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥ ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ॥੬॥੯॥੧੭॥)**

ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਆਪਣੇ ਤਨ ਦੀ, ਮਨ ਦੀ ਅਗਨਿ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਅਸੀਂ ਇਸ ਅਗਨਿ ਤੋਂ ਪਾਰ ਪਾ ਸਕੀਏ। ਇਸ ਅਗਨਿ ਦਾ ਅਸਲ ਰੂਪ ਸਾਡੇ ਅੰਦਰ ਵਿਕਾਰਾਂ ਦਾ ਹੋਣਾ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ। ਸਾਡੇ ਅੰਦਰ ਦੀ ਅਗਨਿ ਸਾਡੇ ਅੰਦਰ ਦੇ ਪੰਜ ਚੋਰ ਹੀ ਹਨ ਜੋ ਸਾਡੇ ਜੀਵਨ ਨੂੰ ਸਾੜਦੇ ਹਨ, ਬਰਬਾਦ ਕਰਦੇ ਹਨ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

"ਚਾੜਸਿ ਪਵਨੁ ਸਿੰਘਾਸਨੁ ਭੀਜੈ॥ ਨਿਉਲੀ ਕਰਮ ਖਟੁ ਕਰਮ ਕਰੀਜੈ॥
ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ॥੩॥
ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ॥੪॥
ਅੰਤਰਿ ਮੈਲੁ ਤੀਰਥ ਭਰਮੀਜੈ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥
ਕਿਰਤੁ ਪਇਆ ਦੋਸੁ ਕਾ ਕਉ ਦੀਜੈ॥੫॥
ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥
ਮਨਮੁਖਿ ਜਨਮੈ ਜਨਮਿ ਮਰੀਜੈ॥੬॥"

(ਅੰਗ ੯੦੫)

ਸਾਡੇ ਅੰਦਰ ਔਗੁਣਾਂ ਦੀ ਅਗਨਿ, ਮਾਇਆ ਮੋਹ ਦੀ ਅਗਨਿ, ਤ੍ਰਿਸ਼ਨਾ ਦੀ ਅਗਨਿ ਸਾਡੀ ਆਪਣੀ ਪਾਈ ਹੋਈ ਨਹੀਂ ਹੈ, ਉਸ ਪ੍ਰਮਾਤਮਾ ਨੇ, ਬ੍ਰਹਮ ਨੇ ਆਪ ਹੀ ਸਭ ਨੂੰ ਇਸ ਬ੍ਰਹਮ ਅਗਨਿ ਵਿੱਚ ਰੱਖਿਆ ਹੋਇਆ ਹੈ। ਇਸ ਵਿੱਚੋਂ ਨਿਕਲਣ ਦਾ ਹੱਲ ਵੀ ਉਸਨੇ ਆਪ ਹੀ ਸਾਨੂੰ ਸਮਝਾਇਆ ਹੋਇਆ ਹੈ। ਇਸ ਵਿੱਚੋਂ ਨਿਕਲਣ ਦਾ ਹੱਲ ਬ੍ਰਹਮਗਿਆਨ ਹੈ, ਚੌਥੇ ਪਦ ਦਾ ਗਿਆਨ ਹੈ, ਉਸ

ਦਾ ਨਾਮ ਹੈ, ਰਾਮ ਨਾਮ ਹੈ, ਉਸਦੀ ਸੱਚੀ ਮਤਿ ਹੈ ਜਿਸਨੂੰ ਆਪਣੇ ਅੰਦਰ ਵਸਾ ਕੇ ਅਸੀਂ ਇਸ ਅਗਨਿ ਵਿੱਚੋਂ ਨਿਕਲ ਸਕਦੇ ਹਾਂ। ਇਸ ਅਗਨਿ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਇਸ ਵਿੱਚੋਂ ਨਿਕਲਣ ਦਾ ਉੱਦਮ ਕੀਤੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦਾ। ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੇ ਅਨੇਕਾਂ ਉਪਾਅ ਕਰਦੇ ਹਾਂ ਜਿੰਨ੍ਹਾਂ ਦਾ ਉੱਪਰ ਸ਼ਬਦ ਰਾਹੀਂ ਤੇ ਹੋਰ ਅਨੇਕਾਂ ਸ਼ਬਦਾਂ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇਸ ਅਗਨਿ ਤੋਂ ਸਾਨੂੰ ਗੁਰੂ ਦੇ ਗਿਆਨ ਨੇ ਹੀ ਬਚਾਉਣਾ ਹੈ ਭਾਵ ਗੁਰੂ ਦੇ ਗਿਆਨ ਨੂੰ ਮੰਨਣ ਦੇ ਨਾਲ ਹੀ ਅਸੀਂ ਇਸ ਅਗਨਿ ਤੋਂ ਨਿਕਲ ਸਕਦੇ ਹਾਂ।

ਉਸ ਪ੍ਰਮਾਤਮਾ ਦਾ ਸਿੰਘਾਸਨ ਪ੍ਰਾਪਤ ਕਰਨ ਲਈ, ਕਾਇਆ ਗੜ੍ਹ ਪ੍ਰਾਪਤ ਕਰਨ ਲਈ ਅਸੀਂ ਆਪਣੇ ਸਵਾਸਾਂ ਦੁਆਰਾ ਕਿਰਿਆਵਾਂ ਕਰਦੇ ਹਾਂ, ਸਰੀਰਕ ਕਿਰਿਆਵਾਂ ਕਰਦੇ ਹਾ ਜਿਵੇਂ ਕਿ ਪ੍ਰਾਚੀਨ ਸਮੇਂ ਤੋਂ ਸਾਨੂੰ ਜੋਗੀ ਆਦਿ ਸਿਖਾਉਂਦੇ ਆਏ ਹਨ ਤੇ ਅੱਜ ਵੀ ਇਹ ਕਿਰਿਆਵਾਂ ਪ੍ਰਚਲਿਤ ਹਨ। ਸਿੱਖ ਜਗਤ ਵਿੱਚ ਵੀ ਇਹ ਕਿਰਿਆਵਾਂ ਪ੍ਰਚਲਿਤ ਹਨ ਜਿੰਨ੍ਹਾਂ ਦੁਆਰਾ ਅਸੀਂ ਸਵਾਸਾਂ ਰਾਹੀਂ ਨਾਮ ਜਪਦੇ ਹਾਂ ਪਰ ਇਸ ਸਵਾਸਾਂ ਦੀ ਕਿਰਿਆ ਦਾ ਖੰਡਨ ਕਰਕੇ ਇਹ ਵੀ ਸਮਝਾਇਆ ਹੈ ਕਿ ਇਨ੍ਹਾਂ ਵਿੱਚ ਰਾਮ ਨਾਮ ਨਹੀਂ ਹੈ ਭਾਵ ਇਹ ਨਾਮ ਜਪਣ ਦਾ ਤਰੀਕਾ ਨਹੀਂ ਹੈ। **(ਚਾੜਸਿ ਪਵਨੁ ਸਿੰਘਾਸਨੁ ਭੀਜੈ॥ ਨਿਉਲੀ ਕਰਮ ਖਟੁ ਕਰਮ ਕਰੀਜੈ॥ ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ॥੩॥)**

ਰਾਮ ਨਾਮ ਜਪਣ ਦਾ ਮਕਸਦ ਕੀ ਹੈ, ਤਰੀਕਾ ਕੀ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਇਹ ਸਾਨੂੰ ਨਾਲ ਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ॥੪॥"

ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਅਗਨਿ ਦਾ ਰੂਪ ਕੀ ਹੈ, ਅਗਨਿ ਤ੍ਰਿਸ਼ਨਾ ਦੀ ਹੀ ਹੈ, ਮਨ ਦੀ ਅਗਿਆਨਤਾ ਦੀ ਹੀ ਹੈ, ਸਾਡੇ ਅੰਦਰ ਗੁਰਮਤਿ ਦਾ ਨਾ ਹੋਣਾ ਹੀ ਹੈ। ਜਿੱਥੇ

20/2174

ਗੁਰਮਤਿ ਹੈ, ਜਿਸਦੀ ਅਵੱਸਥਾ ਗੁਰਮੁਖਿ ਵਾਲੀ ਹੈ ਉੱਥੇ ਸਾਡੇ ਅੰਦਰ ਪੰਜੇ ਚੋਰ ਨਹੀਂ ਵੱਸ ਸਕਦੇ, ਹਉਮੈ ਨਹੀਂ ਹੋ ਸਕਦੀ। ਸਾਡੇ ਅੰਦਰ ਪੰਜੇ ਚੋਰ ਤ੍ਰਿਸ਼ਨਾ ਦੇ ਪਿਆਦੇ ਹੀ ਹਨ, ਮਾਇਆ ਮੋਹ ਦੇ ਪਿਆਦੇ ਹੀ ਹਨ ਜਿੰਨ੍ਹਾਂ ਦੇ ਰਹਿੰਦਿਆਂ ਇਹ ਮਨ ਧੀਰਜ ਵਿੱਚ ਨਹੀਂ ਆ ਸਕਦਾ, ਟਿਕਾਓ ਵਿੱਚ, ਸੰਤੋਖ ਵਿੱਚ ਨਹੀਂ ਆ ਸਕਦਾ। ਇਨ੍ਹਾਂ ਪੰਜਾਂ ਚੋਰਾਂ ਦੇ ਰਹਿੰਦਿਆਂ ਅਸੀਂ ਨਾਮ ਵਾਲੇ ਨਹੀਂ ਬਣ ਸਕਦੇ ਕਿਉਂਕਿ ਇਹ ਅਸਲ ਵਿੱਚ ਨਾਮ ਦੇ ਚੋਰ ਹੀ ਹਨ, ਸਾਡੇ ਅੰਦਰੋਂ ਗੁਣਾਂ ਦੀ ਚੋਰੀ ਕਰਨ ਵਾਲੇ ਹੀ ਹਨ। ਜੋ ਰਾਮ ਨਾਮ ਜਪਣ ਵਾਲਾ ਹੈ ਉਸਨੂੰ ਕਿਸੇ ਸਵਾਸਾਂ ਦੀ ਕਿਰਿਆ ਦੀ ਲੋੜ ਨਹੀਂ ਹੈ, ਉਸਨੂੰ ਕੇਵਲ ਇਸ ਮਨ ਨੂੰ ਔਗੁਣਾਂ ਤੋਂ ਸ਼ੁੱਧ ਕਰਨ ਦੀ ਲੋੜ ਹੈ। ਗੁਰਮਤਿ ਦਾ ਸਵਾਦ ਉਹੀ ਲੈਂਦਾ ਹੈ ਜੋ ਇਨ੍ਹਾਂ ਚੋਰਾਂ ਤੋਂ ਮੁਕਤ ਹੈ, ਗੁਰਮਤਿ ਦੇ ਚੋਰਾਂ ਤੋਂ ਮੁਕਤ ਹੈ। ਇਨ੍ਹਾਂ ਚੋਰਾਂ ਦੇ ਰਹਿੰਦਿਆਂ ਅਸੀਂ ਮਾਇਆ ਮੋਹ ਦਾ ਸਵਾਦ ਹੀ ਲੈਂਦੇ ਹਾਂ, ਝੂਠੇ ਮਾਣ ਦਾ ਸਵਾਦ ਹੀ ਲੈਂਦੇ ਹਾਂ। ਗੁਰਮਤਿ ਦਾ ਸਵਾਦ ਲੈਣਾ, ਨਾਮ ਜਪਣ ਦਾ ਸਵਾਦ ਲੈਣਾ ਬਹੁਤ ਔਖਾ ਹੈ। ਇਸ ਸਵਾਦ ਦੀ ਪ੍ਰਾਪਤੀ, ਇਸ ਆਨੰਦ ਦੀ ਪ੍ਰਾਪਤੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ, ਗੁਰਮੁਖਿ ਬਣ ਕੇ ਹੀ ਹੁੰਦੀ ਹੈ, ਇਸ ਕਾਇਆ ਨੂੰ ਜਿੱਤ ਕੇ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ। **(ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ॥੪॥)**

ਪ੍ਰਮਾਤਮਾ ਦੀ ਭਗਤੀ ਕੇਵਲ ਇਸ ਮਨ ਨੂੰ ਸੁੱਚਾ ਕਰਨ ਦੁਆਰਾ ਹੁੰਦੀ ਹੈ ਭਾਵ ਔਗੁਣ ਰਹਿਤ ਕਰਨ ਦੁਆਰਾ ਹੁੰਦੀ ਹੈ ਜੋ ਕਿ ਅਸਲ ਵਿੱਚ ਉਸਦਾ ਨਾਮ ਜਪਣਾ ਹੈ ਪਰ ਅਸੀਂ ਤੀਰਥਾਂ ਆਦਿ ਤੇ ਜਾ ਕੇ ਕਾਇਆ ਦਾ ਇਸ਼ਨਾਨ ਕਰਨ ਦੁਆਰਾ ਹੀ ਆਪਣੇ ਆਪ ਨੂੰ ਸੱਚੇ ਸੁੱਚੇ ਬਣਾਉਣ ਦਾ ਤਰੀਕਾ ਸਮਝਦੇ ਹਾਂ ਤੇ ਇਸੇ ਲਈ ਤੀਰਥਾਂ ਆਦਿ ਤੇ ਘੁੰਮਦੇ ਰਹਿੰਦੇ ਹਾਂ। ਇਸ ਤਰੀਕੇ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਤੇ ਕੇਵਲ ਪ੍ਰਮਾਤਮਾ ਨੇ ਜਿਹੋ ਜਿਹੀ ਕਿਰਤ ਸਾਡੇ ਅੰਦਰ ਪਾਈ ਹੈ, ਅਸੀਂ ਉਸ ਅਨੁਸਾਰ ਆਪਣੇ ਆਪ ਨੂੰ ਖੱਜਲ ਖੁਆਰ ਹੀ ਕਰਦੇ ਹਾਂ। ਦੋਸ਼ ਸਾਡੇ ਪਿਛਲੇ ਕਰਮਾਂ ਦਾ ਹੀ ਹੈ, ਮਾੜੇ ਲੇਖਾਂ ਦਾ ਹੀ ਹੈ ਜਿਸ ਕਰਕੇ ਪ੍ਰਮਾਤਮਾ ਨੇ ਸਾਨੂੰ ਇਨ੍ਹਾਂ ਕੰਮਾਂ ਵਿੱਚ ਉਲਝਾਇਆ ਹੋਇਆ ਹੈ। **(ਅੰਤਰਿ ਮੈਲੁ ਤੀਰਥ ਭਰਮੀਜੈ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥ ਕਿਰਤੁ ਪਇਆ ਦੋਸੁ ਕਾ ਕਉ ਦੀਜੈ॥੫॥)**

20/2175

{ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ॥
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ॥੨੦॥
ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥
ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ॥
ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ॥੨੨॥}

(ਅੰਗ ੪੩੩)

ਜਿਸ ਤੇ ਵੀ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਭਾਵ ਜਿਸਨੂੰ ਵੀ ਆਪਣੀ ਸੱਚੀ ਭਗਤੀ ਸਮਝਾਉਂਦਾ ਹੈ, ਜਿਸ ਨੂੰ ਵੀ ਪ੍ਰਮਾਤਮਾ ਜਨਮ ਮਰਨ ਦੇ ਗੇੜ ਤੋਂ ਕੱਢਦਾ ਹੈ ਉਸਨੂੰ ਆਪਣਾ ਸੱਚਾ ਗਿਆਨ ਹੀ ਬਖ਼ਸ਼ਦਾ ਹੈ, ਸੱਚੀ ਸੋਝੀ ਹੀ ਬਖ਼ਸ਼ਦਾ ਹੈ। ਸੱਚੀ ਸੋਝੀ ਦੇ ਬਿਨ੍ਹਾਂ ਹਰ ਕੋਈ ਭਰਮ ਦੇ ਵਿੱਚ ਇਹੋ ਜਿਹੀ ਭਗਤੀ ਵਿੱਚ ਲੱਗਾ ਰਹਿੰਦਾ ਹੈ, ਸਰੀਰਕ ਕਿਰਿਆਵਾਂ ਆਦਿ ਵਿੱਚ ਲੱਗਾ ਰਹਿੰਦਾ ਹੈ, ਦੇਹੀ ਨੂੰ ਦੁੱਖ ਆਦਿ ਦੇਣ ਵਿੱਚ, ਅੰਨ ਨਾ ਖਾਣ ਵਿੱਚ ਵੀ ਭਗਤੀ ਸਮਝਦਾ ਹੈ ਜੋ ਕਿ ਕੇਵਲ ਸਾਡੀ ਖੁਆਰੀ ਹੀ ਹੈ। ਜਿਸ ਨੂੰ ਵੀ ਪ੍ਰਮਾਤਮਾ ਨੇ ਤ੍ਰਿਪਤ ਕਰਨਾ ਹੈ ਮਨ ਦੇ ਗਿਆਨ ਦੁਆਰਾ ਹੀ ਕਰਨਾ ਹੈ। ਤ੍ਰਿਪਤੀ ਪ੍ਰਮਾਤਮਾ ਦੇ ਦਰਸ਼ਨਾਂ ਦੁਆਰਾ ਹੀ ਹੁੰਦੀ ਹੈ, ਸੰਸਾਰਿਕ ਆਵਾਗਉਣ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ ਤੇ ਉਹ ਕੇਵਲ ਗੁਰੂ ਦਾ ਸੱਚਾ ਗਿਆਨ

ਮਿਲਣ ਦੁਆਰਾ ਹੀ ਹੁੰਦੀ ਹੈ ਜੋ ਕਿ ਕੇਵਲ ਉਸ ਗੁਰੂ ਪ੍ਰਮਾਤਮਾ ਦੇ ਆਪਣੇ ਹੱਥ ਵੱਸ ਹੈ। ਸਾਡਾ ਸਾਰਾ ਭਗਤੀ ਦਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਸਰੀਰਕ ਜਪਾਂ ਤਪਾਂ ਆਦਿ ਤੋਂ ਬਚੀਏ, ਭਰਮਿਆਂ ਹੋਇਆਂ ਦੇ ਪਿੱਛੇ ਲੱਗਣ ਤੋਂ ਬਚੀਏ ਤੇ ਕੇਵਲ ਗੁਰੂ ਦੇ ਸੱਚੇ ਗਿਆਨ ਨਾਲ ਜੁੜ ਕੇ, ਔਗੁਣਾਂ ਦੀ ਅਗਨਿ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ ਭਾਵ ਸੱਚੇ ਸੁੱਚੇ ਹੋ ਕੇ ਚੰਗੇ ਕਰਮ ਕਰਨ ਦਾ ਉਪਰਾਲਾ ਕਰੀਏ ਜਿਸ ਨੇ ਸਾਨੂੰ ਗੁਰੂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਬਣਾਉਣਾ ਹੈ। ਗੁਰੂ ਦੇ ਗਿਆਨ ਬਿਨ੍ਹਾਂ ਹਰ ਕੋਈ ਭਰਮ ਦੇ ਵਿੱਚ ਹੀ ਹੈ, ਮਨਮੁਖਿ ਹੀ ਹੈ। ਗੁਰਮੁਖਿ ਸਾਨੂੰ ਗੁਰੂ ਦੀ ਸੱਚੀ ਮਤਿ ਨੇ ਹੀ ਬਣਾਉਣਾ ਹੈ। **(ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥ ਮਨਮੁਖਿ ਜਨਮੈ ਜਨਮਿ ਮਰੀਜੈ॥੬॥)**

ਪ੍ਰਮਾਤਮਾ ਦੀ ਭਗਤੀ ਕੇਵਲ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੋ ਸਕਦੀ ਹੈ, ਨਾਮ ਦੀ ਸੋਝੀ ਦੁਆਰਾ ਹੋ ਸਕਦੀ ਹੈ। ਬਿਨ੍ਹਾਂ ਨਾਮ ਮਿਲਣ ਤੋਂ ਹਰ ਕੋਈ ਭਰਮ ਵਿੱਚ ਹੀ ਰਹਿੰਦਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਭਰਮ ਹੀ ਹੈ, ਸੱਚਾ ਗਿਆਨ ਨਹੀਂ ਹੈ। ਸੱਚਾ ਗਿਆਨ ਨਾਮ ਦੁਆਰਾ ਹੀ ਮਿਲਦਾ ਹੈ, ਨਾਮ ਦੇ ਨਾਲ

20/2176

ਮੇਲ ਦੁਆਰਾ ਹੀ ਮਿਲਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਿਲਦਾ ਹੈ ਜੋ ਕਿ ਮਨ ਵਿੱਚ ਉਹ ਆਪ ਹੀ ਦਿੰਦਾ ਹੈ। ਨਾਮ ਚੌਥਾ ਪਦ ਹੈ ਜੋ ਕਿ ਪ੍ਰਮਾਤਮਾ ਆਪ ਬਖ਼ਸ਼ਦਾ ਹੈ, ਆਪਣੀ ਭਗਤੀ ਦੀ ਸੋਝੀ ਆਪ ਹੀ ਪਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੂੰ ਜਪਣ ਦੀ ਸੱਚੀ ਸੋਝੀ ਹੀ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ। ਸੱਚੀ ਬਾਣੀ ਦੇ ਨਾਲ ਜੁੜੇ ਬਿਨ੍ਹਾਂ, ਸੱਚੇ ਗਿਆਨ ਦੀ ਸੋਝੀ ਦੇ ਨਾਲ ਜੁੜੇ ਬਿਨ੍ਹਾਂ ਸਾਨੂੰ ਭਗਤੀ ਦੀ ਸਮਝ ਨਹੀਂ ਪੈ ਸਕਦੀ। ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਵੀ ਨਹੀਂ ਪਈ ਕਿਉਂਕਿ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਹਰ ਕੋਈ ਭਰਮ ਵਿੱਚ ਹੀ ਰਹਿੰਦਾ ਹੈ ਤੇ ਪ੍ਰਮਾਤਮਾ ਨੂੰ ਉਨ੍ਹਾਂ ਤਰੀਕਿਆਂ ਨਾਲ ਜਪਦਾ ਹੈ ਜੋ ਕਿ ਕੇਵਲ ਸਾਡੇ ਮਨ ਦਾ ਭਰਮ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਤੇ ਗੁਰਬਾਣੀ ਦੀ ਸੱਚੀ ਸੋਝੀ ਦੇ ਨਾਲ ਜੁੜੀਏ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ।

"ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ॥੧੩॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ॥੧੪॥
ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ॥੧੯॥
ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ॥੨੩॥
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ॥੨੫॥
ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ॥੨੬॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ॥੨੭॥੨॥੧੧॥"

(ਅੰਗ ੯੦੯)

ਸਭ ਤੋਂ ਪਹਿਲਾਂ ਤਾਂ ਅਸੀਂ ਇਹ ਦ੍ਰਿੜ ਕਰਕੇ ਮੰਨੀਏ, ਪੂਰੇ ਵਿਸ਼ਵਾਸ ਨਾਲ ਮੰਨੀਏ ਕਿ ਸਾਨੂੰ ਜਦੋਂ ਵੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਣੀ ਹੈ ਉਹ ਆਪਣੇ ਸਰੀਰ ਦੇ ਵਿੱਚੋਂ ਹੀ ਹੋਣੀ ਹੈ, ਇਸ ਸਰੀਰਕ ਰੂਪ ਸਰੋਵਰ ਵਿੱਚੋਂ ਹੀ ਹੋਣੀ ਹੈ।

"ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ॥੧੩॥"

ਸਾਨੂੰ "ਸੰਤਹੁ" ਕਹਿ ਕੇ ਸੰਬੋਧਨ ਕੀਤਾ ਹੈ ਭਾਵ ਸਮਝਾਇਆ ਹੈ ਭਾਵ ਸੰਤ ਅਖਵਾਉਣ ਵਾਲਿਆਂ ਨੂੰ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਭਾਵ ਕੇਵਲ ਸੰਤ ਅਖਵਾ ਲੈਣ ਨਾਲ ਕੋਈ ਸੂਝਵਾਨ ਨਹੀਂ ਹੋ ਜਾਂਦਾ। ਸਾਡੇ ਇਸ ਸਰੀਰ ਨੂੰ ਸਰੋਵਰ ਕਿਹਾ ਹੈ ਜਿਸ ਵਿੱਚ ਅਸੀਂ ਇਸ਼ਨਾਨ ਕਰਨਾ ਹੈ। ਸਾਡੇ ਸਰੀਰ ਦੇ ਵਿੱਚ ਸਰੋਵਰ ਰੂਪ ਸਾਡਾ ਮਨ ਹੀ ਹੈ ਜਿੱਥੋਂ ਅਸੀਂ ਇਸ਼ਨਾਨ ਕਰਨਾ ਹੈ ਭਾਵ ਮਨ ਦੇ ਵਿੱਚੋਂ ਗਿਆਨ ਦਾ ਇਸ਼ਨਾਨ ਕਰਨਾ ਹੈ। ਪ੍ਰਮਾਤਮਾ ਦੇ ਨਾਲ ਸਾਡੀ ਲਿਵ ਮਨ ਦੇ ਗਿਆਨ ਰਾਹੀਂ ਹੀ ਜੁੜਦੀ ਹੈ, ਗਿਆਨ ਦਾ ਇਸ਼ਨਾਨ ਹੋਣ ਦੁਆਰਾ ਹੀ ਜੁੜਦੀ ਹੈ। **(ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ॥੧੩॥)**

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥}

(ਅੰਗ ੬੮੭)

20/2177

ਸਾਡੇ ਅੰਦਰ ਦਾ ਸਰੋਵਰ ਭਾਵ ਮਨ ਰੂਪ ਸਰੋਵਰ ਗਿਆਨ ਰੂਪ ਸਰੋਵਰ ਹੀ ਹੈ, ਨਾਮ ਰੂਪ ਸਰੋਵਰ ਹੀ ਹੈ ਜਿੱਥੋਂ ਅਸੀਂ ਨਾਮ ਦਾ ਇਸ਼ਨਾਨ ਕਰਦੇ ਹਾਂ। ਜਿੰਨ੍ਹਾਂ ਨੂੰ ਵੀ ਨਾਮ ਦੀ ਪ੍ਰਾਪਤੀ ਹੋਈ ਹੈ ਇਸ ਮਨ ਰੂਪ ਸਰੋਵਰ ਦੇ ਇਸ਼ਨਾਨ ਰਾਹੀਂ ਹੀ ਹੋਈ ਹੈ। ਜਿਸਨੂੰ ਪ੍ਰਮਾਤਮਾ ਨਿਰਮਲ ਬਣਾਉਂਦਾ ਹੈ, ਪਵਿੱਤਰ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚੋਂ ਨਾਮ ਦਾ ਇਸ਼ਨਾਨ ਹੀ ਕਰਵਾਉਂਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ॥੧੪॥"

ਮਨ ਦੇ ਵਿੱਚ ਇਹ ਨਾਮ ਦਾ ਇਸ਼ਨਾਨ ਗੁਰੂ ਦੇ ਸ਼ਬਦ ਦੁਆਰਾ ਹੀ ਹੁੰਦਾ ਹੈ। ਗੁਰੂ ਪ੍ਰਮਾਤਮਾ, ਸਾਡੇ ਅੰਦਰ ਸ਼ਬਦ ਰੂਪ ਵਿੱਚ ਹੀ ਵਰਤਦਾ ਹੈ, ਗਿਆਨ ਰੂਪ ਵਿੱਚ ਹੀ ਵਰਤਦਾ ਹੈ। ਸਾਡੇ ਮਨ ਦੀ ਮੈਲ ਉਹ ਆਪਣੇ ਸ਼ਬਦ ਦੁਆਰਾ ਹੀ ਧੋਂਦਾ ਹੈ, ਸੱਚੇ ਗਿਆਨ ਦੁਆਰਾ ਹੀ ਧੋਂਦਾ ਹੈ। **(ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ॥੧੪॥)** ਇਹ ਮੈਲ ਸਾਡੇ ਅੰਦਰ ਕਿਸ ਰੂਪ ਵਿੱਚ ਜੋ ਸ਼ਬਦ ਦੁਆਰਾ ਧੁਲਦੀ ਹੈ, ਨਾਮ ਦੁਆਰਾ ਧੁਲਦੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ॥੧੫॥"

ਇਹ ਮੈਲ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਭਰਮ ਵਾਲੀ, ਅਗਿਆਨਤਾ ਵਾਲੀ ਅਵੱਸਥਾ ਹੈ ਜਿਸ ਦੇ ਰਹਿੰਦਿਆਂ ਸਾਨੂੰ ਆਪਣੇ ਅੰਦਰ ਵਰਤ ਰਹੇ ਸ਼ਬਦ ਦੀ, ਗੁਰੂ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ, ਇਸ ਮਨ ਦੇ ਗਿਆਨ ਦੇ ਮਾਲਕ ਦੀ ਸੋਝੀ ਨਹੀਂ ਪੈਂਦੀ। ਸਭ ਨੂੰ ਪ੍ਰਮਾਤਮਾ ਨੇ ਇਸ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਰੱਖਿਆ ਹੋਇਆਂ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ "ਨਾਮੁ" ਨੂੰ ਕੋਈ ਨਹੀਂ ਚੇਤ ਸਕਦਾ ਭਾਵ ਪ੍ਰਮਾਤਮਾ ਨੂੰ ਕੋਈ ਨਹੀਂ ਚੇਤ ਸਕਦਾ ਕਿ ਨਾਮ ਕੀ ਹੈ। ‘‘ਨਾਮੁ’’ ਸਾਡੇ ਅੰਦਰ ਹੀ ਹੈ ਪਰ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਰਹਿੰਦਿਆਂ ‘‘ਨਾਮ’’' ਨੂੰ ਕੋਈ ਨਹੀਂ ਜਾਣ ਸਕਦਾ, ਬ੍ਰਹਮਗਿਆਨ ਨੂੰ ਕੋਈ ਨਹੀਂ ਜਾਣ ਸਕਦਾ ਕਿ ਇਹ ਕਿਵੇਂ ਮਿਲਦਾ ਹੈ, ਕਿਸ ਰੂਪ ਵਿੱਚ ਮਿਲਦਾ ਹੈ, ਕਿੱਥੇ ਮਿਲਦਾ ਹੈ ਤੇ ਕੌਣ ਦਿੰਦਾ ਹੈ। ਆਪਣਾ ਨਾਮੁ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਇਸ਼ਨਾਨ ਰਾਹੀਂ ਹੀ ਦਿੰਦਾ ਹੈ। ਮਨ ਦੇ ਵਿੱਚ ਗਿਆਨ ਦਾ ਇਸ਼ਨਾਨ, ਬ੍ਰਹਮ ਗਿਆਨ ਦਾ ਇਸ਼ਨਾਨ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ, "ਸ਼ਬਦ" ਆਪ ਹੀ

20/2178

ਕਰਵਾਉਂਦਾ ਹੈ ਤੇ ਸ਼ਬਦ ਰੂਪ ਵਿੱਚ ਹੀ ਕਰਵਾਉਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਨਾਮ ਦਾ ਇਸ਼ਨਾਨ ਕਰਵਾਇਆ ਹੈ ਉਨ੍ਹਾਂ ਨੇ ਹੀ ਨਾਮ ਰੂਪ ਗੁਰਬਾਣੀ ਦਾ ਉਚਾਰਨ ਕੀਤਾ ਹੈ, ਸ਼ਬਦ ਰੂਪ ਗੁਰਬਾਣੀ ਦੀ ਰਚਨਾ ਕੀਤੀ ਹੈ। ਇਸੇ ਲਈ ਪੂਰੀ

ਗੁਰਬਾਣੀ ਵਿੱਚ ਨਾਮ ਹੈ, ਪੂਰਨ ਬ੍ਰਹਮਗਿਆਨ ਹੈ ਜਿਸ ਕਰਕੇ ਗੁਰਬਾਣੀ ਭਰਮ ਰਹਿਤ ਹੈ। ਭਰਮ ਰਹਿਤ ਕੇਵਲ ਬ੍ਰਹਮ ਗਿਆਨ ਹੈ ਜੋ ਤ੍ਰੈਗੁਣਾਂ ਵਾਲੀ ਅਵੱਸਥਾਂ ਵਿੱਚੋਂ ਨਿਕਲਣ ਦੁਆਰਾ ਮਿਲਦਾ ਹੈ ਭਾਵ ਬ੍ਰਹਮ ਗਿਆਨ ਹੀ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ। ਬ੍ਰਹਮਗਿਆਨ ਦੀ, ਨਾਮ ਦੀ ਪ੍ਰਾਪਤੀ ਬਿਨ੍ਹਾਂ ਸਭ ਦਾ ਜੀਵਨ ਇਸੇ ਤਰ੍ਹਾਂ ਭਰਮ ਵਿੱਚ, ਤ੍ਰੈਗੁਣਾਂ ਵਿੱਚ ਹੀ ਬਿਨਸ ਜਾਂਦਾ ਹੈ ਭਾਵ ਵਿਅਰਥ ਚਲਾ ਜਾਂਦਾ ਹੈ। **(ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ॥੧੫॥)**

ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਮਕਸਦ ਸਾਨੂੰ ਭਰਮ ਵਿੱਚ ਰੱਖਣ ਦਾ ਹੀ ਹੈ। ਇਹ ਮਕਸਦ ਪ੍ਰਮਾਤਮਾ ਦਾ ਆਪਣਾ ਹੀ ਹੈ ਜਿਸ ਨੇ ਸਾਨੂੰ ਸਭ ਨੂੰ ਬਣਾਇਆ ਹੈ ਤੇ ਆਪਣੇ ਆਪ ਤੋਂ ਸਾਨੂੰ ਵੱਖਰਾ ਰੱਖਣ ਦਾ ਤਰੀਕਾ ਵੀ ਪ੍ਰਮਾਤਮਾ ਨੇ ਸਾਡੇ ਅੰਦਰ ਆਪ ਹੀ ਤ੍ਰੈਗੁਣੀ ਅਵੱਸਥਾ ਦੁਆਰਾ ਪਾਇਆ ਹੋਇਆ ਹੈ ਜਿਸ ਦੁਆਰਾ ਹਰ ਕੋਈ ਆਪਣੇ ਆਪ ਨੂੰ "ਮੈਂ" ਸਮਝਦਾ ਹੈ, ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਵੀ ਪ੍ਰਮਾਤਮਾ ਨੇ "ਮੈਂ" ਵਿੱਚ ਹੀ ਰੱਖਿਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਸਮਝਣ ਵਿੱਚ ਅਸਮਰੱਥ ਹੀ ਰੱਖਿਆ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥੧੬॥

ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥੧੭॥"

ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਅਸੀਂ ਪ੍ਰਮਾਤਮਾ ਦਾ ਰੂਪ ਸਮਝ ਕੇ ਹੀ ਜਾਣਦੇ ਹਾਂ ਪਰ ਇਸ ਨੂੰ ਸਾਡਾ ਭਰਮ ਦੱਸਿਆ ਹੈ। ਜੋ ਆਪ ਤ੍ਰੈਗੁਣਾਂ ਵਿੱਚ ਹਨ ਉਹ ਕਿਸੇ ਨੂੰ ਪ੍ਰਮਾਤਮਾ ਦਾ ਸੱਚ ਕੀ ਸਮਝਾ ਸਕਦੇ ਹਨ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਖੁਦ ਹੀ ਭਰਮ ਵਿੱਚ ਰੱਖਿਆ ਹੋਇਆ ਹੈ ਉਨ੍ਹਾਂ ਨੇ ਕਿਸੇ ਦਾ ਭਰਮ ਕੀ ਕੱਢਣਾ ਹੈ। ਉਨ੍ਹਾਂ ਦੇ ਰਾਹੀਂ ਪ੍ਰਮਾਤਮਾ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਪਾਉਣ ਦਾ ਹੈ। ਸਭ ਵਿੱਚ ਪ੍ਰਮਾਤਮਾ ਆਪ ਹੀ ਵਰਤਦਾ ਹੈ

ਤੇ ਜਿਸ ਨੂੰ ਚਾਹੇ ਜਿਤਨੇ ਮਰਜ਼ੀ ਭਰਮ ਵਿੱਚ ਰੱਖ ਸਕਦਾ ਹੈ ਤੇ ਦੁਨੀਆਂ ਨੂੰ ਭਰਮ ਵਿੱਚ ਪਾ ਸਕਦਾ ਹੈ। ਬ੍ਰਹਮ, ਬਿਸ਼ਨ, ਮਹੇਸ਼ ਨੂੰ ਪ੍ਰਮਾਤਮਾ ਨੇ ਸੰਸਾਰ ਵਿੱਚ ਭਰਮ ਫੈਲਾਉਣ ਲਈ ਆਪ ਹੀ ਉਨ੍ਹਾਂ ਨੂੰ ਤ੍ਰੈਗੁਣਾਂ ਦੀ ਮੂਰਤਿ ਬਣਾ ਕੇ ਵਰਤਿਆ ਹੈ, ਤ੍ਰੈਗੁਣਾਂ ਦੀ ਮਿਸਾਲ ਬਣਾ ਕੇ ਵਰਤਿਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ। ਉਨ੍ਹਾਂ ਨੂੰ ਪ੍ਰਮਾਤਮਾ ਦਾ ਰੂਪ ਸਮਝਣ ਵਾਲਾ ਹਰ ਕੋਈ ਭਰਮਿਆ ਹੋਇਆਂ ਹੀ ਹੈ ਭਾਵ ਪ੍ਰਮਾਤਮਾ ਦਾ ਅਸਲ ਰੂਪ ਜਾਨਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਚੌਥੇ ਪਦ ਦੀ ਅਵੱਸਥਾ ਦੁਆਰਾ ਜਾਣਿਆ ਜਾ ਸਕਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕ੍ਰਿਪਾ ਹੈ, ਗੁਰਪ੍ਰਸਾਦਿ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਚੌਥੇ ਪਦ ਦੇ ਗਿਆਨ ਦੇ ਉਪਜਣ ਦੁਆਰਾ ਹੀ ਹੁੰਦੀ ਹੈ ਜੋ ਕਿ ਕੇਵਲ ਪ੍ਰਮਾਤਮਾ ਦੇ ਆਪਣੇ ਹੀ ਵੱਸ ਹੈ ਤੇ ਮਨੁੱਖ ਦਾ ਉਸ ਤੇ ਕੋਈ ਜ਼ੋਰ ਨਹੀਂ ਹੈ। ਇਹ ਚੌਥੇ ਪਦ ਦੀ ਪ੍ਰਾਪਤੀ ਮਨ ਦੇ ਵਿੱਚ ਇਸ਼ਨਾਨ ਦੁਆਰਾ ਹੀ ਹੁੰਦੀ ਹੈ, ਨਾਮ ਦੇ ਇਸ਼ਨਾਨ ਦੁਆਰਾ, ਸ਼ਬਦ ਦੇ ਗਿਆਨ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਦੇ ਨਾਲ ਸਾਡੀ ਲਿਵ ਚੌਥੇ ਪਦ ਦੁਆਰਾ ਹੀ ਜੁੜਦੀ ਹੈ, ਉਸਦੇ ਆਪਣੇ ਜੋੜਨ ਦੁਆਰਾ ਹੀ ਜੁੜਦੀ ਹੈ। **(ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥੧੬॥ ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥੧੭॥)**

{ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥1॥ ਰਹਾਉ ॥

ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥

ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥2॥

ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥

ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥3॥

ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥1॥ ਰਹਾਉ ਦੂਜਾ ॥}

(ਅੰਗ ੯੨)

20/2180

ਵੇਦਾਂ ਸ਼ਾਸਤਰਾਂ ਆਦਿ ਦੀ ਰਚਨਾ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੋਈ ਹੈ ਜਿਸ ਕਰਕੇ ਉਨ੍ਹਾਂ ਵਿੱਚੋਂ ਸੱਚ ਦੇ ਨਾਲ ਨਾਲ ਭਰਮ ਵੀ ਨਾਲ ਹੀ ਹੈ। ਵੇਦਾਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਸੱਚ ਦੀ ਸੋਝੀ ਨਹੀਂ ਪੈਂਦੀ ਕਿ ਉਹ ਕਿਸ ਰੂਪ ਵਿੱਚ ਵਿਚਰਦਾ ਹੈ। ਵੇਦਾਂ ਸ਼ਾਸਤਰਾਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਸ਼ਬਦ ਰੂਪ ਦੀ, ਗਿਆਨ ਰੂਪ ਦੀ ਸੋਝੀ ਨਹੀਂ ਪੈਂਦੀ ਤੇ ਇਸੇ ਲਈ ਉਨ੍ਹਾਂ ਦੇ ਪੜ੍ਹਨ ਵਾਲੇ ਪ੍ਰਮਾਤਮਾ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਰਹਿੰਦੇ ਹਨ, ਅਸਮਰੱਥ ਰਹਿੰਦੇ ਹਨ ਤੇ ਪ੍ਰਮਾਤਮਾ ਨੂੰ ਕੋਈ ਸਰਗੁਣ ਰੂਪ ਸਮਝ ਕੇ ਉਸਦਾ ਇਹੋ ਜਿਹਾ ਰੂਪ ਹੀ ਦੂਸਰਿਆਂ ਨੂੰ ਸਮਝਾਉਂਦੇ ਹਨ। ਪ੍ਰਮਾਤਮਾ ਦੇ ਸੱਚੇ ਰੂਪ ਦੀ, ਨਿਰਗੁਣ ਰੂਪ ਦੀ, ਗਿਆਨ ਰੂਪ ਦੀ, ਨਾਮ ਰੂਪ ਦੀ ਸੋਝੀ ਪਏ ਬਿਨ੍ਹਾਂ ਸਾਡਾ ਪ੍ਰਮਾਤਮਾ ਨਾਲ ਵਾਦ, ਝਗੜਾ ਖ਼ਤਮ ਨਹੀਂ ਹੋ ਸਕਦਾ। ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਚੌਥੇ ਪਦ ਦੇ ਗਿਆਨ ਦੁਆਰਾ ਹੀ ਦੂਰ ਹੁੰਦਾ ਹੈ, ਨਾਮ ਮਿਲਣ ਦੁਆਰਾ ਹੀ ਦੂਰ ਹੁੰਦਾ ਹੈ। ਨਾਮ ਦੀ ਸੋਝੀ ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ ਅਤੇ ਮਹੇਸ਼ ਨੂੰ ਵੀ ਨਹੀਂ ਪਾਈ ਤੇ ਇਸੇ ਲਈ ਵੇਦਾਂ ਸ਼ਾਸਤਰਾਂ ਦੇ ਪੜ੍ਹਨ ਵਾਲੇ ਵੀ ਨਾਮ ਨੂੰ ਨਹੀਂ ਸਮਝਦੇ। ਨਾਮ ਪ੍ਰਮਾਤਮਾ ਦਾ ਨਿਰਗੁਣ ਰੂਪ ਹੀ ਹੈ, ਗਿਆਨ ਰੂਪ ਹੀ ਹੈ ਸੱਚ ਰੂਪ ਹੀ ਹੈ ਜਿਸ ਦੀ ਪ੍ਰਾਪਤੀ ਸੱਚ ਤੇ ਚੱਲਣ ਦੁਆਰਾ ਹੀ ਹੁੰਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ ਜੋ ਕਿ ਨਾਮ ਦੀ ਪ੍ਰਾਪਤੀ ਕਰਨ ਦਾ ਸਾਧਨ ਹੈ। ਨਾਮ ਦੀ ਪ੍ਰਾਪਤੀ ਕਰਨ ਦਾ ਸਾਧਨ ਸਾਨੂੰ ਵੇਦਾਂ ਸ਼ਾਸਤਰਾਂ ਰਾਹੀਂ ਵੀ ਸਮਝਾਇਆ ਹੋਇਆ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ ਭਾਵ ਨਾਮ ਜਪਣ ਦਾ ਮਾਰਗ ਸਾਨੂੰ ਵੇਦਾਂ ਸ਼ਾਸਤਰਾਂ ਰਾਹੀਂ ਵੀ ਸਮਝਾਇਆ ਹੈ ਪਰ ਉਸ ਨੂੰ ਨਾਮ ਜਪਣਾ ਸਮਝਣ ਦੀ ਬਜਾਇ ਉਨ੍ਹਾਂ ਦੇ ਪੜ੍ਹਨ ਵਾਲੇ ਇੱਕ ਅੱਖਰ ਨੂੰ ਜਪਣਾ ਹੀ ਨਾਮ ਜਪਣਾ ਸਮਝਦੇ ਹਨ ਤੇ ਹੋਰ ਵੀ ਭਗਤੀ ਦੇ ਅਨੇਕਾਂ ਇਹੋ ਜਿਹੇ ਤਰੀਕੇ ਅਪਣਾਉਂਦੇ ਹਨ ਜਿੰਨ੍ਹਾਂ ਤੋਂ ਸਾਨੂੰ ਕੋਈ ਲਾਭ ਨਹੀਂ ਮਿਲਦਾ ਭਾਵ ਪ੍ਰਮਾਤਮਾ ਨੂੰ ਪਾਉਣ ਵਿੱਚ ਕੋਈ ਲਾਭ ਨਹੀਂ ਮਿਲਦਾ। **(ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ॥੧੮॥ ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ॥੧੯॥)**

ਪ੍ਰਮਾਤਮਾ ਦੀ ਸੱਚੀ ਭਗਤੀ ਸਾਨੂੰ ਉਹੀ ਸਮਝਾ ਸਕਦਾ ਹੈ

20/2181

ਜਿੰਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਨੇ ਆਪ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਭਗਤੀ ਸਮਝਾਈ ਹੈ। ਪੂਰੀ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਆਪਣੇ ਭਗਤਾਂ ਦੇ ਅੰਦਰ ਪ੍ਰਗਟ ਹੋ ਕੇ ਕੀਤੀ ਹੈ। ਇਸੇ ਲਈ ਉਨ੍ਹਾਂ ਦੁਆਰਾ ਰਚੀ ਹੋਈ ਬਾਣੀ ਉੱਤਮ ਬਾਣੀ ਹੈ ਭਾਵ ਭਰਮ ਰਹਿਤ ਹੈ ਜੋ ਸਾਨੂੰ ਪ੍ਰਮਾਤਮਾ ਦਾ ਪੂਰਨ ਸੱਚ ਸਮਝਾਉਂਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥

ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥"

ਜੁਗਾਂ ਜੁਗਾਂ ਤੋਂ ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਸੱਚ ਦੀ ਸੋਝੀ ਪੈਣਾ ਹੈ। ਸੱਚ ਦੀ ਸੋਝੀ ਉੱਥੇ ਹੀ ਪੈਂਦੀ ਹੈ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਇਹ ਸੋਝੀ ਪਾਉਂਦਾ ਹੈ। ਉਸਦੇ ਭਗਤਾਂ ਦੁਆਰਾ ਰਚੀ ਹੋਈ ਬਾਣੀ ਇਸੇ ਲਈ ਉੱਤਮ ਹੈ ਕਿਉਂਕਿ ਉਹ ਪੂਰੀ ਤਰ੍ਹਾਂ ਸੱਚ ਹੈ। ਜੋ ਸੱਚ ਹੈ ਉਹ ਜੁਗਾਂ ਜੁਗਾਂ ਤੱਕ ਸੱਚ ਹੀ ਰਹਿੰਦਾ ਹੈ ਜੋ ਕਦੇ ਮਿਟ ਨਹੀਂ ਸਕਦਾ। ਗੁਰਬਾਣੀ ਸੱਚ ਹੈ ਤੇ ਇਸੇ ਲਈ ਗੁਰਬਾਣੀ ਦੀ ਸਮਝਾਈ ਹੋਈ ਗੱਲ ਸਦਾ ਸੱਚ ਰਹਿਣ ਵਾਲੀ ਹੈ ਜੋ ਕਦੇ ਬਦਲ ਨਹੀਂ ਸਕਦੀ। ਗੁਰਬਾਣੀ ਸਾਨੂੰ ਪ੍ਰਮਾਤਮਾ ਦਾ ਤੱਤ ਸਾਰ ਸਮਝਾ ਰਹੀ ਹੈ, ਉਸਦਾ ਨਿਰਗੁਣ ਰੂਪ ਸਮਝਾ ਰਹੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਸਮਝਾ ਰਹੀ ਹੈ। ਗੁਰਬਾਣੀ ਦੇ ਨਾਲ ਜੁੜ ਕੇ ਹੀ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਵਿੱਚ ਸਮਾਅ ਸਕਦੇ ਹਾਂ, ਨਿਰਗੁਣ ਰੂਪ ਪ੍ਰਮਾਤਮਾ ਵਿੱਚ ਸਮਾਅ ਸਕਦੇ ਹਾਂ। ਸੱਚ ਦੇ ਨਾਲ ਸਾਨੂੰ ਉਹੀ ਜੋੜ ਸਕਦਾ ਹੈ ਜੋ ਆਪ ਪੂਰਨ ਸੱਚ ਹੈ। ਗੁਰਬਾਣੀ ਪ੍ਰਮਾਤਮਾ ਦਾ ਹੀ ਆਪਣਾ ਸੱਚਾ ਰੂਪ ਹੈ ਜਿਸ ਨਾਲ ਜੁੜ ਕੇ ਅਸੀਂ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ। **(ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥ ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥)**

ਜੁੜਨਾ ਅਸੀਂ ਗੁਰਬਾਣੀ ਦੇ ਸ਼ਬਦ ਨਾਲ ਹੀ ਹੈ। ਹਰ ਸ਼ਬਦ ਸਾਨੂੰ ਸੱਚ ਹੀ ਸਮਝਾਉਂਦਾ ਹੈ, ਸੱਚੀ ਮਤਿ ਹੀ ਦਿੰਦਾ ਹੈ। ਗੁਰੂ ਦੇ ਸ਼ਬਦ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਜੇਕਰ ਉਸਦੇ ਦੱਸੇ ਹੋਏ ਸੱਚ ਦੇ ਨਾਲ ਜੁੜਦੇ ਹਾਂ। ਸ਼ਬਦ ਦੇ ਨਾਲ ਜੁੜਨਾ ਕੀ ਹੈ ਇਹ ਸਾਨੂੰ ਉੱਪਰ ਸ਼ਬਦ ਰਾਹੀਂ ਪਹਿਲੇ ਵੀ ਸਮਝਾਇਆ ਹੋਇਆ ਹੈ।

"ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ॥੧੨॥"

ਸ਼ਬਦ ਦਾ ਮਕਸਦ ਸਾਨੂੰ ਧਾਤੁਰ ਬਾਜੀ ਵਿੱਚੋਂ ਕੱਢਣ ਦਾ ਹੈ ਭਾਵ ਮਾਇਆ ਮੋਹ ਵਿੱਚੋਂ ਕੱਢਣ ਦਾ ਹੈ ਜਿਸ ਦੇ ਪਿੱਛੇ ਲੱਗ ਕੇ ਅਸੀਂ ਮਾੜੇ ਕਰਮ ਕਰਦੇ ਹਾਂ।

20/2182

ਉੱਪਰ ਸਾਨੂੰ ਬੜਾ ਸਪੱਸ਼ਟ ਸਮਝਾਇਆ ਹੈ ਕਿ ਜਦ ਤੱਕ ਸਾਡੇ ਅੰਦਰ ਧਾਤੁਰ ਬਾਜੀ ਹੈ ਤਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ। ਫਿਰ ਨਾਮ ਕਿਸ ਨੂੰ ਕਿਹਾ ਹੈ ਇਸਨੂੰ ਹਰ ਕੋਈ ਸਮਝ ਸਕਦਾ ਹੈ। ਜਦ ਤੱਕ ਸਾਡੇ ਅੰਦਰ ਔਗੁਣ ਹਨ ਭਾਵ ਧਾਤੁਰ ਬਾਜੀ ਹੈ ਤਦ ਤੱਕ ਅਸੀਂ ਨਾਮ ਤੋਂ ਦੂਰ ਹਾਂ ਭਾਵ ਗੁਣਾਂ ਤੋਂ ਦੂਰ ਹਾਂ, ਸੱਚ ਤੋਂ ਦੂਰ ਹਾਂ। ਧਾਤੁਰ ਬਾਜੀ ਵੀ ਸਾਡੇ ਮਨ ਦੀ ਅਵੱਸਥਾ ਹੈ ਤੇ ਨਾਮ ਵੀ ਸਾਡੇ ਮਨ ਦੀ ਅਵੱਸਥਾ ਹੈ। ਸ਼ਬਦ ਦਾ ਮਕਸਦ ਸਾਡੇ ਇਸ ਮਨ ਦੀ ਅਵੱਸਥਾ ਨੂੰ ਬਦਲਣ ਦਾ ਹੀ ਹੈ ਭਾਵ ਸਾਡੇ ਮਨ ਦੇ ਮਾੜੇ ਵਿਚਾਰਾਂ ਨੂੰ ਚੰਗੇ ਵਿਚਾਰਾਂ ਵਿੱਚ ਬਦਲਣ ਦਾ ਹੀ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਸ਼ਬਦ ਦੀ ਦੱਸੀ ਹੋਈ ਗੱਲ ਨੂੰ ਮੰਨਾਂਗੇ। ਸ਼ਬਦ ਦਾ ਮਕਸਦ ਇਹੀ ਹੈ ਕਿ ਅਸੀਂ ਉਸ ਨੂੰ ਪੜ੍ਹੀਏ, ਸੁਣੀਏ, ਸਮਝੀਏ ਤੇ ਉਸ ਤੇ ਅਮਲ ਕਰੀਏ। ਪਰ ਹਕੀਕਤ ਵਿੱਚ ਹੁੰਦਾ ਕੀ ਹੈ, ਅਸੀਂ ਕਰਦੇ ਕੀ ਹਾਂ ਇਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਅਸੀਂ ਸ਼ਬਦ ਨੂੰ ਪੜ੍ਹਨ ਅਤੇ ਸੁਣਨ ਤੱਕ ਹੀ ਰਹਿੰਦੇ ਹਾਂ, ਉਸਨੂੰ ਵਾਰ-ਵਾਰ ਰਟੀ ਜਾਣ ਵਿੱਚ ਹੀ ਰਹਿੰਦੇ ਹਾਂ ਜਿਸਦੇ ਨਾਲ ਸਾਡਾ ਕੁੱਝ ਨਹੀਂ ਸੰਵਰ ਸਕਦਾ ਸਿਵਾਇ ਇਸਦੇ ਕਿ ਅਸੀਂ ਆਪਣਾ ਝੂਠਾ ਮਾਣ ਹੀ ਵਧਾਉਂਦੇ ਹਾਂ ਜਿਸ ਨੂੰ ਅਸੀਂ ਆਪਣੀ ਉਪਲਬੱਧੀ ਸਮਝ ਕੇ ਉੱਚਾ ਅਖਵਾਉਂਦੇ ਹਾਂ। ਇਹ ਸਭ ਧਾਤੁਰ ਬਾਜੀ ਹੈ, ਮਾਇਆ ਮੋਹ ਦਾ ਝੂਠਾ ਮਾਣ ਹੀ ਹੈ, ਪ੍ਰਮਾਤਮਾ ਨੂੰ ਪਾਉਣ ਦੀ ਸਾਡੀ ਸਿਆਣਪ ਹੀ ਹੈ, ਚਤੁਰਾਈ ਹੀ ਹੈ ਜਿਸ ਤੋਂ ਸਾਨੂੰ ਵਾਰ-ਵਾਰ ਬਾਣੀ ਵਿੱਚ ਬਚਣ ਲਈ ਸਮਝਾਇਆ ਹੈ। ਗੁਰਬਾਣੀ ਦੀ ਰਚਨਾ ਸਾਨੂੰ ਸੱਚ ਦੇ ਨਾਲ ਜੋੜਨ ਲਈ ਹੀ ਹੋਈ ਹੈ ਪਰ ਅਸਲੀਅਤ ਵਿੱਚ ਅਸੀਂ ਸੱਚ ਨਾਲ ਜੁੜਨਾ ਹੀ ਨਹੀਂ ਚਾਹੁੰਦੇ ਤੇ ਕੇਵਲ ਸ਼ਬਦਾਂ ਦੇ ਰਟੀ ਜਾਣ ਨੂੰ ਹੀ ਸੱਚ ਸਮਝਿਆ ਹੋਇਆ ਹੈ, ਗੁਣ ਸਮਝਿਆ ਹੋਇਆ ਹੈ ਭਾਵ ਆਪਣੀ ਧਾਤੁਰ ਬਾਜੀ ਨੂੰ ਹੀ ਸੱਚ ਤੇ ਗੁਣ ਸਮਝਿਆ ਹੋਇਆ ਹੈ। ਹਰ ਪਾਸੇ ਇਹੋ ਜਿਹੇ ਸੱਚਿਆਂ ਤੇ ਗੁਣੀਆਂ ਦੀ ਭਰਮਾਰ ਹੈ ਜੋ ਆਪਣੇ ਆਪ ਨੂੰ ਗੁਰੂ ਦੇ ਨਾਲ ਮਿਲੇ ਹੋਏ ਸਮਝਦੇ ਹਨ, ਨਾਮ ਜਪਣ ਵਾਲੇ ਸਮਝਦੇ ਹਨ। "ਨਾਮੁ" ਆਪ ਪ੍ਰਮਾਤਮਾ ਹੈ ਤੇ ਉਹ ਉੱਥੇ ਹੀ ਵੱਸਦਾ ਹੈ ਜਦੋਂ ਅਸੀਂ ਉਸਦੇ ਦੱਸੇ ਹੋਏ ਸ਼ਬਦ ਦੀ ਗੱਲ ਨੂੰ ਮੰਨ ਕੇ ਧਾਤੁਰ ਬਾਜੀ ਛੱਡਦੇ ਹਾਂ। **(ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ॥੧੨॥)**

ਸ਼ਬਦ ਦਾ ਮਕਸਦ ਕੀ ਹੈ, ਬਾਣੀ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥੨੨॥

ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ॥੨੩॥"

20/2183

ਸਾਨੂੰ ਨਾਮੁ ਦੀ ਪ੍ਰਾਪਤੀ ਆਪਣੀ ਕਾਇਆ ਦੇ ਰੂਪ ਵਿੱਚ ਹੀ ਹੋਣੀ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਆਪਣੇ ਅੰਦਰੋਂ ਹੀ ਹੋਣਾ ਹੈ। ਪ੍ਰਮਾਤਮਾ ਨੂੰ ਅਸੀਂ ਆਪਣੇ ਅੰਦਰੋਂ ਹੀ ਖੋਜਣਾ ਹੈ ਤੇ ਸ਼ਬਦ ਦੁਆਰਾ ਹੀ ਖੋਜਣਾ ਹੈ। (**ਸਬਦੇ ਖੋਜੇ**) ਜਦ ਤੱਕ ਸਾਨੂੰ ਸ਼ਬਦ ਦਾ ਮਕਸਦ ਹੀ ਸਮਝ ਨਹੀਂ ਆਵੇਗਾ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਕੀ ਖੋਜਾਗੇ ਤੇ ਕੀ ਉਸਨੂੰ ਪਾਵਾਂਗੇ। ਸਾਰਾ ਦਿਨ ਸ਼ਬਦ ਨੂੰ ਰਟੀ ਜਾਣ ਨਾਲ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਖੋਜ ਸਕਦੇ। ਧਾਤੁਰ ਬਾਜੀ ਛੱਡਾਂਗੇ ਤੇ ਤਾਂ ਹੀ ਸ਼ਬਦ ਦੁਆਰਾ ਅਸੀਂ ਪ੍ਰਮਾਤਮਾ ਨੂੰ ਖੋਜ ਸਕਦੇ ਹਾਂ ਭਾਵ ਮਨ ਦੀ ਮਾੜੀ ਬਿਰਤੀ ਛੱਡਾਂਗੇ, ਮਾੜੇ ਵਿਚਾਰ ਛੱਡਾਂਗੇ ਭਾਵ ਚੰਗੇ ਕਰਮ ਕਰਾਂਗੇ ਤੇ ਤਾਂ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਸਕਾਂਗੇ। ਪ੍ਰਮਾਤਮਾ ਦੀ ਖੋਜ ਨਾਮ ਦੀ ਪ੍ਰਾਪਤੀ ਦੇ ਨਾਲ ਹੀ ਪੂਰੀ

ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੀ ਹੁੰਦੀ ਹੈ। ਇਸ ਮੇਲ ਦੀ ਪ੍ਰਾਪਤੀ ਹੀ ਨੌਂ ਨਿਧੀਆਂ ਦੀ ਪ੍ਰਾਪਤੀ ਹੈ। **(ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥੨੨॥)**

"ਨਾਮੁ" ਦੀ ਪ੍ਰਾਪਤੀ ਸਾਨੂੰ ਕਿਸ ਰੂਪ ਵਿੱਚ ਹੁੰਦੀ ਹੈ, ਸ਼ਬਦ ਦੁਆਰਾ ਖੋਜਣ ਦਾ ਸਾਡੇ ਅੰਦਰ ਅਸਰ ਕੀ ਪੈਂਦਾ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ॥੨੩॥"

ਮਨੁੱਖ ਨੂੰ ਮਾੜਾ ਮਨ ਦੀਆਂ ਅਨੇਕਾਂ ਮਨਸਾਵਾਂ ਹੀ ਬਣਾਉਂਦੀਆਂ ਹਨ, ਤ੍ਰਿਸ਼ਨਾਵਾਂ ਹੀ ਬਣਾਉਂਦੀਆਂ ਹਨ ਜਿੰਨ੍ਹਾਂ ਕਰਕੇ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ, ਝੂਠੇ ਮਾਣ ਅਭਿਮਾਨ ਵਿੱਚ ਰਹਿੰਦੇ ਹਾਂ। ਸ਼ਬਦ ਦਾ ਮਕਸਦ ਸਾਨੂੰ ਇਨ੍ਹਾਂ ਤ੍ਰਿਸ਼ਨਾਵਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਡਾ ਸਾਰਾ ਉੱਦਮ, ਸੱਚਾ ਉੱਦਮ ਸ਼ਬਦ ਦੀ ਗੱਲ ਨੂੰ ਆਪਣੇ ਅੰਦਰ ਵਸਾਉਣ ਦਾ ਹੋਣਾ ਚਾਹੀਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੋਣਾ ਚਾਹੀਦਾ ਹੈ, ਸੱਚਾ ਸੁੱਚਾ ਜੀਵਨ ਜਿਉਂਣ ਦਾ ਹੋਣਾ ਚਾਹੀਦਾ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੈ। ਕ੍ਰਿਪਾ ਉਹ ਆਪ ਹੀ ਕਰਦਾ ਹੈ ਤੇ ਸਾਨੂੰ ਕੇਵਲ ਸ਼ਬਦ ਦੇ ਸੱਚ ਨੂੰ ਸਮਝਣ ਦੀ ਲੋੜ ਹੈ ਤੇ ਸਿਆਣਪਾਂ ਛੱਡਣ ਦੀ ਲੋੜ ਹੈ। ਸਹਜ ਦੀ ਅਵੱਸਥਾ ਪ੍ਰਮਾਤਮਾ ਆਪ ਹੀ ਬਖ਼ਸ਼ਦਾ ਹੈ ਜਿਸ ਦੁਆਰਾ ਉਸਦੇ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਤੇ ਮਨੁੱਖ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਵਿਚਰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੀ ਸੱਚੀ ਉਸਤਤਿ ਕਰਨੀ, ਉਸਦੀ ਸੱਚੀ ਵਡਿਆਈ ਕਰਨੀ ਸਮਝ ਆਉਂਦੀ ਹੈ। ਪ੍ਰਮਾਤਮਾ ਦੀ ਉਸਤਤਿ ਕਰਨ ਲਈ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦੀ ਲੋੜ ਹੈ,

ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨ ਦੀ ਲੋੜ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰ ਸਕੀਏ। ਪ੍ਰਮਾਤਮਾ ਦੀ ਸੱਚੀ ਵਡਿਆਈ ਸਾਡੇ ਸੱਚੇ ਸੁੱਚੇ ਕਰਮਾਂ ਦੁਆਰਾ ਹੀ ਹੁੰਦੀ ਹੈ, ਸਾਡੀ ਸੱਚੀ ਸੁੱਚੀ ਕਿਰਤ ਭਾਵ ਸੁਕ੍ਰਿਤ ਕਰਨੀ ਦੁਆਰਾ ਹੀ ਹੁੰਦੀ ਹੈ ਜਿਸ ਲਈ ਰਸਨਾ ਦੁਆਰਾ ਬੋਲ ਬੋਲ ਕੇ ਉਸਤਤਿ ਕਰਨ ਦੀ ਲੋੜ ਨਹੀਂ ਹੈ। ਪ੍ਰਮਾਤਮਾ ਦੀ ਉਸਤਤਿ ਸਾਡੀ ਕਰਨੀ ਦੁਆਰਾ ਹੋਣੀ ਹੈ ਨਾ ਕਿ ਕਥਨੀ ਦੁਆਰਾ। ਰਸਨਾ ਦੁਆਰਾ ਅਸੀਂ ਕੇਵਲ ਕਥਨੀ ਹੀ ਕਰਦੇ ਹਾਂ ਤੇ ਕਰਨੀ ਸਾਡੀ ਕਿਰਤ ਦੁਆਰਾ ਹੁੰਦੀ ਹੈ। ਪ੍ਰਮਾਤਮਾ ਦੀ ਉਸਤਤਿ ਸਾਡੀ ਕਿਰਤ ਦੁਆਰਾ ਹੀ ਹੁੰਦੀ ਹੈ ਤੇ ਰਸਨਾ ਦੇ ਨਾਲ ਪ੍ਰਮਾਤਮਾ ਦੀ ਉਸਤਤਿ ਕਰਨ ਵਾਲੇ ਭਾਵ ਕੇਵਲ ਸ਼ਬਦਾਂ ਦਾ ਰੱਟਾ ਲਗਾਉਣ ਵਾਲੇ, ਕਿਸੇ ਅੱਖਰ ਨੂੰ ਰਟੀ ਜਾਣ ਵਾਲੇ ਭਾਵ ਕੇਵਲ ਰਸਨਾ ਨਾਲ ਬੋਲੀ ਜਾਣ ਵਾਲੇ ਭਰਮ ਵਿੱਚ ਹੀ ਹਨ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਉਸਤਤਿ ਕਰਨਾ ਸਮਝਦੇ ਹਨ। ਪ੍ਰਮਾਤਮਾ ਦੀ ਉਸਤਤਿ ਕਰਨੀ ਕੀ ਹੈ ਇਸ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਤੇ ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਸਹਜ ਦੀ ਅਵੱਸਥਾ ਦੁਆਰਾ ਹੀ ਕੀਤੀ ਹੈ ਤੇ ਇਸੇ ਲਈ ਸਾਨੂੰ ਪ੍ਰਮਾਤਮਾ ਦੀ ਸੱਚੀ ਉਸਤਤਿ ਕਰਨੀ ਹੀ ਸਮਝਾਈ ਹੈ। ਜਿਹੋ ਜਿਹੀ ਉਸਤਤਿ ਉਨ੍ਹਾਂ ਨੇ ਪ੍ਰਮਾਤਮਾ ਦੀ ਆਪਣੇ ਜੀਵਨ ਕਾਲ ਵਿੱਚ ਕੀਤੀ ਹੈ ਉਹੋ ਜਿਹੀ ਉਸਤਤਿ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸਮਝਾਈ ਹੈ। ਗੁਰਬਾਣੀ ਸਾਨੂੰ ਕਥਨੀ ਵਿੱਚੋਂ ਕੱਢ ਕੇ ਕਰਨੀ ਨਾਲ ਜੋੜਦੀ ਹੈ। ਕਥਨੀ ਕੇਵਲ ਗੁਰੂ ਦੀ ਗੱਲ ਨੂੰ ਸਮਝਣ ਲਈ ਹੈ ਜੋ ਕਿ ਜਰੂਰੀ ਹੈ ਪਰ ਪ੍ਰਮਾਤਮਾ ਦੀ ਉਸਤਤਿ ਕਥਨੀ ਨੂੰ ਮੰਨ ਕੇ ਹੀ ਹੋਣੀ ਹੈ। **(ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥੨੨॥ ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ॥੨੩॥)**

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣ ਤੋਂ ਬਾਅਦ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਤੋਂ ਬਾਅਦ, ਨਾਮ ਦੀ ਪ੍ਰਾਪਤੀ ਤੋਂ ਬਾਅਦ ਸਾਨੂੰ ਪ੍ਰਮਾਤਮਾ ਕਿਸ ਰੂਪ ਵਿੱਚ ਨਜ਼ਰ ਆਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ॥੨੫॥
ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ॥੨੬॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ॥੨੭॥੨॥੧੧॥"

20/2185

ਪ੍ਰਮਾਤਮਾ ਨੂੰ ਅੱਖਾਂ ਨਾਲ ਦੇਖਣ ਦੀ ਗੱਲ ਵੀ ਕੀਤੀ ਹੋਈ ਹੈ ਤੇ ਨਾਲ ਪ੍ਰਮਾਤਮਾ ਨੂੰ "ਅਦ੍ਰਿਸਟੁ" ਵੀ ਕਿਹਾ ਹੋਇਆ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਉਹ ਨਿਰਗੁਣ ਰੂਪ ਹੈ ਭਾਵ ਅਦ੍ਰਿਸਟੁ ਰੂਪ ਹੈ ਤੇ ਹਰ ਸਰਗੁਣ ਸਰੂਪ ਦੇ ਵਿੱਚ ਉਹ ਅਦ੍ਰਿਸਟ ਰੂਪ ਵਿੱਚ ਹੀ ਵਿਚਰਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਸਦੇ ਅਦ੍ਰਿਸਟ ਰੂਪ ਨੂੰ ਦੇਖਣ ਤੋਂ ਬਾਅਦ ਹੀ ਸਭ ਵਿੱਚ ਫਿਰ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਜੋ ਕਿ ਸੰਸਾਰ ਦਾ ਸਭ ਤੋਂ ਵੱਡਾ ਵਿਸਮਾਦ ਹੈ। ਸਭ ਪਾਸੇ ਪ੍ਰਮਾਤਮਾ ਦਾ ਫਿਰ ਵਿਸਮਾਦ ਰੂਪ ਹੀ ਨਜ਼ਰ ਆਉਂਦਾ ਹੈ, ਹੈਰਾਨ ਕਰਨ ਵਾਲਾ ਰੂਪ ਹੀ ਨਜ਼ਰ ਆਉਂਦਾ ਹੈ। ਸਾਡਾ ਚਿੱਤ ਪ੍ਰਮਾਤਮਾ ਦੇ ਅਦ੍ਰਿਸਟੁ ਰੂਪ ਨਾਲ ਹੀ ਜੁੜਦਾ ਹੈ, ਮਨ ਦੇ ਵਿੱਚ ਉਸਦੇ ਗਿਆਨ ਰੂਪ ਨਾਲ ਹੀ ਜੁੜਦਾ ਹੈ। ਪ੍ਰਮਾਤਮਾ ਆਪਣੇ ਇਸ ਅਦ੍ਰਿਸਟੁ ਰੂਪ ਨਾਲ ਭਾਵ ਗਿਆਨ ਰੂਪ ਨਾਲ ਹੀ ਸਭ ਵਿੱਚ ਹੁੰਦੇ ਹੋਏ ਵੀ ਨਿਰਾਲਮ ਰਹਿੰਦਾ ਹੈ, ਗੁਪਤ ਰੂਪ ਵਿੱਚ ਰਹਿੰਦਾ ਹੈ ਜੋ ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਪ੍ਰਮਾਤਮਾ ਦਾ ਇਹ ਅਦ੍ਰਿਸਟੁ ਰੂਪ ਮਨ ਦੀ ਜੋਤਿ ਦੁਆਰਾ ਹੀ ਨਜ਼ਰ ਆਉਂਦਾ ਹੈ ਭਾਵ ਮਨ ਦੇ ਗਿਆਨ ਰੂਪ ਨਾਲ ਹੀ ਨਜ਼ਰ ਆਉਂਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ, ਮਨ ਦੇ ਵਿੱਚ ਮੇਲ ਜੋਤਿ ਦੇ ਨਾਲ ਜੋਤਿ ਰਲਣ ਦੁਆਰਾ ਹੀ ਹੁੰਦਾ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਚੌਥੇ ਪਦ ਦੇ ਵਿੱਚ ਰਲਣ ਦੁਆਰਾ ਹੀ ਹੁੰਦਾ ਹੈ, ਮਨ ਦੀ ਅਗਿਆਨਤਾ ਮਿਟਣ ਦੁਆਰਾ ਹੀ ਹੁੰਦਾ ਹੈ, ਸੱਚੇ ਗਿਆਨ ਵਿੱਚ ਰਲਣ ਦੁਆਰਾ ਹੀ ਹੁੰਦਾ ਹੈ। ਤ੍ਰੈਗੁਣਾਂ ਦੇ ਵਿੱਚ ਰਹਿੰਦੇ ਹੋਏ ਉਸ ਵਿੱਚ ਗਿਆਨ ਪ੍ਰਮਾਤਮਾ ਕੋਲੋਂ ਹੀ ਆਉਂਦਾ ਹੈ, ਪਰ ਇਸ ਦੀ ਸੋਝੀ ਉਸਦੇ ਨਾਲ ਰਲਣ ਦੁਆਰਾ ਹੀ ਪੈਂਦੀ ਹੈ, ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ। ਉਪਰਲੀਆਂ ਪੰਗਤੀਆਂ ਤੋਂ ਪਹਿਲਾਂ ਸਾਨੂੰ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੀ ਸਮਝਾਈ ਹੋਈ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਹੈ ਤੇ ਇਹੀ ਸਾਡੇ ਅੰਦਰ ਨਾਮ ਦੀ ਪ੍ਰਾਪਤੀ ਹੈ।

(ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥੨੨॥

ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ॥੨੩॥

ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ॥੨੪॥

ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ॥੨੫॥)

ਇਹ ਉੱਪਰ ਜੋ ਮਨ ਦੀ ਅਵੱਸਥਾ ਸਾਨੂੰ ਸਮਝਾਈ ਹੈ ਇਹ ਗੁਰੂ ਦੀ ਆਪਣੀ ਅਵੱਸਥਾ ਹੈ ਤੇ ਧੰਨ ਧੰਨ

20/2186

ਤੀਜੀ ਪਾਤਸ਼ਾਹੀ ਸਾਨੂੰ ਸਮਝਾ ਰਹੇ ਹਨ ਕਿ ਮੈਂ ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਦਾ ਹਾਂ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਭਾਵ ਸਾਨੂੰ ਪ੍ਰਮਾਤਮਾ ਦੀ ਸੱਚੀ ਸਿਫ਼ਤ ਸਾਲਾਹ ਦਾ ਤਰੀਕਾ ਸਮਝਾਇਆ ਹੋਇਆ ਹੈ ਜੋ ਸਦਾ ਤੋਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦਾ ਤਰੀਕਾ ਹੈ, ਜਿਸ ਅਵੱਸਥਾ ਦੁਆਰਾ ਕੋਈ ਸਦਾ ਹੀ ਹਰ ਵੇਲੇ ਪ੍ਰਮਾਤਮਾ ਦਾ ਜੱਸ ਗਾ ਸਕਦਾ ਹੈ।

"ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ॥੨੬॥

ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ॥੨੭॥੨॥੧੧॥"

"ਗੁਰੁ" ਤੋਂ ਭਾਵ ਹੈ ਪ੍ਰਮਾਤਮਾ ਜੋ ਅਸਲ ਵਿੱਚ ਸਭ ਦਾ ਗੁਰੂ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰ ਕੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਆਪਣੇ ਗੁਰੂ ਰੂਪ ਦੁਆਰਾ ਹੀ ਕੀਤੀ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਪਾ ਕੇ ਹੀ ਕੀਤੀ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀਤੀ ਹੈ ਉਨ੍ਹਾਂ ਨੇ ਆਪਣੇ ਗੁਰੂ ਦੀ ਭਾਵ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀਤੀ ਹੈ। ਉਸ ਗੁਰੂ ਰੂਪ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ ਤੇ ਜਿਸ ਸਰੀਰ ਰਾਹੀਂ ਉਹ ਆਪਣੀ ਸਿਫ਼ਤ ਕਰਵਾਉਂਦਾ ਹੈ ਉਸ ਮਨ ਵਿੱਚ ਆਪਣੀ ਸੱਚੀ ਸੋਝੀ ਪਾ ਕੇ ਹੀ ਕਰਵਾਉਂਦਾ ਹੈ। ਸੱਚੀ ਸੋਝੀ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ ਗਿਆਨ ਦਾ ਮਾਲਕ ਹੈ। **(ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ॥੨੬॥)** ਮਨ ਦੀ ਇਸ ਸੱਚੀ ਸੋਝੀ ਦੁਆਰਾ ਹੀ ਮਨੁੱਖ ਦੁਚਿੱਤੀ ਵਿੱਚੋਂ

ਨਿਕਲਦਾ ਹੈ ਤੇ ਇਹ ਸੱਚੀ ਸੋਝੀ ਹੀ ਨਾਮ ਹੈ ਜਿਸ ਦੁਆਰਾ ਸਾਡੀ ਗਤਿ ਹੁੰਦੀ ਹੈ ਤੇ ਪ੍ਰਮਾਤਮਾ ਦੇ ਦਰ ਤੇ ਸਾਡੀ ਪਤਿ ਪੈਂਦੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ॥੨੭॥੨॥੧੧॥"

ਸਾਡੀ ਗਤਿ ਨਾਮ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਹੁੰਦੀ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਅੱਗੇ ਸਾਡੀ ਬੇਨਤੀ ਕਰਨ ਦਾ ਤਰੀਕਾ ਇੱਕ ਹੋ ਜਾਂਦਾ ਹੈ

20/2187

ਭਾਵ ਇਹ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਇੱਕ ਹੀ ਹੈ ਜੋ ਕਿ ਮਨ ਦੀ ਸੱਚੀ ਸੋਝੀ ਦੁਆਰਾ ਸੱਚ ਤੇ ਚੱਲਣ ਦਾ ਹੈ। ਮਨ ਦੀ ਇਸ ਸੋਝੀ ਦੁਆਰਾ ਮਨੁੱਖ ਦੀ ਦੁਚਿੱਤੀ ਮਿਟ ਜਾਂਦੀ ਹੈ ਕਿ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਵਾਲੇ ਕੇਵਲ ਸੱਚ ਤੇ ਹੀ ਚੱਲਦੇ ਹਨ ਜੋ ਕਿ ਪ੍ਰਮਾਤਮਾ ਦੇ ਅੱਗੇ ਬੇਨਤੀ ਕਰਨ ਦਾ ਤਰੀਕਾ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਉਸਦੇ ਅੱਗੇ ਬੇਨਤੀ ਸਾਨੂੰ ਮਨ ਦੀ ਸੱਚੀ ਸੋਝੀ ਹੀ ਸਿਖਾਉਂਦੀ ਹੈ, ਨਾਮ ਦੀ ਪ੍ਰਾਪਤੀ ਹੀ ਸਿਖਾਉਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਆਪਣੀ ਕ੍ਰਿਪਾ ਦੁਆਰਾ ਸਿਖਾਉਂਦਾ ਹੈ। ਸਾਡਾ ਸਾਰਾ ਉੱਦਮ ਗੁਰੂ ਗੁਰਬਾਣੀ ਦੀ ਸੱਚੀ ਸੋਝੀ ਦੇ ਨਾਲ ਜੁੜਨ ਦਾ ਹੀ ਹੋਣਾ ਚਾਹੀਦਾ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਨੇੜੇ ਲੱਗ ਸਕਦੇ ਹਾਂ ਤੇ ਉਸਦੀ ਸਿਫ਼ਤ ਸਾਲਾਹ ਕਰ ਸਕਦੇ ਹਾਂ। ਗੁਰਬਾਣੀ ਦੀ ਮਤਿ ਤੋਂ ਹੱਟਕੇ ਕਿਸੇ ਹੋਰ ਦੀ ਮਤਿ ਪਿੱਛੇ ਲੱਗਕੇ ਨਾ ਪਰਮਾਤਮਾ ਦੀ ਸਿਫ਼ਤ ਸਾਲਾਹ ਹੋ ਸਕਦੀ ਹੈ ਤੇ ਨਾ ਹੀ ਉਸ ਨੂੰ ਪਾਇਆ ਜਾ ਸਕਦਾ ਹੈ। ਗੁਰਬਾਣੀ ਵਿੱਚ ਸੱਚੀ ਸੋਝੀ ਉਨ੍ਹਾਂ ਨੇ ਹੀ ਪਾਈ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਇਹ ਸੋਝੀ ਪਾਈ ਹੈ। ਪ੍ਰਮਾਤਮਾ ਦੀ ਪਾਈ ਹੋਈ ਸੋਝੀ ਦੇ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਾਲ ਜੁੜਨਾ ਹੈ, ਇਸ ਸਰੀਰ ਨੂੰ ਖੋਜਣਾ ਹੈ ਜਿਵੇਂ ਕਿ ਸ਼ਬਦ ਵਿੱਚ ਉੱਪਰ ਪਹਿਲੇ ਸਮਝਾਇਆ ਗਿਆ ਹੈ। ਸਾਡੇ ਲਈ ਸਭ ਤੋਂ ਜਰੂਰੀ ਇਹ ਹੈ ਕਿ ਅਸੀਂ ਗੁਰਬਾਣੀ ਦੀ ਪਾਈ ਹੋਈ ਸੋਝੀ ਤੇ ਪੂਰਨ ਵਿਸ਼ਵਾਸ ਕਰੀਏ ਤੇ ਪ੍ਰਮਾਤਮਾ ਨੂੰ ਉਸ ਰੂਪ ਵਿੱਚ ਖੋਜੀਏ ਭਾਵ ਆਪਣੇ ਅੰਦਰੋਂ ਹੀ ਖੋਜੀਏ, ਨਾਮ ਰੂਪ ਵਿੱਚ ਖੋਜੀਏ, ਸ਼ਬਦ ਰੂਪ ਵਿੱਚ ਖੋਜੀਏ, ਨਿਰਗੁਣ ਰੂਪ ਵਿੱਚ ਖੋਜੀਏ, ਗਿਆਨ ਰੂਪ ਵਿੱਚ ਖੋਜੀਏ ਜਿਸ ਰੂਪ ਵਿੱਚ ਉਹ ਸਾਡੇ ਅੰਦਰ ਗੁਪਤ ਰੂਪ ਵਿੱਚ ਵੱਸਿਆ ਹੋਇਆ ਹੈ। ਸਾਡੀ ਇਸ ਸੰਸਾਰ ਤੋਂ ਗਤਿ, ਆਵਾਗਉਣ ਤੋਂ ਮੁਕਤੀ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੋਣੀ ਹੈ, ਮਨ ਦਾ ਭਰਮ ਮਿਟਣ ਦੁਆਰਾ ਹੀ ਹੋਣੀ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਬੰਧਨ ਹੈ। ਮੁਕਤਿ ਅਸੀਂ ਇਸ ਮਨ ਦੇ ਬੰਧਨ ਤੋਂ ਹੀ ਹੋਣਾ ਹੈ, ਤ੍ਰੈਗੁਣਾਂ ਦੇ ਬੰਧਨ ਤੋਂ ਹੀ ਹੋਣਾ ਹੈ। ਮੁਕਤ ਸਾਨੂੰ ਚੌਥੇ ਪਦ ਦੇ ਗਿਆਨ ਨੇ ਹੀ

20/2188

ਕਰਨਾ ਹੈ ਤੇ ਉਹ ਚੌਥੇ ਪਦ ਦਾ ਗਿਆਨ ਕੇਵਲ ਗੁਰਬਾਣੀ ਦੇ ਕੋਲ ਹੈ। ਆਓ ਸੱਚੇ ਦਿਲੋਂ ਗੁਰਬਾਣੀ ਤੇ ਪੂਰਨ ਭਰੋਸਾ ਰੱਖ ਕੇ ਉਸਦੀ ਸੱਚੀ ਮਤਿ ਦੇ ਨਾਲ ਜੁੜੀਏ ਤੇ ਬੰਧਨ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ। ਗੁਰਬਾਣੀ ਦੀ ਸੱਚੀ ਸੋਝੀ ਦੇ ਨਾਲ ਜੁੜਨਾ ਹੀ ਨਾਮ ਦੇ ਨਾਲ ਜੁੜਨਾ ਹੈ ਜਿਸਨੇ ਸਾਡੀ ਗਤਿ ਕਰਨੀ ਹੈ, ਜਿਸ ਨਾਲ ਸਾਡੇ ਲੇਖੇ ਵਿੱਚ ਪਤਿ ਪੈਣੀ ਹੈ। **(ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ॥੨੬॥ ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ॥੨੭॥੨॥੧੧॥)**

ਭਗਤੀ ਕੇਵਲ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੋ ਸਕਦੀ ਹੈ, ਉਸ ਸੱਚੇ ਸਤਿਗੁਰੂ ਪ੍ਰਮਾਤਮਾ ਦੇ ਆਪ ਸਮਝਾਏ ਹੀ ਹੋ ਸਕਦੀ ਹੈ। ਭਗਤੀ ਦਾ ਖਜ਼ਾਨਾ ਸਾਡੇ ਮਨ ਦੀ ਸੋਝੀ ਹੀ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਵਿੱਚ ਸਮਝਾਇਆ ਹੋਇਆ ਹੈ।

ਰਾਮਕਲੀ ਮਹਲਾ ੩॥

"ਭਗਤਿ ਖਜਾਨਾ ਗੁਰਮੁਖਿ ਜਾਤਾ ਸਤਿਗੁਰਿ ਬੂਝਿ ਬੁਝਾਈ॥੧॥

ਸੰਤਹੁ ਗੁਰਮੁਖਿ ਦੇਇ ਵਡਿਆਈ॥੧॥ਰਹਾਉ॥

ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ॥੨॥

ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ॥੩॥"

(ਅੰਗ ੯੦੯)

ਹੁਣ ਧਿਆਨ ਨਾਲ ਸਮਝੋ ਕਿ ਭਗਤੀ ਦਾ ਖਜ਼ਾਨਾ ਕੀ ਹੈ ਜੋ ਪ੍ਰਮਾਤਮਾ ਆਪਣੇ ਭਗਤਾਂ ਨੂੰ ਬਖਸ਼ਦਾ ਹੈ। ਇਹ ਭਗਤੀ ਦਾ ਖਜ਼ਾਨਾ ਸਾਡੇ ਜਾਨਣ ਦੀ ਚੀਜ਼ ਹੈ, ਸਾਡੇ ਜਾਨਣ ਦੀ ਵਸਤੂ ਹੈ ਜੋ ਵਸਤੂ ਪ੍ਰਮਾਤਮਾ ਆਪ ਹੀ ਦਿੰਦਾ ਹੈ। ਇਸ ਵਸਤੂ ਦੁਆਰਾ ਹੀ ਉਸਦੇ ਭਗਤਾਂ ਦੀ ਅਵੱਸਥਾ ਗੁਰਮੁਖਿ ਵਾਲੀ ਬਣਦੀ ਹੈ। ਆਪਣੀ ਇਸ ਸੱਚੀ ਸੋਝੀ ਦੁਆਰਾ ਹੀ, ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਵਡਿਆਈ ਬਖਸ਼ਦਾ ਹੈ। ਆਪਣੇ ਭਗਤਾਂ ਨੂੰ ਉਹ ਮਨ ਦੀ ਸੱਚੀ ਸੋਝੀ ਦੁਆਰਾ ਭਗਤੀ ਦਾ ਖਜ਼ਾਨਾ ਬਖਸ਼ ਕੇ ਹੀ ਉਨ੍ਹਾਂ ਨੂੰ ਵਡਿਆਈ ਬਖਸ਼ਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਉਹ ਪ੍ਰਮਾਤਮਾ ਦੀ ਵਡਿਆਈ ਕਰਦੇ ਹਨ ਤੇ ਸੰਸਾਰ ਵਿੱਚੋਂ ਆਪ ਸੱਚੀ ਵਡਿਆਈ ਲੈਂਦੇ ਹਨ। ਪੂਰੀ ਗੁਰਬਾਣੀ ਵਿੱਚ ਭਗਤੀ ਦਾ ਖਜ਼ਾਨਾ ਕੀ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਗੁਰਬਾਣੀ ਆਪਣੀ ਸੱਚੀ ਸੋਝੀ ਦੁਆਰਾ ਹੀ, ਉੱਚੀ ਸੋਝੀ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾ ਰਹੀ ਹੈ ਤੇ ਸਾਨੂੰ ਉਸ ਦੇ ਗੁਣ ਗਾਉਣੇ

ਸਮਝਾ ਰਹੀ ਹੈ। ਗੁਰਬਾਣੀ ਵਿੱਚ ਸੋਝੀ ਉਨ੍ਹਾਂ ਸਰੀਰਾਂ ਨੇ ਹੀ ਪਾਈ ਹੈ ਜਿੰਨ੍ਹਾਂ ਸਰੀਰਾਂ ਵਿੱਚ ਪਹਿਲੇ ਪ੍ਰਮਾਤਮਾ ਨੇ ਆਪ ਮਨ ਦੇ ਵਿੱਚ ਸੱਚੀ ਸੋਝੀ ਪਾਈ ਹੈ। ਮਨ ਦੀ ਇਸ ਸੱਚੀ ਸੋਝੀ ਦੁਆਰਾ ਹੀ ਉਨ੍ਹਾਂ ਨੇ ਪ੍ਰਮਾਤਮਾ ਦੀ ਵਡਿਆਈ ਕੀਤੀ ਹੈ ਤੇ ਆਪ ਸੱਚੀ ਵਡਿਆਈ ਲਈ ਹੈ। ਇਸੇ ਤਰ੍ਹਾਂ ਪੂਰੀ ਗੁਰਬਾਣੀ ਆਪਣੀ ਸੱਚੀ ਸੋਝੀ ਦੁਆਰਾ ਪ੍ਰਮਾਤਮਾ ਦੀ ਵਡਿਆਈ ਲੈ ਰਹੀ ਹੈ। ਆਪਣੀ ਇਸ ਸੱਚੀ ਸੋਝੀ ਕਰਕੇ ਹੀ ਗੁਰਬਾਣੀ ਗੁਰੂ ਹੈ, ਸੰਤ ਹੈ, ਸਾਧ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ। ਉਪਰਲੀਆਂ ਪੰਗਤੀਆਂ ਰਾਹੀਂ ਦੁਨਿਆਵੀ ਸੰਤ ਅਖਵਾਉਣ ਵਾਲਿਆਂ ਨੂੰ ਸਮਝਾਇਆ ਹੈ ਕਿ ਵਡਿਆਈ ਭਾਵ ਸੱਚੀ ਵਡਿਆਈ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਮਿਲਦੀ ਹੈ, ਭਗਤੀ ਦਾ ਖਜ਼ਾਨਾ ਮਿਲਣ ਦੁਆਰਾ ਮਿਲਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਵਿੱਚ ਆਪਣੇ ਮੇਲ ਦੁਆਰਾ ਦਿੰਦਾ ਹੈ। ਖਾਲੀ ਸੰਤ ਅਖਵਾ ਲੈਣਾ ਕੇਵਲ ਇੱਕ ਝੂਠੀ ਵਡਿਆਈ ਲੈਣ ਵਾਲੀ ਗੱਲ ਹੈ ਜੋ ਕਿ ਇਹ ਲੋਗ ਸਰੀਰਕ ਜਪਾਂ ਤਪਾਂ ਦੁਆਰਾ ਤੇ ਹੋਰ ਮਨ ਘੜਤ ਭਗਤੀ ਦੇ ਤਰੀਕਿਆਂ ਦੁਆਰਾ ਲੈਂਦੇ ਹਨ ਜਿੰਨ੍ਹਾਂ ਦਾ ਕਿ ਗੁਰਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। **(ਭਗਤਿ ਖਜਾਨਾ ਗੁਰਮੁਖਿ ਜਾਤਾ ਸਤਿਗੁਰਿ ਬੂਝਿ ਬੁਝਾਈ॥੧॥ ਸੰਤਹੁ ਗੁਰਮੁਖਿ ਦੇਇ ਵਡਿਆਈ॥੧॥ਰਹਾਉ॥)**

ਮਨ ਦੇ ਵਿੱਚ ਇਹ ਸੱਚੀ ਸੋਝੀ ਕਿਸ ਰੂਪ ਵਿੱਚ ਮਿਲਦੀ ਹੈ ਤੇ ਉਸਦਾ ਸਾਡੇ ਜੀਵਨ ਤੇ ਕਿਹੋ ਜਿਹਾ ਅਸਰ ਪੈਂਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ॥੨॥

ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ॥੩॥"

ਜਿਸ ਨੂੰ ਸੱਚੀ ਸੋਝੀ ਮਿਲ ਜਾਂਦੀ ਹੈ, ਜਿਸਨੂੰ ਭਗਤੀ ਦਾ ਖਜ਼ਾਨਾ ਮਿਲ ਜਾਂਦਾ ਹੈ ਜੋ ਖਜ਼ਾਨਾ ਪ੍ਰਮਾਤਮਾ ਨੇ ਗੁਰਬਾਣੀ ਦੇ ਉਚਾਰਨ ਵਾਲਿਆਂ ਨੂੰ ਬਖਸ਼ਿਆ ਹੈ ਉਨ੍ਹਾਂ ਨੇ ਪ੍ਰਮਾਤਮਾ ਦੀ ਭਗਤੀ ਸੱਚ ਦੇ ਨਾਲ ਜੁੜ ਕੇ ਹੀ ਕੀਤੀ ਹੈ। (**ਸਚਿ ਰਹਹੁ**) ਮਨ ਦੇ ਵਿੱਚ ਸੋਝੀ ਦੁਆਰਾ ਪ੍ਰਮਾਤਮਾ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵ ਸੱਚ ਦੀ ਮਤਿ ਹੀ ਦਿੰਦਾ ਹੈ, ਆਪਣੇ ਸੱਚ ਦੇ ਨਾਲ ਹੀ

20/2190

ਜੋੜਦਾ ਹੈ ਤੇ ਤਾਂ ਹੀ ਉਸਦੇ ਭਗਤ ਆਪ ਸੱਚ ਤੇ ਚੱਲਦੇ ਹਨ ਤੇ ਦੁਨੀਆਂ ਨੂੰ ਸੱਚ ਤੇ ਚੱਲਣਾ ਸਮਝਾਉਂਦੇ ਹਨ। ਪੂਰੀ ਗੁਰਬਾਣੀ ਸਾਨੂੰ ਸੱਚ ਹੀ ਸਮਝਾ ਰਹੀ ਹੈ ਕਿਉਂਕਿ ਉਹ ਸੱਚੀ ਸੋਝੀ ਤੋਂ ਆਈ ਹੈ। ਗੁਰਬਾਣੀ ਇਸੇ ਲਈ ਸੱਚੀ ਬਾਣੀ ਹੈ ਕਿਉਂਕਿ ਉਸ ਕੋਲ ਪੂਰਨ ਸੱਚ ਹੈ, ਉਹ ਪ੍ਰਮਾਤਮਾ ਦਾ ਆਪਣਾ ਦੱਸਿਆ ਹੋਇਆ ਸੱਚ ਹੈ। ਇਹ ਸੱਚ ਸਾਡੇ ਅੰਦਰੋਂ ਹੀ ਉਪਜਦਾ ਹੈ ਜੋ ਕਿ ਉਸਦੀ ਕ੍ਰਿਪਾ ਨਾਲ ਹੀ ਉਪਜਦਾ ਹੈ। ਸੱਚ ਸਾਡੇ ਅੰਦਰੋਂ "ਸਹਜੁ" ਦੀ ਅਵੱਸਥਾ ਦੁਆਰਾ ਉਪਜਦਾ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਉਪਜਦਾ ਹੈ ਤੇ ਮਨ ਦੇ ਇਸ ਗਿਆਨ ਦੇ ਨਾਲ ਹੀ ਭਾਵ ਸੱਚੀ ਸੋਝੀ ਦੇ ਨਾਲ ਹੀ ਸਾਨੂੰ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ। "ਸੁਖੁ" ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ‘‘ਸਹਜੁ’’ ਦੇ ਰੂਪ ਵਿੱਚ ਹੈ ਤੇ ਉਹ ਜਦੋਂ ਵੀ ਸਾਡੇ ਅੰਦਰ ਪ੍ਰਗਟ ਹੁੰਦਾ ਹੈ ਸੱਚੀ ਸੋਝੀ ਦੁਆਰਾ ਹੀ ਹੁੰਦਾ ਹੈ। ਜਦੋਂ ਪ੍ਰਮਾਤਮਾ ਮਨ ਦੇ ਅੰਦਰ ਪ੍ਰਗਟ ਹੋ ਕੇ ਸੋਝੀ ਪਾਉਂਦਾ ਹੈ ਉਹ ਸਾਡੇ ਅੰਦਰ "ਸਹਜੁ" ਦੀ ਅਵੱਸਥਾ ਹੈ, "ਸੁਖੁ" ਦੀ ਅਵੱਸਥਾ ਹੈ, ਚੌਥੇ ਪਦ ਦੇ ਸੱਚੇ ਗਿਆਨ ਦੀ ਅਵੱਸਥਾ ਹੈ, ਸੱਚ ਦੇ ਨਾਲ ਜੁੜਨ ਦੀ ਅਵੱਸਥਾ ਹੈ ਭਾਵ ਸਾਡੇ ਅੰਦਰ ਸੱਚ ਵੱਸਣ ਦੀ ਅਵੱਸਥਾ ਹੈ। ਮਨ ਦੇ ਵਿੱਚ ਇਸ ਸੱਚੀ ਸੋਝੀ ਦੀ ਅਵੱਸਥਾ ਦੁਆਰਾ ਹੀ ਮਨੁੱਖ ਭਾਵ ਉਸਦਾ ਭਗਤ ਔਗੁਣਾਂ ਤੋਂ ਰਹਿਤ ਹੁੰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਰਹਿਤ ਹੁੰਦਾ ਹੈ। ਪ੍ਰਮਾਤਮਾ ਜਦੋਂ ਵੀ ਸਾਡਾ ਸਵਾਰਦਾ ਹੈ ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਹੀ ਸਵਾਰਦਾ ਹੈ ਜਿਸ ਦੁਆਰਾ ਸਾਨੂੰ ਉਹ ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਹੀ ਕੱਢਦਾ ਹੈ। ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਉਹ ਸਾਨੂੰ ਆਪਣਾ ਸੱਚ ਸਮਝਾ ਕੇ ਭਾਵ ਭਗਤੀ ਦਾ ਸੱਚਾ ਮਾਰਗ ਸਮਝਾ ਕੇ ਆਪ ਹੀ ਸੱਚ ਤੇ ਚੱਲਣ ਦੀ ਦ੍ਰਿੜਤਾ ਬਖਸ਼ਦਾ ਹੈ।
(ਭਗਤਿ ਖਜਾਨਾ ਗੁਰਮੁਖਿ ਜਾਤਾ ਸਤਿਗੁਰਿ ਬੂਝਿ ਬੁਝਾਈ॥੧॥ ਸੰਤਹੁ ਗੁਰਮੁਖਿ ਦੇਇ ਵਡਿਆਈ॥੧॥ਰਹਾਉ॥ ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ॥੨॥)

ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਆਪਾ ਆਪ ਛੱਡਣਾ ਕੀ ਹੈ, ਨਾਮ ਨਾਲ ਲਿਵ ਲੱਗਣੀ ਕੀ ਹੈ ਤੇ ਸ਼ਬਦ ਦਾ ਮਕਸਦ ਕੀ ਹੈ।

"ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ॥੩॥"

20/2191

ਸਾਰਾ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਜਦੋਂ ਸਾਨੂੰ ਪ੍ਰਮਾਤਮਾ ਮਨ ਦੇ ਵਿੱਚ ਸੱਚੀ ਸੋਝੀ ਪਾਉਂਦਾ ਹੈ ਉਸਦੇ ਨਾਲ ਸਾਡੀ ਕੱਚੀ ਮਤਿ ਹੀ ਦੂਰ ਹੁੰਦੀ ਹੈ, ਕੱਚੀ ਸੋਝੀ ਹੀ ਦੂਰ ਹੁੰਦੀ ਹੈ, ਅਗਿਆਨਤਾ ਵਾਲੀ, ਨਾ ਸਮਝੀ ਵਾਲੀ ਮਤਿ ਹੀ ਦੂਰ ਹੁੰਦੀ ਹੈ ਭਾਵ ਮਨ ਦਾ ਭਰਮ ਹੀ ਦੂਰ ਹੁੰਦਾ ਹੈ। ਜਦ ਤੱਕ ਅਸੀਂ ਭਰਮ ਵਿੱਚ ਹਾਂ ਤਦ ਤੱਕ ਅਸੀਂ ਮਨਮਤਿ ਵਿੱਚ ਹਾਂ। ਮਨ ਦੀ ਇਸ ਅਵੱਸਥਾ ਦੁਆਰਾ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਕਿ ਪ੍ਰਮਾਤਮਾ ਕੀ ਹੈ, ਉਹ ਸਾਡੇ ਅੰਦਰ ਕਿਵੇਂ ਵੱਸਿਆ ਹੋਇਆ ਹੈ, ਸਭ ਵਿੱਚ ਕਿਵੇਂ ਵੱਸਿਆ ਹੋਇਆ ਹੈ ਤੇ ਉਸਨੂੰ ਜਪਣ ਦਾ ਤਰੀਕਾ ਕੀ ਹੈ ਭਾਵ ਉਸਨੂੰ ਪ੍ਰਾਪਤ ਕਰਨ ਦਾ ਤਰੀਕਾ ਕੀ ਹੈ। ਇਹ ਸਾਰੀ ਸੋਝੀ ਪ੍ਰਮਾਤਮਾ ਆਪ ਹੀ ਮਨ ਵਿੱਚ ਪਾਉਂਦਾ ਹੈ। ਆਪਾ ਆਪ ਛੱਡਣ ਤੋਂ ਭਾਵ ਹੈ ਆਪਣੀ ਮਤਿ ਨੂੰ ਛੱਡਣਾ, ਮਨਮਤਿ ਨੂੰ ਛੱਡਣਾ ਜਿਸ ਦੁਆਰਾ ਅਸੀਂ ਭਰਮ ਵਿੱਚ ਰਹਿੰਦੇ ਹਾਂ। ਮਨ ਦੇ ਵਿੱਚ ਭਰਮ ਕਰਕੇ ਹੀ ਅਸੀਂ ਪ੍ਰਮਾਤਮਾ ਤੋਂ ਵਿਛੜੇ ਹੋਏ ਹਾਂ ਤੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ, ਆਪਣੀ ਵੱਖਰੀ ਹੋਂਦ ਸਮਝਦੇ ਹਾਂ, ਆਪਣੇ ਆਪ ਨੂੰ ਮੈਂ ਸਮਝਦੇ ਹਾਂ ਜੋ ਕਿ ਸਾਡੀ ਹਉਮੈ ਹੈ। ਸਾਡੇ ਅੰਦਰੋਂ ਇਸ ਹਉਮੈ ਦਾ ਖ਼ਤਮ ਹੋਣਾ ਹੀ, ਅਗਿਆਨਤਾ ਵਾਲੀ ਮਤਿ ਦਾ ਖ਼ਤਮ ਹੋਣਾ ਹੀ ਆਪਣਾ ਆਪ ਛੱਡਣਾ ਹੈ। ਹਉਮੈ ਦਾ ਦੂਸਰਾ ਪਾਸਾ ਨਾਮ ਹੈ ਜੋ ਭਰਮ ਤੋਂ ਰਹਿਤ ਹੈ, ਜਿਸ ਵਿੱਚ ਪੂਰਨ ਸੱਚ ਹੈ। ਪੂਰਨ ਸੱਚ ਦੇ ਨਾਲ ਲਿਵ ਲੱਗਣੀ ਭਾਵ ਪੂਰਨ ਸੱਚ ਦੇ ਨਾਲ ਸਾਡੇ ਮਨ ਦੇ ਵਿਚਾਰਾ ਦਾ ਜੁੜ ਜਾਣਾ ਨਾਮ ਦੇ ਨਾਲ ਲਿਵ ਲੱਗਣਾ ਹੈ ਜੋ ਕਿ ਮਨ ਦੇ ਵਿੱਚ ਹੀ ਲੱਗਦੀ ਹੈ, ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪ ਹੀ ਆਪਣਾ ਸੱਚ ਸਮਝਾਉਂਦਾ ਹੈ ਜੋ ਕਿ ਸਾਡੇ ਅੰਦਰ ਮਨ ਦੇ ਗਿਆਨ ਰਾਹੀਂ ਹੀ ਵਿਚਰਦਾ ਹੈ। ਪ੍ਰਮਾਤਮਾ ਸ਼ਬਦ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ ਤੇ ਆਪਣੇ ਇਸ ਸ਼ਬਦ ਰੂਪ ਦੁਆਰਾ ਹੀ, ਸੱਚੇ ਗਿਆਨ ਰੂਪ ਦੁਆਰਾ ਹੀ ਸਾਡਾ ਸਭ ਦਾ ਗੁਰੂ ਹੈ। ਉਹ ਸਾਡੇ ਸਭ ਦੇ ਅੰਦਰ ਸ਼ਬਦ ਰੂਪ ਵਿੱਚ ਵੀ ਵਿਚਰਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋਣ ਤੋਂ ਬਾਅਦ ਆਪਣੇ ਸ਼ਬਦ ਨਾਲ ਹੀ ਜੋੜਦਾ ਹੈ ਭਾਵ ਸੱਚੇ ਗਿਆਨ ਦੇ ਨਾਲ ਜੋੜਦਾ ਹੈ। ਇਹ ਸੱਚਾ ਗਿਆਨ ਜੋ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ, "ਬ੍ਰਹਮ ਗਿਆਨ" ਹੈ, ਨਾਮ ਹੈ। ਮਨ ਦੇ ਵਿੱਚ ਇਹ ਨਾਮ ਮਿਲਣ ਦੁਆਰਾ ਸਾਡੀ ਨਾਮ ਨਾਲ ਲਿਵ ਜੁੜਦੀ ਹੈ ਤੇ ਸਾਡਾ ਆਪਾ ਮਿਟਦਾ

ਹੈ, ਹਉਮੈ ਮਿਟਦੀ ਹੈ। ਸਾਡੇ ਅੰਦਰੋਂ ਮਮਤਾ ਦਾ ਮਿਟਣਾ ਜਾਂ ਹਉਮੈ ਦਾ ਮਿਟਣਾ ਇੱਕੋ ਹੀ ਗੱਲ ਹੈ। ਸਾਡੇ ਮਨ ਦੀ ਮਮਤਾ ਸਾਡੀ ਅਗਿਆਨਤਾ

20/2192

ਵਾਲੀ ਅਵੱਸਥਾ ਹੀ ਹੈ ਜੋ ਸ਼ਬਦ ਦੁਆਰਾ ਹੀ ਸੜਦੀ ਹੈ ਭਾਵ ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਹੀ ਖ਼ਤਮ ਹੁੰਦੀ ਹੈ। **(ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ॥੩॥)**

ਇਹ ਮਮਤਾ, ਅਗਿਆਨਤਾ, ਹਉਮੈ, ਤ੍ਰੈਗਣਾਂ ਵਾਲੀ ਅਵੱਸਥਾ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਭਾਵ ਉਸਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਉਹ ਆਪ ਹੀ ਸਾਨੂੰ ਭਰਮ ਵਿੱਚੋਂ ਕੱਢ ਸਕਦਾ ਹੈ ਤੇ ਮਨ ਦੇ ਵਿੱਚ ਸਾਨੂੰ ਸੋਝੀ ਪਾ ਸਕਦਾ ਹੈ ਭਾਵ ਆਪਣੇ ਨਾਲ ਜੋੜ ਸਕਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਜਿਸ ਤੇ ਉਪਜੈ ਤਿਸ ਤੇ ਬਿਨਸੈ ਅੰਤੇ ਨਾਮੁ ਸਖਾਈ॥੪॥"

ਸਾਡਾ ਸਖਾਈ "ਨਾਮੁ" ਹੀ ਹੈ ਭਾਵ ਪ੍ਰਮਾਤਮਾ ਆਪ ਹੀ ਹੈ ਤੇ ਉਹ ਸਾਡਾ ਸਖਾਈ ਸਾਨੂੰ ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਹੀ ਬਣਦਾ ਹੈ। ਸਾਨੂੰ ਮਮਤਾ ਵਿੱਚੋਂ ਭਾਵ ਹਉਮੈ ਵਿੱਚੋਂ, ਅਗਿਆਨਤਾ ਵਿੱਚੋਂ ਕੱਢ ਕੇ ਹੀ ਬਣਦਾ ਹੈ। "ਨਾਮੁ" ਸਾਡੇ ਅੰਦਰ ਹੀ ਹੈ, ਸ਼ਬਦ ਰੂਪ ਵਿੱਚ ਹੀ ਹੈ ਪਰ ਜਦ ਤੱਕ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉਹ ਸਾਡਾ ਸਖਾਈ ਨਹੀਂ ਬਣਦਾ। ਉਹ ਸਾਡਾ ਸਖਾਈ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਬਣਦਾ ਹੈ ਜਿਵੇਂ ਕਿ ਉਹ ਗੁਰਬਾਣੀ ਦੇ ਰਚਨ ਵਾਲਿਆਂ ਦਾ ਬਣਿਆ ਹੈ, ਮਨ ਦੇ ਵਿੱਚ ਸੱਚੀ ਸੋਝੀ ਦੇ ਰੂਪ ਵਿੱਚ ਭਗਤੀ ਦਾ ਖਜ਼ਾਨਾ ਬਖਸ਼ ਕੇ ਬਣਿਆ ਹੈ, ਨਾਮ ਦਾ ਖਜ਼ਾਨਾ ਬਖ਼ਸ਼ ਕੇ ਬਣਿਆ ਹੈ। **(ਜਿਸ ਤੇ ਉਪਜੈ ਤਿਸ ਤੇ ਬਿਨਸੈ ਅੰਤੇ ਨਾਮੁ ਸਖਾਈ॥੪॥)**

ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਸ਼ਬਦ ਰੂਪ ਵਿੱਚ ਹੀ ਹੈ, ਸਭ ਦੇ ਅੰਦਰ ਸ਼ਬਦ ਰੂਪ ਵਿੱਚ ਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ॥੫॥

ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ॥੬॥"

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ "ਸਬਦੁ" ਕੀ ਹੈ। "ਸਬਦੁ" ਸਭ ਦੇ ਘਟ ਵਿੱਚ ਵਰਤ ਰਿਹਾ ਹੈ। ਸਭ ਦੇ ਘਟ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ। ਸਭ ਵਿੱਚ ਪ੍ਰਮਾਤਮਾ ਆਪ ਹੀ ਰਵ ਰਹਿਆ ਹੈ ਭਾਵ ਆਪ

20/2193

ਹੀ ਚਲਾ ਰਿਹਾ ਹੈ। ਹਰ ਵਸਤੂ ਵਿੱਚ ਪ੍ਰਮਾਤਮਾ ਆਪਣੇ ਇਸ ਸ਼ਬਦ ਰੂਪ ਵਿੱਚ ਹੀ ਸਮਾਇਆ ਹੋਇਆ ਹੈ ਭਾਵ ਗਿਆਨ ਰੂਪ ਵਿੱਚ ਹੀ ਸਮਾਇਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ "ਸਬਦੁ" ਰੂਪ ਵਿੱਚ ਵਿਚਰ ਰਿਹਾ ਹੈ ਜਿਸ ਰੂਪ ਵਿੱਚ ਗੁਰਬਾਣੀ ਸਾਡਾ ਗੁਰੂ ਹੈ। ਇਹ ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੁੰਦਾ ਹੈ ਉਹ ਆਪਣੇ ਇਸ "ਸਬਦੁ" ਰੂਪ ਦੁਆਰਾ ਹੀ ਹੁੰਦਾ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਉਹ ਸਾਨੂੰ ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਹਉਮੈ ਵਿੱਚੋਂ ਕੱਢਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਡੀ ਉਸ ਸੱਚੇ ਦੇ ਨਾਲ ਲਿਵ ਜੁੜਦੀ ਹੈ, ਪ੍ਰਮਾਤਮਾ ਦੇ ਨਾਲ ਲਿਵ ਜੁੜਦੀ ਹੈ। ਇਨ੍ਹਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ "ਨਾਮ" ਨਾਲ ਲਿਵ ਲੱਗਣੀ ਸਿਖਾਈ ਹੈ ਤੇ ਉਪਰਲੀਆਂ ਪੰਗਤੀਆਂ ਵਿੱਚ ਇਸਨੂੰ ਪ੍ਰਮਾਤਮਾ ਦੇ ਨਾਲ ਲਿਵ ਲੱਗਣੀ ਦੱਸਿਆ ਹੈ। ਨਾਮ ਦੇ ਨਾਲ ਲਿਵ ਜੁੜਨੀ ਜਾਂ ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਮਨ ਦੇ ਵਿੱਚ ਬ੍ਰਹਮਗਿਆਨ ਦੇ ਨਾਲ ਲਿਵ ਜੁੜਨੀ ਹੈ ਭਾਵ ਬ੍ਰਹਮਗਿਆਨ ਦੇ ਨਾਲ ਸਾਂਝ ਹੋਣੀ ਹੈ, ਪ੍ਰਮਾਤਮਾ ਦੇ ਨਾਲ ਸਾਂਝ ਹੋਣੀ ਹੈ ਜੋ ਮਨ ਦੇ ਵਿੱਚ ਵਿਚਾਰਾਂ ਰਾਹੀ ਹੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਸੱਚ ਦੀ ਭਾਵ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ ਜਿਸ ਵਿੱਚ ਕੋਈ ਭਰਮ ਨਹੀਂ ਬਚਦਾ। ਸੱਚ ਉਹ ਹੈ ਜੋ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ, ਜਿਸ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ।

(ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ॥੫॥ ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ॥੬॥) ਮਨ ਦੇ ਵਿੱਚ "ਸਬਦੁ" ਦੇ ਨਾਲ ਮੇਲ, "ਨਾਮੁ" ਦੇ ਨਾਲ ਮੇਲ ਹੀ ਸ਼ਬਦ ਸੁਰਤਿ ਦਾ ਮੇਲ ਹੈ ਭਾਵ ਸਾਡੀ ਸੁਰਤਿ ਦੇ ਵਿੱਚ, ਮਨ ਦੇ ਵਿਚਾਰਾਂ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ, ਬ੍ਰਹਮਗਿਆਨ ਦੇ ਨਾਲ ਮੇਲ ਹੈ ਜਿਸ ਦੁਆਰਾ ਸਾਡੀ ਸੁਰਤਿ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਭਰਮ ਵਾਲੀ ਅਵੱਸਥਾ ਮਿਟ ਜਾਂਦੀ ਹੈ ਤੇ ਪ੍ਰਮਾਤਮਾ ਦੇ ਪ੍ਰਤੱਖ ਰੂਪ ਵਿੱਚ ਮਨ ਦੇ ਵਿੱਚ ਉਸਦੇ ਦਰਸ਼ਨ ਹੋ ਜਾਂਦੇ ਹਨ।

ਮਨ ਦੀ ਇਹ ਅਵੱਸਥਾ ਹੀ "ਸਤਸੰਗਤਿ" ਦੀ ਅਵੱਸਥਾ ਹੈ, ਸਤ ਦੇ ਨਾਲ ਸੰਗਤਿ ਦੀ ਅਵੱਸਥਾ ਹੈ, ਸੱਚ ਦੇ ਨਾਲ ਜੁੜਨ ਦੀ ਅਵੱਸਥਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਜਾਣਿਆ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ॥੭॥"

"ਨਾਮੁ ਨਿਰਮੋਲਕੁ" ਪ੍ਰਮਾਤਮਾ ਆਪ ਹੈ ਜੋ ਨਿਰਮੋਲ ਹੈ, ਜਿਸ ਦੀ ਕੀਮਤ ਨਹੀਂ ਪਾਈ ਜਾ ਸਕਦੀ। ਨਾਮ ਦੀ ਪ੍ਰਾਪਤੀ ਜਾਂ ਪ੍ਰਮਾਤਮਾ ਦੇ ਨਾਲ

ਮੇਲ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ। ਬੜੇ ਵੱਡੇ ਭਾਗਾਂ ਨਾਲ ਹੀ ਇਹ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜਿਵੇਂ ਕਿ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਇਹੋ ਜਿਹੇ ਭਾਗਾਂ ਵਾਲਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਬਣਾਉਂਦਾ ਹੈ।

ਨਾਮ ਮਿਲਣ ਦੁਆਰਾ ਮਨੁੱਖ ਦਾ ਭਰਮ ਹੀ ਦੂਰ ਹੁੰਦਾ ਹੈ ਤੇ ਪ੍ਰਮਾਤਮਾ ਨੂੰ ਪਾਉਣ ਦੀ ਸੋਝੀ ਮਿਲਦੀ ਹੈ, ਉਸਦੀ ਸੇਵਾ ਕਰਨੀ ਕੀ ਹੈ ਇਹ ਸੋਝੀ ਮਿਲਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਸ ਭਰਮ ਵਿੱਚੋਂ ਕੱਢਿਆ ਹੈ, ਆਪਣਾ ਨਾਮ ਬਖਸ਼ ਕੇ ਹੀ ਕੱਢਿਆ ਹੈ ਉਨ੍ਹਾਂ ਨੇ ਹੀ ਸਾਨੂੰ ਪ੍ਰਮਾਤਮਾ ਦੇ ਪਾਉਣ ਦਾ ਤਰੀਕਾ ਸਮਝਾਇਆ ਹੈ ਜਿਸਨੂੰ ਕਿ ਅਗਲੀਆਂ ਪੰਗਤੀਆਂ ਦੁਆਰਾ ਬਿਆਨ ਕੀਤਾ ਹੋਇਆ ਹੈ।

"ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ਮਨੁ ਰਾਖਹੁ ਇਕ ਠਾਈ॥੮॥
ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ॥੯॥
ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ॥੧੧॥"

(ਅੰਗ - ੯੦੯)

ਪ੍ਰਮਾਤਮਾ ਦੀ ਭਗਤੀ ਸਾਨੂੰ ਉਹੀ ਸਮਝਾ ਸਕਦਾ ਹੈ ਜੋ ਆਪ ਭਰਮ ਵਿੱਚੋਂ ਨਿਕਲਿਆ ਹੋਇਆ ਹੈ ਭਾਵ ਜਿਸਨੂੰ ਪ੍ਰਮਾਤਮਾ ਨੇ ਆਪ ਹੀ ਭਰਮ ਵਿੱਚੋਂ ਕੱਢ ਕੇ ਆਪਣੀ ਭਗਤੀ ਦਾ ਤਰੀਕਾ ਸਮਝਾਇਆ ਹੋਇਆ ਹੈ। ਭਰਮ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਹੀ ਤਰੀਕੇ ਅਪਣਾਉਂਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ, ਸਵਾਸਾਂ ਦੀਆਂ ਕਿਰਿਆਵਾਂ ਆਦਿ ਕਰਦੇ ਹਾਂ ਜਿਸਨੂੰ ਕਿ ਵਾਰ-ਵਾਰ ਸਾਡਾ ਭਰਮ ਹੀ ਦੱਸਿਆ ਹੈ। ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਕੇਵਲ ਇਸ ਮਨ ਨੂੰ ਇੱਕ ਜਗ੍ਹਾ ਟਿਕਾਉਣ ਦਾ ਹੈ ਭਾਵ ਕੇਵਲ ਗੁਰਮਤਿ ਤੇ, ਕੇਵਲ ਨਾਮ ਤੇ, ਕੇਵਲ ਸੱਚ ਤੇ ਟਿਕਾਉਣ ਦਾ ਹੈ। ਗੁਰਮਤਿ ਸਾਨੂੰ ਕੇਵਲ ਸੱਚ ਹੀ ਸਮਝਾਉਂਦੀ ਹੈ। ਗੁਰੂ ਦਾ ਨਾਮ ਸਾਨੂੰ ਸੋਝੀ ਪਾਉਣ ਲਈ ਹੈ ਤੇ ਜਿਹੜਾ ਨਾਮ ਦੀ ਸੋਝੀ ਤੋਂ ਭੁੱਲਿਆ ਹੋਇਆ ਹੈ, ਸੱਚ ਨੂੰ ਜਾਨਣ ਵਿੱਚ, ਸਮਝਣ ਵਿੱਚ ਭੁੱਲਿਆ ਹੋਇਆ ਹੈ ਉਹ ਸੱਚ ਤੇ ਨਹੀਂ ਚੱਲ ਸਕਦਾ ਤੇ ਮਨ ਦੀ ਇਸ ਭੁੱਲ ਕਰਕੇ ਮਨੁੱਖ ਦਾ ਜਨਮ ਵਿਅਰਥ ਜਾਂਦਾ ਹੈ। **(ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ਮਨੁ ਰਾਖਹੁ ਇਕ ਠਾਈ॥੮॥ ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ॥੯॥)**

ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਜਿਹੋ ਜਿਹੇ ਤਰੀਕੇ ਅਪਣਾਉਂਦੇ ਹਾਂ ਭਾਵ ਸਾਡੇ ਅੰਦਰ ਭਰਮ ਦੀ ਨਿਸ਼ਾਨੀ ਕੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ

20/2195

ਰਾਹੀਂ ਸਮਝਾਇਆ ਹੋਇਆ ਹੈ।

"ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ॥੧੦॥"

ਉਹ ਕਿਹੜਾ ਜੋਗੀ ਹੈ ਜੋ ਆਪਣੇ ਆਪ ਨੂੰ ਭੁੱਲਿਆ ਹੋਇਆ ਸਮਝ ਸਕਦਾ ਹੈ। ਜੋਗੀ ਲੋਕ ਅਨੇਕਾਂ ਕਿਰਿਆਵਾਂ ਦੁਆਰਾ, ਜਪ ਤਪ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਇਨ੍ਹਾਂ ਤਰੀਕਿਆਂ ਨਾਲ ਹੀ ਪ੍ਰਮਾਤਮਾ ਨੂੰ ਪਾਉਣਾ ਸਮਝਦੇ ਹਨ। ਇਹ ਸਭ ਲੋਕ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਤੋਂ ਭੁੱਲੇ ਹੋਏ ਹੀ ਹਨ। ਸਿੱਖ ਜਗਤ ਵਿੱਚ ਵੀ ਇਹੋ ਜਿਹੀ ਮਤਿ ਦਾ ਹੀ ਪ੍ਰਚਾਰ ਹੈ। ਇਨ੍ਹਾਂ ਰਾਹੀਂ ਸਿੱਖੀਆਂ ਹੋਈਆਂ ਜਪ ਤਪ ਦੀਆਂ ਕਿਰਿਆਵਾਂ ਆਦਿ ਹੀ ਪ੍ਰਚਲਿਤ ਹਨ ਤੇ ਕੇਵਲ ਫਰਕ ਸਾਡੇ ਬਾਣੇ ਵਿੱਚ ਹੈ ਤੇ ਮੂੰਹੋਂ ਬੋਲਣ ਵਾਲੀ ਬਾਣੀ ਵਿੱਚ ਹੈ। ਅੱਖਰ ਦਾ ਜਪ ਕਰਨਾ ਹੀ ਉਹ ਭਗਤੀ ਸਮਝਦੇ ਹਨ ਤੇ ਅੱਖਰ ਦਾ ਜਪ ਕਰਨਾ ਹੀ ਅਸੀਂ ਆਪਣੀ ਭਗਤੀ ਬਣਾਈ ਹੋਈ ਹੈ। ਆਪਣੀਆਂ ਸਰੀਰਕ ਕਿਰਿਆਵਾਂ ਦੁਆਰਾ ਹੀ ਉਹ ਆਪਣੇ ਮਨ ਨੂੰ ਟਿਕਾਉਣ ਦੀਆਂ ਗੱਲਾਂ ਕਰਦੇ ਹਨ ਤੇ ਇਹੋ ਜਿਹੀਆਂ ਕਿਰਿਆਵਾਂ ਦੁਆਰਾ ਹੀ ਅਸੀਂ ਮਨ ਨੂੰ ਟਿਕਾਉਣਾ ਸਮਝਦੇ ਹਾਂ। ਮਨ ਨੂੰ ਟਿਕਾਉਣ ਲਈ ਕਿਸੇ ਕਿਰਿਆਵਾਂ ਦੀ ਲੋੜ ਨਹੀਂ ਹੈ। ਮਨ ਨੂੰ ਟਿਕਾਉਣ ਲਈ ਮਨ ਦੀ ਸੋਝੀ ਦੀ ਲੋੜ ਹੈ, ਗੁਰੂ ਦੇ ਸੱਚੇ ਗਿਆਨ ਦੀ ਲੋੜ ਹੈ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੀ ਲੋੜ ਹੈ, ਜਿਸ ਲਈ ਕਿਸੇ ਕਿਰਿਆ ਦੀ ਬਜਾਇ ਮਨ ਨੂੰ ਸਮਝਾਉਣ ਦੀ ਲੋੜ ਹੈ, ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦੀ ਲੋੜ ਹੈ ਤਾਂ ਜੋ ਅਸੀਂ ਮਾਇਆ ਮੋਹ ਵਿੱਚੋਂ ਨਿਕਲ ਕੇ, ਔਗੁਣਾਂ ਵਿੱਚੋਂ ਨਿਕਲ ਕੇ ਸੱਚ ਤੇ ਟਿਕ ਸਕੀਏ। ਮਨ ਨੂੰ ਸਮਝਾਏ ਬਿਨ੍ਹਾਂ ਭਾਵ ਸੱਚ ਨੂੰ ਅਪਣਾਏ ਬਿਨ੍ਹਾਂ ਅਸੀਂ ਜੋ ਵੀ ਭਗਤੀ ਦੇ ਤਰੀਕੇ ਦਿਖਾਉਂਦੇ ਹਾਂ ਉਨ੍ਹਾਂ ਨੂੰ ਸਾਡਾ ਪਾਖੰਡ ਹੀ ਦੱਸਿਆ ਹੈ ਜੋ ਕਿ ਸਾਡੇ ਅੰਦਰ ਭਰਮ ਦੀ ਨਿਸ਼ਾਨੀ ਹੈ। **(ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ਮਨੁ ਰਾਖਹੁ ਇਕ ਠਾਈ॥੮॥ ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ॥੯॥ ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ॥੧੦॥)**

{ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ॥੨੩॥}

ਉਪਰਲੀ ਪੰਗਤੀ ਮੁੱਖ ਸ਼ਬਦ ਦਾ ਹਿੱਸਾ ਹੀ ਹੈ ਜਿਸ ਨੂੰ ਅਸੀਂ ਕੁੱਝ ਪਿੱਛੇ ਜਾਣਿਆ ਹੈ। ਪ੍ਰਮਾਤਮਾ ਦੀ ਉਸਤਤਿ ਤ੍ਰਿਸ਼ਨਾ ਰਹਿਤ ਹੋ ਕੇ ਹੀ ਹੁੰਦੀ ਹੈ, ਮਨ ਦੇ ਸੰਤੋਖ ਰਾਹੀਂ ਹੀ ਹੁੰਦੀ ਹੈ, ਔਗੁਣ ਰਹਿਤ ਹੋ ਕੇ ਹੀ ਹੁੰਦੀ ਹੈ ਭਾਵ ਕੇਵਲ ਸੱਚੀ ਸੁੱਚੀ ਕਰਨੀ ਦੁਆਰਾ ਹੀ ਹੁੰਦੀ ਹੈ, ਸੱਚੀ ਸੁੱਚੀ ਸੰਸਾਰਿਕ

20/2196

ਵਿਚਰਨ ਦੁਆਰਾ ਹੀ ਹੁੰਦੀ ਹੈ। ਮਨ ਦੇ ਵਿੱਚ ਸੱਚ ਦੇ ਹੋਏ ਬਿਨ੍ਹਾਂ, ਨਾਮ ਦੀ ਸੋਝੀ ਹੋਏ ਬਿਨ੍ਹਾਂ ਅਸੀਂ ਕੇਵਲ ਭਗਤੀ ਕਰਨ ਦੇ ਦਿਖਾਵੇ ਹੀ ਕਰਦੇ ਹਾਂ, ਪਾਖੰਡ ਹੀ ਕਰਦੇ ਹਾਂ।

{ਹਿਰਦੈ ਸਚੁ ਏਹ ਕਰਣੀ ਸਾਰੁ॥ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਰਸਨਾ ਨਾਲ ਜਪ ਤਪ ਕਰਕੇ ਅਸੀਂ ਕੇਵਲ ਦਿਖਾਵੇ ਹੀ ਕਰਦੇ ਹਾਂ। ਰਸਨਾ ਨਾਲ ਜੇਕਰ ਅਸੀਂ ਸੱਚ ਬੋਲਦੇ ਹਾਂ ਫਿਰ ਅਸੀਂ ਨਾਮ ਜਪਦੇ ਹਾਂ ਤੇ ਜੇਕਰ ਰਸਨਾ ਨਾਲ ਅਸੀਂ ਝੂਠ ਬੋਲਦੇ ਹਾਂ ਫਿਰ ਰਸਨਾ ਨਾਲ ਭਾਵੇਂ ਕੋਈ ਵੀ ਸ਼ਬਦ ਬੋਲ ਲਈਏ, ਕਿਸੇ ਵੀ ਅੱਖਰ ਦਾ ਜਪ ਕਰ ਲਈਏ ਉਹ ਭਗਤੀ ਦਾ ਦਿਖਾਵਾ ਹੀ ਹੈ, ਪਾਖੰਡ ਹੀ ਹੈ, ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਆਪਣੇ ਮੁੱਖੋਂ ਕੋਈ ਕਿਹੋ ਜਿਹਾ ਸ਼ਬਦ ਜਪਦਾ ਹੈ, ਕੋਈ ਕਿਹੋ ਜਿਹਾ ਅੱਖਰ ਜਪਦਾ ਹੈ ਇਸ ਨਾਲ ਕੀ ਫਰਕ ਪੈਂਦਾ ਹੈ। ਜਿਹੋ ਜਿਹਾ ਸੱਚ ਰਾਮ ਨੂੰ ਚੰਗਾ ਲੱਗਦਾ ਹੈ, ਉਹੋ ਜਿਹਾ ਸੱਚ ਹੀ ਰਹੀਮ ਨੂੰ ਚੰਗਾ ਲੱਗਦਾ ਹੈ, ਵਾਹਿਗੁਰੂ ਨੂੰ ਚੰਗਾ ਲੱਗਦਾ ਹੈ, ਗਾਡ ਨੂੰ ਚੰਗਾ ਲੱਗਦਾ ਹੈ। ਝੂਠ ਨਾ ਰਾਮ ਨੂੰ ਚੰਗਾ ਲੱਗਦਾ ਹੈ, ਨਾ ਅੱਲ੍ਹਾ ਨੂੰ ਚੰਗਾ ਲੱਗਦਾ ਹੈ, ਨਾ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ, ਨਾ ਗਾਡ ਨੂੰ ਚੰਗਾ ਲੱਗਦਾ ਹੈ। ਸਾਰੇ ਜਗਤ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਇੱਕੋ ਹੀ ਹੈ ਜੋ ਸਭ ਵਿੱਚ ਆਪ ਹੀ ਵਿਚਰ ਰਿਹਾ ਹੈ, ਇੱਕੋ ਜਿਹੇ ਤਰੀਕੇ ਨਾਲ ਵਿਚਰ ਰਿਹਾ ਹੈ। ਉਸਨੂੰ ਜਪਣ ਦਾ, ਪਾਉਣ ਦਾ ਤਰੀਕਾ ਪੂਰੇ ਸੰਸਾਰ ਲਈ ਇੱਕੋ ਹੀ ਹੈ। ਉਹ ਤਰੀਕਾ ਕੇਵਲ ਤੇ ਕੇਵਲ "ਸਚੁ" ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਆਪ ਸਚੁ ਹੈ ਤੇ ਉਸਨੂੰ ਕੇਵਲ ਸੱਚ ਤੇ ਚੱਲ ਕੇ ਹੀ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਪੂਰਨ ਸੱਚ ਗੁਰਬਾਣੀ ਦੇ ਕੋਲ ਹੈ ਜੋ

ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰਬਾਣੀ ਵਾਲਾ ਸਚੁ ਸਾਡੇ ਅੰਦਰ ਇਸ ਮਨ ਨੂੰ ਹੀ ਸੱਚਾ ਕਰਕੇ ਵੱਸ ਸਕਦਾ ਹੈ ਜਿਸ ਲਈ ਰਸਨਾ ਨਾਲ ਵਿਖਾਵੇ ਕਰਨ ਦੀ ਲੋੜ ਨਹੀ। ਜਿਸ ਦੇ ਮਨ ਦੇ ਵਿੱਚ ਸੱਚ ਹੈ ਉਸਦੀ ਰਸਨਾ ਆਪੇ ਹੀ ਸੱਚੀ ਹੋ ਜਾਂਦੀ ਹੈ, ਉਹ ਮੁੱਖੋਂ ਆਪੇ ਹੀ ਸੱਚਾ ਹੋ ਜਾਂਦਾ ਹੈ, ਉਸਨੂੰ ਬੋਲ ਬੋਲ ਕੇ ਵਿਖਾਵਾ ਕਰਨ ਦੀ ਲੋੜ ਨਹੀਂ ਰਹਿੰਦੀ।

ਸਲੋਕੁ ॥

{ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥}

(ਅੰਗ ੨੭੨)

20/2197

{ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ॥੧॥}

(ਅੰਗ ੨੯)

{ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥}

(ਅੰਗ ੪੯)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥}

(ਅੰਗ ੧੪੦)

ਆਪਣੇ ਮਨ ਦੇ ਅੰਦਰ ਸੱਚ ਵਸਾਇ ਬਿਨ੍ਹਾਂ, ਗੁਰੂ ਦੀ ਸੱਚੀ ਮਤਿ ਵਸਾਇ ਬਿਨ੍ਹਾਂ ਅਸੀਂ ਰਸਨਾ ਦੇ ਦਿਖਾਵੇ ਨਾਲ ਹੀ ਸੱਚੇ ਬਣਨ ਦੀ ਕੋਸ਼ਿਸ਼ ਕਰਕੇ ਭਾਵ ਮਨ ਦੇ ਵਿੱਚ ਝੂਠ ਹੁੰਦੇ ਹੋਏ ਕੇਵਲ ਸਚੁ ਦਾ ਦਿਖਾਵਾ ਕਰਦੇ ਹਾਂ ਤੇ ਇਸੇ ਲਈ ਸਾਡੇ ਇਹੋ ਜਿਹੇ ਜਪ ਤਪ ਨੂੰ ਸਾਡਾ ਕੇਵਲ ਪਾਖੰਡ ਕਿਹਾ ਹੈ।

{ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥੧॥
ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ॥੧॥ਰਹਾਉ॥}

(ਅੰਗ ੬੬੨)

ਪ੍ਰਮਾਤਮਾ ਨੂੰ ਰਸਨਾ ਦੇ ਨਾਲ ਬੋਲ ਬੋਲ ਕੇ ਨਹੀਂ ਲੱਭਿਆ ਜਾ ਸਕਦਾ। ਪ੍ਰਮਾਤਮਾ ਨੂੰ ਬੁੱਝਣ ਦੇ ਲਈ ਇਸ ਮਨ ਨੂੰ ਸਮਝਾਉਣ ਦੀ ਲੋੜ ਹੈ ਜਿੰਨ੍ਹਾਂ ਕਰਕੇ ਸਾਡਾ ਮਨ ਚੋਰ ਹੈ, ਨਾਮ ਦਾ ਚੋਰ ਹੈ, ਸਚੁ ਦਾ ਚੋਰ ਹੈ, ਗੁਰਮਤਿ ਦਾ ਚੋਰ ਹੈ, ਗੁਣਾਂ ਦਾ ਚੋਰ ਹੈ।

ਗੁਰੂ ਆਪ ਸਚੁ ਹੈ ਜੋ ਪੂਰਨ ਸੱਚ ਦੇ ਨਾਲ ਜੁੜਿਆ ਹੋਇਆ ਹੈ। ਗੁਰੂ ਆਪ ਸੱਚ ਤੇ ਚੱਲਦਾ ਹੈ ਤੇ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਹੀ ਦਿੰਦਾ ਹੈ। ਪ੍ਰਮਾਤਮਾ ਨੇ ਆਪਣੇ ਆਪ ਦੇ ਨਾਲ ਮਿਲਾਉਣ ਦੀ ਜਿੰਮੇਵਾਰੀ ਗੁਰੂ ਨੂੰ ਸੌਂਪੀ ਹੋਈ ਹੈ, ਗੁਰਬਾਣੀ ਨੂੰ ਸੌਂਪੀ ਹੋਈ ਹੈ। ਗੁਰਬਾਣੀ ਆਪਣੀ ਇਹ ਜਿੰਮੇਵਾਰੀ ਪ੍ਰਮਾਤਮਾ ਦੇ ਆਪਣੇ ਬਣਾਏ ਹੋਏ ਅਸੂਲਾਂ ਤੇ ਚੱਲ ਕੇ ਨਿਭਾਉਂਦੀ ਹੈ। ਗੁਰਬਾਣੀ ਉਸੇ ਨੂੰ ਹੀ ਪ੍ਰਮਾਤਮਾ ਦੇ ਨਾਲ ਮਿਲਾਏਗੀ ਜੋ ਉਸਦੇ ਦੱਸੇ ਹੋਏ ਸੱਚ ਅਨੁਸਾਰ ਚੱਲੇਗਾ। ਗੁਰਬਾਣੀ ਸਾਨੂੰ ਝੂਠ ਤਿਆਗਣ ਲਈ ਕਹਿੰਦੀ ਹੈ, ਮਾੜੇ ਕਰਮ ਛੱਡਣ

20/2198

ਲਈ ਕਹਿੰਦੀ ਹੈ, ਸਰੀਰਕ ਜਪ ਤਪ ਆਦਿ ਛੱਡਣ ਲਈ ਕਹਿੰਦੀ ਹੈ, ਸੁਰਤੀਆਂ ਸਮਾਧੀਆਂ ਆਦਿ ਲਗਾਉਣੀਆ ਤਿਆਗਣ ਲਈ ਕਹਿੰਦੀ ਹੈ, ਇੱਕ ਅੱਖਰ ਦੇ ਜਪ ਨੂੰ ਤਿਆਗਣ ਲਈ ਕਹਿੰਦੀ ਹੈ, ਥਿਤਾਂ, ਵਾਰਾਂ ਆਦਿ ਪੂਜਣ ਦੀ ਮਨਾਹੀ ਕਰਦੀ ਹੈ, ਘਰ ਬਾਰ ਆਦਿ ਤਿਆਗ ਕੇ ਬਾਹਰ ਡੇਰੇ ਲਗਾਉਣ ਤੋਂ ਮਨ੍ਹਾ ਕਰਦੀ ਹੈ, ਪਹਾੜਾਂ ਦੀਆਂ ਖੁੰਦਰਾਂ ਵਿੱਚ ਵੜ ਕੇ ਟੀਸੀਆਂ ਤੇ ਚੜ੍ਹ ਕੇ ਜਪ ਤਪ ਆਦਿ ਨੂੰ ਖੰਡਦੀ ਹੈ, ਦੁਨਿਆਵੀ ਸੰਤਾਂ, ਸਾਧਾਂ ਆਦਿ ਨੂੰ ਪੂਜਣ ਤੋਂ ਖੰਡਦੀ ਹੈ, ਮੂਰਤੀਆਂ ਦੀ ਪੂਜਾ ਤੋਂ ਖੰਡਦੀ ਹੈ ਕਿਉਂਕਿ ਇਨ੍ਹਾਂ ਵਿੱਚ ਪ੍ਰਮਾਤਮਾ ਦਾ ਭਗਤੀ ਕਰਨ ਦਾ ਸੱਚ ਨਹੀਂ ਹੈ। ਜੋ ਸੱਚ ਨਹੀਂ ਉਹ ਝੂਠ ਹੈ। ਜਦ ਤੱਕ ਅਸੀਂ ਝੂਠ ਦੇ ਪਿੱਛੇ ਲੱਗੇ ਹੋਏ ਹਾਂ ਭਾਵ ਜਦ ਤੱਕ ਅਸੀਂ ਗੁਰਬਾਣੀ ਦੇ ਅਸੂਲਾਂ ਤੋਂ ਭਟਕੇ ਹੋਏ ਹਾਂ ਤਦ ਤੱਕ ਗੁਰੂ ਸਾਨੂੰ ਪ੍ਰਮਾਤਮਾ

ਦੇ ਨਾਲ ਮਿਲਾਉਣ ਦੀ ਸਿਫਾਰਿਸ਼ ਕਿਵੇਂ ਕਰ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮਿਲਾਉਣ ਦੀ ਸਿਫਾਰਿਸ਼ ਕਿਵੇਂ ਕਰ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮਿਲਾਉਣ ਦੀ ਹਾਮੀ ਗੁਰੂ ਉਨ੍ਹਾਂ ਦੀ ਹੀ ਭਰਦਾ ਹੈ ਜੋ ਉਸਦੇ ਸੱਚ ਦੇ ਨਾਲ ਜੁੜਦੇ ਹਨ, ਉਸਦੇ ਅਸੂਲ ਦੇ ਨਾਲ ਜੁੜਦੇ ਹਨ। ਗੁਰੂ ਆਪਣੇ ਅਸੂਲਾਂ ਦਾ ਬੱਝਿਆ ਹੋਇਆ ਹੈ, ਸੱਚ ਦੇ ਨਾਲ ਬੱਝਿਆ ਹੋਇਆ ਹੈ ਤੇ ਉਹ ਸੱਚ ਤੇ ਚੱਲਣ ਵਾਲੇ ਦੀ ਹੀ ਹਾਮੀ ਭਰਦਾ ਹੈ। ਝੂਠ ਬੋਲਣ ਵਾਲਾ, ਝੂਠ ਤੇ ਚੱਲਣ ਵਾਲਾ, ਗੁਰੂ ਦੀ ਗੱਲ ਨੂੰ ਨਾ ਮੰਨਣ ਵਾਲਾ ਕਦੇ ਗੁਰੂ ਨੂੰ ਨਹੀਂ ਭਾ ਸਕਦਾ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

ਮਃ ੧॥

{ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥}

(ਅੰਗ ੧੪੧)

ਸਲੋਕੁ ਮਃ ੧॥

{ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥੧॥}

(ਅੰਗ ੧੩੯)

ਇਸ ਸੰਸਾਰ ਵਿੱਚ ਸਭ ਤੋਂ ਮਾੜਾ ਕੰਮ ਕਿਸੇ ਦਾ ਹੱਕ ਖਾਣਾ ਹੈ ਜਿਸਦਾ ਮੂਲ ਸਾਡੇ ਅੰਦਰ ਦਾ ਕੂੜ ਹੈ, ਝੂਠ ਹੈ ਭਾਵ ਮਨ ਦੀ ਮਾੜੀ ਬਿਰਤੀ ਹੈ, ਮਨ ਦਾ ਲੋਭ ਲਾਲਚ ਹੈ, ਮਾਇਆ ਮੋਹ ਹੈ। ਸਮਾਜਿਕ ਮਾਨਤਾ ਅਨੁਸਾਰ

20/2199

ਹਿੰਦੂਆਂ ਲਈ ਗਾਂ ਦਾ ਮਾਸ ਖਾਣਾ ਤੇ ਮੁਸਲਮਾਨਾਂ ਲਈ ਸੂਅਰ ਦਾ ਮਾਸ ਖਾਣਾ ਬਹੁਤ ਮਾੜਾ ਮੰਨਿਆ ਜਾਂਦਾ ਹੈ। ਸਾਡੇ ਮਨ ਦੀ ਮਾੜੀ ਬਿਰਤੀ ਨੂੰ ਸਮਝਾਉਣ ਲਈ ਸਾਨੂੰ ਇਸ ਤਰੀਕੇ ਨਾਲ ਸੁਚੇਤ ਕੀਤਾ ਹੈ ਕਿ ਅਸੀਂ ਕਿਸੇ ਦਾ ਹੱਕ ਨਾ ਖਾਈਏ। ਅਸਲੀ ਮੁਰਦਾਰੁ ਖਾਣਾ ਭਾਵ ਕਿਸੇ ਹਿੰਦੂ ਦੇ ਲਈ ਗਊ ਦਾ ਮਾਸ ਖਾਣ ਦੇ ਬਰਾਬਰ ਹੈ ਤੇ ਮੁਸਲਮਾਨਾਂ ਲਈ ਸੂਅਰ ਦਾ ਮਾਸ ਖਾਣ ਦੇ ਬਰਾਬਰ ਹੈ ਜਿਸਨੂੰ ਕਿ ਉਹ ਮਾੜਾ ਸਮਝਦੇ ਹਨ। ਝੂਠ ਬੋਲਣਾ ਸਾਡੇ ਲਈ ਅਸਲ ਵਿੱਚ ਆਪਣੇ ਆਪ ਨੂੰ ਇਸ ਤਰ੍ਹਾਂ ਭ੍ਰਿਸ਼ਟ ਕਰਨ ਵਾਲੀ ਗੱਲ ਹੈ ਜਿਵੇਂ ਹਿੰਦੂ ਗਊ ਦੇ ਮਾਸ ਨੂੰ ਖਾਣਾ ਭ੍ਰਿਸ਼ਟਤਾ ਸਮਝਦੇ ਹਨ ਤੇ ਮੁਸਲਮਾਨ ਸੂਅਰ ਦੇ ਮਾਸ ਨੂੰ ਖਾਣਾ ਭ੍ਰਿਸ਼ਟਤਾ ਸਮਝਦੇ ਹਨ। ਸਾਨੂੰ ਅਸਲ ਵਿੱਚ ਭ੍ਰਿਸ਼ਟ ਕਰਨ ਵਾਲੀ ਇਹ ਮਨ ਦੀ ਮਾੜੀ ਬਿਰਤੀ ਹੈ ਜਿਸ ਵਿੱਚੋਂ ਨਿਕਲਣ ਲਈ ਸਾਨੂੰ ਝਿੰਜੋੜਿਆ ਹੈ। ਤਾਂ ਜੋ ਅਸੀਂ ਸੱਚ ਦੇ ਨਾਲ ਜੁੜ ਸਕੀਏ। ਪ੍ਰਮਾਤਮਾ ਦੇ ਨਾਲ ਸਾਨੂੰ ਗੁਰੂ ਹੀ ਮਿਲਾਉਂਦਾ ਹੈ ਭਾਵ ਆਪਣੀ ਸੱਚ ਦੀ ਸਿੱਖਿਆ ਸਮਝਾਉਣ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮਿਲਣ ਦਾ ਤਰੀਕਾ ਸਮਝਾਉਂਦਾ ਹੈ। ਗੁਰੂ ਦੀ ਸਿੱਖਿਆ ਹੀ ਸਾਡੇ ਲਈ ਉਹ ਅਉਖਧ ਹੈ, ਨਾਮ ਅਉਖਧ ਹੈ ਜੋ ਸਾਨੂੰ ਸੱਚ ਦੇ ਨਾਲ ਜੋੜ ਸਕਦੀ ਹੈ। ਨਾਮ ਦੀ ਅਉਖਧ ਮਨ ਦੇ ਵਿੱਚ ਵਸਾਉਣ ਦੇ ਲਈ ਹੈ ਜੋ ਪ੍ਰਮਾਤਮਾ ਦੇ ਨਾਲ ਜੋਗ ਪਾਉਣ ਦੀ ਅਸਲ ਜੁਗਤਿ ਹੈ।

{ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ॥
ਅਨੇਕ ਜਤਨ ਭੇਖ ਕਰੇ ਜੋਗੀ ਰੋਗੁ ਨ ਜਾਇ ਗਵਾਇਆ॥੯॥
ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ॥
ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ॥੧੦॥
ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ॥

ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ॥੧੧॥
ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ॥
ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ॥੧੨॥੧॥੧੦॥}

(ਅੰਗ ੯੦੯)

"ਨਾਮੁ" ਅਉਖਧੁ ਹੈ, ਦਵਾਈ ਹੈ ਭਾਵ ਸਾਡੇ ਰੋਗ ਦੀ ਦਵਾਈ ਹੈ। ਦਵਾਈ ਤੋਂ ਪਹਿਲਾਂ ਸਾਡਾ ਰੋਗ ਵੀ ਸਮਝਾਇਆ ਹੋਇਆ ਹੈ ਕਿ ਸਾਡਾ ਰੋਗ ਕੀ ਹੈ। ਸਾਡਾ ਰੋਗ ਤ੍ਰਿਸ਼ਨਾ, ਮਾਇਆ ਹੈ ਜੋ ਰੋਗ ਸਾਡੇ ਮਨ ਨੂੰ ਲੱਗਾ ਹੋਇਆ ਹੈ, ਸਭ ਨੂੰ ਲੱਗਾ ਹੋਇਆ ਹੈ, ਸਾਰੇ ਸੰਸਾਰ ਨੂੰ ਲੱਗਾ ਹੋਇਆ ਹੈ

20/2200

ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਲਾਇਆ ਹੋਇਆ ਹੈ ਜਿਸ ਦੁਆਰਾ ਉਹ ਆਪਣੇ ਇਸ ਜਗਤ ਦੀ ਖੇਡ ਨੂੰ ਚਲਾ ਰਿਹਾ ਹੈ। ਮਨ ਦਾ ਇਹ ਰੋਗ ਦੂਰ ਕਰਨ ਲਈ ਜੇਕਰ ਅਸੀਂ ਸਾਰਾ ਦਿਨ ਰਸਨਾ ਦੇ ਨਾਲ ਬੋਲੀ ਜਾਈਏ, ਕਿਸੇ ਅੱਖਰ ਦਾ ਜਪ ਕਰੀ ਜਾਈਏ ਤਾਂ ਫਿਰ ਕੀ ਇਹ ਰੋਗ ਦੂਰ ਹੋ ਸਕਦਾ ਹੈ। ਕਦੇ ਨਹੀਂ ਹੋ ਸਕਦਾ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਸੇ ਤਰ੍ਹਾਂ ਭਾਵੇਂ ਜਿਤਨੀਆਂ ਮਰਜ਼ੀ ਸਰੀਰਕ ਕਿਰਿਆਵਾਂ ਕਰੀ ਜਾਈਏ, ਆਪਣੀਆਂ ਨਾੜੀਆਂ ਨੂੰ ਖਿੱਚੀ, ਮਰੋੜੀ ਜਾਈਏ ਕੀ ਇਹ ਤ੍ਰਿਸ਼ਨਾ, ਮਾਇਆ ਦਾ ਰੋਗ ਦੂਰ ਹੋ ਸਕਦਾ ਹੈ, ਕਦੇ ਨਹੀਂ ਹੋ ਸਕਦਾ। ਸਰੀਰਕ ਕਿਰਿਆਵਾਂ ਨਾਲ ਸਾਨੂੰ ਇਸ ਤਨ ਦੇ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ ਪਰ ਮਨ ਦੀ ਤ੍ਰਿਸ਼ਨਾ ਨਹੀਂ ਮਰ ਸਕਦੀ, ਮਾਇਆ ਮੋਹ ਨਹੀਂ ਮਰ ਸਕਦਾ। ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਜੋ ਸਰੀਰਕ ਕਿਰਿਆਵਾਂ ਆਦਿ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਇਸੇ ਲਈ ਉਨ੍ਹਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਤੇ ਕੇਵਲ ਸਾਡਾ ਭੇਖ ਦੱਸਿਆ ਹੈ ਭਾਵ ਭਗਤੀ ਦਾ ਵਿਖਾਵਾ ਦੱਸਿਆ ਹੈ। ਇਹੀ ਗੱਲ ਸਾਨੂੰ ਉਪਰਲੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। **(ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ॥ ਅਨੇਕ ਜਤਨ ਭੇਖ ਕਰੇ ਜੋਗੀ ਰੋਗੁ ਨ ਜਾਇ ਗਵਾਇਆ॥੯॥)**

ਇਹ ਰੋਗ ਸਾਡੇ ਮਨ ਦਾ ਹੈ ਤੇ ਮਨ ਦੇ ਵਿੱਚੋਂ ਹੀ ਜਾਣਾ ਹੈ। ਇਸਦੇ ਲਈ ਉਸ ਦਵਾਈ ਦੀ ਲੋੜ ਹੈ ਜੋ ਸਾਡੇ ਮਨ ਤੇ ਅਸਰ ਕਰਦੀ ਹੈ। ਇਸ ਮਨ ਦੀ ਦਵਾਈ ਕੀ ਹੈ ਭਾਵ ਇਹ ਤ੍ਰਿਸ਼ਨਾ, ਮਾਇਆ ਦਾ ਰੋਗ ਦੂਰ ਕਰਨ ਦੀ ਦਵਾਈ ਕੀ ਹੈ, "ਅਉਖਧੁ" ਕੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ॥
ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ॥੧੦॥"

ਇਸ ਤੋਂ ਸਪੱਸ਼ਟ ਸਾਨੂੰ ਬਾਣੀ ਹੋਰ ਕੀ ਸਮਝਾਵੇ ਕਿ ਨਾਮੁ ਅਉਖਧੁ ਕੀ ਹੈ। ਨਾਮੁ ਅਉਖਧੁ ਦਾ ਮਕਸਦ ਸਾਡੇ ਅੰਦਰੋਂ ਤ੍ਰਿਸ਼ਨਾ, ਮਾਇਆਂ ਦੂਰ ਕਰਨ ਲਈ ਹੈ ਪਰ ਨਾਮੁ ਅਉਖਧੁ ਦਾ ਪ੍ਰਚਾਰ ਕਰਨ ਵਾਲੇ ਨਾਮੁ ਅਉਖਧੁ ਕਿਸ ਨੂੰ ਕਹਿੰਦੇ ਹਨ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਉਹ ਕੇਵਲ ਇੱਕ ਅੱਖਰ ਦੇ ਜਪ ਨੂੰ ਨਾਮੁ ਅਉਖਧੁ ਸਮਝਦੇ ਹਨ ਤੇ ਪ੍ਰਚਾਰ ਕਰਦੇ ਹਨ। ਉਹ ਸਰੀਰਕ ਕਿਰਿਆਵਾਂ ਦੁਆਰਾ ਇੱਕ ਅੱਖਰ ਦੇ ਜਪ ਨੂੰ ਨਾਮ ਅਉਖਧੁ ਸਮਝਾਉਂਦੇ ਹਨ ਤੇ ਇਸ ਦਾ ਮਕਸਦ ਵੀ ਸਰੀਰਕ ਰੋਗਾਂ ਨੂੰ ਦੂਰ ਕਰਨਾ ਸਮਝਾਉਂਦੇ ਹਨ ਜੋ ਕਿ ਗੁਰੂ ਦੀ ਮਤਿ ਨੂੰ, ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ, ਹੋਰ ਕੁੱਝ ਵੀ ਨਹੀਂ। ਇਹ ਕੇਵਲ ਮਨਮਤਿ ਹੈ ਜੋ ਸਾਨੂੰ ਗੁਰਮਤਿ ਤੋਂ ਭਾਵ ਗੁਰਮਤਿ ਦੀ

20/2201

ਅਸਲੀਅਤ ਤੋਂ ਦੂਰ ਕਰਦੀ ਹੈ। ਸਰੀਰਕ ਕਿਰਿਆਵਾਂ ਦੁਆਰਾ ਸਾਡੇ ਕਈ ਤਨ ਦੇ ਰੋਗ ਦੂਰ ਹੁੰਦੇ ਹਨ ਜੋ ਕਿ ਸਰੀਰਕ ਕਿਰਿਆਵਾਂ ਦਾ ਫ਼ਲ ਹੈ ਨਾ ਕਿ ਕਿਸੇ ਅੱਖਰ ਦੇ ਜਪ ਦਾ। ਅੱਖਰ ਦਾ ਜਪ ਕੇਵਲ ਸਾਡੇ ਮਨ ਦੀ ਆਸਥਾ ਹੈ, ਧਾਰਮਿਕ ਆਸਥਾ ਹੈ ਜਿਸ ਨਾਲ ਸਾਨੂੰ ਮਨ ਦੀ ਦ੍ਰਿੜਤਾ ਮਿਲਦੀ ਹੈ ਤੇ ਅਸੀਂ ਸਰੀਰਕ ਕਿਰਿਆਵਾਂ ਪੂਰੇ ਵਿਸ਼ਵਾਸ ਨਾਲ ਕਰਦੇ ਹਾਂ। ਜੇਕਰ ਕਿਸੇ ਨੂੰ ਤਨ ਦਾ ਆਰਾਮ ਮਿਲਦਾ ਹੈ ਉਹ ਕੇਵਲ ਕਿਰਿਆਵਾਂ ਕਰਕੇ ਮਿਲਦਾ ਹੈ। ਸਰੀਰਕ ਕਿਰਿਆਵਾਂ ਸਾਡੇ ਤਨ ਦੇ ਰੋਗਾਂ ਨੂੰ ਦੂਰ ਕਰਨ ਦੇ ਲਈ ਚੰਗੀਆਂ ਹਨ। ਸਾਰੇ ਯੋਗ ਆਸਣ ਤਨ ਦੀਆਂ ਕਿਰਿਆਵਾਂ ਹੀ ਹਨ ਜਿੰਨ੍ਹਾਂ ਨਾਲ ਸਾਡੇ ਤਨ

ਦੇ ਅਨੇਕਾਂ ਰੋਗ ਦੂਰ ਹੁੰਦੇ ਹਨ। ਭਾਰਤ ਵਰਸ਼ ਵਿੱਚ ਸਦੀਆਂ ਤੋਂ ਇਹ ਯੋਗ ਆਸਣ ਪ੍ਰਚਲਿਤ ਹਨ ਤੇ ਇਨ੍ਹਾਂ ਰਾਹੀਂ ਸਰੀਰ ਦੇ ਰੋਗ ਦੂਰ ਕਰਨਾ ਚੰਗੀ ਗੱਲ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਇਸ ਗੱਲ ਦਾ ਜ਼ਿਕਰ ਕੀਤਾ ਹੈ। ਸੰਸਾਰ ਵਿੱਚ ਹਰ ਰੋਗ ਦੀ ਅਉਖਧੁ ਨਾਮ ਹੀ ਹੈ ਭਾਵੇਂ ਉਹ ਰੋਗ ਕਿਸੇ ਵੀ ਰੂਪ ਵਿੱਚ ਹੈ। ਤਨ ਦੇ ਰੋਗਾਂ ਦੀ ਅਉਖਧੁ ਵੀ ਨਾਮ ਹੈ ਤੇ ਮਨ ਦੇ ਰੋਗਾਂ ਦੀ ਅਉਖਧੁ ਵੀ ਨਾਮ ਹੈ। ਹਰ ਰੋਗ ਦੀ ਦਵਾਈ ਗਿਆਨ ਹੈ। ਤਨ ਦੇ ਰੋਗਾਂ ਤੋਂ ਸਾਨੂੰ ਗਿਆਨ ਹੀ ਬਚਾਉਂਦਾ ਹੈ। ਤਨ ਦੇ ਹਰ ਇਲਾਜ ਦੇ ਪਿੱਛੇ ਗਿਆਨ ਹੀ ਹੈ। ਬਿਨ੍ਹਾਂ ਗਿਆਨ ਤੋਂ ਕੋਈ ਦਵਾਈ ਨਹੀਂ ਬਣ ਸਕਦੀ। ਡਾਕਟਰ, ਵੈਦ, ਹਕੀਮ ਆਦਿ ਗਿਆਨ ਦੁਆਰਾ ਹੀ ਸਾਡੇ ਤਨ ਦੇ ਰੋਗਾਂ ਦਾ ਇਲਾਜ ਕਰਦੇ ਹਨ ਜੇਕਰ ਸਾਨੂੰ ਨਾਮ ਦੀ ਸੋਝੀ ਹੈ ਕਿ ਨਾਮ ਕਿਸ ਨੂੰ ਕਿਹਾ ਹੈ ਫਿਰ ਨਾਮ ਦੀ ਅਉਖਧੁ ਵੀ ਸਮਝ ਲੱਗ ਜਾਂਦੀ ਹੈ। ਸਰੀਰਕ ਕਿਰਿਆਵਾਂ ਵਿੱਚ, ਯੋਗ ਆਸਣਾਂ ਵਿੱਚ ਗਿਆਨ ਹੀ ਹੈ ਤੇ ਗਿਆਨ ਦਾ ਇੱਕੋ ਇੱਕ ਸ੍ਰੋਤ ਪ੍ਰਮਾਤਮਾ ਹੀ ਹੈ। ਸਭ ਤੇ ਤਨ ਦੇ, ਮਨ ਦੇ ਰੋਗ ਦੂਰ ਕਰਨ ਵਾਲਾ ਆਪ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਗਿਆਨ ਦੁਆਰਾ ਹੀ ਵਿਚਰਦਾ ਹੈ।

{ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥}

(ਅੰਗ ੨੭੪)

ਤ੍ਰਿਸ਼ਨਾ, ਮਾਇਆ ਸਾਡੇ ਮਨ ਦਾ ਰੋਗ ਹੈ ਜਿਸ ਵਿੱਚੋਂ ਅਸਲ ਵਿੱਚ ਅਸੀਂ ਨਿਕਲਣਾ ਹੀ ਨਹੀਂ ਚਾਹੁੰਦੇ। ਮਾਇਆ ਪ੍ਰਮਾਤਮਾ ਨੇ ਬਹੁਤ ਮਿੱਠੀ ਬਣਾਈ ਹੈ ਤੇ ਹਰ ਕੋਈ ਇਸ ਵਿੱਚ ਹੋਰ ਫਸਣਾ ਚਾਹੁੰਦਾ ਹੈ, ਵੱਧ ਤੋਂ ਵੱਧ ਮਾਇਆ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ, ਦੁਨਿਆਵੀ ਦਾਤਾਂ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਇਹ ਮਨ ਦੀ ਤ੍ਰਿਸ਼ਨਾ ਹੈ ਜੋ ਕਦੇ ਰੱਜਦੀ ਹੀ ਨਹੀਂ। ਆਪਣਾ ਮਾਨ ਅਭਿਮਾਨ ਉੱਚਾ ਕਰਨਾ, ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਥਾਪਣਾ ਇਹ ਸਭ ਮਨ ਦੀ ਤ੍ਰਿਸ਼ਨਾ ਹੈ, ਮਾਇਆ ਮੋਹ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਸੇ ਲਈ ਇਸਨੂੰ ਸਾਡਾ ਵੱਡਾ ਰੋਗ ਕਿਹਾ ਹੈ। ਇਸ ਰੋਗ ਦੀ ਅਉਖਧੁ ਨਾਮ ਹੈ। ਇਹ ਸਾਡੇ ਮਨ ਦੀ ਅਉਖਧੁ ਹੈ ਜੋ ਸਾਨੂੰ ਇਸ ਤ੍ਰਿਸ਼ਨਾ, ਮਾਇਆ ਦੇ ਰੋਗ ਤੋਂ ਮੁਕਤ ਕਰਦੀ ਹੈ। ਪਹਿਲੇ ਸਾਨੂੰ ਇਹ ਤ੍ਰਿਸ਼ਨਾ, ਮਾਇਆ ਦੇ ਰੋਗ ਦਾ ਮੂਲ ਸਮਝਣ ਦੀ ਲੋੜ ਹੈ ਜਿਸ ਕਰਕੇ ਅਸੀਂ ਇਸ ਰੋਗ ਵਿੱਚ ਫਸੇ ਹੋਏ ਹਾਂ। ਇਸ ਰੋਗ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਹੈ, ਮਨ ਦੇ ਵਿੱਚ ਸੱਚ ਦੀ ਸੋਝੀ ਨਾ ਹੋਣ ਦਾ ਹੈ, ਧਰਮ ਦੇ ਮਾਰਗ ਦੀ ਸੱਚੀ ਸੋਝੀ ਨਾ ਹੋਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਇਹ ਨਾਮ ਦੀ ਅਉਖਧੁ ਗੁਰਮਤਿ ਦੀ ਅਉਖਧੁ ਹੈ, ਗੁਰੂ ਦੇ ਸੱਚੇ ਗਿਆਨ ਦੀ ਅਉਖਧੁ ਹੈ ਜਿਸ ਨੇ ਸਾਡੇ ਉੱਡਦੇ ਹੋਏ ਮਨ ਨੂੰ, ਮਾਇਆ ਮੋਹ ਵਿੱਚ ਦੌੜਦੇ ਹੋਏ ਮਨ ਨੂੰ ਟਿਕਾਉਣਾ ਹੈ ਭਾਵ ਸੰਤੋਖ ਵਿੱਚ ਲਿਆਉਣਾ ਹੈ। ਇਹ ਅਉਖਧੁ ਸਾਡੇ ਮਨ ਵਿੱਚ ਵਸਾਉਣ ਵਾਲੀ ਦਵਾਈ ਹੈ। ਮਨ ਦੇ ਵਿੱਚ ਕੇਵਲ ਗਿਆਨ ਹੀ ਵੱਸਦਾ ਹੈ, ਸੋਝੀ ਹੀ ਵੱਸਦੀ ਹੈ ਤੇ ਹੋਰ ਕੁੱਝ ਨਹੀਂ ਵੱਸ ਸਕਦਾ। ਮਨ ਦੇ ਵਿੱਚ ਇਹ ਨਾਮ ਅਉਖਧੁ ਵੱਸਣ ਨਾਲ ਹੀ ਸਾਡੀ ਅਵੱਸਥਾ ਗੁਰਮੁਖਿ ਵਾਲੀ ਬਣਦੀ ਹੈ ਭਾਵ ਗੁਰੂ ਦੀ

ਮਤਿ ਵਾਲੀ ਬਣਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਸਕਦੇ ਹਾਂ ਤੇ ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਉਹੀ ਪਾਉਂਦਾ ਹੈ ਜੋ ਆਪਣੇ ਅੰਦਰ ਇਹ "ਨਾਮੁ ਅਉਖਧੁ" ਵਸਾਉਂਦਾ ਹੈ। ਪ੍ਰਮਾਤਮਾ ਦੀ ਜੋਗ ਜੁਗਤਿ ਸਾਡੇ ਮਨ ਦੀ ਸੋਝੀ ਹੀ ਹੈ, ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਹੀ ਹੈ ਜਿਵੇਂ ਕਿ ਇਸ ਗੱਲ ਨੂੰ ਕਾਫੀ ਪਿੱਛੇ ਬਰੀਕੀ ਨਾਲ ਸਮਝਿਆ ਹੈ। ਸਾਡੇ ਅੰਦਰ ਨਾਮ ਅਉਖਧੁ ਦਾ ਵੱਸਣਾ ਜਾਂ ਸੱਚੇ ਗਿਆਨ ਦੀ ਪ੍ਰਾਪਤੀ ਹੋਣਾ, ਪ੍ਰਮਾਤਮਾ ਦੇ ਨਾਲ ਜੋਗ ਹੋਣਾ ਇੱਕੋ ਹੀ ਗੱਲ ਹੈ। **(ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ॥ ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ॥੧੦॥)**

ਜਿਸ ਨੂੰ ਪ੍ਰਮਾਤਮਾ ਦੀ ਜੋਗ ਜੁਗਤਿ ਸਮਝ ਆਈ ਹੈ ਉਹ ਮਨ ਦਾ ਭਰਮ ਦੂਰ ਹੋਣ ਦੁਆਰਾ ਹੀ ਆਈ ਹੈ ਤੇ ਇਸੇ ਲਈ ਉਨ੍ਹਾਂ ਨੇ ਸਾਨੂੰ ਮਨ ਦਾ ਭਰਮ ਦੂਰ ਕਰਨ ਲਈ ਸਮਝਾਇਆ ਹੈ। ਨਾਮੁ ਅਉਖਧੁ ਦਾ ਮਕਸਦ ਸਾਡੇ ਮਨ ਦਾ ਭਰਮ ਦੂਰ ਕਰਨਾ ਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ॥

ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ॥੧੧॥"

ਪ੍ਰਮਾਤਮਾ ਦੇ ਨਾਲ ਜੋਗ ਕਰਨ ਦਾ ਮਾਰਗ, ਉਸਦੇ ਨਾਲ ਮੇਲ ਕਰਨ ਦਾ ਮਾਰਗ ਬਿਖਮ ਹੈ, ਬਹੁਤ ਔਖਾ ਹੈ। ਆਪਣੇ ਅੰਦਰ ਨਾਮੁ ਅਉਖਧੁ ਨੂੰ ਵਸਾਉਣਾ ਬਹੁਤ ਔਖਾ ਹੈ, ਆਪਣੇ ਅੰਦਰ ਗੁਰਮਤਿ ਨੂੰ ਵਸਾਉਣਾ ਬਹੁਤ ਔਖਾ ਹੈ ਭਾਵ ਨਾਮ ਜਪਣਾ ਬਹੁਤ ਔਖਾ ਹੈ। ਔਖਾ ਮਾਇਆ ਮੋਹ ਵਿੱਚੋਂ ਨਿਕਲਣਾ ਹੀ ਹੈ, ਤ੍ਰਿਸ਼ਨਾ ਮੁਕਤ ਹੋਣਾ ਹੀ ਹੈ। ਅਸੀਂ ਕੇਵਲ ਉੱਦਮ ਹੀ ਕਰਨਾ ਹੈ ਕਿਉਂਕਿ ਭਗਤੀ ਦਾ ਅਸਲ ਮਾਰਗ ਮਾਇਆ, ਤ੍ਰਿਸ਼ਨਾ ਵਿੱਚੋਂ ਨਿਕਲਣ ਦਾ ਹੀ ਹੈ। ਪ੍ਰਮਾਤਮਾ ਦੀ ਆਪਣੀ ਕ੍ਰਿਪਾ ਬਿਨ੍ਹਾਂ ਉਸਦੇ ਮਾਰਗ ਤੇ ਕੋਈ ਚੱਲ ਨਹੀਂ ਸਕਦਾ, ਉਸਦੀ ਜੋਗ ਜੁਗਤਿ ਦੀ ਪ੍ਰਾਪਤੀ ਕੋਈ ਨਹੀਂ ਕਰ ਸਕਦਾ। ਸਾਡੇ ਅੰਦਰ ਭਰਮ ਪਾਉਣ ਵਾਲਾ ਉਹ ਆਪ ਹੈ ਤੇ ਸਾਨੂੰ ਇਸ ਭਰਮ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ। ਜਿਸਦੇ ਅੰਦਰ ਉਸਦੀ ਨਾਮੁ ਅਉਖਧੁ ਪੂਰੀ ਤਰ੍ਹਾਂ ਵੱਸ ਜਾਂਦੀ ਹੈ ਉਹ ਪੂਰੀ ਤਰ੍ਹਾਂ ਭਰਮ ਰਹਿਤ ਹੁੰਦਾ ਹੈ। ਗੁਰੂ ਦੇ ਆਪਣੇ ਅੰਦਰ ਨਾਮੁ ਅਉਖਧੁ ਵਸੀ ਹੋਈ ਹੈ ਜਿਸ ਕਰਕੇ ਉਹ ਭਰਮ ਰਹਿਤ ਹੈ। ਸਾਡੀ ਪ੍ਰਮਾਤਮਾ ਨਾਲੋਂ ਦੂਰੀ ਮਨ ਦੇ ਭਰਮ ਕਰਕੇ ਹੀ ਹੈ ਤੇ ਜਿਸਦੇ ਅੰਦਰ ਪ੍ਰਮਾਤਮਾ ਆਪਣੀ ਨਾਮੁ ਅਉਖਧੁ ਵਸਾ ਦਿੰਦਾ ਹੈ ਉਸਨੂੰ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ ਕਿਉਂਕਿ ਉਹ ਸਾਡੇ ਅੰਦਰ ਨਾਮ ਰੂਪ ਵਿੱਚ ਹੀ ਵਿਚਰਦਾ ਹੈ, ਗਿਆਨ ਰੂਪ ਵਿੱਚ ਹੀ ਵਿਚਰਦਾ ਹੈ। ਜੋ ਰੂਪ ਉਸਦਾ ਮਨ ਦੇ ਵਿੱਚੋਂ ਨਜ਼ਰ

20/2203

ਆਉਂਦਾ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਫਿਰ ਸਭ ਵਿੱਚ ਨਜ਼ਰ ਆਉਂਦਾ ਹੈ। ਪ੍ਰਮਾਤਮਾ ਸਾਨੂੰ ਭਰਮ ਵਿੱਚੋਂ ਹੀ ਕੱਢਦਾ ਹੈ ਭਾਵ ਉਹ ਆਪਣੀ ਕ੍ਰਿਪਾ ਮਨੁੱਖ ਦਾ ਭਰਮ ਕੱਢ ਕੇ ਹੀ ਕਰਦਾ ਹੈ। ਮਨ ਦੇ ਭਰਮ ਕਰਕੇ ਹੀ ਅਸੀਂ ਰੋਗੀ ਹਾਂ, ਤ੍ਰਿਸ਼ਨਾ ਮਾਇਆਂ ਦੇ ਰੋਗੀ ਹਾਂ ਤੇ ਇਹ ਰੋਗ ਮਨ ਦਾ ਭਰਮ ਨਿਕਲਣ ਦੁਆਰਾ ਹੀ ਹੁੰਦਾ ਹੈ। ਜਿਸ ਦਾ ਵੀ ਪ੍ਰਮਾਤਮਾ ਇਹ ਭਰਮ ਕੱਢਦਾ ਹੈ ਉਸਨੂੰ ਆਪਣੀ ਨਾਮੁ ਅਉਖਧੁ ਬਖਸ਼ ਕੇ ਹੀ ਕੱਢਦਾ ਹੈ। ਨਾਮੁ ਅਉਖਧੁ ਦੇ ਵਿੱਚ ਹੀ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਨਾਮੁ ਅਉਖਧੁ ਹੀ ਭਰੀ ਹੋਈ ਹੈ ਜੋ ਕਿ ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਭਰਮ ਵਿੱਚੋਂ ਸਾਨੂੰ ਬ੍ਰਹਮਗਿਆਨ ਹੀ ਕੱਢ ਸਕਦਾ ਹੈ ਜਿਸਨੂੰ ਕਿ ਮਨ ਵਿੱਚ ਵਸਾਉਣ ਦੀ ਲੋੜ ਹੈ। ਬ੍ਰਹਮਗਿਆਨ ਰੂਪ ਅਉਖਧੁ ਦੀ ਪ੍ਰਾਪਤੀ ਦੇ ਬਿਨ੍ਹਾਂ ਕਿਸੇ ਦੇ ਮਨ ਦਾ ਰੋਗ ਦੂਰ ਨਹੀਂ ਹੋ ਸਕਦਾ, ਕਿਸੇ ਦਾ ਭਰਮ ਦੂਰ ਨਹੀਂ ਹੋ ਸਕਦਾ, ਕੋਈ ਤ੍ਰਿਸ਼ਨਾ, ਮਾਇਆ ਤੋਂ ਮੁਕਤ ਨਹੀਂ ਹੋ ਸਕਦਾ, ਕੋਈ ਉਸ ਨਿਰਗੁਣ ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦਾ। **(ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ॥ ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ॥੧੧॥)**

ਜਿਹੋ ਜਿਹੇ ਸਰੀਰਕ ਜਪਾਂ ਤਪਾਂ ਵਿੱਚ ਸੰਸਾਰ ਲੱਗਾ ਹੋਇਆ ਹੈ, ਭਗਤੀ ਸਮਝ ਕੇ ਲੱਗਾ ਹੋਇਆ ਹੈ ਉਹ ਕੇਵਲ ਸਾਡੇ ਅੰਦਰੋਂ ਭਰਮ ਦੀ ਉਪਜ ਹੈ, ਜੋਗ ਜੁਗਤਿ ਦੀ ਸੋਝੀ ਨਾ ਹੋਣ ਕਰਕੇ ਹੈ। ਜੋਗੀ ਲੋਗ ਕਿੰਗੁਰੀ ਰੂਪ ਸਾਜ਼ ਵਜਾਉਂਦੇ ਹਨ ਜਿਸਨੂੰ ਵਜਾ ਕੇ ਉਹ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ। ਇਹੋ ਜਿਹੇ ਸਾਜ ਵਜਾ ਕੇ ਭਗਤੀ ਦਾ ਮਕਸਦ ਪੂਰਾ ਨਹੀਂ ਹੁੰਦਾ ਜੋ ਕਿ ਤ੍ਰਿਸ਼ਨਾ ਮਾਇਆਂ ਵਿੱਚੋਂ ਨਿਕਲਣ ਦਾ ਹੈ। ਤ੍ਰਿਸ਼ਨਾ, ਮਾਇਆ ਤੋਂ ਮੁਕਤ ਹੋਣ ਲਈ ਸਾਨੂੰ ਕਿਹੋ ਜਿਹਾ ਸਾਜ਼ ਵਜਾਉਣ ਦੀ ਲੋੜ ਹੈ ਇਹੀ ਗੱਲ ਸਾਨੂੰ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

"ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ॥

ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ॥੧੨॥੧॥੧੫॥"

ਜਿਹੜੀ ਕਿੰਗੁਰੀ ਵਜਾਉਣ ਲਈ ਸਾਨੂੰ ਸਮਝਾਇਆ ਹੈ ਉਸ ਲਈ ਕਿਸੇ ਸਾਜ਼ ਨੂੰ ਵਜਾਉਣ ਦੀ ਲੋੜ ਨਹੀਂ ਹੈ, ਕਿਸੇ ਵਿਖਾਵੇ ਦੀ ਲੋੜ ਨਹੀਂ ਹੈ। ਇਹ ਕਿੰਗੁਰੀ ਸਾਡੇ ਅੰਦਰ ਨਾਮੁ ਅਉਖਧੁ ਦੀ ਕਿੰਗੁਰੀ ਹੈ, ਮਨ ਦੇ ਵਿੱਚ ਸੱਚੀ ਸੋਝੀ ਦੀ ਕਿੰਗੁਰੀ ਹੈ ਜੋ ਸਾਨੂੰ ਭਰਮ ਦੇ ਵਿੱਚੋਂ ਕੱਢਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਭਰਮ ਦੇ ਵਿੱਚੋਂ ਕੱਢਿਆ ਹੈ ਉਨ੍ਹਾਂ ਦੇ ਮਨ ਵਿੱਚ ਪ੍ਰਮਾਤਮਾ ਨੇ ਆਪ ਹੀ ਇਹ ਕਿੰਗੁਰੀ ਵਜਾਈ ਹੈ।

20/2204

ਜਿਸ ਵਿੱਚੋਂ ਕੋਈ ਆਵਾਜ਼ ਨਹੀਂ ਨਿਕਲਦੀ। ਇਹ ਮਨ ਦੇ ਵਿੱਚ ਸੱਚੀ ਸੋਝੀ ਦੀ ਕਿੰਗੁਰੀ ਹੈ, ਸਾਡੇ ਅੰਦਰ ਪ੍ਰਮਾਤਮਾ ਦਾ ਨਾਦ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਇਹ ਮਨ ਦੇ ਵਿੱਚ ਸੱਚੇ ਵਿਚਾਰਾਂ ਦੀ ਕਿੰਗੁਰੀ ਹੈ ਜੋ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਆਪ ਹੀ ਵਜਾਈ ਹੋਈ ਹੈ। ਇਸ ਕਿੰਗੁਰੀ ਦੇ ਨਾਲ ਜੁੜ ਕੇ, ਸੱਚ ਦੇ ਨਾਲ ਜੁੜ ਕੇ

ਅਸੀਂ ਮਨ ਦੀ ਕਿੰਗੁਰੀ ਤੱਕ ਪਹੁੰਚ ਸਕਦੇ ਹਾਂ ਜਿਸ ਲਈ ਕਿਸੇ ਬਾਹਰੀ ਕਿੰਗੁਰੀ ਦੀ ਲੋੜ ਨਹੀਂ ਹੈ। ਕੇਵਲ ਸੱਚ ਦੀ ਕਿੰਗੁਰੀ ਨਾਲ ਜੁੜਨ ਦੀ ਲੋੜ ਹੈ, ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦੀ ਲੋੜ ਹੈ ਜਿਸਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ ਭਾਵ ਭਰਮ ਤੋਂ ਮੁਕਤ ਕਰਨਾ ਹੈ। ਜਦੋਂ ਮਨ ਦੇ ਵਿੱਚ ਪ੍ਰਮਾਤਮਾ ਆਪ ਇਹ ਕਿੰਗੁਰੀ ਆਪ ਵਜਾਉਂਦਾ ਹੈ ਭਾਵ ਮਨ ਦੇ ਵਿੱਚ ਆਪ ਸੱਚ ਦੀ ਸੋਝੀ ਪਾਉਂਦਾ ਹੈ ਉਦੋਂ ਹੀ ਕੋਈ ਉਸਦਾ ਸੱਚਾ ਜੋਗੀ ਬਣਦਾ ਹੈ ਤੇ ਉਸਦੇ ਸੱਚ ਦੀ ਕਿੰਗੁਰੀ ਵਜਾਉਂਦਾ ਹੈ ਭਾਵ ਭਰਮ ਰਹਿਤ ਹੋ ਕੇ ਭਗਤੀ ਦੀ ਸੱਚੀ ਸੋਝੀ ਦੁਆਰਾ ਵਿਚਰਦਾ ਹੈ। ਮਨ ਦੇ ਵਿੱਚ ਇਹ ਸੱਚ ਦੀ ਕਿੰਗੁਰੀ ਵੱਜਣ ਦੇ ਨਾਲ ਹੀ ਉਸਦਾ ਜੋਗੀ ਸੱਚ ਵਿੱਚ ਸਮਾਇਆ ਰਹਿੰਦਾ ਹੈ ਭਾਵ ਉਸਦੀ ਸੱਚੀ ਮਤਿ ਦੇ ਨਾਲ ਜੁੜਿਆ ਰਹਿੰਦਾ ਹੈ। **(ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ॥ ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ॥੧੨॥੧॥੧੫॥)**

ਬਾਣੀ ਵਿੱਚ ਵਾਰ-ਵਾਰ ਸਾਨੂੰ ਜੋਗੀਆਂ ਦਾ ਹਵਾਲਾ ਦੇ ਕੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੈ ਭਾਵ ਸਾਨੂੰ ਭਰਮ ਵਿੱਚੋਂ ਕੱਢਿਆ ਹੈ। ਪਿੱਛੇ ਮੁੱਖ ਸ਼ਬਦ ਰਾਹੀਂ ਜੋਗੀ ਲੋਗ ਜੋ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਅਪਣਾਉਂਦੇ ਹਨ ਇਸ ਲਈ ਉਨ੍ਹਾਂ ਸਭ ਨੂੰ ਭੁੱਲੇ ਹੋਏ ਦੱਸਿਆ ਹੈ ਤੇ ਉਨ੍ਹਾਂ ਦੇ ਸਾਰੇ ਤਰੀਕਿਆਂ ਨੂੰ ਜਿੰਨ੍ਹਾਂ ਦੁਆਰਾ ਉਹ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ ਇਹ ਉਨ੍ਹਾਂ ਦਾ ਪਾਖੰਡ ਦੱਸਿਆ ਹੈ। ਉਨ੍ਹਾਂ ਦੀ ਭੁੱਲ ਦਾ ਕਾਰਨ ਨਾਮੁ ਦੀ ਸੋਝੀ ਦਾ ਨਾ ਹੋਣਾ ਹੈ, ਪ੍ਰਮਾਤਮਾ ਨੂੰ ਪਾਉਣ ਦੀ ਸੱਚੀ ਮਤਿ ਦਾ, ਸੱਚੀ ਵਿਧੀ ਦੀ ਸੋਝੀ ਦਾ ਨਾ ਹੋਣਾ ਹੈ। ਨਾਮੁ ਦੀ ਸੋਝੀ ਨਾਮੁ ਮਿਲਣ ਦੁਆਰਾ ਹੀ ਪੈਂਦੀ ਹੈ ਤੇ ਨਾਮੁ ਤੋਂ ਬਿਨ੍ਹਾਂ ਹਰ ਕੋਈ ਭੁੱਲਿਆ ਹੋਇਆ ਹੀ ਹੈ।

(ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ॥੯॥

ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ॥੧੦॥)

ਜੋਗੀ ਲੋਗ ਆਸਣ ਲਗਾ ਕੇ ਬੈਠਦੇ ਹਨ, ਸਮਾਧੀਆਂ ਲਗਾ ਕੇ ਬੈਠਦੇ ਹਨ ਜਿਸ ਰਾਹੀਂ ਉਹ ਪ੍ਰਮਾਤਮਾ ਦੀ ਭਗਤੀ ਕਰਨਾ

20/2205

ਸਮਝਦੇ ਹਨ। ਸਿੱਖ ਜਗਤ ਵਿੱਚ ਵੀ ਇਹੋ ਪ੍ਰਥਾ ਹੀ ਚੱਲ ਰਹੀ ਹੈ ਕਿ ਸਮਾਧੀ ਲਗਾਉਣ ਦੁਆਰਾ ਹੀ, ਜਪ ਤਪ ਕਰਨ ਨਾਲ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਸਾਡਾ ਆਸਣ ਕਿਸ ਰੂਪ ਵਿੱਚ ਲੱਗਣਾ ਚਾਹੀਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਜੋਗ ਹੁੰਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

"ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ॥੧੧॥"

(ਅੰਗ ੯੦੯)

"ਸਿਵ" ਆਪ ਪ੍ਰਮਾਤਮਾ ਹੈ ਤੇ ਸਾਡੇ ਅੰਦਰ ਉਸਦੀ ਨਗਰੀ ਸਾਡਾ ਮਨ ਹੈ ਜਿੱਥੇ ਪ੍ਰਮਾਤਮਾ ਵੱਸਦਾ ਹੈ, ਜਿੱਥੇ ਉਸਦਾ ਘਰ ਹੈ। ਸਿਵ ਨਗਰੀ ਜਾਂ ਸਿਵ ਪੁਰੀ ਇੱਕੋ ਹੀ ਗੱਲ ਹੈ ਜਿਸਨੂੰ ਅਸੀਂ ਲੇਖ ਵਿੱਚ ਬਹੁਤ ਪਿੱਛੇ ਪਹਿਲੇ ਹੀ ਸਮਝਿਆ ਹੈ ਜੋ ਕਿ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਹੈ।

{"ਸਿਵ ਕੀ ਪੁਰੀ ਬਸੈ ਬੁਧਿ ਸਾਰੁ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ॥

ਈਤ ਊਤ ਕੀ ਸੋਝੀ ਪਰੈ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ॥੧॥"}

(ਅੰਗ ੧੧੫੯)

ਉਸ ਪ੍ਰਮਾਤਮਾ ਦੀ "ਪੁਰੀ" ਭਾਵ ਉਸਦਾ ਟਿਕਾਣਾ ਸਾਡੇ ਅੰਦਰ ਹੀ ਹੈ ਜੋ ਕਿ ਬੜੇ ਸਪੱਸ਼ਟ ਰੂਪ ਵਿੱਚ ਸਮਝਾਇਆ ਹੋਇਆ ਹੈ। ਉਹ ਪ੍ਰਮਾਤਮਾ ਸਾਡੇ ਅੰਦਰ ਬੁਧਿ ਦੇ ਰੂਪ ਵਿੱਚ ਵੱਸਿਆ ਹੋਇਆਂ ਹੈ ਭਾਵ ਮਨ ਦੀ ਸੋਝੀ ਦੇ ਰੂਪ ਵਿੱਚ ਵੱਸਿਆ ਹੋਇਆ ਹੈ। ਸਾਡੇ ਅੰਦਰ ਦੀ ਬੁਧਿ ਦੇ ਰਾਹੀਂ ਸਾਨੂੰ ਸੋਝੀ ਹੀ ਪੈਂਦੀ ਹੈ, ਮਤਿ ਹੀ ਮਿਲਦੀ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ। ਪ੍ਰਮਾਤਮਾ ਸਾਡੇ ਅੰਦਰ "ਬੁਧਿ ਸਾਰੁ" ਦੇ ਰੂਪ ਵਿੱਚ ਬਿਰਾਜਮਾਨ ਹੈ। ਸਾਡੀ ਬੁਧਿ ਦਾ ਸਾਰ ਭਾਵ ਤੱਤ ਸਾਡੇ ਅੰਦਰ ਦੀ ਸੋਝੀ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਸੋਝੀ ਦੇ ਤੱਤ ਦੇ ਰੂਪ ਵਿੱਚ ਵੱਸਿਆ ਹੋਇਆ ਹੈ। ਪ੍ਰਮਾਤਮਾ ਦਾ ਤੱਤ ਗਿਆਨ ਰਾਹੀਂ ਪਾਈ ਹੋਈ ਸੋਝੀ ਹੈ ਭਾਵ ਗਿਆਨ ਦੇ ਅੰਦਰ ਦੀ "ਸੋਝੀ" ਉਹ ਤੱਤ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਦੇ ਅੰਦਰ ਆਪਣਾ ਆਸਣ ਬਣਾਇਆ ਹੋਇਆ ਹੈ। ਹਰ ਵਸਤੂ ਵਿੱਚ ਪ੍ਰਮਾਤਮਾ ਆਪਣੇ ਇਸ ਗਿਆਨ ਤੱਤ ਦੁਆਰਾ ਹੀ ਸਮਾਇਆ ਹੋਇਆ ਹੈ। ਹਰ ਵਸਤੂ ਦਾ ਮੂਲ ਉਸਦੇ ਅੰਦਰ ਦੇ ਗਿਆਨ ਦੀ ਸੋਝੀ ਹੈ, ਗਿਆਨ ਦਾ ਤੱਤ ਹੈ। ਸਾਰੀ ਸਾਇੰਸ ਪ੍ਰਮਾਤਮਾ ਦੇ ਇਸ ਗਿਆਨ ਤੱਤ ਦੀ ਹੀ ਬੱਝੀ ਹੋਈ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਚਲਾ ਰਿਹਾ ਹੈ। ਸਾਡੇ ਅੰਦਰ ਪ੍ਰਮਾਤਮਾ ਸਾਨੂੰ ਆਪਣੀ ਸੋਝੀ ਦੇ ਤੱਤ ਦੁਆਰਾ ਹੀ ਚਲਾ ਰਿਹਾ ਹੈ ਪਰ ਇਸਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ। **(ਸਿਵ ਕੀ ਪੁਰੀ ਬਸੈ ਬੁਧਿ ਸਾਰੁ॥)**

20/2206

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਇਸ ਮਨ ਦੇ ਵਿਚਾਰਾਂ ਦੀ "ਪੁਰੀ" ਦੇ ਵਿੱਚ ਹੀ ਹੁੰਦਾ ਹੈ, ਵਿਚਾਰਾਂ ਰਾਹੀ ਹੀ ਹੁੰਦਾ ਹੈ ਤੇ ਉੱਥੇ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਉਸਦੇ ਵਿਚਾਰ ਹੀ ਮਿਲਦੇ ਹਨ ਭਾਵ ਉਸਦੇ ਨਾਲ ਵਿਚਾਰਾਂ ਦੀ ਸਾਂਝ ਹੀ ਹੁੰਦੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ॥"

ਸਾਡੇ ਮਨ ਦੇ ਵਿੱਚ ਕੇਵਲ ਵਿਚਾਰ ਹੀ ਚੱਲਦੇ ਹਨ ਤੇ ਮਨ ਦੇ ਵਿੱਚ ਵਿਚਾਰਾਂ ਤੋਂ ਬਿਨ੍ਹਾਂ ਹੋਰ ਕੁੱਝ ਵੀ ਨਹੀਂ ਹੁੰਦਾ। ਸਾਡਾ ਸਾਰਾ ਜੀਵਨ ਸਾਡੇ ਮਨ ਦੇ ਵਿਚਾਰਾਂ ਨਾਲ ਹੀ ਚੱਲਦਾ ਹੈ, ਸਾਡਾ ਸੁੱਖ, ਦੁੱਖ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਸਾਨੂੰ ਜਿਸ ਅਵੱਸਥਾ ਵਿੱਚ ਵੀ ਰੱਖਣਾ ਚਾਹੁੰਦਾ ਹੈ ਉਹ ਆਪ ਹੀ ਰੱਖਦਾ ਹੈ। ਆਪਣੇ ਨਾਲ ਮੇਲ ਤੋਂ ਬਾਅਦ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਗੱਲ ਆਪ ਹੀ ਸਮਝਾਉਂਦਾ ਹੈ, ਆਪਣਾ ਸੱਚ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨਾਂ ਨੂੰ, ਭੱਟ ਸਾਹਿਬਾਨਾਂ ਨੂੰ ਸਮਝਾਇਆ ਹੈ ਤੇ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਉਸ ਸੱਚ ਦਾ ਬਿਆਨ ਕੀਤਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੀ ਹੈ ਤੇ ਇਸੇ ਲਈ ਗੁਰਬਾਣੀ ਪੂਰਨ ਸੱਚ ਦਾ ਬਿਆਨ ਕਰਦੀ ਹੈ ਤੇ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ। ਜਦੋਂ ਪ੍ਰਮਾਤਮਾ ਮਨ ਦੇ ਵਿੱਚ ਆਪ ਆਪਣੀ ਗੱਲ ਸੁਣਾਉਂਦਾ ਹੈ ਉਹ ਬ੍ਰਹਮਗਿਆਨ ਹੈ, ਉਹ ਚੌਥੇ ਪਦ ਦਾ ਗਿਆਨ ਹੈ, ਉਹ ਸਹਜ ਗਿਆਨ ਹੈ ਜਿਸ ਦੁਆਰਾ ਇਸ ਮਨ ਦੀ ਅਵੱਸਥਾ ਸਹਜ ਵਾਲੀ ਅਵੱਸਥਾ ਬਣਦੀ ਹੈ। ਇਸੇ ਲਈ ਪੂਰੀ ਗੁਰਬਾਣੀ ਸਹਜ ਦੀ ਅਵੱਸਥਾ ਵਿੱਚ ਹੈ, ਚੌਥੇ ਪਦ ਵਿੱਚ ਹੈ ਤੇ ਪੂਰੀ ਗੁਰਬਾਣੀ ਵਿੱਚ ਬ੍ਰਹਮਗਿਆਨ ਹੈ। **(ਸਿਵ ਕੀ ਪੁਰੀ ਬਸੈ ਬੁਧਿ ਸਾਰੁ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ॥)**

ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਇਸ ਸੰਸਾਰ ਦੀ ਤੇ ਇਸ ਸੰਸਾਰ ਨੂੰ ਬਣਾਉਣ ਵਾਲੇ ਦੀ ਸੋਝੀ ਪੈਂਦੀ ਹੈ। ਜਿੰਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਇਹ ਸੋਝੀ ਪਾਈ ਹੈ ਉਨ੍ਹਾਂ ਨੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਪਾਈ ਹੈ। ਇਹ ਸੋਝੀ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਈਤ ਊਤ ਕੀ ਸੋਝੀ ਪਰੈ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ॥੧॥"

ਅਸੀਂ ਜੋ ਵੀ ਕਰਮ ਕਰਦੇ ਹਾਂ ਅਸੀਂ ਇਹੀ ਸਮਝ ਕੇ ਕਰਦੇ ਹਾਂ ਕਿ ਅਸੀਂ ਇਹ ਕਰਮ ਆਪ ਕਰ ਰਹੇ ਹਾਂ ਪਰ ਅਸਲ ਵਿੱਚ ਸਾਡੇ ਕੋਲੋਂ ਸਾਡੇ ਕਰਮ ਕਰਾਉਣ ਵਾਲਾ ਕੌਣ ਹੈ ਇਸ ਗੱਲ ਦੀ ਸਾਨੂੰ ਸੋਝੀ ਨਹੀਂ ਹੈ। ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਾਡੇ ਮਨ ਦੇ ਵਿਚਾਰ ਹੀ ਸਾਡੇ ਕੋਲੋਂ ਕਰਾਉਂਦੇ ਹਨ ਪਰ ਇਨ੍ਹਾਂ ਵਿਚਾਰਾਂ

ਦਾ ਮਾਲਕ ਕੌਣ ਹੈ, ਸਾਡੇ ਅੰਦਰ ਇਹ ਵਿਚਾਰ ਪਾਉਣ ਵਾਲਾ ਕੌਣ ਹੈ ਇਸਦੀ ਸਾਨੂੰ ਸਮਝ ਨਹੀਂ ਪੈਂਦੀ। ਸਾਨੂੰ ਜੋ ਵੀ ਸਮਝ ਪੈਂਦੀ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਪੈਂਦੀ ਹੈ ਪਰ ਪ੍ਰਮਾਤਮਾ ਨੇ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਇਹ ਸੋਝੀ ਪੈਣ ਤੋਂ ਅਸਮਰੱਥ ਰੱਖਿਆ ਹੋਇਆ ਹੈ ਕਿ ਇਹ ਵਿਚਾਰ ਸਾਡੇ ਅੰਦਰ ਕਿੱਥੋਂ ਆਉਂਦੇ ਹਨ, ਕਿਸ ਦੀ ਮਰਜ਼ੀ ਨਾਲ ਆਉਂਦੇ ਹਨ। ਸਾਡੇ ਵਿਚਾਰ ਹੀ ਸਾਨੂੰ "ਮੈਂ" ਸਿਖਾਉਂਦੇ ਹਨ ਕਿ ਜੋ ਕੁੱਝ ਕਰਮ ਕਰ ਰਿਹਾ ਹਾਂ ਉਹ ਮੈਂ ਆਪ ਹੀ ਕਰ ਰਿਹਾ ਹਾਂ। ਇਹ ਸਾਡੇ ਅੰਦਰ ਦੀ ਹਉਮੈ ਹੈ, ਸਾਡੀ ਆਪਣੇ ਆਪ ਦੀ ਇੱਕ ਪ੍ਰਮਾਤਮਾ ਨਾਲੋਂ ਵੱਖਰੀ ਪਹਿਚਾਣ ਹੈ ਜੋ ਸਾਡੇ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਭ ਵਿੱਚ ਪਾਈ ਹੋਈ ਹੈ।

{ਜੀਅ ਕੀ ਜੋਤਿ ਨ ਜਾਨੈ ਕੋਈ॥ ਤੈ ਮੈ ਕੀਆ ਸੁ ਮਾਲੂਮੁ ਹੋਈ॥੧॥ਰਹਾਉ॥}

(ਅੰਗ ੧੩੫੧)

ਸਾਡੀ ਇਹ ਮੈਂ ਵਾਲੀ ਅਵੱਸਥਾ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜੋ ਸਾਨੂੰ ਪ੍ਰਮਾਤਮਾ ਦਾ ਸੱਚ ਜਾਨਣ ਤੋਂ ਦੂਰ ਰੱਖਦੀ ਹੈ, ਸਾਨੂੰ ਭਰਮ ਵਿੱਚ ਰੱਖਦੀ ਹੈ, ਅਗਿਆਨਤਾ ਵਿੱਚ ਰੱਖਦੀ ਹੈ, ਮਾਇਆ ਮੋਹ ਵਿੱਚ ਰੱਖਦੀ ਹੈ। ਇਹ ਪ੍ਰਮਾਤਮਾ ਦੀ ਸਭ ਦੇ ਵਿੱਚ ਪਾਈ ਹੋਈ ਆਪਣੀ ਹੀ ਜੁਗਤਿ ਹੈ ਜਿਸ ਰਾਹੀਂ ਉਸਨੇ ਸਭ ਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਆਪਣੇ ਆਪ ਤੋਂ ਦੂਰ ਰੱਖਿਆ ਹੋਇਆ ਹੈ। ਅਸੀਂ ਜੋ ਕਰਮ ਵੀ ਕਰਦੇ ਹਾਂ ਉਸ ਵਿੱਚ ਸਾਡੀ "ਮੈਂ" ਹੁੰਦੀ ਹੈ ਪਰ ਅਸਲ ਵਿੱਚ ਉਹ "ਤੂੰ" ਹੀ ਹੁੰਦਾ ਹੈ ਜੋ ਸਾਡੇ ਕੋਲੋ ਮਨ ਦੇ ਵਿਚਾਰਾਂ ਰਾਹੀਂ ਸਭ ਕੁੱਝ ਕਰਵਾ ਰਿਹਾ ਹੈ। ਅਸੀਂ ਸਾਰੇ ਕਰਮ ਉਸਦੀ ਮਰਜ਼ੀ ਨਾਲ ਹੀ ਕਰਦੇ ਹਾਂ ਭਾਵ ਸਾਡਾ ਆਪਣਾ ਕੋਈ ਕਰਮ ਨਹੀਂ ਹੈ। **(ਕਉਨੁ ਕਰਮ ਮੇਰਾ)** ਜਦ ਤੱਕ ਅਸੀਂ ਇਹ ਸਮਝੀ ਬੈਠੇ ਹਾਂ ਕਿ ਸਾਰੇ ਕਰਮ ਅਸੀਂ ਆਪ ਹੀ ਕਰਦੇ ਹਾਂ ਭਾਵ ਜਦ ਤੱਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਸਾਡੇ ਕੋਲੋਂ ਉਹ ਕਰਮ ਕੌਣ ਕਰਵਾ ਰਿਹਾ ਹੈ, ਸਾਡੇ ਮਨ ਦੇ ਵਿਚਾਰਾ ਦਾ ਮਾਲਕ "ਕੌਣ" ਹੈ, ਸਾਡੇ ਮਨ ਦੇ ਵਿੱਚ ਸੋਝੀ ਪਾਉਣ ਵਾਲਾ ਕੌਣ ਹੈ, ਤਦ ਤੱਕ ਅਸੀਂ ਭੁਲੇਖੇ ਵਿੱਚ ਹੀ ਆਪਣੀ ਮੈਂ ਬਣਾਈ ਰੱਖਦੇ ਹਾਂ ਭਾਵ ਹਉਮੈ ਵਿੱਚ ਰਹਿੰਦੇ ਹਾਂ ਤੇ ਇਸ ਅਵੱਸਥਾ ਵਿੱਚੋਂ ਨਿਕਲੇ ਬਿਨ੍ਹਾਂ ਭਾਵ

ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨ੍ਹਾਂ ਹੀ ਭਾਵ ਮੈਂ ਵਿੱਚ ਰਹਿੰਦੇ ਹੋਏ ਹੀ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹੀ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹੀ ਭਾਵ ਬ੍ਰਹਮ ਗਿਆਨ ਦੀ ਸਮਝ ਨਾ ਪੈਣ ਨਾਲ ਹੀ ਅਸੀਂ ਹਉਮੈ ਵਿੱਚ ਰਹਿੰਦੇ ਹਾਂ। ਮਨ ਦੇ ਅੰਦਰ ਬ੍ਰਹਮਗਿਆਨ ਦੀ ਸਮਝ ਹੀ ਸਾਨੂੰ ਮਨ ਦੀ ਹਉਮੈ ਵਿੱਚੋਂ ਕੱਢ ਸਕਦੀ ਹੈ ਜਿਸ ਮੈਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਇਹ ਸਮਝਦੇ ਹਾਂ ਕਿ ਜੋ ਕੁੱਝ ਵੀ ਮੈਂ ਆਪਣੇ ਮਨੁੱਖੀ ਰੂਪ ਵਿੱਚ ਕਰਮ ਕਰਦਾ ਹਾਂ ਉਹ ਮੈਂ ਆਪ ਹੀ ਕਰਦਾ ਹਾਂ ਭਾਵ ਆਪਣੀ ਸਮਝ ਨਾਲ ਹੀ ਕਰਦਾ ਹਾਂ ਜੋ ਕਿ ਸਾਡਾ ਭਰਮ ਹੈ ਭਾਵ ਆਤਮਿਕ ਰੂਪ ਵਿੱਚ ਮਰੇ ਹੋਏ ਵਿਚਰਨਾ ਹੈ ਕਿਉਂਕਿ ਅਸਲ ਵਿੱਚ ਮਨੁੱਖ ਕੋਲੋਂ ਹਰ ਕੰਮ ਕਰਵਾਉਣ ਵਾਲਾ ਸਮਝ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। **(ਕਉਨੁ ਕਰਮ ਮੇਰਾ ਕਰਿ ਕਰਿ ਮਰੈ॥੧॥)**

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥2॥}

(ਅੰਗ ੧੩੮)

ਹੁਣ ਅਸੀਂ ਮੁੱਖ ਸ਼ਬਦ ਦੀ ਹੇਠ ਦਿੱਤੀ ਪੰਗਤੀ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ।

"ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ॥੧੧॥"

ਪ੍ਰਮਾਤਮਾ ਨੂੰ ਪਾਉਣ ਲਈ ਇਹੋ ਜਿਹਾ ਆਸਣ ਲਗਾਉਣ ਦੀ ਲੋੜ ਹੈ ਜੋ ਕਿ ਨਿਰਗੁਣ ਰੂਪ ਵਿੱਚ ਲੱਗਦਾ ਹੈ, ਮਨ ਦੇ ਵਿੱਚ ਹੀ ਲੱਗਦਾ ਹੈ। ਸਰਗੁਣ ਰੂਪ ਆਸਣਾਂ ਦੁਆਰਾ ਅਸੀਂ ਕੇਵਲ ਭਗਤੀ ਦਾ ਦਿਖਾਵਾ ਹੀ ਕਰਦੇ ਹਾਂ, ਪਾਖੰਡ ਹੀ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਸਿਵ ਨਗਰੀ ਦੇ ਵਿੱਚ ਆਸਣ ਪ੍ਰਮਾਤਮਾ ਦੇ ਨਾਲ ਵਿਚਾਰਾਂ ਦੀ ਸਾਂਝ ਦਾ ਆਸਣ ਹੈ ਜੋ ਮਨ ਵਿੱਚ ਹਰ ਵੇਲੇ ਲੱਗਿਆ ਰਹਿੰਦਾ ਹੈ। ਇਹ ਸਾਡੇ

ਅੰਦਰ ਸੁੰਨ ਸਮਾਧ ਦੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਪ੍ਰਮਾਤਮਾ ਨੇ ਸਭ ਦੇ ਅੰਦਰ ਆਪਣੀ ਸਮਾਧ ਲਗਾਈ ਹੋਈ ਹੈ। ਮਨ ਦੇ ਆਸਣ ਦੁਆਰਾ ਅਸੀਂ ਪ੍ਰਮਾਤਮਾ ਦੇ ਇਸ ਸੁੰਨ ਸਮਾਧ ਦੇ ਆਸਣ ਵਿੱਚ ਹੀ ਸਮਾਅ ਜਾਂਦੇ ਹਾਂ, ਨਿਰਗੁਣ ਰੂਪ, ਗਿਆਨ ਰੂਪ ਆਸਣ ਵਿੱਚ ਹੀ ਸਮਾਅ ਜਾਂਦੇ ਹਾਂ। ਪ੍ਰਮਾਤਮਾ ਦੇ ਨਾਲ ਜੋਗ ਮਨ ਦੇ ਇਸ ਆਸਣ ਦੁਆਰਾ ਹੀ ਹੁੰਦਾ ਹੈ ਨਾ ਕਿ ਕਿਸੇ ਸਰੀਰਕ ਆਸਣ ਦੁਆਰਾ। ਮਨ ਦੇ ਆਸਣ ਦੁਆਰਾ ਪ੍ਰਮਾਤਮਾ ਕੋਲੋਂ ਉਸਦਾ ਗਿਆਨ ਹੀ ਮਿਲਦਾ ਹੈ, ਸੱਚਾ ਗਿਆਨ ਹੀ ਮਿਲਦਾ ਹੈ, ਉਸਦੇ ਸ਼ਬਦ ਦੇ ਰੂਪ ਵਿੱਚ ਮਿਲਦਾ ਹੈ। ਪ੍ਰਮਾਤਮਾ ਆਪਣੇ ਇਸ ਸ਼ਬਦ ਦੇ ਰੂਪ ਵਿੱਚ ਹੀ ਗੁਰੂ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਗੁਰੂ ਹੈ। ਜਦੋਂ ਉਹ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਭਾਵ ਆਪਣੇ ਆਸਣ ਦੇ ਨਾਲ ਮਿਲਾਉਂਦਾ ਹੈ ਉੱਥੇ ਉਹ ਆਪਣਾ ਗੁਰ ਸ਼ਬਦ ਹੀ ਦਿੰਦਾ ਹੈ ਤੇ ਆਪਣਾ ਗੁਰੂ ਰੂਪ ਧਾਰਨ ਕਰਦਾ ਹੈ, ਮਨੁੱਖੀ ਸਰੀਰ ਰਾਹੀਂ ਆਪਣਾ ਗੁਰੂ ਰੂਪ ਧਾਰਨ ਕਰਦਾ ਹੈ। ਗੁਰੂ ਰੂਪ ਉਸਦਾ ਨਿਰਗੁਣ ਰੂਪ ਹੀ ਹੈ, ਜੋਤਿ ਰੂਪ ਹੀ ਹੈ ਤੇ ਮਨੁੱਖੀ ਸਰੀਰ ਕੇਵਲ ਉਸ ਨਿਰਗੁਣ ਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੀ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਇਹ ਗੁਰੂ ਰੂਪ ਧਾਰਿਆ ਹੈ ਉੱਥੇ ਉਨ੍ਹਾਂ ਸਰੀਰਾਂ ਰਾਹੀਂ ਹੀ ਉਸਨੇ ਆਪਣਾ ਗੁਰ ਸ਼ਬਦ ਦਿੱਤਾ ਹੈ ਤੇ ਗੁਰਸ਼ਬਦ ਨੂੰ ਗੁਰਬਾਣੀ ਰਾਹੀਂ ਉਚਾਰਿਆ ਹੈ। ਪੂਰੀ ਗੁਰਬਾਣੀ ਵਿੱਚ ਗੁਰਸ਼ਬਦ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ, ਉਸਦੇ ਨਾਲ ਜੋਗ ਗੁਰਸ਼ਬਦ ਦੇ ਨਾਲ ਮਿਲ ਕੇ ਹੀ ਹੁੰਦਾ ਹੈ ਭਾਵ ਗੁਰਸ਼ਬਦ ਦੀ ਸੱਚੀ ਸੋਝੀ ਦੇ ਨਾਲ ਮਿਲ ਕੇ ਹੀ ਹੁੰਦਾ ਹੈ। ਪ੍ਰਮਾਤਮਾ ਗੁਰਸ਼ਬਦ ਦੀ ਸੋਝੀ ਦੇ ਵਿੱਚ ਹੈ ਨਾ ਕਿ ਸ਼ਬਦਾਂ ਦੀ ਬਨਾਵਟ ਦੇ ਵਿੱਚ। ਜੋਗੀਆਂ ਨੂੰ ਪ੍ਰਮਾਤਮਾ ਦੇ ਨਾਲ ਜੋਗ ਪ੍ਰਾਪਤ ਕਰਨ ਦੇ ਲਈ ਮਨ ਦੀ ਸੋਝੀ ਦੇ ਨਾਲ ਜੁੜਨ ਲਈ

ਪ੍ਰੇਰਿਆ ਹੈ ਤੇ ਸਰਗੁਣ ਰੂਪ ਆਸਣ ਲਗਾਉਣ ਤੋਂ ਹਟਾਇਆ ਹੈ। **(ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ॥੧੦॥ ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ॥੧੧॥)**

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥}

(ਅੰਗ ੧੨੦)

''ਸੱਚ'' ਸ਼ਬਦ ਦੀ ਸੋਝੀ ਦੇ ਵਿੱਚ ਹੈ ਤੇ ਪ੍ਰਮਾਤਮਾ ਆਪਣੇ ਇਸ ਸੱਚ ਦੁਆਰਾ ਸੱਚਾ ਹੈ। ਉਸ ਸੱਚੇ ਦੀ ਸਿਫ਼ਤ ਸਾਲਾਹ ਕੇਵਲ ਸ਼ਬਦ ਦੀ ਸੋਝੀ ਦੇ ਨਾਲ ਜੁੜ ਕੇ ਹੀ ਹੋ ਸਕਦੀ ਹੈ ਜਿਸ ਦੁਆਰਾ ਉਸਦੀ ਕੀਮਤ ਪਾਈ ਜਾ ਸਕਦੀ ਹੈ ਭਾਵ ਉਸਦੇ ਨਾਲ ਮੇਲ ਕੀਤਾ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ।

20/2209

ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕੇ। ਕੇਵਲ ਸ਼ਬਦਾਂ ਦੀ ਲਿਖਤ ਦੇ ਨਾਲ ਜੁੜੇ ਰਹਿਣ ਦਾ ਕੋਈ ਲਾਭ ਨਹੀਂ ਹੈ ਭਾਵ ਸ਼ਬਦਾਂ ਨੂੰ ਕੇਵਲ ਪੜ੍ਹੀ ਜਾਣ ਦਾ ਕੋਈ ਲਾਭ ਨਹੀਂ ਹੈ ਭਾਵੇਂ ਸਾਰੀ ਜ਼ਿੰਦਗੀ ਪੜ੍ਹੀ ਜਾਵੋ ਉਹ ਕੇਵਲ ਗੱਡੀ ਲੱਦੀ ਜਾਣ ਵਾਲੀ ਗੱਲ ਹੈ। ਸ਼ਬਦ ਦੇ ਮਕਸਦ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਸ਼ਬਦ ਦੇ ਨਾਲ ਨਹੀਂ ਜੁੜ ਸਕਦੇ।

ਸ਼ਬਦ ਨੂੰ ਕੇਵਲ ਪੜ੍ਹੀ ਜਾਣ ਨਾਲ ਜਾਂ ਸੁਣੀ ਜਾਣ ਨਾਲ ਸ਼ਬਦ ਦਾ ਮਕਸਦ ਪੂਰਾ ਨਹੀਂ ਹੁੰਦਾ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਫਰਕ ਸਾਡੀ ਕਥਨੀ, ਕਰਨੀ ਦੇ ਵਿੱਚ ਹੀ ਹੈ। ਸ਼ਬਦ ਸਾਨੂੰ ਸਾਡੀ ਕਰਨੀ ਹੀ ਸਿਖਾਉਂਦਾ ਹੈ ਭਾਵ ਅਸੀਂ ਕਿਹੋ ਜਿਹੇ ਕਰਮ ਕਰਨੇ ਹਨ ਪਰ ਸ਼ਬਦ ਦੀ ਕਥਨੀ ਨੂੰ ਹੀ ਆਪਣੀ ਕਰਨੀ ਸਮਝ ਲੈਣਾ ਸਾਡਾ ਸਭ ਤੋਂ ਵੱਡਾ ਭੁਲੇਖਾ ਹੈ ਜਿਸਨੇ ਸਾਨੂੰ ਆਪਣੇ ਅੰਦਰ ਗੁਰੂ ਦੀ ਮਤਿ ਵਸਾਉਣ ਤੋਂ ਦੂਰ ਰੱਖਿਆ ਹੋਇਆ ਹੈ ਤੇ ਕੇਵਲ ਭਗਤੀ ਦੇ ਦਿਖਾਵੇ ਵਿੱਚ ਰੱਖਿਆ ਹੋਇਆ ਹੈ। ਇਸ ਦੇ ਪਿੱਛੇ ਕਾਰਨ ਉਹੀ ਹਨ ਜਿੰਨ੍ਹਾਂ ਕੋਲੋਂ ਅਸੀਂ ਇਹ ਸਭ ਕੁੱਝ ਸਿੱਖਿਆ ਹੈ, ਉਨ੍ਹਾਂ ਨੂੰ ਭਗਤੀ ਦੇ ਮਾਰਗ ਤੇ ਉੱਚਾ ਮੰਨ ਕੇ ਸਿੱਖਿਆ ਹੈ। ਇੱਕ ਆਮ ਜਿਹੀ ਧਾਰਨਾ ਬਣੀ ਹੋਈ ਹੈ ਕਿ ਬਾਣੀ ਗੁਰੂ ਨੂੰ ਪੜ੍ਹ ਕੇ ਸੁਣਾਉਣ ਲਈ ਹੈ ਤੇ ਗੁਰੂ ਇਸ ਤਰੀਕੇ ਨਾਲ ਪ੍ਰਸੰਨ ਹੁੰਦਾ ਹੈ। ਗੁਰੂ ਨੂੰ ਪ੍ਰਸੰਨ ਕਰਨ ਦੇ ਲਈ ਵੱਧ ਤੋਂ ਵੱਧ ਬਾਣੀ ਪੜ੍ਹੀ ਜਾਣ ਵਾਲਿਆਂ ਦੀ ਕਮੀ ਨਹੀਂ ਹੈ ਜਿੰਨ੍ਹਾਂ ਦੇ ਅੰਦਰ ਇਹੋ ਜਿਹੀ ਧਾਰਨਾ ਬਣੀ ਹੋਈ ਹੈ। ਗੁਰੂ ਨੇ ਬਾਣੀ ਸਾਡੇ ਲਈ ਰਚੀ ਹੈ ਭਾਵ ਸਾਨੂੰ ਸਮਝਾਉਣ ਲਈ ਰਚੀ ਹੈ। ਗੁਰੂ ਤਾਂ ਆਪਣੀ ਬਾਣੀ ਨੂੰ ਜਾਣਦਾ ਹੈ, ਬਾਣੀ ਨੂੰ ਸਮਝਦਾ ਹੈ ਤੇ ਬਾਣੀ ਦੇ ਲਿਖਣ ਦੇ ਮਨੋਰਥ ਨੂੰ ਵੀ ਜਾਣਦਾ ਹੈ। ਜੇਕਰ ਅਸੀਂ ਗੁਰੂ ਦੀ ਗੱਲ ਗੁਰੂ ਨੂੰ ਹੀ ਸੁਣਾਈ ਜਾਵਾਂਗੇ ਤਾਂ ਫਿਰ ਇਸਨੂੰ ਮੰਨਣਾ ਕਿਸ ਨੇ ਹੈ, ਇਸ ਤੇ ਅਮਲ ਕਿਸ ਨੇ ਕਰਨਾ ਹੈ। ਕੀ ਗੁਰੂ ਨੂੰ ਇਸ ਤੇ ਅਮਲ ਕਰਨ ਦੀ ਲੋੜ ਹੈ ਜਾਂ ਸਾਨੂੰ ਇਸ ਨੂੰ ਸਮਝ ਕੇ ਇਸ ਤੇ ਅਮਲ ਕਰਨ ਦੀ ਲੋੜ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਜਿੱਥੇ ਸਾਨੂੰ ਗੁਰਬਾਣੀ ਦੇ ਰਚਨ ਦਾ ਮਕਸਦ ਸਮਝਾਇਆ ਹੋਇਆ ਹੈ।

ਆਸਾ ਮਹਲਾ ੧॥

"ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ॥

ਕਿਸੈ ਪੜਾਵਹਿ ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ॥੧॥

ਐਸਾ ਗੁਰਮਤਿ ਰਮਤੁ ਸਰੀਰਾ॥ ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ॥੧॥ਰਹਾਉ॥"

(ਅੰਗ ੩੫੩)

20/2210

ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਜਿਸ ਵਿੱਚ ਸਾਨੂੰ ਇਸ ਬਾਣੀ ਦਾ ਰਚਨ ਦਾ ਮਕਸਦ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੇ ਇਹ ਬਾਣੀ ਕਿਸ ਦੇ ਲਈ ਰਚੀ ਹੈ ਤੇ ਕਿਸ ਮਕਸਦ ਦੇ ਲਈ ਰਚੀ ਹੈ। ਜਿਹੜੇ ਆਪਣੇ ਅੰਦਰ ਇਹੋ ਜਿਹੀ ਧਾਰਨਾ ਰੱਖਦੇ ਹਨ ਕਿ ਬਾਣੀ ਵਾਰ-ਵਾਰ ਪੜ੍ਹ ਕੇ ਗੁਰੂ ਨੂੰ ਸੁਣਾਉਣੀ ਚਾਹੀਦੀ ਹੈ ਉਨ੍ਹਾਂ ਦਾ ਭਰਮ ਹੀ ਕੱਢਿਆ ਹੋਇਆ ਹੈ।

"ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ॥"

ਅਸੀਂ ਬਾਣੀ ਨੂੰ ਪੜ੍ਹਦੇ ਹਾਂ, ਕਹਿ ਕਹਿ ਕੇ ਭਾਵ ਬੋਲ ਬੋਲ ਕੇ ਪੜ੍ਹਦੇ ਹਾਂ ਤੇ ਗੁਰੂ ਦੀ ਦੱਸੀ ਹੋਈ ਗੱਲ ਨੂੰ ਸੁਣਾਉਂਦੇ ਹਾਂ। ਅਸੀਂ ਬਾਣੀ ਜੋ ਬੋਲ ਬੋਲ ਕੇ ਸੁਣਾਉਂਦੇ ਹਾਂ ਉਹ ਕਿਸ ਨੂੰ ਸੁਣਾਉਂਦੇ ਹਾਂ ਭਾਵ ਗੁਰੂ ਨੂੰ ਸੁਣਾਉਂਦੇ ਹਾਂ, ਉਸਨੂੰ ਪ੍ਰਸੰਨ ਕਰਨ ਲਈ ਸੁਣਾਉਂਦੇ ਹਾਂ ਕਿਉਂਕਿ ਸਾਡੇ ਅੰਦਰ ਇਹੋ ਜਿਹੀ ਧਾਰਨਾ ਬਣੀ ਹੋਈ ਹੈ। ਬਾਣੀ ਨੂੰ ਸੁਣਨ ਜਾਂ ਸੁਣਾਉਣ ਦਾ ਮਕਸਦ ਉਸਦੀ ਗੱਲ ਨੂੰ ਸਮਝਣ ਦਾ ਹੁੰਦਾ ਹੈ, ਸ਼ਬਦ ਦੀ ਗੱਲ ਨੂੰ ਸਮਝਣ ਦਾ ਹੁੰਦਾ ਹੈ ਜਿਸ ਮਕਸਦ ਲਈ ਸ਼ਬਦ ਲਿਖਿਆ ਜਾਂਦਾ ਹੈ। ਅਸੀਂ ਆਪਣੀ ਗੱਲ ਗੁਰੂ ਨੂੰ ਸੁਣਾ-ਸੁਣਾ ਕੇ ਉਸਨੂੰ ਕੀ ਸਮਝਾਉਣਾ ਚਾਹੁੰਦੇ ਹਾਂ ਭਾਵ ਕੀ ਗੁਰੂ ਨੂੰ ਕੁੱਝ ਸਮਝਣ ਦੀ ਲੋੜ ਹੈ? ਗੁਰੂ ਤਾਂ ਪਹਿਲੇ ਹੀ ਸਾਰੀ ਸਮਝ ਰੱਖਦਾ ਹੈ। ਜਿਸਨੇ ਆਪ ਬਾਣੀ ਉਚਾਰੀ ਹੋਈ ਹੈ ਉਸਨੇ ਪੂਰੀ ਸਮਝ ਦੇ ਨਾਲ ਹੀ ਉਚਾਰੀ ਹੋਈ ਹੈ ਤੇ ਫਿਰ ਉਸ ਨੂੰ ਉਸੇ ਦੀ ਗੱਲ ਬੋਲ ਬੋਲ ਕੇ ਸਮਝਾਉਣ ਦੀ ਕੀ ਲੋੜ ਹੈ ਭਾਵ ਗੁਰਬਾਣੀ ਸਾਨੂੰ ਕੁੱਝ ਸਮਝਾਉਣ ਲਈ ਹੈ ਤੇ ਇਹ ਸਾਡੇ ਸਮਝਣ ਲਈ ਰਚੀ ਗਈ ਹੈ ਨਾ ਕਿ ਗੁਰੂ ਦੀ ਗੱਲ ਗੁਰੂ ਨੂੰ ਸੁਣਾਉਣ ਲਈ ਤੇ ਸਮਝਾਉਣ ਲਈ ਰਚੀ ਗਈ ਹੈ। **(ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ॥)**

ਅਸੀਂ ਆਪਣੇ ਵੱਲੋਂ ਕਹਿਣ ਸੁਣਾਉਣ ਦੁਆਰਾ ਕਿਸ ਨੂੰ ਸੁਣਾਉਂਦੇ ਹਾਂ ਭਾਵ ਜੋ ਸਾਡੇ ਅੰਦਰ ਦੀ ਧਾਰਨਾ ਹੈ ਉਸਨੂੰ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਭਾਵ ਅਸੀਂ ਬਾਣੀ ਨੂੰ ਜੋ ਵਾਰ-ਵਾਰ ਪੜ੍ਹ ਕੇ ਸੁਣਾਉਂਦੇ ਹਾਂ ਉਹ ਗੁਰੂ ਦੇ ਲਈ ਹੀ ਸੁਣਾਉਂਦੇ ਹਾਂ, ਗੁਰੂ ਨੂੰ ਪ੍ਰਸੰਨ ਕਰਨ ਲਈ ਹੀ ਸੁਣਾਉਂਦੇ ਹਾਂ।

"ਕਿਸੈ ਪੜਾਵਹਿ ਪੜਿ ਗੁਣਿ ਬੂਝੈ ਸਤਿਗੁਰ ਸਬਦਿ ਸੰਤੋਖਿ ਰਹੇ॥੧॥"

ਹੁਣ ਧਿਆਨ ਨਾਲ ਸਮਝੋ ਕਿ ਇਹ ਸਭ ਕੁੱਝ ਅਸੀਂ

20/2211

ਕਿਸ ਲਈ ਕਰ ਰਹੇ ਹਾਂ ਭਾਵ ਕਿਸ ਨੂੰ ਬੋਲ ਬੋਲ ਕੇ ਸੁਣਾ ਰਹੇ ਹਾਂ, ਸ਼ਬਦਾਂ ਦੀ ਲਿਖਤ ਸੁਣਾ ਰਹੇ ਹਾਂ, ਸਮਝਾ ਰਹੇ ਹਾਂ, ਪੜ੍ਹਾ ਰਹੇ ਹਾਂ। ਜੇਕਰ ਸਾਡਾ ਮਕਸਦ ਗੁਰੂ ਨੂੰ ਸੁਣਾਉਣ ਦਾ ਹੈ ਤਾਂ ਫਿਰ ਸਾਡਾ ਮਕਸਦ ਗੁਰੂ ਨੂੰ ਉਸਦੀ ਬਾਣੀ ਸਮਝਾਉਣ ਦਾ ਹੈ, ਉਸਦੀ ਬਾਣੀ ਉਸ ਨੂੰ ਪੜ੍ਹਾਉਣ ਦਾ ਹੈ। ਅਸੀਂ ਸਤਿਗੁਰ ਨੂੰ ਸਤਿਗੁਰ ਦੀ ਬਾਣੀ ਪੜ੍ਹਾਉਣ ਤੇ ਲੱਗੇ ਹੋਏ ਹਾਂ। ਸਤਿਗੁਰ ਨੇ ਤਾਂ ਸਭ ਕੁੱਝ ਪੜ੍ਹਿਆ ਸੁਣਿਆ ਹੋਇਆ ਹੈ ਤੇ ਸ਼ਬਦਾਂ ਦਾ ਮਕਸਦ ਵੀ ਸਮਝਿਆ ਹੋਇਆ ਹੈ। ਸਤਿਗੁਰ ਨੇ ਆਪਣੇ ਅੰਦਰ ਸ਼ਬਦ ਦੇ ਗੁਣਾਂ ਨੂੰ ਵਸਾਇਆ ਹੋਇਆ ਹੈ ਭਾਵ ਔਗੁਣਾਂ ਤੋਂ ਮੁਕਤ ਕੀਤਾ ਹੋਇਆ ਹੈ ਜਿਸ ਕਰਕੇ ਗੁਰੂ ਸੰਤੋਖ ਵਿੱਚ ਹੈ ਭਾਵ ਇਹ ਬਾਣੀ ਜੇਕਰ ਅਸੀਂ ਗੁਰੂ ਨੂੰ ਹੀ ਸੁਣਾਈ ਜਾਵਾਂਗੇ ਤਾਂ ਫਿਰ ਸਾਨੂੰ ਇਸਦੇ ਨਾਲ ਕੀ ਲਾਭ ਮਿਲੇਗਾ। ਲਾਭ ਗੁਰੂ ਦੀ ਗੱਲ ਨੂੰ ਮੰਨ ਕੇ ਹੋਣਾ ਹੈ, ਸ਼ਬਦ ਦੀ ਗੱਲ ਨੂੰ ਮੰਨਕੇ ਹੋਣਾ ਹੈ, ਉਸ ਵਿੱਚੋਂ ਗੁਣ ਲੈ ਕੇ ਹੋਣਾ ਹੈ, ਔਗੁਣ ਛੱਡ ਕੇ ਹੋਣਾ ਹੈ, ਤ੍ਰਿਸ਼ਨਾ ਵਿੱਚੋਂ ਨਿਕਲ ਕੇ, ਮਾਇਆ ਮੋਹ ਵਿੱਚੋਂ ਨਿਕਲ ਕੇ ਮਨ ਦੇ ਸੰਤੋਖ ਦੁਆਰਾ ਹੋਣਾ ਹੈ। ਅਸੀਂ ਕੇਵਲ ਕਥਨੀ ਵਿੱਚ ਹੀ ਲੱਗੇ ਹੋਏ ਹਾਂ, ਗੁਰੂ ਦੀ ਕਥੀ ਹੋਈ ਗੱਲ ਗੁਰੂ ਨੂੰ ਹੀ ਸੁਣਾਉਣ ਵਿੱਚ ਲੱਗੇ ਰਹਿੰਦੇ ਹਾਂ ਜਿਸ ਦਾ ਕੋਈ ਲਾਭ ਨਹੀਂ ਹੈ। ਬਾਣੀ ਦੀ ਰਚਨਾ ਸਾਡਾ ਜੀਵਨ ਸੁਧਾਰਨ ਲਈ ਕੀਤੀ ਗਈ ਹੈ ਨਾ ਕਿ ਗੁਰੂ ਦੀ ਗੱਲ ਗੁਰੂ ਨੂੰ ਸੁਣਾਈ ਜਾਣ ਲਈ ਕੀਤੀ ਗਈ ਹੈ। ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਇਸ ਤਰੀਕੇ ਨਾਲ ਸਮਝਿਆ ਸੀ ਕਿ ਇਹ ਉਹੋ ਜਿਹੀ ਗੱਲ ਹੈ ਜਿਸ ਆਖਾਣ ਦੀ ਆਮ ਕਰਕੇ ਗੱਲ ਕੀਤੀ ਜਾਂਦੀ ਹੈ ਕਿ "**ਉਲਟੇ ਬਾਂਸ ਬਰੇਲੀ ਕੋ**" **(ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ॥ ਕਿਸੈ ਪੜਾਵਹਿ ਪੜਿ ਗੁਣਿ ਬੂਝੈ ਸਤਿਗੁਰ ਸਬਦਿ ਸੰਤੋਖਿ ਰਹੇ॥੧॥)**

ਗੁਰਬਾਣੀ ਸਾਨੂੰ ਗੁਰਮਤਿ ਸਿਖਾਉਣ ਲਈ ਹੈ ਤੇ ਗੁਰੂ ਦੇ ਅੰਦਰ ਇਹ ਗੁਰਮਤਿ ਵਸੀ ਹੋਈ ਹੈ। ਗੁਰੂ ਦੇ ਅੰਦਰ ਸ਼ਬਦ ਦੇ ਗੁਣ ਹਨ ਜਿਸ ਕਰਕੇ ਗੁਰੂ ਸੰਤੋਖ ਵਿੱਚ ਹੈ। ਜਿੱਥੇ ਗੁਰਮਤਿ ਵਸੀ ਹੁੰਦੀ ਹੈ ਉੱਥੇ ਹੀ ਪ੍ਰਮਾਤਮਾ ਆਪ ਵੱਸਿਆ ਹੁੰਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਉਸ ਪ੍ਰਮਾਤਮਾ ਨੂੰ ਭੱਜਿਆ ਜਾ ਸਕਦਾ ਹੈ, ਜਪਿਆ ਜਾ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਐਸਾ ਗੁਰਮਤਿ ਰਮਤੁ ਸਰੀਰਾ॥ ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ॥੧॥ਰਹਾਉ॥"

20/2212

ਉਹ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਰਮਿਆ ਹੋਇਆ ਹੈ ਪਰ ਉਸਦੀ ਪ੍ਰਾਪਤੀ ਸਾਡੇ ਅੰਦਰ ਗੁਰਮਤਿ ਵੱਸਣ ਦੁਆਰਾ ਹੀ ਹੁੰਦੀ ਹੈ ਭਾਵ ਗੁਰੂ ਦੇ ਸ਼ਬਦ ਦੇ ਗੁਣਾਂ ਦੇ ਵੱਸਣ ਦੁਆਰਾ ਹੁੰਦੀ ਹੈ ਜੋ ਕਿ ਗੁਰਮਤਿ ਦਾ ਮਕਸਦ ਹੈ, ਸ਼ਬਦਾਂ ਨੂੰ ਲਿਖਣ ਦਾ ਮਕਸਦ ਹੈ। ਜੇਕਰ ਅਸੀਂ ਸ਼ਬਦਾਂ ਦੀ ਕਥਨੀ ਵਿੱਚ ਪਏ ਰਹਾਂਗੇ ਪਰ ਉਸਦੇ ਵਿੱਚ ਗੁਣ ਧਾਰਨ ਨਹੀਂ ਕਰਾਂਗੇ, ਗੁਰਮਤਿ ਨਹੀਂ ਲਵਾਂਗੇ ਤਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਉਸਨੂੰ ਕੇਵਲ ਗੁਰਮਤਿ ਦੁਆਰਾ ਹੀ ਪਾਇਆ ਜਾ ਸਕਦਾ ਹੈ, ਗੁਣੀ ਬਣ ਕੇ ਹੀ ਪਾਇਆ ਜਾ ਸਕਦਾ ਹੈ ਭਾਵ ਸਾਡਾ ਸਾਰਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਦੇ ਸ਼ਬਦਾਂ ਦੇ ਵਿੱਚੋਂ ਗੁਰੂ ਦੀ ਮਤਿ ਲੈ ਕੇ ਗੁਣੀਂ ਬਣ ਕੇ ਵਿਚਰੀਏ, ਸੱਚੇ-ਸੁੱਚੇ ਕਰਮ ਕਰੀਏ ਤੇ ਇਹੋ ਜਿਹੇ ਗੁਣੀ ਬਣ ਕੇ ਹੀ ਭਜਿਆ ਜਾ ਸਕਦਾ ਹੈ। ਉਹ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ, ਮਨ ਦੇ ਰੂਪ ਵਿੱਚ ਹੀ ਹੈ। ਗੁਰਮਤਿ ਸਾਡੇ ਮਨ ਦੇ ਵਿੱਚ ਹੀ ਵੱਸਦੀ ਹੈ ਜੋ ਸਾਡੇ ਮਨ ਨੂੰ ਸੱਚਾ ਬਣਾਉਂਦੀ ਹੈ। ਮਨ ਦੀ ਇਸ ਸੱਚੀ ਬਿਰਤੀ ਨੂੰ ਭਜਨਾ ਭਾਵ ਉਸ ਅਨੁਸਾਰ ਵਿਚਰਨਾ ਪ੍ਰਮਾਤਮਾ ਨੂੰ ਭਜਨਾ ਹੈ। **(ਐਸਾ ਗੁਰਮਤਿ ਰਮਤੁ ਸਰੀਰਾ॥ ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ॥੧॥ਰਹਾਉ॥)**

ਜਦ ਤੱਕ ਅਸੀਂ ਸ਼ਬਦ ਦੇ ਮਕਸਦ ਨੂੰ ਨਹੀਂ ਸਮਝਦੇ ਤਦ ਤੱਕ ਅਸੀਂ ਆਪਣੀ ਸੁਰਤਿ ਨੂੰ ਸ਼ਬਦ ਦੇ ਨਾਲ ਕਿਵੇਂ ਮੇਲ ਸਕਦੇ ਹਾਂ। ਸਾਡੀ ਸੁਰਤਿ ਦੇ ਵਿੱਚੋਂ ਸਾਨੂੰ ਵਿਚਾਰ ਹੀ ਮਿਲਦੇ ਹਨ ਤੇ ਸ਼ਬਦ ਦੁਆਰਾ ਵੀ ਸਾਨੂੰ ਵਿਚਾਰ ਹੀ ਮਿਲਦੀ ਹੈ। ਆਪਣੀ ਸੁਰਤਿ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਨਾਲ ਰਲਾਉਣਾ, ਇੱਕ ਕਰਨਾ, "ਸ਼ਬਦ ਸੁਰਤਿ" ਦਾ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੀ ਸੁਰਤਿ ਦੇ ਵਿੱਚ ਮਨਮਤਿ ਹੈ ਤੇ ਸ਼ਬਦ ਦੇ ਵਿੱਚ ਗੁਰਮਤਿ ਹੈ। ਅਸੀਂ ਮਨਮਤਿ ਦੇ ਵਿਚਾਰਾਂ ਨੂੰ ਗੁਰਮਤਿ ਦੇ ਵਿਚਾਰਾਂ ਨਾਲ ਇੱਕ ਕਰਨਾ ਹੈ ਭਾਵ ਅਸੀਂ ਗੁਰਮਤਿ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣਾ ਹੈ। ਗੁਰਮਤਿ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣ ਦਾ ਮਕਸਦ ਮਾੜੇ ਕਰਮਾਂ ਵਿੱਚੋਂ ਨਿਕਲ ਕੇ ਚੰਗੇ ਕਰਮਾਂ ਨਾਲ ਜੁੜਨ ਦਾ ਹੈ, ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲਣ ਦਾ ਹੈ, ਮਾਇਆ ਦੇ ਭਵਸਾਗਰ ਤੋਂ ਤਰਨ ਦਾ ਹੈ। ਇਸ ਭਵਸਾਗਰ ਵਿੱਚੋਂ ਸਾਨੂੰ ਤਾਰਨ ਵਾਲੀ ਬੇੜੀ ਸਾਡੇ ਮਨ ਵਿੱਚ ਗੁਰਮਤਿ ਵਾਲੇ ਵਿਚਾਰ ਹਨ ਤੇ ਉਸ ਬੇੜੀ ਨੂੰ ਤੋਰਨ ਵਾਲੇ ਸਾਡੇ ਸਰੀਰਕ ਕਰਮ ਹਨ ਜੋ ਇਸ ਬੇੜੀ ਨੂੰ

ਪਾਰ ਲਗਾਉਂਦੇ ਹਨ। ਹਰ ਕੋਈ ਪ੍ਰਮਾਤਮਾ ਨੂੰ ਜਪਣ ਵਾਲਾ ਸੁਰਤੀਆਂ ਜੋੜਨ ਦੀ ਗੱਲ ਕਰਦਾ ਹੈ ਜਿਸ ਦੁਆਰਾ ਉਹ ਸਮਾਧੀ ਲਗਾ ਕੇ ਬੈਠਦੇ ਹਨ ਤੇ ਪ੍ਰਮਾਤਮਾ ਦੇ ਨਾਲ ਸੁਰਤਿ ਨੂੰ ਜੋੜਨਾ ਸਮਝਦੇ ਹਨ। ਉਸ ਪ੍ਰਮਾਤਮਾ ਦੇ ਨਾਲ ਸੁਰਤਿ ਦਾ ਜੋੜਨਾ ਕੀ ਹੈ ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਰਾਮਕਲੀ ਮਹਲਾ ੧॥

"ਸੁਰਤੀ ਸੁਰਤਿ ਰਲਾਈਐ ਏਤੁ॥ ਤਨੁ ਕਰਿ ਤੁਲਹਾ ਲੰਘਹਿ ਜੇਤੁ॥
ਅੰਤਰਿ ਭਾਹਿ ਤਿਸੈ ਤੂ ਰਖੁ॥ ਅਹਿਨਿਸਿ ਦੀਵਾ ਬਲੈ ਅਥਕੁ॥੧॥
ਐਸਾ ਦੀਵਾ ਨੀਰਿ ਤਰਾਇ॥ ਜਿਤੁ ਦੀਵੈ ਸਭ ਸੋਝੀ ਪਾਇ॥੧॥ਰਹਾਉ॥
ਹਛੀ ਮਿਟੀ ਸੋਝੀ ਹੋਇ॥ ਤਾ ਕਾ ਕੀਆ ਮਾਨੈ ਸੋਇ॥
ਕਰਣੀ ਤੇ ਕਰਿ ਚਕਹੁ ਢਾਲਿ॥ ਐਥੈ ਓਥੈ ਨਿਬਹੀ ਨਾਲਿ॥੨॥
ਆਪੇ ਨਦਰਿ ਕਰੇ ਜਾ ਸੋਇ॥ ਗੁਰਮੁਖਿ ਵਿਰਲਾ ਬੂਝੈ ਕੋਇ॥
ਤਿਤੁ ਘਟਿ ਦੀਵਾ ਨਿਹਚਲੁ ਹੋਇ॥ ਪਾਣੀ ਮਰੈ ਨ ਬੁਝਾਇਆ ਜਾਇ॥ ਐਸਾ ਦੀਵਾ ਨੀਰਿ ਤਰਾਇ॥੩॥
ਡੋਲੈ ਵਾਉ ਨ ਵਡਾ ਹੋਇ॥ ਜਾਪੈ ਜਿਉ ਸਿੰਘਾਸਣਿ ਲੋਇ॥
ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ॥ ਨਿਰਤਿ ਨ ਪਾਈਆ ਗਣੀ ਸਹੰਸ॥
ਐਸਾ ਦੀਵਾ ਬਾਲੇ ਕੋਇ॥ ਨਾਨਕ ਸੋ ਪਾਰੰਗਤਿ ਹੋਇ॥੪॥੭॥"

(ਅੰਗ ੯੭੮)

ਸਭ ਤੋਂ ਪਹਿਲੇ ਤੇ ਸਾਨੂੰ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਦੇ ਨਾਲ ਸੁਰਤਿ ਜੋੜਨ ਦਾ ਮਕਸਦ ਕੀ ਹੈ ਤੇ ਉਸ ਮਕਸਦ ਦੀ ਪ੍ਰਾਪਤੀ ਕਿਵੇਂ ਹੋਣੀ ਹੈ। ਪ੍ਰਮਾਤਮਾ ਦੇ ਨਾਲ ਸੁਰਤਿ ਜੋੜਨ ਦਾ ਮਕਸਦ ਪ੍ਰਮਾਤਮਾ ਦੇ ਨਾਲ ਇੱਕਮਿਕ ਹੋਣਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਹੈ, ਉਸਦੇ ਨਾਲ ਮੇਲ ਕਰਨ ਦਾ ਹੈ। ਪ੍ਰਮਾਤਮਾ ਦੇ ਨਾਲ ਇਸ ਮੇਲ ਦੇ ਮਕਸਦ ਦੀ ਪ੍ਰਾਪਤੀ ਅਸੀਂ ਕਿਵੇਂ ਕਰਨੀ ਹੈ ਇਹੀ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ।

"ਸੁਰਤੀ ਸੁਰਤਿ ਰਲਾਈਐ ਏਤੁ॥ ਤਨੁ ਕਰਿ ਤੁਲਹਾ ਲੰਘਹਿ ਜੇਤੁ॥"

ਪ੍ਰਮਾਤਮਾ ਦੇ ਨਾਲ ਮੇਲ ਸਾਡੀ ਸੁਰਤਿ ਦੇ ਵਿੱਚ ਹੀ ਹੁੰਦਾ ਹੈ, ਮਨ ਦੇ ਵਿੱਚ ਹੀ ਹੁੰਦਾ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹੁੰਦਾ ਹੈ। ਸਾਡੇ ਮਨ ਦੇ ਅੰਦਰ ਮਾਇਆ ਮੋਹ ਹੈ, ਮਾਇਆ ਮੋਹ ਦਾ ਸਾਗਰ ਹੈ। ਇਸ ਸਾਗਰ ਨੂੰ ਪਾਰ ਕਰਕੇ ਹੀ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ। ਮਾਇਆ ਮੋਹਣੀ ਸਾਡੇ ਮਨ ਦੇ ਵਿਚਾਰ ਹਨ ਤੇ ਇਨ੍ਹਾਂ ਨੂੰ ਪਾਰ ਵੀ ਮਨ ਦੇ ਵਿਚਾਰਾ ਰਾਹੀਂ ਹੀ ਕੀਤਾ ਜਾ ਸਕਦਾ ਹੈ। ਮਨ ਦੀ ਮਾਇਆ ਮੋਹ ਵਾਲੇ ਵਿਚਾਰ ਹੀ ਸਾਨੂੰ ਮਾੜਾ ਬਣਾਉਂਦੇ ਹਨ ਜਿੰਨ੍ਹਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ, ਆਪਣੀ ਤ੍ਰਿਸ਼ਨਾ ਪੂਰੀ ਕਰਦੇ ਹਾਂ। ਕਰਮ ਅਸੀਂ ਆਪਣੇ ਸਰੀਰ ਨਾਲ ਕਰਦੇ ਹਾਂ। ਪਾਰ ਸਾਨੂੰ ਸਾਡੇ ਸਰੀਰ ਦੁਆਰਾ ਕੀਤੇ ਹੋਏ ਚੰਗੇ ਕਰਮਾਂ ਨੇ ਹੀ ਲੰਘਾਉਣਾ ਹੈ। ਇਸ ਸਰੀਰ ਦੁਆਰਾ ਮਾੜੇ ਕਰਮ ਕਰਨ ਦੁਆਰਾ ਹੀ ਅਸੀਂ ਮਾੜੇ ਕਰਮਾਂ ਦੇ ਸਾਗਰ ਵਿੱਚ ਫਸੇ ਹੋਏ ਹਾਂ। ਸਾਡੇ ਚੰਗੇ ਮਾੜੇ ਕਰਮ ਕਰਨ ਦਾ ਨਿਰਣਾ ਸਾਡੀ ਸੁਰਤਿ ਵਿੱਚ ਹੁੰਦਾ ਹੈ ਤੇ ਉਸ ਤੇ ਅਮਲ ਸਾਡਾ ਤਨ ਕਰਦਾ ਹੈ, ਉਨ੍ਹਾਂ ਵਿਚਾਰਾਂ ਨੂੰ ਅਮਲੀ ਜਾਮਾਂ ਸਾਡਾ ਤਨ ਪਹਿਨਾਉਂਦਾ ਹੈ ਜੋ ਕਿ ਸਾਡੇ ਚੰਗੇ-ਮੰਦੇ ਕਰਮਾਂ ਦੁਆਰਾ ਸਾਹਮਣੇ ਆਉਂਦਾ ਹੈ ਤੇ ਇਨ੍ਹਾਂ ਕਰਮਾਂ ਦੁਆਰਾ ਹੀ ਅਸੀਂ ਕਿਸੇ ਨੂੰ ਮਾੜਾ ਜਾਂ ਚੰਗਾ ਇਨਸਾਨ ਕਹਿੰਦੇ ਹਾਂ। ਇਸ ਮਾਇਆ ਮੋਹ ਦੇ ਸਾਗਰ ਵਿੱਚੋਂ, ਮਾੜੇ ਕਰਮਾਂ ਦੇ ਸਾਗਰ

ਵਿੱਚੋਂ ਅਸੀਂ ਆਪਣੇ ਸਰੀਰਕ ਕਰਮਾਂ ਨੂੰ ਚੰਗਾ ਬਣਾ ਕੇ ਹੀ ਨਿਕਲ ਸਕਦੇ ਹਾਂ। **(ਸੁਰਤੀ ਸੁਰਤਿ ਰਲਾਈਐ ਏਤੁ॥ ਤਨੁ ਕਰਿ ਤੁਲਹਾ ਲੰਘਹਿ ਜੇਤੁ॥)**

ਆਪਣੇ ਸਰੀਰ ਦੁਆਰਾ ਅਸੀਂ ਚੰਗੇ ਕਰਮ ਕਿਵੇਂ ਕਰ ਸਕਦੇ ਹਾਂ ਭਾਵ ਆਪਣੀ ਸੁਰਤਿ ਨੂੰ ਕਿਸ ਰੂਪ ਵਿੱਚ ਗੁਰੂ ਦੇ ਨਾਲ ਜੋੜਨਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅੰਤਰਿ ਭਾਹਿ ਤਿਸੈ ਤੂ ਰਖੁ॥ ਅਹਿਨਿਸਿ ਦੀਵਾ ਬਲੈ ਅਥਕੁ॥੧॥"

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ, ਉਸਦੇ ਨਾਲ ਸੁਰਤਿ ਜੋੜਨ ਦਾ ਤਰੀਕਾ, ਉਸਨੂੰ ਜਪਣ ਦਾ ਤਰੀਕਾ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਦੀ ਤ੍ਰਿਸ਼ਨਾ ਰੂਪ ਅਗਨਿ ਹੈ ਜਿਸ ਵਿੱਚੋਂ ਨਿਕਲਣ ਲਈ ਸਾਨੂੰ ਵਾਰ-ਵਾਰ ਪ੍ਰੇਰਿਆ ਗਿਆ ਹੈ। ਇਸ ਅਗਨਿ ਨੂੰ ਰੱਖਣ ਤੋਂ ਭਾਵ ਹੈ ਇਸ ਤੋਂ ਬਚਣਾ, ਇਸ ਤੋਂ ਆਪਣਾ ਬਚਾਅ ਕਰਨਾ। ਪ੍ਰਮਾਤਮਾ ਜਿਸਨੂੰ ਰੱਖਦਾ ਹੈ ਭਾਵ ਬਚਾਉਂਦਾ ਹੈ ਉਸਨੂੰ ਮਾਇਆ ਮੋਹ ਤੋਂ ਹੀ ਰੱਖਦਾ ਹੈ ਭਾਵ ਬਚਾਉਂਦਾ ਹੈ। ਜਦ ਤੱਕ ਅਸੀਂ ਇਸ ਤ੍ਰਿਸ਼ਨਾ ਦੀ ਅਗਨਿ ਤੋਂ ਨਹੀਂ ਬਚਦੇ ਤਦ ਤੱਕ ਸਾਡੀ ਸੁਰਤਿ ਸ਼ਬਦ ਦੇ ਨਾਲ ਨਹੀਂ ਜੁੜ ਸਕਦੀ। ਸ਼ਬਦ ਦਾ ਮਕਸਦ ਸਾਨੂੰ ਇਸ ਅਗਨਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਇਸ ਸਰੀਰ ਤੋਂ ਚੰਗੇ ਕਰਮ ਕਰਾ ਸਕੀਏ ਭਾਵ ਮਾੜੇ ਕਰਮ ਕਰਨ ਤੋਂ ਬਚ ਸਕੀਏ। ਸਾਡੇ ਅੰਦਰ ਇਸ ਤ੍ਰਿਸ਼ਨਾ ਦੀ ਅਗਨਿ ਦਾ ਮੂਲ ਸਾਡੇ ਅੰਦਰ ਦੀ ਅਗਿਆਨਤਾ ਹੈ, ਮਨਮਤਿ ਹੈ, ਮਾੜੀ ਸੋਝੀ ਹੈ ਜੋ ਸਾਨੂੰ ਮਾਇਆ ਮੋਹ ਨਾਲ ਜੋੜਦੀ ਹੈ। ਇਸ ਅਗਨਿ ਵਿੱਚੋਂ ਸਾਨੂੰ ਗੁਰੂ ਦਾ ਸ਼ਬਦ ਹੀ ਕੱਢ ਸਕਦਾ ਹੈ ਭਾਵ ਸ਼ਬਦ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। ਗੁਰੂ ਦਾ ਸੱਚਾ ਗਿਆਨ ਹੀ ਉਹ ਦੀਵਾ ਹੈ ਜੋ ਸਾਡੇ ਮਨ ਨੂੰ ਗਿਆਨ ਦਾ ਪ੍ਰਕਾਸ਼ ਦਿੰਦਾ ਹੈ। ਜੇਕਰ ਗੁਰੂ ਦੇ ਗਿਆਨ ਦਾ ਦੀਵਾ, ਸ਼ਬਦ ਦਾ ਦੀਵਾ ਸਾਡੇ ਅੰਦਰ ਦਿਨ ਰਾਤ ਬਲਿਆ ਰਹੇਗਾ, ਲਗਾਤਾਰ ਭਾਵ ਹਰ ਵੇਲੇ ਬਲਿਆ ਰਹੇਗਾ, "ਅਥਕੁ" ਬਲਿਆ ਰਹੇਗਾ ਫਿਰ ਉਸਦੀ ਮਤਿ ਸਾਨੂੰ ਹਰ ਵੇਲੇ ਮਾਇਆ ਮੋਹ ਤੋਂ ਬਚਾਅ ਕੇ ਰੱਖੇਗੀ, ਤ੍ਰਿਸ਼ਨਾ ਦੀ ਅਗਨਿ ਤੋਂ ਬਚਾਅ ਕੇ ਰੱਖੇਗੀ। ਆਪਣੇ ਮਨ ਦੀ ਸੁਰਤਿ ਨੂੰ ਅਸੀਂ ਸ਼ਬਦ ਰੂਪ ਦੀਵੇ ਨਾਲ ਹੀ ਜੋੜਨਾ ਹੈ, ਗਿਆਨ ਰੂਪ ਦੀਵੇ ਨਾਲ ਹੀ ਜੋੜਨਾ ਹੈ ਤਾਂ ਜੋ ਸਾਡੇ ਅੰਦਰ ਸ਼ਬਦ ਰੂਪ ਸੱਚ, ਸ਼ਬਦ ਰੂਪ ਨਾਮ ਸਦਾ ਹੀ ਵੱਸਿਆ ਰਹੇ ਤੇ ਅਸੀਂ ਹਰ ਵੇਲੇ ਤ੍ਰਿਸ਼ਨਾ ਮੁਕਤਿ ਹੋ ਕੇ ਕੇਵਲ ਗੁਰਮਤਿ ਤੇ ਹੀ ਚੱਲੀਏ, ਕੇਵਲ ਸ਼ਬਦ ਦੀ ਮਤਿ ਤੇ ਹੀ ਚੱਲੀਏ ਭਾਵ ਹਰ ਵੇਲੇ

ਗੁਰੂ ਦੇ ਹੁਕਮ ਅਨੁਸਾਰ ਚੱਲੀਏ। **(ਅੰਤਰਿ ਭਾਹਿ ਤਿਸੈ ਤੂ ਰਖੁ॥ ਅਹਿਨਿਸਿ ਦੀਵਾ ਬਲੈ ਅਥਕੁ॥੧॥)**

ਅਗਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਦੀਵੇ ਦਾ ਮਕਸਦ ਕੀ ਹੈ, ਇਹ ਮਾਇਆ ਮੋਹ ਦੇ ਸਾਗਰ ਤੋਂ ਤਰਨਾ ਕੀ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ।

"ਐਸਾ ਦੀਵਾ ਨੀਰਿ ਤਰਾਣਿ॥ ਜਿਤੁ ਦੀਵੈ ਸਭ ਸੋਝੀ ਪਾਇ॥੧॥ਰਹਾਉ॥"

ਇਹ ਦੀਵਾ ਸਾਡਾ ਮਨ ਹੈ ਜਿੱਥੋਂ ਸਾਨੂੰ ਸਾਰੇ ਵਿਚਾਰ ਮਿਲਦੇ ਹਨ। ਸਾਡੇ ਸਭ ਦੇ ਅੰਦਰ ਇਹ ਦੀਵਾ ਪ੍ਰਮਾਤਮਾ ਦੀ ਜੋਤਿ ਦੇ ਰੂਪ ਵਿੱਚ ਹੈ ਜਿਸ ਰਾਹੀਂ ਉਹ ਸਭ ਦੇ ਅੰਦਰ ਗਿਆਨ ਦਾ ਪ੍ਰਕਾਸ਼ ਕਰਦਾ ਹੈ ਭਾਵ ਸਭ ਨੂੰ ਸੋਝੀ ਪਾਉਂਦਾ ਹੈ। ਮਾਇਆ ਮੋਹ ਦੇ ਸਾਗਰ ਵਿੱਚ ਵੀ ਅਸੀਂ ਇਸ ਦੀਵੇ ਦੇ ਕਾਰਨ ਹੀ ਹਾਂ ਭਾਵ ਦੀਵੇ ਦੀ ਸੋਝੀ ਕਰ ਕੇ ਹੀ ਹਾਂ ਤੇ ਸਾਨੂੰ ਮਾਇਆ ਮੋਹ ਦੇ ਸਾਗਰ ਤੋਂ ਪਾਰ ਵੀ ਇਸ ਦੀਵੇ ਦੀ ਸੋਝੀ ਨੇ ਹੀ ਕਰਨਾ ਹੈ ਭਾਵ ਮਨ ਦੀ ਸੋਝੀ ਨੇ ਹੀ ਕਰਨਾ ਹੈ। ਜਦ ਤੱਕ ਸਾਡੇ ਮਨ ਦੀ ਸੋਝੀ ਮਾੜੀ ਹੈ ਭਾਵ ਮਨਮਤਿ ਵਾਲੀ ਹੈ ਤਦ ਤੱਕ ਅਸੀਂ ਕਰਮ ਵੀ ਮਾੜੇ ਹੀ ਕਰਦੇ ਹਾਂ, ਸਾਡਾ ਸਰੀਰ ਮਾੜੇ ਪਾਸੇ ਤੁਰਦਾ ਹੈ ਕਿਉਂਕਿ ਇਸ ਸਰੀਰ ਨੂੰ ਤੋਰਨ ਵਾਲਾ ਸਾਡਾ ਮਨ ਹੈ ਭਾਵ ਸਾਡੀ ਸੁਰਤਿ ਹੈ, ਸਾਡੀ ਸੁਰਤੀ ਦੀ ਸੋਝੀ ਹੈ। ਇਸ ਮਾਇਆ ਦੇ ਸਾਗਰ ਤੋਂ ਪਾਰ ਹੋਣ ਲਈ ਆਪਣੀ ਸੁਰਤਿ ਦੀ ਸੋਝੀ ਨੂੰ ਹੀ ਅਸੀਂ ਚੰਗਾ ਬਣਾਉਣਾ ਹੈ ਤੇ ਸਾਡੀ ਸੁਰਤਿ ਦੀ ਸੋਝੀ ਤਾਂ ਹੀ ਚੰਗੀ ਬਣ ਸਕਦੀ ਹੈ ਜੇਕਰ ਅਸੀਂ ਸ਼ਬਦ ਦੀ ਸੋਝੀ ਨੂੰ, ਗੁਰੂ ਦੀ ਸੋਝੀ ਨੂੰ ਆਪਣੀ ਸੁਰਤਿ ਵਿੱਚ ਵਸਾਈਏ ਭਾਵ ਸ਼ਬਦ ਦੀ ਸੋਝੀ ਨਾਲ ਆਪਣੀ ਸੁਰਤਿ ਨੂੰ ਜੋੜੀਏ। ਸ਼ਬਦ ਦੇ ਨਾਲ ਸੁਰਤਿ ਸਾਡੀ ਇਸ ਤਰੀਕੇ ਜੁੜਦੀ ਹੈ ਕਿਉਂਕਿ ਸ਼ਬਦ ਸਾਨੂੰ ਉਹੋ ਜਿਹੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਵਿੱਚੋਂ ਨਿਕਲਦੇ ਹਾਂ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲ ਕੇ ਸ਼ਬਦ ਦੇ ਵਿਚਾਰਾਂ ਵਾਲੇ ਬਣਦੇ ਹਾਂ। ਸ਼ਬਦ ਤੋਂ ਉੱਚੇ ਵਿਚਾਰ ਸਾਨੂੰ ਹੋਰ ਕੋਈ ਨਹੀਂ ਦੇ ਸਕਦਾ। ਸਾਡੇ ਅੰਦਰ ਦੀ ਤ੍ਰਿਸ਼ਨਾ ਸ਼ਬਦ ਦੇ ਵਿਚਾਰਾਂ ਨਾਲ ਜੁੜ ਕੇ ਹੀ ਮਰਦੀ ਹੈ ਜੋ ਸਾਨੂੰ ਔਗੁਣਾਂ ਤੋਂ ਮੁਕਤ ਕਰਦੇ ਹਨ ਤੇ ਫਿਰ ਮਨੁੱਖ ਕੇਵਲ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਭਾਵ ਮਾਇਆ ਮੋਹ ਵਿੱਚ ਨਹੀਂ ਫਸਦਾ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਮਨ ਰੂਪ ਦੀਵੇ ਰਾਹੀਂ, ਆਪਣੀ ਜੋਤਿ ਰਾਹੀਂ ਮਨ ਦੇ ਵਿੱਚ ਸੱਚੀ ਸੋਝੀ ਹੀ ਪਾਉਂਦਾ ਹੈ, ਆਪਣੇ ਸ਼ਬਦ ਦੀ ਸੱਚੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਸ਼ਬਦ ਸੁਰਤਿ ਦਾ ਮੇਲ ਹੁੰਦਾ ਹੈ ਤੇ ਮਨੁੱਖ ਮਾਇਆ ਮੋਹ ਵਿੱਚੋਂ ਨਿਕਲਦਾ ਹੈ। ਮਾਇਆ ਮੋਹ ਦੇ ਸਾਗਰ ਵਿੱਚੋਂ ਤਰਨ ਦਾ ਸਾਨੂੰ ਕੇਵਲ ਇਹੀ ਉੱਦਮ ਕਰਨਾ ਚਾਹੀਦਾ ਹੈ ਕਿ

ਅਸੀਂ ਆਪਣੀ ਸੁਰਤਿ ਨੂੰ ਸ਼ਬਦ ਦੀ ਸੋਝੀ ਦੇ ਨਾਲ ਜੋੜੀਏ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਨਾਲ ਜੋੜੀਏ। **(ਐਸਾ ਦੀਵਾ ਨੀਰਿ ਤਰਾਣਿ॥ ਜਿਤੁ ਦੀਵੈ ਸਭ ਸੋਝੀ ਪਾਇ॥੧॥ਰਹਾਉ॥)**

ਜੇਕਰ ਅਸੀਂ ਆਪਣੀ ਸੁਰਤਿ ਨੂੰ ਕੇਵਲ ਇੱਕ ਅੱਖਰ ਰੂਪ ਸ਼ਬਦ ਨਾਲ ਜੋੜੀ ਰੱਖਾਂਗੇ, ਮੁੱਖੋਂ ਕਿਸੇ ਅੱਖਰ ਨੂੰ ਜਪੀ ਜਾਵਾਂਗੇ, ਕਿਸੇ ਸ਼ਬਦ ਨੂੰ ਬੋਲ ਬੋਲ ਕੇ ਸੁਣੀ ਸੁਣਾਈ ਜਾਵਾਂਗੇ ਤਾਂ ਫਿਰ ਉਸ ਨਾਲ ਸਾਨੂੰ ਸੋਝੀ ਕੀ ਪਵੇਗੀ ਤੇ ਸਾਡੀ ਸੁਰਤਿ ਨੂੰ ਵਿਚਾਰ ਕੀ ਮਿਲਣਗੇ। ਗੁਰੂ ਦੇ ਸ਼ਬਦ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਜੇਕਰ ਸ਼ਬਦ ਦੀ ਸੋਝੀ ਨਾਲ ਜੁੜਾਂਗੇ, ਸ਼ਬਦ ਦੀ ਵਿਚਾਰ ਨਾਲ ਜੁੜਾਂਗੇ। ਗੁਰੂ ਤੋਂ ਉੱਚੀ ਵਿਚਾਰ ਸਾਨੂੰ ਹੋਰ ਕੋਈ ਨਹੀਂ ਦੇ ਸਕਦਾ ਤੇ ਕੇਵਲ ਗੁਰੂ ਦੀ ਵਿਚਾਰ ਦੇ ਨਾਲ ਜੁੜ ਕੇ ਹੀ ਅਸੀਂ ਇਸ ਮਾਇਆ ਮੋਹ ਦੇ ਸਾਗਰ ਤੋਂ ਨਿਕਲ ਸਕਦੇ ਹਾਂ। ਗੁਰੂ ਤੋਂ ਬਿਨ੍ਹਾਂ ਦੂਸਰੇ ਸਾਨੂੰ ਸ਼ਬਦ ਦੀ ਕਥਨੀ ਵਿੱਚ ਹੀ ਪਾਉਂਦੇ ਹਨ ਜੋ ਸਾਡੇ ਕਿਸੇ ਲੇਖੇ ਨਹੀਂ ਹਨ ਤੇ ਉਹ ਸਾਨੂੰ ਸ਼ਬਦ ਦੀ ਮਤਿ ਤੋਂ ਦੂਰ ਹੀ ਕਰਦੇ ਹਨ।

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨਾਲ ਸਮਝੋ ਕਿ ਅਸੀਂ ਚੰਗੇ ਮਨੁੱਖ ਕਿਸ ਤਰੀਕੇ ਨਾਲ ਬਣਦੇ ਹਾਂ ਤੇ ਪ੍ਰਮਾਤਮਾ ਨੂੰ ਕਿਹੋ ਜਿਹੇ ਮਨੁੱਖ ਪ੍ਰਵਾਨ ਹੁੰਦੇ ਹਨ ਭਾਵ ਉਸਦੇ ਨਾਲ ਸੁਰਤਿ ਜੋੜਨ ਵਾਲੇ ਕਿਹੋ ਜਿਹੇ ਹੁੰਦੇ ਹਨ। ਇਸ ਪੂਰੇ ਸ਼ਬਦ ਵਿੱਚ ਸਾਨੂੰ ਪ੍ਰਮਾਤਮਾ ਦੇ ਨਾਲ ਸੁਰਤਿ ਜੋੜਨੀ ਹੀ ਸਿਖਾਈ ਹੋਈ ਹੈ।

"ਹਛੀ ਮਿਟੀ ਸੋਝੀ ਹੋਇ॥ ਤਾ ਕਾ ਕੀਆ ਮਾਨੈ ਸੋਇ॥"

ਆਪਣੇ ਅੰਦਰ ਮਨ ਰੂਪ, ਜੋਤਿ ਰੂਪ ਦੀਵੇ ਨੂੰ ਟਿਕਾਉਣ ਲਈ ਮਿੱਟੀ ਸਾਡਾ ਸਰੀਰ ਹੈ, ਸਾਡਾ ਮਨੁੱਖੀ ਰੂਪ ਹੈ। ਅਸੀਂ ਚੰਗੇ ਜਾਂ ਮਾੜੇ ਮਨ ਦੀ ਸੋਝੀ ਦੁਆਰਾ ਹੀ ਬਣਦੇ ਹਾਂ। ਚੰਗਾ ਸਰੀਰ ਭਾਵ ਚੰਗਾ ਮਨੁੱਖ ਉਹੀ ਹੈ ਜਿਸ ਦੇ ਅੰਦਰ, ਜਿਸਦੇ ਮਨ ਦੇ ਅੰਦਰ ਆਪਣਾ ਗਿਆਨ ਰੂਪ ਦੀਵਾ ਜਗਾ ਦਿੰਦਾ ਹੈ, ਦੀਵੇ ਦੀ ਜੋਤਿ ਜਗਾ ਦਿੰਦਾ ਹੈ, ਆਪਣੇ ਗਿਆਨ ਦੀ ਜੋਤਿ ਜਗਾ ਦਿੰਦਾ ਹੈ। ਮਨ ਦੇ ਵਿੱਚ ਦੀਵਾ ਜਗਣ ਦੇ ਨਾਲ, ਸੱਚੀ ਸੋਝੀ ਪੈਣ ਦੇ ਨਾਲ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਚੰਗੇ ਕਰਮ ਹੀ ਕਰਦਾ ਹੈ। ਮਨੁੱਖ ਦੇ ਇਹੋ ਜਿਹੀ ਸੋਝੀ ਦੁਆਰਾ ਕੀਤੇ

20/2217

ਹੋਏ ਕਰਮ ਪ੍ਰਮਾਤਮਾ ਪ੍ਰਵਾਨ ਕਰਦਾ ਹੈ ਜਿੰਨ੍ਹਾਂ ਦੇ ਨਾਲ ਅਸੀਂ ਉਸ ਦੀ ਦਰਗਾਹ ਵਿੱਚ ਪ੍ਰਵਾਨ ਹੁੰਦੇ ਹਾਂ। **(ਹਛੀ ਮਿਟੀ ਸੋਝੀ ਹੋਇ॥ ਤਾ ਕਾ ਕੀਆ ਮਾਨੈ ਸੋਇ॥)**

ਸੋਝੀ ਵਾਲੀ ਮਿੱਟੀ ਨਾਲ ਅਸੀਂ ਚੰਗੇ ਕਰਮ ਹੀ ਕਰਦੇ ਹਾਂ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਕਰਣੀ ਤੇ ਕਰਿ ਚਕਹੁ ਢਾਲਿ॥ ਐਥੈ ਓਥੈ ਨਿਬਹੀ ਨਾਲਿ॥੨॥"

ਆਪਣੀ ਇਸ ਸਰੀਰ ਰੂਪ ਮਿੱਟੀ ਨੂੰ ਅਸੀਂ ਉਸ ਤਰੀਕੇ ਨਾਲ ਸਵਾਰਨਾ ਹੈ, ਉਸ ਤਰੀਕੇ ਨਾਲ ਘੜਨਾ ਹੈ ਜਿਵੇਂ ਘੁਮਿਆਰ ਦੀਵੇ ਦੀ ਮਿੱਟੀ ਨੂੰ ਸਵਾਰਦਾ ਹੈ ਤੇ ਉਸਨੂੰ ਚੰਗਾ ਰੂਪ ਦਿੰਦਾ ਹੈ, ਉਸਦਾ ਸੋਹਣਾ ਰੂਪ ਬਣਾਉਂਦਾ ਹੈ। ਅਸੀਂ ਆਪਣੇ ਮਨੁੱਖੀ ਸਰੀਰ ਨੂੰ ਭਾਵ ਆਪਣੇ ਮਨੁੱਖੀ ਜੀਵਨ ਨੂੰ ਆਪਣੀ ਕਰਨੀ ਦੁਆਰਾ ਸਵਾਰਨਾ ਹੈ ਜੋ ਕਿ ਇਸ ਮਨੁੱਖੀ ਸਰੀਰ ਦਾ ਮਕਸਦ ਹੈ। ਸਾਡੀ ਚੰਗੀ ਕਰਨੀ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ, ਦੀਵੇ ਦੀ ਜੋਤਿ ਦੁਆਰਾ ਹੀ ਹੁੰਦੀ ਹੈ, ਸੁਰਤਿ ਦੇ ਵਿੱਚ ਸ਼ਬਦ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ। ਸਾਡੇ ਜੀਵਨ ਨੂੰ ਸਾਡੀ ਚੰਗੀ ਕਰਨੀ ਨੇ ਹੀ ਸਵਾਰਨਾ ਹੈ ਜਿਸ ਚੰਗੀ ਕਰਨੀ ਦੁਆਰਾ ਅਸੀਂ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਵੀ ਉਸਦੇ ਦਰ ਤੇ ਪ੍ਰਵਾਨ ਹੁੰਦੇ ਹਾਂ ਜੋ ਉਸਦਾ ਦਰ, ਉਸਦਾ ਘਰ ਸਾਡੇ ਅੰਦਰ ਹੀ ਹੈ। ਜੋ ਚੰਗੀ ਕਰਨੀ ਸਾਨੂੰ ਮਾੜੇ ਲੇਖਾਂ ਵਿੱਚੋਂ ਕੱਢਦੀ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਦੀ ਹੈ। ਇਹ ਮਾਇਆ ਮੋਹ ਦਾ ਸਾਗਰ ਅਸੀਂ ਆਪਣੀ ਚੰਗੀ ਕਰਨੀ ਦੁਆਰਾ ਹੀ ਤਰਨਾ ਹੈ ਜੋ ਕਿ ਮਨ ਦੀ ਸੱਚੀ ਸੋਝੀ ਨੇ ਸਾਨੂੰ ਤਰਾਉਣਾ ਹੈ, ਦੀਵੇ ਦੇ ਪ੍ਰਕਾਸ਼ ਨੇ ਤਰਾਉਣਾ ਹੈ, ਮਨ ਦੇ ਵਿੱਚ, ਸੁਰਤਿ ਦੇ ਵਿੱਚ ਸ਼ਬਦ ਰੂਪ ਦੀਵੇ ਦੇ ਪ੍ਰਕਾਸ਼ ਨੇ ਤਰਾਉਣਾ ਹੈ। **(ਕਰਣੀ ਤੇ ਕਰਿ ਚਕਹੁ ਢਾਲਿ॥ ਐਥੈ ਓਥੈ ਨਿਬਹੀ ਨਾਲਿ॥੨॥)**

ਮਨ ਦੇ ਵਿੱਚ ਇਹ ਗਿਆਨ ਦਾ ਦੀਵਾ ਬਾਲਣਾ ਸਾਡੇ ਆਪਣੇ ਵੱਸ ਨਹੀਂ ਹੈ ਭਾਵ ਸੱਚੀ ਸੋਝੀ ਦਾ ਦੀਵਾ ਬਾਲਣਾ ਸਾਡੇ ਵੱਸ ਨਹੀਂ ਹੈ ਭਾਵ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਤਰਨਾ ਸਾਡੇ ਆਪਣੇ ਵੱਸ ਨਹੀਂ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਆਪੇ ਨਦਰਿ ਕਰੇ ਜਾ ਸੋਇ॥ ਗੁਰਮੁਖਿ ਵਿਰਲਾ ਬੂਝੈ ਕੋਇ॥

ਤਿਤੁ ਘਟਿ ਦੀਵਾ ਨਿਹਚਲੁ ਹੋਇ॥ ਪਾਣੀ ਮਰੈ ਨ ਬੁਝਾਇਆ ਜਾਇ॥ ਐਸਾ ਦੀਵਾ ਨੀਰਿ ਤਰਾਇ॥੩॥"

ਜਿਵੇਂ ਕਿ ਅਸੀਂ ਵਾਰ-ਵਾਰ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ ਕਿ ਪ੍ਰਮਾਤਮਾ

20/2218

ਦੀ ਭਗਤੀ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ। ਮਨ ਦੀ ਸੱਚੀ ਸੋਝੀ ਦੇ ਬਿਨ੍ਹਾਂ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝ ਹੀ ਨਹੀਂ ਆ ਸਕਦਾ। ਸੱਚੀ ਸੋਝੀ ਦੇ ਬਿਨ੍ਹਾਂ ਅਸੀਂ ਆਪਣੀ ਕਰਨੀ ਦੀ ਬਜਾਇ ਕਥਨੀ ਵਿੱਚ ਹੀ ਪਏ ਰਹਿੰਦੇ ਹਾਂ। ਸ਼ਬਦ ਕੋਲੋਂ ਸੋਝੀ ਲੈਣ ਦੀ ਬਜਾਇ ਸ਼ਬਦ ਦੀ ਕਥਨੀ ਵਿੱਚ ਹੀ ਅਸੀਂ ਭਗਤੀ ਦਾ ਮਾਰਗ ਸਮਝਦੇ ਹਾਂ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਮਨ ਦੇ ਵਿੱਚ ਆਪਣੀ ਸੋਝੀ ਹੀ ਪਾਉਂਦਾ ਹੈ, ਉਸਦੀ ਸੁਰਤਿ ਵਿੱਚ ਆਪਣੇ ਸ਼ਬਦ ਦਾ ਗਿਆਨ ਹੀ ਵਸਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਦੇ ਅੰਦਰ, ਗੁਰੂ ਸਾਹਿਬਾਨ ਦੇ ਅੰਦਰ, ਭੱਟ ਸਾਹਿਬਾਨ ਦੇ ਅੰਦਰ ਵਸਾਇਆ ਹੈ ਤੇ ਆਪਣੀ ਭਗਤੀ ਦੀ ਆਪ ਹੀ ਸੋਝੀ ਪਾਈ ਹੈ। ਪ੍ਰਮਾਤਮਾ ਕਿਸੇ ਵਿਰਲੇ ਤੇ ਹੀ ਆਪਣੀ ਇਹ ਕ੍ਰਿਪਾ ਕਰਦਾ ਹੈ। **(ਆਪੇ ਨਦਰਿ ਕਰੇ ਜਾ ਸੋਇ॥ ਗੁਰਮੁਖਿ ਵਿਰਲਾ ਬੂਝੈ ਕੋਇ॥)**

ਗਿਆਨ ਦਾ ਦੀਵਾ ਤਾਂ ਪ੍ਰਮਾਤਮਾ ਨੇ ਸਭ ਦੇ ਅੰਦਰ ਬਾਲਿਆ ਹੋਇਆ ਹੈ ਪਰ ਇਹ ਦੀਵਾ "ਨਿਹਚਲੁ" ਨਹੀਂ ਹੈ ਭਾਵ ਡੋਲਣਾ ਵਾਲਾ ਹੈ। ਇਹ ਦੀਵਾ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਜੋ ਮਾਇਆ ਮੋਹ ਵਿੱਚ ਡੋਲਦੇ ਰਹਿੰਦੇ ਹਨ ਤੇ ਸੱਚ ਤੇ ਨਹੀਂ ਟਿਕਦੇ। ਇਹ ਸਾਡੇ ਅੰਦਰ ਦੁਚਿੱਤੀ ਵਾਲੀ ਅਵੱਸਥਾ ਹੈ, ਦੁਬਿਧਾ ਵਾਲੀ ਅਵੱਸਥਾ ਹੈ ਜਿਸ ਦੁਆਰਾ ਸਾਨੂੰ ਪੂਰਨ ਸੱਚ ਦੀ ਸੋਝੀ ਹੀ ਨਹੀਂ ਪੈਂਦੀ। ਜਿਸ ਦੇ ਅੰਦਰ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਸੱਚੀ ਸੋਝੀ ਪਾ ਦਿੰਦਾ ਹੈ ਉਸਨੂੰ ਫਿਰ ਸੱਚ ਤੇ, ਗੁਰਮਤਿ ਤੇ ਅਡੋਲ ਕਰਕੇ ਹੀ ਚਲਾਉਂਦਾ ਹੈ, ਉਸਦੀ ਹਰ ਕਰਨੀ ਸੱਚੀ ਬਣਾਉਂਦਾ ਹੈ ਤੇ ਇਹੋ ਜਿਹਾ ਮਨ ਸੱਚ ਤੇ ਅਡੋਲ ਹੋ ਕੇ ਚੱਲਦਾ ਹੈ ਤੇ ਮਾਇਆ ਮੋਹ ਵਿੱਚ, ਔਗੁਣਾਂ ਵਿੱਚ ਨਹੀਂ ਡੋਲਦਾ। **(ਤਿਤੁ ਘਟਿ ਦੀਵਾ ਨਿਹਚਲੁ ਹੋਇ॥ ਪਾਣੀ ਮਰੈ ਨ ਬੁਝਾਇਆ ਜਾਇ॥)** ਇਹੀ ਸਾਡੇ ਅੰਦਰ ਨਾਮ ਦ੍ਰਿੜ ਹੋਣ ਦੀ ਅਵੱਸਥਾ ਹੈ।

ਮਨ ਦੀ ਇਹੋ ਜਿਹੀ ਅਡੋਲ ਅਵੱਸਥਾ ਨੂੰ ਕੋਈ ਡੁਲਾ ਨਹੀਂ ਸਕਦਾ ਭਾਵ ਜਿਸਨੂੰ ਪ੍ਰਮਾਤਮਾ ਸੱਚੀ ਸੋਝੀ ਪਾ ਦਿੰਦਾ ਹੈ ਉਸਦੀ ਸੋਝੀ ਨੂੰ ਫਿਰ ਕੋਈ ਬਦਲ ਨਹੀਂ ਸਕਦਾ, ਮਨ ਦੇ ਇਹੋ ਜਿਹੇ ਦੀਵੇ ਨੂੰ ਕੋਈ ਬੁਝਾ ਨਹੀਂ ਸਕਦਾ ਭਾਵ ਕੋਈ ਭੁਲਾ ਨਹੀਂ ਸਕਦਾ ਕਿਉਂਕਿ ਉਸਨੂੰ ਸੱਚ ਦੀ ਸੋਝੀ ਸਿੱਧੀ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ ਜਿਸ ਤੋਂ ਉੱਪਰ ਕਿਸੇ ਹੋਰ ਦੀ ਸੋਝੀ ਨਹੀਂ ਹੋ ਸਕਦੀ। ਪੂਰੀ ਗੁਰਬਾਣੀ ਵਿੱਚ ਸੋਝੀ ਮਨ ਦੀ ਅਡੋਲ ਅਵੱਸਥਾ ਤੋਂ ਹੀ ਆਈ ਹੈ, ਮਨ ਦੇ ਵਿੱਚ ਸ਼ਬਦ ਦਾ ਦੀਵਾ ਜਗਣ ਨਾਲ ਹੀ ਆਈ ਹੈ, ਸ਼ਬਦ ਸੁਰਤਿ ਦੇ ਮੇਲ ਦੁਆਰਾ ਹੀ ਆਈ ਹੈ ਤੇ ਇਸੇ ਕਰਕੇ ਗੁਰਬਾਣੀ ਦੀ ਸੋਝੀ ਅਡੋਲ ਹੈ, ਗੁਰਬਾਣੀ ਦੇ ਵਿਚਾਰ ਅਡੋਲ ਹਨ ਜਿੰਨ੍ਹਾਂ ਨੂੰ ਕਦੇ ਬਦਲਿਆ

20/2219

ਨਹੀਂ ਜਾ ਸਕਦਾ ਕਿਉਂਕਿ ਇਸ ਤੋਂ ਉੱਪਰ ਸੋਝੀ ਕਿਸੇ ਕੋਲ ਹੋ ਹੀ ਨਹੀਂ ਸਕਦੀ ਜੋ ਇਸਨੂੰ ਗਲਤ ਸਾਬਿਤ ਕਰ ਸਕੇ। ਜਦੋਂ ਸਾਡੇ ਅੰਦਰ ਇਹੋ ਜਿਹੇ ਗਿਆਨ ਦਾ ਦੀਵਾ ਜਗ ਜਾਂਦਾ ਹੈ ਜਿਹੋ ਜਿਹਾ ਦੀਵਾ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਜਗਾਇਆ ਹੋਇਆ ਹੈ, ਆਪਣੇ ਸ਼ਬਦ ਦਾ ਦੀਵਾ ਜਗਾਇਆ ਹੋਇਆ ਹੈ ਇਹੋ ਜਿਹੇ ਦੀਵੇ ਦੇ ਗਿਆਨ ਨਾਲ ਜੁੜ ਕੇ ਅਸੀਂ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਪਾ ਸਕਦੇ ਹਾਂ।

(ਤਿਤੁ ਘਟਿ ਦੀਵਾ ਨਿਹਚਲੁ ਹੋਇ॥ ਪਾਣੀ ਮਰੈ ਨ ਬੁਝਾਇਆ ਜਾਇ॥)

ਮਨ ਦੇ ਵਿੱਚ ਇਹੋ ਜਿਹੇ ਗਿਆਨ ਦੇ ਪ੍ਰਕਾਸ਼ ਨਾਲ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਡੋਲੈ ਵਾਉ ਨ ਵਡਾ ਹੋਇ॥ ਜਾਪੈ ਜਿਉ ਸਿੰਘਾਸਣਿ ਲੋਇ॥"

ਸਾਰੀ ਗੱਲ ਇੱਥੇ ਮੁੱਕਦੀ ਹੈ ਕਿ ਅਸੀਂ ਕਿਹੋ ਜਿਹੇ ਦੀਵੇ ਦੇ ਪ੍ਰਕਾਸ਼ ਨਾਲ ਜੁੜੇ ਹੋਏ ਹਾਂ। ਨਾ ਡੋਲਣ ਵਾਲਾ ਦੀਵਾ, ਕਦੇ ਨਾ ਬੁਝਣ ਵਾਲਾ ਦੀਵਾ ਭਾਵ ਜਿਸ ਦੀਵੇ ਦੁਆਰਾ ਸਾਨੂੰ ਪੂਰਨ ਸੋਝੀ ਪੈਂਦੀ ਹੈ, ਸੱਚੀ ਸੋਝੀ ਪੈਂਦੀ ਹੈ ਉਹ ਦੀਵਾ ਕੇਵਲ ਗੁਰੂ ਦੇ ਕੋਲ ਹੈ ਭਾਵ ਉਹ ਮਤਿ ਸਾਨੂੰ ਕੇਵਲ ਗੁਰੂ ਰੂਪ ਗੁਰਬਾਣੀ ਤੋਂ ਮਿਲ ਸਕਦੀ ਹੈ ਜਿੱਥੇ ਪ੍ਰਮਾਤਮਾ ਨੇ ਆਪ ਹੀ ਇਹ ਦੀਵਾ ਜਗਾਇਆ ਹੋਇਆ ਹੈ। ਜੇਕਰ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨਾਲ ਜੁੜਾਂਗੇ, ਕਿਸੇ ਹੋਰ ਦੇ ਦੀਵੇ ਦੇ ਪ੍ਰਕਾਸ਼ ਨਾਲ ਜੁੜਾਂਗੇ ਉਸ ਨਾਲ ਜੁੜ ਕੇ ਅਸੀਂ ਕਦੇ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਪ੍ਰਮਾਤਮਾ ਨੂੰ ਕੇਵਲ ਅਸੀਂ ਮਨ ਦੇ ਗਿਆਨ ਦੁਆਰਾ ਹੀ ਜਾਣ ਸਕਦੇ ਹਾਂ ਤੇ ਉਹ ਤਾਂ ਹੀ ਜਾਣਾਗੇ ਜੇਕਰ ਉਸ ਗਿਆਨ ਦੇ ਨਾਲ ਜੁੜਾਂਗੇ ਜੋ ਗਿਆਨ ਪ੍ਰਮਾਤਮਾ ਦਾ ਆਪਣਾ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਦਿੱਤਾ ਹੋਇਆ ਹੈ। ਪ੍ਰਮਾਤਮਾ ਦਾ "ਸਿੰਘਾਸਣਿ" ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਤੇ ਉਸ ਦੇ ਸਿੰਘਾਸਣ ਦੀ ਸੋਝੀ ਭਾਵ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦੇ ਹੋਣ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਜੋ ਕਿ ਉਸ ਸਿੰਘਾਸਣ ਤੇ ਬੈਠਾ ਹੋਇਆ ਸਿੰਘਾਸਣ ਦਾ ਮਾਲਕ, ਗਿਆਨ ਰੂਪ ਸਿੰਘਾਸਣ ਦਾ ਮਾਲਕ ਆਪ ਹੀ ਪਾਉਂਦਾ ਹੈ। **(ਡੋਲੈ ਵਾਉ ਨ ਵਡਾ ਹੋਇ॥ ਜਾਪੈ ਜਿਉ ਸਿੰਘਾਸਣਿ ਲੋਇ॥)**

ਪ੍ਰਮਾਤਮਾ ਦਾ ਇਹ ਗਿਆਨ ਰੂਪ ਸਿੰਘਾਸਣ ਭਾਵ ਬ੍ਰਹਮਗਿਆਨ ਰੂਪ ਸਿੰਘਾਸਣ ਕਦੇ ਨਹੀਂ ਡੋਲ ਸਕਦਾ ਭਾਵ ਬ੍ਰਹਮਗਿਆਨ ਦੁਆਰਾ ਉਚਾਰੀ ਹੋਈ ਗੱਲ ਸਦਾ ਥਿਰ ਰਹਿੰਦੀ ਹੈ, ਸਦਾ ਸੱਚ ਰਹਿੰਦੀ ਹੈ। ਪੂਰੀ ਗੁਰਬਾਣੀ ਬ੍ਰਹਮਗਿਆਨ ਹੈ ਤੇ ਪ੍ਰਮਾਤਮਾ ਦਾ ਸਿੰਘਾਸਣ ਉਸ ਵਿੱਚ ਬ੍ਰਹਮਗਿਆਨ ਦੇ ਰੂਪ ਵਿੱਚ ਹੀ ਹੈ।

20/2220

ਜਿਸ ਦੁਆਰਾ ਉਸਨੇ ਸਾਨੂੰ ਆਪਣੇ ਸ਼ਬਦ ਦੇ ਵਿਚਾਰ ਦਿੱਤੇ ਹਨ, ਪੂਰਨ ਸੱਚ ਦੇ ਵਿਚਾਰ ਦਿੱਤੇ ਹਨ ਜੋ ਕਦੇ ਡੋਲ ਨਹੀਂ ਸਕਦੇ ਤੇ ਨਾ ਹੀ ਕਦੇ ਮਿਟ ਸਕਦੇ ਹਨ। **(ਡੋਲੈ ਵਾਉ ਨ ਵਡਾ ਹੋਇ॥)**

{ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥

ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥੧॥

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥

ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥੨॥}

(ਅੰਗ ੧੨੦੪)

ਸਾਨੂੰ ਇਸ ਜੀਵਨ ਮਰਨ ਦੇ ਗੇੜ ਤੋਂ ਮਨ ਦੇ ਵਿੱਚ ਗਿਆਨ ਦਾ ਦੀਵਾ ਹੀ ਕੱਢ ਸਕਦਾ ਹੈ ਭਾਵ ਅਸੀਂ ਗੁਰੂ ਦੇ ਸੱਚੇ ਗਿਆਨ ਦੇ ਨਾਲ ਜੁੜ ਕੇ ਹੀ ਇਸ ਮਾਇਆ ਮੋਹ ਦੇ ਸਾਗਰ ਤੋਂ ਮੁਕਤ ਹੋ ਸਕਦੇ ਹਾਂ ਤੇ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ ਜੋ ਕਿ ਸਾਡੇ ਮਨ ਦੇ ਸਿੰਘਾਸਨ ਤੇ ਹੀ ਬਿਰਾਜਮਾਨ ਹੈ ਪਰ ਸਾਨੂੰ ਉਸਦੀ ਸੋਝੀ ਨਹੀਂ ਹੈ। ਇਸ ਮਨ ਦੀ ਸੋਝੀ ਪਏ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਪਰ ਫਿਰ ਵੀ ਉਸਨੂੰ ਜਾਨਣ ਦੀਆਂ ਗੱਲਾਂ ਕਰਨ ਵਾਲਿਆਂ ਦੀ, ਉਸਨੂੰ ਪਾਉਣ ਦੀਆਂ ਗੱਲਾਂ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ ਹੈ ਭਾਵ ਅਨੇਕਾਂ ਹੀ ਉਸਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਪਰ ਅਸਲ ਵਿੱਚ ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਨੂੰ ਪਾਉਣਾ ਕੀ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

"ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ॥ ਨਿਰਤਿ ਨ ਪਾਈਆ ਗਣੀ ਸਹੰਸ॥"

ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਬਥੇਰੇ ਹਨ, ਪੂਰੇ ਸਮਾਜ ਵਿੱਚ ਹਨ ਭਾਵ ਹਰ ਵਰਨ ਵਿੱਚ ਹਨ ਤੇ ਆਪਣੇ ਆਪਣੇ ਤਰੀਕੇ ਨਾਲ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ। "ਸਹੰਸ" ਤੋਂ ਭਾਵ ਹੈ ਹਜ਼ਾਰਾਂ ਭਾਵ ਹਜ਼ਾਰਾਂ ਦੀ ਗਿਣਤੀ ਵਿੱਚ ਇਹੋ ਜਿਹੇ ਹਨ ਜੋ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਭਾਵ ਆਪਣੇ ਆਪ ਨੂੰ ਉਸ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਦੱਸਦੇ ਹਨ। "ਨਿਰਤਿ" ਤੋਂ ਭਾਵ ਹੈ ਨਿਰਣਾ ਭਾਵ ਸੱਚੀ ਸਮਝ ਜਿਸ ਦੁਆਰਾ ਅਸੀਂ ਇਹ ਨਿਰਣਾ ਕਰ ਸਕੀਏ, ਪੂਰੇ ਵਿਸ਼ਵਾਸ ਨਾਲ ਦੱਸ ਸਕੀਏ ਕਿ ਪ੍ਰਮਾਤਮਾ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ ਤੇ ਉਹ ਸਾਡੇ ਸਭ ਦੇ ਅੰਦਰ ਤੇ ਹਰ ਵਸਤੂ ਵਿੱਚ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ। ਉਸਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਤਾਂ ਹਜ਼ਾਰਾਂ ਹਨ, ਪੂਰੇ ਸਮਾਜ ਵਿੱਚ ਬੇਸ਼ੁਮਾਰ ਹਨ ਪਰ ਇਸ ਗੱਲ ਦਾ ਨਿਰਣਾ ਕਿਸੇ ਦੇ ਕੋਲ ਵੀ ਨਹੀਂ ਹੈ, ਸੱਚੀ ਸੋਝੀ ਕਿਸੇ ਦੇ ਕੋਲ

ਵੀ ਨਹੀਂ ਹੈ ਜੋ ਉਸ ਪ੍ਰਮਾਤਮਾ ਨੂੰ ਬਿਆਨ ਕਰ ਸਕੇ, ਉਸਦੇ ਅਸਲ ਰੂਪ ਨੂੰ ਬਿਆਨ ਕਰ ਸਕੇ। ਉਸਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਅਨੇਕਾਂ ਭੇਦਾਂ ਦੀਆਂ ਗੱਲਾਂ ਹੀ ਕਰਦੇ ਹਨ, ਉਸਦੇ ਸਰਗੁਣ ਰੂਪ ਦੀਆਂ ਗੱਲਾਂ ਕਰਦੇ ਹਨ, ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਦੇ ਦਰਸ਼ਨ ਕਰਨ ਦੀਆਂ ਗੱਲਾਂ ਕਰਦੇ ਹਨ, ਕਿਸੇ ਰਿਧੀ ਸਿਧੀ ਦੀ ਗੱਲ ਕਰਦੇ ਹਨ ਜਿੰਨ੍ਹਾਂ ਸਾਰੀਆਂ ਗੱਲਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। **(ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ॥ ਨਿਰਤਿ ਨ ਪਾਈਆ ਗਣੀ ਸਹੰਸ॥)**

ਪ੍ਰਮਾਤਮਾ ਨੂੰ ਕੇਵਲ ਮਨ ਦੀ ਸੱਚੀ ਸੋਝੀ ਦੁਆਰਾ ਹੀ ਪਾਇਆ ਜਾ ਸਕਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਪਾਇਆ ਜਾ ਸਕਦਾ ਹੈ ਜੋ ਕਿ ਪ੍ਰਮਾਤਮਾ ਦੀ ਕੇਵਲ ਆਪਣੀ ਕ੍ਰਿਪਾ ਹੈ ਜੋ ਉਸਨੇ ਗੁਰਬਾਣੀ ਦੇ ਰਚਨ ਵਾਲਿਆਂ ਤੇ ਕੀਤੀ ਹੈ ਤੇ ਸਾਨੂੰ ਸੱਚ ਦੀ ਸੋਝੀ ਪਾਈ ਹੈ। ਪ੍ਰਮਾਤਮਾ ਨੂੰ ਕੇਵਲ ਸੱਚੇ ਗਿਆਨ ਨਾਲ ਜੁੜ ਕੇ ਹੀ ਪਾਇਆ ਜਾ ਸਕਦਾ ਹੈ, ਆਪਣੀ ਸੁਰਤਿ ਨੂੰ ਸ਼ਬਦ ਦੀ ਮਤਿ ਨਾਲ ਜੋੜ ਕੇ ਹੀ ਪਾਇਆ ਜਾ ਸਕਦਾ ਹੈ ਜਿਵੇਂ ਕਿ ਸਾਨੂੰ ਸਾਰੇ ਸ਼ਬਦ ਰਾਹੀਂ ਆਪਣੀ ਸੁਰਤਿ ਜੋੜਨੀ ਸਮਝਾਈ ਹੈ। **(ਐਸਾ ਦੀਵਾ ਬਾਲੇ ਕੋਇ॥ ਨਾਨਕ ਸੋ ਪਾਰੰਗਤਿ ਹੋਇ॥੪॥੭॥)**

ਪਿਛਲੇ ਸ਼ਬਦ ਰਾਹੀਂ ਅਸੀਂ ਪ੍ਰਮਾਤਮਾ ਦੇ ਨਾਲ ਆਪਣੀ ਸੁਰਤਿ ਜੋੜਨ ਦੇ ਮਕਸਦ ਨੂੰ ਸਮਝਿਆ ਹੈ, ਸ਼ਬਦ ਦੇ ਨਾਲ ਆਪਣੀ ਸੁਰਤਿ ਦੇ ਰਲਾਉਣ ਦੇ ਮਕਸਦ ਨੂੰ ਸਮਝਿਆ ਹੈ ਜੋ ਕਿ ਆਪਣੇ ਮਨ ਦੀ ਸੋਝੀ ਨੂੰ ਸੱਚਾ ਬਣਾਉਣ ਦਾ ਹੈ ਤਾਂ ਜੋ ਅਸੀਂ ਸੱਚੀ ਸੁੱਚੀ ਕਰਨੀ ਕਰ ਸਕੀਏ, ਇਸ ਜੀਵਨ ਦੇ ਵਿੱਚ ਮਾਇਆ ਮੋਹ ਦੇ ਸਾਗਰ ਵਿੱਚੋਂ ਤਰ ਸਕੀਏ। ਸਾਰੀ ਗੁਰਬਾਣੀ ਵਿੱਚ ਸਾਨੂੰ ਭਗਤੀ ਦਾ ਇਹੀ ਤਰੀਕਾ ਸਮਝਾਇਆ ਹੋਇਆ ਹੈ ਭਾਵ ਸੱਚੇ ਸੁੱਚੇ ਇਨਸਾਨ ਬਣ ਕੇ ਵਿਚਰਨਾ ਸਿਖਾਇਆ ਹੈ ਤੇ ਭਗਤੀ ਦੇ ਕਿਸੇ ਵੀ ਦਿਖਾਵੇ ਤੋਂ ਭਾਵ ਸਰੀਰਕ ਜਪ ਤਪ ਆਦਿ ਤੋਂ ਦੂਰ ਰਹਿਣ ਲਈ ਸਿਖਾਇਆ ਹੋਇਆ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਸਾਡੀ ਸੱਚੀ ਸੁੱਚੀ ਕਰਨੀ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਸਾਡੀ ਪ੍ਰਮਾਤਮਾ ਦੇ ਦਰ ਤੇ ਪਤਿ ਉੱਚੀ ਹੁੰਦੀ ਹੈ ਭਾਵ ਉਸਦੇ ਦਰ ਤੋਂ ਮਾਣ ਮਿਲਦਾ ਹੈ। ਉਸਦੇ ਦਰ ਤੋਂ ਮਾਣ ਉਸਦੇ ਸੱਚ ਦੇ ਨਾਲ ਜੁੜ ਕੇ ਹੀ ਮਿਲਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦਾ, ਉਸਦੇ ਗੁਣ ਗਾਉਣ ਦਾ, ਉਸਦਾ ਜਸ ਗਾਉਣ ਦਾ ਕੀ ਤਰੀਕਾ ਹੈ ਆਓ ਇਸ ਗੱਲ ਨੂੰ ਹੁਣ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤਾਂ ਜੋ ਸਾਨੂੰ

20/2222

ਪ੍ਰਮਾਤਮਾ ਦੀ ਸਿਫ਼ਤ ਕਰਨੀ ਆ ਜਾਵੇ, ਉਸਦਾ ਨਾਮ ਜਪਣਾ ਆ ਜਾਵੇ।

ਸਲੋਕ ਮਃ ੧॥

"ਵੇਲਿ ਪਿੰਵਾਇਆ ਕਤਿ ਵੁਣਾਇਆ॥ ਕਟਿ ਕੁਟਿ ਕਰਿ ਖੁੰਬਿ ਚੜਾਇਆ॥
ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ॥ ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ॥
ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ॥ ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ॥
ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥ ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ॥੧॥"

(ਅੰਗ ੯੫੫)

ਉੱਪਰ ਸ਼ਬਦ ਰਾਹੀਂ ਸਾਨੂੰ ਕੱਪੜੇ ਦਾ ਜੀਵਨ ਸਮਝਾਇਆ ਹੋਇਆ ਹੈ ਕਿ ਕੱਪੜਾ ਕਿਵੇਂ ਤਿਆਰ ਹੁੰਦਾ ਹੈ, ਕਿਸ ਵਿਧੀ ਦੁਆਰਾ ਤਿਆਰ ਹੁੰਦਾ ਹੈ ਤੇ ਉਹ ਸਾਡੇ ਪਾਉਣ ਲਾਇਕ ਬਣਦਾ ਹੈ, ਸਾਡੇ ਕੰਮ ਆਉਣ ਲਾਇਕ ਬਣਦਾ ਹੈ।

ਕੱਪੜੇ ਨੂੰ ਸੰਸਾਰ ਦੇ ਕੰਮ ਆਉਣ ਲਈ ਬੜੇ ਹੀ ਔਖੇ ਰਸਤੇ ਵਿੱਚੋਂ ਨਿਕਲਣਾ ਪੈਂਦਾ ਹੈ ਤੇ ਤਾਂ ਉਹ ਜਾ ਕੇ ਤਿਆਰ ਹੁੰਦਾ ਹੈ ਤੇ ਪਹਿਨਣ ਦੇ ਲਾਇਕ ਬਣਦਾ ਹੈ। ਸਾਨੂੰ ਕੱਪੜੇ ਦੇ ਇਹੋ ਜਿਹੇ ਜੀਵਨ ਤੋਂ ਪ੍ਰੇਰਣਾ ਲੈਣ ਲਈ ਸਮਝਾਇਆਂ ਹੋਇਆ ਹੈ ਕਿ ਅਸੀਂ ਆਪ ਭਾਵੇਂ ਔਖੇ ਹੋ ਲਈਏ ਪਰ ਸੰਸਾਰ ਦੇ ਕੰਮ ਆਈਏ। ਸੰਸਾਰ ਦੇ ਕੰਮ ਅਸੀਂ ਆਪਣੀ ਚੰਗੀ ਕਰਨੀ ਦੁਆਰਾ, ਪਰਉਪਕਾਰੀ ਬਣ ਕੇ ਹੀ ਆ ਸਕਦੇ ਹਾਂ ਜਿਵੇਂ ਕੱਪੜਾ ਔਖੇ ਜੀਵਨ ਵਿੱਚੋਂ ਨਿਕਲ ਕੇ ਸਾਡੇ ਕੰਮ ਆਉਂਦਾ ਹੈ। ਕੱਪੜੇ ਨੂੰ ਹਰ ਪੜਾਅ ਤੇ ਔਖਾ ਹੋਣਾ ਪੈਂਦਾ ਹੈ ਤੇ ਉਸਦਾ ਪੂਰਾ ਜੀਵਨ ਮੁਸ਼ਕਿਲਾਂ ਨਾਲ ਭਰਿਆ ਹੁੰਦਾ ਹੈ। ਇਸੇ ਤਰ੍ਹਾਂ ਸਾਨੂੰ ਚੰਗਾ ਇਨਸਾਨ ਬਣਨ ਲਈ ਜੀਵਨ ਵਿੱਚ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸੰਸਾਰ ਮਾਇਆ ਮੋਹ ਨਾਲ ਭਰਿਆ ਹੋਇਆ ਹੈ ਜਿਸ ਵਿੱਚ ਔਗੁਣਾਂ ਦਾ ਬੋਲਬਾਲਾ ਹੈ, ਝੂਠ ਦਾ ਬੋਲਬਾਲਾ ਹੈ ਤੇ ਪ੍ਰਮਾਤਮਾ ਨੇ ਸਭ ਦੇ ਵਿੱਚ ਹੀ ਮਾਇਆ ਮੋਹ ਪਾਇਆ ਹੋਇਆ ਹੈ। ਸੱਚ ਦੇ ਚੱਲਣ ਲਈ ਸਾਨੂੰ ਵਾਰ-ਵਾਰ ਮਾਇਆ ਮੋਹ ਵਿੱਚੋਂ ਨਿਕਲਣਾ ਪੈਂਦਾ ਹੈ, ਅਨੇਕਾਂ ਵਾਰ ਸਾਨੂੰ ਸੱਚ ਦੀ ਪ੍ਰੀਖਿਆ ਵਿੱਚੋਂ ਨਿਕਲਣਾ ਪੈਂਦਾ ਹੈ, ਸੰਸਾਰ ਵਿੱਚ ਨੀਵੇਂ ਹੋ ਕੇ ਵਿਚਰਨਾ ਪੈਂਦਾ ਹੈ, ਵਾਰ-ਵਾਰ ਲੋਕਾਚਾਰ ਵਿੱਚੋਂ ਨਿਕਲਣਾ ਪੈਂਦਾ ਹੈ ਤੇ ਕਿਸੇ ਨੂੰ ਸਮਝਾਉਣਾ ਵੀ ਬਹੁਤ ਔਖਾ ਹੈ। ਪ੍ਰਮਾਤਮਾ ਦੇ ਦਰ ਤੇ ਸਾਡੀ ਪਤਿ ਸਾਡੇ ਅੰਦਰ ਦੇ ਮਾਇਆ ਮੋਹ ਕਰਕੇ, ਔਗੁਣਾਂ ਕਰਕੇ, ਵਿਕਾਰਾਂ ਕਰਕੇ ਹੀ ਮਾੜੀ ਹੈ ਤੇ ਇਨ੍ਹਾਂ ਵਿੱਚੋਂ ਨਿਕਲੇ ਬਿਨ੍ਹਾਂ ਸਾਡੇ ਲੇਖੇ ਵਿੱਚ ਪਤਿ ਨਹੀਂ ਪੈਂਦੀ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਸੱਚ ਹੀ ਭਾਉਂਦਾ ਹੈ ਜਿਸ ਉੱਤੇ ਚੱਲਣਾ ਬਹੁਤ ਹੀ ਔਖਾ ਹੈ, ਮਾਣ ਅਭਿਮਾਨ ਤਿਆਗਣਾ ਬਹੁਤ ਔਖਾ ਹੈ। ਸਾਡੇ ਜੀਵਨ

20/2223

ਦਾ ਅਸਲ ਜਿਉਣਾ ਸੱਚੇ ਜੀਵਨ ਦੁਆਰਾ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਅਸੀਂ ਸਿਫ਼ਤ ਕਰ ਸਕਦੇ ਹਾਂ, ਉਸਦਾ ਨਾਮ ਜਪ ਸਕਦੇ ਹਾਂ। **(ਵੇਲਿ ਪਿੰਵਾਇਆ ਕਤਿ ਵੁਣਾਇਆ॥ ਕਟਿ ਕੁਟਿ ਕਰਿ ਖੁੰਬਿ ਚੜਾਇਆ॥ ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ॥ ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

"ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ॥ ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ॥ ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥ ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ॥੧॥"

20/2224

ਇਹਨਾਂ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸੱਚ ਤੇ ਝੂਠ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਕਿ ਅਸੀਂ ਕਿਸ ਦੇ ਨਾਲ ਜੁੜਨਾ ਹੈ ਭਾਵ ਸਾਨੂੰ ਜੀਵਨ ਜਾਂਚ ਹੀ ਸਮਝਾਈ ਹੋਈ ਹੈ। ਕੱਪੜਾ ਪੁਰਾਣਾ ਹੋ ਕੇ ਫਟ ਜਾਂਦਾ ਹੈ ਭਾਵ ਉਹ ਆਪਣਾ ਜੀਵਨ ਪੂਰਾ ਕਰ ਕੇ ਖ਼ਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਮਨੁੱਖੀ ਰੂਪ ਕੱਪੜਾ ਭਾਵ ਮਨੁੱਖੀ ਸਰੀਰ ਆਪਣਾ ਜੀਵਨ ਪੂਰਾ ਕਰ ਕੇ ਇਸ ਸੰਸਾਰ ਤੋਂ ਬਿਨਸ ਜਾਂਦਾ ਹੈ ਭਾਵ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ ਜਿਵੇਂ ਕਿ ਕੱਪੜੇ ਦਾ ਜੀਵਨ ਬੀਤਦਾ ਹੈ। ਪ੍ਰਮਾਤਮਾ ਦੇ ਦਰ ਤੇ ਪਹੁੰਚਣ ਲਈ ਜੋ ਉਸ ਦਾ ਦਰ ਸਾਡੇ ਅੰਦਰ ਹੀ ਹੈ ਉਸਦੇ ਦਰ ਤੇ ਪਹੁੰਚਣ ਲਈ ਸਾਡਾ ਸਾਥ ਸਾਡੇ ਕਰਮ ਹੀ ਦਿੰਦੇ ਹਨ। ਮਨੁੱਖ ਮਾੜੇ ਕਰਮ ਵੀ ਕਰਦਾ ਹੈ ਤੇ ਚੰਗੇ ਕਰਮ ਵੀ ਕਰਦਾ ਹੈ। ਉਸਦੇ ਦਰ ਤੇ ਜਾਣ ਲਈ ਮਨੁੱਖ ਦੇ ਚੰਗੇ ਕਰਮ ਹੀ ਉਸਦਾ ਸਾਥ ਦਿੰਦੇ ਹਨ। ਕਰਮ ਅਸੀਂ ਮਨ ਦੇ ਝੂਠ ਦੁਆਰਾ ਵੀ ਕਰਦੇ ਹਾਂ ਤੇ ਮਨ ਦੇ ਸੱਚ ਦੁਆਰਾ ਵੀ ਕਰਦੇ ਹਾਂ ਭਾਵ ਮਨ ਦੀ ਨਾਸਮਝ ਮਨਮਤਿ ਦੁਆਰਾ ਵੀ ਕਰਦੇ ਹਾਂ ਤੇ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਵੀ ਕਰਦੇ ਹਾਂ। ਗੁਰਮਤਿ ਸਾਨੂੰ ਸੱਚ ਦਾ ਮਾਰਗ ਹੀ ਸਮਝਾਉਂਦੀ ਹੈ ਤੇ ਮਨਮਤਿ ਸਾਨੂੰ ਝੂਠ ਦਾ ਮਾਰਗ ਸਮਝਾਉਂਦੀ ਹੈ। ਪ੍ਰਮਾਤਮਾ ਦੇ ਦਰ ਤੇ, ਅੱਲ੍ਹਾ ਦਰ ਤੇ ਸੱਚ ਦੇ ਮਾਰਗ ਤੇ ਚੱਲਕੇ ਹੀ ਜਾਇਆ ਜਾ ਸਕਦਾ ਹੈ। ਸਾਡੇ ਮਾੜੇ-ਚੰਗੇ ਕਰਮਾਂ ਦਾ ਫਰਕ ਸਾਡੇ ਅੰਦਰ ਝੂਠ-ਸੱਚ ਦਾ ਫਰਕ ਹੀ ਹੈ ਭਾਵ ਭਗਤੀ ਦੇ ਮਾਰਗ ਤੇ ਚੱਲਣ ਲਈ ਝੂਠੀ ਭਗਤੀ ਦੀ ਸਮਝ ਤੇ ਸੱਚੀ ਭਗਤੀ ਦੀ ਸਮਝ ਦਾ ਫਰਕ ਹੀ ਹੈ। ਸੱਚੀ ਭਗਤੀ ਦੀ ਸਮਝ ਕੇਵਲ ਗੁਰੂ ਦੇ ਕੋਲ ਹੀ ਹੈ ਜੋ ਕਿ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਜਿਸ ਸ੍ਰਿਸ਼ਟੀ ਦੇ ਕਰਤੇ ਨੂੰ ਹੀ ਹਰ ਕੋਈ ਜਾਨਣਾ ਚਾਹੁੰਦਾ ਹੈ ਜਿਸ ਨੂੰ ਭਾਵੇਂ ਕੋਈ ਪ੍ਰਮਾਤਮਾ ਕਹਿ ਕੇ ਜਾਣਦਾ ਹੈ, ਅੱਲ੍ਹਾ ਕਹਿ ਕੇ ਜਾਣਦਾ ਹੈ, ਗਾਡ ਕਹਿ ਕੇ ਜਾਣਦਾ ਹੈ, ਅਕਾਲਪੁਰਖ ਕਹਿ ਕੇ ਜਾਣਦਾ ਹੈ ਜਾਂ ਕਿਸੇ ਵੀ ਹੋਰ ਨਾਮ ਨਾਲ ਪੁਕਾਰ ਕੇ ਜਾਨਣਾ ਚਾਹੁੰਦਾ ਹੈ, ਉਸਨੂੰ ਕੀ ਫਰਕ ਪੈਂਦਾ ਹੈ ਜੋ ਸਭ ਕੁੱਝ ਇੱਕੋ ਇੱਕ ਆਪ ਹੀ ਹੈ, ਹਰ ਮਨੁੱਖੀ ਰੂਪ ਵਿੱਚ ਆਪ ਹੀ ਹੈ। ਉਹ ਸਭ ਦੇ ਅੰਦਰ ਹੀ ਹੈ ਜਿਸਨੂੰ ਕੇਵਲ ਤੇ ਕੇਵਲ ਉਸਦੀ ਇੱਕੋ ਇੱਕ ਸੱਚੀ ਭਗਤੀ ਦੇ ਮਾਰਗ ਤੇ ਚੱਲਕੇ ਹੀ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ, ਉਸਦਾ ਇੱਕੋ ਜਿਹਾ ਨਾਮ ਜਪਕੇ ਹੀ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਉਸਦੇ ਨਾਮ ਜਪਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ ਜੋ ਚੰਗੇ ਕਰਮ ਮਨੁੱਖ ਔਖਾ ਜੀਵਨ ਬਤੀਤ ਕਰਕੇ ਹੀ ਕਰ ਸਕਦਾ ਹੈ, ਮਾਇਆ ਮੋਹ ਤਿਆਗ ਕੇ ਹੀ ਕਰ ਸਕਦਾ ਹੈ ਜੋ ਜੀਵਨ ਬਿਤਾਉਣਾ ਕੱਪੜੇ ਦੇ ਜੀਵਨ ਬਿਤਾਉਣ ਵਰਗਾ ਔਖਾ ਹੈ ਤੇ ਇਸੇ ਲਈ ਉਸ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣਾ ਸਾਰੇ ਸੰਸਾਰ ਲਈ, ਹਰ ਕਿਸੇ ਲਈ ਬਹੁਤ ਹੀ ਔਖਾ ਹੈ। ਜਿਵੇਂ ਪੁਰਾਣੇ ਕੱਪੜੇ ਨੂੰ ਅਸੀਂ ਸੂਈ ਧਾਗੇ ਨਾਲ ਸੀਂਦੇ ਹਾਂ ਪਰ ਉਹ ਕੁਛ ਹੀ ਦੇਰ ਚੱਲਦਾ ਹੈ ਭਾਵ ਬਹੁਤੀ ਦੇਰ ਨਹੀਂ ਚੱਲਦਾ ਤੇ ਫਿਰ ਪਾਟ ਜਾਂਦਾ ਹੈ। ਇਸੇ ਤਰ੍ਹਾਂ ਜੋ ਮਨੁੱਖ ਮਾੜੇ ਕਰਮ ਕਰ ਕੇ ਉਹਨਾਂ ਉੱਤੇ ਕੱਪੜਾ ਪਾਉਂਦੇ ਹਨ, ਉਹਨਾਂ ਨੂੰ ਢੱਕਣ ਦੀ ਕੋਸ਼ਿਸ਼ ਕਰਦੇ ਹਨ ਉਹ ਬਹੁਤੀ ਦੇਰ ਆਪਣੇ ਮਾੜੇ ਕਰਮਾਂ ਨੂੰ ਨਹੀਂ ਛੁਪਾ ਸਕਦੇ ਤੇ ਆਖੀਰ ਸੱਚ ਸਾਹਮਣੇ ਆ ਜਾਂਦਾ ਹੈ ਤੇ ਝੂਠ ਜਾਹਿਰ ਹੋ ਜਾਂਦਾ ਹੈ ਜਿਸ ਦੁਆਰਾ ਅਸੀਂ ਬਦਨਾਮ ਹੁੰਦੇ ਹਾਂ ਤੇ ਨਾ ਹੀ ਅਸੀਂ ਆਪਣੇ ਮਾੜੇ ਕਰਮਾਂ ਦੁਆਰਾ ਪ੍ਰਮਾਤਮਾ ਨੂੰ ਪ੍ਰਵਾਨ ਹੋ ਸਕਦੇ ਹਾਂ। **(ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ॥ ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ॥)**

ਝੂਠ ਦੀ ਬੁਨਿਆਦ ਨਹੀਂ ਹੁੰਦੀ। ਝੂਠ ਸਦਾ ਲਈ ਨਹੀਂ ਰਹਿ ਸਕਦਾ। ਝੂਠ ਆਖਰ ਪੁਰਾਣਾ ਹੋ ਜਾਂਦਾ ਹੈ ਭਾਵ ਝੂਠ ਨਾਲ ਕੀਤੀ ਹੋਈ ਗੱਲ ਸੱਚ ਦੁਆਰਾ ਪੁਰਾਣੀ ਹੋ ਜਾਂਦੀ ਹੈ ਭਾਵ ਝੂਠੀ ਗੱਲ ਦਾ ਵਜੂਦ ਖ਼ਤਮ ਹੋ ਜਾਂਦਾ ਹੈ ਤੇ ਪੁਰਾਣੇ ਕੱਪੜੇ ਦੀ ਤਰ੍ਹਾਂ ਖ਼ਤਮ ਹੋ ਜਾਂਦਾ ਹੈ। ਸਾਰੀ ਗੱਲ ਇਸ ਗੱਲ ਨੂੰ ਸਮਝਣ ਦੀ ਹੈ ਕਿ ਅਸੀਂ ਭਗਤੀ ਦਾ ਮਾਰਗ ਕਿਸਦੇ ਕੋਲੋਂ ਸਿੱਖਦੇ ਹਾਂ, ਨਾਮ ਜਪਣਾ ਕਿਸਦੇ ਕੋਲੋਂ ਸਮਝਦੇ ਹਾਂ। ਸੱਚ ਦੀ ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਤੋਂ ਇਲਾਵਾ ਜੇਕਰ ਕਿਸੇ ਕੋਲੋਂ ਵੀ ਸਮਝਾਂਗੇ ਤੇ ਫਿਰ ਉਹ ਝੂਠ ਭਾਵ ਉਸਦੀ ਝੂਠੀ ਸਮਝ, ਨਾ ਟਿਕਣ ਵਾਲੀ ਸਮਝ ਵਾਲੀ ਭਗਤੀ ਦਾ ਮਾਰਗ ਹੈ ਜੋ ਕਿ ਮਨ ਦੀ ਸਮਝ ਰੂਪ ਕੱਪੜੇ ਨੂੰ ਇਸ ਤਰੀਕੇ ਗੰਢਣ ਵਾਲੀ ਗੱਲ ਹੈ ਜੋ ਕਿ ਇੱਕ ਦਿਨ ਗੰਢੇ ਹੋਏ ਕੱਪੜੇ ਦੀ ਤਰ੍ਹਾਂ ਪਾਟ ਜਾਂਦਾ ਹੈ ਭਾਵ ਸਦਾ ਰਹਿਣ ਵਾਲੇ ਸੱਚ ਤੇ ਨਹੀਂ ਟਿਕੇਗਾ। ਝੂਠ ਨੂੰ ਪੁਰਾਣਾ ਕਰਨ ਵਾਲਾ ਸੱਚ ਹੈ ਭਾਵ ਸੱਚਾਈ ਸਾਹਮਣੇ

ਆਉਣ ਦੇ ਨਾਲ ਝੂਠ ਵਾਲੀ ਗੱਲ ਨੂੰ ਇੱਕ ਨਵਾਂ ਰੂਪ ਸੱਚ ਰੂਪ ਮਿਲ ਜਾਂਦਾ ਹੈ ਜੋ ਰੂਪ ਫਿਰ ਸਦਾ ਨਵਾਂ ਹੀ ਰਹਿੰਦਾ ਹੈ। ਸੱਚ ਨੂੰ ਫਿਰ ਕਦੇ ਬਦਲਿਆ ਨਹੀਂ ਜਾ ਸਕਦਾ ਭਾਵ ਸੱਚ ਦੀ ਗੱਲ ਨੂੰ ਕਦੇ ਪੁਰਾਣਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਜੋ ਹੈ ਹੀ ਸੱਚ ਉਸਨੇ ਸਦਾ ਸੱਚ ਹੀ ਰਹਿਣਾ ਹੈ।

ਗੁਰਬਾਣੀ ਪੂਰਨ ਸੱਚ ਹੈ ਭਾਵ ਉਸ ਵਿੱਚ ਪੂਰੇ ਦੇ ਪੂਰੇ ਸੱਚੇ ਬੋਲ ਹਨ ਜੋ ਕਦੇ ਪੁਰਾਣੇ ਨਹੀਂ ਹੋ ਸਕਦੇ, ਜੋ ਸਦਾ ਹੀ ਨਵੇਂ ਰਹਿਣ ਵਾਲੇ ਹਨ। ਇਹ ਬੋਲ ਕਦੇ ਬਿਨਸ ਨਹੀਂ ਸਕਦੇ, ਇਹ ਸਦਾ ਹੀ ਥਿਰ ਰਹਿਣ ਵਾਲੇ ਹਨ, ਅਡੋਲ ਰਹਿਣ ਵਾਲੇ ਹਨ, ਨਿਹਚਲੁ ਰਹਿਣ ਵਾਲੇ ਹਨ ਜਿੰਨ੍ਹਾਂ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ, ਜਿੰਨ੍ਹਾਂ ਨੂੰ ਕਦੇ ਝੂਠਾ ਸਾਬਿਤ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਾਨੂੰ ਆਪਣਾ ਸੱਚ ਸੁਣਾਇਆ ਹੋਇਆ ਹੈ ਤੇ ਇਸੇ ਲਈ ਗੁਰਬਾਣੀ ਵਿੱਚ ਪੂਰਨ ਸੱਚ ਹੈ। ਗੁਰਬਾਣੀ ਉਸ ਸਮੇਂ ਦੀ ਰਚਨਾ ਹੈ

20/2225

ਜਦੋਂ ਸੰਸਾਰ ਨੂੰ ਇਸ ਰਚਨਾ ਬਾਰੇ ਬਹੁਤ ਮਾਮੂਲੀ ਸੋਝੀ ਸੀ। ਗੁਰਬਾਣੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਬ੍ਰਹਿਮੰਡ ਵਿੱਚ ਸਭ ਕੁੱਝ ਘੁੰਮਣ ਵਿੱਚ ਹੀ ਹੈ ਤੇ ਸੂਰਜ ਆਦਿ ਸਭ ਘੁੰਮਣ ਵਿੱਚ ਹੀ ਹਨ ਤੇ ਸੂਰਜ ਤੋਂ ਵੱਡੇ ਹੋਰ ਵੀ ਅਨੇਕਾਂ ਹੀ ਸੂਰਜ ਹਨ ਤੇ ਬ੍ਰਹਿਮੰਡ ਦਾ ਕੋਈ ਅੰਤ ਨਹੀਂ ਹੈ। ਅੱਜ ਸਾਇੰਸ ਆਪ ਹੀ ਇਹਨਾਂ ਗੱਲਾਂ ਨੂੰ ਸੱਚ ਸਾਬਿਤ ਕਰ ਰਹੀ ਹੈ। ਕੁੱਝ ਸਮਾਂ ਪਹਿਲੇ ਤੱਕ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਘੁੰਮਦੀ ਹੈ ਤੇ ਸੂਰਜ ਥਿਰ ਹੈ ਤੇ ਹੁਣ ਸੱਚ ਸਾਹਮਣੇ ਆ ਗਿਆ ਹੈ ਤੇ ਸਾਡੀ ਝੂਠੀ ਧਾਰਨਾ ਬਿਨਸ ਗਈ ਹੈ, ਖਤਮ ਹੋ ਗਈ ਹੈ। ਸੱਚੀ ਗੱਲ ਕਦੇ ਬਿਨਸ ਨਹੀਂ ਸਕਦੀ। ਇਸੇ ਤਰ੍ਹਾਂ ਜਦੋਂ ਅਸੀਂ ਸੱਚ ਨਾਲ ਸੀਤੇ ਜਾਵਾਂਗੇ ਭਾਵ ਗੁਰੂ ਦੀ ਸੱਚੀ ਮਤਿ ਨਾਲ ਸੀਤੇ ਜਾਵਾਂਗੇ ਤਾਂ ਫਿਰ ਨਾ ਹੀ ਸਾਡੇ ਬੋਲ ਬਿਨਸ ਸਕਦੇ ਹਨ ਤੇ ਨਾ ਹੀ ਸਾਡਾ ਜੀਵਨ ਬਿਨਸ ਸਕਦਾ ਹੈ ਭਾਵ ਫਿਰ ਇਹ ਸਰੀਰ ਰੂਪ ਕੱਪੜਾ ਸੱਚ ਦੇ ਵਿੱਚ ਲੀਨ ਹੋ ਜਾਂਦਾ ਹੈ, ਅਮਰ ਹੋ ਜਾਂਦਾ ਹੈ। ਸਾਡੇ ਇਸ ਸਰੀਰ ਰੂਪ ਕੱਪੜੇ ਨੂੰ ਬਿਨਸਨ ਤੋਂ ਸਾਡੇ ਅੰਦਰ ਦਾ ਸੱਚ ਹੀ ਬਚਾਉਂਦਾ ਹੈ। ਜਿੰਨ੍ਹਾਂ ਅੰਦਰ ਪ੍ਰਮਾਤਮਾ ਦਾ ਸੱਚ ਵੱਸਿਆ ਹੋਇਆ ਹੈ ਉਹ ਅੱਜ ਵੀ ਜਿਉਂਦੇ ਹਨ ਭਾਵ ਆਪਣੇ ਸੱਚੇ ਬੋਲਾਂ ਦੁਆਰਾ ਜਿਉਂਦੇ ਹਨ। ਜਿੰਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਆਪਣੇ ਬਚਨਾਂ ਦੁਆਰਾ ਅੱਜ ਵੀ ਸਾਡੇ ਵਿੱਚ ਹਨ ਤੇ ਉਹਨਾਂ ਦੇ ਇਹ ਬਚਨ ਸਦਾ ਹੀ ਰਹਿਣ ਵਾਲੇ ਹਨ ਜੋ ਕਦੇ ਬਿਨਸ ਨਹੀਂ ਸਕਦੇ। ਸੱਚ ਨਾਲ ਸੀਤੀ ਹੋਈ ਗੱਲ, ਸੱਚ ਨਾਲ ਜੁੜੀ ਹੋਈ ਗੱਲ ਫਿਰ ਗੁਰੂ ਦੇ ਨਾਲ ਸੀਤੀ ਜਾਂਦੀ ਹੈ ਤੇ ਇਹੋ ਜਿਹਾ ਮਨੁੱਖ ਫਿਰ ਆਪਣੇ ਆਪ ਨੂੰ ਇਸ ਦੁਨੀਆਂ ਤੋਂ ਅਮਰ ਕਰਕੇ ਜਾਂਦਾ ਹੈ। ਜਿਸ ਦੇ ਅੰਦਰ ਸੱਚ ਵੱਸਦਾ ਹੈ, ਜੋ ਗੁਰੂ ਦੇ ਸੱਚ ਨਾਲ ਜੁੜਦਾ ਹੈ ਉਹ ਫਿਰ ਕੇਵਲ ਚੰਗੇ ਕਰਮ ਹੀ ਕਰਦਾ ਹੈ ਤੇ ਕੇਵਲ ਸੱਚ ਦੁਆਰਾ ਹੀ ਵਿਚਰਦਾ ਹੈ। **(ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥)**

"ਸਚੁ" ਹੀ ਪ੍ਰਮਾਤਮਾ ਆਪ ਹੈ, ਗੁਰੂ ਆਪ ਹੈ। ਸੱਚ ਦੇ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਾਲ ਜੁੜਨਾ ਹੈ। ਇਸੇ ਲਈ ਬਾਣੀ ਰਾਹੀਂ ਸਾਨੂੰ ਵਾਰ-ਵਾਰ ਸੱਚ ਜਪਣ ਲਈ ਸਮਝਾਇਆ ਹੈ ਭਾਵ ਨਾਮ ਜਪਣ ਲਈ ਸਮਝਾਇਆ ਹੈ। ਜੋ ਸੱਚ ਹੈ ਉਹੀ ਨਾਮ ਹੈ। ਜੇਕਰ ਅਸੀਂ ਉਸ ਪ੍ਰਮਾਤਮਾ ਨੂੰ ਪਾਉਣਾ ਹੈ, ਨਾਮ ਦੀ ਪ੍ਰਾਪਤੀ ਕਰਨੀ ਹੈ ਤਾਂ ਫਿਰ ਸਾਡੇ ਲਈ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਗੁਰੂ ਦੇ ਦੱਸੇ ਹੋਏ ਸੱਚ ਦੇ ਨਾਲ ਜੁੜੀਏ, ਉਸਦੇ ਦੱਸੇ ਹੋਏ ਨਾਮ ਨਾਲ ਜੁੜੀਏ ਭਾਵ ਉਸਦੀ ਸੱਚੀ ਮਤਿ ਨੂੰ ਆਪਣੇ ਅੰਦਰ ਵਸਾ ਕੇ ਉਹੋ ਜਿਹੇ ਸੱਚੇ-ਸੁੱਚੇ ਕਰਮ ਕਰੀਏ ਜਿਹੋ ਜਿਹੇ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਏ ਗਏ ਹਨ ਭਾਵ ਇਹ ਕੱਪੜੇ ਦੇ ਜੀਵਨ ਤੋਂ ਪ੍ਰੇਰਨਾ ਲੈ

20/2226

ਕੇ ਅਸੀਂ ਕੇਵਲ ਸੱਚ ਦੇ ਚੱਲੀਏ ਜਿਸ ਲਈ ਸਾਨੂੰ ਔਖਾ ਹੋਣਾ ਹੀ ਪੈਂਦਾ ਹੈ, ਮਾਇਆ ਮੋਹ ਛੱਡਣਾ ਹੀ ਪੈਂਦਾ ਹੈ। ਇਸੇ ਲਈ ਨਾਮ ਜਪਣਾ ਔਖਾ ਹੈ ਭਾਵ ਸੱਚ ਨੂੰ ਜਪਣਾ ਔਖਾ ਹੈ ਭਾਵ ਸੱਚ ਨੂੰ ਆਪਣੇ ਅੰਦਰ ਹਜ਼ਮ ਕਰਨਾ ਔਖਾ ਹੈ। ਪੂਰੀ ਗੁਰਬਾਣੀ ਵਿੱਚ ਇਹ ਸੱਚ ਦਾ ਭੋਜਨ ਹੀ ਹੈ, ਨਾਮ ਦਾ ਭੋਜਨ ਹੀ ਹੈ। ਜੋ ਇਸ ਗੁਰੂ ਦੀ ਮਤਿ ਦੇ ਭੋਜਨ ਨੂੰ ਛਕ ਕੇ ਹਜ਼ਮ ਕਰਦਾ ਹੈ, ਉਸੇ ਦਾ ਹੀ ਉਧਾਰ ਹੁੰਦਾ ਹੈ। **(ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥)** (ਅੰਗ ੧੪੨੯) {**ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥1॥ ਸੋ ਕਿਉ ਵਿਸਰੈ ਮੇਰੀ ਮਾਇ**

॥ ਸਾਚਾ ਸਾਹਿਬੁ ਸਾਚੈ ਨਾਇ ॥1॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥2॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥3॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥4॥3॥} (ਅੰਗ - 9-10)

ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਉਹ ਪ੍ਰਮਾਤਮਾ ਸੱਚ ਰੂਪ ਹੈ ਜਿਸ ਨੂੰ ਸੱਚ ਨਾਲ ਜੁੜ ਕੇ ਹੀ ਪਾਇਆ ਜਾ ਸਕਦਾ ਹੈ। ਸਾਨੂੰ ਤਦ ਤੱਕ ਸੱਚ ਨਾਲ ਜੁੜੇ ਰਹਿਣ ਲਈ ਕਿਹਾ ਹੈ, ਗੁਰੂ ਦੀ ਸੱਚੀ ਮਤਿ ਨਾਲ ਜੁੜੇ ਰਹਿਣ ਲਈ ਕਿਹਾ ਹੈ, ਤਦ ਤੱਕ ਸੱਚੀ ਗੁਰਮਤਿ ਨੂੰ ਆਪਣੇ ਅੰਦਰ ਜਪਣ ਲਈ ਕਿਹਾ ਹੈ, ਆਪਣੇ ਅੰਦਰ ਵਸਾਉਣ ਲਈ ਕਿਹਾ ਹੈ ਜਦ ਤੱਕ ਸਾਨੂੰ ਉਹ ਪ੍ਰਮਾਤਮਾ ਆਪਣੇ ਅੰਦਰੋਂ ਦਿੱਸ ਨਹੀਂ ਪੈਂਦਾ। ਸੱਚ ਤੇ ਚੱਲਣ ਦਾ ਸਾਨੂੰ ਦ੍ਰਿੜ ਵਿਸ਼ਵਾਸ ਕਰਨਾ ਸਮਝਾਇਆ ਹੈ ਕਿ ਅਸੀਂ ਕਦੇ ਸੱਚ ਦਾ ਲੜ ਨਾ ਛੱਡੀਏ ਤੇ ਉਸ ਸੱਚ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਇਸੇ ਤਰੀਕੇ ਹੀ ਹੋ ਸਕਦੀ ਹੈ। **(ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ॥੧॥)**

ਸਭ ਤੋਂ ਔਖਾ ਕੰਮ ਇਸ ਸੰਸਾਰ ਵਿੱਚ ਸੱਚ ਤੇ ਚੱਲਣਾ ਹੀ ਹੈ। ਸੱਚ ਤੇ ਚੱਲਣ ਲਈ ਇਸ ਸਰੀਰ ਨੂੰ ਵੀ ਕੁਰਬਾਨ ਕਰਨਾ ਪੈਂਦਾ ਹੈ। ਆਪਣਾ ਸੱਚ ਧਰਮ ਨਿਭਾਉਣ ਲਈ, ਪਰਉਪਕਾਰ ਕਰਨ ਲਈ ਧੰਨ ਧੰਨ ਨੌਵੀਂ ਪਾਤਸ਼ਾਹੀ ਨੇ ਹਿੰਦੂ ਜਗਤ ਦੀ ਰਾਖੀ ਲਈ ਆਪਣਾ ਸਰੀਰ ਵਾਰਿਆ ਹੈ ਤੇ ਸੱਚ ਦੀ ਰਾਖੀ ਲਈ ਹੀ ਅਨੇਕਾਂ ਨੇ ਕੁਰਬਾਨੀਆਂ ਦਿੱਤੀਆਂ ਹਨ। ਸੱਚ ਧਰਮ ਦੀ ਰਾਖੀ ਲਈ ਹੀ ਜਿੱਥੇ ਸਰਹੰਦ ਵਿਖੇ ਛੋਟੇ ਸਾਹਿਬਜਾਦਿਆਂ ਨੇ ਤੇ ਮਾਤਾ ਜੀ ਨੇ ਕੁਰਬਾਨੀ ਦਿੱਤੀ ਹੈ ਉੱਥੇ ਹੀ ਉਹਨਾਂ ਦੀ ਸੇਵਾ ਦਾ ਧਰਮ ਨਿਭਾਉਣ ਲਈ ਮੋਤੀ ਮਹਿਰੇ ਨੇ ਆਪਣੇ ਸਾਰੇ ਪਰਿਵਾਰ ਦੀ ਕੁਰਬਾਨੀ ਦਿੱਤੀ ਹੈ। ਇਹਨਾਂ ਨੇ ਸੱਚ ਤੇ ਹੀ ਚੱਲ ਕੇ ਦਿਖਾਇਆ ਹੈ। ਸੱਚ ਦੇ ਨਾਲ ਜੁੜਨਾ ਬਹੁਤ ਔਖਾ ਹੈ ਤੇ ਇਹੀ ਨਾਮ ਦੇ ਨਾਲ ਜੁੜਨਾ ਹੈ ਜੋ ਕਿ ਬਹੁਤ ਔਖਾ ਹੈ। ਸੱਚ ਤੇ ਚੱਲਣ ਲਈ ਸਾਨੂੰ ਸਭ ਤੋਂ ਪਹਿਲੇ ਆਪਣੇ ਘਰ ਦੇ ਵਿੱਚ ਹੀ ਸੱਚ ਨਾਲ ਜੂਝਣਾ ਪੈਂਦਾ ਹੈ ਕਿਉਂਕਿ ਸੱਚ ਨੂੰ ਅਪਣਾਉਣਾ ਸਭ ਲਈ ਔਖਾ ਹੈ। ਅਸੀਂ ਪਰਿਵਾਰਾਂ ਦੇ ਵਿੱਚ ਰਹਿੰਦੇ ਹਾਂ ਤੇ ਆਪਣੇ-ਆਪਣੇ ਪਰਿਵਾਰ ਨੂੰ ਪਾਲਣ ਦੀ ਜਿੰਮੇਦਾਰੀ ਵੀ ਸਾਡੀ ਹੁੰਦੀ ਹੈ। ਪਰਿਵਾਰ ਦੇ ਹਰ ਜੀਅ ਦੀ ਖੁਵਾਇਸ਼ ਹੁੰਦੀ ਹੈ ਭਾਵ ਅਨੇਕਾਂ ਖੁਵਾਇਸ਼ਾਂ ਹੁੰਦੀਆਂ ਹਨ ਜਿੰਨ੍ਹਾਂ ਨੂੰ ਪੂਰੀਆਂ ਕਰਨ ਦਾ ਜਿੰਮਾ ਪਰਿਵਾਰ ਨੂੰ ਪਾਲਣ ਵਾਲੇ ਦੇ ਸਿਰ ਦਿੱਤਾ ਜਾਂਦਾ ਹੈ। ਸਭ ਦੀਆਂ ਖੁਵਾਇਸ਼ਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਕਿਉਂਕਿ ਸੱਚ ਤੇ ਚੱਲ ਕੇ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਜਿਆਦਾ ਖੁਵਾਇਸ਼ਾਂ ਮਾਇਆ ਨਾਲ ਹੀ ਪੂਰੀਆਂ ਹੁੰਦੀਆਂ ਹਨ ਤੇ ਜਿਆਦਾ ਮਾਇਆ ਕਮਾਉਣ ਲਈ ਸੱਚ ਤੋਂ ਮੂੰਹ ਮੋੜਨਾ ਪੈਂਦਾ ਹੈ,

ਆਪਣੇ ਅੰਦਰੋਂ ਨਾਮ ਨੂੰ ਵਿਸਾਰਨਾ ਪੈਂਦਾ ਹੈ ਭਾਵ ਗੁਰੂ ਦੀ ਮਤਿ ਵਿਸਾਰਨੀ ਪੈਂਦੀ ਹੈ। ਮਾਇਆ ਮੋਹ ਵਿੱਚ ਫਸਣ ਦੀ ਪ੍ਰੇਰਨਾ ਘਰ ਦੇ ਵਿੱਚੋਂ ਹੀ ਮਿਲਦੀ ਹੈ, ਸੱਚ ਨੂੰ ਛੱਡਣ ਦੀ ਮਜ਼ਬੂਰੀ ਜਿਆਦਾਤਰ ਘਰ ਦੇ ਵਿੱਚੋਂ ਹੀ ਪੈਦਾ ਹੁੰਦੀ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਅਸੀਂ ਮਾਇਆ ਮੋਹ ਵਿੱਚ ਕਿਵੇਂ ਫਸਦੇ ਹਾਂ।

ਮਹਲਾ ੧॥

“ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ॥
ਉਦੋਸੀਅ ਘਰੇ ਹੀ ਵੁਠੀ ਕੁੜਿਣੀ ਰੰਨੀ ਧੰਮੀ॥
ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ॥
ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ॥੨੯॥
ਪਬਰ ਭੂੰ ਹਰੀਆਵਲਾ ਕਵਲਾ ਕੰਚਨ ਵੰਨਿ॥
ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥
ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥

ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥੩੦॥
ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥
ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ॥
ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ॥
ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ॥੩੧॥
ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ॥
ਗਲਾਂ ਕਰੇ ਘਣੇਰੀਆ ਤਾਂ ਅੰਨੇ ਪਵਣਾ ਖਾਤੀ ਟੋਵੈ॥੩੨॥
ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥੩੩॥"

(ਅੰਗ ੧੪੧੨)

ਸਾਨੂੰ ਮਾਇਆ ਮੋਹ ਦਾ ਉਤਸ਼ਾਹ ਘਰ ਦੇ ਵਿੱਚੋਂ ਹੀ ਮਿਲਦਾ ਹੈ ਭਾਵ ਘਰ ਦੀਆਂ ਜਰੂਰਤਾਂ ਪੂਰੀਆਂ ਕਰਨ ਦੇ ਲਈ ਹੀ ਆਉਂਦਾ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ॥
ਉਦੋਸੀਅ ਘਰੇ ਹੀ ਵੁਠੀ ਕੁੜਿਈਂ ਰੰਨੀ ਧੰਮੀ॥"

ਪਰਿਵਾਰ ਨੂੰ ਪਾਲਣ ਲਈ ਅਸੀਂ ਅਨੇਕਾਂ ਹੀ ਜਰੂਰਤਾਂ ਨੂੰ ਪੂਰਾ ਕਰਦੇ ਹਾਂ। "ਅੰਨੀ" ਤੋਂ ਭਾਵ ਹੈ ਅੰਨ ਦੀ ਭਾਵ ਦੁਨਿਆਵੀ ਪਦਾਰਥਾਂ ਦੀ ਜਿੰਨ੍ਹਾਂ ਦੀ ਸਾਨੂੰ ਹਰ ਰੋਜ ਲੋੜ ਪੈਂਦੀ ਹੈ, ਪਰਿਵਾਰ ਨੂੰ ਚਲਾਉਣ ਲਈ ਲੋੜ ਪੈਂਦੀ ਹੈ। ਹਰ ਕੋਈ ਇਹ ਚਾਹੁੰਦਾ ਹੈ ਕਿ ਪਦਾਰਥਾਂ ਦੀ ਤੋਟ ਨਾ ਆਵੇ ਭਾਵ ਕਿਸੇ ਚੀਜ਼ ਦੀ ਕਮੀ ਨਾ ਹੋਵੇ ਤੇ ਅਸੀਂ ਪਦਾਰਥਾਂ ਦੁਆਰਾ ਸੁੱਖ ਮਾਣੀਏ। ਇਹਨਾਂ ਪਦਾਰਥਾਂ ਦੀ ਪੂਰਤੀ ਲਈ ਸਾਨੂੰ ਮਾਇਆ ਦੀ ਲੋੜ ਹੈ। ਇਸ ਮਾਇਆ ਨੂੰ ਕਮਾਉਣ ਦਾ ਉਤਸ਼ਾਹ ਸਾਨੂੰ ਇਹਨਾਂ ਪਦਾਰਥਾਂ ਦੀ ਪ੍ਰਾਪਤੀ ਕਰਨ ਵਿੱਚ ਹੀ ਮਿਲਦਾ ਹੈ ਕਿ ਅਸੀਂ ਮਾਇਆ ਕਮਾ ਕੇ ਇਹਨਾਂ ਦੀ ਪੂਰਤੀ ਕਰੀਏ। ਸਾਡੇ ਅੰਦਰ ਮਾਇਆ ਕਮਾਉਣ ਦੇ ਉਤਸ਼ਾਹ ਦੀ ਨਿਸ਼ਾਨੀ ਇਹਨਾਂ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਕਰਨ ਦਾ ਹੀ ਹੈ। **(ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ॥)**

ਸਾਨੂੰ ਇਹ ਮਾਇਆ ਕਮਾਉਣ ਦਾ ਉਤਸ਼ਾਹ ਪਰਿਵਾਰ ਦੇ ਵਿੱਚੋਂ ਹੀ ਮਿਲਦਾ ਹੈ ਜਿਸ ਵਿੱਚ ਵੱਡਾ ਹੱਥ ਘਰ ਨੂੰ ਚਲਾਉਣ ਵਾਲੀਆਂ ਔਰਤਾਂ ਦਾ ਹੁੰਦਾ ਹੈ। ਮਾਇਆ ਕਮਾਉਣ ਦੀ ਜਿੰਮੇਦਾਰੀ ਜਿਆਦਾਤਰ ਬੰਦੇ ਦੇ ਸਿਰ ਤੇ ਹੀ ਹੁੰਦੀ ਹੈ ਤੇ ਘਰ ਦੇ ਵਿੱਚ ਘਰ ਦੀ ਸੰਭਾਲ, ਬੱਚਿਆਂ ਦੀ ਪਾਲਣਾ ਆਦਿ ਔਰਤਾਂ ਹੀ ਕਰਦੀਆਂ ਰਹੀਆਂ ਹਨ। ਅੱਜ ਕੱਲ ਔਰਤਾਂ ਵੀ ਕੰਮ ਕਾਰ ਵਿੱਚ ਹਿੱਸਾ ਲੈਣ ਲੱਗ ਪਈਆ ਹਨ ਪਰ ਪਿਛਲੇ ਸਮੇਂ ਵਿੱਚ ਘਰ ਦੀ ਸੰਭਾਲ ਦੀ ਜਿੰਮੇਦਾਰੀ ਔਰਤਾਂ ਦੀ ਹੀ ਰਹੀ ਹੈ। ਘਰ ਦੀਆਂ ਲੋੜਾਂ ਕਿੰਨੀਆਂ ਕੁ ਹੁੰਦੀਆਂ ਹਨ, ਬੱਚਿਆਂ ਦੀਆਂ ਲੋੜਾਂ ਕਿੰਨੀਆ ਕੁ ਹੁੰਦੀਆਂ ਹਨ ਇਹ ਘਰ ਦੀ ਔਰਤ ਬੰਦੇ ਨੂੰ ਸੁਣਾਉਂਦੀ ਰਹਿੰਦੀ ਹੈ ਭਾਵ ਘਰ ਦੀਆਂ ਜਰੂਰਤਾਂ ਦਾ ਰੌਲਾ ਬੰਦੇ ਅੱਗੇ ਪਾਉਂਦੀ ਰਹਿੰਦੀ ਹੈ ਭਾਵ ਉਸਨੂੰ ਮਾਇਆ ਕਮਾਉਣ ਦਾ ਉਤਸ਼ਾਹ ਪਾਉਂਦੀ ਰਹਿੰਦੀ ਹੈ। ਬੱਚੇ ਆਪਣੀਆਂ

ਜਰੂਰਤਾਂ ਦਾ ਰੌਲਾ ਵੀ ਪਾਉਂਦੇ ਹਨ ਜੋ ਕਿ ਮਾਇਆ ਕਮਾਉਣ ਲਈ ਸਾਡਾ ਉਤਸ਼ਾਹ ਹੋਰ ਵਧਾਉਂਦੇ ਹਨ। **(ਉਦੋਸੀਅ ਘਰੇ ਹੀ ਵੁਠੀ ਕੁੜਿਈਂ ਰੰਨੀ ਧੰਮੀ॥)** "**ਕੁੜਿੰਈ**" ਤੋਂ ਭਾਵ ਹੈ ਕੁੜੀਆਂ ਜਿੰਨ੍ਹਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਭਾਵ ਉਹਨਾਂ ਦੇ ਵਿਆਹ ਆਦਿ ਦੇ ਖਰਚੇ ਪੂਰੇ ਕਰਨ ਲਈ ਚਿੰਤਾ ਹੁੰਦੀ ਹੈ ਤੇ ਉਸ ਲਈ ਮਾਇਆ ਕਮਾਉਣ ਦਾ ਉਤਸ਼ਾਹ ਹੋਰ ਵੀ ਜਿਆਦਾ ਵੱਧ ਹੁੰਦਾ ਹੈ। ਇਹ ਸਾਡੇ ਸਮਾਜ ਦਾ ਦੁਨਿਆਵੀ ਸੱਚ ਹੈ ਜੋ ਕਿ ਭਾਵੇਂ ਸਮਾਜ ਦੀ, ਇੱਕ ਕੁਰਿਤੀ ਹੀ ਹੈ, ਸਮਾਜਿਕ ਬੁਰਾਈ ਹੀ ਹੈ ਜੋ ਕਿ ਦਾਜ ਦੀ ਪ੍ਰਥਾ ਨਾਲ ਜੁੜੀ ਹੋਈ ਹੈ।

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ॥

ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ॥੨੯॥”

ਘਰਾਂ ਦੇ ਵਿੱਚ ਔਰਤਾਂ ਅਕਸਰ ਜੋ ਕਲੇਸ਼ ਪਾਉਂਦੀਆਂ ਹਨ ਭਾਵ ਜਿਸ ਵਜ੍ਹਾ ਕਰਕੇ ਘਰ ਵਾਲੇ ਨਾਲ ਝਗੜਾ ਪਾਉਂਦੀਆਂ ਹਨ ਉਸਦੀ ਵਜ੍ਹਾ ਘਰ ਦੀਆਂ ਜਰੂਰਤਾਂ ਨਾ ਪੂਰੀਆਂ ਹੋਣ ਕਰਕੇ ਹੀ ਹੁੰਦਾ ਹੈ। ਇਹ ਜਰੂਰਤਾਂ ਪੂਰੀਆਂ ਕਰਨ ਦਾ ਜਿੰਮਾ ਸਾਡੇ ਸਮਾਜ ਵਿੱਚ ਘਰ ਦੇ ਮਰਦ ਦਾ ਹੀ ਹੁੰਦਾ ਹੈ ਜਿਵੇਂ ਕਿ ਇਹ ਪ੍ਰਥਾ ਸਦੀਆਂ ਤੋਂ ਚੱਲਦੀ ਆ ਰਹੀ ਹੈ ਤੇ ਹੁਣ ਇਸ ਵਿੱਚ ਕੁੱਝ ਤਬਦੀਲੀ ਆ ਰਹੀ ਹੈ ਤੇ ਘਰ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਵਿੱਚ ਔਰਤਾਂ ਵੀ ਆਪਣਾ ਯੋਗਦਾਨ ਵੱਧ ਚੜ੍ਹ ਕੇ ਪਾ ਰਹੀਆਂ ਹਨ ਤੇ ਮਰਦਾਂ ਦਾ ਇਸ ਕੰਮ ਵਿੱਚ ਪੂਰਾ ਹੱਥ ਵੰਡਾ ਰਹੀਆਂ ਹਨ, ਆਪਣੇ ਮਾਪਿਆਂ ਉੱਤੇ ਵੀ ਬੋਝ ਘਟਾ ਰਹੀਆਂ ਹਨ ਜੋ ਕਿ ਸਮਾਜ ਲਈ ਚੰਗੀ ਗੱਲ ਹੈ। ਇਸਦੇ ਨਾਲ ਘਰਾਂ ਦੇ ਕਲੇਸ਼ ਜੋ ਮਾਇਆ ਦੀ ਕਮੀ ਕਰਕੇ ਅਕਸਰ ਪੈਂਦੇ ਹਨ ਉਹਨਾਂ ਵਿੱਚ ਕਮੀ ਆ ਰਹੀ ਹੈ। ਮਾਇਆ ਸਭ ਨੂੰ ਪਿਆਰੀ ਲੱਗਦੀ ਹੈ ਤੇ ਸਾਡੀਆਂ ਜਰੂਰਤਾਂ ਵੀ ਵੱਧਦੀਆਂ ਜਾਂਦੀਆਂ ਹਨ।

ਜੋ ਘਰ ਦਾ ਮਰਦ ਜਿਸ ਦੀ ਜਿੰਮੇਦਾਰੀ ਘਰ ਦੀਆਂ ਜਰੂਰਤਾਂ ਪੂਰੀਆਂ ਕਰਨ ਦੀ ਹੈ ਅਗਰ ਉਹ ਸਭ ਦੀਆਂ ਜਰੂਰਤਾਂ ਪੂਰੀਆਂ ਨਹੀਂ ਕਰਦਾ ਭਾਵ ਅਗਰ ਉਹ ਘੱਟ ਮਾਇਆ ਕਮਾਉਂਦਾ ਹੈ ਤਾਂ ਫਿਰ ਘਰ ਵਿੱਚ ਇਹ ਝਗੜੇ ਦਾ ਕਾਰਨ ਬਣਦਾ ਹੈ, ਇਸ ਕਰਕੇ ਘਰ ਵਾਲੀ ਉਸਦੇ ਨਾਲ ਝਗੜਦੀ ਹੈ। ਮਾਇਆ ਨੂੰ ਕਮਾਉਣ ਦਾ ਅਸਲ ਤਰੀਕਾ ਸੱਚ ਤੇ ਚੱਲ ਕੇ ਕਮਾਉਣ ਦਾ ਹੈ ਭਾਵ ਸੱਚੀ ਸੁੱਚੀ ਕਿਰਤ ਕਰਕੇ ਕਮਾਉਣ ਦਾ ਹੈ ਜੋ ਮਨੁੱਖ ਸੱਚ ਤੇ ਚੱਲ ਕੇ ਮਾਇਆ ਕਮਾਉਂਦਾ ਹੈ ਫਿਰ ਉਸ ਨਾਲ ਇਹ ਜਰੂਰੀ ਨਹੀਂ ਕਿ ਉਹ ਸਭ ਦੀਆਂ ਜਰੂਰਤਾਂ ਪੂਰੀਆਂ ਕਰ ਸਕੇ। ਜਰੂਰਤਾਂ ਸਭ ਦੀਆਂ ਆਪਣੀਆਂ ਆਪਣੀਆਂ ਹੁੰਦੀਆ ਹਨ, ਸਭ ਦੀਆਂ ਆਪਣੀਆਂ ਆਪਣੀਆਂ ਖੁਵਾਇਸ਼ਾਂ ਹੁੰਦੀਆਂ ਹਨ ਜਿੰਨ੍ਹਾਂ ਦਾ ਕੋਈ ਅੰਤ ਨਹੀਂ ਹੈ। ਤ੍ਰਿਸ਼ਨਾ ਸਭ ਦੇ ਅੰਦਰ ਹੈ, ਮਾਇਆ ਮੋਹ ਸਭ ਦੇ ਅੰਦਰ ਹੈ, ਸਮਾਜਿਕ ਲੋਕਾਚਾਰ ਸਭ ਦੇ ਅੰਦਰ ਹੈ

20/2229

ਜੋ ਸਾਡੀਆਂ ਖੁਵਾਇਸ਼ਾਂ ਦਾ ਕਾਰਨ ਹੈ। ਸੱਚ ਦੇ ਉੱਪਰ ਚੱਲ ਕੇ ਅਸੀਂ ਮੇਚੇ ਦੀ ਮਾਇਆ ਹੀ ਕਮਾ ਸਕਦੇ ਹਾਂ, ਆਪਣੇ ਆਪ ਨੂੰ ਉਸ ਤਰੀਕੇ ਨਾਲ ਪਾਲ ਸਕਦੇ ਹਾਂ ਜਿਸ ਦੇ ਨਾਲ ਸਾਨੂੰ ਆਪਣੀਆਂ ਖੁਵਾਇਸ਼ਾਂ ਤੇ, ਤ੍ਰਿਸ਼ਨਾਵਾਂ ਤੇ ਲਗਾਮ ਰੱਖਣੀ ਪੈਂਦੀ ਹੈ ਭਾਵ ਉਹਨਾਂ ਨੂੰ ਕਾਬੂ ਵਿੱਚ ਰੱਖਣਾ ਪੈਂਦਾ ਹੈ। ਜਦੋਂ ਅਸੀਂ ਆਪਣੀ ਤ੍ਰਿਸ਼ਨਾ ਤੇ ਕਾਬੂ ਨਹੀਂ ਰੱਖ ਪਾਉਂਦੇ ਫਿਰ ਉਹ ਸਾਡੇ ਝਗੜੇ ਦਾ ਕਾਰਨ ਬਣਦੀ ਹੈ। ਇਸੇ ਲਈ ਮਨੁੱਖ ਦਾ ਸੱਚ ਤੇ ਚੱਲਣਾ ਬਹੁਤ ਔਖਾ ਹੈ ਕਿਉਂਕਿ ਇਹ ਘਰ ਦੇ ਵਿੱਚ ਝਗੜੇ ਦਾ ਕਾਰਨ ਬਣਦਾ ਹੈ ਭਾਵ ਥੋੜੀ ਮਾਇਆ ਦੀ ਕਮਾਈ, ਸੱਚ ਦੀ ਕਮਾਈ ਕਰਕੇ ਸਾਨੂੰ ਘਰ ਦੇ ਵਿੱਚ ਕਲੇਸ਼ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਲੇਸ਼ ਤੋਂ ਬਚਣ ਲਈ, ਪਰਿਵਾਰ ਦੀਆਂ ਜਰੂਰਤਾਂ ਪੂਰੀਆਂ ਕਰਨ ਦੇ ਲਈ, ਉਹਨਾਂ ਨੂੰ ਖੁਸ਼ ਰੱਖਣ ਦੇ ਲਈ ਫਿਰ ਮਨੁੱਖ ਝੂਠ ਦਾ ਆਸਰਾ ਲੈਂਦਾ ਹੈ, ਕੂੜੇ ਕਰਮ ਕਰਦਾ ਹੈ ਭਾਵ ਮਾੜੇ ਕਰਮ ਕਰਦਾ ਹੈ ਜਿਸਦੇ ਲਈ ਉਸਨੂੰ ਸੱਚ ਛੱਡਣਾ ਪੈਂਦਾ ਹੈ ਤੇ ਔਗੁਣਾਂ ਦਾ ਸਹਾਰਾ ਲੈਣਾ ਪੈਂਦਾ ਹੈ। **(ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ॥)** “**ਸਤੀ**” ਤੋਂ ਭਾਵ ਹੈ ਸੱਚ ਤੇ ਚੱਲ ਕੇ ਭਾਵ ਸੱਚ ਦੁਆਰਾ ਵਿਚਰ ਕੇ ਕਿਰਤ ਕਰਨੀ।

ਸੱਚ ਤੋਂ ਵੱਖਰਾ ਹੋ ਕੇ, ਨਾਮ ਤੋਂ ਵੱਖਰਾ ਹੋ ਕੇ ਭਾਵ ਨਾਮ ਨੂੰ ਵਿਸਾਰ ਕੇ ਮਨੁੱਖ ਮਾਇਆ ਤਾਂ ਇਕੱਠੀ ਕਰ ਲੈਂਦਾ ਹੈ ਭਾਵ ਮਾੜੇ ਕਰਮਾਂ ਦੁਆਰਾ ਮਾਇਆ ਤਾਂ ਕਮਾ ਲੈਂਦਾ ਹੈ ਪਰ ਉਸਦਾ ਲੇਖਾ ਵੀ ਦੇਣਾ ਪੈਂਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ॥੨੯॥”

ਆਪਣੇ ਪਰਿਵਾਰ ਦੀਆਂ ਖੁਵਾਇਸ਼ਾਂ ਪੂਰੀਆਂ ਕਰਨ ਲਈ, ਉਹਨਾਂ ਨੂੰ ਖੁਸ਼ ਕਰਨ ਲਈ ਜੋ ਅਸੀਂ ਮਾੜੇ ਕਰਮ ਕਰਦੇ ਹਾਂ, ਲੋਭ ਲਾਲਚ ਵਿੱਚ ਆ ਕੇ ਝੂਠ ਆਦਿ ਬੋਲਦੇ ਹਾਂ, ਕਿਸੇ ਦਾ ਹੱਕ ਖਾਂਦੇ ਹਾਂ, ਰਿਸ਼ਵਤ ਲੈਂਦੇ ਹਾਂ ਉਸਦਾ ਲੇਖਾ ਮਾੜੇ ਕਰਮ ਕਰਨ ਵਾਲੇ ਨੂੰ ਹੀ ਭੁਗਤਣਾ ਪੈਂਦਾ ਹੈ। ਜਿੰਨ੍ਹਾਂ ਨੂੰ ਅਸੀਂ ਮਾਇਆ ਲਿਆ ਕੇ ਦਿੰਦੇ ਹਾਂ ਭਾਵ ਘਰ ਵਿੱਚ ਲਿਆ ਕੇ ਦਿੰਦੇ ਹਾਂ ਲੇਖਾ ਉਹਨਾਂ ਨੇ ਨਹੀਂ ਦੇਣਾ, ਪ੍ਰਮਾਤਮਾ ਦੇ ਦਰ ਤੇ ਲੇਖਾ ਉਹਨਾਂ ਨੇ ਨਹੀਂ ਦੇਣਾ ਭਾਵ ਉਹ ਲੇਖਾ ਜੋ ਮਾੜੇ ਕਰਮ ਕਰਦਾ ਹੈ ਉਹਨਾਂ ਨੇ ਹੀ ਦੇਣਾ ਹੈ। **(ਜੋ ਲੇਵੈ ਸੋ ਦੇਵੈ ਨਾਹੀ)** ਲੇਖਾ ਉਸਨੇ ਹੀ ਦੇਣਾ ਹੈ ਜੋ ਮਾਇਆ ਨੂੰ ਖਟ ਕੇ ਲਿਆਉਂਦਾ ਹੈ, ਕਮਾ

ਕੇ ਲਿਆਉਂਦਾ ਹੈ। "ਦੰਮ" ਤੋਂ ਭਾਵ ਹੈ ਮਾਇਆ। ਇਹੋ ਜਿਹੀ ਮਾਇਆ ਖਟ ਕੇ ਭਾਵ ਮਾੜੇ ਕਰਮਾਂ ਦੁਆਰਾ ਮਾਇਆ ਨੂੰ ਖਟ ਕੇ ਉਹ ਆਪਣੇ ਆਪ ਨੂੰ ਸਹਿਮ ਵਿੱਚ ਪਾਉਂਦਾ ਹੈ ਭਾਵ ਲੇਖਾ

20/2230

ਭੁਗਤਣ ਦੇ ਡਰ ਵਿੱਚ ਪਾਉਂਦਾ ਹੈ, ਅੱਗੇ ਜਾ ਕੇ ਮਾੜੇ ਕਰਮਾਂ ਦੀਆਂ ਸਜ਼ਾਵਾਂ ਭੁਗਤਣ ਦੇ ਡਰ ਵਿੱਚ ਪਾਉਂਦਾ ਹੈ। ਮਾੜੇ ਕਰਮਾਂ ਦੀ ਸਜ਼ਾ ਭੁਗਤਣੀ ਹੀ ਪੈਂਦੀ ਹੈ ਜਿਵੇਂ ਕਿ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਬਾਣੀ ਵਿੱਚ ਸਮਝਾਇਆ ਹੋਇਆ ਹੈ ਤੇ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। **(ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ॥੨੯॥)**

ਉੱਪਰ ਵਾਲੀ ਪੰਗਤੀ ਦੇ ਭਾਵ ਨੂੰ ਸਮਝਣ ਲਈ ਦੂਸਰੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥੧॥ਰਹਾਉ॥"

(ਅੰਗ ੬੫੬)

ਉਪਰਲੀਆਂ ਪੰਗਤੀਆਂ ਦਾ ਭਾਵ ਬੜੀ ਅਸਾਨੀ ਨਾਲ ਸਮਝ ਆ ਰਿਹਾ ਹੈ ਜਿਸਨੂੰ ਕਿ ਹਰ ਕੋਈ ਸਮਝ ਸਕਦਾ ਹੈ। ਅਸੀਂ ਜੋ ਕਰਮ ਵੀ ਮਨ ਦੇ ਕਪਟ ਦੁਆਰਾ ਕਰਦੇ ਹਾਂ ਭਾਵ ਜੋ ਵੀ ਮਾੜਾ ਕਰਮ ਕਰਦੇ ਹਾਂ, ਕਿਸੇ ਦਾ ਹੱਕ ਖਾਂਦੇ ਹਾਂ ਉਸਨੂੰ ਭੁਗਤਣਾ ਵੀ ਪੈਣਾ ਹੀ ਹੈ। ਭਾਵੇਂ ਅਸੀਂ ਮਾੜੇ ਕਰਮ ਕਿਸੇ ਹੋਰ ਲਈ ਕਰਦੇ ਹਾਂ, ਆਪਣੇ ਪਰਿਵਾਰ ਲਈ ਕਰਦੇ ਹਾਂ, ਉਹਨਾਂ ਦੀਆਂ ਤ੍ਰਿਸ਼ਨਾਵਾਂ ਪੂਰੀਆਂ ਕਰਨ ਲਈ ਕਰਦੇ ਹਾਂ ਪਰ ਭੁਗਤਣਾ ਸਾਨੂੰ ਹੀ ਪੈਣਾ ਹੈ। ਇਸੇ ਲਈ ਸਾਨੂੰ ਸਮਝਾਇਆ ਹੈ ਕਿ ਭੁੱਲ ਕੇ ਵੀ ਕਿਸੇ ਨਾਲ ਕਪਟ ਨਾ ਕਰੋ, ਕਿਸੇ ਦਾ ਮਾੜਾ ਨਾ ਕਰੋ ਭਾਵ ਸੱਚ ਨੂੰ ਕਦੇ ਨਾ ਛੱਡੋ ਤੇ ਸਦਾ ਸੱਚ ਦੁਆਰਾ ਵਿਚਰੋ ਜਿਸ ਦੁਆਰਾ ਅਸੀਂ ਲੇਖੇ ਤੋਂ ਛੁੱਟ ਸਕਦੇ ਹਾਂ। ਲੇਖੇ ਵਿੱਚੋਂ ਸਾਨੂੰ ਨਾਮ ਨੇ ਹੀ ਛੁਡਾਣਾ ਹੈ ਪਰ ਜਦ ਤੱਕ ਸਾਨੂੰ ਨਾਮ ਦੀ ਸਮਝ ਹੀ ਨਹੀਂ ਅਸੀਂ ਲੇਖੇ ਵਿੱਚੋਂ ਨਹੀਂ ਛੁੱਟ ਸਕਦੇ। ਅਸੀਂ ਮਾੜੇ ਕਰਮ ਵੀ ਕਰੀ ਜਾਈਏ, ਸਾਰਾ ਦਿਨ ਦੁਕਾਨਾਂ ਤੇ ਬੈਠ ਕੇ ਝੂਠ ਵੀ ਬੋਲੀ ਜਾਈਏ, ਫੈਕਟਰੀਆਂ ਵਿੱਚ ਬੈਠੇ ਮਜ਼ਦੂਰਾਂ ਦਾ ਹੱਕ ਵੀ ਖਾਈ ਜਾਈਏ, ਅਸਲੀ ਦੀ ਜਗ੍ਹਾ ਨਕਲੀ ਸਮਾਨ ਵੀ ਵੇਚੀ ਜਾਈਏ ਤੇ ਹੋਰ ਵੀ ਅਨੇਕਾਂ ਮਾੜੇ ਕਰਮਾਂ ਦੁਆਰਾ ਮਾਇਆ ਕਮਾਈ ਜਾਈਏ ਪਰ ਇੱਕ ਅੱਖਰ ਦਾ ਜਪ ਕਰਕੇ ਇਹ ਸਮਝ ਲਈਏ ਕਿ ਅਸੀਂ ਲੇਖੇ ਵਿੱਚੋਂ ਨਿਕਲ ਜਾਵਾਂਗੇ ਕਿਉਂਕਿ ਅਸੀਂ ਨਾਮ ਰਸੀਏ ਹਾਂ ਤੇ ਫਿਰ ਅਸੀਂ ਕਿਤਨੇ ਕੁ ਭੁੱਲੇ ਹੋਏ ਹਾਂ ਇਸ ਦਾ ਅੰਦਾਜ਼ਾ ਆਪ ਹੀ ਲਗਾ ਲਵੋ। ਲੇਖੇ ਦੇ ਵਿੱਚੋਂ ਤਾਂ ਅਸੀਂ ਤਾਂ ਹੀ ਬਚ ਸਕਦੇ ਹਾਂ ਜੇਕਰ ਭੁੱਲ ਕੇ ਵੀ ਕੋਈ ਮਾੜਾ ਕਰਮ ਨਾ ਕਰੀਏ, ਭੁੱਲ ਕੇ ਵੀ ਕਿਸੇ ਦਾ ਨੁਕਸਾਨ ਨਾ ਕਰੀਏ ਤੇ ਇਹੀ ਅਸਲ ਵਿੱਚ

20/2231

ਨਾਮ ਜਪਣਾ ਦਾ ਤਰੀਕਾ ਹੈ ਜੋ ਸਾਨੂੰ ਬਾਣੀ ਵਾਰ-ਵਾਰ ਸਮਝਾ ਰਹੀ ਹੈ।

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥}

(ਅੰਗ ੪੯੧)

ਗੁਰੂ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੀ ਹੈ, ਸਾਡੇ ਮਾੜੇ ਕਰਮ ਹੀ ਹਨ। ਮਾੜੇ ਕਰਮ ਕਰਨ ਦੁਆਰਾ ਮਾਇਆ ਦੀ ਪ੍ਰਾਪਤੀ ਅਸੀਂ ਆਪਣੇ ਸੁੱਖ ਲਈ ਕਰਦੇ ਹਾਂ ਪਰ ਗੁਰੂ ਪ੍ਰਮਾਤਮਾ ਨੂੰ ਇਹ ਸਭ ਕੁੱਝ ਨਹੀਂ ਭਾਉਂਦਾ ਤੇ ਅਸੀਂ ਆਪਣੇ ਮਾੜੇ ਕਰਮਾਂ ਦੁਆਰਾ ਗੁਰੂ ਨੂੰ ਦੁੱਖ ਪਹੁੰਚਾਉਂਦੇ ਹਾਂ। ਗੁਰੂ ਨੂੰ ਕੇਵਲ ਸਾਡਾ ਸੱਚ ਦੁਆਰਾ ਵਿਚਰਨਾ ਹੀ ਚੰਗਾ ਲੱਗਦਾ ਹੈ, ਨਾਮ ਦੁਆਰਾ ਵਿਚਰਨਾ ਹੀ ਚੰਗਾ ਲੱਗਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਪਬਰ ਭੂੰ ਹਰੀਆਵਲਾ ਕਵਲਾ ਕੰਚਨ ਵੰਨਿ॥
ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥"

"ਪਬਰ" ਸਰੋਵਰ ਨੂੰ ਕਹਿੰਦੇ ਹਨ ਤੇ ਉਪਰਲੀਆਂ ਪੰਗਤੀਆਂ ਰਾਹੀਂ ਸਾਡੇ ਮਨ ਨੂੰ ਸਰੋਵਰ ਕਹਿ ਕੇ ਸੰਬੋਧਨ ਕੀਤਾ ਹੈ ਜਿਸ

ਦੇ ਵਿੱਚ ਸੋਨੇ ਵਰਗੇ ਕਮਲ ਖਿੜ ਸਕਦੇ ਹਨ ਜਿਸ ਦੁਆਰਾ ਇਹ ਮਨ ਰੂਪ ਸਰੋਵਰ ਹਰਾ ਭਰਾ ਹੋ ਸਕਦਾ ਹੈ ਭਾਵ ਉਸ ਪ੍ਰਮਾਤਮਾ ਦਾ ਰੂਪ ਬਣ ਸਕਦਾ ਹੈ ਭਾਵ ਉਸ ਪ੍ਰਮਾਤਮਾ ਦੇ ਨਾਲ ਮਿਲ ਸਕਦਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਉਸ ਦੇ ਨਾਲ ਮੇਲ ਸੱਚ ਦੀ ਅਵੱਸਥਾ ਵਿੱਚ ਹੁੰਦਾ ਹੈ ਭਾਵ ਸੱਚ ਤੇ ਚੱਲਣ ਦੁਆਰਾ ਹੁੰਦਾ ਹੈ, ਨਾਮ ਤੇ ਚੱਲਣ ਦੁਆਰਾ ਹੁੰਦਾ ਹੈ। ਸਾਡੇ ਅੰਦਰ ਦਾ ਮਾਇਆ ਮੋਹ, ਮਾਇਆ ਦੀ ਭੁੱਖ ਸਾਨੂੰ ਸੱਚ ਤੇ ਚੱਲਣ ਨਹੀਂ ਦਿੰਦੀ। ਸਾਡਾ ਮਨ ਰੂਪ ਸਰੋਵਰ ਇਸੇ ਦੁੱਖ ਕਰਕੇ ਹੀ ਸੁੱਕਿਆ ਪਿਆ ਹੈ ਜਿਸ ਕਰਕੇ ਉਸਨੇ ਸਾਡੇ ਜੀਵਨ ਨੂੰ ਸਾੜਿਆ ਹੋਇਆ ਹੈ, ਸਾਡੇ ਜੀਵਨ ਨੂੰ ਕਾਲਾ ਕੀਤਾ ਹੋਇਆ ਹੈ। **(ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥ ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥)** "ਭੰਗੁ" ਤੋਂ ਭਾਵ ਹੈ ਤੋਟਿ ਭਾਵ ਕਮੀ ਭਾਵ ਸਾਡੇ ਅੰਦਰ ਕਮਲ ਨਾ ਖਿੜਨ ਦੀ ਵਜ੍ਹਾ ਜਿਸ ਕਰਕੇ ਅਸੀਂ ਗੁਰੂ ਪ੍ਰਮਾਤਮਾ ਦੇ ਦੋਖੀ ਹਾਂ, ਜਿਸ ਕਰਕੇ ਸਾਡਾ ਜੀਵਨ ਸੜਿਆ ਹੋਇਆ ਹੈ। ਸਾਡੇ ਅੰਦਰ ਇਹ ਕਮੀ ਕਿਸ ਰੂਪ ਵਿੱਚ ਹੈ, ਤੋਟਿ ਕਿਸ ਗੱਲ ਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥ ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥੩੦॥"

ਸਰੋਵਰ ਦੇ ਸੁੱਕਣ ਦਾ ਕਾਰਨ ਉਸਦੇ ਅੰਦਰ ਪਾਣੀ ਦਾ ਨਾ ਹੋਣਾ ਹੈ, ਜਲ ਦਾ ਨਾ ਹੋਣਾ ਹੈ ਜਿਸ ਕਰਕੇ ਉਸਦੇ ਅੰਦਰ ਕਮਲ ਨਹੀਂ ਖਿੜ ਸਕਦੇ। ਸਾਡੇ ਮਨ ਰੂਪ ਸਰੋਵਰ ਦੇ ਅੰਦਰ ਕਮਲ ਨਾ ਖਿੜਨ ਦੀ ਵਜ੍ਹਾ, ਕਮਲ ਦਾ ਪਰਗਾਸ ਨਾ ਹੋਣ ਦੀ ਵਜ੍ਹਾ ਸਾਡੇ ਅੰਦਰ ਜਲ ਨਾ ਹੋਣਾ ਹੀ ਹੈ ਜਿਸ ਦੁਆਰਾ ਸਾਡਾ

ਮਨ ਰੂਪ ਸਰੋਵਰ ਸੁੱਕਾ ਹੋਇਆ ਹੈ। ਸਾਡੇ ਮਨ ਦੇ ਵਿੱਚ ਕੇਵਲ ਵਿਚਾਰ ਹੀ ਉਪਜਦੇ ਹਨ ਜਿਸ ਦੁਆਰਾ ਸਾਨੂੰ ਸੋਝੀ ਪੈਂਦੀ ਹੈ। ਸਾਡਾ ਮਨ ਗਿਆਨ ਦਾ ਸਰੋਵਰ ਹੈ ਜਿੱਥੋਂ ਸਾਨੂੰ ਸਾਰੀ ਸੋਝੀ ਮਿਲਦੀ ਹੈ ਤੇ ਉੱਥੇ ਹੀ ਸਾਡੀ ਸੋਝੀ ਵੱਸਦੀ ਹੈ। ਫਰਕ ਕੇਵਲ ਇਸ ਗੱਲ ਦਾ ਹੈ ਕਿ ਸਾਡੇ ਅੰਦਰ ਸੋਝੀ ਕਿਹੋ ਜਿਹੀ ਹੈ ਜਿਸ ਸੋਝੀ ਦੁਆਰਾ ਅਸੀਂ ਵਿਚਰਦੇ ਹਾਂ। ਮਾਇਆ ਮੋਹ ਵੀ ਸਾਡੀ ਸੋਝੀ ਹੈ ਜੋ ਸਾਨੂੰ ਤ੍ਰਿਸ਼ਨਾ ਵਿੱਚ ਪਾਉਂਦੀ ਹੈ ਤੇ ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਵੀ ਸਾਡੇ ਮਨ ਦੀ ਸੋਝੀ ਹੀ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ, ਮਾੜੇ ਵਿਚਾਰਾਂ ਵਿੱਚ ਫਸੇ ਹੋਏ ਹਾਂ ਤਦ ਤੱਕ ਸਾਡੇ ਵਿਚਾਰਾਂ ਵਿੱਚੋਂ ਸੱਚ ਰੂਪ ਜਲ ਸੁੱਕਿਆ ਹੋਇਆ ਹੈ, ਸਾਡੀ ਸੱਚ ਦੇ ਨਾਲੋਂ ਸੋਝੀ ਹਟੀ ਹੋਈ ਹੈ।

ਇਸ ਸੱਚ ਰੂਪ ਜਲ ਨੂੰ ਅਸੀਂ ਜਾਣਦੇ ਹਾਂ ਕਿ ਸੱਚ ਕੀ ਹੈ। ਜਦੋਂ ਵੀ ਅਸੀਂ ਕੋਈ ਮਾੜਾ ਕਰਮ ਕਰਦੇ ਹਾਂ ਅਸੀਂ ਜਾਣਦੇ ਹਾਂ ਕਿ ਇਹ ਗਲਤ ਹੈ ਭਾਵ ਇਹ ਸੱਚ ਨਹੀਂ ਹੈ। ਅਸੀਂ ਸੱਚ ਨੂੰ ਸਮਝਦੇ ਹੋਏ ਵੀ ਉਸ ਤੋਂ ਮੂੰਹ ਮੋੜ ਕੇ ਮਾੜੇ ਕਰਮ ਕਰਦੇ ਹਾਂ। ਝੂਠ ਬੋਲਣ ਵਾਲੇ ਨੂੰ ਪਤਾ ਹੁੰਦਾ ਹੈ ਕਿ ਮੈਂ ਝੂਠ ਬੋਲ ਕੇ ਕਿਸੇ ਦਾ ਮਾੜਾ ਕਰ ਰਿਹਾ ਹਾਂ ਤੇ ਆਪਣਾ ਨਜ਼ਾਇਜ਼ ਫਾਇਦਾ ਕਰ ਰਿਹਾ ਹਾਂ ਪਰ ਫਿਰ ਵੀ ਉਹ ਕਰਦਾ ਹੈ, ਇਹ ਮਾਇਆ ਮੋਹ ਹੈ। ਰਿਸ਼ਵਤ ਲੈਣ ਵਾਲੇ ਨੂੰ ਇਸ ਗੱਲ ਦੀ ਸੋਝੀ ਹੈ ਕਿ ਇਹ ਮਾੜਾ ਕੰਮ ਹੈ ਪਰ ਫਿਰ ਵੀ ਉਹ ਕਰਦਾ ਹੈ, ਇਹ ਮਾਇਆ ਮੋਹ ਹੈ। ਸੱਚ ਝੂਠ ਦੀ ਸੋਝੀ ਪ੍ਰਮਾਤਮਾ ਨੇ ਸਭ ਵਿੱਚ ਪਾਈ ਹੋਈ ਹੈ ਪਰ ਫਿਰ ਵੀ ਅਸੀਂ ਸੱਚ ਦੇ ਉਲਟ ਚੱਲ ਕੇ ਮਾੜੇ ਕਰਮ ਕਰਦੇ ਹਾਂ। ਅਸੀਂ ਇਸ ਸੱਚ ਰੂਪ ਜਲ ਨੂੰ ਜਾਣਦੇ ਹੋਏ ਵੀ ਇਸ ਨੂੰ ਲੈਣਾ ਨਹੀਂ ਚਾਹੁੰਦੇ ਕਿਉਂਕਿ ਮਾਇਆ ਮੋਹ ਛੱਡਣਾ ਬਹੁਤ ਔਖਾ ਹੈ। ਇਸ ਜਲ ਦੇ ਸਾਡੇ ਅੰਦਰ ਨਾ ਹੋਣ ਕਰਕੇ ਹੀ ਸਾਡਾ ਮਨ ਰੂਪ ਸਰੋਵਰ ਸੁੱਕਿਆ ਰਹਿੰਦਾ ਹੈ ਭਾਵ ਉਸ ਦੇ ਵਿੱਚੋਂ ਸੱਚ ਸੁੱਕਿਆ ਰਹਿੰਦਾ ਹੈ। ਅਸੀਂ ਮੇਲ ਪ੍ਰਮਾਤਮਾ ਦੇ ਨਾਲ ਹੀ ਕਰਨਾ ਚਾਹੁੰਦੇ ਹਾਂ ਤੇ ਪ੍ਰਮਾਤਮਾ ਆਪ ਸੱਚ ਰੂਪ ਹੈ ਜੋ ਕਿ ਸਾਡੇ ਅੰਦਰ ਹੀ ਵੱਸਦਾ ਹੈ ਭਾਵ ਮਨ ਦੇ ਵਿੱਚ ਹੀ ਹੈ। ਉਸ ਸੱਚ ਰੂਪ ਪ੍ਰਮਾਤਮਾ ਦਾ ਸੰਗ ਕਰਨ ਲਈ ਸਾਡਾ ਸੱਚ ਤੇ ਚੱਲਣਾ ਜਰੂਰੀ ਹੈ ਪਰ ਮਾਇਆ ਮੋਹ ਵਿੱਚ ਫਸ ਕੇ ਅਸੀਂ ਸੱਚ ਨੂੰ ਕਬੂਲ ਕਰਨ ਤੋਂ ਦੂਰ ਰਹਿੰਦੇ ਹਾਂ ਤੇ ਇਹੀ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਹੈ ਜਿਸ ਕਰਕੇ ਅਸੀਂ ਉਸ ਨੂੰ ਪਾ ਨਹੀਂ ਸਕਦੇ। **(ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥)**

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥

ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥}

(ਅੰਗ ੧੩੭੬)

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥}

(ਅੰਗ ੪੬੮)

20/2233

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਇਹ ਜਲ ਹੀ ਭਰਿਆ ਹੋਇਆ ਹੈ ਭਾਵ ਸੱਚ ਰੂਪ ਜਲ ਹੀ ਭਰਿਆ ਹੋਇਆ ਹੈ, ਆਪਣਾ ਸੱਚਾ ਗਿਆਨ ਹੀ ਭਰਿਆ ਹੈ ਜਿਸ ਦੁਆਰਾ ਸੰਸਾਰ ਨੂੰ ਪੂਰਨ ਸੱਚ ਦੀ ਸੋਝੀ ਪਾਈ ਹੋਈ ਹੈ। ਪੂਰੀ ਗੁਰਬਾਣੀ ਅੰਮ੍ਰਿਤ ਦਾ ਸਰੋਵਰ ਹੈ, ਗਿਆਨ ਦਾ ਸਰੋਵਰ ਹੈ, ਬ੍ਰਹਮ ਗਿਆਨ ਦਾ ਸਰੋਵਰ ਹੈ। ਇਹ ਅੰਮ੍ਰਿਤ ਜਲ ਸੱਚੀ ਸੋਝੀ ਦੇ ਰੂਪ ਵਿੱਚ ਹੈ ਜਿਸ ਨੂੰ ਅਸੀਂ ਆਪਣੇ ਮਨ ਦੇ ਵਿੱਚ ਵਸਾਉਣਾ ਹੈ। ਇਹ ਸੱਚੀ ਸੋਝੀ ਦੇ ਨਾ ਹੋਣ ਕਰਕੇ ਹੀ ਭਾਵ ਇਸ ਜਲ ਦੇ ਸਾਡੇ ਅੰਦਰ ਨਾ ਵੱਸਣ ਕਰਕੇ ਹੀ ਸਾਡਾ ਮਨ ਰੂਪ ਸਰੋਵਰ ਸੁੱਕਿਆ ਹੋਇਆ ਹੈ। ਇਹ ਸਾਡਾ ਸਰੋਵਰ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਹਰਿਆ ਹੁੰਦਾ ਹੈ, ਇਸ ਵਿੱਚ ਫੁੱਲ ਖਿੜ੍ਹਦੇ ਹਨ, ਕਮਲ ਖਿੜ੍ਹਦਾ ਹੈ। ਮਨ ਦੀ ਮਾੜੀ ਸੋਝੀ ਕਰਕੇ ਇਹ ਸਰੋਵਰ ਸੁੱਕਾ ਹੋਇਆ ਹੈ ਤੇ ਮਨ ਦੀ ਸੱਚੀ ਸੋਝੀ ਦੁਆਰਾ ਭਾਵ ਗੁਰਮਤਿ ਦੀ ਸੱਚੀ ਸੋਝੀ ਇਸ ਵਿੱਚ ਵੱਸਣ ਦੁਆਰਾ ਇਸ ਵਿੱਚ ਹਰਿਆਵਲ ਆਉਂਦੀ ਹੈ। ਇਹ ਹਰਿਆਵਲ ਸੱਚੇ ਵਿਚਾਰਾਂ ਦੀ ਹਰਿਆਵਲ ਹੈ ਜੋ ਸਾਨੂੰ ਮਾੜੇ ਵਿਚਾਰਾਂ ਵਿੱਚੋਂ ਕੱਢਦੀ ਹੈ, ਮਾਇਆ ਮੋਹ ਵਿੱਚੋਂ ਕੱਢਦੀ ਹੈ, ਮਨਮਤਿ ਵਿੱਚੋਂ, ਹਉਮੈ ਵਿੱਚੋਂ ਕੱਢਦੀ ਹੈ ਤੇ ਸਾਨੂੰ ਸੱਚ ਦੇ ਨਾਲ ਜੋੜਦੀ ਹੈ। ਇਸ ਗੱਲ ਨੂੰ ਦੂਸਰੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥}

(ਅੰਗ ੮੪੯)

ਮਨ ਦੇ ਵਿੱਚ ਅਗਿਆਨਤਾ ਦੇ ਹਨੇਰੇ ਕਰਕੇ ਸਾਡੇ ਮਨ ਦਾ ਬਾਗ ਸੁੱਕਿਆ ਪਿਆ ਹੈ ਤੇ ਇਹ ਹਰਾ ਕੇਵਲ ਗੁਰੂ ਦੀ ਸੱਚੀ ਮਤਿ ਵੱਸਣ ਦੁਆਰਾ ਹੀ ਹੁੰਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦਾ ਹੈ। ਮਨ ਦੇ ਵਿੱਚ ਇਸ ਗਿਆਨ ਦੇ ਪ੍ਰਕਾਸ਼ ਦੁਆਰਾ ਸਾਨੂੰ ਸੱਚ ਦੀ ਸੋਝੀ ਹੀ ਪੈਂਦੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਵੱਸਿਆ ਹੋਇਆ ਹੈ। ਆਪਣੇ ਪੂਰਨ ਸੱਚ ਦੀ ਸੋਝੀ ਮਨ ਦੇ ਵਿੱਚ ਸੱਚ ਰੂਪ ਪ੍ਰਮਾਤਮਾ, ਉਹ ਬ੍ਰਹਮ ਗਿਆਨ ਰੂਪ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਸਾਡਾ ਕੇਵਲ ਉੱਦਮ ਸੱਚ ਦੇ ਨਾਲ ਜੁੜਨ ਦਾ ਹੋਣਾ ਚਾਹੀਦਾ ਹੈ। ਸੱਚ ਝੂਠ ਦੀ ਸੋਝੀ ਪ੍ਰਮਾਤਮਾ ਨੇ ਸਭ ਨੂੰ ਭਾਵ ਚੰਗੇ ਮਾੜੇ ਕਰਮਾਂ ਦੀ ਸੋਝੀ ਪ੍ਰਮਾਤਮਾ ਨੇ ਸਭ ਨੂੰ ਪਾਈ ਹੋਈ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ। ਪੂਰੀ ਗੁਰਬਾਣੀ ਰਾਹੀਂ, ਧਰਮ ਗ੍ਰੰਥਾਂ ਰਾਹੀਂ ਸਾਨੂੰ ਸੱਚ ਦੇ ਨਾਲ ਜੁੜਨ ਦਾ ਹੀ ਉਪਦੇਸ਼ ਦਿੱਤਾ ਹੋਇਆ ਹੈ ਜਿਸ ਦੇ ਨਾਲ ਜੁੜ ਕੇ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹੀ ਪ੍ਰਾਪਤ ਕਰ ਸਕਦੇ ਹਾਂ। ਮਾਇਆ ਕਮਾਉਣ ਦਾ ਉਤਸ਼ਾਹ ਸਭ ਦੇ ਵਿੱਚ ਹੈ, ਮਾਇਆ ਦੀ ਪ੍ਰਾਪਤੀ ਨਾਲ ਸਭ ਨੂੰ ਖੁਸ਼ੀ

20/2234

ਮਿਲਦੀ ਹੈ ਪਰ ਸੱਚ ਦੁਆਰਾ ਚੱਲਣ ਤੋਂ ਬਾਅਦ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਡਿੱਠਣ ਦੀ ਖੁਸ਼ੀ ਹੁੰਦੀ ਹੈ ਭਾਵ ਉਸਦੇ ਨਾਲ ਮੇਲ ਦੀ ਜੋ ਖੁਸ਼ੀ ਹੁੰਦੀ ਹੈ ਉਹ ਖੁਸ਼ੀ ਮਾਇਆ ਦੀ ਖੁਸ਼ੀ ਤੋਂ ਬਹੁਤ ਵੱਡੀ ਖੁਸ਼ੀ ਹੈ, ਬਹੁਤ ਉੱਚੀ ਖੁਸ਼ੀ ਹੈ ਭਾਵ ਸਾਨੂੰ ਉਹੋ ਜਿਹੀ ਖੁਸ਼ੀ ਪ੍ਰਾਪਤ ਕਰਨ ਦਾ ਉੱਦਮ ਕਰਨਾ ਚਾਹੀਦਾ ਹੈ।

(ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥ ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥੩੦॥)

ਗੁਰੂ ਦਾ ਸੱਚਾ ਗਿਆਨ ਮਿਲੇ ਬਿਨ੍ਹਾਂ, ਗੁਰੂ ਦੀ ਸੱਚੀ ਮਤਿ ਸਾਡੇ ਅੰਦਰ ਵੱਸੇ ਬਿਨ੍ਹਾਂ ਅਸੀਂ ਮਾਇਆ ਮੋਹ ਵਿੱਚੋਂ ਨਹੀਂ ਨਿਕਲ ਸਕਦੇ ਤੇ ਮਾਇਆ ਦੀ ਤ੍ਰਿਸ਼ਨਾ ਵਿੱਚ ਹੀ ਰਹਿੰਦੇ ਹਾਂ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ

ਹੋਈ ਹੈ।

“ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥

ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ॥

ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ॥

ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ॥੩੧॥”

ਅਸੀਂ ਕਿਹੋ ਜਿਹਾ ਜੀਵਨ ਜਿਉਂਦੇ ਹਾਂ ਇਹ ਸਾਡੇ ਮਨ ਦੀ ਸੋਝੀ ਤੇ ਨਿਰਭਰ ਕਰਦਾ ਹੈ। ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਉਹੋ ਜਿਹਾ ਚੰਗਾ ਜੀਵਨ ਨਹੀਂ ਜੀ ਸਕਦੇ ਜੋ ਇਸ ਸੰਸਾਰ ਲਈ ਚੰਗਾ ਹੈ। ਇਸ ਮਾਇਆ ਮੋਹ ਦੀ ਭੁੱਖ ਉਤਰੇ ਬਿਨ੍ਹਾਂ ਅਸੀਂ ਚੰਗਾ ਜੀਵਨ ਨਹੀਂ ਜੀ ਸਕਦੇ। ਚੰਗਾ ਜੀਵਨ ਜੀਏ ਬਿਨ੍ਹਾਂ ਭਾਵ ਮਾਇਆ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਦੇ ਨਾਲ ਨਹੀਂ ਮਿਲ ਸਕਦੇ, ਸਾਡੀ ਉਸ ਪ੍ਰਮਾਤਮਾ ਤੱਕ ਪਹੁੰਚ ਨਹੀਂ ਹੋ ਸਕਦੀ। ਨਾ ਹੀ ਇਹ ਕਿਸੇ ਦਾ ਮਾਇਆ ਮੋਹ ਖ਼ਤਮ ਹੁੰਦਾ ਹੈ ਭਾਵ ਨਾ ਹੀ ਕੋਈ ਮਾਇਆ ਮੋਹ ਤੋਂ ਰੱਜਦਾ ਹੈ ਤੇ ਨਾ ਹੀ ਕੋਈ ਸੱਚਾ ਜੀਵਨ ਜਿਉਂ ਸਕਦਾ ਹੈ ਤੇ ਇਸੇ ਲਈ ਅਸੀਂ ਪ੍ਰਮਾਤਮਾ ਦੇ ਨਾਲ ਆਪਣੀ ਪਹੁੰਚ ਤੋਂ ਦੂਰ ਹੀ ਰਹਿੰਦੇ ਹਾਂ ਤੇ ਸੰਸਾਰ ਵਿੱਚੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ, ਭਰਮ ਵਿੱਚ ਹੀ ਭਾਵ ਆਪਣੀ ਮੈਂ ਵਿੱਚ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹੀ ਸੰਸਾਰ ਤੋਂ ਚਲੇ ਜਾਂਦੇ ਹਾਂ। **(ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥)**

ਅਸਲੀ ਜੀਵਨ ਕੌਣ ਜਿਉਂਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ॥”

ਮਾਇਆ ਮੋਹ ਦੀ ਭੁੱਖ, ਤ੍ਰਿਸ਼ਨਾ ਮਨ ਦੀ ਸੋਝੀ ਦੁਆਰਾ ਹੀ ਨਿਕਲਦੀ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ। ਅਸਲੀ ਜੀਵਨ ਮਨੁੱਖ ਮਨ ਦੇ ਸੱਚੇ ਗਿਆਨ ਦੁਆਰਾ ਹੀ ਜਿਉਂਦਾ ਹੈ। ਜੀਵਨ ਜਾਂਚ ਸਾਡੇ ਮਨ ਦੀ ਸਿੱਖਿਆ ਹੈ, ਗੁਰਮਤਿ ਦੀ ਸਿੱਖਿਆ ਹੈ ਤੇ ਗੁਰੂ ਦਾ ਮਕਸਦ ਸਾਨੂੰ ਸਿੱਖਿਆ ਦੇਣ ਦੇ ਨਾਲ ਹੀ ਹੈ, ਸੱਚਾ ਗਿਆਨ ਦੇਣ ਦੇ ਨਾਲ ਹੀ ਹੈ। ਗੁਰੂ ਦੀ ਸਿੱਖਿਆ

ਸਾਨੂੰ ਸੱਚਾ ਜੀਵਨ ਜਿਉਣਾ ਸਿਖਾਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਵਾਰ-ਵਾਰ ਸਮਝਦੇ ਆ ਰਹੇ ਹਾਂ। ਗੁਰੂ ਆਪਣੀ ਇਹ ਸਿੱਖਿਆ, ਆਪਣਾ ਗਿਆਨ ਸ਼ਬਦ ਦੁਆਰਾ ਹੀ ਦਿੰਦਾ ਹੈ। ਜਿਸ ਦੇ ਅੰਦਰ ਸ਼ਬਦ ਦਾ ਗਿਆਨ ਵੱਸ ਜਾਂਦਾ ਹੈ ਉਹ ਮਨੁੱਖ ਗਿਆਨ ਵਾਲਾ ਬਣ ਜਾਂਦਾ ਹੈ, ਗਿਆਨੀ ਬਣ ਜਾਂਦਾ ਹੈ। ਸ਼ਬਦ ਦਾ ਗਿਆਨ ਸਾਡੇ ਅੰਦਰ ਸਾਡੀ ਸੁਰਤਿ ਦੇ ਵਿੱਚ ਹੀ ਵੱਸਦਾ ਹੈ, ਸਾਡੇ ਮਨ ਦੇ ਵਿੱਚ ਹੀ ਵੱਸਦਾ ਹੈ ਜਿਸ ਦੇ ਵੱਸਣ ਨਾਲ ਸਾਡੀ ਸੁਰਤਿ ਦੀ ਮਾੜੀ ਸੋਝੀ ਗੁਰੂ ਦੀ ਸੋਝੀ ਦੇ ਨਾਲ ਜੁੜ ਜਾਂਦੀ ਹੈ, ਸ਼ਬਦ ਦੀ ਸੋਝੀ ਦੇ ਨਾਲ ਜੁੜ ਜਾਂਦੀ ਹੈ। ਸ਼ਬਦ ਆਪਣੀ ਸੋਝੀ ਦੇ ਰੂਪ ਵਿੱਚ ਹੀ ਗੁਰੂ ਹੈ। ਸ਼ਬਦ ਦੀ ਸੋਝੀ ਦੇ ਜੁੜਨ ਦੇ ਨਾਲ ਅਸੀਂ ਗੁਰੂ ਦੇ ਨਾਲ ਜੁੜ ਜਾਂਦੇ ਹਾਂ। ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥}

(ਅੰਗ ੧੨੦)

ਜਦੋਂ ਸਾਡੀ ਸੁਰਤਿ ਭਾਵ ਸਾਡੇ ਮਨ ਦੀ ਸੋਝੀ ਸ਼ਬਦ ਦੇ ਗਿਆਨ ਨਾਲ ਇੱਕ ਹੋ ਜਾਂਦੀ ਹੈ ਭਾਵ ਜਦੋਂ ਸਾਡੇ ਮਨ ਦੇ ਵਿਚਾਰ ਸ਼ਬਦ ਦੇ ਵਿਚਾਰਾਂ ਨਾਲ ਇੱਕ ਹੋ ਜਾਂਦੇ ਹਨ, ਜਦੋਂ ਆਪਸ ਦੇ ਵਿਚਾਰਾਂ ਦਾ ਭੇਦ ਮਿਟ ਜਾਂਦਾ ਹੈ ਇਹ ਸਾਡੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ। ਇਸੇ ਮੇਲ ਦੇ ਵਿੱਚ ਪ੍ਰਮਾਤਮਾ ਆਪ ਹੈ ਕਿਉਂਕਿ ਪ੍ਰਮਾਤਮਾ ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੀ ਵਿਚਰਦਾ ਹੈ। ਇਸੇ ਲਈ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਸਾਡੀ ਸੁਰਤਿ ਦੇ ਵਿੱਚ ਹੀ ਹੁੰਦਾ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹੁੰਦਾ ਹੈ। ਮਨ ਦੇ ਵਿੱਚ ਇਹੋ ਜਿਹੇ ਮੇਲ ਦੁਆਰਾ ਹੀ ਕੋਈ ਗਿਆਨੀ ਬਣਦਾ ਹੈ

ਜਦੋਂ ਉਸਨੂੰ ਸ਼ਬਦ ਰਾਹੀਂ ਪੂਰਨ ਗੁਰਮਤਿ ਦਾ ਗਿਆਨ ਮਿਲ ਜਾਂਦਾ ਹੈ। ਮਨ ਦਾ ਇਹੋ ਜਿਹਾ ਗਿਆਨ ਮਿਲਣ ਦੁਆਰਾ ਹੀ ਸਾਡੀ ਮਾਇਆ ਮੋਹ, ਤ੍ਰਿਸ਼ਨਾ ਦੂਰ ਹੁੰਦੀ ਹੈ ਤੇ ਫਿਰ ਮਨੁੱਖ ਉਹੋ ਜਿਹਾ ਜੀਵਨ ਜਿਉਂਦਾ ਹੈ ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ। ਮਨ ਦੀ ਇਹੋ ਜਿਹੀ ਸੋਝੀ ਦੁਆਰਾ ਸਾਡੀ ਪ੍ਰਮਾਤਮਾ ਦੇ ਨਾਲ ਪਹੁੰਚ ਬਣਦੀ ਹੈ ਜੋ ਕਿ ਉਹ ਆਪ ਹੀ ਬਣਾਉਂਦਾ ਹੈ, ਮਨ ਦੇ ਵਿੱਚ ਸੱਚਾ ਗਿਆਨ ਦੇ ਕੇ ਬਣਾਉਂਦਾ ਹੈ। **(ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥ ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ॥)**

ਪਤਿ ਸਾਨੂੰ ਸੱਚ ਦੁਆਰਾ ਵਿਚਰ ਕੇ ਹੀ ਮਿਲਦੀ ਹੈ ਤੇ ਸ਼ਬਦ

20/2236

ਸੁਰਤਿ ਦੇ ਨਾਲ ਮੇਲ ਦੁਆਰਾ ਸਾਨੂੰ ਪ੍ਰਮਾਤਮਾ ਸੱਚ ਦੀ ਸੋਝੀ ਹੀ ਪਾਉਂਦਾ ਹੈ। ਸੱਚ ਕੇਵਲ ਸ਼ਬਦ ਦੇ ਗਿਆਨ ਦੇ ਕੋਲ ਹੈ ਭਾਵ ਸ਼ਬਦ ਸਾਨੂੰ ਜੋ ਕੁੱਝ ਸਮਝਾਉਂਦਾ ਹੈ ਉਹ ਸੱਚ ਹੈ। ਸ਼ਬਦ ਦੇ ਗਿਆਨ ਕਰਕੇ ਹੀ ਗੁਰਬਾਣੀ ਵਿੱਚ ਪੂਰਨ ਸੱਚ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਗਿਆਨੀ ਬਣਾਉਂਦਾ ਹੈ ਜੋ ਕਿ ਅਸਲ ਵਿੱਚ ਉਸਦਾ ਆਪਣਾ ਹੀ ਰੂਪ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਕਾਫ਼ੀ ਪਿੱਛੇ ਬਰੀਕੀ ਨਾਲ ਸਮਝਿਆ ਹੈ। ਪ੍ਰਮਾਤਮਾ ਨੇ ਆਪਣਾ ਇਹੋ ਜਿਹਾ ਗਿਆਨੀ ਰੂਪ ਧਾਰ ਕੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਕੋਈ ਸਦਾ ਸਦਾ ਲਈ ਜਿਉਂਦਾ ਰਹਿੰਦਾ ਹੈ ਭਾਵ ਅਮਰ ਹੋ ਜਾਂਦਾ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲੇ ਆਪਣੇ ਗਿਆਨ ਰਾਹੀਂ, ਗੁਰਬਾਣੀ ਦੇ ਸੱਚੇ ਗਿਆਨ ਰਾਹੀਂ ਸਦਾ ਸਦਾ ਲਈ ਹੀ ਜੀਅ ਰਹੇ ਹਨ। ਉਹ ਸਦਾ ਸਦਾ ਲਈ ਹੀ ਪ੍ਰਮਾਤਮਾ ਵਿੱਚ ਸਮਾਏ ਹੋਏ ਹਨ ਜੋ ਕਦੇ ਵਿਛੜ ਨਹੀਂ ਸਕਦੇ। ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਅ ਜਾਣਾ ਸਦਾ ਸਦਾ ਲਈ ਪ੍ਰਮਾਤਮਾ ਦੇ ਵਿੱਚ ਸਮਾਅ ਜਾਣਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੀ ਸਮਾਇਆ ਹੋਇਆ ਹੈ, ਆਪਣੇ ਸੱਚੇ ਗਿਆਨ ਰਾਹੀਂ ਸਮਾਇਆ ਹੋਇਆ ਹੈ ਜਿਸ ਕਰਕੇ ਉਹ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ, ਨਿਰਗੁਣ ਰੂਪ ਵਿੱਚ ਗੁਰੂ ਹੈ।

ਜਿਸ ਨੂੰ ਇਹੋ ਜਿਹੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਉਹ ਸਦਾ ਸਦਾ ਲਈ ਭਾਵ ਹਮੇਸ਼ਾ ਲਈ ਭਾਵ ਪੂਰਾ ਜੀਵਨ ਪ੍ਰਮਾਤਮਾ ਦੇ ਨਾਲ ਵਿਛੜਿਆ ਹੀ ਰਹਿੰਦਾ ਹੈ ਤੇ ਆਪਣਾ ਜੀਵਨ ਵਿਅਰਥ ਗਵਾ ਕੇ ਜਾਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ॥

ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ॥੩੧॥”

ਉੱਪਰ ਪੂਰੇ ਸ਼ਬਦ ਰਾਹੀਂ ਪਹਿਲੇ ਸਾਨੂੰ ਇਹ ਸਮਝਾਇਆ ਗਿਆ ਹੈ ਕਿ ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਮਾੜਾ ਜੀਵਨ ਜਿਉਂਦੇ ਹਾਂ, ਅਸੀਂ ਸੱਚ ਨੂੰ ਸਮਝਦੇ ਹੋਏ ਵੀ ਝੂਠ ਤੇ ਚੱਲਦੇ ਹਾਂ, ਕਿਸੇ ਦਾ ਮਾੜਾ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ। ਮਾੜੇ ਕਰਮਾਂ ਵਿੱਚੋਂ ਅਸੀਂ ਸੱਚ ਦੇ ਨਾਲ ਜੁੜ ਕੇ, ਗੁਰੂ ਦੇ ਸੱਚੇ ਗਿਆਨ ਦੇ ਨਾਲ ਜੁੜ ਕੇ ਨਿਕਲ ਸਕਦੇ ਹਾਂ ਤਾਂ ਜੋ ਅਸੀਂ ਸੱਚੇ-ਸੁੱਚੇ ਕਰਮ ਕਰ ਸਕੀਏ। ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ ਕਿ ਅਸੀਂ ਸੱਚ ਨੂੰ ਆਪਣੇ ਅੰਦਰ ਕਿਤਨਾ ਕੁ ਵਸਾਉਂਦੇ ਹਾਂ, ਕਿਤਨਾ ਕੁ ਸੱਚ ਦੁਆਰਾ ਵਿਚਰਦੇ ਹਾਂ ਭਾਵ ਕਿਤਨਾ ਕੁ ਗੁਰੂ ਦੀ ਮਤਿ ਦੇ ਨਾਲ ਜੁੜਦੇ ਹਾਂ, ਕਿਤਨਾ ਕੁ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਦੇ ਹਾਂ। ਇਹੋ ਜਿਹੇ ਸੱਚ ਨੂੰ

20/2237

ਜੋ ਸਾਨੂੰ ਮਾਇਆ ਮੋਹ ਤੋਂ ਦੂਰ ਕਰਦਾ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਮਾਇਆ ਦੇ ਸੁੱਖਾਂ ਤੋਂ ਦੂਰ ਕਰਦਾ ਹੈ, ਆਪਣਾ ਮਾਣ ਛੱਡਣ ਲਈ ਸਮਝਾਉਂਦਾ ਹੈ, ਤ੍ਰਿਸ਼ਨਾ ਤਿਆਗਣ ਲਈ ਸਮਝਾਉਂਦਾ ਹੈ ਉਸ ਸੱਚ ਨੂੰ ਆਪਣੇ ਅੰਦਰ ਵਸਾਉਣ ਲਈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਲਈ ਸਾਡਾ ਮਨ ਸੰਕੋਚ ਕਰਦਾ ਹੈ, ਗੁਰੂ ਦੀ ਗੱਲ ਨੂੰ ਮੰਨਣ ਵਿੱਚ ਕੰਜੂਸੀ ਦਿਖਾਉਂਦਾ ਭਾਵ ਸੱਚ ਦੇ ਉੱਤੇ ਕੰਜੂਸ ਬਣ ਕੇ ਚੱਲਦਾ ਹੈ ਕਿਉਂਕਿ ਮਾਇਆ ਮੋਹ ਉਸਨੂੰ ਬਹੁਤ ਭਾਉਂਦਾ ਹੈ। ਸਾਡੇ ਮਨ ਦੀ ਇਹੋ ਜਿਹੀ ਕੰਜੂਸੀ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਸਦਾ ਸਦਾ ਲਈ ਵਿਛੜੇ ਰਹਿੰਦੇ ਹਾਂ ਭਾਵ ਸਾਡੇ ਮਨ ਦੀ ਮਾੜੀ ਸੋਝੀ, ਸਾਡੀ ਸੁਰਤਿ ਦੇ ਵਿੱਚ ਸੱਚਾ ਗਿਆਨ ਨਾ ਵੱਸਣ ਦੇ ਕਾਰਨ ਅਸੀਂ ਪ੍ਰਮਾਤਮਾ ਨਾਲੋਂ ਸਦਾ ਲਈ ਵਿਛੜੇ ਹੀ ਰਹਿੰਦੇ ਹਾਂ ਤੇ ਆਪਣਾ ਜੀਵਨ ਵਿਅਰਥ ਹੀ ਗਵਾ ਜਾਂਦੇ ਹਾਂ।

20/2237 - 1

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਨਾਮੁ ਧਨੁ ਤੇ ਮਾਇਆ ਧਨੁ ਖਰਚ ਕਰਨ ਦੇ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਗਿਆਨੀਆਂ ਦੇ ਕੋਲ ਜੋ ਧਨੁ ਹੁੰਦਾ ਹੈ ਉਸ ਨੂੰ ਉਹ ਖੁੱਲ੍ਹ ਕੇ ਖਰਚ ਕਰਦੇ ਹਨ ਤੇ ਉਸ ਨੂੰ ਖਰਚਣ ਵਿੱਚ ਕੰਜੂਸੀ ਨਹੀਂ ਕਰਦੇ, ਸਰਫਾ ਨਹੀਂ ਕਰਦੇ ਤੇ ਉਹਨਾਂ ਦੇ ਕੋਲ ਇਸ ਧਨੁ ਦੀ ਕੋਈ ਘਾਟ ਵੀ ਨਹੀਂ ਹੁੰਦੀ। ਗਿਆਨੀਆਂ ਦੇ ਕੋਲ ਨਾਮ ਧਨੁ ਹੁੰਦਾ ਹੈ ਭਾਵ ਸੱਚੇ ਗਿਆਨ ਦਾ ਧਨੁ ਹੁੰਦਾ ਹੈ ਤੇ ਆਪਣੇ ਜੀਵਨ ਵਿੱਚ ਉਹ ਇਸੇ ਧਨੁ ਨੂੰ ਹੀ ਖਰਚਦੇ ਹਨ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਨਾਮੁ ਧਨੁ ਬ੍ਰਹਮ ਗਿਆਨ ਦਾ ਧਨੁ ਹੈ ਜੋ ਗਿਆਨੀਆਂ ਨੂੰ ਆਮ ਸੰਸਾਰੀਆਂ ਨਾਲੋਂ ਵੱਖਰਾ ਕਰਦਾ ਹੈ। ਇਹ ਮਨ ਦੇ ਵਿੱਚ ਸੱਚੀ ਸੋਝੀ ਦਾ ਧਨੁ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸਮਝ ਪੈਂਦੀ ਹੈ ਤੇ ਮਨੁੱਖ ਫਿਰ ਇਹੋ ਜਿਹੀ ਸੋਝੀ ਦੁਆਰਾ ਹੀ ਸੰਸਾਰ ਵਿੱਚ ਵਿਚਰਦਾ ਹੈ, ਚੰਗੇ ਕਰਮ ਕਰਨ ਦੁਆਰਾ ਹੀ ਵਿਚਰਦਾ ਹੈ, ਮਾਇਆ ਮੋਹ ਤੋਂ ਉੱਪਰ ਉੱਠ ਕੇ ਵਿਚਰਦਾ ਹੈ। ਇਸ ਧਨੁ ਨੂੰ ਖਰਚਣ ਦੁਆਰਾ ਮਨੁੱਖ ਚੰਗੇ ਕਰਮ ਹੀ ਕਰਦਾ ਹੈ ਤੇ ਆਪਣੇ ਨਾਲ ਚੰਗੇ ਕਰਮ ਲੈ ਕੇ ਹੀ ਜਾਂਦਾ ਹੈ ਜਿਸ ਦੁਆਰਾ ਉਸ ਦੀ ਪਤਿ ਪ੍ਰਮਾਤਮਾ ਦੇ ਦਰਬਾਰ ਵਿੱਚ ਉੱਚੀ ਹੁੰਦੀ ਹੈ ਜੋ ਸਾਡੇ ਮਨ ਦੇ ਵਿੱਚ ਬੈਠਾ ਸਭ ਕੁੱਝ ਦੇਖ ਰਿਹਾ ਹੈ।

{ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥੧੦॥੬॥੨੩॥}

(ਅੰਗ ੬੮)

ਜਿਸ ਨੂੰ ਪ੍ਰਮਾਤਮਾ ਗਿਆਨੀ ਬਣਾਉਂਦਾ ਹੈ ਉਸਨੂੰ ''ਸਹਜਿ'' ਦੀ ਅਵੱਸਥਾ ਦੁਆਰਾ ਹੀ ਬਣਾਉਂਦਾ ਹੈ ਭਾਵ ਚੌਥੇ ਪਦ ਦਾ ਗਿਆਨ ਬਖਸ਼ ਕੇ ਹੀ ਬਣਾਉਂਦਾ ਹੈ ਤੇ ਇਹ ਸੱਚਾ ਗਿਆਨ ਹੀ ਉਸ ਦਾ ਨਾਮੁ ਧਨੁ ਹੈ ਜਿਸ ਦੁਆਰਾ ਉਸ ਦੇ ਸੱਚ ਦੀ, ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਣਾਂ ਦੀ ਸੋਝੀ ਪੈਂਦੀ ਹੈ। ਸੱਚੀ ਮਤਿ ਦੁਆਰਾ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਭੰਡਾਰ ਬਣ ਜਾਂਦਾ ਹੈ ਜਿਸ ਭੰਡਾਰ ਵਿੱਚ ਪ੍ਰਮਾਤਮਾ ਕਦੇ ਤੋਟ ਨਹੀਂ ਆਉਣ ਦਿੰਦਾ। ਇਹ ਸੱਚੇ ਵਿਚਾਰ ਪ੍ਰਮਾਤਮਾ ਆਪ ਹੀ ਦਿੰਦਾ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਉਹ ਸੱਚ ਦਾ ਭੰਡਾਰ ਹੈ ਤੇ ਮਨ ਦੇ ਵਿਚਾਰਾਂ ਨੂੰ ਸੱਚ ਦੇ ਨਾਲ ਭਰੀ ਰੱਖਦਾ ਹੈ। ਪੂਰੀ ਗੁਰਾਬਣੀ ਵਿੱਚ ਉਸ ਦੇ ਸੱਚੇ ਵਿਚਾਰਾਂ ਦਾ ਭੰਡਾਰ ਹੈ,

20/2237 - 2

ਜੋ ਮਨ ਦੇ ਰਾਹੀਂ ਪ੍ਰਮਾਤਮਾ ਦੇ ਕੋਲੋਂ ਆਇਆ ਹੈ। ਉਸਦੇ ਗਿਆਨੀ ਇਹੋ ਜਿਹੇ ਨਾਮੁ ਧਨੁ ਦੇ ਭੰਡਾਰ ਦੁਆਰਾ ਹੀ ਵਿਚਰਦੇ ਹਨ ਭਾਵ ਆਪਣੇ ਜੀਵਨ ਵਿੱਚ ਇਸ ਨਾਮੁ ਧਨੁ ਨੂੰ ਖਰਚਦੇ ਹਨ। ਇਸ ਨਾਮੁ ਧਨੁ ਨੂੰ ਖਰਚਣ ਨਾਲ ਮਨੁੱਖ ਦੀਆਂ ਚੰਗਿਆਈਆਂ ਹੀ ਬਾਹਰ ਆਉਂਦੀਆਂ ਹਨ ਕਿਉਂਕਿ ਉਹ ਮਾਇਆ ਮੋਹ ਤੋਂ ਨਿਰਲੇਪ ਹੁੰਦਾ ਹੈ।

{ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥੩॥}

(ਅੰਗ ੫੯੫)

ਜਿੰਨ੍ਹਾਂ ਕੋਲ ਗੁਰੂ ਦਾ ਇਹੋ ਜਿਹਾ ਸੱਚਾ ਗਿਆਨ ਨਹੀਂ ਹੁੰਦਾ, ਇਹੋ ਜਿਹਾ ਨਾਮੁ ਧਨੁ ਨਹੀਂ ਹੁੰਦਾ ਭਾਵ ਜਿੰਨ੍ਹਾਂ ਕੋਲ ਪੂਰਨ ਸੱਚ ਨਹੀਂ ਹੁੰਦਾ ਉਸਦਾ ਕਾਰਨ ਉਹਨਾਂ ਦੇ ਅੰਦਰ ਦਾ ਮਾਇਆ ਮੋਹ ਹੈ, ਤ੍ਰਿਸ਼ਨਾ ਹੈ, ਵਿਕਾਰ ਹਨ ਜੋ ਕਿ ਇਸ ਨਾਮੁ ਧਨੁ ਦੇ ਚੋਰ ਹਨ। ਸਾਡੇ ਅੰਦਰੋਂ ਇਹ ਵਿਕਾਰ ਰੂਪ ਚੋਰ ਨਾਮੁ ਧਨੁ ਦੀ ਚੋਰੀ ਕਰਦੇ ਰਹਿੰਦੇ ਹਨ, ਸੱਚ ਦੀ ਚੋਰੀ ਕਰਦੇ ਰਹਿੰਦੇ ਹਨ ਤੇ ਸਾਡੇ ਅੰਦਰ ਸੱਚ ਨੂੰ ਟਿਕਣ ਨਹੀਂ ਦਿੰਦੇ। ਅਸੀਂ ਉਹੋ ਜਿਹਾ ਹੀ ਵਿਚਾਰਾਗੇ ਜਿਹੋ ਜਿਹਾ ਸਾਡੇ ਕੋਲ ਸਾਡੀ ਸੋਝੀ ਦਾ ਧਨੁ ਹੈ। ਸੱਚ ਦੇ ਧਨੁ ਵੱਲੋਂ ਅਸੀਂ ਇਸੇ ਲਈ ਕੰਜੂਸ ਬਣ ਕੇ ਹੀ ਵਿਚਰਦੇ ਹਾਂ ਭਾਵ ਉਸ ਨੂੰ ਥੋੜਾ-ਥੋੜਾ ਹੀ ਖਰਚਦੇ ਹਾਂ, ਸਰਫੇ ਨਾਲ ਖਰਚਦੇ ਹਾਂ ਭਾਵ ਅਸੀਂ ਸੱਚ ਤੇ ਚੱਲਦੇ ਵੀ ਹਾਂ ਪਰ ਕੰਜੂਸੀ ਨਾਲ ਚੱਲਦੇ ਹਾਂ ਕਿਉਂਕਿ ਸਾਡੇ ਅੰਦਰ ਸੱਚ ਦੀ ਤੋਟ ਹੈ।

ਗਿਆਨੀਆਂ ਕੋਲ ਇਸ ਧਨੁ ਦੀ ਤੋਟ ਨਹੀਂ ਹੁੰਦੀ ਇਸ ਲਈ ਉਹ ਇਸ ਧਨੁ ਨੂੰ ਖਰਚਣ ਵਿੱਚ ਕੰਜੂਸੀ ਨਹੀਂ ਕਰਦੇ।

ਅਗਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

"ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ॥੩੧॥"

ਜਦ ਤੱਕ ਅਸੀਂ ਮਾਇਆ ਮੋਹ ਨਹੀਂ ਛੱਡਦੇ, ਜਦ ਤੱਕ ਅਸੀਂ ਗੁਰੂ ਕੋਲੋਂ ਉਸਦੀ ਸੱਚੀ ਮਤਿ ਲੈ ਕੇ ਉਸ ਨੂੰ ਆਪਣੇ ਅੰਦਰ ਵਸਾਉਣ ਦਾ ਉੱਦਮ ਨਹੀਂ ਕਰਦੇ, ਜਦ ਤੱਕ ਸ਼ਬਦ ਦੀ ਮਤਿ ਨੂੰ ਆਪਣੀ ਸੁਰਤਿ ਦੇ ਨਾਲ ਜੋੜਨ ਦਾ ਉੱਦਮ ਨਹੀਂ ਕਰਦੇ ਉਸ ਦੇ ਵਿੱਚ ਦੋਸ਼ ਕਿਸਦਾ ਹੈ ਇਹੀ ਗੱਲ ਸਾਨੂੰ ਉੱਪਰ ਸਮਝਾਈ ਹੋਈ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਅਸੀਂ ਆਪਣਾ ਜੀਵਨ ਵਿਅਰਥ ਗਵਾ ਕੇ ਜਾਂਦੇ ਹਾਂ ਭਾਵ ਤਦ ਤੱਕ ਪ੍ਰਮਾਤਮਾ ਸਾਡੀ ਕੋਈ ਪੁੱਛ ਨਹੀਂ ਕਰਦਾ ਹੈ, ਤਦ ਤੱਕ ਉਸ ਦੀਆਂ ਨਜ਼ਰਾਂ ਵਿੱਚ ਸਾਡੀ ਕੋਈ ਪੁੱਛ-ਪ੍ਰਤੀਤ ਨਹੀਂ ਹੁੰਦੀ ਭਾਵ ਉਸ ਦੀਆਂ ਨਜ਼ਰਾਂ ਵਿੱਚ ਸਾਡੀ ਕੋਈ ਵੁਕਤ ਨਹੀਂ ਪੈਂਦੀ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਪਤਿ ਉਸੇ ਦੀ ਹੀ ਪੈਂਦੀ ਹੈ, ਇੱਜ਼ਤ ਉਸੇ ਨੂੰ ਹੀ ਮਿਲਦੀ ਹੈ ਜੋ ਉਸਦੀ ਮਤਿ ਨੂੰ ਆਪਣੇ ਅੰਦਰ ਵਸਾਉਂਦੇ ਹਨ ਭਾਵ ਜੋ ਮਾਇਆ ਮੋਹ ਵਿੱਚੋਂ ਨਿਕਲਦੇ ਹਨ ਭਾਵ ਜੋ ਉਸ ਦੀ ਗੱਲ ਨੂੰ ਮੰਨਦੇ ਹਨ। ਉਸਦੀ ਗੱਲ ਨਾ ਮੰਨਣ ਵਾਲਿਆਂ ਨੂੰ ਪ੍ਰਮਾਤਮਾ ਫਿਰ ਇਸ ਦੁਨੀਆਂ ਵਿੱਚੋਂ ਉਹਨਾਂ ਨੂੰ ਬਿਨ੍ਹਾਂ ਇੱਜ਼ਤ ਦਿੱਤੇ ਹੀ ਲੈ ਜਾਂਦਾ ਹੈ ਭਾਵ ਇਹੋ ਜਿਹੇ ਨਾਸਮਝੀ ਵਿੱਚ ਮਾੜੇ ਕਰਮ ਕਰਨ ਵਾਲਿਆਂ ਦਾ ਭਾਵ ਆਪਣੀ ਮਤਿ ਨਾ ਛੱਡ ਕੇ ਗੁਰੂ ਦੀ ਮਤਿ ਨਾ ਅਪਣਾਉਣ ਵਾਲਿਆਂ ਦਾ ਕੋਈ ਮੁੱਲ ਨਹੀਂ ਪਾਉਂਦਾ ਭਾਵ ਉਹ ਕਿਸੇ ਦਿਖਾਵੇ ਵਾਲੀ ਭਗਤੀ ਦਾ ਮੁੱਲ ਨਹੀਂ ਪਾਉਂਦਾ। **(ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ॥੩੧॥)**

"ਕਿਸ ਨੋ ਆਖੀਐ" ਤੋਂ ਭਾਵ ਹੈ ਕਿ ਜੇਕਰ ਸਾਡੀ ਪੁੱਛ ਨਹੀਂ ਹੋਣੀ ਭਾਵ ਜੇਕਰ ਪ੍ਰਮਾਤਮਾ ਨੇ ਸਾਡੀ ਵੁਕਤ ਨਹੀਂ ਪਾਈ ਫਿਰ ਇਸ ਗੱਲ ਦਾ ਦੋਸ਼ ਕਿਸ ਨੂੰ ਦੇਈਏ ਭਾਵ ਇਸ ਦੇ ਲਈ ਜਿੰਮੇਦਾਰ ਕੌਣ ਹੈ। ਇਸ ਗੱਲ ਦਾ ਜਵਾਬ ਸਾਨੂੰ ਅਗਲੀ ਪੰਗਤੀ

ਰਾਹੀਂ ਦਿੱਤਾ ਹੋਇਆ ਹੈ।

"ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ॥

ਗਲਾਂ ਕਰੇ ਘਣੇਰੀਆ ਤਾਂ ਅੰਨ੍ਹੇ ਪਵਣਾ ਖਾਤੀ ਟੋਵੈ॥੩੨॥"

ਜੇਕਰ ਪ੍ਰਮਾਤਮਾ ਨੇ ਸਾਡੀ ਇਸ ਜੀਵਨ ਵਿੱਚ ਕਦਰ ਨਹੀਂ ਪਾਈ ਫਿਰ ਇਸ ਗੱਲ ਦਾ ਦੋਸ਼ ਅਸੀਂ ਪ੍ਰਮਾਤਮਾ ਨੂੰ ਨਹੀਂ ਦੇ ਸਕਦੇ। ਜਿਵੇਂ ਕਿ ਅਸੀਂ ਸ਼ਬਦ ਵਿੱਚ ਪਿੱਛੇ ਸਮਝਿਆ ਹੈ ਕਿ ਪ੍ਰਮਾਤਮਾ ਨੇ ਸਾਡੇ ਸਭ ਦੇ ਅੰਦਰ ਸੱਚ ਤੇ ਝੂਠ ਦੇ ਵਿੱਚ ਫ਼ਰਕ ਕਰਨ ਦੀ ਸੋਝੀ ਆਪ ਹੀ ਪਾਈ ਹੋਈ ਹੈ, ਉਸ ਨੇ ਆਪਣਾ ਫਰਜ਼ ਪੂਰਾ ਕੀਤਾ ਹੋਇਆ ਹੈ। ਅਸੀਂ ਸੱਚ ਨੂੰ ਸਮਝਦੇ ਹੋਏ ਵੀ ਜਾਣ-ਬੁੱਝ ਕੇ ਮਾੜੇ ਕਰਮ ਕਰਦੇ ਹਾਂ। ਸਾਡੇ ਧਰਮ ਗ੍ਰੰਥ ਜਿੰਨ੍ਹਾਂ ਨੂੰ ਅਸੀਂ ਪੂਜਦੇ ਹਾਂ ਉਹ ਸਾਨੂੰ ਵਾਰ-ਵਾਰ ਸੱਚ ਤੇ ਚੱਲਣ ਦੀ ਸਿੱਖਿਆ ਦਿੰਦੇ ਹਨ, ਗੁਰਬਾਣੀ ਸਾਨੂੰ ਵਾਰ-ਵਾਰ ਔਗੁਣਾਂ ਵਿੱਚੋਂ ਨਿਕਲਣ ਲਈ ਪ੍ਰੇਰ ਰਹੀ ਹੈ ਪਰ ਅਸੀਂ ਉਸ ਤੇ ਅਮਲ ਨਹੀਂ ਕਰਦੇ। ਬਾਣੀ ਸਾਨੂੰ ਵਾਰ-ਵਾਰ ਇਹ ਗੱਲ ਸਮਝਾਉਂਦੀ ਹੈ ਕਿ ਔਗੁਣਾਂ ਵਿੱਚੋਂ ਨਿਕਲਣਾ ਸਾਡੀ ਜਿੰਮੇਵਾਰੀ ਹੈ। ਗੁਰੂ ਸਾਨੂੰ ਜੋ ਵੀ ਸਮਝਾਉਂਦਾ ਹੈ ਉਹ ਸਾਡੇ ਲਈ ਉਸਦਾ ਹੁਕਮ ਹੈ। ਸਾਡੇ ਕੋਲ ਕਰਮ ਕਰਾਉਣ ਵਾਲਾ ਵੀ ਪ੍ਰਮਾਤਮਾ ਆਪ ਹੀ ਹੈ ਤੇ ਸਾਨੂੰ ਔਗੁਣਾਂ ਵਿੱਚੋਂ ਨਿਕਲਣ ਲਈ ਕਹਿਣ ਵਾਲਾ ਵੀ ਉਹ ਆਪ ਹੈ। ਉਹ ਸਾਨੂੰ ਕਿਸ ਤਰੀਕੇ ਨਾਲ ਚਲਾਉਣਾ ਚਾਹੁੰਦਾ ਹੈ, ਸਾਡੇ ਅੰਦਰ ਸਾਨੂੰ ਚਲਾਉਣ ਦੀ ਵਿਧੀ, ਸਾਡੇ ਅੰਦਰ ਗਿਆਨ ਪਾਉਣ ਦੀ ਵਿਧੀ ਉਸ ਨੇ ਕਿਸ ਤਰੀਕੇ ਵਰਤੀ ਹੋਈ ਹੈ ਇਹ ਉਹ ਕੇਵਲ ਆਪ ਹੀ ਜਾਣਦਾ ਹੈ। ਜੇਕਰ ਮਾਇਆ ਮੋਹ ਵਿੱਚੋਂ ਨਿਕਲਣ ਦਾ ਫਰਜ਼ ਉਸਨੇ ਸਾਡੇ ਜਿੰਮੇ ਲਗਾਇਆ ਹੋਇਆ ਹੈ ਉਹ ਫਰਜ਼ ਫਿਰ ਪੂਰਾ ਵੀ ਅਸੀਂ ਹੀ ਕਰਨਾ ਹੈ। ਸਾਨੂੰ ਇਸ ਉੱਤੇ ਕੋਈ ਕਿੰਤੂ ਪਰੰਤੂ ਨਹੀਂ ਕਰਨਾ ਚਾਹੀਦਾ ਕਿ ਪ੍ਰਮਾਤਮਾ ਆਪ ਹੀ ਸਭ ਕੁੱਝ ਕਰਵਾਉਂਦਾ ਹੈ ਤੇ ਪਰ ਉਸ ਉੱਪਰ ਕੋਈ ਦੋਸ਼ ਨਹੀਂ ਆਉਂਦਾ। ਇਸ ਦੋਸ਼ ਦਾ ਭਾਰ ਸਾਡੇ ਸਿਰ ਹੀ ਹੈ ਤੇ ਸਾਨੂੰ ਇਹ ਗੱਲ ਪ੍ਰਮਾਤਮਾ ਦਾ ਹੁਕਮ ਮੰਨ ਕੇ ਕਬੂਲ ਕਰਨੀ ਚਾਹੀਦੀ ਹੈ। ਮਾੜੇ ਕਰਮਾਂ ਦੀ ਸਜ਼ਾ ਵੀ ਪ੍ਰਮਾਤਮਾ ਨੇ ਇਸੇ ਲਈ ਸਾਡੇ ਸਿਰ ਤੇ ਲਾਈ ਹੋਈ ਹੈ। ਮਾੜੇ ਕਰਮਾਂ ਦੁਆਰਾ ਮਾਇਆ ਕਮਾ ਕੇ ਜੇਕਰ ਸੁੱਖ ਅਸੀਂ ਭੋਗਦੇ ਹਾਂ ਤਾਂ ਫਿਰ ਸਜ਼ਾ ਦੇ ਹੱਕਦਾਰ ਵੀ ਅਸੀਂ ਹੀ ਹਾਂ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੈ ਕਿ ਅਸੀਂ ਉਹ ਕੰਮ ਨਾ ਕਰੀਏ ਜੋ ਸਾਡੇ ਕਰਨ ਵਾਲਾ ਨਹੀਂ ਹੈ। "**ਮਤਿ ਚਲੈ ਜਾਂ ਬੁਢਾ ਹੋਵੈ**"

21/2239

ਤੋਂ ਭਾਵ ਹੈ ਕਿ ਜੇਕਰ ਇਨਸਾਨ ਬੁੱਢਾ ਹੋ ਕੇ ਚੱਲਣ ਦੇ ਲਾਇਕ ਨਹੀਂ ਰਿਹਾ ਭਾਵ ਜੇਕਰ ਚੱਲਣ ਨਾਲ ਉਸਨੂੰ ਡਿੱਗਣ ਦਾ ਖਤਰਾ ਹੈ ਤੇ ਫਿਰ ਉਸਨੂੰ ਨਹੀਂ ਚੱਲਣਾ ਚਾਹੀਦਾ। "ਮਤਿ" ਸ਼ਬਦ ਦੀ ਵਰਤੋਂ ਬਾਣੀ ਵਿੱਚ ਜਿਆਦਾਤਰ ਸਾਨੂੰ ਸਾਡੀ "ਅਕਲ" ਬਾਰੇ ਸਮਝਾਉਣ ਲਈ ਵਰਤੀ ਗਈ ਹੈ ਪਰ ਉੱਪਰ ਇਸ ਤੋਂ ਭਾਵ ਸਾਡੀ ਅਕਲ ਦੇ ਨਾਲ ਨਹੀਂ ਹੈ ਬਲਕਿ "ਮਤਿ" ਤੋਂ ਭਾਵ ਹੈ ਕਿ ਅਸੀਂ ਉਹ ਕੰਮ ਨਾ ਕਰੀਏ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਕਿਸੇ ਭਰਮ ਵਿੱਚ ਨਾ ਰਹੀਏ। ਇਸ ਲੇਖ ਦਾ ਮਕਸਦ ਹੀ ਸਾਨੂੰ ਹਰ ਭਰਮ ਵਿੱਚੋਂ ਕੱਢਣ ਦਾ ਹੈ ਜੋ ਸਾਡਾ ਗੁਰਬਾਣੀ ਨੂੰ ਸਮਝਣ ਬਾਰੇ ਬਣਿਆ ਹੋਇਆ ਹੈ।

ਸਲੋਕ ਮਃ੨॥

{ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥੧॥}

(ਅੰਗ ੯੫੫)

ਉਪਰਲੇ ਸ਼ਬਦ ਦੀ ਪਹਿਲੀ ਪੰਗਤੀ ਨੂੰ ਤੇ ਆਖਰੀ ਪੰਗਤੀ ਨੂੰ ਧਿਆਨ ਨਾਲ ਨਜ਼ਰ ਮਾਰੋ। ਉਪਰਲੀ ਪੰਗਤੀ ਵਿੱਚ "**ਮਤਿ**" ਤੋਂ ਸਪੱਸ਼ਟ ਭਾਵ ਹੈ ਕਿ ਨਾ ਕਰੋ ਭਾਵ ਚਿੰਤਾ ਨਾ ਕਰੋ ਤੇ ਇਹੀ ਗੱਲ ਆਖਰੀ ਪੰਗਤੀ ਵਿੱਚ "**ਮਤ ਕਰਹੁ**" ਦੁਆਰਾ ਸਮਝਾਈ ਹੋਈ ਹੈ ਭਾਵ ਚਿੰਤਾ ਨਾ ਕਰੋ। ਮੁੱਖ ਸ਼ਬਦ ਵਿੱਚ "ਮਤਿ" ਤੋਂ ਭਾਵ ਇਹੀ ਹੈ ਕਿ ਨਾ ਕਰੀਏ।

ਸਾਨੂੰ ਇਹ ਸਮਝਾਇਆ ਗਿਆ ਹੈ ਕਿ ਜਦੋਂ ਅਸੀਂ ਇਸ ਗੱਲ ਨੂੰ ਜਾਣਦੇ ਹਾਂ, ਸਮਝਦੇ ਹਾਂ ਕਿ ਸਾਡੀ ਉਮਰ ਹੁਣ ਵਡੇਰੀ ਹੋ ਗਈ ਹੈ ਤੇ ਸਾਨੂੰ ਹੁਣ ਅੱਖਾਂ ਰਾਹੀਂ ਦਿੱਸਣਾ ਬੰਦ ਹੋ ਗਿਆ ਹੈ ਤੇ ਫਿਰ ਸਾਨੂੰ ਆਪਣੇ ਆਪ ਤੁਰਨਾ ਫਿਰਨਾ ਨਹੀਂ ਚਾਹੀਦਾ ਤਾਂ ਜੋ ਅਸੀਂ ਕਿਸੇ ਖੱਡੇ, ਟੋਏ ਵਿੱਚ ਨਾ ਗਿਰ ਜਾਈਏ। ਇਸ ਤੋਂ ਭਾਵ ਇਹ ਹੈ ਕਿ ਜਦੋਂ ਸਾਨੂੰ ਕੋਈ ਵੀ ਕਰਮ ਕਰਨ ਤੋਂ ਪਹਿਲੇ ਇਸ ਗੱਲ ਦਾ ਪਤਾ ਹੁੰਦਾ ਹੈ ਕਿ ਸੱਚ ਕੀ ਹੈ ਤੇ ਝੂਠ ਕੀ ਹੈ ਪਰ ਫਿਰ ਵੀ ਅਸੀਂ ਜਾਣ-ਬੁੱਝ ਕੇ ਝੂਠ ਤੇ ਚੱਲਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਭਾਵ ਮਾੜੇ ਤਰੀਕੇ ਨਾਲ ਮਾਇਆ ਕਮਾਉਂਦੇ ਹਾਂ, ਜਾਣਦੇ ਹੋਏ ਵੀ ਕਿਸੇ ਦਾ ਮਾੜਾ ਕਰਦੇ ਹਾਂ। ਸਾਨੂੰ ਪਤਾ ਹੈ ਕਿ ਰਿਸ਼ਵਤ ਲੈਣੀ ਮਾੜੀ ਗੱਲ ਹੈ ਪਰ ਫਿਰ ਵੀ ਰਿਸ਼ਵਤ ਲੈਂਦੇ ਹਾਂ। ਜੇਕਰ ਅਸੀਂ ਪ੍ਰਮਾਤਮਾ ਦੀ ਭਗਤੀ ਕਰਨੀ ਚਾਹੁੰਦੇ ਹਾਂ ਕਿ ਉਹ ਮਾੜੇ ਕਰਮ ਨਾ ਕਰੇ ਪਰ ਜੇਕਰ ਉਹਨਾਂ ਨੂੰ ਕੋਈ ਇਹ ਗੱਲ ਸਮਝਾਉਣ ਦੀ ਕੋਸ਼ਿਸ਼ ਕਰੇ ਤਾਂ ਉਹਨਾਂ ਨੂੰ ਇਸ ਗੱਲ ਤੇ ਅਸਰ ਨਹੀਂ ਹੁੰਦਾ ਕਿ ਪ੍ਰਮਾਤਮਾ ਦੀ ਭਗਤੀ ਕਰਨੀ ਕੀ ਹੈ। ਉਹ ਆਪਣੀ ਮਨਮਤਿ

21/2240

ਹੀ ਕਰਦੇ ਹਨ ਤੇ ਮਾਇਆ ਮੋਹ ਛੱਡਣ ਦੀ ਬਜਾਇ ਹੋਰ ਹੋਰ ਦਲੀਲਾਂ ਦਿੰਦੇ ਹਨ ਕਿਉਂਕਿ ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ, ਮਾਣ ਸਭ ਨੂੰ ਚੰਗਾ ਲੱਗਦਾ ਹੈ। ਜੇਕਰ ਦੇਖੀਏ ਤਾਂ ਸਭ ਪਾਸੇ ਇਹੋ ਜਿਹੀ ਭਗਤੀ ਹੀ ਹੋ ਰਹੀ ਹੈ। ਮਾੜੇ ਕਰਮ ਵੀ ਕਰੀ ਜਾਂਦੇ ਹਾਂ, ਮਾਇਆ ਮੋਹ ਵਿੱਚ ਵੀ ਬੁਰੀ ਤਰ੍ਹਾਂ ਫਸੇ ਹੋਏ ਹਨ ਪਰ ਇਸ ਗੱਲ ਨੂੰ ਮੰਨਣ ਨੂੰ ਤਿਆਰ ਵੀ ਨਹੀਂ ਹੁੰਦੇ ਕਿ ਇਸ ਤਰੀਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਇਹੋ ਜਿਹੇ ਨਾ ਪ੍ਰਮਾਤਮਾ ਨੂੰ ਪਾ ਸਕਦੇ ਹਨ ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਹੋ ਜਿਹਿਆਂ ਦੀ ਕਦਰ ਨਹੀਂ ਪੈਂਦੀ ਤੇ ਨਾ ਹੀ ਉਹਨਾਂ ਦਾ ਜੀਵਨ ਵਿਅਰਥ ਜਾਣ ਤੋਂ ਬਚ ਸਕਦਾ ਹੈ। ਇਹੋ ਜਿਹੇ ਮਨੁੱਖ ਮਨ ਦੀ ਅਗਿਆਨਤਾ ਕਰਕੇ ਅੰਨ੍ਹੇ ਹੁੰਦੇ ਹਨ ਪਰ ਫਿਰ ਵੀ ਗੁਰੂ ਨੂੰ ਸਿਆਣਾ ਨਹੀਂ ਮੰਨਦੇ ਭਾਵ ਉਸ ਦੀ ਗੱਲ ਤੇ ਅਸਰ ਨਹੀਂ ਕਰਦੇ, ਮਾਇਆ ਮੋਹ ਨਹੀਂ ਛੱਡਦੇ। ਦੋਸ਼ ਉਹਨਾਂ ਦੇ ਆਪਣੇ ਸਿਰ ਹੀ ਹੈ ਤੇ ਆਪਣੀ ਸਿਆਣਪ

ਦਿਖਾਉਣ ਕਰਕੇ ਇਹ ਆਪ ਹੀ ਟੋਏ ਵਿੱਚ ਡਿੱਗਦੇ ਹਨ ਭਾਵ ਆਪਣਾ ਜੀਵਨ ਵਿਅਰਥ ਕਰਦੇ ਹਨ। **(ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ॥ ਗਲਾਂ ਕਰੇ ਘਣੇਰੀਆ ਤਾਂ ਅੰਨੇ੍ ਪਵਣਾ ਖਾਤੀ ਟੋਵੈ॥੩੨॥)**

ਭੇਦ ਮਨਮਤਿ ਦਾ ਤੇ ਗੁਰਮਤਿ ਦਾ ਹੀ ਹੈ। ਮਨਮਤਿ ਦੇ ਰਾਹੀਂ ਅਸੀਂ ਅਧੂਰੇ ਹਾਂ ਤੇ ਸਾਨੂੰ ਪੂਰਾ ਕੇਵਲ ਗੁਰਮਤਿ ਕਰ ਸਕਦੀ ਹੈ। ਗੁਰੂ ਆਪਣੀ ਗੁਰਮਤਿ ਦੁਆਰਾ ਪੂਰਾ ਹੈ। ਗੁਰਬਾਣੀ ਸਾਡਾ ਪੂਰਾ ਗੁਰੂ ਹੈ ਤੇ ਇਸ ਪੂਰੇ ਗੁਰੂ ਦੇ ਨਾਲ ਜੁੜ ਕੇ ਹੀ ਅਸੀਂ ਪੂਰੇ ਹੋ ਸਕਦੇ ਹਾਂ। ਜਦ ਤੱਕ ਅਸੀਂ ਗੁਰਮਤਿ ਨੂੰ ਪੂਰਨ ਰੂਪ ਵਿੱਚ ਨਹੀਂ ਮੰਨਦੇ ਭਾਵ ਜਦ ਤੱਕ ਅਸੀਂ ਉਸ ਵਿੱਚ ਆਪਣੀ ਜਰਾ ਜਿਤਨੀ ਵੀ ਮਨਮਤਿ ਵਰਤਦੇ ਹਾਂ ਤਾਂ ਫਿਰ ਅਸੀਂ ਉਸ ਵਿੱਚ ਆਪਣੀ ਸਿਆਣਪ ਵਰਤਦੇ ਹਾਂ। ਗੁਰੂ ਦੀ ਦੱਸੀ ਹੋਈ ਗੱਲ ਨੂੰ ਨਾ ਅਸੀਂ ਘਟਾ ਸਕਦੇ ਹਾਂ ਤੇ ਨਾ ਹੀ ਅਸੀਂ ਵਧਾ ਸਕਦੇ ਹਾਂ ਭਾਵ ਸਾਨੂੰ ਗੁਰਬਾਣੀ ਨੂੰ ਉਸੇ ਸਰੂਪ ਵਿੱਚ ਮੰਨਣਾ ਚਾਹੀਦਾ ਹੈ ਜਿਸ ਭਾਵ ਨਾਲ ਸਾਨੂੰ ਗੱਲ ਸਮਝਾਈ ਹੋਈ ਹੈ। ਅਸੀਂ ਆਪਣੀਆਂ ਸਿਆਣਪਾਂ ਦੁਆਰਾ ਆਪੇ ਹੀ ਉਸ ਵਿੱਚ ਘਟਾ-ਵਧਾ ਕਰਦੇ ਰਹਿੰਦੇ ਹਾਂ ਭਾਵ ਉਸ ਵਿੱਚ ਆਪਣੀ ਮਨਮਤਿ ਜੋੜਦੇ ਰਹਿੰਦੇ ਹਾਂ। ਅਸੀਂ ਇੱਕ ਬੁੱਢੇ ਬਜ਼ੁਰਗ ਦੀ ਤਰ੍ਹਾਂ ਜਿਸਨੂੰ ਅੱਖਾਂ ਤੋਂ ਦਿੱਸਣਾ ਬੰਦ ਹੋ ਗਿਆ ਹੈ ਭਾਵ ਜੋ ਪ੍ਰਮਾਤਮਾ ਦੀ ਗੱਲ ਨੂੰ ਸਮਝਣ ਵਿੱਚ ਪੂਰੀ ਤਰ੍ਹਾਂ ਅੰਨ੍ਹਾ ਹੈ, ਪੂਰੀ ਤਰ੍ਹਾਂ ਅਗਿਆਨਤਾ ਵਿੱਚ ਹੈ ਕਿ ਪ੍ਰਮਾਤਮਾ ਕੀ ਹੈ ਪਰ ਉਹ ਫਿਰ ਵੀ ਆਪਣੀ ਸਿਆਣਪ ਦਿਖਾਉਣ ਤੋਂ ਨਹੀਂ ਹੱਟਦਾ ਤੇ ਗੁਰੂ ਦੀ ਦੱਸੀ ਹੋਈ ਗੱਲ ਵਿੱਚ ਦਖਲ ਦਿੰਦਾ ਹੈ। ਸਾਨੂੰ ਗੁਰੂ ਦੀ ਗੱਲ ਵਿੱਚ ਦਖਲ ਨਾ ਦੇਣ ਤੋਂ ਹੀ ਸਮਝਾਇਆ ਹੈ ਭਾਵ ਗੁਰਬਾਣੀ ਦੀ ਗੱਲ ਨੂੰ ਪੂਰਨ ਰੂਪ ਵਿੱਚ ਮੰਨਣ ਲਈ ਸਮਝਾਇਆ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ

21/2241

ਕੀਤਾ ਹੋਇਆ ਹੈ।

“ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥੩੩॥”

ਹੁਣ ਧਿਆਨ ਨਾਲ ਸਮਝੋ ਕਿ ਕੀ ਸਾਨੂੰ ਗੁਰੂ ਦੇ ਪੂਰੇ ਹੋਣ ਤੇ ਦਿਲੋਂ ਵਿਸ਼ਵਾਸ ਹੈ ਜਾਂ ਨਹੀਂ ਹੈ। ਕੀ ਅਸੀਂ ਉਹੀ ਸਭ ਕੁੱਝ ਕਰਦੇ ਹਾਂ ਜੋ ਸਾਨੂੰ ਗੁਰੂ ਸਮਝਾਉਂਦਾ ਹੈ ਜਾਂ ਉਸ ਵਿੱਚ ਅਸੀਂ ਆਪਣੀ ਮਤਿ ਵੀ ਵਾੜੀ ਹੋਈ ਹੈ। ਸਭ ਤੋਂ ਪਹਿਲਾ ਤਾਂ ਇਸ ਗੱਲ ਨੂੰ ਸਮਝੋ ਕਿ ਕੀ ਕਿਤੇ ਪੂਰੀ ਗੁਰਬਾਣੀ ਵਿੱਚ ਇਹ ਲਿਖਿਆ ਹੋਇਆ ਹੈ ਕਿ ਵਾਹਿਗੁਰੂ-ਵਾਹਿਗੁਰੂ ਬੋਲਣਾ ਨਾਮ ਜਪਣਾ ਹੈ। ਨਹੀਂ ਲਿਖਿਆ ਹੋਇਆ ਬਲਕਿ ਵਾਰ-ਵਾਰ ਕਿਸੇ ਅੱਖਰ ਦੀ ਕਥਨੀ ਕਰਨ ਤੋਂ ਵੀ ਸਾਨੂੰ ਮਨ੍ਹਾ ਕੀਤਾ ਹੋਇਆ ਹੈ। ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਹੈ ਤੇ ਅਸੀਂ ਉਸ ਨੂੰ ਪੂਰੇ ਦੀ ਬਜਾਇ ਅਧੂਰਾ ਮੰਨਿਆ ਹੋਇਆ ਹੈ ਭਾਵ ਉਸ ਵਿੱਚ ਆਪਣੀ ਮਨਮਤਿ ਵਾੜੀ ਹੋਈ ਹੈ। ਅਸੀਂ ਇੱਕ ਬੁੱਢੇ ਦੀ ਤਰ੍ਹਾਂ ਅੰਨ੍ਹੇ ਹੁੰਦੇ ਹੋਏ ਵੀ, ਬਿਲਕੁਲ ਨਾ ਸਮਝ ਹੁੰਦੇ ਹੋਏ ਵੀ ਉਸ ਵਿੱਚ ਆਪਣੀ ਮਨਮਤਿ ਵਾੜੀ ਹੋਈ ਹੈ ਜਿਵੇਂ ਕਿ ਗੁਰੂ ਨੂੰ ਸਮਝ ਹੀ ਨਹੀਂ ਹੈ ਕਿ ਨਾਮ ਕਿਵੇਂ ਜਪਣਾ ਹੈ। ਸਾਰੀ ਗੁਰਬਾਣੀ ਵਿੱਚ ਸਾਨੂੰ ਵਾਰ-ਵਾਰ ਸਮਝਾਇਆ ਗਿਆ ਹੈ ਕਿ ਸੱਚ ਕੀ ਹੈ ਤੇ ਝੂਠ ਕੀ ਹੈ। ਸਾਨੂੰ ਵਾਰ-ਵਾਰ ਇਹ ਸਮਝਾਇਆ ਗਿਆ ਹੈ ਕਿ ਗੁਣ ਕੀ ਹਨ ਤੇ ਔਗੁਣ ਕੀ ਹਨ। ਸਾਨੂੰ ਵਾਰ-ਵਾਰ ਸਾਡੇ ਗੁਣ, ਔਗੁਣ ਗਿਣਵਾਏ ਗਏ ਹਨ। ਸਾਨੂੰ ਵਾਰ-ਵਾਰ ਚੰਗੇ ਕਰਮਾਂ ਤੇ ਮਾੜੇ ਕਰਮਾਂ ਵਿੱਚ ਫਰਕ ਸਮਝਾਇਆ ਗਿਆ ਹੈ। ਸਾਨੂੰ ਵਾਰ-ਵਾਰ ਕਥਨੀ ਤੇ ਕਰਨੀ ਵਿੱਚ ਫਰਕ ਸਮਝਾਇਆ ਗਿਆ ਹੈ। ਹੁਣ ਧਿਆਨ ਨਾਲ ਸੋਚੋ ਕੀ ਸਾਨੂੰ ਇਹਨਾਂ ਗੱਲਾਂ ਤੇ ਯਕੀਨ ਆਇਆ ਹੈ। ਸਾਨੂੰ ਯਕੀਨ ਉਹਨਾਂ ਤੇ ਆਇਆ ਹੈ ਜਿੰਨ੍ਹਾਂ ਨੇ ਇੱਕ ਅੱਖਰ ਦੇ ਜਪ ਨੂੰ ਹੀ ਗੁਣ ਕਿਹਾ ਹੈ, ਇੱਕ ਅੱਖਰ ਦੇ ਜਪ ਨੂੰ ਹੀ ਸੱਚ ਤੇ ਚੱਲਣਾ ਕਿਹਾ ਹੈ, ਇੱਕ ਅੱਖਰ ਦੇ ਜਪ ਨੂੰ ਹੀ ਚੰਗੇ ਕਰਮ ਕਰਨਾ ਕਿਹਾ ਹੈ, ਇੱਕ ਅੱਖਰ ਦੇ ਜਪ ਨੂੰ ਹੀ ਆਪਣੀ ਕਰਨੀ ਸਮਝਿਆ ਹੈ ਭਾਵ ਹਕੀਕਤ ਵਿੱਚ ਸੱਚ ਕੀ ਹੈ, ਗੁਣ-ਔਗੁਣ ਕੀ ਹਨ, ਚੰਗੇ-ਮਾੜੇ ਕਰਮ ਕਰਨੇ ਕੀ ਹਨ ਇਹਨਾਂ ਗੱਲਾਂ ਵੱਲ ਉਹਨਾਂ ਦੀ ਕੋਈ ਤਵੱਜੋ ਨਹੀਂ ਹੈ। ਉਹ ਕੇਵਲ ਇੱਕ ਅੱਖਰ ਦੇ ਜਪ ਨੂੰ ਹੀ ਸਭ ਕੁੱਝ ਸਮਝਦੇ ਹਨ ਤੇ ਔਗੁਣਾਂ ਨੂੰ ਕੇਵਲ ਇੱਕ ਪ੍ਰਹੇਜ਼ ਮਾਤਰ ਦੱਸਿਆ ਹੋਇਆ ਹੈ। ਕੀ ਇਹ ਲੋਕ ਗੁਰਬਾਣੀ ਦੀ ਗੱਲ ਤੇ ਪੂਰੇ ਉਤਰਦੇ ਹਨ? ਇਹ ਸਭ ਗੁਰਮਤਿ ਦੇ ਵਿੱਚ ਆਪਣੀ ਮਨਮਤਿ ਵਾੜਨ ਦੇ ਵਿੱਚ ਹੀ ਲੱਗੇ ਹੋਏ ਹਨ ਭਾਵ ਗੁਰੂ ਨੂੰ ਅਧੂਰਾ ਸਾਬਿਤ ਕਰਨ ਵਿੱਚ ਲੱਗੇ ਹੋਏ ਹਨ ਕਿ ਇਹਨਾਂ ਨੂੰ ਗੁਰੂ ਨਾਲੋਂ ਜਿਆਦਾ ਸਮਝ ਹੈ। ਬਾਣੀ ਵਿੱਚ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੈ ਕਿ ਇੱਕ ਅੱਖਰ ਦਾ ਜਪ ਕਰੀ ਜਾਣ ਨਾਲ ਕਦੇ ਸਾਡੇ ਔਗੁਣ ਦੂਰ ਨਹੀਂ ਹੁੰਦੇ, ਕਦੇ ਸਾਡੇ ਮਨ ਦੀ ਮੈਲ ਨਹੀਂ ਧੁਪ ਸਕਦੀ ਪਰ ਇਹ ਭਰਮੀਆਂ ਹੋਈਆਂ ਗੱਲਾਂ

21/2242

ਕਰਨ ਵਾਲੇ ਸਭ ਨੂੰ ਇਹੀ ਸਮਝਾਉਂਦੇ ਹਨ ਕਿ ਇੱਕ ਅੱਖਰ ਦਾ ਜਪ ਕਰਨ ਨਾਲ ਆਪੇ ਹੀ ਔਗੁਣ ਨਿਕਲ ਜਾਂਦੇ ਹਨ, ਆਪੇ ਹੀ ਮਨ ਦੀ ਮੈਲ ਧੁਪ ਜਾਂਦੀ ਹੈ। ਮੈਲ ਤਾਂ ਸਾਡੇ ਅੰਦਰ ਅਗਿਆਨਤਾ ਦੀ ਹੈ ਜੋ ਕੇਵਲ ਗੁਰੂ ਦੇ ਗਿਆਨ ਨਾਲ ਧੁਪ ਸਕਦੀ ਹੈ ਪਰ ਇਹਨਾਂ ਭਰਮਿਆਂ ਹੋਇਆਂ ਨੂੰ ਉਸਦੀ ਦਿੱਤੀ ਹੋਈ ਮਤਿ ਤੇ ਚੱਲਣਾ ਚੰਗਾ ਲੱਗਦਾ ਹੈ ਜਿੱਥੋਂ ਉਹਨਾਂ ਨੇ ਇਹ ਸਭ ਕੁੱਝ ਸਿੱਖਿਆ ਹੁੰਦਾ ਹੈ ਜਿਸਨੂੰ ਉਹ ਗੁਰੂ ਨਾਲੋਂ ਜਿਆਦਾ ਸਿਆਣਾ ਸਮਝਦੇ ਹਨ। ਆਪਣੀਆਂ ਇਹਨਾਂ ਸਾਰੀਆਂ ਮਨਮਤਿ ਦੀਆਂ ਗੱਲਾਂ ਨਾਲ ਅਸੀਂ ਉਸ ਪੂਰੇ ਗੁਰੂ ਨੂੰ ਅਧੂਰਾ ਗੁਰੂ ਹੀ ਬਣਾਉਂਦੇ ਹਾਂ।

ਸਾਰੀ ਗੁਰਬਾਣੀ ਵਿੱਚ ਦੱਸੋ ਕਿੱਥੇ ਲਿਖਿਆ ਹੈ ਕਿ ਕੋਈ ਖਾਸ ਵੇਲਾ, ਕੋਈ ਖਾਸ ਪਹਿਰ ਅੰਮ੍ਰਿਤ ਵੇਲਾ ਹੈ। ਕਿਤੇ ਨਹੀਂ ਲਿਖਿਆ ਹੋਇਆ ਤੇ ਉਲਟਾ ਇਹ ਜਰੂਰ ਲਿਖਿਆ ਹੋਇਆ ਹੈ ਕਿ ਜੇਕਰ ਅਸੀਂ ਕਿਸੇ ਖਾਸ ਵੇਲੇ ਨੂੰ ਉੱਚਾ ਮੰਨਦੇ ਹਾਂ, ਕਿਸੇ ਖਾਸ ਵੇਲੇ ਦੇ ਨਾਲ ਜੁੜਦੇ ਹਾਂ ਤਾਂ ਫਿਰ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਹੈ। ਪਰ ਆਪਣੀ ਮਨਮਤਿ ਦੁਆਰਾ ਅਸੀਂ ਇੱਕ ਖਾਸ ਵੇਲੇ ਨੂੰ ਅੰਮ੍ਰਿਤ ਵੇਲਾ ਬਣਾਇਆ ਹੋਇਆ ਹੈ ਜੋ ਕਿ ਕੇਵਲ ਮਨਮਤਿ ਹੈ ਤੇ ਗੁਰੂ ਨੂੰ ਸਿਖਾਉਣ ਵਾਲੀ ਗੱਲ ਹੈ, ਗੁਰੂ ਤੋਂ ਜਿਆਦਾ ਸਿਆਣੇ ਬਣਨ ਵਾਲੀ ਗੱਲ ਹੈ।

ਗੁਰਬਾਣੀ ਵਿੱਚ ਵਾਰ-ਵਾਰ ਸੰਤ, ਸਾਧ ਗੁਰੂ ਨੂੰ ਕਿਹਾ ਹੈ ਪਰ ਫਿਰ ਵੀ ਅਸੀਂ ਦੁਨਿਆਵੀ ਸਾਧਾਂ ਸੰਤਾਂ ਦੇ ਨਾਲ ਜੁੜੇ ਹੋਏ ਹਾਂ ਤੇ ਗੁਰਮਤਿ ਦੀ ਸਿੱਖਿਆ ਲੈਣ ਲਈ ਉਹਨਾਂ ਦੇ ਕੋਲ ਜਾਂਦੇ ਹਾਂ, ਉਹਨਾਂ ਨੂੰ ਜਾ ਕੇ ਪੂਜਦੇ ਹਾਂ ਤੇ ਉਹਨਾਂ ਨੂੰ ਧਰਮ ਦੇ ਠੇਕੇਦਾਰ ਮੰਨਦੇ ਹਾਂ। ਇਸ ਤੋਂ ਵੱਡੀ ਮਨਮਤਿ ਹੋਰ ਕੀ ਹੋ ਸਕਦੀ ਹੈ ਜਿਸ ਦੁਆਰਾ ਅਸੀਂ ਗੁਰੂ ਨੂੰ ਅਧੂਰੇ ਦੇ ਨਾਲ ਨਾਲ ਛੋਟਾ ਤੇ ਨਿਆਣਾ ਵੀ ਸਾਬਿਤ ਕਰਦੇ ਹਾਂ।

ਗੁਰੂ ਸਾਨੂੰ ਵਾਰ-ਵਾਰ ਸਮਝਾਉਂਦਾ ਹੈ ਕਿ ਸਰੀਰਕ ਜਪ ਤਪ ਆਦਿ ਕਿਸੇ ਲੇਖੇ ਨਹੀਂ ਹਨ ਬਲਕਿ ਸਾਡੀ ਹਉਮੈ ਹੀ ਵਧਾਉਂਦੇ ਹਨ ਤੇ ਇਹਨਾਂ ਨੂੰ ਛੱਡਣ ਦੀ ਲੋੜ ਹੈ ਤੇ ਇਹਨਾਂ ਨੂੰ ਛੱਡੇ ਬਿਨ੍ਹਾਂ ਅਸੀਂ ਗੁਰੂ ਦੀ ਸ਼ਰਨ ਵਿੱਚ ਨਹੀਂ ਆ ਸਕਦੇ ਪਰ ਫਿਰ ਵੀ ਅਸੀਂ ਗੁਰੂ ਨੂੰ ਅਧੂਰਾ ਹੀ ਸਾਬਿਤ ਕਰਦੇ ਹਾਂ ਤੇ ਸਰੀਰਕ ਜਪ-ਤਪ ਨੂੰ ਹੀ ਭਗਤੀ ਸਮਝਦੇ ਹਾਂ। ਅਸੀਂ ਅਨੇਕਾਂ ਹੀ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਤੋਂ ਗੁਰਮਤਿ ਸਾਨੂੰ ਮਨ੍ਹਾ ਕਰਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ ਤੇ ਸਾਨੂੰ ਬਾਣੀ ਰਾਹੀਂ ਸਮਝਾਇਆਂ ਹੋਇਆ ਹੈ ਪਰ ਫਿਰ ਵੀ ਅਸੀਂ ਗੁਰੂ ਦੀ ਗੱਲ ਤੇ ਯਕੀਨ ਨਹੀਂ ਕਰਦੇ ਭਾਵ ਮਨਮਤਿ ਵਿੱਚ ਚੱਲਦੇ ਹਾਂ।

ਗੁਰਬਾਣੀ ਰਾਹੀਂ ਸਾਨੂੰ ਊਚ-ਨੀਚ ਦਾ ਭੇਦ ਤਿਆਗਣ ਲਈ ਕਿਹਾ ਹੈ

21/2243

ਤੇ ਲੰਗਰ ਦੀ ਪ੍ਰਥਾ ਸ਼ੁਰੂ ਕਰਕੇ ਸਭ ਨੂੰ ਇੱਕੋ ਪੰਗਤ ਵਿੱਚ ਵੀ ਗੁਰੂ ਸਾਹਿਬ ਨੇ ਆਪ ਬਿਠਾਇਆ ਹੈ ਤੇ ਗੁਰਬਾਣੀ ਰਾਹੀਂ ਵੀ ਇਹ ਗੱਲ ਸਾਨੂੰ ਵਾਰ-ਵਾਰ ਸਮਝਾਈ ਹੈ ਕਿ ਅਸੀਂ ਕਿਸੇ ਨੂੰ ਉੱਚਾ ਨੀਵਾਂ ਸਮਝਣ ਦਾ ਭੇਦ ਨਾ ਕਰੀਏ। ਸਾਨੂੰ ਇਹ ਵੀ ਸਮਝਾਇਆ ਹੈ ਕਿ ਕਿਸੇ ਦਾ ਹੱਥ ਲੱਗਣ ਨਾਲ ਖਾਣਾ ਭ੍ਰਿਸ਼ਟ ਨਹੀਂ ਹੋ ਜਾਂਦਾ ਭਾਵ ਕੋਈ ਵੱਖਰੇ ਚੌਂਕੇ ਬਣਾਉਣ ਦੀ ਲੋੜ ਨਹੀਂ ਹੈ ਪਰ ਕੀ ਸਾਨੂੰ ਗੁਰੂ ਸਾਹਿਬ ਦੀ ਇਹੋ ਜਿਹੀ ਸਿੱਖਿਆ ਤੇ ਯਕੀਨ ਹੈ। ਆਪਣੇ ਆਪ ਨੂੰ ਸਿੱਖ ਪੰਥ ਦੀਆਂ ਸਿਰਮੌਰ ਜੱਥੇਬੰਦੀਆਂ ਅਖਵਾਉਣ ਵਾਲੇ ਇਹਨਾਂ ਗੱਲਾਂ ਨਾਲ ਹੀ ਸਿਰਮੌਰ ਬਣੀ ਬੈਠੇ ਹਨ ਜੋ ਰੱਜ ਕੇ ਊਚ-ਨੀਚ ਦਾ ਭੇਦ ਕਰਦੇ ਹਨ, ਆਪਣੇ ਵੱਖਰੇ ਚੌਂਕੇ ਬਣਾਉਂਦੇ ਹਨ, ਵੱਖਰੇ ਬਰਤਨ ਰੱਖਦੇ ਹਨ ਤੇ ਲੰਗਰ ਵਰਤਾਉਣ ਵਾਲੇ ਖਾਸ ਵਰਤਾਵੇ ਰੱਖਦੇ ਹਨ ਜਿੰਨ੍ਹਾਂ ਨੂੰ ਗੁਰੂ ਦੀ ਦੱਸੀ ਹੋਈ, ਆਪਣੇ ਹੱਥੀ ਚਲਾਈ ਹੋਈ ਪ੍ਰਥਾ ਤੇ ਵੀ ਯਕੀਨ ਨਹੀਂ ਹੈ, ਗੁਰਬਾਣੀ ਦੀ ਗੱਲ ਤੇ ਯਕੀਨ ਕਰਨਾ ਤੇ ਦੂਰ ਦੀ ਗੱਲ ਹੈ। ਆਪਣੀ ਮਨਮਤਿ ਕਰਕੇ ਹੀ ਹਰ ਕੋਈ ਆਪਣੇ ਆਪ ਨੂੰ ਉੱਚਾ ਕਰਨ ਵਿੱਚ ਲੱਗਾ ਹੋਇਆ ਹੈ ਪਰ ਅਸਲ ਵਿੱਚ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਉਹ ਆਪ ਉੱਚਾ ਹੋਣਾ ਦੀ ਬਜਾਇ ਗੁਰਮਤਿ ਨੂੰ ਨੀਵਾਂ ਕਰ ਰਹੇ ਹਨ, ਗੁਰੂ ਨੂੰ ਅਧੂਰਾ ਕਰ ਰਹੇ ਹਨ।

ਗੁਰਬਾਣੀ ਵਿੱਚ ਸਾਨੂੰ ਵਾਰ-ਵਾਰ ਮੂਰਤੀ ਪੂਜਾ ਤੋਂ ਹਟਾਇਆ ਗਿਆ ਹੈ ਤੇ ਅੱਜ ਆਪਣੇ ਆਪ ਨੂੰ ਸਿੱਖ ਜਗਤ ਵਿੱਚ ਇੱਕ ਸਿਰਮੌਰ ਅਖਵਾਉਣ ਵਾਲੇ ਸਾਨੂੰ ਫਿਰ ਉਸੇ ਰਸਤੇ ਤੇ ਤੋਰ ਰਹੇ ਹਨ ਜਿੱਥੋਂ ਸਾਨੂੰ ਭਗਤ ਸਾਹਿਬਾਨ ਨੇ, ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਹੱਟਣ ਤੋਂ ਸਿਖਾਇਆ ਹੈ। ਇਹ ਅੱਤ ਦੀ ਅਗਿਆਨਤਾ ਹੈ ਜਿਸ ਦੁਆਰਾ ਉਹ ਸਾਨੂੰ ਸ਼ਬਦ ਗੁਰੂ ਦੇ

ਮਕਸਦ ਤੋਂ ਹੀ ਦੂਰ ਕਰ ਰਹੇ ਹਨ ਤੇ ਫਿਰ ਸਾਨੂੰ ਦੇਹ ਰੂਪ ਦੇ ਨਾਲ ਜੋੜ ਰਹੇ ਹਨ। ਆਪਣੇ ਸਿਰਮੌਰ ਦੀ ਮੂਰਤੀ, ਫੋਟੋ ਪੂਜਣ ਦੇ ਸਦਕਾ ਧੰਨ ਧੰਨ ਬਾਬੇ ਨਾਨਕ ਦੀ ਮੂਰਤੀ, ਫੋਟੋ ਰੱਖ ਕੇ ਹੀ ਪੂਜਣ ਲੱਗ ਪਏ ਹਨ ਤੇ ਸਾਰਾ ਦਿਨ ਆਪਣੇ ਸਿਰਮੌਰਾਂ ਦੇ ਗੁਣ ਗਾਉਂਦੇ ਹਨ, ਉਹਨਾਂ ਦੀ ਧੰਨ ਧੰਨ ਗਾਉਣ ਵਿੱਚ ਲੱਗੇ ਰਹਿੰਦੇ ਹਨ ਭਾਵ ਪੂਰੀ ਤਰ੍ਹਾਂ ਦੇਹ ਦੇ ਨਾਲ ਜੁੜੇ ਹੋਏ ਹਨ। ਇਹ ਪੂਰੇ ਸਿੱਖ ਜਗਤ ਨੂੰ ਤੇ ਗੁਰਬਾਣੀ ਦੀ ਮਰਿਆਦਾ ਨੂੰ ਵੱਡੀ ਠੇਸ ਪਹੁੰਚਾਉਣ ਵਾਲੀ ਗੱਲ ਹੈ ਪਰ ਇਹੋ ਜਿਹਿਆਂ ਨੂੰ ਆਪਣੀ ਮਨਮਤਿ ਤੇ ਹੀ ਮਾਣ ਹੈ ਤੇ ਫਿਰ ਵੀ ਆਪਣੇ ਆਪ ਨੂੰ ਗੁਰਮਤਿ ਵਾਲੇ ਕਹਿੰਦੇ ਹਨ ਤੇ ਸਿੱਖ ਜਗਤ ਵਿੱਚ ਆਪਣੀ ਝੂਠੀ ਚੌਧਰ ਬਣਾਈ ਬੈਠੇ ਹਨ। ਜੇਕਰ ਧਿਆਨ ਨਾਲ ਸਮਝੋਗੇ ਤਾਂ ਇਹ ਗੁਰੂ ਦੀ ਚੌਧਰ ਘਟਾਉਣ ਵਾਲੀ ਗੱਲ ਹੈ। ਗੁਰੂ ਦੀ ਚੌਧਰ ਗੁਰੂ ਦੀ ਗੱਲ ਨੂੰ ਮੰਨ ਕੇ ਬਣਦੀ ਹੈ ਨਾ ਕਿ ਉਸ ਦੇ ਉਲਟ ਚੱਲ ਕੇ। ਹਰ ਕੋਈ ਆਪਣੀ-ਆਪਣੀ ਮਰਿਆਦਾ ਨੂੰ ਉੱਚੀ ਕਰਨ ਵਿੱਚ ਹੀ ਲੱਗਾ ਹੋਇਆ ਹੈ ਪਰ

21/2244

ਗੁਰਬਾਣੀ ਦੀ ਮਰਿਆਦਾ ਕੀ ਹੈ ਇਸ ਦੇ ਨਾਲ ਕਿਸੇ ਨੂੰ ਕੋਈ ਬਹੁਤਾ ਤਲਕ ਨਹੀਂ ਹੈ। ਹਰ ਕੋਈ ਆਪਣੀ-ਆਪਣੀ ਵਡਿਆਈ ਲੈਣ ਵਿੱਚ ਹੀ ਹੈ, ਆਪਣਾ ਮਾਣ ਉੱਚਾ ਕਰਨ ਵਿੱਚ ਹੀ ਹੈ, ਆਪਣੀ ਜੱਥੇਬੰਦੀ ਨੂੰ ਉੱਚਾ ਕਰਨ ਵਿੱਚ ਹੀ ਲੱਗਾ ਹੋਇਆ ਹੈ ਜਿਸ ਵਿੱਚ ਗੁਰੂ ਦੀ ਵਡਿਆਈ ਨਹੀਂ ਹੁੰਦੀ।

ਮਨ ਦੀ ਸਮਝ ਕਿਸੇ ਨੂੰ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਕੀ ਪੂਰੀ ਗੁਰਬਾਣੀ ਵਿੱਚ ਸਾਨੂੰ ਕੋਈ ਇਹੋ ਜਿਹੀ ਗੱਲ ਸਮਝਾਈ ਹੈ ਕਿ ਪ੍ਰਮਾਤਮਾ ਦੇ ਦਰਸ਼ਨ ਮਨ ਤੋਂ ਬਿਨ੍ਹਾਂ ਵੀ ਕਿਤੇ ਹੋਰ ਹੋ ਸਕਦੇ ਹਨ ਜੋ ਕਿ ਸਾਡੇ ਸਭ ਦੇ ਅੰਦਰ ਤੇ ਹਰ ਵਸਤੂ ਵਿੱਚ ਆਪਣੇ ਨਿਰਗੁਣ ਰੂਪ ਵਿੱਚ ਸਮਾਇਆ ਹੋਇਆ ਹੈ ਪਰ ਫਿਰ ਵੀ ਉਸਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਕਿਸੇ ਸਰਗੁਣ ਸਰੂਪ ਵਿੱਚ ਦਰਸਨ ਕਰਨ ਦੀਆਂ ਗੱਲਾਂ ਹੀ ਕਰਦੇ ਹਨ ਜੋ ਕਿ ਬਿਲਕੁਲ ਹੀ ਗੁਰਮਤਿ ਦੇ ਉਲਟ ਹੈ ਤੇ ਗੁਰੂ ਦੇ ਬੋਲ ਵਿਗਾੜਨ ਵਾਲੀ ਗੱਲ ਹੈ, ਉਸ ਤੋਂ ਉਲਟੀ ਮਤਿ ਸਮਝਾਉਣ ਵਾਲੀ ਗੱਲ ਹੈ। ਇਹੋ ਜਿਹੇ ਭਰਮੇ ਹੋਏ ਸਾਨੂੰ ਪੂਰੇ ਗੁਰੂ ਦੀ ਮਤਿ ਤੋਂ ਦੂਰ ਹੀ ਕਰਦੇ ਹਨ ਭਾਵ ਆਪਣੀ ਮਨਮਤਿ ਹੀ ਸਿਖਾਉਂਦੇ ਹਨ ਭਾਵ ਗੁਰੂ ਦੀ ਮਤਿ ਨੂੰ ਅਧੂਰਾ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਕਿ ਗੁਰੂ ਨੂੰ ਇਹ ਸਮਝ ਨਹੀਂ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੁੰਦਾ ਹੈ, ਕਿੱਥੇ ਹੁੰਦਾ ਹੈ ਤੇ ਕਿਸ ਰੂਪ ਵਿੱਚ ਹੁੰਦਾ ਹੈ।

ਕੀ ਸਾਰੀ ਗੁਰਬਾਣੀ ਵਿੱਚ ਕਿਤੇ ਇਹ ਲਿਖਿਆ ਹੋਇਆ ਹੈ ਕਿ ਸਾਡੇ ਮਨ ਦੇ ਅੰਦਰ ਕੋਈ ਵੱਖਰੇ-ਵੱਖਰੇ ਤਲ ਬਣੇ ਹੋਏ ਹਨ, ਕੋਈ ਦੋ, ਤਿੰਨ, ਚਾਰ ਤਲ ਬਣੇ ਹੋਏ ਹਨ ਪਰ ਜਿੰਨ੍ਹਾਂ ਨੂੰ ਅਸੀਂ ਉਸ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਸਮਝਦੇ ਹਾਂ ਉਹ ਸਾਨੂੰ ਇਹੋ ਜਿਹੀ ਮਤਿ ਹੀ ਸਮਝਾਉਂਦੇ ਹਨ ਤੇ ਉਹਨਾਂ ਨੂੰ ਮੰਨਣ ਵਾਲੇ ਇਹਨਾਂ ਗੱਲਾਂ ਦਾ ਹੀ ਪ੍ਰਚਾਰ ਕਰਦੇ ਹਨ। ਇਹ ਸਭ ਗੁਰੂ ਨੂੰ ਅਧੂਰਾ ਸਾਬਿਤ ਕਰਨ ਵਾਲੀਆਂ ਗੱਲਾਂ ਹੀ ਹਨ ਕਿ ਉਹ ਗੁਰੂ ਨਾਲੋਂ ਜਿਆਦਾ ਸਿਆਣੇ ਹਨ ਤੇ ਉਹਨਾਂ ਨੂੰ ਇਸ ਮਨ ਦੀ ਗੁਰੂ ਨਾਲੋਂ ਜਿਆਦਾ ਸਮਝ ਹੈ।

ਬਾਣੀ ਵਿੱਚ ਸਾਨੂੰ ਵਾਰ-ਵਾਰ ਇਹ ਗੱਲ ਸਮਝਾਈ ਗਈ ਹੈ ਕਿ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਣ ਨਾਲ, ਅੱਖਰਾਂ ਦੀ ਲਿਖਤ ਨੂੰ ਕੇਵਲ ਪੜ੍ਹੀ ਜਾਣ ਨਾਲ, ਗਿਣਤੀਆਂ ਮਿਣਤੀਆਂ ਵਿੱਚ ਪਏ ਰਹਿਣ ਨਾਲ ਕੁੱਝ ਹਾਸਿਲ ਨਹੀਂ ਹੁੰਦਾ ਤੇ ਕੇਵਲ ਇੱਕ ਗੱਡੀ ਲੱਦਣ ਵਾਲੀ ਗੱਲ ਹੈ ਕਿਉਂਕਿ ਅਸਲ ਗੱਲ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ ਭਾਵ ਗੁਰੂ ਦੀ ਗੱਲ ਨੂੰ ਪੜ੍ਹ-ਸੁਣ ਕੇ ਜਦ ਤੱਕ ਅਸੀਂ ਉਸਨੂੰ ਸਮਝ ਕੇ ਉਸ ਤੇ ਅਮਲ ਨਹੀਂ ਕਰਦੇ ਸਾਡੀ ਕਥਨੀ ਕਿਸੇ ਲੇਖੇ ਨਹੀਂ ਪੈਂਦੀ ਪਰ ਆਪਣੇ ਆਪ ਨੂੰ ਵੱਡੇ ਸਿਰਮੌਰ ਗਿਣਾਉਣ ਵਾਲੇ ਸਾਨੂੰ ਸ਼ਬਦਾਂ ਦੀ ਕਥਨੀ ਨਾਲ ਹੀ ਜੋੜਦੇ ਹਨ ਤੇ ਵੱਧ ਤੋਂ ਵੱਧ ਪੜ੍ਹੀ ਜਾਣ ਨਾਲ ਹੀ ਜੋੜਦੇ ਹਨ ਤੇ ਇਸੇ ਪੜ੍ਹੀ ਜਾਣ ਨੂੰ ਹੀ ਸਾਡੀ ਕਰਨੀ ਸਮਝਾਉਂਦੇ ਹਨ ਜਿਵੇਂ ਕਿ ਇਹ ਗੁਰੂ ਨਾਲੋਂ ਜਿਆਦਾ ਸਿਆਣੇ ਹਨ। ਇਹ ਆਪਣੀ ਮਤਿ ਦੁਆਰਾ ਗੁਰੂ ਨੂੰ ਅਧੂਰਾ

21/2245

ਹੀ ਸਾਬਿਤ ਕਰਦੇ ਹਨ ਤੇ ਆਪਣੇ ਆਪ ਨੂੰ ਪੂਰਾ ਸਾਬਿਤ ਕਰਦੇ ਹਨ।

ਗੁਰਬਾਣੀ ਰਾਹੀਂ ਸਾਨੂੰ ਇਹ ਵਾਰ-ਵਾਰ ਸਮਝਾਇਆ ਹੈ ਕਿ "ਨਾਮ" ਆਪ ਪ੍ਰਮਾਤਮਾ ਹੈ ਤੇ ਨਾਮ ਦੀ ਪ੍ਰਾਪਤੀ ਮਨ ਦੇ ਅੰਦਰੋਂ ਹੀ ਹੁੰਦੀ ਹੈ ਤੇ ਆਪਣਾ ਨਾਮ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਦਿੰਦਾ ਹੈ ਪਰ ਨਾਮ ਦਾ ਪ੍ਰਚਾਰ ਕਰਨ

ਵਾਲੇ ਕਿਤਨਾ ਕੁ ਇਸ ਗੱਲ ਨੂੰ ਸਮਝਦੇ ਹਨ ਇਹ ਸਭ ਦੇ ਸਾਹਮਣੇ ਹੈ। ਇਹ ਲੋਕ ਆਪ ਹੀ ਨਾਮ ਵੰਡਣ ਲੱਗੇ ਹੋਏ ਹਨ ਜਿਵੇਂ ਕਿ ਇਹ ਆਪ ਹੀ ਨਾਮ ਦੇ ਮਾਲਕ ਹੁੰਦੇ ਹਨ। ਆਪ ਹੀ ਇੱਕ ਅੱਖਰ ਨੂੰ ਨਾਮ ਬਣਾ ਕੇ ਉਹ ਸਭ ਨੂੰ ਸਮਝਾਉਣ ਵਿੱਚ ਲੱਗੇ ਹੋਏ ਹਨ ਤੇ ਇੱਕ ਅੱਖਰ ਦਾ ਜਪ ਕਰਾਉਣ ਵਿੱਚ ਲੱਗੇ ਹੋਏ ਹਨ। ਹਰ ਗੱਲ ਵਿੱਚ ਇਹਨਾਂ ਨੇ ਆਪਣੀ ਸਿਆਣਪ ਹੀ ਵਾੜੀ ਹੋਈ ਹੈ ਤੇ ਗੁਰੂ ਦੀ ਮਤਿ ਨੂੰ ਅਧੂਰੀ ਮਤਿ ਸਾਬਿਤ ਕਰਦੇ ਹਨ ਕਿ ਇਹ ਗੁਰੂ ਨਾਲੋਂ ਜਿਆਦਾ ਸਿਆਣੇ ਹਨ।

ਇਹ ਸਭ ਆਪ ਹੀ ਧਰਮ ਦੇ ਠੇਕੇਦਾਰ ਬਣ ਕੇ ਬੈਠੇ ਹੋਏ ਹਨ ਤੇ ਇਸੇ ਲਈ ਇਹੋ ਜਿਹੀ ਸਿੱਖਿਆ ਦੇਣ ਵਾਲਿਆਂ ਨੂੰ "ਨਿਰਲਜ" ਕਿਹਾ ਹੈ ਜਿਵੇਂ ਕਿ ਅਸੀਂ ਕੁੱਝ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹਨਾਂ ਦੇ ਪਿੱਛੇ ਲੱਗਣ ਵਾਲਿਆਂ ਨੂੰ ਬਾਵਲੇ ਕਿਹਾ ਹੈ ਜੋ ਇਹਨਾਂ ਦੀਆਂ ਵਡਿਆਈਆਂ ਕਰਦੇ ਹਨ। ਪੂਰਾ ਉਹ ਹੈ ਜੋ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ ਤੇ ਇਸੇ ਲਈ ਗੁਰੂ ਪੂਰਾ ਹੈ ਜੋ ਪ੍ਰਮਾਤਮਾ ਦੇ ਨਾਲ ਇੱਕਮਿਕ ਹੈ। ਵੇਦਾਂ, ਸ਼ਾਸਤਰਾਂ ਤੇ ਗੁਰਬਾਣੀ ਦੇ ਗਿਆਨ ਵਿੱਚ ਇਸੇ ਗੱਲ ਦਾ ਹੀ ਫਰਕ ਹੈ ਕਿ ਵੇਦਾਂ, ਸ਼ਾਸਤਰਾਂ ਦੇ ਵਿੱਚ ਸੱਚ ਦੇ ਨਾਲ-ਨਾਲ ਭਰਮ ਵੀ ਉੱਥੇ ਹੀ ਹੈ ਕਿਉਂਕਿ ਉਹਨਾਂ ਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਹੈ, ਉਸਦੇ ਸ਼ਬਦ ਰੂਪ ਦੀ ਸੋਝੀ ਨਹੀਂ ਹੈ। ਗੁਰਬਾਣੀ ਇਸੇ ਲਈ ਪੂਰਾ ਗੁਰੂ ਹੈ ਕਿਉਂਕਿ ਗੁਰਬਾਣੀ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ, ਇਹ ਪ੍ਰਮਾਤਮਾ ਦੀ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ, ਸ਼ਬਦ ਰੂਪ ਵਿੱਚ ਪ੍ਰਗਟ ਹੋ ਕੇ ਲਿਖਵਾਈ ਹੋਈ ਰਚਨਾ ਹੈ। ਅਸੀਂ ਆਪਣੇ ਵਿਚਾਰਾਂ ਰਾਹੀਂ ਅਜੇ ਤੱਕ ਵੇਦਾਂ, ਸ਼ਾਸਤਰਾਂ ਦੀ ਧਾਰਨਾ ਨਾਲ ਹੀ ਜੁੜੇ ਹੋਏ ਹਾਂ, ਵਿਚਾਰਧਾਰਾ ਨਾਲ ਜੁੜੇ ਹੋਏ ਹਾਂ ਜੋ ਸਾਨੂੰ ਸਰਗੁਣ ਰੂਪ ਦੇ ਨਾਲ ਜੋੜਦੀ ਹੈ, ਸਰੀਰਕ ਜਪਾਂ-ਤਪਾਂ ਦੇ ਨਾਲ ਜੋੜਦੀ ਹੈ, ਕਿਸੇ ਅੱਖਰ ਦੇ ਜਪ ਦੇ ਨਾਲ ਜੋੜਦੀ ਹੈ, ਸੁਰਤੀਆਂ ਸਮਾਧੀਆਂ ਦੇ ਨਾਲ ਜੋੜਦੀ ਹੈ, ਸਵਾਸਾਂ ਦੀਆਂ ਕਿਰਿਆਵਾਂ ਦੇ ਨਾਲ ਜੋੜਦੀ ਹੈ। ਅਸੀਂ ਹੁਣ ਤੱਕ ਉਸੇ ਵਿਚਾਰਧਾਰਾ ਨਾਲ ਹੀ ਜੁੜੇ ਹੋਏ ਹਾਂ ਤੇ ਹੌਲੀ-ਹੌਲੀ ਇੱਕ ਮੂਰਤੀ ਪੂਜਾ ਜਿਸ ਵਿੱਚੋਂ ਅਸੀਂ ਨਿਕਲੇ ਸੀ ਫਿਰ ਮੂਰਤੀ ਪੂਜਾ ਵੱਲ ਹੀ ਤੁਰੇ ਹੋਏ ਹਾਂ। ਅਨੇਕਾਂ ਹੀ ਘਰਾਂ ਵਿੱਚ ਕਿਸੇ ਨਾ ਕਿਸੇ ਸਿਰਮੌਰ ਦੀ ਫੋਟੋ ਟੰਗੀ ਹੁੰਦੀ ਹੈ ਜਿੰਨ੍ਹਾਂ ਨੂੰ ਅਸੀਂ ਉੱਚਾ ਮੰਨਿਆ ਹੋਇਆ ਹੈ ਜਾਂ ਕਦੇ ਸਾਡੇ ਬਜ਼ੁਰਗ ਉਹਨਾਂ ਨੂੰ ਮੰਨਦੇ ਹੋਣਗੇ। ਇਹ ਸਭ ਮੂਰਤੀ ਪੂਜਾ ਹੀ ਹੈ, ਕਿਸੇ ਦੇਹ ਰੂਪ ਨਾਲ ਜੁੜਨ ਵਾਲੀ ਗੱਲ ਹੀ ਹੈ ਕਿਉਂਕਿ ਸਾਡੀ ਆਸਥਾ ਅਸਲ ਵਿੱਚ ਕਿਸੇ ਨਾ ਕਿਸੇ ਦੇਹ ਰੂਪ ਨੂੰ ਉੱਚਾ ਮੰਨ ਕੇ ਉਸਦੇ ਨਾਲ ਜੁੜੀ ਹੁੰਦੀ ਹੈ। ਬਾਣੀ ਵਿੱਚ ਸਾਨੂੰ

21/2246

ਵਾਰ-ਵਾਰ ਇਹ ਗੱਲ ਸਮਝਾਈ ਗਈ ਹੈ ਕਿ ਸਾਨੂੰ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਵੀ ਇਹੋ ਜਿਹੀ ਮਤਿ ਨਾਲ ਨਹੀਂ ਜੁੜਨਾ ਚਾਹੀਦਾ ਜਿਸ ਦੀ ਮਤਿ ਗੁਰੂ ਦੀ ਮਤਿ ਤੇ ਨਹੀਂ ਟਿਕਦੀ ਪਰ ਧਿਆਨ ਨਾਲ ਵਿਚਾਰੋ ਕਿ ਕੌਣ ਇਸ ਗੱਲ ਤੇ ਅਮਲ ਕਰਦਾ ਹੈ। ਅਸੀਂ ਗੁਰੂ ਦੀ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਬਜਾਇ ਉਹਨਾਂ ਅਧੂਰਿਆਂ ਦੀ ਮਤਿ ਨਾਲ ਜੁੜੇ ਹੋਏ ਹਾਂ ਜੋ ਗੁਰੂ ਨੂੰ ਵੀ ਅਧੂਰਾ ਸਾਬਿਤ ਕਰਦੇ ਹਨ, ਉਸ ਪੂਰੇ ਨੂੰ ਅਧੂਰਾ ਬਣਾਉਂਦੇ ਹਨ। ਅਸੀਂ ਉਹਨਾਂ ਦੇ ਪਿੱਛੇ ਲੱਗੇ ਹੋਏ ਹਾਂ ਜੋ ਬੁੱਢੀ ਅਵੱਸਥਾ ਵਿੱਚ ਨੇਤ੍ਰਹੀਣ ਹੁੰਦੇ ਹੋਏ ਵੀ ਸਾਨੂੰ ਸਾਡਾ ਮਾਰਗ ਦਿਖਾ ਰਹੇ ਹਨ। ਜਿੰਨ੍ਹਾਂ ਨੂੰ ਖੁਦ ਮਾਰਗ ਦੀ ਸਮਝ ਨਹੀਂ ਹੈ ਅਸੀਂ ਉਹਨਾਂ ਕੋਲੋਂ ਭਗਤੀ ਦਾ ਮਾਰਗ ਸਿੱਖ ਰਹੇ ਹਾਂ।

ਪੂਰਾ ਕੇਵਲ ਗੁਰੂ ਹੈ ਜੋ ਕਿ ਹਰ ਲਿਹਾਜ ਨਾਲ ਪੂਰਾ ਹੈ ਤੇ ਸਾਨੂੰ ਕੇਵਲ ਤੇ ਕੇਵਲ ਭਰੋਸਾ ਗੁਰੂ ਦੀ ਮਤਿ ਤੇ ਹੀ ਰੱਖਣਾ ਚਾਹੀਦਾ ਹੈ ਤੇ ਉਸਦੀ ਦੱਸੀ ਹੋਈ ਮਤਿ ਵਿੱਚ ਕੁੱਝ ਘੱਟ-ਵੱਧ ਕਰਨ ਦੀ ਗੁਸਤਾਖੀ ਨਹੀਂ ਕਰਨੀ ਚਾਹੀਦੀ। ਇਸ ਗੱਲ ਦੀ ਸਮਝ ਉਸ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਜਿਸ ਨੂੰ ਇਹੋ ਜਿਹੀ ਸਮਝ ਪੈ ਜਾਂਦੀ ਹੈ ਕਿ ਗੁਰਮਤਿ ਦੁਆਰਾ ਦੱਸੀ ਹੋਈ, ਗੁਰਬਾਣੀ ਦੁਆਰਾ ਸਮਝਾਈ ਹੋਈ ਹਰ ਗੱਲ ਉਸੇ ਤਰ੍ਹਾਂ ਸੱਚ ਹੈ ਤੇ ਉਸ ਵਿੱਚ ਕੁੱਝ ਘੱਟ-ਵੱਧ ਕਰਨ ਦੀ ਗੁੰਜਾਇਸ਼ ਨਹੀਂ ਹੈ, ਕਿਸੇ ਹੋਰ ਮਤਿ ਦੀ ਗੁੰਜਾਇਸ਼ ਨਹੀਂ ਹੈ ਉਹੀ ਫਿਰ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਉਸ ਪ੍ਰਮਾਤਮਾ ਵਿੱਚ ਸਮਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪਤਾ ਚੱਲਦਾ ਹੈ ਗੁਰਬਾਣੀ ਦੀ ਰਚਨਾ ਕਿਵੇਂ ਹੋਈ ਹੈ ਤੇ ਕਿਸ ਨੇ ਕਰਵਾਈ ਹੈ ਭਾਵ ਇਹ ਸਾਰਾ ਗਿਆਨ ਕਿਸ ਨੇ ਦਿੱਤਾ ਹੈ ਭਾਵ ਗੁਰਬਾਣੀ ਦੀ ਰਚਨਾ ਆਪ ਪ੍ਰਮਾਤਮਾ ਨੇ ਮਨ ਵਿੱਚ ਪ੍ਰਗਟ ਹੋ ਕੇ ਕਰਵਾਈ ਹੈ ਤੇ ਇਸੇ ਲਈ ਇਸ ਵਿੱਚ ਕਿਸੇ ਵੀ ਹੋਰ ਸਿਆਣਪ ਦੀ ਲੋੜ ਨਹੀਂ ਹੈ ਕਿਉਂਕਿ ਪ੍ਰਮਾਤਮਾ ਤੋਂ ਜਿਆਦਾ ਸਿਆਣਾ ਕੀ ਅਸੀਂ ਕਿਸੇ ਹੋਰ ਨੂੰ ਮੰਨ ਸਕਦੇ ਹਾਂ ਜੋ ਗੁਰਬਾਣੀ ਦੇ ਵਿੱਚ ਕੁੱਝ ਘੱਟ-ਵੱਧ ਕਰ ਸਕੇ। ਘੱਟ-ਵੱਧ ਕਰਨ ਵਿੱਚ ਉਹੀ ਲੱਗੇ ਹੋਏ ਹਨ ਜਿੰਨ੍ਹਾਂ ਨੂੰ ਨਾ ਇਸ ਮਨ ਦੀ ਸੋਝੀ ਹੈ, ਨਾ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਤੇ ਨਾ ਹੀ ਉਹਨਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਗੁਰਬਾਣੀ ਸਾਡੇ ਕੋਲ ਕਿਸ ਨੇ ਭੇਜੀ ਹੈ। **(ਪੂਰੇ ਕਾ ਕੀਆ ਸਭ ਕਿਛੁ**

ਪੂਰਾ ਘਟਿ ਵਧਿ ਕਿਛੁ ਨਾਹੀ॥ ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥੩੩॥)

ਜਿਸ ਪ੍ਰਮਾਤਮਾ ਨੇ ਇਹ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਖੰਡਾਂ-ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ, ਪੰਜਾਂ ਤੱਤਾਂ ਦੀ ਰਚਨਾ ਕੀਤੀ ਹੈ ਉਸੇ ਨੇ ਹੀ ਆਪ ਗੁਰਬਾਣੀ ਦੀ ਰਚਨਾ ਕੀਤੀ ਹੈ।॥

21/2247

ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਅਸਥਾਨ ਹੈ ਜਿਸ ਦੁਆਰਾ ਉਸਨੇ ਸੰਸਾਰ ਨੂੰ ਆਪਣੇ ਆਪ ਦੀ ਸੋਝੀ ਪਾਈ ਹੈ, ਆਪਣੇ ਆਪ ਦਾ ਸੱਚ ਸਮਝਾਇਆ ਹੈ। ਇਸੇ ਲਈ ਪੂਰੀ ਗੁਰਬਾਣੀ ਵਿੱਚ ਪੂਰਨ ਸੱਚ ਹੈ ਜਿਸ ਨੂੰ ਕਿ ਕੁਛ ਵੀ ਉਸ ਵਿੱਚ ਘੱਟ-ਵੱਧ ਕਰ ਕੇ ਬਦਲਿਆ ਨਹੀਂ ਜਾ ਸਕਦਾ। ਸੱਚ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ। ਸੱਚ ਦੇ ਵਿੱਚ ਝੂਠ ਰਲਾਉਣ ਦੇ ਨਾਲ ਫਿਰ ਸੱਚ ਪੂਰਨ ਸੱਚ ਨਹੀਂ ਰਹਿ ਜਾਂਦਾ। ਆਪਣੇ ਪੂਰਨ ਸੱਚ ਕਰਕੇ ਹੀ ਗੁਰਬਾਣੀ ਪੂਰਾ ਗੁਰੂ ਹੈ ਤੇ ਪੂਰਨ ਸੱਚ ਦੇ ਵਿੱਚ ਝੂਠੀ ਗੱਲ ਨੂੰ ਜੋੜ ਕੇ ਸੱਚ ਨੂੰ ਅਧੂਰਾ ਕਰਨ ਵਾਲੀ ਗੱਲ ਹੈ। ਗੁਰਬਾਣੀ ਪੂਰਨ ਸੱਚ ਦੇ ਵਿੱਚ ਹੀ ਨਾਮ ਹੈ ਤੇ ਪੂਰਨ ਸੱਚ ਦੇ ਵਿੱਚ ਝੂਠੀ ਗੱਲ ਉਹੀ ਜੋੜਦਾ ਹੈ ਜਿਸ ਨੂੰ ਨਾਮ ਦੀ ਸੋਝੀ ਨਹੀਂ ਹੈ। ਜਿਸ ਨੂੰ ਨਾਮ ਦੀ ਸੋਝੀ ਹੈ ਉਸਨੂੰ ਪੂਰਨ ਗੁਰਮਤਿ ਦੀ ਸੋਝੀ ਹੈ। ਪੂਰਨ ਸੱਚ ਦੀ ਪ੍ਰਾਪਤੀ ਉਸ ਸੱਚ ਰੂਪ ਪ੍ਰਮਾਤਮਾ ਵਿੱਚ, ਨਾਮ ਰੂਪ ਪ੍ਰਮਾਤਮਾ ਵਿੱਚ ਸਮਾਉਣ ਤੋਂ ਬਾਅਦ ਪੈਂਦੀ ਹੈ ਜੋ ਕਿ ਉਹ ਆਪ ਹੀ ਕਿਰਪਾ ਕਰਕੇ ਪਾਉਂਦਾ ਹੈ। ਉਸ ਵਿੱਚ ਸਮਾਉਣ ਤੋਂ ਪਹਿਲਾਂ ਹਰ ਕੋਈ ਭਰਮ ਵਿੱਚ ਹੀ ਹੈ, ਮਨਮਤਿ ਵਿੱਚ ਹੀ ਹੈ।

ਨਾਮ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਕਰਨ ਵਾਲੇ ਸਾਡੇ ਇਹੋ ਜਿਹੇ ਧਰਮ ਦੇ ਚੌਧਰੀ ਹੀ ਹਨ ਜਿੰਨ੍ਹਾਂ ਨੂੰ ਨਾ ਖੁਦ ਨਾਮ ਜਪਣ ਦੀ ਸਮਝ ਹੈ ਤੇ ਨਾ ਹੀ ਉਹ ਕਿਸੇ ਨੂੰ ਨਾਮ ਜਪਣਾ ਸਿਖਾਉਣ ਦੇ ਸਮਰੱਥ ਹਨ। ਉਹ ਕੇਵਲ ਆਪਣੀ ਨਾ-ਸਮਝੀ ਨੂੰ ਹੀ ਆਪਣੀ ਉੱਚੀ ਮਤਿ ਸਮਝਦੇ ਹਨ ਤੇ ਆਪਣੀ ਇਹੋ ਜਿਹੀ ਮਤਿ ਨਾਲ ਦੂਸਰਿਆਂ ਨੂੰ ਆਪਣੇ ਪਿੱਛੇ ਲਗਾਉਂਦੇ ਹਨ, ਆਪਣੇ ਨਾਲ ਜੋੜਦੇ ਹਨ। ਨਾਮ ਦੀ ਸੋਝੀ ਸਾਨੂੰ ਕੇਵਲ ਗੁਰੂ ਦੇ ਕੋਲੋਂ ਹੀ ਲੈਣੀ ਚਾਹੀਦੀ ਹੈ ਜਿਸ ਨੂੰ ਨਾਮ ਦੀ ਸਮਝ ਹੈ। ਗੁਰਬਾਣੀ ਰਾਹੀਂ ਜੋ ਕਿ ਪੂਰਾ ਗੁਰੂ ਹੈ ਉਸ ਵਿੱਚ ਸਾਨੂੰ ਵਾਰ-ਵਾਰ ਨਾਮ ਸਾਡੀ ਕਰਨੀ ਸਮਝਾਇਆ ਹੈ ਨਾ ਕਿ ਸਾਡੀ ਕਥਨੀ ਜਿਵੇਂ ਕਿ ਇਹ ਆਪਣੇ ਆਪ ਹੀ ਧਰਮ ਦੇ ਵਿਦਵਾਨ ਬਣੇ ਬੈਠੇ, ਇਹ ਧਰਮ ਦੇ ਠੇਕੇਦਾਰ ਸਾਨੂੰ ਸਿਖਾਉਂਦੇ ਹਨ। ਆਓ ਇਹੀ ਗੱਲ ਹੇਠ ਦਿੱਤੇ ਸਲੋਕਾਂ ਦੁਆਰਾ ਤੇ ਪਉੜੀ ਦੀ ਵਿਆਖਿਆ ਦੁਆਰਾ ਸਮਝੀਏ।

ਸਲੋਕ ਮਃ ੨॥

“ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥”

(ਅੰਗ ੧੨੯੯)

ਉਪਰਲੀਆਂ ਪੰਗਤੀਆਂ ਰਾਹੀਂ ਸਾਡੀ ਅਗਿਆਨਤਾ ਦਰਸਾਈ ਹੈ ਫਿਰ ਆਪਣੀ ਨਾ ਸਮਝੀ ਕਰਕੇ ਕਿਸੇ ਨੂੰ ਧਰਮ ਦਾ ਵਿਦਵਾਨ ਸਮਝ ਬੈਠਦੇ ਹਾਂ ਜਿਸਨੂੰ ਕਿ ਅਸਲ ਵਿੱਚ ਧਰਮ ਦੀ ਸਹੀ ਸੋਝੀ ਨਹੀਂ ਹੁੰਦੀ। “ਪੰਡਿਤੁ” ਤੋਂ ਭਾਵ ਹੈ ਧਰਮ ਦਾ ਵਿਦਵਾਨ, ਧਰਮ ਦੀ ਵਿਚਾਰ ਸਮਝਾਉਣ ਵਾਲਾ। ਧਰਮ ਦੇ ਵਿਦਵਾਨ ਸਾਰੇ ਧਾਰਮਿਕ ਅਦਾਰਿਆਂ ਵਿੱਚ ਹੁੰਦੇ ਹਨ। ਗੁਰਬਾਣੀ ਸਮਾਜ ਦੇ ਕਿਸੇ ਇੱਕ ਵਰਗ ਨੂੰ ਸਮਝਾਉਣ ਲਈ ਨਹੀਂ ਹੈ। ਇਹ ਸਾਰੇ ਸੰਸਾਰ ਨੂੰ ਇੱਕੋ ਜਿਹੀ ਗੱਲ ਸਮਝਾਉਣ ਲਈ ਹੈ। ਧਰਮ ਦੇ ਆਗੂ ਆਪਣੀ ਆਪਣੀ ਆਸਥਾ ਦੁਆਰਾ ਸਾਨੂੰ ਸਿੱਖਿਆ ਦੇ ਰਾਹੀਂ ਧਰਮ ਦੇ ਨਾਲ ਜੋੜਦੇ ਹਨ। ਸਿੱਖ ਜਗਤ ਵਿੱਚ ਵੀ ਧਰਮ ਦੀ ਸਿੱਖਿਆ ਸਮਝਾਉਣ ਵਾਲੇ ਵਿਦਵਾਨ

21/2248

ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ। ਆਪਣੇ ਆਪ ਨੂੰ ਸੰਤ, ਬ੍ਰਹਮ ਗਿਆਨੀ ਕਹਿਣਾ ਜਾਂ ਸਮਝਣਾ ਧਰਮ ਦਾ ਵਿਦਵਾਨ ਅਖਵਾਉਣਾ ਹੀ ਹੈ। ਇਹੋ ਜਿਹੇ ਵਿਦਵਾਨ ਅਖਵਾਉਣ ਵਾਲੇ ਦੂਸਰਿਆਂ ਨੂੰ ਆਪਣੀ ਸਿੱਖਿਆ ਦੇ ਨਾਲ ਹੀ ਜੋੜਦੇ ਹਨ।

ਗੁਰੂ ਤੋਂ ਬਿਨ੍ਹਾਂ ਕਿਸੇ ਨੂੰ ਧਰਮ ਦਾ ਵਿਦਵਾਨ ਸਮਝਣਾ ਸਾਡੀ ਭੁੱਲ ਦੱਸੀ ਹੋਈ ਹੈ। ਜਿਸ ਨੂੰ ਅਸੀਂ ਧਰਮ ਦਾ ਵਿਦਵਾਨ ਸਮਝਦੇ ਹਾਂ ਭਾਵ ਜਿੰਨ੍ਹਾਂ ਦੀ ਸਿੱਖਿਆ ਦੇ ਪਿੱਛੇ ਅਸੀਂ ਲੱਗਦੇ ਹਾਂ ਉਹ ਗੁਰੂ ਦੇ ਮੁਕਾਬਲੇ ਇੱਕ ਮੂਰਖ ਜਿਹੀ ਸੋਝੀ ਵਾਲੇ ਹਨ, ਤੁਛ ਸੋਝੀ ਵਾਲੇ ਹਨ। ਜਿਵੇਂ ਕਿ ਅਸੀਂ ਕਿਸੇ ਫਕੀਰ ਨੂੰ ਪਾਤਸ਼ਾਹ ਸਮਝੀਏ ਭਾਵ ਕਿਸੇ ਫਕੀਰ ਨੂੰ ਪਾਤਿਸ਼ਾਹ ਵਰਗਾ ਦਰਜਾ ਦੇਈਏ ਉਸੇ ਤਰ੍ਹਾਂ ਕਿਸੇ ਨੂੰ ਧਰਮ ਦਾ ਵਿਦਵਾਨ ਸਮਝਣਾ ਕਿਸੇ ਮੂਰਖ ਨੂੰ ਉੱਚਾ ਕਰਨ ਵਾਲੀ ਗੱਲ ਹੈ, ਜਿਵੇਂ ਕਿ ਅਸੀਂ ਇੱਕ ਫਕੀਰ ਨੂੰ ਉੱਚਾ ਸਮਝੀਏ, ਬਾਦਸ਼ਾਹ ਦੇ ਬਰਾਬਰ ਸਮਝੀਏ। ਜਿਵੇਂ ਕਿ ਇੱਕ ਫਕੀਰ ਦਾ ਤੇ ਪਾਤਸ਼ਾਹ ਦਾ ਆਪਸ ਵਿੱਚ ਕੋਈ ਮੇਲ ਨਹੀਂ ਹੈ, ਉਹਨਾਂ ਦੋਨਾਂ ਦੇ ਰੁਤਬੇ ਵਿੱਚ ਕੋਈ ਮੇਲ ਨਹੀਂ ਹੈ ਇਸੇ ਤਰ੍ਹਾਂ ਦੁਨਿਆਵੀ ਧਾਰਮਿਕ ਵਿਦਵਾਨ ਅਖਵਾਉਣ ਵਾਲਿਆਂ ਦਾ ਤੇ ਗੁਰੂ ਦਾ ਕੋਈ ਮੇਲ ਨਹੀਂ ਹੈ ਭਾਵ ਦੋਨਾਂ ਦੇ ਰੁਤਬੇ ਵਿੱਚ ਬਹੁਤ ਵੱਡਾ ਫਰਕ ਹੈ। ਦੁਨਿਆਵੀ ਵਿਦਵਾਨ ਅਖਵਾਉਣ ਵਾਲਾ ਗੁਰੂ ਦੇ ਸਾਹਮਣੇ ਮੂਰਖ ਹੀ ਹੈ ਭਾਵ ਗੁਰੂ ਦੇ ਸਾਹਮਣੇ ਉਸਦੀ ਧਾਰਮਿਕ ਸੋਝੀ ਬਹੁਤ ਤੁਛ ਹੈ। ਜਿਵੇਂ ਕਿਸੇ ਫਕੀਰ ਨੂੰ ਪਾਤਸ਼ਾਹ ਸਮਝਣਾ ਇੱਕ ਬੇਤੁਕੀ ਗੱਲ ਹੈ, ਉਸੇ ਤਰ੍ਹਾਂ ਨਾਸਮਝਾਂ ਨੂੰ ਧਰਮ ਦੇ ਵਿਦਵਾਨ ਸਮਝਣਾ ਇੱਕ ਬੇਤੁਕੀ, ਬੇਬੁਨਿਆਦ ਗੱਲ ਹੈ ਜਿਸ ਵਿੱਚ ਤੱਥ ਨਹੀਂ ਹੈ। **(ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥)**

ਇਹੋ ਜਿਹੇ ਅਗਿਆਨੀਆਂ ਨੂੰ ਆਪਣੀ ਅਗਿਆਨਤਾ ਕਰਕੇ, ਆਪਣੀ ਨਾ ਸਮਝੀ ਕਰਕੇ ਅਸੀਂ ਗਿਆਨਵਾਨ ਸਮਝਦੇ ਹਾਂ ਤੇ ਇਹਨਾਂ ਦੇ ਪਿੱਛੇ ਲੱਗਦੇ ਹਾਂ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥”

ਜਿੰਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਸਮਝਦੇ ਹਾਂ ਉਹਨਾਂ ਨੂੰ “ਅੰਧੇ” ਕਿਹਾ ਹੈ ਭਾਵ ਅਗਿਆਨਤਾ ਵਿੱਚ ਦੱਸਿਆ ਹੈ ਪਰ ਅਸੀਂ ਉਹਨਾਂ ਨੂੰ ਇੱਕ ਪਾਰਖੂ ਦੀ ਤਰ੍ਹਾਂ ਸਮਝਦੇ ਹਾਂ, ਧਰਮ ਦੀ ਪਰਖ ਰੱਖਣ ਵਾਲਾ ਸਮਝਦੇ ਹਾਂ, ਧਰਮ ਦਾ ਸੂਝਵਾਨ ਸਮਝਦੇ ਹਾਂ ਕਿਉਂਕਿ ਉਹ ਸਾਨੂੰ ਆਪਣੀਆਂ ਗੱਲਾਂ ਦੁਆਰਾ, ਵਿਚਾਰ ਦੱਸਣ ਦੁਆਰਾ ਮਹਿਸੂਸ ਹੀ ਇਸ ਤਰੀਕੇ ਕਰਵਾਉਂਦਾ ਹੈ ਕਿ ਉਹ ਬਹੁਤ ਸੂਝਵਾਨ ਹੈ। ਸਾਨੂੰ ਭਾਵੇਂ ਇਹ ਗੱਲਾਂ ਦੁਆਰਾ ਸੂਝਵਾਨ ਲੱਗਦੇ ਹਨ ਪਰ ਗੁਰੂ ਦੀ ਸੋਝੀ ਅੱਗੇ ਇਹ ਅੰਧੇ ਹੀ ਹਨ ਭਾਵ ਨਿਰੀ ਅਗਿਆਨਤਾ ਵਿੱਚ ਹੀ ਹਨ। **(ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥)** “ਗੁਆਉ” ਤੋਂ ਭਾਵ ਹੈ ਜੋ ਆਪਣੇ ਵਿਚਾਰ ਉਹ ਸਾਨੂੰ ਬੋਲ-ਬੋਲ ਕੇ ਸੁਣਾਉਂਦੇ ਹਨ।

21/2249

ਕਿਸ ਦੀ ਗੱਲ ਵਿੱਚ ਕਿਤਨਾ ਸੱਚ ਹੈ ਤੇ ਕਿਤਨਾ ਝੂਠ ਹੈ ਇਸ ਗੱਲ ਦੀ ਸੋਝੀ ਕਿਸੇ ਨੂੰ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥”

ਪ੍ਰਮਾਤਮਾ ਨੇ ਹਰ ਕਿਸੇ ਨੂੰ ਭਰਮ ਵਿੱਚ, ਅਗਿਆਨਤਾ ਵਿੱਚ ਹੀ ਰੱਖਿਆ ਹੋਇਆ ਹੈ। ਸਾਰੇ ਸੰਸਾਰ ਵਿੱਚ ਪ੍ਰਮਾਤਮਾ ਦੀ ਦਿੱਤੀ ਹੋਈ, ਪ੍ਰਮਾਤਮਾ ਦੀ ਪਾਈ ਹੋਈ ਇਹੋ ਜਿਹੀ ਮਤਿ ਹੀ ਵਰਤਦੀ ਹੈ ਜਿਸ ਦੁਆਰਾ ਸੱਚ ਦੀ ਬਜਾਇ ਕੂੜ ਪ੍ਰਧਾਨ ਰਹਿੰਦਾ ਹੈ ਭਾਵ ਸਾਨੂੰ ਧਰਮ ਦਾ ਸੱਚ ਸਮਝਣ ਦੀ ਸੋਝੀ ਨਹੀਂ ਪੈਂਦੀ। ਮਾੜੀ ਬਿਰਤੀ ਵਾਲੇ ਮਨੁੱਖ ਇਸੇ ਲਈ ਚੌਧਰੀ ਬਣੇ ਰਹਿੰਦੇ ਹਨ ਭਾਵ ਮਨ ਦੀ ਅਗਿਆਨਤਾ ਕਰਕੇ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਤੇ ਅਸੀਂ ਮਾੜੀ ਬਿਰਤੀ ਵਾਲਿਆਂ ਨੂੰ ਹੀ ਸਮਾਜ ਵਿੱਚ ਉੱਚਾ ਦਰਜਾ ਦਿੰਦੇ ਹਾਂ।

“ਇਲਤਿ” ਤੋਂ ਭਾਵ ਹੈ ਸਿਆਣਪ, ਚਤੁਰਾਈ। ਜੋ ਬਿਨ੍ਹਾਂ ਧਰਮ ਦੀ ਸੱਚੀ ਸੋਝੀ ਦੇ ਆਪਣੇ ਆਪ ਨੂੰ ਉੱਚਾ ਸਾਬਿਤ ਕਰਦੇ ਹਨ, ਧਰਮ ਦੇ ਚੌਧਰੀ ਸਾਬਿਤ ਕਰਦੇ ਹਨ, ਧਰਮ ਦੇ ਠੇਕੇਦਾਰ ਸਾਬਿਤ ਕਰਦੇ ਹਨ ਉਹ ਸਿਆਣਪਾਂ ਦੁਆਰਾ ਹੀ ਕਰਦੇ ਹਨ ਭਾਵ ਉਹਨਾਂ ਗੱਲਾਂ ਦੁਆਰਾ ਉਹ ਧਰਮੀ ਬਣਦੇ ਹਨ ਜਿੰਨ੍ਹਾਂ ਵਿੱਚ ਕੋਈ ਧਰਮ ਵਾਲੀ ਗੱਲ ਨਹੀਂ ਹੁੰਦੀ। ਸਰੀਰਕ ਜਪ-ਤਪ ਆਦਿ ਕਰਨ ਨੂੰ ਇਹ ਸਾਡਾ ਧਰਮ ਸਮਝਾਉਂਦੇ ਹਨ। ਸਵਾਸਾਂ ਆਦਿ ਦੀਆਂ ਕਿਰਿਆਵਾਂ ਨੂੰ, ਸੁਰਤੀਆਂ ਸਮਾਧੀਆਂ ਦੇ ਵਿੱਚ ਬੈਠੇ ਰਹਿਣ ਨੂੰ ਇਹ ਧਰਮ ਦਾ ਮਾਰਗ ਸਮਝਾਉਂਦੇ ਹਨ ਜੋ ਕਿ ਅਸਲ ਵਿੱਚ ਧਰਮ ਦਾ ਮਾਰਗ ਹੈ ਹੀ ਨਹੀਂ। ਹੋਰ ਵੀ ਇਹੋ ਜਿਹੇ ਅਨੇਕਾਂ ਕਰਮ ਕਾਂਡਾਂ ਨਾਲ ਆਪ ਜੁੜੇ ਹੋਏ ਹਨ ਤੇ ਦੂਸਰਿਆਂ ਨੂੰ ਜੋੜਦੇ ਹਨ। ਬਾਣੀ ਵਿੱਚ ਇਹੋ ਜਿਹੇ ਸਾਰੇ ਕਰਮ ਕਾਂਡਾਂ ਨੂੰ ਸਾਡੀਆਂ ਸਿਆਣਪਾਂ ਤੇ ਚਤੁਰਾਈਆਂ ਹੀ ਦੱਸਿਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ

ਗੱਲ ਨੂੰ ਜਾਣਿਆ ਹੈ। ਇਹੋ ਜਿਹੀਆਂ ਧਾਰਮਿਕ ਸਿਆਣਪਾ ਦੁਆਰਾ ਹੀ ਇਸ ਗੱਲ ਨੂੰ ਜਾਣਿਆ ਹੈ। ਇਹੋ ਜਿਹੀਆਂ ਧਾਰਮਿਕ ਸਿਆਣਪਾ ਦੁਆਰਾ ਹੀ ਇਹ ਆਪਣੇ ਆਪ ਨੂੰ ਧਰਮ ਦੇ ਆਗੂ ਬਣਾਉਂਦੇ ਹਨ। ਇਸੇ ਲਈ ਇਹਨਾਂ ਨੂੰ ਨਾ ਸਮਝ ਤੇ ਮੂਰਖ ਕਿਹਾ ਹੈ ਜਿਵੇਂ ਕਿ ਅਸੀਂ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। ਇਸ ਦੀ ਵਜ੍ਹਾ ਸਾਡੇ ਅੰਦਰ ਦੀ ਕੂੜੀ ਮਤਿ ਹੈ ਭਾਵ ਮਾੜੀ ਮਤਿ ਹੈ, ਮਨਮਤਿ ਹੈ ਤੇ ਪੂਰੇ ਸੰਸਾਰ ਵਿੱਚ ਇਹੋ ਜਿਹੀ ਮਤਿ ਕਰਕੇ ਹੀ ਭਾਵ ਮਨ ਦੀ ਅਗਿਆਨਤਾ ਕਰਕੇ ਹੀ ਧਰਮ ਦੇ ਚੌਧਰੀ ਜਗ੍ਹਾ-ਜਗ੍ਹਾ ਆਪਣੇ ਆਪ ਨੂੰ ਉੱਚਾ ਕਰਕੇ ਬੈਠੇ ਹੋਏ ਹਨ ਭਾਵੇਂ ਉਹਨਾਂ ਦੀ ਧਾਰਮਿਕ ਆਸਥਾ ਵੱਖਰੀ-ਵੱਖਰੀ ਹੋ ਸਕਦੀ ਹੈ, ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਵੱਖਰੇ-ਵੱਖਰੇ ਹੋ ਸਕਦੇ ਹਨ। ਧਰਮ ਦੇ ਨਾ ਤੇ ਜਗ੍ਹਾ-ਜਗ੍ਹਾ ਕੂੜ ਹੀ ਵਰਤਦਾ ਹੈ ਭਾਵ ਝੂਠੀ ਮਤਿ ਹੀ ਵਰਤਦੀ ਹੈ ਜੋ ਕਿ ਇਹੋ ਜਿਹੇ ਧਰਮ ਦੇ ਆਗੂਆਂ ਦੀ ਦੇਣ ਹੈ ਜਿੰਨ੍ਹਾਂ ਨੂੰ ਧਰਮ ਦੀ ਅਸਲ ਸੋਝੀ ਹੀ ਨਹੀਂ ਹੈ। **(ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥)**

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥}

(ਅੰਗ - ੪੧੨)

{ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ - ੧੫੧)

ਸਾਨੂੰ ਸੱਚ ਦੀ ਸੋਝੀ, ਧਰਮ ਦੀ ਅਸਲੀਅਤ ਦੀ ਸੋਝੀ ਗੁਰਮੁਖਿ ਵਾਲੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਜੋ ਅਵੱਸਥਾ ਪ੍ਰਮਾਤਮਾ ਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਖਸ਼ੀ ਹੈ। ਪ੍ਰਮਾਤਮਾ ਆਪਣੇ ਆਪ ਨੂੰ ਜਿਸ ਸਰੀਰ ਵਿੱਚ ਪ੍ਰਗਟ ਕਰਦਾ ਹੈ ਇਸ ਅਵੱਸਥਾ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਉਹ ਪੂਰਨ ਗੁਰਮਤਿ ਦੀ ਸੋਝੀ ਪਾਉਂਦਾ ਹੈ। ਮਨ ਵਿੱਚ ਇਹ ਸੋਝੀ ਪੈਣ ਦੁਆਰਾ ਹੀ ਇਹ ਪਤਾ ਚੱਲਦਾ ਹੈ ਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਅਗਿਆਨਤਾ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ "ਕਲਿ" ਵਾਲੀ ਬਿਰਤੀ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਬਿਰਤੀ ਹੀ ਹੈ। ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਸਾਨੂੰ ਸੱਚ ਝੂਠ ਦੀ ਪਹਿਚਾਣ ਨਹੀਂ ਹੁੰਦੀ ਤੇ ਅਸੀਂ ਝੂਠੀ ਗੱਲ ਨੂੰ ਸੱਚ ਸਮਝ ਲੈਂਦੇ ਹਾਂ। ਆਪਣੇ ਵੱਲੋਂ ਅਸੀਂ ਨਿਆਂ ਵਾਲੀ ਗੱਲ ਹੀ ਕਰਦੇ ਹਾਂ ਕਿ ਅਸੀਂ ਜੋ ਕੁੱਝ ਸਮਝ ਰਹੇ ਹਾਂ ਉਹ ਠੀਕ ਸਮਝ ਰਹੇ ਹਾਂ ਭਾਵ ਜੇਕਰ ਅਸੀਂ ਕਿਸੇ ਮੂਰਖ ਨੂੰ ਪੰਡਿਤ ਸਮਝ ਰਹੇ ਹਾਂ ਤਾਂ ਆਪਣੇ ਵੱਲੋਂ ਅਸੀਂ ਇਸ ਗੱਲ ਨੂੰ ਸੱਚ ਸਮਝ ਕੇ ਹੀ ਮੰਨਦੇ ਹਾਂ ਭਾਵ ਸਹੀ ਫੈਸਲਾ ਕਰਦੇ ਹਾਂ, ਨਿਆਂ ਵਾਲੀ ਗੱਲ ਕਰਦੇ ਹਾਂ ਕਿਉਂਕਿ ਸਾਨੂੰ ਸੱਚ ਝੂਠ ਦੀ ਪਹਿਚਾਣ ਹੀ ਨਹੀਂ ਹੋ ਸਕਦੀ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਸਾਡੇ ਮਨ ਦੀ "ਕਲਿ" ਹੈ, ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਕਰਕੇ ਹੀ ਝੂਠ ਦੀ ਚੌਧਰ ਚੱਲਦੀ ਹੈ, ਭਰਮ ਦੀ ਚੌਧਰ ਚੱਲਦੀ ਹੈ। ਇਸ ਗੱਲ ਦੀ ਸੋਝੀ ਕਿ ਹਰ ਕੋਈ ਭਰਮ ਵਿੱਚ ਹੀ ਹੈ ਤੇ ਝੂਠੀ ਗੱਲ ਨੂੰ

ਸੱਚੀ ਸਮਝੀ ਬੈਠਾ ਹੈ ਸਾਨੂੰ ਤਾਂ ਹੀ ਪੈਂਦੀ ਹੈ ਜਦੋਂ ਸਾਡੀ ਅਵੱਸਥਾ ਚੌਥੇ ਪਦ ਵਿੱਚ ਪਹੁੰਚ ਜਾਂਦੀ ਹੈ ਭਾਵ ਸਾਡੀ ਅਵੱਸਥਾ ਗੁਰਮੁਖਿ ਵਾਲੀ ਬਣ ਜਾਂਦੀ ਹੈ। **(ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥)**

ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨਦੇ ਹਾਂ, ਆਪਣੇ ਵੱਲੋਂ ਇਸ ਗੱਲ ਨੂੰ ਸੱਚ ਸਮਝ ਕੇ ਹੀ ਮੰਨਦੇ ਹਾਂ ਕਿ ਉਹਨਾਂ ਨੂੰ ਧਰਮ ਦੀ ਉੱਚੀ ਸੋਝੀ ਹੈ ਪਰ ਅਸਲ ਵਿੱਚ ਗੁਰੂ ਦੇ ਸਾਹਮਣੇ ਉਹਨਾਂ ਦੀ ਸੋਝੀ ਬੜੀ ਤੁੱਛ ਜਿਹੀ ਹੁੰਦੀ ਹੈ ਜਿਵੇਂ ਕਿ ਸਾਨੂੰ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੈ। ਇਹਨਾਂ ਕੋਲੋਂ ਸਿੱਖਿਆ ਲੈ ਕੇ ਅਸੀਂ ਨਾਮ ਜਪਣਾ ਸਿੱਖਿਆ ਹੈ ਤੇ ਧਰਮ ਦਾ ਮਾਰਗ ਸਿੱਖਿਆ ਹੈ। ਜਿੰਨੀ ਕੁ ਇਹਨਾਂ ਦੀ ਆਪਣੀ ਸਮਝ ਹੈ ਉਹੀ ਕੁੱਝ ਇਹ ਸਾਨੂੰ ਸਮਝਾਉਂਦੇ ਹਨ। ਅਗਲੇ ਸਲੋਕ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਅਸਲ ‘‘ਪੰਡਿਤੁ’’ ਕੌਣ ਹੈ ਜਿਸਨੂੰ ਨਾਮ ਦੀ ਸਮਝ ਹੈ ਤੇ ਸਾਨੂੰ ਨਾਮ ਜਪਣ ਦਾ ਅਸਲ ਤਰੀਕਾ ਸਮਝਾਇਆ ਹੋਇਆ ਹੈ, ਸਾਨੂੰ ਧਰਮ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ। ਨਕਲੀ ਧਰਮ ਦੇ ਵਿਦਵਾਨਾਂ ਦੀ ਮਤਿ ਦੇ ਵਿੱਚ ਤੇ ਅਸਲ ਵਿਦਵਾਨ ਦੀ ਮਤਿ ਦੇ ਵਿੱਚ ਕੀ ਫਰਕ ਹੈ ਇਸ ਗੱਲ ਦੀ ਸੋਝੀ ਸਾਨੂੰ ਹੇਠ ਦਿੱਤੇ ਸਲੋਕ ਦੁਆਰਾ ਪੈ ਜਾਵੇਗੀ ਤੇ ਨਾਮ ਜਪਣਾ ਵੀ ਆ ਜਾਵੇਗਾ।

ਮਃ ੧॥

“ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥
ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥
ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥
ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀ ਲਾਇਤਬਾਰ॥੨॥”

(ਅੰਗ - ੧੨੮੮)

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਉਹੀ ਗੱਲ ਨਾਮ ਬਾਰੇ ਸਾਨੂੰ ਬੜੇ ਗਹਿਰੇ ਤੇ ਸਪੱਸ਼ਟ ਤਰੀਕੇ ਨਾਲ ਸਮਝਾਈ ਹੋਈ ਹੈ ਕਿ ਨਾਮ ਦਾ ਮਕਸਦ ਕੀ ਹੈ। ਨਾਮ ਗੁਰੂ ਦੀ ਸਿੱਖਿਆ ਹੈ ਜੋ ਸਾਨੂੰ ਧਰਮ ਗ੍ਰੰਥਾਂ ਦੁਆਰਾ ਮਿਲਦੀ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਦਿੱਤਾ ਹੋਇਆ ਨਾਮ ਹੈ, ਉਸਦੀ ਆਪਣੀ ਸਮਝਾਈ ਹੋਈ ਸਿੱਖਿਆ ਹੈ ਜਿਸ ਦੁਆਰਾ ਸਾਨੂੰ ਸਾਡਾ ਧਰਮ ਦਾ ਮਾਰਗ ਸਮਝਾਇਆ ਹੋਇਆ ਹੈ, ਸੱਚ ਤੇ ਚੱਲਣਾ ਸਮਝਾਇਆ ਹੋਇਆ ਹੈ। ਸੱਚ ਤੇ ਚੱਲਣ ਦਾ ਤਰੀਕਾ ਸਾਨੂੰ ਵੇਦਾਂ ਸ਼ਾਸਤਰਾਂ ਵਿੱਚ ਵੀ ਸਮਝਾਇਆ ਹੈ ਭਾਵੇਂ ਉੱਥੇ ਨਾਲ-ਨਾਲ ਭਰਮ ਵੀ ਵਿੱਚ ਹੀ ਹੈ ਜੋ ਕਿ ਪ੍ਰਮਾਤਮਾ ਦੇ ਨਿਰਗੁਣ ਰੂਪ ਤੇ ਸਰਗੁਣ ਰੂਪ ਨੂੰ ਸਮਝਣ ਦਾ ਹੈ। ਸੱਚ ਦੀ ਸਿੱਖਿਆ ਸਾਨੂੰ ਕੁਰਾਣ ਰਾਹੀਂ ਵੀ ਮਿਲਦੀ ਹੈ ਭਾਵ ਆਪਣੇ ਜੀਵਨ ਵਿੱਚ ਨਾਮ ਦੀ ਕਮਾਈ ਕਰਨ ਦੀ ਸਿੱਖਿਆ, ਸੱਚ ਤੇ ਚੱਲਣ ਦੀ ਸਿੱਖਿਆ ਦੇਣਾ ਹੀ ਧਰਮ ਗ੍ਰੰਥਾਂ ਦਾ ਮਕਸਦ ਹੈ ਤਾਂ ਜੋ ਅਸੀਂ ਸੱਚਾ ਸੁੱਚਾ ਜੀਵਨ ਜੀ ਸਕੀਏ।

21/2251

ਜਿੰਨ੍ਹਾਂ ਨੂੰ ਅਸੀਂ ਧਰਮ ਦੇ ਪੰਡਿਤ, ਧਰਮ ਸਿਖਾਉਣ ਦੇ ਵਿਦਵਾਨ ਮੰਨਿਆ ਹੋਇਆ ਹੈ ਉਹ ਸਾਨੂੰ ਕਿਹੋ ਜਿਹੀ ਸਿੱਖਿਆ ਦੇ ਨਾਲ ਜੋੜਦੇ ਹਨ, ਸਾਨੂੰ ਕਿਹੋ ਜਿਹਾ ਨਾਮ ਸਿਖਾਉਂਦੇ ਹਨ, ਪਹਿਲੇ ਸਾਨੂੰ ਉੱਪਰ ਸਲੋਕ ਵਿੱਚ ਉਹਨਾਂ ਦੀ ਅਵੱਸਥਾ ਸਮਝਾਈ ਹੋਈ ਹੈ।

“ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥”

ਧਰਮ ਦੇ ਵਿਦਵਾਨ ਅਖਵਾਉਣ ਵਾਲੇ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਣ ਵਿੱਚ ਹੀ ਤੇ ਉਹਨਾਂ ਵਿੱਚੋਂ ਗਿਆਨ ਲੈ ਕੇ ਦੂਸਰਿਆਂ ਨੂੰ ਦੱਸਣ ਤੱਕ ਰਹਿੰਦੇ ਹਨ ਭਾਵ ਕਥਨੀ ਤੱਕ ਹੀ ਰਹਿੰਦੇ ਹਨ। ਧਰਮ ਗ੍ਰੰਥਾਂ ਨੂੰ ਵਾਰ-ਵਾਰ ਪੜ੍ਹੀ ਜਾਣ ਦੀ ਸਿੱਖਿਆ ਸਾਨੂੰ ਧਰਮ ਦੇ ਇਹੋ ਜਿਹੇ ਵਿਦਵਾਨਾਂ ਕੋਲੋਂ ਹੀ ਮਿਲੀ ਹੋਈ ਹੈ। ਇਹ ਸਾਨੂੰ ਇਹੀ ਸਮਝਾਉਂਦੇ ਹਨ ਕਿ ਸਾਨੂੰ ਵੱਧ ਤੋਂ ਵੱਧ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਚਾਹੀਦਾ ਹੈ ਜੋ ਕਿ ਸਾਡਾ ਅਸਲ ਫਰਜ਼ ਕਹਿ ਕੇ ਪ੍ਰੇਰਦੇ ਹਨ। ਸਿੱਖ ਜਗਤ ਵਿੱਚ ਇਹੋ ਜਿਹੇ ਧਰਮ

ਦੇ ਵਿਦਵਾਨ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ ਜੋ ਸਾਨੂੰ ਗੁਰਬਾਣੀ ਦੀ ਕਥਨੀ ਦੇ ਨਾਲ ਜੋੜਦੇ ਹਨ, ਹਰ ਰੋਜ਼ ਵੱਧ ਤੋਂ ਵੱਧ ਬਾਣੀਆਂ ਪੜ੍ਹੀ ਜਾਣ ਨਾਲ ਹੀ ਜੋੜਦੇ ਹਨ ਪਰ ਉਹਨਾਂ ਦੇ ਅੰਦਰ ਦਾ ਮਕਸਦ ਕੀ ਹੈ ਇਸ ਗੱਲ ਨਾਲ ਉਹਨਾਂ ਨੂੰ ਵਾਸਤਾ ਨਹੀਂ ਹੈ। ਉਹ ਸਾਨੂੰ ਗੱਡੀ ਲੱਦਣਾ ਹੀ ਸਿਖਾਉਂਦੇ ਹਨ ਪਰ ਅਸਲ ਗੱਲ ਜੋ ਗੁਰੂ ਦੀ ਗੱਲ ਨੂੰ ਸਮਝ ਕੇ ਮੰਨਣ ਦੀ ਹੈ, ਉਸ ਤੇ ਅਮਲ ਕਰਨ ਦੀ ਹੈ ਉਸਨੂੰ ਕੇਵਲ ਇੱਕ ਪਰਹੇਜ਼ ਮਾਤਰ ਹੀ ਬਣਾਇਆ ਹੋਇਆ ਹੈ। ਉਹ ਕਥਨੀ ਵਿੱਚ ਹੀ ਭਗਤੀ ਸਮਝਦੇ ਹਨ ਤੇ ਸਮਝਾਉਂਦੇ ਹਨ ਤੇ ਕਿਸੇ ਅੱਖਰ ਦੀ ਕਥਨੀ ਦੇ ਨਾਲ ਜੋੜਦੇ ਹਨ। ਨਾਮ ਦੀ ਸਿੱਖਿਆ ਨੂੰ ਕੇਵਲ ਪੜ੍ਹੀ ਜਾਣ ਵਾਲਿਆਂ ਦੀ ਤੁਲਨਾ ਹਰਣਾਂ, ਬਾਜਾਂ ਤੇ ਸਿਕਦਾਰਾਂ ਨਾਲ ਕੀਤੀ ਹੋਈ ਹੈ ਭਾਵ ਉਹ ਕਿਹੋ ਜਿਹਾ ਜੀਵਨ ਜਿਉਂਦੇ ਹਨ ਉਹਨਾਂ ਦੇ ਜੀਵਨ ਦੇ ਨਾਲ ਕੀਤੀ ਹੋਈ ਹੈ। ਹਿਰਣਾਂ ਤੇ ਬਾਜ਼ਾਂ ਨੂੰ ਆਪਣੇ ਜੀਵਨ ਵਿੱਚ ਭਾਵ ਪਸ਼ੂਆਂ ਤੇ ਪੰਖੀਆਂ ਨੂੰ ਆਪਣੇ ਜੀਵਨ ਵਿੱਚ ਕੇਵਲ ਆਪਣਾ ਜਾਂ ਆਪਣੇ ਬੱਚਿਆਂ ਦਾ ਪੇਟ ਭਰਨ ਤੱਕ ਹੀ ਮਤਲਬ ਹੁੰਦਾ ਹੈ ਤੇ ਉਹ ਆਪਣਾ ਸਾਰਾ ਜੀਵਨ ਇਸ ਗੱਲ ਵਿੱਚ ਹੀ ਬਿਤਾਉਂਦੇ ਹਨ। ਆਪਣੇ ਖਾਣੇ ਦੇ ਲਾਲਚ ਵਿੱਚ ਹੀ, ਪੇਟ ਭਰਨ ਦੇ ਲਾਲਚ ਵਿੱਚ ਹੀ ਇਹ ਸ਼ਿਕਾਰੀਆਂ ਦੇ ਫੰਧੇ ਵਿੱਚ ਫਸ ਜਾਂਦੇ ਹਨ। ਪੂਰੀ ਪਸ਼ੂ ਜਾਤ, ਪੰਖੀ ਜਾਤ ਇਸੇ ਤਰ੍ਹਾਂ ਹੀ ਆਪਣਾ ਜੀਵਨ ਬਤੀਤ ਕਰਦੇ ਹਨ ਭਾਵ ਪੇਟ ਭਰਨ ਤੱਕ ਹੀ ਆਪਣੇ ਜੀਵਨ ਦਾ ਮਨੋਰਥ ਰੱਖਦੇ ਹਨ ਭਾਵ ਕੇਵਲ ਆਪਣਾ ਮਨੋਰਥ ਪੂਰਾ ਕਰਨ ਤੱਕ ਹੀ ਰਹਿੰਦੇ ਹਨ ਤੇ ਕਿਸੇ ਹੋਰ ਦੀ ਭਲਾਈ ਦੇ ਨਾਲ, ਕਿਸੇ ਹੋਰ ਦਾ ਚੰਗਾ ਕਰਨ ਦੇ ਨਾਲ ਇਹਨਾਂ ਨੂੰ ਕੋਈ ਲਗਾਉ ਨਹੀਂ ਹੁੰਦਾ। ਇਸੇ ਤਰ੍ਹਾਂ ਦਾ ਜੀਵਨ ਰਾਜੇ ਦੇ ਸਿਕਦਾਰਾਂ ਦਾ ਹੁੰਦਾ ਹੈ, ਉਸਦੇ ਅਹਲਕਾਰਾਂ ਦਾ ਹੁੰਦਾ ਜਿੰਨ੍ਹਾਂ

21/2252

ਨੂੰ ਕੇਵਲ ਆਪਣੇ ਮਨੋਰਥ ਦੀ ਪੂਰਤੀ ਕਰਨ ਦੀ ਚਿੰਤਾ ਹੁੰਦੀ ਹੈ ਤੇ ਇਨਸਾਫ਼ ਕਰਨ ਦੀ ਉਹਨਾਂ ਨੂੰ ਚਿੰਤਾ ਨਹੀਂ ਹੁੰਦੀ ਜਿਵੇਂ ਕਿ ਇਹਨਾਂ ਸਿਕਦਾਰਾਂ ਦੀ ਜਿੰਦਗੀ ਦਾ ਇਸੇ ਸਲੋਕ ਵਿੱਚ ਹੀ ਵਰਣਨ ਕਰਕੇ ਸਮਝਾਇਆ ਹੋਇਆ ਹੈ।

ਨਾਮ ਦੀ ਸਿੱਖਿਆ ਦਾ ਮਕਸਦ, ਧਰਮ ਗ੍ਰੰਥਾਂ ਕੋਲੋਂ ਸਿੱਖਿਆ ਲੈਣ ਦਾ ਮਕਸਦ ਉਹਨਾਂ ਨੂੰ ਕੇਵਲ ਪੜ੍ਹੀ ਜਾਣ ਨਾਲ ਪੂਰਾ ਨਹੀਂ ਹੁੰਦਾ। ਨਾਮ ਦਾ ਮਕਸਦ ਸਾਨੂੰ ਸਾਡਾ ਧਰਮ ਸਮਝਾਉਣ ਲਈ ਹੈ ਤਾਂ ਜੋ ਅਸੀਂ ਸਵਾਰਥੀ ਨਾ ਬਣੇ ਰਹੀਏ ਤੇ ਸਮਾਜ ਦੇ ਕੰਮ ਆਈਏ ਭਾਵ ਸਮਾਜ ਵਿੱਚ ਪਰਉਪਕਾਰੀ ਹੋ ਕੇ ਵਿਚਰੀਏ, ਚੰਗੇ ਬਣ ਕੇ ਵਿਚਰੀਏ। ਕੇਵਲ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣ ਨਾਲ ਸਾਡੇ ਜੀਵਨ ਵਿੱਚ ਤਬਦੀਲੀ ਨਹੀਂ ਆਉਂਦੀ, ਸਾਡੀ ਮਾਨਸਿਕਤਾ ਨਹੀਂ ਬਦਲਦੀ ਜੋ ਕਿ ਨਾਮ ਦਾ ਮਕਸਦ ਹੈ। ਕੇਵਲ ਪੜ੍ਹੀ ਜਾਣ ਨਾਲ ਸਾਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੋਈ ਥਾਂ ਨਹੀਂ ਮਿਲਦੀ ਭਾਵ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਨਾਲ ਸਾਨੂੰ ਕੋਈ ਲਾਭ ਨਹੀਂ ਮਿਲਦਾ, ਸਾਡੀ ਇਹੋ ਜਿਹੀ ਕਥਨੀ ਕਿਸੇ ਲੇਖੇ ਨਹੀਂ ਪੈਂਦੀ। ਆਪਣੇ ਮਨ ਦੀ ਬਿਰਤੀ ਕਰਕੇ ਅਸੀਂ ਪਸ਼ੂ, ਪੰਖੀਆਂ ਦੀ ਜਾਤ ਵਾਲੇ ਹੀ ਬਣੇ ਰਹਿੰਦੇ ਹਾਂ ਤੇ ਉਹੋ ਜਿਹੇ ਸਿਕਦਾਰਾਂ ਦੀ ਜਾਤ ਵਾਲੇ ਬਣੇ ਰਹਿੰਦੇ ਹਾਂ ਜੋ ਮਾੜੇ ਕਰਮ ਕਰਦੇ ਹਨ। ਮਾੜੇ ਕਰਮ ਕਰਨ ਵਾਲਾ ਕਦੇ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਨਹੀਂ ਬਣ ਸਕਦਾ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਉਹੀ ਹੈ ਜੋ ਉਸਦੀ ਨਾਮ ਦੀ ਸਿੱਖਿਆ ਨੂੰ ਮੰਨ ਕੇ ਉਸ ਦੇ ਉੱਤੇ ਚੱਲਦਾ ਹੈ ਭਾਵ ਜੋ ਉਸ ਨਾਮ ਦੀ ਸਿੱਖਿਆ ਨੂੰ ਆਪਣੇ ਜੀਵਨ ਵਿੱਚ ਕਮਾਉਂਦਾ ਹੈ ਤੇ ਅਸਲ ਪੰਡਿਤ, ਧਰਮ ਦਾ ਵਿਦਵਾਨ ਉਹੀ ਹੈ ਜੋ ਆਪਣੇ ਜੀਵਨ ਵਿੱਚ ਨਾਮ ਕਮਾਉਂਦਾ ਹੈ। ਨਾਮ ਕਮਾਉਣ ਵਾਲੇ ਕਿਹੋ ਜਿਹੇ ਹੁੰਦੇ ਹਨ, ਅਸਲ ਪੰਡਿਤ ਕਿਹੋ ਜਿਹੇ ਹੁੰਦੇ ਹਨ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥
ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥”

ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਪਸ਼ੂਆਂ ਪੰਖੀਆਂ ਦੀਆਂ ਤੇ ਸਿਕਦਾਰਾਂ ਦੇ ਜੀਵਨ ਦੀ ਮਿਸਾਲ ਦੇ ਕੇ ਸਮਝਾਇਆ ਹੈ ਕਿ ਨਾਮ ਨੂੰ ਪੜ੍ਹਨ ਵਾਲੇ ਭਾਵ ਕਥਨੀ ਕਰਨ ਵਾਲੇ ਕਿਹੋ ਜਿਹੇ ਹੁੰਦੇ ਹਨ ਭਾਵ ਇੱਕ ਸੁਆਰਥੀ ਜੀਵਨ ਬਤੀਤ ਕਰਨ ਵਾਲੇ ਹੁੰਦੇ ਹਨ, ਮਾਇਆ ਮੋਹ ਵਿੱਚ ਰਹਿਣ ਵਾਲੇ ਹੁੰਦੇ ਹਨ। ਉਹਨਾਂ ਨੂੰ ਨਾਮ ਦੀ ਕਮਾਈ ਵਾਲੇ ਨਹੀਂ ਦੱਸਿਆ ਭਾਵ ਆਪਣੇ ਜੀਵਨ ਵਿੱਚ ਨਾਮ ਕਮਾਉਣਾ ਕੀ ਹੈ ਇਸ ਗੱਲ ਦੀ ਸੋਝੀ ਉਹਨਾਂ ਨੂੰ ਨਹੀਂ ਹੈ। ਉਹ ਕੇਵਲ ਕਥਨੀ ਤੱਕ ਹੀ ਰਹਿੰਦੇ ਹਨ ਤੇ ਉਹਨਾਂ ਦੀ ਜੀਵਨ-ਜਾਂਚ ਮਾਇਆ ਮੋਹ ਵਾਲੀ ਹੀ ਹੁੰਦੀ ਹੈ ਜਿਵੇਂ ਕਿ ਸਿਕਦਾਰ ਦਾ ਜੀਵਨ ਸਾਨੂੰ ਸ਼ਬਦ ਦੇ ਵਿੱਚ ਹੀ

21/2253

ਅੱਗੇ ਚੱਲ ਕੇ ਸਮਝਾਇਆ ਹੋਇਆ ਹੈ। ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾਉਣ ਵਾਲੇ ਸਾਨੂੰ ਇਹੋ ਜਿਹੀ ਕਥਨੀ

ਨਾਲ ਹੀ ਜੋੜਦੇ ਹਨ ਕਿਉਂ ਕਿ ਉਹਨਾਂ ਨੂੰ ਨਾਮ ਦੀ ਸਮਝ ਹੀ ਨਹੀਂ ਹੈ ਕਿ ਨਾਮ ਦੀ ਕਮਾਈ ਕਰਨਾ ਕੀ ਹੈ। ਸਿੱਖ ਜਗਤ ਵਿੱਚ ਜੋ ਆਪਣੇ ਆਪ ਨੂੰ ਨਾਮ ਦੀ ਕਮਾਈ ਕਰਨ ਵਾਲੇ ਕਹਿੰਦੇ ਹਨ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਉਹ ਲਗਾਤਾਰ ਬੈਠ ਕੇ ਇੱਕ ਅੱਖਰ ਦਾ ਜਪ ਕਰੀ ਜਾਂਦੇ ਹਨ ਤੇ ਤੁਰਦੇ ਫਿਰਦੇ ਵੀ ਕਿਸੇ ਅੱਖਰ ਨੂੰ ਰੱਟੀ ਜਾਂਦੇ ਹਨ ਤੇ ਇਸੇ ਨੂੰ ਹੀ ਨਾਮ ਦੀ ਕਮਾਈ ਸਮਝਦੇ ਹਨ ਕਿਉਂਕਿ ਜਿੰਨ੍ਹਾਂ ਧਰਮ ਦੇ ਸਿਰਮੌਰਾਂ ਕੋਲੋਂ ਉਹਨਾਂ ਨੇ ਸਿੱਖਿਆ ਲਈ ਹੋਈ ਹੈ ਉਹਨਾਂ ਨੇ ਇਹੋ ਜਿਹੀ ਨਾਮ ਦੀ ਕਮਾਈ ਹੀ ਸਿਖਾਈ ਹੈ। ਨਾਮ ਦੀ ਸਿੱਖਿਆ ਦੇ ਨਾਲ ਉਹਨਾਂ ਨੂੰ ਕੋਈ ਵਾਸਤਾ ਹੀ ਨਹੀਂ ਹੈ ਕਿਉਂਕਿ ਉਹ ਗੁਰੂ ਦੀ ਸਿੱਖਿਆ ਹੀ ਇਸ ਗੱਲ ਨੂੰ ਸਮਝਦੇ ਹਨ ਕਿ ਸਾਰਾ ਦਿਨ ਇੱਕ ਅੱਖਰ ਨੂੰ ਰਟੀ ਜਾਣਾ ਹੈ ਤੇ ਇਹੀ ਗੁਰਮਤਿ ਹੈ ਭਾਵ ਗੁਰੂ ਦੀ ਸਿੱਖਿਆ ਤੇ ਚੱਲਣ ਦਾ ਤਰੀਕਾ ਹੈ। ਨਾਮ ਦੀ ਸਿੱਖਿਆ ਸਾਨੂੰ ਗੁਰਬਾਣੀ ਪੜ੍ਹਨ ਦੁਆਰਾ ਹੀ ਮਿਲਦੀ ਹੈ ਤੇ ਜੋ ਉਸ ਸਿੱਖਿਆ ਨੂੰ ਪੜ੍ਹ ਕੇ ਉਸ ਨੂੰ ਆਪਣੇ ਜੀਵਨ ਵਿੱਚ ਕਮਾਉਂਦਾ ਹੈ ਭਾਵ ਸਿੱਖਿਆ ਦੁਆਰਾ ਵਿਚਰਦਾ ਹੈ, ਆਪਣੇ ਜੀਵਨ ਨੂੰ ਉਸ ਤਰੀਕੇ ਨਾਲ ਜਿਉਂਦਾ ਹੈ ਜਿਸ ਤਰੀਕੇ ਨਾਲ ਗੁਰੂ ਦੀ ਸਿੱਖਿਆ ਹੈ। ਉਹ ਆਪਣੇ ਜੀਵਨ ਨੂੰ ਉਸ ਤਰੀਕੇ ਨਾਲ ਨਹੀਂ ਜਿਉਂਦਾ ਜਿਹੋ ਜਿਹਾ ਕਿ ਪਸ਼ੂਆਂ ਦਾ ਤੇ ਪੰਖੀਆਂ ਦਾ ਸਮਝਾਇਆ ਹੈ, ਜਿਹੋ ਜਿਹਾ ਸਿਕਦਾਰਾਂ ਦਾ ਜੀਵਨ ਸਮਝਾਇਆ ਹੈ ਭਾਵ ਉਹ ਸਵਾਰਥੀ ਜੀਵਨ ਨੂੰ ਤਿਆਗ ਕੇ ਉਹੋ ਜਿਹਾ ਜੀਵਨ ਜਿਉਂਦਾ ਹੈ ਜਿਹੋ ਜਿਹਾ ਜੀਵਨ ਸਮਾਜ ਦੇ ਕੰਮ ਆਉਂਦਾ ਹੈ। ਇਹੋ ਜਿਹਾ ਜੀਵਨ ਜਿਉਂਣ ਵਾਲੇ ਨੂੰ ਪੜ੍ਹਿਆ ਹੋਇਆ ਤੇ ਸਿਆਣਾ ਪੰਡਿਤ ਕਿਹਾ ਹੈ ਭਾਵ ਅਸਲ ਧਰਮ ਦੀ ਸੋਝੀ ਰੱਖਣ ਵਾਲਾ ਕਿਹਾ ਹੈ, ਗਿਆਨਵਾਨ ਕਿਹਾ ਹੈ। **(ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥)**

ਇਹੋ ਜਿਹੇ ਪੰਡਿਤ, ਗਿਆਨੀ, ਧਰਮ ਦੀ ਸੋਝੀ ਰੱਖਣ ਵਾਲੇ ਸਿਆਣੇ ਮਨੁੱਖ ਆਪਣੇ ਜੀਵਨ ਦੇ ਵਿੱਚ ਨਾਮ ਦੀ ਕਮਾਈ ਕਿਸ ਰੂਪ ਵਿੱਚ ਕਰਦੇ ਹਨ, ਨਾਮ ਕਿਵੇਂ ਕਮਾਉਂਦੇ ਹਨ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿੱਚ ਉਹੋ ਜਿਹੇ ਨਾਮ ਦੀ ਕਮਾਈ ਕਰੀਏ ਜਿਹੋ ਜਿਹੀ ਸਾਨੂੰ ਧੰਨ ਧੰਨ ਬਾਬਾ ਨਾਨਕ ਜੀ ਅਕਾਲ ਪੁਰਖ ਦੇ ਬੋਲਾਂ ਰਾਹੀਂ ਸਮਝਾ ਰਹੇ ਹਨ।

“ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥”

21/2254

ਜੋ ਨਾਮ ਦੀ ਕਮਾਈ ਕਰਨ ਵਾਲੇ ਹੁੰਦੇ ਹਨ ਉਹਨਾਂ ਦੀ ਤੁਲਨਾ ਦਰਖੱਤ ਦੇ ਨਾਲ, ਪੇੜ ਦੇ ਨਾਲ ਕੀਤੀ ਹੋਈ ਹੈ ਭਾਵ ਪੇੜ ਦੇ ਜੀਵਨ ਦੇ ਨਾਲ ਕੀਤੀ ਹੋਈ ਹੈ ਕਿ ਪੇੜ ਕਿਹੋ ਜਿਹਾ ਜੀਵਨ ਜਿਉਂਦੇ ਹਨ। ਪੇੜਾਂ ਦੇ ਜੀਵਨ ਦਾ ਮਕਸਦ ਆਪਣੇ ਸਵਾਰਥ ਵਾਲਾ ਨਹੀਂ ਹੈ ਬਲਕਿ ਉਹ ਪੂਰੀ ਤਰ੍ਹਾਂ ਪਰਉਪਕਾਰੀ ਹੈ। ਪੇੜ ਸਾਨੂੰ ਸਭ ਨੂੰ ਸੁੱਖ ਹੀ ਸੁੱਖ ਦਿੰਦੇ ਹਨ, ਦੁਨੀਆਂ ਦੇ ਵਿੱਚ ਸੁੱਖ ਵੰਡਦੇ ਹਨ। ਪੇੜਾਂ ਦੇ ਵਿੱਚ ਕਿਤਨੇ ਕੁ ਗੁਣ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਸਾਨੂੰ ਉਹ ਫਲ ਵੀ ਦਿੰਦੇ ਹਨ, ਲੱਕੜ ਵੀ ਦਿੰਦੇ ਹਨ, ਛਾਂ ਵੀ ਦਿੰਦੇ ਹਨ, ਸੋਹਣੀ ਹਵਾ ਵੀ ਦਿੰਦੇ ਹਨ ਤੇ ਹੋਰ ਵੀ ਅਨੇਕਾਂ ਹੀ ਅਨੇਕਾਂ ਸੁੱਖ ਦਾ ਸਮਾਨ ਅਸੀਂ ਪੇੜਾਂ ਦੇ ਕੋਲੋਂ ਲੈਂਦੇ ਹਾਂ। ਆਪਣੀ ਖੂਬਸੂਰਤੀ ਦੁਆਰਾ ਉਹ ਆਪਣੀ ਹਰਿਆਵਲ ਰਾਹੀਂ, ਫੁੱਲਾਂ ਰਾਹੀਂ ਸਭ ਨੂੰ ਮਹਿਕਾਉਂਦੇ ਹਨ ਤੇ ਸੰਸਾਰ ਦੀ ਸੁੰਦਰਤਾ ਵਧਾਉਂਦੇ ਹਨ। ਪ੍ਰਮਾਤਮਾ ਦਾ ਨਾਮ ਕਮਾਉਣ ਵਾਲਿਆਂ ਦਾ ਜੀਵਨ, ਨਾਮ ਦੀ ਕਮਾਈ ਕਰਨ ਵਾਲਿਆਂ ਦਾ ਜੀਵਨ ਪੇੜਾਂ ਦੀ ਤਰ੍ਹਾਂ ਹੁੰਦਾ ਹੈ ਜੋ ਪਰਉਪਕਾਰੀ ਬਣ ਕੇ ਹੀ ਵਿਚਰਦੇ ਹਨ। ਪੇੜ ਆਪ ਸੂਰਜ ਦੀ ਧੁੱਪ ਸਹਿ ਕੇ, ਗਰਮੀ ਸਹਿ ਕੇ ਆਪਣੇ ਨੀਚੇ ਬੈਠਣ ਵਾਲਿਆਂ ਨੂੰ ਠੰਡੀ ਛਾਂ ਦਾ ਸੁੱਖ ਦਿੰਦੇ ਹਨ। ਇਸੇ ਤਰ੍ਹਾਂ ਪ੍ਰਮਾਤਮਾ ਦਾ ਨਾਮ ਜਪਣ ਵਾਲੇ, ਨਾਮ ਦੀ ਕਮਾਈ ਕਰਨ ਵਾਲੇ ਆਪ ਔਖੇ ਹੋ ਲੈਂਦੇ ਹਨ ਪਰ ਦੂਸਰਿਆਂ ਨੂੰ ਦੁੱਖ ਨਹੀਂ ਦਿੰਦੇ, ਸੁੱਖ ਹੀ ਵੰਡਦੇ ਹਨ, ਪੇੜ ਦੀ ਤਰ੍ਹਾਂ ਪਰਉਪਕਾਰੀ ਹੋ ਕੇ ਵਿਚਰਦੇ ਹਨ। ਉਹ ਸਵਾਰਥੀਆਂ ਵਾਲਾ ਜੀਵਨ ਭਾਵ ਮਾੜਾ ਜੀਵਨ ਨਹੀਂ ਜਿਉਂਦੇ ਬਲਕਿ ਇੱਕ ਉੱਚੇ ਦਰਜ਼ੇ ਵਾਲਾ, ਸੱਚਾ-ਸੁੱਚਾ ਜੀਵਨ ਜਿਉਂਦੇ ਹਨ ਤੇ ਇਹੀ ਨਾਮ ਜਪਣਾ ਹੈ ਜੋ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਜਾ ਰਿਹਾ ਹੈ। ਇਹੋ ਜਿਹਾ ਜੀਵਨ ਕੋਈ ਤਾਂ ਹੀ ਜੀਅ ਸਕਦਾ ਹੈ ਜਦੋਂ ਉਸਦੇ ਅੰਦਰ ਸੱਚ ਦੁਆਰਾ ਚੱਲਣ ਦੀ ਬਿਰਤੀ ਬਣ ਜਾਣੇ ਭਾਵ ਗੁਰਮਤਿ ਵਾਲੀ ਬਿਰਤੀ ਬਣ ਜਾਵੇ। ਸਾਡੇ ਅੰਦਰ ਔਗੁਣਾਂ ਦੇ ਰਹਿੰਦਿਆਂ, ਮਾਇਆ ਮੋਹ ਦੇ ਰਹਿੰਦਿਆਂ, ਮਾੜੇ ਵਿਚਾਰਾਂ ਦੇ ਰਹਿੰਦਿਆਂ ਅਸੀਂ ਪਰਉਪਕਾਰੀ ਬਣ ਕੇ ਨਹੀਂ ਵਿਚਰ ਸਕਦੇ, ਚੰਗੇ ਇਨਸਾਨ ਬਣ ਕੇ ਨਹੀਂ ਵਿਚਰ ਸਕਦੇ।

ਸਾਡੇ ਅੰਦਰ ਗੁਰਮਤਿ ਤਾਂ ਹੀ ਵੱਸੇਗੀ, ਗੁਰੂ ਦੀ ਸੱਚੀ ਮਤਿ ਤਾਂ ਹੀ ਵੱਸੇਗੀ ਜਦੋਂ ਪਹਿਲੇ ਅਸੀਂ ਇਸ ਗੱਲ ਨੂੰ ਸਮਝਾਂਗੇ ਕਿ ਗੁਰਮਤਿ ਕੀ ਹੈ, ਗੁਰੂ ਦੀ ਸਿੱਖਿਆ ਕੀ ਹੈ। ਇਸ ਗੱਲ ਦੀ ਸੋਝੀ ਸਾਨੂੰ ਨਾਮ ਨੂੰ ਪੜ੍ਹਨ ਦੁਆਰਾ ਹੀ ਮਿਲਦੀ ਹੈ, ਗੁਰੂ

ਦੀ ਬਾਣੀ ਨੂੰ ਪੜ੍ਹਨ ਦੁਆਰਾ ਹੀ ਮਿਲਦੀ ਹੈ। ਗੁਰਮਤਿ ਦੀ ਸੱਚੀ ਸੋਝੀ ਗੁਰਮਤਿ ਦੀ ਜੜ੍ਹ ਹੈ ਜਿਸਨੂੰ ਜਾਨਣਾ ਸਾਡੇ ਲਈ ਸਭ ਤੋਂ ਜਰੂਰੀ ਹੈ। ਸਾਡੇ ਅੰਦਰ ਇਸ ਜੜ੍ਹ ਨੇ ਹੀ ਜੰਮਣਾ ਹੈ ਜਿਸ ਦੇ ਉੱਪਰ ਪੇੜ ਨੇ ਵੱਡਾ ਹੋਣਾ ਹੈ।

21/2255

ਇਹ ਜੜ੍ਹ ਸਾਡੇ ਮਨ ਦੇ ਅੰਦਰ ਵਸਾਉਣ ਵਾਲੇ ਗੁਰਮਤਿ ਦੇ ਵਿਚਾਰ ਹਨ ਤੇ ਪੇੜ ਵੀ ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਹੀ ਬਣਨਾ ਹੈ। ਜੇਕਰ ਜੜ੍ਹ ਹੀ ਗਲਤ ਹੈ ਭਾਵ ਗੁਰਮਤਿ ਦੀ ਸੋਝੀ ਹੀ ਗਲਤ ਹੈ ਫਿਰ ਉਸ ਦੇ ਉਪਰ ਉਹੋ ਜਿਹਾ ਪੇੜ ਨਹੀਂ ਉੱਗ ਸਕਦਾ ਜਿਸ ਦੁਆਰਾ ਮਨੁੱਖ ਪਰਉਪਕਾਰੀ ਬਣ ਕੇ ਵਿਚਰਦਾ ਹੈ। ਇਸੇ ਲਈ ਸਾਡੇ ਵਾਸਤੇ ਇਹ ਬਹੁਤ ਜਰੂਰੀ ਹੈ ਕਿ ਅਸੀਂ ਜੜ੍ਹ ਨੂੰ ਸਮਝੀਏ। ਇਸ ਜੜ੍ਹ ਦੀ ਸੋਝੀ ਕੇਵਲ ਗੁਰੂ ਦੇ ਨਾਲ ਜੁੜ ਕੇ ਹੀ ਪੈ ਸਕਦੀ ਹੈ, ਉਸਦੀ ਗੱਲ ਤੇ ਪੂਰਨ ਵਿਸ਼ਵਾਸ ਰੱਖ ਕੇ ਹੀ ਪੈ ਸਕਦੀ ਹੈ। ਅਸੀਂ ਸਭ ਤੋਂ ਵੱਡੀ ਭੁੱਲ ਨਾਮ ਦੀ ਜੜ੍ਹ ਸਮਝਣ ਵਿੱਚ ਕੀਤੀ ਹੋਈ ਹੈ ਤੇ ਇਹ ਜੜ੍ਹ ਸਾਡੇ ਅੰਦਰ ਉਹਨਾਂ ਨੇ ਲਗਾਈ ਹੈ ਜਿੰਨ੍ਹਾਂ ਨੂੰ ਖੁਦ ਇਸ ਜੜ੍ਹ ਦੀ ਸਮਝ ਨਹੀਂ ਹੈ। ਉਹੋ ਜਿਹੀ ਜੜ੍ਹ ਦੇ ਨਾਲ ਜੁੜ ਕੇ ਅਸੀਂ ਉਹੋ ਜਿਹੀ ਨਾਮ ਦੀ ਕਮਾਈ ਹੀ ਕਰਦੇ ਹਾਂ ਜਿਸ ਦਾ ਪ੍ਰਮਾਣ ਸਾਨੂੰ ਜਗ੍ਹਾਂ-ਜਗ੍ਹਾਂ ਮਿਲਦਾ ਹੈ। ਸਭ ਪਾਸੇ ਇਹੋ ਜਿਹਿਆਂ ਦੀ ਭਰਮਾਰ ਹੈ ਜਿੰਨ੍ਹਾਂ ਦੇ ਅੰਦਰ ਜੜ੍ਹ ਹੀ ਪੁੱਠੀ ਲੱਗੀ ਹੋਈ ਹੈ। ਜੇਕਰ ਅਸੀਂ ਇਹ ਜੜ੍ਹ ਆਪਣੇ ਅੰਦਰ ਗੁਰੂ ਕੋਲੋਂ ਪੁੱਛ ਕੇ ਲਗਾਵਾਂਗੇ ਤਾਂ ਫਿਰ ਇਸ ਤੇ ਉੱਪਰ ਇਹੋ ਜਿਹਾ ਪੇੜ ਪਨਪੇਗਾ ਭਾਵ ਸਾਡੇ ਅੰਦਰੋਂ ਉਹੋ ਜਿਹੇ ਵਿਚਾਰ ਪਨਪਣਗੇ ਜੋ ਦੂਸਰਿਆਂ ਦੇ ਲਈ ਸੁੱਖ ਦਾ ਕਾਰਨ ਹੀ ਬਣਦੇ ਹਨ, ਸਾਨੂੰ ਪਰਉਪਕਾਰੀ ਹੀ ਬਣਾਉਂਦੇ ਹਨ। ਨਾਮ ਦੀ ਕਮਾਈ ਸੱਚਾ-ਸੁੱਚਾ ਜੀਵਨ ਬਤੀਤ ਕਰਨ ਦੀ ਹੈ, ਆਪਣਾ ਸੁਆਰਥ ਛੱਡਣ ਦੀ ਹੈ, ਪਰਉਪਕਾਰੀ ਬਣ ਕੇ, ਗੁਣਾਂ ਦੁਆਰਾ ਵਿਚਰਨ ਦੀ ਹੈ, ਔਗੁਣ ਰਹਿਤ ਹੋ ਕੇ ਵਿਚਰਨ ਦੀ ਹੈ। ਇਹੋ ਜਿਹੀ ਅਵੱਸਥਾ ਵਾਲਾ ਮਨੁੱਖ ਹੀ, ਇਹੋ ਜਿਹੇ ਜੀਵਨ ਵਾਲਾ ਮਨੁੱਖ ਹੀ ਨਾਮ ਦਾ ਪੜ੍ਹਿਆ ਹੋਇਆ ਤੇ ਉਸਦੀ ਕਮਾਈ ਕਰਨ ਵਾਲਾ ਹੈ ਭਾਵ ਸਿਆਣਾ ਪੰਡਿਤ ਹੈ। ਇਸ ਤੋਂ ਦੂਸਰਾ ਪਾਸਾ ਮੂਰਖ ਪੰਡਿਤ ਦਾ ਹੈ ਜੋ ਸਾਨੂੰ ਕੇਵਲ ਕਥਨੀ ਨਾਲ ਜੋੜਦੇ ਹਨ ਤੇ ਆਪ ਵੀ ਕਥਨੀ ਵਿੱਚ ਰਹਿੰਦੇ ਹਨ। **(ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥ ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥)**

ਸਲੋਕੁ ਮਃ ੩॥

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥
ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ॥੧॥}

(ਅੰਗ ੬੫੦)

ਉਪਰਲੇ ਸ਼ਬਦ ਨੂੰ ਧਿਆਨ ਨਾਲ ਸਮਝੋਗੇ ਤਾਂ ਸਮਝ ਲੱਗ ਜਾਵੇਗੀ

21/2256

ਪੜ੍ਹਿਆ ਹੋਇਆ ਤੇ ਸਿਆਣਾ ਪੰਡਿਤ ਕੌਣ ਹੈ। ਇਹ ਅਵੱਸਥਾ ਗੁਰੂ ਦੀ ਆਪਣੀ ਅਵੱਸਥਾ ਹੈ ਜਿਸ ਨੇ ਉਸ ਗੁਣ ਨਿਧਾਨ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ, ਜਿਸ ਨੂੰ ਸਹਜ ਅਵੱਸਥਾ ਦੀ ਪ੍ਰਾਪਤੀ ਹੋਈ ਹੋਈ ਹੈ। ਇਹਨਾਂ ਦੇ ਅੰਦਰ ਪ੍ਰਮਾਤਮਾ ਨੇ ਭਾਵ ਜਿਸ ਨੂੰ ਪ੍ਰਮਾਤਮਾ ਆਪਣਾ ਸਿਆਣਾ "ਪੰਡਿਤੁ" ਬਣਾਉਂਦਾ ਹੈ, ਧਰਮ ਦਾ ਵਿਦਵਾਨ ਬਣਾਉਂਦਾ ਹੈ ਉਹਨਾਂ ਦੇ ਅੰਦਰ ਪਹਿਲੇ ਗੁਰਮਤਿ ਦੀ ਜੜ੍ਹ ਹੀ ਲਗਾਉਂਦਾ ਹੈ ਭਾਵ ਸੱਚੇ ਗਿਆਨ ਦੀ ਜੜ੍ਹ ਹੀ ਲਗਾਉਂਦਾ ਹੈ ਜਿਸ ਦੇ ਉੱਪਰ ਧਰਮ ਦਾ ਪੇੜ ਉੱਗਦਾ ਹੈ, ਧਰਮ ਦਾ ਬੂਟਾ ਉੱਗਦਾ ਹੈ। ਜਿੰਨ੍ਹਾਂ ਨੇ ਗੁਰਬਾਣੀ ਰੂਪ ਧਰਮ ਦਾ ਪੇੜ ਲਗਾਇਆ ਹੋਇਆ ਹੈ ਉਹਨਾਂ ਦੇ ਅੰਦਰ ਪ੍ਰਮਾਤਮਾ ਨੇ ਪਹਿਲੇ ਆਪ ਹੀ ਧਰਮ ਦੀ ਜੜ੍ਹ ਲਗਾਈ ਹੈ ਜਿਸ ਵਿੱਚੋਂ ਹਰ ਵਿਚਾਰ, ਪੇੜ ਦਾ ਹਰ ਪੱਤਾ ਸੱਚ ਨੂੰ ਬਿਆਨ ਹੀ ਕਰਦਾ ਹੈ। ਇਹੋ ਜਿਹੇ ਵਿਚਾਰਾਂ ਦੇ ਨਾਲ ਜੁੜ ਕੇ ਹੀ ਅਸੀਂ ਨਾਮ ਦੀ ਕਮਾਈ ਕਰ ਸਕਦੇ ਹਾਂ। ਗੁਰੂ ਦੀ ਗੱਲ ਨੂੰ ਪੜ੍ਹ-ਪੜ੍ਹ ਕੇ, ਵਾਰ-ਵਾਰ ਪੜ੍ਹ ਕੇ ਗੁਣੀ ਜਾਣਾ ਤੇ ਇਸੇ ਨੂੰ ਆਪਣੀ ਭਗਤੀ ਸਮਝੀ ਜਾਣਾ ਸੰਸਾਰੀਆਂ ਦਾ ਕੰਮ ਹੈ। ਇਹ ਇਆਣੇ

ਪੰਡਿਤ, ਨਾ ਸਮਝ ਪੰਡਿਤ ਸਾਨੂੰ ਇਹੋ ਜਿਹੀ ਕਾਰ ਨਾਲ ਹੀ ਜੋੜਦੇ ਹਨ ਤੇ ਆਪ ਵੀ ਇਹੋ ਕੁੱਝ ਹੀ ਕਰਦੇ ਹਨ। ਧਰਮ ਗ੍ਰੰਥਾਂ ਨੂੰ ਜਿਤਨਾ ਮਰਜ਼ੀ ਪੜ੍ਹ ਲਈਏ ਪਰ ਉਸ ਦੀ ਮਤਿ ਨੂੰ ਜੇਕਰ ਸਮਝ ਕੇ ਅੰਦਰ ਨਾ ਵਸਾਈਏ ਤਾਂ ਫਿਰ ਉਸਦਾ ਮਕਸਦ ਪੂਰਾ ਨਹੀਂ ਹੁੰਦਾ। ਗੁਰੂ ਦਾ ਮਕਸਦ ਸਾਨੂੰ ਤ੍ਰਿਸ਼ਨਾਂ ਤੇ ਵਿਕਾਰਾਂ ਵਿੱਚੋਂ ਕੱਢਣ ਦਾ ਹੈ ਜੋ ਕਿ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਪੂਰਾ ਹੋ ਸਕਦਾ ਹੈ। ਇਆਣੇ ਪੰਡਿਤਾਂ ਪਿੱਛੇ ਲੱਗ ਕੇ ਅਸੀਂ ਇਸੇ ਕਾਰੇ ਲੱਗੇ ਰਹਿੰਦੇ ਹਾਂ ਭਾਵ ਬਾਣੀ ਨੂੰ ਵਾਰ-ਵਾਰ ਪੜ੍ਹੀ ਸੁਣੀ ਜਾਂਦੇ ਹਾਂ ਪਰ ਅਮਲ ਨਹੀਂ ਕਰਦੇ ਤੇ ਇਸੇ ਲਈ ਸਾਡੇ ਅੰਦਰ ਤ੍ਰਿਸ਼ਨਾ, ਵਿਕਾਰ ਆਦਿ ਬਣੇ ਰਹਿੰਦੇ ਹਨ। **(ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ)**

ਸਾਡੀ ਇਹੋ ਜਿਹੀ ਸਮਝ ਦਾ ਕਾਰਨ ਕੀ ਹੈ, ਨਾ ਸਮਝੀ ਦਾ ਕਾਰਨ ਕੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥

ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥”

ਪਹਿਲੀ ਗੱਲ ਤਾਂ ਇਹ ਸਮਝੋ ਕਿ ਜੋ ਸਾਨੂੰ ਕੇਵਲ ਪੜ੍ਹੀ ਜਾਣ ਦੇ ਨਾਲ ਜੋੜਦੇ ਹਨ, ਵੱਧ ਤੋਂ ਵੱਧ ਬਾਣੀਆਂ ਪੜ੍ਹੀ ਜਾਣ ਦੇ ਨਾਲ ਜੋੜਦੇ ਹਨ ਤੇ ਆਪ ਹੀ ਇਹੋ ਕੁੱਝ ਕਰਦੇ ਹਨ ਉਹ ਹਉਮੈ ਵਿੱਚ ਹੀ ਹਨ ਭਾਵ ਆਪਣੀ ਮੈਂ ਵਿੱਚ ਹੀ ਹਨ, ਮਨਮਤਿ ਵਿੱਚ ਹੀ ਹਨ, ਅਗਿਆਨਤਾ ਵਿੱਚ ਹੀ ਹਨ। ਇਸ ਹਉਮੈ ਕਰਕੇ ਹੀ ਹਰ ਕੋਈ ਇਆਣਾ ਹੈ, ਨਾ ਸਮਝ ਹੈ। ਮਨ ਦੀ ਇਹ ਅਗਿਆਨਤਾ ਹੀ ਸਾਨੂੰ ਗੁਰੂ ਨਾਲੋਂ ਦੂਜੇ ਪਾਸੇ ਜੋੜਦੀ ਹੈ, ਮਾਇਆ ਮੋਹ ਦੇ ਨਾਲ ਜੋੜਦੀ ਹੈ, ਤ੍ਰਿਸ਼ਨਾ ਦੇ ਨਾਲ ਜੋੜਦੀ ਹੈ, ਵਿਕਾਰਾਂ ਦੇ ਨਾਲ ਜੋੜਦੀ ਹੈ ਜਿਸ ਦੁਆਰਾ ਸਾਡੀ ਖੁਆਰੀ ਹੁੰਦੀ ਹੈ। ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣ ਨਾਲ ਸਾਡੀ ਇਹ ਖੁਆਰੀ ਨਹੀਂ ਮੁੱਕ ਸਕਦੀ ਤੇ

ਇਸੇ ਲਈ ਸਾਨੂੰ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੈ ਕਿ ਕਥਨੀ ਨਾਲ ਸਾਨੂੰ ਕੋਈ ਲਾਭ ਨਹੀਂ ਮਿਲਦਾ। ਲਾਭ ਉਦੋਂ ਹੀ ਮਿਲਦਾ ਹੈ ਜਦੋਂ ਸਾਡੀ ਕਥਨੀ ਕਰਨੀ ਵਿੱਚ ਬਦਲ ਜਾਵੇ। ਲੇਖੇ ਵਿੱਚ ਸਾਡੀ ਕਰਨੀ ਹੀ ਪੈਂਦੀ ਹੈ, ਉਹੋ ਜਿਹੀ ਕਰਨੀ ਹੀ ਪੈਂਦੀ ਹੈ ਜਿਹੋ ਜਿਹੀ ਕਰਨੀ ਸਾਨੂੰ ਗੁਰੂ ਸਮਝਾਉਂਦਾ ਹੈ। ਕਰਨੀ ਸਾਡੀ ਉਦੋਂ ਹੀ ਚੰਗੀ ਹੁੰਦੀ ਹੈ ਜਦੋਂ ਸਾਡੇ ਅੰਦਰੋਂ ਤ੍ਰਿਸ਼ਨਾ ਤੇ ਵਿਕਾਰ ਮੁੱਕ ਜਾਣ। ਨਿਰਾ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਕੇਵਲ ਗੱਡੀ ਲੱਦੀ ਜਾਣ ਵਾਲੀ ਗੱਲ ਹੀ ਹੈ। ਇਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੀ ਹੈ। **(ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥ ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥)**

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥੧॥}

(ਅੰਗ ੪੬੭)

ਗੁਰੂ ਦੀ ਗੱਲ ਨੂੰ ਮੰਨਣ ਤੋਂ ਬਿਨ੍ਹਾਂ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਕੇਵਲ ਸਾਡੀ ਹਉਮੈ ਹੀ ਹੈ, ਮਨਮਤਿ ਹੀ ਹੈ। ਲੇਖੇ ਵਿੱਚ ਸਾਡੇ ਉਹੀ ਪੈਣਾ ਹੈ ਜਦੋਂ ਅਸੀਂ ਗੁਰੂ ਦੀ ਗੱਲ ਤੇ ਅਮਲ ਕਰਾਂਗੇ, ਗੁਰੂ ਦੇ ਸ਼ਬਦ ਦੇ ਵਿਚਾਰੀ ਬਣਾਂਗੇ ਤੇ ਇਹੀ ਗੱਲ ਪਿਛਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥

ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥”

ਹੁਣ ਧਿਆਨ ਨਾਲ ਸਮਝੋ ਕਿ ਇਆਣੇ ਪੰਡਿਤ ਵਿੱਚ ਤੇ ਸਿਆਣੇ ਪੰਡਿਤ ਵਿੱਚ ਕੀ ਫਰਕ ਹੈ ਤੇ ਪੜ੍ਹਿਆ ਹੋਇਆ ਪੰਡਿਤ ਕਿਸਨੂੰ ਕਹਿੰਦੇ ਹਨ। ਇਹੋ ਜਿਹੇ ਗੁਣ ਉਸ ਪੰਡਿਤ ਵਿੱਚ ਹਨ ਜੋ ਗੁਰੂ ਦੇ ਸ਼ਬਦ ਦਾ ਵਿਚਾਰੀ ਹੈ ਭਾਵ ਜੋ ਗੁਰੂ ਦੀ ਵਿਚਾਰਧਾਰਾ ਨੂੰ ਅਪਣਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਕੋਲੋਂ ਵਿਚਾਰ ਲੈਣ ਵਾਲੇ ਤਾਂ ਬਹੁਤ ਹਨ, ਪੜ੍ਹਨ ਸੁਣਨ ਵਾਲੇ ਬਹੁਤ ਹਨ ਪਰ ਉਹਨਾਂ ਵਿਚਾਰਾਂ ਤੇ ਚੱਲਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਸ਼ਬਦ ਦੇ ਵਿਚਾਰ ਦਾ ਮਕਸਦ ਆਪਣੇ ਆਪ ਨੂੰ ਖੋਜਣ ਦਾ ਹੈ, ਆਪਣੇ ਮਨ ਨੂੰ ਖੋਜਣ ਦਾ ਹੈ, ਮਨ ਦੇ ਵਿਚਾਰਾਂ ਨੂੰ ਖੋਜਣ ਦਾ ਹੈ, ਮਨ ਦੀ ਮਤਿ ਨੂੰ ਖੋਜਣ ਦਾ ਹੈ ਕਿ ਸਾਡੇ ਅੰਦਰ ਕਿਸ ਗੱਲ ਦੀ ਕਮੀ ਹੈ ਜੋ ਸਾਨੂੰ ਗੁਰੂ ਤੋਂ ਦੂਰ ਰੱਖਦੀ ਹੈ। ਮਨ ਨੂੰ ਖੋਜ ਕੇ ਅਸੀਂ ਆਪਣੇ ਅੰਦਰ ਦੀ ਕਮੀ ਦੂਰ ਕਰਨੀ ਹੈ, ਆਪਣੀ ਕਮਜ਼ੋਰੀ ਦੂਰ ਕਰਨੀ ਹੈ ਜੋ ਕਿ ਸਾਡੇ ਅੰਦਰ ਦਾ ਮਾਇਆ ਮੋਹ ਹੈ, ਤ੍ਰਿਸ਼ਨਾ ਹੈ, ਵਿਕਾਰ ਹਨ, ਹਉਮੈ ਹੈ ਜੋ ਗੁਰੂ ਨੂੰ ਨਹੀਂ ਭਾਉਂਦੇ। ਸ਼ਬਦ ਦੀ ਵਿਚਾਰ ਸਾਨੂੰ ਇਹ ਕਮੀ ਦੂਰ ਕਰਨ ਲਈ ਹੀ ਸਮਝਾਉਂਦੀ ਹੈ ਤੇ ਜਦੋਂ ਅਸੀਂ ਸ਼ਬਦ ਦੀ ਵਿਚਾਰ ਨੂੰ ਮੰਨ ਕੇ ਆਪਣੇ ਅੰਦਰ ਦੀ ਕਮੀ ਦੂਰ ਕਰਨ

ਦਾ ਉੱਦਮ ਕਰਦੇ ਹਾਂ, ਪੂਰੇ ਨਿਸ਼ਚੈ ਨਾਲ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਉੱਦਮ ਕਰਦੇ ਹਾਂ, ਝੂਠ, ਵਿਕਾਰਾਂ ਤੋਂ ਰਹਿਤ ਹੋਣ ਦਾ ਉੱਦਮ ਕਰਦੇ ਹਾਂ ਤਾਂ ਫਿਰ ਸਾਨੂੰ ਆਪਣੇ ਅੰਦਰੋਂ ਹੀ ਉਸ "ਤਤੁ" ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਸਾਡੇ ਜੀਵਨ ਦਾ ਮਕਸਦ ਹੈ। ਪ੍ਰਮਾਤਮਾ ਸਭ ਦੇ ਅੰਦਰ ਇਸ "ਤਤੁ" ਦੇ ਰੂਪ ਵਿੱਚ ਹੀ ਵਿਚਰਦਾ ਹੈ। ਪ੍ਰਮਾਤਮਾ ਦਾ ਇਹ "ਤਤੁ" ਰੂਪ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਿਆ ਹੈ। ਆਪਣੀ ਕਿਰਪਾ ਦੁਆਰਾ ਪ੍ਰਮਾਤਮਾ ਆਪਣਾ ਇਹ "ਤਤੁ" ਆਪ ਹੀ ਬਖਸ਼ਦਾ ਹੈ। ਇਸ ਤਤੁ ਦੀ ਪ੍ਰਾਪਤੀ ਦੁਆਰਾ ਹੀ ਸਾਡੀ ਮੁਕਤੀ ਹੁੰਦੀ ਹੈ, ਬੰਧਨ ਤੋਂ ਮੁਕਤੀ ਹੁੰਦੀ ਹੈ। ਸਾਡੇ ਅੰਦਰ ਬੰਧਨ ਭਰਮ ਦਾ ਹੀ ਹੈ, ਹਉਮੈ ਦਾ ਹੀ ਹੈ, ਅਗਿਆਨਤਾ ਦਾ ਹੀ ਹੈ ਜੋ ਤਤੁ ਗਿਆਨ ਦੀ ਪ੍ਰਾਪਤੀ ਦੁਆਰਾ ਦੂਰ ਹੁੰਦਾ ਹੈ। ਸਾਡੇ ਲਈ ਸਾਰਾ ਉੱਦਮ ਸ਼ਬਦ ਦਾ ਵਿਚਾਰੀ ਬਣਨ ਦਾ ਹੈ ਤਾਂ ਜੋ ਅਸੀਂ ਇਸ "ਤਤੁ" ਦੀ ਪ੍ਰਾਪਤੀ ਕਰ ਸਕੀਏ ਤੇ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੋ ਸਕੀਏ। **(ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥ ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥)**

{ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
ਭੈ ਤੇ ਨਿਰਭਉ ਹੋਇ ਬਸਾਨਾ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥}

(ਅੰਗ ੨੮੫)

{ਸਹਜ ਸਿਫਤਿ ਭਗਤਿ ਤਤੁ ਗਿਆਨਾ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ॥}

(ਅੰਗ ੨੩੭)

{ਜਗੁ ਬੰਦੀ ਮੁਕਤੇ ਹਉ ਮਾਰੀ॥
ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥
ਪੰਚ ਜਨਾ ਸਿਉ ਸੰਗੁ ਨਿਵਾਰੈ॥

ਦਸ ਇੰਦ੍ਰੀ ਕਰਿ ਰਾਖੈ ਵਾਸਿ॥
ਤਾ ਕੈ ਆਤਮੈ ਹੋਇ ਪਰਗਾਸੁ॥੧॥}

(ਅੰਗ ੨੩੬)

21/2259

ਜਿਹੜਾ ਆਪਣੇ ਅੰਦਰ ਨੂੰ ਖੋਜ ਲੈਂਦਾ ਹੈ, ''ਤਤੁ'' ਦੀ ਪ੍ਰਾਪਤੀ ਕਰ ਲੈਂਦਾ ਹੈ ਭਾਵ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਉਹੀ ਪੜ੍ਹਿਆ ਹੋਇਆ ਤੇ ਸਿਆਣਾ ਪੰਡਿਤ ਹੈ। ਜਿਸ ਨੂੰ ਪ੍ਰਮਾਤਮਾ ਨੇ ਇਹੋ ਜਿਹਾ ਪੰਡਿਤ ਬਣਾਇਆ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ, ਨਾਮ ਦੀ ਰਚਨਾ ਕੀਤੀ ਹੈ ਤੇ ਸੰਸਾਰ ਦੇ ਵਿੱਚ ਇਹੋ ਜਿਹੀ ਅਵੱਸਥਾ ਦੁਆਰਾ ਨਾਮ ਦਾ ਵਪਾਰ ਕੀਤਾ ਹੈ ਤੇ ਉਹਨਾਂ ਨੂੰ ਹੀ ਧੰਨ ਕਿਹਾ ਹੈ, ਉੱਚਾ ਕਿਹਾ ਹੈ। ਜਿਵੇਂ ਕਿ ਪਿਛਲੇ ਸ਼ਬਦ ਦੀਆਂ ਆਖਰੀ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

''ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ॥੧॥''

ਜਿਸ ਨੂੰ ਪ੍ਰਮਾਤਮਾ ਆਪਣਾ ਸਿਆਣਾ ਪੰਡਿਤ, ਸੂਝਵਾਨ ਪੰਡਿਤ, ਆਪਣੇ ਰੂਪ ਵਾਲਾ ਅਸਲ ''ਪੰਡਿਤੁ'' ਬਣਾਉਂਦਾ ਹੈ ਉਸ ਨੂੰ ਮਨ ਦੇ ਅੰਦਰ ਸਹਜ ਦੀ ਅਵੱਸਥਾ ਹੀ ਬਖਸ਼ਦਾ ਹੈ ਭਾਵ ਚੌਥੇ ਪਦ ਦਾ ਗਿਆਨ ਬਖਸ਼ਦਾ ਹੈ। ਸਹਜ ਦੀ ਅਵੱਸਥਾ ਦੁਆਰਾ ਸਾਨੂੰ ਪ੍ਰਮਾਤਮਾ ਕੋਲੋਂ ਉਸਦੇ ਸੱਚੇ ਵਿਚਾਰ ਹੀ ਮਿਲਦੇ ਹਨ ਤੇ ਤਾਂ ਹੀ ਉਸਦਾ ਪੰਡਿਤ ਸਹਜ ਦੇ ਵਿਚਾਰਾਂ ਵਾਲਾ ਬਣਦਾ ਹੈ। ਸਹਜ ਦਾ ਵਿਚਾਰੀ ਹੋਣਾਂ ਜਾਂ ਗੁਰ-ਸ਼ਬਦ ਦਾ ਵਿਚਾਰੀ ਹੋਣਾ ਇੱਕੋ ਹੀ ਗੱਲ ਹੈ। ਸਹਜ ਮਨ ਦੀ ਅਵੱਸਥਾ ਹੈ ਜਿਸ ਦੁਆਰਾ ਸਾਨੂੰ ਗੁਰੂ ਆਪਣੇ ਸ਼ਬਦਾਂ ਦਾ ਵਿਚਾਰ ਦਿੰਦਾ ਹੈ। ਗੁਰੂ ਆਪ ਪ੍ਰਮਾਤਮਾ ਹੀ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪੂਰੀ ਗੁਰਬਾਣੀ ਵਿੱਚ ਸ਼ਬਦ ਦੀ ਵਿਚਾਰ ਹੈ, ਸੱਚੇ ਗਿਆਨ ਦੀ ਵਿਚਾਰ ਹੈ ਜੋ ਉਸ ਗੁਣ ਨਿਧਾਨ ਪ੍ਰਮਾਤਮਾ ਦੀ ਆਪਣੀ ਹੀ ਦਿੱਤੀ ਹੋਈ ਵਿਚਾਰ ਹੈ। **(ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ॥)** ਇਸ ਤੋਂ ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਇਸੇ ਗੱਲ ਨੂੰ ਸ਼ਬਦ ਦੇ ਵਿਚਾਰ ਦੇ ਰੂਪ ਵਿੱਚ ਸਮਝਿਆ ਹੈ। **(ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥)** ਸਹਜ ਦਾ ਵਿਚਾਰੀ ਹੋਣਾ ਜਾਂ ਗੁਰ-ਸ਼ਬਦ ਦਾ ਵਿਚਾਰੀ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਹੈ। ਦੋਨਾਂ ਤੋਂ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਹੈ, ਬ੍ਰਹਮ ਗਿਆਨ ਦੀ ਸੋਝੀ ਦੇ ਨਾਲ ਹੀ ਹੈ।

ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਫਿਰ ਮਨੁੱਖ ਆਪਣੇ ਜੀਵਨ ਵਿੱਚ ਸੱਚਾ ਵਪਾਰ ਕਰਦਾ ਹੈ, ਨਾਮ ਦਾ ਵਪਾਰ ਕਰਦਾ ਹੈ ਭਾਵ ਉਹ ਸੱਚਾ-ਸੁੱਚਾ ਹੋ ਕੇ ਵਿਚਰਦਾ ਹੈ ਤੇ ਦੂਸਰਿਆਂ ਨੂੰ ਵੀ ਸੱਚ ਦਾ ਮਾਰਗ ਸਮਝਾਉਂਦਾ ਹੈ। ਇਹੋ ਜਿਹਾ ਮਨੁੱਖ ਹੀ ਆਪਣੇ ਅੰਦਰ ਨਾਮ ਨੂੰ ਆਸਰਾ ਬਣਾਉਂਦਾ ਹੈ, ਅਧਾਰ ਬਣਾਉਂਦਾ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਦੇ ਆਸਰੇ ਚੱਲਦਾ ਹੈ, ਹਰ ਕੰਮ ਵਿੱਚ, ਆਪਣੀ ਹਰ ਕਰਣੀ ਵਿੱਚ ਗੁਰਮਤਿ ਦੀ ਉਟ ਲੈਂਦਾ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ, ਉਸਦੇ ਭਗਤ ਦੀ ਅਵੱਸਥਾ ਹੈ ਤੇ ਇਸੇ ਲਈ ਉਹਨਾਂ ਨੂੰ ''ਧੰਨੁ'' ਕਿਹਾ ਹੈ। ਧੰਨ ਉਹੀ ਹੈ ਜੋ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਦਾ ਹੈ, ਗੁਰੂ ਦੀ

21/2260

ਸੱਚੀ ਮਤਿ ਦੁਆਰਾ ਵਿਚਰਦਾ ਹੈ। **(ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ॥੧॥)**

ਹੁਣ ਧਿਆਨ ਨਾਲ ਸੋਚੋ ਕਿ ਅਸੀਂ ਕਿਹੋ ਜਿਹਿਆਂ ਦੀ ਧੰਨ ਧੰਨ ਕਰਨ ਵਿੱਚ ਲੱਗੇ ਰਹਿੰਦੇ ਹਾਂ। ਕਿਹੋ ਜਿਹੇ ਬਾਬਿਆਂ ਦੀ ਧੰਨ ਧੰਨ ਕਰਨ ਵਿੱਚ ਲੱਗੇ ਰਹਿੰਦੇ ਹਾਂ ਜਿੰਨ੍ਹਾਂ ਨੂੰ ਅਸੀਂ ਇਤਨਾ ਉੱਚਾ ਮੰਨਿਆ ਹੋਇਆ ਹੈ। ਅਸੀਂ ਉਹਨਾਂ ਦੀ ਧੰਨ ਧੰਨ ਵਿੱਚ ਲੱਗੇ ਹੋਏ ਹਾਂ ਜਿੰਨ੍ਹਾਂ ਨੇ ਸਾਨੂੰ ਪੁੱਠਾ ਨਾਮ ਸਿਖਾਇਆ ਹੈ, ਕਥਨੀ ਦੇ ਨਾਲ ਜੋੜਿਆ ਹੈ। ਇਹੋ ਜਿਹੀ ਪੁੱਠੀ ਸਿੱਖਿਆ ਦਾ ਨਤੀਜਾ ਕਿਹੋ ਜਿਹਾ ਨਿਕਲਦਾ ਹੈ ਭਾਵ ਕੇਵਲ ਕਥਨੀ ਦੇ ਨਾਲ ਜੁੜੇ ਰਹਿਣ ਨਾਲ ਅਸੀਂ ਕਿਹੋ ਜਿਹੇ ਕਰਮ ਕਰਦੇ ਹਾਂ ਇਹ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮੁੱਖ ਸ਼ਬਦ ਵਿੱਚ ਅਸੀਂ ਪਹਿਲੇ ਹੇਠ ਦਿੱਤੀਆਂ ਹੋਈਆਂ ਪੰਗਤੀਆਂ ਦੇ ਭਾਵ ਨੂੰ ਸਮਝਿਆ ਹੈ।

(ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ॥

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥)

ਉਪਰਲੀਆਂ ਪੰਗਤੀਆਂ ਰਾਹੀਂ ਪਹਿਲੇ ਅਸੀਂ ਇਹ ਸਮਝਿਆ ਹੈ ਕਿ ਨਾਮ ਦੀ ਕਮਾਈ ਕਰਨ ਵਾਲੇ ਕਿਹੋ ਜਿਹੇ ਹੁੰਦੇ ਹਨ ਤੇ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਇਹ ਸਮਝਿਆ ਸੀ ਕਿ ਨਾਮ ਦੀ ਕਥਨੀ ਕਰਨ ਵਾਲੇ ਕਿਹੋ ਜਿਹੇ ਹੁੰਦੇ ਹਨ ਜਿੰਨ੍ਹਾਂ ਦੀ ਤੁਲਨਾ ਹਰਣਾਂ, ਬਾਜ਼ਾਂ ਤੇ ਸਿਕਦਾਰਾਂ ਨਾਲ ਕਰ ਕੇ ਸਮਝਾਈ ਹੋਈ ਹੈ ਜੋ ਆਪਣੇ ਸਵਾਰਥ ਦੀ ਪੂਰਤੀ ਕਰਨ ਵਿੱਚ ਹੀ ਲੱਗੇ ਰਹਿੰਦੇ ਹਨ। ਸਿਕਦਾਰਾਂ ਦਾ ਜੀਵਨ ਕਿਹੋ ਜਿਹਾ ਹੁੰਦਾ ਹੈ ਭਾਵ ਜਿੰਨ੍ਹਾਂ ਨੂੰ ਨਾਮ ਦੀ ਕਮਾਈ ਕਰਨੀ ਨਹੀਂ ਆਉਂਦੀ ਉਹ ਕਿਹੋ ਜਿਹੇ ਹੁੰਦੇ ਹਨ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ॥

ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥

ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀ ਲਾਇਤਬਾਰ॥੨॥”

“ਮੁਕਦਮ” ਜਾਂ “ਸਿਕਦਾਰ” ਇੱਕੋ ਹੀ ਗੱਲ ਹੈ ਜਿੰਨ੍ਹਾਂ ਦਾ ਕੰਮ ਰਾਜੇ ਦੇ ਹੁਕਮ ਨੂੰ ਲਾਗੂ ਕਰਨ ਦਾ ਹੁੰਦਾ ਹੈ। ਇਹਨਾਂ ਦਾ ਦੁਨਿਆਵੀ ਮਕਸਦ, ਸੱਚਾ ਮਕਸਦ ਆਪਣੀ ਪ੍ਰਜਾ ਨੂੰ ਖੁਸ਼ਹਾਲ ਤੇ ਸੁਖੀ ਰੱਖਣ ਦਾ ਹੁੰਦਾ ਹੈ ਜੋ ਕਿ ਇਹਨਾਂ ਦਾ ਸੱਚਾ ਧਰਮ ਹੈ ਕਿ ਸਭ ਦੇ ਨਾਲ ਨਿਆਂ ਹੋਵੇ। ਇਹ ਤਾਂ ਹੋ ਸਕਦਾ ਹੈ ਜੇਕਰ ਪਹਿਲੇ ਇਹਨਾਂ ਦੇ ਅੰਦਰ ਇਹੋ ਜਿਹੀ ਸੱਚੀ ਬਿਰਤੀ ਹੋਵੇ ਕਿ ਅਸੀਂ ਸਭ ਨੂੰ ਸੁਖੀ ਰੱਖਣਾ ਹੈ।

21/2261

ਇਹੀ ਅਸਲ ਵਿੱਚ ਨਾਮ ਦੀ ਸਿੱਖਿਆ ਹੈ ਕਿ ਅਸੀਂ ਸੱਚ ਤੇ ਚੱਲੀਏ ਤੇ ਸੱਚ ਤੇ ਚੱਲਣ ਦੁਆਰਾ ਸਭ ਦਾ ਭਲਾ ਕਰੀਏ, ਕਿਸੇ ਦਾ ਮਾੜਾ ਨਾ ਕਰੀਏ। ਜਿੰਨ੍ਹਾਂ ਦੇ ਅੰਦਰ ਨਾਮ ਦੀ ਸਿੱਖਿਆ ਨਹੀਂ ਹੈ ਉਹ ਫਿਰ ਮਾੜੇ ਕਰਮ ਹੀ ਕਰਦੇ ਹਨ ਜਿਵੇਂ ਕਿ ਉਪਰਲੀਆ ਪੰਗਤੀਆਂ ਰਾਹੀਂ ਇੱਕ ਰਾਜੇ ਦਾ ਤੇ ਉਸਦੇ ਸਿਕਦਾਰ ਦਾ ਜੀਵਨ ਸਮਝਾਇਆ ਹੋਇਆ ਹੈ। ਮਾੜੇ ਕਰਮ ਕਰਨ ਵਾਲਿਆਂ ਨੂੰ “**ਕੁਤੇ**” ਦਾ ਦਰਜਾ ਦਿੱਤਾ ਹੋਇਆ ਹੈ। ਰਾਜੇ ਦਾ ਕੰਮ ਪਰਜਾ ਨੂੰ ਬਚਾਉਣ ਦਾ ਹੁੰਦਾ ਹੈ ਤੇ ਜੇਕਰ ਉਹ ਆਪ ਹੀ ਇੱਕ ਸ਼ੇਰ ਦੀ ਬਿਰਤੀ ਦੀ ਤਰ੍ਹਾਂ ਆਪਣੀ ਪਰਜਾ ਨੂੰ ਹੀ ਮਾਰ ਕੇ ਖਾਈ ਜਾਵੇ ਤਾਂ ਉਹ ਇਨਸਾਫ਼ ਕਿਵੇਂ ਕਰ ਸਕਦਾ ਹੈ, ਉਹ ਨਾਮ ਕਿਵੇਂ ਜਪ ਸਕਦਾ ਹੈ। ਉਨ੍ਹਾਂ ਦੇ ਥੱਲੇ ਕੰਮ ਕਰਨ ਵਾਲੇ, ਹੁਕਮ ਮਨਾਉਣ ਵਾਲੇ ਵੀ ਫਿਰ ਇਹੋ ਕੁੱਝ ਹੀ ਕਰਦੇ ਹਨ ਭਾਵ ਮਾੜੇ ਕਰਮ ਕਰਨ ਵਿੱਚ ਕੋਈ ਸ਼ਰਮ ਨਹੀਂ ਕਰਦੇ। ਉਹ ਆਪਣੀ ਪਰਜਾ ਨੂੰ ਹਰ ਵੇਲੇ ਪ੍ਰੇਸ਼ਾਨ ਕਰਦੇ ਹਨ। ਉਹ ਆਪਣੀ ਪਰਜਾ ਦਾ ਕਿਤਨਾ ਕੁ ਖੂਨ ਪੀਂਦੇ ਹਨ, ਉਨ੍ਹਾਂ ਨੂੰ ਕਿਤਨੇ ਕੁ ਜਖ਼ਮ ਦਿੰਦੇ ਹਨ, ਨੌਂਦਰਾਂ ਨੂੰ ਮਾਰ ਮਾਰ ਕੇ ਆਪਣੀ ਪਰਜਾ ਨੂੰ ਦਿਨ ਰਾਤ ਕਿਵੇਂ ਲੁੱਟਦੇ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਅੱਜ ਕੱਲ੍ਹ ਦੇ ਸਮਾਜ ਵਿੱਚ ਕੇਵਲ ਰਾਜਿਆਂ ਦਾ ਤੇ ਸਿਕਦਾਰਾਂ ਦਾ ਅਹੁਦਾ ਹੀ ਬਦਲਿਆ ਹੋਇਆ ਹੈ ਜੋ ਕਿ ਅਕਸਰ ਦੇਖਣ ਨੂੰ ਮਿਲਦਾ ਹੈ, ਇਨਸਾਨ ਮਾੜਾ ਮਨ ਦੀ ਬਿਰਤੀ ਕਰਕੇ ਹੀ ਹੈ, ਝੂਠੇ ਮਾਣ ਕਰਕੇ, ਲੋਭ ਲਾਲਚ ਕਰਕੇ ਹੀ ਹੈ। ਅੱਜ ਰਿਸ਼ਵਤਾਂ ਲੈਣ ਵਾਲੇ ਆਪਣੇ ਤਰੀਕੇ ਨਾਲ ਦੁਨੀਆਂ ਨੂੰ ਜ਼ਖ਼ਮੀ ਕਰ ਰਹੇ ਹਨ, ਲੋਕਾਂ ਦਾ ਰੱਤ ਪੀ ਰਹੇ ਹਨ, ਆਪਣੇ ਉੱਚੇ ਅਹੁਦਿਆਂ ਦਾ ਨਾਜ਼ਾਇਜ਼ ਫਾਇਦਾ ਚੁੱਕ ਰਹੇ ਹਨ। ਇਹ ਸਭ ਨਾਮ ਵਿਹੂਣੇ ਹੀ ਹਨ ਭਾਵ ਧਰਮ ਦੀ ਮੱਤ ਤੋਂ ਦੂਰ ਹੀ ਹਨ। ਇਹੋ ਜਿਹੇ ਮਨੁੱਖ ਜਿਤਨੇ ਮਰਜ਼ੀ ਧਰਮ ਗ੍ਰੰਥ ਪੜ੍ਹੀ ਜਾਣ, ਧਰਮ ਅਸਥਾਨਾਂ ਤੇ ਜਿਤਨੇ ਮਰਜ਼ੀ ਮੱਥੇ ਟੇਕੀ ਜਾਣ, ਜਿਤਨਾ ਮਰਜ਼ੀ ਕਿਸੇ ਸ਼ਬਦ ਨੂੰ ਰਟੀ ਜਾਣ, ਜਿਤਨਾ ਮਰਜ਼ੀ ਤੀਰਥਾਂ ਤੇ ਜਾ ਕੇ ਸਰੋਵਰਾਂ ਵਿੱਚ ਟੁੱਬੀਆਂ ਲਾਈ ਜਾਣ ਉਸਦੇ ਨਾਲ ਕੀ ਫਰਕ ਪੈਂਦਾ ਹੈ ਜੋ ਕਿ ਕੇਵਲ ਇੱਕ ਦਿਖਾਵਾ ਹੈ ਤੇ ਆਪਣੇ ਆਪ ਨੂੰ ਝੂਠੀਆਂ ਤਸੱਲੀਆਂ ਦੇਣ ਵਾਲੀ ਗੱਲ ਹੈ ਕਿ ਅਸੀਂ ਧਰਮ ਦੇ ਨਾਲ ਜੁੜੇ ਹੋਏ ਹਾਂ। ਜਿੰਨ੍ਹਾਂ ਨੂੰ ਗੁਰੂ ਸਾਹਿਬ ਆਪ ਇਤਨਾ ਮਾੜਾ ਕਹਿ ਰਹੇ ਹਨ ਉਹ ਫਿਰ ਉਸਦੇ ਦਰਬਾਰ ਤੇ ਜਾ ਕੇ ਸਜਾਵਾਂ ਤੋਂ ਕਿਵੇਂ ਬਚ ਸਕਦੇ ਹਨ। ਲੇਖਾ ਦੇਣਾ ਹੀ ਪੈਣਾ ਹੈ। ਇਹ ਚਾਰ ਦਿਨ ਦੀ ਚੌਧਰ, ਮਾਇਆ ਮੋਹ ਸਾਨੂੰ ਕਿਤਨੇ ਕੁ ਦੁੱਖਾਂ ਵਿੱਚ ਪਾਉਂਦਾ ਹੈ ਇਸ ਦੀ ਕਿਸੇ ਨੂੰ ਸਮਝ ਨਹੀਂ ਹੈ ਤੇ ਸਾਨੂੰ ਵਾਰ-ਵਾਰ ਬਾਣੀ ਰਾਹੀਂ ਇਨ੍ਹਾਂ ਸਜਾਵਾਂ ਤੋਂ ਸੁਚੇਤ ਕੀਤਾ ਹੋਇਆ ਹੈ। ਸਾਡੇ ਨਕਲੀ ਜਪ ਤਪ ਕਿਸੇ ਕੰਮ ਨਹੀਂ ਆਉਣੇ, ਦਿਖਾਵੇ ਕਿਸੇ ਕੰਮ ਨਹੀਂ ਆਉਣੇ।

21/2262

ਜਿੱਥੇ ਸਾਡੇ ਕਰਮਾਂ ਦੀ ਪਹਿਚਾਣ ਹੁੰਦੀ ਹੈ, ਸਾਡੀ ਪਰਖ ਹੁੰਦੀ ਹੈ ਫਿਰ ਮਾੜੇ ਕਰਮ ਕਰਨ ਵਾਲਿਆਂ ਨੂੰ ਨੱਕ ਵੱਢੇ ਇਨਸਾਨ ਸਮਝਿਆ ਜਾਂਦਾ ਹੈ ਭਾਵ ਬਿਲਕੁਲ ਹੀ ਬੇਕਦਰੇ ਇਨਸਾਨ ਸਮਝਿਆ ਜਾਂਦਾ ਹੈ। ਜਿਸਦੀ ਵੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਦਰ ਪੈਂਦੀ ਹੈ ਉਹ ਚੰਗੇ ਕਰਮਾਂ ਦੁਆਰਾ ਹੀ ਪੈਂਦੀ ਹੈ ਤੇ ਕਿਸੇ ਸਰੀਰਕ ਜਪਾਂ ਤਪਾਂ ਦੀ ਉੱਥੇ ਕੋਈ ਕਦਰ ਨਹੀਂ ਹੈ। ਲਾਇਤਬਾਰ ਉਹ ਇਨਸਾਨ ਹਨ ਜਿੰਨ੍ਹਾਂ ਨੂੰ ਗੁਰੂ ਦੀ ਗੱਲ ਤੇ ਇਤਬਾਰ ਨਹੀਂ ਹੈ, ਯਕੀਨ ਨਹੀ ਹੈ ਭਾਵ ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਚੱਲਦੇ ਹਨ ਉਹ ਮਨੁੱਖ ਬੇਇਤਬਾਰੇ ਹਨ ਤੇ ਤਾਂ ਹੀ ਉਹ ਮਾੜੇ ਕਰਮ ਕਰਦੇ ਹਨ। ਇਹੋ ਜਿਹੇ ਮਨੁੱਖ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਦੇ ਚੰਗੇ ਨਹੀਂ ਬਣ ਸਕਦੇ ਭਾਵ ਨੱਕ ਵੱਢੇ ਹੀ ਸਮਝੇ ਜਾਂਦੇ ਹਨ। **(ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ॥ ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀਂ ਲਾਇਤਬਾਰ॥੨॥)**

ਉੱਪਰ ਸਲੋਕਾਂ ਰਾਹੀਂ ਅਸੀਂ ਨਾਮ ਜਪਣਾ ਹੀ ਸਿੱਖਿਆ ਹੈ, ਨਾਮ ਦੀ ਕਮਾਈ ਕਰਨਾ ਹੀ ਸਿੱਖਿਆ ਹੈ ਜੋ ਕਿ ਸਾਡੀ ਜੀਵਨ ਜਾਂਚ ਹੈ, ਸਾਡਾ ਜੀਵਨ ਜਿਉਣ ਦਾ ਤਰੀਕਾ ਹੈ। ਜਦ ਤੱਕ ਅਸੀਂ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜਦੇ, ਸੱਚੇ "ਪੰਡਿਤੁ" ਦੀ ਮਤਿ ਦੇ ਨਾਲ ਨਹੀਂ ਜੁੜਦੇ ਤਦ ਤੱਕ ਸਾਨੂੰ ਨਾਮ ਜਪਣਾ ਨਹੀਂ ਆ ਸਕਦਾ। ਸਾਡੇ ਮਨ ਦਾ ਭੈ, ਸਾਡੇ ਮਨ ਦਾ ਡਰ ਸਾਨੂੰ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜਨ ਦਿੰਦਾ ਕਿਉਂਕਿ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਬਹੁਤ ਔਖਾ ਹੈ। ਸਾਡਾ ਮਾਇਆ ਦੇ ਨਾਲ ਮੋਹ ਹੈ, ਅਸੀਂ ਤ੍ਰਿਸ਼ਨਾਵਾਂ ਦੇ ਨਾਲ ਭਰੇ ਹੋਏ ਹਾਂ ਤੇ ਇਨ੍ਹਾਂ ਨੂੰ ਛੱਡਣਾ ਬਹੁਤ ਔਖਾ ਹੈ ਭਾਵ ਇਸ ਭੈ ਨੂੰ ਕਬੂਲ ਕਰਨਾ ਬਹੁਤ ਔਖਾ ਹੈ ਪਰ ਇਸ ਭੈ ਨੂੰ ਕਬੂਲ ਕੀਤੇ ਬਿਨ੍ਹਾਂ ਅਸੀਂ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜ ਸਕਦੇ ਤੇ ਨਾਮ ਨਹੀਂ ਜਪ ਸਕਦੇ। ਇਸ ਭੈ ਨੂੰ ਕਬੂਲ ਕਰਨਾ ਹੀ ਸਾਡੇ ਲਈ ਇੱਕੋ ਇੱਕ ਰਸਤਾ ਹੈ ਜਿਸ ਦੁਆਰਾ ਅਸੀਂ ਉਸ ਸੱਚੇ "ਪੰਡਿਤੁ" ਦੇ ਨਾਲ, ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਤੇ ਇਹੀ ਗੱਲ ਸਾਨੂੰ ਪਉੜੀ ਦੇ ਰਾਹੀਂ ਸਮਝਾਈ ਹੋਈ ਹੈ।

ਪਉੜੀ॥

"ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥ ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥ ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥੨੨॥"

(ਅੰਗ ੧੨੯੮)

ਭੈ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪੂਰੀ ਬਰੀਕੀ ਨਾਲ ਸਮਝਿਆ ਹੈ।

ਮਾਰੂ ਮਹਲਾ ੧॥

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥}

(ਅੰਗ ੧੦੧੦)

21/2263

ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ
ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
{ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥
ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ॥ ਭੈ ਭਉ ਰਾਖਿਆ ਭਾਇ ਸਵਾਰਿ॥੧॥ਰਹਾਉ॥}

(ਅੰਗ ੧੫੧)

ਇਹ "ਭੈ" ਸਾਡੇ ਅੰਦਰ ਸ਼ਬਦ ਦੀ ਮਤਿ ਨੂੰ ਵਸਾਉਣ ਦਾ ਹੈ ਜੋ ਕਿ ਬਹੁਤ ਔਖਾ ਹੈ। ਸ਼ਬਦ ਸਾਨੂੰ ਪੂਰਨ ਸੱਚ ਤੇ ਚੱਲਣ ਦੀ ਮਤਿ ਦਿੰਦਾ ਹੈ, ਵਿਕਾਰ ਰਹਿਤ ਹੋਣ ਲਈ ਕਹਿੰਦਾ ਹੈ, ਮਾਇਆ ਮੋਹ ਛੱਡਣ ਲਈ ਕਹਿੰਦਾ ਹੈ। ਸ਼ਬਦ ਦੀ ਦਿੱਤੀ ਹੋਈ ਮਤਿ ਗੁਰੂ ਦੀ ਮਤਿ ਹੈ। ਗੁਰੂ ਦੀ ਮਤਿ ਕਬੂਲ ਕਰਨੀ ਬਹੁਤ ਔਖੀ ਹੈ ਤੇ ਇਸੇ ਲਈ ਹਰ ਕੋਈ ਇਸੇ ਨੂੰ ਕਬੂਲ ਕਰਨ ਤੋਂ ਭੱਜਦਾ ਹੈ ਤੇ ਸ਼ਬਦ ਦੀ ਕਥਨੀ ਨਾਲ ਹੀ ਜੁੜਿਆ ਹੋਇਆ ਹੈ ਭਾਵ ਸ਼ਬਦ ਦੀ ਕਥਨੀ ਨੂੰ ਹੀ ਸ਼ਬਦ ਜਪਣਾ ਸਮਝਦੇ ਹਨ ਜੋ ਕਿ ਕੇਵਲ ਮਨਮਤਿ ਹੈ ਤੇ ਮੁੱਖੋਂ ਹਉਲੇ ਬੋਲ ਬੋਲਣ ਵਾਲੀ ਗੱਲ ਹੈ। ਇੱਕ ਅੱਖਰ ਨੂੰ ਸ਼ਬਦ ਸਮਝ ਕੇ ਜਪੀ ਜਾਣਾ ਸਾਡੇ ਹਉਲੇ ਬੋਲ ਹੀ ਹਨ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ ਤੇ ਇਸੇ ਲਈ ਸਾਡੇ ਇਹੋ ਜਿਹੇ ਬੋਲ ਬੋਲਣ ਦੇ ਤਰੀਕੇ ਦਾ ਬਾਣੀ ਵਿੱਚ ਵਾਰ ਵਾਰ ਖੰਡਨ ਕੀਤਾ ਹੋਇਆ ਹੈ। ਕੇਵਲ ਬੋਲ ਬੋਲੀ ਜਾਣ ਨਾਲ ਸਾਡੇ ਅੰਦਰ ਸ਼ਬਦ ਦੀ ਸੋਝੀ ਨਹੀਂ ਵੱਸ

ਸਕਦੀ, ਗੁਰੂ ਦੀ ਮਤਿ ਨਹੀਂ ਵੱਸ ਸਕਦੀ ਜਿਸਦਾ ਮਕਸਦ ਸਾਨੂੰ ਚੰਗੀ ਕਰਨੀ ਦੇ ਨਾਲ ਜੋੜਨ ਦਾ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਇਨਸਾਨ ਬਣ ਕੇ ਵਿਚਰੀਏ। ਇਹ "ਭੈ" ਅਸਲ ਵਿੱਚ ਗੁਰੂ ਦੀ ਮਤਿ ਹੈ, ਨਾਮ ਹੈ, ਗੁਰੂ ਦੀ ਸੱਚੀ ਸਿੱਖਿਆ ਹੈ ਜਿਸਨੂੰ ਆਪਣੇ ਅੰਦਰ ਕਬੂਲ ਕੀਤੇ ਬਿਨ੍ਹਾਂ, ਇਹ "ਭੈ" ਆਪਣੇ ਅੰਦਰ ਵਸਾਏ ਬਿਨ੍ਹਾਂ ਅਸੀਂ ਸੱਚ ਤੇ ਨਹੀਂ ਚੱਲ ਸਕਦੇ। ਇਹ ਸਾਡੇ ਅੰਦਰ ਸੱਚ ਨੂੰ ਕਬੂਲ ਕਰਨ ਦਾ "ਭੈ" ਹੈ। ਇਸ ਸੱਚ ਦਾ ਮਕਸਦ ਸਾਨੂੰ ਉਸ ਸੱਚ ਰੂਪ ਪ੍ਰਮਾਤਮਾ ਦੇ ਨਾਲ ਜੋੜਨ ਦਾ ਹੀ ਹੈ। "ਗੁਰਮਤਿ", ਗੁਰੂ ਦਾ ਸੱਚਾ ਗਿਆਨ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਗੁਰਮਤਿ ਦੇ ਨਾਲ ਜੁੜ ਕੇ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਭੈ ਵੱਸਦਾ ਹੈ ਜਿਸ ਭੈ ਦੁਆਰਾ ਵਿਚਰ ਕੇ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ। ਇਹ ਭੈ ਹੀ ਅਸਲ ਵਿੱਚ ਨਾਮ ਹੈ ਤੇ ਇਸ ਭੈ ਨਾਲ ਜੁੜਨਾ ਹੀ, ਗੁਰੂ ਦੀ ਸੱਚੀ ਮਤਿ ਨਾਲ ਜੁੜਨਾ ਹੀ ਨਾਮ ਦੇ ਨਾਲ ਜੁੜਨਾ ਹੈ। "ਨਾਮੁ" ਹੀ ਆਪ ਪ੍ਰਮਾਤਮਾ ਹੈ ਤੇ ਇਸ ਭੈ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਨਾਮ ਨਹੀਂ ਜਪ ਸਕਦੇ ਤੇ ਨਾਮੁ ਰੂਪ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਇਹ "ਭੈ" ਨਿਰਗੁਣ ਰੂਪ ਵਿੱਚ ਹੈ ਭਾਵ ਗਿਆਨ ਰੂਪ ਵਿੱਚ ਹੈ ਜੋ ਸਾਡੇ ਮਨ ਦੇ ਵਿੱਚ ਹੀ ਹੈ। ਮਾਇਆ ਮੋਹ ਦਾ ਭਉ ਵੀ ਸਾਡੇ ਮਨ ਦੇ ਵਿੱਚ ਹੈ ਤੇ ਗੁਰਮਤਿ ਦਾ ਭਉ ਵੀ ਸਾਡੇ ਮਨ ਵਿੱਚ ਹੀ ਵੱਸਦਾ ਹੈ। ਭਉ ਸਾਡੇ ਅੰਦਰ ਉਸੇ ਗੱਲ ਦਾ ਵੱਸਦਾ ਹੈ ਜਿਸਦੇ ਨਾਲ ਸਾਡਾ ਪਿਆਰ ਹੁੰਦਾ ਹੈ ਭਾਵ ਜੋ ਚੀਜ਼ ਸਾਨੂੰ ਚੰਗੀ ਲੱਗਦੀ ਹੈ। ਸਾਨੂੰ ਮਾਇਆ ਬਹੁਤ ਚੰਗੀ ਲੱਗਦੀ ਹੈ ਇਸੇ ਕਰਕੇ ਸਾਡੇ ਸਭ ਦੇ ਅੰਦਰ ਮਾਇਆ ਦਾ ਭਉ ਹੈ, ਮਾਇਆ ਦੀ ਪ੍ਰਾਪਤੀ ਦਾ ਭਉ ਹੈ ਤੇ ਮਾਇਆ ਨੂੰ ਬਚਾ ਕੇ ਰੱਖਣ ਦਾ ਭਉ ਹੈ। ਗੁਰਮਤਿ ਦਾ ਭਉ ਸਾਡੇ ਅੰਦਰ ਇਸੇ ਲਈ ਨਹੀਂ ਵੱਸਦਾ ਕਿਉਂਕਿ ਮਾਇਆ

21/2264

ਦਾ ਭਉ ਬੜਾ ਪ੍ਰਬਲ ਭਉ ਹੈ। ਮਾਇਆ ਦੇ ਭਉ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਜੋ ਵੀ ਗੱਲ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਹ ਸਭ ਮਾਇਆ ਮੋਹ ਹੈ ਜਿਸ ਦੀ ਵਜ੍ਹਾ ਸਾਡੀ ਮਨਮਤਿ ਹੈ, ਸਾਨੂੰ ਅਸਲੀਅਤ ਦੀ ਸੋਝੀ ਦਾ ਨਾ ਹੋਣਾ ਹੈ। ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ ਭਾਵੇਂ ਉਨ੍ਹਾਂ ਦੀ ਗੱਲ, ਉਨ੍ਹਾਂ ਦੀਆਂ ਦੱਸੀਆਂ ਹੋਇਆ ਗੱਲਾਂ ਗੁਰੂ ਦੀ ਮਤਿ ਤੇ ਪੂਰੀਆਂ ਨਹੀਂ ਉਤਰਦੀਆਂ ਪਰ ਫਿਰ ਵੀ ਅਸੀਂ ਉਨ੍ਹਾ ਸਿਰਮੌਰਾਂ ਦੇ ਮੋਹ ਵਿੱਚੋਂ ਨਹੀਂ ਨਿਕਲ ਸਕਦੇ। ਉਨ੍ਹਾਂ ਨੂੰ ਅਸੀਂ ਛੋਟੇ ਨਹੀਂ ਸਮਝ ਸਕਦੇ। ਇਹ ਸਾਡੇ ਮਨ ਦਾ ਭਉ ਹੈ ਭਾਵ ਸਾਡੇ ਅੰਦਰ ਬੇਵਜ੍ਹਾ ਦਾ ਡਰ ਹੈ ਕਿ ਇਹੋ ਜਿਹਾ ਕਹਿਣ ਨਾਲ ਕਿਤੇ ਸਾਡਾ ਕੋਈ ਮਾੜਾ ਨਾ ਹੋ ਜਾਵੇ। ਇਸ ਡਰ ਦੀ ਵਜ੍ਹਾ ਸਾਡੇ ਮਨ ਦੀ ਦੁਬਿਧਾ ਹੈ, ਦੁਚਿੱਤੀ ਹੈ, ਭਰਮ ਹੈ, ਅਗਿਆਨਤਾ ਹੈ। ਗੁਰਮਤਿ ਦਾ ਭਉ ਸਾਨੂੰ ਇਸ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ। ਗੁਰਮਤਿ ਗਿਆਨ ਰੂਪ ਹੈ, ਬ੍ਰਹਮਗਿਆਨ ਰੂਪ ਹੈ ਜਿਸਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢ ਕੇ ਸੱਚੀ ਮਤਿ ਦੇ ਨਾਲ ਜੋੜਨ ਦਾ ਹੈ। ਸਾਡੇ ਅੰਦਰ ਗੁਰਮਤਿ ਦੀ ਸੱਚੀ ਸੋਝੀ ਵੱਸਣ ਦੁਆਰਾ ਹੀ ਅਸੀਂ ਭਰਮ ਵਿੱਚੋਂ ਨਿਕਲਦੇ ਹਾਂ, ਮਾਇਆ ਮੋਹ ਦੇ ਭਰਮ ਵਿੱਚੋਂ ਨਿਕਲਦੇ ਹਾਂ ਤੇ ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਇਸੇ ਲਈ ਜਿੰਨ੍ਹਾਂ ਨੇ ਸਾਨੂੰ ਗੁਰਮਤਿ ਸਮਝਾਈ ਹੈ ਵਾਰ ਵਾਰ ਆਪਣੇ ਸ਼ਬਦਾਂ ਰਾਹੀਂ ਸਾਨੂੰ ਮਾਇਆ ਮੋਹ ਵਿੱਚੋਂ ਨਿਕਲਣ ਲਈ ਸਮਝਾਇਆ ਹੈ, ਮਾਇਆ ਮੋਹ ਦਾ ਭਉ ਛੱਡਣ ਲਈ ਸਮਝਾਇਆ ਹੈ। ਜਦੋਂ ਸਾਡੇ ਅੰਦਰ ਗੁਰਮਤਿ ਦਾ ਭਉ ਵੱਸ ਜਾਵੇਗਾ ਭਾਵ ਜਦੋਂ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ ਮਾਇਆ ਮੋਹ ਹੀ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਹੈ ਫਿਰ ਤਾਂ ਹੀ ਅਸੀਂ ਗੁਰੂ ਦੇ ਭਉ ਅਨੁਸਾਰ ਵਿਚਰ ਸਕਦੇ ਹਾਂ। ਸਾਡੇ ਜੀਵਨ ਦਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਹਰ ਵੇਲੇ ਗੁਰਮਤਿ ਦੇ ਭਉ ਵਿੱਚ ਚੱਲੀਏ। ਆਪਣਾ ਭਉ ਉਹ ਆਪਣੀ ਕਿਰਪਾ ਦੁਆਰਾ ਆਪ ਹੀ ਕਬੂਲ ਕਰਵਾਉਂਦਾ ਹੈ ਜਿਸ ਦੁਆਰਾ ਸਾਡਾ ਇਹ ਜੀਵਨ ਸਫ਼ਲ ਹੁੰਦਾ ਹੈ। ਇਸ ਭਉ ਨੂੰ ਕਬੂਲ ਕਰਨ ਦਾ ਮਕਸਦ ਸਾਨੂੰ ਸੱਚੇ-ਸੁੱਚੇ ਜੀਵਨ ਵਾਲੇ ਬਣਾਉਣਾ ਹੀ ਹੈ, ਸੱਚੇ-ਸੁੱਚੇ ਇਨਸਾਨ ਬਣਾਉਣ ਦਾ ਹੀ ਹੈ ਜਿਵੇਂ ਕਿ ਅਸੀਂ ਉੱਪਰ ਦਿੱਤੀ ਹੋਈ ਪਉੜੀ ਤੋਂ ਪਹਿਲਾਂ ਸਲੋਕਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ। ਪਉੜੀ ਰਾਹੀਂ ਸਾਨੂੰ ਗੁਰਮਤਿ ਦਾ ਭਉ ਕਬੂਲ ਕਰਨਾ ਹੀ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਗੁਰਮਤਿ ਅਨੁਸਾਰ ਵਿਚਰੀਏ, ਉਸ ਪ੍ਰਮਾਤਮਾ ਨੂੰ ਪਾ ਸਕੀਏ ਜੋ ਸਾਡੇ ਜੀਵਨ ਦਾ ਮਨੋਰਥ ਹੈ।

"ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥"

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਇਸ ਗੱਲ ਨੂੰ ਸਮਝੋ ਕਿ "ਭੈ" ਦਾ ਮਕਸਦ ਕੀ ਹੈ। ਇਸ ਭੈ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ, ਦੁਬਿਧਾ ਵਿੱਚੋਂ, ਦੁਚਿੱਤੀ ਵਿੱਚੋਂ ਕੱਢਣ ਦਾ ਹੈ। ਭਰਮ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢਦਾ ਹੈ, ਗੁਰੂ ਦੀ ਮਤਿ ਹੀ ਕੱਢਦੀ ਹੈ ਜਿਸਦੇ ਕੋਲ ਪ੍ਰਮਾਤਮਾ ਨੂੰ ਪਾਉਣ ਦੀ ਪੂਰਨ ਸੋਝੀ ਹੈ।

21/2265

ਗੁਰੂ ਦੇ ਭਉ ਨੂੰ ਕਬੂਲ ਕਰਨਾ ਗੁਰੂ ਦੀ ਪਾਈ ਹੋਈ ਸੋਝੀ ਨੂੰ ਕਬੂਲ ਕਰਨਾ ਹੀ ਹੈ ਜੋ ਉਸਨੇ ਸਾਨੂੰ ਆਪਣੇ ਸ਼ਬਦਾਂ ਦੁਆਰਾ ਪਾਈ ਹੋਈ ਹੈ, ਸ਼ਬਦਾਂ ਦੀ ਮਤਿ ਦੁਆਰਾ ਪਾਈ ਹੋਈ ਹੈ। ਮਨ ਦੇ ਭਰਮ ਕਰਕੇ ਹੀ ਅਸੀਂ ਮਾਇਆ ਮੋਹ ਵਿੱਚ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਗੁਰੂ ਦੀ ਮਤਿ ਦੇ ਵਿੱਚ ਤੇ ਸਾਡੀ ਮਤਿ ਦੇ ਵਿੱਚ ਭਰਮ ਦਾ ਹੀ ਪੜਦਾ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਸੱਚ ਦੀ ਸੋਝੀ ਨਹੀਂ ਪੈਂਦੀ, ਉਸਨੂੰ ਪਾਉਣ ਦੇ ਤਰੀਕੇ ਦੀ ਸੋਝੀ ਨਹੀਂ ਪੈਂਦੀ। ਗੁਰੂ ਦੀ ਮਤਿ ਦਾ ਮਕਸਦ ਸਾਨੂੰ ਇਸ ਭਰਮ ਵਿੱਚੋਂ ਕੱਢਣ ਦਾ ਹੀ ਹੈ, ਮਨਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚੀ ਗੱਲ ਦੇ ਨਾਲ ਜੁੜ ਸਕੀਏ। ਪ੍ਰਮਾਤਮਾ ਸਾਡੀ ਸਾਰ ਕਰਦਾ ਹੈ ਤੇ ਉਹ ਸਾਡੀ ਸਾਰ ਸਾਨੂੰ ਭਰਮ ਵਿੱਚੋਂ ਕੱਢ ਕੇ ਹੀ ਕਰਦਾ ਹੈ। ਪੂਰੀ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਸਾਨੂੰ ਭਰਮ ਵਿੱਚੋਂ ਕੱਢਣ ਲਈ ਹੀ ਕੀਤੀ ਹੈ, ਸਾਡੀ ਸਾਰ ਕਰਨ ਲਈ ਹੀ ਕੀਤੀ ਹੈ। ਜਿਸਦੀ ਪ੍ਰਮਾਤਮਾ ਸਾਰ ਕਰਦਾ ਹੈ, ਸੰਭਾਲ ਕਰਦਾ ਹੈ, ਉਸਨੂੰ ਸੱਚੀ ਸੋਝੀ ਬਖ਼ਸ਼ ਕੇ ਹੀ ਕਰਦਾ ਹੈ। ਗੁਰਬਾਣੀ ਦੇ ਰੂਪ ਵਿੱਚ ਉਹ ਆਪ ਹੀ ਹੈ ਜੋ ਸਾਨੂੰ ਪ੍ਰਮਾਤਮਾ ਦਾ ਸੱਚ ਸਮਝਾ ਰਹੀ ਹੈ। ਗੁਰਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਸੱਚੇ ਪੰਡਿਤ ਦੇ ਰੂਪ ਵਿੱਚ ਹੈ, ਸਿਆਣੇ ਪੰਡਿਤ ਦੇ ਰੂਪ ਵਿੱਚ ਹੈ ਜਿਸਦੀ ਗੱਲ ਪਉੜੀ ਤੋਂ ਪਹਿਲੇ ਸਲੋਕਾਂ ਰਾਹੀਂ ਕੀਤੀ ਹੋਈ ਹੈ। ਇਸ ਗੁਰਬਾਣੀ ਰੂਪ ਸੱਚੇ "ਪੰਡਿਤੁ" ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢ ਕੇ ਆਪਣੀ ਮਤਿ ਦੇ ਨਾਲ ਜੋੜਨ ਦਾ ਹੀ ਹੈ, ਨਾਮ ਦੇ ਨਾਲ ਜੋੜਨ ਦਾ ਹੀ ਹੈ। ਗੁਰੂ ਦੀ ਮਤਿ ਦੇ ਨਾਲ ਸਾਡਾ ਪਿਆਰ ਤਾਂ ਹੀ ਜੁੜੇਗਾ ਜਦੋਂ ਅਸੀਂ ਉਸ ਦੀ ਮਤਿ ਨੂੰ ਕਬੂਲ ਕਰ ਲਵਾਂਗੇ, ਉਸਦੇ ਭੈ ਨੂੰ ਕਬੂਲ ਕਰ ਲਵਾਂਗੇ ਭਾਵ ਜਦੋਂ ਅਸੀਂ ਮਨਮਤਿ ਛੱਡਣ ਲਈ ਤਿਆਰ ਹੋ ਜਾਵਾਂਗੇ, ਮਾਇਆ ਮੋਹ ਦਾ ਭਉ ਛੱਡਣ ਲਈ ਤਿਆਰ ਹੋ ਜਾਵਾਂਗੇ, ਵਿਕਾਰ ਛੱਡਣ ਲਈ ਤਿਆਰ ਹੋ ਜਾਵਾਂਗੇ, ਸੱਚ ਤੇ ਚੱਲਣ ਲਈ ਤਿਆਰ ਹੋ ਜਾਵਾਂਗੇ, ਨਾਮ ਜਪਣ ਦੇ ਲਈ ਤਿਆਰ ਹੋ ਜਾਵਾਂਗੇ, ਸੱਚਾ ਸੁੱਚਾ ਜੀਵਨ ਜਿਉਂਣ ਲਈ ਤਿਆਰ ਹੋ ਜਾਵਾਂਗੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਲਈ ਤਿਆਰ ਹੋ ਜਾਵਾਂਗੇ, ਮਾਣ-ਅਭਿਮਾਨ ਛੱਡਣ ਲਈ ਤਿਆਰ ਹੋ ਜਾਵਾਂਗੇ, ਹਉਮੈ ਛੱਡਣ ਲਈ ਤਿਆਰ ਹੋ ਜਾਵਾਂਗੇ ਭਾਵ ਗੁਰਮਤਿ ਦੇ ਭੈ ਨੂੰ, ਗੁਰਮਤਿ ਦੀ ਸੱਚਾਈ ਨੂੰ ਮੰਨਣ ਲਈ ਤਿਆਰ ਹੋ ਜਾਵਾਂਗੇ। **(ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥)**

ਭਉ ਨੂੰ ਆਪਣੇ ਅੰਦਰ ਵਸਾਉਣਾ ਭਾਵ ਮਾਇਆ ਦੇ ਭਉ ਤੋਂ ਰਹਿਤ ਹੋ ਜਾਣਾ ਸਾਡੇ ਵੱਸ ਵਿੱਚ ਨਹੀਂ ਹੈ ਪਰ ਇਸ ਲਈ ਉੱਦਮ ਅਸੀਂ ਹੀ ਕਰਨਾ ਹੈ ਤੇ ਕਿਰਪਾ ਉਹ ਆਪ ਹੀ ਕਰਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿੰਨ੍ਹਾਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥
ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥"

21/2266

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਆਪਣੇ ਅੰਦਰ ਗਿਆਨ ਦੇ ਉਪਜਣ ਦੀ ਭਾਵ ਬ੍ਰਹਮਗਿਆਨ ਦੇ ਉਪਜਣ ਦੀ ਗੱਲ ਸਮਝੀ ਹੈ, ਨਾਮ ਦੇ ਉਪਜਣ ਦੀ ਗੱਲ ਸਮਝੀ ਹੈ, ਗੁਰਮਤਿ ਦੇ ਉਪਜਣ ਦੀ ਗੱਲ ਸਮਝੀ ਹੈ, ਸਹਜ ਗਿਆਨ ਦੇ ਉਪਜਣ ਦੀ ਗੱਲ ਸਮਝੀ ਹੈ। ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਨੂੰ ਸੱਚਾ ਕਰਨ ਦੇ ਨਾਲ ਹੀ ਜੁੜਿਆ ਹੋਇਆ ਹੈ, ਸਾਡੇ ਮਨ ਦੇ ਅੰਦਰ ਸੱਚ ਵੱਸਣ ਦੇ ਨਾਲ ਹੀ ਜੁੜਿਆ ਹੋਇਆ ਹੈ, ਜਿਸ ਦੁਆਰਾ ਅਸੀਂ ਭਰਮ ਤੋਂ ਮੁਕਤ ਹੁੰਦੇ ਹਾਂ ਭਾਵ ਸਾਨੂੰ ਮੁਕਤੀ ਮਿਲਦੀ ਹੈ। ਗੁਰੂ ਪ੍ਰਮਾਤਮਾ ਦਾ ਭਉ ਸਾਡੇ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ ਹੀ ਉਪਜਦਾ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਤੇ ਮਨੁੱਖ ਨੂੰ ਸੱਚ ਤੇ ਚੱਲਣ ਦੀ ਦ੍ਰਿੜਤਾ ਮਿਲਦੀ ਹੈ ਭਾਵ ਸਾਡੇ ਅੰਦਰ ਨਾਮ ਦ੍ਰਿੜ ਹੁੰਦਾ ਹੈ। ਇਹ ਪ੍ਰਮਾਤਮਾ ਦੇ ਆਪਣੇ ਹੀ ਵੱਸ ਹੈ, ਕੇਵਲ ਉਸਦੀ ਆਪਣੀ ਕ੍ਰਿਪਾ ਹੈ ਕਿ ਕਿਸ ਦੇ ਅੰਦਰ ਉਹ ਆਪਣਾ ਸੱਚ ਤੇ ਚੱਲਣ ਦਾ, ਸੱਚ ਨੂੰ ਕਬੂਲ ਕਰਨ ਦਾ ਭਉ ਦੂਰ ਕਰ ਦੇਵੇ ਭਾਵ ਸੱਚ ਤੇ ਚੱਲਣ ਲਈ ਮਨੁੱਖ ਨੂੰ ਨਿਰਭਉ ਕਰ ਦੇਵੇ। ਇਹ ਸਭ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਦੇ ਭਉ ਵਿੱਚੋਂ ਨਿਕਲ ਕੇ ਸੱਚ ਦੇ ਭਉ ਨਾਲ ਜੁੜ ਜਾਂਦਾ ਹੈ ਭਾਵ ਉਸਨੂੰ ਹਰ ਵੇਲੇ ਸੱਚ ਤੇ ਚੱਲਣ ਦਾ ਹੀ ਭਉ ਰਹਿੰਦਾ ਹੈ ਤੇ ਮਾਇਆ ਮੋਹ ਦਾ ਭਉ ਨਹੀਂ ਸਤਾਉਂਦਾ। **(ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥)**

ਮਨ ਦੇ ਵਿੱਚ ਇਹੋ ਜਿਹੇ "ਭੈ" ਵਾਲੀ ਅਵੱਸਥਾ ਹੀ ਸੱਚੇ ਗਿਆਨ ਦੀ ਅਵੱਸਥਾ ਹੀ ਸਾਡੇ ਅੰਦਰ "ਸਹਜੁ" ਦੀ ਅਵੱਸਥਾ ਦੀ ਪ੍ਰਾਪਤੀ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ। ਇਹ ਪ੍ਰਾਪਤੀ ਮਨ ਦੇ ਵਿੱਚ ਸੱਚੇ ਗਿਆਨ ਦੇ ਉਪਜਣ ਦੁਆਰਾ ਹੀ ਹੁੰਦੀ ਹੈ। ਮਨ ਦੀ ਇਹ ਅਵੱਸਥਾ ਹੀ ਸਾਡੀ ਪ੍ਰਮਾਤਮਾ ਦੀ ਜੋਤਿ ਦੇ ਵਿੱਚ ਰਲਣ ਦੀ ਅਵੱਸਥਾ ਹੈ ਭਾਵ ਪ੍ਰਮਾਤਮਾ ਨੂੰ ਮਨ ਦੇ ਵਿੱਚ ਹੀ ਪਾਇਆ ਜਾਂਦਾ ਹੈ, ਮਨ ਦੇ ਵਿੱਚ ਉਸਦੇ ਦਰਸ਼ਨ ਗਿਆਨ ਰੂਪ ਵਿੱਚ ਹੀ ਹੁੰਦੇ ਹਨ, ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਉਪਜਣ ਦੁਆਰਾ ਹੀ ਹੁੰਦੇ ਹਨ, ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦੇ ਹਨ ਜਿੱਥੇ ਪ੍ਰਮਾਤਮਾ ਹਰ ਵੇਲੇ ਸਾਡੇ ਅੰਦਰ ਵਿਚਰ ਰਿਹਾ ਹੈ ਪਰ ਉਸਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ। ਮਨ ਦੇ ਵਿਚਾਰਾਂ ਰਾਹੀਂ ਹੀ ਉਸਨੇ ਸਭ ਨੂੰ ਤ੍ਰੈ-ਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਭਰਮ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਉਹ ਆਪਣੇ ਆਪ ਨੂੰ ਸਾਡੇ ਅੰਦਰ ਪ੍ਰਗਟ ਕਰਦਾ ਹੈ, ਆਪਣੀ ਜੋਤਿ ਰਾਹੀਂ ਪ੍ਰਗਟ ਕਰਦਾ ਹੈ। ਪ੍ਰਮਾਤਮਾ ਦੀ ਜੋਤਿ ਦਾ ਮਕਸਦ, ਇਸ ਮਨ ਦਾ ਮਕਸਦ ਸਾਡੇ ਅੰਦਰ ਗਿਆਨ ਨੂੰ ਉਪਜਾਉਣ ਦਾ ਹੀ ਹੈ ਤੇ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਸਾਨੂੰ ਮਨ ਦੀ ਕਿਸ ਅਵੱਸਥਾ ਵਿੱਚ ਰੱਖਦਾ ਹੈ, ਮਨ ਦੇ ਅੰਦਰ ਕਿਹੋ ਜਿਹੇ

21/2267

ਵਿਚਾਰ ਉਪਜਾਉਂਦਾ ਹੈ। **(ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥ ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥)**

ਇਹ ਸੰਸਾਰ ਦੇ ਵਿੱਚ ਮਾਇਆ ਮੋਹ ਦਾ ਸਾਗਰ ਅਸੀਂ ਮਨ ਦੀ ਇਸ ਅਵੱਸਥਾ ਦੁਆਰਾ ਹੀ ਲੰਘਦੇ ਹਾਂ ਕਿਉਂਕਿ ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਮਨ ਦੇ ਅੰਦਰ ਪ੍ਰਮਾਤਮਾ ਦੇ ਕੋਲੋਂ ਗੁਰਮਤਿ ਵਾਲੇ ਵਿਚਾਰ ਮਿਲਦੇ ਹਨ ਭਾਵ ਗੁਰਮਤਿ ਦੀ ਪੂਰਨ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੀ ਹੈ। ਉਸਦੀ ਭਗਤੀ ਮਾਇਆ ਮੋਹ ਦੇ ਸਾਗਰ ਨੂੰ ਪਾਰ ਕਰਕੇ ਹੀ ਹੁੰਦੀ ਹੈ, ਔਗੁਣਾਂ ਦੇ ਸਾਗਰ ਨੂੰ ਪਾਰ ਕਰਕੇ ਹੀ ਹੁੰਦੀ ਹੈ ਤੇ ਇਹੋ ਜਿਹੀ ਦ੍ਰਿੜਤਾ ਮਨ ਦੇ ਵਿੱਚ ਸੱਚੀ ਸੋਝੀ ਉਪਜਣ ਦੁਆਰਾ ਹੀ ਆਉਂਦੀ ਹੈ। **(ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥)** ਗੁਰਮਤਿ ਦਾ ਮਕਸਦ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲਣ ਦਾ ਹੀ ਹੈ ਤਾਂ ਜੋ ਅਸੀਂ ਇਸ ਵਿੱਚੋਂ ਨਿਕਲ ਕੇ ਸੱਚੇ ਸੁੱਚੇ ਕਰਮ ਕਰੀਏ, ਕੇਵਲ ਸੱਚ ਤੇ ਚੱਲੀਏ, ਕੇਵਲ ਨਾਮ ਤੇ ਚੱਲੀਏ। ਪ੍ਰਮਾਤਮਾ ਦਾ ਨਾਮ ਮਨ ਦੀ ਇਸ ਅਵੱਸਥਾ ਦੁਆਰਾ ਹੀ ਜਪਿਆ ਜਾਂਦਾ ਹੈ ਜਦੋਂ ਸਾਡੇ ਅੰਦਰ ਨਾਮ ਦੀ ਸੋਝੀ ਵੱਸ ਜਾਂਦੀ ਹੈ, ਗੁਰਮਤਿ ਦੀ ਸੋਝੀ ਵੱਸ ਜਾਂਦੀ ਹੈ।

{ਭੈ ਬਿਨੁ ਕੋਇ ਨ ਲੰਘਸਿ ਪਾਰਿ॥ ਭੈ ਭਉ ਰਾਖਿਆ ਭਾਇ ਸਵਾਰਿ॥੧॥ਰਹਾਉ॥}

(ਅੰਗ ੧੫੧)

ਸਾਡੇ ਅੰਦਰ ਪ੍ਰਮਾਤਮਾ ਦੇ ਭੈ ਦਾ ਵੱਸਣਾ ਜਾਂ ਗੁਰਮਤਿ ਦਾ ਵੱਸਣਾ ਇੱਕੋ ਹੀ ਗੱਲ ਹੈ। ਮਨ ਦੀ ਇਸ ਅਵੱਸਥਾ ਦੁਆਰਾ ਅਸੀਂ ਆਪਣੇ ਆਪ ਨੂੰ ਉਸ ਤਰ੍ਹਾਂ ਸਵਾਰ ਲੈਂਦੇ ਹਾਂ ਭਾਵ ਆਪਣੇ ਜੀਵਨ ਨੂੰ ਉਸ ਤਰੀਕੇ ਨਾਲ ਸਵਾਰ ਲੈਂਦੇ ਹਾਂ ਜਿਵੇਂ ਗੁਰੂ ਨੂੰ ਭਾਉਂਦਾ ਹੈ।

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਉਸ ਭਉ ਵਿੱਚ ਆਉਣਾ ਹੀ ਹੈ, ਗੁਰਮਤਿ ਦੇ ਭਉ ਵਿੱਚ ਆਉਣਾ ਹੀ ਹੈ, ਸੱਚ ਦੇ ਭਉ ਵਿੱਚ ਆਉਣਾ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਸਾਡਾ ਮੇਲ ਉਸ ਨਿਰਭਉ ਦੇ ਨਾਲ ਹੁੰਦਾ ਹੈ ਜੋ ਹਰ ਤਰੀਕੇ ਦੇ ਭਉ ਤੋਂ ਰਹਿਤ ਹੈ। **(ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ॥)**

ਪ੍ਰਮਾਤਮਾ ਆਪਣੇ ਇਸ ਨਿਰਭਉ ਰੂਪ ਦੁਆਰਾ ਹੀ ਸਭ ਜਗ੍ਹਾ ਸਮਾਇਆ ਹੋਇਆ ਹੈ, ਆਪਣੀ ਰਚੀ ਹੋਈ ਸਾਇੰਸ ਦੀ ਵਿੱਦਿਆ ਦੇ ਰੂਪ ਵਿੱਚ ਸਮਾਇਆ ਹੋਇਆ ਹੈ, ਸਾਇੰਟਿਫਿਕ ਗਿਆਨ ਦੇ ਰੂਪ ਵਿੱਚ, ਸਾਇੰਸ ਦੀ ਸੋਝੀ ਦੇ ਰੂਪ ਵਿੱਚ ਸਮਾਇਆ ਹੋਇਆ ਹੈ ਜਿਸ ਦੁਆਰਾ ਇਹ ਸੰਸਾਰ ਚੱਲ ਰਿਹਾ ਹੈ। ਸਾਇੰਟਿਫਿਕ ਗਿਆਨ ਨੂੰ ਕਿਸੇ ਦਾ ਭਉ ਨਹੀਂ ਹੈ। ਸਾਇੰਸ ਆਪਣੇ ਤਹਿ ਮਾਰਗ ਅਨੁਸਾਰ ਹੀ ਚੱਲਦੀ ਹੈ ਭਾਵ ਸਾਇੰਸ ਨੂੰ ਚੱਲਣ ਲਈ ਜੋ ਉਸਦੇ ਅੰਦਰ ਸੋਝੀ ਪੈ ਚੁੱਕੀ ਹੈ, ਜੋ ਉਸਨੂੰ ਚਲਾਉਣ ਦੀ ਵਿਧੀ ਤਹਿ ਹੋ ਚੁੱਕੀ ਹੈ ਉਹ ਉਸੇ ਤਰ੍ਹਾਂ ਹੀ ਵਿਚਰਦੀ ਹੈ ਤੇ ਆਪਣੇ ਮਾਰਗ ਤੋਂ ਕਦੇ ਨਹੀਂ ਭਟਕਦੀ। ਉਹ ਸਭ ਲਈ ਇੱਕੋ ਜਿਹਾ ਹੀ ਵਿਚਰਦੀ ਹੈ, ਸਭ ਨੂੰ ਇੱਕੋ ਤਰੀਕੇ ਨਾਲ ਹੀ ਦੇਖਦੀ ਹੈ। ਸਾਇੰਸ ਦਾ, ਸਾਇੰਟਿਫਿਕ ਰਚਨਾ ਦਾ ਕੋਈ ਨਾ ਅੰਤ ਹੈ, ਨਾ ਪਾਰਾਵਾਰ ਹੈ। ਪ੍ਰਮਾਤਮਾ ਆਪਣੇ ਇਸੇ ਰੂਪ ਦੁਆਰਾ ਹੀ ਬੇਅੰਤ ਹੈ।

ਜਦੋਂ ਸਾਨੂੰ ਪ੍ਰਮਾਤਮਾ ਦੇ ਮਨ ਦੇ ਵਿੱਚ ਦਰਸ਼ਨ ਹੁੰਦੇ ਹਨ ਉਸਦੇ ਇਸ

21/2268

ਨਿਰਭਉ ਰੂਪ ਦੇ, ਨਿਰੰਕਾਰ ਰੂਪ ਦੇ, ਗਿਆਨ ਰੂਪ ਦੇ ਦਰਸ਼ਨ ਹੀ ਹੁੰਦੇ ਹਨ। ਇਸ ਅਵੱਸਥਾ ਦੁਆਰਾ ਸਾਨੂੰ ਪ੍ਰਮਾਤਮਾ ਕੋਲੋਂ ਉਸ ਦਾ ਬ੍ਰਹਮਗਿਆਨ ਹੀ ਮਿਲਦਾ ਹੈ ਜੋ ਕਿ ਉਸਦਾ ਨਿਰਭਉ ਰੂਪ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਕੋਈ ਆਪਣੇ ਵਿਚਾਰ ਨਿਰਭਉ ਹੋ ਕੇ ਪ੍ਰਗਟ ਕਰਦਾ ਹੈ ਜਿਵੇਂ ਕਿ ਗੁਰਬਾਣੀ ਦੇ ਰਚਣ ਵਾਲਿਆਂ ਨੇ ਕੀਤੇ ਹਨ। ਪੂਰੀ ਗੁਰਬਾਣੀ ਵਿੱਚ ਉਨ੍ਹਾਂ ਦੇ ਵਿਚਾਰ ਨਿਰਭਉ ਰੂਪ ਵਿੱਚ ਹੀ ਹਨ ਤੇ ਇਹੋ ਜਿਹੇ ਵਿਚਾਰ ਕੋਈ ਉਦੋਂ ਹੀ ਦੇ ਸਕਦਾ ਹੈ ਜਦੋਂ ਉਸਨੂੰ ਪੂਰਨ ਸੱਚ ਦੀ ਸੋਝੀ ਪੈ ਜਾਵੇ ਜਿਸ ਤੋਂ ਉੱਪਰ ਹੋਰ ਕੋਈ ਸੱਚ ਹੋ ਹੀ ਨਹੀਂ ਸਕਦਾ। ਸੱਚ ਨੂੰ ਕਿਸੇ ਦਾ ਭਉ ਨਹੀਂ ਹੁੰਦਾ ਕਿਉਂਕਿ ਸੱਚ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ। ਪੂਰੀ ਗੁਰਬਾਣੀ ਇਸੇ ਲਈ ਨਿਰਭਉ ਰੂਪ ਵਿੱਚ ਹੈ ਕਿਉਂਕਿ ਇਸਦੇ ਵਿੱਚ ਪੂਰਨ ਸੱਚ ਹੈ, ਹਰ ਗੱਲ ਦੇ ਵਿੱਚ ਪੂਰਨ ਸੱਚ ਹੈ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਸਾਨੂੰ ਜੋ ਕੁੱਝ ਵੀ ਸਮਝਾਇਆ ਹੈ ਉਹ ਸੱਚ ਹੀ ਸਮਝਾਇਆ ਹੈ ਤੇ ਨਿਰਭਉ ਹੋ ਕੇ ਸਮਝਾਇਆ ਹੈ ਤੇ ਇਸੇ ਲਈ ਉਨ੍ਹਾਂ ਨੇ ਵੱਡੇ ਵੱਡੇ ਸੰਤ ਆਦਿ ਅਖਵਾਉਣ ਵਾਲਿਆਂ ਨੂੰ, ਧਰਮ ਦੇ ਮਾਰਗ ਤੇ ਉੱਚੇ ਅਖਵਾਉਣ ਵਾਲਿਆਂ ਨੂੰ ਨਿਰਭਉ ਹੋ ਕੇ ਗਲਤ ਕਿਹਾ ਹੈ, ਝੂਠੇ ਕਿਹਾ ਹੈ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਇਨ੍ਹਾਂ ਦੇ ਕੋਲ ਸੱਚ ਨਹੀਂ ਹੈ ਤੇ ਇਹ ਆਪਣੇ ਝੂਠ ਦੁਆਰਾ ਹੀ ਧਰਮ ਦੇ ਆਗੂ ਬਣੇ ਬੈਠੇ ਹਨ ਜਿਸਨੂੰ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਆਸਾ॥

{ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥
ਐਸੇ ਸੰਤ ਨ ਮੋ ਕਉ ਭਾਵਹਿ॥ ਡਾਲਾ ਸਿਉ ਪੇਡਾ ਗਟਕਾਵਹਿ॥੧॥ਰਹਾਉ॥}

(ਅੰਗ ੪੭੬)

ਭਗਤ ਕਬੀਰ ਜੀ ਇਨ੍ਹਾਂ ਲੋਗਾਂ ਦੇ ਵਿੱਚ ਹੀ ਰਹਿੰਦੇ ਸਨ ਤੇ ਜਿੰਨ੍ਹਾਂ ਨੂੰ ਲੋਕੀਂ ਇਤਨਾ ਵੱਡੇ ਮੰਨ ਕੇ ਪੂਜਦੇ ਸਨ ਉਨ੍ਹਾਂ ਬਾਰੇ ਕਿਹੋ ਜਿਹੇ ਲਫ਼ਜ ਵਰਤੇ ਹਨ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਉਨ੍ਹਾਂ ਨੇ ਜੋ ਕੁੱਝ ਵੀ ਕਿਹਾ ਹੈ ਇਸ ਵਿੱਚ ਪੂਰਨ ਸੱਚ ਹੈ ਪਰ ਇਸ ਗੱਲ ਦੀ ਸੋਝੀ ਤੇ ਇਹੋ ਜਿਹੀ ਗੱਲ ਕਹਿਣ ਦੀ ਦ੍ਰਿੜਤਾ ਮਨ ਦੇ ਵਿੱਚੋਂ ਹੀ ਆਉਂਦੀ ਹੈ, ਪ੍ਰਮਾਤਮਾ ਦੇ ਕੋਲੋਂ ਹੀ ਆਉਂਦੀ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਮਨੁੱਖ ਨਿਰਭਉ ਹੋ ਕੇ ਗੱਲ ਕਰਦਾ ਹੈ ਤੇ ਉਸਨੂੰ ਆਪਣੇ ਜੀਵਨ ਦੀ ਪ੍ਰਵਾਹ ਵੀ ਨਹੀਂ ਹੁੰਦੀ, ਡਰ ਨਹੀਂ ਹੁੰਦਾ ਕਿਉਂਕਿ ਜਨਮ ਮਰਨ ਦਾ ਡਰ ਤਦ ਤੱਕ ਹੀ ਹੁੰਦਾ ਹੈ ਜਦ ਤੱਕ ਮਨੁੱਖ ਮੁਕਤ ਨਹੀਂ ਹੁੰਦਾ। ਮੁਕਤੀ ਤੋਂ ਬਾਅਦ ਇਹ ਜਨਮ ਮਰਨ ਦਾ ਭਉ ਦੂਰ ਹੋ ਜਾਂਦਾ ਹੈ। ਇਸੇ ਲਈ

21/2269

ਪ੍ਰਮਾਤਮਾ ਦੇ ਨਾਲ ਮਿਲੇ ਹੋਏ ਆਪਣੇ ਵਿਚਾਰਾਂ ਨੂੰ ਖੁੱਲ੍ਹ ਕੇ ਪ੍ਰਗਟ ਕਰਦੇ ਹਨ ਜੋ ਕਿ ਅਸਲ ਵਿੱਚ ਪ੍ਰਮਾਤਮਾ ਦੇ ਆਪਣੇ ਹੀ ਵਿਚਾਰ ਹੁੰਦੇ ਹਨ, ਉਸ ਨਿਰਭਉ ਰੂਪ ਪ੍ਰਮਾਤਮਾ ਦੇ ਵਿਚਾਰ ਹੁੰਦੇ ਹਨ।

{ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥}

(ਅੰਗ ੮੭੫)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਜਾਣ ਚੁੱਕੇ ਹਾਂ ਜਿਸ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਹਿੰਦੂ ਮਤਿ ਨੂੰ ਅੰਨ੍ਹੀ ਮਤਿ ਤੇ ਤੁਰਕਾਂ ਦੀ ਮਤਿ ਨੂੰ ਕਾਣੀ ਮਤਿ ਕਿਸ ਲਈ ਕਿਹਾ ਗਿਆ ਹੈ। ਭਗਤ ਨਾਮਦੇਵ ਜੀ ਨੇ ਹਿੰਦੂ ਮਤਿ ਦੇ ਹੁੰਦੇ ਹੋਏ ਵੀ, ਹਿੰਦੂ ਸਮਾਜ ਵਿੱਚ ਰਹਿੰਦੇ ਹੋਏ ਵੀ, ਉਨ੍ਹਾਂ ਲਈ ਜੇਕਰ ਮਾੜੇ ਲਫ਼ਜ ਵਰਤੇ ਹਨ ਤਾਂ ਫਿਰ ਨਿਰਭਉ ਹੋ ਕੇ ਹੀ ਵਰਤੇ ਹਨ ਜੋ ਕਿ ਬਹੁਤ ਵੱਡੀ ਗੱਲ ਹੈ। ਮਨੁੱਖ ਦੇ ਇਹੋ ਜਿਹੇ ਵਿਚਾਰ ਸੱਚ ਨੂੰ ਜਾਣ ਕੇ ਹੀ ਬਣਦੇ ਹਨ ਕਿਉਂਕਿ

ਉਨ੍ਹਾਂ ਨੂੰ ਇਹ ਸਮਝ ਹੈ ਕਿ ਇਹ ਲੋਗ ਜਿਸ ਰੂਪ ਵਿੱਚ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ ਤੇ ਜਿਸ ਤਰੀਕੇ ਨਾਲ ਪਾਉਣਾ ਚਾਹੁੰਦੇ ਹਨ ਉਹ ਠੀਕ ਨਹੀਂ ਹੈ, ਇਨ੍ਹਾਂ ਨੂੰ ਪ੍ਰਮਾਤਮਾ ਦੇ ਅਸਲ ਰੂਪ ਦੀ ਸੋਝੀ ਨਹੀਂ ਹੈ ਭਾਵ ਕਿਸੇ ਨੂੰ ਇਸ ਮਨ ਦੀ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਮਿਲਦਾ ਹੈ। ਭਗਤ ਨਾਮਦੇਵ ਜੀ ਨੇ ਨਿਰਭਉ ਹੋ ਕੇ ਹੀ ਇਹ ਵਿਚਾਰ ਪ੍ਰਗਟ ਕੀਤੇ ਹਨ ਤੇ ਨਿਰਭਉ ਹੋ ਕੇ ਹੀ ਜੀਵਨ ਵਿੱਚ ਵਿਚਰੇ ਹਨ। ਸੱਚ ਦੀ ਸੋਝੀ ਪਏ ਬਿਨ੍ਹਾਂ ਜੋ ਦੁਨੀਆਂ ਨੂੰ ਸੰਤ ਰੂਪ ਨਜ਼ਰ ਆਉਂਦੇ ਹਨ ਤੇ ਜਿੰਨ੍ਹਾਂ ਨੂੰ ਸੱਚ ਦੀ ਸੋਝੀ ਪੈ ਜਾਂਦੀ ਹੈ ਉਨ੍ਹਾਂ ਨੂੰ ਉਹੀ ‘‘ਸੰਤ’’ ‘‘ਠੱਗ’’ ਰੂਪ ਨਜ਼ਰ ਆਉਣ ਲੱਗ ਪੈਂਦੇ ਹਨ। ਸੱਚ ਝੂਠ ਦਾ ਫੈਸਲਾ ਸਾਡਾ ਮਨ ਹੀ ਕਰਦਾ ਹੈ ਭਾਵ ਸਾਡੇ ਮਨ ਦੀ ਸੋਝੀ ਹੀ ਕਰਦੀ ਹੈ। ਜਿਸਨੂੰ ਪ੍ਰਮਾਤਮਾ ਆਪਣਾ ਸੱਚ ਸਮਝਾਉਂਦਾ ਹੈ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦੇ ਵਿੱਚ ਆਪ ਸੋਝੀ ਪਾ ਕੇ ਹੀ ਸਮਝਾਉਂਦਾ ਹੈ।

ਜਿੰਨ੍ਹਾਂ ਨੂੰ ਸੱਚ ਦੀ ਸੋਝੀ ਪਈ ਹੈ ਉਨ੍ਹਾਂ ਨੇ ਹੀ ਸਾਨੂੰ ਮੂਰਖ ਪੰਡਿਤ ਤੇ ਸਿਆਣੇ ਪੰਡਿਤ ਵਿੱਚ ਭੇਦ ਸਮਝਾਇਆ ਹੈ, ਭੈ-ਰਹਿਤ ਹੋ ਕੇ ਹੀ ਉਨ੍ਹਾਂ ਪੰਡਿਤ ਅਖਵਾਉਣ ਵਾਲਿਆਂ ਨੂੰ ਮੂਰਖ ਆਖਿਆ ਹੈ। ਸੱਚ ਆਖਣ ਵਿੱਚ ਉਨ੍ਹਾਂ ਨੂੰ ਕੋਈ ਭਉ ਮਹਿਸੂਸ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੇ ਅੰਦਰ ਕੇਵਲ ਸੱਚ ਦਾ ਭਉ ਹੀ ਹੁੰਦਾ ਹੈ, ਸੱਚ ਤੇ ਚੱਲਣ ਦਾ ਭਉ ਹੀ ਹੁੰਦਾ ਹੈ, ਸੱਚ ਨੂੰ ਉੱਚਾ ਕਰਨ ਦਾ ਭਉ ਹੀ ਹੁੰਦਾ ਹੈ ਤੇ ਤਾਂ ਹੀ ਉਹ ਝੂਠ ਨੂੰ ਝੂਠ ਕਹਿ ਸਕਦੇ ਹਨ, ਨਿਰਭਉ ਹੋ ਕੇ ਕਹਿ ਸਕਦੇ ਹਨ। ਉਨ੍ਹਾਂ ਨੂੰ ਆਪਣੇ ਮਨ ਦੀ ਸੋਝੀ ਪੈਣ ਦੇ ਨਾਲ ਨਾਲ ਇਹ ਵੀ ਸੋਝੀ ਪੈ ਜਾਂਦੀ ਹੈ ਕਿ ਦੁਨੀਆਂ ਨੂੰ ਅਸਲੀਅਤ ਦੀ

ਸਮਝ ਕਿਉਂ ਨਹੀਂ ਪੈਂਦੀ। ਇਸ ਮਨ ਦੀ ਸੋਝੀ ਪੈਣ ਤੋਂ ਬਿਨ੍ਹਾਂ, ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਿਨ੍ਹਾਂ ਸਾਨੂੰ ਇਹ ਸਮਝ ਨਹੀਂ ਲੱਗ ਸਕਦੀ ਕਿ ਸਾਡੇ ਅੰਦਰ ਭਰਮ ਦਾ ਕਾਰਨ ਕੀ ਹੈ। ਇਹ ਭਰਮ ਦਾ ਕਾਰਨ ਸਾਰੇ ਸੰਸਾਰ ਵਿੱਚ ਭਾਵ ਹਰ ਕਿਸੇ ਮਨੁੱਖ ਵਿੱਚ ਇੱਕੋ ਜਿਹਾ ਹੀ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਤ੍ਰੈਗੁਣਾਂ ਵਾਲੀ ਮਾਇਆ ਦੀ ਜੁਗਤਿ ਹੈ। ਉਹ ਸਾਰੇ ਸੰਸਾਰ ਨੂੰ ਇਸੇ ਲਈ ਭਰਮ ਵਿੱਚ ਕਹਿੰਦੇ ਹਨ, ਹਰ ਕਿਸੇ ਨੂੰ ਸੱਚੀ ਗੱਲ ਸਮਝਾਉਂਦੇ ਹਨ ਕਿਉਂਕਿ ਉਹ ਸਮਝ ਲੈਂਦੇ ਹਨ ਕਿ ਹਰ ਕੋਈ ਭਰਮ ਵਿੱਚ ਹੀ ਹੈ। ਸੱਚ ਦੀ ਸੋਝੀ ਭਰਮ ਦੇ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ ਤੇ ਉਸ ਤੋਂ ਬਾਅਦ ਹੀ ਕੋਈ ਨਿਰਭਉ ਹੋ ਕੇ ਪ੍ਰਮਾਤਮਾ ਦੀ ਗੱਲ ਸੁਣਾਉਂਦਾ ਹੈ। ਸੰਸਾਰ ਨੂੰ ਉਨ੍ਹਾਂ ਦੀ ਗੱਲ ਨਾ ਸਮਝ ਆਉਣ ਦਾ ਕਾਰਨ ਮਨ ਦੀ ਅਗਿਆਨਤਾ ਹੀ ਹੈ ਜਿਸ ਕਰਕੇ ਹਰ ਕੋਈ ਉਹੋ ਜਿਹੇ ਧਰਮ ਦੇ ਆਗੂਆਂ ਦੇ ਪਿੱਛੇ, ਠੇਕੇਦਾਰਾਂ ਪਿੱਛੇ ਲੱਗਾ ਹੋਇਆ ਹੈ ਜਿੰਨ੍ਹਾਂ ਨੂੰ ਕਿ ਸੱਚ ਦੀ ਸਮਝ ਨਹੀ ਹੈ, ਪ੍ਰਮਾਤਮਾ ਦੇ ਅਸਲ ਰੂਪ ਦੀ ਸਮਝ ਨਹੀਂ ਹੈ। ਇਹ ਸਾਨੂੰ ਉਹੋ ਜਿਹੀ ਭਗਤੀ ਦੇ ਤਰੀਕੇ ਸਮਝਾਉਂਦੇ ਹਨ ਜੋ ਕਿ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਹੈ ਹੀ ਨਹੀਂ। ਜਿੰਨ੍ਹਾਂ ਨੇ ਇਨ੍ਹਾਂ ਨੂੰ ਠੱਗ ਕਿਹਾ ਹੈ ਉਹ ਅਸਲ ਵਿੱਚ ਸੱਚ ਹੀ ਕਿਹਾ ਹੈ। ਅਗਰ ਮੂਰਖ ਕਿਹਾ ਹੈ ਤੇ ਸੱਚ ਹੀ ਕਿਹਾ ਹੈ। ਅਗਰ ਨਿਰਲੱਜ ਕਿਹਾ ਹੈ ਤੇ ਸੱਚ ਹੀ ਕਿਹਾ ਹੈ। ਉਨ੍ਹਾਂ ਨੂੰ ਸੱਚ ਕਹਿਣ ਵਿੱਚ ਕੋਈ ਭਉ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਅੰਦਰ ਸੱਚ ਤੋਂ ਬਿਨ੍ਹਾਂ ਕਿਸੇ ਦਾ ਭਉ ਨਹੀਂ ਹੈ।

ਸਲੋਕ ਮਃ ੧॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥}

(ਅੰਗ ੧੨੮੬)

ਜਦੋਂ ਵੀ ਸਾਨੂੰ ਬਾਣੀ ਦੇ ਸ਼ਬਦਾਂ ਰਾਹੀਂ ਮਾੜਾ ਦੱਸਿਆ ਹੁੰਦਾ ਹੈ ਉਸਦੇ ਨਾਲ ਸਾਨੂੰ ਇਹ ਵੀ ਦੱਸਿਆ ਹੁੰਦਾ ਹੈ ਕਿ ਅਸੀਂ ਕਿਸ ਕਰਕੇ ਮਾੜੇ ਹਾਂ ਭਾਵ ਸਾਨੂੰ ਮਾੜਾ ਕਹਿਣ ਲਈ ਤੱਥ ਵੀ ਸਮਝਾਇਆ ਹੁੰਦਾ ਹੈ, ਸੱਚ ਵੀ ਸਮਝਾਇਆ ਹੁੰਦਾ ਹੈ ਜਿਸ ਕਰਕੇ ਅਸੀਂ ਮਾੜੇ ਬਣਨ ਤੋਂ ਬਚ ਸਕਦੇ ਹਾਂ। ਜਿਸਨੂੰ ਸੱਚ ਦੀ ਪੂਰਨ ਸੋਝੀ ਹੈ ਉਹੀ ਸਾਡੇ ਲਈ ਇਹੋ ਜਿਹੇ ਅੱਖਰਾਂ ਦੀ ਵਰਤੋਂ ਕਰ ਸਕਦੇ ਹਨ ਜਿਸਦਾ ਮਕਸਦ ਸਾਡੇ ਆਪਣੇ ਆਪ ਨੂੰ ਟਟੋਲਣ ਦਾ ਹੁੰਦਾ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਸਮਝੀਏ ਕਿ ਅਸੀਂ ਮਾੜੇ ਕਿਸ ਲਈ ਹਾਂ। ਗੁਰੂ ਦਾ ਮਕਸਦ ਸਾਨੂੰ ਚੰਗਾ ਇਨਸਾਨ ਬਣਾਉਣ ਲਈ ਹੀ ਹੈ ਭਾਵ ਗੁਰੂ ਅਸਲ ਵਿੱਚ ਸਾਡਾ ਭਲਾ ਹੀ ਚਾਹੁੰਦਾ ਹੈ ਕਿ ਅਸੀਂ ਉਹੋ ਜਿਹੀ ਬਿਰਤੀ ਛੱਡੀਏ, ਉਹੋ ਜਿਹੇ ਕਰਮ ਕਰਨੇ ਛੱਡੀਏ ਜੋ ਸਾਨੂੰ ਗੁਰੂ

ਦੀਆਂ ਨਜ਼ਰਾਂ ਵਿੱਚ ਮਾੜਾ ਬਣਾਉਂਦੇ ਹਨ। ਅਸੀਂ ਘਰ ਦੇ ਵਿੱਚ ਬੱਚਿਆਂ ਨੂੰ ਵੀ ਗੁੱਸਾ ਕਰਦੇ ਹਾਂ, ਉਨ੍ਹਾਂ ਨੂੰ ਝਿੜਕਦੇ ਹਾਂ, ਮਾੜੇ ਬੋਲ ਵਰਤਦੇ ਹਾਂ ਤਾਂ ਜੋ ਬੱਚਾ ਆਪਣੀਆਂ ਗਲਤੀਆਂ ਸੁਧਾਰੇ। ਸਾਡਾ ਮਕਸਦ ਬੱਚੇ ਨੂੰ ਸਮਝਾ ਕੇ ਸਹੀ ਮਾਰਗ ਤੇ ਪਾਉਣ ਦਾ ਹੀ ਹੁੰਦਾ ਹੈ। ਗੁਰੂ ਸਾਡੇ ਕੋਲੋਂ ਇਹੀ ਕੁੱਝ ਚਾਹੁੰਦਾ ਹੈ। ਅਸੀਂ ਬੱਚੇ ਨੂੰ ਤਾਂ ਹੀ ਝਿੜਕਦੇ ਹਾਂ ਕਿਉਂਕਿ ਸਾਨੂੰ ਸੱਚ ਦੀ ਸਮਝ ਹੁੰਦੀ ਹੈ ਪਰ ਬੱਚੇ ਨੂੰ ਸੱਚ ਦੀ ਸਮਝ ਨਹੀਂ ਹੁੰਦੀ। ਸਾਡਾ ਤੇ ਗੁਰੂ ਦਾ ਰਿਸ਼ਤਾ ਇਹੋ ਜਿਹਾ ਹੀ ਹੈ। ਸਾਡੀ ਮਤਿ ਗੁਰੂ ਦੇ ਸਾਹਮਣੇ ਬੱਚਿਆਂ ਵਾਲੀ ਮਤਿ ਹੀ ਹੈ ਪਰ ਸਾਨੂੰ ਬੱਚਿਆਂ ਦੀ ਤਰ੍ਹਾਂ ਜ਼ਿੱਦ ਕਰਨ ਦੀ ਆਦਤ ਵੀ ਨਾਲ ਹੀ ਹੈ ਜੋ ਕਿ ਸਾਡੇ ਮਨ ਦੀ ਅਗਿਆਨਤਾ ਹੈ। ਸਾਨੂੰ ਭਾਵੇਂ ਗੁਰੂ ਜਿਤਨਾ ਮਰਜ਼ੀ ਸਮਝਾਏ ਪਰ ਅਸੀਂ ਆਪਣੀ ਜ਼ਿੱਦ ਛੱਡ ਕੇ ਰਾਜੀ ਨਹੀਂ ਹੁੰਦੇ, ਆਪਣੀ ਮਨਮਤਿ ਛੱਡ ਕੇ ਰਾਜ਼ੀ ਨਹੀਂ ਹੁੰਦੇ।

ਸਾਨੂੰ ਧਰਮ ਦੇ ਮਾਰਗ ਤੇ ਜ਼ਿੱਦੀ ਬਣਾਉਣ ਵਾਲੇ ਭਾਵ ਸਾਡੇ ਅੰਦਰ ਜ਼ਿੱਦ ਨੂੰ ਦ੍ਰਿੜ ਕਰਨ ਵਾਲੇ ਸਾਡੇ ਉਹ ਸਿਰਮੌਰ ਹੀ ਹਨ ਜਿੰਨ੍ਹਾਂ ਨੂੰ ਅਸੀਂ ਉੱਚਾ ਮੰਨ ਬੈਠੇ ਹਾਂ। ਜਦੋਂ ਗੁਰੂ ਉਨ੍ਹਾਂ ਨੂੰ ਮਾੜਾ ਕਹਿੰਦਾ ਹੈ ਫਿਰ ਸਾਡੇ ਕੋਲੋਂ ਇਹ ਗੱਲ ਮੰਨੀ ਨਹੀਂ ਜਾਂਦੀ ਤੇ ਇਹ ਸਾਡਾ ਬਚਪਨਾ ਹੈ। ਸਾਡਾ ਬਚਪਨਾ ਉਨ੍ਹਾਂ ਨੇ ਵਧਾਇਆ ਹੋਇਆ ਹੈ ਜਿੰਨ੍ਹਾਂ ਦੇ ਆਪਣੇ ਅੰਦਰ ਬਚਪਨਾ ਹੈ। ਇੱਕ ਬੱਚਾ ਕੇਵਲ ਦੂਸਰੇ ਦੀ ਗੱਲ ਨੂੰ ਮੰਨੀ ਜਾ ਰਿਹਾ ਹੈ ਜਦਕਿ ਅਸਲੀਅਤ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ।

ਜਿਸਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨ ਬੈਠਦੇ ਹਾਂ ਫਿਰ ਉਸਨੂੰ ਨੀਵਾਂ ਸਮਝਣ ਵਿੱਚ ਅਸੀਂ ਭਉ ਮਹਿਸੂਸ ਕਰਦੇ ਹਾਂ ਕਿਉਂਕਿ ਇਹ ਧਰਮ ਦਾ ਮਸਲਾ ਹੈ ਜੋ ਕਿ ਸਭ ਦੇ ਅੰਦਰ ਬਹੁਤ ਪ੍ਰਬਲ ਰੂਪ ਵਿੱਚ ਹੁੰਦਾ ਹੈ। ਜਦ ਤੱਕ ਸਾਨੂੰ ਸੱਚ ਦੀ ਸਮਝ ਨਹੀਂ ਹੈ ਸਾਡੇ ਅੰਦਰ ਇਹੋ ਜਿਹਾ ਭਉ ਬਣਿਆ ਰਹਿੰਦਾ ਹੈ ਕਿ ਜਿਸਨੂੰ ਇਤਨੇ ਲੋਗ ਉੱਚਾ ਕਰਕੇ ਮੰਨਦੇ ਹਨ ਉਸਨੂੰ ਛੋਟਾ ਕਿਵੇਂ ਸਮਝਿਆ ਜਾ ਸਕਦਾ ਹੈ। ਭਰਮ ਵਿੱਚ ਲੋਕੀ ਉਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝਦੇ ਹਨ ਤੇ ਉਨ੍ਹਾਂ ਦਾ ਭਉ ਮੰਨਦੇ ਹਨ ਕਿ ਉਹ ਬਹੁਤ ਉੱਚੇ ਹਨ ਭਾਵ ਉਨ੍ਹਾਂ ਨੂੰ ਛੋਟਾ ਕਹਿਣ ਵਿੱਚ ਡਰਦੇ ਹਨ। ਇਹ ਸਾਡੇ ਅੰਦਰ ਬੇਵਜ੍ਹਾ ਦੇ ਡਰ ਹਨ, ਭਰਮ ਦੇ ਡਰ ਹਨ ਕਿਉਂਕਿ ਆਪਣੇ ਭਰਮ ਦੇ ਕਾਰਨ ਅਸੀਂ ਬੇਵਜ੍ਹਾ ਆਪਣੇ ਅੰਦਰ ਇਹੋ ਜਿਹਾ ਭਰਮ ਪਾਲੀ ਰੱਖਦੇ ਹਾਂ। ਇਹੋ ਜਿਹਾ ਡਰ ਹਰ ਕਿਸੇ ਵਿੱਚ ਬਣਿਆ ਰਹਿੰਦਾ ਹੈ ਤੇ ਸਾਡੇ ਅੰਦਰ ਦੇ ਇਹੋ ਜਿਹੇ ਡਰ ਕਰ ਕੇ ਸਮਾਜ ਦੇ ਵਿੱਚ ਉਨ੍ਹਾਂ

ਦੀ ਇੱਜ਼ਤ ਹੋਰ ਵੀ ਵੱਧਦੀ ਰਹਿੰਦੀ ਹੈ। ਸਭ ਪਾਸੇ ਅਗਿਆਨਤਾ ਹੀ ਅਗਿਆਨਤਾ ਹੈ। ਆਪਣੇ ਸੱਚ ਦਾ ਭਉ ਪ੍ਰਮਾਤਮਾ ਕਿਸੇ ਵਿਰਲੇ ਦੇ ਅੰਦਰ ਹੀ ਵਸਾਉਂਦਾ ਹੈ ਤੇ ਉਸਨੂੰ ਹੀ ਸਮਝ ਲੱਗਦੀ ਹੈ ਕਿ ਸਭ ਪਾਸੇ ਇਹੋ ਜਿਹੇ ਚੌਧਰੀ ਧਰਮ ਦੀ ਸੋਝੀ ਪਾਉਣ ਵਾਲੇ ਬਣੇ ਬੈਠੇ ਹਨ।

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ - ੧੨੮੮)

ਇਹੋ ਜਿਹੇ ਇਆਣੇ ਪੰਡਿਤਾਂ ਦੇ, ਧਰਮ ਦੇ ਵਿਦਵਾਨਾਂ ਦੇ ਪਿੱਛੇ ਲੱਗ ਕੇ ਅਸੀਂ ਕਿਸੇ ਖਾਸ ਵੇਲੇ ਦੀ ਭਗਤੀ ਨੂੰ ਉੱਚਾ ਮੰਨਿਆ ਹੋਇਆ ਹੈ ਜਿਸਨੂੰ ਅਸੀਂ ਅੰਮ੍ਰਿਤ ਵੇਲੇ ਦੇ ਨਾਲ ਜੋੜਿਆ ਹੋਇਆ ਹੈ ਤੇ ਉਸ ਵੇਲੇ ਦੇ ਨਾਲ ਜੁੜ ਕੇ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਅੰਮ੍ਰਿਤ ਕੀ ਹੈ ਜਿਸਦੀ ਅਸੀਂ ਪ੍ਰਾਪਤੀ ਕਰਨੀ ਹੈ ਇਸ ਗੱਲ ਦੀ ਸਮਝ ਇਹੋ ਜਿਹੇ ਵਿਦਵਾਨਾਂ ਨੂੰ ਨਹੀਂ ਹੈ ਪਰ ਇਨ੍ਹਾਂ ਨੇ ਸਾਨੂੰ ਇੱਕ ਖਾਸ ਵੇਲੇ ਦਾ ਮਹੱਤਵ ਸਮਝਾ ਕੇ ਇਸ ਤਰੀਕੇ ਨਾਲ ਜੋੜਿਆ ਹੋਇਆ ਹੈ ਕਿ ਅਸੀਂ ਉਸ ਵੇਲੇ ਨੂੰ ਹੀ ਉੱਚਾ ਕਰਕੇ ਪੂਜ ਰਹੇ ਹਾਂ। ਉਸ ਵੇਲੇ ਦੀ ਸੰਭਾਲ ਕਰਨਾ ਭਾਵ ਉਸ ਸਮੇਂ ਦੀ ਪਾਠ-ਪੂਜਾ ਨੂੰ ਹੀ ਅਸੀਂ ਉੱਚਾ ਮੰਨਦੇ ਹਾਂ। ਸਾਡੇ ਅੰਦਰ ਉੱਚੇ ਵੇਲੇ ਨੂੰ ਮੰਨਣ ਦਾ ਭਉ ਬਣਿਆ ਹੋਇਆ ਹੈ ਕਿ ਅਗਰ ਅਸੀਂ ਉਸ ਖਾਸ ਵੇਲੇ ਪਾਠ ਪੂਜਾ ਨਾ ਕੀਤੀ ਤਾਂ ਸਾਡੀ ਪੂਜਾ ਲੇਖੇ ਨਹੀਂ ਲੱਗਣੀ। ਆਪਣੇ ਇਸ ਭੈਅ ਕਰਕੇ ਅਸੀਂ ਇੱਕ ਖਾਸ ਵੇਲੇ ਨਾਲ ਜੁੜੇ ਰਹਿੰਦੇ ਹਾਂ ਤੇ ਜਿਸ ਦਿਨ ਅਸੀਂ ਉਸ ਵੇਲੇ ਦੀ ਸੰਭਾਲ ਨਾ ਕਰ ਸਕੀਏ ਉਸ ਦਿਨ ਸਾਡੇ ਅੰਦਰ ਇਸ ਗੱਲ ਦਾ ਭਉ ਬਣਿਆ ਰਹਿੰਦਾ ਹੈ ਕਿ ਅੱਜ ਅਸੀਂ

ਉਸ ਖਾਸ ਵੇਲੇ ਤੋਂ ਖੁੰਝ ਗਏ ਹਾਂ। ਜੋ ਇਹੋ ਜਿਹੇ ਖਾਸ ਵੇਲੇ ਦੀ ਸੰਭਾਲ ਕਰਦਾ ਹੈ ਉਸਨੂੰ ਅਸੀਂ ਇਹੀ ਸਮਝਦੇ ਹਾਂ ਕਿ ਇਸ ਦੇ ਅੰਦਰ ਗੁਰੂ ਨੂੰ ਪੂਜਣ ਦਾ ਭਉ ਵੱਸਿਆ ਹੋਇਆ ਹੈ। ਇਸ ਦੇ ਅੰਦਰ ਗੁਰੂ ਦਾ ਬਹੁਤ ਭਉ ਹੈ। ਇਸੇ ਤਰ੍ਹਾਂ ਅਸੀਂ ਹੋਰ ਵੀ ਭਗਤੀ ਦੇ ਅਨੇਕਾਂ ਤਰੀਕੇ ਅਪਣਾਉਂਦੇ ਹਾਂ, ਤੀਰਥਾਂ ਆਦਿ ਤੇ ਜਾਂਦੇ ਹਾਂ ਤੇ ਇਨ੍ਹਾਂ ਗੱਲਾਂ ਤੇ ਚੱਲਣ ਨੂੰ, ਕਿਸੇ ਅੱਖਰ ਆਦਿ ਦਾ ਜਪ ਕਰੀ ਜਾਣ ਨੂੰ ਗੁਰੂ ਦੇ ਭਉ ਵਿੱਚ ਰਹਿਣਾ ਸਮਝਦੇ ਹਾਂ ਪਰ ਇਹ ਸਭ ਕੁੱਝ ਸਾਡਾ ਭਰਮ ਹੈ ਭਾਵ ਝੂਠਾ ਡਰ ਹੈ ਜਿਸ ਤੋਂ ਅਸੀਂ ਬੇਵਜ੍ਹਾ ਡਰੀ ਜਾਂਦੇ ਹਾਂ। ਇਹ ਡਰ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਹੀ ਜਾਂਦਾ ਹੈ,

21/2273

ਗੁਰਮਤਿ ਵੱਸਣ ਦੁਆਰਾ ਹੀ ਜਾਂਦਾ ਹੈ, ਸੱਚੀ ਸੋਝੀ ਵੱਸਣ ਦੁਆਰਾ ਹੀ ਜਾਂਦਾ ਹੈ ਤੇ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਸ ਝੂਠੇ ਡਰ ਤੋਂ ਮੁਕਤ ਕੀਤਾ ਹੈ ਉਨ੍ਹਾਂ ਨੂੰ ਹੀ ਸਾਨੂੰ ਇਸ ਡਰ ਤੋਂ ਮੁਕਤ ਹੋਣ ਲਈ ਸਮਝਾਇਆ ਹੈ। ਇਸ ਡਰ ਤੋਂ ਮੁਕਤ ਹੋ ਕੇ ਹੀ ਅਸੀਂ ਅਸਲ ਡਰ ਦੇ ਨਾਲ ਜੁੜ ਸਕਦੇ ਹਾਂ, ਸੱਚ ਦੇ ਭਉ ਦੇ ਨਾਲ, ਗੁਰਮਤਿ ਦੇ ਭਉ ਦੇ ਨਾਲ, ਨਾਮ ਦੇ ਭਉ ਦੇ ਨਾਲ ਜੁੜ ਸਕਦੇ ਹਾਂ। ਆਓ ਇਹੀ ਗੱਲ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਝੂਠੇ ਡਰ ਦੇ ਵਿੱਚੋਂ ਨਿਕਲੀਏ।

ਗਉੜੀ ਮਹਲਾ ੧॥

“ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰ ਕੈ ਸਬਦਿ ਪਛਾਨਾ॥੧॥ਰਹਾਉ॥
ਜਿਸੁ ਨਰ ਰਾਮੁ ਰਿਦੈ ਹਰਿ ਰਾਸਿ॥ ਸਹਜਿ ਸੁਭਾਇ ਮਿਲੇ ਸਾਬਾਸਿ॥੨॥
ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥”

(ਅੰਗ ੧੫੪)

ਅੰਮ੍ਰਿਤ ਵੇਲਾ ਸਮਝਣ ਦੇ ਲਈ ਉੱਪਰ ਸ਼ਬਦ ਦੀਆਂ ਪੰਗਤੀਆਂ ਨੂੰ ਅਸੀਂ ਕਾਫੀ ਪਿੱਛੇ ਪਹਿਲੇ ਵੀ ਸਮਝਿਆ ਹੈ। ਹੁਣ ਅਸੀਂ ਉਸਦਾ ਕਾਰਨ ਹੀ ਸਮਝਣਾ ਹੈ ਕਿ ਸਾਡੀ ਇਸ ਭੁੱਲ ਦੀ ਵਜ੍ਹਾ ਕੀ ਹੈ। ਸਭ ਤੋਂ ਪਹਿਲਾਂ ਤਾਂ ਸਾਨੂੰ ਆਪਣੇ ਅੰਦਰ ਇਹ ਗੱਲ ਦ੍ਰਿੜ ਕਰਨੀ ਚਾਹੀਦੀ ਹੈ, ਸਮਝਣੀ ਚਾਹੀਦੀ ਹੈ ਕਿ ਅੰਮ੍ਰਿਤ ਦੀ ਪ੍ਰਾਪਤੀ ਕੀ ਹੈ ਤਾਂ ਜੋ ਅਸੀਂ ਉਹੋ ਕੁੱਝ ਕਰੀਏ, ਉਸ ਗੱਲ ਦੇ ਨਾਲ ਜੁੜੀਏ ਜਿਸ ਦੁਆਰਾ ਅੰਮ੍ਰਿਤ ਦੀ ਪ੍ਰਾਪਤੀ ਹੋਣੀ ਹੈ। ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ, ਅੰਮ੍ਰਿਤ ਦਾ ਸਰੋਵਰ ਹੈ ਜਿਸ ਵਿੱਚ ਅੰਮ੍ਰਿਤ ਜਲ ਭਰਿਆ ਹੋਇਆ ਹੈ। ਜਿੰਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਨੇ ਆਪਣਾ ਇਹ ਅੰਮ੍ਰਿਤ ਜਲ ਪਿਆਇਆ ਹੈ ਉਨ੍ਹਾਂ ਨੇ ਹੀ ਇਸ ਵਿੱਚ ਅੰਮ੍ਰਿਤ ਜਲ ਭਰਿਆ ਹੈ। ਇਹ ਅੰਮ੍ਰਿਤ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਇਸ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਉਸ ਨਿਰਭਉ ਦੇ ਨਾਲ ਜੁੜਦਾ ਹੈ ਤੇ ਉਹ ਫਿਰ ਕਿਸੇ ਹੋਰ ਭਉ ਵਿੱਚ ਨਹੀਂ ਰਹਿੰਦਾ। ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥੧॥”

ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਕਿ ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥੁ ਕਥਾ ਹੈ ਭਾਵ ਉਸ ‘‘ਅਕਥੁ’’ ਦੀ, ਪ੍ਰਮਾਤਮਾ ਦੀ ਕਥਾ ਹੈ ਜਿਸਨੂੰ ਕੋਈ ਆਪਣੇ ਆਪ ਨਹੀਂ ਕਥ ਸਕਦਾ ਕਿ ਪ੍ਰਮਾਤਮਾ ਕੀ ਹੈ। ਆਪਣੇ ਆਪ ਦੀ ਸੋਝੀ ਪ੍ਰਮਾਤਮਾ ਕਿਸੇ ਨੂੰ ਆਪ ਹੀ ਪਾਉਂਦਾ ਹੈ, ਆਪਣਾ ਆਪ, ਆਪ ਹੀ ਸਮਝਾਉਂਦਾ ਹੈ, ਆਪਣੀ ਕਥਾ ਆਪ ਹੀ ਸਮਝਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਆਪਣੀ ਕਥਾ ਪ੍ਰਮਾਤਮਾ ਨੇ ਆਪ ਹੀ ਪ੍ਰਗਟ ਹੋ ਕੇ ਲਿਖਵਾਈ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਅਕਥੁ ਕਥਾ ਸੁਣਾਉਂਦਾ ਹੈ ਭਾਵ ਜਿਸ ਸਰੀਰ ਰਾਹੀਂ ਆਪਣੇ ਆਪ ਦੀ ਕਥਾ ਅਖਵਾਉਂਦਾ ਹੈ ਉਸਨੂੰ ਇਸ ਗਿਆਨ ਦੇ ਰੂਪ ਵਿੱਚ ਆਪਣਾ ਅੰਮ੍ਰਿਤ ਪਿਆਉਂਦਾ ਹੈ। ਇਹ ਬ੍ਰਹਮਗਿਆਨ ਰੂਪ ਅੰਮ੍ਰਿਤ ਹੈ ਜੋ ਪੂਰੀ ਗੁਰਬਾਣੀ ਵਿੱਚ ਭਰਿਆ ਹੋਇਆ ਹੈ। **(ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥)**

21/2274

{ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥2॥}

(ਅੰਗ ੧੦੦੨)

{ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ॥
ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ॥੭॥}

(ਅੰਗ ੨੪੧)

{ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥੧੨॥}

(ਅੰਗ ੮੭)

{ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ॥ ਤੁਧੁ ਆਪੇ ਕਥੀ ਅਕਥ ਕਹਾਣੀ॥
ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ॥੧੪॥}

(ਅੰਗ ੧੦੫੬)

{ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ॥੭॥}

(ਅੰਗ ੬੨)

ਉੱਪਰ ਵਾਲੇ ਸ਼ਬਦਾਂ ਦੀਆਂ ਇਨ੍ਹਾਂ ਪੰਗਤੀਆਂ ਨੂੰ ਅਗਰ ਧਿਆਨ ਨਾਲ ਸਮਝੋਗੇ ਤਾਂ ਤੁਹਾਨੂੰ ਗੁਰੂ ਤੇ ਪ੍ਰਮਾਤਮਾ ਦਾ ਰਿਸ਼ਤਾ ਕੀ ਹੈ ਇਹ ਆਸਾਨੀ ਨਾਲ ਸਮਝ ਆ ਜਾਵੇਗਾ ਕਿਉਂਕਿ ਹੁਣ ਤੱਕ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਵਾਰ, ਅਨੇਕਾਂ ਸ਼ਬਦਾਂ ਰਾਹੀਂ ਮਨ ਦੀ ਅਵੱਸਥਾ ਨੂੰ ਸਮਝਿਆ ਹੈ। ਗੁਰੂ ਪ੍ਰਮਾਤਮਾ ਦਾ ਰਿਸ਼ਤਾ ਇਸ ਮਨ ਦੇ ਵਿੱਚ ਹੀ ਹੈ। ਉਸ ਦੀ ਅਕਥ ਕਥਾ ਇਸ ਮਨ ਦੇ ਵਿੱਚੋਂ ਹੀ ਆਈ ਹੈ, ਦਸਮ ਦੁਆਰਾ ਦੇ ਵਿੱਚੋਂ ਹੀ ਆਈ ਹੈ, ਸੱਚੇ ਗਿਆਨ ਦੇ ਰੂਪ ਵਿੱਚ ਆਈ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਆਈ ਹੈ, ਪੂਰਨ ਸੱਚ ਦੇ ਰੂਪ ਵਿੱਚ ਆਈ ਹੈ, "ਅਨਹਦੁ" ਸ਼ਬਦ ਦੇ ਰੂਪ ਵਿੱਚ ਆਈ ਹੈ, ਅੰਮ੍ਰਿਤ "ਨਾਮੁ" ਦੇ ਰੂਪ ਵਿੱਚ ਆਈ ਹੈ, ਅੰਮ੍ਰਿਤ ਕਥਾ ਦੇ ਰੂਪ ਵਿੱਚ ਆਈ ਹੈ, ਸਹਜ ਦੀ ਅਵੱਸਥਾ ਦੁਆਰਾ ਆਈ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਆਈ ਹੈ ਜੋ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਸਦਾ ਹੀ ਮੌਜੂਦ ਹੈ। ਉਸਦੀ ਇਹ ਅਕਥ ਕਥਾ ਉਸਨੇ ਆਪ ਹੀ ਕਥ ਕੇ ਸੁਣਾਈ ਹੈ। ਇਹ ਅਕਥ ਕਥਾ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਆਈ ਹੈ ਭਾਵ ਅਗਿਆਨਤਾ ਦਾ ਅੰਧੇਰਾ ਮਿਟਣ ਦੁਆਰਾ ਆਈ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ "ਸਬਦੁ" ਰੂਪ ਹੈ ਤੇ "ਸਬਦੁ" ਰੂਪ ਹੀ ਆਪ ਪ੍ਰਮਾਤਮਾ ਹੈ ਤੇ ਆਪਣੇ ਇਸ "ਸਬਦੁ" ਰੂਪ ਦੁਆਰਾ ਹੀ ਸਦਾ ਤੋਂ ਪੂਰੇ ਜਗਤ ਦਾ ਗੁਰੂ ਹੈ। ਜਿੱਥੇ ਉਹ ਆਪਣਾ "ਸਬਦੁ"

21/2275

ਰੂਪ ਪ੍ਰਗਟ ਕਰ ਦਿੰਦਾ ਹੈ ਉੱਥੇ ਉਹ ਗੁਰੂ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ। ਉਸ ਦਾ "ਸਬਦੁ" ਰੂਪ ਹੀ ਉਸਦਾ "ਨਾਮੁ" ਰੂਪ ਹੈ। ਪ੍ਰਮਾਤਮਾ ਦਾ ਆਪਣਾ ਇਹ ਰੂਪ ਬ੍ਰਹਮਗਿਆਨ ਰੂਪ ਹੈ ਜਿਸ ਦੁਆਰਾ ਉਹ ਪੂਰੀ ਗੁਰਬਾਣੀ ਵਿੱਚ ਬਿਰਾਜਮਾਨ ਹੈ। ਜਦੋਂ ਕੋਈ ਉਸਦਾ ਨਾਮ ਜਪ ਲੈਂਦਾ ਹੈ ਭਾਵ ਜਦੋਂ ਕਿਸੇ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਉਸਨੂੰ ਹੀ ਸ਼ਬਦ ਰੂਪ ਪ੍ਰਮਾਤਮਾ ਦੀ, ਨਾਮ ਰੂਪ ਪ੍ਰਮਾਤਮਾ ਦੀ ਆਪਣੇ ਅੰਦਰ ਹੋਣ ਦੀ ਸੋਝੀ ਪੈਂਦੀ ਹੈ ਤੇ ਸਭ

ਦੇ ਵਿੱਚ ਫਿਰ ਇੱਕੋ ਇੱਕ ਸ਼ਬਦ ਰੂਪ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। **(ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ॥੧੪॥)**

ਸ਼ਬਦ ਰੂਪ ਪ੍ਰਮਾਤਮਾ ਆਪ ਨਿਰਗੁਣ ਰੂਪ ਵਿੱਚ ਹੈ, ਨਿਰੰਕਾਰ ਰੂਪ ਵਿੱਚ ਹੈ, ਅਦਿਸਟੁ ਰੂਪ ਵਿੱਚ ਹੈ, ਅਲਖੁ ਰੂਪ ਵਿੱਚ ਹੈ ਭਾਵ ਉਸਨੂੰ ਸਾਡੀਆਂ ਸਰਗੁਣ ਰੂਪ ਅੱਖਾਂ ਦੁਆਰਾ ਨਹੀਂ ਦੇਖਿਆ ਜਾ ਸਕਦਾ, ਉਸਨੂੰ ਕੇਵਲ ਮਨ ਦੀਆਂ ਅੱਖਾਂ ਨਾਲ, ਮਨ ਦੇ ਗਿਆਨ ਦੀਆਂ ਅੱਖਾਂ ਨਾਲ, ਗੁਰਮਤਿ ਦੀਆਂ ਅੱਖਾਂ ਦੇ ਨਾਲ ਭਾਵ ਗੁਰਮਤਿ ਵਾਲੀ ਅਵੱਸਥਾ ਦੇ ਨਾਲ, ਬ੍ਰਹਮਗਿਆਨ ਦੀਆਂ ਅੱਖਾਂ ਦੇ ਨਾਲ ਦੇਖਿਆ ਜਾ ਸਕਦਾ ਹੈ ਤੇ ਮਨ ਦੇ ਵਿੱਚੋਂ ਹੀ ਦੇਖਿਆ ਜਾ ਸਕਦਾ ਹੈ। **(ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ॥ ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ॥ ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥੧੨॥)**

ਜਿੰਨ੍ਹਾਂ ਨੂੰ ਪ੍ਰਮਾਤਮਾ ਸਹਜ ਦੀ ਅਵੱਸਥਾ ਬਖ਼ਸ਼ ਕੇ ਮਨ ਦੇ ਵਿੱਚ ਇਹ ਅੰਮ੍ਰਿਤ ਕਥਾ ਸੁਣਾਉਂਦਾ ਹੈ, ਆਪਣੀ ਅਕਥ ਕਥਾ ਸੁਣਾਉਂਦਾ ਹੈ ਉਨ੍ਹਾਂ ਨੂੰ ਹੀ ਉਹ ਆਪਣਾ ਗਿਆਨ ਰੂਪ ਅੰਮ੍ਰਿਤ, ਬ੍ਰਹਮਗਿਆਨ ਦਾ ਅੰਮ੍ਰਿਤ ਛਕਾਉਂਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਕੋਲੋਂ ਇਹੋ ਜਿਹਾ ਅੰਮ੍ਰਿਤ ਛਕਿਆ ਹੈ ਉਨ੍ਹਾਂ ਨੇ ਹੀ ਅੰਮ੍ਰਿਤ ਬਾਣੀ ਨੂੰ ਰਚਿਆ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੁਆਰਾ ਸਮਝਿਆ ਹੈ।

(ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥)

ਇਹ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ, ਗਿਆਨ ਰੂਪ ਵਿੱਚ ਪੀਣ ਦਾ ਅੰਮ੍ਰਿਤ ਹੈ ਤੇ ਇਸ ਦਾ ਅਸਰ ਵੀ ਸਾਡੇ ਮਨ ਦੇ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਿਆ ਹੋਇਆ ਹੈ।

(ਅਨ ਭੈ ਵਿਸਰੇ ਨਾਮਿ ਸਮਾਇਆ॥੧॥)

ਹੁਣ ਧਿਆਨ ਨਾਲ ਸਮਝੋ ਕਿ ਸਾਡਾ ਨਾਮ ਦੇ ਵਿੱਚ ਸਮਾਉਣਾ ਕੀ ਹੈ। ਨਾਮ ਦੇ ਵਿੱਚ ਅਸੀਂ ਅੰਮ੍ਰਿਤ ਰੂਪ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਸਮਾਉਂਦੇ ਹਾਂ, ਬ੍ਰਹਮਗਿਆਨ ਦੀ ਸੋਝੀ ਦੇ ਵਿੱਚ ਸਮਾਉਂਦੇ ਹਾਂ ਜਿਸ ਸੋਝੀ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ। ਗੁਰਬਾਣੀ ਸਾਨੂੰ ਨਾਮ ਹੀ ਸਮਝਾ ਰਹੀ ਹੈ ਭਾਵ ਪ੍ਰਮਾਤਮਾ ਦੀ ਸੱਚੀ ਗੱਲ ਹੀ ਸਮਝਾ ਰਹੀ ਹੈ, ਪ੍ਰਮਾਤਮਾ ਦਾ ਸੱਚ ਹੀ ਸਮਝਾ ਰਹੀ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਹੀ ਸਮਝਾ ਰਹੀ ਹੈ। ਨਾਮ ਦੀ ਸੱਚੀ ਸੋਝੀ ਪਏ ਬਿਨ੍ਹਾਂ ਸਾਡੇ ਅੰਦਰ ਨਾਮ ਦਾ ਭੈ ਨਹੀਂ ਵੱਸਦਾ, ਸੱਚ ਦਾ ਭੈ ਨਹੀਂ ਵੱਸਦਾ,

ਪ੍ਰਮਾਤਮਾ ਨੂੰ ਪਾਉਣ ਦਾ, ਉਸਨੂੰ ਜਪਣ ਦਾ ਭੈ ਨਹੀਂ ਵੱਸਦਾ ਕਿਉਂਕਿ ਉਸ ਤੋਂ ਪਹਿਲੇ ਸਾਨੂੰ ਇਹ ਸਮਝ ਹੀ ਨਹੀਂ ਪੈਂਦੀ ਕਿ ਪ੍ਰਮਾਤਮਾ ਨੂੰ ਜਪਣ ਦਾ ਸੱਚ ਕੀ ਹੈ, ਉਸਨੂੰ ਪਾਉਣ ਦਾ ਸੱਚ ਕੀ ਹੈ। ਆਪਣਾ ਸੱਚ ਪ੍ਰਮਾਤਮਾ ਨਾਮ ਦੀ ਸੋਝੀ ਦੁਆਰਾ ਆਪ ਹੀ ਸਮਝਾਉਂਦਾ ਹੈ ਤੇ ਉਸ ਤੋਂ ਬਾਅਦ ਮਨੁੱਖ ਉਸ ਭੈ ਵਿੱਚ ਰਹਿੰਦਾ ਹੈ ਜੋ ਸੱਚਾ ਭੈ ਹੈ ਭਾਵ ਸੱਚ ਤੇ ਚੱਲਣ ਦਾ ਭੈ ਹੈ ਭਾਵ ਮਨ ਦੀ ਇਸ ਸੋਝੀ ਦੁਆਰਾ ਮਨੁੱਖ ਸੱਚ ਤੇ ਚੱਲਣ ਦਾ ਭਉ ਕਬੂਲ ਕਰ ਲੈਂਦਾ ਹੈ ਤੇ ਬਾਕੀ ਹੋਰ ਮਾਇਆ ਮੋਹ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ। ਅਸੀਂ ਉਹੋ ਕੁੱਝ ਹੀ ਕਰਦੇ ਹਾਂ ਜਿਸ ਗੱਲ ਦਾ ਸਾਡੇ ਅੰਦਰ ਭਉ ਵੱਸਿਆ ਹੁੰਦਾ ਹੈ, ਚਿੰਤਾ ਵਸੀ ਹੁੰਦੀ ਹੈ। ਮਨ ਦੀ ਇਸ ਅਵਸਥਾ ਦੁਆਰਾ ਫਿਰ ਸਾਨੂੰ ਕੇਵਲ ਸੱਚ ਦੀ ਚਿੰਤਾ ਰਹਿੰਦੀ ਹੈ ਤੇ ਇਸ ਕਰਕੇ ਮਨੁੱਖ ਸੱਚ ਨੂੰ ਕਦੇ ਨਹੀਂ ਵਿਸਾਰਦਾ। ਦੂਸਰੀਆਂ ਮਾਇਆ ਮੋਹ ਦੀਆਂ ਚਿੰਤਾਵਾਂ ਤਾਂ ਫਿਰ ਮਨੁੱਖ ਨੂੰ ਨਹੀਂ ਸਤਾਉਂਦੀਆਂ। ਗੁਰਮਤਿ ਦੇ ਭਉ ਤੋਂ ਬਿਨ੍ਹਾਂ ਭਾਵ ਸੱਚ ਦੇ ਭਉ ਤੋਂ ਬਿਨ੍ਹਾਂ, ਨਾਮ ਦੇ ਭਉ ਤੋਂ ਬਿਨ੍ਹਾਂ ਅਸੀਂ ਜੋ ਕੋਈ ਵੀ ਭਉ ਆਪਣੇ ਮਨ ਵਿੱਚ ਰੱਖਦੇ ਹਾਂ ਉਹ ਸਭ "ਅਨ ਭੈ" ਹੈ ਭਾਵ ਉਹ ਭੈ ਹੈ ਜੋ ਸਾਨੂੰ ਸੱਚ ਦੇ ਭੈ ਤੋਂ, ਅਸਲ ਭੈ ਤੋਂ ਦੂਰ ਰੱਖਦਾ ਹੈ। ਮਨ ਦੇ ਵਿੱਚ ਅੰਮ੍ਰਿਤ ਦੀ ਪ੍ਰਾਪਤੀ ਦੁਆਰਾ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ "ਅਨ ਭੈ" ਦੇ ਵਿੱਚੋਂ ਨਿਕਲ ਜਾਂਦਾ ਹੈ। **(ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥੧॥)**

ਇਹ ਅਨ ਭੈ ਸਾਡੇ ਅੰਦਰੋਂ ਕਿਵੇਂ ਦੂਰ ਹੁੰਦੇ ਹਨ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰ ਕੈ ਸਬਦਿ ਪਛਾਨਾ॥੧॥ਰਹਾਉ॥”

ਆਪਣੇ ਆਪ ਕਿਸੇ ਦਾ ਇਹ ਡਰ ਦੂਰ ਹੋ ਜਾਵੇ, ਆਪਣੇ ਆਪ ਕਿਸੇ ਨੂੰ ਸੱਚ ਦੀ ਸੋਝੀ ਪੈ ਜਾਵੇ, ਆਪਣੇ ਆਪ ਕਿਸੇ ਨੂੰ ਅੰਮ੍ਰਿਤ ਦੀ, ਨਾਮ ਦੀ ਪ੍ਰਾਪਤੀ ਹੋ ਜਾਵੇ ਇਹ ਨਹੀਂ ਹੋ ਸਕਦਾ। ਆਪਣਾ ਅੰਮ੍ਰਿਤ ਨਾਮ ਪ੍ਰਮਾਤਮਾ ਆਪ ਹੀ ਬਖ਼ਸ਼ਦਾ ਹੈ, ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਬਖ਼ਸ਼ਦਾ ਹੈ। ਆਪਣਾ ਸੱਚ ਸਮਝਾ ਕੇ ਉਸ ਸੱਚ ਤੇ ਚੱਲਣ ਦਾ ਡਰ, ਗੁਰਮਤਿ ਤੇ ਚੱਲਣ ਦਾ ਭਉ, ਆਪਣਾ ਨਾਮ ਜਪਣ ਦਾ ਭਉ ਉਹ ਮਨ ਵਿੱਚ ਆਪ ਹੀ ਵਸਾਉਂਦਾ ਹੈ ਤੇ ਇਸ ਤੋਂ ਬਿਨ੍ਹਾਂ ਦੂਸਰੇ ਡਰ ਭਾਵ “ਅਨ ਭੈ” ਮਨ ਦੇ ਵਿੱਚੋਂ ਆਪ ਹੀ ਕੱਢਦਾ ਹੈ। ਸੱਚ ਦੇ ਭੈ ਵਿੱਚ ਅਨ ਭੈ ਸਮਾਅ ਜਾਂਦੇ ਹਨ ਭਾਵ ਖ਼ਤਮ ਹੋ ਜਾਂਦੇ ਹਨ ਕਿਉਂਕਿ ਸਾਨੂੰ ਅਨ ਭੈ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਉਨ੍ਹਾਂ ਵਿੱਚੋਂ

21/2277

ਕੱਢਣ ਵਾਲਾ ਵੀ ਉਹ ਆਪ ਹੈ। ਇਹ ਭੈ ਸਾਡੇ ਮਨ ਦੇ ਵਿਚਾਰ ਹੀ ਹਨ ਜਿੰਨ੍ਹਾਂ ਤੇ ਸਾਡਾ ਵੱਸ ਨਹੀਂ ਹੈ। ਸਾਡੇ ਵਿਚਾਰਾਂ ਦਾ ਮਾਲਕ ਉਹ ਆਪ ਹੀ ਹੈ। ਸਾਡੇ ਅੰਦਰ ਪ੍ਰਮਾਤਮਾ ਆਪਣੀ ਪਹਿਚਾਣ ਆਪਣੇ ਸ਼ਬਦ ਦੁਆਰਾ ਹੀ ਕਰਵਾਉਂਦਾ ਹੈ ਭਾਵ ਆਪਣੇ ਗਿਆਨ ਦੁਆਰਾ ਹੀ ਕਰਵਾਉਂਦਾ ਹੈ। ਮਨ ਦੇ ਵਿੱਚ ਉਹ ਸਾਨੂੰ ਆਪਣੇ ਸ਼ਬਦ ਦਾ ਗਿਆਨ ਹੀ ਦਿੰਦਾ ਹੈ ਜਿਸ ਦੁਆਰਾ ਉਹ ਸਾਨੂੰ ਸੱਚ ਦੀ ਸੋਝੀ ਪਾਉਂਦਾ ਹੈ। ਉਹ ਮਨ ਦੇ ਵਿੱਚ ਆਪਣੀ ਪਹਿਚਾਣ ਗਿਆਨ ਦੇ ਰੂਪ ਵਿੱਚ ਹੀ ਕਰਵਾਉਂਦਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਪਹਿਚਾਨਣ ਦੇ ਨਾਲ ਹੀ ਸਾਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਜੋ ਕੁੱਝ ਪ੍ਰਮਾਤਮਾ ਸਮਝਾਉਂਦਾ ਹੈ ਉਹੀ ਗੱਲ ਸੱਚ ਹੈ ਕਿਉਂਕਿ ਸੰਸਾਰ ਵਿੱਚ ਇਸ ਤੋਂ ਵੱਡੀ ਗੱਲ ਹੋ ਹੀ ਨਹੀਂ ਸਕਦੀ ਜੋ ਕਿਸੇ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ। ਦੁਨੀਆਂ ਦੇ ਸਭ ਤੋਂ ਵੱਡੇ ਸੱਚ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਤੇ ਤਾਂ ਹੀ ਉਸਦੀ ਦੱਸੀ ਹੋਈ ਹਰ ਗੱਲ ਸੱਚੀ ਲੱਗਦੀ ਹੈ। ਪੂਰੀ ਗੁਰਬਾਣੀ ਇਸੇ ਲਈ ਸੱਚੀ ਬਾਣੀ ਹੈ ਕਿਉਂਕਿ ਉਹ ਉਸ ਸੱਚੇ ਦੇ ਕੋਲੋਂ ਆਈ ਹੈ ਜਿਸ ਤੋਂ ਉੱਪਰ ਕੋਈ ਹੋਰ ਹੋ ਨਹੀਂ ਸਕਦਾ। ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਗੁਰਬਾਣੀ ਦੇ ਵਿੱਚ ਲਿਖਿਆ ਹੋਇਆ ਹਰ ਅੱਖਰ ਸੱਚ ਹੈ ਭਾਵੇਂ ਉਹ ਕਿਸੇ ਵੀ ਸਰੀਰ ਰਾਹੀਂ ਆਇਆ ਹੈ। ਸੱਚ ਸਮਝਾਉਣ ਵਾਲਾ ਉਹ ਆਪ ਹੈ ਤੇ ਆਪਣਾ ਸੱਚ ਸਮਝਾਉਣ ਦਾ ਤਰੀਕਾ ਵੀ ਉਸਦਾ ਇੱਕੋ ਹੀ ਹੈ ਜੋ ਕਿ ਮਨ ਦੇ ਵਿੱਚ ਉਹ ਆਪ ਹੀ ਆਪਣੇ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਆਪਣੇ ਸ਼ਬਦ ਦੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। **(ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰ ਕੈ ਸਬਦਿ ਪਛਾਨਾ॥੧॥ਰਹਾਉ॥)**

ਮਨ ਦੇ ਵਿੱਚ ਜਿਸ ਰਾਸਿ ਦੁਆਰਾ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ ਉਹ ਸਾਡੇ ਅੰਦਰ ਉਸਦੀ ਸੱਚੀ ਸੋਝੀ ਦੀ ਰਾਸਿ ਹੈ, ਗਿਆਨ ਦੀ ਰਾਸਿ ਹੈ ਜੋ ਕਿ ਉਹ ਆਪ ਹੀ ਆਪਣੇ ਸ਼ਬਦ ਦੁਆਰਾ ਮਨ ਦੇ ਵਿੱਚ ਬਖ਼ਸ਼ਦਾ ਹੈ। ਆਪਣੀ ਇਸ ਰਾਸਿ ਦੁਆਰਾ ਪ੍ਰਮਾਤਮਾ ਆਪਣਾ ਸੱਚਾ ਮਾਰਗ ਹੀ ਦਿਖਾਉਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਇਹ ਨਾਮ ਦੀ ਰਾਸਿ ਬਖ਼ਸ਼ੀ ਹੈ ਉਹ ਆਪ ਉਸਦੇ ਮਾਰਗ ਤੇ ਚੱਲੇ ਹਨ ਭਾਵ ਉਨ੍ਹਾਂ ਨੇ ਆਪ ਨਾਮ ਜਪਿਆ ਹੈ ਤੇ ਸੰਸਾਰ ਨੂੰ ਉਸਦਾ ਨਾਮ ਜਪਣਾ ਸਿਖਾਇਆ ਹੈ, ਉਸਨੂੰ ਜਪਣ ਦਾ ਮਾਰਗ ਸਮਝਾਇਆ ਹੈ। ਪ੍ਰਮਾਤਮਾ ਦੀ ਇਹ ਰਾਸਿ, “ਹਰਿ ਰਾਸਿ” ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ ਹੀ ਮਿਲਦੀ ਹੈ ਜੋ ਸਾਨੂੰ ਸੱਚ ਸਿਖਾਉਂਦੀ ਹੈ। ਇਸ ਰਾਸਿ ਦੇ ਨਾਲ ਸਾਡਾ

21/2278

ਸੁਭਾਅ ਹੀ ਬਦਲਦਾ ਹੈ ਭਾਵ ਮਨ ਦੇ ਵਿਚਾਰ ਹੀ ਬਦਲਦੇ ਹਨ ਤੇ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਮਨ ਦੇ ਸੁਭਾਅ ਦੁਆਰਾ ਹੀ ਕਰਦੇ ਹਾਂ ਜੇਕਰ ਸਾਡਾ ਸੁਭਾਅ ਸਹਜ ਦੀ ਅਵੱਸਥਾ ਵਾਲਾ ਬਣ ਜਾਂਦਾ ਹੈ ਭਾਵ ਸੱਚੀ ਸੋਝੀ ਦੁਆਰਾ ਕੇਵਲ ਸੱਚ ਤੇ ਚੱਲਣ ਵਾਲਾ ਬਣ ਜਾਂਦਾ ਹੈ ਫਿਰ ਮਨੁੱਖ ਕਦੇ ਮਾੜੇ ਕਰਮ ਨਹੀਂ ਕਰ ਸਕਦਾ, ਸੱਚ ਤੋਂ ਉਲਟ ਨਹੀਂ ਚੱਲ ਸਕਦਾ ਤੇ ਪ੍ਰਮਾਤਮਾ ਦੇ ਦਰ ਤੋਂ ਇਸ ਗੱਲ ਦੀ ਸ਼ਾਬਾਸ਼ੀ ਮਿਲਦੀ ਹੈ, ਇੱਜ਼ਤ ਮਿਲਦੀ ਹੈ, ਮਾਣ ਮਿਲਦਾ ਹੈ। ਇਹ ਅਵੱਸਥਾ ਉਸਦੇ ਭਗਤਾਂ ਦੀ, ਗੁਰੂ ਸਾਹਿਬਾਨ ਦੀ ਹੈ ਜਿੰਨ੍ਹਾਂ ਦੇ ਅੰਦਰ ਉਹ ਆਪ ਵੱਸਿਆ ਹੋਇਆ ਹੈ ਜਿਵੇਂ ਕਿ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

(ਜਿਸੁ ਨਰ ਰਾਮੁ ਰਿਦੈ ਹਰਿ ਰਾਸਿ॥ ਸਹਜਿ ਸੁਭਾਇ ਮਿਲੇ ਸਾਬਾਸਿ॥੨॥)

ਪ੍ਰਮਾਤਮਾ ਦੇ ਦਰ ਤੋਂ ਜਿੰਨ੍ਹਾਂ ਨੂੰ ਸੱਚੀ ਸ਼ਾਬਾਸ਼ੀ ਮਿਲਦੀ ਹੈ, ਸੱਚਾ ਮਾਣ ਮਿਲਦਾ ਹੈ ਉਹ ਉਨ੍ਹਾਂ ਨੂੰ ਮਨ ਦੀ ਇਸ ਅਵੱਸਥਾ ਦੁਆਰਾ ਮਿਲਦਾ ਹੈ ਜਿਵੇਂ ਕਿ ਉੱਪਰ ਸਾਰੇ ਸ਼ਬਦ ਰਾਹੀਂ ਅਸੀਂ ਸਮਝਿਆ ਹੈ। ਇਹ ਮਾਣ ਉਨ੍ਹਾਂ ਦੇ ਲਈ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਅੰਮ੍ਰਿਤ ਨਾਮ ਬਖ਼ਸ਼ ਕੇ ਅੰਮ੍ਰਿਤ ਬਾਣੀ ਦੀ ਰਚਨਾ ਕਰਵਾਈ ਹੈ, ਜਿੰਨ੍ਹਾਂ ਦੇ ਵਿੱਚ ਉਸਨੇ ਆਪਣਾ ਸੱਚਾ ਭਉ ਪ੍ਰਗਟ ਕਰਕੇ ਮਨ ਦੇ ਅਨ ਭੈ ਵਿੱਚੋਂ ਕੱਢਿਆ ਹੈ ਤੇ ਉਨ੍ਹਾਂ ਨੂੰ ਨਿਰਭਉ ਬਣਾਇਆ ਹੈ। ਜਿੰਨ੍ਹਾਂ ਦੇ ਅੰਦਰ ਸੱਚ ਦਾ ਭੈ ਹੈ ਤੇ ਉਨ੍ਹਾਂ ਨੂੰ ਫਿਰ ਉਹੋ ਜਿਹੇ ਭਉ ਨਹੀਂ ਸਤਾਉਂਦੇ ਜੋ ਦੂਸਰਿਆਂ ਨੂੰ ਸਤਾਉਂਦੇ ਰਹਿੰਦੇ ਹਨ। ਜਿਸਨੂੰ ਸੱਚ ਦੀ ਸੋਝੀ ਹੈ ਉਸਨੂੰ ਇਸ ਗੱਲ ਦੀ ਵੀ ਸੋਝੀ ਹੈ ਕਿ ਪ੍ਰਮਾਤਮਾ ਦਾ ਸੰਤ ਰੂਪ ਕੀ ਹੈ, ਸਾਧ ਰੂਪ ਕੀ ਹੈ, ਸੱਚਾ 'ਪੰਡਿਤ' ਕੌਣ ਹੈ ਤੇ ਮੂਰਖ ਪੰਡਿਤ ਕੌਣ ਹੈ। ਉਨ੍ਹਾਂ ਨੂੰ ਇਹ ਦੱਸਣ ਵਿੱਚ, ਸਮਝਾਉਣ ਵਿੱਚ ਕੋਈ ਭੈ ਨਹੀਂ ਹੈ। ਉਹ ਕੇਵਲ ਸੱਚ ਦੀ ਗੱਲ ਹੀ ਕਰਦੇ ਹਨ। ਜਿੰਨ੍ਹਾਂ ਨੂੰ ਸੱਚ ਦੀ ਸੋਝੀ ਨਹੀਂ ਹੈ ਉਹ ਇਹੋ ਜਿਹੇ ਨਾਸਮਝ ਵਿਦਵਾਨਾਂ ਨੂੰ ਗਲਤ ਕਹਿਣ ਵਿੱਚ ਭਉ ਮਹਿਸੂਸ ਕਰਦੇ ਹਨ। ਇਸੇ ਤਰ੍ਹਾਂ ਜੋ ਭਗਤੀ ਦੇ ਤਰੀਕੇ ਸਾਨੂੰ ਇਨ੍ਹਾਂ ਇਆਣੇ ਵਿਦਵਾਨਾਂ ਨੇ ਸਿਖਾਏ ਹੋਏ ਹਨ ਅਸੀਂ ਉਨ੍ਹਾਂ ਤਰੀਕਿਆਂ ਨੂੰ ਛੱਡਣ ਵਿੱਚ ਭਉ ਮਹਿਸੂਸ ਕਰਦੇ ਹਾਂ ਕਿਉਂਕਿ ਸਾਨੂੰ ਸੱਚ ਦੀ ਸਮਝ ਨਹੀਂ ਹੈ ਭਾਵ ਅਸੀਂ ਭਰਮ ਵਿੱਚ ਹਾਂ। ਅਸੀਂ ਕਿਸੇ ਖਾਸ ਵੇਲੇ ਨੂੰ ਅੰਮ੍ਰਿਤ ਵੇਲਾ ਸਮਝ ਕੇ ਉਸ ਵੇਲੇ ਦੀ ਸੰਭਾਲ ਕਰਦੇ ਹਾਂ ਜੋ ਕਿ ਸਾਨੂੰ ਇਹੋ ਜਿਹੇ ਧਰਮ ਦੇ ਵਿਦਵਾਨਾਂ ਨੇ ਹੀ ਸਮਝਾਇਆ ਹੋਇਆ ਹੈ। ਗੁਰੂ ਭਾਵੇਂ ਸਾਨੂੰ ਇਹ ਗੱਲ ਸਮਝਾਉਂਦਾ ਹੈ ਕਿ ਕਿਸੇ ਖਾਸ ਵੇਲੇ ਨਾਲ ਜੁੜ ਕੇ

ਭਗਤੀ ਨਹੀਂ ਹੋ ਸਕਦੀ, ਉਸ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਸਨੂੰ ਅਸੀਂ ਪ੍ਰਾਪਤ ਕਰਨਾ ਚਾਹੁੰਦੇ ਹਾਂ ਪਰ ਫਿਰ ਵੀ ਅਸੀਂ ਗੁਰੂ ਦੀ ਗੱਲ ਨੂੰ ਨਾ ਮੰਨ ਕੇ ਇਨ੍ਹਾਂ ਇਆਣੇ ਪੰਡਿਤਾਂ ਪਿੱਛੇ ਹੀ ਲੱਗਦੇ ਹਾਂ ਕਿਉਂਕਿ ਅਸੀਂ ਉਨ੍ਹਾਂ ਨੂੰ ਸੱਚੇ ਸਮਝਿਆ ਹੋਇਆ ਹੈ। ਉਨ੍ਹਾਂ ਦੀ ਗੱਲ ਨਾ ਮੰਨਣ ਦਾ ਭੈ ਸਾਡੇ ਅੰਦਰ ਬਣਿਆ ਰਹਿੰਦਾ ਹੈ ਜੋ ਕਿ ਅਸਲ ਵਿੱਚ ਅਨ ਭੈ ਹੈ ਭਾਵ ਸੱਚਾ ਭੈ ਨਹੀਂ ਹੈ। ਇਹ ਅਨ ਭੈ ਉਸਦੇ ਹੀ ਵਿਸਰਦੇ ਹਨ, ਦੂਰ ਹੁੰਦੇ ਹਨ ਜੋ ਪ੍ਰਮਾਤਮਾ ਦੇ ਨਾਮ ਵਿੱਚ ਸਮਾਅ ਜਾਂਦਾ ਹੈ, ਜਿਸਨੂੰ ਉਸਦੇ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਵੇਂ ਕਿ ਅਸੀਂ ਉੱਪਰ ਪੂਰੇ ਸ਼ਬਦ ਰਾਹੀਂ ਸਮਝਿਆ ਹੈ। ਅਸੀਂ ਉਸ ਅੰਮ੍ਰਿਤ ਦੀ ਪ੍ਰਾਪਤੀ ਕਿਵੇਂ ਕਰਨਾ ਚਾਹੁੰਦੇ ਹਾਂ ਤੇ ਸਾਡਾ ਇਹ ਕੁੱਝ ਕਰਨ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

"ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥

ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥"

ਅੰਮ੍ਰਿਤ ਦੀ ਪ੍ਰਾਪਤੀ ਸਾਨੂੰ ਕਿਵੇਂ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ ਇਸ ਗੱਲ ਨੂੰ ਅਸੀਂ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਆਪਣਾ ਅੰਮ੍ਰਿਤ ਸਾਨੂੰ ਮਨ ਦੇ ਵਿੱਚ ਆਪ ਹੀ ਪਿਆਉਂਦਾ ਹੈ। ਅਸੀਂ ਅੰਮ੍ਰਿਤ ਦੀ ਪ੍ਰਾਪਤੀ ਨੂੰ ਇੱਕ ਖਾਸ ਸਮੇਂ ਨਾਲ ਜੋੜਿਆ ਹੋਇਆ ਹੈ ਜਿਸਨੂੰ ਕਿ ਅਸੀਂ ਅੰਮ੍ਰਿਤ ਵੇਲਾ ਕਹਿੰਦੇ ਹਾਂ ਤੇ ਇਹ ਸਮਝਦੇ ਹਾਂ ਕਿ ਉਸ ਖਾਸ ਵੇਲੇ ਹੀ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਇਹੋ ਜਿਹੀ ਧਾਰਨਾ ਦੇ ਨਾਲ ਅਸੀਂ ਇਸੇ ਲਈ ਜੁੜੇ ਹੋਏ ਹਾਂ ਕਿ ਸਾਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੈ ਕਿ ਅੰਮ੍ਰਿਤ ਕੀ ਹੈ ਤੇ ਉਹ ਕਿਵੇਂ ਮਿਲਦਾ ਹੈ। ਪ੍ਰਮਾਤਮਾ ਕਿਸੇ ਸਮੇਂ ਦੇ ਨਾਲ ਬੱਝਿਆ ਹੋਇਆ ਨਹੀਂ ਹੈ ਤੇ ਉਹ ਹਰ ਵੇਲੇ ਸਭ ਦੇ ਅੰਦਰ ਮੌਜੂਦ ਹੈ। ਸਮਾਂ ਆਉਣ ਜਾਣ ਵਾਲੀ ਚੀਜ਼ ਹੈ, ਬਿਨਸਣ ਵਾਲੀ ਚੀਜ਼ ਹੈ ਤੇ ਅਸੀਂ ਉਸ ਬਿਨਸਣ ਵਾਲੀ ਚੀਜ਼ ਦੇ ਨਾਲ ਜੁੜੇ ਹੋਏ ਹਾਂ ਜਿਵੇਂ ਕਿ ਅਸੀਂ ਇਸ ਗੱਲ ਨੂੰ ਕਾਫੀ ਪਿੱਛੇ ਵੀ ਸਮਝਿਆ ਹੈ।

ਆਸਾ ਮਹਲਾ ੫॥

{ਜੈਸੇ ਕਿਰਸਾਨੁ ਬੋਵੈ ਕਿਰਸਾਨੀ॥ ਕਾਚੀ ਪਾਕੀ ਬਾਢਿ ਪਰਾਨੀ॥੧॥

ਜੋ ਜਨਮੈ ਸੋ ਜਾਨਹੁ ਮੂਆ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ॥੧॥ਰਹਾਉ॥

ਦਿਨ ਤੇ ਸਰਪਰ ਪਉਸੀ ਰਾਤਿ॥ ਰੈਣਿ ਗਈ ਫਿਰਿ ਹੋਇ ਪਰਭਾਤਿ॥੨॥

ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

21/2280

ਸਾਰੀ ਗੱਲ ਇਸ ਮਨ ਨੂੰ ਥਿਰ ਕਰਨ ਦੀ ਹੈ, ਦੌੜਦੇ ਹੋਏ ਮਨ ਨੂੰ ਟਿਕਾਉਣ ਦੀ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਮਾਇਆ ਮੋਹ ਹੈ। ਇਸ ਅਵੱਸਥਾ ਵਿੱਚੋਂ ਜਾਗਣ ਲਈ ਸਾਨੂੰ ਗੁਰੂ ਦੀ ਮਤਿ ਦੀ ਲੋੜ ਹੈ ਜੋ ਹਰ ਵੇਲੇ ਇੱਕੋ ਜਿਹੀ ਹੀ ਮਿਲਦੀ ਹੈ। ਜੁੜਨਾ ਅਸੀਂ ਗੁਰਮਤਿ ਦੇ ਨਾਲ ਹੈ ਜਿਸ ਨੇ ਸਾਡੇ ਮਨ ਨੂੰ ਟਿਕਾਉਣਾ ਹੈ ਪਰ ਅਸੀਂ ਜੁੜੇ ਕਿਸੇ ਖਾਸ ਵੇਲੇ ਦੇ ਨਾਲ ਹੋਏ ਹਾਂ ਜੋ ਖੁਦ ਥਿਰ ਨਹੀਂ ਹੈ, ਚਲਾਇਮਾਨ ਹੈ। ਜਿਵੇਂ ਅਸੀਂ ਸਵੇਰ ਦੇ ਸਮੇਂ ਨੂੰ ਖਾਸ ਸਮਾਂ ਸਮਝ ਕੇ ਉਸ ਦੇ ਨਾਲ ਜੁੜਦੇ ਹਾਂ ਇਸੇ ਤਰ੍ਹਾਂ ਅਸੀਂ ਸ਼ਾਮ ਦੇ ਸਮੇਂ ਦੀ ਸੰਭਾਲ ਕਰਦੇ ਹਾਂ ਭਾਵ ਸਮੇਂ ਨੂੰ ਉੱਚਾ ਮੰਨ ਕੇ ਚੱਲਦੇ ਹਾਂ ਤੇ ਅਸਲ ਮਕਸਦ ਤੋਂ ਦੂਰ ਰਹਿੰਦੇ ਹਾਂ ਜਿਸ ਦੁਆਰਾ ਅਸੀਂ ਗੁਰੂ ਦੇ ਨਾਲ ਜੁੜਨਾ ਹੈ। ਗੁਰਬਾਣੀ ਪੂਰੇ ਸੰਸਾਰ ਲਈ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸਭ ਨੂੰ ਇੱਕੋ ਜਿਹਾ ਤਰੀਕਾ ਸਮਝਾਉਂਦੀ ਹੈ। ਸੰਸਾਰ ਵਿੱਚ ਕ੍ਰੋੜਾਂ ਹੀ ਕ੍ਰੋੜਾਂ ਮਨੁੱਖ ਰਾਤ ਦੇ ਸਮੇਂ ਕੰਮ ਕਾਰ ਕਰਦੇ ਹਨ, ਨੌਕਰੀਆਂ ਆਦਿ ਕਰਦੇ ਹਨ ਜੋ ਕਦੇ ਇਹੋ ਜਿਹੇ ਸਵੇਰ ਸ਼ਾਮ ਦੇ ਸਮੇਂ ਨਾਲ ਜੁੜ ਕੇ ਆਪਣੀ ਭਗਤੀ ਦਾ ਪ੍ਰਗਟਾਵਾ ਨਹੀਂ ਕਰ ਸਕਦੇ ਪਰ ਉਹ ਗੁਰੂ ਕੋਲੋਂ ਸੱਚ ਸਮਝ ਕੇ ਉਸ ਅਨੁਸਾਰ ਹਰ ਵੇਲੇ ਵਿਚਰ ਜਰੂਰ ਸਕਦੇ ਹਨ ਜੋ ਕਿ ਅਸਲ ਭਗਤੀ ਦਾ ਤਰੀਕਾ ਹੈ ਤੇ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸਮੇਂ ਦੇ ਨਾਲ ਜੁੜ ਕੇ ਭਗਤੀ ਕਰਨ ਵਾਲਿਆਂ ਨੂੰ ਇਸੇ ਲਈ ਮਨਮੁਖਿ ਕਿਹਾ ਹੈ ਕਿਉਂਕਿ ਉਹ ਪ੍ਰਮਾਤਮਾ ਦੇ ਬਣਾਏ ਹੋਏ ਕਿਸੇ ਸਮੇਂ ਨੂੰ ਉੱਚਾ ਕਰਦੇ ਹਨ ਤੇ ਕਿਸੇ ਨੂੰ ਘੱਟ ਉੱਚਾ ਸਮਝਦੇ ਹਨ। ਪ੍ਰਮਾਤਮਾ ਨੇ ਹਰ ਸਮਾਂ ਚੰਗਾ ਹੀ ਬਣਾਇਆ ਹੈ ਤੇ ਉਸ ਕੋਲੋਂ ਮਤਿ ਲੈਣ ਦਾ ਹਰ ਸਮਾਂ ਹੀ ਚੰਗਾ ਹੈ ਤੇ ਇਸੇ ਲਈ ਸਾਨੂੰ ਸਮਝਾਇਆ ਵੀ ਹੈ ਕਿ ਸਮੇਂ ਦੇ ਨਾਲ ਜੁੜ ਕੇ ਭਾਵ ਸਮੇਂ ਨੂੰ ਉੱਚਾ ਮੰਨ ਕੇ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਨਹੀਂ ਹੈ।

ਸਿਰੀਰਾਗੁ ਮਹਲਾ ੩॥

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥}

(ਅੰਗ ੩੫)

{ਵੇਲਾ ਵਖਤ ਸਭਿ ਸੁਹਾਇਆ॥ ਜਿਤੁ ਸਚਾ ਮੇਰੇ ਮਨਿ ਭਾਇਆ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ॥੨॥}

(ਅੰਗ ੧੧੫)

21/2281

ਉੱਪਰ ਦੋਨੋਂ ਸ਼ਬਦਾਂ ਦੇ ਰਾਹੀਂ ਗੁਰੂ ਸਾਹਿਬ ਨੇ ਸੱਚ ਹੀ ਸਮਝਾਇਆ ਹੈ, ਗੁਰਮਤਿ ਹੀ ਸਮਝਾਈ ਹੈ। ਜੇਕਰ ਸਾਡੇ ਅੰਦਰ ਸੱਚ ਦਾ ਭਉ ਹੈ, ਗੁਰਮਤਿ ਤੇ ਚੱਲਣ ਦਾ ਭਉ ਹੈ ਤਾਂ ਫਿਰ ਅਸੀਂ ਗੁਰੂ ਦੀ ਗੱਲ ਨੂੰ ਇੱਕਦਮ ਮੰਨ ਲਵਾਂਗੇ ਕਿਉਂਕਿ ਗੁਰੂ ਦੀ ਗੱਲ ਸਾਨੂੰ ਬੜੀ ਸਪੱਸ਼ਟ ਸਮਝ ਆ ਰਹੀ ਹੈ ਤੇ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਜੇਕਰ ਅਸੀਂ ਇਸ ਸੱਚ ਨੂੰ ਕਬੂਲ ਨਹੀਂ ਕਰਦੇ ਫਿਰ ਸਾਡੇ ਅੰਦਰ ਗੁਰੂ ਦਾ ਭਉ ਨਹੀਂ ਹੈ, ਪ੍ਰਮਾਤਮਾ ਦਾ ਭਉ ਨਹੀਂ ਹੈ ਭਾਵ ਉਸਦੀ ਗੱਲ ਨੂੰ ਮੰਨਣ ਦਾ ਭਉ ਨਹੀਂ ਹੈ, ਸੱਚ ਤੇ ਚੱਲਣ ਦਾ ਭਉ ਨਹੀਂ ਹੈ। ਗੁਰਮਤਿ ਅਨੁਸਾਰ ਚੱਲਣਾ ਹੀ ਸੱਚ ਤੇ ਚੱਲਣਾ ਹੈ ਤੇ ਜੇਕਰ ਸਪੱਸ਼ਟ ਤੌਰ ਤੇ ਸਮਝ ਆ ਰਹੀ ਗੱਲ ਤੇ ਵੀ ਅਸੀਂ ਨਹੀਂ ਚੱਲਦੇ ਤਾਂ ਫਿਰ ਅਸੀਂ "ਅਨ ਭੈ" ਮੰਨਿਆ ਹੋਇਆ ਹੈ ਭਾਵ ਸਾਡੇ ਅੰਦਰ ਕੋਈ ਹੋਰ ਭੈ ਹੈ ਜਿਸ ਕਰਕੇ ਅਸੀਂ ਗੁਰੂ ਦਾ ਭੈ ਕਬੂਲ ਨਹੀਂ ਕਰਦੇ। ਸਾਡੇ "ਅਨ ਭੈ" ਦਾ ਕਾਰਨ ਸਾਡੇ ਉਹ ਇਆਣੇ ਪੰਡਿਤ ਹੀ ਹਨ ਜਿੰਨ੍ਹਾਂ ਨੂੰ ਅਸੀਂ ਗੁਰੂ ਤੋਂ ਸਿਆਣੇ ਮੰਨਿਆ ਹੋਇਆ ਹੈ ਤੇ ਅਸੀਂ ਉਨ੍ਹਾਂ ਦੀ ਗੱਲ ਨੂੰ ਹੀ ਸੱਚ ਮੰਨਿਆ ਹੋਇਆ ਹੈ। ਇਹ ਸਾਡੇ ਅੰਦਰ ਇੱਕ ਫਜ਼ੂਲ ਦਾ ਭੈ ਬਣਿਆ ਹੋਇਆ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰੂ ਦੇ ਭੈ ਵਿੱਚ

ਨਹੀਂ ਆ ਸਕਦੇ। ਗੁਰੂ ਦੇ ਭੈ ਨੂੰ ਨਾ ਮੰਨਣਾ ਹੀ ਸਾਡੀ ਮਨਮੁੱਖਤਾ ਹੈ ਜਿਸ ਕਰਕੇ ਸਾਨੂੰ ਮਨਮੁਖਿ ਕਿਹਾ ਹੈ। **(ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥)**

ਸਾਡੀ ਇਸ ਮਨਮੁੱਖਤਾ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥”

ਕਾਰਨ ਸਾਡੇ ਮਨ ਦੀ ਸੋਝੀ ਹੀ ਹੈ ਜਿਸ ਦੇ ਅੰਦਰ ਭਰਮ ਹੈ। ਆਪਣੇ ਮਨ ਦੇ ਭਰਮ ਕਰਕੇ ਹੀ ਹਰ ਕੋਈ ਅਧੂਰਾ ਹੈ ਭਾਵ ਉਸਦੀ ਮਤਿ ਅਧੂਰੀ ਹੈ। ਪੂਰਾ ਉਹ ਹੈ ਜਿਸਦੇ ਅੰਦਰ ਰਾਮ ਵੱਸਿਆ ਹੋਇਆ ਹੈ, ਹਰ ਵੇਲੇ ਵੱਸਿਆ ਹੋਇਆ ਹੈ, ਦਿਨ ਰਾਤ ਵੱਸਿਆ ਹੋਇਆ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ, “ਰਾਮੁ” ਦੇ ਨਾਲ ਮੇਲ ਹੋਇਆ ਹੋਇਆ ਹੈ। ਰਾਮ ਦਾ ਸਾਡੇ ਹਿਰਦੇ ਵਿੱਚ ਹੋਣਾ ਕੀ ਹੈ ਇਹ ਸਾਨੂੰ ਪਹਿਲੇ ਹੀ ਉੱਪਰ ਸ਼ਬਦ ਦੇ ਦੂਸਰੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਜਿਸ ਨੂੰ ਅਸੀਂ ਸਮਝਿਆ ਹੈ।

(ਜਿਸੁ ਨਰ ਰਾਮੁ ਰਿਦੈ ਹਰਿ ਰਾਸਿ॥ ਸਹਜਿ ਸੁਭਾਇ ਮਿਲੇ ਸਾਬਾਸਿ॥੨॥)

21/2282

ਗੁਰੂ ਆਪਣੀ ਇਸ ਹਰਿ ਰਾਸਿ ਦੁਆਰਾ ਹੀ ਪੂਰਾ ਹੈ, ਸਹਜ ਦੀ ਅਵੱਸਥਾ ਦੁਆਰਾ ਹੀ ਪੂਰਾ ਹੈ ਜਿਸ ਕਰਕੇ ਉਹ ਦਿਨ ਰਾਤ ਪ੍ਰਮਾਤਮਾ ਦੇ ਨਾਲ ਜੁੜਿਆ ਹੋਇਆ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਦਾ ਭਰਮ ਹੀ ਕੱਟਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਉਸਨੂੰ ਭਰਮ ਵਿੱਚੋਂ ਹੀ ਕੱਢਦਾ ਹੈ। ਇਸੇ ਲਈ ਗੁਰੂ ਭਰਮ ਰਹਿਤ ਹੈ। **(ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥)**

ਅਸੀਂ ਉਨ੍ਹਾਂ ਦੀ ਮਤਿ ਦੇ ਨਾਲ ਜੁੜੇ ਹੋਏ ਹਾਂ ਜੋ ਕਿ ਪੂਰੇ ਨਹੀਂ ਹਨ ਭਾਵ ਅਧੂਰੇ ਹਨ, ਅਧੂਰੀ ਮਤਿ ਵਾਲੇ ਹਨ ਤੇ ਇਸੇ ਲਈ ਉਹ ਇਆਣੇ ਹਨ ਭਾਵ ਗੁਰੂ ਦੇ ਸਾਹਮਣੇ ਉਨ੍ਹਾਂ ਦੀ ਸੋਝੀ ਬਹੁਤ ਤੁੱਛ ਹੈ। ਅਸੀਂ ਆਪਣੇ ਅੰਦਰ ਭਉ ਉਨ੍ਹਾਂ ਦਾ ਵਸਾਇਆ ਹੋਇਆ ਹੈ ਜਿੰਨ੍ਹਾਂ ਅੰਦਰ ਖੁਦ ਸੱਚ ਦਾ ਭਉ ਨਹੀਂ ਹੈ। ਜਦ ਤੱਕ ਅਸੀਂ ਉਨ੍ਹਾਂ ਕੱਚਿਆਂ ਦੇ ਭਉ ਵਿੱਚੋਂ ਨਹੀਂ ਨਿਕਲਦੇ ਅਸੀਂ ਗੁਰੂ ਪ੍ਰਮਾਤਮਾ ਦੇ ਭਉ ਵਿੱਚ ਨਹੀਂ ਆ ਸਕਦੇ।

ਆਪਣੇ ਅੰਦਰ ਗੁਰੂ ਦਾ ਇਹੋ ਜਿਹਾ ਭਉ ਰੱਖਣ ਨਾਲ ਭਾਵ ਪੂਰੀ ਤਰ੍ਹਾਂ ਗੁਰਮਤਿ ਦਾ ਭਉ ਆਪਣੇ ਅੰਦਰ ਰੱਖਣ ਨਾਲ ਹੀ ਅਸੀਂ ਉਸ ਨਿਰਭਉ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ ਤੇ ਨਿਰਭਉ ਵਾਲੀ ਅਵੱਸਥਾ ਪ੍ਰਾਪਤ ਕਰ ਸਕਦੇ ਹਾਂ ਜਿਵੇਂ ਕਿ ਅਸੀਂ ਮੁੱਖ ਸ਼ਬਦ ਰਾਹੀਂ ਭਉ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ।

ਪਉੜੀ॥

“ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥

ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥

ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥

ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥

ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥

ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ॥”

ਇਨ੍ਹਾਂ ਉੱਪਰ ਪੰਗਤੀਆਂ ਤਕ ਅਸੀਂ ਇਨ੍ਹਾਂ ਦੀ ਵਿਆਖਿਆ ਨੂੰ ਸਮਝਿਆ ਹੈ, ਭਉ ਨੂੰ ਸਮਝਿਆ ਹੈ ਤਾਂ ਜੋ ਅਸੀਂ ਸੱਚੇ ਭਉ ਨਾਲ ਜੁੜ ਸਕੀਏ। ਗੁਰੂ ਦੇ ਭੈ ਵਿੱਚ ਆਏ ਬਿਨ੍ਹਾਂ ਉਸ ਦਾ ਨਾਮ ਨਹੀਂ ਜਪਿਆ ਜਾ ਸਕਦਾ, ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਤੇ ਇਹੀ ਗੱਲ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥

ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥੨੨॥”

ਹੁਣ ਉੱਪਰ ਧਿਆਨ ਨਾਲ ਸਮਝੋ ਕਿ ਸਾਨੂੰ "ਮਨਮੁਖ" ਕਿਸ ਲਈ ਕਿਹਾ ਹੈ। ਮਨਮੁਖਿ ਉਹ ਹਨ ਜਿੰਨ੍ਹਾਂ ਨੂੰ ਇਹ ਸਮਝ ਹੀ ਨਹੀਂ ਕਿ ਗੁਰੂ ਪ੍ਰਮਾਤਮਾ ਦਾ ਭੈ ਮੰਨਣਾ ਕੀ ਹੈ।

21/2283

ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ ਗੁਰਮਤਿ ਦੇ ਭੈ ਨੂੰ ਮੰਨਣਾ ਗੁਰੂ ਦੇ ਭੈ ਵਿੱਚ ਰਹਿਣਾ ਹੈ, ਨਾਮ ਦੇ ਭੈ ਵਿੱਚ ਰਹਿਣਾ ਹੈ। ਜਿਸਨੂੰ ਗੁਰਮਤਿ ਦਾ ਭਉ ਹੈ, ਗੁਰੂ ਦਾ ਤੇ ਨਾਮ ਦਾ ਭਉ ਹੈ ਉਹ ਮਨੁੱਖ ਫਿਰ ਆਪਣੀ ਤ੍ਰਿਸ਼ਨਾ ਨੂੰ ਮਾਰਦੇ ਹਨ ਜੋ ਸਾਡੇ ਅੰਦਰ ਵਿਕਾਰਾਂ ਦਾ ਮੂਲ ਹੈ ਜਿਸ ਕਰਕੇ ਅਸੀਂ ਹਰ ਵੇਲੇ ਮਾਇਆ ਮੋਹ ਵਿੱਚ ਰਹਿੰਦੇ ਹਾਂ। ਜਿਸਦੇ ਅੰਦਰ ਤ੍ਰਿਸ਼ਨਾ ਦੀ ਅਗਨਿ ਹੈ ਉਸਨੂੰ ਗੁਰੂ ਦੇ ਭੈ ਦੀ ਸਾਰ ਨਹੀਂ ਹੈ, ਸਮਝ ਨਹੀਂ ਹੈ, ਕਦਰ ਨਹੀਂ ਹੈ। ਪ੍ਰਮਾਤਮਾ ਨੂੰ ਤਾਂ ਅਸੀਂ ਪਾਉਣਾ ਚਾਹੁੰਦੇ ਹਾਂ ਤੇ ਆਪਣੇ ਸਰੀਰਕ ਜਪ-ਤਪ ਆਦਿ ਦੁਆਰਾ, ਧਰਮ ਗ੍ਰੰਥਾਂ ਨੂੰ ਪੜ੍ਹਨ, ਸੁਣਨ ਦੁਆਰਾ, ਕਿਸੇ ਅੱਖਰ ਦਾ ਜਪ ਕਰਨ ਦੁਆਰਾ ਹੀ ਉਸਨੂੰ ਪਾਉਣਾ ਚਾਹੁੰਦੇ ਹਾਂ ਭਾਵ ਆਪਣੇ ਇਨ੍ਹਾਂ ਤਰੀਕਿਆਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਪੁਕਾਰਦੇ ਹਾਂ ਭਾਵ ਉਸ ਦੇ ਨਾਲ ਮੇਲ ਮੰਗਦੇ ਹਾਂ ਕਿ ਪ੍ਰਮਾਤਮਾ ਸਾਨੂੰ ਮਿਲ ਜਾਵੇ। ਤ੍ਰਿਸ਼ਨਾ ਵਿੱਚ ਰਹਿੰਦੇ ਹੋਏ, ਮਾਇਆ ਮੋਹ ਵਿੱਚ ਰਹਿੰਦੇ ਹੋਏ, ਮਾਣ-ਅਭਿਮਾਨ, ਹਉਮੈ ਵਿੱਚ ਰਹਿੰਦੇ ਹੋਏ, ਔਗੁਣਾਂ ਵਿੱਚ ਰਹਿੰਦੇ ਹੋਏ ਉਸ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਨਹੀਂ ਹੈ ਭਾਵ ਗੁਰੂ ਪ੍ਰਮਾਤਮਾ ਦਾ ਭੈ ਕਬੂਲ ਕਰਨਾ ਕੀ ਹੈ, ਉਸਦੇ ਭੈ ਵਿੱਚ ਰਹਿਣਾ ਕੀ ਹੈ ਸਾਨੂੰ ਉਸ ਗੱਲ ਦੀ ਕਦਰ ਨਹੀਂ ਹੈ, ਗੁਰਮਤਿ ਦੀ ਕਦਰ ਨਹੀਂ ਹੈ ਜਿਸਦਾ ਮੂਲ ਕਾਰਨ ਸਾਡੇ ਮਨ ਦੀ ਮਾੜੀ ਸੋਝੀ ਹੈ, ਅਗਿਆਨਤਾ ਹੈ। **(ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥)** ਜਿੰਨ੍ਹਾਂ ਦਾ ਉਸ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਜਿੰਨ੍ਹਾਂ ਨੂੰ ਉਸ "ਸੁਖੁ" ਰੂਪ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਉਨ੍ਹਾਂ ਨੂੰ ਇਹ ਪ੍ਰਾਪਤੀ ਕਿਸ ਤਰੀਕੇ ਨਾਲ ਹੁੰਦੀ ਹੈ ਭਾਵ ਗੁਰੂ ਦੇ ਭੈ ਦੀ ਸਾਰ ਉਹ ਕਿਵੇਂ ਕਰਦੇ ਹਨ ਜਿਸ ਦੁਆਰਾ ਉਹ ਪ੍ਰਮਾਤਮਾ ਨੂੰ ਪਾਉਂਦੇ ਹਨ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥੨੨॥"

ਹੁਣ ਧਿਆਨ ਨਾਲ ਸਮਝੋ ਕਿ ਭੈ ਕੀ ਹੈ, ਭੈ ਕਿਸਨੂੰ ਕਿਹਾ ਹੈ। ਗੁਰੂ ਦਾ ਨਾਮ ਹੀ ਭੈ ਹੈ, ਗੁਰੂ ਦਾ ਨਾਮ ਹੀ ਗੁਰਮਤਿ ਹੈ ਤੇ ਗੁਰਮਤਿ ਨੂੰ ਕਬੂਲ ਕਰਨਾ ਗੁਰੂ ਦਾ ਭੈ ਕਬੂਲ ਕਰਨਾ ਹੈ। ਜਦ ਤੱਕ ਗੁਰਮਤਿ ਸਾਡੇ ਅੰਦਰ ਨਹੀਂ ਵੱਸਦੀ ਤਦ ਤੱਕ ਅਸੀਂ ਗੁਰੂ ਦੇ ਭੈ ਵਿੱਚ ਨਹੀਂ ਆਉਂਦੇ, ਨਾਮ ਦੇ ਭੈ ਵਿੱਚ ਨਹੀਂ ਆਉਂਦੇ। ਗੁਰਮਤਿ ਦਾ ਸਾਡੇ ਅੰਦਰ ਵੱਸਣਾ ਕੀ ਹੈ ਇਸ ਗੱਲ ਨੂੰ ਅਸੀਂ ਹਰ ਸ਼ਬਦ ਰਾਹੀਂ ਬਰੀਕੀ ਨਾਲ ਸਮਝਦੇ ਆ ਰਹੇ ਹਾਂ।

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

ਗੁਰਮਤਿ ਦਾ ਮਕਸਦ ਸਾਡੇ ਇਸ ਸੁੱਤੇ ਹੋਏ ਮਨ ਨੂੰ ਜਗਾਉਣ ਨਾਲ ਹੀ ਹੈ ਜੋ ਮਾਇਆ ਮੋਹ

21/2284

ਵਿੱਚ ਸੁੱਤਾ ਹੋਇਆ ਹੈ ਤੇ ਸਾਡੇ ਅੰਦਰ ਦੇ ਇਸ ਘਰ ਨੂੰ ਔਗੁਣ ਰੂਪ ਚੋਰ ਦਿਨ ਰਾਤ ਲੁੱਟੀ ਜਾ ਰਹੇ ਹਨ। ਗੁਰਮਤਿ ਸਾਨੂੰ ਗਿਆਨ ਦੇਣ ਦੇ ਲਈ ਹੈ ਤਾਂ ਜੋ ਅਸੀਂ ਆਪਣਾ ਜੀਵਨ ਸਵਾਰ ਸਕੀਏ, ਔਗੁਣਾਂ ਤੋਂ ਬਚ ਕੇ ਰਹੀਏ ਤੇ ਮਾੜੇ ਕਰਮ ਨਾ ਕਰੀਏ। ਸਾਡੇ ਅੰਦਰ ਮਾਇਆ ਮੋਹ ਦਾ ਕਾਰਨ ਸਾਡੀ ਤ੍ਰਿਸ਼ਨਾ ਹੈ ਜੋ ਸਾਨੂੰ ਮਾੜੇ ਪਾਸੇ ਤੋਰਦੀ ਹੈ। ਤ੍ਰਿਸ਼ਨਾ ਦੇ ਰਹਿੰਦੇ ਅਸੀਂ ਪ੍ਰਮਾਤਮਾ ਨੂੰ ਨਹੀਂ ਪੁਕਾਰ ਸਕਦੇ, ਨਹੀਂ ਜਪ ਸਕਦੇ। ਗੁਰਮਤਿ ਦਾ ਮਕਸਦ ਸਾਨੂੰ ਕਿਤਨਾ ਕੁ ਸਮਝ ਆਇਆ ਹੋਇਆ ਹੈ, ਨਾਮ ਜਪਣਾ ਸਾਨੂੰ ਕਿਤਨਾ ਕੁ ਸਮਝ ਆਇਆ ਹੋਇਆ ਹੈ ਇਸ ਗੱਲ ਦਾ ਅੰਦਾਜ਼ਾ ਅਸੀਂ ਆਪ ਹੀ ਲਗਾ ਸਕਦੇ ਹਾਂ

ਭਾਵ ਆਪਣੇ ਪੁਕਾਰਨ ਦੇ ਤਰੀਕੇ ਨਾਲ ਲਗਾ ਸਕਦੇ ਹਾਂ ਜਿਸ ਤਰੀਕੇ ਪ੍ਰਮਾਤਮਾ ਨੂੰ ਹਰ ਕੋਈ ਪੁਕਾਰਦਾ ਹੈ। ਤ੍ਰਿਸ਼ਨਾ ਤਾਂ ਸਭ ਵਿੱਚ ਉਸੇ ਤਰ੍ਹਾਂ ਹੀ ਹੈ ਪਰ ਹਰ ਕੋਈ ਆਪਣੀ ਕਥਨੀ ਦੁਆਰਾ ਹੀ, ਸਰੀਰਕ ਜਪ ਤਪ ਆਦਿ ਕਰਨ ਦੁਆਰਾ ਹੀ ਉਸ ਪ੍ਰਮਾਤਮਾ ਨੂੰ ਪੁਕਾਰਨ ਤੇ ਲੱਗਾ ਹੋਇਆ ਹੈ ਜੋ ਕਿ ਗੁਰਮਤਿ ਦੇ ਮਕਸਦ ਦੇ ਹੀ ਉਲਟ ਹੈ। ਜਦੋਂ ਸਾਨੂੰ ਗੁਰਮਤਿ ਦਾ ਮਕਸਦ ਸਮਝ ਆ ਜਾਵੇਗਾ ਫਿਰ ਗੁਰੂ ਦਾ ਭਉ ਮੰਨਣਾ ਵੀ ਸਮਝ ਆ ਜਾਵੇਗਾ। ਉਸਦੇ ਭਉ ਵਿੱਚ ਚੱਲਣ ਵਾਲੇ ਤ੍ਰਿਸ਼ਨਾ ਮੁਕਤ ਹੋਣ ਦਾ ਉਪਰਾਲਾ ਹੀ ਕਰਦੇ ਹਨ, ਔਗੁਣ ਰਹਿਤ ਹੋ ਕੇ ਆਪਣੇ ਘਰ ਨੂੰ ਬਚਾ ਕੇ ਰੱਖਦੇ ਹਨ ਤਾਂ ਜੋ ਉਨ੍ਹਾਂ ਦੇ ਹੱਥੋਂ ਕੋਈ ਮਾੜਾ ਕਰਮ ਨਾ ਹੋ ਸਕੇ। ਇਹੋ ਜਿਹਾ ਜੀਵਨ ਗੁਰਮਤਿ ਵਾਲਾ ਜੀਵਨ ਹੈ, ਗੁਰੂ ਪ੍ਰਮਾਤਮਾ ਦੇ ਭਉ ਵਿੱਚ ਰਹਿਣ ਵਾਲਾ ਜੀਵਨ ਹੈ। ਜਿਸਦੇ ਅੰਦਰ ਉਸ ਪ੍ਰਮਾਤਮਾ ਦਾ ਭਉ ਹੈ ਉਸਦੇ ਅੰਦਰ ਸੱਚ ਦਾ ਭਉ ਹੈ ਭਾਵ ਉਹ ਸੱਚ ਦੁਆਰਾ ਹੀ ਵਿਚਰਦਾ ਹੈ ਭਾਵ ਕੇਵਲ ਸੱਚੇ ਸੁੱਚੇ ਕਰਮ ਹੀ ਕਰਦਾ ਹੈ। ਸਾਡੇ ਅੰਦਰ ਗੁਰਮਤਿ ਦਾ ਵੱਸਣਾ ਹੀ ਨਾਮ ਦਾ ਵੱਸਣਾ ਹੈ, ਸੱਚ ਦਾ ਵੱਸਣਾ ਹੈ। ਜਿੰਨ੍ਹਾਂ ਨੂੰ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਉਹ ਆਪਣੇ ਅੰਦਰ ਇਸ ਤਰੀਕੇ ਨਾਲ ਭੈ ਦੀ ਸਾਰ ਕਰਦੇ ਹਨ। **(ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥ ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥੨੨॥)**

ਪ੍ਰਮਾਤਮਾ ਦੇ ਕੋਲੋਂ ਉਸਦਾ ਭਉ ਮੰਗਣਾ ਜਾਂ ਉਸਦਾ ਨਾਮ ਮੰਗਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ।

ਤਿਲੰਗ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ॥

{ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ ਮੈ ਦੇਵਾਨਾ ਭਇਆ ਅਤੀਤੁ॥

ਕਰ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥੧॥

ਤਉ ਦਰਸਨ ਕੀ ਕਰਉ ਸਮਾਇ॥ ਮੈ ਦਰਿ ਮਾਗਤੁ ਭੀਖਿਆ ਪਾਇ॥੧॥ਰਹਾਉ॥

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥੨॥

ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥

ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥ ਨਾਨਕ ਤਿਨ ਦਰਿ ਭੀਖਿਆ ਪਾਇ॥੩॥੧॥੨॥}

(ਅੰਗ ੭੨੧)

ਜਿਸਨੂੰ ਪ੍ਰਮਾਤਮਾ ਆਪਣੇ ਇਸ ਭਉ ਦਾ ਦਾਨ ਦਿੰਦਾ ਹੈ, ਭੀਖਿਆ ਦਿੰਦਾ ਹੈ ਉਸਨੂੰ ਹੀ ਆਪਣੀ ਭਗਤੀ ਬਖ਼ਸ਼ਦਾ ਹੈ, ਭਗਤੀ ਦੀ ਸੋਝੀ ਬਖ਼ਸ਼ਦਾ ਹੈ। ਉਸਦਾ ਦਾਨ ਪ੍ਰਾਪਤ ਕਰਨ ਵਾਲੇ ਉਸਦੇ ਭਗਤ ਕਿਹੋ ਜਿਹੇ ਹੁੰਦੇ ਹਨ ਉਨ੍ਹਾਂ ਦੇ ਮਨ ਦੀ ਅਵੱਸਥਾ

ਹੀ ਉੱਪਰ ਸਮਝਾਈ ਹੋਈ ਹੈ। ਉਸਦੇ ਭਗਤ ਗੁਣਾਂ ਨਾਲ ਭਰਪੂਰ ਹੁੰਦੇ ਹਨ ਭਾਵ ਚੰਗੇ ਕਰਮ ਕਰਨ ਵਾਲੇ ਹੁੰਦੇ ਹਨ ਜਿਸ ਦੁਆਰਾ ਉਹ ਸਭ ਨੂੰ ਭਾਉਂਦੇ ਹਨ ਭਾਵ ਗੁਣੀ ਬਣ ਕੇ ਜੋ ਦੁਨੀਆਂ ਨੂੰ ਭਾਉਂਦੇ ਹਨ ਉਹੀ ਭਗਤੀ ਵਾਲੇ ਹੁੰਦੇ ਹਨ। ਚੰਗੇ ਕਰਮ ਕਰਨ ਤੋਂ ਬਿਨ੍ਹਾਂ ਭਾਵ ਸਰੀਰਕ ਜਪ ਤਪ ਆਦਿ ਕਰਨ ਦੁਆਰਾ ਜੋ ਸਾਨੂੰ ਭਾਉਂਦੇ ਹਨ ਉਸ ਵਿੱਚ ਭਗਤੀ ਨਹੀਂ ਹੈ। ਅਸੀਂ ਭਗਤੀ ਕਰਨ ਵਾਲੇ ਉਨ੍ਹਾਂ ਨੂੰ ਹੀ ਸਮਝਦੇ ਹਾਂ ਜੋ ਸਾਡੇ ਦਿਖਾਵੇ ਨਾਲ ਜੁੜੀ ਹੋਈ ਹੈ ਜਦਕਿ ਅਸਲ ਭਗਤੀ ਦਾ ਮਾਰਗ ਗੁਣੀ ਬਣ ਕੇ ਵਿਚਰਨ ਦਾ ਹੈ, ਗੁਰਮਤਿ ਦਾ ਭਉ ਕਬੂਲ ਕਰ ਕੇ ਵਿਚਰਨ ਦਾ ਹੈ। ਜੋ ਮਨੁੱਖ ਇਹੋ ਜਿਹੇ ਗੁਰਮਤਿ ਦੇ ਭਉ ਵਿੱਚ ਰਹਿੰਦੇ ਹਨ ਭਾਵ ਜੋ ਗੁਰਮਤਿ ਅਨੁਸਾਰ ਵਿਚਰਨ ਦਾ ਉੱਦਮ ਕਰਦੇ ਹਨ ਉਨ੍ਹਾਂ ਨੂੰ ਹੀ ਪ੍ਰਮਾਤਮਾ ਆਪਣੀ ਨਾਮ ਦੀ "ਭੀਖਿਆ" ਦਿੰਦਾ ਹੈ। ਪ੍ਰਮਾਤਮਾ ਕੋਲੋਂ ਉਸਦਾ ਦਾਨ ਮੰਗਣ ਦਾ ਇਹੀ ਤਰੀਕਾ ਹੈ।

ਅਸੀਂ ਉਸਦੇ ਨਾਮ ਦਾ ਦਾਨ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਦਾਨ, ਉਸਦੇ ਭਉ ਦਾ ਦਾਨ ਸ਼ਬਦ ਦੀ ਕਥਨੀ ਦੁਆਰਾ ਮੰਗਦੇ ਹਾਂ ਪਰ ਪ੍ਰਮਾਤਮਾ ਇਹ ਦਾਨ ਉਸਨੂੰ ਦਿੰਦਾ ਹੈ ਜੋ ਉਸਦੇ ਸ਼ਬਦ ਦਾ ਵਿਚਾਰੀ ਬਣਦਾ ਹੈ, ਨਾਮ ਦਾ ਵਿਚਾਰੀ ਬਣਦਾ ਹੈ ਭਾਵ ਨਾਮ ਦੀ ਵਿਚਾਰਧਾਰਾ ਨੂੰ ਕਬੂਲ ਕਰਦਾ ਹੈ। ਨਾਮ ਦੀ ਵਿਚਾਰਧਾਰਾ, ਸ਼ਬਦ ਦੀ ਵਿਚਾਰਧਾਰਾ ਸਾਨੂੰ ਕੇਵਲ ਸੱਚ ਹੀ ਸਮਝਾਉਂਦੀ ਹੈ ਤੇ ਇਹੋ ਜਿਹੇ ਸੱਚ ਨੂੰ ਕਬੂਲ ਕਰਕੇ ਚੱਲਣਾ ਹੀ ਪ੍ਰਮਾਤਮਾ ਕੋਲੋਂ ਉਸਦੇ ਭਉ ਦਾ, ਨਾਮ ਦਾ ਦਾਨ ਮੰਗਣ ਦਾ ਤਰੀਕਾ ਹੈ ਤੇ ਆਪਣਾ ਦਾਨ ਉਹ ਇਸੇ ਤਰੀਕੇ ਹੀ ਦਿੰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੩॥

{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ॥
ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ॥
ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ॥੧॥}

(ਅੰਗ ੩੫)

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ "ਭਉ" ਵਿੱਚ ਤੇ "ਸਬਦੁ ਬੀਚਾਰਿ" ਵਿੱਚ ਕੀ ਫਰਕ ਹੈ ਭਾਵ ਸ਼ਬਦ ਦੀ ਵਿਚਾਰ ਹੀ ਗੁਰੂ ਦਾ ਭਉ ਹੈ। ਸ਼ਬਦ ਦੀ ਵਿਚਾਰ ਤੇ ਪੂਰਾ ਉਤਰਨਾ ਬਹੁਤ ਔਖਾ ਹੈ, ਸ਼ਬਦ ਦੀ ਮਤਿ ਤੇ, ਗੁਰੂ ਦੀ ਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਤੇ ਇਸੇ ਲਈ ਕੋਈ ਇਸ ਭਉ ਨੂੰ ਕਬੂਲ ਕਰਨ ਲਈ ਤਿਆਰ ਨਹੀਂ ਹੁੰਦਾ, ਗੁਰੂ ਦੇ ਸਮਝਾਏ ਹੋਏ ਸੱਚ ਤੇ ਕੋਈ ਚੱਲਣ ਨੂੰ ਤਿਆਰ ਨਹੀਂ ਹੁੰਦਾ ਭਾਵ ਇਸ ਨੂੰ ਕਬੂਲ ਕਰਨ ਦਾ ਭਉ ਸਾਡੇ ਸਭ ਦੇ ਅੰਦਰ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਭਉ ਸਾਡੇ ਸਭ ਦੇ ਅੰਦਰ ਹੈ। ਸ਼ਬਦ ਦੀ ਵਿਚਾਰ ਤੇ ਪੂਰਾ ਉਤਰਨਾ ਹੀ ਸ਼ਬਦ ਦੁਆਰਾ ਮਰਨਾ ਹੈ ਭਾਵ ਸ਼ਬਦ ਦੀ ਮਤਿ ਦੁਆਰਾ ਆਪਣੀ ਮਤਿ ਨੂੰ ਖ਼ਤਮ ਕਰਨਾ ਹੈ

21/2286

ਤੇ ਪੂਰਨ ਰੂਪ ਵਿੱਚ ਸ਼ਬਦ ਦੀ ਮਤਿ ਨੂੰ ਕਬੂਲ ਕਰਨਾ ਹੈ। ਸ਼ਬਦ ਦੀ ਮਤਿ ਨੂੰ ਕਬੂਲ ਕਰਨ ਦਾ ਜੋ ਭਉ ਹੈ, ਜਿਸ ਭਉ ਨੂੰ ਕਬੂਲ ਕਰਨ ਤੋਂ ਹਰ ਕੋਈ ਭੱਜਦਾ ਹੈ ਇਹੀ ਅਸਲ ਵਿੱਚ ਨਾਮ ਹੈ, ਅੰਮ੍ਰਿਤ ਹੈ। ਇਹ ਅੰਮ੍ਰਿਤ ਪੀਣ ਤੋਂ ਹਰ ਕੋਈ ਡਰਦਾ ਹੈ। ਇਹ ਗੁਰਮਤਿ ਦਾ ਅੰਮ੍ਰਿਤ ਹੈ ਜੋ ਗੁਰਬਾਣੀ ਸਾਨੂੰ ਹਰ ਵੇਲੇ ਪਿਆ ਰਹੀ ਹੈ ਪਰ ਇਸ ਅੰਮ੍ਰਿਤ ਨੂੰ ਅਸੀਂ ਕੇਵਲ ਬਾਹਰੋ-ਬਾਹਰੋਂ ਹੀ ਚੱਖਦੇ ਹਾਂ, ਇਸਦਾ ਬਾਹਰੀ ਰੂਪ ਹੀ ਚੱਖਦੇ ਹਾਂ, ਕੇਵਲ ਲਿਖਿਤ ਰੂਪ ਨੂੰ ਚੱਖਦੇ ਹਾਂ। ਅਸਲ ਚੱਖਣ ਦੀ ਵਸਤੂ ਲਿਖਿਤ ਦੇ ਅੰਦਰ ਦੀ ਸੋਝੀ ਹੈ ਜੋ ਸਾਡੇ ਮਨ ਦਾ ਅੰਮ੍ਰਿਤ ਹੈ। ਇਸ ਸੋਝੀ ਰੂਪ ਅੰਮ੍ਰਿਤ ਨੂੰ ਆਪਣੇ ਅੰਦਰ ਵਸਾ ਕੇ ਰੱਖਣਾ ਭਾਵ ਕੇਵਲ ਉਸੇ ਸੋਝੀ ਦੁਆਰਾ ਵਿਚਰਨਾ ਸਾਡਾ ਨਾਮ ਜਪਣਾ ਹੈ, ਅੰਮ੍ਰਿਤਧਾਰੀ ਹੋ ਕੇ ਜੀਵਨ ਬਤੀਤ ਕਰਨਾ ਹੈ। ਇਹੋ ਜਿਹਾ ਅੰਮ੍ਰਿਤਧਾਰੀ ਬਣਨ ਤੋਂ ਹਰ ਕੋਈ ਭੱਜਦਾ ਹੈ ਪਰ ਪ੍ਰਮਾਤਮਾ ਨੂੰ ਪਾਉਣ ਦਾ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕੀਏ। ਇਸੇ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ।

ਮਾਰੂ ਮਹਲਾ ੧॥

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ॥੧॥}

(ਅੰਗ ੧੦੧੦)

ਖੰਡੇ ਬਾਟੇ ਦੇ ਅੰਮ੍ਰਿਤ ਦਾ ਮਕਸਦ ਸਾਨੂੰ ਅੰਮ੍ਰਿਤ ਬਾਣੀ ਦੇ ਨਾਲ ਜੋੜਨ ਦਾ ਹੀ ਹੈ, ਸ਼ਬਦ ਦਾ ਵਿਚਾਰੀ ਬਣਾਉਣ ਦਾ ਹੀ ਹੈ ਤਾਂ ਜੋ ਅਸੀਂ ਗੁਰਬਾਣੀ ਦਾ ਅੰਮ੍ਰਿਤ ਛਕ ਸਕੀਏ, ਗੁਰਬਾਣੀ ਦੀ ਪਾਈ ਹੋਈ ਸੋਝੀ ਦੇ ਨਾਲ ਜੁੜ ਸਕੀਏ, ਗੁਰਬਾਣੀ ਦੇ ਸੱਚੇ ਗਿਆਨ ਦੇ ਨਾਲ ਜੁੜ ਸਕੀਏ। ਸਾਡੇ ਇਹੋ ਜਿਹਾ ਉੱਦਮ ਕਰਨ ਦੇ ਨਾਲ ਹੀ, ਗੁਰਬਾਣੀ ਦੀ ਸੋਝੀ ਦੇ ਲੜ ਲੱਗਣ ਦੇ ਨਾਲ

ਹੀ ਪ੍ਰਮਾਤਮਾ ਸਾਨੂੰ ਮਨ ਦੇ ਵਿੱਚ ਹੀ ਪ੍ਰਗਟ ਹੋ ਕੇ ਆਪਣੇ ਅੰਮ੍ਰਿਤ ਦੀ ਦਾਤ ਬਖਸ਼ਦਾ ਹੈ, ਬ੍ਰਹਮਗਿਆਨ ਦੀ ਦਾਤ ਬਖ਼ਸ਼ਦਾ ਹੈ, ਨਾਮ ਦੀ ਦਾਤ ਬਖ਼ਸ਼ਦਾ ਹੈ ਜਿਸ ਦੁਆਰਾ ਉਹ ਆਪਣਾ ਭਉ ਆਪ ਹੀ ਕਬੂਲ ਕਰਵਾਉਂਦਾ ਹੈ।

(ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ॥)

ਪ੍ਰਮਾਤਮਾ ਦੇ ਨਾਲ ਸਾਡੀ ਸਤਸੰਗਤ ਮਨ ਦੇ ਵਿੱਚ ਇਸ ਭਉ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਫਿਰ ਪ੍ਰਮਾਤਮਾ ਦੇ ਭਉ ਵਿੱਚ ਹੀ ਰਹਿੰਦਾ ਹੈ, ਗੁਰਮਤਿ ਤੇ ਚੱਲਣ ਦੇ ਭਉ ਵਿੱਚ ਹੀ ਰਹਿੰਦਾ ਹੈ, ਸੱਚ ਦੇ ਭਉ ਵਿੱਚ ਹੀ ਰਹਿੰਦਾ ਹੈ। ਆਪਣੀ ਗੁਰਮਤਿ ਰਾਹੀਂ ਪ੍ਰਮਾਤਮਾ ਸਾਨੂੰ ਗੁਣ ਹੀ ਸਮਝਾਉਂਦਾ ਹੈ। ਜਿੱਥੇ ਗੁਰਮਤਿ ਹੈ ਉੱਥੇ ਪ੍ਰਮਾਤਮਾ ਦੇ ਗੁਣ ਹਨ। ਜੋ ਗੱਲ ਗੁਰਮਤਿ ਦੇ ਅਨੁਸਾਰ ਹੈ ਉਹ ਗੁਣ ਹੈ ਤੇ ਜੋ ਗੁਰਮਤਿ ਤੋਂ ਉਲਟ ਹੈ ਉਹ ਸਾਡਾ ਔਗੁਣ ਹੈ। ਮਨ ਦੇ ਵਿੱਚ ਭਉ ਦੀ ਪ੍ਰਾਪਤੀ ਦੁਆਰਾ, ਪ੍ਰਮਾਤਮਾ ਦੀ ਸਤਸੰਗਤ ਦੁਆਰਾ ਫਿਰ ਮਨੁੱਖ ਗੁਣੀ ਬਣ ਕੇ ਗੁਣਾਂ ਦੀ ਸਾਰ ਕਰਦਾ ਹੈ, ਉਨ੍ਹਾਂ ਦੀ ਸੰਭਾਲ ਕਰਦਾ ਹੈ ਤੇ ਇਹੀ ਭਉ ਦੀ ਸਾਰ ਕਰਨੀ ਹੈ। **(ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ॥)**

{ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥

ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥੨੨॥}

(ਅੰਗ ੧੨੯੯)

21/2287

ਜਿਸ ਮਨ ਵਿੱਚ ਪ੍ਰਮਾਤਮਾ ਆਪਣਾ ਭਉ ਪਾਉਂਦਾ ਹੈ ਉੱਥੇ ਮਨ ਦੇ ਵਿੱਚ ਸੱਚੀ ਸੋਝੀ ਹੀ ਪਾਉਂਦਾ ਹੈ, ਆਪਣਾ ਸੱਚ ਹੀ ਸਮਝਾਉਂਦਾ ਹੈ, ਸੱਚ ਤੇ ਚੱਲਣਾ ਹੀ ਸਿਖਾਉਂਦਾ ਹੈ ਭਾਵ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ, ਦੁਬਿਧਾ ਵਿੱਚੋਂ ਹੀ ਕੱਢਦਾ ਹੈ ਜਿਸ ਦੇ ਰਹਿੰਦਿਆਂ ਸਾਨੂੰ ਨਾ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਤੇ ਨਾ ਹੀ ਸੱਚ ਦੀ ਕਦਰ ਪੈਂਦੀ ਹੈ। **(ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ॥)**

ਉੱਪਰ ਦੀ ਇਸ ਪੰਗਤੀ ਦੁਆਰਾ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਹਰਿ ਦਾ ਵੱਸਣਾ ਕੀ ਹੈ, ਹਰਿ ਨੂੰ ਆਪਣੇ ਹਿਰਦੇ ਵਿੱਚ ਵਸਾਉਣਾ ਕੀ ਹੈ। ਹਰਿ ਦਾ ਵੱਸਣਾ ਜਾਂ ਸਾਡੇ ਅੰਦਰ ਭਉ ਦਾ ਵੱਸਣਾ, ਗੁਰਮਤਿ ਦਾ ਵੱਸਣਾ, ਨਾਮ ਦਾ ਵੱਸਣਾ, ਸ਼ਬਦ ਦੀ ਵਿਚਾਰ ਦਾ ਵਸਣਾ ਇੱਕੋ ਹੀ ਗੱਲ ਹੈ। ਇਹ ਬ੍ਰਹਮਗਿਆਨ ਦੀ ਪ੍ਰਾਪਤੀ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ, ਗੁਰੂ ਦੀ ਆਪਣੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਕਿਸੇ ਨੂੰ ਦੁਬਿਧਾ ਵਿੱਚੋਂ ਕੱਢਦਾ ਹੈ, ਸਹਿਸਾ ਵਿੱਚੋਂ, ਭਰਮ ਵਿੱਚੋਂ, ਹਉਮੈ ਵਿੱਚੋਂ, ਮਨਮਤਿ ਵਿੱਚੋਂ ਕੱਢਦਾ ਹੈ।

ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਬਾਣੀ ਸੁਣਾਉਂਦਾ ਹੈ ਕਿਉਂਕਿ ਇਹ ਸਾਡੇ ਅੰਦਰ ਉਸ "ਸਚੁ" ਰੂਪ ਪ੍ਰਮਾਤਮਾ ਦੇ ਵੱਸਣ ਦੀ ਅਵੱਸਥਾ ਹੈ। ਜਿੱਥੇ "ਹਰਿ" ਵੱਸ ਜਾਂਦਾ ਹੈ, ਉੱਥੇ "ਸਚੁ" ਵੱਸ ਜਾਂਦਾ ਹੈ। ਜਿੰਨ੍ਹਾਂ ਦੇ ਮਨ ਵਿੱਚ ਸਚੁ ਵੱਸਿਆ ਹੈ, ਜਿੰਨ੍ਹਾਂ ਦੇ ਹਿਰਦੇ ਵਿੱਚ ਹਰਿ ਵੱਸਿਆ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰੂਪ ਸੱਚੀ ਬਾਣੀ ਦਿੱਤੀ ਹੈ ਜੋ ਕਿ ਉਸ "ਸਚੁ" ਨੇ ਮਨ ਦੇ ਵਿੱਚ ਆਪ ਹੀ ਸਮਝਾਈ ਹੈ, ਬ੍ਰਹਮਗਿਆਨ ਦੁਆਰਾ ਸਮਝਾਈ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਪਿਆਰ ਜੁੜਦਾ ਹੈ ਜੋ ਕਿ ਉਹ ਆਪ ਹੀ ਜੋੜਦਾ ਹੈ, ਮਨ ਦੇ ਵਿੱਚ ਆਪਣੇ ਦਰਸ਼ਨਾਂ ਦੁਆਰਾ ਜੋੜਦਾ ਹੈ, ਦੁਬਿਧਾ ਵਿੱਚੋਂ ਕੱਢ ਕੇ ਜੋੜਦਾ ਹੈ। ਮਨ ਦੇ ਵਿੱਚ ਉਹ ਸਾਡਾ ਪਿਆਰ ਗੁਰਮਤਿ ਦੇ ਨਾਲ ਹੀ ਜੋੜਦਾ ਹੈ, ਗੁਰਮਤਿ ਦੀ ਸੱਚੀ ਸੋਝੀ ਪਾ ਕੇ ਹੀ ਜੋੜਦਾ ਹੈ ਜਿਸ ਦੁਆਰਾ ਉਹ ਆਪਣੇ ਸੱਚ ਦਾ ਭਉ ਕਬੂਲ ਕਰਵਾਉਂਦਾ ਹੈ। ਸੱਚ ਦੇ ਨਾਲ ਪਿਆਰ ਪ੍ਰਮਾਤਮਾ ਦੇ ਨਾਲ ਪਿਆਰ ਹੈ ਪਰ ਉਹ ਤਾਂ ਹੀ ਜੁੜਦਾ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਸੱਚ ਕੀ ਹੈ ਤੇ ਸੱਚ ਤੇ ਚੱਲਣਾ ਕੀ ਹੈ, ਗੁਰਮਤਿ ਕੀ ਹੈ ਤੇ ਗੁਰਮਤਿ ਤੇ ਚੱਲਣਾ ਕੀ ਹੈ, ਨਾਮ ਕੀ ਹੈ ਤੇ ਨਾਮ ਤੇ ਚੱਲਣਾ ਕੀ ਹੈ, ਭਉ ਕੀ ਹੈ ਤੇ ਭਉ ਵਿੱਚ ਰਹਿਣਾ ਕੀ ਹੈ। **(ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ॥ ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ॥ ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ॥ ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ॥੧॥)**

ਪ੍ਰਾਪਤੀ ਤਾਂ ਹਰ ਕੋਈ ਉਸ ਸੱਚ ਰੂਪ ਪ੍ਰਮਾਤਮਾ ਦੀ ਹੀ ਕਰਨਾ

21/2288

ਚਾਹੁੰਦਾ ਹੈ ਪਰ ਉਸਦੀ ਪ੍ਰਾਪਤੀ ਕਰਨ ਲਈ ਅਸੀਂ ਉਨ੍ਹਾਂ ਦੇ ਨਾਲ ਜੁੜੇ ਹੋਏ ਹਾਂ ਭਾਵ ਸੱਚ ਦੀ ਪ੍ਰਾਪਤੀ ਕਰਨੀ ਉਨ੍ਹਾਂ ਦੇ ਕੋਲੋਂ ਸਿੱਖੀ ਹੋਈ ਹੈ ਜਿੰਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ। ਸੱਚ ਦਾ ਗਿਆਨ ਕੇਵਲ ਸੱਚੇ ਗੁਰੂ ਦੇ ਕੋਲ ਹੀ ਹੈ ਜੋ ਉਸ ਸੱਚ ਦੇ ਨਾਲ ਜੁੜਿਆ ਹੋਇਆ ਹੈ, ਉਸ ਸੱਚ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਜਿਸਨੂੰ ਪ੍ਰਮਾਤਮਾ ਨੇ ਸਾਨੂੰ ਸੱਚ ਸਮਝਾਉਣ ਦਾ ਠੇਕੇਦਾਰ ਸੌਂਪਿਆ ਹੋਇਆ ਹੈ। ਗੁਰੂ ਨੇ ਆਪਣੇ ਮੁੱਖੋਂ ਜੋ ਵੀ ਸ਼ਬਦ ਉਚਾਰੇ ਹਨ ਜੇਕਰ ਅਸੀਂ ਗੁਰੂ ਦੇ ਸ਼ਬਦ ਨਾਲ ਜੁੜਾਂਗੇ ਫਿਰ ਤਾਂ ਹੀ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ।

{ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥
ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ॥੪॥੩੦॥੬੩॥}

(ਅੰਗ ੩੯)

ਜੋ ਗੁਰੂ ਨੇ ਸਾਨੂੰ ਆਪਣੇ ਸ਼ਬਦਾਂ ਰਾਹੀਂ ਸਿੱਖਿਆ ਦਿੱਤੀ ਹੈ ਉਹੀ ਨਾਮ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਸੰਭਾਲ ਕੇ ਰੱਖਣਾ ਹੀ ਨਾਮ ਦੀ ਸੰਭਾਲ ਕਰਨੀ ਹੈ। ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਟਿਕਾ ਕੇ ਰੱਖਣਾ ਭਾਵ ਗੁਰੂ ਦੀ ਸਿੱਖਿਆ ਅਨੁਸਾਰ ਵਿਚਰਨਾ ਹੀ ਗੁਰੂ ਦੀ ਸੇਵਾ ਹੈ ਜਿਸ ਨਾਲ ਸਾਨੂੰ ਉਸ "ਸੁਖੁ" ਰੂਪ ਪ੍ਰਮਾਤਮਾ ਦੀ ਪਾਪਤੀ ਹੁੰਦੀ ਹੈ। ਜੇਕਰ ਗੁਰੂ ਦੇ ਸ਼ਬਦਾਂ ਨੂੰ ਵਿਸਾਰ ਕੇ ਅਸੀਂ ਕਿਸੇ ਹੋਰ ਦੇ ਸ਼ਬਦਾਂ ਨਾਲ ਜੁੜਦੇ ਹਾਂ ਤਾਂ ਫਿਰ ਸਾਨੂੰ ਕਦੇ ਵੀ "ਸੁਖੁ" ਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅਸੀਂ ਜਿਹੋ ਜਿਹੀ ਭਗਤੀ ਵਿੱਚ ਲੱਗੇ ਹੋਏ ਹਾਂ ਉਹ ਅਸੀਂ ਗੁਰੂ ਦੇ ਸ਼ਬਦਾਂ ਰਾਹੀਂ ਨਹੀਂ ਸਿੱਖੀ ਬਲਕਿ ਉਨ੍ਹਾਂ ਦੇ ਸ਼ਬਦਾਂ ਦੁਆਰਾ ਸਿੱਖੀ ਹੈ, ਉਨ੍ਹਾਂ ਦੇ ਬਚਨਾਂ ਦੁਆਰਾ ਸਿੱਖੀ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਸੱਚ ਦੀ ਸੋਝੀ ਨਹੀਂ ਹੈ। ਗੁਰੂ ਦੇ ਸ਼ਬਦਾਂ ਦਾ ਭਉ ਸਾਡੇ ਅੰਦਰ ਨਹੀਂ ਹੈ ਭਾਵ ਗੁਰੂ ਦੇ ਬਚਨਾਂ ਦਾ ਭਉ ਸਾਡੇ ਅੰਦਰ ਨਹੀਂ ਹੈ। ਗੁਰੂ ਦੇ ਬਚਨਾਂ ਦਾ ਭਉ ਆਪਣੇ ਅੰਦਰ ਸੰਭਾਲ ਕੇ ਰੱਖਣਾ ਹੀ ਅਸਲ ਵਿੱਚ ਨਾਮ ਦੀ ਸੰਭਾਲ ਕਰਨਾ ਹੈ ਤੇ ਮਨ ਦੇ ਵਿੱਚ ਇਹੋ ਜਿਹੇ ਭਉ ਦੁਆਰਾ ਹੀ ਗੁਰੂ ਦੀ ਸੇਵਾ ਵਿੱਚ ਜੁੜ ਸਕਦੇ ਹਾਂ। ਜਿਸਦੇ ਅਸੀਂ ਬਚਨ ਮੰਨਦੇ ਹਾਂ ਅਸਲ ਵਿੱਚ ਉਸੇ ਦੀ ਹੀ ਅਸੀਂ ਸੇਵਾ ਕਰਦੇ ਹਾਂ। ਜਿੰਨ੍ਹਾਂ ਕੋਲੋਂ ਅਸੀਂ ਭਗਤੀ ਸਿੱਖੀ ਹੈ, ਜਿੰਨ੍ਹਾਂ ਦੇ ਅਸੀਂ ਬਚਨ ਮੰਨੇ ਹੋਏ ਹਨ ਅਸਲ ਵਿੱਚ ਅਸੀਂ ਉਨ੍ਹਾਂ ਦੀ ਸੇਵਾ ਹੀ ਕਰ ਰਹੇ ਹਾਂ ਉਨ੍ਹਾਂ ਦੇ ਬਚਨਾਂ ਨੂੰ ਹੀ ਉੱਚਾ ਕਰ ਰਹੇ ਹਾਂ ਤੇ ਅਸੀਂ ਉਨ੍ਹਾਂ ਦੇ ਬਚਨਾਂ ਤੇ ਚੱਲਣ ਦਾ ਭਉ ਕਬੂਲ ਕੀਤਾ ਹੋਇਆ ਹੈ। ਇਸ ਭਉ ਵਿੱਚੋਂ ਨਿਕਲਣਾ ਸਾਡੇ ਸਭ ਲਈ ਬਹੁਤ ਬਹੁਤ ਜਰੂਰੀ ਹੈ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰੂ ਪ੍ਰਮਾਤਮਾ ਦੇ ਭਉ ਵਿੱਚ ਨਹੀਂ ਆ ਸਕਦੇ, ਸੱਚ ਦੇ ਭਉ ਵਿੱਚ ਨਹੀਂ ਆ ਸਕਦੇ, ਨਾਮ ਦੇ ਭਉ ਵਿੱਚ ਨਹੀਂ ਆ ਸਕਦੇ।

ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਸਮਝਿਆ ਹੈ ਕਿ

21/2289

ਸਾਡੀ ਇਸ ਭੁੱਲ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ। ਜਿੰਨ੍ਹਾਂ ਦਾ ਪ੍ਰਮਾਤਮਾ ਨੇ ਭਰਮ ਕੱਢਿਆ ਹੈ, ਦੁਬਿਧਾ ਕੱਢੀ ਹੈ ਉਨ੍ਹਾਂ ਨੇ ਹੀ ਸਾਨੂੰ ਸੱਚ ਸਮਝਾਇਆ ਹੈ ਪਰ ਅਸੀਂ ਫਿਰ ਵੀ ਸੱਚੀ ਗੱਲ ਨੂੰ ਛੱਡ ਕੇ ਝੂਠਿਆਂ ਦੀ ਗੱਲ ਪਿੱਛੇ ਲੱਗ ਜਾਂਦੇ ਹਾਂ ਜਿਸਦਾ ਕਾਰਨ ਉਨ੍ਹਾਂ ਦੇ ਬਾਹਰੀ ਦਿਖਾਵੇ ਹਨ ਤੇ ਉਹ ਮਨ ਘੜਤ ਗੱਲਾਂ ਹਨ ਜੋ ਸਾਨੂੰ ਲੁਭਾਉਂਦੀਆਂ ਹਨ ਤੇ ਸਾਨੂੰ ਗੁਰੂ ਤੋਂ ਦੂਰ ਹੀ ਕਰਦੀਆਂ ਹਨ। ਉਹ ਆਪਣੀਆਂ ਗੱਲਾਂ ਹੀ ਇਸ ਤਰੀਕੇ ਨਾਲ ਸੁਣਾਉਂਦੇ ਹਨ, ਸਮਝਾਉਂਦੇ ਹਨ ਜਿਸ ਦੁਆਰਾ ਉਹ ਸਾਨੂੰ ਬਹੁਤ ਸਿਆਣੇ ਹੀ ਲੱਗਦੇ ਹਨ ਤੇ ਅਸੀਂ ਉਨ੍ਹਾਂ ਦੇ ਭੁਲਾਵੇਂ ਵਿੱਚ ਆ ਜਾਂਦੇ ਹਾਂ। ਅਸਲ ਵਿੱਚ ਉਨ੍ਹਾਂ ਦੇ ਨਾਲ ਨਾਲ ਅਸੀਂ ਉਨ੍ਹਾਂ ਤੋਂ ਵੀ ਜਿਆਦਾ ਅਗਿਆਨਤਾ ਵਿੱਚ ਹਾਂ ਜਿਸ ਕਰਕੇ ਸਾਨੂੰ ਉਹ ਅਗਿਆਨੀ ਹੀ ਸਿਆਣੇ ਲੱਗਦੇ ਹਨ ਤੇ ਅਸੀਂ ਉਨ੍ਹਾਂ ਨੂੰ ਗੁਰੂ ਵਰਗੇ ਸਿਆਣੇ ਸਮਝ ਬੈਠਦੇ ਹਾਂ ਜੋ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ। ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਇਆਣੇ ਪੰਡਿਤ ਵਿੱਚ ਤੇ ਸਿਆਣੇ ਪੰਡਿਤ ਵਿੱਚ ਕੀ ਫਰਕ ਹੈ ਭਾਵ ਸਿਆਣਪ ਦਿਖਾਉਣ ਵਾਲਿਆ ਵਿੱਚ ਤੇ ਅਸਲ ਸਿਆਣੇ ਵਿੱਚ ਕੀ ਫਰਕ ਹੈ। ਸਾਨੂੰ ਇਨ੍ਹਾਂ ਦੀ ਸਿਆਣਪ ਸਮਝ ਨਹੀਂ ਆ ਸਕਦੀ ਕਿਉਂਕਿ ਅਸੀਂ ਇਨ੍ਹਾਂ ਦੀਆਂ ਗੱਲਾਂ ਨੂੰ ਗੁਰਬਾਣੀ ਦੀ ਅਸਲੀਅਤ ਨਾਲ ਤੋਲ ਕੇ ਨਹੀਂ ਦੇਖਦੇ ਤੇ ਬੱਸ ਇਨ੍ਹਾਂ ਨੂੰ ਉੱਚਾ ਮੰਨ ਕੇ ਹੀ ਇਨ੍ਹਾ ਦੇ ਪਿੱਛੇ ਲੱਗ ਜਾਂਦੇ ਹਾਂ। ਇਹ ਆਪਣੇ ਆਪ ਨੂੰ ਸਿਆਣਾ ਦਿਖਾਉਣ ਲਈ ਅਨੇਕਾਂ ਹੀ ਇਹੋ ਜਿਹੀਆਂ ਗੱਲਾਂ ਕਰਦੇ ਹਨ ਜੋ ਗੁਰਬਾਣੀ ਦੀ ਸਿੱਖਿਆ ਤੇ ਬਿਲਕੁਲ ਵੀ ਨਹੀਂ ਟਿਕਦੀਆਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਅਨੇਕਾਂ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ। ਅਸੀਂ ਇਨ੍ਹਾਂ ਦੀਆਂ ਗੱਲਾਂ ਵਿੱਚ ਕਿਵੇਂ ਆਉਂਦੇ ਹਾਂ ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਃ ੫॥

"ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ॥

ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ॥
ਸਤਿਗੁਰੁ ਸਰਾਫੁ ਨਦਰੀ ਵਿਚਦੋਂ ਕਢੈ ਤਾਂ ਉਘੜਿ ਆਇਆ ਲੋਹਾ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ॥
ਸਤਿਗੁਰੁ ਨਿਰਵੈਰੁ ਪੁਰੁ ਸਰੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ॥੨॥"

(ਅੰਗ ੯੬੦)

ਸਭ ਤੋਂ ਪਹਿਲਾਂ ਤਾਂ ਅਸੀਂ ਇਸ ਗੱਲ ਨੂੰ ਮਨ ਵਿੱਚ ਧਾਰ ਕੇ ਚੱਲੀਏ ਕਿ ਧਾਰਮਿਕ ਵਿਦਵਾਨਾਂ ਦਾ ਭਾਵ ਇਹੋ ਜਿਹੇ ਬਹੁਤੇ ਵਿਦਵਾਨਾਂ ਦਾ ਮਕਸਦ ਸਾਨੂੰ ਜਾਣ ਬੁੱਝ ਕੇ ਉਲਝਾਉਣ ਦਾ ਨਹੀਂ ਹੁੰਦਾ। ਉਹ ਆਪਣੇ ਵੱਲੋਂ ਸਾਨੂੰ ਧਰਮ ਦੀ ਗੱਲ ਹੀ ਸਿਖਾਉਂਦੇ ਹਨ, ਸਾਨੂੰ ਧਰਮ ਦੇ ਨਾਲ ਜੋੜਨ ਦੀ ਗੱਲ ਹੀ ਕਰਦੇ ਹਨ ਪਰ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਇਹੋ ਜਿਹੇ ਵੀ ਵਿੱਚ ਹੁੰਦੇ ਹਨ ਜੋ ਆਪਣੀ ਝੂਠੀ ਸ਼ੋਭਾ ਲਈ ਆਪਣੇ ਆਪ ਨੂੰ ਵਿਦਵਾਨ ਦਿਖਾਉਂਦੇ ਹਨ ਤੇ ਦੁਨੀਆਂ ਦੀ ਅਗਿਆਨਤਾ ਦਾ ਫਾਇਦਾ ਚੁੱਕਦੇ ਹਨ। ਬਾਣੀ ਰਾਹੀਂ ਸਾਨੂੰ ਇਹੋ ਜਿਹਿਆਂ ਦੀ ਬਿਰਤੀ ਹੀ ਸਮਝਾਈ ਹੁੰਦੀ ਹੈ ਤਾਂ ਜੋ ਅਸੀਂ ਉਨ੍ਹਾਂ ਤੋਂ ਸੁਚੇਤ ਰਹੀਏ। ਬਜਾਇ ਇਸ ਦੇ ਕਿ ਅਸੀਂ ਇਸ ਗੱਲ ਦੀ ਪਹਿਚਾਣ ਕਰੀਏ ਕਿ ਕੌਣ

ਗਲਤ ਹੈ ਤੇ ਕੌਣ ਠੀਕ ਹੈ ਸਾਡੇ ਲਈ ਸਭ ਤੋਂ ਚੰਗਾ ਇਹੀ ਹੈ ਕਿ ਅਸੀਂ ਕੇਵਲ ਗੁਰੂ ਦੇ ਪਿੱਛੇ ਲੱਗੀਏ ਜੋ ਕਦੇ ਗਲਤ ਨਹੀਂ ਹੋ ਸਕਦਾ।

"ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ॥"

"ਬਹੁਤੀ ਰਾਹੀ" ਤੋਂ ਭਾਵ ਹੈ ਅਨੇਕਾਂ ਤਰੀਕਿਆਂ ਨਾਲ। ਆਪਣੇ ਆਪ ਨੂੰ ਧਰਮ ਦਾ ਵਿਦਵਾਨ ਦਿਖਾਉਣ ਦੇ ਲਈ ਇਹੋ ਜਿਹੇ ਮਨੁੱਖ ਅਨੇਕਾਂ ਹੀ ਤਰੀਕੇ ਅਪਣਾਉਂਦੇ ਹਨ। ਉਹ ਆਪਣੀਆਂ ਗੱਲਾਂ ਦੁਆਰਾ, ਆਪਣੇ ਵਖਿਆਨਾਂ ਦੁਆਰਾ ਇਸ ਤਰੀਕੇ ਨਾਲ ਸਮਝਾਉਂਦੇ ਹਨ ਜਿਵੇਂ ਕਿ ਉਹ ਗੁਰੂ ਵਰਗੇ ਸਿਆਣੇ ਹੁੰਦੇ ਹਨ। ਅਸੀਂ ਰੋਜ਼ ਅਨੇਕਾਂ ਦੀ ਵਿਆਖਿਆ ਸੁਣਦੇ ਹਾਂ, ਭਗਤੀ ਦੇ ਤਰੀਕੇ ਸੁਣਦੇ ਹਾਂ, ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਸੁਣਦੇ ਹਾਂ ਤੇ ਜਿਹੋ ਜਿਹੀ ਕੋਈ ਧਾਰਮਿਕ ਆਸਥਾ ਦੇ ਨਾਲ ਜੁੜਿਆ ਹੁੰਦਾ ਹੈ ਉਹ ਸਾਨੂੰ ਉਹੋ ਜਿਹੀ ਵਿਚਾਰਧਾਰਾ ਦੇ ਨਾਲ ਹੀ ਜੋੜਦਾ ਹੈ। ਗੁਰਬਾਣੀ ਸਾਨੂੰ ਕੀ ਸਮਝਾਉਂਦੀ ਹੈ, ਸਿਖਾਉਂਦੀ ਹੈ ਇਹ ਸੁਣਾਉਣ ਵਾਲੇ ਵੀ ਅਨੇਕਾਂ ਹਨ। ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦਾ ਭਾਵ ਕੀ ਹੈ, ਅੰਦਰੂਨੀ ਭਾਵ ਕੀ ਹੈ ਇਸਨੂੰ ਹਰ ਕੋਈ ਆਪਣੇ ਆਪਣੇ ਤਰੀਕੇ ਨਾਲ ਸਮਝਾਉਂਦਾ ਹੈ। ਇਹੋ ਜਿਹੇ ਜਿਆਦਾਤਰ ਸਮਝਾਉਣ ਵਾਲੇ ਕਿਸੇ ਨਾ ਕਿਸੇ ਸਿਰਮੌਰ ਦੀ ਵਿਚਾਰਧਾਰਾ ਨਾਲ ਹੀ ਜੁੜੇ ਹੁੰਦੇ ਹਨ ਜਿੱਥੋਂ ਇਨ੍ਹਾਂ ਨੇ ਨਾਮ ਜਪਣਾ ਸਿੱਖਿਆ ਹੋਇਆ ਹੈ। ਗੁਰਬਾਣੀ ਰਾਹੀਂ ਸਾਨੂੰ ਜਿਹੋ ਜਿਹਾ ਨਾਮ ਜਪਣਾ ਸਿਖਾਇਆ ਹੈ ਉਸਨੂੰ ਸਮਝਣਾ ਔਖਾ ਜਰੂਰ ਹੈ ਪਰ ਇਤਨੀ ਗੱਲ ਸਾਨੂੰ ਵਾਰ ਵਾਰ ਸਪੱਸ਼ਟ ਕਰਕੇ ਸਮਝਾਈ ਹੋਈ ਹੈ ਕਿ ਸੱਚ ਤੇ ਚੱਲਣਾ ਹੀ ਨਾਮ ਜਪਣਾ ਹੈ, ਔਗੁਣ ਛੱਡ ਕੇ ਵਿਚਰਨਾ ਹੀ ਨਾਮ ਜਪਣਾ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਵਾਰ ਵਾਰ ਸਮਝਦੇ ਆਏ ਹਾਂ। ਫਿਰ ਵੀ ਇਹੋ ਜਿਹੇ ਵਿਦਵਾਨ ਅਖਵਾਉਣ ਵਾਲੇ ਕਿਸੇ

ਅੱਖਰ ਦੇ ਜਪ ਨੂੰ ਹੀ ਨਾਮ ਜਪਣਾ ਸਿਖਾਉਂਦੇ ਹਨ ਤੇ ਆਪ ਵੀ ਉਹੋ ਕੁੱਝ ਕਰਦੇ ਹਨ। ਭਾਵੇਂ ਸਾਨੂੰ ਵਾਰ ਵਾਰ ਇਹੋ ਗੱਲ ਸਮਝਾਈ ਗਈ ਹੈ ਕਿ ਕਿਸੇ ਅੱਖਰ ਦੇ ਜਪ ਨਾਲ ਕੋਈ ਭਗਤੀ ਨਹੀਂ ਹੁੰਦੀ ਪਰ ਇਹ ਵਿਦਵਾਨ ਅਖਵਾਉਣ ਵਾਲੇ ਸਾਨੂੰ ਅਨੇਕਾਂ ਇਹੋ ਜਿਹੀਆਂ ਉਦਾਹਰਨਾਂ ਦਿੰਦੇ ਹਨ, ਮਨ ਘੜਤ ਉਦਾਹਰਨਾਂ ਦਿੰਦੇ ਹਨ ਕਿ ਇੱਕ ਅੱਖਰ ਦਾ ਜਪ ਕਰਨਾ ਹੀ ਨਾਮ ਜਪਣਾ ਹੈ। ਇਸੇ ਤਰੀਕੇ ਇਹ ਸਾਨੂੰ ਅਨੇਕਾਂ ਹੀ ਉਲਝਣਾਂ ਵਿੱਚ ਪਾਉਂਦੇ ਹਨ ਤੇ ਆਪਣੀ ਗੱਲ ਨੂੰ ਬਿਲਕੁਲ ਸੱਚੀ ਕਹਿ ਕੇ ਸਮਝਾਉਂਦੇ ਹਨ। ਪੂਰੀ ਗੁਰਬਾਣੀ ਵਿੱਚ ਕਿਤੇ ਨਹੀਂ ਲਿਖਿਆ ਕਿ ਮਨੁੱਖੀ ਸੰਗਤ ਸਾਧਸੰਗਤਿ ਹੈ ਪਰ ਇਹ ਲੋਕ ਸਾਨੂੰ ਮਨ ਘੜੰਤ ਉਦਾਹਰਨਾਂ ਦੇ ਕੇ ਮਨੁੱਖੀ ਸੰਗਤ ਨੂੰ ਹੀ ਸਾਧਸੰਗਤਿ ਸਮਝਾਉਂਦੇ ਹਨ। ਗੁਰਬਾਣੀ ਰਾਹੀਂ ਸਾਨੂੰ ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਭਗਤੀ ਕਰਨ ਦਾ ਤਰੀਕਾ ਨਹੀਂ ਸਮਝਾਇਆ ਪਰ ਇਹੋ ਜਿਹੇ ਵਿਦਵਾਨ ਅਖਵਾਉਣ ਵਾਲੇ ਸਾਨੂੰ ਕਿਸੇ ਖਾਸ ਵੇਲੇ ਦੇ ਨਾਲ ਹੀ ਜੋੜਦੇ ਹਨ ਤੇ ਉਸੇ ਨੂੰ ਉੱਚਾ ਮੰਨ ਕੇ ਉਸਦੇ

21/2291

ਨਾਲ ਜੁੜਨ ਲਈ ਸਮਝਾਉਂਦੇ ਹਨ, ਉਸਨੂੰ ਅੰਮ੍ਰਿਤ ਵੇਲਾ ਕਹਿ ਕੇ ਸਮਝਾਉਂਦੇ ਹਨ। ਸਾਨੂੰ ਭਾਵੇਂ ਸਰੀਰਕ ਜਪਾਂ ਤਪਾਂ ਤੋਂ ਵਾਰ-ਵਾਰ ਮਨ੍ਹਾਂ ਕੀਤਾ ਹੈ ਪਰ ਇਹ ਲੋਕ ਸਾਨੂੰ ਇਹੋ ਜਿਹੇ ਜਪਾਂ ਤਪਾਂ ਦੇ ਨਾਲ ਹੀ ਜੋੜਦੇ ਹਨ ਤੇ ਆਪਣੀ ਗੱਲ ਨੂੰ ਸੱਚੀ ਸਾਬਿਤ ਕਰਨ ਲਈ ਅਨੇਕਾਂ ਹੀ ਮਨ ਘੜਤ ਉਦਾਹਰਣਾ ਦਿੰਦੇ ਹਨ।ਇੱਥੋਂ ਤੱਕ ਵੀ ਗੁੰਮਰਾਹ ਕਰਦੇ ਹਨ ਕਿ ਗੁਰੂ ਸਾਹਿਬਾਨ ਦਾ ਨਾਮ ਵੀ ਸਰੀਰਕ ਜਪਾਂ ਤਪਾਂ ਦੇ ਨਾਲ ਜੋੜਦੇ ਹਨ ਤੇ ਆਪਣੇ ਆਪ ਹੀ ਮਨਘੜਤ ਉਦਾਹਰਣਾ ਦੇਈ ਜਾਂਦੇ ਹਨ॥ ਆਪਣੇ ਆਪ ਨੂੰ ਸੱਚਾ ਸਾਬਿਤ ਕਰਨ ਲਈ ਇਹ ਅਨੇਕਾਂ ਹੀ ਇਹੋ ਜਿਹੇ ਤਰੀਕੇ ਅਪਣਾਉਂਦੇ ਹਨ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ, ਵਿਦਵਾਨ ਅਖਵਾਉਂਦੇ ਹਨ। **(ਪੰਡਿਤੁ ਆਖਾਏ ਬਹੁਤੀ ਰਾਹੀ)** "ਕੋਰੜ" ਤੋਂ ਭਾਵ ਹੈ "ਕੁੜਕੂ" ਜੋ ਦਾਲ ਦੇ ਵਿੱਚ ਦਾਲ ਵਰਗੀ ਦਿੱਸ ਵਿੱਚ ਹੀ ਹੁੰਦੇ ਹਨ ਭਾਵ ਦਾਲ ਵਰਗਾ ਹੀ ਦਿੱਸਦੇ ਹਨ। ਮੋਠ ਤੋਂ ਭਾਵ ਹੈ ਦਾਲ। ਕੋਰੜ ਭਾਵੇਂ ਸਾਨੂੰ ਦਾਲ ਵਰਗੇ ਦਿੱਸਦੇ ਹਨ ਪਰ ਉਨ੍ਹਾਂ ਨੂੰ ਖਾਇਆ ਨਹੀਂ ਜਾ ਸਕਦਾ। "ਮੋਠ" ਅਸਲ ਚੀਜ਼ ਹੈ ਜਿਸਦੇ ਵਿੱਚ ਸੱਚ ਹੈ, ਅਸਲੀਅਤ ਹੈ ਜੋ ਸਾਡਾ ਭੋਜਨ ਹੈ। "ਕੋਰੜ" ਦਾਲ ਦਾ ਝੂਠਾ ਰੂਪ ਹੈ ਜਿਸਨੂੰ ਖਾਇਆ ਨਹੀਂ ਜਾ ਸਕਦਾ। ਪਰ ਜਦੋਂ ਇਹ ਕੋਰੜ ਦਾਲ ਦੇ ਵਿੱਚ ਰਲੇ ਹੁੰਦੇ ਹਨ ਸਾਨੂੰ ਇਨ੍ਹਾਂ ਦੀ ਪਹਿਚਾਣ ਨਹੀਂ ਹੁੰਦੀ ਕਿਉਂਕਿ ਇਹ ਦਾਲ ਵਰਗਾ ਹੀ ਦਿੱਸਦੇ ਹਨ। ਇਸੇ ਤਰ੍ਹਾਂ ਆਪਣੇ ਆਪ ਨੂੰ ਵਿਦਵਾਨ ਅਖਵਾਉਣ ਵਾਲੇ ਭਾਵੇਂ ਉਨ੍ਹਾਂ ਦੇ ਅੰਦਰ ਅਸਲੀਅਤ ਨਹੀਂ ਹੁੰਦੀ, ਉਨ੍ਹਾਂ ਨੂੰ ਸੱਚੀ ਸੋਝੀ ਨਹੀਂ ਹੁੰਦੀ ਪਰ ਅਸੀਂ ਉਨ੍ਹਾਂ ਨੂੰ ਭੁਲੇਖੇ ਵਿੱਚ ਗੁਰੂ ਵਰਗੇ ਸਿਆਣੇ ਸਮਝਦੇ ਹਾਂ, ਇੱਕ ਕੋਰੜੂ, ਮੋਠ ਸਮਝਣ ਦਾ ਭੁਲੇਖਾ ਕਰਦੇ ਹਾਂ ਭਾਵ ਜੋ ਅਸਲ ਵਿੱਚ ਵਿਦਵਾਨ ਨਹੀਂ ਹਨ ਉਨ੍ਹਾਂ ਨੂੰ ਅਸੀਂ ਗੁਰੂ ਦੀ ਸੱਚੀ ਗੱਲ ਸਮਝਾਉਣ ਵਾਲੇ ਸਮਝਿਆ ਹੋਇਆ ਹੈ, ਗੁਰੂ ਵਰਗੇ ਸਿਆਣੇ ਸਮਝਿਆ ਹੋਇਆ ਹੈ ਭਾਵ ਅਸੀਂ ਭਰਮ ਵਿੱਚ ਹਾਂ। **(ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥)** ਉਹ ਵਿਦਵਾਨ ਅਖਵਾਉਣ ਵਾਲੇ ਆਪ ਵੀ ਭਰਮ ਵਿੱਚ ਹੀ ਇਹ ਸਭ ਕੁੱਝ ਕਹਿੰਦੇ ਹਨ, ਆਪਣੇ ਆਪ ਨੂੰ ਉੱਚਾ ਸਮਝਦੇ ਹਨ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ॥"

ਇਹੋ ਜਿਹੀ ਸਾਨੂੰ ਧਰਮ ਦੀ ਸਿੱਖਿਆ ਦੇਣ ਵਾਲੇ ਜੋ ਕੁੱਝ ਸਾਨੂੰ ਸਮਝਾਉਂਦੇ ਹਨ ਉਹ ਸਾਨੂੰ ਕਥਨੀ ਦੇ ਨਾਲ ਹੀ ਜੋੜਦੇ ਹਨ, ਸਰੀਰਕ ਜਪਾਂ ਤਪਾਂ ਦੇ ਨਾਲ ਜੋੜਦੇ ਹਨ, ਕਿਸੇ ਖਾਸ ਵੇਲੇ ਦੀ ਸੰਭਾਲ ਦੇ ਨਾਲ ਜੋੜਦੇ ਹਨ, ਗਿਣਤੀਆਂ ਮਿਣਤੀਆਂ ਦੇ ਨਾਲ ਜੋੜਦੇ ਹਨ, ਕਿਸੇ ਅੱਖਰ ਦੇ ਜਪ ਨਾਲ ਹੀ ਜੋੜਦੇ ਹਨ ਪਰ ਭਗਤੀ ਦਾ ਜੋ ਅਸਲ ਭਾਵ ਹੈ ਉਸਨੂੰ ਨਾ ਇਹ ਆਪ ਸਮਝਦੇ ਹਨ ਤੇ ਨਾ ਹੀ ਕਿਸੇ ਨੂੰ ਅਸਲ ਭਗਤੀ ਸਮਝਾਉਂਦੇ ਹਨ। ਭਗਤੀ ਦਾ ਮਾਰਗ ਕੀ ਹੈ ਇਸ ਗੱਲ ਨੂੰ ਅਸੀਂ ਹਰ ਸ਼ਬਦ ਰਾਹੀਂ ਬਰੀਕੀ

21/2292

ਦੇ ਨਾਲ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ ਮਾਇਆ ਮੋਹ ਵਿੱਚ ਰਹਿੰਦਿਆਂ, ਤ੍ਰਿਸ਼ਨਾ ਦੇ ਵਿੱਚ ਰਹਿੰਦਿਆਂ ਨਹੀਂ ਹੋ ਸਕਦੀ ਤੇ ਭਗਤੀ ਕੇਵਲ ਔਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਵਿਚਰ ਕੇ ਹੀ ਹੁੰਦੀ ਹੈ। ਸਾਨੂੰ ਇਹ ਭਗਤੀ ਸਿਖਾਉਣ ਵਾਲੇ ਕੇਵਲ ਅੱਖਰ ਦੇ ਜਪ ਨੂੰ ਕਰੀ ਜਾਣ ਨਾਲ ਹੀ, ਸ਼ਬਦਾਂ ਨੂੰ ਰਟੀ ਜਾਣ ਨਾਲ ਹੀ ਆਪਣੇ ਆਪ ਨੂੰ ਗੁਣੀ ਬਣਨਾ ਸਮਝਦੇ ਹਨ ਤੇ ਇਹੋ ਗੁਣ ਹੀ ਸਾਨੂੰ ਸਮਝਾਉਂਦੇ ਹਨ ਤੇ ਔਗੁਣ ਛੱਡਣ ਨੂੰ ਕੇਵਲ ਪ੍ਰਹੇਜ਼ ਮਾਤਰ ਹੀ ਸਮਝਾਉਂਦੇ ਹਨ ਭਾਵ ਉਨ੍ਹਾਂ ਦੀ ਕੋਈ

ਅਹਿਮੀਅਤ ਨਹੀਂ ਸਮਝਦੇ। ਇੱਕ ਅੱਖਰ ਨੂੰ ਰਟੀ ਜਾਣਾ ਹੀ ਇਹ ਸੱਚ ਸਮਝਦੇ ਹਨ, ਨਾਮ ਜਪਣਾ ਸਮਝਦੇ ਹਨ ਤੇ ਦੂਸਰਿਆਂ ਨੂੰ ਸਮਝਾਉਂਦੇ ਹਨ। ਸੱਚ ਦੁਆਰਾ ਚੱਲਣ ਨੂੰ ਭਾਵ ਝੂਠ ਨੂੰ ਛੱਡ ਕੇ ਸੱਚ ਨੂੰ ਅਪਣਾਉਣ ਨੂੰ ਇਹ ਸੱਚ ਨਹੀਂ ਸਮਝਦੇ ਹਨ। ਕਰਨੀ ਦੀ ਬਜਾਇ ਇਹ ਕਥਨੀ ਨੂੰ ਹੀ ਸੱਚ ਸਮਝਦੇ ਹਨ। ਚੰਗੇ ਕਰਮ ਕਰਨ ਦੀ ਬਜਾਇ ਇਹ ਕਥਨੀ ਨੂੰ ਹੀ ਸੱਚ ਸਮਝਦੇ ਹਨ। ਚੰਗੇ ਕਰਮ ਦੀ ਬਜਾਇ ਇੱਕ ਕਥਨੀ ਨੂੰ ਹੀ ਚੰਗਾ ਕਰਮ ਸਮਝਦੇ ਹਨ, ਕਿਸੇ ਖਾਸ ਵੇਲੇ ਦੀ ਸੰਭਾਲ ਨੂੰ ਚੰਗਾ ਕਰਮ ਸਮਝਦੇ ਹਨ। ਇਸੇ ਤਰ੍ਹਾਂ ਇਹ ਅਨੇਕਾਂ ਹੀ ਅਨੇਕਾਂ ਤਰੀਕਿਆਂ ਨਾਲ ਸਾਨੂੰ ਉਹੋ ਜਿਹੀ ਭਗਤੀ ਸਮਝਾਉਂਦੇ ਹਨ ਜੋ ਗੁਰਮਤਿ ਤੇ ਪੂਰੀ ਨਹੀਂ ਉਤਰਦੀ। ਅਸਲ ਭਗਤੀ ਜੋ ਮਾਇਆ ਮੋਹ ਵਿੱਚੋਂ ਨਿਕਲਣ ਦੀ ਹੈ ਉਸ ਵਿੱਚ ਇਹ ਆਪ ਹੀ ਗਲਤਾਨ ਹਨ, ਮਾਨ-ਅਭਿਮਾਨ ਵਿੱਚ ਗਲਤਾਨ ਹਨ ਤੇ ਇਸੇ ਲਈ ਇਹ ਦੂਸਰਿਆ ਨੂੰ ਮਾਇਆਂ ਮੋਹ ਛੱਡਣਾ ਕੀ ਸਮਝਾ ਸਕਦੇ ਹਨ। ਇਹ ਆਪ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮ ਵਿੱਚ ਹੀ ਪਾਉਂਦੇ ਹਨ। ਮਾਇਆ ਮੋਹ ਵਿੱਚ ਰਹਿੰਦਿਆਂ ਕਿਸੇ ਨੂੰ ਵੀ ਜੀਵਨ ਵਿੱਚ ਟਿਕਾਉ ਨਹੀਂ ਮਿਲ ਸਕਦਾ ਭਾਵ ਅਸਲ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪ੍ਰਾਪਤੀ ਸਾਨੂੰ ਮਨ ਦੇ ਟਿਕਾਓ ਦੁਆਰਾ ਹੀ ਹੋਣੀ ਹੈ, ਮਨ ਦੇ ਵਿੱਚੋਂ ਭਰਮ ਦੇ ਨਿਕਲਣ ਦੁਆਰਾ ਹੀ ਹੋਣੀ ਹੈ ਕਿ ਮਾਇਆ ਮੋਹ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੈ। **(ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ॥)** ਮਾਇਆ ਮੋਹ ਸਭ ਦੇ ਅੰਦਰ ਹੈ, ਭਰਮ ਸਭ ਦੇ ਅੰਦਰ ਹੈ ਤੇ ਇਸ ਵਿੱਚੋਂ ਨਿਕਲਣ ਦਾ ਉਪਰਾਲਾ ਹੀ ਸਾਡਾ ਸੱਚਾ ਉੱਦਮ ਹੈ ਪਰ ਅਸੀਂ ਇਹ ਸੱਚਾ ਉੱਦਮ ਨਹੀਂ ਕਰਦੇ, ਸਾਨੂੰ ਭਗਤੀ ਸਮਝਾਉਣ ਵਾਲੇ ਪੰਡਿਤ ਵੀ ਇਹ ਉੱਦਮ ਨਹੀਂ ਕਰਦੇ ਤੇ ਸੰਸਾਰ ਵਿੱਚ ਜਿਹੋ ਜਿਹੀ ਕੂੜੀ ਮਤਿ ਦੁਆਰਾ ਅਸੀਂ ਆਉਂਦੇ ਹਾਂ ਉਸੇ ਕੂੜੀ ਮਤਿ ਦੁਆਰਾ ਅਸੀਂ ਇਸ ਸੰਸਾਰ ਵਿੱਚੋਂ ਕੂੜ ਕਮਾ ਕੇ ਹੀ ਇੱਥੋਂ ਚਲੇ ਜਾਂਦੇ ਹਾਂ ਭਾਵ ਮਨ ਦੇ ਭਰਮ ਕਰਕੇ ਅਸੀਂ ਆਪਣੇ ਅਸਲੀ ਆਵਾਗਉਣ ਨੂੰ ਨਹੀਂ ਸਮਝ ਸਕਦੇ ਭਾਵ ਆਪਣਾ ਜੀਵਨ ਵਿਅਰਥ ਕਰ ਜਾਂਦੇ ਹਾਂ। **(ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ॥)**

ਜਿੰਨ੍ਹਾਂ ਨੂੰ ਆਪਣੇ ਵਿਦਵਾਨ ਅਖਵਾਉਣ ਦਾ ਮਾਣ ਮਿਲਣਾ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਨੂੰ ਫਿਰ ਕੋਈ ਗੱਲ ਸਮਝਾਉਣੀ ਚਾਹੇ ਤਾਂ ਉਹ ਸੁਣ ਕੇ ਰਾਜ਼ੀ ਨਹੀਂ

21/2293

ਹੁੰਦੇ ਭਾਵ ਉਹ ਕਦੇ ਇਹ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥"

ਇਹੋ ਜਿਹੇ ਵਿਦਵਾਨ ਅਖਵਾਉਣ ਵਾਲੇ ਇਹ ਕਦੇ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ। ਇਹ ਉਨ੍ਹਾਂ ਦੇ ਅੰਦਰ ਝੂਠੇ ਮਾਣ ਦੀ ਨਿਸ਼ਾਨੀ ਹੈ ਕਿਉਂਕਿ ਉਨ੍ਹਾਂ ਨੂੰ ਗਲਤ ਕਹਿਣ ਨਾਲ ਉਨ੍ਹਾਂ ਦੇ ਮਾਣ ਨੂੰ ਠੇਸ ਪਹੁੰਚਦੀ ਹੈ। ਕਿਸੇ ਸੰਤ ਅਖਵਾਉਣ ਵਾਲੇ ਨੂੰ ਇਹ ਕਹਿ ਕੇ ਦੇਖੋ ਕਿ ਗੁਰਬਾਣੀ ਵਿੱਚ ਗੁਰੂ ਨੂੰ ਹੀ ਸੰਤ ਕਿਹਾ ਹੈ ਤੇ ਉਨ੍ਹਾਂ ਦਾ ਸੰਤ ਅਖਵਾਉਣਾ ਚੰਗੀ ਗੱਲ ਨਹੀਂ ਹੈ ਭਾਵ ਸੱਚ ਨਹੀਂ ਹੈ ਤੇ ਫਿਰ ਉਨ੍ਹਾਂ ਦਾ ਅੱਗੋਂ ਕੀ ਜਵਾਬ ਮਿਲਦਾ ਹੈ ਇਹ ਕੋਈ ਵੀ ਅਜਮਾ ਕੇ ਦੇਖ ਸਕਦਾ ਹੈ। ਗੁਰਬਾਣੀ ਨੂੰ ਸਮਝਣ ਵਿੱਚ ਇਹੋ ਜਿਹੇ ਵਿਦਵਾਨਾਂ ਨੇ, ਹੋਰ ਵਿਦਵਾਨ ਅਖਵਾਉਣ ਵਾਲਿਆਂ ਨੇ ਅਨੇਕਾਂ ਹੀ ਅਨੇਕਾਂ ਭੁੱਲਾਂ ਕੀਤੀਆਂ ਹੋਈਆਂ ਹਨ ਪਰ ਕਿਸੇ ਨੂੰ ਭੁੱਲਿਆ ਹੋਇਆ ਕਹਿ ਕੇ ਦੇਖੋ ਤੇ ਜਵਾਬ ਆਪੇ ਹੀ ਮਿਲ ਜਾਵੇਗਾ ਜੋ ਕਿ ਉੱਪਰ ਦਿੱਤੀ ਪੰਗਤੀ ਅਨੁਸਾਰ ਹੀ ਹੁੰਦਾ ਹੈ। ਹੇਠ ਦਿੱਤੀ ਹੋਈ ਇੱਕ ਪੰਗਤੀ ਨੂੰ ਸਮਝੋ।

{ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥}

(ਅੰਗ ੩੬੧)

ਬੜੇ ਸਿੱਧੇ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਸੱਚੀ ਬਾਣੀ ਦੁਆਰਾ ਭਾਵ ਗੁਰਬਾਣੀ ਦੁਆਰਾ ਅਸੀਂ ਆਪਣੇ ਆਪ ਨੂੰ ਸੁੱਚਾ ਬਣਾਈਏ, ਗੁਣਾਂ ਦੁਆਰਾ ਸੁੱਚਾ ਬਣਾਈਏ। ਮੈਲੇ ਅਸੀਂ ਔਗੁਣਾਂ ਦੁਆਰਾ ਹੀ ਹੁੰਦੇ ਹਾਂ ਤੇ ਸੁੱਚੇ ਅਸੀਂ ਔਗੁਣਾਂ ਨੂੰ ਛੱਡ ਕੇ ਹੀ ਬਣ ਸਕਦੇ ਹਾਂ। ਇਸ ਤਰੀਕੇ ਸੁੱਚੇ ਹੋ ਕੇ, ਗੁਣੀ ਬਣ ਕੇ "ਨਾਮੁ" ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਪਰ ਇਹੋ ਜਿਹੇ ਵਿਦਵਾਨ ਸਭ ਨੂੰ ਇਹ ਸਮਝਾਉਂਦੇ ਹਨ ਕਿ ਇੱਕ ਅੱਖਰ ਨੂੰ ਜਪੀ ਜਾਣਾ ਨਾਮ ਜਪਣਾ ਹੈ ਭਾਵ ਨਾਮ ਦੀ ਪ੍ਰਾਪਤੀ ਕੀ ਹੈ ਉਸਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਤੇ ਉਲਟਾ ਇਹ ਕਹਿ ਦਿੰਦੇ ਹਨ ਕਿ ਇੱਕ ਅੱਖਰ

ਨੂੰ ਜਪੀ ਜਾਣ ਨਾਲ ਗੁਣ ਆਪੇ ਹੀ ਆ ਜਾਂਦੇ ਹਨ, ਔਗੁਣ ਆਪੇ ਹੀ ਨਿਕਲ ਜਾਂਦੇ ਹਨ ਭਾਵ ਉਨ੍ਹਾਂ ਨੂੰ ਛੱਡਣ ਦੀ ਲੋੜ ਨਹੀਂ ਹੈ। ਇਹ ਗੁਰਬਾਣੀ ਤੋਂ ਬਿਲਕੁਲ ਉਲਟ ਮਤਿ ਸਮਝਾਉਂਦੇ ਹਨ ਪਰ ਇਨ੍ਹਾਂ ਨੂੰ ਕੋਈ ਸਮਝਾ ਕੇ ਦੇਖੇ ਤੇ ਜਵਾਬ ਉਹੀ ਮਿਲੇਗਾ ਉਸੇ ਤਰੀਕੇ ਵਿੱਚ ਮਿਲੇਗਾ ਜਿਵੇਂ ਕਿ ਉੱਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਇਨ੍ਹਾਂ ਦੇ ਅੰਦਰ ਮਾਣ ਇਤਨਾ ਪ੍ਰਬਲ ਹੋ ਜਾਂਦਾ ਹੈ ਜਿਸਨੂੰ ਛੱਡਣਾ ਬਹੁਤ ਔਖਾ ਹੈ, ਮਾਇਆ ਛੱਡਣ ਤੋਂ ਵੀ ਔਖਾ ਹੈ। ਇਹ ਸਾਡੇ ਅੰਦਰ ਦੀ ਹਉਮੈ ਹੈ, "ਮੈਂ" ਹੈ ਜੋ ਸਾਨੂੰ ਸੱਚ ਤੋਂ ਦੂਰ ਰੱਖਦੀ ਹੈ, "ਨਾਮੁ" ਤੋਂ ਦੂਰ ਰੱਖਦੀ ਹੈ। ਜਿਹੋ ਜਿਹੀ ਭਗਤੀ ਕਰਨ ਦੇ ਤਰੀਕੇ ਅਸੀਂ ਸਮਝੇ ਹੋਏ ਹਨ ਉਹ ਅਸਲ ਵਿੱਚ ਸਾਡੀ "ਮੈਂ" ਹੀ ਵਧਾਉਂਦੇ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **(ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥)**

ਜਿਵੇਂ ਕਿ ਅਸੀਂ ਸਮਝਦੇ ਆ ਰਹੇ ਹਾਂ ਸਾਡੇ ਅੰਦਰ ਇਹੋ ਜਿਹੀ ਅਵੱਸਥਾ ਦਾ ਕਾਰਨ ਸਾਡੇ

ਅੰਦਰ ਦੀ ਮਾੜੀ ਸੋਝੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਮਾਇਆ ਮੋਹ ਵਾਲੀ ਅਵੱਸਥਾ ਹੈ ਜਿਸ ਦੇ ਰਹਿੰਦਿਆਂ ਸਾਨੂੰ ਸੱਚ ਦੀ ਸਮਝ ਹੀ ਨਹੀਂ ਪੈਂਦੀ, ਸਾਡੇ ਸਾਹਮਣੇ ਭਾਵੇਂ ਸੱਚ ਨਜ਼ਰ ਆ ਰਿਹਾ ਹੈ ਪਰ ਫਿਰ ਵੀ ਸਾਡੇ ਕੋਲੋਂ ਮੰਨਿਆ ਨਹੀਂ ਜਾਂਦਾ, ਸਾਡੀ ਹਉਮੈ ਸਾਨੂੰ ਮੰਨਣ ਨਹੀਂ ਦਿੰਦੀ। **(ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ॥)**

ਆਪਣੇ ਆਪ ਨੂੰ ਉੱਚਾ ਥਾਪ ਕੇ ਅਨੇਕਾਂ ਇਹੋ ਜਿਹੇ ਵੀ ਹੁੰਦੇ ਹਨ, ਜੋ ਆਪਣੇ ਰੁਤਬੇ ਦਾ ਨਾਜ਼ਾਇਜ਼ ਫਾਇਦਾ ਉਠਾਉਂਦੇ ਹਨ ਤੇ ਮਾਇਆ ਇਕੱਠੀ ਕਰਦੇ ਹਨ, ਧਰਮ ਦਾ ਝੂਠਾ ਪ੍ਰਚਾਰ ਕਰਕੇ, ਲੋਕਾਂ ਨੂੰ ਭਰਮ ਵਿੱਚ ਪਾ ਕੇ ਮਾੜੇ ਕਰਮ ਕਰਦੇ ਹਨ। ਸਮਾਜ ਵਿੱਚ ਇਹੋ ਜਿਹੀਆਂ ਗੱਲਾਂ ਅਕਸਰ ਦੇਖਣ ਨੂੰ ਮਿਲਦੀਆਂ ਹਨ। ਇਹੋ ਜਿਹਿਆਂ ਦਾ ਸਾਥ ਦੇਣ ਵਾਲੇ ਵੀ ਉਹੋ ਜਿਹੇ ਆ ਜਾਂਦੇ ਹਨ ਜਿੰਨ੍ਹਾਂ ਨੂੰ ਇਹ ਸਭ ਕੁੱਝ ਚੰਗਾ ਲੱਗਦਾ ਹੈ ਭਾਵ ਧਰਮ ਦੇ ਨਾਮ ਤੇ ਨਜ਼ਾਇਜ ਫਾਇਦਾ ਉਠਾਉਂਦੇ ਹਨ। ਜਦੋਂ ਗੁਰੂ ਦੇ ਇਨਸਾਫ਼ ਦੇ ਅੱਗੇ, ਸੱਚ ਦੇ ਅੱਗੇ ਇਨ੍ਹਾਂ ਦੀ ਪਰਖ ਹੁੰਦੀ ਹੈ ਤਾਂ ਆਪੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਆਪਣੇ ਆਪ ਨੂੰ "ਸੋਨੇ" ਵਰਗਾ ਦੱਸਣ ਵਾਲੇ "ਲੋਹੇ" ਵਰਗੇ ਹੀ ਹਨ ਭਾਵ ਲੋਕਾਂ ਨੂੰ ਝੂਠੀ ਮਤਿ ਤੇ ਤੋਰਨ ਵਾਲੇ ਹੀ ਹਨ। ਇਨ੍ਹਾਂ ਦੀ ਝੂਠੀ ਮਤਿ ਲੈਣ ਵਾਲਿਆਂ ਦੀ ਕਮੀ ਨਹੀਂ ਹੈ ਕਿਉਂਕਿ ਅਗਿਆਨਤਾ ਵਾਲੀ ਬਿਰਤੀ ਸਭ ਦੇ ਵਿੱਚ ਹੀ ਹੈ। ਇਹ ਆਪਣੇ ਇਹੋ ਜਿਹੇ ਝੂਠੇ ਪ੍ਰਚਾਰ ਦੁਆਰਾ ਅਲੱਗ-ਅਲੱਗ ਜਗ੍ਹਾ ਤੇ ਜਾ ਕੇ ਦੁਨੀਆਂ ਨੂੰ ਆਪਣੀ ਮਤਿ ਦੇ ਪਿੱਛੇ ਲਗਾਉਂਦੇ ਹਨ ਪਰ ਜਦੋਂ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਫਿਰ ਇਨ੍ਹਾਂ ਦਾ ਪੜਦਾ ਖੁੱਲ੍ਹ ਜਾਂਦਾ ਹੈ। ਜੇਕਰ ਧਿਆਨ ਨਾਲ ਦੇਖੀਏ ਤੇ ਸਾਡੇ ਸਮਾਜ ਵਿੱਚ ਕੁੱਝ ਇਸੇ ਤਰ੍ਹਾਂ ਹੀ ਹੋ ਰਿਹਾ ਹੈ। ਆਪਣੇ ਵੱਲੋਂ ਚੰਗੀ ਮਤਿ ਦੇਣ ਵਾਲੇ ਵੀ ਵਿੱਚੇ ਹੀ ਹਨ, ਬਹੁਤ ਹਨ, ਸਿੱਖ ਜਗਤ ਵਿੱਚ ਵੀ ਬਹੁਤ ਹਨ ਪਰ ਅਗਿਆਨਤਾ ਨਾਲ-ਨਾਲ ਹੀ ਹੈ ਜਿਸ ਦੁਆਰਾ ਧਰਮ ਦਾ ਝੂਠਾ ਪ੍ਰਚਾਰ ਹੀ ਹੁੰਦਾ ਹੈ।

(ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ॥)

ਸਾਡੀ ਜ਼ਿੰਦਗੀ ਦਾ ਮਕਸਦ ਮਨੂਰ ਤੋਂ, ਲੋਹੇ ਤੋਂ ਕੰਚਨ ਬਣਨ ਦਾ ਹੈ, ਸੋਨੇ ਵਰਗਾ ਬਣਨ ਦਾ ਹੈ ਭਾਵ ਮਾੜੇ ਮਨੁੱਖ ਤੋਂ "ਸੋਨੇ" ਵਰਗਾ ਖਰਾ ਇਨਸਾਨ ਬਣਨ ਦਾ ਹੈ। ਇਹ ਕੁਝ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਉਸ ਦੇ ਨਾਲ ਜੁੜੀਏ ਜਿਸਨੂੰ ਲੋਹੇ ਤੋਂ ਕੰਚਨ ਬਣਾਉਣਾ ਆਉਂਦਾ ਹੈ ਤੇ ਉਹ ਕੇਵਲ ਗੁਰੂ ਹੈ, ਗੁਰੂ ਦੀ ਮਤਿ ਹੈ ਜੋ ਸੋਨੇ ਵਰਗੀ ਖਰੀ ਹੈ। ਖਰੇ ਅਸੀਂ ਔਗੁਣਾਂ ਵਿੱਚੋਂ ਨਿਕਲ ਕੇ ਹੀ ਹੁੰਦੇ ਹਾਂ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ। ਜੋ ਆਪ ਔਗੁਣਾਂ ਵਿੱਚ ਹਨ, ਮਾਇਆ ਮੋਹ ਵਿੱਚ ਹਨ, ਸੱਚ ਤੋਂ ਦੂਰ ਹਨ ਉਨ੍ਹਾਂ ਦੇ ਨਾਲ ਜੁੜ ਕੇ ਅਸੀਂ ਕਦੇ ਕੰਚਨ ਨਹੀਂ ਬਣ ਸਕਦੇ। ਆਪਣੀ-ਆਪਣੀ ਮਤਿ ਨਾਲ ਸਾਨੂੰ ਜੋੜਨ ਵਾਲੇ ਬਹੁਤ ਹਨ ਪਰ ਸੱਚਾ ਗੁਰੂ ਸਭ ਨੂੰ ਇੱਕੋ ਜਿਹੀ ਮਤਿ ਹੀ ਦਿੰਦਾ ਹੈ ਜਿਸ ਦੁਆਰਾ ਉਹ ਸਾਨੂੰ ਔਗੁਣਾਂ ਵਿੱਚੋਂ ਹੀ ਕੱਢਦਾ ਹੈ ਤੇ ਸਾਨੂੰ ਸ਼ੁੱਧ ਕਰਦਾ ਹੈ, ਸ਼ੁੱਧ ਹੋਣਾ

ਸਿਖਾਉਂਦਾ ਹੈ, ਸੋਨੇ ਵਰਗਾ ਸ਼ੁੱਧ ਹੋਣਾ ਸਿਖਾਉਂਦਾ ਹੈ। ਭਗਤੀ ਦਾ ਇੱਕੋ ਇੱਕ ਹੱਲ, ਗੁਰੂ ਦੀ ਸ਼ਰਨ ਵਿੱਚ ਆਉਣਾ ਹੈ, ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੈ, ਧਰਮ ਦੇ ਸੱਚੇ ਠੇਕੇਦਾਰ ਦੀ ਸ਼ਰਨ ਵਿੱਚ ਆਉਣਾ ਹੈ। **(ਸਤਿਗੁਰ ਕੀ ਜੇ ਸਰਣੀ**

ਆਵੈ ਫਿਰਿ ਮਨੂਰਹੁ ਕੰਚਨੁ ਹੋਹਾ॥ ਸਤਿਗੁਰੁ ਨਿਰਵੈਰੁ ਪੁੜੁ ਸੜੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ॥)

ਗੁਰਮਤਿ ਦੇ ਨਾਲ ਕੋਈ ਭਾਗਾਂ ਵਾਲਾ ਹੀ ਜੁੜਦਾ ਹੈ। ਦੂਸਰਿਆਂ ਦੇ ਮੋਹ ਵਿੱਚੋਂ, ਦੁਨਿਆਵੀ ਪੰਡਿਤਾਂ ਦੇ ਮੋਹ ਵਿੱਚੋਂ ਕੋਈ ਵਿਰਲਾ ਹੀ ਨਿਕਲਦਾ ਹੈ ਤੇ ਗੁਰੂ ਨਾਲ ਆਪਣਾ ਪਿਆਰ ਪਾਉਂਦਾ ਹੈ। **(ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ॥)**

"ਸੁਖੁ" ਦੀ ਪ੍ਰਾਪਤੀ ਸਾਨੂੰ ਕਿਵੇਂ ਹੋਣੀ ਹੈ, ਕਿਸ ਦੇ ਨਾਲ ਜੁੜਕੇ ਹੋਣੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥

ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥"

"ਸੁਖੁ" ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ ਤੇ ਜਦ ਤੱਕ ਸਾਡੇ ਅੰਦਰ ਇਹ ਵਿਸ਼ਵਾਸ ਨਹੀਂ ਆਉਂਦਾ ਕਿ ਅੰਮ੍ਰਿਤ ਬਾਣੀ ਭਾਵ ਗੁਰਬਾਣੀ ਉਸ ਪ੍ਰਮਾਤਮਾ ਦਾ ਆਪਣਾ ਹੀ ਹੂ-ਬ-ਹੂ ਰੂਪ ਹੈ ਤਦ ਤੱਕ ਅਸੀਂ ਗੁਰੂ ਦੀ ਦੱਸੀ ਹੋਈ ਗੱਲ ਨੂੰ, ਉਸਦੀ ਸਮਝਾਈ ਹੋਈ ਗੱਲ ਨੂੰ ਪੂਰੀ ਤਰ੍ਹਾਂ ਤਰਜੀਹ ਨਹੀਂ ਦਿੰਦੇ। ਜਦ ਤੱਕ ਅਸੀਂ ਪੂਰਨ ਰੂਪ ਵਿੱਚ ਗੁਰਬਾਣੀ ਦੇ ਮੋਹ ਵਿੱਚ ਨਹੀਂ ਆਉਂਦੇ ਅਸੀਂ ਗੁਰਮਤਿ ਦੇ ਨਾਲ ਨਹੀਂ ਜੁੜ ਸਕਦੇ। ਦੂਸਰਿਆਂ ਦੇ ਮੋਹ ਨੇ ਸਾਡਾ ਗੁਰੂ ਦੇ ਨਾਲ ਮੋਹ ਜੁੜਨ ਦੇ ਵਿੱਚ, ਪਿਆਰ ਜੁੜਨ ਦੇ ਵਿੱਚ ਇੱਕ ਪੜਦਾ ਪਾਇਆ ਹੋਇਆ ਹੈ ਜਿਸ ਕਰਕੇ ਅਸੀਂ ਦੁਚਿੱਤੀ ਵਿੱਚ ਰਹਿੰਦੇ ਹਾਂ। ਅਸੀਂ ਉਨ੍ਹਾਂ ਦਾ ਮੋਹ ਵੀ ਨਹੀਂ ਛੱਡ ਸਕਦੇ ਤੇ ਗੁਰੂ ਦਾ ਮੋਹ ਵੀ ਨਹੀਂ ਛੱਡ ਸਕਦੇ। ਜੇਕਰ ਅਸੀਂ ਦਿਲੋਂ ਪ੍ਰਮਾਤਮਾ ਨੂੰ ਮਿਲਣਾ ਚਾਹੁੰਦੇ ਹਾਂ ਤਾਂ ਉਹ ਫਿਰ ਸਾਡੇ ਅੰਦਰ ਗੁਰਬਾਣੀ ਦੀ ਮਤਿ ਵੱਸਣ ਦੁਆਰਾ ਹੀ ਹੋ ਸਕਦਾ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ। ਪੂਰਾ ਸਤਿਗੁਰੂ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ। "ਅੰਮ੍ਰਿਤ ਬਾਣੀ" ਉਸ ਪੂਰੇ ਸਤਿਗੁਰ ਦੀ ਆਪਣੀ ਬਾਣੀ ਹੈ ਤੇ ਆਪਣੇ ਬਾਣੀ ਉਹ ਉੱਥੇ ਹੀ ਵਸਾਉਂਦਾ ਹੈ ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਗੁਰਬਾਣੀ ਦੇ ਨਾਲ ਜੁੜਨ ਵਾਲੀ ਮਤਿ ਹੀ ਬਖ਼ਸ਼ਦਾ ਹੈ, ਗੁਰਬਾਣੀ ਤੇ ਭਰੋਸਾ ਕਰਨ ਦੀ ਮਤਿ ਬਖ਼ਸ਼ਦਾ ਹੈ। ਜਿੰਨ੍ਹਾਂ ਕੋਲੋਂ ਅਸੀਂ ਗੁਰਬਾਣੀ ਤੇ ਚੱਲਣਾ ਸਿੱਖਿਆ ਹੈ ਉਨ੍ਹਾਂ ਨੇ ਸਾਨੂੰ ਜੋ ਕੁੱਝ ਸਮਝਾਇਆ ਹੈ ਉਹ ਗੁਰਮਤਿ ਤੇ ਕਿਤਨਾ ਕੁ ਪੂਰਾ ਉਤਰਦਾ ਹੈ ਇਸਨੂੰ ਅਸੀਂ ਹੁਣ ਤੱਕ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਸੱਚਾਈ ਸਾਡੇ ਸਾਹਮਣੇ ਹੈ ਜਿਸਨੂੰ ਗੁਰਮਤਿ ਦੀ ਕਸਵੱਟੀ ਆਪ ਹੀ ਅਨੇਕਾਂ ਸ਼ਬਦਾਂ ਦੁਆਰਾ ਸਾਡੇ ਸਾਹਮਣੇ ਲਿਆਉਂਦੀ ਹੈ। ਸੱਚਾਈ ਤੋਂ ਮੂੰਹ ਮੋੜ ਕੇ ਅਗਰ ਅਸੀਂ ਇਹ ਉਮੀਦ ਰੱਖੀਏ ਕਿ ਅਸੀਂ

ਉਸ ਸੁੱਖ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਕਰ ਲਈਏ, ਇਹ ਨਹੀਂ ਹੋ ਸਕਦਾ। ਇਸ ਸੰਸਾਰ ਤੋਂ ਆਵਾਗਉਣ "ਸੁਖੁ" ਦੀ ਪ੍ਰਾਪਤੀ ਦੁਆਰਾ ਹੀ ਕੱਟਿਆ ਜਾਣਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਕਿ ਅਸੀਂ ਪੂਰਨ ਰੂਪ ਵਿੱਚ ਅੰਮ੍ਰਿਤ ਬਾਣੀ ਦੀ ਮਤਿ ਨਾਲ ਜੁੜੀਏ। ਇਸ ਪੂਰੇ ਸ਼ਬਦ ਦਾ ਮਕਸਦ ਸਾਨੂੰ ਇਹੀ ਸਮਝਾਉਣ ਦਾ ਹੈ ਕਿ ਅਸੀਂ ਉਨ੍ਹਾਂ ਵਿਦਵਾਨਾਂ ਦੀਆਂ ਗੱਲਾਂ ਵਿੱਚ ਨਾ ਆਈਏ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ ਤੇ ਆਪਣਾ ਪੂਰਾ ਭਰੋਸਾ ਉਨ੍ਹਾਂ ਦੀ ਮਤਿ ਤੇ ਟਿਕਾਇਆ ਹੋਇਆ ਹੈ। ਅੰਮ੍ਰਿਤ ਬਾਣੀ ਦਾ ਮਕਸਦ ਹੀ ਇਹ ਹੈ ਕਿ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਸੱਚਾਈ ਨੂੰ ਸਮਝੀਏ ਜਿਸਨੂੰ ਉਸ ਸੱਚੇ ਨੇ ਆਪ ਹੀ ਸਾਡੇ ਲਈ ਅਨੇਕਾਂ ਅਵਤਾਰ ਧਾਰ ਕੇ ਰਚਿਆ ਹੈ।

(ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ॥

ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ॥੨॥)

ਉੱਪਰ ਵਾਲੇ ਸਲੋਕ ਤੋਂ ਬਾਅਦ ਪਉੜੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੀ ਕ੍ਰਿਪਾ ਉਸੇ ਤੇ ਹੁੰਦੀ ਹੈ ਜੋ ਗੁਰ ਦੀ ਮਤਿ ਲੈਂਦੇ ਹਨ ਭਾਵ ਕਿਸੇ ਹੋਰ ਦੀ ਮਤਿ ਤੇ ਨਹੀਂ ਚੱਲਦੇ।

ਪਉੜੀ॥

"ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ॥

ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ॥੭॥"

(ਅੰਗ ੯੬੧)

ਪ੍ਰਮਾਤਮਾ ਦੀ ਕ੍ਰਿਪਾ ਉਸੇ ਤੇ ਹੈ ਜਿਸ ਨੇ ਗੁਰੂ ਕੋਲੋਂ ਮਤਿ ਲਈ ਹੋਈ ਹੈ ਭਾਵ ਜਿਸਨੇ ਉਸਦੀ ਮਤਿ ਅੰਦਰ ਵਸਾਈ ਹੋਈ ਹੈ ਜਿਵੇਂ ਕਿ ਆਖਰੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ॥੭॥)** ਉਸਦੀ ਮਤਿ ਲੈਣ ਵਾਲੇ ਕਿਹੋ ਜਿਹੇ ਹੁੰਦੇ ਹਨ, ਉਨ੍ਹਾਂ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ, ਉਸਦੀ ਕਿਰਪਾ ਦੇ ਪਾਤਰ ਬਣਨ ਵਾਲੇ ਕਿਹੋ ਜਿਹੇ ਹੁੰਦੇ ਹਨ ਇਹ ਸਾਨੂੰ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਉਸ ਪ੍ਰਮਾਤਮਾ ਨੂੰ ਉਹੀ ਬੁੱਝਦਾ ਹੈ ਭਾਵ ਉਹੀ ਪ੍ਰਾਪਤ ਕਰਦਾ ਹੈ ਜੋ ਕੇਵਲ ਉਸਦੀ ਮਤਿ ਤੇ ਚੱਲਦਾ ਹੈ। ਉਸਦੀ ਦਰਗਾਹ ਵਿੱਚ ਉਹੀ ਕਬੂਲ ਹੁੰਦਾ ਹੈ ਜੋ ਕੇਵਲ ਤੇ ਕੇਵਲ ਗੁਰੂ ਦੀ ਮਤਿ ਲੈਂਦਾ ਹੈ। ਹਉਮੈ ਉਸੇ ਦੀ ਹੀ ਦੂਰ ਹੁੰਦੀ ਹੈ, ਮਨ ਦਾ ਪੜਦਾ ਉਸੇ ਦਾ ਹੀ ਖੁੱਲ੍ਹਦਾ ਹੈ ਜੋ ਕੇਵਲ ਗੁਰਬਾਣੀ ਦੀ ਮਤਿ ਤੇ ਚੱਲਦਾ ਹੈ। ਕਲਮਲ ਭਾਵ ਪਾਪ ਭਾਵ ਮਾੜੇ ਕਰਮ ਕਰਨ ਵਾਲੀ ਬਿਰਤੀ ਉਸੇ ਦੀ ਹੀ ਦੂਰ ਹੁੰਦੀ ਹੈ ਜੋ ਗੁਰਮਤਿ ਅਨੁਸਾਰ ਚੱਲਦਾ ਹੈ। ਨਿਰਭਉ ਵਾਲੀ ਅਵੱਸਥਾ ਉਸੇ ਦੀ ਹੀ ਬਣਦੀ ਹੈ ਜੋ ਕੇਵਲ ਗੁਰਮਤਿ ਤੇ ਚੱਲਦਾ ਹੈ। ਸੱਚਾ ਇਨਸਾਨ ਉਹੀ ਬਣਦਾ ਹੈ ਜੋ ਗੁਰਮਤਿ ਤੇ ਚੱਲਦਾ ਹੈ। ਤ੍ਰਿਸ਼ਨਾ ਦੀ ਅਗਨਿ ਉਸੇ ਦੀ ਖ਼ਤਮ ਹੁੰਦੀ ਹੈ ਜੋ ਗੁਰਮਤਿ ਅਨੁਸਾਰ ਚੱਲਦਾ ਹੈ।

ਹੁਣ ਧਿਆਨ ਨਾਲ ਸਮਝੋ ਕਿ ਗੁਰੂ ਕੋਲੋਂ ਮਤਿ ਲੈਣ ਦਾ ਮਤਲਬ ਕੀ ਹੈ। ਉੱਪਰ ਪੰਗਤੀਆਂ ਰਾਹੀਂ ਉਨ੍ਹਾਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਦੇ ਅੰਦਰ ਗੁਰੂ ਦੀ ਮਤਿ ਵਸੀ ਹੁੰਦੀ ਹੈ ਤੇ ਇਹੋ ਜਿਹੀ ਗੁਰੂ ਦੀ ਮਤਿ ਆਪਣੇ ਅੰਦਰ ਵਸਾਉਣ

ਲਈ ਕੀ ਸਾਨੂੰ ਕਿਸੇ ਸਰੀਰਕ ਕਿਰਿਆਵਾਂ ਦੀ ਲੋੜ ਹੈ, ਸਵਾਸਾਂ ਦੀਆਂ ਕਿਰਿਆਵਾਂ ਦੀ ਲੋੜ ਹੈ, ਗੁਰੂ ਦੀ ਗੱਲ ਨੂੰ ਬਿਨ੍ਹਾਂ ਸਮਝੇ, ਵਿਚਾਰੇ ਕੀ ਉਸਨੂੰ ਹਰ ਵੇਲੇ ਪੜ੍ਹੀ ਜਾਣ ਦੀ ਲੋੜ ਹੈ, ਕੀ ਕਿਸੇ ਖਾਸ ਵੇਲੇ ਨਾਲ ਜੁੜਨ ਦੀ ਲੋੜ ਹੈ, ਕੀ ਕਿਸੇ ਅੱਖਰ ਨੂੰ ਰਟੀ ਜਾਣ ਦੀ ਲੋੜ ਹੈ, ਕੀ ਕਿਸੇ ਮਨੁੱਖਾਂ ਦੀ ਸੰਗਤ ਵਿੱਚ ਬੈਠੇ ਰਹਿਣ ਦੀ ਲੋੜ ਹੈ, ਕੀ ਕਿਸੇ ਖਾਣੇ ਵਿੱਚ ਭੇਦ ਕਰਨ ਦੀ ਲੋੜ ਹੈ, ਖਾਣੇ ਵਿੱਚ ਕੋਈ ਖਾਸ ਸੁੱਚ ਵਰਤਾਉਣ ਦੀ ਲੋੜ ਹੈ। ਕੇਵਲ ਤੇ ਕੇਵਲ ਆਪਣੇ ਮਨ ਦੀ ਬਿਰਤੀ ਨੂੰ ਬਦਲਣ ਦੀ ਲੋੜ ਹੈ ਜਿਸਨੇ ਸਾਨੂੰ ਸੱਚਾ ਇਨਸਾਨ ਬਣਾਉਣਾ ਹੈ। ਕੇਵਲ ਆਪਣੇ ਮਨ ਨੂੰ ਸਮਝਾਉਣ ਦੀ ਲੋੜ ਹੈ ਜਿਸਨੇ ਸਾਨੂੰ ਮਾਇਆ ਮੋਹ ਦੀ ਤ੍ਰਿਸ਼ਨਾ ਵਿੱਚੋਂ ਕੱਢਣਾ ਹੈ, ਪਾਪਾਂ ਵਾਲੀ ਮਾੜੀ ਬਿਰਤੀ ਵਿੱਚੋਂ ਕੱਢਣਾ ਹੈ। ਕੇਵਲ ਇਸ ਮਨਮਤਿ ਨੂੰ ਛੱਡਣ ਦੀ ਲੋੜ ਹੈ ਜਿਸ ਕਰਕੇ ਅਸੀਂ ਹਉਮੈ ਵਿੱਚ ਹਾਂ। ਮਨਮਤਿ ਉੱਥੇ ਹੀ ਹੈ ਜਿੱਥੇ ਗੁਰਮਤਿ ਨਹੀਂ ਹੈ। ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਕੇਵਲ ਤੇ ਕੇਵਲ ਇਸ ਮਨ ਨੂੰ ਸਮਝਾਉਣ ਦਾ ਹੈ, ਗੁਰੂ ਦੀ ਮਤਿ ਦੁਆਰਾ ਸਮਝਾਉਣ ਦਾ ਹੈ ਤੇ ਹੋਰ ਕੁੱਝ ਵੀ ਨਹੀਂ। ਗੁਰੂ ਦੀ ਮਤਿ ਤਾਂ ਸਾਨੂੰ ਇਹੋ ਕੁੱਝ ਹੀ ਸਮਝਾਉਂਦੀ ਹੈ ਜੋ ਅਸੀਂ ਉੱਪਰ ਪਉੜੀ ਰਾਹੀਂ ਸਮਝਿਆ ਹੈ ਪਰ ਜਿੰਨ੍ਹਾਂ ਦੇ ਪਿੱਛੇ ਅਸੀਂ ਲੱਗੇ ਹੋਏ ਹਾਂ ਉਹ ਸਾਨੂੰ ਕੀ ਕੁੱਝ ਸਮਝਾਉਂਦੇ ਹਨ ਇਹ ਹਰ ਕੋਈ ਜਾਣਦਾ ਹੀ ਹੈ। ਇਹ ਮਨਮਤਿ ਤੇ ਗੁਰਮਤਿ ਦਾ ਭੇਦ ਹੈ ਜਿਸਨੂੰ ਅਸੀਂ ਪਹਿਚਾਣਨਾ ਹੈ ਤੇ ਇਸ ਦੀ ਸਹੀ ਪਹਿਚਾਣ ਕੀਤੇ ਬਿਨ੍ਹਾਂ ਅਸੀਂ ਗੁਰਮਤਿ ਦੇ ਨਾਲ ਨਹੀਂ ਜੁੜ ਸਕਦੇ, ਉਸ ਸੱਚੇ ਗੁਰੂ ਦੇ ਨਾਲ ਨਹੀਂ ਜੁੜ ਸਕਦੇ, ਉਸ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੇ ਜਿਸ ਦੁਆਰਾ ਸਾਨੂੰ "ਸੁਖ" ਦੀ ਪ੍ਰਾਪਤੀ ਹੋ ਸਕਦੀ ਹੈ ਤੇ ਸਾਡਾ ਆਵਾਗਉਣ ਕੱਟਿਆ ਜਾ ਸਕਦਾ ਹੈ। ਆਓ ਉਸਦੇ ਨਾਲ ਜੁੜੀਏ ਜੋ ਆਵਾਗਉਣ ਤੋਂ ਰਹਿਤ ਹੈ ਤੇ ਉਨ੍ਹਾਂ ਦੇ ਮੋਹ ਵਿੱਚੋਂ ਨਿਕਲੀਏ ਜੋ ਖੁਦ ਆਵਾਗਉਣ ਵਿੱਚ ਹਨ, ਭਰਮ ਵਿੱਚ ਹਨ।

"ਨਹ ਪੰਡਿਤੁ ਨਹ ਚਤੁਰੁ ਸਿਆਨਾ॥ ਨਹ ਭੂਲੋ ਨਹ ਭਰਮਿ ਭੁਲਾਨਾ॥"

(ਅੰਗ ੨੨੧)

ਉੱਪਰ ਪੰਗਤੀਆਂ ਵਿੱਚ ਧੰਨ ਧੰਨ ਬਾਬੇ ਨਾਨਕ ਦੇ ਬੋਲ ਹਨ ਜੋ ਸਾਨੂੰ ਆਪਣੇ ਮਨ ਦੀ ਅਵੱਸਥਾ ਸਮਝਾ ਰਹੇ ਹਨ। ਧਿਆਨ ਨਾਲ ਸਮਝਣ ਦੀ ਲੋੜ ਹੈ। ਉਹ ਕਹਿ ਰਹੇ ਹਨ ਕਿ ਨਾ ਤੇ ਮੈਂ ਪੰਡਿਤ ਹਾਂ ਭਾਵ ਵਿਦਵਾਨ ਹਾਂ ਤੇ ਨਾ ਹੀ ਮੈਂ ਕੋਈ ਸਿਆਣਾ

ਹਾਂ ਤੇ ਨਾ ਹੀ ਮੇਰੇ ਅੰਦਰ ਕੋਈ ਚਤੁਰਾਈ ਹੈ ਲੇਕਿਨ ਮੈਂ ਭੁੱਲਿਆ ਹੋਇਆ ਨਹੀਂ ਹਾਂ ਭਾਵ ਮੈਨੂੰ ਧਰਮ ਦੇ ਮਾਰਗ ਦੀ ਸਮਝ ਹੈ ਤੇ ਇਸੇ ਲਈ ਮੈਂ ਕਿਸੇ ਨੂੰ ਭਰਮ ਵਿੱਚ ਨਹੀਂ ਪਾਉਂਦਾ, ਕਿਸੇ ਨੂੰ ਭੁਲੇਖੇ ਵਿੱਚ ਨਹੀਂ ਪਾਉਂਦਾ ਭਾਵ ਭਰਮ ਭੁਲੇਖੇ ਵਿੱਚ ਉਹ ਪਾਉਂਦੇ ਹਨ, ਭਰਮ ਦੇ ਵਿੱਚ ਉਹ ਹਨ, ਭੁੱਲੇ ਹੋਏ ਉਹ ਹਨ ਜੋ ਆਪਣੇ ਆਪ ਨੂੰ ਪੰਡਿਤ ਤੇ ਸਿਆਣੇ ਅਖਵਾਉਂਦੇ ਹਨ ਜਿੰਨ੍ਹਾਂ ਨੂੰ ਅਸਲ ਵਿੱਚ ਧਰਮ ਦੀ ਸਮਝ ਨਹੀਂ ਹੈ। ਸਭ ਤੋਂ ਵੱਡੀ ਭੁੱਲ ਤਾਂ ਆਪਣੇ ਆਪ ਨੂੰ ਵਿਦਵਾਨ ਸਮਝਣ ਦੀ ਹੈ ਜਿਸ ਭੁੱਲ ਕਰਕੇ ਬ੍ਰਹਮਾ ਨੂੰ ਵੀ ਬਾਣੀ ਵਿੱਚ ਅਗਿਆਨੀ

21/2298

ਕਿਹਾ ਗਿਆ ਹੈ। ਆਪਣੇ ਆਪ ਨੂੰ ਪੰਡਿਤ, ਗਿਆਨੀ, ਸੰਤ, ਬ੍ਰਹਮਗਿਆਨੀ ਉਹੀ ਅਖਵਾ ਸਕਦਾ ਹੈ ਜਿਸਨੂੰ ਆਪਣੇ ਅੰਦਰ ਦੇ ਗਿਆਨੀ ਦੀ ਸਮਝ ਨਹੀਂ ਹੈ, ਅਸਲ ਪੰਡਿਤ ਦੀ ਸਮਝ ਨਹੀਂ ਹੈ, ਗਿਆਨ ਦੇ ਮਾਲਕ ਦੀ ਸਮਝ ਨਹੀਂ ਹੈ। ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਪਹਿਚਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਨਹੀਂ ਕਹਿ ਸਕਦਾ ਤੇ ਇਸੇ ਲਈ ਬਾਣੀ ਦੇ ਰਚਨ ਵਾਲਿਆਂ ਨੇ ਪ੍ਰਮਾਤਮਾ ਨੂੰ ਹੀ ਗੁਰੂ ਆਖਿਆ ਹੈ, ਗਿਆਨ ਦਾ ਦਾਤਾ ਆਖਿਆ ਹੈ ਜੋ ਕਿ ਸ਼ਬਦ ਰੂਪ ਵਿੱਚ ਆਪ ਹੀ ਗੁਰੂ ਹੈ।

ਅਸਲ ਵਿੱਚ ਪ੍ਰਮਾਤਮਾ ਸਭ ਕੁੱਝ ਆਪ ਹੀ ਹੈ ਪਰ ਮਨ ਦੇ ਵਿੱਚ ਹਉਮੈ ਦਾ ਪੜਦਾ ਵੀ ਉਸਨੇ ਆਪ ਹੀ ਪਾਇਆ ਹੋਇਆ ਹੈ, ਸਭ ਨੂੰ ਆਪ ਹੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸਦੇ ਰਹਿੰਦਿਆਂ ਅਸੀਂ ਆਪਣੇ ਆਪ ਨੂੰ ਹੀ ਉੱਚਾ ਸਮਝਦੇ ਹਾਂ, ਵਿਦਵਾਨ ਸਮਝਦੇ ਹਾਂ।

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥੧॥}

(ਅੰਗ ੨੦੫)

{ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ॥
ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ॥
ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰ ਧਾਰਿ॥
ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ॥੩॥}

(ਅੰਗ ੩੪)

{ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ॥}

(ਅੰਗ ੩੫)

ਜਦ ਤੱਕ ਪ੍ਰਮਾਤਮਾ ਆਪਣੇ ਆਪ ਕਿਸੇ ਨੂੰ ਸੋਝੀ ਨਹੀਂ ਪਾਉਂਦਾ ਇਹ ਹਉਮੈ ਕਿਸੇ ਦੀ ਨਹੀਂ ਜਾ ਸਕਦੀ। ਕਿਸੇ ਨੂੰ ਆਪਣੇ ਆਪ ਇਹ ਵਿਸ਼ਵਾਸ ਨਹੀਂ ਆ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਿਸਨੂੰ ਉਹ ਵਿਸ਼ਵਾਸ ਦਿਵਾਉਂਦਾ ਹੈ ਉਹ ਮਨ ਦੇ ਵਿੱਚ ਆਪਣੇ ਗਿਆਨ ਦੇ ਪ੍ਰਕਾਸ਼ ਦੁਆਰਾ ਪ੍ਰਗਟ ਹੋ ਕੇ ਹੀ ਦਿਵਾਉਂਦਾ ਹੈ ਕਿ ਇਹ ਗਿਆਨ ਕਿੱਥੋਂ ਆਉਂਦਾ ਹੈ, ਉਸ ਗਿਆਨ ਦਾ ਮਾਲਕ ਕੌਣ ਹੈ। ਮਨ ਦੇ ਇਸ ਪ੍ਰਕਾਸ਼ ਤੋਂ ਬਾਅਦ ਹੀ ਮਨੁੱਖ ਦੀ ਹਉਮੈ ਖ਼ਤਮ ਹੁੰਦੀ ਹੈ ਤੇ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਪੰਡਿਤ ਕੌਣ ਹੈ, ਗਿਆਨ ਦਾ ਮਾਲਕ ਕੌਣ ਹੈ ਤੇ ਫਿਰ ਕੋਈ ਆਪਣੇ ਆਪ ਨੂੰ ਪੰਡਿਤ ਨਹੀਂ ਅਖਵਾ ਸਕਦਾ, ਗਿਆਨੀ, ਬ੍ਰਹਮਗਿਆਨੀ, ਸੰਤ ਨਹੀਂ ਅਖਵਾ ਸਕਦਾ ਭਾਵ ਹਰ ਕੋਈ ਭਰਮ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ।

{ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥

ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥
ਬਸਤੁ ਮਾਹਿ ਲੇ ਬਸਤੁ ਗਡਾਈ॥ ਤਾ ਕਉ ਭਿੰਨ ਨ ਕਹਨਾ ਜਾਈ॥
ਬੂਝੈ ਬੂਝਨਹਾਰੁ ਬਿਬੇਕ॥ ਨਾਰਾਇਨ ਮਿਲੇ ਨਾਨਕ ਏਕ॥੨॥}

(ਅੰਗ ੨੮੫)

21/2299

ਪ੍ਰਮਾਤਮਾ ਦਾ ਮੂਲ ਕੀ ਹੈ, ਉਸਦਾ ਮੁੱਢ ਕੀ ਹੈ, ਉਸਦਾ ਸਤਿ ਸਰੂਪ ਕੀ ਹੈ ਉਨ੍ਹਾਂ ਨੇ ਇਸ ਨੂੰ ਭਾਵ ਪ੍ਰਮਾਤਮਾ ਦੇ ਮੂਲ ਨੂੰ ਆਪਣੇ ਮਨ ਦੇ ਵਿੱਚੋਂ ਹੀ ਪਛਾਣਿਆ ਹੈ ਤੇ ਤਾਂ ਹੀ ਉਨ੍ਹਾਂ ਨੇ ਇਸ ਗੱਲ ਨੂੰ ਮੰਨਿਆ ਹੈ ਕਿ ਪ੍ਰਮਾਤਮਾ ਦਾ ਮੂਲ ਕੀ ਹੈ, ਉਸਦਾ ਸੱਚਾ ਸਰੂਪ ਕੀ ਹੈ ਭਾਵ ਜਿੰਨ੍ਹਾਂ ਨੇ ਪ੍ਰਮਾਤਮਾ ਦੀ ਅਸਲੀਅਤ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਨ੍ਹਾਂ ਨੇ ਹੀ ਉਸਦੀ ਅਸਲੀਅਤ ਤੇ ਵਿਸ਼ਵਾਸ ਕੀਤਾ ਹੈ। **(ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥)**

ਪ੍ਰਮਾਤਮਾ ਦਾ ਮੂਲ ਕੀ ਹੈ, ਉਸਦਾ "ਸਤਿ ਸਰੂਪੁ" ਕੀ ਹੈ ਇਸ ਗੱਲ ਦਾ ਵਿਸ਼ਵਾਸ ਕਿਵੇਂ ਆਉਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥**
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥"

ਜਿਸਨੂੰ ਪ੍ਰਮਾਤਮਾ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਪ੍ਰਮਾਤਮਾ ਦਾ ਮੂਲ ਕੀ ਹੈ, ਉਸ ਦਾ ਸਤਿ ਸਰੂਪ ਕੀ ਹੈ ਭਾਵ ਅਸਲ ਸਰੂਪ ਕੀ ਹੈ, ਸੱਚਾ ਸਰੂਪ ਕੀ ਹੈ ਉਸਦੇ ਮਨ ਦੇ ਵਿੱਚ "ਤਤੁ ਗਿਆਨੁ" ਪ੍ਰਗਟ ਕਰਦਾ ਹੈ। "ਤਤੁ ਗਿਆਨੁ" ਕੀ ਹੈ ਇਸਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। "ਤਤੁ" ਤੋਂ ਭਾਵ ਹੈ ਨਿਚੋੜ ਜਿਸ ਦੁਆਰਾ ਕਿਸੇ ਚੀਜ਼ ਦੀ ਅਸਲੀਅਤ ਸਾਹਮਣੇ ਆਉਂਦੀ ਹੈ, ਉਸਦੀ ਸੱਚਾਈ ਸਮਝ ਆਉਂਦੀ ਹੈ ਭਾਵ ਉਸਦੇ ਪੂਰਨ ਸੱਚ ਦੀ ਸਮਝ ਪੈਂਦੀ ਹੈ। "ਤਤੁ" ਤੋਂ ਅੱਗੇ ਹੋਰ ਕੁੱਝ ਹੋ ਨਹੀਂ ਸਕਦਾ ਭਾਵ ਇਹ ਕਿਸੇ ਵੀ ਗੱਲ ਨੂੰ ਜਾਨਣ ਦਾ, ਸਮਝਣ ਦਾ ਆਖੀਰ ਹੈ, ਮੂਲ ਹੈ। ਪ੍ਰਮਾਤਮਾ ਦਾ ਮੂਲ ਉਸਦਾ ਗਿਆਨ ਹੈ ਭਾਵ ਪ੍ਰਮਾਤਮਾ ਗਿਆਨ ਦਾ ਮੂਲ ਹੈ, ਗਿਆਨ ਦਾ ਸ੍ਰੋਤ ਹੈ ਜਿਸ ਰਾਹੀਂ ਹਰ ਵਸਤੂ ਵਿੱਚ ਗਿਆਨ ਉਪਜਦਾ ਹੈ। ਪੰਜਾਂ ਤੱਤਾਂ ਦਾ ਮੂਲ ਵੀ ਗਿਆਨ ਹੈ ਤੇ ਉਨ੍ਹਾਂ ਨੂੰ ਆਪਸ ਵਿੱਚ ਮਿਲਾ ਕੇ, ਗੋ ਕੇ ਸਰਗੁਣ ਰੂਪ ਦੀ ਰਚਨਾ ਉਸਦੇ ਗਿਆਨ ਦੁਆਰਾ ਹੀ ਕੀਤੀ ਹੈ ਤੇ ਹਰ ਵਸਤੂ ਉਸਦੇ ਗਿਆਨ ਦੁਆਰਾ ਹੀ ਚੱਲ ਰਹੀ ਹੈ। ਪ੍ਰਮਾਤਮਾ ਦਾ ਇਹ ਗਿਆਨ ਰੂਪ ਹੀ ਉਸਦਾ ਸਤਿ ਸਰੂਪ ਹੈ, ਮੂਲ ਰੂਪ ਹੈ ਜਿਸ ਦੀ ਪਹਿਚਾਣ ਮਨ ਦੇ ਵਿੱਚੋਂ ਉਹ ਆਪ ਹੀ ਆਪਣੇ ਗਿਆਨ ਦੁਆਰਾ ਕਰਵਾਉਂਦਾ ਹੈ, ਮਨ ਦੇ ਵਿਚਾਰਾਂ ਦੇ ਗਿਆਨ ਰਾਹੀਂ ਕਰਵਾਉਂਦਾ ਹੈ ਤੇ ਸਮਝ ਲੱਗਦੀ ਹੈ ਕਿ ਗਿਆਨ ਦਾ ਸ੍ਰੋਤ ਪ੍ਰਮਾਤਮਾ ਆਪ ਹੀ ਹੈ। ਉਸਦੇ ਇਸ ਸ੍ਰੋਤ ਨੂੰ, ਮੂਲ ਰੂਪ ਨੂੰ ਜਾਣੇ ਬਿਨ੍ਹਾਂ ਕਿਸੇ ਨੂੰ ਵਿਸ਼ਵਾਸ ਨਹੀਂ ਆ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਸਭ ਵਿੱਚ ਕਿਸ ਰੂਪ ਵਿੱਚ ਵਿਚਰਦਾ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਸਾਨੂੰ ਭਰਮ ਵਿੱਚੋਂ ਹੀ ਕੱਢਦਾ ਹੈ, ਹਉਮੈ ਵਿੱਚੋਂ ਹੀ ਕੱਢਦਾ ਹੈ ਜਿਸ ਦੁਆਰਾ ਉਸਨੂੰ ਜਾਨਣ ਵਾਲੇ ਕਦੇ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਨਹੀਂ ਕਹਿ ਸਕਦੇ।

ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਭੈ ਤੋਂ ਨਿਰਭਉ ਹੁੰਦਾ ਹੈ ਜਿਸਨੂੰ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਜਾਣਿਆ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਇਹ ਸਮਝ ਪੈਂਦੀ ਹੈ ਕਿ ਸਾਡੇ ਉਪਜਣ ਦਾ ਮੂਲ ਕੀ ਹੈ ਭਾਵ

21/2300

ਸਾਨੂੰ ਕਿਸ ਨੇ ਉਪਜਾਇਆ ਹੈ, ਪੈਦਾ ਕੀਤਾ ਹੈ ਭਾਵ ਉਸਨੇ ਸਾਨੂੰ ਆਪਣੇ ਗਿਆਨ ਦੁਆਰਾ ਪੈਦਾ ਕੀਤਾ ਹੈ ਤੇ ਗਿਆਨ ਦੁਆਰਾ ਹੀ ਸਾਨੂੰ ਚਲਾ ਰਿਹਾ ਹੈ, ਸਾਡੀ ਸੰਭਾਲ ਕਰ ਰਿਹਾ ਹੈ।ਅਸੀਂ ਆਪਣੇ ਮਨ ਦੇ ਇਸ ਗਿਆਨ ਰੂਪ ਵਿੱਚ ਹੀ ਪ੍ਰਮਾਤਮਾ ਦੇ ਨਾਲ ਇੱਕ ਹੁੰਦੇ ਹਾਂ, ਉਸਦੇ ਬ੍ਰਹਮਗਿਆਨ ਦੇ ਨਾਲ ਇੱਕ ਹੁੰਦੇ ਹਾਂ, ਉਸ ਬ੍ਰਹਮਗਿਆਨੀ ਦੇ ਨਾਲ ਇੱਕ ਹੁੰਦੇ ਹਾਂ। ਉਸਦੇ ਬ੍ਰਹਮਗਿਆਨ ਵਿੱਚ ਸਮਾਉਣਾ ਹੀ ਉਸ ਵਿੱਚ ਸਮਾਅ ਜਾਣਾ ਹੈ। ਇਹ ਅਵੱਸਥਾ ਸਾਡੀ ਹਉਮੈ ਮਿਟਣ ਦੀ ਅਵੱਸਥਾ ਹੈ, ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਣ ਦਾ ਭਰਮ ਮਿਟਣ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਫਿਰ

ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਤੇ ਸਮਝ ਲੱਗਦੀ ਹੈ ਕਿ ਹਰ ਕੋਈ ਭਰਮ ਵਿੱਚ ਹੀ ਹੈ, ਪ੍ਰਮਾਤਮਾ ਦਾ ਸਤਿ ਸਰੂਪ ਸਮਝਣ ਵਿੱਚ ਭਰਮ ਵਿੱਚ ਹੀ ਹੈ। **(ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥)**

ਪ੍ਰਮਾਤਮਾ ਦੀ ਭਗਤੀ ਕੀ ਹੈ ਭਾਵ ਉਸਨੂੰ ਪਾਉਣ ਦਾ ਤਰੀਕਾ ਕੀ ਹੈ, ਗੁਰਮਤਿ ਕੀ ਹੈ ਉਹ ਮਨ ਦੀ ਇਸ ਅਵੱਸਥਾ ਦੁਆਰਾ ਹੀ ਸਮਝ ਆਉਂਦੀ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਧਰਮ ਦਾ ਠੇਕੇਦਾਰ ਸੌਂਪਦਾ ਹੈ, ਮਨ ਦੇ ਵਿੱਚ ਭਗਤੀ ਦੀ ਪੂਰਨ ਸੋਝੀ ਪਾ ਕੇ ਹੀ ਕਿਸੇ ਨੂੰ ਉੱਚਾ ਬਣਾਉਂਦਾ ਹੈ, ਸੱਚਾ ਮਾਣ ਲੈਣ ਦੇ ਯੋਗ ਬਣਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਉਸਦੇ ਆਪ ਸਮਝਾਏ ਬਿਨ੍ਹਾਂ ਉਸਦੀ ਭਗਤੀ ਨੂੰ ਨਹੀਂ ਸਮਝਿਆ ਜਾ ਸਕਦਾ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਸੋਝੀ ਪਾਈ ਹੋਈ ਹੈ।

“ਮੇਰੇ ਮਨ ਹਰਿ ਕਾ ਨਾਮੁ ਧਿਆਇ॥
ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ॥੧॥ਰਹਾਉ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ॥
ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥
ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ॥੨॥”

(ਅੰਗ ੩੫)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਗਿਆ ਹੈ ਕਿ ਉਸ ਪ੍ਰਮਾਤਮਾ ਦਾ ਨਾਮ ਕਿਵੇਂ ਧਿਆਇਆ ਜਾ ਸਕਦਾ ਹੈ ਭਾਵ ਉਸਦਾ ਨਾਮ ਧਿਆਉਣਾ ਕੀ ਹੈ ਭਾਵ ਸਾਨੂੰ ਇਹ ਸਮਝਾਇਆ ਹੈ ਕਿ ਇਸ ਤਰੀਕੇ ਨਾਲ ਪ੍ਰਮਾਤਮਾ ਦਾ ਨਾਮ ਧਿਆਉ। **(ਮੇਰੇ ਮਨ ਹਰਿ ਕਾ ਨਾਮੁ ਧਿਆਇ॥)** ਪ੍ਰਮਾਤਮਾ ਦਾ ਨਾਮ ਧਿਆਉਣਾ ਜਾਂ ਉਸਦੀ ਭਗਤੀ ਕਰਨਾ ਇੱਕੋ ਹੀ ਗੱਲ ਹੈ ਤੇ ਉਸਦੀ ਭਗਤੀ ਕਿਵੇਂ ਹੋ ਸਕਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਪੂਰੀ ਪੰਗਤੀ ਰਹਾਉ ਦੇ ਰੂਪ ਵਿੱਚ ਹੈ ਜਿਸ ਦੁਆਰਾ ਸਾਨੂੰ ਭਗਤੀ ਕਰਨ ਦਾ ਮੂਲ ਸਮਝਾਇਆ ਹੋਇਆ ਹੈ।

“**ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ॥੧॥ਰਹਾਉ॥”**

ਬੜਾ ਸਪੱਸ਼ਟ ਹੈ ਕਿ ਪ੍ਰਮਾਤਮਾ ਦੀ ਭਗਤੀ ਉਦੋਂ ਹੀ ਹੁੰਦੀ ਹੈ, ਉਸਦਾ ਨਾਮ ਉਦੋਂ ਹੀ ਧਿਆਇਆ

ਜਾ ਸਕਦਾ ਹੈ ਜਦੋਂ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ, ਉਸਦੇ ਨਾਲ ਮੇਲ ਹੋ ਜਾਂਦਾ ਹੈ। ਜਿਸਨੂੰ ਉਹ ਪਹਿਲੇ ਆਪਣਾ ਭਗਤ ਬਣਾਉਂਦਾ ਹੈ, ਭਗਤੀ ਦਾ ਤਰੀਕਾ ਸਮਝਾਉਂਦਾ ਹੈ, ਭਗਤੀ ਦੀ ਸੋਝੀ ਪਾਉਂਦਾ ਹੈ ਕਿ ਉਸਦੀ ਭਗਤੀ ਕਿਵੇਂ ਹੁੰਦੀ ਹੈ, ਉਹੀ ਉਸਦੀ ਭਗਤੀ ਕਰ ਸਕਦਾ ਹੈ। ਉਸਦੀ ਭਗਤੀ ਉਸਦੇ ਭਗਤਾਂ ਨੇ ਹੀ ਕੀਤੀ ਹੈ ਤੇ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਦੇ ਰਾਹੀਂ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਸਮਝਾਇਆ ਹੈ, ਉਸਦਾ ਨਾਮ ਧਿਆਉਣ ਦਾ ਤਰੀਕਾ ਸਮਝਾਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਿਨ੍ਹਾਂ ਉਸਦੀ ਭਗਤੀ ਕਰਨੀ ਕੀ ਹੈ, ਉਸਦਾ ਨਾਮ ਜਪਣਾ ਕੀ ਹੈ ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ। ਪ੍ਰਮਾਤਮਾ ਦੀ ਭਗਤੀ ਦੀ ਸੋਝੀ ਕੇਵਲ ਗੁਰਬਾਣੀ ਦੇ ਕੋਲ ਹੈ ਜੋ ਕਿ ਸੱਚੀ ਸੋਝੀ ਹੈ। ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਧਰਮ ਦਾ ਠੇਕੇਦਾਰ ਹੈ ਜੋ ਸਾਨੂੰ ਉਸਦੀ ਭਗਤੀ ਦਾ ਸੱਚਾ ਮਾਰਗ ਸਮਝਾ ਸਕਦਾ ਹੈ। ਗੁਰਬਾਣੀ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਕੋਲੋਂ ਭਗਤੀ ਕਰਨ ਦਾ ਤਰੀਕਾ ਸਮਝਿਆ ਹੈ, ਨਾਮ ਜਪਣਾ ਸਮਝਿਆ ਹੈ ਤਾਂ ਫਿਰ ਉਨ੍ਹਾਂ ਦੇ ਕੋਲ ਗੁਰੂ ਵਾਲੀ ਸੋਝੀ ਕਿਵੇਂ ਹੋ ਸਕਦੀ ਹੈ। ਸੱਚੀ ਸੋਝੀ ਉਸੇ ਦੇ ਕੋਲ ਹੈ ਜਿਸਦੇ ਅੰਦਰ ਪ੍ਰਮਾਤਮਾ ਵੱਸਿਆ ਹੋਇਆ ਹੈ। ਅਸੀਂ ਜਿੰਨ੍ਹਾਂ ਕੋਲੋਂ ਸੋਝੀ ਲਈ ਹੋਈ ਹੈ, ਜਿੰਨ੍ਹਾਂ ਨੂੰ ਅਸੀਂ ਉੱਚਾ ਮੰਨਿਆ ਹੋਇਆ ਹੈ ਉਨ੍ਹਾਂ ਨੂੰ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝਿਆ ਹੋਇਆ ਹੈ ਕਿਉਂਕਿ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੁੰਦਾ ਹੈ। ਘੱਟੋ ਘੱਟ ਇਸ ਗੱਲ ਦਾ ਵਹਿਮ ਕਿਸੇ ਦੇ ਅੰਦਰ ਨਹੀਂ ਹੋਣਾ ਚਾਹੀਦਾ ਕਿ ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਹ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਹਨ ਜਾਂ ਨਹੀਂ ਮਿਲੇ ਹੋਏ ਹਨ ਭਾਵ ਇਸ ਗੱਲ ਦਾ ਸਾਨੂੰ ਸਭ ਨੂੰ ਵਿਸ਼ਵਾਸ ਹੈ ਕਿ ਉਹ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਹੀ ਹਨ ਤੇ ਗੁਰਬਾਣੀ ਦੇ ਵਿਚਾਰ ਧੁਰ ਤੋਂ ਹੀ ਆਏ ਹਨ, ਪ੍ਰਮਾਤਮਾ ਦੇ ਕੋਲੋਂ ਹੀ ਆਏ ਹਨ। ਪ੍ਰਮਾਤਮਾ ਦੇ ਨਾਲ ਕੌਣ ਮਿਲਿਆ ਹੋਇਆ ਹੈ ਤੇ ਕੌਣ ਨਹੀਂ ਮਿਲਿਆ ਹੋਇਆ ਹੈ ਇਸ ਗੱਲ ਦੀ ਪਰਖ ਕਰਨ ਲਈ ਗੁਰਬਾਣੀ ਆਪ ਹੀ ਹੈ। ਜੋ

ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ ਉਸਦੀ ਦੱਸੀ ਹੋਈ ਗੱਲ ਗੁਰਬਾਣੀ ਤੋਂ ਉਲਟ ਹੋ ਹੀ ਨਹੀਂ ਸਕਦੀ, ਉਸਦੀ ਦੱਸੀ ਹੋਈ ਹਰ ਗੱਲ ਗੁਰਬਾਣੀ ਦੇ ਵਿਚਾਰਾਂ ਅਨੁਸਾਰ ਖਰੀ ਉਤਰਨੀ ਚਾਹੀਦੀ ਹੈ ਤੇ ਜੇਕਰ ਉਨ੍ਹਾਂ ਦੀ ਗੱਲ, ਕੋਈ ਵੀ ਗੱਲ ਜੇਕਰ ਗੁਰਬਾਣੀ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੀ ਤਾਂ ਫਿਰ ਉਹ ਗੁਰਬਾਣੀ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ। ਜਦੋਂ ਹਰ ਗੱਲ ਨੂੰ ਧਿਆਨ ਨਾਲ ਵਿਚਾਰੋਗੇ ਤਾਂ ਤੁਹਾਨੂੰ ਵਾਰ-ਵਾਰ ਗੁਰਬਾਣੀ ਆਪ ਹੀ ਮਹਿਸੂਸ ਕਰਾਵੇਗੀ, ਕਿ ਦੇਖੋ ਉਹ ਕਿਤਨੇ ਭੁੱਲੇ ਹੋਏ ਹਨ ਜਿੰਨ੍ਹਾਂ ਨੂੰ ਤੁਸੀਂ ਕਿਤਨਾ ਵੱਡਾ ਮੰਨੀ ਬੈਠੇ ਹੋ। ਉਨ੍ਹਾਂ ਨੇ ਸਾਨੂੰ ਜਿਹੋ ਜਿਹੀ ਭਗਤੀ ਸਿਖਾਈ ਹੋਈ ਹੈ, ਨਾਮ ਸਮਝਾਇਆ ਹੋਇਆ ਹੈ ਇਸੇ ਲਈ ਗੁਰਬਾਣੀ ਨੇ ਉਨ੍ਹਾਂ ਤਰੀਕਿਆਂ ਦਾ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਕਿਉਂਕਿ ਉਨ੍ਹਾਂ ਨੇ ਭਗਤੀ ਉਸ ਪ੍ਰਮਾਤਮਾ ਦੇ ਕੋਲੋਂ ਨਹੀਂ ਸਿੱਖੀ ਜਿੱਥੋਂ ਗੁਰੂ ਨੇ ਸਿੱਖੀ ਹੋਈ ਹੈ। ਉਨ੍ਹਾਂ ਨੂੰ ਪ੍ਰਮਾਤਮਾ ਦੀ ਭਿਣਕ ਤੱਕ

21/2302

ਵੀ ਨਹੀਂ ਹੈ ਜੋ ਸਾਨੂੰ ਉਹੋ ਜਿਹਾ ਨਾਮ ਸਿਖਾਉਂਦੇ ਹਨ ਜੋ ਗੁਰਬਾਣੀ ਦੇ ਉਲਟ ਹੈ। **(ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ॥੧॥ਰਹਾਉ॥)**

ਗੁਰੂ ਨੂੰ ਨਾਮ ਸਮਝਾਉਣ ਵਾਲਾ ਕੌਣ ਹੈ, ਭਗਤੀ ਸਮਝਾਉਣ ਵਾਲਾ ਕੌਣ ਹੈ ਤੇ ਕਿਵੇਂ ਸਮਝਾਉਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ॥"

ਭਗਤੀ ਦੀ ਸੋਝੀ, ਨਾਮ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ, ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਹੀ ਆਪਣਾ ਸੱਚਾ ਗਿਆਨ ਦਿੰਦਾ ਹੈ, ਮਨ ਦੇ ਵਿੱਚ ਹੀ ਆਪਣੀ ਸੱਚੀ ਗੁਰਮਤਿ ਸਮਝਾਉਂਦਾ ਹੈ। ਗੁਰੂ ਦੀ ਅਵੱਸਥਾ ਸਹਜ ਵਾਲੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ। ਗੁਰੂ ਦੇ ਮਨ ਵਿੱਚ ਜੋ ਖੇਤੀ ਉਪਜਦੀ ਹੈ, ਫ਼ਸਲ ਉੱਗਦੀ ਹੈ ਉਹ ਸਹਜ ਵਾਲੇ ਵਿਚਾਰਾਂ ਦੀ ਹੀ ਉੱਗਦੀ ਹੈ। ਇਸ ਖੇਤੀ ਦੇ ਉੱਗਣ ਲਈ ਉਸਦੇ ਵਿੱਚ "ਸਚੁ" ਦਾ ਬੀਜ, "ਨਾਮੁ" ਦਾ "ਬੀਜੁ" ਪ੍ਰਮਾਤਮਾ ਆਪ ਹੀ ਬੀਜਦਾ ਹੈ। ਆਪਣੇ ਇਸ "ਬੀਜੁ" ਦੁਆਰਾ ਹੀ ਪ੍ਰਮਾਤਮਾ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਦਾ ਹੈ। "ਸਚੁ" ਰੂਪ, "ਨਾਮੁ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਦੁਆਰਾ ਪ੍ਰਗਟ ਹੋ ਕੇ ਉਹ ਸਾਨੂੰ "ਸਹਜਿ" ਦੀ ਅਵੱਸਥਾ ਵਿੱਚ ਲਿਆਉਂਦਾ ਹੈ ਭਾਵ ਆਪਣੇ ਚੌਥੇ ਪਦ ਦੇ ਨਾਲ ਜੋੜਦਾ ਹੈ ਜਿਸ ਰਾਹੀਂ ਉਹ ਮਨ ਦੇ ਵਿੱਚ ਆਪਣਾ "ਸਚੁ ਨਾਮੁ" ਸਮਝਾਉਂਦਾ ਹੈ, ਆਪਣੀ ਸੱਚੀ ਭਗਤੀ ਸਮਝਾਉਂਦਾ ਹੈ। ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪਣਾ ਇਹ "ਸਚੁ ਨਾਮੁ" ਦਾ "ਬੀਜੁ" ਪਾਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੇ ਵਿੱਚ ਆਪਣਾ ਇਹ "ਸਚੁ ਨਾਮੁ" ਦਾ "ਬੀਜੁ" ਬੀਜਿਆ ਹੈ ਜਿਸਦੀ ਫ਼ਸਲ ਗੁਰਬਾਣੀ ਦੇ ਅੰਦਰ "ਸਹਜਿ" ਰੂਪ ਵਿੱਚ ਉਪਜੀ ਹੋਈ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ, ਬ੍ਰਹਮਗਿਆਨ ਦੇ ਰੂਪ ਵਿੱਚ ਉਪਜੀ ਹੋਈ ਹੈ ਤੇ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਕਰਨ ਦਾ ਤਰੀਕਾ ਸਮਝਾ ਰਹੀ ਹੈ, ਉਸਦਾ ਨਾਮ ਧਿਆਉਣਾ ਸਿਖਾ ਰਹੀ ਹੈ। **(ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ॥)**

ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਆਪਣਾ ਇਹ "ਸਚੁ ਨਾਮੁ" ਦਾ "ਬੀਜੁ" ਬੀਜਦਾ ਹੈ ਉਸਦੇ ਵਿੱਚੋਂ ਜੋ ਫ਼ਸਲ ਉੱਗਦੀ ਹੈ ਉਹ ਸੱਚੇ ਵਿਚਾਰਾਂ ਦੀ ਫ਼ਸਲ ਉੱਗਦੀ ਹੈ, ਸੰਘਣੇ ਵਿਚਾਰਾਂ ਦੀ ਫ਼ਸਲ ਉੱਗਦੀ ਹੈ, ਕੀਮਤੀ ਫ਼ਸਲ ਉੱਗਦੀ ਹੈ ਜਿਸ ਦੁਆਰਾ ਸਾਡਾ ਮਨ ਤ੍ਰਿਪਤ ਹੁੰਦਾ ਹੈ, ਇਸ ਮਨ ਦੀ ਭੁੱਖ ਉਤਰਦੀ ਹੈ। ਮਨ ਦੇ ਵਿੱਚ ਇਨ੍ਹਾਂ ਵਿਚਾਰਾਂ ਦੀ ਫ਼ਸਲ ਉਪਜਣ ਦੇ ਨਾਲ ਮਨੁੱਖ ਦੀ ਪ੍ਰਮਾਤਮਾ ਦੇ ਨਾਲ ਮੇਲ ਦੀ ਭੁੱਖ ਦੂਰ ਹੁੰਦੀ ਹੈ, ਮਾਇਆ ਦੀ ਤ੍ਰਿਸ਼ਨਾ ਦੂਰ ਹੁੰਦੀ ਹੈ ਜੋ ਕਿ ਸਾਡੇ ਮਨ ਦੇ ਸੁਭਾਅ ਨੂੰ ਹੀ ਬਦਲਦੀ ਹੈ। ਇਹ ਮਨ ਦੇ ਅੰਦਰ ਸੱਚੀ ਸੋਝੀ ਦੀ ਫ਼ਸਲ ਹੈ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਗੁਰਮਤਿ ਦੇ ਵਿਚਾਰਾਂ ਅਨੁਸਾਰ ਬਦਲ ਦਿੰਦੀ ਹੈ। **(ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ॥)**

ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਅੰਮ੍ਰਿਤ ਪੀਣਾ ਕੀ ਹੈ।

21/2303

"ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥

ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ॥੨॥"

ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਕੇ ਜੋ ''ਸਚੁ ਨਾਮੁ'' ਦਾ ਬੀਜ ਬੀਜਦਾ ਹੈ ਉਸ ਦੁਆਰਾ ਸਾਨੂੰ ਉਹ ਸੋਝੀ ਹੀ ਪਾਉਂਦਾ ਹੈ, ਸੱਚਾ ਗਿਆਨ ਹੀ ਦਿੰਦਾ ਹੈ। ਪ੍ਰਮਾਤਮਾ ਦਾ ਮਨ ਵਿੱਚ ਦਿੱਤਾ ਹੋਇਆ ਸੱਚਾ ਗਿਆਨ, ਉਸਦਾ ਬੀਜਿਆ ਹੋਇਆ ''ਸਚੁ ਨਾਮੁ'' ਹੀ ਉਸਦਾ ''ਸਬਦੁ'' ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਗੁਰੂ ਹੈ। ਮਨ ਦੀ ਇਹ ਅਵੱਸਥਾ ਹੀ ਪ੍ਰਮਾਤਮਾ ਦਾ ਗੁਰੂ ਰੂਪ ਹੈ ਜਿਸ ਦੁਆਰਾ ਉਸਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪਣਾ ਗੁਰੂ ਰੂਪ ਪ੍ਰਗਟ ਕੀਤਾ ਹੈ। ਸਾਰੀ ਗੁਰਬਾਣੀ ਵਿੱਚ ਗੁਰੂ ਦਾ ਸ਼ਬਦ ਹੀ ਹੈ ਜਿਸ ਦੁਆਰਾ ਉਸਨੇ ਸਾਨੂੰ ਸੱਚੀ ਸਿੱਖਿਆ ਦਿੱਤੀ ਹੈ, ਸਾਰੇ ਸੰਸਾਰ ਨੂੰ ਸੱਚ ਸਮਝਾਇਆ ਹੈ। ਗੁਰੂ ਆਪਣੇ ਸ਼ਬਦ ਦੁਆਰਾ ਜੋ ਸੱਚੀ ਸੋਝੀ ਪਾਉਂਦਾ ਹੈ, ਗਿਆਨ ਦਿੰਦਾ ਹੈ ਉਹ ''ਅੰਮ੍ਰਿਤੁ'' ਹੈ। ਪ੍ਰਮਾਤਮਾ ਸਾਡੇ ਅੰਦਰ ਇਸ ''ਅੰਮ੍ਰਿਤੁ'' ਰੂਪ ਵਿੱਚ ਹੀ ਹੈ ਭਾਵ ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਹੈ। ਮਨ ਦੇ ਵਿੱਚ ਇਹ ''ਅੰਮ੍ਰਿਤੁ'' ਪੀਣ ਤੋਂ ਬਾਅਦ ਭਾਵ ਪੂਰਨ ਸਚੁ ਦੀ ਸੋਝੀ ਪੈਣ ਤੋਂ ਬਾਅਦ ਹੀ ਮਨੁੱਖ ਦੀ ਪਿਆਸ ਦੂਰ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪਿਆਸ ਦੂਰ ਹੁੰਦੀ ਹੈ, ਤ੍ਰਿਸ਼ਨਾ ਦੀ ਅਗਨਿ ਬੁਝਦੀ ਹੈ, ਮਾਇਆ ਮੋਹ ਦੀ ਤ੍ਰਿਸ਼ਨਾ ਦੂਰ ਹੁੰਦੀ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਆਪ ਆਪਣੀ ਕ੍ਰਿਪਾ ਦੁਆਰਾ ਦੂਰ ਕਰਦਾ ਹੈ। **(ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥)**

ਪ੍ਰਮਾਤਮਾ ਨੇ ਜਿੰਨ੍ਹਾਂ ਨੂੰ ਮਨ ਦੇ ਵਿੱਚ ਇਹ ਅੰਮ੍ਰਿਤ ਪੀਆਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਉਸਦੀ ਅਕਥ ਕਥਾ ਦੀ ਰਚਨਾ ਕੀਤੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ।

ਗਉੜੀ ਮਹਲਾ ੧॥

{ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥੧॥}

(ਅੰਗ ੧੫੪)

ਇਸੇ ਲਈ ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ, ਅੰਮ੍ਰਿਤ ਨਾਮ ਹੈ, ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਜਿਸ ਦੁਆਰਾ ਉਹ ਆਪ ਹੀ ਗੁਰੂ ਹੈ। ਸਾਰੀ ਗੁਰਬਾਣੀ ਵਿੱਚ ਗੁਰਸ਼ਬਦ ਹੈ।

{ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥ ਅਨਦਿਨੁ ਹਰਿ ਕਾ ਨਾਮੁ ਵਖਾਣੀ॥}

(ਅੰਗ ੧੦੫੭)

ਮਨ ਦੇ ਵਿੱਚ ਇਹੋ ਜਿਹਾ ਅੰਮ੍ਰਿਤ ਪੀਣ ਦੁਆਰਾ ਹੀ, ਗੁਰੂ ਦੇ ਸ਼ਬਦ ਦਾ ਅੰਮ੍ਰਿਤ ਪੀਣ ਦੁਆਰਾ ਹੀ ਮਨੁੱਖ ਸੱਚ ਦੇ ਨਾਲ ਰੱਤਿਆ ਜਾਂਦਾ ਹੈ, ਨਾਮ ਦੇ ਨਾਲ ਰੱਤਿਆ ਜਾਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ

21/2304

ਸਮਝਾਇਆ ਹੋਇਆ ਹੈ।

''ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ॥੨॥''

ਮਨ ਦੇ ਵਿੱਚ ਜੋ ਸਾਨੂੰ ਆਪਣਾ ਅੰਮ੍ਰਿਤ ਪਿਆਉਂਦਾ ਹੈ ਉਹੀ ਇਸ ਮਨ ਦੀ ਸੋਝੀ ਦਾ ਮਾਲਕ ਹੈ ਜੋ ਸਾਨੂੰ ਸੱਚੀ ਸੋਝੀ ਦੇ ਰੂਪ ਵਿੱਚ, ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਇਹ ਅੰਮ੍ਰਿਤ ਪੀਆਉਂਦਾ ਹੈ। ਇਸ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਇਹ ਸਮਝ ਪੈਂਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੀ ਹੈ ਜੋ ਇਸ ਮਨ ਦੇ ਗਿਆਨ ਦਾ ਮਾਲਕ ਹੈ, ਗਿਆਨ ਦਾ ਸ੍ਰੋਤ ਹੈ। **(ਇਹੁ ਮਨੁ ਸਾਚਾ)** ਮਨ ਦੇ ਇਸ ਅੰਮ੍ਰਿਤ ਦੁਆਰਾ ਪ੍ਰਮਾਤਮਾ ਸਾਨੂੰ ਆਪਣੇ ਸਚੁ ਦੇ ਵਿੱਚ ਹੀ ਰਲਾਉਂਦਾ ਹੈ, ਸੱਚੇ ਗਿਆਨ ਦੇ ਵਿੱਚ ਹੀ ਰਲਾਉਂਦਾ ਹੈ, ਨਾਮ ਦੇ ਵਿੱਚ ਹੀ ਰਲਾਉਂਦਾ ਹੈ ਜਿਸ ਦੁਆਰਾ ਮਨੁੱਖ ਫਿਰ ਉਸ ਦੇ ਸੱਚ ਦੇ ਵਿੱਚ, ਗੁਰਮਤਿ ਦੇ ਵਿੱਚ, ਨਾਮ ਦੇ ਵਿੱਚ ਰੱਤਿਆ ਰਹਿੰਦਾ ਹੈ ਤੇ ਉਸ ਸੱਚੇ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਹੀ ਸਮਾਇਆ ਰਹਿੰਦਾ ਹੈ, ਨਿਰਗੁਣ ਰੂਪ ਪ੍ਰਮਾਤਮਾ ਦੇ ਵਿੱਚ ਸਮਾਇਆ ਰਹਿੰਦਾ ਹੈ। **(ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ॥੨॥)**

ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ ਗੁਰੂ ਦੇ ਸ਼ਬਦ ਦੁਆਰਾ ਦਿੱਤੀ ਹੋਈ ਸੋਝੀ ਅੰਮ੍ਰਿਤ ਹੈ। ਜੇਕਰ ਅਸੀਂ ਇਸ ਅੰਮ੍ਰਿਤ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ, ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਫਿਰ ਸਾਡੇ ਲਈ ਇੱਕੋ ਇੱਕ ਰਸਤਾ ਇਹੋ ਹੀ ਹੈ ਕਿ ਅਸੀਂ ਸ਼ਬਦ ਦੀ ਸੋਝੀ ਦੇ ਨਾਲ ਜੁੜੀਏ ਭਾਵ ਗੁਰਬਾਣੀ ਦੀ ਸੋਝੀ ਦੇ ਨਾਲ ਜੁੜੀਏ ਜਿਸ ਨੂੰ ਭਗਤੀ ਦੀ ਸਮਝ ਹੈ। ਗੁਰੂ ਦਾ ਸ਼ਬਦ ਆਪਣੇ ਅੰਮ੍ਰਿਤ ਰਾਹੀਂ, ਸੋਝੀ ਰਾਹੀਂ ਸਾਨੂੰ ਭਗਤੀ ਕਰਨ ਦਾ ਤਰੀਕਾ ਹੀ ਸਮਝਾਉਂਦਾ ਹੈ ਜੋ ਕਿ ਪ੍ਰਮਾਤਮਾ

ਦਾ ਆਪਣਾ ਸਮਝਾਇਆ ਹੋਇਆ ਤਰੀਕਾ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਦੁਆਰਾ ਸਮਝਿਆ ਹੈ। **(ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ॥੧॥ਰਹਾਉ॥)**

ਗੁਰੂ ਦੇ ਅੰਦਰ ਤਾਂ ਪ੍ਰਮਾਤਮਾ ਵੱਸਿਆ ਹੋਇਆ ਹੈ ਜਿਸ ਤੇ ਕਿਸੇ ਨੂੰ ਸ਼ੱਕ ਨਹੀਂ ਹੈ ਤੇ ਫਿਰ ਅਸੀਂ ਨਿਸ਼ਚਿਤ ਹੋ ਕੇ ਗੁਰੂ ਦੀ ਮਤਿ ਨਾਲ ਕਿਉਂ ਨਹੀਂ ਜੁੜਦੇ। ਉਨ੍ਹਾਂ ਨਾਲ ਕਿਉਂ ਜੁੜਦੇ ਹਾਂ ਜਿੰਨ੍ਹਾਂ ਦੇ ਮਨ ਦੀ ਅਵੱਸਥਾ ਕਦੇ ਗੁਰੂ ਵਰਗੀ ਨਹੀਂ ਹੋ ਸਕਦੀ। ਉਨਾਂ ਦੇ ਨਾਲ ਜੁੜ ਕੇ ਅਸੀਂ ਗੁਰੂ ਦੇ ਨਾਲੋਂ ਟੁੱਟਦੇ ਹੀ ਹਾਂ, ਅੰਮ੍ਰਿਤ ਦੀ ਪ੍ਰਾਪਤੀ ਤੋਂ ਦੂਰ ਹੀ ਹੁੰਦੇ ਹਾਂ।

ਜੋ ਕੁੱਝ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਆਓ ਉਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਤੇ ਵਿਸ਼ਵਾਸ ਕਰਕੇ ਮੰਨੀਏ ਕਿ ਭਗਤੀ ਦੀ ਪ੍ਰਾਪਤੀ ਉਸੇ ਨੂੰ ਹੁੰਦੀ ਹੈ, ਭਗਤੀ ਦੀ ਸੋਝੀ ਉਸੇ ਨੂੰ ਹੀ ਪੈਂਦੀ ਹੈ ਜਿਸਨੂੰ ਪ੍ਰਮਾਤਮਾ ਆਪ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਪਾਉਂਦਾ ਹੈ

21/2305

ਜਿਵੇਂ ਕਿ ਉਸਨੇ ਗੁਰਬਾਣੀ ਦੇ ਰਚਣ ਵਾਲਿਆਂ ਨੂੰ ਪਾਈ ਹੈ ਤੇ ਉਹੋ ਜਿਹੀ ਭਗਤੀ ਹੀ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੋਈ ਹੈ।

“ਜਾ ਕੈ ਹਿਰਦੈ ਵਸਿਆ ਹਰਿ ਸੋਈ॥ ਗੁਰਮੁਖਿ ਭਗਤਿ ਪਰਾਪਤਿ ਹੋਈ॥
ਹਰਿ ਕੀ ਭਗਤਿ ਮੁਕਤਿ ਆਨੰਦੁ॥ ਗੁਰਮਤਿ ਪਾਏ ਪਰਮਾਨੰਦੁ॥੩॥
ਜਿਨਿ ਪਾਇਆ ਗੁਰਿ ਦੇਖਿ ਦਿਖਾਇਆ॥ ਆਸਾ ਮਾਹਿ ਨਿਰਾਸੁ ਬੁਝਾਇਆ॥
ਦੀਨਾ ਨਾਥੁ ਸਰਬ ਸੁਖਦਾਤਾ॥ ਨਾਨਕ ਹਰਿ ਚਰਣੀ ਮਨੁ ਰਾਤਾ॥੪॥੧੨॥”

(ਅੰਗ ੧੫੪)

ਬੜਾ ਸਪੱਸ਼ਟ ਹੈ ਕਿ ਜਿੱਥੇ ਪ੍ਰਮਾਤਮਾ ਪਹਿਲੇ ਆਪਣੇ ਆਪ ਨੂੰ ਵਸਾਉਂਦਾ ਹੈ ਉਸਨੂੰ ਹੀ ਭਗਤੀ ਦੀ ਪ੍ਰਾਪਤੀ ਹੁੰਦੀ ਹੈ ਤੇ ਉਹੀ ਉਸ ਦਾ ਗੁਰਮੁਖਿ ਰੂਪ ਬਣਦਾ ਹੈ। **(ਜਾ ਕੈ ਹਿਰਦੈ ਵਸਿਆ ਹਰਿ ਸੋਈ॥ ਗੁਰਮੁਖਿ ਭਗਤਿ ਪਰਾਪਤਿ ਹੋਈ॥)** ਪੂਰੀ ਗੁਰਬਾਣੀ ਇਸੇ ਲਈ ਗੁਰਮੁਖਿ ਬਾਣੀ ਹੈ ਕਿਉਂਕਿ ਉਸਦੇ ਅੰਦਰ ਪ੍ਰਮਾਤਮਾ ਆਪ ਵੱਸਿਆ ਹੋਇਆ ਹੈ। ਗੁਰਬਾਣੀ, ਉਸ ਦੀ ਰਚਨਾ ਕਰਨ ਵਾਲਿਆਂ ਦਾ ਸੱਚਾ ਰੂਪ ਹੈ, ਗੁਰਮੁਖਿ ਰੂਪ ਹੈ ਤੇ ਇਸੇ ਲਈ ਗੁਰਬਾਣੀ ਸਾਨੂੰ ਸੱਚੀ ਭਗਤੀ ਦੀ ਸੋਝੀ ਪਾ ਰਹੀ ਹੈ।

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਵੱਸ ਕੇ ਆਪਣੀ ਭਗਤੀ ਸਮਝਾਈ ਹੈ ਉਨ੍ਹਾਂ ਨੂੰ ਹੀ ਮੁਕਤੀ ਮਿਲੀ ਹੈ ਤੇ “ਆਨੰਦੁ” ਦੀ ਪ੍ਰਾਪਤੀ ਹੋਈ ਹੈ। ਪ੍ਰਮਾਤਮਾ ਸਾਨੂੰ ਮੁਕਤ ਭਰਮ ਤੋਂ ਹੀ ਕਰਦਾ ਹੈ, ਅਗਿਆਨਤਾ ਤੋਂ ਹੀ ਕਰਦਾ ਹੈ। ਆਪਣੀ ਭਗਤੀ ਬਖ਼ਸ਼ ਕੇ ਭਾਵ ਭਗਤੀ ਦੀ ਸੋਝੀ ਬਖ਼ਸ਼ ਕੇ ਉਹ ਆਪਣਾ ਸੱਚਾ ਗਿਆਨ ਹੀ ਬਖ਼ਸ਼ਦਾ ਹੈ ਜੋ ਕਿ ਉਸਦਾ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਕਿ ਸਾਨੂੰ ਭਰਮ ਤੋਂ ਮੁਕਤ ਕਰਦਾ ਹੈ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ, ਬ੍ਰਹਮਗਿਆਨ ਦੀ ਅਵੱਸਥਾ ਵਿੱਚ ਹੈ ਜਿਸ ਦੁਆਰਾ ਉਹ ਭਰਮ ਤੋਂ ਮੁਕਤ ਹੈ ਤੇ ਸਾਨੂੰ ਭਗਤੀ ਦੀ ਸੱਚੀ ਸੋਝੀ ਪਾ ਰਹੀ ਹੈ। ਮਨ ਦੀ ਇਹ ਅਵੱਸਥਾ ਹੀ ਸਾਡੇ ਅੰਦਰ “ਆਨੰਦੁ” ਦੀ ਅਵੱਸਥਾ ਹੈ ਜਿਸ ਅਵੱਸਥਾ ਨੂੰ ਗੁਰਬਾਣੀ ਦੇ ਰਚਣ ਵਾਲਿਆਂ ਨੇ ਮਾਣਿਆ ਹੈ। “ਆਨੰਦੁ” ਕੀ ਹੈ ਇਸ ਗੱਲ ਨੂੰ ਅਸੀਂ ਬਰੀਕੀ ਨਾਲ ਜਾਣਿਆ ਹੈ। ਜਿਸਨੂੰ ਪ੍ਰਮਾਤਮਾ ਆਪਣੀ ਭਗਤੀ ਸਿਖਾਉਂਦਾ ਹੈ ਉਸਨੂੰ ਹੀ ਗੁਰਮਤਿ ਦੀ ਸਮਝ ਪੈਂਦੀ ਹੈ। ਸਾਡੇ ਅੰਦਰ ਭਗਤੀ ਦਾ ਵੱਸਣਾ ਜਾਂ ਗੁਰਮਤਿ ਦਾ ਵੱਸਣਾ ਇੱਕੋ ਹੀ ਗੱਲ ਹੈ। ਪੂਰੀ ਗੁਰਬਾਣੀ ਸਾਨੂੰ ਭਗਤੀ ਹੀ ਸਮਝਾ ਰਹੀ ਹੈ, ਗੁਰਮਤਿ ਹੀ ਸਮਝਾ ਰਹੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਵਿੱਚ ਆਪਣੀ ਗੁਰਮਤਿ ਸਮਝਾਈ ਹੈ ਉਨ੍ਹਾਂ ਨੇ ਮਨ ਦੀ ਇਸ ਸੋਝੀ ਦੁਆਰਾ ਹੀ, ਗੁਰਮਤਿ ਵਾਲੀ ਸੋਝੀ ਦੁਆਰਾ ਹੀ, ਉਸ ਪ੍ਰਮਾਤਮਾ ਨੂੰ ਪਾਇਆ ਹੈ ਜੋ ਸਾਡੇ ਅੰਦਰ ਗਿਆਨ ਦੇ ਰੂਪ ਵਿੱਚ ਹੀ ਵਿਚਰਦਾ ਹੈ। **(ਹਰਿ ਕੀ ਭਗਤਿ ਮੁਕਤਿ ਆਨੰਦੁ॥ ਗੁਰਮਤਿ ਪਾਏ ਪਰਮਾਨੰਦੁ॥੩॥)**

21/2306

ਜਿੰਨ੍ਹਾਂ ਨੇ ਗੁਰਮਤਿ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਮਤਿ ਤੇ ਚੱਲਣਾ ਸਿਖਾਇਆ ਹੈ, ਗੁਰਬਾਣੀ ਰਾਹੀਂ ਸਿਖਾਇਆ

ਹੈ ਤੇ ਉਨ੍ਹਾਂ ਨੇ ਹੀ ਸਾਨੂੰ ਕੀ ਸਮਝਾਇਆ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਿਨਿ ਪਾਇਆ ਗੁਰਿ ਦੇਖਿ ਦਿਖਾਇਆ॥ ਆਸਾ ਮਾਹਿ ਨਿਰਾਸੁ ਬੁਝਾਇਆ॥"

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆਂ ਹੈ ਉਨ੍ਹਾਂ ਨੂੰ ਫਿਰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਗੁਰੂ ਕੌਣ ਹੈ। ਗੁਰੂ ਉਹੀ ਹੈ ਜੋ ਸਾਨੂੰ ਭਗਤੀ ਸਮਝਾਉਂਦਾ ਹੈ, ਗੁਰਮਤਿ ਸਮਝਾਉਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਭਗਤੀ ਸਮਝਾਈ ਹੈ ਉਨ੍ਹਾਂ ਨੇ ਇਸੇ ਲਈ ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ। ਇਸੇ ਲਈ ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ। ਜਿੰਨ੍ਹਾਂ ਨੇ ਉਸ ਪ੍ਰਮਾਤਮਾ ਰੂਪ ਗੁਰੂ ਨੂੰ ਆਪਣੇ ਅੰਦਰੋਂ ਦੇਖਿਆ ਹੈ, ਜੋ ਕੁੱਝ ਉਸਦੇ ਕੋਲੋਂ ਸਿੱਖਿਆ ਹੈ ਉਹੀ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ, ਭਗਤੀ ਦਾ ਮਾਰਗ ਦਿਖਾਇਆ ਹੈ। ਜੋ ਉਨ੍ਹਾਂ ਨੇ ਆਪ ਦੇਖਿਆ ਹੈ ਉਹੀ ਕੁੱਝ ਸਾਨੂੰ ਦਿਖਾਇਆ ਹੈ। ਜੋ ਆਪ ਸਮਝਿਆ ਹੈ ਉਹੀ ਸਾਨੂੰ ਸਮਝਾਇਆ ਹੈ। **(ਜਿਨਿ ਪਾਇਆ ਗੁਰਿ ਦੇਖਿ ਦਿਖਾਇਆ॥)** ਜੋ ਰੂਪ ਪ੍ਰਮਾਤਮਾ ਦਾ ਉਨ੍ਹਾਂ ਨੇ ਆਪ ਦੇਖਿਆ ਹੈ ਉਹੀ ਰੂਪ ਪ੍ਰਮਾਤਮਾ ਦਾ ਉਨ੍ਹਾਂ ਨੇ ਸੰਸਾਰ ਨੂੰ ਦਿਖਾਇਆ ਹੈ ਭਾਵ ਇਸ ਵਿੱਚ ਉਨ੍ਹਾਂ ਦੀ ਆਪਣੀ ਕੋਈ ਮਤਿ ਨਹੀਂ ਹੈ ਸਾਰੀ ਮਤਿ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਹੈ। ਉਨ੍ਹਾਂ ਨੇ ਗੁਰਬਾਣੀ ਰਾਹੀਂ ਜੋ ਭਗਤੀ ਦਾ ਤਰੀਕਾ ਸਮਝਿਆ ਹੈ ਉਹ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੈ।

"ਆਸਾ ਮਾਹਿ ਨਿਰਾਸੁ ਬੁਝਾਇਆ॥"

ਉਪਰਲੀ ਪੰਗਤੀ ਰਾਹੀਂ ਸਾਨੂੰ ਭਗਤੀ ਦਾ ਮੂਲ ਹੀ ਸਮਝਾਇਆ ਹੋਇਆ ਹੈ, ਬੁੱਝਾਇਆ ਹੋਇਆ ਹੈ ਜੋ ਭਗਤੀ ਦਾ ਤਰੀਕਾ ਅਸੀਂ ਹੁਣ ਤੱਕ ਪਿੱਛੇ ਹਰ ਸ਼ਬਦ ਰਾਹੀਂ ਸਮਝਦੇ ਆਏ ਹਾਂ। ਪ੍ਰਮਾਤਮਾ ਦੀ ਭਗਤੀ ਕੇਵਲ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ ਜਿਸ ਵਿੱਚ ਵਿਘਨ, ਰੁਕਾਵਟ ਸਾਡੇ ਅੰਦਰ ਦੀਆਂ ਆਸਾਵਾਂ ਹਨ, ਤ੍ਰਿਸ਼ਨਾਵਾਂ ਹਨ ਜੋ ਸਾਨੂੰ ਸੱਚ ਦੇ ਮਾਰਗ ਤੋਂ ਭਟਕਾਉਂਦੀਆਂ ਹਨ ਤੇ ਮਾੜੇ ਪਾਸੇ ਤੋਰਦੀਆਂ ਹਨ, ਝੂਠ ਦੇ ਨਾਲ ਜੋੜਦੀਆਂ ਹਨ, ਮਾਇਆ ਮੋਹ ਦੇ ਨਾਲ ਜੋੜਦੀਆਂ ਹਨ, ਝੂਠੇ ਮਾਣ-ਅਭਿਮਾਨ ਦੇ ਨਾਲ ਜੋੜਦੀਆਂ ਹਨ। ਇਨ੍ਹਾਂ ਆਸਾਵਾਂ ਵੱਲੋਂ ਨਿਰਾਸ਼ ਹੋਣਾ ਹੀ ਭਾਵ ਇਨ੍ਹਾਂ ਵਿੱਚੋਂ ਨਿਕਲਣਾ ਹੀ ਸਾਡੀ ਭਗਤੀ ਦਾ ਤਰੀਕਾ ਹੈ ਜਿਸ ਦੁਆਰਾ ਅਸੀਂ ਮਾੜੇ ਕਰਮਾਂ ਤੋਂ ਬਚ ਸਕਦੇ ਹਾਂ ਤੇ ਸੱਚੇ ਸੁੱਚੇ ਇਨਸਾਨ ਬਣ ਕੇ ਵਿਚਰ ਸਕਦੇ ਹਾਂ। ਗੁਰੂ ਸਾਨੂੰ ਵਾਰ-ਵਾਰ ਬਾਣੀ ਰਾਹੀਂ ਇਹੀ ਤਰੀਕਾ ਸਮਝਾ ਰਿਹਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਉਸ ਦੀ ਭਗਤੀ ਹੋ ਸਕਦੀ ਹੈ। **(ਜਿਨਿ ਪਾਇਆ ਗੁਰਿ ਦੇਖਿ ਦਿਖਾਇਆ॥ ਆਸਾ ਮਾਹਿ ਨਿਰਾਸੁ ਬੁਝਾਇਆ॥)**

21/2307

ਧਰਮ ਦਾ ਸੱਚਾ ਠੇਕੇਦਾਰ ਤਾਂ ਸਾਨੂੰ ਇਹੋ ਜਿਹੀ ਭਗਤੀ ਹੀ ਸਮਝਾ ਰਿਹਾ ਹੈ ਜਿਸ ਦੇ ਨਾਲ ਜੁੜ ਕੇ ਅਸੀਂ ਉਸ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ, ਉਸਨੂੰ ਪਾ ਸਕਦੇ ਹਾਂ, ਸੰਸਾਰ ਦੇ ਆਵਾਗਉਣ ਤੋਂ ਮੁਕਤ ਹੋ ਸਕਦੇ ਹਾਂ, ਸੱਚੇ "ਅਨੰਦੁ" ਦੀ ਪ੍ਰਾਪਤੀ ਕਰ ਸਕਦੇ ਹਾਂ। ਗੁਰਬਾਣੀ ਵਿੱਚ ਸਾਨੂੰ ਭਗਤੀ ਦਾ ਇਸ ਤੋਂ ਦੂਸਰਾ ਤਰੀਕਾ ਨਹੀਂ ਸਮਝਾਇਆ ਗਿਆ ਬਲਕਿ ਉਹੋ ਜਿਹੇ ਅਨੇਕਾਂ ਹੀ ਅਨੇਕਾਂ ਤਰੀਕਿਆਂ ਦਾ ਵਾਰ-ਵਾਰ ਖੰਡਨ ਕੀਤਾ ਗਿਆ ਹੈ ਜੋ ਧਰਮ ਦੇ ਝੂਠੇ ਠੇਕੇਦਾਰਾਂ ਨੇ ਸਮਝਾਏ ਹੋਏ ਹਨ। ਉਨ੍ਹਾਂ ਨੇ ਨਾ ਆਪ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਉਹੋ ਜਿਹਿਆਂ ਦੇ ਪਿੱਛੇ ਲੱਗ ਕੇ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ। ਪ੍ਰਮਾਤਮਾ ਆਪ ਗੁਰਮਤਿ ਦੇ ਰੂਪ ਵਿੱਚ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੈ ਤੇ ਉਸਦੀ ਸੱਚੀ ਸੋਝੀ ਦੇ ਨਾਲ ਜੁੜ ਕੇ ਹੀ ਉਸਨੂੰ ਪਾਇਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ। **(ਗੁਰਮਤਿ ਪਾਏ ਪਰਮਾਨੰਦੁ॥੩॥)** ਸਾਰੇ ਸੁੱਖਾਂ ਦਾ ਦਾਤਾ ਆਪ ਪ੍ਰਮਾਤਮਾ ਹੈ ਤੇ ਉਸਦੀ ਪ੍ਰਾਪਤੀ ਉਸਦੀ ਗੁਰਮਤਿ ਤੇ ਚੱਲਣ ਦੁਆਰਾ ਹੀ ਹੁੰਦੀ ਹੈ। ਜਿੰਨ੍ਹਾਂ ਨੂੰ ਉਸਨੇ ਆਪਣੀ ਗੁਰਮਤਿ ਬਖ਼ਸ਼ੀ ਹੈ, ਭਗਤੀ ਬਖ਼ਸ਼ੀ ਹੈ ਉਨ੍ਹਾਂ ਦਾ ਜੀਵਨ ਫਿਰ ਗੁਰਮਤਿ ਵਿੱਚ ਰਹਿ ਕੇ ਹੀ ਬਤੀਤ ਹੁੰਦਾ ਹੈ ਭਾਵ ਉਨ੍ਹਾਂ ਦਾ ਮਨ ਪ੍ਰਮਾਤਮਾ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ। ਉਸਦੀ ਗੁਰਮਤਿ ਦੀ ਸੱਚੀ ਸੋਝੀ ਹੀ ਉਸ ਪ੍ਰਮਾਤਮਾ ਦੇ ਚਰਨ ਹਨ ਤੇ ਉਸਦੀ ਗੁਰਮਤਿ ਨਾਲ ਜੁੜੇ ਰਹਿਣਾ ਉਸਦੇ ਚਰਨਾਂ ਨਾਲ ਜੁੜੇ ਰਹਿਣਾ ਹੈ। **(ਦੀਨਾ ਨਾਥੁ ਸਰਬ ਸੁਖਦਾਤਾ॥ ਨਾਨਕ ਹਰਿ ਚਰਣੀ ਮਨੁ ਰਾਤਾ॥੪॥੧੨॥)**

ਜੇਕਰ ਅਸੀਂ ਗੁਰੂ ਦੀ ਮਤਿ ਦੇ ਨਾਲ ਜੁੜੇ ਹੋਏ ਹਾਂ ਭਾਵ ਜੇਕਰ ਅਸੀਂ ਗੁਰੂ ਦੇ ਕੋਲੋਂ ਮਤਿ ਲੈਂਦੇ ਹਾਂ ਤਾਂ ਫਿਰ ਅਸੀਂ ਗੁਰੂ ਦੇ ਚਰਨਾਂ ਨਾਲ ਜੁੜਦੇ ਹਾਂ ਤੇ ਜੇਕਰ ਕਿਸੇ ਹੋਰ ਦੀ ਮਤਿ ਲੈਂਦੇ ਹਾਂ, ਕਿਸੇ ਹੋਰ ਠੇਕੇਦਾਰ ਦੀ ਮਤਿ ਲੈਂਦੇ ਹਾਂ ਜੋ ਗੁਰਬਾਣੀ

ਤੇ ਪੂਰੀ ਨਹੀਂ ਉਤਰਦੀ ਫਿਰ ਅਸੀਂ ਉਸ ਨਕਲੀ ਠੇਕੇਦਾਰ ਦੇ ਚਰਨਾਂ ਨਾਲ ਜੁੜੇ ਹੋਏ ਹਾਂ। ਫੈਸਲਾ ਅਸੀਂ ਹੀ ਕਰਨਾ ਹੈ ਕਿ ਅਸੀਂ ਕਿਸ ਦੇ ਚਰਨਾਂ ਨਾਲ ਜੁੜਨਾ ਹੈ। ਇੱਕ ਪਾਸੇ ਸੱਚ ਹੈ ਤੇ ਦੂਜੇ ਪਾਸੇ ਝੂਠ ਹੈ। ਉਹ ਪ੍ਰਮਾਤਮਾ ਸੱਚ ਰੂਪ ਹੈ ਤੇ ਉਸਦੀ ਗੁਰਬਾਣੀ ਉਸਦਾ ਆਪਣਾ ਸੱਚ ਰੂਪ ਹੈ।

ਪੂਰੀ ਗੁਰਮਤਿ ਨਾਮ ਹੈ ਤੇ ਕੇਵਲ ਗੁਰਮਤਿ ਤੇ ਚੱਲਣਾ ਹੀ ਨਾਮ ਜਪਣਾ ਹੈ। ਜੋ ਪੂਰੀ ਤਰ੍ਹਾਂ ਗੁਰਮਤਿ ਤੇ ਚੱਲਦਾ ਹੈ ਉਹੀ ਕੇਵਲ ਨਾਮ ਧਿਆਉਂਦਾ ਹੈ ਭਾਵ ਇੱਕੋ ਨਾਮ ਧਿਆਉਂਦਾ ਹੈ ਜਿਹੋ ਜਿਹਾ ਨਾਮ ਧਿਆਉਣਾ ਸਾਨੂੰ ਗੁਰਬਾਣੀ ਸਿਖਾਉਂਦੀ ਹੈ। ਜੋ ਗੁਰਮਤਿ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਤੇ ਚੱਲਦਾ ਹੈ ਉਹ ਕਦੇ ਇੱਕੋ ਨਾਮ ਨਹੀਂ ਧਿਆ ਸਕਦਾ। ਅਸੀਂ ਕੋਈ ਗੱਲ ਗੁਰੂ ਦੀ ਮੰਨਦੇ ਹਾਂ ਤੇ ਕੋਈ ਗੱਲ ਕਿਸੇ ਹੋਰ ਦੀ ਮੰਨ ਲੈਂਦੇ ਹਾਂ ਤਾਂ ਫਿਰ ਅਸੀਂ ਇੱਕੋ ਨਾਮ ਨਹੀਂ ਧਿਆ ਸਕਦੇ ਭਾਵ ਕੇਵਲ ਗੁਰੂ ਦੀ ਮਤਿ ਤੇ ਨਹੀਂ ਟਿਕਦੇ। ਪੂਰਨ ਨਾਮ ਭਾਵ ਕੇਵਲ ਨਾਮ,

21/2308

ਇੱਕੋ ਨਾਮ ਤਾਂ ਹੀ ਧਿਆਇਆ ਜਾ ਸਕਦਾ ਹੈ ਜਦੋਂ ਅਸੀਂ ਪੂਰਨ ਰੂਪ ਵਿੱਚ ਗੁਰਮਤਿ ਤੇ ਟਿਕਦੇ ਹਾਂ। ਇਸ ਗੱਲ ਨੂੰ ਪਿੱਛੇ ਵੀ ਸਮਝਦੇ ਆਏ ਹਾਂ ਤੇ ਇਹੋ ਗੱਲ ਸਾਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

ਰਾਮਕਲੀ ਮਹਲਾ ੫॥

"ਬਿਰਥਾ ਭਰਵਾਸਾ ਲੋਕ॥ ਠਾਕੁਰ ਪ੍ਰਭ ਤੇਰੀ ਟੇਕ॥
ਅਵਰ ਛੂਟੀ ਸਭ ਆਸ॥ ਅਚਿੰਤ ਠਾਕੁਰ ਭੇਟੇ ਗੁਣਤਾਸ॥੧॥
ਏਕੋ ਨਾਮੁ ਧਿਆਇ ਮਨ ਮੇਰੇ॥ ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ॥੧॥ਰਹਾਉ॥"

(ਅੰਗ ੯੯੬)

ਇਸ ਸ਼ਬਦ ਦੁਆਰਾ ਸਾਨੂੰ "ਏਕੋ ਨਾਮੁ" ਧਿਆਉਣਾ ਹੀ ਸਿਖਾਇਆ ਹੋਇਆ ਹੈ ਜਿਵੇਂ ਕਿ "ਰਹਾਉ" ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਇੱਕੋ ਨਾਮ, ਕੇਵਲ ਨਾਮ ਅਸੀਂ ਉਦੋਂ ਧਿਆ ਸਕਦੇ ਹਾਂ ਜਦੋਂ ਸਾਡੀ ਪੂਰਨ ਟੇਕ ਗੁਰਮਤਿ ਤੇ ਟਿਕ ਜਾਂਦੀ ਹੈ, ਜਦੋਂ ਸਾਨੂੰ ਗੁਰਮਤਿ ਤੇ ਹੀ ਪੂਰਨ ਭਰੋਸਾ ਆ ਜਾਂਦਾ ਹੈ। ਗੁਰਬਾਣੀ ਦੀ ਓਟ ਲੈਣਾ ਹੀ ਉਸ ਠਾਕੁਰ ਦੀ ਓਟ ਲੈਣਾ ਹੈ, ਪ੍ਰਮਾਤਮਾ ਦੀ ਓਟ ਲੈਣਾ ਹੈ ਕਿਉਂਕਿ ਗੁਰਬਾਣੀ ਪ੍ਰਮਾਤਮਾ ਦਾ ਹੀ ਰੂਪ ਹੈ। ਜਦ ਤੱਕ ਅਸੀਂ ਆਪਣੇ ਅੰਦਰ ਗੁਰੂ ਦੀ ਮਤਿ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਤੇ ਭਰੋਸਾ ਟਿਕਾਇਆ ਹੋਇਆ ਹੈ ਤਦ ਤੱਕ ਸਾਡਾ ਗੁਰਮਤਿ ਤੇ ਪੂਰਨ ਭਰੋਸਾ ਨਹੀਂ ਹੈ ਭਾਵ ਤਦ ਤੱਕ ਅਸੀਂ ਕੇਵਲ ਨਾਮ ਨਹੀਂ ਜਪ ਸਕਦੇ। ਕਿਸੇ ਵੀ ਹੋਰ ਤੇ ਭਰੋਸਾ ਟਿਕਾਉਣਾ, ਕਿਸੇ ਮਨੁੱਖੀ ਆਸ ਦੇ ਭਰੋਸੇ ਰਹਿਣਾ ਕਿ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ ਇਹੋ ਜਿਹੀ ਆਸ ਸਾਡੀ ਵਿਅਰਥ ਹੈ ਜੋ ਕਿਸੇ ਕੰਮ ਨਹੀਂ ਆ ਸਕਦੀ। ਜੇਕਰ ਧਿਆਨ ਨਾਲ ਵਿਚਾਰੋਗੇ ਤਾਂ ਸਭ ਨੇ ਕਿਸੇ ਨਾ ਕਿਸੇ ਸਿਰਮੌਰ ਉੱਤੇ ਆਪਣੀ ਟੇਕ ਟਿਕਾਈ ਹੋਈ ਹੈ ਜਿੰਨ੍ਹਾਂ ਦੇ ਪਿੱਛੇ ਅਸੀਂ ਲੱਗੇ ਹੋਏ ਹਾਂ ਤੇ ਉਨ੍ਹਾਂ ਤੇ ਪੂਰਨ ਭਰੋਸਾ ਕਰੀ ਬੈਠੇ ਹਾਂ। ਜੋ ਇਹੋ ਜਿਹੀ ਝੂਠੀ ਆਸ ਵਿੱਚੋਂ ਨਿਕਲਦਾ ਹੈ ਉਸ ਦੇ ਅੰਦਰ ਹੀ ਗੁਰੂ ਦੀ, ਪ੍ਰਮਾਤਮਾ ਦੀ ਟੇਕ ਹੈ ਭਾਵ ਗੁਰਮਤਿ ਦੀ ਟੇਕ ਹੈ। **(ਬਿਰਥਾ ਭਰਵਾਸਾ ਲੋਕ॥ ਠਾਕੁਰ ਪ੍ਰਭ ਤੇਰੀ ਟੇਕ॥)**

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਉਸਦੀ ਗੁਰਮਤਿ ਦੀ ਟੇਕ ਲੈ ਕੇ ਹੀ ਹੋ ਸਕਦਾ ਹੈ ਜਦੋਂ ਅਸੀਂ ਹੋਰ ਕੋਈ ਵੀ ਮਨੁੱਖੀ ਆਸ ਤੇ ਭਰੋਸਾ ਨਹੀਂ ਕਰਦੇ ਭਾਵ ਜਦੋਂ ਅਸੀਂ ਕੇਵਲ ਗੁਰਮਤਿ ਤੇ ਟੇਕ ਰੱਖਦੇ ਹਾਂ, ਨਾਮ ਤੇ ਟੇਕ ਰੱਖਦੇ ਹਾਂ ਤਾਂ ਹੀ ਸਾਡੇ ਤੇ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਤੇ ਉਹ ਅਚਿੰਤੇ ਹੀ ਸਾਡੇ ਅੰਦਰ ਪ੍ਰਗਟ ਹੋ ਕੇ ਸਾਨੂੰ ਮਿਲਦਾ ਹੈ, ਸਾਡੇ ਨਾਲ ਉਸਦੀ ਭੇਟ ਹੁੰਦੀ ਹੈ। **(ਅਵਰ ਛੂਟੀ ਸਭ ਆਸ॥ ਅਚਿੰਤ ਠਾਕੁਰ ਭੇਟੇ ਗੁਣਤਾਸ॥੧॥)।**

ਜਦ ਤੱਕ ਅਸੀਂ ਰੱਤੀ ਭਰ ਵੀ ਕੋਈ ਮਨੁੱਖੀ ਆਸ ਰੱਖੀ ਹੋਈ ਹੈ, ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਦੀ ਸਿਆਣਪ ਦੇ ਪਿੱਛੇ ਲੱਗੇ ਹੋਏ ਹਾਂ, ਕਿਸੇ ਦੇਹ ਰੂਪ ਨਾਲ ਜੁੜੇ ਹੋਏ ਹਾਂ

21/2309

ਫਿਰ ਅਸੀਂ ਉਸ ਪ੍ਰਮਾਤਮਾ ਦੇ ਨਾਲ ਮੇਲ ਦੀ ਉਮੀਦ ਨਹੀਂ ਰੱਖ ਸਕਦੇ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਜਦੋਂ ਸਾਡੇ

ਅੰਦਰੋਂ ਹਰ ਮਨੁੱਖੀ ਆਸ ਖ਼ਤਮ ਹੋ ਜਾਂਦੀ ਹੈ ਤਾਂ ਹੀ ਅਸੀਂ ਇੱਕੋ ਨਾਮ ਧਿਆ ਸਕਦੇ ਹਾਂ ਭਾਵ ਕੇਵਲ ਗੁਰਮਤਿ ਅਨੁਸਾਰ ਚੱਲ ਸਕਦੇ ਹਾਂ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਏਕੋ ਨਾਮੁ ਧਿਆਇ ਮਨ ਮੇਰੇ॥ ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ॥੧॥ਰਹਾਉ॥”

ਜੋ ਕਾਰਜ ਅਸੀਂ ਪੂਰਾ ਕਰਨ ਲਈ ਆਏ ਹਾਂ, ਜਿਸ ਕਾਰਜ ਲਈ ਸਾਨੂੰ ਇਹ ਮਨੁੱਖਾ ਸਰੀਰ ਮਿਲਿਆ ਹੈ ਉਹ ਕੇਵਲ ਨਾਮ ਤੇ ਚੱਲ ਕੇ ਹੀ ਪੂਰਾ ਹੋ ਸਕਦਾ ਹੈ ਭਾਵ ਹਰ ਮਨੁੱਖੀ ਆਸ ਨੂੰ ਤਿਆਗ ਕੇ ਹੀ ਹੋ ਸਕਦਾ ਹੈ। ਇੱਕੋ ਨਾਮ ਅਨੁਸਾਰ ਵਿਚਰਨਾ ਹੀ, ਕੇਵਲ ਗੁਰਮਤਿ ਅਨੁਸਾਰ ਵਿਚਰਨਾ ਹੀ ਉਸ ਪ੍ਰਮਾਤਮਾ ਦੇ ਹਰਿ ਹਰਿ ਗੁਣ ਗਾਉਣੇ ਹਨ। ਅਸੀਂ ਉਸਦੇ ਹੀ ਗੁਣ ਗਾਉਂਦੇ ਹਾਂ ਜਿਸਦੀ ਅਸੀਂ ਮਤਿ ਤੇ ਚੱਲਦੇ ਹਾਂ, ਜਿਸਦੀ ਮਤਿ ਨੂੰ ਉੱਚਾ ਕਰਦੇ ਹਾਂ। ਜੇਕਰ ਗੁਰੂ ਤੋਂ ਬਿਨ੍ਹਾਂ ਅਸੀਂ ਕਿਸੇ ਹੋਰ ਦੀ ਮਤਿ ਤੇ ਚੱਲਦੇ ਹਾਂ ਫਿਰ ਅਸੀਂ ਉਸ ਦੇ ਗੁਣ ਗਾਉਂਦੇ ਹਾਂ। ਕਿਸੇ ਹੋਰ ਦੇ ਗੁਣ ਗਾ ਕੇ ਅਸੀਂ ਫਿਰ ਕੇਵਲ ਹਰਿ ਗੁਣ ਨਹੀਂ ਗਾ ਸਕਦੇ। ਅਸੀਂ ਆਪਣੇ-ਆਪਣੇ ਸਿਰਮੌਰਾਂ ਦੀ ਤਾਰੀਫ਼ ਦੇ ਜੋ ਪੁੱਲ ਬੰਨ੍ਹਦੇ ਹਾਂ, ਉਨ੍ਹਾਂ ਦੀਆਂ ਉੱਚੀਆਂ-ਉੱਚੀਆਂ ਗੱਲਾਂ ਕਰਦੇ ਹਾਂ, ਉਨ੍ਹਾਂ ਦੀ ਧੰਨ ਧੰਨ ਕਰਦੇ ਹਾਂ ਇਹ ਸਭ ਕੁੱਝ ਉਨ੍ਹਾਂ ਦੇ ਗੁਣ ਗਾਉਣੇ ਹੀ ਹਨ, ਉਨ੍ਹਾਂ ਦੀ ਸਿਫ਼ਤ ਸਾਲਾਹ ਕਰਨੀ ਹੀ ਹੈ ਤੇ ਅਸੀਂ ਉਨ੍ਹਾਂ ਦੀਆਂ ਗੱਲਾਂ ਤੇ ਭਰੋਸਾ ਰੱਖਿਆ ਹੋਇਆ ਹੈ ਤੇ ਉਨ੍ਹਾਂ ਦੇ ਬਚਨਾਂ ਅਨੁਸਾਰ ਚੱਲਦੇ ਹਾਂ। ਗੁਰਮਤਿ ਸਾਨੂੰ ਕੀ ਸਮਝਾਉਂਦੀ ਹੈ, ਉਸਦੀ ਸਾਨੂੰ ਚਿੰਤਾ ਨਹੀਂ ਹੈ ਭਾਵ ਅਸੀਂ ਨਾਮ ਤੋਂ ਵਿਛੁੜੇ ਹੋਏ ਹਾਂ, ਸਾਡੇ ਅੰਦਰ ਨਾਮ ਨਹੀਂ ਹੈ, ਕੇਵਲ ਨਾਮ ਨਹੀਂ ਹੈ। ਗੁਰਮਤਿ ਤੋਂ ਬਿਨ੍ਹਾਂ ਅਸੀਂ ਕੋਈ ਵੀ ਹੋਰ ਗੱਲ ਮੰਨਦੇ ਹਾਂ ਤਾਂ ਫਿਰ ਸਾਡੇ ਅੰਦਰ ਕੇਵਲ ਨਾਮ ਨਹੀਂ ਹੈ। ਗੁਰੂ ਨੂੰ ਖੁਸ਼ੀ ਉਦੋਂ ਮਿਲਦੀ ਹੈ ਜਦੋਂ ਅਸੀਂ ਕੇਵਲ ਨਾਮ ਤੇ ਚੱਲਦੇ ਹਾਂ ਜਿਸ ਅਵੱਸਥਾ ਦੁਆਰਾ ਅਸੀ ਹਰਿ ਗੁਣ ਗਾ ਸਕਦੇ ਹਾਂ।
(ਏਕੋ ਨਾਮੁ ਧਿਆਇ ਮਨ ਮੇਰੇ॥ ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ॥੧॥ਰਹਾਉ॥)

ਜਿਵੇਂ ਕਿ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ ਉਸਦਾ ਨਾਮ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਜਪਿਆ ਜਾ ਸਕਦਾ ਹੈ, ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ ਜਪਿਆ ਜਾ ਸਕਦਾ ਹੈ। ਕੇਵਲ ਨਾਮ ਮਨੁੱਖ ਉਦੋਂ ਹੀ ਜਪ ਸਕਦਾ ਹੈ ਜਦੋਂ ਸਾਨੂੰ ਉਸ ਦਾ ਨਾਮ ਮਿਲ ਜਾਂਦਾ ਹੈ ਉਸ ਤੋਂ ਪਹਿਲੇ ਸਾਡਾ ਇਹੀ ਉੱਦਮ ਹੋਣਾ ਚਾਹੀਦਾ ਹੈ ਕਿ ਅਸੀਂ ਵੱਧ ਤੋਂ ਵੱਧ ਗੁਰਮਤਿ ਤੇ ਚੱਲਣ ਦਾ ਉੱਦਮ ਕਰੀਏ, ਵੱਧ ਤੋਂ ਵੱਧ ਨਾਮ ਜਪਣ ਦਾ

ਉੱਦਮ ਕਰੀਏ ਤੇ ਕਿਸੇ ਮਨੁੱਖੀ ਆਸ ਤੇ ਨਾ ਟਿਕੀਏ ਜੋ ਕਿ ਸਾਡੇ ਲਈ ਸਭ ਤੋਂ ਜਰੂਰੀ ਹੈ। ਮਨੁੱਖੀ ਆਸ ਛੱਡੇ ਬਿਨ੍ਹਾਂ ਅਸੀਂ ਗੁਰੂ ਨਾਲ ਨਹੀਂ ਜੁੜ ਸਕਦੇ ਕੇਵਲ ਨਾਮ ਜਪਣ ਦੀ ਅਵੱਸਥਾ ਪ੍ਰਮਾਤਮਾ ਆਪ ਹੀ ਪ੍ਰਸੰਨ ਹੋ ਕੇ ਬਖ਼ਸ਼ਦਾ ਹੈ ਤੇ ਉਸਦੀ ਪ੍ਰਸੰਨਤਾ ਲੈਣ ਦਾ ਤਰੀਕਾ ਕੇਵਲ ਗੁਰਮਤਿ ਨਾਲ ਜੁੜੇ ਰਹਿਣ ਦਾ ਹੈ। ਕੇਵਲ ਨਾਮ ਜਪਣ ਵਾਲੀ ਅਵੱਸਥਾ ਕੀ ਹੁੰਦੀ ਹੈ, ਕਿਹੋ ਜਿਹੀ ਹੁੰਦੀ ਹੈ ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ।

ਰਾਮਕਲੀ ਮਹਲਾ ੫॥

“ਪੰਚ ਸਬਦ ਤਹ ਪੂਰਨ ਨਾਦ॥ ਅਨਹਦ ਬਾਜੇ ਅਚਰਜ ਬਿਸਮਾਦ॥
ਕੇਲ ਕਰਹਿ ਸੰਤ ਹਰਿ ਲੋਗ॥ ਪਾਰਬ੍ਰਹਮ ਪੂਰਨ ਨਿਰਜੋਗ॥੧॥
ਸੂਖ ਸਹਜ ਆਨੰਦ ਭਵਨ॥ ਸਾਧਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ॥੧॥ਰਹਾਉ॥
ਊਹਾ ਸਿਮਰਹਿ ਕੇਵਲ ਨਾਮੁ॥ ਬਿਰਲੇ ਪਾਵਹਿ ਓਹੁ ਬਿਸ੍ਰਾਮੁ॥
ਭੋਜਨੁ ਭਾਉ ਕੀਰਤਨ ਆਧਾਰੁ॥ ਨਿਹਚਲ ਆਸਨੁ ਬੇਸੁਮਾਰੁ॥੨॥
ਡਿਗਿ ਨ ਡੋਲੈ ਕਤਹੂ ਨ ਧਾਵੈ॥ ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ॥
ਭ੍ਰਮ ਭੈ ਮੋਹ ਨ ਮਾਇਆ ਜਾਲ॥ ਸੁੰਨ ਸਮਾਧਿ ਪ੍ਰਭੂ ਕਿਰਪਾਲ॥੩॥
ਤਾ ਕਾ ਅੰਤੁ ਨ ਪਾਰਾਵਾਰੁ॥ ਆਪੇ ਗੁਪਤੁ ਆਪੇ ਪਾਸਾਰੁ॥
ਜਾ ਕੈ ਅੰਤਰਿ ਹਰਿ ਹਰਿ ਸੁਆਦੁ॥ ਕਹਨੁ ਨ ਜਾਈ ਨਾਨਕ ਬਿਸਮਾਦੁ॥੪॥੯॥੨੦॥”

(ਅੰਗ ੯੯੯)

ਉੱਪਰ ਪੂਰੇ ਸ਼ਬਦ ਰਾਹੀਂ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ। ਮਨ ਦੇ ਵਿੱਚ ਇਹ ਅਵੱਸਥਾ ਕੀ ਹੁੰਦੀ ਹੈ ਜਿਵੇਂ ਉੱਪਰ ਸਮਝਾਈ ਹੋਈ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਪਿੱਛੇ ਵੀ ਬਰੀਕੀ ਨਾਲ ਸਮਝ ਚੁੱਕੇ ਹਾਂ। ਮਨ ਦੇ ਵਿੱਚ ਮੇਲ ਦੀ ਅਵੱਸਥਾ ਤਾਂ ਉਹੀ ਹੈ ਜੋ ਕਦੇ ਬਦਲ ਨਹੀਂ ਸਕਦੀ ਭਾਵੇਂ ਜਿਹੜੇ ਮਰਜ਼ੀ ਸ਼ਬਦ ਦੁਆਰਾ ਸਮਝ ਲਈਏ। ਮਨ ਦੀ ਇਸ ਅਵੱਸਥਾ ਦੁਆਰਾ ਹੀ ਕੇਵਲ ਨਾਮ ਸਿਮਰਨ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਜਪਾਉਂਦਾ ਹੈ, ਕਿਸੇ ਵਿਰਲੇ ਨੂੰ ਹੀ ਜਪਾਉਂਦਾ ਹੈ ਜਿਵੇਂ ਕਿ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਇਹ ਅਵੱਸਥਾ ਪ੍ਰਾਪਤ ਕਰਨ ਲਈ ਅਸੀਂ ਕੇਵਲ ਗੁਰਮਤਿ ਦੇ ਨਾਲ ਜੁੜਨਾ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਕੇਵਲ ਨਾਮ ਜਪਣ ਵਾਲੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਸਨੂੰ ਅਸੀਂ ਸ਼ਬਦ ਦੀ ਹਰ ਪੰਗਤੀ ਦੁਆਰਾ ਸਮਝ ਸਕਦੇ ਹਾਂ।

“ਪੰਚ ਸਬਦ ਤਹ ਪੂਰਨ ਨਾਦ॥ ਅਨਹਦ ਬਾਜੇ ਅਚਰਜ ਬਿਸਮਾਦ॥

ਕੇਲ ਕਰਹਿ ਸੰਤ ਹਰਿ ਲੋਗ॥ ਪਾਰਬ੍ਰਹਮ ਪੂਰਨ ਨਿਰਜੋਗ॥੧॥

“ਪੰਚ ਸਬਦ” ਕੀ ਹੈ ਇਸ ਗੱਲ ਨੂੰ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ। ਪੰਚ ਸਬਦ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ, ਪ੍ਰਮਾਤਮਾ ਕੋਲੋਂ ਸੱਚਾ ਗਿਆਨ ਮਿਲਣ ਦੀ ਅਵੱਸਥਾ ਹੈ ਜਿਸ ਸ਼ਬਦ ਦੁਆਰਾ ਸ਼ਬਦ ਦੇ ਗਿਆਨ ਦੁਆਰਾ ਇਹ ਸਾਨੂੰ ਆਪਣੇ ਵਿੱਚ ਮਿਲਾਉਂਦਾ ਹੈ, ਸਾਨੂੰ ਆਪਣਾ ਪੰਚ ਬਣਾਉਂਦਾ ਹੈ, ਪੱਕੇ ਵਿਸ਼ਵਾਸ ਵਾਲਾ ਬਣਾਉਂਦਾ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ। ਆਪਣੇ ਸ਼ਬਦ ਦੁਆਰਾ ਪ੍ਰਮਾਤਮਾ ਸਾਨੂੰ ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ ਤੇ ਉਸ ਤੇ ਚੱਲਣ ਦੀ ਦ੍ਰਿੜਤਾ ਮਨ ਦੇ ਵਿੱਚ ਹੀ ਬਖ਼ਸ਼ਦਾ ਹੈ। ਇਹ ਪੰਚ ਸ਼ਬਦ ਸਾਡੇ ਅੰਦਰ “ਪੂਰਨ ਨਾਦ” ਦੀ ਅਵੱਸਥਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦਾ ਨਾਦ

ਹੀ ਵੱਜਦਾ ਹੈ ਜਿਸ ਦੁਆਰਾ ਉਹ ਸਾਨੂੰ ਚਲਾ ਰਿਹਾ ਹੈ। ਉਸਦਾ ਇਹ ਨਾਦ ਕੀ ਹੈ, ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਪ੍ਰਮਾਤਮਾ ਦਾ ਇਹ ਨਾਦ ਸਭ ਦੇ ਮਨ ਦੇ ਅੰਦਰ ਮਨ ਦੇ ਗਿਆਨ ਰਾਹੀਂ ਵੱਜਦਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚੋਂ ਸੋਝੀ ਪੈਂਦੀ ਹੈ, ਮਨ ਦੇ ਵਿਚਾਰਾਂ ਰਾਹੀਂ ਸੋਝੀ ਪੈਂਦੀ ਹੈ। ਸਾਡੇ ਮਨ ਦੇ ਅੰਦਰ ਜੋ ਵਿਚਾਰ ਉਪਜਦੇ ਹਨ ਇਹ ਸਾਡੇ ਅੰਦਰ ਪ੍ਰਮਾਤਮਾ ਦਾ ਨਾਦ ਹੈ ਜੋ ਘਟਿ-ਘਟਿ ਦੇ ਵਿੱਚ ਉਹ ਆਪ ਹੀ ਵਜਾ ਰਿਹਾ ਹੈ।

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥}

(ਅੰਗ ੬)

ਮਨ ਦੇ ਵਿੱਚ ਇਸ ਗਿਆਨ ਦੇ ਨਾਦ ਦੁਆਰਾ ਹੀ ਪ੍ਰਮਾਤਮਾ ਨੇ ਸਭ ਨੂੰ ਨੱਥ ਪਾਈ ਹੋਈ ਹੈ, ਨਕੇਲ ਪਾਈ ਹੋਈ ਹੈ ਜਿਸ ਦੁਆਰਾ ਉਹ ਸਭ ਦੇ ਕੋਲੋਂ ਜੋ ਚਾਹੇ ਉਹੀ ਕੁੱਝ ਕਰਵਾਉਂਦਾ ਹੈ ਭਾਵ ਮਨ ਦੇ ਵਿੱਚ ਜਿਹੋ ਜਿਹੀ ਸੋਝੀ ਪਾਉਂਦਾ ਹੈ ਉਹੀ ਕੁੱਝ ਕਰਵਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਨੇ, ਆਪਣੇ ਇਹੋ ਜਿਹੇ ਨਾਦ ਦੁਆਰਾ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਦੁਬਿਧਾ, ਦੁਚਿੱਤੀ, ਹਉਮੈ, ਅਗਿਆਨਤਾ, ਮਾਇਆ ਮੋਹ ਵਿੱਚ, ਤ੍ਰਿਸ਼ਨਾ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ ਭਾਵ ਸਾਡੀ ਮਤਿ ਪੂਰਨ ਸੱਚ ਸਮਝਣ ਵਿੱਚ ਅਸਮਰੱਥ ਰਹਿੰਦੀ ਹੈ, ਦੁਚਿੱਤੀ ਵਿੱਚ ਰਹਿੰਦੀ ਹੈ। ਜਦੋਂ ਸਾਨੂੰ ਪ੍ਰਮਾਤਮਾ ਆਪਣੀ ਕ੍ਰਿਪਾ ਕਰਕੇ ਪੰਚ ਸ਼ਬਦ ਦੇ ਨਾਲ ਜੋੜਦਾ ਹੈ ਉਸ ਨਾਲ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ, ਦੁਚਿੱਤੀ, ਭਰਮ ਵਾਲੀ ਅਵੱਸਥਾ ਹੀ ਦੂਰ ਕਰਦਾ ਹੈ। ਪੰਚ ਸ਼ਬਦ ਵਾਲੀ ਅਵੱਸਥਾ ਸਾਡੇ ਅੰਦਰ ਪੂਰਨ ਨਾਦ ਵਾਲੀ ਅਵੱਸਥਾ ਹੈ ਜਿਸ ਦੁਆਰਾ ਉਹ ਸਾਨੂੰ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ, ਸਾਡੀ ਅਧੂਰੀ ਮਤਿ ਨੂੰ ਪੂਰੀ ਮਤਿ ਦੇ ਵਿੱਚ ਬਦਲਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਪੂਰਨ ਨਾਦ ਬਖ਼ਸ਼ ਕੇ ਹੀ ਮਿਲਾਉਂਦਾ ਹੈ। **(ਪੰਚ ਸਬਦ ਤਹ ਪੂਰਨ ਨਾਦ॥)**

ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦਾ ਇਹ ਗਿਆਨ ਦਾ ਨਾਦ ਹੀ, ਉਸਦੇ ਸੱਚੇ ਗਿਆਨ ਦਾ ਨਾਦ ਹੀ “ਅਨਹਦ ਨਾਦ” ਹੈ ਜੋ ਸਾਡੇ ਅੰਦਰ ਉਹ ਆਪ ਹੀ ਵਜਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਵਜਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ

ਨੂੰ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਵਜਾਇਆ ਹੋਇਆ ਅਨਹਦ ਨਾਦ ਹੈ। ਜੋ ਪ੍ਰਮਾਤਮਾ ਦੇ ਕੋਲੋਂ ਆਪਣੇ ਮਨ ਦੇ ਅੰਦਰ ਇਹ ਨਾਦ ਸੁਣਦਾ ਹੈ ਉਸਦੇ ਲਈ ਇਸ ਤੋਂ ਵੱਡਾ

21/2312

ਅਸਚਰਜ ਨਹੀਂ ਹੋ ਸਕਦਾ। ਇਹ ਸੰਸਾਰ ਦੀ ਸਭ ਤੋਂ ਵੱਡੀ ਹੈਰਾਨ ਕਰਨ ਵਾਲੀ ਗੱਲ ਹੈ, ਜੋ ਸਾਰੇ ਸੰਸਾਰ ਲਈ ਬਿਸਮਾਦ ਹੈ ਤੇ ਇਸੇ ਲਈ ਇਸ ਗੱਲ ਨੂੰ ਸਮਝਾਉਣਾ ਬਹੁਤ ਔਖਾ ਹੈ ਕਿਉਂਕਿ ਇਸ ਬਿਸਮਾਦ ਦੀ ਕਿਸੇ ਨੂੰ ਸਮਝ ਨਹੀਂ ਹੈ ਤੇ ਇਸ ਦੇ ਉੱਤੇ ਕਿਸੇ ਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਪ੍ਰਮਾਤਮਾ ਸੱਚਮੁੱਚ ਸਾਡੇ ਅੰਦਰ ਹੀ ਹੈ। ਆਪਣਾ ਇਹ ਬਿਸਮਾਦ ਜਿਸਨੂੰ ਪ੍ਰਮਾਤਮਾ ਦਿਖਾਏ ਉਹੀ ਦੇਖ ਸਕਦਾ ਹੈ ਤੇ ਤਾਂ ਹੀ ਵਿਸ਼ਵਾਸ ਆਉਂਦਾ ਹੈ ਕਿ ਇਹ ਕਿਤਨਾ ਵੱਡਾ ਅਚਰਜ ਹੈ ਜੋ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਇਸ ਅਚਰਜ ਨੂੰ ਸਮਝਣਾ ਪ੍ਰਮਾਤਮਾ ਨੇ ਸਾਇੰਸ ਦੀ ਪਹੁੰਚ ਤੋਂ ਵੀ ਬਾਹਰ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਇਹ ਕੇਵਲ ਪ੍ਰਮਾਤਮਾ ਦਾ ਆਪਣਾ ਪ੍ਰਸਾਦਿ ਹੈ, ‘‘ਗੁਰਪ੍ਰਸਾਦਿ’’ ਹੈ ਜੋ ਕਿ ਕੇਵਲ ਉਸਦੇ ਕੋਲੋਂ ਹੀ ਮਿਲਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ ਤੇ ਨਾ ਹੀ ਜਾਣ ਸਕਦਾ ਹੈ ਕਿ ਇਹ ਪ੍ਰਸਾਦਿ ਕੀ ਹੈ ਭਾਵ ਉਹ ਮਨ ਦੇ ਵਿੱਚ ਆਪਣੇ ਦਰਸ਼ਨ ਦੇਣ ਦੀ ਕ੍ਰਿਪਾ ਕਿਵੇਂ ਕਰਦਾ ਹੈ, ਕਿਸ ਰੂਪ ਵਿੱਚ ਕਰਦਾ ਹੈ। **(ਅਨਹਦ ਬਾਜੇ ਅਚਰਜ ਬਿਸਮਾਦ॥)**

ਜਿਸ ਮਨ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਇਸ ਤਰੀਕੇ ਪ੍ਰਗਟ ਕਰਦਾ ਹੈ, ਆਪਣਾ ਅਨਹਦ ਨਾਦ ਵਜਾਉਂਦਾ ਹੈ ਉੱਥੇ ਆਪਣਾ ਉਹ ਸੰਤ ਰੂਪ, ਗੁਰੂ ਰੂਪ ਪ੍ਰਗਟ ਕਰਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਭਗਤੀ ਦੀ ਸੱਚੀ ਸੋਝੀ ਪਾਉਂਦਾ ਹੈ। ਜਿਸਨੂੰ ਉਹ ਆਪਣਾ ਜਨ ਬਣਾਉਂਦਾ ਹੈ ਉਹ ਇਸੇ ਤਰੀਕੇ ਹੀ ਬਣਾਉਂਦਾ ਹੈ ਤੇ ਜਿਸਨੂੰ ਉਸਨੇ ਆਪਣਾ ਜਨ ਰੂਪ ਬਣਾਇਆ ਹੈ, ਸੰਤ ਰੂਪ ਬਣਾਇਆ ਹੈ ਉਨ੍ਹਾਂ ਰਾਹੀਂ ਹੀ ਉਸਨੇ ਅਨਹਦ ਬਾਣੀ ਦੀ ਰਚਨਾ ਕੀਤੀ ਹੈ, ਗੁਰਬਾਣੀ ਦੀ ਰਚਨਾ ਕੀਤੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਗੱਲਾਂ ਕਰਦਾ ਹੈ, ਕੇਲ ਵੀ ਕਰਦਾ ਹੈ ਜਿਸ ਦਾ ਆਨੰਦ ਉਸਦੇ ਪ੍ਰਗਟ ਹੋਣ ਤੇ ਹੀ ਮਾਣਿਆ ਜਾ ਸਕਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ ਤੇ ਸਭ ਵਿੱਚ ਪ੍ਰਮਾਤਮਾ ਨੂੰ ਹੀ ਦੱਸਿਆ ਹੈ। ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ ਉਹ ਆਪਣਾ ਜੋਗ ਕਰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸਾਡੇ ਅੰਦਰ ਹੋਣ ਦੀ ਸੋਝੀ ਪੈਂਦੀ ਹੈ ਪਰ ਜਿੱਥੇ ਉਹ ਜੋਗ ਨਹੀਂ ਕਰਦਾ ਭਾਵ ਨਿਰਜੋਗ ਹੀ ਰਹਿੰਦਾ ਹੈ ਉਹ ਉਸ ਪ੍ਰਮਾਤਮਾ ਨੂੰ ਨਹੀਂ ਸਮਝ ਸਕਦੇ। ਪ੍ਰਮਾਤਮਾ ਸਭ ਜਗ੍ਹਾ ਪੂਰਨ ਰੂਪ ਵਿੱਚ ਆਪ ਹੀ ਹੈ, ਨਿਰਜੋਗ ਰੂਪ ਵਿੱਚ ਆਪ ਹੀ ਹੈ ਪਰ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿੱਥੇ ਉਹ ਜੋਗ ਕਰ ਲੈਂਦਾ ਹੈ, ਜਿੱਥੇ ਉਹ ਆਪਣਾ ਸੰਤ ਰੂਪ, ਜਨ ਰੂਪ ਪ੍ਰਗਟ ਕਰ ਲੈਂਦਾ ਹੈ।

(ਕੇਲ ਕਰਹਿ ਸੰਤ ਹਰਿ ਲੋਗ॥ ਪਾਰਬ੍ਰਹਮ ਪੂਰਨ ਨਿਰਜੋਗ॥੧॥)

ਮਨ ਦੀ ਇਸ ਅਵੱਸਥਾ ਦੁਆਰਾ, ਜੋਗ ਦੀ ਅਵੱਸਥਾ ਦੁਆਰਾ

21/2313

ਹੀ ਸਾਨੂੰ ਅਸਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ,ਸਦੀਵੀਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਸਹਜ ਦੀ ਪ੍ਰਾਪਤੀ ਹੁੰਦੀ ਹੈ, ਆਨੰਦ ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਰੂਪ ਭਵਨ ਦੇ ਵਿੱਚ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਭਵਨ ਹੈ, ਮਹਿਲ ਹੈ। ਉਸਦੇ ਜਨ, ਉਸਦੇ ਸੰਤ ਉਸਦੇ ਇਸ ਮਨ ਰੂਪ ਮਹਿਲ ਵਿੱਚ ਬੈਠ ਕੇ ਹੀ ਸਾਧ ਸੰਗਤ ਦੀ ਪ੍ਰਾਪਤੀ ਕਰਦੇ ਹਨ ਭਾਵ ਉਸ ਪ੍ਰਮਾਤਮਾ ਦੇ ਨਾਲ ਸੰਗਤ ਦੀ ਪ੍ਰਾਪਤੀ ਕਰਦੇ ਹਨ।ਆਪਣੀ ਇਸ ਸਾਧਸੰਗਤ ਦੁਆਰਾ ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਗੁਣ ਗਾਉਣੇ ਸਿਖਾਉਂਦਾ ਹੈ ਤੇ ਤਾਂ ਹੀ ਉਹ ਉਸਦੇ ਗੁਣ ਗਾਉਂਦੇ ਹਨ ਤੇ ਸਭ ਨੂੰ ਉਸ ਦੇ ਗੁਣ ਗਾਉਣੇ ਸਿਖਾਉਂਦੇ ਹਨ ਜਿਵੇਂ ਕਿ ਉਨ੍ਹਾ ਨੇ ਗੁਰਬਾਣੀ ਰਾਹੀਂ ਉਸ ਪ੍ਰਮਾਤਮਾ ਦੇ ਗੁਣ ਗਾਉਣੇ ਸਿਖਾਏ ਹਨ।ਇਸੇ ਲਈ ਪੂਰੀ ਗੁਰਬਾਣੀ ਸਾਧਸੰਗਤ ਦੀ ਅਵੱਸਥਾ ਵਿੱਚ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਵਿੱਚ ਹੈ ਤੇ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਸਿਖਾ ਰਹੀ ਹੈ।ਮਨ ਦੀ ਇਸ ਅਵੱਸਥਾ ਦੁਆਰਾ ਹੀ ਉਸਦੇ ਭਗਤ ਜਨ ਮਨ ਦੇ ਰੋਗ ਤੋਂ, ਸੋਗ ਤੋਂ ਮੁਕਤ ਹੁੰਦੇ ਹਨ ਤੇ ਜਨਮ ਮਰਨ ਦੇ ਗੇੜ ਤੋਂ ਨਿਕਲਦੇ ਹਨ।ਇਹ ਸਭ ਕੁੱਝ ਮਨ ਦੀ ਸੋਝੀ ਦੁਆਰਾ ਹੀ ਹੁੰਦਾ ਹੈ, ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦਾ ਹੈ ਜਿਸ ਰਾਹੀਂ ਪ੍ਰਮਾਤਮਾ ਆਪਣੀ ਪੂਰਨ ਗੁਰਮਤਿ ਦੀ ਸੋਝੀ ਪਾਉਂਦਾ ਹੈ ਤੇ ਸਾਨੂੰ ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਕੱਢਦਾ ਹੈ।ਉਸਦੇ ਗੁਣ ਮਨ ਦੀ ਇਸ ਅਵੱਸਥਾ

ਦੁਆਰਾ ਹੀ ਗਾਏ ਜਾ ਸਕਦੇ ਹਨ। **(ਸੂਖ ਸਹਜ ਆਨੰਦ ਭਵਨ॥ ਸਾਧਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ॥੧॥ਰਹਾਉ॥)**

ਸਾਰਗ ਮਹਲਾ ੫॥

{ਪੋਥੀ ਪਰਮੇਸਰ ਕਾ ਥਾਨੁ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਕੇਵਲ ਨਾਮ ਸਿਮਰਨਾ ਕੀ ਹੈ।

"ਊਹਾ ਸਿਮਰਹਿ ਕੇਵਲ ਨਾਮੁ॥ ਬਿਰਲੇ ਪਾਵਹਿ ਓਹੁ ਬਿਸ੍ਰਾਮੁ॥"

ਉੱਪਰ ਪਹਿਲਾਂ ਸਾਨੂੰ ਸ਼ਬਦ ਰਾਹੀਂ ਮਨ ਦੀ ਅਵੱਸਥਾ ਸਮਝਾਈ ਹੈ, ਜਨ ਦੀ, ਗੁਰੂ ਦੀ ਅਵੱਸਥਾ ਸਮਝਾਈ ਹੈ, ਸਾਧਸੰਗਿ ਦੀ ਅਵੱਸਥਾ ਸਮਝਾਈ ਹੈ, ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੈ ਜੋ ਕਿ ਪੂਰਨ ਬ੍ਰਹਮਗਿਆਨ ਦੀ ਅਵੱਸਥਾ ਹੈ, ਪੂਰਨ ਗੁਰਮਤਿ ਦੀ ਸੋਝੀ ਦੀ ਅਵੱਸਥਾ ਹੈ, ਪੂਰਨ ਭਰਮ ਤੋਂ ਰਹਿਤ ਹੋਣ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਸਾਨੂੰ ਮਨ ਦੇ ਵਿੱਚ ਆਪ ਹੀ ਆਪਣਾ ਨਾਮ ਸਮਝਾਉਂਦਾ ਹੈ, ਆਪ ਹੀ ਆਪਣੀ ਗੁਰਮਤਿ ਸਮਝਾਉਂਦਾ ਹੈ ਤੇ ਸਾਡੇ ਮਨ ਦੇ ਵਿੱਚ ਆਪਣੀ ਸੱਚੀ ਗੁਰਮਤਿ ਵਸਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਫਿਰ ਕੋਈ

21/2314

ਉਸਦਾ ਕੇਵਲ "ਨਾਮੁ" ਸਿਮਰਦਾ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਦਾ ਹੈ ਕਿਉਂਕਿ ਉਸਦੇ ਅੰਦਰ ਪੂਰਨ ਗੁਰਮਤਿ ਦੀ ਸੋਝੀ ਵਸੀ ਹੁੰਦੀ ਹੈ। ਇਹੋ ਜਿਹਾ ਨਾਮ ਸਿਮਰਨ ਲਈ ਸਾਨੂੰ ਕੋਈ ਬੋਲਣ ਦੀ ਲੋੜ ਨਹੀਂ ਹੈ ਕਿਉਂਕਿ ਨਾਮ ਸਿਮਰਨ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਤੇ ਜਦੋਂ ਇਹ ਸੋਝੀ ਸਾਡੇ ਅੰਦਰ ਦ੍ਰਿੜ ਹੋ ਜਾਂਦੀ ਹੈ, ਨਾਮ ਦ੍ਰਿੜ ਹੋ ਜਾਂਦਾ ਹੈ ਫਿਰ ਅਸੀਂ "ਕੇਵਲ ਨਾਮੁ" ਹੀ ਜਪਦੇ ਹਾਂ, ਕੇਵਲ ਗੁਰਮਤਿ ਅਨੁਸਾਰ ਹੀ ਚੱਲਦੇ ਹਾਂ। ਉਸਦਾ ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ ਤੇ ਉਹ ਜਪ ਸਕਦਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪ ਗੁਰਮਤਿ ਦੀ ਸੋਝੀ ਦੇ ਰੂਪ ਵਿੱਚ ਬਿਸਰਾਮ ਕਰਦਾ ਹੈ, ਵੱਸਦਾ ਹੈ। ਨਾਮ ਦੀ ਸੋਝੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਉਹ ਸਾਡੇ ਅੰਦਰ ਬਿਸਰਾਮ ਕਰਦਾ ਹੈ। ਜਿੱਥੇ ਉਹ ਆਪਣਾ ਸੰਤ ਰੂਪ ਪ੍ਰਗਟ ਕਰਦਾ ਹੈ, ਜਨ ਰੂਪ ਪ੍ਰਗਟ ਕਰਦਾ ਹੈ ਉਥੇ ਪ੍ਰਮਾਤਮਾ ਆਪਣੇ ਇਸ ਰੂਪ ਵਿੱਚ ਹੀ, ਸੱਚੇ ਗਿਆਨ ਦੇ ਰੂਪ ਵਿੱਚ ਹੀ, ਨਾਮ ਦੇ ਰੂਪ ਵਿੱਚ ਹੀ ਬਿਸਰਾਮ ਕਰਦਾ ਹੈ। **(ਊਹਾ ਸਿਮਰਹਿ ਕੇਵਲ ਨਾਮੁ॥ ਬਿਰਲੇ ਪਾਵਹਿ ਓਹੁ ਬਿਸ੍ਰਾਮੁ॥)**

{ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥}

(ਅੰਗ ੨੬੨)

ਮਨ ਦੀ ਇਹ ਅਵੱਸਥਾ ਉਸਦੇ ਭਗਤ ਜਨਾਂ ਦੀ ਅਵੱਸਥਾ ਹੈ ਜੋ ਕੇਵਲ ਨਾਮ ਜਪਦੇ ਹਨ, ਅੱਠੇ ਪਹਿਰ ਉਸਦਾ ਨਾਮ ਹੀ ਜਪਦੇ ਹਨ। ਹੁਣ ਧਿਆਨ ਨਾਲ ਸਮਝੋ ਕਿ ਉਸਦੇ ਭਗਤ ਜਨਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਕੀ ਕਿਸੇ ਇੱਕ ਅੱਖਰ ਦਾ ਜਪ ਕੀਤਾ ਹੈ। ਉਨ੍ਹਾਂ ਨੇ ਗੁਰਬਾਣੀ ਦੇ ਹਰ ਅੱਖਰ ਰਾਹੀਂ ਸਾਨੂੰ ਨਾਮ ਦੀ ਸੋਝੀ ਪਾਈ ਹੈ, ਸਾਨੂੰ ਗੁਰਮਤਿ ਸਮਝਾਈ ਹੈ। ਗੁਰੂ ਸਾਹਿਬ ਨੇ ਆਪ ਹੀ ਆਪਣੇ ਹੱਥੀਂ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਦਾ ਪ੍ਰਕਾਸ਼ ਕੀਤਾ ਹੈ ਜਿੱਥੇ ਪ੍ਰਕਾਸ਼ ਹੋਣ ਤੋਂ ਬਾਅਦ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਸ਼ੁਰੂ ਹੋ ਜਾਂਦਾ ਹੈ ਤੇ ਉੱਥੇ ਕਿਸੇ ਵੇਲੇ ਵੀ ਕਿਸੇ ਅੱਖਰ ਦਾ ਜਪ ਨਹੀਂ ਕੀਤਾ ਜਾਂਦਾ ਕਿਉਂਕਿ ਉਨ੍ਹਾਂ ਨੂੰ ਇਹ ਸਮਝ ਹੈ ਕਿ ਪ੍ਰਮਾਤਮਾ ਦਾ ਹਰ ਵੇਲੇ ਨਾਮ ਜਪਣਾ ਕੀ ਹੈ। ਉੱਥੇ ਇਹ ਮਰਿਆਦਾ ਅੱਜ ਵੀ ਉਸੇ ਤਰ੍ਹਾਂ ਚੱਲਦੀ ਹੈ ਤੇ ਦਰਬਾਰ ਸਾਹਿਬ ਵਿਖੇ ਕਿਸੇ ਅੱਖਰ ਦੇ ਜਪ ਦੀ ਮਨਾਹੀ ਕੀਤੀ ਜਾਂਦੀ ਹੈ ਤੇ ਹਰ ਕੀਰਤਨੀਏ ਨੂੰ ਉੱਥੇ ਸ਼ਬਦਾਂ ਦੁਆਰਾ ਕੀਰਤਨ ਕਰਨਾ ਹੀ ਸਮਝਾਇਆ ਜਾਂਦਾ ਹੈ ਤੇ ਅੱਖਰ ਰੂਪ ਧੁਨੀ ਭਾਵ ਵਾਹਿਗੁਰੂ ਵਾਹਿਗੁਰੂ ਕਰਨ ਵਾਲੀ ਧੁਨੀ ਤੋਂ ਮਨ੍ਹਾ ਕੀਤਾ ਜਾਂਦਾ ਹੈ। ਇਹ ਕੇਵਲ ਗੁਰੂ ਸਾਹਿਬ ਦੀ ਆਪਣੀ ਸ਼ੁਰੂ ਕੀਤੀ ਗਈ ਮਰਿਆਦਾ ਦਾ ਨਤੀਜਾ ਹੈ ਭਾਵੇਂ ਸਾਨੂੰ ਇਸਦਾ ਮਤਲਬ ਸਮਝ ਨਹੀਂ ਪੈਂਦਾ। ਇਸਦਾ ਮਤਲਬ ਬੜਾ ਸਪੱਸ਼ਟ ਹੈ

21/2315

ਕਿ ਪੂਰੀ ਗੁਰਬਾਣੀ ਵਿੱਚ ਕੇਵਲ ਨਾਮ ਹੈ। ਗੁਰਬਾਣੀ ਵਿੱਚ ਅਸੀਂ ਜੋ ਵੀ ਸ਼ਬਦ ਪੜਦੇ ਹਾਂ ਜਾਂ ਸੁਣਦੇ ਹਾਂ, ਜਿਸ ਵੇਲੇ ਵੀ ਪੜਦੇ ਹਾਂ, ਸੁਣਦੇ ਹਾਂ, ਉਸ ਵਿੱਚ ਨਾਮ ਹੈ। ਗੁਰੂ ਸਾਹਿਬ ਨੇ ਸਾਨੂੰ ਇਹੋ ਜਿਹੇ ਨਾਮ ਨਾਲ ਜੋੜਿਆ ਹੈ, ਕੇਵਲ ਨਾਮ ਨਾਲ ਜੋੜਿਆ ਹੈ ਭਾਵ ਕੇਵਲ ਗੁਰਬਾਣੀ ਦੀ ਮਤਿ ਨਾਲ ਜੋੜਿਆ ਹੈ ਤਾਂ ਜੋ ਅਸੀਂ ਗੁਰਬਾਣੀ ਦੀ ਮਤਿ ਤੋਂ ਬਾਹਰ ਨਾ ਨਿਕਲੀਏ। ਇੱਕ ਅੱਖਰ ਦੇ ਜਪ ਨਾਲ ਜੁੜਨਾ ਕਿਸੇ ਖਾਸ ਵੇਲੇ ਨਾਲ ਜੁੜਨਾ ਗੁਰਮਤਿ ਤੋਂ ਬਾਹਰ ਨਿਕਲਣ ਵਾਲੀ ਗੱਲ ਹੈ ਜਿਸਦੇ ਪਿੱਛੇ ਧਰਮ ਦੇ ਉਹ ਝੂਠੇ ਠੇਕੇਦਾਰ ਹਨ ਜੋ ਸਾਨੂੰ ਸੱਚੇ ਠੇਕੇਦਾਰ ਦੀ ਮਤਿ ਤੋਂ ਬਾਹਰ ਕੱਢਦੇ ਹਨ ਤੇ ਗੁਰਬਾਣੀ ਦੇ ਸੱਚੇ ਮਕਸਦ ਤੋਂ ਸਾਨੂੰ ਦੂਰ ਕਰਦੇ ਹਨ। ਗੁਰਬਾਣੀ ਸਾਡਾ ਗੁਰੂ ਹੈ, ਪ੍ਰਮਾਤਮਾ ਦਾ ਸੱਚਾ ਭਗਤ ਹੈ ਜੋ ਸਾਨੂੰ ਆਪਣੇ ਹਰ ਅੱਖਰ ਰਾਹੀਂ ਪ੍ਰਮਾਤਮਾ ਦੀ ਸੱਚੀ ਭਗਤੀ ਸਿਖਾਉਂਦਾ ਹੈ, "ਕੇਵਲ ਨਾਮੁ" ਜਪਣਾ ਸਿਖਾਉਂਦਾ ਹੈ। ਆਓ ਇਸ ਠੇਕੇਦਾਰ ਦੇ ਨਾਲ ਜੁੜੀਏ ਤੇ ਉਸ ਅਸਥਾਨ ਦੀ ਪ੍ਰਾਪਤੀ ਕਰੀਏ, ਉਸ ਅਵੱਸਥਾ ਦੀ ਪ੍ਰਾਪਤੀ ਕਰੀਏ ਜਿਸ ਅਵੱਸਥਾ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ।

"ਕੇਵਲ ਨਾਮੁ" ਜਪਣ ਵਾਲੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਸ ਪੂਰੇ ਸ਼ਬਦ ਰਾਹੀਂ ਸਾਨੂੰ ਮਨ ਦੀ ਉਹ ਅਵੱਸਥਾ ਹੀ ਸਮਝਾਈ ਹੋਈ ਹੈ। ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਵੀ ਅਸੀਂ ਮਨ ਦੀ ਅਵੱਸਥਾ ਸਮਝੀ ਹੈ ਜੋ ਕਿ ਉਸਦੇ ਭਗਤਾਂ ਦੀ ਅਵੱਸਥਾ ਹੈ ਤੇ ਸ਼ਬਦ ਦੀਆਂ ਅੱਗੇ ਵਾਲੀਆਂ ਪੰਗਤੀਆਂ ਵਿੱਚ ਵੀ ਸਾਨੂੰ ਕੇਵਲ ਨਾਮ ਜਪਣ ਵਾਲਿਆਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ।

"ਭੋਜਨੁ ਭਾਉ ਕੀਰਤਨ ਆਧਾਰੁ॥ ਨਿਹਚਲ ਆਸਨੁ ਬੇਸੁਮਾਰੁ॥੨॥"

ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ, ਗੁਰਮਤਿ ਦਾ ਭੋਜਨ ਹੀ ਛਕਾਉਂਦਾ ਹੈ, ਆਪਣਾ ਅੰਮ੍ਰਿਤ ਭੋਜਨ ਹੀ ਛਕਾਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਜੁੜਦਾ ਹੈ। ਉਸਦੀ ਗੁਰਮਤਿ ਦੇ ਨਾਲ ਪਿਆਰ ਹੀ ਉਸ ਪ੍ਰਮਾਤਮਾ ਦੇ ਨਾਲ ਪਿਆਰ ਹੈ, ਗੁਰੂ ਦੇ ਨਾਲ ਪਿਆਰ ਹੈ। ਮਨ ਦੀ ਇਹੋ ਜਿਹੀ ਸੋਝੀ ਦੁਆਰਾ ਹੀ ਉਸਦੇ ਭਗਤਾਂ ਨੇ ਉਸਦਾ ਕੀਰਤਨ ਕੀਤਾ ਹੈ ਭਾਵ ਜੱਸ ਗਾਇਆ ਹੈ ਤੇ ਸਾਨੂੰ ਗੁਰਬਾਣੀ ਰਾਹੀਂ ਉਹ ਕੀਰਤਨ ਕਰਨਾ ਸਿਖਾਇਆ ਹੈ। ਮਨ ਦੇ ਵਿੱਚ ਇਹੋ ਜਿਹੀ ਅਵੱਸਥਾ ਦੁਆਰਾ ਫਿਰ ਮਨੁੱਖ ਗੁਰੂ ਦੀ ਮਤਿ ਨੂੰ ਹੀ ਆਪਣਾ "ਆਧਾਰੁ" ਬਣਾਉਂਦਾ ਹੈ, ਆਸਰਾ ਬਣਾਉਂਦਾ ਹੈ ਭਾਵ ਗੁਰਮਤਿ ਨੂੰ ਹੀ ਆਪਣੀ ਟੇਕ ਬਣਾਉਂਦਾ ਹੈ। **(ਭੋਜਨੁ ਭਾਉ ਕੀਰਤਨ ਆਧਾਰੁ॥)**

ਮਨ ਦੀ ਇਹ ਅਵੱਸਥਾ ਹੀ ਸਾਡੇ ਮਨ ਨੂੰ ਡੋਲਣੋਂ ਹਟਾਉਂਦੀ ਹੈ, ਮਾਇਆ ਮੋਹ ਵਿੱਚ ਡੋਲਣ ਤੋਂ ਹਟਾਉਂਦੀ ਹੈ, ਸਾਨੂੰ ਅਨ ਭਉ ਦੇ ਵਿੱਚੋਂ ਕੱਢਦੀ ਹੈ ਭਾਵ

21/2316

ਮਨੁੱਖ ਦੇ ਵਿੱਚ ਜੋ ਅਨੇਕਾਂ ਹੀ ਝੂਠੇ ਭਉ ਬਣੇ ਹੋਏ ਹਨ ਉਹ ਸੱਚ ਦੀ ਸੋਝੀ ਦੁਆਰਾ ਨਿਕਲ ਜਾਂਦੇ ਹਨ ਜੋ ਇਸ ਮਨ ਦੇ ਆਸਣ ਨੂੰ ਨਿਹਚਲ ਬਣਾਉਂਦੇ ਹਨ। ਇਹ ਮਨ ਦਾ ਉਹ ਆਸਣ ਹੈ ਜਿਸ ਆਸਣ ਤੇ ਉਸਦੇ ਭਗਤ ਉਸਦੇ ਨਾਲ ਮਨ ਦੇ ਵਿਚਾਰਾਂ ਰਾਹੀਂ ਬੈਠਦੇ ਹਨ ਤੇ ਉਸ ਕੋਲੋਂ ਬੇਸੁਮਾਰ ਗਿਆਨ ਪਾਉਂਦੇ ਹਨ ਜਿਵੇਂ ਕਿ ਉਨ੍ਹਾਂ ਨੇ ਸਾਨੂੰ ਗੁਰਬਾਣੀ ਦੇ ਰੂਪ ਵਿੱਚ ਗਿਆਨ ਦਾ ਸਾਗਰ ਦਿੱਤਾ ਹੈ ਜਿਸ ਦੇ ਵਿੱਚ ਬੇਸੁਮਾਰ ਗਿਆਨ ਹੈ, ਪ੍ਰਮਾਤਮਾ ਦੇ ਦਿੱਤੇ ਹੋਏ ਬੇਸੁਮਾਰ ਵਿਚਾਰ ਹਨ। ਮਨ ਦੇ ਵਿੱਚ ਇਹ ਸੱਚੇ ਵਿਚਾਰ ਹੀ ਇਸ ਮਨ ਦੇ ਆਸਣ ਨੂੰ ਨਿਹਚਲ ਬਣਾਉਂਦੇ ਹਨ। **(ਨਿਹਚਲ ਆਸਨੁ ਬੇਸੁਮਾਰੁ॥੨॥)**

ਇਹ ਆਸਣ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੇ ਮਹਿਲ ਰੂਪ ਵਿੱਚ ਹੈ ਜਿਸ ਆਸਣ ਤੇ ਉਹ ਕਿਸੇ ਨੂੰ ਕੇਵਲ ਆਪਣੀ ਕ੍ਰਿਪਾ ਦੁਆਰਾ ਹੀ ਬਿਠਾਉਂਦਾ ਹੈ, ਕਿਸੇ ਵਿਰਲੇ ਨੂੰ ਹੀ ਬਿਠਾਉਂਦਾ ਹੈ। ਇਹੋ ਜਿਹੇ ਆਸਣ ਤੇ ਬੈਠ ਕੇ ਮਨ ਦੀ ਅਡੋਲਤਾ ਦੁਆਰਾ ਹੀ ਅਸੀਂ "ਕੇਵਲ ਨਾਮੁ" ਜਪ ਸਕਦੇ ਹਾਂ। **(ਡਿਗਿ ਨ ਡੋਲੈ ਕਤਹੂ ਨ ਧਾਵੈ॥ ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ॥)**

ਇਸ ਆਸਣ ਤੇ ਬੈਠ ਕੇ ਭਾਵ ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਮਨੁੱਖ ਨੂੰ ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਭੈ ਵਿੱਚੋਂ, ਮਾਇਆ ਮੋਹ ਦੇ ਜਾਲ ਵਿੱਚੋਂ ਕੱਢਦਾ ਹੈ ਤੇ ਤਾਂ ਹੀ ਉਸਦਾ "ਕੇਵਲ ਨਾਮੁ" ਜਪਿਆ ਜਾ ਸਕਦਾ ਹੈ। **(ਭ੍ਰਮ ਭੈ ਮੋਹ ਨ ਮਾਇਆ ਜਾਲ॥)**

ਪ੍ਰਮਾਤਮਾ ਆਪਣੀ ਕ੍ਰਿਪਾ ਮਨ ਦੇ ਵਿੱਚ ਆਪ ਹੀ ਕਰਦਾ ਹੈ ਜਦੋਂ ਉਹ ਸਾਨੂੰ ਆਪਣੀ "ਸੁੰਨ ਸਮਾਧਿ" ਵਾਲੀ ਅਵੱਸਥਾ ਬਖ਼ਸ਼ ਦਿੰਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੀ "ਸੁੰਨ ਸਮਾਧਿ" ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦੀ ਇਹ "ਸੁੰਨ ਸਮਾਧਿ" ਸਾਡੇ ਸਭ ਦੇ ਅੰਦਰ ਚੌਥੇ ਪਦ ਦੇ ਰੂਪ ਵਿੱਚ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੈ ਤੇ ਜਦੋਂ ਉਹ ਕਿਸੇ ਤੇ ਆਪਣੀ ਕ੍ਰਿਪਾ ਕਰਦਾ ਹੈ ਉਹ ਸਾਨੂੰ ਆਪਣੇ ਬ੍ਰਹਮਗਿਆਨ ਦੀ ਸਮਾਧਿ ਵਿੱਚ ਬਿਠਾ ਲੈਂਦਾ ਹੈ। ਉਸਦਾ ਆਪਣਾ ਸਾਡੇ ਅੰਦਰ "ਸੁੰਨ ਸਮਾਧਿ" ਦੇ ਰੂਪ ਵਿੱਚ ਹੀ ਹੈ। ਆਪਣੀ ਇਹ ਸੁੰਨ ਸਮਾਧਿ ਬਖ਼ਸ਼ ਕੇ ਹੀ ਉਹ ਸਾਨੂੰ ਭਰਮ ਵਿੱਚੋਂ, ਭੈ ਵਿੱਚੋਂ, ਮਾਇਆ ਮੋਹ ਦੇ ਜਾਲ ਵਿੱਚੋਂ ਕੱਢਦਾ ਹੈ ਤੇ ਤਾਂ ਹੀ ਮਨੁੱਖ ਕੇਵਲ ਨਾਮ ਦੁਆਰਾ ਵਿਚਰ ਸਕਦਾ ਹੈ। **(ਭ੍ਰਮ ਭੈ ਮੋਹ ਨ ਮਾਇਆ ਜਾਲ॥ ਸੁੰਨ ਸਮਾਧਿ ਪ੍ਰਭੂ ਕਿਰਪਾਲ॥੩॥)**

ਇਸ "ਸੁੰਨ ਸਮਾਧਿ" ਵਿੱਚ ਪਹੁੰਚ ਕੇ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ, ਉਸਦਾ ਪਾਸਾਰਾ ਕਿਤਨਾ ਕੁ ਵੱਡਾ ਹੈ ਜਿਸਦਾ ਕੋਈ ਅੰਤ ਨਹੀਂ ਹੈ ਭਾਵ ਉਹ ਬੇਅੰਤ ਹੈ। ਹਰ ਸਰਗੁਣ ਸਰੂਪ ਦਾ ਮਾਲਕ ਉਹ ਆਪ ਹੀ ਹੈ। ਆਪਣਾ ਪਾਸਾਰਾ ਰਚ ਕੇ ਉਹ ਆਪ ਹੀ

ਸਭ ਦੇ ਅੰਦਰ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ। ਉਸਦੀ "ਸੁੰਨ ਸਮਾਧਿ" ਸਭ ਜਗ੍ਹਾ ਲੱਗੀ ਹੋਈ ਹੈ, ਗਿਆਨ ਰੂਪ ਵਿੱਚ ਲੱਗੀ ਹੋਈ ਹੈ ਜਿਸ ਕਰਕੇ ਉਹ ਗੁਪਤ ਹੀ ਰਹਿੰਦਾ ਹੈ ਜਿਸਨੂੰ ਦੇਖਿਆ ਨਹੀਂ ਜਾ ਸਕਦਾ। ਉਸਦੇ ਇਸ ਗੁਪਤ ਰੂਪ ਨੂੰ ਕੇਵਲ ਮਨ ਦੇ ਵਿੱਚੋਂ ਹੀ ਦੇਖਿਆ ਜਾ ਸਕਦਾ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਨਿਰਗੁਣ ਰੂਪ ਨੂੰ ਨਿਰਗੁਣ ਰੂਪ ਵਿੱਚ ਹੀ ਦੇਖਿਆ ਜਾ ਸਕਦਾ ਹੈ, ਮਨ ਦੀ ਸੋਝੀ ਦੁਆਰਾ ਹੀ ਦੇਖਿਆ ਜਾ ਸਕਦਾ ਹੈ, "ਸੁੰਨ ਸਮਾਧਿ" ਵਿੱਚ ਪਹੁੰਚ ਕੇ ਹੀ ਦੇਖਿਆ ਜਾ ਸਕਦਾ ਹੈ। **(ਤਾ ਕਾ ਅੰਤੁ ਨ ਪਾਰਾਵਾਰੁ॥ ਆਪੇ ਗੁਪਤੁ ਆਪੇ ਪਾਸਾਰੁ॥)**

ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਹਰਿ ਹਰਿ ਕਰਨਾ ਕੀ ਹੈ।

"ਜਾ ਕੈ ਅੰਤਰਿ ਹਰਿ ਹਰਿ ਸੁਆਦੁ॥ ਕਹਨੁ ਨ ਜਾਈ ਨਾਨਕ ਬਿਸਮਾਦੁ॥੪॥੯॥੨੦॥"

ਜਿਹੋ ਜਿਹੀ ਮਨ ਦੀ ਅਵੱਸਥਾ ਅਸੀਂ ਪੂਰੇ ਸ਼ਬਦ ਰਾਹੀਂ ਸਮਝੀ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ "ਹਰਿ ਹਰਿ ਸੁਆਦੁ" ਕੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਸਾਡੇ ਅੰਦਰ ਸਾਨੂੰ ਆਪਣੀ ਗੁਰਮਤਿ ਤੇ ਚੱਲਣ ਦਾ "ਸੁਆਦੁ" ਹੀ ਪਾਉਂਦਾ ਹੈ ਭਾਵ ਇਸ ਅਵੱਸਥਾ ਦੁਆਰਾ ਮਨੁੱਖ ਉਸਦੀ ਗੁਰਮਤਿ ਨੂੰ ਮਿੱਠਾ ਕਰਕੇ ਮੰਨਦਾ ਹੈ, ਉਸਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ। ਜਦ ਤੱਕ ਸਾਨੂੰ ਗੁਰਮਤਿ ਮਿੱਠੀ ਨਹੀਂ ਲੱਗਦੀ ਅਸੀਂ ਉਸਦੇ ਭਾਣੇ ਵਿੱਚ ਨਹੀਂ ਆ ਸਕਦੇ। ਉਸਦੀ ਗੁਰਮਤਿ ਨੂੰ ਮੰਨਣਾ ਬਹੁਤ ਔਖਾ ਹੈ, ਉਸਦਾ ਭਾਣਾ ਮੰਨਣਾ ਬਹੁਤ ਔਖਾ ਹੈ, ਉਸਦਾ ਨਾਮ ਜਪਣਾ ਔਖਾ ਹੈ, ਮਾਇਆ ਮੋਹ ਛੱਡਣਾ ਔਖਾ ਹੈ, ਮਾਇਆ ਦੇ ਜਾਲ ਵਿੱਚੋਂ ਨਿਕਲਣਾ ਔਖਾ ਹੈ ਪਰ ਪ੍ਰਮਾਤਮਾ ਮਨ ਦੇ ਅੰਦਰ ਆਪਣਾ ਸੱਚ ਸਮਝਾ ਕੇ ਮਨੁੱਖ

ਦੀ ਬਿਰਤੀ ਨੂੰ ਬਦਲ ਦਿੰਦਾ ਹੈ ਕਿਉਂਕਿ ਉਹ ਆਪ ਹੀ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਹੈ। ਜਿਹੜੀ ਗੱਲ ਸਾਨੂੰ ਕੌੜੀ ਲੱਗਦੀ ਹੈ, ਉਹ ਉਸਨੂੰ ਮਨ ਦੇ ਵਿਚਾਰਾਂ ਰਾਹੀਂ ਮਿੱਠੀ ਕਰਕੇ ਮਨਵਾਉਂਦਾ ਹੈ ਤੇ ਮਨੁੱਖ ਨੂੰ ਕੇਵਲ ਸੱਚ ਤੇ ਚੱਲਣਾ ਹੀ ਭਾਉਂਦਾ ਹੈ, ਕੇਵਲ ਨਾਮ ਤੇ ਚੱਲਣਾ ਹੀ ਭਾਉਂਦਾ ਹੈ। ਉਸਦੀ ਗੁਰਮਤਿ ਨੂੰ ਮਿੱਠੀ ਕਰਕੇ ਮੰਨਣਾ ਹੀ ਸਾਡਾ ਹਰਿ ਹਰਿ ਕਰਨਾ ਹੈ। ਇਹ ਸੁਆਦ ਸਾਡੇ ਮਨ ਦੇ ਅੰਦਰ ਦਾ ਸੁਆਦ ਹੈ, ਮਨ ਦੇ ਵਿਚਾਰਾਂ ਦਾ ਸੁਆਦ ਹੈ, ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਦਾ ਸੁਆਦ ਹੈ ਜਿਸ ਦੁਆਰਾ ਮਨੁੱਖ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਗੱਲਾਂ ਕਰਦਾ ਹੈ ਤੇ ਉਸਦਾ ਆਨੰਦ ਵੀ ਮਾਣਦਾ ਹੈ। ਇਹ ਸਾਡੇ ਅੰਦਰ ਦਾ ਬਿਸਮਾਦ ਹੈ ਤੇ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ, ਉਸਦੀ ਆਪਣੀ ਕ੍ਰਿਪਾ ਹੈ ਜਿਸ ਦੁਆਰਾ ਕੋਈ

ਉਸਦਾ ਇਹ ਬਿਸਮਾਦ ਦੇਖ ਸਕਦਾ ਹੈ। **(ਜਾ ਕੈ ਅੰਤਰਿ ਹਰਿ ਹਰਿ ਸੁਆਦੁ॥ ਕਹਨੁ ਨ ਜਾਈ ਨਾਨਕ ਬਿਸਮਾਦੁ ॥੪॥੯॥੨੦॥)**

ਉੱਪਰ ਸ਼ਬਦ ਰਾਹੀਂ ਅਸੀਂ ਮਨ ਦੀ ਉਹ ਅਵੱਸਥਾ ਸਮਝੀ ਹੈ ਜਿਸ ਦੁਅਰਾ ਅਸੀਂ "ਕੇਵਲ ਨਾਮੁ" ਜਪ ਸਕਦੇ ਹਾਂ। ਸਾਡਾ ਇਹ "ਕੇਵਲ ਨਾਮੁ" ਜਪਣ ਦਾ ਤਰੀਕਾ ਕੀ ਹੈ, ਅਸੀਂ ਇਹ "ਕੇਵਲ ਨਾਮੁ" ਕਿਸ ਰੂਪ ਵਿੱਚ ਜਪਣਾ ਹੈ ਇਹ ਗੱਲ ਸਾਨੂੰ ਉਹੀ ਸਮਝਾ ਸਕਦੇ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹੋ ਜਿਹੀ ਅਵੱਸਥਾ ਬਖ਼ਸ਼ੀ ਹੈ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਉਨ੍ਹਾਂ ਨੂੰ ਧਰਮ ਦਾ ਠੇਕੇਦਾਰ ਸੌਂਪਿਆਂ ਹੈ। ਧਰਮ ਦੇ ਸੱਚੇ ਠੇਕੇਦਾਰ ਦੇ ਹੇਠ ਦਿੱਤੇ ਸ਼ਬਦ ਦੁਆਰਾ ਆਓ ਸਮਝੀਏ ਕਿ ਅਸੀਂ "ਕੇਵਲ ਨਾਮੁ" ਆਪਣੇ ਜੀਵਨ ਵਿੱਚ ਕਿਸ ਤਰੀਕੇ ਦੇ ਨਾਲ ਜਪਣਾ ਹੈ।

ਪ੍ਰਭਾਤੀ॥

"ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥੧॥
ਅਲਹ ਰਾਮ ਜੀਵਉ ਤੇਰੇ ਨਾਈ॥ ਤੂ ਕਰਿ ਮਿਹਰਾਮਤਿ ਸਾਈ॥੧॥ਰਹਾਉ॥
ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥੨॥
ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ॥
ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ॥੩॥
ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥੪॥
ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ॥
ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥
ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ॥੬॥੨॥"

(ਅੰਗ ੧੩੪੯)

ਸਭ ਤੋਂ ਪਹਿਲੇ ਉੱਪਰ ਵਾਲੇ ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਸਮਝੋ ਜਿਸ ਦੁਆਰਾ ਸਾਨੂੰ ਕੇਵਲ ਨਾਮ ਜਪਣ ਲਈ ਪ੍ਰੇਰਿਆ ਹੈ ਤਾਂ ਜੋ ਅਸੀਂ ਇਸ ਸੰਸਾਰ ਦੇ ਮੋਹ ਮਾਇਆ ਦੇ ਸਾਗਰ ਤੋਂ ਪਾਰ ਪਾ ਸਕੀਏ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਅਸੀਂ ਆਪਣੇ ਇਸ ਜੀਵਨ ਦੇ ਮਨੋਰਥ ਦੀ ਪੂਰਤੀ ਲਈ ਹੀ ਉਸ ਪ੍ਰਮਾਤਮਾ ਦੀ ਭਗਤੀ ਕਰਦੇ ਹਾਂ ਭਾਵ ਭਗਤੀ ਦਾ ਅਸਲ ਮਕਸਦ ਮਾਇਆ ਮੋਹ ਦੇ ਸਾਗਰ ਤੋਂ ਤਰਨ ਦਾ ਹੀ ਹੈ।

ਆਪਣੇ ਇਸ ਮਕਸਦ ਦੀ ਲਈ ਅਸੀਂ ਜਿਹੋ ਜਿਹੀ ਭਗਤੀ ਕਰਦੇ ਹਾਂ ਪਹਿਲੇ ਸਾਨੂੰ ਉਹ ਸਮਝਾਈ ਹੋਈ ਹੈ ਤੇ ਫਿਰ ਸਾਨੂੰ ਨਾਲ ਹੀ ਨਾਮ ਜਪਣ ਦਾ ਅਸਲ ਤਰੀਕਾ ਸਮਝਾਇਆ ਹੋਇਆ ਹੈ ਜੋ ਸਾਰੀ ਮਨੁੱਖਤਾ ਲਈ, ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਮੁਸਲਮਾਨ ਵੀਰ ਮਸੀਤ ਵਿੱਚ ਜਾ ਕੇ, ਆਪਣੇ ਧਾਰਮਿਕ ਅਸਥਾਨ ਤੇ ਜਾ ਕੇ ਅੱਲ੍ਹਾ ਨੂੰ ਲੱਭਣ ਦਾ, ਉਸਦੇ ਨਾਲ ਮਿਲਣ ਦਾ ਉਪਰਾਲਾ ਕਰਦੇ ਹਨ ਭਾਵ ਉਸ ਅੱਲ੍ਹਾ ਨੂੰ ਆਪਣੇ ਤਰੀਕੇ ਨਾਲ ਜਪਦੇ ਹਨ ਭਾਵ ਆਪਣੇ ਆਪ ਨੂੰ ਇੱਕ ਵੱਖਰੇ ਧਾਰਮਿਕ ਅਦਾਰੇ ਵਿੱਚ ਬੰਨ੍ਹਦੇ ਹਨ ਕਿ ਅੱਲ੍ਹਾ ਨੂੰ ਜਪਣ ਦਾ ਇਹੀ ਸੱਚਾ ਮਾਰਗ ਹੈ ਜਿਸ ਲਈ ਉਹ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਗ੍ਰੰਥ ਨੂੰ ਪੜ੍ਹਦੇ ਸੁਣਦੇ ਹਨ ਤੇ ਮਸੀਤ ਵਿੱਚ ਮੱਥੇ ਟੇਕਦੇ ਹਨ ਕਿ ਅੱਲ੍ਹਾ ਨੂੰ ਪਾਉਣ ਦਾ ਇਹੀ ਤਰੀਕਾ ਹੈ। ਅੱਲ੍ਹਾ ਕੋਈ ਇੱਕ ਜਗ੍ਹਾ ਨਹੀਂ ਹੈ ਜਿਸ ਦੇ ਨਾਲ ਉਹ ਬੱਝਿਆ ਹੋਇਆ ਹੈ ਭਾਵ ਉਸਦਾ ਕੋਈ ਇੱਕ ਟਿਕਾਣਾ ਨਹੀਂ ਹੈ ਜਿੱਥੇ ਅੱਲ੍ਹਾ ਵੱਸਦਾ ਹੈ। ਆਪਣੀ ਧਾਰਮਿਕ ਆਸਥਾ ਅਸੀਂ ਕਿਸੇ ਖਾਸ ਟਿਕਾਣੇ ਨਾਲ ਜੁੜ ਕੇ ਦਿਖਾਉਂਦੇ ਹਾਂ, ਕਿਸੇ ਧਾਰਮਿਕ ਟਿਕਾਣੇ ਨੂੰ ਉੱਚਾ ਮੰਨਦੇ ਹਾਂ ਕਿ ਕਿਸੇ ਧਾਰਮਿਕ ਅਸਥਾਨ ਨਾਲ ਜੁੜ ਕੇ ਹੀ ਅੱਲ੍ਹਾ ਨੂੰ ਪੂਜਿਆ ਜਾ ਸਕਦਾ ਹੈ ਭਾਵ ਅਸੀਂ ਅੱਲ੍ਹਾ

21/2319

ਨੂੰ ਕਿਸੇ ਸਰਗੁਣ ਰੂਪ ਠਿਕਾਣੇ ਵਿੱਚੋਂ ਲੱਭਦੇ ਹਾਂ ਪਰ ਉਹ ਅੱਲ੍ਹਾ ਤਾਂ ਸਭ ਜਗ੍ਹਾ ਹੈ ਭਾਵ ਸਾਨੂੰ ਉਸਨੂੰ ਜਪਣ ਦਾ ਅਸਲ ਮਕਸਦ ਸਮਝ ਨਹੀਂ ਹੈ ਤੇ ਅਸੀਂ ਕੇਵਲ ਧਾਰਮਿਕ ਅਸਥਾਨਾਂ ਤੇ ਜਾ ਕੇ ਮੱਥੇ ਟੇਕਣ ਨੂੰ ਹੀ ਅੱਲ੍ਹਾ ਦੀ ਬੰਦਗੀ ਸਮਝਿਆ ਹੋਇਆ ਹੈ। ਇਹ ਗੱਲ ਸਾਰਿਆਂ ਤੇ ਹੀ ਲਾਗੂ ਹੁੰਦੀ ਹੈ, ਸਿੱਖ ਜਗਤ ਤੇ ਵੀ ਲਾਗੂ ਹੁੰਦੀ ਹੈ ਕਿਉਂਕਿ ਅਸੀਂ ਕਿਸੇ ਨਾ ਕਿਸੇ ਅਸਥਾਨ ਨੂੰ ਉੱਚਾ ਮੰਨ ਕੇ ਹੀ ਉਸਦੇ ਨਾਲ ਜੁੜਦੇ ਹਾਂ, ਕਿਸੇ ਉੱਚੇ ਅਸਥਾਨ ਤੇ ਜਾ ਕੇ ਮੱਥੇ ਟੇਕਣ ਨੂੰ ਆਪਣੀ ਭਗਤੀ ਦੀ ਸ਼ਰਧਾ ਦਿਖਾਉਣੀ ਸਮਝਦੇ ਹਾਂ ਪਰ ਭਗਤੀ ਦਾ ਅਸਲ ਭਾਵ ਕੀ ਹੈ ਇਸ ਗੱਲ ਨੂੰ ਅਸੀਂ ਨਹੀਂ ਸਮਝਦੇ। **(ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥)**

ਭਗਤੀ ਦੀ ਆਸਥਾ ਸਭ ਦੀ ਆਪਣੀ-ਆਪਣੀ ਧਾਰਮਿਕ ਆਸਥਾ ਹੈ ਤੇ ਹਿੰਦੂ ਵੀਰ ਮੂਰਤੀਆਂ ਦੇ ਵਿੱਚ ਹੀ ਪ੍ਰਮਾਤਮਾ ਦਾ ਨਿਵਾਸ ਸਮਝਦੇ ਹਨ, ਨਾਮ ਦਾ ਨਿਵਾਸ ਸਮਝਦੇ ਹਨ ਤੇ ਇਸੇ ਲਈ ਮੂਰਤੀਆਂ ਨੂੰ ਮੱਥੇ ਟੇਕਦੇ ਹਨ ਜਿਸ ਦੁਆਰਾ ਉਹ ਆਪਣੀ ਧਾਰਮਿਕ ਆਸਥਾ ਪ੍ਰਗਟ ਕਰਦੇ ਹਨ।

ਜਿਹੋ ਜਿਹਾ ਅਸੀਂ ਆਪਣਾ ਭਗਤੀ ਦਾ ਤਰੀਕਾ ਸਮਝਿਆ ਹੋਇਆ ਹੈ ਉਹ ਠੀਕ ਨਹੀਂ ਹੈ। ਮੁਸਲਮਾਨ ਵੀਰਾਂ ਨੂੰ ਵੀ ਭੁੱਲੇ ਹੋਏ ਦੱਸਿਆ ਹੈ ਤੇ ਹਿੰਦੂ ਵੀਰਾਂ ਨੂੰ ਵੀ ਭੁੱਲੇ ਹੋਏ ਦੱਸਿਆ ਹੈ ਕਿ ਭਗਤੀ ਦੀ ਸੋਝੀ ਦੋਨਾਂ ਨੂੰ ਹੀ ਨਹੀਂ ਹੈ **(ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥੧॥)**

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਭਗਤੀ ਦੀ ਸੋਝੀ ਪਾਈ ਹੈ ਉਨ੍ਹਾਂ ਲਈ ਨਾ ਅੱਲ੍ਹਾ ਵੱਖਰਾ ਹੈ ਤੇ ਨਾ ਹੀ ਰਾਮ ਵੱਖਰਾ ਹੈ, ਨਾ ਹਿੰਦੂ ਵੱਖਰਾ ਹੈ ਤੇ ਨਾ ਮੁਸਲਮਾਨ ਵੱਖਰਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਅਲਹ ਰਾਮ ਜੀਵਉ ਤੇਰੇ ਨਾਈ॥ ਤੂ ਕਰਿ ਮਿਹਰਾਮਤਿ ਸਾਈ॥੧॥ਰਹਾਉ॥”

ਜਿੰਨ੍ਹਾਂ ਨੂੰ ਭਗਤੀ ਦੀ ਸਮਝ ਹੈ ਉਹ ਕੇਵਲ ਪ੍ਰਮਾਤਮਾ ਦੇ ਨਾਮ ਵਾਲਾ ਜੀਵਨ ਮੰਗਦੇ ਹਨ। ਨਾਮ ਵਾਲੇ ਜੀਵਨ ਦੇ ਵਿੱਚ ਫਿਰ ਅੱਲ੍ਹਾ ਤੇ ਰਾਮ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ, ਮਨੁੱਖ-ਮਨੁੱਖ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ। ਜਿਸਨੂੰ ਪ੍ਰਮਾਤਮਾ ਨਾਮ ਦੀ ਸੋਝੀ ਪਾਉਂਦਾ ਹੈ ਉਸ ਦੁਆਰਾ ਉਸ ਨੂੰ ਆਪਣੀ ਭਗਤੀ ਕਰਨੀ ਹੀ ਸਿਖਾਉਂਦਾ ਹੈ। ਨਾਮ ਦੀ ਸੋਝੀ ਪੈਣ ਦੇ ਨਾਲ ਇਹ ਸੋਝੀ ਵੀ ਪੈ ਜਾਂਦੀ ਹੈ ਕਿ ਜੋ ਅੱਲ੍ਹਾ ਮੇਰੇ ਅੰਦਰ ਹੈ ਉਹੀ ਪ੍ਰਮਾਤਮਾ ਹੈ ਜੋ ਸਭ ਦੇ ਅੰਦਰ ਇੱਕੋ ਜਿਹਾ ਹੀ ਵਿਚਰ ਰਿਹਾ ਹੈ ਤੇ ਆਪਣੀ-ਆਪਣੀ ਆਸਥਾ ਅਨੁਸਾਰ ਕੋਈ ਉਸਨੂੰ ਅੱਲ੍ਹਾ ਕਹਿੰਦਾ ਹੈ ਜਾਂ ਰਾਮ ਕਹਿੰਦਾ ਹੈ ਜਾਂ ਵਾਹਿਗੁਰੂ ਕਹਿੰਦਾ ਹੈ ਇਸ ਨਾਲ ਕੀ ਫਰਕ ਪੈਂਦਾ ਹੈ। ਮਨ ਦੇ ਵਿੱਚ ਨਾਮ ਦੀ ਸੋਝੀ ਦੁਆਰਾ ਇਹ ਭੇਦ ਮਿਟ ਜਾਂਦਾ ਹੈ ਕਿ ਮਨੁੱਖ-ਮਨੁੱਖ ਵਿੱਚ ਕੋਈ ਫਰਕ ਨਹੀਂ ਹੁੰਦਾ ਹੈ। ਪ੍ਰਮਾਤਮਾ,

21/2320

ਅੱਲ੍ਹਾ, ਵਾਹਿਗੁਰੂ, ਗਾਡ ਮਨ ਦੇ ਵਿੱਚ ਪ੍ਰਗਟ ਹੋ ਕੇ, ਆਪਣੇ ਨਾਮ ਦੀ ਸੋਝੀ ਪਾ ਕੇ ਆਪ ਹੀ ਇਹ ਭੇਦ ਮਿਟਾਉਂਦਾ ਹੈ ਤੇ ਇਸੇ ਲਈ ਉਸਦੇ ਭਗਤਾਂ ਨੂੰ ਇਹ ਸੋਝੀ ਪੈਂਦੀ ਹੈ ਕਿ ਨਾਮ ਜਪਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ

ਕੋਈ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਇਸ ਮਨ ਦੀ ਸੋਝੀ ਪਏ ਬਿਨ੍ਹਾਂ ਸਾਡਾ ਮਨੁੱਖ-ਮਨੁੱਖ ਵਿੱਚ ਭੇਦ, ਅੱਲ੍ਹਾ, ਰਾਮ, ਵਾਹਿਗੁਰੂ, ਗਾਡ ਦਾ ਭੇਦ ਨਹੀਂ ਮਿਟਦਾ ਭਾਵ ਵੱਖਰੀ-ਵੱਖਰੀ ਧਾਰਮਿਕ ਆਸਥਾ ਦਾ ਭੇਦ ਨਹੀਂ ਮਿਟਦਾ। ਇਹ ਭੇਦ ਅਕਾਲ ਪੁਰਖ ਆਪ ਹੀ ਮਿਟਾਉਂਦਾ ਹੈ। **(ਅਲਹ ਰਾਮ ਜੀਵਉ ਤੇਰੇ ਨਾਈ॥ ਤੂ ਕਰਿ ਮਿਹਰਾਮਤਿ ਸਾਈ॥੧॥ਰਹਾਉ॥)** ਉਸਦੀ ਕ੍ਰਿਪਾ ਬਿਨ੍ਹਾਂ ਸਾਨੂੰ ਇਹ ਭੇਦ ਸਮਝ ਨਹੀਂ ਆਉਂਦਾ।

ਪ੍ਰਮਾਤਮਾ ਦਾ ਠਿਕਾਣਾ ਕਿਸੇ ਸਰਗੁਣ ਸਰੂਪ ਧਾਰਮਿਕ ਅਸਥਾਨ ਤੇ ਨਹੀਂ ਹੈ ਜਿੱਥੋਂ ਉਸਨੂੰ ਖੋਜਿਆ ਜਾਵੇ ਜਿਵੇਂ ਕਿ ਹਿੰਦੂ ਵੀਰ ਉਸਨੂੰ ਆਪਣੀ ਮਤਿ ਅਨੁਸਾਰ ਕਿਸੇ ਟਿਕਾਣੇ ਤੇ ਹੋਣਾ ਸਮਝਦੇ ਹਨ ਤੇ ਮੁਸਲਮਾਨ ਵੀਰ ਉਸਨੂੰ ਆਪਣੀ ਆਸਥਾ ਅਨੁਸਾਰ ਥਾਪੇ ਹੋਏ ਉੱਚੇ ਅਸਥਾਨ ਤੋਂ ਲੱਭਦੇ ਹਨ ਭਾਵ ਅਸੀਂ ਸਰਗੁਣ ਰੂਪ ਠਿਕਾਣਿਆਂ ਨਾਲ ਹੀ ਜੁੜੇ ਹੋਏ ਹਾਂ। **(ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥)** ਜਿਸ ਟਿਕਾਣੇ ਤੇ ਪ੍ਰਮਾਤਮਾ ਸਾਨੂੰ ਮਿਲ ਸਕਦਾ ਹੈ, ਜਿੱਥੋਂ ਉਸਨੂੰ ਖੋਜਿਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥੨॥”

ਉਪਰਲੀ ਪੰਗਤੀ ਰਾਹੀਂ ਸਾਨੂੰ ਕਿਤਨੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਦਾ ਠਉਰ, ਮੁਕਾਮ, ਟਿਕਾਣਾ ਕਿੱਥੇ ਹੈ ਜਿੱਥੋਂ ਉਸਨੂੰ ਖੋਜਿਆ ਜਾ ਸਕਦਾ ਹੈ, ਲੱਭਿਆ ਜਾ ਸਕਦਾ ਹੈ ਭਾਵ ਪਾਇਆ ਜਾ ਸਕਦਾ ਹੈ। ਉਹ ਅੱਲਾਹ ਰਾਮ ਤਾਂ ਸਭ ਜਗ੍ਹਾਂ ਹੈ ਪਰ ਉਸਨੂੰ ਖੋਜਿਆ ਕੇਵਲ ਮਨ ਦੇ ਵਿੱਚੋਂ ਹੀ ਜਾ ਸਕਦਾ ਹੈ ਕਿਉਂਕਿ ਉਹ ਪ੍ਰਮਾਤਮਾ ਨਿਰਗੁਣ ਰੂਪ ਹੈ ਤੇ ਸਾਡਾ ਮਨ ਵੀ ਨਿਰਗੁਣ ਸਰੂਪ ਹੈ ਜਿੱਥੇ ਉਸਦਾ ਨਿਰਗੁਣ ਰੂਪ ਵਿੱਚ ਹੀ ਠਿਕਾਣਾ ਹੈ। ਧਰਮ ਅਸਥਾਨਾਂ ਤੇ ਜਾਣ ਦਾ ਮਕਸਦ ਪ੍ਰਮਾਤਮਾ ਨੂੰ ਖੋਜਣ ਦਾ ਤਰੀਕਾ ਸਮਝਣ ਦੇ ਨਾਲ ਹੈ ਤਾਂ ਜੋ ਅਸੀਂ ਉਹ ਸਭ ਕੁੱਝ ਕਰੀਏ ਜਿਸ ਦੁਆਰਾ ਪ੍ਰਮਾਤਮਾ ਮਿਲਦਾ ਹੈ, ਜਿਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਮਿਲਦਾ ਹੈ। ਅਸੀਂ ਧਰਮ ਅਸਥਾਨਾਂ ਤੇ ਜਾ ਕੇ ਮੱਥੇ ਟੇਕਣ ਨੂੰ ਹੀ, ਗਾ ਗਾ ਕੇ ਜੱਸ ਕਰੀ ਜਾਣ ਨੂੰ ਹੀ ਭਗਤੀ ਸਮਝਦੇ ਹਾਂ ਤੇ ਵੱਡੇ ਤੀਰਥ ਅਸਥਾਨਾਂ ਤੇ ਜਾਣ ਦਾ ਵੱਡਾ ਮਹਾਤਮ ਸਮਝਦੇ ਹਾਂ। ਸਿੱਖ ਜਗਤ ਵਿੱਚ ਵੀ ਇਹੋ ਕੁੱਝ ਹੀ ਪ੍ਰਚਲਿਤ ਹੈ ਜਿਸਨੂੰ ਉਹ ਆਪਣੀ ਭਗਤੀ ਕਰਨ ਦਾ ਤਰੀਕਾ ਸਮਝਦੇ ਹਨ। ਭਗਤੀ ਦਾ ਤਰੀਕਾ ਇਸ ਮਨ ਨੂੰ ਖੋਜਣ ਦਾ ਹੈ ਤੇ ਕੇਵਲ

ਮਨ ਨੂੰ ਖੋਜਣ ਦਾ ਹੈ। ਮਨ ਨੂੰ ਖੋਜਣਾ ਕੀ ਹੈ ਇਸ ਗੱਲ ਨੂੰ ਅਸੀਂ ਵਾਰ-ਵਾਰ ਸਮਝਿਆ ਹੈ। ਇਸ ਮਨ ਨੂੰ ਖੋਜਣ ਦਾ ਤਰੀਕਾ ਇਸ ਮਨ ਨੂੰ ਸਮਝਾਉਣ ਦਾ ਹੈ, ਸੱਚ ਦੁਆਰਾ ਸਮਝਾਉਣ ਦਾ ਹੈ, ਮਾੜੇ ਕਰਮਾਂ ਤੋਂ ਹਟਾਉਣ ਦਾ ਹੈ ਤਾਂ ਜੋ ਅਸੀਂ ਕਿਸੇ ਦਾ ਵੀ ਮਾੜਾ ਨਾ ਕਰੀਏ ਤੇ ਸੱਚੇ ਸੁੱਚੇ ਇਨਸਾਨ ਹੋ ਕੇ ਵਿਚਰੀਏ। ਅਸੀਂ ਧਰਮ ਅਸਥਾਨਾਂ ਤੇ ਬੈਠ ਕੇ ਮੁੱਖੋਂ ਇਹੀ ਕੁੱਝ ਬੋਲਦੇ ਜਾਂਦੇ ਹਾਂ ਕਿ ਸੱਚੇ ਕਰਮ ਕਰਨੇ ਚੰਗੇ ਹਨ, ਸੱਚ ਤੇ ਚੱਲਣਾ ਚੰਗਾ ਹੈ ਪਰ ਉਸ ਤੇ ਚੱਲਦਾ ਕੌਣ ਹੈ ਭਾਵ ਅਸੀਂ ਆਪਣੀ ਕਥਨੀ ਦੁਆਰਾ ਹੀ ਸੱਚ ਤੇ ਚੱਲਣਾ ਸਿੱਖਦੇ ਹਾਂ ਪਰ ਉਸਨੂੰ ਅਮਲ ਵਿੱਚ ਨਹੀਂ ਲਿਆਉਂਦੇ। ਇਸ ਮਨ ਨੂੰ ਖੋਜਣ ਦਾ ਮਕਸਦ ਆਪਣੀ ਕਥਨੀ ਨੂੰ ਕਰਨੀ ਵਿੱਚ ਬਦਲਣ ਦਾ ਹੈ। ਜੇਕਰ ਹੇਠ ਦਿੱਤੀ ਪੰਗਤੀ ਨੂੰ ਅਸੀਂ ਸਾਰਾ ਦਿਨ ਰਟੀ ਜਾਈਏ, ਗਾਈ ਜਾਈਏ, ਆਪਣੇ ਵੱਲੋਂ ਉੱਚੇ ਤੋਂ ਉੱਚੇ ਧਾਰਮਿਕ ਅਸਥਾਨ ਤੇ ਬੈਠ ਕੇ ਗਾਈ ਜਾਈਏ, ਕੀ ਉਸਦਾ ਕੋਈ ਲਾਭ ਹੋਵੇਗਾ।

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥}

(ਅੰਗ ੪੧੮)

ਅਸੀਂ ਹਰ ਕੋਈ ਇਹੋ ਜਿਹੀ ਭਗਤੀ ਦੇ ਨਾਲ ਹੀ ਜੁੜੇ ਹੋਏ ਹਾਂ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੈ। ਸਾਡੇ ਸਭ ਦੇ ਜੀਵਨ ਦਾ ਮਕਸਦ ਉਸ “ਤਤੁ” ਦੀ ਪ੍ਰਾਪਤੀ ਕਰਨ ਨਾਲ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਦੀ ਪ੍ਰਾਪਤੀ ਕਰਨ ਦਾ ਇੱਕੋ ਇੱਕ ਸਾਧਨ ਇਹੀ ਹੈ ਜੋ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਸਾਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਤਰੀਕਾ ਸਮਝਾਇਆ ਹੈ ਜੋ ਕਿ ਇਸ ਮਨ ਨੂੰ ਸਮਝਾਉਣ ਦਾ ਤਰੀਕਾ ਹੈ, ਇਸ ਮਨ ਨੂੰ ਖੋਜਣ ਦਾ ਤਰੀਕਾ ਹੈ ਜਿਸ ਦੀ ਖੋਜ ਕਰਨ ਦੁਆਰਾ ਸਾਨੂੰ ਉਸ ਤਤੁ ਦੀ ਪ੍ਰਾਪਤੀ ਹੁੰਦੀ ਹੈ ਜਿਸ ਦਾ ਟਿਕਾਣਾ ਸਾਡੇ ਮਨ ਦੇ ਵਿੱਚ ਹੀ ਹੈ, ਜੋ ਟਿਕਾਣਾ ਸਾਨੂੰ ਗੁਰਬਾਣੀ ਵਾਰ-ਵਾਰ ਸਮਝਾ ਰਹੀ ਹੈ। ਜਿੰਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਹਨਾਂ ਨੇ ਪ੍ਰਮਾਤਮਾ ਦਾ, ਅੱਲਾਹ ਦਾ, ਅਕਾਲ ਪੁਰਖ ਦਾ, ਗਾਡ ਦਾ ਟਿਕਾਣਾ ਇਸ ਮਨ ਦੇ ਵਿੱਚ ਹੀ

ਸਮਝਾਇਆ ਹੈ। ਸਭ ਤੋਂ ਪਹਿਲਾ ਸਾਨੂੰ ਇਸੇ ਗੱਲ ਤੇ ਪੂਰਨ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਗੁਰਬਾਣੀ ਸਾਨੂੰ ਜੋ ਸਮਝਾ ਰਹੀ ਹੈ ਉਹ ਸੱਚ ਹੈ ਭਾਵ ਸਾਨੂੰ ਇਹ ਸੱਚ ਕਰਕੇ ਮੰਨਣਾ ਚਾਹੀਦਾ ਹੈ ਕਿ ਸਾਨੂੰ ਜਦੋਂ ਵੀ ਉਸ ਤਤੁ ਦੀ ਪ੍ਰਾਪਤੀ ਹੋਣੀ ਹੈ ਉਹ ਮਨ ਦੇ ਵਿੱਚੋਂ ਹੀ ਹੋਣੀ ਹੈ। ਉਸਦਾ ਤਤੁ ਗਿਆਨ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਵਾਰ-ਵਾਰ ਸਮਝਿਆ ਹੈ। ਪ੍ਰਮਾਤਮਾ ਦਾ ਆਪਣੇ ਇਸ ਤਤੁ ਰੂਪ ਵਿੱਚ, ਗਿਆਨ ਰੂਪ ਵਿੱਚ ਟਿਕਾਣਾ ਸਾਡਾ ਮਨ ਹੀ ਹੈ ਜਿੱਥੋਂ ਅਸੀਂ ਉਸਨੂੰ ਪ੍ਰਾਪਤ ਕਰ ਸਕਦੇ ਹਾਂ। ਪ੍ਰਮਾਤਮਾ ਹਰ ਵਸਤੂ ਵਿੱਚ ਆਪਣੇ ਇਸ ਤਤੁ ਦੇ ਰੂਪ ਵਿੱਚ ਹੀ ਹੈ ਤੇ

21/2322

ਇਸ ਤਤੁ ਦੀ ਪ੍ਰਾਪਤੀ ਕੇਵਲ ਮਨ ਦੇ ਵਿੱਚੋਂ ਹੀ ਹੋ ਸਕਦੀ ਹੈ ਜੋ ਕਿ ਮਨ ਦੀ ਸੋਝੀ ਦੇ ਰੂਪ ਵਿੱਚ ਹੁੰਦੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੁੰਦੀ ਹੈ। ਆਪਣੇ ਅੰਦਰ ਇਸ ਤਤੁ ਦੀ ਪ੍ਰਾਪਤੀ ਤੋਂ ਬਾਅਦ ਹੀ ਫਿਰ ਸਭ ਵਿੱਚ ਉਹ "ਤਤੁ" ਹੀ ਨਜ਼ਰ ਆਉਂਦਾ ਹੈ, ਸਭ ਪਾਸੇ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਨਜ਼ਰ ਆਉਂਦਾ ਹੈ। ਇਹ ਤਤੁ ਹੀ ਪ੍ਰਮਾਤਮਾ ਦਾ ਨਾਮ ਹੈ ਜਿਸ ਦੀ ਪ੍ਰਾਪਤੀ ਸਾਡੇ ਜੀਵਨ ਦਾ ਮਨੋਰਥ ਹੈ।

{ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ॥੨॥}

(ਅੰਗ ੫੦੫)

{ਰਾਮ ਨਾਮ ਤਤੁ ਕਰਹੁ ਬੀਚਾਰੁ॥ ਦੁਲਭ ਦੇਹ ਕਾ ਕਰਹੁ ਉਧਾਰੁ॥}

(ਅੰਗ ੨੯੩)

{ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ॥੩॥}

(ਅੰਗ ੧੧੫੨)

ਪ੍ਰਮਾਤਮਾ ਦੇ, ਅੱਲਾਹ ਦੇ ਇਸ ਤਤੁ ਨੂੰ, ਗਿਆਨ ਦੇ ਤਤੁ ਨੂੰ ਪ੍ਰਾਪਤ ਕਰਨ ਦਾ ਸਾਧਨ ਕੇਵਲ ਔਗੁਣ ਛੱਡ ਕੇ ਗੁਣਾਂ ਨੂੰ ਧਾਰਨ ਕਰਨ ਦਾ ਹੈ ਨਾ ਕਿ ਸਾਰਾ ਦਿਨ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣ ਦਾ ਜਾਂ ਸੁਣੀ ਜਾਣ ਦਾ ਜਾਂ ਧਰਮ ਅਸਥਾਨਾਂ ਤੇ ਜਾ ਕੇ ਮੱਥੇ ਟੇਕੀ ਜਾਣ ਦਾ। ਧਰਮ ਅਸਥਾਨਾਂ ਦਾ ਮਕਸਦ, ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੱਚੇ-ਸੁੱਚੇ ਇਨਸਾਨ ਬਣਾਉਣ ਦਾ ਹੈ ਤੇ ਹੋਰ ਕੁੱਝ ਵੀ ਨਹੀਂ। ਉਹ ਪ੍ਰਮਾਤਮਾ ਸਾਨੂੰ ਸਾਫ਼ ਨੀਅਤ ਦੁਆਰਾ ਮਿਲਦਾ ਹੈ ਭਾਵੇਂ ਉਹ ਘਰ ਬੈਠੇ ਹੀ ਕਰ ਲਈਏ।

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥੧੦੪॥}

(ਅੰਗ ੧੩੮੩)

ਧਰਮ ਦਾ ਦਿਖਾਵਾ ਸਭ ਪਾਸੇ ਹੈ ਪਰ ਅਸਲੀਅਤ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬੁਝਾਉਂਦਾ ਹੈ ਜੋ ਉਸਦੀ ਭਗਤੀ ਕਰਨ ਦਾ ਅਸਲ ਮਾਰਗ ਹੈ। ਜਿਸ ਮੁਕਾਮ ਤੋਂ ਪ੍ਰਮਾਤਮਾ ਨੇ ਮਿਲਣਾ ਹੈ ਉਸ ਮਨ ਨੂੰ ਸਮਝਾਉਣ ਦੀ ਚਿੰਤਾ ਸਾਨੂੰ ਨਹੀਂ ਹੈ, ਔਗੁਣ ਛੱਡਣ ਦੀ ਚਿੰਤਾ ਸਾਨੂੰ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ, ਉਸਦਾ ਨਾਮ ਜਪਿਆ ਜਾ ਸਕਦਾ ਹੈ। **(ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥੨॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਵੀ ਸਾਡੇ ਸਮਾਜ ਦੇ ਵਿੱਚ ਜੋ ਅੱਲਾਹ ਦੀ, ਪ੍ਰਮਾਤਮਾ ਦੀ ਭਗਤੀ ਕਰਨ ਦੇ ਤਰੀਕੇ ਚੱਲਦੇ ਹਨ ਉਹੀ ਕੁੱਝ ਸਮਝਾਇਆ ਹੋਇਆ ਹੈ ਤੇ ਉਹਨਾਂ ਦਾ ਖੰਡਨ ਕੀਤਾ

21/2323

ਹੋਇਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

"ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ॥
ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ॥੩॥
ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥

ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥੪॥"

ਆਪਣੇ ਇਹੋ ਜਿਹੇ ਤਰੀਕਿਆਂ ਨਾਲ ਹਰ ਕੋਈ ਉਸ ਪ੍ਰਮਾਤਮਾ ਨਾਲ ਆਪਣੀ ਸ਼ਰਧਾ ਹੀ ਦਿਖਾਉਂਦਾ ਹੈ ਜਿਸਨੂੰ ਸਾਡੀ ਵਿਅਰਥ ਦੀ ਭਗਤੀ ਸਮਝਾਇਆ ਹੋਇਆ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਕਪਟ ਹੈ, ਜਿਸਦੀ ਨੀਅਤ ਮਾੜੀ ਹੈ ਉੱਥੇ ਭਗਤੀ ਹੋ ਹੀ ਨਹੀਂ ਸਕਦੀ। ਕਪਟ ਸਭ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਸੇ ਵੀ ਧਾਰਮਿਕ ਆਸਥਾ ਵਿੱਚ ਵਿਸ਼ਵਾਸ ਰੱਖਦਾ ਹੈ। ਜੇ ਨਮਾਜ਼ ਪੜ੍ਹਨ ਵਾਲੇ ਲਈ ਕਪਟ ਮਾੜਾ ਹੈ ਉਹ ਵੇਦਾਂ, ਸ਼ਾਸਤਰਾਂ ਦੇ ਪੜ੍ਹਨ ਵਾਲਿਆਂ ਲਈ ਵੀ ਮਾੜਾ ਹੈ ਤੇ ਗੁਰਬਾਣੀ ਦੇ ਪੜ੍ਹਨ ਵਾਲਿਆਂ ਲਈ ਵੀ ਉਤਨਾ ਹੀ ਮਾੜਾ ਹੈ। ਕਪਟ ਦੇ ਰਹਿੰਦਿਆਂ ਅਸੀਂ ਮਨੁੱਖਤਾ ਦਾ ਮਾੜਾ ਹੀ ਕਰਦੇ ਹਾਂ ਤੇ ਸਾਡੀ ਭਗਤੀ ਦਾ ਮੂਲ ਭਾਵ ਹੀ ਮਨੁੱਖਤਾ ਦੇ ਭਲੇ ਲਈ ਵਿਚਰਨ ਦਾ ਹੈ। ਭਗਤੀ ਕਿਵੇਂ ਹੁੰਦੀ ਹੈ, ਉਸਦਾ ਨਾਮ ਕਿਵੇਂ ਜਪਿਆ ਜਾ ਸਕਦਾ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿੰਨ੍ਹਾਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ॥

ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥"

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਸੱਚੀ ਭਗਤੀ ਦੀ ਸੋਝੀ ਪਾਈ ਹੈ ਉਹ ਫਿਰ ਕਿਸੇ ਵਿਸ਼ੇਸ਼ ਧਾਰਮਿਕ ਆਸਥਾ ਨਾਲ ਨਹੀਂ ਜੁੜ ਸਕਦੇ ਕਿਉਂਕਿ ਉਹਨਾਂ ਨੂੰ ਸਭ ਵਿੱਚ ਇੱਕੋ ਅੱਲਾਹ ਦਾ ਹੀ ਨੂਰ ਨਜ਼ਰ ਆਉਂਦਾ ਹੈ ਤੇ ਕੋਈ ਮਨੁੱਖ ਇਸ ਗੱਲੋਂ ਮਾੜਾ ਚੰਗਾ ਨਹੀਂ ਲੱਗਦਾ ਕਿ ਉਹ ਕਿਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਹੈ। ਉਸਨੂੰ ਹਰ ਮਨੁੱਖ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਮੂਰਤ ਨਜ਼ਰ ਆਉਂਦੀ ਹੈ। ਜਦ ਤੱਕ ਉਸ ਪ੍ਰਮਾਤਮਾ, ਅੱਲਾਹ ਨੂੰ ਤੁਸੀਂ ਆਪਣੇ ਅੰਦਰੋਂ ਨਹੀਂ ਦੇਖਦੇ ਤਦ ਤੱਕ ਉਸਦਾ ਸਭ ਦੇ ਅੰਦਰ ਹੋਣ ਦਾ ਯਕੀਨ ਨਹੀਂ ਆਉਂਦਾ ਭਾਵੇਂ ਅਸੀਂ ਇਹੋ ਜਿਹੀਆਂ ਜਿਤਨੀਆਂ ਮਰਜ਼ੀ ਗੱਲਾਂ ਕਰੀ ਜਾਈਏ ਤੇ ਵਖਿਆਨ ਕਰੀ ਜਾਈਏ। ਜਦ ਤੱਕ ਸਾਡੇ ਅੰਦਰ ਕਿਸੇ ਖਾਸ ਧਰਮ ਨਾਲ ਜੁੜਨ ਦੀ ਆਸਥਾ ਬਣੀ ਹੋਈ ਹੈ, ਆਪਣੇ-ਆਪਣੇ ਤਰੀਕੇ ਨਾਲ ਉਸ ਪ੍ਰਮਾਤਮਾ ਨੂੰ ਕਿਸੇ ਟਿਕਾਣਿਆਂ ਤੋਂ ਲੱਭਣ ਦੀ ਆਸਥਾ ਬਣੀ ਹੋਈ ਹੈ ਤਦ ਤੱਕ ਸਾਨੂੰ ਭਗਤੀ ਦੀ ਸੋਝੀ ਨਹੀਂ ਹੈ। ਜਿਸ ਨੂੰ ਭਗਤੀ ਦੀ ਸੋਝੀ ਹੈ

ਉਹ ਫਿਰ ਹਕੀਕਤ ਵਿੱਚ ਮਨੁੱਖ-ਮਨੁੱਖ ਵਿੱਚ ਫਰਕ ਨਹੀਂ ਸਮਝ ਸਕਦਾ। ਰਾਮ ਦੇ ਨਾਲ, ਅੱਲਾਹ ਦੇ ਨਾਲ, ਵਾਹਿਗੁਰੂ ਦੇ ਨਾਲ, ਗਾਡ ਦੇ ਨਾਲ ਆਸਥਾ ਰੱਖਣ ਵਾਲਿਆਂ ਵਿੱਚ ਫਿਰ ਉਸਨੂੰ ਕੋਈ ਭੇਦ ਨਜ਼ਰ ਨਹੀਂ ਆਉਂਦਾ ਜਿਵੇਂ ਕਿ ਸਾਨੂੰ ਉੱਪਰ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਇਸ ਪੰਗਤੀ ਨੂੰ ਸਮਝਣ ਦੇ ਨਾਲ ਹੀ ਭਗਤੀ ਦਾ ਮੂਲ ਜੁੜਿਆ ਹੋਇਆ ਹੈ। **(ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ॥)**

ਵੱਖਰੀ-ਵੱਖਰੀ ਧਾਰਮਿਕ ਆਸਥਾ ਰੱਖਣ ਵਾਲਿਆਂ ਵਿੱਚ ਜਿਸ ਵਿੱਚ ਕਿ ਅਸੀਂ ਸਾਰੇ ਹੀ ਆਉਂਦੇ ਹਾਂ, ਉਹਨਾਂ ਦੇ ਵਿੱਚ ਤੇ ਪ੍ਰਮਾਤਮਾ ਦੇ ਭਗਤਾਂ ਵਿੱਚ ਕੀ ਫਰਕ ਹੁੰਦਾ ਹੈ ਤੇ ਅਸਲ ਭਗਤੀ ਕਿਵੇਂ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥"

ਹਰ ਕੋਈ ਆਪਣੀ-ਆਪਣੀ ਆਸਥਾ ਅਨੁਸਾਰ ਕਿਸੇ ਨੂੰ ਗੁਰੂ ਰੂਪ ਵਿੱਚ ਪੂਜਦਾ ਹੈ, ਕੋਈ ਪੀਰ ਦੇ ਰੂਪ ਵਿੱਚ ਪੂਜਦਾ ਹੈ ਭਾਵ ਕਿਸੇ ਖਾਸ ਸ਼ਕਸ਼ੀਅਤ ਦੇ ਨਾਲ ਜੁੜਦਾ ਹੈ ਜਿੰਨ੍ਹਾਂ ਨੂੰ ਉੱਚਾ ਮੰਨ ਕੇ ਪੂਜਿਆ ਜਾਂਦਾ ਹੈ। ਧੰਨ ਧੰਨ ਅਕਾਲ ਪੁਰਖ ਰੂਪ ਭਗਤ ਕਬੀਰ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੇਰੇ ਲਈ ਕੋਈ ਮਨੁੱਖੀ ਦੇਹ ਗੁਰੂ ਜਾਂ ਪੀਰ ਨਹੀਂ ਹੈ, ਮੇਰੇ ਲਈ ਹਰ ਕੋਈ, ਹਰ ਮਨੁੱਖ ਹੀ ਗੁਰੂ ਪੀਰ ਵਰਗਾ ਹੈ ਕਿਉਂਕਿ ਉਹ ਜਾਣਦੇ ਹਨ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਸਭ ਦਾ ਗੁਰੂ ਹੈ, ਪੀਰ ਹੈ। ਅਸੀਂ ਗੁਰੂ ਪੀਰਾਂ ਦੀ ਸੇਵਾ ਕਰਦੇ ਹਾਂ ਪਰ ਸਾਨੂੰ ਭਗਤ ਕਬੀਰ ਜੀ ਇਹ ਸਮਝਾ ਰਹੇ ਹਨ ਕਿ ਹਰ ਮਨੁੱਖ ਹੀ ਸਾਡੇ ਲਈ ਸੇਵਾ ਦੇ ਯੋਗ ਹੈ ਭਾਵ ਮਨੁੱਖਤਾ ਦੇ ਸੇਵਾ ਹੀ, ਖਲਕਤ ਦੀ ਸੇਵਾ ਹੀ ਉਸ ਪ੍ਰਮਾਤਮਾ ਦੀ ਸੇਵਾ ਹੈ, ਉਸਦੀ ਭਗਤੀ ਹੈ ਜੋ ਹਰ ਕਿਸੇ ਵਿੱਚ ਵੱਸਿਆ ਹੋਇਆ ਹੈ। ਜਦੋਂ ਸਾਨੂੰ ਸਭ ਦੇ ਵਿੱਚ ਇੱਕੋ ਇੱਕ ਵਾਹਿਗੁਰੂ ਦਾ ਰੂਪ ਨਜ਼ਰ ਆ ਜਾਂਦਾ ਹੈ ਫਿਰ ਸਾਨੂੰ ਮਨੁੱਖਤਾ ਦੀ ਸੇਵਾ ਵਿੱਚ ਹੀ ਵਾਹਿਗੁਰੂ ਦੀ ਸੇਵਾ ਨਜ਼ਰ ਆਉਂਦੀ ਹੈ। ਵਾਹਿਗੁਰੂ ਸਾਨੂੰ ਆਪਸ ਵਿੱਚ

ਵੱਖਰਾ ਕਰਨ ਲਈ ਨਹੀਂ ਹੈ ਬਲਕਿ ਰਾਮ ਤੇ ਅੱਲਾਹ ਨੂੰ ਇੱਕ ਕਰਨ ਲਈ ਹੈ ਭਾਵ ਗੁਰਬਾਣੀ ਦੀ ਸਿੱਖਿਆ ਸਾਡੇ ਅੰਦਰੋਂ ਮਨੁੱਖਤਾ ਦੇ ਵਿੱਚ ਪਏ ਹੋਏ ਭੇਦਾਂ ਨੂੰ ਮਿਟਾਉਣ ਲਈ ਹੈ ਪਰ ਸਾਨੂੰ ਇੱਕ ਅੱਖਰ ਦੇ ਨਾਲ ਜੋੜਨ ਵਾਲਿਆਂ ਨੇ ਉਲਟਾ ਇਸ ਭੇਦ ਨੂੰ ਵਧਾ ਦਿੱਤਾ ਹੈ ਤੇ ਦੂਸਰਿਆਂ ਤੋਂ ਦੂਰ ਹੀ ਕੀਤਾ ਹੈ। ਉਹਨਾਂ ਨੇ ਗੁਰਬਾਣੀ ਦੇ ਅਸਲ ਮਕਸਦ ਨੂੰ ਲੀਰਾਂ-ਲੀਰਾਂ ਕਰਕੇ ਰੱਖ ਦਿੱਤਾ ਹੈ ਤੇ ਇਸੇ ਗੱਲ ਨਾਲ ਉਲਟੇ ਧਰਮ ਦੇ ਚੌਧਰੀ ਬਣੇ ਬੈਠੇ ਹਨ।

ਜਦੋਂ ਸਾਨੂੰ ਹਰ ਮਨੁੱਖ ਦੇ ਵਿੱਚ ਪ੍ਰਮਾਤਮਾ ਦਾ ਰੂਪ ਨਜ਼ਰ ਆਵੇਗਾ ਤਾਂ ਫਿਰ ਅਸੀਂ ਕਿਸੇ ਦਾ ਮਾੜਾ ਨਹੀਂ ਕਰ ਸਕਦੇ, ਅਸੀਂ ਕਿਸੇ ਨਾਲ ਠੱਗੀ

21/2325

ਨਹੀਂ ਮਾਰ ਸਕਦੇ, ਲੋਭ ਲਾਲਚ ਵਿੱਚ ਆ ਕੇ ਕਿਸੇ ਦਾ ਨੁਕਸਾਨ ਨਹੀਂ ਕਰ ਸਕਦੇ, ਕਿਸੇ ਕੋਲੋਂ ਰਿਸ਼ਵਤ ਨਹੀਂ ਲੈ ਸਕਦੇ, ਕਿਸੇ ਨਾਲ ਗਲਤ ਨਿਆਂ ਨਹੀਂ ਕਰ ਸਕਦੇ ਭਾਵ ਫਿਰ ਮਨੁੱਖ ਸੱਚਾ-ਸੁੱਚਾ ਇਨਸਾਨ ਬਣ ਕੇ ਹੀ ਵਿਚਰਦਾ ਹੈ, ਪਰਉਪਕਾਰੀ ਬਣ ਕੇ ਹੀ ਵਿਚਰਦਾ ਹੈ ਭਾਵ ਧਰਮ ਗ੍ਰੰਥਾਂ ਦੀ ਦੱਸੀ ਹੋਈ ਸਿੱਖਿਆ ਉੱਤੇ ਪੂਰਾ ਉਤਰਦਾ ਹੈ। ਪੂਰੇ ਸੰਸਾਰ ਵਿੱਚ ਧਰਮ ਤੇ ਚੱਲਣ ਦਾ ਇਹੀ ਮਾਰਗ ਹੈ। ਜਦ ਤੱਕ ਅਸੀਂ ਮਨੁੱਖ-ਮਨੁੱਖ ਵਿੱਚ ਭੇਦ ਕਰੀ ਜਾਂਦੇ ਹਾਂ ਤੇ ਆਪਣੀ ਆਪਣੀ ਧਾਰਮਿਕ ਆਸਥਾ ਨੂੰ ਜਿਆਦਾ ਉੱਚਾ ਮੰਨੀ ਜਾਂਦੇ ਹਾਂ ਤਦ ਤੱਕ ਅਸੀਂ ਸਾਰੇ ਭੁੱਲੇ ਹੋਏ ਹਾਂ। **(ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ॥ ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥)**

ਦੁਨਿਆਵੀ ਸੰਤ, ਧਰਮ ਦੇ ਝੂਠੇ ਠੇਕੇਦਾਰ ਸੰਸਾਰ ਨੂੰ ਤੋੜਨ ਦਾ ਕੰਮ ਕਰਦੇ ਹਨ ਤੇ ਸੱਚਾ ਸੰਤ, ਸੱਚਾ ਠੇਕੇਦਾਰ ਭਾਵ ਗੁਰਬਾਣੀ ਸਾਰੀ ਮਨੁੱਖਤਾ ਨੂੰ ਜੋੜਨ ਦਾ ਕੰਮ ਕਰਦੀ ਹੈ। ਦੁਨਿਆਵੀ ਸੰਤ ਭਰਮ ਵਿੱਚ ਹਨ ਜੋ ਆਪਸ ਵਿੱਚ ਭੇਦ ਸਮਝਦੇ ਹਨ ਤੇ ਸਮਝਾਉਂਦੇ ਹਨ ਤੇ ਸੱਚਾ ਸੰਤ ਸਾਨੂੰ ਇਸ ਭੇਦ ਵਿੱਚੋਂ ਨਿਕਲਣ ਦੀ ਗੱਲ ਸਮਝਾਉਂਦਾ ਹੈ।

{ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥}

(ਅੰਗ ੧੩੪੯)

{ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ॥
ਏਕੁ ਸਾਹਿਬੁ ਸਿਰਿ ਛਤ੍ਰੁ ਦੂਜਾ ਨਾਹਿ ਕੋਇ॥੧॥}

(ਅੰਗ ੩੯੮)

ਇਹ ਗੱਲਾਂ ਕਹਿਣੀਆਂ ਬਹੁਤ ਸੌਖੀਆਂ ਹਨ ਪਰ ਮੰਨਣਾ ਬਹੁਤ ਔਖਾ ਹੈ। ਧਾਰਮਿਕ ਆਸਥਾ ਭਾਵੇਂ ਕਿਸੇ ਦੀ ਕਿਹੋ ਜਿਹੀ ਵੀ ਹੈ ਭਾਵੇਂ ਕੋਈ ਕਿਤਨਾ ਵੀ ਭੁੱਲਿਆ ਹੋਇਆ ਹੈ ਇਸ ਦਾ ਕਾਰਨ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਮਾਇਆ ਮੋਹ ਹੈ, ਉਸਦੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਕਰਕੇ ਹਰ ਕੋਈ ਸੱਚ ਨੂੰ ਸਮਝਣ ਤੋਂ ਦੂਰ ਰਹਿੰਦਾ ਹੈ ਪਰ ਹਰ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਇਹ ਗੱਲ ਉਸਦੇ ਭਗਤ ਹੀ ਸਮਝ ਸਕਦੇ ਹਨ ਜਿੰਨ੍ਹਾਂ ਨੂੰ ਇਸ ਮਨ ਦੀ ਸੋਝੀ ਹੈ। ਧਾਰਮਿਕ ਆਸਥਾ ਭਾਵੇਂ ਕਿਸੇ ਦੀ ਕਿਹੋ ਜਿਹੀ ਵੀ ਹੋਵੇ ਪਰ ਸਾਨੂੰ ਗੁਰਬਾਣੀ ਦਾ ਹੁਕਮ ਹੈ ਕਿ ਅਸੀਂ ਸਭ ਨਾਲ ਚੰਗਾ ਵਿਹਾਰ ਕਰਨਾ ਹੈ ਤੇ ਕਿਸੇ ਦੀ ਧਾਰਮਿਕ ਆਸਥਾ ਕਰਕੇ ਉਸ ਨੂੰ ਮਾੜਾ ਨਹੀਂ ਸਮਝਣਾ। ਸਾਡਾ ਇਹ ਫਰਜ਼ ਹੈ

21/2326

ਕਿ ਅਸੀਂ ਸੰਸਾਰ ਵਿੱਚ ਬਿਨ੍ਹਾਂ ਕੋਈ ਭੇਦ ਭਾਵ ਤੋਂ ਵਿਚਰਨਾ ਹੈ। ਅਸੀਂ ਵੱਖਰੀਆਂ-ਵੱਖਰੀਆਂ ਜੱਥੇਬੰਦੀਆਂ ਵਿਚਾਰਧਾਰਾ ਦੇ ਨਾਲ ਜੁੜ ਕੇ ਮਨੁੱਖ-ਮਨੁੱਖ ਦੇ ਅੰਦਰ ਭੇਦ ਨੂੰ ਹੋਰ ਵਧਾਉਂਦੇ ਹਾਂ, ਉੱਚ-ਨੀਚ ਦਾ ਭੇਦ ਵਧਾਉਂਦੇ ਹਾਂ। ਆਪਣੀ ਜੱਥੇਬੰਦੀ ਨੂੰ ਚੰਗਾ ਤੇ ਦੂਸਰੀ ਜੱਥੇਬੰਦੀ ਨੂੰ ਮਾੜਾ ਸਮਝਦੇ ਹਾਂ ਤੇ ਇਸੇ ਲਈ ਆਪਣੀ-ਆਪਣੀ ਜੱਥੇਬੰਦੀ ਦੀ ਵਿਚਾਰਧਾਰਾ ਨੂੰ ਉੱਚਾ ਕਰਦੇ

ਹਾਂ। ਗੁਰਬਾਣੀ ਦੀ ਵਿਚਾਰਧਾਰਾ ਨਾਲ ਜੁੜ ਕੇ ਅਸੀਂ ਕੋਈ ਵੱਖਰੀ ਜੱਥੇਬੰਦੀ ਨਹੀਂ ਬਣਾ ਸਕਦੇ ਬਲਕਿ ਸਮਾਜ ਵਿੱਚ ਚੱਲ ਰਹੇ ਭੇਦ ਭਾਵ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ ਜੋ ਕਿ ਸਾਡਾ ਚੰਗਾ ਉੱਦਮ ਹੈ। ਇਹ ਕੁੱਝ ਅਸੀਂ ਆਪਣੀ ਕਰਨੀ ਦੁਆਰਾ ਹੀ ਦਿਖਾ ਸਕਦੇ ਹਾਂ ਨਾ ਕਿ ਕਥਨੀ ਦੁਆਰਾ ਜਿਸ ਵਿੱਚ ਹਰ ਕੋਈ ਲੱਗਾ ਹੋਇਆ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਕੇਵਲ ਨਾਮ ਜਪਣ ਦਾ ਤਰੀਕਾ ਸਮਝਾਇਆ ਹੋਇਆ ਹੈ।

“ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ॥

ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ॥੬॥੨॥”

ਉੱਪਰ ਸ਼ਬਦ ਵਿੱਚ ਪਹਿਲੇ ਸਾਨੂੰ ਨਾਮ ਜਪਣਾ ਸਿਖਾਇਆ ਹੈ ਜੋ ਕਿ ਮਨੁੱਖ-ਮਨੁੱਖ ਵਿੱਚ ਭੇਦ ਨਾ ਸਮਝ ਕੇ, ਸਾਡੀ ਸੱਚੀ-ਸੁੱਚੀ ਵਿਚਰਨ ਸਮਝਾਈ ਹੈ, ਮਨੁੱਖਤਾ ਦੇ ਭਲੇ ਦੀ ਗੱਲ ਸਮਝਾਈ ਹੈ। ਇਹ ਕੁੱਝ ਤਾਂ ਹੀ ਹੋ ਸਕਦਾ ਹੈ ਜੇ ਸਭ ਦੇ ਕੋਲ ਇੱਕੋ ਜਿਹੀ ਮਤਿ ਹੋਵੇ ਭਾਵ ਸਭ ਨੂੰ ਧਰਮ ਤੇ ਚੱਲਣ ਦੀ ਇੱਕੋ ਜਿਹੀ ਸੋਝੀ ਹੋਵੇ। ਗੁਰਬਾਣੀ ਸਾਨੂੰ ਸਭ ਨੂੰ, ਸਾਰੇ ਸੰਸਾਰ ਨੂੰ ਇੱਕੋ ਜਿਹੀ ਮਤਿ ਹੀ ਦੇ ਰਹੀ ਹੈ, ਮਨੁੱਖਤਾ ਦੀ ਭਲਾਈ ਦੀ ਮਤਿ ਦੇ ਰਹੀ ਹੈ। ਜੇ ਅਸੀਂ ਕੇਵਲ ਗੁਰਬਾਣੀ ਦੀ ਇਹੋ ਜਿਹੀ ਮਤਿ ਦੁਆਰਾ ਵਿਚਰਦੇ ਹਾਂ ਤਾਂ ਫਿਰ ਅਸੀਂ ਕੇਵਲ ਨਾਮ ਹੀ ਜਪਦੇ ਹਾਂ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਜਪਣ ਦਾ ਤਰੀਕਾ ਹੈ ਭਾਵ ਕੇਵਲ ਸੱਚ ਤੇ ਚੱਲਣ ਦਾ ਤਰੀਕਾ ਹੈ। ਇਹੋ ਜਿਹਾ ਨਾਮ ਜਪਣ ਨਾਲ ਸਾਨੂੰ ਆਪ ਅਕਾਲ ਪੁਰਖ ਆਪਣੀ ਬਾਣੀ ਰਾਹੀਂ ਇਹ ਸਮਝਾ ਰਹੇ ਹਨ ਕਿ ਤੁਸੀਂ ਨਿਸਚੈ ਹੀ ਭਾਵ ਪੱਕੇ ਤੌਰ ਤੇ ਤਰ ਜਾਵੋਗੇ ਭਾਵ ਇਹ ਪੱਕੀ ਗੱਲ ਹੈ ਕਿ ਤੁਹਾਡਾ ਜੀਵਨ ਸਫ਼ਲ ਹੋ ਜਾਵੇਗਾ। ਅਕਾਲ ਪੁਰਖ ਦਾ ਇਹ ਫੁਰਮਾਨ ਸਾਰੇ ਸੰਸਾਰ ਲਈ ਹੈ ਜੋ ਕਿ ਉਸਦੀ ਭਗਤੀ ਕਰਨ ਦਾ ਇੱਕੋ ਇੱਕ ਇਹੀ ਤਰੀਕਾ ਹੈ ਜੋ ਕਿ ਬਾਣੀ ਸਾਨੂੰ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ ਪਰ ਅਗਿਆਨਤਾ ਵਿੱਚ ਰਹਿੰਦੇ ਹੋਏ ਆਪਣੀ-ਆਪਣੀ ਮਤਿ ਦੁਆਰਾ ਅਸੀਂ ਨਾਮ ਜਪਣ ਦੇ ਆਪਣੇ-ਆਪਣੇ ਤਰੀਕੇ ਬਣਾਏ ਹੋਏ ਹਨ,

21/2327

ਆਪਣੀ-ਆਪਣੀ ਆਸਥਾ ਅਨੁਸਾਰ ਬਣਾਏ ਹੋਏ ਹਨ ਜਿੰਨ੍ਹਾਂ ਵਿੱਚੋਂ ਨਿਕਲਣ ਦੀ ਲੋੜ ਹੈ, ਉੱਪਰ ਉੱਠਣ ਦੀ ਲੋੜ ਹੈ। **(ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ॥੬॥੨॥)**

ਸਾਡੀ ਸਭ ਦੀ ਸੰਸਾਰਿਕ ਵਿਚਰਨ ਤਾਂ ਹੀ ਚੰਗੀ ਹੋ ਸਕਦੀ ਹੈ ਜੇਕਰ ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਨ ਦੇ ਮਕਸਦ ਨੂੰ ਸਮਝੀਏ ਭਾਵ ਅਸੀਂ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜੇ ਹੋਈਏ। ਹਰ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੰਦਾ ਹੈ, ਇੱਕੋ ਜਿਹਾ ਨਾਮ ਸਮਝਾਉਂਦਾ ਹੈ ਪਰ ਅਸੀਂ ਉਹਨਾਂ ਦੇ ਵਿੱਚੋਂ ਸੱਚ ਲੈਣ ਦੀ ਬਜਾਇ, ਹੋਰ ਹੋਰ ਕਰਮ ਕਾਂਡਾਂ ਵਿੱਚ ਪੈ ਜਾਂਦੇ ਹਾਂ ਤੇ ਉਹੋ ਜਿਹੇ ਧਰਮ ਦੇ ਆਗੂਆਂ ਦੇ ਪਿੱਛੇ ਲੱਗ ਜਾਂਦੇ ਹਾਂ ਜੋ ਸਾਨੂੰ ਧਰਮ ਗ੍ਰੰਥਾਂ ਦੀ ਕਥਨੀ ਨਾਲ ਜੋੜਦੇ ਹਨ ਤੇ ਸਰੀਰਕ ਜਪਾਂ-ਤਪਾਂ ਨਾਲ ਹੀ ਜੋੜਦੇ ਹਨ ਜਿਸ ਕਰਕੇ ਧਰਮ ਗ੍ਰੰਥਾਂ ਦਾ ਅਸਲੀ ਮਕਸਦ ਪੂਰਾ ਨਹੀਂ ਹੁੰਦਾ ਤੇ ਨਾਮ ਨਹੀਂ ਜਪਿਆ ਜਾ ਸਕਦਾ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਭਾਵ ਸੱਚ ਤੇ ਚੱਲਣ ਦਾ ਮਾਰਗ ਹੈ। ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆਏ ਹਾਂ।

ਸਲੋਕ ਮਃ ੧ ॥

“ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥

ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥

ਬੇਦ ਪਾਠ ਸੰਸਾਰ ਕੀ ਕਾਰ ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ ॥

ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥”

(ਅੰਗ ੭੯੧)

“ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥”

ਇਸ ਸ਼ਬਦ ਰਾਹੀਂ ਸਾਨੂੰ ਧਰਮ ਗ੍ਰੰਥਾਂ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਕਿ ਉਹਨਾਂ ਦੀ ਰਚਨਾ ਕਿਸ ਲਈ ਹੋਈ

ਹੈ। ਅਸੀਂ ਭਾਵੇਂ ਕਿਸੇ ਵੀ ਧਰਮ ਗ੍ਰੰਥ ਦੇ ਨਾਲ ਜੁੜੇ ਹੋਈਏ ਮਕਸਦ ਸਭ ਦਾ ਸਾਨੂੰ ਗਿਆਨ ਦੇਣ ਦੇ ਨਾਲ ਹੀ ਹੈ ਭਾਵੇਂ ਅਸੀਂ ਵੇਦਾਂ ਨੂੰ ਪੜ੍ਹੀਏ, ਕੁਰਾਨ ਨੂੰ ਪੜ੍ਹੀਏ, ਬਾਈਬਲ ਨੂੰ ਪੜ੍ਹੀਏ ਜਾਂ ਗੁਰਬਾਣੀ ਨੂੰ ਪੜ੍ਹੀਏ। ਇਹ ਧਰਮ ਗ੍ਰੰਥ ਇੱਕ ਦੀਵੇ ਦੀ ਤਰ੍ਹਾਂ ਹਨ ਜਿੰਨ੍ਹਾਂ ਦਾ ਮਕਸਦ ਅੰਧੇਰਾ ਦੂਰ ਕਰਨ ਦੇ ਨਾਲ ਹੈ। ਧਰਮ ਗ੍ਰੰਥ ਸਾਡੇ ਮਨ ਦਾ ਅੰਧੇਰਾ ਕੱਢਣ ਦੇ ਲਈ ਹਨ ਭਾਵ ਸਾਡੇ ਮਨ ਦੀ ਅਗਿਆਨਤਾ ਦਾ ਹਨ੍ਹੇਰਾ ਕੱਢਣ ਦੇ ਲਈ ਹਨ। ਸਾਡੇ ਅੰਦਰ ਅਗਿਆਨਤਾ ਦਾ ਹਨ੍ਹੇਰਾ ਹੋਣ ਕਰਕੇ ਹੀ ਸਾਡੀ ਮਤਿ ਮਾੜੀ ਹੈ, ਸਾਡੇ ਅੰਦਰ ਦੁਰਮਤਿ ਹੈ, ਮਨਮਤਿ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਸੱਚ ਤੋਂ ਦੂਰ ਰਹਿੰਦੇ ਹਾਂ। ਧਰਮ ਗ੍ਰੰਥਾਂ ਦਾ ਮਕਸਦ ਸਾਡੇ ਅੰਦਰੋਂ ਇਹ ਮਾੜੀ ਬਿਰਤੀ ਕੱਢਣ ਦਾ ਹੈ, ਪਾਪਾਂ ਵਾਲੀ ਬਿਰਤੀ ਕੱਢਣ ਦਾ ਹੈ, ਵਿਕਾਰਾਂ ਵਾਲੀ ਬਿਰਤੀ ਕੱਢਣ ਦਾ ਹੈ ਭਾਵ ਸਾਨੂੰ ਸੱਚੇ-ਸੁੱਚੇ ਇਨਸਾਨ ਬਣਾਉਣ

21/2328

ਦਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। **(ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥)** ਜੇਕਰ ਧਰਮ ਗ੍ਰੰਥਾਂ ਦਾ ਇਹ ਮਕਸਦ ਪੂਰਾ ਨਹੀਂ ਹੁੰਦਾ ਫਿਰ ਉਹਨਾਂ ਨੂੰ ਪੜ੍ਹੀਏ ਜਾਂ ਨਾ ਪੜ੍ਹੀਏ ਕੀ ਫਰਕ ਪੈਂਦਾ ਹੈ। ਪੜ੍ਹਨ ਤੋਂ ਬਾਅਦ ਵੀ ਜੇਕਰ ਅਸੀਂ ਮਾੜੀ ਬਿਰਤੀ ਵਾਲੇ ਬਣੇ ਰਹਿੰਦੇ ਹਾਂ ਤੇ ਉਲਟਾ ਧਰਮ ਗ੍ਰੰਥਾਂ ਦੇ ਪੜ੍ਹਨ ਦਾ ਮਾਣ ਕਰਦੇ ਹਾਂ, ਉਸ ਨਾਲ ਕੇਵਲ ਸਾਡੀ ਹਉਮੈ ਦੀ ਵੱਧਦੀ ਹੈ, ਮੈਂ ਹੀ ਵੱਧਦੀ ਹੈ, ਵਾਦ-ਵਿਵਾਦ ਹੀ ਵੱਧਦਾ ਹੈ। ਧਰਮ ਗ੍ਰੰਥਾਂ ਦੀ ਅਸਲੀਅਤ ਨੂੰ ਸਮਝਣ ਵਾਲਾ, ਮਾੜੀ ਬਿਰਤੀ ਛੱਡਣ ਵਾਲਾ ਫਿਰ ਦੂਸਰੀ ਧਾਰਮਿਕ ਆਸਥਾ ਰੱਖਣ ਵਾਲਿਆਂ ਨੂੰ ਮਾੜਾ ਨਹੀਂ ਕਹਿ ਸਕਦਾ ਕਿਉਂਕਿ ਇਹੋ ਜਿਹਾ ਕਹਿਣਾ ਸਾਡੇ ਮਨ ਦੀ ਮਾੜੀ ਬਿਰਤੀ ਹੀ ਹੈ, ਪਾਪਾਂ ਵਾਲੀ ਬਿਰਤੀ ਹੀ ਹੈ। ਧਾਰਮਿਕ ਆਸਥਾ ਅਨੁਸਾਰ ਮਨੁੱਖ-ਮਨੁੱਖ ਵਿੱਚ ਫਰਕ ਸਮਝਣਾ ਪਾਪ ਹੀ ਹੈ ਜੋ ਧਰਮ ਗ੍ਰੰਥਾਂ ਦੇ ਮੂਲ ਵਿਚਾਰ ਦੇ ਹੀ ਉਲਟ ਹੈ।

ਸਾਡੇ ਵਿੱਚ ਤੇ ਗੁਰੂ ਦੇ ਵਿੱਚ ਭੇਦ ਗਿਆਨ ਦਾ ਹੀ ਹੈ। ਸਾਡੀ ਮਤਿ ਗੁਰੂ ਦੀ ਮਤਿ ਅੱਗੇ ਬਹੁਤ ਛੋਟੀ ਹੈ ਤੇ ਧਰਮ ਗ੍ਰੰਥਾਂ ਦਾ ਮਕਸਦ ਹੀ ਇਹ ਹੈ ਕਿ ਅਸੀਂ ਆਪਣੀ ਛੋਟੀ ਮਤਿ ਨੂੰ ਗੁਰੂ ਦੀ ਉੱਚੀ ਮਤਿ ਦੇ ਨਾਲ ਜੋੜੀਏ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥”

ਆਮ ਮਨੁੱਖਾਂ ਦੀ ਮਤਿ ਗੁਰੂ ਦੀ ਮਤਿ ਦੇ ਅੱਗੇ ਉਸ ਤਰ੍ਹਾਂ ਦੀ ਹੈ ਜਿਵੇਂ ਕਿ ਚੰਦਰਮਾ ਦੀ ਰੌਸ਼ਨੀ ਸੂਰਜ ਦੀ ਰੌਸ਼ਨੀ ਦੇ ਅੱਗੇ ਬਹੁਤ-ਬਹੁਤ ਘੱਟ ਹੈ, ਬਿਲਕੁਲ ਮਾਮੂਲੀ ਹੈ। ਗੁਰੂ ਕੋਲ ਉੱਚਾ ਗਿਆਨ ਹੈ ਜਿਸ ਕਰਕੇ ਉਸਦੀ ਮਤਿ ਉੱਚੀ ਹੈ ਤੇ ਅਸੀਂ ਉਸਦੇ ਮੁਕਾਬਲੇ ਅਗਿਆਨੀ ਹਾਂ ਭਾਵ ਅਸੀਂ ਆਪਣੀ ਅਗਿਆਨਤਾ ਕਰਕੇ ਛੋਟੀ ਮਤਿ ਵਾਲੇ ਹਾਂ। ਸਾਨੂੰ ਇਸ ਅਗਿਆਨਤਾ ਵਾਲੀ ਮਤਿ ਵਿੱਚੋਂ, ਛੋਟੀ ਮਤਿ ਵਿੱਚੋਂ ਗੁਰੂ ਦਾ ਗਿਆਨ ਹੀ ਕੱਢ ਸਕਦਾ ਹੈ ਜਿਸਨੂੰ ਧਰਮ ਦੀ ਸੱਚੀ ਸੋਝੀ ਹੈ। ਅਗਿਆਨਤਾ ਉਸੇ ਦੀ ਹੀ ਮਿਟਦੀ ਹੈ ਜੋ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ ਭਾਵ ਉਸਦੀ ਮਤਿ ਨੂੰ ਮੰਨ ਕੇ ਆਪਣੀ ਮਤਿ ਤਿਆਗ ਦਿੰਦਾ ਹੈ ਤੇ ਧਰਮ ਗ੍ਰੰਥਾਂ ਦੇ ਮਕਸਦ ਨੂੰ ਪੂਰਾ ਕਰਦਾ ਹੈ। **(ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥)**

ਅਸੀਂ ਧਰਮ ਗ੍ਰੰਥਾਂ ਨੂੰ ਕਿਸ ਰੂਪ ਵਿੱਚ ਲੈਂਦੇ ਹਾਂ, ਅਸੀਂ ਉਹਨਾਂ ਦਾ ਕੀ ਮਕਸਦ ਸਮਝਿਆ ਹੋਇਆ ਹੈ ਇਹੀ ਗੱਲ ਅਗਲੀਆਂ ਪੰਗਤੀਆ ਰਾਹੀਂ ਸਮਝਾਈ ਹੋਈ ਹੈ।

“ਬੇਦ ਪਾਠ ਸੰਸਾਰ ਕੀ ਕਾਰ॥ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ॥

ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥”

21/2329

ਗੁਰਬਾਣੀ ਸਾਰੇ ਸੰਸਾਰ ਨੂੰ ਇੱਕੋ ਜਿਹੀ ਗੱਲ ਹੀ ਸਮਝਾਉਂਦੀ ਹੈ। ਉੱਪਰ ਪੰਗਤੀ ਰਾਹੀਂ ਸਾਨੂੰ ਭਾਵੇਂ ਹਵਾਲਾ ਬੇਦਾਂ ਨੂੰ ਪੜ੍ਹਨ ਦਾ ਦਿੱਤਾ ਹੋਇਆ ਹੈ ਪਰ ਇਹੀ ਕੁੱਝ ਸਾਰਿਆਂ ਤੇ ਲਾਗੂ ਹੁੰਦਾ ਹੈ ਭਾਵੇਂ ਕੋਈ ਕੁਰਾਨ ਪੜ੍ਹਦਾ ਹੈ ਜਾਂ ਗੁਰਬਾਣੀ ਪੜ੍ਹਨ ਵਾਲਾ ਹੈ। ਅਸੀਂ ਧਰਮ ਗ੍ਰੰਥਾਂ ਦੇ ਪੜ੍ਹਨ ਨਾਲ ਹੀ ਜੁੜੇ ਰਹਿੰਦੇ ਹਾਂ ਤੇ ਵਾਰ-ਵਾਰ ਪੜ੍ਹੀ ਜਾਣ ਨੂੰ ਹੀ ਧਰਮ ਗ੍ਰੰਥਾਂ ਦੀ ਵਡਿਆਈ ਕਰਨਾ ਸਮਝਦੇ ਹਾਂ, ਗੁਰੂ ਦੀ, ਪ੍ਰਮਾਤਮਾ ਦੀ, ਅੱਲਾਹ ਦੀ ਵਡਿਆਈ ਕਰਨਾ ਸਮਝਦੇ ਹਾਂ ਤੇ ਇਹੀ ਕੁੱਝ ਸਾਨੂੰ ਧਰਮ ਦੇ ਪੰਡਿਤ, ਗਿਆਨੀ, ਵਿਦਵਾਨ ਸਮਝਾਉਂਦੇ ਹਨ। ਸਿੱਖ ਜਗਤ ਵਿੱਚ ਇਸ ਗੱਲ ਦਾ ਪ੍ਰਚਾਰ ਬਹੁਤ ਹੀ ਜਿਆਦਾ ਹੈ ਤੇ ਆਪਣੇ

ਆਪ ਨੂੰ ਸਿਰਮੌਰ ਜੱਥੇਬੰਦੀਆਂ ਸਮਝਣ ਵਾਲੇ ਇਸੇ ਗੱਲ ਦਾ ਵੱਧ ਤੋਂ ਵੱਧ ਪ੍ਰਚਾਰ ਕਰਦੇ ਹਨ ਕਿ ਸਾਨੂੰ ਵੱਧ ਤੋਂ ਵੱਧ ਬਾਣੀਆਂ ਪੜ੍ਹਨੀਆਂ ਚਾਹੀਦੀਆਂ ਹਨ, ਵੱਧ ਤੋਂ ਵੱਧ ਪਾਠ ਕਰਨੇ ਚਾਹੀਦੇ ਹਨ ਪਰ ਪਾਠ ਪੜ੍ਹਨ ਦਾ ਮਕਸਦ ਕੀ ਹੈ ਇਸ ਗੱਲ ਤੋਂ ਉਹ ਆਪ ਵੀ ਦੂਰ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਦੂਰ ਹੀ ਕਰਦੇ ਹਨ। ਇਹੀ ਗੱਲਾਂ ਅਸੀਂ ਹੁਣ ਤੱਕ ਵਾਰ-ਵਾਰ ਸਮਝਦੇ ਆ ਰਹੇ ਹਾਂ। ਗੱਲਾਂ ਕਰਨ ਵਾਲੇ ਬਹੁਤ ਹਨ, ਉਹਨਾਂ ਦੀ ਵਿਚਾਰ ਸਮਝਾਉਣ ਵਾਲੇ ਵੀ ਬਹੁਤ ਹਨ ਪਰ ਅਸਲੀਅਤ ਨੂੰ ਨਾ ਉਹ ਆਪ ਮੰਨਦੇ ਹਨ ਤੇ ਨਾ ਹੀ ਇਹੋ ਜਿਹਾ ਪ੍ਰਚਾਰ ਕਰਦੇ ਹਨ। ਉਹ ਇਹਨਾਂ ਗੱਲਾਂ ਨਾਲ ਹੀ ਆਪਣੇ ਆਪ ਨੂੰ ਗੁਰੂ ਵਾਲਾ ਅਖਵਾਉਂਦੇ ਹਨ ਪਰ ਗੁਰੂ ਵਾਲਾ ਬਣਨਾ ਕੀ ਹੈ ਇਸ ਦੀ ਸਮਝ ਨਾ ਉਹਨਾਂ ਨੂੰ ਆਪ ਹੈ ਤੇ ਨਾ ਹੀ ਉਹ ਸੱਚੀ ਗੱਲ ਦਾ ਪ੍ਰਚਾਰ ਕਰਦੇ ਹਨ। ਗੁਰੂ ਵਾਲਾ, ਗੁਰੂ ਦੀ ਗੱਲ ਨੂੰ ਮੰਨ ਕੇ ਹੀ ਬਣਿਆ ਜਾ ਸਕਦਾ ਹੈ ਨਾ ਕਿ ਕਥਨੀ ਦੁਆਰਾ।

{ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥
ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥੪॥}

(ਅੰਗ ੧੦੧੩)

ਜੋ ਮਨੁੱਖ ਝੂਠ ਬੋਲਦਾ ਹੈ ਉੱਥੇ ਸੱਚ ਨਹੀਂ ਹੈ ਤੇ ਇਸੇ ਲਈ ਉਹ ਨਿਗੁਰਾ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੱਚ ਸਿਖਾਉਣ ਲਈ ਹੀ ਹੈ ਪਰ ਅਸੀਂ ਸੱਚ ਸਿੱਖਣ ਦੀ ਬਜਾਇ ਉਹਨਾਂ ਨੂੰ ਵਾਰ-ਵਾਰ ਪੜ੍ਹੀ ਜਾਣ ਵਿੱਚ ਹੀ ਲੱਗੇ ਰਹਿੰਦੇ ਹਾਂ ਤੇ ਮਾਇਆ ਮੋਹ ਵਿੱਚ ਹੀ ਫਸੇ ਰਹਿੰਦੇ ਹਾਂ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਹੈ, ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਝੂਠੀ ਬਿਰਤੀ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਕੇਵਲ ਸੱਚ ਦੇ ਨਾਲ ਜੁੜੀਏ, ਗੁਰੂ ਦੀ ਮਤਿ ਦੇ ਨਾਲ ਜੁੜੀਏ ਤੇ ਗੁਰੂ ਵਾਲੇ ਬਣੀਏ। ਉੱਪਰ ਪੰਗਤੀ ਰਾਹੀਂ ਸਾਨੂੰ ਸਪੱਸ਼ਟ ਸਮਝਾਇਆ ਹੈ ਕਿ ਜੋ ਮਨੁੱਖ ਝੂਠ ਬੋਲਣ ਵਾਲਾ ਹੈ ਉਹ ਨਿਗੁਰਾ ਹੈ ਤੇ ਨਾਮ ਜਪਣ ਵਾਲਾ ਨਹੀਂ ਹੈ। ਨਾਮ ਸੱਚ ਹੈ ਤੇ ਸੱਚ

21/2330

ਬੋਲਣ ਵਾਲਾ ਹੀ ਨਾਮ ਜਪਣ ਵਾਲਾ ਹੈ ਭਾਵ ਜੋ ਸੱਚ ਦੁਆਰਾ ਵਿਚਰਦਾ ਹੈ, ਜੋ ਮਨੁੱਖ ਮਾਇਆ ਮੋਹ ਦੀ ਮਾੜੀ ਬਿਰਤੀ ਛੱਡ ਕੇ ਸੱਚ ਨੂੰ ਅਪਣਾਉਂਦਾ ਹੈ ਉਹੀ ਗੁਰੂ ਵਾਲਾ ਹੈ ਤੇ ਨਾਮ ਜਪਣ ਵਾਲਾ ਹੈ। ਇਹੋ ਜਿਹੇ ਮਨੁੱਖ ਨੂੰ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਤੇ ਗੁਰੂ ਪ੍ਰਮਾਤਮਾ ਨੂੰ ਸੁਹਾਉਂਦਾ ਹੈ। ਸੱਚ ਨੂੰ ਅਪਣਾਏ ਬਿਨ੍ਹਾਂ ਅਸੀਂ ਆਪਣੇ ਵੱਲੋਂ ਜੋ ਕੁੱਝ ਵੀ ਕਰਮ ਧਰਮ ਦੇ ਦਿਖਾਵੇ ਕਰਦੇ ਹਾਂ ਉਹ ਕੇਵਲ ਖਾਕ ਛਾਨਣ ਵਾਲੀ ਗੱਲ ਹੀ ਹੈ ਜਿਵੇਂ ਕਿ ਉੱਪਰ ਸਮਝਾਇਆ ਹੋਇਆ ਹੈ।

ਜਦ ਤੱਕ ਗੁਰੂ ਦੀ ਮਤਿ ਸਾਡੇ ਅੰਦਰ ਨਹੀਂ ਵੱਸਦੀ, ਸੱਚ ਸਾਡੇ ਅੰਦਰ ਨਹੀਂ ਵੱਸਦਾ ਤਦ ਤੱਕ ਅਸੀਂ ਜੋ ਕੁੱਝ ਵੀ ਧਰਮ ਦੇ ਨਾ ਤੇ ਦਿਖਾਵੇ ਕਰਦੇ ਹਾਂ, ਪ੍ਰਮਾਤਮਾ ਦੀ ਭਗਤੀ ਦੇ ਦਿਖਾਵੇ ਕਰਦੇ ਹਾਂ ਉਹ ਕੇਵਲ ਪਾਖੰਡ ਹੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹੀ ਗੱਲ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਦੇ ਨਾਲ ਜੁੜਿਆ ਹੋਇਆ ਹੈ।

{ਜਹ ਜਹ ਦੇਖਾ ਤਹ ਤਹ ਸੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਪ੍ਰਮਾਤਮਾ ਆਪਣਾ ਪੂਰਨ ਸੱਚ ਕਿਸੇ ਵਿਰਲੇ ਸਰੀਰ ਰਾਹੀਂ ਆਪ ਪ੍ਰਗਟ ਹੋ ਕੇ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਸਮਝਾਇਆ ਹੈ ਤੇ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਪੂਰਨ ਸੱਚ ਦੀ ਸੋਝੀ ਪਾਈ ਹੈ। ‘‘ਸਚੁ’’ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਸੱਚ ਨਾਲ ਜੁੜੇ ਬਿਨ੍ਹਾਂ ਉਸ ਪ੍ਰਮਾਤਮਾ ਦੇ ਨਾਲ ਕੋਈ ਨਹੀਂ ਮਿਲ ਸਕਦਾ। ਜਿੰਨ੍ਹਾਂ ਨੂੰ ‘‘ਸਚੁ’’ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੂੰ ਹੀ ਫਿਰ ਸਭ ਦੇ ਵਿੱਚ ਕੇਵਲ ਪ੍ਰਮਾਤਮਾ ਨਜ਼ਰ ਆਇਆ ਹੈ। ਪ੍ਰਮਾਤਮਾ ਆਪ ਹੀ ‘‘ਸਤਿਗੁਰ’’ ਰੂਪ ਹੈ ਤੇ ਉਸਨੂੰ ਭੇਟ ਕੇ ਹੀ ਭਾਵ ਉਸਦੇ ਨਾਲ ਮੇਲ ਹੋਣ ਤੇ ਹੀ ਪੂਰਨ ਸੱਚ ਦੀ ਸੋਝੀ ਪੈਂਦੀ ਹੈ। ਜਿੱਥੇ ਪ੍ਰਮਾਤਮਾ ਆਪਣਾ ਇਹ ਪੂਰਨ ਸੱਚ ਵਾਲਾ ਰੂਪ ਪ੍ਰਗਟ ਕਰਦਾ ਉਹ ਉਸਦਾ ਗੁਰੂ ਰੂਪ ਹੈ ਜੋ ਕਿ ਸ਼ਬਦ ਰੂਪ ਹੈ। ਪੂਰੀ ਗੁਰਬਾਣੀ ਵਿੱਚ ਉਸ ਪ੍ਰਮਾਤਮਾ ਦਾ ਸ਼ਬਦ ਰੂਪ ਹੈ, ‘‘ਸਚੁ’’ ਰੂਪ ਹੈ ਜੋ ਸਾਨੂੰ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ। ਗੁਰਬਾਣੀ ਦੇ ਇਹੋ ਜਿਹੇ ਸੱਚ ਨਾਲ ਜੁੜ ਕੇ ਫਿਰ ਸਾਨੂੰ ਸਭ ਵਿੱਚ ਪ੍ਰਮਾਤਮਾ ਦਾ ਰੂਪ ਹੀ ਨਜ਼ਰ ਆਵੇਗਾ, ਮਨੁੱਖ ਮਨੁੱਖ ਵਿੱਚ ਭੇਦ ਨਜ਼ਰ ਨਹੀਂ ਆਵੇਗਾ ਤੇ ਤਾਂ ਹੀ ਅਸੀਂ ਸੱਚੇ-ਸੁੱਚੇ ਇਨਸਾਨ ਬਣ ਕੇ ਵਿਚਰ ਸਕਦੇ ਹਾਂ ਤੇ ਇਹੀ ਗੁਰਬਾਣੀ ਦਾ ਮਕਸਦ ਹੈ। ਗੁਰਬਾਣੀ ਸਾਨੂੰ ਕੋਈ ਭੇਦ ਨਹੀਂ ਸਮਝਾਉਂਦੀ ਬਲਕਿ ਹਰ ਕਿਸੇ ਨੂੰ ਭਾਵੇਂ ਕੋਈ ਕਿਸੇ ਵੀ ਧਾਰਮਿਕ ਆਸਥਾ ਵਾਲਾ ਉਸਨੂੰ ਸੱਚਾ ਸੁੱਚਾ ਜੀਵਨ ਬਤੀਤ ਕਰਨ ਲਈ ਹੀ ਸਮਝਾਉਂਦੀ ਹੈ।

21/2331

ਬਾਣੀ ਵਿੱਚ ਹਿੰਦੂ ਨੂੰ ਸੱਚਾ ਹਿੰਦੂ ਬਣ ਕੇ ਰਹਿਣ ਲਈ ਪ੍ਰੇਰਿਆ ਹੈ ਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣ ਕੇ ਰਹਿਣ ਲਈ

ਪ੍ਰੇਰਿਆ ਹੈ। ਗੁਰਬਾਣੀ ਸਭ ਨੂੰ ਇੱਕੋ ਜਿਹੀ ਗੱਲ ਹੀ ਸਮਝਾਉਂਦੀ ਹੈ ਤੇ ਉਹੀ ਗੱਲ ਸਿੱਖ ਜਗਤ ਤੇ ਲਾਗੂ ਹੁੰਦੀ ਹੈ ਕਿ ਕੇਵਲ ਸੱਚ ਦੇ ਨਾਲ ਜੁੜੋ ਭਾਵ ਕੇਵਲ ਨਾਮ ਦੇ ਨਾਲ ਜੁੜੋ। ਜੋ ਗੱਲ ਪੰਡਿਤ ਅਖਵਾਉਣ ਵਾਲੇ ਤੇ ਲਾਗੂ ਹੁੰਦੀ ਹੈ ਉਹੀ ਗੱਲ ਗਿਆਨੀ ਅਖਵਾਉਣ ਵਾਲੇ ਤੇ ਲਾਗੂ ਹੁੰਦੀ ਹੈ, ਕਾਜ਼ੀ ਅਖਵਾਉਣ ਵਾਲੇ ਤੇ ਲਾਗੂ ਹੁੰਦੀ ਹੈ।

{ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

ਧਰਮ ਗ੍ਰੰਥਾਂ ਨੂੰ ਪੜ੍ਹ ਜਾਣ ਵਾਲੇ ਬਹੁਤ ਹਨ ਤੇ ਵਿਚਾਰਾਂ ਸਾਝੀਆਂ ਕਰਨ ਵਾਲੇ ਵੀ ਬਹੁਤ ਹਨ ਪਰ ਉਸ ਗੱਲ ਨੂੰ ਆਪਣੇ ਅੰਦਰ ਬੁੱਝਣ ਵਾਲਾ ਭਾਵ ਉਸਦੀ ਅਸਲੀਅਤ ਨੂੰ ਆਪਣੇ ਅੰਦਰ ਧਾਰਨ ਕਰਨ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਗੱਲ ਨੂੰ ਮੰਨਣ ਤੋਂ ਬਿਨ੍ਹਾਂ, ਬੁੱਝਣ ਤੋਂ ਬਿਨ੍ਹਾਂ ਹਰ ਕੋਈ ਮਨਮੁਖਿ ਹੀ ਹੈ ਤੇ ਗੁਰਮੁਖਿ ਉਹੀ ਹੋ ਜੋ ਉਸਦੀ ਮਤਿ ਨੂੰ ਭਾਵ ਗੁਰੂ ਦੀ ਮਤਿ ਨੂੰ ਅਮਲ ਵਿੱਚ ਲਿਆਉਂਦਾ ਹੈ ਤੇ ਪਾਰ ਉਤਾਰਾ ਉਹਨਾਂ ਦਾ ਹੀ ਹੁੰਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੁਆਰਾ ਸਮਝਾਈ ਹੋਈ ਹੈ।

(ਬੇਦ ਪਾਠ ਸੰਸਾਰ ਕੀ ਕਾਰ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ॥
ਬਿਨੁ ਬੂਝੇ ਸਭ ਹੋਇ ਖੁਆਰ॥ ਨਾਨਕ ਗੁਰਮੁਖਿ ਉਤਰਸਿ ਪਾਰਿ॥੧॥)

ਉੱਪਰ ਸਲੋਕ ਰਾਹੀਂ ਅਸੀਂ ਧਰਮ ਗ੍ਰੰਥਾਂ ਦੇ ਮਕਸਦ ਨੂੰ ਸਮਝਿਆ ਹੈ, ਜਿੰਨ੍ਹਾਂ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤੇ ਸੱਚ ਦੀ ਸੋਝੀ ਪਾਉਣ ਦੁਆਰਾ ਸਾਨੂੰ ਸੱਚ ਦੇ ਨਾਲ ਜੋੜਨ ਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੋ ਸਕਦੀ ਹੈ ਤੇ ਇਹੀ ਗੱਲ ਸਾਨੂੰ ਸਲੋਕ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ ਕਿ ਧਰਮ ਗ੍ਰੰਥਾਂ ਦਾ ਮਕਸਦ ਕੀ ਹੈ।

ਪਉੜੀ॥

“ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ॥
ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ॥
ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ॥
ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ॥
ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ॥੧੭॥”

ਧਰਮ ਗ੍ਰੰਥਾਂ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਆਪਣੇ ਹਿਰਦੇ ਨੂੰ ਸ਼ੁੱਧ ਕਰੀਏ, ਮਨ ਦੀ ਮੈਲ ਕੱਢੀਏ। ਉੱਪਰ ਪਉੜੀ ਰਾਹੀਂ ਸਾਨੂੰ ਮਨ ਦੀ ਮੈਲ ਕੱਢਣੀ ਹੀ ਸਿਖਾਈ ਹੋਈ ਹੈ।

21/2332

“ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ॥
ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ॥”

ਉੱਪਰ ਸਾਨੂੰ ਸਾਡਾ ਉੱਦਮ ਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਲਈ, ਉਸਦੇ ਦਰ ਤੋਂ ਸ਼ੋਭਾ ਲੈਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ। ਉਸ ਦੀ ਸਿਫ਼ਤ ਸਾਲਾਹ ਸਾਡੇ ਮਨ ਦੀ ਸ਼ੁੱਧੀ ਦੁਆਰਾ ਹੀ ਹੁੰਦੀ ਹੈ। ਸਾਡੇ ਮਨ ਦੀ ਮੈਲ ਸਾਡੇ ਅੰਦਰ ਦੀ ਹਉਮੈ ਹੈ, ਮਨਮਤਿ ਹੈ, ਮੈਂ ਹੈ, ਅਗਿਆਨਤਾ ਹੈ ਜਿਸਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਸਮਝ ਨਹੀਂ ਪੈਂਦੀ, ਸੱਚ ਦੀ ਸਮਝ ਨਹੀਂ ਪੈਂਦੀ। ਸੱਚ ਦੀ ਸੋਝੀ ਗੁਰੂ ਦੇ ਕੋਲ ਹੈ ਜੋ ਹਉਮੈ ਤੋਂ ਰਹਿਤ ਹੈ, ਅਗਿਆਨਤਾ ਤੋਂ ਰਹਿਤ ਹੈ, ਭਰਮ ਤੋਂ ਰਹਿਤ ਹੈ। ਗੁਰੂ ਸਾਨੂੰ ਜੋ ਸਮਝਾਉਂਦਾ ਹੈ ਉਹੀ ਸਾਡੇ ਲਈ ਸੱਚ ਹੈ, ਸਾਡੇ ਲਈ ਸੱਚੀ ਮਤਿ ਹੈ। ਸਾਨੂੰ ਆਪਣੀ ਮਤਿ ਛੱਡ ਕੇ ਗੁਰੂ ਦੀ ਸੱਚੀ ਮਤਿ ਆਪਣੇ ਅੰਦਰ ਵਸਾਉਣ ਦਾ ਉੱਦਮ ਕਰਨ ਲਈ ਕਿਹਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੋ ਸਕਦੀ ਹੈ ਤੇ ਉਸਦੇ ਦਰ ਤੇ ਸ਼ੋਭਾ ਮਿਲਦੀ ਹੈ। **(ਜਿ ਪ੍ਰਭੁ ਸਾਲਾਹੇ ਆਪਣਾ**

ਸੋ ਸੋਭਾ ਪਾਏ॥ ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ॥)

ਇਹ ਸੱਚ ਅਸੀਂ ਕਿੱਥੋਂ ਲੈਣਾ ਹੈ ਤੇ ਕਿਸ ਰੂਪ ਵਿੱਚ ਲੈਣਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੋ ਸਕਦੀ ਹੈ ਤੇ "ਸੁਖ" ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਉਸਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸੱਚ ਅਸੀਂ ਉੱਥੋਂ ਹੀ ਲੈਣਾ ਹੈ ਜਿਸ ਦੇ ਆਪਣੇ ਕੋਲ ਸੱਚ ਹੈ। ਇਸ ਗੱਲ ਦਾ ਫੈਸਲਾ ਕਰਨਾ ਸਾਡੇ ਲਈ ਸਭ ਤੋਂ ਵੱਡੀ ਗੱਲ ਹੈ ਕਿ ਅਸੀਂ ਸੱਚਾ ਕਿਸ ਨੂੰ ਸਮਝਦੇ ਹਾਂ, ਸੱਚ ਜਾਨਣ ਵਾਲਾ ਕਿਸ ਨੂੰ ਸਮਝਦੇ ਹਾਂ।

"ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ॥

ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ॥

ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ॥੧੭॥"

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ। ਗੁਰੂ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਹੈ ਇਹ ਸੱਚੀ ਗੱਲ ਹੈ ਪਰ ਕਿਵੇਂ ਮਿਲਾਉਂਦਾ ਹੈ ਇਸ ਗੱਲ ਨੂੰ ਵੀ ਸਮਝਣ ਦੀ ਲੋੜ ਹੈ। ਇਸ ਲਈ ਗੁਰੂ ਦੀ ਸ਼ਰਤ ਕੀ ਹੈ ਭਾਵ ਅਸਲ ਤਰੀਕਾ ਕੀ ਹੈ ਇਹ ਵੀ ਸਾਨੂੰ ਨਾਲ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਹਉਮੈ ਵਿੱਚੋਂ ਨਿਕਲ ਕੇ ਆਪਣੇ ਮਨ ਦੇ ਵਿੱਚ ਸੱਚ ਨੂੰ ਵਸਾਉਣ ਦਾ ਹੈ ਜੋ ਕਿ ਅਸੀਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਜਿਸ ਸੱਚ ਨੂੰ ਅਸੀਂ ਆਪਣੇ ਅੰਦਰ ਵਸਾਉਣਾ ਹੈ

ਉਹ "ਸਚੁ" ਬਾਣੀ ਦੇ ਕੋਲ ਹੈ ਜੋ ਉਸ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਜੁੜੀ ਹੋਈ ਹੈ ਭਾਵ ਬਾਣੀ ਦੇ ਵਿੱਚ ਆਪਣਾ ਹੀ ਪਾਇਆ ਹੋਇਆ ਸੱਚ ਹੈ। ਗੁਰਬਾਣੀ ਸਾਨੂੰ ਜੋ ਕੁੱਝ ਵੀ ਸਮਝਾਉਂਦੀ ਹੈ ਉਹ ਸੱਚ ਹੈ। ਜੋ ਸੱਚ ਹੈ ਉਹ ਗੁਣ ਹੈ ਤੇ ਜੋ ਸੱਚ ਨਹੀਂ ਹੈ ਉਹ ਔਗੁਣ ਹੈ। ਜੋ ਕੰਮ ਅਸੀਂ ਗੁਰਬਾਣੀ ਦੇ ਅਨੁਸਾਰ ਕਰਦੇ ਹਾਂ ਉਸ ਵਿੱਚ ਸੱਚ ਹੈ, ਉਸ ਵਿੱਚ ਗੁਰੂ ਦੀ ਮਤਿ ਹੈ। ਬਾਣੀ ਦੇ ਸੱਚ ਨਾਲ ਜੁੜ ਕੇ ਹੀ ਅਸੀਂ ਗੁਣੀ ਬਣ ਸਕਦੇ ਹਾਂ ਤੇ ਗੁਣਾਂ ਦੁਆਰਾ ਵਿਚਰਨਾ ਹੀ ਗੁਣਾਂ ਨੂੰ ਉਚਾਰਨਾ ਹੈ। ਜੋ ਕੰਮ ਵੀ ਅਸੀਂ ਸੱਚ ਦੁਆਰਾ ਕਰਦੇ ਹਾਂ, ਗੁਰਮਤਿ ਦੁਆਰਾ ਕਰਦੇ ਹਾਂ ਭਾਵ ਹਉਮੈ ਛੱਡ ਕੇ ਕਰਦੇ ਹਾਂ, ਮਨਮਤਿ ਛੱਡ ਕੇ ਕਰਦੇ ਹਾਂ ਉਸ ਦੁਆਰਾ ਅਸੀਂ ਆਪਣੇ ਅੰਦਰੋਂ ਗੁਣ ਉਚਰਦੇ ਹਾਂ। ਇਹੋ ਜਿਹਾ ਗੁਣੀ ਬਣ ਕੇ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਤੇ ਸੱਚੇ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਜਿਸ "ਸੁਖੁ" ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦਾ ਸੁੱਖ ਹੈ। **(ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ॥ ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ॥ ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ॥)**

ਸਾਡੇ ਅੰਦਰ ਇਹੋ ਜਿਹਾ "ਸਚੁ" ਵੱਸਣ ਦੁਆਰਾ, ਹਉਮੈ ਛੱਡਣ ਦੁਆਰਾ ਹੀ ਸਾਡੇ ਮਨ ਦੀ ਮੈਲ ਨਿਕਲਦੀ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਨਾਮ ਧਿਆਇਆ ਜਾ ਸਕਦਾ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ, ਮਨਮਤਿ ਹੈ ਤਦ ਤੱਕ ਸਾਡਾ ਮਨ ਮੈਲਾ ਹੈ ਤੇ ਉਸ ਵਿੱਚ ਨਾਮ ਨਹੀਂ ਹੈ। ਮਨ ਦੀ ਮੈਲ ਸੱਚ ਦੁਆਰਾ ਹੀ ਨਿਕਲਦੀ ਹੈ, ਗੁਰੂ ਦੇ ਗੁਣਾਂ ਦੁਆਰਾ ਹੀ ਨਿਕਲਦੀ ਹੈ, ਗੁਣਾਂ ਨੂੰ ਸੱਚ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਨਿਕਲਦੀ ਹੈ ਤੇ ਅਸੀਂ ਨਾਮ ਧਿਆ ਸਕਦੇ ਹਾਂ। **(ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ॥੧੭॥)** ਸਾਡੇ ਅੰਦਰ ਸੱਚ ਦਾ ਵੱਸਣਾ ਹੀ ਨਾਮ ਦਾ ਵੱਸਣਾ ਹੈ ਤੇ ਜਦੋਂ ਮਨੁੱਖ ਦੇ ਅੰਦਰ ਕੇਵਲ ਸੱਚ ਹੀ ਹੁੰਦਾ ਹੈ, ਕੇਵਲ ਗੁਰਮਤਿ ਹੀ ਹੁੰਦੀ ਹੈ, ਕੇਵਲ ਗੁਰੂ ਦੇ ਗੁਣ ਹੀ ਹੁੰਦੇ ਹਨ ਫਿਰ ਉਸ ਅਵੱਸਥਾ ਦੁਆਰਾ ਮਨੁੱਖ ਕੇਵਲ ਨਾਮ ਹੀ ਜਪਦਾ ਹੈ।

ਹੁਣ ਧਿਆਨ ਨਾਲ ਸਮਝੋ ਕਿ ਅਸੀਂ ਸੱਚ ਕਿਸਦੇ ਕੋਲੋਂ ਸਮਝਿਆ ਹੋਇਆ ਹੈ, ਸੱਚ ਦੀ ਸਿੱਖਿਆ ਕਿਸ ਦੇ ਕੋਲੋਂ ਲਈ ਹੋਈ ਹੈ। ਗੁਰੂ ਉਸਨੂੰ ਹੀ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਹੈ ਜੋ ਸੱਚ ਦੀ ਸਿੱਖਿਆ ਬਾਣੀ ਦੇ ਕੋਲੋਂ ਲੈਂਦਾ ਹੈ ਜਿਸਨੂੰ ਸੱਚ ਦੀ ਸਮਝ ਹੈ। ਅਸੀਂ ਸੱਚ ਦੀ ਸਿੱਖਿਆ ਉਨ੍ਹਾਂ ਦੇ ਕੋਲੋਂ ਲਈ ਹੋਈ ਹੈ ਜਿੰਨ੍ਹਾਂ ਨੂੰ ਆਪ ਸੱਚ ਦੀ ਸਮਝ ਨਹੀਂ ਹੈ, ਜੋ ਆਪ ਹਉਮੈ ਵਿੱਚ ਹਨ ਤੇ ਅਸੀਂ ਉਨ੍ਹਾਂ ਨੂੰ ਕੇਵਲ ਉਨ੍ਹਾਂ ਦੇ ਬਾਹਰੀ ਵਿਖਾਵਿਆਂ ਦੁਆਰਾ ਹੀ, ਝੂਠੀਆਂ ਗੱਲਾਂ ਨੂੰ ਸੱਚ ਸਮਝ ਕੇ ਉਨ੍ਹਾਂ ਦੇ

ਪਿੱਛੇ ਲੱਗੇ ਹੋਏ ਹਾਂ। ਜੇਕਰ ਅਸੀਂ ਦਿਲੋਂ ਪ੍ਰਮਾਤਮਾ ਦੇ ਨਾਲ ਜੁੜਨਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਸੱਚ ਉੱਥੋਂ ਸਿੱਖਣਾ ਚਾਹੀਦਾ ਹੈ ਜੋ ਸੱਚ ਨੂੰ ਜਾਣਦਾ ਹੈ। ਸੱਚ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ।

{ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥}

(ਅੰਗ ੩੬੧)

{ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ॥੧॥}

(ਅੰਗ ੧੨੪੬)

ਉਪਰਲੀ ਪੰਗਤੀ ਨੂੰ ਧਿਆਨ ਨਾਲ ਪੜ੍ਹੋ ਤੇ ਸਮਝੋ ਕਿ ਨਾਮ ਕੀ ਹੈ ਤੇ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਮਕਸਦ ਕੀ ਹੈ। ਧਰਮ ਗ੍ਰੰਥਾਂ ਨੂੰ ਪੜ੍ਹਨਾ ਵੀ ਨਾਮ ਦਾ ਹਿੱਸਾ ਹੈ। ਗੁਰੂ ਦੇ ਗੁਣ ਕੀ ਹਨ ਇਸ ਦੀ ਸਮਝ ਸਾਨੂੰ ਗੁਰੂ ਦੀ ਬਾਣੀ ਪੜ੍ਹਨ ਦੁਆਰਾ ਹੀ ਲੱਗਦੀ ਹੈ। ਗੁਰੂ ਦੀ ਬਾਣੀ ਨੂੰ ਪੜ੍ਹਨ ਤੋਂ ਬਾਅਦ ਉਸਦੇ ਵਿੱਚੋਂ ਗੁਣ ਲੈ ਕੇ ਉਨ੍ਹਾਂ ਅਨੁਸਾਰ ਆਪਣੇ ਆਪ ਨੂੰ ਗੁਣੀ ਬਣਾਉਣਾ ਇੱਕੋ ਇੱਕ ਨਾਮ ਹੈ ਭਾਵ ਨਾਮ ਦਾ ਮਕਸਦ ਹੈ ਜਿਸਨੂੰ ਅਸੀਂ ਪੂਰਾ ਕਰਨਾ ਹੈ ਤੇ ਇਸ ਗੱਲ ਦੀ ਸਮਝ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਸੋਝੀ ਪਾਈ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਨਾਮ ਸਮਝਾਇਆ ਹੈ, ਨਾਮ ਜਪਣਾ ਸਮਝਾਇਆ ਹੈ।

(ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ॥੧॥)

ਜੇਕਰ ਗੁਰੂ ਕੋਲੋਂ ਨਾਮ ਜਪਣਾ ਸਿੱਖਾਂਗੇ ਤਾਂ ਉਸਨੇ ਸਾਨੂੰ ਗੁਣਾਂ ਦੇ ਨਾਲ ਹੀ ਜੋੜਨਾ ਹੈ ਤੇ ਜੇਕਰ ਉਨ੍ਹਾਂ ਕੋਲੋਂ ਸਿੱਖਾਂਗੇ ਜੋ ਆਪ ਔਗੁਣਾਂ ਵਿੱਚ ਹਨ, ਮਾਇਆ ਮੋਹ ਵਿੱਚ ਹਨ, ਹਉਮੈ ਵਿੱਚ ਹਨ ਫਿਰ ਉਨ੍ਹਾਂ ਨੇ ਉਹੀ ਕੁੱਝ ਸਮਝਾਉਣਾ ਹੈ ਜੋ ਕੁੱਝ ਅਸੀਂ ਉਨ੍ਹਾਂ ਕੋਲੋਂ ਸਮਝ ਕੇ ਕਰ ਰਹੇ ਹਾਂ। ਜਿੰਨ੍ਹਾਂ ਨੂੰ ਗੁਣਾਂ, ਔਗੁਣਾਂ ਵਿੱਚ ਫਰਕ ਹੀ ਸਮਝ ਨਹੀਂ ਹੈ, ਸੱਚ, ਝੂਠ ਵਿੱਚ ਫਰਕ ਹੀ ਸਮਝ ਨਹੀਂ ਹੈ ਉਨ੍ਹਾਂ ਨੇ ਸਾਨੂੰ ਫਰਕ ਕੀ ਸਮਝਾਉਣਾ ਹੈ। ਗੁਰੂ ਨੇ ਜੋ ਸਾਨੂੰ ਨਾਮ ਜਪਣ ਦਾ ਤਰੀਕਾ ਸਮਝਾਇਆ ਹੈ ਇਸਨੂੰ ਅਸੀਂ ਹੁਣ ਤੱਕ ਬਰੀਕੀ ਨਾਲ ਸਮਝਿਆ ਹੈ ਤੇ ਹੇਠਲੀਆਂ ਪੰਗਤੀਆਂ ਦੁਆਰਾ ਸਮਝੋ ਕਿ ਨਾਮ ਜਪਣਾ ਕੀ ਹੈ।

ਸਲੋਕ ਮਃ ੫॥

{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ॥੧॥}

(ਅੰਗ ੫੧੯)

ਗੁਰੂ ਦੇ ਸਮਝਾਉਣ ਵੱਲੋਂ ਤਾਂ ਕਸਰ ਨਹੀਂ ਹੈ ਪਰ ਇਨ੍ਹਾਂ ਧਰਮ ਦੇ ਝੂਠੇ ਠੇਕੇਦਾਰਾਂ ਨੇ ਸਾਨੂੰ ਭੁਲਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਨਾਲ ਜੁੜ ਕੇ ਸਾਡੇ ਪੱਲੇ ਅਗਿਆਨਤਾ ਤੋਂ ਸਿਵਾਇ ਹੋਰ ਕੁੱਝ ਨਹੀਂ ਪੈਣਾ ਤੇ ਜਿਹੜੇ ਇਨ੍ਹਾਂ ਨਾਲ ਜੁੜ ਕੇ ਪ੍ਰਮਾਤਮਾ ਨਾਲ ਮੇਲ ਦੀ ਉਮੀਦ ਰੱਖਦੇ ਹਨ ਉਹ ਕਿਤਨੇ ਵੱਡੇ ਭਰਮ ਵਿੱਚ ਹਨ ਉਹ ਆਪ ਹੀ ਸਮਝ ਸਕਦੇ ਹਨ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੇ ਸਲੋਕਾਂ ਰਾਹੀਂ ਤੇ ਪਉੜੀ ਰਾਹੀਂ ਸਮਝੀਏ ਕਿ ਇਹੋ ਜਿਹਿਆਂ ਨਾਲ ਜੁੜ ਕੇ ਸਾਡਾ ਅਸਲ ਮਨੋਰਥ ਪੂਰਾ ਨਹੀਂ ਹੋ ਸਕਦਾ।

ਸਲੋਕੁ ਮਃ ੧॥

"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥੧॥"

(ਅੰਗ ੪੭੦)

ਜਿਵੇਂ ਕਿ ਅਸੀਂ ਸਮਝਦੇ ਹੀ ਹਾਂ ਕਿ ਸਲੋਕਾਂ ਵਿੱਚ ਤੇ ਉਨ੍ਹਾਂ ਦੇ ਨਾਲ ਜੁੜੀ ਹੋਈ ਪਉੜੀ ਦੇ ਰਾਹੀਂ ਇੱਕ ਭਾਵ ਹੀ ਸਮਝਾਇਆ ਹੁੰਦਾ ਹੈ। ਜੋ ਗੱਲ ਸਲੋਕਾਂ ਰਾਹੀਂ ਦੱਸੀ ਹੁੰਦੀ ਹੈ ਉਸੇ ਗੱਲ ਨੂੰ ਪਉੜੀ ਰਾਹੀਂ ਸਪੱਸ਼ਟ ਕੀਤਾ ਹੁੰਦਾ ਹੈ। ਉਪਰਲੇ ਸਲੋਕ ਰਾਹੀਂ ਤੇ ਅਗਲੇ ਸਲੋਕਾਂ ਰਾਹੀਂ ਤੇ ਪਉੜੀ ਰਾਹੀਂ ਸਾਨੂੰ ਉਹੋ ਜਿਹਿਆਂ ਬਾਰੇ ਸੁਚੇਤ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨ ਕੇ ਉਨ੍ਹਾਂ ਦੇ ਨਾਲ ਜੁੜ ਜਾਂਦੇ ਹਾਂ, ਉਨ੍ਹਾਂ ਦੇ ਵਿਚਾਰਾਂ ਦੇ ਨਾਲ, ਉਨ੍ਹਾਂ ਦੇ ਬਚਨਾਂ ਦੇ ਨਾਲ ਜੁੜ ਜਾਂਦੇ ਹਾਂ ਤੇ ਇਹ ਆਸ ਲਗਾ ਲੈਂਦੇ ਹਾਂ ਕਿ ਇਨ੍ਹਾਂ ਦੇ ਨਾਲ ਜੁੜ ਕੇ ਅਸੀਂ ਵੀ ਤਰ ਸਕਦੇ ਹਾਂ ਤੇ ਇਸੇ ਲਈ ਅਸੀਂ ਉਨ੍ਹਾਂ ਪਿੱਛੇ ਲੱਗ ਕੇ ਗੁਰੂ ਦੀ ਸੱਚੀ ਮਤਿ ਤੋਂ ਵਿਛੜ ਜਾਂਦੇ ਹਾਂ। ਇਨ੍ਹਾਂ ਦਾ ਬਾਹਰੀ ਰੂਪ ਸਾਨੂੰ ਬਹੁਤ ਵੱਡਾ ਨਜ਼ਰ ਆਉਂਦਾ ਹੈ ਜੋ ਸਾਨੂੰ ਭਰਮ ਵਿੱਚ ਪਾਉਂਦਾ ਹੈ ਜਿਵੇਂ ਕਿ ਇਸ ਗੱਲ ਨੂੰ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਸਾਨੂੰ ਮੋਰਾਂ ਵਰਗੇ ਸੁੰਦਰ ਲੱਗਦੇ ਹਨ ਪਰ ਅਸਲ ਵਿੱਚ ਇਨ੍ਹਾਂ ਕੋਲ ਪ੍ਰਮਾਤਮਾ ਨੂੰ ਜਾਨਣ ਦੀ ਸੱਚਾਈ ਨਹੀਂ ਹੁੰਦੀ।

ਸਿੰਮਲ ਰੁੱਖ ਦੇਖਣ ਵਿੱਚ ਬਹੁਤ ਵੱਡਾ ਹੁੰਦਾ ਹੈ, ਲੰਬਾ ਹੁੰਦਾ ਹੈ ਪਰ ਉਹ ਪੰਛੀਆਂ ਦੇ ਕੰਮ ਨਹੀਂ ਆਉਂਦਾ। ਜੋ ਵੀ ਪੰਛੀ ਇਹ ਆਸ ਕਰਕੇ ਆਉਂਦੇ ਹਨ ਭਾਵ ਫਲ ਫੁਲ ਆਦਿ ਦੀ ਆਸ ਕਰਕੇ ਆਉਂਦੇ ਹਨ ਇਸ ਪੇੜ ਤੋਂ ਉਨ੍ਹਾਂ ਦੀ ਇਹ ਆਸ ਪੂਰੀ ਨਹੀਂ ਹੁੰਦੀ। ਉਨ੍ਹਾਂ ਦੀ ਆਸ ਦਾ ਕਾਰਨ ਉਸ ਰੁੱਖ ਦਾ ਵੱਡਾ ਦਿੱਸਣਾ ਹੈ, ਉਸਦਾ ਵੱਡਾ ਰੂਪ ਹੈ ਜਿਸ ਕਰਕੇ ਉਨ੍ਹਾਂ ਦੀ ਆਸ ਉਨ੍ਹਾਂ ਨਾਲ ਜੁੜਦੀ ਹੈ ਭਾਵ ਰੁੱਖ ਦਾ ਵੱਡਾ ਰੂਪ ਉਨ੍ਹਾਂ ਨੂੰ ਲੁਭਾਉਂਦਾ ਹੈ ਪਰ ਉਸ ਪੇੜ ਦੇ ਨਾ ਫਲ ਚੰਗੇ ਹੁੰਦੇ ਹਨ, ਨਾ ਫੁੱਲ ਚੰਗੇ ਹੁੰਦੇ ਹਨ ਤੇ ਨਾ ਹੀ ਉਸਦੇ ਪੱਤੇ ਕਿਸੇ ਕੰਮ ਆਉਂਦੇ ਹਨ ਭਾਵ ਇਤਨਾ ਵੱਡਾ ਪੇੜ ਹੁੰਦੇ ਹੋਏ ਵੀ ਉਹ ਪੰਛੀਆਂ ਦੇ ਕੰਮ ਨਹੀਂ ਆਉਂਦਾ ਤੇ ਜੋ ਪੰਛੀ ਆਸ ਲੈ ਕੇ ਆਉਂਦੇ ਹਨ ਉਹ ਉਥੋਂ ਨਿਰਾਸ਼ ਹੀ ਲੌਟਦੇ ਹਨ।

ਇਸੇ ਤਰ੍ਹਾਂ ਸਾਨੂੰ ਜੋ ਮਨੁੱਖ ਧਰਮ ਦੇ ਮਾਰਗ ਤੇ ਬਹੁਤ ਵੱਡੇ ਨਜ਼ਰ ਆਉਂਦੇ ਹਨ ਜਿੰਨ੍ਹਾਂ ਨੂੰ ਅਸੀਂ ਉੱਚੀਆਂ ਉਪਾਧੀਆਂ ਸੌਂਪਦੇ ਹਾਂ, ਸੰਤ ਆਦਿ ਸਮਝਦੇ ਹਾਂ ਉਨ੍ਹਾਂ ਕੋਲੋਂ ਅਸੀਂ ਇਹ ਆਸ ਰੱਖਦੇ ਹਾਂ ਕਿ ਇਨ੍ਹਾਂ ਕੋਲੋਂ ਸਾਨੂੰ ਸਾਡੇ ਧਰਮ ਦੇ ਮਾਰਗ ਦੀ ਸੋਝੀ ਪੈ ਸਕਦੀ

ਹੈ ਤੇ ਇਹ ਸਾਨੂੰ ਪ੍ਰਮਾਤਮਾ ਦੇ ਨਾਲ ਜੋੜ ਸਕਦੇ ਹਨ, ਇਨ੍ਹਾਂ ਦੇ ਨਾਲ ਜੁੜ ਕੇ ਸਾਡਾ ਪਾਰ ਉਤਾਰਾ ਹੋ ਜਾਵੇਗਾ। ਪਰ ਸਾਡੀ ਇਹੋ ਜਿਹੀ ਆਸ ਉਸੇ ਤਰ੍ਹਾਂ ਝੂਠੀ ਆਸ ਹੈ ਜੋ ਕਿ ਪੰਛੀ ਇੱਕ ਸਿੰਮਲ ਰੁੱਖ ਤੋਂ ਝੂਠੀ ਆਸ ਰੱਖਦੇ ਹਨ। ਜਿੰਨ੍ਹਾਂ ਨੂੰ ਅਸੀਂ ਸਿੰਮਲ ਰੁੱਖ ਦੀ ਤਰ੍ਹਾਂ ਵੱਡਾ ਮੰਨਿਆ ਹੋਇਆ ਹੈ ਉੱਥੋਂ ਸਾਨੂੰ ਕੁੱਝ ਵੀ ਪ੍ਰਾਪਤ ਨਹੀਂ ਹੋ ਸਕਦਾ ਭਾਵ ਕੋਈ ਸੱਚੀ ਪ੍ਰਾਪਤੀ ਨਹੀਂ ਹੋ ਸਕਦੀ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਜੋੜ ਸਕੇ, ਸਾਨੂੰ ਆਵਾਗਉਣ ਤੋਂ ਮੁਕਤ ਕਰ ਸਕੇ। **(ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥)**

ਸਿੰਮਲ ਰੁੱਖ ਦਾ ਸਾਡੇ ਜੀਵਨ ਨਾਲ ਕੀ ਭਾਵ ਹੈ ਇਸ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਕੋਈ ਕਿਸੇ ਤਰੀਕੇ ਦਾ ਕੋਈ ਭਰਮ ਨਾ ਰਹੇ।

ਸੂਹੀ ਮਹਲਾ ੧ ਘਰੁ ੬

ੴ ਸਤਿਗੁਰ ਪ੍ਰਸਾਦਿ॥

{"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥

ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥

ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥

ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥

ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥"}

(ਅੰਗ ੭੨੯)

ਇਸ ਪੂਰੇ ਸ਼ਬਦ ਰਾਹੀਂ ਸਾਨੂੰ ਉਨ੍ਹਾਂ ਦਾ ਬਾਹਰੀ ਰੂਪ ਹੀ ਸਮਝਾਇਆ ਹੋਇਆ ਹੈ ਜੋ ਸਾਨੂੰ ਆਪਣੇ ਰੂਪ ਦੁਆਰਾ ਲੁਭਾਉਂਦੇ ਹਨ ਤੇ ਅਸੀਂ ਭੁਲੇਖੇ ਵਿੱਚ ਹੀ ਉਨ੍ਹਾਂ ਨੂੰ ਉੱਚਾ ਸਮਝੀ ਬੈਠੇ ਹਾਂ। ਅੰਦਰੋਂ ਇਹ ਖੋਖਲੇ ਹੀ ਹੁੰਦੇ ਹਨ, ਸੱਚਾਈ ਤੋਂ ਸੱਖਣੇ ਹੀ ਹੁੰਦੇ ਹਨ। ਅਸੀਂ ਭਾਵੇਂ ਇਨ੍ਹਾਂ ਨੂੰ ਆਪਣੇ ਸੱਜਣ ਸਮਝਦੇ ਹਾਂ ਭਾਵ ਧਰਮ ਦੇ ਮਾਰਗ ਤੇ ਉੱਚਾ ਮੰਨ ਕੇ ਅਸੀਂ ਇਨ੍ਹਾਂ ਨੂੰ ਆਪਣਾ ਸੱਜਣ ਥਾਪਦੇ ਹਾਂ ਪਰ ਇਹ ਸੱਜਣ ਸਾਡੇ ਕੰਮ ਨਹੀਂ ਆ ਸਕਦੇ। ਸਾਡੇ ਕੰਮ ਗੁਰੂ ਦੀ ਮਤਿ ਨੇ ਹੀ ਆਉਣਾ ਹੈ ਜੋ ਅਸਲ ਵਿੱਚ ਸਾਡਾ ਸੱਜਣ ਹੈ। ਸੱਜਣ ਗੁਰੂ ਦੇ ਦੱਸੇ ਹੋਏ ਗੁਣ ਹੀ ਹਨ ਜਿੰਨ੍ਹਾਂ ਦੀ ਸੋਝੀ ਗੁਰੂ ਦੀ ਮਤਿ ਦੁਆਰਾ ਪੈਂਦੀ ਹੈ।

ਉੱਪਰ ਸ਼ਬਦ ਵਿੱਚ ਸਿੰਮਲ ਰੁੱਖ ਦੀ ਤੁਲਣਾ ਸਾਡੇ ਸਰੀਰ ਦੇ ਨਾਲ ਕੀਤੀ ਹੋਈ ਹੈ, ਸਾਡੇ ਨਾਲ ਕੀਤੀ ਹੋਈ ਹੈ ਭਾਵ ਅਸੀਂ ਆਪਣੇ ਆਪ ਨੂੰ ਆਪਣੇ ਬਾਹਰੀ ਦਿਖਾਵੇ ਦੁਆਰਾ, ਸਰੀਰਕ ਜਪ ਤਪ ਦੁਆਰਾ ਸਿੰਮਲ ਰੁੱਖ ਵਰਗਾ ਉੱਚਾ ਥਾਪ ਲੈਂਦੇ ਹਾਂ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥੪॥"

ਸਿੰਮਲ ਰੁੱਖ ਉਨ੍ਹਾਂ ਨੂੰ ਕਿਹਾ ਹੈ ਜੋ ਇੱਕ ਸਿੰਮਲ ਰੁੱਖ ਦੀ ਤਰ੍ਹਾਂ ਵੱਡੇ ਬਣ ਕੇ ਬੈਠੇ ਹਨ, ਸੰਤ ਆਦਿ ਬਣ ਕੇ ਬੈਠੇ ਹਨ, ਧਰਮ ਦੀ ਸਿੱਖਿਆ ਦੇ ਆਗੂ ਬਣ ਬੈਠੇ ਹਨ, ਧਰਮ ਸਿਖਾਉਣ ਦੇ ਠੇਕੇਦਾਰ ਬਣ ਕੇ ਬੈਠੇ ਹਨ। "ਮੈਜਨ" ਭਾਵ ਤੋਤੇ ਉਨ੍ਹਾਂ ਨੂੰ ਕਿਹਾ ਹੈ ਜੋ ਇਨ੍ਹਾਂ ਕੋਲੋਂ ਫਲ ਲੱਭਣ ਆਉਂਦੇ

ਹਨ, ਧਰਮ ਦਾ ਫਲ ਲੱਭਣ ਆਉਂਦੇ ਹਨ ਪਰ ਇਹੋ ਜਿਹੇ ਤੋਤਿਆਂ ਨੂੰ ਭਾਵ ਇਹੋ ਜਿਹੇ ਬਾਬਿਆਂ ਦੇ ਚੇਲਿਆਂ ਨੂੰ ਭੁੱਲੇ ਹੋਏ ਕਿਹਾ ਹੈ ਜੋ ਉੱਥੋਂ ਫਲ ਦੀ ਉਮੀਦ ਕਰਦੇ ਹਨ ਜਿੰਨ੍ਹਾਂ ਦੇ ਆਪਣੇ ਕੋਲ ਇਹ ਫਲ ਨਹੀਂ ਹੈ। ਉਨ੍ਹਾਂ ਨੂੰ ਅਸੀਂ ਜਿੰਨ੍ਹਾਂ ਗੁਣਾਂ ਦੁਆਰਾ ਉੱਚਾ ਸਮਝਦੇ ਹਾਂ ਉਹ ਗੁਣ ਕੰਮ ਆਉਣ ਵਾਲੇ ਨਹੀਂ ਹਨ। ਅਸੀਂ ਉਨ੍ਹਾਂ ਨੂੰ ਜਿੰਨ੍ਹਾਂ ਗੱਲਾਂ ਕਰਕੇ ਗੁਣੀ ਸਮਝਦੇ ਹਾਂ ਅਸਲ ਵਿੱਚ ਉਹ ਭਗਤੀ ਦੇ ਗੁਣ ਨਹੀਂ ਹਨ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਉਨ੍ਹਾਂ ਕੋਲ ਇਹੋ ਜਿਹੇ ਗੁਣ ਹੀ ਹਨ ਜਿਵੇਂ ਕਿ ਵਾਰ-ਵਾਰ ਬਾਣੀ ਨੂੰ ਪੜ੍ਹੀ ਜਾਣਾ, ਸੁਰਤੀਆਂ ਸਮਾਧੀਆਂ ਲਗਾ ਕੇ ਬੈਠੇ ਰਹਿਣਾ, ਸਰੀਰ ਦੁਆਰਾ, ਸਵਾਸਾਂ ਦੀਆਂ ਕਿਰਿਆਵਾਂ ਦੁਆਰਾ ਜਪ ਤਪ ਕਰੀ ਜਾਣਾ, ਕਿਸੇ ਅੱਖਰ ਦਾ ਜਪ ਤਪ ਕਰੀ ਜਾਣਾ ਆਦਿਕ। ਜਿੰਨ੍ਹਾਂ ਨੂੰ ਉਹ ਆਪਣੇ ਗੁਣ ਸਮਝਦੇ ਹਨ ਉਨ੍ਹਾਂ ਨੂੰ ਉਹ ਫਲ ਦਾ ਰੂਪ ਸਮਝਦੇ ਹਨ, ਭਗਤੀ ਦੇ ਫਲ ਸਮਝਦੇ ਹਨ ਤੇ ਇਹੋ ਜਿਹੇ ਫਲ ਨਾ ਉਨ੍ਹਾਂ ਦੇ ਆਪਣੇ ਕੰਮ ਆਉਂਦੇ ਹਨ ਤੇ ਨਾ ਹੀ ਇਹ ਫਲ ਉਨ੍ਹਾਂ ਦੇ ਕੰਮ ਆ ਸਕਦੇ ਹਨ ਜੋ ਉਨ੍ਹਾਂ ਦੇ ਕੋਲੋਂ ਇਹ ਫਲ ਲੱਭਣ ਜਾਂਦੇ ਹਨ ਭਾਵ ਜੋ ਆਪਣੇ ਆਪ ਨੂੰ ਗੁਣੀ ਬਣਾ ਕੇ ਬੈਠੇ ਹਨ ਉਹ ਆਪ ਹੀ ਭੁੱਲੇ ਹੋਏ ਹਨ ਤੇ ਉਨ੍ਹਾਂ ਕੋਲੋਂ ਇਹੋ ਜਿਹੇ ਗੁਣ ਜੋ ਲੈਣ ਜਾਂਦੇ ਹਨ, ਸਿੱਖਣ ਜਾਂਦੇ ਹਨ ਉਹ ਵੀ ਭੁੱਲੇ ਹੋਏ ਹਨ। **(ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥)**

ਅਗਲੀਆਂ ਪੰਗਤੀਆਂ ਰਾਹੀਂ ਇਹੋ ਜਿਹਾ ਆਪਣੇ ਆਪ ਨੂੰ ਉੱਚਾ ਸਮਝਣ ਵਾਲਿਆਂ ਨੂੰ ਅੰਨ੍ਹੇ ਕਿਹਾ ਹੈ, ਅਗਿਆਨੀ ਕਿਹਾ ਹੈ।

“ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥”

ਉੱਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਇਨ੍ਹਾਂ ਸਿੰਮਲ ਰੁੱਖ ਵਾਲਿਆਂ ਨੂੰ ਅੰਧਾ ਕਿਸ ਲਈ ਕਿਹਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਮਾਰਗ, ਭਗਤੀ ਦਾ ਮਾਰਗ ਔਖਾ ਮਾਰਗ ਹੈ ਜਿਸ ਤਰ੍ਹਾਂ ਕਿ ਇੱਕ ਉੱਚੇ ਪਹਾੜ ਤੇ ਚੜ੍ਹਨਾ ਤੇ ਲੰਬਾ ਪਹਾੜੀ ਮਾਰਗ ਤਹਿ ਕਰਨਾ ਔਖਾ ਹੈ। ਜੇਕਰ ਇਹੋ ਜਿਹੇ ਮਾਰਗ ਤੇ ਜਾਣ ਵਾਲੇ ਨੂੰ ਸਿਰ ਤੇ ਭਾਰ ਵੀ ਚੁੱਕਣਾ ਪੈ ਜਾਵੇ ਤਾਂ ਫਿਰ ਇਹ ਮਾਰਗ ਤਹਿ ਕਰਨਾ ਹੋਰ ਵੀ ਔਖਾ ਹੋ ਜਾਂਦਾ ਹੈ ਭਾਵ ਭਾਰ ਚੁੱਕ ਕੇ ਉੱਚੇ ਪਹਾੜ ਤੇ ਨਹੀਂ ਚੜ੍ਹਿਆ ਜਾ ਸਕਦਾ। ਇਹੋ ਜਿਹੇ ਸਿੰਮਲ ਰੁੱਖ ਅਖਵਾਉਣ ਵਾਲਿਆਂ ਨੇ ਆਪਣੇ ਸਿਰ ਤੇ ਉਹੋ ਜਿਹਾ ਭਾਰ ਚੁੱਕਿਆ ਹੋਇਆ ਹੈ ਭਾਵ ਆਪਣੇ ਆਪ ਨੂੰ ਆਪਣੀ ਹਉਮੈ ਦੁਆਰਾ ਇਤਨਾ ਭਾਰਾ ਕੀਤਾ ਹੋਇਆ ਹੈ, ਇਤਨਾ ਵੱਡਾ ਕੀਤਾ ਹੋਇਆ ਹੈ, ਸਿੰਮਲ ਰੁੱਖ ਵਰਗਾ ਵੱਡਾ ਕੀਤਾ ਹੋਇਆ ਹੈ ਜਿਸ ਦੁਆਰਾ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਇਨ੍ਹਾਂ ਦੀ ਹਉਮੈ ਦਾ ਕਾਰਨ, ਵੱਡਾ ਅਖਵਾਉਣ ਦਾ ਕਾਰਨ ਇਨ੍ਹਾਂ ਦਾ ਅੰਧਾ

ਪਨ ਹੈ ਭਾਵ ਮਨ ਦੀ ਅਗਿਆਨਤਾ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਇਹ ਉਨ੍ਹਾਂ ਗੱਲਾਂ ਨੂੰ ਭਗਤੀ ਸਮਝਦੇ ਹਨ, ਆਪਣੇ ਗੁਣ ਸਮਝਦੇ ਹਨ, ਫਲ ਵਾਲੇ ਸਮਝਦੇ ਹਨ ਜੋ ਕਿ ਅਸਲ ਵਿੱਚ ਭਗਤੀ ਦਾ ਮਾਰਗ ਨਹੀਂ ਹੈ ਤੇ ਇਨ੍ਹਾਂ ਗੱਲਾਂ ਨਾਲ ਇਹ ਆਪਣੇ ਆਪ ਨੂੰ ਉੱਚਾ ਸਾਬਿਤ ਕਰਕੇ, ਸਿੰਮਲ ਰੁੱਖ ਵਰਗਾ ਉੱਚਾ ਸਾਬਿਤ ਕਰਕੇ ਝੂਠਾ ਮਾਣ ਲੈਂਦੇ ਹਨ, ਫਲ ਨਾ ਹੁੰਦੇ ਹੋਏ ਵੀ ਫਲ ਵਾਲਾ ਸਮਝਦੇ ਹਨ, ਗੁਣੀਂ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਗੁਣੀ ਸਮਝਦੇ ਹਨ। **(ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥)**

ਇਨ੍ਹਾਂ ਅੰਨ੍ਹਿਆਂ ਨੂੰ ਜਿਸ ਚੀਜ਼ ਦੀ ਲੋੜ ਹੈ, ਜਿਸ ਦੁਆਰਾ ਭਗਤੀ ਕੀਤੀ ਜਾ ਸਕਦੀ ਹੈ ਉਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਗਈ ਹੈ।

“ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥”

ਅੰਨ੍ਹੇ ਮਨੁੱਖ ਨੂੰ ਅੱਖਾਂ ਦੀ ਲੋੜ ਹੁੰਦੀ ਹੈ ਤਾਂ ਜੋ ਉਸਨੂੰ ਚੱਲਣ ਲਈ ਮਾਰਗ ਨਜ਼ਰ ਆ ਸਕੇ। ਪ੍ਰਮਾਤਮਾ ਨੇ ਮਨੁੱਖ ਨੂੰ ਉਹੋ ਜਿਹੀਆਂ ਅੱਖਾਂ ਨਹੀਂ ਦਿੱਤੀਆਂ ਜਿੰਨ੍ਹਾਂ ਦੁਆਰਾ ਅਸੀਂ ਆਪਣੀ ਭਗਤੀ ਦਾ ਮਾਰਗ ਆਪ ਸਮਝ ਸਕੀਏ। ਇਹ ਸਾਡੇ ਮਨ ਦੀਆਂ ਅੱਖਾਂ ਹਨ। ਪ੍ਰਮਾਤਮਾ ਨੇ ਸਾਨੂੰ ਸਭ ਨੂੰ ਤ੍ਰੈਗੁਣਾਂ ਵਾਲੀ ਸੋਝੀ ਦੀਆਂ ਅੱਖਾਂ ਦਿੱਤੀਆਂ ਹੋਈਆਂ ਹਨ। ਭਗਤੀ ਦੇ ਮਾਰਗ ਦੀ ਸੋਝੀ ਚੌਥੇ ਪਦ ਦੇ ਗਿਆਨ ਦੀ ਅੱਖ ਦੁਆਰਾ ਪੈਂਦੀ ਹੈ। ਇਹ ਅੱਖ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸਦੀ ਗੁਰਮਤਿ ਦੇ ਰੂਪ ਵਿੱਚ ਹੈ। ਮਨਮਤਿ ਵਿੱਚ ਰਹਿੰਦੇ ਹੋਏ ਸਾਨੂੰ ਸੱਚੀ ਭਗਤੀ ਦੀ ਸਮਝ ਨਹੀਂ ਲੱਗ ਸਕਦੀ ਤੇ ਇਨ੍ਹਾਂ ਵੱਡਾ ਅਖਵਾਉਣ ਵਾਲਿਆਂ ਨੇ ਆਪਣੀ ਮਨਮਤਿ ਦੁਆਰਾ ਹੀ ਆਪਣੇ ਆਪ ਨੂੰ ਉੱਚਾ ਕੀਤਾ ਹੋਇਆ ਹੈ, ਆਪਣੀ ਹਉਮੈ ਵਧਾਈ ਹੋਈ ਹੈ। ਇਨ੍ਹਾਂ ਨੂੰ ਗੁਰਮਤਿ ਦੀ ਲੋੜ ਹੈ ਪਰ ਉਹ ਗੁਰਮਤਿ ਲੈਣੀ ਇਨ੍ਹਾਂ ਨੂੰ ਚੰਗੀ ਨਹੀਂ ਲੱਗਦੀ ਤੇ ਹਰ ਕੋਈ ਆਪਣੀ ਮਤਿ ਨੂੰ ਹੀ ਉੱਚਾ ਕਰਦਾ ਹੈ ਤੇ ਇਸੇ ਲਈ ਇਹ ਭਗਤੀ ਦੇ ਮਾਰਗ ਤੇ ਨਾ ਆਪ ਚੱਲਦੇ ਹਨ ਤੇ ਨਾ ਹੀ ਕਿਸੇ ਨੂੰ ਸਮਝਾਉਣ ਜੋਗੇ ਹਨ। ਇਹ ਆਪ ਵੀ ਅੰਨ੍ਹੇ ਹਨ, ਅਗਿਆਨਤਾ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਅਗਿਆਨਤਾ ਵਿੱਚ ਰੱਖਦੇ ਹਨ। **(ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥)**

ਜਿਹੋ ਜਿਹੀ ਭਗਤੀ ਆਪ ਕਰਦੇ ਹਨ ਉਹੋ ਜਿਹੀ ਹੀ ਇਹ ਦੂਸਰਿਆਂ ਨੂੰ ਸਿਖਾਉਂਦੇ ਹਨ ਜੋ ਕਿ ਕੇਵਲ ਇਨ੍ਹਾਂ ਦੀਆਂ ਸਿਆਣਪਾਂ ਹੀ ਹਨ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥

ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥”

ਗੁਰਮਤਿ ਸਾਨੂੰ ਪ੍ਰਮਾਤਮਾ ਦੀ ਚਾਕਰੀ ਕਰਨੀ ਹੀ ਸਮਝਾਉਂਦੀ ਹੈ। ਪ੍ਰਮਾਤਮਾ

ਦੀ ਚਾਕਰੀ ਕੇਵਲ ਸੱਚੇ-ਸੁੱਚੇ ਜੀਵਨ ਦੁਆਰਾ ਹੀ ਕੀਤੀ ਜਾ ਸਕਦੀ ਹੈ ਜਿਹੋ ਜਿਹੇ ਜੀਵਨ ਦੁਆਰਾ ਅਸੀਂ ਚੰਗੇ ਕਰਮ ਹੀ ਕਰਦੇ ਹਾਂ, ਸੰਸਾਰ ਵਿੱਚ ਚੰਗਿਆਈਆਂ ਹੀ ਵੰਡਦੇ ਹਾਂ, ਗੁਣੀ ਬਣ ਕੇ ਹੀ ਵਿਚਰਦੇ ਹਾਂ। ਗੁਣ ਉਹ ਹਨ ਜੋ ਸਾਡੇ ਕੋਲੋਂ ਕੇਵਲ ਚੰਗੇ ਕਰਮ ਹੀ ਕਰਵਾਉਂਦੇ ਹਨ। ਗੁਣੀ ਕੇਵਲ ਔਗੁਣਾਂ ਨੂੰ ਛੱਡ ਕੇ ਹੀ ਬਣਿਆ ਜਾ ਸਕਦਾ ਹੈ। ਸੰਸਾਰ ਵਿੱਚ ਆਪਣੀ ਵਿਚਰਨ ਦੁਆਰਾ, ਚੰਗਿਆਈਆਂ ਕਰਨ ਤੋਂ ਇਲਾਵਾ, ਅਸੀਂ ਹੋਰ ਜੋ ਕੁੱਝ ਵੀ ਭਗਤੀ ਦਾ ਤਰੀਕਾ ਸਮਝਦੇ ਹਾਂ ਜਾਂ ਕਰਦੇ ਹਾਂ ਉਹ ਕੇਵਲ ਸਾਡੀਆਂ ਸਿਆਣਪਾਂ ਹੀ ਹਨ, ਚਤੁਰਾਈਆਂ ਹੀ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹੋ ਜਿਹੀਆਂ ਸਿਆਣਪਾਂ ਦੁਆਰਾ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਸਾਡੀ ਸਿਆਣਪ ਕੇਵਲ ਉਹੀ ਹੈ ਜਿਸ ਦੁਆਰਾ ਅਸੀਂ ਸੰਸਾਰ ਵਿੱਚ ਚੰਗੇ ਬਣਕੇ ਵਿਚਰਦੇ ਹਾਂ। **(ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥)**

ਆਸਾ ਮਹਲਾ ੧॥

{ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥
ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ॥੧॥}

(ਅੰਗ ੪੧੨)

ਕਬੀਰ ਜੀ ਗਉੜੀ॥

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥ਰਹਾਉ॥
ਪਰਹਰੁ ਲੋਭੁ ਅਰੁ ਲੋਕਾਚਾਰੁ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ॥੨॥}

(ਅੰਗ ੩੨੪)

ਇਹੋ ਜਿਹੀਆਂ ਸਿਆਣਪਾਂ ਨਾਲ ਜੋ ਆਪ ਵੱਡੇ ਬਣੇ ਬੈਠੇ ਹਨ ਉਹੀ ਕੁੱਝ ਉਹ ਆਪਣੇ ਤੋਤਿਆਂ ਨੂੰ ਭਾਵ ਚੇਲਿਆਂ ਨੂੰ ਸਿਖਾਉਂਦੇ ਹਨ। ਜਿਹੋ ਜਿਹਾ ਰਾਮ ਰਾਮ ਆਪ ਜਪਦੇ ਹਨ ਉਹੋ ਜਿਹਾ ਰਾਮ ਰਾਮ ਆਪਣੇ ਤੋਤਿਆਂ ਨੂੰ ਸਿਖਾਉਂਦੇ ਹਨ। ਇਨ੍ਹਾਂ ਦੇ ਸਿਖਾਏ ਹੋਏ ਚੇਲੇ ਇਨ੍ਹਾਂ ਦੇ ਹੀ ਗੁਣ ਗਾਉਂਦੇ ਹਨ ਤੇ ਇਸੇ ਲਈ ਇਨ੍ਹਾਂ ਨੂੰ ਉੱਪਰ ਸ਼ਬਦ ਵਿੱਚ ਭੁੱਲੇ ਹੋਏ ਕਿਹਾ ਹੈ। **(ਮੈਜਨ ਦੇਖਿ ਭੁਲੰਨ੍ਹਿ॥)**

ਭਗਤੀ ਦੀ ਨਾ ਇਨ੍ਹਾਂ ਨੂੰ ਖ਼ੁਦ ਸਮਝ ਹੈ ਜੋ ਕਿ ਸਾਡੀ ਸੰਸਾਰਿਕ ਸੱਚੀ-ਸੁੱਚੀ ਵਿਚਰਨ ਹੈ ਜੋ ਕਿ ਕੇਵਲ ਔਗੁਣਾਂ ਨੂੰ ਛੱਡ ਕੇ ਹੀ ਹੁੰਦੀ ਹੈ ਨਾ ਕਿ ਕਿਸੇ ਜਪਾਂ ਤਪਾਂ ਦੁਆਰਾ ਜਿਵੇਂ ਕਿ ਸਾਨੂੰ ਉੱਪਰ ਸਮਝਾਇਆ ਹੋਇਆ ਹੈ। **(ਪਰਹਰੁ ਲੋਭੁ ਅਰੁ ਲੋਕਾਚਾਰੁ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ॥੨॥)** ਜੋ ਭਗਤੀ ਦਾ ਅਸਲ ਮਾਰਗ ਹੈ, ਨਾਮ ਜਪਣ ਦਾ ਅਸਲ ਮਾਰਗ ਹੈ ਭਾਵ ਔਗੁਣ ਛੱਡਣ ਦਾ ਮਾਰਗ ਹੈ ਉਸਨੂੰ ਇਹ ਸਿੰਮਲ ਰੁੱਖ ਵਰਗੇ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹੋਏ ਕੇਵਲ ਇੱਕ

ਪ੍ਰਹੇਜ ਮਾਤਰ ਸਮਝਾਉਂਦੇ ਹਨ ਜਿਸ ਦੁਆਰਾ ਉਹ ਆਪਣੇ ਚੇਲਿਆਂ ਨੂੰ ਮਾੜੇ ਕਰਮ ਕਰੀ ਜਾਣ ਦਾ ਉਤਸ਼ਾਹ ਹੀ ਦਿੰਦੇ ਹਨ ਕਿ ਔਗੁਣਾਂ ਨੂੰ ਛੱਡਣ ਦੀ ਕੋਈ ਖਾਸ ਲੋੜ ਨਹੀਂ ਹੈ। ਇਹ ਸਮਾਜ ਵਿੱਚ ਕਿਤਨੀ ਵੱਡੀ ਬੁਰਿਆਈ ਫੈਲਾ ਰਹੇ ਹਨ ਤੇ ਗੁਰਬਾਣੀ ਦੇ ਉਲਟ ਪ੍ਰਚਾਰ ਕਰ ਰਹੇ ਹਨ ਇਸ ਦਾ ਅੰਦਾਜ਼ਾ ਹਰ ਕੋਈ ਲਾ ਸਕਦਾ ਹੈ। ਭ੍ਰਿਸ਼ਟਾਚਾਰ ਕਰਕੇ ਸਾਰਾ ਸਮਾਜ ਦੁਖੀ ਹੈ, ਸਿੱਖ ਜਗਤ ਵੀ ਇਸ ਰੋਗ ਨਾਲ ਬੁਰੀ ਤਰ੍ਹਾਂ ਗ੍ਰਸਤ ਹੈ ਤੇ ਧਰਮ ਦੇ ਇਹ ਝੂਠੇ ਠੇਕੇਦਾਰ ਅੱਗ ਵਿੱਚ ਤੇਲ ਪਾਉਣ ਦਾ ਕੰਮ ਕਰਦੇ ਹਨ। ਗੁਰੂ ਸਾਹਿਬ ਨੇ ਐਵੇਂ ਹੀ ਇਨ੍ਹਾਂ ਨੂੰ ਨਿਲੱਜ ਨਹੀਂ ਕਿਹਾ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਮਾੜੇ ਕਿਹਾ ਹੈ ਕਿਉਂਕਿ ਇਹ ਸਾਨੂੰ ਮਾੜੇ ਕਰਮਾਂ ਵੱਲ ਹੀ ਤੋਰਦੇ ਹਨ, ਝੂਠੀ ਭਗਤੀ ਵੱਲ ਹੀ ਤੋਰਦੇ ਹਨ।

ਨਾਮ ਦਾ ਪੁੱਠਾ ਪਾਠ ਪੜ੍ਹਾ ਕੇ ਇਹ ਸਭ ਨੂੰ ਮਾੜੇ ਪਾਸੇ ਹੀ ਤੋਰਦੇ ਹਨ ਜਿਸ ਕਰਕੇ ਅਸੀਂ ਅੱਜ ਗੁਰਮਤਿ ਤੋਂ ਵਾਂਝੇ ਹਾਂ। ਸੰਸਾਰ ਵਿੱਚ ਚੰਗਿਆਈਆਂ ਅਸੀਂ ਤਾਂ ਹੀ ਵੰਡ ਸਕਦੇ ਹਾਂ ਜੇਕਰ ਸਾਨੂੰ ਨਾਮ ਦੀ ਸਮਝ ਹੈ, ਗੁਰਮਤਿ ਦੀ ਸਮਝ ਹੈ। ਆਪਣੇ

ਅੰਦਰ ਨਾਮ ਦੀ ਸੰਭਾਲ ਕਰਨ ਨਾਲ ਹੀ, ਔਗੁਣ ਰੂਪ ਚੋਰਾਂ ਤੋਂ ਬਚਾਅ ਕੇ ਰੱਖਣ ਨਾਲ ਹੀ ਅਸੀਂ ਚੰਗੇ ਕਰਮ ਕਰ ਸਕਦੇ ਹਾਂ। ਬੰਧਨ ਦੇ ਵਿੱਚੋਂ, ਮਾਇਆ ਮੋਹ ਦੇ ਬੰਧਨ ਦੇ ਵਿੱਚੋਂ ਸਾਨੂੰ ਨਾਮ ਦੀ ਮਤਿ ਨੇ ਹੀ ਕੱਢਣਾ ਹੈ, ਸਾਡੇ ਚੰਗੇ ਕਰਮਾਂ ਨੇ ਹੀ ਕਢਣਾ ਹੈ ਤੇ ਇਸੇ ਲਈ ਸਾਨੂੰ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜੇ ਰਹਿਣਾ ਚਾਹੀਦਾ ਹੈ, ਧਰਮ ਦੇ ਸੱਚੇ ਠੇਕੇਦਾਰ ਦੀ ਮਤਿ ਦੇ ਨਾਲ ਜੁੜੇ ਰਹਿਣਾ ਚਾਹੀਦਾ ਹੈ ਜਿਸ ਦੁਆਰਾ ਅਸੀਂ ਭਗਤੀ ਦੇ ਔਖੇ ਮਾਰਗ ਨੂੰ ਵੀ ਤਹਿ ਕਰ ਸਕਦੇ ਹਾਂ। **(ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥)**

ਸਿੰਮਲ ਰੁੱਖ ਦੇ ਭਾਵ ਨੂੰ ਸਮਝ ਕਿ ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ ਹੁਣ ਸਾਨੂੰ ਮੁੱਖ ਸ਼ਬਦ ਨੂੰ ਸਮਝਣ ਵਿੱਚ ਆਸਾਨੀ ਹੋਵੇਗੀ। **(ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥)**

ਜਿੰਨ੍ਹਾਂ ਨੂੰ ਅਸੀਂ ਸਿੰਮਲ ਰੁੱਖ ਵਰਗਾ ਉੱਚਾ ਥਾਪ ਲੈਂਦੇ ਹਾਂ ਅਸੀਂ ਇਹ ਸਮਝ ਕੇ ਹੀ ਥਾਪਦੇ ਹਾਂ ਕਿ ਇਨ੍ਹਾਂ ਨੂੰ ਪ੍ਰਮਾਤਮਾ ਦੀ ਮਿੱਠਤ, ਪ੍ਰਮਾਤਮਾ ਦੀ ਮਿਠਾਸ ਮਿਲੀ ਹੋਈ ਹੈ ਭਾਵ ਇਹ ਪ੍ਰਮਾਤਮਾ ਦੇ ਨਾਲ ਮਿਲੇ

21/2341

ਹੋਏ ਹਨ, ਇਨ੍ਹਾਂ ਤੇ ਪ੍ਰਮਾਤਮਾ ਦੀ ਕ੍ਰਿਪਾ ਹੋਈ ਹੋਈ ਹੈ ਪਰ ਸਾਡਾ ਇਹ ਭੁਲੇਖਾ ਅਗਲੀ ਪੰਗਤੀ ਰਾਹੀਂ ਕੱਢਿਆ ਹੋਇਆ ਹੈ।

“ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥”

ਪ੍ਰਮਾਤਮਾ ਆਪਣੀ ਮਿਠਾਸ, ਆਪਣੀ ਮਿੱਠੀ ਦਾਤਿ ਉਸਨੂੰ ਦਿੰਦਾ ਹੈ ਜੋ ਆਪਣੇ ਆਪ ਨੂੰ ਨੀਵਾਂ ਕਰਦਾ ਹੈ, ਉਸਦੀ ਗੁਰਮਤਿ ਦੇ ਅੱਗੇ ਆਪਣੇ ਆਪ ਨੂੰ ਨੀਵਾਂ ਕਰਦਾ ਹੈ, ਉਸਦੀ ਗੁਰਮਤਿ ਦੇ ਅੱਗੇ ਝੁਕਦਾ ਹੈ। ਜਿਸਦੇ ਅੰਦਰ ਹਉਮੈ ਹੈ ਉਹ ਪ੍ਰਮਾਤਮਾ ਤੋਂ ਦੂਰ ਹੈ, ਨਾਮ ਤੋਂ ਦੂਰ ਹੈ। ਜੋ ਆਪਣੇ ਆਪ ਨੂੰ ਸਿੰਮਲ ਰੁੱਖ ਵਰਗਾ ਉੱਚਾ ਥਾਪਦੇ ਹਨ ਉਹ ਆਪਣੇ ਅੰਦਰ ਦੀ ਹਉਮੈ ਦਾ ਹੀ ਪ੍ਰਗਟਾਵਾ ਕਰਦੇ ਹਨ ਭਾਵ ਆਪਣੀ ਮਨਮਤਿ ਦੁਆਰਾ ਆਪਣੇ ਆਪ ਨੂੰ ਉੱਚਾ ਥਾਪਦੇ ਹਨ, ਭਗਤੀ ਦੇ ਉਨ੍ਹਾਂ ਤਰੀਕਿਆਂ ਦੁਆਰਾ ਆਪਣੇ ਆਪ ਨੂੰ ਉੱਚਾ ਥਾਪਦੇ ਹਨ ਜੋ ਗੁਰਮਤਿ ਅਨੁਸਾਰ ਨਹੀਂ ਹੈ। ਜੋ ਹਉਮੈ ਦਾ ਭਰਿਆ ਹੋਇਆ ਹੈ, ਮਨਮਤਿ ਦਾ ਭਰਿਆ ਹੋਇਆ ਹੈ ਉੱਥੇ ਪ੍ਰਮਾਤਮਾ ਦੀ ਮਿੱਠਤ, ਪ੍ਰਮਾਤਮਾ ਦੀ ਕ੍ਰਿਪਾ ਕਦੇ ਨਹੀਂ ਹੋ ਸਕਦੀ, ਉਸਦੇ ਨਾਲ ਮੇਲ ਕਦੇ ਨਹੀਂ ਹੋ ਸਕਦਾ। ਮਨੁੱਖ ਦਾ ਸਭ ਤੋਂ ਵੱਡਾ ਗੁਣ ਗੁਰਮਤਿ ਦੇ ਅੱਗੇ ਨੀਵੇਂ ਹੋਣ ਦਾ ਹੈ, ਗੁਰਮਤਿ ਦੇ ਅੱਗੇ ਝੁਕਣ ਦਾ ਹੈ ਜੋ ਕਿ ਅਸਲ ਵਿੱਚ ਸਾਡਾ ਗੁਰੂ ਹੈ। ਮਨੁੱਖ ਚੰਗਿਆਈਆਂ ਤਾਂ ਹੀ ਕਰ ਸਕਦਾ ਹੈ ਭਾਵ ਚੰਗੇ ਕਰਮ ਤਾਂ ਹੀ ਕਰ ਸਕਦਾ ਹੈ ਜੋ ਗੁਰਮਤਿ ਦੇ ਅੱਗੇ ਝੁਕ ਕੇ ਚੱਲਦਾ ਹੈ ਭਾਵ ਉਹੀ ਕੁੱਝ ਕਰਦਾ ਹੈ ਜੋ ਗੁਰਮਤਿ ਕਹਿੰਦੀ ਹੈ। ਗੁਰਮਤਿ ਅੱਗੇ ਨੀਵਾਂ ਹੋਣ ਦਾ ਗੁਣ ਹੀ ਸਾਡੀਆਂ ਸਾਰੀਆਂ ਚੰਗਿਆਈਆਂ ਦਾ ਤੱਤ ਹੈ, ਸਾਰ ਹੈ। ਗੁਰਮਤਿ ਅੱਗੇ ਅਸੀਂ ਤਾਂ ਹੀ ਝੁਕ ਸਕਦੇ ਹਾਂ, ਨੀਵੇਂ ਹੋ ਸਕਦੇ ਹਾਂ ਜੇਕਰ ਮਨਮਤਿ ਛੱਡ ਦੇਈਏ। ਮਨਮਤਿ ਛੱਡਣ ਵਾਲਾ ਮਨੁੱਖ ਕਦੇ ਆਪਣੇ ਆਪ ਨੂੰ ਉੱਚਾ ਨਹੀਂ ਥਾਪ ਸਕਦਾ, ਆਪਣੇ ਆਪ ਨੂੰ ਸੰਤ, ਬ੍ਰਹਮਗਿਆਨੀ ਆਦਿ ਨਹੀਂ ਅਖਵਾ ਸਕਦਾ ਕਿਉਂਕਿ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਸੰਤ, ਬ੍ਰਹਮਗਿਆਨੀ ਪ੍ਰਮਾਤਮਾ ਆਪ ਹੀ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਇਸੇ ਲਈ ਗੁਰਬਾਣੀ ਦੇ ਰਚਣ ਵਾਲਿਆਂ ਨੇ ਪ੍ਰਮਾਤਮਾ ਨੂੰ ਹੀ ਸੰਤ ਕਿਹਾ ਹੈ, ਬ੍ਰਹਮਗਿਆਨੀ ਕਿਹਾ ਹੈ, ਬਾਬਾ ਕਿਹਾ ਹੈ ਤੇ ਆਪਣੇ ਆਪ ਨੂੰ ਉੱਚਾ ਨਹੀਂ ਕਿਹਾ ਤੇ ਹਰ ਗੱਲ ਦੀ ਸ਼ੋਭਾ ਪ੍ਰਮਾਤਮਾ ਨੂੰ ਹੀ ਦਿੱਤੀ ਹੈ ਕਿਉਂਕਿ ਉਹ ਪ੍ਰਮਾਤਮਾ ਨੂੰ ਜਾਣਦੇ ਹਨ ਤੇ ਇਸੇ ਲਈ ਉਸਦਾ ਆਪਣਾ ਰੂਪ ਹਨ। ਆਪਣੇ ਆਪ ਨੂੰ ਉੱਚਾ ਉਹੀ ਦੱਸਦਾ ਹੈ, ਝੂਠੀ ਵਡਿਆਈ ਉਹੀ ਲੈਂਦਾ ਹੈ ਜੋ ਪ੍ਰਮਾਤਮਾ ਨੂੰ ਨਹੀਂ ਜਾਣਦਾ। ਸੱਚੀ ਵਡਿਆਈ ਕੇਵਲ ਉਨ੍ਹਾਂ ਦੀ ਹੈ ਜੋ ਅਸਲ ਵਿੱਚ ਪ੍ਰਮਾਤਮਾ ਦਾ ਰੂਪ ਹਨ, ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ ਪੂਰਾ ਜੀਵਨ ਉਹੋ ਜਿਹੀਆਂ ਚੰਗਿਆਈਆਂ ਕਰਕੇ ਬਿਤਾਇਆ ਹੈ ਜੋ ਗੁਰਮਤਿ ਅਨੁਸਾਰ ਹਨ ਭਾਵ ਕੇਵਲ ਗੁਣੀ ਬਣਕੇ ਜੀਵਨ ਬਿਤਾਇਆ ਹੈ, ਕੇਵਲ ਨਾਮ ਦੁਆਰਾ ਵਿਚਰ ਕੇ ਜੀਵਨ ਬਿਤਾਇਆ ਹੈ। **(ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥)**

ਨੀਵਾਂ ਹੋਣਾ ਕੀ ਹੈ ਤੇ ਅਸੀਂ ਨੀਵਾਂ ਕਿਸ ਤਰੀਕੇ ਨਾਲ ਹੁੰਦੇ ਹਾਂ ਇਹ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

21/2342

“ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥”

ਮੱਥਾ ਤਾਂ ਹਰ ਕੋਈ ਗੁਰੂ ਦੇ ਅੱਗੇ ਹੀ ਟੇਕਦਾ ਹੈ ਭਾਵ ਹਰ ਕੋਈ ਗੁਰੂ ਦੇ ਅੱਗੇ ਹੀ ਨਿਉਂਦਾ ਹੈ ਪਰ ਗੁਰੂ ਦੇ ਅੱਗੇ ਨੀਵਾਂ ਹੋਣਾ ਕੀ ਹੈ, ਨੀਵਾਂ ਹੋਣ ਦਾ ਅਸਲ ਮਕਸਦ ਕੀ ਹੈ ਇਹੀ ਗੱਲ ਸਾਨੂੰ ਉੱਪਰ ਸਮਝਾਈ ਗਈ ਹੈ। ਮਨੁੱਖ ਸੁਆਰਥੀ ਹੈ ਤੇ

ਅਸੀਂ ਆਪਣਾ ਸੁਆਰਥ ਪੂਰਾ ਕਰਨ ਲਈ ਹੀ, ਆਪਣੀ ਸ਼ਰਧਾ ਪ੍ਰਗਟ ਕਰਨ ਲਈ ਹੀ ਗੁਰੂ ਦੇ ਅੱਗੇ ਝੁਕਦੇ ਹਾਂ। **(ਸਭੁ ਕੋ ਨਿਵੈ ਆਪ ਕਉ)** ਸਾਡਾ ਗੁਰੂ ਦੇ ਅੱਗੇ ਝੁਕਣਾ ਉਹ ਹੈ ਜਦੋਂ ਅਸੀਂ ਉਸਦੀ ਗੁਰਮਤਿ ਦੇ ਅੱਗੇ ਝੁਕਦੇ ਹਾਂ ਜੋ ਸਾਨੂੰ ਸਾਡੇ ਸੁਆਰਥੀਪਨ ਤੋਂ ਦੂਰ ਕਰਦੀ ਹੈ। ਆਪਣੇ ਸੁਆਰਥੀਪਨ ਨਾਲ ਅਸੀਂ ਆਪਣੀ ਮਨਮਤਿ ਨੂੰ ਹੀ ਉੱਚਾ ਕਰਦੇ ਹਾਂ ਜਿਸ ਨਾਲ ਗੁਰਮਤਿ ਉੱਚੀ ਨਹੀਂ ਹੁੰਦੀ। ਗੁਰਮਤਿ ਉਦੋਂ ਉੱਚੀ ਹੁੰਦੀ ਹੈ ਜਦੋਂ ਮਨਮਤਿ ਨੀਵੀਂ ਹੋ ਜਾਂਦੀ ਹੈ। ਗੁਰੂ ਨੂੰ ਮੱਥਾ ਟੇਕਣ ਦਾ ਮਕਸਦ ਆਪਣੀ ਮਨਮਤਿ ਨੂੰ ਨੀਵਾਂ ਕਰਨ ਦਾ ਹੈ, ਆਪਣਾ ਸੁਆਰਥੀਪਨ ਛੱਡਣ ਦਾ ਹੈ। ਗੁਰਮਤਿ ਦਾ ਮਕਸਦ ਸਾਨੂੰ ਚੰਗਿਆਈਆਂ ਦੇ ਨਾਲ ਜੋੜਨ ਦਾ ਹੈ, ਸੰਸਾਰ ਵਿੱਚ ਚੰਗਿਆਈਆਂ ਵੰਡਣ ਦਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਆਪਣਾ ਸੁਆਰਥ ਛੱਡ ਕੇ ਦੂਸਰਿਆਂ ਦੇ ਕੰਮ ਆਈਏ, ਪਰਉਪਕਾਰੀ ਬਣੀਏ ਭਾਵ ਸਮਾਜ ਦੇ ਕੰਮ ਆਈਏ। ਇਹ ਕੁੱਝ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਗੁਰਮਤਿ ਨੂੰ ਆਪਣੇ ਅੰਦਰ ਵਸਾਉਂਦੇ ਹਾਂ, ਗੁਰੂ ਦੇ ਗੁਣਾਂ ਨੂੰ ਆਪਣੇ ਅੰਦਰ ਵਸਾਉਂਦੇ ਹਾਂ ਤੇ ਔਗੁਣ ਰਹਿਤ ਹੋ ਕੇ ਸੱਚੇ-ਸੁੱਚੇ ਇਨਸਾਨ ਬਣ ਕੇ ਵਿਚਰਦੇ ਹਾਂ। ਹਰ ਕੋਈ ਗੁਰੂ ਅੱਗੇ ਆਪਣੇ ਸੁਆਰਥ ਲਈ ਹੀ ਝੁਕਦਾ ਹੈ ਪਰ ਉਸਦਾ ਅਸਲ ਮਕਸਦ ਜੋ ਕਿ ਦੂਸਰਿਆਂ ਦੇ ਕੰਮ ਆਉਣ ਦਾ ਹੈ, ਆਪਣੇ ਆਪ ਨੂੰ ਸੱਚੇ-ਸੁੱਚੇ ਬਣਾਉਣ ਦਾ ਹੈ, ਉਸ ਮਕਸਦ ਤੋਂ ਹਰ ਕੋਈ ਦੂਰ ਹੀ ਰਹਿੰਦਾ ਹੈ।

21/2342-1

ਜਿਹੋ ਜਿਹੀ ਭਗਤੀ ਕਰਨ ਹਰ ਕੋਈ ਲੱਗਾ ਹੋਇਆ ਹੈ ਉਹ ਸਾਰੇ ਸਾਡੇ ਭਗਤੀ ਦੇ ਦਿਖਾਵੇ ਹੀ ਹਨ ਜਿੰਨ੍ਹਾਂ ਨਾਲ ਅਸੀਂ ਆਪਣਾ ਮਨੋਰਥ ਹੀ ਪੂਰਾ ਕਰਦੇ ਹਾਂ ਭਾਵ ਆਪਣੀ ਵਡਿਆਈ ਉੱਚੀ ਕਰਦੇ ਹਾਂ ਜਿਸ ਕਰਕੇ ਸਾਨੂੰ ਲੋਕ ਵਡਿਆਈਆਂ ਦਿੰਦੇ ਹਨ ਜਿਵੇਂ ਕਿ ਅਸੀਂ ਪਿੱਛੇ ਇਨ੍ਹਾਂ ਗੱਲਾਂ ਨੂੰ ਸਮਝਦੇ ਆ ਰਹੇ ਹਾਂ। ਆਪਣੇ ਆਪ ਨੂੰ ਸਿੰਮਲ ਰੁੱਖ ਬਣਾ ਕੇ ਅਸੀਂ ਆਪਣਾ ਮਨੋਰਥ ਹੀ ਪੂਰਾ ਕਰਦੇ ਹਾਂ।

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥}

(ਅੰਗ ੫੯)

ਜਦ ਤੱਕ ਗੁਰੂ ਦੀ ਮਤਿ ਦੁਆਰਾ, ਉਸਦੇ ਸ਼ਬਦ ਦੁਆਰਾ ਆਪਣੇ ਆਪ ਨੂੰ ਚੀਨਦੇ ਨਹੀਂ, ਸਮਝਾਉਂਦੇ ਨਹੀਂ ਤੇ ਕੇਵਲ ਸ਼ਬਦ ਨੂੰ ਕਹਿਣ ਸੁਣਨ ਵਿੱਚ ਹੀ ਲੱਗੇ ਰਹਿੰਦੇ ਹਾਂ ਇਹੋ ਜਿਹਾ ਕਰਨ ਦੁਆਰਾ ਅਸੀਂ ਦੁਨੀਆਂ ਦੀਆਂ ਨਜ਼ਰਾਂ ਵਿੱਚ ਜਰੂਰ ਉੱਚੇ ਬਣ ਜਾਂਦੇ ਹਾਂ ਪਰ ਇਸ ਨਾਲ ਭਗਤੀ ਦਾ ਮਕਸਦ ਪੂਰਾ ਨਹੀਂ ਹੁੰਦਾ। ਸਾਡੀ ਕਦਰ ਇਹੋ ਜਿਹੀ ਭਗਤੀ ਦੇ ਦਿਖਾਵਿਆਂ ਦੁਆਰਾ ਹੀ ਪੈਂਦੀ ਹੈ ਜਿਸ ਦੁਆਰਾ ਅਸੀਂ ਉੱਚੇ ਬਣਦੇ ਹਾਂ ਜੋ ਕਿ ਕੇਵਲ ਆਪਣੀ ਹਉਮੈ ਉੱਚੀ ਕਰਨ ਵਾਲੀ ਗੱਲ ਹੈ, ਮਨਮਤਿ ਉੱਚੀ ਕਰਨ ਵਾਲੀ ਗੱਲ ਹੈ।

{ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥
ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥}

(ਅੰਗ ੧੨੩੯)

ਹਰ ਕੋਈ ਜਪ ਤਪ ਦੀ ਅੰਨ੍ਹੀ ਦੌੜ ਵਿੱਚ ਹੀ ਲੱਗਾ ਹੋਇਆ ਹੈ ਤੇ ਆਪਣੇ ਆਪ ਨੂੰ ਉੱਚਾ ਕਰਨ ਵਿੱਚ ਲੱਗਾ ਹੋਇਆ ਹੈ। ਪ੍ਰਮਾਤਮਾ ਦੀ ਤਾਂ ਇਸ ਵਿੱਚ ਕੋਈ ਸਿਫ਼ਤ ਸਾਲਾਹ ਨਹੀਂ ਹੁੰਦੀ ਪਰ ਉਨ੍ਹਾਂ ਦੀ ਆਪਣੀ ਸਿਫ਼ਤ ਜਰੂਰ ਹੋਣ ਲੱਗ ਪੈਂਦੀ ਹੈ।

{ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥}

(ਅੰਗ ੯)

ਆਪਣੇ ਆਪ ਨੂੰ ਵੱਡੇ ਅਖਵਾ ਕੇ ਆਪਣੀ ਵਡਿਆਈ ਹੀ ਹੁੰਦੀ ਹੈ ਪਰ ਉਸ ਪ੍ਰਮਾਤਮਾ ਦੀ ਵਡਿਆਈ ਤਿਲ ਜਿੰਨੀ ਵੀ ਨਹੀਂ ਹੁੰਦੀ। ਸੁਰਤੀਆਂ ਸਮਾਧੀਆਂ ਲਗਾ ਕੇ ਆਪਣੀ ਕੀਮਤ ਹੀ ਪੈਂਦੀ ਹੈ ਕਿਉਂਕਿ ਸਮਾਜ ਵਿੱਚ ਸਾਡੀ ਇਨ੍ਹਾਂ ਗੱਲਾਂ ਨਾਲ ਹੀ ਕੀਮਤ ਪੈਂਦੀ ਹੈ ਕਿਉਂਕਿ ਲੋਕੀ ਇਨ੍ਹਾਂ ਗੱਲਾਂ ਨੂੰ ਹੀ ਭਗਤੀ ਸਮਝਦੇ ਹਨ। ਉਸ ਪ੍ਰਮਾਤਮਾ ਦੇ ਅੱਗੇ ਅਸਲ ਨਿਉਣਾ ਕੀ ਹੈ,

ਉਸਦੀ ਅਸਲ ਭਗਤੀ ਕੀ ਹੈ ਇਸ ਗੱਲ ਦੀ ਕਿਸੇ ਨੂੰ ਸੋਝੀ ਨਹੀਂ ਹੈ। **(ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥)**

ਰਾਮਕਲੀ ਮਹਲਾ ੧॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥
ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥੧॥}

(ਅੰਗ ੮੭੮)

ਉੱਪਰ ਵਾਲੇ ਇਸ ਸ਼ਬਦ ਨੂੰ ਅਸੀਂ ਪਿੱਛੇ ਪਹਿਲੇ ਹੀ ਬਰੀਕੀ ਨਾਲ ਸਮਝਿਆ ਹੋਇਆ ਹੈ। ਜੇਕਰ ਸਾਨੂੰ ਗੁਰੂ ਅੱਗੇ ਨਿਵਣ ਦੀ ਸਮਝ ਹੈ ਤਾਂ ਫਿਰ ਸਾਨੂੰ ਇਹ ਵੀ ਸਮਝ ਪੈ ਜਾਵੇਗੀ ਕਿ ਗੁਰੂ ਦੀਆਂ ਨਜ਼ਰਾਂ ਵਿੱਚ ਭਾਰਾ ਤੋਲ ਕਿਸ ਦਾ ਹੈ, ਗੁਰੂ ਦੀਆਂ ਨਜ਼ਰਾਂ ਵਿੱਚ ਉੱਚਾ ਕੌਣ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥"

ਇਹ ਤੋਲ ਮਨਮਤਿ ਤੇ ਗੁਰਮਤਿ ਦਾ ਹੀ ਹੈ ਕਿ ਸਾਡੇ ਅੰਦਰ ਮਨਮਤਿ ਕਿਤਨੀ ਹੈ ਤੇ ਗੁਰਮਤਿ ਕਿਤਨੀ ਹੈ। ਪ੍ਰਮਾਤਮਾ ਦੇ ਤਰਾਜੂ ਵਿੱਚ ਅਸੀਂ ਇਸ ਤੋਲ

ਦੁਆਰਾ ਹੀ ਤੁਲਦੇ ਹਾਂ। ਜਦ ਤੱਕ ਸਾਡੇ ਅੰਦਰ ਮਨਮਤਿ ਉੱਚੀ ਹੈ ਤਾਂ ਫਿਰ ਗੁਰਮਤਿ ਨੀਵੀਂ ਹੈ। ਮਨਮਤਿ ਹਉਮੈ ਹੈ ਤੇ ਗੁਰਮਤਿ ਨਾਮ ਹੈ। ਗੁਰਮਤਿ ਸੱਚ ਹੈ, ਮਨਮਤਿ ਝੂਠ ਹੈ। ਜਿਸਦੇ ਅੰਦਰ ਜਿਤਨੀ ਮਨਮਤਿ ਜ਼ਿਆਦਾ ਹੈ ਉਤਨੀ ਗੁਰਮਤਿ ਘੱਟ ਹੈ, ਜਿਤਨੀ ਹਉਮੈ ਜਿਆਦਾ ਹੈ ਉਤਨਾ ਹੀ ਉਹ ਨਾਮ ਤੋਂ ਦੂਰ ਹੈ, ਜਿਤਨਾ ਜਿਆਦਾ ਸਾਡੇ ਅੰਦਰ ਝੂਠ ਹੈ ਉਤਨਾ ਹੀ ਅਸੀਂ ਸੱਚ ਤੋਂ ਦੂਰ ਹਾਂ।

ਅਸੀਂ ਆਪਣੇ ਮਨ ਨੂੰ ਗੁਰਮਤਿ ਦੁਆਰਾ ਹੀ ਨੀਵਾਂ ਕਰ ਸਕਦੇ ਹਾਂ, ਨਾਮ ਦੁਆਰਾ, ਸੱਚ ਦੁਆਰਾ ਹੀ ਨੀਵਾਂ ਕਰ ਸਕਦੇ ਹਾਂ। ਜਿਤਨੀ ਸਾਡੇ ਅੰਦਰ ਮਨਮਤਿ ਨੀਵੀਂ ਹੋਵੇਗੀ ਉਤਨਾ ਹੀ ਤਰਾਜੂ ਦਾ ਪਲੜਾ ਨੀਵਾਂ ਹੁੰਦਾ ਜਾਵੇਗਾ ਜਿਸ ਦੁਆਰਾ ਗੁਰਮਤਿ ਉੱਚੀ ਹੁੰਦੀ ਜਾਵੇਗੀ ਭਾਵ ਜਿਉਂ ਜਿਉਂ ਸਾਡੇ ਅੰਦਰ ਗੁਰਮਤਿ ਵੱਸੇਗੀ, ਜਿਉਂ ਜਿਉਂ ਸਾਡੀ ਮਨਮਤਿ ਨੂੰ ਦੂਰ ਕਰੇਗੀ ਸਾਡੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੀਮਤ ਪਵੇਗੀ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਹੀ ਭਾਰਾ ਹੈ ਜਿਸਨੇ ਆਪਣੇ ਆਪ ਨੂੰ ਗੁਰਮਤਿ ਦੁਆਰਾ ਨੀਵਾਂ ਕੀਤਾ ਹੋਇਆ ਹੈ ਭਾਵ ਗੁਰਮਤਿ ਨੂੰ ਉੱਚਾ ਕਰਕੇ ਮਨਮਤਿ ਨੂੰ ਨੀਵਾਂ ਕੀਤਾ ਹੈ। ਜਿੱਥੇ ਪ੍ਰਮਾਤਮਾ ਆਪਣੀ ਗੁਰਮਤਿ ਦੀ ਪੂਰਨ ਸੋਝੀ ਪਾ ਦਿੰਦਾ ਹੈ ਉੱਥੇ ਫਿਰ ਮਨਮਤਿ ਖ਼ਤਮ ਹੋ ਜਾਂਦੀ ਹੈ, ਹਉਮੈ ਖ਼ਤਮ ਹੋ ਜਾਂਦੀ ਹੈ, ਝੂਠ ਵਾਲੀ ਬਿਰਤੀ ਖ਼ਤਮ ਹੋ ਜਾਂਦੀ ਹੈ ਤੇ ਪਿੱਛੇ ਕੇਵਲ ਸੱਚ ਰਹਿ ਜਾਂਦਾ ਹੈ, ਨਾਮ ਰਹਿ ਜਾਂਦਾ ਹੈ, ਗੁਣ ਰਹਿ ਜਾਂਦੇ ਹਨ। ਜਿਸਨੂੰ ਪ੍ਰਮਾਤਮਾ ਭਾਰਾ ਬਣਾਉਂਦਾ ਹੈ, ਉੱਚਾ ਬਣਾਉਂਦਾ ਹੈ, ਆਪਣੇ ਮਾਣ ਦੇ ਯੋਗ ਬਣਾਉਂਦਾ ਹੈ ਉਸਨੂੰ ਇਸ ਤਰੀਕੇ ਹੀ ਬਣਾਉਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਸ ਤਰੀਕੇ "ਗਉਰਾ" ਕੀਤਾ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਗੁਰਮਤਿ ਦੀ ਸੋਝੀ ਪਾਈ ਹੈ, ਸੱਚੀ ਭਗਤੀ ਦੀ ਸੋਝੀ ਪਾਈ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹੋ ਜਿਹੀ ਸੋਝੀ ਨਹੀਂ ਪਾਈ, ਗੁਰਮਤਿ ਨਹੀਂ ਸਮਝਾਈ ਉਨ੍ਹਾਂ ਨੇ ਆਪਣੀ ਮਨਮਤਿ ਦੁਆਰਾ ਹੀ, ਹਉਮੈ ਦੁਆਰਾ ਹੀ ਆਪਣੇ ਆਪ ਨੂੰ ਸਿੰਮਲ ਰੁੱਖ ਵਰਗਾ ਉੱਚਾ ਕੀਤਾ ਹੋਇਆ ਹੈ ਜੋ ਕਿ ਕਿਸੇ ਦਾ ਅਸਲ ਮਕਸਦ, ਭਗਤੀ ਦਾ ਮਕਸਦ ਪੂਰਾ ਨਹੀਂ ਕਰ ਸਕਦੇ ਪਰ ਆਪਣਾ ਮਕਸਦ, ਆਪਣਾ ਸੁਆਰਥ ਜਰੂਰ ਪੂਰਾ ਕਰ ਰਹੇ ਹਨ, ਝੂਠਾ ਮਾਣ ਲੈ ਕੇ ਝੂਠੀਆਂ ਮੌਜਾਂ ਮਾਣ ਰਹੇ ਹਨ। **(ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥)**

ਪ੍ਰਮਾਤਮਾ ਦੇ ਅੱਗੇ ਨਿਵਣ ਦਾ ਅਸਲ ਮਕਸਦ, ਭਗਤੀ ਦਾ ਅਸਲ ਮਕਸਦ, ਗੁਰਮਤਿ ਦਾ ਅਸਲ ਮਕਸਦ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥੧॥"

21/2344

ਗੁਰੂ ਦੇ ਅੱਗੇ ਨਿਵਣ ਦੀ ਸਾਡੀ ਤੁਲਨਾ ਇੱਕ ਸ਼ਿਕਾਰੀ ਦੇ ਨਾਲ ਕੀਤੀ ਹੋਈ ਹੈ ਜਿਸਦਾ ਮਨੋਰਥ ਆਪਣੇ ਸ਼ਿਕਾਰ ਨੂੰ ਮਾਰਨ ਦਾ ਹੁੰਦਾ ਹੈ ਭਾਵ ਆਪਣੇ ਮਨੋਰਥ ਦੀ ਪ੍ਰਾਪਤੀ ਕਰਨ ਦਾ ਹੁੰਦਾ ਹੈ। ਅਸੀਂ ਦੇਖਣ ਨੂੰ ਭਾਵ ਆਪਣੇ ਦਿਖਾਵੇ ਦੁਆਰਾ ਭਾਵੇਂ ਗੁਰੂ ਅੱਗੇ ਜਿਤਨੇ ਮਰਜ਼ੀ ਲੰਬੇ ਪੈ ਕੇ ਮੱਥੇ ਟੇਕੀਏ ਪਰ ਜਦ ਤੱਕ ਸਾਡਾ ਮਨੋਰਥ ਠੀਕ ਨਹੀਂ ਹੈ ਤਦ ਤੱਕ ਇਹੋ ਜਿਹੇ ਦਿਖਾਵੇ ਦਾ ਭਾਵ ਮੱਥੇ ਟੇਕਣ ਦਾ, ਨਿਵਣ ਦਾ ਕੋਈ ਲਾਭ ਨਹੀਂ ਹੈ। ਗੁਰੂ ਅੱਗੇ ਮੱਥਾ ਟੇਕਣ ਦਾ ਮਕਸਦ ਆਪਣੇ ਮਨ ਦੀ ਮਾੜੀ ਬਿਰਤੀ ਨੂੰ ਠੀਕ ਕਰਨ ਦਾ ਹੈ, ਆਪਣੇ ਮਨ ਨੂੰ ਸ਼ੁੱਧ ਕਰਨ ਦਾ ਹੈ, ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ ਪਰ ਮੱਥੇ ਤਾਂ ਅਸੀਂ ਦਿਨ ਰਾਤ ਟੇਕਦੇ ਹਾਂ ਪਰ ਸਾਡੇ ਮਨ ਦੀ ਬਿਰਤੀ ਉਸ ਸ਼ਿਕਾਰੀ ਦੀ ਤਰ੍ਹਾਂ ਹੀ ਹੈ ਭਾਵ ਆਪਣਾ ਮਨੋਰਥ ਪੂਰਾ ਕਰਨ ਲਈ ਹੀ ਹੈ। ਜੇਕਰ ਸਾਨੂੰ ਮੱਥਾ ਟੇਕਣ ਦੀ ਸਮਝ ਹੈ ਫਿਰ ਅਸੀਂ ਮੱਥਾ ਗੁਰਮਤਿ ਨੂੰ ਟੇਕਾਂਗੇ। ਗੁਰਮਤਿ ਨੂੰ ਮੱਥਾ ਸਾਡੀ ਮਨਮਤਿ ਨੇ ਹੀ ਟੇਕਣਾ ਹੈ ਭਾਵ ਮਨਮਤਿ ਨੇ ਗੁਰਮਤਿ ਦੇ ਅੱਗੇ ਨੀਵਾਂ ਹੋਣਾ ਹੈ ਤੇ ਤਾਂ ਹੀ ਸਾਡੇ ਮਨ ਦੇ ਵਿਚਾਰ ਸ਼ੁੱਧ ਹੋ ਸਕਦੇ ਹਨ ਜੋ ਕਿ ਗੁਰੂ ਨੂੰ ਮੱਥਾ ਟੇਕਣ ਦਾ ਮਕਸਦ ਹੈ, ਗੁਰੂ ਦੀ ਬਾਣੀ ਨੂੰ ਪੜ੍ਹਨ, ਸੁਣਨ ਦਾ ਮਕਸਦ ਹੈ। ਇਸ ਮਕਸਦ ਨੂੰ ਸਮਝਣ ਦੀ ਬਜਾਇ ਇਹ ਝੂਠੇ ਠੇਕੇਦਾਰ ਸਾਨੂੰ ਕੇਵਲ ਪੜ੍ਹਨ ਸੁਣਨ ਨਾਲ ਹੀ ਜੋੜਦੇ ਹਨ, ਕਿਸੇ ਅੱਖਰ ਦੇ ਜਪ ਨਾਲ ਜੋੜਦੇ ਹਨ, ਸਰੀਰਕ ਕਿਰਿਆਵਾਂ ਨਾਲ, ਸੁਆਸਾਂ ਦੀਆਂ ਕਿਰਿਆਵਾਂ ਨਾਲ, ਸੁਰਤੀਆਂ ਸਮਾਧੀਆਂ ਲਗਾਉਣ ਦੇ ਨਾਲ ਜੋੜਦੇ ਹਨ, ਵੱਧ ਤੋਂ ਵੱਧ ਬਾਣੀਆਂ ਪੜ੍ਹਨ ਨਾਲ ਜੋੜਦੇ ਹਨ ਤੇ ਇਨ੍ਹਾਂ ਗੱਲਾਂ ਕਰਕੇ ਹੀ ਲੰਬੇ ਲੰਬੇ ਮੱਥੇ ਟੇਕਣ ਦੁਆਰਾ ਹੀ ਆਪਣੇ ਆਪ ਨੂੰ ਉੱਚਾ ਬਣਾਈ ਬੈਠੇ ਹਨ, ਸਿੰਮਲ ਰੁੱਖ ਵਰਗੇ ਬਣਾਈ ਬੈਠੇ ਹਨ ਭਾਵ ਭਗਤੀ ਦੇ ਅਸਲ ਮਕਸਦ ਨੂੰ ਭੁੱਲੇ ਬੈਠੇ ਹਨ ਜੋ ਕਿ ਕੇਵਲ ਤੇ ਕੇਵਲ ਮਨ ਦੇ ਵਿਚਾਰਾਂ ਦੀ ਸ਼ੁੱਧੀ ਹੈ ਜਿਸ ਦੁਆਰਾ ਅਸੀਂ ਸੱਚੇ ਸੁੱਚੇ ਬਣ ਕੇ ਵਿਚਰ ਸਕਦੇ ਹਾਂ। **(ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥੧॥)**

ਆਓ ਹੁਣ ਅਗਲੇ ਸਲੋਕ ਨੂੰ ਵਿਚਾਰੀਏ ਜਿੱਥੇ ਆਪਣੇ ਆਪ ਨੂੰ ਉੱਚਾ ਕਰਨ ਵਾਲਿਆਂ ਦਾ ਪੜਦਾ ਹੀ ਖੋਲ੍ਹਿਆ ਹੋਇਆ ਹੈ ਤੇ ਭਗਤੀ ਦਾ ਅਸਲ ਭਾਵ ਸਮਝਾਇਆ ਹੋਇਆ ਹੈ ਤੇ ਨਾਲ ਹੀ ਇਹ ਸੋਝੀ ਵੀ ਪਾਈ ਹੋਈ ਹੈ ਕਿ ਸਾਨੂੰ ਭਗਤੀ ਦੀ ਸੋਝੀ ਕਿੱਥੋਂ ਲੈਣੀ ਚਾਹੀਦੀ ਹੈ।

ਮਃ ੧॥

“ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥
ਕਹੁ ਨਾਨਕ ਨਿਹਚਉ ਧਿਆਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥੨॥”

(ਅੰਗ ੪੭੦)

21/2345

ਉੱਪਰ ਸਲੋਕ ਰਾਹੀਂ ਉਨ੍ਹਾਂ ਨੂੰ ਮਾੜਾ ਦੱਸਿਆ ਹੈ ਜਿੰਨ੍ਹਾਂ ਨੇ ਆਪਣੇ ਫੋਕਟ ਕਰਮਾਂ ਦੁਆਰਾ ਆਪਣੇ ਆਪ ਨੂੰ ਉੱਚਾ ਬਣਾਇਆ ਹੋਇਆ ਹੈ। ਮਾੜਾ ਹੋਣ ਦੀ ਮਿਸਾਲ ਕਿੰਨ੍ਹਾਂ ਦੀ ਦਿੱਤੀ ਹੋਈ ਹੈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਉਨ੍ਹਾਂ ਨੂੰ ਮਾੜਾ ਕਿਸ ਕਰਕੇ ਕਿਹਾ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਧਰਮ ਦੇ ਦਿਖਾਵੇ ਅਸੀਂ ਕਿਹੋ ਜਿਹੇ ਕਰਦੇ ਹਾਂ ਇਹ ਸਭ ਦੀ ਆਪਣੀ-ਆਪਣੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਅਸਲ ਗੱਲ ਸਾਡੇ ਸੱਚੇ ਜਾਂ ਝੂਠੇ ਹੋਣ ਦੀ ਹੈ। ਜਦ ਤੱਕ ਸਾਡੇ ਅੰਦਰ ਦੀ ਬਿਰਤੀ ਮਾੜੀ ਹੈ, ਝੂਠ ਵਾਲੀ ਹੈ ਤਦ ਤੱਕ ਅਸੀਂ ਜੋ ਵੀ ਆਪਣੇ ਵੱਲੋਂ ਭਗਤੀ ਦੇ ਸ਼ਿੰਗਾਰ ਕਰਦੇ ਹਾਂ ਉਹ ਸਾਰੇ ਸਾਡੇ ਫੋਕਟ ਸ਼ਿੰਗਾਰ ਹੀ ਹਨ ਭਾਵੇਂ ਕੋਈ ਕਿਸ ਰੂਪ ਵਿੱਚ ਵੀ ਕਰਦਾ ਹੈ। ਕੋਈ ਕਿਸ ਅੱਖਰ ਨੂੰ ਜਪਦਾ ਹੈ, ਕਿਸ ਧਰਮ ਗ੍ਰੰਥ ਨੂੰ ਪੜ੍ਹਦਾ ਹੈ ਇਸ ਗੱਲ ਨਾਲ ਕੋਈ ਉੱਚਾ ਨੀਵਾਂ ਜਾਂ ਸੱਚਾ-ਝੂਠਾ ਨਹੀਂ ਹੁੰਦਾ। ਸੱਚ ਵੀ ਸਾਡੇ ਮਨ ਦੀ ਬਿਰਤੀ ਹੈ ਤੇ ਝੂਠ ਵੀ ਸਾਡੇ ਮਨ ਦੀ ਬਿਰਤੀ ਹੈ। ਝੂਠ ਬੋਲਣ ਵਾਲੇ ਦੇ ਸਾਰੇ ਸ਼ਿੰਗਾਰ ਝੂਠੇ ਹਨ ਤੇ ਸੱਚ ਬੋਲਣ ਵਾਲੇ ਨੂੰ ਕਿਸੇ ਸ਼ਿੰਗਾਰ ਕਰਨ ਦੀ ਲੋੜ ਨਹੀਂ ਹੈ, ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। **(ਮੁਖਿ ਝੂਠ ਬਿਭੂਖਣ ਸਾਰੰ॥)**

ਆਓ ਹੁਣ ਉੱਪਰ ਵਾਲੇ ਦੋਨਾਂ ਸਲੋਕਾਂ ਨੂੰ ਜਿੰਨ੍ਹਾਂ ਨੂੰ ਅਸੀਂ ਵਿਚਾਰਿਆ ਹੈ ਉਨ੍ਹਾਂ ਦੇ ਨਾਲ ਜੁੜੀ ਹੋਈ ਪਉੜੀ ਨੂੰ ਵਿਚਾਰੀਏ ਜਿੱਥੇ ਸਲੋਕਾਂ ਦੇ ਭਾਵ ਨੂੰ ਸਪੱਸ਼ਟ ਕੀਤਾ ਹੋਇਆ ਹੈ।

ਪਉੜੀ॥

“ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ॥੧੪॥”

(ਅੰਗ ੪੭੦)

ਹੁਣ ਧਿਆਨ ਨਾਲ ਸਮਝੋ ਕਿ ਉੱਪਰ ਪਉੜੀ ਦੇ ਅੰਦਰੂਨੀ ਭਾਵ ਨੂੰ ਸਮਝਣ ਲਈ ਇਸ ਗੱਲ ਨੂੰ ਸਮਝਣਾ ਬਹੁਤ ਜਰੂਰੀ ਹੈ ਕਿ ਸਾਡੇ ਅੰਦਰ ਦਾ “ਕਪੜੁ” ਰੂਪ ਕੀ ਹੈ ਤੇ ਅੱਗੇ ਜਾਣ ਲਈ ਭਾਵ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਕਿਸ ਗੱਲ ਨੇ ਸਾਡੇ ਕੰਮ ਆਉਣਾ ਹੈ। ਅਸੀਂ ਆਪਣੇ ਭਗਤੀ ਦੇ ਦਿਖਾਵਿਆਂ ਦੁਆਰਾ ਮਨੁੱਖੀ ਰੂਪ ਨੂੰ, ਦੇਹ ਰੂਪ ਨੂੰ ਹੀ ਉੱਚਾ ਕਰਨ ਲੱਗੇ ਹੋਏ ਹਾਂ, ਜਿਸ ਦਾ ਕਾਰਣ ਸਾਡੇ ਮਨ ਦਾ ਕਪੜੁ ਰੂਪ ਹੈ ਭਾਵ ਸਾਡੀ ਸਮਝ ਦੇ ਕੱਪੜੇ ਦਾ ਰੂਪ ਹੈ ਜਿਸ ਕਪੜੁ ਰੂਪ ਨੂੰ ਅਸੀਂ ਸੁਹਾਉਣਾ ਰੂਪ ਸਮਝਦੇ ਹਾਂ ਭਾਵ ਚੰਗਾ ਰੂਪ ਸਮਝਦੇ ਹਾਂ ਭਾਵ ਆਪਣੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਨੂੰ ਜੋ ਸਾਨੂੰ ਮਾਇਆ ਮੋਹ ਦੇ ਪਦਾਰਥਾਂ ਨਾਲ ਜੋੜਕੇ ਰੱਖਦੀ ਹੈ ਉਸ ਸਮਝ ਨੂੰ ਅਸੀਂ ਆਪਣੀ ਸੁਹਾਵਣੀ ਸਮਝ ਮੰਨਦੇ ਹਾਂ ਕਿਉਂਕਿ ਮਾਇਆ ਦੇ ਪਦਾਰਥ ਹੀ ਸਭ ਨੂੰ ਸੁਹਾਉਂਦੇ ਹਨ ਭਾਵ ਸਭ ਨੂੰ ਚੰਗੇ ਲੱਗਦੇ ਹਨ ਜਿੰਨ੍ਹਾਂ ਮਾਇਆ ਦੇ ਪਦਾਰਥਾਂ ਨੂੰ ਹਰ ਕੋਈ ਦੁਨੀਆ ਵਿੱਚ, ਸੰਸਾਰ ਵਿੱਚ ਛੱਡਕੇ ਇੱਥੋਂ ਚਲਾ ਜਾਂਦਾ ਹੈ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬਿਨ੍ਹਾਂ ਜਾਣੇ ਹੀ ਸੰਸਾਰ ਤੋਂ ਚਲਾ ਜਾਂਦਾ ਹੈ ਭਾਵ ਸਰੀਰ ਨੂੰ ਆਪਣਾ ਸਮਝ ਕੇ ਤਿਆਗ ਦਿੰਦਾ ਹੈ ਭਾਵ ਭਰਮ ਵਿੱਚ ਹੀ ਸੰਸਾਰ ਤੋਂ ਚਲਾ ਜਾਂਦਾ ਹੈ ਭਾਵ ਮਾਇਆ ਦੇ ਪਦਾਰਥ ਕਿਸੇ ਦੇ ਨਾਲ ਤਾਂ ਨਹੀਂ ਜਾਂਦੇ ਭਾਵ ਸਭ ਕੁੱਝ ਇਸੇ ਸੰਸਾਰ ਵਿੱਚ ਹੀ ਰਹਿੰਦਾ ਹੈ ਜਿੰਨ੍ਹਾਂ ਮਾਇਆ ਦੇ ਪਦਾਰਥਾਂ ਲਈ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ ਜਿਸਦਾ ਕਾਰਣ ਸਾਡੇ ਅੰਦਰ ਮਾਇਆ ਮੋਹ ਦੇ ਪਦਾਰਥਾਂ ਦਾ ਸਾਨੂੰ ਸੁਹਾਉਣਾ ਲੱਗਦਾ ਹੈ ਭਾਵ ਸਾਡੇ ਅੰਦਰ ਦੇ ਕਪੜੁ ਰੂਪ ਨੂੰ ਭਾਵ ਸਾਡੇ ਅੰਦਰ ਦੀ ਸਮਝ ਦੇ ਕਪੜੁ ਰੂਪ ਦੁਆਰਾ ਪ੍ਰਮਾਤਮਾ ਨੇ ਸਾਡੀ ਸਮਝ ਉੱਪਰ ਕੱਪੜਾ ਪਾ ਕੇ ਸਾਡੀ ਸਮਝ ਨੂੰ ਢੱਕਿਆ ਹੋਇਆ ਹੈ ਭਾਵ ਜਿੰਦਗੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਪਰਦਾ ਪਾਇਆ ਹੋਇਆ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦਾ ਪਾਇਆ ਹੋਇਆ ਮਨਮਤਿ ਰੂਪ ਕੱਪੜਾ ਹੈ। ਜਦੋਂ ਪ੍ਰਮਾਤਮਾ ਕਿਸੇ ਦੀ ਸਮਝ ਦੇ ਅੰਦਰ ਆਪਣਾ ਗੁਰਮਤਿ ਰੂਪ ਕੱਪੜਾ ਪਾ ਦਿੰਦਾ ਹੈ ਜਿਸ ਦੁਆਰਾ ਕੋਈ ਮਾਇਆ ਮੋਹ ਦੀ ਸਮਝ ਵਿੱਚ ਨਿਕਲ ਜਾਂਦਾ ਹੈ। ਜਦ ਤੱਕ ਅਸੀਂ ਮਾਇਆ ਮੋਹ ਰੂਪ ਕੱਪੜੇ ਵਿੱਚ ਹਾਂ ਤਦ ਤੱਕ ਮਾਇਆ ਮੋਹ ਰੂਪ ਸਮਝ ਸਾਡੀ ਮਾਇਆ ਮੋਹ ਦੀ ਸਮਝ ਨੂੰ ਢੱਕ ਕੇ ਰੱਖਦੀ ਹੈ ਭਾਵ ਤਦ ਤੱਕ ਅਸੀਂ ਮਨ ਦੀ ਉਸ ਸਮਝ ਦੇ ਦਾਇਰੇ ਤੋਂ, ਮਾਇਆ ਮੋਹ ਦੀ ਸਮਝ ਦੇ ਦਾਇਰੇ ਤੋਂ, ਮਨ ਦੀ ਹਉਮੈ ਵਿੱਚ ਸਮਝ ਦੇ ਦਾਇਰੇ ਤੋਂ, ਮਨ ਦੀ ਅਗਿਆਨਤਾ ਵਾਲੀ ਸਮਝ ਦੇ ਦਾਇਰੇ ਤੋਂ ਬਾਹਰ ਨਹੀਂ ਨਿਕਲ ਸਕਦੇ ਭਾਵ ਮਨ ਦੀ ਨਾਸਮਝੀ ਵਿੱਚ ਹੀ ਫਸੇ ਰਹਿੰਦੇ ਹਾਂ ਜਿਸ ਵਿੱਚ ਰਹਿੰਦਿਆਂ ਅਸੀਂ ਸੰਸਾਰ ਵਿੱਚ ਸੱਚੀ ਭਗਤੀ ਦੀ ਵਿਚਰਨ ਨੂੰ ਸਮਝ ਹੀ ਨਹੀਂ ਸਕਦੇ ਭਾਵ ਨਾਮ ਜਪਣ ਦੇ ਅਸਲ ਮਾਰਗ ਨੂੰ ਸਮਝ ਹੀ ਨਹੀਂ ਸਕਦੇ, ਗੁਰਮਤਿ ਦੇ ਅਸਲ ਮਾਰਗ ਨੂੰ ਸਮਝ ਹੀ ਨਹੀਂ ਸਕਦੇ ਤੇ ਜਦੋਂ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਪ੍ਰਮਾਤਮਾ ਕਿਸੇ ਦੀ ਮਤਿ ਦੇ ਅੰਦਰ ਆਪਣਾ ਗੁਰਮਤਿ ਰੂਪ ਪੜਦਾ ਪਾ ਦਿੰਦਾ ਹੈ ਉਹ ਮਨੁੱਖ ਹਰ ਵੇਲੇ ਗੁਰਮਤਿ ਦੀ ਸੱਚੀ ਸਮਝ ਦੇ ਦਾਇਰੇ ਵਿੱਚ ਹੀ ਰਹਿੰਦਾ ਹੈ ਭਾਵ ਸੱਚਾ ਨਾਮ ਜਪਣ ਦੇ ਦਾਇਰੇ ਵਿੱਚ ਹੀ ਰਹਿੰਦਾ ਹੈ ਭਾਵ ਆਪਣਾ ਸੰਸਾਰਿਕ ਜੀਵਨ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦੁਆਰਾ ਹੀ ਨਿਕਲਦਾ ਹੈ ਭਾਵ ਫਿਰ ਉਹ ਮਾਇਆ ਮੋਹ ਦੇ ਪਦਾਰਥਾਂ ਵਿੱਚ ਨਹੀਂ ਫਸਦਾ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਾਇਆ ਦੇ ਪਦਾਰਥਾਂ ਨੇ ਉਸਦਾ ਸਾਥ ਨਹੀਂ ਦੇਣਾ ਤੇ ਇਹ ਵੀ ਸਮਝ ਪੈ ਜਾਂਦੀ ਹੈ ਕਿ ਮਾਇਆ ਮੋਹ ਦੇ ਪਦਾਰਥਾਂ ਦਾ ਮੋਹ ਹੀ ਭਾਵ ਆਪਣੇ ਅੰਦਰ ਦੀ ਮਾਇਆ ਮੋਹ ਦੀ ਨਾਸਮਝ ਮਤਿ ਹੀ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ ਜੋ ਕਿ ਸਾਡੀ ਮਤਿ

ਦਾ ਭਾਵ ਸਮਝ ਦਾ ਮਾਲਕ ਹੈ ਤੇ ਉਹ ਕਿਸੇ ਦੀ ਸਮਝ ਦੇ ਅੰਦਰ ਇਹੋ ਜਿਹਾ ਪੜਦਾ ਪਾ ਕੇ ਰੱਖਦਾ ਹੈ ਤੇ ਕੇਵਲ ਤੇ ਕੇਵਲ ਉਸ ਦੀ ਆਪਣੀ ਰਜਾ ਹੈ।

{ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥}

(ਅੰਗ - ੨)

ਆਪਣੇ ਆਪ ਨੂੰ ਵੱਡਾ ਅਖਵਾਉਣ ਲੱਗੇ ਹੋਏ ਹਾਂ ਜੋ ਦੇਹ ਇੱਥੇ ਹੀ ਰਹਿ ਜਾਣੀ ਹੈ ਭਾਵ ਜਿਸਦੀ ਪ੍ਰਮਾਤਮਾ ਦੇ ਦਰ ਨੂੰ ਆਪਣੇ ਅੰਦਰੋਂ ਜਾਨਣ ਦੇ ਲਈ ਕੋਈ ਕੀਮਤ ਨਾ ਪੈਣੀ ਕਿ ਸੰਸਾਰ ਵਿੱਚ ਕੌਣ ਕਿਤਨਾ ਵੱਡਾ ਅਖਵਾ ਕੇ ਆਇਆ ਹੈ। ਸਾਡੇ ਉਨ੍ਹਾਂ ਤਰੀਕਿਆਂ ਦੀ ਕੀਮਤ ਨਹੀਂ ਪੈਣੀ ਜਿੰਨ੍ਹਾਂ ਦੁਆਰਾ ਅਸੀਂ ਆਪਣੇ ਆਪ ਨੂੰ ਉੱਚਾ ਕਰਕੇ ਦੂਸਰਿਆਂ ਤੋਂ ਵਡਿਆਈਆਂ ਲੈਂਦੇ ਹਾਂ, ਮਾਇਆ ਦੀਆਂ ਵਡਿਆਈਆਂ ਲੈਂਦੇ ਹਾਂ। **(ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥)** ਪ੍ਰਮਾਤਮਾ ਦੇ ਦਰ ਤੇ ਜਾਣ ਲਈ ਤੇ ਉੱਥੇ ਪਹੁੰਚ ਕੇ ਭਾਵ ਉਸਦੇ ਨਾਲ ਮਨ ਦੇ ਵਿੱਚ ਮੇਲ ਹੋਣ ਤੋਂ ਬਾਅਦ ਜਿਸਨੇ ਸਾਡੇ ਕੰਮ ਆਉਣਾ ਹੈ ਉਹ ਸਾਡੇ ਚੰਗੇ ਕਰਮ ਹਨ ਤੇ ਮੰਦੇ ਕਰਮਾਂ ਦੀਆਂ ਸਜ਼ਾਵਾਂ ਵੀ ਇਸ ਮਨੁੱਖਾ ਜੀਵਨ ਵਿੱਚ ਹੀ ਸਭ ਨੂੰ ਭੁਗਤਣੀਆਂ

21/2346

ਹੀ ਪੈਂਦੀਆਂ ਹਨ ਜੋ ਅਸੂਲ ਪ੍ਰਮਾਤਮਾ ਦਾ ਸਭ ਲਈ, ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਦੇ ਨਾਲ ਜੁੜਿਆ ਹੋਇਆ ਹੈ। **(ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥)** ਮੰਦੇ ਚੰਗੇ ਕਰਮ ਸਾਡੀ ਦੁਨਿਆਵੀ ਵਿਚਰਨ ਹੈ ਜਿਵੇਂ ਕਿ ਅਸੀਂ ਵਾਰ-ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

ਪਉੜੀ॥

{ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥}

(ਅੰਗ 466-467)

ਚੰਗੇ ਕਰਮ ਕੇਵਲ ਸੱਚ ਤੇ ਚੱਲਣ ਦੁਆਰਾ ਹੀ ਹੁੰਦੇ ਹਨ, ਔਗੁਣ ਛੱਡ ਕੇ ਗੁਣਾਂ ਦੁਆਰਾ ਹੀ ਹੁੰਦੇ ਹਨ ਜੋ ਕਿ ਸਾਡੀ ਧਰਮ ਦੀ ਕਮਾਈ ਹੈ। ਪ੍ਰਮਾਤਮਾ ਦੇ ਦਰ ਤੇ, ਜੋ ਦਰ ਉਸਦਾ ਸਾਡੇ ਅੰਦਰ ਹੀ ਮਨ ਦੀ ਸਮਝ ਦੇ ਰੂਪ ਵਿੱਚ ਹੈ ਜਿੱਥੇ ਸਾਡੀ ਇਹੋ ਜਿਹੀ ਧਰਮ ਦੀ ਕਮਾਈ ਕੰਮ ਆਉਣੀ ਹੈ ਤੇ ਭਗਤੀ ਦਾ ਕੋਈ ਦਿਖਾਵਾ ਕੰਮ ਨਹੀਂ ਆਉਣਾ ਜਿਸਨੂੰ ਅਸੀਂ ਆਪਣੀ ਕਮਾਈ ਸਮਝਦੇ ਹਾਂ।

ਜਦ ਤੱਕ ਅਸੀਂ ਆਪਣੇ ਹੁਕਮ ਅਨੁਸਾਰ ਚੱਲਦੇ ਹਾਂ, ਮਨਮਤਿ ਦੁਆਰਾ ਵਿਚਰਦੇ ਹਾਂ, ਮਾੜੇ ਕਰਮ ਕਰਦੇ ਹਾਂ ਤਾਂ ਫਿਰ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਸਾਨੂੰ ਉਸ ਭੀੜੇ ਰਾਹ ਵਿੱਚੋਂ ਲੰਘਣਾ ਪੈਣਾ ਹੈ ਭਾਵ ਔਖੇ ਰਸਤੇ ਤੋਂ ਲੰਘਣਾ ਪੈਣਾ ਹੈ ਭਾਵ ਸਜ਼ਾਵਾਂ ਦਾ ਭਾਗੀਦਾਰ ਬਣਨਾ ਪੈਣਾ ਹੈ। ਪ੍ਰਮਾਤਮਾ ਦੇ ਦਰ ਦੀਆਂ ਸਜਾਵਾਂ ਤੋਂ ਉਹੀ ਬਚਦਾ ਹੈ ਜੋ ਆਪਣੀ ਪਤਿ ਦੇ ਨਾਲ ਜਾਂਦਾ ਹੈ ਤੇ ਜਿਸਦੇ ਕੋਲ ਪਤਿ ਨਹੀਂ ਹੈ ਉਹ ਨੰਗਾ ਹੈ। ਸਾਡੀ ਪਤਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਸਾਡੀ ਪਤਿ ਸਚੁ ਦੇ ਨਾਲ ਪੈਂਦੀ ਹੈ, ਗੁਣਾਂ ਦੇ ਨਾਲ ਪੈਂਦੀ ਹੈ, ਗੁਰਮਤਿ ਦੇ ਨਾਲ ਪੈਂਦੀ ਹੈ ਭਾਵ ਚੰਗੇ ਕਰਮਾਂ ਦੇ ਨਾਲ ਪੈਂਦੀ ਹੈ। ਮਾੜੇ ਕਰਮ ਸਾਡੀ ਪਤਿ ਉਤਾਰ ਕੇ ਸਾਨੂੰ ਪ੍ਰਮਾਤਮਾ ਅੱਗੇ ਨੰਗਾ ਕਰਦੇ ਹਨ ਤੇ ਜੋ ਇਸ ਸੰਸਾਰ ਤੋਂ ਪਤਿ ਰਹਿਤ ਹੋ ਕੇ ਜਾਂਦੇ ਹਨ ਉਨ੍ਹਾਂ ਲਈ ਫਿਰ ਅੱਗੇ ਦਾ ਮਾਰਗ ਭੀੜਾ ਹੈ, ਬਹੁਤ ਡਰਾਵਣਾ ਹੈ, ਸਜ਼ਾਵਾਂ ਵਾਲਾ ਹੈ ਜੋ ਸਭ ਨੂੰ ਮਾੜੇ ਕਰਮਾਂ ਕਰਕੇ ਭੁਗਤਣੀਆਂ ਹੀ ਪੈਂਦੀਆਂ ਹਨ। **(ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥)**

ਸਾਡੇ ਚੰਗੇ ਮਾੜੇ ਕਰਮਾਂ ਦਾ ਨਿਸਤਾਰਾ ਸਾਡੇ ਅੰਦਰ ਦੇ ਗੁਣਾਂ ਔਗੁਣਾਂ ਦੁਆਰਾ ਹੀ ਹੁੰਦਾ ਹੈ, ਸੱਚ-ਝੂਠ ਦੁਆਰਾ ਹੀ ਹੁੰਦਾ ਹੈ। ਸੱਚ ਦੁਆਰਾ ਅਸੀਂ ਗੁਣੀ ਬਣ ਕੇ ਵਿਚਰਦੇ ਹਾਂ, ਗੁਰਮਤਿ ਦੁਆਰਾ ਵਿਚਰਦੇ ਹਾਂ ਤੇ ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਚੰਗਾ ਕਰਮ ਹੈ ਤੇ ਜਦੋਂ ਸਾਨੂੰ ਗੁਰਮਤਿ ਵਿਸਰੀ ਹੁੰਦੀ ਹੈ, ਸੱਚ ਵਿਸਰਿਆ ਹੁੰਦਾ ਹੈ, ਨਾਮ ਵਿਸਰਿਆ

21/2347

ਹੁੰਦਾ ਹੈ ਫਿਰ ਅਸੀਂ ਔਗੁਣਾਂ ਦੁਆਰਾ ਵਿਚਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਭਾਵੇਂ ਉਹ ਸਾਡੇ ਭਗਤੀ ਦੇ ਦਿਖਾਵੇ ਹਨ, ਉਹ ਸਾਡੇ ਔਗੁਣ ਹੀ ਹਨ। ਆਪਣੇ ਔਗੁਣਾਂ ਕਰਕੇ ਸਾਨੂੰ ਉਸ ਭੀੜੇ ਮਾਰਗ ਤੋਂ ਲੰਘਣਾ ਹੀ ਪੈਣਾ ਹੈ, ਆਪਣੇ ਔਗੁਣਾਂ ਕਰਕੇ ਪਛਤਾਉਣਾ ਹੀ ਪੈਣਾ ਹੈ। ਆਪਣੇ ਆਪ ਨੂੰ ਸਿੰਮਲ ਰੁੱਖ ਬਣਾ ਕੇ ਭਾਵ ਆਪਣੇ ਦਿਖਾਵਿਆਂ ਦੁਆਰਾ ਅਸੀਂ ਉਨ੍ਹਾਂ ਸਜ਼ਾਵਾਂ ਤੋਂ ਨਹੀਂ ਬਚ ਸਕਦੇ। ਪ੍ਰਮਾਤਮਾ ਦੇ ਦਰ ਤੇ ਜਾਣ ਲਈ ਫੈਸਲਾ ਚੰਗੇ ਮਾੜੇ ਕਰਮਾਂ ਦਾ ਹੀ ਹੈ ਤੇ ਜਦ ਤੱਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਚੰਗੇ ਮਾੜੇ ਕਰਮਾਂ ਦਾ ਫਰਕ ਕੀ ਹੈ ਤਦ ਤੱਕ ਅਸੀਂ ਆਪਣੇ ਦਿਖਾਵਿਆਂ ਨੂੰ ਹੀ ਚੰਗੇ ਕਰਮ ਸਮਝੀ ਜਾਂਦੇ ਹਾਂ ਜਿੰਨ੍ਹਾਂ ਨੇ ਸਾਡੇ ਕੰਮ ਨਹੀਂ ਆਉਣਾ। **(ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥ ਕਰਿ ਅਉਗਣ ਪਛੋਤਾਵਣਾ॥੧੪॥)**

{ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ॥
ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ॥
ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ॥੪॥੧੫॥}

(ਅੰਗ ੧੯)

ਜਦ ਤੱਕ ਸਾਡੇ ਅੰਦਰ ਪੰਜ ਭੂਤ ਵਸੇ ਹੋਏ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੱਸੇ ਹੋਏ ਹਨ ਇਹ ਔਗੁਣ ਵੱਸੇ ਹੋਏ ਹਨ ਇਹ ਸਾਡੇ ਅੰਦਰੋਂ ਗੁਣਾਂ ਨੂੰ ਚੁਰਾਉਂਦੇ ਹਨ, ਨਾਮ ਧਨ ਨੂੰ ਚੁਰਾਉਂਦੇ ਹਨ ਤਦ ਤੱਕ ਮਨੁੱਖ ਦਾ ਮਨ ਸੰਤੋਖ ਵਿੱਚ ਨਹੀਂ ਆਉਂਦਾ ਭਾਵ ਤ੍ਰਿਸ਼ਨਾ ਮੁਕਤ, ਮਾਇਆ ਮੋਹ ਤੋਂ ਮੁਕਤ ਨਹੀਂ ਹੁੰਦਾ। ਇਹ ਔਗੁਣ ਸਾਡੇ ਕੋਲੋਂ ਮਾੜੇ ਕਰਮ ਕਰਵਾ ਕੇ ਸਾਡੀ ਪਤਿ ਉਤਾਰਦੇ ਰਹਿੰਦੇ ਹਨ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਦੇ ਮਨ ਵਿੱਚ ਆਪਣੀ ਸੱਚੀ ਸਿੱਖਿਆ ਹੀ ਵਸਾਉਂਦਾ ਹੈ ਜਿਸ ਦੁਆਰਾ ਇਹ ਪੰਜ ਭੂਤ ਵੱਸ ਵਿੱਚ ਆਉਂਦੇ ਹਨ, ਉਸਦੀ ਕ੍ਰਿਪਾ ਦੁਆਰਾ ਵੱਸ ਆਉਂਦੇ ਹਨ। ਪ੍ਰਮਾਤਮਾ ਆਪਣੀ ਕ੍ਰਿਪਾ ਸਾਡੇ ਅੰਦਰ ਆਪਣੀ ਜੋਤਿ ਦੇ ਰਾਹੀਂ ਹੀ ਕਰਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਰਾਹੀਂ ਹੀ ਕਰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਔਗੁਣਾਂ ਵਿੱਚੋਂ ਕੱਢ ਕੇ ਉਸਨੂੰ ਗੁਣੀ ਬਣਾਉਂਦਾ ਹੈ ਜਿਸ ਦੁਆਰਾ ਮਨੁੱਖ ਫਿਰ ਸੱਚ ਤੇ ਹੀ ਚੱਲਦਾ ਹੈ ਤੇ ਚੰਗੇ ਕਰਮ ਹੀ ਕਰਦਾ ਹੈ ਜਿਸ ਦੁਆਰਾ ਸਾਨੂੰ ਉਸਦੇ ਕੋਲੋਂ ਪਤਿ ਪੈਂਦੀ ਹੈ ਜੋ ਸਾਡਾ ਨੰਗਾਪਨ ਕੱਜਦੀ ਹੈ, ਸਾਨੂੰ ਮਾੜੇ ਕਰਮਾਂ ਤੋਂ ਬਚਾਉਂਦੀ ਹੈ।

ਸਲੋਕੁ ਮਃ ੧॥

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥}

(ਅੰਗ ੪੬੮)

ਦਾਲ ਦੀ ਪਤਿ ਦਾਲ ਦਾ ਛਿਲਕਾ ਹੈ ਤੇ ਛਿਲਕਾ ਉਤਾਰਨ ਦੇ ਨਾਲ ਉਸਦੀ ਪਤਿ ਉਤਰੀ ਹੋਈ ਹੈ ਤੇ ਦਾਲ ਬੀਜ ਦਾ ਨੰਗਾ ਰੂਪ ਬਣ ਜਾਂਦਾ ਹੈ। ਇਸੇ ਤਰ੍ਹਾਂ ਸਾਡੇ ਅੰਦਰੋਂ ਸੱਚ ਨਿਕਲਣ ਦੇ ਨਾਲ ਸਾਡਾ ਕੂੜ ਰੂਪ ਬਣ ਜਾਂਦਾ ਹੈ ਜੋ ਕਿ ਸਾਡਾ ਬਿਨ੍ਹਾਂ ਪਤਿ ਦੇ, ਬਿਨ੍ਹਾਂ

21/2348

ਸੱਚ ਦੀ ਪਤਿ ਦੇ ਪ੍ਰਮਾਤਮਾ ਦੇ ਅੱਗੇ ਨੰਗਾ ਰੂਪ ਹੈ। ਸਾਨੂੰ ਕੱਜਣ ਵਾਲਾ ਸੱਚ ਹੀ ਹੈ ਜੋ ਸਾਨੂੰ ਵਿਕਾਰਾਂ ਤੋਂ ਬਚਾਉਂਦਾ ਹੈ। ਸੱਚ ਵਾਲੀ ਪਤਿ ਉਤਾਰਨ ਨਾਲ ਸਾਡਾ ਕੂੜ ਵਾਲਾ ਰੂਪ ਭੂਤਣਿਆਂ ਵਾਲਾ ਰੂਪ ਹੀ ਹੈ ਇਸੇ ਲਈ ਪੰਜ ਔਗੁਣਾਂ ਨੂੰ ਸਾਡੇ ਭੂਤ ਦੱਸਿਆ ਹੈ ਜਿੰਨ੍ਹਾਂ ਦੇ ਅੰਦਰ ਵੱਸਣ ਨਾਲ ਸਾਡਾ ਭੂਤਣਿਆਂ ਵਾਲਾ ਰੂਪ ਬਣਦਾ ਹੈ।

{ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿ ਧਾਰੈ॥੧॥ਰਹਾਉ॥
ਜਿਸ ਕੈ ਅੰਤਰਿ ਸਾਚੁ ਵਸਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ॥੨॥

(ਅੰਗ ੨੨੩)

{ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ॥੨॥
ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ॥}

(ਅੰਗ ੪੬)

ਸਲੋਕ ਮਃ ੫॥
{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ॥੧॥}

(ਅੰਗ ੫੧੯)

ਆਸਾ ਮਹਲਾ ੫॥
{ਕਾਮੁ ਕ੍ਰੋਧੁ ਲੋਭੁ ਤਿਆਗੁ॥ ਮਨਿ ਸਿਮਰਿ ਗੋਬਿੰਦ ਨਾਮ॥
ਹਰਿ ਭਜਨ ਸਫਲ ਕਾਮ॥੧॥ਰਹਾਉ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥}

(ਅੰਗ ੪੦੮)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥੨॥}

(ਅੰਗ ੭੦੪)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੮)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ॥੧॥}

(ਅੰਗ ੪੫੩)

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥}

(ਅੰਗ ੧੧੭੮)

21/2349

{ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥

ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

{ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ॥
ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ॥2॥}

(ਅੰਗ ੧੩੨੯)

ਸੂਹੀ ਲਲਿਤ ਕਬੀਰ ਜੀਉ॥
{ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥੧॥
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ॥੧॥ਰਹਾਉ॥}

(ਅੰਗ ੭੯੩)

{ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ॥ ਦੁਬਿਧਾ ਛੋਡਿ ਨਾਮਿ ਨਿਸਤਰੈ॥੨॥}

(ਅੰਗ ੩੫੨)

{ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥
ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ॥}

(ਅੰਗ ੧੬)

{ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ॥}

(ਅੰਗ ੧੬)

{ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥}

(ਅੰਗ ੪੮੯)

{ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥}

(ਅੰਗ ੧੨੮੬)

{ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥}

(ਅੰਗ ੧੨੮੬)

{ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥
ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥}

(ਅੰਗ ੧੨੮੮)

{ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨੁ॥}

(ਅੰਗ ੩੫੦)

21/2350

ਭੈਰਉ ਮਹਲਾ ੫॥

{ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥

(ਅੰਗ ੧੧੪੭)

{ਕਵਨ ਤਪੁ ਜਿਤੁ ਤਪੀਆ ਹੋਇ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥}

(ਅੰਗ ੧੮੭)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧॥
{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥੧॥}

(ਅੰਗ ੪੮੯)

ਸੂਹੀ ਮਹਲਾ ੪॥

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥}

(ਅੰਗ ੭੩੨)

{ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥੧॥ਰਹਾਉ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥}

(ਅੰਗ ੩੯)

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ॥੩॥
ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ॥

3144

ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ॥੪॥
ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

ਸਿਰੀਰਾਗੁ ਮਹਲਾ ੩॥
{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ॥੧॥}

(ਅੰਗ ੨੭)

21/2351

ਮਹਲਾ ੪॥
{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥}

(ਅੰਗ ੧੪੦)

{ਸਚੈ ਦੈ ਦੀਬਾਣਿ ਕੂੜਿ ਨ ਜਾਈਐ॥
ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥}

(ਅੰਗ ੧੪੬)

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥੪॥}

(ਅੰਗ ੧੦੧੩)

{ਝਝੈ ਕਦੇ ਨ ਝੁਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥੧੩॥}

(ਅੰਗ ੪੩੫)

{ਜਾਗਤੁ ਰਹੈ ਨ ਅਲੀਆ ਭਾਖੈ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥
ਗੁਰ ਕੀ ਸਾਖੀ ਰਾਖੈ ਚੀਤਿ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥੬॥

(ਅੰਗ ੯੭੪)

{ਝੂਠੇ ਕਉ ਨਾਹੀ ਪਤਿ ਨਾਉ॥ ਕਬਹੁ ਨ ਸੂਚਾ ਕਾਲਾ ਕਾਉ॥}

(ਅੰਗ ੮੩੯)

{ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥

(ਅੰਗ ੩੬੧)

{ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥੮॥}

(ਅੰਗ ੪੧੮)

ਉੱਪਰ ਦੀਆਂ ਕੁੱਝ ਪੰਗਤੀਆਂ ਨੂੰ ਸੰਖੇਪ ਵਿੱਚ ਸਮਝਣ ਨਾਲ ਹੀ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਨਾਮ ਕੀ ਹੈ ਤੇ ਨਾਮ ਜਪਣਾ ਕੀ ਹੈ, ਸੱਚ ਕੀ ਹੈ ਤੇ ਝੂਠ ਕੀ ਹੈ, ਗੁਣ ਕੀ ਹਨ ਤੇ ਔਗੁਣ ਕੀ ਹਨ। ਪੂਰੀ ਗੁਰਬਾਣੀ ਵਿੱਚ ਸਾਨੂੰ ਇਹ ਗੱਲਾਂ ਵਾਰ ਵਾਰ ਬਰੀਕੀ ਨਾਲ ਸਮਝਾਈਆਂ ਹੋਈਆਂ ਹਨ। ਬਾਣੀ ਵਿੱਚ ਝੂਠ, ਸੱਚ ਦਾ ਨਿਸਤਾਰਾ ਹੀ ਕੀਤਾ ਹੋਇਆ ਹੈ, ਮਨਮਤਿ ਦਾ ਤੇ ਗੁਰਮਤਿ ਦਾ ਨਿਸਤਾਰਾ ਹੀ ਕੀਤਾ ਹੋਇਆ ਹੈ, ਹਉਮੈ ਦਾ ਤੇ ਨਾਮ ਦਾ ਨਿਸਤਾਰਾ ਕੀਤਾ ਹੋਇਆ ਹੈ, ਭਰਮ ਵਿੱਚ ਤੇ ਸੱਚੇ ਗਿਆਨ ਵਿੱਚ ਫਰਕ ਸਮਝਾਇਆ ਹੋਇਆ ਹੈ, ਗੁਣਾਂ ਤੇ ਔਗੁਣਾਂ ਵਿੱਚ ਫਰਕ ਸਮਝਾਇਆ ਹੋਇਆ ਹੈ।

ਸੱਚੇ ਗੁਰੂ ਨੇ ਸਾਨੂੰ ਸੱਚ ਤੇ ਝੂਠ ਵਿੱਚ, ਗੁਣਾਂ ਤੇ ਔਗੁਣਾਂ ਵਿੱਚ ਫਰਕ ਸਮਝਾਇਆ ਹੋਇਆ ਹੈ ਇਸਨੂੰ ਹਰ ਕੋਈ ਸਮਝ ਸਕਦਾ ਹੈ, ਜਿਸਨੂੰ ਪ੍ਰਮਾਤਮਾ ਨੇ ਕੁੱਝ

21/2352

ਘੱਟ ਬੁਧਿ ਬਖ਼ਸ਼ੀ ਹੈ ਉਹ ਵੀ ਇਨ੍ਹਾਂ ਵਿੱਚ ਫਰਕ ਸਮਝ ਸਕਦਾ ਹੈ। ਮਾੜੇ ਕਰਮ ਕਰਨ ਵਿੱਚ ਤੇ ਚੰਗੇ ਕਰਮ ਕਰਨ ਵਿੱਚ ਕੀ ਫਰਕ ਹੈ ਇਸਨੂੰ ਵੀ ਹਰ ਕੋਈ ਸਮਝ ਸਕਦਾ ਹੈ ਤੇ ਬਾਣੀ ਰਾਹੀਂ ਸਾਨੂੰ ਇਹ ਗੱਲਾਂ ਵਾਰ-ਵਾਰ ਸਮਝਾਈਆਂ ਹਨ। ਇਤਨਾ ਕੁੱਝ ਸਪੱਸ਼ਟ ਹੁੰਦੇ ਹੋਏ ਵੀ ਜਿਹੜੇ ਧਰਮ ਦੇ ਸਿਰਮੌਰ ਅਖਵਾਉਣ ਵਾਲੇ ਸਾਨੂੰ ਇੱਕ ਅੱਖਰ ਦੇ ਜਪ ਨੂੰ ਹੀ, ਬਾਣੀ ਨੂੰ ਕੇਵਲ ਪੜ੍ਹੀ ਸੁਣੀ ਜਾਣਾ ਹੀ, ਕੇਵਲ ਮੱਥੇ ਟੇਕੇ ਜਾਣਾ ਹੀ, ਸਵੇਰੇ ਸ਼ਾਮ ਗੁਰੂ ਦੇ ਦਵਾਰਿਆਂ ਤੇ ਹਾਜ਼ਰੀ ਲਗਵਾਈ ਜਾਣਾ ਹੀ ਸਾਨੂੰ ਸੱਚ ਤੇ ਚੱਲਣਾ ਸਮਝਾਉਂਦੇ ਹਨ, ਇਨ੍ਹਾਂ ਗੱਲਾਂ ਨੂੰ ਹੀ ਸਾਡੇ ਗੁਣ ਸਮਝਾਉਂਦੇ ਹਨ, ਇਨ੍ਹਾਂ ਗੱਲਾਂ ਨੂੰ ਹੀ ਸਾਡੇ ਚੰਗੇ ਕਰਮ ਕਰਨਾ ਸਮਝਾਉਂਦੇ ਹਨ, ਇਨ੍ਹਾਂ ਗੱਲਾਂ ਨੂੰ ਹੀ ਭਗਤੀ ਕਰਨਾ ਸਮਝਾਉਂਦੇ ਹਨ, ਇਨ੍ਹਾਂ ਗੱਲਾਂ ਨੂੰ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਸਮਝਾਉਂਦੇ ਹਨ, ਇਨ੍ਹਾਂ ਗੱਲਾਂ ਨੂੰ ਹੀ ਗੁਰਮਤਿ ਸਮਝਾਉਂਦੇ ਹਨ, ਇੱਕ ਅੱਖਰ ਨੂੰ ਜਪੀ ਜਾਣਾ ਹੀ ਨਾਮ ਜਪਣਾ ਸਮਝਾਉਂਦੇ ਹਨ, ਮਨੁੱਖੀ ਸੰਗਤ ਨੂੰ ਹੀ ਸਾਧਸੰਗਤਿ ਸਮਝਾਉਂਦੇ ਹਨ ਤੇ ਇਸੇ ਤਰ੍ਹਾਂ ਆਪਣੀ ਆਪਣੀ ਮਤਿ ਅਨੁਸਾਰ ਸਾਨੂੰ ਖਾਣ-ਪੀਣ ਦੇ ਨਾਲ ਜੋੜਦੇ ਹਨ, ਕਿਸੇ ਖਾਸ ਤਰੀਕੇ ਨਾਲ ਖਾਣਾ ਬਣਾਉਣਾ ਤੇ ਕਿਸੇ ਖਾਸ ਤਰੀਕੇ ਦੇ ਬਾਣੇ ਪਾਉਣ ਨੂੰ ਧਰਮ ਦੇ ਨਾਲ ਜੋੜਦੇ ਹਨ। ਇਨ੍ਹਾਂ ਵਿੱਚੋਂ ਉਹ ਕਿਹੜੀ ਗੱਲ ਹੈ ਜੋ ਧਰਮ ਦੇ ਸੱਚੇ ਠੇਕੇਦਾਰ ਤੇ ਪੂਰੀ ਉਤਰਦੀ ਹੈ ਇਸ ਗੱਲ ਨੂੰ ਧਿਆਨ ਨਾਲ ਵਿਚਾਰ ਕੇ ਦੇਖੋ ਕਿ ਉਹ ਲੋਕ ਕਿਤਨੇ ਕੁ ਭਰਮੇ ਹੋਏ ਹਨ ਤੇ ਸਾਨੂੰ ਸਭ ਨੂੰ ਭਰਮ ਵਿੱਚ ਪਾਉਂਦੇ ਹਨ। ਸਾਨੂੰ ਇਨ੍ਹਾਂ ਦੇ ਨਾਲ ਕੋਈ ਰੋਸ ਦਿਖਾਉਣ ਦੀ ਲੋੜ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਕਿਉਂਕਿ ਕੋਈ ਜਾਣ-ਬੁੱਝ ਕੇ ਨਹੀਂ ਭੁੱਲਦਾ ਹਰ ਕੋਈ ਉਸ ਪ੍ਰਮਾਤਮਾ ਦਾ ਆਪਣਾ ਹੀ ਭੁਲਾਇਆ ਹੋਇਆ ਹੈ। ਗੁਰਬਾਣੀ ਦੀ ਰਚਨਾ ਕਰਕੇ ਪ੍ਰਮਾਤਮਾ ਨੇ ਇਸ ਸੰਸਾਰ ਤੇ ਬਹੁਤ ਵੱਡਾ ਉਪਕਾਰ ਕੀਤਾ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ। ਗੁਰਬਾਣੀ ਸਾਡਾ ਸਭ ਦਾ ਇਮਤਿਹਾਨ ਲੈ ਰਹੀ ਹੈ ਤੇ ਜੋ ਗੁਰੂ ਦੀ ਸਿਧੀ ਤੇ ਬਿਲਕੁਲ ਸਪੱਸ਼ਟ ਸਮਝ ਆ ਰਹੀ ਗੱਲ ਨੂੰ ਵੀ ਸਿਰਫ਼ ਇਸੇ ਲਈ ਅਣਸੁਣੀ ਕਰ ਦਿੰਦੇ ਹਨ, ਉਸਨੂੰ ਮੰਨਣ ਤੋਂ ਇਨਕਾਰ ਕਰਦੇ ਹਨ ਕਿ ਉਹ ਉਨ੍ਹਾਂ ਦੇ ਸਿਰਮੌਰ ਦੀ ਸਮਝਾਈ ਹੋਈ ਗੱਲ ਤੇ ਪੂਰੀ ਨਹੀਂ ਉਤਰਦੀ ਫਿਰ ਸਮਝੋ ਕਿ ਉਹੋ ਜਿਹੇ ਮਨੁੱਖ ਕਿਤਨੇ ਮਾੜੇ ਭਾਗਾਂ ਵਾਲੇ ਹਨ। ਭਾਗਾਂ ਵਾਲਾ ਉਹੀ ਹੈ ਜੋ ਗੁਰੂ ਦੀ ਗੱਲ ਨੂੰ ਪੜ੍ਹ ਕੇ, ਸੁਣ ਕੇ ਉਸਨੂੰ ਵਿਚਾਰਦਾ ਹੈ, ਸਮਝਦਾ ਹੈ ਤੇ ਬਿਲਕੁਲ ਉਸੇ ਤੇ ਪੂਰਨ ਵਿਸ਼ਵਾਸ ਰੱਖ ਕੇ ਉਸਨੂੰ ਮੰਨਦਾ ਹੈ। ਗੁਰੂ ਦੀ ਗੱਲ ਨੂੰ ਮੰਨਣਾ ਹੀ ਸੱਚ ਨੂੰ ਮੰਨਣਾ ਹੈ ਤੇ ਇਹੀ ਸਾਡਾ ਗੁਣ ਹੈ ਤੇ ਗੁਰੂ ਦੀ ਗੱਲ ਮੰਨ ਕੇ ਹੀ ਅਸੀਂ ਉਸਦੇ ਨਾਮ ਨੂੰ ਮੰਨਦੇ ਹਾਂ ਜਿਸ ਦੁਆਰਾ ਅਸੀਂ ਕੇਵਲ ਚੰਗੇ ਕਰਮ ਹੀ ਕਰਦੇ ਹਾਂ। ਗੁਰਬਾਣੀ ਭਾਵ ਧਰਮ ਦਾ ਸੱਚਾ ਠੇਕੇਦਾਰ ਤਾਂ ਸਾਨੂੰ ਹਰ ਸ਼ਬਦ ਰਾਹੀਂ ਇਹੀ ਕੁੱਝ ਸਮਝਾ ਰਿਹਾ ਹੈ ਪਰ ਇਹ ਸਿੰਮਲ ਰੁੱਖ ਵਰਗੇ ਉੱਚੇ ਦਿੱਸਣ ਵਾਲਿਆਂ ਨੇ ਸਾਨੂੰ ਕੇਵਲ ਭਰਮ ਵਿੱਚ ਹੀ ਪਾਇਆ ਹੈ। ਇਨ੍ਹਾਂ ਦੇ ਨਾਲੋਂ ਮੋਹ ਤੋੜੇ ਬਿਨ੍ਹਾਂ ਸਾਡਾ ਹਾਲ ਉਨ੍ਹਾਂ ਤੋਤਿਆਂ ਵਰਗਾ ਹੀ ਹੈ ਜੋ ਇੱਕ ਝੂਠੀ ਆਸ ਲੈ ਕੇ ਉੱਥੋਂ ਉਹ ਕੁੱਝ ਪ੍ਰਾਪਤ ਕਰਨਾ ਚਾਹੁੰਦੇ ਹਨ ਜੋ ਕਿ ਅਸਲ ਵਿੱਚ ਉਨ੍ਹਾਂ ਕੋਲ ਹੈ ਹੀ ਨਹੀਂ। ਜੋ ਫਲ ਅਸੀਂ ਲੱਭਣਾ ਚਾਹੁੰਦੇ ਹਾਂ, ਖਾਣਾ ਚਾਹੁੰਦੇ ਹਾਂ ਉਹ ਕੇਵਲ ਤੇ ਕੇਵਲ ਗੁਰੂ ਕੋਲ ਹੈ, ਗੁਰਬਾਣੀ ਦੇ ਕੋਲ ਹੈ।

ਮਨੁੱਖੀ ਸਰੂਪ ਵਿੱਚ ਪੂਜਣ ਦੇ ਲਾਇਕ ਕੇਵਲ ਉਹੀ ਹੈ ਜਿਸਨੂੰ ਪ੍ਰਮਾਤਮਾ ਆਪ

21/2353

ਹੀ ਉਸਦੇ ਅੰਦਰ ਪ੍ਰਗਟ ਹੋ ਕੇ ਧਰਮ ਸਿਖਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਭਗਤਾਂ ਵਿੱਚ, ਗੁਰੂ ਸਾਹਿਬਾਨ ਵਿੱਚ, ਭੱਟ ਸਾਹਿਬਾਨ ਵਿੱਚ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਉਨ੍ਹਾਂ ਨੂੰ ਪੂਜਣ ਦੇ ਯੋਗ ਕੀਤਾ ਹੈ ਤੇ ਪੂਰੀ ਗੁਰਬਾਣੀ ਉਨ੍ਹਾਂ ਦਾ ਹੀ ਰੂਪ ਹੈ ਜੋ ਅਸਲ ਵਿੱਚ ਪੂਜਣ ਦੇ ਯੋਗ ਹੈ ਭਾਵ ਮਾਨ ਲੈਣ ਦੇ ਯੋਗ ਹੈ। ਅਸੀਂ ਉਨ੍ਹਾਂ ਦਾ ਮਾਣ ਉੱਚਾ ਕਰੀ ਬੈਠੇ ਹਾਂ ਜੋ ਸਾਨੂੰ ਭਰਮ ਵਿੱਚ ਹੀ ਪਾਉਂਦੇ ਹਨ। ਪੂਜਣ ਯੋਗ ਮਨੁੱਖ ਕਿਹੋ ਜਿਹੇ ਹੁੰਦੇ ਹਨ ਤੇ ਭਰਮੇ ਹੋਏ ਕਿਹੋ ਜਿਹੇ ਹੁੰਦੇ ਹਨ ਇਸ ਗੱਲ ਨੂੰ ਸ਼ਬਦ ਦੀਆਂ ਕੁੱਝ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ॥

ਧਾਤੂ ਪੰਜਿ ਰਲਾਇ ਕੂੜਾ ਪਾਜਿਆ॥

ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ॥
ਪਰਮ ਜੋਤਿ ਜਾਗਾਇ ਵਾਜਾ ਵਾਵਸੀ॥੧੪॥
ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥
ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥੧੫॥
ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥
ਸੋਈ ਬ੍ਰਹਮਣੁ ਪੂਜਣ ਜੁਗਤੁ॥੧੬॥
ਖਤ੍ਰੀ ਸੋ ਜੁ ਕਰਮਾ ਕਾ ਸੂਰੁ॥ ਪੁੰਨ ਦਾਨ ਕਾ ਕਰੈ ਸਰੀਰੁ॥
ਖੇਤੁ ਪਛਾਣੈ ਬੀਜੈ ਦਾਨੁ॥ ਸੋ ਖਤ੍ਰੀ ਦਰਗਹ ਪਰਵਾਨੁ॥
ਲਬੁ ਲੋਭੁ ਜੇ ਕੂੜੁ ਕਮਾਵੈ॥ ਅਪਣਾ ਕੀਤਾ ਆਪੇ ਪਾਵੈ॥੧੭॥"

(ਅੰਗ ੧੪੧੧)

ਜਿਵੇਂ ਕਿ ਹਰ ਕੋਈ ਸਮਝਦਾ ਹੈ ਸਾਡਾ ਇਹ ਆਕਾਰ ਰੂਪ ਸਰੀਰ, ਮਾਇਆ ਰੂਪ ਸਰੀਰ ਪੰਜ ਤੱਤਾਂ ਦਾ ਪੁਤਲਾ ਹੈ। ਸਾਡੇ ਇਸ ਸਰੀਰ ਰੂਪ ਭਾਂਡੇ ਨੂੰ ਪ੍ਰਮਾਤਮਾ ਨੇ ਆਪ ਹੀ ਮਾੜਾ ਬਣਾਇਆ ਹੋਇਆ ਹੈ ਜਿਸਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ। ਸਾਡਾ ਇਹ ਭਾਂਡਾ ਤਾਂ ਹੀ ਚੰਗਾ ਹੋ ਸਕਦਾ ਹੈ ਜਦੋਂ ਪ੍ਰਮਾਤਮਾ ਇਸ ਵਿੱਚ ਆਪਣੀ ਰਾਸਿ ਪਾ ਦਿੰਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਰਜ਼ਾ ਹੈ। ਉਸਦੀ ਰਾਸਿ ਉਸਦਾ ਸੱਚਾ ਗਿਆਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਜਾਣਦੇ ਆ ਰਹੇ ਹਾਂ। ਸਾਡੇ ਸਰੀਰ ਦਾ ਕੂੜਾਪਨ ਭਾਵ ਸਾਡੀ ਅਗਿਆਨਤਾ ਦੀ ਮੈਲ ਉਹ ਆਪ ਹੀ ਆਪਣੀ ਰਾਸਿ ਦੇਣ ਦੁਆਰਾ, ਸੱਚੇ ਗਿਆਨ ਦੁਆਰਾ ਦੂਰ ਕਰਦਾ ਹੈ। ਉਸਦੀ ਰਾਸਿ ਸਾਡੇ ਮਨ ਅੰਦਰ ਹੀ ਹੈ ਜੋ ਕਿ ਉਸਦੀ ਜੋਤਿ ਦੇ ਰੂਪ ਵਿੱਚ ਹੈ ਜਿੱਥੋਂ ਸਾਨੂੰ ਸਾਰਾ ਗਿਆਨ ਮਿਲਦਾ ਹੈ। ਸਾਨੂੰ ਸਭ ਨੂੰ ਅਗਿਆਨਤਾ ਵਿੱਚ ਪ੍ਰਮਾਤਮਾ ਨੇ ਆਪਣੀ ਇਸ ਜੋਤਿ ਦੁਆਰਾ ਹੀ ਰੱਖਿਆ ਹੋਇਆ ਹੈ ਭਾਵ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆਂ ਹੈ। ਮਨ ਦੇ ਵਿੱਚ ਪਰਮਜੋਤਿ ਉਸਦਾ ਸੱਚੇ ਗਿਆਨ ਦਾ ਰੂਪ ਹੈ, ਚੌਥੇ ਪਦ ਦੇ ਗਿਆਨ ਦਾ ਰੂਪ ਹੈ, ਬ੍ਰਹਮਗਿਆਨ ਵਾਲਾ ਰੂਪ ਹੈ ਜਿਸ ਦੁਆਰਾ ਉਹ ਸਾਨੂੰ ਅਗਿਆਨਤਾ ਦੇ ਵਿੱਚੋਂ ਜਗਾਉਂਦਾ ਹੈ। ਸਾਨੂੰ ਪ੍ਰਮਾਤਮਾ ਨੇ ਅਗਿਆਨਤਾ ਦੀ ਨੀਂਦ ਵਿੱਚ ਹੀ ਸਵਾਇਆ ਹੋਇਆ ਹੈ ਤੇ ਜਿਸਨੂੰ ਉਹ ਇਸ ਨੀਂਦ ਤੋਂ ਜਗਾਉਂਦਾ ਹੈ ਆਪਣੇ ਇਸ ਸੱਚੇ ਗਿਆਨ ਦੁਆਰਾ ਹੀ ਜਗਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ

ਨੂੰ ਸਮਝਦੇ ਆ ਰਹੇ ਹਾਂ। ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਵਾਜਾ ਪ੍ਰਮਾਤਮਾ ਆਪ ਹੀ ਵਜਾਉਂਦਾ ਹੈ ਜਿਸ ਦੁਆਰਾ ਮਨੁੱਖ ਨੀਂਦ ਵਿੱਚੋਂ ਜਾਗਦਾ ਹੈ। **(ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ॥ ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ॥੧੪॥)**

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥੮॥੧॥}

(ਅੰਗ ੧੩੦੮)

ਮਨ ਦੇ ਵਿੱਚ ਆਪਣੇ ਇਸ ਸੱਚੇ ਗਿਆਨ ਦੀ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਸਾਨੂੰ ਗੁਰਮਤਿ ਦੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਔਗੁਣਾਂ ਵਿੱਚੋਂ ਕੱਢ ਕੇ ਆਪਣੇ ਗੁਣਾਂ ਦੇ ਨਾਲ ਜੋੜਦਾ ਹੈ ਤੇ ਗੁਰਮਤਿ ਵਾਲਾ ਜਾਗਣਾ ਬਖ਼ਸ਼ਦਾ ਹੈ ਕਿਉਂਕਿ ਔਗੁਣਾਂ ਦੇ ਰਹਿੰਦੇ ਹਰ ਕੋਈ ਗੁਰਮਤਿ ਵੱਲੋਂ ਸੁੱਤਾ ਹੋਇਆ ਹੀ ਹੈ ਜਿਸਦਾ ਕਾਰਨ ਮਨ ਦੀ ਅਗਿਆਨਤਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਇਸ ਸੱਚੇ ਗਿਆਨ ਦਾ ਪ੍ਰਕਾਸ਼ ਹੀ ਉਸਦੇ "ਨਾਮ ਰਤਨੁ" ਦਾ ਪ੍ਰਕਾਸ਼ ਹੈ ਜਿਸ ਦੁਆਰਾ ਇਹ ਮਨ ਨਿਰਮਲ ਹੁੰਦਾ ਹੈ, ਪਵਿੱਤਰ ਹੁੰਦਾ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਕੇ ਪਵਿੱਤਰ ਹੁੰਦਾ ਹੈ, ਸੱਚ ਦੁਆਰਾ ਪਵਿੱਤਰ ਹੁੰਦਾ ਹੈ। ਮਨ ਇਸ ਪਵਿੱਤਰਤਾ ਤੋਂ ਬਿਨ੍ਹਾਂ ਭਾਵ ਗੁਰਮਤਿ ਦੀ ਸੱਚੀ ਸੋਝੀ ਤੋਂ ਬਿਨ੍ਹਾਂ, ਗੁਰਮਤਿ ਵਾਲੇ ਜਾਗਣੇ ਤੋਂ ਬਿਨ੍ਹਾਂ ਹਰ ਕੋਈ ਨਾਮਹੀਣ ਤੇ ਨਕਟਾ ਹੀ ਹੈ। ਉਸ ਨੇ ਆਪ ਹੀ ਸਾਨੂੰ ਅਗਿਆਨਤਾ ਵਿੱਚ ਰੱਖ ਕੇ ਨਾਮਹੀਣ ਕੀਤਾ ਹੋਇਆ ਹੈ ਜਿਸ ਕਰਕੇ ਸਾਡਾ ਭਾਂਡਾ ਮੈਲਾ ਹੈ ਤੇ ਇਸ ਭਾਂਡੇ ਨੂੰ ਉਹ ਆਪ ਹੀ ਧੋ ਸਕਦਾ ਹੈ ਜਿਸਨੇ ਇਸ ਭਾਂਡੇ ਨੂੰ ਸਾਜ ਕੇ ਮੈਲਾ ਕੀਤਾ ਹੋਇਆ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਬੜੇ ਸਪੱਸ਼ਟ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਹਿਲੇ ਵੀ ਸਮਝਦੇ ਆਏ ਹਾਂ।

{ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ॥੧੪॥}

(ਅੰਗ ੧੪੧੪)

ਨਾਮਹੀਣ ਅਗਰ ਆਪਣੇ ਆਪ ਨੂੰ ਨਾਮ ਵਾਲਾ ਸਮਝੀ ਜਾਂਦੇ ਹਨ ਫਿਰ ਇਹ ਅਗਿਆਨਤਾ ਨਹੀਂ ਤਾਂ ਹੋਰ ਕੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਅਗਿਆਨਤਾ ਵਿੱਚ ਹੀ ਹਨ ਤੇ ਮਨ ਦੀ ਅਗਿਆਨਤਾ ਕਰਕੇ ਹੀ ਅਸੀਂ ਉਨ੍ਹਾਂ ਨੂੰ ਉੱਚਾ ਸਮਝ ਲੈਂਦੇ ਹਾਂ ਜੋ ਖੁਦ ਨਾਮਹੀਣ ਹਨ, ਜਿੰਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ, ਜੋ ਖੁਦ ਅਗਿਆਨਤਾ ਵਿੱਚ ਹਨ।

"ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥
ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ॥"

21/2355

ਇਨ੍ਹਾਂ ਕੁੱਝ ਪੰਗਤੀਆਂ ਦੇ ਅਰਥ ਅਸੀਂ ਕਾਫੀ ਪਿੱਛੇ ਵੀ ਜਾਣੇ ਹਨ। ਧਿਆਨ ਨਾਲ ਸਮਝੋ ਕਿ "ਅੰਧੇ ਘੂਪ" ਕਿੰਨ੍ਹਾਂ ਨੂੰ ਕਿਹਾ ਹੈ ਭਾਵ ਅਤਿ ਦੇ ਅਗਿਆਨੀ ਕਿੰਨ੍ਹਾਂ ਨੂੰ ਕਿਹਾ ਹੈ। ਇਹ "ਅੰਧੇ ਘੂਪ" ਉਨ੍ਹਾਂ ਨੂੰ ਕਿਹਾ ਹੈ ਜੋ ਸਾਨੂੰ ਕਥਨੀ ਦੇ ਨਾਲ ਜੋੜਦੇ ਹਨ ਭਾਵ ਵੱਧ ਤੋਂ ਵੱਧ ਬਾਣੀ ਪੜ੍ਹੀ ਜਾਣ ਨਾਲ ਹੀ ਜੋੜਦੇ ਹਨ, ਵਾਰ-ਵਾਰ ਪੜ੍ਹੀ ਜਾਣ ਨਾਲ ਜੋੜਦੇ ਹਨ, ਗਿਣਤੀਆਂ ਮਿਣਤੀਆਂ ਨਾਲ ਜੋੜਦੇ ਹਨ, ਕਿਸੇ ਅੱਖਰ ਦਾ ਜਪ ਕਰੀ ਜਾਣ ਨਾਲ ਹੀ ਜੋੜਦੇ ਹਨ ਭਾਵ ਗੱਡੀ ਲੱਦੀ ਜਾਣ ਨਾਲ ਹੀ ਜੋੜਦੇ ਹਨ। ਗੁਰੂ ਦੀ ਕਥਨੀ ਮਾੜੀ ਨਹੀਂ ਹੈ, ਗੁਰੂ ਨੇ ਸਾਨੂੰ ਆਪਣੀ ਗੱਲ ਕਥਨੀ ਕਰਕੇ ਹੀ ਸਮਝਾਈ ਹੈ ਭਾਵ ਗੁਰੂ ਨੇ ਕਥਨੀ ਕਿਸੇ ਮਕਸਦ ਲਈ ਕੀਤੀ ਹੈ ਭਾਵ ਸਾਨੂੰ ਕੁੱਝ ਸਮਝਾਉਣ ਲਈ ਕੀਤੀ ਹੈ ਪਰ ਅਸੀਂ ਗੁਰੂ ਦੀ ਕੀਤੀ ਹੋਈ ਕਥਨੀ ਨੂੰ ਹੀ ਵਾਰ-ਵਾਰ ਕਥੀ ਜਾਂਦੇ ਹਾਂ ਤੇ ਉਸਨੂੰ ਆਪਣੀ ਕਥਨੀ ਬਣਾ ਲਿਆ ਹੈ ਜਦਕਿ ਗੁਰੂ ਦੀ ਕਥਨੀ ਦਾ ਮਕਸਦ ਸਾਡੀ ਕਰਨੀ ਨੂੰ ਚੰਗੀ ਬਣਾਉਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਵਾਰ-ਵਾਰ ਸਮਝਦੇ ਆ ਰਹੇ ਹਾਂ। ਆਪਣੀ ਕਥਨੀ ਰਾਹੀਂ ਗੁਰੂ ਨੇ ਜੋ ਸਾਨੂੰ ਕਿਹਾ ਹੈ, ਸਮਝਾਇਆ ਹੈ ਅਸੀਂ ਉਸਦੇ "ਬਿਰਦੁ" ਨੂੰ ਨਹੀਂ ਜਾਣਦੇ, ਨਹੀਂ ਸਮਝਦੇ ਭਾਵ ਉਸਦੇ ਮਕਸਦ ਨੂੰ ਨਹੀਂ ਸਮਝਦੇ ਜਿਸ ਦੁਆਰਾ ਸਾਨੂੰ ਗੁਰੂ ਸਾਡਾ ਫਰਜ਼ ਸਮਝਾਉਂਦਾ ਹੈ। ਗੁਰੂ ਦੇ ਬਿਰਦ ਨੂੰ ਸਮਝ ਕੇ ਹੀ ਅਸੀਂ ਆਪਣਾ ਫਰਜ਼ ਪੂਰਾ ਕਰ ਸਕਦੇ ਹਾਂ ਜਿਸਦਾ ਮਕਸਦ ਸਾਡੀ ਕਰਨੀ ਨੂੰ ਚੰਗਾ ਬਣਾਉਣ ਦਾ ਹੈ। ਮਨ ਦੇ ਘੂਪ ਅੰਧੇ ਅਤਿ ਦੇ ਅਗਿਆਨੀ ਸਾਨੂੰ ਸਾਡੇ ਉਸ ਅਸਲ ਫਰਜ਼ ਨਾਲ ਨਹੀਂ ਜੋੜਦੇ ਜੋ ਕਿ ਬਾਣੀ ਨੂੰ ਪੜ੍ਹਨ ਦਾ, ਸੁਣਨ ਦਾ ਅਸਲ ਮਕਸਦ ਹੈ। ਅਸੀਂ ਆਪਣੇ ਫਰਜ਼ ਤੇ ਤਾਂ ਹੀ ਪੂਰੇ ਉਤਰ ਸਕਦੇ ਹਾਂ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਸਮਝ ਕੇ ਉਸਨੂੰ ਮੰਨਦੇ ਵੀ ਹਾਂ। **(ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥)**

ਇਹੋ ਜਿਹਿਆਂ ਦੀ ਅਗਿਆਨਤਾ ਦਾ ਕਾਰਨ ਕੀ ਹੈ ਤੇ ਦੂਸਰਿਆਂ ਤੇ ਇਹੋ ਜਿਹੀਆਂ ਗੱਲਾਂ ਕਰਨ ਦਾ ਅਸਰ ਕੀ ਪੈਂਦਾ ਹੈ ਇਹੀ ਗੱਲ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ।

“ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ॥”

ਸਾਡੇ ਮਨ ਦੇ ਅੰਧੇਪਨ ਦਾ ਕਾਰਨ, ਅਗਿਆਨਤਾ ਦਾ ਕਾਰਨ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਭਾਵ ਪੁੱਠੀ ਮਤਿ ਹੈ ਤੇ ਪ੍ਰਮਾਤਮਾ ਨੇ ਸਭ ਦੇ ਅੰਦਰ ਇਹ ਕਮਲ ਪੁੱਠਾ ਹੀ ਕੀਤਾ ਹੋਇਆ ਹੈ ਜੋ ਕਿ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਇਸ ਅਵੱਸਥਾ ਵਿੱਚ ਰਹਿੰਦਿਆਂ ਹਰ ਕੋਈ ਦੁਰਮਤਿ ਵਿੱਚ ਹੀ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਤੋਂ ਦੂਰ ਹੀ ਹੈ, ਪ੍ਰਮਾਤਮਾ ਦੇ ਸੱਚ ਨੂੰ ਜਾਨਣ ਤੋਂ ਦੂਰ ਹੀ ਹੈ। ਪ੍ਰਮਾਤਮਾ ਦਾ ਸਾਰੇ ਸੰਸਾਰ ਲਈ ਇਹ ਆਪਣਾ ਹੀ

ਬਣਾਇਆ ਹੋਇਆ ਅਸੂਲ ਹੈ ਜਿਸ ਦੁਆਰਾ ਉਸਨੇ ਸਭ ਨੂੰ ਭਰਮ ਵਿੱਚ ਹੀ ਰੱਖਿਆ ਹੋਇਆ ਹੈ। ਪ੍ਰਮਾਤਮਾ ਸਭ ਦੇ ਵਿੱਚ ਇਹ ਅਵੱਸਥਾ ਪਾ ਕੇ ਹੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ ਜਿਸ ਦੁਆਰਾ ਹਰ ਕੋਈ ਮਾਇਆ ਮੋਹ ਵਿੱਚ ਹੈ, ਤ੍ਰਿਸ਼ਨਾ ਵਿੱਚ ਹੈ ਤੇ ਭਰਮ ਵਿੱਚ ਰਹਿੰਦਿਆਂ ਸੰਸਾਰ ਉਹੋ ਜਿਹੀ ਭਗਤੀ ਵਿੱਚ ਲੱਗਾ ਰਹਿੰਦਾ ਹੈ ਜੋ ਕਿ ਅਸਲ ਵਿੱਚ ਭਗਤੀ ਕਰਨ ਦਾ ਤਰੀਕਾ ਨਹੀਂ ਹੈ। ਉਹ ਕਿਸੇ ਵਿਰਲੇ ਸਰੀਰ ਰਾਹੀਂ ਪ੍ਰਗਟ ਹੋ ਕੇ ਮਨ ਦੇ ਇਸ ਕਮਲ ਨੂੰ ਸਿੱਧਾ ਕਰਦਾ ਹੈ ਭਾਵ ਆਪਣੇ ਗਿਆਨ ਦਾ ਪ੍ਰਕਾਸ਼ ਕਰਕੇ ਸੱਚ ਦੀ ਸੋਝੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ।

{ਊਂਧੋ ਕਵਲੁ ਸਗਲ ਸੰਸਾਰੈ॥
ਦੁਰਮਤਿ ਅਗਨਿ ਜਗਤ ਪਰਜਾਰੈ॥
ਸੋ ਉਬਰੈ ਗੁਰ ਸਬਦੁ ਬੀਚਾਰੈ॥੨॥}

(ਅੰਗ ੨੨੫)

ਇਹ ਮਨ ਦਾ ਪੁੱਠਾ ਕਮਲ ਉਸਦਾ ਹੀ ਸਿੱਧਾ ਹੁੰਦਾ ਹੈ, ਪੁੱਠੀ ਮਤਿ ਉਸਦੀ ਹੀ ਸਿੱਧੀ ਹੁੰਦੀ ਹੈ ਜਿਸਨੂੰ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਗੁਰੂ ਅਸਲ ਵਿੱਚ “ਸਬਦੁ” ਹੈ ਭਾਵ ਆਪ ਪ੍ਰਮਾਤਮਾ ਹੈ, ਬ੍ਰਹਮਗਿਆਨ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਵਾਲੀ ਅਵੱਸਥਾ ਹੈ ਅਸੀਂ ਮਨ ਦੇ ਗਿਆਨ ਨੂੰ ਹੀ ਆਪਣਾ ਗਿਆਨ ਸਮਝਦੇ ਹਾਂ ਤੇ ਸਾਨੂੰ ਉਸ ਗਿਆਨ ਦੇ ਸ੍ਰੋਤ ਦੀ ਸਮਝ ਨਹੀਂ ਪੈਂਦੀ ਕਿ ਗਿਆਨ ਦਾ ਮਾਲਕ ਕੌਣ ਹੈ ਜੋ ਅਸਲ ਵਿੱਚ ਆਪ ਹੀ ਗੁਰੂ ਹੈ। ਸ਼ਬਦ ਗੁਰੂ ਦੀ ਸੋਝੀ ਕੇਵਲ ਉਨ੍ਹਾਂ ਨੂੰ ਹੀ ਪਈ ਹੈ ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਸ਼ਬਦ ਗੁਰੂ ਦੀ ਸੋਝੀ ਪ੍ਰਮਾਤਮਾ ਨੇ ਬ੍ਰਹਮਾ ਨੂੰ ਵੀ ਨਹੀਂ ਪਾਈ ਜਿਸਨੇ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ ਤੇ ਇਸੇ ਲਈ ਬ੍ਰਹਮਾ ਨੂੰ ਵੀ ਅਗਿਆਨਤਾ ਵਿੱਚ ਕਿਹਾ ਹੈ ਭਾਵ ਉਸਦੇ ਮਨ ਦਾ ਕਮਲ ਵੀ ਪ੍ਰਮਾਤਮਾ ਨੇ ਸਿੱਧਾ ਨਹੀਂ ਕੀਤਾ। ਮਨ ਦਾ ਕਮਲ ਸਿੱਧਾ ਹੋਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਵੱਡਾ ਨਹੀਂ ਕਹਿ ਸਕਦਾ, ਕੋਈ ਆਪਣੇ ਆਪ ਨੂੰ ਸੰਤ, ਬ੍ਰਹਮਗਿਆਨੀ ਨਹੀਂ ਕਹਿ ਸਕਦਾ।

ਗਉੜੀ ਮਹਲਾ ੩॥
“ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥
ਅੰਤਰਿ ਤਾਮਸੁ ਆਪੁ ਨ ਪਛਾਣੈ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥”

(ਅੰਗ ੨੩੧)

ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲੇ ਧਰਮ ਦੇ ਝੂਠੇ ਠੇਕੇਦਾਰ ਅਖਵਾਉਣ ਵਾਲੇ ਸੰਤ, ਬ੍ਰਹਮਗਿਆਨੀ ਅਖਵਾਉਣ ਵਾਲੇ ਪ੍ਰਮਾਤਮਾ ਨਾਲ ਆਪਣਾ “ਵਾਦੁ” ਭਾਵ ਝਗੜਾ ਹੀ ਦਿਖਾਉਂਦੇ ਹਨ ਭਾਵ ਝੂਠਾ ਮਾਣ ਲੈਂਦੇ ਹਨ।

ਜਿਸ ਵਿੱਚ ਪ੍ਰਮਾਤਮਾ ਆਪਣੀ ਪਰਮ ਜੋਤਿ ਦਾ ਪ੍ਰਕਾਸ਼ ਕਰਦਾ ਹੈ ਉਸਦੇ

ਮਨ ਵਿੱਚ ਇਸ ਪੁੱਠੇ ਕਮਲ ਨੂੰ ਹੀ ਸਿੱਧਾ ਕਰਦਾ ਹੈ ਤੇ ਤਾਂ ਹੀ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ, ਖਰੇ ਖੋਟੇ ਦੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਕਿਸਨੂੰ ਹੈ ਤੇ ਕਿਸਨੂੰ ਨਹੀਂ ਹੈ। ਮਨ ਦੀ ਇਸ ਅਗਿਆਨਤਾ ਦੁਆਰਾ ਅਸੀਂ ਉਨ੍ਹਾਂ ਨੂੰ ਹੀ ਖਰੇ ਸਮਝ ਲੈਂਦੇ ਹਾਂ ਭਾਵ ਉੱਚੇ ਸਮਝ ਲੈਂਦੇ ਹਾਂ, ਸਾਨੂੰ ਭਗਤੀ ਸਮਝਾਉਣ ਵਾਲੇ ਸਮਝ ਲੈਂਦੇ ਹਾਂ ਜੋ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਰੂਪ ਹੀ ਹਨ ਭਾਵ ਚੰਗੇ ਰੂਪ ਵਾਲੇ ਨਹੀਂ ਹਨ, ਖਰੇ ਨਹੀਂ ਹਨ। ਅਸੀਂ ਉਨ੍ਹਾਂ ਨੂੰ ਖਰੇ ਸਮਝ ਲੈਂਦੇ ਹਾਂ ਜਿਵੇਂ ਕਿ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਇਆ ਹੈ ਭਾਵ ਜੋ ਸਾਨੂੰ ਕਥਨੀ ਨਾਲ ਹੀ ਜੋੜਦੇ ਹਨ ਪਰ ਕਥਨੀ ਦੇ ਮਕਸਦ ਨੂੰ ਨਹੀਂ ਸਮਝਦੇ। **(ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ॥)** ਅਸੀਂ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ, ਉਨ੍ਹਾਂ ਦੀਆਂ ਗੱਲਾਂ ਵਿੱਚ ਆਏ ਹੋਏ ਹਾਂ ਜੋ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਖਰੇ ਨਹੀਂ ਹਨ, ਕਰੂਪ ਹਨ।

ਉਸਦੀਆਂ ਨਜ਼ਰਾਂ ਵਿੱਚ ਖਰੇ ਕੌਣ ਹਨ, ਚੰਗੇ ਰੂਪ ਵਾਲੇ ਕੌਣ ਹਨ, ਸਿਆਣੇ ਕੌਣ ਹਨ ਇਹ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥”

ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕਰੂਪ ਬਣਨ ਦਾ ਜਾਂ ਸੁਘੜ ਸਰੂਪ ਬਣਨ ਦਾ ਫਰਕ ਕੀ ਹੈ, ਭੇਦ ਕੀ ਹੈ। ਫਰਕ ਬਹੁਤ ਹੀ ਸਪੱਸ਼ਟ ਸਮਝਾਇਆ ਹੋਇਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ, ਕਥਨੀ ਨੂੰ ਭਗਤੀ ਕਹਿਣ ਵਾਲੇ ਵੀ ਸਮਝ ਸਕਦੇ ਹਨ। ਗੁਰੂ ਨੇ ਜੋ ਗੱਲ ਬਾਣੀ ਵਿੱਚ ਲਿਖੀ ਹੈ ਅਸੀਂ ਉਸ ਗੱਲ ਨੂੰ ਕਹਿਣਾ ਵੀ ਹੈ ਭਾਵ ਪੜ੍ਹਨਾ ਜਾਂ ਸੁਣਨਾ ਵੀ ਹੈ ਜੋ ਕਿ ਸਾਡਾ ਪਹਿਲਾ ਫਰਜ਼ ਹੈ, ਸਾਡਾ ਪਹਿਲਾ ਉੱਦਮ ਹੈ। ਇਹ ਉੱਦਮ ਸਾਡੇ ਲਈ ਜ਼ਰੂਰੀ ਹੈ। ਸਾਡਾ ਦੂਸਰਾ ਉੱਦਮ ਗੁਰੂ ਦੀ ਗੱਲ ਨੂੰ ਜਾਣਨ ਦਾ ਹੈ ਭਾਵ ਸਮਝਣ ਦਾ ਹੈ ਕਿ ਗੁਰੂ ਨੇ ਸਾਨੂੰ ਕੀ ਸਮਝਾਇਆ ਹੈ। ਸਾਡੇ ਲਈ ਇਹ ਉੱਦਮ ਵੀ ਜਰੂਰੀ ਹੈ। ਤੀਸਰਾ ਤੇ ਅਸਲ ਉੱਦਮ ਗੁਰੂ ਦੀ ਗੱਲ ਨੂੰ ਆਪਣੇ ਅੰਦਰ ਬੁੱਝਣ ਦਾ ਹੈ ਭਾਵ ਆਪਣੇ ਆਪ ਨੂੰ ਬੁਝਾਉਣ ਦਾ ਹੈ, ਆਪਣੇ ਆਪ ਨੂੰ ਸਮਝਾਉਣ ਦਾ ਹੈ ਤਾਂ ਕਿ ਅਸੀਂ ਗੁਰੂ ਦੀ ਗੱਲ ਨੂੰ ਮੰਨ ਸਕੀਏ ਤੇ ਉਸਤੇ ਅਮਲ ਕਰੀਏ। ਇਹ ਗੁਰੂ ਦੇ “ਬਿਰਦੁ” ਤੇ ਪੂਰਾ ਉਤਰਨ ਵਾਲੀ ਗੱਲ ਹੈ ਜਿਸ ਦੁਆਰਾ ਗੁਰੂ ਦੀ ਗੱਲ ਦਾ ਮਕਸਦ ਪੂਰਾ ਹੁੰਦਾ ਹੈ, ਸ਼ਬਦ ਨੂੰ ਪੜ੍ਹਨ ਸੁਣਨ ਦਾ ਮਕਸਦ ਪੂਰਾ ਹੁੰਦਾ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਹੋ

ਜਿਹੇ ਮਨੁੱਖ ਹੀ ਸਿਆਣੇ ਤੇ ਸੁੰਦਰ ਬਣਦੇ ਹਨ ਜੋ ਉਸਦੀ ਕਥਨੀ ਨੂੰ ਕਰਨੀ ਵਿੱਚ ਬਦਲਦੇ ਹਨ, ਉਸਨੂੰ ਆਪਣੀ ਰਹਿਣੀ ਬਣਾਉਂਦੇ ਹਨ। **(ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥)**

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥

ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥

ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥}

(ਅੰਗ ੫੬)

ਅਗਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਇਹ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਜਾਂ ਮਾੜਾ ਬਣਨ ਦਾ ਭੇਦ ਕੀ ਹੈ।

“ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ॥

ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥੧੫॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਕਥਨੀ ਕਰਨੀ ਦਾ ਭੇਦ ਹੀ ਸਮਝਾਇਆ ਹੋਇਆ ਹੈ ਤੇ ਪ੍ਰਮਾਤਮਾ ਉਸੇ ਤੇ ਹੀ ਪ੍ਰਸੰਨ ਹੁੰਦਾ ਹੈ ਜੋ ਆਪਣੀ ਕਰਨੀ ਨੂੰ ਸੁਧਾਰਦਾ ਹੈ, ਸ਼ਬਦ ਦੇ ਮਕਸਦ ਨੂੰ ਸਮਝਦਾ ਹੈ, ਅੱਖਰ ਦੇ ਮਕਸਦ ਨੂੰ ਸਮਝਦਾ ਹੈ ਤੇ ਖਾਲੀ ਕਥਨੀ ਕਰੀ ਜਾਣ ਵਾਲਿਆਂ ਨੂੰ ਬਹੁਤ ਹੀ ਮਾੜਾ ਕਹਿ ਕੇ ਸਮਝਾਇਆ ਹੋਇਆ ਹੈ, ਸੁਚੇਤ ਕੀਤਾ ਹੈ। ਇਨ੍ਹਾਂ ਪੰਗਤੀਆਂ

ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਬਰੀਕੀ ਨਾਲ ਸਮਝਿਆ ਹੈ ਤੇ ਫਿਰ ਤੋਂ ਸੰਖੇਪ ਵਿੱਚ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਗੁਰਬਾਣੀ ਦੇ ਅਸਲ ਮਕਸਦ ਨੂੰ ਸਮਝ ਸਕੀਏ ਜਿਸ ਮਕਸਦ ਲਈ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਇਸ ਸੰਸਾਰ ਤੇ ਇਤਨਾ ਵੱਡਾ ਉਪਕਾਰ ਕੀਤਾ ਹੈ।

“ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ॥”

ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਨ, ਸੁਣਨ ਦਾ ਤੇ ਉਨ੍ਹਾਂ ਨੂੰ ਗਾਉਣ ਦਾ ਰਸ ਮਾਣਦੇ ਹਾਂ ਤੇ ਇਸੇ ਨੂੰ ਹੀ ਆਪਣੇ ਮਕਸਦ ਦੀ ਪੂਰਤੀ ਸਮਝਦੇ ਹਾਂ ਕਿ ਸਾਨੂੰ ਪੜ੍ਹਨ, ਸੁਣਨ ਤੇ ਗਾਉਣ ਦਾ ਰਸ ਆਇਆ ਹੈ, ਆਨੰਦ ਆਇਆ ਹੈ। ਜੋ ਇਸੇ ਗੱਲ ਨੂੰ ਆਪਣੀ ਪ੍ਰਾਪਤੀ ਸਮਝਦੇ ਹਨ ਜਾਂ ਭਗਤੀ ਕਰਨੀ ਸਮਝਦੇ ਹਨ ਉਨ੍ਹਾਂ ਨੂੰ ਨਾਸਮਝ ਦੱਸਿਆ ਹੈ। ਇਸਦੇ ਉਲਟ ਜੋ ਇਹੋ ਜਿਹਾ ਰਸ ਮਾਣਨ ਦੇ ਨਾਲ ਉਸਦਾ ਅਸਲ ਮਕਸਦ ਸਮਝਦੇ ਹਨ ਭਾਵ ਪੜ੍ਹਨ, ਸੁਣਨ ਦਾ ਅਸਲ ਮਕਸਦ ਸਮਝਦੇ ਹਨ ਉਹ ਖਾਲੀ ਪੜ੍ਹਨ ਸੁਣਨ ਦੇ ਰਸ ਨਾਲ ਨਹੀਂ ਜੁੜਦੇ ਤੇ ਉਹ ਗੁਰੂ ਦੀ ਗੱਲ ਨੂੰ ਸਮਝ ਕੇ ‘‘ਰਸੁ ਕਸੁ’’ ਨੂੰ ਤਿਆਗਦੇ ਹਨ ਭਾਵ ਮਾਇਆ ਰਸ ਨੂੰ ਤਿਆਗਦੇ ਹਨ ਜੋ ਕਿ ਬਾਣੀ ਨੂੰ ਪੜ੍ਹਨ, ਸੁਣਨ ਤੇ ਗਾਉਣ ਦਾ ਅਸਲ ਮਕਸਦ ਹੈ। **(ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ॥)**

ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥੪॥੧੧॥੧੮॥”

(ਅੰਗ ੪੫੦)

22/2359

ਗੁਰੂ ਦੀ ਬਾਣੀ ਨੂੰ ਅਸੀਂ ਅਨੇਕਾਂ ਤਰੀਕਿਆਂ ਨਾਲ ਗਾਉਂਦੇ ਹਾਂ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਗਾਉਂਦੇ ਹਾਂ ਜਿਸਨੂੰ ਕਿ ਅਸੀਂ ਆਪਣੀ ਭਗਤੀ ਕਰਨਾ ਸਮਝਦੇ ਹਾਂ ਤੇ ਇਸ ਵਿੱਚ ਅਸੀਂ ਆਨੰਦ ਮਹਿਸੂਸ ਕਰਦੇ ਹਾਂ। ਅਸੀਂ ਪ੍ਰਮਾਤਮਾ ਨੂੰ ਅੱਖਰ ਰਾਹੀਂ ਜਪਦੇ ਹਾਂ, ਹਰਿ ਹਰਿ ਕਰਕੇ ਜਪਦੇ ਹਾਂ ਜਾਂ ਕਿਸੇ ਵੀ ਅੱਖਰ ਦੁਆਰਾ ਬੋਲ ਬੋਲ ਕੇ ਜਪਦੇ ਹਾਂ ਪਰ ਸਾਡੇ ਇਹੋ ਜਿਹੇ ਕਰਨ ਨਾਲ ਭਾਵ ਸਾਡੀ ਕਥਨੀ ਕਰੀ ਜਾਣ ਨਾਲ ਪ੍ਰਮਾਤਮਾ ਸਾਡੇ ਨਾਲ ਨਹੀਂ ਭਿੱਜਦਾ ਭਾਵ ਇਹ ਉਸਦੀ ਭਗਤੀ ਕਰਨ ਦਾ ਤਰੀਕਾ ਨਹੀਂ ਹੈ ਇਹ ਕੇਵਲ ਸਾਡਾ ਇੱਕ ਭਰਮ ਹੈ। ਉਸਦੀ ਬਾਣੀ ਨੂੰ ਪੜ੍ਹਨ ਦਾ ਮਕਸਦ ਉਸ ਵਿੱਚੋਂ ਮਤਿ ਲੈਣ ਦਾ ਹੈ, ਆਪਣੇ ਵਿਕਾਰ ਛੱਡਣ ਦਾ ਹੈ ਤੇ ਆਪਣੇ ਅੰਦਰ ਕਪਟ ਦੇ ਰਹਿੰਦਿਆਂ, ਵਿਕਾਰਾਂ ਦੇ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਕਿਉਂਕਿ ਉਸਦੀ ਭਗਤੀ ਵਿਕਾਰ ਰਹਿਤ ਹੋ ਕੇ ਹੁੰਦੀ ਹੈ, ਸੱਚਾ-ਸੁੱਚਾ ਇਨਸਾਨ ਬਣ ਕੇ ਹੀ ਹੁੰਦੀ ਹੈ। **(ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥ ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥)**

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਕਿਤਨਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਕਿਵੇਂ ਹੁੰਦੀ ਹੈ।

“ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥੪॥੧੧॥੧੮॥”

ਆਪਣੇ ਅੰਦਰ ਵਿਕਾਰਾਂ ਦੇ ਰਹਿੰਦਿਆਂ ਹੋਇਆਂ ਭਾਵ ਮਾੜੇ ਕਰਮ ਕਰਦਿਆਂ ਹੋਇਆਂ ਅਸੀਂ ਆਪਣੇ ਵੱਲੋਂ ਜਿਤਨੇ ਵੀ ਭਗਤੀ ਦੇ ਦਿਖਾਵੇ ਕਰਦੇ ਹਾਂ ਉਹ ਸਭ ਵਿਅਰਥ ਹੀ ਹਨ। ਸਾਡੇ ਮਨ ਦੀ ਅਵੱਸਥਾ ਕੀ ਹੈ, ਸਾਡੇ ਮਨ ਦੀ ਬਿਰਤੀ ਕੀ ਹੈ ਇਹ ਪ੍ਰਮਾਤਮਾ ਤੋਂ ਕੁਛ ਵੀ ਛੁਪਿਆ ਹੋਇਆ ਨਹੀਂ ਹੈ ਭਾਵ ਸਾਡੇ ਮਾੜੇ ਕਰਮ ਪ੍ਰਮਾਤਮਾ ਤੋਂ ਛੁਪੇ ਹੋਏ ਨਹੀਂ ਹਨ। ਸਾਡੇ

ਅੰਦਰ ਦੇ ਵਿਕਾਰ ਸਾਡਾ ਰੋਗ ਹਨ ਤੇ ਸਾਨੂੰ ਪ੍ਰਮਾਤਮਾ ਸਾਡੇ ਹੱਥ ਇਸ ਰੋਗ ਦਾ ਫਲ ਹੀ ਦਿੰਦਾ ਹੈ ਭਾਵ ਮਾੜਾ ਫਲ ਹੀ ਦਿੰਦਾ ਹੈ ਭਾਵ ਆਪਣੇ ਮਾੜੇ ਕਰਮਾਂ ਦੀ ਸਜ਼ਾ ਸਾਨੂੰ ਹੀ ਭੁਗਤਣੀ ਪੈਂਦੀ ਹੈ।

ਪ੍ਰਮਾਤਮਾ ਦੀ ਭਗਤੀ ਉਸਨੂੰ ਮਿਲਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਉਸਦਾ ਹੁੰਦਾ ਹੈ ਭਾਵ ਭਗਤੀ ਦਾ ਫਲ ਉਸਨੂੰ ਮਿਲਦਾ ਹੈ ਜਿਸ ਮਨੁੱਖ ਦਾ ਹਿਰਦਾ "ਸੁਧੁ" ਹੈ ਭਾਵ ਜੋ ਵਿਕਾਰਾਂ ਤੋਂ ਰਹਿਤ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦੀ ਹੈ, ਕੇਵਲ ਮਨੁੱਖ ਦੀ ਸੱਚੀ ਸੁੱਚੀ ਵਿਚਰਨ ਦੁਆਰਾ ਹੀ ਹੁੰਦੀ ਹੈ। ਭਗਤੀ ਦਾ ਮਾਰਗ ਸਾਡੀ ਕਰਨੀ ਦਾ ਮਾਰਗ ਹੈ ਪਰ ਅਸੀਂ ਆਪਣੀ ਕਥਨੀ ਨੂੰ ਹੀ ਆਪਣੀ ਭਗਤੀ ਸਮਝੀ ਬੈਠੇ ਹਾਂ ਤੇ ਆਪਣੇ ਮਨ ਦੇ ਰੋਗ ਨੂੰ ਦੂਰ ਨਹੀਂ ਕਰਦੇ ਜਿਸਨੂੰ ਦੂਰ ਕੀਤੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। **(ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥ ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥੪॥੧੧॥੧੮॥)**

ਜਿੰਨ੍ਹਾਂ ਨੇ ਸਾਨੂੰ ਕਥਨੀ ਨਾਲ ਜੋੜਿਆ ਹੋਇਆ ਹੈ ਭਾਵ ਕੇਵਲ ਕਥਨੀ ਨੂੰ ਹੀ ਭਗਤੀ ਸਮਝਾਇਆ ਹੋਇਆ ਹੈ ਉਹ ਕਿਤਨੇ ਭੁੱਲੇ ਹੋਏ ਹਨ ਤੇ ਅਸੀਂ ਉਨ੍ਹਾਂ ਦੇ ਪਿੱਛੇ ਲੱਗ ਕੇ

ਕਿਤਨੇ ਭੁੱਲੇ ਹੋਏ ਹਾਂ ਇਸਨੂੰ ਹਰ ਕੋਈ ਸਮਝ ਸਕਦਾ ਹੈ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਗੁਰੂ ਦੀ ਦੱਸੀ ਹੋਈ ਗੱਲ ਕਦੇ ਗਲਤ ਨਹੀਂ ਹੋ ਸਕਦੀ। ਗਲਤ ਉਹੀ ਹਨ ਜਿੰਨ੍ਹਾਂ ਨੇ ਗੁਰੂ ਦੀ ਗੱਲ ਸਮਝੀ ਹੀ ਨਹੀਂ ਜਾਂ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ।

ਹੁਣ ਅਸੀਂ ਮੁੱਖ ਸ਼ਬਦ ਦੀ ਹੇਠ ਦਿੱਤੀ ਪੰਗਤੀ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ। ਇਸ ਪੰਗਤੀ ਰਾਹੀਂ ਉਨ੍ਹਾਂ ਦੀ ਗੱਲ ਸਮਝਾਈ ਹੈ ਜੋ ਕਥਨੀ ਦੇ ਰਸ ਤੋਂ ਬਾਹਰ ਨਿਕਲਦੇ ਹਨ ਤੇ ਕਥਨੀ ਨੂੰ ਸਮਝ ਕੇ ਰਸ ਕਸ ਨਾਲ ਨਹੀਂ ਜੁੜਦੇ ਭਾਵ ਮਾਇਆ ਦੇ ਰਸਾਂ ਵਿੱਚ ਨਹੀਂ ਪੈਂਦੇ, ਔਗੁਣਾਂ ਤੋਂ ਦੂਰ ਰਹਿੰਦੇ ਹਨ। ਇਹੋ ਜਿਹੇ ਮਨੁੱਖ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸੁਘੜ ਸਰੂਪ ਹਨ ਜਿਵੇਂ ਕਿ ਇਸ ਤੋਂ ਪਹਿਲੀ ਪੰਗਤੀ ਰਾਹੀਂ ਅਸੀਂ ਸਮਝਿਆ ਹੈ। ਇਹੋ ਜਿਹੇ ਮਨੁੱਖ ਪ੍ਰਮਾਤਮਾ ਦੀ ਗੱਲ ਨੂੰ ਸਮਝਦੇ ਹਨ, ਅੱਖਰ ਦੇ ਮਕਸਦ ਨੂੰ ਸਮਝਦੇ ਹਨ। **(ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ॥)**

ਅਗਲੀ ਪੰਗਤੀ ਰਾਹੀਂ ਉਨ੍ਹਾਂ ਦੀ ਗੱਲ ਕੀਤੀ ਹੋਈ ਹੈ ਜੋ ਅੱਖਰ ਦੇ ਭੇਦ ਨੂੰ ਨਹੀਂ ਸਮਝਦੇ, ਅੱਖਰਾਂ ਦੀ ਲਿਖਤ ਦੇ ਭੇਦ ਨੂੰ ਨਹੀਂ ਸਮਝਦੇ ਭਾਵ ਜੋ ਗੁਰੂ ਤੇ ਆਪਣੇ ਅੱਖਰਾਂ ਰਾਹੀਂ ਗੱਲ ਕਹੀ ਹੈ ਉਸਦਾ "ਬਿਰਦੁ" ਨਹੀਂ ਜਾਣਦੇ, ਅੱਖਰ ਦੇ ਮਕਸਦ ਨੂੰ ਨਹੀਂ ਸਮਝਦੇ।

"ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥੧੫॥"

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਪਾਇਆ ਹੋਇਆ ਅੱਖਰ ਹੈ ਇਸ ਗੱਲ ਨੂੰ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਸਮਝਿਆ ਹੈ। ਅੱਖਰ ਦੁਆਰਾ ਪ੍ਰਮਾਤਮਾ ਆਪਣਾ ਗਿਆਨ ਹੀ ਦਿੰਦਾ ਹੈ। ਸਾਰੇ ਸ਼ਬਦ ਅੱਖਰਾਂ ਦਾ ਰੂਪ ਹੀ ਹਨ। ਸਾਰੇ ਅੱਖਰ ਸਾਨੂੰ ਕੁੱਝ ਸਮਝਾਉਣ ਲਈ ਹੀ ਹਨ ਪਰ ਅਸੀਂ ਕੇਵਲ ਅੱਖਰਾਂ ਨੂੰ ਪੜ੍ਹੀ ਹੀ ਜਾਂਦੇ ਹਾਂ, ਵਾਰ-ਵਾਰ ਉਨ੍ਹਾਂ ਨੂੰ ਪੜ੍ਹਨਾ ਹੀ ਆਪਣਾ ਫਰਜ਼ ਸਮਝਦੇ ਹਾਂ ਪਰ ਸਾਡਾ ਅਸਲ ਫਰਜ਼ ਜੋ ਗੁਰੂ ਨੇ ਸਾਨੂੰ ਅੱਖਰਾਂ ਰਾਹੀਂ ਸਮਝਾਇਆ ਹੈ ਉਸਨੂੰ ਅਸੀਂ ਨਹੀਂ ਸਮਝਦੇ, ਗੁਰੂ ਦੇ ਕਹੇ ਹੋਏ ਬਿਰਦੁ ਨੂੰ ਨਹੀਂ ਜਾਣਦੇ। ਇਹੋ ਜਿਹਿਆਂ ਨੂੰ "ਬੁਧਿ" ਹੀਨ ਕਿਹਾ ਹੈ, ਬੇ-ਅਕਲ ਕਿਹਾ ਹੈ, ਨਾ ਸਮਝ ਕਿਹਾ ਹੈ। **(ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥)**

ਹੁਣ ਧਿਆਨ ਨਾਲ ਸੋਚੋ ਸਾਨੂੰ ਇਹ ਸਭ ਕੁੱਝ ਸਮਝਾਉਣ ਵਾਲੇ, ਇੱਕ ਅੱਖਰ ਨਾਲ ਜੁੜੇ ਰਹਿਣ ਵਾਲੇ, ਬਾਣੀ ਦੇ ਅੱਖਰਾਂ ਨੂੰ ਵਾਰ-ਵਾਰ ਪੜੀ ਜਾਣ ਵਾਲੇ ਤੇ ਇੱਕ ਅੱਖਰ ਨੂੰ ਹੀ ਨਾਮ ਸਮਝਣ ਵਾਲੇ ਜਿਸ ਅੱਖਰ ਰਾਹੀਂ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਉਸਨੂੰ ਆਪਣੀ ਭਗਤੀ ਸਮਝਦੇ ਹਨ ਉਹ ਕਿਤਨੇ ਭੁੱਲੇ ਹੋਏ ਹਨ ਜੋ ਕੇਵਲ ਕਥਨੀ ਨਾਲ ਹੀ ਜੁੜੇ ਹੋਏ ਹਨ, ਵਾਰ-

ਵਾਰ ਸ਼ਬਦਾਂ ਨੂੰ ਕਥੀ ਹੀ ਜਾਂਦੇ ਹਨ ਪਰ ਉਨ੍ਹਾਂ ਦੀ ਮਤਿ ਨੂੰ ਸਮਝ ਕੇ ਉਸ ਤੇ ਅਮਲ ਨਹੀਂ ਕਰਦੇ। ਇਹ ਕੁੱਝ ਕਰਨਾ ਉਹ ਆਪਣਾ ਵੱਡਾ ਗੁਣ ਸਮਝਦੇ ਹਨ ਤੇ

22/2361

ਦੂਸਰਿਆਂ ਨੂੰ ਵੀ ਇਹੀ ਗੁਣ ਸਮਝਾਉਂਦੇ ਹਨ। ਬਾਣੀ ਵਿੱਚ ਜੋ ਸਾਨੂੰ ਗੁਣ ਸਮਝਾਏ ਹਨ ਉਹ ਔਗੁਣ ਛੱਡਣ ਨਾਲ ਹੀ ਮਿਲਦੇ ਹਨ ਪਰ ਇਹ ਭਰਮੇ ਹੋਏ, ਅੱਖਰਾਂ ਦੇ ਜਪਣ ਨੂੰ ਹੀ ਆਪਣਾ ਗੁਣ ਸਮਝਦੇ ਹਨ ਤੇ ਇਸ ਗੱਲ ਦਾ ਬੜਾ "ਗਰਬੁ" ਕਰਦੇ ਹਨ ਭਾਵ ਮਾਣ ਕਰਦੇ ਹਨ। ਸਮਾਜ ਵਿੱਚ ਇਨ੍ਹਾਂ ਨੂੰ ਇਨ੍ਹਾਂ ਹੀ ਗੱਲਾਂ ਦਾ ਮਾਣ ਮਿਲਦਾ ਹੈ ਕਿ ਇਹ ਬੜੀ ਭਗਤੀ ਕਰਨ ਵਾਲੇ ਹਨ। ਇਸਨੂੰ ਬਾਣੀ ਵਿੱਚ ਵਾਰ-ਵਾਰ ਸਾਡਾ ਝੂਠਾ ਮਾਣ ਸਮਝਾਇਆ ਹੈ। ਗੁਰੂ ਸਾਹਿਬ ਨੇ ਇਹੋ ਜਿਹਿਆਂ ਲਈ ਕਿਹੋ ਜਿਹੇ ਲਫ਼ਜ਼ ਵਰਤੇ ਹਨ ਇਸਨੂੰ ਹਰ ਕੋਈ ਸਮਝ ਸਕਦਾ ਹੈ ਕਿ ਅਸਲ ਖਰ ਕਿਹੋ ਜਿਹੇ ਹੁੰਦੇ ਹਨ। **(ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥੧੫॥)**

ਇਹੋ ਜਿਹੇ ਮਨੁੱਖਾਂ ਨੂੰ ਉੱਚਾ ਮੰਨ ਕੇ ਅਸੀਂ ਉਨ੍ਹਾਂ ਨੂੰ ਮਾਣ ਦਿੰਦੇ ਹਾਂ ਪਰ ਗੁਰੂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਹੋ ਜਿਹਿਆਂ ਦੀ ਕੀ ਕਦਰ ਹੈ ਇਹ ਹਰ ਕੋਈ ਸਮਝ ਸਕਦਾ ਹੈ। ਅਸੀਂ ਭਰਮ ਵਿੱਚ ਹੀ ਇਹੋ ਜਿਹਿਆਂ ਨੂੰ ਪੂਜਦੇ ਹਾਂ, ਉਨ੍ਹਾਂ ਦੇ ਗੁਣ ਗਾਉਂਦੇ ਹਾਂ। ਪੂਜਣ ਲਾਇਕ ਮਨੁੱਖ ਕਿਹੋ ਜਿਹੇ ਹੁੰਦੇ ਹਨ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥
ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥
ਬੰਧਨ ਤੋੜੈ ਹੋਵੈ ਮੁਕਤੁ॥
ਸੋਈ ਬ੍ਰਹਮਣੁ ਪੂਜਣ ਜੁਗਤੁ॥੧੬॥"

ਬ੍ਰਾਹਮਣ ਲੋਕ ਅਪਣੇ ਆਪ ਨੂੰ ਧਰਮ ਦਾ ਗਿਆਤਾ ਅਖਵਾਉਂਦੇ ਹਨ, ਧਰਮ ਸਮਝਾਉਣ ਵਾਲੇ ਅਖਵਾਉਂਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਉੱਚਾ ਮਾਣ ਮਿਲਦਾ ਹੈ। ਪ੍ਰਮਾਤਮਾ ਦੇ ਦਰ ਤੋਂ ਮਾਣ ਕੋਈ ਵੀ ਲੈ ਸਕਦਾ ਹੈ। ਉਸਦੀਆਂ ਨਜ਼ਰਾਂ ਵਿੱਚ ਹਰ ਕੋਈ ਇੱਕੋ ਜਿਹਾ ਹੈ ਤੇ ਸੱਚਾ ਮਾਣ ਲੈਣ ਦਾ ਹੱਕਦਾਰ ਉਹੀ ਹੈ ਜੋ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਭਾਵੇਂ ਉਹ ਕਿਸੇ ਵੀ ਜਾਤ ਦਾ ਅਖਵਾਉਣ ਵਾਲਾ ਹੈ। ਉੱਚਾ ਨੀਵਾਂ ਕੋਈ ਜਾਤ ਨਹੀਂ ਬਣਾਉਂਦੀ, ਧਰਮ ਦੇ ਮਾਰਗ ਤੇ ਉੱਚਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਬਣਾਉਂਦਾ ਹੈ ਜਿਸਦੀ ਮਿਸਾਲ ਅਸੀਂ ਗੁਰਬਾਣੀ ਦੇ ਰਚਣ ਵਾਲਿਆਂ ਕੋਲੋਂ ਲੈ ਸਕਦੇ ਹਾਂ। ਪ੍ਰਮਾਤਮਾ ਨੇ ਆਪਣਾ ਧਰਮ ਸਿਖਾਉਣ ਲਈ ਹਰ ਕਿਸੇ ਨੂੰ ਇੱਕੋ ਜਿਹਾ ਮਾਣ ਦਿੱਤਾ ਹੈ ਭਾਵੇਂ ਦੁਨਿਆਵੀ ਤੌਰ ਤੇ ਅਸੀਂ ਕਿਸੇ ਨੂੰ ਜਾਤ-ਪਾਤ ਰਾਹੀਂ ਉੱਚਾ ਨੀਵਾਂ ਸਮਝੀ ਜਾਂਦੇ ਹਾਂ। ਅਸਲ ਬ੍ਰਾਹਮਣ ਉਹ ਹੈ ਜੋ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਉਸਦਾ ਅਸਲ ਰੂਪ ਜਾਣ ਲੈਂਦਾ ਹੈ, ਉਸਨੂੰ ਆਪਣੇ ਅੰਦਰੋਂ ਪਹਿਚਾਣ ਲੈਂਦਾ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕੋਈ ਧਰਮ ਦੇ ਮਾਰਗ ਤੇ ਉੱਚਾ ਨਹੀਂ ਬਣ ਸਕਦਾ। ਜਿਸਨੂੰ ਪ੍ਰਮਾਤਮਾ ਉੱਚਾ ਬਣਾਉਂਦਾ ਹੈ ਉਸਨੂੰ ਫਿਰ ਆਪ ਧਰਮ ਦੀ ਸੋਝੀ ਵੀ ਪਾਉਂਦਾ ਹੈ। ਉਹ ਜਿਹੋ ਜਿਹਾ ਧਰਮ ਕਮਾਉਂਦੇ ਹਨ ਇਹੀ ਗੱਲਾਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਪੁ ਤਪੁ ਸੰਜਮੁ ਕਮਾਵੈ ਕਰਮੁ॥ ਸੀਲ ਸੰਤੋਖ ਕਾ ਰਖੈ ਧਰਮੁ॥"

ਜਿਸਨੂੰ ਪ੍ਰਮਾਤਮਾ ਭਗਤੀ ਦਾ ਮਾਰਗ ਸਮਝਾ ਦਿੰਦਾ ਹੈ ਉਸਨੂੰ ਫਿਰ ਇਹ ਸਮਝ ਲੱਗ ਜਾਂਦੀ ਹੈ ਕਿ ਸਾਡਾ "ਜਪੁ ਤਪੁ ਸੰਜਮੁ" ਕੀ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ

22/2362

ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਾਰਾ "ਜਪੁ ਤਪੁ ਸੰਜਮ" ਸਾਡੇ ਸੱਚੇ ਸੁੱਚੇ ਕਰਮ ਹਨ ਭਾਵ ਚੰਗੇ ਕਰਮ ਹਨ। ਜਿਸਨੂੰ ਪ੍ਰਮਾਤਮਾ ਸੋਝੀ ਪਾ ਦਿੰਦਾ ਹੈ ਉਸਦਾ ਜਪੁ ਤਪੁ ਸੰਜਮੁ ਇਹੀ ਹੁੰਦਾ ਹੈ ਕਿ ਉਹ ਔਗੁਣ ਛੱਡ ਕੇ ਕੇਵਲ ਚੰਗੇ ਕਰਮ ਹੀ ਕਰਦਾ ਹੈ। **(ਜਪੁ ਤਪੁ ਸੰਜਮੁ ਕਮਾਵੈ ਕਰਮੁ॥)** ਮਾੜੇ ਕਰਮ ਕਮਾਉਣੇ ਕੀ ਹਨ ਇਹ ਸਾਨੂੰ ਨਾਲ ਹੀ ਇਸ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਗੁਰੂ ਦੀ ਗੱਲ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ।

{ਲਬੁ ਲੋਭੁ ਜੇ ਕੂੜੁ ਕਮਾਵੈ॥ ਅਪਣਾ ਕੀਤਾ ਆਪੇ ਪਾਵੈ॥੧੭॥}

(ਅੰਗ ੧੪੧੧)

ਔਗੁਣਾਂ ਵਿੱਚ ਰਹਿੰਦਿਆਂ ਅਸੀਂ ਕੂੜ ਕਮਾਉਂਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਤੇ ਔਗੁਣ ਰਹਿਤ ਹੋ ਕੇ, ਲਭੁ ਲੋਭ ਰਹਿਤ ਹੋ ਕੇ ਅਸੀਂ ਸੱਚ ਕਮਾਉਂਦੇ ਹਾਂ ਭਾਵ ਚੰਗੇ ਕਰਮ ਕਰਦੇ ਹਾਂ। ਆਪਣੇ ਜੀਵਨ ਦੀ ਸੱਚੀ ਕਮਾਈ ਅਸੀਂ ਸੱਚੇ ਸੁੱਚੇ ਕਰਮਾਂ ਦੁਆਰਾ ਹੀ ਕਰਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਸ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਾਲਾ ਮਨੁੱਖ ਆਪਣੇ ਇਹੋ ਜਿਹੇ ਕਰਮਾਂ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਕਰਦਾ ਹੈ। ਚੰਗੇ ਕਰਮ ਤ੍ਰਿਸ਼ਨਾ ਰਹਿਤ ਹੋ ਕੇ ਹੀ ਹੁੰਦੇ ਹਨ, ਮਾਇਆ ਮੋਹ ਛੱਡ ਕੇ ਹੀ ਹੁੰਦੇ ਹਨ, ਮਨ ਦੇ ਵਿੱਚ ਸੀਲ ਸੰਤੋਖ ਉਪਜਣ ਦੁਆਰਾ ਹੀ ਹੁੰਦੇ ਹਨ ਜੋ ਕਿ ਧਰਮ ਦਾ ਮੂਲ ਹੈ, ਧਰਮ ਦੀ ਕਮਾਈ ਦਾ ਮੂਲ ਹੈ। ਜਿਸਨੂੰ ਪ੍ਰਮਾਤਮਾ ਆਪਣਾ ਸੱਚਾ ਬ੍ਰਾਹਮਣ ਬਣਾਉਂਦਾ ਹੈ, ਆਪਣਾ ਭਗਤ ਬਣਾਉਂਦਾ ਹੈ ਉਸਨੂੰ ਫਿਰ ਮਨ ਦੀ ਸੋਝੀ ਦੁਆਰਾ ਮਾਇਆ ਮੋਹ ਮੁਕਤ ਕਰਕੇ ਮਨ ਦੇ ਵਿੱਚ ਸੀਲ ਸੰਤੋਖ ਬਖ਼ਸ਼ਦਾ ਹੈ ਜਿਸ ਦੁਆਰਾ ਉਹ ਧਰਮ ਕਮਾਉਂਦਾ ਹੈ ਭਾਵ ਸੁਕ੍ਰਿਤ ਕਰਨੀ ਕਰਦਾ ਹੈ। **(ਸੀਲ ਸੰਤੋਖ ਕਾ ਰਖੈ ਧਰਮੁ॥)**

ਪਉੜੀ॥

{ਸੇਵ ਕੀਤੀ ਸੰਤੋਖੀਣੀ ਜਿਨ੍ੀ ਸਚੋ ਸਚੁ ਧਿਆਇਆ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥}

(ਅੰਗ 466-467)

ਪਉੜੀ॥

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥
ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ॥
ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ॥੯॥}

(ਅੰਗ ੫੧੨)

ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਸੋਝੀ ਪਾਉਂਦਾ ਹੈ ਉਸਨੂੰ ਮਾਇਆ ਮੋਹ ਦੇ ਬੰਧਨ ਵਿੱਚੋਂ ਕੱਢਦਾ ਹੈ, ਅਗਿਆਨਤਾ ਦੇ ਬੰਧਨ ਵਿੱਚੋਂ ਕੱਢਦਾ ਹੈ ਉਹੀ ਆਵਾਗਉਣ ਤੋਂ ਮੁਕਤ ਹੁੰਦਾ ਹੈ ਤੇ ਉਸਦਾ ਇਹੋ ਜਿਹਾ ਬ੍ਰਾਹਮਣ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਦੇ ਰਚਣ ਵਾਲੇ ਹੋਏ ਹਨ। ਇਹੋ ਜਿਹੀ ਅਵੱਸਥਾ ਵਾਲਾ ਮਨੁੱਖ ਪੂਜਣ ਦੇ ਯੋਗ ਹੁੰਦਾ ਹੈ, ਮਾਣ ਲੈਣ ਦੇ ਯੋਗ ਹੁੰਦਾ ਹੈ। **(ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਹਮਣੁ ਪੂਜਣ ਜੁਗਤੁ॥੧੬॥)**

ਧਰਮ ਦੇ ਮਾਰਗ ਤੇ ਕਿਸੇ ਨੂੰ ਉੱਚਾ ਪ੍ਰਮਾਤਮਾ ਆਪ ਹੀ ਥਾਪਦਾ ਹੈ ਤੇ ਇਹ ਸਾਡੇ ਥਾਪਣ ਦਾ ਮੁੱਦਾ ਨਹੀਂ ਹੈ। ਪ੍ਰਮਾਤਮਾ ਨੇ ਗੁਰਬਾਣੀ ਨੂੰ ਇਸੇ ਕੰਮ ਲਈ ਥਾਪਿਆ ਹੋਇਆ ਹੈ ਤੇ ਉਸਨੂੰ ਪੂਜਣਾ ਹੀ ਸਾਡਾ ਧਰਮ ਹੈ। ਗੁਰੂ ਦੀ ਗੁਰਮਤਿ ਨੂੰ ਪੂਜਣਾ ਹੀ ਸਾਡਾ ਧਰਮ ਹੈ ਜਿਸਨੇ ਸਾਨੂੰ ਮਾਇਆ ਮੋਹ ਦੇ ਬੰਧਨ ਤੋਂ ਮੁਕਤ ਕਰਨਾ ਹੈ। ਅਸੀਂ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ ਜੋ ਆਪ ਮਾਇਆ ਮੋਹ ਦੇ ਬੰਧਨ ਵਿੱਚ ਹਨ ਤੇ ਸਾਨੂੰ ਵੀ ਇਸ ਬੰਧਨ ਵਿੱਚ ਹੀ ਪਾਉਂਦੇ ਹਨ।

22/2363

ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਜਾਂ ਸਾਨੂੰ ਉੱਚਾ ਦਿੱਸਣ ਵਾਲੇ ਜਿੰਨ੍ਹਾਂ ਦੀ ਮਤਿ ਸਾਨੂੰ ਬੜੀ ਉੱਚੀ ਨਜ਼ਰ ਆਉਂਦੀ ਹੈ, ਬੜੇ ਗਿਆਨਵਾਨ ਨਜ਼ਰ ਆਉਂਦੇ ਹਨ ਉਨ੍ਹਾਂ ਦੀ ਮਤਿ ਗੁਰੂ ਦੇ ਸਾਹਮਣੇ ਕਿਤਨੀ ਛੋਟੀ ਹੈ, ਕਿਤਨੀ ਤੁੱਛ ਹੈ ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਕੇਵਲ ਗੁਰਬਾਣੀ ਦੀ ਮਤਿ ਨਾਲ ਜੁੜੀਏ, ਕੇਵਲ ਨਾਮ ਦੀ ਮਤਿ ਨਾਲ ਜੁੜੀਏ ਤਾਂ ਜੋ ਸਾਡਾ ਇਸ ਸੰਸਾਰ ਵਿੱਚ ਆਉਣ ਦਾ ਮਕਸਦ ਪੂਰਾ ਹੋ ਸਕੇ।

ਉਪਰਲੇ ਸ਼ਬਦਾਂ ਰਾਹੀਂ ਸਾਨੂੰ ਗੁਰੂ ਦੀ ਉਪਮਾ ਸਮਝਾਈ ਹੋਈ ਹੈ ਕਿ ਸਾਡੇ ਲਈ ਸਭ ਕੁੱਝ ਗੁਰੂ ਹੀ ਹੈ ਕਿਉਂਕਿ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਆਸਾ ਮਹਲਾ ੧॥ ਵਾਰ ਸਲੋਕਾ ਨਾਲਿ
ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥
ਸਲੋਕੁ ਮਃ ੧॥
"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥"

(ਅੰਗ ੪੬੨)

ਮਹਲਾ ੨॥
"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥"

(ਅੰਗ ੪੬੩)

ਮਃ ੧॥
"ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥"

(ਅੰਗ ੪੬੩)

ਪਉੜੀ॥
"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥੧॥"

(ਅੰਗ ੪੬੩)

ਉਪਰਲੇ ਸ਼ਬਦਾਂ ਰਾਹੀਂ ਸਾਨੂੰ ਗੁਰੂ ਦੀ ਉਪਮਾ ਹੀ ਸਮਝਾਈ ਹੋਈ ਹੈ ਕਿ ਸਾਡੇ ਲਈ ਸਭ ਕੁੱਝ ਗੁਰੂ ਹੀ ਹੈ ਕਿਉਂਕਿ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਿੰਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਪ੍ਰਮਾਤਮਾ ਨੂੰ ਹੀ ਆਪਣਾ ਗੁਰੂ ਕਿਹਾ ਹੈ ਜਿਸਨੇ ਉਨ੍ਹਾਂ ਨੂੰ ਗੁਰੂ ਵਾਲੀ ਸਿੱਖਿਆ ਦਿੱਤੀ ਹੈ। ਗੁਰੂ ਹੀ ਪ੍ਰਮਾਤਮਾ ਦਾ ਦੇਵਤਾ ਰੂਪ ਹੈ ਜੋ ਉਹ ਮਾਣਸ ਰੂਪ ਸਰੀਰ ਦੇ ਵਿੱਚ ਪ੍ਰਗਟ ਕਰਦਾ ਹੈ ਭਾਵ ਇਸ ਮਾਣਸ ਰੂਪ ਨੂੰ ਹੀ ਦੇਵਤਾ ਰੂਪ ਵਿੱਚ ਬਦਲ ਦਿੰਦਾ ਹੈ, ਅਗਿਆਨੀ ਮਨੁੱਖ ਨੂੰ ਗਿਆਨ ਵਾਲਾ ਮਨੁੱਖ ਬਣਾ ਕੇ ਭਾਵ ਸੱਚੇ ਗਿਆਨ ਵਾਲਾ ਮਨੁੱਖ ਬਣਾ ਕੇ ਉਸਨੂੰ ਦੇਵਤਾ ਰੂਪ ਬਣਾ ਦਿੰਦਾ ਹੈ। ਪ੍ਰਮਾਤਮਾ

ਜਿਸ ਤੇ ਵੀ ਆਪਣੀ ਕ੍ਰਿਪਾ ਕਰਨੀ ਚਾਹੇ ਉਸਦੇ ਲਈ ਇੱਕ ਖਿਨ ਦਾ ਕੰਮ ਹੈ ਭਾਵ ਉਹ ਇੱਕ ਖਿਨ ਵਿੱਚ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰ ਦਿੰਦਾ ਹੈ ਤੇ ਪ੍ਰਗਟ ਹੋਣ ਤੋਂ ਬਾਅਦ ਉਹ ਆਪਣਾ ਸੱਚਾ ਗਿਆਨ ਹੀ ਬਖ਼ਸ਼ਦਾ ਹੈ। ਗੁਰੂ ਰੂਪ ਤੋਂ ਸਦਕੇ ਜਾਣਾ ਉਸ ਪ੍ਰਮਾਤਮਾ ਤੋਂ ਸਦਕੇ ਜਾਣਾ ਹੈ ਤੇ ਇਸੇ ਲਈ ਸਾਨੂੰ ਦਿਨ ਵਿੱਚ ਹਰ ਵੇਲੇ ਗੁਰੂ ਦੀ ਸਿੱਖਿਆ ਤੋਂ ਹੀ ਬਲਿਹਾਰੇ ਜਾਣਾ ਚਾਹੀਦਾ ਹੈ ਜਿਸ ਉੱਚੀ ਸਿੱਖਿਆ ਕਰਕੇ ਇੱਕ ਮਨੁੱਖ ਦਾ ਦੇਵਤਾ ਰੂਪ ਬਣਦਾ ਹੈ, ਗੁਰੂ ਰੂਪ ਬਣਦਾ ਹੈ। ਮਾਣਸ ਵਿੱਚ ਤੇ ਦੇਵਤਾ ਰੂਪ ਵਿੱਚ ਮਨ ਦੀ ਸੋਝੀ ਦਾ ਹੀ ਫ਼ਰਕ ਹੈ। ਜੇਕਰ ਅਸੀਂ ਉਸ ਪ੍ਰਮਾਤਮਾ ਦੇ ਨਾਲ ਮਿਲਣਾ ਚਾਹੁੰਦੇ ਹਾਂ, ਉਸਦੇ ਦੇਵਤਾ ਰੂਪ ਦੀ ਪ੍ਰਾਪਤੀ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਉਸਨੇ ਸਾਨੂੰ ਆਪਣੀ ਸਿੱਖਿਆ ਹੀ ਦਿੱਤੀ ਹੈ ਜਿਸ ਦੁਆਰਾ ਅਸੀਂ ਉਸ ਦੇ ਨਾਲ ਮਿਲ ਸਕਦੇ ਹਾਂ। **(ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥੧॥)**

22/2364

ਅਗਲੇ ਸਲੋਕ ਰਾਹੀਂ ਸਾਨੂੰ ਸੁਚੇਤ ਕੀਤਾ ਹੋਇਆ ਹੈ ਕਿ ਸਾਨੂੰ ਕੇਵਲ ਗੁਰੂ ਦੇ ਕੋਲੋਂ ਹੀ ਮਤਿ ਲੈਣੀ ਚਾਹੀਦੀ ਹੈ ਨਾ ਕਿ ਕਿਸੇ ਹੋਰ ਦੇ ਕੋਲੋਂ ਭਾਵੇਂ ਕੋਈ ਸਾਨੂੰ ਜਿਤਨਾ ਮਰਜ਼ੀ ਸਿਆਣਾ ਲੱਗਦਾ ਹੋਵੇ, ਧਰਮ ਦੇ ਮਾਰਗ ਦਾ ਸਿਆਣਾ ਲੱਗਦਾ ਹੋਵੇ।

ਮਹਲਾ ੨॥

“ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਚੰਦਰਮਾ ਤੇ ਸੂਰਜ ਕਿੰਨ੍ਹਾਂ ਨੂੰ ਕਿਹਾ ਹੈ ਤੇ ਕਿਸ ਲਈ ਕਿਹਾ ਹੈ। ਚੰਦਰਮਾ ਤੇ ਸੂਰਜ ਸਾਨੂੰ ਪ੍ਰਕਾਸ਼ ਦਿੰਦੇ ਹਨ, ਚਾਨਣ ਦਿੰਦੇ ਹਨ। ਆਪਣੀ ਸਮਰੱਥਾ ਅਨੁਸਾਰ ਚੰਦਰਮਾ ਘੱਟ ਰੌਸ਼ਨੀ ਦਿੰਦਾ ਹੈ ਤੇ ਸੂਰਜ ਬਹੁਤ ਹੀ ਜਿਆਦਾ ਰੌਸ਼ਨੀ ਦਿੰਦਾ ਹੈ। ਚੰਦਰਮਾ ਤੇ ਸੂਰਜ ਦੀ ਤੁਲਨਾ ਉਨ੍ਹਾਂ ਦੇ ਨਾਲ ਕੀਤੀ ਹੈ ਜੋ ਸਾਨੂੰ ਧਰਮ ਦੀ ਸੋਝੀ ਪਾਉਂਦੇ ਹਨ, ਆਪਣੇ ਗਿਆਨ ਦਾ ਪ੍ਰਕਾਸ਼ ਕਰਦੇ ਹਨ ਤੇ ਅਸੀਂ ਉਨ੍ਹਾਂ ਦੀ ਸਮਰੱਥਾ ਅਨੁਸਾਰ ਕਿਸੇ ਨੂੰ ਕੁੱਝ ਘੱਟ ਗਿਆਨ ਵਾਲਾ ਤੇ ਕਿਸੇ ਨੂੰ ਬਹੁਤ ਉੱਚੇ ਗਿਆਨ ਵਾਲਾ ਸਮਝਦੇ ਹਾਂ ਤੇ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਹੀ ਮਾਣ ਦਿੰਦੇ ਹਾਂ, ਉੱਚਾ ਕਰਕੇ ਜਾਣਦੇ ਹਾਂ, ਇੱਜ਼ਤ ਕਰਦੇ ਹਾਂ, ਚੰਗਾ ਸਮਝਦੇ ਹਾਂ ਜਿਵੇਂ ਕਿ ਅਸੀਂ ਚੰਦਰਮਾ ਤੇ ਸੂਰਜ ਦਾ ਮਾਣ ਕਰਦੇ ਹਾਂ। ਸੰਸਾਰ ਵਿੱਚ ਇਹੋ ਜਿਹੇ ਜਗ੍ਹਾ, ਜਗ੍ਹਾ ਤੇ ਸਾਨੂੰ ਆਪਣੇ ਗਿਆਨ ਨਾਲ ਜੋੜਨ ਵਾਲੇ ਮਿਲਦੇ ਹਨ। ਸਿੱਖ ਜਗਤ ਵਿੱਚ ਵੀ ਇਨ੍ਹਾਂ ਦੀ ਗਿਣਤੀ ਕੋਈ ਘੱਟ ਨਹੀਂ ਹੈ। ਆਪਣੀ-ਆਪਣੀ ਮਤਿ ਅਨੁਸਾਰ ਜਿਹੋ ਜਿਹੀ ਕਿਸੇ ਨੂੰ ਸਮਝ ਪੈਂਦੀ ਹੈ ਉਹੋ ਜਿਹੀ ਗੱਲ ਹੀ ਸਮਝਾਉਂਦੇ ਹਨ, ਆਪਣੇ-ਆਪਣੇ ਤਰੀਕਿਆਂ ਨਾਲ ਸਮਝਾਉਂਦੇ ਹਨ, ਆਪਣੀਆਂ-ਆਪਣੀਆਂ ਖੂਬੀਆਂ ਨਾਲ ਸਮਝਾਉਂਦੇ ਹਨ ਤੇ ਸਾਨੂੰ ਚੰਗੇ ਲੱਗਦੇ ਹਨ ਕਿਉਂਕਿ ਸਾਨੂੰ ਖੁਦ ਅਸਲੀਅਤ ਦੀ ਸਮਝ ਨਹੀਂ ਹੈ। ਕਿਸੇ ਨੂੰ ਕੋਈ ਉੱਚਾ ਲੱਗਦਾ ਹੈ ਤੇ ਕਿਸੇ ਨੂੰ ਕੋਈ ਹੋਰ ਉੱਚਾ ਲੱਗਦਾ ਹੈ।

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਨ੍ਹਾਂ ਨੇ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਸਾਰੇ ਸੰਸਾਰ ਨੂੰ ਇੱਕੋ ਜਿਹਾ ਹੀ ਸਮਝਾਇਆ ਹੈ। ਕੋਈ ਵੀ ਮਨੁੱਖੀ ਮਤਿ, ਮਾਣਸ ਮਤਿ ਉਸ ਦੇਵਤਾ ਮਤਿ ਦੇ ਅੱਗੇ, ਪ੍ਰਮਾਤਮਾ ਦੇ ਆਪ ਪ੍ਰਗਟ ਹੋ ਕੇ ਦਿੱਤੀ ਹੋਈ ਮਤਿ ਦੇ ਅੱਗੇ ਤੁੱਛ ਹੈ ਭਾਵ ਜੋ ਸਾਨੂੰ ਆਪਣੀ-ਆਪਣੀ ਮਤਿ ਦੁਆਰਾ ਉੱਚੇ ਲੱਗਦੇ ਹਨ ਉਹ ਅਸਲ ਵਿੱਚ ਘੋਰ ਅਗਿਆਨਤਾ ਵਿੱਚ ਹਨ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਆਪਣਾ ਗੁਰੂ ਰੂਪ, ਦੇਵਤਾ ਰੂਪ ਪ੍ਰਗਟ ਕਰਦਾ ਹੈ, ਉਹ ਉਸ ਮਨੁੱਖ ਨੂੰ ਘੋਰ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਤ੍ਰੈ ਗੁਣਾਂ ਵਿੱਚੋਂ ਹੀ ਕੱਢਦਾ ਹੈ ਜਿਸਦੇ ਰਹਿੰਦਿਆਂ ਨਾ ਸਾਨੂੰ ਪ੍ਰਮਾਤਮਾ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਇਹ ਸਮਝ ਲੱਗ ਸਕਦੀ ਹੈ ਕਿ ਹਰ ਕੋਈ ਘੋਰ ਅਗਿਆਨਤਾ ਵਿੱਚ ਕਿਸ ਲਈ ਹੈ ਤੇ ਪ੍ਰਮਾਤਮਾ ਦੀ ਭਗਤੀ ਨੂੰ ਨਾ ਸਮਝਣ ਵਿੱਚ ਅਸਮਰੱਥ ਕਿਸ ਲਈ ਹੈ। **(ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥)** ਇਸ ਪੂਰੇ ਸਲੋਕ ਦਾ ਮਕਸਦ ਸਾਨੂੰ ਇਹ ਸਮਝਾਉਣ ਲਈ ਹੀ ਹੈ ਕਿ ਅਸੀਂ ਕੇਵਲ ਤੇ ਕੇਵਲ ਗੁਰੂ ਦੀ ਮਤਿ ਦੇ ਪਿੱਛੇ ਲੱਗੀਏ ਤੇ ਉਨ੍ਹਾਂ ਦੇ ਪਿੱਛੇ ਨਾ ਲੱਗੀਏ ਜਿੰਨ੍ਹਾਂ ਦੀ ਮਤਿ ਨੂੰ ਅਸੀਂ ਬਹੁਤ ਉੱਚਾ ਮੰਨ ਕੇ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ, ਸੂਰਜ ਵਰਗੇ, ਚੰਦਰਮਾ ਵਰਗੇ ਸਮਝਿਆ ਹੋਇਆ ਹੈ।

22/2365

ਜਿਹੜੇ ਗੁਰੂ ਦੀ ਮਤਿ ਪਿੱਛੇ ਨਹੀਂ ਲੱਗਦੇ ਉਹ ਮਨਮਤਿ ਪਿੱਛੇ ਲੱਗਦੇ ਹਨ ਜਿਸ ਕਰਕੇ ਉਨ੍ਹਾ ਨੂੰ ਉਹ ਵੱਡੇ ਲੱਗਦੇ ਹਨ ਜੋ ਕਿ ਅਸਲ ਵਿੱਚ ਘੋਰ ਅਗਿਆਨੀ ਹਨ ਤੇ ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ।

ਮਃ ੧॥

“ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥”

(ਅੰਗ ੪੬੩)

ਪੂਰੇ ਸਲੋਕ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰਮਤਿ ਦੀ ਮਹਿਮਾ ਨੂੰ ਸਮਝ ਸਕੀਏ ਕਿ ਉਹ ਸਾਡੇ ਲਈ ਕਿਤਨੀ ਜਰੂਰੀ ਹੈ।

ਗੁਰੂ ਨੂੰ ਚੇਤੇ ਰੱਖਣਾ ਗੁਰੂ ਦੀ ਮਤਿ ਨੂੰ ਚੇਤੇ ਰੱਖਣਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਵਾਰ-ਵਾਰ ਸਮਝਦੇ ਆ ਰਹੇ ਹਾਂ ਕਿਉਂਕਿ ਗੁਰੂ ਦੀ ਸਿੱਖਿਆ ਹੀ ਸਾਡਾ ਗੁਰੂ ਹੈ। ਜਿਸਨੂੰ ਗੁਰੂ ਦੀ ਸਿੱਖਿਆ ਭੁੱਲੀ ਹੋਈ ਹੈ ਉਸਨੂੰ ਗੁਰੂ ਭੁੱਲਿਆ ਹੋਇਆ ਹੈ, ਉਸਨੂੰ ਗੁਰੂ ਚੇਤੇ ਨਹੀਂ ਹੈ। ਇਹੋ ਜਿਹਾ ਮਨੁੱਖ ਆਪਣੇ ਮਨ ਦੇ ਪਿੱਛੇ ਲੱਗਦਾ ਹੈ ਭਾਵ ਆਪਣੇ ਮਨ ਦੀ ਮਤਿ ਨੂੰ ਹੀ ਚੰਗਾ ਸਮਝਦਾ ਹੈ, ਆਪਣੀ ਮਤਿ ਨੂੰ ਸਿਆਣੀ ਮਤਿ ਸਮਝਦਾ ਹੈ ਭਾਵ ਉਸਦੇ ਉੱਤੇ ਗੁਰੂ ਦੀ ਮਤਿ ਅਸਰ ਨਹੀਂ ਕਰਦੀ, ਉਸਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤੇ ਕਿਸੇ ਹੋਰ ਦੀ ਗੱਲ ਤੇ ਵਿਸ਼ਵਾਸ ਕੀਤਾ ਹੁੰਦਾ ਹੈ ਜਿਸਨੂੰ ਉਸਨੇ ਸੱਚੀ ਮਤਿ ਸਮਝਿਆ ਹੁੰਦਾ ਹੈ। **(ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥)** ਜੇਕਰ ਧਿਆਨ ਨਾਲ ਸਮਝੋਗੇ ਤਾਂ ਸਭ ਪਾਸੇ ਇਹੋ ਕੁੱਝ ਹੀ ਹੋ ਰਿਹਾ ਹੈ। ਮੱਥਾ ਅਸੀਂ ਗੁਰੂ ਨੂੰ ਹੀ ਟੇਕਦੇ ਹਾਂ ਨਾਕਿ ਉਸਦੀ ਗੁਰਮਤਿ ਨੂੰ। ਮੰਨਦੇ ਅਸੀਂ ਉਨ੍ਹਾਂ ਦੀ ਹਾਂ ਜਿੰਨ੍ਹਾਂ ਨੂੰ ਅਸੀਂ ਸੂਰਜ ਵਰਗੇ ਸਿਆਣੇ ਸਮਝਿਆ ਹੋਇਆ ਹੈ, ਜਿੰਨ੍ਹਾਂ ਨੇ ਸਾਡੇ ਅੰਦਰ ਮਨਮਤਿ ਕਰਕੇ ਗੁਰਮਤਿ ਤੋਂ ਦੂਰ ਕੀਤਾ ਹੋਇਆ ਹੈ। ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝੋ।

“ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥”

ਇਸ ਗੱਲ ਨੂੰ ਉਹ ਆਸਾਨੀ ਨਾਲ ਸਮਝ ਸਕਦੇ ਹਨ ਜੋ ਖੇਤੀ ਦਾ ਕੰਮ ਕਰਦੇ ਹਨ, ਪਿੰਡਾਂ ਵਿੱਚ ਰਹਿੰਦੇ ਹਨ ਤੇ ਖੇਤੀ ਨੂੰ ਸਮਝਦੇ ਹਨ। ਖੇਤ ਦਾ ਮਾਲਕ ਖੇਤ ਵਿੱਚ ਆਪਣੀ ਖੇਤੀ ਬੀਜਦਾ ਹੈ, ਫ਼ਸਲ ਬੀਜਦਾ ਹੈ, ਤਿਲਾਂ ਦੀ ਫ਼ਸਲ ਬੀਜਦਾ ਹੈ। ਫ਼ਸਲ ਉੱਗਣ ਤੋਂ ਬਾਅਦ ਫ਼ਸਲ ਨੂੰ ਫਲ ਲੱਗਣ ਦੇ ਸਮੇਂ ਇਹੋ ਜਿਹੇ ਬੂਟੇ ਵੀ ਹੁੰਦੇ ਹਨ ਜਿੰਨ੍ਹਾਂ ਨੂੰ ਫਲ ਨਹੀਂ ਲੱਗਦਾ, ਜਿੰਨ੍ਹਾਂ ਦੇ ਅੰਦਰ ਤਿਲ ਦੇ ਬੀਜਾਂ ਦੀ ਉਪਜ, ਪੈਦਾਇਸ਼ ਨਹੀਂ ਹੁੰਦੀ ਜਿਸ ਦੁਆਰਾ ਉਨ੍ਹਾਂ ਬੂਟਿਆਂ ਦੀ ਕਦਰ ਨਹੀਂ ਪੈਂਦੀ। ਖੇਤੀ ਵੱਢਣ ਦੇ ਸਮੇਂ ਉਨ੍ਹਾਂ ਬੂਟਿਆਂ ਨੂੰ ਨਹੀਂ ਵੱਢਿਆ ਜਾਂਦਾ ਤੇ ਇਸੇ ਤਰ੍ਹਾਂ ਹੀ ਛੱਡ ਦਿੱਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਵੱਢਣ ਵਿੱਚ ਕੋਈ ਲਾਭ ਨਹੀਂ ਹੁੰਦਾ, ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਖੇਤ ਦੇ ਮਾਲਕ ਨੂੰ ਇਹੋ ਜਿਹੇ ਬੂਟਿਆਂ ਵਿੱਚ ਕੋਈ ਦਿਲਚਸਪੀ ਨਹੀਂ ਹੁੰਦੀ। ਇਸੇ ਤਰ੍ਹਾਂ ਜਿਹੜੇ ਮਨੁੱਖਾਂ ਦੇ ਅੰਦਰ ਗੁਰਮਤਿ ਦਾ ਬੀਜ ਨਹੀਂ ਪਨਪਦਾ ਉਨ੍ਹਾਂ ਦੇ ਵਿੱਚ ਗੁਰੂ ਨੂੰ ਕੋਈ ਦਿਲਚਸਪੀ ਨਹੀਂ ਹੁੰਦੀ, ਸਾਡੇ ਸਰੀਰ ਦੇ ਮਾਲਕ ਨੂੰ, ਇਸ ਖੇਤ ਦੇ ਮਾਲਕ ਨੂੰ ਉਸ ਵਿੱਚ ਕੋਈ ਦਿਲਚਸਪੀ ਨਹੀਂ ਹੁੰਦੀ ਭਾਵ ਉਹ ਗੁਰੂ ਦੇ ਛੱਡੇ ਹੋਏ ਹੁੰਦੇ ਹਨ, ਖੇਤ ਦੇ ਵਿੱਚ ਉਹੋ ਜਿਹੇ ਤਿਲ ਦੇ ਬੂਟਿਆਂ ਵਰਗੇ ਹੁੰਦੇ ਹਨ ਜਿੰਨ੍ਹਾਂ ਨੂੰ ਖੇਤ ਦਾ ਮਾਲਕ ਬੇਕਾਰ ਸਮਝਕੇ

ਛੱਡ ਦਿੰਦਾ ਹੈ। **(ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥)**

ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰਮਤਿ ਨਾਲ ਜੁੜ ਸਕੀਏ।

“ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥”

“ਨਾਹ” ਖਸਮ ਨੂੰ ਕਹਿੰਦੇ ਹਨ। ਜਦੋਂ ਖੇਤ ਦਾ ਖਸਮ, ਖੇਤ ਦਾ ਮਾਲਕ ਬੇਕਾਰ ਬੂਟਿਆਂ ਨੂੰ, ਫਲਹੀਨ ਬੂਟਿਆਂ ਨੂੰ “ਸੁੰਞੇ” ਖੇਤ ਵਿੱਚ ਛੱਡ ਦਿੰਦਾ ਹੈ ਫਿਰ ਉਹੋ ਜਿਹੇ ਬੂਟਿਆਂ ਨੂੰ ਜਿਹੜਾ ਚਾਹੇ ਕੱਟ ਕੇ ਲੈ ਜਾਂਦਾ ਹੈ, ਕੋਈ ਵੀ ਲੋੜਵੰਦ ਕੱਟ ਕੇ ਲੈ

ਜਾਂਦਾ ਹੈ ਭਾਵ ਫਿਰ ਇਹੋ ਜਿਹੇ ਬੂਟੇ ਦੇ ਫਿਰ ਸੈਂਕੜੇ ਖਸਮ ਬਣ ਜਾਂਦੇ ਹਨ ਭਾਵ ਜਿਹੜਾ ਚਾਹੇ ਉਨ੍ਹਾਂ ਨੂੰ ਕੱਟ ਕੇ ਲੈ ਜਾ ਸਕਦਾ ਹੈ ਤੇ ਪਿੰਡਾਂ ਵਿੱਚ ਇਸੇ ਤਰ੍ਹਾਂ ਹੁੰਦਾ ਹੈ। ਇਸੇ ਤਰ੍ਹਾਂ ਜੋ ਮਨੁੱਖ ਗੁਰਮਤਿ ਤੋਂ ਵਿਛੜੇ ਹੋਏ ਹਨ, ਜੋ ਗੁਰੂ ਦ ਛੱਡੇ ਹੋਏ ਹਨ, ਉਸ ਇੱਕ ਖਸਮ ਦੇ ਛੱਡੇ ਹੋਏ ਹਨ ਉਹੋ ਜਿਹਿਆਂ ਦੇ ਫਿਰ ਭੈੜੇ ਤਿਲ ਦੇ ਬੂਟੇ ਦੀ ਤਰ੍ਹਾਂ ਸੈਂਕੜੇ ਖਸਮ ਹਨ ਜੋ ਸਾਨੂੰ ਸੂਰਜ ਵਰਗਾ ਵੱਡੇ ਨਜ਼ਰ ਆਉਂਦੇ ਹਨ, ਸਿੰਮਲ ਰੁੱਖਾਂ ਵਰਗੇ ਨਜ਼ਰ ਆਉਂਦੇ ਹਨ, ਮੋਰਾਂ ਵਰਗੇ ਸੋਹਣੇ ਨਜ਼ਰ ਆਉਂਦੇ ਹਨ ਤੇ ਸਾਨੂੰ ਲੁਭਾਉਂਦੇ ਹਨ। ਇਹੋ ਜਿਹੇ ਝੂਠੇ ਖਸਮ ਜਗ੍ਹਾ ਜਗ੍ਹਾ ਆਪਣੇ ਡੇਰੇ ਲਗਾ ਕੇ ਬੈਠੇ ਹਨ ਜੋ ਸਾਨੂੰ ਪੁੱਟ ਕੇ ਭਾਵ ਸਾਡੀ ਮਤਿ ਨੂੰ ਗੁਰੂ ਵਾਲੇ ਪਾਸੇ ਨਾਲੋਂ ਪੁੱਟ ਕੇ ਆਪਣੇ ਪਾਸੇ ਲੈ ਜਾਂਦੇ ਹਨ। **(ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥)**

ਜਿੰਨ੍ਹਾਂ ਨੂੰ ਅਸੀਂ ਆਪਣੇ ਖਸਮ ਬਣਾਉਂਦੇ ਹਾਂ ਉਨ੍ਹਾਂ ਨੂੰ ਅਸੀਂ ਇਹ ਸੋਚ ਕੇ ਹੀ ਬਣਾਉਂਦੇ ਹਾਂ ਕਿ ਉਹ ਪ੍ਰਮਾਤਮਾ ਦੇ ਫਲ ਦੇ ਨਾਲ ਫਲੇ ਫੁਲੇ ਹੋਏ ਹਨ ਤੇ ਉਨ੍ਹਾਂ ਦੇ ਨਾਲ ਲੱਗਕੇ ਅਸੀਂ ਵੀ ਫਲ ਫੁਲ ਜਾਵਾਂਗੇ ਤੇ ਸਾਡਾ ਇਹੀ ਭੁਲੇਖਾ ਅਗਲੀ ਪੰਗਤੀ ਰਾਹੀਂ ਕੱਢਿਆ ਹੋਇਆ ਹੈ।

“ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥”

ਜਗ੍ਹਾ ਜਗ੍ਹਾ ਖਸਮ ਬਣ ਕੇ ਉਹੀ ਬੈਠੇ ਹਨ ਜੋ ਆਪ ਗੁਰਮਤਿ ਤੋਂ ਭਟਕੇ ਹੋਏ ਹਨ, ਗੁਰੂ ਦੀ ਮਤਿ ਤੋਂ ਵਿਛੁੜੇ ਹੋਏ ਹਨ ਜਿੰਨ੍ਹਾਂ ਨੂੰ ਉਸ ਖਸਮ ਨੇ ਛੱਡਿਆ ਹੋਇਆ ਹੈ ਭਾਵ ਜੋ ਆਪ ਹੀ ਉਸ ਤਿਲ ਦੇ ਬੂਟੇ ਦੀ ਤਰ੍ਹਾਂ ਹਨ ਜੋ ਫਲ ਤੋਂ ਸੱਖਣੇ ਹਨ ਪਰ ਦੇਖਣ ਨੂੰ ਉਹ ਫੱਲਦਾਰ ਹੀ ਲੱਗਦੇ ਹਨ। ਉਹ ਵੀ ਅਗਿਆਨਤਾ ਵਿੱਚ ਹਨ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਵੀ ਅਗਿਆਨਤਾ ਵਿੱਚ ਹੀ ਹਨ। ਗੁਰੂ ਤੋਂ ਬਿਨ੍ਹਾਂ ਹਰ ਕੋਈ ਅਗਿਆਨਤਾ ਵਿੱਚ ਹੀ ਹੈ, ਭਰਮ ਵਿੱਚ ਹੀ ਹੈ। ਜਿਵੇਂ ਤਿਲ ਦਾ ਬੂਟਾ ਦਿੱਸਦਾ ਭਾਵੇਂ ਫਲ ਵਾਲਾ ਹੈ ਪਰ ਉਸਦੇ ਅੰਦਰ ਜਦੋਂ ਫਲ ਨਹੀਂ ਪੈਂਦਾ ਤੇ ਅੰਦਰੋਂ ਸੁਆਹ ਹੀ ਨਿਕਲਦੀ ਹੈ, ਫੋਕਟ ਫਲ ਹੀ ਨਿਕਲਦਾ ਹੈ ਜਿਸਦੀ ਕੋਈ ਕੀਮਤ ਨਹੀਂ ਪੈਂਦੀ। ਇਸੇ ਤਰ੍ਹਾਂ ਇਹ ਉੱਚਾ ਦਿੱਸਣ ਵਾਲੇ ਸਾਨੂੰ ਤਿਲ ਦੇ ਬੂਟੇ ਵਰਗਾ ਹੀ ਲੱਗਦੇ ਹਨ, ਫਲ ਦੇਣ ਵਾਲੇ ਲੱਗਦੇ ਹਨ ਪਰ ਅਸਲ ਵਿੱਚ ਇਨ੍ਹਾਂ ਦੇ ਅੰਦਰ ਦਾ ਫਲ ਸੁਆਹ ਰੂਪ ਹੀ ਹੁੰਦਾ ਹੈ ਜਿਸਦੀ ਖਸਮ ਦੀਆਂ ਨਜ਼ਰਾਂ ਵਿੱਚ, ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੋਈ ਕੀਮਤ ਨਹੀਂ ਪੈਂਦੀ। ਉਹ ਆਪ ਹੀ ਭੁੱਲੇ ਹੋਏ ਹਨ ਤੇ ਮਨਮਤਿ ਦੁਆਰਾ ਉਹੋ ਜਿਹੀ ਭਗਤੀ ਕਰਦੇ ਹਨ ਜਿਸਦਾ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੋਈ ਮੁੱਲ ਨਹੀਂ ਪੈਂਦਾ। ਇਹ ਉਨ੍ਹਾਂ

ਦਾ ਕੇਵਲ ਤਿਲ ਦੇ ਬੂਟੇ ਦੀ ਤਰ੍ਹਾਂ ਬਾਹਰੀ ਦਿਖਾਵਾ ਹੈ ਜਿਸ ਬੂਟੇ ਨੂੰ ਫਲ ਨਹੀਂ ਲੱਗਦਾ। ਇਹੋ ਜਿਹਿਆਂ ਦੇ ਪਿੱਛੇ ਜੋ ਲੱਗਦੇ ਹਨ ਉਹ ਵੀ ਫਲਹੀਨ ਹੀ ਰਹਿੰਦੇ ਹਨ, ਪ੍ਰਮਾਤਮਾ ਦੇ ਫਲ ਤੋਂ ਵਿਛੜੇ ਹੋਏ ਹੀ ਰਹਿੰਦੇ ਹਨ। ਉਸਦਾ ਫਲ ਗੁਰਮਤਿ ਤੇ ਚੱਲ ਕੇ ਭਾਵ ਗੁਰਮਤਿ ਅਨੁਸਾਰ ਚੱਲਣ ਦਾ ਉੱਦਮ ਕਰਕੇ ਪੂਰਨ ਗੁਰਮਤਿ ਦੇ ਰੂਪ ਵਿੱਚ ਹੀ ਮਿਲਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ। ਪਹਿਲਾਂ ਜਿਸਦੇ ਅੰਦਰ ਧਰਮ ਦਾ ਫੁੱਲ ਖਿੜਦਾ ਹੈ ਉਸਦੇ ਅੰਦਰ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। ਆਪਣੇ ਧਰਮ ਨੂੰ ਅਸੀਂ ਗੁਰਮਤਿ ਅਨੁਸਾਰ ਵਿਚਰ ਕੇ ਹੀ ਪੂਰਾ ਕਰ ਸਕਦੇ ਹਾਂ, ਮਨ ਦੇ ਸੀਲ, ਸੰਤੋਖ ਦੁਆਰਾ ਹੀ ਕਰ ਸਕਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਫਲ ਸੱਚੇ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ। ਉਸ ਬ੍ਰਹਮਗਿਆਨ ਦਾ ਫਲ ਪ੍ਰਾਪਤ ਕਰਨ ਲਈ ਅਸੀਂ ਬ੍ਰਹਮਗਿਆਨ ਦੀ ਓਟ ਹੀ ਲੈਣੀ ਹੈ, ਗੁਰਮਤਿ ਦੀ ਓਟ ਹੀ ਲੈਣੀ ਹੈ, ਤ੍ਰਿਸ਼ਨਾ ਤੋਂ ਮੁਕਤ ਹੋਣ ਦਾ ਉੱਦਮ ਕਰਕੇ ਹੀ ਲੈਣੀ ਹੈ ਤਾਂ ਜੋ ਅਸੀਂ ਉਸ ਪ੍ਰਮਾਤਮਾ ਕੋਲੋਂ ਬ੍ਰਹਮਗਿਆਨ ਦਾ ਫਲ ਪ੍ਰਾਪਤ ਕਰ ਸਕੀਏ। ਅਸੀਂ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ ਜਿੰਨ੍ਹਾਂ ਨੂੰ ਨਾ ਧਰਮ ਦੇ ਫੁੱਲ ਦੀ ਸੋਝੀ ਹੈ ਤੇ ਨਾ ਹੀ ਉਸ ਫਲ ਦੀ ਸੋਝੀ ਹੈ। **(ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥)**

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ॥੫॥}

(ਅੰਗ ੧੩੨੫)

{ਭੋਲਿਆ ਹਉਮੈ ਸੁਰਤਿ ਵਿਸਾਰਿ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥੧॥ਰਹਾਉ॥

ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥੨॥}

(ਅੰਗ ੧੧੬੮)

ਸਲੋਕ ਮਃ ੧॥
{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ॥੧॥}

(ਅੰਗ ੧੪੭)

{ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ॥
ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ॥
ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ॥
ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ॥
ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ॥
ਗੁਰ ਰਾਮਦਾਸ ਕਲ੍ਚਰੈ ਤੈ ਸਬਦ ਨੀਸਾਨੁ ਬਜਾਇਅਉ॥੯॥}

(ਅੰਗ ੧੩੯੭)

22/2368

ਜਿਸ ਫਲ ਨਾਲ ਸਾਡਾ ਉਧਾਰ ਹੋਣਾ ਹੈ ਉਹ ਫਲ ਕੇਵਲ ਗੁਰੂ ਦੇ ਕੋਲ ਹੈ ਜਿਸ ਫਲ ਦੁਆਰਾ ਪ੍ਰਮਾਤਮਾ ਨੇ ਸਾਨੂੰ ਮੁਕਤ ਕਰਨਾ ਹੈ, ਅਗਿਆਨਤਾ ਦੇ ਬੰਧਨ ਤੋਂ ਮੁਕਤ ਕਰਨਾ ਹੈ। ਗੁਰੂ ਪ੍ਰਮਾਤਮਾ ਜਿਸਨੂੰ ਵੀ ਮੁਕਤ ਕਰਦਾ ਹੈ ਉਸਨੂੰ ਆਪਣਾ ਇਹ ਫਲ ਬਖ਼ਸ਼ ਕੇ, ਸੱਚੇ ਗਿਆਨ ਦਾ ਫਲ, ਬ੍ਰਹਮਗਿਆਨ ਦਾ ਫਲ ਬਖ਼ਸ਼ ਕੇ ਹੀ ਕਰਦਾ ਹੈ। ਇਸ ਫਲ ਦੁਆਰਾ ਹੀ ਗੁਰੂ ਸਭ ਦਾ ਉਧਾਰ ਕਰਦਾ ਹੈ, ਸਾਨੂੰ ਬਿਖ ਵਿੱਚੋਂ ਕੱਢਦਾ ਹੈ ਔਗੁਣਾਂ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਅਸੀਂ ਉਸ ਨਾਮ ਦੇ ਨਾਲ ਜੁੜਦੇ ਹਾਂ। ਪ੍ਰਮਾਤਮਾ ਦਾ ਇਹ ਫਲ ਹੀ ਉਸਦੇ ਅੰਮ੍ਰਿਤ ਸਰੋਵਰ ਦਾ ਫਲ ਹੈ, ਅੰਮ੍ਰਿਤ ਗਿਆਨ ਦਾ ਫਲ ਹੈ, ਅੰਮ੍ਰਿਤ ਨਾਮ ਦਾ ਫਲ ਹੈ ਭਾਵ ਸਹਜ ਦੀ ਅਵੱਸਥਾ ਦਾ ਫਲ ਹੈ।

ਜੋ ਮਨੁੱਖ ਪ੍ਰਮਾਤਮਾ ਦੇ ਇਸ ਗਿਆਨ ਦੇ ਰਸ ਵਿੱਚ ਰਸਿਆ ਜਾਂਦਾ ਹੈ ਇਹ ਫਲ ਉਸਦੇ ਅੰਦਰ ਹੀ ਪੱਕਦਾ ਹੈ ਤੇ ਉਹੀ ਇਸਦਾ ਸੁਆਦ ਮਾਣਦਾ ਹੈ। ਇਸ ਫਲ ਨੂੰ ਪਕਾਉਣ ਦਾ ਤਰੀਕਾ ਸਾਡੇ ਮਨ ਦਾ ਗਿਆਨ ਹੈ, ਸਾਡੇ ਮਨ ਦਾ ਧਿਆਨ ਹੈ ਜਿਸ ਦੁਆਰਾ ਅਸੀਂ ਆਪਣੇ ਕਰਮ ਕਰਦੇ ਹਾਂ। ਅਸੀਂ ਭਾਵੇਂ ਮਾੜੇ ਕਰਮ ਕਰਦੇ ਹਾਂ ਜਾਂ ਚੰਗੇ ਕਰਮ ਕਰਦੇ ਹਾਂ ਉਹ ਮਨ ਦੇ ਧਿਆਨ ਦੁਆਰਾ ਹੀ ਕਰਦੇ ਹਾਂ, ਮਨ ਦੀ ਸੋਝੀ ਦੁਆਰਾ, ਮਨ ਦੇ ਵਿਚਾਰਾਂ ਦੁਆਰਾ ਹੀ ਕਰਦੇ ਹਾਂ। ਗੁਰੂ ਦਾ ਸੱਚਾ ਗਿਆਨ ਸਾਡੇ ਮਨ ਦੇ ਧਿਆਨ ਨੂੰ ਹੀ ਬਦਲਦਾ ਹੈ ਤੇ ਉਨ੍ਹਾਂ ਨੂੰ ਚੰਗੇ ਕਰਮ ਕਰਨ ਵਾਲਾ ਬਣਾਉਂਦਾ ਹੈ ਜੋ ਕਿ ਗੁਰੂ ਦੀ ਸਿੱਖਿਆ ਦਾ ਮਕਸਦ ਹੈ, ਗੁਰਮਤਿ ਦਾ ਮਕਸਦ ਹੈ, ਗੁਰੂ ਦੇ ਗਿਆਨ ਦਾ ਮਕਸਦ ਹੈ। ਪ੍ਰਮਾਤਮਾ ਦਾ ਫਲ ਜਿਸਨੂੰ ਅਸੀਂ ਚੱਖਣਾ ਚਾਹੁੰਦੇ ਹਾਂ ਉਹ ਸਾਡੇ ਚੰਗੇ ਕਰਮਾਂ ਦੁਆਰਾ ਹੀ ਪਕਦਾ ਹੈ। ਮਾੜੇ ਕਰਮ ਕਰਨ ਵਾਲੇ ਦੇ ਅੰਦਰ ਨਾ ਉਹ ਫਲ ਤਿਆਰ ਹੁੰਦਾ ਹੈ ਜਿਸਤੇ ਇਹ ਫਲ ਲੱਗਦਾ ਹੈ ਤੇ ਨਾ ਹੀ ਮਾੜੇ ਕਰਮਾਂ ਦੁਆਰਾ ਫਲ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਫਲ ਦੀ ਪ੍ਰਾਪਤੀ ਦਾ ਸਾਰਾ ਦਾਰੋਮਦਾਰ ਸਾਡੇ ਮਨ ਦੀ ਸੋਝੀ ਤੇ ਟਿਕਿਆ ਹੋਇਆ ਹੈ ਕਿ ਉਹ ਕਿਹੋ ਜਿਹੀ ਹੈ। ਮਨਮਤਿ ਵਿੱਚ ਰਹਿੰਦੇ ਹੋਏ ਅਸੀਂ ਉਸ ਫਲ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਸ ਫਲ ਦੀ ਪ੍ਰਾਪਤੀ ਕੇਵਲ ਗੁਰਮਤਿ ਨਾਲ ਜੁੜ ਕੇ ਹੀ ਹੁੰਦੀ ਹੈ ਤੇ ਗੁਰਮਤਿ ਲੈਣ ਲਈ ਸਾਡੇ ਕੋਲ ਜੋ ਸਾਧਨ ਹੈ ਉਹ ਗੁਰਬਾਣੀ ਹੈ ਜੋ ਸਾਨੂੰ ਸੱਚੀ ਸੋਝੀ ਪਾ ਸਕਦੀ ਹੈ। ਇਧਰੋਂ ਉਧਰੋਂ ਲਈ ਹੋਈ ਸੋਝੀ, ਸਿੰਮਲ ਰੁੱਖਾਂ ਕੋਲੋਂ ਲਈ ਹੋਈ ਸੋਝੀ ਸਾਨੂੰ ਉਸ ਫਲ ਦੀ ਪ੍ਰਾਪਤੀ ਤੋਂ ਦੂਰ ਹੀ ਰੱਖਦੀ ਹੈ ਜੋ ਕਿ ਸਾਡੇ ਜੀਵਨ ਦਾ ਮਕਸਦ ਹੈ। **(ਨਾਨਕ**

ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥ ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ॥ ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ॥੧॥)

22/2368-1

ਜਿਸ ਫਲ ਦੀ ਅਸੀਂ ਪ੍ਰਾਪਤੀ ਕਰਨਾ ਚਾਹੁੰਦੇ ਹਾਂ ਇਹ ਫਲ ਅਸਲ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦਾ ਫਲ ਹੈ ਜੋ ਬ੍ਰਹਮਗਿਆਨ ਦੇ ਰੂਪ ਵਿੱਚ ਮਿਲਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਇਹ ਫਲ ਛਕਾਉਂਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਸੱਚੇ ਗਿਆਨ ਦਾ ਭੋਜਨ ਹੀ ਛਕਾਉਂਦਾ ਹੈ ਜਿਸ ਦੁਆਰਾ ਮਨੁੱਖ ਇਹ ਫਲ ਖਾ ਕੇ ਤ੍ਰਿਪਤ ਹੁੰਦਾ ਹੈ। ਪ੍ਰਮਾਤਮਾ ਆਪਣਾ ਇਹ ਫਲ ਉਸਨੂੰ ਹੀ ਛਕਾਉਂਦਾ ਹੈ ਜਿਸਨੂੰ ਪ੍ਰਮਾਤਮਾ ਦੀ ਰਚੀ ਹੋਈ ਗੁਰਬਾਣੀ ਦੇ ਨਾਲ ਪ੍ਰੀਤ ਹੈ, ਗੁਰਮਤਿ ਨਾਲ ਪ੍ਰੀਤ ਹੈ ਕਿਉਂਕਿ ਗੁਰਮਤਿ ਨਾਲ ਪ੍ਰੀਤ ਹੀ ਪ੍ਰਮਾਤਮਾ ਦੇ ਨਾਲ ਪ੍ਰੀਤ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ॥੧੬॥”

(ਅੰਗ ੧੦੩੨)

ਜਿਸਨੂੰ ਗੁਰਮਤਿ ਨਾਲ ਪ੍ਰੀਤ ਨਹੀਂ ਹੈ ਉਹ ਕਦੇ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ। ਪ੍ਰੀਤ ਅਸੀਂ ਆਪਣੀ ਉੱਥੇ ਹੀ ਦਿਖਾਉਂਦੇ ਹਾਂ ਜਿਸਦੀ ਅਸੀਂ ਗੱਲ ਮੰਨਦੇ ਹਾਂ। ਜਦੋਂ ਸਾਰੀ ਗੱਲ ਗੁਰੂ ਦੀ ਮੰਨਾਂਗੇ ਤਾਂ ਸਾਡੀ ਪ੍ਰੀਤ ਆਪੇ ਹੀ ਗੁਰੂ ਨਾਲ ਜੁੜ ਜਾਵੇਗੀ ਤੇ ਅਸੀਂ ਗੁਰੂ ਨੂੰ ਚੰਗੇ ਲੱਗਾਂਗੇ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਵਿਕਾਰ ਮੁਕਤ ਹੋਵੋ ਤੇ ਚੰਗੇ ਕਰਮ ਕਰੋ। ਜੇਕਰ ਅਸੀਂ ਗੁਰੂ ਦੀ ਗੱਲ ਮੰਨ ਲੈਂਦੇ ਹਾਂ ਤਾਂ ਫਿਰ ਅਸੀਂ ਆਪਣੀ ਪ੍ਰੀਤ ਗੁਰੂ ਨਾਲ ਦਿਖਾਉਂਦੇ ਹਾਂ ਤੇ ਫਿਰ ਤਾਂ ਹੀ ਅਸੀਂ ਗੁਰੂ ਨੂੰ ਭਾਉਂਦੇ ਹਾਂ।

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੯)

ਦਿਨ ਰਾਤ ਹਰਿ ਹਰਿ ਧਿਆਉਣ ਵਾਲਾ ਉਹੀ ਹੈ, ਨਾਮ ਜਪਣ ਵਾਲਾ ਉਹੀ ਹੈ ਜੋ ਪੂਰੀ ਤਰ੍ਹਾਂ ਵਿਕਾਰਾਂ ਤੋਂ ਮੁਕਤ ਹੈ ਤੇ ਇਹੋ ਜਿਹੇ ਮਨੁੱਖ ਹੀ ਪ੍ਰਮਾਤਮਾ ਨੂੰ ਭਾਉਂਦੇ ਹਨ ਤੇ ਗੁਰਬਾਣੀ ਦੇ ਨਾਲ ਸਾਡਾ ਪ੍ਰੀਤ ਦਿਖਾਉਣ ਦਾ ਇਹੀ ਤਰੀਕਾ ਹੈ।

ਪ੍ਰਮਾਤਮਾ ਦੇ ਦਰਸ਼ਨ ਉਸੇ ਨੂੰ ਹੁੰਦੇ ਹਨ ਜੋ ਪ੍ਰਮਾਤਮਾ ਦੀ ਗੁਰਬਾਣੀ ਨੂੰ ਇਹੋ ਜਿਹੀ ਪ੍ਰੀਤ ਦਿਖਾਉਣ ਦਾ ਉੱਦਮ ਕਰਦੇ ਹਨ। ਪ੍ਰਮਾਤਮਾ ਆਪਣੇ ਦਰਸ਼ਨ ਮਨ ਦੇ ਵਿੱਚ ਹੀ ਦਿੰਦਾ ਹੈ। ਪ੍ਰਮਾਤਮਾ ਹਰ ਘਟਿ ਦੇ ਵਿੱਚ ਹੈ, “ਦੀਪਕੁ” ਦੇ ਰੂਪ ਵਿੱਚ ਹੈ ਜੋ ਕਿ ਉਸਦਾ ਜੋਤਿ ਰੂਪ ਹੈ। ਪ੍ਰਮਾਤਮਾ ਆਪਣੇ ਦਰਸ਼ਨ ਆਪ ਜੋਤਿ ਦੁਆਰਾ ਹੀ ਦਿੰਦਾ ਹੈ, ਜੋਤਿ ਦੇ ਗਿਆਨ ਦੁਆਰਾ ਹੀ ਦਿੰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਖ਼ਸ਼ਦਾ ਹੈ।

(ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ॥੧੫॥)

ਮਨ ਦੇ ਵਿੱਚ ਪ੍ਰਮਾਤਮਾ ਜੋਤਿ ਰਾਹੀਂ ਗਿਆਨ ਹੀ ਦਿੰਦਾ ਹੈ ਤੇ ਜਿਸਨੂੰ ਉਹ ਪ੍ਰਗਟ ਹੋ ਕੇ ਆਪਣਾ ਸੱਚਾ ਗਿਆਨ ਬਖ਼ਸ਼ ਦਿੰਦਾ ਹੈ, ਬ੍ਰਹਮਗਿਆਨ

22/2368-2

ਦਾ ਭੋਜਨ ਬਖ਼ਸ਼ ਦਿੰਦਾ ਹੈ ਉਸਨੂੰ ਹੀ ਉਹ ਆਪਣਾ ਫਲ ਬਖ਼ਸ਼ਦਾ ਹੈ, ਗਿਆਨ ਰੂਪ ਫਲ ਬਖ਼ਸ਼ਦਾ ਹੈ। ਇਸ ਫਲ ਦਾ “ਰਸੁ”, ਬ੍ਰਹਮਗਿਆਨ ਦੇ ਫਲ ਦਾ ਰਸ ਸੰਸਾਰ ਦਾ ਸਭ ਤੋਂ ਮਿੱਠਾ ਰਸੁ ਹੈ, “ਮਹਾ ਰਸੁ” ਹੈ। ਜਿਸਨੇ ਵੀ ਪ੍ਰਮਾਤਮਾ ਦੇ

ਦਰਸ਼ਨ ਕੀਤੇ ਹਨ ਉਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਇਸ ਬ੍ਰਹਮਗਿਆਨ ਦਾ ਫਲ ਹੀ ਚਖਾਇਆ ਹੈ। ਜਿੰਨ੍ਹਾਂ ਨੇ ਇਹ ਫਲ ਚੱਖਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ, ਬ੍ਰਹਮਗਿਆਨ ਦੀ ਰਚਨਾ ਕੀਤੀ ਹੈ। **(ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥)**

ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਮਨਸਾ ਤੋਂ, ਤ੍ਰਿਸ਼ਨਾਵਾਂ ਤੋਂ ਮੁਕਤ ਹੁੰਦਾ ਹੈ, ਮਨਮਤਿ ਤੋਂ ਮੁਕਤ ਹੁੰਦਾ ਹੈ ਤੇ ਗੁਰਮਤਿ ਦੇ ਵਿੱਚ ਸਮਾਅ ਜਾਂਦਾ ਹੈ, ਬ੍ਰਹਮਗਿਆਨ ਵਿੱਚ ਸਮਾਅ ਜਾਂਦਾ ਹੈ, ਨਾਮ ਵਿੱਚ, ਪ੍ਰਮਾਤਮਾ ਵਿੱਚ ਸਮਾਅ ਜਾਂਦਾ ਹੈ। ਇਹੀ ਮਨ ਦੇ ਵੈਰਾਗ ਦੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਸਦਾ ਹੀ ਪ੍ਰਮਾਤਮਾ ਦੇ ਵੈਰਾਗ ਵਿੱਚ ਰਹਿੰਦਾ ਹੈ ਭਾਵ ਉਸਦੀ ਮਤਿ ਦੇ ਵੈਰਾਗ ਵਿੱਚ ਰਹਿੰਦਾ ਹੈ, ਸੱਚ ਦੇ ਵੈਰਾਗ ਵਿੱਚ ਰਹਿੰਦਾ ਹੈ। **(ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ॥੧੬॥)**

ਪ੍ਰਮਾਤਮਾ ਦਾ ‘‘ਦਾਨਾ ਕੈ ਸਿਰਿ ਦਾਨੁ’’ ਇਸ ਫਲ ਦੇ ਰੂਪ ਵਿੱਚ ਹੀ ਮਿਲਦਾ ਹੈ, ਕੇਵਲ ਚੰਗੇ ਕਰਮ ਕਰਨ ਦੁਆਰਾ ਹੀ ਮਿਲਦਾ ਹੈ,

22/2369

ਮਨ ਦੇ ਵਿੱਚ ਸੰਤੋਖ ਵੱਸਣ ਦੁਆਰਾ, ਤ੍ਰਿਸਨਾ ਮੁਕਤ ਹੋਣ ਦੁਆਰਾ ਹੀ ਮਿਲਦਾ ਹੈ। ਗੁਰੂ ਆਪਣੇ ਇਸ ਗਿਆਨ ਦੇ ਫਲ ਦੁਆਰਾ ਹੀ ਸੰਤੋਖ ਵਿੱਚ ਹੈ, ਸੰਤੋਖ ਦਾ ਰੁੱਖ ਹੈ ਤੇ ਆਪਣੇ ਗਿਆਨ ਰਾਹੀਂ ਸਾਨੂੰ ਉਸ ਧਰਮ ਦੇ ਨਾਲ ਜੋੜਦਾ ਹੈ ਜਿਸ ਨਾਲ ਸਾਨੂੰ ਸੰਤੋਖ ਦੀ ਪ੍ਰਾਪਤੀ ਹੋਵੇ ਤਾਂ ਜੋ ਅਸੀਂ ਕੇਵਲ ਸੱਚੇ ਸੁੱਚੇ ਕਰਮ ਹੀ ਕਰੀਏ।

{ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥
ਸੋਈ ਬ੍ਰਹਮਣੁ ਪੂਜਣ ਜੁਗਤੁ॥੧੬॥}

(ਅੰਗ ੧੪੧੧)

ਪ੍ਰਮਾਤਮਾ ਕੋਲੋਂ ਜਿਸ ਦਾਨ ਦੀ ਅਸੀਂ ਪ੍ਰਾਪਤੀ ਕਰਨੀ ਚਾਹੁੰਦੇ ਹਾਂ, ਨਾਮ ਦਾਨ ਦੀ ਪ੍ਰਾਪਤੀ ਕਰਨਾ ਚਾਹੁੰਦੇ ਹਾਂ, ਬ੍ਰਹਮਗਿਆਨ ਦੀ ਪ੍ਰਾਪਤੀ ਕਰਨਾ ਚਾਹੁੰਦੇ ਹਾਂ ਪ੍ਰਮਾਤਮਾ ਕੋਲੋਂ ਉਹ ਦਾਨ ਮੰਗਣ ਦਾ ਤਰੀਕਾ, ਉਸਦੇ ਅੱਗੇ ਅਰਦਾਸ ਕਰਨ ਦਾ ਤਰੀਕਾ ਸਾਡੀ ਕਰਨੀ ਹੈ ਨਾ ਕਿ ਕਥਨੀ। ਸਾਡੀ ਕਰਨੀ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਹੁੰਦੀ ਹੈ, ਆਪਣੇ ਅੰਦਰ ਸੱਚ ਵਸਾਉਣ ਦੁਆਰਾ ਹੀ ਹੁੰਦੀ ਹੈ, ਸੰਤੋਖ ਲਿਆਉਣ ਦੁਆਰਾ ਹੁੰਦੀ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਕੇ ਹੁੰਦੀ ਹੈ। ਆਪਣੀ ਕਥਨੀ ਨਾਲ ਬੋਲ ਬੋਲ ਕੇ ਇਹ ਦਾਨ ਨਹੀਂ ਮਿਲਦਾ, ਉਸਦੇ ਅੱਗੇ ਅਰਦਾਸ ਨਹੀਂ ਹੁੰਦੀ ਜਿਵੇਂ ਕਿ ਸ਼ਬਦ ਦੀਆਂ ਹੇਠਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਜਿੰਨ੍ਹਾਂ ਨੂੰ ਅਸੀਂ ਪਹਿਲੇ ਵੀ ਸਮਝਿਆ ਹੈ।

ਰਾਮਕਲੀ ਮਹਲਾ ੧॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥
ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥੧॥
ਨਾਨਕ ਬਿਰਥਾ ਕੋਇ ਨ ਹੋਇ॥ ਐਸੀ ਦਰਗਹ ਸਾਚਾ ਸੋਇ॥੧॥ਰਹਾਉ॥}

(ਅੰਗ ੮੭੮)

ਪ੍ਰਮਾਤਮਾ ਦੀ ਆਪਣੀ ਦਰਗਾਹ ਸੱਚ ਦੀ ਦਰਗਾਹ ਹੈ ਤੇ ਮਨ ਦੇ ਸੱਚ ਦੁਆਰਾ ਕੀਤੀ ਹੋਈ ਅਰਦਾਸ ਉਸ ਪ੍ਰਮਾਤਮਾ ਅੱਗੇ ਅਰਦਾਸ ਹੈ, ਉਸਦੀ ਦਰਗਾਹ ਵਿੱਚ ਪਹੁੰਚਣ ਵਾਲੀ ਅਰਦਾਸ ਹੈ। ਪ੍ਰਮਾਤਮਾ ਸਾਡੀ ਇਹੋ ਜਿਹੀ ਅਰਦਾਸ ਸੁਣਦਾ ਹੈ ਜਿਸ ਦੁਆਰਾ ਸਾਨੂੰ ਉਹ ਆਪਣੇ ਨਾਲ ਮੇਲ ਦਾ ਦਾਨ ਬਖ਼ਸ਼ਦਾ ਹੈ। ਉਸਦੀ ਦਰਗਾਹ ਬ੍ਰਹਮਗਿਆਨ ਦੀ ਦਰਗਾਹ ਹੈ ਜਿਸ ਦੁਆਰਾ ਉਹ ਕੇਵਲ ਸੱਚ ਦੀ ਸਿੱਖਿਆ ਹੀ ਦਿੰਦਾ ਹੈ, ਸੱਚੀ ਮਤਿ ਦੀ ਸਿੱਖਿਆ ਹੀ ਦਿੰਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਦਰਗਾਹ ਹੈ, ਪੂਰਨ ਸੱਚ ਦੀ ਦਰਗਾਹ ਹੈ, ਬ੍ਰਹਮਗਿਆਨ ਦੀ ਦਰਗਾਹ ਹੈ। ਪ੍ਰਮਾਤਮਾ ਦੀ ਇਸ ਦਰਗਾਹ ਵਿੱਚੋਂ ਅਸੀਂ ਸੱਚ ਲੈ ਕੇ ਉਸ

ਤੇ ਅਮਲ ਕਰਦੇ ਹਾਂ ਉਹ ਸਾਡੀ ਪ੍ਰਮਾਤਮਾ ਅੱਗੇ ਅਰਦਾਸ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਕਾਫੀ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ।

22/2370

ਪ੍ਰਮਾਤਮਾ ਕੋਲੋਂ ਉਸਦਾ ਦਾਨ ਮੰਗਣ ਦਾ ਇਹੀ ਤਰੀਕਾ ਹੈ ਜੋ ਕਿ ਸਦਾ ਹੀ ਸਾਡੀ ਮਨ ਰੂਪ ਦਰਗਾਹ ਵਿੱਚ ਸਾਡੀ ਅਰਦਾਸ ਸੁਣ ਰਿਹਾ ਹੈ ਤੇ ਜਦੋਂ ਉਹ ਆਪਣਾ ਫਲ ਬਖ਼ਸ਼ਦਾ ਹੈ, ਬ੍ਰਹਮਗਿਆਨ ਦਾ ਫਲ ਬਖ਼ਸ਼ਦਾ ਹੈ, ਨਾਮ ਦਾ ਫਲ ਬਖ਼ਸ਼ਦਾ ਹੈ ਇਸ ਮਨ ਰੂਪ ਦਰਗਾਹ ਵਿੱਚ ਹੀ ਬਖ਼ਸ਼ਦਾ ਹੈ। ਪੂਰੀ ਗੁਰਬਾਣੀ ਵਿੱਚ ਉਸਦਾ ਨਾਮ ਹੈ, ਉਸਦਾ ਸੱਚਾ ਗਿਆਨ ਹੈ ਤੇ ਉਸ ਨਾਮ ਦੀ ਮਤਿ ਤੇ ਚੱਲ ਕੇ ਸਾਨੂੰ ਉਸ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ ਜੋ ਕਿ ਸਾਡੇ ਅੰਦਰ ਹੀ ਹੈ। ਗੁਰਮਤਿ ਨਾਲੋਂ ਵਿਛੁੜ ਕੇ, ਨਾਮ ਨਾਲੋਂ ਵਿਛੁੜ ਕੇ ਭਾਵ ਕਿਸੇ ਦੂਜਿਆਂ ਦੀ ਮਤਿ ਪਿੱਛੇ ਲੱਗ ਕੇ ਅਸੀਂ ਕਦੇ ਉਸ ਫਲ ਦੀ ਪ੍ਰਾਪਤੀ ਨਹੀਂ ਕਰ ਸਕਦੇ ਜਿਸ ਫਲ ਦੀ ਕਿਸੇ ਨੂੰ ਸਮਝ ਨਹੀਂ ਹੈ। ਆਓ ਗੁਰਬਾਣੀ ਤੇ ਪੂਰਨ ਭਰੋਸਾ ਟਿਕਾਈਏ ਤੇ ਉਸ ਤਰੀਕੇ ਨਾਲ ਜੁੜੀਏ ਜਿਸ ਤਰੀਕੇ ਨਾਲ ਉਸ ਫਲ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਵਿਅਰਥ ਦੇ ਜਪਾਂ ਤਪਾਂ ਆਦਿ ਵਿੱਚੋਂ ਨਿਕਲੀਏ, ਭਗਤੀ ਦੇ ਵਿਖਾਵੇ ਵਿੱਚੋਂ ਨਿਕਲੀਏ ਜੋ ਕਿ ਉਨ੍ਹਾਂ ਭਰਮਿਆਂ ਹੋਇਆਂ ਦੀ ਦੇਣ ਹੈ ਜਿੰਨ੍ਹਾਂ ਦੇ ਪਿੱਛੇ ਅਸੀਂ ਲੱਗੇ ਹੋਏ ਹਾਂ। ਨਾ ਬਪੁੜਿਆਂ ਨਾਲ ਜੁੜੀਏ ਤੇ ਨਾ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਆਪ ਬਪੁੜੇ ਬਣੀਏ। **(ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥੩॥)**

ਅੱਗੇ ਪਉੜੀ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪ ਹੀ ਸਭ ਨੂੰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਤੇ ਉਸਦੀ ਕ੍ਰਿਪਾ ਤੋਂ ਬਿਨ੍ਹਾਂ ਉਸਦੇ ਨਾਲ ਨਹੀਂ ਜੁੜਿਆ ਜਾ ਸਕਦਾ ਜੋ ਆਪ ਹੀ ਗੁਰੂ ਰੂਪ ਹੈ। ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ ਜੋ ਮਨ ਦੇ ਭਰਮ ਦੁਆਰਾ ਹੀ ਚੱਲਦੀ ਹੈ। ਜੋ ਕੁੱਝ ਪ੍ਰਮਾਤਮਾ ਨੂੰ ਭਾਉਂਦਾ ਹੈ ਉਹ ਉਹੀ ਕੁੱਝ ਸਾਡੇ ਕੋਲੋਂ ਕਰਵਾ ਰਿਹਾ ਹੈ। ਸਾਡੇ ਵਿੱਚ ਭਰਮ ਪਾਉਣ ਵਾਲਾ ਵੀ ਉਹ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ। ਉਸਦਾ ਗੁਰੂ ਰੂਪ ਧਾਰਨ ਦਾ ਮਕਸਦ ਸਾਨੂੰ ਇਸ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਤਾਂ ਹੀ ਅਸੀਂ ਉਸ ਪ੍ਰਮਾਤਮਾ ਦੀ ਖੇਡ ਨੂੰ ਜਾਣ ਸਕਦੇ ਹਾਂ ਤੇ ਸਮਝ ਸਕਦੇ ਹਾਂ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਗੁਰੂ ਰੂਪ ਵਿੱਚ ਵੀ ਉਹ ਆਪ ਹੀ ਹੈ। ਉਸਦੇ ਗੁਰੂ ਰੂਪ ਨਾਲ ਜੁੜੇ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਦੀ ਖੇਡ ਨੂੰ ਨਹੀਂ ਸਮਝ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਸਦੇ ਨਾਲ ਜੁੜ ਕੇ ਹੀ ਉਸਦੀ ਖੇਡ ਨੂੰ ਜਾਣਿਆ ਜਾ ਸਕਦਾ ਹੈ।

ਪਉੜੀ॥

“ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥੧॥”

(ਅੰਗ - ੪੬੩)

“ਕੁਦਰਤਿ” ਕੀ ਹੈ ਇਸਨੂੰ ਹਰ ਕੋਈ ਸਮਝ ਸਕਦਾ ਹੈ। “ਕੁਦਰਤਿ” ਪ੍ਰਮਾਤਮਾ ਆਪ ਹੈ ਤੇ ਜੋ ਕੁੱਝ ਅਸੀਂ ਆਕਾਰ ਰੂਪ ਦੇਖਦੇ ਹਾਂ, ਸਰਗੁਣ ਰੂਪ, ਮਾਇਆ ਰੂਪ ਦੇਖਦੇ ਹਾਂ ਇਹ

22/2371

ਸਭ ਪ੍ਰਮਾਤਮਾ ਦੀ ਕੁਦਰਤਿ ਹੈ। “ਦੁਯੀ ਕੁਦਰਤਿ” ਕੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਪ੍ਰਮਾਤਮਾ ਆਪ ਹੀ ਨਿਰਗੁਣ ਰੂਪ ਹੈ ਤੇ ਆਪ ਹੀ ਸਰਗੁਣ ਰੂਪ ਹੈ। ਪ੍ਰਮਾਤਮਾ ਦਾ ਜੋ ਆਪਣਾ ਅਸਲ ਰੂਪ ਹੈ, ਮੂਲ ਰੂਪ ਹੈ ਉਹ ਉਸਦਾ ਨਿਰਗੁਣ ਰੂਪ ਹੈ, ਗਿਆਨ ਰੂਪ ਹੈ। ਨਿਰਗੁਣ ਰੂਪ ਵਿੱਚ ਵੀ ਪ੍ਰਮਾਤਮਾ ਕੁਦਰਤਿ ਹੈ ਤੇ ਆਪਣੀ ਸਰਗੁਣ ਰੂਪ ਕੁਦਰਤਿ ਬਣਾਉਣ ਵਾਲਾ

ਵੀ ਉਹ ਆਪ ਹੈ। ਸਰਗੁਣ ਰੂਪ ਦੀ ਰਚਨਾ ਉਸਨੇ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਕੀਤੀ ਹੈ, ਇਹ ਸਾਰਾ ਸਰਗੁਣ ਰੂਪ, ਦਿੱਸਣ ਵਾਲਾ ਰੂਪ ਪ੍ਰਮਾਤਮਾ ਦੀ "ਦੁਯੀ ਕੁਦਰਤਿ" ਹੈ ਭਾਵ ਪ੍ਰਮਾਤਮਾ ਦਾ ਆਪਣਾ ਦੂਸਰਾ ਰੂਪ ਹੈ ਜਿਸ ਰੂਪ ਨੂੰ ਚਲਾਉਣ ਵਾਲਾ ਉਹ ਆਪ ਨਿਰਗੁਣ ਰੂਪ ਹੀ ਹੈ। ਹਰ ਸਰਗੁਣ ਰੂਪ ਵਿੱਚ ਪ੍ਰਮਾਤਮਾ ਦਾ ਆਪਣਾ ਆਸਣ ਨਿਰਗੁਣ ਰੂਪ ਵਿੱਚ ਹੀ ਹੈ ਜਿਵੇਂ ਕਿ ਸਾਡੇ ਅੰਦਰ, ਸਾਡੇ ਸਰਗੁਣ ਰੂਪ ਸਰੀਰ ਦੇ ਅੰਦਰ ਪ੍ਰਮਾਤਮਾ ਦਾ ਆਸਣ ਸਾਡੇ ਅੰਦਰ ਸਾਡੇ ਮਨ ਦੇ ਰੂਪ ਵਿੱਚ, ਨਿਰਗੁਣ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ ਜਿਸ ਦੁਆਰਾ ਉਹ ਸਾਡੇ ਸਰਗੁਣ ਰੂਪ ਸਰੀਰ ਨੂੰ ਚਲਾਉਂਦਾ ਹੈ। ਸਾਡਾ ਦਿੱਸਣ ਵਾਲਾ ਸਰੀਰ ਪ੍ਰਮਾਤਮਾ ਦੀ ਬਣਾਈ ਹੋਈ "ਦੁਯੀ ਕੁਦਰਤਿ" ਦਾ ਹਿੱਸਾ ਹੀ ਹੈ।

ਜਿੱਥੇ ਪ੍ਰਮਾਤਮਾ ਆਪਣਾ ਗੁਰੂ ਰੂਪ ਪ੍ਰਗਟ ਕਰਦਾ ਹੈ ਉਸ ਸਰੀਰ ਨੂੰ ਪ੍ਰਮਾਤਮਾ ਆਪ ਹੀ ਸਜਾਉਂਦਾ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਨੇ ਜਿੰਨ੍ਹਾਂ ਸਰੀਰਾਂ ਨੂੰ ਸਾਜਿਆ ਹੈ ਉਨ੍ਹਾਂ ਦੁਆਰਾ ਹੀ ਗੁਰਬਾਣੀ ਦੀ ਰਚਨਾ ਹੋਈ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਨਾਮ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਜਿੰਨ੍ਹਾਂ ਨੂੰ ਉਸਨੇ ਸਾਜਿਆ ਹੈ ਉਸਦੇ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣਾ ਆਸਣ ਲਗਾਇਆ ਹੈ ਤੇ ਆਪ ਹੀ ਮਨ ਦੇ ਗਿਆਨ ਦੁਆਰਾ ਇਸ ਸੰਸਾਰ ਦੀ ਖੇਡ ਨੂੰ ਦੇਖਿਆ ਹੈ। ਆਪਣੀ ਖੇਡ ਉਸਨੇ ਆਪ ਹੀ ਸਭ ਨੂੰ ਸਮਝਾਈ ਹੈ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਆਸਣ ਲੱਗਾ ਹੋਇਆ ਹੈ। ਗੁਰਬਾਣੀ ਨੇ ਇਸ ਖੇਡ ਨੂੰ ਦੇਖਿਆ ਹੈ ਤੇ ਜੋ ਕੁੱਝ ਦੇਖਿਆ ਹੈ ਉਹੀ ਕੁੱਝ ਸਾਨੂੰ ਸਮਝਾ ਰਹੀ ਹੈ। **(ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥)**

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥}

(ਅੰਗ ੧੨੩੯)

ਮੁੰਦਾਵਣੀ ਮਹਲਾ ੫॥

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥}

(ਅੰਗ ੧੪੨੯)

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਅੰਮ੍ਰਿਤ ਨਾਮ ਹੈ, ਪੂਰੀ ਨਾਮ ਰੂਪ ਗੁਰਬਾਣੀ ਪ੍ਰਮਾਤਮਾ ਨੇ ਆਪ ਹੀ ਰਚੀ ਹੈ, ਗੁਰੂ ਰੂਪ ਧਾਰ ਕੇ ਰਚੀ ਹੈ।

ਸਾਡੀ ਜ਼ਿੰਦਗੀ ਦਾ ਮਨੋਰਥ ਨਾਮ ਦੀ ਪ੍ਰਾਪਤੀ ਕਰਨਾ ਹੀ ਹੈ। ਸਾਨੂੰ ਆਪਣਾ ਨਾਮ ਉਹੀ ਦੇ ਸਕਦਾ ਹੈ ਜੋ ਨਾਮ ਦਾ ਮਾਲਕ ਹੈ, ਜੋ ਬ੍ਰਹਮਗਿਆਨ ਦਾ ਮਾਲਕ ਹੈ, ਜੋ ਗੁਰਬਾਣੀ ਦਾ ਮਾਲਕ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

22/2372

"ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥"

ਜੋ ਨਾਮ ਦੀ ਦਾਤਿ ਦਾ ਮਾਲਕ ਹੈ ਆਪਣੀ ਦਾਤਿ ਉਹ ਕਿਸੇ ਨੂੰ ਆਪ ਹੀ ਦੇ ਸਕਦਾ ਹੈ। ਕਰਤਾ ਰੂਪ ਵਿੱਚ ਵੀ ਉਹ ਆਪ ਹੈ ਭਾਵ ਜੋ ਕੁੱਝ ਵੀ ਅਸੀਂ ਕਰਦੇ ਹਾਂ ਉਹ ਕਰਵਾਉਣ ਵਾਲਾ ਵੀ ਉਹ ਆਪ ਹੈ ਭਾਵ ਅਸੀਂ ਪੂਰੀ ਤਰ੍ਹਾਂ ਪ੍ਰਮਾਤਮਾ ਦੀ ਕ੍ਰਿਪਾ ਦੇ ਨਿਰਭਰ ਹਾਂ ਕਿ ਉਹ ਸਾਨੂੰ ਕਿਹੋ ਜਿਹੀ ਅਵੱਸਥਾ ਵਿੱਚ ਰੱਖਦਾ ਹੈ, ਸਾਡੇ ਕੋਲੋਂ ਕਿਹੋ ਜਿਹੇ ਕਰਮ ਕਰਵਾਉਂਦਾ ਹੈ। ਜਿਸਨੂੰ ਵੀ ਉਹ ਆਪਣੀ ਨਾਮ ਦੀ ਦਾਤਿ ਬਖ਼ਸ਼ਦਾ ਹੈ ਆਪਣੀ ਪ੍ਰਸੰਨਤਾ ਦੁਆਰਾ ਹੀ ਬਖ਼ਸ਼ਦਾ ਹੈ। ਉਸਦੀ ਪ੍ਰਸੰਨਤਾ ਸਾਨੂੰ ਕਿਸ ਤਰੀਕੇ ਨਾਲ ਮਿਲਦੀ ਹੈ ਜਿਸ ਦੁਆਰਾ ਪ੍ਰਮਾਤਮਾ ਸਾਡੇ ਤੇ ਪ੍ਰਸੰਨ ਹੋ ਜਾਵੇ ਇਹ ਗੱਲ ਸਾਨੂੰ ਵਾਰ-ਵਾਰ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਮਝਾਈ ਹੈ। ਪ੍ਰਮਾਤਮਾ ਦੀ ਪਸੰਨਤਾ ਲੈਣ ਦਾ ਉੱਦਮ ਉਸਨੇ ਮਨੁੱਖ ਦੇ ਸਿਰ ਹੀ ਰੱਖਿਆ ਹੋਇਆਂ ਹੈ ਜੋ ਕਿ ਸਾਡੇ ਲਈ ਉਸਦੇ ਹੁਕਮ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਉਸੇ ਤੇ ਹੀ ਪ੍ਰਸੰਨ ਹੁੰਦਾ ਹੈ ਜੋ ਉਸਦੀ ਗੁਰਬਾਣੀ ਦੁਆਰਾ

ਦਿੱਤੀ ਹੋਈ ਮਤਿ ਦੇ ਨਾਲ ਜੁੜਦਾ ਹੈ ਭਾਵ ਉਹ ਕੁੱਝ ਕਰਦਾ ਹੈ ਜੋ ਗੁਰੂ ਨੂੰ ਚੰਗਾ ਲੱਗਦਾ ਹੈ। ਪ੍ਰਮਾਤਮਾ ਨੂੰ ਸੱਚ ਹੀ ਚੰਗਾ ਲੱਗਦਾ ਹੈ ਤੇ ਜੋ ਉਸਦੇ ਦੱਸੇ ਹੋਏ ਸੱਚ ਤੇ ਚੱਲਦਾ ਹੈ ਉਹੀ ਮਨੁੱਖ ਪ੍ਰਮਾਤਮਾ ਨੂੰ ਭਾਉਂਦਾ ਹੈ, ਉਸ ਤੇ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਜੋ ਉਸਦਾ ਦਾਨ ਲੈਣ ਦਾ ਤਰੀਕਾ ਹੈ। **(ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥)**

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੮)

ਆਪਣਾ ਦਾਨ, ਨਾਮ ਦਾਨ ਜੋ ਕਿ ਉਸਦਾ ਬ੍ਰਹਮਗਿਆਨ ਹੈ ਸਾਨੂੰ ਮਨ ਦੇ ਵਿੱਚ ਹੀ ਮਿਲਦਾ ਹੈ ਕਿਉਂਕਿ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਜੋ ਸਾਡੇ ਅੰਦਰ ਸਾਡੇ ਵਿਚਾਰ ਪਾਉਣ ਵਾਲਾ ਹੈ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਸਭ ਦਾ "ਜਾਣੋਈ" ਹੈ ਭਾਵ ਸਭ ਨੂੰ ਜਾਨਣ ਵਾਲਾ ਹੈ। ਸਭ ਦੇ ਮਨ ਦੇ ਅੰਦਰ ਕੀ ਹੈ ਇਸੇ ਲਈ ਪ੍ਰਮਾਤਮਾ ਤੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ। ਉਹ ਅੰਤਰਜਾਮੀ ਇਸੇ ਲਈ ਹੈ ਕਿਉਂਕਿ ਸਾਡੇ ਅੰਦਰ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ। ਇਸੇ ਲਈ ਜਦੋਂ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ, ਬ੍ਰਹਮਗਿਆਨ ਦਿੰਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਦਿੰਦਾ ਹੈ। ਮਨੁੱਖ ਦਾ ਜਿਉਂਦੇ ਹੋਏ ਮਰਨਾ ਇਸ ਮਨ ਦੀ ਅਵੱਸਥਾ ਦੁਆਰਾ ਹੀ ਹੁੰਦਾ ਹੈ ਜਦੋਂ ਮਨ ਦੇ ਵਿੱਚੋਂ ਮਨੁੱਖ ਦਾ ਇਹ ਭੁਲੇਖਾ ਨਿਕਲ ਜਾਂਦਾ ਹੈ ਕਿ ਮੈਂ ਉਹ ਕੁੱਝ ਨਹੀਂ ਹਾਂ ਜੋ ਮੈਂ ਹੁਣ ਤੱਕ ਆਪਣੇ ਆਪ ਨੂੰ ਸਮਝਦਾ ਆਇਆ ਹਾਂ। ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਨਾਲ, ਨਾਮ ਦੀ ਦਾਤਿ ਮਿਲਣ ਨਾਲ ਮਨੁੱਖ ਦਾ ਇਹ ਭੁਲੇਖਾ ਹੀ ਨਿਕਲਦਾ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ। ਮਨ ਦੀ ਇਹ ਅਵੱਸਥਾ ਸਾਡੇ ਜਿਉਂਦੇ ਜੀਅ ਮਰਨ ਦੀ ਅਵੱਸਥਾ ਹੈ ਜਿਹੋ ਜਿਹੇ ਮਰਨੇ ਦੀ ਗੱਲ ਬਾਣੀ ਵਿੱਚ ਵਾਰ-ਵਾਰ ਕੀਤੀ ਹੋਈ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ ਤੇ ਉੱਪਰ ਪਉੜੀ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਸ ਅਵੱਸਥਾ ਕਰਕੇ ਗੁਰੂ ਦਾ ਤੇ ਪ੍ਰਮਾਤਮਾ ਦਾ ਭੇਦ ਮਿਟਿਆ ਹੋਇਆ ਹੈ। ਇਸੇ ਲਈ ਪ੍ਰਮਾਤਮਾ ਆਪ ਹੀ ਗੁਰੂ ਹੈ। ਸਾਡਾ ਇਹੋ ਜਿਹਾ ਮਰਨਾ ਮਨ ਦੇ ਭਰਮ ਦਾ ਮਰਨਾ ਹੀ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ। ਮਨੁੱਖ ਦਾ ਇਹ ਭਰਮ ਪ੍ਰਮਾਤਮਾ ਇੱਕ ਖਿਨ ਵਿੱਚ ਹੀ ਕੱਢ ਦਿੰਦਾ ਹੈ, ਆਪਣੇ ਇੱਕ ਬੋਲ ਦੇ ਨਾਲ ਕੱਢ ਦਿੰਦਾ ਹੈ ਜਿਹੜਾ ਬੋਲ ਉਹ ਮਨ ਦੇ ਵਿੱਚ ਹੀ ਬੋਲਦਾ ਹੈ।

22/2373

ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਗੁਰੂ ਰੂਪ ਧਾਰ ਕੇ ਪ੍ਰਮਾਤਮਾ ਨੇ ਆਪ ਹੀ ਆਪਣੀ ਖੇਡ ਦੇਖੀ ਹੈ ਤੇ ਗੁਰਬਾਣੀ ਰਾਹੀਂ ਸਾਨੂੰ ਉਹ ਖੇਡ ਸਮਝਾਈ ਹੈ। **(ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥ ਕਰਿ ਆਸਣੁ ਡਿਠੋ ਚਾਉ॥੧॥)**

ਉੱਪਰ ਪਉੜੀ ਰਾਹੀਂ ਤੇ ਇਸ ਤੋਂ ਪਹਿਲੇ ਸਲੋਕਾਂ ਰਾਹੀਂ ਸਾਨੂੰ ਗੁਰੂ ਦੀ ਮਹਿਮਾ ਹੀ ਸਮਝਾਈ ਹੈ ਕਿ ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ। ਸਲੋਕਾਂ ਰਾਹੀਂ ਵੀ ਸਾਨੂੰ ਗੱਲ ਕਾਫੀ ਗਹਿਰਾਈ ਵਿੱਚ ਸਮਝਾਈ ਹੋਈ ਹੈ ਤੇ ਪਉੜੀ ਵਿੱਚ ਗਹਿਰਾਈ ਹੋਰ ਵੀ ਜਿਆਦਾ ਹੈ ਜਿਸਨੂੰ ਉਸ ਸਮਰੱਥਾ ਦੁਆਰਾ ਸਮਝਣਾ ਨਾਮੁਮਕਿਨ ਹੈ ਜੋ ਸਮਰੱਥਾ ਪ੍ਰਮਾਤਮਾ ਨੇ ਮਨੁੱਖੀ ਰੂਪ ਵਿੱਚ ਪਾਈ ਹੋਈ ਹੈ। ਪਉੜੀ ਵਿੱਚ ਸਮਝਾਇਆ ਹੋਇਆ ਭਾਵ ਸਲੋਕਾਂ ਨਾਲੋਂ ਵੱਖਰਾ ਨਹੀਂ ਹੋ ਸਕਦਾ। ਜੇਕਰ ਸਲੋਕਾਂ ਵਿੱਚ ਗੁਰੂ ਦੀ ਮਹਿਮਾ ਦੱਸੀ ਹੋਈ ਹੈ ਤਾਂ ਫਿਰ ਪਉੜੀ ਦੇ ਵਿੱਚ ਵੀ ਗੁਰੂ ਦੀ ਮਹਿਮਾ ਦਾ ਹੀ ਵਰਣਨ ਹੈ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਦੇ ਨਾਲ ਸਾਨੂੰ ਕੇਵਲ ਗੁਰੂ ਹੀ ਮਿਲਾ ਸਕਦਾ ਹੈ, ਆਪਣਾ ਨਾਮ ਦੇ ਕੇ ਮਿਲਾ ਸਕਦਾ ਹੈ। ਜਿਸ ਪ੍ਰਮਾਤਮਾ ਨੇ ਪੂਰੀ ਗੁਰਬਾਣੀ ਰਾਹੀਂ ਨਾਮ ਦੀ ਰਚਨਾ ਕੀਤੀ ਹੈ ਉਸ ਤੋਂ ਬਿਨ੍ਹਾਂ ਸਾਨੂੰ ਪ੍ਰਮਾਤਮਾ ਦਾ ਨਾਮ ਹੋਰ ਕੌਣ ਦੇ ਸਕਦਾ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਵੇਂ ਕਿ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੋਇਆ ਹੈ। ਗੁਰਬਾਣੀ ਦੀ ਮਤਿ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਕਦੇ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦੇ। ਅਸੀਂ ਨਾਮ ਉਨ੍ਹਾਂ ਕੋਲੋਂ ਸਿੱਖਿਆ ਹੋਇਆ ਹੈ ਜਿੰਨ੍ਹਾਂ ਨੂੰ ਨਾਮ ਦੀ ਰੱਤੀ ਭਰ ਵੀ ਸਮਝ ਨਹੀਂ ਹੈ। ਹਰ ਕੋਈ ਹਉਮੈ ਵਿੱਚ ਹੈ ਭਾਵ ਭਰਮ ਵਿੱਚ ਹੈ ਜਿਸਦੇ ਰਹਿੰਦਿਆਂ ਕਿਸੇ ਦੇ ਅੰਦਰ ਵੀ ਨਾਮ ਨਹੀਂ ਹੈ, ਬ੍ਰਹਮਗਿਆਨ ਨਹੀਂ ਹੈ ਜਿਸਦੇ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਇੱਕ ਹੁੰਦੇ ਹਾਂ ਤੇ ਹਉਮੈ ਤੋਂ ਮੁਕਤ ਹੁੰਦੇ ਹਾਂ, ਭਰਮ ਤੋਂ, ਮਨਮਤਿ ਤੋਂ ਮੁਕਤ ਹੁੰਦੇ ਹਾਂ।

ਗੁਰੂ ਦਾ ਹਰ ਸ਼ਬਦ ਸਾਨੂੰ ਕੁੱਝ ਸਮਝਾਉਣ ਦੇ ਲਈ ਹੀ ਹੈ। ਉੱਪਰ ਸਲੋਕਾਂ ਰਾਹੀਂ ਤੇ ਪਉੜੀ ਰਾਹੀਂ ਸਾਨੂੰ ਇਹੀ ਸਮਝਾਇਆ ਗਿਆ ਹੈ ਕਿ ਅਸੀਂ ਕੇਵਲ ਗੁਰੂ ਦੀ ਮਤਿ ਨਾਲ ਜੁੜੀਏ ਭਾਵ ਆਪਣੇ ਅਸਲ ਖਸਮ ਦੇ ਨਾਲ ਜੁੜੀਏ ਤੇ ਉਨ੍ਹਾਂ ਖਸਮਾਂ ਤੋਂ ਆਪਣਾ ਲੜ ਛੁੜਾਈਏ ਜਿਹੜੇ ਜਗ੍ਹਾ-ਜਗ੍ਹਾ ਗੁਰੂ ਦੇ ਸ਼ਰੀਕ ਬਣ ਕੇ ਬੈਠੇ ਹਨ ਤੇ ਸਾਨੂੰ ਉਹ ਕੁੱਝ ਸਮਝਾਉਂਦੇ ਹਨ ਜੋ ਨਾਮ ਦੀ ਮਤਿ ਤੇ ਪੂਰਾ ਨਹੀਂ ਉਤਰਦਾ, ਗੁਰਮਤਿ ਤੇ ਪੂਰਾ ਨਹੀਂ ਉਤਰਦਾ। ਆਓ ਉਸਦੇ ਨਾਲ ਜੁੜੀਏ ਜੋ ਆਪ ਪੂਰਾ ਹੈ, ਹਰ ਗੱਲ ਵੱਲੋਂ ਪੂਰਾ ਹੈ। ਅਧੂਰਿਆਂ ਨਾਲ ਜੁੜ ਕੇ ਅਸੀਂ ਕਦੇ ਪੂਰੇ ਨਹੀਂ ਹੋ ਸਕਦੇ। ਕੱਚਿਆਂ ਦੇ ਨਾਲ ਜੁੜ ਕੇ ਅਸੀਂ ਕਦੇ ਪਾਰ ਨਹੀਂ ਲੱਗ ਸਕਦੇ। ਜਿੰਨ੍ਹਾਂ ਤਿਲਾਂ ਦੇ ਅੰਦਰ ਤੇਲ ਨਹੀਂ ਹੈ ਉੱਥੋਂ ਸਾਡੇ ਹੱਥ ਕੀ ਲੱਗਣਾ ਹੈ।

ਜਿਤਨਿਆਂ ਨੂੰ ਵੀ ਅਸੀਂ ਵੱਡਾ ਮੰਨਿਆ ਹੋਇਆ ਹੈ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਇਸ ਮਨ ਦੀ ਸਮਝ ਨਹੀਂ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਵੱਡਾ ਅਖਵਾਇਆ ਹੈ। ਇਸ ਮਨ ਦੀ ਸੋਝੀ ਪੈਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਵੱਡਾ ਅਖਵਾ ਹੀ ਨਹੀਂ ਸਕਦਾ ਕਿਉਂਕਿ ਫਿਰ ਉਸ ਵਿੱਚ ਤੇ ਪ੍ਰਮਾਤਮਾ ਵਿੱਚ ਭੇਦ ਮਿਟ ਜਾਂਦਾ ਹੈ। ਇਹ ਭੇਦ ਸਾਡੇ ਮਨ ਦੇ

22/2374

ਵਿੱਚ ਹੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਮਿਟਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਮਿਟਾਉਂਦਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਓ ਹੇਠ ਦਿੱਤੇ ਸ਼ਬਦ ਦੁਆਰਾ ਇਸ ਮਨ ਨੂੰ ਸਮਝੀਏ ਕਿ ਮਨ ਦੇ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਕਿਸ ਰੂਪ ਵਿੱਚ ਹੈ ਤੇ ਉਸਦੀ ਸੋਝੀ ਕਿਵੇਂ ਪੈਂਦੀ ਹੈ।

ਰਾਮਕਲੀ ਮਹਲਾ ੧॥

“ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ॥੧॥
ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥੧॥ਰਹਾਉ॥
ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ॥੨॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥੩॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ॥੪॥੯॥”

(ਅੰਗ ੮੭੮)

ਪੂਰੇ ਸ਼ਬਦ ਰਾਹੀਂ ਪ੍ਰਮਾਤਮਾ ਸਾਡੇ ਅੰਦਰ ਕਿਸ “ਬਿਧਿ” ਦੁਆਰਾ ਵਿਚਰ ਰਿਹਾ ਹੈ, ਕਿਸ ਵਿਧੀ ਦੁਆਰਾ ਵਿਚਰ ਰਿਹਾ ਹੈ ਇਹ ਗੱਲ ਸਮਝਾਈ ਹੋਈ ਹੈ।

“ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ॥੧॥

ਇਹ ਪੂਰੀ ਸ੍ਰਿਸ਼ਟੀ ਪ੍ਰਮਾਤਮਾ ਨੇ ਆਪਣੀ ਖੇਡ ਹੀ ਰਚੀ ਹੋਈ ਹੈ ਤੇ ਸਭ ਦੇ ਅੰਦਰ ਗੁਪਤ ਰੂਪ ਵਿੱਚ ਆਪ ਹੀ ਆਪਣੀ ਖੇਡ ਨੂੰ ਉਹ ਚਲਾ ਰਿਹਾ ਹੈ ਤੇ ਦੇਖ ਰਿਹਾ ਹੈ। ਅਸੀਂ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹਾਂ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੇ ਆਪਣੀ ਖੇਡ ਚਲਾਉਣ ਲਈ ਆਪ ਹੀ ਆਪਣਾ ਦੂਸਰਾ ਰੂਪ ਰਚ ਕੇ, ਸਾਨੂੰ ਬਣਾ ਕੇ ਆਪਣੇ ਨਿਰਗੁਣ ਰੂਪ ਤੋਂ ਵੱਖਰਾ ਕੀਤਾ ਹੋਇਆ ਹੈ, ਆਪਣਾ ਨਿਰਗੁਣ ਰੂਪ ਜਾਨਣ ਤੋਂ ਵੱਖਰਾ ਕੀਤਾ ਹੋਇਆ ਹੈ ਜੋ ਕਿ ਮਨ ਦੇ ਰਾਹੀਂ ਪਾਇਆ ਹੋਇਆ ਉਸਦਾ ਭਰਮ ਦਾ ਪੜਦਾ ਹੈ, ਹਉਮੈ ਦਾ ਪੜਦਾ ਹੈ, ਇੱਕ ਝੂਠ-ਮੂਠ ਦਾ ਪੜਦਾ ਹੈ ਜਿਸ ਦੁਆਰਾ ਅਸੀਂ ਝੂਠ ਵਿੱਚ ਪੈ ਕੇ ਪ੍ਰਮਾਤਮਾ ਨਾਲੋਂ ਆਪਣੇ ਆਪ ਨੂੰ ਵੱਖਰਾ ਸਮਝੀ ਜਾਂਦੇ ਹਾਂ ਜੋ ਕਿ ਅਸਲੀਅਤ ਨਹੀਂ ਹੈ। ਅਸਲੀਅਤ ਇਹ ਹੈ ਕਿ ਅਸੀਂ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਦੇ ਹੀ ਰੂਪ ਹਾਂ ਪਰ ਇਸ ਗੱਲ ਦੀ ਸਮਝ ਮਨ ਦਾ ਪੜਦਾ ਦੂਰ ਹੋਣ ਦੁਆਰਾ ਹੀ ਪੈਂਦੀ ਹੈ। ਇਹ ਪੜਦਾ ਪ੍ਰਮਾਤਮਾ ਆਪ ਖੋਲ੍ਹੇ ਤਾਂ ਹੀ ਖੁੱਲ੍ਹ ਸਕਦਾ ਹੈ ਭਾਵ ਪ੍ਰਮਾਤਮਾ ਆਪਣਾ ਆਪ ਉਹ ਦੱਸਣਾ ਚਾਹੇ ਤੇ ਤਾਂ ਹੀ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ।

ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਉਹੋ ਜਿਹਾ ਹੈ ਜੋ ਕਿ ਸਾਗਰ ਤੇ ਬੂੰਦ ਦਾ ਹੈ। ਬੂੰਦ ਦਾ ਮੂਲ ਵੀ ਪਾਣੀ ਹੈ ਤੇ ਸਾਗਰ ਦਾ ਮੂਲ ਵੀ ਪਾਣੀ ਹੈ ਭਾਵ ਦੋਨਾਂ ਦਾ ਬੇਸ ਪਾਣੀ ਹੈ ਜਿਸ ਦੁਆਰਾ ਸਾਗਰ ਹੋਂਦ ਵਿੱਚ ਆਉਂਦਾ ਹੈ ਤੇ ਬੂੰਦ ਹੋਂਦ ਵਿੱਚ ਆਉਂਦੀ

ਹੈ। ਬੂੰਦ ਅਗਰ ਸਾਗਰ ਵਿੱਚ ਮਿਲ ਜਾਵੇ ਤਾਂ ਫਿਰ ਉਹ ਸਾਗਰ ਦਾ ਰੂਪ ਬਣ ਜਾਂਦੀ ਹੈ ਭਾਵ ਉਨ੍ਹਾਂ ਦਾ ਆਪਸ ਵਿੱਚ ਭੇਦ ਮਿਟ ਜਾਂਦਾ ਹੈ। ਇਸੇ ਤਰ੍ਹਾਂ ਅਸੀਂ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਦਾ ਹੀ ਰੂਪ ਹਾਂ, ਸਾਡਾ ਮੂਲ ਉਹ ਆਪ ਪ੍ਰਮਾਤਮਾ ਹੀ ਹੈ ਤੇ ਮਨ ਦੇ ਵਿੱਚੋਂ ਉਹ ਭੇਦ ਦੂਰ ਹੋਣ ਨਾਲ ਅਸੀਂ ਪ੍ਰਮਾਤਮਾ ਦਾ ਹੀ ਰੂਪ ਬਣ ਜਾਂਦੇ ਹਾਂ। ਜੋ ਸਾਡੇ ਅੰਦਰ ਬੈਠਾ ਇਹ ਖੇਡ ਚਲਾ ਰਿਹਾ ਹੈ, ਦੇਖ ਰਿਹਾ ਹੈ ਉਹ ਆਪ ਹੀ ਆਪਣੇ ਅੰਦਰੋਂ ਆਪਣੇ ਆਪ ਨੂੰ ਪਹਿਚਾਣਦਾ ਹੈ, ਅੰਦਰ ਦੇ ਤੱਤ ਨੂੰ, ਮੂਲ ਨੂੰ ਪਹਿਚਾਣਦਾ ਹੈ ਭਾਵ ਆਪ ਹੀ ਆਪਣੇ ਮਨੁੱਖੀ ਰੂਪ

22/2375

ਨੂੰ ਪ੍ਰਮਾਤਮਾ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। ਇਹੀ ਗੱਲ ਅਸੀਂ ਪਿੱਛੇ ਪਉੜੀ ਦੁਆਰਾ ਸਮਝੀ ਹੈ। ਜਿੱਥੇ ਵੀ ਪ੍ਰਮਾਤਮਾ ਨੇ ਆਪਣਾ ਗੁਰੂ ਰੂਪ, ਭਗਤ ਰੂਪ ਪ੍ਰਗਟ ਕੀਤਾ ਹੈ ਉਥੇ ਉਸਨੇ ਆਪਣਾ ਪ੍ਰਮਾਤਮਾ ਰੂਪ ਹੀ ਪ੍ਰਗਟ ਕੀਤਾ ਹੈ। **(ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥ ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ॥੧॥)**

ਪਉੜੀ॥

{ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥}

(ਅੰਗ ੪੬੩)

ਅਸਲ ਵਿੱਚ ਹਰ ਕੋਈ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਦਾ ਹੀ ਰੂਪ ਹੋ ਪਰ ਸਾਨੂੰ ਮਨ ਦੇ ਪੜਦੇ ਦੇ ਕਾਰਨ ਇਸ ਗੱਲ ਦੀ ਸਮਝ ਨਹੀਂ ਹੈ ਤੇ ਨਾ ਹੀ ਸਾਨੂੰ ਵਿਸ਼ਵਾਸ ਆ ਸਕਦਾ ਹੈ। ਇਹ ਵਿਸ਼ਵਾਸ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਦਿਵਾਉਂਦਾ ਹੈ ਤੇ ਉਸਦੇ ਵਿਸ਼ਵਾਸ ਦਿਵਾਏ ਬਿਨ੍ਹਾਂ ਇਹ ਮੁਮਕਿਨ ਹੀ ਨਹੀਂ ਕਿ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਮੰਨ ਲਈਏ, ਹਰ ਕਿਸੇ ਨੂੰ ਪ੍ਰਮਾਤਮਾ ਦਾ ਰੂਪ ਮੰਨ ਲਈਏ, ਹਰ ਵਸਤੂ ਵਿੱਚ ਕੇਵਲ ਇੱਕ ਪ੍ਰਮਾਤਮਾ ਦੀ ਹੋਂਦ ਹੀ ਦੇਖੀਏ ਤੇ ਸਭ ਦੇ ਵਿੱਚ ਉਸਦਾ ਨਿਰਗੁਣ ਰੂਪ ਕੀ ਹੈ ਇਸਨੂੰ ਜਾਣ ਸਕੀਏ। ਪ੍ਰਮਾਤਮਾ ਦੀ ਖੇਡ ਦਾ ਬਿਆਨ ਪ੍ਰਮਾਤਮਾ ਨੇ ਆਪ ਹੀ ਕੀਤਾ ਹੈ, ਆਪਣੇ ਆਪ ਨੂੰ ਗੁਰੂ ਰੂਪ ਵਿੱਚ ਪ੍ਰਗਟ ਕਰਕੇ ਕੀਤਾ ਹੈ ਪਰ ਸਾਨੂੰ ਹਉਮੈ ਦੇ ਪੜਦੇ ਵਿੱਚ ਰਹਿੰਦਿਆਂ ਇਸ ਗੱਲ ਦੀ ਸਮਝ ਨਹੀਂ ਲੱਗਦੀ।

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥੧॥}

(ਅੰਗ ੨੦੫)

{ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ॥}

(ਅੰਗ ੩੫)

ਜਿਸਨੂੰ ਪ੍ਰਮਾਤਮਾ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਉਸਨੂੰ ਮਨ ਦੇ ਵਿੱਚ ਗਿਆਨ ਦੇ ਕੇ ਮਨ ਦੇ ਭਰਮ ਵਿੱਚੋਂ ਹੀ ਕੱਢਦਾ ਹੈ, ਮਨ ਦੇ ਪੜਦੇ ਵਿੱਚੋਂ ਕੱਢਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ "ਰਹਾਉ" ਵਾਲੀ ਪੰਗਤੀ ਹੈ।

"ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥੧॥ਰਹਾਉ॥"

ਉਪਰਲੀ ਪੰਗਤੀ ਰਾਹੀਂ ਸਾਨੂੰ ਆਪਣੇ ਅੰਦਰੋਂ "ਤਤੁ" ਦੀ ਪਹਿਚਾਣ ਕਿਵੇਂ ਹੁੰਦੀ ਹੈ ਭਾਵ ਪ੍ਰਮਾਤਮਾ ਦੀ ਪਹਿਚਾਣ ਕਿਵੇਂ ਹੁੰਦੀ ਹੈ, ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਪਹਿਚਾਣ ਕਿਵੇਂ ਹੁੰਦੀ ਹੈ ਇਹੀ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਦਾ "ਤਤੁ" ਰੂਪ, ਮੂਲ ਰੂਪ ਜੋ ਕਿ ਉਸਦਾ ਨਿਰਗੁਣ ਰੂਪ ਹੈ ਜਿਸ ਦੁਆਰਾ ਉਹ ਸਾਡੇ ਅੰਦਰ ਤੇ ਸਭ ਦੇ ਅੰਦਰ ਵੱਸਿਆ ਹੋਇਆ ਹੈ ਉਹ ਉਸਦਾ "ਗਿਆਨੁ" ਰੂਪ ਹੈ। ਉਸਦੇ ਇਸ "ਗਿਆਨੁ" ਰੂਪ ਨੂੰ, "ਤਤੁ" ਰੂਪ ਨੂੰ ਕੋਈ ਵਿਰਲਾ ਹੀ ਆਪਣੇ ਅੰਦਰੋਂ

ਪਹਿਚਾਣਦਾ ਹੈ ਭਾਵ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਵਿਰਲੇ ਸਰੀਰ ਰਾਹੀਂ ਹੀ ਪ੍ਰਗਟ ਕਰਦਾ ਹੈ ਜਿਸ ਰਾਹੀਂ ਉਸ ਮਨੁੱਖੀ ਸਰੀਰ ਨੂੰ ਸੋਝੀ ਪਾਉਂਦਾ ਹੈ ਕਿ ਤੂੰ ਆਪ ਹੀ ਪ੍ਰਮਾਤਮਾ ਦਾ ਰੂਪ ਹੈ। ਤੇਰਾ ਸਰਗੁਣ ਰੂਪ ਵੀ ਆਪ ਪ੍ਰਮਾਤਮਾ ਹੈ ਤੇ ਇਸ ਸਰੀਰ ਦਾ ਮਾਲਕ ਆਪ ਨਿਰਗੁਣ ਰੂਪ ਹੈ ਜੋ ਕਿ ਤੇਰੇ ਅੰਦਰ ‘‘ਗਿਆਨੁ’’ ਰੂਪ ਵਿੱਚ ਹੈ। ਉਹ ਆਪ ਹੀ ਆਪਣੇ ਆਪ ਨੂੰ ਸੋਝੀ

ਪਾਉਂਦਾ ਹੈ ਭਾਵ ਆਪ ਹੀ ਆਪਣੇ ਮਨੁੱਖੀ ਰੂਪ ਨੂੰ ਭਰਮ ਵਿੱਚ ਰੱਖ ਕੇ ਆਪ ਹੀ ਉਸਦਾ ਭਰਮ ਕੱਢ ਦਿੰਦਾ ਹੈ ਤੇ ਫਿਰ ਉਹ ਮਨੁੱਖ ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ। ਮਨ ਦੇ ਵਿੱਚ ਇਹ ਭਰਮ ਦਾ ਅਸਲੀਅਤ ਦੇ ਨਾਲ ਮੇਲ ਹੈ, ਅਗਿਆਨਤਾ ਦਾ ਗਿਆਨ ਦੇ ਨਾਲ ਮੇਲ ਹੈ, ‘‘ਮੈਂ’’ ਦਾ ‘‘ਤੂੰ’’ ਦੇ ਨਾਲ ਮੇਲ ਹੈ, ਸੁਰਤਿ ਦਾ ਸ਼ਬਦ ਦੇ ਨਾਲ ਮੇਲ ਹੈ, ਰਾਗ ਦਾ ਰਤਨ ਦੇ ਨਾਲ ਮੇਲ ਹੈ, ਮਨੁੱਖੀ ਹੋਂਦ ਦਾ ਪ੍ਰਮਾਤਮਾ ਦੇ ਨਾਲ ਮੇਲ ਹੈ। ਇਸ ਮੇਲ ਤੋਂ ਬਾਅਦ ਮਨੁੱਖ ਭਰਮ ਤੋਂ ਮੁਕਤ ਹੋ ਜਾਂਦਾ ਹੈ, ਅਗਿਆਨਤਾ ਤੋਂ ਮੁਕਤ ਹੋ ਜਾਂਦਾ ਹੈ, ਝੂਠ ਤੋਂ ਮੁਕਤ ਹੋ ਜਾਂਦਾ ਹੈ, ਹਉਮੈ ਤੋਂ ਮੁਕਤ ਹੋ ਜਾਂਦਾ ਹੈ, ਮੈਂ ਤੋਂ ਮੁਕਤ ਹੋ ਜਾਂਦਾ ਹੈ, ਆਪਣੀ ਸੁਰਤਿ ਦੇ ਗਿਆਨ ਤੋਂ ਮੁਕਤ ਹੋ ਕੇ ਸ਼ਬਦ ਦੇ ਗਿਆਨ ਨਾਲ ਜੁੜ ਜਾਂਦਾ ਹੈ, ਮਨਮਤਿ ਤੋਂ ਮੁਕਤ ਹੋ ਕੇ ਗੁਰਮਤਿ ਨਾਲ ਜੁੜ ਜਾਂਦਾ ਹੈ। ਮਨੁੱਖੀ ਹੋਂਦ ਜੋ ਕਿ ਕੇਵਲ ਇੱਕ ਭਰਮ ਹੈ ਉਹ ਝੂਠੀ ਹੋਂਦ ਪ੍ਰਮਾਤਮਾ ਦੀ ਸੱਚੀ ਹੋਂਦ ਦੇ ਵਿੱਚ ਸਮਾਅ ਜਾਂਦੀ ਹੈ। ਮਨੁੱਖੀ ਹੋਂਦ ਦੀ ਗਤਿ ਹੋ ਕੇ ਮਨੁੱਖ ਦੀ ਪਰਮਗਤਿ ਹੋ ਜਾਂਦੀ ਹੈ।

(ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥੧॥ਰਹਾਉ॥)

ਜਿਸਨੂੰ ਪ੍ਰਮਾਤਮਾ ਮੁਕਤ ਕਰਦਾ ਹੈ ਉਸਨੂੰ ਮਨ ਦੇ ਵਿੱਚ ਹੀ ਕਰਦਾ ਹੈ, ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ, ਮਨ ਦੇ ਵਿੱਚ ਗਿਆਨ ਦੁਆਰਾ ਹੀ ਕਰਦਾ ਹੈ।

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਵੀ ਸਾਡਾ ਪ੍ਰਮਾਤਮਾ ਦੇ ਨਾਲ ਕਿਹੋ ਜਿਹਾ ਰਿਸ਼ਤਾ ਹੈ, ਉਹੀ ਗੱਲ ਸਮਝਾਈ ਹੋਈ ਹੈ ਜੋ ਗੱਲ ਅਸੀਂ ਸਾਗਰ ਤੇ ਬੂੰਦ ਦੇ ਰਿਸ਼ਤੇ ਦੁਆਰਾ ਸਮਝੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਰਿਸ਼ਤਾ ਮਨ ਦੇ ਵਿੱਚ ਹੀ ਹੈ ਜੋ ਕਿ ਉਸਦੇ ਨਾਲ ਸਾਡਾ ਰਿਸ਼ਤਾ ਮਨ ਦੇ ਵਿਚਾਰਾਂ ਰਾਹੀਂ ਹੈ। ਮਨ ਦੇ ਵਿਚਾਰਾਂ ਵਿੱਚ ਹੀ ਭਰਮ ਹੈ ਤੇ ਮਨ ਦੇ ਵਿਚਾਰਾਂ ਵਿੱਚ ਹੀ ਅਸਲੀਅਤ ਹੈ। ਮਨ ਦੇ ਵਿਚਾਰਾਂ ਕਰਕੇ ਹੀ ਅਸੀਂ ਪ੍ਰਮਾਤਮਾ ਤੋਂ ਦੂਰ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਉਸ ਦੇ ਨਾਲ ਮਿਲ ਜਾਂਦੇ ਹਾਂ। ਜਿਸ ਤਰੀਕੇ ਦਾ ਰਿਸ਼ਤਾ ਸਾਡਾ ਪ੍ਰਮਾਤਮਾ ਦੇ ਨਾਲ ਹੈ ਉਹੋ ਜਿਹਾ ਰਿਸ਼ਤਾ ਸਾਨੂੰ ਸਾਗਰ ਤੇ ਬੂੰਦ ਰਾਹੀਂ ਸਮਝਾਇਆ ਹੈ ਜਿੰਨ੍ਹਾਂ ਦਾ ਮੂਲ ਪਾਣੀ ਹੈ। ਪ੍ਰਮਾਤਮਾ ਦੇ ਨਾਲ ਸਾਡੇ ਰਿਸ਼ਤੇ ਦਾ ਮੂਲ ਸਾਡੇ ਮਨ ਦੇ ਵਿਚਾਰ ਹਨ, ਸਾਡੇ ਮਨ ਦਾ ਗਿਆਨ ਹੈ। ਸਾਡਾ ਇਹੀ ਰਿਸ਼ਤਾ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ॥੨॥”

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ ਜਿਸ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਹੀ ਸਮਝਾਇਆ ਹੋਇਆ ਹੈ, ਬਿਧਿ ਸਮਝਾਈ ਹੋਈ ਹੈ ਜਿਸ ਬਿਧਿ ਦੁਆਰਾ ਪ੍ਰਮਾਤਮਾ ਸਾਡੇ ਅੰਦਰ ਵਿਚਰਦਾ ਹੈ। ਦਿਨ ਤੇ ਰਾਤ ਦਾ ਆਪਸ ਵਿੱਚ ਜੋ ਰਿਸ਼ਤਾ ਹੈ, ਜਿਸ ਤਰੀਕੇ ਦਾ ਰਿਸ਼ਤਾ ਹੈ ਉਹੋ ਜਿਹਾ

ਰਿਸ਼ਤਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਹੈ। ਧਿਆਨ ਦੇ ਨਾਲ ਸਮਝੋ ਕਿ ਦਿਨ ਦੇ ਵਿੱਚ ਤੇ ਰਾਤ ਦੇ ਵਿੱਚ ਕੀ ਫਰਕ ਹੈ ਭਾਵ ਉਨ੍ਹਾਂ ਨੂੰ ਆਪਸ ਵਿੱਚ ਵੱਖਰਾ ਕਿਸ ਨੇ ਕੀਤਾ ਹੋਇਆ ਹੈ, ਉਨ੍ਹਾਂ ਦੋਨਾਂ ਦਾ ਮੂਲ ਕੀ ਹੈ, ਉਹ ਕਿਸ ਵਿਧੀ ਦੁਆਰਾ ਵੱਖਰੇ-ਵੱਖਰੇ ਨਜ਼ਰ ਆਉਂਦੇ ਹਨ। ਦੋਨਾਂ ਦਾ ਮੂਲ, ਬੇਸ ‘‘ਸਮਾਂ’’ ਹੈ, ਵਕਤ ਹੈ। ਸਮੇਂ ਦਾ ਨਾਮ ਹੀ ਦਿਨ ਹੈ ਤੇ ਸਮੇਂ ਦਾ ਨਾਮ ਹੀ ਰਾਤ ਹੈ। ਜਿਹੜਾ ਸਮਾਂ ਸਾਨੂੰ ਦਿਨ ਨਜ਼ਰ ਆਉਂਦਾ ਹੈ ਉਹੀ ਸਮਾਂ ਕੁੱਝ ਦੇਰ ਬਾਅਦ ਰਾਤ ਵਿੱਚ ਬਦਲ ਜਾਂਦਾ ਹੈ ਭਾਵ ਸਮਾਂ

ਹੀ ਦਿਨ ਹੈ ਤੇ ਸਮਾਂ ਹੀ ਰਾਤ ਹੈ। ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਇਹੋ ਜਿਹਾ ਹੀ ਹੈ ਜਿਸ ਦਾ ਮੂਲ ਸਾਡੇ ਮਨ ਦਾ ਗਿਆਨ ਹੈ, ਸਾਡੇ ਮਨ ਦੇ ਵਿਚਾਰ ਹਨ। ਆਪਣੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਪ੍ਰਮਾਤਮਾ ਤੋਂ ਵੱਖਰੇ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਪ੍ਰਮਾਤਮਾ ਵਿੱਚ ਸਮਾਅ ਜਾਂਦੇ ਹਾਂ। ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਪ੍ਰਮਾਤਮਾ ਦਾ ਰੂਪ ਬਣ ਜਾਂਦੇ ਹਾਂ। ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਚੌਥੇ ਪਦ ਵਿੱਚ ਰਲ ਜਾਂਦੇ ਹਾਂ ਭਾਵ ਪ੍ਰਮਾਤਮਾ ਦੇ ਵਿੱਚ ਤੇ ਸਾਡੇ ਵਿੱਚ ਮੇਲ ਜਾਂ ਵਿਛੋੜੇ ਦਾ ਕਾਰਨ ਸਾਡੇ ਮਨ ਦੇ ਵਿਚਾਰ ਹੀ ਹਨ ਜਿੰਨ੍ਹਾਂ ਨੇ ਸਾਨੂੰ ਆਪਸ ਵਿੱਚ ਵੱਖਰਾ ਕੀਤਾ ਹੋਇਆ ਹੈ ਪਰ ਸਾਡਾ ਮੂਲ ਇੱਕੋ ਹੀ ਹੈ ਜਿਵੇਂ ਕਿ ਦਿਨ ਤੇ ਰਾਤ ਦਾ ਮੂਲ ਸਮਾਂ ਹੀ ਹੈ।

ਇਹੀ ਗੱਲ ਸਾਨੂੰ ਗਰਮੀ ਤੇ ਸਰਦੀ ਦੇ ਰਿਸ਼ਤੇ ਦੁਆਰਾ ਸਮਝਾਈ ਹੋਈ ਹੈ। "ਉਸਨ" ਗਰਮੀ ਨੂੰ ਕਹਿੰਦੇ ਹਨ ਤੇ "ਸੀਤ" ਸਰਦੀ ਨੂੰ ਕਹਿੰਦੇ ਹਨ। ਧਿਆਨ ਨਾਲ ਸਮਝੋ ਕਿ ਗਰਮੀ ਤੇ ਸਰਦੀ ਦਾ ਆਪਸ ਵਿੱਚ ਰਿਸ਼ਤਾ ਕੀ ਹੈ, ਦੋਨਾਂ ਦਾ ਮੂਲ ਕੀ ਹੈ ਜਿਸ ਦੁਆਰਾ ਉਹ ਇੱਕ ਹੁੰਦੇ ਹੋਵੇ ਵੀ ਸਾਨੂੰ ਦੋ ਨਜ਼ਰ ਆਉਂਦੇ ਹਨ, ਵੱਖਰੇ ਵੱਖਰੇ ਨਜ਼ਰ ਆਉਂਦੇ ਹਨ ਜਦ ਕਿ ਦੋਨਾਂ ਦਾ ਮੂਲ ਇੱਕ ਹੀ ਹੈ। ਗਰਮੀ ਤੇ ਸਰਦੀ ਦੋਨਾਂ ਦਾ ਮੂਲ ਤਾਪਮਾਨ, ਟੈਂਪਰੇਚਰ ਹੈ। ਜਦੋਂ ਤਾਪਮਾਨ ਘੱਟ ਹੁੰਦਾ ਹੈ ਉਸਨੂੰ ਅਸੀਂ ਸਰਦੀ ਕਹਿੰਦੇ ਹਾਂ ਤੇ ਜਦੋਂ ਤਾਪਮਾਨ ਵਧ ਜਾਂਦਾ ਹੈ ਉਸਨੂੰ ਅਸੀਂ ਗਰਮੀ ਕਹਿੰਦੇ ਹਾਂ। ਦੋਨੋਂ ਗਰਮੀ ਤੇ ਸਰਦੀ ਤਾਪਮਾਨ ਦੇ ਹੀ ਰੂਪ ਹਨ। ਇਸੇ ਤਰ੍ਹਾਂ ਮਨੁੱਖ ਤੇ ਪ੍ਰਮਾਤਮਾ ਇੱਕ ਹੁੰਦੇ ਹੋਏ ਵੀ ਵੱਖਰੇ-ਵੱਖਰੇ ਜਾਪਦੇ ਹਨ ਜਿਸਦਾ ਮੂਲ ਸਾਡੇ ਮਨ ਦੇ ਵਿਚਾਰ ਹਨ, ਸਾਡੇ ਮਨ ਦਾ ਗਿਆਨ ਹੈ। **(ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ॥)**

ਇਸ ਗੱਲ ਦੀ ਸਮਝ ਉਸਨੂੰ ਹੀ ਪੈਂਦੀ ਹੈ, ਪ੍ਰਮਾਤਮਾ ਦੇ ਨਾਲ ਰਿਸ਼ਤਾ ਉਸੇ ਨੂੰ ਹੀ ਸਮਝ ਆਉਂਦਾ ਹੈ ਜੋ ਉਸ ਪ੍ਰਮਾਤਮਾ ਨੂੰ ਪਾ ਲੈਂਦਾ ਹੈ। ਗੁਰੂ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਤੇ ਇਸ ਦੀ ਸਮਝ ਗੁਰੂ ਨੂੰ ਹੀ ਹੈ। ਗੁਰੂ ਸਾਨੂੰ ਦਿੱਸਣ ਵਿੱਚ ਵੱਖਰਾ ਲੱਗਦਾ ਹੈ, ਪ੍ਰਮਾਤਮਾ ਨਾਲੋਂ ਵੱਖਰਾ ਲੱਗਦਾ ਹੈ ਪਰ ਗੁਰੂ ਇਹ ਜਾਣਦਾ ਹੈ ਕਿ ਉਹ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਅਸਲ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ। ਪ੍ਰਮਾਤਮਾ ਦੇ ਨਾਲ ਗੁਰੂ ਦੀ ਸਾਂਝ ਮਨ ਦੇ ਗਿਆਨ ਦੁਆਰਾ ਹੀ ਹੈ, ਮਨ ਦੇ ਵਿਚਾਰਾਂ ਦੁਆਰਾ ਹੀ ਹੈ। ਜਿਸਨੂੰ ਇਹ ਸੋਝੀ ਹੈ ਕਿ ਗਿਆਨ ਦੇਣ

ਵਾਲਾ ਪ੍ਰਮਾਤਮਾ ਆਪ ਹੀ ਹੈ, ਮਨ ਦੇ ਵਿਚਾਰਾਂ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਆਪਣਾ ਆਪ ਸਮਝਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਸਭ ਨੂੰ ਪ੍ਰਮਾਤਮਾ ਨੇ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਭਰਮ ਵਿੱਚ ਰੱਖਿਆ ਹੋਇਆ ਹੈ, ਹਉਮੈ ਦੇ ਪੜਦੇ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਨੇ ਆਪਣੇ ਆਪ ਨੂੰ ਆਪ ਹੀ ਵੱਖਰਾ ਕੀਤਾ ਹੋਇਆ ਹੈ। **(ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ॥੨॥)** ਗੁਰੂ ਨੂੰ ਇਸ ਗੱਲ ਦੀ ਸਮਝ ਹੈ ਕਿ ਪ੍ਰਮਾਤਮਾ ਸਾਡੇ ਅੰਦਰ "ਗਿਆਨੁ" ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਉੱਪਰ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਜਿੱਥੇ ਕਿ ਸ਼ਬਦ ਦਾ ਸਾਰ ਸਮਝਾਇਆ ਹੁੰਦਾ ਹੈ। **(ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥੧॥ਰਹਾਉ॥)**

ਗੁਰੂ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੈ ਤੇ ਇਸੇ ਲਈ ਉਹ ਮੁਕਤ ਹੈ, ਭਰਮ ਤੋਂ ਮੁਕਤ ਹੈ। ਪੂਰੀ ਗੁਰਬਾਣੀ ਇਸੇ ਲਈ ਪ੍ਰਮਾਤਮਾ ਦਾ ਰੂਪ ਹੈ ਤੇ ਭਰਮ ਤੋਂ ਮੁਕਤ ਹੈ।

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਪ੍ਰਮਾਤਮਾ ਦੇ ਨਾਲ ਸਾਡਾ ਰਿਸ਼ਤਾ ਹੀ ਸਮਝਾਇਆ ਹੋਇਆ ਹੈ ਤੇ ਉਸਨੂੰ ਕਿੱਥੋਂ ਪਾਇਆ ਜਾ ਸਕਦਾ ਹੈ, ਉਸਦੇ ਨਾਲ ਕਿਵੇਂ ਇੱਕ ਹੋਇਆ ਜਾ ਸਕਦਾ ਹੈ ਇਹ ਸਮਝਾਇਆ ਹੋਇਆ ਹੈ।

"**ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥**

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥੩॥"

ਹੁਣ ਧਿਆਨ ਨਾਲ ਸਮਝੋ ਕਿ ਇਸਤਰੀ ਦਾ ਤੇ ਪੁਰਸ਼ ਦਾ ਕੀ ਮੂਲ ਹੈ, ਉਨ੍ਹਾਂ ਦੀ ਉਤਪਤੀ ਦੀ ਵਿਧੀ ਕੀ ਹੈ। ਪੁਰਸ਼ ਤੋਂ ਬਿਨ੍ਹਾਂ ਇਸਤਰੀ ਪੈਦਾ ਨਹੀਂ ਹੋ ਸਕਦੀ ਤੇ ਇਸਤਰੀ ਤੋਂ ਬਿਨ੍ਹਾਂ ਪੁਰਸ਼ ਪੈਦਾ ਨਹੀਂ ਹੋ ਸਕਦਾ। ਦੋਨਾਂ ਦੇ ਪੈਦਾ ਹੋਣ ਦੀ ਵਿਧੀ ਇੱਕ ਹੀ ਹੈ ਜੋ ਕਿ ਇਸਤਰੀ ਪੁਰਸ਼ ਦਾ ਮੇਲ ਹੈ। ਦੋਨਾਂ ਦੇ ਪੈਦਾ ਹੋਣ ਦੀ ਵਿਧੀ ਇੱਕ ਹੀ ਹੈ, ਮੂਲ ਇੱਕ ਹੀ ਹੈ ਜਿਸ ਦੁਆਰਾ

ਕਿਸੇ ਦਾ ਪੁਰਸ਼ ਰੂਪ ਬਣ ਜਾਂਦਾ ਹੈ ਤੇ ਕਿਸੇ ਦਾ ਇਸਤਰੀ ਰੂਪ ਬਣ ਜਾਂਦਾ ਹੈ ਜਿਸ ਦੁਆਰਾ ਉਹ ਵੱਖਰੇ-ਵੱਖਰੇ ਦਿੱਸਦੇ ਹਨ ਤੇ ਆਪਣੇ ਆਪ ਨੂੰ ਇੱਕ ਦੂਜੇ ਤੋਂ ਵੱਖਰਾ-ਵੱਖਰਾ ਸਮਝਦੇ ਹਨ। ਆਪਣੇ ਆਪ ਨੂੰ ਵੱਖਰਾ-ਵੱਖਰਾ ਸਮਝਣ ਦਾ ਕਾਰਨ ਇਸਤਰੀ ਪੁਰਸ਼ ਦਾ ਵੱਖਰਾ-ਵੱਖਰਾ ਰੂਪ ਹੈ, ਕੁੱਝ ਅੰਗਾਂ ਦਾ ਵੱਖਰਾ-ਵੱਖਰਾ ਹੋਣਾ ਹੈ ਪਰ ਉਨ੍ਹਾਂ ਅੰਗਾਂ ਦੇ ਵੱਖਰਾ-ਵੱਖਰਾ ਹੋਣ ਦਾ ਮੂਲ, ਇਸਤਰੀ ਤੇ ਪੁਰਸ਼ ਦਾ ਵੱਖਰਾ-ਵੱਖਰਾ ਰੂਪ ਬਣਨ ਦਾ ਮੂਲ ਇੱਕ ਹੀ ਹੈ, ਵਿਧੀ ਇੱਕ ਹੀ ਹੈ। ਜਿਸ ਵਿਧੀ ਦੁਆਰਾ ਪੁਰਸ਼ ਦਾ ਰੂਪ ਬਣਦਾ ਹੈ, ਉਸੇ ਵਿਧੀ ਦੁਆਰਾ ਇਸਤਰੀ ਦਾ ਰੂਪ ਬਣਦਾ ਹੈ। ਇਸੇ ਤਰ੍ਹਾਂ ਦਾ ਰਿਸ਼ਤਾ ਪ੍ਰਮਾਤਮਾ ਤੇ ਮਨੁੱਖ ਦਾ ਹੈ ਜਿਸਦਾ ਮੂਲ ਸਾਡੇ ਮਨ ਦੇ ਵਿਚਾਰ ਹਨ। ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਇੱਕ ਹੁੰਦੇ ਹੋਏ ਵੀ ਵੱਖਰੇ-ਵੱਖਰੇ ਹਾਂ ਜਿਸ ਦੁਆਰਾ ਜਿਸ ਦੁਆਰਾ ਪ੍ਰਮਾਤਮਾ ਆਪਣੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਸਭ ਵਿੱਚ ਆਪ ਹੁੰਦੇ ਹੋਏ ਵੀ, ਆਪਣਾ ਰੂਪ ਹੁੰਦੇ ਹੋਏ ਵੀ ਇੱਕ ਦੂਜੇ ਤੋਂ ਵੱਖਰਾ ਕੀਤਾ ਹੋਇਆ ਹੈ। ਜਿਵੇਂ ਇਸਤਰੀ ਤੇ ਪੁਰਸ਼ ਆਪਣਾ ਮੂਲ ਇੱਕ ਹੁੰਦੇ ਹੋਏ ਵੀ ਮਨੁੱਖੀ ਰੂਪ ਵਿੱਚ ਆਪਣੇ ਆਪ ਨੂੰ ਇੱਕ ਦੂਜੇ ਤੋਂ ਵੱਖਰਾ-ਵੱਖਰਾ ਮਨੁੱਖ ਸਮਝਦੇ ਹਨ। ਇਸੇ ਤਰ੍ਹਾਂ

22/2379

ਸਾਡਾ ਪ੍ਰਮਾਤਮਾ ਦੇ ਨਾਲ ਮੂਲ ਇੱਕ ਹੁੰਦੇ ਹੋਏ ਵੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਪ੍ਰਮਾਤਮਾ ਨੇ ਸਾਨੂੰ ਆਪਣੇ ਆਪ ਤੋਂ ਵੱਖਰਾ ਕਰਨ ਦਾ ਭੇਦ ਇਤਨਾ ਗਹਿਰਾ ਪਾਇਆ ਹੋਇਆ ਹੈ ਜਿਸਨੂੰ ਕਿ ਸਮਝਣਾ ਤੇ ਮੰਨਣਾ ਬਹੁਤ ਔਖਾ ਹੈ। ਕਦੇ ਕੋਈ ਪੁਰਸ਼ ਇਹ ਨਹੀਂ ਮੰਨ ਸਕਦਾ ਕਿ ਮੈਂ ਇਸਤਰੀ ਹਾਂ ਤੇ ਕਦੇ ਕੋਈ ਇਸਤਰੀ ਇਹ ਨਹੀਂ ਮੰਨ ਸਕਦੀ ਕਿ ਮੈਂ ਪੁਰਸ਼ ਹਾਂ ਭਾਵੇਂ ਦੋਨਾਂ ਦਾ ਮੂਲ ਇੱਕ ਹੀ ਹੈ। ਇਸੇ ਤਰ੍ਹਾਂ ਅਸੀਂ ਪ੍ਰਮਾਤਮਾ ਦਾ ਰੂਪ ਹੁੰਦੇ ਹੋਏ ਵੀ ਇਹ ਕਦੇ ਨਹੀਂ ਮੰਨ ਸਕਦੇ ਕਿ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਭਾਵ ਸਾਡੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਵੱਖਰਾ ਸਮਝਣ ਦੀ ਵਿਧੀ ਇਤਨੀ ਜਿਆਦਾ ਪ੍ਰਬਲ ਪਾਈ ਹੋਈ ਹੈ ਜੋ ਕਿ ਉਸਨੇ ਮਨ ਦੇ ਵਿਚਾਰਾਂ ਰਾਹੀਂ ਹੀ ਪਾਈ ਹੋਈ ਹੈ, ਹਉਮੈ ਦੇ ਰੂਪ ਵਿੱਚ ਪਾਈ ਹੋਈ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ ਪਾਈ ਹੋਈ ਹੈ ਕਿ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਹਾਂ। ਮਨ ਦੀ ਇਹੋ ਜਿਹੀ ਅਵੱਸਥਾ ਵਿੱਚ ਰਹਿੰਦੇ ਹੋਏ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਨੇ ਸਭ ਨੂੰ ਰੱਖਿਆ ਹੋਇਆ ਹੈ ਪ੍ਰਮਾਤਮਾ ਦੇ ਨਾਲ ਸਾਡਾ ਵੱਖਰਾਪਨ ਬਣਿਆ ਹੀ ਰਹਿੰਦਾ ਹੈ ਤੇ ਕੋਈ ਨਹੀਂ ਜਾਣ ਸਕਦਾ ਕਿ ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਕੀ ਹੈ। ਇਸ ਗੱਲ ਨੂੰ ਕੇਵਲ ਤੇ ਕੇਵਲ ਬ੍ਰਹਮਗਿਆਨ ਦੀ ਅਵੱਸਥਾ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਤੇ ਬ੍ਰਹਮਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੈ, ਕਿਸੇ ਨੂੰ ਵੀ ਬ੍ਰਹਮਗਿਆਨ ਦੀ ਅਵੱਸਥਾ ਦੇਣ ਵਾਲਾ ਉਹ ਆਪ ਹੈ, "ਗਿਆਨੁ" ਦੇ ਰੂਪ ਵਿੱਚ ਉਹ ਆਪ ਹੈ ਜੋ ਕਿਸੇ ਨੂੰ ਮਨ ਦੇ ਭਰਮ ਵਿੱਚੋਂ ਕੱਢ ਕੇ ਆਪਣਾ ਰਿਸ਼ਤਾ ਆਪ ਹੀ ਸਮਝਾਉਂਦਾ ਹੈ। **(ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥)** ਬ੍ਰਹਮਗਿਆਨੀ ਅਖਵਾਉਣਾ ਬਹੁਤ ਸੌਖਾ ਹੈ ਪਰ ਬ੍ਰਹਮਗਿਆਨ ਦੀ ਸੋਝੀ ਪੈਣਾ ਕਿਤਨੀ ਕੁ ਵੱਡੀ ਗੱਲ ਹੈ ਇਹ ਉਸ ਬ੍ਰਹਮਗਿਆਨੀ ਦੇ ਮਾਲਕ ਨੂੰ ਮਿਲ ਕੇ ਹੀ ਸਮਝ ਆਉਂਦੀ ਹੈ ਤੇ ਉਹੀ ਸੋਝੀ ਗੁਰੂ ਦੇ ਕੋਲ ਹੈ। ਆਪਣੇ ਬ੍ਰਹਮਗਿਆਨ ਦੀ ਸੋਝੀ ਪ੍ਰਮਾਤਮਾ ਕਿਵੇਂ ਪਾਉਂਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥੩॥"

22/2380

ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਬੂੰਦ ਦਾ ਤੇ ਸਾਗਰ ਦਾ ਰਿਸ਼ਤਾ ਸਮਝਿਆ ਹੈ, ਦਿਨ ਤੇ ਰਾਤ ਦਾ ਰਿਸ਼ਤਾ ਸਮਝਿਆ ਹੈ, ਗਰਮੀ ਤੇ ਸਰਦੀ ਦਾ ਰਿਸ਼ਤਾ ਸਮਝਿਆ ਹੈ, ਪੁਰਖ ਤੇ ਨਾਰ ਦਾ ਰਿਸ਼ਤਾ ਸਮਝਿਆ ਹੈ ਭਾਵ ਉਨ੍ਹਾਂ ਦੇ ਵਿੱਚ ਆਪਸ ਦੀ ਸਾਂਝ ਕਿਹੋ ਜਿਹੀ ਹੈ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਸਾਡੀ ਪ੍ਰਮਾਤਮਾ ਦੇ ਨਾਲ ਸਾਂਝ ਕਿਸ ਰੂਪ ਵਿੱਚ ਹੈ। ਪ੍ਰਮਾਤਮਾ ਦੇ ਨਾਲ ਸਾਡੀ ਸਾਂਝ ਮਨ ਦੇ ਵਿੱਚ ਹੀ ਹੈ, ਮਨ ਦੇ ਧਿਆਨ ਦੇ ਵਿੱਚ ਹੀ ਹੈ। ਮਨ ਦੇ ਧਿਆਨ ਦੁਆਰਾ ਹੀ ਅਸੀਂ "ਮੈਂ" ਵਿੱਚ ਹਾਂ ਤੇ ਮਨ ਦੇ ਧਿਆਨ ਵਿੱਚ ਹੀ ਆਪ "ਤੂੰ" ਹੈ ਭਾਵ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮਨ ਦੇ ਵਿੱਚ ਭੇਦ, ਵੱਖਰਾਪਨ ਸਾਡੇ ਮਨ ਦੀ ਧੁਨਿ ਦੇ ਕਾਰਨ ਹੀ ਹੈ ਕਿ ਸਾਡੇ ਮਨ ਦੀ ਧੁਨਿ ਕਿਹੜੇ ਪਾਸੇ ਲੱਗੀ ਹੋਈ ਹੈ ਭਾਵ ਸਾਡੇ ਮਨ ਦਾ ਧਿਆਨ ਕਿਹੜੇ ਪਾਸੇ ਲੱਗਾ ਹੋਇਆ ਹੈ, ਸਾਡੇ ਅੰਦਰ ਲਗਨ ਕਿਸ ਚੀਜ਼ ਦੀ ਲੱਗੀ ਹੋਈ ਹੈ,

ਸਾਡੀ ਲਿਵ ਕਿਹੜੇ ਪਾਸੇ ਜੁੜੀ ਹੋਈ ਹੈ, ਸਾਡੇ ਅੰਦਰ ਸਿਮਰਨ ਕਿਹੋ ਜਿਹਾ ਹੈ, ਸਾਡੇ ਅੰਦਰ ਚਿੰਤਾ ਕਿਹੋ ਜਿਹੀ ਹੈ ਭਾਵ ਸਾਡੇ ਅੰਦਰ ਕਿਸ ਚੀਜ਼ ਦੀ ਪ੍ਰਾਪਤੀ ਕਰਨ ਲਈ ਭਾਵਨੀ ਬਣੀ ਹੋਈ ਹੈ। ਇਹ ਸਾਡੇ ਮਨ ਦੀ ਧੁਨਿ ਹੈ, ਸਾਡੇ ਮਨ ਦਾ ਧਿਆਨ ਹੈ ਕਿ ਅਸੀਂ ਆਪਣੇ ਅੰਦਰੋਂ ਕਿਸ ਚੀਜ਼ ਦੀ ਪ੍ਰਾਪਤੀ ਲਈ ਉੱਦਮ ਕਰਦੇ ਹਾਂ। ਸਾਡੇ ਸਭ ਦੇ ਅੰਦਰ ਮਾਇਆ ਮੋਹ ਹੈ ਤੇ ਇਸੇ ਲਈ ਸਾਡੇ ਸਭ ਦੇ ਅੰਦਰ ਧੁਨਿ ਵੀ ਉਸੇ ਦੀ ਪ੍ਰਾਪਤੀ ਵਿੱਚ ਲੱਗੀ ਰਹਿੰਦੀ ਹੈ, ਦਾਤਾਂ ਦੀ ਪ੍ਰਾਪਤੀ ਵਿੱਚ ਲੱਗੀ ਰਹਿੰਦੀ ਹੈ, ਆਪਣੀਆਂ ਤ੍ਰਿਸ਼ਨਾਵਾਂ ਨੂੰ, ਆਸਾਵਾਂ ਨੂੰ ਪੂਰਾ ਕਰਨ ਵਿੱਚ ਲੱਗੀ ਰਹਿੰਦੀ ਹੈ ਜਿਵੇਂ ਕਿ ਅਸੀਂ ਵਾਰ-ਵਾਰ ਇਨ੍ਹਾਂ ਗੱਲਾਂ ਨੂੰ ਜਾਣਦੇ ਆਏ ਹਾਂ ਤੇ ਆਪਣੀਆਂ ਇਨ੍ਹਾਂ ਆਸਾਵਾਂ ਦੀ ਪੂਰਤੀ ਕਰਨ ਲਈ ਹੀ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਜੋ ਕਿ ਸਾਡੇ ਮਨ ਦੀ ਧੁਨਿ ਹੀ ਸਾਨੂੰ ਉਸ ਪਾਸੇ ਤੋਰਦੀ ਹੈ। ਧੁਨਿ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦ ਵਿੱਚ ਕਾਫੀ ਪਿੱਛੇ ਬਰੀਕੀ ਨਾਲ ਸਮਝਿਆ ਹੈ ਤੇ ਫਿਰ ਤੋਂ ਕੁੱਝ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਦੇ ਹਾਂ ਤਾਂ ਜੋ ਕਿਸੇ ਤਰੀਕੇ ਦਾ ਭੁਲੇਖਾ ਨਾ ਰਹੇ ਤੇ ਅਸੀਂ ਆਪਣੀ ਮਨ ਦੀ ਧੁਨਿ ਨੂੰ ਉਸ ਪਾਸੇ ਜੋੜੀਏ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਮਨ ਦੇ ਵਿੱਚੋਂ ਹੀ ਦਰਸ਼ਨ ਕਰ ਸਕਦੇ ਹਾਂ।

{ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ॥੫॥}

(ਅੰਗ ੮੩੪)

ਇਹ ਧੁਨਿ ਸਾਡੇ ਮਨ ਨੂੰ ਨਚਾਉਣ ਦੀ ਧੁਨਿ ਹੈ ਕਿ ਸਾਡਾ ਮਨ ਕਿਸ ਦੇ ਅੱਗੇ ਨੱਚਦਾ ਹੈ, ਕਿਸ ਦੀ ਧੁਨਿ ਅੱਗੇ ਨੱਚਦਾ ਹੈ ਭਾਵ ਕਿਸ ਦੀ ਗੱਲ ਨੂੰ ਮੰਨਦਾ ਹੈ। ਜੇਕਰ ਸਾਡੇ ਅੰਦਰ ਮਾਇਆ ਨੂੰ ਕਮਾਉਣ ਦੀ ਧੁਨਿ ਹੈ ਫਿਰ ਸਾਡਾ ਮਨ ਉਸੇ ਦੀ ਪ੍ਰਾਪਤੀ ਲਈ ਨੱਚਦਾ ਹੈ ਭਾਵ ਉਸ ਦੀ ਪ੍ਰਾਪਤੀ ਕਰਕੇ ਹੀ ਇਸਨੂੰ ਖੁਸ਼ੀ ਹੁੰਦੀ ਹੈ। ਜਦੋਂ ਸਾਡੇ ਮਨ ਦੀ ਬਿਰਤੀ ਸ਼ਬਦ ਦੇ ਨਾਲ ਜੁੜ ਜਾਂਦੀ ਹੈ ਭਾਵ ਸ਼ਬਦ ਦੀ ਮਤਿ ਦੇ ਨਾਲ ਜੁੜ ਜਾਂਦੀ ਹੈ, ਸੱਚ ਦੇ ਨਾਲ ਜੁੜ ਜਾਂਦੀ ਹੈ ਫਿਰ ਸਾਡੇ ਅੰਦਰੋਂ ਸੱਚ ਦੇ ਤੂਰੇ ਵੱਜਦੇ ਹਨ ਭਾਵ ਸਾਨੂੰ ਸੱਚ ਤੇ ਚੱਲਣ ਦੁਆਰਾ ਹੀ ਖੁਸ਼ੀ

ਮਹਿਸੂਸ ਹੁੰਦੀ ਹੈ। ਸਾਡੇ ਮਨ ਦੇ ਵਿੱਚ ਤੂਰੇ ਵੱਜਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ। ਜਦੋਂ ਸਾਡੇ ਅੰਦਰ ਮਾਇਆ ਦੀ ਧੁਨਿ ਹੈ ਤਾਂ ਫਿਰ ਕੂੜ ਦੇ ਤੂਰੇ ਵੱਜਦੇ ਹਨ ਤੇ ਜਦੋਂ ਅਸੀਂ ਮਾਇਆ ਦੀ ਧੁਨਿ ਵਿੱਚੋਂ ਨਿਕਲ ਜਾਂਦੇ ਹਾਂ ਤੇ ਸ਼ਬਦ ਦੀ ਮਤਿ ਨਾਲ ਜੁੜ ਜਾਂਦੇ ਹਾਂ, ਸ਼ਬਦ ਦੀ ਧੁਨਿ ਨਾਲ ਜੁੜ ਜਾਂਦੇ ਹਾਂ ਫਿਰ ਸਾਡੇ ਅੰਦਰ ਸ਼ਬਦ ਦੀ ਮਤਿ ਦੇ ਤੂਰੇ ਵੱਜਦੇ ਹਨ, ਸੱਚ ਦੇ ਤੂਰੇ ਵੱਜਦੇ ਹਨ, ਅਨਹਦ ਤੂਰੇ ਵੱਜਦੇ ਹਨ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਮਨੁੱਖ ਹਰਿ ਹਰਿ ਕਰਦਾ ਹੈ ਭਾਵ ਕੇਵਲ ਸੱਚ ਤੇ ਚੱਲਦਾ ਹੈ, ਦਿਨ ਰਾਤ ਗੁਰੂ ਦੀ ਮਤਿ ਤੇ ਚੱਲਦਾ ਹੈ, ਆਪਣੇ ਹਰ ਕਦਮ ਤੇ ਗੁਰਮਤਿ ਨੂੰ ਚੇਤੇ ਰੱਖਦਾ ਹੈ। **(ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ॥ ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ॥੫॥)**

ਸਿਰੀਰਾਗੁ ਮਹਲ ੧॥

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥
ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ॥੧॥}

(ਅੰਗ ੧੯)

{ਨਉ ਸਰ ਸੁਭਰ ਦਸਵੈ ਪੂਰੇ॥
ਤਹ ਅਨਹਤ ਸੁੰਨ ਵਜਾਵਹਿ ਤੂਰੇ॥

ਸਾਚੈ ਰਾਚੇ ਦੇਖਿ ਹਜੂਰੇ॥
ਘਟਿ ਘਟਿ ਸਾਚੁ ਰਹਿਆ ਭਰਪੂਰੇ॥}

(ਅੰਗ ੯੪੩)

ਇਹ ਸਾਡੇ ਅੰਦਰ ਮਨ ਦੀ ਸੋਝੀ ਦੇ ਤੂਰੇ ਹਨ ਕਿ ਸਾਡੀ ਸੋਝੀ ਦੇ ਵਿੱਚ ਧੁਨਿ ਕਿਹੋ ਜਿਹੀ ਲੱਗੀ ਹੋਈ ਹੈ। ਮਾੜੀ ਸੋਝੀ ਦੁਆਰਾ ਸਾਡੇ ਅੰਦਰ ਕੂੜ ਦੇ ਤੂਰੇ ਵੱਜਦੇ ਹਨ ਤੇ ਮਨ ਦੀ ਚੰਗੀ ਸੋਝੀ ਦੁਆਰਾ ਸਾਡੇ ਮਨ ਦੀ ਧੁਨਿ ਹੀ ਬਦਲਦੀ ਹੈ, ਮਨ ਦੇ ਵਿਚਾਰ ਹੀ ਬਦਲਦੇ ਹਨ। ਜਿਹੜੇ ਵਿਚਾਰ ਕੂੜ ਦੇ ਗੁਣ ਗਾਉਂਦੇ ਹਨ ਉਹੀ ਵਿਚਾਰ ਸੱਚੀ ਧੁਨਿ ਦੁਆਰਾ ਸੱਚ ਦੇ ਗੁਣ ਗਾਉਣ ਲੱਗ ਪੈਂਦੇ ਹਨ। ਦਸਮ ਦੁਆਰ ਵਿੱਚ ਪਹੁੰਚ ਕੇ ਸੱਚ ਦੀ ਸੋਝੀ ਹੀ ਪੈਂਦੀ ਹੈ ਜੋ ਸਾਨੂੰ ਮਾਇਆ ਮੋਹ ਦੇ ਕੂੜ ਵਿੱਚੋਂ ਕੱਢ ਕੇ, ਮਨ ਦੀ ਮਾੜੀ ਧੁਨਿ ਵਿੱਚੋਂ ਕੱਢ ਕੇ ਸ਼ਬਦ ਦੀ ਸੱਚੀ ਧੁਨਿ ਦੇ ਨਾਲ ਜੋੜ ਦਿੰਦੀ ਹੈ।

{ਸਾਚਾ ਦਰੁ ਸਾਚਾ ਦਰਵਾਰਾ॥ ਸਚੇ ਸੇਵਹਿ ਸਬਦਿ ਪਿਆਰਾ॥
ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ॥੯॥}

(ਅੰਗ ੧੦੬੮)

ਹੁਣ ਧਿਆਨ ਨਾਲ ਸਮਝੋ ਕਿ ਸੱਚੀ ਧੁਨਿ ਕੀ ਹੈ। ਜੋ ਸੱਚੀ ਧੁਨਿ ਨਹੀਂ ਹੈ ਉਹ ਝੂਠੀ ਧੁਨਿ ਹੈ। ਝੂਠੀ ਧੁਨਿ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ ਤੇ ਸੱਚੀ ਧੁਨਿ ਸਾਡੇ ਕੋਲੋਂ ਚੰਗੇ ਕਰਮ ਕਰਾਉਂਦੀ ਹੈ। ਸਾਡੇ ਅੰਦਰ ਮਾਇਆ ਦੀ ਧੁਨਿ ਝੂਠੀ ਧੁਨਿ ਹੈ ਜੋ ਮਾੜੇ ਕਰਮ ਸਾਡੇ ਕੋਲੋਂ ਕਰਵਾਉਂਦੀ ਹੈ ਤੇ ਸਾਡੇ ਅੰਦਰ ਸ਼ਬਦ ਦੀ ਧੁਨਿ ਭਾਵ ਗੁਰਮਤਿ ਦੀ ਧੁਨਿ ਸੱਚੀ ਧੁਨਿ ਹੈ, ਸੱਚੀ ਬਾਣੀ ਦੀ ਧੁਨਿ ਹੈ ਜਿਸ ਦੁਆਰਾ ਮਨੁੱਖ ਸੱਚ ਤੇ ਹੀ ਚੱਲਦਾ ਹੈ ਭਾਵ ਉਸ ਸੱਚੇ ਦੇ ਗੁਣ ਗਾਉਂਦਾ ਹੈ ਤੇ ਉਸ ਪ੍ਰਮਾਤਮਾ ਵਿੱਚ ਸਮਾਅ ਜਾਂਦਾ ਹੈ।

22/2382

ਸੱਚੀ ਧੁਨਿ ਉਹੀ ਹੈ ਜੋ ਸਾਨੂੰ ਸੱਚ ਦੇ ਨਾਲ ਜੋੜਦੀ ਹੈ ਤੇ ਝੂਠੀ ਧੁਨਿ ਦੇ ਵਿੱਚੋਂ ਕੱਢਦੀ ਹੈ। ਜਿਸਦੇ ਅੰਦਰ ਸੱਚ ਦੀ ਧੁਨਿ ਲੱਗ ਜਾਂਦੀ ਹੈ ਭਾਵ ਜਿਸਨੂੰ ਹਰ ਵੇਲੇ ਸੱਚ ਤੇ ਚੱਲਣ ਦੀ ਚਿੰਤਾ ਹੀ ਲੱਗੀ ਰਹਿੰਦੀ ਹੈ, ਸੱਚ ਤੇ ਚੱਲਣ ਦਾ ਭਉ ਹੀ ਬਣਿਆ ਰਹਿੰਦਾ ਹੈ ਤੇ ਕੇਵਲ ਸੱਚ ਹੀ ਭਾਉਂਦਾ ਹੈ, ਕੇਵਲ ਸੱਚ ਤੇ ਚੱਲਣ ਨਾਲ ਹੀ ਖੁਸ਼ੀ ਮਿਲਦੀ ਹੈ ਫਿਰ ਇਹੋ ਜਿਹੇ ਮਨੁੱਖ ਹੀ ਪ੍ਰਮਾਤਮਾ ਨੂੰ ਪਾਉਂਦੇ ਹਨ। ਆਪਣਾ ਸੱਚ ਪ੍ਰਮਾਤਮਾ ਕਿਸੇ ਨੂੰ ਆਪ ਹੀ ਬਖ਼ਸ਼ਦਾ ਹੈ, ਸੱਚ ਦੀ ਧੁਨਿ ਕਿਸੇ ਨੂੰ ਆਪ ਹੀ ਲਗਾਉਂਦਾ ਹੈ ਪਰ ਸਾਡਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰਮਤਿ ਦੀ ਧੁਨਿ ਦੇ ਨਾਲ ਜੁੜੀਏ ਜੋ ਸੱਚੀ ਧੁਨਿ ਹੈ।

ਇਸ ਸੱਚੀ ਧੁਨਿ ਦਾ ਮਕਸਦ ਸਾਨੂੰ ਮਾੜੀ ਬਿਰਤੀ ਵਿੱਚੋਂ ਕੱਢਣ ਦਾ ਹੀ ਹੈ, ਮਾਇਆ ਮੋਹ ਵਿੱਚੋਂ ਕੱਢਣ ਦਾ ਹੀ ਹੈ ਜਿਸਦੇ ਨਿਕਲਣ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ।

ਬਸੰਤੁ ਮਹਲਾ ੫॥
“ਕਿਲਬਿਖ ਬਿਨਸੇ ਗਾਇ ਗੁਨਾ॥
ਅਨਦਿਨ ਉਪਜੀ ਸਹਜ ਧੁਨਾ॥੧॥
ਮਨੁ ਮਉਲਿਓ ਹਰਿ ਚਰਨ ਸੰਗਿ॥
ਕਰਿ ਕਿਰਪਾ ਸਾਧੂ ਜਨ ਭੇਟੇ ਨਿਤ ਰਾਤੌ ਹਰਿ ਨਾਮ ਰੰਗਿ॥੧॥ਰਹਾਉ॥”

(ਅੰਗ ੧੧੮੪)

ਸੱਚੀ ਧੁਨਿ ਸਾਨੂੰ ਸਹਜ ਦੇ ਨਾਲ ਜੋੜਦੀ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਨਾਲ ਜੋੜਦੀ ਹੈ ਜੋ ਕਿ ਸਾਡੇ ਮਨ ਦੇ ਵਿੱਚੋਂ ਹੀ ਉਪਜਦੀ ਹੈ। ਇਹ ਸਹਜ ਧੁਨਿ ਉਪਜਣ ਦੇ ਨਾਲ ਹੀ ਸਾਡੀ ਪ੍ਰਮਾਤਮਾ ਦੇ ਨਾਲ ਭੇਟ ਹੁੰਦੀ ਹੈ, ਉਸ ਸੱਚੇ ਗੁਰੂ ਦੇ ਨਾਲ ਭੇਟ ਹੁੰਦੀ ਹੈ ਤੇ ਇਸ ਧੁਨਿ ਦੇ ਉਪਜਣ ਦੁਆਰਾ ਹੀ ਅਸੀਂ ਉਸ ਪ੍ਰਮਾਤਮਾ ਦੇ ਨਾਮ ਦੇ ਰੰਗ ਵਿੱਚ ਰੰਗੇ ਜਾਂਦੇ ਹਾਂ, ਉਸਦੇ ਸੱਚੇ

ਗਿਆਨ ਵਿੱਚ ਰੰਗੇ ਜਾਂਦੇ ਹਾਂ। ਇਹ ਸਾਡੇ ਅੰਦਰ ਸੱਚੇ ਗਿਆਨ ਦੀ ਧੁਨਿ ਹੈ ਜੋ ਸਾਨੂੰ ਮਾੜੀ ਬਿਰਤੀ ਵਿੱਚੋਂ ਕੱਢਦੀ ਹੈ, ਪਾਪਾਂ ਵਾਲੀ ਬਿਰਤੀ ਵਿੱਚੋਂ ਕੱਢਦੀ ਹੈ ਤੇ ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਅਸੀਂ ਪ੍ਰਮਾਤਮਾ ਦੇ ਗੁਣ ਗਾਉਂਦੇ ਹਾਂ ਭਾਵ ਔਗੁਣ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਦੇ ਹਾਂ। ਮਨ ਦੇ ਵਿੱਚ ਸਹਜ ਧੁਨਿ ਉਪਜਣ ਦੁਆਰਾ ਸਾਡਾ ਧਿਆਨ ਫਿਰ ਸੱਚ ਦੇ ਨਾਲ ਜੁੜਿਆ ਰਹਿੰਦਾ ਹੈ, ਸਾਡੀ ਲਿਵ ਪ੍ਰਮਾਤਮਾ ਦੇ ਨਾਲ ਹੀ ਜੁੜੀ ਰਹਿੰਦੀ ਹੈ।

{ਉਪਜੈ ਸਹਜੁ ਗਿਆਨ ਮਤਿ ਜਾਗੈ॥
ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ॥੩॥}

(ਅੰਗ ੯੨)

ਅਗਿਆਨਤਾ ਵਿੱਚ ਸੁੱਤੇ ਹੋਏ ਮਨ ਨੂੰ ਸਹਜ ਗਿਆਨ ਹੀ ਜਗਾਉਂਦਾ ਹੈ ਤੇ ਉਸ ਤੋਂ ਬਾਅਦ ਮਨੁੱਖ ਸਹਜ ਧੁਨਿ ਵਿੱਚ ਹੀ ਰਹਿੰਦਾ ਹੈ, ਗੁਰਮਤਿ ਦੇ ਨਾਲ ਹੀ ਜੁੜਿਆ ਰਹਿੰਦਾ ਹੈ।

{ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੩॥}

(ਅੰਗ ੭੩੦)

22/2383

ਹੁਣ ਧਿਆਨ ਨਾਲ ਸਮਝੋ ਕਿ ਸਹਜ ਧੁਨਿ ਦਾ ਮਕਸਦ ਕੀ ਹੈ ਤੇ ਸਹਜ ਧੁਨਿ ਦੇ ਨਾਲ ਜੁੜਨਾ ਕੀ ਹੈ। ਸਾਡੇ ਅੰਦਰ ਸਹਜ ਧੁਨਿ ਉਪਜਣ ਦੁਆਰਾ ਸਾਡੀ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਸਾਂਝ ਪੈਂਦੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਦੀ ਪਹਿਚਾਣ ਹੁੰਦੀ ਹੈ ਜੋ ਕਿ ਮਨ ਦੇ ਵਿੱਚ ਗਿਆਨ ਦੁਆਰਾ ਹੀ ਹੁੰਦੀ ਹੈ। ਸਾਡੇ ਅੰਦਰ "ਨਿਝਰੁ" ਝਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਇਹ ਸਾਡੇ ਅੰਦਰ ਸੱਚੇ ਗਿਆਨ ਦਾ ਝਰਨਾ ਹੈ, ਅੰਮ੍ਰਿਤ ਨਾਮ ਦਾ ਝਰਨਾ ਹੈ, ਬ੍ਰਹਮਗਿਆਨ ਦਾ ਝਰਨਾ ਹੈ ਜੋ ਪ੍ਰਮਾਤਮਾ ਆਪ ਹੀ ਚਲਾਉਂਦਾ ਹੈ। ਇਹ ਸਾਡੇ ਅੰਦਰ ਸਹਜ ਗਿਆਨ ਦਾ ਝਰਨਾ ਹੈ ਜਿਸ ਦੁਆਰਾ ਸਾਡੇ ਮਨ ਦੀ ਧੁਨਿ ਸਹਜ ਦੀ ਅਵੱਸਥਾ ਵਿੱਚ ਰਹਿੰਦੀ ਹੈ। ਇਹ ਸਹਜ ਦੀ ਅਵੱਸਥਾ ਦੁਆਰਾ ਅਸੀਂ ਸਹਸਾ ਵਿੱਚੋਂ ਹੀ ਨਿਕਲਦੇ ਹਾਂ, ਦੁਬਿਧਾ ਵਿੱਚੋਂ, ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਹੀ ਨਿਕਲਦੇ ਹਾਂ ਜੋ ਕਿ ਸਹਜ ਦਾ ਮਕਸਦ ਹੈ।

ਜਿਹੜੀ ਧੁਨਿ ਨਾਲ ਜੁੜ ਕੇ ਅਸੀਂ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ, ਉਸਨੂੰ ਪਾ ਸਕਦੇ ਹਾਂ ਉਸ ਧੁਨਿ ਨਾਲ ਅਸੀਂ ਕਿਵੇਂ ਜੁੜ ਸਕਦੇ ਹਾਂ ਇਸਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{"ਏਕੋ ਗਿਆਨੁ ਧਿਆਨੁ ਧੁਨਿ ਬਾਣੀ॥
ਏਕੁ ਨਿਰਾਲਮੁ ਅਕਥ ਕਹਾਣੀ॥
ਏਕੋ ਸਬਦੁ ਸਚਾ ਨੀਸਾਣੁ॥
ਪੂਰੇ ਗੁਰ ਤੇ ਜਾਣੈ ਜਾਣੁ॥੩॥"}

(ਅੰਗ ੧੧੮੮)

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ "ਗਿਆਨੁ ਧਿਆਨੁ" ਕੀ ਹੈ। ਇਹ ਮਨ ਦੀ ਉਹ ਅਵੱਸਥਾ ਹੈ ਜੋ ਸਾਡੇ ਅੰਦਰ ਪ੍ਰਮਾਤਮਾ ਦੇ ਪ੍ਰਗਟ ਹੋਣ ਦੀ ਅਵੱਸਥਾ ਹੈ, ਬ੍ਰਹਮਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੇ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਵੀ ਪ੍ਰਮਾਤਮਾ ਨੇ ਗੁਰਬਾਣੀ ਉਚਾਰੀ ਹੈ ਉਹ ਮਨ ਦੇ ਵਿੱਚ "ਗਿਆਨੁ ਧਿਆਨੁ" ਦੀ ਅਵੱਸਥਾ ਪ੍ਰਗਟ ਕਰਕੇ ਹੀ ਉਚਾਰੀ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਨੀ ਕਰਮਿ ਧਿਆਈ॥}

(ਅੰਗ ੧੨੪੩)

ਮਨ ਦੇ ਵਿੱਚ ਇਹ ਅਵੱਸਥਾ ਗੁਰਮੁਖਿ ਵਾਲੀ ਅਵੱਸਥਾ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਗੁਰਮੁਖਿ ਬਾਣੀ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ॥
ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ॥}

(ਅੰਗ ੧੨੩੯)

22/2384

ਪੂਰੀ ਬਾਣੀ ਵਿੱਚ ਨਾਮ ਹੈ, ਪ੍ਰਮਾਤਮਾ ਦਾ ਦਿੱਤਾ ਹੋਇਆ ਗਿਆਨ ਹੈ ਜਿਸਨੂੰ ਆਪਣੇ ਧਿਆਨ ਵਿੱਚ ਵਸਾ ਕੇ, ਸੁਰਤਿ ਵਿੱਚ ਵਸਾ ਕੇ ਸਾਡਾ ਮਾਇਆ ਮੋਹ ਵਿੱਚ ਦੌੜਦਾ ਹੋਇਆ ਮਨ ਵੱਸ ਵਿੱਚ ਆਉਂਦਾ ਹੈ।

ਗੁਰਬਾਣੀ ਵਿੱਚ ਪੂਰਾ ਗਿਆਨ ਇੱਕੋ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ, ਮਨ ਦੇ ਧਿਆਨ ਰਾਹੀਂ ਆਇਆ ਹੈ ਤੇ ਪੂਰੀ ਗੁਰਬਾਣੀ ਇਸੇ "ਗਿਆਨੁ ਧਿਆਨੁ" ਦੀ ਧੁਨਿ ਦੇ ਨਾਲ ਹੀ ਜੁੜੀ ਹੋਈ ਹੈ। ਇਸੇ ਲਈ ਪੂਰੀ ਗੁਰਬਾਣੀ ਉਸ ਪ੍ਰਮਾਤਮਾ ਦਾ ਰੂਪ ਹੈ ਤੇ ਗੁਰਬਾਣੀ ਦਾ ਗਿਆਨ ਸਭ ਤੋਂ ਵੱਖਰਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥ ਕਹਾਣੀ ਬਿਆਨ ਕਰ ਰਹੀ ਹੈ। **(ਏਕੋ ਗਿਆਨੁ ਧਿਆਨੁ ਧੁਨਿ ਬਾਣੀ॥ ਏਕੁ ਨਿਰਾਲਮੁ ਅਕਥ ਕਹਾਣੀ॥)** ਜੇਕਰ ਸਾਡੇ ਮਨ ਦੀ ਧੁਨਿ ਗੁਰਬਾਣੀ ਦੀ ਧੁਨਿ ਦੇ ਨਾਲ ਜੁੜ ਜਾਂਦੀ ਹੈ, ਗੁਰਬਾਣੀ ਦੇ ਸ਼ਬਦ ਦੀ ਧੁਨਿ ਦੇ ਨਾਲ ਜੁੜ ਜਾਂਦੀ ਹੈ ਫਿਰ ਉਹ ਸਾਡੇ ਮਨ ਦੀ ਸੱਚੀ ਧੁਨਿ ਹੈ ਕਿਉਂਕਿ ਗੁਰਬਾਣੀ ਦਾ ਹਰ ਸ਼ਬਦ ਸਾਨੂੰ ਸੱਚ ਹੀ ਸਮਝਾਉਂਦਾ ਹੈ। ਗੁਰਬਾਣੀ ਦੇ ਸ਼ਬਦ ਨਾਲ ਜੁੜ ਕੇ ਹੀ, ਇੱਕੋ ਇੱਕ ਸ਼ਬਦ ਦੀ ਮਤਿ ਨਾਲ ਜੁੜ ਕੇ ਹੀ ਸਾਡੇ ਉੱਤੇ ਪ੍ਰਮਾਤਮਾ ਦਾ ਸੱਚਾ ਨਿਸ਼ਾਨ ਲੱਗਦਾ ਹੈ। ਸ਼ਬਦ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਨਾਲ ਜੁੜ ਕੇ ਸਾਡੇ ਅੰਦਰ ਸ਼ਬਦ ਦੀ ਸੱਚੀ ਧੁਨਿ ਨਹੀਂ ਲੱਗ ਸਕਦੀ, ਬਾਣੀ ਦੀ ਧੁਨਿ ਨਹੀਂ ਲੱਗ ਸਕਦੀ। **(ਏਕੋ ਸਬਦੁ ਸਚਾ ਨੀਸਾਣੁ॥ ਪੂਰੇ ਗੁਰ ਤੇ ਜਾਣੈ ਜਾਣੁ॥੩॥)** ਪੂਰੇ ਗੁਰੂ ਦੇ ਸ਼ਬਦ ਦੀ ਮਤਿ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਕੋਲੋਂ ਮਤਿ ਲੈਂਦੇ ਹਾਂ ਤਾਂ ਫਿਰ ਸਾਡੇ ਅੰਦਰ ਬਾਣੀ ਦੀ ਧੁਨਿ ਨਹੀਂ ਹੈ। ਪ੍ਰਮਾਤਮਾ ਨੂੰ ਪਾਉਣ ਲਈ, ਉਸਨੂੰ ਜਾਨਣ ਲਈ, ਸਾਡੇ ਲਈ ਪਹਿਲੇ ਗੁਰੂ ਦਾ ਚੇਲਾ ਬਣਨਾ ਜਰੂਰੀ ਹੈ। ਜੇਕਰ ਸਾਡੀ ਸੁਰਤਿ ਦੀ ਧੁਨਿ ਸੱਚੀ ਹੈ, ਬਾਣੀ ਦੇ ਨਾਲ ਜੁੜੀ ਹੋਈ ਹੈ ਤਾਂ ਹੀ ਫਿਰ ਅਸੀਂ ਗੁਰੂ ਦੇ ਚੇਲੇ ਬਣ ਸਕਦੇ ਹਾਂ ਤੇ ਉਸ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਸਾਰੀ ਗੱਲ ਸਾਡੀ ਸੁਰਤਿ ਦੀ ਧੁਨਿ ਤੇ ਹੀ ਨਿਰਭਰ ਕਰਦੀ ਹੈ ਕਿ ਉਹ ਕਿਸ ਪਾਸੇ ਜੁੜੀ ਹੋਈ ਹੈ। **(ਸਬਦੁ ਗੁਰੂ ਸੁਰਤਿ ਧੁਨਿ ਚੇਲਾ॥, ਅੰਗ ੯੪੩)**

ਜੇਕਰ ਸਾਨੂੰ ਧੁਨਿ ਦੀ ਸਮਝ ਹੈ ਫਿਰ ਅਸੀਂ ਮੁੱਖ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੇ ਨਾਲ ਸਾਡੀ ਸਾਂਝ ਕਿਵੇਂ ਬਣਦੀ ਹੈ।

"ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥੩॥"

ਜੇਕਰ ਸਾਡੀ ਸੁਰਤਿ ਦੀ ਧੁਨਿ ਗੁਰੂ ਦੇ ਸ਼ਬਦ ਨਾਲ ਜੁੜੀ ਹੋਈ ਹੈ, ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜੀ ਹੋਈ ਹੈ, ਸੱਚ ਦੇ ਨਾਲ ਜੁੜੀ ਹੋਈ ਹੈ, ਸਾਡੇ ਧਿਆਨ ਵਿੱਚ ਹਰ ਵੇਲੇ ਸੱਚ ਤੇ ਚੱਲਣ ਦੀ ਲਗਨ ਲੱਗੀ ਹੋਈ ਹੈ

22/2385

ਤਾਂ ਫਿਰ ਪ੍ਰਮਾਤਮਾ ਸਾਨੂੰ ਸਾਡੇ ਧਿਆਨ ਦੇ ਵਿੱਚ ਹੀ ਪ੍ਰਗਟ ਹੋ ਕੇ ਆਪਣੇ ਦਰਸ਼ਨ ਦਿੰਦਾ ਹੈ। ਜੋ ਵੀ ਪ੍ਰਮਾਤਮਾ ਨੂੰ ਜਾਣਦਾ ਹੈ, ਜਿੰਨ੍ਹਾਂ ਨੇ ਵੀ ਉਸਨੂੰ ਜਾਣਿਆ ਹੈ ਉਸਨੂੰ ਮਨ ਦੇ ਵਿੱਚੋਂ ਹੀ ਜਾਣਿਆ ਹੈ, ਸੱਚ ਦੇ ਨਾਲ ਜੁੜਕੇ ਹੀ ਜਾਣਿਆ ਹੈ, ਉਸਦੀ ਕ੍ਰਿਪਾ ਦੁਆਰਾ ਹੀ ਜਾਣਿਆ ਹੈ। ਜਿੰਨ੍ਹਾਂ ਨੇ ਉਸਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਪ੍ਰਮਾਤਮਾ ਦੀ ਅਕਥ ਕਥਾ ਜਾਣੀ ਹੈ,ਉਸਦੀ

ਅਕਥ ਕਹਾਣੀ ਜਾਣੀ ਹੈ ਤੇ ਗੁਰਬਾਣੀ ਰਾਹੀਂ ਉਸਦੀ ਅਕਥ ਕਹਾਣੀ ਬਿਆਨ ਕੀਤੀ ਹੈ। ਇਸੇ ਲਈ ਪੂਰੀ ਗੁਰਬਾਣੀ "ਗਿਆਨੁ ਧਿਆਨੁ" ਵਿੱਚ ਆਈ ਹੈ ਭਾਵ ਮਨ ਦੇ ਗਿਆਨ ਦੁਆਰਾ ਪ੍ਰਗਟ ਹੋਈ ਹੈ।

ਪ੍ਰਮਾਤਮਾ ਦੇ ਨਾਲ ਸਾਂਝ ਮਨ ਦੇ ਵਿੱਚ ਹੀ ਹੁੰਦੀ ਹੈ। ਸਾਡੇ ਮਨ ਦੇ ਵਿੱਚ ਕੇਵਲ ਵਿਚਾਰ ਹੀ ਉਪਜਦੇ ਹਨ। ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਪ੍ਰਮਾਤਮਾ ਤੋਂ ਵੱਖਰੇ ਬਣੇ ਰਹਿੰਦੇ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਉਹ ਸਾਨੂੰ ਆਪਣਾ ਪੰਚ ਬਣਾ ਲੈਂਦਾ ਹੈ ਭਾਵ ਮਨ ਦੇ ਵਿੱਚ ਸੱਚੀ ਮਤਿ ਦੇ ਕੇ, ਆਪਣੀ ਅਕਥ ਕਹਾਣੀ ਸਮਝਾ ਕੇ ਆਪਣੀ ਮਤਿ ਤੇ ਦ੍ਰਿੜ ਕਰ ਲੈਂਦਾ ਹੈ।
(ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ॥)

ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਜਿਹੜੇ ਮਨ ਨੂੰ ਅਸੀਂ ਆਪਣਾ ਸਮਝਦੇ ਹਾਂ, ਆਤਮਾ ਰੂਪ ਸਮਝਦੇ ਹਾਂ ਮਨ ਦੇ ਵਿੱਚੋਂ ਹੀ ਇਹ ਸਮਝ ਲੱਗ ਜਾਂਦੀ ਹੈ ਕਿ ਇਹ ਮਨ ਆਪ ਪ੍ਰਮਾਤਮਾ ਹੀ ਹੈ, ਆਤਮਾ ਆਪ ਪ੍ਰਮਾਤਮਾ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡੀ ਸਾਂਝ ਉਹੋ ਜਿਹੀ ਹੈ ਜਿਵੇਂ ਕਿ ਬੂੰਦ ਤੇ ਸਾਗਰ ਦੀ ਹੈ, ਦਿਨ ਤੇ ਰਾਤ ਦੀ ਹੈ, ਗਰਮੀ ਤੇ ਸਰਦੀ ਦੀ ਹੈ, ਪੁਰਖ ਤੇ ਨਾਰਿ ਦੀ ਹੈ ਭਾਵ ਅਸੀਂ ਇੱਕ ਹੁੰਦੇ ਹੋਏ ਵੀ, ਸਾਡਾ ਮੂਲ ਇੱਕ ਹੁੰਦੇ ਹੋਏ ਵੀ ਕੇਵਲ ਸਾਡਾ ਰੂਪ ਵੱਖਰਾ ਹੈ ਪਰ ਅੰਦਰੋਂ ਅਸੀਂ ਇੱਕ ਹੀ ਹਾਂ।

ਇਸ ਮਨ ਦੀ ਸਮਝ ਆਏ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕਿਸੇ ਨੂੰ ਉਸ ਦੀ ਸੱਚੀ ਭਗਤੀ ਦੀ ਸਮਝ ਲੱਗ ਸਕਦੀ ਹੈ। ਭਗਤੀ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਆਪ ਹੀ ਪ੍ਰਮਾਤਮਾ ਦਾ ਰੂਪ ਹੈ। ਸਾਡੇ ਅੰਦਰ ਗਿਆਨ ਦਾ ਸਰੋਵਰ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਭਾਵ ਗਿਆਨ ਦਾ ਸ੍ਰੋਤ ਉਹ ਆਪ ਹੀ ਹੈ। ਇਸ ਗਿਆਨ ਦੇ ਸਰੋਵਰ ਵਿੱਚੋਂ, ਮਨ ਰੂਪ ਸਰੋਵਰ ਵਿੱਚੋਂ ਜੋ ਮਤਿ ਉਪਜਦੀ ਹੈ ਉਹ ਸਾਡੇ ਅੰਦਰ ਦਾ ਕਮਲ ਹੈ ਭਾਵ ਸਾਡੇ ਅੰਦਰ ਕਮਲ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਉਪਜਦਾ ਹੈ, ਗਿਆਨ ਦੇ ਸਰੋਵਰ ਵਿੱਚੋਂ ਉਪਜਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਭੇਦ ਇਸ ਕਮਲ ਦੇ ਵਿੱਚ ਹੀ ਹੈ ਭਾਵ ਮਨ ਦੀ ਸੋਝੀ ਦੇ ਵਿੱਚ ਹੀ ਹੈ। ਜਦ ਤੱਕ ਸਾਡੇ ਅੰਦਰ ਦਾ ਇਹ ਕਮਲ ਪੁੱਠਾ ਹੈ ਤਦ ਤੱਕ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਹਾਂ ਤੇ ਸਾਨੂੰ ਇਹ ਸਮਝ ਨਹੀਂ ਲੱਗ ਸਕਦੀ

22/2386

ਕਿ ਪ੍ਰਮਾਤਮਾ ਕੀ ਹੈ ਤੇ ਸਾਡਾ ਉਸਦੇ ਨਾਲ ਰਿਸ਼ਤਾ ਕੀ ਹੈ। ਪ੍ਰਮਾਤਮਾ ਦੇ ਨਾਲ ਰਿਸ਼ਤਾ ਉਦੋਂ ਹੀ ਸਮਝ ਆਉਂਦਾ ਹੈ ਜਦੋਂ ਸਾਡੇ ਅੰਦਰ ਦਾ ਕਮਲ ਪ੍ਰਮਾਤਮਾ ਸਿੱਧਾ ਕਰ ਦਿੰਦਾ ਹੈ ਭਾਵ ਜਦੋਂ ਇਨ ਮਨ ਦਾ ਕਮਲ ਖਿੜ ਜਾਂਦਾ ਹੈ। ਮਨ ਦਾ ਕਮਲ ਖਿੜੇ ਬਿਨ੍ਹਾਂ ਕੋਈ ਵੀ ਇਸ ਮਨ ਨੂੰ ਨਹੀਂ ਜਾਣ ਸਕਦਾ ਕਿ ਇਹ ਮਨ ਕੀ ਹੈ ਤੇ ਪ੍ਰਮਾਤਮਾ ਕੀ ਹੈ। ਗੁਰੂ ਇਸੇ ਕਰਕੇ ਗੁਰੂ ਹੈ ਕਿ ਉਸਦੇ ਅੰਦਰ ਦਾ ਕਮਲ ਖਿੜਿਆ ਹੋਇਆ ਹੈ ਤੇ ਮਨ ਦੇ ਵਿੱਚ ਇਹ ਕਮਲ ਖਿੜਨ ਦੁਆਰਾ ਹੀ, ਇਸ ਪੁੱਠੇ ਕਮਲ ਨੂੰ ਸਿੱਧਾ ਕਰਨ ਦੁਆਰਾ ਹੀ ਸੱਚ ਦੀ ਸੋਝੀ ਪਾਉਂਦਾ ਹੈ, ਆਪਣੀ ਭਗਤੀ ਦੀ ਸੋਝੀ ਪਾਉਂਦਾ ਹੈ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਗੁਰੂ ਦੀ ਸੋਝੀ ਕਿਸ ਕਰਕੇ ਉੱਚੀ ਹੈ ਜਿਸ ਨਾਲ ਉਹ ਸਾਰੇ ਸੰਸਾਰ ਨੂੰ ਸੱਚ ਦੀ ਸੁਗੰਧੀ ਵੰਡਦਾ ਹੈ, ਧਰਮ ਦੀ ਸੋਝੀ ਵੰਡਦਾ ਹੈ।

ਆਸਾ ਮਹਲਾ ੧॥

“ਏਕੋ ਸਰਵਰੁ ਕਮਲ ਅਨੂਪ॥ ਸਦਾ ਬਿਗਾਸੈ ਪਰਮਲ ਰੂਪ॥
ਊਜਲ ਮੋਤੀ ਚੁਗਹਿ ਹੰਸ॥ ਸਰਬ ਕਲਾ ਜਗਦੀਸੈ ਅੰਸ॥੧॥
ਜੋ ਦੀਸੈ ਸੋ ਉਪਜੈ ਬਿਨਸੈ॥ ਬਿਨੁ ਜਲ ਸਰਵਰਿ ਕਮਲੁ ਨ ਦੀਸੈ॥੧॥ਰਹਾਉ॥
ਬਿਰਲਾ ਬੂਝੈ ਪਾਵੈ ਭੇਦੁ॥ ਸਾਖਾ ਤੀਨਿ ਕਹੈ ਨਿਤ ਬੇਦੁ॥
ਨਾਦ ਬਿੰਦ ਕੀ ਸੁਰਤਿ ਸਮਾਇ॥ ਸਤਿਗੁਰੁ ਸੇਵਿ ਪਰਮ ਪਦੁ ਪਾਇ॥੨॥
ਮੁਕਤੋ ਰਾਤਉ ਰੰਗਿ ਰਵਾਂਤਉ॥ ਰਾਜਨ ਰਾਜਿ ਸਦਾ ਬਿਗਸਾਂਤਉ॥
ਜਿਸੁ ਤੂੰ ਰਾਖਹਿ ਕਿਰਪਾ ਧਾਰਿ॥ ਬੂਡਤ ਪਾਹਨ ਤਾਰਹਿ ਤਾਰਿ॥੩॥
ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ॥ ਉਲਟ ਭਈ ਘਰੁ ਘਰ ਮਹਿ ਆਣਿਆ॥
ਅਹਿਨਿਸਿ ਭਗਤਿ ਕਰੇ ਲਿਵ ਲਾਇ॥ ਨਾਨਕੁ ਤਿਨ ਕੈ ਲਾਗੈ ਪਾਇ॥੪॥੧੨॥”

(ਅੰਗ ੩੫੨)

ਜਿਸ ਅਸਥਾਨ ਤੇ ਕਮਲ ਦਾ ਰੂਪ ਸੁੰਦਰ ਬਣਦਾ ਹੈ, ਜਿਸ ਅਸਥਾਨ ਤੇ ਕਮਲ ਖਿੜਦਾ ਹੈ ਉਹ ਸਰੋਵਰ ਕੇਵਲ ਇੱਕੋ ਹੀ ਹੈ ਤੇ ਕੋਈ ਦੂਸਰਾ ਸਰੋਵਰ ਨਹੀਂ ਹੋ ਸਕਦਾ। ਇਹ ਸਰੋਵਰ ਸਾਡੇ ਅੰਦਰ ਸਾਡੇ ਮਨ ਦੇ ਰੂਪ ਵਿੱਚ ਹੀ ਹੈ ਜੋ ਕਿ ਪ੍ਰਮਾਤਮਾ ਆਪ ਹੈ। ਜਿਸਦੇ ਅੰਦਰ ਵੀ ਕਮਲ ਖਿੜਿਆ ਹੈ ਉਹ ਇਸੇ ਸਰੋਵਰ ਵਿੱਚ ਹੀ ਖਿੜਿਆ ਹੈ, ਮਨ ਦੇ ਵਿੱਚ ਹੀ ਖਿੜਿਆ

ਹੈ। ਇਸ ਕਮਲ ਦੇ ਰਾਹੀਂ ਪ੍ਰਮਾਤਮਾ ਸਭ ਨੂੰ ਸੋਝੀ ਹੀ ਪਾਉਂਦਾ ਹੈ। ਕਮਲ ਖਿੜਨ ਤੋਂ ਪਹਿਲੇ ਸਾਨੂੰ ਸੱਚੀ ਸੋਝੀ ਨਹੀਂ ਪੈਂਦੀ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਸੱਚੀ ਸੋਝੀ ਪਏ ਬਿਨ੍ਹਾਂ ਹਰ ਕਿਸੇ ਦੇ ਅੰਦਰ ਦਾ ਕਮਲ ਪੁੱਠਾ ਹੀ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਹੀ ਬਣਾਈ ਹੋਈ ਜੁਗਤਿ ਹੈ। ਪੁੱਠੇ ਕਮਲ ਵਾਲੀ ਅਵੱਸਥਾ ਵਿੱਚ ਹਰ ਕੋਈ ਦੁਰਮਤਿ ਵਾਲੀ ਅਵੱਸਥਾ ਵਿੱਚ ਹੀ ਰਹਿੰਦਾ ਹੈ ਕਿਉਂਕਿ ਉਸ ਅਵੱਸਥਾ ਵਿੱਚ ਸੱਚੀ ਗੁਰਮਤਿ ਦੀ ਸੋਝੀ ਨਹੀਂ ਪੈਂਦੀ, ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ ਭਾਵ ਪ੍ਰਮਾਤਮਾ ਆਪ ਹੀ ਸਭ ਨੂੰ ਦੁਬਿਧਾ ਵਿੱਚ, ਭਰਮ ਵਿੱਚ, ਤ੍ਰੈਗੁਣਾਂ ਵਿੱਚ ਰੱਖਦਾ ਹੈ।

{ਊਂਧੋ ਕਵਲੁ ਸਗਲ ਸੰਸਾਰੈ॥
ਦੁਰਮਤਿ ਅਗਨਿ ਜਗਤ ਪਰਜਾਰੈ॥
ਸੋ ਉਬਰੈ ਗੁਰ ਸਬਦੁ ਬੀਚਾਰੈ॥੨॥

(ਅੰਗ ੨੨੫)

ਜਿੱਥੇ ਪ੍ਰਮਾਤਮਾ ਆਪਣਾ ਗੁਰੂ ਰੂਪ ਧਾਰਦਾ ਹੈ, ਉੱਥੇ ਆਪ ਹੀ ਇਸ ਮਨ ਦੇ ਪੁੱਠੇ ਕਮਲ ਨੂੰ ਸਿੱਧਾ ਕਰ ਲੈਂਦਾ ਹੈ। ਜਿਹੜੇ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਮਨ ਦੀ ਇਸ ਅਵੱਸਥਾ ਦੁਆਰਾ ਹੀ ਕੀਤੀ ਹੈ ਤੇ ਇਸੇ ਲਈ ਸਭ ਦਾ ਸ੍ਰੋਤ ਇੱਕੋ ਹੀ ਹੈ ਜਿੱਥੋਂ ਇਹ ਗਿਆਨ ਉਪਜਿਆ ਹੈ ਤੇ ਕਿਸੇ ਵੀ ਸਰੀਰ ਰਾਹੀਂ ਸਮਝਾਈ ਹੋਈ ਗੱਲ ਦੂਸਰੇ ਤੋਂ ਵੱਖਰੀ ਨਹੀਂ ਹੈ, ਅੰਦਰੂਨੀ ਭਾਵ ਵਿਚ ਵੱਖਰੀ ਨਹੀਂ ਹੈ ਕਿਉਂਕਿ ਸਭ ਵਿੱਚ ਪ੍ਰਮਾਤਮਾ ਨੇ ਇੱਕੋ ਜਿਹਾ ਬ੍ਰਹਮਗਿਆਨ ਪਾਇਆ ਹੈ, ਇੱਕੋ ਜਿਹਾ ਨਾਮ

ਸਮਝਾਇਆ ਹੈ। ਸਭ ਨੇ ਭਗਤੀ ਦੀ ਇੱਕੋ ਜਿਹੀ ਖੁਸ਼ਬੂ ਹੀ ਵੰਡੀ ਹੈ। **(ਏਕੋ ਸਰਵਰੁ ਕਮਲ ਅਨੂਪ॥ ਸਦਾ ਬਿਗਾਸੈ ਪਰਮਲ ਰੂਪ॥)**

{ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥੨॥}

(ਅੰਗ ੭੨੧)

ਇੱਕ ਵਾਰੀ ਇਹ ਮਨ ਦਾ ਕਮਲ ਖਿੜ ਜਾਵੇ ਤਾਂ ਫਿਰ ਸਦਾ ਖਿੜਿਆ ਹੀ ਰਹਿੰਦਾ ਹੈ। ਇਹ ਨਿਰਗੁਣ ਰੂਪ ਕਮਲ ਹੈ ਜੋ ਗੁਰਬਾਣੀ ਦੇ ਅੰਦਰ ਸਦਾ ਲਈ ਹੀ ਖਿੜਿਆ ਹੋਇਆ ਹੈ। ਜਿੰਨ੍ਹਾਂ ਦੇ ਅੰਦਰ ਇਹ ਕਮਲ ਖਿੜ ਜਾਂਦਾ ਹੈ ਉਹ ਸਦਾ ਲਈ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਨ ਤੇ ਆਪਸ ਦਾ ਭੇਦ ਮਿਟ ਜਾਂਦਾ ਹੈ। ਕਮਲ ਖਿੜਨ ਤੋਂ ਬਾਅਦ ਉਸਦੇ ਭਗਤਾਂ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਹ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਊਜਲ ਮੋਤੀ ਚੁਗਹਿ ਹੰਸ॥ ਸਰਬ ਕਲਾ ਜਗਦੀਸੈ ਅੰਸ॥੧॥”

ਜਿੰਨ੍ਹਾਂ ਦੇ ਮਨ ਦਾ ਕਮਲ ਪ੍ਰਮਾਤਮਾ ਸਿੱਧਾ ਕਰਦਾ ਹੈ, ਜਿੰਨ੍ਹਾਂ ਦੇ ਅੰਦਰ ਆਪਣਾ ਕਮਲ ਖਿੜਾਉਂਦਾ ਹੈ ਭਾਵ ਜਿੰਨ੍ਹਾਂ ਦੀ ਮਤਿ ਸਿੱਧੀ ਕਰਦਾ ਹੈ ਉਨ੍ਹਾਂ ਨੂੰ ਹੀ ਆਪਣੇ ਹੰਸ ਬਣਾਉਂਦਾ ਹੈ। ਉਸਦੇ “ਭਗਤ” ਹੀ ਉਸਦੇ ਹੰਸ ਰੂਪ ਹਨ ਜੋ ਉਸਦੇ ਸਰੋਵਰ ਦੇ ਮੋਤੀ ਚੁਗਦੇ ਹਨ, ਮਨ ਦੇ ਵਿੱਚੋਂ ਹੀ ਚੁਗਦੇ ਹਨ। ਮਨ ਦੇ ਵਿੱਚੋਂ ਮੋਤੀ ਤਾਂ ਅਸੀਂ ਸਾਰੇ ਹੀ ਚੁਗਦੇ ਹਾਂ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਚੁਗਦੇ ਹਾਂ, ਮਨ ਦੀ ਸੋਝੀ ਦੇ ਰੂਪ ਵਿੱਚ ਚੁਗਦੇ ਹਾਂ ਪਰ ਉਸਦੇ ਹੰਸ ਕੇਵਲ ਉੱਜਲ ਮੋਤੀ ਹੀ ਚੁਗਦੇ ਹਨ ਭਾਵ ਕੇਵਲ ਚੰਗੇ ਵਿਕਾਰਾਂ ਦਾ ਚੋਗ ਹੀ ਚੁਗਦੇ ਹਨ ਜਿੰਨ੍ਹਾਂ ਨਾਲ ਸਾਡਾ ਮੁੱਖ ਉੱਜਲ ਹੁੰਦਾ ਹੈ ਭਾਵ ਸਾਡੇ ਮਨ ਦੇ ਵਿਚਾਰ ਉੱਜਲ ਹੁੰਦੇ ਹਨ ਜਿੰਨ੍ਹਾਂ ਦੁਆਰਾ ਵਿਚਰ ਕੇ ਅਸੀਂ ਚੰਗੇ ਕਰਮ ਕਰਦੇ ਹਾਂ। ਇਹ ਚੰਗੇ ਕਰਮ ਹੀ ਸਾਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਜਲ ਬਣਾਉਂਦੇ ਹਨ। ਜਦੋਂ ਸਾਡੀ ਸੋਝੀ ਦੇ ਵਿੱਚ ਵਿਚਾਰ ਉੱਜਲ ਹੁੰਦੇ ਹਨ ਫਿਰ ਸਾਡੇ ਕਰਮ ਵੀ ਉੱਜਲ ਹੀ ਹੁੰਦੇ ਹਨ। ਮਨ ਦੇ ਵਿੱਚ ਇਨ੍ਹਾਂ ਉੱਜਲ ਵਿਚਾਰਾਂ ਰਾਹੀਂ ਹੀ, ਸੱਚੇ ਵਿਚਾਰਾਂ ਰਾਹੀਂ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਸਾਡੇ ਵਿਚਾਰਾਂ ਦਾ ਮਾਲਕ ਕੌਣ ਹੈ ਭਾਵ ਪ੍ਰਮਾਤਮਾ ਆਪਣੇ ਆਪ ਦੇ ਹੋਣ ਦੀ ਸੋਝੀ ਮਨ ਦੇ ਵਿਚਾਰਾਂ ਰਾਹੀਂ ਹੀ ਪਾਉਂਦਾ ਹੈ ਤੇ ਸਮਝ ਲੱਗਦੀ ਹੈ ਕਿ ਸਾਰੇ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਜਿਸ ਕਲਾ ਨਾਲ ਪ੍ਰਮਾਤਮਾ ਸਾਡੇ ਅੰਦਰ ਸੋਝੀ ਪਾ ਰਿਹਾ ਹੈ ਆਪਣੇ

ਉਸੇ ਗਿਆਨ ਦੀ ਕਲਾ ਦੁਆਰਾ ਪ੍ਰਮਾਤਮਾ ਸਭ ਵਿੱਚ ਵਰਤ ਰਿਹਾ ਹੈ, ਸਭ ਕਲਾ ਪ੍ਰਮਾਤਮਾ ਦੀ ਹੀ ਵਰਤ ਰਹੀ ਹੈ, ਉਸਦੇ ਗਿਆਨ ਦੀ ਕਲਾ ਵਰਤ ਰਹੀ ਹੈ ਤੇ ਹਰ ਕੋਈ ਪ੍ਰਮਾਤਮਾ ਦੀ ਹੀ ਅੰਸ਼ ਹੈ ਪਰ ਉਸਦੀ ਇਹ ਕਲਾ ਕਿਸੇ ਨੂੰ ਸਮਝ ਨਹੀਂ ਆਉਂਦੀ। ਜਿਸਦੇ ਮਨ ਵਿੱਚ ਪ੍ਰਮਾਤਮਾ ਪ੍ਰਗਟ ਹੋ ਕੇ ਆਪਣੀ ਇਹ ਕਲਾ ਦਿਖਾਉਂਦਾ ਹੈ, ਮਨ ਦੇ ਪੁੱਠੇ ਕਮਲ ਨੂੰ ਸਿੱਧਾ ਕਰਕੇ ਦਿਖਾਉਂਦਾ ਹੈ ਤਾਂ ਹੀ ਸਭ ਵਿੱਚ ਤੇ ਸਭ ਜਗ੍ਹਾ ਉਸੇ ਦੀ ਹੀ ਕਲਾ ਨਜ਼ਰ ਆਉਂਦੀ ਹੈ। **(ਊਜਲ ਮੋਤੀ ਚੂਗਹਿ ਹੰਸ॥ ਸਰਬ ਕਲਾ ਜਗਦੀਸੈ ਅੰਸ॥੧॥)**

{ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥
ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥੩॥}

(ਅੰਗ ੯੭੪)

22/2388

ਜੋ ਕੁੱਝ ਵੀ ਸਾਨੂੰ ਨਜ਼ਰ ਆਉਂਦਾ ਹੈ ਇਹ ਸਭ ਕੁੱਝ ਪ੍ਰਮਾਤਮਾ ਦੀ ਅੰਸ਼ ਹੀ ਹੈ ਭਾਵ ਹਰ ਸਰਗੁਣ ਸਰੂਪ ਪ੍ਰਮਾਤਮਾ ਦੀ ਅੰਸ਼ ਹੀ ਹੈ, ਸਭ ਕੁੱਝ ਉਸਦਾ ਬਣਾਇਆ ਹੋਇਆ ਹੀ ਹੈ ਜਿੰਨ੍ਹਾਂ ਵਿੱਚ ਅਸੀਂ ਵੀ ਆਉਂਦੇ ਹਾਂ ਭਾਵ ਮਨੁੱਖੀ ਸਰੀਰ ਵੀ ਆਉਂਦਾ ਹੈ ਤੇ ਹਰ ਸਰਗੁਣ ਸਰੂਪ ਬਿਨਸਣ ਵਾਲਾ ਹੈ ਭਾਵ ਪ੍ਰਮਾਤਮਾ ਸਰਗੁਣ ਸਰੂਪ ਦਾ ਮਾਲਕ ਹੈ, ਉਸਦਾ ਰਚਣ ਵਾਲਾ ਹੈ ਪਰ ਆਪ ਉਹ ਨਿਰਗੁਣ ਰੂਪ ਵਿੱਚ ਹੈ, ਗੁਪਤ ਰੂਪ ਵਿੱਚ ਹੈ ਜਿਸਨੂੰ ਇਨ੍ਹਾਂ ਅੱਖਾਂ ਨਾਲ ਦੇਖਿਆ ਨਹੀਂ ਜਾ ਸਕਦਾ। ਪ੍ਰਮਾਤਮਾ ਸਾਡੇ ਅੰਦਰ ਮਨ ਦੇ ਕਮਲ ਦੇ ਰੂਪ ਵਿੱਚ ਹੈ, ਨਿਰਗੁਣ ਰੂਪ ਵਿੱਚ ਹੈ। ਜਿਸ ਤਰੀਕੇ ਬਾਹਰੀ ਸਰੋਵਰ ਵਿੱਚ, ਸੰਸਾਰਿਕ ਸਰੋਵਰ ਵਿੱਚ ਜਲ ਤੋਂ ਬਿਨ੍ਹਾਂ ਕਮਲ ਨਹੀਂ ਉਪਜਦਾ ਤੇ ਕਮਲ ਨੂੰ ਨਹੀਂ ਦੇਖਿਆ ਜਾ ਸਕਦਾ ਇਸੇ ਤਰ੍ਹਾਂ ਜਦ ਤੱਕ ਮਨ ਦੇ ਸਰੋਵਰ ਵਿੱਚ ਪ੍ਰਮਾਤਮਾ ਜਲ ਨਹੀਂ ਭਰਦਾ ਉਸ "ਕਮਲੁ" ਨੂੰ ਨਹੀਂ ਦੇਖਿਆ ਜਾ ਸਕਦਾ। ਮਨ ਦਾ ਸਰੋਵਰ ਗਿਆਨ ਦਾ ਸਰੋਵਰ ਹੈ ਤੇ ਇਸ ਸਰੋਵਰ ਵਿੱਚੋਂ ਸੋਝੀ ਰੂਪ ਕਮਲੁ ਹੀ ਉਪਜਦਾ ਹੈ ਜਿਸਦੀ ਕਿ ਸਾਨੂੰ ਸਮਝ ਨਹੀਂ ਹੈ। ਇਹ ਕੇਵਲ ਉਸ ਸਰੋਵਰ ਦੇ ਮਾਲਕ ਦੀ ਮਰਜ਼ੀ ਹੈ ਕਿ ਉਹ ਸਾਡੇ ਅੰਦਰ ਕਿਹੋ ਜਿਹਾ ਜਲ ਭਰਦਾ ਹੈ। ਜਦੋਂ ਉਹ ਸਰੋਵਰ ਦੇ ਵਿੱਚ ਸੱਚੇ ਗਿਆਨ ਦਾ ਜਲ ਭਰ ਦਿੰਦਾ ਹੈ ਫਿਰ ਉਸ ਵਿੱਚੋਂ ਸੱਚੇ ਵਿਚਾਰ ਹੀ ਉਪਜਦੇ ਹਨ ਜਿੰਨ੍ਹਾਂ ਰਾਹੀਂ ਸਾਨੂੰ ਮਨ ਦੇ ਵਿੱਚੋਂ ਹੀ "ਕਮਲੁ" ਦੇ ਦਰਸ਼ਨ ਹੁੰਦੇ ਹਨ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਇਸ ਕਮਲ ਦੇ ਰੂਪ ਵਿੱਚ ਭਾਵ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ, ਹਰ ਵਸਤੂ ਵਿੱਚ ਉਹ ਸੋਝੀ ਦੇ ਰੂਪ ਵਿੱਚ ਵਿਚਰਦਾ ਹੈ, ਗਿਆਨ ਅੰਜਨ ਦੇ ਰੂਪ ਵਿੱਚ ਹੀ ਵਿਚਰਦਾ ਹੈ, ਸ਼ਬਦ ਰੂਪ ਵਿੱਚ ਹੀ ਵਿਚਰਦਾ ਹੈ। ਪੂਰੀ ਸਾਇੰਸ ਵਿੱਚ ਪ੍ਰਮਾਤਮਾ ਦਾ ਗਿਆਨ ਹੀ ਵਰਤਦਾ ਹੈ, ਉਸਦਾ ਗਿਆਨ ਅੰਜਨ ਹੀ ਵਰਤਦਾ ਹੈ, ਉਸਦਾ ਸ਼ਬਦ ਰੂਪ ਹੀ ਵਰਤਦਾ ਹੈ। ਇਸ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ, ਨਿਰਗੁਣ ਰੂਪ ਦੁਆਰਾ ਹੀ ਪੈਂਦੀ ਹੈ। **(ਜੋ ਦੀਸੈ ਸੋ ਉਪਜੈ ਬਿਨਸੈ॥ ਬਿਨੁ ਜਲ ਸਰਵਰਿ ਕਮਲੁ ਨ ਦੀਸੈ॥੧॥ਰਹਾਉ॥)**

ਪ੍ਰਮਾਤਮਾ ਦਾ ਭੇਦ ਪਾਉਣ ਦਾ ਤਰੀਕਾ ਇਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਿਰਲਾ ਬੂਝੈ ਪਾਵੈ ਭੇਦੁ॥ ਸਾਖਾ ਤੀਨਿ ਕਹੈ ਨਿਤ ਬੇਦੁ॥
ਨਾਦ ਬਿੰਦ ਕੀ ਸੁਰਤਿ ਸਮਾਇ॥ ਸਤਿਗੁਰੁ ਸੇਵਿ ਪਰਮ ਪਦੁ ਪਾਇ॥੨॥"

ਪ੍ਰਮਾਤਮਾ ਨੂੰ ਸਮਝਣ ਦਾ ਜਾਂ ਨਾ ਸਮਝਣ ਦਾ ਭੇਦ ਸਾਡੇ ਮਨ ਦੇ ਵਿੱਚ ਹੀ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਸਾਰੀ ਗੱਲ ਤ੍ਰੈਗੁਣਾਂ ਵਾਲੀ ਅਵੱਸਥਾ ਦੀ ਤੇ ਚੌਥੇ ਪਦ ਵਾਲੀ ਅਵੱਸਥਾ ਦੀ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ

22/2389

ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ, ਭਰਮ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਮਨ ਦਾ ਇਹ ਭਰਮ ਨਿਕਲੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ। ਮਨ ਦਾ ਪੁੱਠਾ ਕਮਲ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਕਮਲ ਦਾ ਖਿੜਨਾ, ਸਿੱਧਾ ਹੋਣਾ ਸਾਡੀ ਚੌਥੇ ਪਦ ਦੀ ਅਵੱਸਥਾ ਹੈ, ਸੱਚੇ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਉਸ ਗਿਆਨ ਦੇ ਮਾਲਕ ਦੀ ਸੋਝੀ ਪੈਂਦੀ ਹੈ। ਇਹ ਸੋਝੀ ਪ੍ਰਮਾਤਮਾ ਨੇ ਵੇਦਾਂ ਦੇ ਲਿਖਣ ਵਾਲੇ ਨੂੰ ਵੀ ਨਹੀਂ ਪਾਈ ਤੇ ਉਸਨੂੰ ਵੀ ਤ੍ਰੈਗੁਣਾਂ ਵਿੱਚ ਰੱਖਿਆ ਹੋਇਆ ਹੈ। ਚੌਥਾ ਪਦ ਕਿਸੇ ਵਿਰਲੇ ਨੂੰ ਹੀ ਨਸੀਬ ਹੁੰਦਾ ਹੈ ਜਿਵੇਂ ਕਿ ਭਗਤਾਂ ਨੰ, ਗੁਰੂ ਸਾਹਿਬਾਨ

ਨੂੰ, ਭੱਟ ਸਾਹਿਬਾਨ ਨੂੰ ਹੋਇਆ ਹੈ ਜਿਸ ਦੁਆਰਾ ਉਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਸਹਜ ਗਿਆਨ ਦੀ ਰਚਨਾ ਕੀਤੀ ਹੈ, ਬ੍ਰਹਮਗਿਆਨ ਦੀ ਰਚਨਾ ਕੀਤੀ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਵਿੱਚ ਤੇ ਵੇਦਾਂ ਸ਼ਾਸਤਰਾਂ ਦੀ ਰਚਨਾ ਕਰਨ ਵਾਲਿਆਂ ਵਿੱਚ ਇਹੀ ਭੇਦ ਹੈ ਜਿਸਨੂੰ ਕੋਈ ਸਮਝ ਹੀ ਨਹੀਂ ਸਕਦਾ। ਇਹ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਇਸ ਗੱਲ ਨੂੰ ਕੇਵਲ ਤੇ ਕੇਵਲ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਸਮਝਿਆ ਜਾ ਸਕਦਾ ਹੈ, ਮਨ ਵਿੱਚ ਕਮਲ ਖਿੜਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਜੋ ਕਿ ਕੇਵਲ ਉਸ ਪ੍ਰਮਾਤਮਾ ਦੇ ਆਪਣੇ ਹੱਥ ਹੈ। **(ਬਿਰਲਾ ਬੂਝੈ ਪਾਵੈ ਭੇਦੁ॥ ਸਾਖਾ ਤੀਨਿ ਕਹੈ ਨਿਤ ਬੇਦੁ॥)**

ਚੌਥੇ ਪਦ ਦੀ ਸੋਝੀ ਕਿਵੇਂ ਪੈਂਦੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਕਿਵੇਂ ਦੂਰ ਹੁੰਦੀ ਹੈ, ਕਮਲ ਦਾ ਪ੍ਰਕਾਸ਼ ਕਿਵੇਂ ਹੁੰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਾਦ ਬਿੰਦ ਕੀ ਸੁਰਤਿ ਸਮਾਇ॥ ਸਤਿਗੁਰੁ ਸੇਵਿ ਪਰਮ ਪਦੁ ਪਾਇ॥੨॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦਾ ਨਾਦ ਸਾਡੇ ਸਭ ਦੇ ਅੰਦਰ ਵੱਜ ਰਿਹਾ ਹੈ ਤੇ ਜਦ ਤੱਕ ਸਾਨੂੰ ਇਸ ਨਾਦ ਦੀ ਸਮਝ ਨਹੀਂ ਆਉਂਦੀ ਕਿ ਇਹ ਨਾਦ ਕੀ ਹੈ ਤੇ ਸਾਡੇ ਅੰਦਰ ਕਿਸ ਰੂਪ ਵਿੱਚ ਵੱਜਦਾ ਹੈ ਤਦ ਤੱਕ ਨਾ ਸਾਨੂੰ ਆਪਣੇ ਮਨ ਦੀ ਸਮਝ ਪੈ ਸਕਦੀ ਹੈ, ਨਾ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਪੈ ਸਕਦੀ ਹੈ ਤੇ ਨਾ ਹੀ ਤ੍ਰੈਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਭੇਦ ਸਮਝ ਆ ਸਕਦਾ ਹੈ। ਪ੍ਰਮਾਤਮਾ ਦਾ ਇਹ ਨਾਦ ਸਾਡੇ ਮਨ ਦੇ ਵਿੱਚ ਹੀ ਵੱਜਦਾ ਹੈ, ਸੁਰਤਿ ਦੇ ਵਿੱਚ ਹੀ ਵੱਜਦਾ ਹੈ ਜਿਸ ਰਾਹੀਂ ਸਾਨੂੰ ਮਨ ਦੇ ਵਿੱਚੋਂ ਸੋਝੀ ਪੈਂਦੀ ਹੈ, ਮਨ ਦੇ ਵਿਚਾਰਾਂ ਰਾਹੀਂ ਸੋਝੀ ਪੈਂਦੀ ਹੈ ਜਿਵੇਂ

ਕਿ ਅਸੀਂ ਇਸ ਗੱਲ ਨੂੰ ਪਿੱਛੇ ਵੀ ਸਮਝਿਆ ਹੈ ਤੇ ਜਪੁਜੀ ਬਾਣੀ ਦੇ ਅਰਥਾਂ ਦੁਆਰਾ ਵੀ ਸਮਝਿਆ ਹੈ। ਸਾਡੇ ਮਨ ਦੇ ਇਸ ਨਾਦ ਦੇ ਵਿੱਚ ਹੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਮਨ ਦੇ ਇਸ ਨਾਦ ਦੇ ਵਿੱਚ ਹੀ ਚੌਥੇ ਪਦ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ। ਜਦ ਤੱਕ ਇਸ ਨਾਦ ਦੀ ਸਮਝ ਨਹੀਂ ਲੱਗਦੀ ਤਦ ਤੱਕ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਹੈ। ਮਨ ਦੇ ਇਸ ਨਾਦ ਰਾਹੀਂ ਹੀ ਪ੍ਰਮਾਤਮਾ ਨੇ ਸਾਨੂੰ ਅਗਿਆਨਤਾ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਤੇ ਮਨ ਦੇ ਇਸ ਨਾਦ ਦੁਆਰਾ ਹੀ ਪ੍ਰਮਾਤਮਾ ਸਾਨੂੰ ਚੌਥੇ ਪਦ ਦਾ ਗਿਆਨ ਬਖ਼ਸ਼ਦਾ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਨਾਦ ਦੇ ਰੂਪ ਵਿੱਚ ਹੀ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਹੀ ਹੈ ਤੇ ਉਹ ਮਨ ਦੇ ਅੰਦਰ ਆਪਣੇ ਨਾਦ ਦੁਆਰਾ ਹੀ ਪ੍ਰਗਟ ਹੁੰਦਾ ਹੈ ਤੇ ਪ੍ਰਗਟ ਹੋਣ ਤੋਂ ਬਾਅਦ ਫਿਰ ਸੱਚ ਦੀ ਸੋਝੀ ਹੀ ਪਾਉਂਦਾ ਹੈ ਤੇ ਮਨੁੱਖ ਨੂੰ ਭਰਮ ਵਿੱਚ ਨਹੀਂ ਰੱਖਦਾ। ਆਪਣਾ ਆਪ ਉਹ ਮਨ ਦੇ ਵਿੱਚੋਂ ਹੀ ਸਮਝਾਉਂਦਾ ਹੈ, ਆਪਣੀ ਭਗਤੀ ਕਰਨ ਦਾ ਤਰੀਕਾ ਉਹ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੇ ਰਚਣ ਵਾਲਿਆਂ ਨੂੰ ਸਮਝਾਇਆ ਹੈ। **“ਨਾਦ ਬਿੰਦ ਕੀ ਸੁਰਤਿ ਸਮਾਇ॥”** ਤੋਂ ਭਾਵ ਹੈ ਕਿ ਪ੍ਰਮਾਤਮਾ ਜੋ ਆਪਣੇ ਨਾਦ ਦੁਆਰਾ ਸੋਝੀ ਪਾਉਂਦਾ ਹੈ, ਆਪਣਾ ਆਪ ਪ੍ਰਗਟ ਕਰਕੇ ਜੋ ਸੋਝੀ ਪਉਂਦਾ ਹੈ ਮਨ ਦੇ ਵਿੱਚੋਂ ਉਸਦੀ ਪਾਈ ਹੋਈ ਸੋਝੀ ਨੂੰ ਸੁਣਨ ਤੋਂ ਬਾਅਦ ਫਿਰ ਉਸਨੂੰ ਸੁਣਨ ਵਾਲਾ ਉਹੋ ਜਿਹੀ ਸੁਰਤਿ ਵਿੱਚ ਸਮਾਅ ਜਾਂਦਾ ਹੈ ਭਾਵ ਉਸਦੀ ਸੁਰਤਿ ਦੇ ਵਿੱਚ ਪ੍ਰਮਾਤਮਾ ਤੋਂ ਮਿਲੀ ਹੋਈ ਮਤਿ ਉਸ ਮਨੁੱਖ ਦੇ ਅੰਦਰ ਵੱਸ ਜਾਂਦੀ ਹੈ। ਮਨ ਦੀ ਇਹ ਅਵੱਸਥਾ ਚੌਥੇ ਪਦ ਦੀ ਅਵੱਸਥਾ ਹੈ ਤੇ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਜੋ ਆਪਣੇ ਨਾਦ ਦੁਆਰਾ ਸੋਝੀ ਪਾਉਂਦਾ ਹੈ ਉਹ ਬ੍ਰਹਮਗਿਆਨ ਹੈ, ਉਹ ਸਹਜ ਗਿਆਨ ਹੈ, ਉਹ ਸੱਚਾ ਗਿਆਨ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਸੱਚਾ ਗਿਆਨ ਹੀ ਭਰਿਆ ਹੋਇਆ ਹੈ ਜੋ ਮਨ ਦੇ ਵਿੱਚ ਕਮਲ ਖਿੜਨ ਦੀ ਅਵੱਸਥਾ ਦੁਆਰਾ ਆਇਆ ਹੈ। ਉਸ ਗੁਰੂ ਰੂਪ ਪ੍ਰਮਾਤਮਾ ਦੀ ਸੇਵਾ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦੀ ਹੈ, ਉਸਦੇ ਸ਼ਬਦ ਦਾ ਵਿਚਾਰੀ ਬਣ ਕੇ ਹੀ ਹੁੰਦੀ ਹੈ ਜੋ ਵਿਚਾਰ ਉਹ ਮਨ ਦੇ ਵਿੱਚ ਆਪ ਹੀ ਦਿੰਦਾ ਹੈ। ਮਨ ਦੀ ਇਹ ਅਵੱਸਥਾ ਪਰਮਪਦ ਪਾਉਣ ਵਾਲੀ ਅਵੱਸਥਾ ਹੈ ਜੋ ਅਵੱਸਥਾ ਉਸ ਦੇ ਭਗਤਾਂ ਨੇ ਪਾਈ ਹੈ, ਜੋ ਪਰਮਪਦ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਾਇਆ ਹੈ।

(ਨਾਦ ਬਿੰਦ ਕੀ ਸੁਰਤਿ ਸਮਾਇ॥ ਸਤਿਗੁਰੁ ਸੇਵਿ ਪਰਮ ਪਦੁ ਪਾਇ॥੨॥)

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥}

(ਅੰਗ ੬)

22/2391

ਸਾਡੇ ਅੰਦਰ ਉਹ ਭੰਡਾਰੀ ਭਾਵ ਪ੍ਰਮਾਤਮਾ ਕਿਹੋ ਜਿਹਾ ਨਾਦ ਵਜਾਉਂਦਾ ਹੈ, ਸਾਡੇ ਅੰਦਰ ਕਿਹੋ ਜਿਹਾ ਗਿਆਨ ਪਾਉਂਦਾ ਹੈ, ਸਾਡੇ ਮਨ ਦੇ ਅੰਦਰ ਕਿਹੋ ਜਿਹੇ ਵਿਚਾਰ ਉਪਜਾਉਂਦਾ ਹੈ ਇਹ ਕੇਵਲ ਉਸ ਦੀ ਦਇਆ ਤੇ ਨਿਰਭਰ ਹੈ। ਸਭ ਦੇ ਅੰਦਰ ਉਸਨੇ ਇਹ ਗਿਆਨ ਰੂਪ ਨੱਥ ਪਾਈ ਹੋਈ ਹੈ ਤੇ ਜਿਸ ਮਨੁੱਖ ਕੋਲੋਂ ਜੋ ਉਹ ਕਰਵਾਉਣਾ ਚਾਹੁੰਦਾ ਹੈ ਉਹੀ ਕੁੱਝ ਕਰਵਾ ਰਿਹਾ ਹੈ। ਜਿਸ ਤੇ ਉਹ ਆਪਣੀ ਕਿਰਪਾ ਕਰਦਾ ਹੈ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ, ਮਨ ਦੇ ਨਾਦ ਦੁਆਰਾ ਹੀ ਕਰਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ। ਜਿਸਨੂੰ ਉਹ ਮੁਕਤ ਕਰਦਾ ਹੈ ਉਸਨੂੰ ਮਨ ਦੇ ਨਾਦ ਦੁਆਰਾ ਹੀ ਕਰਦਾ ਹੈ। ਮੁਕਤੀ ਸਾਨੂੰ ਅਗਿਆਨਤਾ ਤੋਂ ਹੀ ਮਿਲਦੀ ਹੈ ਤੇ ਮਨ ਦੇ ਵਿੱਚ ਗਿਆਨ ਰੂਪ ਕਮਲ ਖਿੜਨ ਦੁਆਰਾ ਹੀ ਮਿਲਦੀ ਹੈ ਤੇ ਉਸ ਤੋਂ ਬਾਅਦ ਫਿਰ ਮਨੁੱਖ ਉਸ ਪ੍ਰਮਾਤਮਾ ਦੇ ਰੰਗ ਵਿੱਚ ਹੀ ਰੰਗਿਆ ਰਹਿੰਦਾ ਹੈ, ਉਸਦੀ ਗੁਰਮਤਿ ਦੇ ਰੰਗ ਵਿੱਚ ਹੀ ਰੰਗਿਆ ਰਹਿੰਦਾ ਹੈ ਜੋ ਗੁਰਮਤਿ ਉਹ ਮਨ ਵਿੱਚ ਆਪ ਹੀ ਸਮਝਾਉਂਦਾ ਹੈ, ਚੌਥੇ ਪਦ ਦੁਆਰਾ ਸਮਝਾਉਂਦਾ ਹੈ। **(ਮੁਕਤੋ ਰਾਤਉ ਰੰਗਿ ਰਵਾਂਤਉ॥)**

ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਰਾਜ ਕਿਸ ਰਾਜੇ ਦਾ ਚੱਲਦਾ ਹੈ।

"ਰਾਜਨ ਰਾਜਿ ਸਦਾ ਬਿਗਸਾਂਤਉ॥"

ਜਦ ਤੱਕ ਸਾਨੂੰ ਆਪਣੇ ਅੰਦਰ ਚੱਲ ਰਹੇ ਨਾਦ ਦੀ ਸਮਝ ਨਹੀਂ ਪੈਂਦੀ, ਇਸ ਮਨ ਦੀ ਸਮਝ ਨਹੀਂ ਪੈਂਦੀ, ਮਨ ਦੇ ਵਿਚਾਰਾਂ ਦੀ ਸਮਝ ਨਹੀਂ ਪੈਂਦੀ ਕਿ ਇਹ ਮਨ ਦੇ ਵਿਚਾਰ ਕਿੱਥੋਂ ਆਉਂਦੇ ਹਨ ਤਦ ਤੱਕ ਇਸ ਮਨ ਦੇ ਰਾਜੇ ਅਸੀਂ ਆਪ ਹੀ ਹਾਂ। ਤਦ ਤੱਕ ਸਾਡੇ ਅੰਦਰ ਮਨਮਤਿ ਦਾ ਰਾਜ ਹੈ, ਹਉਮੈ ਦਾ ਰਾਜ ਹੈ, ਅਗਿਆਨਤਾ ਦਾ ਰਾਜ ਹੈ, ਭਰਮ ਦਾ ਰਾਜ ਹੈ, ਮਾਇਆ ਮੋਹ ਦਾ ਰਾਜ ਹੈ, ਤ੍ਰੈਗੁਣਾਂ ਦਾ ਰਾਜ ਹੈ, "ਮੈਂ" ਦਾ ਰਾਜ ਹੈ। ਸਾਡੇ ਅੰਦਰ ਇਹੋ ਜਿਹਾ ਰਾਜ, ਭਰਮ ਵਾਲਾ ਰਾਜ, ਝੂਠਾ ਰਾਜ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਖ਼ਤਮ ਹੁੰਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਖ਼ਤਮ ਕਰਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਖ਼ਤਮ ਕਰਦਾ ਹੈ ਤੇ ਤਾਂ ਹੀ ਇਹ ਸਮਝ ਲੱਗਦੀ ਹੈ ਕਿ ਅਸਲ ਵਿੱਚ ਇਸ ਮਨ ਦਾ ਰਾਜਾ ਕੌਣ ਹੈ। ਉਸ ਰਾਜੇ ਦੇ ਰਾਜ ਵਿੱਚ ਸਾਡੇ ਮਨ ਦਾ ਕਮਲ ਸਦਾ ਹੀ ਖਿੜਿਆ ਰਹਿੰਦਾ ਹੈ ਭਾਵ ਫਿਰ ਮਨ ਦੇ ਅੰਦਰੋਂ ਸੱਚੀ ਮਤਿ ਹੀ ਮਿਲਦੀ ਹੈ ਜੋ ਕਿ ਇਸ ਮਨ ਦਾ ਰਾਜਾ ਆਪ ਹੀ ਦਿੰਦਾ ਹੈ। ਜਦ ਤੱਕ ਉਹ ਮਨ ਦਾ ਰਾਜਾ ਪ੍ਰਗਟ ਨਹੀਂ ਹੁੰਦਾ ਸਾਡੇ ਮਨ ਦਾ ਕਮਲ ਮੁਰਝਾਇਆ ਰਹਿੰਦਾ ਹੈ, ਪੁੱਠਾ ਹੋਇਆ ਰਹਿੰਦਾ ਹੈ ਭਾਵ ਜਦ ਤੱਕ ਸਾਡੇ ਅੰਦਰ ਮਨਮਤਿ ਹੈ ਤਦ ਤੱਕ ਸਾਡੇ ਅੰਦਰ ਦਾ ਕਮਲ ਪੁੱਠਾ ਹੈ ਤੇ ਜਦੋਂ ਸਾਡੇ ਅੰਦਰ ਪ੍ਰਮਾਤਮਾ ਗੁਰਮਤਿ ਵਸਾ ਦਿੰਦਾ

22/2392

ਹੈ ਇਹ ਮਨ ਰੂਪ ਕਮਲ ਖਿੜ ਜਾਂਦਾ ਹੈ, ਸਾਡੇ ਮਨ ਦੇ ਵਿਚਾਰ ਸੱਚ ਦੁਆਰਾ ਖਿੜ ਜਾਂਦੇ ਹਨ। **(ਰਾਜਨ ਰਾਜਿ ਸਦਾ ਬਿਗਸਾਂਤਉ॥)**

ਜਿਸਨੂੰ ਪ੍ਰਮਾਤਮਾ ਇਸ ਮਾਇਆ ਮੋਹ ਦੇ ਸਾਗਰ ਤੋਂ ਤਾਰਦਾ ਹੈ ਉਸਨੂੰ ਮਨ ਦੇ ਵਿੱਚ ਸੱਚੀ ਸੋਝੀ ਦੇ ਕੇ ਹੀ ਤਾਰਦਾ ਹੈ, ਮਨ ਦਾ ਕਮਲ ਸਿੱਧਾ ਕਰਕੇ ਹੀ ਤਾਰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਜਿਸੁ ਤੂੰ ਰਾਖਹਿ ਕਿਰਪਾ ਧਾਰਿ॥ ਬੂਡਤ ਪਾਹਨ ਤਾਰਹਿ ਤਾਰਿ॥੩॥"

ਅਸੀਂ ਮਾਇਆ ਮੋਹ ਦੇ ਸਾਗਰ ਵਿੱਚ ਮਨ ਦੀ ਅਗਿਆਨਤਾ ਕਰਕੇ ਹੀ ਡੁੱਬੇ ਹੋਏ ਹਾਂ, ਮਨਮਤਿ ਕਰਕੇ ਹੀ ਡੁੱਬੇ ਹੋਏ ਹਾਂ ਜਿਸਦੇ ਰਹਿੰਦਿਆਂ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ, ਸੱਚੀ ਗੁਰਮਤਿ ਦੀ ਸੋਝੀ ਨਹੀਂ ਪੈਂਦੀ। ਮਨ ਦੇ ਵਿੱਚ ਕਮਲ ਦੇ ਪ੍ਰਕਾਸ਼ ਦੁਆਰਾ ਉਹ ਸੱਚੀ ਸੋਝੀ ਹੀ ਪਾਉਂਦਾ ਹੈ ਤੇ ਸਾਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ। ਮਨ ਦੇ ਵਿੱਚ ਸੱਚੇ ਵਿਚਾਰ ਹੀ ਉਸ ਪ੍ਰਮਾਤਮਾ ਦੀ ਬੇੜੀ ਹੈ ਜਿਸ ਤੇ ਉਹ ਕਿਸੇ ਨੂੰ ਆਪਣੀ ਕਿਰਪਾ ਦੁਆਰਾ ਹੀ ਬਿਠਾਉਂਦਾ ਹੈ।

ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ, ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ॥

ਉਲਟ ਭਈ ਘਰੁ ਘਰ ਮਹਿ ਆਣਿਆ॥

ਅਹਿਨਿਸਿ ਭਗਤਿ ਕਰੇ ਲਿਵ ਲਾਇ॥ ਨਾਨਕੁ ਤਿਨ ਕੈ ਲਾਗੈ ਪਾਇ॥੪॥੧੨॥”

ਉੱਪਰ ਸਾਨੂੰ ਮਨ ਦਾ ਕਮਲ ਖਿੜਨ ਵਾਲੀ ਅਵੱਸਥਾ ਹੀ ਸਮਝਾਈ ਹੋਈ ਹੈ ਜੋ ਕਿ ਪੂਰੇ ਸ਼ਬਦ ਦਾ ਮਕਸਦ ਹੈ।ਪ੍ਰਮਾਤਮਾ ਕੀ ਹੈ ਇਸ ਦੀ ਸੋਝੀ ਸਾਨੂੰ ਮਨ ਦਾ ਕਮਲ ਖਿੜਨ ਦੁਆਰਾ ਹੀ ਪੈਂਦੀ ਹੈ। ਇਹ ਕਮਲ ਸਾਡੇ ਮਨ ਰੂਪ ਜੋਤਿ ਦੇ ਵਿੱਚ ਹੀ ਖਿੜਦਾ ਹੈ ਜਿਸ ਦੁਆਰਾ ਸਾਨੂੰ ਅੰਦਰ ਦੀ ਜੋਤਿ ਦੀ ਸੋਝੀ ਪੈਂਦੀ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਦੀ ਜੋਤਿ ਸਾਡੇ ਅੰਦਰ ਵਰਤ ਰਹੀ ਹੈ ਉਸੇ ਰੂਪ ਵਿੱਚ ਉਹ ਸਭ ਜਗ੍ਹਾ ਵਰਤ ਰਹੀ ਹੈ, ਸਭ ਦੇ ਅੰਦਰ ਵਰਤ ਰਹੀ ਹੈ ਭਾਵ ਗਿਆਨ ਰੂਪ ਵਿੱਚ ਵਰਤ ਰਹੀ ਹੈ। ਮਨ ਦੀ ਇਸ ਸੋਝੀ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਸਭ ਜਗ੍ਹਾ ਤੇ ਸਭ ਵਿੱਚ ਆਪ ਪ੍ਰਮਾਤਮਾ ਹੀ ਹੈ। **(ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ॥)**

ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਕਮਲ ਦਾ ਖਿੜਨਾ ਕੀ ਹੈ।

“ਉਲਟ ਭਈ ਘਰੁ ਘਰ ਮਹਿ ਆਣਿਆ॥”

ਜਿਸਨੂੰ ਪ੍ਰਮਾਤਮਾ ਆਪਣੀ ਜੋਤਿ ਦੁਆਰਾ ਸੋਝੀ ਪਾਉਂਦਾ ਹੈ ਉਸਦੀ ਪਹਿਲੇ

22/2393

ਵਾਲੀ ਮਤਿ ਉਲਟ ਜਾਂਦੀ ਹੈ ਭਾਵ ਪੂਰੀ ਮਤਿ ਸਿੱਧੀ ਹੋ ਜਾਂਦੀ ਹੈ ਭਾਵ ਪੁੱਠਾ ਕਮਲ ਸਿੱਧਾ ਹੋ ਜਾਂਦਾ ਹੈ। ਜਦ ਤੱਕ ਸਾਡੇ ਅੰਦਰ ਦਾ ਕਮਲ ਪੁੱਠਾ ਹੈ, ਮਤਿ ਪੁੱਠੀ ਹੈ ਤਦ ਤੱਕ ਅਸੀਂ ਆਪਣੇ ਨਿੱਜ ਘਰ ਵਿੱਚ ਨਹੀਂ ਹਾਂ, ਅਸਲ ਘਰ ਵਿੱਚ ਨਹੀਂ ਹਾਂ, ਪ੍ਰਮਾਤਮਾ ਦੇ ਘਰ ਵਿੱਚ ਨਹੀਂ ਹਾਂ। ਪ੍ਰਮਾਤਮਾ ਦਾ ਘਰ ਸਿੱਧੇ ਕਮਲ ਦਾ ਘਰ ਹੈ, ਖਿੜੇ ਹੋਏ ਕਮਲ ਦਾ ਘਰ ਹੈ, ਚੌਥੇ ਪਦ ਦਾ ਘਰ ਹੈ, ਸਹਜ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, ਨਾਮ ਦਾ ਘਰ ਹੈ, ਗੁਰਮਤਿ ਦਾ ਘਰ ਹੈ। ਪ੍ਰਮਾਤਮਾ ਕਿਸੇ ਨੂੰ ਇਸ ਘਰ ਵਿੱਚ ਆਪ ਹੀ ਲਿਆਉਂਦਾ ਹੈ, ਆਪਣੇ ਘਰ ਦੇ ਦਰਸ਼ਨ ਆਪ ਹੀ ਕਰਵਾਉਂਦਾ ਹੈ, ਮਨ ਦੀ ਸੋਝੀ ਨੂੰ ਬਦਲ ਕੇ ਕਰਵਾਉਂਦਾ ਹੈ, ਭਰਮ ਵਿੱਚੋਂ ਕੱਢ ਕੇ ਕਰਵਾਉਂਦਾ ਹੈ, ਅਗਿਆਨਤਾ ਵਿੱਚੋਂ ਕੱਢ ਕੇ ਕਰਵਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ ਤੇ ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਇਸ ਘਰ ਦੀ ਸੋਝੀ ਪਾਈ ਹੈ, ਜਿੰਨ੍ਹਾਂ ਨੂੰ ਆਪਣੇ ਘਰ ਦੇ ਦਰਸ਼ਨ ਕਰਾਏ ਹਨ ਉਹਨਾਂ ਨੇ ਹੀ ਗੁਰਬਾਣੀ ਰੂਪ ਘਰ ਨੂੰ ਸਾਜਿਆ ਹੈ। **(ਉਲਟ ਭਈ ਘਰੁ ਘਰ ਮਹਿ ਆਣਿਆ॥)** ਜਿਸ ਘਰ ਵਿੱਚ ਅਸੀਂ ਪਹਿਲੇ ਬੈਠੇ ਹੋਏ ਹਾਂ ਉਸੇ ਘਰ ਦੇ ਵਿੱਚੋਂ ਹੀ ਸਾਨੂੰ ਅਸਲ ਘਰ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਘਰ ਵਿੱਚ ਪਹਿਲੇ ਅਗਿਆਨਤਾ ਹੁੰਦੀ ਹੈ ਉਸੇ ਘਰ ਵਿੱਚ ਗਿਆਨ ਵੱਸ ਜਾਂਦਾ ਹੈ, ਪ੍ਰਮਾਤਮਾ ਆਪ ਵੱਸ ਜਾਂਦਾ ਹੈ।

ਜਿੰਨ੍ਹਾਂ ਨੇ ਪ੍ਰਮਾਤਮਾ ਦੀ ਭਗਤੀ ਕੀਤੀ ਹੈ ਭਾਵ ਜਿੰਨ੍ਹਾਂ ਕੋਲੋਂ ਪ੍ਰਮਾਤਮਾ ਨੇ ਆਪਣੀ ਭਗਤੀ ਕਰਵਾਈ ਹੈ, ਦਿਨ ਰਾਤ ਇੱਕੋ ਜਿਹੀ ਭਗਤੀ ਕਰਵਾਈ ਹੈ ਉਹ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਕਰਵਾਈ ਹੈ ਤੇ ਇਸ ਅਵੱਸਥਾ ਦੁਆਰਾ ਹੀ ਸੱਚੀ ਭਗਤੀ ਦੀ ਸੋਝੀ ਪੈਂਦੀ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਸਦਾ ਹੀ ਲਿਵ ਜੁੜੀ ਰਹਿੰਦੀ ਹੈ ਭਾਵ ਉਸਦੇ ਨਾਲ ਧਿਆਨ ਜੁੜਿਆ ਰਹਿੰਦਾ ਹੈ, ਗੁਰਮਤਿ ਨਾਲ ਧਿਆਨ ਜੁੜਿਆ ਰਹਿੰਦਾ ਹੈ। ਇਹ ਉਸਦੇ ਭਗਤਾਂ ਦੀ ਅਵੱਸਥਾ ਹੈ, ਗੁਰੂ ਸਾਹਿਬਾਨ ਦੀ ਅਵੱਸਥਾ ਹੈ ਜੋ ਕਿ ਪੂਜਣ ਦੇ ਯੋਗ ਹੈ ਕਿਉਂਕਿ ਉਸਨੂੰ ਭਗਤੀ ਦੀ ਅਸਲ ਸੋਝੀ ਹੈ ਜਿਸਦਾ ਸੋਝੀ ਰੂਪ ਕਮਲ ਸਦਾ ਹੀ ਖਿੜਿਆ ਹੋਇਆ ਹੈ। **(ਅਹਿਨਿਸਿ ਭਗਤਿ ਕਰੇ ਲਿਵ ਲਾਇ॥ ਨਾਨਕੁ ਤਿਨ ਕੈ ਲਾਗੈ ਪਾਇ॥੪॥੧੨॥)** ਗੁਰਬਾਣੀ ਦੀ ਮਤਿ ਨੂੰ ਪੂਜਣਾ, ਗੁਰਬਾਣੀ ਦੀ ਸੋਝੀ ਨੂੰ ਪੂਜਣਾ ਗੁਰੂ ਨੂੰ ਪੂਜਣਾ ਹੈ, ਗੁਰੂ ਦੇ ਪੈਰੀ ਲੱਗਣਾ ਹੈ।

ਸਾਡੇ ਅੰਦਰ ਕਮਲ ਦਾ ਖਿੜਨਾ ਕੀ ਹੈ ਇਸ ਗੱਲ ਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ

22/2394

ਦੁਆਰਾ ਸਮਝਾਇਆ ਗਿਆ ਹੈ ਤੇ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਕਮਲ ਦੇ ਖਿੜਨ ਨਾਲ ਸਾਡੇ ਮਨ ਦੀ ਅਗਿਆਨਤਾ ਹੀ ਦੂਰ ਹੁੰਦੀ ਹੈ, ਮਨ ਦਾ ਹਨ੍ਹੇਰਾ ਹੀ ਦੂਰ ਹੁੰਦਾ ਹੈ ਪਰ ਫਿਰ ਵੀ ਸਾਨੂੰ ਸਮਝਾਉਣ ਵਾਲੇ ਸਭ ਇਹੋ ਜਿਹੇ

ਹਨ ਜਿੰਨ੍ਹਾਂ ਨੂੰ ਇਸ ਗੱਲ ਦੀ ਬਿਲਕੁਲ ਵੀ ਸਮਝ ਨਹੀਂ ਹੈ। ਉਹ ਕਮਲ ਦੇ ਬਿਗਸਨ ਨੂੰ, ਖਿੜਨ ਨੂੰ, ਸਿੱਧਾ ਹੋਣ ਨੂੰ ਸਰੀਰਕ ਕਿਰਿਆਵਾਂ ਨਾਲ ਜੋੜਦੇ ਹਨ। ਕੋਈ ਧੁੰਨੀ ਵਿੱਚੋਂ ਭਾਵ ਨਾਭੀ ਵਿੱਚੋਂ ਕਮਲ ਨੂੰ ਸਿੱਧਾ ਕਰਨ ਵਿੱਚ ਲੱਗਾ ਹੋਇਆ ਹੈ ਤੇ ਕਈ ਮੱਥੇ ਵਿੱਚ ਕਮਲ ਨੂੰ ਸਿੱਧਾ ਕਰਨਾ ਸਮਝਦੇ ਹਨ, ਕਿਸੇ ਸਰਗੁਣ ਰੂਪ ਵਿੱਚ ਹੀ ਕਮਲ ਦਾ ਹੋਣਾ ਸਮਝਦੇ ਹਨ। ਕਹਿਣ ਨੂੰ ਤਾਂ ਇਹੋ ਜਿਹੇ ਉੱਚੇ ਵਿਦਵਾਨ ਅਖਵਾਉਂਦੇ ਹਨ ਪਰ ਕਮਲ ਕੀ ਹੈ ਇਸ ਦੀ ਸੋਝੀ ਕਿਸੇ ਨੂੰ ਨਹੀਂ ਹੈ। ਇਸ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ। ਗੁਰੂ ਦੇ ਕੋਲ ਭਗਤੀ ਦਾ ਭੰਡਾਰ ਹੈ ਭਾਵ ਭਗਤੀ ਕਰਨ ਦੇ ਵਿਚਾਰਾਂ ਦਾ ਭੰਡਾਰ ਹੈ ਜਿਸ ਦੁਆਰਾ ਗੁਰੂ ਸਭ ਨੂੰ ਭਗਤੀ ਕਰਨ ਦਾ ਤਰੀਕਾ ਸਮਝਾਉਂਦਾ ਹੈ ਤੇ ਉਸੇ ਤਰੀਕੇ ਹੀ ਉਸਦੇ ਭਗਤਾਂ ਨੇ ਆਪ ਭਗਤੀ ਕੀਤੀ ਹੈ ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਭਗਤੀ ਕਰਨੀ ਸਿਖਾਈ ਹੈ, ਗੁਰਬਾਣੀ ਵਿੱਚ ਭਗਤੀ ਦਾ ਭੰਡਾਰ ਭਰਿਆ ਹੈ। ਆਪਣੀ ਭਗਤੀ ਕਰਨ ਦਾ ਭੰਡਾਰ ਪ੍ਰਮਾਤਮਾ ਆਪ ਹੀ ਸੌਂਪਦਾ ਹੈ ਤੇ ਉਸੇ ਸਰੀਰ ਰਾਹੀਂ ਸੌਂਪਦਾ ਹੈ ਜਿਸਦੇ ਮਨ ਵਿੱਚ ਪਹਿਲੇ ਆਪਣਾ ਕਮਲ ਖਿੜਾਉਂਦਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਆਉ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਕੇਵਲ ਗੁਰੂ ਦੀ ਸੋਝੀ ਦੇ ਨਾਲ ਜੁੜੀਏ ਜਿਸਨੂੰ ਭਗਤੀ ਦੀ ਅਸਲ ਸਮਝ ਹੈ ਤੇ ਉਹਨਾਂ ਦੇ ਪਿੱਛੇ ਨਾ ਲੱਗੀਏ ਜਿੰਨ੍ਹਾਂ ਦੇ ਅੰਦਰ ਕਮਲ ਪੁੱਠੇ ਹਨ।

ਮਃ ੩॥

“ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥
ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ॥
ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ॥
ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ॥
ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥
ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ॥
ਸੈਸਾਰੈ ਵਿਚਿ ਸੋਭ ਨ ਪਾਇਨੀ ਅਗੈ ਜਿ ਕਰੇ ਸੁ ਜਾਣੈ ਕਰਤਾਰੁ॥
ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ॥
ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ॥੨॥”

(ਅੰਗ ੯੫੦)

ਭਗਤੀ ਦੇ ਨਾਲ ਪ੍ਰਮਾਤਮਾ ਉਸੇ ਨੂੰ ਸ਼ਿੰਗਾਰਦਾ ਹੈ ਜਿਸ ਦੇ ਮਨ ਵਿੱਚ ਉਹ ਆਪ ਵੱਸ ਜਾਂਦਾ ਹੈ। ਭਗਤੀ ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦੀ ਹੈ ਤੇ ਜਿਸ ਨੂੰ ਪ੍ਰਮਾਤਮਾ ਸ਼ਿੰਗਾਰਦਾ ਹੈ ਉਸਨੂੰ ਭਗਤੀ ਵਾਲੇ ਵਿਚਾਰ ਹੀ ਸਮਝਾਉਂਦਾ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਕਿ ਉਹਨਾਂ ਨੂੰ ਪ੍ਰਮਾਤਮਾ ਨੇ ਆਪਣੀ ਭਗਤੀ ਦਾ ਭੰਡਾਰ ਕਿਵੇਂ ਸੌਂਪਿਆ ਹੈ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਨਿਰਗੁਣ ਰੂਪ ਦੇ ਵਿੱਚ ਉਹ ਆਪ ਹੀ ਪ੍ਰਗਟ ਕਰਦਾ ਹੈ, ਮਨ ਦੇ ਵਿੱਚ ਪ੍ਰਗਟ ਕਰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣਾ ਸ਼ਬਦ ਹੀ ਸੁਣਾਉਂਦਾ ਹੈ ਜਿਸ ਦੁਆਰਾ ਉਹ ਆਪਣੀ ਵਿਚਾਰ ਸਮਝਾਉਂਦਾ ਹੈ, ਭਗਤੀ ਦੀ ਮਤਿ ਸਮਝਾਉਂਦਾ ਹੈ। ਸ਼ਬਦ ਦੀ ਮਤਿ ਸੁਣਨ ਤੋਂ ਬਾਅਦ ਹੀ ਕਮਲ ਖਿੜਦਾ ਹੈ ਭਾਵ ਸਾਡੇ ਅੰਦਰ ਦੀ ਮਤਿ ਭਗਤੀ ਵਾਲੀ ਸੱਚੀ ਮਤਿ ਦੇ ਵਿੱਚ ਬਦਲ ਜਾਂਦੀ ਹੈ, ਸੱਚੇ ਗਿਆਨ ਵਾਲੀ ਬਣ ਜਾਂਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਭਗਤੀ ਦਾ ਭੰਡਾਰ ਬਖਸ਼ਿਆ ਹੈ, ਸੋਂਪਿਆ ਹੈ ਉਹਨਾਂ ਦੇ ਅੰਦਰ ਆਪਣਾ ਸੱਚਾ ਗਿਆਨ ਸਮਝਾਉਣ ਦੁਆਰਾ ਉਹਨਾਂ ਦੇ ਮਨ ਰੂਪ ਕਮਲ ਨੂੰ ਖਿੜਾਇਆ ਹੈ। ਮਨ

ਦੀ ਇਸ ਮਤਿ ਦੁਆਰਾ ਹੀ ਉਸਦੇ ਭਗਤ ਸਦਾ ਖੇੜੇ ਵਿੱਚ ਰਹਿੰਦੇ ਹਨ। ਮਨ ਦੇ ਵਿੱਚ ਪ੍ਰਮਾਤਮਾ ਨੇ ਜਿਹੋ ਜਿਹਾ ਭੰਡਾਰ ਉਹਨਾਂ ਨੂੰ ਸੌਂਪਿਆ ਹੈ ਉਹੀ ਭਗਤੀ ਦਾ ਭੰਡਾਰ ਉਹਨਾਂ ਨੇ ਸਾਨੂੰ ਗੁਰਬਾਣੀ ਰਾਹੀਂ ਸੌਂਪਿਆ ਹੈ। ਇਸ ਭਗਤੀ ਦੇ ਭੰਡਾਰ

ਰਾਹੀਂ ਹੀ ਪ੍ਰਮਾਤਮਾ ਨੇ ਗੁਰਬਾਣੀ ਨੂੰ ਆਪਣਾ ਭਗਤੀ ਸਮਝਾਉਣ ਦਾ ਠੇਕੇਦਾਰ ਸੌਂਪਿਆ ਹੋਇਆ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਕਰਨ ਦਾ ਮਾਰਗ ਹੀ ਸਮਝਾਉਂਦਾ ਹੈ। **(ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥ ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥)**

ਸਾਡੇ ਅੰਦਰ ਮਨ ਰੂਪ ਕਮਲ ਖਿੜਾਉਣ ਤੋਂ ਬਾਅਦ ਪ੍ਰਮਾਤਮਾ ਸਾਨੂੰ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਭਰਮ ਵਿੱਚੋਂ ਹੀ ਕੱਢਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ॥”

ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਸਭ ਨੂੰ ਪ੍ਰਮਾਤਮਾ ਨੇ ਅਗਿਆਨਤਾ ਦੀ ਨੀਂਦ ਵਿੱਚ ਹੀ ਸਵਾਇਆ ਹੋਇਆ ਹੈ, ਮਾਇਆ ਮੋਹ ਵਿੱਚ ਸਵਾਇਆ ਹੋਇਆ ਹੈ ਤੇ ਜਿਸਨੂੰ ਪ੍ਰਮਾਤਮਾ ਇਸ ਨੀਂਦ ਤੋਂ ਜਗਾਉਂਦਾ ਹੈ ਉਸਦੇ ਮਨ ਦਾ ਭਰਮ ਹੀ ਕੱਢਦਾ ਹੈ, ਆਪ ਅੰਦਰ ਪ੍ਰਗਟ ਹੋ ਕੇ ਕੱਢਦਾ ਹੈ, ਆਪਣੇ ਚੌਥੇ ਪਦ ਦਾ ਗਿਆਨ ਬਖਸ਼ ਕੇ ਕੱਢਦਾ ਹੈ, ਸਾਡੀ ਪੁੱਠੀ ਮਤਿ ਨੂੰ, ਮਨ ਦੇ ਪੁੱਠੇ ਕਮਲ ਨੂੰ ਸਿੱਧਾ ਕਰਕੇ ਕੱਢਦਾ ਹੈ। ਜਦ ਤੱਕ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਦਰਸ਼ਨ ਨਹੀਂ ਦਿੰਦਾ ਕੋਈ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿ ਇਹ ਮਨ ਰੂਪ ਕਮਲ ਕੀ ਹੈ, ਇਸਦਾ ਪੁੱਠਾ ਹੋਣਾ ਕੀ ਹੈ ਤੇ ਇਸਦਾ ਸਿੱਧਾ ਹੋਣਾ ਕੀ ਹੈ।

ਪ੍ਰਮਾਤਮਾ ਜਿਸਦੇ ਨਾਲ ਆਪਣਾ ਪਿਆਰ ਜੋੜਦਾ ਹੈ ਉਸਨੂੰ ਮਨ ਵਿੱਚ ਦਰਸ਼ਨ ਦੇ ਕੇ ਜੋੜਦਾ ਹੈ। ਮਨੁੱਖ ਦਾ ਸੋਹਣਾ ਰੂਪ ਮਨ ਦੀ ਸੋਝੀ ਦੁਆਰਾ ਹੀ ਬਣਦਾ ਹੈ ਤੇ ਪ੍ਰਮਾਤਮਾ ਜਿਸ ਦਾ ਰੂਪ ਸਵਾਰਦਾ ਹੈ ਉਸਨੂੰ ਭਗਤੀ ਦਾ ਗਿਆਨ ਬਖਸ਼ ਕੇ ਆਪ ਹੀ ਉਸ ਕੋਲੋਂ ਆਪਣੀ ਭਗਤੀ ਕਰਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਕੋਲੋਂ ਕਰਵਾਈ ਹੈ। **(ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ॥)** ਹਰ ਦੇ ਨਾਲ ਪਿਆਰ ਉਸ ਨੂੰ ਹੀ ਹੈ ਜਿਸ ਨੂੰ ਹਰਿ ਦੀ ਮਤਿ ਦੇ ਨਾਲ ਪਿਆਰ ਹੈ। ਆਪਣੀ ਮਤਿ ਦੇ ਨਾਲ ਹਰਿ ਆਪ ਹੀ ਜੋੜਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ।

ਜਿਸਨੂੰ ਪ੍ਰਮਾਤਮਾ ਇਹੋ ਜਿਹੀ ਮਤਿ ਬਖਸ਼ਦਾ ਹੈ, ਭਗਤੀ ਵਾਲੀ ਮਤਿ ਬਖਸ਼ਦਾ ਹੈ, ਸੱਚੀ ਗੁਰਮਤਿ ਬਖਸਦਾ ਹੈ ਉਹੀ ਪ੍ਰਮਾਤਮਾ ਦੀ ਨਾਰ ਹੈ ਜੋ ਉਸਦੇ ਦਰ ਤੇ ਸ਼ੋਭਦੀ ਹੈ ਭਾਵ ਉਹੀ ਨਾਰ ਉਸ ਦੀ ਸੁਹਾਗਣ ਬਣਦੀ ਹੈ ਜਿਸਨੂੰ ਉਹ ਆਪ ਬਣਾਉਂਦਾ ਹੈ। ਆਪਣੇ ਪਿਰ ਨੂੰ ਉਹੀ ਪਾਉਂਦੀ ਹੈ ਭਾਵ ਪ੍ਰਮਾਤਮਾ ਨੂੰ ਉਹੀ ਨਾਰ ਪਾਉਂਦੀ ਹੈ ਜਿਸ ਦੇ ਮਨ ਵਿੱਚੋਂ ਭਰਮ ਕੱਢ ਕੇ, ਅਗਿਆਨਤਾ ਕੱਢ ਕੇ ਆਪਣੇ ਨਾਲ ਮਿਲਾਉਂਦਾ ਹੈ, ਜਿਸਦੇ ਮਨ ਵਿੱਚ ਆਪਣਾ ਕਮਲ ਖਿੜਾਉਂਦਾ ਹੈ। ਪ੍ਰਮਾਤਮਾ ਆਪਣੀ ਸੁਹਾਗਣ ਨੂੰ ਮਨ ਦੀ ਸੇਜ ਤੇ ਹੀ ਰਵਦਾ ਹੈ, ਨਿਰਗੁਣ ਰੂਪ ਵਿੱਚ ਹੀ ਰਵਦਾ ਹੈ।

22/2396

ਮਨ ਦੇ ਵਿੱਚ ਸੱਚੇ ਵਿਚਾਰ ਦੇਣ ਦੁਆਰਾ ਰਵਦਾ ਹੈ ਜਿੰਨ੍ਹਾਂ ਵਿਚਾਰਾਂ ਦੁਆਰਾ ਉਸਦੀ ਭਗਤੀ ਸਮਝ ਆਉਂਦੀ ਹੈ ਤੇ ਦ੍ਰਿੜ ਹੁੰਦੀ ਹੈ। **(ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ॥ ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ॥)**

ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਵਾਲੀ ਅਵੱਸਥਾ ਸਮਝਾਈ ਹੈ, ਗੁਰਮੁਖਿ ਵਾਲੀ ਅਵੱਸਥਾ ਸਮਝਾਈ ਹੈ, ਭਗਤੀ ਦੇ ਸ਼ਿੰਗਾਰ ਦੀ ਅਵੱਸਥਾ ਸਮਝਾਈ ਹੈ ਜੋ ਸ਼ਿੰਗਾਰ ਪ੍ਰਮਾਤਮਾ ਆਪ ਹੀ ਕਰਾਉਂਦਾ ਹੈ। ਭਗਤੀ ਦੀ ਸੱਚੀ ਸੋਝੀ ਗੁਰੂ ਦੇ ਕੋਲ ਹੈ ਜੋ ਸਾਨੂੰ ਪ੍ਰਮਾਤਮਾ ਨੇ ਗੁਰਬਾਣੀ ਦੇ ਰਾਹੀਂ ਸਮਝਾਈ ਹੋਈ ਹੈ। ਗੁਰੂ ਕੋਲੋਂ ਭਗਤੀ ਸਮਝਣ ਦੀ ਬਜਾਇ ਅਨੇਕਾਂ ਹੀ ਭਗਤੀ ਦੇ ਉਹੋ ਜਿਹੇ ਸ਼ਿੰਗਾਰ ਕਰਦੇ ਹਨ ਜਿੰਨ੍ਹਾਂ ਦਾ ਸਾਨੂੰ ਕੋਈ ਲਾਭ ਨਹੀਂ ਮਿਲਦਾ ਤੇ ਉਹਨਾਂ ਦੀ ਗੱਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥
ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ॥
ਸੈਸਾਰੈ ਵਿਚਿ ਸੋਭ ਨ ਪਾਇਨੀ ਅਗੈ ਜਿ ਕਰੇ ਸੁ ਜਾਣੈ ਕਰਤਾਰੁ॥
ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ॥
ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ॥੨॥”

ਗੁਰੂ ਨੂੰ ਛੱਡ ਕੇ ਹਰ ਕੋਈ ਦੁਚਿੱਤੀ ਵਿੱਚ ਹੈ। ਭਗਤੀ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। **(ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ॥)** ਇਹ "ਦੁਹੁ" ਵਾਲੀ ਅਵੱਸਥਾ ਹੀ ਸਾਡੇ ਸਭ ਦੇ ਅੰਦਰ ਪੁੱਠੇ ਕਮਲ ਵਾਲੀ ਅਵੱਸਥਾ ਹੈ ਜਿਸ ਦੁਆਰਾ ਸਾਨੂੰ ਆਪਣੇ ਆਪ ਸੱਚ ਦੀ ਸਮਝ ਨਹੀਂ ਪੈਂਦੀ। ਅਸੀਂ ਅਨੇਕਾਂ ਹੀ ਇਹੋ ਜਿਹੇ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ ਭਾਵ ਸਰੀਰਕ ਜਪ ਤਪ ਆਦਿ ਕਰਦੇ ਹਾਂ ਜਿੰਨ੍ਹਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇਹ ਸਭ ਸਾਡੇ ਭਗਤੀ ਦੇ ਝੂਠੇ ਸ਼ਿੰਗਾਰ ਹੀ ਹਨ ਜਿੰਨ੍ਹਾਂ ਰਾਹੀਂ ਪ੍ਰਮਾਤਮਾ ਦੀ ਕੋਈ ਭਗਤੀ ਨਹੀਂ ਹੈ ਤੇ ਇਹੋ ਜਿਹੀ ਭਗਤੀ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਕੋਈ ਸ਼ੋਭਾ ਨਹੀਂ ਮਿਲਦੀ। ਸਾਨੂੰ "ਦੁਹੁ" ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ, ਚੰਗੇ ਪਾਸੇ ਜਾਂ ਮੰਦੇ ਪਾਸੇ ਲਾਉਣ ਵਾਲਾ ਉਹ ਆਪ ਹੀ ਹੈ ਪਰ ਸਾਨੂੰ ਸੱਚ ਸਮਝਾਉਣ ਵਾਲਾ ਵੀ ਉਹ ਆਪ ਹੀ ਹੈ ਜੋ ਉਸਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ। ਸੱਚ ਨਾਲ ਜੁੜਨ ਦਾ ਉੱਦਮ ਪ੍ਰਮਾਤਮਾ ਨੇ ਸਾਡੇ ਸਿਰ ਹੀ ਲਾਇਆ ਹੋਇਆ ਹੈ ਜੋ ਕਿ ਉਸਨੇ ਗੁਰਬਾਣੀ ਰਾਹੀਂ ਸਾਨੂੰ ਵਾਰ-ਵਾਰ ਸਮਝਾਇਆ ਹੈ। ਉੱਦਮ ਕਰਨ ਦਾ ਹੁਕਮ ਉਸਨੇ ਆਪ ਹੀ ਸਭ ਨੂੰ ਸੁਣਾਇਆ ਹੈ। ਸਾਡਾ ਫਰਜ਼ ਉਸਦੇ ਹੁਕਮ ਨੂੰ ਮੰਨਣ ਦਾ ਹੈ ਕਿਉਂਕਿ ਸਾਡੇ ਮਨ ਦੀ ਅਵੱਸਥਾ ਨੂੰ ਪ੍ਰਮਾਤਮਾ ਆਪ ਹੀ ਜਾਣਦਾ ਹੈ। ਅਗਰ ਉਸਨੇ ਉੱਦਮ ਸਾਡਾ ਲਗਾਇਆ ਹੈ ਫਿਰ ਇਹ ਬੇਵਜ੍ਹਾ ਨਹੀਂ ਹੋ ਸਕਦਾ, ਇਸ ਦੀ ਵਜ੍ਹਾ ਕੀ ਹੈ ਇਹ ਪ੍ਰਮਾਤਮਾ ਆਪ ਹੀ ਜਾਣਦਾ ਹੈ। ਸਾਨੂੰ ਕੇਵਲ ਉਸ ਦਾ ਹੁਕਮ ਸਿਰ ਮੱਥੇ ਮੰਨਣ ਦੀ ਲੋੜ ਹੈ।

22/2397

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਫੁਰਮਾਇਆ ਹੋਇਆ ਹੁਕਮ ਹੀ ਹੈ ਤੇ ਗੁਰਬਾਣੀ ਦੀ ਮਤਿ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਦੀ ਮਤਿ ਨੂੰ ਮੰਨਦੇ ਹਾਂ ਤਾਂ ਫਿਰ ਅਸੀਂ ਗੁਰੂ ਦੇ ਹੁਕਮ ਤੋਂ ਦੂਰ ਹੁੰਦੇ ਹਾਂ ਤੇ ਉਸਦੇ ਹੁਕਮ ਨੂੰ ਮੰਨਦੇ ਹਾਂ ਜੋ ਆਪ ਦੁਚਿੱਤੀ ਵਿੱਚ ਹੈ। ਸਾਨੂੰ ਭਗਤੀ ਦੇ ਸ਼ਿੰਗਾਰ ਸਮਝਾਉਣ ਵਾਲੇ ਬਹੁਤ ਹਨ ਪਰ ਉਹਨਾਂ ਪਿੱਛੇ ਲੱਗ ਕੇ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ ਤੇ ਗੁਰੂ ਨੂੰ ਆਪਣੇ ਆਪ ਤੋਂ ਨਾਰਾਜ਼ ਹੀ ਕਰਦੇ ਹਾਂ। ਜੇਕਰ ਗੁਰੂ ਨੂੰ ਖੁਸ਼ ਕਰਨਾ ਚਾਹੁੰਦੇ ਹੋ ਤਾਂ ਫਿਰ ਗੁਰੂ ਦੀ ਮਤਿ ਦੇ ਨਾਲ ਜੁੜਨਾ ਹੀ ਉਸਦੀ ਖੁਸ਼ੀ ਲੈਣ ਦਾ ਇੱਕੋ ਇੱਕ ਹੱਲ ਹੈ।

ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਾਨੂੰ ਇਹ ਹੋਰ ਵੀ ਸਪੱਸ਼ਟ ਹੋ ਜਾਵੇਗਾ ਕਿ ਸਾਡੇ ਅੰਦਰ ਕਮਲ ਦਾ ਬਿਗਸਣਾ ਕੀ ਹੈ ਤਾਂ ਜੋ ਅਸੀਂ ਕੇਵਲ ਉਸੇ ਦੀ ਗੱਲ ਨਾਲ ਜੁੜੀਏ, ਗੁਰੂ ਦੀ ਗੱਲ ਨਾਲ ਜੁੜੀਏ ਜਿਸਨੂੰ ਭਗਤੀ ਦੀ ਸੱਚੀ ਸੋਝੀ ਹੈ।

"ਵਾਜੈ ਪਉਣੁ ਤੈ ਆਪਿ ਵਜਾਏ॥ ਸਿਵ ਸਕਤੀ ਦੇਹੀ ਮਹਿ ਪਾਏ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ॥੨॥
ਅੰਧੇਰਾ ਚਾਨਣੁ ਆਪੇ ਕੀਆ॥ਏਕੋ ਵਰਤੈ ਅਵਰੁ ਨ ਬੀਆ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ॥੩॥"

(ਅੰਗ ੧੦੫੬)

ਸਾਡੇ ਅੰਦਰ ਸਵਾਸਾਂ ਦੀ ਕਿਰਿਆ ਪ੍ਰਮਾਤਮਾ ਦੇ ਗਿਆਨ ਦੁਆਰਾ ਹੀ ਚੱਲਦੀ ਹੈ ਜਿਸ ਦੁਆਰਾ ਸਾਡਾ ਜੀਵਨ ਚੱਲਦਾ ਹੈ ਤੇ ਇਸ ਨੂੰ ਚਲਾਉਣ ਵਾਲਾ ਨਿਰਗੁਣ ਰੂਪ ਪ੍ਰਮਾਤਮਾ ਆਪ ਹੈ ਜੋ ਕਿ ਸਭ ਦੇ ਅੰਦਰ ਹੀ ਹੈ, ਮਨ ਦੇ ਗਿਆਨ ਰੂਪ ਵਿੱਚ ਹੀ ਹੈ। ਉਹ ਸਾਡੇ ਸਭ ਦੇ ਅੰਦਰ "ਸਿਵ ਸਕਤੀ" ਦੇ ਰੂਪ ਵਿੱਚ ਹੀ ਵਿਚਰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਕਾਫੀ ਪਿੱਛੇ ਵੀ ਸਮਝਿਆ ਹੈ। "ਸਿਵ" ਰੂਪ ਪ੍ਰਮਾਤਮਾ ਆਪ ਹੈ ਤੇ "ਸਕਤੀ" ਰੂਪ ਉਸਦਾ ਮਾਇਆ ਰੂਪ ਹੈ ਜੋ ਕਿ ਸਿਵ ਦੇ ਹੁਕਮ ਅਨੁਸਾਰ ਚੱਲਦੀ ਹੈ। ਸਿਵ ਸਕਤੀ ਦੀ ਅਵੱਸਥਾ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਮਾਇਆ ਮੋਹ ਵਾਲੀ ਅਵੱਸਥਾ ਹੈ, ਪੁੱਠੇ ਕਮਲ ਵਾਲੀ ਅਵੱਸਥਾ ਹੈ ਤੇ ਸਭ ਦੇ ਅੰਦਰ ਪ੍ਰਮਾਤਮਾ ਨੇ ਇਹ ਅਵੱਸਥਾ ਪਾਈ ਹੋਈ ਹੈ। ਸਿਵ ਸਕਤੀ ਵਿੱਚ ਰਹਿੰਦਿਆਂ ਸਾਡੀ ਮਤਿ ਪੁੱਠੀ ਹੀ ਰਹਿੰਦੀ ਹੈ, ਦੁਬਿਧਾ, ਦੁਚਿੱਤੀ ਵਿੱਚ ਰਹਿੰਦੀ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਦੇ ਅੰਦਰ ਮਨ ਦੀ ਇਸ ਅਵੱਸਥਾ ਨੂੰ ਉਲਟ ਦਿੰਦਾ ਹੈ ਭਾਵ ਪੁੱਠੇ ਕਮਲ ਨੂੰ ਸਿੱਧਾ ਕਰ ਦਿੰਦਾ ਹੈ, ਪੁੱਠੀ ਮਤਿ ਨੂੰ ਸਿੱਧੀ ਕਰ ਦਿੰਦਾ ਹੈ। ਸਾਡੀ ਮਤਿ ਨੂੰ ਉਹ ਆਪਣੇ "ਗਿਆਨ ਰਤਨੁ" ਦੁਆਰਾ ਸਿੱਧਾ ਕਰਦਾ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਨੂੰ ਉਹ ਆਪਣੇ "ਗਿਆਨ ਰਤਨੁ" ਦੁਆਰਾ ਕੱਢਦਾ ਹੈ। "ਗਿਆਨ ਰਤਨੁ" ਰੂਪ ਵਿੱਚ ਹੀ ਪ੍ਰਮਾਤਮਾ ਸਾਡੇ

ਅੰਦਰ ਵੱਸਦਾ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਪ੍ਰਮਾਤਮਾ ਦਾ ਇਹ ਰੂਪ ਹੀ ਉਸਦਾ "ਸਬਦੁ" ਰੂਪ ਹੈ

22/2398

ਜਿਸ ਦੁਆਰਾ ਉਹ ਆਪ ਹੀ ਗੁਰੂ ਹੈ। ਜਿਸ ਮਨ ਦੇ ਵਿੱਚ ਪ੍ਰਮਾਤਮਾ ਆਪਣਾ "ਸਬਦੁ" ਰੂਪ ਪ੍ਰਗਟ ਕਰਦਾ ਹੈ ਉਹ ਸਾਡੀ ਪੁੱਠੀ ਮਤਿ ਨੂੰ ਹੀ ਸਿੱਧਾ ਕਰਦਾ ਹੈ, ਆਪਣੇ "ਗਿਆਨ ਰਤਨੁ" ਦੇ ਪ੍ਰਕਾਸ਼ ਦੁਆਰਾ ਕਰਦਾ ਹੈ। "ਗਿਆਨ ਰਤਨੁ" ਉਸਦੇ ਸੱਚੇ ਗਿਆਨ ਦੀ ਸੋਝੀ ਦਾ ਰੂਪ ਹੈ, ਬ੍ਰਹਮ ਗਿਆਨ ਦੀ ਸੋਝੀ ਦਾ ਰੂਪ ਹੈ। ਪ੍ਰਮਾਤਮਾ ਆਪਣੇ ਇਸ "ਗਿਆਨ ਰਤਨੁ" ਦੁਆਰਾ ਹੀ ਸ਼ਬਦ ਰੂਪ ਵਿੱਚ ਹੀ ਵਿਚਰਦਾ ਹੈ। **(ਵਾਜੈ ਪਉਣੁ ਤੈ ਆਪਿ ਵਜਾਏ॥ ਸਿਵ ਸਕਤੀ ਦੇਹੀ ਮਹਿ ਪਾਏ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ॥੨॥)** ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ "ਸਬਦੁ" ਰੂਪ ਪ੍ਰਗਟ ਕੀਤਾ ਹੈ, ਗੁਰੂ ਰੂਪ ਪ੍ਰਗਟ ਕੀਤਾ ਹੈ ਉਹਨਾਂ ਰਾਹੀਂ ਉਸਨੇ "ਗਿਆਨ ਰਤਨੁ" ਦਾ ਪ੍ਰਕਾਸ਼ ਕੀਤਾ ਹੈ ਭਾਵ ਆਪਣੇ ਸੱਚੇ ਗਿਆਨ ਦੀ ਸੋਝੀ ਦਾ ਪ੍ਰਕਾਸ਼ ਕੀਤਾ ਹੈ, ਗੁਰਮਤਿ ਦਾ ਪ੍ਰਕਾਸ਼ ਕੀਤਾ ਹੈ ਤੇ ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਕੀਤਾ ਹੋਇਆ ਪ੍ਰਕਾਸ਼ ਹੈ, ਉਸਦਾ "ਗਿਆਨ ਰਤਨੁ" ਹੈ। ਗੁਰੂ ਦੇ ਹਰ ਸ਼ਬਦ ਵਿੱਚ ਉਸਦਾ ਗਿਆਨ ਰਤਨੁ ਹੈ, ਗੁਰਮਤਿ ਰੂਪ ਰਤਨ ਹੈ, ਗੁਰਮਤਿ ਰੂਪ ਸੋਝੀ ਹੈ, ਸੱਚ ਦੀ ਸੋਝੀ ਹੈ। ਜਿਸਨੂੰ ਵੀ ਪ੍ਰਮਾਤਮਾ ਆਪਣੇ ਸੱਚ ਦੀ ਸੋਝੀ ਪਾਉਂਦਾ ਹੈ ਉਸਦੀ ਮਤਿ ਦੇ ਵਿੱਚ ਆਪਣੇ ਗਿਆਨ ਦਾ ਪ੍ਰਕਾਸ਼ ਹੀ ਕਰਦਾ ਹੈ ਜਿਸ ਦੁਆਰਾ ਸਾਡੀ ਪੁੱਠੀ ਮਤਿ ਸਿੱਧੀ ਹੁੰਦੀ ਹੈ, ਸਾਡੇ ਮਨ ਦਾ ਪੁੱਠਾ ਕਮਲ ਸਿੱਧਾ ਹੁੰਦਾ ਹੈ ਭਾਵ ਸਾਡੇ ਮਨ ਦਾ ਕਮਲ ਖਿੜਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅੰਧੇਰਾ ਚਾਨਣੁ ਆਪੇ ਕੀਆ॥ ਏਕੋ ਵਰਤੈ ਅਵਰੁ ਨ ਬੀਆ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ॥੩॥"

ਉਪਰਲੀਆਂ ਪੰਗਤੀਆਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਇੱਥੇ ਵੀ ਸਾਨੂੰ ਸਿਵ ਸਕਤੀ ਵਾਲੀ ਬਿਰਤੀ ਹੀ ਸਮਝਾਈ ਹੋਈ ਹੈ ਜੋ ਅਸੀਂ ਇਸ ਤੋਂ ਪਹਿਲੇ ਪਦੇ ਦੁਆਰਾ ਸਮਝੀ ਹੈ। ਸਾਰੀ ਗੱਲ ਸਾਡੇ ਮਨ ਦੇ ਹਨ੍ਹੇਰੇ ਜਾਂ ਚਾਨਣ ਦੇ ਨਾਲ ਜੁੜੀ ਹੋਈ ਹੈ। ਜਦ ਤੱਕ ਅਸੀਂ ਸਿਵ ਸਕਤੀ ਵਾਲੀ ਅਵੱਸਥਾ ਵਿੱਚ ਹਾਂ, ਤ੍ਰੈਗੁਣਾਂ ਵਿੱਚ ਹਾਂ ਤਦ ਤੱਕ ਅਸੀਂ ਮਨ ਦੇ ਹਨ੍ਹੇਰੇ ਵਿੱਚ ਹਾਂ ਭਾਵ ਅਗਿਆਨਤਾ ਵਿੱਚ ਹਾਂ, ਭਰਮ ਵਿੱਚ ਹਾਂ। ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਤ੍ਰੈਗੁਣਾਂ ਵਾਲੀ ਅਵੱਸਥਾ ਪਾਈ ਹੋਈ ਹੈ, ਪੁੱਠੀ ਮਤਿ ਪਾਈ ਹੋਈ ਹੈ ਉਹੀ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ, ਮਨ ਦੇ ਵਿੱਚ ਆਪਣੇ ਗਿਆਨ ਦੇ ਪਰਕਾਸ਼ ਦੁਆਰਾ ਹੀ ਕੱਢਦਾ ਹੈ ਪਰ ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਉਹ ਕਿਸੇ ਦੇ ਅੰਦਰ ਆਪਣੇ ਗਿਆਨ ਦਾ ਪ੍ਰਕਾਸ਼ ਕਰ ਦਿੰਦਾ ਹੈ। ਉਸ ਤੋਂ ਬਾਅਦ ਹੀ ਇਹ ਵਿਸ਼ਵਾਸ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਭ ਤੋਂ ਪਹਿਲੇ ਸਾਨੂੰ ਆਪਣੇ ਆਪ ਦੀ ਪਹਿਚਾਣ

22/2399

ਹੁੰਦੀ ਹੈ ਕਿ ਅਸੀਂ ਕੀ ਹਾਂ। ਅਸਲ ਵਿੱਚ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਸ ਗੱਲ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਆਪਣੇ ਆਪ ਦੀ ਸੋਝੀ ਪਏ ਬਿਨ੍ਹਾਂ, ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣੇ ਬਿਨ੍ਹਾਂ, ਉਸਦੇ ਸ਼ਬਦ ਰੂਪ ਨੂੰ ਜਾਣੇ ਬਿਨ੍ਹਾਂ, ਗਿਆਨ ਰੂਪ ਨੂੰ ਜਾਣੇ ਬਿਨ੍ਹਾਂ ਪ੍ਰਮਾਤਮਾ ਦਾ ਇਹ ਰੂਪ ਤਦ ਤੱਕ ਕਿਸੇ ਹੋਰ ਵਿੱਚ ਨਜ਼ਰ ਨਹੀਂ ਆਉਂਦਾ ਤੇ ਨਾ ਹੀ ਕਦੇ ਕੋਈ ਇਸ ਗੱਲ ਤੇ ਵਿਸ਼ਵਾਸ ਕਰ ਸਕਦਾ ਹੈ ਕਿ ਮਨੁੱਖ ਆਪ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਉਸਦਾ ਅਸਲ ਰੂਪ ਨਿਰਗੁਣ ਰੂਪ ਹੈ ਜੋ ਕਦੇ ਬਿਨਸਨ ਵਾਲਾ ਨਹੀਂ ਹੈ ਤੇ ਸਰਗੁਣ ਰੂਪ ਕੇਵਲ ਉਸਦੀ ਰਚਨਾ ਹੈ ਜਿਸ ਨੂੰ ਉਹ ਆਪ ਹੀ ਬਣਾ ਕੇ ਚਲਾ ਰਿਹਾ ਹੈ। ਸਾਰੇ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਜੋ ਮਨੁੱਖ ਗਿਆਨ ਨੂੰ ਆਪਣਾ ਕਹਿੰਦਾ ਹੈ, ਆਪਣੇ ਆਪ ਨੂੰ ਉੱਚਾ ਸਮਝਦਾ ਹੈ ਉਸ ਨੂੰ ਫਿਰ ਪ੍ਰਮਾਤਮਾ ਦੀ ਰੱਤੀ ਭਰ ਵੀ ਸਮਝ ਨਹੀਂ ਹੈ। ਅਸਲ ਬੁਧਿ ਵਾਲਾ ਉਹ ਹੈ, ਸੱਚੀ ਬੁਧਿ ਵਾਲਾ ਉਹ ਹੈ ਜੋ ਪ੍ਰਮਾਤਮਾ ਨੂੰ ਗੁਰੂ ਦੇ ਰੂਪ ਵਿੱਚ ਜਾਣਦਾ ਹੈ, ਸ਼ਬਦ ਨੂੰ ਗੁਰੂ ਦੇ ਰੂਪ ਵਿੱਚ ਜਾਣਦਾ ਹੈ ਨਾ ਕਿ ਕਿਸੇ ਮਨੁੱਖੀ ਸਰੀਰ ਨੂੰ, ਦੇਹ ਰੂਪ ਨੂੰ। ਗੁਰਬਾਣੀ ਦੇ ਰਚਣ ਵਾਲਿਆਂ ਵਿੱਚ ਤੇ ਵੇਦਾਂ ਸ਼ਾਸਤਰਾਂ ਦੇ ਰਚਣ ਵਾਲਿਆਂ ਵਿੱਚ ਇਸੇ ਗੱਲ ਦਾ ਭੇਦ ਹੈ ਕਿ ਗਿਆਨ ਦਾ ਮਾਲਕ ਕੌਣ ਹੈ। ਗਿਆਨ ਦੇ ਮਾਲਕ ਦੀ ਸੋਝੀ ਉਸ ਨੂੰ ਹੀ ਪੈਂਦੀ ਹੈ ਜਿਸਦੇ ਅੰਦਰ ਦਾ ਕਮਲ ਖਿੜ ਜਾਂਦਾ ਹੈ, ਸਿੱਧਾ ਹੋ ਜਾਂਦਾ ਹੈ ਜਿਵੇਂ

ਕਿ ਗੁਰਬਾਣੀ ਦੇ ਰਚਣ ਵਾਲਿਆਂ ਦਾ ਹੋਇਆ ਹੈ। **(ਅੰਧੇਰਾ ਚਾਨਣੁ ਆਪੇ ਕੀਆ॥ਏਕੋ ਵਰਤੈ ਅਵਰੁ ਨ ਬੀਆ॥ ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ॥੩॥)**

ਆਪਣੇ ਆਪ ਨੂੰ ਸੰਤ, ਬ੍ਰਹਮ ਗਿਆਨੀ, ਧਰਮ ਦਾ ਵਿਦਵਾਨ ਉਹੀ ਅਖਵਾ ਸਕਦਾ ਹੈ ਜਿਸਦੇ ਅੰਦਰ ਦਾ ਕਮਲ ਪੁੱਠਾ ਹੈ। ਇਹ ਮਨ ਦਾ ਕਮਲ ਤਾਂ ਪ੍ਰਮਾਤਮਾ ਨੇ ਬ੍ਰਹਮਾ, ਬਿਸਨ, ਮਹੇਸ਼ ਆਦਿ ਦਾ ਵੀ ਸਿੱਧਾ ਨਹੀਂ ਕੀਤਾ ਜਿਸ ਕਰਕੇ ਉਹਨਾਂ ਨੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ, ਅਕਾਰ ਰੂਪ ਨੂੰ ਉੱਚਾ ਅਖਵਾਇਆ ਹੈ ਤੇ ਉਹਨਾਂ ਨੂੰ ਪ੍ਰਮਾਤਮਾ ਦੇ ਸ਼ਬਦ ਦੀ ਸੋਝੀ ਹੀ ਨਹੀਂ ਪਈ ਕਿ ਅਸਲ ਵਿੱਚ ਗੁਰੂ ਕੌਣ ਹੈ, ਗਿਆਨ ਦਾ ਮਾਲਕ ਕੌਣ ਹੈ, ਗਿਆਨ ਦਾ ਸ੍ਰੋਤ ਕੀ ਹੈ।

22/2400

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥ ਅੰਤਰਿ ਤਾਮਸੁ ਆਪੁ ਨ ਪਛਾਣੈ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥}

(ਅੰਗ ੨੩੧)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ॥੧॥}

(ਅੰਗ ੮੫੨)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ॥੩॥}

(ਅੰਗ ੭੩੫)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ॥੧੪॥}

(ਅੰਗ ੧੦੩੨)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ "ਸਤਿਗੁਰੁ" ਅਸਲ ਵਿੱਚ ਕੌਣ ਹੈ। ਸਤਿਗੁਰ ਆਪ ਅਲਖ ਹੈ ਭਾਵ ਆਪ ਪ੍ਰਮਾਤਮਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਲਖਿਆ ਹੈ ਭਾਵ ਵੇਖਿਆ ਹੈ ਉਹਨਾਂ ਨੇ ਹੀ "ਸਤਿਗੁਰੁ" ਨੂੰ ਜਾਣਿਆ ਹੈ ਕਿ ਉਸਦਾ ਰੂਪ ਕੀ ਹੈ। "ਸਤਿਗੁਰੁ" ਆਪ 'ਨਿਰਗੁਣ' ਰੂਪ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਆਪ ਸਤਿਗੁਰ ਹੈ ਪਰ ਉਹ ਆਪ "ਅਲਖੁ" ਹੈ ਜੋ ਕਿ ਗੁਰਬਾਣੀ ਵਿੱਚ ਨਿਰਗੁਣ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਇਸ ਰੂਪ ਨੂੰ ਵੇਖੇ ਬਿਨ੍ਹਾਂ, ਉਸਦਾ ਗੁਰੂ ਰੂਪ ਵੇਖੇ ਬਿਨ੍ਹਾਂ ਸਾਨੂੰ ਇਹ ਕਦੇ ਸਮਝ ਨਹੀਂ ਲੱਗ ਸਕਦੀ ਕਿ ਗੁਰੂ ਅਸਲ ਵਿੱਚ ਆਪ ਪ੍ਰਮਾਤਮਾ ਹੀ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਉਹ ਸਤਿਗੁਰੁ ਦੇ ਨਾਲ, ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ। ਸਿਵਾਇ ਗੁਰਬਾਣੀ ਦੇ ਕਿਸੇ ਕੋਲ ਉਹ ਬ੍ਰਹਮ ਗਿਆਨ ਨਹੀਂ ਹੈ ਜਿਸ ਦੇ ਨਾਲ ਜੁੜ ਕੇ ਅਸੀਂ ਉਸ ਬ੍ਰਹਮ ਗਿਆਨ ਦੇ ਮਾਲਕ ਨਾਲ ਜੁੜ ਸਕਦੇ ਹਾਂ, ਉਸਨੂੰ ਪਾ ਸਕਦੇ ਹਾਂ, ਉਸ ਨਿਰਗੁਣ ਰੂਪ ਬ੍ਰਹਮ ਗਿਆਨੀ ਦੇ ਨਾਲ ਮਿਲ ਸਕਦੇ ਹਾਂ। ਜੇਕਰ ਅਸੀਂ ਦੇਹ ਰੂਪ ਬ੍ਰਹਮ ਗਿਆਨੀਆਂ ਨਾਲ ਜੁੜੇ ਰਹਾਂਗੇ, ਸੰਤ ਆਦਿ ਅਖਵਾਉਣ ਵਾਲਿਆਂ ਨਾਲ

22/2401

ਜੁੜੇ ਰਹਾਂਗੇ ਫਿਰ ਅਸੀਂ ਉਸ ਨਿਰਗੁਣ ਰੂਪ ਬ੍ਰਹਮ ਗਿਆਨੀ ਤੱਕ ਕਦੇ ਨਹੀਂ ਪਹੁੰਚ ਸਕਦੇ। ਪਹਿਲਾਂ ਸਾਡੇ ਲਈ ਸਭ ਤੋਂ ਜਰੂਰੀ ਸਮਝਣ ਦੀ ਗੱਲ ਇਹੀ ਹੈ ਕਿ ਅਸੀਂ ਮਤਿ ਕਿਹੜੇ ਬ੍ਰਹਮ ਗਿਆਨੀ ਦੇ ਕੋਲੋਂ ਲੈਣੀ ਹੈ ਭਾਵ ਉਸ ਬ੍ਰਹਮ ਗਿਆਨੀ ਦੇ ਕੋਲੋਂ ਲੈਣੀ ਹੈ, ਗੁਰਬਾਣੀ ਰੂਪ ਬ੍ਰਹਮ ਗਿਆਨੀ ਦੇ ਕੋਲੋਂ ਲੈਣੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਾਂ ਉਹਨਾਂ ਦੇ ਕੋਲੋਂ ਮਤਿ ਲੈਣੀ ਜੋ ਆਪ ਹੀ ਆਪਣੇ ਆਪ ਨੂੰ ਬ੍ਰਹਮ ਗਿਆਨੀ ਥਾਪ ਕੇ ਬੈਠੇ ਹਨ ਜਾਂ ਅਸੀਂ ਉਹਨਾਂ ਨੂੰ ਆਪਣੀ ਮਤਿ ਦੁਆਰਾ ਇਹ ਰੁਤਬਾ ਦਿੱਤਾ ਹੋਇਆ ਹੈ। ਹਰ ਕੋਈ ਤ੍ਰੈ-ਗੁਣਾਂ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ ਭਾਵੇਂ ਕੋਈ ਬ੍ਰਹਮ ਗਿਆਨੀ ਅਖਵਾਉਣ ਵਾਲਾ ਹੈ ਜਾਂ ਉਹਨਾਂ ਨੂੰ ਇਹ ਕੁੱਝ ਸਮਝਣ ਵਾਲਾ ਹੈ। ਹਰ ਕੋਈ ਭਰਮ ਵਿੱਚ ਹੀ ਹੈ। ਭਰਮ ਰਹਿਤ ਕੇਵਲ ਗੁਰਬਾਣੀ ਹੈ ਤੇ ਉਸਦੇ ਨਾਲ ਜੁੜੇ ਬਿਨਾਂ ਅਸੀਂ ਕਦੇ ਭਰਮ ਰਹਿਤ ਨਹੀਂ ਹੋ ਸਕਦੇ, ਕਦੇ ਭਰਮ ਦੇ ਬੰਧਨ ਤੋਂ ਮੁਕਤ ਨਹੀਂ ਹੋ ਸਕਦੇ, ਕਦੇ ਸੰਸਾਰਿਕ ਆਵਾਗਉਣ ਤੋਂ ਮੁਕਤ ਨਹੀਂ ਹੋ ਸਕਦੇ। ਮੁਕਤੀ ਅਸੀਂ ਭਰਮ ਤੋਂ ਹੀ ਪਾਉਣੀ ਹੈ ਜੋ ਕਿ ਕੇਵਲ ਸੱਚੇ ਬ੍ਰਹਮ ਗਿਆਨੀ ਦੇ ਕੋਲ ਹੈ, ਪੂਰੇ ਗੁਰੂ ਦੇ ਕੋਲ ਹੈ।

{ਸਚੁ ਸੰਜਮੁ ਸਤਿਗੁਰੂ ਦੁਆਰੈ॥ ਹਉਮੈ ਕ੍ਰੋਧੁ ਸਬਦਿ ਨਿਵਾਰੈ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ॥੫॥}

(ਅੰਗ ੧੦੫੭)

{ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥}

(ਅੰਗ ੯੭)

ਉਪਰਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ "ਸੰਤੁ" ਕੌਣ ਹਨ। ਸੰਤ ਆਪ ਪ੍ਰਮਾਤਮਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਆਪ ਹੀ ਗੁਰੂ ਰੂਪ ਹੈ, ਆਪ ਹੀ ਸੰਤ ਰੂਪ ਹੈ। ਆਪਣੇ ਆਪ ਦੇ ਨਾਲ ਪ੍ਰਮਾਤਮਾ ਆਪ ਹੀ ਮਿਲਾਉਂਦਾ ਹੈ, ਮਨ ਦੇ ਵਿੱਚ ਆਪ ਹੀ ਆਪਣੇ ਆਪ ਨਾਲ ਮਿਲਾਉਂਦਾ ਹੈ। ਆਪਣੇ ਅੰਦਰੋਂ ਉਸ "ਸੰਤੁ" ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿ ਸਾਰੇ ਸੰਸਾਰ ਦਾ "ਸੰਤੁ" ਕੇਵਲ ਇੱਕੋ ਹੀ ਹੈ ਜੋ ਸਭ ਦੇ ਅੰਦਰ ਹੀ ਹੈ। ਜਦ ਤੱਕ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਅਸੀਂ ਦੁਨਿਆਵੀ ਸੰਤਾਂ ਨਾਲ ਹੀ ਜੁੜੇ ਰਹਿੰਦੇ ਹਾਂ, ਉਹਨਾਂ ਨੂੰ ਉੱਚਾ ਸਮਝਦੇ ਰਹਿੰਦੇ ਹਾਂ। ਉਸ "ਸੰਤੁ" ਰੂਪ ਪ੍ਰਮਾਤਮਾ ਨੇ ਆਪਣੇ ਆਪ ਨੂੰ ਗੁਰਬਾਣੀ ਰਾਹੀਂ ਪ੍ਰਗਟ ਕੀਤਾ

22/2402

ਹੋਇਆ ਹੈ ਜੋ ਕਿ ਉਸਦਾ ਗੁਰੂ ਰੂਪ ਹੈ। ਪ੍ਰਮਾਤਮਾ ਦੇ ਇਸ ਗੁਰੂ ਰੂਪ ਨੂੰ ਜਾਣੇ ਬਿਨ੍ਹਾਂ ਅਸੀਂ ਉਸ "ਸੰਤੁ" ਰੂਪ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਕਿ ਉਸਦਾ ਨਿਰਗੁਣ ਰੂਪ ਹੈ। ਆਕਾਰ ਰੂਪ, ਦੇਹ ਰੂਪ, ਸਰਗੁਣ ਰੂਪ, ਦਿੱਸਣ ਵਾਲਾ ਰੂਪ "ਸੰਤੁ" ਰੂਪ ਨਹੀਂ ਹੈ। "ਸੰਤੁ" ਰੂਪ ਸਾਡੇ ਮਨ ਦੇ ਅੰਦਰ ਹੈ ਜੋ ਕਿ ਬ੍ਰਹਮ ਗਿਆਨ ਰੂਪ ਹੈ ਤੇ ਆਪਣੇ ਇਸ ਬ੍ਰਹਮ ਗਿਆਨ ਰੂਪ ਦੁਆਰਾ ਹੀ ਉਹ "ਸੰਤੁ" ਸਾਰੇ ਸੰਸਾਰ ਦਾ ਗੁਰੂ ਹੈ। ਦੁਨਿਆਵੀ ਸੰਤਾਂ ਦੇ ਨਾਲ ਜੁੜ ਕੇ ਅਸੀਂ ਉਸ ਅਸਲ ਸੰਤ ਤੱਕ ਕਦੇ ਨਹੀਂ ਪਹੁੰਚ ਸਕਦੇ। ਜੋ ਆਪਣੇ ਆਪ ਨੂੰ ਸੰਤ ਸਮਝਦਾ ਹੈ ਜਾਂ ਅਖਵਾਉਂਦਾ ਹੈ ਉਸ ਤੋਂ ਵੱਡੇ ਭਰਮ ਵਿੱਚ ਹੋਰ ਕੌਣ ਹੋ ਸਕਦਾ ਹੈ। ਜੋ ਆਪ ਭਰਮੇ ਹੋਏ ਹਨ ਉਹਨਾਂ ਨੇ ਕਿਸੇ ਦਾ ਭਰਮ ਕੀ ਕੱਢਣਾ ਹੈ।

ਉਹ ਸੰਤ ਰੂਪ ਪ੍ਰਮਾਤਮਾ, ਗੁਰੂ ਰੂਪ ਪ੍ਰਮਾਤਮਾ ਆਪਣੇ "ਸਬਦੁ" ਰੂਪ ਦੁਆਰਾ ਹੀ ਗੁਰੂ ਹੈ ਤੇ ਸਭ ਜਗ੍ਹਾ ਆਪਣੇ "ਸਬਦੁ" ਦੁਆਰਾ ਹੀ ਵਿਚਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦਾ "ਸਬਦੁ" ਰੂਪ ਸਾਡੇ ਅੰਦਰ ਹੀ ਹੈ ਜੋ ਕਿ ਮਨ ਦੇ ਗਿਆਨ ਦੇ ਰੂਪ ਵਿੱਚ ਹੈ।ਪ੍ਰਮਾਤਮਾ ਦੇ ਇਸ ਸ਼ਬਦ ਰੂਪ ਨੂੰ ਜਾਣੇ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਗਿਆਨ ਪਾਉਣ ਵਾਲਾ ਕੌਣ ਹੈ। ਪ੍ਰਮਾਤਮਾ ਦੇ "ਸਬਦੁ' ਰੂਪ" ਦੀ ਸੋਝੀ ਬ੍ਰਹਮਾ ਨੂੰ ਵੀ ਨਹੀਂ ਪਈ ਜਿਸਨੇ ਆਪਣੇ ਆਪ ਨੂੰ ਵੇਦਾਂ ਦੇ ਰਚਣ ਵਾਲਾ ਕਿਹਾ ਹੈ। ਆਪਣੇ ਆਪ ਨੂੰ ਕੋਈ ਧਰਮ ਦਾ ਵਿਦਵਾਨ ਤਾਂ ਹੀ ਅਖਵਾ ਸਕਦਾ ਹੈ ਜਦ ਤੱਕ ਉਸਨੂੰ ਆਪਣੇ ਅੰਦਰੋਂ ਸ਼ਬਦ ਰੂਪ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ। ਸ਼ਬਦ ਰੂਪ ਦੀ ਸੋਝੀ ਪਏ ਬਿਨ੍ਹਾਂ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਵੀ ਨਹੀਂ ਪੈਂਦੀ। ਜਿੱਥੇ ਪ੍ਰਮਾਤਮਾ ਆਪਣਾ ਸ਼ਬਦ ਰੂਪ ਪ੍ਰਗਟ ਕਰਦਾ ਹੈ ਉਸ ਰਾਹੀਂ ਉਹ ਆਪਣਾ ਚੌਥਾ ਪਦ ਪ੍ਰਗਟ ਕਰਦਾ ਹੈ ਜਿਸ ਰਾਹੀਂ ਉਹ ਚੌਥੇ ਪਦ ਦਾ ਸੱਚਾ ਗਿਆਨ ਬਖਸ਼ਦਾ

ਹੈ ਜਿਵੇਂ ਕਿ ਉਸਨੇ ਗੁਰਬਾਣੀ ਰਾਹੀਂ ਬਖਸ਼ਿਆ ਹੈ। ਗੁਰਬਾਣੀ ਇਸੇ ਲਈ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਪਾਂਧਾ ਹੈ, ਪੰਡਿਤ ਹੈ ਜੋ ਸਾਨੂੰ ਸੱਚੀ ਧਰਮ ਦੀ ਸਿੱਖਿਆ ਦਿੰਦਾ ਹੈ। ਆਪਣੇ ਆਪ ਨੂੰ ਪਾਂਧਾ ਅਖਵਾਉਣ ਵਾਲੇ ਬਹੁਤ ਹਨ, ਸਿੱਖ ਜਗਤ ਵਿੱਚ ਵੀ ਬਹੁਤ ਹਨ ਜੋ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਸਮਝ ਕੇ ਧਰਮ

22/2403

ਦੀ ਸਿੱਖਿਆ ਸਮਝਾਉਂਦੇ ਹਨ ਪਰ ਅਸਲ ਵਿੱਚ ਝੂਠੀ ਸਿੱਖਿਆ ਦੇ ਨਾਲ ਜੋੜ ਕੇ ਦੂਸਰਿਆਂ ਦਾ ਭਾਰ ਵੀ ਆਪਣੇ ਸਿਰ ਪਾਉਂਦੇ ਹਨ ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾੜੇ ਬਣਦੇ ਹਨ। ਆਉ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

“ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ॥੩॥
ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥੪॥
ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ॥੫॥”

(ਅੰਗ ੪੩੪)

ਪ੍ਰਮਾਤਮਾ ਨੂੰ ਬੁੱਝਣ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ ਪਰ ਉਹ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਇਸ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਇਹ ਸੋਝੀ ਪ੍ਰਮਾਤਮਾ ਨੇ ਉਹਨਾਂ ਨੂੰ ਹੀ ਪਾਈ ਹੈ ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਸੱਚ ਸਮਝਾਇਆ ਹੈ, ਉਸਦਾ “ਸਬਦੁ” ਰੂਪ ਸਮਝਾਇਆ ਹੈ। ਪ੍ਰਮਾਤਮਾ ਦੇ ਸ਼ਬਦ ਰੂਪ ਨੂੰ ਜਾਣੇ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ ਤੇ ਉਸ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਸਭ ਦਾ ਜਨਮ ਬਿਰਥਾ ਹੀ ਜਾਂਦਾ ਹੈ। ਭਰਮ ਵਿੱਚ ਰਹਿੰਦੇ ਹੋਏ ਹੀ ਅਨੇਕਾਂ ਹੀ ਅਨੇਕਾਂ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾਉਂਦੇ ਹਨ, ਪਾਂਧਾ ਅਖਵਾਉਂਦੇ ਹਨ ਭਾਵ ਧਰਮ ਦੀ ਸਿੱਖਿਆ ਦੇਣ ਵਾਲਾ ਅਖਵਾਉਂਦੇ ਹਨ ਜਿਵੇਂ ਕਿ ਅਸੀਂ ਹਰ ਰੋਜ਼ ਇਸ ਗੱਲ ਨੂੰ ਦੇਖਦੇ ਹਾਂ। ਜਗ੍ਹਾ-ਜਗ੍ਹਾ ਇਹੋ ਜਿਹੇ ਪਾਂਧੇ ਬਣ ਕੇ ਬੈਠੇ ਹਨ ਤੇ ਉਹੋ ਜਿਹੀ ਸਿੱਖਿਆ ਸਮਝਾਉਂਦੇ ਹਨ ਜੋ ਪੂਰੇ ਗੁਰੂ ਦੀ ਕਸਵੱਟੀ ਤੋਂ ਬਿਲਕੁਲ ਵੀ ਖਰੀ ਨਹੀਂ ਉਤਰਦੀ “**ਅਣਹੋਦਾ ਨਾਉ ਧਰਾਇਓ ਪਾਧਾ**” ਤੋਂ ਭਾਵ ਹੈ ਕਿ ਇਹੋ ਜਿਹੇ ਆਪਣੇ ਆਪ ਨੂੰ ਉਹ ਕੁੱਝ ਅਖਵਾਉਂਦੇ ਹਨ ਜੋ ਅਸਲ ਵਿੱਚ ਇਹ ਨਹੀਂ ਹਨ ਭਾਵ ਸੱਚੀ ਸਿੱਖਿਆ ਦੀ ਸੋਝੀ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਸਿੱਖਿਆ ਦੇਣ ਦੇ ਲਾਇਕ ਸਮਝਦੇ ਹਨ, ਧਰਮ ਦੇ ਵਿਦਵਾਨ ਸਮਝਦੇ ਹਨ। ਧਰਮ ਦਾ ਵਿਦਵਾਨ ਉਹੀ ਹੈ ਜੋ ਉਸ ਪ੍ਰਮਾਤਮਾ ਨੂੰ ਜਾਣਦਾ ਹੈ। ਉਸਦੇ “ਸਬਦੁ” ਰੂਪ ਨੂੰ ਜਾਣਦਾ ਹੈ, ਉਸਦੇ “ਸੰਤੁ” ਰੂਪ ਨੂੰ ਜਾਣਦਾ ਹੈ। ਧਰਮ ਦਾ ਵਿਦਵਾਨ ਆਪ ਗੁਰਬਾਣੀ ਹੈ। ਸੱਚੀ ਸਿੱਖਿਆ ਦੀ ਮਤਿ ਨਾ ਹੁੰਦੇ ਹੋਏ ਵੀ ਜੋ ਦੂਸਰਿਆਂ ਨੂੰ ਸਿੱਖਿਆ ਦਿੰਦੇ ਹਨ ਉਹ ਅਸਲ ਵਿੱਚ ਉਹਨਾਂ ਨੂੰ ਭਰਮ ਵਿੱਚ ਹੀ ਪਾਉਂਦੇ ਹਨ ਭਾਵ ਪੁੱਠੀ ਸਿੱਖਿਆ ਦੇ ਕੇ ਉਹਨਾਂ ਦਾ ਭਾਰ ਵੀ ਆਪਣੇ ਸਿਰ ਚੜਾਉਂਦੇ ਹਨ। ਕਿਸੇ ਨੂੰ ਗਲਤ ਮਾਰਗ ਦਿਖਲਾਉਣਾ, ਸੱਚ ਦੀ ਬਜਾਏ ਝੂਠਾ ਮਾਰਗ ਦਿਖਾਉਣਾ ਆਪਣੇ ਸਿਰ ਬੋਝ ਚੜਾਉਣ ਵਾਲੀ ਗੱਲ ਹੀ ਹੈ। **(ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ॥ ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ॥੩॥)**

ਸਾਡੇ ਅੰਦਰ ਭਰਮ ਦਾ ਕਾਰਨ ਕੀ ਹੈ ਜਿਸ ਕਰਕੇ ਅਸੀਂ ਸੱਚੀ, ਸੋਝੀ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਸੂਝਵਾਨ ਸਮਝਦੇ ਹਾਂ ਇਹੀ ਗੱਲ

22/2404

ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥੪॥”

ਸਭ ਨੂੰ ਪ੍ਰਮਾਤਮਾ ਨੇ ਆਪ ਹੀ ਭਰਮ ਵਿੱਚ ਰੱਖਿਆ ਹੋਇਆ ਹੈ। ਸਾਨੂੰ ਜੋ ਵੀ ਸੋਝੀ ਪੈਂਦੀ ਹੈ ਉਹ ਮਨ ਦੀ ਜੋਤਿ ਰਾਹੀਂ ਪੈਂਦੀ ਹੈ ਤੇ ਸਾਡੇ ਸਭ ਦੇ ਅੰਦਰ ਜੋਤਿ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਜੋਤਿ ਹੀ ਸਾਡੇ ਅੰਦਰ ਉਸਦਾ "ਸਬਦੁ" ਰੂਪ ਹੈ, ਗਿਆਨ ਰੂਪ ਹੈ ਜਿਸ ਰਾਹੀਂ ਉਹ ਸਭ ਨੂੰ ਮਨ ਦੇ ਵਿੱਚ ਹੀ ਆਪਣਾ ਗਿਆਨ ਵੰਡਦਾ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਵੰਡਦਾ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਵੰਡਦਾ ਹੈ। ਅਸੀਂ ਜੋ ਕੁੱਝ ਵੀ ਜਾਣਦੇ ਹਾਂ ਮਨ ਦੀ ਸੋਝੀ ਦੁਆਰਾ ਹੀ ਜਾਣਦੇ ਹਾਂ, ਮਨ ਦੀ ਜੋਤ ਰਾਹੀਂ ਹੀ ਜਾਣਦੇ ਹਾਂ। ਸਾਡੇ ਅੰਦਰ ਮਨ ਦੀ ਸੋਝੀ ਨੂੰ ਪ੍ਰਮਾਤਮਾ ਨੇ ਆਪ ਹੀ ਹਿਰਿਆ ਹੋਇਆ ਹੈ ਭਾਵ ਸਾਨੂੰ ਆਪ ਹੀ ਭਰਮ ਵਿੱਚ ਰੱਖਿਆ ਹੋਇਆ ਹੈ। ਇਸ ਭਰਮ ਵਿੱਚੋਂ ਕੱਢਣ ਲਈ ਪ੍ਰਮਾਤਮਾ ਨੇ ਸਾਨੂੰ ਆਪਣੀ "ਸਬਦੁ" ਰੂਪ ਗੁਰਬਾਣੀ ਦਿੱਤੀ ਹੈ ਤੇ ਉਸਦੇ ਨਾਲ ਜੁੜੇ ਬਿਨ੍ਹਾਂ ਅਸੀਂ ਭਰਮ ਵਿੱਚੋਂ ਨਹੀਂ ਨਿਕਲ ਸਕਦੇ। "ਸਬਦੁ" ਰੂਪ ਗੁਰਬਾਣੀ ਦੀ ਮਤਿ ਨਾਲ ਜੁੜੇ ਬਿਨ੍ਹਾਂ, ਉਸਨੂੰ ਆਪਣੇ ਅੰਦਰ ਵਸਾਏ ਬਿਨ੍ਹਾਂ ਅਸੀਂ ਉਸ "ਏਕੁ ਸ਼ਬਦੁ" ਨੂੰ ਨਹੀਂ ਜਾਣ ਸਕਦੇ। "ਏਕੁ ਸਬਦੁ" ਆਪ ਪ੍ਰਮਾਤਮਾ ਹੈ ਜੋ ਉਸਦਾ ਬ੍ਰਹਮ ਗਿਆਨ ਰੂਪ ਹੈ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਸਭ ਵਿੱਚ ਸਮਾਇਆ ਹੋਇਆ ਹੈ। ਪੂਰੀ ਗੁਰਾਬਣੀ ਵਿੱਚ ਪ੍ਰਮਾਤਮਾ ਦਾ "ਏਕੁ ਸਬਦੁ" ਰੂਪ ਹੀ ਹੈ ਭਾਵ ਗੁਰਬਾਣੀ ਵਿੱਚ ਸਾਰਾ ਗਿਆਨ, ਬ੍ਰਹਮ ਗਿਆਨ ਇੱਕੋ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ। ਜਦ ਤੱਕ ਅਸੀਂ "ਏਕੁ ਸਬਦੁ" ਨੂੰ ਆਪਣੇ ਅੰਦਰੋਂ ਨਹੀਂ ਬੁੱਝਦੇ ਤਦ ਤੱਕ ਸਾਨੂੰ ਪ੍ਰਮਾਤਮਾ ਦਾ ਇਹ ਰੂਪ ਕਦੇ ਵੀ ਸਮਝ ਨਹੀਂ ਆ ਸਕਦਾ ਕਿ ਪ੍ਰਮਾਤਮਾ ਸਭ ਵਿੱਚ ਕਿਵੇਂ ਸਮਾਇਆ ਹੋਇਆ ਹੈ। ਜੋ ਆਪਣੇ ਅੰਦਰੋਂ "ਏਕੁ ਸਬਦੁ" ਨੂੰ ਬੁੱਝ ਲੈਂਦਾ ਹੈ ਜੋ ਕਿ ਉਸਦੀ ਆਪਣੀ ਹੀ ਕਿਰਪਾ ਹੈ ਉਸ ਅਵੱਸਥਾ ਦੁਆਰਾ ਫਿਰ ਪ੍ਰਮਾਤਮਾ ਆਪਣੇ ਸ਼ਬਦ ਦੀ ਸੋਝੀ ਹੀ ਪਾਉਂਦਾ ਹੈ ਭਾਵ ਸੱਚੇ ਗਿਆਨ ਦੀ ਸੋਝੀ ਹੀ ਪਾਉਂਦਾ ਹੈ, ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ ਜਿਵੇਂ ਉਸਨੇ ਗੁਰਬਾਣੀ ਦੇ ਰਚਣ ਵਾਲਿਆਂ ਦੇ ਅੰਦਰ ਪ੍ਰਗਟ ਹੋ ਕੇ ਪਾਈ ਹੈ।

ਪ੍ਰਮਾਤਮਾ ਦਾ ਇਹ "ਸਬਦੁ" ਰੂਪ ਹੀ ਉਸਦਾ ਗੁਰੂ ਰੂਪ ਹੈ, "ਸੰਤੁ" ਰੂਪ ਹੈ। ਮਨ ਦੀ ਇਹੋ ਜਿਹੀ ਸੋਝੀ ਦੁਆਰਾ ਹੀ ਪ੍ਰਮਾਤਮਾ ਦਾ ਪਾਂਧਾ ਬਣਿਆ ਜਾ ਸਕਦਾ ਹੈ। ਪੂਰੀ ਗੁਰਾਬਣੀ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਪਾਂਧਾ ਹੈ, ਧਰਮ ਦੀ ਸਿੱਖਿਆ ਦੇਣ ਦਾ ਠੇਕੇਦਾਰ ਹੈ। "ਏਕੁ

ਸਬਦੁ" ਨੂੰ ਜਾਣੇ ਬਿਨ੍ਹਾਂ ਹਰ ਕੋਈ ਝੂਠਾ ਪਾਂਧਾ ਹੈ ਭਾਵ ਉਸਨੂੰ ਗੁਰਮਤਿ ਦੀ ਸੱਚੀ ਸੋਝੀ ਨਹੀਂ ਹੈ, ਭਗਤੀ ਦੀ ਸੱਚੀ ਸੋਝੀ ਨਹੀਂ ਹੈ। **(ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ॥ ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥੪॥)**

ਆਪਣੇ ਅੰਦਰੋਂ "ਸਬਦੁ" ਰੂਪ ਗੁਰੂ ਦੀ ਸੋਝੀ ਬ੍ਰਹਮਾ ਨੂੰ ਵੀ ਪ੍ਰਮਾਤਮਾ ਨੇ ਨਹੀਂ ਪਾਈ ਤੇ ਇਸੇ ਲਈ ਉਸਨੂੰ ਭਗਤੀ ਦੀ ਸਮਝ ਨਹੀਂ ਆਈ।

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥ ਅੰਤਰਿ ਤਾਮਸੁ ਆਪੁ ਨ ਪਛਾਣੈ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥}

(ਅੰਗ ੨੩੧)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ॥੧੪॥}

(ਅੰਗ ੧੦੩੨)

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥
ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣਾ ਪਾਂਧਾ ਬਣਾਉਂਦਾ ਹੈ, "ਸਬਦੁ" ਰੂਪ ਦੀ ਸੋਝੀ ਪਾਉਂਦਾ ਹੈ ਉਹ ਕਿਸ ਤਰੀਕੇ ਪਾਉਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ॥੫॥”

ਉੱਪਰ ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਹ ਸਮਝ ਸਕੀਏ ਕਿ ਸਾਨੂੰ ਸਾਰੀ ਸੋਝੀ ਕਿੱਥੋਂ ਪੈਂਦੀ ਹੈ ਤੇ ਕੌਣ ਪਾਉਂਦਾ ਹੈ। ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਨੂੰ ਇਹ ਸਮਝਾਇਆ ਹੈ ਕਿ ਪਹਿਲੇ ਇਸ ਗੱਲ ਨੂੰ ਸਮਝੋ ਕਿ ਤੁਹਾਨੂੰ ਪੜ੍ਹਾਉਣ ਵਾਲਾ ਕੌਣ ਹੈ, ਤੁਹਾਡੇ ਸਿਰ ਤੇ ਉਹ ਕੌਣ ਹੈ ਜੋ ਤੁਹਾਡੇ ਅੰਦਰ ਲਿਖਿਤ ਲਿਖ ਰਿਹਾ ਹੈ ਭਾਵ ਜੋ ਤੁਹਾਡੇ ਅੰਦਰ ਬੈਠਾ ਤੁਹਾਨੂੰ ਪੜਾ ਰਿਹਾ ਹੈ ਉਸਨੂੰ ਸਮਝੋ ਕਿ ਉਹ ਕੌਣ ਹੈ। ਜਿਸ ਨੂੰ ਪਹਿਲੇ ਆਪ ਪ੍ਰਮਾਤਮਾ ਅੰਦਰ ਪੜਾਉਂਦਾ ਹੈ ਉਸ ਨੂੰ ਹੀ ਆਪਣਾ ਪੰਡਿਤ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਜੋ ਕੁੱਝ ਉਹਨਾਂ ਦੇ ਅੰਦਰ ਪਹਿਲੇ ਪ੍ਰਮਾਤਮਾ ਨੇ ਆਪ

22/2406

ਲਿਖਿਆ ਹੈ ਉਹੀ ਕੁੱਝ ਉਹਨਾਂ ਨੇ ਪੜ੍ਹਿਆ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਉਹਨਾਂ ਨੂੰ ਪੰਡਿਤ ਬਣਾਇਆ ਹੈ, ਵਿਦਵਾਨ ਬਣਾਇਆ ਹੈ। ਸਾਡੇ ਅੰਦਰ ਸਾਨੂੰ ਪੜ੍ਹਾਉਣ ਵਾਲਾ ਕੌਣ ਹੈ ਭਾਵ ਸਾਡੇ ਮਨ ਦੇ ਅੰਦਰ ਸਾਨੂੰ ਸੋਝੀ ਪਾਉਣ ਵਾਲਾ ਕੌਣ ਹੈ ਇਸ ਗੱਲ ਦੀ ਤਾਂ ਸਮਝ ਕਿਸੇ ਨੂੰ ਨਹੀਂ ਹੈ ਪਰ ਪੰਡਿਤ ਅਖਵਾਉਣ ਵਾਲੇ ਬਹੁਤ ਹਨ ਜੋ ਦੂਸਰਿਆਂ ਨੂੰ ਸਿੱਖਿਆ ਦਿੰਦੇ ਹਨ ਤੇ ਆਪਣੀ ਇਹੋ ਜਿਹੀ ਸਿੱਖਿਆ ਦੁਆਰਾ ਉਹ ਦੂਜਿਆਂ ਨੂੰ ਬਿਖਿਆ ਹੀ ਸਿਖਾਉਂਦੇ ਹਨ ਭਾਵ ਝੂਠੀ ਮਤਿ ਹੀ ਸਿਖਾਉਂਦੇ ਹਨ। ਸਾਡੇ ਅੰਦਰ ਸਭ ਨੂੰ ਸਿਖਾਉਣ ਵਾਲਾ, ਪੜ੍ਹਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਪਰ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ ਆਪਣਾ ‘‘ਸਬਦੁ’’ ਰੂਪ ਹੀ ਪ੍ਰਗਟ ਕਰਦਾ ਹੈ ਜਿਸ ਦੁਆਰਾ ਉਹ ਚੌਥੇ ਪਦ ਦਾ ਗਿਆਨ ਦਿੰਦਾ ਹੈ ਜੋ ਗਿਆਨ ਉਸਨੇ ਪੂਰੀ ਗੁਰਬਾਣੀ ਰਾਹੀਂ ਦਿੱਤਾ ਹੋਇਆ ਹੈ। ਇਸੇ ਲਈ ਗੁਰਬਾਣੀ ਦੀ ਸਿੱਖਿਆ ਸੱਚੀ ਹੈ ਤੇ ਗੁਰਬਾਣੀ ਪ੍ਰਮਾਤਮਾ ਦਾ ਸੱਚਾ ਪੰਡਿਤ ਹੈ, ਉਸਦਾ ਸੱਚਾ ਪਾਧਾ ਹੈ। ਝੂਠੇ ਪਾਂਧੇ ਬਹੁਤ ਹਨ ਜੋ ਸਾਨੂੰ ਝੂਠੀ ਮਤਿ ਦੇ ਨਾਲ ਜੋੜਦੇ ਹਨ। ਜੋ ਮਤਿ ਗੁਰਬਾਣੀ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਹ ਸਭ ਝੂਠੀ ਮਤਿ ਹੈ, ਬਿਖਿਆ ਹੈ। ਝੂਠੀ ਮਤਿ ਦੇਣ ਵਾਲੇ ਪ੍ਰਮਾਤਮਾ ਦੇ ਫਾਹੇ ਤੋਂ ਬਚ ਨਹੀਂ ਸਕਦੇ ਕਿਉਂਕਿ ਉਹ ਦੂਸਰਿਆਂ ਨੂੰ ਉਲਝਾਉਣ ਦੇ ਜਿੰਮੇਦਾਰ ਹਨ ਤੇ ਇਸੇ ਗੱਲ ਦੀ ਉਹ ਵਾਹੁ-ਵਾਹੁ ਖੱਟਦੇ ਹਨ ਭਾਵ ਝੂਠਾ ਮਾਣ ਖੱਟਦੇ ਹਨ ਤੇ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾੜੇ ਬਣਦੇ ਹਨ। ਇਹਨਾਂ ਦੀ ਸਿੱਖਿਆ ਦੇ ਪਿੱਛੇ ਲੱਗਣ ਵਾਲੇ ਵੀ ਆਪਣੀ ਜਿੰਮੇਦਾਰੀ ਤੋਂ ਬਚ ਨਹੀਂ ਸਕਦੇ ਕਿ ਉਹ ਗੁਰੂ ਦੀ ਮਤਿ ਨੂੰ ਛੱਡ ਕੇ ਇਹਨਾਂ ਦੇ ਪਿੱਛੇ ਲੱਗਦੇ ਹਨ ਤੇ ਇਸੇ ਲਈ ਪ੍ਰਮਾਤਮਾ ਦੀ ਫਾਹੀ ਦੇ ਭਾਗੀਦਾਰ ਬਣਦੇ ਹਨ। **(ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥ ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ॥੫॥)**

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥
ਦੇਨਿ੍ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥
ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥
ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥
ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥੧॥}

(ਅੰਗ ੧੨੮੬)

ਇਹ ਭਰਮੇ ਹੋਏ ਪਾਂਧੇ ਸਾਨੂੰ ਕਥਨੀ ਨਾਲ ਹੀ ਜੋੜਦੇ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਇਹ ਸਾਨੂੰ ਅੱਖਰ ਦੇ ਨਾਲ ਹੀ ਜੋੜਦੇ ਹਨ ਭਾਵ ਧਰਮ ਗ੍ਰੰਥਾਂ ਦੇ ਪੜ੍ਹੀ ਸੁਣੀ

22/2407

ਜਾਣ ਦੇ ਨਾਲ, ਅੱਖਰ ਦਾ ਜਪ ਤਪ ਕਰੀ ਜਾਣ ਦੇ ਨਾਲ ਜੋੜਦੇ ਹਨ ਪਰ ਧਰਮ ਗ੍ਰੰਥਾਂ ਦੇ ਅਸਲ ਮਕਸਦ ਨੂੰ ਨਾ ਆਪ ਸਮਝਦੇ ਹਨ ਤੇ ਨਾ ਦੂਸਰਿਆਂ ਨੂੰ ਸਮਝਾਉਂਦੇ ਹਨ। ਇਸੇ ਗੱਲ ਨੂੰ ਮੁੱਖ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਇਹਨਾਂ ਨੂੰ ਮੂੜੇ ਭਾਵ ਭਰਮੇ ਹੋਏ ਕਿਸ ਲਈ ਕਿਹਾ ਹੈ।

“ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ॥੭॥
ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥੮॥”

(ਅੰਗ - ੪੩੫)

ਹਉਮੈ ਕਰਕੇ ਹੀ ਹਰ ਕੋਈ ਅਗਿਆਨਤਾ ਵਿੱਚ ਹੈ ਤੇ ਇਹ ਰੋਗ ਪ੍ਰਮਾਤਮਾ ਨੇ ਸਭ ਦੇ ਅੰਦਰ ਹੀ ਪਾਇਆ ਹੋਇਆ ਹੈ। ਹਉਮੈ ਦੇ ਰਹਿੰਦਿਆਂ ਇਹ ਕੋਈ ਨਹੀਂ ਜਾਣ ਸਕਦਾ ਕਿ “ਬ੍ਰਹਮੁ” ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਆਪਣੇ ਅੰਦਰੋਂ “ਬ੍ਰਹਮੁ” ਨੂੰ ਚੀਨਣਾ ਜਾਂ “ਸਬਦੁ” ਨੂੰ ਚੀਨਣਾ ਇੱਕੋ ਹੀ ਗੱਲ ਹੈ। “ਬ੍ਰਹਮੁ” “ਸਬਦੁ” ਰੂਪ ਹੀ ਹੈ, ਗਿਆਨ ਰੂਪ ਹੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਮਾਇਆ ਮੋਹ ਵਿੱਚ ਹੀ ਹੈ ਜਿਸਦਾ ਮੂਲ ਸਾਡੀ ਅਗਿਆਨਤਾ ਹੈ, ਮਨ ਦੇ ਵਿੱਚ ਸੱਚੀ ਸੋਝੀ ਦਾ ਨਾ ਹੋਣਾ ਹੈ। **(ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ॥ ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ॥੭॥)**

ਅਗਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਇਹ ਝੂਠੇ ਪਾਂਧੇ ਸਾਨੂੰ ਕਿਹੋ ਜਿਹੇ ਹਰਿ ਨੂੰ ਚੇਤੇ ਰੱਖਣਾ ਸਮਝਾਉਂਦੇ ਹਨ ਤੇ ਸੱਚਾ ਪਾਂਧਾ ਸਾਨੂੰ ਕਿਹੋ ਜਿਹੇ ਹਰਿ ਨੂੰ ਚੇਤੇ ਰੱਖਣਾ ਸਮਝਾਉਂਦਾ ਹੈ।

“ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥”

ਹੁਣ ਧਿਆਨ ਨਾਲ ਸਮਝੋ ਕਿ ਹਰਿ ਨੂੰ ਵਿਸਰਨਾ ਕੀ ਹੈ ਤੇ ਇਹ ਝੂਠੇ ਪੰਡਿਤ ਸਾਨੂੰ ਹਰਿ ਵਿਸਰਨਾ ਹੀ ਸਮਝਾਉਂਦੇ ਹਨ। ਇਹ ਝੂਠੇ ਪਾਂਧੇ ਸਾਨੂੰ ਕਥਨੀ ਨਾਲ ਹੀ ਜੋੜਦੇ ਹਨ। ਜੋ ਮੁੱਖੋਂ ਹਰਿ ਹਰਿ ਬੋਲੀ ਜਾਂਦੇ ਹਨ, ਗੁਰੂ ਗੁਰੂ ਬੋਲੀ ਜਾਂਦੇ ਹਨ, ਰਾਮ ਰਾਮ ਬੋਲੀ ਜਾਂਦੇ ਹਨ, ਵਾਹਿਗੁਰੂ ਵਾਹਿਗੁਰੂ ਬੋਲੀ ਜਾਂਦੇ ਹਨ ਉਸਨੂੰ ਹੀ ਇਹ ਗੁਰੂ ਨੂੰ ਚੇਤੇ ਰੱਖਣਾ ਸਮਝਦੇ ਹਨ ਤੇ ਸਮਝਾਉਂਦੇ ਹਨ। ਗੁਰੂ ਸਾਨੂੰ ਗੁਣ ਸਮਝਾਉਣ ਲਈ ਹੈ ਤੇ ਜਿਸਨੂੰ ਗੁਰੂ ਦੇ ਗੁਣ ਵਿਸਰੇ ਹੋਏ ਹਨ, ਉਸਨੂੰ ਗੁਰੂ ਵਿਸਰਿਆ ਹੋਇਆ ਹੈ। ਜੋ ਮਨੁੱਖ ਵੀ

ਮਾਇਆ ਮੋਹ ਵਿੱਚ ਹੈ, ਔਗੁਣਾਂ ਵਿੱਚ ਹੈ, ਮਾੜੇ ਕਰਮ ਕਰਨ ਵਾਲਾ ਹੈ ਉਸਨੂੰ ਗੁਰੂ ਵਿਸਰਿਆ ਹੋਇਆ ਹੈ, ਪ੍ਰਮਾਤਮਾ ਵਿਸਰਿਆ ਹੋਇਆ ਹੈ। ਜਿਸਨੂੰ ਗੁਰੂ ਪ੍ਰਮਾਤਮਾ ਚੇਤੇ ਹੈ ਉਹ ਕਦੇ ਮਾੜੇ ਕਰਮ ਨਹੀਂ ਕਰ ਸਕਦਾ। ਗੁਰੂ ਦੀ ਮਤਿ ਨੂੰ ਚੇਤੇ ਰੱਖਣਾ ਹੀ ਗੁਰੂ ਨੂੰ ਚੇਤੇ ਰੱਖਣਾ ਹੈ। **(ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥)**

{ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥੧॥
ਮਨ ਏਕੁ ਨ ਚੇਤਸਿ ਮੂੜ ਮਨਾ॥
ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥}

(ਅੰਗ ੧੨)

ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝੋ ਕਿ ਇਹ ਝੂਠੇ ਪਾਂਧੇ ਸਾਨੂੰ ਕੀ ਕੁੱਝ ਸਮਝਾਉਂਦੇ ਹਨ, ਗੁਣ ਕਿਸ ਨੂੰ ਸਮਝਦੇ ਹਨ ਜਿਸ ਦੁਆਰਾ ਇਹ ਆਪਣੇ ਆਪ ਨੂੰ ਗੁਣੀ ਅਖਵਾਉਂਦੇ ਹਨ ਤੇ ਦੂਸਰਿਆਂ ਨੂੰ ਗੁਣੀ ਬਣਨਾ ਸਿਖਾਉਂਦੇ ਹਨ।

“ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥੮॥”

ਇਹ ਧਰਮ ਗ੍ਰੰਥਾਂ ਦੇ ਪੜ੍ਹੀ ਜਾਣ ਨੂੰ ਹੀ ਗੁਣ ਸਮਝਦੇ ਹਨ ਤੇ ਇਹੀ ਕੁੱਝ ਦੂਸਰਿਆਂ ਨੂੰ ਸਮਝਾਉਂਦੇ ਹਨ ਕਿ ਤੁਸੀਂ ਗੁਣੀ ਕਿਵੇਂ ਬਣਨਾ ਹੈ। ਸਿੱਖ ਜਗਤ ਵਿੱਚ ਇਸ ਗੱਲ ਦਾ ਪ੍ਰਚਾਰ ਬਹੁਤ ਜਿਆਦਾ ਹੈ ਤੇ ਇਸੇ ਲਈ ਬਹੁਤੇ ਸਿਰਮੌਰ ਅਖਵਾਉਣ ਵਾਲੇ ਤੇ ਵੱਡੇ ਪ੍ਰਚਾਰਕ ਅਖਵਾਉਣ ਵਾਲੇ ਵੱਧ ਤੋਂ ਵੱਧ ਬਾਣੀ ਪੜ੍ਹੀ ਜਾਣ ਨਾਲ ਹੀ ਜੋੜਦੇ ਹਨ ਜਿਸਨੂੰ ਕਿ ਉਹ ਬਹੁਤ ਵੱਡਾ ਗੁਣ ਸਮਝਦੇ ਹਨ। ਸਿੱਖ ਜਗਤ ਦੀ ਇਹੀ ਸਭ ਤੋਂ ਵੱਡੀ ਭੁੱਲ ਹੈ ਜਿਸ ਕਰਕੇ ਗੁਰਬਾਣੀ ਦੀ ਸੱਚੀ ਮਤਿ ਬਾਹਰ ਨਹੀਂ ਆਈ ਤੇ ਉਸਦੀ ਸੱਚੀ ਮਤਿ ਨਾਲ ਜੁੜਨ ਨੂੰ ਅਸੀਂ ਆਪਣਾ ਗੁਣ ਨਹੀਂ ਸਮਝਦੇ। ਅਸੀਂ ਔਗੁਣਾਂ ਵਿੱਚ ਰਹਿੰਦੇ ਹੋਏ ਹੀ ਆਪਣੇ ਆਪ ਨੂੰ ਗੁਣੀ ਬਣਾਈ ਬੈਠੇ ਹਾਂ ਤੇ ਝੂਠੇ ਚੌਧਰੀ ਬਣੇ ਬੈਠੇ ਹਾਂ। ਅਸੀਂ ਇਸ ਗੱਲ ਦਾ ਖੁੱਲ੍ਹ ਕੇ ਪ੍ਰਚਾਰ ਕਰਦੇ ਹਾਂ ਕਿ ਔਗੁਣਾਂ ਨੂੰ ਛੱਡਣਾ ਕੇਵਲ ਇੱਕ ਪਰਹੇਜ਼ ਮਾਤਰ ਹੈ ਤੇ ਅਸਲ ਗੱਲ ਕਥਨੀ ਕਰੀ ਜਾਣਾ ਹੀ ਹੈ। ਇਹ ਸਾਰਾ ਝੂਠਾ ਪ੍ਰਚਾਰ ਝੂਠੇ ਪੰਡਿਤਾਂ ਦਾ ਹੀ ਹੈ ਜਿਸਨੇ ਸਿੱਖ ਜਗਤ ਨੂੰ ਘੋਰ ਅਗਿਆਨਤਾ ਵਿੱਚ ਪਾਇਆ ਹੋਇਆ ਹੈ ਤੇ ਔਗੁਣਾਂ ਵਿੱਚ ਰਹਿੰਦੇ ਹੋਏ ਹੀ, ਮਾੜੇ ਕਰਮ ਕਰਦੇ ਹੋਏ ਵੀ ਗੁਣੀ ਅਖਵਾਉਣ ਦਾ ਪ੍ਰਮਾਣ ਪੱਤਰ ਦਿੱਤਾ ਹੋਇਆ ਹੈ ਕਿ ਜਿਤਨੇ ਮਰਜ਼ੀ ਝੂਠ ਬੋਲੀ ਜਾਉ, ਜਿਤਨੇ ਮਰਜ਼ੀ ਮਾਇਆ ਮੋਹ ਵਿੱਚ ਫਸੀ ਜਾਉ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ ਪਰ ਹਰ ਵੇਲੇ ਉਸ ਪ੍ਰਮਾਤਮਾ ਨੂੰ ਪੁਕਾਰੀ ਜਾਉ।
(ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥੮॥)

ਜਿਹੜੇ ਆਪ ਡੁੱਬੇ ਹੋਏ ਹਨ, ਅਗਿਆਨਤਾ ਵਿੱਚ, ਮਾਇਆ ਮੋਹ ਵਿੱਚ ਡੁੱਬੇ ਹੋਏ ਹਨ ਉਹਨਾਂ ਦੇ ਪਿੱਛੇ ਲੱਗ ਕੇ ਅਸੀਂ ਤਰਨਾਂ

22/2409

ਚਾਹੁੰਦੇ ਹਾਂ। ਇਸ ਤੋਂ ਵੱਡੀ ਅਗਿਆਨਤਾ ਸਾਡੀ ਹੋਰ ਕੀ ਹੋਵੇਗੀ ਕਿ ਅਸੀਂ ਗੁਰੂ ਦੀ ਮਤਿ ਛੱਡ ਕੇ ਇਹੋ ਜਿਹਿਆਂ ਦੀ ਮਤਿ ਦੇ ਪਿੱਛੇ ਲੱਗੇ ਹੋਏ ਹਾਂ।

ਸੱਚਾ ਪਾਂਧਾ ਕੇਵਲ ਆਪ ਗੁਰੂ ਹੈ ਜਿਸ ਨੂੰ ਪ੍ਰਮਾਤਮਾ ਨੇ ਆਪ ਹੀ ਪੜ੍ਹਾਇਆ ਹੋਇਆ ਹੈ ਭਾਵ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਹੀ ਸਾਨੂੰ ਸੱਚੀ ਭਗਤੀ ਵਾਲੀ ਮਤਿ ਦੇ ਸਕਦਾ ਹੈ। ਸੱਚਾ ਪਾਂਧਾ ਕਿਹੋ ਜਿਹਾ ਹੁੰਦਾ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਸੱਚਾ ਪਾਂਧਾ ਸਾਨੂੰ ਉਹੋ ਜਿਹੀ ਮਤਿ ਹੀ ਦਿੰਦਾ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਸਿਰਫ਼ ਹਰ ਸ਼ਬਦ ਦੇ ਭਾਵ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੁੰਦੀ ਹੈ।

“ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥੫੩॥
ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥੫੪॥੧॥”

(ਅੰਗ 937-938)

22/2410

ਜਿਸਨੂੰ ਪ੍ਰਮਾਤਮਾ ਪਾਂਧਾ ਬਣਾਉਂਦਾ ਹੈ ਉਸਨੂੰ ਵਿੱਦਿਆ ਦੀ ਵਿਚਾਰ ਆਪ ਹੀ ਸਿਖਾਉਂਦਾ ਹੈ। ਸੱਚੀ ਵਿੱਦਿਆ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਤੇ ਸਹਜ ਦੀ ਅਵੱਸਥਾ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਜੋ ਕਿ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ। ਸਹਜ ਦੀ ਅਵੱਸਥਾ ਸਾਡੇ ਮਨ ਦੇ ਸੁਭਾਅ ਨੂੰ ਹੀ ਬਦਲਦੀ ਹੈ, ਮਨ ਦੀ ਬਿਰਤੀ ਨੂੰ ਹੀ ਬਦਲਦੀ ਹੈ ਜੋ ਕਿ ਸੱਚੇ ਵਿਚਾਰਾਂ ਵਾਲੀ ਬਣ ਜਾਂਦੀ ਹੈ, ਗੁਰਮਤਿ ਦੀ ਸੋਝੀ ਵਾਲੀ ਬਣ ਜਾਂਦੀ ਹੈ। **(ਪਾਧਾ ਪੜਿਆ**

ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥)

ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥"

ਜਿਸ ਨੂੰ ਪ੍ਰਮਾਤਮਾ ਆਪਣਾ ਪਾਂਧਾ ਬਣਾਉਂਦਾ ਹੈ ਉਹ ਵਿੱਦਿਆ ਨੂੰ ਸੋਧਦਾ ਹੈ ਭਾਵ ਸਾਨੂੰ ਸੋਧੀ ਹੋਈ ਵਿੱਦਿਆ ਪੜ੍ਹਾਉਂਦਾ ਹੈ (**ਬਿਦਿਆ ਸੋਧੈ**)। ਪੂਰੀ ਗੁਰਬਾਣੀ ਵਿੱਚ ਅਸੀਂ ਜੋ ਵਿੱਦਿਆ ਪੜ੍ਹਦੇ ਹਾਂ ਉਹ ਸੋਧੀ ਹੋਈ ਵਿੱਦਿਆ ਹੈ ਭਾਵ ਉਸਦੇ ਅੰਦਰ ਕੋਈ ਕਮੀ ਨਹੀਂ ਹੈ, ਉਹ ਵਿੱਦਿਆ ਪੂਰੀ ਤਰ੍ਹਾਂ ਸ਼ੁੱਧ ਹੈ। ਆਪਣੇ ਪਾਂਧੇ ਨੂੰ ਪ੍ਰਮਾਤਮਾ ਸਹਜਿ ਦੀ ਅਵੱਸਥਾ ਦੁਆਰਾ ਉਹੀ ਵਿੱਦਿਆ ਦਿੰਦਾ ਹੈ ਜੋ ਪੂਰੀ ਤਰ੍ਹਾਂ ਸ਼ੁੱਧ ਹੁੰਦੀ ਹੈ ਤੇ ਉਸਦਾ ਪਾਂਧਾ ਆਪਣੇ ਮੁੱਖੋਂ ਉਹੋ ਜਿਹੀ ਵਿੱਦਿਆ ਹੀ ਉਚਾਰਦਾ ਹੈ ਜੋ ਸ਼ੁੱਧ ਵਿੱਦਿਆ ਉਸਨੂੰ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ। ਆਪ ਪ੍ਰਮਾਤਮਾ ਇਸ ਸੋਧੀ ਹੋਈ ਵਿੱਦਿਆ ਦੇ ਵਿੱਚ ਹੀ ਹੈ, ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੀ ਹੈ, ਚੌਥੇ ਪਦ ਦੀ ਸੋਝੀ ਦੇ ਰੂਪ ਵਿੱਚ ਹੀ ਹੈ। ਇਹ ਚੌਥੇ ਪਦ ਦੀ ਸੋਝੀ ਬ੍ਰਹਮ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ "ਤਤੁ" ਹੈ। ਜਿਸਨੂੰ ਪ੍ਰਮਾਤਮਾ ਦੇ ਤਤੁ ਦੀ ਪ੍ਰਾਪਤੀ ਹੁੰਦੀ ਹੈ, ਗਿਆਨ ਤਤੁ ਦੀ ਪ੍ਰਾਪਤੀ ਹੁੰਦੀ ਹੈ ਉਹ ਸੱਚੀ ਸਿੱਖਿਆ ਦੇ ਰੂਪ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਉਸ ਦੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਭੱਟ ਸਾਹਿਬਾਨ ਨੂੰ ਹੋਈ ਹੈ **(ਬਿਦਿਆ ਸੋਧੈ ਤਤੁ ਲਹੈ)**। ਪ੍ਰਮਾਤਮਾ ਦੀ ਇਹ ਸੱਚੀ ਵਿੱਦਿਆ ਹੀ, ਸੱਚੀ ਗੁਰਮਤਿ ਹੀ, ਸੱਚੀ ਸਿੱਖਿਆ ਹੀ ਉਸ ਦਾ ਰਾਮ ਨਾਮ ਹੈ ਤੇ ਉਸ ਦੇ ਰਾਮ ਨਾਮ ਦੇ ਨਾਲ ਲਿਵ ਲੱਗਣ ਦਾ ਇਹੀ ਤਰੀਕਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਲਗਾਉਂਦਾ ਹੈ, ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਦੇਣ ਦੇ ਰੂਪ ਵਿੱਚ ਲਗਾਉਂਦਾ ਹੈ। **(ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥)**

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥}

(ਅੰਗ ੪੫੬)

22/2411

{ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥}

(ਅੰਗ ੨੯੫)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥
ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ॥੧੧॥}

(ਅੰਗ ੭੫੯)

ਪ੍ਰਮਾਤਮਾ ਦੇ ਇਸ "ਗਿਆਨੁ ਪਦਾਰਥੁ" ਦੀ ਪ੍ਰਾਪਤੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ ਤੇ ਜਿੰਨ੍ਹਾਂ ਨੂੰ ਇਸ ਦੀ ਪ੍ਰਾਪਤੀ ਹੋਈ ਹੈ, ਨਾਮ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੇ ਹੀ ਪ੍ਰਮਾਤਮਾ ਦੀ ਅਕਥ ਕਹਾਣੀ ਬਿਆਨ ਕੀਤੀ ਹੈ, ਗੁਰਬਾਣੀ ਉਚਾਰੀ ਹੈ। ਜਿਸਨੂੰ ਪ੍ਰਮਾਤਮਾ ਆਪਣਾ ਸੱਚਾ ਪਾਂਧਾ ਬਣਾਉਂਦਾ ਹੈ ਉਸ ਨੂੰ ਪਹਿਲਾ ਮਨ ਦੇ ਵਿੱਚ ਹੀ ਆਪਣੀ ਸੱਚੀ ਵਿੱਦਿਆ ਸਮਝਾਉਂਦਾ ਹੈ। ਝੂਠੇ ਪਾਂਧੇ ਬਹੁਤ ਹਨ ਪਰ ਉਹਨਾਂ ਨੂੰ ਸੱਚੀ ਵਿੱਦਿਆ ਦੀ ਸਮਝ ਨਹੀਂ ਹੈ। ਉਹਨਾਂ ਦਾ ਮਕਸਦ ਮਾਇਆ ਕਮਾਉਣ ਨਾਲ ਹੀ ਹੈ, ਆਪਣੀ ਸ਼ੋਭਾ ਵਧਾਉਣ ਨਾਲ ਹੀ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥

ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥੫੩॥”

ਜਿਤਨੇ ਵੀ ਵਿੱਦਿਆ ਨੂੰ ਵੇਚਣ ਵਾਲੇ ਹਨ ਉਹ ਸਭ ਮਨਮੁਖਿ ਹੀ ਹਨ ਤੇ ਸਭ ਪਾਸੇ ਇਹੋ ਜਿਹਿਆਂ ਦਾ ਹੀ ਪਸਾਰਾ ਹੈ। “ਸਬਦੁ” ਕੀ ਹੈ ਇਸ ਦੀ ਸੋਝੀ ਕਿਸੇ ਨੂੰ ਨਹੀਂ ਹੈ। “ਸਬਦੁ” ਹੀ ਗੁਰੂ ਹੈ, ਆਪ ਪ੍ਰਮਾਤਮਾ ਹੈ ਪਰ “ਸਬਦੁ” ਦਾ ਰੂਪ ਕੀ ਹੈ ਇਸ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। “ਸਬਦੁ” ਸਾਡੇ ਅੰਦਰ ਹੀ ਹੈ ਤੇ ਜਦ ਤੱਕ ਅਸੀਂ ਉਸ “ਸਬਦੁ” ਨੂੰ ਆਪਣੇ ਅੰਦਰੋਂ ਨਹੀਂ ਪਹਿਚਾਣਿਆ ਸਾਨੂੰ ਗੁਰੂ ਦੀ ਸਿੱਖਿਆ ਦੀ ਸੋਝੀ ਨਹੀਂ ਪੈ ਸਕਦੀ ਤੇ ਨਾ ਹੀ ਇਹ ਸਮਝ ਲੱਗ ਸਕਦੀ ਹੈ ਕਿ “ਸਬਦੁ” ਰੂਪ ਕੀ ਹੈ। ਇਸ ਗੱਲ ਦੀ ਸੋਝੀ ਪਏ ਬਿਨ੍ਹਾਂ ਕੋਈ ਪ੍ਰਮਾਤਮਾ ਦਾ ਸੱਚਾ ਪਾਂਧਾ ਨਹੀਂ ਬਣ ਸਕਦਾ ਤੇ ਇਸੇ ਲਈ ਇਹੋ ਜਿਹਿਆਂ ਨੂੰ ਮੂਰਖ ਕਿਹਾ ਹੈ, ਮਨਮੁਖਿ ਕਿਹਾ ਹੈ। ਸੱਚ ਦੀ ਸੋਝੀ ਹੋਏ ਬਿਨ੍ਹਾਂ ਹੀ ਉਹ ਆਪਣੇ ਆਪ ਨੂੰ ਸੱਚੇ ਸਾਬਿਤ ਕਰਦੇ ਹਨ ਤੇ ਮਕਸਦ ਕੇਵਲ ਮਾਇਆ ਕਮਾਉਣ ਦਾ ਹੁੰਦਾ ਹੈ, ਆਪਣੀ ਸ਼ੋਭਾ ਵਧਾਉਣ ਦਾ ਹੁੰਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। **(ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥ ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥੫੩॥)**

ਸੱਚਾ ਪਾਂਧਾ ਕਿਹੋ ਜਿਹਾ ਹੁੰਦਾ ਹੈ, ਸੱਚੀ ਸਿੱਖਿਆ ਦੇਣ ਵਾਲਾ

22/2412

ਕਿਹੋ ਜਿਹਾ ਹੁੰਦਾ ਹੈ ਇਹੀ ਗੱਲ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥

ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥੫੪॥੧॥”

ਪਾਂਧਾ ਕੇਵਲ “ਗੁਰਮੁਖਿ” ਆਪ ਹੈ ਭਾਵ ਗੁਰੂ ਆਪ ਹੈ, ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ ਕਿ ਗੁਰਮੁਖਿ ਵਾਲੀ ਅਵੱਸਥਾ ਕੀ ਹੈ। ਇਹ ਅਵੱਸਥਾ ਗੁਰੂ ਦੀ ਆਪਣੀ ਅਵੱਸਥਾ ਹੈ, ਚੌਥੇ ਪਦ ਵਾਲੀ ਅਵੱਸਥਾ ਹੈ। ਆਪਣੇ ਚਾਟੜਿਆਂ ਨੂੰ ਮਤਿ ਇਹੋ ਜਿਹਾ ਪਾਂਧਾ ਹੀ ਦੇ ਸਕਦਾ ਹੈ ਜਿਵੇਂ ਕਿ ਗੁਰਬਾਣੀ ਸਭ ਨੂੰ ਆਪਣੀ ਮਤਿ ਦੇ ਰਹੀ ਹੈ। **(ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥)** ਗੁਰੂ ਆਪਣੀ ਮਤਿ ਦੇਣ ਲਈ ਨਾ ਕਿਸੇ ਕੋਲੋਂ ਪੈਸੇ ਮੰਗਦਾ ਹੈ ਤੇ ਨਾ ਹੀ ਕਿਸੇ ਨੂੰ ਝੂਠੀ ਮਤਿ ਦਿੰਦਾ ਹੈ ਪਰ ਅਸੀਂ ਫਿਰ ਵੀ ਉਹਨਾਂ ਕੋਲੋਂ ਮਤਿ ਲੈਣ ਜਾਂਦੇ ਹਾਂ ਜੋ ਮਾਇਆ ਵੀ ਮੰਗਦੇ ਹਨ ਤੇ ਮਤਿ ਵੀ ਝੂਠੀ ਦਿੰਦੇ ਹਨ। ਗੁਰੂ ਸਾਨੂੰ ਕਿਹੋ ਜਿਹੀ ਮਤਿ ਦਿੰਦਾ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥”

ਇਹ ਗੁਰੂ ਦੀ ਸੱਚੀ ਮਤਿ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ। ਕੇਵਲ ਨਾਮ ਨੂੰ ਸਮਝਣ ਦੀ ਲੋੜ ਹੈ ਕਿ “ਨਾਮੁ” ਕੀ ਹੈ। ਹੁਣ ਤੱਕ ਅਸੀਂ ਨਾਮੁ ਹੀ ਸਮਝਦੇ ਆਏ ਹਾਂ ਤੇ ਪੂਰੀ ਗੁਰਬਾਣੀ ਸਾਨੂੰ “ਨਾਮੁ” ਹੀ ਸਮਝਾ ਰਹੀ ਹੈ। “ਨਾਮੁ” ਗੁਰੂ ਦੀ ਮਤਿ ਹੈ, ਨਾਮੁ ਸੱਚ ਹੈ ਜਿੱਥੇ ਕੇਵਲ ਗੁਣ ਹਨ ਤੇ ਕਿਸੇ ਵੀ ਪ੍ਰਕਾਰ ਦਾ ਕੋਈ ਔਗੁਣ ਨਹੀਂ ਹੈ। ਪੰਜੇ ਔਗੁਣ ਨਾਮ ਦੇ ਚੋਰ ਹਨ ਜੋ ਹਰ ਵੇਲੇ ਸਾਡੇ ਅੰਦਰੋਂ ਨਾਮੁ ਨੂੰ ਚੁਰਾਉਂਦੇ ਹਨ, ਗੁਣਾਂ ਨੂੰ, ਸੱਚ ਨੂੰ ਚੁਰਾਉਂਦੇ ਹਨ ਤੇ ਸਾਨੂੰ ਸੱਚ ਤੇ ਨਹੀਂ ਚੱਲਣ ਦਿੰਦੇ ਭਾਵ ਸੱਚੀ ਸੁੱਚੀ ਕਿਰਤ ਨਹੀਂ ਕਰਨ ਦਿੰਦੇ। ਗੁਰੂ ਦੀ ਸਿੱਖਿਆ ਸਾਰੇ ਸੰਸਾਰ ਲਈ ਇਹੀ ਹੈ ਕਿ ਅਸੀਂ ਆਪਣੇ ਅੰਦਰ ਸੱਚ ਦੀ ਸੰਭਾਲ ਕਰੀਏ, ਔਗੁਣ ਰੂਪ ਚੋਰਾਂ ਤੋਂ ਸੰਭਾਲ ਕਰੀਏ। ਸਾਡੇ ਅੰਦਰ ਨਾਮ ਤਾਂ ਹੀ ਇਕੱਠਾ ਹੋਵੇਗਾ ਜੇਕਰ ਅਸੀਂ ਇਸ ਦੀ ਚੋਰਾਂ ਤੋਂ ਸੰਭਾਲ ਕਰਾਂਗੇ। ਲਾਹੇ ਦੀ ਪ੍ਰਾਪਤੀ ਸੱਚ ਨੂੰ ਇਕੱਠਾ ਕਰਨ ਦੁਆਰਾ ਹੋਣੀ ਹੈ। ਲਾਹੇ ਦੇ ਰੂਪ ਵਿੱਚ ਪ੍ਰਾਪਤੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਹੁੰਦੀ ਹੈ ਤੇ ਉਹ ਤਾਂ ਹੀ ਹੋਵੇਗੀ ਜਦੋਂ ਸਾਡੇ ਅੰਦਰ ਸੱਚ ਦਾ ਭੰਡਾਰ ਇਕੱਠਾ ਹੋਵੇਗਾ, ਜਦੋਂ ਝੂਠ ਦਾ ਕਿਣਕਾ ਵੀ ਸਾਡੇ ਅੰਦਰ ਨਹੀਂ ਹੋਵੇਗਾ ਭਾਵ ਅਸੀਂ ਕੇਵਲ ਗੁਰਮਤਿ ਅਨੁਸਾਰ ਹੀ ਵਿਚਰਾਂਗੇ। ਲਾਹੇ ਦੀ ਪ੍ਰਾਪਤੀ

ਗੁਰਮਤਿ ਤੇ ਚੱਲ ਕੇ ਹੀ ਹੋਣੀ ਹੈ। **(ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥)**

22/2413

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍॥
ਪੰਚ ਚੋਰ ਤਿਨਾ ਘਰੁ ਮੁਹਨ੍ ਹਉਮੈ ਅੰਦਰਿ ਸੰਨ੍॥}

(ਅੰਗ ੮੫੪)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥"

(ਅੰਗ ੧੧੭੮)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥੨॥}

(ਅੰਗ ੬੦੦)

{ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ॥੨॥}

(ਅੰਗ ੮੩੩)

{ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥
ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ॥੧੨॥}

(ਅੰਗ ੧੩੬੨)

{ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ॥
ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ॥੨॥}

(ਅੰਗ ੧੩੨੮)

{ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥}

(ਅੰਗ ੧੨੪੪)

ਨਾਮ ਧਨ ਗੁਰਮਤਿ ਦੀ ਸੱਚੀ ਸੋਝੀ ਦਾ ਧਨ ਹੈ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਚੰਗਾ ਬਣਾਉਂਦਾ ਹੈ, ਵਿਚਾਰਾਂ ਨੂੰ ਸੱਚੇ ਵਿਚਾਰ ਬਣਾਉਂਦਾ ਹੈ। ਸਾਡੇ ਅੰਦਰ ਸੱਚੇ ਵਿਚਾਰਾਂ ਦਾ ਧਨ ਹੀ ਸੱਚ ਦਾ ਧਨ ਹੈ, ਨਾਮ ਦਾ ਧਨ ਹੈ ਜਿੰਨ੍ਹਾਂ ਦੁਆਰਾ ਅਸੀਂ ਕੇਵਲ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ ਤੇ ਲਾਹੇ ਦੀ ਪ੍ਰਾਪਤੀ ਸਾਨੂੰ ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਹੀ ਹੁੰਦੀ ਹੈ। ਜਦ ਤੱਕ ਸਾਡੇ ਅੰਦਰ ਨਾਮ ਦੇ ਚੋਰ ਵੱਸੇ ਹੋਏ ਹਨ, ਗੁਰਮਤਿ ਦੇ ਚੋਰ ਵੱਸੇ ਹੋਏ ਹਨ, ਸੱਚੇ ਦੇ ਚੋਰ ਵੱਸੇ ਹੋਏ ਹਨ ਭਾਵ ਜਦ ਤੱਕ ਸਾਡੇ ਅੰਦਰ ਔਗੁਣ ਵੱਸੇ ਹੋਏ ਹਨ ਇਹਨਾਂ ਨੇ ਸਾਡੇ ਵਿਚਾਰਾਂ ਨੂੰ ਮੈਲਾ ਕੀਤਾ ਹੋਇਆ ਹੈ, ਸਾਡੇ ਮਨ ਨੂੰ ਮੈਲਾ ਕੀਤਾ ਹੋਇਆ ਹੈ ਤੇ ਮਨ ਦੀ ਇਹੋ ਜਿਹੀ

22/2414

ਅਵੱਸਥਾ ਦੁਆਰਾ ਅਸੀਂ ਕਦੇ ਲਾਹੇ ਦੀ ਪ੍ਰਾਪਤੀ ਨਹੀਂ ਕਰ ਸਕਦੇ। ਸੱਚਾ ਪਾਂਧਾ ਸਾਨੂੰ ਵਾਰ-ਵਾਰ ਔਗੁਣ ਰਹਿਤ ਹੋਣ ਲਈ ਸਮਝਾਉਂਦਾ ਹੈ ਤਾਂ ਜੋ ਸਾਡੇ ਅੰਦਰ ਨਾਮ ਦੀ ਸੰਭਾਲ ਹੋ ਸਕੇ। ਝੂਠੇ ਪਾਂਧੇ ਸਾਨੂੰ ਕਿਹੋ ਜਿਹਾ ਨਾਮ ਸਮਝਾਉਂਦੇ ਹਨ, ਕਿਹੋ

ਜਿਹੀ ਨਾਮ ਦੀ ਸੰਭਾਲ ਸਮਝਾਉਂਦੇ ਹਨ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਉਹ ਮਾਇਆ ਵੀ ਇਹਨਾਂ ਗੱਲਾਂ ਦੀ ਹੀ ਲੈਂਦੇ ਹਨ ਤੇ ਮਤਿ ਵੀ ਝੂਠੀ ਸਮਝਾਉਂਦੇ ਹਨ।

ਸੱਚੇ ਪਾਂਧੇ ਦੇ ਅੰਦਰ ਕੇਵਲ ਸੱਚ ਹੁੰਦਾ ਹੈ ਤੇ ਇਸੇ ਲਈ ਉਹ ਸਭ ਨੂੰ ਸੱਚ ਦੀ ਸਿੱਖਿਆ ਦਿੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥੫੪॥੧॥”

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ ਤਾਂ ਜੋ ਅਸੀਂ ਸਮਝ ਸਕੀਏ ਕਿ “ਸਬਦੁ” ਕੀ ਹੈ, “ਸਬਦੁ” ਕਿਵੇਂ ਪ੍ਰਗਟ ਹੁੰਦਾ ਹੈ ਤੇ “ਸਬਦੁ” ਰੂਪ ਗੁਰਬਾਣੀ ਦੀ ਰਚਨਾ ਕਿਵੇਂ ਹੋਈ ਹੈ। “ਸਬਦੁ” “ਸਚੁ” ਹੈ, ਆਪ ਪ੍ਰਮਾਤਮਾ ਦਾ ਰੂਪ ਹੈ। ਉਹ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਜਦ ਤੱਕ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਸਾਡੇ ਅੰਦਰ “ਸਚੁ” ਨਹੀਂ ਹੈ। ਪੱਟੀ ਸਾਡਾ ਮਨ ਹੈ ਤੇ ਸਾਡੇ ਮਨ ਦੀ ਪੱਟੀ ਲਿਖਣ ਵਾਲਾ ਆਪ ਪ੍ਰਮਾਤਮਾ ਹੈ ਭਾਵ ਸਾਡੇ ਮਨ ਦੀ ਪੱਟੀ ਤੇ ਵਿਚਾਰ ਲਿਖਣ ਵਾਲਾ ਆਪ ਪ੍ਰਮਾਤਮਾ ਹੈ। ਜਦ ਤੱਕ ਉਹ ਸਚੁ ਰੂਪ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਤਦ ਤੱਕ ਸਾਡੇ ਮਨ ਦੀ ਪੱਟੀ ਤੇ ਪੂਰਨ ਸਚੁ ਨਹੀਂ ਲਿਖਿਆ ਜਾਂਦਾ ਤੇ ਨਾ ਹੀ ਉਸ ਸਚੁ ਰੂਪ ਪ੍ਰਮਾਤਮਾ ਦੀ ਸਾਨੂੰ ਸੋਝੀ ਪੈ ਸਕਦੀ ਹੈ। ਸਚੁ ਪ੍ਰਗਟ ਹੋਣ ਤੋਂ ਪਹਿਲਾਂ ਵੀ ਸਾਡੇ ਮਨ ਦੀ ਪੱਟੀ ਤੇ ਲਿਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਸਾਨੂੰ ਇਸ ਦੀ ਸਮਝ ਨਹੀਂ ਪੈਂਦੀ ਕਿਉਂਕਿ ਤਦ ਤੱਕ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ ਜਿਸ ਦੇ ਰਹਿੰਦਿਆਂ ਸਾਨੂੰ ਪੂਰਨ ਸਚੁ ਦੀ ਸੋਝੀ ਨਹੀਂ ਪੈਂਦੀ ਤੇ ਹਰ ਕੋਈ ਦੁਚਿੱਤੀ ਵਿੱਚ ਹੀ ਰਹਿੰਦਾ ਹੈ, ਭਰਮ ਵਿੱਚ, ਮਾਇਆ ਮੋਹ ਵਿੱਚ ਹੀ ਰਹਿੰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਪਾਂਧਾ ਬਣਾਉਂਦਾ ਹੈ ਭਾਵ ਆਪਣੀ ਸਿੱਖਿਆ ਦੇਣ ਵਾਲਾ ਬਣਾਉਂਦਾ ਹੈ ਉਹਨਾਂ ਨੂੰ ਪਹਿਲੇ ਆਪ ਹੀ ਮਨ ਦੇ ਵਿੱਚ ਪੂਰਨ ਸਚੁ ਦੀ ਸੋਝੀ ਪਾਉਂਦਾ ਹੈ। ਪੂਰਨ ਸਚੁ ਦੀ ਸੋਝੀ ਪੈਣ ਦੁਆਰਾ ਹੀ ਸਾਡੇ ਮਨ ਦੀ ਪੱਟੀ ਸੱਚੀ ਬਣਦੀ ਹੈ। ਸਾਡੇ ਮਨ ਦੀ ਤਖਤੀ ਤੇ ਜੋ ਕੁੱਝ ਲਿਖਿਆ ਜਾਂਦਾ ਹੈ ਅਸੀਂ ਉਹੀ ਕੁੱਝ ਪੜਦੇ ਹਾਂ ਤੇ ਉਹੀ ਕੁੱਝ ਸਮਝਦੇ ਹਾਂ। ਸਾਡੇ ਮਨ ਦੀ ਤਖਤੀ ਤੇ ਪ੍ਰਮਾਤਮਾ ਵਿਚਾਰ ਹੀ ਲਿਖਦਾ ਹੈ ਜਿਸ ਦੁਆਰਾ ਸਾਨੂੰ ਸਭ ਨੂੰ ਸੋਝੀ ਪੈਂਦੀ ਹੈ। ਜਦੋਂ ਪ੍ਰਮਾਤਮਾ ਸਾਡੇ ਮਨ ਦੀ ਤਖਤੀ ਤੇ ਆਪਣਾ ਪੂਰਨ ਸਚੁ ਲਿਖਦਾ ਹੈ ਇਹ ਉਸਦੀ ਸੱਚੀ ਸਿੱਖਿਆ ਹੈ। ਇਸ ਸੱਚੀ ਸਿੱਖਿਆ ਨੂੰ ਮਨੁੱਖ ਮਨ ਦੇ ਵਿੱਚ ਹੀ ਪੜ੍ਹਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਪੜ੍ਹਦਾ ਹੈ ਜੋ ਕਿ ਪ੍ਰਮਾਤਮਾ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪੜ੍ਹਾਉਂਦਾ ਹੈ। ਮਨ ਦੇ

ਵਿੱਚ ਇਹਨਾਂ ਵਿਚਾਰਾਂ ਨੂੰ ਪੜ੍ਹਨ ਦੁਆਰਾ ਜੋ ਪ੍ਰਮਾਤਮਾ ਦੇ ਕੋਲੋਂ ਸਿੱਖਿਆ ਮਿਲਦੀ ਹੈ ਉਹ “ਸਬਦੁ” ਦਾ ਸਾਰ ਹੈ। “ਸਬਦੁ” ਸਚੁ ਰੂਪ ਹੈ ਭਾਵ ਸੱਚੀ ਸਿੱਖਿਆ ਦਾ ਰੂਪ ਹੈ ਜੋ ਪ੍ਰਮਾਤਮਾ ਮਨ ਦੇ ਵਿੱਚ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ “ਸਬਦੁ” ਦਾ ਸਾਰ ਹੈ ਭਾਵ ਪ੍ਰਮਾਤਮਾ ਦਾ ਆਪਣਾ ਸਮਝਾਇਆ ਹੋਇਆ ਤੱਤ ਸਾਰ ਹੈ। ਇਸੇ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਕਿਉਂਕਿ ਉਹ ਆਪ ਹੀ ਸ਼ਬਦ ਰੂਪ ਵਿੱਚ ਗੁਰੂ ਹੈ, ਬ੍ਰਹਮ ਗਿਆਨ ਰੂਪ ਵਿੱਚ ਗੁਰੂ ਹੈ ਤੇ ਜਿੱਥੇ-ਜਿੱਥੇ ਉਸਨੇ ਆਪਣਾ ਇਹ ਰੂਪ ਪ੍ਰਗਟ ਕੀਤਾ ਹੈ ਉਹਨਾਂ ਸਰੀਰਾਂ ਰਾਹੀਂ ਹੀ ਗੁਰਬਾਣੀ ਦੀ ਰਚਨਾ ਹੋਈ ਹੈ। ਗੁਰਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਸੱਚਾ ਪਾਂਧਾ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਇਸ ਤਰੀਕੇ ਨਾਲ ਪੜ੍ਹਾਉਂਦਾ ਹੈ ਭਾਵ ਆਪਣੀ ਸੱਚੀ ਸਿੱਖਿਆ ਸਿਖਾਉਂਦਾ ਹੈ ਉਹੀ ਉਸਦਾ ਪੰਡਿਤ ਹੈ ਭਾਵ ਸਿਆਣਾ ਪੰਡਿਤ ਹੈ ਜਿਸਨੇ ਅਸਲ ਧਰਮ ਦੀ ਪੜ੍ਹਾਈ ਕੀਤੀ ਹੋਈ ਹੈ। ਆਪਣੀ ਸੱਚੀ ਸਿੱਖਿਆ ਦੁਆਰਾ ਪ੍ਰਮਾਤਮਾ “ਰਾਮ ਨਾਮੁ” ਹੀ ਸਮਝਾਉਂਦਾ ਹੈ। ਪ੍ਰਮਾਤਮਾ ਨੇ ਆਪਣਾ ਇਹ “ਰਾਮ ਨਾਮੁ” ਦਾ “ਹਾਰੁ” ਭਾਵ ਸੱਚੀ ਸਿੱਖਿਆ ਦਾ ਹਾਰੁ ਆਪਣੇ ਸੱਚੇ ਪਾਂਧੇ ਦੇ ਗਲ ਵਿੱਚ ਪਾਇਆ ਹੋਇਆ ਹੈ, ਗੁਰਬਾਣੀ ਦੇ ਗਲ ਵਿੱਚ ਪਾਇਆ ਹੋਇਆ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਪਹਿਲੇ ਪ੍ਰਗਟ ਹੋ ਕੇ ਜਿੰਨ੍ਹਾਂ ਨੂੰ ਇਹ “ਰਾਮ ਨਾਮੁ” ਦਾ “ਹਾਰੁ” ਪਾਇਆ ਹੈ ਉਹਨਾਂ ਨੇ ਹੀ ਆਪਣਾ “ਹਾਰੁ” ਗੁਰਬਾਣੀ ਦੇ ਗਲ ਵਿੱਚ ਪਾਇਆ ਹੋਇਆ ਹੈ ਭਾਵ ਗੁਰਬਾਣੀ ਨੂੰ ਸੱਚਾ ਪਾਂਧਾ ਥਾਪਿਆ ਹੋਇਆ ਹੈ। **(ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥ ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥੫੪॥੧॥)**

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥}

(ਅੰਗ ੬੪੫)

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥}

(ਅੰਗ ੧੪੨੯)

{ਲਿਖੁ ਲੇਖਣਿ ਕਾਗਦਿ ਮਸਵਾਣੀ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥}

(ਅੰਗ ੧੮੫)

ਪਿੱਛੇ ਕੁੱਝ ਸ਼ਬਦਾਂ ਰਾਹੀਂ ਅਸੀਂ ਸੱਚੇ ਪਾਂਧੇ ਵਿੱਚ ਤੇ ਝੂਠੇ ਪਾਂਧਿਆਂ ਵਿੱਚ ਫਰਕ ਸਮਝਾਉਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਅਸੀਂ ਕੇਵਲ ਸੱਚੇ ਪਾਂਧੇ ਦੇ ਨਾਲ ਜੁੜੀਏ ਜੋ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਪਾਂਧਾ ਹੈ ਭਾਵ ਕੇਵਲ ਗੁਰਬਾਣੀ ਦੀ ਮਤਿ ਦੇ ਨਾਲ ਜੁੜੀਏ ਜਿੱਥੇ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਪੂਰਨ ‘‘ਸਚੁ’’ ਹੈ ਜੋ ਸਾਨੂੰ ਉਸ ‘‘ਸਚੁ’’ ਰੂਪ ਪ੍ਰਮਾਤਮਾ ਦੇ ਨਾਲ ਜੋੜ ਸਕਦਾ ਹੈ। ਗੁਰਬਾਣੀ ਦੀ ਗੱਲ ਤੇ ਵਿਸ਼ਵਾਸ ਨਾ ਕਰਕੇ ਕਿਸੇ ਹੋਰ ਦੀ ਗੱਲ ਤੇ ਵਿਸ਼ਵਾਸ ਕਰਨਾ ਕੇਵਲ ਸਾਨੂੰ ਭਟਕਣਾ ਵਿੱਚ ਹੀ ਰੱਖਦੀ

22/2416

ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ। ਸੱਚੀ ਸਿੱਖਿਆ ਕੇਵਲ ਉਸਦੇ ਕੋਲ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਭੇਦ ਮਿਟ ਚੁੱਕਾ ਹੈ। ਜੋ ਖੁਦ ਪ੍ਰਮਾਤਮਾ ਨੂੰ ਸਮਝਣ ਵਿੱਚ ਅਸਮਰੱਥ ਹਨ, ਉਸਦੇ ਸ਼ਬਦ ਰੂਪ ਨੂੰ ਸਮਝਣ ਵਿੱਚ ਅਸਮਰੱਥ ਹਨ ਉਹਨਾਂ ਨੇ ਸਾਨੂੰ ਕੀ ਸਮਝਾਉਣਾ ਹੈ। ਜੋ ਖੁਦ ਅਗਿਆਨੀ ਹਨ ਉਹਨਾਂ ਨੇ ਸਾਨੂੰ ਸੱਚਾ ਮਾਰਗ ਕੀ ਦਿਖਾਉਣਾ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਤੇ ਉਸਦੇ ਨਾਲ ਜੁੜੀ ਹੋਈ ਪਉੜੀ ਦੁਆਰਾ ਸਮਝੀਏ।

“ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ॥
ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ॥
ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥੨॥”

(ਅੰਗ ੧੪੦)

ਉੱਪਰ ਸ਼ਬਦ ਰਾਹੀਂ ਸਾਨੂੰ ਸੱਚੀ ਸਿੱਖਿਆ ਦੇਣ ਵਾਲੇ ਤੇ ਝੂਠੀ ਸਿੱਖਿਆ ਦੇਣ ਵਾਲਿਆਂ ਦੇ ਵਿੱਚ ਅੰਤਰ ਹੀ ਸਮਝਾਇਆ ਹੋਇਆ ਹੈ। ਸਲੋਕ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਸੱਚੀ ਸਿੱਖਿਆ ਦੇਣ ਵਾਲੇ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਭਾਵ ਗੁਰੂ ਵਾਲੀ ਅਵੱਸਥਾ ਸਮਝਾਈ ਹੋਈ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ ਭੇਦ ਮਿਟਿਆ ਹੋਇਆ ਹੈ ਭਾਵ ਜੋ ਪ੍ਰਮਾਤਮਾ ਦਾ ਹੀ ਆਪਣਾ ਰੂਪ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ॥
ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ॥”

ਇਹ ਮਨ ਦੀ ਉਹ ਅਵੱਸਥਾ ਹੈ ਜਿੰਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਿਆ ਹੋਇਆ ਹੈ, ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਿਆ ਹੋਇਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਹੀ, ਸ਼ਬਦ ਰੂਪ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ

ਹੀ ਮਨੁੱਖ ਨੂੰ ਆਪਣੀ ਅਸਲੀਅਤ ਦੀ ਸਮਝ ਪੈਂਦੀ ਹੈ ਕਿ ਮਨੁੱਖ ਕੀ ਹੈ। ਅਸਲ ਵਿੱਚ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਪਰ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਪਹਿਲਾ ਇਹ ਕੋਈ ਨਹੀਂ ਜਾਣ ਸਕਦਾ ਕਿ ਅਸਲ ਵਿੱਚ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਸਿਵਾਏ ਪ੍ਰਮਾਤਮਾ ਦੇ ਪੂਰੇ ਸੰਸਾਰ ਵਿੱਚ ਹੋਰ ਕੁੱਝ ਵੀ ਨਹੀਂ ਹੈ ਭਾਵ ਸਭ ਕੁੱਝ ਹਉਮੈ ਸਰੂਪ ਹੈ, ਸਭ ਦੀ ਝੂਠੀ ਹੋਂਦ ਹੈ ਜੋ ਕਿ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਸਮਝ ਪੈਣ ਤੋਂ ਪਹਿਲਾ ਅਸੀਂ "ਹਉ" ਵਿੱਚ ਰਹਿੰਦੇ ਹਾਂ ਭਾਵ ਮੈਂ ਵਿੱਚ ਰਹਿੰਦੇ ਹਾਂ ਭਾਵ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦੇ ਹਾਂ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਣ ਤੋਂ ਬਾਅਦ ਹੀ ਮਨੁੱਖ ਦੀ "ਹਉ" ਮਿਟਦੀ ਹੈ, ਹਉਮੈ ਮਿਟਦੀ ਹੈ, ਆਪਾ ਆਪ ਮਿਟਦਾ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਧੰਨ ਧੰਨ ਪਹਿਲੀ ਪਾਤਸ਼ਾਹੀ ਭਗਤ ਨਾਨਕ ਦੇਵ ਜੀ ਸਾਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਅਸਲ ਵਿੱਚ ਬਾਣੀ ਨੂੰ ਆਖਣ ਵਾਲਾ ਮੈਂ ਨਹੀਂ ਹਾਂ, ਸਿੱਖਿਆ ਦੇਣ ਵਾਲਾ ਮੈਂ ਨਹੀਂ ਹਾਂ ਕਿਉਂਕਿ ਮੈਨੂੰ ਸਮਝ ਹੈ ਕਿ ਮੇਰੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਭਾਵ ਮੈਂ ਪ੍ਰਮਾਤਮਾ ਦਾ ਹੀ ਰੂਪ ਹਾਂ ਤੇ ਉਸਦੇ

22/2417

ਨਾਲ ਮੇਰਾ ਭੇਦ ਮਿਟਿਆ ਹੋਇਆ ਹੈ। ਜਿਸ ਦੀ ਆਪਣੀ ਕੋਈ ਹੋਂਦ ਹੈ ਹੀ ਨਹੀਂ ਉਹ ਫਿਰ ਕੁੱਝ ਹੋਣ ਦਾ ਦਾਅਵਾ ਕਿਵੇਂ ਕਰ ਸਕਦਾ ਹੈ ਭਾਵ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਸਮਝਣਾ ਕੇਵਲ ਸਭ ਦਾ ਭੁਲੇਖਾ ਹੈ ਜਿਸ ਕਰਕੇ ਹਰ ਕੋਈ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ। ਇਸ ਗੱਲ ਦੀ ਸੋਝੀ ਕੇਵਲ ਗੁਰੂ ਨੂੰ ਹੀ ਹੈ ਕਿਉਂਕਿ ਉਹ ਜਾਣਦਾ ਹੈ ਕਿ ਸਭ ਕੁੱਝ ਅਖਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ। **(ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ॥)**

ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

"ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਗੁਰਬਾਣੀ ਦੇ ਵਿੱਚ ਗਿਆਨ ਕਿਸ ਨੇ ਪਾਇਆ ਹੈ ਜਿਸ ਦਾ ਮਕਸਦ ਸਾਡੇ ਮਨ ਦੀ ਮੈਲ ਧੋਣ ਦੇ ਨਾਲ ਹੈ। ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਹੈ ਨਹੀਂ ਜਿਵੇਂ ਕਿ ਅਸੀਂ ਇਸ ਤੋਂ ਪਹਿਲੀ ਪੰਗਤੀ ਰਾਹੀਂ ਜਾਣਿਆ ਹੈ। ਇਸ ਪੰਗਤੀ ਰਾਹੀਂ ਸਾਨੂੰ ਅਕਾਲ ਪੁਰਖ ਰੂਪ ਬਾਬਾ ਨਾਨਕ ਜੀ ਇਹ ਸਮਝਾ ਰਹੇ ਹਨ ਕਿ ਮੇਰੇ ਅੰਦਰ ਜੋ ਵੀ ਵਿਚਾਰ ਭਰਦਾ ਹੈ ਉਹ ਆਪ ਪ੍ਰਮਾਤਮਾ ਹੈ ਭਾਵ ਮੈਨੂੰ ਸਿੱਖਿਆ ਦੇਣ ਵਾਲਾ ਆਪ ਪ੍ਰਮਾਤਮਾ ਹੈ। ਜੋ ਕੁੱਝ ਉਸਨੇ ਮੇਰੇ ਅੰਦਰ ਭਰਿਆ ਹੈ ਭਾਵ ਜਿਹੋ ਜਿਹੇ ਵਿਚਾਰ ਉਸਨੇ ਮੇਰੇ ਅੰਦਰ ਭਰੇ ਹਨ ਉਹੋ ਵਿਚਾਰ ਹੀ ਮੈਂ ਗੁਰਬਾਣੀ ਦੇ ਵਿੱਚ ਭਰ ਰਿਹਾ ਹਾਂ ਜਿਸ ਦੁਆਰਾ ਮੈਂ ਸੰਸਾਰ ਦੀ ਅਗਿਆਨਤਾ ਦੀ ਮੈਲ ਧੋ ਰਿਹਾ ਹਾਂ ਭਾਵ ਜੋ ਸਿੱਖਿਆ ਮੈਨੂੰ ਅੰਦਰੋਂ ਮਿਲੀ ਹੋਈ ਹੈ ਉਹੀ ਸਿੱਖਿਆ ਮੈਂ ਸੰਸਾਰ ਨੂੰ ਗੁਰਬਾਣੀ ਰਾਹੀਂ ਦੇ ਰਿਹਾ ਹੈ, ਉਹੀ ਵਿਚਾਰ ਗੁਰਬਾਣੀ ਵਿੱਚ ਭਰ ਰਿਹਾ ਹਾਂ ਜਿੰਨ੍ਹਾਂ ਦੁਆਰਾ ਸਾਡੀ ਮੈਲ ਧੁਪਦੀ ਹੈ।

ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ ਤੇ ਇਸਦੀ ਸੋਝੀ ਉਸਦੇ ਗੁਰੂ ਰੂਪ ਨੂੰ ਹੀ ਹੈ ਕਿ ਸਾਡੇ ਅੰਦਰ ਸੋਝੀ ਪਾਉਣ ਵਾਲਾ ਕੌਣ ਹੈ। ਸਾਨੂੰ ਬਾਬਾ ਨਾਨਕ ਜੀ ਇਹ ਸਮਝਾ ਰਹੇ ਹਨ ਕਿ ਮੈਂ ਜੋ ਕੁੱਝ ਵੀ ਅੱਜ ਤੱਕ ਕੀਤਾ ਹੈ ਤੇ ਜੋ ਕੁੱਝ ਵੀ ਅੱਗੋਂ ਕਰਨਾ ਹੈ, ਜੋ ਕੁੱਝ ਵੀ ਅੱਜ ਤਕ ਕਹਿਆ ਹੈ ਤੇ ਜੋ ਕੁੱਝ ਵੀ ਅਗੋਂ ਕਥਨਾ ਹੈ ਉਹ ਸੋਝੀ ਮੇਰੇ ਅੰਦਰ ਭਰਨ ਵਾਲਾ ਆਪ ਪ੍ਰਮਾਤਮਾ ਹੈ ਤੇ ਇਸੇ ਲਈ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ, ਸਭ ਕੁੱਝ ਕਰਣ ਕਰਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਮਨ ਦੇ ਵਿੱਚ ਹੀ ਹੈ। ਆਪਣੀ ਸਿੱਖਿਆ ਦੇਣ ਵਾਲਾ ਵੀ ਉਹ ਆਪ ਹੀ ਹੈ ਤੇ ਉਸ ਤੇ ਚਲਾਉਣ ਵਾਲਾ ਵੀ ਉਹ ਆਪ ਹੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਦਿੱਤੀ ਹੋਈ ਸਿੱਖਿਆ ਹੈ। ਜੋ ਸਿੱਖਿਆ ਉਸਨੇ ਆਪਣੇ ਭਗਤਾਂ ਦੇ ਮਨ ਵਿੱਚ ਭਰੀ ਹੈ

22/2418

ਉਹੀ ਸਿੱਖਿਆ ਉਨ੍ਹਾਂ ਨੇ ਗੁਰਬਾਣੀ ਦੇ ਵਿੱਚ ਭਰੀ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸੰਸਾਰ ਦੀ ਮੈਲ ਧੋਣ ਦਾ ਉਪਰਾਲਾ ਕੀਤਾ ਹੈ। **(ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ॥ ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ॥)**

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥}

(ਅੰਗ ੭੨੨)

{ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ॥}

(ਅੰਗ ੭੬੩)

{ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥}

(ਅੰਗ ੩੦੮)

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥੧॥੨੦॥}

(ਅੰਗ ੧੨੦੮)

ਸੱਚਾ ਪਾਂਧਾ ਕਿਹੋ ਜਿਹਾ ਹੁੰਦਾ ਹੈ, ਧਰਮ ਦਾ ਸੱਚਾ ਆਗੂ ਕਿਹੋ ਜਿਹਾ ਹੁੰਦਾ ਹੈ ਇਹੀ ਗੱਲ ਅਸੀਂ ਮੁੱਖ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝੀ ਹੈ। ਧਰਮ ਦਾ ਸੱਚਾ ਆਗੂ ਅਸਲ ਵਿੱਚ ਆਪ ਪ੍ਰਮਾਤਮਾ ਹੀ ਹੈ ਤੇ ਗੁਰਬਾਣੀ ਉਸਦਾ ਆਪਣਾ ਹੀ ਰੂਪ ਹੈ ਜਿਸਨੂੰ ਉਸਨੇ ਧਰਮ ਦਾ ਆਗੂ ਥਾਪਿਆ ਹੋਇਆ ਹੈ। ਧਰਮ ਦੇ ਸੱਚੇ ਆਗੂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਿਆ ਹੋਇਆ ਹੈ ਤੇ ਇਸੇ ਲਈ ਉਸਦੀ ਸੋਝੀ ਸੱਚੀ ਹੈ। ਧਰਮ ਦੇ ਆਗੂ ਬਣਨ ਵਾਲਿਆਂ ਦੀ ਕਮੀ ਨਹੀਂ ਹੈ ਜੋ ਸਾਨੂੰ ਧਰਮ ਦੀ ਸੋਝੀ ਪਾਉਂਦੇ ਹਨ ਤੇ ਉਨ੍ਹਾਂ ਦੀ ਗੱਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥੨॥”

ਆਪਣੀ ਸੱਚੀ ਸਿੱਖਿਆ ਜਿਸਨੂੰ ਪ੍ਰਮਾਤਮਾ ਸਮਝਾਉਂਦਾ ਹੈ, ਬੁਝਾਉਂਦਾ ਹੈ ਉਹ ਆਪ ਹੀ ਅੰਦਰ ਪ੍ਰਗਟ ਹੋ ਕੇ ਬੁਝਾਉਂਦਾ ਹੈ। ਇਸੇ ਲਈ ਅਨੇਕਾਂ ਹੀ ਆਗੂ ਜੋ ਸਾਨੂੰ ਆਪਣੇ ਵੱਲੋਂ ਸੱਚੀ ਸਿੱਖਿਆ ਸਮਝਾਉਂਦੇ ਹਨ ਉਨ੍ਹਾਂ ਨੂੰ ਖੁਦ ਸੱਚੀ ਸਿੱਖਿਆ ਦੀ ਸਮਝ ਨਹੀਂ ਹੈ। ਸੱਚੀ ਸਿੱਖਿਆ ਦੀ ਸੋਝੀ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਜੋ ਪਦ ਗੁਰੂ ਦੇ ਕੋਲ ਹੈ। ਗੁਰੂ ਤੋਂ ਬਿਨ੍ਹਾਂ ਸਭ ਤ੍ਰੈਗੁਣਾਂ ਵਿੱਚ ਹੀ ਹੈ। ਆਗੂ ਅਖਵਾਉਣ

ਵਾਲੇ ਵੀ ਤ੍ਰੈਗੁਣਾਂ ਵਿੱਚ ਹਨ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਵੀ ਇਸੇ ਅਵੱਸਥਾ ਵਿੱਚ ਹੀ ਹਨ। ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ ਤੇ ਇਸੇ ਲਈ ਸਾਨੂੰ ਬਾਣੀ ਰਾਹੀਂ ਵਾਰ-ਵਾਰ ਸਮਝਾਇਆ ਗਿਆ ਹੈ ਕਿ ਅਸੀਂ ਕੇਵਲ ਗੁਰੂ ਦੀ ਗੱਲ ਤੇ ਭਰੋਸਾ ਕਰੀਏ ਤੇ ਕਿਸੇ ਹੋਰ ਦੀਆਂ ਗੱਲਾਂ ਵਿੱਚ ਨਾ ਆਈਏ। ਜੋ ਆਪ ਅੰਧਾ ਹੈ ਭਾਵ ਜੋ ਖੁਦ ਅਗਿਆਨਤਾ ਵਿੱਚ ਹਨ, ਜਿੰਨ੍ਹਾਂ ਨੂੰ ਖੁਦ ਧਰਮ ਦੇ ਮਾਰਗ ਦੀ ਸੋਝੀ ਨਹੀਂ ਹੈ, ਉਨ੍ਹਾਂ ਨੇ ਦੂਸਰਿਆਂ ਨੂੰ ਕੀ ਮਾਰਗ ਦਿਖਾਉਣਾ ਹੈ। ਜੋ ਖੁਦ ਸੱਚ ਤੋਂ ਠੱਗੇ ਹੋਏ ਹਨ ਉਨ੍ਹਾਂ ਨੇ ਦੂਸਰਿਆਂ ਨੂੰ ਸੱਚ ਦੇ ਨਾਲ ਕੀ ਜੋੜਨਾ ਹੈ। ਜਿੰਨ੍ਹਾਂ ਨੂੰ ਖੁਦ ਮਾਇਆ ਮੋਹ ਨੇ ਠੱਗਿਆ ਹੋਇਆ ਹੈ ਉਨ੍ਹਾਂ ਦੇ ਨਾਲ ਜੁੜਨ ਵਾਲੇ ਵੀ ਮਾਇਆ ਮੋਹ ਦੀ ਠੱਗੀ ਵਿੱਚ ਹੀ ਫਸਦੇ ਹਨ। ਇਹੋ ਜਿਹੇ ਝੂਠੇ ਆਗੂ ਸਾਨੂੰ ਝੂਠੀ ਮਤਿ ਹੀ ਦਿੰਦੇ ਹਨ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਇਹੋ ਜਿਹੇ ਆਗੂ ਸਾਨੂੰ ਸਰੀਰਕ ਜਪਾਂ ਤਪਾਂ ਨਾਲ ਹੀ ਜੋੜਦੇ ਹਨ, ਗਿਣਤੀਆਂ ਮਿਣਤੀਆਂ ਦੇ ਨਾਲ ਜੋੜਦੇ ਹਨ, ਇੱਕ ਅੱਖਰ ਦੇ ਜਪ ਨੂੰ ਹੀ ਨਾਮ ਸਮਝਾਉਂਦੇ ਹਨ ਤੇ ਇਨ੍ਹਾਂ ਗੱਲਾਂ ਨੂੰ ਹੀ ਸੱਚ ਤੇ ਚੱਲਣਾ ਸਮਝਦੇ ਹਨ, ਆਪਣਾ ਗੁਣ ਸਮਝਦੇ ਹਨ, ਭਗਤੀ ਦਾ ਮਾਰਗ ਸਮਝਦੇ ਹਨ, ਚੰਗੇ ਕਰਮ ਕਰਨਾ ਸਮਝਦੇ ਹਨ ਜਦਕਿ ਧਰਮ ਦਾ ਅਸਲ ਮਾਰਗ ਕੀ ਹੈ ਇਸ ਗੱਲ ਦੀ ਸੋਝੀ ਨਾ ਇਨ੍ਹਾਂ ਦੇ ਆਪਣੇ ਕੋਲ ਹੈ ਤੇ ਨਾ ਹੀ ਇਹ ਕਿਸੇ ਨੂੰ ਸਮਝਾਉਣ ਜੋਗੇ ਹਨ। ਇਹ ਸਾਨੂੰ ਉਹ ਕੁੱਝ ਸਮਝਾਉਂਦੇ ਹਨ ਜਿੰਨ੍ਹਾਂ ਗੱਲਾਂ ਦਾ ਗੁਰਬਾਣੀ ਵਿੱਚ ਵਾਰ-

ਵਾਰ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਦੇ ਦਰ ਤੇ ਇਨ੍ਹਾਂ ਦੀ ਕੋਈ ਕਦਰ ਨਹੀਂ ਪੈਣੀ ਤੇ ਨਾ ਹੀ ਇਨ੍ਹਾਂ ਦੇ ਪਿੱਛੇ ਲੱਗਣ ਵਾਲਿਆਂ ਦੀ ਕੋਈ ਕਦਰ ਪੈਣੀ ਹੈ। ਇਨ੍ਹਾਂ ਨੇ ਆਪ ਹੀ ਖੁਆਰ ਹੋਣਾ ਹੈ ਤੇ ਇਨ੍ਹਾਂ ਦੇ ਪਿੱਛੇ ਲੱਗਣ ਵਾਲਿਆਂ ਨੇ ਖੁਆਰ ਹੀ ਹੋਣਾ ਹੈ। ਪ੍ਰਮਾਤਮਾ ਦੇ ਦਰ ਤੇ ਕਦਰ ਕੇਵਲ ਸੱਚੇ ਸੁੱਚੇ ਕਰਮਾਂ ਦੀ ਪੈਂਦੀ ਹੈ, ਸਾਡੀ ਸੱਚੀ ਸੁੱਚੀ ਕਿਰਤ ਦੀ ਪੈਂਦੀ ਹੈ ਜੋ ਕਿ ਸਾਡਾ ਅਸਲ ਭਗਤੀ ਦਾ ਮਾਰਗ ਹੈ ਪਰ ਇਹ ਭੁੱਲੇ ਹੋਏ ਧਰਮ ਦੇ ਠੇਕੇਦਾਰ ਇਸ ਗੱਲ ਨੂੰ ਭਗਤੀ ਹੀ ਨਹੀਂ ਸਮਝਦੇ। ਇਨ੍ਹਾਂ ਦੀ ਸਿਖਾਈ ਹੋਈ ਭਗਤੀ ਕੇਵਲ ਦਿਖਾਵਾ ਹੈ, ਕੇਵਲ ਸਿਆਣਪਾਂ ਹਨ ਜਿੰਨ੍ਹਾਂ ਨਾਲ ਸਾਨੂੰ ਕੇਵਲ ਦੁਨਿਆਵੀ ਵਡਿਆਈ ਮਿਲਦੀ ਹੈ ਪਰ ਉਸ ਪ੍ਰਮਾਤਮਾ ਦੇ ਦਰ ਤੋਂ ਕੇਵਲ ਖੁਆਰੀ ਹੀ ਮਿਲਦੀ ਹੈ। **(ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ॥ ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥੨॥)**

ਧਰਮ ਦੇ ਇਹ ਝੂਠੇ ਆਗੂ ਸਾਨੂੰ ਕਿਹੋ ਜਿਹੀ ਭਗਤੀ

22/2420

ਸਿਖਾਉਂਦੇ ਹਨ ਉਹੀ ਗੱਲ ਸਾਨੂੰ ਪਉੜੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

ਪਉੜੀ॥

“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥
ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ॥
ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ॥੬॥”

(ਅੰਗ ੧੪੦)

ਪੂਰੀ ਪਉੜੀ ਵਿੱਚ ਧਿਆਨ ਨਾਲ ਸਮਝੋ ਕਿ ਕਿੰਨ੍ਹਾਂ ਗੱਲਾਂ ਦਾ ਖੰਡਨ ਕੀਤਾ ਹੋਇਆ ਹੈ ਭਾਵ ਸਾਡੀ ਕਿਹੋ ਜਿਹੀ ਭਗਤੀ ਦਾ ਖੰਡਨ ਕੀਤਾ ਹੋਇਆ ਹੈ। ਇਹ ਭਗਤੀ ਦੇ ਉਹੀ ਤਰੀਕੇ ਹਨ ਜੋ ਸਾਨੂੰ ਧਰਮ ਦੇ ਝੂਠੇ ਆਗੂਆਂ ਦੇ ਸਮਝਾਏ ਹੋਏ ਹਨ ਤੇ ਧਰਮ ਦਾ ਸੱਚਾ ਠੇਕੇਦਾਰ ਉਨ੍ਹਾਂ ਤਰੀਕਿਆਂ ਦਾ ਖੰਡਨ ਕਰ ਰਿਹਾ ਹੈ। ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਜੋ ਕਿ ਬੜੀ ਆਸਾਨੀ ਨਾਲ ਸਮਝ ਆ ਰਿਹਾ ਹੈ ਕਿ ਸਾਨੂੰ ਕੀ ਸਮਝਾਇਆ ਹੈ।

“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥”

ਕੀ ਪ੍ਰਮਾਤਮਾ ਦੀ ਭਗਤੀ ਕਰਨ ਲਈ ਸਾਨੂੰ ਕਿਸੇ ਖਾਸ ਸਮੇਂ ਦੇ ਨਾਲ ਜੁੜਨ ਦੀ ਲੋੜ ਹੈ ਜਿਵੇਂ ਕਿ ਹਰ ਕੋਈ ਜੁੜਿਆ ਹੋਇਆ ਹੈ। ਹਰ ਕਿਸੇ ਨੇ ਇੱਕ ਖਾਸ ਵੇਲੇ ਨੂੰ ਅੰਮ੍ਰਿਤ ਵੇਲਾ ਸਮਝਿਆ ਹੋਇਆ ਹੈ। ਸਾਡਾ ਮਕਸਦ ਗੁਰੂ ਦੀ ਗੱਲ ਨੂੰ ਵਿਚਾਰਨ ਦੇ ਨਾਲ ਹੈ ਜਿਸ ਦੁਆਰਾ ਅਸੀਂ ਉਸਦੀ ਭਗਤੀ ਨੂੰ ਸਮਝ ਸਕਦੇ ਹਾਂ। ਗੁਰੂ ਦੀ ਗੱਲ ਨੂੰ ਵਿਚਾਰਨ ਲਈ ਨਾ ਕਿਸੇ ਖਾਸ ਘੜੀ ਦੀ ਲੋੜ ਹੈ ਭਾਵ ਸਮੇਂ ਦੀ ਲੋੜ ਹੈ ਤੇ ਨਾ ਹੀ ਕਿਸੇ ਮਹੂਰਤ ਦੀ ਲੋੜ ਹੈ ਜਿਵੇਂ ਕਿ ਅਸੀਂ ਇੱਕ ਅੰਮ੍ਰਿਤ ਵੇਲੇ ਦਾ ਪੱਕਾ ਮਹੂਰਤ ਕੱਢਿਆ ਹੋਇਆ ਹੈ ਕਿ ਉਸ ਖਾਸ ਸਮੇਂ ਦੀ ਸੰਭਾਲ ਕਰਨ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਗੁਰੂ ਦੀ ਗੱਲ ਨੂੰ ਵਿਚਾਰਨ ਲਈ ਹਰ ਘੜੀ ਚੰਗੀ ਹੈ, ਹਰ ਵੇਲੇ ਉਸਦਾ ਮਹੂਰਤ ਹੈ ਭਾਵ ਜਿਸ ਵੇਲੇ ਮਰਜ਼ੀ ਵਿਚਾਰ ਲਈਏ।

ਗੁਰੂ ਹਰ ਵੇਲੇ ਇੱਕੋ ਜਿਹੀ ਗੱਲ ਹੀ ਸਮਝਾਉਂਦਾ ਹੈ ਭਾਵੇਂ ਜਿਸ ਵੇਲੇ ਮਰਜ਼ੀ ਸਮਝ ਲਈਏ। ਇਸੇ ਤਰੀਕੇ ਹੀ ਅਸੀਂ ਥਿਤਾਂ, ਵਾਰਾਂ ਦੇ ਨਾਲ ਜੁੜੇ ਹੋਏ ਹਾਂ, ਮਹੀਨਿਆਂ ਦੇ ਨਾਲ ਜੁੜੇ ਹੋਏ ਹਾਂ ਭਾਵ ਮੱਸਿਆ, ਸੰਗ੍ਰਾਂਦ, ਪੁੰਨਿਆ ਆਦਿ ਦੇ ਨਾਲ ਜੁੜੇ ਹੋਏ ਹਾਂ ਤੇ ਉਨ੍ਹਾਂ ਥਿਤਾਂ ਦੇ ਨਾਲ ਜੁੜ ਕੇ ਅਸੀਂ ਗੁਰੂ ਦੇ ਨਾਲ ਜੁੜਨਾ ਸਮਝਦੇ ਹਾਂ ਜੋ ਕਿ ਕੇਵਲ ਸਾਡੀ ਅਗਿਆਨਤਾ ਹੈ। ਅਸੀਂ ਇਹੋ ਜਿਹੀਆਂ ਗਿਣਤੀਆਂ, ਮਿਣਤੀਆਂ ਵਿੱਚ ਹੀ ਪਏ ਰਹਿੰਦੇ ਹਾਂ ਤੇ ਕਿਸੇ ਖਾਸ ਸਮੇਂ ਨੂੰ ਤੇ ਥਿਤਾਂ ਵਾਰਾਂ ਨੂੰ ਉੱਚਾ ਗਿਣਦੇ ਹਾਂ ਤੇ ਇਨ੍ਹਾਂ ਗੱਲਾਂ ਨਾਲ ਜੁੜ ਕੇ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ ਭਾਵ ਇਨ੍ਹਾਂ ਨਾਲ ਜੁੜਨਾ ਕੇਵਲ ਸਾਡਾ ਭਰਮ ਹੈ, ਅਗਿਆਨਤਾ ਹੈ, ਭਗਤੀ ਦੀ ਸਹੀ ਸੋਝੀ ਦਾ ਨਾ ਹੋਣਾ ਹੈ। **(ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥)**

22/2421

ਹੁਣ ਧਿਆਨ ਨਾਲ ਸੋਚੋ ਸਾਨੂੰ ਇਨ੍ਹਾਂ ਗੱਲਾਂ ਦੇ ਨਾਲ ਕਿਸ ਨੇ ਜੋੜਿਆ ਹੋਇਆ ਹੈ, ਥਿਤਾਂ, ਵਾਰਾਂ ਦੇ ਨਾਲ ਕਿੰਨ੍ਹਾਂ ਨੇ ਜੋੜਿਆ ਹੋਇਆ ਹੈ, ਕਿਸੇ ਖਾਸ ਵੇਲੇ ਨੂੰ ਅੰਮ੍ਰਿਤ ਵੇਲਾ ਸਮਝਾਉਣ ਵਾਲੇ ਕੌਣ ਹਨ ਤੇ ਸਾਨੂੰ ਉਸ ਖਾਸ ਵੇਲੇ ਦੀ ਸੰਭਾਲ ਕਰਨ ਲਈ ਹੀ ਪੇਰਿਆ ਜਾਂਦਾ ਹੈ ਜਦਕਿ ਅਸੀਂ ਸੰਭਾਲ ਕਿਸ ਗੱਲ ਦੀ ਕਰਨੀ ਹੈ ਇਸ ਗੱਲ ਦੇ ਨਾਲ ਉਨ੍ਹਾਂ ਨੂੰ ਕੋਈ ਮਕਸਦ ਨਹੀਂ ਹੈ। ਸੰਭਾਲ ਅਸੀਂ ਆਪਣੇ ਅੰਦਰ ਸਚੁ ਦੀ ਕਰਨੀ ਹੈ, ਗੁਣਾਂ ਦੀ ਕਰਨੀ ਹੈ, ਅੰਮ੍ਰਿਤ ਦੀ ਕਰਨੀ ਹੈ ਜੋ ਅੰਮ੍ਰਿਤ ਸਾਡੇ ਅੰਦਰੋਂ ਹਰ ਵੇਲੇ ਔਗੁਣ ਰੂਪ ਚੋਰ ਲੁੱਟ ਰਹੇ ਹਨ। ਅੰਮ੍ਰਿਤ ਦੀ ਸੰਭਾਲ ਕਰਨੀ ਕੀ ਹੈ ਇਸ ਗੱਲ ਦੀ ਤਾਂ ਸਮਝ ਕਿਸੇ ਨੂੰ ਨਹੀਂ ਹੈ ਪਰ ਇੱਕ ਖਾਸ ਵੇਲੇ ਦੀ ਸੰਭਾਲ ਕਰਨ ਨੂੰ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਸਮਝਾਇਆ ਹੋਇਆ ਹੈ। ਇਹੋ ਜਿਹਿਆਂ ਦੇ ਪਿੱਛੇ ਲੱਗ ਕੇ ਅਸੀਂ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ। ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਕਿਸੇ ਖਾਸ ਵੇਲੇ ਨਾਲ ਜੁੜ ਕੇ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ।

ਸਿਰੀਰਾਗੁ ਮਹਲਾ ੩॥

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥}

(ਅੰਗ ੩੫)

{ਵੇਲਾ ਵਖਤ ਸਭਿ ਸੁਹਾਇਆ॥
ਜਿਤੁ ਸਚਾ ਮੇਰੇ ਮਨਿ ਭਾਇਆ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ॥੨॥}

(ਅੰਗ ੧੧੫)

{ਜਾਹਿ ਸਵਾਰੈ ਸਾਝ ਬਿਆਲ॥
ਇਤ ਉਤ ਮਨਮੁਖ ਬਾਧੇ ਕਾਲ॥੩॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ॥
ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥}

(ਅੰਗ ੧੫੪)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥੨॥}

(ਅੰਗ ੬੦੦)

ਗੁਰੂ ਦੀ ਮਤਿ ਲੈਣ ਲਈ ਜਾਂ ਗੁਰੂ ਨੇ ਆਪਣੀ ਮਤਿ ਦੇਣ ਲਈ ਕੋਈ ਖਾਸ ਸਮਾਂ ਮੁਕੱਰਰ ਨਹੀਂ ਕੀਤਾ ਹੋਇਆ। ਗੁਰੂ ਹਰ ਵੇਲੇ ਇੱਕੋ ਜਿਹੀ ਮਤਿ ਹੀ ਦਿੰਦਾ ਹੈ। ਵੇਲਾ ਉਹੀ ਚੰਗਾ ਹੈ ਜਿਸ ਵੇਲੇ ਅਸੀਂ ਗੁਰੂ ਕੋਲੋਂ ਮਤਿ ਲੈਂਦੇ ਹਾਂ ਤੇ ਦੂਜਿਆਂ ਕੋਲੋਂ ਮਤਿ ਨਹੀਂ ਲੈਂਦੇ। ਆਓ ਇਹੀ ਗੱਲ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ ਜਿੱਥੇ ਅਕਾਲ ਪੁਰਖ ਰੂਪ ਬਾਬੇ ਨਾਨਕ ਨੇ ਇਹ ਗੱਲ ਸਿਧ ਗੋਸਟਿ ਰਾਹੀਂ ਸਿੱਧਾਂ ਨੂੰ ਸਮਝਾਈ ਹੋਈ ਹੈ, ਉਨ੍ਹਾਂ ਦੇ ਸਵਾਲ ਜਵਾਬ ਦੇ ਕੇ ਸਮਝਾਈ ਹੋਈ ਹੈ।

ਸਵਾਲ : **ਕਵਣ ਮੂਲੁ ਕਵਣ ਮਤਿ ਵੇਲਾ॥** (ਅੰਗ - 942)

22/2422

ਜਵਾਬ : **ਪਵਨ ਅਰੰਭੁ ਸਤਿਗੁਰ ਮਤਿ ਵੇਲਾ॥** (ਅੰਗ - 943)

ਸਿੱਧਾਂ ਨੇ ਗੁਰੂ ਸਾਹਿਬ ਕੋਲੋਂ ਪਹਿਲੇ ਇਹ ਪੁੱਛਿਆ ਹੈ ਕਿ ਉਨ੍ਹਾਂ ਦਾ ਸੰਸਾਰ ਦੇ ਵਿੱਚ "ਮੂਲੁ" ਕਦੋਂ ਬਣਿਆ ਹੈ ਭਾਵ ਸੰਸਾਰ ਦੇ ਵਿੱਚ ਹੋਂਦ ਕਦੋਂ ਬਣੀ ਹੈ, ਸੰਸਾਰ ਦੇ ਵਿੱਚ ਉਨ੍ਹਾਂ ਦੀ ਆਰੰਭਤਾ ਕਦੋਂ ਹੋਈ ਹੈ। ਦੂਸਰੀ ਗੱਲ ਉਨ੍ਹਾਂ ਨੇ ਇਹ ਪੁੱਛੀ ਹੈ ਕਿ ਮਤਿ ਲੈਣ ਦਾ ਵੇਲਾ ਕਿਹੜਾ ਚੰਗਾ ਹੈ।

ਪਹਿਲੀ ਗੱਲ ਦਾ ਜਵਾਬ ਗੁਰੂ ਸਾਹਿਬ ਨੇ ਇਹ ਦਿੱਤਾ ਹੈ ਕਿ ਜਦੋਂ ਤੋਂ ਉਨ੍ਹਾ ਦੇ ਅੰਦਰ ਸਵਾਸ ਪਏ ਹਨ ਤਾਂ ਤੋਂ ਉਨ੍ਹਾਂ ਦਾ "ਮੂਲੁ" ਬਣਿਆ ਹੈ ਭਾਵ ਤਦ ਤੋਂ ਉਨ੍ਹਾਂ ਦੇ ਜੀਵਨ ਦੀ ਆਰੰਭਤਾ ਹੋਈ ਹੈ (**ਪਵਨ ਅਰੰਭੁ**)। ਦੂਸਰਾ ਜਵਾਬ ਮਤਿ ਲੈਣ ਦਾ ਵੇਲਾ ਕਿਹੜਾ ਚੰਗਾ ਹੈ ਇਸ ਗੱਲ ਨੂੰ ਇਸ ਤਰੀਕੇ ਸਮਝਾਇਆ ਹੋਇਆ ਹੈ।

"ਸਤਿਗੁਰ ਮਤਿ ਵੇਲਾ॥"

ਮਤਿ ਲੈਣ ਲਈ ਉਹ ਵੇਲਾ ਚੰਗਾ ਹੈ ਜਿਸ ਵੇਲੇ ਅਸੀਂ ਸਤਿਗੁਰੂ ਕੋਲੋਂ ਮਤਿ ਲੈਂਦੇ ਹਾਂ। ਸਤਿਗੁਰੂ ਹਰ ਵੇਲੇ ਇੱਕੋ ਜਿਹੀ ਮਤਿ ਦਿੰਦਾ ਹੈ ਤੇ ਮਤਿ ਸਾਨੂੰ ਕੇਵਲ ਸਤਿਗੁਰੂ ਦੇ ਕੋਲੋਂ ਹੀ ਲੈਣੀ ਚਾਹੀਦੀ ਹੈ। ਸਾਰੀ ਗੱਲ ਮਤਿ ਲੈਣ ਦੇ ਮਕਸਦ ਨੂੰ ਸਮਝਣ ਦੀ ਹੈ। ਜੇਕਰ ਮਕਸਦ ਗੁਰੂ ਦੀ ਗੱਲ ਨੂੰ ਪੜ੍ਹੀ ਜਾਣ ਦਾ ਹੈ ਜਾਂ ਸੁਣੀ ਜਾਣ ਦਾ ਹੈ ਉਸ ਮਤਿ ਨੇ ਸਾਡਾ ਕੁੱਝ ਨਹੀਂ ਸਵਾਰਨਾ। ਗੁਰੂ ਦੀ ਮਤਿ ਨੇ ਤਾਂ ਹੀ ਸਾਡਾ ਕੁੱਝ ਸਵਾਰਨਾ ਹੈ ਜਦੋਂ ਅਸੀਂ ਉਸਦੀ ਮਤਿ ਨੂੰ ਆਪਣੇ ਅੰਦਰ ਵਸਾਵਾਂਗੇ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥"

ਅਸੀਂ ਰੋਜ਼ ਬਾਣੀ ਪੜ੍ਹਦੇ ਹਾਂ, ਸੁਣਦੇ ਹਾਂ ਪਰ ਬਾਣੀ ਨੂੰ ਪੜ੍ਹਨ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਬਾਣੀ ਦਾ ਮਕਸਦ ਸਾਨੂੰ ਸੱਚੇ ਸੁੱਚੇ ਇਨਸਾਨ ਬਣਾਉਣ ਲਈ ਹੀ ਹੈ ਤੇ ਪ੍ਰਮਾਤਮਾ ਦੀ ਭਗਤੀ ਦਾ ਮਕਸਦ ਵੀ ਇਹੀ ਹੈ ਕਿ ਅਸੀਂ ਸੱਚੇ ਸੁੱਚੇ ਇਨਸਾਨ ਬਣਕੇ ਵਿਚਰੀਏ ਭਾਵ ਔਗੁਣ ਰਹਿਤ ਹੋ ਕੇ ਵਿਚਰੀਏ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਰਹਿਤ ਹੋ ਕੇ ਵਿਚਰੀਏ ਤੇ ਇਹੋ ਜਿਹੀ ਵਿਚਰਨ ਹੀ ਪ੍ਰਮਾਤਮਾ ਦੀ ਭਗਤੀ ਹੈ। ਜਿਸਦੇ ਅੰਦਰ ਔਗੁਣ ਹਨ ਉਸਨੂੰ ਮੂਰਖ ਆਖਿਆ ਹੈ। ਅਸੀਂ ਬਾਣੀ ਨੂੰ ਜਿਤਨਾ ਮਰਜ਼ੀ ਪੜ੍ਹੀ ਜਾਈਏ, ਸੁਣੀ ਜਾਈਏ ਉਹ ਕਿਸੇ ਲੇਖੇ ਨਹੀਂ ਹੈ ਜਦ ਤੱਕ ਅਸੀਂ ਉਸ ਤੇ ਅਮਲ ਨਹੀਂ ਕਰਦੇ। ਹੁਣ ਧਿਆਨ ਨਾਲ ਸੋਚੋ ਕਿ ਇਹ ਝੂਠੇ ਪਾਂਧੇ ਸਾਨੂੰ ਕੀ ਸਮਝਾਉਂਦੇ ਹਨ। ਇਨ੍ਹਾਂ ਨੇ ਕੇਵਲ ਸਾਨੂੰ ਕਥਨੀ ਦੇ ਨਾਲ ਜੋੜਿਆ ਹੋਇਆ ਹੈ ਕਿ ਵਾਰ-ਵਾਰ ਬਾਣੀ ਨੂੰ ਪੜ੍ਹੀ ਜਾਓ, ਸੁਣੀ ਜਾਓ, ਵੱਧ ਤੋਂ ਵੱਧ ਪਾਠ ਕਰੀ ਜਾਓ, ਵੱਧ ਤੋਂ ਵੱਧ ਬਾਣੀ ਪੜ੍ਹੀ ਜਾਓ, ਸੁਣੀ ਜਾਓ ਤੇ ਕਿਸੇ ਅੱਖਰ ਦਾ ਜਪ ਕਰੀ ਜਾਓ ਤੇ

22/2423

ਇਹੋ ਜਿਹਾ ਕਰਨ ਨਾਲ ਤੁਸੀਂ ਆਪੇ ਹੀ ਗੁਰੂ ਦੇ ਨਾਲ ਮਿਲ ਜਾਵੋਗੇ, ਪ੍ਰਮਾਤਮਾ ਦੇ ਨਾਲ ਮਿਲ ਜਾਵੋਗੇ ਭਾਵ ਔਗੁਣ ਛੱਡਣ ਦੀ ਲੋੜ ਨਹੀਂ ਹੈ ਉਹ ਆਪੇ ਹੀ ਸੜ ਸੁੜ ਜਾਣਗੇ। ਕਮਾਲ ਹੈ ਇਹੋ ਜਿਹੀ ਸਿੱਖਿਆ ਦੇਣ ਵਾਲਿਆਂ ਦੀ, ਸਾਨੂੰ ਮੂਰਖ ਬਣਾਈ ਰੱਖਣ ਦੀ ਸਿੱਖਿਆ ਦੇਣ ਵਾਲਿਆਂ ਦੀ। ਲਭ, ਲੋਭ ਸਾਡੇ ਸਭ ਦੇ ਅੰਦਰ ਹੈ, ਮਾਇਆ ਮੋਹ ਸਾਡੇ ਸਭ ਦੇ ਅੰਦਰ ਹੈ ਜਿਸਨੂੰ

ਕੋਈ ਛੱਡਣਾ ਨਹੀਂ ਚਾਹੁੰਦਾ, ਆਪਣੀ ਮੂਰਖਤਾ ਨੂੰ ਕੋਈ ਛੱਡਣਾ ਨਹੀਂ ਚਾਹੁੰਦਾ ਤੇ ਬਾਹਰੀ ਦਿਖਾਵਿਆਂ ਨਾਲ ਹੀ ਅਸੀਂ ਭਗਤੀ ਵਾਲੇ ਅਖਵਾਉਣਾ ਚਾਹੁੰਦੇ ਹਾਂ। ਇਹ ਕੇਵਲ ਆਪਣੀ ਮੂਰਖਤਾ ਛਪਾਉਣ ਵਾਲੀ ਗੱਲ ਹੈ ਪਰ ਉਸ ਪ੍ਰਮਾਤਮਾ ਦੇ ਕੋਲੋਂ ਅਸੀਂ ਕੀ ਛੁਪਾ ਰਹੇ ਹਾਂ ਜਿਸਨੂੰ ਅਸੀਂ ਪਾਉਣਾ ਚਾਹੁੰਦੇ ਹਾਂ। ਝੂਠੇ ਪਾਧਿਆਂ ਦੇ ਪਿੱਛੇ ਲੱਗ ਕੇ ਅਸੀਂ ਇਹੀ ਕੁੱਝ ਸਿੱਖਿਆ ਹੈ ਤੇ ਇਹੀ ਕੁੱਝ ਅਸੀਂ ਕਰ ਰਹੇ ਹਾਂ। **(ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥)**

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

ਸੱਚਾ ਪਾਂਧਾ ਭਾਵ ਸੱਚਾ ਗੁਰੂ ਸਾਨੂੰ ਕਿਹੋ ਜਿਹੀ ਭਗਤੀ ਸਮਝਾਉਂਦਾ ਹੈ ਇਹ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

“ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥

ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥

ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥”

ਪੜ੍ਹਨਾ ਅਸੀਂ ਨਾਮ ਨੂੰ ਹੀ ਹੈ ਪਰ ਨਾਮ ਨੂੰ ਜੇਕਰ ਇੱਕ ਅੱਖਰ ਸਮਝ ਜਾਵਾਂਗੇ ਤਾਂ ਉਸਨੂੰ ਪੜ੍ਹ ਕੇ ਫਿਰ ਸਾਨੂੰ ਸਿੱਖਿਆ ਕੀ ਮਿਲੇਗੀ। ਅਸੀਂ ਉਸਦੇ ਵਿੱਚੋਂ ਬੁੱਝਾਂਗੇ ਕੀ ਤੇ ਵਿਚਾਰਾਗੇ ਕੀ ਤੇ ਉਸ ਵਿੱਚੋਂ ਗੁਰਮਤਿ ਕੀ ਲਵਾਂਗੇ। ਨਾਮ ਪੂਰੀ ਬਾਣੀ ਹੈ ਜਿਸਨੂੰ ਅਸੀਂ ਪੜ੍ਹਨਾ ਵੀ ਹੈ ਤੇ ਉਸ ਦੇ ਵਿੱਚੋਂ ਨਾਮ ਨੂੰ ਬੁੱਝਣਾ ਵੀ ਹੈ। ਨਾਮ ਗੁਰੂ ਦੀ ਮਤਿ ਹੈ ਜਿਸਨੂੰ ਅਸੀਂ ਬੁੱਝਣਾ ਹੈ, ਸਮਝਣਾ ਹੈ ਕਿ ਗੁਰੂ ਨੇ ਸਾਨੂੰ ਕੀ ਸਮਝਾਇਆ ਹੈ, ਕੀ ਸਿੱਖਿਆ ਦਿੱਤੀ ਹੈ ਤੇ ਉਸ ਸਿੱਖਿਆ ਨੂੰ ਆਪਣੇ ਅੰਦਰ ਵਿਚਾਰਨਾ ਹੈ ਭਾਵ ਗੁਰਮਤਿ ਦਾ ਵਿਚਾਰੀ ਬਣਨਾ ਹੈ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਸਾਨੂੰ ਵਿਕਾਰ ਛੱਡਣ ਦੀ ਲੋੜ ਹੈ ਤੇ ਅਸੀਂ ਗੁਰਮਤਿ ਦੇ ਵਿਚਾਰੀ ਤਾਂ ਹੀ ਬਣਾਗੇ ਜੇ ਆਪਣੇ ਅੰਦਰੋਂ ਔਗੁਣਾਂ ਨੂੰ ਤਿਆਗਾਗੇ। **(ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥)**

{ਮੁੰਧੇ ਗੁਣ ਦਾਸੀ ਸੁਖੁ ਹੋਇ॥

ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥

ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

{ਜਗੁ ਬੰਦੀ ਮੁਕਤੇ ਹਉ ਮਾਰੀ॥

ਜਗਿ ਗਿਆਨੀ ਵਿਰਲਾ ਆਚਾਰੀ॥

ਜਗਿ ਪੰਡਿਤੁ ਵਿਰਲਾ ਵੀਚਾਰੀ॥

ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

22/2424

ਗੁਰਮਤਿ ਦੇ ਵਿਚਾਰ ਹੀ ਪ੍ਰਮਾਤਮਾ ਦਾ ‘‘ਨਾਮੁ ਧਨੁ’’ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਭਾਵ ਔਗੁਣ ਤਿਆਗ ਕੇ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥

ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥”

“ਨਾਮੁ ਧਨੁ” ਉਹੀ ਖਟ ਸਕਦਾ ਹੈ ਜਿਸਦੇ ਅੰਦਰੋਂ “ਨਾਮੁ ਧਨੁ” ਦੀ ਚੋਰੀ ਨਹੀਂ ਹੁੰਦੀ। ਸਾਡੇ ਅੰਦਰੋਂ “ਨਾਮੁ ਧਨੁ” ਦੀ ਚੋਰੀ ਕਰਨ ਵਾਲੇ ਸਾਡੇ ਔਗੁਣ ਹਨ ਤੇ ਜਦ ਤੱਕ ਇਹ ਔਗੁਣ ਰੂਪ ਚੋਰ ਕਾਬੂ ਨਹੀਂ ਆਉਂਦੇ ਤਦ ਤੱਕ ਸਾਡੇ ਅੰਦਰ ਇਹ “ਨਾਮੁ ਧਨੁ” ਟਿਕ ਨਹੀਂ ਸਕਦਾ ਭਾਵ ਤਦ ਤੱਕ ਸਾਡੇ ਅੰਦਰ ਗੁਰਮਤਿ ਦੇ ਵਿਚਾਰ ਟਿਕ ਨਹੀਂ ਸਕਦੇ, ਤਦ ਤੱਕ ਅਸੀਂ ਗੁਰਮਤਿ ਦੇ ਵਿਚਾਰੀ ਨਹੀਂ ਬਣ ਸਕਦੇ।

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥}

(ਅੰਗ ੧੧੭੯)

ਸਾਡੇ ਅੰਦਰ ਗੁਰਮਤਿ ਵਾਲੇ ਵਿਚਾਰ ਹੀ ਸਾਡਾ ਭਗਤੀ ਦਾ ਭੰਡਾਰ ਹੈ, ਨਾਮ ਧਨੁ ਦਾ ਭੰਡਾਰ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਵਿਚਾਰਾਂ ਦੁਆਰਾ ਹੀ ਹੁੰਦੀ ਹੈ ਭਾਵ ਸੱਚੇ ਵਿਚਾਰਾਂ ਦੁਆਰਾ ਹੀ ਹੁੰਦੀ ਹੈ, ਔਗੁਣ ਰਹਿਤ ਵਿਚਾਰਾਂ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਅਸੀਂ ਕੇਵਲ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ, ਕੇਵਲ ਨਾਮ ਹੀ ਜਪਦੇ ਹਾਂ। ਆਪਣੇ ਅੰਦਰ ਨਾਮ ਧਨੁ ਹੋਏ ਬਿਨ੍ਹਾਂ ਨਾਮ ਨਹੀਂ ਜਪਿਆ ਜਾ ਸਕਦਾ, ਨਾਮ ਦੀ ਵਣਜ ਨਹੀਂ ਕੀਤੀ ਜਾ ਸਕਦੀ। ਨਾਮ ਧਨੁ ਹੀ ਸਾਡੀ ਨਾਮ ਦੀ ਰਾਸਿ ਹੈ ਜਿਸ ਦੁਆਰਾ ਅਸੀਂ ਨਾਮ ਜਪਦੇ ਹਾਂ ਤੇ ਇਹੋ ਜਿਹਾ ਨਾਮ ਜਪਣ ਲਈ ਨਾ ਰਸਨਾ ਨਾਲ ਬੋਲਣ ਦੀ ਲੋੜ ਹੈ, ਨਾ ਕਿਸੇ ਸਰੀਰਕ ਸਵਾਸਾਂ ਵਾਲੀ ਕਿਰਿਆ ਦੀ ਲੋੜ ਹੈ। ਮਨ ਦੇ ਵਿੱਚ ਸੱਚੇ ਵਿਚਾਰਾਂ ਦਾ ਭੰਡਾਰ ਹੋਣ ਦੇ ਨਾਲ, ਗੁਰਮਤਿ ਵਾਲੇ ਵਿਚਾਰਾਂ ਦਾ ਭੰਡਾਰ ਹੋਣ ਦੇ ਨਾਲ ਅਸੀਂ ਕੇਵਲ ਗੁਰਮਤਿ ਤੇ ਹੀ ਚੱਲਦੇ ਹਾਂ ਤੇ ਇਹੀ ਪ੍ਰਮਾਤਮਾ ਦੀ ਭਗਤੀ ਹੈ ਜਿਸ ਦੇ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। **(ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥)**

“ਨਾਮੁ” ਨਿਰਮਲ ਹੈ ਭਾਵ ਗੁਰੂ ਦੀ ਮਤਿ ਨਿਰਮਲ ਹੈ, ਗੁਰੂ ਦੀ ਮਤਿ ਪਵਿੱਤਰ ਹੈ ਕਿਉਂਕਿ ਨਾਮ ਸੱਚ ਹੈ, ਗੁਰੂ ਦੀ ਮਤਿ ਸੱਚ ਹੈ ਜਿਸ ਵਿੱਚ ਕੋਈ ਖੋਟ ਨਹੀਂ ਹੈ। ਗੁਰਮਤਿ ਸਾਨੂੰ ਜੋ ਵੀ ਸਿਖਾਉਂਦੀ ਹੈ ਉਹ ਸੱਚ ਹੈ ਤੇ ਜੋ ਇਸ ਸੱਚ ਨੂੰ ਮੰਨ ਲੈਂਦਾ ਹੈ ਭਾਵ ਜੋ ਗੁਰੂ ਦੀ ਮਤਿ ਨੂੰ ਅਪਣਾ ਲੈਂਦਾ ਹੈ ਉਹੀ ਪ੍ਰਮਾਤਮਾ ਦੇ ਸੱਚੇ ਦਰ ਤੇ ਕਬੂਲ ਹੁੰਦਾ ਹੈ। **(ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥)** ਜੋ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਰਲ ਜਾਂਦਾ ਹੈ ਉਹ ਪ੍ਰਮਾਤਮਾ ਦੇ ਨਾਲ ਰਲ ਜਾਂਦਾ ਹੈ ਭਾਵ ਉਸਦੇ ਨਾਲ ਇੱਕ ਹੋ ਜਾਂਦਾ ਹੈ। ਅਸੀਂ ਕੇਵਲ ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਤੇ ਉਹ ਆਪਣੀ ਕ੍ਰਿਪਾ ਦੁਆਰਾ ਸਾਨੂੰ

ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਪੂਰੀ ਗੁਰਮਤਿ ਦਾ ਗਿਆਨ ਆਪ ਹੀ ਦਿੰਦਾ ਹੈ, ਆਪਣੇ ਬ੍ਰਹਮਗਿਆਨ ਦੀ ਸੋਝੀ ਆਪ ਹੀ ਦਿੰਦਾ ਹੈ ਤੇ ਤਾਂ ਹੀ ਸਾਨੂੰ ਇਹ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਜੋਤਿ ਦੇ ਰੂਪ ਵਿੱਚ, ਮਨ ਦੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। **(ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ॥)**

ਜਿਸ ਵਸਤੂ ਦੀ ਵਣਜ ਕਰਨ ਲਈ ਅਸੀਂ ਆਏ ਹਾਂ ਉਸ ਵਸਤੂ ਦਾ ਮਾਲਕ ਕੇਵਲ ਪ੍ਰਮਾਤਮਾ ਆਪ ਹੈ ਤੇ ਉਸ ਵਸਤੂ ਦੀ ਪ੍ਰਾਪਤੀ ਸਾਨੂੰ ਕੇਵਲ ਉਸਦੇ ਕੋਲੋਂ ਹੀ ਹੋ ਸਕਦੀ ਹੈ। ਉਹ ਵਸਤੂ ਨਾਮ ਧਨ ਹੈ, ਬ੍ਰਹਮਗਿਆਨ ਦਾ ਧਨ ਹੈ, ਸੱਚੀ ਗੁਰਮਤਿ ਦਾ ਧਨ ਹੈ, ਮਨ ਦੀ ਸੱਚੀ ਸੋਝੀ ਦਾ ਧਨ ਹੈ, ਸਚੁ ਦਾ ਧਨ ਹੈ ਜਿਸਦੀ ਪ੍ਰਾਪਤੀ ਸਾਨੂੰ ਆਪਣੇ ਮਨ ਦੇ ਵਿੱਚੋਂ ਹੀ ਹੁੰਦੀ ਹੈ, ਮਨ ਦੀ ਜੋਤਿ ਰਾਹੀਂ ਹੀ ਹੁੰਦੀ ਹੈ। ਉਹ “ਸਚਾ ਸਾਹੁ” ਸਾਡੇ ਅੰਦਰ ਹੀ ਹੈ ਜਿੱਥੋਂ ਇਹ ਵਸਤੂ ਪ੍ਰਾਪਤ ਹੁੰਦੀ ਹੈ। ਆਪਣੀ ਵਸਤੂ ਉਹ ਕੇਵਲ ਆਪ ਹੀ ਦੇ ਸਕਦਾ ਹੈ, ਆਪਣਾ ਨਾਮ ਉਹ ਕੇਵਲ ਆਪ ਹੀ ਦੇ ਸਕਦਾ ਹੈ, ਆਪਣਾ ਸੱਚਾ ਗਿਆਨ ਉਹ ਕੇਵਲ ਆਪ ਹੀ ਦੇ ਸਕਦਾ ਹੈ ਜੋ ਕਿ ਅਸਲ ਵਿੱਚ ਆਪ ਹੀ ਗੁਰੂ ਹੈ, ਗੁਰਬਾਣੀ ਦਾ ਮਾਲਕ ਹੈ। ਉਸਦੀ ਵਸਤੂ ਦੀ ਪ੍ਰਾਪਤੀ ਸਾਨੂੰ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਉਸਦੀ ਰਚੀ ਹੋਈ ਗੁਰਬਾਣੀ ਦੀ ਮਤਿ ਤੇ ਚੱਲਦੇ ਹਾਂ। ਪੂਰੇ ਜਗਤ ਵਿੱਚ ਕੋਈ ਹੋਰ

ਐਸੀ ਜਗ੍ਹਾ ਨਹੀਂ ਜਿੱਥੋਂ ਸਾਨੂੰ ਇਸ ਵਸਤੂ ਦੀ ਪ੍ਰਾਪਤੀ ਹੋ ਸਕੇ ਭਾਵ ਕੋਈ ਐਸਾ ਮਨੁੱਖੀ ਰੂਪ ਨਹੀਂ ਜਿਸਦੇ ਪਿੱਛੇ ਲੱਗ ਕੇ ਅਸੀਂ ਇਸ ਵਸਤੂ ਦੀ ਪ੍ਰਾਪਤੀ ਕਰ ਸਕੀਏ। ਸਾਰਾ ਜਗਤ ਖੁਦ ਇਸ ਵਸਤੂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਭਾਵ ਕਿਸੇ ਮਨੁੱਖ ਦੇ ਪਿੱਛੇ ਲੱਗ ਕੇ ਇਸ ਵਸਤੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਵਸਤੂ ਦੀ ਪ੍ਰਾਪਤੀ ਕੇਵਲ ਗੁਰਪ੍ਰਸਾਦਿ ਹੈ ਤੇ ਗੁਰੂ ਦਾ ਪ੍ਰਸਾਦਿ ਲੈਣ ਦੇ ਲਈ ਸਾਨੂੰ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜਨ ਦੀ ਲੋੜ ਹੈ। ਇਹ ਪ੍ਰਸਾਦਿ ਸਾਨੂੰ ਪੂਰਨ ਗੁਰਮਤਿ ਦੇ ਰੂਪ ਵਿੱਚ ਹੀ ਮਿਲਦਾ ਹੈ। **(ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥)**

ਜਦ ਤੱਕ ਸਾਡੇ ਅੰਦਰ ਇਹ ਵਿਸ਼ਵਾਸ ਨਹੀਂ ਬੈਠਦਾ ਕਿ ਪ੍ਰਮਾਤਮਾ ਦੇ ਨਾਲ ਸਾਨੂੰ ਕੇਵਲ ਗੁਰੂ ਦੀ ਮਤਿ ਹੀ ਮਿਲਾ ਸਕਦੀ ਹੈ ਤਦ ਤੱਕ ਸਾਡੇ ਭਗਤੀ ਦੇ ਸਾਰੇ ਉਪਰਾਲੇ ਵਿਅਰਥ ਹੀ ਜਾਂਦੇ ਹਨ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਅਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਬਹੁਤ ਸਿਆਣੇ ਸਮਝਿਆ ਹੋਇਆ ਹੈ ਨਾ ਉਨ੍ਹਾਂ ਨੂੰ ਪ੍ਰਮਾਤਮਾ ਦੀ ਕੁੱਝ ਸਮਝ ਹੈ ਤੇ ਨਾ ਹੀ ਉਹ ਕਿਸੇ ਨੂੰ ਪ੍ਰਮਾਤਮਾ ਨਾਲ ਮਿਲਾਉਣ ਵਾਲੀ ਸੋਝੀ ਪਾ ਸਕਦੇ ਹਨ। ਪ੍ਰਮਾਤਮਾ ਦੀ ਸੱਚੀ ਸੋਝੀ ਵਾਲਾ ਕੇਵਲ ਗੁਰੂ ਹੈ ਜੋ ਸੱਚਾ ਪੰਡਿਤ ਹੈ, ਸੱਚਾ ਗਿਆਨੀ ਹੈ, ਸੱਚਾ ਸਾਧ ਹੈ, ਸੱਚਾ ਸੰਤ ਹੈ, ਬ੍ਰਹਮਗਿਆਨੀ ਹੈ। ਪ੍ਰਮਾਤਮਾ ਦੇ ਸੱਚੇ ਪੰਡਿਤ ਕਿਹੋ ਜਿਹੇ ਹੁੰਦੇ ਹਨ, ਸੱਚੇ ਧਰਮ ਦੇ ਵਿਦਵਾਨ ਕਿਹੋ ਜਿਹੇ ਹੁੰਦੇ ਹਨ, ਉਨ੍ਹਾਂ ਦੀ ਸੋਝੀ ਕਿਹੋ ਜਿਹੀ ਹੁੰਦੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਵੀ ਸਮਝੀਏ ਤਾਂ ਜੋ ਅਸੀਂ ਗੁਰੂ ਦੀ ਮਤਿ ਦੀ ਕਦਰ ਪਾ ਸਕੀਏ।

22/2426

ਮਲਾਰ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ॥

“ਪਵਣੈ ਪਾਣੀ ਜਾਣੈ ਜਾਤਿ॥ ਕਾਇਆਂ ਅਗਨਿ ਕਰੇ ਨਿਭਰਾਂਤਿ॥
ਜੰਮਹਿ ਜੀਅ ਜਾਣੈ ਜੇ ਥਾਉ॥ ਸੁਰਤਾ ਪੰਡਿਤੁ ਤਾ ਕਾ ਨਾਉ॥੧॥
ਗੁਣ ਗੋਬਿੰਦ ਨ ਜਾਣੀਅਹਿ ਮਾਇ॥ ਅਣਡੀਠਾ ਕਿਛੁ ਕਹਣੁ ਨ ਜਾਇ॥
ਕਿਆ ਕਰਿ ਆਖਿ ਵਖਾਣੀਐ ਮਾਇ॥੧॥ਰਹਾਉ॥
ਊਪਰਿ ਦਰਿ ਅਸਮਾਨਿ ਪਇਆਲਿ॥ ਕਿਉ ਕਰਿ ਕਹੀਐ ਦੇਹੁ ਵੀਚਾਰਿ॥
ਬਿਨੁ ਜਿਹਵਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥੨॥
ਕਥਨੀ ਬਦਨੀ ਰਹੈ ਨਿਭਰਾਂਤਿ॥ ਸੋ ਬੂਝੈ ਹੋਵੈ ਜਿਸੁ ਦਾਤਿ॥
ਅਹਿਨਿਸਿ ਅੰਤਰਿ ਰਹੈ ਲਿਵ ਲਾਇ॥ ਸੋਈ ਪੁਰਖੁ ਜਿ ਸਚਿ ਸਮਾਇ॥੩॥
ਜਾਤਿ ਕੁਲੀਨੁ ਸੇਵਕੁ ਜੇ ਹੋਇ॥ ਤਾ ਕਾ ਕਹਣਾ ਕਹਹੁ ਨ ਕੋਇ॥
ਵਿਚਿ ਸਨਾਤੀ ਸੇਵਕੁ ਹੋਇ॥ ਨਾਨਕ ਪਕ੍ਹੀਆ ਪਹਿਰੈ ਸੋਇ॥੪॥੧॥੬॥”

(ਅੰਗ ੧੨੫੬)

ਪੰਡਿਤੁ ਅਖਵਾਉਣਾ ਕੋਈ ਵੱਡੀ ਗੱਲ ਨਹੀਂ ਹੈ ਕਿਉਂਕਿ ਆਪਣੀ ਜਾਤਿ ਪੰਡਿਤੁ ਵਾਲੀ ਕਹਿ ਕੇ ਕੋਈ ਵੀ ਪੰਡਿਤੁ ਅਖਵਾ ਸਕਦਾ ਹੈ, ਕੋਈ ਵੀ ਆਪਣੇ ਆਪ ਨੂੰ ਉੱਚੇ ਰੁਤਬੇ ਵਾਲਾ ਕਹਿ ਸਕਦਾ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੋਈ ਉੱਚਾ ਨੀਵਾਂ ਕਿਸੇ ਉੱਚੀ ਨੀਵੀਂ ਜਾਤਿ ਦੁਆਰਾ ਨਹੀਂ ਬਣਿਆ ਜਾ ਸਕਦਾ। ਇਸੇ ਤਰ੍ਹਾਂ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਕੋਈ ਉੱਚਾ ਅਖਵਾ ਕੇ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਕੋਈ ਉੱਚਾ ਨਹੀਂ ਬਣ ਸਕਦਾ। ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲਿਆਂ ਨੂੰ ਹੀ ਉੱਪਰ ਸ਼ਬਦ ਰਾਹੀਂ ਸੋਝੀ ਪਾਈ ਹੈ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉੱਚਾ ਹੋਣਾ ਕੀ ਹੈ, ਧਰਮ ਦੀ ਸੱਚੀ ਸੋਝੀ ਵਾਲਾ ਹੋਣਾ ਕੀ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਕਿ ਉਹ ਕਿਸ ਲਈ ਉੱਚਾ ਹੈ, ਕਿਸ ਲਈ ਸਿਆਣਾ ਹੈ ਭਾਵ ਕਿਸ ਲਈ ਪੂਜਣ ਯੋਗ ਹੈ, ਮਾਣ ਦੇ ਯੋਗ ਹੈ।

“ਪਵਣੈ ਪਾਣੀ ਜਾਣੈ ਜਾਤਿ॥ ਕਾਇਆਂ ਅਗਨਿ ਕਰੇ ਨਿਭਰਾਂਤਿ॥”

ਆਪਣੀ ਜਾਤਿ ਤਾਂ ਹਰ ਕੋਈ ਜਾਣਦਾ ਹੈ ਕਿਉਂਕਿ ਇਨ੍ਹਾਂ ਜਾਤਾਂ ਨੂੰ ਅਸੀਂ ਆਪਣੀ ਮਤਿ ਅਨੁਸਾਰ ਬਣਾਇਆ ਹੋਇਆ ਹੈ, ਸਮਾਜਿਕ ਦ੍ਰਿਸ਼ਟੀ ਨਾਲ ਆਪਣੇ ਆਪ ਨੂੰ ਸਿਆਣਾ ਅਖਵਾਉਣ ਵਾਲਿਆਂ ਨੇ ਬਣਾਇਆ ਹੋਇਆ ਹੈ ਜਿਸ ਦੁਆਰਾ ਸਾਡੀ ਸਮਾਜ ਵਿੱਚ ਵੱਖਰੀ ਵੱਖਰੀ ਪਹਿਚਾਣ ਬਣੀ ਰਹਿੰਦੀ ਹੈ। ਜਿਸਨੂੰ ਪ੍ਰਮਾਤਮਾ ਦੀ ਸਮਝ ਹੈ ਉਸਨੂੰ ਇਹ ਵੀ ਸਮਝ ਹੁੰਦੀ ਹੈ ਕਿ ਜਾਤਿ ਸਾਰੇ ਸੰਸਾਰ ਦੀ ਇੱਕੋ ਹੀ ਹੈ ਕਿਉਂਕਿ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ। ਪ੍ਰਮਾਤਮਾ ਦੀ ਜਾਤਿ ਇੱਕੋ ਹੀ ਹੈ।

ਹਰ ਸਰਗੁਣ ਸਰੂਪ ਵਿੱਚ ਉਹ ਆਪ ਹੀ ਆਪਣੇ ਨਿਰਗੁਣ ਰੂਪ ਵਿੱਚ ਵਿਚਰਦਾ ਹੈ। ਜੋ ਮਨੁੱਖ ਦੀ ਜਾਤਿ ਹੈ ਉਹੀ ਪਵਣ ਪਾਣੀ ਦੀ ਜਾਤਿ ਹੈ ਭਾਵ ਹਰ ਸਰਗੁਣ ਸਰੂਪ ਦੀ ਇੱਕੋ ਹੀ ਜਾਤਿ ਹੈ, ਹਰ ਸਰੂਪ ਪ੍ਰਮਾਤਮਾ ਦਾ ਹੀ ਰੂਪ ਹੈ। ਇਹ ਸੋਝੀ ਉਸਨੂੰ ਹੀ ਪੈਂਦੀ ਹੈ ਜਿਸਦੀ ਆਪਣੇ ਅੰਦਰ ਦੀ ਅਗਨਿ ਬੁੱਝ ਜਾਂਦੀ ਹੈ। ਸਾਡੇ ਅੰਦਰ ਦੀ ਅਗਨਿ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਇਹ ਸਾਡੇ ਅੰਦਰ ਤ੍ਰੈ-ਗੁਣਾਂ ਵਾਲੀ ਅਵੱਸਥਾ ਦੀ ਅਗਨਿ ਹੈ, ਦੁਰਮਤਿ ਦੀ ਅਗਨਿ ਹੈ ਜੋ ਪ੍ਰਮਾਤਮਾ ਦੀ ਸਾਡੇ ਅੰਦਰ ਆਪ ਹੀ ਪਾਈ ਹੋਈ ਹੈ ਕਿਉਂਕਿ ਉਸਨੇ ਆਪ ਹੀ ਸਾਡੇ ਅੰਦਰ ਦੇ ਕਮਲ ਨੂੰ ਪੁੱਠਾ ਕੀਤਾ ਹੋਇਆ ਹੈ, ਸਾਡੀ ਮਤਿ ਨੂੰ ਪੁੱਠਾ ਕੀਤਾ ਹੋਇਆ ਹੈ ਭਾਵ ਸਾਨੂੰ ਆਪ ਹੀ ਨਾਸਮਝ ਬਣਾਇਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥
ਸੋ ਉਬਰੈ ਗੁਰ ਸਬਦੁ ਬੀਚਾਰੈ॥੨॥

(ਅੰਗ ੨੨੫)

22/2427

ਜਿਸਨੂੰ ਪ੍ਰਮਾਤਮਾ ਆਪਣਾ ਸਿਆਣਾ ਪੰਡਿਤੁ ਬਣਾਉਂਦਾ ਹੈ, ਧਰਮ ਦਾ ਵਿਦਵਾਨ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ, ਉਨ੍ਹਾਂ ਨੂੰ ਉਹ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਦੁਰਮਤਿ ਦੀ ਅਗਨਿ ਵਿੱਚੋਂ ਹੀ ਕੱਢਦਾ ਹੈ, ਉਨ੍ਹਾਂ ਦੇ ਅੰਦਰ ਆਪਣੀ ਗੁਰਮਤਿ ਵਸਾ ਕੇ ਹੀ ਕੱਢਦਾ ਹੈ। **(ਪਵਣੈ ਪਾਣੀ ਜਾਣੈ ਜਾਤਿ॥ ਕਾਇਆਂ ਅਗਨਿ ਕਰੇ ਨਿਭਰਾਂਤਿ॥)** ਸਿਆਣਾ ਪੰਡਿਤੁ ਕਿਹੋ ਜਿਹਾ ਹੁੰਦਾ ਹੈ ਅਗਲੀਆਂ ਪੰਗਤੀਆਂ ਰਾਹੀਂ ਇਹ ਗੱਲ ਹੋਰ ਵੀ ਬਰੀਕੀ ਨਾਲ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜੰਮਹਿ ਜੀਅ ਜਾਣੈ ਜੇ ਥਾਉ॥ ਸੁਰਤਾ ਪੰਡਿਤੁ ਤਾ ਕਾ ਨਾਉ॥੧॥”

ਸਾਡੇ ਅੰਦਰ ਦਾ ਜੀਅ ਨਿਰਗੁਣ ਰੂਪ ਹੈ ਜੋ ਕਿ ਸਾਡਾ ਮਨ ਹੈ ਜੋ ਸਾਨੂੰ ਚਲਾਉਂਦਾ ਹੈ। ਇਸ ਮਨ ਦਾ ਮਕਸਦ ਸਾਨੂੰ ਸੋਝੀ ਪਾਉਣ ਦੇ ਨਾਲ ਹੈ। ਮਨ ਦੇ ਵਿੱਚੋਂ ਵਿਚਾਰ ਹੀ ਉਪਜਦੇ ਹਨ, ਵਿਚਾਰ ਹੀ ਪੈਦਾ ਹੁੰਦੇ ਹਨ ਭਾਵ ਸਾਡੇ ਅੰਦਰੋਂ ਵਿਚਾਰ ਹੀ ਜੰਮਦੇ ਹਨ ਜੋ ਸਾਡਾ ਮਾਰਗ ਦਰਸ਼ਨ ਕਰਦੇ ਹਨ। ਸਾਡੇ ਅੰਦਰ ਦਾ ਜੀਅ ਸਾਡੇ ਮਨ ਦੇ ਵਿਚਾਰ ਹੀ ਹਨ ਤੇ ਇਹ ਵਿਚਾਰ ਸਾਡੇ ਅੰਦਰ ਕੌਣ ਪੈਦਾ ਕਰਦਾ ਹੈ, ਇਹ ਵਿਚਾਰ ਸਾਡੇ ਅੰਦਰ ਕਿੱਥੋਂ ਆਉਂਦੇ ਹਨ ਜੋ ਉਸ ਜਗ੍ਹਾ ਨੂੰ ਜਾਣਦਾ ਹੈ ਉਹੀ ਪ੍ਰਮਾਤਮਾ ਦਾ ਸਿਆਣਾ ਪੰਡਿਤੁ ਹੈ। ਮਨ ਦੇ ਵਿੱਚੋਂ ਵਿਚਾਰਾਂ ਦੇ ਮੂਲ ਨੂੰ ਜਾਣਨਾ ਹੀ, ਜੀਅ ਦੇ ਮੂਲ ਨੂੰ ਜਾਣਨਾ ਹੀ, ਮਨ ਦੇ ਮੂਲ ਨੂੰ ਜਾਣਨਾ ਹੀ, ਆਪਣੇ ਅੰਦਰ ਦੇ ਨਿਰਗੁਣ ਰੂਪ ਨੂੰ ਜਾਣਨਾ ਹੀ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣਨਾ ਹੈ ਜੋ ਸਾਡੇ ਅੰਦਰ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆਏ ਹਾਂ। ਆਪਣੇ ਅੰਦਰ ਦੇ ਜੀਅ ਨੂੰ ਜਾਣਨ ਦੇ ਨਾਲ ਹੀ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਸੋਝੀ ਪਾਉਂਦਾ ਹੈ, ਆਪ ਹੀ ਆਪਣੀ ਗੁਰਮਤਿ ਰੂਪ ਸਿੱਖਿਆ ਸਮਝਾਉਂਦਾ ਹੈ ਤੇ ਕਿਸੇ ਨੂੰ ਸਿਆਣਾ ਪੰਡਿਤੁ ਬਣਾਉਂਦਾ ਹੈ। ਸਿਆਣਾ ਪੰਡਿਤੁ ਅਸਲ ਵਿੱਚ ਉਹ ਆਪ ਹੀ ਹੈ, ਗੁਰੂ ਉਹ ਆਪ ਹੀ ਹੈ ਪਰ ਇਸਦੀ ਸਮਝ ਉਸ ਨੂੰ ਹੀ ਲੱਗਦੀ ਹੈ ਜਿਸਨੂੰ ਮਨ ਦੀ ਸੋਝੀ ਪੈ ਜਾਂਦੀ ਹੈ, ਗਿਆਨ ਦੇ ਮੂਲ ਦੀ ਸੋਝੀ ਪੈ ਜਾਂਦੀ ਹੈ। ਉਸਨੂੰ ਜਾਣਨ ਤੋਂ ਬਾਅਦ ਫਿਰ ਕੋਈ ਆਪਣੇ ਆਪ ਨੂੰ ਸਿਆਣਾ ਨਹੀਂ ਕਹਿ ਸਕਦਾ, ਉਹ ਪ੍ਰਮਾਤਮਾ ਨੂੰ ਹੀ ਗੁਰੂ ਕਹਿੰਦੇ ਹਨ, “ਸਬਦੁ” ਨੂੰ ਗੁਰੂ ਕਹਿੰਦੇ ਹਨ। **(ਜੰਮਹਿ ਜੀਅ ਜਾਣੈ ਜੇ ਥਾਉ॥ ਸੁਰਤਾ ਪੰਡਿਤੁ ਤਾ ਕਾ ਨਾਉ॥੧॥)**

ਜੋ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ, ਉਸਨੂੰ ਆਪਣੇ ਅੰਦਰੋਂ ਡਿੱਠ ਲੈਂਦਾ ਹੈ ਉਸਨੂੰ ਹੀ ਫਿਰ ਪ੍ਰਮਾਤਮਾ ਦੇ ਗੁਣ ਸਮਝ ਆਉਂਦੇ ਹਨ ਤੇ ਪ੍ਰਮਾਤਮਾ ਦਾ ਕਹਿਣ ਕੀ ਹੈ, ਉਸਦਾ ਆਖਣ ਕੀ ਹੈ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗੁਣ ਗੋਬਿੰਦ ਨ ਜਾਣੀਅਹਿ ਮਾਇ॥ ਅਣਡੀਠਾ ਕਿਛੁ ਕਹਣੁ ਨ ਜਾਇ॥
ਕਿਆ ਕਰਿ ਆਖਿ ਵਖਾਣੀਐ ਮਾਇ॥੧॥ਰਹਾਉ॥”

ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ। ਜਦ ਤੱਕ ਕਿਸੇ ਨੇ ਪ੍ਰਮਾਤਮਾ ਨੂੰ ਜਾਣਿਆ ਹੀ ਨਹੀਂ

22/2428

ਆਪਣੇ ਅੰਦਰੋਂ ਉਸਦੇ ਨਿਰਗੁਣ ਰੂਪ ਨੂੰ, ਗਿਆਨ ਰੂਪ ਨੂੰ ਪਛਾਣਿਆ ਹੀ ਨਹੀਂ, ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਬੁੱਝਿਆ ਹੀ ਨਹੀਂ ਸਾਨੂੰ ਕਦੇ ਇਸ ਗੱਲ ਦੀ ਸਮਝ ਨਹੀਂ ਆ ਸਕਦੀ ਕਿ ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ। ਸੰਸਾਰ ਦਾ ਪਹਿਲਾ ਗੁਣ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨੁੱਖ ਦੇ ਵਿੱਚ ਇਹ ਗੁਣ ਆਏ ਬਿਨ੍ਹਾਂ ਸਾਨੂੰ ਇਸ ਗੱਲ ਦੀ ਸਮਝ ਨਹੀਂ ਆ ਸਕਦੀ ਕਿ ਹਰ ਵਸਤੂ ਵਿੱਚ, ਹਰ ਗੁਣ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ।

{ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥}

(ਅੰਗ ੯)

ਸੰਸਾਰ ਵਿੱਚ ਕਿਤਨੀਆਂ ਕੁ ਵਸਤੂਆਂ ਹਨ ਇਸਦੀ ਕੋਈ ਗਿਣਤੀ ਨਹੀਂ ਕਰ ਸਕਦਾ। ਅਰਬਾਂ ਖਰਬਾਂ ਤੋਂ ਵੀ ਜਿਆਦਾ ਭਾਵ ਗਿਣਤੀ ਤੋਂ ਰਹਿਤ ਖੰਡ ਬ੍ਰਹਿਮੰਡ ਹਨ ਭਾਵ ਪ੍ਰਮਾਤਮਾ ਦਾ ਪਸਾਰਾ ਬੇਅੰਤ ਹੈ ਉਸਦੀ ਵਸਤੂਆਂ ਬੇਅੰਤ ਹਨ। ਹਰ ਵਸਤੂ ਪ੍ਰਮਾਤਮਾ ਦੇ ਗੁਣਾਂ ਨਾਲ ਭਰਪੂਰ ਹੈ। ਅਸੀਂ ਆਪਣੇ ਇੱਕ ਸਰੀਰ ਦੇ ਗੁਣਾਂ ਦੀ ਗਿਣਤੀ ਕਰੀਏ ਤੇ ਉਹ ਵੀ ਗਿਣਤੀ ਕਰਨੀ ਔਖੀ ਹੋ ਜਾਂਦੀ ਹੈ। ਸਾਡੇ ਸਰੀਰ ਵਿੱਚ ਅਨੇਕਾਂ ਹੀ ਅੰਗ ਹਨ ਤੇ ਹਰ ਅੰਗ ਦਾ ਆਪਣਾ ਗੁਣ ਹੈ। ਹਰ ਗੁਣ ਦੇ ਵਿੱਚ, ਹਰ ਵਸਤੂ ਦੀਆਂ ਪਰੋਪਰਟੀਸ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਸਾਇੰਟਿਫਿਕ ਗਿਆਨ ਹੈ ਜੋ ਕਿ ਉਸਦਾ ਬ੍ਰਹਮਗਿਆਨ ਹੈ। ਹਰ ਵਸਤੂ ਦਾ ਗੁਣ ਬ੍ਰਹਮਗਿਆਨ ਦੇ ਰਾਹੀਂ ਹੀ ਆਇਆ ਹੈ। ਪ੍ਰਮਾਤਮਾ ਦੇ ਗੁਣਾਂ ਦੀ ਕਦੇ ਗਿਣਤੀ ਨਹੀਂ ਹੋ ਸਕਦੀ। ਪ੍ਰਮਾਤਮਾ ਕੋਲੋਂ ਕ੍ਰੋੜਾਂ ਜੀਭਾਂ ਮੰਗਣ ਦੀ ਗੱਲ ਵੀ ਗੁਰਬਾਣੀ ਵਿੱਚ ਆਉਂਦੀ ਹੈ ਤਾਂ ਜੋ ਅਸੀਂ ਉਸਦੇ ਗੁਣ ਗਾ ਸਕੀਏ। ਪ੍ਰਮਾਤਮਾ ਦੇ ਗੁਣ ਕ੍ਰੋੜਾਂ, ਅਰਬਾਂ ਜੀਭਾਂ ਮਿਲਣ ਨਾਲ ਵੀ ਨਹੀਂ ਗਾਏ ਜਾ ਸਕਦੇ ਕਿਉਂਕਿ ਉਸਦੇ ਗੁਣ ਬੇਅੰਤ ਹਨ। ਪ੍ਰਮਾਤਮਾ ਦੇ ਗੁਣਾਂ ਨੂੰ ਕੇਵਲ ਸਮਝਿਆ ਜਾ ਸਕਦਾ ਹੈ ਜਿਸ ਲਈ ਕੇਵਲ ਮਨ ਦੀ ਸੋਝੀ ਦੀ ਲੋੜ ਹੈ। ਮਨ ਦੀ ਸੋਝੀ ਦੁਆਰਾ ਹੀ ਇਹ ਪਤਾ ਚੱਲਦਾ ਹੈ ਕਿ ਉਸਦੇ ਗੁਣ ਬੇਅੰਤ ਹਨ। ਸਾਡੇ ਲਈ ਪ੍ਰਮਾਤਮਾ ਨੇ ਜੋ ਉਸਦੇ ਗੁਣ ਗਾਉਣ ਦਾ ਤਰੀਕਾ ਬਣਾਇਆ ਹੈ ਉਹ ਕੇਵਲ ਸੱਚ ਤੇ ਚੱਲਣ ਦਾ ਬਣਾਇਆ ਹੈ ਜਿਸ ਲਈ ਕੇਵਲ ਮਨ ਦੀ ਸੋਝੀ ਦੀ ਹੀ ਲੋੜ ਹੈ। ਉਸਦੇ ਗੁਣ ਬਿਨ੍ਹਾਂ ਰਸਨਾਂ ਤੋਂ ਹੀ ਅਸੀਂ ਗਾ ਸਕਦੇ ਹਾਂ ਜਿਵੇਂ ਕਿ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੈ ਤੇ ਇਸ ਸ਼ਬਦ ਦੇ ਰਾਹੀਂ ਵੀ ਅੱਗੇ ਚੱਲ ਕੇ ਇਹ ਗੱਲ ਸਮਝਾਈ ਹੋਈ ਹੈ।

ਪ੍ਰਮਾਤਮਾ ਦੇ ਗੁਣ ਗਾਉਣੇ ਸਾਨੂੰ ਉਨ੍ਹਾਂ ਨੇ ਹੀ ਸਿਖਾਏ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਗੁਣ ਗਾਉਣੇ ਸਮਝਾਏ ਹਨ। **(ਗੁਣ ਗੋਬਿੰਦ ਨ ਜਾਣੀਅਹਿ ਮਾਇ॥ ਅਣਡੀਠਾ ਕਿਛੁ ਕਹਣੁ ਨ ਜਾਇ॥ ਕਿਆ ਕਰਿ ਆਖਿ ਵਖਾਣੀਐ ਮਾਇ॥੧॥ਰਹਾਉ॥)**

ਆਪਣੇ ਆਪ ਨੂੰ ਉੱਚੇ ਪੰਡਿਤ, ਧਰਮ ਦੇ ਵਿਦਵਾਨ ਅਖਵਾਉਣ ਵਾਲੇ ਉਹੀ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਡਿੱਠਿਆ ਤੇ ਇਸੇ ਲਈ ਉਨ੍ਹਾਂ ਨੂੰ ਨਾ ਖੁਦ ਭਗਤੀ ਦੀ ਸਮਝ ਹੈ, ਨਾ ਖੁਦ ਪ੍ਰਮਾਤਮਾ ਦੇ ਗੁਣ ਗਾਉਣ ਦੀ ਸਮਝ ਹੈ ਤੇ ਨਾ ਹੀ ਉਹ ਕਿਸੇ ਹੋਰ ਨੂੰ ਸਮਝਾਉਣ ਜੋਗੇ ਹਨ। ਇਹ ਸਭ ਸੁਣੀਆਂ ਸੁਣਾਈਆਂ ਗੱਲਾਂ ਦੇ ਪਿੱਛੇ ਹੀ ਲੱਗੇ ਹੋਏ ਹਨ, ਮਨਮਤਿ ਦੇ ਪਿੱਛੇ ਹੀ ਲੱਗੇ ਹੋਏ ਹਨ ਤੇ ਦੂਸਰਿਆਂ ਨੂੰ ਵੀ ਮਨਮਤਿ ਦੇ ਨਾਲ ਹੀ ਜੋੜਦੇ ਹਨ।

22/2429

ਆਸਾ ਮਹਲਾ ੧॥

{ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥}

(ਅੰਗ ੯)

ਉਸ ਪ੍ਰਮਾਤਮਾ ਦਾ ਕਹਿਣ, ਆਖਣ, ਗੁਣ ਗਾਉਣੇ ਕੀ ਹਨ ਇਹ ਉਸਦਾ ਸੁਰਤਾ ਪੰਡਿਤੁ ਹੀ ਜਾਣਦਾ ਹੈ ਜਿਸਨੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੋਇਆ ਹੈ। ਇਸ ਗੱਲ ਦੀ ਵਿਚਾਰ ਹੀ ਧੰਨ ਧੰਨ ਅਕਾਲ ਪੁਰਖ ਰੂਪ ਬਾਬਾ ਨਾਨਕ ਜੀ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾ ਰਹੇ ਹਨ ਜੋ ਕਿ ਉਸ ਪ੍ਰਮਾਤਮਾ ਦੇ ਆਪਣੇ ਥਾਪੇ ਹੋਏ ਸੁਰਤੇ ਪੰਡਿਤੁ ਹਨ ਭਾਵ ਸੱਚੇ ਧਰਮ ਦੀ ਸਿੱਖਿਆ ਦੇਣ ਵਾਲੇ ਵਿਦਵਾਨ ਹਨ। ਉਹ ਸਾਨੂੰ ਪ੍ਰਮਾਤਮਾ ਨੂੰ ਜਪਣ ਦੀ, ਉਸਨੂੰ ਆਖਣ ਦੀ ਕਿਹੋ ਜਿਹੀ ਵਿਚਾਰ ਦੇ ਰਹੇ ਹਨ ਇਸ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਉਸ ਤਰੀਕੇ ਨਾਲ ਜਪੀਏ ਜੋ ਉਸਨੂੰ ਜਪਣ ਦਾ ਅਸਲ ਤਰੀਕਾ ਹੈ।

“ਊਪਰਿ ਦਰਿ ਅਸਮਾਨਿ ਪਇਆਲਿ॥ ਕਿਉ ਕਰਿ ਕਹੀਐ ਦੇਹੁ ਵੀਚਾਰਿ॥

ਬਿਨੁ ਜਿਹਵਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥੨॥”

ਉੱਪਰ ਵਾਲੀ ਹਰ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਊਪਰਿ ਦਰਿ ਅਸਮਾਨਿ ਪਇਆਲਿ॥”

ਪ੍ਰਮਾਤਮਾ ਦਾ ਦਰ ਸਾਡੇ ਅੰਦਰ ਕਿੱਥੇ ਹੈ, ਉਸਦਾ ਘਰ ਕਿੱਥੇ ਹੈ ਉਹ ਸਾਡਾ ਮਨ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰਲੀ ਪੰਗਤੀ ਰਾਹੀਂ ਸਾਡੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਕਿ ਸਾਡਾ ਪ੍ਰਮਾਤਮਾ ਦੇ ਨਾਲੋਂ ਭੇਦ ਕਿਸ ਗੱਲ ਦਾ ਹੈ। ਇਹ ਮਨ ਹੀ ਸਾਡਾ ਘਰ ਹੈ ਤੇ ਮਨ ਹੀ ਪ੍ਰਮਾਤਮਾ ਦਾ ਘਰ ਹੈ ਭਾਵ ਅਸੀਂ ਇਕੱਠੇ ਇੱਕੋ ਘਰ ਵਿੱਚ ਹੀ ਰਹਿੰਦੇ ਹਾਂ ਫਿਰ ਵੀ ਇੱਕ ਦੂਜੇ ਤੋਂ ਦੂਰੀ ਸਾਡੀ ਬਹੁਤ ਵੱਡੀ ਹੈ। ਦੂਰੀ ਸਾਡੇ ਮਨ ਦੀ ਅਗਿਆਨਤਾ ਕਰਕੇ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਕਰਕੇ ਹੈ ਤੇ ਪ੍ਰਮਾਤਮਾ ਦੀ ਆਪਣੀ ਅਵੱਸਥਾ ਉੱਚੇ ਗਿਆਨ ਵਾਲੀ ਹੈ। ਪ੍ਰਮਾਤਮਾ ਨੇ ਜੋ ਸਾਨੂੰ ਮਤਿ ਦਿੱਤੀ ਹੋਈ ਹੈ ਉਹ ਪ੍ਰਮਾਤਮਾ ਦੀ ਮਤਿ ਅੱਗੇ ਤੁੱਛ ਹੈ ਭਾਵ ਬਹੁਤ ਛੋਟੀ ਹੈ। ਸਾਡੀ ਮਤਿ ਤੇ ਪ੍ਰਮਾਤਮਾ ਦੀ ਮਤਿ ਦੇ ਵਿੱਚ ਇਤਨਾ ਜਿਆਦਾ ਫ਼ਰਕ ਹੈ ਜਿਵੇਂ ਕਿ ਅਸਮਾਨ ਤੇ ਪਤਾਲ ਦਾ ਆਪਸ ਵਿੱਚ ਫ਼ਰਕ ਹੈ ਭਾਵ ਬਹੁਤ ਜਿਆਦਾ ਫ਼ਰਕ ਹੈ। ਇਹ ਫ਼ਰਕ ਤ੍ਰੈਗੁਣਾਂ ਵਾਲੀ ਅਵੱਸਥਾ ਤੇ ਚੌਥੇ ਪਦ ਦੀ ਅਵੱਸਥਾ ਦੇ ਵਿੱਚ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਨ੍ਹਾਂ ਨੂੰ ਆਪਣੀ ਉੱਚੀ ਮਤਿ ਦੇ ਨਾਲ ਹੀ ਮਿਲਾਉਂਦਾ ਹੈ ਭਾਵ ਆਪਣੇ ਚੌਥੇ ਪਦ ਦੇ ਵਿੱਚ ਹੀ ਰਲਾਉਂਦਾ ਹੈ। ਜਿੰਨ੍ਹਾਂ ਨੂੰ ਉਸਨੇ ਆਪਣੇ ਨਾਲ ਰਲਾਇਆ ਹੈ ਉਨ੍ਹਾਂ ਨੂੰ ਹੀ ਉਸਨੇ ਆਪਣਾ ਸੁਰਤਾ ਪੰਡਿਤੁ ਬਣਾਇਆ ਹੈ ਜੋ ਕਿ ਕੇਵਲ ਉਸ ਦੀ ਆਪਣੀ ਕ੍ਰਿਪਾ ਹੈ। ਉਹ ਆਪਣੀ ਸੱਚੀ ਸਿੱਖਿਆ ਦੀ ਸੋਝੀ ਆਪਣੇ ਦਰ ਤੇ ਆਪ

ਹੀ ਪਾਉਂਦਾ ਹੈ। ਆਪਣੇ ਆਪ ਨੂੰ ਉੱਚੇ ਵਿਦਵਾਨ ਅਖਵਾਉਣ ਵਾਲਿਆਂ ਵਿੱਚ, ਸੰਤ, ਬ੍ਰਹਮਗਿਆਨੀ ਆਦਿ ਅਖਵਾਉਣ ਵਾਲਿਆ ਵਿੱਚ, ਧਰਮ ਦੇ ਝੂਠੇ ਠੇਕੇਦਾਰ ਅਖਵਾਉਣ ਵਾਲਿਆਂ ਵਿੱਚ ਤੇ ਧਰਮ ਦੇ ਸੱਚੇ ਠੇਕੇਦਾਰ ਦੇ ਵਿੱਚ ਇਤਨਾ ਹੀ ਫਰਕ ਹੈ ਜਿਵੇਂ ਕਿ ਅਸਮਾਨ ਤੇ ਪਾਤਾਲ ਵਿੱਚ ਹੈ। ਇਹ ਫਰਕ ਮਨ ਦੀ ਸੋਝੀ ਦਾ ਹੈ, ਝੂਠੀ ਤੇ ਸੱਚੀ ਸੋਝੀ ਦਾ ਹੈ ਭਾਵ ਭਗਤੀ ਦੀ ਸੱਚੀ ਜਾਂ ਝੂਠੀ ਸੋਝੀ ਦਾ ਹੈ। ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਚੌਥੇ ਪਦ ਵਿੱਚ ਹੈ ਤੇ ਬਾਕੀ ਸਾਰੇ ਤ੍ਰੈਗੁਣਾਂ ਵਿੱਚ ਹੀ ਹਨ। **(ਊਪਰਿ ਦਰਿ ਅਸਮਾਨਿ ਪਇਆਲਿ॥)**

ਅਗਲੀ ਪੰਗਤੀ ਰਾਹੀਂ ਸਾਨੂੰ ਹੁਣ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਅਸੀਂ ਉਸ ਪ੍ਰਮਾਤਮਾ ਨੂੰ ਕਿਵੇਂ ਕਹੀਏ ਭਾਵ ਉਸਨੂੰ ਕਿਵੇਂ ਜਪੀਏ। ਗੁਰੂ ਸਾਹਿਬ ਆਪਣੇ ਵਿਚਾਰ ਦੇ ਕੇ ਸਾਨੂੰ ਸਮਝਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਸਮਝ ਹੈ ਕਿ ਪ੍ਰਮਾਤਮਾ ਦਾ ਕਹਿਣ ਕੀ ਹੈ। **(ਕਿਉ ਕਰਿ ਕਹੀਐ ਦੇਹੁ ਵੀਚਾਰਿ॥)** “ਦੇਹੁ ਵੀਚਾਰਿ” ਤੋਂ ਭਾਵ ਹੈ ਕਿ ਮੈਂ ਤੁਹਾਨੂੰ ਆਪਣੇ ਵਿਚਾਰ ਦੇ ਕੇ ਸਮਝਾ ਰਿਹਾ ਹਾਂ ਕਿ ਪ੍ਰਮਾਤਮਾ ਨੂੰ ਕਹਿਣ ਦਾ ਤਰੀਕਾ ਕੀ ਹੈ ਕਿਉਂਕਿ ਮੈਂ ਜਾਣਦਾ ਹਾਂ ਕਿ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਕੀ ਹੈ ਤੇ ਮੈਂ ਉਸ ਪ੍ਰਮਾਤਮਾ ਦਾ ਆਪਣਾ ਹੀ ਥਾਪਿਆ ਹੋਇਆ ਦਾਸ ਹਾਂ।

{ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥

ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥

ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥}

(ਅੰਗ ੧੨੮੬)

ਉਨ੍ਹਾਂ ਨੇ ਪ੍ਰਮਾਤਮਾ ਨੂੰ ਕਹਿਣ ਦਾ ਤਰੀਕਾ ਕੀ ਸਮਝਾਇਆ ਹੈ, ਆਪਣੇ ਵਿਚਾਰ ਕੀ ਦਿੱਤੇ ਹਨ ਇਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜਿਸਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਪ੍ਰਮਾਤਮਾ ਦਾ ਨਾਮ ਸਮਝ ਆ ਜਾਵੇ।

“ਬਿਨੁ ਜਿਹਵਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥੨॥”

ਬਾਬਾ ਨਾਨਕ ਜੀ ਤਾਂ ਸਾਨੂੰ ਇਹ ਵਿਚਾਰ ਦੇ ਰਹੇ ਹਨ ਕਿ ਪ੍ਰਮਾਤਮਾ ਦਾ ਨਾਮ ਜਿਹਵਾ ਨਾਲ, ਰਸਨਾ ਨਾਲ ਭਾਵ ਬੋਲ ਬੋਲ ਕੇ ਜਪਣ ਵਾਲਾ ਮਾਰਗ ਨਹੀਂ ਹੈ। ਇਹ ਬਿਨ੍ਹਾਂ ਜੀਭ ਤੋਂ ਜਪਣ ਵਾਲਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜਿੰਨ੍ਹਾਂ ਸ਼ਬਦਾਂ ਰਾਹੀਂ ਸਾਨੂੰ ਰਸਨਾ ਦੇ ਨਾਲ ਨਾਮ ਜਪਣਾ ਸਿਖਾਇਆ ਹੁੰਦਾ ਹੈ ਤੇ ਨਾਲ ਸਾਨੂੰ ਉਸਦਾ ਮਕਸਦ ਵੀ ਸਮਝਾਇਆ ਹੁੰਦਾ ਹੈ। ਨਾਮ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜੋ ਕਿ ਚੌਥੇ ਪਦ ਦਾ ਗਿਆਨ ਹੈ। ਨਾਮ ਨੂੰ ਕੇਵਲ ਸਾਡਾ ਮਨ ਹੀ ਜਪ ਸਕਦਾ ਹੈ। ਨਾਮ ਨੂੰ ਜਪਣਾ, ਨਾਮ ਨੂੰ ਆਪਣੇ ਅੰਦਰ ਵਸਾਉਣਾ ਹੈ ਤੇ ਨਾਮ ਕੇਵਲ ਮਨ ਦੇ ਵਿੱਚ ਹੀ ਵੱਸ ਸਕਦਾ ਹੈ, ਗੁਰੂ ਦੀ ਮਤਿ ਕੇਵਲ ਮਨ ਦੇ ਵਿੱਚ ਹੀ ਵੱਸ ਸਕਦੀ ਹੈ ਜਿਸਦੇ ਨਾਲ ਜੀਭਾ ਦੀ ਲੋੜ ਨਹੀਂ ਹੈ। ਜੇਕਰ ਸਾਰਾ ਦਿਨ ਜੀਭਾ ਦੇ ਨਾਲ ਗੁਰਮਤਿ ਗੁਰਮਤਿ ਬੋਲੀ ਜਾਈਏ ਫਿਰ ਸਾਡੇ ਅੰਦਰ ਗੁਰਮਤਿ ਨਹੀਂ ਵੱਸ ਸਕਦੀ। ਗੁਰਮਤਿ ਮਨ ਦੇ ਮੰਨਣ ਦਾ ਮਾਰਗ ਹੈ ਜਿਸਦੀ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ। ਜਿਸਨੂੰ ਮਨ ਦੇ ਵਿੱਚ ਸੋਝੀ ਪੈਂਦੀ

ਹੈ ਉਸਨੂੰ ਹੀ ਸਮਝ ਪੈਂਦੀ ਹੈ ਕਿ ਨਾਮ ਕੀ ਹੈ। ਨਾਮ ਚੌਥੇ ਪਦ ਦਾ ਗਿਆਨ ਹੈ ਤੇ ਇਸ ਚੌਥੇ ਪਦ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਜਿਸਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਸਨੂੰ ਮਨ ਦੇ ਵਿੱਚ ਸੱਚੀ ਸੋਝੀ ਦੇ ਰੂਪ ਵਿੱਚ ਹੀ ਦਿੰਦਾ ਹੈ ਤੇ ਆਪ ਹੀ ਉਸਤੇ ਚਲਾਉਂਦਾ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਸਨੇ ਆਪ ਹੀ ਆਪਣਾ ਨਾਮ ਦਿੱਤਾ ਹੈ ਤੇ ਆਪ ਹੀ ਆਪਣੇ ਨਾਮ ਤੇ ਚਲਾਇਆ ਹੈ। ਉਨ੍ਹਾਂ ਨੇ ਹੀ ਗੁਰਬਾਣੀ ਰੂਪ ਨਾਮ ਦੀ ਰਚਨਾ ਕੀਤੀ ਹੈ ਤੇ ਸਾਨੂੰ ਨਾਮ ਦੀ ਸੋਝੀ ਪਾਈ ਹੈ ਕਿ ਨਾਮ ਕੀ ਹੈ। ਉਸਦੇ ਭਗਤਾਂ ਨੇ ਬੋਲ ਬੋਲ ਕੇ ਉਸਦਾ ਨਾਮ ਨਹੀ ਜਪਿਆ ਬਲਕਿ ਆਪਣੀ ਕਰਨੀ ਦੇ ਦੁਆਰਾ ਜਪਿਆ ਹੈ, ਮਨ ਦੇ ਵਿੱਚ ਸੱਚੀ ਗੁਰਮਤਿ ਦੇ ਦੁਆਰਾ ਜਪਿਆ ਹੈ। ਹਰਿਮੰਦਰ ਸਾਹਿਬ ਵਿਖੇ ਇਸੇ ਲਈ ਕੋਈ ਅੱਖਰ ਰੂਪ ਨਾਮ ਨਹੀ ਜਪਿਆ ਜਾਂਦਾ ਕਿਉਂਕਿ ਉੱਥੋਂ ਦੀ ਮਰਿਆਦਾ ਆਪਣੀ ਗੁਰੂ ਸਾਹਿਬਾਨ ਦੀ ਕੀਤੀ ਹੋਈ ਹੈ ਜਿੰਨ੍ਹਾਂ ਨੂੰ ਸਮਝ ਹੈ ਕਿ ਨਾਮ ਜਪਣਾ ਕੀ ਹੈ। ਹਰਿਮੰਦਰ ਸਾਹਿਬ ਵਿਖੇ ਇਸੇ ਲਈ ਗੁਰਬਾਣੀ ਦਾ ਕੀਰਤਨ ਹੀ ਹੁੰਦਾ ਹੈ ਤੇ ਰਾਗੀ ਸਿੰਘਾਂ ਨੂੰ ਉਚੇਚੇ ਤੌਰ ਤੇ ਹਿਦਾਇਤ ਕੀਤੀ ਜਾਂਦੀ ਹੈ ਕਿ ਉੱਥੇ ਕੋਈ ਅੱਖਰ ਰੂਪ ਜਪ ਨਹੀਂ ਕਰਨਾ। **(ਬਿਨੁ ਜਿਹਵਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥੨॥)**

ਜਿਸਨੂੰ ਪ੍ਰਮਾਤਮਾ ਨਾਮ ਦੀ ਸੋਝੀ ਪਾ ਦਿੰਦਾ ਹੈ ਉਸਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਥਨੀ ਬਦਨੀ ਰਹੈ ਨਿਭਰਾਂਤਿ॥ ਸੋ ਬੂਝੈ ਹੋਵੈ ਜਿਸੁ ਦਾਤਿ॥

ਅਹਿਨਿਸਿ ਅੰਤਰਿ ਰਹੈ ਲਿਵ ਲਾਇ॥ ਸੋਈ ਪੁਰਖੁ ਜਿ ਸਚਿ ਸਮਾਇ॥੩॥”

ਨਾਮ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਕਥਨੀ ਦਾ ਭਾਵ ਮੁੱਖੋਂ ਬੋਲੀ ਜਾਣ ਦਾ। ਮੁੱਖੋਂ ਬੋਲ ਬੋਲ ਕੇ ਅਸੀਂ ਕੇਵਲ ਗੁਰੂ ਦੀ ਮਤਿ ਨੂੰ ਸਮਝਣ ਦਾ ਉਪਰਾਲਾ ਹੀ ਕਰਨਾ ਹੈ ਤੇ ਜਿੰਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਉਹ ਸਾਨੂੰ ਕਥਨੀ ਦੇ ਨਾਲ ਹੀ ਜੋੜਦੇ ਹਨ। ਜਿਸਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ, ਜਿਸਨੂੰ ਉਹ ਆਪਣੀ ਨਾਮ ਦੀ ਦਾਤਿ ਬਖ਼ਸ਼ਦਾ ਹੈ ਉਸਨੂੰ ਹੀ ਨਾਮ ਜਪਣ ਦੀ ਸੋਝੀ ਪੈਂਦੀ ਹੈ ਕਿ ਇਹ ਕਥਨੀ ਦਾ ਨਹੀਂ, ਕਰਨੀ ਦਾ ਮਾਰਗ ਹੈ। ਜੋ ਪ੍ਰਮਾਤਮਾ ਦਾ ਸੱਚਾ ਪੰਡਿਤੁ ਹੈ, ਸੱਚੀ ਸਿੱਖਿਆ ਦੇਣ ਵਾਲਾ ਹੈ ਉਹ ਸਾਨੂੰ ਕਰਨੀ ਦੇ ਨਾਲ ਹੀ ਜੋੜਦਾ ਹੈ ਭਾਵ ਸੱਚੀ ਸੁੱਚੀ ਕਿਰਤ ਦੇ ਨਾਲ ਹੀ ਜੋੜਦਾ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦੇ ਨਾਲ ਹੀ ਜੋੜਦਾ ਹੈ। **(ਕਥਨੀ ਬਦਨੀ ਰਹੈ ਨਿਭਰਾਂਤਿ॥ ਸੋ ਬੂਝੈ ਹੋਵੈ ਜਿਸੁ ਦਾਤਿ॥)**

ਨਾਮ ਦੀ ਦਾਤਿ ਮਿਲਣ ਤੋਂ ਬਾਅਦ ਹੀ ਫਿਰ ਉਸ ਪ੍ਰਮਾਤਮਾ ਦੇ ਨਾਲ ਹਰ ਵੇਲੇ ਮਨ ਦੇ ਵਿੱਚ ਹੀ ਲਿਵ ਲੱਗੀ ਰਹਿੰਦੀ ਹੈ ਭਾਵ ਉਸਦੀ ਸੱਚੀ ਮਤਿ ਦੇ ਨਾਲ ਲਿਵ ਲੱਗੀ ਰਹਿੰਦੀ ਹੈ ਕਿਉਂਕਿ ਸੱਚੀ ਮਤਿ ਉਹ ਮਨ ਦੇ ਵਿੱਚ ਆਪ ਹੀ ਦਿੰਦਾ ਹੈ। ਉਸਦੀ

22/2432

ਸੱਚੀ ਮਤਿ ਦੇ ਵਿੱਚ ਸਮਾਏ ਰਹਿਣਾ ਹੀ ਸੱਚ ਦੇ ਵਿੱਚ ਸਮਾਉਣਾ ਹੈ, ਉਸ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ। ਅਸਲ "ਪੁਰਖੁ" ਉਹੀ ਹੈ ਜੋ ਉਸ ਅਕਾਲ ਪੁਰਖ ਦੇ ਵਿੱਚ ਸਮਾਅ ਜਾਂਦਾ ਹੈ, ਸੱਚ ਦੇ ਵਿੱਚ ਸਮਾਅ ਜਾਂਦਾ ਹੈ, ਬ੍ਰਹਮਗਿਆਨ ਦੇ ਵਿੱਚ ਸਮਾਅ ਜਾਂਦਾ ਹੈ। ਇਹ ਅਵੱਸਥਾ ਗੁਰੂ ਰੂਪ ਵਾਲੀ ਅਵੱਸਥਾ ਹੈ, ਉਸਦੇ ਸੁਰਤੇ ਪੰਡਿਤੁ ਵਾਲੀ ਅਵੱਸਥਾ ਹੈ। **(ਅਹਿਨਿਸਿ ਅੰਤਰਿ ਰਹੈ ਲਿਵ ਲਾਇ॥ ਸੋਈ ਪੁਰਖੁ ਜਿ ਸਚਿ ਸਮਾਇ॥੩॥)**

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਸੱਚੇ ਪੰਡਿਤੁ ਤੇ ਝੂਠੇ ਪੰਡਿਤ ਦੇ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ।

"ਜਾਤਿ ਕੁਲੀਨੁ ਸੇਵਕੁ ਜੇ ਹੋਇ॥ ਤਾ ਕਾ ਕਹਣਾ ਕਹਹੁ ਨ ਕੋਇ॥

ਵਿਚਿ ਸਨਾਤੀ ਸੇਵਕੁ ਹੋਇ॥ ਨਾਨਕ ਪਕ੍ਹੀਆ ਪਹਿਰੈ ਸੋਇ॥੪॥੧॥੬॥"

ਉੱਪਰ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਝੂਠੇ ਸੇਵਕਾਂ ਦੀ ਗੱਲ ਸਮਝਾਈ ਹੋਈ ਹੈ ਜੋ ਆਪਣੇ ਆਪ ਨੂੰ ਸਿਆਣਾ ਸਮਝਦੇ ਹਨ, ਭਗਤੀ ਵਾਲੇ ਸਮਝਦੇ ਹਨ। ਜਿੰਨ੍ਹਾਂ ਨੂੰ ਮਨੁੱਖੀ ਜਾਤਿ ਦੀ ਸਮਝ ਨਹੀਂ ਹੈ ਭਾਵ ਜਿੰਨ੍ਹਾਂ ਨੂੰ ਮਨੁੱਖੀ ਸਰੂਪ ਦੀ ਸਮਝ ਨਹੀਂ ਹੈ ਕਿ ਮਨੁੱਖ ਦੀ ਜਾਤਿ ਕੀ ਹੈ ਉਸਨੂੰ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਨਹੀਂ ਹੈ। ਜਿਵੇਂ ਕਿ ਅਸੀਂ ਸ਼ਬਦ ਦੇ ਸ਼ੁਰੂ ਵਿੱਚ ਸਮਝਿਆ ਹੈ ਸਾਰੇ ਸੰਸਾਰ ਦੀ ਇੱਕੋ ਹੀ ਜਾਤਿ ਹੈ, ਹਰ ਸਰਗੁਣ ਸਰੂਪ ਦੀ ਇੱਕੋ ਹੀ ਜਾਤਿ ਹੈ ਭਾਵ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ। ਜਿਸਨੂੰ ਪ੍ਰਮਾਤਮਾ ਨਾਮ ਦੀ ਸੋਝੀ ਪਾ ਦਿੰਦਾ ਹੈ ਉਹ ਮਨੁੱਖ ਫਿਰ ਪ੍ਰਮਾਤਮਾ ਦੀ ਜਾਤਿ ਵਾਲਾ ਬਣ ਜਾਂਦਾ ਹੈ, ਨਾਮ ਦੀ ਜਾਤਿ ਵਾਲਾ ਬਣ ਜਾਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਹਰ ਵਸਤੂ ਵਿੱਚ ਪ੍ਰਮਾਤਮਾ ਦਾ ਨਾਮ ਹੀ ਸਮਾਇਆ ਹੋਇਆ ਹੈ ਭਾਵ ਹਰ ਵਸਤੂ ਵਿੱਚ ਪ੍ਰਮਾਤਮਾ ਦਾ ਗਿਆਨ ਹੀ ਸਮਾਇਆ ਹੋਇਆ ਹੈ।

{ਹਰਿ ਭਰਿਪੁਰੇ ਰਹਿਆ॥ਜਲਿ ਥਲੇ ਰਾਮ ਨਾਮੁ॥}

(ਅੰਗ ੮੦੧)

ਨਾਮ ਦੀ ਜਾਤਿ ਵਾਲਾ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਵੀ ਸਮਝਿਆ ਹੈ।

{ਨਾ ਜਾਣਾ ਕਰਮ ਕੇਵਡ ਤੇਰੀ ਦਾਤਿ॥

ਕਰਮੁ ਧਰਮੁ ਤੇਰੇ ਨਾਮ ਕੀ ਜਾਤਿ॥੧॥ਰਹਾਉ॥}

(ਅੰਗ ੧੫੪)

ਨਾਮ ਦੀ ਜਾਤਿ ਵਾਲਾ ਬਣਨ ਤੋਂ ਪਹਿਲਾਂ ਸਾਨੂੰ ਆਪਣੇ ਅਸਲ "ਕਰਮੁ ਧਰਮੁ" ਦੀ ਸੋਝੀ ਨਹੀਂ ਪੈਂਦੀ ਭਾਵ ਪ੍ਰਮਾਤਮਾ ਦੀ ਭਗਤੀ ਕਰਨ ਦੀ ਸਹੀ ਸੋਝੀ ਨਹੀਂ ਪੈਂਦੀ। ਆਪਣੀ ਸਹੀ ਸੋਝੀ ਪ੍ਰਮਾਤਮਾ ਆਪਣੀ ਜਾਤਿ ਵਾਲਾ ਬਣਾ ਕੇ ਹੀ ਪਾਉਂਦਾ ਹੈ। ਨਾਮ ਦੀ ਜਾਤਿ ਵਾਲਾ ਬਣਨ ਤੋਂ ਪਹਿਲਾਂ ਭਾਵ ਸਭ ਵਿੱਚ ਪ੍ਰਮਾਤਮਾ ਦੀ ਹੋਂਦ ਨਜ਼ਰ ਆਉਣ ਤੋਂ ਪਹਿਲਾਂ ਹਰ ਕਿਸੇ ਦੀ ਜਾਤਿ ਹਉਮੈ ਵਾਲੀ ਜਾਤਿ ਹੀ ਹੈ। ਹਉਮੈ ਦੀ ਜਾਤਿ ਵਿੱਚ ਰਹਿੰਦਿਆਂ ਕੋਈ ਨਾਮ ਦੀ ਜਾਤਿ ਵਾਲਾ ਨਹੀਂ ਬਣ ਸਕਦਾ।

22/2433

ਸਾਡੀ ਭਗਤੀ ਦਾ ਮਕਸਦ ਇਸ ਹਉਮੈ ਵਾਲੀ ਜਾਤਿ ਦੇ ਵਿੱਚੋਂ ਨਿਕਲਣ ਦਾ ਹੈ ਪਰ ਅਸੀਂ ਜਿਹੋ ਜਿਹੀ ਭਗਤੀ ਕਰਦੇ ਹਾਂ ਭਾਵ ਜੋ ਅਸੀਂ ਨਾਸਮਝੀ ਵਾਲੀ ਭਗਤੀ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ, ਕੇਵਲ ਕਥਨੀ ਨੂੰ ਆਪਣੀ ਭਗਤੀ ਸਮਝਦੇ ਹਾਂ, ਗਿਣਤੀਆਂ ਮਿਣਤੀਆਂ ਨੂੰ ਆਪਣੀ ਭਗਤੀ ਸਮਝਦੇ ਹਾਂ, ਸਰੀਰਕ ਸੁਚਿ ਨੂੰ ਜਾਂ ਸੁੱਚੇ ਖਾਣੇ ਨੂੰ ਆਪਣੀ ਭਗਤੀ ਸਮਝਦੇ ਹਾਂ ਇਹੋ ਜਿਹੀ ਭਗਤੀ ਦੁਆਰਾ ਅਸੀਂ ਆਪਣੇ ਦੁਨਿਆਵੀ ਮਾਣ ਨੂੰ ਹੀ ਉੱਚਾ ਕਰਦੇ ਹਾਂ, ਆਪਣੀ ਹਉਮੈ ਨੂੰ ਹੀ

ਉੱਚਾ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੀ ਹਉਮੈ ਵਧਾ ਕੇ ਹੀ ਅਸੀਂ ਆਪਣੇ ਆਪ ਨੂੰ ਸਿੰਮਲ ਰੁੱਖ ਵਰਗਾ ਕਰ ਲੈਂਦੇ ਹਾਂ।

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥੮॥੮॥}

(ਅੰਗ ੫੮)

ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣੇ ਬਿਨ੍ਹਾਂ ਹਰ ਕੋਈ ਹਉਮੈ ਵਿੱਚ ਹੀ ਹੈ ਤੇ ਆਪਣੀ ਕਥਨੀ ਬਦਨੀ ਵਾਲੀ ਭਗਤੀ ਦੁਆਰਾ, ਕਹਿਣ ਸੁਣਨ ਵਾਲੀ ਭਗਤੀ ਦੁਆਰਾ ਭਾਵ ਦਿਖਾਵੇ ਵਾਲੀ ਭਗਤੀ ਦੁਆਰਾ ਹਰ ਕੋਈ ਆਪਣੇ ਆਪ ਨੂੰ ਹੀ ਉੱਚਾ ਕਰ ਰਿਹਾ ਹੈ, ਸਮਾਜ ਵਿੱਚ ਆਪਣੀ ਹੀ ਕੀਮਤ ਉੱਚੀ ਕਰ ਰਿਹਾ ਹੈ।

{ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥}

(ਅੰਗ ੯)

{ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥
ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥}

(ਅੰਗ ੧੨੩੯)

ਜਦ ਤੱਕ ਅਸੀਂ ਆਪਣੀ ਹਉਮੈ ਨੂੰ ਉੱਚੀ ਕਰ ਰਹੇ ਹਾਂ ਇਸ ਦੇ ਨਾਲ ਪ੍ਰਮਾਤਮਾ ਦਾ ਸੇਵਕ ਨਹੀਂ ਬਣਿਆ ਜਾ ਸਕਦਾ, ਉਸਦੇ ਦਰ ਦਾ ਢਾਡੀ ਨਹੀਂ ਬਣਿਆ ਜਾ ਸਕਦਾ ਭਾਵੇਂ ਅਸੀਂ ਸਮਝਦੇ ਆਪਣੇ ਆਪ ਨੂੰ ਇਹੀ ਕੁੱਝ ਹਾਂ ਕਿ ਅਸੀਂ ਪ੍ਰਮਾਤਮਾ ਦੇ ਵੱਡੇ ਸੇਵਕ ਹਾਂ, ਉਸਨੂੰ ਜਪਣ ਵਾਲੇ ਹਾਂ। ਆਪਣੀ ਇਸ ਹਉਮੈ ਕਰਕੇ ਹੀ ਅਸੀਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਨੀਵੇਂ ਹਾਂ, ਨਾਮ ਦੀ ਪ੍ਰਾਪਤੀ ਤੋਂ ਦੂਰ ਹਾਂ। ਹਉਮੈ ਦੀ ਜਾਤਿ ਨੀਵੀਂ ਜਾਤਿ ਹੈ ਤੇ ਨਾਮ ਦੀ ਜਾਤਿ ਉੱਚੀ ਜਾਤਿ ਹੈ। ਨਾਮ ਦੀ ਜਾਤਿ ਵਾਲੇ ਅਸੀਂ ਤਾਂ ਹੀ ਬਣ ਸਕਦੇ ਹਾਂ ਜਦੋਂ ਇਸ ਹਉਮੈ ਦੀ ਜਾਤਿ ਵਿੱਚੋਂ ਨਿਕਲਾਂਗੇ ਪਰ ਇਸ ਜਾਤਿ ਵਿੱਚੋਂ ਨਿਕਲਣ ਦੀ ਬਜਾਇ ਅਸੀਂ ਇਸ ਹਉਮੈ ਜਾਤਿ ਨੂੰ ਉੱਚਾ ਕਰੀ ਜਾਂਦੇ ਹਾਂ ਜਿਸ ਕਰਕੇ ਅਸੀਂ ਪ੍ਰਮਾਤਮਾ ਦੇ ਸੇਵਕ ਨਹੀਂ ਬਣ ਸਕਦੇ, ਉਸਦੇ ਢਾਡੀ ਨਹੀਂ ਬਣ ਸਕਦੇ, ਉਸਦਾ ਜੱਸ ਗਾਉਣ ਵਾਲੇ ਨਹੀਂ ਬਣ ਸਕਦੇ। ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਦੇ ਹਾਂ ਤਾਂ ਜੋ ਅਸੀਂ ਹਉਮੈ ਦੀ ਜਾਤਿ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ।

ਪਉੜੀ॥

{"ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ॥੯॥"}

(ਅੰਗ ੪੬੮)

ਇਸ ਪੂਰੀ ਪਉੜੀ ਦੇ ਅਰਥ ਅਸੀਂ ਕਾਫੀ ਪਿੱਛੇ ਸਮਝ ਚੁੱਕੇ ਹਾਂ ਤੇ ਹੁਣ ਹਉਮੈ ਦੀ ਜਾਤਿ ਕੀ ਹੈ ਇਸਨੂੰ ਫਿਰ ਤੋਂ ਸਮਝਦੇ ਹਾਂ।

“ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥”

ਸਾਡਾ ਪ੍ਰਮਾਤਮਾ ਨਾਲੋਂ ਵੱਖਰਾਪਨ ਹਉਮੈ ਕਰਕੇ ਹੀ ਹੈ, ਮਨ ਦੀ ਅਗਿਆਨਤਾ ਕਰਕੇ ਹੀ ਹੈ ਭਗਤੀ ਦਾ ਮਕਸਦ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ, ਭਰਮ ਵਿੱਚੋਂ ਨਿਕਲਣ ਦਾ ਹੈ, ਮਨਮਤਿ ਵਿੱਚੋਂ ਨਿਕਲਣ ਦਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਈਏ, ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਸਾ ਕੇ ਆਪਣੀ ਅਗਿਆਨਤਾ ਵਿੱਚੋਂ ਨਿਕਲੀਏ। ਅਸੀਂ ਅਗਿਆਨਤਾ ਛੱਡਣ ਦੀ ਬਜਾਇ ਉਸ ਵਿਅਰਥ ਦੀ ਭਗਤੀ ਵਿੱਚ ਲੱਗੇ ਰਹਿੰਦੇ ਹਾਂ ਜਿਸ ਨਾਲ ਕੇਵਲ ਸਾਡੇ ਅੰਦਰ ਮਨਮਤਿ ਹੀ ਦ੍ਰਿੜ ਹੁੰਦੀ ਹੈ, ਸਾਡੀ ਮਨਹਠਿ ਹੀ ਵੱਧਦੀ ਹੈ। ਸਾਡੀ ਭਗਤੀ ਦਾ ਮਕਸਦ ਆਪਣੇ ਅੰਦਰੋਂ ਉਸ ਮੂਲ ਰੂਪ ਪ੍ਰਮਾਤਮਾ ਨੂੰ ਬੁੱਝਣ ਦਾ ਹੈ ਜੋ ਸਾਡਾ ਸਭ ਦਾ ਮੂਲ ਹੈ ਤੇ ਅਸਲ ਵਿੱਚ ਸਭ ਕੁੱਝ ਉਹ ਆਪ ਹੀ ਹੈ। ਉਸਨੂੰ ਮਨ ਦੇ ਅੰਦਰੋਂ ਮਨ ਦੇ ਗਿਆਨ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ, ਗੁਰੂ ਦੇ ਗਿਆਨ ਨਾਲ ਜੁੜ ਕੇ ਹੀ ਬੁੱਝਿਆ ਜਾ ਸਕਦਾ ਹੈ, ਗੁਰੂ ਦੇ ਗਿਆਨ ਅਨੁਸਾਰ ਆਪਣੇ ਆਪ ਨੂੰ ਢਾਲ ਕੇ ਹੀ ਬੁੱਝਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ, ਆਪਣਾ ਮੂਲ ਬੁੱਝੇ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਉਹ ਕੁੱਝ ਗਿਣਾਉਂਦੇ ਹਾਂ ਭਾਵ ਆਪਣੇ ਆਪ ਨੂੰ ਉਹ ਕੁੱਝ ਸਮਝਦੇ ਹਾਂ ਜੋ ਅਸਲ ਵਿੱਚ ਅਸੀਂ ਨਹੀਂ ਹਾਂ। ਅਸੀਂ ਆਪਣੇ ਆਪ ਨੂੰ ਮਨੁੱਖੀ ਹੋਂਦ ਸਮਝਦੇ ਹਾਂ, ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦੇ ਹਾਂ ਜੋ ਕਿ ਅਸਲ ਵਿੱਚ ਅਸੀਂ ਨਹੀਂ ਹਾਂ। ਅਸੀਂ ਕੀ ਹਾਂ, ਇਸ ਗੱਲ ਦੀ ਸੋਝੀ ਆਪਣੇ ਮੂਲ ਨੂੰ ਆਪਣੇ ਅੰਦਰੋਂ ਬੁੱਝਣ ਦੁਆਰਾ ਹੀ ਪੈਂਦੀ ਹੈ। ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਪਰ ਉਸਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ ਅਸੀਂ ਆਪਣੇ ਆਪ ਨੂੰ “ਮੈਂ” ਸਮਝਦੇ ਹਾਂ ਤੇ ਇਹੀ ਸਾਡੀ ਹਉਮੈ ਹੈ। ਸਾਡੇ ਅੰਦਰ ਦਾ ਇਹ “ਹਉ” ਸਾਡਾ ਆਪਾ ਹੈ ਜੋ ਸਾਨੂੰ ਮੈਂ ਸਿਖਾਉਂਦਾ ਹੈ, ਮੈਂ ਵਿੱਚ ਰੱਖਦਾ ਹੈ। ਮਨੁੱਖ ਦੀ ਨੀਵੀਂ ਜਾਤਿ ਇਸ ਹਉ ਕਰਕੇ ਹੈ, ਹਉ ਦੀ ਜਾਤਿ ਨੀਵੀਂ ਹੈ, ਹਉਮੈ ਦੀ ਜਾਤਿ ਨੀਵੀਂ ਹੈ। ਜੋ ਪ੍ਰਮਾਤਮਾ ਦਾ ਢਾਡੀ ਭਾਵ ਉਸਦੀ ਸਿਫ਼ਤ ਸਾਲਾਹ ਕਰਨ ਵਾਲਾ, ਉਸਦਾ ਸੇਵਕ ਅਖਵਾਉਣ ਵਾਲਾ ਜੇਕਰ ਆਪਣੇ ਅੰਦਰ ਦੇ ਹਉ ਨੂੰ ਹੋਰ ਵਧਾਉਂਦਾ ਹੈ ਭਾਵ ਆਪਣੀ ਹਉਮੈ ਨੂੰ ਹੋਰ ਵਧਾਉਂਦਾ ਹੈ ਤੇ ਉਹ ਆਪਣੀ ਇਸ ਹਉਮੈ ਵਾਲੀ ਜਾਤਿ ਨੂੰ ਹੋਰ ਉੱਤਮ ਬਣਾਉਂਦਾ ਹੈ ਭਾਵ ਆਪਣੀ ਮਾੜੀ ਜਾਤਿ ਨੂੰ ਉੱਚਾ ਕਰਦਾ ਹੈ, ਉੱਤਮ ਕਰਦਾ ਹੈ। ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਉਸ ਅਸਲ ਵਿੱਚ ਆਪਣੀ ਹਉਮੈ ਹੀ ਵਧਾ ਰਿਹਾ ਹੈ ਭਾਵ ਮਾੜੀ ਜਾਤਿ ਨੂੰ ਹੀ ਉੱਚਾ ਕਰ ਰਿਹਾ ਹੈ। ਇਸ ਮਾੜੀ ਜਾਤਿ ਨੂੰ ਜਿਤਨਾ ਅਸੀਂ ਉੱਚਾ ਕਰਦੇ ਹਾਂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਅਸੀਂ ਆਪਣੇ ਆਪ ਨੂੰ ਉਤਨਾ ਹੀ ਨੀਵਾਂ ਕਰਦੇ ਹਾਂ, ਨਾਮ ਦੇ ਨਾਲ ਸਾਡਾ ਉਤਨਾ ਹੀ ਵਿਰੋਧ ਵੱਧਦਾ ਹੈ। ਨਾਮ ਤੇ ਹਉਮੈ ਇੱਕ ਦੂਸਰੇ ਦੇ ਪੁੱਠੇ ਪਾਸੇ ਹਨ, ਦੋਨੋਂ ਇੱਕ ਦੂਜੇ ਦੇ ਉਲਟ ਹਨ। ਹਉਮੈ ਵਧਾਉਣ ਵਾਲੀ ਭਗਤੀ ਅਸਲ ਵਿੱਚ ਭਗਤੀ ਦਾ ਪੁੱਠਾ ਪਾਸਾ ਹੈ। **(ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥)**

22/2435

ਸਾਡੀ ਉੱਚੀ ਜਾਂ ਨੀਵੀਂ ਜਾਤਿ ਕੀ ਹੈ ਇਸ ਦੀ ਸੋਝੀ ਪੈਣ ਦੇ ਨਾਲ ਹੀ ਅਸੀਂ ਮੁੱਖ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਨੂੰ ਸਮਝ ਸਕਦੇ ਹਾਂ।

“ਜਾਤਿ ਕੁਲੀਨੁ ਸੇਵਕੁ ਜੇ ਹੋਇ॥ ਤਾ ਕਾ ਕਹਣਾ ਕਹਹੁ ਨ ਕੋਇ॥
ਵਿਚਿ ਸਨਾਤੀ ਸੇਵਕੁ ਹੋਇ॥ ਨਾਨਕ ਪਨ੍ਹੀਆ ਪਹਿਰੈ ਸੋਇ॥੪॥੧॥੬॥”

ਪ੍ਰਮਾਤਮਾ ਦਾ ਸੇਵਕ ਅਖਵਾਉਣ ਵਾਲੇ ਤਾਂ ਬਹੁਤ ਹਨ ਪਰ ਇਨ੍ਹਾਂ ਨੇ ਆਪਣੀ ਜਾਤਿ ਉੱਚੀ ਕੀਤੀ ਹੋਈ ਹੈ, ਉੱਤਮ ਕੀਤੀ ਹੋਈ ਹੈ ਭਾਵ ਆਪਣੀ ਹਉਮੈ ਉੱਚੀ ਕੀਤੀ ਹੋਈ ਹੈ ਕਿਉਂਕਿ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕਿਸੇ ਦੀ ਜਾਤਿ ਹਉਮੈ ਹੀ ਹੈ। ਜਿੰਨ੍ਹਾਂ ਨੇ ਇਸ ਤਰੀਕੇ ਆਪਣੇ ਆਪ ਨੂੰ ਉੱਚਾ ਥਾਪਿਆ ਹੋਇਆ ਹੈ ਭਾਵ ਜਪਾਂ ਤਪਾਂ ਵਾਲੀ ਭਗਤੀ ਦੁਆਰਾ ਆਪਣੇ ਆਪ ਨੂੰ ਉੱਚਾ ਥਾਪਿਆ ਹੋਇਆ ਹੈ ਇਨ੍ਹਾਂ ਨੂੰ ਹੀ ਸਿੰਮਲ ਰੁੱਖ ਵਰਗੇ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ

ਹੈ। ਇਹੋ ਜਿਹੇ ਜਾਤਿ ਕੁਲੀਨ ਸੇਵਕ, ਉੱਚੀ ਹਉਮੈ ਵਾਲੇ ਸੇਵਕ ਸਾਨੂੰ ਪ੍ਰਮਾਤਮਾ ਦੀਆਂ ਗੱਲਾਂ ਹੀ ਸਮਝਾਉਂਦੇ ਹਨ, ਪ੍ਰਮਾਤਮਾ ਦੀਆਂ ਗੱਲਾਂ ਕਹਿ ਕੇ ਸਮਝਾਉਂਦੇ ਹਨ, ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਸਮਝਾਉਂਦੇ ਹਨ ਉਸਦੀ ਭਗਤੀ ਦੇ ਤਰੀਕੇ ਸਮਝਾਉਂਦੇ ਹਨ, ਲੇਕਿਨ ਉਸ ਵਿੱਚ ਇਨ੍ਹਾਂ ਦੀ ਮਨਮਤਿ ਹੁੰਦੀ ਹੈ, ਹਉਮੈ ਵਾਲੀ ਬਿਰਤੀ ਹੁੰਦੀ ਹੈ ਤੇ ਇਸੇ ਲਈ ਸਾਨੂੰ ਸਮਝਾਇਆ ਹੈ ਕਿ ਇਹੋ ਜਿਹਾ ਉੱਚਾ ਅਖਵਾਉਣ ਵਾਲਿਆਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ, ਉਨ੍ਹਾਂ ਦੇ ਕਹੇ ਦੇ ਪਿੱਛੇ ਸਾਨੂੰ ਨਹੀਂ ਲੱਗਣਾ ਚਾਹੀਦਾ। **(ਜਾਤਿ ਕੁਲੀਨੁ ਸੇਵਕੁ ਜੇ ਹੋਇ॥ ਤਾ ਕਾ ਕਹਣਾ ਕਹਹੁ ਨ ਕੋਇ॥)**

ਸਾਡੀ ਮਨੁੱਖੀ ਜਾਤਿ ਸਾਡੇ ਮਨ ਦੀ ਸੋਝੀ ਹੈ, ਸਾਡੇ ਮਨ ਦੀ ਅਵੱਸਥਾ ਹੈ। ਸਾਡੇ ਮਨ ਦੀਆਂ ਦੋ ਹੀ ਅਵੱਸਥਾਵਾਂ ਹਨ। ਇੱਕ ਹਉਮੈ ਵਾਲੀ ਤੇ ਦੂਜੀ ਨਾਮ ਵਾਲੀ ਅਵੱਸਥਾ ਹੈ। ਜਦ ਤੱਕ ਸਾਡੀ ਜਾਤੀ ਹਉਮੈ ਵਾਲੀ ਹੈ ਤਦ ਤੱਕ ਅਸੀਂ ਕਰਮ ਵੀ ਆਪਣੀ ਮਨਮਤਿ ਅਨੁਸਾਰ ਹੀ ਕਰਦੇ ਹਾਂ ਤੇ ਸਾਡੇ ਇਹ ਮਨਮਤਿ ਵਾਲੇ ਕਰਮ ਹੀ ਸਾਨੂੰ ਬੰਧਨ ਵਿੱਚ ਰੱਖਦੇ ਹਨ, ਮਾਇਆ ਮੋਹ ਦੇ ਬੰਧਨ ਵਿੱਚ ਰੱਖਦੇ ਹਨ ਤੇ ਮਨੁੱਖ ਵਾਰ-ਵਾਰ ਜੂਨਾਂ ਵਿੱਚ ਪੈਂਦਾ ਹੈ। ਹਉਮੈ ਦੀ ਜਾਤਿ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਨਾਮ ਦੀ ਜਾਤਿ ਵਾਲੇ ਨਹੀਂ ਬਣ ਸਕਦੇ ਭਾਵ ਪ੍ਰਮਾਤਮਾ ਨੂੰ ਜਾਨਣ ਦੀ ਸੋਝੀ ਵਾਲੇ ਨਹੀਂ ਬਣ ਸਕਦੇ ਤੇ ਉਹੋ ਜਿਹੇ ਕਰਮ ਨਹੀਂ ਕਰ ਸਕਦੇ ਜੋ ਸਾਨੂੰ ਨਾਮ ਦੀ ਮਤਿ ਸਮਝਾਉਂਦੀ ਹੈ, ਗੁਰੂ ਦੀ ਮਤਿ ਸਮਝਾਉਂਦੀ ਹੈ।

ਮਹਲਾ ੨॥

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥}

(ਅੰਗ ੪੬੬)

ਪ੍ਰਮਾਤਮਾ ਦੇ ਸੱਚੇ ਸੇਵਕ ਇਸ ਹਉਮੈ ਵਾਲੀ ਜਾਤਿ ਵਿੱਚੋਂ ਨਿਕਲ ਕੇ ਹੀ ਬਣਿਆ ਜਾ ਸਕਦਾ ਹੈ, ਨਾਮ ਦੀ ਜਾਤਿ ਵਾਲਾ ਬਣ ਕੇ ਬਣਿਆ ਜਾ ਸਕਦਾ ਹੈ ਤੇ ਗੁਰੂ ਆਪਣੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦਾ ਸੱਚਾ ਸੇਵਕ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਵਿਚਿ ਸਨਾਤੀ ਸੇਵਕੁ ਹੋਇ॥ ਨਾਨਕ ਪਨ੍ਹੀਆ ਪਹਿਰੈ ਸੋਇ॥੪॥੧॥੬॥”

ਇਹ ਪ੍ਰਮਾਤਮਾ ਦੇ ਸੱਚੇ ਸੇਵਕ ਦੀ ਨਿਸ਼ਾਨੀ ਹੈ, ਉਸਦੇ ਸੁਰਤੇ ਪੰਡਿਤ ਦੀ ਨਿਸ਼ਾਨੀ ਹੈ। “ਸਨਾਤੀ” ਤੋਂ ਭਾਵ

ਹੈ ਨੀਵਾਂ ਹੋਣਾ। ਨੀਵੀਂ ਸਾਡੀ ਮਤਿ ਹੀ ਬਣਦੀ ਹੈ ਭਾਵ ਮਨਮਤਿ ਹੀ ਨੀਵੀਂ ਬਣਦੀ ਹੈ ਜਿਸ ਦੁਆਰਾ ਸਾਡੀ ਹਉਮੈ ਦੂਰ ਹੁੰਦੀ ਹੈ। ਜਿੱਥੇ ਗੁਰਮਤਿ ਵੱਸ ਜਾਂਦੀ ਹੈ ਉਹ ਮਨਮਤਿ ਨੂੰ ਆਪੇ ਹੀ ਨੀਵਾਂ ਕਰ ਦਿੰਦੀ ਹੈ। ਭਗਤੀ ਦਾ ਮਾਰਗ ਆਪਣੀ ਮਨਮਤਿ ਨੂੰ ਨੀਵਾਂ ਕਰਕੇ ਚੱਲਣ ਦਾ ਹੀ ਹੈ। ਮਨਮਤਿ ਨੂੰ ਨੀਵਾਂ ਕਰਨ ਨਾਲ ਗੁਰਮਤਿ ਉੱਚੀ ਹੁੰਦੀ ਹੈ, ਨਾਮ ਉੱਚਾ ਹੁੰਦਾ ਹੈ ਜੋ ਕਿ ਭਗਤੀ ਦਾ ਮਕਸਦ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਹਉਮੈ ਨਿਕਲਣ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿੱਚ ਸੱਚੀ ਸੋਝੀ ਵੱਸਣ ਦੁਆਰਾ ਹੁੰਦੀ ਹੈ। ਜਿਸਨੂੰ ਪ੍ਰਮਾਤਮਾ ਆਪਣਾ ਸੇਵਕ ਬਣਾਉਂਦਾ ਹੈ ਉਸਨੂੰ ਮਨ ਦੀ ਸੋਝੀ ਬਖ਼ਸ਼ ਕੇ ਹੀ ਬਣਾਉਂਦਾ ਹੈ ਜਿਸ ਦੁਆਰਾ ਇਹ ਸਮਝ ਲੱਗਦੀ ਹੈ ਕਿ ਹਉਮੈ ਝਠ ਹੈ ਤੇ ਨਾਮ ਸਚੁ ਹੈ, ਮਨਮਤਿ ਝੂਠ ਹੈ ਤੇ ਗੁਰਮਤਿ ਸਚੁ ਹੈ। ਸਾਡੀ ਹਉਮੈ ਮਨ ਦੀ ਸੋਝੀ ਦੁਆਰਾ ਹੀ ਨਿਕਲਦੀ ਹੈ ਤੇ ਨਾਮ ਦੀ ਜਾਤਿ ਵਾਲੇ ਅਸੀਂ ਮਨ ਦੀ ਸੋਝੀ ਦੁਆਰਾ ਹੀ ਬਣਦੇ ਹਾਂ। “ਪਨ੍ਹੀਆ ਪਹਿਰੈ ਸੋਇ” ਤੋਂ ਭਾਵ ਹੈ ਜਿਸਨੂੰ ਪ੍ਰਮਾਤਮਾ ਆਪਣਾ ਸੇਵਕ ਬਣਾਉਂਦਾ ਹੈ ਉਸਨੂੰ ਆਪਣੀ ਜੁੱਤੀ ਪਹਿਨਣ ਲਈ ਦਿੰਦਾ ਹੈ ਭਾਵ ਉਸਦਾ ਸੇਵਕ ਪ੍ਰਮਾਤਮਾ ਦੀ ਜੁੱਤੀ ਪਹਿਨਦਾ ਹੈ। ਇਸ ਗੱਲ ਨੂੰ ਕੁੱਝ ਇਸ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਇਹ ਆਮ ਕਰਕੇ ਅਖਾਣ ਹੈ ਕਿ ਜਦੋਂ ਬੱਚਾ ਵੱਡਾ ਹੋ ਜਾਂਦਾ ਹੈ ਫਿਰ ਉਹ ਆਪਣੇ ਬਾਪ ਦੀ ਜੁੱਤੀ ਪਹਿਨਣ ਜੋਗਾ ਹੋ ਜਾਂਦਾ ਹੈ ਭਾਵ ਉਸਦੇ ਕੱਦ ਵਾਲਾ ਹੋ ਜਾਂਦਾ ਹੈ। ਇਸੇ ਤਰ੍ਹਾਂ ਪ੍ਰਮਾਤਮਾ ਜਿਸਦਾ ਕੱਦ ਉੱਚਾ ਕਰਦਾ ਹੈ ਉਸਨੂੰ ਆਪਣੀ ਜੁੱਤੀ ਪਹਿਨਾਉਂਦਾ ਹੈ ਭਾਵ ਆਪਣੇ ਨਾਲ ਰਲਾਉਂਦਾ ਹੈ। ਉਹ ਜਿਸਨੂੰ ਆਪਣੇ ਨਾਲ ਰਲਾਉਂਦਾ ਹੈ ਉਸਦੀ ਮਨ ਦੀ ਸੋਝੀ ਨੂੰ ਹੀ ਉੱਚਾ ਕਰਦਾ ਹੈ, ਮਨ ਦੇ ਗਿਆਨ ਨੂੰ ਹੀ ਉੱਚਾ ਕਰਦਾ ਹੈ ਭਾਵ ਉਸਦੀ ਮਤਿ ਵਿੱਚ ਬ੍ਰਹਮਗਿਆਨ ਵਸਾਉਂਦਾ ਹੈ। ਗੁਰੂ ਨੂੰ ਪ੍ਰਮਾਤਮਾ ਨੇ ਆਪਣੀ ਜੁੱਤੀ ਪਵਾ ਕੇ ਹੀ ਆਪਣਾ ਸੇਵਕ ਬਣਾਇਆ ਹੈ। ਗੁਰੂ ਦੇ ਕੋਲ ਉਹੀ ਗਿਆਨ ਹੈ ਜੋ ਪ੍ਰਮਾਤਮਾ ਦਾ ਹੀ ਗਿਆਨ ਹੈ ਤੇ ਇਸੇ ਲਈ ਗੁਰੂ ਦਾ ਗਿਆਨ ਸਭ ਤੋਂ ਉੱਚਾ ਗਿਆਨ ਹੈ। **(ਵਿਚਿ ਸਨਾਤੀ ਸੇਵਕੁ ਹੋਇ॥ ਨਾਨਕ ਪਨ੍ਹੀਆ ਪਹਿਰੈ ਸੋਇ॥੪॥੧॥੬॥)**

ਸਾਨੂੰ ਪ੍ਰਮਾਤਮਾ ਦੇ ਇਹੋ ਜਿਹੇ ਸੇਵਕ ਦੇ ਪਿੱਛੇ ਲੱਗਣਾ ਚਾਹੀਦਾ ਹੈ। ਜੋ ਪ੍ਰਮਾਤਮਾ ਦਾ ਗੁਰੂ ਰੂਪ ਹੈ ਉਹੀ ਉਸਦਾ ਸੇਵਕ ਰੂਪ ਹੈ। ਗੁਰੂ ਜੋ ਆਪਣੀ ਸਿੱਖਿਆ ਦਿੰਦਾ ਹੈ ਉਸ ਸਿੱਖਿਆ ਤੇ ਆਪ ਚੱਲਦਾ ਵੀ ਹੈ ਭਾਵ ਸੇਵਕ ਬਣਕੇ ਵੀ ਦਿਖਾਉਂਦਾ ਹੈ ਕਿ ਪ੍ਰਮਾਤਮਾ ਦਾ ਸੇਵਕ ਕਿਹੋ ਜਿਹਾ ਹੁੰਦਾ ਹੈ। ਪ੍ਰਮਾਤਮਾ ਦੇ ਸੱਚੇ ਸੇਵਕਾਂ ਨੇ, ਭਗਤਾਂ ਨੇ, ਗੁਰੂ ਸਾਹਿਬਾਨ ਨੇ ਸਾਨੂੰ ਜਿਹੋ ਜਿਹੀ ਭਗਤੀ ਸਿਖਾਈ ਹੈ ਉਹੋ ਜਿਹੀ ਭਗਤੀ ਉਨ੍ਹਾਂ ਨੇ ਆਪ ਵੀ ਕੀਤੀ ਹੈ। ਸਰੀਰਕ ਜਪ ਤਪ ਆਦਿ ਨਾ ਉਨ੍ਹਾਂ ਨੇ ਆਪ ਕੀਤੇ ਹਨ ਤੇ ਨਾ ਹੀ ਸਾਨੂੰ ਸਿਖਾਏ ਹਨ ਬਲਕਿ ਉਨ੍ਹਾਂ ਦਾ ਵਾਰ-ਵਾਰ ਖੰਡਨ ਕੀਤਾ ਹੈ ਤੇ ਉਸਦੇ ਝੂਠੇ ਸੇਵਕ ਅਖਵਾਉਣ ਵਾਲੇ ਸਾਨੂੰ ਉਹ ਕੁੱਝ ਸਿਖਾਉਂਦੇ ਹਨ ਜੋ ਉਸਦੇ ਸੱਚੇ ਸੇਵਕਾਂ ਨੇ ਖੰਡਣ ਕੀਤਾ ਹੈ। ਫ਼ਰਕ ਕੇਵਲ ਮਨ ਦੀ ਸੋਝੀ ਦਾ ਹੀ ਹੈ, ਮਨ ਦੀ ਜਾਤਿ ਦਾ ਹੀ ਹੈ। ਝੂਠੇ ਸੇਵਕਾਂ ਦੀ ਜਾਤਿ ਹਉਮੈ ਹੈ ਤੇ ਸੱਚੇ ਸੇਵਕਾਂ ਦੀ ਜਾਤਿ ਨਾਮ ਹੈ।

ਸਾਡਾ ਸੱਚਾ ਸੱਜਣ ਕੇਵਲ ਗੁਰੂ ਹੈ ਜੋ ਸਾਨੂੰ ਸੱਚੀ ਮਤਿ ਦੇ ਸਕਦਾ ਹੈ। ਅਸੀਂ ਆਪਣੇ ਸੱਜਣ ਮੀਤ ਉਨ੍ਹਾਂ ਨੂੰ ਬਣਾਇਆ ਹੋਇਆ ਹੈ ਜਿੰਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਹੈ। ਸਾਡਾ ਸੱਚਾ ਸੱਜਣ ਸਾਨੂੰ ਕਿਹੋ ਜਿਹੀ ਮਤਿ ਦਿੰਦਾ ਹੈ ਤੇ ਉਸਦੀ ਮਤਿ ਦੇ ਪਿੱਛੇ ਕੌਣ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ

22/2437

ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਸਾਜਨੁ ਮੀਤੁ ਪਿਆਰਾ ਸੋਈ॥ ਏਕੁ ਦ੍ਰਿੜਾਏ ਦੁਰਮਤਿ ਖੋਈ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ॥੧੪॥
ਤੁਧੁ ਵਿਣੁ ਨਾਹੀ ਕੋਈ ਮੇਰਾ॥ ਗੁਰਿ ਪਕੜਾਏ ਪ੍ਰਭ ਕੇ ਪੈਰਾ॥
ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ॥੧੫॥”

(ਅੰਗ ੧੦੮੫)

ਸਾਡਾ ਸੱਜਣ, ਸਾਡਾ ਮੀਤ, ਸਾਡਾ ਪਿਆਰਾ ਉਹੀ ਹੈ ਜੋ ਸਾਡੇ ਅੰਦਰ ਇੱਕੋ ਇੱਕ ਪ੍ਰਮਾਤਮਾ ਦੀ ਦਿੱਤੀ ਹੋਈ ਸੋਝੀ ਨੂੰ ਦ੍ਰਿੜ ਕਰਦਾ ਹੈ ਭਾਵ ਉਸਦਾ ਨਾਮ ਦ੍ਰਿੜ ਕਰਦਾ ਹੈ। ਸਾਡਾ ਇਹ ਸੱਜਣ ਗੁਰੂ ਹੈ ਜੋ ਪੂਰੀ ਗੁਰਬਾਣੀ ਰਾਹੀਂ ਸਾਡੇ ਅੰਦਰ ਪ੍ਰਮਾਤਮਾ ਦਾ ਨਾਮ ਦ੍ਰਿੜ ਕਰਵਾ ਰਿਹਾ ਹੈ, ਕੇਵਲ ਪ੍ਰਮਾਤਮਾ ਦੀ ਗੱਲ ਸਮਝਾ ਰਿਹਾ ਹੈ ਜਿਸਦਾ ਮਕਸਦ ਸਾਡੀ ਦੁਰਮਤਿ ਕੱਢਣ ਦਾ ਹੈ। ਗੁਰੂ ਸਾਨੂੰ ਗੁਰਮਤਿ ਸਮਝਾਉਂਦਾ ਹੈ ਤੇ ਸਾਡੀ ਦੁਰਮਤਿ ਕੱਢਦਾ ਹੈ ਜੋ ਕਿ ਗੁਰੂ ਦਾ ਮਕਸਦ ਹੈ।

(ਸਾਜਨੁ ਮੀਤੁ ਪਿਆਰਾ ਸੋਈ॥ ਏਕੁ ਦ੍ਰਿੜਾਏ ਦੁਰਮਤਿ ਖੋਈ॥)

ਗੁਰੂ ਸਾਡੀ ਦੁਰਮਤਿ ਕੱਢਣ ਲਈ ਸਾਨੂੰ ਕਿਹੋ ਜਿਹੀ ਸਿੱਖਿਆ ਦਿੰਦਾ ਹੈ, ਕਿਹੋ ਜਿਹੀ ਗੁਰਮਤਿ ਸਮਝਾਉਂਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ॥੧੪॥”

ਜਿਹੜਾ ਸਾਡਾ ਸੱਚਾ ਸੱਜਣ ਹੈ, ਮੀਤ ਹੈ, ਜੋ ਸਾਡੇ ਨਾਲ ਪਿਆਰ ਕਰਦਾ ਹੈ ਉਹ ਸਾਨੂੰ ਇਹੀ ਕੁੱਝ ਸਮਝਾਉਂਦਾ ਹੈ ਜੋ ਉਪਰਲੀ ਪੰਗਤੀ ਰਾਹੀਂ ਉਸਨੇ ਆਪਣਾ ਉਪਦੇਸ਼ ਦਿੱਤਾ ਹੋਇਆ ਹੈ। ਗੁਰੂ ਦਾ ਮਕਸਦ ਸਾਨੂੰ ਦੁਰਮਤਿ ਵਿੱਚੋਂ ਕੱਢਣ ਦਾ ਹੈ ਤੇ ਸਾਡੀ ਦੁਰਮਤਿ ਦਾ ਕਾਰਨ ਕੀ ਹੈ, ਇਹ ਬੜਾ ਸਪੱਸ਼ਟ ਹੈ। ਸਾਡੀ ਦੁਰਮਤਿ ਦਾ ਕਾਰਨ ਸਾਡੇ ਵਿਕਾਰ ਹਨ ਤੇ ਗੁਰੂ ਆਪਣੇ ਉਪਦੇਸ਼ ਦੁਆਰਾ ਇਸੇ ਲਈ ਇੱਕੋ ਇੱਕ ਦੁਰਮਤਿ ਛੱਡਣ ਲਈ ਸਮਝਾਉਂਦਾ ਹੈ ਭਾਵ ਗੁਰਮਤਿ ਅਪਣਾਉਣ ਲਈ ਸਮਝਾਉਂਦਾ ਹੈ ਭਾਵ ਵਿਕਾਰ ਛੱਡਣ ਲਈ ਸਮਝਾਉਂਦਾ ਹੈ। ਗੁਰੂ ਦਾ ਸਾਨੂੰ ਉਪਦੇਸ਼ ਦੇਣ ਦਾ ਮਕਸਦ ਸਾਨੂੰ ਨਿਰਮਲ ਕਰਨ ਦਾ ਹੈ, ਸਾਡੇ ਮਨ ਨੂੰ ਨਿਰਮਲ ਕਰਨ ਦਾ ਹੈ, ਪਵਿੱਤਰ ਕਰਨ ਦਾ ਹੈ, ਮਨ ਦੀ ਮੈਲ ਕੱਢਣ ਦਾ ਹੈ। ਜਦ ਤੱਕ ਸਾਡੇ ਅੰਦਰ ਔਗੁਣ ਹਨ ਤਦ ਤੱਕ ਨਾ ਸਾਡੇ ਅੰਦਰ ਗੁਰੂ ਦਾ ਉਪਦੇਸ਼ ਵੱਸਿਆ ਹੈ ਤੇ ਨਾ ਹੀ ਸਾਡਾ ਮਨ ਨਿਰਮਲ ਹੈ। ਨਿਰਮਲ ਸਾਨੂੰ ਨਾਮ ਹੀ ਕਰਦਾ ਹੈ ਤੇ ਜਦ ਤੱਕ ਸਾਡੇ ਅੰਦਰ ਔਗੁਣ ਹਨ, ਨਾ ਸਾਡਾ ਮਨ ਨਿਰਮਲ ਹੈ ਤੇ ਨਾ ਹੀ ਸਾਡੇ ਅੰਦਰ ਨਾਮ ਹੈ। ਔਗੁਣਾਂ ਦੇ ਰਹਿੰਦੇ ਸਾਡੇ ਅੰਦਰ ਦੁਰਮਤਿ ਹੈ ਭਾਵ ਗੁਰਮਤਿ ਨਹੀਂ ਹੈ। ਜੋ ਗੁਰੂ ਦੇ ਉਪਦੇਸ਼ ਨੂੰ ਮੰਨਦਾ ਹੈ ਉਹ ਆਪਣੇ ਔਗੁਣ ਹੀ ਤਿਆਗਦਾ ਹੈ। ਗੁਰੂ ਦਾ ਉਪਦੇਸ਼ ਸਾਨੂੰ ਵਾਰ-ਵਾਰ ਨਾਮ ਜਪਣ ਦੇ ਲਈ ਹੈ ਤੇ ਇਨ੍ਹਾਂ ਔਗੁਣਾਂ ਨੂੰ ਤਿਆਗਣਾ ਹੀ ਨਾਮ ਜਪਣਾ ਹੈ, ਸਾਡੇ ਅੰਦਰ ਗੁਰਮਤਿ ਦਾ ਦ੍ਰਿੜ ਹੋਣਾ ਹੈ। ਗੁਰੂ ਦਾ ਉਪਦੇਸ਼ ਤਾਂ ਬਹੁਤ ਸਪੱਸ਼ਟ ਹੈ ਪਰ ਜਿੰਨ੍ਹਾਂ ਨੂੰ ਅਸੀਂ ਆਪਣੇ ਸੱਜਣ ਮੀਤ ਮੰਨਿਆ ਹੋਇਆ ਹੈ, ਪਿਆਰੇ ਮੰਨਿਆ ਹੋਇਆ ਹੈ ਉਹ ਸਾਨੂੰ ਇਹੀ ਸਮਝਾਉਂਦੇ ਹਨ ਕਿ ਮੁੱਖੋਂ ਹੀ ਨਾਮ ਨਾਮ ਕਰੀ ਜਾਵੋ ਭਾਵ ਕਿਸੇ ਅੱਖਰ ਨੂੰ ਜਪੀ ਜਾਵੋ ਤੇ ਇਹੀ ਗੁਰੂ ਦਾ ਉਪਦੇਸ਼ ਹੈ ਤੇ ਔਗੁਣ ਛੱਡਣੇ ਇੱਕ ਵੱਖਰੀ ਗੱਲ ਹੈ ਜਿੰਨ੍ਹਾਂ ਨੂੰ ਬਿਨ੍ਹਾਂ ਛੱਡੇ ਹੀ ਭਗਤੀ ਹੋ ਜਾਂਦੀ ਹੈ। ਜੋ ਸਾਨੂੰ ਔਗੁਣਾਂ ਵਿੱਚ ਫਸਾਉਂਦੇ ਹਨ ਉਹ ਆਪ ਵੀ ਔਗੁਣਾਂ ਵਿੱਚ ਫਸੇ ਹੋਏ ਹਨ, ਮਾਇਆ ਮੋਹ ਵਿੱਚ ਫਸੇ ਹੋਏ ਹਨ। ਗੁਰੂ ਦੇ ਉਪਦੇਸ਼ ਦੀ ਨਾ ਉਨ੍ਹਾਂ ਨੂੰ ਖੁਦ ਸਮਝ ਹੈ ਤੇ ਨਾ ਹੀ ਕਿਸੇ ਨੂੰ ਉਹ ਸਮਝਾਉਣ ਜੋਗੇ ਹਨ

22/2438

ਪਰ ਸਾਡੇ ਉਹ ਮੀਤ, ਸੱਜਣ ਜਰੂਰ ਬਣੇ ਹੋਏ ਹਨ ਤੇ ਅਸੀਂ ਉਨ੍ਹਾਂ ਨੂੰ ਉੱਚਾ ਕਰਕੇ ਮੰਨਦੇ ਹਾਂ। ਜੋ ਆਪ ਅਹੰਕਾਰ ਵਿੱਚ ਫਸੇ ਹੋਏ ਹਨ, ਹਉਮੈ ਦੇ ਵਿੱਚ ਹਨ ਉਨ੍ਹਾਂ ਨੇ ਦੂਸਰਿਆਂ ਨੂੰ ਕੀ ਸਮਝਾਉਣਾ ਹੈ ਕਿ ਹਉਮੈ ਛੱਡਣੀ ਕੀ ਹੈ। **(ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ॥੧੪॥)**

ਗੁਰੂ ਦਾ ਮਕਸਦ ਸਾਨੂੰ ਮਨਮਤਿ ਵਿੱਚੋਂ ਕੱਢਣ ਦਾ ਹੀ ਹੈ ਜਿਸਦਾ ਕਾਰਨ ਸਾਡੇ ਮਨ ਦਾ ਭਰਮ ਹੈ, ਅਗਿਆਨਤਾ ਹੈ। ਸਾਨੂੰ ਭਰਮ ਵਿੱਚੋਂ ਉਹੀ ਕੱਢ ਸਕਦਾ ਹੈ ਜਿਸਦਾ ਆਪਣਾ ਭਰਮ ਨਿਕਲਿਆ ਹੋਇਆ ਹੈ ਭਾਵ ਜੋ ਪ੍ਰਮਾਤਮਾ ਦੇ ਨਾਲ ਇਕਮਿਕ ਹੈ, ਜਿਸਦੇ ਕੋਲ ਬ੍ਰਹਮਗਿਆਨ ਹੈ। ਇਹੋ ਜਿਹੇ ਸੱਜਣ ਦੇ ਲੜ ਲੱਗੇ ਬਿਨ੍ਹਾਂ ਨਾ ਅਸੀਂ ਭਰਮ ਵਿੱਚੋਂ ਨਿਕਲ ਸਕਦੇ ਹਾਂ ਤੇ ਨਾ ਹੀ ਕਦੇ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਕੇਵਲ ਭਰਮ ਦਾ ਹੀ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਸਾਨੂੰ ਕੇਵਲ ਗੁਰੂ ਹੀ ਮਿਲਾ ਸਕਦਾ ਹੈ ਜੋ ਸਾਨੂੰ ਭਰਮ ਵਿੱਚੋਂ ਕੱਢ ਸਕਦਾ ਹੈ। ਜੋ ਆਪ ਹੀ ਭਰਮੇ ਹੋਏ ਹਨ ਉਨ੍ਹਾਂ ਨੇ ਕਿਸੇ ਦਾ ਭਰਮ ਕੀ ਕੱਢਣਾ ਹੈ। **(ਤੁਧੁ ਵਿਣੁ ਨਾਹੀ ਕੋਈ ਮੇਰਾ॥ ਗੁਰਿ ਪਕੜਾਏ ਪ੍ਰਭ ਕੇ ਪੈਰਾ॥ ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ॥੧੫॥)**

ਜਦ ਤੱਕ ਸਾਨੂੰ ਗੁਰੂ ਦੇ ਉਪਦੇਸ਼ ਦਾ ਮਕਸਦ ਸਮਝ ਨਹੀਂ ਆਉਂਦਾ, ਗੁਰਮਤਿ ਦਾ ਮਕਸਦ ਸਮਝ ਨਹੀਂ ਆਉਂਦਾ, ਸ਼ਬਦ ਦਾ ਮਕਸਦ ਸਮਝ ਨਹੀਂ ਆਉਂਦਾ ਤਦ ਤੱਕ ਅਸੀਂ ਗੁਰੂ ਦੀ ਬਾਣੀ ਨਾਲ ਨਹੀਂ ਜੁੜ ਸਕਦੇ, ਸਾਰਾ ਦਿਨ ਮੁੱਖੋਂ ਗੁਰੂ ਗੁਰੂ ਕਰੀ ਜਾਣ ਨਾਲ ਜਾਂ ਸਾਰਾ ਦਿਨ ਬਾਣੀ ਨੂੰ ਪੜ੍ਹੀ ਸੁਣੀ ਜਾਣ ਨਾਲ ਗੁਰੂ ਦੀ ਬਾਣੀ ਨਾਲ ਨਹੀਂ ਜੁੜਿਆ ਜਾ ਸਕਦਾ। ਗੁਰੂ ਦੀ ਬਾਣੀ ਦਾ ਮਕਸਦ ਸਾਡੇ ਮਨ ਦੀ ਸੋਝੀ ਨੂੰ ਬਦਲਣ ਦਾ ਹੈ, ਮਨਮਤਿ ਨੂੰ ਬਦਲਣ ਦਾ ਹੈ ਜੋ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥੧੪॥}

(ਅੰਗ ੧੦੨੮)

ਗੁਰੂ ਦੀ ਮਤਿ ਜਾਂ ਗੁਰੂ ਦਾ ਉਪਦੇਸ਼ ਇੱਕੋ ਹੀ ਗੱਲ ਹੈ। ਗੁਰੂ ਦਾ ਉਪਦੇਸ਼ ਕੀ ਹੈ ਇਸਨੂੰ ਅਸੀਂ ਪਿਛਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਵਾਰ-ਵਾਰ ਗੁਰਮਤਿ ਰਾਹੀਂ ਸਮਝਾਈ ਜਾ ਰਹੀ ਹੈ ਕਿ ਅਸੀਂ ਆਪਣੇ ਅੰਦਰੋਂ ਔਗੁਣਾਂ ਨੂੰ ਛੱਡੀਏ। ਗੁਰਮਤਿ ਤੇ ਉਹੀ ਪੂਰਾ ਉਤਰ ਸਕਦਾ ਹੈ ਜੋ ਆਪਣੇ ਅੰਦਰੋਂ ਔਗੁਣਾਂ ਨੂੰ ਤਿਆਗਦਾ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

22/2439

ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਗੁਰਮਤਿ ਹੈ ਭਾਵ ਗੁਰਮਤਿ ਤੇ ਚੱਲਣ ਦਾ ਹੈ। ਉਸਦੀ ਗੁਰਮਤਿ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ ਤੇ ਇਸੇ ਲਈ ਕੋਈ ਵਿਰਲਾ ਹੀ ਉਸਨੂੰ ਪਾ ਸਕਦਾ ਹੈ। **(ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥)**

{ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥
ਵਡਭਾਗੀ ਹਰਿ ਨਾਮੁ ਧਿਆਇਆ॥
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥੧॥}

(ਅੰਗ ੯੪)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰਮਤਿ ਕਿਸ ਨੂੰ ਕਿਹਾ ਹੈ। ਗੁਰਮਤਿ ਨਾਮ ਦੀ ਸੋਝੀ ਨੂੰ ਕਿਹਾ ਹੈ। ਪੂਰੀ ਗੁਰਬਾਣੀ ਵਿੱਚ ਗੁਰਮਤਿ ਹੈ ਭਾਵ ਨਾਮ ਦੀ ਸੋਝੀ ਹੈ। ਗੁਰੂ ਦੀ ਇਸ ਪਾਈ ਹੋਈ ਸੋਝੀ ਤੇ, ਗੁਰਬਾਣੀ ਦੀ ਸੋਝੀ ਤੇ ਭਾਵ ਗੁਰਮਤਿ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ। ਕੋਈ ਵਿਰਲਾ ਹੀ ਗੁਰਮਤਿ ਦਾ ਵਿਚਾਰੀ ਬਣ ਸਕਦਾ ਹੈ, ਪੂਰੀ ਤਰ੍ਹਾਂ ਔਗੁਣ ਰਹਿਤ ਹੋ ਸਕਦਾ ਹੈ ਤੇ ਪੂਰਨ ਸੱਚ ਤੇ ਚੱਲ ਸਕਦਾ ਹੈ ਭਾਵ ਨਾਮ ਜਪ ਸਕਦਾ ਹੈ। ਨਾਮ ਦੀ ਪਾਈ ਹੋਈ ਸੋਝੀ ਨੂੰ ਭਾਵ ਗੁਰਮਤਿ ਦੀ ਸੋਝੀ ਨੂੰ ਆਪਣੇ ਅੰਦਰ ਜਪਣਾ ਭਾਵ ਵਸਾਉਣਾ ਹੀ ਨਾਮ ਜਪਣਾ ਹੈ ਤੇ ਤਾਂ ਹੀ ਗੁਰਮਤਿ ਤੇ ਚੱਲਿਆ ਜਾ ਸਕਦਾ ਹੈ। ਗੁਰਮਤਿ ਤੇ ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨ੍ਹਾਂ ਨਹੀਂ ਚੱਲਿਆ ਜਾ ਸਕਦਾ ਤੇ ਉਸ ਤੇ ਚੱਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਅਸੀਂ ਆਪਣਾ ਉੱਦਮ ਹੀ ਕਰਨਾ ਹੈ, ਸੱਚੇ ਦਿਲੋਂ ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗੁਰ ਕੈ ਸਬਦਿ ਮਨ ਕਉ ਸਮਝਾਵਹਿ॥”

(ਅੰਗ - ੧੦੨੮)

ਹੁਣ ਧਿਆਨ ਨਾਲ ਸਮਝੋ ਕਿ ਗੁਰੂ ਦੇ ਸ਼ਬਦ ਦਾ ਮਕਸਦ ਕੀ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਹੀ ਹਨ। ਹਰ ਸ਼ਬਦ ਸਾਨੂੰ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਗੁਰੂ ਸਾਨੂੰ ਆਪਣੀ ਮਤਿ ਦਿੰਦਾ ਹੈ, ਆਪਣਾ ਗਿਆਨ ਦਿੰਦਾ ਹੈ। ਗੁਰੂ ਦੇ ਸ਼ਬਦ ਦੀ ਸੋਝੀ ਉੱਚੀ ਹੈ, ਸੱਚੀ ਹੈ ਤੇ ਸਾਡੇ ਮਨ ਦੀ ਸੋਝੀ ਨੀਵੀਂ ਹੈ, ਮਾੜੀ ਹੈ। ਗੁਰੂ ਦੇ ਸ਼ਬਦ ਦਾ ਮਕਸਦ ਸਾਡੀ ਸੋਝੀ ਨੂੰ ਬਦਲਣ ਦਾ ਹੀ ਹੈ, ਸਾਡੀ ਮਾੜੀ ਸੋਝੀ ਨੂੰ ਚੰਗੀ ਸੋਝੀ ਵਿੱਚ ਬਦਲਣ ਦਾ ਹੀ ਹੈ ਤੇ ਇਹੀ ਸਾਡਾ ਉੱਦਮ ਹੈ ਕਿ ਅਸੀਂ ਗੁਰੂ ਦੇ ਸ਼ਬਦ ਨੂੰ ਪੜ੍ਹੀਏ, ਸੁਣੀਏ, ਉਸਨੂੰ ਸਮਝੀਏ ਤੇ ਗੁਰੂ ਨੇ ਸਾਨੂੰ ਕੀ ਸਮਝਾਇਆ ਹੈ ਤੇ ਉਸੇ ਸਮਝ ਅਨੁਸਾਰ ਭਾਵ ਸਿੱਖਿਆ ਅਨੁਸਾਰ ਆਪਣੇ ਮਨ ਨੂੰ ਸਮਝਾਈਏ ਭਾਵ ਉਸ ਤੇ ਅਮਲ ਕਰੀਏ। ਗੁਰੂ ਦੇ ਸ਼ਬਦ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਆਪਣੀ ਬਿਰਤੀ ਨੂੰ ਚੰਗਾ ਕਰੀਏ। ਗੁਰਮਤਿ ਦੀ ਸਹੀ ਸੋਝੀ ਤੋਂ ਬਿਨ੍ਹਾਂ ਸਾਡਾ ਮਨ ਸੁੱਤਾ ਹੋਇਆ ਹੈ, ਅਗਿਆਨਤਾ

22/2440

ਵਿੱਚ ਸੁੱਤਾ ਹੋਇਆ ਹੈ, ਵਿਕਾਰਾਂ ਵਿੱਚ ਸੁੱਤਾ ਹੋਇਆ ਹੈ ਤੇ ਗੁਰੂ ਦੀ ਮਤਿ ਦਾ ਮਕਸਦ, ਸ਼ਬਦ ਦੇ ਗਿਆਨ ਦਾ ਮਕਸਦ ਸਾਨੂੰ ਇਸ ਅਗਿਆਨਤਾ ਵਿੱਚੋਂ ਜਗਾਉਣ ਦਾ ਹੀ ਹੈ, ਸਾਡੀ ਸੁੱਤੀ ਹੋਈ ਮਤਿ ਨੂੰ ਜਗਾਉਣ ਦਾ ਹੀ ਹੈ।

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

ਸ਼ਬਦ ਦੁਆਰਾ ਪਾਈ ਹੋਈ ਸੋਝੀ ਹੀ ਗਿਆਨ ਦੀ ਖੜਗ ਹੈ। ਇਸ ਸੋਝੀ ਦੁਆਰਾ ਆਪਣੇ ਮਨ ਨੂੰ ਸਮਝਾਉਣਾ ਇਸ ਗਿਆਨ ਦੀ ਖੜਗ ਨੂੰ ਚਲਾਉਣਾ ਹੈ। **(ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ॥)**

ਸਾਡੇ ਲਈ ਸਭ ਤੋਂ ਜਰੂਰੀ ਗੱਲ ਇਹ ਹੈ ਕਿ ਅਸੀਂ ਇਸ ਗੱਲ ਤੇ ਪੂਰਨ ਵਿਸ਼ਵਾਸ ਕਰੀਏ ਕਿ ਗੁਰਬਾਣੀ ਵਿੱਚ ਜੋ ਜੋ ਕੁੱਝ ਲਿਖਿਆ ਹੋਇਆ ਹੈ ਉਹ ਸਭ ਕੁੱਝ ਉਸੇ ਤਰ੍ਹਾਂ ਹੀ ਸੱਚ ਹੈ। ਗੁਰਬਾਣੀ ਦੀ ਗੱਲ ਤੇ ਵਿਸ਼ਵਾਸ ਕਰਨ ਤੋਂ ਅਸੀਂ ਕੇਵਲ ਇਸ ਕਰਕੇ ਹੀ ਭਟਕੇ ਹੋਏ ਹਾਂ ਕਿਉਂਕਿ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ, ਗੁਰਮਤਿ ਤੇ ਚੱਲਣ ਦਾ ਤਰੀਕਾ, ਸ਼ਬਦ ਨੂੰ ਜਪਣ ਦਾ ਤਰੀਕਾ, ਨਾਮ ਨੂੰ ਸਮਝਣ ਲਈ ਤੇ ਉਸਨੂੰ ਜਪਣ ਦਾ ਤਰੀਕਾ ਉਨ੍ਹਾਂ ਦੇ ਕੋਲੋਂ ਸਿੱਖਿਆ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨ ਚੁੱਕੇ ਹਾਂ ਤੇ ਉਨ੍ਹਾਂ ਦੀਆਂ ਸਮਝਾਈਆਂ ਹੋਈਆਂ ਗੱਲਾਂ ਨੂੰ ਸੱਚ ਮੰਨ ਚੁੱਕੇ ਹਾਂ। ਜੋ ਗੱਲ ਗੁਰਬਾਣੀ ਦੇ ਸੱਚ ਤੇ ਪੂਰੀ ਨਹੀਂ ਉਤਰਦੀ, ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ ਉਹ ਕਦੇ ਸੁਪਨੇ ਵਿੱਚ ਵੀ ਸੱਚ

ਨਹੀਂ ਹੋ ਸਕਦੀ। ਜੇਕਰ ਸਾਨੂੰ ਗੁਰੂ ਨਾਲ ਪਿਆਰ ਹੈ ਤੇ ਅਸੀਂ ਦਿਲੋਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਫਿਰ ਉਸਦੇ ਲਈ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਗੁਰੂ ਦੀ ਬਾਣੀ ਨੂੰ ਪੂਰੀ ਤਰ੍ਹਾਂ ਸੱਚ ਕਰਕੇ ਮੰਨੀਏ, ਹਰ ਸ਼ਬਦ ਨੂੰ ਪੂਰੀ ਤਰ੍ਹਾਂ ਸੱਚ ਕਰਕੇ ਮੰਨੀਏ ਤੇ ਉਨ੍ਹਾਂ ਦੇ ਪਿੱਛੇ ਨਾ ਲੱਗੀਏ ਜੋ ਆਪ ਭਟਕੇ ਹੋਏ ਹਨ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਦ੍ਰਿੜ ਕਰਵਾਈ ਹੋਈ ਹੈ। **(ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥੧੪॥)**

{ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥}

(ਅੰਗ ੩੦੮)

22/2441

ਗੁਰਬਾਣੀ ਦੇ ਅੰਦਰ ਹਰ ਬੋਲ ਇਸੇ ਲਈ ਸੱਚ ਹੈ ਕਿਉਂਕਿ ਹਰ ਬੋਲ ਉਸ ਸੱਚ ਰੂਪ ਪ੍ਰਮਾਤਮਾ ਦਾ ਆਪਣਾ ਹੀ ਬੋਲਿਆ ਹੋਇਆ ਬੋਲ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੀ ਗੱਲ ਆਪ ਹੀ ਬੋਲ ਕੇ ਸਮਝਾਉਂਦਾ ਹੈ ਤੇ ਮਨ ਦੇ ਵਿੱਚ ਉਸਦੇ ਬੋਲ ਸੁਣਨ ਵਾਲਾ ਉਹੀ ਬੋਲ ਆਪਣੇ ਮੁੱਖੋਂ ਬੋਲ ਕੇ ਸੁਣਾਉਂਦਾ ਹੈ। ਪੂਰੀ ਗੁਰਬਾਣੀ ਦੀ ਰਚਨਾ ਉਨ੍ਹਾਂ ਸਰੀਰਾਂ ਰਾਹੀਂ ਹੋਈ ਹੈ ਜਿੰਨ੍ਹਾਂ ਦੇ ਮਨ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਆਪ ਹੀ ਪੂਰੀ ਸੋਝੀ ਪਾਈ ਹੈ। ਗੁਰਬਾਣੀ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਦੇ ਪਿੱਛੇ ਲੱਗਣਾ ਸਾਡੀ ਬਹੁਤ ਵੱਡੀ ਭੁੱਲ ਹੈ। ਆਪਣੀ ਇਸ ਭੁੱਲ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰੂ ਦੀ ਮਤਿ ਨਾਲ ਨਹੀਂ ਜੁੜ ਸਕਦੇ ਤੇ ਨਾ ਹੀ ਕਦੇ ਇਸ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ।

ਪੂਰੀ ਗੁਰਬਾਣੀ ਇਸੇ ਲਈ ਪ੍ਰਮਾਤਮਾ ਦਾ ਰੂਪ ਹੈ ਕਿਉਂਕਿ ਪੂਰੀ ਗੁਰਬਾਣੀ ਦੇ ਵਿੱਚ ਸਚੁ ਹੈ। ਸਚੁ ਹੀ ਪ੍ਰਮਾਤਮਾ ਆਪ ਹੈ ਤੇ ਸਚੁ ਹੀ ਉਸਦਾ ਨਾਮ ਹੈ। ਪੂਰੀ ਗੁਰਬਾਣੀ ਸਾਨੂੰ ਜੋ ਸਚੁ ਸਮਝਾ ਰਹੀ ਹੈ ਉਹੀ ਨਾਮ ਹੈ। ਇਸ ਗੱਲ ਨੂੰ ਸਮਝੇ ਬਿਨ੍ਹਾਂ ਨਾ ਅਸੀਂ ਗੁਰਬਾਣੀ ਨਾਲ ਜੁੜ ਸਕਦੇ ਹਾਂ ਤੇ ਨਾ ਹੀ ਨਾਮ ਨਾਲ ਜੁੜ ਸਕਦੇ ਹਾਂ। ਸਾਡਾ ਸਚੁ ਦੇ ਨਾਲ ਪਿਆਰ ਕਰਨਾ ਗੁਰੂ ਦੇ ਨਾਲ ਪਿਆਰ ਕਰਨਾ ਹੈ, ਗੁਰਬਾਣੀ ਦੇ ਨਾਲ ਪਿਆਰ ਕਰਨਾ ਹੈ, ਗੁਰੂ ਦੇ ਸ਼ਬਦ ਦੇ ਨਾਲ ਪਿਆਰ ਕਰਨਾ ਹੈ। ਸਚੁ ਦੇ ਨਾਲ ਸਾਡਾ ਪਿਆਰ ਤਾਂ ਹੀ ਪੈ ਸਕਦਾ ਹੈ ਜੇਕਰ ਸਾਨੂੰ ਝੂਠ ਤੋਂ ਨਫ਼ਰਤ ਹੈ, ਮਾੜੇ ਕਰਮਾਂ ਤੋਂ ਨਫ਼ਰਤ ਹੈ, ਵਿਕਾਰਾਂ ਨਾਲ ਨਫ਼ਰਤ ਹੈ ਤੇ ਗੁਣਾਂ ਦੇ ਨਾਲ ਪਿਆਰ ਹੈ। ਜਿੱਥੇ ਗੁਣ ਹਨ ਉੱਥੇ ਸਚੁ ਹੈ, ਉੱਥੇ ਨਾਮ ਹੈ ਤੇ ਜਿੱਥੇ ਝੂਠ ਹੈ ਉੱਥੇ ਔਗੁਣ ਹਨ, ਮਾੜੇ ਕਰਮ ਹਨ। ਸਾਡੀ ਭਗਤੀ ਦਾ ਫੈਸਲਾ ਇਸੇ ਗੱਲ ਨਾਲ ਹੁੰਦਾ ਹੈ ਕਿ ਸਾਨੂੰ ਸਚੁ ਚੰਗਾ ਲੱਗਦਾ ਹੈ ਜਾਂ ਝੂਠ ਚੰਗਾ ਲੱਗਦਾ ਹੈ, ਸਾਨੂੰ ਗੁਣ ਚੰਗੇ ਲੱਗਦੇ ਹਨ ਜਾਂ ਔਗੁਣ ਚੰਗੇ ਲੱਗਦੇ ਹਨ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਇਸ ਆਵਾਗਉਣ ਤੋਂ ਮੁਕਤੀ ਪਾਉਣਾ ਚਾਹੁੰਦੇ ਹਾਂ ਤੇ ਉਸ ਲਈ ਇੱਕੋ ਇੱਕ ਰਸਤਾ ਸਚੁ ਦੇ ਨਾਲ ਜੁੜਨ ਦਾ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝੀਏ ਕਿ ਸਚੁ ਦੇ ਨਾਲ ਸਾਡਾ ਪਿਆਰ ਕਿਵੇਂ ਜੁੜਦਾ ਹੈ, ਨਾਮ ਦੇ ਨਾਲ, ਸ਼ਬਦ ਦੇ ਨਾਲ ਸਾਡਾ ਪਿਆਰ ਕਿਵੇਂ ਜੁੜਦਾ ਹੈ। ਇੱਕ ਅੱਖਰ ਨੂੰ ਨਾਮ ਸਮਝਣ ਵਾਲਿਆਂ ਨੂੰ, ਇੱਕ ਅੱਖਰ ਦੇ ਜਪ ਨੂੰ ਸਚੁ ਸਮਝਣ ਵਾਲਿਆਂ ਨੂੰ, ਅੱਖਰ ਦੇ ਜਪ ਨੂੰ ਗੁਣ ਸਮਝਣ ਵਾਲਿਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ। ਅਰਥ ਬੜੀ ਆਸਾਨੀ ਨਾਲ ਸਮਝ ਆਉਣ ਵਾਲੇ ਹਨ, ਸਾਡਾ ਭੁਲੇਖਾ ਕੱਢਣ ਵਾਲੇ ਹਨ।

“ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ॥
ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ॥੨॥”

(ਅੰਗ ੩੩)

ਪੂਰੀ ਗੁਰਬਾਣੀ ਦੇ ਅੰਦਰ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਸਚੁ ਹੈ ਕਿਉਂਕਿ “ਸਬਦੁ” ਆਪ ਸਚੁ ਹੈ। ਪ੍ਰਮਾਤਮਾ ਆਪ ਸਬਦੁ ਰੂਪ ਹੈ ਤੇ ਸਬਦ ਰੂਪ ਹੀ ਉਸਦਾ ਗੁਰੂ ਰੂਪ ਹੈ ਜਿਸ ਦੁਆਰਾ ਉਹ ਜੋ ਕੁੱਝ ਵੀ ਸਮਝਾਉਂਦਾ ਹੈ ਉਹ ਪੂਰਨ ਸਚੁ ਹੈ। ਗੁਰੂ ਆਪਣੇ ਹਰ ਸ਼ਬਦ ਦੁਆਰਾ ਸਚੁ ਹੀ ਸਮਝਾਉਂਦਾ ਹੈ। ਜੇਕਰ ਸਾਨੂੰ ਗੁਰੂ ਦੇ ਸਮਝਾਏ ਹੋਏ ਸਚੁ ਦੇ ਨਾਲ ਪਿਆਰ ਹੈ ਤਾਂ ਫਿਰ

22/2442

ਸਾਨੂੰ ਗੁਰੂ ਦੀ ਬਾਣੀ ਦੇ ਨਾਲ ਪਿਆਰ ਹੈ, ਗੁਰੂ ਦੇ ਸ਼ਬਦ ਦੇ ਨਾਲ ਪਿਆਰ ਹੈ, ਉਸ "ਸਬਦੁ" ਰੂਪ ਪ੍ਰਮਾਤਮਾ ਦੇ ਨਾਲ ਪਿਆਰ ਹੈ ਜੋ ਕਿ ਆਪ ਹੀ ਗੁਰੂ ਹੈ ਭਾਵ ਸਾਰੀ ਗੱਲ "ਸਚੁ" ਤੇ ਨਿਬੜਦੀ ਹੈ। **(ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ॥)**

ਸਚੁ ਹੀ ਨਾਮ ਹੈ ਜਿਸਨੂੰ ਹਰ ਕੋਈ ਸਮਝਦਾ ਹੈ। ਸਾਡੇ ਅੰਦਰ ਸਚੁ ਦਾ ਵੱਸਣਾ ਜਾਂ ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ। ਸਾਡੇ ਅੰਦਰ ਸਚੁ ਦਾ ਵੱਸਣਾ ਜਾਂ ਨਾਮ ਦਾ ਵੱਸਣਾ ਕੀ ਹੈ, ਸਚੁ ਦੇ ਨਾਲ, ਨਾਮ ਦੇ ਨਾਲ ਪਿਆਰ ਪਾਉਣਾ ਕੀ ਹੈ ਇਹੀ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥"

ਜਦ ਤੱਕ ਸਾਡੇ ਅੰਦਰ ਹਉਮੈ ਹੈ, "ਮੈਂ" ਹੈ, ਮਨਮਤਿ ਹੈ, ਔਗੁਣ ਹਨ ਤਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ ਭਾਵ ਜੇਕਰ ਅਸੀਂ ਆਪਣੇ ਅੰਦਰ ਨਾਮ ਨੂੰ ਵਸਾਉਣਾ ਚਾਹੁੰਦੇ ਹਾਂ, ਸਚੁ ਵਸਾਉਣਾ ਚਾਹੁੰਦੇ ਹਾਂ, ਸਚੁ ਦੇ ਨਾਲ ਪਿਆਰ ਦਿਖਾਉਣਾ ਚਾਹੁੰਦੇ ਹਾਂ ਫਿਰ ਉਸ ਲਈ ਤਰੀਕਾ ਇਹੀ ਹੈ ਕਿ ਅਸੀਂ ਆਪਣੀ ਹਉਮੈ ਛੱਡੀਏ ਭਾਵ ਮਨਮਤਿ ਛੱਡੀਏ, ਔਗੁਣ ਛੱਡੀਏ ਭਾਵ ਜੋ ਸਚੁ ਗੁਰੂ ਸਾਨੂੰ ਸਮਝਾਉਂਦਾ ਹੈ ਉਸ ਸੱਚ ਨੂੰ ਮੰਨੀਏ, ਗੁਰਮਤਿ ਨੂੰ ਮੰਨੀਏ। ਸਾਡੀ ਹਉਮੈ ਗੁਰਮਤਿ ਨੇ ਹੀ ਕੱਢਣੀ ਹੈ, ਨਾਮ ਨੇ ਹੀ ਕੱਢਣੀ ਹੈ, ਸ਼ਬਦ ਨੇ ਹੀ ਕੱਢਣੀ ਹੈ ਤੇ ਉਹ ਤਾਂ ਹੀ ਨਿਕਲੇਗੀ ਜਦੋਂ ਅਸੀਂ ਸਚੁ ਤੇ ਅਮਲ ਕਰਾਂਗੇ ਤੇ ਜੇਕਰ ਸਚੁ ਹੀ ਇਸ ਗੱਲ ਨੂੰ ਸਮਝਿਆ ਹੋਇਆ ਹੈ ਕਿ ਇੱਕ ਅੱਖਰ ਨੂੰ ਜਪੀ ਜਾਣਾ ਹੀ ਸਚੁ ਹੈ, ਗੁਣ ਹੈ ਫਿਰ ਨਾ ਅਸੀਂ ਸਚੁ ਨੂੰ ਮੰਨ ਸਕਦੇ ਹਾਂ ਤੇ ਨਾ ਹੀ ਔਗੁਣਾਂ ਤੋਂ ਰਹਿਤ ਹੋ ਸਕਦੇ ਹਾਂ। ਭਗਤੀ ਕਿਸੇ ਦਿਖਾਵੇ ਨਾਲ ਨਹੀਂ ਹੁੰਦੀ। ਭਗਤੀ "ਸਚੁ" ਨੂੰ ਅਪਣਾ ਕੇ ਹੀ ਹੁੰਦੀ ਹੈ, ਔਗੁਣਾਂ ਨੂੰ ਤਿਆਗ ਕੇ ਹੁੰਦੀ ਹੈ ਤਾਂ ਜੋ ਅਸੀਂ ਸਚੁ ਤੇ ਚੱਲ ਸਕੀਏ, ਗੁਣੀ ਹੋ ਕੇ ਵਿਚਰ ਸਕੀਏ ਭਾਵ ਕੋਈ ਮਾੜਾ ਕਰਮ ਨਾ ਕਰੀਏ ਤੇ ਕੇਵਲ ਸਚੁ ਤੇ ਚੱਲੀਏ, ਕੇਵਲ ਸੱਚੇ ਸੁੱਚੇ ਕਰਮ ਕਰੀਏ, ਕੇਵਲ ਨਾਮ ਜਪੀਏ। **(ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥)**

ਜਦ ਤੱਕ ਸਾਡੇ ਅੰਦਰ ਹਉਮੈ ਹੈ, ਵਿਕਾਰ ਹਨ, ਝੂਠ ਹੈ ਤਦ ਤੱਕ ਸਾਡਾ ਮਨ ਨਿਰਮਲ ਨਹੀਂ ਹੈ। ਸਾਡਾ ਮਨ ਸੁਚ ਨੂੰ ਅਪਣਾਉਣ ਦੁਆਰਾ ਹੀ ਨਿਰਮਲ ਹੁੰਦਾ ਹੈ। ਮਨ ਨੂੰ ਨਿਰਮਲ ਸਾਡੇ ਮਨ ਦੀ ਬਿਰਤੀ ਨੇ ਕਰਨਾ ਹੈ, ਮਨ ਦੀ ਨੀਅਤ ਨੇ ਕਰਨਾ ਹੈ। ਮਨ ਦੇ ਨਿਰਮਲ ਹੋਣ ਦੁਆਰਾ ਹੀ ਅਸੀਂ ਨਾਮ ਧਿਆਉਂਦੇ ਹਾਂ ਭਾਵ ਮਨ ਦੀ ਸੱਚੀ ਬਿਰਤੀ ਦੁਆਰਾ ਵਿਚਰਦੇ ਹਾਂ। ਜਦੋਂ ਸਾਡੇ ਅੰਦਰ ਪੂਰਨ ਸਚੁ ਵੱਸ ਜਾਂਦਾ ਹੈ ਤਾਂ ਹੀ ਅਸੀਂ ਵਿਕਾਰਾਂ ਤੋਂ, ਮਨਮਤਿ ਤੋਂ, ਮਾਇਆ ਮੋਹ ਤੋਂ ਮੁਕਤੀ ਪਾਉਂਦੇ ਹਾਂ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਅਸੀਂ ਆਪਣੇ ਆਵਾਗਉਣ ਤੋਂ ਮੁਕਤ ਹੁੰਦੇ ਹਾਂ। ਪੂਰਨ ਸਚੁ ਉੱਥੇ ਹੀ ਵੱਸਦਾ ਹੈ ਜਿੱਥੇ ਪ੍ਰਮਾਤਮਾ ਆਪ ਕ੍ਰਿਪਾ ਕਰਕੇ ਵਸਾਉਂਦਾ ਹੈ, ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਵਸਾਉਂਦਾ ਹੈ। ਪ੍ਰਮਾਤਮਾ ਸਾਡੇ ਅੰਦਰ ਸਚੁ ਦੇ ਰੂਪ ਵਿੱਚ ਹੀ ਵੱਸਦਾ ਹੈ ਤੇ ਜਿੱਥੇ ਉਹ ਵੱਸਦਾ ਹੈ ਉੱਥੇ ਉਹ ਆਪਣਾ ਪੂਰਨ ਸਚੁ ਹੀ ਸਮਝਾਉਂਦਾ ਹੈ। ਇਸੇ ਲਈ ਪੂਰੀ ਗੁਰਬਾਣੀ ਵਿੱਚ ਸਚੁ ਹੈ ਤੇ ਪ੍ਰਮਾਤਮਾ ਦਾ ਆਪਣਾ ਰੂਪ ਹੈ। ਜਿੱਥੇ ਬ੍ਰਹਮਗਿਆਨ ਹੈ ਉਹ ਪੂਰਨ ਸਚੁ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮਗਿਆਨ ਹੈ, ਸਚੁ ਹੈ, ਨਾਮ ਹੈ। ਜੇਕਰ ਅਸੀਂ ਉਸ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਮੁਕਤੀ ਪਾਉਣਾ ਚਾਹੁੰਦੇ ਹਾਂ ਤਾਂ ਫਿਰ ਗੁਰਬਾਣੀ

22/2443

ਦੇ ਸਚੁ ਨਾਲ ਜੁੜਨ ਤੋਂ ਬਿਨ੍ਹਾਂ ਹੋਰ ਕੋਈ ਰਸਤਾ ਨਹੀਂ ਹੈ। ਅਸੀਂ ਸਚੁ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਤੇ ਕ੍ਰਿਪਾ ਉਹ ਆਪ ਹੀ ਕਰਦਾ ਹੈ। **(ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥ ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ॥੨॥)**

ਗੁਰਬਾਣੀ ਰੂਪ ਸਚੁ ਦੇ ਨਾਲ ਅਸੀਂ ਤਾਂ ਹੀ ਜੁੜਾਂਗੇ ਜਦੋਂ ਸਾਨੂੰ ਇਹ ਵਿਸਵਾਸ ਆ ਜਾਵੇ ਕਿ ਗੁਰਬਾਣੀ ਤੋਂ ਬਿਨ੍ਹਾਂ ਹੋਰ ਕੋਈ ਸਾਡਾ ਸੱਜਣ ਮਿੱਤਰ ਨਹੀਂ ਹੈ ਜੋ ਸਾਨੂੰ ਉਸ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਸਾਡੇ ਇਸ ਜੀਵਨ ਦਾ ਮਕਸਦ "ਸਚੁ" ਦੀ ਪ੍ਰਾਪਤੀ ਕਰਨਾ ਹੀ ਹੈ, "ਨਾਮੁ" ਦੀ ਪ੍ਰਾਪਤੀ ਕਰਨਾ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰਨਾ ਹੀ ਹੈ। "ਸਚੁ" ਦੀ ਮਾਲਕ, "ਨਾਮੁ" ਦੀ ਮਾਲਕ ਗੁਰਬਾਣੀ ਹੈ ਜੋ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਇਸ ਦੇ ਨਾਲ ਜੁੜੇ ਬਿਨ੍ਹਾਂ ਸਾਨੂੰ ਸਚੁ ਦੀ, ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਦ ਤੱਕ ਅਸੀਂ ਗੁਰਬਾਣੀ ਤੋਂ ਬਿਨ੍ਹਾਂ ਹੋਰਾਂ ਨੂੰ ਆਪਣਾ ਸੱਜਣ ਸਮਝਿਆ ਹੋਇਆ ਹੈ, ਧਰਮ ਦੀ ਸੋਝੀ ਦੇਣ ਵਾਲੇ ਸਮਝਿਆ ਹੋਇਆ ਹੈ ਤਦ ਤੱਕ ਸਾਡਾ ਪਿਆਰ ਉਨ੍ਹਾਂ ਦੇ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦਾ ਪਿਆਰ ਛੱਡੇ ਬਿਨ੍ਹਾਂ ਅਸੀਂ ਗੁਰੂ ਦੇ ਪਿਆਰੇ ਨਹੀਂ ਬਣ ਸਕਦੇ, ਗੁਰਮਤਿ ਦੇ ਪਿਆਰੇ ਨਹੀਂ ਬਣ ਸਕਦੇ। ਗੁਰਮਤਿ ਦੇ ਨਾਲ ਜੁੜਨ ਵਿੱਚ ਸਾਡੀ ਸਭ ਤੋਂ ਵੱਡੀ ਰੁਕਾਵਟ ਉਹੀ ਹਨ ਜਿੰਨ੍ਹਾਂ ਨੂੰ ਅਸੀਂ ਸਿਆਣੇ ਸਮਝ ਕੇ ਸੱਜਣ ਸਮਝੀ ਬੈਠੇ ਹਾਂ। ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਗੁਰੂ ਤੋਂ ਬਿਨਾਂ ਦੂਸਰਿਆਂ ਨੂੰ ਸੱਜਣ ਸਮਝਣਾ, ਧਰਮ ਦੀ ਉੱਚੀ ਸੋਝੀ ਵਾਲੇ ਸਮਝਣਾ ਸਾਡੀ ਵੱਡੀ ਭੁੱਲ ਹੈ। ਸਾਡਾ ਸੱਚਾ ਸੱਜਣ ਹੀ ਸਾਨੂੰ "ਨਾਮੁ" ਦੇ ਸਕਦਾ ਹੈ ਕਿਉਂਕਿ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਸਾਨੂੰ ਨਾਮ ਕਿਵੇਂ ਦਿੰਦਾ ਹੈ, ਕਿਸ ਰੂਪ ਵਿੱਚ ਦਿੰਦਾ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥
ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ॥੩॥"

(ਅੰਗ ੨੧੮)

ਉਪਰਲੀਆਂ ਪੰਗਤੀਆਂ ਰਾਹੀਂ ਦੱਸੋ ਸਾਨੂੰ ਕੀ ਸਮਝ ਨਹੀਂ ਆ ਰਿਹਾ। ਸਾਡਾ, ਸੱਜਣ, ਬੰਧ, ਸੁਮਿਤ੍ਰ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਉਹ ਗੁਰੂ ਆਪ ਹੀ ਹੈ। ਗੁਰਬਾਣੀ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਫਰਕ ਨਹੀਂ ਹੈ। ਆਪਣੀ ਗੁਰਬਾਣੀ ਰਾਹੀਂ ਪ੍ਰਮਾਤਮਾ ਸਾਡਾ ਸੱਜਣ ਹੈ, ਬੰਧ ਹੈ, ਸੁਮਿਤ੍ਰ ਹੈ। ਪੂਰੀ ਗੁਰਬਾਣੀ ਸਾਨੂੰ ਨਾਮ ਦੇ ਨਾਲ ਹੀ ਜੋੜਦੀ ਹੈ, ਸਾਨੂੰ ਨਾਮ ਰੂਪ ਸਿੱਖਿਆ ਦਿੰਦੀ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ। ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਰੂਪ ਸਿੱਖਿਆ ਰੂਪ ਹੀ ਹੈ, ਸ਼ਬਦ ਦੀ ਸੋਝੀ ਰੂਪ ਹੀ ਹੈ। ਸਾਡਾ ਸੱਜਣ, ਬੰਧ, ਸੁਮਿਤ੍ਰ ਪ੍ਰਮਾਤਮਾ ਗੁਰਬਾਣੀ ਦੀ ਸਿੱਖਿਆ ਦੇ ਰੂਪ ਵਿੱਚ ਹੀ ਹੈ। ਉਸਦੀ ਸਿੱਖਿਆ ਸਾਨੂੰ ਔਗੁਣਾਂ ਵਿੱਚੋਂ ਨਿਕਲਣ ਲਈ ਹੀ ਹੈ। ਜਿੱਥੇ ਔਗੁਣ ਹਨ ਉੱਥੇ ਨਾਮ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਹੀ ਅਨੇਕਾਂ

22/2444

ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਪ੍ਰਮਾਤਮਾ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਆਪਣਾ ਨਾਮ ਬਖ਼ਸ਼ਦਾ ਹੈ ਜੋ ਕਿ ਮਨੁੱਖ ਤੇ ਉਸਦਾ ਸਭ ਤੋਂ ਵੱਡਾ ਪਰਉਪਕਾਰ ਹੈ। ਜਿੱਥੇ ਪ੍ਰਮਾਤਮਾ ਆਪਣਾ ਇਹ ਪਰਉਪਕਾਰ ਕਰਦਾ ਹੈ ਉਸ ਮਨੁੱਖ ਨੂੰ ਪ੍ਰਮਾਤਮਾ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਕਰਦਾ ਹੈ। ਨਾਮੁ ਹੀ ਸੱਚੁ ਹੈ ਤੇ ਜਿੱਥੇ ਸਚੁ ਹੈ ਉੱਥੇ ਕੇਵਲ ਗੁਣ ਹੁੰਦੇ ਹਨ, ਉੱਥੇ ਕੋਈ ਔਗੁਣ ਨਹੀਂ ਹੋ ਸਕਦਾ। ਨਾਮੁ ਹੀ ਗੁਰਮਤਿ ਹੈ ਤੇ ਜਿੱਥੇ ਗੁਰਮਤਿ ਹੈ ਉੱਥੇ ਕੋਈ ਔਗੁਣ ਨਹੀਂ ਹੋ ਸਕਦਾ। ਜਿੱਥੇ ਪ੍ਰਮਾਤਮਾ ਆਪਣਾ ਨਾਮ ਬਖ਼ਸ਼ਦਾ ਹੈ ਉਹ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਬਖ਼ਸ਼ਦਾ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੀ ਬਖ਼ਸਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਨਾਮ ਜਪਦਾ ਹੈ, ਗੁਰਮਤਿ ਤੇ ਚੱਲਦਾ ਹੈ ਭਾਵ ਪੂਰਨ ਸਚੁ ਦੁਆਰਾ ਵਿਚਰਦਾ ਹੈ। ਜੇਕਰ ਅਸੀਂ ਪ੍ਰਮਾਤਮਾ ਕੋਲੋਂ ਉਸਦੀ ਕ੍ਰਿਪਾ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਇੱਕੋ ਇੱਕ ਉੱਦਮ ਇਹੀ ਹੈ ਕਿ ਅਸੀਂ ਕੇਵਲ ਗੁਰੂ ਨੂੰ ਆਪਣਾ ਸੱਜਣ ਮੰਨੀਏ, ਸਿਆਣਾ ਮਿੱਤਰ ਮੰਨੀਏ ਭਾਵ ਉਸਦੀ ਮਤਿ ਨੂੰ ਸਿਆਣਾ ਕਰਕੇ ਮੰਨੀਏ ਤੇ ਉਸ ਅਨੁਸਾਰ ਵਿਚਰੀਏ ਭਾਵ ਵੱਧ ਤੋਂ ਵੱਧ ਸਚੁ ਨੂੰ ਅਪਣਾਈਏ, ਔਗੁਣਾਂ ਨੂੰ ਛੱਡੀਏ ਤੇ ਉਨ੍ਹਾਂ ਦੀ ਮਤਿ ਦੇ ਨਾਲ ਨਾ ਜੁੜੀਏ ਜੋ ਔਗੁਣ ਛੱਡਣ ਨੂੰ ਕੇਵਲ ਇੱਕ ਪ੍ਰਹੇਜ਼ ਮਾਤਰ ਦੱਸਦੇ ਹਨ ਤੇ ਸਾਨੂੰ ਕੇਵਲ ਇੱਕ ਅੱਖਰ ਨੂੰ ਜਪਣਾ ਹੀ ਸਚੁ ਸਮਝਾਉਂਦੇ ਹਨ, ਗੁਣ ਸਮਝਾਉਂਦੇ ਹਨ। ਜਿਸਦੀ ਮਤਿ ਮੰਨ ਕੇ ਅਸੀਂ ਗੁਰੂ ਦੀ ਮਤਿ ਤੋਂ ਦੂਰ ਹੁੰਦੇ ਹਾਂ ਉਹ ਕਦੇ ਸਾਡਾ ਸੱਜਣ

ਨਹੀਂ ਹੋ ਸਕਦਾ, ਸਾਡਾ ਚੰਗਾ ਮਿੱਤਰ ਨਹੀਂ ਹੋ ਸਕਦਾ। **(ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ॥੩॥)**

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥੨॥}

(ਅੰਗ ੧੧੯੩)

ਪਉੜੀ॥

{"ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ॥
ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ॥
ਅੰਤਰਜਾਮੀ ਅਗਮ ਪੁਰਖੁ ਇਕ ਦ੍ਰਿਸਟਿ ਦਿਖਾਏ॥
ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ॥
ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ॥
ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ॥
ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ॥
ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ॥੨੧॥"}

(ਅੰਗ ੯੬੬)

ਧਿਆਨ ਨਾਲ ਸਮਝੋ ਕਿ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਕਿਹੋ ਜਿਹਾ "ਜਪੁ ਤਪੁ ਸੰਜਮੁ" ਸਮਝਾਇਆ ਹੈ, "ਦਇਆ ਧਰਮੁ" ਸਮਝਾਇਆ ਹੈ। ਸਭ ਤੋਂ ਭਾਵ ਇੱਕੋ ਹੀ ਹੈ। ਇੱਕੋ ਇੱਕ ਮਕਸਦ ਨਾਮ ਧਿਆਉਣ ਦਾ ਹੀ ਹੈ। ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾ ਦੀ ਅਗਨਿ ਹੈ, ਦੁਰਮਤਿ ਦੀ ਅਗਨਿ ਹੈ ਭਾਵ ਜਦ ਤੱਕ ਅਸੀਂ ਵਿਕਾਰਾਂ ਨਾਲ ਜੁੜੇ ਹੋਏ ਹਾਂ, ਮਾਇਆ ਮੋਹ ਨਾਲ ਜੁੜੇ ਹੋਏ ਹਾਂ ਤਦ ਤੱਕ ਅਸੀਂ ਨਾਮ ਨਹੀਂ ਧਿਆ ਸਕਦੇ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਕੇ ਇਹ ਤ੍ਰਿਸ਼ਨਾ ਦੀ ਅਗਨਿ ਬੁਝਾ ਦਿੰਦਾ ਹੈ ਉਹੀ ਮਨੁੱਖ ਔਗੁਣ ਰਹਿਤ ਹੁੰਦਾ ਹੈ ਕਿਉਂਕਿ ਸਾਡੇ ਹਰ ਮਾੜੇ ਕਰਮ ਦੇ ਪਿੱਛੇ, ਝੂਠੇ ਮਾਣ ਦੇ ਪਿੱਛੇ ਸਾਡੀ ਤ੍ਰਿਸ਼ਨਾ ਹੈ, ਸਾਡੀ ਹਉਮੈ ਹੈ, ਸਾਡੀ ਮਨਮਤਿ ਹੈ, ਸਾਡੀ ਅਗਿਆਨਤਾ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਸੱਚੀ ਸੋਝੀ ਪਾਉਂਦਾ ਹੈ, ਨਾਮ ਦੀ

22/2445

ਸੋਝੀ ਪਾਉਂਦਾ ਉਸਦੇ ਮਨ ਦੀ ਅਗਿਆਨਤਾ ਹੀ ਕੱਢਦਾ ਹੈ ਤੇ ਆਪਣੇ ਸੱਚ ਦੇ ਨਾਲ ਜੋੜਦਾ ਹੈ। ਸੱਚੀ ਸੋਝੀ ਦੇ ਨਾਲ ਜੋੜ ਕੇ ਹੀ ਉਹ ਸਾਡੇ ਔਗੁਣ ਕੱਟਦਾ ਹੈ ਜਿਸ ਦੁਆਰਾ ਸਾਡਾ ਮੁੱਖ ਉੱਜਲਾ ਹੁੰਦਾ ਹੈ ਤੇ ਸਾਨੂੰ ਆਪਣੇ ਨਾਮ ਦੁਆਰਾ ਤਾਰਦਾ ਹੈ। ਮਨ ਦੀ ਅਗਿਆਨਤਾ ਕਰਕੇ ਹੀ ਅਸੀਂ ਹਨ੍ਹੇਰੇ ਖੂਹ ਵਿੱਚ ਪਏ ਹੋਏ ਹਾਂ ਜਿਸ ਵਿੱਚੋਂ ਉਹ ਆਪਣੇ ਨਾਮ ਦੁਆਰਾ ਹੀ ਕੱਢਦਾ ਹੈ ਤੇ ਆਪਣੇ ਆਪ ਦੇ ਨਾਲ ਜੋੜਦਾ ਹੈ। **(ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ॥ ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ॥ ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ॥ ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ॥੨੧॥)**

ਨਾਮ ਦਾ ਮਕਸਦ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਣ ਦਾ ਹੀ ਹੈ ਤੇ ਮਨ ਦੀ ਅਗਿਆਨਤਾ ਕਰਕੇ ਹੀ ਅਸੀਂ ਮਾਇਆ ਮੋਹ ਵਿੱਚ ਹਾਂ, ਤ੍ਰਿਸ਼ਨਾ ਵਿੱਚ ਹਾਂ। ਅਗਿਆਨਤਾ ਵਿੱਚੋਂ ਸਾਨੂੰ ਉਹੀ ਕੱਢ ਸਕਦਾ ਹੈ ਜੋ ਸੱਚੇ ਗਿਆਨ ਦਾ ਮਾਲਕ ਹੈ, ਨਾਮ ਦਾ ਮਾਲਕ ਹੈ ਤੇ ਉਹ ਆਪ ਹੀ ਸਾਡਾ ਸੱਚਾ ਸੱਜਣ ਹੈ, ਆਪਣੀ ਗੁਰਮਤਿ ਰਾਹੀਂ ਸਾਡਾ ਸੱਚਾ ਸੱਜਣ ਹੈ। ਗੁਰਮਤਿ ਰੂਪ ਸੱਜਣ ਨੂੰ ਛੱਡ ਕੇ, ਗੁਣ ਰੂਪ ਸੱਜਣ ਨੂੰ ਛੱਡ ਕੇ, ਬ੍ਰਹਮਗਿਆਨ ਰੂਪ ਸੱਜਣ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਨੂੰ ਆਪਣਾ ਸੱਜਣ ਬਣਾਇਆ ਹੋਇਆ ਹੈ ਭਾਵ ਕਿਸੇ ਹੋਰ ਦੀ ਮਤਿ ਨੂੰ ਉੱਚਾ ਮੰਨਿਆ ਹੋਇਆ ਹੈ, ਕਿਸੇ ਹੋਰ ਦੀ ਸਿੱਖਿਆ ਨੂੰ ਉੱਚਾ ਮੰਨਿਆ ਹੋਇਆ ਹੈ ਤਾਂ ਫਿਰ ਅਸੀਂ ਉਸ ਸੱਚੇ ਸੱਜਣ ਦੇ ਨਾਲ ਕਦੇ ਨਹੀਂ ਮਿਲ ਸਕਦੇ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਜੀਵਨ ਦਾ ਸਭ ਤੋਂ ਵੱਡਾ ਫੈਸਲਾ ਆਪਣਾ ਸੱਜਣ ਚੁਣਨ ਦਾ ਹੀ ਹੈ ਕਿ ਅਸੀਂ ਕਿਸ ਦੀ ਮਤਿ ਨੂੰ ਉੱਚਾ ਸਮਝਦੇ ਹਾਂ, ਸੱਚੀ ਸਿੱਖਿਆ ਵਾਲੀ ਮਤਿ ਸਮਝਦੇ ਹਾਂ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

“ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ॥
ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ॥
ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ॥
ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ॥
ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ॥
ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ॥੫॥
ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ॥
ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ॥
ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ॥੬॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥
ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥
ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ॥
ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥੭॥
ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ॥
ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ॥
ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ॥
ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ॥
ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ॥
ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ॥੮॥

ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥
ਤਾ ਕੀ ਕੀਮਤਿ ਨ ਪਵੈ ਜੇ ਲੋਚੈ ਕੋਈ॥
ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥
ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ॥
ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥
ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥੯॥੨॥੫॥"

(ਅੰਗ ੭੬੬)

ਸਾਡਾ ਸਭ ਦਾ ਅਸਲ ਘਰ ਉਹੀ ਹੈ ਜਦੋਂ ਅਸੀਂ ਉਸ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਂਦੇ ਹਾਂ। ਪ੍ਰਮਾਤਮਾ ਦਾ ਇਹ ਘਰ ਸਾਡੇ ਮਨ ਦੇ ਵਿੱਚ ਹੀ ਹੈ। ਸਾਰੇ ਜਗਤ ਦਾ ਸੱਜਣ ਅਸਲ ਵਿੱਚ ਉਹ ਪ੍ਰਮਾਤਮਾ ਆਪ ਹੀ ਹੈ ਤੇ ਜਦ ਤੱਕ ਉਹ ਕਿਸੇ ਦੇ ਮਨ ਵਿੱਚ ਪ੍ਰਗਟ ਨਹੀਂ ਹੁੰਦਾ ਤਦ ਤੱਕ ਉਸ ਸੱਜਣ ਦੀ ਕਿਸੇ ਨੂੰ ਸੋਝੀ ਨਹੀਂ ਪੈ ਸਕਦੀ। ਪ੍ਰਮਾਤਮਾ ਸਾਡਾ ਸੱਜਣ ਗੁਰੂ ਰੂਪ ਵਿੱਚ ਬਣਦਾ ਹੈ ਭਾਵ ਜਿੱਥੇ ਉਹ ਆਪਣਾ ਗੁਰੂ ਰੂਪ ਪ੍ਰਗਟ ਕਰਦਾ ਹੈ ਉੱਥੇ ਹੀ ਉਹ ਆਪ ਸੱਜਣ ਬਣ ਕੇ ਦਿਖਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਸੱਜਣ ਰੂਪ ਦਿਖਾਇਆ ਹੈ। ਜਦੋਂ ਕੋਈ ਆਪਣੇ ਇਸ ਸੱਜਣ ਦੇ ਘਰ ਵਿੱਚ ਪਹੁੰਚ ਜਾਂਦਾ ਹੈ ਇਹ ਸੱਚੇ ਗੁਰੂ ਦਾ ਘਰ ਹੈ ਜਿੱਥੋਂ ਸੱਚ ਦੀ ਸਿੱਖਿਆ ਹੀ ਮਿਲਦੀ ਹੈ ਤੇ ਇਹ ਸਿੱਖਿਆ ਮਨ ਦੇ ਵਿੱਚ ਉਹ ਪ੍ਰਮਾਤਮਾ ਆਪ ਹੀ ਦਿੰਦਾ ਹੈ। ਇਸ ਸੱਚੀ ਸਿੱਖਿਆ ਦੇ ਘਰ ਵਿੱਚ ਪਹੁੰਚ ਕੇ ਫਿਰ ਕੋਈ ਦੂਸਰੀ ਸਿੱਖਿਆ ਦੇਣ ਵਾਲੇ ਦੇ ਪਿੱਛੇ ਨਹੀਂ ਲੱਗ ਸਕਦਾ ਕਿਉਂਕਿ

22/2446

ਪ੍ਰਮਾਤਮਾ ਆਪ ਹੀ ਸਿੱਖਿਆ ਦਾ ਮਾਲਕ ਹੈ, ਸਿੱਖਿਆ ਦਾ ਅਸਲ ਘਰ ਹੈ। ਜਿਸ ਨੂੰ ਪ੍ਰਮਾਤਮਾ ਸੱਜਣ ਰੂਪ ਬਖ਼ਸ਼ਦਾ ਹੈ ਉਸਨੂੰ ਆਪਣੇ ਸਚੁ ਦੇ ਨਾਲ ਰੰਗਦਾ ਹੈ। ਉਹ ਸਚ ਰੂਪ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਹੀ ਹੈ। ਜਿਸਨੂੰ ਉਹ ਆਪਣਾ ਸੱਜਣ ਬਣਾਉਂਦਾ ਹੈ ਉਹ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਆਨੰਦ ਮਾਣਦਾ ਹੈ, ਉਸਦੇ ਸੱਚੇ ਗਿਆਨ ਨੂੰ ਮਾਣਦਾ ਹੈ ਜਿਸ ਦੁਆਰਾ ਉਹ ਆਪਣੇ ਕਰਮ ਧਰਮ ਕਰਦਾ ਹੈ। ਆਪਣੇ ਸੱਚ ਦੀ ਸੋਝੀ ਪ੍ਰਮਾਤਮਾ ਮਨ ਦੇ ਵਿੱਚ ਹੀ ਪਾਉਂਦਾ ਹੈ ਤੇ ਤਾਂ ਹੀ ਕਰਮ ਧਰਮ ਦੀ ਸੋਝੀ ਪੈਂਦੀ ਹੈ। ਇਸ ਅਵੱਸਥਾ ਵਿੱਚ ਫਿਰ ਮਨੁੱਖ ਨੂੰ ਭਾਵ ਉਸਦੇ ਸੱਜਣ ਨੂੰ ਸੱਚ ਹੀ ਭਾਉਂਦਾ ਹੈ, ਨਾਮ ਹੀ ਭਾਉਂਦਾ ਹੈ ਜਿਸ ਦੁਆਰਾ ਉਹ ਆਪਣੇ ਕਰਮ ਧਰਮ ਕਰਦਾ ਹੈ। **(ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ॥ ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ॥ ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ॥ ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ॥)**

ਜਿਸਨੂੰ ਪ੍ਰਮਾਤਮਾ ਆਪਣਾ ਸੱਜਣ ਬਣਾਉਂਦਾ ਹੈ ਭਾਵ ਜਿੱਥੇ ਉਹ ਆਪਣਾ ਗੁਰੂ ਰੂਪ ਧਾਰਨ ਕਰਦਾ ਹੈ ਉਸ ਮਨੁੱਖੀ ਸਰੀਰ ਨੂੰ ਉਹ ਆਪ ਹੀ ਪ੍ਰਗਟ ਹੋ ਕੇ ਸਾਜਦਾ ਹੈ, ਉੱਥੇ ਆਪ ਹੀ ਆਪਣਾ ਗੁਰੂ ਰੂਪ ਸਾਜਦਾ ਹੈ ਤੇ ਆਪ ਹੀ ਉਸ ਸਰੀਰ ਨੂੰ ਆਪਣੇ ਅਨੁਸਾਰ ਚਲਾਉਂਦਾ ਹੈ। ਉਹ ਉਸ ਸਰੀਰ ਨੂੰ ਆਪਣੇ ਭਾਣੇ ਅਨੁਸਾਰ ਹੀ ਚਲਾਉਂਦਾ ਹੈ ਤੇ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਉਸਨੂੰ ਭਾਣੇ ਅਨੁਸਾਰ ਚੱਲਣਾ ਹੀ ਚੰਗਾ ਲੱਗਦਾ ਹੈ। ਜਿਸਨੂੰ ਉਹ ਆਪਣੇ ਭਾਣੇ ਵਿੱਚ ਰੰਗਦਾ ਹੈ ਉਹੀ ਉਸਦਾ ਰੰਗੀਲੜਾ ਸੱਜਣ ਹੈ, ਉਸਦਾ ਰੰਗਲਾ ਸੱਜਣ ਹੈ ਤੇ ਇਹੀ ਉਸਦੇ ਰੰਗ ਦੀ ਲਾਲੀ ਹੈ ਜੋ ਕਿ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਇਹ ਲਾਲੀ ਉਹ ਆਪ ਹੀ ਚੜ੍ਹਾਉਂਦਾ ਹੈ। ਉਸਦਾ ਰੰਗਲਾ ਸੱਜਣ ਉਹੀ ਬਣਦਾ ਹੈ ਜਿੱਥੇ ਉਹ ਆਪ ਪ੍ਰਗਟ ਹੁੰਦਾ ਹੈ। ਗੁਰੂ ਰੂਪ ਪ੍ਰਮਾਤਮਾ ਦਾ ਰੰਗਲਾ ਸੱਜਣ ਹੈ ਜਿਸਨੂੰ ਉਸਨੇ ਆਪ ਹੀ ਸਾਜਿਆ ਹੈ ਤੇ ਆਪ ਹੀ ਧਰਮ ਦੀ ਸਿੱਖਿਆ ਦੇਣ ਲਈ ਥਾਪਿਆ ਹੈ ਤੇ ਉਸਦੇ ਵਿੱਚ ਆਪ ਹੀ ਵੱਸਿਆ ਹੋਇਆ ਹੈ। ਇਸੇ ਲਈ ਗੁਰੂ ਸਾਡਾ ਸਭ ਦਾ ਸੱਚਾ ਆਗੂ ਹੈ ਜੋ ਸਾਨੂੰ

ਸੱਚੀ ਮਤਿ ਦੇ ਸਕਦਾ ਹੈ, ਸਾਨੂੰ ਸਾਡਾ ਸਹੀ ਮਾਰਗ ਦਿਖਾ ਸਕਦਾ ਹੈ। **(ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ॥ ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ॥੫॥)**

ਪਉੜੀ॥

{ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥ ਕਰਿ ਆਸਣੁ ਡਿਠੋ ਚਾਉ॥੧॥}

(ਅੰਗ ੪੬੩)

ਜਿੰਨ੍ਹਾਂ ਸਰੀਰਾਂ ਨੂੰ, ਆਪਣੀ ਸਰਗੁਣ ਰੂਪ ਕੁਦਰਤ ਨੂੰ, ਆਪਣੇ ਦੂਸਰੇ ਰੂਪ ਨੂੰ ਪ੍ਰਮਾਤਮਾ ਨੇ ਆਪ ਸਾਜਿਆ ਹੈ ਉਨ੍ਹਾਂ ਰਾਹੀਂ ਹੀ ਉਸਨੇ ਨਾਮ ਦੀ ਰਚਨਾ ਕੀਤੀ ਹੈ, ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਥਾਪਿਆ ਹੋਇਆ ਸੱਜਣ ਰੂਪ ਹੈ, ਸਾਡਾ ਸੱਚਾ ਆਗੂ ਹੈ ਜੋ ਸਾਨੂੰ ਸੱਚੀ ਸਿੱਖਿਆ

22/2447

ਦੇ ਸਕਦਾ ਹੈ ਜਿਵੇਂ ਕਿ ਅਸੀਂ ਉੱਪਰ ਵਾਲੀ ਪਉੜੀ ਨੂੰ ਪਿੱਛੇ ਵੀ ਜਾਣਿਆ ਹੈ। ਪੂਰੀ ਗੁਰਬਾਣੀ ਨੂੰ ਆਪ ਹੀ ਪ੍ਰਮਾਤਮਾ ਨੇ ਆਪਣੇ ਸੱਚੇ ਗਿਆਨ ਨਾਲ, ਆਪਣੀ ਸੱਚੀ ਮਤਿ ਦੇ ਨਾਲ ਰੰਗਿਆ ਹੋਇਆ ਹੈ, ਬ੍ਰਹਮਗਿਆਨ ਦੇ ਨਾਲ ਰੰਗਿਆ ਹੋਇਆ ਹੈ। ਗੁਰਬਾਣੀ ਹੀ ਪ੍ਰਮਾਤਮਾ ਦਾ ਰੰਗਲਾ ਸੱਜਣ ਹੈ ਜਿਸਦੇ ਉੱਪਰ ਉਸ ਦੀ ਲਾਲੀ ਚੜ੍ਹੀ ਹੋਈ ਹੈ, ਸੱਚੇ ਗਿਆਨ ਦੀ ਲਾਲੀ ਚੜ੍ਹੀ ਹੋਈ ਹੈ ਜਿਸ ਕਰਕੇ ਉਹ ਭਰਮ ਤੋਂ ਰਹਿਤ ਹੈ, ਦੁਚਿੱਤੀ ਤੋਂ ਰਹਿਤ ਹੈ।

ਗੁਰਬਾਣੀ ਰੂਪ ਸੱਚੇ ਸੱਜਣ ਨੂੰ ਛੱਡ ਕੇ ਅਸੀਂ ਉਨ੍ਹਾਂ ਨੂੰ ਆਪਣੇ ਸੱਚੇ ਸੱਜਣ ਮੰਨਿਆ ਹੋਇਆ ਹੈ, ਰੰਗਲੇ ਸੱਜਣ ਮੰਨਿਆ ਹੋਇਆ ਹੈ ਜੋ ਆਪ ਦੁਚਿੱਤੀ ਵਿੱਚ ਰਹਿ ਕੇ ਇਸ ਸੰਸਾਰ ਤੋਂ ਗਏ ਹਨ, ਪ੍ਰਮਾਤਮਾ ਨੂੰ ਜਾਣਨ ਬਿਨ੍ਹਾਂ ਹੀ ਇਸ ਸੰਸਾਰ ਤੋਂ ਗਏ ਹਨ ਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਵੀ ਇਸ ਸੰਸਾਰ ਤੋਂ ਦੁਚਿੱਤੀ ਵਿੱਚ ਹੀ ਜਾਣਾ ਹੈ, ਭਰਮ ਦੇ ਵਿੱਚ ਹੀ ਜਾਣਾ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਸਮਝਿਆ ਹੈ।

{ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥੨॥}

(ਅੰਗ ੭੩)

ਇਹੋ ਜਿਹੇ ਝੂਠੇ ਸੱਜਣਾਂ ਦੇ ਪਿੱਛੇ ਲੱਗਣਾ ਪਰ ਘਰ ਵਿੱਚ ਜਾਣ ਵਾਲੀ ਗੱਲ ਹੈ, ਗੁਰੂ ਦਾ ਦਰ ਛੱਡ ਕੇ ਦੂਜੇ ਦੇ ਦਰ ਤੇ ਜਾਣ ਵਾਲੀ ਗੱਲ ਹੈ, ਸੱਚੇ ਆਗੂ ਨੂੰ ਛੱਡ ਕੇ ਅੰਨ੍ਹੇ ਆਗੂਆਂ ਦੇ ਪਿੱਛੇ ਜਾਣ ਵਾਲੀ ਗੱਲ ਹੈ। **(ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ॥)**

{ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ॥}

(ਅੰਗ ੧੫੩)

ਜਿਸਨੂੰ ਆਪਣੇ ਸੱਚੇ ਸੱਜਣ ਦੀ ਸਮਝ ਹੈ ਉਹ ਕਦੇ ਦੂਸਰੇ ਦੇ ਦਰ ਤੇ ਨਹੀਂ ਜਾ ਸਕਦਾ ਤੇ ਜਿੰਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ, ਜਿੰਨ੍ਹਾਂ ਨੂੰ ਪੂਰੇ ਗੁਰੂ ਦੀ ਮਤਿ ਤੇ ਵਿਸ਼ਵਾਸ ਨਹੀਂ ਹੈ ਉਹੀ ਦੂਸਰਿਆਂ ਨੂੰ ਆਪਣਾ ਆਗੂ ਮੰਨਦੇ ਹਨ ਭਾਵ ਝੂਠੇ ਸੱਜਣਾਂ ਨੂੰ ਆਪਣਾ ਆਗੂ ਮੰਨਦੇ ਹਨ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥

ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥

ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ॥

ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ॥”

ਧਰਮ ਦੇ ਆਗੂ ਦਾ ਮਕਸਦ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਾਉਣ ਲਈ ਹੈ ਤੇ ਸੱਚਾ ਮਾਰਗ ਉਹੀ ਸਮਝਾ ਸਕਦਾ ਹੈ ਜਿਸਦੇ ਕੋਲ ਮਤਿ ਸੱਚੀ ਹੈ। ਗੁਰੂ ਨਾਲੋਂ ਉੱਚੀ ਤੇ ਸੁੱਚੀ ਮਤਿ ਕਿਸਦੀ ਹੋ ਸਕਦੀ ਹੈ ਪਰ ਫਿਰ ਵੀ ਅਸੀਂ ਉਹੋ ਜਿਹਿਆਂ ਨੂੰ ਅਸੀਂ

ਧਰਮ ਦੇ ਆਗੂ ਮੰਨਿਆ ਹੋਇਆ ਹੈ, ਆਪਣੇ ਸੱਜਣ ਮੰਨਿਆ ਹੋਇਆ ਹੈ ਜਿੰਨ੍ਹਾਂ ਦੀ ਮਤਿ ਗੁਰੂ ਦੀ ਮਤਿ ਅੱਗੇ ਬਹੁਤ ਛੋਟੀ ਹੈ। ਗੁਰੂ ਆਪਣੀ ਉੱਚੀ ਮਤਿ ਕਰਕੇ ਹੀ ਉੱਚਾ ਹੈ ਕਿਉਂਕਿ ਉਸਦੇ ਅੰਦਰ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਧਰਮ ਦੀ ਮਤਿ ਹੈ ਜੋ ਕਿ ਉਹ ਆਪ ਹੀ ਪ੍ਰਗਟ ਹੋ ਕੇ ਪਾਉਂਦਾ ਹੈ। ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਪ੍ਰਗਟ ਨਹੀਂ ਹੁੰਦਾ ਉਨ੍ਹਾਂ ਦੀ ਮਤਿ ਕਦੇ ਗੁਰੂ ਦੇ ਨਾਲ ਇੱਕ ਨਹੀਂ ਹੋ

22/2448

ਸਕਦੀ। ਗੁਰੂ ਦੀ ਮਤਿ ਚੌਥੇ ਪਦ ਦੇ ਵਿੱਚ ਹੈ ਤੇ ਇਸੇ ਲਈ ਉਹ ਧਰਮ ਦੇ ਮਾਰਗ ਨੂੰ ਜਾਣਦਾ ਹੈ। ਅਸੀਂ ਉਨ੍ਹਾਂ ਨੂੰ ਆਪਣੇ ਸੱਜਣ ਬਣਾਈ ਬੈਠੇ ਹਾਂ ਜਿੰਨ੍ਹਾਂ ਨੂੰ ਰੱਤੀ ਭਰ ਵੀ ਸਮਝ ਨਹੀਂ ਕਿ ਚੌਥੇ ਪਦ ਤੇ ਤ੍ਰੈਗੁਣਾਂ ਵਾਲੀ ਮਤਿ ਵਿੱਚ ਕੀ ਭੇਦ ਹੈ। ਇਹ ਭੇਦ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦੂਰ ਕਰਦਾ ਹੈ। ਅਸੀਂ ਸਾਰੇ ਹੀ ਤ੍ਰੈਗੁਣਾਂ ਵਿੱਚ ਹਾਂ ਤੇ ਇਸੇ ਲਈ ਉਨ੍ਹਾਂ ਨੂੰ ਆਪਣੇ ਸੱਜਣ ਬਣਾ ਲੈਂਦੇ ਹਾਂ, ਧਰਮ ਦੇ ਆਗੂ ਸਮਝ ਲੈਂਦੇ ਹਾਂ ਜੋ ਖੁਦ ਤ੍ਰੈਗੁਣਾਂ ਵਿੱਚ ਹਨ। ਤ੍ਰੈਗੁਣਾਂ ਵਾਲੀ ਮਤਿ ਦੇ ਰਹਿੰਦਿਆਂ ਹੋਇਆਂ ਸਾਨੂੰ ਆਪਣੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ। ਧਰਮ ਦਾ ਮਾਰਗ ਸਮਝਣ ਲਈ ਇਹ ਤ੍ਰੈਗੁਣਾਂ ਵਾਲੀ ਮਤਿ ਹੋਛੀ ਮਤਿ ਹੀ ਹੈ। ਇਸ ਤ੍ਰੈਗੁਣਾਂ ਵਾਲੀ ਮਤਿ ਦੇ ਪਿੱਛੇ ਲੱਗ ਕੇ ਭਾਵ ਇਹੋ ਜਿਹਿਆਂ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਉਸ ਪ੍ਰਮਾਤਮਾ ਦੇ ਮਹਿਲ ਤੱਕ ਕਦੇ ਨਹੀਂ ਅੱਪੜ ਸਕਦੇ ਜੋ ਕਿ ਸਾਡੇ ਮਨ ਦੇ ਅੰਦਰ ਹੀ ਹੈ। ਇਹ ਮਹਿਲ ਚੌਥੇ ਪਦ ਦੇ ਗਿਆਨ ਦਾ ਮਹਿਲ ਹੈ, ਸਹਜ ਗਿਆਨ ਦਾ ਮਹਿਲ ਹੈ। ਅੰਧੀ ਮਤਿ ਭਾਵ ਤ੍ਰੈਗੁਣਾਂ ਵਾਲੀ ਮਤਿ, ਭਰਮ ਦੇ ਨਾਲ ਭਰੀ ਹੋਈ ਮਤਿ ਸਾਨੂੰ ਕਦੇ ਪ੍ਰਮਾਤਮਾ ਦੇ ਨਾਲ ਨਹੀਂ ਜੋੜ ਸਕਦੀ। ਚੌਥੇ ਪਦ ਦੇ ਗਿਆਨ ਦੇ ਨਾਲ, ਪ੍ਰਮਾਤਮਾ ਦੇ ਮਹਿਲ ਦੇ ਨਾਲ ਸਾਨੂੰ ਕੇਵਲ ਚੌਥੇ ਪਦ ਦੀ ਮਤਿ ਹੀ ਜੋੜ ਸਕਦੀ ਹੈ, ਗੁਰਬਾਣੀ ਦੀ ਮਤਿ ਹੀ ਜੋੜ ਸਕਦੀ ਹੈ ਜਿਸਨੂੰ ਉਸ ਪ੍ਰਮਾਤਮਾ ਦੇ ਮਹਿਲ ਦੀ ਪ੍ਰਾਪਤੀ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ। ਚੌਥਾ ਪਦ ਨਾਮ ਦਾ ਪਦ ਹੈ ਜੋ ਕਿ ਗੁਰੂ ਦੇ ਕੋਲ ਹੈ। ਗੁਰੂ ਦਾ ਸੱਚਾ ਮਾਰਗ ਨਾਮ ਦੀ ਮਤਿ ਦੁਆਰਾ ਹੀ ਸਮਝ ਆਉਂਦਾ ਹੈ ਜੋ ਕਿ ਗੁਰੂ ਦੇ ਕੋਲ ਹੈ। ਨਾਮ ਦੀ ਪ੍ਰਾਪਤੀ ਤੋਂ ਬਿਨ੍ਹਾਂ ਹਰ ਕਿਸੇ ਦੀ ਮਤਿ ਅੰਧੀ ਹੈ, ਅਗਿਆਨਤਾ ਵਾਲੀ ਹੈ ਤੇ ਇਹੋ ਜਿਹੀ ਮਤਿ ਦੁਆਰਾ ਹਰ ਕੋਈ ਮਾਇਆ ਮੋਹ ਵਿੱਚ ਹੀ ਡੁੱਬਿਆ ਹੋਇਆ ਹੈ। ਨਾਮ ਬਿਨ੍ਹਾਂ ਹਰ ਕੋਈ ਹਉਮੈ ਵਿੱਚ ਹੀ ਹੈ, ਤ੍ਰੈਗੁਣਾਂ ਵਿੱਚ ਹੀ ਹੈ। **(ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥ ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ॥)**

ਉੱਪਰ ਆਖਰੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਨਾਮ ਦਾ ਮਕਸਦ ਕੀ ਹੈ। ਨਾਮ ਸਾਨੂੰ ਸੋਝੀ ਪਾਉਣ ਲਈ ਹੈ, ਸਾਡੇ ਮਨ ਦਾ ਅੰਧਾਪਨ ਦੂਰ ਕਰਨ ਲਈ ਹੈ, ਸਾਡੇ ਮਨ ਦੀ ਅਗਿਆਨਤਾ ਦੂਰ ਕਰਨ ਲਈ ਹੈ ਜਿਸਦੇ ਰਹਿੰਦਿਆਂ ਸਾਨੂੰ ਧਰਮ ਦਾ ਮਾਰਗ ਸਮਝ ਨਹੀਂ ਪੈਂਦਾ। ਇਸੇ ਲਈ ਇੱਕ ਅੱਖਰ ਦਾ ਜਪ ਕਰੀ ਜਾਣ ਵਾਲਿਆਂ ਨੂੰ, ਇੱਕ ਅੱਖਰ ਨੂੰ ਨਾਮ ਸਮਝੀ ਜਾਣ ਵਾਲਿਆਂ ਨੂੰ ਮਨਮੁਖਿ ਕਿਹਾ ਹੈ ਕਿਉਂਕਿ ਉਨ੍ਹਾਂ ਨੂੰ ਨਾਮ ਦਾ ਮਕਸਦ ਹੀ ਸਮਝ ਨਹੀਂ ਹੈ ਕਿ ਨਾਮ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ।

{ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

ਇੱਕ ਅੱਖਰ ਦਾ ਜਪ ਕਰੀ ਜਾਣ ਵਾਲਿਆਂ ਵਿੱਚ ਚਾਉ ਉਪਜਦਾ ਹੈ ਜੋ ਕਿ ਸਾਡੀ ਬੁੱਧੀ ਬਾਜੀ ਦਾ ਚਾਉ ਹੈ, ਮਨ ਦੀ ਸਿਆਣਪ ਦਾ ਚਾਉ ਹੈ, ਸਾਡੇ ਮਨ ਦੀ ਇੱਕ ਖੇਡ ਦਾ ਚਾਉ ਹੈ ਭਾਵ ਜਿਸ ਵਿੱਚ ਕੋਈ ਅਸਲੀਅਤ ਨਹੀਂ ਹੈ। ਨਾਮ ਦਾ ਅਸਲ ਚਾਉ ਕੀ ਹੁੰਦਾ ਹੈ ਇਹੀ ਗੱਲ ਸਾਨੂੰ ਮੁੱਖ

22/2449

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ॥

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ॥੬॥"

ਸਾਡੇ ਅੰਦਰ ਨਾਮ ਜਪਣ ਦਾ ਸੱਚਾ ਚਾਉ ਉਦੋਂ ਉਪਜਦਾ ਹੈ ਜਦੋਂ ਗੁਰੂ ਦਾ ਸ਼ਬਦ ਸਾਡੇ ਅੰਦਰ ਵੱਸ ਜਾਂਦਾ ਹੈ, ਜਦੋਂ ਗੁਰੂ ਦਾ ਸੱਚਾ ਗਿਆਨ ਸਾਡੇ ਅੰਦਰ ਵੱਸ ਜਾਂਦਾ ਹੈ, ਜਦੋਂ ਨਾਮ ਸਾਡੇ ਅੰਦਰ ਵੱਸ ਜਾਂਦਾ ਹੈ। ਨਾਮ ਦਾ ਮਕਸਦ, ਸ਼ਬਦ ਦਾ ਮਕਸਦ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਲਈ ਹੈ, ਗੁਰਮਤਿ ਦੀ ਸੋਝੀ ਦਾ ਪ੍ਰਕਾਸ਼ ਕਰਨ ਲਈ ਹੈ ਤੇ ਜਦੋਂ ਇੱਕ ਵਾਰੀ ਸੱਚੀ ਸੋਝੀ ਸਾਡੇ ਅੰਦਰ ਵੱਸ ਜਾਂਦੀ ਹੈ ਜੋ ਕਿ ਪ੍ਰਮਾਤਮਾ ਆਪਣੀ ਕ੍ਰਿਪਾ ਦੁਆਰਾ ਆਪ ਹੀ ਵਸਾਉਂਦਾ ਹੈ ਉਹ ਸੋਝੀ ਫਿਰ ਹਮੇਸ਼ਾਂ ਲਈ ਵਸੀ ਹੀ ਰਹਿੰਦੀ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਦਾ ਪ੍ਰਕਾਸ਼ ਮਨ ਵਿੱਚ ਪ੍ਰਮਾਤਮਾ ਆਪ ਹੀ ਕਰੀ ਰੱਖਦਾ ਹੈ। ਇਹ ਉਸਦੇ ਚੌਥੇ ਪਦ ਦੇ ਗਿਆਨ ਦਾ ਪ੍ਰਕਾਸ਼ ਹੈ ਜਿਹੋ ਜਿਹਾ ਪ੍ਰਕਾਸ਼ ਉਸਨੇ ਆਪਣੇ ਗੁਰੂ ਰੂਪ ਵਿੱਚ ਕੀਤਾ ਹੋਇਆ ਹੈ। ਮਨ ਦੇ ਵਿੱਚ ਇਸ ਨਾਮ ਵਾਲੀ ਅਵੱਸਥਾ ਦੁਆਰਾ ਪ੍ਰਮਾਤਮਾ ਸੱਚ ਦੀ ਭਾਵ ਧਰਮ ਦੇ ਪੂਰਨ ਸੱਚ ਦੀ ਸੋਝੀ ਹੀ ਪਾਉਂਦਾ ਹੈ ਤੇ ਉਸ ਤੋਂ ਬਾਅਦ ਮਨੁੱਖ ਦੇ ਅੰਦਰ ਸੱਚ ਤੇ ਚੱਲਣ ਦਾ ਚਾਉ ਹੀ ਉਪਜਦਾ ਹੈ ਭਾਵ ਫਿਰ ਉਹ ਝੂਠੇ ਮਾਰਗ ਤੇ ਨਹੀਂ ਤੁਰਦਾ। **(ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ॥)**

ਗਉੜੀ ਮਹਲਾ ੫॥

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥

ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥੧॥}

(ਅੰਗ ੨੩੬)

ਮੁੱਖੋਂ ਸ਼ਬਦ ਬੋਲੀ ਜਾਣ ਵਿੱਚ ਤੇ ਸ਼ਬਦ ਨੂੰ ਮਨ ਵਿੱਚ ਵਸਾਉਣ ਵਿੱਚ ਇਹੀ ਫਰਕ ਹੈ ਜੋ ਸਾਨੂੰ ਉੱਪਰ ਸਮਝਾਇਆ ਹੋਇਆ ਹੈ। ਇੱਕ ਪਾਸੇ ਕਥਨੀ ਹੈ ਤੇ ਦੂਸਰੇ ਪਾਸੇ ਕਰਨੀ ਹੈ। ਇੱਕ ਕਥਨੀ ਨਾਲ ਆਪਣਾ ਚਾਉ ਦਿਖਾਉਂਦੇ ਹਨ ਪਰ ਗੁਰੂ ਦੀ ਗੱਲ ਤੇ, ਗੁਰੂ ਦੇ ਸ਼ਬਦ ਤੇ ਅਮਲ ਨਹੀਂ ਕਰਦੇ ਜਿੰਨ੍ਹਾਂ ਨੂੰ ਮਨਮੁਖਿ ਦੱਸਿਆ ਹੈ। ਗੁਰਮੁਖਿ ਉਹ ਬਣਦੇ ਹਨ ਜੋ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਦੇ ਹਨ ਤੇ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਦੇ ਹਨ। ਅੰਧੀ ਮਤਿ ਵਾਲੇ ਸਭ ਕਥਨੀ ਨਾਲ ਹੀ ਜੁੜੇ ਹੋਏ ਹਨ ਕਿਉਂਕਿ ਇਹੀ ਕੁੱਝ ਉਨ੍ਹਾਂ ਦੇ ਸੱਜਣਾਂ ਨੇ ਉਨ੍ਹਾਂ ਨੂੰ ਸਿਖਾਇਆ ਹੈ। ਜਿੰਨ੍ਹਾਂ ਦੀ ਆਪਣੀ ਮਤਿ ਹੋਛੀ ਹੈ ਭਾਵ ਧਰਮ ਦਾ ਮਾਰਗ ਸਮਝਾਉਣ ਲਈ ਹੋਛੀ ਹੈ ਉਨ੍ਹਾਂ ਨੇ ਦੂਸਰਿਆਂ ਦੀ ਮਤਿ ਨੂੰ ਕੀ ਸੁਧਾਰਨਾ ਹੈ। ਸਾਨੂੰ ਹੋਛੀ ਮਤਿ ਵਿੱਚੋਂ ਕੱਢਣ ਵਾਲਾ ਇੱਕੋ ਇੱਕ ਗੁਰੂ ਹੀ ਹੈ ਤੇ ਇਸੇ ਲਈ ਸਾਨੂੰ ਗੁਰੂ ਸੱਜਣ ਦਾ ਲੜ ਕਦੇ ਨਹੀਂ ਛੱਡਣਾ ਚਾਹੀਦਾ, ਗੁਰੂ ਦੀ ਸੱਚੀ ਮਤਿ ਦਾ ਲੜ ਕਦੇ ਨਹੀਂ ਛੱਡਣਾ ਚਾਹੀਦਾ ਕਿਉਂਕਿ ਧਰਮ ਦੇ ਸੱਚੇ ਮਾਰਗ ਦੀ ਸੋਝੀ ਕੇਵਲ ਗੁਰੂ ਨੂੰ ਹੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ॥੬॥"

ਉੱਪਰ ਪੂਰੇ ਸ਼ਬਦ ਦਾ ਮਕਸਦ ਸਾਨੂੰ ਇਹੀ ਸਮਝਾਉਣ ਲਈ ਹੈ ਕਿ ਧਰਮ ਦਾ ਮਾਰਗ

ਸਮਝਣ ਲਈ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਟਿਕਾਈਏ ਤੇ ਹੋਰ ਕਿਸੇ ਦੀ ਮਤਿ ਦੇ ਪਿੱਛੇ ਨਾ ਲੱਗੀਏ ਜੋ ਗੁਰੂ ਦੀ ਮਤਿ ਤੇ ਪੂਰਾ ਨਹੀਂ ਉਤਰਦੇ ਜਿਵੇਂ ਕਿ ਅਸੀਂ ਹੁਣ ਤੱਕ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਨੂੰ ਧਰਮ ਦੇ ਸੱਚੇ ਮਾਰਗ ਤੋਂ ਭਟਕਾਉਣ ਵਾਲੇ ਸਾਡੇ ਉਹ ਆਪਣੇ ਆਪ ਥਾਪੇ ਹੋਏ ਸੱਜਣ ਹੀ ਹਨ ਜਿੰਨ੍ਹਾਂ ਨੇ ਸਾਨੂੰ ਗੁਰੂ ਰੂਪ ਸੱਜਣ ਤੋਂ ਦੂਰ ਕੀਤਾ ਹੋਇਆ ਹੈ, ਗੁਰਮਤਿ ਨੂੰ ਸਮਝਣ ਤੋਂ ਦੂਰ ਕੀਤਾ ਹੋਇਆ ਹੈ।

ਸਾਡੇ ਜੀਵਨ ਦਾ ਮਕਸਦ ਉਸ ਪ੍ਰਮਾਤਮਾ ਨੂੰ ਪਾਉਣ ਦਾ ਹੈ, ਉਸਦੇ ਦੇਸ਼ ਵਿੱਚ ਪਹੁੰਚਣ ਦਾ ਹੈ। ਉਸਦੇ ਦੇਸ਼ ਵਿੱਚ ਸਾਨੂੰ ਉਹੀ ਪਹੁੰਚਾ ਸਕਦਾ ਹੈ ਜੋ ਆਪ ਉਸਦੇ ਦੇਸ਼ ਵਿੱਚ ਵੱਸਿਆ ਹੋਇਆ ਹੈ। ਉਸਦੇ ਦੇਸ਼ ਵਿੱਚ ਵੱਸਣ ਤੋਂ ਬਿਨ੍ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਤੋਂ ਬਿਨ੍ਹਾਂ ਹਰ ਕੋਈ ਪ੍ਰਦੇਸੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥

ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥
ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ॥
ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥੭॥"

ਦੇਸ, ਪ੍ਰਦੇਸ ਸਾਡੇ ਮਨ ਵਿੱਚ ਹੀ ਹੈ। ਇਹ ਦੋਨੋਂ ਸਾਡੇ ਮਨ ਦੀਆਂ ਅਵੱਸਥਾਵਾਂ ਹੀ ਹਨ। ਦੇਸ ਉਹ ਹੈ ਜਿਸ ਮਨ ਦੀ ਅਵੱਸਥਾ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਲੈਂਦੇ ਹਾਂ ਤੇ ਉਸਨੂੰ ਪਾਏ ਬਿਨ੍ਹਾਂ ਹਰ ਕੋਈ ਪ੍ਰਦੇਸ ਵਾਲੀ ਅਵੱਸਥਾ ਵਿੱਚ ਹੀ ਹੈ ਭਾਵ ਪ੍ਰਮਾਤਮਾ ਨੂੰ, ਉਸਦੇ ਨਿਰਗੁਣ ਰੂਪ ਨੂੰ ਨਾ ਜਾਣਨ ਵਾਲੀ ਅਵੱਸਥਾ ਵਿੱਚ ਹੀ ਹੈ। ਗੁਰੂ ਦੀ ਅਵੱਸਥਾ ਪ੍ਰਮਾਤਮਾ ਦੇ ਦੇਸ ਵਿੱਚ ਵੱਸਣ ਵਾਲੀ ਅਵੱਸਥਾ ਹੈ ਕਿਉਂਕਿ ਉਸਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਭਿਖੇ ਕੇ ॥
{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥੧॥੧੯॥}

(ਅੰਗ ੧੩੯੫)

ਉੱਪਰ ਸ਼ਬਦ ਵਿੱਚ ਧੰਨ ਧੰਨ ਭਿੱਖਾ ਭੱਟ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲ ਹਨ ਜਿੰਨ੍ਹਾਂ ਦੁਆਰਾ ਉਨ੍ਹਾਂ ਨੇ ਗੁਰੂ ਰੂਪ ਦੀ ਉਪਮਾ ਦੱਸੀ ਹੋਈ ਹੈ ਕਿ ਗੁਰੂ ਅਕਾਲ ਪੁਰਖ ਦਾ ਹੀ ਰੂਪ ਹੈ, ਉਸਦਾ ਸੱਚਾ ਸੰਤ ਹੈ। ਇਸ ਪੂਰੇ ਸ਼ਬਦ ਦੇ ਅਰਥ ਅਸੀਂ ਕੁੱਝ ਪਿੱਛੇ ਪਹਿਲੇ ਹੀ ਬਰੀਕੀ ਨਾਲ ਸਮਝ ਚੁੱਕੇ ਹਾਂ। ਹੁਣ ਅਸੀਂ ਫਿਰ ਤੋਂ ਇਹੀ ਗੱਲ ਜਾਣਨੀ ਹੈ ਕਿ ਪ੍ਰਮਾਤਮਾ ਦੇ ਦੇਸ਼ ਵਿੱਚ ਵੱਸਣਾ ਕੀ ਹੈ, ਉਸਦੇ ਦੇਸ਼ ਵਾਲਾ ਬਣਨਾ ਕੀ ਹੈ। ਗੁਰੂ ਉਸ ਪ੍ਰਮਾਤਮਾ ਦੇ ਦੇਸ਼ ਵਿੱਚ ਵੱਸਿਆ ਹੋਇਆ ਹੈ ਜੋ ਦੇਸ਼ ਉਸਦਾ ਨਿਰੰਕਾਰ ਰੂਪ ਹੈ ਭਾਵ ਆਕਾਰ ਰਹਿਤ ਰੂਪ ਹੈ।

22/2451

ਪ੍ਰਮਾਤਮਾ ਦਾ ਨਿਰਗੁਣ ਰੂਪ ਉਸਦਾ ਅਕਾਰ ਰਹਿਤ ਰੂਪ ਹੈ ਜੋ ਕਿ ਸਾਡੇ ਮਨ ਦੇ ਅੰਦਰ ਹੀ ਹੈ। ਗੁਰੂ ਮਨ ਦੇ ਅੰਦਰ ਹੀ ਉਸ ਪ੍ਰਮਾਤਮਾ ਦੇ ਘਰ ਵਿੱਚ ਹੈ, ਸਹਜ ਦੇ ਘਰ ਵਿੱਚ ਹੈ, ਚੌਥੇ ਪਦ ਦੇ ਘਰ ਵਿੱਚ ਹੈ, ਬ੍ਰਹਮਗਿਆਨ ਦੇ ਘਰ ਵਿੱਚ ਹੈ ਜੋ ਕਿ ਪ੍ਰਮਾਤਮਾ ਦੇ ਦਿੱਤੇ ਹੋਏ ਸੱਚੇ ਵਿਚਾਰਾਂ ਦਾ ਘਰ ਹੈ। ਸਾਡੇ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ ਪਰ ਆਪਣੇ ਆਪ ਇਸ ਹੁਕਮ ਨੂੰ ਕੋਈ ਬੁੱਝ ਨਹੀਂ ਸਕਦਾ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹੀ ਚੱਲਦਾ ਹੈ ਤੇ ਇਹ ਹੁਕਮ ਬੁੱਝੇ ਬਿਨ੍ਹਾਂ ਹਰ ਕਈ ਤ੍ਰੈਗੁਣਾਂ ਵਿੱਚ ਹੀ ਹੈ, ਹਉਮੈ ਵਾਲੀ ਅਵੱਸਥਾ ਵਿੱਚ ਹੀ ਹੈ ਤੇ ਮਨ ਦੀ ਇਹ ਅਵੱਸਥਾ ਸਾਨੂੰ ਪ੍ਰਮਾਤਮਾ ਤੋਂ ਪਰਾਇਆ ਬਣਾ ਕੇ ਰੱਖਦੀ ਹੈ, ਸਾਨੂੰ ਪਰਾਏ ਦੇਸ ਵਿੱਚ ਰੱਖਦੀ ਹੈ। ਗੁਰੂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਇਸ ਹੁਕਮ ਨੂੰ ਬੁੱਝਿਆ ਹੋਇਆ ਹੈ ਜੋ ਕਿ ਉਹ ਪ੍ਰਮਾਤਮਾ ਆਪ ਹੀ ਬੁਝਾਉਂਦਾ ਹੈ। ਗੁਰੂ ਜੋ ਵੀ ਵਿਚਾਰ ਪ੍ਰਾਪਤ ਕਰਦਾ ਹੈ, ਧਰਮ ਦੀ ਸਿੱਖਿਆ ਪ੍ਰਾਪਤ ਕਰਦਾ ਹੈ ਉਹ ਮਨ ਦੇ ਵਿੱਚ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਕੋਲੋਂ ਹੀ ਪ੍ਰਾਪਤ ਕਰਦਾ ਹੈ ਤੇ ਇਸੇ ਲਈ ਗੁਰੂ ਅਸਲ ਵਿੱਚ ਆਪ ਪ੍ਰਮਾਤਮਾ ਹੀ ਹੈ। ਗੁਰੂ ਆਪਣੀ ਇਸ ਅਵੱਸਥਾ ਦੁਆਰਾ, ਮਨ ਦੇ ਉੱਚੇ ਵਿਚਾਰਾਂ

ਦੁਆਰਾ, ਸੱਚੇ ਗਿਆਨ ਦੁਆਰਾ ਹੀ ਚੌਥੇ ਪਦ ਵਿੱਚ ਹੈ, ਬ੍ਰਹਮਗਿਆਨ ਦੀ ਸੋਝੀ ਵਾਲਾ ਹੈ ਜਿਸ ਕਰਕੇ ਉਹ ਭਰਮ ਤੋਂ ਰਹਿਤ ਹੈ, ਤ੍ਰੈਗੁਣਾਂ ਤੋਂ ਮੁਕਤ ਹੈ, ਹਉਮੈ ਤੋਂ ਮੁਕਤ ਹੈ। **(ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥)**

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥}

(ਅੰਗ ੧)

ਪ੍ਰਮਾਤਮਾ ਦਾ ਦੇਸ ਨਾਮ ਦਾ ਦੇਸ ਹੈ ਤੇ ਅਸੀਂ ਸਭ ਹਉਮੈ ਦੇ ਦੇਸ ਵਿੱਚ ਵੱਸਦੇ ਹਾਂ ਭਾਵ ਪ੍ਰਮਾਤਮਾ ਆਪ ਚੌਥੇ ਪਦ ਵਿੱਚ ਹੈ ਤੇ ਸਾਨੂੰ ਸਭ ਨੂੰ ਉਸਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ।

“ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥
ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥”

ਉੱਪਰ ਸਾਨੂੰ ਸਾਡੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਕਿ ਸਾਡੇ ਮਨ ਦੀ ਸੋਝੀ ਗੁਰੂ ਦੀ ਸੋਝੀ ਨਾਲੋਂ ਬਹੁਤ ਨੀਵੀਂ ਹੈ ਤੇ ਇਸੇ ਲਈ ਸਾਨੂੰ ਸਾਡੇ ਜੀਵਨ ਦਾ ਸਹੀ ਮਾਰਗ ਕੇਵਲ ਗੁਰੂ ਹੀ ਸਮਝਾ ਸਕਦਾ ਹੈ। ਅਸੀਂ ਸਭ ਪ੍ਰਮਾਤਮਾ ਦੇ ਦੇਸ ਵਿੱਚ ਵੱਸਣ ਵਾਲੇ ਨਹੀਂ ਹਾਂ ਤੇ ਇਸੇ ਲਈ ਸਾਡਾ ਮਨ ਪ੍ਰਦੇਸੀ ਹੈ। ਜਦ ਤੱਕ ਸਾਡਾ ਮਨ ਪ੍ਰਦੇਸ ਵਿੱਚ ਹੈ ਤਦ ਤੱਕ ਅਸੀਂ ਪ੍ਰਮਾਤਮਾ ਨਾਲੋਂ ਵਿਛੁੜੇ ਹੋਏ ਹਾਂ। ਇਸ ਅਵੱਸਥਾ ਵਿੱਚ ਰਹਿੰਦੇ ਹੋਏ ਨਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਸਾਨੂੰ ਇਹ ਸਮਝ ਲੱਗ ਸਕਦੀ ਹੈ ਕਿ ਪ੍ਰਮਾਤਮਾ ਕਿਸ ਤਰੀਕੇ ਸਭ ਵਿੱਚ ਸਮਾਇਆ ਹੋਇਆ ਹੈ। ਇਸ ਅਵੱਸਥਾ ਵਿੱਚ ਸਾਨੂੰ ਹਰ ਕੋਈ ਪ੍ਰਮਾਤਮਾ ਤੋਂ ਪਰਾਇਆ ਹੀ ਨਜ਼ਰ ਆਉਂਦਾ ਹੈ ਭਾਵ ਪ੍ਰਮਾਤਮਾ ਨੂੰ ਪਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਨਹੀਂ ਸਮਝ ਸਕਦੇ। ਹਰ ਸਰਗੁਣ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਪਰ ਆਪਣੇ ਅੰਦਰੋਂ ਪ੍ਰਮਾਤਮਾ ਦਾ ਇਹ ਰੂਪ ਜਾਣੇ

ਬਿਨ੍ਹਾਂ ਸਾਨੂੰ ਹਰ ਵਸਤੂ ਵਿੱਚ, ਹਰ ਕਿਸੇ ਵਿੱਚ ਪ੍ਰਮਾਤਮਾ ਨਜ਼ਰ ਨਹੀਂ ਆ ਸਕਦਾ ਤੇ ਨਾ ਹੀ ਇਹ ਸਮਝ ਲੱਗ ਸਕਦੀ ਹੈ ਕਿ ਪ੍ਰਮਾਤਮਾ ਦਾ ਅਸਲ ਰੂਪ ਕੀ ਹੈ, ਉਸਨੂੰ ਪਾਉਣਾ ਕੀ ਹੈ। **(ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥)**

ਸੋਰਠਿ ਮਹਲਾ ੫॥

{ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥
ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ॥੧॥
ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ਰਹਾਉ॥
ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ॥
ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ॥੨॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ॥੩॥
ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ॥
ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥੪॥੬॥}

(ਅੰਗ ੬੧੦)

ਉੱਪਰ ਪੂਰੇ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ। ਦੁੱਖ-ਸੁੱਖ ਸਾਡੇ ਮਨ ਦੀ ਅਵੱਸਥਾ ਹੀ ਹੈ ਜਿਵੇਂ ਕਿ ਦੇਸ ਪ੍ਰਦੇਸ ਵਾਲੀ ਅਵੱਸਥਾ ਹੈ। ਦੁੱਖ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਹੈ ਤੇ ਸੁੱਖ ਪ੍ਰਮਾਤਮਾ ਦੇ ਨਾਲ ਮੇਲ ਦਾ ਹੈ। ਦੁੱਖ ਦਾ ਕਾਰਨ ਸਾਡੀ ਹਉਮੈ ਹੈ ਤੇ ਸੁੱਖ ਦਾ ਕਾਰਨ ਸਾਡੇ ਮਨ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ, ਮਨ ਦੇ ਵਿੱਚ ਪ੍ਰਕਾਸ਼ ਵਾਲੀ ਅਵੱਸਥਾ ਗੁਰੂ ਵਾਲੀ ਅਵੱਸਥਾ ਹੈ। ਅਸੀਂ ਦੁੱਖ ਵਿੱਚ ਹਾਂ ਤੇ ਗੁਰੂ ਸੁੱਖ ਵਾਲੀ ਅਵੱਸਥਾ ਵਿੱਚ ਹੈ। ਸਾਨੂੰ ਦੁੱਖ ਵਾਲੀ ਅਵੱਸਥਾ ਵਿੱਚ ਨਾ ਸਾਨੂੰ ਸਾਡੇ ਆਪਣੇ ਅੰਦਰ ਪ੍ਰਮਾਤਮਾ ਨਜ਼ਰ ਆਉਂਦਾ ਹੈ ਤੇ ਨਾ ਹੀ ਉਸਦਾ ਰੂਪ ਕੀ ਹੈ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਉਹ ਸਭ ਵਿੱਚ ਕਿਵੇਂ ਸਮਾਇਆ ਹੋਇਆ ਹੈ ਭਾਵ ਨਾ ਸਾਨੂੰ ਆਪਣੇ ਮਨ ਦੀ ਸੋਝੀ ਹੈ ਤੇ ਨਾ ਹੀ ਅਸੀਂ ਦੂਸਰੇ ਦੇ ਮਨ ਨੂੰ ਸਮਝ ਸਕਦੇ ਹਾਂ ਕਿ ਹਉਮੈ ਕੀ ਹੈ ਤੇ ਉਸ ਵਿੱਚੋਂ ਨਿਕਲਣਾ ਕੀ ਹੈ। ਸਾਡੇ ਦੁੱਖ ਦਾ ਕਾਰਨ ਸਾਡੀ ਹਉਮੈ ਹੈ, ਮਨ ਦੀ ਅਗਿਆਨਤਾ ਹੈ। ਗੁਰੂ ਇਸ ਹਉਮੈ ਦੇ ਦੁੱਖ ਵਿੱਚੋਂ, ਹਉਮੈ ਦੇ ਰੋਗ ਵਿੱਚੋਂ, ਅਗਿਆਨਤਾ ਦੇ ਰੋਗ ਵਿੱਚੋਂ ਨਿਕਲਿਆ ਹੋਇਆ ਹੈ ਤੇ ਇਸੇ ਲਈ ਗੁਰੂ ਨੂੰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਜਿਸ ਕਰਕੇ ਗੁਰੂ ਸਾਨੂੰ ਵਾਰ-ਵਾਰ ਇਹ ਗੱਲ ਸਮਝਾਉਂਦਾ ਹੈ ਕਿ ਘਟ ਘਟ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ, ਹਰ ਸਰਗੁਣ ਸਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਿਸਦੇ ਆਪਣੇ ਅੰਦਰ ਸੁੱਖ ਵੱਸਿਆ ਹੋਇਆ ਹੈ ਉਸਨੂੰ ਫਿਰ ਸਭ ਵਿੱਚ ਉਹ ਸੁੱਖ ਰੂਪ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਤੇ ਜਿਸ ਦੇ ਅੰਦਰ ਹਉਮੈ ਰੂਪ ਦੁੱਖ ਹੈ ਉਸਨੂੰ ਸਭ ਪਾਸੇ ਦੁੱਖ ਹੀ ਨਜ਼ਰ ਆਉਂਦਾ ਹੈ, ਹਉਮੈ ਰੂਪ ਹੀ ਨਜ਼ਰ ਆਉਂਦਾ ਹੈ ਭਾਵ ਸਭ ਦੇ ਵਿੱਚ ਇੱਕ ਪ੍ਰਮਾਤਮਾ ਦੀ ਹੋਂਦ ਨਜ਼ਰ ਨਹੀਂ ਆਉਂਦੀ। **(ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ॥)**

ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਹੁਣ ਅਸੀਂ ਸਮਝ ਸਕਦੇ ਹਾਂ ਕਿ ਸਭ ਦੇ ਅੰਦਰ ਦੁੱਖ ਕਿਸ ਗੱਲ ਦਾ ਹੈ।

“ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥ ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥”

ਸਾਡੇ ਸਭ ਦੇ ਅੰਦਰ ਜੋ ਦੁੱਖ ਹੈ ਉਹ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਹੈ ਜਿਸਦਾ ਕਾਰਨ ਸਾਡੀ ਹਉਮੈ ਹੈ, ਸਾਡਾ ਹਉਮੈ ਰੋਗ ਹੈ, ਮਨ ਦੀ ਅਗਿਆਨਤਾ ਹੈ, ਭਰਮ ਹੈ, ਸਹਿਸਾ ਹੈ। ਪ੍ਰਮਾਤਮਾ ਨੇ ਸਭ ਦੇ ਵਿੱਚ ਇਹ ਹਉਮੈ ਪਾ ਕੇ ਹੀ ਭੇਜਿਆ ਹੈ, ਸਭ ਨੂੰ ਇਹ ਹਉਮੈ ਰੋਗ ਲਗਾ ਕੇ ਹੀ ਭੇਜਿਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਸ ਹਉਮੈ ਦੇ ਦੁੱਖ ਵਿੱਚ ਰਹਿੰਦਿਆਂ ਅਸੀਂ

ਆਪਣੇ ਧਰਮ ਦੇ ਅਸਲ ਮਾਰਗ ਨੂੰ ਨਹੀਂ ਜਾਣ ਸਕਦੇ। ਇਸੇ ਲਈ ਸਾਨੂੰ ਉੱਪਰ ਪੰਗਤੀ ਰਾਹੀਂ ਸਮਝਾਇਆ ਹੈ ਕਿ ਸਾਡੇ ਇਸ ਦੁੱਖ ਨੂੰ ਜਾਨਣ ਵਾਲਾ, ਪ੍ਰਮਾਤਮਾ ਦੇ ਨਾਲ ਵਿਛੋੜਾ ਕੀ ਹੈ, ਇਸ ਦੁੱਖ ਨੂੰ ਜਾਣਨ ਵਾਲਾ ਕੋਈ ਨਹੀਂ ਹੈ ਜਿਸ ਨਾਲ ਅਸੀਂ ਆਪਣਾ ਇਹ ਦੁੱਖ ਸਾਂਝਾ ਕਰ ਸਕੀਏ ਭਾਵ ਜਿਸ ਕੋਲੋਂ ਇਸ ਦੁੱਖ ਨੂੰ ਦੂਰ ਕਰਨ ਦਾ ਤਰੀਕਾ ਸਮਝ ਸਕੀਏ ਕਿਉਂਕਿ ਹਰ ਕੋਈ ਆਪ ਦੁੱਖ ਵਿੱਚ ਹੈ, ਹਉਮੈ ਰੋਗ ਵਿੱਚ ਹੈ। **(ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥)** ਇਹੀ ਗੱਲ ਅਗਲੀ ਪੰਗਤੀ ਰਾਹੀਂ ਹੋਰ ਸਪੱਸ਼ਟ ਕੀਤੀ ਹੋਈ ਹੈ।

“ਦੂਖੀ ਭਰਿ ਆਇਆ ਜਗਤੁ ਸਬਾਇਆ ਕਉਨੁ ਜਾਣੈ ਬਿਧਿ ਮੇਰੀਆ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ॥”

ਪ੍ਰਮਾਤਮਾ ਦੇ ਨਾਲ ਮੇਲ ਦੀ ਬਿਧਿ ਸਾਨੂੰ ਉਹੀ ਸਮਝਾ ਸਕਦਾ ਹੈ, ਸਾਡੇ ਦੁੱਖ ਵਿੱਚੋਂ ਸਾਨੂੰ ਉਹੀ ਕੱਢ ਸਕਦਾ ਹੈ ਜਿਹੜਾ ਇਸ ਦੁੱਖ ਵਿੱਚੋਂ ਨਿਕਲਿਆ ਹੋਇਆ ਹੈ। ਸਾਰੇ ਜਗਤ ਨੂੰ ਹੀ ਦੁੱਖ ਵਿੱਚ ਦੱਸਿਆ ਹੈ ਕਿਉਂਕਿ ਇਹ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜੋ ਸਾਡੇ ਅੰਦਰ ਮਾਇਆ ਦੀ ਜੁਗਤਿ ਪਾ ਕੇ ਚਲਾ ਰਿਹਾ ਹੈ, ਹਉਮੈ ਪਾ ਕੇ ਚਲਾ ਰਿਹਾ ਹੈ ਤੇ ਪ੍ਰਮਾਤਮਾ ਦੀ ਇਸ ਬਿਧਿ ਨੂੰ ਸਿਵਾਏ ਗੁਰੂ ਦੇ ਕੋਈ ਨਹੀਂ ਜਾਣਦਾ ਜੋ ਸਾਨੂੰ ਇਹ ਬਿਧਿ ਸਮਝਾ ਸਕੇ। ਅਗਿਆਨਤਾ ਵਿੱਚ ਰਹਿੰਦਿਆਂ ਹਰ ਕੋਈ ਆਵਾਗਉਣ ਵਿੱਚ ਹੀ ਹੈ ਕਿਉਂਕਿ ਸਾਡੇ ਬੰਧਨ ਦਾ ਕਾਰਨ ਮਨ ਦਾ ਭਰਮ ਹੀ ਹੈ ਤੇ ਭਰਮ ਤੋਂ ਰਹਿਤ ਸਿਵਾਏ ਗੁਰੂ ਤੋਂ ਹੋਰ ਕੋਈ ਨਹੀਂ ਹੈ। **(ਦੂਖੀ ਭਰਿ ਆਇਆ ਜਗਤੁ ਸਬਾਇਆ ਕਉਨੁ ਜਾਣੈ ਬਿਧਿ ਮੇਰੀਆ॥ ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ॥)**

ਸਾਰੇ ਜਗਤ ਦੇ ਦੁੱਖ ਦਾ ਕਾਰਨ ਹੀ, ਹਉਮੈ ਦਾ, ਅਗਿਆਨਤਾ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਗਈ ਹੈ।

“ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥੭॥”

ਜਦ ਤੱਕ ਅਸੀਂ ਹਉਮੈ ਵਿੱਚ ਹਾਂ ਤਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ। ਸਾਡੇ ਅੰਦਰ ਨਾਮ ਦੇ ਵੱਸਣ ਨਾਲ ਹੀ ਅਸੀਂ ਹਉਮੈ ਵਿੱਚੋਂ ਨਿਕਲਦੇ ਹਾਂ ਤੇ ਉਸ ਨਿਰੰਕਾਰ ਦੇ ਦੇਸ ਵਾਲੇ ਬਣਦੇ ਹਾਂ। ਜਿਸਨੂੰ ਪ੍ਰਮਾਤਮਾ ਆਪਣੇ ਦੇਸ ਵਾਲਾ ਬਣਾਉਂਦਾ ਹੈ ਉਸਨੂੰ ਆਪਣੇ “ਸਬਦੁ” ਰੂਪ ਨਾਲ ਜੋੜਦਾ ਹੈ। ਉਸਦਾ ਇਹ “ਸਬਦੁ” ਰੂਪ ਹੀ ਉਸਦਾ ਨਾਮ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸਨੂੰ ਪ੍ਰਮਾਤਮਾ ਆਪਣੇ “ਸਬਦ” ਰੂਪ ਨਾਲ ਜੋੜਦਾ ਹੈ ਉਸਨੂੰ ਮਨ ਦੇ ਵਿੱਚ ਹੀ ਆਪਣਾ “ਸਬਦੁ” ਸੁਣਾਉਂਦਾ ਹੈ ਭਾਵ ਸੱਚੇ ਗਿਆਨ ਦੀ ਸੋਝੀ ਪਾਉਂਦਾ ਹੈ, ਬ੍ਰਹਮਗਿਆਨ ਦੀ ਸੋਝੀ ਪਾਉਂਦਾ ਹੈ। ਮਨ ਦੀ ਇਹ ਸੱਚੀ ਸੋਝੀ ਹੀ ਨਾਮ ਹੈ। ਗੁਰੂ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ “ਸਬਦੁ” ਦੀ ਸਿੱਖਿਆ ਉਹ ਮਨ ਦੇ ਵਿੱਚ ਆਪ ਹੀ ਸੁਣਾਉਂਦਾ ਹੈ ਜੋ ਕਿ ਉਸਨੇ ਆਪਣੇ ਗੁਰੂ ਰੂਪ ਵਿੱਚ, ਭਗਤ ਰੂਪ ਵਿੱਚ ਸੁਣਾਈ ਹੈ ਜਿਸ ਰਾਹੀਂ ਉਸਨੇ ਪੂਰੀ ਗੁਰਬਾਣੀ ਵਿੱਚ ਨਾਮ ਦੀ ਸਿੱਖਿਆ ਪਾਈ ਹੈ, ਸ਼ਬਦ ਦੀ ਸਿੱਖਿਆ ਪਾਈ ਹੈ। ਮਨ ਦੇ ਵਿੱਚ ਇਹ ਸੱਚੀ ਸਿੱਖਿਆ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਦੇਸ ਹੈ ਤੇ ਇਸ ਦੇਸ ਵਿੱਚ ਪਹੁੰਚੇ ਬਿਨ੍ਹਾਂ ਹਰ ਕੋਈ ਪ੍ਰਦੇਸੀ ਹੈ, ਨਾਮ ਵਿਹੂਣਾ ਹੈ। ਸਾਰਾ ਜਗਤ ਹੀ ਨਾਮ ਵਿਹੂਣਾ ਹੈ ਭਾਵ ਬ੍ਰਹਮਗਿਆਨ

ਤੋਂ ਵਿਹੂਣਾ ਹੈ, ਪ੍ਰਦੇਸ ਵਿੱਚ ਵੱਸਿਆ ਹੋਇਆ ਹੈ। **(ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ॥ ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥੭॥)**

ਪ੍ਰਮਾਤਮਾ ਦੇ ਦੇਸ ਵਿੱਚ ਵੱਸਣ ਵਾਲਾ, ਪ੍ਰਮਾਤਮਾ ਦੇ ਮਹਿਲ ਵਿੱਚ ਵੱਸਣ ਵਾਲਾ ਆਪ ਗੁਰੂ ਹੀ ਹੈ ਜਿਸਨੂੰ “ਨਾਮ” ਦੀ ਪ੍ਰਾਪਤੀ ਹੈ, ਜਿਸਨੂੰ ਗੁਰਸ਼ਬਦ ਦੀ ਸੋਝੀ ਹੈ ਭਾਵ ਜਿਸਨੂੰ ਪ੍ਰਮਾਤਮਾ ਨੇ ਆਪਣਾ ਸਬਦੁ ਸੁਣਾਇਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਸਬਦੁ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਸਾਨੂੰ ਆਪਣੇ ਦੁੱਖਾਂ ਦੀ ਗੰਢ ਕਿਸਦੇ ਅੱਗੇ ਖੋਲ੍ਹਣੀ ਚਾਹੀਦੀ ਹੈ, ਸਾਡੀ ਬਿਧਿ ਨੂੰ ਜਾਣਨ ਵਾਲਾ ਕੌਣ ਹੈ, ਸਾਨੂੰ ਪ੍ਰਮਾਤਮਾ ਦੇ ਘਰ ਦਾ ਰਸਤਾ ਦੱਸਣ ਵਾਲਾ ਕੌਣ ਹੈ।

“ਗੁਰ ਮਹਲੀ ਘਰਿ ਆਪਣੈ ਸੋ ਭਰਪੂਰਿ ਲੀਣਾ॥
ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ॥
ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ॥
ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ॥
ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ॥
ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ॥੮॥”

ਉੱਪਰ ਸਾਨੂੰ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਅਵੱਸਥਾ ਦੁਆਰਾ ਗੁਰੂ ਪ੍ਰਮਾਤਮਾ ਦੇ ਮਹਿਲ ਵਿੱਚ, ਘਰ ਵਿੱਚ, ਦੇਸ ਵਿੱਚ ਵੱਸਿਆ ਹੋਇਆ ਹੈ। ਇਹ ਘਰ ਮਨ ਦੇ ਵਿੱਚ ਹੀ ਸੱਚੇ ਗਿਆਨ ਦਾ ਘਰ ਹੈ, ਸ਼ਬਦ ਦੀ ਸੋਝੀ ਦਾ ਘਰ ਹੈ। ਇਸ ਘਰ ਦੇ ਵਿੱਚ ਪ੍ਰਮਾਤਮਾ ਆਪਣੇ ਸ਼ਬਦ ਦੀ ਸੋਝੀ ਹੀ ਪਾਉਂਦਾ ਹੈ। ਮਨ ਦੀ ਇਸ ਸੋਝੀ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਆਪਣਾ ਸੇਵਕ ਬਣਾਉਂਦਾ ਹੈ ਭਾਵ ਆਪਣੀ ਸੇਵਾ ਕਰਨ ਦਾ ਤਰੀਕਾ ਸਮਝਾਉਂਦਾ ਹੈ। ਇਸੇ ਲਈ ਗੁਰੂ ਮਨ ਦੀ ਸੋਝੀ ਦੁਆਰਾ ਆਪ ਹੀ ਪ੍ਰਮਾਤਮਾ ਦਾ ਸੇਵਕ ਹੈ ਭਾਵ ਗੁਰੂ ਆਪਣੀ ਸਿੱਖਿਆ ਤੇ ਆਪ ਹੀ ਚੱਲ ਕੇ ਦਿਖਾਉਂਦਾ ਹੈ। ਬੜਾ ਸਪੱਸ਼ਟ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਇਹ ਸ਼ਬਦ ਰੂਪ ਮਹੱਲ, ਬ੍ਰਹਮਗਿਆਨ ਰੂਪ ਮਹੱਲ ਸਾਡੇ ਅੰਦਰ ਹੀ ਹੈ, ਸਾਡਾ ਮਨ ਹੀ ਹੈ। ਪ੍ਰਮਾਤਮਾ ਜਿਸਦੇ ਨਾਲ ਵੀ ਭਿੱਜਦਾ ਹੈ ਉਹ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਹੀ ਭਿੱਜਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਇਸ ਸਰੂਪ ਨੂੰ ਜਾਣਨ ਨਾਲ ਹੀ ਭਾਵ ਉਸਦੇ ਗਿਆਨ ਰੂਪ ਨੂੰ, ਨਿਰਗੁਣ ਰੂਪ ਨੂੰ ਜਾਣਨ ਨਾਲ ਹੀ ਇਹ ਸਮਝ

ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਉਹ ਆਪ ਹੀ ਆਦਿ ਕਾਲ ਤੋਂ ਲਗਾਤਾਰ ਆਪਣੀ ਸ੍ਰਿਸ਼ਟੀ ਨੂੰ ਬਣਾ ਕੇ ਚਲਾ ਰਿਹਾ ਹੈ। **(ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ॥ ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ॥ ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ॥ ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ॥)** ਗੁਰੂ ਆਪਣੀ ਇਸ ਅਵੱਸਥਾ ਦੁਆਰਾ ਉਸ ਪ੍ਰਮਾਤਮਾ ਦੇ ਵਿੱਚ ਸਦਾ ਲੀਨ ਰਹਿੰਦਾ ਹੈ। ਪ੍ਰਮਾਤਮਾ ਦੇ ਬ੍ਰਹਮਗਿਆਨ ਵਿੱਚ ਲੀਨ ਹੋਣਾ ਉਸ ਪ੍ਰਮਾਤਮਾ ਦੇ ਵਿੱਚ ਲੀਨ ਹੋਣਾ ਹੈ ਜੋ ਸਭ ਜਗ੍ਹਾ ਭਰਪੂਰ ਹੈ। ਜਿਹੜੇ ਸਾਰਾ ਦਿਨ ਸੁਰਤੀਆਂ ਆਦਿ ਲਗਾ ਕੇ ਬੈਠੇ ਰਹਿੰਦੇ ਹਨ, ਸਮਾਧੀਆਂ ਆਦਿ ਲਗਾ ਕੇ ਬੈਠੇ ਰਹਿੰਦੇ ਹਨ ਤੇ ਆਪਣੇ ਆਪ ਨੂੰ ਉਸ ਪ੍ਰਮਾਤਮਾ ਦੇ ਵਿੱਚ ਲੀਨ ਹੋਣਾ ਸਮਝਦੇ ਹਨ ਉਹ ਵੱਡੀ ਅਗਿਆਨਤਾ ਵਿੱਚ ਹਨ ਤੇ ਇਸੇ ਲਈ ਇਹੋ ਜਿਹੀਆਂ ਸਮਾਧੀਆਂ ਲਗਾਉਣ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ।

22/2455

ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ ਆਪਣੇ ਸ਼ਬਦ ਦੁਆਰਾ ਹੀ ਮੇਲਦਾ ਹੈ ਭਾਵ ਆਪਣੇ ਸ਼ਬਦ ਦੇ ਗਿਆਨ ਦੁਆਰਾ ਹੀ ਮੇਲਦਾ ਹੈ ਜੋ ਸ਼ਬਦ ਦਾ ਗਿਆਨ ਉਹ ਮਨ ਦੇ ਵਿੱਚ ਆਪ ਹੀ ਸੁਣਾਉਂਦਾ ਹੈ। ਮਨ ਦੇ ਵਿੱਚ ਇਸ ਸ਼ਬਦ ਦੇ ਸੱਚੇ ਗਿਆਨ ਦੁਆਰਾ ਹੀ ਮਨੁੱਖ ਨੂੰ ਸੁੱਖ ਦੀ, ਸੰਤੋਖ ਦੀ ਪ੍ਰਾਪਤੀ ਹੁੰਦੀ ਹੈ ਭਾਵ ਤ੍ਰਿਸ਼ਨਾ ਤੋਂ ਮੁਕਤੀ ਮਿਲਦੀ ਹੈ। ਮਨ ਦੇ ਵਿੱਚ ਇਹ ਸ਼ਬਦ ਦਾ ਗਿਆਨ ਹੀ ਪ੍ਰਮਾਤਮਾ ਦੀ ਉਹ ਅਨਹਦ ਬੀਣਾ ਹੈ ਜੋ ਕਿ ਉਹ ਆਪ ਹੀ ਵਜਾਉਂਦਾ ਹੈ। ਇਹ ਪ੍ਰਮਾਤਮਾ ਦਾ ਅਨਹਦ ਨਾਦ ਹੈ ਜੋ ਮਨ ਦੇ ਵਿੱਚ ਸ਼ਬਦ ਦੇ ਗਿਆਨ ਦੇ ਰੂਪ ਵਿੱਚ, ਬ੍ਰਹਮਗਿਆਨ ਦੇ ਰੂਪ ਵਿੱਚ ਉਹ ਆਪ ਹੀ ਸੁਣਾਉਂਦਾ ਹੈ। ਇਹ ਪ੍ਰਮਾਤਮਾ ਦੇ ਮਹੱਲ ਦਾ ਨਾਦ ਹੈ ਤੇ ਗੁਰੂ ਉਸ ਦੇ ਕੋਲੋਂ ਇਹ ਨਾਦ ਸੁਣਨ ਦੁਆਰਾ ਹੀ ਉਸਦੇ ਘਰ ਵਿੱਚ ਹੈ, ਉਸਦੇ ਮਹੱਲ ਵਿੱਚ ਹੈ ਜਿਸ ਕਰਕੇ ਉਹ ਪ੍ਰਮਾਤਮਾ ਦੇ ਵਿੱਚ ਸਦਾ ਲੀਨ ਰਹਿੰਦਾ ਹੈ। **(ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ॥ ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ॥੮॥)**

ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਮਹੱਲ ਹੈ, ਉਸਦਾ ਆਪਣਾ ਘਰ ਹੈ, ਉਸਦਾ ਆਪਣਾ ਅਸਥਾਨ ਹੈ ਜਿਸਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਵਜਾਇਆ ਹੋਇਆ ਅਨਹਦ ਨਾਦ ਹੈ ਜੋ ਕਿ ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਇਸ ਅਨਹਦ ਨਾਦ ਦੇ ਨਾਲ ਜੁੜ ਕੇ ਹੀ ਭਾਵ ਉਸਦੇ ਸੱਚੇ ਗਿਆਨ ਦੇ ਨਾਲ ਜੁੜ ਕੇ ਹੀ ਅਸੀਂ ਮਨ ਦੇ ਉਸ ਅਨਹਦ ਨਾਦ ਤੱਕ ਪਹੁੰਚ ਸਕਦੇ ਹਾਂ, ਪ੍ਰਮਾਤਮਾ ਦੇ ਮਹੱਲ ਵਿੱਚ ਪਹੁੰਚ ਸਕਦੇ ਹਾਂ ਜਿੱਥੇ ਉਹ ਆਪ ਹੀ ਇਹ ਅਨਹਦ ਨਾਦ ਸੁਣਾ ਕੇ ਸਾਨੂੰ ਆਪਣਾ ਆਪ ਸਮਝਾਉਂਦਾ ਹੈ, ਸਾਰੀ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ ਜੋ ਉਸਨੇ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ। ਗੁਰਬਾਣੀ ਦੇ ਸੱਚ ਨਾਲ ਜੁੜੇ ਬਿਨ੍ਹਾਂ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਦੇ ਮਹੱਲ ਵਿੱਚ ਨਹੀਂ ਪਹੁੰਚ ਸਕਦੇ ਜਿੱਥੋਂ ਸੱਚ ਦੀ ਉਤਪਤੀ ਹੁੰਦੀ ਹੈ। ਅਸੀਂ ਸੱਚ ਉਨ੍ਹਾਂ ਦੇ ਕੋਲੋਂ ਸਿੱਖਿਆ ਹੋਇਆ ਹੈ ਜਾਂ ਸਿੱਖਣ ਜਾਂਦੇ ਹਾਂ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਮਹੱਲ ਦੀ, ਇਸ ਮਨ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ। ਜਿੰਨ੍ਹਾਂ ਨੂੰ ਖੁਦ ਪ੍ਰਮਾਤਮਾ ਦੇ ਮਹੱਲ ਦੀ ਸੋਝੀ ਨਹੀਂ ਹੈ ਉਨ੍ਹਾਂ ਨੂੰ ਅਸੀਂ ਆਪਣੇ ਸੱਜਣ ਬਣਾਇਆ ਹੋਇਆ ਹੈ। ਸਾਡਾ ਸੱਜਣ ਉਹੀ ਹੈ ਜੋ ਸਾਨੂੰ ਪ੍ਰਮਾਤਮਾ ਦੇ ਮਹੱਲ ਤੱਕ ਪਹੁੰਚਾ ਸਕੇ। ਉਹ ਸੱਜਣ ਕੇਵਲ ਤੇ ਕੇਵਲ ਗੁਰਬਾਣੀ ਦੀ ਮਤਿ ਹੈ, ਗੁਰਬਾਣੀ ਦਾ ਨਾਦ ਹੈ ਜੋ ਪ੍ਰਮਾਤਮਾ ਦਾ ਇਸ ਮਨ ਰੂਪ ਮਹੱਲ ਵਿੱਚੋਂ ਆਪ ਹੀ ਪ੍ਰਗਟ ਹੋ ਕੇ ਸੁਣਾਇਆ ਹੋਇਆ ਹੈ, ਆਪਣੇ ਭਗਤਾਂ ਦੇ ਰਾਹੀਂ, ਗੁਰੂ ਸਾਹਿਬਾਨ ਦੇ ਰਾਹੀਂ, ਭੱਟ ਸਾਹਿਬਾਨ ਦੇ ਰਾਹੀਂ ਸੁਣਾਇਆ ਹੋਇਆ ਹੈ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਸੇ ਗੱਲ ਲਈ ਸੁਚੇਤ ਕੀਤਾ ਹੋਇਆ ਹੈ ਕਿ ਸਾਨੂੰ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ।

“ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥
ਤਾ ਕੀ ਕੀਮਤਿ ਨ ਪਵੈ ਜੇ ਲੋਚੈ ਕੋਈ॥
ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਣੇ॥
ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਣੇ॥
ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥
ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥੯॥੨॥੫॥”

22/2456

ਬੜਾ ਸਪੱਸ਼ਟ ਹੈ ਕਿ ਜਦ ਤੱਕ ਅਸੀਂ ਕਿਸੇ ਮਨੁੱਖ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝ ਕੇ ਸਲਾਹੁੰਦੇ ਹਾਂ, ਕਿਸੇ ਨੂੰ ਸੰਤ, ਬ੍ਰਹਮਗਿਆਨੀ ਆਦਿ ਸਮਝ ਕੇ ਸਲਾਹੁੰਦੇ ਹਾਂ, ਧਰਮ ਦੇ ਉੱਚੇ ਵਿਦਵਾਨ ਸਮਝ ਕੇ ਸਲਾਹੁੰਦੇ ਹਾਂ ਇਸ ਵਿੱਚ ਪ੍ਰਮਾਤਮਾ ਦੀ ਕੋਈ ਸਿਫ਼ਤ ਸਾਲਾਹ ਨਹੀਂ ਹੈ। ਮਨੁੱਖ ਦੀ ਆਪਣੀ ਕੋਈ ਔਕਾਤ ਨਹੀਂ ਤੇ ਨਾ ਹੀ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਹੈ ਜਿਸਨੂੰ ਸਾਲਾਹਿਆ ਜਾ ਸਕੇ ਭਾਵ ਧਰਮ ਦਾ ਆਗੂ ਸਮਝ ਕੇ ਸਾਲਾਹਿਆ ਜਾ ਸਕੇ। ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਦੀ ਸੋਝੀ ਕਿਸੇ ਨੂੰ ਨਹੀਂ ਹੈ ਤੇ ਨਾ ਹੀ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ। ਸਾਨੂੰ ਗੁਰਬਾਣੀ ਰਾਹੀਂ ਸਭ ਤੋਂ ਜਿਆਦਾ ਵਾਰੀ ਇਹੀ ਗੱਲ ਸਮਝਾਈ ਗਈ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਨੂੰ ਸਮਝਣਾ ਵੀ ਸਾਡੀ ਅਸਮਰੱਥਾ ਹੈ ਕਿਉਂਕਿ ਸਾਡੇ ਅੰਦਰ ਭਰਮ ਦਾ ਪੜਦਾ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਆਪਣੇ ਅੰਦਰ ਭਰਮ ਦੇ ਕਾਰਨ ਅਸੀਂ ਉਹੋ ਕੁੱਝ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੈ। ਗੁਰਬਾਣੀ ਨੂੰ ਰਚਨ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਤੇ ਸੱਚ ਦੇ ਨਾਲ ਜੋੜਨ ਦਾ ਹੈ। ਸਾਡਾ ਸਭ ਤੋਂ ਵੱਡਾ ਉੱਦਮ ਇਹੀ ਹੈ ਕਿ ਅਸੀਂ ਗੁਰੂ ਦੀ ਦੱਸੀ ਹੋਈ ਗੱਲ ਤੇ ਵਿਸ਼ਵਾਸ ਕਰੀਏ। ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਇਹ ਸਮਝਾਇਆ ਗਿਆ ਹੈ ਕਿ ਗੁਰੂ ਤੋਂ ਬਿਨ੍ਹਾਂ ਧਰਮ ਦੀ ਸੱਚੀ ਸੋਝੀ ਕਿਸੇ ਦੇ ਕੋਲ ਨਹੀਂ ਹੈ ਤੇ ਗੁਰੂ ਤੋਂ ਬਿਨ੍ਹਾਂ ਸਾਡਾ ਹੋਰ ਕੋਈ ਸੱਜਣ ਨਹੀਂ ਹੈ ਜੋ ਸਾਨੂੰ ਧਰਮ ਦੀ ਸੱਚੀ ਸਿੱਖਿਆ ਦੇ ਸਕੇ ਕਿਉਂਕਿ ਗੁਰਬਾਣੀ ਇਹ ਜਾਣਦੀ ਹੈ ਕਿ ਹਰ ਕੋਈ ਭਰਮ ਵਿੱਚ ਹੈ ਤੇ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਅਤਿ ਦੇ ਭਰਮ ਵਿੱਚ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਵੇਖਿਆ ਜਿਸਨੂੰ ਦੇਖਣ ਤੋਂ ਬਾਅਦ ਕਦੇ ਕੋਈ ਆਪਣੇ ਆਪ ਨੂੰ ਉੱਚਾ ਅਖਵਾ ਹੀ ਨਹੀਂ ਸਕਦਾ, ਮਨੁੱਖੀ ਦੇਹ ਨੂੰ ਉੱਚਾ ਕਹਿ ਹੀ ਨਹੀਂ ਸਕਦਾ।

ਕਿਸੇ ਮਨੁੱਖੀ ਦੇਹ ਨੂੰ ਸਾਲਾਹ ਕੇ ਪ੍ਰਮਾਤਮਾ ਦੀ ਕੀਮਤ ਕਦੇ ਨਹੀਂ ਪੈ ਸਕਦੀ। ਕੀਮਤ ਅਸੀਂ ਉਸਦੀ ਹੀ ਪਾਉਂਦੇ ਹਾਂ ਜਿਸ ਮਨੁੱਖੀ ਦੇਹ ਨੂੰ ਅਸੀਂ ਸਾਲਾਹੁੰਦੇ ਹਾਂ, ਜਿੰਨ੍ਹਾਂ ਦੀ ਅਸੀਂ ਧੰਨ ਧੰਨ ਕਰਦੇ ਹਾਂ, ਜਿੰਨ੍ਹਾਂ ਦੀ ਅਸੀਂ ਦੱਸੀ ਹੋਈ ਮਰਿਆਦਾ ਨੂੰ ਮੰਨਦੇ ਹਾਂ, ਜਿੰਨ੍ਹਾਂ ਦੀਆਂ ਅਸੀਂ ਬਰਸੀਆਂ ਮਨਾਉਂਦੇ ਹਾਂ, ਜਿੰਨ੍ਹਾਂ ਦਾ ਮਾਣ ਸਾਡੇ ਮਨ ਦੇ ਵਿੱਚ ਵੱਸਿਆ ਹੋਇਆ ਹੈ। ਕਿਸੇ ਮਨੁੱਖੀ ਦੇਹ ਨੂੰ ਉੱਚਾ ਕਰਕੇ ਜੇਕਰ ਅਸੀਂ ਇਸ ਗੱਲ ਨੂੰ ਲੋਚੀਏ, ਇਸ ਗੱਲ ਦੀ ਉਮੀਦ ਰੱਖੀਏ ਕਿ ਅਸੀਂ ਪ੍ਰਮਾਤਮਾ ਨੂੰ ਪਾ ਲਵਾਂਗੇ ਇਹ ਫਿਰ ਸਾਡੀ ਇੱਕ ਝੂਠੀ ਆਸ ਹੈ ਜੋ ਕਿ ਕਦੇ ਪੂਰੀ ਨਹੀਂ ਹੋ ਸਕਦੀ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਫੁਰਮਾਨ ਸੁਣਾਇਆ ਹੋਇਆ ਹੈ ਜੋ ਕਿ ਉਸ ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਸੁਣਾਇਆ ਹੋਇਆ ਫੁਰਮਾਨ ਹੈ ਜਿਸਨੂੰ ਕਿ ਅਸੀਂ ਪਾਉਣਾ ਚਾਹੁੰਦੇ ਹਾਂ।

22/2457

(ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥

ਤਾ ਕੀ ਕੀਮਤਿ ਨ ਪਵੈ ਜੇ ਲੋਚੈ ਕੋਈ॥)

ਉਸ ਪ੍ਰਮਾਤਮਾ ਦੀ ਕੀਮਤ ਕਿਵੇਂ ਪੈਂਦੀ ਹੈ, ਉਸਦੀ ਸਿਫ਼ਤ ਸਾਲਾਹ ਕਿਵੇਂ ਹੁੰਦੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥

ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ॥”

ਪ੍ਰਮਾਤਮਾ ਦੀ ਕੀਮਤ ਪਾਉਣਾ ਕੀ ਹੈ ਇਹ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ, ਪ੍ਰਮਾਤਮਾ ਆਪਣੀ ਕੀਮਤ ਆਪ ਹੀ ਪਵਾਉਂਦਾ ਹੈ। ਇਹ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ, ਉਸਦੀ ਆਪਣੀ ਕ੍ਰਿਪਾ ਹੈ। ਗੁਰੂ ਰੂਪ ਵਿੱਚ ਉਸਨੇ ਆਪਣੀ ਕੀਮਤ ਆਪ ਹੀ ਪਾਈ ਹੋਈ ਹੈ ਤੇ ਇਸੇ ਲਈ ਗੁਰੂ ਹੀ ਉਸ ਪ੍ਰਮਾਤਮਾ ਦੀ ਕੀਮਤ ਨੂੰ ਜਾਣਦਾ ਹੈ ਤੇ ਉਸ ਦੀ ਕੀਮਤ ਕਿਵੇਂ ਪੈਂਦੀ ਹੈ ਇਹ ਗੱਲ ਸਾਨੂੰ ਗੁਰੂ ਹੀ ਸਮਝਾ ਸਕਦਾ ਹੈ। ਪ੍ਰਮਾਤਮਾ ਦੀ ਕੀਮਤ ਮਨ ਦੀ ਸੋਝੀ ਦੁਆਰਾ ਪੈਂਦੀ ਹੈ, ਉਸਦਾ ਮਨ ਰੂਪ ਮਹੱਲ ਜਾਣਨ ਦੁਆਰਾ ਪੈਂਦੀ ਹੈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ। ਮਨ ਦੇ ਵਿੱਚੋਂ ਹੀ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਹਰ ਸਰਗੁਣ ਸਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਕੇਵਲ ਇੱਕੋ ਇੱਕ ਉਸਦੀ ਆਪਣੀ ਹੋਂਦ ਹੀ ਸੱਚੀ ਹੈ ਤੇ ਹੋਰ

ਕੋਈ ਵੀ ਹੋਂਦ ਨੂੰ ਸਮਝਣਾ ਇਹ ਸਾਡਾ ਭਰਮ ਹੈ। ਮਨੁੱਖੀ ਹੋਂਦ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ। ਹਰ ਸਰਗੁਣ ਵਸਤੂ ਦੇ ਗੁਣਾਂ ਵਿੱਚ ਪ੍ਰਮਾਤਮਾ ਆਪ ਹੈ, ਪੂਰੇ ਸਾਇੰਟਿਫਿਕ ਗਿਆਨ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਦੁਆਰਾ ਉਹ ਆਪ ਹੀ ਸ੍ਰਿਸ਼ਟੀ ਨੂੰ ਬਣਾ ਕੇ ਚਲਾ ਰਿਹਾ ਹੈ ਤੇ ਸਾਨੂੰ ਭਰਮ ਵਿੱਚ ਰੱਖਣ ਵਾਲਾ ਵੀ ਉਹ ਆਪ ਹੀ ਹੈ ਜੋ ਕਿ ਉਸਦੀ ਆਪਣੀ ਹੀ ਸਭ ਦੇ ਵਿੱਚ ਪਾਈ ਹੋਈ ਮਾਇਆ ਦੀ ਜੁਗਤਿ ਹੈ। ਮਨੁੱਖ ਤੇ ਪ੍ਰਮਾਤਮਾ ਦੇ ਵਿੱਚ ਪੜਦਾ ਕੇਵਲ ਗਿਆਨ ਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਸਾਨੂੰ ਸਭ ਨੂੰ ਉਸਨੇ ਭੁੱਲ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜੋ ਕਿ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਆਪ ਪ੍ਰਮਾਤਮਾ "ਅਭੁਲੁ" ਅਵੱਸਥਾ ਵਿੱਚ ਹੈ ਜੋ ਕਿ ਚੌਥਾ ਪਦ ਹੈ। ਜਿਸਨੂੰ ਪ੍ਰਮਾਤਮਾ ਆਪਣੀ ਕੀਮਤ ਪਵਾਉਂਦਾ ਹੈ ਉਸਨੂੰ ਭੁੱਲ ਦੇ ਵਿੱਚੋਂ ਹੀ ਕੱਢਦਾ ਹੈ ਤੇ ਮਨ ਦੇ ਵਿੱਚ ਹੀ ਆਪਣੇ ਸੱਚੇ ਗਿਆਨ ਨਾਲ ਜੋੜ ਲੈਂਦਾ ਹੈ, ਆਪਣੀ "ਅਭੁਲੁ" ਅਵੱਸਥਾ ਵਿੱਚ ਮਿਲਾ ਲੈਂਦਾ ਹੈ। ਗੁਰੂ ਦੀ ਅਵੱਸਥਾ "ਅਭੁਲੁ" ਅਵੱਸਥਾ ਹੈ ਜਿਸ ਕਰਕੇ ਉਹ ਪ੍ਰਮਾਤਮਾ ਦੇ ਨਾਲ ਇੱਕ ਹੈ ਤੇ ਉਸ ਪ੍ਰਮਾਤਮਾ ਦੀ ਕੀਮਤ ਨੂੰ ਸਮਝਦਾ ਹੈ ਤੇ ਆਪਣੀ ਹਰ ਗੱਲ ਵਿੱਚ ਪ੍ਰਮਾਤਮਾ ਨੂੰ ਹੀ ਉੱਚਾ ਦੱਸਦਾ ਹੈ। **(ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥)**

ਪ੍ਰਮਾਤਮਾ ਦੀ ਜੈ ਜੈ ਕਾਰ ਉਹੀ ਕਰਦਾ ਹੈ ਭਾਵ ਪ੍ਰਮਾਤਮਾ ਦੇ ਗੁਣ ਉਹੀ ਗਾਉਂਦਾ ਹੈ ਜਿਸਨੂੰ ਪ੍ਰਮਾਤਮਾ ਦੀ ਕੀਮਤ ਸਮਝ ਆ ਜਾਂਦੀ ਹੈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ। ਗੁਰੂ ਉਸਦੀ ਕੀਮਤ ਨੂੰ ਜਾਣਦਾ ਹੈ ਤੇ ਇਸੇ ਲਈ

22/2458

ਉਹ ਪ੍ਰਮਾਤਮਾ ਦੀ ਜੈ ਜੈ ਕਾਰ ਕਰਦਾ ਹੈ। ਗੁਰੂ ਕਿਸੇ ਮਨੁੱਖ ਦੀ ਜੈ ਜੈ ਕਾਰ ਨਾ ਆਪ ਕਰਦਾ ਹੈ ਤੇ ਨਾ ਹੀ ਸਾਨੂੰ ਕਰਨੀ ਸਿਖਾਉਂਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਮਨੁੱਖ ਦੀ ਨਾ ਹੀ ਕੋਈ ਆਪਣੀ ਸਿਆਣਪ ਹੈ ਤੇ ਨਾ ਹੀ ਉਹ ਕਿਸੇ ਨੂੰ ਸਿਆਣਪ ਦੇਣ ਜੋਗਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਗਿਆਨ ਦਾ ਮਾਲਕ ਕੌਣ ਹੈ, ਅਸਲ ਸਿਫ਼ਤ ਸਾਲਾਹ ਦਾ ਹੱਕਦਾਰ ਕੌਣ ਹੈ। ਪ੍ਰਮਾਤਮਾ ਨੂੰ ਉਹੀ ਭਾਉਂਦਾ ਹੈ ਜੋ ਕੇਵਲ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਨਾ ਕਿ ਕਿਸੇ ਮਨੁੱਖ ਰੂਪ ਦੇ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਸਦਾ ਗੁਰੂ ਰੂਪ ਆਪਣੇ ਅੰਦਰ ਦੇ ਗਿਆਨ ਦੁਆਰਾ ਹੀ ਅਮੁਲ ਹੈ ਭਾਵ ਕੀਮਤੀ ਹੈ। ਗੁਰੂ ਦੀ ਕੀਮਤ ਪ੍ਰਮਾਤਮਾ ਦੇ ਗਿਆਨ ਵਿੱਚ ਰਲ ਕੇ ਹੀ ਪੈਂਦੀ ਹੈ ਭਰਮ ਦੇ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ। **(ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥ ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ॥)**

ਅਸੀਂ ਆਪਣੀ ਤੁੱਛ ਜਿਹੀ ਮਤਿ ਦੁਆਰਾ ਆਪਣੇ ਆਪ ਨੂੰ ਵੱਡਾ ਬਣਾ ਕੇ ਬੈਠ ਜਾਂਦੇ ਹਾਂ, ਧਰਮ ਦੇ ਵਿਦਵਾਨ, ਸੰਤ, ਬ੍ਰਹਮਗਿਆਨੀ ਆਦਿ ਅਖਵਾਉਂਦੇ ਹਾਂ ਪਰ ਜੋ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਆਪਣੇ ਆਪ ਨੂੰ ਕਿਹੋ ਜਿਹਾ ਅਖਵਾਉਂਦਾ ਹੈ ਉਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥
ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥੯॥੨॥੫॥"

ਇਹ ਗੱਲ ਸਾਨੂੰ ਗੁਰੂ ਸਾਹਿਬ ਆਪਣੇ ਵੱਲੋਂ ਸਮਝਾ ਰਹੇ ਹਨ ਪਰ ਅਸਲ ਵਿੱਚ ਸਾਨੂੰ ਸਾਡੀ ਮਨੁੱਖੀ ਔਕਾਤ ਸਮਝਾ ਰਹੇ ਹਨ। ਇਹ ਗੱਲ ਸਾਨੂੰ ਉਹੀ ਸਮਝਾ ਸਕਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਹੈ ਕਿ ਸਾਨੂੰ ਮਤਿ ਦੇਣ ਵਾਲਾ ਕੌਣ ਹੈ। ਗੁਰੂ ਸਾਹਿਬ ਜਾਣਦੇ ਹਨ ਕਿ ਉਨ੍ਹਾਂ ਨੂੰ ਮਤਿ ਦੇਣ ਵਾਲਾ ਪ੍ਰਮਾਤਮਾ ਆਪ ਹੈ ਤੇ ਮਨੁੱਖ ਦੀ ਆਪਣੀ ਕੋਈ ਮਤਿ ਨਹੀਂ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਸਿਆਣਾ ਅਖਵਾ ਸਕੇ, ਆਪਣੀ ਕਿਸੇ ਸਿਆਣਪ ਦੀ ਵਡਿਆਈ ਲੈ ਸਕੇ ਜਿਵੇਂ ਕਿ ਹਰ ਕੋਈ ਲੈਂਦਾ ਹੈ। ਇਹ ਵਡਿਆਈ ਵੇਦਾਂ, ਸ਼ਾਸਤਰਾਂ ਦੇ ਲਿਖਣ ਵਾਲਿਆਂ ਨੇ ਵੀ ਲਈ ਹੈ ਤੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ ਪਰ ਉਸ ਵਡਿਆਈ ਦੇ ਮਾਲਕ ਦੀ ਸੋਝੀ ਨਹੀਂ ਪਈ ਜੋ ਸਾਡੇ ਅੰਦਰ ਬੈਠਾ ਆਪ ਹੀ ਸਭ ਨੂੰ ਮਤਿ ਦੇਣ ਵਾਲਾ ਹੈ। ਤ੍ਰੈਗੁਣਾਂ ਵਿੱਚ ਰਹਿੰਦਿਆਂ ਹੋਇਆਂ ਉਸ ਮਤਿ ਦੇ ਮਾਲਕ ਨੂੰ ਕੋਈ ਵੀ ਨਹੀਂ ਜਾਣ ਸਕਦਾ। ਗੁਰੂ ਸਾਹਿਬ ਆਪਣੇ ਆਪ ਨੂੰ ਹੀਣ ਤੇ ਨੀਚ ਕਹਿ ਕੇ ਉਸ ਪ੍ਰਮਾਤਮਾ ਦੀ ਵਡਿਆਈ ਕਰ ਰਹੇ ਹਨ ਜੋ ਸਚੁ ਦੀ ਸਿੱਖਿਆ ਦਾ

ਮਾਲਕ ਹੈ। ਮਨ ਦੇ ਵਿੱਚ ਸਚੁ ਬਖ਼ਸ਼ਣ ਵਾਲਾ ਆਪਣੇ ਪੂਰਨ ਸਚੁ ਦੇ ਨਾਲ ਜੋੜਨ ਵਾਲਾ ਭਾਵ ਆਪਣੇ ਪੂਰਨ ਸਚੁ ਦੇ ਗਿਆਨ ਦੇ ਨਾਲ ਜੋੜਨ ਵਾਲਾ, ਬ੍ਰਹਮਗਿਆਨ ਦੇ ਨਾਲ ਜੋੜਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਮਨ ਦੇ ਵਿੱਚ ਆਪ ਹੀ ਆਪਣੀ ਮਤਿ ਦੁਆਰਾ ਆਪਣਾ ਸਚੁ ਸਮਝਾਉਂਦਾ ਹੈ ਜੋ ਉਸਨੇ ਆਪਣੇ ਗੁਰੂ ਰੂਪ ਦੁਆਰਾ ਸਮਝਾਇਆ ਹੈ। ਗੁਰੂ ਕੋਈ ਮਨੁੱਖ ਨਹੀਂ ਹੈ, ਸਿਆਣਾ ਕੋਈ ਮਨੁੱਖ ਨਹੀਂ ਹੈ। ਗੁਰੂ ਉਹ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਆਪਣੇ ਨਿਰਗੁਣ ਰੂਪ ਦੁਆਰਾ ਗੁਰੂ ਹੈ, ਸ਼ਬਦ ਰੂਪ ਦੁਆਰਾ ਗੁਰੂ ਹੈ, ਨਾਮ ਰੂਪ ਦੁਆਰਾ ਗੁਰੂ ਹੈ, ਸਹਜ ਰੂਪ ਦੁਆਰਾ ਗੁਰੂ ਹੈ, ਬ੍ਰਹਮਗਿਆਨ ਰੂਪ ਦੁਆਰਾ ਗੁਰੂ ਹੈ, ਚੌਥੇ ਪਦ ਦੁਆਰਾ ਗੁਰੂ ਹੈ। ਇਸ ਗੱਲ ਦੀ ਸੋਝੀ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ ਤੇ ਇਹ ਪਦ ਪ੍ਰਮਾਤਮਾ ਨੇ ਗੁਰੂ ਨੂੰ ਬਖ਼ਸ਼ਿਆ ਹੋਇਆ ਹੈ। ਚੌਥੇ ਪਦ ਦੀ ਵਡਿਆਈ ਗੁਰੂ ਪ੍ਰਮਾਤਮਾ ਦੀ ਵਡਿਆਈ ਹੈ ਜਿਸ ਪਦ ਦੁਆਰਾ ਸਚੁ ਦੀ ਸੋਝੀ ਪੈਂਦੀ ਹੈ। ਚੌਥੇ ਪਦ ਵਿੱਚ ਮਨੁੱਖ ਸਚੁ ਦੀ ਵਡਿਆਈ ਹੀ ਕਰਦਾ ਹੈ, ਨਾਮ ਦੀ ਵਡਿਆਈ ਹੀ ਕਰਦਾ ਹੈ, ਸ਼ਬਦ ਦੀ ਵਡਿਆਈ ਹੀ ਕਰਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਵਡਿਆਈ ਹੀ ਹੁੰਦੀ ਹੈ। ਚੌਥੇ ਪਦ ਦੁਆਰਾ ਮਿਲੀ ਹੋਈ ਸਿੱਖਿਆ ਨੂੰ ਵਡਿਆਉਣਾ ਉਸ ਪ੍ਰਮਾਤਮਾ ਨੂੰ ਵਡਿਆਉਣਾ ਹੈ, ਗੁਰੂ ਨੂੰ ਵਡਿਆਉਣਾ ਹੈ।

ਜੇਕਰ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਨਾ ਚਾਹੁੰਦੇ ਹਾਂ, ਉਸਦੇ ਗੁਰੂ ਰੂਪ ਦੀ ਵਡਿਆਈ ਕਰਨੀ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਮਨੁੱਖੀ ਵਡਿਆਈ ਵਿੱਚੋਂ ਨਿਕਲੀਏ ਤੇ ਪ੍ਰਮਾਤਮਾ ਦੀ ਸ਼ਬਦ ਰੂਪ ਵਡਿਆਈ ਨਾਲ ਜੁੜੀਏ, ਸ਼ਬਦ ਦੀ ਸਿੱਖਿਆ ਦੇ ਨਾਲ ਜੁੜੀਏ ਭਾਵ ਸਚੁ ਦੇ ਨਾਲ ਜੁੜੀਏ ਤੇ ਉਸ ਸਚੁ ਨੂੰ ਕਦੇ ਨਾ ਛੱਡੀਏ। **(ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥ ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥੯॥੨॥੫॥)**

ਸਾਡੇ ਲਈ ਚੰਗਾ ਕੌਣ ਹੈ ਤੇ ਮਾੜਾ ਕੌਣ ਹੈ ਅਸੀਂ ਇਸ ਗੱਲ ਦਾ ਫੈਸਲਾ ਹੀ ਕਰਨਾ ਹੈ। ਸਾਡੇ ਲਈ ਚੰਗਾ ਉਹੀ ਹੈ ਅਸੀਂ ਜਿਸਦੀ ਮਤਿ ਦੇ ਨਾਲ ਜੁੜਦੇ ਹਾਂ। ਜੇਕਰ ਸਾਨੂੰ ਗੁਰੂ ਦੀ ਮਤਿ ਚੰਗੀ ਲੱਗਦੀ ਹੈ ਤਾਂ ਫਿਰ ਅਸੀਂ ਗੁਰੂ ਨੂੰ ਚੰਗਾ ਸਮਝਦੇ ਹਾਂ ਤੇ ਜੇਕਰ ਸਾਨੂੰ ਕਿਸੇ ਹੋਰ ਦੀ ਮਤਿ ਚੰਗੀ ਲੱਗਦੀ ਹੈ ਤਾਂ ਫਿਰ ਅਸੀਂ ਉਸਨੂੰ ਚੰਗਾ ਸਮਝ ਕੇ ਉਸਦੇ ਪਿੱਛੇ ਲੱਗ ਜਾਂਦੇ ਹਾਂ। ਜਿੰਨ੍ਹਾਂ ਨੂੰ ਗੁਰੂ ਚੰਗਾ ਲੱਗਦਾ ਹੈ ਉਹ ਕਿਹੋ ਜਿਹੀ ਭਗਤੀ ਕਰਦੇ ਹਨ ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

22/2460

ਕਾਨੜਾ ਮਹਲਾ ੫॥

“ਰੰਗਾ ਰੰਗ ਰੰਗਨ ਕੇ ਰੰਗਾ॥ ਕੀਟ ਹਸਤ ਪੂਰਨ ਸਭ ਸੰਗਾ॥੧॥ਰਹਾਉ॥
ਬਰਤ ਨੇਮ ਤੀਰਥ ਸਹਿਤ ਗੰਗਾ॥ ਜਲੁ ਹੇਵਤ ਭੂਖ ਅਰੁ ਨੰਗਾ॥
ਪੂਜਾਚਾਰ ਕਰਤ ਮੇਲੰਗਾ॥ ਚਕ੍ਰ ਕਰਮ ਤਿਲਕ ਖਾਟੰਗਾ॥
ਦਰਸਨੁ ਭੇਟੇ ਬਿਨੁ ਸਤਸੰਗਾ॥੧॥ ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ॥
ਹਉ ਰੋਗੁ ਬਿਆਪੈ ਚੁਕੈ ਨ ਭੰਗਾ॥ ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ॥
ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ॥੨॥੩॥੩੬॥”

(ਅੰਗ ੧੩੦੫)

ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ। ਸਭ ਦੇ ਅੰਦਰ ਉਹ ਆਪ ਹੀ ਹੈ ਸਾਡੇ ਅੰਦਰ ਵੀ ਉਹ ਆਪ ਹੀ ਹੈ ਪਰ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਹੈ। ਪ੍ਰਮਾਤਮਾ ਨੇ ਆਪਣੀ ਇਸ ਸੰਸਾਰਿਕ ਖੇਡ ਨੂੰ ਅਨੇਕਾਂ ਹੀ ਤਰੀਕਿਆਂ ਨਾਲ ਰੰਗਿਆ ਹੋਇਆ ਹੈ। ਹਰ ਜੀਵ ਨੂੰ ਉਹ ਆਪ ਬਣਾ ਕੇ ਆਪ ਹੀ ਉਸਦੇ ਅੰਦਰ ਗਿਆਨ ਪਾ ਕੇ ਉਸਨੂੰ ਚਲਾ ਰਿਹਾ ਹੈ ਕਿਉਂਕਿ ਉਹ ਸਭ ਕੁੱਝ ਕਰਨ ਦੇ ਸਮਰੱਥ ਹੈ, ਉਹ ਗਿਆਨ ਦਾ ਮਾਲਕ ਹੈ। ਜਿਸ ਤਰੀਕੇ ਉਸਨੂੰ ਇਹ ਆਪਣੀ ਖੇਡ ਚਲਾਉਣੀ ਚੰਗੀ ਲੱਗਦੀ ਹੈ ਉਸੇ ਤਰੀਕੇ ਨਾਲ ਹੀ ਉਹ ਇਸਨੂੰ ਚਲਾ ਰਿਹਾ ਹੈ। **(ਰੰਗਾ ਰੰਗ ਰੰਗਨ ਕੇ ਰੰਗਾ॥ ਕੀਟ ਹਸਤ ਪੂਰਨ ਸਭ ਸੰਗਾ॥੧॥ਰਹਾਉ॥)**

ਸ਼ਬਦ ਦੀਆਂ ਕੁੱਝ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਉਹ ਤਰੀਕੇ ਸਮਝਾਏ ਹੋਏ ਹਨ ਜਿੰਨ੍ਹਾਂ ਦੁਆਰਾ ਮਨੁੱਖੀ ਜੀਵ ਉਸ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ ਪਰ ਇਹ ਸਭ ਕੁੱਝ ਪ੍ਰਮਾਤਮਾ ਦੀ ਖੇਡ ਹੀ ਹੈ ਜੋ ਉਹ ਅਨੇਕਾਂ ਤਰੀਕਿਆਂ ਨਾਲ ਸਾਨੂੰ ਭਰਮ ਵਿੱਚ ਪਾ ਕੇ ਆਪ ਹੀ ਆਪਣੀ ਖੇਡ ਨੂੰ ਰੰਗੀਲੀ ਬਣਾਉਂਦਾ ਹੈ। ਜਿਸਨੂੰ ਅਸੀਂ ਆਪਣੀ ਭਗਤੀ ਸਮਝਦੇ ਹਾਂ ਉਸਦੇ ਲਈ ਕੇਵਲ ਇਹ ਖੇਡ ਹੈ।

“ਬਰਤ ਨੇਮ ਤੀਰਥ ਸਹਿਤ ਗੰਗਾ॥ ਜਲੁ ਹੇਵਤ ਭੂਖ ਅਰੁ ਨੰਗਾ॥
ਪੂਜਾਚਾਰ ਕਰਤ ਮੇਲੰਗਾ॥ ਚਕ੍ਰ ਕਰਮ ਤਿਲਕ ਖਾਟੰਗਾ॥ ਰਸਨੁ ਭੇਟੇ ਬਿਨੁ ਸਤਸੰਗਾ॥੧॥
ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ॥ ਹਉ ਰੋਗੁ ਬਿਆਪੈ ਚੁਕੈ ਨ ਭੰਗਾ॥”

ਉੱਪਰ ਸਾਡੇ ਸਾਰੇ ਭਗਤੀ ਦੇ ਤਰੀਕੇ ਹੀ ਗਿਣਾਏ ਹੋਏ ਹਨ ਜਿੰਨ੍ਹਾਂ ਨੂੰ ਹਰ ਕੋਈ ਸਮਝ ਸਕਦਾ ਹੈ। ਆਪਣੇ ਆਪਣੇ ਤਰੀਕੇ ਨੂੰ ਹਰ ਕੋਈ ਠੀਕ ਹੀ ਸਮਝਦਾ ਹੈ ਤੇ ਤਾਂ ਹੀ ਉਸ ਤਰੀਕੇ ਨੂੰ ਅਪਣਾਉਂਦਾ ਹੈ। ਇਹੋ ਜਿਹੇ ਤਰੀਕੇ ਸਾਨੂੰ ਸਮਝਾਉਣ ਵਾਲੇ ਬਹੁਤ ਹਨ ਤੇ ਇਸਨੂੰ ਪ੍ਰਮਾਤਮਾ ਦੀ ਭਗਤੀ ਹੀ ਸਮਝਦੇ ਹਨ। ਅਨੇਕਾਂ ਸਰੀਰਕ ਕਿਰਿਆਵਾਂ ਵਾਲੀ ਭਗਤੀ ਕਰਨ ਵਾਲੇ ਹਨ ਜਿੰਨ੍ਹਾਂ ਨੂੰ ਵਿਅਰਥ ਹੀ ਦੱਸਿਆ ਹੋਇਆ ਹੈ ਭਾਵ ਹਰ ਕੋਈ ਭਰਮ ਵਿੱਚ ਹੀ ਹੈ। ਸਾਡਾ ਸਮਾਜ ਇਹੋ ਜਿਹੀ ਭਗਤੀ ਕਰਨ ਵਾਲਿਆਂ ਨਾਲ ਭਰਿਆ ਹੋਇਆ ਹੈ ਜਿਸ ਵਿੱਚ ਸਿੱਖ ਜਗਤ ਵੀ ਸ਼ਾਮਿਲ ਹੈ ਪਰ ਹਰ ਕੋਈ ਆਪਣੇ ਆਪ ਨੂੰ ਠੀਕ ਹੀ ਸਮਝਦਾ ਹੈ। ਅਸੀਂ ਸਭ ਪ੍ਰਮਾਤਮਾ

22/2461

ਦੀ ਖੇਡ ਦਾ ਹਿੱਸਾ ਹੀ ਹਾਂ ਜੋ ਸਾਨੂੰ ਭਰਮ ਵਿੱਚ ਰੱਖ ਕੇ ਅਨੇਕਾਂ ਤਰੀਕਿਆਂ ਦੁਆਰਾ ਆਪਣੀ ਖੇਡ ਹੀ ਖਿਡਾ ਰਿਹਾ ਹੈ ਤੇ ਅਸੀਂ ਭਰਮ ਵਿੱਚ ਹੀ ਉਸਨੂੰ ਆਪਣੀ ਭਗਤੀ ਸਮਝੀ ਬੈਠੇ ਹਾਂ। ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਾਡੇ ਇਹੋ ਜਿਹੇ ਭਗਤੀ ਦੇ ਤਰੀਕਿਆਂ ਦਾ ਖੰਡਨ ਕੀਤਾ ਗਿਆ ਹੈ ਪਰ ਫਿਰ ਵੀ ਅਸੀਂ ਉਹੋ ਕੁੱਝ ਹੀ ਕਰੀ ਜਾ ਰਹੇ ਹਾਂ। ਪ੍ਰਮਾਤਮਾ ਦੀ ਇਸ ਖੇਡ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਉਸਦੀ ਕ੍ਰਿਪਾ ਤੋਂ ਬਿਨ੍ਹਾਂ ਸਾਨੂੰ ਸੋਝੀ ਨਹੀਂ ਪੈਂਦੀ ਤੇ ਅਸੀਂ ਵਿਅਰਥ ਵਿੱਚ ਹੀ ਜਿਸਨੂੰ ਆਪਣੀ ਭਗਤੀ ਸਮਝਦੇ ਹਾਂ ਉਹ ਪ੍ਰਮਾਤਮਾ ਦੀ ਕੇਵਲ ਬਣਾਈ ਹੋਈ ਖੇਡ ਦਾ ਹਿੱਸਾ ਹੀ ਹੈ। ਅਸੀਂ ਵਿਅਰਥ ਵਿੱਚ ਹੀ ਆਪਣੇ ਸਰੀਰ ਨੂੰ ਦੁੱਖ ਦੇਈ ਜਾਂਦੇ ਹਾਂ। ਕੋਈ ਨੰਗਾ ਫਿਰੀ ਜਾਂਦਾ ਹੈ, ਕੋਈ ਭੁੱਖਾ ਫਿਰੀ ਜਾਂਦਾ ਹੈ। ਕੋਈ ਸਿੱਧਾ ਪੁੱਠਾ ਲਟਕਦਾ ਫਿਰਦਾ ਹੈ, ਕੋਈ ਸਵਾਸਾਂ ਦੀਆਂ ਕਿਰਿਆਵਾਂ ਵਿੱਚ ਉਲਝਿਆ ਫਿਰਦਾ ਹੈ। ਕੋਈ ਭੋਰਿਆਂ ਵਿੱਚ ਬੈਠਾ ਹੈ ਤੇ ਕੋਈ ਟੀਸੀਆਂ ਤੇ ਚੜ੍ਹ ਕੇ ਬੈਠਾ ਹੈ। ਕੋਈ ਤੀਰਥਾਂ ਤੇ ਭਵੀ ਜਾਂਦਾ ਹੈ, ਕੋਈ ਮੂਰਤੀਆਂ ਨੂੰ ਮੱਥੇ ਟੇਕੀ ਜਾਂਦਾ ਹੈ। ਕੋਈ ਸਾਰਾ ਦਿਨ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਂਦਾ ਹੈ, ਕੋਈ ਸਾਰਾ ਦਿਨ ਕਿਸੇ ਅੱਖਰ ਦੇ ਜਪ ਨੂੰ ਰਟੀ ਜਾਂਦਾ ਹੈ ਪਰ ਸਚੁ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ ਭਾਵ ਉਸ ਪ੍ਰਮਾਤਮਾ ਦੀ ਭਗਤੀ ਕਿਵੇਂ ਹੁੰਦੀ ਹੈ ਇਸ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਸਾਡੀ ਭਗਤੀ ਦੀ ਨਾਸਮਝੀ ਦਾ ਕਾਰਨ ਸਾਡਾ ਹਉਮੈ ਰੋਗ ਹੈ, ਸਾਡੀ ਮਨਮਤਿ ਹੈ ਜਿਸਦੇ ਰਹਿੰਦਿਆਂ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਨਹੀਂ ਮਿਟ ਸਕਦੀ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੀ ਅਗਿਆਨਤਾ ਕਰਕੇ ਹੀ ਹੈ। ਮਨਮਤਿ ਵਾਲੀ ਭਗਤੀ ਦੇ ਨਾਲ ਅਸੀਂ ਕਦੇ ਪ੍ਰਮਾਤਮਾ ਦੇ ਨਾਲ ਇੱਕ ਨਹੀਂ ਹੋ ਸਕਦੇ। **(ਹਉ ਰੋਗੁ ਬਿਆਪੈ ਚੁਕੈ ਨ ਭੰਗਾ॥)**

ਪ੍ਰਮਾਤਮਾ ਨਾਲ ਦੂਰੀ ਮਿਟਾਉਣ ਦਾ ਤਰੀਕਾ ਕੀ ਹੈ, ਉਸਦੀ ਭਗਤੀ ਦਾ ਤਰੀਕਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ॥ ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ॥੨॥੩॥੩੬॥”

ਪੂਰੀ ਗੁਰਬਾਣੀ ਰਾਹੀਂ ਸਾਨੂੰ ਵਾਰ-ਵਾਰ ਭਗਤੀ ਦਾ ਇੱਕੋ ਇੱਕ ਇਹੀ ਤਰੀਕਾ ਸਮਝਾਇਆ ਹੈ ਜੋ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

23/2462

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਨ ਸਾਡੇ ਮਨ ਦੇ ਵਿਕਾਰ ਹਨ, ਸਾਡੇ ਅੰਦਰ ਦੀ ਮੋਹ ਮਾਇਆ ਹੈ, ਤ੍ਰਿਸ਼ਨਾ ਹੈ ਜਿਸ ਦੇ ਵਿੱਚ ਸਾਰਾ ਸੰਸਾਰ ਹੀ ਸੜ ਰਿਹਾ ਹੈ। ਤ੍ਰਿਸ਼ਨਾ ਦੇ ਅਨੇਕਾਂ ਹੀ ਰੂਪ ਹਨ ਜਿੰਨ੍ਹਾਂ ਨੂੰ ਪੂਰਾ ਕਰਨ ਲਈ ਅਸੀਂ ਔਗੁਣਾਂ ਦਾ ਸਹਾਰਾ ਲੈਂਦੇ ਹਾਂ। ਸਾਡੇ ਅੰਦਰ ਔਗੁਣ ਹਨ ਜਾਂ ਗੁਣ ਹਨ ਇਸ ਦਾ ਫੈਸਲਾ ਸਾਡੇ ਮਨ ਦੀ ਸੋਝੀ ਦੁਆਰਾ ਹੁੰਦਾ ਹੈ ਕਿ ਸਾਡੇ ਮਨ ਦੀ ਸੋਚ ਕਿਹੋ ਜਿਹੀ ਹੈ। ਮਨ ਦੀ ਸੋਚ ਦੁਆਰਾ ਹੀ ਅਸੀਂ ਪ੍ਰਮਾਤਮਾ ਤੋਂ ਦੂਰ ਹਾਂ ਤੇ ਮਨ ਦੀ ਸੋਚ ਦੁਆਰਾ ਹੀ ਅਸੀਂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਾਂ। ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਸਾਡੇ ਜੀਵਨ ਦਾ ਮਾਰਗ ਸਾਡੇ ਵਿਚਾਰ ਹੀ ਤਹਿ ਕਰਦੇ ਹਨ। ਸਾਡੇ ਚੰਗੇ ਵਿਚਾਰ ਉਹ ਹਨ ਜੋ ਵਿਚਾਰ ਸਾਨੂੰ ਸ਼ਬਦ ਦੇ ਕੋਲੋਂ ਮਿਲਦੇ ਹਨ, ਗੁਰੂ ਦੇ ਸ਼ਬਦਾਂ ਰਾਹੀਂ ਮਿਲਦੇ ਹਨ। ਸ਼ਬਦ ਦੇ ਵਿਚਾਰਾਂ ਨੂੰ ਅਪਣਾਏ ਬਿਨ੍ਹਾਂ ਸਾਡੇ ਮਨ ਦੇ ਵਿਚਾਰ ਕਦੇ ਚੰਗੇ ਨਹੀਂ ਹੋ ਸਕਦੇ। ਸ਼ਬਦ ਦੇ ਵਿਚਾਰ ਸਾਨੂੰ ਉਹੋ ਜਿਹੇ ਭਗਤੀ ਦੇ ਤਰੀਕੇ ਛੱਡਣ ਲਈ ਕਹਿੰਦੇ ਹਨ, ਸਰੀਰਕ ਜਪ ਤਪ ਆਦਿ, ਸਵਾਸਾਂ ਦੀਆਂ ਕਿਰਿਆਵਾਂ ਆਦਿ ਨੂੰ ਭਗਤੀ ਦਾ ਤਰੀਕਾ ਨਹੀਂ ਸਮਝਾਉਂਦੇ ਪਰ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਨਹੀਂ ਮੰਨਦੇ। ਜੋ ਵੀ ਗੱਲ ਸ਼ਬਦ ਦੇ ਵਿਚਾਰ ਅਨੁਸਾਰ ਨਹੀਂ ਹੈ ਉਹ ਮਨਮਤਿ ਹੈ, ਉਹ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਵਿਚਾਰ ਹਨ। ਸ਼ਬਦ ਦੀ ਵਿਚਾਰ ਚੌਥੇ ਪਦ ਦੀ ਵਿਚਾਰ ਹੈ ਤੇ ਸਾਨੂੰ ਮੁਕਤੀ ਚੌਥੇ ਪਦ ਦੇ ਵਿਚਾਰਾਂ ਦੁਆਰਾ ਮਿਲਣੀ ਹੈ। ਚੌਥੇ ਪਦ ਦੇ ਵਿਚਾਰ ਹੀ ਅਸਲ ਵਿੱਚ ਸਾਡਾ ਗੁਰੂ ਹਨ ਜਿੰਨ੍ਹਾਂ ਨੇ ਸਾਨੂੰ ਤ੍ਰੈਗੁਣਾਂ ਵਾਲੇ ਵਿਚਾਰਾਂ ਤੋਂ ਮੁਕਤ ਕਰਨਾ ਹੈ, ਹਉਮੈ ਤੋਂ ਮੁਕਤ ਕਰਨਾ ਹੈ, ਮਨਮਤਿ ਤੋਂ ਮੁਕਤ ਕਰਨਾ ਹੈ, ਅਗਿਆਨਤਾ ਤੋਂ, ਭਰਮ ਤੋਂ ਮੁਕਤ ਕਰਨਾ ਹੈ। ਸਾਨੂੰ ਮੁਕਤ ਮਨ ਦੀ ਸੋਝੀ ਨੇ ਹੀ ਕਰਨਾ ਹੈ, ਚੌਥੇ ਪਦ ਦੇ ਵਿਚਾਰਾਂ ਦੀ ਸੋਝੀ ਨੇ ਹੀ ਕਰਨਾ ਹੈ। ਜਦ ਤੱਕ ਚੌਥੇ ਪਦ ਦੇ ਵਿਚਾਰਾਂ ਨੂੰ ਅਸੀਂ ਨਹੀਂ ਮੰਨਦੇ, ਗੁਰੂ ਦੇ ਵਿਚਾਰਾਂ ਨੂੰ ਨਹੀਂ ਮੰਨਦੇ ਅਸੀਂ ਕਦੇ ਮੁਕਤੀ ਨਹੀਂ ਪਾ ਸਕਦੇ। ਸ਼ਬਦ ਦੇ ਵਿਚਾਰ ਸਾਨੂੰ ਵਾਰ-ਵਾਰ ਇਹੀ ਗੱਲ ਸਮਝਾ ਰਹੇ ਹਨ ਕਿ ਸਾਨੂੰ ਮਨ ਦੀ ਤ੍ਰਿਸ਼ਨਾ ਤਿਆਗਣ ਦੀ ਲੋੜ ਹੈ ਤਾਂ ਜੋ ਅਸੀਂ ਵਿਕਾਰਾਂ ਤੋਂ ਮੁਕਤ ਹੋ ਸਕੀਏ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਮੁਕਤ ਹੋ ਸਕੀਏ, ਮਾਇਆ ਮੋਹ ਤੋਂ ਮੁਕਤ ਹੋ ਸਕੀਏ, ਝੂਠੇ ਮਾਣ ਅਭਿਮਾਨ ਤੋਂ ਮੁਕਤ ਹੋ ਸਕੀਏ, ਭਗਤੀ ਦੇ ਉਨ੍ਹਾਂ ਤਰੀਕਿਆਂ ਤੋਂ ਮੁਕਤ ਹੋ ਸਕੀਏ ਜੋ ਕਿ ਅਸਲ ਵਿੱਚ

ਭਗਤੀ ਹੈ ਹੀ ਨਹੀਂ ਬਲਕਿ ਸਾਡਾ ਦਿਖਾਵਾ ਹੈ। ਜੋ ਗੱਲ ਸ਼ਬਦ ਦੀ ਵਿਚਾਰ ਦੇ ਉਲਟ ਹੈ, ਉਹ ਭਗਤੀ ਨਹੀਂ ਹੈ ਬਲਕਿ ਕੇਵਲ ਭਗਤੀ ਦਾ ਦਿਖਾਵਾ ਹੈ ਜੋ ਸਾਡੀ ਹਉਮੈ ਹੀ ਵਧਾਉਂਦਾ ਹੈ, ਝੂਠਾ ਮਾਣ ਹੀ ਵਧਾਉਂਦਾ ਹੈ।

ਗੁਰੂ ਆਪਣੇ ਵਿਚਾਰਾਂ ਦੁਆਰਾ ਹੀ ਗੁਰੂ ਹੈ ਕਿਉਂਕਿ ਗੁਰੂ ਨਾਲੋਂ ਉੱਚੇ ਵਿਚਾਰ ਕਿਸੇ ਹੋਰ ਕੋਲ ਨਹੀਂ ਹੋ ਸਕਦੇ। ਗੁਰਬਾਣੀ ਨਾਲੋਂ ਉੱਚੇ ਵਿਚਾਰ ਕਿਸੇ

23/2463

ਹੋਰ ਕੋਲ ਨਹੀਂ ਹਨ ਜਿੰਨ੍ਹਾਂ ਨੂੰ ਮੰਨ ਕੇ ਅਸੀਂ ਪ੍ਰਮਾਤਮਾ ਦੇ ਨਾਲ ਮਿਲ ਸਕੀਏ।

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

{ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥ ਸੋ ਉਬਰੈ ਗੁਰ ਸਬਦੁ ਬੀਚਾਰੈ॥੨॥}

(ਅੰਗ ੨੨੫)

ਜਿਸਨੂੰ ਸ਼ਬਦ ਦੇ ਵਿਚਾਰ ਚੰਗੇ ਲੱਗਦੇ ਹਨ ਉਸਨੂੰ ਹੀ ਗੁਰੂ ਚੰਗਾ ਲੱਗਦਾ ਹੈ। ਜੋ ਕੇਵਲ ਮੁੱਖੋਂ ਗੁਰੂ ਗੁਰੂ ਬੋਲੀ ਜਾਂਦੇ ਹਨ ਪਰ ਗੁਰੂ ਦੇ ਵਿਚਾਰਾਂ ਅਨੁਸਾਰ ਨਹੀਂ ਚੱਲਦੇ ਉਨ੍ਹਾਂ ਨੂੰ ਅਸਲ ਵਿੱਚ ਗੁਰੂ ਚੰਗਾ ਨਹੀਂ ਲੱਗਦਾ। ਚੰਗਾ ਸਾਨੂੰ ਉਹੀ ਲੱਗਦਾ ਹੈ ਜਿਸਦੇ ਅਸੀਂ ਵਿਚਾਰਾਂ ਨੂੰ ਮੰਨਦੇ ਹਾਂ। ਜਦੋਂ ਸਾਨੂੰ ਸ਼ਬਦ ਦੇ ਵਿਚਾਰ ਚੰਗੇ ਲੱਗਣਗੇ ਤਾਂ ਹੀ ਸਾਨੂੰ ਗੁਰੂ ਚੰਗਾ ਲੱਗੇਗਾ। ਜਿਸਨੂੰ ਸ਼ਬਦ ਦੇ ਵਿਚਾਰ ਚੰਗੇ ਲਗਦੇ ਹਨ ਉਹੀ ਸ਼ਬਦ ਦੇ ਵਿਚਾਰਾਂ ਨੂੰ ਮੰਨਦੇ ਹਨ। ਸ਼ਬਦ ਦੇ ਵਿਚਾਰਾਂ ਨੂੰ ਮੰਨਣ ਵਾਲੇ ਫਿਰ ਉਹੋ ਜਿਹੀ ਭਗਤੀ ਹੀ ਕਰਦੇ ਹਨ ਜੋ ਉਨ੍ਹਾਂ ਨੂੰ ਸ਼ਬਦ ਦੇ ਵਿਚਾਰ ਸਮਝਾਉਂਦੇ ਹਨ। ਉਹ ਕਿਸੇ ਸਰੀਰਕ ਜਪਾਂ ਤਪਾਂ ਆਦਿ ਵਿੱਚ ਨਹੀਂ ਪੈਂਦੇ, ਉਹ ਕੇਵਲ ਆਪਣੇ ਆਪ ਨੂੰ ਵਿਕਾਰਾਂ ਤੋਂ ਮੁਕਤ ਕਰਦੇ ਹਨ ਤੇ ਕੇਵਲ ਸੱਚੇ ਸੁੱਚੇ ਕਰਮ ਹੀ ਕਰਦੇ ਹਨ। ਜਿੰਨ੍ਹਾਂ ਨੂੰ ਗੁਰੂ ਦੀ ਮਤਿ ਚੰਗੀ ਲੱਗਦੀ ਹੈ ਉਨ੍ਹਾਂ ਨੂੰ ਹੀ ਗੁਰੂ ਚੰਗਾ ਲੱਗਦਾ ਹੈ। ਇਹ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ। ਕਥਨੀ ਦੁਆਰਾ ਅਸੀਂ ਆਪਣੀ ਕੇਵਲ ਕਰਨੀ ਹੀ ਸਮਝਣੀ ਹੈ ਤੇ ਜੇਕਰ ਸ਼ਬਦ ਦੀ ਕਥਨੀ ਸਾਡੀ ਕਰਨੀ ਵਿੱਚ ਨਹੀਂ ਬਦਲਦੀ ਫਿਰ ਨਾ ਸਾਨੂੰ ਸ਼ਬਦ ਦੀ ਵਿਚਾਰ ਚੰਗੀ ਲੱਗਦੀ ਹੈ ਤੇ ਨਾ ਹੀ ਗੁਰੂ ਚੰਗਾ ਲੱਗਦਾ ਹੈ। **(ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ॥ ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ॥੨॥੩॥੩੬॥)**

ਗੁਰੂ ਦੀ ਗੱਲ ਨਾ ਮੰਨਣ ਵਾਲਿਆਂ ਨੂੰ, ਸ਼ਬਦ ਦੀ ਵਿਚਾਰ ਨਾ ਮੰਨਣ ਵਾਲਿਆਂ ਨੂੰ ਭਗਤੀ ਨਹੀਂ ਬਲਕਿ ਭਗਤੀ ਦਾ ਦਿਖਾਵਾ ਚੰਗਾ ਲੱਗਦਾ ਹੈ, ਹਉਮੈ ਛੱਡਣ ਦੀ ਬਜਾਇ ਹਉਮੈ ਵਧਾਉਣੀ ਚੰਗੀ ਲੱਗਦੀ ਹੈ, ਮਾਇਆ ਮੋਹ ਛੱਡਣ ਦੀ ਬਜਾਇ ਮਾਇਆ ਮੋਹ ਵਿੱਚ ਘੁਲਣਾ ਚੰਗਾ ਲੱਗਦਾ ਹੈ। ਭਗਤੀ ਦਾ ਮਾਰਗ ਮਨ ਨੂੰ ਸਮਝਾਉਣ ਦਾ ਮਾਰਗ ਹੈ ਨਾ ਕਿ ਕਥਨੀ ਦਾ ਤੇ ਸਰੀਰਕ ਕਿਰਿਆਵਾਂ, ਸਵਾਸਾਂ ਦੀਆਂ ਕਿਰਿਆਵਾਂ ਕਰਨ ਦਾ ਮਾਰਗ ਹੈ। ਜਿਸ ਕਿਰਿਆ ਦੁਆਰਾ ਮਨ ਨੂੰ ਸੋਝੀ ਨਹੀਂ ਪੈਂਦੀ ਉਸ ਕਿਰਿਆ ਦਾ ਭਗਤੀ ਸਿੱਖਣ ਨਾਲ ਕੋਈ ਵਾਸਤਾ ਨਹੀਂ ਹੈ ਤੇ ਸੰਸਾਰ ਭਰ ਵਿੱਚ ਭਗਤੀ ਦਾ ਦਿਖਾਵਾ ਹੀ ਆਮ ਕਰਕੇ ਪ੍ਰਚਲਿਤ ਹੈ ਤੇ ਸਿੱਖ ਜਗਤ ਵੀ ਇਹੋ ਜਿਹੀ ਭਗਤੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਦਿਖਾਵੇ ਨਾਲ ਹੀ ਜੁੜਿਆ ਹੋਇਆ ਹੈ। ਸ਼ਬਦ ਦੀ ਵਿਚਾਰ ਦੁਆਰਾ ਵਿਚਰਨਾ ਹੀ ਭਗਤੀ ਹੈ।

23/2464

ਸਾਡੀ ਮਾਣਸ ਜੂਨ ਤੇ ਪਸ਼ੂ ਜੂਨ ਵਿੱਚ ਫਰਕ ਮਨ ਦੀ ਸੋਝੀ ਦਾ ਹੀ ਹੈ ਜਿਸ ਕਰਕੇ ਸਾਡੀ ਮਾਣਸ ਜੂਨ ਪਸ਼ੂ ਜੂਨ ਨਾਲੋਂ ਚੰਗੀ ਹੈ। ਸਾਡੇ ਵਿੱਚ ਤੇ ਗੁਰੂ ਵਿੱਚ ਗਿਆਨ ਦਾ ਹੀ ਫਰਕ ਹੈ। ਗੁਰੂ ਪ੍ਰਮਾਤਮਾ ਦੇ ਨਾਲ ਮਨ ਦੇ ਗਿਆਨ ਕਰਕੇ ਹੀ ਜੁੜਿਆ ਹੋਇਆ ਹੈ ਤੇ ਉਹੋ ਜਿਹਾ ਗਿਆਨ ਕੇਵਲ ਮਨੁੱਖੀ ਸਰੀਰ ਦੁਆਰਾ ਹੀ ਸੰਭਵ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਸਾਡੀ ਮਨੁੱਖੀ ਜੀਵਨ ਦਾ ਲਾਭ ਸਾਨੂੰ ਤਾਂ ਹੀ ਮਿਲ ਸਕਦਾ ਹੈ ਜੇਕਰ ਅਸੀਂ ਸ਼ਬਦ ਦੀ ਵਿਚਾਰ ਨਾਲ ਜੁੜਦੇ ਹਾਂ ਜਿਸ ਵਿਚਾਰ ਦੇ ਨਾਲ ਗੁਰੂ ਪ੍ਰਮਾਤਮਾ ਦੇ ਨਾਲ ਜੁੜਿਆ ਹੋਇਆ ਹੈ। ਜੇਕਰ ਅਸੀਂ ਸ਼ਬਦ ਦੀ ਵਿਚਾਰ ਦੇ ਨਾਲ ਨਹੀਂ ਜੁੜਦੇ ਫਿਰ ਸਾਡੀ ਮਾਣਸ ਸਮਝ ਜਾਂ ਪਸ਼ੂ ਸਮਝ ਵਿੱਚ ਫਰਕ ਨਹੀਂ ਰਹਿ ਜਾਂਦਾ ਭਾਵ ਅਸੀਂ ਆਪਣਾ ਜੀਵਨ ਉਸੇ ਤਰ੍ਹਾਂ ਵਿਅਰਥ ਕਰਦੇ ਹਾਂ ਭਾਵ ਪ੍ਰਮਾਤਮਾ ਨੂੰ ਮਿਲਣ ਤੋਂ ਵਾਂਝੇ ਰਹਿੰਦੇ ਹਾਂ ਜਿਵੇਂ ਕਿ ਪਸ਼ੂ ਵਾਂਝੇ ਰਹਿੰਦੇ ਹਨ। ਆਓ ਇਸ ਗੱਲ ਨੂੰ ਸ਼ਬਦ

ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ ਕਿ ਸਭ ਕੁੱਝ ਸਾਡੇ ਗਿਆਨ ਧਿਆਨ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਇਸ ਮਨੁੱਖੀ ਜੀਵਨ ਦਾ ਲਾਭ ਮਿਲਦਾ ਹੈ।

“ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ॥
ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ॥
ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ॥
ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ॥
ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ॥੪੭॥”

(ਅੰਗ ੧੪੧੮)

ਪ੍ਰਮਾਤਮਾ ਦੀ ਸੇਵਾ ਹੈ ਹੀ ਸ਼ਬਦ ਦੀ ਵਿਚਾਰ ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਇਸ ਗੱਲ ਨੂੰ ਜਾਣਿਆ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

ਉੱਪਰ ਧਿਆਨ ਨਾਲ ਸਮਝੋ ਕਿ ਸ਼ਬਦ ਦੀ ਵਿਚਾਰ ਦਾ ਮਕਸਦ ਕੀ ਹੈ। ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਹਉਮੈ ਵਿੱਚੋਂ ਕੱਢਣ ਦਾ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ। ਨਾਮ ਦਾ ਮਕਸਦ ਸਾਨੂੰ ਹਉਮੈ ਵਿੱਚੋਂ ਕੱਢਣ ਦਾ ਹੀ ਹੈ। ਨਾਮ ਗੁਰੂ ਦੇ ਮਨ ਦੀ ਅਵੱਸਥਾ ਹੈ ਤੇ ਹਉਮੈ ਸਾਡੇ ਮਨ ਦੀ ਅਵੱਸਥਾ ਹੈ। ਸਾਡੀ ਗੁਰੂ ਪ੍ਰਮਾਤਮਾ ਨਾਲੋਂ ਦੂਰੀ ਮਨ ਦੀ ਅਵੱਸਥਾ ਕਰਕੇ ਹੀ ਹੈ। ਨਾਮ ਦਾ ਮਕਸਦ, ਸ਼ਬਦ ਦੀ ਵਿਚਾਰ ਦਾ

ਮਕਸਦ ਸਾਡੇ ਮਨ ਦੀ ਸੋਝੀ ਨੂੰ ਸੁਧਾਰਨ ਦਾ ਹੀ ਹੈ ਤਾਂ ਜੋ ਅਸੀਂ ਮਾੜੀ ਸੋਝੀ ਦੇ ਵਿੱਚੋਂ ਨਿਕਲ ਕੇ ਚੰਗੀ ਸੋਝੀ ਦੇ ਨਾਲ ਜੁੜੀਏ ਜਿਸ ਦੁਆਰਾ ਇਸ ਮਨੁੱਖੀ ਸਰੀਰ ਦਾ ਮਕਸਦ ਪੂਰਾ ਹੋ ਸਕਦਾ ਹੈ। ਅਸੀਂ “ਗਿਆਨੁ ਧਿਆਨੁ” ਵਾਲੀ ਅਵੱਸਥਾ ਦੀ ਪ੍ਰਾਪਤੀ ਕਰਨੀ ਹੈ ਜੋ ਕਿ ਸ਼ਬਦ ਦੇ ਵਿਚਾਰ ਵਾਲੀ ਅਵੱਸਥਾ ਹੈ। ਇਹ ਅਵੱਸਥਾ ਗੁਰੂ ਦੇ ਮਨ ਦੀ ਹੈ ਜਿਸ ਦੁਆਰਾ ਉਸਨੇ ਸਾਨੂੰ ਗੁਰਬਾਣੀ ਰਾਹੀਂ ਸ਼ਬਦ ਦੀ ਵਿਚਾਰ ਦਿੱਤੀ ਹੈ। “ਗਿਆਨੁ ਧਿਆਨੁ” ਚੌਥੇ ਪਦ ਦੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਗੁਰਬਾਣੀ ਪ੍ਰਗਟ ਹੋਈ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਬਰੀਕੀ ਨਾਲ ਸਮਝਿਆ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ॥੧॥}

(ਅੰਗ ੧੨੪੩)

ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਖ਼ਸ਼ਦਾ ਹੈ ਜਿਵੇਂ ਕਿ ਉਸਨੇ ਗੁਰੂ ਰੂਪ ਵਿੱਚ ਬਖ਼ਸ਼ਿਆ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਸਾਨੂੰ ਆਪਣੇ ਹੁਕਮ ਵਿੱਚ ਸਾਜਦਾ ਹੈ ਤੇ ਹੁਕਮ ਵਿੱਚ ਚਲਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਹਉਮੈ ਤੋਂ ਰਹਿਤ ਹੁੰਦਾ ਹੈ ਭਾਵ ਮੈਂ ਤੋਂ ਰਹਿਤ ਹੁੰਦਾ ਹੈ ਤੇ ਸਮਝ ਪੈਂਦੀ ਹੈ ਕਿ ਸਭ ਕੁੱਝ ਤੂੰ ਹੀ ਤੂੰ ਹੈ।

ਸ਼ਬਦ ਦੀ ਵਿਚਾਰ ਦੇ ਨਾਲ ਜੁੜੇ ਬਿਨ੍ਹਾਂ ਅਸੀਂ "ਗਿਆਨੁ ਧਿਆਨੁ" ਦੀ ਅਵੱਸਥਾ ਵਿੱਚ ਨਹੀਂ ਪਹੁੰਚ ਸਕਦੇ ਜਿਸ ਅਵੱਸਥਾ ਦੁਆਰਾ ਅਸੀਂ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਕਰਦੇ ਹਾਂ। ਸ਼ਬਦ ਦੀ ਵਿਚਾਰ ਦੇ ਨਾਲ ਜੁੜਨਾ ਹੀ ਭਾਵ ਸ਼ਬਦ ਦੀ ਵਿਚਾਰ ਦੇ ਨਾਲ ਸਾਡਾ ਪਿਆਰ ਹੀ ਪ੍ਰਮਾਤਮਾ ਦੇ ਨਾਲ ਪਿਆਰ ਹੈ। **(ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥ ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ॥ ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ॥)**

ਸ਼ਬਦ ਦਾ ਵਿਚਾਰੀ ਬਣੇ ਬਿਨ੍ਹਾਂ ਹਰ ਕੋਈ ਮਨਮੁਖਿ ਹੀ ਹੈ ਭਾਵ ਮਨਮਤਿ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ। ਸ਼ਬਦ ਦਾ ਵਿਚਾਰ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਲਈ ਹੈ, ਵਿਕਾਰਾਂ ਵਿੱਚੋਂ ਕੱਢਣ ਲਈ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿੱਚੋਂ ਕੱਢਣ ਲਈ ਹੈ। ਜਿਸਦੇ ਅੰਦਰ ਮਾਇਆ ਮੋਹ ਹੈ, ਜਿਸਦੇ ਅੰਦਰ ਵਿਕਾਰ ਹਨ ਉਹ ਸ਼ਬਦ ਦਾ ਵਿਚਾਰੀ ਨਹੀਂ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ॥)**

ਸਾਡੇ ਵਾਰ-ਵਾਰ ਜੰਮਣ ਮਰਨ ਦਾ ਕਾਰਨ, ਆਵਾਗਉਣ

23/2466

ਦਾ ਕਾਰਨ ਸਾਡੇ ਮਨ ਦੀ ਮਾੜੀ ਬਿਰਤੀ ਹੀ ਹੈ, ਸਾਡੇ ਮਾੜੇ ਕਰਮ ਹੀ ਹਨ। ਸਾਡਾ ਜੋ ਵੀ ਕਰਮ ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹੈ ਉਹ ਸਾਡਾ ਮਾੜਾ ਕਰਮ ਹੈ। ਸਾਡੀ ਭਗਤੀ ਦੇ ਝੂਠੇ ਦਿਖਾਵੇ, ਸਰੀਰਕ ਜਪ ਤਪ ਆਦਿ ਸ਼ਬਦ ਦੀ ਵਿਚਾਰ ਦੇ ਉਲਟ ਹਨ ਜਿੰਨ੍ਹਾਂ ਕਰਕੇ ਅਸੀਂ ਝੂਠਾ ਮਾਣ ਲੈਂਦੇ ਹਾਂ ਤੇ ਇਸੇ ਲਈ ਇਹ ਸਾਡੇ ਵਿਕਾਰ ਹੀ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ।

ਮਹਲਾ ੧॥

{ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥

ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥1॥}

(ਅੰਗ ੫੩)

ਸਾਡੇ ਵਿਅਰਥ ਦੇ ਭਗਤੀ ਦੇ ਤਰੀਕਿਆਂ ਨੂੰ ਵਾਰ-ਵਾਰ ਖੰਡਿਆ ਹੈ ਉਨ੍ਹਾਂ ਨੂੰ ਛੱਡਣ ਲਈ ਪ੍ਰੇਰਿਆ ਹੈ। ਉਨ੍ਹਾਂ ਨੂੰ ਛੱਡੇ ਬਿਨ੍ਹਾਂ ਅਸੀਂ ਸ਼ਬਦ ਦੇ ਵਿਚਾਰੀ ਨਹੀਂ ਬਣ ਸਕਦੇ।

ਸੋਰਠਿ ਮਹਲਾ ੧॥

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥੧॥}

(ਅੰਗ ੫੯੮)

ਸਿਰੀਰਾਗੁ ਮਹਲਾ ੫ ਘਰੁ ੫॥

{ਜਾਨਉ ਨਹੀ ਭਾਵੈ ਕਵਨ ਬਾਤਾ॥ ਮਨ ਖੋਜਿ ਮਾਰਗੁ॥੧॥ਰਹਾਉ॥

ਧਿਆਨੀ ਧਿਆਨੁ ਲਾਵਹਿ॥ ਗਿਆਨੀ ਗਿਆਨੁ ਕਮਾਵਹਿ॥

ਪ੍ਰਭੁ ਕਿਨ ਹੀ ਜਾਤਾ॥੧॥ ਭਗਉਤੀ ਰਹਤ ਜੁਗਤਾ॥

ਜੋਗੀ ਕਹਤ ਮੁਕਤਾ॥ ਤਪਸੀ ਤਪਹਿ ਰਾਤਾ॥੨॥

ਮੋਨੀ ਮੋਨਿਧਾਰੀ॥ ਸਨਿਆਸੀ ਬ੍ਰਹਮਚਾਰੀ॥

ਉਦਾਸੀ ਉਦਾਸਿ ਰਾਤਾ॥੩॥ ਭਗਤਿ ਨਵੈ ਪਰਕਾਰਾ॥
ਪੰਡਿਤੁ ਵੇਦੁ ਪੁਕਾਰਾ॥ ਗਿਰਸਤੀ ਗਿਰਸਤਿ ਧਰਮਾਤਾ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ॥ ਕਾਪੜੀ ਕਉਤੇ ਜਾਗੂਤਾ॥
ਇਕਿ ਤੀਰਥਿ ਨਾਤਾ॥੫॥ ਨਿਰਹਾਰ ਵਰਤੀ ਆਪਰਸਾ॥
ਇਕਿ ਲੂਕਿ ਨ ਦੇਵਹਿ ਦਰਸਾ॥ ਇਕਿ ਮਨ ਹੀ ਗਿਆਤਾ॥੬॥
ਘਾਟਿ ਨ ਕਿਨ ਹੀ ਕਹਾਇਆ॥ ਸਭ ਕਹਤੇ ਹੈ ਪਾਇਆ॥
ਜਿਸੁ ਮੇਲੇ ਸੋ ਭਗਤਾ॥੭॥ ਸਗਲ ਉਕਤਿ ਉਪਾਵਾ॥
ਤਿਆਗੀ ਸਰਨਿ ਪਾਵਾ॥ ਨਾਨਕੁ ਗੁਰ ਚਰਣਿ ਪਰਾਤਾ॥੮॥੨॥੨੭॥}

(ਅੰਗ ੭੧)

ਭਗਤੀ ਕਰਨ ਦੇ ਅਸੀਂ ਅਨੇਕਾਂ ਹੀ ਉਪਾਵ ਕਰਦੇ ਹਾਂ ਪਰ ਸਾਡੇ ਸਾਰੇ ਇਹੋ ਜਿਹੇ ਉਪਾਵਾਂ ਨੂੰ, ਤਰੀਕਿਆਂ ਨੂੰ ਤਿਆਗਣ ਲਈ ਪ੍ਰੇਰਿਆ ਹੈ ਭਾਵ ਸ਼ਬਦ ਨੇ ਆਪਣੀ ਵਿਚਾਰ ਇਨ੍ਹਾਂ ਨੂੰ ਤਿਆਗਣ ਲਈ ਦਿੱਤੀ ਹੈ। ਇਨ੍ਹਾਂ ਨੂੰ ਤਿਆਗੇ ਬਿਨ੍ਹਾਂ ਅਸੀਂ ਸ਼ਬਦ ਦੇ ਵਿਚਾਰੀ ਨਹੀਂ ਬਣ ਸਕਦੇ। ਸ਼ਬਦ ਦੇ ਵਿਚਾਰ ਦੀ ਸ਼ਰਨ ਵਿੱਚ ਆਉਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ। ਸ਼ਬਦ ਦੀ ਵਿਚਾਰ ਨਾਲ ਜੁੜੇ ਬਿਨ੍ਹਾਂ ਅਸੀਂ ਉਸ ਸ਼ਬਦ ਦੇ ਦਾਤੇ ਨਾਲ ਨਹੀਂ ਮਿਲ ਸਕਦੇ, ਗਿਆਨ ਦੇ ਦਾਤੇ ਨਾਲ ਨਹੀਂ ਮਿਲ ਸਕਦੇ। ਉਹ ਸ਼ਬਦ ਦੀ ਵਿਚਾਰ ਨੂੰ ਅਪਣਾ ਕੇ ਹੀ ਮਿਲਦਾ ਹੈ, ਮਨ ਦੇ ਵਿੱਚ "ਗਿਆਨੁ ਧਿਆਨੁ" ਦੀ ਅਵੱਸਥਾ ਦੁਆਰਾ ਹੀ ਮਿਲਦਾ ਹੈ ਜਿਵੇਂ ਉਹ ਗੁਰੂ ਨੂੰ ਮਿਲਿਆ ਹੋਇਆ ਹੈ। ਉਸਨੂੰ ਕੇਵਲ ਮਨੁੱਖੀ ਸਰੀਰ ਵਿੱਚ ਰਹਿੰਦੇ ਹੋਏ ਹੀ ਮਿਲਿਆ ਜਾ ਸਕਦਾ ਹੈ ਤੇ ਅਸਲ ਜੀਵਨ ਸਾਡਾ ਉਹੀ ਹੈ ਜਦੋਂ ਸਾਨੂੰ ਪ੍ਰਮਾਤਮਾ ਆਪਣੇ ਅੰਦਰ ਹੀ ਮਨ ਦੇ ਗਿਆਨ ਦੁਆਰਾ ਮਿਲ ਪੈਂਦਾ ਹੈ ਤੇ ਮਨੁੱਖ ਆਪਣੀ ਜੀਵਨ ਵਿਚਰਨ ਵਿੱਚ ਹੀ ਉਸਦੇ ਸੱਚੇ ਦਰਬਾਰ ਵਿੱਚ ਪਹੁੰਚ ਜਾਂਦਾ ਹੈ, "ਗਿਆਨੁ ਧਿਆਨੁ" ਦੇ ਦਰਬਾਰ ਵਿੱਚ ਪਹੁੰਚ ਜਾਂਦਾ ਹੈ ਜਿੱਥੋਂ ਸ਼ਬਦ ਦੀ ਵਿਚਾਰ ਉਪਜਦੀ ਹੈ, ਗੁਰਮਤਿ ਉਪਜਦੀ ਹੈ, ਨਾਮ ਦੀ ਸੋਝੀ ਉਪਜਦੀ ਹੈ। ਸਾਡਾ ਸਾਰਾ ਉੱਦਮ ਸ਼ਬਦ ਦੀ ਸੋਝੀ ਦੇ ਨਾਲ ਜੁੜਨ ਦਾ ਹੋਣਾ

ਚਾਹੀਦਾ ਹੈ ਤਾਂ ਜੋ ਸਾਡੇ ਤੇ ਉਸਦੀ ਕ੍ਰਿਪਾ ਹੋ ਸਕੇ ਤੇ ਉਸ ਪ੍ਰਮਾਤਮਾ ਦੇ ਦਰਸ਼ਨ ਅਸੀਂ ਆਪਣੇ ਮਨ ਦੇ ਵਿੱਚੋਂ ਹੀ ਕਰ ਸਕੀਏ, ਉਸਦੇ ਗਿਆਨ ਰੂਪ ਨੂੰ ਮਨ ਦੇ ਵਿੱਚੋਂ ਜਾਣ ਸਕੀਏ। **(ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ॥ ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ॥੪੭॥)**

ਜਿਵੇਂ ਕਿ ਅਸੀਂ ਉੱਪਰ ਸਮਝਦੇ ਆਏ ਹਾਂ। ਸਾਡੇ ਜਨਮ ਮਰਨ ਦਾ ਕਾਰਨ, ਆਵਾਗਉਣ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਵਿਕਾਰ ਹਨ ਜਿਸਦੀ ਵਜ੍ਹਾ ਸਾਡੇ ਅੰਦਰ ਸੱਚ ਦੀ ਸੋਝੀ ਦਾ ਨਾ ਹੋਣਾ ਹੈ, ਨਾਮ ਦੀ ਸੋਝੀ ਦਾ ਨਾ ਹੋਣਾ ਹੈ। ਨਾਮ ਦੀ ਸੋਝੀ ਜਾਂ ਸ਼ਬਦ ਦੀ ਵਿਚਾਰ ਤੋਂ ਭਾਵ ਇੱਕ ਹੀ ਹੈ ਜਿਸਦਾ ਮਕਸਦ ਸਾਨੂੰ ਸੱਚ ਦੀ ਸੋਝੀ ਪਾਉਣ ਨਾਲ ਹੀ ਹੈ ਤਾਂ ਜੋ ਅਸੀਂ ਇਹ ਸੋਝੀ ਲੈ ਕੇ ਵਿਕਾਰਾਂ ਵਿੱਚੋਂ ਨਿਕਲ ਸਕੀਏ ਤੇ ਪ੍ਰਮਾਤਮਾ ਨੂੰ ਪਾ ਸਕੀਏ, ਇਸ ਆਵਾਗਉਣ ਤੋਂ ਨਿਕਲ ਸਕੀਏ। ਸ਼ਬਦ ਦੇ ਵਿਚਾਰੀ ਬਣੇ ਬਿਨ੍ਹਾਂ, ਨਾਮ ਦੇ ਵਿਚਾਰੀ ਬਣੇ ਬਿਨ੍ਹਾਂ ਹਰ ਕੋਈ ਮਨਮੁਖਿ ਹੀ ਹੈ ਭਾਵ ਮਨਮਤਿ ਵਿੱਚ ਹੀ ਹੈ ਤੇ ਸ਼ਬਦ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਮਨਮਤਿ ਵਿੱਚੋਂ ਕੱਢ ਕੇ ਗੁਰਮਤਿ ਵਾਲੀ ਸੋਝੀ ਦੇ ਨਾਲ ਜੋੜਨ ਦਾ ਹੀ ਹੈ ਤਾਂ ਜੋ ਅਸੀਂ ਵਿਕਾਰਾਂ ਵਾਲੀ ਬਿਰਤੀ ਵਿੱਚੋਂ ਨਿਕਲ ਸਕੀਏ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ॥
ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ॥
ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ॥

ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ॥੪੯॥"

(ਅੰਗ ੧੪੧੯)

ਉੱਪਰ ਵਾਲੀਆਂ ਇਨ੍ਹਾਂ ਪੰਗਤੀਆਂ ਨੂੰ ਸਮਝਣ ਨਾਲ ਸਾਨੂੰ ਆਪਣੇ ਜੀਵਨ ਦਾ ਮਨੋਰਥ ਸਮਝ ਲੱਗ ਸਕਦਾ ਹੈ ਜੋ ਕਿ ਆਸਾਨੀ ਨਾਲ ਸਮਝ ਆ ਰਿਹਾ ਹੈ ਤੇ ਹਰ ਕੋਈ ਸਮਝ ਸਕਦਾ ਹੈ, ਸ਼ਬਦ ਨੂੰ ਰਟੀ ਜਾਣ ਵਾਲੇ ਵੀ ਸਮਝ ਸਕਦੇ ਹਨ ਕਿ ਸ਼ਬਦ ਦੀ ਵਿਚਾਰ ਦਾ ਮਕਸਦ ਕੀ ਹੈ। ਸ਼ਬਦ ਸਾਡੇ ਵਿਚਾਰਨ ਲਈ ਹੀ ਹੈ। ਸ਼ਬਦ ਦੀ ਵਿਚਾਰ ਹੀ ਸ਼ਬਦ ਦੀ ਕੀਮਤ ਹੈ ਜਿਸ ਕਰਕੇ ਸ਼ਬਦ ਉੱਚਾ ਹੈ।

ਪ੍ਰਮਾਤਮਾ ਨੂੰ ਲੱਭਣ ਵਾਲਿਆਂ ਦੀ ਕਮੀ ਨਹੀਂ ਹੈ ਜੋ ਕਿ ਅਨੇਕਾਂ ਹੀ ਅਨੇਕਾਂ ਤਰੀਕਿਆਂ ਨਾਲ ਉਸਦੀ ਭਗਤੀ ਵਿੱਚ ਲੱਗੇ ਹੋਏ ਹਨ। ਜਦ ਤੱਕ ਉਨ੍ਹਾਂ ਨੂੰ ਭਗਤੀ ਦੇ ਤਰੀਕੇ ਦੀ ਸਮਝ ਨਹੀਂ ਹੈ ਉਹ ਵਿਅਰਥ ਵਿੱਚ ਹੀ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਆਪਣੇ ਅੰਦਰ ਦੀ ਤ੍ਰਿਸ਼ਨਾ ਨੂੰ ਤਿਆਗਣ ਦਾ ਹੈ, ਲੋਭ, ਵਿਕਾਰ, ਤਿਆਗਣ ਦਾ ਹੈ, ਮਾਇਆ ਮੋਹ ਤਿਆਗਣ ਦਾ ਹੈ ਪਰ ਇਹ ਕੁੱਝ ਕਰਨ ਦੀ ਬਜਾਇ ਭਾਵ ਆਪਣੇ ਹਿਰਦੇ ਨੂੰ ਸ਼ੁੱਧ ਕਰਨ ਦੀ ਬਜਾਇ, ਆਪਣੀ ਸੰਸਾਰਿਕ ਵਿਚਰਨ ਨੂੰ ਚੰਗੀ ਕਰਨ ਦੀ ਬਜਾਇ ਸਰੀਰਕ ਕਿਰਿਆਵਾਂ ਆਦਿ ਵਿੱਚ ਲੱਗੇ ਰਹਿੰਦੇ ਹਨ, ਤੀਰਥਾਂ ਤੇ ਭਟਕਦੇ ਰਹਿੰਦੇ ਹਨ, ਕਿਸੇ ਅੱਖਰ ਦੇ ਜਪ ਵਿੱਚ ਲੱਗੇ ਰਹਿੰਦੇ ਹਨ ਜਿਸਦੇ ਨਾਲ ਭਗਤੀ ਦਾ ਮਕਸਦ ਪੂਰਾ ਨਹੀਂ ਹੁੰਦਾ। ਜਦ ਤੱਕ ਸਾਡੇ ਅੰਦਰ ਲੋਭ

ਮੋਹ ਹੈ, ਮਾਇਆ ਮੋਹ ਹੈ, ਮਨਮਤਿ ਹੈ ਤਦ ਤੱਕ ਹਰ ਕੋਈ ਮਨਮੁਖਿ ਹੈ ਤੇ ਮਰਨ ਜੰਮਣ ਦੇ ਗੇੜ ਵਿੱਚ ਹੀ ਹੈ ਭਾਵ ਸਾਡੇ ਆਵਾਗਉਣ ਦਾ ਕਾਰਨ ਸਾਡੇ ਮਨ ਦੀ ਮਾੜੀ ਬਿਰਤੀ ਹੈ ਜਿਸਦੇ ਰਹਿੰਦਿਆਂ ਅਸੀਂ ਜਿਤਨੇ ਮਰਜ਼ੀ ਭਗਤੀ ਦੇ ਤਰੀਕੇ ਦਿਖਾ ਲਈਏ ਉਹ ਸਭ ਵਿਅਰਥ ਹਨ। **(ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ॥ ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ॥)** "ਦਹ ਦਿਸਿ" ਤੋਂ ਭਾਵ ਹੈ ਸਭ ਪਾਸੇ। ਜੇਕਰ ਧਿਆਨ ਨਾਲ ਦੇਖੀਏ ਤਾਂ ਸਭ ਪਾਸੇ ਇਹੋ ਜਿਹੀ ਭਗਤੀ ਹੀ ਹੋ ਰਹੀ ਹੈ ਜਿਸ ਵਿੱਚ ਕੋਈ ਅਸਲ ਭਗਤੀ ਨਹੀਂ ਹੈ ਪਰ ਭਗਤੀ ਦਾ ਦਿਖਾਵਾ ਬਹੁਤ ਜਿਆਦਾ ਹੈ। ਭਗਤੀ ਦਾ ਤਰੀਕਾ ਕੀ ਹੈ, "ਸੁਖੁ" ਦੀ ਪ੍ਰਾਪਤੀ ਦਾ ਤਰੀਕਾ ਕੀ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ, ਆਵਾਗਉਣ ਤੋਂ ਮੁਕਤ ਹੋਣ ਦਾ ਤਰੀਕਾ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ॥

ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ॥੪੯॥"

ਬੜੇ ਧਿਆਨ ਨਾਲ ਸਮਝੋ ਕਿ "ਸੁਖੁ" ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਸੁਖੁ ਦੀ ਪ੍ਰਾਪਤੀ ਗੁਰੂ ਦੀ ਸੇਵਾ ਦੁਆਰਾ ਹੁੰਦੀ ਹੈ, ਗੁਰੂ ਦੀ ਭਗਤੀ ਦੁਆਰਾ ਹੀ ਹੁੰਦੀ ਹੈ, ਗੁਰੂ ਦਾ ਨਾਮ ਜਪਣ ਦੁਆਰਾ ਹੀ ਹੁੰਦੀ ਹੈ, ਗੁਰੂ ਦੇ ਸ਼ਬਦ ਦਾ ਵਿਚਾਰੀ ਬਣਨ ਦੁਆਰਾ ਹੀ ਹੁੰਦੀ ਹੈ। ਗੁਰੂ ਦੇ ਸ਼ਬਦ ਦਾ ਵਿਚਾਰੀ ਬਣਨਾ ਹੀ ਗੁਰੂ ਦੀ ਸੇਵਾ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

ਜੋ ਪ੍ਰਮਾਤਮਾ ਦੀ ਸੇਵਾ ਕਰਨਾ ਹੈ ਉਹੀ ਉਸਦਾ ਨਾਮ ਜਪਣਾ ਹੈ ਭਾਵ ਸ਼ਬਦ ਦੀ ਵਿਚਾਰ ਹੀ ਨਾਮ ਜਪਣਾ ਹੈ ਤੇ ਸ਼ਬਦ ਦੀ ਵਿਚਾਰ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਵਿੱਚ ਲੱਗਣਾ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

ਸ਼ਬਦ ਦੇ ਵਿਚਾਰ ਦਾ ਮਕਸਦ ਕੀ ਹੈ ਇਹੀ ਸਾਨੂੰ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਕਿ ਗੁਰੂ ਦੀ ਸੇਵਾ ਅਸੀਂ ਕਿਵੇਂ ਕਰਨੀ ਹੈ, ਉਸਦਾ ਨਾਮ ਅਸੀਂ ਕਿਵੇਂ ਜਪਣਾ ਹੈ। ਗੁਰਬਾਣੀ ਵਿੱਚ ਸਾਨੂੰ ਸਭ ਕੁੱਝ ਸਮਝਾਇਆ

ਹੋਇਆ ਹੈ ਪਰ ਉਸ ਵਿੱਚ ਖੁਬ ਕੇ ਉਸਨੂੰ ਖੋਜਣ ਦੀ ਲੋੜ ਹੈ। ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ, ਤ੍ਰਿਸ਼ਨਾ ਹੈ, ਵਿਕਾਰ ਹਨ ਤਦ ਤੱਕ ਅਸੀਂ ਸ਼ਬਦ ਦੇ ਵਿਚਾਰੀ ਨਹੀਂ ਹਾਂ। ਸ਼ਬਦ ਦਾ ਵਿਚਾਰੀ ਉਹੀ ਬਣਦਾ ਹੈ ਜੋ ਇਹੋ ਜਿਹੀ ਬਿਰਤੀ ਨੂੰ ਛੱਡਦਾ ਹੈ ਭਾਵ ਮਨਮਤਿ ਨੂੰ ਛੱਡਦਾ ਹੈ, ਹਉਮੈ ਨੂੰ ਛੱਡਦਾ ਹੈ ਤੇ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਦਾ ਹੈ। ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਗੁਰੂ ਦੀ ਸੇਵਾ ਹੁੰਦੀ ਹੈ, ਉਸਦਾ ਨਾਮ ਜਪਿਆ ਜਾਂਦਾ ਹੈ ਤੇ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ, ਜਨਮ ਮਰਨ ਤੋਂ ਮੁਕਤੀ ਹੁੰਦੀ ਹੈ। **(ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ॥ ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ॥੪੯॥)**

23/2469

ਜੋ ਮਨੁੱਖ ਸ਼ਬਦ ਦਾ ਵਿਚਾਰੀ ਹੈ ਉਹ ਕਦੇ ਮਾੜੇ ਕਰਮ ਨਹੀਂ ਕਰ ਸਕਦਾ ਭਾਵ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਤੇ ਸਾਡੇ ਇਹ ਸੱਚੇ ਸੁੱਚੇ ਕਰਮ ਹੀ, ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੀ ਪ੍ਰਮਾਤਮਾ ਦੀ ਸੇਵਾ ਹੈ, ਉਸਦਾ ਨਾਮ ਜਪਣਾ ਹੈ ਜਿਸ ਦੁਆਰਾ ਅਸੀਂ ਮਨੁੱਖਤਾ ਦਾ ਕਦੇ ਮਾੜਾ ਨਹੀਂ ਕਰ ਸਕਦੇ। ਇਹੋ ਜਿਹੀ ਬਿਰਤੀ ਨਾਲ ਸਾਨੂੰ ਖੁਦ ਨੂੰ ਔਖਿਆ ਹੋਣਾ ਪੈਂਦਾ ਹੈ ਪਰ ਅਸੀਂ ਦੂਸਰਿਆਂ ਦਾ ਨੁਕਸਾਨ ਨਹੀਂ ਕਰਦੇ, ਦੂਸਰਿਆਂ ਨੂੰ ਦੁੱਖ ਨਹੀਂ ਪਹੁੰਚਾਉਂਦੇ। ਇਸੇ ਲਈ ਪ੍ਰਮਾਤਮਾ ਦਾ ਨਾਮ ਜਪਣਾ ਔਖਾ ਹੈ, ਸ਼ਬਦ ਨੂੰ ਆਪਣੇ ਅੰਦਰ ਵਸਾਉਣਾ ਔਖਾ ਹੈ, ਸ਼ਬਦ ਦਾ ਵਿਚਾਰੀ ਬਣਨਾ ਔਖਾ ਹੈ, ਸ਼ਬਦ ਨੂੰ ਆਪਣੇ ਅੰਦਰ ਵਸਾਉਣਾ ਔਖਾ ਹੈ, ਨਾਮ ਨੂੰ ਆਪਣੇ ਅੰਦਰ ਵਸਾਉਣਾ ਔਖਾ ਹੈ ਜਿਸ ਲਈ ਮਾਇਆ ਮੋਹ ਛੱਡਣਾ ਹੀ ਪੈਂਦਾ ਹੈ, ਹਰ ਔਗੁਣ ਛੱਡਣਾ ਹੀ ਪੈਂਦਾ ਹੈ, ਸ਼ਬਦ ਦੀ ਹਰ ਗੱਲ ਨੂੰ ਮੰਨਣਾ ਹੀ ਪੈਂਦਾ ਹੈ। ਬਹੁਤ ਔਖੀ ਹੈ ਸੱਚੇ "ਸੁਖੁ" ਦੀ ਪ੍ਰਾਪਤੀ, ਬਹੁਤ ਔਖਾ ਹੈ ਇਸ ਜਨਮ ਮਰਨ ਦੇ ਦੁੱਖ ਵਿੱਚੋਂ ਨਿਕਲਣਾ, ਬਹੁਤ ਔਖੀ ਹੈ ਪ੍ਰਮਾਤਮਾ ਦੀ ਭਗਤੀ, ਬਹੁਤ ਔਖਾ ਹੈ ਇਸ ਮਨ ਨੂੰ ਮਾਰਨਾ, ਬਹੁਤ ਔਖੀ ਹੈ ਮਨਮਤਿ ਛੱਡਣੀ, ਬਹੁਤ ਔਖੀ ਹੈ ਹਉਮੈ ਛੱਡਣੀ, ਬਹੁਤ ਔਖਾ ਹੈ ਆਪਣਾ ਮਾਣ ਛੱਡਣਾ, ਬਹੁਤ ਔਖਾ ਹੈ ਮਾਇਆ ਮੋਹ ਦੇ ਸੁੱਖਾਂ ਵਿੱਚੋਂ ਨਿਕਲਣਾ। ਇਹ ਕੇਵਲ ਤੇ ਕੇਵਲ ਉਸਦੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਆਪਣਾ ਸੱਚਾ ਮਾਰਗ ਸਮਝਾ ਕੇ ਉਸ ਤੇ ਚਲਾ ਲਵੇ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪ ਹੀ ਆਪਣਾ ਸੱਚਾ ਮਾਰਗ ਸਮਝਾ ਕੇ ਉਸ ਤੇ ਚਲਾਇਆ ਹੈ, ਆਪ ਹੀ ਆਪਣੇ ਸ਼ਬਦ ਦੀ ਵਿਚਾਰ ਦੇ ਕੇ ਸ਼ਬਦ ਦਾ ਵਿਚਾਰੀ ਬਣਾਇਆ ਹੈ।

ਸਾਡੇ ਲਈ ਇਹ ਬਹੁਤ ਜਰੂਰੀ ਹੈ ਕਿ ਅਸੀਂ ਇਸ ਗੱਲ ਨੂੰ ਸਮਝੀਏ ਤੇ ਮਨ ਵਿੱਚ ਦ੍ਰਿੜ ਕਰੀਏ ਕਿ ਸ਼ਬਦ ਦੀ ਵਿਚਾਰ ਹੀ ਨਾਮ ਹੈ ਜਿਵੇਂ ਕਿ ਅਸੀਂ ਉੱਪਰ ਇਸ ਗੱਲ ਨੂੰ ਸਮਝਿਆ ਹੈ ਤੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **(ਸਾਚੁ ਨਾਮੁ ਗੁਰ ਸਬਦਿ ਵੀਚਾਰਿ॥)**

ਸਾਡਾ ਅਸਲ ਤੀਰਥ ਗੁਰੂ ਹੈ, ਗੁਰਬਾਣੀ ਹੈ ਜਿਸਦਾ ਇਸ਼ਨਾਨ ਅਸੀਂ ਹਰ ਵੇਲੇ ਕਰਨਾ ਹੈ। ਗੁਰਬਾਣੀ ਆਪਣੇ ਸ਼ਬਦ ਦੀ ਵਿਚਾਰ ਦੁਆਰਾ ਹੀ ਸਾਡਾ ਤੀਰਥ ਹੈ, ਸਾਰੇ ਜੱਗ ਦਾ ਤੀਰਥ ਹੈ। ਗੁਰਬਾਣੀ ਗੁਰੂ ਉਹ ਤੀਰਥ ਹੈ ਜੋ ਸਾਰੇ ਜੱਗ ਨੂੰ ਇੱਕੋ ਜਿਹਾ ਇਸ਼ਨਾਨ ਹੀ ਕਰਵਾਉਂਦਾ ਹੈ, ਜੋ ਸਾਰੇ ਜੱਗ ਨੂੰ ਇੱਕੋ ਜਿਹੀ ਵਿਚਾਰ ਹੀ ਦਿੰਦਾ ਹੈ। ਪੂਰੀ ਗੁਰਬਾਣੀ ਨਾਮ ਦਾ ਤੀਰਥ ਹੈ ਜੋ ਸਾਰੇ ਜੱਗ ਨੂੰ ਇੱਕੋ ਜਿਹਾ ਨਾਮ ਹੀ ਸਮਝਾਉਂਦਾ ਹੈ ਭਾਵ ਇੱਕੋ ਜਿਹੀ ਸ਼ਬਦ ਦੀ ਵਿਚਾਰ ਹੀ ਦਿੰਦਾ ਹੈ ਕਿਉਂਕਿ ਇਹ ਵਿਚਾਰ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਹੈ ਜੋ ਸਾਰੇ ਜੱਗ ਲਈ ਇੱਕੋ ਜਿਹਾ ਹੈ, ਜਿਸ ਲਈ ਮਨੁੱਖ ਮਨੁੱਖ ਵਿੱਚ ਭੇਦ ਨਹੀਂ ਹੈ। ਸ਼ਬਦ ਦੀ ਵਿਚਾਰ, ਨਾਮ ਦੀ ਵਿਚਾਰ ਸਾਨੂੰ ਕੇਵਲ ਸੱਚ ਦੇ ਨਾਲ ਜੁੜਨਾ ਹੀ ਸਮਝਾਉਂਦੀ ਹੈ। ਸਚੁ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸਚੁ ਮਨੁੱਖ ਦੇ ਵਿੱਚ ਭੇਦ ਨਹੀਂ ਕਰਦਾ। ਜਿਸ ਮਨੁੱਖ ਦੇ ਅੰਦਰ ਸਚੁ ਨਹੀਂ ਉਸਦੇ ਅੰਦਰ ਨਾਮ ਨਹੀਂ, ਜਿਸ ਮਨੁੱਖ ਦੇ ਅੰਦਰ ਸ਼ਬਦ ਦੀ ਵਿਚਾਰ ਨਹੀਂ ਉਸਦੇ ਅੰਦਰ ਨਾਮ ਨਹੀਂ। ਸਚੁ ਬਿਨ੍ਹਾਂ ਹਰ ਕੋਈ ਮੈਲਾ ਹੈ ਭਾਵ ਰੋਗੀ ਹੈ। ਰੋਗ ਸਾਡੇ ਅੰਦਰ ਦੀ ਮੈਲ ਹੈ, ਸਾਡੇ ਅੰਦਰ ਦੇ ਵਿਕਾਰ ਹਨ। ਸਾਰਾ ਸੰਸਾਰ ਇਨ੍ਹਾਂ ਵਿਕਾਰਾਂ ਦਾ ਹੀ ਰੋਗੀ ਹੈ ਜਿਸਦਾ ਕਾਰਨ ਸਾਡੀ ਅਗਿਆਨਤਾ ਹੈ, ਮਾਇਆ ਮੋਹ ਹੈ। ਸਾਰੇ ਸੰਸਾਰ ਦਾ ਦਾਰੂ

23/2470

ਇੱਕੋ ਇੱਕ ਨਾਮ ਹੈ ਭਾਵ ਸਚੁ ਹੈ ਜੋ ਸਾਨੂੰ ਵਿਕਾਰਾਂ ਦੇ ਰੋਗ ਤੋਂ ਮੁਕਤੀ ਦਿਵਾ ਸਕਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਤ੍ਰਿਸ਼ਨਾ, ਮਾਣ, ਅਭਿਮਾਨ, ਤੋਂ ਮੁਕਤ ਕਰਾ ਸਕਦਾ ਹੈ। ਇਹ ਰੋਗ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਤੇ ਇਸਦਾ ਦਾਰੂ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਜੋ ਕਿ ਗੁਰੂ ਦਾ ਨਾਮ ਹੈ, ਗੁਰੂ ਦੇ ਸ਼ਬਦ ਦੀ ਵਿਚਾਰ ਹੈ ਜੋ ਸਾਨੂੰ ਵਾਰ-ਵਾਰ ਔਗੁਣ

ਤਿਆਗ ਕੇ ਸਚੁ ਨਾਲ ਜੁੜਨ ਲਈ ਪ੍ਰੇਰਦੀ ਹੈ, ਗੁਣੀ ਬਣਨ ਲਈ ਪ੍ਰੇਰਦੀ ਹੈ। **(ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥)**

ਮਹਲਾ ੪॥

“ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥”

(ਅੰਗ ੧੪੦)

ਉਪਰਲੇ ਸਲੋਕ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਦੱਸੀ ਹੋਈ ਹੈ ਜਿਵੇਂ ਕਿ ਅਸੀਂ ਇਸ ਸ਼ਬਦ ਦੇ ਅਰਥ ਲੇਖ ਵਿੱਚ ਕਾਫੀ ਪਿੱਛੇ ਜਾਣ ਚੁੱਕੇ ਹਾਂ। ਗੁਰੂ ਦੇ ਅੰਦਰ ਕੇਵਲ ਸਚੁ ਹੈ ਤੇ ਇਸੇ ਲਈ ਗੁਰੂ ਦੇ ਅੰਦਰ ਕੇਵਲ ਨਾਮ ਹੈ। ਜਿਸਦੇ ਅੰਦਰ ਸਚੁ ਹੈ ਭਾਵ ਜਿਸਨੂੰ ਪੂਰਨ ਸਚੁ ਦੀ ਸੋਝੀ ਹੈ, ਧਰਮ ਦੀ ਸੱਚੀ ਸੋਝੀ ਹੈ ਉਹ ਆਪਣੇ ਮੁੱਖੋਂ ਜੋ ਵੀ ਬੋਲਦਾ ਹੈ ਉਸ ਰਾਹੀਂ ਸਚੁ ਦਾ ਗਿਆਨ ਹੀ ਦਿੰਦਾ ਹੈ ਜੋ ਕਿ ਨਾਮ ਹੈ। ਗੁਰੂ ਨੇ ਜੋ ਕੁੱਝ ਵੀ ਆਪਣੇ ਮੁੱਖੋਂ ਬੋਲਿਆ ਹੈ ਉਹ ਸਚੁ ਹੈ, ਉਹ ਨਾਮ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਬੋਲ ਹਨ, ਗੁਰੂ ਦੇ ਮੁੱਖੋਂ ਬੋਲੇ ਹੋਏ ਬੋਲ ਹਨ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਨਾਮ ਹੈ, ਸਚੁ ਹੈ। ਨਾਮ ਦਾ ਮਕਸਦ, ਸਚੁ ਦਾ ਮਕਸਦ ਸਾਨੂੰ ਧਰਮ ਦਾ ਮਾਰਗ ਸਮਝਾਉਣ ਲਈ ਹੀ ਹੈ। ਗੁਰੂ ਨੂੰ ਇਸ ਮਾਰਗ ਦੀ ਸੋਝੀ ਹੈ, ਸਚੁ ਦੀ ਸੋਝੀ ਹੈ, ਨਾਮ ਦੀ ਸੋਝੀ ਹੈ ਤੇ ਇਸੇ ਲਈ ਗੁਰੂ ਰੂਪ ਵਿੱਚ ਗੁਰਬਾਣੀ ਦੇ ਰਚਣ ਵਾਲਿਆਂ ਨੇ ਆਪ ਧਰਮ ਦੇ ਮਾਰਗ ਤੇ ਚੱਲ ਕੇ ਦਿਖਾਇਆ ਹੈ ਤੇ ਦੂਸਰਿਆਂ ਨੂੰ ਧਰਮ ਦੇ ਮਾਰਗ ਤੇ ਚੱਲਣਾ ਸਿਖਾਇਆ ਹੈ। **(ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥ ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥)** ਗੁਰੂ ਆਪ ਸ਼ਬਦ ਦਾ ਵਿਚਾਰੀ ਹੈ ਤੇ ਸਾਰੇ ਜਗਤ ਨੂੰ ਸ਼ਬਦ ਦੀ ਵਿਚਾਰ ਦੇ ਰਿਹਾ ਹੈ। ਆਪਣੇ ਸ਼ਬਦ ਦੀ ਵਿਚਾਰ ਕਰਕੇ ਹੀ ਗੁਰੂ ਤੀਰਥ ਹੈ, ਨਾਮ ਦਾ ਤੀਰਥ ਹੈ, ਸਚੁ ਦਾ ਤੀਰਥ ਹੈ ਭਾਵ ਸੱਚੇ ਗਿਆਨ ਦਾ ਤੀਰਥ ਹੈ। ਜੇਕਰ ਅਸੀਂ ਇਸ ਨਾਮ ਦੇ ਤੀਰਥ ਵਿੱਚੋਂ ਭਾਵ ਗੁਰਬਾਣੀ ਰੂਪ ਨਾਮ ਦੇ ਤੀਰਥ ਵਿੱਚੋਂ ਇਸ਼ਨਾਨ ਕਰਦੇ ਹਾਂ, ਉਸਦੇ ਸ਼ਬਦ ਦੇ ਵਿਚਾਰ ਦੀ ਤੀਰਥ ਦਾ ਇਸ਼ਨਾਨ ਕਰਦੇ ਹਾਂ ਭਾਵ ਜੇਕਰ ਸ਼ਬਦ ਦੀ ਗੱਲ ਨੂੰ ਮੰਨਦੇ ਹਾਂ, ਨਾਮ ਦੀ ਗੱਲ ਨੂੰ ਮੰਨਦੇ ਹਾਂ, ਸਚੁ ਨੂੰ ਮੰਨਦੇ ਹਾਂ ਤਾਂ ਫਿਰ ਸਾਡੇ ਅੰਦਰ ਝੂਠ ਦੀ ਮੈਲ, ਕੂੜ ਦੀ ਮੈਲ, ਔਗੁਣਾਂ ਦੀ ਮੈਲ ਨਹੀਂ ਰਹਿ ਸਕਦੀ ਭਾਵ ਗੁਰੂ ਦਾ ਮਕਸਦ ਸਾਡੀ ਇਸ ਝੂਠ ਦੀ ਮੈਲ ਨੂੰ ਧੋਣ ਦਾ ਹੈ, ਔਗੁਣਾਂ ਦੀ ਮੈਲ ਨੂੰ ਧੋਣ ਦਾ ਹੈ ਤੇ ਗੁਰੂ ਦਾ ਉਪਦੇਸ਼ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਭਾਵ ਸਭ ਨੂੰ ਸਚੁ ਦੇ ਨਾਲ ਜੋੜਨ ਦਾ ਹੈ। ਜੇਕਰ ਅਸੀਂ ਆਪਣੇ ਅੱਗੇ ਗੁਰੂ ਨੂੰ ਰੱਖਦੇ ਹਾਂ, ਗੁਰੂ ਦੀ ਮਤਿ ਨੂੰ ਰੱਖਦੇ ਹਾਂ ਭਾਵ ਜੇਕਰ ਅਸੀਂ ਗੁਰੂ ਦੀ ਮਤਿ ਦੇ ਪਿੱਛੇ ਲੱਗਦੇ ਹਾਂ, ਗੁਰੂ ਤਾਂ ਫਿਰ ਸਾਡੀ ਇਹ ਔਗੁਣਾਂ ਦੀ ਮੈਲ ਉਤਾਰਨ ਦੀ ਸਿੱਖਿਆ ਹੀ ਦਿੰਦਾ ਹੈ। ਜੇਕਰ ਗੁਰੂ ਰੂਪ ਤੀਰਥ ਨੂੰ ਛੱਡ ਕੇ ਅਸੀਂ ਹੋਰਨਾਂ ਦੀ ਮਤਿ ਪਿੱਛੇ ਲੱਗਦੇ ਹਾਂ, ਛੱਪੜੀਆਂ ਦਾ ਇਸ਼ਨਾਨ ਕਰਦੇ ਹਾਂ ਭਾਵ ਉਨ੍ਹਾਂ ਦੀਆਂ ਗੱਲਾਂ ਮੰਨਦੇ ਹਾਂ

ਜਿੰਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ, ਸਚੁ ਦੀ ਸਮਝ ਨਹੀਂ ਹੈ, ਧਰਮ ਦੀ ਸੱਚੀ ਸਿੱਖਿਆ ਦੀ ਸਮਝ ਨਹੀਂ ਹੈ ਉਹ ਫਿਰ ਸਾਨੂੰ ਉਹ ਕੁੱਝ ਸਮਝਾਉਂਦੇ ਹਨ ਜੋ ਗੁਰਮਤਿ ਅਨੁਸਾਰ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੂੰ ਸਚੁ ਦੀ ਸਮਝ ਨਹੀਂ ਹੈ। ਗੁਰੂ ਦੇ ਸਾਹਮਣੇ ਉਨ੍ਹਾਂ ਦੀ ਮਤਿ ਬਹੁਤ ਛੋਟੀ ਹੈ। ਗੁਰੂ ਦੀ ਮਤਿ ਤੀਰਥ ਵਾਲੀ ਹੈ ਤੇ ਉਨ੍ਹਾਂ ਦੀ ਮਤਿ ਛੱਪੜੀ ਦੇ ਬਰਾਬਰ ਹੈ ਜਿਸ ਵਿੱਚ ਨਹਾ ਕੇ ਉਲਟੀ ਮੈਲ ਵੱਧਦੀ ਹੈ। ਮੈਲ ਸਾਡੇ ਅੰਦਰ ਹਉਮੈ ਦੀ ਹੈ, ਮਨਮਤਿ ਦੀ ਹੈ, ਅਗਿਆਨਤਾ ਦੀ ਹੈ ਤੇ ਛੱਪੜੀਆਂ ਦੀ ਮਤਿ ਪਿੱਛੇ ਲੱਗ ਕੇ, ਕਥਨੀ ਵਿੱਚ ਪੈ ਕੇ ਸਰੀਰਕ ਜਪਾਂ ਤਪਾਂ ਆਦਿ ਵਿੱਚ ਪੈ ਕੇ ਅਸੀਂ ਆਪਣਾ ਝੂਠਾ ਮਾਣ ਹੀ ਵਧਾਉਂਦੇ ਹਾਂ ਜੋ ਕਿ ਅਸਲ ਵਿੱਚ ਨਾਮ ਦਾ, ਸਚੁ ਦਾ, ਧਰਮ ਦਾ, ਭਗਤੀ ਦਾ ਮਾਰਗ ਨਹੀਂ ਹੈ। ਸੱਚੇ ਮਾਰਗ ਦੀ ਸੋਝੀ ਕੇਵਲ ਗੁਰੂ ਦੇ ਕੋਲ

ਹੈ ਤੇ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਪਿੱਛੇ ਲੱਗਣਾ ਤੀਰਥ ਦਾ ਇਸ਼ਨਾਨ ਛੱਡ ਕੇ ਛੱਪੜੀਆਂ ਵਿੱਚ ਨਹਾਉਣ ਵਾਲੀ ਗੱਲ ਹੈ ਤੇ ਸਭ ਪਾਸੇ ਇਹੋ ਕੁੱਝ ਹੀ ਹੋ ਰਿਹਾ ਹੈ। **(ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥)** ਜਿੰਨ੍ਹਾਂ ਕੋਲੋਂ ਅਸੀਂ ਨਾਮ ਦੀ ਸਿੱਖਿਆ ਲਈ ਹੋਈ ਹੈ, ਨਾਮ ਜਪਣਾ ਸਿੱਖਿਆ ਹੋਇਆ ਹੈ ਉਨ੍ਹਾਂ ਵਿੱਚ ਤੇ ਗੁਰੂ ਵਿੱਚ ਕਿਤਨਾ ਵੱਡਾ ਭੇਦ ਹੈ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਜਿੰਨ੍ਹਾਂ ਨੂੰ ਅਸੀਂ ਇਤਨਾ ਉੱਚਾ ਮੰਨ ਕੇ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ ਗੁਰੂ ਸਾਹਿਬ ਉਨ੍ਹਾਂ ਨੂੰ ਆਪਣੇ ਮੁਕਾਬਲੇ ਛੱਪੜੀਆਂ ਦਾ ਦਰਜਾ ਦੇ ਰਹੇ ਹਨ ਤਾਂ ਜੋ ਅਸੀਂ ਛੱਪੜੀਆਂ ਵਿੱਚ ਨਹਾਉਣ ਤੋਂ ਬਚੀਏ ਤੇ ਸੱਚੇ ਤੀਰਥ ਦੇ ਨਾਲ ਜੁੜੀਏ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥”

ਗੁਰੂ ਦੇ ਅੰਦਰ ਨਾਮ ਹੈ, ਗੁਰੂ ਦੇ ਅੰਦਰ ਸਚੁ ਹੈ, ਗੁਰੂ ਦੇ ਅੰਦਰ ਆਪ ਪ੍ਰਮਾਤਮਾ ਹੈ ਤੇ ਇਸੇ ਲਈ ਗੁਰੂ ਹਰ ਵੇਲੇ ਸਚੁ ਨੂੰ ਜਪਦਾ ਹੈ, ਨਾਮ ਨੂੰ ਜਪਦਾ ਹੈ ਭਾਵ ਗੁਰੂ ਦੀ ਬਿਰਤੀ ਹਰ ਵੇਲੇ ਸਚੁ ਵਾਲੀ ਹੈ, ਉਸਦੀ ਮਤਿ ਦੇ ਅੰਦਰ ਹਰ ਵੇਲੇ ਸਚੁ ਵੱਸਿਆ ਹੋਇਆ ਹੈ ਤੇ ਇਸੇ ਲਈ ਉਹ ਨਾਮ ਦਾ ਤੀਰਥ ਹੈ ਜਿਸ ਵਿੱਚੋਂ ਅਸੀਂ ਹਰ ਵੇਲੇ ਇਸ਼ਨਾਨ ਕਰ ਸਕਦੇ ਹਾਂ। ਉਹ ਹਰ ਵੇਲੇ ਸਾਨੂੰ ਇੱਕੋ ਜਿਹੀ ਮਤਿ ਹੀ ਦਿੰਦਾ ਹੈ। ਆਪਣੀ ਸੱਚੀ ਮਤਿ ਦੁਆਰਾ ਗੁਰੂ ਔਗੁਣਾਂ ਦੇ ਕੁਟੰਬ ਤੋਂ ਛੁਟਿਆ ਹੋਇਆ ਹੈ ਭਾਵ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੈ ਤੇ ਆਪਣੀ ਸੱਚੀ ਮਤਿ ਦੇ ਕੇ, ਨਾਮ ਦੀ ਮਤਿ ਦੇ ਕੇ ਸਾਰੀ ਸ੍ਰਿਸ਼ਟੀ ਨੂੰ ਔਗੁਣਾਂ ਦੇ ਕੁਟੰਬ ਤੋਂ ਨਿਕਲਣ ਲਈ ਸਮਝਾ ਰਿਹਾ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹੀ ਨਾਮ ਦੀ ਸਿੱਖਿਆ ਦੇ ਰਿਹਾ ਹੈ। ਸਚੁ ਨੂੰ ਅਪਣਾ ਕੇ ਹਰ ਕੋਈ ਉਸਦਾ ਨਾਮ ਜਪ ਸਕਦਾ ਹੈ। **(ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥ ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥)**

23/2472

ਨਾਮ ਦੀ ਸਿੱਖਿਆ ਲਈ, ਸਚੁ ਦੀ ਸਿੱਖਿਆ ਲਈ, ਧਰਮ ਦੇ ਮਾਰਗ ਦੀ ਸਿੱਖਿਆ ਲਈ, ਭਗਤੀ ਦੀ ਸਿੱਖਿਆ ਲਈ ਸਾਨੂੰ ਕੇਵਲ ਤੇ ਕੇਵਲ ਗੁਰੂ ਤੋਂ ਬਲਿਹਾਰੇ ਜਾਣਾ ਚਾਹੀਦਾ ਹੈ ਭਾਵ ਕੇਵਲ ਉਸੇ ਕੋਲੋਂ ਹੀ ਸਿੱਖਿਆ ਲੈਣੀ ਚਾਹੀਦੀ ਹੈ ਜਿਸ ਨੂੰ ਸੱਚੀ ਸਿੱਖਿਆ ਦੀ ਸਮਝ ਹੈ ਤੇ ਉਨ੍ਹਾਂ ਤੋਂ ਬਲਿਹਾਰੇ ਨਹੀਂ ਜਾਣਾ ਚਾਹੀਦਾ ਜਿੰਨ੍ਹਾਂ ਨੂੰ ਅਸੀਂ ਭੁਲੇਖੇ ਵਿੱਚ ਹੀ ਉੱਚਾ ਮੰਨਿਆ ਹੋਇਆ ਹੈ ਤੇ ਉਨ੍ਹਾਂ ਤੋਂ ਸਿੱਖਿਆ ਲਈ ਹੋਈ ਹੈ ਜੋ ਗੁਰੂ ਰੂਪ ਤੀਰਥ ਦੇ ਸਾਹਮਣੇ ਕੇਵਲ ਇੱਕ ਛੱਪੜੀ ਮਾਤਰ ਹਨ ਜੋ ਕਿ ਸਾਨੂੰ ਪੁੱਠੇ ਪਾਸੇ ਹੀ ਤੋਰਦੇ ਹਨ। **(ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥)**

ਉਪਰਲੇ ਸਲੋਕ ਰਾਹੀਂ ਅਸੀਂ ਗੁਰੂ ਦੀ ਮਹਿਮਾ ਸਮਝੀ ਹੈ ਜੋ ਕਿ ਧਰਮ ਦੀ ਸਿੱਖਿਆ ਦੇਣ ਦਾ ਸੱਚਾ ਆਗੂ ਹੈ, ਜਿਸਨੂੰ ਨਾਮ ਦੀ ਸਮਝ ਹੈ। ਇਸ ਸਲੋਕ ਤੋਂ ਪਹਿਲੇ ਵਾਲੇ ਸਲੋਕ ਵਿੱਚ ਸਾਨੂੰ ਉਹੋ ਜਿਹੇ ਆਗੂਆਂ ਦੀ ਗੱਲ ਸਮਝਾਈ ਹੋਈ ਹੈ ਜਿੰਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ ਪਰ ਉਹ ਆਪਣੇ ਆਪ ਨੂੰ ਸਿਆਣਾ ਸਮਝ ਕੇ ਸਾਨੂੰ ਨਾਮ ਦੀ ਸਿੱਖਿਆ ਸਮਝਾਉਂਦੇ ਹਨ, ਨਾਮ ਜਪਣਾ ਸਮਝਾਉਂਦੇ ਹਨ।

ਸਲੋਕੁ ਮਃ ੧॥

“ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥੧॥”

(ਅੰਗ ੧੩੯)

ਧਿਆਨ ਨਾਲ ਸਮਝੋ ਕਿ ਗੁਰੂ ਸੱਚਾ ਆਗੂ ਕਿਸ ਲਈ ਹੈ, ਸੱਚਾ ਤੀਰਥ ਕਿਸ ਲਈ ਹੈ। ਗੁਰੂ ਦੇ ਅੰਦਰ ਕੇਵਲ ਸਚੁ ਹੈ ਭਾਵ ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ। ਜੋ ਕੁੱਝ ਸਾਨੂੰ ਗੁਰੂ ਸਮਝਾਉਂਦਾ ਹੈ ਉਹੀ ਸਚੁ ਹੈ। ਜੋ ਗੱਲ ਗੁਰੂ ਦੇ ਸਚੁ ਤੇ ਪੂਰੀ ਨਹੀਂ ਉਤਰਦੀ ਉਸ ਵਿੱਚ ਕੂੜ ਹੈ, ਝੂਠ ਹੈ। ਗੁਰੂ ਦੀ ਮਤਿ ਤੋਂ ਉਲਟ ਕੁੱਝ ਵੀ ਸਮਝਾਉਣਾ ਝੂਠ ਹੈ, ਕੂੜ ਹੈ। ਸਾਨੂੰ ਨਾਮ ਦੀ ਸਿੱਖਿਆ ਦੇਣ ਵਾਲੇ ਬਹੁਤ ਹਨ, ਸਾਡਾ ਧਰਮ ਸਮਝਾਉਣ ਵਾਲੇ ਬਹੁਤ ਹਨ ਪਰ ਉਨ੍ਹਾਂ ਨੂੰ ਖੁਦ ਸਚੁ ਦੀ ਸਮਝ ਨਹੀਂ ਹੈ, ਨਾਮ ਦੀ ਸਮਝ ਨਹੀਂ ਹੈ। ਗੁਰਬਾਣੀ ਵਿੱਚ ਨਾਮ ਜਪਣਾ ਕਿਸ ਨੂੰ ਕਿਹਾ ਹੈ ਇਸ ਗੱਲ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ। ਪ੍ਰਮਾਤਮਾ ਦਾ ਨਾਮ ਕੋਈ ਵਿਰਲਾ ਹੀ ਜਪ ਸਕਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਨਾਮ ਬਖ਼ਸ਼ਦਾ ਹੈ, ਸੱਚਾ ਗਿਆਨ ਬਖ਼ਸ਼ਦਾ ਹੈ, ਬ੍ਰਹਮਗਿਆਨ ਬਖ਼ਸ਼ਦਾ ਹੈ ਉਸਨੂੰ ਹੀ ਨਾਮ ਦੀ ਸੋਝੀ ਪੈਂਦੀ ਹੈ ਤੇ ਉਹੀ ਨਾਮ ਜਪਦਾ ਹੈ। ਉਸਦਾ ਨਾਮ ਜਪਣ ਵਾਲਾ ਆਪ ਗੁਰੂ ਹੀ ਹੈ ਜਿਵੇਂ ਕਿ ਅਸੀਂ ਪਿਛਲੇ ਸਲੋਕ ਦੁਆਰਾ ਸਮਝਿਆ ਹੈ। ਸਾਨੂੰ ਨਾਮ ਦੀ ਸਿੱਖਿਆ ਦੇਣ ਵਾਲੇ ਅਨੇਕਾਂ ਹੀ ਅਦਾਰੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਾਨੂੰ ਨਾਮ ਸਮਝਾਉਣ ਵਾਲੇ ਬਹੁਤ ਹਨ। ਹਰ ਕੋਈ ਆਪਣੇ ਆਪਣੇ ਤਰੀਕੇ ਨਾਲ ਨਾਮ ਸਮਝਾਉਂਦਾ ਹੈ, ਵੱਖਰਾ-ਵੱਖਰਾ ਨਾਮ ਸਮਝਾਉਂਦਾ ਹੈ। ਹਰ ਕੋਈ ਕਿਸੇ ਨਾ ਕਿਸੇ ਅੱਖਰ ਦੇ ਨਾਲ ਹੀ ਜੁੜਿਆ ਹੋਇਆ ਹੈ ਕਿਉਂਕਿ ਨਾਮ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਨਾਮ ਦੀ ਸੋਝੀ ਸਦੀਆਂ ਤੋਂ ਹੀ ਕਿਸੇ ਨੂੰ

ਨਹੀਂ ਹੈ। ਨਾਮ ਦੀ ਸੋਝੀ ਸਾਨੂੰ ਗੁਰਬਾਣੀ ਨੇ ਹੀ ਪਾਈ ਹੈ ਪਰ ਉਸ ਵਿੱਚੋਂ ਨਾਮ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ। ਸਿੱਖ ਜਗਤ ਵਿੱਚ ਵੀ ਨਾਮ ਦਾ ਭਰਮ ਉਸੇ ਤਰ੍ਹਾਂ ਹੀ ਬਣਿਆ ਹੋਇਆ ਹੈ ਜੋ ਭਰਮ ਗੁਰਬਾਣੀ ਦੀ ਰਚਨਾ ਤੋਂ ਪਹਿਲੇ ਦਾ ਬਣਿਆ ਹੋਇਆ ਹੈ। ਸਿੱਖ ਜਗਤ ਵਿੱਚ ਅਸੀਂ ਕੇਵਲ ਅੱਖਰ ਦੇ ਜਪ ਨੂੰ ਹੀ ਬਦਲਿਆ ਹੈ ਤੇ ਇਸ ਤੋਂ ਜਿਆਦਾ ਨਾਮ ਨੂੰ ਨਹੀਂ ਸਮਝਿਆ ਭਾਵ ਇੱਕ ਅੱਖਰ ਦੇ ਜਪ ਨੂੰ ਹੀ ਨਾਮ ਸਮਝਿਆ ਹੈ। ਗੁਰਬਾਣੀ ਰਾਹੀਂ ਸਾਨੂੰ ਭਾਵੇਂ ਬਰੀਕੀ ਨਾਲ ਨਾਮ ਸਮਝਾਇਆ ਹੈ ਪਰ ਸਦੀਆਂ ਪੁਰਾਣੀ ਧਾਰਮਿਕ ਆਸਥਾ ਸਾਡੇ ਤੇ ਹਾਵੀ ਰਹੀ ਹੈ ਤੇ ਅਸੀਂ ਇੱਕ ਅੱਖਰ ਦੇ ਜਪ ਨਾਲ ਹੀ ਜੁੜੇ ਰਹੇ ਹਾਂ ਜਿਸ ਨੂੰ ਕਿ ਬਾਣੀ ਵਿੱਚ ਵਾਰ-ਵਾਰ ਸਾਡੀ ਝੂਠੀ ਸਿਆਣਪ ਦੱਸਿਆ ਹੈ, ਅਗਿਆਨਤਾ ਦੱਸਿਆ ਹੈ। ਇਹ ਪੁਰਾਣੀ ਆਸਥਾ ਸਾਡੇ ਤੇ ਇਸ ਕਦਰ ਹਾਵੀ ਹੈ ਕਿ ਸਾਨੂੰ ਗੁਰਬਾਣੀ ਦੀ ਸੱਚੀ ਗੱਲ ਸਮਝ ਆਉਂਦੇ ਹੋਏ ਵੀ ਉਸ ਤੇ ਯਕੀਨ ਨਹੀਂ ਆਉਂਦਾ। ਅਸੀਂ ਉਹੋ ਜਿਹੇ ਆਗੂਆਂ ਦੀਆਂ ਗੱਲਾਂ ਵਿੱਚ ਆਏ ਹੋਏ ਹਾਂ ਜਿੰਨ੍ਹਾਂ ਨੂੰ ਗੁਰਬਾਣੀ ਵਿੱਚੋਂ ਨਾਮ ਦੀ ਸਮਝ ਨਹੀਂ ਆਈ ਹੈ, ਸੱਚ ਦੀ ਸਮਝ ਨਹੀਂ ਆਈ ਹੈ। ਸੱਚ ਤੋਂ ਬਿਨ੍ਹਾਂ ਸਭ ਕੂੜ ਹੈ ਤੇ ਉਹ ਸਾਨੂੰ ਕੂੜ ਹੀ ਸਮਝਾਉਂਦੇ ਹਨ। ਨਾਮ ਦੀ ਪਹਿਲੀ ਸਿੱਖਿਆ ਇਹ ਹੈ ਕਿ ਅਸੀਂ ਸਦਾ ਸੱਚ ਬੋਲੀਏ ਤੇ ਕਦੇ ਝੂਠ ਨਾ ਬੋਲੀਏ। ਝੂਠ ਨਾ ਬੋਲਣ ਨੂੰ ਭਾਵ ਝੂਠ ਛੱਡਣ ਨੂੰ ਸਾਡੇ ਆਗੂ ਨਾਮ ਨਹੀਂ ਸਮਝਦੇ ਜਦ ਕਿ ਝੂਠ ਬੋਲਣਾ ਸੰਸਾਰ ਦੀ ਸਭ ਤੋਂ ਵੱਡੀ ਬੁਰਾਈ ਹੈ। ਸਾਡੇ ਆਗੂ ਮੁਰਦਾਰ ਖਾਣ ਨੂੰ ਬੁਰਾਈ ਸਮਝਦੇ ਹਨ ਜਦਕਿ ਅਸਲ ਬੁਰਾਈ ਜੋ ਕਿ ਝੂਠ ਬੋਲਣ ਦੀ ਹੈ ਉਸ ਨੂੰ ਬੁਰਾਈ ਨਹੀਂ ਸਮਝਦੇ। ਦੂਸਰਿਆਂ ਨੂੰ ਧਰਮ ਦੀ ਸਿੱਖਿਆ ਦਿੰਦੇ ਹਨ, ਸੱਚ ਦੀ ਸਿੱਖਿਆ ਦਿੰਦੇ ਹਨ, ਨਾਮ ਦੀ ਸਿੱਖਿਆ ਦਿੰਦੇ ਹਨ ਪਰ ਖੁਦ ਸੱਚ ਤੇ ਨਹੀਂ ਚੱਲਦੇ, ਖੁਦ ਨਾਮ ਤੇ ਨਹੀਂ ਚੱਲਦੇ। ਜਿੰਨ੍ਹਾਂ ਨੂੰ ਖੁਦ ਧਰਮ ਦੀ ਸਮਝ ਨਹੀਂ ਹੈ ਇਹਨਾਂ ਦਾ ਆਪਣਾ ਜੀਵਨ ਤਾਂ ਵਿਅਰਥ ਜਾਣਾ ਹੀ ਹੈ ਤੇ ਨਾਲ ਹੀ ਇਹਨਾਂ ਦੇ ਪਿੱਛੇ ਲੱਗਣ ਵਾਲਿਆਂ ਦਾ ਜੀਵਨ ਵਿਅਰਥ ਜਾਣਾ ਹੈ। ਸੱਚਾ ਆਗੂ ਕੇਵਲ ਗੁਰੂ ਹੈ ਜਿਵੇਂ ਕਿ ਨਾਲ ਦੇ ਦੂਸਰੇ ਸਲੋਕ ਰਾਹੀਂ ਅਸੀਂ ਸਮਝਿਆ ਹੈ ਜਿਸ ਨੂੰ ਆਪ ਨਾਮ ਦੀ ਸਮਝ ਹੈ ਤੇ ਸਾਰੇ ਸੰਸਾਰ ਨੂੰ ਨਾਮ ਦੀ ਸਿੱਖਿਆ

ਦੇ ਰਿਹਾ ਹੈ। **(ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥ ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥੧॥)**

ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚਾ ਤੀਰਥ ਹੈ, ਉਸਦਾ ਨਾਮ ਹੈ। ਪੂਰੀ ਗੁਰਬਾਣੀ ਵਿੱਚ ਸ਼ਬਦ ਦੀ ਵਿਚਾਰ ਹੈ, ਗੁਰੂ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ, ਗੁਰੂ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ। ਇਹ ਉਹ "ਗਿਆਨੁ" ਹੈ ਜੋ ਗੁਰੂ ਦੇ ਅੰਤਰਿ ਤੋਂ ਪ੍ਰਗਟ ਹੋਇਆ ਹੈ ਤੇ ਪ੍ਰਮਾਤਮਾ ਸਾਡੇ ਅੰਦਰ "ਗਿਆਨੁ" ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ। ਇਹ ਸੱਚੇ ਗਿਆਨ ਦਾ ਤੀਰਥ ਹੈ। ਜਿਸ ਤੀਰਥ ਤੇ ਗੁਰੂ ਨੇ ਆਪ ਇਸ਼ਨਾਨ ਕੀਤਾ ਹੈ ਉਹੀ ਤੀਰਥ ਸਾਨੂੰ ਗੁਰਬਾਣੀ ਦੇ ਰੂਪ ਵਿੱਚ ਮਿਲਿਆ ਹੈ। ਜੇਕਰ ਅਸੀਂ ਮਨ ਦੇ ਤੀਰਥ ਤੱਕ, ਆਪਣੇ ਅੰਤਰਿ ਦੇ ਤੀਰਥ ਤੱਕ ਪਹੁੰਚਣਾ ਚਾਹੁੰਦੇ ਹਾਂ ਤਾਂ ਫਿਰ ਉਸ ਦੇ ਲਈ ਸਭ ਤੋਂ ਜਰੂਰੀ ਗੱਲ ਇਹ ਹੈ ਕਿ ਅਸੀਂ ਸ਼ਬਦ ਦੀ ਮਤਿ ਦਾ, ਸ਼ਬਦ ਦੇ ਗਿਆਨ

ਦਾ, ਸ਼ਬਦ ਦੀ ਵਿਚਾਰ ਦਾ ਇਸ਼ਨਾਨ ਕਰੀਏ ਭਾਵ ਕੇਵਲ ਗੁਰਬਾਣੀ ਦੀ ਮਤਿ ਨੂੰ ਉੱਚਾ ਤੇ ਸੁੱਚਾ ਕਰਕੇ ਜਾਣੀਏ ਤੇ ਉਹਨਾਂ ਦੀ ਮਤਿ ਦੇ ਪਿੱਛੇ ਨਾ ਲੱਗੀਏ ਜਿੰਨ੍ਹਾਂ ਦੀ ਮਤਿ ਛੱਪੜੀਆਂ ਵਰਗੀ ਦੱਸੀ ਹੈ ਜਿੰਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਹੋਰ ਮੈਲਾ ਹੀ ਕਰਦੇ ਹਾਂ ਭਾਵ ਸ਼ਬਦ ਦੀ ਵਿਚਾਰ ਤੋਂ ਦੂਰ ਹੁੰਦੇ ਹਾਂ। ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਹਿਲੇ ਵੀ ਸਮਝਿਆ ਹੈ।

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ॥

{"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥

ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥

ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥

ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥

ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥

ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ॥

ਗਾਵੈ ਗਾਵਣਹਾਰੁ ਸਬਦਿ ਸੁਹਾਵਣੋ॥

ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ॥

ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ॥

ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ॥

ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ॥੩॥

ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ॥
ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ॥੪॥੧॥"}

(ਅੰਗ 687-688)

ਸ਼ਬਦ ਰੂਪ "ਤੀਰਥੁ" ਦਾ ਇਸ਼ਨਾਨ ਮਨ ਦੇ ਵਿੱਚ ਹੀ ਹੁੰਦਾ ਹੈ। ਸ਼ਬਦ ਗੁਰੂ ਦਾ ਬਚਨ ਹੈ ਜੋ ਕਿ ਮੈਲ ਤੋਂ ਰਹਿਤ ਹੈ ਕਿਉਂਕਿ ਉਸ ਵਿੱਚ ਪੂਰਨ ਸੱਚ ਹੈ ਭਾਵ ਸੱਚ ਤੇ ਚੱਲਣ ਦੀ ਸੋਝੀ ਹੈ। ਜੇਕਰ ਧਿਆਨ ਨਾਲ ਸਮਝੋਗੇ ਸ਼ਬਦ ਦੀ ਸੋਝੀ ਹੀ ਸਾਡਾ ਤੀਰਥ ਹੈ ਜਿਸ ਦਾ ਅਸੀਂ ਇਸ਼ਨਾਨ ਕਰਨਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਹਨਾਂ ਨੇ ਪਹਿਲੇ ਮਨ ਦੇ ਵਿੱਚੋਂ ਸ਼ਬਦ ਦੀ ਸੋਝੀ ਦਾ ਇਸ਼ਨਾਨ ਹੀ ਕੀਤਾ ਹੈ, ਸ਼ਬਦ ਦੇ ਵਿਚਾਰਾਂ ਦਾ ਇਸ਼ਨਾਨ ਹੀ ਕੀਤਾ ਹੈ ਜਿਸ ਦੁਆਰਾ ਮਨ ਦੇ ਵਿਚਾਰਾਂ ਅੰਦਰ ਸੱਚ ਵੱਸਦਾ ਹੈ। ਮਨ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੀ ਸੱਚੀ ਸੋਝੀ ਦੇ ਰੂਪ ਵਿੱਚ ਹੀ ਵੱਸਿਆ ਹੋਇਆ ਹੈ। ਗੁਰਬਾਣੀ ਦੀ ਸੱਚੀ ਸੋਝੀ, ਸੱਚਾ ਗਿਆਨ ਹੀ ਨਾਮ ਹੈ, ਸੱਚਾ ਤੀਰਥ ਹੈ ਜਿਸਦਾ ਅਸੀਂ ਇਸ਼ਨਾਨ ਕਰਨਾ ਹੈ। ਇਹ ਮਨ ਦਾ ਇਸ਼ਨਾਨ, ਮਨ ਦੀ ਸੋਝੀ ਦਾ ਇਸ਼ਨਾਨ ਹੀ ਸਾਨੂੰ ਪਵਿੱਤਰ ਕਰਦਾ ਹੈ, ਸਾਡੇ ਮਨ ਦੇ ਵਿਚਾਰਾਂ ਨੂੰ ਪਵਿੱਤਰ ਕਰਦਾ ਹੈ। ਇਹ ਤਨ ਦੇ ਤੀਰਥ ਵਾਲਾ ਇਸ਼ਨਾਨ ਨਹੀਂ ਹੈ, ਇਹ ਮਨ ਦੇ ਤੀਰਥ ਦਾ ਇਸ਼ਨਾਨ ਹੈ ਜੋ ਸਾਡੇ ਮਨ ਦੇ ਪਾਪਾਂ ਨੂੰ ਹਰਦਾ ਹੈ, ਮਨ ਦੇ ਔਗੁਣਾਂ ਨੂੰ ਹਰਦਾ ਹੈ ਜਿਸ ਕਰਕੇ ਸਾਡੇ ਮਨ ਦੇ ਵਿਚਾਰ ਮਾੜੇ ਹਨ। ਇਹ ਇਸ਼ਨਾਨ ਸਾਡੇ ਮਨ ਦੇ ਮਾੜੇ ਵਿਚਾਰਾਂ ਨੂੰ ਸੱਚ ਵਾਲੇ ਵਿਚਾਰ ਬਣਾਉਂਦਾ ਹੈ, ਨਾਮ ਵਾਲੇ ਵਿਚਾਰ ਬਣਾਉਂਦਾ ਹੈ। **(ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥)**

ਪੂਰਾ ਸੰਸਾਰ ਮਨ ਦੀ ਮੈਲ ਦਾ ਹੀ ਰੋਗੀ ਹੈ, ਵਿਚਾਰਾਂ ਦੀ ਮੈਲ ਦਾ ਹੀ ਰੋਗੀ ਹੈ ਜਿਸ ਦਾ ਕਾਰਨ ਸਾਡੇ ਅੰਦਰ ਸੱਚ ਦੀ ਸੋਝੀ ਦਾ ਨਾ ਹੋਣਾ ਹੀ ਹੈ, ਨਾਮ ਦੀ ਸੋਝੀ ਦਾ, ਸ਼ਬਦ ਦੀ ਸੋਝੀ ਦਾ ਨਾ ਹੋਣਾ ਹੀ ਹੈ। ਇਸ ਸੱਚੀ ਸੋਝੀ ਦਾ ਇਸ਼ਨਾਨ ਹੀ ਸਾਨੂੰ ਮਨ ਦੀ ਮੈਲ ਵਿੱਚੋਂ ਕੱਢਦਾ ਹੈ। "ਦਾਰੂ" ਸਾਡੇ ਮਨ ਦੀ ਸੱਚੀ ਸੋਝੀ ਹੈ, ਸਾਡੇ ਅੰਦਰ ਸ਼ਬਦ ਦੀ ਵਿਚਾਰ ਹੈ ਜੋ ਸਾਡੇ ਮਾੜੇ ਵਿਚਾਰਾਂ ਨੂੰ ਚੰਗੇ ਵਿਚਾਰਾਂ ਵਿੱਚ ਬਦਲ ਦਿੰਦੀ ਹੈ, ਸੱਚੇ ਵਿਚਾਰਾਂ ਵਿੱਚ ਬਦਲ ਦਿੰਦੀ ਹੈ। **(ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥)** ਸ਼ਬਦ ਦੀ ਵਿਚਾਰ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਹੀ ਕਰਦੀ ਹੈ, ਸਾਡੀ ਸੋਝੀ ਦੇ ਅੰਦਰ ਸੱਚੇ ਵਿਚਾਰਾਂ ਦਾ ਪ੍ਰਕਾਸ਼ ਕਰਦੀ ਹੈ ਜਿਸ ਦੁਆਰਾ ਸਾਡਾ ਮਨ ਨਿਰਮਲ ਹੁੰਦਾ ਹੈ, ਪਵਿੱਤਰ ਹੁੰਦਾ ਹੈ ਭਾਵ ਔਗੁਣ ਰਹਿਤ ਹੁੰਦਾ ਹੈ, ਪਾਪਾਂ ਵਾਲੀ ਬਿਰਤੀ ਤੋਂ ਦੂਰ ਹੁੰਦਾ ਹੈ। ਸਾਡੇ ਅੰਦਰ ਇਹ ਗੁਰੂ ਦੀ ਮਤਿ ਦਾ ਗਿਆਨ ਹੀ ਉਹ ਸੱਚਾ ਤੀਰਥ ਹੈ ਜਿਸਦਾ

ਇਸ਼ਨਾਨ ਕਰਨ ਦੁਆਰਾ ਸਾਡੇ ਮਨ ਦੀ ਸੋਝੀ ਪਵਿੱਤਰ ਹੁੰਦੀ ਹੈ। ਅਸੀਂ ਹਰ ਵੇਲੇ, ਹਰ ਰੋਜ਼ ਇਸੇ ਤੀਰਥ ਦਾ ਹੀ ਇਸ਼ਨਾਨ ਕਰਨਾ ਹੈ ਭਾਵ ਗੁਰਮਤਿ ਦੀ ਸੋਝੀ ਨੂੰ ਮਨ ਵਿੱਚ ਵੱਸਾ ਕੇ ਰੱਖਣਾ ਹੈ ਤਾਂ ਜੋ ਸਾਡੇ ਮਨ ਦੀ ਸੋਚ, ਮਨ ਦੀ ਸੋਝੀ ਪਵਿੱਤਰ ਬਣੀ ਰਹੇ ਤੇ ਅਸੀਂ ਕੇਵਲ ਉਹ ਕੁੱਝ ਕਰੀਏ ਜੋ ਸਾਨੂੰ ਗੁਰਮਤਿ ਸਮਝਾਉਂਦੀ ਹੈ ਤੇ ਭਾਵ ਮਨਮਤਿ ਤੋਂ ਰਹਿਤ ਹੋ ਕੇ ਚੱਲੀਏ, ਕਿਸੇ ਮਨਮਤਿ ਦੇ ਪਿੱਛੇ ਨਾ ਲੱਗੀਏ। ਜੋ ਇਸ ਤੀਰਥ ਦਾ ਇਸ਼ਨਾਨ ਕਰ ਲੈਂਦਾ ਹੈ ਉਹ ਫਿਰ ਸਦਾ ਮਨ ਦੇ ਪ੍ਰਕਾਸ਼ ਦੁਆਰਾ ਹੀ ਵਿਚਰਦਾ ਹੈ, ਗੁਰਮਤਿ ਵਾਲੇ ਵਿਚਾਰਾਂ ਦੁਆਰਾ ਹੀ ਵਿਚਰਦਾ ਹੈ। ਗੁਰੂ ਨੇ ਇਸ ਤੀਰਥ ਦਾ ਇਸ਼ਨਾਨ ਕੀਤਾ ਹੋਇਆ ਹੈ ਤੇ ਤਾਂ ਹੀ ਸਾਡੇ ਲਈ ਗੁਰਮਤਿ ਰੂਪ ਤੀਰਥ ਦੀ, ਗੁਰਬਾਣੀ ਰੂਪ ਤੀਰਥ ਦੀ ਰਚਨਾ ਕੀਤੀ ਹੈ ਤਾਂ ਜੋ ਅਸੀਂ ਇਸ ਇਸ਼ਨਾਨ ਦੇ ਨਾਲ ਜੁੜ ਸਕੀਏ, ਨਿੱਤ ਉਸਦੇ ਵਿੱਚੋਂ ਨਾਮ ਦਾ ਇਸ਼ਨਾਨ ਕਰੀਏ, ਗੁਰੂ ਦੇ ਬਚਨਾਂ ਦਾ ਇਸ਼ਨਾਨ ਕਰੀਏ ਭਾਵ ਉਸਦੇ ਬਚਨਾਂ ਦੇ ਨਾਲ ਜੁੜੀਏ, ਸ਼ਬਦ ਦੀ ਵਿਚਾਰ ਦੇ ਨਾਲ ਜੁੜੀਏ। **(ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ**

ਮਜਨਾ॥੧॥)

ਜੋ ਇਸ ਤੀਰਥ ਤੇ ਇਸ਼ਨਾਨ ਕਰ ਲੈਂਦਾ ਹੈ, ਪ੍ਰਮਾਤਮਾ ਦੀ ਸੱਚੀ ਮਤਿ ਦਾ ਇਸ਼ਨਾਨ ਕਰ ਲੈਂਦਾ ਹੈ ਉਸਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥

ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥

ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥

ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥

ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥”

ਮੈਲ ਤੋਂ ਰਹਿਤ ਕੇਵਲ ਸੱਚ ਹੈ ਤੇ ਸੱਚ ਉਹ ਹੈ ਜੋ ਸਾਨੂੰ ਸ਼ਬਦ ਦੀ ਵਿਚਾਰ ਦੁਆਰਾ ਮਿਲਦਾ ਹੈ, ਸ਼ਬਦ ਦੀ ਮਤਿ ਦੁਆਰਾ ਮਿਲਦਾ ਹੈ। ਸ਼ਬਦ ਦੀ ਵਿਚਾਰ ਦਾ ਸੱਚ ਹੀ ਨਾਮ ਹੈ। ਸਾਡੇ ਮਨ ਦੀ ਮੈਲ ਨੂੰ ਇਹੋ ਜਿਹਾ ਸੱਚ ਹੀ ਧੋ ਸਕਦਾ ਹੈ ਭਾਵ ਸਾਡੇ ਅੰਦਰ ਗੁਰੂ ਦੀ ਮਤਿ ਵੱਸਣ ਦੁਆਰਾ ਹੀ ਸਾਡੇ ਮਨ ਦੀ ਮੈਲ ਧੁਪ ਸਕਦੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਸਾਡੇ ਮਨ ਦੀ ਮੈਲ ਧੁਪ ਸਕੇ। ਸਾਡੇ ਮਨ ਦੀ ਮੈਲ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਹੈ ਜੋ ਕੇਵਲ ਤੇ ਕੇਵਲ ਗੁਰੂ ਦੇ ਗਿਆਨ ਦੁਆਰਾ ਹੀ ਜਾ ਸਕਦਾ ਹੈ, ਸ਼ਬਦ ਦੀ ਸੋਝੀ ਦੁਆਰਾ ਹੀ ਜਾ ਸਕਦਾ ਹੈ। ਅਸੀਂ ਆਪਣੀ ਮੈਲ ਉਤਾਰਨ ਦੇ ਅਨੇਕਾਂ ਤਰੀਕੇ ਅਪਣਾਉਂਦੇ ਹਾਂ, ਅਨੇਕਾਂ ਤੀਰਥਾਂ ਤੇ ਇਸ਼ਨਾਨ ਕਰਦੇ ਹਾਂ, ਅਨੇਕਾਂ ਤਰੀਕਿਆਂ ਨਾਲ ਜਪ ਤਪ ਆਦਿ ਕਰਦੇ ਹਾਂ ਪਰ ਅਸੀਂ ਮਨ ਦੀ ਮੈਲ ਕਰਕੇ ਮਾੜੇ ਹਾਂ ਜੋ ਇਹਨਾਂ ਤਰੀਕਿਆਂ ਨਾਲ ਨਹੀਂ ਉਤਰ ਸਕਦੀ। ਸੱਚ ਨੂੰ ਅਪਣਾਏ ਬਿਨ੍ਹਾਂ ਆਪਣੇ ਮਨ ਦੀ ਮੈਲ ਨੂੰ ਧੋਣ ਦਾ ਹੋਰ ਕੋਈ ਤਰੀਕਾ ਨਹੀਂ ਹੈ। **(ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥)** ਸੱਚ ਸਾਡੀ ਮੈਲ ਨੂੰ ਕਿਸ ਰੂਪ ਵਿੱਚ ਧੋਂਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥”

ਅਸੀਂ ਆਪਣੇ ਔਗੁਣਾਂ ਕਰਕੇ ਹੀ ਮੈਲੇ ਹਾਂ ਜਿਸ ਦਾ ਕਾਰਨ ਸਾਡੇ ਮਨ ਦੀ ਮਾੜੀ ਸੋਝੀ ਹੈ, ਸਾਡੀ

ਨਾ ਸਮਝੀ ਹੈ। ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਸੱਚ ਸਮਝਾਉਣ ਲਈ ਹੀ ਹੈ, ਸਾਨੂੰ ਸੱਚੀ ਮਤਿ ਦੇਣ ਲਈ ਹੈ, ਸਾਨੂੰ ਨਾਮ ਸਮਝਾਉਣ ਲਈ ਹੀ ਹੈ ਤਾਂ ਜੋ ਅਸੀਂ ਔਗੁਣਾਂ ਵਿੱਚੋਂ ਨਿਕਲੀਏ, ਮਨ ਦੀ ਮਾੜੀ ਸੋਝੀ ਵਿੱਚੋਂ ਨਿਕਲੀਏ, ਆਪਣੇ ਮਨ ਦੇ ਵਿਚਾਰ ਛੱਡ ਕੇ ਸ਼ਬਦ ਦੇ ਵਿਚਾਰ ਨਾਲ ਜੁੜੀਏ। ਸ਼ਬਦ ਦੇ ਵਿਚਾਰ ਸਾਨੂੰ ਗੁਣਾਂ ਦੇ ਨਾਲ ਜੋੜਦੇ ਹਨ ਤੇ ਗੁਣੀ ਬਣ ਕੇ ਹੀ ਅਸੀਂ ਔਗੁਣਾਂ ਵਿੱਚੋਂ ਨਿਕਲਦੇ ਹਾਂ। ਜੋ ਗੱਲ ਸਾਨੂੰ ਗੁਰੂ ਸਮਝਾਉਂਦਾ ਹੈ ਉਸ ਵਿੱਚ ਗੁਣ ਹਨ, ਸੱਚ ਹੈ। ਗੁਣਾਂ ਨਾਲ ਜੁੜ ਕੇ ਹੀ ਸਾਡਾ ਔਗੁਣਾਂ ਦਾ ਰੋਣਾ ਬੰਦ ਹੁੰਦਾ ਹੈ, ਮਾਇਆ ਮੋਹ ਦਾ ਰੋਣਾ ਬੰਦ ਹੁੰਦਾ ਹੈ, ਤ੍ਰਿਸ਼ਨਾ ਦਾ ਰੋਣਾ ਬੰਦ ਹੁੰਦਾ ਹੈ, ਵਿਖਾਵੇ ਵਾਲੀ ਝੂਠੀ ਭਗਤੀ ਦਾ ਰੋਣਾ ਬੰਦ ਹੁੰਦਾ ਹੈ। ਗੁਣੀ ਬਣ ਕੇ ਵਿਚਰਨਾ ਹੀ, ਮਨ ਦੇ ਸੱਚ ਦੁਆਰਾ ਵਿਚਰਨਾ ਹੀ ਉਸ ਪ੍ਰਮਾਤਮਾ ਦੀ ਭਗਤੀ ਹੈ। **(ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥)**

ਭਗਤੀ ਆਪਣੇ ਮਨ ਨੂੰ ਮਾਰਨ ਦਾ ਮਾਰਗ ਹੈ। ਆਪਣੇ ਮਾੜੇ ਵਿਚਾਰਾਂ ਨੂੰ ਮਾਰਨ ਦਾ ਮਾਰਗ ਹੈ, ਮਾਇਆ ਮੋਹ ਤੋਂ ਤਰਨ ਦਾ ਮਾਰਗ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥”

ਸ਼ਬਦ ਦੇ ਵਿਚਾਰਾਂ ਦੁਆਰਾ ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਮਾਰਨਾ ਹੈ, ਆਪਣੇ ਮਾਇਆ ਮੋਹ ਦੇ ਵਿਚਾਰਾਂ ਨੂੰ ਮਾਰਨਾ ਹੈ, ਔਗੁਣਾਂ ਵਾਲੇ ਵਿਚਾਰਾਂ ਨੂੰ ਮਾਰਨਾ ਹੈ ਤੇ ਇਹੀ ਮਾਇਆ ਮੋਹ ਤੋਂ ਤਰਨਾ ਹੈ, ਮਾਇਆ ਦੇ ਭਵਸਾਗਰ ਤੋਂ ਤਰਨਾ ਹੈ।

ਤਰਨਾ ਅਸੀਂ ਮਾਇਆਂ ਮੋਹ ਦੇ ਸਾਗਰ ਤੋਂ ਹੈ ਤੇ ਤਾਰਨਾ ਸਾਨੂੰ ਸ਼ਬਦ ਦੇ ਵਿਚਾਰਾਂ ਨੇ ਹੈ, ਤਾਰਨਾ ਸਾਨੂੰ ਸ਼ਬਦ ਦੇ ਗਿਆਨ ਨੇ ਹੈ ਜਿਸ ਨੇ ਸਾਨੂੰ ਅਗਿਆਨਤਾ ਵਾਲੀ ਬਿਰਤੀ ਵਿੱਚੋਂ ਕੱਢਣਾ ਹੈ, ਸਾਡੀ ਮਨ ਦੀ ਮਾੜੀ ਸੋਝੀ ਵਿੱਚੋਂ ਕੱਢਣਾ ਹੈ। ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਅਸੀਂ ਇਸ ਸੰਸਾਰ ਸਾਗਰ ਤੋਂ ਤਰਨਾ ਹੈ ਤੇ ਆਪਣਾ ਆਵਾਗਉਣ ਕੱਟਣਾ ਹੈ, ਇਸ ਸੰਸਾਰ ਤੋਂ ਮੁਕਤੀ ਪਾਉਣੀ ਹੈ। ਮੁਕਤੀ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ ਪਰ ਸਾਡੇ ਅੰਦਰ ਸੱਚ ਵੱਸੇ ਬਿਨ੍ਹਾਂ, ਸ਼ਬਦ ਦੇ ਵਿਚਾਰ ਵੱਸੇ ਬਿਨ੍ਹਾਂ ਅਸੀਂ ਮੁਕਤ ਨਹੀਂ ਹੋ ਸਕਦੇ। ਸਾਡੇ ਅੰਦਰ ਵਿਚਾਰ ਪਾਉਣ ਵਾਲਾ ਉਹ ਪ੍ਰਮਾਤਮਾ ਆਪ ਹੈ ਤੇ ਉਸਦੀ ਰਜ਼ਾ ਬਿਨ੍ਹਾਂ, ਉਸਦੀ ਕਿਰਪਾ ਬਿਨ੍ਹਾਂ ਅਸੀਂ ਆਪਣੇ ਮਨ ਦੇ ਵਿਚਾਰਾਂ ਤੋਂ ਮੁਕਤੀ ਨਹੀਂ ਪਾ ਸਕਦੇ। ਸਾਡਾ ਕੇਵਲ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਤਨੋਂ ਮਨੋਂ ਕੇਵਲ ਸ਼ਬਦ ਦੀ ਵਿਚਾਰ ਦੇ ਨਾਲ ਜੁੜੀਏ ਤੇ ਹੋਰ ਕਿਸੇ ਦੀ ਵਿਚਾਰ ਦੇ ਨਾਲ ਨਾ ਜੁੜੀਏ। ਸਾਨੂੰ ਵਿਚਾਰਾਂ ਦੇਣ ਵਾਲੇ ਬਹੁਤ ਹਨ ਜਿੰਨ੍ਹਾਂ ਨੂੰ ਖੁਦ ਸ਼ਬਦ ਦੇ ਵਿਚਾਰ ਦੀ ਸੋਝੀ ਨਹੀਂ ਹੈ। **(ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥)**

ਸਾਡੇ ਮਨ ਦੇ ਵਿਚਾਰਾਂ ਦਾ ਮਕਸਦ ਸਾਡੇ ਮਨ ਦੇ ਧਿਆਨ ਦੇ ਨਾਲ ਹੈ ਭਾਵ ਸਾਡੇ ਮਨ ਦਾ ਧਿਆਨ ਉਹੀ ਕੁੱਝ ਹੁੰਦਾ ਹੈ ਜਿਹੋ ਜਿਹੇ ਸਾਡੇ ਮਨ ਦੇ ਵਿਚਾਰ ਹੁੰਦੇ ਹਨ। ਸ਼ਬਦ ਦੇ ਵਿਚਾਰ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ ਤੇ ਇਸੇ ਲਈ ਆਪ ਪ੍ਰਮਾਤਮਾ ਆਪਣੇ

23/2477

ਉੱਚੇ ਵਿਚਾਰਾਂ ਕਰਕੇ, ਉੱਚੇ ਗਿਆਨ ਕਰਕੇ "ਪਾਰਸੁ" ਹੈ। ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥"

ਸਾਡੇ ਸਭ ਦੇ ਜੀਵਨ ਦਾ ਮਕਸਦ ਉਸ ਪ੍ਰਮਾਤਮਾ ਨੂੰ ਪਾਉਣ ਦਾ ਹੈ ਜੋ ਕੇਵਲ ਆਪ ਹੀ "ਪਾਰਸੁ" ਹੈ। ਉਹ "ਪਾਰਸੁ" ਕਿਸ ਰੂਪ ਵਿੱਚ ਹੈ ਇਹੀ ਗੱਲ ਸਾਨੂੰ ਉੱਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਸਭ ਤੋਂ ਉੱਚੇ ਧਿਆਨ ਵਾਲਾ ਹੈ, ਪਰਮ ਧਿਆਨ ਵਾਲਾ ਹੈ ਭਾਵ ਸਭ ਤੋਂ ਉੱਚੇ ਗਿਆਨ ਵਾਲਾ ਹੈ, ਸਭ ਤੋਂ ਉੱਚੇ ਵਿਚਾਰ ਦੇਣ ਵਾਲਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਪਾਏ ਹੋਏ ਵਿਚਾਰ ਹੀ ਹਨ, ਸ਼ਬਦਾਂ ਦੁਆਰਾ ਪਾਏ ਹੋਏ ਵਿਚਾਰ ਹੀ ਹਨ ਤੇ ਇਸੇ ਲਈ ਸ਼ਬਦ ਦੇ ਵਿਚਾਰ ਸਭ ਤੋਂ ਉੱਚੇ ਵਿਚਾਰ ਹਨ।

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥}

(ਅੰਗ ੯੦੪)

ਇਹ ਸ਼ਬਦ ਦੇ ਵਿਚਾਰ ਪ੍ਰਮਾਤਮਾ ਦੇ ਪਰਮ ਧਿਆਨ ਵਿੱਚੋਂ ਹੀ ਆਏ ਹਨ ਜਿਸ ਕਰਕੇ ਉਹ "ਪਾਰਸੁ" ਹੈ। ਜਿੱਥੇ ਪਰਮ ਧਿਆਨ ਹੈ ਉੱਥੇ ਕੇਵਲ ਸੱਚ ਹੈ, ਉੱਥੇ ਬ੍ਰਹਮ ਗਿਆਨ ਹੈ। ਪ੍ਰਮਾਤਮਾ ਆਪਣੇ ਇਸ ਬ੍ਰਹਮ ਗਿਆਨ ਕਰਕੇ "ਪਾਰਸੁ" ਹੈ, ਆਪਣੇ ਪੂਰਨ ਸੱਚ ਦੁਆਰਾ "ਪਾਰਸੁ" ਹੈ, ਆਪਣੇ ਸ਼ਬਦ ਦੀ ਵਿਚਾਰ ਦੁਆਰਾ "ਪਾਰਸੁ" ਹੈ, ਆਪਣੇ "ਸਹਜੁ" ਦੁਆਰਾ ਪਾਰਸੁ ਹੈ, ਆਪਣੇ ਚੌਥੇ ਪਦੇ ਦੇ ਉੱਚੇ ਗਿਆਨ ਦੁਆਰਾ "ਪਾਰਸੁ" ਹੈ ਜੋ ਕੇਵਲ ਆਪ ਹੀ ਇਸ ਗਿਆਨ ਦਾ ਮਾਲਕ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਉੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਪੂਰਨ ਸੱਚ ਹੈ ਜਿਸ ਕਰਕੇ ਗੁਰਬਾਣੀ "ਪਾਰਸੁ" ਹੈ ਤੇ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਪਰਮ ਧਿਆਨ ਰਾਹੀਂ ਹੀ ਆਈ ਹੈ ਤੇ ਜਿਸ ਸਰੀਰ ਵਿੱਚ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉੱਥੇ ਆਪਣਾ ਪਰਮ ਧਿਆਨ ਹੀ ਬਖਸ਼ਦਾ ਹੈ। ਮਨ ਦੀ ਇਹ ਅਵੱਸਥਾ ਹੀ "ਗਿਆਨ ਧਿਆਨ" ਵਾਲੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥}

(ਅੰਗ ੧੨੪੩)

ਜਿੰਨ੍ਹਾਂ ਨੇ ਪਹਿਲੇ ਪ੍ਰਮਾਤਮਾ ਦੀ ਅਸਲੀਅਤ ਨੂੰ ਆਪਣੀ ਸੁਰਤ ਵਿੱਚ ਧਿਆਇਆ ਹੈ ਭਾਵ ਜਾਣਿਆ ਹੈ, ਆਪਣੇ ਮਨ ਦੇ ਗਿਆਨ ਰਾਹੀਂ ਜਾਣਿਆ ਹੈ, ਮਨ ਦੇ ਧਿਆਨ ਰਾਹੀਂ ਜਾਣਿਆ ਹੈ ਉਹਨਾਂ ਨੇ ਹੀ ਪ੍ਰਮਾਤਮਾ ਦੀ ਅਸਲੀਅਤ ਨੂੰ ਬਿਆਨ ਕੀਤਾ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਸਾਡੇ ਅੰਦਰ ਉਹ "ਪਾਰਸੁ" ਰੂਪ ਵਿੱਚ ਹੀ ਹੈ, ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਪਰ ਉਸ "ਪਾਰਸੁ" ਨੂੰ ਪਰਸੇ ਬਿਨ੍ਹਾਂ ਕੋਈ "ਪਾਰਸੁ" ਨਹੀਂ ਹੋ ਸਕਦਾ। ਉਹ ਨਿਰਗੁਣ ਰੂਪ ਵਿੱਚ "ਪਾਰਸੁ" ਹੈ ਤੇ ਜਿਸ ਨੂੰ ਉਹ "ਪਾਰਸੁ" ਬਣਾਉਂਦਾ ਹੈ ਉਸ ਨੂੰ ਮਨ ਦੇ ਵਿੱਚ ਹੀ ਆਪਣੇ "ਪਾਰਸੁ" ਰੂਪ ਦੁਆਰਾ ਪਰਸਦਾ ਹੈ, ਨਿਰਗੁਣ ਰੂਪ ਵਿੱਚ ਪਰਸਦਾ ਹੈ, ਮਨ ਦੇ ਵਿੱਚ ਆਪਣੇ ਬ੍ਰਹਮ ਗਿਆਨ ਰਾਹੀਂ ਪਰਸਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਰਸਿਆ ਹੈ ਤੇ ਪਰਸਣ ਦੁਆਰਾ "ਗਿਆਨ ਧਿਆਨ" ਦੀ ਅਵੱਸਥਾ ਬਖਸ਼ੀ ਹੈ।

23/2478

ਪੂਰੀ ਗੁਰਬਾਣੀ ਆਪਣੇ ਸ਼ਬਦ ਦੀ ਵਿਚਾਰ ਦੁਆਰਾ "ਪਾਰਸੁ" ਹੈ। "ਪਾਰਸੁ" ਅਸਲ ਵਿੱਚ ਸ਼ਬਦ ਦੇ ਅੰਦਰ ਦੀ ਵਿਚਾਰ ਹੈ, ਸ਼ਬਦ ਦੇ ਅੰਦਰ ਦੀ ਸੋਝੀ ਹੈ ਜੋ ਸਾਨੂੰ "ਪਾਰਸੁ" ਬਣਾ ਸਕਦੀ ਹੈ। "ਪਾਰਸੁ" ਸਭ ਤੋਂ ਪਵਿੱਤਰ ਵਸਤੂ ਹੈ ਜਿਸ ਤੋਂ ਜਿਆਦਾ ਪਵਿੱਤਰ ਹੋਰ ਕੋਈ ਨਹੀਂ ਹੋ ਸਕਦਾ, ਹੋਰ ਕੁੱਝ ਨਹੀਂ ਹੋ ਸਕਦਾ। ਜਿੱਥੇ ਸ਼ਬਦ ਦੀ ਸੋਝੀ ਹੈ ਉੱਥੇ ਪੂਰਨ ਸੱਚ ਹੈ ਤੇ ਅਸਲ ਵਿੱਚ ਪੂਰਨ ਸੱਚ ਹੀ ਪਾਰਸੁ ਹੈ। ਪ੍ਰਮਾਤਮਾ ਦੇ ਕੋਲ ਪੂਰਨ ਸੱਚ ਦੀ ਸੋਝੀ ਹੈ, ਪੂਰਨ ਸੱਚ ਦਾ ਗਿਆਨ ਹੈ ਜਿਸ ਕਰਕੇ ਉਹ ਪਾਰਸੁ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਪਾਰਸੁ ਰੂਪ ਨਾਲ ਜੁੜਨਾ ਚਾਹੁੰਦੇ ਹਾਂ ਤਾਂ ਉਸਦਾ ਇੱਕੋ ਇੱਕ ਤਰੀਕਾ ਸ਼ਬਦ ਦੇ ਅੰਦਰ ਦੀ ਸੋਝੀ ਦੇ ਨਾਲ ਜੁੜਨ ਦਾ ਹੈ ਜੋ ਸਾਨੂੰ ਪਾਰਸੁ ਕਰ ਸਕਦੀ ਹੈ। ਸ਼ਬਦ ਦੀ ਸੋਝੀ ਆਪ "ਪਾਰਸੁ" ਹੈ, ਸ਼ਬਦ ਦੀ ਵਿਚਾਰ ਆਪ "ਪਾਰਸੁ" ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਸ ਗੱਲ ਦੀ ਸਮਝ ਉਸ ਪਾਰਸੁ ਦੇ ਨਾਲ ਜੁੜਨ ਤੋਂ ਬਾਅਦ ਹੀ ਪੈਂਦੀ ਹੈ ਕਿ ਪ੍ਰਮਾਤਮਾ ਸ਼ਬਦ ਦੀ ਸੋਝੀ ਦੇ ਰੂਪ ਵਿੱਚ ਵਿਚਰਦਾ ਹੈ, ਗਿਆਨ ਦੇ ਰੂਪ ਵਿੱਚ ਵਿਚਰਦਾ ਹੈ, ਗਿਆਨ ਦੇ ਮਨੋਰਥ ਦੇ ਰੂਪ ਵਿੱਚ ਵਿਚਰਦਾ ਹੈ ਜਿਸ ਮਕਸਦ ਲਈ ਉਸਨੇ ਗਿਆਨ ਦਿੱਤਾ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

ਜੋ ਸ਼ਬਦ ਦੀ ਸੋਝੀ ਦੇ ਨਾਲ ਜੁੜਦਾ ਹੈ ਉਹ ਸ਼ਬਦ ਪੜ੍ਹਨ ਦੇ ਮਕਸਦ ਨੂੰ ਪੂਰਾ ਕਰਦਾ ਹੈ, ਸ਼ਬਦ ਦੀ ਵਿਚਾਰ ਦੇ ਮਕਸਦ ਨੂੰ ਪੂਰਾ ਕਰਦਾ ਹੈ ਭਾਵ ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਤਿਆਗ ਕੇ ਸ਼ਬਦ ਦੇ ਵਿਚਾਰਾਂ ਦੇ ਨਾਲ ਜੁੜਦਾ ਹੈ ਤੇ ਇਹੀ ਆਪਣੇ ਆਪ ਨੂੰ ਪਾਰਸੁ ਕਰਨ ਦਾ ਤਰੀਕਾ ਹੈ, ਪਵਿੱਤਰ ਕਰਨ ਦਾ ਤਰੀਕਾ ਹੈ, ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ।

ਹੁਣ ਧਿਆਨ ਨਾਲ ਸੋਚੋ ਜੋ ਕੇਵਲ ਸ਼ਬਦ ਨੂੰ ਰੱਟਣ ਦੇ ਨਾਲ ਜੁੜੇ ਹੋਏ ਹਨ ਭਾਵ ਸਾਰਾ ਦਿਨ ਬਾਣੀ ਨੂੰ ਪੜ੍ਹੀ ਜਾਂਦੇ ਹਨ ਪਰ ਉਸ ਦੀ ਵਿਚਾਰ ਦੇ ਨਾਲ ਨਹੀਂ ਜੁੜਦੇ, ਕੀ ਉਹ ਕਦੇ ਪਾਰਸ ਹੋ ਸਕਦੇ ਹਨ। ਇਹ ਕੇਵਲ ਗੱਡੀ ਲੱਦਣ ਵਾਲੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ।

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥੧॥}

(ਅੰਗ ੪੬੭)

{ਲੇਖ ਅਸੰਖ ਲਿਖਿ ਲਿਖਿ ਮਾਨੁ॥
ਮਨਿ ਮਾਨਿਐ ਸਚੁ ਸੁਰਤਿ ਵਖਾਨੁ॥
ਕਥਨੀ ਬਦਨੀ ਪੜਿ ਪੜਿ ਭਾਰੁ॥
ਲੇਖ ਅਸੰਖ ਅਲੇਖੁ ਅਪਾਰੁ॥੧॥}

(ਅੰਗ ੪੧੨)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥}

(ਅੰਗ ੧੨੦)

23/2479

ਇੱਕੋ ਇੱਕ ਤਰੀਕਾ ਜੋ ਸਾਨੂੰ "ਪਾਰਸੁ" ਦੇ ਨਾਲ ਜੋੜ ਸਕਦਾ ਹੈ ਉਹ ਸ਼ਬਦ ਦੀ ਸੋਝੀ ਦੇ ਨਾਲ ਜੁੜਨ ਦਾ ਹੈ, ਸ਼ਬਦ ਦੀ ਮਤਿ ਨੂੰ ਮੰਨਣ ਦਾ ਹੈ ਤੇ ਪੜ੍ਹੀ ਜਾਣ ਨਾਲ, ਸ਼ਬਦ ਨੂੰ ਰੱਟੀ ਜਾਣ ਨਾਲ ਸਾਡੇ ਮਨ ਦੇ ਵਿਚਾਰ ਸੱਚ ਦੇ ਨਾਲ ਨਹੀਂ ਜੁੜਦੇ। ਕੇਵਲ ਸੱਚ ਸੱਚ ਕਰੀ ਜਾਣ ਨਾਲ ਅਸੀਂ ਸੱਚੇ ਨਹੀਂ ਹੋ ਸਕਦੇ। ਜਦ ਤੱਕ ਸਾਡੇ ਵਿਚਾਰ ਸੱਚੇ ਨਹੀਂ ਹੁੰਦੇ ਤਦ ਤੱਕ ਸਾਡਾ ਮੁੱਖ ਸੱਚਾ ਨਹੀਂ ਹੋ ਸਕਦਾ, ਸਾਡੀ ਰਸਨਾ ਸੱਚੀ ਨਹੀਂ ਹੋ ਸਕਦੀ। ਰਸਨਾ ਉਹੀ ਸੱਚੀ ਹੈ ਜੋ ਸੱਚ ਬੋਲਦੀ ਹੈ ਤੇ ਸੱਚ ਤਾਂ ਹੀ ਬੋਲਿਆ ਜਾ ਸਕਦਾ ਹੈ ਜੇਕਰ ਸਾਡੇ ਵਿਚਾਰ ਸੱਚੇ ਹਨ, ਜੇਕਰ ਸਾਡੇ ਅੰਦਰ ਸ਼ਬਦ ਦਾ ਸੱਚ ਹੈ। ਸੱਚ ਨੂੰ ਅਪਣਾਏ ਬਿਨ੍ਹਾਂ ਕੋਈ ਸੱਚਾ ਨਹੀਂ ਹੋ ਸਕਦਾ। ਪ੍ਰਮਾਤਮਾ ਆਪਣੇ ਪੂਰਨ ਸੱਚ ਦੁਆਰਾ ਪਾਰਸੁ ਹੈ ਤੇ ਉਸਨੂੰ ਸੱਚ ਹੀ ਭਾਉਂਦਾ ਹੈ ਭਾਵ ਜੋ ਉਸਦੇ ਸ਼ਬਦ ਦੇ ਸੱਚ ਨਾਲ ਜੁੜਦਾ ਹੈ, ਸ਼ਬਦ ਦੇ ਸੱਚੇ ਗਿਆਨ ਨਾਲ ਜੁੜਦਾ ਹੈ, ਆਪਣੇ ਧਿਆਨ ਦੇ ਅੰਦਰ ਸ਼ਬਦ ਦੇ ਸੱਚ ਨੂੰ ਵਸਾਉਂਦਾ ਹੈ ਉਹੀ ਪ੍ਰਮਾਤਮਾ ਨੂੰ ਭਾਉਂਦਾ ਹੈ ਤੇ ਉਸ ਪਾਰਸੁ ਨੂੰ ਪਰਸ ਸਕਦਾ ਹੈ। **(ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਣੇ॥)**

ਪਾਰਸੁ ਬਣਨ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਤੇ ਸਮਝਦੇ ਹਨ ਕਿ "ਪਾਰਸੁ" ਰੂਪ ਬਾਣੀ ਨੂੰ ਪੜ੍ਹੀ ਜਾਣ ਨਾਲ ਉਹ ਆਪੇ ਹੀ ਪਾਰਸੁ ਹੋ ਜਾਣਗੇ। ਉਹ ਕਿਤਨੀ ਵੱਡੀ ਅਗਿਆਨਤਾ ਵਿੱਚ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਤੇ ਉਹ ਵੀ ਸਮਝ ਸਕਦੇ ਹਨ ਜੋ ਇਹੋ ਜਿਹੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ। ਇਹੋ ਜਿਹੀ ਵਿਚਾਰਧਾਰਾ ਦੇਣ ਵਾਲੇ ਉਹਨਾਂ ਦੇ ਸਿਰਮੌਰ ਹੀ ਹਨ ਜਿੰਨ੍ਹਾਂ ਨੇ ਉਹਨਾਂ ਨੂੰ ਇਹੋ ਕੁੱਝ ਸਿਖਾਇਆ ਹੈ ਕਿ ਸਾਰਾ ਦਿਨ ਸ਼ਬਦ ਨੂੰ ਰਟੀ ਜਾਉ ਤੇ ਉਸਨੂੰ ਵਿਚਾਰਨ ਦੀ ਲੋੜ ਨਹੀਂ ਹੈ ਭਾਵ ਬਿਨ੍ਹਾਂ ਵਿਚਾਰਨ ਤੋਂ ਹੀ ਆਪਣੇ ਆਪ ਨੂੰ ਪਾਰਸੁ ਬਣ ਜਾਵਾਂਗੇ। ਇਹੋ ਜਿਹੀ ਵਿਚਾਰਧਾਰਾ ਉਹੀ ਦੇ ਸਕਦਾ ਹੈ ਜਿਸ ਨੂੰ ਉਸ "ਪਾਰਸੁ" ਦੀ ਰੱਤੀ ਭਰ ਵੀ ਸਮਝ ਨਹੀਂ ਹੈ ਕਿ ਉਹ ਪਾਰਸੁ ਕਿਸ ਰੂਪ ਵਿੱਚ ਹੈ ਤੇ ਸਾਨੂੰ ਪਾਰਸੁ ਕਿਵੇਂ ਕਰਦਾ ਹੈ ਤੇ ਕਿਸ ਵਿਧੀ ਦੁਆਰਾ ਕਰਦਾ ਹੈ। ਪਾਰਸੁ ਹੋਣ ਦੀ ਵਿਧੀ ਕੇਵਲ ਗੁਰੂ ਹੀ ਜਾਣਦਾ ਹੈ ਜੋ ਆਪ ਪਾਰਸੁ ਹੈ। ਸਾਡੇ ਭਰਮ ਦਾ ਕਾਰਨ ਇਹੀ ਹੈ ਕਿ ਅਸੀਂ ਸ਼ਬਦ ਦੀ ਵਿਚਾਰ ਤੋਂ ਵਿਛੁੜੇ ਹੋਏ ਹਾਂ ਤੇ ਉਹਨਾਂ ਦੇ ਵਿਚਾਰਾਂ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨੂੰ ਉਸ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ, ਗਿਆਨ ਰੂਪ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ, ਉਸ ਦੇ ਪਾਰਸੁ ਰੂਪ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ। ਇਹੋ ਜਿਹੀ ਵਿਚਾਰਧਾਰਾ ਵਾਲੇ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਹੀ ਸਮਝਦੇ ਹਨ, ਕਿਸੇ ਖੰਡਾਂ, ਬ੍ਰਹਿਮੰਡਾਂ ਵਿੱਚ ਹੋਣਾ ਸਮਝਦੇ ਹਨ, ਉਸਦੇ ਮਹਿਲ ਸਰਗੁਣ ਰੂਪ ਮਹਿਲ ਸਮਝਦੇ ਹਨ ਜਿੰਨ੍ਹਾਂ ਗੱਲਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਇਹ ਸਭ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿਣ ਵਾਲਿਆਂ ਦੇ ਭਰਮ ਦਾ ਨਤੀਜਾ ਹੈ, ਮਨ ਘੜੰਤ ਵਿਚਾਰਾਂ ਦਾ ਨਤੀਜਾ ਹੈ ਜਿੰਨ੍ਹਾਂ ਨੂੰ ਇਸ ਮਨ ਦੀ ਬਿਲਕੁਲ ਵੀ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਦਾ ਅਸਲ ਰੂਪ ਕੀ ਹੈ। ਹਰ ਕੋਈ ਭਰਮ ਵਿੱਚ ਹੀ ਹੈ ਤੇ ਇਹੋ ਜਿਹੇ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਉਂਦੇ ਹਨ, ਮਨ ਘੜੰਤ ਵਿਚਾਰਾਂ ਦੇ ਨਾਲ ਹੀ ਜੋੜਦੇ ਹਨ। ਇਹ ਸਭ ਤ੍ਰੈਗੁਣਾਂ ਵਾਲੀ ਅਵੱਸਥਾ ਦੀ ਖੇਡ ਹੈ ਹੋਰ ਕੁੱਝ ਵੀ ਨਹੀਂ। ਆਉ ਗੁਰੂ ਦੀ ਚੌਥੇ ਪਦ

ਦੀ ਸੋਝੀ ਦੇ ਨਾਲ ਜੁੜੀਏ, ਸ਼ਬਦ ਦੀ ਸੋਝੀ ਦੇ ਨਾਲ ਜੁੜੀਏ।

23/2480

ਪਾਰਸੁ ਵਾਲੀ ਅਵੱਸਥਾ ਸਾਡੇ ਅੰਦਰ ਪੂਰਨ ਗੁਰਮਤਿ ਦੀ ਅਵੱਸਥਾ ਹੈ ਜਿਸ ਦੁਆਰਾ ਗੁਰਮਤਿ ਤੇ ਚੱਲਿਆ ਜਾ ਸਕਦਾ ਹੈ। ਮਨ ਦੀ ਇਹ ਅਵੱਸਥਾ ਸਾਨੂੰ ਔਗੁਣਾਂ ਤੋਂ ਮੁਕਤਿ ਕਰਦੀ ਹੈ, ਪਾਪਾਂ ਤੋਂ ਮੁਕਤ ਕਰਦੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥

ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥”

ਉੱਪਰ ਧਿਆਨ ਨਾਲ ਸਮਝੋ ਕਿ ਅਸਲ ਆਨੰਦ ਦੀ ਪ੍ਰਾਪਤੀ ਕੀ ਹੈ, ਸਾਡੇ ਅੰਦਰ ਸੱਚੇ ਖੇੜੇ ਦੀ ਪ੍ਰਾਪਤੀ ਕੀ ਹੈ, ਹਰ ਵੇਲੇ, ਅੱਠੇ ਪਹਿਰ ਆਨੰਦ ਵਿੱਚ ਰਹਿਣਾ ਕੀ ਹੈ, ਅੱਠੇ ਪਹਿਰ ਨਾਮ ਜਪਣਾ ਕੀ ਹੈ। ਇਹ ਸਭ ਕੁੱਝ ਸਾਡੇ ਮਨ ਦੀ ਅਵੱਸਥਾ ਹੈ, ਮਨ ਦੇ ਵਿੱਚ ਸੱਚੀ ਸੋਝੀ ਦੀ ਅਵੱਸਥਾ ਹੈ, ਗੁਰਮਤਿ ਦੀ ਪੂਰਨ ਸੋਝੀ ਦੀ ਅਵੱਸਥਾ ਹੈ, ਸਾਡੇ ਅੰਦਰ ਸ਼ਬਦ ਦੇ ਵਿਚਾਰ ਵੱਸਣ ਦੀ ਅਵੱਸਥਾ ਹੈ, ਨਾਮ ਦੀ ਪ੍ਰਾਪਤੀ ਦੀ ਅਵੱਸਥਾ ਹੈ। ਇਹ ਪ੍ਰਮਾਤਮਾ ਦੇ ਭਗਤ ਦੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਉਹ ਸਦਾ ਆਨੰਦ ਵਿੱਚ ਰਹਿੰਦੇ ਹਨ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਇਸ ਅਵੱਸਥਾ ਦੁਆਰਾ ਮਨ ਦੇ ਵਿੱਚੋਂ ਪਾਪਾਂ ਵਾਲੀ ਬਿਰਤੀ ਨੂੰ ਪ੍ਰਮਾਤਮਾ ਦੂਰ ਕਰ ਦਿੰਦਾ ਹੈ ਤੇ ਆਪਣੇ ਪੂਰਨ ਸੱਚ ਦੇ ਨਾਲ ਜੋੜ ਕੇ ਰੱਖਦਾ ਹੈ। ਇਸ ਅਵੱਸਥਾ ਦੁਆਰਾ ਉਸਦੇ ਭਗਤ ਸੱਚ ਦੁਆਰਾ ਚੱਲਣ ਵਿੱਚ ਹੀ ਆਨੰਦ ਮਹਿਸੂਸ ਕਰਦੇ ਹਨ, ਔਗੁਣ ਰਹਿਤ ਹੋ ਕੇ ਵਿਚਰਨ ਵਿੱਚ ਹੀ ਆਨੰਦ ਮਹਿਸੂਸ ਕਰਦੇ ਹਨ, ਸੱਚਾ ਸੁੱਖ ਮਹਿਸੂਸ ਕਰਦੇ ਹਨ। ਜਦ ਤੱਕ ਸਾਡੀ ਬਿਰਤੀ ਮਾੜੀ ਹੈ, ਔਗੁਣਾਂ ਵਾਲੀ ਹੈ, ਮਾਇਆ ਮੋਹ ਵਾਲੀ ਹੈ ਤਦ ਤੱਕ ਸਾਡੇ ਮਨ ਦੀ ਸੋਝੀ ਮਾੜੀ ਹੈ ਤੇ ਅਸੀਂ ਮਾਇਆ ਦੀ ਪ੍ਰਾਪਤੀ ਵਿੱਚ ਹੀ ਸੁੱਖ ਮਹਿਸੂਸ ਕਰਦੇ ਹਾਂ ਤੇ ਸ਼ਬਦ ਦੀ ਕਥਨੀ ਵਿੱਚ ਹੀ ਆਨੰਦ ਮਹਿਸੂਸ ਕਰਦੇ ਹਾਂ। ਪ੍ਰਮਾਤਮਾ ਦੇ ਨਾਲ ਮਿਲੇ ਹੋਏ ਮਨ ਦੇ ਵਿੱਚ ਸੱਚ ਨੂੰ ਵਸਾਉਣ ਦਾ ਆਨੰਦ ਮਹਿਸੂਸ ਕਰਦੇ ਹਨ, ਸੱਚ ਦੁਆਰਾ ਵਿਚਰਨ ਵਿੱਚ ਆਨੰਦ ਮਹਿਸੂਸ ਕਰਦੇ ਹਨ। ਇਹ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਦਾ ਆਨੰਦ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦਾ ਆਨੰਦ ਹੈ ਜੋ ਆਨੰਦ ਉਸਦੇ ਭਗਤ ਹੀ ਮਾਣਦੇ ਹਨ। ਸ਼ਬਦ ਦੀ ਵਿਚਾਰ ਨੂੰ ਆਪਣੇ ਅੰਦਰ ਵਸਾਉਣ ਦਾ ਉੱਦਮ ਕਰਨਾ ਹੀ ਇਸ ਆਨੰਦ ਨੂੰ ਪ੍ਰਾਪਤ ਕਰਨ ਦਾ ਉੱਦਮ ਹੈ। **(ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥)**

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥

ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥

ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥}

(ਅੰਗ ੯੧੭)

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥

23/2481

{ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥}

(ਅੰਗ ੯੧੭)

{ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥}

(ਅੰਗ ੯੨੨)

{ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥}

(ਅੰਗ ੩)

{ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥}

(ਅੰਗ 262)

ਇਹ ਆਨੰਦ ਸਾਡੇ ਅੰਦਰ ਗਿਆਨ ਦਾ ਅੰਜਨ ਹੈ, ਮਨ ਦੇ ਵਿੱਚ ਗਿਆਨ ਦੀ ਸੱਚੀ ਸੋਝੀ ਹੈ ਜੋ ਉਹ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਮਨ ਦੀ ਇਸ ਸੋਝੀ ਦੁਆਰਾ ਹੀ ਉਹ ਆਪਣੇ ਦਰਸ਼ਨ ਦਿੰਦਾ ਹੈ। ਇਸ ਆਨੰਦ ਨੂੰ ਉਹੀ ਜਾਣ ਸਕਦਾ ਹੈ ਜਿਸਨੇ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਇਹ ਆਨੰਦ ਸੁਣਿਆ ਹੈ ਤੇ ਆਨੰਦ ਰੂਪ ਗੁਰਬਾਣੀ ਦੀ ਰਚਨਾ ਕੀਤੀ ਹੈ। ਇਹ ਆਨੰਦ ਹੀ ਸਾਡੇ ਅੰਦਰ ਸੁਖਮਨੀ ਵਾਲੀ ਅਵੱਸਥਾ ਹੈ ਜਿਸ ਦੁਆਰਾ ਸੱਚੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਇਹ ਆਨੰਦ ਉਸਦੇ ਭਗਤਾਂ ਨੇ ਹੀ ਮਾਣਿਆ ਹੈ ਤੇ ਸਾਨੂੰ ਇਹ ਆਨੰਦ ਮਾਨਣ ਦਾ ਤਰੀਕਾ ਸਮਝਾਇਆ ਹੈ ਜੋ ਕਿ ਕੇਵਲ ਤੇ ਕੇਵਲ ਸ਼ਬਦ ਦੀ ਵਿਚਾਰ ਦੇ ਨਾਲ ਜੁੜਨ ਦਾ ਹੈ।

ਮਨ ਦੇ ਵਿੱਚ ਇਸ ‘‘ਆਨੰਦ’’ ਦੀ ਪ੍ਰਾਪਤੀ ਹੀ ‘‘ਸਚੁ ਨਾਮੁ’’ ਦੀ ਪ੍ਰਾਪਤੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

‘‘ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥’’

‘‘ਸਚੁ’’ ਪ੍ਰਮਾਤਮਾ ਆਪ ਹੈ, ‘‘ਨਾਮੁ’’ ਪ੍ਰਮਾਤਮਾ ਆਪ ਹੈ। ‘‘ਸਚੁ ਨਾਮੁ’’ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਸ ਦਾ ਮਕਸਦ ਸਾਨੂੰ ਸੋਝੀ ਪੈਣ ਦੇ ਨਾਲ ਹੈ ਜਿਸ ਦੁਆਰਾ ਸਾਨੂੰ ਆਪਣੇ ਮਨ ਦੇ ਵਿੱਚੋਂ ਹੀ ਨਜ਼ਰ ਆਉਂਦਾ ਹੈ, ਦਿੱਸਦਾ ਹੈ ਭਾਵ ਸਮਝ ਲੱਗਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਇਹ ਸੋਝੀ ਪਾਉਂਦਾ ਹੈ ਤੇ ਸੱਚ ਤੋਂ ਬਿਨ੍ਹਾਂ ਸਭ ਕੋਈ ਮੈਲਾ ਹੈ। ਸੱਚ ਨਾਮ ਦੀ ਪ੍ਰਾਪਤੀ ਦੁਆਰਾ ਸਾਨੂੰ ਗੁਰਮਤਿ ਦੇ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਜਿਸਨੂੰ ਜਾਣੇ ਬਿਨ੍ਹਾਂ, ਜਿਸਦੀ ਸੋਝੀ ਪਏ ਬਿਨ੍ਹਾਂ ਸਾਡੇ ਮਨ ਦੀ ਮੈਲ ਨਹੀਂ ਜਾ ਸਕਦੀ। ਸਾਡੇ ਮਨ ਦੀ ਮੈਲ ਦਾ ਕਾਰਨ ਸਾਡੇ ਮਨ ਦੀ ਮਾੜੀ ਸੋਝੀ ਹੈ ਜੋ ਕਿ ਸੱਚ ਨਾਮ ਦੀ ਪ੍ਰਾਪਤੀ ਦੁਆਰਾ ਦੂਰ ਹੁੰਦੀ ਹੈ, ਸ਼ਬਦ ਦੇ ਸੱਚੇ ਵਿਚਾਰ ਦੀ ਪ੍ਰਾਪਤੀ ਦੁਆਰਾ ਹੁੰਦੀ ਹੈ, ਮਨ ਦੇ ਵਿੱਚ ਆਨੰਦ ਦੀ ਪ੍ਰਾਪਤੀ ਦੁਆਰਾ ਦੂਰ ਹੁੰਦੀ ਹੈ। ਸੱਚ ਨਾਮ ਦੀ ਪ੍ਰਾਪਤੀ ਦੁਆਰਾ ਸਾਨੂੰ ਪੂਰਨ ਸੱਚ ਦੀ ਸੋਝੀ ਹੀ ਪੈਂਦੀ ਹੈ ਜਿਸ ਦੁਆਰਾ ਇਸ ਮਨ ਦੀ ਮੈਲ ਦੂਰ ਹੁੰਦੀ ਹੈ। ਪੂਰੀ ਗੁਰਬਾਣੀ ਦੇ ਵਿੱਚ ‘‘ਸਚੁ ਨਾਮੁ’’ ਹੈ ਜਿਸ ਕਰਕੇ ਗੁਰਬਾਣੀ ਦੇ ਵਿੱਚ ਪੂਰਨ ਸੱਚ ਹੈ, ਉਸਦੀ ਹਰ ਗੱਲ ਸੱਚ ਹੈ। ਜਿੰਨ੍ਹਾਂ ਨੂੰ ਸੱਚ ਨਾਮ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਪੂਰਨ ਸੱਚ ਦੀ ਸੋਝੀ

ਪਾਈ ਹੈ। ਗੁਰਬਾਣੀ ਦੇ ਸੱਚ ਦੇ ਨਾਲ ਜੁੜ ਕੇ ਹੀ, ਸ਼ਬਦ ਦੀ ਵਿਚਾਰ ਦੇ ਨਾਲ ਜੁੜ ਕੇ ਹੀ ਅਸੀਂ ਮਨ ਦੇ ਵਿੱਚ ਸੱਚ ਨਾਮ

ਦੀ ਪ੍ਰਾਪਤੀ ਦਾ ਉੱਦਮ ਕਰਨਾ ਹੈ, ਉਸ ਪ੍ਰਮਾਤਮਾ ਦੇ ਨਾਲ ਮੇਲ ਦਾ ਉੱਦਮ ਕਰਨਾ ਹੈ। ਆਪਣੇ ਮਨ ਨੂੰ ਮੈਲ ਰਹਿਤ ਕਰਨ ਦਾ ਉੱਦਮ ਹੀ ''ਸਚੁ ਨਾਮੁ'' ਦੀ ਪ੍ਰਾਪਤੀ ਦਾ ਉੱਦਮ ਹੈ। **(ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥)**

ਸੱਚ ਨਾਮ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਸ ਦੁਆਰਾ ਮਨੁੱਖ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਇਸ਼ਨਾਨ ਕਰਦਾ ਹੈ ਜੋ ਕਿ ਉਹ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਭਾਵ ਮਨ ਦੇ ਵਿੱਚ ਸੱਚ ਦੀ ਸੋਝੀ ਪੈਣ ਦੁਆਰਾ ਹੀ ਉਸ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਜੋ ਕਿ ਉਸ ਦੇ ਜਾਨਣ ਵਾਲਿਆਂ ਨੇ ਗੁਰੂ ਰੂਪ ਵਿੱਚ ਗਾਏ ਹਨ ਤੇ ਇਹੀ ਗੱਲ ਅਗਲੇ ਪਦੇ ਰਾਹੀਂ ਸਪੱਸ਼ਟ ਕੀਤੀ ਹੋਈ ਹੈ।

“ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ॥

ਗਾਵੈ ਗਾਵਣਹਾਰੁ ਸਬਦਿ ਸੁਹਾਵਣੋ॥

ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ॥

ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ॥

ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ॥

ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ॥੩॥”

ਉੱਪਰ ਸਾਨੂੰ ਗੁਰੂ ਸਾਹਿਬ ਆਪਣੇ ਮਨ ਦੀ ਅਵੱਸਥਾ ਹੀ ਸਮਝਾ ਰਹੇ ਹਨ ਕਿ ਉਹਨਾਂ ਨੇ ਕਿਸ ਤੀਰਥ ਤੇ ਇਸ਼ਨਾਨ ਕੀਤਾ ਹੋਇਆ ਹੈ, ਨਾਮ ਦਾ ਇਸ਼ਨਾਨ ਕਿਸ ਤੀਰਥ ਤੋਂ ਕੀਤਾ ਹੋਇਆ ਹੈ। ਗੁਰੂ ਸਾਹਿਬ ਦਾ ਮੀਤ ਆਪ ਪ੍ਰਮਾਤਮਾ ਹੀ ਹੈ ਜੋ ਕਿ ਆਪ ਹੀ ਗੁਰੂ ਰੂਪ ਵਿੱਚ ਉਹਨਾਂ ਦੇ ਅੰਦਰ ਪ੍ਰਗਟ ਹੁੰਦਾ ਹੈ। ਗੁਰੂ ਸਾਹਿਬ ਨੇ ਪ੍ਰਮਾਤਮਾ ਦੀ ਸੰਗਤਿ ਪ੍ਰਾਪਤ ਕੀਤੀ ਹੋਈ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦੀ ਹੈ ਤੇ ਮਨ ਦੇ ਵਿੱਚ ਇਹ ਸੰਗਤਿ ਹੀ ਪ੍ਰਮਾਤਮਾ ਦੇ ਨਾਲ ਮਿਲਾਪ ਹੈ। ਇਹੀ ਮਨ ਦੀ ਸਾਧਸੰਗਤਿ ਦੀ ਅਵੱਸਥਾ ਹੈ ਜਿਸ ਨੂੰ ਅਸੀਂ ਪਿੱਛੇ ਬਰੀਕੀ ਨਾਲ ਜਾਣਿਆ ਹੈ। ਪ੍ਰਮਾਤਮਾ ਸੱਚੇ ਤੀਰਥ ਦਾ ਇਸ਼ਨਾਨ ਮਨ ਦੇ ਵਿੱਚੋਂ ਹੀ ਕਰਵਾਉਂਦਾ ਹੈ ਤੇ ਇਸ ਤੀਰਥ ਤੋਂ ਉਹ ਪੂਰਨ ਸੱਚ ਦੀ ਸੋਝੀ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੇ ਰਚਣ ਵਾਲਿਆਂ ਨੂੰ ਪਾਈ ਹੈ। ਇਹ ਸੱਚੇ ਨਾਮ ਦਾ ਤੀਰਥ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਸੱਚੇ ਨਾਮ ਦਾ ਤੀਰਥ ਹੈ ਕਿਉਂਕਿ ਉਹ ਨਾਮ ਦੇ ਤੀਰਥ ਤੋਂ ਪ੍ਰਗਟ ਹੋਈ ਹੈ। **(ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ॥)**

(ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥)

23/2483

ਇਸ ਤੀਰਥ ਤੇ ਇਸ਼ਨਾਨ ਕਰਨ ਨਾਲ ਸਾਡੇ ਮਨ ਦੀ ਮੈਲ ਹੀ ਧੁਪਦੀ ਹੈ ਤੇ ਇਹੀ ਇਸ ਤੀਰਥ ਤੇ ਇਸ਼ਨਾਨ ਕਰਨ ਦਾ ਮਕਸਦ ਹੈ। ਇਸ ਤੀਰਥ ਤੇ ਇਸ਼ਨਾਨ ਕਰਨ ਦਾ ਮਕਸਦ ਸਾਡੇ ਮਨ ਦਾ ਰੋਗ ਮਿਟਾਉਣ ਦੇ ਨਾਲ ਹੈ ਜੋ ਕਿ ਮਨ ਦੇ ਵਿੱਚ ਸ਼ਬਦ ਦੇ ਵਿਚਾਰ ਦੀ ਸੋਝੀ ਪੈਣ ਦੁਆਰਾ ਦੂਰ ਹੁੰਦਾ ਹੈ, ਮਨ ਦੇ ਵਿੱਚ ਗੁਰੂ ਦਾ ਸੱਚਾ ਗਿਆਨ ਵੱਸਣ ਦੁਆਰਾ ਦੂਰ ਹੁੰਦਾ ਹੈ। ਸ਼ਬਦ ਦੀ ਸੱਚੀ ਸੋਝੀ ਹੀ ਨਾਮ ਦੀ ਅਉਖਧ ਹੈ, ਦਵਾਈ ਹੈ ਜਿਸ ਨੂੰ ਪੀਣ ਦੁਆਰਾ ਸਾਡੇ ਮਨ ਦਾ ਰੋਗ ਦੂਰ ਹੁੰਦਾ ਹੈ, ਮਨ ਦੇ ਵਿੱਚੋਂ ਔਗੁਣਾਂ ਦੀ, ਅਗਿਆਨਤਾ ਦੀ ਮੈਲ ਨਿਕਲਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਇਹ ਸੱਚ ਦਾ ਦਾਰੂ ਹੈ ਜੋ ਸਾਡੇ ਅੰਦਰੋਂ ਝੂਠ ਨੂੰ ਮਾਰਦਾ ਹੈ, ਝੂਠੇ ਵਿਚਾਰਾਂ ਨੂੰ ਕੱਢਦਾ ਹੈ ਜਿੰਨ੍ਹਾਂ ਦੇ ਕਾਰਨ ਹਰ ਕੋਈ ਰੋਗੀ ਹੈ, ਸਾਰਾ ਸੰਸਾਰ ਹੀ ਇਸ ਦਾ ਰੋਗੀ ਹੈ, ਮਾਇਆਂ ਮੋਹ ਦਾ ਰੋਗੀ ਹੈ, ਤ੍ਰਿਸ਼ਨਾ ਦਾ ਰੋਗੀ ਹੈ, ਹਉਮੈ ਦਾ ਰੋਗੀ ਹੈ। ਮਨ ਦੇ ਵਿੱਚ ਸੱਚਾ ਗਿਆਨ ਵੱਸਣ ਦੁਆਰਾ ਗੁਰੂ ਇਸ ਰੋਗ ਤੋਂ ਨਿਕਲਿਆ ਹੋਇਆ ਹੈ ਤੇ ਇਸੇ ਲਈ ਗੁਰੂ ਸਾਨੂੰ ਇਸ ਰੋਗ ਵਿੱਚੋਂ ਨਿਕਲਣ ਦੀ ਮਤਿ ਦੇ ਰਿਹਾ ਹੈ, ਇਸ ਰੋਗ ਨੂੰ ਮਾਰਨ ਦੀ ਦਵਾਈ ਦੱਸ ਰਿਹਾ ਹੈ। ਮਨ ਦੇ ਇਸ ਰੋਗ ਵਿੱਚੋਂ ਨਿਕਲ ਕੇ ਹੀ ਉਸ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗਾਵੈ ਗਾਵਣਹਾਰੁ ਸਬਦਿ ਸੁਹਾਵਣੋ॥”

ਇਹ ਗੁਰੂ ਦੇ ਮਨ ਦੀ ਅਵੱਸਥਾ ਹੈ ਜਿਸ ਦਾ ਆਪਣੇ ਮੀਤ ਦੇ ਨਾਲ ਮਿਲਾਪ ਹੋਇਆ ਹੋਇਆ ਹੈ, ਜਿਸ ਨੇ ਮਨ ਦੇ ਤੀਰਥ ਤੇ ਸੱਚੇ ਗਿਆਨ ਦਾ ਪੂਰਾ ਇਸ਼ਨਾਨ ਕੀਤਾ ਹੋਇਆ ਹੈ, ਜਿਸ ਦੇ ਕੋਲ ਸੱਚ ਦੀ ਪੂਰਨ ਸੋਝੀ ਹੈ, ਸ਼ਬਦ ਦੀ ਪੂਰਨ ਸੋਝੀ ਹੈ, ਜਿਸ ਦੇ ਅੰਦਰ ਸ਼ਬਦ ਦੇ ਸੱਚੇ ਵਿਚਾਰ ਵੱਸੇ ਹੋਏ ਹਨ। ਪ੍ਰਮਾਤਮਾ ਨੂੰ ਉਹੀ ਸੋਹਣਾ ਲੱਗਦਾ ਹੈ ਜੋ ਉਸਦੇ ਸ਼ਬਦ ਦੇ ਅਨੁਸਾਰ ਵਿਚਰਦਾ ਹੈ ਤੇ ਇਹੀ ਉਸ ਦੇ ਗੁਣ ਗਾਉਣੇ ਹਨ ਜੋ ਕਿ ਉਸਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਗਾਏ ਹਨ। ਉਹ ਆਪ ਸੱਚੀ ਮਤਿ ਤੇ ਚੱਲੇ ਹਨ ਤੇ ਸਭ ਨੂੰ ਸੱਚੀ ਮਤਿ ਤੇ ਚੱਲਣਾ ਸਮਝਾਇਆ ਹੈ, ਉਹਨਾਂ ਨੇ ਆਪ ਨਾਮ ਜਪਿਆ ਹੈ ਤੇ ਸਭ ਨੂੰ ਨਾਮ ਜਪਣਾ ਸਮਝਾਇਆ ਹੈ। **(ਗਾਵੈ ਗਾਵਣਹਾਰੁ ਸਬਦਿ ਸੁਹਾਵਣੋ॥)**

ਪ੍ਰਮਾਤਮਾ ਦੇ ਗੁਣ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਹੀ ਗਾਏ ਜਾ ਸਕਦੇ ਹਨ ਭਾਵ ਮਨ ਦੀ ਮੈਲ ਉਤਰਨ ਦੁਆਰਾ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ

“ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ॥”

ਇਹ ਗੁਰੂ ਦੀ ਆਪਣੀ ਅਵੱਸਥਾ ਹੈ ਜਿਸ ਦੇ ਅੰਦਰ ਸੱਚ ਵੱਸਿਆ ਹੋਇਆ ਹੈ, ਸ਼ਬਦ ਦਾ ਸੱਚਾ ਗਿਆਨ ਵੱਸਿਆ ਹੋਇਆ ਹੈ। ਗੁਰੂ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਮਨ ਦੇ

ਵਿੱਚ ਗਿਆਨ ਦੇਣ ਵਾਲਾ ਉਹ ਆਪ ਹੀ ਹੈ। “ਸਤਿਗੁਰੁ” ਪ੍ਰਮਾਤਮਾ ਆਪ ਹੀ ਹੈ ਜੋ ਮਨ ਦੇ ਵਿੱਚ ਆਪਣੀ ਮਤਿ ਦਿੰਦਾ ਹੈ। ਪ੍ਰਮਾਤਮਾ ਦਾ ਮਨੁੱਖ ਤੇ ਸਭ ਤੋਂ ਵੱਡਾ ਪੁੰਨ, ਦਾਨ, ਦਇਆ ਇਹੀ ਹੈ ਕਿ ਉਹ ਕਿਸੇ ਨੂੰ ਆਪਣੀ ਸੱਚੀ ਮਤਿ ਦੇ ਦੇਵੇ। ਪ੍ਰਮਾਤਮਾ ਦੇ ਇਸ ਦਾਨ ਦੁਆਰਾ ਹੀ ਮਨ ਦੇ ਵਿੱਚ ਸੱਚ ਵੱਸਦਾ ਹੈ। ਇਹ ਉਸਦੇ ਨਾਮ ਦਾ ਦਾਨ ਹੈ, ਸੱਚੇ ਗਿਆਨ ਦਾ ਦਾਨ ਹੈ, ਬ੍ਰਹਮ ਗਿਆਨ ਦਾ ਦਾਨ ਹੈ, ਸੱਚੇ ਤੀਰਥ ਤੇ ਇਸ਼ਨਾਨ ਦਾ ਦਾਨ ਹੈ ਜੋ ਉਸਨੇ ਆਪਣੇ ਗੁਰੂ ਰੂਪ ਵਿੱਚ ਬਖਸ਼ਿਆ ਹੋਇਆ ਹੈ। ਜਿਸ ਮਨੁੱਖੀ ਰੂਪ ਨੂੰ ਉਹ ਆਪਣਾ ਭਗਤ ਰੂਪ, ਗੁਰੂ ਰੂਪ ਬਖਸ਼ਦਾ ਹੈ ਆਪਣੇ ਇਸ ਸੱਚੀ ਮਤਿ ਦੇ ਦਾਨ ਦੁਆਰਾ ਹੀ ਬਖਸ਼ਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਦਇਆ ਹੈ, ਗੁਰ ਪ੍ਰਸਾਦਿ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੁੰਦੀ ਹੈ ਤੇ ਉਸ ਨੂੰ ਜਿੰਨ੍ਹਾਂ ਨੇ ਜਾਣਿਆ ਹੈ ਉਹਨਾਂ ਨੂੰ ਹੀ ਉਸ ਦੀ ਸਿਫ਼ਤ ਸਾਲਾਹ ਕਰਨੀ ਆਈ ਹੈ। ਗੁਰੂ ਸਾਨੂੰ ਉਸ ਦੀ ਸੱਚੀ ਸਿਫ਼ਤ ਸਾਲਾਹ ਹੀ ਸਮਝਾ ਰਿਹਾ ਹੈ ਜੋ ਕਿ ਇਸ ਮਨ ਦੇ ਵਿੱਚੋਂ ਮੈਲ ਧੁਪਣ ਦੁਆਰਾ ਹੁੰਦੀ ਹੈ, ਔਗੁਣ ਨਿਕਲਣ ਦੁਆਰਾ ਹੁੰਦੀ ਹੈ ਭਾਵ ਕੇਵਲ ਸੱਚ ਦੁਆਰਾ ਵਿਚਰ ਕੇ ਹੁੰਦੀ ਹੈ, ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ। **(ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ॥)**

ਗੁਰੂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਪ੍ਰਮਾਤਮਾ ਦਾ ਨਾਮ ਦਾਨ ਮਿਲਣ ਤੇ ਹੀ ਕਰਦਾ ਹੈ, ਮਨ ਦੇ ਵਿੱਚ ਉਸਦੇ ਤੀਰਥ ਤੇ ਇਸ਼ਨਾਨ ਕਰਕੇ ਹੀ ਕਰਦਾ ਹੈ। ਗੁਰੂ ਨੇ ਇਹ ਇਸ਼ਨਾਨ ਕਿਸ ਰੂਪ ਵਿੱਚ ਕੀਤਾ ਹੋਇਆ ਹੈ ਭਾਵ ਸਾਡੇ ਮਨ ਦੀ ਅਵੱਸਥਾ ਤੇ ਇਸ ਦਾ ਅਸਰ ਕੀ ਪੈਂਦਾ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ॥”

ਮਨ ਦੇ ਵਿੱਚ ਸੱਚੇ ਤੀਰਥ ਦਾ ਇਸ਼ਨਾਨ “ਸਹਜਿ” ਦੀ ਅਵੱਸਥਾ ਦੀ ਪ੍ਰਾਪਤੀ ਹੈ ਭਾਵ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਤੀਰਥ ਤੇ ਇਸ਼ਨਾਨ ਕਰਵਾਉਂਦਾ ਹੈ ਉਸਨੂੰ ਹੀ ਸਹਜਿ ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ, ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਦੀ ਇਹ ਅਵੱਸਥਾ ਹੀ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦੀ ਹੈ। ਪ੍ਰਮਾਤਮਾ ਸਾਡਾ ਸਭ ਦਾ ਪਤੀ ਹੈ ਉਹ ਪਤੀ “ਸਹਜੁ” ਦੇ ਰੂਪ ਵਿੱਚ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, “ਨਾਮੁ” ਦੇ ਰੂਪ ਵਿੱਚ ਹੈ, “ਸਚੁ” ਦੇ ਰੂਪ ਵਿੱਚ ਹੈ। ਇਹ ਸਭ ਕੁੱਝ ਸਾਡੇ ਮਨ ਦੇ ਵਿੱਚ ਹੀ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਹੀ ਹੁੰਦੀ ਹੈ। ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਭਾਵ ਆਪਣਾ “ਸਚੁ” ਹੀ ਸਮਝਾਉਂਦਾ ਹੈ ਤੇ ਮਨ ਦੇ ਵਿੱਚ ਇਹ ਸੋਝੀ ਚੌਥੇ ਪਦ ਦੀ ਸੋਝੀ ਹੈ। ਚੌਥੇ ਪਦ ਦੀ ਸੋਝੀ ਵਿੱਚ ਹੀ ਸੱਚ ਹੈ, ਨਾਮ ਹੈ, ਸਹਜ ਹੈ, ਬ੍ਰਹਮ ਗਿਆਨ ਹੈ ਤੇ ਅਸਲ ਵਿੱਚ ਚੌਥੇ ਪਦ ਦੀ ਸੋਝੀ ਹੀ ਆਪ ਪ੍ਰਮਾਤਮਾ ਹੈ। ਚੌਥੇ ਪਦ ਦੀ ਸੋਝੀ ਦੀ ਪ੍ਰਾਪਤੀ ਹੀ ਪ੍ਰਮਾਤਮਾ

23/2485

ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਇਹ ਚੌਥਾ ਪਦ ਹੀ ਸਾਡਾ ਪਿਰ ਹੈ, ਸਾਡਾ ਖਸਮ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਚੌਥੇ ਪਦ ਦੁਆਰਾ ਹੀ ਸਮਾਇਆ ਹੋਇਆ ਹੈ। ਸਾਡੇ ਜੀਵਨ ਦਾ ਮਕਸਦ ਇਸ ਚੌਥੇ ਪਦ ਦੀ ਪ੍ਰਾਪਤੀ ਹੈ ਜੋ ਕਿ ਕੇਵਲ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜ ਕੇ ਹੋ ਸਕਦੀ ਹੈ, ਸ਼ਬਦ ਦੇ ਵਿਚਾਰ ਦੇ ਨਾਲ ਜੁੜ ਕੇ ਹੋ ਸਕਦੀ ਹੈ। ਸ਼ਬਦ ਦੇ ਵਿਚਾਰ ਦੇ ਰੂਪ ਵਿੱਚ ਹੀ, ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜੋ ਕਿ ਉਸਦਾ ਚੌਥਾ ਪਦ ਹੈ, ਇਹ ਉਸਦੇ ਸੱਚੇ ਗਿਆਨ ਦਾ ਪਦ ਹੈ ਜਿਸ ਦੁਆਰਾ ਉਹ ਘਟਿ-ਘਟਿ ਦੇ ਵਿੱਚ ਸਮਾਇਆ ਹੋਇਆ ਹੈ, ਸਾਰੀ ਸ੍ਰਿਸ਼ਟੀ ਦੇ ਵਿੱਚ ਸਮਾਇਆ ਹੋਇਆ ਹੈ। ਇਸ ਪਦ ਦੀ ਪ੍ਰਾਪਤੀ, ਸਹਜ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ, ਮਨ ਦੇ ਤੀਰਥ ਦਾ ਇਸ਼ਨਾਨ ਕਰਨ ਦੁਆਰਾ ਹੀ ਹੁੰਦੀ ਹੈ ਤੇ ਇਸ ਅਵੱਸਥਾ ਦੁਆਰਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਸੰਗਿ ਹੁੰਦਾ ਹੈ, ਉਸਦੀ ਸੱਚੀ ਗੁਰਮਤਿ ਦੇ ਨਾਲ ਸੰਗਿ ਹੁੰਦਾ ਹੈ ਤੇ ਫਿਰ ਉਸ ਦੁਆਰਾ ਵਿਚਰਨਾ ਹੀ ਸਾਨੂੰ ਭਾਉਂਦਾ ਹੈ। ਇਹੀ ਸੰਸਾਰ ਦਾ ਸਭ ਤੋਂ ਉੱਚਾ ਤੇ ਸੁੱਚਾ ਇਸ਼ਨਾਨ ਹੈ ਜੋ ਮਨੁੱਖ ਦੇ ਮਨ ਨੂੰ ਸੁੱਚਾ ਤੇ ਉੱਚਾ ਬਣਾਉਂਦਾ ਹੈ ਜਿਵੇਂ ਉਸਨੇ ਗੁਰੂ ਦੇ ਮਨ ਨੂੰ ਬਣਾਇਆ ਹੈ। **(ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ॥)**

{ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥}

(ਅੰਗ ੧੦੨੨)

ਸਹਜ ਦੀ ਅਵੱਸਥਾ, "ਸਹਜੁ" ਰੂਪ ਵਰ ਦੀ ਪ੍ਰਾਪਤੀ ਸਾਨੂੰ ਮਨ ਦੇ ਵਿੱਚ ਸੱਚੀ ਸੋਝੀ ਹੀ ਪਾਉਂਦੀ ਹੈ ਜਿਸ ਦੁਆਰਾ ਸਾਡੀ ਦੁਰਮਤਿ ਦੂਰ ਹੁੰਦੀ ਹੈ, ਅਸੀਂ ਔਗੁਣਾਂ ਵਿੱਚੋਂ ਨਿਕਲਦੇ ਹਾਂ। ਸਹਜੁ ਦੀ ਅਵੱਸਥਾ ਪੂਰਨ ਗੁਰਮਤਿ ਦੀ ਅਵੱਸਥਾ ਹੈ ਤੇ ਅਸਲ ਵਿੱਚ ਇਹ ਪੂਰਨ ਗੁਰਮਤਿ ਹੀ ਸਾਡਾ ਪਤੀ ਹੈ ਜਿਸ ਨੂੰ ਅਸੀਂ ਪਾਉਣਾ ਹੈ। ਕੀ ਕੋਈ ਗੁਰਮਤਿ ਨਾਲੋਂ ਵਿਛੁੜ ਕੇ ਕਦੇ ਉਸ ਪ੍ਰਮਾਤਮਾ ਨੂੰ ਪਾਉਣ ਦੀ ਉਮੀਦ ਰੱਖ ਸਕਦਾ ਹੈ ? ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਉਹੋ ਜਿਹਿਆਂ ਦੀ ਮਤਿ ਦੇ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨੂੰ ਸਹਜੁ ਬਾਰੇ ਰੱਤੀ ਭਰ ਵੀ ਸੋਝੀ ਨਹੀਂ ਹੈ ਤੇ ਤ੍ਰੈਗੁਣਾਂ ਵਿੱਚ ਤੇ ਸਹਜੁ ਵਿੱਚ ਕੀ ਫਰਕ ਹੈ, ਮਨਮਤਿ ਵਿੱਚ ਤੇ ਗੁਰਮਤਿ ਵਿੱਚ ਕੀ ਫਰਕ ਹੈ, ਹਉਮੈ ਵਿੱਚ ਤੇ ਨਾਮ ਵਿੱਚ ਕੀ ਫਰਕ ਹੈ, ਪ੍ਰਮਾਤਮਾ ਦੇ ਨਿਰਗੁਣ ਰੂਪ ਤੇ ਸਰਗੁਣ ਰੂਪ ਵਿੱਚ ਕੀ ਫਰਕ ਹੈ, ਮਨੁੱਖ ਵਿੱਚ ਤੇ ਪ੍ਰਮਾਤਮਾ ਵਿੱਚ ਕੀ ਫਰਕ ਹੈ, ਆਤਮਾ ਵਿੱਚ ਤੇ ਪ੍ਰਮਾਤਮਾ ਵਿੱਚ ਕੀ ਫਰਕ ਹੈ, ਸੰਤ ਹੋਣ ਵਿੱਚ ਤੇ ਨਾ ਹੋਣ ਵਿੱਚ ਕੀ ਫਰਕ ਹੈ, ਬ੍ਰਹਮ ਗਿਆਨੀ ਹੋਣ ਵਿੱਚ ਤੇ ਨਾ ਹੋਣ ਵਿੱਚ ਕੀ ਫਰਕ ਹੈ, ਧਰਮ ਦੇ ਮਾਰਗ ਤੇ ਚੱਲਣ ਵਿੱਚ ਤੇ ਨਾ ਚੱਲਣ ਵਿੱਚ ਕੀ ਫਰਕ ਹੈ ਇਸ ਗੱਲ ਦੀ ਸੋਝੀ ਨਹੀਂ ਹੈ। ਪ੍ਰਾਪਤੀ ਅਸੀਂ ਗੁਰਮਤਿ ਦੇ ਮਾਲਕ ਦੀ ਕਰਨੀ ਹੈ ਤੇ ਜੁੜੇ ਅਸੀਂ ਮਨਮਤਿ ਦੇ ਨਾਲ ਹੋਏ ਹਾਂ।

23/2486

ਮਨ ਦੇ ਵਿੱਚ ਸਹਜਿ ਦੇ ਇਸ਼ਨਾਨ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ, ਆਪਣੀ ਗੁਰਮਤਿ ਦਾ ਰੰਗ ਹੀ ਚੜਾਉਂਦਾ ਹੈ, ਆਪਣੇ ਨਾਮ ਦਾ ਰੰਗ ਹੀ ਚੜਾਉਂਦਾ ਹੈ ਜਿਸ ਦੁਆਰਾ ਗੁਰਮਤਿ ਦੀ ਰਚਨਾ ਹੋਈ ਹੈ, ਗੁਰਬਾਣੀ ਦੀ ਰਚਨਾ ਹੋਈ ਹੈ, ਪੂਰਨ ਸੱਚ ਦੀ ਰਚਨਾ ਹੋਈ ਹੈ ਤੇ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ॥"

ਪ੍ਰਮਾਤਮਾ ਨੂੰ ਮਨ ਦੇ ਵਿੱਚ ਸੱਚੇ ਗਿਆਨ ਦੇ ਇਸ਼ਨਾਨ ਦੁਆਰਾ ਹੀ ਅਰਾਧਿਆ ਜਾ ਸਕਦਾ ਹੈ। ਅਰਾਧਣਾ ਅਸੀਂ ਗੁਰੂ ਦੀ ਮਤਿ ਨੂੰ ਹੀ ਹੈ, ਜਪਣਾ ਅਸੀਂ ਗੁਰੂ ਦੀ ਮਤਿ ਨੂੰ ਹੀ ਹੈ, ਅਰਾਧਣਾ ਸ਼ਬਦ ਦੀ ਵਿਚਾਰ ਨੂੰ ਹੀ ਹੈ। ਜਿਉਂ ਜਿਉਂ ਸਾਡੇ ਅੰਦਰ ਗੁਰੂ ਦੀ ਮਤਿ ਵੱਸਦੀ ਜਾਂਦੀ ਹੈ ਸਾਡੇ ਮਨ ਦੇ ਉੱਤੇ ਗੁਰਮਤਿ ਦਾ ਰੰਗ ਚੜ੍ਹਦਾ ਜਾਂਦਾ ਹੈ, ਨਾਮ ਦਾ ਰੰਗ ਚੜ੍ਹਦਾ ਜਾਂਦਾ ਹੈ। ਪ੍ਰਮਾਤਮਾ ਜਦੋਂ ਮਨ ਦੇ ਵਿੱਚ ਗੁਰਮਤਿ ਦਾ ਇਸ਼ਨਾਨ ਕਰਵਾਉਂਦਾ ਹੈ ਉਸਦੇ ਨਾਲ ਨਿੱਤ ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ ਤੇ ਹਰ ਦਿਨ ਦੇ ਨਾਲ ਮਨ ਦੇ ਵਿੱਚ ਗੁਰਮਤਿ ਦੀ ਸੋਝੀ ਵੱਧਦੀ ਰਹਿੰਦੀ ਹੈ, ਸ਼ਬਦ ਦੇ ਵਿਚਾਰਾਂ ਦੀ ਸੋਝੀ ਵੱਧਦੀ ਰਹਿੰਦੀ ਹੈ ਭਾਵ ਨਾਮ ਦਾ ਰੰਗ ਨਿੱਤ ਵੱਧਦਾ ਰਹਿੰਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦਾ ਵਾਧਾ ਹੁੰਦਾ ਰਹਿੰਦਾ ਹੈ ਜੋ ਕਿ ਪ੍ਰਮਾਤਮਾ

ਆਪ ਹੀ ਵਧਾਉਂਦਾ ਹੈ। **(ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ॥)** ਇਸੇ ਤਰ੍ਹਾਂ ਅਸੀਂ ਜਦੋਂ ਗੁਰਬਾਣੀ ਦੀ ਮਤਿ ਦੇ ਨਾਲ ਜੁੜਾਂਗੇ, ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਾਂਗੇ, ਨਾਮ ਦੇ ਰੰਗ ਦੇ ਨਾਲ ਜੁੜਾਂਗੇ ਤੇ ਜਿਉਂ ਜਿਉਂ ਸਾਡੇ ਅੰਦਰ ਗੁਰੂ ਦੀ ਮਤਿ ਵੱਸਦੀ ਜਾਵੇਗੀ, ਨਾਮ ਦੀ ਮਤਿ ਵੱਸਦੀ ਜਾਵੇਗੀ, ਸ਼ਬਦ ਦੀ ਵਿਚਾਰ ਵੱਸਦੀ ਜਾਵੇਗੀ ਤਿਉਂ ਤਿਉਂ ਸਾਡੇ ਅੰਦਰੋਂ ਮਨਮਤਿ ਦਾ ਰੰਗ ਉਤਰਦਾ ਜਾਵੇਗਾ ਤੇ ਗੁਰਮਤਿ ਦਾ ਰੰਗ ਚੜ੍ਹਦਾ ਜਾਵੇਗਾ, ਹਉਮੈ ਦਾ ਰੰਗ ਉਤਰਦਾ ਜਾਵੇਗਾ ਤੇ ਨਾਮ ਦਾ ਰੰਗ ਵੱਧਦਾ ਜਾਵੇਗਾ, ਝੂਠ ਦਾ ਰੰਗ ਉਤਰਦਾ ਜਾਵੇਗਾ ਤੇ ਸੱਚ ਦਾ ਰੰਗ ਵੱਧਦਾ ਜਾਵੇਗਾ, ਸਵਾਇਆ ਹੁੰਦਾ ਜਾਵੇਗਾ, ਅਗਿਆਨਤਾ ਦਾ, ਭਰਮ ਦਾ ਰੰਗ ਲਹਿੰਦਾ ਜਾਵੇਗਾ ਤੇ ਸੱਚੇ ਗਿਆਨ ਦਾ ਰੰਗ ਚੜ੍ਹਦਾ ਜਾਵੇਗਾ। ਸਾਰੀ ਗੱਲ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ, ਸ਼ਬਦ ਦੀ ਵਿਚਾਰ ਨੂੰ ਮੰਨਣ ਦੀ ਹੈ ਤੇ ਜਿਉਂ ਜਿਉਂ ਅਸੀਂ ਗੁਰਮਤਿ ਨੂੰ ਅਪਣਾਈ ਜਾਂਦੇ ਹਾਂ ਤਿਉਂ ਤਿਉਂ ਅਸੀਂ ਗੁਰੂ ਦੇ ਨੇੜੇ ਲੱਗੀ ਜਾਂਦੇ ਹਾਂ। ਜਿਤਨਾ ਕੋਈ ਗੁਰਮਤਿ ਦੇ ਜ਼ਿਆਦਾ ਨੇੜੇ ਹੈ ਉਤਨਾ ਹੀ ਉਹ ਗੁਰੂ ਦੇ ਨੇੜੇ ਹੈ, ਉਤਨਾ ਹੀ ਉਹ ਨਾਮ ਦੇ ਰੰਗ ਵਿੱਚ ਰੰਗਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਉੱਦਮ ਇਹੀ ਹੈ ਤੇ ਹੋਰ ਕੁੱਝ ਨਹੀਂ ਹੈ, ਕੇਵਲ ਸਾਡਾ ਭੁਲੇਖਾ ਹੈ। ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦਾ ਕੇਵਲ ਇਹੀ ਤਰੀਕਾ ਹੈ। ਆਪਣੇ ਪੂਰਨ ਨਾਮ ਦੇ ਰੰਗ ਵਿੱਚ, ਕੇਵਲ ਨਾਮ ਤੇ ਚੱਲਣ ਦੇ ਰੰਗ ਵਿੱਚ, ਪੂਰਨ ਗੁਰਮਤਿ ਦੇ ਰੰਗ ਵਿੱਚ, ਪੂਰਨ ਸੱਚ ਦੇ ਰੰਗ ਵਿੱਚ ਉਹ ਆਪ ਹੀ ਰੰਗਦਾ ਹੈ, ਮਨ

ਦੇ ਵਿੱਚ ਸੱਚੇ ਗਿਆਨ ਦੇ ਇਸ਼ਨਾਨ ਦੁਆਰਾ ਰੰਗਦਾ ਹੈ ਭਾਵ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਰੰਗਦਾ ਹੈ। ਨਾਮ ਦੀ ਪ੍ਰਾਪਤੀ ਭਾਵ ਪੂਰਨ ਸੋਝੀ ਦੀ ਪ੍ਰਾਪਤੀ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਹੁੰਦੀ ਹੈ ਤੇ ਉਸ ਤੋਂ ਪਹਿਲਾਂ ਹਰ ਕੋਈ ਤ੍ਰੈਗੁਣਾਂ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ, ਮਨਮਤਿ ਵਿੱਚ ਹੀ ਹੈ, ਭਰਮ ਵਿੱਚ, ਅਗਿਆਨਤਾ ਵਿੱਚ ਹੀ ਹੈ। ਕਿਸ ਦੇ ਮਨ ਵਿੱਚ ਕਿਤਨੀ ਗੁਰਮਤਿ ਵੱਸੀ ਹੋਈ ਹੈ, ਕਿਤਨਾ ਕੁ ਨਾਮ ਵੱਸਿਆ ਹੋਇਆ ਹੈ ਇਸ ਨੂੰ ਸਾਡੇ ਕਰਮ ਤਹਿ ਕਰਦੇ ਹਨ ਨਾ ਕਿ ਸਾਡੇ ਮੁੱਖੋਂ ਬੋਲੇ ਹੋਏ ਬੋਲ ਜਾਂ ਸਾਡਾ ਭਗਤੀ ਦਾ ਦਿਖਾਵਾ। ਉਸਦੀ ਭਗਤੀ ਦਾ ਉੱਦਮ ਕਰਨ ਵਾਲੇ ਕੇਵਲ ਸੱਚ ਤੇ ਚੱਲਣ ਦਾ ਉੱਦਮ ਹੀ ਕਰਦੇ ਹਨ।

ਜਿਸਦੀ ਗਤਿ ਹੋਣੀ ਹੈ ਉਸਦੀ ਪ੍ਰਮਾਤਮਾ ਦੇ ਨਾਲ ਸੰਗਿ ਹੋਣ ਦੁਆਰਾ ਹੀ ਹੋਣੀ ਹੈ। ਗੁਰਮਤਿ ਦੇ ਨਾਲ ਸੰਗਿ ਕਰਨਾ ਉਸ ਪ੍ਰਮਾਤਮਾ ਦੇ ਨਾਲ ਸੰਗਿ ਕਰਨਾ ਹੈ। ਜਿਸ ਨਾਲ ਪ੍ਰਮਾਤਮਾ ਨੇ ਆਪਣਾ ਸੰਗਿ ਕੀਤਾ ਹੈ ਉਹਨਾਂ ਦੀ ਗੁਰਮਤਿ ਨਾਲ ਸੰਗਤਿ ਹੀ ਬਣਾਈ ਹੈ। ਇਹ ਸੰਗਤਿ ਹੀ "ਸਤਿਸੰਗਤਿ" ਹੈ ਜੋ ਕਿ ਉਸ ਸੰਤ ਰੂਪ ਪ੍ਰਮਾਤਮਾ ਦੀ ਸੰਗਤਿ ਹੈ। ਇਸ ਸੰਗਤਿ ਦੁਆਰਾ ਹੀ ਪ੍ਰਮਾਤਮਾ ਸਾਡੀ ਗਤਿ ਕਰਦਾ ਹੈ। ਸਾਡੀ ਗਤਿ ਸਾਡੇ ਅੰਤਰਿ ਵਿੱਚ ਹੀ ਹੁੰਦੀ ਹੈ, ਮਨ ਦੇ ਵਿੱਚ ਹੀ ਹੁੰਦੀ ਹੈ, ਸਾਡੇ ਧਿਆਨ ਦੇ ਵਿੱਚ ਹੀ ਹੁੰਦੀ ਹੈ, ਮਨ ਦੀ ਸੋਝੀ ਦੇ ਵਿੱਚ ਹੀ ਹੁੰਦੀ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹੁੰਦੀ ਹੈ। ਮਨ ਦੇ ਵਿੱਚ ਹੀ ਅਸੀਂ ਬੇਗਤਿ ਹਾਂ ਤੇ ਮਨ ਦੇ ਵਿੱਚ ਹੀ ਸਾਡੀ ਗਤਿ ਹੈ। ਮਨ ਦੀ ਅਗਿਆਨਤਾ ਕਰਕੇ ਅਸੀਂ ਬੇਗਤਿ ਹਾਂ ਤੇ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਦੁਆਰਾ ਸਾਡੀ ਗਤਿ ਹੋ ਜਾਂਦੀ ਹੈ। ਗਤਿ ਅਗਿਆਨਤਾ ਤੋਂ, ਭਰਮ ਤੋਂ ਹੀ ਹੋਣੀ ਹੈ ਜੋ ਕਿ ਸਾਡੇ ਮਨ ਦੇ ਵਿੱਚ ਪਾਇਆ ਹੋਇਆ ਪ੍ਰਮਾਤਮਾ ਦਾ ਬੰਧਨ ਹੈ। ਇਸ ਬੰਧਨ ਤੋਂ ਉਹ ਆਪ ਹੀ ਮੁਕਤਿ ਕਰਦਾ ਹੈ। ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ, ਚੌਥੇ ਪਦ ਵਿੱਚ ਪਹੁੰਚਣ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੁੰਦਾ ਹੈ ਜਿਸ ਦੁਆਰਾ ਸਾਡੀ ਗਤਿ ਹੁੰਦੀ ਹੈ। **(ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ॥੩॥)**

{ਅੰਤਰਗਤਿ ਜਿਸੁ ਆਪਿ ਜਨਾਏ॥ ਨਾਨਕ ਤਿਸੁ ਜਨ ਆਪਿ ਬੁਝਾਏ॥੫॥}

(ਅੰਗ ੨੯੪)

ਪ੍ਰਮਾਤਮਾ ਜਿਸ ਨੂੰ ਆਪਣਾ ਜਨ ਬਣਾਉਂਦਾ ਹੈ ਉਸਨੂੰ ਉਹ ਆਪ ਹੀ ਜਨਾਉਂਦਾ ਹੈ, ਮਨ ਦੇ ਵਿੱਚ ਆਪ ਸੋਝੀ ਪਾ ਕੇ ਜਨਾਉਂਦਾ ਹੈ, ਜਿਸ ਦੁਆਰਾ ਉਹ ਭਰਮ ਤੋਂ ਮੁਕਤਿ ਕਰਦਾ ਹੈ ਤੇ ਆਪਣੇ ਸੱਚ ਦੀ ਸੋਝੀ ਪਾਉਂਦਾ ਹੈ। ਇਸੇ ਲਈ ਪੂਰੀ ਗੁਰਬਾਣੀ ਭਰਮ ਤੋਂ ਮੁਕਤਿ ਹੈ ਤੇ ਉਸ ਵਿੱਚ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਸੋਝੀ ਹੈ, ਆਪਣੀ ਸਮਝਾਈ ਹੋਈ ਗੁਰਮਤਿ ਹੈ ਜਿਸ ਕਰਕੇ ਉਸ ਵਿੱਚ ਪੂਰਨ ਸੱਚ ਹੈ।

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥

23/2488

ਆਵਣ ਜਾਣੁ ਰਹਿਓ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ਰਹਾਉ॥}

(ਅੰਗ ੧੦੦੨)

ਜਿਸ ਨੂੰ ਵੀ ਪ੍ਰਮਾਤਮਾ ਆਪਣੇ ਨਾਮ ਦਾ ਦਾਨ ਬਖਸ਼ਦਾ ਹੈ ਉਸਨੂੰ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਬਖਸ਼ਦਾ ਹੈ, ਬ੍ਰਹਮ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਬਖਸ਼ਦਾ ਹੈ ਜਿਸ ਦੁਆਰਾ ਮਨੁੱਖ ਭਰਮ ਤੋਂ ਰਹਿਤ ਹੁੰਦਾ ਹੈ ਤੇ ਚੌਥੇ ਪਦ ਵਿੱਚ ਪ੍ਰਵੇਸ਼ ਕਰਦਾ ਹੈ, ਮਨ ਦੇ ਵਿੱਚ ਸੱਚੇ ਤੀਰਥ ਦਾ ਇਸ਼ਨਾਨ ਕਰਦਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਆਵਾਗਉਣ ਤੋਂ ਮੁਕਤੀ ਮਿਲਦੀ ਹੈ। ਪਹਿਲੇ ਭਰਮ ਤੋਂ ਮੁਕਤੀ ਮਿਲਦੀ ਹੈ, ਮਾਇਆ ਮੋਹ ਤੋਂ ਮੁਕਤੀ ਮਿਲਦੀ ਹੈ ਤੇ ਫਿਰ ਤਾਂ ਹੀ ਇਸ ਸੰਸਾਰ ਦੇ ਆਵਾਗਉਣ ਤੋਂ, ਹਉਮੈ ਰੂਪ ਦੇ ਚੋਲੇ ਤੋਂ ਮੁਕਤੀ ਮਿਲਦੀ ਹੈ।

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਹਨਾਂ ਨੇ ਕੇਵਲ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਜਾਣਿਆ ਹੈ ਜੋ ਕਿ ਉਸਨੂੰ ਜਾਨਣ ਦਾ ਤਰੀਕਾ ਹੈ। ਪ੍ਰਮਾਤਮਾ ਨੂੰ ਜਾਣਨ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਇਹ ਸਭ ਭਰਮ ਵਿੱਚ ਹੀ ਇਹੋ ਜਿਹੀਆਂ ਗੱਲਾਂ ਕਰਦੇ ਹਨ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥

ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ॥

ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ॥”

ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੀ ਹੈ। ਜਿਸ ਤਰੀਕੇ ਨਾਲ ਗੁਰੂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਕੇਵਲ ਉਸੇ ਤਰੀਕੇ ਹੀ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਧੰਨ ਧੰਨ ਬਾਬਾ ਨਾਨਕ ਜੀ ਸਾਨੂੰ ਸਮਝਾ ਰਹੇ ਹਨ ਕਿ ਮੈਂ ਉਸ ਪ੍ਰਮਾਤਮਾ ਨੂੰ ਕਿਸ ਤਰੀਕੇ ਨਾਲ ਸਮਝਿਆ ਹੈ। ਉਹਨਾਂ ਨੇ ਆਪਣੇ ਆਪ ਨੂੰ ਮੂਰਖ ਨੀਚ ਅਜਾਣੁ ਕਿਹਾ ਹੈ ਭਾਵ ਸਾਨੂੰ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਜਾਨਣ ਵਿੱਚ ਹਰ ਕੋਈ ਨਾ ਸਮਝ ਹੈ, ਅਗਿਆਨਤਾ ਵਿੱਚ ਹੈ। ਪ੍ਰਮਾਤਮਾ ਨੂੰ ਜਾਨਣ ਤੋਂ ਪਹਿਲਾ ਹਰ ਕਿਸੇ ਦੇ ਮਨ ਦੀ ਇਹੋ ਜਿਹੀ ਅਵੱਸਥਾ ਹੀ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਆਪ ਸਮਝਾਉਂਦਾ ਹੈ ਉਸਨੂੰ ਆਪਣੀ ਸੱਚੀ ਸਿੱਖਿਆ ਦੇ ਕੇ ਸਮਝਾਉਂਦਾ ਹੈ। ਆਪਣੀ ਸੱਚੀ ਸਿੱਖਿਆ ਉਹ ਮਨ ਦੇ ਵਿੱਚ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਦੀ ਨਾ ਸਮਝੀ ਵਾਲੀ, ਅਗਿਆਨਤਾ ਵਾਲੀ, ਭਰਮ ਵਾਲੀ ਅਵੱਸਥਾ ਦੂਰ ਹੁੰਦੀ ਹੈ। **(ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥)** ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਨੂੰ ਸੱਚੀ ਸਿੱਖਿਆ ਮਿਲਣ ਦੁਆਰਾ ਸਮਝ ਲੱਗੀ ਹੈ ਕਿ ਪ੍ਰਮਾਤਮਾ ਕਿਤਨਾ

23/2489

ਵੱਡਾ ਹੈ ਭਾਵ ਮਨ ਦੇ ਗਿਆਨ ਦੁਆਰਾ ਹੀ ਇਹ ਸਮਝ ਆਈ ਹੈ ਕਿ ਪ੍ਰਮਾਤਮਾ ਬਹੁਤ ਵੱਡਾ ਹੈ। ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੇਵਲ ਮਨ ਦਾ ਵਿਸ਼ਵਾਸ ਹੈ ਜੋ ਕਿ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਵਾਉਂਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਇਹੀ ਗੱਲ ਸਾਨੂੰ ਗੁਰੂ ਸਾਹਿਬ ਅਗਲੀ ਪੰਗਤੀ ਰਾਹੀਂ ਸਮਝਾ ਰਹੇ ਹਨ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ॥”

ਗੁਰੂ ਸਾਹਿਬ ਨੇ ਸਾਨੂੰ ਗੁਰਬਾਣੀ ਰਾਹੀਂ ਸਿੱਖਿਆ ਦਿੱਤੀ ਹੈ ਜਿਸ ਵਿੱਚ ਪੂਰਨ ਸੱਚ ਹੈ। ਗੁਰੂ ਸਾਹਿਬ ਨੂੰ ਇਹ ਸਿੱਖਿਆ ਕਿੱਥੋਂ ਮਿਲੀ ਹੈ ਇਹੀ ਗੱਲ ਉੱਪਰ ਸਪੱਸ਼ਟ ਕੀਤੀ ਹੋਈ ਹੈ। ਇਹ ਸਿੱਖਿਆ ਉਹਨਾਂ ਨੂੰ ਅੰਮ੍ਰਿਤ ਨੇ ਸੁਣਾਈ ਹੈ। **(ਅੰਮ੍ਰਿਤ ਭਾਖੀ)**। ‘‘ਅੰਮ੍ਰਿਤ ਭਾਖੀ’’ ਤੋਂ ਭਾਵ ਹੈ ਕਿ ਇਹ ਸਿੱਖਿਆ ਉਹਨਾਂ ਨੂੰ ਪ੍ਰਮਾਤਮਾ ਨੇ ਆਪ ਸੁਣਾਈ ਹੈ ਭਾਵ ਭਾਖੀ ਹੈ। ‘‘ਅੰਮ੍ਰਿਤ’’ ਆਪ ਪ੍ਰਮਾਤਮਾ ਹੈ ਜੋ ਕਿ ਮਰਿਤਯੂ ਤੋਂ, ਮਰਣ ਤੋਂ ਰਹਿਤ ਹੈ ਤੇ ਸਭ ਜਗ੍ਹਾਂ ਉਹ ਆਪ ਹੀ ਹੈ। ਉਸਦਾ ਟਿਕਾਣਾ ਸਾਡੇ ਮਨ ਦੇ ਵਿੱਚ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ। ਜਦ ਤੱਕ ਪ੍ਰਮਾਤਮਾ ਮਨ ਦੇ ਵਿੱਚ ਆਪ ਆਪਣੀ ਗੱਲ ਨਹੀਂ ਸੁਣਾਉਂਦਾ ਤਦ ਤੱਕ ਕਿਸੇ ਨੂੰ ਕਦੇ ਵਿਸ਼ਵਾਸ ਨਹੀਂ ਆ ਸਕਦਾ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ। ਜਿਸ ਮਨ ਦੇ ਵਿੱਚ

ਉਹ ਪ੍ਰਗਟ ਹੁੰਦਾ ਹੈ ਉੱਥੇ ਉਹ ਆਪਣੀ ਸਿੱਖਿਆ ਹੀ ਸੁਣਾਉਂਦਾ ਹੈ ਤੇ ਇਸੇ ਲਈ ਉਸਦੀ ਦਿੱਤੀ ਹੋਈ ਸਿੱਖਿਆ ਪੂਰਨ ਰੂਪ ਵਿੱਚ ਸੱਚ ਹੈ ਕਿਉਂਕਿ ਇਸ ਤੋਂ ਉੱਪਰ ਸੱਚ ਕੋਈ ਹੋ ਹੀ ਨਹੀਂ ਸਕਦਾ। **(ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ॥)**

ਇਹ ਸੰਸਾਰ ਦਾ ਇੱਕੋ ਇੱਕ ਉਹ ਅਸਚਰਜ ਹੈ ਜਿਸ ਤੇ ਕੇਵਲ ਵੇਖਣ ਦੁਆਰਾ ਹੀ ਵਿਸ਼ਵਾਸ ਆ ਸਕਦਾ ਹੈ, ਇਸ ਮਨ ਦੀ ਸੋਝੀ ਪੈਣ ਦੁਆਰਾ ਹੀ ਆ ਸਕਦਾ ਹੈ ਕਿ ਇਹ ਮਨ ਕੀ ਹੈ, ਇਸ ਦਾ ਮਾਲਕ ਕੌਣ ਹੈ। ਸਾਨੂੰ ਗੁਰਬਾਣੀ ਵਿੱਚ ਸਭ ਤੋਂ ਜਿਆਦਾ ਇਹੀ ਗੱਲ ਸਮਝਾਈ ਗਈ ਹੈ ਕਿ ਘਟ ਘਟ ਦੇ ਵਿੱਚ ਪ੍ਰਮਾਤਮਾ ਆਪ ਹੈ ਪਰ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆ ਸਕਦਾ। ਇਹ ਵਿਸ਼ਵਾਸ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਆਪਣੇ ਦਿਵਾਉਣ ਦੁਆਰਾ ਹੀ ਆ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਦਾਸ ਦੇ ਨਾਲ ਇਹ ਹੱਡ ਬੀਤੀ ਗੱਲ ਹੈ ਤੇ ਕਿਸੇ ਨੂੰ ਬਹੁਤਾ ਸਮਝਾਉਣ ਦਾ ਲਾਭ ਨਹੀਂ ਹੈ ਕਿਉਂਕਿ ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ, ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿਸੇ ਦੇ ਮਨ ਦਾ ਪੜਦਾ ਖੋਲੇ ਤੇ ਆਪਣੇ ਦਰਸ਼ਨ ਦੇਵੇ। ਉਸਦਾ ਆਪਣਾ ਆਪ ਬੁਝਾਉਣ ਦਾ ਤਰੀਕਾ ਕੀ ਹੈ, ਸਾਡੇ ਅੰਦਰ ਆਪਣੇ ਪ੍ਰਗਟ ਹੋਣ ਦਾ ਤਰੀਕਾ ਕੀ ਹੈ, ਆਪਣਾ ਵੱਡਾਪਨ

23/2490

ਦਿਖਾਉਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਸਮਝਿਆ ਹੈ। ਉਹ ਮਨੁੱਖ ਨੂੰ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ, ਹਰ ਗੱਲੋਂ ਪਰੈਕਟੀਕਲੀ ਬੇਵੱਸ ਬਣਾ ਕੇ ਦਿਖਾਉਂਦਾ ਹੈ ਕਿ ਸਾਡੇ ਅੰਦਰ ਹੁਕਮ ਕਿਸ ਦਾ ਚੱਲਦਾ ਹੈ। ਜਿਸ ਗੱਲ ਦਾ ਕਿਸੇ ਨੂੰ ਅੰਦਾਜ਼ਾ ਤੱਕ ਨਹੀਂ ਹੈ, ਜਿਸ ਗੱਲ ਨੂੰ ਕਦੇ ਕਿਸੇ ਨੇ ਮਹਿਸੂਸ ਹੀ ਨਾ ਕੀਤਾ ਹੋਵੇ ਉਸਨੂੰ ਮੰਨਿਆ ਵੀ ਕਿਵੇਂ ਜਾ ਸਕਦਾ ਹੈ ਤੇ ਇਸੇ ਲਈ ਕਿਸੇ ਨੂੰ ਇਹ ਗੱਲ ਸਮਝਾਉਣੀ ਸਭ ਤੋਂ ਔਖੀ ਗੱਲ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥
ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ॥
ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ॥੧੨੨॥}

(ਅੰਗ ੧੩੭੦)

ਉਪਰਲੀਆਂ ਪੰਗਤੀਆਂ ਨੂੰ ਉਹੀ ਸਮਝ ਸਕਦਾ ਹੈ ਜਾ ਸਮਝਾ ਸਕਦਾ ਹੈ ਜਿਸ ਨੇ ਚਰਨ ਕਮਲ ਦੀ ਮੌਜ ਨੂੰ ਮਾਣਿਆ ਹੈ ਕਿ ਇਹ ਮੌਜ ਕੀ ਹੁੰਦੀ ਹੈ, ਇਹ ਆਨੰਦ ਕੀ ਹੁੰਦਾ ਹੈ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਮੌਜ ਹੈ, ਉਸ ਦੇ ਨਾਲ ਮੇਲ ਦਾ ਸੁੱਖ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ ਜੋ ਕਿ ਇਤਨਾ ਵੱਡਾ ਅਸਚਰਜ ਹੈ ਜਿਸਨੂੰ ਸਮਝਾਇਆ ਨਹੀਂ ਜਾ ਸਕਦਾ। ਜੋ ਹਰ ਕਿਸੇ ਦੇ ਅਨੁਮਾਨ ਤੋਂ ਭਾਵ ਅੰਦਾਜ਼ੇ ਤੋਂ ਵੀ ਬਾਹਰ ਦੀ ਗੱਲ ਹੈ ਉਸਦੀ ਕਿਸੇ ਨੂੰ ਸਮਝ ਵੀ ਕਿਵੇਂ ਆ ਸਕਦੀ ਹੈ। ਅਸੀਂ ਸਰਗੁਣ ਰੂਪ ਦੇ ਪ੍ਰਮਾਣ ਨੂੰ ਸਮਝ ਸਕਦੇ ਹਾਂ ਪਰ ਇਹ ਮੌਜ ਨਿਰਗੁਣ ਰੂਪ ਵਿੱਚ ਹੀ ਹੁੰਦੀ ਹੈ ਜੋ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ, ਵਿਸ਼ਵਾਸ ਤੋਂ ਬਾਹਰ ਹੈ। ਇਹ ਹਰ ਕੋਈ ਸਮਝਦਾ ਹੈ ਕਿ ਪ੍ਰਮਾਤਮਾ ਬਹੁਤ ਵੱਡਾ ਹੈ, ਉਸਦੇ ਦਰਸ਼ਨ ਕਰਨੇ ਬਹੁਤ ਵੱਡੀ ਗੱਲ ਹੈ ਕਿਉਂਕਿ ਕਿਸੇ ਨੂੰ ਪਤਾ ਨਹੀਂ ਉਸਦਾ ਟਿਕਾਣਾ ਕਿੱਥੇ ਹੈ ਤੇ ਕਿਸ ਰੂਪ ਵਿੱਚ ਹੈ। ਸੁਣੀਆਂ ਸੁਣਾਈਆਂ ਗੱਲਾਂ ਦੁਆਰਾ ਉਸ ਪ੍ਰਮਾਤਮਾ ਦਾ ਟਿਕਾਣਾ ਕਿਸੇ ਖੰਡਾਂ ਬ੍ਰਹਿਮੰਡਾਂ ਵਿੱਚ, ਆਕਾਸ਼ਾਂ ਪਾਤਾਲਾਂ ਵਿੱਚ ਸਮਝਿਆਂ ਜਾਂਦਾ ਹੈ ਤੇ ਇਹੀ ਗੱਲ ਸਭ ਨੇ ਸਮਝਿਆ ਹੋਇਆ ਹੈ ਕਿਉਂਕਿ ਇਹੋ ਜਿਹੀਆਂ ਉਲਝੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਜੋ ਕਿ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਤਰੀਕਾ ਹੈ ਜਿਸ ਦੁਆਰਾ ਉਹ ਸਭ ਨੂੰ ਭਰਮ ਵਿੱਚ ਰੱਖਦਾ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੋ ਸਕਦਾ ਹੈ, ਸਭ ਦੇ ਅੰਦਰ ਉਹ ਆਪ ਹੀ ਹੈ ਇਸ ਗੱਲ ਦਾ ਵਿਸ਼ਵਾਸ ਕਿਸੇ ਨੂੰ ਨਹੀਂ ਆਉਂਦਾ। ਵਿਸ਼ਵਾਸ ਉਸ ਨੂੰ ਹੀ ਆਉਂਦਾ ਹੈ ਜੋ ਉਸਨੂੰ ਆਪਣੇ ਮਨ ਦੇ ਵਿੱਚੋਂ ਦੇਖ ਲੈਂਦਾ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰ ਦੇਖਣ ਤੋਂ ਬਾਅਦ ਇਹ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਹੀ ਹੈ, ਮਨੁੱਖ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਇਸ ਗੱਲ ਦੀ ਉਸਨੂੰ ਸ਼ੋਭਾ ਨਹੀਂ ਮਿਲਦੀ

23/2491

ਭਾਵ ਕਿਸੇ ਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ। ਵਿਸ਼ਵਾਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਕੇ ਹੀ ਆਉਂਦਾ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਉਸਨੂੰ ਸੱਚ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਉਸਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪਣੇ ਆਨੰਦ ਵਿੱਚ ਹੀ ਰਹਿੰਦਾ ਹੈ ਤੇ ਕੇਵਲ ਪ੍ਰਮਾਤਮਾ ਦੇ ਗੁਣ ਹੀ ਗਾਉਂਦਾ ਹੈ ਭਾਵ ਉਸ ਨੂੰ ਸਭ ਜਗ੍ਹਾਂ ਕੇਵਲ ਇੱਕੋ ਪ੍ਰਮਾਤਮਾ ਦੀ ਹੋਂਦ ਨਜ਼ਰ ਆਉਂਦੀ ਹੈ। **(ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥ ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ॥ ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ॥੧੨੨॥)**

{ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥੩॥}

(ਅੰਗ ੪੬੩)

ਉੱਪਰ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਭਰਮ ਵਿੱਚ ਰਹਿੰਦਿਆਂ ਉਸ ਨੂੰ ਕੋਈ ਨਹੀਂ ਜਾਣ ਸਕਦਾ। ਜਦ ਤੱਕ ਉਹ ਕਿਸੇ ਦੇ ਮਨ ਦੇ ਵਿੱਚ ਆਪ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਨਹੀਂ ਕਰਦਾ ਉਸਦੀ ਹੋਂਦ ਨੂੰ ਜਾਣਿਆ ਨਹੀਂ ਜਾ ਸਕਦਾ।

{ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥}

(ਅੰਗ ੨੮੫)

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਭਾਵ ਉਹ ਕਿਸ ਰੂਪ ਵਿੱਚ ਮਿਲਦਾ ਹੈ ਇਸ ਗੱਲ ਨੂੰ ਕੇਵਲ ਉਹੀ ਜਾਣਦਾ ਹੈ ਜੋ ਉਸਨੂੰ ਪਾ ਲੈਂਦਾ ਹੈ। ਇਹ ਪ੍ਰਾਪਤੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ। ਸੰਸਾਰ ਵਿੱਚ ਕਰੋੜਾਂ, ਅਰਬਾਂ ਵਿੱਚੋਂ ਕਿਸੇ ਵਿਰਲੇ ਤੇ ਹੀ ਆਪਣੀ ਇਹ ਕਿਰਪਾ ਕਰਦਾ ਹੈ ਜੋ ਕਿ ਉਸ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਸਮਝ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੇ ਰਚਣ ਵਾਲਿਆਂ ਨੇ ਸਮਝਿਆ ਹੈ। ਕਿਸੇ ਨੂੰ ਕਹਿ ਕਹਿ ਕੇ ਸਮਝਾਉਣਾ ਬਹੁਤ ਔਖਾ ਹੈ ਕਿਉਂਕਿ ਇਸਦੀ ਪਰਖ ਕਰਨ ਵਾਲਾ ਕੋਈ ਨਹੀਂ ਮਿਲਦਾ ਜੋ ਇਸ ਗੱਲ ਨੂੰ ਸਮਝ ਸਕੇ।

{ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥
ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥੨੩॥}

(ਅੰਗ ੧੩੬੫)

ਜਿਸ ਚੀਜ਼ ਦੀ ਕਿਸੇ ਨੂੰ ਪਰਖ ਹੀ ਨਹੀਂ ਹੋ ਸਕਦੀ ਉਸਨੂੰ ਖਰੀਦਣ ਵਾਲਾ

23/2492

ਗਾਹਕ ਨਹੀਂ ਮਿਲਦਾ ਕਿਉਂਕਿ ਉਸ ਚੀਜ਼ ਦੀ ਕੀਮਤ ਕੀ ਹੈ ਇਸ ਦੀ ਕਿਸੇ ਨੂੰ ਸਮਝ ਹੀ ਨਹੀਂ ਲੱਗ ਸਕਦੀ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਭਰਮ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਦੇ ਪਦਾਰਥ ਦੀ ਕੀਮਤ, ਉਸਦੇ ਨਾਲ ਮੇਲ ਦੀ ਕੀਮਤ ਮਨ ਦੇ ਵਿੱਚ ਹੀ ਪੈਂਦੀ ਹੈ, ਮਨ ਦੀ ਸੋਝੀ ਦੁਆਰਾ ਪੈਂਦੀ ਹੈ ਤੇ ਭਰਮ ਵਿੱਚ ਰਹਿੰਦੇ ਹੋਏ ਉਸ ਦੀ ਕੀਮਤ ਨੂੰ ਨਹੀਂ ਜਾਣਿਆ ਜਾ ਸਕਦਾ। ਉਸਦੀ ਕੀਮਤ ਮਨ ਦੇ ਵਿਸ਼ਵਾਸ ਦੁਆਰਾ ਹੀ ਪੈਂਦੀ ਹੈ। ਵਿਸ਼ਵਾਸ ਉਹ ਆਪ ਹੀ ਦਿਵਾਉਂਦਾ ਹੈ ਤੇ ਆਪਣੀ ਕੀਮਤ

ਉਹ ਆਪ ਹੀ ਪਵਾਉਂਦਾ ਹੈ।

{ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥੨॥੧॥੨੦॥}

(ਅੰਗ ੧੩੦੧)

{ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ॥
ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ॥੧॥
ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ॥
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ॥੧॥ ਰਹਾਉ॥
ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ॥
ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥੨॥
ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ॥
ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ॥੩॥
ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ॥
ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ॥੪॥੩੧॥੬੧॥}

(ਅੰਗ ੮੧੬)

ਜਦ ਤੱਕ ਸਾਡੇ ਅੰਦਰ ਭਰਮ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਉਸ ਪ੍ਰਮਾਤਮਾ ਦਾ ਨਿਰਗੁਣ ਰੂਪ, ਅਬਿਨਾਸੀ ਰੂਪ, ਆਕਾਰ ਰਹਿਤ ਰੂਪ ਕੋਈ ਨਹੀਂ ਜਾਣ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਨਾਲੋਂ ਸਾਡੀ ਭਿੰਨਤਾ, ਸਾਡਾ ਵੱਖਰਾਪਨ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਹੈ ਜੋ ਕਿ ਮਨ ਦੀ ਸੋਝੀ ਦੁਆਰਾ ਹੀ ਦੂਰ ਹੁੰਦੀ ਹੈ ਤੇ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। ਇਹ ਪ੍ਰਮਾਤਮਾ ਦੇ ਆਪਣੇ ਵੱਸ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥੧॥}

(ਅੰਗ ੨੯੩)

ਸਾਡੇ ਅੰਦਰ ਆਪਣੇ ਹੋਣ ਦਾ ਵਿਸ਼ਵਾਸ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ, ਆਪਣਾ ਨਿਰਗੁਣ ਰੂਪ ਉਹ ਆਪ ਹੀ ਦਿਖਾਉਂਦਾ ਹੈ ਜਿਸ ਰੂਪ ਦੁਆਰਾ ਉਹ ਸਭ ਵਿੱਚ ਵੱਸਿਆ ਹੋਇਆ ਹੈ। ਜਿੰਨ੍ਹਾਂ ਨੂੰ ਉਸਨੇ ਆਪਣਾ ਇਹ ਨਿਰਗੁਣ ਰੂਪ ਦਿਖਾਇਆ ਹੋਇਆ ਹੈ ਉਹਨਾਂ ਨੂੰ ਮਨ ਦੇ ਰਾਹੀਂ ਆਪਣੀ ਸੱਚੀ ਸਿੱਖਿਆ ਹੀ ਸੁਣਾਈ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੁਆਰਾ ਇਸ ਗੱਲ ਨੂੰ ਜਾਣਿਆ ਹੈ। **(ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥ ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ॥)**

23/2493

ਇਹ ਅਵੱਸਥਾ ਗੁਰੂ ਦੀ ਆਪਣੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਨਿਰਗੁਣ ਰੂਪ ਵਿੱਚ ਮੇਲ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਬਿਖ ਵਾਲੀ ਅਵੱਸਥਾ ਵਿੱਚੋਂ ਨਿਕਲਦਾ ਹੈ ਭਾਵ ਭਰਮ ਵਾਲੀ, ਅਗਿਆਨਤਾ ਵਾਲੀ,

ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਦਾ ਹੈ, ਮਾਇਆ ਮੋਹ ਵਾਲੀ ਅਵੱਸਥਾ ਵਿੱਚੋਂ ਨਿਕਲਦਾ ਹੈ। ਇਸ ਬਿਖ ਵਾਲੀ ਅਵੱਸਥਾਂ ਵਿੱਚੋਂ ਨਿਕਲੇ ਬਿਨ੍ਹਾਂ ਹਰ ਕੋਈ ਆਵਾਗਉਣ ਵਾਲੀ ਅਵੱਸਥਾ ਵਿੱਚ ਹੀ ਰਹਿੰਦਾ ਹੈ। ਜਿਸ ਨੂੰ ਪ੍ਰਮਾਤਮਾ ਇਸ ਅਵੱਸਥਾ ਵਿੱਚੋਂ ਕੱਢਦਾ ਹੈ ਉਸਨੂੰ ਆਪਣੇ ਸ਼ਬਦ ਦੀ ਵਿਚਾਰ ਹੀ ਦਿੰਦਾ ਹੈ, ਆਪਣੀ ਸੱਚੀ ਮਤਿ ਦੇ ਨਾਲ ਹੀ ਜੋੜਦਾ ਹੈ। ਇਹ ਅਵੱਸਥਾ ਉਸਨੇ ਗੁਰੂ ਨੂੰ ਦਿੱਤੀ ਹੋਈ ਹੈ ਜਿਸ ਨੂੰ ਉਸਨੇ ਸ਼ਬਦ ਦੀ ਸੋਝੀ ਪਾ ਕੇ ਆਪਣੇ ਸੱਚ ਨਾਲ ਜੋੜਿਆ ਹੋਇਆ ਹੈ ਤੇ ਇਸੇ ਲਈ ਉਹ ਆਪ ਹੀ ਅਸਲ ਵਿੱਚ ਗੁਰੂ ਹੈ। ਬਾਣੀ ਨੂੰ ਰਚਣ ਵਾਲਿਆਂ ਨੇ ਪ੍ਰਮਾਤਮਾ ਨੂੰ ਹੀ ਆਪਣਾ ਗੁਰੂ ਕਿਹਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। **(ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ॥)** ਜਦ ਤੱਕ ਸਾਨੂੰ ਆਪਣੇ ਅੰਦਰੋਂ ਉਸ ਸ਼ਬਦ ਰੂਪ ਗੁਰੂ ਦੀ ਸੋਝੀ ਨਹੀਂ ਪੈਂਦੀ, ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਅਸੀਂ ਬਿਖ ਵਾਲੀ ਅਵੱਸਥਾ ਵਿੱਚੋਂ ਨਹੀਂ ਨਿਕਲ ਸਕਦੇ, ਭਰਮ ਵਿੱਚੋਂ ਨਹੀਂ ਨਿਕਲ ਸਕਦੇ, ਤ੍ਰੈਗੁਣਾਂ ਵਿੱਚੋਂ, ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ। ਇਸ ਅਵੱਸਥਾ ਵਿੱਚੋਂ ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ ਮਹੇਸ਼ ਆਦਿ ਨੂੰ ਵੀ ਨਹੀਂ ਕੱਢਿਆ, ਉਹਨਾਂ ਨੂੰ ਸ਼ਬਦ ਗੁਰੂ ਦੀ ਸੋਝੀ ਨਹੀਂ ਪਾਈ ਤੇ ਉਹਨਾਂ ਨੂੰ ਹਉਮੈ ਵਿੱਚ ਹੀ ਰੱਖਿਆ ਹੈ ਜਿਵੇਂ ਕਿ ਹਰ ਕੋਈ ਹੈ।

ਪ੍ਰਮਾਤਮਾ ਦਾ ਆਖਣ ਕੀ ਹੈ, ਉਸਦੀ ਭਗਤੀ ਕਰਨ ਦਾ ਤਰੀਕਾ ਕੀ ਹੈ ਇਸ ਗੱਲ ਦੀ ਸੋਝੀ ਤ੍ਰੈਗੁਣਾਂ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਸ਼ਬਦ ਰੂਪ ਗੁਰੂ ਆਪ ਹੀ ਪਾਉਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ॥੪॥੧॥”

(ਅੰਗ - ੬੮੮)

ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ ਕਿ ਪ੍ਰਮਾਤਮਾ ਦਾ ਆਖਣ ਮਨ ਦੀ ਕਿਸ ਅਵੱਸਥਾ ਦੁਆਰਾ ਹੁੰਦਾ ਹੈ ਤੇ ਉਸਦੀ ਭਗਤੀ ਦਾ ਭੰਡਾਰ ਕੀ ਹੈ ਜਿਸ ਦੁਆਰਾ ਉਸਦੀ ਭਗਤੀ ਹੁੰਦੀ ਹੈ। ਜਦ ਤੱਕ ਸਾਡੇ ਅੰਦਰ ਬਿਖ ਹੈ, ਮਾਇਆ ਮੋਹ ਹੈ, ਅਗਿਆਨਤਾ ਹੈ ਤਦ ਤੱਕ ਸਾਨੂੰ ਪ੍ਰਮਾਤਮਾ ਦਾ ਆਖਣ ਸਮਝ ਨਹੀਂ ਆਉਂਦਾ। ਪ੍ਰਮਾਤਮਾ ਆਪਣਾ ਆਖਣ ਆਪ ਹੀ ਸਮਝਾਉਂਦਾ ਹੈ, ਆਪਣੀ ਭਗਤੀ ਦਾ ਭੰਡਾਰ ਆਪ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਆਪਣੇ ਗੁਰੂ ਰੂਪ ਵਿੱਚ ਬਖਸ਼ਿਆ ਹੈ। ਸਾਡੇ ਅੰਦਰ ਬਿਖ ਪਾਉਣ ਵਾਲਾ ਉਹ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ

ਵੀ ਉਹ ਆਪ ਹੈ। ਜਿਸ ਨੂੰ ਉਹ ਬਿਖ ਵਿੱਚੋਂ ਕੱਢਦਾ ਹੈ ਉਸਦੇ ਮਨ ਨੂੰ ਆਪ ਹੀ ਮਾਂਜਦਾ ਹੈ, ਆਪਣੇ ਸੱਚ ਨਾਲ ਮਾਂਜਦਾ ਹੈ, ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਮਾਂਜਦਾ ਹੈ, ਚੌਥੇ ਪਦ ਦੀ ਸੋਝੀ ਦੁਆਰਾ ਮਾਂਜਦਾ ਹੈ, ਗੁਰਮਤਿ ਦੀ ਸੱਚੀ ਸੋਝੀ ਦੁਆਰਾ ਮਾਂਜਦਾ ਹੈ ਕਿਉਂਕਿ ਸੱਚ ਦਾ ਮਾਲਕ ਉਹ ਆਪ ਹੈ। ਸੱਚ ਕੀ ਹੈ ਇਹ ਪ੍ਰਮਾਤਮਾ ਆਪ ਹੀ ਜਾਣਦਾ ਹੈ। ਆਪਣੇ ਗੁਰੂ ਰੂਪ ਵਿੱਚ ਪ੍ਰਮਾਤਮਾ ਪੂਰਨ ਸੱਚ ਦੀ ਸੋਝੀ ਪਾ ਕੇ ਉਸ ਮਨ ਨੂੰ ਸਾਫ਼ ਕਰਦਾ ਹੈ, ਬਿਖ ਵਿੱਚੋਂ ਕੱਢਦਾ ਹੈ। ਮਨ ਦੇ ਵਿੱਚ ਪੂਰਨ ਸੱਚ ਦੀ ਸੋਝੀ ਪੈਣ ਦੁਆਰਾ ਹੀ ਪ੍ਰਮਾਤਮਾ ਦਾ ਆਖਣ ਸਮਝ ਪੈਂਦਾ ਹੈ ਕਿ ਉਹ ਕਿਤਨਾ ਵੱਡਾ ਹੈ, ਉਹ ਕਿਤਨੇ ਗੁਣਾਂ ਵਾਲਾ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਕੀ ਹੈ। ਪ੍ਰਮਾਤਮਾ ਨੂੰ ਪਾਉਣ ਤੋਂ ਬਾਅਦ ਜੋ ਪਹਿਲਾ ਸੱਚ ਸਮਝ ਆਉਂਦਾ ਹੈ ਉਹ ਇਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਕੇਵਲ ਇੱਕ ਉਸੇ ਦੀ ਹੋਂਦ ਸੱਚੀ ਹੈ। ਇਹ ਸੱਚ ਬੋਲੇ ਬਿਨ੍ਹਾਂ ਭਾਵ ਮੈਂ ਛੱਡੇ ਬਿਨ੍ਹਾਂ, ਹਉਮੈ ਖ਼ਤਮ ਹੋਏ ਬਿਨ੍ਹਾਂ ਅਸੀਂ ਸੱਚ ਨਾਲ ਨਹੀਂ ਜੁੜ ਸਕਦੇ। ਸਾਡਾ ਸਭ ਤੋਂ ਵੱਡਾ ਗੁਣ ਇਹੀ ਹੈ ਜਦੋਂ ਅਸੀਂ ਇਹ ਕਹਿ ਸਕੀਏ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਇਹ ਗੁਣ ਆਏ ਬਿਨ੍ਹਾਂ ਅਸੀਂ ਗੁਣੀ ਨਹੀਂ ਬਣ ਸਕਦੇ। ਪ੍ਰਮਾਤਮਾ ਦਾ ਆਖਣ ਸੱਚ ਦੇ ਨਾਲ ਜੁੜ ਕੇ, ਗੁਣੀ ਬਣ ਕੇ ਹੀ ਹੋ ਸਕਦਾ ਹੈ, ਬਿਖ ਵਿੱਚੋਂ ਨਿਕਲ ਕੇ, ਮਾਇਆ ਮੋਹ ਵਿੱਚੋਂ ਨਿਕਲ ਕੇ, ਔਗੁਣ ਰਹਿਤ ਹੋ ਕੇ ਹੀ ਹੋ ਸਕਦਾ ਹੈ। ਸੱਚ ਕੇਵਲ ਉਹ ਹੈ ਜੋ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਸਮਝਾਉਂਦਾ ਹੈ ਤੇ ਉਹੀ ਸਭ ਕੁੱਝ ਗੁਰਬਾਣੀ ਦੇ ਵਿੱਚ ਦਰਜ ਹੈ, ਲਿਖਿਆ ਹੋਇਆ ਹੈ। ਜੋ ਗੱਲ ਗੁਰਮਤਿ ਅਨੁਸਾਰ ਨਹੀਂ ਹੈ ਉਸ ਵਿੱਚ ਸੱਚ ਨਹੀਂ ਹੈ, ਗੁਣ ਨਹੀਂ ਹੈ। ਗੁਰਮਤਿ ਦੇ ਉਲਟ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਸ ਵਿੱਚ ਝੂਠ ਹੈ, ਕੂੜ ਹੈ, ਔਗੁਣ ਹੈ ਭਾਵ ਸਾਡੀ ਮਨਮਤਿ ਹੈ, ਹਉਮੈ ਹੈ, ਅਗਿਆਨਤਾ ਹੈ। ਮਨ ਦੇ ਵਿੱਚ ਆਪਣੇ ਸੱਚ ਦੀ ਸੋਝੀ ਪਾ ਕੇ ਪ੍ਰਮਾਤਮਾ ਸਾਨੂੰ ਮਨਮਤਿ ਵਿੱਚੋਂ ਹੀ ਕੱਢਦਾ

ਹੈ ਭਾਵ ਸਾਡੇ ਵਿਚਾਰਾਂ ਦੇ ਵਿੱਚ ਸੱਚ ਵਸਾਉਂਦਾ ਹੈ। ਸਾਡੇ ਮਨ ਦੇ ਵਿਚਾਰਾਂ ਨੂੰ ਉਹ ਸੱਚ ਦੇ ਨਾਲ ਭਰਦਾ ਰਹਿੰਦਾ ਹੈ, ਸੱਚੇ ਗਿਆਨ ਦੇ ਨਾਲ ਭਰਦਾ ਰਹਿੰਦਾ ਹੈ ਤੇ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਭੰਡਾਰ ਹੀ ਉਸ ਦੀ ਭਗਤੀ ਦਾ ਭੰਡਾਰ ਹੈ ਤੇ ਇਸ ਭੰਡਾਰ ਦੁਆਰਾ ਮਨੁੱਖ ਕੇਵਲ ਸੱਚ ਤੇ ਹੀ ਚੱਲਦਾ ਹੈ, ਕੇਵਲ ਗੁਣੀ ਬਣ ਕੇ ਹੀ ਵਿਚਰਦਾ ਹੈ, ਕੇਵਲ ਗੁਰਮਤਿ ਦੁਆਰਾ ਹੀ ਵਿਚਰਦਾ ਹੈ, ਕੇਵਲ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਤੇ ਆਪਣੇ ਇਹੋ ਜਿਹੇ ਕਰਮਾਂ ਦੁਆਰਾ ਕੇਵਲ ਨਾਮ ਹੀ ਜਪਦਾ ਹੈ। ਧੰਨ ਧੰਨ ਬਾਬਾ ਨਾਨਕ ਜੀ ਸਾਨੂੰ ਇਹ ਸੱਚ ਹੀ ਸਮਝਾ ਰਹੇ ਹਨ, ਬੇਨਤੀ ਦੇ ਰੂਪ ਵਿੱਚ ਸਮਝਾ ਰਹੇ ਹਨ ਕਿਉਂਕਿ ਉਹ ਗੁਰੂ ਰੂਪ ਪ੍ਰਮਾਤਮਾ ਦੇ ਦਾਸ ਹਨ। ਦਾਸ ਆਪਣੀ ਗੱਲ ਬੇਨਤੀ ਦੇ ਰੂਪ ਵਿੱਚ ਸਮਝਾਉਂਦਾ ਹੈ ਕਿਉਂਕਿ ਉਹ ਸੱਚ ਨੂੰ ਜਾਣਦੇ ਹਨ ਕਿ ਸੱਚ ਦਾ ਸ੍ਰੋਤ ਕੀ ਹੈ, ਨਾਮ ਦਾ ਸ੍ਰੋਤ ਕੀ ਹੈ, ਗੁਰਮਤਿ ਦਾ ਸ੍ਰੋਤ ਕੀ ਹੈ ਭਾਵ

23/2495

ਪ੍ਰਮਾਤਮਾ ਆਪ ਹੀ ਹੈ। ਜੋ ਪ੍ਰਮਾਤਮਾ ਦੇ ਇਸ ਸ੍ਰੋਤ ਨੂੰ ਜਾਣ ਲੈਂਦਾ ਹੈ ਉਹ ਉਸ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ, ਉਸਦੀ ਜੋਤਿ ਵਿੱਚ ਰੱਲ ਜਾਂਦਾ ਹੈ, ਉਸਦੇ ਸੱਚੇ ਗਿਆਨ ਵਿੱਚ ਰੱਲ ਜਾਂਦਾ ਹੈ ਤੇ ਮੈਂ ਤੋਂ ਮੁਕਤਿ ਹੋ ਜਾਂਦਾ ਹੈ, ਭਰਮ ਤੋਂ ਮੁਕਤਿ ਹੋ ਜਾਂਦਾ ਹੈ। ਗੁਰੂ ਆਪ ਭਰਮ ਤੋਂ ਮੁਕਤਿ ਹੈ ਤੇ ਇਸੇ ਲਈ ਸਾਨੂੰ ਮੁਕਤੀ ਦਾ ਤਰੀਕਾ ਸਮਝਾ ਰਿਹਾ ਹੈ। ਮੁਕਤਿ ਅਸੀਂ ਮਨਮਤਿ ਤੋਂ ਹੀ ਹੋਣਾ ਹੈ ਤੇ ਉਹ ਅਸੀਂ ਤਾਂ ਹੀ ਹੋ ਸਕਦੇ ਹਾਂ ਜੇਕਰ ਅਸੀਂ ਕੇਵਲ ਗੁਰੂ ਦੀ ਮਤਿ ਨਾਲ ਜੁੜਾਂਗੇ, ਕੇਵਲ ਸ਼ਬਦ ਦੀ ਵਿਚਾਰ ਨਾਲ ਜੁੜਾਂਗੇ ਤੇ ਹੋਰ ਕਿਸੇ ਦੀ ਮਤਿ ਦੇ ਪਿੱਛੇ ਨਹੀਂ ਲੱਗਾਂਗੇ, ਜਿੰਨ੍ਹਾਂ ਨੂੰ ਸੱਚ ਦੀ ਸੋਝੀ ਨਹੀਂ ਹੈ, ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਹੈ, ਇਸ ਮਨ ਦੀ ਸੋਝੀ ਨਹੀਂ ਹੈ। **(ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ॥ ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ॥੪॥੧॥)**

ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਧਾਗੇ ਦਾ, ਉਸ ਰੱਸੀ ਦਾ ਲੜ ਫੜਨਾ ਚਾਹੀਦਾ ਹੈ ਜੋ ਧਾਗਾ ਕਦੇ ਟੁੱਟਦਾ ਨਹੀਂ ਭਾਵ ਪੱਕਾ ਧਾਗਾ ਹੈ ਤੇ ਸਾਨੂੰ ਉਸ ਪ੍ਰਮਾਤਮਾ ਤੱਕ ਪਹੁੰਚਾ ਸਕਦਾ ਹੈ। ਪੱਕਾ ਧਾਗਾ ਗੁਰਮਤਿ ਦਾ ਧਾਗਾ ਹੈ, ਸੱਚੇ ਗਿਆਨ ਦਾ ਮਾਰਗ ਹੈ ਜੋ ਇਸ ਮਨ ਨੂੰ ਡੋਲਣ ਨਹੀਂ ਦਿੰਦਾ। ਸਾਰਾ ਸੰਸਾਰ ਕੱਚੇ ਧਾਗੇ ਨਾਲ ਜੁੜਿਆ ਹੋਇਆ ਹੈ, ਕੱਚੀ ਮਤਿ ਨਾਲ ਜੁੜਿਆ ਹੋਇਆ ਹੈ ਜਿਸਦਾ ਟੁੱਟਣਾ ਤਹਿ ਹੈ ਭਾਵ ਕੱਚੇ ਧਾਗੇ ਨਾਲ ਜੁੜ ਕੇ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਅਸੀਂ ਫੈਸਲਾ ਇਸੇ ਗੱਲ ਵਿੱਚ ਕਰਨਾ ਹੈ ਕਿ ਅਸੀਂ ਕਿਸ ਤੀਰਥ ਤੇ ਇਸ਼ਨਾਨ ਕਰਨਾ ਹੈ ਭਾਵ ਗੁਰਮਤਿ ਦੇ ਤੀਰਥ ਤੇ ਇਸ਼ਨਾਨ ਕਰਨਾ ਜਾਂ ਮਨਮਤਿ ਦੀ ਛੱਪੜੀ ਵਿੱਚ ਨਹਾਉਣਾ ਹੈ। ਆਓ ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

“ਦਸਮੀ ਨਾਮੁ ਦਾਨੁ ਇਸਨਾਨੁ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ॥
ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ॥ ਬਿਲਮੁ ਨ ਤ੍ਰੁਟਸਿ ਕਾਚੈ ਤਾਗੈ॥
ਜਿਉ ਤਾਗਾ ਜਗੁ ਏਵੈ ਜਾਣਹੁ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ॥੧੨॥”

(ਅੰਗ ੮੪੦)

ਉੱਪਰ ਪੰਗਤੀਆਂ ਰਾਹੀਂ ਸਾਨੂੰ ਸੱਚਾ ਇਸ਼ਨਾਨ ਕਰਨਾ ਸਮਝਾਇਆ ਹੋਇਆ ਹੈ ਕਿ ਇਹ ਇਸ਼ਨਾਨ ਅਸੀਂ ਕਿੱਥੋਂ ਕਰਨਾ ਹੈ। ਇਸ਼ਨਾਨ ਅਸੀਂ ਨਾਮ ਦਾ ਹੀ ਕਰਨਾ ਹੈ। ਇਹ ਇਸ਼ਨਾਨ ਅਸੀਂ ਉੱਥੋਂ ਕਰਨਾ ਹੈ ਜਿੱਥੇ ਪ੍ਰਮਾਤਮਾ ਨੇ ਆਪਣੇ ਇਸ ਨਾਮ ਦਾ ਦਾਨ ਬਖਸ਼ਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਇਹ ਨਾਮ ਦਾਨ ਸਾਨੂੰ ਪ੍ਰਮਾਤਮਾ ਨੇ ਗੁਰੂ ਦੇ ਰਾਹੀਂ ਦਿੱਤਾ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ “ਨਾਮੁ ਦਾਨੁ” ਹੈ ਤੇ ਇਸ ਦਾ ਇਸ਼ਨਾਨ ਅਸੀਂ ਗੁਰਬਾਣੀ ਦੇ ਵਿੱਚੋਂ ਹੀ ਕਰਨਾ ਹੈ। ਇਹ ਇਸ਼ਨਾਨ ਅਸੀਂ ਹਰ ਰੋਜ਼ ਕਰਨਾ ਹੈ। ਇਹ ਇਸ਼ਨਾਨ ਸੱਚੇ ਗੁਣਾਂ ਦਾ ਇਸ਼ਨਾਨ ਹੈ ਜੋ ਗੁਣ ਸਾਨੂੰ ਗੁਰੂ ਸਾਹਿਬਾਨ ਨੇ ਸਮਝਾਏ ਹਨ। ਪੂਰੀ ਗੁਰਬਾਣੀ ਸਾਨੂੰ ਗੁਣਾਂ ਦੇ ਨਾਲ ਹੀ ਜੋੜ ਰਹੀ ਹੈ, ਗੁਣਾਂ

ਦਾ ਗਿਆਨ ਹੀ ਦੇ ਰਹੀ ਹੈ। ਅਸੀਂ ਗੁਰਬਾਣੀ ਦੇ ਇਸ ਸੱਚੇ ਗਿਆਨ ਨੂੰ ਹਰ ਰੋਜ਼, ਹਰ ਵੇਲੇ ਆਪਣੇ ਮਨ ਵਿੱਚ ਵਸਾ ਕੇ ਰੱਖਣਾ ਹੈ। ਇਹ ਸਾਡੇ ਮਨ ਦਾ ਇਸ਼ਨਾਨ ਹੈ, ਗੁਰੂ ਦੇ ਸੱਚੇ ਤੀਰਥ ਦਾ ਇਸ਼ਨਾਨ ਹੈ। **(ਦਸਮੀ ਨਾਮੁ ਦਾਨੁ ਇਸਨਾਨੁ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ॥)**

ਗੁਰੂ ਦੇ ਇਸ ਤੀਰਥ ਤੇ ਇਸ਼ਨਾਨ ਕਰਨ ਦਾ ਮਕਸਦ ਭਾਵ ਗੁਰਬਾਣੀ ਨੂੰ ਪੜ੍ਹਨ ਦਾ ਮਕਸਦ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ॥”

ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਨੇ, ਗੁਰੂ ਨੇ ਸੱਚ ਹੀ ਸਮਝਾਇਆ ਹੋਇਆ ਹੈ। ਸੱਚ ਦਾ ਮਕਸਦ, ਨਾਮ ਦਾ ਮਕਸਦ, ਨਾਮ ਦੇ ਤੀਰਥ ਤੇ ਇਸ਼ਨਾਨ ਕਰਨ ਦਾ ਮਕਸਦ ਸਾਡੇ ਮਨ ਦੀ ਮੈਲ ਨੂੰ ਧੋਣ ਦਾ ਹੈ। ਜਿੱਥੇ ਸੱਚ ਨਹੀਂ ਹੈ ਉੱਥੇ ਮੈਲ ਹੈ। ਪੂਰੀ ਗੁਰਮਤਿ ਰਾਹੀਂ ਸਾਨੂੰ ਸੱਚ ਦੀ ਸੋਝੀ ਹੀ ਪਾਈ ਹੋਈ ਹੈ। ਜਿੱਥੇ ਗੁਰਮਤਿ ਨਹੀਂ ਹੈ ਉੱਥੇ ਮੈਲ ਹੈ। ਜਿੱਥੇ ਗੁਰਮਤਿ ਵੱਸ ਜਾਂਦੀ ਹੈ, ਜਿੱਥੇ ਸੱਚਾ ਗਿਆਨ ਵੱਸ ਜਾਂਦਾ ਹੈ, ਜਿੱਥੇ ਨਾਮ ਵੱਸ ਜਾਂਦਾ ਹੈ ਉਹ ਮਨ ਮੈਲ ਰਹਿਤ ਹੋ ਜਾਂਦਾ ਹੈ। ਅਸੀਂ ਭਰਮ ਵਿੱਚ ਰਹਿੰਦੇ ਹੋਏ ਅਨੇਕਾਂ ਹੀ ਕਰਮ ਇਹੋ ਜਿਹੇ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹਨ। ਗੁਰੂ ਦੀ ਮਤਿ ਸਾਨੂੰ ਭਰਮ ਵਿੱਚੋਂ ਹੀ ਕੱਢਦੀ ਹੈ। ਜੋ ਗੁਰੂ ਦੀ ਮਤਿ ਨੂੰ ਲੈ ਕੇ ਭਰਮ ਵਿੱਚੋਂ ਨਿਕਲ ਜਾਂਦਾ ਹੈ ਉਸਦੇ ਅੰਦਰ ਹੀ ਸੱਚ ਵੱਸਦਾ ਹੈ। ਸਾਡੀ ਹਰ ਮੈਲ ਦਾ ਕਾਰਨ ਸਾਡੇ ਮਨ ਦਾ ਭਰਮ ਹੈ, ਅਗਿਆਨਤਾ ਹੈ ਤੇ ਗੁਰੂ ਦਾ ਸੱਚਾ ਗਿਆਨ ਸਾਨੂੰ ਅਗਿਆਨਤਾ ਵਾਲੀ ਬਿਰਤੀ ਵਿੱਚੋਂ ਹੀ ਕੱਢਦਾ ਹੈ ਤੇ ਸੱਚ ਦੇ ਨਾਲ ਜੋੜਦਾ ਹੈ। ਸਾਡੇ ਅੰਦਰ ਮਾਇਆ ਮੋਹ ਨੂੰ ਛੱਡਣ ਦਾ ਭਉ ਹੈ, ਸ਼ਬਦ ਦੀ ਵਿਚਾਰ ਨੂੰ ਮੰਨਣ ਦਾ ਭਉ ਹੈ ਤੇ ਜੋ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ ਉਹ ਇਸ ਭਉ ਤੋਂ ਰਹਿਤ ਹੋ ਜਾਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਿਆ ਹੈ। ਗੁਰਮਤਿ ਨੂੰ ਕਬੂਲ ਕਰਨਾ ਸਾਡਾ ਬਹੁਤ ਵੱਡਾ ਭਉ ਹੈ, ਸੱਚ ਨੂੰ ਕਬੂਲ ਕਰਨਾ ਬਹੁਤ ਵੱਡਾ ਭਉ ਹੈ ਤੇ ਇਸ ਭਉ ਨੂੰ ਕਬੂਲ ਕੀਤੇ ਬਿਨ੍ਹਾਂ ਅਸੀਂ ਭਉ ਤੋਂ ਰਹਿਤ ਨਹੀਂ ਹੋ ਸਕਦੇ। ਇਸ ਭਉ ਨੂੰ ਕਬੂਲ ਕਰਨਾ ਹੀ ਨਾਮ ਨੂੰ ਕਬੂਲ ਕਰਨਾ ਹੈ ਤੇ ਤਾਂ ਹੀ ਨਾਮ ਜਪਿਆ ਜਾ ਸਕਦਾ ਹੈ ਭਾਵ ਤਾਂ ਹੀ ਸੱਚ ਤੇ

ਚੱਲਿਆ ਜਾ ਸਕਦਾ ਹੈ। **(ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ॥)**

ਸੱਚ ਕੇਵਲ ਗੁਰੂ ਦੇ ਕੋਲ ਹੈ, ਸੱਚੀ ਸਿੱਖਿਆ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੀ ਇਹ ਸੱਚੀ ਸਿੱਖਿਆ ਹੀ ਉਹ ਪੱਕਾ ਧਾਗਾ ਹੈ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਨਾਲ ਪੱਕਾ ਕਰਦਾ ਹੈ। ਸ਼ਬਦ ਦੇ ਵਿਚਾਰ ਪੱਕੇ ਵਿਚਾਰ ਹਨ ਜੋ ਕਦੇ ਬਦਲ ਨਹੀਂ ਸਕਦੇ। ਸ਼ਬਦ ਦੇ ਵਿਚਾਰ ਸਦਾ ਥਿਰ ਰਹਿਣ ਵਾਲੇ ਵਿਚਾਰ ਹਨ ਜੋ ਕਦੇ ਡੋਲ ਨਹੀਂ ਸਕਦੇ। ਗੁਰੂ ਦਾ ਮਨ ਅਡੋਲ ਹੈ, ਨਿਹਚਲ ਹੈ, ਥਿਰ ਹੈ ਕਿਉਂਕਿ ਉਸ ਦੇ ਵਿਚਾਰ ਸੱਚੇ ਹਨ। ਜੇਕਰ ਅਸੀਂ ਆਪਣੇ ਮਨ ਨੂੰ ਥਿਰ ਕਰਨਾ ਹੈ ਤਾਂ ਫਿਰ ਉਸ ਦੇ ਲਈ ਅਸੀਂ ਆਪਣੇ ਆਪ ਨੂੰ ਭਾਵ ਆਪਣੇ ਵਿਚਾਰਾਂ ਨੂੰ ਉਸ ਪੱਕੇ ਧਾਗੇ ਨਾਲ ਜੋੜਨਾ ਹੈ ਜੋ ਟੁੱਟਦਾ ਨਹੀਂ ਭਾਵ ਗੁਰੂ ਦੇ ਸੱਚੇ ਵਿਚਾਰਾਂ ਨਾਲ ਜੁੜਨਾ ਹੈ ਜੋ ਪ੍ਰਮਾਤਮਾ ਦੀ ਦਰਗਾਹ ਤੋਂ ਆਏ ਹਨ ਤੇ ਸਾਨੂੰ ਪ੍ਰਮਾਤਮਾ ਦੇ ਨਾਲ ਜੋੜ ਸਕਦੇ ਹਨ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਕਿਸ ਦੀ ਮਤਿ ਦੇ ਨਾਲ ਜੁੜਨਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

23/2497

“ਬਿਲਮੁ ਨ ਤ੍ਰੁਟਸਿ ਕਾਚੈ ਤਾਗੈ॥ ਜਿਉ ਤਾਗਾ ਜਗੁ ਏਵੈ ਜਾਣਹੁ॥

ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ॥੧੨॥”

ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਕੱਚਾ ਧਾਗਾ ਪਾਇਆ ਹੋਇਆ ਹੈ ਭਾਵ ਕੱਚੀ ਮਤਿ ਪਾਈ ਹੋਈ ਹੈ, ਕੱਚੇ ਵਿਚਾਰ ਪਾਏ ਹੋਏ ਹਨ, ਤ੍ਰੈਗੁਣਾਂ ਵਾਲੇ ਵਿਚਾਰ ਪਾਏ ਹੋਏ ਹਨ, ਮਾਇਆ ਮੋਹ ਵਾਲੇ ਵਿਚਾਰ ਪਾਏ ਹੋਏ ਹਨ ਜੋ ਸਾਡੇ ਮਨ ਨੂੰ ਥਿਰ ਨਹੀਂ ਰਹਿਣ ਦਿੰਦੇ। ਸਾਡੇ ਅੰਦਰ ਇਸ ਕੱਚੀ ਮਤਿ ਦੇ ਰਹਿੰਦਿਆਂ ਅਸੀਂ ਕਦੇ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਤੇ ਸਾਡੇ ਇਸ ਜੀਵਨ ਦਾ ਵਿਅਰਥ ਜਾਣਾ ਤਹਿ ਹੈ, ਕੱਚੇ ਧਾਗੇ ਦੀ ਤਰ੍ਹਾਂ ਟੁੱਟਣਾ ਤਹਿ ਹੈ ਜਿਸਨੂੰ ਟੁੱਟਦਿਆਂ ਦੇਰ ਨਹੀਂ ਲੱਗਦੀ। ਇਸ ਮਨ ਦੇ ਵਿਚਾਰਾਂ ਨੂੰ ਟਿਕਾਉਣ ਦਾ ਇੱਕੋ ਇੱਕ ਸਾਧਨ ਇਹੀ ਹੈ ਕਿ ਅਸੀਂ ਸੱਚ ਦੇ ਨਾਲ ਜੁੜੀਏ ਭਾਵ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਜੁੜੀਏ ਜੋ ਸਦਾ ਥਿਰ ਰਹਿਣ ਵਾਲੇ ਹਨ। ਇਹ ਤ੍ਰੈਗੁਣਾਂ ਵਾਲੇ ਵਿਚਾਰਾਂ ਤੇ ਚੌਥੇ ਪਦ ਦੇ ਵਿਚਾਰਾਂ ਦਾ ਭੇਦ ਹੈ। ਚੌਥੇ ਪਦ ਦੇ ਸੱਚੇ ਵਿਚਾਰ, ਥਿਰ ਰਹਿਣ ਵਾਲੇ ਵਿਚਾਰ ਗੁਰੂ ਦੇ ਕੋਲ ਹਨ ਜੋ ਚੌਥੇ ਪਦ ਵਿੱਚ ਹੈ ਜੋ ਵਿਚਾਰ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ। ਗੁਰੂ ਦੇ ਵਿਚਾਰਾਂ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਦੇ ਵਿਚਾਰਾਂ ਨਾਲ ਜੁੜਦੇ ਹਾਂ ਭਾਵ ਉਹਨਾਂ ਨੂੰ ਸੱਚ ਮੰਨਦੇ ਹਾਂ ਜੋ ਗੁਰੂ ਦੇ ਸੱਚ ਤੇ ਪੂਰੇ ਨਹੀਂ ਉਤਰਦੇ ਤਾਂ ਫਿਰ ਸਾਡਾ ਮਨ ਕਦੇ ਅਸਥਿਰ ਨਹੀਂ ਹੋ ਸਕਦਾ ਤੇ ਸਾਡਾ ਜੀਵਨ ਵਿਅਰਥ ਹੀ ਜਾਵੇਗਾ। ਸਾਡੇ ਲਈ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਉਸ ਪੱਕੇ ਧਾਗੇ ਦੇ ਨਾਲ ਜੁੜੀਏ, ਪੱਕੇ ਤੇ ਸੱਚੇ ਵਿਚਾਰਾਂ ਦੇ ਨਾਲ ਜੁੜੀਏ ਜੋ ਧਾਗਾ ਨਾ ਆਪ ਟੁੱਟਦਾ ਹੈ ਤੇ ਨਾ ਹੀ ਸਾਡੇ ਵਿਚਾਰਾਂ ਨੂੰ ਗੁਰੂ ਦੇ ਵਿਚਾਰਾਂ ਨਾਲੋਂ ਟੁੱਟਣ ਦਿੰਦਾ ਹੈ। ਜੇਕਰ ਅਸੀਂ ਆਪਣੇ ਆਪ ਨੂੰ ਗੁਰੂ ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਹੈ, ਉਸ ਦੇ ਰੰਗ ਨੂੰ ਮਾਨਣਾ ਹੈ ਤਾਂ ਫਿਰ ਉਹ ਕੇਵਲ ਮਨ ਦੀ ਅਡੋਲਤਾ ਦੁਆਰਾ ਹੀ ਮਾਣਿਆ ਜਾ ਸਕਦਾ ਹੈ, ਕੱਚੇ ਵਿਚਾਰਾਂ ਦੇ ਪਿੱਛੇ ਲੱਗ ਕੇ ਅਸੀਂ ਸੱਚ ਦਾ ਰੰਗ ਨਹੀਂ ਮਾਣ ਸਕਦੇ, ਪ੍ਰਮਾਤਮਾ ਦੇ ਨਾਲ ਮੇਲ ਦਾ ਰੰਗ ਨਹੀਂ ਮਾਣ ਸਕਦੇ, ਆਪਣੇ ਇਸ ਜੀਵਨ ਦਾ ਲਾਭ ਨਹੀਂ ਉਠਾ ਸਕਦੇ। **(ਬਿਲਮੁ ਨ ਤ੍ਰੁਟਸਿ ਕਾਚੈ ਤਾਗੈ॥ ਜਿਉ ਤਾਗਾ ਜਗੁ ਏਵੈ ਜਾਣਹੁ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ॥੧੨)**

ਪ੍ਰਮਾਤਮਾ ਆਪਣੇ ਨਿਰਗੁਣ ਰੂਪ ਕਰਕੇ ਅਬਿਨਾਸੀ ਹੈ ਤੇ ਹਰ ਸਰਗੁਣ ਰੂਪ ਬਿਨਾਸੀ ਹੈ ਭਾਵ ਬਿਨਸਨਹਾਰ ਹੈ। ਸਾਡਾ ਸਰੀਰ ਨਿਰਗੁਣ ਰੂਪ ਤੇ ਸਰਗੁਣ ਰੂਪ ਦਾ ਮੇਲ ਹੈ ਭਾਵ ਸਾਡਾ ਦਿੱਸਣ ਵਾਲਾ ਰੂਪ ਸਰਗੁਣ ਰੂਪ ਹੈ ਤੇ ਨਾ ਦਿੱਸਣ ਵਾਲਾ ਰੂਪ, ਜੋਤਿ ਰੂਪ ਭਾਵ ਸਾਡਾ ਮਨ ਨਿਰਗੁਣ ਰੂਪ ਹੈ। ਸਾਡਾ ਸਰਗੁਣ ਰੂਪ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਆਪਣੇ ਅੰਦਰ ਟਿਕਾਉਣ ਲਈ ਹੀ ਹੈ। ਸਾਡਾ ਸਰਗੁਣ ਸਰੂਪ ਬਿਨਸਨਹਾਰ ਹੈ ਤੇ ਨਿਰਗੁਣ ਸਰੂਪ ਅਬਿਨਾਸੀ ਰੂਪ ਹੈ। ਪ੍ਰਮਾਤਮਾ ਦੇ ਅਬਿਨਾਸੀ ਰੂਪ ਨੂੰ ਹੀ ਸਮਝਣ ਦੀ ਲੋੜ ਹੈ। ਪ੍ਰਮਾਤਮਾ ਆਪ ਅਬਿਨਾਸੀ ਹੈ ਤੇ ਉਸਦਾ ਗੁਰੂ ਰੂਪ ਅਬਿਨਾਸੀ ਰੂਪ ਹੈ। ਗੁਰੂ ਰੂਪ ਵਿੱਚ ਗੁਰੂ ਸਾਨੂੰ ਸਿੱਖਿਆ ਦੀ ਦਿੰਦਾ ਹੈ, ਸੱਚਾ ਗਿਆਨ ਹੀ ਦਿੰਦਾ ਹੈ, ਆਪਣੇ ਸੱਚੇ ਬੋਲ ਹੀ ਸੁਣਾਉਂਦਾ ਹੈ, ਨਾ ਬਿਨਸਨ ਵਾਲੇ ਗੁਰੂ ਦੇ ਸੱਚੇ ਬੋਲ ਹਨ, ਉਸਦਾ ਸੱਚਾ ਗਿਆਨ ਹੈ, ਉਸਦੀ ਸੱਚੀ ਮਤਿ ਹੈ ਜੋ ਸਦਾ ਥਿਰ ਰਹਿਣ ਵਾਲੀ ਹੈ ਜੋ ਕਦੇ ਬਦਲ ਨਹੀਂ ਸਕਦੀ। ਗੁਰੂ ਦੇ ਬੋਲ

23/2498

ਸੱਚੇ ਹਨ ਤੇ ਸੱਚ ਕਦੇ ਬਿਨਸ ਨਹੀਂ ਸਕਦਾ। ਸੱਚ ਕਦੇ ਪੁਰਾਣਾ ਨਹੀਂ ਹੋ ਸਕਦਾ ਤੇ ਸਦਾ ਹੀ ਨਵਾਂ ਰਹਿੰਦਾ ਹੈ। ਸੱਚ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਇਸੇ ਲਈ ਸੱਚ ਸਦਾ ਥਿਰ ਰਹਿਣ ਵਾਲਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਵੀ ਬਰੀਕੀ ਨਾਲ ਸਮਝਿਆ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਅਬਿਨਾਸੀ ਰੂਪ ਨਾਲ ਜੁੜਨਾ ਚਾਹੁੰਦੇ ਹਾਂ, ਅਸਥਿਰ ਰੂਪ ਨਾਲ ਜੁੜਨਾ ਚਾਹੁੰਦੇ ਹਾਂ ਤਾਂ ਉਹ ਕੇਵਲ ਸ਼ਬਦ ਦੇ ਸੱਚੇ ਵਿਚਾਰਾਂ ਦੇ ਨਾਲ ਜੁੜਨਾ ਹੈ ਜੋ ਆਪ ਥਿਰ ਹਨ ਤੇ ਸਾਨੂੰ ਥਿਰ ਕਰ ਸਕਦੇ ਹਨ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਦੁਚਿੱਤੀ ਵਾਲੀ ਅਵੱਸਥਾ ਪਾਈ ਹੋਈ ਹੈ ਭਾਵ ਸੱਚ ਦੇ ਨਾਲ ਝੂਠ ਵੀ ਪਾਇਆ ਹੋਇਆ ਹੈ। ਜਿੱਥੇ ਪੂਰਨ ਸੱਚ ਨਹੀਂ ਹੈ ਉਹ ਬੋਲ ਬਿਨਸਨਹਾਰ ਹਨ ਭਾਵ ਸੱਚ ਸਾਹਮਣੇ ਆਉਣ ਦੇ ਨਾਲ ਉਹ ਬੋਲ ਪੁਰਾਣੇ ਹੋ ਜਾਂਦੇ ਹਨ ਭਾਵ ਉਹਨਾਂ ਦਾ ਵਜੂਦ ਮਿਟ ਜਾਂਦਾ ਹੈ ਪਰ ਸੱਚੇ ਬੋਲ ਕਦੇ ਨਹੀਂ ਮਿਟ ਸਕਦੇ, ਕਦੇ ਪੁਰਾਣੇ ਨਹੀਂ ਹੋ ਸਕਦੇ। ਸਾਡੇ ਅੰਦਰ ਦੁਚਿੱਤੀ ਵਾਲੀ ਅਵੱਸਥਾ ਕੱਚੇ ਧਾਗੇ ਵਾਲੀ ਅਵੱਸਥਾ ਹੈ ਜੋ ਕਿ ਕਦੇ ਵੀ ਟੁੱਟ ਸਕਦਾ ਹੈ ਤੇ ਗੁਰੂ ਦੇ ਸੱਚੇ ਬੋਲ ਪੱਕਾ ਧਾਗਾ ਹੈ ਜੋ ਥਿਰ ਰਹਿਣ ਵਾਲਾ ਹੈ ਭਾਵ ਜੋ ਬਿਨਸਨਹਾਰ ਨਹੀਂ ਹੈ। ਪ੍ਰਮਾਤਮਾ ਦੀ ਭਗਤੀ ਦਾ ਮੂਲ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ ਕਿ ਅਸੀਂ ਕਿਸ ਧਾਗੇ ਨਾਲ ਜੁੜੇ ਹੋਏ ਹਾਂ। ਕੱਚੇ ਧਾਗੇ ਨਾਲ ਜੁੜ ਕੇ, ਕੱਚੀ ਮਤਿ ਦੇ ਨਾਲ ਜੁੜ ਕੇ, ਕੱਚਿਆਂ ਦੀ ਮਤਿ ਦੇ ਨਾਲ ਜੁੜ ਕੇ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਪੈ ਸਕਦੀ ਜਿਸ ਕਰਕੇ ਅਸੀਂ ਸਰਗੁਣ ਸਰੂਪ ਨੂੰ ਹੀ ਉੱਚਾ ਸਮਝਦੇ ਹਾਂ ਤੇ ਪ੍ਰਮਾਤਮਾ ਨੂੰ ਵੀ ਸਰਗੁਣ ਰੂਪ ਵਿੱਚ ਹੋਣਾ ਸਮਝਦੇ ਹਾਂ। ਅਸੀਂ ਭਗਤੀ ਦੇ ਤਰੀਕੇ ਵੀ ਸਰਗੁਣ ਰੂਪ ਵਿੱਚ ਭਾਵ ਸਰੀਰਕ ਕਿਰਿਆਵਾਂ ਆਦਿ ਵਿੱਚ ਸਮਝੇ ਹੋਏ ਹਨ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ। ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੇਵਲ ਉਸ ਪੱਕੇ ਧਾਗੇ ਦੇ ਕੋਲ ਹੈ ਜੋ ਨਿਰਗੁਣ ਰੂਪ ਵਿੱਚ ਪ੍ਰਮਾਤਮਾ ਦੇ ਨਾਲ ਜੁੜਿਆ ਹੋਇਆ ਹੈ। ਆਓ ਇਹੀ ਗੱਲ ਅਕਾਲ ਪੁਰਖ ਰੂਪ ਧੰਨ ਧੰਨ ਬਾਬਾ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਦੁਆਰਾ ਸਮਝੀਏ ਤੇ ਪੱਕੇ ਧਾਗੇ ਦੇ ਨਾਲ ਜੁੜੀਏ।

ਰਾਗੁ ਗਉੜੀ ਪੂਰਬੀ ਕਬੀਰ ਜੀ॥

ੴ ਸਤਿਗੁਰ ਪ੍ਰਸਾਦਿ॥

“ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ॥
ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ॥੧॥
ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ॥
ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ॥੧॥ਰਹਾਉ॥
ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ॥
ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ॥੨॥
ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ॥
ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ॥੩॥
ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥
ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ॥੪॥੧॥੫੨॥”

(ਅੰਗ ੩੩੪)

ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਰੂਪ ਸਮਝਾਇਆ ਹੋਇਆ ਹੈ ਕਿ ਉਸ ਕਿਸ ਤਰੀਕੇ ਦੁਆਰਾ ਮਿਲਦਾ ਹੈ ਜਿਸਨੂੰ ਉਸਦੇ ਭਗਤੀ ਕਰਨ ਵਾਲੇ ਪਾਉਣਾ ਚਾਹੁੰਦੇ ਹਨ। ਜੋ ਕੁੱਝ ਅਸੀਂ ਇਸ ਸੰਸਾਰ ਵਿੱਚ ਦੇਖਦੇ ਹਾਂ ਉਹ ਸਭ ਕੁੱਝ ਸਰਗੁਣ ਰੂਪ ਹੈ, ਆਕਾਰ ਰੂਪ ਹੈ। ਜਿੱਥੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਉਹ ਜਗ੍ਹਾਂ

ਪੰਜ ਤੱਤਾਂ ਤੋਂ ਬਾਹਰ ਹੈ ਭਾਵ ਉਹ ਨਿਰਗੁਣ ਰੂਪ ਵਿੱਚ ਹੈ ਜਿਸਨੂੰ ਦੇਖਿਆ ਨਹੀਂ ਜਾ ਸਕਦਾ। **(ਜਹ ਕਛੁ ਅਹਾ ਤਹਾ**

ਕਿਛੁ ਨਾਹੀ ਪੰਚ ਤਤੁ ਤਹ ਨਾਹੀ॥)

ਅਸੀਂ ਪ੍ਰਮਾਤਮਾ ਨੂੰ ਜਿਹੜੀ ਵਿਧੀ ਦੁਆਰਾ ਲੱਭਦੇ ਹਾਂ ਉਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ॥੧॥”

ਅਸੀਂ ਪ੍ਰਮਾਤਮਾ ਨੂੰ ਕੋਈ ਸਰਗੁਣ ਸਰੂਪ ਵਿੱਚ ਸਮਝਦੇ ਹਾਂ ਜਿਵੇਂ ਕਿ ਪੁਰਾਣੀ ਮਤਿ ਸਦੀਆਂ ਤੋਂ ਚੱਲਦੀ ਆ ਰਹੀ ਹੈ ਤੇ ਸਿੱਖ ਜਗਤ ਵੀ ਇਸੇ ਮਤਿ ਦਾ ਸ਼ਿਕਾਰ ਹੈ ਭਾਵ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਕਿਸੇ ਨੂੰ ਨਹੀਂ ਹੈ ਤੇ ਨਾ ਹੀ ਉਸ ਨੂੰ ਪਾਉਣ ਦਾ ਕਿਸੇ ਨੂੰ ਤਰੀਕਾ ਸਮਝ ਹੈ। ਅਸੀਂ ਪ੍ਰਮਾਤਮਾ ਨੂੰ ਸਰਗੁਣ ਰੂਪ ਕਿਰਿਆਵਾਂ ਦੁਆਰਾ ਪਾਉਣਾ ਚਾਹੁੰਦੇ ਹਾਂ ਜਿੰਨ੍ਹਾਂ ਦਾ ਭਗਤੀ ਨਾਲ ਕੋਈ ਵਾਸਤਾ ਨਹੀਂ ਹੈ, ਸਰੀਰਕ ਕਿਰਿਆਵਾਂ ਦਾ ਸੱਚ ਨਾਲ ਕੋਈ ਵਾਸਤਾ ਨਹੀਂ ਹੈ ਜਿਸ ਦੁਆਰਾ ਸਾਡੇ ਅੰਦਰ ਸੱਚ ਵੱਸ ਜਾਵੇ। ਉੱਪਰ ਸਾਨੂੰ ਸਵਾਸਾਂ ਦੀਆਂ ਕਿਰਿਆਵਾਂ ਸਮਝਾਈਆਂ ਹੋਈਆ ਹਨ ਜਿੰਨ੍ਹਾਂ ਨੂੰ ਜੋਗੀ ਆਦਿ ਕਾਫੀ ਸਮਿਆਂ ਤੋਂ ਕਰਦੇ ਆ ਰਹੇ ਹਨ ਤੇ ਸਿੱਖ ਜਗਤ ਵੀ ਆਪਣੇ ਤਰੀਕਿਆਂ ਨਾਲ ਸਵਾਸਾਂ ਦੀਆਂ ਕਿਰਿਆਵਾਂ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਉਹ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ। ਇਹਨਾਂ ਕਿਰਿਆਵਾਂ ਨੂੰ ਸਾਡਾ ਔਗੁਣ ਦੱਸਿਆ ਹੈ ਭਾਵੇਂ ਇਹੋ ਜਿਹੀਆਂ ਕਿਰਿਆਵਾਂ ਕਰਨ ਵਾਲੇ ਇਹਨਾਂ ਨੂੰ ਆਪਣਾ ਗੁਣ ਸਮਝਦੇ ਹਨ ਜੋ ਕਿ ਕੇਵਲ ਉਹਨਾਂ ਦਾ ਭਰਮ ਹੈ। ਗੁਰਬਾਣੀ ਦਾ ਮਕਸਦ ਸਾਨੂੰ ਇਹਨਾਂ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਗਤੀ ਦੇ ਅਸਲ ਤਰੀਕੇ ਨੂੰ ਸਮਝੀਏ ਤੇ ਸਦੀਆਂ ਤੋਂ ਚੱਲਦੀ ਆ ਰਹੀ ਝੂਠੀ ਆਸਥਾ ਵਿੱਚੋਂ ਨਿਕਲੀਏ। ਜਾਣਾ ਤੇ ਅਸੀਂ ਉਸ ਪ੍ਰਮਾਤਮਾ ਦੇ ਘਰ ਵਿੱਚ ਚਾਹੁੰਦੇ ਹਾਂ ਪਰ ਸਰੀਰਕ ਕਿਰਿਆਵਾਂ ਕਰਨ ਦੁਆਰਾ ਜੋ ਕਿ ਸਾਡਾ ਔਗੁਣ ਹੈ ਇਹੋ ਜਿਹੇ ਔਗੁਣ ਕਰਕੇ ਅਸੀਂ ਉਸ ਪ੍ਰਮਾਤਮਾ ਦੇ ਘਰ ਵਿੱਚ ਕਿਵੇਂ ਜਾ ਸਕਦੇ ਹਾਂ ਭਾਵ ਨਹੀਂ ਜਾ ਸਕਦੇ। ਜੇਕਰ ਅਸੀਂ ਉਸ ਪ੍ਰਮਾਤਮਾ ਨੂੰ ਮਿਲਣਾ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਸਰੀਰਕ ਕਿਰਿਆਵਾਂ ਜਿੰਨ੍ਹਾਂ ਨੂੰ ਅਸੀਂ ਭਗਤੀ ਸਮਝ ਕੇ ਕਰਦੇ ਹਾਂ ਉਸ ਔਗੁਣ ਨੂੰ ਛੱਡੀਏ। ਸਰੀਰਕ ਜਪਾਂ ਤਪਾਂ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਜਿੰਨ੍ਹਾਂ ਨੂੰ ਕਿ ਸਾਡੀ ਚਤੁਰਾਈ ਹੀ ਦੱਸਿਆ ਹੈ। ਚਤੁਰਾਈਆਂ ਕਰਕੇ ਉਸ ਪ੍ਰਮਾਤਮਾ ਨੂੰ ਕੌਣ ਪਾ ਸਕਦਾ ਹੈ। **(ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ॥੧॥)**

ਸਾਡੀ ਇਹੋ ਜਿਹੀ ਭਗਤੀ ਦੇ ਪਿੱਛੇ ਕਾਰਨ ਕੀ ਹੈ ਭਾਵ ਸਾਡੀ ਨਾਸਮਝੀ ਦਾ ਕਾਰਨ ਕੀ ਹੈ, ਭਰਮ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

23/2500

“ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ॥”

ਉਪਰਲੀ ਪੰਗਤੀ ਦੇ ਭਾਵ ਬਹੁਤ ਗਹਿਰਾਈ ਵਿੱਚ ਹਨ ਜਿੱਥੇ ਸਾਡੇ ਸਭ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ। ਇਹ ਮਨ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਇਸ ਨੂੰ ਅਸੀਂ ਬਰੀਕੀ ਨਾਲ ਜਾਣਿਆ ਹੈ। ਜੋ ਕੁੱਝ ਅਸੀਂ ਮਨ ਬਾਰੇ ਸਮਝਿਆ ਹੈ ਉਹੀ ਗੱਲ ਉੱਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਨਾਲ ਸਾਡਾ ਭੇਦ ਮਨ ਦੇ ਵਿਚਾਰਾਂ ਰਾਹੀਂ ਹੀ ਹੈ। ਮਨ ਦੇ ਵਿਚਾਰਾਂ ਦੀ ਸੋਝੀ ਪਏ ਬਿਨ੍ਹਾਂ ਕਿ ਇਹ ਵਿਚਾਰ ਕਿੱਥੋਂ ਆਉਂਦੇ ਹਨ, ਸਾਡੇ ਅੰਦਰ ਦੀ ਸੋਚ ਕਿੱਥੋਂ ਉਪਜਦੀ ਹੈ ਇਸ ਗੱਲ ਨੂੰ ਜਾਣੇ ਬਿਨ੍ਹਾਂ ਸਾਨੂੰ ਇਸ ਮਨ ਦੀ ਸਮਝ ਨਹੀਂ ਲੱਗ ਸਕਦੀ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਵਿਚਰ ਰਿਹਾ ਹੈ। ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਪ੍ਰਮਾਤਮਾ ਤੋਂ ਦੂਰ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਮਨੁੱਖ ਪ੍ਰਮਾਤਮਾ ਵਿੱਚ ਸਮਾਅ ਜਾਂਦਾ ਹੈ। ਪ੍ਰਮਾਤਮਾ ਨਾਲ ਸਾਡਾ ਪੜਦਾ ਮਨ ਦੇ ਵਿਚਾਰਾਂ ਰਾਹੀਂ ਹੀ ਹੈ। ਸਾਡੇ ਅੰਦਰ ਮਨ ਦੇ ਵਿਚਾਰਾਂ ਦਾ ਧਾਗਾ ਪ੍ਰਮਾਤਮਾ ਦੇ ਆਪ ਹੀ ਤੋੜ ਕੇ ਸਾਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਜਦ ਤੱਕ ਸਾਡੇ ਅੰਦਰ ਦਾ ਧਾਗਾ ਟੁੱਟਿਆ ਹੋਇਆ ਹੈ ਤਦ ਤੱਕ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ। “ਗਗਨੁ” ਤੋਂ ਭਾਵ ਹੈ ਸਾਡੇ ਮਨ ਦੇ ਵਿਚਾਰਾਂ ਦਾ ਮੰਡਲ, ਸਾਡੇ ਮਨ ਦਾ ਮੰਡਲ। ਸਾਨੂੰ ਜੋ ਵੀ ਮਤਿ ਮਿਲਦੀ ਹੈ ਉਹ ਮਨ ਦੇ ਵਿੱਚੋਂ ਹੀ ਮਿਲਦੀ ਹੈ ਤੇ ਜਿਹੋ ਜਿਹੀ ਸਾਡੇ ਅੰਦਰ ਦੀ ਮਤਿ ਹੈ ਉਹੀ ਸਾਡੇ ਬੋਲ ਹਨ ਭਾਵ ਅਸੀਂ ਜੋ ਕੁੱਝ ਵੀ ਬੋਲਦੇ ਹਾਂ, ਵਿਚਰਦੇ ਹਾਂ, ਕਰਦੇ ਹਾਂ ਉਹ ਮਨ ਦੀ ਸੋਝੀ ਦੁਆਰਾ ਹੀ ਕਰਦੇ ਹਾਂ। ਜਦ ਤੱਕ ਸਾਡੇ ਅੰਦਰ ਵਿਚਾਰਾਂ ਦਾ ਧਾਗਾ ਟੁੱਟਿਆ ਹੋਇਆ ਹੈ ਤਦ ਤੱਕ ਸਾਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ, ਪੂਰਨ ਸੱਚ ਚੌਥੇ ਪਦ ਵਿੱਚ ਹੈ ਤੇ ਚੌਥੇ

ਪਦ ਦੇ ਵਿਚਾਰਾਂ ਦਾ ਧਾਗਾ ਪੱਕਾ ਧਾਗਾ। ਅਸੀਂ ਇਸ ਪੱਕੇ ਧਾਗੇ ਨਾਲੋਂ ਟੁੱਟੇ ਹੋਏ ਹਾਂ, ਸੱਚੇ ਵਿਚਾਰਾਂ ਤੋਂ, ਸੱਚੇ ਬੋਲਾਂ ਤੋਂ ਟੁੱਟੇ ਹੋਏ ਹਾਂ। ਇਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਜਦ ਤੱਕ ਸਾਡੇ ਮਨ ਦਾ ਗਿਆਨ ਤ੍ਰੈਗੁਣਾਂ ਵਿੱਚ ਹੈ ਤਦ ਤੱਕ ਸਾਡੀ ਸੋਝੀ ਦੁਚਿੱਤੀ ਵਾਲੀ ਹੈ ਭਾਵ ਤਦ ਤੱਕ ਸਾਡੇ ਬੋਲਾਂ ਵਿੱਚ ਪੂਰਨ ਸੱਚ ਨਹੀਂ ਹੈ ਤੇ ਇਹ ਬੋਲ ਬਿਨਸਨ ਵਾਲੇ ਹਨ। ਨਾ ਬਿਨਸਨ ਵਾਲੇ ਬੋਲ ਚੌਥੇ ਪਦ ਵਿੱਚ ਹਨ ਜੋ ਕਿ ਗੁਰੂ ਦੇ ਬੋਲ ਹਨ, ਚੌਥੇ ਪਦ ਦੇ ਬੋਲ ਹਨ ਜਿੰਨ੍ਹਾਂ ਵਿੱਚ ਪੂਰਨ ਸੱਚ ਹੈ। ਸਾਡੇ ਮਨ ਦੇ ਕੱਚੇ ਵਿਚਾਰ ਥਿਰ ਨਹੀਂ ਰਹਿ ਸਕਦੇ। ਜਦ ਤੱਕ ਅਸੀਂ ਮਨ ਦੇ ਕੱਚੇ ਵਿਚਾਰਾਂ ਨਾਲ ਜੁੜੇ ਹੋਏ ਹਾਂ, ਕੱਚੀ ਮਤਿ ਦੇ ਨਾਲ ਜੁੜੇ ਹੋਏ ਹਾਂ ਅਸੀਂ ਮਨ ਦੀ ਬਿਨਸਨ ਵਾਲੀ ਅਵੱਸਥਾ ਵਿੱਚ ਹਾਂ ਜਿਸ ਵਿੱਚ ਰਹਿੰਦਿਆਂ ਅਸੀਂ ਪ੍ਰਮਾਤਮਾ ਦੇ ਨਾਲ ਨਹੀਂ ਮਿਲ ਸਕਦੇ ਤੇ ਸਾਡਾ ਜੀਵਨ ਬਿਨਸ ਜਾਂਦਾ ਹੈ ਭਾਵ ਵਿਅਰਥ ਚਲਾ ਜਾਂਦਾ ਹੈ। ਮਨ ਦੀ ਕੱਚੀ ਮਤਿ ਦੁਆਰਾ ਅਸੀਂ ਪੂਰਨ ਸੱਚ ਤੇ ਨਹੀਂ ਚੱਲ ਸਕਦੇ ਕਿਉਂਕਿ ਸਾਨੂੰ ਪੂਰਨ ਸੱਚ ਦੀ ਸੋਝੀ ਹੀ ਨਹੀਂ ਹੈ। ਉਸ ਪ੍ਰਮਾਤਮਾ ਦੇ ਵਿੱਚ ਸਾਡੇ ਸੱਚੇ ਬੋਲ ਹੀ ਸਮਾਉਂਦੇ ਹਨ ਭਾਵ ਸੱਚੀ ਮਤਿ ਦੁਆਰਾ ਹੀ ਅਸੀਂ ਪ੍ਰਮਾਤਮਾ ਵਿੱਚ ਸਮਾਅ ਸਕਦੇ ਹਾਂ ਜੋ ਕਿ ਸਾਨੂੰ ਮਨ ਦੇ ਵਿੱਚੋਂ ਹੀ ਮਿਲਦੀ ਹੈ ਤੇ ਪ੍ਰਮਾਤਮਾ ਆਪ ਹੀ ਦਿੰਦਾ ਹੈ। ਜਿਸ ਦਾ ਟੁੱਟਿਆ ਹੋਇਆ ਮਨ ਦੇ ਵਿਚਾਰਾਂ ਦਾ ਧਾਗਾ ਉਹ ਆਪਣੇ ਸੱਚੇ ਵਿਚਾਰਾਂ ਦੇ ਨਾਲ ਜੋੜ ਦਿੰਦਾ ਹੈ ਉਸ ਦੇ ਨਾਲ

23/2501

ਸਾਡੀ ਮਨਮਤਿ ਮੁੱਕ ਜਾਂਦੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਮੁੱਕ ਜਾਂਦੀ ਹੈ ਭਾਵ ਸਾਡੇ ਆਪਣੇ ਬੋਲ ਮੁੱਕ ਜਾਂਦੇ ਹਨ ਤੇ ਸਾਨੂੰ ਸਮਝ ਪੈ ਜਾਂਦੀ ਹੈ ਕਿ ਸਾਨੂੰ ਬੁਲਾਉਣ ਵਾਲਾ ਕੌਣ ਹੈ, ਸਾਡੇ ਅੰਦਰ ਵਿਚਾਰ ਪਾਉਣ ਵਾਲਾ ਕੌਣ ਹੈ। ਜਦ ਤੱਕ ਅਸੀਂ ਮਨ ਦੇ ਵਿਚਾਰਾਂ ਨੂੰ ਆਪਣੇ ਬੋਲ ਸਮਝਦੇ ਹਾਂ ਤਦ ਤੱਕ ਅਸੀਂ ਪ੍ਰਮਾਤਮਾ ਵਿੱਚ ਨਹੀਂ ਸਮਾਅ ਸਕਦੇ। ਮਨ ਦੇ ਵਿਚਾਰਾਂ ਵਿੱਚੋਂ ਪੜਦਾ ਨਿਕਲਣ ਦੁਆਰਾ ਹੀ ਸਾਨੂੰ ਇਹ ਸਮਝ ਪੈਂਦੀ ਹੈ ਕਿ ਸਾਡੇ ਵਿਚਾਰਾਂ ਦਾ ਮਾਲਕ ਕੌਣ ਹੈ ਭਾਵ ਆਪ ਪ੍ਰਮਾਤਮਾ ਹੈ। **(ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ॥)** ਜਦ ਤੱਕ ਅਸੀਂ ਮਨ ਦੇ ਵਿਚਾਰਾਂ ਨੂੰ, ਆਪਣੇ ਬੋਲੇ ਹੋਏ ਬੋਲਾਂ ਨੂੰ ਆਪਣੇ ਬੋਲ ਸਮਝਦੇ ਹਾਂ ਇਹ ਸਾਡੀ ਮੈਂ ਹੈ, ਹਉਮੈ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਤੋਂ ਵੱਖਰੇ ਹਾਂ। ਤੂੰ ਕੇਵਲ ਚੌਥੇ ਪਦ ਵਿੱਚ ਹੈ ਜਿੱਥੇ ਕੇਵਲ ਨਾਮ ਹੈ ਭਾਵ ਕੇਵਲ ਸੱਚੀ ਸੋਝੀ ਜੋ ਕਿ ਮਨ ਦੇ ਵਿੱਚ ਹੀ ਹੈ ਪਰ ਇਹ ਕੇਵਲ ਗੁਰਪ੍ਰਸਾਦਿ ਹੀ ਹੈ।

ਪ੍ਰਮਾਤਮਾ ਦੇ ਨਾਲ ਮੇਲ ਸਾਡਾ ਨਿਰਗੁਣ ਰੂਪ ਵਿੱਚ ਹੋਣਾ ਹੈ, ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੋਣਾ ਹੈ ਜੋ ਸਾਨੂੰ ਸੱਚ ਤੇ ਚੱਲਣਾ ਹੀ ਸਿਖਾਉਂਦੀ ਹੈ ਕੇਵਲ ਸੱਚੇ ਸੁੱਚੇ ਕਰਮ ਕਰਨਾ ਹੀ ਸਿਖਾਉਂਦੀ ਹੈ ਪਰ ਸੱਚੀ ਸੋਝੀ ਨਾ ਹੋਣ ਕਰਕੇ ਅਸੀਂ ਪ੍ਰਮਾਤਮਾ ਦੀ ਭਗਤੀ ਸਰੀਰਕ ਕਿਰਿਆਵਾਂ ਦੁਆਰਾ ਕਰਦੇ ਹਾਂ ਜਿਵੇਂ ਕਿ ਅਸੀਂ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ ਤੇ ਇਸੇ ਲਈ ਇਹੋ ਜਿਹੀ ਭਗਤੀ ਨੂੰ ਸਾਡਾ ਔਗੁਣ ਕਹਿ ਕੇ ਖੰਡਨ ਕੀਤਾ ਹੋਇਆ ਹੈ। ਸਰੀਰਕ ਕਿਰਿਆਵਾਂ ਦੁਆਰਾ ਸਾਨੂੰ ਕੋਈ ਸੋਝੀ ਨਹੀਂ ਪੈਂਦੀ, ਕੋਈ ਗਿਆਨ ਨਹੀਂ ਮਿਲਦਾ, ਸਾਡੇ ਅੰਦਰ ਸੱਚੇ ਵਿਚਾਰ ਨਹੀਂ ਵੱਸਦੇ। ਸੱਚੇ ਵਿਚਾਰ ਕੇਵਲ ਗੁਰੂ ਦੇ ਕੋਲ ਹਨ ਜਿਸ ਦੇ ਵਿਚਾਰਾਂ ਦਾ ਧਾਗਾ ਸੱਚ ਦੇ ਮਾਲਕ ਪ੍ਰਮਾਤਮਾ ਦੇ ਨਾਲ ਜੁੜਿਆ ਹੋਇਆ ਹੈ ਤੇ ਉਸਦੇ ਵਿਚਾਰਾਂ ਨਾਲ ਜੁੜ ਕੇ ਅਸੀਂ ਮਨ ਦੇ ਵਿਚਾਰਾਂ ਰਾਹੀਂ ਹੀ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ। ਸਾਰੀ ਗੱਲ ਗੁਰੂ ਦੇ, ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੀ ਹੈ ਤਾਂ ਜੋ ਅਸੀਂ ਉਸ ਪੱਕੇ ਧਾਗੇ ਨਾਲ ਜੁੜ ਸਕੀਏ ਜੋ ਸਦਾ ਥਿਰ ਰਹਿਣ ਵਾਲਾ ਹੈ, ਜਿਹੜੇ ਵਿਚਾਰ ਸਦਾ ਥਿਰ ਰਹਿਣ ਵਾਲੇ ਹਨ।

ਜੋ ਜਿਹੋ ਜਿਹੀ ਭਗਤੀ ਵਿੱਚ ਲੱਗਿਆ ਹੁੰਦਾ ਹੈ ਭਾਵ ਸਰੀਰਕ ਕਿਰਿਆਵਾਂ ਆਦਿ ਕਰਨ ਨੂੰ ਜੋ ਭਗਤੀ ਸਮਝਦੇ ਹਨ ਉਹ ਇਹ ਸਭ ਕੁੱਝ ਆਪਣੀ ਪੂਰੀ ਆਸਥਾ ਨਾਲ ਕਰਦੇ ਹਨ ਕਿ ਉਹ ਜੋ ਕੁੱਝ ਕਰ ਰਹੇ ਹਨ ਇਹੀ ਭਗਤੀ ਦਾ ਤਰੀਕਾ ਹੈ। ਇਹੋ ਜਿਹਿਆਂ ਨੂੰ ਅਗਰ ਕੋਈ ਭਗਤੀ ਦਾ ਸੱਚਾ ਤਰੀਕਾ ਸਮਝਾਉਂਦਾ ਹੈ ਉਸ ਗੱਲ ਦਾ ਇਨ੍ਹਾਂ ਤੇ ਅਸਰ ਨਹੀਂ ਹੁੰਦਾ ਤੇ ਨਾ ਹੀ ਇਨ੍ਹਾਂ ਕੋਲ ਕੋਈ ਐਸਾ ਤਰਕ ਹੈ ਜਿਸ ਦੁਆਰਾ ਇਹ ਆਪਣੀ ਭਗਤੀ ਨੂੰ ਜਸਟੀਫਾਈ ਕਰ ਸਕਣ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਕਿਸੇ ਨੂੰ ਭਰਮ ਦੇ ਵਿੱਚੋਂ ਕੱਢਣਾ ਬਹੁਤ ਔਖਾ ਹੈ, ਭਗਤੀ ਦੀ ਝੂਠੀ ਆਸਥਾ ਵਿੱਚੋਂ ਕੱਢਣਾ ਬਹੁਤ ਔਖਾ ਹੈ।

“ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ॥੧॥ਰਹਾਉ॥”

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਭਗਤੀ ਦੀ ਸੋਝੀ ਪਾਈ ਹੋਈ ਹੈ ਉਨ੍ਹਾਂ ਨੇ ਹੀ ਸਾਨੂੰ ਭਗਤੀ ਦਾ ਤਰੀਕਾ ਗੁਰਬਾਣੀ ਰਾਹੀਂ ਸਮਝਾਇਆ ਹੈ। ਆਪਣੇ ਜੀਵਨ ਕਾਲ ਵਿੱਚ ਉਨ੍ਹਾਂ ਨੇ ਅਨੇਕਾਂ ਨੂੰ ਭਗਤੀ ਕਰਨ ਦਾ ਤਰੀਕਾ ਵੀ ਸਮਝਾਇਆ ਹੈ ਭਾਵ ਸਰੀਰਕ ਜਪਾਂ ਤਪਾਂ ਆਦਿ ਵਿੱਚੋਂ ਨਿਕਲਣ ਲਈ

23/2502

ਸਮਝਾਇਆ ਹੈ। ਉੱਪਰ ਪੰਗਤੀ ਰਾਹੀਂ ਸਾਨੂੰ ਧੰਨ ਧੰਨ ਬਾਬਾ ਕਬੀਰ ਸਾਹਿਬ ਇਹੀ ਗੱਲ ਸਮਝਾ ਰਹੇ ਹਨ ਕਿ ਕਿਸੇ ਨੂੰ ਝੂਠੀ ਧਾਰਮਿਕ ਆਸਥਾ ਵਿੱਚੋਂ ਕੱਢਣਾ ਬਹੁਤ ਔਖਾ ਹੈ। ਭਗਤ ਜੀ ਸਾਨੂੰ ਸਮਝਾ ਰਹੇ ਹਨ ਕਿ ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਮੈਂ ਜਿੰਨ੍ਹਾਂ ਨੂੰ ਸਰੀਰਕ ਜਪ ਤਪ ਆਦਿ ਛੱਡਣ ਲਈ ਕਹਿੰਦਾ ਹਾਂ ਤੇ ਸੱਚੀ ਭਗਤੀ ਭਾਵ ਸੱਚ ਤੇ ਚੱਲਣ ਲਈ ਕਹਿੰਦਾ ਹਾਂ ਪਰ ਇਹ ਕੁੱਝ ਉਹ ਛੱਡਣ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਨੂੰ ਆਪਣੀ ਭਗਤੀ ਦੇ ਤਰੀਕਿਆਂ ਤੇ ਪੂਰਾ ਵਿਸ਼ਵਾਸ ਹੈ ਕਿ ਜੋ ਕੁੱਝ ਉਹ ਕਰ ਰਹੇ ਹਨ ਉਹ ਠੀਕ ਹੈ। ਉਨ੍ਹਾਂ ਕੋਲ ਆਪਣੀ ਗੱਲ ਸਮਝਾਉਣ ਲਈ, ਜਸਟੀਫਾਈ ਕਰਨ ਲਈ ਕੋਈ ਤਰਕ ਨਹੀਂ ਹੈ ਪਰ ਫਿਰ ਵੀ ਉਹ ਮੰਨਣ ਨੂੰ ਤਿਆਰ ਨਹੀਂ ਹੁੰਦੇ। ਹਰ ਕੋਈ ਸਦੀਆਂ ਤੋਂ ਚੱਲੀ ਆ ਰਹੀ ਪ੍ਰੰਪਰਾ ਨਾਲ ਹੀ ਜੁੜਿਆ ਹੋਇਆ ਹੈ, ਸੁਣੀਆਂ ਸੁਣਾਈਆਂ ਗੱਲਾਂ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਕੇਵਲ ਭਰਮ ਹੈ ਤੇ ਸੱਚ ਨਹੀਂ ਹੈ। ਇਹੋ ਜਿਹੀ ਭਗਤੀ ਕਰਨ ਵਾਲੇ ਅਸਲ ਵਿੱਚ ਉਹੋ ਜਿਹਿਆਂ ਦੀ ਮਤਿ ਦੇ ਨਾਲ ਜੁੜੇ ਹੋਏ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਨਹੀਂ ਜਾਣਿਆ ਤੇ ਸੰਸਾਰ ਨੂੰ ਭਰਮ ਵਿੱਚ ਹੀ ਪਾਇਆ ਹੋਇਆ ਹੈ। **(ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ॥੧॥ਰਹਾਉ॥)**

{ਧਰਤੀ ਪਾਣੀ ਪਰਬਤ ਭਾਰੁ॥ ਕਿਉ ਕੰਡੈ ਤੋਲੈ ਸੁਨਿਆਰੁ॥
ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥}

(ਅੰਗ ੧੨੩੯)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ॥੧੪॥}

(ਅੰਗ ੧੦੩੨)

ਅਸੀਂ ਭਗਤੀ ਦੇ ਤਰੀਕੇ, ਸਰੀਰਕ ਜਪ ਤਪ ਆਦਿ ਉਨ੍ਹਾਂ ਕੋਲੋਂ ਸਿੱਖੇ ਹੋਏ ਹਨ ਜਾਂ ਉਨ੍ਹਾਂ ਦੀ ਭਗਤੀ ਕਰਨ ਵਾਲਿਆਂ ਕੋਲੋਂ ਸਿੱਖੇ ਹੋਏ ਹਨ ਜਿੰਨ੍ਹਾਂ ਨੂੰ ਖੁਦ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਲੱਗੀ ਭਾਵ ਭਗਤੀ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ। ਜਦ ਤੱਕ ਉਸ ਅਲਖੁ ਨੂੰ ਭਾਵ ਉਸ ਨਿਰਗੁਣ ਰੂਪ ਨੂੰ ਕੋਈ ਜਾਣ ਨਹੀਂ ਲੈਂਦਾ ਤਦ ਤੱਕ ਉਸਦੀ ਭਗਤੀ ਸਮਝ ਨਹੀਂ ਆ ਸਕਦੀ। ਉਸ ਅਲਖੁ ਨੂੰ ਕੇਵਲ ਆਪਣੇ ਅੰਦਰੋਂ ਹੀ ਪਛਾਣਿਆ ਜਾ ਸਕਦਾ ਹੈ ਤੇ ਕੇਵਲ ਉਸਦੀ ਆਪਣੀ ਬਖ਼ਸ਼ਿਸ਼ ਦੁਆਰਾ ਹੀ ਪਛਾਣਿਆ ਜਾ ਸਕਦਾ ਹੈ। ਆਪਣੀ ਭਗਤੀ ਕਰਨ ਦਾ ਤਰੀਕਾ ਉਹ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਸਰੀਰਕ ਜਪ ਤਪ ਆਦਿ ਉਸਦੀ ਭਗਤੀ ਦਾ ਤਰੀਕਾ ਨਹੀਂ ਹੈ ਤੇ ਭਰਮ ਵਿੱਚ ਹੀ ਸੰਸਾਰ ਇਸ ਨੂੰ ਆਪਣੀ ਭਗਤੀ ਸਮਝ ਰਿਹਾ ਹੈ। ਸਿੱਖ ਜਗਤ ਵੀ ਇਹੋ ਜਿਹੀ ਆਸਥਾ ਦੇ ਨਾਲ ਜੁੜਿਆ ਹੋਇਆ ਹੈ ਕਿਉਂਕਿ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ।

ਪ੍ਰਮਾਤਮਾ ਨਿਰਗੁਣ ਰੂਪ ਵਿੱਚ ਵਿਚਰਦਾ ਹੈ ਇਹੀ ਗੱਲ ਸਾਨੂੰ ਮੁੱਖ

23/2503

ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ॥”

ਪੁਰਾਣੀ ਮਾਨਤਾ ਅਨੁਸਾਰ ਪ੍ਰਮਾਤਮਾ ਨੂੰ ਹਰ ਕੋਈ ਕਿਸੇ ਖੰਡ, ਬ੍ਰਹਿਮੰਡ ਤੇ ਹੋਣਾ ਸਮਝਦਾ ਹੈ ਭਾਵ ਕਿਸੇ ਸਰਗੁਣ ਰੂਪ ਵਿੱਚ ਹੋਣਾ ਸਮਝਦਾ ਹੈ, ਆਕਾਰ ਰੂਪ ਵਿੱਚ ਹੋਣਾ ਸਮਝਦਾ ਹੈ। ਪ੍ਰਮਾਤਮਾ ਕੋਈ ਆਕਾਰ ਰੂਪ ਵਿੱਚ ਨਹੀਂ ਹੈ, ਪਿੰਡ ਰੂਪ ਵਿੱਚ ਨਹੀਂ ਹੈ ਕਿਸੇ ਖਾਸ ਖੰਡ ਬ੍ਰਹਿਮੰਡ ਤੇ ਨਹੀਂ ਹੈ। ਪ੍ਰਮਾਤਮਾ ਆਕਾਰ ਰੂਪ ਦਾ ਰਚਣਹਾਰ ਹੈ ਤੇ ਉਨ੍ਹਾਂ ਨੂੰ ਚਲਾਉਣ ਵਾਲਾ ਹੈ।

ਉਹ ਰਚਣਹਾਰ ਤਾਂ ਸਭ ਜਗ੍ਹਾ ਮੌਜੂਦ ਹੈ, ਆਪਣੀ ਹਰ ਰਚਨਾ ਦੇ ਵਿੱਚ ਉਹ ਨਿਰਗੁਣ ਰੂਪ ਵਿੱਚ ਵਿਚਰਦਾ ਹੈ ਜਿਸਨੂੰ ਦੇਖਿਆ ਨਹੀਂ ਜਾ ਸਕਦਾ। ਉਹ ਆਪ ਪੰਜਾਂ ਤੱਤਾਂ ਤੋਂ ਬਾਹਰ ਹੈ ਜਿਵੇਂ ਕਿ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ॥)**

ਜਿਸ ਪ੍ਰਮਾਤਮਾ ਦੇ ਨਾਲ ਅਸੀਂ ਜੁੜਨਾ ਚਾਹੁੰਦੇ ਹਾਂ ਉਹ ਨਿਰਲੇਪ ਅਵੱਸਥਾ ਵਿੱਚ ਵਿਚਰਦਾ ਹੈ, ਨਿਰਗੁਣ ਰੂਪ ਵਿੱਚ ਵਿਚਰਦਾ ਹੈ ਜਿਸਨੂੰ ਕਿ ਆਪਣੇ ਅੰਦਰੋਂ ਹੀ ਪਹਿਚਾਣਿਆ ਜਾ ਸਕਦਾ ਹੈ, ਉਸਦੇ ਨਾਲ ਜੁੜਿਆ ਜਾ ਸਕਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ॥੨॥”

ਅਸੀਂ ਜੋ ਸਰੀਰਕ ਕਿਰਿਆਵਾਂ ਆਦਿ ਕਰਦੇ ਹਾਂ, ਸਵਾਸਾਂ ਦੁਆਰਾ, ਸਵਾਸਾਂ ਦੀਆਂ ਨਾੜੀਆਂ ਦੁਆਰਾ ਕਿਰਿਆਵਾਂ ਕਰਦੇ ਹਾਂ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਿੱਚ ਸਮਝਾਇਆ ਹੋਇਆ ਹੈ ਇਹ ਪ੍ਰਮਾਤਮਾ ਦੇ ਨਾਲ ਅਸੀਂ ਆਪਣੀ ਲਿਵ ਜੋੜਨ ਲਈ ਹੀ ਕਰਦੇ ਹਾਂ। ਕਿਰਿਆਵਾਂ ਅਸੀਂ ਸਰਗੁਣ ਰੂਪ ਅੰਗਾਂ ਦੁਆਰਾ ਕਰਦੇ ਹਾਂ ਤੇ ਪ੍ਰਮਾਤਮਾ ਦੇ ਨਾਲ ਕਿਸੇ ਸਰਗੁਣ ਰੂਪ ਵਿੱਚ ਜੁੜਨਾ ਚਾਹੁੰਦੇ ਹਾਂ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਸੇ ਸਰਗੁਣ ਰੂਪ ਵਿੱਚ ਲੱਭਣਾ ਚਾਹੁੰਦੇ ਹਾਂ, ਆਪਣੇ ਅੰਦਰ ਕਿਸੇ ਸਰਗੁਣ ਰੂਪ ਕਮਲ ਦਾ ਹੋਣਾ ਸਮਝਦੇ ਹਾਂ ਤੇ ਕਿਰਿਆਵਾਂ ਦੁਆਰਾ ਉਸ ਕਮਲ ਨੂੰ ਸਿੱਧਾ ਕਰਨਾ ਸਮਝਦੇ ਹਾਂ ਤੇ ਹੋਰ ਵੀ ਇਹੋ ਜਿਹੀਆਂ ਅਨੇਕਾਂ ਮਾਨਤਾਵਾਂ ਨਾਲ ਜੁੜੇ ਹੋਏ ਹਾਂ। ਜੋ ਪ੍ਰਮਾਤਮਾ ਹੈ ਹੀ ਪੰਜ ਤੱਤਾਂ ਤੋਂ ਬਾਹਰ ਉਸਨੂੰ ਕਿਸੇ ਸਰਗੁਣ ਰੂਪ ਵਿੱਚ ਸਮਝਣਾ ਜਾਂ ਲੱਭਣਾ, ਸਰੀਰਕ ਅੰਗਾਂ ਦੀਆਂ ਕਿਰਿਆਵਾਂ ਦੁਆਰਾ ਲੱਭਣਾ ਸਭ ਦਾ ਭੁਲੇਖਾ ਹੀ ਹੈ। ਨਿਰਗੁਣ ਰੂਪ ਸਾਡੇ ਅੰਦਰ ਕੇਵਲ ਸਾਡਾ ਮਨ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਨਾਲ ਜੁੜਿਆ ਜਾ ਸਕਦਾ ਹੈ। ਇਹ ਮਨ ਸਾਡੇ ਕਹੇ ਅਨੁਸਾਰ ਨਹੀਂ ਚੱਲਦਾ ਬਲਕਿ ਅਸੀਂ ਮਨ ਦੇ ਕਹੇ ਅਨੁਸਾਰ ਚੱਲਦੇ ਹਾਂ। ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਜੋ ਕਿ ਆਪਣੇ ਆਪ ਉਪਜਦੇ ਰਹਿੰਦੇ ਹਨ। ਸਾਡੇ ਅੰਦਰ ਅਗਲਾ ਵਿਚਾਰ ਕੀ ਉਪਜ ਜਾਵੇ ਇਸ ਤੇ ਸਾਡਾ ਕੋਈ ਵੱਸ ਨਹੀਂ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਜੋੜਦਾ ਹੈ ਉਹ ਆਪ ਹੀ ਜੋੜਦਾ ਹੈ, ਮਨ ਦੇ ਵਿਚਾਰਾਂ ਦੁਆਰਾ ਹੀ ਜੋੜਦਾ ਹੈ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪਣੇ ਨਾਲ ਜੋੜ ਲੈਂਦਾ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਨਿਰਗੁਣ ਰੂਪ ਵਿੱਚ ਹੀ ਹੈ ਜੇਕਰ ਕਿਸੇ ਨੂੰ ਉਸ ਪ੍ਰਮਾਤਮਾ ਦੇ ਆਪਣੇ ਅੰਦਰ ਹੋਣ ਦੀ

ਸੋਝੀ ਪੈ ਗਈ ਹੈ ਤੇ ਉਹੀ ਇਹ ਗੱਲ ਕਹਿ ਸਕਦਾ ਹੈ ਕਿ ਆਪਣੇ ਨਾਲ ਜੋੜਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਦਾ ਤੋਂ ਆਪਣੇ ਇਸੇ ਨਿਰਗੁਣ ਰੂਪ ਵਿੱਚ ਹੀ ਵਿਚਰ ਰਿਹਾ ਹੈ, ਸਭ ਵਿੱਚ ਆਪਣੇ ਨਿਰਗੁਣ ਰੂਪ ਵਿੱਚ ਹੀ ਵਿਚਰ ਰਿਹਾ ਹੈ। **(ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ॥ ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ॥੨॥)**

ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਨਿਰਗੁਣ ਰੂਪ ਸਮਝਾਇਆ ਗਿਆ ਹੈ, ਨਾਮ ਰੂਪ ਸਮਝਾਇਆ ਗਿਆ ਹੈ, ਬ੍ਰਹਮਗਿਆਨ ਰੂਪ ਸਮਝਾਇਆ ਗਿਆ ਹੈ ਜਿਸ ਦੁਆਰਾ ਪ੍ਰਮਾਤਮਾ ਸਦਾ ਤੋਂ ਵਰਤ ਰਿਹਾ ਹੈ, ਆਪਣੀ ਬਣਾਈ ਹੋਈ ਹਰ ਆਕਾਰ ਰੂਪ ਵਸਤੂ ਵਿੱਚ ਵਰਤ ਰਿਹਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ, ਉਸਦਾ ਬ੍ਰਹਮਗਿਆਨ ਰੂਪ ਹੈ ਜਿਸ ਦੁਆਰਾ ਉਹ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਪਰ ਉਸਨੂੰ ਕੋਈ ਦੇਖ ਨਹੀਂ ਸਕਦਾ। ਉਸਨੂੰ ਕੇਵਲ ਮਨ ਦੇ ਵਿੱਚੋਂ ਦੇਖਿਆ ਜਾ ਸਕਦਾ ਹੈ, ਮਨ ਦੇ ਗਿਆਨ ਰਾਹੀਂ ਦੇਖਿਆ ਜਾ ਸਕਦਾ ਹੈ ਜਿਸ ਰੂਪ ਵਿੱਚ ਉਹ ਸਦਾ ਤੋਂ ਵਿਚਰ ਰਿਹਾ ਹੈ। ਇਹ ਗੱਲ ਸਾਨੂੰ ਉਨ੍ਹਾਂ ਨੇ ਹੀ ਸਮਝਾਈ ਹੈ ਜਿਨ੍ਹਾਂ ਨੇ ਪ੍ਰਮਾਤਮਾ ਦੇ ਇਸ ਨਿਰਗੁਣ ਰੂਪ ਨੂੰ ਆਪਣੇ ਅੰਦਰੋਂ ਦੇਖਿਆ ਹੈ ਤੇ ਪੂਰੇ ਸੰਸਾਰ ਨੂੰ ਪ੍ਰਮਾਤਮਾ ਦਾ ਸੱਚ ਸਮਝਾਇਆ ਹੈ। ਪ੍ਰਮਾਤਮਾ ਨਾਲ ਮੇਲ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਤੇ ਉਸਨੂੰ ਕਿਸੇ ਸਰਗੁਣ ਰੂਪ ਵਿੱਚ ਮਿਲਣ ਦੀਆਂ ਗੱਲਾਂ ਕਰਦੇ ਹਨ, ਕਿਸੇ ਖੰਡਾਂ, ਬ੍ਰਹਿਮੰਡਾਂ ਤੇ ਹੋਣ ਦੀਆਂ ਗੱਲਾਂ ਕਰਦੇ ਹਨ ਜਿਸ ਵਿੱਚ ਕੋਈ ਸੱਚ ਨਹੀਂ ਹੈ ਕੇਵਲ ਮਨ ਘੜੰਤ ਖਿਆਲ ਹਨ ਜੋ ਮਨ ਦੇ ਵਿੱਚੋਂ ਹੀ ਉਪਜਦੇ ਹਨ, ਪ੍ਰਮਾਤਮਾ ਦੀ ਰਜ਼ਾ ਵਿੱਚ ਹੀ ਉਪਜਦੇ ਹਨ ਜਿੰਨ੍ਹਾਂ ਦੁਆਰਾ ਉਹ ਸਭ ਨੂੰ ਭਰਮ ਵਿੱਚ ਰੱਖਦਾ ਹੈ ਤੇ ਆਪਣਾ ਸੱਚ ਸਮਝਣ ਤੋਂ ਦੂਰ ਰੱਖਦਾ ਹੈ। ਇਹ ਸੰਸਾਰ ਉਸਦੀ ਆਪਣੀ ਬਣਾਈ ਹੋਈ ਖੇਡ ਹੈ ਜੋ ਉਹ ਸਭ ਨੂੰ ਭਰਮ ਵਿੱਚ ਰੱਖ ਕੇ ਹੀ ਚਲਾ ਰਿਹਾ ਹੈ। ਉਹ ਆਪਣੀ ਖੇਡ

ਕਦੇ ਹੀ ਕਿਸੇ ਵਿਰਲੇ ਨੂੰ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਭੱਟ ਸਾਹਿਬਾਨ ਨੂੰ ਸਮਝਾਈ ਹੈ, ਮਨ ਦੇ ਵਿੱਚ ਹੀ ਪ੍ਰਗਟ ਹੋ ਕੇ ਸਮਝਾਈ ਹੈ।

ਪ੍ਰਮਾਤਮਾ ਦੇ ਨਾਲ ਲਿਵ ਜੋੜਨੀ ਕਿਸੇ ਦੇ ਵੱਸ ਨਹੀਂ ਹੈ ਪਰ ਆਪਣੀਆਂ ਸਰੀਰਕ ਕਿਰਿਆਵਾਂ ਦੁਆਰਾ, ਸਰੀਰਕ ਜਪ ਤਪ ਦੁਆਰਾ ਹਰ ਕੋਈ ਪ੍ਰਮਾਤਮਾ ਦੇ ਨਾਲ ਲਿਵ ਜੋੜਨ ਦਾ ਤਰੀਕਾ ਸਮਝਦਾ ਹੈ ਜੋ ਕਿ ਕੇਵਲ ਸਾਡਾ ਭਰਮ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ॥”

ਸਾਡੀ ਬਿਨਾਸੀ ਵਾਲੀ ਅਵੱਸਥਾ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦ ਦੇ ਸ਼ੁਰੂ ਵਿੱਚ ਸਮਝਿਆ ਹੈ। **(ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ॥)** ਸਾਡੀ ਬਿਨਾਸੀ ਵਾਲੀ ਅਵੱਸਥਾ ਪ੍ਰਮਾਤਮਾ ਨੇ ਆਪ ਹੀ ਬਣਾਈ ਹੋਈ ਹੈ ਭਾਵ ਉਸਨੇ ਆਪ

ਹੀ ਸਾਨੂੰ ਸੱਚ ਦੀ ਸੋਝੀ ਪੈਣ ਤੋਂ ਦੂਰ ਰੱਖਿਆ ਹੋਇਆ ਹੈ, ਚੌਥੇ ਪਦ ਦੇ ਗਿਆਨ ਤੋਂ ਦੂਰ ਰੱਖਿਆ ਹੋਇਆ ਹੈ, ਮਨ ਦੇ ਵਿੱਚ ਸੱਚੇ ਵਿਚਾਰ ਵਾਲੀ ਸੋਝੀ ਤੋਂ ਦੂਰ ਰੱਖਿਆ ਹੋਇਆ ਹੈ, ਬ੍ਰਹਮਗਿਆਨ ਵਾਲੀ ਸੋਝੀ ਤੋਂ ਦੂਰ ਰੱਖਿਆ ਹੋਇਆ ਹੈ, ਨਾਮ ਵਾਲੀ ਸੱਚੀ ਸੋਝੀ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਸਾਨੂੰ ਸਭ ਨੂੰ ਹਉਮੈ ਵਿੱਚ ਰੱਖਿਆ ਹੋਇਆ ਹੈ, ਪ੍ਰਮਾਤਮਾ ਦੀ ਅਸਲੀਅਤ ਜਾਨਣ ਤੋਂ ਆਪ ਹੀ ਦੂਰ ਰੱਖਿਆ ਹੋਇਆ ਹੈ। ਮਨ ਦੇ ਸੱਚੇ ਵਿਚਾਰਾਂ ਨਾਲੋਂ ਧਾਗਾ ਆਪ ਹੀ ਤੋੜਿਆ ਹੋਇਆ ਹੈ। ਜਿਸਨੇ ਸਾਡੇ ਅੰਦਰ ਇਹ ਵਿਚਾਰਾਂ ਦਾ ਧਾਗਾ ਤੋੜਿਆ ਹੋਇਆ ਹੈ ਉਹੀ ਇਸ ਧਾਗੇ ਨੂੰ ਜੋੜ ਸਕਦਾ ਹੈ ਤੇ ਆਪਣੇ ਸੱਚੇ ਵਿਚਾਰਾਂ ਦੇ ਵਿੱਚ ਮਿਲਾ ਸਕਦਾ ਹੈ, ਚੌਥੇ ਪਦ ਦੇ ਵਿੱਚ ਮਿਲਾ ਸਕਦਾ ਹੈ, ਬ੍ਰਹਮਗਿਆਨ ਦੇ ਵਿੱਚ ਮਿਲਾ ਸਕਦਾ ਹੈ, ਨਾਮ ਵਾਲੀ ਸੋਝੀ ਪਾ ਸਕਦਾ ਹੈ, ਸੱਚੀ ਗੁਰਮਤਿ ਦੀ ਸੋਝੀ ਪਾ ਸਕਦਾ ਹੈ। ਪ੍ਰਮਾਤਮਾ ਦੇ ਇਨ੍ਹਾਂ ਸੱਚੇ ਵਿਚਾਰਾਂ ਦੇ ਨਾਲ ਜੁੜਨਾ ਹੀ ਉਸ ਦੇ ਨਾਲ ਲਿਵ ਲੱਗਣਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਦੇ ਆਏ ਹਾਂ। ਇਨ੍ਹਾਂ ਸੱਚੇ ਵਿਚਾਰਾਂ ਦੇ ਨਾਲ ਜੁੜਨ ਤੋਂ ਬਾਅਦ ਸਾਡੇ ਅੰਦਰ ਜੋ ਵਿਚਾਰ ਮਿਲਦੇ ਹਨ ਉਹ ਵਿਚਾਰ ਬਿਨਸਣ ਵਾਲੇ ਨਹੀਂ ਹੁੰਦੇ, ਉਹ ਬੋਲ ਬਿਨਸਣ ਵਾਲੇ ਨਹੀਂ ਹੁੰਦੇ। ਪੂਰੀ ਗੁਰਬਾਣੀ ਦੇ ਵਿੱਚ ਇਹ ਸੱਚੇ ਵਿਚਾਰਾਂ ਦੇ ਬੋਲ ਹਨ ਜੋ ਕਦੇ ਬਿਨਸ ਨਹੀਂ ਸਕਦੇ। ਇਹ ਬ੍ਰਹਮਗਿਆਨ ਦੇ ਬੋਲ ਹਨ ਜੋ ਉਸ ਬ੍ਰਹਮਗਿਆਨੀ ਦੇ ਆਪਣੇ ਹੀ ਬੋਲੇ ਹੋਏ ਬੋਲ ਹਨ ਜੋ ਸਦਾ ਥਿਰ ਰਹਿਣ ਵਾਲੇ ਹਨ। ਇਹ ਬੋਲ ਕਦੇ ਡੋਲ ਨਹੀਂ ਸਕਦੇ। ਜਦੋਂ ਸਾਡੇ ਅੰਦਰ ਇਹੋ ਜਿਹੇ ਬੋਲ ਵੱਸ ਜਾਂਦੇ ਹਨ, ਇਹੋ ਜਿਹੇ ਸੱਚੇ ਵਿਚਾਰ ਵੱਸ ਜਾਂਦੇ ਹਨ, ਉਹ ਫਿਰ ਸਾਨੂੰ ਕਦੇ ਸੱਚ ਤੋਂ ਡੋਲਣ ਨਹੀਂ ਦਿੰਦੇ। ਇਹ ਸਾਡੇ ਮਨ ਦਾ ਡੋਲਣੋਂ ਹੱਟਣਾ ਹੈ ਜਿਸ ਦੁਆਰਾ ਮਨੁੱਖ ਗੁਰਮਤਿ ਤੇ ਅਡੋਲ ਹੋ ਕੇ ਚੱਲਦਾ ਹੈ ਜਿਵੇਂ ਕਿ ਉਸ ਪ੍ਰਮਾਤਮਾ ਦੇ ਭਗਤ ਚੱਲੇ ਹਨ, ਗੁਰੂ ਦੀ ਸਿੱਖਿਆ ਨੂੰ ਮੰਨਣ ਵਾਲੇ ਚੱਲੇ ਹਨ।

ਲਿਵ ਸਾਡੀ ਮਨ ਦੇ ਵਿਚਾਰਾਂ ਰਾਹੀਂ ਹੀ ਲੱਗਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਪਰ ਹਰ ਕੋਈ ਸਰੀਰਕ ਕਿਰਿਆਵਾਂ ਵਿੱਚ ਹੀ ਲੱਗਿਆ ਹੋਇਆ ਹੈ, ਸੁਰਤੀਆਂ ਸਮਾਧੀਆਂ ਲਗਾਉਣ ਵਿੱਚ ਹੀ ਲੱਗਿਆ ਹੋਇਆ ਹੈ ਕਿਉਂਕਿ ਹਰ ਕੋਈ ਭਰਮ ਵਿੱਚ ਹੈ। ਮਨ ਦੇ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ ਤੇ ਇਸੇ ਲਈ ਅਸੀਂ ਉਸ ਪ੍ਰਮਾਤਮਾ ਦੇ ਨਾਲ ਲਿਵ ਨਹੀਂ ਜੋੜ ਸਕਦੇ। ਲਿਵ ਸਾਡੇ ਮਨ ਦੀ ਲਗਨ ਹੈ, ਸਾਡੇ ਮਨ ਦੀ ਚਿੰਤਾ ਹੈ ਜਿਸ ਚੀਜ਼ ਦੀ ਅਸੀਂ ਪ੍ਰਾਪਤੀ ਕਰਨਾ ਚਾਹੁੰਦੇ ਹਾਂ। ਸਾਡੇ ਸਭ ਦੇ ਅੰਦਰ ਮਾਇਆ ਦੀ ਚਿੰਤਾ ਲੱਗੀ ਰਹਿੰਦੀ ਹੈ, ਮਾਇਆ ਦੀ ਲਗਨ ਲੱਗੀ ਰਹਿੰਦੀ ਹੈ, ਮਾਇਆ ਦੀ ਧੁਨਿ ਲੱਗੀ ਰਹਿੰਦੀ ਹੈ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਦੀ ਚਿੰਤਾ ਲੱਗੀ ਰਹਿੰਦੀ ਹੈ, ਆਪਣੇ ਮਾਣ ਅਭਿਮਾਣ ਦੀ ਚਿੰਤਾ ਲੱਗੀ ਰਹਿੰਦੀ ਹੈ ਭਾਵ ਸਾਡੀ ਲਿਵ ਮਾਇਆ ਮੋਹ ਵਿੱਚ ਲੱਗੀ ਰਹਿੰਦੀ ਹੈ। ਇਸ ਲਿਵ ਵਿੱਚੋਂ ਨਿਕਲੇ ਬਿਨ੍ਹਾਂ, ਮਾਇਆ ਮੋਹ ਦੇ ਨਾਲ ਲਿਵ ਤੋੜੇ ਬਿਨ੍ਹਾਂ ਸਾਡੀ ਗੁਰੂ ਦੇ ਨਾਲ ਲਿਵ ਨਹੀਂ ਲੱਗਦੀ ਭਾਵ ਗੁਰੂ ਦੀ ਮਤਿ ਦੇ ਨਾਲ ਲਿਵ ਨਹੀਂ ਲੱਗਦੀ। ਮਾਇਆ ਮੋਹ ਨਾਲੋਂ ਲਿਵ ਤੋੜਨੀ ਵੀ ਸਾਡੇ ਵੱਸ ਵਿੱਚ ਨਹੀਂ ਹੈ ਕਿਉਂਕਿ ਮਨ ਦੇ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ। ਸਾਨੂੰ ਮਾਇਆ ਮੋਹ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ। ਸਾਡੇ ਮਨ ਦੇ ਵਿਚਾਰਾਂ ਦੀ ਬਿਨਾਸੀ ਉਸਨੇ

ਆਪ ਹੀ ਕੀਤੀ ਹੋਈ ਹੈ, ਸਾਨੂੰ ਮਾਇਆ ਮੋਹ ਵਿੱਚ ਪਾ ਕੇ ਕੀਤੀ ਹੋਈ ਹੈ। **(ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ॥)**

ਉਸ ਪ੍ਰਮਾਤਮਾ ਦੇ ਨਾਲ ਲਿਵ ਜੁੜਨ ਤੋਂ ਬਾਅਦ ਮਨੁੱਖ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਬਣ ਜਾਂਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ ॥੩॥”

ਉਪਰਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਤੇ ਉਸਦੇ ਸੇਵਕ ਦਾ ਆਪਸ ਵਿੱਚ ਰਿਸ਼ਤਾ ਸਮਝਾਇਆ ਹੋਇਆ ਹੈ। ਉਹ ਠਾਕੁਰ ਭਾਵ ਪ੍ਰਮਾਤਮਾ, ਅਕਾਲ ਪੁਰਖ, ਵਾਹਿਗੁਰੂ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਜਿਸ ਦੀ ਸੋਝੀ ਮਨ ਦੇ ਵਿੱਚ ਉਸਦੇ ਨਾਲ ਲਿਵ ਜੁੜਨ ਦੁਆਰਾ ਪੈਂਦੀ ਹੈ, ਮਨ ਦਾ ਗਿਆਨ ਸਾਂਝਾ ਹੋਣ ਦੁਆਰਾ ਪੈਂਦੀ ਹੈ, ਮਨ ਦੇ ਵਿਚਾਰ ਸਾਂਝੇ ਹੋਣ ਦੁਆਰਾ ਪੈਂਦੀ ਹੈ ਜੋ ਕਿ ਉਹ ਪ੍ਰਮਾਤਮਾ ਆਪ ਹੀ ਇਹ ਸਾਂਝ ਕਰਦਾ ਹੈ ਤੇ ਸੋਝੀ ਪੈਂਦੀ ਹੈ ਕਿ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਆਪਣੇ ਨਿਰਗੁਣ ਰੂਪ ਦੁਆਰਾ, ਗਿਆਨ ਰੂਪ ਦੁਆਰਾ ਇਸ ਸਰਗੁਣ ਸਰੂਪ ਨੂੰ ਚਲਾ ਰਿਹਾ ਹੈ। ਆਪਣੇ ਸਰੀਰ ਦਾ ਮਾਲਕ ਮਨੁੱਖ ਆਪ ਨਹੀਂ ਹੈ ਬਲਕਿ ਉਹ ਨਿਰਗੁਣ ਰੂਪ ਪ੍ਰਮਾਤਮਾ ਹੈ ਜੋ ਕਿ ਸਾਡੇ ਅੰਦਰ ਬੈਠਾ ਹੀ ਸਾਨੂੰ ਚਲਾ ਰਿਹਾ ਹੈ, ਮਨ ਦੇ ਹੁਕਮ ਦੁਆਰਾ ਸਾਨੂੰ ਚਲਾ ਰਿਹਾ ਹੈ। ਮਨ ਦੇ ਵਿੱਚ ਲਿਵ ਜੋੜਨ ਦੁਆਰਾ ਪ੍ਰਮਾਤਮਾ ਆਪਣੇ ਸੱਚੇ ਵਿਚਾਰ ਹੀ ਸੁਣਾਉਂਦਾ ਹੈ। ਉਹ ਸਾਡੇ ਅੰਦਰ ਸ਼ਬਦ ਰੂਪ ਵਿੱਚ ਹੈ ਤੇ ਜੋ ਵੀ ਵਿਚਾਰ ਪ੍ਰਮਾਤਮਾ ਮਨ ਦੇ ਵਿੱਚ ਸੁਣਾਉਂਦਾ ਹੈ ਉਹ ਸ਼ਬਦ ਦੇ ਵਿਚਾਰ ਹਨ। ਜਿੰਨ੍ਹਾਂ ਨੇ ਉਸ ਕੋਲੋਂ ਮਨ ਦੇ ਵਿੱਚ ਸ਼ਬਦ ਦੇ ਵਿਚਾਰ ਸੁਣੇ ਹਨ ਉਹੀ ਸ਼ਬਦ ਦੇ ਵਿਚਾਰ ਪੂਰੀ ਗੁਰਬਾਣੀ ਦੇ ਵਿੱਚ ਦਰਜ ਹਨ। ਇਸੇ ਲਈ ਸ਼ਬਦ ਆਪ ਗੁਰੂ ਹੈ ਭਾਵ ਪ੍ਰਮਾਤਮਾ ਆਪ ਗੁਰੂ ਹੈ, ਆਪਣੇ ਸ਼ਬਦਾਂ ਦੇ ਵਿਚਾਰਾਂ ਦੁਆਰਾ ਗੁਰੂ ਹੈ। ਸਤਿਗੁਰੂ ਦੇ ਉਚਾਰੇ ਹੋਏ ਬਚਨ ਹੀ ਸਾਡਾ ਗੁਰੂ ਹੈ, ਉਸਦੇ ਬਚਨਾਂ ਦੁਆਰਾ ਪਾਈ ਹੋਈ ਸੋਝੀ ਹੀ ਸਾਡਾ ਗੁਰੂ ਹੈ, ਗੁਰੂ ਦੀ ਦਿੱਤੀ ਹੋਈ ਮਤਿ ਹੀ ਸਾਡਾ ਗੁਰੂ ਹੈ। ਗੁਰੂ ਆਪਣੀ ਇਸ ਮਤਿ ਕਰਕੇ ਹੀ ਉੱਚਾ ਹੈ, ਆਪਣੇ ਸ਼ਬਦ ਦੀ ਵਿਚਾਰ ਕਰਕੇ ਹੀ ਉੱਚਾ ਹੈ। ਪ੍ਰਮਾਤਮਾ ਜਿਸਨੂੰ ਆਪਣਾ ਸੇਵਕ ਬਣਾਉਂਦਾ ਹੈ ਉਸਨੂੰ ਆਪਣੇ ਸ਼ਬਦ ਦਾ ਵਿਚਾਰੀ ਹੀ ਬਣਾਉਂਦਾ ਹੈ, ਵਿਚਾਰਾਂ ਦੀ ਮਤਿ ਤੇ ਚੱਲਣ ਵਾਲਾ ਹੀ ਬਣਾਉਂਦਾ ਹੈ ਜਿੰਨ੍ਹਾਂ ਨੂੰ ਪੂਰੀ ਗੁਰਮਤਿ ਦੀ ਸੋਝੀ ਹੁੰਦੀ ਹੈ, ਪੂਰਨ ਸੱਚ ਦੀ ਸੋਝੀ ਹੁੰਦੀ ਹੈ। ਪ੍ਰਮਾਤਮਾ ਦੇ ਸੇਵਕ ਉਹੀ ਬਣੇ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਲਿਵ ਦੇ ਨਾਲ ਜੋੜ ਕੇ ਸੇਵਕ ਬਣਾਇਆ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਗੁਰੂ ਰੂਪ ਵਿੱਚ ਹੈ ਤੇ ਆਪਣੇ ਇਸੇ ਰੂਪ ਦੁਆਰਾ ਹੀ ਉਹ ਸੇਵਕ ਰੂਪ ਵਿੱਚ ਹੈ। ਭਗਤ ਸਾਹਿਬਾਨ, ਗੁਰੂ ਸਾਹਿਬਾਨ ਆਪ ਹੀ ਗੁਰੂ ਰੂਪ ਹਨ ਤੇ ਆਪ ਹੀ ਪ੍ਰਮਾਤਮਾ ਦੇ ਸੇਵਕ

ਹਨ। ਆਪ ਹੀ ਸਿੱਖਿਆ ਦੇਣ ਵਾਲੇ ਹਨ ਤੇ ਆਪ ਹੀ ਆਪਣੀ ਸਿੱਖਿਆ ਤੇ ਚੱਲ ਕੇ ਦਿਖਾਉਣ ਵਾਲੇ ਹਨ ਜਿਵੇਂ ਕਿ ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿੱਚ ਚੱਲ ਕੇ ਦਿਖਾਇਆ ਹੈ। ਉਨ੍ਹਾਂ ਨੇ ਆਪ ਹੀ ਸਾਰੀ ਮਨੁੱਖਤਾ ਨੂੰ ਨਾਮ ਸਮਝਾਇਆ ਹੈ ਤੇ ਆਪ ਹੀ ਨਾਮ ਜਪ ਕੇ ਦਿਖਾਇਆ ਹੈ। ਦੂਸਰਿਆਂ ਨੂੰ ਜਪਣਾ ਉਹੀ ਸਿਖਾ ਸਕਦਾ ਹੈ ਜੋ ਆਪ ਨਾਮ ਜਪਣ ਵਾਲਾ ਹੈ। ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਪ੍ਰਮਾਤਮਾ ਵਿੱਚ ਤੇ ਉਸਦੇ ਭਗਤ ਵਿੱਚ ਜੋ ਕਿ ਆਪ ਹੀ ਪ੍ਰਮਾਤਮਾ ਦਾ ਸੇਵਕ ਹੈ ਆਪਸ ਵਿੱਚ ਭੇਦ ਮਿਟ ਜਾਂਦਾ ਹੈ ਭਾਵ ਦੋਨੋਂ ਇੱਕ ਹੀ ਰੂਪ ਹੋ ਜਾਂਦੇ ਹਨ। ਇਸੇ ਲਈ ਉਸਦੇ ਸੱਚੇ ਸੇਵਕ ਨੂੰ ਸਮਝ ਹੁੰਦੀ ਹੈ ਉਸ ਪ੍ਰਮਾਤਮਾ ਜਿਸਨੂੰ ਅਸੀਂ ਪੂਜਣਾ ਹੈ ਉਹ ਤਾਂ ਸਾਡੇ ਅੰਦਰ ਹੀ ਹੈ ਭਾਵ ਉਹ ਕਿਸੇ ਖਾਸ ਅਸਥਾਨ ਦਾ, ਕਿਸੇ ਖਾਸ ਧਾਰਮਿਕ ਅਵੱਸਥਾ ਵਿੱਚ ਨਹੀਂ ਹੈ, ਉਹ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਨ੍ਹਾਂ ਲਈ ਫਿਰ ਮੰਦਿਰ, ਮਸਜਿਦ ਵਿੱਚ ਭੇਦ ਮਿਟ ਜਾਂਦਾ ਹੈ ਤੇ ਉਹ ਕੇਵਲ ਸੱਚ ਦੁਆਰਾ ਵਿਚਰ ਕੇ ਹੀ ਉਸ ਪ੍ਰਮਾਤਮਾ ਦੀ ਭਗਤੀ ਕਰਦੇ ਹਨ। **(ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ ॥੩॥)**

{ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥

ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥}

(ਅੰਗ ੮੭੫)

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥}

(ਅੰਗ ੧੮੭)

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

{ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥
ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥੨॥
ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ॥ ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ॥
ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥੩॥}

(ਅੰਗ ੧੦੧)

{ਠਾਕੁਰ ਕਾ ਸੇਵਕੁ ਆਗਿਆਕਾਰੀ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
ਠਾਕੁਰ ਕਉ ਸੇਵਕੁ ਜਾਨੈ ਸੰਗਿ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥
ਸੇਵਕ ਕਉ ਪ੍ਰਭ ਪਾਲਨਹਾਰਾ॥ ਸੇਵਕ ਕੀ ਰਾਖੈ ਨਿਰੰਕਾਰਾ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ॥੩॥}

(ਅੰਗ ੨੮੫)

ਜਿਸਨੂੰ ਪ੍ਰਮਾਤਮਾ ਆਪਣਾ ਸੇਵਕ ਬਣਾ ਲੈਂਦਾ ਹੈ, ਜਿਸਦੀ ਆਪਣੇ ਨਾਲ ਲਿਵ ਜੋੜ ਲੈਂਦਾ ਹੈ ਉਹੀ ਉਸ ਪ੍ਰਮਾਤਮਾ ਨੂੰ ਜਾਣਦਾ ਹੈ, ਉਸਦੇ ਠਿਕਾਣੇ ਨੂੰ ਜਾਣਦਾ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਦਿਨ ਰਾਤ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥
ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ॥੪॥੧॥੫੨॥”

23/2508

ਧਿਆਨ ਨਾਲ ਸਮਝੋ ਉੱਪਰ ਪੰਗਤੀਆਂ ਰਾਹੀਂ ਪ੍ਰਮਾਤਮਾ ਸਾਡੇ ਅੰਦਰ ਦਿਨ ਰਾਤ ਕਿਸ ਜਗ੍ਹਾ ਤੇ ਵੱਸਿਆ ਹੋਇਆ ਹੈ। ਉਹ ਉਸ ਜਗ੍ਹਾ ਵੱਸਿਆ ਹੋਇਆ ਹੈ ਜਿੱਥੇ ਹਰ ਵੇਲੇ ਉਸਦੇ ਨਾਲ ਲਿਵ ਲੱਗੀ ਰਹਿੰਦੀ ਹੈ। ਜਿਸਦੀ ਪ੍ਰਮਾਤਮਾ ਦੇ ਨਾਲ ਲਿਵ ਜੁੜ ਜਾਂਦੀ ਹੈ ਉਸਨੂੰ ਹੀ ਪ੍ਰਮਾਤਮਾ ਦੇ ਠਿਕਾਣੇ ਦੀ ਸਮਝ ਪੈਂਦੀ ਹੈ, ਉਸਦੇ ਅਬਿਨਾਸੀ ਰੂਪ ਟਿਕਾਣੇ ਦੀ ਸਮਝ ਪੈਂਦੀ ਹੈ। ਲਿਵ ਸਾਡੀ ਮਨ ਦੇ ਵਿੱਚ ਹੀ ਜੁੜਦੀ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਜੁੜਦੀ ਹੈ ਜਿਸ ਜਗ੍ਹਾ ਤੇ ਪ੍ਰਮਾਤਮਾ ਕੋਲੋਂ ਉਸਦੇ ਸੱਚੇ ਵਿਚਾਰ ਹੀ ਮਿਲਦੇ ਹਨ, ਸ਼ਬਦ ਦੇ ਵਿਚਾਰ ਹੀ ਮਿਲਦੇ ਹਨ, ਸ਼ਬਦ ਦਾ ਸੱਚਾ ਗਿਆਨ ਹੀ ਮਿਲਦਾ ਹੈ ਤੇ ਪ੍ਰਮਾਤਮਾ ਦਾ ਇਹ ਸੱਚੇ ਗਿਆਨ ਦਾ ਰੂਪ ਹੀ, ਬ੍ਰਹਮਗਿਆਨ ਦਾ ਰੂਪ ਹੀ ਉਸਦਾ ਅਬਿਨਾਸੀ ਰੂਪ ਹੈ ਜੋ ਕਦੇ ਬਿਨਸ ਨਹੀਂ ਸਕਦਾ। ਪ੍ਰਮਾਤਮਾ ਦੇ ਆਪਣੇ ਦੱਸੇ ਹੋਏ ਬੋਲ ਕਦੇ ਬਿਨਸ ਨਹੀਂ ਸਕਦੇ ਕਿਉਂਕਿ ਉਨ੍ਹਾਂ ਬੋਲਾਂ ਵਿੱਚ ਕੇਵਲ ਸੱਚ ਹੈ। ਉਸਦੇ ਬੋਲੇ ਹੋਏ ਬੋਲ ਅਟੱਲ ਹਨ ਜੋ ਸਦਾ ਰਹਿਣ ਵਾਲੇ ਹਨ ਤੇ ਕਦੇ ਬਦਲ ਨਹੀਂ ਸਕਦੇ। ਪੂਰੀ ਗੁਰਬਾਣੀ ਵਿੱਚ ਉਸਦੇ ਆਪਣੇ ਬੋਲ ਹਨ ਤੇ ਇਸੇ ਲਈ ਗੁਰਬਾਣੀ ਜੁੱਗੋ ਜੁੱਗ ਅਟੱਲ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਵਿੱਚ ਹੈ ਆਪਣੇ ਉਸ ਸੱਚੇ ਗਿਆਨ ਦੇ ਰੂਪ ਵਿੱਚ ਹੀ, ਗਿਆਨ ਦੇ ਅੰਦਰ ਦੀ ਸੋਝੀ ਦੇ ਰੂਪ ਵਿੱਚ ਹੀ ਹਰ ਵਸਤੂ ਵਿੱਚ ਸਮਾਇਆ ਹੋਇਆ ਹੈ ਤੇ ਹਰ ਵਸਤੂ ਨੂੰ ਚਲਾ ਰਿਹਾ ਹੈ। ਉਸਦੇ ਗਿਆਨ ਦੀ ਸੋਝੀ ਹੀ ਸਾਇੰਸ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਚਲਾ ਰਿਹਾ ਹੈ। ਪੂਰੀ ਸਾਇੰਸ ਵਿੱਚ ਪ੍ਰਮਾਤਮਾ ਦਾ ਪਾਇਆ ਹੋਇਆ ਹੀ ਹੁਕਮ ਹੈ ਜੋ ਕਿ ਉਸਦੇ ਗਿਆਨ ਦੀ ਸੋਝੀ ਹੈ, ਗਿਆਨ ਦਾ ਅੰਜਨ ਹੈ ਜੋ ਹਰ ਵਸਤੂ ਨੂੰ ਚਲਾਉਂਦਾ

ਹੈ। ਸਾਇੰਸ ਪ੍ਰਮਾਤਮਾ ਦਾ ਅਟੱਲ ਹੁਕਮ ਹੈ ਜੋ ਕਦੇ ਬਦਲ ਨਹੀਂ ਸਕਦਾ। ਗਿਆਨ ਦੀ ਸੋਝੀ ਪ੍ਰਮਾਤਮਾ ਦਾ ਕਦੇ ਨਾ ਬਿਨਸਨ ਵਾਲਾ ਰੂਪ ਹੈ, ਜਿਸ ਰੂਪ ਵਿੱਚ ਉਹ ਸਦਾ ਤੋਂ ਵਿਚਰ ਰਿਹਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਸੋਝੀ ਹੈ ਤੇ ਅਸਲ ਵਿੱਚ ਇਹ ਸੋਝੀ ਹੀ, ਸੱਚੀ ਸੋਝੀ ਹੀ ਨਾ ਬਿਨਸਨ ਵਾਲਾ ਰੂਪ ਹੈ, ਅਬਿਨਾਸੀ ਰੂਪ ਹੈ ਜਿਸਦੀ ਸਮਝ ਮਨ ਦੇ ਵਿੱਚੋਂ ਹੀ ਪੈਂਦੀ ਹੈ, ਪ੍ਰਮਾਤਮਾ ਦੇ ਨਾਲ ਲਿਵ ਜੁੜਨ ਦੁਆਰਾ ਪੈਂਦੀ ਹੈ। ਉਸਦਾ ਟਿਕਾਣਾ ਸਾਡੇ ਮਨ ਦੇ ਵਿੱਚ ਹੀ ਹੈ ਜਿੱਥੇ ਉਹ ਹਰ ਵੇਲੇ ਵੱਸਿਆ ਹੋਇਆ ਹੈ ਤੇ ਮਨੁੱਖ ਨੂੰ ਹਰ ਵੇਲੇ ਆਪਣੇ ਸੱਚੇ ਗਿਆਨ ਦੇ ਨਾਲ ਜੋੜ ਕੇ ਰੱਖਦਾ ਹੈ। ਜਿੰਨ੍ਹਾਂ ਨੂੰ ਉਸਨੇ ਆਪਣੇ ਇਸ ਸੱਚੇ ਗਿਆਨ ਦੇ ਨਾਲ ਜੋੜਿਆ ਹੋਇਆ ਹੈ, ਆਪਣੇ ਨਾਲ ਲਿਵ ਲਾਈ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸੱਚੇ ਗਿਆਨ ਦੀ ਰਚਨਾ ਕੀਤੀ ਹੈ, ਬ੍ਰਹਮਗਿਆਨ ਦੀ ਰਚਨਾ ਕੀਤੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਹਰ ਵੇਲੇ ਪ੍ਰਮਾਤਮਾ ਦੇ ਹੁਕਮ ਵਿੱਚ ਰਹਿੰਦਾ ਹੈ ਤੇ ਅੱਠੇ ਪਹਿਰ ਉਸਦੇ ਗੁਣ ਗਾਉਂਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ। ਮਨ ਦੇ ਵਿੱਚ ਇਹ ਸੱਚੇ ਵਿਚਾਰ ਹੀ ਸਾਨੂੰ ਅਡੋਲ ਕਰਦੇ ਹਨ, ਸਾਡੇ ਮਨ ਨੂੰ ਅਡੋਲ ਕਰਦੇ ਹਨ ਜਿੰਨ੍ਹਾਂ ਦੁਆਰਾ ਮਨੁੱਖ ਗੁਰਮਤਿ ਦੇ ਸੱਚ ਤੇ ਅਡੋਲ ਹੋ ਕੇ ਵਿਚਰਦਾ ਹੈ।

ਪ੍ਰਮਾਤਮਾ ਨੂੰ ਜਾਨਣ ਦਾ, ਉਸਦੇ ਨਿਰਗੁਣ ਰੂਪ ਨੂੰ ਜਾਨਣ ਦਾ ਇੱਕੋ ਇੱਕ

23/2509

ਤਰੀਕਾ ਹੀ ਹੈ ਤੇ ਇੱਕੋ ਇੱਕ ਟਿਕਾਣਾ ਸਾਡਾ ਮਨ ਹੈ ਜਿੱਥੋਂ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣਿਆ ਜਾ ਸਕਦਾ ਹੈ। ਉਸ ਪ੍ਰਮਾਤਮਾ ਦਾ "ਮਰਮੁ" ਭਾਵ ਉਸਦਾ ਭੇਦ ਜਾਣਨ ਦੀ ਇੱਕੋ ਇੱਕ ਜਗ੍ਹਾ ਹੈ ਜਿੱਥੇ ਉਸਦੇ ਨਾਲ ਲਿਵ ਜੁੜਦੀ ਹੈ ਭਾਵ ਸਾਡਾ ਮਨ ਹੈ। "ਓਹੀ ਪਰੁ ਜਾਨੈ" ਭਾਵ ਕੇਵਲ ਉਸੀ ਅਸਥਾਨ ਤੇ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਦੇ ਉਸ ਅਸਥਾਨ ਤੇ ਹੀ, ਉਸੇ ਟਿਕਾਣੇ ਤੇ ਹੀ ਭਾਵ ਮਨ ਦੇ ਵਿੱਚ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦਾ ਰੂਪ ਅਬਿਨਾਸੀ ਹੈ ਭਾਵ ਉਹ ਨਿਰਗੁਣ ਰੂਪ ਵਿੱਚ ਵਿਚਰਦਾ ਹੈ। ਉੱਪਰ ਪੂਰੇ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਹੀ ਪਾਈ ਹੈ ਕਿ ਉਸਨੂੰ ਕਿੱਥੋਂ ਜਾਣਿਆ ਜਾ ਸਕਦਾ ਹੈ ਕਿਉਂਕਿ ਹਰ ਕੋਈ ਉਸਨੂੰ ਕਿਸੇ ਆਕਾਰ ਰੂਪ ਵਿੱਚ ਸਮਝਦਾ ਹੈ ਤੇ ਆਕਾਰ ਰੂਪ ਕ੍ਰਿਆਵਾਂ ਦੁਆਰਾ ਹੀ ਉਸਨੂੰ ਪਾਉਣ ਵਿੱਚ ਲੱਗਾ ਹੋਇਆ ਹੈ ਜਿਵੇਂ ਕਿ ਸ਼ਬਦ ਦੀਆਂ ਸੁਰੂ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥ ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ॥੪॥੧॥੫੨॥)**

ਪ੍ਰਮਾਤਮਾ ਦੇ ਅਬਿਨਾਸੀ ਰੂਪ ਨੂੰ ਸ਼ਬਦਾਂ ਦੀਆਂ ਕੁੱਝ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਦੇ ਇਸ ਅਬਿਨਾਸੀ ਰੂਪ ਨਾਲ ਜੁੜਨ ਦੁਆਰਾ ਹੀ ਸਾਡਾ ਮਨ ਅਡੋਲ ਅਵੱਸਥਾ ਵਿੱਚ ਰਹਿ ਸਕਦਾ ਹੈ। ਗੁਰੂ ਦੇ ਅਡੋਲ ਬਚਨਾਂ ਦੇ ਨਾਲ ਜੁੜ ਕੇ ਹੀ ਸਾਡੇ ਮਨ ਦੇ ਵਿਚਾਰ ਅਡੋਲ ਹੋ ਸਕਦੇ ਹਨ ਜੋ ਫਿਰ ਗੁਰਮਤਿ ਤੇ ਚੱਲਣ ਤੋਂ ਨਹੀਂ ਡੋਲਦੇ। ਪ੍ਰਮਾਤਮਾ ਆਪਣੇ ਸੱਚੇ ਗਿਆਨ ਦੀ ਸੋਝੀ ਦੁਆਰਾ ਅਡੋਲ ਹੈ, ਅਬਿਨਾਸੀ ਹੈ ਤੇ ਸਭ ਜਗ੍ਹਾ ਆਪਣੇ ਇਸ ਰੂਪ ਦੁਆਰਾ ਹੀ ਸਮਾਇਆ ਹੋਇਆ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥}

(ਅੰਗ ੪੫੬)

{ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ॥
ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ॥੪॥੧॥੪॥}

(ਅੰਗ ੮੪੮)

{ਨਾਮੁ ਨਿਧਾਨੁ ਧਿਆਇ ਮਨ ਅਟਲ॥ ਤਾ ਛੂਟਹਿ ਮਾਇਆ ਕੇ ਪਟਲ॥}

(ਅੰਗ ੮੯੧)

ਪ੍ਰਭਾਤੀ ਮਹਲਾ ੫॥
{ਗੁਰੁ ਪੂਰਾ ਪੂਰੀ ਤਾ ਕੀ ਕਲਾ॥ ਗੁਰ ਕਾ ਸਬਦੁ ਸਦਾ ਸਦ ਅਟਲਾ॥
ਗੁਰ ਕੀ ਬਾਣੀ ਜਿਸੁ ਮਨਿ ਵਸੈ॥ ਦੂਖੁ ਦਰਦੁ ਸਭੁ ਤਾ ਕਾ ਨਸੈ॥੧॥}

(ਅੰਗ ੧੩੩੯)

ਬਿਲਾਵਲੁ ਮਹਲਾ ੫॥
{ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ॥
ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ॥੧॥}

(ਅੰਗ ੮੧੨)

{ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਣਿਗੋ ਇਕਿ ਸਾਧ ਬਚਨ ਅਟਲਾਧਾ॥੧॥}

(ਅੰਗ ੧੨੦੪)

23/2510

{ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ॥੨॥੨੧॥੪੯॥}

(ਅੰਗ ੬੨੧)

ਗਉੜੀ ਗੁਆਰੇਰੀ ਮਹਲਾ ੫॥
{ਗੁਰ ਕਾ ਬਚਨੁ ਸਦਾ ਅਬਿਨਾਸੀ॥ ਗੁਰ ਕੈ ਬਚਨਿ ਕਟੀ ਜਮ ਫਾਸੀ॥
ਗੁਰ ਕਾ ਬਚਨੁ ਜੀਅ ਕੈ ਸੰਗਿ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ॥੧॥
ਜੋ ਗੁਰਿ ਦੀਆ ਸੁ ਮਨ ਕੈ ਕਾਮਿ॥ ਸੰਤ ਕਾ ਕੀਆ ਸਤਿ ਕਰਿ ਮਾਨਿ॥੧॥ਰਹਾਉ॥

ਗੁਰ ਕਾ ਬਚਨੁ ਅਟਲ ਅਛੇਦ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ॥
ਗੁਰ ਕਾ ਬਚਨੁ ਕਤਹੁ ਨ ਜਾਇ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ॥੨॥
ਗੁਰ ਕਾ ਬਚਨੁ ਜੀਅ ਕੈ ਸਾਥ॥ ਗੁਰ ਕਾ ਬਚਨੁ ਅਨਾਥ ਕੋ ਨਾਥ॥
ਗੁਰ ਕੈ ਬਚਨਿ ਨਰਕਿ ਨ ਪਵੈ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ॥੩॥
ਗੁਰ ਕਾ ਬਚਨੁ ਪਰਗਟੁ ਸੰਸਾਰਿ॥ ਗੁਰ ਕੈ ਬਚਨਿ ਨ ਆਵੈ ਹਾਰਿ॥
ਜਿਸੁ ਜਨ ਹੋਏ ਆਪਿ ਕ੍ਰਿਪਾਲ॥ ਨਾਨਕ ਸਤਿਗੁਰ ਸਦਾ ਦਇਆਲ॥੪॥੫॥੭੪॥}

(ਅੰਗ ੧੭੭)

ਜਿਸਦੇ ਹਿਰਦੇ ਵਿੱਚ ਗੁਰੂ ਦੇ ਬਚਨ ਵੱਸ ਜਾਂਦੇ ਹਨ ਉਹੀ ਉਸ ਪ੍ਰਮਾਤਮਾ ਦੇ ਅਬਿਨਾਸੀ ਰੂਪ ਨਾਲ ਜੁੜਦੇ ਹਨ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਬਿਨਾਸੀ ਰੂਪ ਵਿੱਚੋਂ ਕੱਢਦੇ ਹਨ, ਮਨਮਤਿ ਦੇ ਬਿਨਾਸੀ ਵਿਚਾਰਾਂ ਵਿੱਚੋਂ ਕੱਢਦੇ ਹਨ। ਮਨਮਤਿ ਦੇ ਵਿਚਾਰ ਕੱਚੇ ਧਾਗੇ ਨਾਲ ਜੁੜੇ ਹੋਏ ਵਿਚਾਰ ਹਨ, ਦੁਚਿੱਤੀ ਨਾਲ ਜੁੜੇ ਹੋਏ ਵਿਚਾਰ ਹਨ, ਮਾਇਆ ਮੋਹ ਨਾਲ ਜੁੜੇ ਹੋਏ ਵਿਚਾਰ ਹਨ ਜੋ ਡੋਲਦੇ ਰਹਿੰਦੇ ਹਨ, ਗੁਰਮਤਿ ਤੋਂ ਡੋਲਦੇ ਰਹਿੰਦੇ ਹਨ। ਗੁਰੂ ਦੇ ਬਚਨ ਅਡੋਲ ਹਨ ਜਿੰਨ੍ਹਾਂ ਨਾਲ ਜੁੜ ਕੇ ਸਾਡੇ ਮਨ ਦਾ ਡੋਲਣਾ ਹੱਟਦਾ ਹੈ। ਗੁਰੂ ਦੇ ਨਾ ਡੋਲਣ ਵਾਲੇ ਬੋਲ ਅਬਿਨਾਸੀ ਬੋਲ ਹਨ ਜਿੰਨ੍ਹਾਂ ਦੇ ਨਾਲ ਜੁੜ ਕੇ ਅਸੀਂ ਉਸ ਪ੍ਰਮਾਤਮਾ ਦੇ ਅਬਿਨਾਸੀ ਰੂਪ ਨੂੰ ਜਾਣ ਸਕਦੇ ਹਾਂ, ਬ੍ਰਹਮਗਿਆਨ ਰੂਪ ਨੂੰ ਜਾਣ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ।

ਪ੍ਰਮਾਤਮਾ ਨੂੰ ਪਾਉਣ ਲਈ ਸਭ ਤੋਂ ਵੱਡਾ ਫੈਸਲਾ ਇਸੇ ਗੱਲ ਵਿੱਚ ਹੈ ਕਿ ਅਸੀਂ ਕਿਸ ਦੇ ਬਚਨਾਂ ਦੇ ਨਾਲ ਜੁੜਨਾ ਹੈ, ਧਰਮ ਦਾ ਮਾਰਗ ਸਿੱਖਣ ਲਈ, ਨਾਮ ਜਪਣ ਦਾ ਮਾਰਗ ਸਿੱਖਣ ਲਈ ਅਸੀਂ ਕਿਸ ਦੇ ਬਚਨਾਂ ਦੇ ਨਾਲ ਜੁੜਨਾ ਹੈ। ਅਸੀਂ ਉਨ੍ਹਾਂ ਦੇ ਬਚਨਾਂ ਦੇ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨੇ ਸਾਨੂੰ ਜਪਣਾ ਸਿਖਾਇਆ ਹੈ, ਇੱਕ ਅੱਖਰ ਨੂੰ ਹੀ ਜਪੀ ਜਾਣਾ ਸਿਖਾਇਆ ਹੈ, ਸਾਨੂੰ ਸਰੀਰਕ ਜਪ ਤਪ ਸਿਖਾਏ ਹਨ, ਸਵਾਸਾਂ ਦੀਆਂ ਕਿਰਿਆਵਾਂ ਸਿਖਾਈਆਂ ਹਨ, ਕਥਨੀ ਕਰੀ ਜਾਣਾ ਸਿਖਾਇਆ ਹੈ, ਗਿਣਤੀਆਂ ਗਿਣੀ ਜਾਣਾ ਸਿਖਾਇਆ ਹੈ, ਸਵੇਰੇ ਸ਼ਾਮ ਗੁਰੂ ਨੂੰ ਕੇਵਲ ਮੱਥੇ ਟੇਕੀ ਜਾਣਾ ਸਿਖਾਇਆ ਹੈ, ਸਮਾਧੀਆਂ ਲਗਾ ਕੇ ਬੈਠੇ ਰਹਿਣਾ ਸਿਖਾਇਆ ਹੈ, ਸਰਗੁਣ ਰੂਪ ਤੀਰਥਾਂ ਤੇ ਇਸ਼ਨਾਨ ਕਰੀ ਜਾਣਾ ਸਿਖਾਇਆ ਹੈ ਤੇ ਹਰ ਕੋਈ ਇਨ੍ਹਾਂ ਕੰਮਾਂ ਵਿੱਚ ਹੀ ਲੱਗਾ ਹੋਇਆ ਹੈ ਤੇ ਆਪਣੇ ਆਪ ਨੂੰ ਭਗਤੀ ਵਾਲਾ ਸਮਝੀ ਜਾ ਰਿਹਾ ਹੈ। ਗੁਰੂ ਦੇ ਬਚਨ ਸਾਨੂੰ ਇਹ ਕੁੱਝ ਨਹੀਂ ਸਿਖਾਉਂਦੇ। ਗੁਰੂ ਦੇ ਬਚਨ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਨਾਲ ਜੁੜਨਾ ਸਿਖਾਉਂਦੇ ਹਨ, ਸੱਚ ਤੇ ਅਮਲ ਕਰਨਾ ਸਿਖਾਉਂਦੇ ਹਨ, ਸ਼ਬਦ ਦੇ ਮਕਸਦ ਨਾਲ ਜੁੜਨਾ ਸਿਖਾਉਂਦੇ ਹਨ, ਮਨ ਦੇ ਵਿਚਾਰਾਂ ਨੂੰ ਸੋਧਣ ਲਈ ਸਮਝਾਉਂਦੇ ਹਨ ਤਾਂ ਜੋ ਅਸੀਂ ਉਸਦੇ ਅਬਿਨਾਸੀ ਰੂਪ ਨਾਲ ਜੁੜ ਸਕੀਏ ਤੇ ਉਸ ਅਬਿਨਾਸੀ ਰੂਪ ਪ੍ਰਮਾਤਮਾ ਨੂੰ ਪਾ ਸਕੀਏ। ਸਦੀਆਂ ਤੋਂ ਚੱਲੀ ਆ ਰਹੀ ਆਸਥਾ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਭਗਤੀ ਦੇ ਸਹੀ ਮਨੋਰਥ ਨੂੰ ਸਮਝਣ ਦੀ ਲੋੜ ਹੈ ਭਾਵ ਕੇਵਲ ਸੱਚ ਦੁਆਰਾ ਵਿਚਰਨ ਦੀ ਲੋੜ ਹੈ ਤੇ ਪੂਰੀ ਗੁਰਬਾਣੀ ਸਾਨੂੰ ਸੱਚ ਹੀ ਸਮਝਾ ਰਹੀ ਹੈ। ਜਿਸ ਦੀ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਸ ਵਿੱਚ ਸੱਚ ਨਹੀਂ ਹੈ।

23/2511

ਅਸੀਂ ਕੱਚੇ ਧਾਗਿਆਂ ਦੇ ਨਾਲ ਜੁੜੇ ਹੋਏ ਹਾਂ ਭਾਵ ਕੱਚੇ ਵਿਚਾਰਾਂ ਵਾਲਿਆਂ ਦੇ ਨਾਲ ਜੁੜੇ ਹੋਏ ਹਾਂ, ਬਿਨਾਸੀ ਵਿਚਾਰਾਂ ਦੇ ਨਾਲ ਜੁੜੇ ਹੋਏ ਹਾਂ। ਜੋ ਉਸ ਸੱਚੇ ਧਾਗੇ ਦੇ ਨਾਲ ਜੁੜ ਜਾਂਦਾ ਹੈ, ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦੇ ਨਾਲ ਜੁੜ ਜਾਂਦਾ ਹੈ ਉਸਦਾ ਮੋਹ ਹੀ ਸੱਚੇ ਵਿਚਾਰਾਂ ਨਾਲ ਪੈਂਦਾ ਹੈ ਤੇ ਦੂਸਰਿਆਂ ਦੇ ਵਿਚਾਰਾਂ ਨਾਲੋਂ, ਕੱਚੇ ਵਿਚਾਰਾਂ ਨਾਲੋਂ ਮੋਹ ਟੁੱਟਦਾ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ ਜਿਸ ਦੇ ਵਿਚਾਰ ਪ੍ਰਮਾਤਮਾ ਦੇ ਨਾਲ ਜੁੜੇ ਹੋਏ ਹਨ। ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਇਸ ਗੱਲ ਦੀ ਸੋਝੀ ਹੀ ਨਹੀਂ ਪੈਂਦੀ ਕਿ ਕੱਚੇ ਵਿਚਾਰਾਂ ਤੇ ਸੱਚੇ ਵਿਚਾਰਾਂ ਵਿੱਚ ਭੇਦ ਕੀ ਹੈ। ਸਾਡੇ ਲਈ ਕੇਵਲ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰੂ ਦੇ ਵਿਚਾਰਾਂ ਨੂੰ ਹੀ ਕੇਵਲ ਸੱਚ ਮੰਨ ਕੇ ਚੱਲੀਏ ਜੋ ਉਸ ਸੱਚੇ ਧਾਗੇ ਦੇ ਨਾਲ ਜੁੜਿਆ ਹੋਇਆ ਹੈ। ਇਸ ਗੱਲ

ਨੂੰ ਹੇਠ ਦਿੱਤੀਆਂ ਪੰਗਤੀਆ ਦੁਆਰਾ ਸਮਝਿਆ ਜਾ ਸਕਦਾ ਹੈ।

“ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ॥
ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ॥੨॥੧੬॥੪੭॥”

(ਅੰਗ ੬੮੨)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਸਭ ਦੇ ਅੰਦਰ ਕਿਸ ਰੂਪ ਵਿੱਚ ਵਿਚਰਦਾ ਹੈ। ਹਰ ਕਿਸੇ ਦੇ ਅੰਦਰ ਆਪਣੇ ਧਾਗੇ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜੋ ਆਪਣੇ ਮਨ ਦੇ ਵਿੱਚ ਇਸ ਧਾਗੇ ਦੇ ਨਾਲ ਜੁੜ ਜਾਂਦਾ ਹੈ ਉਸ ਨੂੰ ਫਿਰ ਸਭ ਦੇ ਵਿੱਚ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਹਰ ਵਸਤੂ ਵਿੱਚ ਹੈ। **(ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ॥)** ਇਸ ਧਾਗੇ ਦੇ ਨਾਲ ਜੁੜਨਾ ਪ੍ਰਮਾਤਮਾ ਦੇ ਨਿਰਗੁਣ ਰੂਪ ਦੇ ਨਾਲ ਜੁੜਨਾ ਹੈ। ਪ੍ਰਮਾਤਮਾ ਦਾ ਇਹ ਧਾਗਾ ਹੀ ਉਸ ਦਾ ਨਾਮ ਰੂਪ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ॥੨॥੧੬॥੪੭॥”

ਆਪਣੇ ਇਸ ਧਾਗੇ ਦੇ ਨਾਲ ਜੋੜਨ ਦੁਆਰਾ ਪ੍ਰਮਾਤਮਾ ਮਨ ਦੇ ਵਿੱਚੋਂ ਆਪਣਾ ਨਾਮ ਦਾ ਜਲ ਪੀਆਉਂਦਾ ਹੈ, ਅੰਮ੍ਰਿਤ ਜਲ ਪਿਆਉਂਦਾ ਹੈ, ਸੱਚੇ ਗਿਆਨ ਦਾ ਅੰਮ੍ਰਿਤ ਪਿਆਉਂਦਾ ਹੈ, ਬ੍ਰਹਮ ਗਿਆਨ ਰੂਪ ਅੰਮ੍ਰਿਤ ਪਿਆਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆਏ ਹਾਂ। ਮਨ ਦੇ ਵਿੱਚ ਇਹ ਗਿਆਨ ਰੂਪ ਅੰਮ੍ਰਿਤ ਪਿਆ ਕੇ ਹੀ ਪ੍ਰਮਾਤਮਾ ਕਿਸੇ ਨੂੰ ਆਪਣਾ ਜਨ ਬਣਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਆਪਣਾ ਇਹ ਅੰਮ੍ਰਿਤ ਜਲ

23/2512

ਪਿਆ ਕੇ ਆਪਣਾ ਜਨ ਬਣਾਇਆ ਹੈ, ਆਪਣਾ ਦਾਸ ਬਣਾਇਆ ਹੈ ਤੇ ਉਹਨਾਂ ਨੇ ਹੀ ਮਨ ਦੇ ਵਿੱਚੋਂ ਇਹ ਅੰਮ੍ਰਿਤ ਬਾਣੀ ਦੀ ਰਚਨਾ ਕੀਤੀ ਹੈ, ਗੁਰਬਾਣੀ ਦੀ ਰਚਨਾ ਕੀਤੀ ਹੈ। ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੱਚੇ ਵਿਚਾਰ ਮਿਲਣ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਹਰ ਕੋਈ ਕਿਤਨੇ ਵੱਡੇ ਭਰਮ ਵਿੱਚ ਹੈ ਤੇ ਉਸ ਤੋਂ ਬਾਅਦ ਉਹ ਕਿਸੇ ਦੇ ਪਾਏ ਹੋਏ ਭਰਮ ਵਿੱਚ ਨਹੀਂ ਆਉਂਦਾ, ਉਹਨਾਂ ਵਿਚਾਰਾਂ ਦੇ ਨਾਲ ਆਪਣਾ ਮੋਹ ਨਹੀਂ ਪਾਉਂਦਾ ਜੋ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਤੇ ਪੂਰੇ ਨਹੀਂ ਉਤਰਦੇ। ਸੱਚੇ ਧਾਗੇ ਦੇ ਨਾਲ ਜੁੜਨ ਤੋਂ ਬਾਅਦ, ਗੁਰਮਤਿ ਦੀ ਸੱਚੀ ਸੋਝੀ ਪੈਣ ਤੋਂ ਬਾਅਦ ਫਿਰ ਮਨਮਤਿ ਦੀ ਕੱਚੀ ਸੋਝੀ ਦੇ ਨਾਲੋਂ ਮੋਹ ਟੁੱਟ ਜਾਂਦਾ ਹੈ ਕਿਉਂਕਿ ਇਹ ਸਮਝ ਲੱਗ ਜਾਂਦੀ ਹੈ ਕਿ ਸੱਚ ਕੀ ਹੈ। ਜੋ ਸੋਝੀ ਪ੍ਰਮਾਤਮਾ ਦੇ ਕੋਲੋਂ ਸਿੱਧੀ ਮਿਲਦੀ ਹੈ, ਮਨ ਦੇ ਵਿੱਚ ਉਸਦੇ ਪ੍ਰਗਟ ਹੋਣ ਦੁਆਰਾ ਮਿਲਦੀ ਹੈ ਉਸ ਵਿੱਚ ਪੂਰਨ ਸੱਚ ਹੈ ਜੋ ਦੁਚਿੱਤੀ ਤੋਂ ਰਹਿਤ ਹੈ। ਸੱਚੀ ਸੋਝੀ ਪਏ ਬਿਨ੍ਹਾਂ ਹਰ ਕੋਈ ਦੁਚਿੱਤੀ ਵਿੱਚ ਹੈ, ਪੂਰਨ ਸੱਚ ਨੂੰ ਸਮਝਣ ਵਿੱਚ ਅਸਮਰੱਥ ਹੈ। **(ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ॥੨॥੧੬॥੪੭॥)** ਅੰਗ - ੬੮੨

ਜਿਵੇਂ ਕਿ ਅਸੀਂ ਉੱਪਰ ਪਹਿਲੀ ਪੰਗਤੀ ਰਾਹੀਂ ਸਮਝਿਆ ਹੈ ਜੋ ਮਨ ਦੇ ਵਿੱਚ ਪ੍ਰਮਾਤਮਾ ਦੇ ਧਾਗੇ ਦੇ ਨਾਲ ਜੁੜ ਜਾਂਦਾ ਹੈ ਉਸਨੂੰ ਫਿਰ ਸਭ ਵਿੱਚ ਪ੍ਰਮਾਤਮਾ ਦਾ ਧਾਗਾ ਰੂਪ ਹੀ ਨਜ਼ਰ ਆਉਂਦਾ ਹੈ। ਪ੍ਰਮਾਤਮਾ ਦਾ ਇਹ ਧਾਗਾ ਰੂਪ ਹੀ ਉਸਦਾ ਨਾਮ ਰੂਪ ਹੈ, ਅੰਮ੍ਰਿਤ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਸਭ ਵਿੱਚ ਪ੍ਰਮਾਤਮਾ ਦਾ ਧਾਗਾ ਰੂਪ ਨਜ਼ਰ ਆਉਣਾ ਜਾਂ ਬ੍ਰਹਮ ਗਿਆਨ ਦਾ ਰੂਪ ਨਜ਼ਰ ਆਉਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਪਿੱਛੇ ਵੀ ਅਸੀ ਇਸ ਗੱਲ ਨੂੰ ਸਮਝਿਆ ਹੈ, ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਹੈ।

{ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ॥੩॥}

(ਅੰਗ ੧੧੫੨)

ਸਾਡੇ ਸਭ ਦੇ ਅੰਦਰ, ਮਨ ਦੇ ਅੰਦਰ ਪ੍ਰਕਾਸ਼ ਕਰਨ ਵਾਲਾ ਆਪ ਪ੍ਰਮਾਤਮਾ ਹੀ ਹੈ, ਮਨ ਦੇ ਵਿੱਚ ਗਿਆਨ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਪਰ ਜਦ ਤੱਕ ਉਹ ਸਾਡੇ ਅੰਦਰ "ਬੀਸ ਬਿਸੁਏ" ਪ੍ਰਕਾਸ਼ ਨਹੀਂ ਕਰਦਾ ਤਦ ਤੱਕ ਹਰ ਕੋਈ ਦੁਚਿੱਤੀ ਵਿੱਚ ਹੈ, ਭਰਮ ਵਿੱਚ ਹੈ, ਸਹਸਾ ਵਿੱਚ ਹੈ, ਤ੍ਰੈਗੁਣਾਂ ਵਿੱਚ ਹੈ, ਮਨਮਤਿ ਵਿੱਚ ਹੈ। ਸਾਡੇ ਅੰਦਰ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋਣਾ "ਬੀਸ ਬਿਸੁਏ" ਪ੍ਰਕਾਸ਼ ਹੋਣਾ ਹੈ ਜਿਸ ਪ੍ਰਕਾਸ਼ ਦੁਆਰਾ ਸਾਡੇ ਅੰਦਰ ਰੱਤੀ ਭਰ ਵੀ ਦੁਚਿੱਤੀ ਨਹੀਂ ਰਹਿ ਜਾਂਦੀ ਕਿ ਪ੍ਰਮਾਤਮਾ ਕੀ ਹੈ, ਸੱਚ ਕੀ ਹੈ, ਗੁਰਮਤਿ ਕੀ ਹੈ, ਸਾਡੇ ਧਰਮ ਦਾ ਮਾਰਗ ਕੀ ਹੈ, ਨਾਮ ਕੀ ਹੈ। ਸਾਡੇ ਅੰਦਰ ਬ੍ਰਹਮ ਗਿਆਨ ਦਾ ਪ੍ਰਕਾਸ਼ ਹੀ, "ਬੀਸ ਬਿਸੁਏ" ਪ੍ਰਕਾਸ਼ ਹੀ ਨਾਮ ਦਾ

23/2513

ਪ੍ਰਕਾਸ਼ ਹੈ। ਨਾਮ ਰੂਪ ਵਿੱਚ ਪ੍ਰਮਾਤਮਾ ਆਪ ਹੈ, ਬ੍ਰਹਮ ਗਿਆਨ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਮਨ ਦੇ ਵਿੱਚ ਆਪਣੇ ਇਸ ਰੂਪ ਦੁਆਰਾ ਹੀ ਪ੍ਰਗਟ ਹੁੰਦਾ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ ਜਿਸਨੂੰ ਕੇਵਲ ਤੇ ਕੇਵਲ ਮਨ ਦੇ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ। ਜਿਸਨੇ ਵੀ ਪ੍ਰਮਾਤਮਾ ਦੇ ਇਸ ਸੱਚੇ ਰੂਪ ਨੂੰ ਜਾਣਿਆ ਹੈ ਮਨ ਦੇ ਵਿੱਚੋਂ ਹੀ ਜਾਣਿਆ ਹੈ ਕਿਉਂਕਿ ਹੋਰ ਕੋਈ ਜਗ੍ਹਾਂ ਹੈ ਹੀ ਨਹੀਂ ਜਿੱਥੋਂ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣਿਆ ਜਾ ਸਕੇ।

{ਨਿਜ ਪਦ ਊਪਰਿ ਲਾਗੋ ਧਿਆਨੁ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

ਜਿੰਨ੍ਹਾਂ ਦੇ ਮਨ ਦਾ ਧਿਆਨ ਬ੍ਰਹਮ ਗਿਆਨ ਦੇ ਨਾਲ ਜੁੜਿਆ ਹੋਇਆ ਹੈ ਉਹ ਮਨ ਦੇ ਵਿੱਚ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦੇ ਨਾਲ ਜੁੜੇ ਹੋਏ ਹਨ, ਉਸ ਦੇ ਸੱਚੇ ਧਾਗੇ ਦੇ ਨਾਲ ਜੁੜੇ ਹੋਏ ਹਨ, ਪੱਕੇ ਧਾਗੇ ਦੇ ਨਾਲ ਜੁੜੇ ਹੋਏ ਹਨ ਤੇ ਉਹ ਮਨ ਦੇ ਸੱਚੇ ਵਿਚਾਰਾਂ ਦੁਆਰਾ ਹੀ ਵਿਚਰਦੇ ਹਨ। ਪ੍ਰਮਾਤਮਾ ਦੀ ਭਗਤੀ ਮਨ ਦੇ ਇਹਨਾਂ ਸੱਚੇ ਵਿਚਾਰਾਂ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ ਕਿਉਂਕਿ ਸਾਡੀ ਸੰਸਾਰਿਕ ਵਿਚਰਨ ਹੀ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੈ। ਸਾਡੀ ਚੰਗੀ ਵਿਚਰਨ ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਹੀ ਹੋ ਸਕਦੀ ਹੈ, ਸੱਚ ਤੇ ਚੱਲਣ ਦੁਆਰਾ ਹੀ ਹੋ ਸਕਦੀ ਹੈ। ਕੱਚੇ ਧਾਗੇ ਨਾਲ ਜੁੜ ਕੇ ਨਾ ਸਾਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਤੇ ਨਾ ਹੀ ਉਸ ਪ੍ਰਮਾਤਮਾ ਦੀ ਅਸੀਂ ਸੱਚੀ ਭਗਤੀ ਕਰ ਸਕਦੇ ਹਾਂ। ਸਾਡੀ ਸੱਚੀ ਸੁੱਚੀ ਕਿਰਤ ਤਾਂ ਹੀ ਹੋ ਸਕਦੀ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ ਤਾਂ ਹੀ ਹੋ ਸਕਦੀ ਹੈ ਜੇਕਰ ਸਾਡੇ ਅੰਦਰ ਇਸ ਗੱਲ ਦੀ ਦ੍ਰਿੜਤਾ ਹੈ ਕਿ ਇਹ ਕੁਝ ਕਰਨਾ ਹੀ ਸਾਡੀ ਭਗਤੀ ਹੈ। ਇਸ ਗੱਲ ਦੀ ਸੋਝੀ ਉਸ ਬ੍ਰਹਮ ਗਿਆਨ ਰੂਪ ਧਾਗੇ ਦੇ ਨਾਲ ਜੁੜ ਕੇ ਹੀ ਪੈਂਦੀ ਹੈ। ਜਦ ਤੱਕ ਅਸੀਂ ਉਸ ਸੱਚੇ ਧਾਗੇ ਤੋਂ ਟੁੱਟੇ ਹੁੰਦੇ ਹਾਂ, ਸੱਚ ਤੋਂ ਟੁੱਟੇ ਹੁੰਦੇ ਹਾਂ, ਸੱਚੀ ਮਤਿ ਤੋਂ ਟੁੱਟੇ ਹੁੰਦੇ ਹਾਂ ਉਸ ਦੁਆਰਾ ਸਾਡੀ ਭਗਤੀ ਵਿੱਚ ਵਿਘਨ ਪੈਂਦੀ ਹੈ ਭਾਵ ਜੋ ਕੁੱਝ ਅਸੀਂ ਚੰਗੇ ਕਰਮ ਕਰਦੇ ਹਾਂ ਉਸ ਵਿੱਚ ਪ੍ਰਮਾਤਮਾ ਦੀ ਭਗਤੀ ਹੈ ਤੇ ਸਾਡੇ ਮੰਦੇ ਕਰਮ ਉਸ ਵਿੱਚ ਵਿਘਨ ਪਾਉਂਦੇ ਹਨ। ਸੱਚੇ ਧਾਗੇ ਨਾਲੋਂ ਟੁੱਟਣਾ ਸਾਡੇ ਅੰਦਰ ਵਿਘਨ ਪੈਦਾ ਕਰਦਾ ਹੈ। ਪ੍ਰਮਾਤਮਾ ਦੀ ਭਗਤੀ, ਉਸਦੀ ਸੱਚੀ ਭਗਤੀ ਹਰ ਵੇਲੇ ਉਸ ਦੇ ਵਿਚਾਰਾਂ ਦੇ ਨਾਲ ਜੁੜੇ ਰਹਿਣ ਦੁਆਰਾ ਹੀ ਹੁੰਦੀ ਹੈ। ਆਓ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਦੁਆਰਾ ਸਮਝੀਏ।

ਗੂਜਰੀ ਘਰੁ ੩॥

"ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥੧॥
ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ॥੧॥ਰਹਾਉ॥
ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥੨॥
ਓਛੀ ਮਤਿ ਮੇਰੀ ਜਾਤਿ ਜੁਲਾਹਾ॥ ਹਰਿ ਕਾ ਨਾਮੁ ਲਹਿਓ ਮੈ ਲਾਹਾ॥੩॥
ਕਹਤ ਕਬੀਰ ਸੁਨਹੁ ਮੇਰੀ ਮਾਈ॥ ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥੪॥੨॥"

(ਅੰਗ ੫੨੪)

23/2514

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਭਗਤ ਕਬੀਰ ਜੀ ਨੇ ਆਪਣੇ ਜੀਵਨ ਦਾ ਹਵਾਲਾ ਦੇ ਕੇ ਨਾਮ ਜਪਣ ਵਾਲਿਆਂ ਦੀ ਬਿਰਤੀ ਸਮਝਾਈ ਹੋਈ ਹੈ ਕਿ ਉਹਨਾਂ ਵਿੱਚ ਤੇ ਦੂਸਰਿਆਂ ਵਿੱਚ ਕੀ ਫਰਕ ਹੈ। ਜਿਸ ਦੇ ਅੰਦਰ ਨਾਮ ਦੀ ਸੋਝੀ ਹੈ ਉਹ ਫਿਰ ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ ਤੇ ਉਤਨੇ ਨਾਲ ਹੀ ਸੰਤੁਸ਼ਟ ਰਹਿੰਦਾ ਹੈ ਜੋ ਕੁੱਝ ਉਸਨੂੰ ਸੱਚ ਤੇ ਚੱਲਣ ਦੁਆਰਾ ਪ੍ਰਾਪਤ ਹੁੰਦਾ ਹੈ, ਸੱਚੀ ਸੁੱਚੀ ਕਿਰਤ ਦੁਆਰਾ ਪ੍ਰਾਪਤ ਹੁੰਦਾ ਹੈ। ਪਰਿਵਾਰ ਵਿੱਚ ਰਹਿਣ ਵਾਲੇ ਜ਼ਿਆਦਾ ਮਾਇਆ ਦੀ ਪ੍ਰਾਪਤੀ ਚਾਹੁੰਦੇ ਹਨ ਕਿਉਂਕਿ ਉਹਨਾਂ ਦੇ ਕੋਲ ਨਾਮ ਵਾਲੀ ਸੋਝੀ ਨਹੀਂ ਹੈ ਤੇ ਉਹ ਮਾਇਆ ਦੀ ਘਾਟ ਕਰਕੇ ਆਪਣੀ ਪਰੇਸ਼ਾਨੀ ਦਿਖਾਉਂਦੇ ਹਨ। **(ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥੧॥)**

ਜਦ ਤੱਕ ਸਾਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਤਦ ਤੱਕ ਸਾਡੇ ਅੰਦਰ ਦੇ ਵਿਚਾਰ ਮਾਇਆ ਮੋਹ ਵਾਲੇ ਹੁੰਦੇ ਹਨ ਤੇ ਮਾਇਆ ਦੀ ਪ੍ਰਾਪਤੀ ਲਈ ਸਾਡੇ ਮਨ ਦੇ ਅੰਦਰ ਵਿਚਾਰਾਂ ਦਾ ਤਾਣਾ ਬਾਣਾ ਚੱਲਦਾ ਰਹਿੰਦਾ ਹੈ ਕਿ ਜਿਆਦਾ ਤੋਂ ਜਿਆਦਾ ਮਾਇਆ ਕਿਸ ਤਰੀਕੇ ਕਮਾਈ ਜਾਏ। ਨਾਮ ਦੀ ਪ੍ਰਾਪਤੀ ਤੋਂ ਬਾਅਦ ਮਨੁੱਖ ਨੂੰ ਮਨ ਦੇ ਵਿੱਚ ਸੱਚੀ ਸੋਝੀ ਹੀ ਪੈਂਦੀ ਹੈ ਕਿ ਸਾਡੇ ਅੰਦਰ ਇਹ ਵਿਚਾਰ ਕਿੱਥੋਂ ਆਉਂਦੇ ਹਨ, ਸਾਡੇ ਅੰਦਰ ਇਹ ਮਾਇਆ ਮੋਹ ਕਿਵੇਂ ਪੈਂਦਾ ਹੈ। ਨਾਮ ਦੀ ਪ੍ਰਾਪਤੀ ਤੋਂ ਬਾਅਦ ਫਿਰ ਵਿਚਾਰਾਂ ਦਾ ਤਾਣਾ ਬਾਣਾ ਮਾਇਆ ਮੋਹ ਵਾਲਾ ਨਹੀਂ ਰਹਿੰਦਾ ਤੇ ਮਨੁੱਖ ਉਹੀ ਕੁੱਝ ਕਰਦਾ ਹੈ ਜਿਤਨਾ ਕੁ ਸੱਚ ਤੇ ਚੱਲ ਕੇ ਕੀਤਾ ਜਾ ਸਕਦਾ ਹੈ ਕਿਉਂਕਿ ਸਾਡੇ ਅੰਦਰ ਸਭ ਕੁੱਝ ਕਰਵਾਉਣ ਵਾਲਾ ਉਹ ਆਪ ਹੀ ਹੈ ਤੇ ਜਿਵੇਂ ਉਹ ਆਪਣੇ ਸੱਚ ਤੇ ਚਲਾਉਂਦਾ ਹੈ ਮਨੁੱਖ ਉਸੇ ਤਰ੍ਹਾਂ ਉਸਦੀ ਰਜ਼ਾ ਵਿੱਚ ਹੀ ਚੱਲਦਾ ਹੈ ਤੇ ਵਿਅਰਥ ਹੀ ਮਾਇਆ ਪਿੱਛੇ ਨਹੀਂ ਦੌੜਦਾ। **(ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ॥੧॥ਰਹਾਉ॥)**

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਮਨ ਦੇ ਵਿਚਾਰਾਂ ਦਾ ਤਨਨਾ ਬੁਨਨਾ ਸਮਝਾਇਆ ਹੋਇਆ ਹੈ। ਭਗਤ ਕਬੀਰ ਜੀ ਨੇ ਤਾਂ ਆਪਣੀ ਕਿਰਤ ਦੁਆਰਾ ਸਾਰੀ ਜ਼ਿੰਦਗੀ ਧਾਗੇ ਦਾ ਤਨਨਾ ਬੁਨਨਾ ਕੀਤਾ ਹੀ ਹੈ ਭਾਵ ਉਹਨਾਂ ਨੇ ਕੋਈ ਆਪਣੀ ਕਿਰਤ ਕਰਨੀ ਨਹੀਂ ਛੱਡੀ ਸੀ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥੨॥”

“ਤਾਗਾ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪਣੇ ਇਸ ਧਾਗੇ ਦੁਆਰਾ ਹੀ ਵਿਚਰਦਾ ਹੈ।

{ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ॥

ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ॥੨॥੧੬॥੪੭॥}

(ਅੰਗ ੬੮੨)

23/2515

{ਜਿਉ ਤਾਗਾ ਜਗੁ ਏਵੈ ਜਾਣਹੁ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ॥੧੨॥}

(ਅੰਗ ੮੪੦)

{ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ॥}

(ਅੰਗ ੩੩੪)

ਸਾਡੇ ਸਭ ਦੇ ਅੰਦਰ ਇਹ ਧਾਗਾ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਇਸ ਮਨ ਦੇ ਧਾਗੇ ਦੁਆਰਾ ਹੀ ਹੁੰਦਾ ਹੈ ਤੇ ਪ੍ਰਮਾਤਮਾ ਨੇ ਆਪ ਹੀ ਸਾਨੂੰ ਸਭ ਨੂੰ ਆਪਣੇ ਸੱਚੇ ਧਾਗੇ ਨਾਲੋਂ ਤੋੜ ਕੇ ਕੱਚੇ ਧਾਗੇ ਵਿੱਚ

ਰੱਖਿਆ ਹੋਇਆ ਹੈ, ਕੱਚੀ ਮਤਿ ਵਿੱਚ ਰੱਖਿਆ ਹੋਇਆ ਹੈ।

{ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ॥ ਬਿਲਮੁ ਨ ਤੂਟਸਿ ਕਾਚੈ ਤਾਗੈ॥}

(ਅੰਗ ੮੪੦)

ਸੱਚੇ ਵਿਚਾਰਾਂ ਨਾਲੋਂ ਜਦੋਂ ਇਹ ਮਨ ਦਾ ਧਾਗਾ ਟੁੱਟ ਜਾਂਦਾ ਹੈ ਤਾਂ ਫਿਰ ਮਨੁੱਖ ਸੱਚ ਤੇ ਨਹੀਂ ਚੱਲ ਸਕਦਾ। ਅਸੀਂ ਹਰ ਰੋਜ਼ ਅਨੇਕਾਂ ਕਰਮ ਕਰਦੇ ਹਾਂ। ਅਸੀਂ ਸੱਚ ਦੁਆਰਾ ਵੀ ਵਿਚਰਦੇ ਹਾਂ ਤੇ ਝੂਠ ਦੁਆਰਾ ਵੀ ਵਿਚਰਦੇ ਹਾਂ। ਜਦੋਂ ਅਸੀਂ ਸੱਚ ਨੂੰ ਛੱਡ ਕੇ ਝੂਠ ਦਾ ਆਸਰਾ ਲੈਂਦੇ ਹਾਂ ਉਸ ਵਿੱਚ ਮਾਇਆ ਮੋਹ ਹੁੰਦਾ ਹੈ, ਸਾਡੀ ਤ੍ਰਿਸ਼ਨਾ ਹੁੰਦੀ ਹੈ। ਜਿਹੜਾ ਕਰਮ ਅਸੀਂ ਸੱਚ ਦੇ ਧਾਗੇ ਨਾਲੋਂ ਟੁੱਟ ਕੇ ਕਰਦੇ ਹਾਂ ਉਸ ਵਿੱਚ ਸਾਡਾ ਸੱਚ ਨਾਲੋਂ ਪਿਆਰ ਟੁੱਟ ਜਾਂਦਾ ਹੈ, ਨਾਮ ਨਾਲੋਂ ਪਿਆਰ ਟੁੱਟ ਜਾਂਦਾ ਹੈ, ਗੁਰੂ ਦੀ ਮਤਿ ਨਾਲੋਂ ਪਿਆਰ ਟੁੱਟ ਜਾਂਦਾ ਹੈ, ਰਾਮ ਨਾਲੋਂ, ਅੱਲ੍ਹਾ ਨਾਲੋਂ, ਵਾਹਿਗੁਰੂ ਨਾਲੋਂ ਪਿਆਰ ਟੁੱਟ ਜਾਂਦਾ ਹੈ। ਭਗਤ ਕਬੀਰ ਜੀ ਸਾਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਮੈਂ ਸੱਚ ਦੇ ਧਾਗੇ ਨਾਲੋਂ ਨਹੀਂ ਟੁੱਟ ਸਕਦਾ ਕਿਉਂਕਿ ਮੇਰਾ ਪਿਆਰ ਉਸ ਸੱਚ ਰੂਪ ਪ੍ਰਮਾਤਮਾ ਦੇ ਨਾਲ, ਰਾਮ ਦੇ ਨਾਲ ਜੁੜਿਆ ਹੋਇਆ ਹੈ ਕਿਉਂਕਿ ਮੇਰੇ ਸਰੀਰ ਦੇ ਉੱਤੇ ਭਾਵ ਮਨ ਦੇ ਅੰਦਰ ਪ੍ਰਮਾਤਮਾ ਦਾ ਨਾਮ ਲਿਖਿਆ ਹੋਇਆ ਹੈ, ਮੈਨੂੰ ਗੁਰਮਤਿ ਦੀ ਸੱਚੀ ਸੋਝੀ ਮਿਲੀ ਹੋਈ ਹੈ। **(ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥੨॥)** ਪ੍ਰਮਾਣ ਸਾਨੂੰ ਸਰਗੁਣ ਰੂਪ ਦਾ ਦਿੱਤਾ ਹੁੰਦਾ ਹੈ ਤੇ ਗੱਲ ਅਸਲ ਵਿੱਚ ਮਨ ਦੀ ਸਮਝਾਈ ਹੁੰਦੀ ਹੈ। ਬੇਹੀ ਦੇ ਵਿੱਚ ਧਾਗਾ ਪਾਉਣਾ ਤਾਂ ਜੁਲਾਹੇ ਦੀ ਕਿਰਤ ਦਾ ਹਿੱਸਾ ਹੈ ਜਿਸ ਨੂੰ ਹਰ ਕੋਈ ਪਾਉਂਦਾ ਹੀ ਹੈ ਤੇ ਭਗਤ ਕਬੀਰ ਜੀ ਆਪ ਵੀ ਪਾਉਂਦੇ ਰਹੇ ਹਨ ਤੇ ਉਹਨਾਂ ਦਾ ਸਨੇਹ ਤਾਂ ਪ੍ਰਮਾਤਮਾ ਨਾਲ ਸਦਾ ਹੀ ਜੁੜਿਆ ਹੋਇਆ ਹੈ ਜੋ ਨਾ ਕਦੇ ਟੁੱਟਿਆ ਹੈ ਤੇ ਨਾ ਹੀ ਕਦੇ ਟੁੱਟ ਸਕਦਾ ਹੈ। ਜਿਸ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਸਦਾ ਲਈ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ, ਉਸਦੇ ਸੱਚੇ ਗਿਆਨ ਦੇ ਵਿੱਚ ਸਮਾਅ ਜਾਂਦਾ ਹੈ ਜੋ ਸਦਾ ਹੀ ਥਿਰ ਰਹਿਣ ਵਾਲਾ ਹੈ।

ਸੰਸਾਰ ਦੇ ਵਿੱਚ ਰਹਿੰਦੇ ਹੋਏ ਸਾਨੂੰ ਜੋ ਸ਼ੋਭਾ ਮਿਲਦੀ ਹੈ ਉਹ ਉੱਚੀ ਜਾਤ ਦੁਆਰਾ ਮਿਲਦੀ ਹੈ, ਮਾਇਆ ਦੇ ਲਾਭ ਦੁਆਰਾ ਮਿਲਦੀ ਹੈ ਤੇ ਇਹੀ ਕੁੱਝ ਸਭ ਨੂੰ ਭਾਉਂਦਾ ਹੈ ਪਰ ਪ੍ਰਮਾਤਮਾ ਨੂੰ ਸਾਡਾ ਕਿਹੋ ਜਿਹਾ ਰੂਪ ਭਾਉਂਦਾ ਹੈ

23/2516

ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਓਛੀ ਮਤਿ ਮੇਰੀ ਜਾਤਿ ਜੁਲਾਹਾ॥ ਹਰਿ ਕਾ ਨਾਮੁ ਲਹਿਓ ਮੈ ਲਾਹਾ॥੩॥”

ਸੰਸਾਰ ਜਾਤਿ ਪਾਤਿ ਨੂੰ ਦੇਖਦਾ ਹੈ ਤੇ ਛੋਟੀ ਜਾਤਿ ਵਾਲਿਆਂ ਨੂੰ ਓਛੀ ਮਤਿ ਵਾਲਾ ਸਮਝਦੇ ਹਨ, ਨੀਵੀਂ ਮਤਿ ਵਾਲਾ ਸਮਝਦੇ ਹਨ ਤੇ ਉਹਨਾਂ ਨੂੰ ਇਸੇ ਲਈ ਇੱਥੇ ਸ਼ੋਭਾ ਨਹੀਂ ਮਿਲਦੀ ਪਰ ਸੰਸਾਰ ਨੂੰ ਇਸ ਗੱਲ ਦੀ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਦੇ ਦਰ ਤੋਂ ਸ਼ੋਭਾ ਕਿਸ ਗੱਲ ਦੀ ਮਿਲਦੀ ਹੈ, ਲਾਭ ਕਿਸ ਗੱਲ ਵਿੱਚ ਮਿਲਦਾ ਹੈ। ਸੰਸਾਰ ਮਾਇਆ ਦੇ ਲਾਭ ਨੂੰ ਆਪਣਾ ਲਾਭ ਸਮਝਦਾ ਹੈ ਪਰ ਅਸਲ ਵਿੱਚ ਲਾਭ ਕੀ ਹੈ ਇਸ ਗੱਲ ਦੀ ਉਹਨਾਂ ਨੂੰ ਸਮਝ ਨਹੀਂ ਹੈ। ਪ੍ਰਮਾਤਮਾ ਦੇ ਦਰ ਤੋਂ ਲਾਭ ਨਾਮ ਦੀ ਪ੍ਰਾਪਤੀ ਦੁਆਰਾ ਹੁੰਦਾ ਹੈ, ਸੱਚੀ ਮਤਿ ਦੀ ਸੋਝੀ ਪੈਣ ਦੁਆਰਾ ਹੁੰਦਾ ਹੈ ਜਿਸ ਦੁਆਰਾ ਮਨੁੱਖ ਕੇਵਲ ਸੱਚ ਦੁਆਰਾ ਹੀ ਵਿਚਰਦਾ ਹੈ, ਮਾਇਆ ਮੋਹ ਛੱਡ ਕੇ ਵਿਚਰਦਾ ਹੈ। ਜੋ ਜੋ ਕਰਮ ਅਸੀਂ ਸੱਚ ਦੁਆਰਾ ਕਰਦੇ ਹਾਂ ਉਸ ਵਿੱਚ ਲਾਹਾ ਹੈ ਭਾਵ ਲਾਭ ਹੈ। ਸਾਨੂੰ ਅਸਲ ਲਾਭ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੁੰਦੀ ਹੈ ਜਿਸ ਨੂੰ ਪ੍ਰਾਪਤ ਕਰਨ ਦਾ ਸਾਧਨ ਸਾਡੇ ਸੱਚੇ ਸੁੱਚੇ ਕਰਮ ਹਨ, ਸਾਡੀ ਸੱਚ ਦੁਆਰਾ ਵਿਚਰਨ ਹੈ। ਪ੍ਰਮਾਤਮਾ ਨੂੰ ਕੇਵਲ ਸਾਡਾ ਸੱਚ ਤੇ ਚੱਲਣਾ ਹੀ ਭਾਉਂਦਾ ਹੈ। **(ਓਛੀ ਮਤਿ ਮੇਰੀ ਜਾਤਿ ਜੁਲਾਹਾ॥ ਹਰਿ ਕਾ ਨਾਮੁ ਲਹਿਓ ਮੈ ਲਾਹਾ॥੩॥)**

ਜਿਸ ਨੂੰ ਨਾਮ ਰੂਪ ਲਾਹੇ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਜਿਸ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਫਿਰ ਸੱਚ ਤੋਂ ਬਾਹਰ ਨਹੀਂ ਚੱਲ ਸਕਦਾ, ਮਾਇਆ ਮੋਹ ਵਿੱਚ ਨਹੀਂ ਫਸਦਾ, ਤ੍ਰਿਸ਼ਨਾ ਵਿੱਚ ਆ ਕੇ ਮਾੜੇ ਢੰਗ ਨਾਲ ਮਾਇਆ ਨਹੀਂ ਕਮਾਉਂਦਾ, ਪਰਿਵਾਰ ਨੂੰ ਖੁਸ਼ ਰੱਖਣ ਲਈ ਮਾਇਆ ਮੋਹ ਦਾ ਆਸਰਾ ਨਹੀਂ ਲੈਂਦਾ। ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸੰਸਾਰ ਝੂਠੇ ਮਾਇਆ ਮੋਹ ਵਿੱਚ ਪੈ ਕੇ ਸੱਚ ਤੋਂ ਵਿਛੁੜਿਆ ਹੋਇਆ ਹੈ। ਉਸਨੂੰ ਸਮਝ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਉਸਨੂੰ ਸਭ ਦੀ ਪਾਲਣਾ ਦਾ ਆਪ ਹੀ ਫਿਕਰ ਹੈ। ਜਿਸਨੂੰ ਉਸਨੇ ਜਿਸ ਤਰੀਕੇ ਨਾਲ ਰੱਖਣਾ ਹੈ ਇਹ ਉਸਦੀ

ਆਪਣੀ ਰਜ਼ਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਦੁਆਰਾ ਉਹ ਆਪਣੇ ਪਰਿਵਾਰ ਨੂੰ ਸੰਬੋਧਨ ਕਰਨ ਦੁਆਰਾ ਸਾਨੂੰ ਸਭ ਨੂੰ ਭਰਮ ਵਿੱਚੋਂ ਕੱਢ ਰਹੇ ਹਨ। **(ਕਹਤ ਕਬੀਰ ਸੁਨਹੁ ਮੇਰੀ ਮਾਈ॥ ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥੪॥੨॥)**

ਪ੍ਰਮਾਤਮਾ ਦੀ ਭਗਤੀ ਦੀ ਸੋਝੀ ਉਸਨੂੰ ਹੀ ਪੈਂਦੀ ਹੈ ਜੋ ਉਸਦੇ ਨਿਰਗੁਣ ਰੂਪ ਧਾਗੇ ਦੇ ਨਾਲ ਜੁੜ ਜਾਂਦਾ ਹੈ। ਗੁਰੂ ਦੀ ਮਤਿ ਨਿਰਗੁਣ ਰੂਪ ਵਿੱਚ ਹੀ ਹੈ ਜੋ

23/2517

ਪ੍ਰਮਾਤਮਾ ਦਾ ਸੱਚਾ ਧਾਗਾ ਹੈ। ਜੇਕਰ ਅਸੀਂ ਆਪਣੇ ਜੀਵਨ ਨੂੰ ਸਫ਼ਲ ਕਰਨਾ ਹੈ ਤਾਂ ਫਿਰ ਅਸੀਂ ਮਨਮਤਿ ਰੂਪ ਕੱਚੇ ਧਾਗੇ ਵਿੱਚੋਂ ਨਿਕਲ ਕੇ ਗੁਰਮਤਿ ਰੂਪ ਸੱਚੇ ਧਾਗੇ ਦੇ ਨਾਲ ਜੁੜਨ ਦਾ ਉੱਦਮ ਕਰਨਾ ਹੈ। ਇਸ ਸੱਚੇ ਧਾਗੇ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਜੇਕਰ ਅਸੀਂ ਕੱਚੀ ਮਤਿ ਵਾਲਿਆਂ ਨਾਲੋਂ ਆਪਣਾ ਮੋਹ ਤੋੜਾਂਗੇ। ਅਸੀਂ ਸਰਗੁਣ ਰੂਪ ਸਰੀਰਾਂ ਨੂੰ ਉੱਚਾ ਮੰਨ ਕੇ ਉਹਨਾਂ ਦੇ ਨਾਲ ਮੋਹ ਪਾਇਆ ਹੋਇਆ ਹੈ ਜਿੰਨ੍ਹਾਂ ਦੀ ਮਤਿ ਗੁਰੂ ਦੀ ਮਤਿ ਨਾਲ ਮੇਲ ਨਹੀਂ ਖਾਂਦੀ। ਉੱਚਾ ਸਰਗੁਣ ਰੂਪ ਨਹੀਂ ਹੈ, ਉੱਚਾ ਨਿਰਗੁਣ ਰੂਪ ਹੈ ਜਿਸ ਨਾਲ ਜੁੜ ਕੇ ਅਸੀਂ ਆਪਣੇ ਜੀਵਨ ਨੂੰ ਸਫ਼ਲ ਕਰ ਸਕਦੇ ਹਾਂ। ਸੱਚੇ ਧਾਗੇ ਦੇ ਨਾਲ ਉਹੀ ਜੁੜਦਾ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਗੁਰਬਾਣੀ ਦਾ ਮੇਲ ਪ੍ਰਮਾਤਮਾ ਦੇ ਨਾਲ ਹੋਇਆ ਹੋਇਆ ਹੈ ਤੇ ਇਸ ਲਈ ਉਸ ਵਿੱਚ ਪੂਰਨ ਸੱਚ ਦਾ ਧਾਗਾ ਹੈ।ਕੇਵਲ ਇਹ ਪੂਰਨ ਸੱਚ ਦਾ ਧਾਗਾ ਹੀ ਬਿਨਸਨ ਤੋਂ ਪਰੇ ਹੈ ਜਿਵੇਂ ਕਿ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਸੱਚੇ ਗਿਆਨ ਤੋਂ ਬਿਨ੍ਹਾਂ ਸਭ ਕੁੱਝ ਬਿਨਸਨਹਾਰ ਹੈ, ਸੱਚ ਤੋਂ ਬਿਨ੍ਹਾਂ ਸਭ ਕੁੱਝ ਬਿਨਸਨਹਾਰ ਹੈ।ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਸਦਾ ਥਿਰ ਰਹਿਣ ਵਾਲਾ ਹੈ ਜੋ ਕਦੇ ਬਿਨਸ ਨਹੀਂ ਸਕਦਾ। ਆਓ ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝੀਏ ਤੇ ਪ੍ਰਮਾਤਮਾ ਦੇ ਨਿਰਗੁਣ ਰੂਪ ਦੇ ਨਾਲ ਜੁੜਨ ਦਾ ਉੱਦਮ ਕਰੀਏ ਜੋ ਕਦੇ ਬਿਨਸ ਨਹੀਂ ਸਕਦਾ ਤੇ ਸਰੀਰਾਂ ਦੇ ਮੋਹ ਵਿੱਚੋਂ ਨਿਕਲੀਏ ਜਿੰਨ੍ਹਾਂ ਨੂੰ ਅਸੀਂ ਉੱਚਾ ਕਰਕੇ ਮੰਨਿਆ ਹੋਇਆ ਹੈ ਭਾਵ ਜਿੰਨ੍ਹਾਂ ਨੂੰ ਸੱਚ ਦੀ ਸੋਝੀ ਨਹੀਂ ਪਈ ਹੈ, ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਜੋਗ ਨਹੀਂ ਹੋਇਆ ਹੈ।

“ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥
ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥੪੫॥
ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ॥
ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ॥੪੬॥
ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ॥
ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥੪੭॥”

(ਅੰਗ ੧੩੬੬)

ਜਿਤਨਾ ਕੋਈ ਧਰਮ ਗ੍ਰੰਥਾਂ ਦਾ ਜਿਆਦਾ ਪੜਿਆ ਹੋਇਆ ਹੁੰਦਾ ਹੈ ਉਸਨੂੰ ਉਤਨੀ ਹੀ ਸ਼ੋਭਾ ਮਿਲਦੀ ਹੈ ਤੇ ਦੁਨੀਆਂ ਉਹਨਾਂ ਦੇ ਪਿੱਛੇ ਲੱਗਦੀ ਹੈ, ਉਹਨਾਂ ਨੂੰ ਭਲੇ ਮਨੁੱਖ, ਚੰਗੇ ਮਨੁੱਖ ਸਮਝਿਆ ਜਾਂਦਾ ਹੈ, ਉੱਚੇ ਗਿਆਨ ਵਾਲੇ ਸਮਝਿਆ ਜਾਂਦਾ ਹੈ। ਕੇਵਲ ਧਰਮ ਗ੍ਰੰਥਾਂ ਨੂੰ ਪੜ੍ਹਨ ਦੁਆਰਾ ਕੋਈ ਗਿਆਨੀ ਨਹੀਂ ਬਣ ਸਕਦਾ ਭਾਵ ਉਸਦੇ ਅੰਦਰ ਉਹ ਗਿਆਨ ਨਹੀਂ ਆ ਸਕਦਾ ਜੋ ਗਿਆਨ ਪ੍ਰਮਾਤਮਾ ਦੇ ਭਗਤਾਂ ਦੇ ਕੋਲ ਹੁੰਦਾ ਹੈ ਕਿਉਂਕਿ ਉਹਨਾਂ ਨੂੰ ਉਸ ਗਿਆਨ ਦੇ ਮਨੋਰਥ ਦੀ ਸਮਝ ਹੁੰਦੀ ਹੈ ਕਿ ਗਿਆਨ ਲੈਣ ਦਾ ਅਸਲ

23/2518

ਭਾਵ ਕੀ ਹੈ। ਭਗਤਾਂ ਦੇ ਅੰਦਰ ਗਿਆਨ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੈ ਜੋ ਆਪਣੇ ਗਿਆਨ ਦੇ ਸਹੀ ਮਨੋਰਥ ਦੀ ਸੋਝੀ ਵੀ ਆਪ ਹੀ ਪਾਉਂਦਾ ਹੈ ਤੇ ਉਸ ਦੇ ਉੱਤੇ ਚੱਲਣ ਦੀ ਦ੍ਰਿੜਤਾ ਵੀ ਆਪ ਹੀ ਦਿੰਦਾ ਹੈ। ਪ੍ਰਮਾਤਮਾ ਕੋਲੋਂ ਉਸ ਦਾ ਗਿਆਨ

ਉਸ ਨੂੰ ਹੀ ਮਿਲਦਾ ਹੈ ਜਿਸ ਦੇ ਨਾਲ ਉਸਦਾ "ਜੋਗੁ" ਹੋ ਜਾਂਦਾ ਹੈ, ਮੇਲ ਹੋ ਜਾਂਦਾ ਹੈ। ਇਹ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਮਨ ਦੇ ਵਿੱਚ ਹੀ ਸਾਨੂੰ ਗਿਆਨ ਮਿਲਦਾ ਹੈ। ਸੰਸਾਰੀ ਮਨੁੱਖ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਉਸ ਦੇ ਭਗਤਾਂ ਕੋਲ ਗਿਆਨ ਕਿੱਥੋਂ ਆਉਂਦਾ ਹੈ ਕਿਉਂਕਿ ਉਹਨਾਂ ਕੋਲ ਇਹ ਗਿਆਨ ਧਰਮ ਗ੍ਰੰਥਾਂ ਨੂੰ ਬਿਨ੍ਹਾਂ ਪੜ੍ਹਨ ਤੋਂ ਹੀ ਆ ਜਾਂਦਾ ਹੈ ਜਿਸਨੂੰ ਕਿ ਸੰਸਾਰੀ ਮਨੁੱਖ ਕਬੂਲ ਨਹੀਂ ਕਰ ਸਕਦੇ। ਉਸਦੇ ਭਗਤ ਸਾਨੂੰ ਉਹੋ ਜਿਹੀਆਂ ਗੱਲਾਂ ਸਮਝਾਉਂਦੇ ਹਨ ਜੋ ਭਗਤੀ ਦੇ ਪ੍ਰਚਲਿਤ ਤਰੀਕਿਆਂ ਨਾਲੋਂ ਉਲਟ ਹੁੰਦੀਆਂ ਹਨ ਜਿੰਨ੍ਹਾਂ ਨੂੰ ਉਹ ਪਾਖੰਡ ਕਹਿ ਕੇ ਦੱਸਦੇ ਹਨ। ਇਹਨਾਂ ਗੱਲਾਂ ਕਰਕੇ ਲੋਕ ਉਹਨਾਂ ਦੀ ਨਿੰਦਾ ਵੀ ਕਰਦੇ ਹਨ ਕਿਉਂਕਿ ਲੋਕਾਂ ਨੂੰ ਸੱਚ ਦੀ ਸਮਝ ਨਹੀਂ ਹੁੰਦੀ। ਉਸਦੇ ਭਗਤਾਂ ਨੂੰ ਇਸ ਗੱਲ ਦੀ ਪਰਵਾਹ ਨਹੀਂ ਹੁੰਦੀ, ਚਿੰਤਾ ਨਹੀਂ ਹੁੰਦੀ ਕਿ ਦੁਨੀਆਂ ਉਹਨਾਂ ਦੇ ਬਾਰੇ ਕੀ ਕਹਿੰਦੀ ਹੈ। ਉਹਨਾਂ ਨੂੰ ਕੇਵਲ ਸੱਚ ਦੀ ਪਰਵਾਹ ਹੁੰਦੀ ਹੈ ਕਿਉਂਕਿ ਉਹ ਸੱਚ ਨੂੰ ਜਾਣਦੇ ਹਨ ਤੇ ਸੱਚ ਦੀ ਗੱਲ ਹੀ ਕਰਦੇ ਹਨ ਭਾਵੇਂ ਦੁਨੀਆਂ ਨੂੰ ਚੰਗੀ ਲੱਗੇ ਜਾਂ ਨਾ ਲੱਗੇ। ਉਹਨਾਂ ਨੂੰ ਸੱਚ ਸਮਝਾਉਣ ਵਾਲਾ ਆਪ ਸੱਚ ਦਾ ਮਾਲਕ ਪ੍ਰਮਾਤਮਾ ਹੈ ਪਰ ਦੁਨੀਆਂ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ। ਉਸਦੇ ਭਗਤ ਉਸ ਪ੍ਰਮਾਤਮਾ ਦੀ ਭਗਤੀ ਨਹੀਂ ਛੱਡ ਸਕਦੇ ਭਾਵ ਸੱਚ ਤੇ ਚੱਲਣਾ ਨਹੀਂ ਛੱਡ ਸਕਦੇ, ਸੱਚੀ ਗੱਲ ਕਰਨੀ ਨਹੀਂ ਛੱਡ ਸਕਦੇ ਕਿਉਂਕਿ ਸੱਚ ਤੇ ਚੱਲਣਾ ਹੀ ਪ੍ਰਮਾਤਮਾ ਦੀ ਭਗਤੀ ਹੈ। **(ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥ ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥੪੫॥)**

ਜਿਹੜੇ ਲੋਕ ਪ੍ਰਮਾਤਮਾ ਦੇ ਅਸਲ ਭਗਤਾਂ ਨੂੰ ਨਿੰਦਦੇ ਹਨ ਭਾਵ ਜਿੰਨ੍ਹਾਂ ਨੂੰ ਉਹਨਾਂ ਦੀ ਗੱਲ ਚੰਗੀ ਨਹੀਂ ਲੱਗਦੀ ਉਸ ਗੱਲ ਦਾ ਕਾਰਨ ਕੀ ਹੈ, ਵਜ੍ਹਾ ਕੀ ਹੈ ਇਹੀ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ।

"ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ॥
ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ॥੪੬॥"

ਸਾਰਾ ਫਰਕ ਮਨ ਦੀ ਸੋਝੀ ਦਾ ਹੀ ਹੈ। ਭਗਤਾਂ ਦੇ ਮਨ ਵਿੱਚ ਆਪ "ਗਿਆਨ" ਰੂਪ ਪ੍ਰਮਾਤਮਾ ਵੱਸਿਆ ਹੋਇਆ ਹੈ ਤੇ ਇਸੇ ਲਈ ਭਗਤਾਂ ਦਾ ਗਿਆਨ ਸੰਸਾਰ ਦਾ ਸਭ ਤੋਂ ਉੱਚਾ ਗਿਆਨ ਹੈ। ਪ੍ਰਮਾਤਮਾ ਦੇ ਭਗਤ ਜੋ ਸਾਨੂੰ ਵਿਚਾਰ ਦਿੰਦੇ ਹਨ, ਆਪਣੇ ਸ਼ਬਦਾਂ ਰਾਹੀਂ ਵਿਚਾਰ ਦਿੰਦੇ ਹਨ ਉਸ ਤੋਂ ਉੱਪਰ ਕੋਈ ਹੋਰ ਵਿਚਾਰ ਨਹੀਂ ਹੋ ਸਕਦੇ ਜੋ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਸਮਝਾ ਸਕਣ, ਧਰਮ ਦੀ ਸੱਚੀ ਸੋਝੀ ਪਾ ਸਕਣ।

23/2519

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥
ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

ਇਹ ਚੌਥੇ ਪਦ ਦੇ ਗਿਆਨ ਦਾ ਤੇ ਤ੍ਰੈਗੁਣਾਂ ਵਾਲੇ ਗਿਆਨ ਦਾ ਭੇਦ ਹੈ, ਫਰਕ ਹੈ।

ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਦੇ ਬਿਨ੍ਹਾਂ, ਪ੍ਰਮਾਤਮਾ ਦੇ ਨਾਲ ਨਿਰਗੁਣ ਰੂਪ ਵਿੱਚ ਜੋਗ ਹੋਏ ਬਿਨ੍ਹਾਂ, ਇਸ ਮਨ ਨੂੰ ਜਾਣੇ ਬਿਨ੍ਹਾਂ ਹਰ ਕੋਈ ਬਪੁੜਾ ਹੀ ਹੈ ਜਿਸ ਕਰਕੇ ਉਹਨਾਂ ਨੂੰ ਭਗਤਾਂ ਦੀ ਗੱਲ ਦੀ ਸਮਝ ਨਹੀਂ ਆਉਂਦੀ ਤੇ ਭਰਮ ਵਿੱਚ ਹੀ ਉਹਨਾਂ ਨੂੰ ਨਿੰਦਦੇ ਹਨ। ਜਿਸ ਦਾ ਪ੍ਰਮਾਤਮਾ ਦੇ ਨਾਲ ਜੋਗ ਹੋ ਜਾਂਦਾ ਹੈ ਉਹਨਾਂ ਦੇ ਅੰਦਰ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੁੰਦਾ ਹੈ ਇਸੇ ਲਈ ਉਹ ਮਨ ਦੇ ਗਿਆਨ ਰਾਹੀਂ ਇੱਕ ਹੋ ਜਾਂਦੇ ਹਨ ਤੇ ਉਸਦੇ ਭਗਤ ਫਿਰ ਭਗਤੀ ਦੇ ਉਹੋ ਜਿਹੇ ਕੰਮ ਨਹੀਂ ਕਰਦੇ, ਉਹੋ ਜਿਹੇ ਤਰੀਕੇ ਨਹੀਂ ਅਪਣਾਉਂਦੇ ਜੋ ਸੰਸਾਰੀ ਲੋਕ ਅਪਣਾਉਂਦੇ ਹਨ ਭਾਵ ਉਹ ਭਗਤੀ ਦੇ ਦਿਖਾਵਿਆਂ ਵਿੱਚ ਨਹੀਂ ਪੈਂਦੇ, ਸਰੀਰਕ ਜਪਾਂ ਤਪਾਂ ਆਦਿ ਵਿੱਚ ਨਹੀਂ ਪੈਂਦੇ ਤੇ ਇਹੀ ਕੁੱਝ ਦੂਸਰਿਆਂ ਨੂੰ ਸਮਝਾਉਂਦੇ ਹਨ ਕਿ ਇਹਨਾਂ ਨੂੰ ਤੱਜਣ ਦੀ ਲੋੜ ਹੈ ਤੇ ਕੇਵਲ ਸੱਚ ਤੇ ਚੱਲਣ ਦੀ ਲੋੜ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। **(ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ॥ ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ॥੪੬॥)**

ਪੂਰਨ ਸੱਚ ਦੀ ਸਮਝ ਪ੍ਰਮਾਤਮਾ ਦੇ ਭਗਤਾਂ ਨੂੰ ਹੀ ਪੈਂਦੀ ਹੈ ਤੇ ਉਹੀ ਸਾਨੂੰ ਇਹੋ ਜਿਹੀ ਗੱਲ ਕਹਿ ਸਕਦੇ ਹਨ ਜਿਸਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥
ਐਸੇ ਸੰਤ ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥੧॥ ਰਹਾਉ ॥
ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ॥੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ॥੩॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ॥੪॥੨॥}

(ਅੰਗ ੪੭੬)

{ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥੧॥
ਅਲਹ ਰਾਮ ਜੀਵਉ ਤੇਰੇ ਨਾਈ॥
ਤੂ ਕਰਿ ਮਿਹਰਾਮਤਿ ਸਾਈ॥੧॥ਰਹਾਉ॥
ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥੨॥
ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ॥
ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ॥੩॥
ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ॥
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ॥੪॥
ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ॥
ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥
ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ॥੬॥੨॥}

(ਅੰਗ ੧੩੪੯)

{ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥}

(ਅੰਗ ੯੭੫)

ਗਿਆਨੀ ਕੌਣ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਗਿਆਨੀ ਕੇਵਲ ਉਸਦੇ ਭਗਤ ਹਨ, ਗੁਰੂ

ਸਾਹਿਬਾਨ ਹਨ, ਭੱਟ ਸਾਹਿਬਾਨ ਹਨ ਭਾਵ ਉਹ ਹਨ ਜਿੱਥੇ "ਗਿਆਨੁ" ਰੂਪ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ। ਗਿਆਨੀ ਅਸਲ ਵਿੱਚ ਪ੍ਰਮਾਤਮਾ ਆਪ ਹੈ ਜੋ ਗਿਆਨ ਦਾ ਮਾਲਕ ਹੈ। ਗਿਆਨੀ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜੋ ਉਸਦੇ ਸੱਚੇ ਗਿਆਨ ਦੇ ਨਾਲ ਜੁੜ

23/2520

ਜਾਂਦਾ ਹੈ ਉਸਨੂੰ ਹੀ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਤੇ ਸੰਸਾਰ ਨੂੰ ਇਹ ਗੱਲ ਕਹਿ ਸਕਦਾ ਹੈ ਜਿਵੇਂ ਕਿ ਪਿਛਲੇ ਸ਼ਬਦਾਂ ਦੁਆਰਾ ਉਹਨਾਂ ਨੇ ਆਪਣੇ ਵਿਚਾਰ ਦਿੱਤੇ ਹੋਏ ਹਨ। ਸੰਸਾਰ ਜਿੰਨ੍ਹਾਂ ਨੂੰ ਸੰਤ ਸਮਝਦਾ ਹੈ ਉਹਨਾਂ ਦੀਆਂ ਨਜ਼ਰਾਂ ਵਿੱਚ ਉਹ ਠੱਗ ਹਨ ਤੇ ਇਸ ਗੱਲ ਨੂੰ ਲੋਕ ਸਮਝ ਨਹੀਂ ਸਕਦੇ ਪਰ ਇਹ ਸੱਚ ਹੈ। ਗੁਰਬਾਣੀ ਰਾਹੀਂ ਸਾਨੂੰ ਜੋ ਵੀ ਸਝਾਇਆ ਗਿਆ ਹੈ ਉਹ ਪੂਰਨ ਸੱਚ ਹੈ। ਇਸ ਗੱਲ ਦੀ ਤਸੱਲੀ ਉਸ ਸੱਚ ਰੂਪ ਪ੍ਰਮਾਤਮਾ ਦੇ ਨਾਲ "ਜੋਗੁ" ਹੋਣ ਤੇ ਹੀ ਪੈਂਦੀ ਹੈ ਤੇ ਸੱਚ ਦੀ ਸਹੀ ਸੋਝੀ ਨਾ ਹੁੰਦੇ ਹੋਏ ਅਸੀਂ ਉਲਟਾ ਉਸਦੇ ਭਗਤਾਂ ਨੂੰ ਵੀ ਨਿੰਦਿਆ ਹੈ ਜਿੰਨ੍ਹਾਂ ਨੇ ਸਾਨੂੰ ਸੱਚ ਸਮਝਾਇਆ ਹੈ।

ਸੱਚ ਦੀ ਸੋਝੀ ਨਾ ਹੋਏ ਬਿਨ੍ਹਾਂ ਅਸੀਂ ਉਹਨਾਂ ਨੂੰ ਉੱਚਾ ਮੰਨ ਲੈਂਦੇ ਹਾਂ ਜਿੰਨ੍ਹਾਂ ਦੀ ਗੱਲ ਭਾਵੇਂ ਭਗਤਾਂ ਦੀ ਗੱਲ ਨਾਲ ਮੇਲ ਨਹੀਂ ਖਾਂਦੀ, ਜਿੰਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਹੈ। ਪ੍ਰਮਾਤਮਾ ਦੇ ਦੇਸ਼ ਵਿੱਚ ਵੱਸਣ ਵਾਲਾ, ਉਸਦੇ ਘਰ ਵਿੱਚ ਵੱਸਣ ਵਾਲਾ ਕੇਵਲ ਉਸਦਾ ਭਗਤ ਹੈ ਜਿਸਦਾ ਉਸ ਦੇ ਨਾਲ "ਜੋਗੁ" ਬਣਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ "ਜੋਗੁ" ਹੋਏ ਬਿਨ੍ਹਾਂ ਹਰ ਕੋਈ ਪਰਦੇਸੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਅਗਲੇ ਸਲੋਕ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਪਰਦੇਸ ਵਿੱਚ ਵੱਸਦਿਆਂ ਸਾਨੂੰ ਸੱਚ ਦੀ ਸੋਝੀ ਨਹੀਂ ਪੈ ਸਕਦੀ ਤੇ ਅਸੀਂ ਸਰਗੁਣ ਰੂਪ ਸਰੀਰ ਨੂੰ ਹੀ ਉੱਚਾ ਮੰਨ ਕੇ ਉਸਦੇ ਪਿੱਛੇ ਲੱਗ ਜਾਂਦੇ ਹਾਂ।

"ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ॥
ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥੪੭॥"

ਚਾਰੇ ਪਾਸੇ ਭਾਵ ਸੰਸਾਰ ਵਿੱਚ ਸਭ ਪਾਸੇ ਪ੍ਰਮਾਤਮਾ ਨੂੰ ਸਮਝਣ ਵਿੱਚ ਅਗਿਆਨਤਾ ਹੀ ਹੈ ਕਿਉਂਕਿ ਪ੍ਰਮਾਤਮਾ ਦੇ ਘਰ ਵਿੱਚ ਵੱਸਣ ਵਾਲਾ ਕੋਈ ਨਹੀਂ ਮਿਲਦਾ ਕਿਉਂਕਿ ਉਹ ਕੋਈ ਵਿਰਲਾ ਹੀ ਹੁੰਦਾ ਹੈ, ਪੂਰੇ ਸੰਸਾਰ ਵਿੱਚ ਕੋਈ ਵਿਰਲਾ ਹੀ ਹੁੰਦਾ ਹੈ ਜੋ ਉਸਦੇ ਘਰ ਵਿੱਚ ਵੱਸਣ ਵਾਲਾ ਹੁੰਦਾ ਹੈ ਭਾਵ ਜੋ ਪ੍ਰਮਾਤਮਾ ਦੇ ਨਿਰਗੁਣ ਰੂਪ ਘਰ ਵਿੱਚ ਵੱਸਣ ਵਾਲਾ ਹੁੰਦਾ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਸਭ ਪਾਸੇ ਅਗਿਆਨਤਾ ਦੀ ਅੱਗ ਹੀ ਹੈ, ਦੁਰਮਤਿ ਦੀ ਅਗਨ ਹੀ ਹੈ ਜਿਸ ਦੁਆਰਾ ਅਸੀਂ ਮਨੁੱਖੀ ਸਰੀਰ ਨੂੰ ਉੱਚਾ ਕਰਕੇ ਜਾਣਦੇ ਹਾਂ, ਧਰਮ ਦੇ ਮਾਰਗ ਤੇ ਉੱਚਾ ਕਰ ਕੇ ਜਾਣਦੇ ਹਾਂ ਤੇ ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ। ਸਾਡਾ ਸਰੀਰ ਖਿੰਥਾ ਰੂਪ ਹੈ, ਸਰਗੁਣ ਰੂਪ ਹੈ ਜੋ ਕਿ ਬਿਨਸਨਹਾਰ ਹੈ। ਅਸੀਂ ਬਿਨਸਨਹਾਰ ਵਸਤੂ ਦੀ ਕੀਮਤ ਪਾਉਂਦੇ ਹਾਂ ਤੇ ਉਸ ਦੇ ਨਾਲ ਜੁੜੇ ਰਹਿੰਦੇ ਹਾਂ। ਮਨੁੱਖੀ ਦੇਹ ਦੇ ਨਾਲ ਜੁੜ ਕੇ, ਸਰਗੁਣ ਰੂਪ ਦੇ ਨਾਲ ਜੁੜ ਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਬਿਨਸਨਹਾਰ ਵਸਤੂ ਦੇ ਨਾਲ ਜੁੜ ਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਦਾ ਨਾ ਬਿਨਸਨ ਵਾਲਾ ਰੂਪ ਉਸਦਾ ਨਿਰਗੁਣ ਰੂਪ ਹੈ, ਗਿਆਨ ਰੂਪ ਹੈ, ਸ਼ਬਦ ਦੀ ਸੱਚੀ ਵਿਚਾਰ ਹੈ ਤੇ ਇਸ ਵਿਚਾਰ ਦੇ ਨਾਲ ਜੁੜੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ

23/2521

ਪਾਇਆ ਜਾ ਸਕਦਾ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹੀ ਵਿਚਰਦਾ ਹੈ, ਮਨ ਦੇ ਧਾਗੇ ਰਾਹੀਂ ਹੀ ਵਿਚਰਦਾ ਹੈ। ਜਦ ਤੱਕ ਸਾਡੇ ਮਨ ਦੇ ਵਿਚਾਰਾਂ ਦਾ ਧਾਗਾ ਸ਼ਬਦ ਦੇ ਸੱਚੇ ਵਿਚਾਰਾਂ ਨਾਲੋਂ, ਟੁੱਟਿਆ ਹੋਇਆ ਹੈ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ ਉਸ ਦੇ ਸੱਚੇ ਧਾਗੇ ਨਾਲ ਜੁੜ ਕੇ ਹੁੰਦੀ ਹੈ, ਗੁਰਮਤਿ ਰੂਪ ਧਾਗੇ ਨਾਲ ਜੁੜ ਕੇ ਹੁੰਦੀ ਹੈ ਜੋ ਕਦੇ ਨਹੀਂ ਬਿਨਸਦੀ। ਗੁਰਮਤਿ ਸਦਾ ਅਟੱਲ

ਰਹਿਣ ਵਾਲੀ ਹੈ ਤੇ ਗੁਰਮਤਿ ਦੇ ਨਾਲ ਜੁੜਨਾ ਹੀ ਉਸ ਪ੍ਰਮਾਤਮਾ ਦੇ ਨਾਲ ਜੁੜਨਾ ਹੈ ਜਿਸਨੂੰ ਕਦੇ ਆਂਚ ਨਹੀਂ ਆ ਸਕਦੀ।
(ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ॥ ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥੪੭॥)

{ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥
ਸੋ ਉਬਰੈ ਗੁਰ ਸਬਦੁ ਬੀਚਾਰੈ॥੨॥}

(ਅੰਗ ੨੨੫)

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥੧॥੧੯॥}

(ਅੰਗ ੧੩੯੫)

ਉੱਪਰ ਸ਼ਬਦ ਦੇ ਅਰਥਾਂ ਨੂੰ ਅਸੀਂ ਪਿੱਛੇ ਬਰੀਕੀ ਨਾਲ ਜਾਣ ਚੁੱਕੇ ਹਾਂ। ਪ੍ਰਮਾਤਮਾ ਦਾ ਦੇਸ਼ ਸਾਡੇ ਸਭ ਦੇ ਅੰਦਰ ਹੀ ਹੈ, ਮਨ ਦੇ ਰੂਪ ਵਿੱਚ ਹੀ ਹੈ, ਗਿਆਨ ਦੇ ਰੂਪ ਵਿੱਚ ਹੀ ਹੈ ਪਰ ਇਸ ਮਨ ਦੀ ਸੋਝੀ ਪਏ ਬਿਨ੍ਹਾਂ, ਮਨ ਦੇ ਵਿਚਾਰਾਂ ਦੀ ਸੋਝੀ ਪਏ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਦੇਸ਼ ਵਿੱਚ ਨਹੀਂ ਪਹੁੰਚ ਸਕਦੇ ਤੇ ਹਰ ਕੋਈ ਪਰਦੇਸ ਵਿੱਚ ਹੀ ਬੈਠਾ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਜਾਣਿਆ ਹੈ ਪ੍ਰਮਾਤਮਾ ਸਭ ਦੇ ਅੰਦਰ ਆਪਣੇ ਧਾਗੇ ਦੇ ਰੂਪ ਵਿੱਚ ਹੀ ਵਿਚਰਦਾ ਹੈ। ਇਹ ਧਾਗਾ ਉਸਦੇ ਗਿਆਨ ਦੀ ਸੋਝੀ ਹੈ ਜਿਸ ਦੁਆਰਾ ਪ੍ਰਮਾਤਮਾ ਸਭ ਦੇ ਅੰਦਰ ਵਿਚਰਦਾ ਹੈ। ਹਰ ਵਸਤੂ ਦੇ ਅੰਦਰ, ਨਿਰਗੁਣ ਸਰੂਪ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਧਾਗਾ ਹੀ ਹੈ ਜਿਸ ਦੁਆਰਾ ਉਸਨੇ ਸਾਰੇ ਸੰਸਾਰ ਨੂੰ ਪਰੋਇਆ ਹੋਇਆ ਹੈ, ਆਪਣੇ ਨਾਲ ਜੋੜਿਆ ਹੋਇਆ ਹੈ, ਬੰਨ੍ਹਿਆ ਹੋਇਆ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਇਹ ਧਾਗਾ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਜਿਸ ਰਾਹੀਂ ਸਾਨੂੰ ਆਪਣੇ ਅੰਦਰੋਂ ਗਿਆਨ ਮਿਲਦਾ ਹੈ, ਸਾਰੀ ਸੋਝੀ ਪੈਂਦੀ ਹੈ।

{ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ॥
ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ॥੨॥੧੬॥੪੭॥}

(ਅੰਗ ੬੮੨)

ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਸਾਨੂੰ ਮਨ ਦੇ ਇਸ ਧਾਗੇ ਦੁਆਰਾ ਹੀ ਹੁੰਦੀ ਹੈ ਤੇ ਤਾਂ ਹੀ ਸਾਨੂੰ ਸਭ ਕੁੱਝ ਕੇਵਲ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਤੇ ਉਸ ਦੇ ਨਿਰਗੁਣ ਰੂਪ ਦੀ ਸੋਝੀ ਪੈਂਦੀ ਹੈ। ਮਨ ਦੇ ਵਿੱਚ ਸੱਚੇ ਧਾਗੇ ਨਾਲ ਜੁੜੇ ਬਿਨ੍ਹਾਂ ਸਾਡਾ ਜੀਵਨ ਵਿਅਰਥ ਹੀ ਜਾਂਦਾ ਹੈ। ਜਿਸਨੂੰ ਵੀ ਪ੍ਰਮਾਤਮਾ ਆਪਣੀ ਸੁਹਾਗਣ ਬਣਾਉਂਦਾ ਹੈ ਉਸਨੂੰ ਆਪਣੇ ਸੱਚੇ ਧਾਗੇ ਨਾਲ ਹੀ ਜੋੜਦਾ ਹੈ। ਮਨ ਦੇ ਵਿੱਚ ਉਸਦਾ ਸੱਚਾ ਧਾਗਾ ਸਾਡੇ ਅੰਦਰ ਸਹਜ ਦੀ ਅਵੱਸਥਾ ਹੈ ਜਿਸਦੀ ਪ੍ਰਾਪਤੀ ਦੁਆਰਾ ਹੀ ਅਸੀਂ ਚੌਥੇ ਪਦ ਵਿੱਚ ਰਲਦੇ ਹਾਂ ਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਦੀ ਸੱਚੀ ਸੇਜ ਤੇ ਪਹੁੰਚਦੇ ਹਾਂ ਜਿਸ ਦੁਆਰਾ ਉਹ ਸਾਨੂੰ ਆਪਣੀ ਸੁਹਾਗਣ ਬਣਾਉਂਦਾ ਹੈ ਤੇ ਸਾਡਾ ਜੀਵਨ ਸਫ਼ਲ ਹੁੰਦਾ ਹੈ। ਉਸਦੀ ਸੁਹਾਗਣ ਬਣੇ ਬਿਨ੍ਹਾਂ ਹਰ ਕੋਈ ਉਸਦੀ ਦੁਹਾਗਣ ਹੈ ਤੇ

23/2522

ਸਭ ਦਾ ਜੀਵਨ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਵਿਅਰਥ ਹੀ ਜਾਂਦਾ ਹੈ। ਆਓ ਇਹੀ ਗੱਲ ਅਕਾਲ ਪੁਰਖ ਦੇ ਹੇਠ ਦਿੱਤੇ ਹੋਏ ਸ਼ਬਦ ਦੁਆਰਾ ਸਮਝੀਏ।

ਸਿਰੀਰਾਗੁ ਮਹਲਾ ੧॥

"ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ॥
ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ॥

ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ॥੧॥
ਮਨ ਰੇ ਰਾਮ ਜਪਹੁ ਸੁਖੁ ਹੋਇ॥
ਬਿਨੁ ਗੁਰ ਪ੍ਰੇਮੁ ਨ ਪਾਈਐ ਸਬਦਿ ਮਿਲੈ ਰੰਗੁ ਹੋਇ॥੧॥ਰਹਾਉ॥
ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ॥
ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ॥
ਗੁਰਮੁਖਿ ਜਾਣਿ ਸਿਵਾਣੀਐ ਗੁਰਿ ਮੇਲੀ ਗੁਣ ਚਾਰੁ॥੨॥
ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ॥
ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ॥
ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ॥੩॥
ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥
ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥
ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ॥੪॥
ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ॥
ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ॥
ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ॥੫॥
ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ॥
ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ ॥6॥
ਗੁਰਮੁਖਿ ਤੋਲਿ ਤੁਲਾਇਸੀ ਸਚੁ ਤਰਾਜੀ ਤੋਲੁ ॥
ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥
ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥7॥
ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥
ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥
ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥8॥9॥”

(ਅੰਗ ੫੯)

ਜਿਵੇਂ ਕਿ ਪਿੱਛੇ ਅਸੀਂ ਵਾਰ-ਵਾਰ ਜਾਣਦੇ ਆ ਰਹੇ ਹਾਂ ਕਿ ਪ੍ਰਮਾਤਮਾ ਦੀ ਭਗਤੀ ਦੀ ਸਮਝ ਉਹਨਾਂ ਨੂੰ ਹੀ ਪੈਂਦੀ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਭਗਤੀ ਦੀ ਸੋਝੀ ਪਾਉਂਦਾ ਹੈ। ਜਿੰਨ੍ਹਾਂ ਨੇ ਉਸਦੀ ਭਗਤੀ ਨੂੰ ਜਾਣਿਆ ਹੈ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਉਸ ਦੀ ਭਗਤੀ ਸਮਝਾਈ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਿੱਚ ਤਾਂ ਸੰਸਾਰ ਵਿੱਚ ਅਨੇਕਾਂ ਹੀ ਲੱਗੇ ਹੋਏ ਹਨ ਪਰ ਆਪਣੇ ਆਪ ਭਗਤੀ ਦੀ ਸਮਝ ਨਹੀਂ ਪੈਂਦੀ, ਮਨਮਤਿ ਨਾਲ ਭਗਤੀ ਦੀ ਸਮਝ ਨਹੀਂ ਪੈਂਦੀ ਤੇ ਅਸੀਂ ਉਹੋ ਜਿਹੀ ਭਗਤੀ ਵਿੱਚ ਲੱਗੇ ਹੋਏ ਹਾਂ ਜੋ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ। ਅਸੀਂ ਭਗਤੀ ਦੇ ਕਿਹੋ ਜਿਹੇ ਤਰੀਕੇ ਅਪਣਾਉਂਦੇ ਹਾਂ ਇਹ ਸਾਨੂੰ ਵਾਰ-ਵਾਰ ਸਮਝਾਇਆ ਗਿਆ ਹੈ ਕਿ ਉਹ ਉਸ ਪ੍ਰਮਾਤਮਾ ਦੀ ਭਗਤੀ ਦੇ ਤਰੀਕੇ ਨਹੀਂ ਹਨ ਜਿੰਨ੍ਹਾਂ ਨੂੰ ਕਿ ਤਿਆਗਣ ਦੀ ਲੋੜ ਹੈ, ਭਗਤੀ ਦੇ ਦਿਖਾਵਿਆਂ ਨੂੰ ਤਿਆਗਣ ਦੀ ਲੋੜ ਹੈ। ਸ਼ਿੰਗਾਰ ਉਸੇ ਪਤਨੀ ਦਾ ਚੰਗਾ ਹੁੰਦਾ ਹੈ ਜੋ ਆਪਣੇ ਪਤੀ ਦੇ ਲਈ ਸ਼ਿੰਗਾਰ ਕਰਦੀ ਹੈ ਤੇ ਜਿਸਦਾ ਪਤੀ ਹੀ ਨਹੀਂ ਹੈ ਉਸਦਾ

ਕੀਤਾ ਸ਼ਿੰਗਾਰ ਕੰਮ ਨਹੀਂ ਆਉਂਦਾ ਤੇ ਉਸ ਔਰਤ ਦਾ ਜੋਬਨ ਵਿਅਰਥ ਜਾਂਦਾ ਹੈ ਭਾਵ ਜਦ ਤੱਕ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਹੀ ਨਹੀਂ ਹੈ, ਜਦ ਤੱਕ ਸਾਡਾ ਉਸ ਪ੍ਰਮਾਤਮਾ ਰੂਪ ਪਤੀ ਦੇ ਨਾਲ ਮੇਲ ਨਹੀਂ ਹੋਇਆ ਅਸੀਂ ਭਗਤੀ ਦੇ ਸ਼ਿੰਗਾਰ ਤਾਂ ਬਹੁਤ ਕਰਦੇ ਹਾਂ, ਜਪ ਤਪ ਆਦਿ ਦੇ ਅਨੇਕਾਂ ਤਰੀਕੇ ਅਪਣਾਉਂਦੇ ਹਾਂ ਪਰ ਉਹਨਾਂ ਵਿੱਚ ਕੇਵਲ ਸਾਡੀ ਨਾ ਸਮਝੀ ਹੈ ਜੋ ਕਿਸੇ ਕੰਮ ਨਹੀਂ ਆਉਂਦੇ ਤੇ ਸਾਡਾ ਜੀਵਨ ਵਿਅਰਥ ਜਾਂਦਾ ਹੈ। ਉਸਦੀ ਭਗਤੀ ਨੂੰ ਉਹੀ ਜਾਣਦਾ ਹੈ ਜਿਸਨੂੰ ਪਹਿਲੇ ਉਸਨੇ ਆਪਣੀ ਸੁਹਾਗਣ ਬਣਾਇਆ ਹੈ। ਉਸਦੀ ਸੇਜ ਤੇ ਪਹੁੰਚੇ ਬਿਨ੍ਹਾਂ ਹਰ ਕੋਈ ਦੁਹਾਗਣ ਹੀ ਹੈ। ਪ੍ਰਮਾਤਮਾ ਦੀ ਭਗਤੀ ਲਈ ਸ਼ਿੰਗਾਰ ਕਰਨਾ ਕੀ ਹੈ ਇਹ ਸਾਨੂੰ ਉਹੀ ਸਮਝਾ ਸਕਦਾ ਹੈ ਜਿਸ ਨੇ ਉਸਦੀ ਸੇਜ ਦਾ ਰੰਗ ਮਾਣਿਆ ਹੈ ਤੇ ਦੁਹਾਗਣ ਹੁੰਦੇ ਹੋਏ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਨਹੀਂ ਪੈਂਦੀ। ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਭਾਵ ਜਿਆਦਾ ਕਰਕੇ ਲੱਗਾ ਹੋਇਆ ਹੈ ਉਹ ਸੋਝੀ ਅਸੀਂ ਉਸ ਦੀਆਂ ਦੁਹਾਗਣਾਂ ਕੋਲੋਂ ਲਈ ਹੋਈ ਹੈ ਜਿੰਨ੍ਹਾਂ ਨੇ ਖੁਦ ਉਸ ਪ੍ਰਮਾਤਮਾ ਦੀ ਸੇਜ ਨੂੰ ਨਹੀਂ ਮਾਣਿਆ, ਉਸਦੀ ਨਿਰਗੁਣ ਰੂਪ ਸੇਜ ਨੂੰ ਨਹੀਂ ਜਾਣਿਆ, ਉਸ ਦੀ ਬ੍ਰਹਮ ਗਿਆਨ ਰੂਪ ਸੇਜ ਨੂੰ ਨਹੀਂ ਜਾਣਿਆ ਜੋ ਕਿ ਸਾਡੇ ਅੰਦਰ ਹੀ ਹੈ ਜਿਸ ਸੇਜ ਤੇ ਪ੍ਰਮਾਤਮਾ ਸਾਨੂੰ ਰਵ ਕੇ ਆਪਣੀ ਭਗਤੀ ਦੀ ਸੱਚੀ ਸੋਝੀ ਪਾਉਂਦਾ ਹੈ ਜੋ ਸੋਝੀ ਪੂਰੀ ਗੁਰਬਾਣੀ ਦੇ ਵਿੱਚ ਦਰਜ ਹੈ। **(ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ॥ ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ॥ ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ॥੧॥)**

ਭਗਤੀ ਦੇ ਮਾਰਗ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਉਸਦੀ

23/2523

ਸੁਹਾਗਣ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਕਿ ਰਹਾਉ ਵਾਲੀ ਪੰਗਤੀ ਹੈ ਭਾਵ ਪੂਰੇ ਸ਼ਬਦ ਦਾ ਭਾਵ ਇਹ ਹੈ ਕਿ ਭਗਤੀ ਦਾ ਮਾਰਗ ਸਾਨੂੰ ਕੇਵਲ ਗੁਰੂ ਦੇ ਕੋਲੋਂ ਸਮਝਣਾ ਚਾਹੀਦਾ ਹੈ ਜੋ ਉਸਦੀ ਸੁਹਾਗਣ ਰੂਪ ਹੈ।

“ਮਨ ਰੇ ਰਾਮ ਜਪਹੁ ਸੁਖੁ ਹੋਇ॥

ਬਿਨੁ ਗੁਰ ਪ੍ਰੇਮੁ ਨ ਪਾਈਐ ਸਬਦਿ ਮਿਲੈ ਰੰਗੁ ਹੋਇ॥੧॥ਰਹਾਉ॥”

ਰਾਮ ਨੂੰ ਜਪਣਾ, ਅੱਲ੍ਹਾ ਨੂੰ ਜਪਣਾ, ਵਾਹਿਗੁਰੂ ਨੂੰ ਜਪਣਾ ਕੀ ਹੈ ਇਹ ਗੱਲ ਸਾਨੂੰ ਉਹੀ ਸਮਝਾ ਸਕਦਾ ਹੈ ਜਿਸਨੂੰ ਇਸ ਗੱਲ ਦੀ ਸੋਝੀ ਹੈ ਕਿ ਰਾਮ ਤੇ ਵਾਹਿਗੁਰੂ ਵਿੱਚ ਕੋਈ ਭੇਦ ਨਹੀਂ ਹੈ, ਰਾਮ ਤੇ ਅੱਲ੍ਹਾ ਵਿੱਚ ਕੋਈ ਭੇਦ ਨਹੀਂ ਹੈ। ਸਮਝਣ ਦੀ ਗੱਲ ਕੇਵਲ ਇਤਨੀ ਹੈ ਕਿ ਉਸ ਰਾਮ ਨੂੰ ਅਸੀਂ ਜਪਣਾ ਕਿਵੇਂ ਹੈ। ਸਾਨੂੰ “ਸੁਖੁ” ਦੀ ਪ੍ਰਾਪਤੀ ਭਾਵ ਵਾਹਿਗੁਰੂ ਦੇ ਨਾਲ ਮੇਲ ਦੀ ਪ੍ਰਾਪਤੀ ਰਾਮ ਨੂੰ ਜਪ ਕੇ ਹੀ ਹੋਣੀ ਹੈ। ਪੂਰੀ ਗੁਰਬਾਣੀ ਵਿੱਚ ਰਾਮ ਦੀ ਦਿੱਤੀ ਹੋਈ ਮਤਿ ਹੀ ਹੈ। ਜਪਣਾ ਤੇ ਉਸ ਦੀ ਮਤਿ ਨੂੰ ਹੈ। ਜੋ ਰਾਮ ਦੀ ਮਤਿ ਹੈ ਉਹੀ ਅੱਲ੍ਹਾ ਦੀ ਮਤਿ ਹੈ, ਉਹੀ ਵਾਹਿਗੁਰੂ ਦੀ ਮਤਿ ਹੈ, ਉਹ ਗਾਡ ਦੀ ਮਤਿ ਹੈ। ਅਸੀਂ ਅੱਖਰਾਂ ਦੇ ਨਾਲ ਜੁੜੇ ਹੋਏ ਹਾਂ ਨਾ ਕਿ ਅੱਖਰਾਂ ਦੀ ਮਤਿ ਦੇ ਨਾਲ, ਅੱਖਰਾਂ ਦੀ ਮਤਿ ਦੇ ਨਾਲ ਜੁੜਨ ਨਾਲ ਸਾਡਾ ਇਹ ਭੇਦ ਮਿਟ ਜਾਵੇਗਾ ਤੇ ਸਾਨੂੰ ਉਸ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਵੀ ਪੈ ਜਾਵੇਗੀ। ਗੁਰੂ ਦੀ ਮਤਿ ਸਾਨੂੰ ਗੁਰੂ ਦੇ ਸ਼ਬਦ ਦੁਆਰਾ ਹੀ ਮਿਲਦੀ ਹੈ ਜੋ ਕਿ ਸ਼ਬਦ ਦਾ ਮਕਸਦ ਹੈ। ਜੇਕਰ ਅਸੀਂ ਉਸ “ਪ੍ਰੇਮੁ” ਰੂਪ ਪ੍ਰਮਾਤਮਾ ਨੂੰ ਪਾਉਣਾ ਹੈ ਤਾਂ ਫਿਰ ਪਹਿਲੇ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਉਸ ਦੇ ਸ਼ਬਦ ਦੀ ਮਤਿ ਦੇ ਨਾਲ ਪ੍ਰੇਮ ਪਾਈਏ। ਉਸਦੇ ਸ਼ਬਦ ਨਾਲ ਪ੍ਰੇਮ ਪਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਸ ਵਿੱਚ ਹੀ ਉਸਦੀ ਭਗਤੀ ਹੈ। ਸ਼ਬਦ ਦੀ ਮਤਿ ਅਨੁਸਾਰ ਚੱਲਣਾ ਹੀ ਸਾਡੀ ਭਗਤੀ ਹੈ। ਸ਼ਬਦ ਦੀ ਮਤਿ ਸਾਨੂੰ ਕੇਵਲ ਸੱਚ ਤੇ ਚੱਲਣਾ ਸਿਖਾਉਂਦੀ ਹੈ ਤੇ ਸਰੀਰਕ ਜਪਾਂ ਤਪਾਂ ਆਦਿ ਤੋਂ, ਭਗਤੀ ਦੇ ਦਿਖਾਵਿਆਂ ਤੋਂ ਦੂਰ ਕਰਦੀ ਹੈ। **(ਮਨ ਰੇ ਰਾਮ ਜਪਹੁ ਸੁਖੁ ਹੋਇ॥ ਬਿਨੁ ਗੁਰ ਪ੍ਰੇਮੁ ਨ ਪਾਈਐ ਸਬਦਿ ਮਿਲੈ ਰੰਗੁ ਹੋਇ॥੧॥ਰਹਾਉ॥)**

ਸਲੋਕ ਮਃ ੩॥

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥

ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥}

(ਅੰਗ ੫੫੫)

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥}

(ਅੰਗ ੪੦੯)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥੨॥}

(ਅੰਗ ੭੦੪)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ॥੧॥}

(ਅੰਗ ੪੫੩)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

ਸਿਰੀਰਾਗੁ ਮਹਲਾ ੩॥
{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥}

(ਅੰਗ ੩੬)

ਪ੍ਰਮਾਤਮਾ ਦੀ ਭਗਤੀ ਦਾ ਸ਼ਿੰਗਾਰ ਕਰਨਾ ਕੀ ਹੁੰਦਾ ਹੈ ਇਹ ਉਸ ਪ੍ਰਮਾਤਮਾ ਰੂਪ ਵਰ ਦੀ ਪ੍ਰਾਪਤੀ ਤੋਂ ਬਾਅਦ ਹੀ ਸਮਝ ਆਉਂਦਾ ਹੈ ਜੋ ਕਿ ਉਹ ਆਪ ਹੀ ਸਮਝਾਉਂਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

23/2524

“ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ॥
ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ॥
ਗੁਰਮੁਖਿ ਜਾਣਿ ਸਿਵਾਣੀਐ ਗੁਰਿ ਮੇਲੀ ਗੁਣ ਚਾਰੁ॥੨॥”

ਪ੍ਰਮਾਤਮਾ ਦੀ ਭਗਤੀ ਦਾ ਸ਼ਿੰਗਾਰ ਉਸ ‘‘ਸੁਖੁ’’ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਤੋਂ ਬਾਅਦ ਹੀ ਹੁੰਦਾ ਹੈ ਤੇ ਉਸਦੀ ਪ੍ਰਾਪਤੀ ਦਾ ਤਰੀਕਾ ਉਸਦੀ ਸੇਵਾ ਦੁਆਰਾ ਹੈ। ਗੁਰੂ ਪ੍ਰਮਾਤਮਾ ਦੀ ਸੇਵਾ ਕਰਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਸਦੀ ਸੇਵਾ ਸੱਚ ਤੇ ਚੱਲ ਕੇ ਹੁੰਦੀ ਹੈ ਭਾਵ ਗੁਰਮਤਿ ਅਨੁਸਾਰ ਵਿਚਰ ਕੇ ਹੀ ਹੁੰਦੀ ਹੈ, ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ ਭਾਵ ਸ਼ਬਦ ਦੇ ਵਿਚਾਰੀ ਬਣ ਕੇ ਹੀ ਹੁੰਦੀ ਹੈ। ਅਸੀਂ ਸ਼ਬਦ ਦੇ ਵਿਚਾਰੀ ਬਣਨ ਦਾ ਉੱਦਮ ਹੀ ਕਰਨਾ ਹੈ, ਗੁਰਮਤਿ ਅਨੁਸਾਰ ਚੱਲਣ ਦਾ ਉੱਦਮ ਹੀ ਕਰਨਾ ਹੈ, ਕੇਵਲ ਗੁਰਮਤਿ ਤੇ ਹੀ ਭਰੋਸਾ ਕਰਨਾ ਹੈ ਜੋ ਕਿ ਉਸ ‘‘ਸੁਖੁ’’ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਦਾ ਤਰੀਕਾ ਹੈ। ‘‘ਸੁਖੁ’’ ਦੀ ਪ੍ਰਾਪਤੀ ਹੀ ਸਾਡੇ ‘‘ਵਰੁ’’ ਦੀ ਪ੍ਰਾਪਤੀ ਹੈ, ਪ੍ਰਮਾਤਮਾ ਰੂਪ ਪਤੀ ਦੀ ਪ੍ਰਾਪਤੀ ਹੈ। ਇਹ ਪ੍ਰਾਪਤੀ ਸਾਨੂੰ ਸਹਜ ਦੀ ਅਵੱਸਥਾ ਦੇ ਰੂਪ ਵਿੱਚ ਹੁੰਦੀ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੁੰਦੀ ਹੈ ਜੋ ਗਿਆਨ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਦਿੰਦਾ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਦਿੰਦਾ ਹੈ। ਪ੍ਰਮਾਤਮਾ ਭਾਵ ਉਹ ਬ੍ਰਹਮਗਿਆਨੀ ਬ੍ਰਹਮਗਿਆਨ ਦੇ ਰੂਪ ਵਿੱਚ ਹੀ ਸਾਡਾ ਪਤੀ ਹੈ, ਸਾਡਾ ਸਭ ਦਾ ਖਸਮ ਹੈ। ਪ੍ਰਮਾਤਮਾ ਆਪਣੇ ਬ੍ਰਹਮਗਿਆਨ ਦੁਆਰਾ ਹੀ ਸੱਚਾ ਹੈ ਜਿੱਥੇ ਉਹ ਆਪਣਾ ਸੱਚ ਬਖ਼ਸ਼ਦਾ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੀ ਬਖਸ਼ਦਾ ਹੈ, ਸਹਜ ਦੀ ਅਵੱਸਥਾ ਦੁਆਰਾ ਹੀ ਬਖਸ਼ਦਾ ਹੈ। ਜਿਸਨੂੰ ਆਪਣੀ ਭਗਤੀ ਨਾਲ ਸ਼ਿੰਗਾਰਦਾ ਹੈ ਉਸਨੂੰ ਮਨ ਦੀ ਇਸ ਅਵੱਸਥਾ ਦੁਆਰਾ

ਹੀ ਸ਼ਿੰਗਾਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸ਼ਿੰਗਾਰਿਆ ਹੈ। ਜਿਨ੍ਹਾਂ ਨੂੰ ਪਹਿਲੇ ਉਸਨੇ ਆਪ ਸ਼ਿੰਗਾਰਿਆ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਭਗਤੀ ਦਾ ਸ਼ਿੰਗਾਰ ਕਰਨਾ ਸਮਝਾਇਆ ਹੈ ਤੇ ਉਸ ''ਸਚੁ'' ਰੂਪ ਪਤੀ ਦੀ, ''ਸਹਜੁ'' ਰੂਪ ''ਵਰੁ'' ਦੀ ਪ੍ਰਾਪਤੀ ਕਰਨੀ ਸਮਝਾਈ ਹੈ। **(ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ॥)**

ਮਾਰੂ ਮਹਲਾ ੧॥

{ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥}

(ਅੰਗ (੧੦੨੨)

{ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥}

(ਅੰਗ ੯੨੨)

ਉਸ ''ਵਰੁ'' ਰੂਪ ਪ੍ਰਮਾਤਮਾ ਨੂੰ ਪਾਉਣ ਤੋਂ ਬਾਅਦ ਉਸਦੀ ਸੇਜ ਤੇ ਸਾਨੂੰ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ

23/2525

ਰਾਹੀਂ ਸਮਝਾਈ ਹੋਈ ਹੈ।

"ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ॥"

ਉਸ ਸਚੁ ਰੂਪ ਪ੍ਰਮਾਤਮਾ ਦੀ ਸੇਜ ਤੇ ਪਹੁੰਚ ਕੇ ਸਾਨੂੰ ਪ੍ਰਾਪਤੀ ਵੀ ਸੱਚ ਦੀ ਹੁੰਦੀ ਹੈ ਤੇ ਆਪਣਾ ਸੱਚ ਉਹ ਆਪ ਸਮਝਾਉਂਦਾ ਹੈ। ਆਪਣੀ ਸੇਜ ਤੇ ਉਹ ਸਾਨੂੰ ਸੱਚ ਦੁਆਰਾ ਹੀ ਰਵਦਾ ਹੈ, ਆਪਣੇ ਬ੍ਰਹਮਗਿਆਨ ਦੁਆਰਾ ਹੀ ਰਵਦਾ ਹੈ। ਜਿੰਨ੍ਹਾਂ ਨੂੰ ਉਸਨੇ ਆਪਣੀ ਸੇਜ ਤੇ ਰਵਿਆ ਹੈ ਉਨ੍ਹਾਂ ਨੂੰ ਹੀ ਅਸਲ ਬ੍ਰਹਮਗਿਆਨ ਦੀ ਪ੍ਰਾਪਤੀ ਹੋਈ ਹੈ। ਜਿੱਥੇ ਬ੍ਰਹਮਗਿਆਨ ਹੈ ਉੱਥੇ ਪੂਰਨ ਸੱਚ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮਗਿਆਨ ਹੈ ਤੇ ਇਸੇ ਲਈ ਗੁਰਬਾਣੀ ਵਿੱਚ ਪੂਰਨ ਸੱਚ ਹੈ। ਜਿੰਨ੍ਹਾਂ ਨੇ ਇਸ ਸੱਚ ਦਾ ਰੰਗ ਮਾਣਿਆ ਹੈ ਉਨ੍ਹਾਂ ਦਾ ਹੀ ਪ੍ਰਮਾਤਮਾ ਦੇ ਨਾਲ ਗੂੜ੍ਹਾ ਪਿਆਰ ਜੁੜਿਆ ਹੈ। ਗੂੜ੍ਹਾ ਪਿਆਰ ਕੇਵਲ ਉੱਥੇ ਹੈ ਜਿੱਥੇ ਪੂਰਨ ਸੱਚ ਹੈ ਭਾਵ ਜਿਸ ਮਨੁੱਖ ਦੇ ਅੰਦਰ ਪੂਰਨ ਸੱਚ ਦੀ ਸੋਝੀ ਹੈ। ਸੱਚ ਦੁਆਰਾ ਸਾਨੂੰ ਪੂਰਨ ਗੁਰਮਤਿ ਦੀ ਸੋਝੀ ਹੀ ਪੈਂਦੀ ਹੈ ਤੇ ਤਾਂ ਹੀ ਗੁਰਮਤਿ ਨਾਲ ਸਾਡਾ ਪੂਰਾ ਪਿਆਰ ਜੁੜਦਾ ਹੈ ਤੇ ਤਾਂ ਹੀ ਗੁਰਮਤਿ ਅਨੁਸਾਰ ਵਿਚਰਿਆ ਜਾ ਸਕਦਾ ਹੈ। **(ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ॥)**

ਪ੍ਰਮਾਤਮਾ ਸਾਡੇ ਅੰਦਰ ਆਪਣੇ ਹੋਣ ਦੀ ਸੋਝੀ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ, ਆਪਣੀ ਗਿਆਨ ਰੂਪ ਸੇਜ ਤੇ ਆਪ ਹੀ ਬਿਠਾਉਂਦਾ ਹੈ। ਗੁਰਮੁਖਿ ਰੂਪ ਪ੍ਰਮਾਤਮਾ ਆਪ ਹੈ ਤੇ ਆਪਣੀ ਸੇਜ ਤੇ ਬਿਠਾ ਕੇ ਹੀ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਖ਼ਸ਼ਦਾ ਹੈ, ਬ੍ਰਹਮਗਿਆਨੀ ਰੂਪ ਬਖ਼ਸ਼ਦਾ ਹੈ ਜਿਵੇਂ ਕਿ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰਮੁਖਿ ਜਾਣਿ ਸਿਞਾਣੀਐ ਗੁਰਿ ਮੇਲੀ ਗੁਣ ਚਾਰੁ॥੨॥"

ਉਹ ਵਰੁ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਉਹ ਆਪਣੇ ਬ੍ਰਹਮਗਿਆਨ ਦੁਆਰਾ ਬ੍ਰਹਮਗਿਆਨੀ ਹੈ ਤੇ ਉਸਦਾ ਇਹ ਬ੍ਰਹਮਗਿਆਨੀ ਰੂਪ ਹੀ ਉਸਦਾ ਗੁਰਮੁਖਿ ਰੂਪ ਹੈ। ਇਸੇ ਲਈ ਅਸਲ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ ਕਿਉਂਕਿ ਸਾਰੀ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ। ਜਦ ਤੱਕ ਪ੍ਰਮਾਤਮਾ ਖੁਦ ਆਪਣਾ ਆਪ ਕਿਸੇ ਨੂੰ ਨਹੀਂ ਜਣਾਉਂਦਾ ਉਸਨੂੰ ਆਪਣੇ ਆਪ ਕੋਈ ਨਹੀਂ ਜਾਣ ਸਕਦਾ। ਉਸਨੂੰ ਜਿਸਨੇ ਵੀ ਜਾਣਿਆ ਹੈ ਆਪਣੇ ਅੰਦਰੋਂ ਹੀ ਸਿਞਾਣਿਆ ਹੈ, ਆਪਣੇ ਅੰਦਰੋਂ ਹੀ ਪਛਾਣਿਆ ਹੈ, ਮਨ ਦੇ ਵਿੱਚੋਂ ਵਿਚਾਰਾਂ ਰਾਹੀਂ ਹੀ ਪਛਾਣਿਆ ਹੈ, ਮਨ ਦੇ ਗਿਆਨ ਰਾਹੀਂ ਹੀ ਪਛਾਣਿਆ ਹੈ ਤੇ ਇਹੀ ਉਸਦੇ ਨਾਲ ਮੇਲ ਦਾ ਤਰੀਕਾ ਹੈ। ਆਪਣੇ ਨਾਲ ਮੇਲ ਕੇ ਪ੍ਰਮਾਤਮਾ, ਆਪਣੀ ਸੇਜ ਤੇ ਮੇਲ ਕੇ ਉਹ ਆਪਣਾ ਸੱਚ ਹੀ ਸਮਝਾਉਂਦਾ ਹੈ। ਜਿੱਥੇ ਸਚੁ ਹੈ ਉੱਥੇ ਗੁਣ ਹਨ। ਪੂਰੀ ਗੁਰਬਾਣੀ ਸਾਨੂੰ ਗੁਣਾਂ ਦੇ ਨਾਲ ਜੋੜਦੀ ਹੈ ਕਿਉਂਕਿ

23/2526

ਉਸ ਵਿੱਚ ਪੂਰਨ ਸੱਚ ਹੈ। ਜੋ ਗੱਲ ਸੱਚ ਤੇ ਖਰੀ ਨਹੀਂ ਉਤਰਦੀ ਉਸ ਵਿੱਚ ਗੁਣ ਨਹੀਂ ਹੈ। ਆਪਣੇ ਚੰਗੇ ਗੁਣ, ਸੱਚੇ ਗੁਣ ਪ੍ਰਮਾਤਮਾ ਆਪ ਹੀ ਸਿਖਾਉਂਦਾ ਹੈ, ਮਨ ਦੇ ਮੇਲ ਦੁਆਰਾ ਸਿਖਾਉਂਦਾ ਹੈ ਭਾਵ ਉਹ ਕਿਸੇ ਨੂੰ ਆਪ ਹੀ ਗੁਣੀ ਬਣਾਉਂਦਾ ਹੈ, ਚੰਗੇ ਗੁਣਾਂ ਵਾਲਾ ਬਣਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ ਬਣਾਇਆ ਹੈ। ਸੰਸਾਰ ਦਾ ਸਭ ਤੋਂ ਵੱਡਾ ਗੁਣ ਇਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ, ਸਭ ਤੋਂ ਵੱਡਾ ਸੱਚ ਇਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਇਸ ਗੱਲ ਦੀ ਸੋਝੀ ਉਸ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ। **(ਗੁਰਮੁਖਿ ਜਾਣਿ ਸਿਵਾਣੀਐ ਗੁਰਿ ਮੇਲੀ ਗੁਣ ਚਾਰੁ॥੨॥)**

{ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥}

(ਅੰਗ ੯)

ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ ਸੱਚ ਦੀ ਅਵੱਸਥਾ ਬਖ਼ਸ਼ ਕੇ ਹੀ ਮੇਲਦਾ ਹੈ ਤੇ ਉਸਨੂੰ ਮਿਲਣ ਦਾ ਤਰੀਕਾ ਕੇਵਲ ਸੱਚ ਤੇ ਚੱਲਣ ਦਾ ਹੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ॥

ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ॥

ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ॥੩॥”

ਉੱਪਰ ਸਾਨੂੰ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿਸਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸਿਵਾਣਿਆ ਹੋਇਆ ਹੈ। ਜਿਸਨੂੰ ਪ੍ਰਮਾਤਮਾ ਆਪਣੇ ‘‘ਰੰਗੁ’’ ਵਿੱਚ ਰੰਗਦਾ ਹੈ ਉਸਦੇ ਉੱਪਰ ਆਪਣੇ ਸੱਚ ਦਾ ਰੰਗੁ ਹੀ ਚੜ੍ਹਾਉਂਦਾ ਹੈ, ਨਾਮ ਦਾ ਰੰਗ ਹੀ ਚੜ੍ਹਾਉਂਦਾ ਹੈ ਜਿਸ ਦੁਆਰਾ ਫਿਰ ਮਨੁੱਖ ਨੂੰ ਸੱਚ ਹੀ ਸੋਂਹਦਾ ਹੈ ਭਾਵ ਸੱਚ ਦੁਆਰਾ ਵਿਚਰਨਾ ਹੀ ਚੰਗਾ ਲੱਗਦਾ ਹੈ। ਸਾਡੇ ਅੰਦਰ ਅਸਲ ਖੇੜਾ ਸੱਚ ਦੀ ਸੋਝੀ ਦਾ ਹੈ, ਅਸਲ ਆਨੰਦ ਸੱਚ ਦੀ ਸੋਝੀ ਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਕੀਮਤ ਪੈਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ, ਹਰ ਗੁਣ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਕੀਮਤ ਕੇਵਲ ਮਨ ਦੀ ਸੱਚੀ ਸੋਝੀ ਦੁਆਰਾ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ ਤੇ ਉਸਦੀ ਕੀਮਤ ਪਾਉਣ ਦਾ ਹੋਰ ਕੋਈ ਤਰੀਕਾ ਨਹੀਂ ਹੈ, ਪਰ ਫਿਰ ਵੀ ਉਸਦੀ ਕੀਮਤ ਪਾਉਣ ਦੇ ਮਨੁੱਖ ਅਨੇਕਾਂ ਹੀ ਤਰੀਕੇ ਅਪਣਾਉਂਦਾ ਹੈ, ਅਨੇਕਾਂ ਹੀ ਤਰੀਕਿਆਂ ਦੇ ਨਾਲ ਉਸਦੀ ਭਗਤੀ ਕਰਦਾ ਹੈ, ਸਰੀਰਕ ਜਪ ਤਪ ਆਦਿ ਕਰਦਾ ਹੈ, ਧਰਮ ਗ੍ਰੰਥਾਂ ਨੂੰ ਵਾਰ ਵਾਰ ਪੜ੍ਹੀ ਜਾਂਦਾ ਹੈ ਪਰ ਇਨ੍ਹਾਂ ਗੱਲਾਂ ਨਾਲ ਉਸ ਪ੍ਰਮਾਤਮਾ ਦੀ ਕੀਮਤ ਨਹੀਂ ਪਾਈ ਜਾ ਸਕਦੀ। ਉਸਦੀ ਕੀਮਤ ਕੇਵਲ ਮਨ ਦੀ ਸੱਚੀ ਸੋਝੀ ਦੁਆਰਾ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ ਇਸੇ ਲਈ ਸਾਡਾ ਸਾਰਾ ਉੱਦਮ ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਜੁੜਨ ਦਾ ਹੋਣਾ ਚਾਹੀਦਾ ਹੈ, ਸੱਚ ਨਾਲ ਜੁੜਨ ਦਾ ਹੋਣਾ

23/2527

ਚਾਹੀਦਾ ਹੈ ਜਿਸ ਦੁਆਰਾ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਦੇ ਨੇੜੇ ਲੱਗ ਸਕਦੇ ਹਾਂ।

ਮਨ ਦੇ ਵਿੱਚ ਪੂਰਨ ਸੱਚ ਦੇ ਵੱਸਣ ਨਾਲ ਹੀ, ਪੂਰਨ ਸੋਝੀ ਪੈਣ ਦੇ ਨਾਲ ਹੀ ਅਸੀਂ ਉਸ ਪ੍ਰਮਾਤਮਾ ਦੀ ਸੁਹਾਗਣ ਬਣਦੇ ਹਾਂ। ਸੱਚ ਦੁਆਰਾ ਭਾਵ ਮਨ ਦੀ ਸੱਚੀ ਸੋਝੀ ਦੁਆਰਾ ਹੀ ਸਾਡਾ ਮਨ ਨਿਰਮਲ ਹੁੰਦਾ ਹੈ, ਪਵਿੱਤਰ ਹੁੰਦਾ ਹੈ ਭਾਵ ਔਗੁਣਾਂ ਤੋਂ ਰਹਿਤ ਹੁੰਦਾ ਹੈ ਤੇ ਇਹੀ ਸਾਡੇ ਅੰਦਰ ਨਾਮ ਦੀ ਪ੍ਰਾਪਤੀ ਹੈ। ਸੱਚਾ ਨਾਮ ਹੀ ਸਾਡਾ ਵਰੁ ਹੈ, ਚੌਥੇ ਪਦ ਦਾ ਗਿਆਨ ਹੀ ਸਾਡਾ ਵਰੁ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਵੱਸਦੇ ਹਾਂ। **(ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ॥ ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ॥ ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ॥੩॥)**

ਆਪਣੀ ਸੁਹਾਗਣ ਬਣਾ ਕੇ ਸਾਨੂੰ ਪ੍ਰਮਾਤਮਾ ਕਿਸ ਤਰੀਕੇ ਨਾਲ ਰਵਦਾ ਹੈ, ਆਪਣੀ ਨਿਰਗੁਣ ਰੂਪ ਮਨ ਦੀ ਸੇਜ ਤੇ ਕਿਸ ਰੂਪ ਵਿੱਚ ਰਵਦਾ ਹੈ, ਸਾਨੂੰ ਕਿਸ ਰੂਪ ਵਿੱਚ ਸ਼ਿੰਗਾਰਦਾ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥

ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥

ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ॥੪॥"

ਸਾਡੇ ਮਨ ਦੇ ਵਿੱਚ ਹੀ "ਮੈਂ" ਤੇ ਮਨ ਦੇ ਵਿੱਚ ਹੀ "ਤੂੰ" ਹੈ। ਜਦ ਤੱਕ ਉਹ "ਤੂੰ" ਪ੍ਰਗਟ ਨਹੀਂ ਹੁੰਦਾ ਤਦ ਤੱਕ ਹਰ ਕੋਈ "ਮੈਂ" ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ। ਜਦ ਤੱਕ ਅਸੀਂ "ਮੈਂ" ਰੂਪ ਵਿੱਚ ਹਾਂ ਤਦ ਤੱਕ ਇਹ ਮਨ "ਮਨੂਆ" ਰੂਪ ਹੈ ਭਾਵ ਅਸੀਂ ਆਪਣੇ ਮਨ ਨੂੰ ਛੋਟਾ ਕਰ ਕੇ ਜਾਣਿਆ ਹੋਇਆ ਹੈ ਜੋ ਮਨ ਆਪ ਪ੍ਰਮਾਤਮਾ ਰੂਪ ਹੈ ਜੋ ਕਿ ਬਹੁਤ ਵੱਡਾ ਹੈ ਉਸ ਮਨ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਸਾਨੂੰ ਇਸ ਮਨ ਦੀ ਕੀਮਤ ਨਹੀਂ ਪੈਂਦੀ ਕਿ ਇਹ ਕਿਤਨਾ ਵੱਡਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਜੁੜ ਜਾਂਦੇ ਹਾਂ। ਇਸ ਮਨ ਦੇ ਅਸਲ ਰੂਪ ਨੂੰ ਜਾਣੇ ਬਿਨ੍ਹਾਂ ਸਾਨੂੰ ਆਪਣੇ ਵਰੁ ਰੂਪ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਤੇ ਇਹ ਸੋਝੀ ਪਏ ਬਿਨ੍ਹਾਂ ਹਰ ਕੋਈ ਪ੍ਰਮਾਤਮਾ ਦੀ ਦੁਹਾਗਣ ਹੀ ਹੈ। ਜਦ ਤੱਕ ਅਸੀਂ ਇਸ ਮਨ ਨੂੰ ਆਤਮਾ ਰੂਪ ਸਮਝਦੇ ਹਾਂ ਤਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਛੋਟਾ ਕਰਕੇ ਜਾਣਿਆ ਹੋਇਆ ਹੈ। ਆਤਮਾ ਹੀ ਅਸਲ ਵਿੱਚ ਆਪ ਪ੍ਰਮਾਤਮਾ ਹੈ ਪਰ ਪ੍ਰਮਾਤਮਾ ਨੇ ਸਾਨੂੰ ਸਭ ਨੂੰ ਮਨ ਦੇ ਵਿੱਚ ਹੀ ਆਪਣੀ ਜੁਗਤਿ ਦੁਆਰਾ ਦੁਬਿਧਾ ਵਿੱਚ ਰੱਖਿਆ ਹੋਇਆ ਹੈ, ਭਰਮ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਰੂਪ ਹੁੰਦੇ ਹੋਏ ਵੀ ਆਪਣੇ ਆਪ ਨੂੰ ਆਤਮਾ ਰੂਪ ਸਮਝਦੇ ਹਾਂ ਭਾਵ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਜਦ ਤੱਕ ਅਸੀਂ "ਮਨੂਆ" ਰੂਪ ਵਿੱਚ ਹਾਂ ਤਦ ਤੱਕ ਅਸੀਂ "ਮਨਮਤਿ" ਰੂਪ ਵਿੱਚ ਹਾਂ, "ਦੁਰਮਤਿ" ਰੂਪ ਵਿੱਚ ਹਾਂ ਜਿਸਦੇ ਰਹਿੰਦਿਆਂ ਸਾਨੂੰ ਅਸਲੀਅਤ ਦੀ ਸੋਝੀ ਨਹੀਂ ਪੈਂਦੀ ਕਿ ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਕੀ ਹੈ। ਇਹ ਰੂਪ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੁੜਿਆ ਹੋਇਆ ਰੂਪ ਹੈ। ਅਸੀਂ ਸਭ ਪ੍ਰਮਾਤਮਾ ਦੀ ਹੀ ਨਾਰ ਹਾਂ ਪਰ "ਮਨੂਆ" ਰੂਪ ਵਿੱਚ ਰਹਿੰਦੇ ਹੋਏ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ ਪ੍ਰਮਾਤਮਾ ਦੇ ਨਾਲ ਆਪਣੇ ਰਿਸ਼ਤੇ ਦੀ ਸੋਝੀ ਨਹੀਂ ਪੈਂਦੀ। ਮਨ ਦੇ ਵਿੱਚ ਇਹ ਸੋਝੀ ਸਾਨੂੰ ਮਨ ਦਾ ਮਾਲਕ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਸਾਡਾ "ਮਨੂਆ" ਰੂਪ ਖ਼ਤਮ

23/2528

ਹੁੰਦਾ ਹੈ, ਹਉਮੈ ਰੂਪ ਖ਼ਤਮ ਹੁੰਦਾ ਹੈ, ਮਨਮਤਿ, ਦੁਰਮਤਿ ਰੂਪ ਖ਼ਤਮ ਹੁੰਦਾ ਹੈ ਭਾਵ ਸਾਡੇ ਮਨ ਦੀ ਦੁਬਿਧਾ ਦੂਰ ਹੁੰਦੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਪ੍ਰਮਾਤਮਾ ਦੇ ਨਾਲ ਸਾਡਾ ਭਰਮ ਮਿਟ ਜਾਂਦਾ ਹੈ ਤੇ ਉਸ "ਸਚੁ" ਰੂਪ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ ਕਿ ਉਹ ਸਾਡੇ ਅੰਦਰ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਕਿਸੇ ਨੂੰ ਆਪਣੀ ਨਾਰ ਬਣਾਉਂਦਾ ਹੈ, ਸੁਹਾਗਣ ਬਣਾਉਂਦਾ ਹੈ ਤੇ ਆਪਣੀ ਗਿਆਨ ਰੂਪ ਮਨ ਦੀ ਸੇਜ ਤੇ ਰਵਦਾ ਹੈ। **(ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥)**

{ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥੧॥}

(ਅੰਗ ੬੬੧)

ਮੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਸਮਝ ਲੱਗ ਸਕੇ ਕਿ ਆਪਣੀ ਭਗਤੀ ਦਾ ਸ਼ਿੰਗਾਰ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ, ਆਪਣੀ ਨਾਰ ਬਣਾ ਕੇ ਕਰਵਾਉਂਦਾ ਹੈ।

"ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥"

"ਤਾਗਾ" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪਣੇ ਤਾਗੈ ਦੁਆਰਾ ਹੀ ਵਿਚਰਦਾ ਹੈ।

{ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ॥

ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ॥੨॥੧੬॥੪੭॥}

(ਅੰਗ ੬੮੨)

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੇ ਤਾਗੇ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ ਭਾਵ ਗਿਆਨ ਰੂਪ ਵਿੱਚ ਹੀ ਵਿਚਰ ਰਿਹਾ ਹੈ। ਜਦ ਤੱਕ ਅਸੀਂ ਉਸ ਦੇ ਸੱਚੇ ਧਾਗੇ ਨਾਲੋਂ ਟੁੱਟੇ ਹੋਏ ਹਾਂ ਤਦ ਤੱਕ ਅਸੀਂ ਕੱਚੇ ਧਾਗੇ ਨਾਲ ਜੁੜੇ ਹੋਏ ਹਾਂ ਜਿਵੇਂ ਕਿ ਅਸੀਂ

ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਸਾਡਾ ‘‘ਮਨੂਆ’’ ਰੂਪ ਕੱਚੇ ਧਾਗੇ ਦਾ ਰੂਪ ਹੈ ਭਾਵ ਕੱਚੀ ਮਤਿ ਦਾ ਰੂਪ ਹੈ, ਕੱਚੇ ਵਿਚਾਰਾਂ ਦਾ ਰੂਪ ਹੈ, ਦੁਚਿੱਤੀ ਵਾਲਾ ਰੂਪ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਦੀ ਸੋਝੀ ਨਹੀਂ ਪੈ ਸਕਦੀ। ਪ੍ਰਮਾਤਮਾ ਦੀ ਸੋਝੀ ਉਸਦੇ ਸੱਚੇ ਧਾਗੇ ਨਾਲ ਜੁੜ ਕੇ ਹੀ ਪੈਂਦੀ ਹੈ, ਸੱਚੇ ਗਿਆਨ ਨਾਲ ਜੁੜ ਕੇ ਹੀ ਪੈਂਦੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਵਿਚਾਰਾਂ ਦੇ ਰਾਹੀਂ ਹੀ ਹੁੰਦਾ ਹੈ, ਮਨ ਦੇ ਵਿੱਚ ਹੀ ਹੁੰਦਾ ਹੈ ਜਦੋਂ ਸਾਡੇ ਵਿਚਾਰ ਪ੍ਰਮਾਤਮਾ ਦੇ ਵਿਚਾਰਾਂ ਨਾਲ ਇੱਕਮਿਕ ਹੋ ਜਾਂਦੇ ਹਨ ਭਾਵ ਅਸੀਂ ਇੱਕੋ ਧਾਗੇ ਨਾਲ ਜੁੜ ਜਾਂਦੇ ਹਾਂ। ਇਹ ਸਾਡੇ ਅੰਦਰ ਇੱਕ ਮਨ ਇੱਕ ਚਿੱਤ ਦੀ ਅਵੱਸਥਾ ਹੈ ਭਾਵ ਜਦੋਂ ਮਨ ਤੇ ਚਿੱਤ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ, ਜਦੋਂ ਮਨ ਤੇ ਮਨੂਆ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ, ਜਦੋਂ ਆਤਮਾ ਤੇ ਪ੍ਰਮਾਤਮਾ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ ਭਾਵ ਜਦੋਂ ਆਤਮਾ ਵਾਲੇ ਵਿਚਾਰ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦੇ ਨਾਲ ਇੱਕ ਹੋ ਜਾਂਦੇ ਹਨ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਇਸ ਵਿਧੀ ਦੁਆਰਾ ਹੀ ਮਿਲਾਉਂਦਾ ਹੈ। **(ਇਕਤੁ ਤਾਗੈ ਰਲਿ ਮਿਲੈ)**

23/2529

ਜਿਸਨੂੰ ਪ੍ਰਮਾਤਮਾ ਆਪਣੀ ਭਗਤੀ ਦੇ ਨਾਲ ਸ਼ਿੰਗਾਰਦਾ ਹੈ, ਜਿਸਦੇ ਗੱਲ ਵਿੱਚ ਮੋਤੀਆਂ ਦਾ ਹਾਰ ਪਾਉਂਦਾ ਹੈ ਉਹ ਆਪਣੇ ਨਾਲ ਮਿਲਾ ਕੇ ਹੀ ਪਾਉਂਦਾ ਹੈ, ਆਪਣੇ ਧਾਗੇ ਦੇ ਨਾਲ ਰਲਾ ਕੇ ਹੀ ਪਾਉਂਦਾ ਹੈ। ਇਹ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦਾ ਹਾਰ ਹੈ, ਸ਼ਬਦ ਦੇ ਵਿਚਾਰਾਂ ਦਾ ਹਾਰ ਹੈ, ਮਨ ਦੀ ਸੱਚੀ ਸੋਝੀ ਦਾ ਹਾਰ ਹੈ ਜੋ ਕਿ ਉਹ ਮਨ ਦੇ ਵਿੱਚ ਹੀ ਪਾਉਂਦਾ ਹੈ। ਮਨ ਦੇ ਵਿੱਚ ਸੱਚੇ ਵਿਚਾਰਾਂ ਰਾਹੀਂ ਪ੍ਰਮਾਤਮਾ ਗੁਣ ਹੀ ਸਮਝਾਉਂਦਾ ਹੈ ਤੇ ਹਰ ਔਗੁਣ ਵਿੱਚੋਂ ਕੱਢਦਾ ਹੈ। ਇਹ ਉਸਦੇ ਸੱਚੇ ਗੁਣਾਂ ਦਾ ਹਾਰ ਹੈ। ਉਸਦਾ ਸਿਖਾਇਆ ਹਰ ਗੁਣ ਉਸਦਾ ਮੋਤੀ ਹੈ। ਉਸਦੇ ਸਮਝਾਏ ਹੋਏ ਹਰ ਸ਼ਬਦ ਵਿੱਚ ਮੋਤੀ ਜੜੇ ਹੋਏ ਹਨ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਮੋਤੀਆਂ ਦਾ ਹਾਰ ਹੈ ਜਿਸ ਰਾਹੀਂ ਉਸਨੇ ਗੁਰਬਾਣੀ ਨੂੰ ਸ਼ਿੰਗਾਰਿਆ ਹੈ ਜਿੰਨ੍ਹਾਂ ਨੂੰ ਮਨ ਦੇ ਵਿੱਚ ਪਹਿਲੇ ਪ੍ਰਮਾਤਮਾ ਨੇ ਆਪਣੇ ਧਾਗੇ ਨਾਲ ਰਲਾਇਆ ਹੈ ਉਨ੍ਹਾਂ ਰਾਹੀਂ ਹੀ ਉਸਨੇ ਪੂਰੀ ਗੁਰਬਾਣੀ ਨੂੰ ਸ਼ਿੰਗਾਰਿਆ ਹੈ, ਸੱਚੇ ਗੁਣਾਂ ਦੇ ਮੋਤੀਆਂ ਦੇ ਹਾਰ ਨਾਲ ਸ਼ਿੰਗਾਰਿਆ ਹੈ। ਸੱਚੀ ਭਗਤੀ ਦੀ ਸੋਝੀ ਇਸੇ ਲਈ ਕੇਵਲ ਗੁਰਬਾਣੀ ਦੇ ਕੋਲ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਗਿਆਨ ਦਾ ਸ੍ਰੋਤ ਪ੍ਰਮਾਤਮਾ ਆਪ ਹੀ ਹੈ। ਇਸੇ ਲਈ ਜਿੰਨ੍ਹਾਂ ਨੇ ਆਪਣੇ ਮਨ ਦੀ ਸਮਝ ਰਾਹੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਗੁਰੂ ਰੂਪ ਨੂੰ ਜਾਣਿਆ ਹੈ ਇਸੇ ਕਰਕੇ ਉਹ ਪ੍ਰਮਾਤਮਾ ਦੀਆਂ ਸਦਾ ਰਹਿਣ ਵਾਲੀ ਸੁਹਾਗਣਾਂ ਹਨ ਕਿਉਂਕਿ ਗੁਰੂ ਦਾ ਸੱਚਾ ਗਿਆਨ ਸਦਾ ਹੀ ਰਹਿੰਦਾ ਹੈ, ਆਪਣੇ ਨਾਮ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਸਦਾ ਹੀ ਰਹਿੰਦਾ ਹੈ ਜਿਸਦੀ ਉੱਚੀ ਤੇ ਸੁੱਚੀ ਸਮਝ ਨੂੰ ਕੋਈ ਦੇਖ ਨਹੀਂ ਸਕਦਾ ਭਾਵ ਧਰਮ ਦੇ ਸੱਚੇ ਮਾਰਗ ਦੀ ਸਮਝ ਨੂੰ ਕੋਈ ਕਦੇ ਬਦਲ ਨਹੀਂ ਸਕਦਾ। ਪੂਰੀ ਗੁਰਬਾਣੀ ਵਿੱਚ ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸੱਚ ਹੈ, ਬ੍ਰਹਮ ਗਿਆਨ ਰੂਪ ਸੱਚ ਹੈ ਜਿਸ ਸੱਚ ਨੂੰ ਕਦੇ ਮੇਟਿਆ ਨਹੀਂ ਜਾ ਸਕਦਾ। ਸੱਚ ਸਦਾ ਰਹਿਣ ਵਾਲਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸੱਚ ਨੂੰ ਮੇਟਣਾ ਨਾਮੁਮਕਿਨ ਹੈ ਭਾਵ ਗੁਰੂ ਦੇ ਨਾਮ ਨੂੰ ਮੇਟਣਾ ਨਾਮੁਮਕਿਨ ਹੈ। ਸਭ ਕੁੱਝ ਪ੍ਰਮਾਤਮਾ ਦੇ ਸੱਚ ਰੂਪ ਨਾਮ ਨਾਲ ਹੀ ਬਣਿਆ ਹੈ ਤੇ ਉਸੇ ਦੇ ਨਾਮ ਨਾਲ ਹੀ ਸਭ ਕੁੱਝ ਚੱਲ ਰਿਹਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਸੱਚ ਰੂਪ ਨਾਮ ਹੀ ਹੈ ਭਾਵ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਹੈ ਜਿਸ ਉੱਚੀ ਤੇ ਸੱਚੀ ਸਾਇੰਸ ਨਾਲ ਸਭ ਕੁੱਝ ਬਣਿਆ ਹੈ ਤੇ ਉਸੇ ਨਾਲ ਹੀ ਸਭ ਕੁੱਝ ਚੱਲ ਰਿਹਾ ਹੈ ਜਿਸ ਪ੍ਰਮਾਤਮਾ ਦੇ ਉੱਚੇ ਗਿਆਨ ਨੂੰ ਕੋਈ ਆਪਣੇ ਆਪ ਨਹੀਂ ਜਾਣ ਸਕਦਾ। ਪ੍ਰਮਾਤਮਾ ਦੇ ਇਸ ਉੱਚੇ ਗਿਆਨ ਰੂਪ ਨੂੰ ਜਾਨਣ ਦਾ ਤਰੀਕਾ ਸਾਡੇ ਕੋਲ ਗੁਰਬਾਣੀ ਰੂਪ ਸੱਚਾ ਗਿਆਨ ਹੈ, ਉਸਦਾ ਨਾਮ ਰੂਪ ਗਿਆਨ ਹੈ, ਉਸਦਾ ਸੱਚ ਰੂਪ ਗਿਆਨ ਹੈ, ਜਿਸ ਉਸਦੇ ਨਾਮ ਰੂਪ ਗਿਆਨ ਨੂੰ ਜਪਣ ਦੁਆਰਾ ਭਾਵ ਮੰਨਣ ਦੁਆਰਾ ਭਾਵ ਉਸਦੇ ਅਮਲ ਕਰਨ ਦੁਆਰਾ ਨਾਮ ਦੇ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਹੈ ਜੋ ਸੱਚਾ ਉੱਦਮ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਮਨ ਦੇ ਵਿੱਚੋਂ ਆਪਣੇ ਦਰਸ਼ਨ ਗਿਆਨ ਦਾ ਮਾਲਕ, ਨਾਮ ਦਾ ਮਾਲਕ, ਸੱਚ ਦਾ ਮਾਲਕ ਆਪਣੀ ਕ੍ਰਿਪਾ ਦੁਆਰਾ ਆਪ ਹੀ ਕਰਵਾਉਂਦਾ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਮਨੁੱਖ ਨੇ ਹੀ ਕਰਨਾ ਹੈ। **(ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥ ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥)**

{ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥}

(ਅੰਗ ੬੮੭)

ਗੁਰਬਾਣੀ ਇਸੇ ਲਈ ਗੁਰੂ ਰੂਪ ਹੈ ਕਿਉਂਕਿ ਉਸ ਵਿੱਚ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ ਤੇ ਗੁਰੂ ਹੀ ਸੰਤ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਸੰਤ ਅਸਲ ਵਿੱਚ ਉਹ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਭਾ ਵਿੱਚੋਂ ਇਹ ਸੱਚਾ ਗਿਆਨ ਉਪਜਦਾ ਹੈ ਜਿਸ ਦੁਆਰਾ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ॥੪॥"

ਜਿੱਥੇ ਪ੍ਰਮਾਤਮਾ ਦੇ ਨਾਲ ਮੇਲ ਹੈ ਉੱਥੇ ਹੀ ਸੰਤ ਸਭਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਧਾਗੇ ਦੇ ਨਾਲ ਜੋੜ ਲੈਂਦਾ ਹੈ ਉੱਥੇ ਹੀ ਸੰਤ ਸਭਾ ਹੈ। ਉਸਦੀ ਸਭਾ ਵਿੱਚੋਂ ਸੱਚਾ ਗਿਆਨ ਹੀ ਉਪਜਦਾ ਹੈ, ਬ੍ਰਹਮਗਿਆਨ ਹੀ ਉਪਜਦਾ ਹੈ। ਜਿੰਨ੍ਹਾਂ ਦੇ ਮਨ ਵਿੱਚ ਪ੍ਰਮਾਤਮਾ ਨੇ ਆਪਣੀ ਇਹ ਸੰਤ ਸਭਾ ਬਣਾਈ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਬ੍ਰਹਮਗਿਆਨ ਦਿੱਤਾ ਹੈ ਜਿਸ ਦੁਆਰਾ ਪੂਰੀ ਗੁਰਬਾਣੀ ਵਿੱਚ ਸੰਤ ਸਭਾ ਹੈ ਪ੍ਰਮਾਤਮਾ ਦੀ ਆਪਣੀ ਹੀ ਸਭਾ ਲੱਗੀ ਹੋਈ ਹੈ ਜਿਸ ਰਾਹੀਂ ਉਹ ਸਭ ਨੂੰ ਆਪਣਾ ਸੱਚਾ ਗਿਆਨ ਵੰਡ ਰਿਹਾ ਹੈ। ਇਹ ਸੱਚਾ ਗਿਆਨ ਹੀ, ਬ੍ਰਹਮਗਿਆਨ ਹੀ "ਸੁਖੁ" ਰੂਪ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਦੁਆਰਾ ਸਾਨੂੰ ਸੱਚੇ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਜਿਸਨੂੰ ਪ੍ਰਮਾਤਮਾ ਗੁਰਮੁਖਿ ਵਾਲੀ ਅਵੱਸਥਾ

23/2530

ਬਖ਼ਸ਼ਦਾ ਹੈ, ਆਪਣੇ ਸੱਚੇ ਗਿਆਨ ਵਾਲੀ ਅਵੱਸਥਾ ਬਖ਼ਸ਼ਦਾ ਹੈ ਉਹ ਆਪਣੀ ਸੰਤ ਸਭਾ ਦੁਆਰਾ ਹੀ ਬਖ਼ਸ਼ਦਾ ਹੈ ਤੇ ਇਹੀ ਉਸਦੇ ਨਾਮ ਵਾਲੀ ਅਵੱਸਥਾ ਹੈ, ਪੂਰਨ ਗੁਰਮਤਿ ਦੀ ਸੋਝੀ ਵਾਲੀ ਅਵੱਸਥਾ ਹੈ। ਮਨ ਦੇ ਵਿੱਚ ਇਸ ਸੱਚੀ ਸੋਝੀ ਦੁਆਰਾ ਹੀ ਮਨੁੱਖ ਨਾਮ ਨੂੰ ਆਪਣੀ ਓਟ ਬਣਾਉਂਦਾ ਹੈ, ਗੁਰਮਤਿ ਨੂੰ ਆਪਣੀ ਓਟ ਬਣਾਉਂਦਾ ਹੈ ਭਾਵ ਉਸ ਅਨੁਸਾਰ ਵਿਚਰਦਾ ਹੈ। ਇਹ ਸਾਡੇ ਅੰਦਰ ਸੱਚੀ ਭਗਤੀ ਦਾ ਸ਼ਿੰਗਾਰ ਹੈ ਜੋ ਕਿ ਪ੍ਰਮਾਤਮਾ ਆਪ ਹੀ ਸ਼ਿੰਗਾਰਦਾ ਹੈ। **(ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥ ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ॥ ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ॥੪॥)**

{ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ॥

ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥੪॥}

(ਅੰਗ ੩੫੬)

ਸੰਤ ਸਭਾ ਸਾਡੇ ਅੰਦਰ ਚੌਥੇ ਪਦ ਦੀ ਅਵੱਸਥਾ ਹੈ, ਬ੍ਰਹਮਗਿਆਨ ਦੀ ਅਵੱਸਥਾ ਹੈ, ਗੁਰੂ ਦੀ ਅਵੱਸਥਾ ਹੈ, ਗੁਰਬਾਣੀ ਦੀ ਅਵੱਸਥਾ ਹੈ ਜੋ ਮਨ ਦੇ ਚੌਥੇ ਪਦ ਰਾਹੀਂ ਆਈ ਹੈ, ਸਹਜੁ ਦੀ ਅਵੱਸਥਾ ਰਾਹੀਂ ਆਈ ਹੈ।

{ਭਾਈ ਰੇ ਸੰਤ ਜਨਾ ਕੀ ਰੇਣੁ॥

ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥੧॥ਰਹਾਉ॥}

(ਅੰਗ ੧੮)

ਸਾਡੀ ਮੁਕਤੀ ਦਾ ਪਦਾਰਥ ਸੱਚਾ ਗਿਆਨ ਹੈ ਜਿਸਨੇ ਸਾਨੂੰ ਭਰਮ ਤੋਂ ਮੁਕਤ ਕਰਨਾ ਹੈ। ਇਹ ਪਦਾਰਥ ਸਾਨੂੰ ਸੰਤ ਸਭਾ ਵਿੱਚੋਂ ਮਿਲਣਾ ਹੈ, ਗੁਰਬਾਣੀ ਦੇ ਵਿੱਚੋਂ ਮਿਲਣਾ ਹੈ। ਪੂਰੀ ਗੁਰਬਾਣੀ ਵਿੱਚ ਉਨ੍ਹਾਂ ਦੀ "ਰੇਣੁ" ਹੈ ਭਾਵ ਉਨ੍ਹਾਂ ਦਾ ਪਾਇਆ ਹੋਇਆ ਗਿਆਨ ਹੈ, ਬ੍ਰਹਮਗਿਆਨ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਆਪਣਾ ਸੰਤ ਰੂਪ ਬਣਾਇਆ ਹੈ। ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜ ਕੇ ਹੀ, ਗੁਰਬਾਣੀ ਦੀ ਸੱਚੀ ਮਤਿ ਦੇ ਨਾਲ ਜੁੜ ਕੇ ਹੀ, ਗੁਰਬਾਣੀ ਦੀ ਚਰਨ ਧੂੜ ਦੇ ਨਾਲ ਜੁੜ ਕੇ ਹੀ ਅਸੀਂ ਉਸ "ਗੁਰੂ" ਰੂਪ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਜੋ ਮੁਕਤੀ ਦੇ ਪਦਾਰਥ ਦੀ "ਧੇਣੁ" ਹੈ, ਜੋ ਬ੍ਰਹਮਗਿਆਨ ਦੀ "ਧੇਣੁ" ਹੈ।

{ਥਾਨੁ ਸੁਹਾਵਾ ਪਵਿਤ੍ਰ ਹੈ ਜਿਥੈ ਸੰਤ ਸਭਾ॥

ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ॥

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥੪॥੬॥੭੬॥}

(ਅੰਗ ੪੪)

{ਜਗਜੀਵਨੁ ਦਾਤਾ ਹਰਿ ਮਨਿ ਰਾਤਾ ਸਹਜਿ ਮਿਲੈ ਮੇਲਾਇਆ॥
ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ॥
ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ॥
ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥੪॥੩॥}

(ਅੰਗ ੪੩੭)

23/2531

ਸਾਧ ਸਭਾ, ਸੰਤ ਸਭਾ ਇੱਕੋ ਹੀ ਗੱਲ ਹੈ। ਇਸ ਸਭਾ ਦੇ ਵਿੱਚ ਹੀ ਸਾਡੀ ਸਾਧਸੰਗਤਿ ਹੁੰਦੀ ਹੈ, ਸੰਤਸੰਗਤਿ ਹੁੰਦੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਜਿੰਨ੍ਹਾਂ ਦੀ ਸਾਧਸੰਗਤਿ ਹੋਈ ਹੈ ਉਨ੍ਹਾਂ ਨੇ ਹੀ ਗੁਰਬਾਣੀ ਉਚਾਰੀ ਹੈ। ਇਸ ਅਵੱਸਥਾ ਵਿੱਚੋਂ ਸਾਨੂੰ ਪ੍ਰਮਾਤਮਾ ਕੋਲੋਂ ਬ੍ਰਹਮਗਿਆਨ ਹੀ ਮਿਲਦਾ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਦੇ ਅੰਦਰ ਬ੍ਰਹਮਗਿਆਨ ਹੈ ਕਿਉਂਕਿ ਉਹ ਸਾਧਸੰਗਿ ਦੀ ਅਵੱਸਥਾ ਵਿੱਚੋਂ ਆਈ ਹੈ। ਗੁਰਬਾਣੀ ਦੀ ਅਵੱਸਥਾ ਸਾਧਸੰਗਿ ਵਾਲੀ ਹੈ ਤੇ ਇਸੇ ਲਈ ਗੁਰਬਾਣੀ ਇਹ ਜਾਣਦੀ ਹੈ ਕਿ ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ।

{ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੰਤ ਰੂਪ ਹੈ, ਸਾਧ ਰੂਪ ਹੈ ਜਿਸ ਵਿੱਚ ਉਹ ਬ੍ਰਹਮਗਿਆਨੀ ਆਪਣੇ ਬ੍ਰਹਮਗਿਆਨ ਦੁਆਰਾ, ਆਪਣੇ ਸ਼ਬਦ ਦੁਆਰਾ ਬਿਰਾਜਮਾਨ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਆਪਣੇ ਆਪ ਨੂੰ ਕੋਈ ਸੰਤ, ਬ੍ਰਹਮਗਿਆਨੀ ਉਹੀ ਅਖਵਾ ਸਕਦਾ ਹੈ ਜਿਸਨੂੰ ਉਸ ਨਿਰਗੁਣ ਰੂਪ ਸੰਤ ਦੀ, ਬ੍ਰਹਮਗਿਆਨੀ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ ਤੇ ਨਾ ਹੀ ਉਨ੍ਹਾਂ ਨੂੰ ਇਹ ਕੁੱਝ ਸਮਝਣ ਵਾਲਿਆਂ ਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਹੈ।

ਉਸਦੇ ਨਿਰਗੁਣ ਰੂਪ ਸੱਚੇ ਧਾਗੇ ਨਾਲ ਜੁੜੇ ਬਿਨ੍ਹਾਂ, ਉਸਦੀ ਸੰਤ ਸਭਾ ਵਿੱਚ ਪਹੁੰਚੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ। ਉਹ ‘‘ਸਬਦੁ’’ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਉਸਦੀ ਆਪਣੇ ਅੰਦਰੋਂ ਪਹਿਚਾਣ ਹੋਏ ਬਿਨ੍ਹਾਂ ਉਸਨੂੰ ਕੋਈ ਨਹੀਂ ਜਾਣ ਸਕਦਾ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ॥
ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ॥
ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ॥੫॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਅਸੀਂ ਉਸ ਗੁਰੂ ਰੂਪ ਸ਼ਬਦ ਦੀ, ਪ੍ਰਮਾਤਮਾ ਦੀ ਪਹਿਚਾਣ ਕਿੱਥੋਂ ਕਰਨੀ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਸ਼ਬਦ ਦੁਆਰਾ ਹੀ ਵਰਤ ਰਿਹਾ ਹੈ ਤੇ ਸਾਡੇ ਅੰਦਰ ਵੀ ਉਹ ਸ਼ਬਦ ਰੂਪ ਵਿੱਚ ਹੀ ਹੈ, ਮਨ ਦੇ ਗਿਆਨ ਰੂਪ ਵਿੱਚ ਹੀ ਹੈ।

{ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ॥੫॥੬॥}

(ਅੰਗ ੧੩੩੪)

ਪ੍ਰਮਾਤਮਾ ਸਭ ਜਗ੍ਹਾ ਆਪਣੇ ‘‘ਸਬਦੁ’’ ਰੂਪ ਵਿੱਚ ਵਿਚਰ ਰਿਹਾ ਹੈ। ਸਬਦੁ ਦੁਆਰਾ ਹੀ ਸਭ ਉਤਪਤੀ ਹੋਈ ਹੈ ਤੇ ਸਬਦੁ ਦੁਆਰਾ ਹੀ ਸਭ ਕੁੱਝ ਚੱਲ ਰਿਹਾ ਹੈ, ਹਰ ਸਰਗੁਣ ਸਰੂਪ, ਸ਼ਬਦ ਦੁਆਰਾ ਬਣਿਆ ਹੈ ਤੇ ਸ਼ਬਦ ਦੁਆਰਾ ਹੀ ਚੱਲ ਰਿਹਾ

ਹੈ। ਸਾਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਸ਼ਬਦ ਹੀ ਹੈ। ਪ੍ਰਮਾਤਮਾ ਆਪਣੇ "ਸਬਦੁ" ਦੁਆਰਾ ਹੀ ਸਭ ਜਗ੍ਹਾ ਭਰਪੂਰ ਹੈ। ਸ਼ਬਦ ਰੂਪ ਵਿੱਚ ਹੀ ਪ੍ਰਮਾਤਮਾ ਗੁਰੂ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੀ ਸ਼ਬਦ ਹੈ। ਸ਼ਬਦ ਪ੍ਰਮਾਤਮਾ ਦਾ ਬ੍ਰਹਮਗਿਆਨ ਰੂਪ ਹੈ ਜਿਸ ਰੂਪ ਵਿੱਚ ਉਹ ਗੁਰਬਾਣੀ ਵਿੱਚ ਬਿਰਾਜਮਾਨ ਹੈ। ਹਰ ਵਸਤੂ ਵਿੱਚ ਉਹ

ਆਪਣੇ ਬ੍ਰਹਮਗਿਆਨ ਦੁਆਰਾ ਹੀ ਬਿਰਾਜਮਾਨ ਹੈ, ਸ਼ਬਦ ਰੂਪ ਵਿੱਚ ਹੀ ਬਿਰਾਜਮਾਨ ਹੈ ਜਿਸ ਦੁਆਰਾ ਹਰ ਵਸਤੂ ਚੱਲ ਰਹੀ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਬ੍ਰਹਮਗਿਆਨ ਰੂਪ ਹੈ, ਉਸਦਾ ਸ਼ਬਦ ਰੂਪ ਹੈ ਜਿਸ ਦੁਆਰਾ ਉਸਨੇ ਸ੍ਰਿਸ਼ਟੀ ਦੀ ਉਤਪਤੀ ਕੀਤੀ ਹੈ ਤੇ ਉਸਨੂੰ ਚਲਾ ਰਿਹਾ ਹੈ। ਗਿਆਨ ਦਾ ਦਾਤਾ ਪ੍ਰਮਾਤਮਾ ਆਪ ਹੈ ਤੇ ਹਰ ਵਸਤੂ ਵਿੱਚ ਉਹ ਗਿਆਨ ਦੀ ਸੋਝੀ ਦੁਆਰਾ ਸਮਾਇਆ ਹੋਇਆ ਹੈ, ਸਾਇੰਟਿਫਿਕ ਸੋਝੀ ਦੁਆਰਾ ਸਮਾਇਆ ਹੋਇਆ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥}

(ਅੰਗ ੪੫੬)

ਸਾਡੇ ਅੰਦਰ ਜਦੋਂ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉਹ ਆਪਣੇ ਸ਼ਬਦ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ, ਬ੍ਰਹਮਗਿਆਨ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਵਿਚਰ ਰਿਹਾ ਹੈ। ਸਾਡੇ ਅੰਦਰ ਉਹ ਸਾਡੇ ਮਨ ਦੇ ਗਿਆਨ ਰੂਪ ਵਿੱਚ ਹੀ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਹੀ ਹੈ। ਸਾਨੂੰ ਚਲਾਉਣ ਵਾਲੀ ਮਨ ਦੀ ਸੋਝੀ ਹੈ, ਪ੍ਰਮਾਤਮਾ ਦਾ ਪਾਇਆ ਹੋਇਆ ਗਿਆਨ ਅੰਜਨ ਹੈ। ਇਸਦੀ ਸਮਝ ਸਾਨੂੰ ਪ੍ਰਮਾਤਮਾ ਦੇ ਸਾਡੇ ਅੰਦਰ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ।

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥
ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥}

(ਅੰਗ ੯੩੭)

ਸਾਡੇ ਮਨ ਦੇ ਅੰਦਰ ਵਿਚਾਰ ਹੀ ਉਪਜਦੇ ਹਨ ਜਿੰਨ੍ਹਾਂ ਰਾਹੀਂ ਸਾਨੂੰ ਸੋਝੀ ਪੈਂਦੀ ਹੈ, ਗਿਆਨ ਮਿਲਦਾ ਹੈ। ਇਹ ਵਿਚਾਰ ਸਾਡੇ ਅੰਦਰ ਇੱਕ ਖਿਨ ਦੇ ਵਿੱਚ ਉਪਜ ਜਾਂਦੇ ਹਨ, ਇੱਕ ਦਮ ਉਪਜ ਜਾਂਦੇ ਹਨ ਤੇ ਚਲੇ ਵੀ ਜਾਂਦੇ ਹਨ ਭਾਵ ਸਾਡਾ ਇਨ੍ਹਾਂ ਵਿਚਾਰਾਂ ਦੇ ਉਪਜਣ ਤੇ ਕੋਈ ਵੱਸ ਨਹੀਂ ਚੱਲਦਾ ਕਿ ਇਹ ਸਾਡੇ ਅੰਦਰੋਂ ਉਪਜਾਉਣ ਵਾਲਾ ਕੌਣ ਹੈ। ਸਾਡੇ ਅੰਦਰ ਜੋ ਮਾਇਆ ਮੋਹ ਆਉਂਦਾ ਹੈ, ਜੋ ਤ੍ਰਿਸ਼ਨਾ ਉਪਜਦੀ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਉਪਜਦੀ ਹੈ ਤੇ ਅਸੀਂ ਆਪਣੀ ਤ੍ਰਿਸ਼ਨਾ ਦੀ ਪੂਰਤੀ ਲਈ ਹੀ ਖਪਦੇ ਰਹਿੰਦੇ ਹਾਂ, ਦੁਖੀ ਹੁੰਦੇ ਰਹਿੰਦੇ ਹਾਂ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਡੇ ਮਨ ਦੇ ਵਿਚਾਰਾਂ ਦੀ ਉਪਜ ਹੀ ਹਨ ਜਿੰਨ੍ਹਾਂ ਦੁਆਰਾ ਅਸੀਂ ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ, ਮਾਇਆ ਮੋਹ ਵਿੱਚ ਫਸਦੇ ਹਾਂ ਤੇ ਖਪਦੇ ਰਹਿੰਦੇ ਹਾਂ ਭਾਵ ਮਨ ਦੇ ਇਹ ਵਿਚਾਰ ਸਾਨੂੰ ਟਿਕਣ ਨਹੀਂ ਦਿੰਦੇ, ਸਾਨੂੰ ਸੰਤੋਖ ਵਿੱਚ ਨਹੀਂ ਆਉਣ ਦਿੰਦੇ।

(ਖਿਨ ਮਹਿ ਉਪਜੈ ਖਿਨਿ ਖਪੈ)

ਅਗਲੀ ਗੱਲ ਸਾਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਖਿਨੁ ਆਵੈ ਖਿਨੁ ਜਾਇ॥”

ਪ੍ਰਮਾਤਮਾ ਸਾਡੇ ਅੰਦਰ ਆਪਣੇ ਸ਼ਬਦ ਰੂਪ ਵਿੱਚ ਹੀ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ, ਵਿਚਾਰਾਂ ਦੇ ਗਿਆਨ ਰੂਪ ਵਿੱਚ ਹੀ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰ ਇਹ ਵਿਚਾਰ “ਖਿਨੁ” ਵਿੱਚ ਆਉਂਦੇ ਹਨ, “ਖਿਨੁ” ਵਿੱਚ ਚਲੇ ਜਾਂਦੇ ਹਨ ਪਰ ਸਾਨੂੰ ਇਨ੍ਹਾਂ ਦੀ ਸਮਝ ਨਹੀਂ ਪੈਂਦੀ ਕਿ ਇਹ ਕਿਵੇਂ ਆਉਂਦੇ ਹਨ ਤੇ ਕਿਵੇਂ ਚਲੇ ਜਾਂਦੇ ਹਨ। ਆਪਣੇ ਸ਼ਬਦ ਰੂਪ ਵਿੱਚ ਪ੍ਰਮਾਤਮਾ,

23/2533

ਆਪਣੇ ਗਿਆਨ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵਿਚਾਰਾਂ ਰਾਹੀਂ ਆਪ ਹੀ ਆ ਜਾ ਰਿਹਾ ਹੈ ਪਰ ਸਾਨੂੰ ਇਸਦੀ ਸਮਝ ਨਹੀਂ ਹੈ। ਸ਼ਬਦ ਰੂਪ ਵਿੱਚ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਵਿਚਰ ਰਿਹਾ ਹੈ ਪਰ ਸਾਨੂੰ ਇਸ ਦੀ ਸਮਝ ਨਹੀਂ ਹੈ, ਸਾਨੂੰ ਆਪਣੇ ਵਿਚਾਰਾਂ ਦੀ ਪਹਿਚਾਣ ਨਹੀਂ ਹੈ ਕਿ ਇਨ੍ਹਾਂ ਨੂੰ ਪਾਉਣ ਵਾਲਾ ਸਾਡੇ ਅੰਦਰ ਕੌਣ ਹੈ। ਪ੍ਰਮਾਤਮਾ ਨੂੰ ਸਮਝਣ ਦਾ ਭੇਦ, “ਸਬਦੁ” ਰੂਪ ਨੂੰ, ਗੁਰੂ ਰੂਪ ਨੂੰ ਆਪਣੇ ਅੰਦਰੋਂ ਪਹਿਚਾਣੇ ਬਿਨ੍ਹਾਂ ਸਾਨੂੰ ਉਸ ਸ਼ਬਦ ਰੂਪ ਪ੍ਰਮਾਤਮਾ ਦੀ ਸੋਝੀ ਨਹੀਂ ਪੈ ਸਕਦੀ ਕਿ ਉਹ ਸਭ ਨੂੰ ਆਪਣੇ ਸਬਦੁ ਦੁਆਰਾ ਹੀ ਚਲਾ ਰਿਹਾ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ॥”

ਸਬਦੁ ਸਾਡੇ ਅੰਦਰ ਹੀ ਹੈ ਪਰ ਉਸਦੀ ਸੋਝੀ ਪਏ ਬਿਨ੍ਹਾਂ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਾਂ, ਭਰਮ ਵਾਲੀ ਅਵੱਸਥਾ ਵਿੱਚ ਹਾਂ, ਹਉਮੈ ਵਾਲੀ ਅਵੱਸਥਾ ਵਿੱਚ ਹਾਂ, ਮਾਇਆ ਮੋਹ ਵਾਲੀ ਅਵੱਸਥਾ ਵਿੱਚ ਹਾਂ। ਸਾਡੇ ਅੰਦਰ ਜੋ ਕੁੱਝ ਹੋ ਰਿਹਾ ਹੈ ਭਾਵ ਮਨ ਦੇ ਰਾਹੀਂ ਸਾਨੂੰ ਜੋ ਕੁੱਝ ਸੋਝੀ ਪੈ ਰਹੀ ਹੈ ਉਹ ਸੋਝੀ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਤੇ ਸਾਡੇ ਅੰਦਰ ਦੀ ਇਹ ਸੋਝੀ ਹੀ ਪ੍ਰਮਾਤਮਾ ਦਾ ਹੁਕਮ ਹੈ ਜਿਸਦੇ ਅੰਦਰ ਹਰ ਕੋਈ ਚੱਲ ਰਿਹਾ ਹੈ। ਪ੍ਰਮਾਤਮਾ ਨੇ ਸਭ ਨੂੰ ਗਿਆਨ ਦੀ ਨੱਥ ਦੇ ਨਾਲ ਨੱਥਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦਾ ਸਾਡੇ ਅੰਦਰ ਇਹ ਗਿਆਨ ਰੂਪ ਹੁਕਮ ਸ਼ਬਦ ਰੂਪ ਵਿੱਚ ਹੈ, ਨਿਰਗੁਣ ਰੂਪ ਵਿੱਚ ਹੈ ਜਿਸਨੂੰ ਅਸੀਂ ਆਪਣੇ ਆਪ ਪਹਿਚਾਣ ਨਹੀਂ ਸਕਦੇ। ਇਹ ਕੇਵਲ ਗੁਰਪ੍ਰਸਾਦਿ ਹੈ। ਜਿਸਨੇ ਆਪਣੇ ਅੰਦਰੋਂ “ਸਬਦੁ” ਨੂੰ ਪਹਿਚਾਣਿਆ ਹੈ ਉਸਨੂੰ ਹੀ ਇਹ ਸਮਝ ਪਈ ਹੈ ਕਿ ਗੁਰੂ ਅਸਲ ਵਿੱਚ ਕੌਣ ਹੈ। ਗੁਰੂ ਆਪ ਪ੍ਰਮਾਤਮਾ ਹੀ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ ਤੇ ਇਸੇ ਲਈ ਗੁਰਬਾਣੀ ਦੇ ਰਚਣ ਵਾਲਿਆਂ ਨੇ ਉਸ ਪ੍ਰਮਾਤਮਾ ਨੂੰ ਗੁਰੂ ਕਿਹਾ ਹੈ, ਸ਼ਬਦ ਨੂੰ ਗੁਰੂ ਕਿਹਾ ਹੈ। ਆਪਣੇ ਅੰਦਰੋਂ ਸਬਦੁ ਰੂਪ ਗੁਰੂ ਦੀ ਪਹਿਚਾਣ ਬ੍ਰਹਮਾ ਆਦਿ ਨੂੰ ਵੀ ਨਹੀਂ ਹੋਈ ਤੇ ਇਸੇ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਗਿਆਨਵਾਨ ਦੱਸਿਆ ਹੈ, ਗੁਰੂ ਰੂਪ ਦੱਸਿਆ ਹੈ। ਆਪਣੇ ਅੰਦਰੋਂ ਸਬਦੁ ਨੂੰ ਪਹਿਚਾਣੇ ਬਿਨ੍ਹਾਂ, ਪ੍ਰਮਾਤਮਾ ਨੂੰ ਪਹਿਚਾਣੇ ਬਿਨ੍ਹਾਂ, ਗਿਆਨ ਦੇ ਮਾਲਕ ਨੂੰ ਪਹਿਚਾਣੇ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ, ਕਾਲ ਦੇ ਵੱਸ ਹੀ ਹੈ, ਆਵਾਗਉਣ ਵਿੱਚ ਹੀ ਹੈ ਤੇ ਇਸੇ ਲਈ ਬਾਣੀ ਵਿੱਚ ਵਾਰ-ਵਾਰ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਸਭ ਦੇਵੀ ਦੇਵਤਾ ਅਖਵਾਉਣ ਵਾਲਿਆਂ ਨੂੰ, ਰਿਸ਼ੀਆਂ ਮੁਨੀਆਂ ਆਦਿ ਨੂੰ ਤ੍ਰੈਗੁਣਾਂ ਵਿੱਚ ਹੀ ਦੱਸਿਆ ਹੈ, ਆਵਾਗਉਣ ਵਿੱਚ ਹੀ ਦੱਸਿਆ ਹੈ, ਹਉਮੈ ਵਿੱਚ ਹੀ ਦੱਸਿਆ ਹੈ। ਆਪਣੇ ਅੰਦਰੋਂ ਸਬਦੁ ਨੂੰ ਪਹਿਚਾਣੇ ਬਿਨ੍ਹਾਂ ਹਰ ਕੋਈ ਮੈਂ ਵਿੱਚ ਹੀ ਹੈ ਭਾਵ ਆਪਣੇ ਆਪ ਨੂੰ ਹੀ ਉੱਚਾ ਅਖਵਾਉਂਦਾ ਹੈ ਤੇ ਅਸਲ ਵਿੱਚ ਉੱਚਾ ਕੌਣ ਹੈ ਇਸ ਗੱਲ ਦੀ

ਕਿਸੇ ਨੂੰ ਸਮਝ ਨਹੀਂ। ਜਿਸਦੀ ਮੈਂ ਨਹੀਂ ਗਈ ਉਹ ਆਪਣੇ ਆਪ ਨੂੰ ਸੰਤ ਅਖਵਾ ਸਕਦਾ ਹੈ, ਬ੍ਰਹਮਗਿਆਨੀ ਅਖਵਾ ਸਕਦਾ ਹੈ।

ਸਾਨੂੰ ਸਭ ਨੂੰ ਰਵਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਪਰ ਜਦ ਤੱਕ ਉਸਨੂੰ ਅਸੀਂ ਪਹਿਚਾਣਦੇ ਨਹੀਂ, ਉਸਦੇ ਸਬਦੁ ਰੂਪ ਨੂੰ ਆਪਣੇ ਅੰਦਰੋਂ ਪਹਿਚਾਣਦੇ ਨਹੀਂ ਤਦ ਤੱਕ ਸਾਨੂੰ

23/2534

ਇਹ ਸਮਝ ਨਹੀਂ ਪੈ ਸਕਦੀ ਕਿ ਸਾਨੂੰ ਰਵਣ ਵਾਲਾ ਕੌਣ ਹੈ ਭਾਵ ਸਾਨੂੰ ਸੋਝੀ ਪਾਉਣ ਵਾਲਾ ਕੌਣ ਹੈ, ਸਾਨੂੰ ਆਪਣੇ ਹੁਕਮ ਵਿੱਚ ਚਲਾਉਣ ਵਾਲਾ ਕੌਣ ਹੈ। ਇਸ ਗੱਲ ਦੀ ਸੋਝੀ ਪਏ ਬਿਨ੍ਹਾਂ ਕਿ ਸਾਡੀ ਸੋਝੀ ਦਾ ਮਾਲਕ ਕੌਣ ਹੈ ਅਸੀਂ ਮਨ ਦੀ ਸੋਝੀ ਨੂੰ, ਮਨ ਦੀਆਂ ਸੋਚਾਂ ਨੂੰ ਆਪਣੀਆਂ ਸੋਚਾਂ ਹੀ ਸਮਝਦੇ ਹਾਂ। ਸੋਚ ਸਭ ਦੇ ਅੰਦਰ ਉਸ ਇੱਕੋ ਇੱਕ ਪ੍ਰਮਾਤਮਾ ਦੀ ਹੀ ਚੱਲਦੀ ਹੈ ਪਰ ਸਾਨੂੰ ਸਭ ਨੂੰ ਉਸਨੇ ਵੱਖਰੀਆਂ-ਵੱਖਰੀਆਂ ਸੋਚਾਂ ਵਿੱਚ ਰੱਖਿਆ ਹੋਇਆ ਹੈ, ਸਭ ਨੂੰ ਦੁਬਿਧਾ ਵਿੱਚ, ਦੁਚਿੱਤੀ ਵਿੱਚ ਰੱਖਿਆ ਹੋਇਆ ਹੈ। ਆਪਣੇ ਅੰਦਰੋਂ ਸਬਦੁ ਨੂੰ ਪਹਿਚਾਣੇ ਬਿਨ੍ਹਾਂ ਕੋਈ ਉਸ "ਇਕ ਸੋਚ" ਵਿੱਚ ਨਹੀਂ ਰਲ ਸਕਦਾ ਜੋ ਕਿ ਉਸਦਾ ਚੌਥਾ ਪਦ ਹੈ। "ਇਕ ਸੋਚ" ਵਿੱਚ ਰਲਣ ਤੋਂ ਬਾਅਦ ਪ੍ਰਮਾਤਮਾ ਸਾਨੂੰ ਇੱਕੋ ਜਿਹੀ ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੇ ਰਚਣ ਵਾਲਿਆਂ ਨੂੰ ਪਾਈ ਹੈ ਤੇ ਇਸੇ ਲਈ ਸਭ ਨੇ ਇੱਕੋ ਜਿਹੀ ਗੁਰਮਤਿ ਸਮਝਾਈ ਹੈ, ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ। ਪੂਰੀ ਗੁਰਬਾਣੀ "ਇਕ ਸੋਚ" ਤੋਂ ਆਈ ਹੈ ਭਾਵ ਉਸ ਪ੍ਰਮਾਤਮਾ ਦੀ ਸੋਚ ਤੋਂ ਆਈ ਹੈ, ਚੌਥੇ ਪਦ ਦੀ ਸੋਚ ਤੋਂ ਆਈ ਹੈ, ਸ਼ਬਦ ਰੂਪ ਦੇ ਨਾਲ ਮੇਲ ਤੋਂ ਬਾਅਦ ਆਈ ਹੈ ਤੇ ਇਸੇ ਲਈ ਗੁਰਬਾਣੀ ਭਰਮ ਤੋਂ ਰਹਿਤ ਹੈ। ਪੂਰੀ ਗੁਰਬਾਣੀ "ਸਬਦੁ" ਰੂਪ ਹੈ, ਜਿੰਨ੍ਹਾਂ ਨੇ ਆਪਣੇ ਅੰਦਰੋਂ ਉਸ ਸਬਦੁ ਰੂਪ ਪ੍ਰਮਾਤਮਾ ਨੂੰ ਪਹਿਚਾਣਿਆ ਹੈ ਉਨ੍ਹਾਂ ਨੇ ਹੀ "ਸਬਦੁ" ਰੂਪ ਗੁਰਬਾਣੀ ਦੀ, ਸਬਦੁ ਰੂਪ ਗੁਰੂ ਦੀ ਰਚਨਾ ਕੀਤੀ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੀ ਸਬਦੁ ਰੂਪ ਵਿੱਚ ਗੁਰੂ ਹੈ, ਬ੍ਰਹਮਗਿਆਨ ਰੂਪ ਵਿੱਚ ਗੁਰੂ ਹੈ। **(ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ॥)**

{ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ॥
ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ॥
ਨਾਨਕ ਹਰਿ ਭਾਵੈ ਸੋ ਕਰੇ ਸਭ ਚਲੈ ਰਜਾਈ॥੩੬॥੧॥ਸੁਧੁ॥}

(ਅੰਗ ੧੨੫੧)

{ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥
ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ॥}

(ਅੰਗ ੧੨੮੯)

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥}

(ਅੰਗ ੬)

23/2535

ਜਿਸਨੂੰ ਪ੍ਰਮਾਤਮਾ ਆਪਣਾ ਸੰਤ ਰੂਪ ਬਖਸ਼ਦਾ ਹੈ, ਗੁਰੂ ਰੂਪ ਬਖ਼ਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੇ ਰਚਣ ਵਾਲਿਆਂ ਨੂੰ ਬਖ਼ਸ਼ਿਆ ਹੈ ਉਨ੍ਹਾਂ ਨੂੰ ਇਹ ਪ੍ਰਾਪਤੀ ਮਨ ਦੇ ਵਿੱਚੋਂ "ਸਬਦੁ" ਰੂਪ ਪ੍ਰਮਾਤਮਾ ਨੂੰ ਪਹਿਚਾਨਣ ਦੁਆਰਾ ਹੀ ਹੋਈ ਹੈ ਜਿਸਨੂੰ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸਬਦੁ ਪਛਾਣਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ॥
ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ

ਓਹੁ ਘਟੈ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ॥੩॥}

(ਅੰਗ ੮੬੦)

ਜਿਸਨੂੰ ਵੀ "ਰਾਮ ਰਸੁ" ਦੀ ਪ੍ਰਾਪਤੀ ਹੋਈ ਹੈ ਉਹ ਆਪਣੇ ਅੰਦਰੋਂ "ਸਬਦੁ" ਨੂੰ ਪਹਿਚਾਨਣ ਦੁਆਰਾ ਹੀ ਹੋਈ ਹੈ ਜੋ ਹਰ ਵੇਲੇ ਸਾਨੂੰ ਮਨ ਦੇ ਵਿੱਚ ਗਿਆਨ ਰਾਹੀਂ ਰਵ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ। ਪੂਰੀ ਗੁਰਬਾਣੀ ਦੇ ਵਿੱਚ "ਰਾਮ ਰਸੁ" ਹੈ। ਰਾਮ ਰਸੁ ਕੀ ਹੈ ਇਸ ਗੱਲ ਨੂੰ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਇਹ ਉਸ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਰਸੁ ਹੈ, ਸੱਚੇ ਗਿਆਨ ਦਾ ਰਸੁ ਹੈ, ਬ੍ਰਹਮਗਿਆਨ ਦਾ ਰਸੁ ਹੈ ਜਿਸ ਰਸੁ ਦਾ ਪ੍ਰਮਾਤਮਾ ਆਪ ਹੀ ਮਾਲਕ ਹੈ। ਇਹੀ ਉਸਦਾ ਹਰਿ ਰਸੁ ਹੈ, ਨਾਮ ਰਸੁ ਹੈ ਜਿਸ ਰਸੁ ਦੁਆਰਾ ਪ੍ਰਮਾਤਮਾ ਸਭ ਜਗ੍ਹਾ ਭਰਪੂਰ ਹੈ।

{ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ॥੩॥}

(ਅੰਗ ੪੧)

{ਇਹੁ ਹਰਿ ਰਸੁ ਪਾਵੈ ਜਨੁ ਕੋਇ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥}

(ਅੰਗ ੨੮੭)

{ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ॥
ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ॥}

(ਅੰਗ ੩੧੧)

ਇਹ "ਸਚੁ" ਦਾ "ਰਸੁ" ਹੈ, ਪ੍ਰਮਾਤਮਾ ਦਾ ਆਪਣਾ ਰਸੁ ਹੈ ਜਿਸ ਦੁਆਰਾ ਉਹ ਆਪਣਾ ਸਚੁ ਸਮਝਾਉਂਦਾ ਹੈ। ਜਿੰਨ੍ਹਾਂ ਨੇ ਮਨ ਦੇ ਅੰਦਰ ਇਹ ਸਚੁ ਦਾ ਰਸੁ ਚਖਿਆ ਹੈ, ਸੱਚੇ ਸ਼ਬਦ ਦਾ ਰਸੁ ਚਖਿਆ ਹੈ, ਅੰਮ੍ਰਿਤ ਰਸੁ ਚਖਿਆ ਹੈ ਉਨ੍ਹਾਂ ਨੇ ਹੀ ਅੰਮ੍ਰਿਤ ਬਾਣੀ ਦੀ ਰਚਨਾ ਕੀਤੀ ਹੈ ਤੇ ਸਾਰੀ ਬਾਣੀ ਦੇ ਵਿੱਚ ਸਚੁ ਦਾ ਰਸੁ ਪਾਇਆ ਹੈ, ਸਚੁ ਦਾ ਗਿਆਨ ਪਾਇਆ ਹੈ ਜਿਸ ਦੁਆਰਾ ਉਸ ਸਚੁ ਰੂਪ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ।

23/2536

ਸੰਤ ਅਖਵਾਉਣ ਵਾਲੇ ਤਾਂ ਬਹੁਤ ਹਨ ਪਰ ਉਸਦਾ "ਊਤਮੁ ਸੰਤੁ" ਉਹੀ ਬਣਦਾ ਹੈ ਜਿਸਨੂੰ ਉਹ ਆਪ ਹੀ ਉੱਤਮ ਕਰਦਾ ਹੈ, ਮਨ ਦੇ ਵਿੱਚ ਆਪਣੇ ਸ਼ਬਦ ਦੇ ਗਿਆਨ ਦੁਆਰਾ ਉੱਤਮ ਕਰਦਾ ਹੈ। ਜਿੰਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਨੇ ਆਪ ਆਪਣਾ ਸੰਤ ਰੂਪ ਬਣਾਇਆ ਹੈ, ਭਗਤ ਰੂਪ ਬਣਾਇਆ ਹੈ, ਗੁਰੂ ਰੂਪ ਬਣਾਇਆ ਹੈ ਉਨ੍ਹਾਂ ਨੇ ਹੀ ਸੰਤ ਰੂਪ ਗੁਰਬਾਣੀ ਦੀ ਰਚਨਾ ਕੀਤੀ ਹੈ ਜੋ ਸੰਸਾਰ ਦਾ ਸਭ ਤੋਂ "ਉਤਮੁ ਸੰਤੁ" ਹੈ ਤੇ ਉਸ ਤੋਂ ਵੱਡਾ ਹੋਰ ਕੋਈ ਨਹੀਂ ਹੋ ਸਕਦਾ ਕਿਉਂਕਿ ਗੁਰਬਾਣੀ ਤੋਂ ਉੱਚਾ ਗਿਆਨ ਹੋਰ ਕਿਸੇ ਕੋਲ ਨਹੀਂ ਹੈ। ਗੁਰਬਾਣੀ ਰਾਹੀਂ ਦਿੱਤੀ ਹੋਈ ਸ਼ਬਦ ਦੀ ਵਿਚਾਰ ਸਭ ਤੋਂ ਉੱਚੀ ਵਿਚਾਰ ਹੈ ਜਿਸ ਕਰਕੇ ਗੁਰਬਾਣੀ ਵੱਡੀ ਹੈ, ਪ੍ਰਮਾਤਮਾ ਦਾ ਸੱਚਾ ਸੰਤ ਹੈ। **(ਸਬਦੁ ਪਛਾਣਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ॥)**

{ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

ਪ੍ਰਮਾਤਮਾ ਜਿਸਨੂੰ ਵਡਿਆਈ ਦਿੰਦਾ ਹੈ ਭਾਵ ਜਿਸਨੂੰ ਆਪਣਾ ਸੰਤ ਰੂਪ ਬਣਾਉਂਦਾ ਹੈ ਉਸਦੀ ਵਡਿਆਈ ਨੂੰ ਕੋਈ ਘਟਾ ਨਹੀਂ ਸਕਦਾ ਕਿਉਂਕਿ ਉਸਦੇ ਕੋਲ ਸੱਚਾ ਗਿਆਨ ਹੁੰਦਾ ਹੈ ਤੇ ਸੱਚੇ ਗਿਆਨ ਦੀ ਵਡਿਆਈ ਕਦੇ ਘੱਟ ਨਹੀਂ ਸਕਦੀ। ਸੱਚ ਦੀ ਸੋਝੀ ਸੱਚੇ ਗਿਆਨ ਨਾਲ ਹੀ ਪੈਂਦੀ ਹੈ ਤੇ ਸੱਚ ਦੀ ਵਡਿਆਈ ਸਦਾ ਥਿਰ ਰਹਿਣ ਵਾਲੀ ਵਡਿਆਈ ਹੈ ਕਿਉਂਕਿ ਸੱਚ ਨੂੰ ਕਦੇ ਝੂਠ ਸਾਬਿਤ ਨਹੀਂ ਕੀਤਾ ਜਾ ਸਕਦਾ। ਝੂਠੀ ਗੱਲ ਬਿਨਸ ਜਾਂਦੀ ਹੈ, ਝੂਠੇ ਬੋਲ ਬਿਨਸ ਜਾਂਦੇ ਹਨ ਪਰ ਸੱਚੇ ਬੋਲ ਕਦੇ ਨਹੀਂ ਬਿਨਸ ਸਕਦੇ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਸਮਝਿਆ ਹੈ। ਆਪਣੇ ਸੰਤ ਰੂਪ ਵਿੱਚ ਪ੍ਰਮਾਤਮਾ ਸਾਨੂੰ ਸੱਚੇ ਬੋਲ ਹੀ ਸਮਝਾਉਂਦਾ

ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਪਾਏ ਹੋਏ ਸੱਚੇ ਬੋਲ ਹਨ, ਉਸਦੇ ਸੱਚੇ ਬਚਨ ਹਨ ਜਿੰਨ੍ਹਾਂ ਕਰਕੇ ਗੁਰਬਾਣੀ ਵੱਡੀ ਹੈ ਉਸਦੀ ਵਡਿਆਈ ਨੂੰ ਕੋਈ ਇੱਕ ਤਿਲ ਵੀ ਨਹੀਂ ਘਟਾ ਸਕਦਾ ਕਿਉਂਕਿ ਉਸ ਵਿੱਚ ਪੂਰਨ ਸਚੁ ਹੈ, ਉਸ ਵਿੱਚ ਹਰਿ ਰਸੁ ਹੈ, ਰਾਮ ਰਸ ਹੈ, ਅੰਮ੍ਰਿਤ ਰਸ ਹੈ, ਬ੍ਰਹਮਗਿਆਨ ਰੂਪ ਰਸ ਹੈ, ਨਾਮ ਰਸ ਹੈ। **(ਸਬਦੁ ਪਛਾਣਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ॥ ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ ਓਹੁ ਘਟੈ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ॥੩॥)**

ਆਪਣੇ ਅੰਦਰੋਂ ਸ਼ਬਦ ਨੂੰ ਪਹਿਚਾਣੇ ਬਿਨ੍ਹਾਂ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਪਾਏ ਬਿਨ੍ਹਾਂ, ਨਾਮ ਰਸ ਦੀ, ਰਾਮ ਰਸ ਦੀ ਪ੍ਰਾਪਤੀ ਹੋਏ ਬਿਨ੍ਹਾਂ ਭਾਵ ਸੱਚੀ ਗੁਰਮਤਿ ਦੀ ਸੋਝੀ ਪਏ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਦੇ ਤੋਲ ਤੇ ਪੂਰਾ ਨਹੀਂ ਉਤਰ ਸਕਦੇ। ਤੋਲ ਤਾਂ ਅਸੀਂ ਗੁਰਮਤਿ ਦਾ ਹੀ ਤੁਲਨਾ ਹੈ ਭਾਵ ਗੁਰੂ ਦੇ ਬਚਨਾਂ ਦੇ ਤੋਲ ਤੇ ਤੁਲਣਾ ਹੈ ਪਰ ਜਦ ਤੱਕ ਸਾਨੂੰ ਇਹ ਸੋਝੀ ਹੀ ਨਹੀਂ ਪੈਂਦੀ ਕਿ ਗੁਰੂ ਦੇ ਸੱਚੇ ਬਚਨਾਂ ਦਾ ਮਕਸਦ ਕੀ ਹੈ, ਗੁਰੂ ਦੇ ਸ਼ਬਦਾਂ ਦਾ ਮਕਸਦ ਕੀ ਹੈ ਤਦ ਤੱਕ ਉਸਦੇ ਤੋਲ ਤੇ ਨਹੀਂ ਤੁਲਿਆ ਜਾ ਸਕਦਾ। ਮਨ ਦੇ ਵਿੱਚ ਆਪਣੀ ਸੱਚੀ ਸੋਝੀ ਪਾ ਕੇ, ਨਾਮ ਦੀ ਸੋਝੀ ਪਾ ਕੇ ਉਹ ਆਪ ਹੀ ਉਸ ਸੋਝੀ ਅਨੁਸਾਰ ਚਲਾਉਂਦਾ ਹੈ ਜਿਸ ਦੁਆਰਾ ਉਸ ਦਾ ਤੋਲ ਤੁਲਿਆ ਜਾ ਸਕਦਾ ਹੈ। ਆਪਣੇ ਅੰਦਰੋਂ ਸ਼ਬਦ ਨੂੰ ਪਹਿਚਾਣੇ ਬਿਨ੍ਹਾਂ ਹਰ ਕੋਈ ਸ਼ਬਦ ਦੀ ਕਥਨੀ ਵਿੱਚ ਹੀ ਲੱਗਾ ਰਹਿੰਦਾ ਹੈ ਜਿਸਨੂੰ ਕਿ ਉਹ ਗੁਰੂ ਦੇ ਤੋਲ ਤੇ ਤੁਲਣਾ

ਸਮਝਦੇ ਹਨ, ਕਿਸੇ ਅੱਖਰ ਨੂੰ ਰਟੀ ਜਾਣਾ ਗੁਰੂ ਦੇ ਤੋਲ ਤੇ ਤੁਲਣਾ ਸਮਝਦੇ ਹਨ ਪਰ ਇਸ ਤਰੀਕੇ ਭਾਵ ਕਥਨੀ ਦੁਆਰਾ ਉਸ ਗੁਰੂ ਪ੍ਰਮਾਤਮਾ ਦੇ ਤੋਲ ਤੇ ਨਹੀਂ ਤੁਲਿਆ ਜਾ ਸਕਦਾ ਜਿਵੇਂ ਕਿ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ॥ ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ॥੫॥)**

ਆਪਣਾ ਤੋਲ ਪ੍ਰਮਾਤਮਾ ਆਪ ਹੀ ਤੁਲਾਉਂਦਾ ਹੈ, ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਤੁਲਵਾਉਂਦਾ ਹੈ। ਉਸਦਾ ਤੋਲ ਕਥਨੀ ਦੇ ਨਾਲ ਨਹੀਂ ਤੁਲਿਆ ਜਾ ਸਕਦਾ ਬਲਕਿ ਸਾਡੀ ਕਰਨੀ ਦੇ ਨਾਲ ਤੁਲਿਆ ਜਾ ਸਕਦਾ ਹੈ। ਮਨ ਦੇ ਵਿੱਚ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈਣ ਦੇ ਨਾਲ ਸਾਡੀ ਕਰਨੀ ਹੀ ਚੰਗੀ ਹੁੰਦੀ ਹੈ ਜਿਵੇਂ ਕਿ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ॥
ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ॥੬॥”

(ਅੰਗ - ੫੯)

ਸਾਡੇ ਇਸ ਜੀਵਨ ਦਾ ਮਕਸਦ, ਵਜ੍ਹਾ, ਲਾਹੇ ਦੀ ਪ੍ਰਾਪਤੀ ਕਰਨਾ ਹੈ ਜਿਸ ਲਈ ਸਾਨੂੰ ਇਹ ਜੀਵਨ ਮਿਲਿਆ ਹੈ। ਇਸ ਜੀਵਨ ਦਾ ਮਕਸਦ ਪ੍ਰਮਾਤਮਾ ਕਿਸੇ ਵਿਰਲੇ ਦਾ ਹੀ ਪੂਰਾ ਕਰਵਾਉਂਦਾ ਹੈ ਜੋ ਕਿ ਉਹ ਆਪ ਹੀ ਜਾਣਦਾ ਹੈ। ਜਿਸਦੇ ਭਾਗਾਂ ਵਿੱਚ ਉਸਨੇ ਇਸ ਜੀਵਨ ਦੀ ਪੂਰਤੀ ਲਿਖੀ ਹੋਈ ਹੈ, ਪਹਿਲੇ ਤੋਂ ਹੀ ਥਾਪੀ ਹੋਈ ਹੈ ਉਸਦਾ ਹੀ ਮਕਸਦ ਪੂਰਾ ਹੁੰਦਾ ਹੈ। ਇਸ ਜੀਵਨ ਦੇ ਵਾਪਾਰ ਵਿੱਚ ਜੋ ਵਣਜ ਅਸੀਂ ਕਮਾਉਣੀ ਹੈ ਉਹ ਨਾਮ ਦੀ ਵਣਜ ਹੈ, ਸੱਚ ਦੀ ਵਣਜ ਹੈ ਜਿਸ ਦੁਆਰਾ ਸਾਨੂੰ ਲਾਹੇ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਲਾਭ ਮਿਲਦਾ ਹੈ। ਆਪਣੇ ਇਸ ਜੀਵਨ ਦੇ ਵਾਪਾਰ ਰਾਹੀਂ ਹੀ ਅਸੀਂ ਉਸ ਪ੍ਰਮਾਤਮਾ ਨੂੰ ਪਾਉਣ ਦਾ ਤੋਲ ਤੁਲਣਾ ਹੈ। ਇਹ ਸੱਚ ਦਾ ਤੋਲ ਹੈ। ਅਸੀਂ ਪ੍ਰਾਪਤੀ ਉਸ ਸੱਚ ਰੂਪ ਪ੍ਰਮਾਤਮਾ ਦੀ ਕਰਨੀ ਹੈ ਤੇ ਉਸ ਨੂੰ ਪ੍ਰਾਪਤ ਕਰਨ ਲਈ, ਲਾਹਾ ਪ੍ਰਾਪਤ ਕਰਨ ਲਈ ਅਸੀਂ ਤੋਲ ਵੀ ਸੱਚ ਦਾ ਹੀ ਤੁਲਣਾ ਹੈ। ਸੱਚ ਦਾ ਤੋਲ ਅਸੀਂ ਤਾਂ ਹੀ ਤੁਲ ਸਕਦੇ ਹਾਂ, ਸੱਚਾ ਵਾਪਾਰ ਅਸੀਂ ਤਾਂ ਹੀ ਕਰ ਸਕਦੇ ਹਾਂ ਭਾਵ ਸੱਚ ਤੇ ਅਸੀਂ ਤਾਂ ਹੀ ਚੱਲ ਸਕਦੇ ਹਾਂ ਜੇਕਰ ਸਾਨੂੰ ਸੱਚ ਦੀ ਸਮਝ ਹੈ ਕਿ ਸੱਚ ਤੇ ਚੱਲਣਾ ਕੀ ਹੈ। ਪ੍ਰਮਾਤਮਾ ਆਪਣਾ ਸੱਚ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਬਾਣੀ ਦੇ ਰਚਣ ਵਾਲਿਆਂ ਨੂੰ ਸਮਝਾਇਆ ਹੈ। ਪੂਰੀ ਗੁਰਬਾਣੀ ਦੇ ਵਿੱਚ ਸੱਚ ਹੀ ਹੈ ਤੇ ਜੋ ਸੱਚ ਉਨ੍ਹਾਂ ਨੇ ਸਾਨੂੰ ਸਮਝਾਇਆ ਹੈ ਉਸੇ ਸੱਚ ਤੇ ਉਹ ਆਪ ਚੱਲੇ ਹਨ। ਸੱਚ ਤੇ ਚਲਣਾ ਸੱਚ ਦੀ ਕਾਰ ਕਮਾਉਣੀ ਹੈ ਭਾਵ ਗੁਰਮਤਿ ਅਨੁਸਾਰ ਵਿਚਰਨਾ, ਸ਼ਬਦ

ਦੀ ਸੋਝੀ ਅਨੁਸਾਰ ਵਿਚਰਨਾ ਸੱਚ ਦੀ ਕਾਰ ਕਮਾਉਣਾ ਹੈ। ਸਾਡਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਸੱਚ ਦੀ ਕਾਰ ਕਮਾਈਏ ਤੇ ਉਸੇ ਵਿੱਚ ਲਾਹੇ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮਿਲਣ ਦਾ ਮਾਰਗ ਹੈ। ਉਹ ਪ੍ਰਮਾਤਮਾ ਸਾਨੂੰ ਜੋ ਕਿ ਆਪ ਹੀ ਗੁਰੂ ਹੈ ਉਹ ਮਨ ਦੇ ਵਿੱਚ ਆਪਣੀ ਸੱਚੀ ਪੂੰਜੀ ਦੇ ਰੂਪ ਵਿੱਚ ਹੀ

23/2538

ਮਿਲਦਾ ਹੈ ਭਾਵ ਮਨ ਦੇ ਵਿੱਚ ਸੱਚੀ ਸੋਝੀ ਦੇ ਰੂਪ ਵਿੱਚ ਹੀ ਮਿਲਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣੇ ਪੂਰਨ ਸੱਚ ਤੇ ਚਲਾਉਂਦਾ ਹੈ ਤੇ ਆਪਣਾ ਆਪ ਸਮਝਾਉਂਦਾ ਹੈ। ਉਸਦੀ ਸੱਚੀ ਪੂੰਜੀ ਹੀ ਉਹ ਲਾਹਾ ਹੈ ਜਿਸਦੀ ਅਸੀਂ ਪ੍ਰਾਪਤੀ ਕਰਨੀ ਹੈ। ਪ੍ਰਮਾਤਮਾ ਆਪਣੀ ਇਸ ਸੱਚੀ ਪੂੰਜੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਇਹ ਬ੍ਰਹਮਗਿਆਨ ਦੀ ਪੂੰਜੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਇਹ ਪੂੰਜੀ ਭਰੀ ਹੋਈ ਹੈ ਜੋ ਸਾਨੂੰ ਸੱਚ ਸਮਝਾਉਂਦੀ ਹੈ। ਪ੍ਰਮਾਤਮਾ ਦੀ ਦਿੱਤੀ ਹੋਈ ਇਸ ਪੂੰਜੀ ਦੇ ਨਾਲ ਜੁੜ ਕੇ ਹੀ ਅਸੀਂ ਉਸ ਸੱਚੀ ਪੂੰਜੀ ਦੇ ਸ੍ਰੋਤ ਦੇ ਨਾਲ ਜੁੜਨਾ ਹੈ, ਉਸ ਬ੍ਰਹਮਗਿਆਨੀ ਦੇ ਨਾਲ ਜੁੜਨਾ ਹੈ ਜੋ ਕਿ ਕੇਵਲ ਇੱਕੋ ਇੱਕ ਬ੍ਰਹਮਗਿਆਨ ਦਾ ਸ੍ਰੋਤ ਹੈ। ਉਹ ਸ੍ਰੋਤ ਸਾਡੇ ਅੰਦਰ ਹੀ ਹੈ ਜਿੱਥੋਂ ਉਹ ਸਾਨੂੰ ਆਪਣੀ ਸੱਚੀ ਪੂੰਜੀ ਬਖ਼ਸ਼ਦਾ ਹੈ। ਪ੍ਰਮਾਤਮਾ ਆਪਣੀ ਇਹ ਪੂੰਜੀ ਕਿਸੇ ਵਿਰਲੇ ਨੂੰ ਹੀ ਬਖ਼ਸ਼ਦਾ ਹੈ ਜਿਸ ਦੁਆਰਾ ਉਸ ਨਿਰਗੁਣ ਰੂਪ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਉਹ ਪ੍ਰਮਾਤਮਾ ਆਪਣਾ ਭੇਦ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ ਤੇ ਉਸਨੂੰ ਰੱਤੀ ਜਿਤਨਾ ਵੀ ਲਾਲਚ ਨਹੀਂ ਹੈ ਕਿ ਉਸਨੂੰ ਕੋਈ ਜਾਣੇ। ਉਹ ਸੰਸਾਰ ਨੂੰ ਪੜਦੇ ਰਾਹੀਂ ਹੀ ਚਲਾ ਰਿਹਾ ਹੈ ਜਿਸ ਦੁਆਰਾ ਉਸਦੀ ਖੇਡ ਚੱਲਦੀ ਹੈ। ਸਾਡੇ ਲਈ ਉਸ ਪ੍ਰਮਾਤਮਾ ਦੀ ਖੇਡ ਜਾਨਣ ਦਾ ਤਰੀਕਾ ਉਸਨੇ ਆਪ ਹੀ ਬਣਾਇਆ ਹੋਇਆ ਹੈ ਜੋ ਕਿ ਸੱਚ ਦੇ ਨਾਲ ਜੁੜ ਕੇ ਉਸ ਤੇ ਚੱਲਣ ਦਾ ਹੈ। ਪੂਰੀ ਗੁਰਬਾਣੀ ਸਾਨੂੰ ਉਸਦਾ ਸੱਚ ਹੀ ਸਮਝਾ ਰਹੀ ਹੈ ਤੇ ਉਸ ਸੱਚੇ ਨੂੰ ਪ੍ਰਾਪਤ ਕਰਨ ਦਾ, ਲਾਹਾ ਪ੍ਰਾਪਤ ਕਰਨ ਦਾ ਤਰੀਕਾ ਸਮਝਾ ਰਹੀ ਹੈ ਜੋ ਕਿ ਸੱਚ ਦੀ ਕਾਰ ਕਮਾਉਣ ਦਾ ਹੈ, ਸੱਚ ਦੁਆਰਾ ਵਿਚਰਨ ਦਾ ਹੈ, ਗੁਰਮਤਿ ਦੁਆਰਾ ਵਿਚਰਨ ਦਾ ਹੈ ਜਿਸ ਦੁਆਰਾ ਅਸੀਂ ਇਸ ਜੀਵਨ ਵਿੱਚ ਸੱਚਾ ਵਪਾਰ ਕਰ ਸਕਦੇ ਹਾਂ, ਆਪਣੇ ਇਸ ਜੀਵਨ ਦਾ ਅਸਲ ਮਨੋਰਥ ਪੂਰਾ ਕਰ ਸਕਦੇ ਹਾਂ। **(ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ॥ ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥ ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ॥੬॥)**

ਪ੍ਰਮਾਤਮਾ ਆਪਣੇ ਨਾਲ ਮੇਲ ਕਰਨ ਦਾ ਤੋਲ ਆਪ ਹੀ ਕਿਸੇ ਤੇ ਆਪਣੀ ਕ੍ਰਿਪਾ ਕਰਕੇ ਤੁਲਵਾਉਂਦਾ ਹੈ ਤੇ ਉਹ ਆਪਣਾ ਤੋਲ ਕਿਸ ਰੂਪ ਵਿੱਚ ਤੁਲਾਉਂਦਾ ਹੈ, ਆਪਣੇ ਸੱਚ ਤੇ ਕਿਵੇਂ ਚਲਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰਮੁਖਿ ਤੋਲਿ ਤੁਲਾਇਸੀ ਸਚੁ ਤਰਾਜੀ ਤੋਲੁ॥

ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ॥

ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ॥੭॥”

ਸਭ ਤੋਂ ਪਹਿਲੇ ਸਾਨੂੰ ਇਹ ਦ੍ਰਿੜ ਕਰਨ ਦੀ ਲੋੜ ਹੈ ਕਿ ਅਸੀਂ ਤੋਲ ਕਿਸ ਚੀਜ਼ ਦਾ ਤੁਲਣਾ ਹੈ, ਇਹ ਤੋਲ ਸੱਚ ਦੇ ਤਰਾਜੂ ਤੇ ਤੁਲਣ ਦਾ ਹੈ। ਸੱਚ ਦੇ ਤਰਾਜੂ ਤੇ ਕੇਵਲ ਸੱਚ ਹੀ ਤੁਲ ਸਕਦਾ ਹੈ। ਇਹ ਨਿਰਗੁਣ ਰੂਪ ਤਰਾਜੂ ਹੈ। ਪਲੜੇ ਦੇ ਇੱਕ ਪਾਸੇ ਗੁਰਮਤਿ ਹੈ, ਸ਼ਬਦ ਦੇ ਵਿਚਾਰ ਹਨ ਤੇ

23/2539

ਦੂਸਰੇ ਪਾਸੇ ਸਾਡੇ ਵਿਚਾਰ ਹਨ, ਸਾਡੀ ਸੁਰਤਿ ਦੇ ਵਿਚਾਰ ਹਨ। ਇਹ ਤੋਲ ਸ਼ਬਦ ਦੇ ਵਿਚਾਰਾਂ ਦਾ ਤੇ ਸੁਰਤਿ ਦੇ ਵਿਚਾਰਾਂ ਦਾ ਹੈ। ਸ਼ਬਦ ਦੇ ਵਿਚਾਰਾਂ ਕੋਲ ਕੇਵਲ ਸੱਚ ਹੈ, ਕੇਵਲ ਨਾਮ ਹੈ ਤੇ ਇਹ ਤੋਲ ਅਸੀਂ ਆਪਣੀ ਸੁਰਤਿ ਦੇ ਵਿਚਾਰਾਂ ਰਾਹੀਂ ਤੁਲਣਾ ਹੈ। ਸ਼ਬਦ ਦੇ ਵਿਚਾਰ ਅਟੱਲ ਹਨ ਜੋ ਕਦੇ ਬਦਲ ਨਹੀਂ ਸਕਦੇ ਜੋ ਕਿ ਇੱਕ ਸੋਚ ਤੋਂ ਪ੍ਰਗਟ ਹੋਏ ਹਨ, ਇੱਕ ਮਨ ਇੱਕ ਚਿੱਤ ਦੀ ਅਵੱਸਥਾ ਤੋਂ ਪ੍ਰਗਟ ਹੋਏ ਹਨ, ਚੌਥੇ ਪਦ ਤੋਂ ਪ੍ਰਗਟ ਹੋਏ ਹਨ ਤੇ ਸਦਾ ਥਿਰ ਰਹਿਣ ਵਾਲੇ ਹਨ। ਸਾਡੀ ਸੁਰਤਿ ਦੇ ਵਿਚਾਰ ਡੋਲਣ ਵਾਲੇ ਵਿਚਾਰ ਹਨ, ਦੁਚਿੱਤੀ ਵਾਲੇ ਵਿਚਾਰ ਹਨ ਜਿੰਨ੍ਹਾਂ ਨੂੰ ਪੂਰਨ ਸੱਚ ਦੀ ਸੋਝੀ ਨਹੀਂ ਹੈ। ਅਸੀਂ ਆਪਣੇ ਮਨ ਦੇ ਵਿਚਾਰਾਂ ਦੀ ਸੋਝੀ ਨੂੰ ਸ਼ਬਦ ਦੇ ਵਿਚਾਰਾਂ ਦੀ ਸੋਝੀ ਨਾਲ ਰਲਾਉਣਾ ਹੈ ਭਾਵ ਵਿਚਾਰਾਂ ਦੇ ਪਲੜੇ ਨੂੰ ਬਰਾਬਰ ਕਰਨਾ

ਹੈ ਜਿੰਨ੍ਹਾਂ ਵਿੱਚ ਅੰਤਰ ਬਹੁਤ ਹੀ ਜਿਆਦਾ ਹੈ। ਅਸੀਂ ਹਰ ਕੋਈ ਮਨਮੁਖਿ ਵਾਲੀ ਅਵੱਸਥਾ ਵਿੱਚ ਹਾਂ, ਦੁਚਿੱਤੀ ਵਾਲੀ, ਭਰਮ ਵਾਲੀ ਅਵੱਸਥਾ ਵਿੱਚ ਹਾਂ। ਸ਼ਬਦ ਦੀ ਵਿਚਾਰ ਗੁਰਮੁਖਿ ਵਾਲੀ ਅਵੱਸਥਾ ਹੈ। ਅਸੀਂ ਗੁਰਮੁਖਿ ਬਣਨ ਵਾਲੀ ਅਵੱਸਥਾ ਦਾ ਤੋਲ ਤੁਲਨਾ ਹੈ ਜਿਸ ਅਵੱਸਥਾ ਵਿੱਚ ਪੂਰਨ ਸੱਚ ਦੀ ਸੋਝੀ ਹੈ, ਬ੍ਰਹਮਗਿਆਨ ਦੀ ਸੋਝੀ ਹੈ, ਨਾਮ ਦੀ ਸੋਝੀ ਹੈ। ਅਸੀਂ ਆਪਣੇ ਆਪ ਇਸ ਤੋਲ ਨੂੰ ਤੁਲ ਸਕੀਏ ਇਹ ਸਾਡੇ ਵੱਸ ਨਹੀਂ ਹੈ। ਇਹ ਮਨ ਦੇ ਵਿਚਾਰਾਂ ਦਾ ਤੋਲ ਹੈ, ਮਨ ਦੀ ਸੋਝੀ ਦਾ ਤੋਲ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਜਿਸ ਦੇ ਹੱਥ ਸਾਡੇ ਮਨ ਦੀ ਸੋਝੀ ਹੈ, ਸਾਡੇ ਮਨ ਦੇ ਵਿਚਾਰ ਹਨ ਉਹੀ ਸਾਨੂੰ ਸੱਚੇ ਵਿਚਾਰ ਬਖਸ਼ ਕੇ, ਮਨ ਵਿੱਚ ਆਪਣਾ ਸੱਚਾ ਗਿਆਨ ਬਖ਼ਸ਼ ਕੇ, ਗੁਰਮੁਖਿ ਵਾਲੀ ਅਵੱਸਥਾ ਬਖ਼ਸ਼ ਕੇ ਆਪਣੇ ਸੱਚ ਦਾ ਤੋਲ ਤੁਲਾ ਸਕਦਾ ਹੈ। **(ਗੁਰਮੁਖਿ ਤੋਲਿ ਤੁਲਾਇਸੀ ਸਚੁ ਤਰਾਜੀ ਤੋਲੁ॥)**

ਸੱਚ ਦਾ ਤੋਲ ਤੁਲਨਾ ਕੀ ਹੈ, ਪ੍ਰਮਾਤਮਾ ਸਾਨੂੰ ਸੱਚ ਦੇ ਤੋਲ ਤੇ ਕਿਵੇਂ ਤੋਲਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਜਿਸਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ॥”

ਆਸਾ ਮਨਸਾ ਕੀ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਇਹ ਸਾਡੇ ਮਨ ਦੇ ਵਿਚਾਰ ਹਨ ਜਿੰਨ੍ਹਾਂ ਰਾਹੀਂ ਸਾਡੇ ਅੰਦਰ ਮਾਇਆ ਮੋਹ ਉਪਜਦਾ ਹੈ, ਤ੍ਰਿਸ਼ਨਾ ਉਪਜਦੀ ਹੈ, ਮਾਣ ਅਭਿਮਾਨ ਉਪਜਦਾ ਹੈ ਜੋ ਸਾਨੂੰ ਸੱਚ ਤੋਂ ਦੂਰ ਕਰਦਾ ਹੈ ਭਾਵ ਉਸ ਪਾਸੇ ਤੋਰਦਾ ਹੈ ਜਿਸ ਵਿੱਚ ਗੁਰਮਤਿ ਦਾ ਸੱਚ ਨਹੀਂ ਹੁੰਦਾ। ਗੁਰਮਤਿ ਦੇ ਸੱਚ ਤੇ ਤੁਲਣਾ ਬਹੁਤ ਔਖਾ ਹੈ ਕਿਉਂਕਿ ਪ੍ਰਮਾਤਮਾ ਨੇ ਸਾਡੀ ਲਈ ਮਾਇਆ ਦੀ ਪ੍ਰਾਪਤੀ ਬਹੁਤ ਮੋਹ ਵਾਲੀ ਬਣਾਈ ਹੋਈ ਹੈ। ਸਾਨੂੰ ਆਪਣੀਆਂ ਆਸ਼ਾਵਾਂ ਦੀ ਪ੍ਰਾਪਤੀ ਮੋਂਹਦੀ ਹੈ ਜਿਸ ਦੁਆਰਾ ਅਸੀਂ ਸੱਚ ਤੋਂ ਭਟਕ ਜਾਂਦੇ ਹਾਂ। ਜਿਸਨੂੰ ਪ੍ਰਮਾਤਮਾ ਆਪਣੇ ਤੋਲ ਤੇ ਪੂਰਾ ਉਤਾਰਦਾ ਹੈ, ਸੱਚ ਦੇ ਤੋਲ ਤੇ ਪੂਰਾ ਉਤਾਰਦਾ ਹੈ ਉਸਨੂੰ ਪਹਿਲੇ ਆਪਣਾ ਸੱਚ ਹੀ ਸਮਝਾਉਂਦਾ ਹੈ ਕਿ ਸੱਚ ਤੇ ਚੱਲਣਾ ਹੀ ਸਾਡੇ ਜੀਵਨ ਦਾ ਅਸਲ ਮਨੋਰਥ ਹੈ ਤੇ ਸਾਡੀਆਂ ਤ੍ਰਿਸ਼ਨਾਵਾਂ ਸਾਨੂੰ ਇਸ ਮਾਰਗ ਤੋਂ ਭਟਕਾਉਂਦੀਆਂ ਹਨ। ਇਸ ਗੱਲ ਦਾ ਵਿਸ਼ਵਾਸ ਪ੍ਰਮਾਤਮਾ ਮਨ ਦੇ ਵਿੱਚ ਹੀ ਦ੍ਰਿੜ ਕਰਵਾਉਂਦਾ ਹੈ ਜਿਸ ਦੁਆਰਾ

ਉਹ ਮਨੁੱਖ ਨੂੰ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਕੱਢ ਲੈਂਦਾ ਹੈ ਤੇ ਆਪਣੇ ਸੱਚ ਨਾਲ ਜੋੜ ਲੈਂਦਾ ਹੈ, ਸੱਚੀ ਮਤਿ ਦੇ ਨਾਲ ਜੋੜ ਲੈਂਦਾ ਹੈ। ਉਹ ਸਾਨੂੰ ਮਨਮਤਿ ਵਾਲੇ ਵਿਚਾਰਾਂ ਵਿੱਚੋਂ ਕੱਢ ਕੇ ਗੁਰਮਤਿ ਦੇ ਵਿਚਾਰਾਂ ਨਾਲ ਜੋੜ ਲੈਂਦਾ ਹੈ। ਜੋ ਗੁਰੂ ਦਾ ਬੋਲ ਹੈ ਉਹ ਸਾਡੇ ਲਈ ਗੁਰਮਤਿ ਹੈ। ਗੁਰੂ ਦਾ ਬੋਲ ਸੱਚ ਹੈ ਤੇ ਇਸੇ ਲਈ ਗੁਰਮਤਿ ਦਾ ਬੋਲ ਸੱਚ ਹੈ ਭਾਵ ਮੁੱਖੋਂ ਸੱਚੀ ਗੁਰਮਤਿ ਬੋਲਣਾ ਸੱਚ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਦੇ ਅੰਦਰ ਦੇ ਸੱਚ ਨੂੰ ਸਮਝਕੇ ਸੱਚ ਬੋਲਣਾ ਹੈ ਜਿਸ ਗੁਰੂ ਦੇ ਸੱਚੇ ਬੋਲ ਤੇ ਅਸੀਂ ਅਮਲ ਵੀ ਕਰਨਾ ਹੈ ਭਾਵ ਗੁਰੂ ਦੇ ਹਰ ਬੋਲ ਤੇ ਅਸੀਂ ਪੂਰਾ ਵੀ ਉਤਰਨਾ ਹੈ। {**ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥1॥ ਰਹਾਉ ॥**} ਅੰਗ - 15 ਪੂਰੀ ਗੁਰਬਾਣੀ ਵਿੱਚ ਗੁਰਮਤਿ ਹੈ ਤੇ ਇਸੇ ਲਈ ਗੁਰੂ ਦਾ ਹਰ ਬੋਲ ਸੱਚਾ ਹੈ ਭਾਵ “ਸਚੁ ਬੋਲੁ” ਹੈ ਜੋ ਉਸ “ਸਚੁ” ਰੂਪ ਪ੍ਰਮਾਤਮਾ ਦੇ ਕੋਲੋਂ ਆਇਆ ਹੈ। ਪ੍ਰਮਾਤਮਾ ਜਿਸਨੂੰ ਆਪਣੇ ਸੱਚ ਦਾ ਤੋਲ ਤੁਲਾਉਂਦਾ ਹੈ ਉਸਦੇ ਬੋਲ ਸੱਚੇ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਬਣਾਏ ਹਨ। **(ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ॥)**

ਸੱਚ ਦਾ ਤੋਲ ਤੁਲਣਾ ਹੀ ਉਸ ਪੂਰੇ ਪ੍ਰਮਾਤਮਾ ਦਾ ਪੂਰਾ ਤੋਲ ਤੁਲਣਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਪੂਰਨ ਸੱਚ ਹੈ ਤੇ ਇਸ ਪੂਰਨ ਸੱਚ ਦਾ ਤੋਲ ਤੁਲਣਾ ਹੀ ਉਸ ਪੂਰੇ ਦਾ ਤੋਲ ਤੁਲਣਾ ਹੈ। ਆਪਣੇ ਪੂਰਨ ਸੱਚ ਦੁਆਰਾ ਹੀ ਗੁਰੂ ਪੂਰਾ ਗੁਰੂ ਹੈ ਕਿਉਂਕਿ ਉਸਦੀ ਮਤਿ ਪੂਰੀ ਹੈ। ਜਿਸਨੂੰ ਪ੍ਰਮਾਤਮਾ ਪੂਰਾ ਕਰਦਾ ਹੈ ਉਸਨੂੰ ਆਪਣੀ ਪੂਰੀ ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ, ਪੂਰਨ ਸੱਚ ਦੀ ਸੋਝੀ ਹੀ ਪਾਉਂਦਾ ਹੈ ਤੇ ਆਪ ਹੀ ਉਸ ਸੋਝੀ ਤੇ ਚਲਾਉਂਦਾ ਹੈ ਜੋ ਸਾਡੀ ਸੋਝੀ ਦਾ ਮਾਲਕ ਹੈ। **(ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ॥੭॥)**

ਅਸੀਂ ਗੁਰੂ ਪ੍ਰਮਾਤਮਾ ਦੇ ਤੋਲ ਤੇ ਤੁਲਣਾ ਕੀ ਸਮਝਦੇ ਹਾਂ, ਉਸਦੀ ਭਗਤੀ ਕਰਨੀ ਕੀ ਸਮਝਦੇ ਹਾਂ ਭਾਵ ਸਾਡੀ ਨਾਸਮਝੀ ਕੀ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਜਪਣ ਦਾ ਭਾਵ ਉਸਨੂੰ ਪਾਉਣ ਦਾ ਸਹੀ ਮਾਰਗ ਸਮਝ ਸਕੀਏ ਤੇ ਵਿਅਰਥ ਦੀਆਂ ਕਿਰਿਆਵਾਂ ਤੋਂ ਬਚੀਏ।

“ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ॥
ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ॥
ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ॥੮॥੯॥”

ਹੁਣ ਧਿਆਨ ਨਾਲ ਸਮਝੋ ਕਿ ਅਸੀਂ ਗੁਰੂ ਦੇ ਤੋਲ ਤੇ ਤੁਲਣਾ ਕੀ ਸਮਝਿਆ ਹੋਇਆ ਹੈ। ਅਸੀਂ ਕੇਵਲ ਕਥਨੀ ਦੇ ਨਾਲ ਜੁੜੇ ਹੋਏ ਹਾਂ। ਅਸੀਂ ਸ਼ਬਦ ਦੀ ਕਥਨੀ ਕਰਦੇ ਹਾਂ ਤੇ ਕਥਨੀ ਨੂੰ ਸੁਣਦੇ ਹਾਂ। ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਹੀ ਆਪਣਾ ਭਗਤੀ ਦਾ ਫਰਜ਼ ਸਮਝਦੇ ਹਾਂ ਕਿ ਸਾਨੂੰ ਲਾਭ ਪੜ੍ਹਨ ਦਾ ਹੀ ਮਿਲਦਾ ਹੈ ਪਰ ਇਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਇਹ ਕੇਵਲ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਦਾ ਮਾਰਗ ਹੈ। ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਣ ਨਾਲ ਅਸੀਂ ਆਪਣੇ ਉੱਪਰ ਕਥਨੀ ਦਾ ਭਾਰ ਹੀ ਲੱਦਦੇ ਹਾਂ ਕਿਉਂਕਿ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਮਕਸਦ ਸ਼ਬਦ ਦੀ ਗੱਲ ਨੂੰ ਵਿਚਾਰਨ ਨਾਲ ਪੂਰਾ ਹੁੰਦਾ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਮੰਨ ਕੇ ਪੂਰਾ ਹੁੰਦਾ ਹੈ। ਤੋਲ ਅਸੀਂ ਸ਼ਬਦ ਦੀ ਵਿਚਾਰ ਦਾ ਤੁਲਣਾ ਹੈ ਨਾ ਕਿ ਉਸਦੀ ਕਥਨੀ ਕਰਨ ਦਾ। ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਅਸੀਂ ਆਪਣੇ ਆਪ ਨੂੰ ਔਗੁਣਾਂ ਤੋਂ ਹੀ

ਛਡਾਉਣਾ ਹੈ ਜੋ ਕਿ ਸੱਚ ਨੂੰ ਅਪਣਾ ਕੇ ਹੀ ਹੋ ਸਕਦਾ ਹੈ। ਜਿੱਥੇ ਸੱਚ ਹੈ ਉੱਥੇ ਹੀ ਗੁਣ ਹਨ। ਔਗੁਣਾਂ ਤੋਂ ਸਾਨੂੰ ਗੁਣਾਂ ਨੇ ਹੀ ਛਡਾਉਣਾ ਹੈ ਨਾ ਕਿ ਸਾਡੀ ਕਥਨੀ ਨੇ। ਜੇਕਰ ਅਸੀਂ ਇੱਕ ਅੱਖਰ ਨੂੰ ਸਾਰਾ ਦਿਨ ਨਾਮ ਸਮਝ ਕੇ ਕਥੀ ਜਾਈਏ ਨਾ ਹੀ ਉਸ ਦੁਆਰਾ ਕਿਸੇ ਸੱਚ ਦੀ ਪ੍ਰਾਪਤੀ ਹੁੰਦੀ ਹੈ, ਨਾ ਹੀ ਕਿਸੇ ਗੁਣ ਦੀ ਪ੍ਰਾਪਤੀ ਹੁੰਦੀ ਹੈ। ਇਹ ਕੇਵਲ ਆਪਣੇ ਆਪ ਨੂੰ ਭੁਲੇਖੇ ਵਿੱਚ ਰੱਖਣ ਵਾਲੀ ਗੱਲ ਹੈ। **(ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ॥)**

ਸਾਡੀ ਕਥਨੀ ਕੇਵਲ ਸਾਡਾ ਬਾਹਰੀ ਇਸ਼ਨਾਨ ਹੈ ਜਿਸ ਵਿੱਚ ਮਨ ਦਾ ਇਸ਼ਨਾਨ ਨਹੀਂ ਹੈ, ਗਿਆਨ ਦਾ ਇਸ਼ਨਾਨ ਨਹੀਂ ਹੈ, ਸ਼ਬਦ ਦੀ ਵਿਚਾਰ ਦਾ ਇਸ਼ਨਾਨ ਨਹੀਂ ਹੈ। ਸਾਡਾ ਇਹ ਬਾਹਰੀ ਇਸ਼ਨਾਨ ਪ੍ਰਮਾਤਮਾ ਦੀ ਭਗਤੀ ਦੇ ਨਾਲ ਪਿਆਰ ਜੋੜਨ ਵਾਲਾ ਇਸ਼ਨਾਨ ਨਹੀਂ ਹੈ ਭਾਵ ਇਹੋ ਜਿਹਾ ਇਸ਼ਨਾਨ ਇਹੋ ਜਿਹਾ ਭਗਤੀ ਦਾ ਦਿਖਾਵਾ ਵਿਅਰਥ ਹੀ ਜਾਂਦਾ ਹੈ। ਇਹ ਕੇਵਲ ਸਾਡਾ ਬਾਹਰੀ ਸ਼ਿੰਗਾਰ ਹੈ, ਕਾਇਆ ਦਾ ਸ਼ਿੰਗਾਰ ਹੈ ਨਾ ਕਿ ਮਨ ਦੀ ਸੋਝੀ ਦਾ ਸ਼ਿੰਗਾਰ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਸ਼ਿੰਗਾਰ ਨਾਲ ਹੁੰਦੀ ਹੈ। **(ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ॥)**

ਮਨ ਦਾ ਸ਼ਿੰਗਾਰ ਨਾਮ ਦੇ ਨਾਲ ਹੁੰਦਾ ਹੈ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾ ਕੇ ਹੁੰਦਾ ਹੈ। ਜਿੰਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਉਹ ਕਥਨੀ ਵਿੱਚ ਹੀ ਲੱਗੇ ਰਹਿੰਦੇ ਹਨ, ਬਾਹਰੀ ਇਸ਼ਨਾਨ ਵਿੱਚ ਹੀ ਲੱਗੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਨਾਮ ਦੀ ਸੋਝੀ ਹੀ ਨਹੀਂ ਹੈ ਕਿ ਨਾਮ ਜਪਣਾ ਕੀ ਹੈ, ਸੱਚ ਦਾ ਤੋਲ ਤੁਲਣਾ ਕੀ ਹੈ। ਜਿਸਨੂੰ ਪ੍ਰਮਾਤਮਾ ਆਪਣਾ ਸੱਚ ਦਾ ਤੋਲ ਤੁਲਾਉਂਦਾ ਹੈ ਉਸਨੂੰ ਨਾਮ ਦੀ ਸੋਝੀ ਪਾਉਂਦਾ ਹੈ, ਗੁਰਮਤਿ ਦੀ ਸੱਚੀ ਸੋਝੀ ਹੀ ਪਾਉਂਦਾ ਹੈ ਤੇ ਆਪ ਹੀ ਆਪਣਾ ਨਾਮ ਦ੍ਰਿੜ ਕਰਵਾ ਕੇ ਉਸ ਤੇ ਚਲਾਉਂਦਾ ਹੈ ਤੇ ਇਸੇ ਲਈ ਉਨ੍ਹਾਂ ਨੂੰ ਨਾਮ ਕਦੇ ਨਹੀਂ ਵਿਸਰਦਾ। ਨਾਮ ਅੱਠੇ ਪਹਿਰ ਉਨ੍ਹਾਂ ਦੇ ਅੰਦਰ ਵੱਸਿਆ ਰਹਿੰਦਾ ਹੈ, ਸੱਚ ਅੱਠੇ ਪਹਿਰ ਉਨ੍ਹਾਂ ਦੇ ਅੰਦਰ ਵੱਸਿਆ ਰਹਿੰਦਾ ਹੈ ਤੇ ਉਹ ਗੁਰੂ ਦੇ ਦੱਸੇ ਹੋਏ, ਸਮਝਾਏ ਹੋਏ ਸੱਚ ਅਨੁਸਾਰ ਹੀ ਵਿਚਰਦੇ ਹਨ, ਸ਼ਬਦ ਦੀ ਵਿਚਾਰ ਅਨੁਸਾਰ ਹੀ ਵਿਚਰਦੇ ਹਨ। **(ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ॥੮॥੯॥)**

ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਵਿੱਚ ਆਪਣੇ ਮੇਲ ਦੁਆਰਾ ਹੀ ਦਿੰਦਾ ਹੈ ਤੇ ਨਾਮ ਦੀ ਪ੍ਰਾਪਤੀ ਦਾ ਹੋਰ ਕੋਈ ਸਾਧਨ ਨਹੀਂ ਹੈ। ਅਸੀਂ ਨਾਮ ਦੀ ਸੋਝੀ ਉਨ੍ਹਾਂ ਕੋਲੋਂ ਲਈ ਹੋਈ ਹੈ ਜਿੰਨ੍ਹਾਂ ਨੂੰ ਨਾਮ ਪ੍ਰਮਾਤਮਾ ਕੋਲੋਂ ਨਹੀਂ ਮਿਲਿਆ। ਪ੍ਰਮਾਤਮਾ ਦੇ ਕੋਲੋਂ ਨਾਮ ਕੇਵਲ ਗੁਰੂ ਨੂੰ ਹੀ ਮਿਲਿਆ ਹੋਇਆ ਹੈ ਤੇ ਇਸੇ ਲਈ ਕੇਵਲ ਗੁਰੂ ਨੂੰ ਹੀ

ਨਾਮ ਦੀ ਸਮਝ ਹੈ। ਜੇਕਰ ਅਸੀਂ ਗੁਰੂ ਦੀ ਸਮਝ ਦੇ ਨਾਲ ਜੁੜਾਂਗੇ ਤੇ ਫਿਰ ਤਾਂ ਹੀ ਉਸ ਨਾਮ ਦੇ ਮਾਲਕ ਤੱਕ ਅਸੀਂ ਪਹੁੰਚ ਸਕਦੇ ਹਾਂ। ਜੋ ਆਪ ਭਟਕੇ ਹੋਏ ਹਨ, ਜਿੰਨ੍ਹਾਂ ਨੂੰ ਖੁਦ ਨਾਮ ਦੀ ਸੋਝੀ ਨਹੀਂ ਹੈ ਉਨ੍ਹਾਂ ਦੀ ਸਮਝ ਦੇ ਪਿੱਛੇ ਲੱਗ ਕੇ ਅਸੀਂ ਕਥਨੀ ਵਿੱਚ ਹੀ ਪਏ ਰਹਿਣਾ ਹੈ ਤੇ ਇਸੇ ਤਰ੍ਹਾਂ ਹੀ ਭਟਕਦੇ ਰਹਾਂਗੇ ਤੇ “ਸਚੁ” ਦੇ ਦਰਸ਼ਨ ਭਾਵ ਉਸ ਪ੍ਰਮਾਤਮਾ ਦੇ ਦਰਸ਼ਨ ਤੋਂ

ਵਾਂਝੇ ਹੀ ਰਹਾਂਗੇ। ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਸਾਨੂੰ ਉਸਦੀ ਸਚੁ ਰੂਪ ਬਾਣੀ ਹੀ ਮਿਲਾ ਸਕਦੀ ਹੈ। ਬਾਣੀ ਦੇ ਸਚੁ ਦਾ ਤੋਲ ਤੁਲਣਾ ਬਹੁਤ ਔਖਾ ਹੈ। ਸਾਡੇ ਲਈ ਪਹਿਲਾਂ ਸੱਚ ਦਾ ਤੋਲ ਤੁਲਣਾ ਇਹੀ ਹੈ ਕਿ ਅਸੀਂ ਬਾਣੀ ਦੀ ਮਤਿ ਨੂੰ ਛੱਡ ਕੇ ਭਾਵ ਸੱਚ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨੂੰ ਸੱਚ ਨਾ ਸਮਝੀਏ ਜੋ ਗੁਰਬਾਣੀ ਦੇ ਸੱਚ ਤੇ ਖਰਾ ਨਹੀਂ ਉਤਰਦੀ।

ਜਦ ਤੱਕ ਸਾਨੂੰ ਸੱਚ ਦੀ ਕਦਰ ਨਹੀਂ ਪੈਂਦੀ ਤਦ ਤੱਕ ਸਾਨੂੰ ਨਾ ਗੁਰੂ ਦੀ, ਪ੍ਰਮਾਤਮਾ ਦੀ ਕਦਰ ਪੈ ਸਕਦੀ ਹੈ ਤੇ ਨਾ ਹੀ ਨਾਮ ਦੀ ਕਦਰ ਪੈ ਸਕਦੀ ਹੈ। "ਸਚੁ" ਹੀ ਆਪ ਗੁਰੂ ਹੈ, ਪ੍ਰਮਾਤਮਾ ਹੈ, ਨਾਮ ਹੈ। ਸਾਨੂੰ ਜਦੋਂ ਵੀ ਪ੍ਰਮਾਤਮਾ ਦੀ ਪ੍ਰਾਪਤੀ ਹੋਣੀ ਹੈ ਉਹ "ਸਚੁ" ਰੂਪ ਵਿੱਚ ਹੀ ਹੋਣੀ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਸਚੁ ਰੂਪ ਵਿੱਚ ਹੀ ਵਿਆਪਕ ਹੈ। ਸਾਡੇ ਅੰਦਰ ਵੀ ਉਹ "ਸਚੁ" ਰੂਪ ਵਿੱਚ ਹੀ ਵਿਚਰ ਰਿਹਾ ਹੈ। ਪ੍ਰਮਾਤਮਾ ਦਾ ਸਚੁ ਰੂਪ ਹੀ ਉਸਦਾ ਸ਼ਬਦ ਰੂਪ ਹੈ। ਸ਼ਬਦ ਦੀ ਸੋਝੀ "ਸਚੁ" ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਇਸ ਸਚੁ ਰੂਪ ਵਿੱਚ ਹੀ ਸਮਾਇਆ ਹੋਇਆ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਇਹ ਸਚੁ ਰੂਪ ਪ੍ਰਮਾਤਮਾ ਦਾ ਗਿਆਨ ਰੂਪ ਹੈ ਭਾਵ ਬ੍ਰਹਮਗਿਆਨ ਰੂਪ ਹੈ ਜਿਸ ਦੁਆਰਾ ਉਹ ਸਭ ਜਗ੍ਹਾ ਆਪਣੀ ਸੱਚੀ ਸੋਝੀ ਦੁਆਰਾ ਭਰਪੂਰ ਹੈ। ਹਰ ਵਸਤੂ ਵਿੱਚ ਪਾਈ ਹੋਈ ਸੋਝੀ ਪ੍ਰਮਾਤਮਾ ਦੀ ਹੀ ਹੈ ਜਿਸ ਨਿਰਗੁਣ ਰੂਪ ਦੁਆਰਾ ਪ੍ਰਮਾਤਮਾ ਸਭ ਜਗ੍ਹਾ ਵਿਚਰ ਰਿਹਾ ਹੈ। ਸੱਚ ਨਾਲ ਜੁੜੇ ਬਿਨ੍ਹਾਂ ਉਸ "ਸਚੁ" ਰੂਪ ਪ੍ਰਮਾਤਮਾ ਨਾਲ ਕੋਈ ਨਹੀਂ ਜੁੜ ਸਕਦਾ, ਉਸਦੇ ਨਾਮ ਨਾਲ ਕੋਈ ਨਹੀਂ ਜੁੜ ਸਕਦਾ। ਆਪਣੇ ਸੱਚ ਨਾਲ, ਆਪਣੇ ਨਾਮ ਨਾਲ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਕੇ ਆਪ ਹੀ ਜੋੜਦਾ ਹੈ ਜਿਸ ਦੁਆਰਾ ਸਾਨੂੰ ਇਹ ਸਮਝ ਪੈਂਦੀ ਹੈ ਕਿ ਸਭ ਜਗ੍ਹਾ ਪ੍ਰਮਾਤਮਾ ਆਪਣੇ "ਸਚੁ" ਰੂਪ ਵਿੱਚ ਹੀ ਵਿਚਰ ਰਿਹਾ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਉੱਦਮ ਕਰਨਾ ਹੈ, ਸੱਚਾ ਉੱਦਮ ਕਰਨਾ ਹੈ ਤਾਂ ਫਿਰ ਸਾਡੇ ਲਈ ਜਰੂਰੀ ਇਹੀ ਹੈ ਕਿ ਅਸੀਂ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਸੱਚੀ ਬਾਣੀ ਦੇ ਨਾਲ ਜੁੜੀਏ ਜਿੱਥੇ ਕੇਵਲ ਸੱਚ ਹੈ, ਕੇਵਲ ਨਾਮ ਹੈ। ਸੱਚੀ ਬਾਣੀ ਤੋਂ ਬਿਨ੍ਹਾਂ ਹਰ ਕੋਈ ਕੱਚੀ ਬਾਣੀ ਹੈ ਜਿਸ ਵਿੱਚ ਦੁਚਿੱਤੀ ਹੈ। ਅਸੀਂ ਦੁਚਿੱਤੀ ਵਿੱਚੋਂ ਹੀ ਨਿਕਲਣਾ ਹੈ ਜਿਸ ਵਿੱਚੋਂ ਸਾਨੂੰ ਕੇਵਲ ਸੱਚੀ ਬਾਣੀ ਹੀ ਕੱਢ ਸਕਦੀ ਹੈ, ਜਿਸ ਵਿੱਚ ਪੂਰਨ ਸੱਚ ਹੈ।

ਆਓ ਅਸੀਂ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਸੱਚ

ਕੇਵਲ ਗੁਰਬਾਣੀ ਦੇ ਕੋਲ ਹੈ ਜਿਸ ਕਰਕੇ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ।

ਸੂਹੀ ਮਹਲਾ ੩॥

"ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ॥
ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ॥
ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ॥
ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ॥
ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ॥੧॥
ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ॥
ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ॥੨॥
ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ॥

ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ॥
ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ॥
ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ॥
ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ॥
ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ॥੩॥
ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ॥
ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ॥
ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥
ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ॥
ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ॥
ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ॥੪॥੨॥੩॥"

(ਅੰਗ - ੭੬੯)

ਉੱਪਰ ਪੂਰੇ ਸ਼ਬਦ ਵਿੱਚ ਸਚੁ ਦੀ ਵਿਆਖਿਆ ਹੀ ਕੀਤੀ ਹੋਈ ਹੈ ਕਿ "ਸਚੁ" ਕੀ ਹੈ। "ਸਚੁ" ਹੀ "ਨਾਮੁ" ਹੈ। ਸਚੁ ਨੂੰ ਸਮਝੇ ਬਿਨ੍ਹਾਂ ਸਾਨੂੰ ਨਾਮ ਦੀ ਸਮਝ ਵੀ ਨਹੀਂ ਪੈਂਦੀ। ਇਸ ਲਈ ਪੂਰੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਸ ਨਾਮ ਦੇ ਨਾਲ ਜੁੜ ਸਕੀਏ ਜੋ ਪੂਰੀ ਗੁਰਬਾਣੀ ਸਾਨੂੰ ਸਮਝਾ ਰਹੀ ਹੈ। ਪੂਰੀ ਗੁਰਬਾਣੀ ਵਿੱਚ "ਸਚੁ" ਹੈ, ਪੂਰੀ ਗੁਰਬਾਣੀ ਵਿੱਚ "ਨਾਮੁ" ਹੈ ਜਿਸ ਕਰਕੇ ਗੁਰਬਾਣੀ ਪ੍ਰਮਾਤਮਾ ਦਾ ਰੂਪ ਹੈ।

"ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ॥
ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ॥"

ਹਰ ਗੱਲ ਦਾ, ਹਰ ਵਸਤੂ ਦਾ ਮੂਲ ਸ਼ਬਦ ਹੈ ਜਿਸ ਦੁਆਰਾ ਇਸ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤੇ ਸ਼ਬਦ ਦੁਆਰਾ ਹੀ ਸ੍ਰਿਸ਼ਟੀ ਚੱਲ ਰਹੀ ਹੈ। ਪ੍ਰਮਾਤਮਾ ਸ਼ਬਦ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਭ ਜਗ੍ਹਾ ਸਮਾਇਆ ਹੋਇਆ ਹੈ। ਆਪਣੇ ਸ਼ਬਦ ਰੂਪ ਵਿੱਚ ਹੀ ਪ੍ਰਮਾਤਮਾ ਗੁਰੂ ਹੈ। ਜਿੱਥੇ ਉਹ ਆਪਣਾ ਗੁਰੂ ਰੂਪ ਪ੍ਰਗਟ ਕਰਦਾ ਹੈ ਉਸ ਸਰੀਰ ਵਿੱਚ ਉਹ ਸ਼ਬਦ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੇ ਸ਼ਬਦ ਰੂਪ ਦੁਆਰਾ ਹੀ ਪ੍ਰਮਾਤਮਾ ਸੱਚਾ ਹੈ ਜੋ ਕਿ ਉਸਦਾ ਬ੍ਰਹਮਗਿਆਨ ਰੂਪ ਹੈ। ਜਿਸਨੂੰ ਵੀ ਪ੍ਰਮਾਤਮਾ ਆਪਣਾ ਸੱਚ ਬਖ਼ਸ਼ਦਾ ਹੈ ਉਸਨੂੰ ਆਪਣੇ ਸ਼ਬਦ ਦੁਆਰਾ ਹੀ ਬਖ਼ਸ਼ਦਾ ਹੈ, ਮਨ ਦੇ ਵਿੱਚ ਆਪਣਾ ਸ਼ਬਦ ਰੂਪ ਸੱਚਾ ਗਿਆਨ ਬਖ਼ਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ। ਉਸ ਸਚੁ ਰੂਪ ਪ੍ਰਮਾਤਮਾ ਦਾ ਸੋਹਿਲਾ, ਉਸਦਾ ਜੱਸ, ਸੱਚ ਦੀ ਸੋਝੀ ਪੈਣ ਦੁਆਰਾ ਹੀ ਹੁੰਦਾ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਜਿੱਥੇ ਪ੍ਰਮਾਤਮਾ ਆਪਣੇ ਸ਼ਬਦ ਦੁਆਰਾ ਪ੍ਰਗਟ ਹੁੰਦਾ ਹੈ ਉੱਥੇ ਪ੍ਰਮਾਤਮਾ ਆਪਣੇ ਸੱਚੇ ਵਿਚਾਰ ਹੀ ਬਖ਼ਸ਼ਦਾ ਹੈ, ਸ਼ਬਦ ਦੇ ਵਿਚਾਰ ਹੀ ਬਖ਼ਸ਼ਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਇਹ ਸੱਚੇ ਵਿਚਾਰ ਬਖ਼ਸ਼ੇ ਹਨ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਸੱਚੇ ਵਿਚਾਰ ਦਿੱਤੇ ਹਨ, ਪ੍ਰਮਾਤਮਾ ਦਾ ਸੱਚਾ ਵਿਚਾਰ ਦਿੱਤਾ ਹੈ, ਸ਼ਬਦ ਦੇ ਵਿਚਾਰ ਦਿੱਤੇ ਹਨ। ਇਨ੍ਹਾਂ ਸੱਚੇ ਵਿਚਾਰਾਂ ਦੁਆਰਾ ਹੀ ਸੱਚ ਦੀ ਸੋਝੀ ਪੈਂਦੀ ਹੈ ਤੇ ਇਸ ਸੱਚ ਦੁਆਰਾ ਹੀ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਦਾ ਜੱਸ ਗਾਇਆ ਹੈ। ਪੂਰੀ ਗੁਰਬਾਣੀ ਵਿੱਚ ਸ਼ਬਦ ਦੇ ਸੱਚੇ ਵਿਚਾਰ ਹਨ, ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ

ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸੱਚ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ "ਸਚੁ" ਰੂਪ ਹੈ ਜਿਸ ਦੁਆਰਾ ਗੁਰਬਾਣੀ ਪ੍ਰਮਾਤਮਾ ਦਾ ਜੱਸ ਗਾ ਰਹੀ ਹੈ। ਆਪਣਾ ਜੱਸ ਉਹ ਆਪ ਹੀ ਗਵਾਉਂਦਾ ਹੈ, ਆਪਣਾ ਪੂਰਨ ਸੱਚ ਬਖ਼ਸ਼ ਕੇ ਗਵਾਉਂਦਾ ਹੈ। **(ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ॥)** ਜਿਸ ਸਰੀਰ ਰਾਹੀਂ ਪ੍ਰਮਾਤਮਾ ਦਾ

ਜਸ ਗਾਇਆ ਜਾਂਦਾ ਹੈ, ਜਿੱਥੇ ਪ੍ਰਮਾਤਮਾ ਆਪਣਾ ਸੱਚ ਬਖ਼ਸ਼ਦਾ ਹੈ ਉਸ ਮਨੁੱਖ ਦੀ ਹੀ ਹਉਮੈ ਦੂਰ ਹੁੰਦੀ ਹੈ, ਅਗਿਆਨਤਾ ਦਾ ਪੜਦਾ ਦੂਰ ਹੁੰਦਾ ਹੈ ਤੇ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸ਼ਬਦ ਹੀ ਹੈ ਜੋ ਸਭ ਦੇ ਅੰਦਰ ਵਰਤ ਰਿਹਾ ਹੈ ਪਰ ਉਸਦੇ ਪ੍ਰਗਟ ਹੋਏ ਬਿਨ੍ਹਾਂ ਉਸਨੂੰ ਕੋਈ ਜਾਣ ਨਹੀਂ ਸਕਦਾ। ਮਨ ਦੇ ਵਿੱਚ ਆਪਣਾ ਸੱਚ ਬਖ਼ਸ਼ ਕੇ, ਸੱਚ ਦੀ ਸੋਝੀ ਬਖ਼ਸ਼ ਕੇ ਮਨੁੱਖ ਦੀ ਮਾੜੀ ਬਿਰਤੀ ਦੂਰ ਕਰ ਦਿੰਦਾ ਹੈ, ਉਸਨੂੰ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ। ਉਹ ਆਪ ਸਚੁ ਰੂਪ ਹੈ ਤੇ ਜਿੱਥੇ ਉਹ ਵੱਸ ਜਾਂਦਾ ਹੈ ਉਸ ਮਨੁੱਖ ਦੀ ਬਿਰਤੀ ਨੂੰ ਉਹ ਸੱਚੀ ਬਣਾ ਦਿੰਦਾ ਹੈ। ਆਪਣੇ ਸੱਚ ਦੁਆਰਾ ਉਹ ਸੱਚੀ ਮਤਿ ਹੀ ਸਮਝਾਉਂਦਾ ਹੈ। ਇਹ ਸੱਚੀ ਮਤਿ ਸ਼ਬਦ ਦੀ ਮਤਿ ਹੈ, ਗੁਰੂ ਦੀ ਮਤਿ ਹੈ ਭਾਵ ਗੁਰਮਤਿ ਹੈ। ਮਨ ਦੇ ਵਿੱਚ ਉਹ ਵਿਚਾਰਾਂ ਰਾਹੀਂ ਗੁਰਮਤਿ ਹੀ ਸਮਝਾਉਂਦਾ ਹੈ ਜੋ ਗੁਰਮਤਿ ਪੂਰੀ ਗੁਰਬਾਣੀ ਵਿੱਚ ਸਮਝਾਈ ਹੋਈ ਹੈ। ਜੋ ਸੱਚ ਹੈ ਉਹੀ ਗੁਰਮਤਿ ਹੈ, ਉਹੀ ਨਾਮ ਹੈ। ਸਾਡੇ ਅੰਦਰ ਸੱਚ ਦਾ ਵੱਸਣਾ, ਨਾਮ ਦਾ ਵੱਸਣਾ ਜਾਂ ਪ੍ਰਮਾਤਮਾ ਦਾ ਵੱਸਣਾ ਗੁਰਮਤਿ ਦਾ ਵੱਸਣਾ ਇੱਕੋ ਹੀ ਗੱਲ ਹੈ। ਇਹੀ ਬ੍ਰਹਮਗਿਆਨ ਹੈ ਜੋ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮਗਿਆਨ ਹੈ, ਸਚੁ ਹੈ, ਨਾਮ ਹੈ ਤੇ ਇਸੇ ਲਈ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਜਿੱਥੇ ਪ੍ਰਮਾਤਮਾ ਨੇ ਪਹਿਲੇ ਆਪਣਾ ਸਚੁ ਰੂਪ ਪ੍ਰਗਟ ਕੀਤਾ ਹੈ ਉਨ੍ਹਾਂ ਰਾਹੀਂ ਹੀ ਆਪਣਾ ਪੂਰਨ ਸੱਚ ਸਮਝਾਇਆ ਹੈ, ਗੁਰਬਾਣੀ ਰਾਹੀਂ ਸਮਝਾਇਆ ਹੈ। **(ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ॥ ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ॥)**

ਸੱਚ ਨੇ ਸਾਡੇ ਮਨ ਦੇ ਵਿੱਚ ਵੱਸਣ ਦੁਆਰਾ ਸਾਡੀ ਬਿਰਤੀ ਨੂੰ ਹੀ ਸੱਚੀ ਬਣਾਉਣਾ ਹੈ ਤੇ ਸਾਨੂੰ ਮਾਇਆ ਮੋਹ ਵਿੱਚੋਂ ਕੱਢਣਾ ਹੈ, ਵਿਕਾਰਾਂ ਵਿੱਚੋਂ ਕੱਢਣਾ ਹੈ ਜਿਸ ਦੁਆਰਾ ਇਸ ਮਾਇਆ ਮੋਹ ਦੇ ਸਾਗਰ ਨੂੰ ਤਰਿਆ ਜਾ ਸਕਦਾ ਹੈ, ਮਨ ਦੇ ਵਿੱਚ ਹੀ ਤਰਿਆ ਜਾ ਸਕਦਾ ਹੈ। ਜੋ ਇਸ ਸਾਗਰ ਨੂੰ ਇੱਕ ਵਾਰ ਪਾਰ ਕਰ ਲੈਂਦਾ ਹੈ ਉਹ ਫਿਰ ਸਦਾ ਹੀ ਪ੍ਰਮਾਤਮਾ ਵਿੱਚ ਸਮਾਅ ਜਾਂਦਾ ਹੈ, ਉਸਦੇ ਸੱਚੇ ਸ਼ਬਦ ਰੂਪ ਵਿੱਚ ਸਮਾਅ ਜਾਂਦਾ ਹੈ ਤੇ ਆਵਾਗਉਣ ਤੋਂ ਮੁਕਤ ਹੋ ਜਾਂਦਾ ਹੈ। **(ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ॥)**

ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਬਾਣੀ ਭਾਵ ਗੁਰਬਾਣੀ ਕਿਸ ਲਈ ਸੱਚੀ ਹੈ। ਸੱਚੀ ਬਾਣੀ ਵਿੱਚ ਤੇ ਕੱਚੀ ਬਾਣੀ ਵਿੱਚ ਕੀ ਭੇਦ ਹੈ।

23/2545

“ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ॥

ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ॥

ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ॥੧॥”

ਜਦ ਤੱਕ ਸਾਡੇ ਅੰਦਰ ‘‘ਸਚੁ’’ ਭਾਵ ਆਪ ਪ੍ਰਮਾਤਮਾ ਪ੍ਰਗਟ ਨਹੀਂ ਹੁੰਦਾ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਦਾ ਸਚੁ ਰੂਪ ਕੀ ਹੈ ਕਿ ਉਹ ਆਪਣੇ ਕਿਸ ਰੂਪ ਦੁਆਰਾ ਸੱਚ ਹੈ। ‘‘ਸਤਿਗੁਰੁ’’ ਪ੍ਰਮਾਤਮਾ ਦਾ ਸੱਚਾ ਰੂਪ ਹੈ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੈ। ਸਤਿਗੁਰੁ ਨੂੰ ਪੂਰਨ ਸੱਚ ਦੀ ਸੋਝੀ ਹੈ ਤੇ ਆਪਣੇ ਇਸ ਰੂਪ ਵਿੱਚ ਆਪਣੀ ਸੱਚੀ ਸੋਝੀ ਪਾਉਣ ਵਾਲਾ ‘‘ਸਚੁ’’ ਰੂਪ ਪ੍ਰਮਾਤਮਾ ਆਪ ਹੀ ਹੈ, ਆਪਣੇ ਸਤਿਗੁਰੁ ਰੂਪ ਨੂੰ ਸੱਚਾ ਬਣਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਸਤਿਗੁਰੁ ਆਪਣੇ ਮੁੱਖੋਂ ਜੋ ਵੀ ਬਾਣੀ ਉਚਾਰਦਾ ਹੈ ਉਸਦੇ ਵਿੱਚ ਪੂਰਨ ਸੱਚ ਹੈ ਕਿਉਂਕਿ ਉਹ ‘‘ਸਚੁ’’ ਰੂਪ ਪ੍ਰਮਾਤਮਾ ਦੀ ਪਾਈ ਹੋਈ ਸੋਝੀ ਦੁਆਰਾ ਹੀ ਬਾਣੀ ਉਚਾਰਦਾ ਹੈ। ਪੂਰਨ ਸੱਚ ਕੇਵਲ ਪ੍ਰਮਾਤਮਾ ਆਪ ਹੀ ਜਾਣਦਾ ਹੈ ਤੇ ਆਪਣਾ ਸੱਚ ਉਹ ਆਪ ਹੀ ਸਮਝਾ ਸਕਦਾ ਹੈ। ਸਤਿਗੁਰੁ ਆਪਣੀ ਬਾਣੀ ਦੁਆਰਾ ਸਾਨੂੰ ਇਹੀ ਸਮਝਾਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਕੇਵਲ ਉਸ ਪ੍ਰਮਾਤਮਾ ਦੀ ਹੋਂਦ ਹੀ ਸੱਚੀ ਹੈ ਤੇ ਉਸ ਤੋਂ ਬਿਨ੍ਹਾਂ ਕਿਸੇ ਹੋਰ ਹੋਂਦ ਨੂੰ ਸਮਝਣਾ ਝੂਠ ਹੈ। ਸਤਿਗੁਰੁ ਇਸ ਗੱਲ ਨੂੰ ਜਾਣਦਾ ਹੈ ਤੇ ਇਸੇ ਲਈ ਉਹ ਇਹ ਸਮਝਾਉਂਦਾ ਹੈ ਕਿ ਹਰ ਹੋਂਦ ਵਿੱਚ ‘‘ਸਚੁ’’ ਰੂਪ ਪ੍ਰਮਾਤਮਾ ਆਪ ਹੀ ਹੈ ਜੋ ਸਭ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਸਮਾਇਆ ਹੋਇਆ ਹੈ, ਸੱਚੀ ਸੋਝੀ ਦੇ ਰੂਪ ਵਿੱਚ ਸਮਾਇਆ ਹੋਇਆ ਹੈ। **(ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ॥)**

ਜਦ ਤੱਕ ਸਾਡੇ ਅੰਦਰ ਸਚੁ ਰੂਪ ਪ੍ਰਮਾਤਮਾ ਪ੍ਰਗਟ ਨਹੀਂ ਹੁੰਦਾ ਤਦ ਤੱਕ ਸਾਡੀ ਬਾਣੀ ਸੱਚੀ ਨਹੀਂ ਹੋ ਸਕਦੀ। ਜਦ ਤੱਕ ਸਾਨੂੰ ਹਰ ਹੋਂਦ ਵਿੱਚ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਤਦ ਤੱਕ ਸਾਡੀ ਬਾਣੀ ਸੱਚੀ ਨਹੀਂ ਹੈ ਕਿਉਂਕਿ ਸਭ ਦੇ ਵਿੱਚ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਜਦ ਤੱਕ ਉਹ ਸਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਤਦ ਤੱਕ ਸਾਨੂੰ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੀ ਹੋਂਦ ਨਜ਼ਰ ਆ ਸਕਦੀ ਹੈ ਤੇ ਨਾ ਹੀ ਦੂਸਰਿਆਂ ਵਿੱਚ ਉਸਦੇ ਹੋਣ ਦੀ ਸਮਝ ਪੈਂਦੀ ਹੈ। ਪ੍ਰਮਾਤਮਾ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਸਮਝਣਾ, ਕਹਿਣਾ ਝੂਠੀ ਬਾਣੀ ਹੈ ਭਾਵ ਉਸ ਵਿੱਚ ਸੱਚ ਨਹੀਂ ਹੈ। ਸੱਚੀ ਬਾਣੀ ਮਨੁੱਖ ਦੀ ਉਦੋਂ ਹੀ ਹੁੰਦੀ ਹੈ ਜਦੋਂ ਸਭ ਵਿੱਚ ਸੱਚ ਨਜ਼ਰ ਆਉਣ ਲੱਗ ਪੈਂਦਾ ਹੈ ਤੇ ਇਸੇ ਲਈ ਸਤਿਗੁਰੁ ਦੀ ਬਾਣੀ ਸੱਚੀ ਹੈ। ਸਤਿਗੁਰੁ ਸੱਚ ਨੂੰ ਜਾਣਦਾ ਹੈ, ਪ੍ਰਮਾਤਮਾ ਨੂੰ ਜਾਣਦਾ ਹੈ। ਸਤਿਗੁਰੁ ਬਿਨ੍ਹਾਂ ਹਰ ਕਿਸੇ ਦੀ ਬਾਣੀ ਕੱਚੀ ਹੈ ਕਿਉਂਕਿ ਉਹ

23/2546

ਪੂਰਨ ਸੱਚ ਨੂੰ ਨਹੀਂ ਜਾਣਦਾ, ਆਪਣੇ ਅੰਦਰ ਤੇ ਸਭ ਦੇ ਅੰਦਰ ਪ੍ਰਮਾਤਮਾ ਦੀ ਹੋਂਦ ਨੂੰ ਨਹੀਂ ਜਾਣਦਾ, ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਨਹੀਂ ਜਾਣਦਾ। ਪ੍ਰਮਾਤਮਾ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ, ਉਸਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਉਹ ਸਭ ਕੱਚੇ ਹਨ, ਉਨ੍ਹਾਂ ਦੀ ਮਤਿ ਕੱਚੀ ਹੈ, ਉਨ੍ਹਾਂ ਦੀ ਬਾਣੀ ਕੱਚੀ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤੇ ਉਸਦੇ ਲਈ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰਬਾਣੀ ਦੀ ਮਤਿ ਦੇ ਨਾਲ ਜੁੜੀਏ ਜਿਸਦੀ ਬਾਣੀ ਸੱਚੀ ਹੈ, ਜਿਸਦਾ ਹਰ ਬੋਲ ਸੱਚਾ ਹੈ, ਜਿਸਦਾ ਹਰ ਬੋਲ ਸਚੁ ਰੂਪ ਪ੍ਰਮਾਤਮਾ ਦੇ ਕੋਲੋਂ ਆਇਆ ਹੈ।

ਪ੍ਰਮਾਤਮਾ ਦੇ ਸੱਚੇ ਗੁਣ ਉਹੀ ਗਾ ਸਕਦਾ ਹੈ ਭਾਵ ਪ੍ਰਮਾਤਮਾ ਦਾ ਸੱਚ ਉਹੀ ਬਿਆਨ ਕਰ ਸਕਦਾ ਹੈ ਜੋ ਉਸ ਸੱਚ ਰੂਪ ਪ੍ਰਮਾਤਮਾ ਵਿੱਚ ਸਮਾਇਆ ਹੋਇਆ ਹੈ, ਉਸਦੇ ਸੱਚੇ ਗਿਆਨ ਵਿੱਚ, ਉਸਦੀ ਸੱਚੀ ਮਤਿ ਵਿੱਚ, ਉਸਦੇ ਸੱਚੇ ਬ੍ਰਹਮਗਿਆਨ ਵਿੱਚ ਸਮਾਇਆ ਹੋਇਆ ਹੈ। ਇਹ ਅਵੱਸਥਾ ਗੁਰੂ ਦੀ ਹੈ ਜਿਸਨੇ ਆਪ ਸੱਚ ਨੂੰ ਵੇਖਿਆ ਹੈ ਤੇ ਤਾਂ ਹੀ ਸਭ ਨੂੰ ਸੱਚ ਵਿਖਾਇਆ ਹੈ। ਉਸ ਸੱਚ ਰੂਪ ਪ੍ਰਮਾਤਮਾ ਨੂੰ ਵੇਖੇ ਬਿਨ੍ਹਾਂ ਸਾਨੂੰ ਉਸ ਦਾ ਸੱਚ ਕੋਈ ਨਹੀਂ ਦਿਖਾ ਸਕਦਾ। **(ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ॥)**

ਸਾਨੂੰ ਸਭ ਪਾਸੇ ਤੇ ਸਭ ਵਿੱਚ "ਸਚੁ" ਭਾਵ ਪ੍ਰਮਾਤਮਾ ਤਾਂ ਹੀ ਨਜ਼ਰ ਆ ਸਕਦਾ ਹੈ ਜਦੋਂ ਸਾਨੂੰ ਪਹਿਲੇ ਆਪਣੇ ਅੰਦਰੋਂ "ਸਚੁ" ਨਜ਼ਰ ਆ ਜਾਵੇ। ਪੂਰੇ ਸੰਸਾਰ ਵਿੱਚ "ਸਚੁ" ਤੋਂ ਬਿਨ੍ਹਾਂ ਹੋਰ ਕੁੱਝ ਵੀ ਨਹੀਂ ਹੈ। ਅਸੀਂ ਉਸ "ਸਚੁ" ਦਾ ਰੂਪ ਹੀ ਹਾਂ ਤੇ ਹਰ ਵਸਤੂ "ਸਚੁ" ਦਾ ਰੂਪ ਹੀ ਹੈ। ਇਸ ਸੱਚ ਦੀ ਸਮਝ ਪੈਣ ਨਾਲ ਹੀ ਕਿ ਸਭ ਕੁੱਝ "ਸਚੁ" ਰੂਪ ਪ੍ਰਮਾਤਮਾ ਹੀ ਹੈ ਤਾਂ ਹੀ ਸਾਡੇ ਜੀਵਨ ਦਾ ਨਿਸਤਾਰਾ ਹੁੰਦਾ ਹੈ ਭਾਵ ਪਾਰ ਉਤਾਰਾ ਹੁੰਦਾ ਹੈ। **(ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ॥੧॥)** "ਸਾਚੀ ਨਾਈ" ਤੋਂ ਭਾਵ ਹੈ ਕਿ ਜੋ ਕੁੱਝ ਵੀ ਅਸੀਂ ਆਕਾਰ ਰੂਪ ਵਿੱਚ ਦੇਖਦੇ ਹਾਂ ਉਹ ਸਭ ਕੁੱਝ ਪ੍ਰਮਾਤਮਾ ਦਾ ਬਣਾਇਆ ਹੋਇਆ ਹੀ ਹੈ, ਸਭ ਕੁੱਝ ਉਸ ਪ੍ਰਮਾਤਮਾ ਦੀ ਹੋਂਦ ਹੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਜਪੁਜੀ ਬਾਣੀ ਦੇ ਅਰਥਾਂ ਵਿੱਚ ਵੀ ਜਾਣਿਆ ਹੈ।

{ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥}

(ਅੰਗ ੬)

23/2547

{ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥}

(ਅੰਗ ੪੬੩)

ਅਸੀਂ ਉਸ ‘‘ਸਚੁ’’ ਰੂਪ ਪ੍ਰਮਾਤਮਾ ਦਾ ਹੀ ਰੂਪ ਹਾਂ ਪਰ ਜਦ ਤੱਕ ਉਹ ਕਿਸੇ ਦੇ ਅੰਦਰ ਪ੍ਰਗਟ ਨਹੀਂ ਹੁੰਦਾ ਇਸ ਗੱਲ ਨੂੰ ਕੋਈ ਵੀ ਸਮਝ ਨਹੀਂ ਸਕਦਾ ਤੇ ਇਸ ਗੱਲ ਤੇ ਵਿਸ਼ਵਾਸ ਹੋਏ ਬਿਨ੍ਹਾਂ ਕਿਸੇ ਦਾ ਨਿਸਤਾਰਾ ਨਹੀਂ ਹੋ ਸਕਦਾ। ਹਰ ਕਿਸੇ ਨੂੰ ਪ੍ਰਮਾਤਮਾ ਨੇ ਭਰਮ ਵਿੱਚ ਹੀ ਰੱਖਿਆ ਹੋਇਆ ਹੈ ਕਿ ਉਸਦੀ ਅਸਲੀਅਤ ਕੀ ਹੈ।

{ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ॥
ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ॥੭॥
ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ॥
ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ॥}

(ਅੰਗ ੭੫੪)

ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਵਿਰਲੇ ਵਿੱਚ ਹੀ ਪ੍ਰਗਟ ਕਰਦਾ ਹੈ, ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਵਿੱਚ ਹੀ ਪ੍ਰਗਟ ਕਰਦਾ ਹੈ ਕਿਉਂਕਿ ਇਹ ਉਸਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ ਜਿਸਦੀ ਸਮਝ ਉਸਨੂੰ ਜਾਣਨ ਤੋਂ ਬਾਅਦ ਹੀ ਪੈਂਦੀ ਹੈ ਕਿ ਸਾਰੇ ਸੰਸਾਰ ਨੂੰ ਉਸਨੇ ਕਿਵੇਂ ਭਰਮ ਵਿੱਚ ਰੱਖਿਆ ਹੋਇਆ ਹੈ। ਆਪਣੇ ਆਪ ਨੂੰ ਪਛਾਣੇ ਬਿਨ੍ਹਾਂ, ਆਪਣੇ ਆਪ ਨੂੰ ਉਸ ‘‘ਸਚੁ’’ ਰੂਪ ਪ੍ਰਮਾਤਮਾ ਦਾ ਰੂਪ ਜਾਣੇ ਬਿਨ੍ਹਾਂ ਇਹ ਕੋਈ ਨਹੀਂ ਜਾਣ ਸਕਦਾ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ। ਜਿਸਨੂੰ ਪ੍ਰਮਾਤਮਾ ਆਪਣੀ ਗੁਰਮੁਖਿ ਵਾਲੀ ਅਵੱਸਥਾ ਬਖ਼ਸ਼ਦਾ ਹੈ, ਮੇਲ ਦੀ ਅਵੱਸਥਾ ਬਖ਼ਸ਼ਦਾ ਹੈ, ਚੌਥੇ ਪਦ ਦੀ ਅਵੱਸਥਾ ਬਖ਼ਸ਼ਦਾ ਹੈ ਕੇਵਲ ਉਹੀ ਇਸ ਗੱਲ ਨੂੰ ਜਾਣ ਸਕਦਾ ਹੈ ਕਿ ਸਭ ਕੁਛ ‘‘ਸਚੁ’’ ਰੂਪ ਪ੍ਰਮਾਤਮਾ ਦਾ ਆਪਣੀ ਹੀ ਰੂਪ ਹੈ ਜਿਸਨੇ ਸਭ ਨੂੰ ਬਣਾਇਆ ਹੈ ਤੇ ਆਪ ਹੀ ਸਭ ਨੂੰ ਬਣਾ ਕੇ ਚਲਾ ਰਿਹਾ ਹੈ। **(ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ॥)**

“ਸਚੁ” ਹੀ “ਨਾਮੁ” ਹੈ। ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੀ ਨਾਮੁ ਦੀ ਪ੍ਰਾਪਤੀ ਹੈ। ਸਚੁ ਦੀ ਪ੍ਰਾਪਤੀ ਦੇ ਨਾਲ, ਨਾਮੁ ਦੀ ਪ੍ਰਾਪਤੀ ਦੇ ਨਾਲ ਸਾਨੂੰ ਮਨ ਦੇ ਵਿੱਚ ਸੱਚਾਈ ਦੀ ਸੋਝੀ ਹੀ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ, ਉਸਨੂੰ ਪਾਉਣ ਲਈ ਸੱਚੀ ਮਤਿ ਕੀ ਹੈ ਜਿਸ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ॥
ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ॥੨॥”

23/2548

ਉੱਪਰ ਵਾਲੇ ਪਦੇ ਨੂੰ ਧਿਆਨ ਨਾਲ ਸਮਝੋ ਕਿ ਨਾਮ ਕੀ ਹੈ। ਸੱਚ ਦੀ ਸੋਝੀ ਪੈਣਾ ਨਾਮ ਹੈ, ਸੱਚ ਦੇ ਅੰਦਰ ਦੀ ਸੋਝੀ ਨਾਮ ਹੈ, “ਜਿਸ ਸੋਝੀ ਦੁਆਰਾ ਸਾਨੂੰ ਸੱਚ ਦੀ ਸਮਝ ਪੈਂਦੀ ਹੈ ਕਿ ਉਹ ਨਾਮ ਹੈ।” ਇਸ ਸੱਚ ਦੀ ਸੋਝੀ ਦੇ ਵਿੱਚ ਪ੍ਰਮਾਤਮਾ ਆਪ ਵਿਚਰਦਾ ਹੈ, ਪ੍ਰਮਾਤਮਾ ਆਪਣੇ ਸੱਚੇ ਨਾਮ ਦੁਆਰਾ ਹੀ ਵਿਚਰਦਾ ਹੈ। ਪ੍ਰਮਾਤਮਾ ਦੇ ਨਾਮ ਦੁਆਰਾ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਦੀ ਸੋਝੀ ਦੁਆਰਾ ਹਰ ਵਸਤੂ ਦੀ ਰਚਨਾ ਹੋਈ ਹੈ, ਪੰਜ ਤੱਤਾਂ ਦੀ ਰਚਨਾ ਹੋਈ ਹੈ ਤੇ ਆਪਣੀ ਗਿਆਨ ਦੀ ਸੋਝੀ ਦੁਆਰਾ ਹੀ, ਨਾਮ ਦੁਆਰਾ ਹੀ ਪੰਜ ਤੱਤਾਂ ਨੂੰ ਆਪਸ ਵਿੱਚ ਮਿਲਾਇਆ ਹੋਇਆ ਹੈ ਤੇ ਹਰ ਵਸਤੂ ਨੂੰ ਚਲਾ ਰਿਹਾ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥}

(ਅੰਗ ੪੫੬)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥}

(ਅੰਗ ੭੫੯)

ਗਿਆਨ ਦਾ ਪਦਾਰਥ ਗਿਆਨ ਦੇ ਅੰਦਰ ਦੀ ਸੋਝੀ ਹੈ ਜਿਸ ਦੁਆਰਾ ਗਿਆਨ ਦਾ ਮਕਸਦ ਪੂਰਾ ਹੁੰਦਾ ਹੈ। ਗਿਆਨ ਦੀ ਕੀਮਤ ਗਿਆਨ ਦੀ ਸੋਝੀ ਨਾਲ ਪੈਂਦੀ ਹੈ। ਜਿਸ ਗਿਆਨ ਦੁਆਰਾ ਸਾਨੂੰ ਪ੍ਰਮਾਤਮਾ ਦਾ ਸੱਚ ਸਮਝ ਆਉਂਦਾ ਹੈ ਉਹ “ਨਾਮ” ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਸੱਚ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦਾ ਸੱਚ ਸਮਝਾਇਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਗਿਆਨ ਪਦਾਰਥ ਹੈ ਜਿਸ ਦੁਆਰਾ ਗੁਰੂ ਨੇ ਸਾਨੂੰ ਨਾਮ ਦੀ ਸੋਝੀ ਪਾਈ ਹੋਈ ਹੈ। ਨਾਮ ਦੀ ਸੋਝੀ ਦੁਆਰਾ ਸਾਨੂੰ ਗੁਰੂ ਨੇ ਆਪਣੀ ਸਿੱਖਿਆ ਸਮਝਾਈ ਹੋਈ ਹੈ ਜਿਸ ਵਿੱਚ ਪੂਰਨ ਸੱਚ ਹੈ, ਪੂਰਨ ਨਾਮ ਹੈ।

ਉੱਪਰ ਮੁੱਖ ਸ਼ਬਦ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਉਨ੍ਹਾਂ ਨੂੰ “ਸਚੁ” ਦੀ ਪ੍ਰਾਪਤੀ ਕਿਵੇਂ ਹੋਈ ਹੈ, ਕਿਸ ਰੂਪ ਵਿੱਚ ਹੋਈ ਹੈ ਤੇ ਤਾਂ ਹੀ ਉਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਸਾਨੂੰ “ਸਚੁ ਨਾਮੁ” ਸਮਝਾਇਆ ਹੋਇਆ ਹੈ। ਅਗਰ ਧਿਆਨ ਨਾਲ ਸਮਝੋਗੇ ਤਾਂ ਪੂਰੀ ਗੁਰਬਾਣੀ ਵਿੱਚ ਕੇਵਲ ਸੱਚ ਦੀ ਵਿਆਖਿਆ ਹੀ ਹੈ, “ਸਚੁ ਨਾਮੁ” ਦੀ ਵਿਆਖਿਆ ਹੀ ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਸੱਚ ਤੇ ਝੂਠ ਦਾ ਫ਼ਰਕ ਸਮਝਾਇਆ ਹੋਇਆ ਹੈ ਕਿ ਸੱਚ ਕਿਸ ਗੱਲ ਵਿੱਚ ਹੈ ਤੇ ਕਿਸ ਗੱਲ ਵਿੱਚ ਸੱਚ ਨਹੀਂ ਹੈ। ਸਾਨੂੰ ਕੇਵਲ ਸੱਚ ਨਾਲ ਜੁੜਨਾ ਸਮਝਾਇਆ ਹੋਇਆ ਹੈ, ਕੇਵਲ ਨਾਮ ਨਾਲ ਜੁੜਨਾ

23/2549

ਸਮਝਾਇਆ ਹੋਇਆ ਹੈ।

“ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ॥”

ਉਹ “ਸਚੁ” ਰੂਪ ਪ੍ਰਮਾਤਮਾ ਆਪਣਾ ਸੱਚ ਆਪ ਹੀ ਬੁਝਾਉਂਦਾ ਹੈ ਤੇ ਇਸੇ ਲਈ ਉਹ ਆਪ ਹੀ ਸਤਿਗੁਰਿ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉੱਥੇ ਪ੍ਰਮਾਤਮਾ ਨੇ ਆਪਣਾ ਗੁਰੂ ਰੂਪ ਹੀ ਪ੍ਰਗਟ ਕੀਤਾ ਹੈ। ਜਿਸਦੀ ਪ੍ਰਮਾਤਮਾ ਪਤਿ ਰੱਖਦਾ ਹੈ ਉਸਨੂੰ ਆਪਣੇ ਸੱਚ ਦੀ ਸੋਝੀ ਹੀ ਪਾਉਂਦਾ ਹੈ, ਉਨ੍ਹਾਂ ਦੇ ਅੰਦਰ ਆਪਣਾ ਸਚੁ ਰੂਪ ਵਸਾਉਂਦਾ ਹੈ।

ਜਿਸਨੂੰ ਪ੍ਰਮਾਤਮਾ ਆਪਣਾ ਸੱਚ ਬੁਝਾਉਂਦਾ ਹੈ, ਸੱਚ ਦੀ ਸੋਝੀ ਪਾਉਂਦਾ ਹੈ ਇਹੀ ਪ੍ਰਮਾਤਮਾ ਦਾ ਸੱਚਾ ਭੋਜਨ ਹੈ ਜਿਸ ਨੂੰ ਸਾਡਾ ਮਨ ਛਕਦਾ ਹੈ। ਇਹ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਦਾ ਭੋਜਨ ਹੈ, ਨਾਮ ਭੋਜਨ ਹੈ, ਅੰਮ੍ਰਿਤ ਭੋਜਨ ਹੈ ਜੋ ਕਿ ਪ੍ਰਮਾਤਮਾ ਆਪ ਹੀ ਛਕਾਉਂਦਾ ਹੈ। ਇਹੀ ਬ੍ਰਹਮ ਗਿਆਨ ਦਾ ਭੋਜਨ ਹੈ। ਜਿੰਨ੍ਹਾਂ ਨੇ ਇਹ ਬ੍ਰਹਮਗਿਆਨ ਰੂਪ ਭੋਜਨ ਛਕਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਬ੍ਰਹਮਗਿਆਨ ਰੂਪ ਭੋਜਨ ਪਾਇਆ ਹੈ, ਅੰਮ੍ਰਿਤ ਭੋਜਨ ਪਾਇਆ ਹੈ। ਇਹ ਭੋਜਨ ਸਾਨੂੰ ਸੱਚ ਸਮਝਾਉਂਦਾ ਹੈ ਜੋ ਸਾਡੇ ਸਭ ਦੇ ਛਕਣ ਲਈ ਪਾਇਆ ਹੈ। ਗੁਰਬਾਣੀ ਦੇ ਵਿੱਚੋਂ ਇਹੋ ਸਚੁ ਰੂਪ ਭੋਜਨ ਛਕ ਕੇ ਹੀ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਦਾ ਉੱਦਮ ਕਰ ਸਕਦੇ ਹਾਂ। ਇਹ ਸੱਚ ਸਾਡੇ ਸਮਝਣ ਲਈ ਤੇ ਮੰਨਣ ਲਈ ਹੈ ਭਾਵ ਹਿਰਦੇ ਵਿੱਚ ਵਸਾਉਣ ਲਈ ਹੈ ਨਾ ਕਿ ਕੇਵਲ ਮੂੰਹੋਂ ਬੋਲੀ ਜਾਣ ਲਈ ਹੈ। ਪ੍ਰਮਾਤਮਾ ਦੇ ਨਾਲ ਸਾਡਾ ਸੱਚਾ ਪਿਆਰ ਇਸ ਭੋਜਨ ਨੂੰ ਛਕ ਕੇ ਹੀ ਜੁੜਦਾ ਹੈ। ਇਹੋ ਜਿਹਾ ਸੱਚੇ ਨਾਮ ਦਾ ਭੋਜਨ ਛਕ ਕੇ ਸਾਨੂੰ ਉਸ “ਸੁਖੁ” ਰੂਪ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਇਹ ਭੋਜਨ ਸਾਡੇ ਮਨ ਦੇ ਵਿੱਚੋਂ ਵਿਕਾਰਾਂ ਨੂੰ ਹੀ ਕੱਢਦਾ ਹੈ, ਤ੍ਰਿਸ਼ਨਾ ਨੂੰ, ਲੋਭ, ਲਾਲਚ ਆਦਿ ਨੂੰ ਕੱਢਦਾ ਹੈ ਭਾਵ ਇਸ ਭੋਜਨ ਨੂੰ ਛਕ ਕੇ ਮਨੁੱਖ ਫਿਰ ਉਹੀ ਕੁਛ ਕਰਦਾ ਹੈ ਜੋ ਗੁਰਬਾਣੀ ਦੀ ਸਿੱਖਿਆ ਉਸ ਨੂੰ ਸਮਝਾਉਂਦੀ ਹੈ। ਉਹ ਫਿਰ ਸਰੀਰਕ ਜਪਾਂ ਤਪਾਂ ਵਿੱਚ ਨਹੀਂ ਪੈਂਦਾ ਕਿਉਂਕਿ ਇਨ੍ਹਾਂ ਵਿੱਚ ਭਗਤੀ ਦਾ ਸੱਚ ਨਹੀਂ ਹੈ। ਭਗਤੀ ਕੇਵਲ ਸੱਚ ਅਨੁਸਾਰ ਚੱਲਣ ਦਾ ਸੱਚਾ ਸੁੱਚਾ ਮਾਰਗ ਹੈ। **(ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ॥)**

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਜਦੋਂ ਪ੍ਰਮਾਤਮਾ ਸਾਡੇ ਅੰਦਰ ਸਚੁ ਰੂਪ ਵਿੱਚ ਵੱਸ ਜਾਂਦਾ ਹੈ ਜਿਵੇਂ ਕਿ ਉਹ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਵਿੱਚ ਵੱਸਿਆ ਹੈ ਮਨ ਦੀ ਇਹੋ ਜਿਹੀ ਪੂਰਨ ਸੱਚ ਦੀ ਸੋਝੀ ਦੁਆਰਾ ਮਨੁੱਖ ਆਵਾਗਉਣ ਤੋਂ ਪਾਰ ਹੁੰਦਾ ਹੈ। **(ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ॥)**

23/2550

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਜੋਤਿ ਨਾਲ ਜੋਤਿ ਮਿਲਣੀ ਕੀ ਹੈ।

“ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ॥”

ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਰਤਦੀ ਹੈ। ਇਹ ਜੋਤਿ ਗਿਆਨ ਰੂਪ ਹੈ ਜਿਸ ਦੁਆਰਾ ਸਾਡਾ ਮਨ ਵਿਚਰਦਾ ਹੈ। ਸਾਨੂੰ ਸਭ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਮਨ ਰੂਪ ਜੋਤਿ ਦੁਆਰਾ ਹੀ ਰੱਖਿਆ ਹੋਇਆ ਹੈ। ਇਸ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦਿਆਂ ਸਾਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ। ਪੂਰਨ ਸੱਚ ਚੌਥੇ ਪਦ ਦੀ ਅਵੱਸਥਾ ਹੈ, ਗੁਰੂ ਵਾਲੀ ਅਵੱਸਥਾ ਹੈ, ਬ੍ਰਹਮਗਿਆਨ ਵਾਲੀ ਅਵੱਸਥਾ ਹੈ। ਇਹ ਚੌਥੇ ਪਦ ਦੀ ਅਵੱਸਥਾ ਪ੍ਰਮਾਤਮਾ ਜਿੱਥੇ ਵੀ ਬਖ਼ਸ਼ਦਾ ਹੈ ਉੱਥੇ ਆਪ ਪ੍ਰਗਟ ਹੋ ਕੇ ਬਖ਼ਸ਼ਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋਣ ਦੇ ਨਾਲ ਉਹ ਮਨ ਦੇ ਵਿੱਚ ਹੀ ਆਪਣੀ ਸੱਚੀ ਸੋਝੀ ਪਾਉਂਦਾ ਹੈ ਜਿਵੇਂ ਕਿ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਹੀ ਸਾਡੇ ਅੰਦਰ ਸੱਚੇ ਨਾਮ ਦਾ ਪ੍ਰਕਾਸ਼ ਹੈ, ਸੱਚੇ ਗਿਆਨ ਦਾ ਪ੍ਰਕਾਸ਼ ਹੈ, ਬ੍ਰਹਮਗਿਆਨ ਦਾ ਪ੍ਰਕਾਸ਼ ਹੈ ਜੋ ਕਿ ਉਹ ਬ੍ਰਹਮਗਿਆਨੀ ਪ੍ਰਮਾਤਮਾ ਆਪ ਹੀ ਕਰਦਾ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਸਾਡੇ ਅੰਦਰ ਬ੍ਰਹਮਗਿਆਨ ਦੇ ਪ੍ਰਕਾਸ਼ ਦੁਆਰਾ ਹੀ ਦੂਰ ਹੁੰਦੀ ਹੈ ਤੇ ਇਹੀ ਪ੍ਰਮਾਤਮਾ ਦੀ ਜੋਤਿ ਦੇ ਵਿੱਚ ਰਲਣਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਵੀ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਹੈ ਤੇ ਜਦੋਂ ਉਹ ਸਾਨੂੰ ਆਪਣੇ ਚੌਥੇ ਪਦ ਨਾਲ ਮਿਲਾ ਲੈਂਦਾ

ਹੈ, ਆਪਣੇ ਪੂਰਨ ਸੱਚ ਨਾਲ ਮਿਲਾ ਲੈਂਦਾ ਹੈ ਇਹ ਜੋਤਿ ਨਾਲ ਜੋਤਿ ਦਾ ਰਲਣਾ ਹੈ ਜਿਸ ਦੁਆਰਾ ਅਧੂਰੇ ਸੱਚ ਵਾਲੀ ਜੋਤਿ, ਦੁਚਿੱਤੀ ਵਾਲੀ ਜੋਤਿ ਪੂਰਨ ਸੱਚ ਵਾਲੀ ਜੋਤਿ ਬਣ ਜਾਂਦੀ ਹੈ, ਉਸਦੇ ਪੂਰਨ ਸੱਚ ਵਿੱਚ ਸਮਾਅ ਜਾਂਦੀ ਹੈ। ਇਹ ਸਾਡੇ ਅੰਦਰ ਸੱਚੇ ਨਾਮ ਦਾ ਪ੍ਰਕਾਸ਼ ਹੈ। ਪੂਰੀ ਗੁਰਬਾਣੀ ਵਿੱਚ ਸੱਚੇ ਨਾਮ ਦਾ ਪ੍ਰਕਾਸ਼ ਹੀ ਹੈ ਜੋ ਮਨ ਦੇ ਵਿੱਚ ਸੱਚੇ ਨਾਮ ਦੇ ਪ੍ਰਕਾਸ਼ ਰਾਹੀਂ ਆਇਆ ਹੈ। **(ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ॥)**

ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝੋ ਕਿ ਹਰ ਵੇਲੇ ਨਾਮ ਧਿਆਉਣਾ ਕੀ ਹੈ।

“ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ॥

ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ॥੨॥”

ਜਦ ਤੱਕ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ, ਬ੍ਰਹਮਗਿਆਨ ਦੇ ਨਾਲ ਮੇਲ ਨਹੀਂ ਹੁੰਦਾ, ਉਸਦੀ ਜੋਤਿ ਵਿੱਚ ਜੋਤਿ ਨਹੀਂ ਰਲਦੀ ਤਦ ਤੱਕ

ਉਸ “ਸਚੁ” ਰੂਪ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ, ਉਸਦੇ ਨਿਰਗੁਣ ਰੂਪ ਨੂੰ ਕੋਈ ਨਹੀਂ ਜਾਣ ਸਕਦਾ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ। ਉਸ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਕੋਈ ਸੱਚਾ ਨਹੀਂ ਬਣ ਸਕਦਾ ਕਿਉਂਕਿ ਆਪਣੇ ਪੂਰਨ ਸੱਚ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣੇ ਨਾਮ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ। ਸੱਚ ਨੂੰ ਹਰ ਵੇਲੇ ਉਹੀ ਧਿਆਉਂਦਾ ਹੈ, ਨਾਮ ਨੂੰ ਹਰ ਵੇਲੇ ਉਹੀ ਧਿਆਉਂਦਾ ਹੈ ਜਿਸਦੇ ਧਿਆਨ ਵਿੱਚ ਸੱਚ ਵੱਸ ਜਾਂਦਾ ਹੈ, ਜਿਸਦੀ ਸੋਝੀ ਦੇ ਵਿੱਚ ਸੱਚ ਵੱਸ ਜਾਂਦਾ ਹੈ। ਜਿਸਦੀ ਸੋਝੀ ਸੱਚੀ ਹੈ ਉਹ ਫਿਰ ਸੱਚ ਤੇ ਹੀ ਚੱਲਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਚੱਲੇ ਹਨ ਤੇ ਗੁਰਬਾਣੀ ਰਾਹੀਂ ਸਾਨੂੰ ਸੱਚ ਤੇ ਚੱਲਣਾ ਸਿਖਾਇਆ ਹੈ, ਨਾਮ ਧਿਆਉਣਾ ਸਿਖਾਇਆ ਹੈ। ਜਦ ਤੱਕ ਸਾਡੇ ਧਿਆਨ ਦੇ ਵਿੱਚ ਸੱਚ ਨਹੀਂ ਵੱਸਦਾ ਅਸੀਂ ਗੱਲਾਂ ਨਾਲ ਸੱਚੇ ਨਹੀਂ ਬਣ ਸਕਦੇ, ਕਥਨੀ ਨਾਲ ਸੱਚੇ ਨਹੀਂ ਬਣ ਸਕਦੇ, ਕਥਨੀ ਨਾਲ ਨਾਮ ਨਹੀਂ ਜਪ ਸਕਦੇ ਜਿਵੇਂ ਕਿ ਹਰ ਕੋਈ ਲੱਗਾ ਹੋਇਆ ਹੈ। ਜਿਸਦੇ ਹਿਰਦੇ ਵਿੱਚ “ਸਚੁ ਨਾਮੁ” ਵੱਸ ਜਾਂਦਾ ਹੈ ਉਹ ਫਿਰ ਸਚੁ ਰੂਪ ਪ੍ਰਮਾਤਮਾ ਨਾਲੋਂ ਕਦੇ ਨਹੀਂ ਵਿਛੁੜਦਾ ਤੇ ਪ੍ਰਮਾਤਮਾ ਦੇ ਵਿਛੋੜੇ ਦੇ ਦੁੱਖ ਵਿੱਚੋਂ ਸਦਾ ਲਈ ਨਿਕਲ ਜਾਂਦਾ ਹੈ। ਸੁਖੁ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਦੇ ਨਾਲ ਅਸੀਂ ਦੁੱਖ ਵਿੱਚੋਂ ਨਿਕਲਦੇ ਹਾਂ। **(ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ॥ ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ॥੨॥)**

ਪੂਰੀ ਗੁਰਬਾਣੀ ਪ੍ਰਮਾਤਮਾ ਦੇ ਗੁਣ ਇਸੇ ਲਈ ਗਾ ਰਹੀ ਹੈ ਕਿਉਂਕਿ ਉਸਦੇ ਅੰਦਰ ਪੂਰਨ ਸੱਚ ਹੈ। ਪੂਰਨ ਸੱਚ ਦੀ ਸੋਝੀ ਬਿਨ੍ਹਾਂ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਜਿੰਨ੍ਹਾਂ ਨੇ ਆਪਣੇ ਅੰਦਰੋਂ ਸਚੁ ਰੂਪ ਪ੍ਰਮਾਤਮਾ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਇਸੇ ਲਈ ਗੁਰਬਾਣੀ ਸੱਚੀ ਬਾਣੀ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ॥

ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ॥

ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ॥

ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ॥

ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ॥

ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ॥੩॥”

ਪ੍ਰਮਾਤਮਾ ਦਾ ਸੋਹਿਲਾ, ਪ੍ਰਮਾਤਮਾ ਦਾ ਜੱਸ ਉਸਦੇ ਘਰ ਵਿੱਚ ਪਹੁੰਚ ਕੇ ਹੀ ਗਾਇਆ ਜਾ ਸਕਦਾ ਹੈ। ਸੱਚ ਦੀ ਸੋਝੀ ਉਸਦੇ ਘਰ ਪਹੁੰਚ ਕੇ ਹੀ ਪੈਂਦੀ ਹੈ ਭਾਵ ਮਨ

ਦੇ ਵਿੱਚ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ, ਚੌਥੇ ਪਦ ਵਿੱਚ ਪਹੁੰਚ ਕੇ, ਸਹਜ ਦੇ ਘਰ ਵਿੱਚ ਪਹੁੰਚ ਕੇ ਹੀ ਪੈਂਦੀ ਹੈ। ਸੱਚ ਦੀ ਸੋਝੀ ਪੈਣ ਦੁਆਰਾ ਹੀ ਸੱਚੀ ਬਾਣੀ ਉਪਜਦੀ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ, ਉਸਦੀ ਸੱਚੀ ਸਿਫ਼ਤ ਸਾਲਾਹ ਕੀਤੀ ਜਾ ਸਕਦੀ ਹੈ। **(ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ॥)**

{ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥}

(ਅੰਗ ੧੨)

ਸਾਡਾ ਅਸਲ ਘਰ ਪ੍ਰਮਾਤਮਾ ਦਾ ਘਰ ਹੈ, ਨਿਜ ਘਰ ਹੈ ਤੇ ਉਸ ਘਰ ਵਿੱਚ ਪਹੁੰਚ ਕੇ ਹੀ ਭਾਵ ਸਹਜ ਦੀ ਪ੍ਰਾਪਤੀ ਹੋਣ ਦੁਆਰਾ ਹੀ ਉਸ ਪ੍ਰਮਾਤਮਾ ਦਾ ਗੁਣ ਗਾਇਆ ਜਾ ਸਕਦਾ ਹੈ। ਉਸ ਘਰ ਦੇ ਵਿੱਚ ਭਾਵ ਚੌਥੇ ਪਦ ਦੇ ਘਰ ਵਿੱਚ ਬ੍ਰਹਮਗਿਆਨ ਦੇ ਘਰ ਵਿੱਚ ਜੋ ਕਿ ਸਾਡੇ ਅੰਦਰ ਹੀ ਹੈ ਉਸ ਵਿੱਚ ਸਾਨੂੰ ਵਿਚਾਰ ਦੇਣ ਵਾਲਾ ਆਪ ਕਰਤਾ ਹੀ ਹੈ, ਆਪ ਪ੍ਰਮਾਤਮਾ ਹੀ ਹੈ। ਉਸਦੇ ਕੋਲੋਂ ਵਿਚਾਰ ਲੈ ਕੇ ਹੀ ਸਾਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਤੇ ਸਾਡੇ ਵਿਚਾਰ ਗੁਰਮਤਿ ਵਾਲੇ ਵਿਚਾਰ ਬਣਦੇ ਹਨ ਜਿੰਨ੍ਹਾਂ ਅਨੁਸਾਰ ਵਿਚਰ ਕੇ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ। ਜਦ ਤੱਕ ਸਾਨੂੰ ਆਪਣੇ ਅੰਦਰ ਤੇ ਹਰ ਵਸਤੂ ਵਿੱਚ ਪ੍ਰਮਾਤਮਾ ਦੀ ਨਿਰਗੁਣ ਰੂਪ ਹੋਂਦ ਸਮਝ ਨਹੀਂ ਆਉਂਦੀ ਤਦ ਤੱਕ ਉਸਦਾ ਜੱਸ ਨਹੀਂ ਗਾਇਆ ਜਾ ਸਕਦਾ। ਆਪਣਾ ਸਿਮਰਨ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਵਿਚਾਰ ਆਪ ਦੇ ਕੇ ਹੀ ਬਖ਼ਸ਼ਦਾ ਹੈ ਤੇ ਤਾਂ ਹੀ ਉਸਨੂੰ ਅੱਠੇ ਪਹਿਰ ਸਿਮਰਿਆ ਜਾ ਸਕਦਾ ਹੈ, ਅੱਠੇ ਪਹਿਰ ਗੁਰਮਤਿ ਅਨੁਸਾਰ ਵਿਚਰਿਆ ਜਾ ਸਕਦਾ ਹੈ।

ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ, ਉਸ ਕੋਲੋਂ ਸੱਚੇ ਵਿਚਾਰ ਲੈ ਕੇ ਹੀ ਮਨੁੱਖ ਦਾ ਮਨ ਨਿਰਮਲ ਹੁੰਦਾ ਹੈ ਭਾਵ ਵਿਕਾਰਾਂ ਤੋਂ ਰਹਿਤ ਹੁੰਦਾ ਹੈ, ਸੱਚੀ ਭਗਤੀ ਦੀ ਸੋਝੀ ਵਾਲਾ ਬਣਦਾ ਹੈ ਜੋ ਮਨੁੱਖ ਨੂੰ ਗੁਣਾਂ ਵਾਲਾ ਬਣਾਉਂਦਾ ਹੈ ਤੇ ਮਨੁੱਖ ਗੁਣੀ ਹੋ ਕੇ ਵਿਚਰਦਾ ਹੈ। ਜਿਸ ਮਨੁੱਖ ਨੂੰ ਪ੍ਰਮਾਤਮਾ ਤਨੋਂ ਮਨੋਂ ਸੱਚਾ ਬਣਾਉਂਦਾ ਹੈ ਉਸ ਨੂੰ ਇਸੇ ਤਰੀਕੇ ਨਾਲ ਹੀ ਬਣਾਉਂਦਾ ਹੈ, ਮਨ ਦੇ ਵਿਚਾਰ ਪ੍ਰਗਟ ਹੋ ਕੇ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨੂੰ ਬਣਾਇਆ ਹੈ, ਆਪਣੀ ਸੱਚੀ ਬਾਣੀ ਦੀ ਸੋਝੀ ਬਖ਼ਸ਼ ਕੇ ਬਣਾਇਆ ਹੈ। **(ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ॥)**

23/2553

ਜਿਵੇਂ ਕਿ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਉਸ ਪ੍ਰਮਾਤਮਾ ਦਾ ਮੰਦਿਰ, ਉਸਦਾ ਘਰ ਸਾਡੇ ਅੰਦਰ ਹੀ ਹੈ ਜੋ ਕਿ ਆਪ ਹੀ ਅਸਲ ਵਿੱਚ ਗੁਰੂ ਹੈ। ਉਸ ਸ੍ਰਿਸ਼ਟੀ ਦੇ ਗੁਰੂ ਦੇ ਨਾਲ ਮੇਲ ਇਸ ਮਨ ਰੂਪ ਘਰ ਦੇ ਵਿੱਚ ਹੀ ਹੁੰਦਾ ਹੈ, ਮਨ ਰੂਪ ਘਰ ਵਿੱਚ ਪਹੁੰਚ ਕੇ ਹੀ ਹੁੰਦਾ ਹੈ ਜਿੱਥੇ ਉਹ ਗੁਰੂ ਆਪਣਾ ਸੱਚ ਸਮਝਾਉਂਦਾ ਹੈ, ਆਪਣੀ ਸੱਚੀ ਸਿੱਖਿਆ ਸਮਝਾਉਂਦਾ ਹੈ। ਜੋ ਉਸਦੇ ਨਿਰਗੁਣ ਰੂਪ ਦੇ ਘਰ ਵਿੱਚ ਪਹੁੰਚੇ ਹਨ ਕੇਵਲ ਉਨ੍ਹਾਂ ਨੇ ਹੀ ਸੱਚ ਨੂੰ ਜਾਣਿਆ ਹੈ, ਉਸਦੇ ਨਾਮ ਨੂੰ ਜਾਣਿਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਹੇਠ ਦਿੱਤੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥

ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥੨॥}

(ਅੰਗ ੧੩੪੬)

ਜਦੋਂ ਵੀ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੁੰਦਾ ਹੈ ਤਾਂ ਹੀ ਸਾਨੂੰ ਇਹ ਸਮਝ ਲੱਗ ਸਕਦੀ ਹੈ ਕਿ ਸਾਡਾ ਇਹ ਸਰੀਰ ਪ੍ਰਮਾਤਮਾ ਦਾ ਹੀ ਮੰਦਿਰ ਹੈ ਭਾਵ ਉਸਨੂੰ ਟਿਕਾਉਣ ਲਈ ਹੈ ਭਾਵ ਸਾਡਾ ਸਰਗੁਣ ਰੂਪ ਸਰੀਰ ਉਸ ਨਿਰਗੁਣ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰ ਟਿਕਾਉਣ ਲਈ ਹੈ। ਉਸਦਾ ਨਿਰਗੁਣ ਰੂਪ ਸਾਡੇ ਅੰਦਰ ਗਿਆਨ ਰੂਪ ਹੈ ਜੋ ਕਿ ਸਾਡਾ ਮਨ ਹੈ ਜਿਸ ਵਿੱਚ ਕੇਵਲ ਗਿਆਨ ਹੀ ਟਿਕ ਸਕਦਾ ਹੈ ਜਿਸ ਰਾਹੀਂ ਸਾਨੂੰ ਸਭ ਸੋਝੀ ਪੈਂਦੀ ਹੈ। ਜਦੋਂ ਵੀ ਪ੍ਰਮਾਤਮਾ ਕਿਸੇ ਸਰੀਰ ਵਿੱਚ ਪ੍ਰਗਟ ਹੁੰਦਾ ਹੈ ਉਹ "ਗਿਆਨਿ ਰਤਨਿ" ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ। ਗਿਆਨ ਦਾ ਰਤਨ ਗਿਆਨ ਦੀ ਸੋਝੀ ਹੈ ਜਿਸ ਦੁਆਰਾ

ਉਹ ਆਪਣੀ ਸੱਚੀ ਸੋਝੀ ਪਾਉਂਦਾ ਹੈ, ਸੱਚ ਦੀ ਸੋਝੀ ਪਾਉਂਦਾ ਹੈ। ਗਿਆਨ ਰਤਨ ਹੀ ਨਾਮ ਹੈ ਜੋ ਕਿ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਨਾਮ ਦਾ ਮਕਸਦ ਸਾਨੂੰ ਸੱਚ ਦੀ ਸੋਝੀ ਪਾਉਣਾ ਹੈ।

23/2554

{ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥੧੦॥}

(ਅੰਗ ੧੦੬੯)

ਨਾਮ ਰੂਪ ਗਿਆਨ ਰਤਨ ਦੇ ਨਾਲ ਸਾਡੀ ਅਗਿਆਨਤਾ ਹੀ ਦੂਰ ਹੁੰਦੀ ਹੈ, ਮਨ ਦਾ ਭਰਮ ਹੀ ਦੂਰ ਹੁੰਦਾ ਹੈ ਜੋ ਕਿ ਸਾਡਾ ਪ੍ਰਮਾਤਮਾ ਨੂੰ ਜਾਣਨ ਦੇ ਵਿੱਚ ਆਪਣਾ ਹੀ ਪਾਇਆ ਹੋਇਆ ਪੜਦਾ ਹੈ। ਜਿਸਦਾ ਪ੍ਰਮਾਤਮਾ ਮਨ ਦੇ ਵਿੱਚੋਂ ਇਹ ਪੜਦਾ ਦੂਰ ਕਰਦਾ ਹੈ ਉਸਨੂੰ ਹੀ ਸੱਚ ਦੀ ਸੋਝੀ ਪੈਂਦੀ ਹੈ ਕਿ ਇਹ ਸਰੀਰ ਪ੍ਰਮਾਤਮਾ ਦਾ ਆਪਣਾ ਮੰਦਰ ਹੀ ਹੈ ਜਿਸ ਵਿੱਚ ਉਹ ਆਪ ਹੀ ਗਿਆਨ ਰੂਪ ਗੁਰੂ ਦੇ ਰੂਪ ਵਿੱਚ ਵਿਚਰ ਰਿਹਾ ਹੈ ਜੋ ਬ੍ਰਹਮਗਿਆਨ ਦੇ ਰੂਪ ਵਿੱਚ ਆਪ ਹੀ ਆਪਣੀ ਸੱਚੀ ਸਿੱਖਿਆ ਦਿੰਦਾ ਹੈ। ਉਸਦੀ ਸਿੱਖਿਆ ਨਾਮ ਦੇ ਰੂਪ ਵਿੱਚ ਹੈ, ਗਿਆਨ ਰਤਨ ਦੇ ਰੂਪ ਵਿੱਚ ਹੈ, ਗਿਆਨ ਪਦਾਰਥ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਸ਼ਬਦ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਸ਼ਬਦ ਰੂਪ ਦੇ ਵਿੱਚ ਹੀ ਹੈ ਜਿਸ ਦੁਆਰਾ ਉਹ ਆਪ ਹੀ ਗੁਰੂ ਹੈ।

ਸਾਨੂੰ ਸਭ ਨੂੰ ਪ੍ਰਮਾਤਮਾ ਨੇ ਮਾਣਸ ਰੂਪ ਵਿੱਚ ਰੱਖਿਆ ਹੋਇਆ ਹੈ ਭਾਵ ਹਉਮੈ ਰੂਪ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਅਸੀਂ ਇਸ ਹਰਿਮੰਦਰ ਰੂਪ ਸਰੀਰ ਨੂੰ ਆਪਣਾ ਸਮਝਦੇ ਹਾਂ ਭਾਵ ਆਪਣੇ ਆਪ ਨੂੰ ਮਨੁੱਖ ਰੂਪ ਸਮਝਦੇ ਹਾਂ, ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ।

ਇਸ ਮਾਣਸ ਰੂਪ ਵਿੱਚ ਰਹਿੰਦਿਆਂ ਕੋਈ ਨਹੀਂ ਜਾਣ ਸਕਦਾ ਕਿ ਮਨੁੱਖ ਦੀ ਅਸਲੀਅਤ ਕੀ ਹੈ ਤੇ

23/2555

ਪ੍ਰਮਾਤਮਾ ਦੇ ਨਾਲ ਉਸਦਾ ਰਿਸ਼ਤਾ ਕੀ ਹੈ। ਇਸ ਸਰੀਰ ਦਾ ਮਾਲਕ ਮਨ ਦੇ ਵਿੱਚ ਹੀ ਹੈ ਜੋ ਕਿ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ ਜਿਸਦੀ ਕਿ ਕਿਸੇ ਨੂੰ ਵੀ ਆਪਣੇ ਆਪ ਸਮਝ ਨਹੀਂ ਪੈ ਸਕਦੀ। ਇਸ ਮਨ ਨੂੰ ਜਾਣੇ ਬਿਨ੍ਹਾਂ ਕੋਈ ਵੀ ਉਸ ਪ੍ਰਮਾਤਾਮਾ ਦੇ ਘਰ ਨੂੰ ਨਹੀਂ ਜਾਣ ਸਕਦਾ। ਉਸਦੇ ਘਰ ਨੂੰ ਆਪਣੇ ਅੰਦਰੋਂ ਜਾਣਨਾ ਹੀ ਉਸਦੇ ਘਰ ਵਿੱਚ ਪਹੁੰਚਣਾ ਹੈ, ਇਹ ਉਸਦੇ ਸੱਚੇ ਗਿਆਨ ਦਾ ਘਰ ਹੈ ਤੇ ਜਿੱਥੇ ਉਹ ਆਪਣੇ ਘਰ ਦੇ ਦਰਸ਼ਨ ਕਰਵਾਉਂਦਾ ਹੈ ਆਪਣੇ ਗਿਆਨ ਰਤਨ ਦੁਆਰਾ ਪ੍ਰਗਟ ਹੋ ਕੇ ਹੀ ਕਰਵਾਉਂਦਾ ਹੈ।

ਜਿੰਨ੍ਹਾਂ ਨੇ ਉਸ "ਸਚੁ" ਰੂਪ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀਤੀ ਹੈ, ਉਸਦੀ ਸੱਚੀ ਬਾਣੀ ਉਚਾਰੀ ਹੈ, ਉਨ੍ਹਾਂ ਨੇ ਹੀ ਗੁਰੂ ਰੂਪ ਪ੍ਰਮਾਤਮਾ ਦੇ ਦੁਆਰੇ ਤੇ ਪਹੁੰਚ ਕੇ ਹੀ ਕੀਤੀ ਹੈ। ਉਸਦੇ ਘਰ ਵਿੱਚ ਉਹ ਆਪ ਹੀ ਵੱਸਦਾ ਹੈ ਤੇ ਉਸਦੇ ਘਰ ਵਿੱਚ ਪਹੁੰਚੇ ਬਿਨ੍ਹਾਂ ਉਸਨੂੰ ਕੋਈ ਨਹੀਂ ਜਾਣ ਸਕਦਾ।

{ਸਚੁ ਸਾਲਾਹੀ ਧੰਨੁ ਗੁਰਦੁਆਰੁ॥ ਨਾਨਕ ਦਰਿ ਘਰਿ ਏਕੰਕਾਰੁ॥੪॥੭॥}

(ਅੰਗ ੧੫੩)

ਪ੍ਰਮਾਤਮਾ ਦੇ ਘਰ ਵਿੱਚੋਂ, ਉਸਦੇ ਦੁਆਰੇ ਤੋਂ, ਉਸਦੇ ਦੇਸ਼ ਦੇ ਵਿੱਚੋਂ ਵਿਚਾਰ ਹੀ ਮਿਲਦੇ ਹਨ ਜਿੰਨ੍ਹਾਂ ਵਿਚਾਰਾਂ ਦੇ ਵਿੱਚ ਕੇਵਲ ਸੱਚ ਹੁੰਦਾ ਹੈ, ਕੇਵਲ ਨਾਮ ਹੁੰਦਾ ਹੈ। ਜਿੰਨ੍ਹਾਂ ਨੇ ਉਸ ਪ੍ਰਮਾਤਮਾ ਦੇ ਦੇਸ਼ ਦੇ ਦਰਸ਼ਨ ਕੀਤੇ ਹਨ, ਜਿਹੜੇ ਉਸਦੇ ਨਿਰਗੁਣ ਰੂਪ ਦੇਸ਼ ਦੇ ਵਿੱਚ ਵੱਸੇ ਹਨ ਕੇਵਲ ਉਨ੍ਹਾਂ ਨੂੰ ਹੀ ਸੱਚੇ ਵਿਚਾਰਾਂ ਦੀ ਪ੍ਰਾਪਤੀ ਹੋਈ ਹੈ ਤੇ ਉਹੀ ਸੱਚੇ ਵਿਚਾਰ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਦਿੱਤੇ ਹਨ। ਗੁਰੂ ਦੇ ਦਿੱਤੇ ਹੋਏ ਵਿਚਾਰ ਸਾਡੇ ਲਈ ਗੁਰੂ ਦਾ ਹੁਕਮ ਹੈ, ਪ੍ਰਮਾਤਮਾ ਦਾ ਆਪਣਾ ਹੁਕਮ ਹੈ ਜਿਸਦੇ ਉੱਤੇ

ਅਸੀਂ ਅਮਲ ਕਰਨਾ ਹੈ। ਜਿੰਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਇਸ ਹੁਕਮ ਨੂੰ ਬੁੱਝਿਆ ਹੋਇਆ ਹੈ ਉਨ੍ਹਾਂ ਨੇ ਹੀ ਸਾਨੂੰ ਸੱਚੇ ਵਿਚਾਰ ਦਿੱਤੇ ਹਨ। ਸਾਡੇ ਸਭ ਦੇ ਅੰਦਰ

ਹੁਕਮ ਪ੍ਰਮਾਤਮਾ ਦਾ ਹੀ ਚੱਲ ਰਿਹਾ ਹੈ ਪਰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦਿਆਂ ਅਸੀਂ ਉਸਦੇ ਹੁਕਮ ਨੂੰ ਬੁੱਝ ਨਹੀਂ ਸਕਦੇ। ਆਪਣਾ ਹੁਕਮ ਉਹ ਆਪ ਹੀ ਬੁਝਾਉਂਦਾ ਹੈ, ਆਪਣੇ ਗਿਆਨ ਰਤਨ ਰਾਹੀਂ ਪ੍ਰਗਟ ਹੋ ਕੇ ਹੀ ਬੁਝਾਉਂਦਾ ਹੈ ਤੇ ਉਸ ਤੋਂ ਬਾਅਦ ਹੀ ਸਾਨੂੰ ਆਪਣੇ ਚੌਥੇ ਪਦ ਵਿੱਚ ਰਲਾਉਂਦਾ ਹੈ ਜਿਸ ਰਾਹੀਂ ਕੇਵਲ ਸੱਚੇ ਵਿਚਾਰ ਹੀ ਮਿਲਦੇ ਹਨ, ਉਸ ਕੋਲੋਂ ਭਰਮ ਰਹਿਤ ਵਿਚਾਰ ਹੀ ਮਿਲਦੇ ਹਨ। ਇਸੇ ਲਈ ਪੂਰੀ ਗੁਰਬਾਣੀ ਭਰਮ ਤੋਂ ਰਹਿਤ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਰਹਿਤ ਹੈ ਭਾਵ ਚੌਥੇ ਪਦ ਦੇ ਵਿਚਾਰਾਂ ਵਾਲੀ ਹੈ।

ਭਿਖੇ ਕੇ॥

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥੧॥੧੯॥}

(ਅੰਗ ੧੩੯੫)

ਉੱਪਰ ਵਾਲੇ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ। ਮਨ ਦੀ ਅਵੱਸਥਾ ਸਭ ਜਗ੍ਹਾ ਇੱਕੋ ਜਿਹੀ ਹੀ ਸਮਝਾਈ ਹੋਈ ਹੈ ਪਰ ਹਰ ਸ਼ਬਦ ਰਾਹੀਂ ਵੱਖਰੇ-ਵੱਖਰੇ ਢੰਗ ਰਾਹੀਂ ਸਮਝਾਈ ਹੋਈ ਹੈ ਪਰ ਇਸ ਮਨ ਨੂੰ ਜਾਣੇ ਬਿਨ੍ਹਾਂ ਭਾਵ ਉਸਦੀ ਕ੍ਰਿਪਾ ਹੋਏ ਬਿਨ੍ਹਾਂ ਸਾਡੇ ਲਈ ਵਿਸ਼ਵਾਸ ਕਰਨਾ ਔਖਾ ਹੈ ਕਿਉਂਕਿ ਭਰਮ ਨਿਕਲੇ ਬਿਨ੍ਹਾਂ ਵਿਸ਼ਵਾਸ ਨਹੀਂ ਆਉਂਦਾ, ਸਾਨੂੰ ਭਰਮ ਵਿੱਚੋਂ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ, ਹਉਮੈ ਵਿੱਚੋਂ ਉਹ ਆਪ ਹੀ ਕੱਢ ਸਕਦਾ ਹੈ। ਸਾਡੇ ਲਈ ਕੇਵਲ ਉੱਦਮ ਇਹੀ ਹੈ ਕਿ ਅਸੀਂ ਗੁਰਬਾਣੀ ਨੂੰ ਪੂਰੀ ਤਰ੍ਹਾਂ ਸੱਚ ਕਰ ਕੇ ਜਾਣੀਏ ਤੇ ਕੇਵਲ ਗੁਰੂ ਦੀ ਦੱਸੀ ਹੋਈ ਗੱਲ ਤੇ ਹੀ ਟਿਕੀਏ ਤੇ ਇੱਧਰੋਂ ਉਧਰੋਂ ਸੁਣੀਆਂ ਹੋਈਆਂ ਗੱਲਾਂ ਵਿੱਚ ਨਾ ਆਈਏ ਜੋ ਕੇਵਲ ਸਾਨੂੰ ਭਰਮ ਵਿੱਚ ਹੀ ਪਾਉਂਦੀਆਂ ਹਨ, ਸੱਚ ਤੋਂ ਦੂਰ ਕਰਦੀਆਂ ਹਨ।

ਸਾਡੇ ਜੀਵਨ ਦਾ ਮਕਸਦ ਉਸ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੈ ਤੇ ਉਸ "ਸਚੁ" ਦੇ ਨਾਲ ਸਾਨੂੰ ਉਹੀ ਮਿਲਾ ਸਕਦਾ ਹੈ ਜੋ ਉਸ ਸਚੁ ਰੂਪ ਪ੍ਰਮਾਤਮਾ ਦਾ ਸੱਚਾ ਰੂਪ ਹੈ। ਉਸਦਾ ਸੱਚਾ ਰੂਪ ਕੇਵਲ ਗੁਰੂ ਹੈ, ਗੁਰਬਾਣੀ ਹੈ ਜੋ ਉਸ "ਸਚੁ" ਰੂਪ ਪ੍ਰਮਾਤਮਾ ਵਿੱਚ ਸਮਾਈ ਹੋਈ ਹੈ, ਉਸਦੇ ਸੱਚੇ ਗਿਆਨ ਵਿੱਚ ਸਮਾਈ ਹੋਈ ਹੈ, ਬ੍ਰਹਮਗਿਆਨ ਵਿੱਚ ਸਮਾਈ ਹੋਈ ਹੈ। ਜੋ ਉਸ "ਸਚੁ" ਰੂਪ ਪ੍ਰਮਾਤਮਾ

ਵਿੱਚ ਸਮਾਇਆ ਹੋਇਆ ਹੈ ਕੇਵਲ ਉਹੀ ਇਸ ਗੱਲ ਨੂੰ ਜਾਣਦਾ ਹੈ ਕਿ ਸਭ ਜਗ੍ਹਾ ਸੱਚ ਹੀ ਪਸਰਿਆ ਹੋਇਆਂ ਹੈ ਭਾਵ ਸਰਗੁਣ ਰੂਪ ਵਿੱਚ ਉਹ "ਸਚੁ" ਰੂਪ ਪ੍ਰਮਾਤਮਾ ਆਪ ਹੀ ਹੈ। ਸਭ ਦੇ ਅੰਦਰ ਬੋਲਣ ਵਾਲਾ ਉਹ "ਸਚੁ" ਰੂਪ ਪ੍ਰਮਾਤਮਾ ਆਪ ਹੀ ਹੈ, ਸਭ ਨੂੰ ਆਪਣੇ ਸੱਚੇ ਗਿਆਨ ਦੁਆਰਾ ਚਲਾਉਣ ਵਾਲਾ ਉਹ ਆਪ ਹੀ ਹੈ। ਸਾਡੇ ਅੰਦਰ ਬੋਲਣ ਵਾਲਾ, ਮਨ ਦੇ ਅੰਦਰ ਬੋਲਣ ਵਾਲਾ, ਮਨ ਦੇ ਵਿਚਾਰਾਂ ਰਾਹੀਂ ਬੋਲਣ ਵਾਲਾ ਉਹ "ਸਚੁ" ਰੂਪ ਪ੍ਰਮਾਤਮਾ ਆਪ ਹੀ ਹੈ ਤੇ ਅਸੀਂ ਜੋ ਕੁੱਝ ਵੀ ਕਰਦੇ ਹਾਂ ਆਪਣੇ ਮਨ ਦੇ ਵਿਚਾਰਾਂ ਰਾਹੀਂ ਹੀ ਕਰਦੇ ਹਾਂ। ਕਰਦੇ ਅਸੀਂ ਹਾਂ ਪਰ ਅਸਲ ਵਿੱਚ ਕਰਵਾਉਣ ਵਾਲਾ ਉਹ ਆਪ ਹੀ ਹੈ ਪਰ ਇਸ ਦੀ ਸਮਝ ਉਸਨੂੰ ਹੀ ਲੱਗ ਸਕਦੀ ਹੈ ਜਿੰਨ੍ਹਾਂ ਨੇ ਉਸ "ਸਚੁ" ਰੂਪ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ

ਕੀਤੇ ਹਨ ਤੇ ਉਸਦੇ ਸੱਚ ਨੂੰ ਜਾਣਿਆ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। **(ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ॥ ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ॥)**

ਜੋ ਆਪਣੇ ਜੀਵਨ ਵਿੱਚ ਉਸ ਸੱਚ ਦੇ ਵਿੱਚ ਸਮਾਅ ਜਾਂਦਾ ਹੈ, ਉਸਦੇ ਨਿਰਗੁਣ ਰੂਪ ਵਿੱਚ ਸਮਾਅ ਜਾਂਦਾ ਹੈ, ਮਨ ਦੇ ਅੰਦਰ ਹੀ ਬ੍ਰਹਮਗਿਆਨ ਦੇ ਵਿੱਚ ਸਮਾਅ ਜਾਂਦਾ ਹੈ, ਪੂਰਨ ਸੱਚ ਦੀ ਸੋਝੀ ਵਿੱਚ ਸਮਾਅ ਜਾਂਦਾ ਹੈ, ਗੁਰਬਾਣੀ ਦੀ ਸੋਝੀ ਵਿੱਚ ਸਮਾਅ ਜਾਂਦਾ ਹੈ, ਗੁਰਮਤਿ ਦੀ ਸੋਝੀ ਵਿੱਚ ਸਮਾਅ ਜਾਂਦਾ ਹੈ, ਨਾਮ ਦੀ ਸੋਝੀ ਵਿੱਚ ਸਮਾਅ ਜਾਂਦਾ ਹੈ ਉਹ ਪ੍ਰਮਾਤਮਾ ਦੇ ਨਾਲ ਇੱਕ ਰੂਪ ਹੋ ਜਾਂਦਾ ਹੈ, ਉਸਦੇ ਵਿਚਾਰਾਂ ਵਾਲਾ ਹੋ ਜਾਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਹੋਏ ਹਨ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਦਾ ਜਨਮ ਮਰਨ ਦਾ ਗੇੜ ਮੁੱਕਦਾ ਹੈ, ਸੰਸਾਰਿਕ ਆਵਾਗਉਣ ਮੁੱਕਦਾ ਹੈ ਤੇ ਮਨ ਦੀ ਇਸ ਅਵੱਸਥਾ ਤੋਂ ਬਿਨ੍ਹਾਂ ਹਰ ਕਿਸੇ ਦਾ ਪ੍ਰਮਾਤਮਾ ਦੇ ਨਾਲ ਭੇਦ ਬਣਿਆ ਹੀ ਰਹਿੰਦਾ ਹੈ ਭਾਵ ਉਹ ਪ੍ਰਮਾਤਮਾ ਤੋਂ ਦੂਜਾ ਹੀ ਰਹਿੰਦਾ ਹੈ ਭਾਵ ਉਸਨੂੰ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਕਿ ਉਹ ਪ੍ਰਮਾਤਮਾ ਦਾ ਹੀ ਰੂਪ ਹੈ ਭਾਵ ਉਹ ਪ੍ਰਮਾਤਮਾ ਨੂੰ ਆਪਣੇ ਆਪ ਤੋਂ ਵੱਖਰਾ ਹੀ ਸਮਝਦਾ ਹੈ ਜਿਵੇਂ ਕਿ ਹਰ ਕੋਈ ਸਮਝਦਾ ਹੈ। ਇਹ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਦਸਤੂਰ ਹੈ ਜਿਸਨੇ ਸਾਨੂੰ ਭਰਮ ਵਿੱਚ ਪਾ ਕੇ ਆਪ ਹੀ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। **(ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ॥ ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ॥੩॥)**

ਉਸ ਪ੍ਰਮਾਤਮਾ ਦੇ ਦਰਬਾਰ ਵਿੱਚ, ਨਿਰਗੁਣ ਰੂਪ ਦਰਬਾਰ ਵਿੱਚ ਜੋ ਕਿ ਸਾਡੇ ਅੰਦਰ ਹੀ ਹੈ ਉਸਦੇ ਵਿੱਚ ਉਹੀ ਸੋਭਦਾ ਹੈ ਜੋ ਉਸਦੇ ਸੱਚ ਵਿੱਚ ਸਮਾਅ ਜਾਂਦਾ ਹੈ ਜਿਵੇਂ ਕਿ ਉਸਦੇ ਭਗਤਾਂ ਨੇ ਸ਼ੋਭਾ ਪਾਈ ਹੈ ਤੇ ਸੱਚ ਨੂੰ ਜਾਣਨ ਦੁਆਰਾ ਗੁਰਬਾਣੀ ਦੀ ਸ਼ੋਭਾ ਬਣਾਈ ਹੈ। ਗੁਰਬਾਣੀ ਆਪਣੇ ਸੱਚ ਦੁਆਰਾ ਹੀ ਸ਼ੋਭਮਾਨ ਹੈ, ਸਾਰੇ ਸੰਸਾਰ ਵਿੱਚ ਸਭ ਤੋਂ ਉੱਚੀ ਸ਼ੋਭਾ ਦੀ ਪਾਤਰ ਹੈ। ਇਸ ਗੱਲ ਨੂੰ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ।

“ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ॥
ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ॥
ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥
ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ॥
ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ॥
ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ॥੪॥੨॥੩॥”

23/2558

ਪ੍ਰਮਾਤਮਾ ਦਾ ਸੱਚਾ ਭਗਤ ਉਹੀ ਹੈ ਜੋ ਉਸ “ਸਚੁ” ਰੂਪ ਪ੍ਰਮਾਤਮਾ ਨੂੰ ਜਾਣਦਾ ਹੈ, ਜੋ ਉਸਦੇ ਸਮਝਾਏ ਹੋਏ ਸੱਚ ਨੂੰ ਜਾਣਦਾ ਹੈ। ਉਸਦੇ ਭਗਤ ਕੇਵਲ ਸੱਚ ਦਾ ਵਖਾਣ ਹੀ ਕਰਦੇ ਹਨ, ਕੇਵਲ ਨਾਮ ਦਾ ਵਖਾਣ ਹੀ ਕਰਦੇ ਹਨ ਭਾਵ ਆਪ ਨਾਮ ਤੇ, ਸੱਚ ਤੇ ਚੱਲਦੇ ਹਨ ਤੇ ਸਭ ਨੂੰ ਸੱਚ ਨਾਮ ਦੀ ਸੋਝੀ ਦਿੰਦੇ ਹਨ ਜਿਵੇਂ ਕਿ ਉਨ੍ਹਾਂ ਨੇ ਗੁਰਬਾਣੀ ਦੇ ਰਾਹੀਂ ਦਿੱਤੀ ਹੈ। ਉਨ੍ਹਾਂ ਨੂੰ ਆਪਣਾ ਸੱਚ ਉਸ ਪ੍ਰਮਾਤਮਾ ਨੇ ਆਪ ਹੀ ਸਮਝਾਇਆ ਹੈ। ਜੋ ਗੱਲ ਪ੍ਰਮਾਤਮਾ ਆਪ ਸਮਝਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਸਮਝਾਉਂਦਾ ਹੈ ਉਸ ਵਿੱਚ ਪੂਰਨ ਸੱਚ ਹੈ। ਉਸਦਾ ਬ੍ਰਹਮਗਿਆਨ ਪੂਰਨ ਸੱਚ ਹੈ। ਜਿਸਦੇ ਘਟ ਅੰਦਰ ਭਾਵ ਮਨ ਦੇ ਅੰਦਰ ਸੱਚੀ ਬਾਣੀ ਵੱਸਦੀ ਹੈ ਉਸ ਵਿੱਚ ਪੂਰਨ ਸੱਚ ਹੈ। ਜਿੰਨ੍ਹਾਂ ਦੇ ਘਟ ਅੰਦਰ ਸੱਚੀ ਬਾਣੀ ਵਸੀ ਹੈ ਉਨ੍ਹਾਂ ਨੇ ਹੀ ਸਾਨੂੰ ਸੱਚੀ ਬਾਣੀ ਦੇ ਰੂਪ ਵਿੱਚ ਗੁਰਬਾਣੀ ਦਿੱਤੀ ਹੈ, ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਿੰਨ੍ਹਾਂ ਨੇ ਜਾਣਿਆ ਹੈ ਉਨ੍ਹਾਂ ਅੰਦਰ ਹੀ ਸੱਚੀ ਬਾਣੀ ਦੀ ਸੋਝੀ ਪਈ ਹੈ ਜੋ ਕਿ ਉਸ “ਸਚੁ” ਰੂਪ ਪ੍ਰਮਾਤਮਾ ਨੇ ਆਪ ਹੀ ਪਾਈ ਹੈ। ਇਹੀ ਸੱਚੀ ਬਾਣੀ ਤੇ ਕੱਚੀ ਬਾਣੀ ਵਿੱਚ ਭੇਦ ਹੈ ਜਿਸਨੂੰ ਕਿ ਸਮਝਣਾ ਸਾਡੇ ਲਈ ਬਹੁਤ ਹੀ ਜਰੂਰੀ ਹੈ। ਅਸੀਂ ਉਨ੍ਹਾਂ ਕੱਚਿਆਂ ਦੇ ਪਿੱਛੇ ਲੱਗੇ ਹੋਏ ਹਾਂ ਜਿੰਨ੍ਹਾਂ ਨੂੰ ਸੱਚੀ ਤੇ ਕੱਚੀ ਬਾਣੀ ਵਿੱਚ ਭੇਦ ਦੀ ਸਮਝ ਨਹੀਂ ਹੈ। ਸੱਚੀ ਬਾਣੀ ਕੇਵਲ ਗੁਰਬਾਣੀ ਹੈ। ਸਾਨੂੰ ਆਪਣੇ ਆਪ ਦੀ ਪਹਿਚਾਣ ਸਾਡੇ ਅੰਦਰੋਂ ਹੀ ਹੁੰਦੀ ਹੈ, ਮਨ ਦੇ ਗਿਆਨ ਰਾਹੀਂ ਹੀ ਹੁੰਦੀ ਹੈ ਕਿ ਸਾਡੀ ਅਸਲੀਅਤ ਕੀ ਹੈ। ਆਪਣੇ ਆਪ ਹੀ ਪਹਿਚਾਣ ਹੋਣ ਤੋਂ ਬਾਅਦ ਹੀ ਭਾਵ ਇਸ ਗੱਲ ਦੀ ਸੋਝੀ ਪੈਣ ਤੋਂ ਬਾਅਦ ਹੀ ਕਿ ਅਸੀਂ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਦਾ ਹੀ ਰੂਪ ਹਾਂ ਉਸ ਤੋਂ ਬਾਅਦ ਹੀ ਸਾਡਾ ਉਸ “ਸਚੁ” ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਉਸ ਤੋਂ ਬਾਅਦ ਆਪਣੀ ਸੱਚੀ ਬਾਣੀ ਦੀ ਸੋਝੀ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਮਨ ਦੀ ਇਹ ਅਵੱਸਥਾ ਉਸਦੇ

ਭਗਤਾਂ ਦੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ। ਜੋ ਸੱਚੀ ਸੋਝੀ ਦਾ ਮਾਲਕ ਹੈ, ਬ੍ਰਹਮਗਿਆਨ ਦਾ ਮਾਲਕ ਹੈ ਉਹੀ ਆਪ ਗੁਰੂ ਹੈ ਭਾਵ ਪ੍ਰਮਾਤਮਾ ਆਪ ਹੀ ਗੁਰੂ ਹੈ। **(ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ॥ ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ॥ ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥)**

ਜਿਸਨੂੰ ਪ੍ਰਮਾਤਮਾ ਸੱਚੀ ਸੋਭਾ ਬਖ਼ਸ਼ਦਾ ਹੈ ਉਨ੍ਹਾਂ ਨੂੰ ਮਨ ਦੀ ਸੱਚੀ ਸੋਝੀ ਦੁਆਰਾ ਹੀ ਬਖ਼ਸ਼ਦਾ ਹੈ। ਸ਼ੋਭਾ ਅਸਲ ਵਿੱਚ ਸੱਚੇ "ਸਬਦੁ" ਦੀ ਹੀ ਹੈ। ਸਚਾ "ਸਬਦੁ" ਹੀ ਅਸਲ ਵਿੱਚ ਗੁਰੂ ਹੈ। ਗੁਰੂ ਦੀ ਸ਼ੋਭਾ ਇਸੇ ਲਈ ਹੈ ਕਿਉਂਕਿ ਉਸਦੇ ਅੰਦਰ "ਸਚਾ ਸਬਦੁ" ਹੈ।

24/2559

"ਸਬਦੁ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਰੂਪ ਦੁਆਰਾ ਉਹ ਸਭ ਵਿੱਚ ਸਮਾਇਆ ਹੋਇਆ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣਾ "ਸਬਦੁ" ਰੂਪ ਪ੍ਰਗਟ ਕਰ ਦਿੰਦਾ ਹੈ ਉਸਨੂੰ ਆਪਣੇ ਸੱਚੇ ਸ਼ਬਦ ਦੀ ਸੋਝੀ ਹੀ ਪਾਉਂਦਾ ਹੈ ਭਾਵ ਪੂਰਨ ਸੱਚ ਦੀ ਸੋਝੀ ਹੀ ਪਾਉਂਦਾ ਹੈ। ਪੂਰੀ ਗੁਰਬਾਣੀ ਦੇ ਵਿੱਚ "ਸਚਾ ਸਬਦੁ" ਹੈ ਭਾਵ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਉਸਦਾ ਨਾਮ ਹੈ ਜਿਸ ਕਰਕੇ ਗੁਰੂ ਦੀ ਸ਼ੋਭਾ ਸੱਚੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੇ ਸੁਖ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਦੁੱਖ ਦੂਰ ਹੁੰਦਾ ਹੈ। ਇਹ "ਸੁਖੁ" ਪ੍ਰਮਾਤਮਾ ਕਿਸੇ ਨੂੰ ਆਪ ਹੀ ਬਖ਼ਸ਼ਦਾ ਹੈ, ਸੱਚੀ ਸ਼ੋਭਾ ਆਪ ਹੀ ਬਖ਼ਸ਼ਦਾ ਹੈ, ਆਪਣਾ ਸੱਚਾ ਗਿਆਨ ਦੇ ਕੇ ਬਖ਼ਸ਼ਦਾ ਹੈ। **(ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ॥)**

ਸ਼ਬਦ ਦੀ ਅਗਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਗੁਰਬਾਣੀ ਦੇ ਹਰ ਸ਼ਬਦ ਦੀ ਗੱਲ ਦੂਸਰੇ ਸ਼ਬਦ ਦੇ ਨਾਲ ਮੇਲ ਕਿਸ ਲਈ ਖਾਂਦੀ ਹੈ ਭਾਵ ਕਿਸੇ ਗੱਲ ਵਿੱਚ ਕੋਈ ਭੇਦ ਨਹੀਂ ਹੈ। ਜੋ ਗੱਲ ਭਗਤਾਂ ਨੇ ਕਹੀ ਹੈ ਉਹ ਗੱਲ ਗੁਰੂ ਸਾਹਿਬਾਨ ਦੀ, ਭੱਟ ਸਾਹਿਬਾਨ ਦੀ ਬਾਣੀ ਦੇ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ।

"ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ॥"

ਪ੍ਰਮਾਤਮਾ ਦੇ ਪੂਰਨ ਸੱਚ ਦੀ ਸੋਝੀ ਪੈਣਾ ਹੀ ਅਸਲ ਵਿੱਚ ਚੌਥਾ ਪਦ ਹੈ। ਗੁਰਬਾਣੀ ਇਸੇ ਲਈ ਚੌਥੇ ਪਦ ਵਿੱਚ ਹੈ ਕਿ ਉਸ ਵਿੱਚ ਪੂਰਨ ਬ੍ਰਹਮਗਿਆਨ ਹੈ, ਪੂਰਨ ਸੱਚ ਹੈ, ਪੂਰਨ ਨਾਮ ਹੈ। ਗੁਰਬਾਣੀ ਦੀ ਰਚਨਾ ਵੱਖਰੇ ਵੱਖਰੇ ਸਰੀਰਾਂ ਦੁਆਰਾ ਹੋਈ ਹੈ, ਵੱਖਰੇ-ਵੱਖਰੇ ਸਮੇਂ ਤੇ ਹੋਈ ਹੈ ਪਰ ਫਿਰ ਵੀ ਸਭ ਦੀ ਗੱਲ ਪੂਰੀ ਤਰ੍ਹਾਂ ਦੂਸਰਿਆਂ ਦੀ ਗੱਲ ਨਾਲ ਮੇਲ ਖਾਂਦੀ ਹੈ। ਜਿੱਥੇ ਬ੍ਰਹਮਗਿਆਨ ਹੈ, "ਸਚਾ ਸਬਦੁ" ਹੈ ਉਥੇ ਆਪਸ ਵਿੱਚ ਕੋਈ ਭੇਦ ਨਹੀਂ ਹੋ ਸਕਦਾ ਕਿਉਂਕਿ ਉਨ੍ਹਾਂ ਸਭ ਦਾ ਗਿਆਨ ਦਾ ਸ੍ਰੋਤ ਇੱਕੋ ਹੀ ਹੈ ਜੋ ਕਿ "ਸਚੁ" ਰੂਪ ਪ੍ਰਮਾਤਮਾ ਹੈ। ਜੋ ਉਸ ਸੱਚ ਦੇ ਨਾਲ ਰੱਤਿਆ ਜਾਂਦਾ ਹੈ, ਉਸਦੇ ਸੱਚ ਵਿੱਚ ਸਮਾਅ ਜਾਂਦਾ ਹੈ ਉਨ੍ਹਾਂ ਨੂੰ ਫਿਰ ਇੱਕੋ ਜਿਹੇ ਸੱਚ ਦੀ ਸੋਝੀ ਹੀ ਪੈਂਦੀ ਹੈ, ਇੱਕੋ ਜਿਹੇ ਨਾਮ ਦੀ, ਇੱਕੋ ਜਿਹੀ ਗੁਰਮਤਿ ਦੀ ਸੋਝੀ ਹੀ ਪੈਂਦੀ ਹੈ। ਸਾਰੀ ਗੱਲ ਉਸ ਗਿਆਨ ਦੇ ਸ੍ਰੋਤ ਨੂੰ ਜਾਨਣ ਦੀ ਹੈ, ਸੱਚ ਦੇ ਸ੍ਰੋਤ ਨੂੰ ਜਾਨਣ ਦੀ ਹੈ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ। ਜਿਸਨੂੰ ਪ੍ਰਮਾਤਮਾ ਆਪਣੇ ਸੱਚ ਨਾਲ ਰੰਗ ਦਿੰਦਾ ਹੈ, ਨਾਮ ਨਾਲ ਰੰਗ ਦਿੰਦਾ ਹੈ ਉਨ੍ਹਾਂ ਸਾਰਿਆਂ ਦੀ ਅਵੱਸਥਾ ਇੱਕੋ ਰੰਗ ਵਿੱਚ ਰੰਗੀ ਜਾਂਦੀ ਹੈ ਭਾਵ ਉਨ੍ਹਾਂ ਸਾਰਿਆਂ ਦੀ ਮਤਿ ਇੱਕੋ ਜਿਹੇ ਗਿਆਨ ਵਾਲੀ ਬਣ ਜਾਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਬਣੀ ਹੈ। ਉਨ੍ਹਾਂ ਦੀ ਮਤਿ ਵਿੱਚ ਭਾਵ ਉਨ੍ਹਾਂ ਦੁਆਰਾ ਉਚਾਰੇ ਹੋਏ ਸ਼ਬਦਾਂ ਵਿੱਚ ਕੋਈ ਦੂਜਾ ਰੰਗ ਨਹੀਂ ਹੋ ਸਕਦਾ ਭਾਵ ਕੋਈ ਹੋਰ ਮਤਿ ਨਹੀਂ ਹੋ ਸਕਦੀ, ਕੋਈ ਆਪਣੀ ਮਤਿ ਨਹੀਂ ਹੋ ਸਕਦੀ। ਉਹ ਕੇਵਲ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਦੁਆਰਾ ਹੀ ਸਾਨੂੰ ਸਾਰੀ ਗੱਲ ਸਮਝਾਉਂਦੇ ਹਨ। **(ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ॥)**

24/2560

ਗੁਰੂ ਦੇ, ਪ੍ਰਮਾਤਮਾ ਦੇ ਰੰਗ ਵਿੱਚ ਰੰਗੇ ਹੋਏ, ਨਾਮ ਦੇ ਰੰਗ ਵਿੱਚ ਰੰਗੇ ਹੋਏ ਅਖਵਾਉਣ ਵਾਲੇ ਤਾਂ ਬਹੁਤ ਹਨ ਪਰ ਉਸਦੇ ਰੰਗ ਵਿੱਚ ਰੰਗਣਾ ਕੀ ਹੈ ਇਸ ਗੱਲ ਦੀ ਸੋਝੀ ਰੱਤੀ ਭਰ ਵੀ ਨਹੀਂ ਹੈ। ਬ੍ਰਹਮਗਿਆਨੀ ਅਖਵਾਉਣ ਵਾਲੇ ਬਹੁਤ ਹਨ, ਉਨ੍ਹਾਂ

ਨੂੰ ਬ੍ਰਹਮਗਿਆਨੀ ਕਹਿਣ ਵਾਲੇ ਵੀ ਬਹੁਤ ਹਨ ਪਰ ਕਿਸੇ ਬ੍ਰਹਮਗਿਆਨੀ ਅਖਵਾਉਣ ਵਾਲੇ ਦੀ ਮਤਿ ਦੂਸਰੇ ਬ੍ਰਹਮਗਿਆਨੀ ਅਖਵਾਉਣ ਵਾਲਿਆਂ ਦੀ ਮਤਿ ਨਾਲ ਨਹੀਂ ਮੇਲ ਖਾਂਦੀ ਕਿਉਂਕਿ ਕਿਸੇ ਨੂੰ ਉਸ ਸੱਚ ਦੇ ਸ੍ਰੋਤ ਦੀ ਸਮਝ ਹੀ ਨਹੀਂ ਹੈ, ਬ੍ਰਹਮਗਿਆਨ ਦੇ ਸ੍ਰੋਤ ਦੀ ਸਮਝ ਹੀ ਨਹੀਂ ਹੈ। ਬ੍ਰਹਮਗਿਆਨ ਦੇ ਸ੍ਰੋਤ ਨੂੰ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਬ੍ਰਹਮਗਿਆਨੀ ਸਮਝ ਲਵੇ, ਅਖਵਾ ਲਵੇ ਇਹ ਨਾ-ਮੁਮਕਿਨ ਹੈ। ਹਰ ਕੋਈ ਭਰਮ ਵਿੱਚ ਹੀ ਹੈ ਤੇ ਮਨ ਦਾ ਇਹ ਭਰਮ ਬ੍ਰਹਮਗਿਆਨ ਦੁਆਰਾ ਹੀ ਨਿਕਲਦਾ ਹੈ, ਪ੍ਰਮਾਤਮਾ ਦੇ ਆਪ ਕੱਢਣ ਦੁਆਰਾ ਹੀ ਨਿਕਲਦਾ ਹੈ ਤੇ ਇਸ ਭਰਮ ਦੇ ਨਿਕਲਣ ਦੁਆਰਾ ਹੀ ਉਸ ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ ਜਾ ਸਕਦਾ ਹੈ। **(ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ॥)**

ਉਸ "ਸਚੁ" ਰੂਪ ਪ੍ਰਮਾਤਮਾ ਦੀ ਪ੍ਰਾਪਤੀ ਬੜੇ ਹੀ ਵੱਡੇ ਭਾਗਾਂ ਨਾਲ ਹੁੰਦੀ ਹੈ, ਕੇਵਲ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਹੁੰਦੀ ਹੈ। ਜੇਕਰ ਅਸੀਂ ਉਸ "ਸਚੁ" ਰੂਪ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਫਿਰ ਉਸ ਲਈ ਸਾਡੇ ਕੋਲ ਉਸਨੂੰ ਜਾਨਣ ਦਾ, ਪਾਉਣ ਦਾ ਇੱਕੋ ਇੱਕ ਤਰੀਕਾ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜਨ ਦਾ ਹੈ ਜਿੱਥੇ ਪ੍ਰਮਾਤਮਾ ਦਾ ਪੂਰਨ ਸੱਚ ਹੈ। ਆਪਣੇ ਪੂਰਨ ਸੱਚ ਕਰਕੇ ਹੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਪ੍ਰਮਾਤਮਾ ਦੇ ਇਸ ਰੂਪ ਨਾਲ ਜੁੜਨ ਨਾਲ ਹੀ, ਸੱਚ ਨਾਲ ਜੁੜਨ ਨਾਲ ਹੀ ਅਸੀਂ ਉਸ "ਸਚੁ" ਰੂਪ ਪ੍ਰਮਾਤਮਾ ਦੇ ਦਰਸ਼ਨ ਆਪਣੇ ਮਨ ਦੇ ਵਿੱਚੋਂ ਹੀ ਕਰ ਸਕਦੇ ਹਾਂ। ਪੂਰੀ ਗੁਰਬਾਣੀ ਮਨ ਦੇ ਰਾਹੀਂ ਹੀ ਆਈ ਹੈ ਤੇ ਇਸ ਗੁਰਬਾਣੀ ਦੇ ਰਾਹੀਂ ਹੀ ਅਸੀਂ ਆਪਣੇ ਮਨ ਨੂੰ ਖੋਜ ਸਕਦੇ ਹਾਂ, ਆਪਣੇ ਅੰਦਰੋਂ ਉਸ "ਸਚੁ" ਰੂਪ ਪ੍ਰਮਾਤਮਾ ਨੂੰ ਖੋਜ ਸਕਦੇ ਹਾਂ। **(ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ॥੪॥੨॥੩॥)**

{ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ॥
ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ॥੮॥}

(ਅੰਗ ੧੦੧੩)

ਪ੍ਰਮਾਤਮਾ ਕਿਵੇਂ ਮਿਲਦਾ ਹੈ ਇਸ ਗੱਲ ਨੂੰ ਕੋਈ ਵਿਰਲਾ ਹੀ ਜਾਣ ਸਕਦਾ ਹੈ ਭਾਵ ਉਹੀ ਜਾਣ ਸਕਦਾ ਹੈ ਜਿਸਨੂੰ ਉਸ "ਸਚੁ" ਰੂਪ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸਨੂੰ ਪ੍ਰਮਾਤਮਾ ਵਿਰਲਾ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚ ਸੱਚਾ ਗਿਆਨ ਹੀ ਬਖਸ਼ਦਾ ਹੈ ਤੇ ਉਸਦੀ ਅਵੱਸਥਾ ਹੀ ਗਿਆਨੀ ਵਾਲੀ ਬਣਦੀ ਹੈ।ਗੁਰੂ ਪ੍ਰਮਾਤਮਾ

ਦਾ ਸੱਚਾ ਗਿਆਨੀ ਹੈ ਜੋ ਉਸ ਸੱਚ ਦੇ ਨਾਲ ਜੁੜਿਆ ਹੋਇਆ ਹੈ। ਅਸੀਂ ਸਭ ਤੋਂ ਪਹਿਲੇ ਇਸੇ ਗੱਲ ਦਾ ਫੈਸਲਾ ਕਰਨਾ ਹੈ ਕਿ ਉਸ ਪ੍ਰਮਾਤਮਾ ਦਾ ਅਸਲ ਗਿਆਨੀ ਕੌਣ ਹੈ। ਭੇਦ ਉਹੀ ਹੈ ਜੋ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਸ ਪ੍ਰਮਾਤਮਾ ਦਾ ਪੰਡਿਤ, ਗਿਆਨੀ ਅਖਵਾਉਣ ਵਾਲੇ ਬਹੁਤ ਹਨ, ਆਪਣੀ ਉੱਚੀ ਅਵੱਸਥਾ ਅਖਵਾਉਣ ਵਾਲੇ ਬਹੁਤ ਹਨ, ਸੰਤ, ਬ੍ਰਹਮਗਿਆਨੀ ਅਖਵਾਉਣ ਵਾਲੇ ਬਹੁਤ ਹਨ ਪਰ ਅਸਲ ਵਿੱਚ ਸੱਚ ਦੀ ਸੋਝੀ ਕਿਸ ਦੇ ਕੋਲ ਹੈ, ਉਸ ਸੱਚ ਰੂਪ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਕੌਣ ਹੈ ਇਸਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ। ਜਦ ਤੱਕ ਅਸੀਂ ਕੇਵਲ ਗੁਰੂ ਨੂੰ ਉਸਦਾ ਗਿਆਨੀ ਨਹੀਂ ਸਮਝਦੇ ਭਾਵ ਉਸ ਤੇ ਪੂਰਨ ਵਿਸ਼ਵਾਸ ਨਹੀਂ ਕਰਦੇ, ਅਸੀਂ ਉਸ "ਸਚੁ" ਰੂਪ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ।

ਪ੍ਰਮਾਤਮਾ ਦਾ ਸੱਚਾ ਗਿਆਨੀ ਕੇਵਲ ਗੁਰੂ ਗ੍ਰੰਥ ਸਾਹਿਬ ਹੈ ਤੇ ਕੇਵਲ ਉਸਨੂੰ ਹੀ ਸੱਚ ਦੀ ਸਮਝ ਹੈ ਭਾਵ ਪੂਰਨ ਸੱਚ ਦੀ ਸਮਝ ਹੈ ਜਿਸਦੇ ਅੰਦਰ ਪੂਰਨ ਬ੍ਰਹਮਗਿਆਨ ਹੈ। ਜਿੱਥੇ ਬ੍ਰਹਮਗਿਆਨ ਹੈ ਉੱਥੇ ਸੱਚ ਹੈ ਤੇ ਸੱਚ ਤੋਂ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੈ। ਪ੍ਰਮਾਤਮਾ ਨੂੰ ਪਾਉਣ ਲਈ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨਾਲ ਜੁੜਦੇ ਹਾਂ ਉਹ ਸਾਡਾ ਭਰਮ ਹੈ ਜਿਸਨੂੰ ਕਿ ਸਮਝਣ ਦੀ ਤੇ ਛੱਡਣ ਦੀ ਲੋੜ ਹੈ ਤਾਂ ਜੋ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਨਾਲ ਜੁੜ ਸਕੀਏ, ਨਾਮ ਦੇ ਮਾਲਕ ਦੇ ਨਾਲ, ਸੱਚ ਦੇ ਮਾਲਕ ਦੇ ਨਾਲ ਜੁੜ ਸਕੀਏ ਜੋ ਸੱਚ ਦਾ ਮੂਲ ਹੈ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਸੱਚ ਦੇ ਨਾਲ ਜੁੜਨ ਦਾ ਸੱਚਾ ਉਪਰਾਲਾ ਕਰੀਏ।

“ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥
ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ॥
ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ॥
ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ॥
ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥
ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥”

(ਅੰਗ ੯੩੫)

ਉਪਰਲੇ ਸ਼ਬਦ ਦੀਆਂ ਸਾਰੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ

24/2562

ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ, ਜਪਣ ਦੇ ਸਹੀ ਮਾਰਗ ਨੂੰ ਸਮਝ ਸਕੀਏ। ਬਾਣੀ ਰਾਹੀਂ ਵਾਰ-ਵਾਰ ਸਾਡਾ ਇਹ ਭਰਮ ਕੱਢਿਆ ਹੋਇਆ ਹੈ ਕਿ ਜੇਕਰ ਗੁਰੂ ਦੀ ਮਤਿ ਨੂੰ ਛੱਡ ਕੇ ਅਸੀਂ ਕਿਸੇ ਹੋਰ ਦੀ ਮਤਿ ਨੂੰ ਸਿਆਣਾ ਸਮਝ ਕੇ ਉਸਦੇ ਪਿੱਛੇ ਲੱਗਦੇ ਹਾਂ ਤਾਂ ਫਿਰ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਮਾਰਗ ਤੋਂ ਭਟਕੇ ਹੋਏ ਹਾਂ। ਅਸੀਂ ਕਿਸੇ ਨਾ ਕਿਸੇ ਨੂੰ ਧਰਮ ਦਾ ਸਿਆਣਾ ਸਮਝ ਕੇ ਆਪਣਾ ਸਿਰਮੌਰ ਮੰਨਿਆ ਹੋਇਆ ਹੈ ਤੇ ਉਨ੍ਹਾਂ ਦੀ ਦੱਸੀ ਹੋਈ ਮਰਿਆਦਾ ਅਨੁਸਾਰ ਹੀ ਅਸੀਂ ਚੱਲਦੇ ਹਾਂ ਜਿਸਨੂੰ ਕਿ ਅਸੀਂ ਆਪਣਾ ਧਰਮ ਸਮਝਦੇ ਹਾਂ। ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਧਰਮ ਦੇ ਮਾਰਗ ਦੀ ਸਮਝ ਕੇਵਲ ਗੁਰੂ ਨੂੰ ਹੈ ਤੇ ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਦੱਸੀ ਹੋਈ ਮਤਿ ਤੇ ਚੱਲਣਾ ਚਾਹੀਦਾ ਹੈ। ਪੂਰਨ ਸੱਚ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਤੋਂ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੈ ਭਾਵੇਂ ਅਸੀਂ ਉਸਨੂੰ ਕਿਤਨੀ ਵੀ ਉੱਚੀ ਅਵੱਸਥਾ ਵਾਲਾ ਸਮਝਿਆ ਹੋਇਆ ਹੈ ਅਸੀਂ ਉਨ੍ਹਾਂ ਤੇ ਪੂਰਨ ਭਰੋਸਾ ਕਰਕੇ ਉਹੋ ਜਿਹੀ ਭਗਤੀ ਵਿੱਚ ਲੱਗੇ ਹੋਏ ਹਾਂ ਜਿਸ ਵਿੱਚ ਸੱਚ ਨਹੀਂ ਹੈ, ਧਰਮ ਨਹੀਂ ਹੈ, ਨਾਮ ਨਹੀਂ ਹੈ। ਨਾਮ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਪੂਰਨ ਸੱਚ ਹੈ। ਉਪਰਲੇ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਅਸੀਂ ਉਨ੍ਹਾਂ ਤੇ ਆਪਣਾ ਭਰੋਸਾ ਨਾ ਟਿਕਾਈਏ ਜਿੰਨ੍ਹਾਂ ਨੂੰ ਅਸੀਂ ਉੱਚਾ ਕਰਕੇ ਮੰਨਿਆ ਹੋਇਆ ਹੈ, ਧਰਮ ਸਿਖਾਉਣ ਦੇ ਆਗੂ ਮੰਨਿਆ ਹੋਇਆ ਹੈ।

(ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥
ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ॥)

ਉਪਰਲੀਆਂ ਪੰਗਤੀਆਂ ਰਾਹੀਂ ਸਾਡਾ ਭਰਮ ਭੈਣ ਤੇ ਭਰਾਵਾਂ ਦਾ ਰਿਸ਼ਤਾ ਸਮਝਾ ਕੇ ਕੱਢਿਆ ਹੋਇਆ ਹੈ। ਜਿਵੇਂ ਕਿ ਇੱਕ ਭੈਣ ਨੂੰ ਆਪਣੇ ਭਰਾਵਾਂ ਤੇ ਬਹੁਤ ਮਾਣ ਹੁੰਦਾ ਹੈ, ਉਨ੍ਹਾਂ ਦੇ ਨਾਲ ਬਹੁਤ ਮੋਹ ਹੁੰਦਾ ਹੈ, ਪਿਆਰ ਹੁੰਦਾ ਹੈ, ਭਰੋਸਾ ਹੁੰਦਾ ਹੈ ਉਸੇ ਤਰ੍ਹਾਂ ਹੀ ਸਾਨੂੰ ਉਨ੍ਹਾਂ ਤੇ ਬਹੁਤ ਮਾਣ ਹੈ, ਪਿਆਰ ਹੈ, ਭਰੋਸਾ ਹੈ ਜਿੰਨ੍ਹਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ ਕਿ ਇਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਪ੍ਰਮਾਤਮਾ ਨੂੰ ਪਾ ਲਵਾਂਗੇ ਭਾਵ ਇਹ ਸਾਡੀ ਭਗਤੀ ਵਿੱਚ ਸਹਾਇਕ ਹੋਣਗੇ। ਸਾਡਾ ਇਹ ਭਰੋਸਾ ਝੂਠਾ ਦੱਸਿਆ ਹੋਇਆ ਹੈ ਕਿ ਇਨ੍ਹਾਂ ਤੇ ਭਰੋਸਾ ਕਰਨ ਨਾਲ ਸਾਡੀ ਪ੍ਰਮਾਤਮਾ ਨਾਲੋਂ ਬਿਰਹਾ ਦੂਰ ਨਹੀਂ ਹੋ ਸਕਦੀ।

ਜੋ ਖੁਦ ਪ੍ਰਮਾਤਮਾ ਤੋਂ ਦੂਰ ਹਨ, ਜਿੰਨ੍ਹਾਂ ਨੂੰ ਖੁਦ ਉਸ "ਸਚੁ" ਰੂਪ ਪ੍ਰਮਾਤਮਾ ਦੀ ਸੋਝੀ ਨਹੀਂ ਹੈ, ਉਸਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਹੈ, ਇਸ ਮਨ ਦੀ ਸੋਝੀ ਨਹੀਂ ਹੈ, ਉਹ ਦੂਜਿਆਂ ਨੂੰ ਸੱਚੀ ਸੋਝੀ ਕਿਵੇਂ ਪਾ ਸਕਦੇ ਹਨ। ਜਿੰਨ੍ਹਾਂ ਨੂੰ ਖੁਦ ਭਗਤੀ ਦੀ ਸਮਝ ਨਹੀਂ ਹੈ, ਜੋ ਖੁਦ ਸਰੀਰਕ ਜਪਾਂ, ਤਪਾਂ ਵਿੱਚ ਉਲਝੇ ਹੋਏ ਹਨ ਉਹ ਦੂਸਰਿਆਂ ਨੂੰ ਭਗਤੀ ਦਾ ਸੱਚਾ ਮਾਰਗ ਕਿਵੇਂ ਸਮਝਾ ਸਕਦੇ ਹਨ, ਜਿੰਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ ਹੈ ਉਹ ਦੂਸਰਿਆਂ ਨੂੰ ਨਾਮ ਦੀ ਸਿੱਖਿਆ ਕੀ ਸਮਝਾ ਸਕਦੇ ਹਨ। ਜੋ ਖੁਦ ਆਪਣੇ ਘਰ ਵਿੱਚ ਹੀ ਹਨ ਭਾਵ ਆਪਣੀ ਮਤਿ ਵਿੱਚ ਹੀ ਹਨ ਉਹ ਕਿਸੇ ਨੂੰ ਪ੍ਰਮਾਤਮਾ ਦਾ ਘਰ ਕਿਵੇਂ ਦਿਖਾ ਸਕਦੇ ਹਨ, ਮਨਮਤਿ ਦੇ ਘਰ ਵਿੱਚ ਰਹਿੰਦੇ ਹੋਏ ਗੁਰਮਤਿ ਦਾ ਘਰ ਕਿਵੇਂ ਦਿਖਾ ਸਕਦੇ ਹਨ। ਇਨ੍ਹਾਂ ਦੇ ਪਿੱਛੇ ਲੱਗ ਕੇ ਆਖਿਰ ਸਾਨੂੰ ਪਛਤਾਉਣਾ ਹੀ ਪੈਂਦਾ ਹੈ, ਬਿਰਹਾ ਦੀ ਅੱਗ ਵਿੱਚ, ਵਿਛੋੜੇ ਦੀ ਅੱਗ ਵਿੱਚ

24/2563

ਸੜਨਾ ਹੀ ਪੈਂਦਾ ਹੈ ਭਾਵ ਇਨ੍ਹਾਂ ਦੇ ਪਿੱਛੇ ਲੱਗ ਕੇ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਕਦੇ ਵੀ ਦੂਰ ਨਹੀਂ ਹੋ ਸਕਦਾ। **(ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ॥ ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ॥)**

ਸਾਡੀ ਇਸ ਦੁਚਿੱਤੀ ਦਾ ਕਾਰਨ ਕੀ ਹੈ ਤੇ ਉਸਦਾ ਹੱਲ ਕੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਭਾਵ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਭਰਮ ਵਿੱਚੋਂ ਨਿਕਲਣਾ ਸਮਝਾਇਆ ਹੋਇਆ ਹੈ, ਸੱਚ ਸਮਝਾਇਆ ਹੋਇਆ ਹੈ।

"ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥ ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ ॥"

ਬੜੇ ਹੀ ਧਿਆਨ ਨਾਲ ਸਮਝੋਂ ਉੱਪਰ ਵਾਲੀਆਂ ਪੰਗਤੀਆਂ ਨੂੰ। ਸਾਨੂੰ ਆਪਣੇ ਪੇਕਾ ਘਰ ਤੇ ਸਹੁਰਾ ਘਰ ਨੂੰ ਸਮਝਣ ਦੀ ਲੋੜ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਕਾਫੀ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੈ। ਪੇਕਾ ਘਰ ਵੀ ਸਾਡੇ ਅੰਦਰ ਹੈ ਤੇ ਸਹੁਰਾ ਘਰ ਵੀ ਸਾਡੇ ਅੰਦਰ ਹੈ। ਸਾਡਾ ਮਨ ਹੀ ਪੇਕਾ ਘਰ ਹੈ ਤੇ ਮਨ ਹੀ ਸਹੁਰਾ ਘਰ ਹੈ ਫਰਕ ਕੇਵਲ ਮਨ ਦੀ ਅਵੱਸਥਾ ਦਾ ਹੈ। ਫਰਕ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਤੇ ਚੌਥੇ ਪਦ ਵਾਲੀ ਅਵੱਸਥਾ ਦਾ ਹੈ ਜਿਸਨੂੰ ਕਿ ਅਸੀਂ ਬਰੀਕੀ ਨਾਲ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਤ੍ਰੈਗੁਣਾਂ ਵਾਲੀ ਅਵੱਸਥਾ ਸਾਡੀ ਮਨਮਤਿ ਦਾ ਘਰ ਹੈ ਤੇ ਚੌਥਾ ਪਦ ਸਾਡੇ ਅੰਦਰ ਗੁਰਮਤਿ ਦਾ ਘਰ ਹੈ, ਸਹਜ ਦਾ ਘਰ ਹੈ, ਨਾਮ ਦਾ ਘਰ ਹੈ, ਸੱਚ ਦਾ ਘਰ ਹੈ, ਪ੍ਰਮਾਤਮਾ ਦਾ ਆਪਣਾ ਘਰ ਹੈ। ਸੱਚ ਦੀ ਪੂਰਨ ਸੋਝੀ ਇਸ ਸੱਚ ਦੇ ਘਰ ਵਿੱਚੋਂ ਹੀ ਪੈਂਦੀ ਹੈ ਜੋ ਕਿ ਉਸ ਸੱਚ ਦਾ ਮਾਲਕ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਬਾਬੁਲ ਦਾ ਘਰ ਸਾਡੇ ਲਈ ਪੇਕਾ ਘਰ ਹੈ। ਇਸ ਘਰ ਵਿੱਚ ਰਹਿੰਦਿਆਂ ਹਰ ਕੋਈ ਬਾਲੜਾ ਹੈ। ਬੇਟੀ ਬਾਲੀ ਹੈ ਤੇ ਬੇਟੇ ਬਾਲ ਹਨ ਭਾਵ ਹਰ ਕੋਈ ਅਣਜਾਣ ਅਵੱਸਥਾ ਵਿੱਚ ਹੈ, ਪ੍ਰਮਾਤਮਾ ਨੂੰ ਸਮਝਣ ਲਈ, ਸੱਚ ਨੂੰ ਸਮਝਣ ਲਈ, ਭਗਤੀ ਦੇ ਸਹੀ ਮਾਰਗ ਨੂੰ ਸਮਝਣ ਲਈ ਅਣਜਾਣ ਅਵੱਸਥਾ ਵਿੱਚ ਹੈ। ਜੇਕਰ ਬਾਲੀ ਭਾਵ ਭੈਣ ਉਨ੍ਹਾਂ ਭਰਾਵਾਂ ਤੇ ਭਰੋਸਾ ਕਰਦੀ ਹੈ ਜੋ ਕਿ ਖੁਦ ਬਾਲੇ ਹਨ ਤਾਂ ਫਿਰ ਉਸਦਾ ਇਹ ਭਰੋਸਾ ਝੂਠਾ ਭਰੋਸਾ ਹੈ ਕਿ ਮੈਨੂੰ ਇਨ੍ਹਾਂ ਦੇ ਕੋਲੋਂ ਸੱਚ ਦੀ ਸਮਝ ਲੱਗ ਜਾਵੇਗੀ ਭਾਵ ਗੁਰੂ ਤੋਂ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ ਪਰ ਆਪਣੀ ਨਾਸਮਝੀ ਕਰਕੇ ਅਸੀਂ ਉਨ੍ਹਾਂ ਨੂੰ ਉੱਚਾ ਮੰਨ ਬੈਠਦੇ ਹਾਂ ਜੋ ਖੁਦ ਨਾਸਮਝ ਹਨ, ਪੇਕੇ ਘਰ ਵਿੱਚ ਹਨ। ਸਾਡੀ ਇਸ ਦੁਚਿੱਤੀ ਦਾ ਕਾਰਨ ਸਾਡੇ ਮਨ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜੋ ਕਿ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਭਰਮ ਵਿੱਚ ਰੱਖਦੀ ਹੈ, ਹਉਮੈ ਵਿੱਚ ਰੱਖਦੀ ਹੈ, ਅਗਿਆਨਤਾ ਵਿੱਚ ਰੱਖਦੀ ਹੈ। **(ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ॥)** ਅਗਲੀ ਪੰਗਤੀ ਰਾਹੀਂ ਸਾਨੂੰ ਇਸ ਭਰਮ ਵਿੱਚੋਂ ਨਿਕਲਣ ਦਾ ਹੱਲ ਸਮਝਾਇਆ ਹੋਇਆ ਹੈ।

"ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ॥"

24/2564

ਵਰ ਸਾਡਾ ਸਭ ਦਾ ਇੱਕੋ ਇੱਕ ਪ੍ਰਮਾਤਮਾ ਹੀ ਹੈ ਜਿਸਨੂੰ ਪਾਉਣਾ ਸਾਡੇ ਜੀਵਨ ਦਾ ਅਸਲ ਮਨੋਰਥ ਹੈ। ਸਾਨੂੰ ਬੜੇ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ ਜੇਕਰ ਸਾਨੂੰ ਉਸ ਪ੍ਰਮਾਤਮਾ ਰੂਪ ਪਤੀ ਨੂੰ ਪਾਉਣ ਦੀ ਲੋੜ ਹੈ, ਜੇਕਰ ਅਸੀਂ ਸੱਚੇ ਮਨੋਂ ਉਸ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਉਸ ਲਈ ਸਾਡੇ ਕੋਲ ਇੱਕੋ ਇੱਕ ਹੱਲ ਹੈ ਕਿ ਅਸੀਂ ਉਸ ਦੇ ਪਿੱਛੇ ਲੱਗੀਏ ਭਾਵ ਉਸ ਦੀ ਮਤਿ ਤੇ ਭਰੋਸਾ ਕਰੀਏ ਜਿਸਨੂੰ ਪ੍ਰਮਾਤਮਾ ਨੇ ਆਪ ਹੀ ਆਪਣਾ ਰੂਪ ਥਾਪਿਆ ਹੋਇਆ ਹੈ ਤੇ ਉਹ ਕੇਵਲ ਗੁਰੂ ਹੈ ਜੋ

ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਜੋ ਆਪ ਪ੍ਰਮਾਤਮਾ ਦੇ ਘਰ ਵਿੱਚ ਹੈ, ਚੌਥੇ ਪਦ ਵਿੱਚ ਹੈ ਉਹੀ ਸਾਨੂੰ ਉਸਦੇ ਨਾਲ ਮਿਲਾ ਸਕਦਾ ਹੈ। ਪਰ ਧਿਆਨ ਨਾਲ ਸਮਝੋ ਕਿ ਸਾਨੂੰ ਗੁਰਮਤਿ ਤੇ ਕਿਤਨਾ ਕੁ ਵਿਸ਼ਵਾਸ ਹੈ। ਜੋ ਗੱਲਾਂ ਸਾਡੇ ਅੰਦਰ ਸਾਡੇ ਸਿਰਮੌਰਾਂ ਨੇ ਪਾਈਆਂ ਹੋਈਆਂ ਹਨ ਜਿੰਨ੍ਹਾਂ ਨੂੰ ਗੁਰੂ ਸਾਹਿਬ ਬਾਲੜੇ ਕਹਿ ਕੇ ਸਮਝਾ ਰਹੇ ਹਨ ਅਸੀਂ ਉਨ੍ਹਾਂ ਦੀਆਂ ਗੱਲਾਂ ਪਿੱਛੇ ਲੱਗ ਕੇ ਗੁਰੂ ਤੋਂ ਭਾਵ ਗੁਰੂ ਤੋਂ ਵਿਛੁੜੇ ਹੋਏ ਹਾਂ। ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਕਰਦੇ ਤੇ ਉਨ੍ਹਾਂ ਦੀ ਗੱਲ ਨੂੰ ਹੀ ਸੱਚੀ ਮੰਨਦੇ ਹਾਂ ਜਿੰਨ੍ਹਾਂ ਨੂੰ ਖੁਦ ਸੱਚ ਦੀ ਸਮਝ ਨਹੀਂ ਹੈ, ਜੋ ਖੁਦ ਪੇਕੇ ਘਰ ਵਿੱਚ ਹਨ ਤੇ ਸਹੁਰੇ ਘਰ ਨੂੰ ਸਮਝਣ ਵਿੱਚ ਬਿਲਕੁਲ ਅਣਜਾਣ ਹਨ। ਜਿਸਨੂੰ ਉਸ ਪ੍ਰਮਾਤਮਾ ਨੂੰ ਪਾਉਣ ਦੀ ਲੋੜ ਹੈ ਉਹ ਫਿਰ ਕੇਵਲ ਗੁਰੂ ਦੀ ਸੇਵਾ ਵਿੱਚ ਹੀ ਲੱਗਦਾ ਹੈ। ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ ਗੁਰੂ ਦੀ ਸੇਵਾ ਵਿੱਚ ਲੱਗਣਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **(ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ॥)**

ਜਿਸਨੂੰ ਭਗਤੀ ਦੀ ਸਮਝ ਹੈ, ਜਿਸ ਕੋਲ ਭਗਤੀ ਦੀ ਸੋਝੀ ਦਾ ਗਿਆਨ ਹੈ ਉਹ ਸਾਨੂੰ ਕੇਵਲ ਸੱਚ ਦੇ ਨਾਲ ਹੀ ਜੋੜਦਾ ਹੈ ਕਿਉਂਕਿ ਉਸ ਪ੍ਰਮਾਤਮਾ ਰੂਪ ਵਰ ਨੂੰ ਕੇਵਲ ਸੱਚ ਤੇ ਚੱਲ ਕੇ ਹੀ ਪਾਇਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ॥
ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥”

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੇਵਲ ਇੱਕੋ ਹੀ ਹੈ ਜੋ ਕਿ ਸੱਚ ਦੁਆਰਾ ਵਿਚਰਨ ਦਾ ਹੈ ਤੇ ਹੋਰ ਕੋਈ ਤਰੀਕਾ ਗੁਰਬਾਣੀ ਵਿੱਚ ਨਹੀਂ ਸਮਝਾਇਆ ਗਿਆ ਹੈ ਤੇ ਨਾ ਹੀ ਹੋ ਸਕਦਾ ਹੈ ਜਿਵੇਂ ਕਿ ਅਸੀਂ ਹੁਣ ਤੱਕ ਵਾਰ ਵਾਰ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਸੱਚ ਤੇ ਸਾਨੂੰ ਉਹੀ ਚੱਲਣਾ ਸਿਖਾ ਸਕਦਾ ਹੈ ਜਿਸਨੂੰ ਸੱਚ ਦੀ ਸਮਝ ਹੈ ਤੇ ਇਹ ਸੱਚ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ। ਸੱਚ ਦੀ ਸਮਝ ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਹ ਸੋਝੀ ਉਹ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਤੇ ਇਸੇ ਲਈ ਗੁਰਬਾਣੀ ਵਿੱਚ ਪੂਰਨ ਸੱਚ ਹੈ, ਸੱਚਾ ਗਿਆਨ ਹੈ ਜੋ ਕਿ ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਜਿੰਨ੍ਹਾਂ ਨੇ ਸਾਨੂੰ ਸੱਚ ਸਮਝਾਇਆ ਹੈ ਉਨ੍ਹਾਂ ਨੇ ਹੀ ਸਾਨੂੰ ਨਾਲ ਇਹ ਗੱਲ ਸਮਝਾਈ ਹੈ ਕਿ ਪ੍ਰਮਾਤਮਾ ਸੱਚ ਤੇ ਚੱਲਣ ਦੁਆਰਾ ਹੀ ਮਿਲਦਾ ਹੈ। ਪੂਰੀ ਗੁਰਮਤਿ ਸਾਨੂੰ ਸੱਚ ਹੀ ਸਮਝਾ ਰਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ

ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਆਪਣੇ ਸੱਚ ਦੇ ਨਾਲ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਜੋੜਦਾ ਹੈ ਤੇ ਕੇਵਲ ਉਸਦੀ ਵਡਿਆਈ ਹੀ ਸੱਚੀ ਹੈ ਜਿਸਨੂੰ ਪ੍ਰਮਾਤਮਾ ਆਪ ਹੀ ਆਪਣੇ ਸੱਚੇ ਗਿਆਨ ਦੀ ਸੋਝੀ ਪਾ ਕੇ ਇਹ ਵਡਿਆਈ ਬਖ਼ਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖ਼ਸ਼ੀ ਹੈ। ਸੱਚ ਦੀ ਸੋਝੀ ਦੁਆਰਾ ਹੀ ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ ਤੇ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਵਡਿਆਈ ਦਿੱਤੀ ਹੈ ਉਨ੍ਹਾਂ ਨੇ ਹੀ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਹੈ ਜਿੰਨ੍ਹਾਂ ਨੇ ਹਰ ਸਰਗੁਣ ਸਰੂਪ ਵਿੱਚ ਪ੍ਰਮਾਤਮਾ ਦੀ ਹੋਂਦ ਨੂੰ ਹੀ ਜਾਣਿਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਸੱਚੀ ਵਡਿਆਈ ਬਖ਼ਸ਼ੀ ਹੈ ਉਨ੍ਹਾਂ ਨੇ ਸਾਨੂੰ ਕੇਵਲ ਸੱਚ ਨਾਲ ਜੁੜਨਾ ਹੀ ਸਿਖਾਇਆ ਹੈ ਤੇ ਇਹੋ ਗੱਲ ਸਾਨੂੰ ਗੁਰਬਾਣੀ ਵਾਰ-ਵਾਰ ਸਮਝਾ ਰਹੀ ਹੈ। ਗੁਰਬਾਣੀ ਨੂੰ ਵਡਿਆਈ ਪ੍ਰਮਾਤਮਾ ਦੀ ਆਪਣੀ ਹੀ ਬਖ਼ਸ਼ੀ ਹੋਈ ਹੈ ਪਰ ਅਸੀਂ ਉਨ੍ਹਾਂ ਨੂੰ ਵਡਿਆਈਆਂ ਦਿੰਦੇ ਹਾਂ ਜਿੰਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ ਭਾਵ ਉਨ੍ਹਾਂ ਬਾਲੜਿਆਂ ਨੂੰ ਵਡਿਆਈਆਂ ਦਿੰਦੇ ਹਾਂ ਜਿੰਨ੍ਹਾਂ ਨੂੰ ਪ੍ਰਮਾਤਮਾ ਵੱਲੋਂ ਵਡਿਆਈ ਨਹੀਂ ਮਿਲੀ। ਹਰ ਕੋਈ ਆਪਣੀ ਵਡਿਆਈ ਆਪ ਹੀ ਬਣਾਈ ਬੈਠਾ ਹੈ, ਝੂਠੀ ਭਗਤੀ ਦੁਆਰਾ ਹੀ ਬਣਾਈ ਬੈਠਾ ਹੈ, ਨਾਸਮਝੀ ਵਿੱਚ ਹੀ ਆਪਣੇ ਆਪ ਨੂੰ ਧਰਮ ਦੇ ਗਿਆਨੀ ਅਖਵਾ ਰਹੇ ਹਨ। **(ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ॥ ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥)**

ਗਿਆਨੀ, ਬ੍ਰਹਮਗਿਆਨੀ ਕੌਣ ਹੈ ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝਿਆ ਹੈ। ਗਿਆਨੀ ਉਹੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਜਿਸਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋਇਆ ਹੁੰਦਾ ਹੈ। ਗੁਰੂ ਪ੍ਰਮਾਤਮਾ ਦਾ ਗਿਆਨੀ ਰੂਪ ਹੈ, ਪ੍ਰਮਾਤਮਾ ਦਾ ਭਗਤ ਉਸਦਾ ਗਿਆਨੀ ਰੂਪ ਹੈ ਜਿੰਨ੍ਹਾਂ ਦੇ ਰਾਹੀਂ ਉਹ ਆਪਣਾ ਸੱਚਾ ਗਿਆਨ,

ਬ੍ਰਹਮਗਿਆਨ ਸੰਸਾਰ ਨੂੰ ਵੰਡਦਾ ਹੈ ਜੋ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਰਾਹੀਂ ਵੰਡਿਆ ਹੈ। ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਇਸੇ ਲਈ ਉਹ ਆਪ ਹੀ ਗਿਆਨੀ ਹੈ, ਬ੍ਰਹਮਗਿਆਨੀ ਹੈ, ਸੰਤ ਹੈ, ਸਾਧ ਹੈ, ਗੁਰੂ ਹੈ। ਇਸ ਗੱਲ ਨੂੰ ਹੇਠ ਦਿੱਤੀ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ॥

{"ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥
ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥
ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ॥੧੯॥"}

(ਅੰਗ ੫੯੪)

ਗੁਰਬਾਣੀ ਦੀ ਰਚਨਾ ਕਰਨ ਵਾਲੇ ਸਾਨੂੰ ਆਪ ਹੀ ਇਹ ਗੱਲ ਸਮਝਾ ਰਹੇ ਹਨ ਕਿ ਸਤਿਗੁਰੂ ਅਸਲ ਵਿੱਚ ਆਪ ਪ੍ਰਮਾਤਮਾ ਹੀ ਹੈ ਜੋ ਅੰਦਰ ਬੈਠਾ ਮਨ ਦੇ ਵਿੱਚ ਆਪ ਹੀ ਸਾਰਾ ਗਿਆਨ ਦੇਣ ਵਾਲਾ ਹੈ ਤੇ ਇਸੇ ਲਈ ਉਹ ਆਪ ਹੀ ਭਗਤ ਹੈ। ਉਹ ਆਪ ਹੀ ਆਪਣੀ ਭਗਤੀ ਸਮਝਾਉਣ ਵਾਲਾ ਹੈ ਤੇ ਇਸੇ ਲਈ ਉਹ ਆਪ ਹੀ ਭਗਤ ਹੈ। ਆਪਣੇ ਨਾਮ ਦੇ ਨਾਲ ਲਿਵ ਆਪਣੇ ਭਗਤਾਂ ਦੀ ਉਹ ਆਪ ਹੀ ਜੋੜਦਾ ਹੈ ਭਾਵ ਆਪਣੇ ਸੱਚੇ ਗਿਆਨ ਦੇ ਨਾਲ, ਸੱਚੀ ਮਤਿ ਦੇ ਨਾਲ ਲਿਵ ਆਪ ਹੀ ਜੋੜਦਾ ਹੈ ਭਾਵ ਸੱਚੀ ਮਤਿ ਦੇ ਨਾਲ ਉਹ ਸਾਨੂੰ ਆਪ ਹੀ

ਜੋੜਦਾ ਹੈ, ਬੜੇ ਸਪੱਸ਼ਟ ਤੌਰ ਤੇ ਪ੍ਰਮਾਤਮਾ ਨੂੰ ਹੀ ਗਿਆਨੀ ਕਹਿ ਕੇ ਸੰਬੋਧਨ ਕੀਤਾ ਹੈ ਕਿਉਂਕਿ ਉਸਦੇ ਭਗਤਾਂ ਨੂੰ ਸਾਰਾ ਗਿਆਨ ਉਸ ਦੇ ਕੋਲੋਂ ਹੀ ਮਿਲਦਾ ਹੈ। **(ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥)**

ਜੋ ਆਪਣੇ ਅੰਦਰੋਂ ਉਸ ਬ੍ਰਹਮ ਗਿਆਨੀ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਆਪਣੇ ਆਪ ਨੂੰ ਕਦੇ ਬ੍ਰਹਮ ਗਿਆਨੀ ਜਾਂ ਗਿਆਨੀ ਨਹੀਂ ਕਹਿ ਸਕਦਾ ਭਾਵ ਉਹੀ ਕਹਿ ਸਕਦੇ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ, ਬ੍ਰਹਮ ਗਿਆਨ ਰੂਪ ਦੀ ਰੱਤੀ ਭਰ ਵੀ ਸਮਝ ਨਹੀਂ ਹੈ, ਇਸ ਮਨ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ। ਆਪਣੇ ਆਪ ਨੂੰ ਧਰਮ ਦਾ ਗਿਆਨੀ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ ਕੋਈ ਚੰਗੀ ਗੱਲ ਨਹੀਂ ਹੈ। ਜੇਕਰ ਅਸੀਂ ਕਿਸੇ ਨੂੰ ਵੈਸੇ ਹੀ ਸਤਿਕਾਰ ਵਜੋਂ ਗਿਆਨੀ ਜੀ ਕਹਿ ਕੇ ਬੁਲਾਉਂਦੇ ਹਾਂ, ਪੰਡਿਤ ਜੀ ਕਹਿ ਕੇ ਬੁਲਾਉਂਦੇ ਹਾਂ ਤੇ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ ਮਾੜੀ ਗੱਲ ਹੈ। ਆਪਣੇ ਆਪ ਨੂੰ ਬ੍ਰਹਮ ਗਿਆਨੀ ਸਮਝਣਾ ਜਾਂ ਅਖਵਾਉਣਾ ਅਤਿ ਦੀ ਅਗਿਆਨਤਾ ਹੈ ਤੇ ਇਹੀ ਗੱਲ ਸੰਤ ਅਖਵਾਉਣ ਵਾਲਿਆਂ ਤੇ ਲਾਗੂ ਹੁੰਦੀ ਹੈ।

ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਉਹਨਾਂ ਗਿਆਨੀਆਂ ਨੇ ਸਮਝਾਇਆ ਹੈ, ਵਿਰਲੇ ਗਿਆਨੀਆਂ ਨੇ ਸਮਝਾਇਆ ਹੈ ਜਿੰਨ੍ਹਾਂ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ ਉਹਨਾਂ ਦੇ ਅੰਦਰ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਉਹਨਾਂ ਨੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਕੇਵਲ ਸੱਚ ਤੇ ਚੱਲਣ ਦੁਆਰਾ ਹੀ ਦੱਸਿਆ ਹੈ ਜੋ ਕਿ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। **(ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ॥)**

ਸੱਚ ਦੀ ਪ੍ਰਾਪਤੀ ਸਾਨੂੰ ਕਿੱਥੋਂ ਹੋਣੀ ਹੈ, ਸੱਚ ਦੀ ਸੋਝੀ ਸਾਨੂੰ ਕਿੱਥੋਂ ਮਿਲਣੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥

ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥"

(ਅੰਗ - ੯੩੫)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਹ ਸਮਝ ਸਕੀਏ ਕਿ ਪ੍ਰਮਾਤਮਾ ਦੇ ਘਰ ਸਾਡਾ ਵਾਸਾ ਕਿਵੇਂ ਹੋਣਾ ਹੈ। ਇਹ ਗੁਰਬਾਣੀ ਦਾ ਆਪਣਾ ਹੀ ਫੁਰਮਾਨ ਹੈ, ਪ੍ਰਮਾਤਮਾ ਦਾ ਆਪਣਾ ਹੀ ਫੁਰਮਾਨ ਹੈ ਕਿ ਗੁਰਬਾਣੀ ਨੂੰ ਕੋਈ ਵਿਰਲਾ ਹੀ ਵਿਚਾਰੇਗਾ ਭਾਵ ਇਸਨੂੰ ਵਿਚਾਰਨਾ ਸਾਡੀ ਸਮਰੱਥਾ ਤੋਂ ਬਾਹਰ ਹੈ। ਜਿਸ ਨੂੰ ਪ੍ਰਮਾਤਮਾ ਵਿਰਲਾ ਬਣਾਉਂਦਾ ਹੈ, ਆਪ ਹੀ ਬਣਾਉਂਦਾ ਹੈ। ਆਪਣੇ ਸੱਚ ਦੀ ਸੋਝੀ ਆਪ ਹੀ ਪਾਉਂਦਾ ਹੈ ਤੇ ਜੋ ਉਸਦੇ ਸੱਚ ਨੂੰ ਜਾਣ ਲੈਂਦਾ ਹੈ ਉਹੀ ਵਿਰਲਾ ਬਣਦਾ ਹੈ। ਸੱਚ ਨੂੰ ਜਾਣਨਾ ਜਾਂ ਗੁਰਬਾਣੀ ਦੀ ਅਸਲੀਅਤ ਨੂੰ ਜਾਣਨਾ ਇੱਕੋ ਹੀ ਗੱਲ ਹੈ। ਇਹ ਗੁਰਮੁਖਿ ਵਾਲੀ ਅਵੱਸਥਾ ਹੈ, ਚੌਥੇ ਪਦ ਵਾਲੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ। ਗੁਰੂ, ਭਗਤ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੀ ਹੈ। ਜਿਸ ਨੂੰ ਗੁਰਬਾਣੀ ਦੀ ਸੱਚੀ ਸੋਝੀ ਪੈਂਦੀ ਹੈ ਉਹੀ

ਗੁਰਬਾਣੀ ਅਨੁਸਾਰ ਵਿਚਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਵਿਚਰੇ ਹਨ। ਗੁਰਬਾਣੀ ਦੇ ਵਿਚਾਰੀ ਅਖਵਾਉਣ ਵਾਲੇ ਅਨੇਕਾਂ ਹਨ, ਪੰਡਿਤ ਗਿਆਨੀ ਅਖਵਾਉਣ ਵਾਲੇ ਅਨੇਕਾਂ ਹਨ ਪਰ ਵਿਚਾਰੀ ਕੋਈ ਵਿਰਲਾ ਹੀ ਬਣਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਬਣਾਉਂਦਾ ਹੈ।

{ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥}

(ਅੰਗ ੪੧੩)

ਜੋ ਸੱਚੇ ਗਿਆਨੀ ਵਾਲੀ ਅਵੱਸਥਾ ਹੈ ਉਹੀ ਗੁਰਮੁਖਿ ਵਾਲੀ ਅਵੱਸਥਾ ਹੈ ਪਰ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਬੰਧਨ ਵਿੱਚ ਰਹਿੰਦੇ ਹੋਏ, ਮਾਇਆ ਮੋਹ ਦੇ, ਭਰਮ ਦੇ ਬੰਧਨ ਵਿੱਚ ਰਹਿੰਦੇ ਹੋਏ ਨਾ ਹੀ ਉਸਦਾ ਗਿਆਨੀ ਬਣਿਆ ਜਾ ਸਕਦਾ ਹੈ ਤੇ ਨਾ ਹੀ ਉਸਦਾ ਗੁਰਮੁਖਿ ਰੂਪ ਬਣਿਆ ਜਾ ਸਕਦਾ ਹੈ। ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਹੀ, ਸ਼ਬਦ ਦੇ ਗਿਆਨ ਦੁਆਰਾ ਹੀ ਉਹ ਸਾਨੂੰ ਬੰਧਨ ਤੋਂ ਮੁਕਤਿ ਕਰਦਾ ਹੈ ਤੇ ਤਾਂ ਹੀ ਗੁਰਮਖਿ ਵਾਲੀ ਅਵੱਸਥਾ ਬਖਸ਼ਦਾ ਹੈ। ਮਨ ਦੀ ਇਹ ਅਵੱਸਥਾ ਹੀ ਮਨ ਦੇ ਅੰਦਰ ਚੱਲ ਰਹੇ, ਘਟਿ ਘਟਿ ਵਿੱਚ ਚੱਲ ਰਹੇ ਉਸ ਦੇ ਹੁਕਮ ਨੂੰ ਬੁੱਝਣ ਵਾਲੀ ਅਵੱਸਥਾ ਹੈ, ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਬੁੱਝਣ ਵਾਲੀ ਅਵੱਸਥਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥੨੬॥}

(ਅੰਗ ੯੨੦)

ਗੁਰਬਾਣੀ ਦਾ ਵਿਚਾਰੀ ਬਣਨਾ ਬਹੁਤ ਉੱਚੀ ਅਵੱਸਥਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਬਖਸ਼ਦਾ ਹੈ ਤੇ ਉਸਨੂੰ ਹੀ ਇਹ ਸਮਝ ਪੈਂਦੀ ਹੈ ਕਿ ਇਹ ਬਾਣੀ ਕਿੱਥੋਂ ਆਉਂਦੀ ਹੈ ਤੇ ਕਿਵੇਂ ਆਉਂਦੀ ਹੈ, ਕਿਸ ਰਸਤੇ ਆਉਂਦੀ ਹੈ ਭਾਵ ਪ੍ਰਮਾਤਮਾ ਦੇ ਕੋਲੋਂ ਮਨ ਦੇ ਰਾਹੀਂ ਆਉਂਦੀ ਹੈ। ਪ੍ਰਮਾਤਮਾ ਦਾ ਨਿੱਜ ਘਰ ਸਾਡਾ ਮਨ ਹੀ ਹੈ। ਮਨ ਦੇ ਵਿੱਚ ਚੌਥੇ ਪਦ ਦੀ ਪ੍ਰਾਪਤੀ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਣਾ ਹੈ। ਪੂਰੀ ਗੁਰਬਾਣੀ ਚੌਥੇ ਪਦ ਦੇ ਘਰ ਵਿੱਚੋਂ ਹੀ ਪ੍ਰਗਟ ਹੋਈ ਹੈ ਤੇ ਇਸੇ ਲਈ ਗੁਰਬਾਣੀ ਚੌਥੇ ਪਦ ਵਿੱਚ ਹੈ। ਸਾਡਾ ਜਦੋਂ ਵੀ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਹੈ ਉਸ ਪ੍ਰਮਾਤਮਾ ਦੇ ਘਰ ਦੇ ਵਿੱਚੋਂ ਸਾਨੂੰ ਗੁਰਬਾਣੀ ਦੀ ਸੱਚੀ ਸੋਝੀ ਹੀ ਮਿਲਦੀ ਹੈ ਭਾਵ ਗੁਰਬਾਣੀ ਦੀ ਸੱਚੀ ਸੋਝੀ ਦਾ ਘਰ ਹੀ, ਸੱਚੇ ਗਿਆਨ ਦਾ ਘਰ ਹੀ ਪ੍ਰਮਾਤਮਾ ਦਾ

ਘਰ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਘਰ ਹੈ, ਉਸਦੇ ਸੱਚੇ ਗਿਆਨ ਦਾ ਘਰ ਹੈ ਜਿਸ ਘਰ ਵਿੱਚੋਂ ਸਾਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ। ਸਾਡੇ ਜੀਵਨ ਦਾ ਮਕਸਦ ਉਸ ਪੂਰਨ ਸੱਚ ਦੇ ਘਰ ਵਿੱਚ ਪਹੁੰਚਣ ਦਾ ਹੈ, ਗੁਰਬਾਣੀ ਦੇ ਘਰ ਵਿੱਚ ਪਹੁੰਚਣ ਦਾ ਹੈ ਤੇ ਕੀ ਅਸੀਂ ਕਦੇ ਗੁਰਬਾਣੀ ਦੀ ਮਤਿ ਨਾਲੋਂ ਵਿਛੁੜ ਕੇ, ਗੁਰਬਾਣੀ ਦੇ ਨਾਲੋਂ ਵਿਛੁੜ ਕੇ ਉਸ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ ਭਾਵ ਕਦੇ ਨਹੀਂ ਪਹੁੰਚ ਸਕਦੇ। ਸਾਨੂੰ ਪ੍ਰਮਾਤਮਾ ਦੇ ਘਰ ਤੋਂ ਦੂਰ ਕਰਨ ਵਾਲੇ ਸਾਡੇ ਉਹੀ ਭਾਈ ਵੀਰ ਹਨ, ਸੱਜਣ ਹਨ ਜਿੰਨ੍ਹਾਂ ਤੇ ਅਸੀਂ ਭਰੋਸਾ ਟਿਕਾਇਆ ਹੋਇਆ ਹੈ, ਜਿੰਨ੍ਹਾਂ ਨੂੰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਬਾਲੜੇ ਕਹਿ ਕੇ ਸੰਬੋਧਨ ਕੀਤਾ ਹੋਇਆ ਹੈ ਭਾਵ ਸਾਨੂੰ ਉਹਨਾਂ ਦੇ ਪਿੱਛੇ ਨਾ ਲੱਗਣ ਲਈ ਸਮਝਾਇਆ ਹੋਇਆ ਹੈ ਜਿੰਨ੍ਹਾਂ ਨੂੰ ਸੱਚ ਦੀ ਸੋਝੀ ਨਹੀਂ ਹੈ। ਗੁਰਮੁਖਿ ਕੇਵਲ ਗੁਰੂ ਹੈ, ਸੱਚਾ ਗਿਆਨੀ ਕੇਵਲ ਗੁਰੂ ਹੈ ਜਿਸਨੂੰ ਸੱਚ ਦੀ ਸੱਚੀ ਸੋਝੀ ਹੈ, ਨਾਮ ਦੀ ਸੱਚੀ ਸੋਝੀ ਹੈ ਤੇ ਸਾਨੂੰ ਆਪਣੀ ਸਿੱਖਿਆ ਕੇਵਲ ਗੁਰੂ ਦੇ ਕੋਲੋਂ ਲੈਣੀ ਚਾਹੀਦੀ ਹੈ, ਆਪਣਾ ਭਰੋਸਾ ਕੇਵਲ ਗੁਰੂ ਤੇ ਟਿਕਾਉਣਾ ਚਾਹੀਦਾ ਹੈ ਤੇ ਇਨ੍ਹਾਂ ਬਾਲੜਿਆਂ ਨੂੰ ਬਾਣੀ ਵਿੱਚ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਭੁੱਲੇ ਹੋਏ ਅਗਿਆਨੀ ਕਹਿ ਕੇ ਸਮਝਾਇਆ ਹੋਇਆ ਹੈ, ਮੂਰਖ ਤੇ ਅਣਜਾਣ ਕਹਿ ਕੇ ਸਮਝਾਇਆ ਹੋਇਆ ਹੈ ਤੇ ਇਹੋ ਜਿਹਿਆਂ ਲਈ ਹੋਰ ਵੀ ਅਨੇਕਾਂ ਮਾੜੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ।

ਮਹਾਪੁਰਖ ਕੇਵਲ ਪ੍ਰਮਾਤਮਾ ਆਪ ਹੈ ਤੇ ਹੋਰ ਕਿਸੇ ਨੂੰ ਮਹਾਪੁਰਖ ਦਾ ਦਰਜ਼ਾ ਦੇਣ ਤੋਂ ਪਹਿਲਾਂ ਕਰੋੜਾਂ ਵਾਰੀ ਸੋਚੋ ਕਿ ਇਹ ਸਾਡੀ ਕਿਤਨੀ ਵੱਡੀ ਭੁੱਲ ਹੈ। **(ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥)**

ਸਾਡੀ ਸਭ ਤੋਂ ਵੱਡੀ ਉਲਝਣ ਦਾ ਕਾਰਨ ਜਿਸ ਕਰਕੇ ਅਸੀਂ ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਕਰਕੇ ਥਾਪਦੇ ਹਾਂ ਉਹ ਇਹ ਹੈ ਕਿ ਸਾਨੂੰ ਕਿਸੇ ਨੂੰ ਵੀ ਇਸ ਗੱਲ ਦੀ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਦੇ ਨਾਲ ਅਸਲ ਮੇਲ ਕੀ ਹੈ। ਪ੍ਰਮਾਤਮਾ ਦੇ ਨਾਲ ਮੇਲ ਉਹੀ ਹੈ ਜੋ ਸਾਨੂੰ ਗੁਰਬਾਣੀ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ ਪਰ ਉਸਦਾ ਮੇਲ ਵੇਖੇ ਬਿਨ੍ਹਾਂ ਕਿਸੇ ਨੂੰ ਉਸ ਦੇ ਮੇਲ ਦੀ ਸਮਝ ਨਹੀਂ ਆ ਸਕਦੀ ਭਾਵ ਉਸ ਤੇ ਵਿਸ਼ਵਾਸ ਨਹੀਂ ਆ ਸਕਦਾ। ਸਾਡੇ ਲਈ ਸਭ ਤੋਂ ਜਰੂਰੀ ਗੱਲ ਇਹੀ ਹੈ ਕਿ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਕਰੀਏ, ਗੁਰੂ ਦੀ ਸੋਝੀ ਤੇ ਵਿਸ਼ਵਾਸ ਕਰੀਏ ਜੋ ਸਾਨੂੰ ਕੇਵਲ ਸੱਚ ਹੀ ਸਮਝਾਉਂਦਾ ਹੈ। ਪ੍ਰਮਾਤਮਾ ਦੇ ਵਿੱਚ ਸਮਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਉਣਾ ਪ੍ਰਮਾਤਮਾ ਵਿੱਚ ਸਮਾਉਣਾ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾਂ ਵਿਆਪਕ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਉਹ ਹੈ ਜਿਸ ਰਾਹੀਂ ਸਾਨੂੰ ਸੱਚੀ ਮਤਿ ਮਿਲਦੀ ਹੈ, ਸੱਚ ਦੀ ਸੋਝੀ ਪੈਂਦੀ ਹੈ। ਪ੍ਰਮਾਤਮਾ ਸੱਚ ਦੀ ਸੋਝੀ ਦੇ ਰੂਪ ਵਿੱਚ ਹੀ ਸਭ ਜਗ੍ਹਾਂ

ਸਮਾਇਆ ਹੋਇਆ ਹੈ। ਸੱਚ ਦੀ ਸੋਝੀ ਦੇ ਰੂਪ ਵਿੱਚ, ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੀ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਸਮਾਇਆ ਹੋਇਆ ਹੈ। ਜੇਕਰ ਅਸੀਂ ਪ੍ਰਮਾਤਮਾ ਵਿੱਚ ਸਮਾਉਣਾ ਚਾਹੁੰਦੇ ਹਾਂ ਤਾਂ ਉਸ ਲਈ ਸਾਡੇ ਕੋਲ ਇੱਕੋ ਇੱਕ ਸਾਧਨ ਇਹੀ ਹੈ ਕਿ ਅਸੀਂ ਗੁਰਬਾਣੀ ਦੀ ਦਿੱਤੀ ਹੋਈ, ਸ਼ਬਦ ਦੀ ਦਿੱਤੀ ਹੋਈ ਸੱਚੀ ਮਤਿ ਦੇ ਵਿੱਚ ਸਮਾਈਏ। ਇਹੀ ਪ੍ਰਮਾਤਮਾ ਨੂੰ ਪਾਉਣ ਦਾ ਸਭ ਤੋਂ ਵੱਡਾ ਭੇਦ ਹੈ ਜਿਸ ਨੂੰ ਕਿ ਬਰੀਕੀ ਨਾਲ ਸਮਝਣ ਦੀ ਲੋੜ ਹੈ। ਅਸੀਂ ਉਸ ਦੇ ਵਿੱਚ ਹੀ ਸਮਾਉਂਦੇ ਹਾਂ ਜਿਸ ਦੀ ਮਤਿ ਨੂੰ ਅਸੀਂ ਮੰਨਦੇ ਹਾਂ, ਜਿਸ ਦੀ ਮਤਿ ਨੂੰ ਅਸੀਂ ਆਪਣੇ ਵਿਚਾਰਾਂ ਵਿੱਚ ਵਸਾਉਂਦੇ ਹਾਂ। ਜਦ ਤੱਕ ਸਾਡੇ ਅੰਦਰ ਕਿਸੇ ਹੋਰ ਦੀ ਮਤਿ ਦੇ ਵਿਚਾਰ ਵੱਸੇ ਹੋਏ ਹਨ ਤਦ ਤੱਕ ਅਸੀਂ ਗੁਰੂ ਦੀ ਮਤਿ ਵਿੱਚ ਨਹੀਂ ਸਮਾਅ ਸਕਦੇ ਭਾਵ ਸਾਡੇ ਮਨ ਦੇ ਵਿਚਾਰ ਗੁਰੂ ਦੀ ਮਤਿ ਦੇ ਵਿਚਾਰਾਂ ਵਿੱਚ ਨਹੀਂ ਸਮਾਅ ਸਕਦੇ। ਪ੍ਰਮਾਤਮਾ ਦੇ ਨਾਲ ਅਸੀਂ ਤਾਂ ਹੀ ਮਿਲ ਸਕਦੇ ਹਾਂ, ਉਸ ਦੇ ਵਿੱਚ ਅਸੀਂ ਤਾਂ ਹੀ ਸਮਾਅ ਸਕਦੇ ਹਾਂ ਜਦੋਂ ਅਸੀਂ ਗੁਰੂ ਦੀ ਮਤਿ ਦੇ ਵਿੱਚ ਸਮਾਅ ਜਾਵਾਂਗੇ। ਗੁਰੂ ਦੀ ਮਤਿ ਦੇ ਵਿਚਾਰ, ਸ਼ਬਦ ਦੇ ਵਿਚਾਰ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ ਜਿੰਨ੍ਹਾਂ ਦੇ ਵਿੱਚ ਰਲ ਕੇ ਅਸੀਂ ਪ੍ਰਮਾਤਮਾ ਦੇ ਨਾਲ ਰਲ ਸਕਦੇ ਹਾਂ। ਇਸ ਦੇ ਲਈ ਸਾਡੇ ਵਾਸਤੇ ਸਭ ਤੋਂ ਜਰੂਰੀ ਗੱਲ ਇਹੀ ਹੈ ਕਿ ਆਪਣੇ ਅੰਦਰੋਂ ਉਹਨਾਂ ਵਿਚਾਰਾਂ ਨੂੰ ਕੱਢੀਏ ਜੋ ਸਾਨੂੰ ਗੁਰੂ ਦੀ ਮਤਿ ਨਾਲ ਰਲਣ ਤੋਂ ਦੂਰ ਕਰਦੇ ਹਨ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਗੁਰੂ ਦੀ ਮਤਿ ਵਿੱਚ ਸਮਾਉਣਾ ਹੀ ਉਸ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ ਭਾਵ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਪਿੱਛੇ ਨਾ ਲੱਗੀਏ, ਉਹਨਾਂ ਇਆਣਿਆਂ ਦੇ ਪਿੱਛੇ ਨਾ ਲੱਗੀਏ ਜਿੰਨ੍ਹਾਂ ਕੋਲ ਗੁਰਮਤਿ ਵਾਲੀ ਸੋਝੀ ਨਹੀਂ ਹੈ।

“ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ਰਹਾਉ॥”

(ਅੰਗ ੭੯੭)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਵਾਲੀ ਅਵੱਸਥਾ ਹੀ ਸਮਝਾਈ ਹੋਈ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੀ ਸਮਝਾਈ ਹੋਈ ਹੈ। ਸਤਿਗੁਰ ਆਪ ਪ੍ਰਮਾਤਮਾ ਹੈ ਭਾਵ ਸਤਿਗੁਰ ਪ੍ਰਮਾਤਮਾ ਦਾ ਹੀ ਰੂਪ ਹੈ। ਸਤਿਗੁਰ ਵਿੱਚ ਸਮਾਨਾ ਜਾਂ ਪ੍ਰਮਾਤਮਾ ਵਿੱਚ ਸਮਾਅ ਜਾਣਾ ਇੱਕੋ ਹੀ ਗੱਲ ਹੈ। ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਹਨਾਂ ਨੂੰ ਪ੍ਰਮਾਤਮਾ ਨੇ ਆਪਣੀ ਮਤਿ ਹੀ ਦਿੱਤੀ ਹੈ, ਆਪਣਾ ਸੱਚਾ ਗਿਆਨ ਹੀ ਦਿੱਤਾ ਹੈ ਜੋ ਉਹਨਾਂ ਨੇ ਗੁਰਬਾਣੀ ਰਾਹੀਂ ਉਚਾਰਿਆ ਹੈ। **(ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥)** ਜਿੰਨ੍ਹਾਂ ਦੇ ਅੰਦਰ ਇਹ ਮਤਿ ਆਉਂਦੀ ਹੈ, ਜਿੰਨ੍ਹਾਂ ਦੇ ਅੰਦਰ ਬਾਣੀ ਦੀ ਸੋਝੀ ਪੈਂਦੀ ਹੈ ਉਹ ਕਿਵੇਂ ਪੈਂਦੀ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਹੀ ਇਹ ਸੋਝੀ ਵੀ ਪਾਈ ਹੋਈ ਹੈ ਕਿ ਸਾਡੇ ਅੰਦਰ ਹਰਿ ਨਾਮ ਦਾ ਵੱਸਣਾ ਕੀ ਹੈ। ਧਿਆਨ ਨਾਲ

24/2570

ਸਮਝਣ ਦੀ ਲੋੜ ਹੈ।

“ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ਰਹਾਉ॥”

ਜਿੰਨ੍ਹਾਂ ਨੇ ਬਾਣੀ ਨੂੰ ਜਾਣਿਆ ਹੈ, ਜਿੰਨ੍ਹਾਂ ਨੇ ਬਾਣੀ ਉਚਾਰੀ ਹੈ ਉਹਨਾਂ ਨੇ ਬਾਣੀ ਨੂੰ ਆਪਣੇ ਅੰਦਰੋਂ ਹੀ ਜਾਣਿਆ ਹੈ। “ਜੀਅਹੁ” ਤੋਂ ਭਾਵ ਹੈ ਆਪਣੇ ਮਨ ਦੇ ਅੰਦਰੋਂ। ਉਹ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਹੀ ਹੈ। ਸਾਡੇ ਅੰਦਰ ਪ੍ਰਮਾਤਮਾ “ਜੀਉ” ਦੇ ਰੂਪ ਵਿੱਚ ਹੀ ਹੈ ਭਾਵ ਮਨ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ॥

ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ॥੭॥”

(ਅੰਗ ੧੨੭੩)

ਕਿਤਨਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਸਾਰਿਆਂ ਦੇ ਅੰਦਰ “ਜੀਉ” ਰੂਪ ਵਿੱਚ ਹੀ ਹੈ ਜੋ ਕਿ ਪ੍ਰਮਾਤਮਾ ਦਾ ਸਾਡੇ ਅੰਦਰ ਘਰ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਘਰ ਦੇ ਵਿੱਚ ਹੀ ਵੱਸਦਾ ਹੈ, ਨਿਰਗੁਣ ਰੂਪ ਵਿੱਚ ਵੱਸਦਾ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਵੱਸਦਾ ਹੈ। ਜਦੋਂ ਸਾਡੇ ਅੰਦਰ ਪ੍ਰਮਾਤਮਾ ਆਪਣੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਉਹ “ਸਹਜਿ” ਗਿਆਨ ਦੇ ਰੂਪ ਵਿੱਚ ਕਰਦਾ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਕਰਦਾ ਹੈ। ਸਾਡੇ ਅੰਦਰ ਉਸ ਦੀ ਸੱਚੀ ਬਾਣੀ ਤੇ ਸੱਚੀ ਬਾਣੀ ਦੀ ਸੋਝੀ ਇਸ ਸਹਜਿ ਦੇ ਘਰ ਵਿੱਚੋਂ ਹੀ ਉਪਜਦੀ ਹੈ। ਮਨ ਦੇ ਅੰਦਰ ਪ੍ਰਮਾਤਮਾ ਦੇ ਵਿੱਚ ਸਮਾਉਣਾ, ਸਹਜਿ ਦੇ ਵਿੱਚ ਸਮਾਉਣਾ, ਸੱਚ ਦੇ ਵਿੱਚ ਸਮਾਉਣਾ, ਉਸਦੀ ਸੱਚੀ ਮਤਿ ਦੇ ਵਿੱਚ ਸਮਾਉਣਾ, ਸਤਿਗੁਰ ਦੇ ਵਿੱਚ ਸਮਾਉਣਾ, ਨਾਮ ਦੇ ਵਿੱਚ ਸਮਾਉਣਾ, ਬ੍ਰਹਮ ਗਿਆਨ ਦੇ ਵਿੱਚ ਸਮਾਉਣਾ ਇੱਕੋ ਹੀ ਗੱਲ ਹੈ ਜਿਸ ਦੁਆਰਾ ਸਾਡਾ ਉਸ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ।

ਹੁਣ ਹੇਠਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਸਾਡੇ ਅੰਦਰ “ਸਬਦੁ” ਰੂਪ ਵਿੱਚ ਕਿਵੇਂ ਵਰਤਦਾ ਹੈ। ਸਾਡੇ ਅੰਦਰ ਮਨ ਹੀ, “ਜੀਉ” ਹੀ ਪ੍ਰਮਾਤਮਾ ਦਾ “ਸਬਦੁ” ਰੂਪ ਹੈ, ਗੁਰੂ ਰੂਪ ਹੈ ਜਿਸ ਦੁਆਰਾ ਉਹ ਸਾਨੂੰ ਸੱਚੀ ਸੋਝੀ ਪਾਉਂਦਾ ਹੈ, ਆਪਣੀ ਸੱਚੀ ਬਾਣੀ ਸੁਣਾਉਂਦਾ ਹੈ, ਆਪਣੀ ਸੱਚੀ ਬਾਣੀ ਦੀ, ਗੁਰਮਤਿ ਦੀ ਸੋਝੀ ਪਾਉਂਦਾ ਹੈ।

“ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ॥

ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ॥”

(ਅੰਗ ੧੨੫੦)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ। ਸਾਡਾ "ਜੀਉ" ਹੀ "ਸਬਦੁ" ਰੂਪ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ

24/2571

ਤੇ ਜਦ ਤੱਕ ਪ੍ਰਮਾਤਮਾ ਕਿਸੇ ਦੇ ਅੰਦਰ ਆਪਣਾ "ਸਬਦੁ" ਰੂਪ ਪ੍ਰਗਟ ਨਹੀਂ ਕਰਦਾ ਤਦ ਤੱਕ ਕੋਈ ਵੀ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਜਿਸ ਦੇ ਅੰਦਰ ਵੀ ਪ੍ਰਗਟ ਹੁੰਦਾ ਹੈ ਆਪਣੇ "ਸਬਦੁ" ਰੂਪ ਦੁਆਰਾ ਹੀ ਪ੍ਰਗਟ ਹੁੰਦਾ ਹੈ ਤੇ ਉੱਥੇ ਹੀ ਆਪਣੇ ਸ਼ਬਦ ਦੀ ਸੋਝੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਆਪਣੇ ਸ਼ਬਦ ਦੁਆਰਾ ਪ੍ਰਮਾਤਮਾ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ। ਸਾਡੇ ਮਨ ਦਾ ਹਨ੍ਹੇਰਾ, ਅਗਿਆਨਤਾ, ਭਰਮ, ਸ਼ਬਦ ਦੇ ਗਿਆਨ ਦੁਆਰਾ ਨਿਕਲਦਾ ਹੈ। ਜਿੰਨ੍ਹਾਂ ਦਾ ਪ੍ਰਮਾਤਮਾ ਨੇ ਇਹ ਮਨ ਦਾ ਹਨ੍ਹੇਰਾ ਕੱਢਿਆ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਬਾਕੀ ਸਾਰਾ ਸੰਸਾਰ ਸੱਚ ਨੂੰ ਜਾਨਣ ਦੇ ਵਿੱਚ, ਪ੍ਰਮਾਤਮਾ ਦੀ ਅਸਲੀਅਤ ਨੂੰ ਜਾਨਣ ਦੇ ਵਿੱਚ, ਸੱਚੀ ਗੁਰਮਤਿ ਨੂੰ ਜਾਨਣ ਦੇ ਵਿੱਚ ਹਨ੍ਹੇਰੇ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ। **(ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ॥ ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ॥)**

ਗੁਰਬਾਣੀ ਪੂਰੇ ਜਗਿ ਵਿੱਚ ਆਪਣੇ ਗਿਆਨ ਦਾ ਚਾਨਣ ਹੀ ਕਰ ਰਹੀ ਹੈ, ਆਪਣੇ ਸ਼ਬਦ ਦਾ ਚਾਨਣ ਹੀ ਕਰ ਰਹੀ ਹੈ ਜਿਸਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ ਕਿਉਂਕਿ ਸਾਰਾ ਜਗਿ ਭਰਮ ਵਿੱਚ ਹੀ ਹੈ, ਪ੍ਰਮਾਤਮਾ ਨੂੰ ਜਾਨਣ ਦੇ ਭਰਮ ਵਿੱਚ ਹੀ ਹੈ। ਭਰਮ ਵਿੱਚ ਵੀ ਉਸਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ ਤੇ ਗੁਰਬਾਣੀ ਦੀ ਰਚਨਾ ਕਰਕੇ ਸਭ ਨੂੰ ਭਰਮ ਵਿੱਚੋਂ ਕੱਢਣ ਦਾ ਉਪਰਾਲਾ ਵੀ ਉਸ ਪ੍ਰਮਾਤਮਾ ਨੇ ਆਪ ਹੀ ਕੀਤਾ ਹੈ।

{ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ॥
ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ॥
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥੧॥}

(ਅੰਗ ੬੭)

ਸਾਡੇ ਅੰਦਰ ਪ੍ਰਮਾਤਮਾ ਗੁਰਬਾਣੀ ਦੇ ਰੂਪ ਵਿੱਚ ਵੱਸਦਾ ਹੈ, ਗੁਰਬਾਣੀ ਦੇ ਗਿਆਨ ਦੇ ਰੂਪ ਵਿੱਚ ਹੀ ਵੱਸਦਾ ਹੈ ਜੋ ਕਿ ਕੇਵਲ ਤੇ ਕੇਵਲ ਆਪਣੀ ਕਿਰਪਾ ਹੈ।

ਸਾਡੇ ਸਭ ਦੇ ਅੰਦਰ ਚਾਨਣ ਕਰਨ ਵਾਲਾ ਭਾਵ ਗਿਆਨ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਅੰਦਰ "ਜੀਉ" ਰੂਪ ਵਿੱਚ ਵਿਚਰਦਾ ਹੈ। ਉਸਦਾ "ਜੀਉ" ਰੂਪ ਹੀ ਸਾਡੇ ਅੰਦਰ ਉਸਦਾ "ਜੋਤਿ" ਰੂਪ ਹੈ ਜਿਸ ਰਾਹੀਂ ਉਹ ਸਭ ਦੇ ਅੰਦਰ ਗਿਆਨ ਦਾ ਪ੍ਰਕਾਸ਼ ਕਰਦਾ ਹੈ।

{ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥}

(ਅੰਗ ੧੩)

24/2572

ਸਾਡੇ ਅੰਦਰ ਜੋਤਿ ਰੂਪ, ਜੀਉ ਰੂਪ ਭਾਵ ਸਾਡੇ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਸਾਡੇ ਸਭ ਦੇ ਅੰਦਰ ਗਿਆਨ ਦਾ ਚਾਨਣ ਕਰਨ ਵਾਲੀ, ਸਾਡੇ ਮਨ ਦੇ ਵਿਚਾਰਾਂ ਰਾਹੀਂ ਸੋਝੀ ਪਾਉਣ ਵਾਲੀ ਸਾਡੇ ਅੰਦਰ ਦੀ ਜੋਤਿ ਹੀ ਹੈ। **(ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥)**

ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰਬਾਣੀ ਰਾਹੀਂ ਸਾਨੂੰ ਜੋ ਵੀ ਸਿੱਖਿਆ ਮਿਲ ਰਹੀ ਹੈ ਭਾਵ ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਸਿੱਖਿਆ ਦਿੱਤੀ ਹੈ, ਗੁਰਬਾਣੀ ਦਾ ਸੱਚਾ ਗਿਆਨ ਦਿੱਤਾ ਹੈ, ਜਗ ਦੇ ਵਿੱਚ ਗੁਰਬਾਣੀ ਦਾ ਚਾਨਣ ਕੀਤਾ ਹੈ ਉਹ ਚਾਨਣ ਕਿੱਥੋਂ ਆਇਆ ਹੈ ਤੇ ਕਿਵੇਂ ਆਇਆ ਹੈ। ਉਹ ਜੋਤਿ ਰਾਹੀਂ ਹੀ ਆਇਆ ਹੈ ਜਿਵੇਂ ਕਿ ਅਗਲੀਆਂ

ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥"

"ਗੁਰ ਸਾਖੀ" ਤੋਂ ਭਾਵ ਹੈ ਗੁਰੂ ਦੀ ਸਿੱਖਿਆ। ਪੂਰੀ ਗੁਰਬਾਣੀ ਵਿੱਚ ਗੁਰੂ ਦੀ ਸਿੱਖਿਆ ਹੀ ਹੈ, ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੀ ਹੈ। ਇਹ ਗੁਰੂ ਦੀ ਸਿੱਖਿਆ ਮਨ ਦੇ ਵਿੱਚੋਂ ਜੋਤਿ ਦੇ ਰਾਹੀਂ ਹੀ ਪ੍ਰਗਟ ਹੁੰਦੀ ਹੈ। ਜਿੰਨ੍ਹਾਂ ਦੇ ਅੰਦਰ ਗੁਰੂ ਦੀ ਸਿੱਖਿਆ ਪ੍ਰਗਟ ਹੋਈ ਹੈ ਭਾਵ ਮਨ ਦੇ ਵਿੱਚੋਂ ਉਪਜੀ ਹੈ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਸੱਚੀ ਸਿੱਖਿਆ ਦਿੱਤੀ ਹੈ, ਧਰਮ ਤੇ ਚੱਲਣ ਦਾ ਸੱਚਾ ਗਿਆਨ ਦਿੱਤਾ ਹੈ, ਸੱਚ ਦਾ ਗਿਆਨ ਦਿੱਤਾ ਹੈ। ਗੁਰੂ ਦੀ ਸਿੱਖਿਆ ਦੁਆਰਾ ਹੀ ਸਾਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਗੁਰੂ ਦੀ ਸਿੱਖਿਆ ਰਾਹੀਂ ਵਾਰ-ਵਾਰ ਇਹ ਗੱਲ ਸਮਝਾਈ ਹੋਈ ਹੈ ਕਿ ਗੁਰੂ ਨੂੰ ਕੀ ਭਾਉਂਦਾ ਹੈ। ਗੁਰੂ ਨੂੰ ਸਾਡਾ ਸੱਚ ਤੇ ਚੱਲਣਾ ਹੀ ਭਾਉਂਦਾ ਹੈ, ਉਹੋ ਜਿਹੇ ਸੱਚ ਤੇ ਚੱਲਣਾ ਭਾਉਂਦਾ ਹੈ ਜੋ ਸੱਚ ਸਾਨੂੰ ਗੁਰਬਾਣੀ ਵਾਰ-ਵਾਰ ਸਮਝਾ ਰਹੀ ਹੈ, ਆਪਣੀ ਗੁਰਮਤਿ ਅਨੁਸਾਰ ਚੱਲਣਾ ਸਮਝਾ ਰਹੀ ਹੈ। ਉਸਦੇ ਭਾਣੇ ਅਨੁਸਾਰ ਚੱਲਣਾ ਹੀ ਭਾਵ ਜੋ ਗੁਰੂ ਨੂੰ ਚੰਗਾ ਲੱਗਦਾ ਹੈ ਉਸ ਅਨੁਸਾਰ ਵਿਚਰਨਾ ਹੀ ਉਸ ਪ੍ਰਮਾਤਮਾ ਦੀ, ਗੁਰੂ ਦੀ ਆਰਤੀ ਉਤਾਰਨਾ ਹੈ ਭਾਵ ਉਸ ਨੂੰ ਕੋਈ ਦੀਵੇ ਆਦਿ ਜਗਾ ਕੇ ਉਸਦੀ ਆਰਤੀ ਉਤਾਰਨ ਦੀ ਲੋੜ ਨਹੀਂ ਹੈ। ਸੱਚ ਅਨੁਸਾਰ ਵਿਚਰਨਾ ਹੀ, ਗੁਰਮਤਿ ਅਨੁਸਾਰ ਵਿਚਰਨਾ ਹੀ ਉਸ ਗੁਰੂ ਰੂਪ ਪ੍ਰਮਾਤਮਾ ਦੀ ਆਰਤੀ ਉਤਾਰਨਾ ਹੈ। ਗੁਰਬਾਣੀ ਸਾਨੂੰ ਹਰ ਭਰਮ ਦੇ ਵਿੱਚੋਂ ਕੱਢ ਰਹੀ ਹੈ ਪਰ ਅਸੀਂ ਅੱਜ ਵੀ ਪ੍ਰਮਾਤਮਾ ਦੀ ਉਹੋ ਜਿਹੀ ਆਰਤੀ ਉਤਾਰਨ ਵਿੱਚ ਲੱਗੇ ਹੋਏ ਹਾਂ ਜਿਸ ਵਿੱਚ ਕੇਵਲ ਮਨਮਤਿ ਹੈ, ਭਰਮ ਹੈ। ਜੋ ਕੋਈ ਵੀ ਪ੍ਰਮਾਤਮਾ ਦੇ ਹੁਕਮ ਵਿੱਚ ਚੱਲ ਰਿਹਾ ਹੈ ਉਸ ਪ੍ਰਮਾਤਮਾ ਦੀ ਆਰਤੀ ਉਤਾਰ ਰਿਹਾ ਹੈ, ਹਰ ਵੇਲੇ ਉਸ ਦੀ ਆਰਤੀ ਉਤਾਰ ਰਿਹਾ ਹੈ। ਸਭ ਖੰਡ, ਬ੍ਰਹਿਮੰਡ ਹਰ ਵੇਲੇ ਉਸ ਦੇ ਹੁਕਮ ਵਿੱਚ ਹੀ ਹਨ ਜੋ ਕਿ ਹਰ ਵੇਲੇ ਉਸ ਦੀ ਆਰਤੀ ਉਤਾਰ ਰਹੇ ਹਨ।

ਜੇਕਰ ਸਾਨੂੰ ਆਪਣੇ ਅੰਦਰ ਜੀਉ ਦੀ ਸਮਝ ਹੈ, ਜੋਤਿ ਦੀ

ਸਮਝ ਹੈ ਜਿਵੇਂ ਕਿ ਅਸੀਂ ਉੱਪਰ ਕੁੱਝ ਸ਼ਬਦਾਂ ਦੁਆਰਾ ਜਾਨਣ ਦੀ ਕੋਸ਼ਿਸ਼ ਕੀਤੀ ਹੈ ਤਾਂ ਫਿਰ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਜਿੰਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਸਭ ਨੇ ਇੱਕੋ ਜਿਹਾ ਸੱਚ ਹੀ ਸਮਝਾਇਆ ਹੈ, ਪ੍ਰਮਾਤਮਾ ਦੇ ਨਾਲ ਮੇਲ ਦਾ ਇੱਕੋ ਜਿਹਾ ਤਰੀਕਾ ਹੀ ਸਮਝਾਇਆ ਹੈ ਕਿਉਂਕਿ ਉਹਨਾਂ ਸਭ ਦਾ ਸ੍ਰੋਤ ਇੱਕੋ ਹੀ ਹੈ ਜੋ ਕਿ ਇਹ ਮਨ ਹੈ ਜਿਸ ਵਿੱਚ ਆਪ ਪ੍ਰਮਾਤਮਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਆਪਣੀ ਭਗਤੀ ਸਮਝਾਈ ਹੈ ਫਿਰ ਉਹਨਾਂ ਦੀ ਸਮਝ ਵਿੱਚ, ਸਿੱਖਿਆ ਵਿੱਚ ਕੋਈ ਫਰਕ ਨਹੀਂ ਹੋ ਸਕਦਾ। ਉਹਨਾਂ ਸਭ ਨੂੰ ਪ੍ਰਮਾਤਮਾ ਨੇ ਇੱਕੋ ਜਿਹੀ ਮਤਿ ਦਿੱਤੀ ਹੈ ਤੇ ਉਹਨਾਂ ਸਭ ਦਾ ਪ੍ਰਮਾਤਮਾ ਦੇ ਨਾਲ ਇੱਕੋ ਜਿਹਾ ਮੇਲ ਹੀ ਹੋਇਆ ਹੈ। ਉਹਨਾਂ ਸਭ ਨੂੰ ਇਹੋ ਜਿਹੇ ਨਾਮ ਦੀ ਸੋਝੀ ਹੀ ਪਈ ਹੈ ਕਿਉਂਕਿ ਗੁਰਬਾਣੀ ਦੀ ਸਿੱਖਿਆ ਹੀ ਅਸਲ ਵਿੱਚ ਨਾਮ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਪਿੱਛੇ ਮੁਖਿ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ਰਹਾਉ॥"

(ਅੰਗ - ੭੬੭)

ਬਾਣੀ ਨੂੰ ਜਿਸਨੇ ਵੀ ਜਾਣਿਆ ਹੈ ਆਪਣੇ ਅੰਦਰੋਂ ਹੀ ਜਾਣਿਆ ਹੈ। ਜਿਸ ਦੇ ਅੰਦਰ ਗੁਰਬਾਣੀ ਦੀ ਸੋਝੀ ਹੈ ਉਸ ਦੇ ਅੰਦਰ ਹੀ ਨਾਮ ਦਾ ਵਾਸਾ ਹੈ ਭਾਵ ਪੂਰੀ ਗੁਰਬਾਣੀ ਨਾਮ ਹੈ, ਗੁਰੂ ਦੀ ਸਿੱਖਿਆ ਨਾਮ ਹੈ। **(ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ਰਹਾਉ॥)**

ਜਿੰਨ੍ਹਾਂ ਨੂੰ ਗੁਰੂ ਦੀ ਸਿੱਖਿਆ ਦੀ ਸਮਝ ਹੀ ਨਹੀਂ, ਜਿੰਨ੍ਹਾਂ ਨੇ ਆਪਣੇ ਅੰਦਰੋਂ ਗੁਰਬਾਣੀ ਦੀ ਸਿੱਖਿਆ ਨੂੰ ਜਾਣਿਆ ਹੀ ਨਹੀਂ, ਆਪਣੇ ਅੰਦਰ ਦੇ ਜੀਉ ਨੂੰ ਜਾਣਿਆ ਹੀ ਨਹੀਂ, ਆਪਣੇ ਅੰਦਰ ਦੀ ਜੋਤਿ ਨੂੰ ਜਾਣਿਆ ਹੀ ਨਹੀਂ ਕਿ ਗੁਰਬਾਣੀ ਕਿਵੇਂ ਆਈ ਹੈ, ਗੁਰਬਾਣੀ ਦੀ ਸੱਚੀ ਸਿੱਖਿਆ ਕਿੱਥੋਂ ਮਿਲਦੀ ਹੈ, ਸੱਚੀ ਸੋਝੀ ਕਿਵੇਂ ਮਿਲਦੀ ਹੈ ਉਹਨਾਂ ਨੂੰ ਨਾਮ ਦੀ ਸੋਝੀ ਹੋ ਵੀ ਕਿਵੇਂ ਸਕਦੀ ਹੈ। ਨਾਮ ਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ, ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਆਪਣਾ ਬ੍ਰਹਮ

ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਅਸੀਂ ਨਾਮ ਦੀ ਸਿੱਖਿਆ ਉਹਨਾਂ ਕੋਲੋਂ ਲਈ ਹੋਈ ਹੈ, ਗੁਰਮਤਿ ਦੀ ਸਿੱਖਿਆ, ਭਗਤੀ ਦੀ ਸਿੱਖਿਆ, ਸੱਚ ਦੀ ਸਿੱਖਿਆ, ਸ਼ਬਦ ਦੀ ਸਿੱਖਿਆ ਉਹਨਾਂ ਦੇ ਕੋਲੋਂ ਲਈ ਹੋਈ ਹੈ ਜੋ ਘੋਰ ਅਗਿਆਨਤਾ ਵਿੱਚ ਹਨ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹਨ। ਅਸੀਂ ਮੇਲ ਚੌਥੇ ਪਦ ਦੇ ਨਾਲ ਕਰਨਾ ਹੈ, ਗੁਰੂ ਦੀ ਸੱਚੀ ਮਤਿ ਦੇ ਵਿੱਚ ਸਮਾਉਣਾ ਹੈ ਪਰ ਕੀ ਉਹਨਾਂ ਕੱਚਿਆਂ ਦੇ ਪਿੱਛੇ ਲੱਗ ਕੇ, ਬਾਲੜਿਆਂ ਦੇ ਪਿੱਛੇ ਲੱਗ ਕੇ ਕਦੇ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਭਾਵ ਕਦੇ ਨਹੀਂ ਪਾ ਸਕਦੇ।

24/2574

ਇਹ ਭੁੱਲੇ ਹੋਏ ਧਰਮ ਦੇ ਆਗੂ ਸਾਨੂੰ ਸ਼ਬਦ ਦੀ ਕਥਨੀ ਦੇ ਨਾਲ ਜੋੜਦੇ ਹਨ ਪਰ ਸ਼ਬਦ ਦੇ ਮਕਸਦ ਨੂੰ ਨਹੀਂ ਸਮਝਦੇ। ਸ਼ਬਦ ਦਾ ਮਕਸਦ ਸਾਨੂੰ ਸੱਚ ਦੀ ਸਿੱਖਿਆ ਦੇਣ ਦੇ ਨਾਲ ਹੈ ਤਾਂ ਜੋ ਸ਼ਬਦ ਦੀ ਸਿੱਖਿਆ ਲੈ ਕੇ, ਸੱਚ ਦੀ ਸਿੱਖਿਆ ਲੈ ਕੇ ਮਾਇਆ ਮੋਹ ਦੇ ਵਿੱਚੋਂ ਨਿਕਲੀਏ। ਜਿਸ ਦੇ ਅੰਦਰ ਸ਼ਬਦ ਦੀ ਸਿੱਖਿਆ ਵੱਸੀ ਹੋਈ ਹੈ ਉਹ ਅਸਲ ਵਿੱਚ ਪ੍ਰਮਾਤਮਾ ਦਾ ਸੰਤ ਹੈ। ਸੰਤ ਅਖਵਾਉਣ ਵਾਲੇ ਬਹੁਤ ਹਨ ਪਰ ਸੱਚ ਦੀ ਸਿੱਖਿਆ ਦੀ ਸੋਝੀ ਕਿਸੇ ਦੇ ਅੰਦਰ ਨਹੀਂ ਹੈ। ਜਿੱਥੇ ਸੱਚ ਦੀ ਸਿੱਖਿਆ ਹੈ ਉੱਥੇ ਮਾਇਆ, ਮੋਹ, ਭਰਮ ਆਦਿ ਹੋ ਹੀ ਨਹੀਂ ਸਕਦੇ। ਜੋ ਆਪ ਮਾਇਆ ਦੇ ਭਿੱਜੇ ਹੋਏ ਹਨ, ਅਗਿਆਨਤਾ ਦੇ ਭਿੱਜੇ ਹੋਏ ਹਨ, ਹਉਮੈ ਦੇ ਭਿੱਜੇ ਹੋਏ ਹਨ ਉਹ ਕੀ ਜਾਨਣ ਕਿ ਸ਼ਬਦ ਦੀ ਸਿੱਖਿਆ ਕੀ ਹੈ, ਸੱਚ ਕੀ ਹੈ, ਸੰਤ ਅਖਵਾਉਣਾ ਕੀ ਹੈ। ਆਓ ਇਸੇ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

ਸਾਰਗ ਮਹਲਾ ੫॥

{"ਮਾਖੀ ਰਾਮ ਕੀ ਤੂ ਮਾਖੀ॥
ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ॥੧॥ਰਹਾਉ॥
ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ॥
ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ॥੧॥
ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ॥
ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ॥੨॥੯੯॥੧੨੨॥"}

(ਅੰਗ ੧੨੨੭)

ਉੱਪਰ ਸ਼ਬਦ ਰਾਹੀਂ ਸਾਨੂੰ ਮੱਖੀ ਦਾ ਪ੍ਰਮਾਣ ਦੇ ਕੇ ਮਾਇਆ ਮੋਹ ਸਮਝਾਇਆ ਹੋਇਆ ਹੈ ਜੋ ਕਿ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਤੇ ਇਹ ਮਾਇਆ ਮੋਹ ਹੀ ਸਾਨੂੰ ਪ੍ਰਮਾਤਮਾ ਨਾਲੋਂ ਵਿਛੋੜ ਕੇ ਰੱਖਦਾ ਹੈ ਭਾਵ ਆਪਣੇ ਨਾਲੋਂ ਵਿਛੋੜੇ ਦੀ ਜੁਗਤਿ, ਮਾਇਆ ਮੋਹ ਦੀ ਜੁਗਤਿ, ਸਿਵ ਸਕਤਿ ਦੀ ਜੁਗਤਿ, ਤ੍ਰੈਗੁਣਾਂ ਵਾਲੀ ਅਵੱਸਥਾ ਦੀ ਜੁਗਤਿ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ। ਨਾ ਇਸ ਮਾਇਆਂ ਮੋਹ ਵਿੱਚੋਂ ਨਿਕਲਿਆ ਜਾਂਦਾ ਹੈ ਤੇ ਨਾ ਹੀ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਮਾਇਆ ਮੋਹ ਨੂੰ ਪ੍ਰਮਾਤਮਾ ਨੇ ਬਹੁਤ ਮਿੱਠਾ ਬਣਾਇਆ ਹੈ, ਇੱਕ ਮਿੱਠੀ ਗੰਦਗੀ ਦੀ ਤਰ੍ਹਾਂ ਬਣਾਇਆ ਹੈ ਜਿਸਨੂੰ ਛੱਡਿਆ ਨਹੀਂ ਜਾ ਸਕਦਾ, ਇੱਕ ਮੱਖੀ ਦੀ ਤਰ੍ਹਾਂ ਇਸ ਨੂੰ ਛੱਡਿਆ ਨਹੀਂ ਜਾ ਸਕਦਾ। ਇਹ ਮਾਇਆ ਮੋਹ ਦੀ ਗੰਦਗੀ ਸਾਡੇ ਅੰਦਰ ਕਿੱਥੋਂ ਆਉਂਦੀ ਹੈ, ਕਿਵੇਂ ਆਉਂਦੀ ਹੈ ਭਾਵ ਮਾਇਆ ਮੋਹ ਦੀ ਜੁਗਤਿ ਪ੍ਰਮਾਤਮਾ ਨੇ ਸਾਡੇ ਅੰਦਰ ਕਿਸ ਤਰੀਕੇ ਨਾਲ ਪਾਈ ਹੋਈ ਹੈ ਉਸ ਨੂੰ ਉਹੀ ਜਾਣ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪਣਾ ਸੰਤ ਬਣਾਉਂਦਾ ਹੈ, ਆਪਣਾ ਗੁਰੂ ਰੂਪ, ਆਪਣਾ ਭਗਤ ਬਣਾਉਂਦਾ ਹੈ। ਇਹ ਮਾਇਆ ਮੋਹ ਸਾਡੇ ਵਿਚਾਰਾਂ ਦੇ ਵਿੱਚ ਹੀ ਹੈ ਜੋ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਸਾਡੇ ਵਿਚਾਰਾਂ ਦਾ ਮਾਲਕ ਕੌਣ ਹੈ ਇਸ ਗੱਲ ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿ ਮਾਇਆ ਮੋਹ ਦੀ ਜੁਗਤਿ ਕੀ ਹੈ। ਜੋ ਇਸ ਮਾਇਆ ਮੋਹ ਦੀ ਜੁਗਤਿ ਨੂੰ ਸਮਝ ਲੈਂਦਾ ਹੈ, ਜੋ ਆਪਣੇ ਮਨ ਦੇ ਵਿਚਾਰਾਂ ਰਾਹੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹੀ ਉਸਦਾ ਸੰਤ ਹੈ। ਜੋ ਪ੍ਰਮਾਤਮਾ ਦਾ ਸੰਤ ਰੂਪ ਬਣ ਜਾਂਦਾ ਹੈ ਉਸਨੂੰ ਪ੍ਰਮਾਤਮਾ ਮਾਇਆ ਮੋਹ ਵਿੱਚੋਂ, ਮਾਇਆ ਦੀ ਜੁਗਤਿ ਵਿੱਚੋਂ, ਤ੍ਰੈਗੁਣਾਂ

24/2575

ਵਾਲੀ ਅਵੱਸਥਾ ਵਿੱਚੋਂ ਕੱਢ ਲੈਂਦਾ ਹੈ। **(ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ॥)**

ਜੋ ਪ੍ਰਮਾਤਮਾ ਦੀ ਇਸ ਜੁਗਤਿ ਨੂੰ ਜਾਣ ਲੈਂਦਾ ਹੈ, ਆਪਣੇ ਅੰਦਰੋਂ ਉਸ ਨੂੰ ਲਖ ਲੈਂਦਾ ਹੈ ਭਾਵ ਦੇਖ ਲੈਂਦਾ ਹੈ ਉਹੀ ਪ੍ਰਮਾਤਮਾ ਦਾ "ਦਾਸੁ" ਰੂਪ ਹੈ। ਜਿਸ ਨੂੰ ਮਨ ਦੇ ਵਿੱਚ ਇਹ ਅਵੱਸਥਾ ਪ੍ਰਾਪਤ ਹੋ ਜਾਂਦੀ ਹੈ ਉਹੀ ਪ੍ਰਮਾਤਮਾ ਦਾ ਕੀਰਤਨ ਗਾਉਂਦਾ ਹੈ ਭਾਵ ਸੱਚਾ ਜੱਸ ਗਾਉਂਦਾ ਹੈ ਜੋ ਕਿ ਅਗਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

"ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ॥੨॥੯੯॥੧੨੨॥"

ਉੱਪਰ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਸੰਤ ਦੇ ਮਨ ਦੀ ਅਵੱਸਥਾ, ਉਸਦੇ "ਦਾਸੁ" ਦੀ ਅਵੱਸਥਾ ਸਮਝਾਈ ਹੋਈ ਹੈ ਕਿ ਉਹ ਕਿਸ ਤਰੀਕੇ ਮਾਇਆ ਮੋਹ ਵਿੱਚੋਂ ਨਿਕਲਿਆ ਹੋਇਆ ਹੈ। ਪ੍ਰਮਾਤਮਾ ਦੇ ਸੰਤ ਦੇ ਅੰਦਰ ਭਾਵ ਉਸਦੀ ਸੁਰਤਿ ਦੇ ਅੰਦਰ "ਸਬਦੁ" ਵੱਸਿਆ ਹੋਇਆ ਹੈ। "ਸਬਦੁ" ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਸ ਰੂਪ ਦੁਆਰਾ ਉਹ ਗੁਰੂ ਹੈ। ਉਸਦਾ "ਸਬਦੁ" ਰੂਪ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਉਸਦਾ "ਸਬਦੁ" ਰੂਪ "ਸਚੁ ਸਾਖੀ" ਦਾ ਰੂਪ ਹੈ ਭਾਵ ਸੱਚੀ ਸਿਖਿਆ ਦਾ ਰੂਪ ਹੈ ਭਾਵ ਆਪਣੇ ਸੰਤਾਂ ਦੇ ਅੰਦਰ ਪ੍ਰਮਾਤਮਾ "ਸਬਦੁ" ਰੂਪ ਵਿੱਚ ਹੈ, ਸੱਚੀ ਸਿੱਖਿਆ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਰੂਪ ਵਿੱਚ ਹੀ ਹੈ, ਸੱਚੀ ਸਿੱਖਿਆ ਦੇ ਰੂਪ ਵਿੱਚ ਹੀ ਹੈ ਜੋ ਉਸਨੇ ਆਪਣੇ ਸ਼ਬਦਾਂ ਰਾਹੀਂ ਪਾਈ ਹੈ। ਉਸਦੀ ਸੱਚੀ ਸਿੱਖਿਆ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਆਪਣੀ ਇਸ ਸੱਚੀ ਸਿੱਖਿਆ ਕਰਕੇ ਹੀ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੰਤ ਰੂਪ ਹੈ, ਗੁਰੂ ਰੂਪ ਹੈ। ਜਿੰਨ੍ਹਾਂ ਦੇ ਮਨ ਵਿੱਚ ਪ੍ਰਮਾਤਮਾ ਨੇ ਪਹਿਲੇ ਆਪਣਾ ਗੁਰੂ ਰੂਪ ਪ੍ਰਗਟ ਕੀਤਾ ਹੈ ਤੇ ਆਪਣੀ ਸੱਚੀ ਸਿੱਖਿਆ ਸੁਣਾਈ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ। ਜੇਕਰ ਸੰਤ ਅਖਵਾਉਣ ਵਾਲਿਆਂ ਕੋਲ ਇਹੋ ਜਿਹਾ ਗਿਆਨ ਹੈ ਤਾਂ ਫਿਰ ਉਹਨਾਂ ਨੂੰ ਇਹ ਵੀ ਸਮਝ ਹੋਣੀ ਚਾਹੀਦੀ ਹੈ ਕਿ ਗਿਆਨ ਦਾ ਸ੍ਰੋਤ ਕੀ ਹੈ ਜਿੱਥੋਂ ਇਹ ਸਾਰਾ ਗਿਆਨ ਆਉਂਦਾ ਹੈ। ਜਿੰਨ੍ਹਾਂ ਨੂੰ ਸ੍ਰੋਤ ਦੀ ਸਮਝ ਲੱਗ ਜਾਂਦੀ ਹੈ ਉਹ ਫਿਰ ਕਦੇ ਆਪਣੇ ਆਪ ਨੂੰ ਸੰਤ ਅਖਵਾ ਹੀ ਨਹੀਂ ਸਕਦੇ ਕਿਉਂਕਿ ਉਨ੍ਹਾਂ ਨੂੰ ਸਮਝ ਲੱਗ ਜਾਂਦੀ ਹੈ ਕਿ ਸੰਤ, ਭਗਤ, ਬ੍ਰਹਮ ਗਿਆਨੀ ਆਪ ਪ੍ਰਮਾਤਮਾ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਉਹ ਪ੍ਰਮਾਤਮਾ ਦਾ ਰੂਪ ਬਣ ਜਾਂਦੇ ਹਨ, ਉਸਦੇ ਸੱਚੇ ਗਿਆਨ ਵਿੱਚ, ਸੱਚੀ ਸਿੱਖਿਆ ਵਿੱਚ ਸਮਾਅ ਜਾਂਦੇ ਹਨ, ਸੱਚ ਦੇ ਸ੍ਰੋਤ ਵਿੱਚ, ਨਾਮ ਦੇ ਸ੍ਰੋਤ ਵਿੱਚ, ਬ੍ਰਹਮ ਗਿਆਨ ਦੇ ਸ੍ਰੋਤ ਵਿੱਚ ਸਮਾਅ ਜਾਂਦੇ ਹਨ ਭਾਵ ਉਸਦੇ ਨਿਰਗੁਣ ਰੂਪ ਵਿੱਚ ਸਮਾਅ ਜਾਂਦੇ ਹਨ ਤੇ ਸਦਾ ਹੀ ਸਮਾਏ ਰਹਿੰਦੇ ਹਨ ਜਿੱਥੋਂ ਕਦੇ ਵਿਛੋੜਾ ਨਹੀਂ ਹੋ ਸਕਦਾ। ਉਸ ਅਵੱਸਥਾ ਵਿੱਚ ਜਨਮ ਮਰਨ ਨਹੀਂ ਹੈ। ਇਹ ਅਵੱਸਥਾ ਨਿਰਗੁਣ ਰੂਪ ਹੈ, ਪ੍ਰਮਾਤਮਾ ਦਾ ਰੂਪ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦਾ ਕੀਰਤਨ ਗਾਇਆ ਹੈ, ਉਸਦਾ ਜੱਸ ਗਾਇਆ ਹੈ, ਉਸਦੇ ਗੁਣ ਗਾਏ ਹਨ ਉਹਨਾਂ ਨੇ ਮਨ ਦੀ ਇਸ ਅਵੱਸਥਾ ਦੁਆਰਾ ਭਾਵ ਮਨ ਦੇ ਵਿੱਚ ਸੱਚ ਦੀ ਸੋਝੀ ਪੈਣ ਦੁਆਰਾ ਹੀ ਉਸਦਾ ਜੱਸ ਗਾਇਆ ਹੈ। ਬਹੁਤ ਔਖਾ ਹੈ ਉਸ ਪ੍ਰਮਾਤਮਾ ਦਾ ਜੱਸ ਗਾਉਣਾ,

24/2576

ਬਹੁਤ ਔਖਾ ਹੈ ਉਸਦਾ ਨਾਮ ਜਪਣਾ, ਬਹੁਤ ਔਖਾਂ ਹੈ ਮਾਇਆ ਮੋਹ ਦੀ ਗੰਦਗੀ ਵਿੱਚੋਂ ਨਿਕਲਣਾ। ਜਿਸਨੂੰ ਪ੍ਰਮਾਤਮਾ ਆਪ ਇਸ ਗੰਦਗੀ ਵਿੱਚੋਂ ਕੱਢਦਾ ਹੈ, ਅਗਿਆਨਤਾ ਦੀ ਗੰਦਗੀ ਵਿੱਚੋਂ ਕੱਢਦਾ ਹੈ, ਜਿਸਨੂੰ ਆਪ ਹੀ ਸੱਚ ਦੀ ਸੋਝੀ ਪਾਉਂਦਾ ਹੈ, ਜਿਸਦੀ ਸੁਰਤਿ ਦੇ ਵਿੱਚ ਆਪ ਹੀ ਸ਼ਬਦ ਦਾ ਪ੍ਰਕਾਸ਼ ਕਰਦਾ ਹੈ ਉਹੀ ਉਸ ਪ੍ਰਮਾਤਮਾ ਦਾ ਜੱਸ ਗਾ ਸਕਦਾ ਹੈ। ਮਨ ਦੀ ਇਹ ਅਵੱਸਥਾ ਹੀ ਭਾਵ ਸਾਡੀ ਸੁਰਤਿ ਦੇ ਵਿੱਚ ਸ਼ਬਦ ਦਾ ਵੱਸਣਾ ਹੀ ਸ਼ਬਦ ਸੁਰਤਿ ਦਾ ਮੇਲ ਹੈ ਜਿਸ ਰਾਹੀਂ ਸਾਡੀ ਸੁਰਤਿ ਦੇ ਵਿਚਾਰ ਸ਼ਬਦ ਦੇ ਵਿਚਾਰਾਂ ਨਾਲ ਇੱਕ ਹੋ ਜਾਂਦੇ ਹਨ। ਇਹੀ ਇੱਕ ਮਨ ਇੱਕ ਚਿੱਤ ਦੀ ਅਵੱਸਥਾ ਹੈ ਜਦੋਂ ਸਾਡੇ ਅੰਦਰ ਮਨ ਤੇ ਚਿੱਤ ਦਾ ਭੇਦ ਖ਼ਤਮ ਹੋ ਜਾਂਦਾ ਹੈ ਭਾਵ ਦੁਚਿੱਤੀ ਮੁੱਕ ਜਾਂਦੀ ਹੈ, ਦੁਬਿਧਾ ਮਿਟ ਜਾਂਦੀ ਹੈ ਕਿਉਂਕਿ ਸਾਨੂੰ ਸਾਡੇ ਅੰਦਰੋਂ ਹੀ ਪ੍ਰਮਾਤਮਾ ਦੇ ਸੱਚ ਦੀ ਸੋਝੀ ਪੈ ਜਾਂਦੀ ਹੈ, ਸੱਚੀ ਸਿੱਖਿਆ ਦੀ ਸੋਝੀ ਪੈ ਜਾਂਦੀ ਹੈ। **(ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ॥ ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ॥੨॥੯੯॥੧੨੨॥)**

ਜਦੋਂ ਵੀ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਹੋਣੇ ਹਨ ਉਹ ਸ਼ਬਦ ਦੁਆਰਾ ਹੀ ਹੋਣੇ ਹਨ ਪਰ ਸ਼ਬਦ ਦੇ ਮਕਸਦ ਨੂੰ ਸਮਝੇ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਦੇ ਦਰਸ਼ਨ ਕਦੇ ਨਹੀਂ ਕਰ ਸਕਦੇ। ਸ਼ਬਦ ਦੀ ਕਥਨੀ ਦੁਆਰਾ ਭਾਵ ਕੇਵਲ ਕਥਨੀ ਕਰੀ ਜਾਣ ਨਾਲ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਇਹ ਭੁੱਲੇ ਹੋਏ ਸਾਨੂੰ ਕਥਨੀ ਨਾਲ ਹੀ ਜੋੜਦੇ ਹਨ ਤੇ ਪ੍ਰਮਾਤਮਾ ਨੂੰ ਕਿਸੇ ਸਰਗੁਣ ਸਰੂਪ ਵਿੱਚ ਆਪਣੇ ਅੰਦਰ ਦੀ ਬਜਾਇ ਕਿਤੇ ਹੋਰ ਹੋਣ ਦੀਆਂ ਗੱਲਾਂ ਕਰਦੇ ਹਨ, ਕਿਸੇ ਖੰਡਾਂ, ਬ੍ਰਹਿਮੰਡਾਂ ਵਿੱਚ ਪ੍ਰਮਾਤਮਾ ਦੇ ਹੋਣ ਦੀਆਂ ਗੱਲਾਂ ਕਰਦੇ ਹਨ। ਇਹੋ ਜਿਹੀਆਂ ਗੱਲਾਂ ਕਰਨ ਵਾਲੇ ਕਿਤਨੇ ਵੱਡੇ ਭਰਮ ਵਿੱਚ ਹਨ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਇਹੋ ਜਿਹੀਆਂ ਗੱਲਾਂ ਕਰਨ ਵਾਲਿਆਂ ਨੂੰ ਸੱਚ ਦੀ ਸਮਝ ਨਹੀਂ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਸੋ ਜਨੁ ਸਾਚਾ ਜਿ ਅੰਤਰੁ ਭਾਲੇ॥ ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ॥
ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ॥੪॥”

(ਅੰਗ ੧੦੬੫)

ਜਿੰਨ੍ਹਾਂ ਦੇ ਅਸੀਂ ਪਿੱਛੇ ਲੱਗੇ ਹੋਏ ਹਾਂ ਕੀ ਉਨ੍ਹਾਂ ਦੇ ਵਿੱਚੋਂ ਕੋਈ ਇਹੋ ਜਿਹਾ ਹੈ ਜਿਸਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਸਨੂੰ ਨਿਰਗੁਣ ਰੂਪ ਵਿੱਚ ਪਾਉਣ ਦੀ ਗੱਲ ਕੀਤੀ ਹੋਵੇ, ਜਿਸਨੂੰ ਇਸ ਮਨ ਦੀ ਸੋਝੀ ਪਈ ਹੋਵੇ, ਜਿਸਨੂੰ ਮਨ ਦੇ ਗਿਆਨ ਦੀ ਸੋਝੀ ਪਈ ਹੋਵੇ ਕਿ ਪ੍ਰਮਾਤਮਾ ਸਾਡੇ ਅੰਦਰ ਗਿਆਨ ਦਾ ਅੰਜਨ ਕਿਵੇਂ ਪਾਉਂਦਾ ਹੈ। ਇਹ ਸੋਝੀ ਪੈਣ ਤੋਂ ਬਿਨ੍ਹਾਂ ਜੇ ਕੋਈ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦਾ ਹੈ ਫਿਰ ਉਸ ਵਿੱਚ ਕੇਵਲ ਝੂਠ ਹੈ ਭਾਵ ਉਸਦੇ ਅੰਦਰ ਸੱਚ ਨਹੀਂ ਹੈ। ਉਸ ਪ੍ਰਮਾਤਮਾ ਦੇ ਦਰਸ਼ਨ ਸਾਨੂੰ ਸ਼ਬਦ ਦੁਆਰਾ ਹੀ ਹੁੰਦੇ ਹਨ। ਆਪਣੇ ਸ਼ਬਦ ਦੁਆਰਾ ਪ੍ਰਮਾਤਮਾ ਸਾਡੇ ਅੰਦਰ “ਗਿਆਨ ਅੰਜਨੁ” ਹੀ ਪਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੀ ਸੋਝੀ ਹੀ ਪਾਉਂਦਾ ਹੈ। ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਸ਼ਬਦ ਦੇ ਗਿਆਨ ਦੁਆਰਾ ਹੀ ਹੁੰਦੇ ਹਨ ਜੋ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਤਾਂ ਹੀ ਇਸ ਗੱਲ ਦੀ

ਸਮਝ ਪੈਂਦੀ ਹੈ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ। ਸ਼ਬਦ ਦੇ ਮਕਸਦ ਨੂੰ ਸਮਝਣਾ ਬਹੁਤ ਜਰੂਰੀ ਹੈ। ਸ਼ਬਦ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਗਿਆਨ ਦੇਣ ਦੇ ਨਾਲ ਹੀ ਹੈ ਤਾਂ ਜੋ ਅਸੀਂ ਸ਼ਬਦ ਦੇ ਗਿਆਨ ਦੇ ਨਾਲ ਜੁੜੀਏ। ਸ਼ਬਦ ਦੇ ਗਿਆਨ ਦੇ ਨਾਲ ਜੁੜਨਾ ਹੀ ਸ਼ਬਦ ਦੇ ਨਾਲ ਜੁੜਨਾ ਹੈ ਤੇ ਜੇਕਰ ਸਾਰਾ ਦਿਨ ਸ਼ਬਦ ਨੂੰ ਰਟੀ ਜਾਵਾਂਗੇ, ਕਿਸੇ ਅੱਖਰ ਰੂਪ ਸ਼ਬਦ ਨੂੰ ਰਟੀ ਜਾਵਾਂਗੇ ਤੇ ਉਸ ਵਿੱਚ ਨਾ ਹੀ ਸ਼ਬਦ ਦਾ ਮਕਸਦ ਪੂਰਾ ਹੁੰਦਾ ਹੈ ਤੇ ਨਾ ਹੀ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ ਜੋ ਕਿ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਹੈ। ਸ਼ਬਦ ਦੇ ਗਿਆਨ ਨੂੰ ਆਪਣੇ ਅੰਦਰ ਵਸਾ ਕੇ ਹੀ ਅਸੀਂ ਉਸ ਸ਼ਬਦ ਦੇ ਮਾਲਕ ਤੱਕ ਪਹੁੰਚ ਸਕਦੇ ਹਾਂ। ਆਪਣੇ ਸ਼ਬਦ ਰਾਹੀਂ ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਰਾਹੀਂ ਸੱਚ ਹੀ ਸਮਝਾਇਆ ਹੋਇਆ ਹੈ ਤੇ ਉਸ ਸੱਚ ਨਾਲ ਜੁੜੇ ਬਿਨ੍ਹਾਂ, ਸੱਚੀ ਮਤਿ ਨਾਲ ਜੁੜੇ ਬਿਨ੍ਹਾਂ ਅਸੀਂ ਉਸ ਸੱਚ ਦੇ ਮਾਲਕ ਤੱਕ ਨਹੀਂ ਪਹੁੰਚ ਸਕਦੇ। ਜੋ ਖੁਦ ਸੱਚੇ ਨਹੀਂ ਹਨ ਭਾਵ ਜਿੰਨ੍ਹਾਂ ਨੂੰ ਖੁਦ ਸੱਚ ਦੀ ਸਮਝ ਨਹੀਂ ਹੈ, ਪ੍ਰਮਾਤਮਾ ਦੀ ਸਮਝ ਨਹੀਂ ਹੈ ਉਨ੍ਹਾਂ ਪਿੱਛੇ ਲੱਗ ਕੇ ਅਸੀਂ ਕਦੇ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਜੇਕਰ ਅਸੀਂ ਉਸ ਪ੍ਰਮਾਤਮਾ ਦੀ ਕਿਰਪਾ ਦੇ ਪਾਤਰ ਬਣਨਾ ਚਾਹੁੰਦੇ ਹਾਂ ਤੇ ਆਓ ਉਸ ਕਿਰਪਾ ਨਿਧਾਨ ਦੀ ਬਾਣੀ ਨਾਲ ਜੁੜੀਏ ਭਾਵ ਕੇਵਲ ਉਸਦੀ ਸੱਚੀ ਮਤਿ ਨਾਲ ਜੁੜੀਏ ਜੋ ਸਾਡਾ ਪ੍ਰਮਾਤਮਾ ਨਾਲ ਮੇਲ ਕਰਵਾ ਸਕਦੀ ਹੈ। **(ਸੋ ਜਨੁ ਸਾਚਾ ਜਿ ਅੰਤਰੁ ਭਾਲੇ॥ ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ॥ ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ॥੪॥)**

ਹੁਣ ਤੱਕ ਸਾਨੂੰ ਇਹ ਗੱਲ ਸਭ ਨੂੰ ਚੰਗੀ ਤਰ੍ਹਾਂ ਸਪੱਸ਼ਟ ਹੋ ਚੁੱਕੀ ਹੈ ਕਿ ਪ੍ਰਮਾਤਮਾ ਨੂੰ ਜਾਨਣ ਦਾ ਭੇਦ ਮਨ ਦੇ ਵਿੱਚ ਹੀ ਹੈ। ਮਨ ਦੇ ਵਿੱਚ ਹੀ ਅਗਿਆਨਤਾ ਹੈ ਤੇ ਮਨ ਦੇ ਵਿੱਚੋਂ ਹੀ ਸਾਨੂੰ ਸੱਚਾ ਗਿਆਨ ਮਿਲਦਾ ਹੈ ਜਿਸ ਦੁਆਰਾ ਆਪਣੇ ਅੰਦਰੋਂ ਹੀ ਉਸ ਪ੍ਰਮਾਤਮਾ ਦੇ ਸਾਨੂੰ ਦਰਸ਼ਨ ਹੁੰਦੇ ਹਨ, ਉਸ ਦੇ ਨਿਰਗੁਣ ਰੂਪ ਦੇ ਦਰਸ਼ਨ ਹੁੰਦੇ ਹਨ। ਫ਼ਰਕ ਕੇਵਲ ਮਨ ਦੀ ਅਵੱਸਥਾ ਦਾ ਹੈ ਹੋਰ ਕੁੱਝ ਵੀ ਨਹੀਂ। ਪ੍ਰਮਾਤਮਾ ਦੇ ਦਰਸ਼ਨ ਚੌਥੇ ਪਦ ਦੀ ਅਵੱਸਥਾ ਦੁਆਰਾ ਹੁੰਦੇ ਹਨ, ਮਨ ਦੇ ਵਿੱਚ ਸਹਜ ਗਿਆਨ ਦੇ ਉਪਜਣ ਦੁਆਰਾ ਹੁੰਦੇ ਹਨ ਤੇ ਹੋਰ ਪ੍ਰਮਾਤਮਾ ਦੇ ਨਾਲ ਮੇਲ ਦਾ ਕੋਈ ਵੀ ਸਾਧਨ ਨਹੀਂ ਹੈ ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਫ਼ਰਕ ਸਾਡੇ ਅੰਦਰ ਹਉਮੈ ਤੇ ਨਾਮ ਦੀ ਅਵੱਸਥਾ ਦਾ ਹੈ। ਹਉਮੈ ਵੀ ਸਾਡੇ ਮਨ ਦੇ ਵਿੱਚ ਹੈ ਤੇ ਨਾਮ ਵੀ ਸਾਡੇ ਮਨ ਦੇ ਵਿੱਚ ਹੈ। ਹਉਮੈ ਵੀ ਸਾਡੇ ਮਨ ਦੇ ਵਿਚਾਰ ਹਨ ਤੇ ਨਾਮ ਵੀ ਸਾਡੇ ਮਨ

ਦੇ ਵਿਚਾਰ ਹਨ। ਅਸੀਂ ਹਉਮੈ ਵਾਲੇ ਵਿਚਾਰਾਂ ਦੇ ਵਿੱਚੋਂ ਹੀ ਨਿਕਲਣਾ ਹੈ ਤੇ ਨਾਮ ਦੇ ਵਿਚਾਰਾਂ ਦੇ ਨਾਲ ਰਲਣਾ ਹੈ। ਹਉਮੈ ਵਾਲੇ ਵਿਚਾਰਾਂ ਦੀ ਨਾਮ ਦੇ ਵਿਚਾਰਾਂ ਦੇ ਨਾਲ ਵਿਰੋਧਤਾ ਹੈ ਜਿਸਨੂੰ ਕਿ ਸਭ ਤੋਂ ਜਿਆਦਾ ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿ ਇਹ ਵਿਰੋਧਤਾ ਕਿਉਂ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ। ਆਪਣੀ ਵਿਰੋਧਤਾ ਦੇ ਕਾਰਨ ਹੀ ਸਾਡੇ ਮਨ ਦੇ ਇਹ ਵਿਚਾਰ ਇੱਕ ਨਹੀਂ ਹੁੰਦੇ ਭਾਵ ਇਕੱਠੇ ਮਿਲ ਕੇ ਨਹੀਂ ਰਹਿੰਦੇ। ਇਨ੍ਹਾਂ ਦੇ

ਇਕੱਠੇ ਹੋਏ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਹਉਮੈ ਵਾਲੇ ਵਿਚਾਰਾਂ ਵਿੱਚ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ, ਉਸਦੀ ਸੇਵਾ ਦੀ ਸਮਝ ਹੀ ਨਹੀਂ ਪੈਂਦੀ ਜਿਸ ਕਰਕੇ ਮਨੁੱਖ ਦਾ ਜੀਵਨ ਵਿਅਰਥ ਹੀ ਚਲਾ ਜਾਂਦਾ ਹੈ ਭਾਵ ਸਾਡਾ ਇਹ ਜੀਵਨ ਲੇਖੇ ਨਹੀਂ ਲੱਗਦਾ, ਅਸੀਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ ਇਸ ਸੰਸਾਰ ਤੋਂ ਚਲੇ ਜਾਂਦੇ ਹਾਂ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਵਡਹੰਸੁ ਮਹਲਾ ੩॥

“ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥੧॥”

(ਅੰਗ ੫੬੦)

ਉਪਰਲੀਆਂ ਪੰਗਤੀਆਂ ਦੁਆਰਾ ਧਿਆਨ ਨਾਲ ਸਮਝੋ ਕਿ ਵਿਰੋਧ ਕਰਨ ਵਾਲਾ ਕੌਣ ਹੈ ਭਾਵ ਇਸ ਵਿਰੋਧ ਦਾ ਜਿੰਮੇਵਾਰ ਕੌਣ ਹੈ। ਵਿਰੋਧ ਕਰਨ ਵਾਲੀ “ਹਉਮੈ” ਹੈ ਜੋ “ਨਾਮ” ਦੇ ਨਾਲ ਵਿਰੋਧ ਕਰਦੀ ਹੈ। “ਨਾਮ” ਨੂੰ “ਹਉਮੈ” ਦੇ ਨਾਲ ਵਿਰੋਧ ਨਹੀਂ ਹੈ। ਨਾਮ ਆਪ ਪ੍ਰਮਾਤਮਾ ਹੈ ਜਿਸ ਨੂੰ ਕਿਸੇ ਦੇ ਨਾਲ ਵਿਰੋਧ ਨਹੀਂ ਹੈ, ਵੈਰ ਨਹੀਂ ਹੈ। ਉਹ ਨਿਰਵੈਰ ਹੈ ਤੇ ਸਭ ਦਾ ਭਲਾ ਕਰਨ ਵਾਲਾ ਹੈ। ਨਾਮ ਪ੍ਰਮਾਤਮਾ ਦਾ ਬਣਾਇਆ ਹੋਇਆ ਪੱਕਾ ਅਸੂਲ ਹੈ ਜੋ ਪੂਰੀ ਤਰ੍ਹਾਂ ਆਪਣੇ ਅਸੂਲ ਤੇ ਹੀ ਚੱਲਦਾ ਹੈ। ਨਾਮ ਬ੍ਰਹਮਗਿਆਨ ਹੈ ਜੋ ਸਭ ਲਈ ਇੱਕੋ ਜਿਹਾ ਹੈ ਤੇ ਕਿਸੇ ਦੇ ਨਾਲ ਕੋਈ ਭੇਦ ਭਾਵ ਨਹੀਂ ਕਰਦਾ। ਪ੍ਰਮਾਤਮਾ ਦੀ ਸਾਰੀ ਰਚਨਾ ਨਾਮ ਦੁਆਰਾ ਹੋਈ ਹੈ, ਬ੍ਰਹਮਗਿਆਨ ਦੁਆਰਾ ਹੋਈ ਹੈ, ਪੱਕੇ ਅਸੂਲ ਦੇ ਨਾਲ ਹੋਈ ਹੈ, ਸਾਇੰਟਿਫਿਕ ਤਰੀਕੇ ਨਾਲ ਹੋਈ ਹੈ ਤੇ ਆਪਣੇ ਪੱਕੇ ਅਸੂਲ ਅਨੁਸਾਰ ਹੀ ਉਸਦੀ ਸਾਰੀ ਰਚਨਾ ਚੱਲ ਰਹੀ ਹੈ, ਸਾਇੰਟਿਫਿਕ ਤਰੀਕੇ ਨਾਲ ਚੱਲ ਰਹੀ ਹੈ। ਪ੍ਰਮਾਤਮਾ ਨੇ ਸੰਸਾਰ ਦੇ ਵਿੱਚ ਵਿਚਰਨ ਲਈ, ਮਨੁੱਖ ਦੇ ਵਿਚਰਨ ਲਈ ਵੀ ਆਪਣਾ ਪੱਕਾ ਅਸੂਲ ਬਣਾਇਆ ਹੈ ਜੋ ਕਿ ਉਸਨੇ “ਸੱਚ” ਦੇ ਰੂਪ ਵਿੱਚ ਬਣਾਇਆ ਹੈ, “ਨਾਮ” ਦੇ ਰੂਪ ਵਿੱਚ ਬਣਾਇਆ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਸਾਡਾ ਸੱਚ ਦਾ ਮਾਰਗ ਦਿਖਾਇਆ ਹੈ ਜੋ ਕਿ ਉਸਦਾ “ਨਾਮ” ਹੈ।

“ਹਉਮੈ” ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਹਉਮੈ ਦਾ ਮੂਲ ਕਾਰਨ ਸਾਡਾ ਪ੍ਰਮਾਤਮਾ ਨਾਲੋਂ ਵੱਖਰਾਪਨ ਹੈ ਜੋ ਕਿ ਉਸਦੀ ਆਪਣੀ ਹੀ ਬਣਾਈ ਹੋਈ ਵਿਧੀ ਹੈ। ਆਪਣੀ ਇਹ ਵਿਧੀ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਈ ਹੋਈ ਹੈ ਜੋ ਕਿ ਉਸਦੀ ਮਾਇਆ ਦੀ ਜੁਗਤਿ ਦੇ ਰੂਪ ਵਿੱਚ ਸਾਡੇ ਸਭ ਦੇ ਅੰਦਰ ਹੈ। ਆਪ ਇਸ ਜੁਗਤਿ ਦੁਆਰਾ ਪ੍ਰਮਾਤਮਾ ਸਭ ਨੂੰ ਭਰਮ ਵਿੱਚ ਰੱਖਦਾ ਹੈ ਭਾਵ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਭਰਮ ਰੂਪ ਪੜਦਾ ਹੈ ਜੋ ਸਾਨੂੰ ਮਨ ਦੇ ਵਿੱਚੋਂ ਪ੍ਰਮਾਤਮਾ ਦੀ ਅਸਲੀਅਤ ਜਾਨਣ ਤੋਂ ਦੂਰ ਰੱਖਦਾ ਹੈ। ਇਹ ਪੜਦਾ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਮਨ ਦੇ ਇਨ੍ਹਾਂ ਵਿਚਾਰਾਂ ਦੀ ਅਵੱਸਥਾ, ਭਰਮ ਵਾਲੀ ਅਵੱਸਥਾ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਮਨ ਦੀ ਇਹ ਅਵੱਸਥਾ ਮਨਮਤਿ ਵਾਲੀ ਅਵੱਸਥਾ ਹੈ, ਦੁਰਮਤਿ ਵਾਲੀ ਅਵੱਸਥਾ ਹੈ, ਮਨ ਦੇ ਅੰਦਰ ਪੁੱਠੇ ਕਮਲ ਵਾਲੀ ਅਵੱਸਥਾ ਹੈ ਜਿਵੇਂ ਕਿ ਇਨ੍ਹਾਂ ਗੱਲਾਂ ਨੂੰ ਅਸੀਂ ਅਨੇਕਾਂ

ਸ਼ਬਦਾਂ ਦੁਆਰਾ ਸਮਝਿਆ ਹੈ।

ਹਉਮੈ ਦਾ ਨਾਮ ਦੇ ਨਾਲ ਵਿਰੋਧ ਕਿਸ ਕਾਰਨ ਹੈ ਹੁਣ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਹਉਮੈ ਸਾਡੀ ਕੱਚੀ ਮਤਿ ਹੈ, ਮਨਮਤਿ ਹੈ ਤੇ ਨਾਮ ਸੱਚੀ ਮਤਿ ਹੈ, ਗੁਰੂ ਦੀ ਮਤਿ ਹੈ। ਮਨਮਤਿ ਝੂਠ ਹੈ ਤੇ ਗੁਰਮਤਿ ਸੱਚ ਹੈ। ਮਨਮਤਿ ਵੀ ਸਾਡੇ ਮਨ ਦੇ ਵਿਚਾਰ ਹਨ ਭਾਵ ਹਉਮੈ ਵੀ ਸਾਡੇ ਮਨ ਦੇ ਵਿਚਾਰ ਹਨ ਤੇ ਗੁਰਮਤਿ ਵੀ ਮਨ ਦੇ ਵਿਚਾਰ ਹਨ। ਫਰਕ ਕੇਵਲ ਮਨ ਦੇ

ਵਿਚਾਰਾਂ ਦਾ ਹੀ ਹੈ। ਹਉਮੈ ਦੇ ਵਿਚਾਰ ਮਾੜੇ ਹਨ ਤੇ ਨਾਮ ਦੇ ਵਿਚਾਰ ਉੱਚੇ ਹਨ। ਇਹ ਵਿਰੋਧ ਮਾੜੇ ਵਿਚਾਰਾਂ ਦਾ ਚੰਗੇ ਵਿਚਾਰਾਂ ਦੇ ਨਾਲ ਹੈ। ਚੰਗੇ ਵਿਚਾਰਾਂ ਦਾ, ਗੁਰਮਤਿ ਦੇ ਵਿਚਾਰਾਂ ਦਾ ਵਿਰੋਧ ਸਾਡੇ ਨਾਲ ਨਹੀਂ ਹੈ ਤੇ ਉਹ ਸਾਡਾ ਭਲਾ ਹੀ ਚਾਹੁੰਦੇ ਹਨ, ਸਾਨੂੰ ਅਗਿਆਨਤਾ ਦੇ ਭਰਮ ਵਿੱਚੋਂ ਕੱਢ ਕੇ ਸ਼ਬਦ ਦੇ ਵਿਚਾਰਾਂ ਨਾਲ ਮਿਲਾਉਂਦੇ ਹਨ। ਗੁਰਮਤਿ ਦੇ ਵਿਚਾਰਾਂ ਦੁਆਰਾ ਸਭ ਦਾ ਭਲਾ ਹੀ ਹੁੰਦਾ ਹੈ ਕਿਉਂਕਿ ਉਹ ਸਾਨੂੰ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦੇ ਹਨ ਜਿਸ ਦੁਆਰਾ ਸਭ ਦਾ ਭਲਾ ਹੀ ਹੁੰਦਾ ਹੈ। ਚੰਗੇ ਵਿਚਾਰਾਂ ਦੁਆਰਾ ਸਭ ਦਾ ਭਲਾ ਹੁੰਦਾ ਹੈ ਤੇ ਮਾੜੇ ਵਿਚਾਰਾਂ ਦੁਆਰਾ ਹੀ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਮਨੁੱਖਤਾ ਦਾ ਮਾੜਾ ਕਰਦੇ ਹਾਂ। ਪ੍ਰਮਾਤਮਾ ਨੂੰ ਸਾਡੇ ਚੰਗੇ ਕਰਮ ਹੀ ਭਾਉਂਦੇ ਹਨ ਕਿਉਂਕਿ ਉਹ ਸਭ ਦਾ ਭਲਾ ਹੀ ਚਾਹੁੰਦਾ ਹੈ। ਹਉਮੈ ਵਾਲੀ ਅਵੱਸਥਾ ਵਿੱਚ ਰਹਿੰਦਿਆਂ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਤੇ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੁਆਰਾ ਵਿਚਰਦੇ ਹਾਂ ਜਿਸ ਦੁਆਰਾ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਦੇ ਹਾਂ। ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਅਸੀਂ ਅਨੇਕਾਂ ਦਾ ਮਾੜਾ ਕਰਦੇ ਹਾਂ। ਜੋ ਵੀ ਸਾਡਾ ਮਾੜਾ ਕਰਮ ਹੈ ਉਹ ਗੁਰਮਤਿ ਦੇ ਉਲਟ ਹੈ ਭਾਵ ਆਪਣੇ ਉਸ ਕਰਮ ਦੁਆਰਾ ਅਸੀਂ ਗੁਰਮਤਿ ਦਾ ਵਿਰੋਧ ਕਰਦੇ ਹਾਂ, ਨਾਮ ਦਾ ਵਿਰੋਧ ਕਰਦੇ ਹਾਂ, ਸੱਚ ਦਾ ਵਿਰੋਧ ਕਰਦੇ ਹਾਂ, ਸੱਚ ਦੀ ਨਿੰਦਾ ਕਰਦੇ ਹਾਂ, ਗੁਰੂ ਦੀ ਨਿੰਦਾ ਕਰਦੇ ਹਾਂ। ਗੁਰੂ ਜੋ ਕੰਮ ਸਾਨੂੰ ਕਰਨ ਲਈ ਮਨ੍ਹਾ ਕਰਦਾ ਹੈ ਅਸੀਂ ਗੁਰੂ ਦੀ ਗੱਲ ਦਾ ਵਿਰੋਧ ਕਰਦੇ ਹਾਂ ਭਾਵ ਆਪਣੀ ਮਤਿ ਵਰਤਦੇ ਹਾਂ। ਆਪਣੀ ਮਤਿ ਹਉਮੈ ਹੈ ਤੇ ਗੁਰੂ ਦੀ ਮਤਿ ਨਾਮ ਹੈ। ਇਹ ਹਉਮੈ ਦਾ ਨਾਮ ਦੇ ਨਾਲ ਵਿਰੋਧ ਹੈ ਤੇ ਇਸੇ ਲਈ ਸਾਡੇ ਮਾੜੇ ਕਰਮਾਂ ਦੀ ਜਿੰਮੇਵਾਰੀ ਸਾਡੀ ਹੈ। ਸਾਰਾ ਭੇਦ ਮਨ ਦੇ ਵਿਚਾਰਾਂ ਦਾ ਹੀ ਹੈ। ਮਨ ਦੇ ਵਿਚਾਰਾਂ ਵਿੱਚ ਹੀ ਹਉਮੈ ਹੈ ਤੇ ਮਨ ਦੇ ਵਿਚਾਰਾਂ ਵਿੱਚ ਹੀ ਨਾਮ ਵੱਸ ਸਕਦਾ ਹੈ। ਸਾਡੇ ਅੰਦਰ ਨਾਮ ਦਾ

ਵੱਸਣਾ, ਗੁਰਮਤਿ ਦਾ ਵੱਸਣਾ ਜਾਂ ਸੱਚ ਦਾ ਵੱਸਣਾ ਇੱਕੋ ਹੀ ਗੱਲ ਹੈ। ਇਹ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਵੱਸਣਾ ਹੈ ਜੋ ਸਾਡੇ ਅੰਦਰ ਮਨ ਦੇ ਸੱਚੇ ਵਿਚਾਰਾਂ ਦੇ ਰੂਪ ਵਿੱਚ ਵੱਸਦਾ ਹੈ। ਮਨ ਦੇ ਵਿਚਾਰ ਤਾਂ ਹੀ ਸੱਚੇ ਬਣਦੇ ਹਨ ਜੇਕਰ ਮਨ ਦੀ ਸੋਝੀ ਸੱਚੀ ਹੋਵੇ। ਇਹ ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਹੋਰ ਕਿਸੇ ਦੇ ਕੋਲ ਨਹੀਂ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕੇ। ਗੁਰੂ ਤੋਂ ਬਿਨ੍ਹਾਂ ਹਰ ਕੋਈ ਹਉਮੈ ਵਿੱਚ ਹੀ ਹੈ ਤੇ ਜਿੰਨ੍ਹਾਂ ਕੋਲੋਂ ਅਸੀਂ ਆਪਣੇ ਧਰਮ ਦੀ ਸਿੱਖਿਆ ਲਈ ਹੋਈ ਹੈ, ਨਾਮ ਦੀ ਸਿੱਖਿਆ ਲਈ ਹੋਈ ਹੈ, ਭਗਤੀ ਦੇ ਤਰੀਕੇ ਸਿੱਖੇ ਹੋਏ ਹਨ ਉਹ ਸਭ ਹਉਮੈ ਵਿੱਚ ਹੀ ਹਨ, ਅਗਿਆਨਤਾ ਵਿੱਚ, ਤ੍ਰੈਗੁਣਾਂ ਵਿੱਚ ਹੀ ਹਨ। ਹਉਮੈ ਦੇ ਰਹਿੰਦਿਆਂ ਹਰ ਕੋਈ ਨਾਮ ਦੀ ਵਿਰੋਧਤਾ ਹੀ ਕਰਦਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਪਏ ਬਿਨ੍ਹਾਂ ਅਸੀਂ ਅਨੇਕਾਂ ਤਰੀਕਿਆਂ ਦੁਆਰਾ ਨਾਮ ਦੀ ਵਿਰੋਧਤਾ ਹੀ ਕਰਦੇ ਹਾਂ। ਸਾਡਾ ਜੋ ਵੀ ਭਗਤੀ ਕਰਨ ਦਾ ਤਰੀਕਾ ਗੁਰਮਤਿ ਅਨੁਸਾਰ ਨਹੀਂ ਹੈ ਉਸ ਵਿੱਚ ਗੁਰਮਤਿ ਦੀ ਵਿਰੋਧਤਾ ਹੈ, ਨਾਮ ਦੀ ਵਿਰੋਧਤਾ ਹੈ, ਸੱਚ ਦੀ ਵਿਰੋਧਤਾ ਹੈ ਜੋ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੀ ਗੱਲ ਹੈ। ਜੋ ਵੀ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਨ੍ਹਾਂ ਦੁਆਰਾ ਅਸੀਂ ਗੁਰੂ ਦੇ ਬੋਲਾਂ ਨੂੰ ਹੀ ਵਿਗਾੜਦੇ ਹਾਂ ਜਿਸ ਦਾ ਵੱਡਾ ਕਾਰਨ ਗੁਰਮਤਿ ਦੀ ਸੋਝੀ ਦਾ ਨਾ ਹੋਣਾ ਹੈ। ਜਿੰਨ੍ਹਾਂ ਨੂੰ ਗੁਰਮਤਿ ਦੀ ਆਪ ਸੋਝੀ ਨਹੀਂ ਹੈ ਅਸੀਂ ਉਨ੍ਹਾਂ ਕੋਲੋਂ ਗੁਰਮਤਿ ਸਿੱਖਣ ਜਾਂਦੇ ਹਾਂ ਤੇ ਉਨ੍ਹਾਂ ਨੂੰ ਉੱਚਾ ਥਾਪਦੇ ਹਾਂ। ਜਿੰਨ੍ਹਾਂ ਨੇ ਸਾਨੂੰ ਇੱਕ ਅੱਖਰ ਰੂਪ ਨਾਮ ਜਪਣਾ ਸਿਖਾਇਆ ਹੈ ਇਹ ਗੁਰਮਤਿ ਦੇ ਉਲਟ ਹੈ ਭਾਵ ਗੁਰਮਤਿ ਦੀ ਵਿਰੋਧਤਾ ਹੈ ਭਾਵ ਨਾਮ ਦੀ ਵਿਰੋਧਤਾ ਹੈ। ਇਸੇ ਤਰ੍ਹਾਂ ਭਗਤੀ ਦੇ ਜਿਤਨੇ ਵੀ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਇਹੋ ਜਿਹੇ ਕਿਸੇ ਵੀ ਤਰੀਕੇ ਨੂੰ ਅਪਣਾਉਣਾ ਗੁਰਮਤਿ ਦੇ ਉਲਟ ਚੱਲਣ ਵਾਲੀ ਗੱਲ ਹੈ ਭਾਵ ਗੁਰੂ ਦੀ ਗੱਲ ਨਾਲ ਵਿਰੋਧਤਾ ਦਿਖਾਉਣ ਵਾਲੀ ਗੱਲ ਹੈ, ਨਾਮ ਨਾਲ ਵਿਰੋਧਤਾ ਦਿਖਾਉਣ ਵਾਲੀ ਗੱਲ ਹੈ ਜਿਸਦਾ ਕਾਰਨ ਸਾਡੀ ਹਉਮੈ ਹੈ, ਅਗਿਆਨਤਾ ਹੈ। ਗੁਰੂ ਦੀ ਜਿਹੜੀ ਗੱਲ ਨਾਲ ਸਾਡੀ

ਸਹਿਮਤੀ ਨਹੀਂ ਹੈ ਉਹ ਅਸਲ ਵਿੱਚ ਸਾਡੀ ਵਿਰੋਧਤਾ ਹੈ ਕਿ ਅਸੀਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ। ਗੁਰੂ ਦੀ ਗੱਲ ਨਾਲ ਸਹਿਮਤ ਹੋਣਾ ਜਾਂ ਨਾ ਸਹਿਮਤ ਹੋਣਾ ਇਹ ਸਾਡੇ ਮਨ ਦੇ ਵਿਚਾਰ ਹੀ ਹਨ। ਜੇਕਰ ਸਾਡੇ ਮਨ ਦੀ ਸੋਝੀ ਮਾੜੀ ਹੈ ਫਿਰ ਅਸੀਂ ਗੁਰੂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੋ ਸਕਦੇ। ਸਾਰੀ ਗੱਲ ਇੱਥੇ ਨਿਬੜਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਦੀ, ਉਸਦਾ ਨਾਮ ਜਪਣ ਦੀ ਸੋਝੀ ਕਿੱਥੋਂ ਲਈ ਹੋਈ ਹੈ ਭਾਵ ਸਾਡੀ ਸੋਝੀ ਦਾ ਸ੍ਰੋਤ ਕੀ ਹੈ। ਸਾਡੀ ਸੋਝੀ ਦਾ ਸ੍ਰੋਤ ਕੋਈ ਨਾ

ਕੋਈ ਜਰੂਰ ਹੈ ਜਿੱਥੋਂ ਅਸੀਂ ਸੋਝੀ ਲੈ ਕੇ ਆਪਣੇ ਮਨ ਦੇ ਵਿਚਾਰ ਬਣਾਏ ਹਨ। ਭਗਤੀ ਦਾ ਮੂਲ ਮਨ ਦੀ ਸੋਝੀ ਦੇ ਵਿੱਚ ਹੀ ਹੈ ਕਿ ਇਹ ਸੋਝੀ ਅਸੀਂ ਕਿੱਥੋਂ ਲੈਂਦੇ ਹਾਂ। ਜੇਕਰ ਸਾਡੀ ਸੋਝੀ ਦਾ ਸ੍ਰੋਤ ਸੱਚਾ ਹੈ ਤਾਂ ਫਿਰ ਸਾਡੇ ਮਨ ਦੇ ਵਿਚਾਰ ਸੱਚ ਦੇ ਨਾਲ ਹੀ ਜੁੜਨਗੇ ਤੇ ਸੱਚ ਦਾ ਸ੍ਰੋਤ ਸਾਡੇ ਕੋਲ ਕੇਵਲ ਗੁਰਬਾਣੀ ਹੈ, ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜਿੰਨ੍ਹਾਂ ਦੀ ਸੋਝੀ ਉਸ ਸੱਚ ਰੂਪ ਪ੍ਰਮਾਤਮਾ ਦੇ ਕੋਲੋਂ ਆਈ ਹੈ ਤੇ ਇਤਨੇ ਵੱਡੇ ਸੱਚ ਦੇ ਸ੍ਰੋਤ ਨੂੰ ਛੱਡ ਕੇ ਜੇਕਰ ਫਿਰ ਵੀ ਅਸੀਂ ਕਿਸੇ ਹੋਰ ਦੀ ਸੋਝੀ ਨਾਲ ਜੁੜਦੇ ਹਾਂ ਫਿਰ ਸਾਡੇ ਤੋਂ ਵੱਡਾ ਅਭਾਗਾ ਕੌਣ ਹੈ। ਆਓ ਭਾਗਾਂ ਵਾਲੇ ਬਣੀਏ ਤੇ ਕੇਵਲ ਨਾਮ ਦੇ ਸ੍ਰੋਤ ਨਾਲ ਜੁੜੀਏ, ਸੱਚੀ ਸੋਝੀ ਦੇ ਸ੍ਰੋਤ ਨਾਲ ਜੁੜੀਏ ਤੇ ਨਾਮ ਦੇ ਨਾਲ ਆਪਣੀ ਵਿਰੋਧਤਾ ਮੁਕਾਈਏ। ਜਿਉਂ ਜਿਉਂ ਗੁਰਬਾਣੀ ਦੀ ਸੱਚੀ ਮਤਿ ਸਾਡੇ ਅੰਦਰ ਵੱਸਦੀ ਜਾਵੇਗੀ ਤਿਉਂ ਤਿਉਂ ਅਸੀਂ ਭਰਮਾਂ ਵਿੱਚੋਂ ਨਿਕਲੀ ਜਾਵਾਂਗੇ ਭਾਵ ਹਉਮੈ ਵਿੱਚੋਂ ਨਿਕਲੀ ਜਾਵਾਂਗੇ। ਹਉਮੈ ਨੂੰ ਖ਼ਤਮ ਕਰਨ ਦਾ ਸਾਡਾ ਸੱਚਾ ਉੱਦਮ ਇਹੋ ਹੀ ਹੈ ਜਿਸ ਦੁਆਰਾ ਸਾਡੇ ਭਾਗ ਖੁੱਲ੍ਹ ਸਕਦੇ ਹਨ ਤੇ ਅਪਣੇ ਅੰਦਰੋਂ ਹੀ ਉਸ ਸੱਚ ਦੇ ਸ੍ਰੋਤ ਦੇ, ਨਾਮ ਦੇ ਸ੍ਰੋਤ ਦੇ ਦਰਸ਼ਨ ਹੋ ਸਕਦੇ ਹਨ ਜਿਸ ਸ੍ਰੋਤ ਤੋਂ ਪੂਰੀ ਗੁਰਬਾਣੀ ਆਈ ਹੈ, ਨਾਮ ਦੀ ਸੋਝੀ ਆਈ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਸਮਝਾ ਰਹੀ ਹੈ, ਇੱਕੋ ਜਿਹਾ ਨਾਮ ਜਪਣਾ ਸਮਝਾ ਰਹੀ ਹੈ, ਇੱਕੋ ਜਿਹੇ ਸੱਚ ਤੇ ਚੱਲਣਾ ਸਮਝਾ ਰਹੀ ਹੈ ਜੋ ਕਿ ਅਸਲ ਵਿੱਚ ਸਾਡਾ

ਸਭ ਦਾ ਧਰਮ ਹੈ। ਗੁਰਬਾਣੀ ਸਾਰੇ ਸੰਸਾਰ ਨੂੰ ਕਿਹੋ ਜਿਹਾ ਧਰਮ ਸਮਝਾ ਰਹੀ ਹੈ, ਕਿਹੋ ਜਿਹਾ ਨਾਮ ਸਮਝਾ ਰਹੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਜਿਸ ਵਿੱਚ ਪੂਰੀ ਗੁਰਬਾਣੀ ਦਾ ਸਾਰ ਹੀ ਸਮਝਾਇਆ ਹੋਇਆ ਹੈ ਤੇ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਤਾਂ ਜੋ ਕਿਸੇ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ। ਗੁਰਮਤਿ ਦਾ ਸਾਰ ਕੀ ਹੈ, ਗੁਰਮਤਿ ਤੇ ਪੂਰਾ ਉਤਰਨਾ ਕੀ ਹੈ ਇਸ ਦੀ ਸੋਝੀ ਵੀ ਨਾਲ ਹੀ ਪੈ ਜਾਂਦੀ ਹੈ।

“ਏਕੋ ਗਿਆਨੁ ਧਿਆਨੁ ਧੁਨਿ ਬਾਣੀ॥ ਏਕੁ ਨਿਰਾਲਮੁ ਅਕਥ ਕਹਾਣੀ॥
ਏਕੋ ਸਬਦੁ ਸਚਾ ਨੀਸਾਣੁ॥ ਪੂਰੇ ਗੁਰ ਤੇ ਜਾਣੈ ਜਾਣੁ॥੩॥
ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥
ਅਨਹਦਿ ਰਾਤਾ ਏਕ ਲਿਵ ਤਾਰ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ॥੪॥”

(ਅੰਗ ੧੧੮੮)

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਪਹਿਲੇ ਪਦੇ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਨੂੰ ਸਾਡਾ ਧਰਮ ਕਿਸ ਦੇ ਕੋਲੋਂ ਸਿੱਖਣਾ ਚਾਹੀਦਾ ਹੈ ਤੇ ਕਿਸ ਵਜ੍ਹਾ ਕਰਕੇ ਸਿੱਖਣਾ ਚਾਹੀਦਾ ਹੈ। ਦੂਸਰੇ ਪਦੇ ਰਾਹੀਂ ਸਾਨੂੰ ਸਾਡਾ ਧਰਮ ਸਮਝਾਇਆ ਹੋਇਆ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪਹਿਲਾਂ ਅਸੀਂ ਪਹਿਲੇ ਪਦੇ ਨੂੰ ਸਮਝਦੇ ਹਾਂ ਕਿ ਗੁਰਬਾਣੀ ਨੂੰ ਕਿਸ ਕਰਕੇ ਸਾਰੇ ਸੰਸਾਰ ਦੇ ਧਰਮ ਦੀ ਸੋਝੀ ਹੈ। ਸ਼ਬਦਾਂ ਰਾਹੀਂ ਸਾਨੂੰ ਹਰ ਗੱਲ ਤਰਤੀਬ ਨਾਲ ਸਮਝਾਈ ਹੁੰਦੀ ਹੈ।

“ਏਕੋ ਗਿਆਨੁ ਧਿਆਨੁ ਧੁਨਿ ਬਾਣੀ॥ ਏਕੁ ਨਿਰਾਲਮੁ ਅਕਥ ਕਹਾਣੀ॥
ਏਕੋ ਸਬਦੁ ਸਚਾ ਨੀਸਾਣੁ॥ ਪੂਰੇ ਗੁਰ ਤੇ ਜਾਣੈ ਜਾਣੁ॥੩॥”

“ਗਿਆਨੁ ਧਿਆਨੁ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਇਹ ਮਨ ਦੀ ਉਹ ਅਵੱਸਥਾ ਹੈ ਜਿਸ ਵਿੱਚ ਸਾਨੂੰ ਮਨ ਦੇ ਵਿੱਚ ਹੀ ਧਰਮ ਦੇ ਪੂਰਨ ਗਿਆਨ ਦੀ ਸੋਝੀ ਪੈਂਦੀ ਹੈ। ਇਹ ਮਨ ਦੇ ਵਿੱਚ ਚੌਥੇ ਪਦ ਵਾਲੀ ਅਵੱਸਥਾ ਹੈ ਜਿਸ ਅਵੱਸਥਾ ਵਿੱਚ ਆਪ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਇਆ ਹੁੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਸਾਡੇ ਮਨ ਦੀ ਧੁਨਿ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਨਾਲ ਜੁੜਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਬਾਣੀ ਆਈ ਹੈ, ਗੁਰਬਾਣੀ ਆਈ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਆਪਣੀ ਬਾਣੀ ਸੁਣਾਉਂਦਾ ਹੈ ਜਿਸ ਵਿੱਚ ਪੂਰਨ ਸੱਚ ਹੁੰਦਾ ਹੈ ਜਿਸ ਦਾ ਹਰ ਬੋਲ ਸੱਚ ਹੁੰਦਾ ਹੈ।

ਪੂਰੀ ਗੁਰਬਾਣੀ ਮਨ ਦੀ ਇਸ ਅਵੱਸਥਾ ਦੁਆਰਾ ਆਈ ਹੈ। **(ਏਕੋ ਗਿਆਨੁ ਧਿਆਨੁ ਧੁਨਿ ਬਾਣੀ॥)**

{"ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ॥੧॥"}

(ਅੰਗ ੧੨੪੩)

ਇਸੇ ਲਈ ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ ਭਾਵ ਪ੍ਰਮਾਤਮਾ ਦੀ ਆਪਣੀ ਬਾਣੀ ਹੈ ਜੋ ਸਾਡੇ ਅੰਦਰ ਗਿਆਨ ਧਿਆਨ ਦੀ ਅਵੱਸਥਾ ਰਾਹੀਂ ਪ੍ਰਗਟ ਹੁੰਦੀ ਹੈ ਤੇ ਆਪਣੀ ਸੱਚੀ ਬਾਣੀ ਆਪ ਹੀ ਸੁਣਾਉਂਦਾ ਹੈ। ਜਦ ਤੱਕ ਸਾਡੀ ਮਤਿ ਕੱਚੀ ਹੈ ਤਦ ਤੱਕ ਸਾਡੇ ਅੰਦਰ ਸੱਚੀ ਬਾਣੀ ਨਹੀਂ ਉਪਜ ਸਕਦੀ। ਸਾਡੇ ਅੰਦਰ ਇਸ ਬਾਣੀ ਨੂੰ ਆਖਣ ਵਾਲਾ ਭਾਵ ਸੁਣਾਉਣ ਵਾਲਾ ਆਪ "ਗੁਰਮੁਖਿ" ਹੈ ਭਾਵ ਪ੍ਰਮਾਤਮਾ ਹੈ ਤੇ ਜੋ ਮਨ ਦੇ ਅੰਦਰੋਂ ਉਸ ਦੀ ਬਾਣੀ ਨੂੰ ਜਾਣ ਲੈਂਦਾ ਹੈ ਉਹ "ਗੁਰਮੁਖਿ" ਰੂਪ ਬਣ ਜਾਂਦਾ ਹੈ ਭਾਵ ਪ੍ਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ ਜਿਵੇਂ ਕਿ ਉਸਦੀ ਸੱਚੀ ਬਾਣੀ ਜਾਨਣ ਵਾਲੇ ਬਣੇ ਹਨ। ਪ੍ਰਮਾਤਮਾ ਦੀ ਇਹ ਦਾਤਿ ਮਨ ਦੇ ਅੰਦਰ ਸੱਚੇ ਗਿਆਨ ਦੀ ਦਾਤਿ ਵੱਡੇ ਕਰਮਾਂ ਨਾਲ ਹੀ ਪ੍ਰਾਪਤ ਹੁੰਦੀ ਹੈ ਜੋ ਕਿ ਕੇਵਲ ਉਸਦੀ ਆਪਣੀ ਕ੍ਰਿਪਾ ਹੈ। ਇਸ ਸੱਚੀ ਸੋਝੀ ਦੇ ਨਾਲ ਸਾਡੀ ਸੁਰਤਿ ਦੀ ਸੋਝੀ ਹੀ ਬਦਲਦੀ ਹੈ, ਸਾਡੇ ਵਿਚਾਰ ਹੀ ਬਦਲਦੇ ਹਨ ਤੇ ਤਾਂ ਹੀ ਸਾਡਾ ਧਿਆਨ ਪ੍ਰਮਾਤਮਾ ਦੇ ਨਾਲ ਜੁੜਦਾ ਹੈ, ਉਸਦੀ ਸੱਚੀ ਮਤਿ ਦੇ ਨਾਲ ਜੁੜਦਾ ਹੈ। **(ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥)** ਜਿੰਨ੍ਹਾਂ ਦੇ ਧਿਆਨ ਵਿੱਚ ਗੁਰਬਾਣੀ ਵਸੀ ਹੈ ਉਨ੍ਹਾਂ ਨੇ ਹੀ ਸੰਸਾਰ ਲਈ ਗੁਰਬਾਣੀ ਦੀ ਰਚਨਾ ਕੀਤੀ ਹੈ। ਜਿਸਨੂੰ ਪ੍ਰਮਾਤਮਾ ਆਪਣੇ ਹੁਕਮ ਦੇ ਨਾਲ ਸਾਜਦਾ ਹੈ ਤੇ ਆਪਣੇ ਹੁਕਮ ਵਿੱਚ ਰੱਖਦਾ ਹੈ ਭਾਵ ਆਪਣੇ ਹੁਕਮ ਅਨੁਸਾਰ ਚਲਾਉਂਦਾ ਹੈ ਉਸਨੂੰ ਮਨ ਦੇ ਵਿੱਚ ਪਹਿਲੇ ਆਪਣਾ ਹੁਕਮ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੁਕਮ ਕੀ ਹੈ, ਉਸਦੀ ਪਾਈ ਹੋਈ ਸੱਚੀ ਸੋਝੀ ਹੀ ਹੈ ਜੋ ਸਾਡੇ ਸਭ ਲਈ ਉਸਦਾ ਹੁਕਮ ਹੈ ਤੇ ਉਸਦੇ ਹੁਕਮ ਨੂੰ ਮੰਨਣਾ ਹੀ ਸਾਡਾ ਫਰਜ਼ ਹੈ, ਸਾਡਾ ਧਰਮ ਹੈ ਜਿਸ ਦੁਆਰਾ ਅਸੀਂ ਵਿਚਰਨਾ ਹੈ। ਜਿੰਨ੍ਹਾਂ ਨੇ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਜਾਣਿਆ ਹੈ ਉਹ ਉਸਦੇ ਹੁਕਮ ਅਨੁਸਾਰ ਹੀ ਵਿਚਰੇ ਹਨ ਕਿਉਂਕਿ ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ, ਵੇਖਦਾ ਹੈ। **(ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥)**

ਅਗਲੀ ਪੰਗਤੀ ਨੂੰ ਹੁਣ ਫਿਰ ਤੋਂ ਧਿਆਨ ਨਾਲ ਸਮਝੋ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਉਸ ਪ੍ਰਮਾਤਮਾ ਦੇ ਦਰਬਾਰ ਵਿੱਚ ਪ੍ਰਵਾਣ ਹੋਣਾ ਕੀ ਹੈ।

"ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ॥੧॥"

ਮਨ ਦੇ ਵਿੱਚ ਗਿਆਨ ਧਿਆਨ ਦੀ ਅਵੱਸਥਾ ਦੁਆਰਾ ਹੀ ਮਨੁੱਖ ਹਉਮੈ ਵਾਲੀ ਅਵੱਸਥਾ ਵਿੱਚੋਂ

ਨਿਕਲਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਇਸ ਮਨ ਦੀ ਸੋਝੀ ਪੈਂਦੀ ਹੈ ਕਿ ਇਹ ਮਨ ਕੀ ਹੈ, ਇਸ ਮਨ ਦੇ ਵਿਚਾਰਾਂ ਦਾ ਮਾਲਕ ਕੌਣ ਹੈ। ਇਸ ਤੋਂ ਬਾਅਦ ਹੀ ਸਾਡੀ ਭਰਮ ਵਾਲੀ ਅਵੱਸਥਾ ਨਿਕਲਦੀ ਹੈ, ਹਉਮੈ ਵਾਲੀ ਅਵੱਸਥਾ ਦੂਰ ਹੁੰਦੀ ਹੈ। ਇਹ ਹਉਮੈ ਨਿਕਲੇ ਬਿਨ੍ਹਾਂ, ਆਪਣੇ ਆਪ ਦੀ ਸੋਝੀ ਪਏ ਬਿਨ੍ਹਾਂ, ਮਨ ਦੇ ਵਿੱਚ ਗਿਆਨ ਦੇ ਮਾਲਕ ਦੀ ਸੋਝੀ ਪਏ ਬਿਨ੍ਹਾਂ ਕੋਈ ਵੀ ਉਸ ਪ੍ਰਮਾਤਮਾ ਦੇ ਦਰਬਾਰ ਵਿੱਚ ਪ੍ਰਵਾਨ ਨਹੀਂ ਹੋ ਸਕਦਾ। ਉਸ ਦੇ ਦਰਬਾਰ ਵਿੱਚ, ਉਸਦੀ ਦਰਗਾਹ ਵਿੱਚ ਉਹੀ ਪ੍ਰਵਾਨ ਹੈ ਜੋ ਉਸ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣ ਲੈਂਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। **(ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ॥੧॥)**

ਗਿਆਨ ਧਿਆਨ ਦੀ ਅਵੱਸਥਾ ਦੀ ਸੋਝੀ ਪਏ ਬਿਨ੍ਹਾਂ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਤਾਂ ਬਹੁਤ ਹਨ, ਧਰਮ ਦੀਆਂ ਮਤਾ ਦੇਣ ਵਾਲੇ ਤਾਂ ਬਹੁਤ ਹਨ ਪਰ ਸਾਨੂੰ ਉਹ ਕੁੱਝ ਸਮਝਾਉਂਦੇ ਹਨ ਜੋ ਗੱਲ ਗੁਰਮਤਿ ਤੇ ਪੂਰੀ ਨਹੀਂ ਉਤਰਦੀ, ਸੱਚ ਤੇ ਪੂਰੀ ਨਹੀਂ ਉਤਰਦੀ ਜਿਵੇਂ ਕਿ ਹੇਠ ਦਿੱਤੀ ਪੰਗਤੀ ਰਾਹੀਂ ਸਮਝਿਆ ਜਾ ਸਕਦਾ ਹੈ।

ਮਃ ੧॥

{"ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥"}

(ਅੰਗ ੧੨੮੯)

"ਗਿਆਨੁ ਧਿਆਨੁ" ਦੀ ਅਵੱਸਥਾ ਦੀ ਪ੍ਰਾਪਤੀ ਹੋਏ ਬਿਨ੍ਹਾਂ ਸੱਚ ਨੂੰ ਸਮਝਣ ਵਿੱਚ, ਧਰਮ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ। ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ ਤੇ ਨਾਲ ਹੀ ਕੁੱਝ ਹੋਰ ਸ਼ਬਦਾਂ ਦੁਆਰਾ ਸੱਚਾਈ ਨੂੰ ਸਮਝਾਂਗੇ, ਭਰਮ ਵਿੱਚੋਂ ਨਿਕਲਾਂਗੇ। "ਗਿਆਨੁ ਧਿਆਨੁ" ਦੀ ਅਵੱਸਥਾ ਹੀ ਸਾਡੇ ਮਨ ਦੀਆਂ ਉਹ ਅੱਖਾਂ ਹਨ ਜਿੰਨ੍ਹਾਂ ਦੁਆਰਾ ਸਾਨੂੰ ਸੱਚ ਨਜ਼ਰ ਆਉਂਦਾ ਹੈ ਭਾਵ ਸੱਚ ਦੀ ਸੋਝੀ ਪੈਂਦੀ ਹੈ। ਮਨ ਦੀਆਂ ਇਨ੍ਹਾਂ ਅੱਖਾਂ ਦੁਆਰਾ ਹੀ ਸਾਨੂੰ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਹੁੰਦੇ ਹਨ, ਆਪਣੇ ਅੰਦਰੋਂ ਤੇ ਸਭ ਜਗ੍ਹਾ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ।

24/2585

"ਗਿਆਨੁ ਧਿਆਨੁ" ਨੂੰ ਸਮਝੇ ਬਿਨ੍ਹਾਂ ਸਾਨੂੰ ਮੁੱਖ ਸ਼ਬਦ ਦੀਆਂ ਪੰਗਤੀਆਂ ਦੀ ਸੋਝੀ ਪੈਣੀ ਔਖੀ ਹੈ ਤੇ ਹੁਣ ਅਸੀਂ ਉਨ੍ਹਾਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ।

"ਏਕੋ ਗਿਆਨੁ ਧਿਆਨੁ ਧੁਨਿ ਬਾਣੀ॥ ਏਕੁ ਨਿਰਾਲਮੁ ਅਕਥ ਕਹਾਣੀ॥
ਏਕੋ ਸਬਦੁ ਸਚਾ ਨੀਸਾਣੁ॥ ਪੂਰੇ ਗੁਰ ਤੇ ਜਾਣੈ ਜਾਣੁ॥੩॥"

ਜਦੋਂ ਸਾਡੇ ਮਨ ਦੀ ਧੁਨਿ, ਮਨ ਦੇ ਵਿਚਾਰ "ਗਿਆਨੁ ਧਿਆਨੁ" ਦੀ ਅਵੱਸਥਾ ਨਾਲ ਜੁੜ ਜਾਂਦੀ ਹੈ ਉਸ ਰਾਹੀਂ ਪ੍ਰਮਾਤਮਾ ਸਾਨੂੰ ਸੱਚ ਦੀ ਸੋਝੀ ਹੀ ਪਾਉਂਦਾ ਹੈ ਜਿਸ ਸੱਚ ਦੀ ਸੋਝੀ ਦੁਆਰਾ ਬਾਣੀ ਦੀ ਰਚਨਾ ਹੋਈ ਹੈ। ਮਨ ਦੀ ਇਸ ਅਵੱਸਥਾ ਵਿੱਚ ਗਿਆਨ ਦੇਣ ਵਾਲਾ, ਆਪਣੇ ਨਾਲ ਧਿਆਨ ਜੋੜਨ ਵਾਲਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੁੰਦਾ ਹੈ ਤੇ ਇਸੇ ਲਈ ਸਾਰੀ ਬਾਣੀ ਵਿੱਚ ਇੱਕੋ ਜਿਹਾ ਸੱਚਾ ਗਿਆਨ ਹੈ ਭਾਵੇਂ ਬਾਣੀ ਅਨੇਕਾਂ ਸਰੀਰਾਂ ਰਾਹੀਂ ਆਈ ਹੈ। **(ਏਕੋ ਗਿਆਨੁ ਧਿਆਨੁ ਧੁਨਿ ਬਾਣੀ॥)**

ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥੁ ਕਹਾਣੀ ਬਿਆਨ ਕਰ ਰਹੀ ਹੈ, ਉਸ ਪ੍ਰਮਾਤਮਾ ਦੀ ਅਕਥੁ ਕਥਾ ਸੁਣਾ ਰਹੀ ਹੈ। ਆਪਣੀ ਕਥਾ ਪ੍ਰਮਾਤਮਾ ਆਪ ਹੀ ਸੁਣਾਉਂਦਾ ਹੈ, ਮਨ ਦੇ ਵਿੱਚ "ਗਿਆਨੁ ਧਿਆਨੁ" ਦੀ ਅਵੱਸਥਾ ਦੁਆਰਾ ਸੁਣਾਉਂਦਾ ਹੈ ਤੇ ਤਾਂ ਹੀ ਪ੍ਰਮਾਤਮਾ ਬਾਰੇ ਸੋਝੀ ਪੈਂਦੀ ਹੈ, ਉਸਦੀ ਨਾ ਕਥੀ ਜਾਣ ਵਾਲੀ ਕਥਾ ਦੀ ਸਮਝ ਪੈਂਦੀ ਹੈ ਕਿਉਂਕਿ ਆਪਣੇ ਆਪ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ। ਇਸੇ ਲਈ ਪੂਰੀ ਗੁਰਬਾਣੀ ਵਿੱਚ ਭਾਵ ਗੁਰਬਾਣੀ ਦੀ ਪੂਰੀ ਮਤਿ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਉਹ "ਨਿਰਾਲਮੁ" ਰੂਪ ਹੈ ਜਿਸ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ ਹੈ ਜੋ ਉਸਨੂੰ ਸਮਝਾ

ਸਕੇ। ਪੂਰਨ ਸੋਝੀ ਦਾ ਮਾਲਕ ਉਹ ਆਪ ਹੀ ਹੈ, ਪੂਰਨ ਗਿਆਨ ਦਾ ਮਾਲਕ ਉਹ ਆਪ ਹੀ ਹੈ। **(ਏਕੁ ਨਿਰਾਲਮੁ ਅਕਥ ਕਹਾਣੀ॥)**

ਪੂਰੀ ਗੁਰਬਾਣੀ "ਸਬਦੁ" ਰੂਪ ਵਿੱਚ ਗੁਰੂ ਹੈ। "ਸਬਦੁ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਰੂਪ ਦੁਆਰਾ ਉਹ ਸਭ ਵਿੱਚ ਸਮਾਇਆ ਹੋਇਆ ਹੈ। ਉਸਦਾ ਇਹ ਰੂਪ ਬ੍ਰਹਮਗਿਆਨ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਬ੍ਰਹਮਗਿਆਨ ਦੇ ਰੂਪ ਵਿੱਚ ਹੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ "ਸਚਾ ਨੀਸਾਣੁ" ਹੈ ਭਾਵ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣੀ ਮੋਹਰ ਲਗਾਈ ਹੋਈ ਹੈ, ਸੱਚ ਦੀ ਮੋਹਰ ਲਗਾਈ ਹੋਈ ਹੈ ਕਿ ਗੁਰਬਾਣੀ ਦੇ ਵਿੱਚ ਜੋ ਕੁੱਝ ਵੀ ਸਮਝਾਇਆ ਗਿਆ ਹੈ ਉਸ ਵਿੱਚ ਪੂਰਨ ਸੱਚ ਹੈ, ਪ੍ਰਮਾਤਮਾ ਦਾ ਆਪਣਾ ਬਿਆਨ ਕੀਤਾ ਹੋਇਆ ਸੱਚ ਹੈ ਜਿਸ ਸੱਚ ਤੇ ਕੋਈ ਉਂਗਲੀ ਨਹੀਂ ਉਠਾ ਸਕਦਾ, ਜਿਸ ਸੱਚ ਨੂੰ ਰਹਿੰਦੀ ਦੁਨੀਆਂ ਤੱਕ ਬਦਲਿਆ ਨਹੀਂ ਜਾ ਸਕਦਾ, ਝੂਠ ਸਾਬਿਤ ਨਹੀਂ ਕੀਤਾ ਜਾ ਸਕਦਾ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦੇ ਆਪਣੇ ਬੋਲ ਹਨ ਜੋ ਕਿ ਸਦਾ ਅਟੱਲ ਰਹਿਣ ਵਾਲੇ ਬੋਲ ਹਨ ਜੋ ਕਦੇ ਬਦਲ ਨਹੀਂ ਸਕਦੇ ਤੇ ਨਾ ਹੀ ਇਨ੍ਹਾਂ ਨੂੰ ਕੋਈ ਬਦਲ ਸਕਦਾ ਹੈ। **(ਏਕੋ ਸਬਦੁ ਸਚਾ ਨੀਸਾਣੁ॥)**

{ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥੧॥}

(ਅੰਗ ੧੨੦੪)

24/2586

{ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥੧॥ਰਹਾਉ॥}

(ਅੰਗ ੬੬੦)

ਪ੍ਰਮਾਤਮਾ ਦਾ ਸੱਚਾ ਗਿਆਨ ਸਦਾ ਲਈ ਰਹਿਣ ਵਾਲਾ ਹੈ, ਸਦਾ ਲਈ ਨਵਾਂ ਉਸੇ ਤਰ੍ਹਾਂ ਰਹਿਣ ਵਾਲਾ ਹੈ ਜੋ ਕਦੇ ਪੁਰਾਣਾ ਨਹੀਂ ਹੋ ਸਕਦਾ ਭਾਵ ਜਿਸਨੂੰ ਕਦੇ ਝੂਠ ਸਾਬਿਤ ਨਹੀਂ ਕੀਤਾ ਜਾ ਸਕਦਾ। ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਸਦਾ ਹੀ ਨਵਾਂ ਹੈ ਜੋ ਕਦੇ ਬਦਲ ਨਹੀਂ ਸਕਦਾ, ਪੁਰਾਣਾ ਨਹੀਂ ਹੋ ਸਕਦਾ।

{ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ॥
ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ॥
ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥
ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ॥੧॥}

(ਅੰਗ ੯੫੫)

ਨਾ ਬਿਨਸਣਹਾਰ ਕੇਵਲ ਇੱਕੋ ਇੱਕ "ਸਚੁ" ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਸੱਚ ਨਾਲ ਜੁੜੀ ਹੋਈ ਹੈ, ਉਸਦੇ ਸੱਚ ਨਾਲ ਸੀਤੀ ਹੋਈ ਹੈ, ਸੱਚੇ ਗਿਆਨ ਨਾਲ ਸੀਤੀ ਹੋਈ ਹੈ ਤੇ ਇਸੇ ਲਈ ਗੁਰਬਾਣੀ ਦੀ ਗੱਲ ਕਦੇ ਬਿਨਸ ਨਹੀਂ ਸਕਦੀ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਆਪਣੇ ਸੱਚ ਨਾਲ ਸੀਤਾ ਹੈ, ਮਨ ਦੇ ਗਿਆਨ ਰਾਹੀਂ ਸੀਤਾ ਹੈ, ਜੋੜਿਆ ਹੈ, ਆਪਣੇ ਨਾਲ ਇੱਕ ਕੀਤਾ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਜਿਸ ਦੀ ਗੱਲ ਸਦਾ ਥਿਰ ਰਹਿਣ ਵਾਲੀ ਹੈ।

{ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥}

(ਅੰਗ ੮)

ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਮਨ ਦੇ ਵਿਚਾਰਾਂ ਰਾਹੀਂ ਆਪਣੇ ਨਾਲ ਸੀ ਲੈਂਦਾ ਹੈ, ਜਿੰਨ੍ਹਾਂ ਨੂੰ ਉਸ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ ਉਨ੍ਹਾਂ ਨੂੰ ਹੀ ਪ੍ਰਮਾਤਮਾ ਦੀ ਮਹਿਮਾ ਸਮਝ ਆਉਂਦੀ ਹੈ ਤੇ ਫਿਰ ਉਨ੍ਹਾਂ ਨੂੰ ਮਾਇਆ ਨਹੀਂ ਠੱਗ ਸਕਦੀ, ਭਰਮ ਨਹੀਂ ਠੱਗ ਸਕਦਾ ਕਿਉਂਕਿ ਉਨ੍ਹਾਂ ਨੂੰ ਸੱਚ ਦੀ ਸੋਝੀ ਪੈ ਜਾਂਦੀ ਹੈ, ਗੁਰਮਤਿ ਦੀ ਸੱਚੀ ਸੋਝੀ ਪੈ ਜਾਂਦੀ ਹੈ।

ਪ੍ਰਮਾਤਮਾ ਦਾ ਸੱਚਾ ਨੀਸਾਣੁ ਉਸੇ ਗੱਲ ਤੇ ਲੱਗਦਾ ਹੈ, ਉਸਦੀ ਮੋਹਰ ਉਸੇ ਗੱਲ ਤੇ ਲੱਗਦੀ ਹੈ ਜੋ ਗੱਲ ਉਸਨੇ ਆਪ ਪ੍ਰਗਟ ਹੋ ਕੇ ਸਮਝਾਈ ਹੁੰਦੀ ਹੈ ਤੇ ਪੂਰੀ ਗੁਰਬਾਣੀ ਵਿੱਚ ਇਸੇ ਲਈ ਪ੍ਰਮਾਤਮਾ ਦਾ "ਨੀਸਾਣੁ" ਲੱਗਾ ਹੋਇਆ ਹੈ, ਉਸਦੀ ਆਪਣੀ ਮੋਹਰ ਲੱਗੀ ਹੋਈ ਹੈ ਭਾਵ ਗੁਰਬਾਣੀ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੀ ਮੋਹਰ ਲਗਾ ਕੇ ਸਾਰੇ ਸੰਸਾਰ ਨੂੰ ਧਰਮ ਸਮਝਾਉਣ ਦਾ ਠੇਕਾ ਸੌਂਪਿਆ ਹੋਇਆ ਹੈ ਭਾਵ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਥਾਪਿਆ

ਹੋਇਆ ਧਰਮ ਦਾ ਠੇਕੇਦਾਰ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਹੀ ਸਮਝਾਉਂਦਾ ਹੈ, ਇੱਕੋ ਜਿਹੀ ਮਤਿ ਹੀ ਦਿੰਦਾ ਹੈ, ਇੱਕੋ ਜਿਹਾ ਨਾਮ ਹੀ ਸਮਝਾਉਂਦਾ ਹੈ ਜੋ ਕਿਸੇ ਦੇ ਨਾਲ ਕੋਈ ਭੇਦ ਭਾਵ ਨਹੀਂ ਕਰਦਾ ਤੇ ਸਾਰੀ ਮਨੁੱਖਤਾ ਲਈ ਉਸਦੀ ਸਿੱਖਿਆ ਇੱਕੋ ਜਿਹੀ ਹੈ। ਸਾਰੀ ਗੁਰਬਾਣੀ ਵਿੱਚ "ਏਕੋ ਸਬਦੁ" ਵਰਤਦਾ ਹੈ ਭਾਵ ਪੂਰੀ ਗੁਰਬਾਣੀ ਦੇ ਵਿੱਚ ਇੱਕੋ "ਸਬਦੁ" ਰੂਪ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ, ਨਿਰਗੁਣ ਰੂਪ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ। ਇਸੇ ਲਈ ਉਹ ਪ੍ਰਮਾਤਮਾ ਆਪ ਹੀ ਗੁਰੂ ਹੈ ਜਿਸਨੇ ਗੁਰਬਾਣੀ ਦੀ ਰਚਨਾ ਕਰਕੇ ਸਾਨੂੰ ਪੂਰਨ ਸੱਚ ਦੀ ਸੋਝੀ ਪਾਈ ਹੈ। ਪੂਰਾ ਗੁਰੂ ਪ੍ਰਮਾਤਮਾ ਆਪ ਹੈ ਜੋ ਹਰ ਗੱਲ ਵਿੱਚ ਪੂਰਾ ਹੈ ਤੇ ਇਸੇ ਲਈ ਗੁਰਬਾਣੀ ਪੂਰਾ ਗੁਰੂ ਹੈ ਜਿਸ ਨੂੰ ਕਿਸੇ ਹੋਰ ਮਤਿ ਦੀ ਲੋੜ ਨਹੀਂ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ ਤਾਂ ਉਸਨੂੰ ਜਾਨਣ ਦਾ ਸਾਡੇ ਕੋਲ ਕੇਵਲ ਇਹੀ ਤਰੀਕਾ ਹੈ ਕਿ ਅਸੀਂ ਪ੍ਰਮਾਤਮਾ ਨੂੰ ਗੁਰਬਾਣੀ ਦੇ ਰਾਹੀਂ ਜਾਣੀਏ ਜਿਸਨੂੰ ਰਚਣ ਵਾਲਾ ਉਹ ਆਪ ਹੀ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਗਿਆਨ, ਉਸਦੇ ਨਿਰਗੁਣ ਰੂਪ ਨੂੰ ਜਾਨਣ ਦਾ ਸੱਚਾ ਗਿਆਨ, ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਗਿਆਨ ਕੇਵਲ ਗੁਰਬਾਣੀ ਦੇ ਕੋਲ ਹੀ ਹੈ ਜਿਸ ਰਾਹੀਂ ਉਸ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। **(ਏਕੋ ਸਬਦੁ ਸਚਾ ਨੀਸਾਣੁ॥ ਪੂਰੇ ਗੁਰ ਤੇ ਜਾਣੈ ਜਾਣੁ॥੩॥)** ਸਾਡੀਆਂ ਉਲਝਣਾ ਦਾ ਕਾਰਨ ਇਹੀ ਹੈ ਕਿ ਅਸੀਂ ਉਸ ਪੂਰੇ ਗੁਰੂ ਦੀ ਮਤਿ ਨੂੰ ਛੱਡ ਕੇ, ਪ੍ਰਮਾਤਮਾ ਦੇ ਆਪਣੇ ਥਾਪੇ ਹੋਏ ਧਰਮ ਦੇ ਠੇਕੇਦਾਰ ਨੂੰ ਛੱਡ ਕੇ ਕੱਚੀ ਮਤਿ ਵਾਲਿਆਂ ਦੇ, ਅਧੂਰੀ ਮਤਿ ਵਾਲੇ ਝੂਠੇ ਧਰਮ ਦੇ ਠੇਕੇਦਾਰਾਂ ਦੇ ਪਿੱਛੇ ਲੱਗੇ ਹੋਏ ਹਾਂ ਜੋ ਸਾਨੂੰ ਆਪਣੀ ਆਪਣੀ ਮਤਿ ਅਨੁਸਾਰ ਧਰਮ ਦਾ ਮਾਰਗ ਸਮਝਾਉਂਦੇ ਹਨ, ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਾਉਂਦੇ ਹਨ।

ਧਰਮ ਦਾ ਸੱਚਾ ਠੇਕੇਦਾਰ, ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਠੇਕੇਦਾਰ ਸਾਨੂੰ ਕਿਹੋ ਜਿਹਾ ਧਰਮ ਸਿਖਾਉਂਦਾ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਉਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਸਾਰਿਆਂ ਲਈ ਧਿਆਨ ਨਾਲ ਵਿਚਾਰਨ ਦੀ ਲੋੜ ਹੈ, ਝੂਠੇ ਠੇਕੇਦਾਰਾਂ ਨੂੰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਕਿ ਉਹ ਲੋਕਾਂ ਨੂੰ ਝੂਠੀ ਮਤਿ ਤੇ ਤੋਰਨਾ ਛੱਡ ਸਕਣ ਤੇ ਗੁਰੂ ਪ੍ਰਮਾਤਮਾ ਦੀ ਖੁਸ਼ੀ ਪ੍ਰਾਪਤ ਕਰ ਸਕਣ।

"ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥
ਅਨਹਦਿ ਰਾਤਾ ਏਕ ਲਿਵ ਤਾਰ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ॥੪॥"

ਉਪਰਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਪੜ੍ਹੋ ਤੇ ਸਮਝੋ ਕਿ ਸਾਡੇ ਸਭ ਦਾ ਧਰਮ ਕੀ ਹੈ, ਸਾਰੇ ਸੰਸਾਰ ਦਾ ਧਰਮ ਕੀ ਸਮਝਾਇਆ ਹੈ, ਗੁਰਮਤਿ ਤੇ ਪੂਰਾ ਉਤਰਨਾ ਕੀ ਸਮਝਾਇਆ ਹੈ। ਜੁਗਾਂ ਜੁਗਾਂ ਤੋਂ ਭਾਵ ਹਰ ਜੁਗ ਵਿੱਚ ਮਨੁੱਖ ਦਾ ਧਰਮ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ, ਗੁਰਮਤਿ ਰਾਹੀਂ ਸਮਝਾਇਆ ਹੋਇਆ ਹੈ। ਜੋ ਗੁਰਬਾਣੀ ਦੇ ਦੱਸੇ ਹੋਏ ਸੱਚ ਤੇ ਪੂਰਾ ਉਤਰਦਾ ਹੈ ਉਹੀ ਗੁਰਮਤਿ ਤੇ ਪੂਰਾ ਉਤਰਦਾ ਹੈ ਤੇ ਉਹੀ ਆਪਣਾ ਧਰਮ ਨਿਭਾਉਂਦਾ ਹੈ। ਸੱਚ ਕੀ ਹੈ, ਗੁਰਮਤਿ ਕੀ ਹੈ, ਗੁਰਮਤਿ ਤੇ ਪੂਰਾ ਉਤਰਨਾ ਕੀ ਹੈ ਇਸੇ ਗੱਲ ਨੂੰ ਹੀ ਅਸੀਂ ਅਨੇਕਾਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋਣਾ ਹੀ ਗੁਰਮਤਿ ਤੇ ਪੂਰਾ ਉਤਰਨਾ ਹੈ, ਸੱਚ ਤੇ ਪੂਰਾ ਉਤਰਨਾ ਹੈ। ਸੱਚ ਹੀ ਨਾਮ ਹੈ ਤੇ ਔਗੁਣਾਂ ਤੋਂ

ਪੂਰੀ ਤਰ੍ਹਾਂ ਰਹਿਤ ਹੋਣਾ ਹੀ ਨਾਮ ਤੇ ਪੂਰਾ ਉਤਰਨਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ, ਧਰਮ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਇਹ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਮਾਰਗ ਹੈ। ਗੁਣ ਸਾਰੇ ਸੰਸਾਰ ਲਈ ਚੰਗੇ ਹਨ ਤੇ ਔਗੁਣ ਸਾਰੇ ਸੰਸਾਰ ਲਈ ਮਾੜੇ ਹਨ। ਗੁਣਾਂ ਦੁਆਰਾ ਵਿਚਰ ਕੇ ਅਸੀਂ ਚੰਗੇ ਕਰਮ ਕਰਦੇ ਹਾਂ ਤੇ ਔਗੁਣਾਂ ਦੁਆਰਾ ਵਿਚਰ ਕੇ ਅਸੀਂ ਮਾੜੇ ਕਰਮ ਕਰਦੇ ਹਾਂ। ਚੰਗੇ ਕਰਮ ਸਾਰੇ ਸੰਸਾਰ ਨੂੰ ਸੁੱਖ ਦਿੰਦੇ ਹਨ ਤੇ ਮਾੜੇ ਕਰਮ ਸੰਸਾਰ ਨੂੰ ਦੁੱਖ ਦਿੰਦੇ ਹਨ। ਆਪਣੇ ਜਿੰਨ੍ਹਾਂ ਕਰਮਾਂ ਰਾਹੀਂ ਅਸੀਂ ਸੰਸਾਰ ਨੂੰ ਦੁੱਖਾਂ ਵਿੱਚ ਪਾਉਂਦੇ ਹਾਂ ਉਸ ਵਿੱਚ ਧਰਮ ਨਹੀਂ ਹੈ। ਧਰਮ ਉਸੇ ਗੱਲ ਵਿੱਚ ਹੈ ਜਿੰਨ੍ਹਾਂ ਕਰਮਾਂ ਦੁਆਰਾ ਅਸੀਂ ਸੰਸਾਰ ਦੇ ਸੁੱਖਾਂ ਦਾ ਕਾਰਨ ਬਣਦੇ ਹਾਂ। ਇਹੀ ਸਾਡੀ ਸੱਚੀ ਭਗਤੀ ਹੈ, ਗੁਰੂ ਦੀ ਸੱਚੀ ਸੇਵਾ ਹੈ, ਪ੍ਰਮਾਤਮਾ ਦੀ ਸੱਚੀ ਸੇਵਾ ਹੈ, ਨਾਮ ਜਪਣਾ ਹੈ ਜੋ ਸਾਨੂੰ ਬਾਣੀ ਰਾਹੀਂ ਵਾਰ ਵਾਰ ਸਮਝਾਇਆ ਹੈ। **(ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥)** ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਅਸੀਂ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ ਕਿ ਗੁਰਮਤਿ ਤੇ ਪੂਰਾ ਉਤਰਨਾ ਕੀ ਹੈ, ਸੱਚ ਤੇ ਚੱਲਣਾ ਕੀ ਹੈ, ਧਰਮ ਤੇ ਚੱਲਣਾ ਕੀ ਹੈ, ਪ੍ਰਮਾਤਮਾ ਦੀ ਸੇਵਾ ਵਿੱਚ ਲੱਗਣਾ ਕੀ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ॥}

(ਅੰਗ ੧੨੮੦)

ਸਲੋਕ ਮਃ ੩॥
{ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ॥
ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ॥}

(ਅੰਗ ੧੨੫੦)

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ॥}

(ਅੰਗ ੧੧੧੮)

{ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ॥
ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ॥}

(ਅੰਗ ੧੧੧੩)

ਸਿਰੀਰਾਗੁ ਮਹਲਾ ੩॥
{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥}

(ਅੰਗ ੩੬)

{ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ॥
ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ॥੨॥}

(ਅੰਗ ੩੩)

24/2589

{ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ॥}

(ਅੰਗ ੯੩੭)

{ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ॥੧॥}

(ਅੰਗ ੩੫)

{ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ॥
ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ॥}

(ਅੰਗ ੧੫)

ਮਹਲਾ ੪॥
{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥}

(ਅੰਗ ੧੪੦)

{ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥
ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ॥੩॥}

(ਅੰਗ ੨੧੮)

ਭੈਰਉ ਮਹਲਾ ੫॥
{ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥੧॥
ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ॥੧॥ਰਹਾਉ॥}

(ਅੰਗ ੧੧੪੭)

{ਕਵਨ ਤਪੁ ਜਿਤੁ ਤਪੀਆ ਹੋਇ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥}

(ਅੰਗ ੧੮੭)

ਪਉੜੀ॥
{ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ॥
ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ॥}

(ਅੰਗ ੯੬੬)

ਮਾਰੂ ਮਹਲਾ ੫॥

{ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥}

(ਅੰਗ ੧੦੦੦)

{ਕਾਟੇ ਬੰਧਨ ਠਾਕੁਰਿ ਜਾ ਕੇ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ॥}

(ਅੰਗ ੧੦੦੪)

{ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥੮॥}

(ਅੰਗ ੪੩੫)

24/2590

{ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥}

(ਅੰਗ ੧੪੬)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥੭॥}

(ਅੰਗ ੨੨੯)

{ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

ਪਉੜੀ॥

{ਸੇਵ ਕੀਤੀ ਸੰਤੋਖੀਈਂ ਜਿਨ੍ੀ ਸਚੋ ਸਚੁ ਧਿਆਇਆ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ ॥੭॥}

(ਅੰਗ 466-467)

ਸੱਚ ਕੀ ਹੈ ਇਸ ਬਾਰੇ ਕਿਸੇ ਨੂੰ ਕੋਈ ਭਰਮ ਨਹੀਂ ਹੋਣਾ ਚਾਹੀਦਾ। ਸੱਚ ਉਹੀ ਹੈ ਜਿਸ ਵਿੱਚ ਕੋਈ ਝੂਠ ਨਹੀਂ ਹੈ। ਝੂਠੇ ਮਨੁੱਖ ਨੂੰ ਕਦੇ ਕੋਈ ਸੱਚਾ ਨਹੀਂ ਕਹਿੰਦਾ ਤੇ ਕੇਵਲ ਉਹੀ ਕਹਿੰਦੇ ਹਨ ਜਿੰਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ। ਜੇਕਰ ਸਾਨੂੰ ਸੱਚ ਦੀ ਸਮਝ ਹੈ ਫਿਰ ਸਾਨੂੰ ਨਾਮ ਨੂੰ ਸਮਝਣ ਵਿੱਚ ਕੀ ਭਰਮ ਹੈ। ਜੇਕਰ ਕਿਸੇ ਦੇ ਅੰਦਰ ਝੂਠ ਦੇ ਰਹਿੰਦਿਆਂ ਸੱਚ ਨਹੀਂ ਹੈ, ਝੂਠ ਬੋਲਣ ਵਾਲੇ ਦੇ ਅੰਦਰ ਸੱਚ ਨਹੀਂ ਹੈ, ਮਾੜੇ ਕਰਮ ਕਰਨ ਵਾਲੇ ਦੇ ਅੰਦਰ ਸੱਚ ਨਹੀਂ ਹੈ, ਫਿਰ ਇਹੋ ਜਿਹੇ ਮਨੁੱਖ ਦੇ ਅੰਦਰ ਨਾਮ ਕਿਵੇਂ ਹੋ ਸਕਦਾ ਹੈ। ਸੱਚ ਦਾ ਮਕਸਦ ਸਾਡੇ ਜੀਵਨ ਨੂੰ ਸੱਚਾ ਸੁੱਚਾ ਬਣਾਉਣ ਦਾ ਹੈ, ਭਰਮ ਵਿੱਚੋਂ ਕੱਢਣ ਦਾ ਹੈ, ਪਾਖੰਡਾਂ ਵਿੱਚੋਂ ਕੱਢਣ ਦਾ ਹੈ ਤੇ ਇਹੀ ਪੂਰੀ ਗੁਰਬਾਣੀ ਦਾ ਮਕਸਦ ਹੈ। ਸੱਚ ਹੀ ਧਰਮ ਹੈ ਤੇ ਪੂਰੀ ਗੁਰਬਾਣੀ ਦਾ ਮਕਸਦ ਸਾਨੂੰ ਧਰਮ ਸਿਖਾਉਣ ਨਾਲ ਹੀ ਹੈ। ਜਿਸਨੂੰ ਸੱਚ ਦੀ ਸੋਝੀ ਪੈ ਜਾਂਦੀ ਹੈ ਉਸਨੂੰ ਧਰਮ ਦੀ ਸੋਝੀ ਪੈ ਜਾਂਦੀ ਹੈ, ਨਾਮ ਦੀ ਸੋਝੀ ਪੈ ਜਾਂਦੀ ਹੈ ਜਿਸਨੂੰ ਸੱਚ ਦੀ ਸੋਝੀ ਪੈਂਦੀ ਹੈ ਉਸਨੂੰ ਫਿਰ ਇਹ ਵੀ ਸਮਝ ਪੈ ਜਾਂਦੀ ਹੈ ਕਿ ਨਾਮ ਜਪਣਾ ਕੀ ਹੈ, ਧਰਮ ਨਿਭਾਉਣਾ ਕੀ ਹੈ, ਪ੍ਰਮਾਤਮਾ ਦੀ ਸੇਵਾ ਵਿੱਚ ਲੱਗਣਾ ਕੀ ਹੈ ਜਿਵੇਂ ਕਿ ਅਸੀਂ ਉੱਪਰ ਦਿੱਤੇ ਹੋਏ ਸ਼ਬਦਾਂ ਵਿੱਚੋਂ ਤੇ ਖਾਸ ਕਰਕੇ ਆਖਰੀ ਸ਼ਬਦ ਰਾਹੀਂ ਸਮਝਿਆ ਹੈ। ਇਨ੍ਹਾਂ ਸਾਰਿਆਂ ਸ਼ਬਦਾਂ ਤੋਂ ਭਾਵ ਇੱਕ ਹੀ ਹੈ ਕਿ ਅਸੀਂ ਸੱਚ ਦੇ ਨਾਲ ਜੁੜੀਏ, ਨਾਮ ਨਾਲ ਜੁੜੀਏ ਤੇ ਕਿਸ ਤਰੀਕੇ ਜੁੜੀਏ। ਸਾਡੇ ਅੰਦਰ ਔਗੁਣਾਂ ਦੇ ਰਹਿੰਦਿਆਂ ਨਾ ਹੀ ਸੱਚ ਹੈ, ਨਾ ਹੀ ਨਾਮ ਹੈ, ਨਾ ਹੀ ਧਰਮ ਹੈ, ਨਾ ਹੀ ਸੇਵਾ ਹੈ ਤੇ ਨਾ ਹੀ ਭਗਤੀ ਭਾਵਨਾ ਹੈ। ਸਭ ਕੁੱਝ ਸਾਡੀ ਸਮਾਜਿਕ ਵਿਚਰਨ ਦੇ ਨਾਲ ਜੁੜਿਆ ਹੋਇਆ ਹੈ, ਕਿਰਤ ਕਰਨ ਦੇ ਤਰੀਕਿਆਂ ਨਾਲ ਜੁੜਿਆ ਹੋਇਆ

24/2591

ਹੈ, ਮਨ ਦੀ ਤ੍ਰਿਸ਼ਨਾ ਜਾਂ ਸੰਤੋਖ ਨਾਲ ਜੁੜਿਆ ਹੋਇਆ ਹੈ, ਮਾੜੇ ਕਰਮਾਂ ਜਾਂ ਚੰਗੇ ਕਰਮਾਂ ਨਾਲ ਜੁੜਿਆ ਹੋਇਆ ਹੈ। ਮਾੜੇ ਕਰਮਾਂ ਦੁਆਰਾ ਅਸੀਂ ਸੱਚ ਤੋਂ ਦੂਰ ਰਹਿੰਦੇ ਹਾਂ ਤੇ ਚੰਗੇ ਕਰਮਾਂ ਦੁਆਰਾ ਅਸੀਂ ਸੱਚ ਤੇ ਚੱਲਦੇ ਹਾਂ, ਨਾਮ ਜਪਦੇ ਹਾਂ। ਸਾਡੇ ਚੰਗੇ ਕਰਮਾਂ ਦੁਆਰਾ ਹੀ ਉਸ ਗੁਰੂ ਪ੍ਰਮਾਤਮਾ ਦੀ ਸੇਵਾ ਹੈ, ਉਸਦੀ ਭਗਤੀ ਹੈ।

ਇਸ ਤੋਂ ਇਲਾਵਾ ਅਸੀਂ ਜੋ ਵੀ ਆਪਣੇ ਵੱਲੋਂ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਨਾ ਉਨ੍ਹਾਂ ਵਿੱਚ ਸੱਚ ਹੈ, ਨਾ ਨਾਮ ਹੈ, ਨਾ ਸੇਵਾ ਹੈ, ਨਾ ਭਗਤੀ ਹੈ। ਧਰਮ ਗ੍ਰੰਥਾਂ ਨੂੰ ਪੜ੍ਹਨਾ ਤੇ ਸੁਣਨਾ ਵੀ ਸਾਡੇ ਲਈ ਜਰੂਰੀ ਹੈ ਕਿਉਂਕਿ ਸੱਚ ਦੀ ਸੋਝੀ ਵੀ ਸਾਨੂੰ ਉਨ੍ਹਾਂ ਦੇ ਰਾਹੀਂ ਹੀ ਪੈਂਦੀ ਹੈ। ਜੇਕਰ ਅਸੀਂ ਸੱਚ ਨੂੰ ਕੇਵਲ ਇਤਨੀ ਕੁ ਗੱਲ ਹੀ ਸਮਝਿਆ ਹੈ ਕਿ ਸੱਚ ਦੋ ਅੱਖਰਾਂ ਦਾ ਜੋੜ ਹੈ ਭਾਵ "ਸ+ਚ" ਦਾ ਜੋੜ ਹੈ ਭਾਵ "ਸ" ਤੇ "ਚ" ਨੂੰ ਆਪਸ ਵਿੱਚ ਜੋੜ ਕੇ ਬੋਲੀ ਜਾਣਾ ਹੀ ਸੱਚ ਬੋਲਣਾ ਹੈ ਤੇ ਫਿਰ ਕੀ ਅਸੀਂ ਕਦੇ ਸੱਚ ਨੂੰ ਸਮਝ ਸਕਦੇ ਹਾਂ ਕਿ ਸੱਚ ਕੀ ਹੈ ਤੇ ਸੱਚ ਤੇ ਚੱਲਣਾ ਕੀ ਹੈ। ਇਹ ਕੇਵਲ ਉਹੋ ਜਿਹੀ ਗੱਲ ਹੈ ਜਿਵੇਂ ਕਿ ਅਸੀਂ ਕਿਸੇ ਬੱਚੇ ਨੂੰ ਇਹ ਕਹੀਏ ਕਿ ਬੋਲ "ਪਾਪਾ" ਤੇ ਉਹ ਆਪਣੇ ਮੁੱਖੋਂ ਪਾਪਾ ਬੋਲ ਦਿੰਦਾ ਹੈ। ਮੁੱਖੋਂ ਮੰਮੀ ਬੋਲਣ ਨੂੰ ਕਹੀਏ ਤੇ ਉਹ ਮੁੱਖੋਂ ਮੰਮੀ ਬੋਲ ਦਿੰਦਾ ਹੈ। ਇਸੇ ਤਰ੍ਹਾਂ ਜੇਕਰ ਬੱਚੇ ਨੂੰ ਕਹੀਏ ਕਿ ਸੱਚ ਬੋਲ ਤਾਂ ਉਹ ਆਪਣੇ ਮੁੱਖੋਂ ਸੱਚ ਦਾ ਲਫਜ਼ ਬੋਲ ਦਿੰਦਾ ਹੈ। ਅਸੀਂ ਬਾਣੀ ਰਾਹੀਂ ਸੱਚ ਨੂੰ ਕੁੱਝ ਇਸੇ ਤਰੀਕੇ ਨਾਲ ਸਮਝਿਆ ਹੋਇਆ ਹੈ ਭਾਵ ਨਾਮ ਨੂੰ ਅਸੀਂ ਇਸੇ ਤਰੀਕੇ ਨਾਲ ਸਮਝਿਆ ਹੋਇਆ ਹੈ ਕਿ ਮੁੱਖੋਂ ਨਾਮ ਬੋਲਣਾ ਕੀ ਹੈ, ਰਸਨਾ ਨਾਲ ਨਾਮ ਬੋਲਣਾ ਕੀ ਹੈ। ਅਸੀਂ ਦੋ ਅੱਖਰਾਂ ਦੇ ਜੋੜ ਨੂੰ ਹੀ ਨਾਮ ਬੋਲਣਾ ਸਮਝਿਆ ਹੋਇਆ ਹੈ। ਅਸੀਂ "ਗੁ" ਤੇ "ਰੂ" ਨਾਲ ਦੋ ਅੱਖਰਾਂ ਦੇ ਜੋੜ ਨੂੰ ਗੁਰੂ ਸਮਝਿਆ ਹੋਇਆ ਹੈ ਭਾਵ ਅੱਖਰਾਂ ਦੇ ਜੋੜ ਨੂੰ ਨਾਮ ਸਮਝਿਆ ਹੋਇਆ ਹੈ। ਅੱਖਰ ਭਾਵੇਂ ਅਸੀਂ ਕੋਈ ਵੀ ਜੋੜਦੇ ਹਾਂ, ਆਪਣੀ ਆਪਣੀ ਆਸਥਾ ਅਨੁਸਾਰ ਜੋੜਦੇ ਹਾਂ ਪਰ ਮਕਸਦ ਮੁੱਖੋਂ ਅੱਖਰ ਬੋਲਣ ਨਾਲ ਹੀ ਹੈ ਭਾਵੇਂ ਰਾਮ ਰਾਮ ਬੋਲੀ ਜਾਈਏ, ਭਾਵੇਂ ਹਰਿ ਹਰਿ ਬੋਲੀ ਜਾਈਏ, ਭਾਵੇਂ ਅੱਲ੍ਹਾ ਅੱਲ੍ਹਾ ਬੋਲੀ ਜਾਈਏ ਤੇ ਭਾਵੇਂ ਵਾਹਿਗੁਰੂ ਵਾਹਿਗੁਰੂ ਬੋਲੀ ਜਾਈਏ ਪਰ ਇਨ੍ਹਾਂ ਨੂੰ ਜੋੜਨ ਦੇ ਨਾਲ ਸਾਨੂੰ ਸੱਚ ਦੀ ਕੀ ਸੋਝੀ ਪਈ ਕਿ ਸੱਚ ਕੀ ਹੈ, ਨਾਮ ਕੀ ਹੈ। ਇਹ ਅੱਖਰਾਂ ਨੂੰ ਬੋਲੀ ਜਾਣ ਦਾ ਮਾਰਗ ਨਹੀਂ ਹੈ ਬਲਕਿ ਅੱਖਰਾਂ ਦੇ ਮਨੋਰਥ ਨੂੰ ਸਮਝਣ ਦਾ ਮਾਰਗ ਹੈ। ਜੋ ਮਨੋਰਥ ਰਾਮ ਦਾ ਹੈ, ਉਹੀ ਮਨੋਰਥ ਹਰਿ ਦਾ ਹੈ, ਉਹੀ ਮਨੋਰਥ ਅੱਲ੍ਹਾ ਦਾ ਹੈ, ਉਹੀ ਮਨੋਰਥ ਵਾਹਿਗੁਰੂ ਦਾ ਹੈ ਤੇ ਉਹੀ ਮਨੋਰਥ ਗਾਡ ਦਾ ਹੈ।

{ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੨॥੧॥}

(ਅੰਗ ੧੫੧)

ਮੁੱਖੋਂ ਕਿਸੇ ਅੱਖਰ ਨੂੰ ਰਟੀ ਜਾਣਾ ਅੱਖਰ ਦੇ ਮਨੋਰਥ ਨੂੰ ਅੰਧਾ ਬਣਾਉਣ ਵਾਲੀ ਗੱਲ ਹੈ। ਹਰ ਅੱਖਰ ਦਾ ਦਾਤਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪਣੇ ਅੱਖਰਾਂ ਰਾਹੀਂ ਸਾਨੂੰ ਸੱਚ ਹੀ ਸਮਝਾਉਂਦਾ ਹੈ, ਸਭ ਨੂੰ ਇੱਕੋ ਜਿਹੇ ਸੱਚ ਤੇ ਚੱਲਣਾ ਹੀ ਸਿਖਾਉਂਦਾ ਹੈ। ਸੱਚ ਦਾ ਮਕਸਦ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸਦਾ ਮਕਸਦ ਸਾਡੇ ਅੰਦਰੋਂ ਪਾਪਾਂ ਵਾਲੀ ਬਿਰਤੀ ਨੂੰ ਕੱਢਣ ਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

24/2592

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥}

(ਅੰਗ ੪੬੮)

ਸਾਰੇ ਸੰਸਾਰ ਲਈ ਇੱਕੋ ਇੱਕ ਐਸਾ ਦਾਰੂ ਹੈ, ਅਉਖਦ ਹੈ ਜਿਸਦਾ ਸਭ ਲਈ ਮਕਸਦ ਵੀ ਇੱਕੋ ਹੀ ਹੈ ਤੇ ਉਸਨੂੰ ਖਾਣ ਦਾ ਤਰੀਕਾ ਵੀ ਇੱਕੋ ਜਿਹਾ ਹੀ ਹੈ। ਹਰ ਕੋਈ ਮਨ ਦੀ ਮਾੜੀ ਬਿਰਤੀ ਦਾ ਹੀ ਰੋਗੀ ਹੈ, ਪਾਪਾਂ ਵਾਲੀ ਬਿਰਤੀ ਦਾ ਹੀ ਰੋਗੀ ਹੈ, ਮਾਇਆ ਮੋਹ ਦਾ ਹੀ ਰੋਗੀ ਹੈ ਜਿਸਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਸੱਚ ਦੀ ਸੋਝੀ ਦਾ ਨਾ ਹੋਣਾ ਹੈ। ਸੱਚ ਦੀ ਸੋਝੀ ਹੀ ਉਹ ਦਾਰੂ ਹੈ, ਨਾਮ ਦਾ ਦਾਰੂ ਹੈ ਜੋ ਗੁਰੂ ਦੇ ਕੋਲ ਹੈ, ਕੇਵਲ ਗੁਰੂ ਦੇ ਕੋਲ ਹੈ। ਮਨ ਦੇ ਵਿੱਚ ਗੁਰੂ ਦੀ ਸੱਚੀ ਸੋਝੀ ਵੱਸਣ ਦੁਆਰਾ ਹੀ ਸਾਡੇ ਅੰਦਰ ਸੱਚ ਵੱਸਦਾ ਹੈ ਜਿਸ ਦੁਆਰਾ ਸਾਡੇ ਮਨ ਦੀ ਮੈਲ ਧੁਪਦੀ ਹੈ, ਸਾਡੇ ਮਨ ਦੇ ਮਾੜੇ ਵਿਚਾਰਾਂ ਵਾਲੀ ਬਿਰਤੀ ਦੂਰ ਹੁੰਦੀ ਹੈ, ਪਾਪਾਂ ਵਾਲੀ ਬਿਰਤੀ ਦੂਰ ਹੁੰਦੀ ਹੈ ਤੇ ਅਸੀਂ ਸੱਚ ਤੇ ਚੱਲਦੇ ਹਾਂ ਭਾਵ ਨਾਮ ਜਪਦੇ ਹਾਂ, ਗੁਰੂ ਦੀ ਸੇਵਾ ਕਰਦੇ ਹਾਂ ਤੇ ਸੰਸਾਰ ਵਿੱਚ ਆਪਣਾ ਧਰਮ ਨਿਭਾਉਂਦੇ ਹਾਂ। ਜੋ ਸੱਚ ਹੈ ਉਹੀ ਗੁਰਮਤਿ ਹੈ। ਜੋ ਸੱਚ ਤੇ ਪੂਰਾ ਉਤਰਦਾ ਹੈ ਉਹੀ ਗੁਰਮਤਿ ਤੇ ਪੂਰਾ ਉਤਰਦਾ ਹੈ। ਗੁਰਬਾਣੀ ਰਾਹੀਂ ਸਾਨੂੰ ਪੂਰੇ ਸੰਸਾਰ ਲਈ ਇਹੋ ਧਰਮ ਸਮਝਾਇਆ ਹੈ ਜੋ ਸਭ ਲਈ ਇੱਕੋ ਜਿਹਾ ਹੈ ਤੇ ਕਿਸੇ ਦੇ ਨਾਲ ਕੋਈ ਭੇਦ ਭਾਵ ਨਹੀਂ ਹੈ ਕਿ ਉਹ ਕਿਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਹੈ। ਹਿੰਦੂ ਵੀਰਾਂ ਨੂੰ ਸੱਚੇ ਹਿੰਦੂ ਬਣਨਾ ਸਿਖਾਇਆ ਹੈ, ਮੁਸਲਮਾਨ ਵੀਰਾਂ ਨੂੰ ਚੰਗੇ ਮੁਸਲਮਾਨ ਬਣਨਾ ਸਿਖਾਇਆ ਹੈ ਤੇ ਇਸੇ ਲਈ ਗੁਰਬਾਣੀ ਸਰਬ ਸਾਂਝੀ ਹੈ ਤੇ ਸਭ ਨੂੰ ਇੱਕੋ ਜਿਹਾ ਉਪਦੇਸ਼ ਹੀ ਦਿੰਦੀ ਹੈ, ਸਭ ਨੂੰ ਇੱਕੋ ਜਿਹਾ ਧਰਮ ਸਿਖਾਉਂਦੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ।

{ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥}

(ਅੰਗ ੧੧੮੮)

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

(ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥)

ਜੋ ਸੱਚ ਹੈ ਉਹੀ ਨਾਮ ਹੈ ਜਿਸ ਬਾਰੇ ਕਿਸੇ ਨੂੰ ਕੋਈ ਭਰਮ ਨਹੀਂ ਹੈ ਜਿਵੇਂ ਕਿ ਬਾਣੀ ਵਿੱਚ ਵਾਰ-ਵਾਰ ਸਮਝਾਇਆ ਹੋਇਆ ਹੈ। ਜਿਸ ਰੂਪ ਵਿੱਚ ਸੱਚ ਸਾਰੇ ਸੰਸਾਰ ਲਈ ਦਾਰੂ ਦਾ ਕੰਮ ਕਰਦਾ ਹੈ ਉਸੇ ਰੂਪ ਵਿੱਚ ਨਾਮ ਸਾਰੇ ਸੰਸਾਰ ਲਈ ਦਾਰੂ ਦਾ ਕੰਮ ਕਰਦਾ ਹੈ। ਜੋ ਸੱਚ ਦਾ ਮਕਸਦ ਹੈ ਉਹੀ ਨਾਮ ਦਾ ਮਕਸਦ ਹੈ। ਦੋਨਾਂ ਤੋਂ ਭਾਵ ਸਾਡੇ ਮਨ ਦੀ ਮੈਲ ਕੱਢਣ ਦੇ ਨਾਲ ਹੀ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਦੀ ਮੈਲ ਕੱਢ ਕੇ ਸਾਨੂੰ ਧਰਮ ਸਿਖਾਉਣ ਨਾਲ ਹੀ ਹੈ, ਸਾਨੂੰ ਮਨ ਦੀ ਮਾੜੀ ਬਿਰਤੀ ਵਿੱਚੋਂ ਕੱਢ ਕੇ ਸੱਚ ਤੇ ਚਲਾਉਣ ਨਾਲ ਹੀ ਹੈ ਜਿਵੇਂ ਕਿ ਹੇਠ ਦਿੱਤੇ ਹੋਏ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

24/2593

“ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥"

(ਅੰਗ ੬੮੭)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਪਹਿਲੇ ਹੀ ਸਮਝ ਚੁੱਕੇ ਹਾਂ ਤੇ ਹੁਣ ਕੁੱਝ ਪੰਗਤੀਆਂ ਨੂੰ ਸਮਝਣ ਦਾ ਮਕਸਦ ਕੇਵਲ ਸੱਚ ਦੇ ਤੇ ਨਾਮ ਦੇ ਰਿਸ਼ਤੇ ਨੂੰ ਸਮਝਣ ਦਾ ਹੀ ਹੈ ਤਾਂ ਜੋ ਅਸੀਂ ਇਸ ਗੱਲ ਤੇ ਦ੍ਰਿੜ ਹੋ ਸਕੀਏ ਕਿ ਦੋਨਾਂ ਤੋਂ ਭਾਵ ਮਨ ਦੇ ਵਿੱਚ ਗੁਰਮਤਿ ਦੀ ਸੋਝੀ ਦੇ ਨਾਲ ਹੀ ਹੈ, ਗੁਰਮਤਿ ਦੀ ਸਿੱਖਿਆ ਦੇ ਨਾਲ ਹੀ ਹੈ, ਧਰਮ ਦੀ ਸਿੱਖਿਆ ਦੇ ਨਾਲ ਹੀ ਹੈ। ਮਨ ਦਾ ਰੋਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਦੀ ਸੋਝੀ ਦਾ ਨਾ ਹੋਣਾ ਹੈ। ਸੱਚ ਦੀ ਸੋਝੀ ਦੇ ਬਿਨ੍ਹਾਂ, ਨਾਮ ਦੀ ਸੋਝੀ ਦੇ ਬਿਨ੍ਹਾਂ, ਗੁਰੂ ਦੀ ਸੱਚੀ ਸਿੱਖਿਆ ਨੂੰ ਜਾਣੇ ਬਿਨ੍ਹਾਂ ਸਭ ਦੇ ਮਨ ਵਿੱਚ ਮੈਲ ਹੀ ਹੈ, ਅਗਿਆਨਤਾ ਦੀ ਮੈਲ ਹੀ ਹੈ ਜਿਸ ਦੇ ਰਹਿੰਦਿਆਂ ਅਸੀਂ ਉਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੁੰਦਾ, ਨਾਮ ਨਹੀਂ ਹੁੰਦਾ। **(ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥)** ਸਾਡੀ ਅਗਿਆਨਤਾ ਦੀ ਮੈਲ ਦਾ ਦਾਰੂ, "ਨਾਮੁ" ਰੂਪ ਦਾਰੂ ਗੁਰੂ ਦੀ ਸੱਚੀ ਸਿੱਖਿਆ ਹੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥"

"ਗੁਰ ਵਾਕੁ" ਭਾਵ ਗੁਰੂ ਦੇ ਬੋਲੇ ਹੋਏ ਸ਼ਬਦ ਸਾਨੂੰ ਗੁਰੂ ਦੀ ਸੱਚੀ ਸਿੱਖਿਆ ਦਿੰਦੇ ਹਨ ਜਿਸ ਸਿੱਖਿਆ ਦੁਆਰਾ ਮਨੁੱਖ ਦਾ ਮਨ ਨਿਰਮਲ ਹੁੰਦਾ ਹੈ, ਪਵਿੱਤਰ ਹੁੰਦਾ ਹੈ ਭਾਵ ਅਗਿਆਨਤਾ ਦੀ ਮੈਲ ਤੋਂ ਰਹਿਤ ਹੁੰਦਾ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ। ਸਾਡਾ ਮਨ ਨਿਰਮਲ ਸੱਚ ਦੁਆਰਾ ਹੀ ਹੁੰਦਾ ਹੈ, ਨਾਮ ਦੁਆਰਾ ਹੀ ਹੁੰਦਾ ਹੈ। ਗੁਰੂ ਦੀ ਸਿੱਖਿਆ ਦਾ ਮਕਸਦ ਸਾਡੇ ਅੰਦਰ "ਚਾਨਣੁ" ਕਰਨਾ ਹੀ ਹੈ ਭਾਵ ਆਪਣੀ ਮਤਿ ਦਾ, ਆਪਣੀ ਸੋਝੀ ਦਾ ਪ੍ਰਕਾਸ਼ ਕਰਨਾ ਹੀ ਹੈ, ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਨਾ ਹੀ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਤੇ ਸਾਡੇ ਅੰਦਰੋਂ ਅਗਿਆਨਤਾ ਦੀ ਮੈਲ ਦੂਰ ਹੁੰਦੀ ਹੈ। ਗੁਰੂ ਸੱਚੇ ਗਿਆਨ ਦਾ ਤੀਰਥੁ ਹੈ ਤੇ ਉਸ ਦੇ ਤੀਰਥੁ ਤੋਂ ਜੋ ਇਸ਼ਨਾਨ ਕਰਦਾ ਹੈ ਉਹ ਸਾਡਾ ਮਨ ਹੀ ਕਰਦਾ ਹੈ। ਜੋ ਇਸ ਤੀਰਥੁ ਤੋਂ ਨਿਤ ਇਸ਼ਨਾਨ ਕਰਦਾ ਹੈ ਉਸਦੇ ਅੰਦਰ ਸੱਚ ਦੀ ਸੋਝੀ ਵਸੀ ਰਹਿੰਦੀ ਹੈ ਤੇ ਉਹ ਮਨ ਦੀ ਮੈਲ ਤੋਂ ਰਹਿਤ ਹੋ ਕੇ ਹਰ ਵੇਲੇ, ਅੱਠੇ ਪਹਿਰ ਸੱਚ ਦੁਆਰਾ ਹੀ ਵਿਚਰਦਾ ਹੈ ਭਾਵ ਅੱਠੇ ਪਹਿਰ ਨਾਮ ਜਪਦਾ ਹੈ। ਮਨ ਦੀ ਮੈਲ ਉਤਰੇ ਬਿਨ੍ਹਾਂ, ਮਨ ਦਾ ਰੋਗ ਮਿਟੇ ਬਿਨ੍ਹਾਂ ਨਾ ਹੀ ਸਾਡੇ ਅੰਦਰ ਸੱਚ ਵੱਸਦਾ ਹੈ ਤੇ ਨਾ ਹੀ ਨਾਮ ਵੱਸਦਾ ਹੈ। **(ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥)**

24/2594

ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚਾ ਤੀਰਥੁ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਤੀਰਥੁ ਹੈ। ਪ੍ਰਮਾਤਮਾ ਦੇ ਇਸ ਤੀਰਥੁ ਤੋਂ ਹੀ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ, ਨਾਮ ਦੀ ਸੋਝੀ ਪੈਂਦੀ ਹੈ, ਧਰਮ ਦੀ ਸੋਝੀ ਪੈਂਦੀ ਹੈ। ਜੇਕਰ ਅਸੀਂ ਇਸ਼ਨਾਨ ਇਸ ਤੀਰਥੁ ਤੋਂ ਕਰਾਂਗੇ ਭਾਵ ਗੁਰੂ ਦੀ ਸੱਚੀ ਸਿੱਖਿਆ ਦਾ ਇਸ਼ਨਾਨ ਕਰਾਂਗੇ ਫਿਰ ਤਾਂ ਹੀ ਸਾਨੂੰ ਸੱਚ ਦੀ ਸੋਝੀ ਪਵੇਗੀ, ਨਾਮ ਦੀ, ਧਰਮ ਦੀ ਸੋਝੀ ਪਵੇਗੀ ਤੇ ਜੇਕਰ ਅਸੀਂ ਇਸ਼ਨਾਨ ਕਰਨ ਲਈ ਵੱਖਰੇ-ਵੱਖਰੇ ਤੀਰਥੁ ਥਾਪੇ ਹੋਏ ਹਨ, ਵੱਖਰੇ-ਵੱਖਰੇ ਧਰਮ ਦੀ ਸਿੱਖਿਆ ਦੇ ਡੇਰੇ ਬਣਾਏ ਹੋਏ ਹਨ ਫਿਰ ਸਾਨੂੰ ਸੱਚ ਦੀ ਸੋਝੀ ਨਹੀਂ ਪੈ ਸਕਦੀ ਤੇ ਅਸੀਂ ਉਨ੍ਹਾਂ ਗੱਲਾਂ ਨੂੰ ਹੀ ਸੱਚ ਸਮਝਾਂਗੇ, ਨਾਮ, ਧਰਮ, ਭਗਤੀ ਸਮਝਾਂਗੇ ਜਿਹੋ ਜਿਹੇ ਤੀਰਥੁ ਨਾਲ ਜੁੜਾਂਗੇ ਜਿਸਨੂੰ ਕਿ ਛੱਪੜੀਆਂ ਕਹਿ ਕੇ ਵੀ ਸੰਬੋਧਨ ਕੀਤਾ ਹੈ ਜਿਵੇਂ ਕਿ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਜਾਣਿਆ ਹੈ। ਜੋ ਮਤਿ ਗੁਰੂ ਦੀ ਮਤਿ ਦੇ ਨਾਲ ਨਹੀਂ ਰਲਦੀ ਉਸ ਵਿੱਚ ਸੱਚ ਨਹੀਂ ਹੈ ਤੇ ਇਸੇ ਲਈ ਉਨ੍ਹਾਂ ਨੂੰ ਛੱਪੜੀਆਂ ਕਿਹਾ ਹੈ। ਸੱਚ ਦੇ ਤੀਰਥੁ ਤੇ ਇਸ਼ਨਾਨ ਕਰਨ ਨਾਲ ਗੁਰੂ ਸਾਨੂੰ ਔਗੁਣਾਂ ਵਾਲੀ ਬਿਰਤੀ ਵਿੱਚੋਂ ਕੱਢਦਾ ਹੈ, ਪਾਪਾਂ ਵਾਲੀ ਬਿਰਤੀ ਵਿੱਚੋਂ ਕੱਢਦਾ ਹੈ ਤੇ ਸਾਨੂੰ ਸੱਚੇ ਗੁਣਾਂ ਨਾਲ ਜੋੜਦਾ ਹੈ। ਗੁਣ ਉੱਥੇ ਹੀ ਹੁੰਦੇ ਹਨ ਜਿੱਥੇ ਸੱਚ ਹੁੰਦਾ ਹੈ। ਸਾਡੇ ਅੰਦਰ ਦੇ ਗੁਣ ਹੀ ਸਾਨੂੰ ਮੈਲ ਤੋਂ ਰਹਿਤ ਕਰਦੇ ਹਨ, ਵਿਕਾਰਾਂ ਤੋਂ, ਮਾੜੀ ਬਿਰਤੀ ਤੋਂ ਰਹਿਤ ਕਰਦੇ

ਹਨ। ਗੁਣਾਂ ਦੇ ਧਾਰਨੀ ਹੋਏ ਬਿਨ੍ਹਾਂ ਕੇਵਲ ਮਾਇਆ ਮੋਹ ਵਿੱਚ ਰੋਣ ਵਾਲੀ ਗੱਲ ਹੈ। ਬਾਹਰਲੇ ਵਿਖਾਵਿਆਂ ਨਾਲ, ਭਗਤੀ ਦੇ ਦਿਖਾਵਿਆਂ ਨਾਲ ਸਾਡੇ ਮਨ ਦੀ ਮੈਲ ਨਹੀਂ ਧੁਲ ਸਕਦੀ। **(ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥)**

ਗੁਰੂ ਦੇ ਤੀਰਥੁ ਤੇ ਇਸ਼ਨਾਨ ਕਰਨ ਨਾਲ ਉਸਦੀ ਸਿੱਖਿਆ ਰਾਹੀਂ ਸਾਨੂੰ ਗੁਰੂ ਦੇ ਵਿਚਾਰ ਹੀ ਮਿਲਦੇ ਹਨ, ਜਿੰਨ੍ਹਾਂ ਦੁਆਰਾ ਉਹ ਸਾਨੂੰ ਸੱਚ ਦੀ ਸੋਝੀ ਪਾਉਂਦਾ ਹੈ, ਨਾਮ ਦੀ ਸੋਝੀ ਪਾਉਂਦਾ ਹੈ। ਗੁਰੂ ਕੋਲੋਂ ਵਿਚਾਰ ਲੈਣ ਦਾ ਮਕਸਦ ਕੀ ਹੈ, ਉਸਦੇ ਤੀਰਥੁ ਤੇ ਇਸ਼ਨਾਨ ਕਰਨ ਦਾ ਮਕਸਦ ਕੀ ਹੈ, ਸ਼ਬਦ ਦੀ ਸੋਝੀ ਦਾ ਮਕਸਦ ਕੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥”

ਗੁਰੂ ਸਾਨੂੰ ਆਪਣੇ ਨਾਮ ਦੀ ਅਉਖਦ ਆਪਣੇ ਵਿਚਾਰਾਂ ਦੇ ਰੂਪ ਵਿੱਚ ਹੀ ਦਿੰਦਾ ਹੈ ਜਿੰਨ੍ਹਾਂ ਦੁਆਰਾ ਅਸੀਂ ਮਨ ਦੀ ਪਾਪਾਂ ਵਾਲੀ ਬਿਰਤੀ ਨੂੰ ਮਾਰਨਾ ਹੈ ਭਾਵ ਗੁਰੂ ਕੋਲੋਂ ਚੰਗੇ ਵਿਚਾਰ ਲੈ ਕੇ ਆਪਣੇ ਮਨ ਦੇ ਮੰਦੇ ਵਿਚਾਰਾਂ ਨੂੰ ਮਾਰਨਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੇ ਮਾੜੇ ਵਿਚਾਰਾਂ ਨੂੰ ਮਾਰਨਾ ਹੈ। ਅਸੀਂ ਮਨ ਦੇ ਇਨ੍ਹਾਂ ਮਾੜੇ ਵਿਚਾਰਾਂ ਤੋਂ ਹੀ ਤਰਨਾ ਹੈ ਤੇ ਇਹੀ ਮਾਇਆ ਮੋਹ ਦੇ ਸਾਗਰ ਤੋਂ ਪਾਰ ਪਾਉਣਾ ਹੈ। ਜਿਸ ਦੁਆਰਾ ਅਸੀਂ ਆਵਾਗਉਣ ਦੇ ਚੱਕਰ ਤੋਂ ਨਿਕਲ ਸਕਦੇ ਹਾਂ। ਗੁਰੂ ਆਪਣੇ ਚੰਗੇ ਵਿਚਾਰਾਂ ਰਾਹੀਂ, ਸੱਚੇ ਵਿਚਾਰਾਂ ਰਾਹੀਂ ਇਸ ਮਾਇਆ ਮੋਹ ਦੇ ਸਾਗਰ ਤੋਂ ਤਰਿਆ ਹੋਇਆ ਹੈ ਤੇ ਆਪਣੇ ਵਿਚਾਰਾਂ ਰਾਹੀਂ ਹੀ ਉਹ ਸਾਰੇ ਸੰਸਾਰ ਨੂੰ ਤਾਰ ਰਿਹਾ ਹੈ ਭਾਵ ਇਸ

ਸਾਗਰ ਵਿੱਚੋਂ ਕਿਵੇਂ ਤਰਨਾ ਹੈ ਇਹ ਸਮਝਾ ਰਿਹਾ ਹੈ, ਆਪਣੇ ਵਿਚਾਰਾਂ ਰਾਹੀਂ ਸਮਝਾ ਰਿਹਾ ਹੈ। ਇਸ ਮਾਇਆ ਮੋਹ ਦੇ ਸਾਗਰ ਤੋਂ ਤਾਂ ਹੀ ਤਰਾਂਗੇ ਜੇਕਰ ਗੁਰੂ ਦੇ ਸੱਚੇ ਵਿਚਾਰਾਂ ਤੇ ਅਮਲ ਕਰਾਂਗੇ, ਸੱਚ ਤੇ ਅਮਲ ਕਰਾਂਗੇ ਤੇ ਬਿਨ੍ਹਾਂ ਅਮਲ ਕੀਤੇ ਮਾਇਆ ਮੋਹ ਦੇ ਜਾਲ ਵਿੱਚ ਹੀ ਫਸੇ ਰਹਾਂਗੇ ਤੇ ਵਾਰ-ਵਾਰ ਜੂਨਾਂ ਦੇ ਆਵਾਗਉਣ ਵਿੱਚ ਫਸੇ ਰਹਾਂਗੇ। ਇਹ ਮਾਇਆ ਮੋਹ ਵਾਲੇ ਵਿਚਾਰ ਹੀ ਸਾਡੇ ਮਨ ਦੀ ਮੈਲ ਹੈ ਜਿਸਦਾ ਕਾਰਨ ਸਾਡੇ ਅੰਦਰ ਸੱਚ ਦੀ ਸੋਝੀ ਦਾ ਨਾ ਵੱਸਣਾ ਹੈ, ਗੁਰੂ ਦੁਆਰਾ ਪਾਈ ਹੋਈ ਸੱਚੀ ਸੋਝੀ ਦਾ ਨਾ ਵੱਸਣਾ ਹੈ। ਸੱਚ ਸਾਡੇ ਲਈ ਤਾਂ ਹੀ ਦਾਰੂ ਬਣੇਗਾ, ਨਾਮ ਸਾਡੇ ਲਈ ਤਾਂ ਹੀ ਦਾਰੂ ਬਣੇਗਾ ਜਦੋਂ ਅਸੀਂ ਇਸ ਅਉਖਦ ਨੂੰ ਪੀਵਾਂਗੇ। ਇਹ ਅਉਖਦ ਸਾਡੇ ਮਨ ਦੇ ਪੀਣ ਦੀ ਅਉਖਦ ਹੈ ਜਿਸਨੇ ਸਾਡੇ ਮਨ ਦੇ ਵਿਚਾਰਾਂ ਨੂੰ ਹੀ ਸ਼ੁੱਧ ਕਰਨਾ ਹੈ। ਇਸ ਅਰੋਗੀ ਮਨ ਨੂੰ ਰੋਗ ਮੁਕਤਿ ਕਰਨਾ ਹੈ। ਜੇਕਰ ਸਾਰਾ ਦਿਨ ਸਮਾਧੀ ਲਗਾ ਕੇ ਮੁੱਖੋਂ ਅਉਖਦ ਅਉਖਦ ਬੋਲੀ ਜਾਵਾਂਗੇ ਤਾਂ ਫਿਰ ਇਸ ਮਾਇਆ ਮੋਹ ਦੇ ਸਾਗਰ ਵਿੱਚ ਹੀ ਗਲਤਾਨ ਹੋਏ ਰਹਾਂਗੇ ਤੇ ਜੂਨਾਂ ਦੇ ਆਵਾਗਉਣ ਵਿੱਚ ਫਸੇ ਰਹਾਂਗੇ। **(ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥)**

ਜਦੋਂ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ‘‘ਸਚੁ ਨਾਮੁ’’ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਵੇਂ ਕਿ ਗੁਰੂ ਨੂੰ ਹੋਈ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਹੋਈ ਹੈ ਉਨ੍ਹਾਂ ਦਾ ਮਨ ਹੀ ਮੈਲ ਤੋਂ ਰਹਿਤ ਹੋਇਆ ਹੈ, ਮਾਇਆ ਮੋਹ ਤੋਂ, ਵਿਕਾਰਾਂ ਤੋਂ, ਅਗਿਆਨਤਾ ਤੋਂ ਰਹਿਤ ਹੋਇਆ ਹੈ। **(ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥)**

ਗੁਰੂ ਆਪਣੇ ਸੱਚੇ ਗਿਆਨ ਦੁਆਰਾ ਹੀ ਤੀਰਥੁ ਹੈ। ਜਿਸਦੇ ਅੰਦਰ ਸੱਚਾ ਗਿਆਨ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ ਉੱਥੇ ਹੀ ਪ੍ਰਮਾਤਮਾ ਦਾ ਸੱਚਾ ਤੀਰਥੁ ਹੈ, ਨਿਰਗੁਣ ਰੂਪ ਤੀਰਥੁ ਹੈ। ਤੀਰਥੁ ਅਸਲ ਵਿੱਚ ਸ਼ਬਦ ਦੀ ਵਿਚਾਰ ਹੈ ਭਾਵ ਗੁਰੂ ਦੀ ਦਿੱਤੀ ਹੋਈ ਵਿਚਾਰ ਹੈ। ਗੁਰੂ ਦੀ ਦਿੱਤੀ ਹੋਈ ਵਿਚਾਰ ਇਸੇ ਲਈ ਸੱਚੀ ਹੈ ਕਿਉਂਕਿ ਉਸਦੇ ਅੰਦਰ ਗਿਆਨ ਪਾਉਣ ਵਾਲਾ ਆਪ ਸੱਚਾ ਹੈ, ਆਪ ਪ੍ਰਮਾਤਮਾ ਹੈ। ਗੁਰੂ ਦਾ ਗਿਆਨ ਭਰਮ ਤੋਂ ਰਹਿਤ ਹੈ ਤੇ ਇਸੇ ਲਈ ਉਸ ਵਿੱਚ ਪੂਰਨ ਸੱਚ ਹੈ। ਸਾਡੀ ਸਭ ਦੀ ਮਤਿ ਭਰਮ ਵਾਲੀ ਹੈ ਜਿਸ ਦੇ ਰਹਿੰਦਿਆਂ ਸਾਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ ਤੇ ਸੱਚ ਦੀ ਸੋਝੀ ਪਏ ਬਿਨ੍ਹਾਂ ਨਾ ਸਾਡੇ ਅੰਦਰ ਨਾਮ ਦੀ ਸੋਝੀ ਹੈ, ਨਾ ਨਾਮ ਜਪਣ ਦੀ ਸੋਝੀ ਹੈ। ਨਾ ਹੀ ਗੁਰੂ ਦੀ ਸੇਵਾ ਦੀ ਸੋਝੀ ਹੈ, ਨਾ ਧਰਮ ਦੀ ਸੋਝੀ ਹੈ। ਸਾਡੇ ਕੋਲ ਇੱਕੋ ਇੱਕ ਉਪਰਾਲਾ ਇਹੀ ਹੈ ਕਿ ਅਸੀਂ ਕੇਵਲ ਸੱਚੇ ਨਾਮ ਦੇ ਤੀਰਥੁ ਨਾਲ ਜੁੜੀਏ, ਸ਼ਬਦ ਦੇ ਸੱਚੇ ਵਿਚਾਰਾਂ ਦੇ ਨਾਲ ਜੁੜੀਏ ਤੇ ਝੂਠੇ ਤੀਰਥਾਂ ਦੇ ਨਾਲ ਨਾ ਜੁੜੀਏ ਭਾਵ ਝੂਠੀ ਮਤਿ ਵਾਲਿਆਂ ਦੇ ਨਾਲ ਨਾ ਜੁੜੀਏ ਤਾਂ ਜੋ ਅਸੀਂ ਅਸਲੀਅਤ ਵਿੱਚ ਆਪਣੇ ਧਰਮ ਨੂੰ ਨਿਭਾਅ ਸਕੀਏ ਤੇ ਇਸ ਸੰਸਾਰ ਤੋਂ ਉਹ ਲਾਹਾ ਖਟ ਕੇ ਜਾਈਏ,

ਉਹ ਵੱਖਰ ਲੈ ਕੇ ਜਾਈਏ, ਉਹ ਨਾਮ ਵੱਖਰ ਲੈ ਕੇ ਜਾਈਏ ਜੋ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। **(ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥)**

24/2596

ਜਿਵੇਂ ਕਿ ਅਸੀਂ ਵਾਰ-ਵਾਰ ਪਿੱਛੇ ਜਾਣਦੇ ਆ ਰਹੇ ਹਾਂ ਸੱਚ ਦੀ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਤੇ ਮਨ ਦੇ ਵਿੱਚ ਆਪਣਾ "ਸਚੁ" ਰੂਪ ਪ੍ਰਗਟ ਕਰਕੇ ਹੀ ਪਾਉਂਦਾ ਹੈ। ਜਿਸਦੇ ਅੰਦਰ ਸੱਚ ਵੱਸਦਾ ਹੈ ਉਹ ਸੱਚੀ ਸੋਝੀ ਦੇ ਰੂਪ ਵਿੱਚ ਹੀ ਵੱਸਦਾ ਹੈ। ਸਾਡੇ ਅੰਦਰ ਸੱਚ ਦੀ ਸੋਝੀ ਦਾ ਵੱਸਣਾ ਹੀ ਸੱਚ ਦਾ ਵੱਸਣਾ ਹੈ। ਸਾਡੇ ਅੰਦਰ ਸੱਚੀ ਸੋਝੀ ਹੀ ਸੱਚੀ ਰਾਸਿ ਹੈ, ਸੱਚਾ ਵੱਖਰ ਹੈ ਜਿਸ ਦੁਆਰਾ ਸਾਨੂੰ ਲਾਭ ਦੀ ਪ੍ਰਾਪਤੀ ਹੁੰਦੀ ਹੈ। ਅਸੀਂ ਜੋ ਵੀ ਕਰਮ ਸੱਚ ਅਨੁਸਾਰ ਕਰਦੇ ਹਾਂ ਉਸ ਵਿੱਚ ਲਾਭ ਹੈ ਤੇ ਜੋ ਕੰਮ ਅਸੀਂ ਸੱਚ ਤੋਂ ਉਲਟ ਕਰਦੇ ਹਾਂ ਉਸ ਵਿੱਚ ਤੋਟਾ ਹੈ। ਸੱਚ ਦੁਆਰਾ ਵਿਚਰਨਾ ਹੀ ਸਾਡੀ ਭਗਤੀ ਹੈ ਤੇ ਸੱਚ ਦੁਆਰਾ ਵਿਚਰਨ ਨਾਲ ਹੀ ਸਾਡੀ ਪਤਿ ਲੇਖੇ ਵਿੱਚ ਪੈਂਦੀ ਹੈ। ਸੱਚ ਤੇ ਚੱਲਣਾ ਹੀ ਸਾਡਾ ਧਰਮ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਉਸ ਪ੍ਰਮਾਤਮਾ ਦੀ ਭਗਤੀ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਭਾਵ ਔਗੁਣ ਰਹਿਤ ਹੋ ਕੇ, ਸੱਚੀ ਮਤਿ ਦੇ ਵਿਚਾਰੀ ਬਣ ਕੇ ਗੁਣਾਂ ਦੁਆਰਾ ਵਿਚਰਨਾ ਹੀ ਹੈ। ਆਪਣੇ ਸੱਚੇ ਵਿਚਾਰਾਂ ਨਾਲ ਉਹ ਕਿਸੇ ਵਿਰਲੇ ਨੂੰ ਹੀ ਜੋੜਦਾ ਹੈ ਤੇ ਸੱਚ ਦੀ ਸੋਝੀ ਪਾ ਕੇ ਆਪਣੇ ਸੱਚ ਤੇ ਚਲਾਉਂਦਾ ਹੈ। ਆਓ ਇਸੇ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ ਤੇ ਇਹ ਵੀ ਸਮਝੀਏ ਕਿ ਸੱਚ ਨੂੰ ਆਪਣੇ ਅੰਦਰ ਵਸਾਉਣਾ ਕੀ ਹੈ, ਨਾਮ ਨੂੰ ਆਪਣੇ ਅੰਦਰ ਵਸਾਉਣਾ ਕੀ ਹੈ।

"ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ॥
ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ॥
ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ॥੫॥
ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥
ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ॥੬॥
ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ॥
ਸਾਚੀ ਦਰਗਹ ਬੈਸਣੀ ਭਗਤਿ ਸਚੀ ਅਰਦਾਸਿ॥
ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ॥੭॥
ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ॥
ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ॥
ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥੮॥੩॥"

(ਅੰਗ ੫੫)

ਜਿਸ ਨੂੰ ਪ੍ਰਮਾਤਮਾ ਆਪਣੇ ਸੱਚ ਨਾਲ ਰੰਗਦਾ ਹੈ ਉਸਨੂੰ ਮਨ ਦੇ ਵਿੱਚ ਆਪਣੇ ਵਾਕ ਦੁਆਰਾ ਹੀ ਰੰਗਦਾ ਹੈ ਭਾਵ ਆਪਣੇ ਬੋਲ ਦੁਆਰਾ ਹੀ ਰੰਗਦਾ ਹੈ। ਇਹ ਬੋਲ ਪ੍ਰਮਾਤਮਾ

24/2597

ਮਨ ਦੇ ਵਿੱਚ ਹੀ ਬੋਲਦਾ ਹੈ। ਪ੍ਰਮਾਤਮਾ ਕੋਲੋਂ ਉਸਦੇ ਬੋਲ ਉਨ੍ਹਾਂ ਨੇ ਹੀ ਸੁਣੇ ਹਨ ਜਿੰਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਆਪਣੇ ਮਨ ਦੇ ਵਿੱਚੋਂ ਉਸ ਦੇ ਸ਼ਬਦ ਦੁਆਰਾ ਪਛਾਣਿਆ ਹੈ, ਉਸਦੇ ਗਿਆਨ ਦੁਆਰਾ ਪਛਾਣਿਆ ਹੈ। ਮਨ ਦੇ ਵਿੱਚ ਬੋਲ ਕੇ ਪ੍ਰਮਾਤਮਾ ਆਪਣਾ ਸ਼ਬਦ ਹੀ ਸੁਣਾਉਂਦਾ ਹੈ। ਆਪਣੇ ਬੋਲਾਂ ਰਾਹੀਂ ਪ੍ਰਮਾਤਮਾ ਸੱਚ ਹੀ ਸਮਝਾਉਂਦਾ ਹੈ। ਜਿੰਨ੍ਹਾਂ ਨੇ ਉਸ ਗੁਰੂ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ ਉਨ੍ਹਾਂ ਦਾ ਹੀ ਉਸ ਸੱਚ ਦੇ ਘਰ ਵਿੱਚ ਵਾਸਾ ਹੋਇਆ ਹੈ। ਸੱਚ ਦੇ ਘਰ ਵਿੱਚੋਂ

ਸੱਚ ਦੀ ਸੋਝੀ ਹੀ ਮਿਲਦੀ ਹੈ। ‘‘ਸਚੁ’’ ਹੀ ਆਪ ਨਾਮ ਹੈ। ਸੱਚ ਦੀ ਪ੍ਰਾਪਤੀ ਹੋਣ ਤੋਂ ਬਾਅਦ, ਨਾਮ ਦੀ ਪ੍ਰਾਪਤੀ ਹੋਣ ਤੋਂ ਬਾਅਦ ਭਾਵ ਮਨ ਦੇ ਵਿੱਚ ਸੱਚ ਦੀ ਸੋਝੀ, ਬ੍ਰਹਮ ਗਿਆਨ ਦੀ ਸੋਝੀ ਪੈਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਨਾਮ ਤੋਂ ਬਿਨ੍ਹਾਂ, ਪ੍ਰਮਾਤਮਾ ਤੋਂ ਬਿਨ੍ਹਾਂ ਸਾਡਾ ਕੋਈ ਹੋਰ ਸਾਕ ਨਹੀਂ ਹੈ ਭਾਵ ਕੋਈ ਐਸਾ ਸੱਜਣ ਨਹੀਂ ਹੈ ਜੋ ਸਾਨੂੰ ਸੱਚ ਦੀ ਸੋਝੀ ਪਾ ਸਕੇ। ਆਪਣਾ ਸੱਚ ਪ੍ਰਮਾਤਮਾ ਆਪ ਹੀ ਆਪਣੀ ਕ੍ਰਿਪਾ ਦੁਆਰਾ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ, ਆਪਣੇ ਇਸ ਮਨ ਰੂਪ ਘਰ ਦੇ ਵਿੱਚ ਆਪਣੇ ਸ਼ਬਦ ਦੁਆਰਾ ਪ੍ਰਗਟ ਹੋ ਕੇ ਸਮਝਾਇਆ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਸੱਚ ਦੀ ਸੋਝੀ ਪਾਈ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਸੱਚ ਸਮਝਾਇਆ ਹੈ। **(ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ॥ ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ॥ ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ॥੫॥)**

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸੱਚ ਹੈ, ਨਾਮ ਹੈ ਜੋ ਉਸ ਦੇ ਘਰ ਵਿੱਚੋਂ ਆਇਆ ਹੈ ਜੋ ਕਿ ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ। ਗੁਰਬਾਣੀ ਦੀ ਸੱਚੀ ਸੋਝੀ ਹੀ ਸਾਡਾ ਅਸਲ ‘‘ਸਾਕੁ’’ ਹੈ, ਸੱਜਣ ਹੈ। ਇਸ ਸੱਚੀ ਸੋਝੀ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਆਪਣੇ ਸੱਚੇ ਸੱਜਣ ਦੇ ਨਾਲ ਨਹੀਂ ਜੁੜ ਸਕਦੇ। ਅਸੀਂ ਧਰਮ ਦੀ ਸਿੱਖਿਆ ਲੈਣ ਲਈ ਹੋਰ ਵੀ ਕਈ ਸੱਜਣ ਸਾਕ ਬਣਾਏ ਹੋਏ ਹਨ। ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਦੇ ਕੋਲ ਸੱਚ ਦੀ ਸੋਝੀ ਨਹੀਂ ਹੈ। ਜਿਤਨੀਆਂ ਜਿਆਦਾ ਗੱਲਾਂ ਅਸੀਂ ਆਪਣੇ ਆਪ ਹੀ ਥਾਪੇ ਹੋਏ ਸੱਜਣਾਂ ਦੀਆਂ ਮੰਨਦੇ ਹਾਂ ਉਤਨਾ ਹੀ ਅਸੀਂ ਆਪਣੇ ਸੱਚੇ ਸੱਜਣ ਤੋਂ ਦੂਰ ਹੁੰਦੇ ਹਾਂ, ਗੁਰੂ ਪ੍ਰਮਾਤਮਾ ਤੋਂ ਦੂਰ ਹੁੰਦੇ ਹਾਂ, ਗੁਰਮਤਿ ਤੋਂ ਦੂਰ ਹੁੰਦੇ ਹਾਂ, ਸੱਚ ਤੋਂ, ਨਾਮ ਤੋਂ ਦੂਰ ਹੁੰਦੇ ਹਾਂ, ਧਰਮ ਦੀ ਸੱਚੀ ਸਿੱਖਿਆ ਤੋਂ ਦੂਰ ਹੁੰਦੇ ਹਾਂ।

ਸੁਖੀ ਉਹ ਹੀ ਹੋਏ ਹਨ ਜਿੰਨ੍ਹਾਂ ਨੇ ਉਸ ‘‘ਸਚੁ’’ ਨੂੰ, ਨਾਮ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ ਭਾਵ ਜੇਕਰ ਅਸੀਂ ਸੁੱਖ ਦੀ ਪ੍ਰਾਪਤੀ ਕਰਨਾ ਚਾਹੁੰਦੇ ਹਾਂ, ਸਦਾ ਲਈ ਸੁਖੀ ਹੋਣਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਸਾਡੇ ਲਈ ਜਰੂਰੀ ਇਹੀ ਹੈ ਕਿ ਅਸੀਂ ਉਸ ਦੀ ਮਤਿ ਦੇ ਨਾਲ ਜੁੜੀਏ ਜੋ ਸੱਚ ਦੇ ਨਾਲ ਜੁੜੀ ਹੋਈ ਹੈ, ‘‘ਸੁਖ ਨਿਧਾਨ’’ ਦੇ ਨਾਲ ਜੁੜੀ ਹੋਈ ਹੈ ਭਾਵ ਕੇਵਲ ਗੁਰਬਾਣੀ ਦੀ ਮਤਿ ਦੇ ਨਾਲ ਜੁੜੀਏ। ਉਸ ਸੱਚੀ ਮਤਿ ਦੇ ਨਾਲ ਜੁੜਨਾ ਕੀ ਹੈ,

24/2598

ਸੱਚ ਨੂੰ ਆਪਣੇ ਹਿਰਦੇ ਵਿੱਚ ਵਸਾਉਣਾ ਕੀ ਹੈ, ਇਹੀ ਸੋਝੀ ਸਾਨੂੰ ਅਗਲੀਆਂ ਪੰਗਤੀਆਂ ਦੁਆਰਾ ਪਾਈ ਹੋਈ ਹੈ।

“ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥
ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ॥੬॥”

‘‘ਸਚੁ’’ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਪਿੱਛੇ ਬਰੀਕੀ ਨਾਲ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਆਪਣੇ ‘‘ਸਚੁ’’ ਰੂਪ ਦੁਆਰਾ ਸਭ ਜਗ੍ਹਾ ਭਰਪੂਰ ਹੈ ਤੇ ਸਾਡੇ ਸਭ ਦੇ ਅੰਦਰ ਵੀ ਉਹ ਆਪ ਹੀ ਵਿਚਰ ਰਿਹਾ ਹੈ। ਜਦੋਂ ਵੀ ਉਸ ‘‘ਸਚੁ’’ ਰੂਪ ਪ੍ਰਮਾਤਮਾ ਨੂੰ ਕੋਈ ਪਹਿਚਾਣਦਾ ਹੈ, ਬੁੱਝਦਾ ਹੈ, ਜਾਣਦਾ ਹੈ ਉਸਨੂੰ ਆਪਣੇ ਅੰਦਰੋਂ ਹੀ ਜਾਣਦਾ ਹੈ ਤੇ ਉਸ ਦੇ ਨਾਲ ਮੇਲ ਤੋਂ ਬਾਅਦ ਹੀ ਮਨੁੱਖ ਨੂੰ ਸਦੀਵੀਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਉਸਦੇ ਵਿੱਚ ਸਮਾਅ ਜਾਣਾ ਹੀ, ਉਸਦੇ ਸੱਚ ਵਿੱਚ ਸਮਾਅ ਜਾਣਾ ਹੀ, ਸੱਚੇ ਗਿਆਨ ਵਿੱਚ ਸਮਾਅ ਜਾਣਾ ਹੀ ਸੁੱਖ ਦੀ ਪ੍ਰਾਪਤੀ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣੇ ‘‘ਸਚੁ’’ ਰੂਪ ਵਿੱਚ ਪ੍ਰਗਟ ਹੁੰਦਾ ਹੈ ਉਸਨੂੰ ਆਪਣੇ ‘‘ਸਚੁ’’ ਰੂਪ ਨਾਲ ਹੀ ਜੋੜਦਾ ਹੈ। **(ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥)**

ਸਾਡੇ ਅੰਦਰ ‘‘ਸਚੁ’’ ਦਾ ਵੱਸਣਾ ਕੀ ਹੈ, ਹਿਰਦੇ ਵਿੱਚ ਸੱਚ ਨੂੰ ਵਸਾਉਣਾ ਕੀ ਹੈ, ਨਾਮ ਨੂੰ ਵਸਾਉਣਾ ਕੀ ਹੈ, ਇਹੀ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸੱਚ ਕੀ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸੱਚ ਹੀ ਸਾਰੇ ਸੰਸਾਰ ਦਾ ਧਰਮ ਹੈ। ਸੱਚ ਹੀ ਗੁਰਮਤਿ ਹੈ ਤੇ ਇਸ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਹਰ ਕੋਈ ਸਮਝ ਸਕਦਾ ਹੈ।

“ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥”

ਸੱਚ ਨੇ ਸਾਡੇ ਅੰਦਰੋਂ ਅਗਿਆਨਤਾ ਹੀ ਦੂਰ ਕਰਨੀ ਹੈ, ਹਉਮੈ, ਮਨਮਤਿ, ਮਾਇਆ ਮੋਹ ਹੀ ਦੂਰ ਕਰਨਾ ਹੈ ਤਾਂ ਜੋ ਅਸੀਂ ਸੱਚ ਤੇ ਚੱਲ ਸਕੀਏ। ਜਦ ਤੱਕ ਸਾਡੇ ਅੰਦਰ ਹਉਮੈ ਹੈ ਭਾਵ ਹਉਮੈ ਦਾ ਪੜਦਾ ਹੈ, ਅਗਿਆਨਤਾ ਦਾ ਪੜਦਾ ਹੈ ਤਦ ਤੱਕ ਸਾਡੇ ਅੰਦਰ ਸੱਚ ਨਹੀਂ ਹੈ, ਨਾਮ ਨਹੀਂ ਹੈ। ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾ ਹੈ ਤਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ। ਜਿੱਥੇ ਤ੍ਰਿਸ਼ਨਾ ਹੈ, ਮਾਇਆ ਮੋਹ ਹੈ, ਉੱਥੇ ਹੀ ਵਿਕਾਰ ਹਨ ਜਿੰਨ੍ਹਾਂ ਦੁਆਰਾ ਅਸੀਂ ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਦੇ ਹਾਂ। ਮਨ ਦੀ ਇਹੋ ਜਿਹੀ ਬਿਰਤੀ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚ ਨਾਲ ਨਹੀਂ ਜੁੜ ਸਕਦੇ, ਧਰਮ ਨਾਲ ਨਹੀਂ ਜੁੜ ਸਕਦੇ। ਸੱਚੇ ਸੁੱਚੇ ਕਰਮ ਕੇਵਲ ਸੱਚ ਤੇ ਚੱਲ ਕੇ ਹੀ ਹੰਦੇ ਹਨ ਤੇ ਪੂਰਨ ਸੱਚ ਦਾ ਵੱਸਣਾ ਬਹੁਤ ਔਖਾ ਹੈ ਭਾਵ ਸਾਡੇ ਵੱਸ ਨਹੀਂ ਹੈ। ਪੂਰਨ ਸੱਚ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਸਾਡੇ ਲਈ ਇਹੀ ਉੱਦਮ ਬਣਦਾ ਹੈ ਕਿ ਅਸੀਂ ਵੱਧ ਤੋਂ ਵੱਧ ਗੁਰੂ ਦੀ ਸਿੱਖਿਆ ਦੇ ਨਾਲ ਜੁੜੀਏ, ਸੱਚ ਦੇ ਨਾਲ ਜੁੜੀਏ, ਧਰਮ ਦੇ ਨਾਲ ਜੁੜੀਏ। ਅਸੀਂ ਆਪਣਾ ਧਰਮ ਕੇਵਲ ਸੱਚੇ ਸੁੱਚੇ ਕਰਮਾਂ ਦੁਆਰਾ ਹੀ ਨਿਭਾ ਸਕਦੇ ਹਾਂ ਤੇ ਸਾਡੇ ਸੱਚੇ ਕਰਮਾਂ ਦੇ ਵਿੱਚ ਰੁਕਾਵਟ ਸਾਡੀ ਤ੍ਰਿਸ਼ਨਾ ਹੈ, ਸਾਡੀ ਹਉਮੈ ਹੈ ਭਾਵ ਮਨਮਤਿ ਹੈ। ਮਨਮਤਿ ਛੱਡ ਕੇ ਹੀ ਅਸੀਂ ਗੁਰਮਤਿ ਨੂੰ ਅਪਣਾ

ਸਕਦੇ ਹਾਂ, ਸੱਚ ਨੂੰ ਅਪਣਾ ਸਕਦੇ ਹਾਂ। ਜਿਹੋ ਜਿਹੀ ਭਗਤੀ, ਨਾਮ, ਸੱਚ, ਧਰਮ ਅਸੀਂ ਹੁਣ ਤੱਕ ਸਮਝੇ ਹੋਏ ਹਨ ਉਹ ਉਨ੍ਹਾਂ ਕੋਲੋਂ ਸਿੱਖੇ ਹੋਏ ਹਨ ਜਿੰਨ੍ਹਾਂ ਦੇ ਅੰਦਰ ਸੱਚ ਨਹੀਂ ਵੱਸਿਆ ਹੋਇਆ ਭਾਵ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ ਪਰ ਅਸੀਂ ਭਰਮ ਵਿੱਚ ਹੀ ਉਨ੍ਹਾਂ ਦੇ ਸਰੀਰਕ ਜਪਾਂ ਤਪਾਂ ਨੂੰ ਦੇਖ ਕੇ ਉਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝ ਬੈਠਦੇ ਹਾਂ ਤੇ ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗ ਜਾਂਦੇ ਹਾਂ। ਸੱਚ ਕੇਵਲ ਗੁਰੂ ਦੇ ਕੋਲ ਹੈ ਜਿਸਦੇ ਅੰਦਰ ਪ੍ਰਮਾਤਮਾ ਆਪਣੇ “ਸਚੁ” ਰੂਪ ਵਿੱਚ ਸਦਾ ਹੀ ਪ੍ਰਗਟ ਹੈ। **(ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥)**

ਜਿਸਨੂੰ ਸੱਚ ਦੇ ਨਾਲ ਪਿਆਰ ਹੈ ਉਸਨੂੰ ਫਿਰ ਮਾਇਆ ਮੋਹ ਦੇ ਨਾਲ ਪਿਆਰ ਨਹੀਂ ਹੋ ਸਕਦਾ। ਜਿਸਨੂੰ ਮਾਇਆ ਮੋਹ ਦੇ ਨਾਲ ਪਿਆਰ ਹੈ ਉਸਨੂੰ ਸੱਚ ਦੇ ਨਾਲ, ਨਾਮ ਦੇ ਨਾਲ, ਗੁਰੂ ਦੀ ਮਤਿ ਦੇ ਨਾਲ ਪਿਆਰ ਨਹੀਂ ਹੋ ਸਕਦਾ। ਜਿਸਦੇ ਅੰਦਰ ਲੋਭ, ਲਾਲਚ ਵਾਲੀ ਮਾੜੀ ਬਿਰਤੀ ਹੈ, ਵਿਕਾਰਾਂ ਵਾਲੀ ਬਿਰਤੀ ਹੈ ਉਹ ਮਨੁੱਖ ਸੱਚ ਤੋਂ ਦੂਰ ਹੈ, ਨਾਮ ਤੋਂ ਦੂਰ ਹੈ, ਧਰਮ ਤੋਂ ਦੂਰ ਹੈ, ਗੁਰਮਤਿ ਤੋਂ ਦੂਰ ਹੈ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

{ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ॥
ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ॥}

(ਅੰਗ ੧੨੫੦)

ਗੁਰੂ ਦਾ ਭਉ ਉਸੇ ਮਨੁੱਖ ਦੇ ਅੰਦਰ ਹੈ, ਗੁਰੂ ਦੇ ਨਾਲ ਅਪਾਰ ਸ਼ਰਧਾ, ਪਿਆਰ ਉਸੇ ਮਨੁੱਖ ਨੂੰ ਹੈ ਜਿਸ ਨੇ ਮਾਇਆ ਮੋਹ ਨੂੰ ਵਿਸਾਰਿਆ ਹੋਇਆ ਹੈ ਭਾਵ ਤਿਆਗਿਆ ਹੋਇਆ ਹੈ ਤੇ ਜਿੰਨ੍ਹਾਂ ਦੇ ਅੰਦਰ ਲੋਭ ਲਹਿਰ ਹੈ, ਲੋਭ ਵਾਲੀ ਮਾੜੀ ਬਿਰਤੀ ਹੈ ਉਨ੍ਹਾਂ ਦੇ ਅੰਦਰ ਨਾ ਸੁਧਿ ਹੈ ਤੇ ਨਾ ਹੀ ਮਤਿ ਹੈ ਭਾਵ ਉਨ੍ਹਾਂ ਦੀ ਮਤਿ ਮਾੜੀ ਹੈ ਭਾਵ ਉਨ੍ਹਾਂ ਦੇ ਅੰਦਰ ਗੁਰੂ ਵਾਲੀ ਮਤਿ ਨਹੀਂ ਹੈ। ਜਿੰਨ੍ਹਾਂ ਦੇ ਅੰਦਰ ਗੁਰੂ ਵਾਲੀ ਮਤਿ ਹੈ ਭਾਵ ਗੁਰਮਤਿ ਹੈ ਉਹ ਫਿਰ ਮਾੜੇ ਕਰਮ ਨਹੀਂ ਕਰ ਸਕਦੇ, ਉਹ ਮਾਇਆ ਮੋਹ ਦੁਆਰਾ ਨਹੀਂ ਵਿਚਰਦੇ। ਗੁਰਮਤਿ ਦਾ ਭਉ ਆਪਣੇ ਅੰਦਰ ਵਸਾਉਣਾ ਹੀ ਗੁਰੂ ਦੇ ਭਉ ਨੂੰ ਵਸਾਉਣਾ ਹੈ। ਗੁਰਮਤਿ ਦੇ ਨਾਲ ਪਿਆਰ ਹੀ ਗੁਰੂ ਦੇ ਨਾਲ ਪਿਆਰ ਹੈ।

ਅਸੀਂ ਆਪਣਾ ਗੁਰੂ ਦੇ ਨਾਲ ਪਿਆਰ ਕਿਵੇਂ ਦਿਖਾਉਂਦੇ ਹਾਂ ਇਸ ਗੱਲ ਨੂੰ ਹਰ ਕੋਈ ਚੰਗੀ ਤਰ੍ਹਾਂ ਸਮਝਦਾ ਹੈ। ਸਾਰਾ ਦਿਨ ਸਮਾਧੀ ਲਗਾ ਕੇ ਗੁਰੂ ਗੁਰੂ ਕਰੀ ਜਾਣ ਨੂੰ ਜਾਂ ਵਾਹਿਗੁਰੂ ਵਾਹਿਗੁਰੂ ਕਰੀ ਜਾਣ ਨੂੰ ਜਾਂ ਰਾਮ ਰਾਮ ਜਪੀ ਜਾਣ ਨੂੰ ਅਸੀਂ ਗੁਰੂ ਨਾਲ ਆਪਣਾ ਪਿਆਰ ਜਤਾਉਣਾ ਸਮਝਦੇ ਹਾਂ ਜੋ ਕਿ ਅਤਿ ਦੀ ਅਗਿਆਨਤਾ ਹੈ ਤੇ ਗੁਰਮਤਿ ਦੇ ਅਸਲ ਭਾਵ ਨੂੰ ਬਿਲਕੁਲ ਖੋਖਲਾ ਕਰਨ ਵਾਲੀ ਗੱਲ ਹੈ। ਇਹ ਦੇਣ ਉਨ੍ਹਾਂ ਸਿਰਮੌਰਾਂ ਦੀ ਹੈ ਜਿੰਨ੍ਹਾਂ ਨੂੰ ਅਸੀਂ ਉੱਚਾ ਕਰਕੇ ਥਾਪਿਆ ਹੋਇਆ ਹੈ ਤੇ ਇਸੇ ਲਈ ਬਾਣੀ ਵਿੱਚ ਵਾਰ-ਵਾਰ ਇਨ੍ਹਾਂ ਝੂਠੇ ਧਰਮ ਦੇ ਠੇਕੇਦਾਰਾਂ ਦੀ ਨਿਖੇਧੀ ਕੀਤੀ ਗਈ ਹੈ ਤੇ ਇਨ੍ਹਾਂ ਲਈ ਕਾਫੀ

ਮਾੜੇ ਲਫ਼ਜ਼ਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਇਹ ਆਪ ਭਰਮੇ ਹੋਏ ਹਨ ਕਿਉਂਕਿ ਇਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ ਤੇ ਆਪਣੀ

ਝੂਠੀ ਸ਼ਾਨ ਬਣਾਈ ਬੈਠੇ ਹਨ, ਝੂਠਾ ਮਾਣ ਬਣਾਈ ਬੈਠੇ ਹਨ। ਸੱਚ ਤੇ ਚੱਲਣਾ ਕੀ ਹੈ, ਨਾਮ ਕੀ ਹੈ ਇਸ ਗੱਲ ਦੀ ਸੋਝੀ ਕੇਵਲ ਉਸ ਪ੍ਰਮਾਤਮਾ ਨਾਲ ਮੇਲ ਤੋਂ ਬਾਅਦ ਹੀ ਸਮਝ ਪੈਂਦੀ ਹੈ ਤੇ ਅਸੀਂ ਭਰਮ ਵਿੱਚ ਹੀ ਇਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝੀ ਬੈਠੇ ਹਾਂ। ਇਹੋ ਜਿਹਿਆਂ ਦੀ ਵਿਚਾਰਧਾਰਾ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚ ਨਾਲ ਨਹੀਂ ਜੁੜ ਸਕਦੇ, ਗੁਰਮਤਿ ਨਾਲ ਨਹੀਂ ਜੁੜ ਸਕਦੇ। ਪ੍ਰਮਾਤਮਾ ਦੇ ਦਰ ਤੇ ਮਾਣ ਕੇਵਲ ਸੱਚ ਤੇ ਚੱਲਣ ਦੁਆਰਾ ਮਿਲਦਾ ਹੈ ਤੇ ਜੋ ਖੁਦ ਸੱਚ ਦੇ ਉਲਟ ਚੱਲੇ ਹਨ ਜਾਂ ਚੱਲ ਰਹੇ ਹਨ ਤੇ ਸਭ ਨੂੰ ਸੱਚ ਦੇ ਉਲਟ ਚੱਲਣਾ ਸਮਝਾ ਰਹੇ ਹਨ ਜਾਂ ਸਮਝਾ ਕੇ ਇਸ ਸੰਸਾਰ ਤੋਂ ਚਲੇ ਗਏ ਹਨ ਭਾਵ ਸੰਸਾਰ ਦੇ ਸੱਚ ਨੂੰ, ਧਰਮ ਦੇ ਮਾਰਗ ਦੇ ਸੱਚ ਨੂੰ ਸਮਝੇ ਬਿਨ੍ਹਾਂ ਸੰਸਾਰ ਨੂੰ ਛੱਡ ਕੇ ਚਲੇ ਗਏ ਹਨ, ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰ ਤੋਂ ਸਰੀਰ ਦੇ ਰਹਿੰਦੇ ਹੋਏ ਕੀ ਮਿਲਿਆ ਹੋਵੇਗਾ ਇਸ ਗੱਲ ਨੂੰ ਆਪ ਹੀ ਸਮਝ ਲਵੋ ਭਾਵ ਇਹੋ ਜਿਹਿਆਂ ਨੇ ਆਪਣਾ ਜੀਵਨ ਵਿਅਰਥ ਹੀ ਗਵਾਇਆ ਹੈ। ਜਿਸਨੂੰ ਸੱਚ ਦੀ ਸੋਝੀ ਨਹੀਂ, ਜਿਸਦਾ ਸੱਚ ਦੇ ਨਾਲ ਮੇਲ ਨਹੀਂ ਹੋਇਆ ਉਹ ਹਰ ਕੋਈ ਆਵਾਗਉਣ ਵਿੱਚ ਹੀ ਹੈ। ਆਵਾਗਉਣ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਦਾ ਵੀ ਨਹੀਂ ਮਿਟਿਆ ਭਾਵ ਉਹ ਵੀ ਇਸ ਸੰਸਾਰ ਤੋਂ ਹਉਮੈ ਵਿੱਚ ਹੀ ਗਏ ਹਨ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਗਏ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਵੱਡਾ ਕੇਵਲ "ਸਚੁ" ਹੈ ਤੇ ਉਸਦੇ ਸੱਚ ਨਾਲ ਜੁੜੇ ਬਿਨ੍ਹਾਂ ਕੋਈ ਉਸ "ਸਚੁ" ਰੂਪ ਪ੍ਰਮਾਤਮਾ ਨਾਲ ਨਹੀਂ ਜੁੜ ਸਕਦਾ। ਸੱਚ ਕੇਵਲ ਤੇ ਕੇਵਲ ਗੁਰਬਾਣੀ ਦੇ ਕੋਲ ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ ਜੋ ਉਸ ਨਿਰਗੁਣ ਰੂਪ ਸੱਚ ਦੇ ਮਾਲਕ ਨੂੰ ਜਾਣਦੀ ਹੈ। ਆਪਣੀ ਸੱਚੀ ਗੁਰਬਾਣੀ ਰਾਹੀਂ ਪ੍ਰਮਾਤਮਾ ਸਭ ਨੂੰ ਇੱਕੋ ਜਿਹਾ ਸੱਚ ਹੀ ਸਮਝਾ ਰਿਹਾ ਹੈ, ਇੱਕੋ ਜਿਹਾ ਧਰਮ ਹੀ ਸਮਝਾ ਰਿਹਾ ਹੈ ਜਿਸ ਦੁਆਰਾ ਵਿਚਰ ਕੇ ਅਸੀਂ ਉਸ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ, ਮਨ ਦੇ ਵਿੱਚੋਂ ਹੀ ਉਸਦੇ ਦਰਸ਼ਨ ਕਰ ਸਕਦੇ ਹਾਂ।

ਉਹ "ਸਚੁ" ਰੂਪ ਪ੍ਰਮਾਤਮਾ ਸੱਚ ਤੇ ਚੱਲਣ ਦੁਆਰਾ ਹੀ ਮਿਲਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੩॥

"ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ॥੧॥"

(ਅੰਗ ੩੬)

ਉੱਪਰ ਪਹਿਲੀ ਪੰਗਤੀ ਰਾਹੀਂ ਹੀ ਧਿਆਨ ਨਾਲ ਸਮਝੋ ਕਿ ਸਚੁ ਦੀ ਪ੍ਰਾਪਤੀ ਦਾ ਮਕਸਦ ਕੀ ਹੈ ਤੇ ਸਚੁ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਸਚੁ ਦਾ ਮਕਸਦ ਸਾਨੂੰ ਗੁਣੀ ਬਣਾਉਣ ਨਾਲ ਹੈ ਤੇ ਗੁਣੀ ਉਹੀ ਬਣ ਸਕਦਾ ਹੈ ਜੋ ਆਪਣੇ ਅੰਦਰੋਂ ਔਗੁਣਾਂ ਨੂੰ ਤਿਆਗਦਾ ਹੈ, ਤ੍ਰਿਸ਼ਨਾ ਨੂੰ, ਵਿਕਾਰਾਂ ਨੂੰ ਤਿਆਗਦਾ ਹੈ। ਵਿਕਾਰਾਂ ਦੇ ਰਹਿੰਦਿਆਂ ਕੋਈ ਵੀ ਗੁਣੀ ਨਹੀਂ ਹੈ। ਉਸ ਸਚੁ ਰੂਪ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਵੀ ਕੇਵਲ ਇਹੀ ਹੈ ਕਿ ਅਸੀਂ

ਆਪਣੇ ਆਪ ਨੂੰ ਔਗੁਣਾਂ ਤੋਂ ਰਹਿਤ ਕਰੀਏ। ਸਾਡੇ ਮਨ ਵਿੱਚ ਸੱਚ ਤਾਂ ਹੀ ਵੱਸਦਾ ਹੈ ਜੇਕਰ ਅਸੀਂ ਔਗੁਣਾਂ ਤੋਂ ਮੁਕਤ ਹੁੰਦੇ ਹਾਂ ਭਾਵ ਗੁਣੀ ਹੋ ਕੇ ਵਿਚਰਦੇ ਹਾਂ। ਗੁਣਾਂ ਔਗੁਣਾਂ ਦਾ ਮਕਸਦ ਸਾਡੇ ਜੀਵਨ ਦੀ ਵਿਚਰਨ ਦੇ ਨਾਲ ਹੀ ਹੈ ਤੇ ਹੋਰ ਕੁੱਝ ਨਹੀਂ ਹੈ। ਗੁਰੂ ਵੱਲੋਂ ਸੱਚੇ ਬਣ ਕੇ ਭਾਵ ਗੁਣਾਂ ਨੂੰ ਅਪਣਾ ਕੇ ਹੀ ਅਸੀਂ ਧਰਮ ਅਨੁਸਾਰ ਵਿਚਰ ਸਕਦੇ ਹਾਂ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹੀ ਮਤਿ ਹੈ। ਗੁਣਾਂ ਦੀ ਪ੍ਰਾਪਤੀ ਲਈ, ਸੱਚੇ ਬਣਨ ਲਈ ਭਾਵ ਆਪਣਾ ਧਰਮ ਨਿਭਾਉਣ ਲਈ ਕੀ ਸਾਨੂੰ ਕਿਸੇ

ਸਰੀਰਕ ਜਪ ਤਪ ਆਦਿ ਦੀ ਜਰੂਰਤ ਹੈ, ਸਰੀਰਕ ਜਪਾਂ ਤਪਾਂ ਦੁਆਰਾ ਨਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਤੇ ਨਾ ਹੀ ਅਸੀਂ ਔਗੁਣ ਮੁਕਤ ਹੋ ਸਕਦੇ ਹਾਂ। ਉਹਨਾਂ ਦੀ ਕਮੀ ਨਹੀਂ ਜੋ ਇਹਨਾਂ ਜਪਾਂ ਤਪਾਂ ਨੂੰ ਹੀ ਸੱਚ ਸਮਝਦੇ ਹਨ, ਗੁਣ ਸਮਝਦੇ ਹਨ, ਭਗਤੀ ਸਮਝਦੇ ਹਨ ਤੇ ਧਰਮ ਦਾ ਮਾਰਗ ਸਮਝਦੇ ਹਨ। ਇਹ ਕੇਵਲ ਸਾਡੀ ਅਗਿਆਨਤਾ ਹੈ ਤੇ ਇਸੇ ਲਈ ਗੁਰਬਾਣੀ ਸਾਨੂੰ ਵਾਰ-ਵਾਰ ਇਹਨਾਂ ਨੂੰ ਛੱਡਣ ਲਈ ਪ੍ਰੇਰ ਰਹੀ ਹੈ, ਭਰਮ ਵਿੱਚੋਂ ਨਿਕਲਣ ਲਈ ਪ੍ਰੇਰ ਰਹੀ ਹੈ। ਜਿਹਨਾਂ ਨੂੰ ਸੱਚ ਦੀ ਸੋਝੀ ਪਈ ਹੈ ਉਹਨਾਂ ਨੇ ਹੀ ਸਾਨੂੰ ਇਸ ਭਰਮ ਵਿੱਚੋਂ ਨਿਕਲਣਾ ਸਮਝਾਇਆ ਹੈ।

ਆਪਣੇ ਆਪ ਨੂੰ ਵਿਕਾਰ ਰਹਿਤ ਹੋ ਕੇ ਗੁਣੀ ਬਣਾਉਣਾ ਹੀ, ਸੱਚ ਨਾਲ ਜੁੜਨਾ ਹੀ ਆਪਣੇ ਮਨ ਨੂੰ ਗੁਰੂ ਦੇ ਸ਼ਬਦ ਨਾਲ ਰੰਗਣਾ ਹੈ ਤੇ ਇਹ ਹੀ ਆਪਣੀ ਰਸਨਾ ਨੂੰ ਪ੍ਰਮਾਤਮਾ ਦੇ ਪ੍ਰੇਮ ਪਿਆਰ ਵਿੱਚ ਰੰਗਣਾ ਹੈ। ਵਿਕਾਰਾਂ ਦੇ ਰਹਿੰਦਿਆਂ ਸਾਡੀ ਰਸਨਾ ਤੇ ਪ੍ਰੇਮ ਪਿਆਰ ਨਹੀਂ ਹੈ। ਗੁਰੂ ਦੇ ਨਾਲ ਪ੍ਰੇਮ ਪਿਆਰ ਮਨ ਦੇ ਵਿੱਚ ਹੀ ਉਪਜਦਾ ਹੈ ਤੇ ਰਸਨਾ ਕੇਵਲ ਮਨ ਦੀ ਗੁਲਾਮ ਹੈ। ਜਦੋਂ ਮਨ ਦੇ ਵਿੱਚ ਸੱਚ ਵੱਸ ਜਾਂਦਾ ਹੈ, ਗੁਣ ਵੱਸ ਜਾਂਦੇ ਹਨ ਫਿਰ ਰਸਨਾ ਕੇਵਲ ਸੱਚ ਹੀ ਬੋਲਦੀ ਹੈ। ਸੱਚ ਨਾਲ ਪਿਆਰ ਹੀ ਗੁਰੂ ਨਾਲ ਪ੍ਰੇਮ ਪਿਆਰ ਹੈ, ਨਾਮ ਨਾਲ ਪ੍ਰੇਮ ਪਿਆਰ ਹੈ। **(ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥)**

{ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ॥
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥}

(ਅੰਗ ੪੯)

ਸਾਡਾ ਮਨ ਔਗੁਣਾਂ ਕਰਕੇ ਮੈਲਾ ਹੈ ਜਿਸ ਕਰਕੇ ਹਰ ਕੋਈ ਮਨਮੁਖਿ ਹੈ। ਸਾਡੀ ਇਹ ਮਨ ਦੀ ਮੈਲ ਗੁਰੂ ਦਾ ਸ਼ਬਦ ਹੀ ਧੋ ਸਕਦਾ ਹੈ ਭਾਵ ਗੁਰੂ ਦੀ ਮਤਿ ਹੀ ਧੋ ਸਕਦੀ ਹੈ, ਗੁਰੂ ਦੇ ਦੱਸੇ ਹੋਏ ਗੁਣ ਹੀ

ਧੋ ਸਕਦੇ ਹਨ ਜਿੰਨ੍ਹਾਂ ਦੁਆਰਾ ਸਾਡੇ ਅੰਦਰ ਸੱਚ ਵੱਸਦਾ ਹੈ। ਗੁਰੂ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਜੋ ਸਾਨੂੰ ਸੱਚ ਦੇ ਨਾਲ ਜੋੜ ਸਕੇ, ਜੋ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਾ ਸਕੇ। **(ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ॥ ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ॥੧॥)** ਸਤਿਗੁਰ ਪ੍ਰਮਾਤਮਾ ਆਪ ਹੈ ਤੇ ਉਸਦੇ ਆਪਣੇ ਸਮਝਾਏ ਹੋਏ ਸੱਚ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਨੂੰ ਸੱਚਾ ਸਮਝ ਕੇ ਉਸਦੇ ਪਿੱਛੇ ਤੁਰਦੇ ਹਾਂ ਤਾਂ ਫਿਰ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ ਤੇ ਨਾ ਹੀ ਸਾਨੂੰ ਸਹੀ ਧਰਮ ਦੀ ਸੋਝੀ ਪੈ ਸਕਦੀ ਹੈ।

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਸਾਡੇ ਔਗੁਣਾਂ ਕਰਕੇ ਹੀ ਹੈ ਤੇ ਔਗੁਣਾਂ ਦੇ ਰਹਿੰਦਿਆਂ ਅਸੀਂ ਕਦੇ ਪ੍ਰਮਾਤਮਾ ਨਾਲ ਮੇਲ ਨਹੀਂ ਕਰ ਸਕਦੇ। ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਗੁਣੀ ਬਣਾਉਣ ਨਾਲ ਹੀ ਹੈ ਤਾਂ ਜੋ ਅਸੀਂ ਉਸਦੀ ਰਜ਼ਾ ਦੁਆਰਾ ਵਿਚਰ ਸਕੀਏ, ਆਪਣਾ ਧਰਮ ਨਿਭਾ ਸਕੀਏ ਤੇ ਪ੍ਰਮਾਤਮਾ ਦਾ ਪਿਆਰ ਪਾ ਸਕੀਏ। ਪ੍ਰਮਾਤਮਾ ਦਾ ਪਿਆਰ ਪਾਉਣ ਲਈ ਉਸਦੇ ਸ਼ਬਦ ਦੇ ਨਾਲ ਪਿਆਰ ਪਾਉਣਾ ਜਰੂਰੀ ਹੈ ਜੋ ਕਿ ਉਸ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਉਸਦਾ ਸੱਚ ਰੂਪ ਹੈ। **(ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ॥)** (ਅੰਗ ੩੭)

ਭਰਮ ਵਿੱਚ ਭਗਤੀ ਕਰਨ ਵਾਲੇ ਸ਼ਬਦ ਨੂੰ ਪੜ੍ਹੀ ਜਾਣ ਵਿੱਚ ਜਾਂ ਰਟੀ ਜਾਣ ਵਿੱਚ ਹੀ ਗੁਣ ਸਮਝਦੇ ਹਨ ਭਾਵ ਆਪਣੇ ਆਪ ਨੂੰ ਗੁਣੀ ਸਮਝਦੇ ਹਨ। ਜਦ ਤੱਕ ਸਾਡੇ ਅੰਦਰ ਵਿਕਾਰ ਹਨ, ਔਗੁਣ ਹਨ ਤਦ ਤੱਕ ਸਾਡੇ ਅੰਦਰ ਗੁਣ ਨਹੀਂ ਹਨ ਪਰ ਫਿਰ ਵੀ ਆਪਣੇ ਆਪ ਨੂੰ ਗੁਣੀ ਸਮਝੀ ਜਾਣਾ, ਧਰਮ ਦੇ ਮਾਰਗ ਤੇ ਸੱਚੇ ਸਮਝੀ ਜਾਣਾ ਸਿਵਾਏ ਭਰਮ ਦੇ ਹੋਰ ਕੁੱਝ ਵੀ ਨਹੀਂ। ਭਰਮ ਕਥਨੀ ਕਰਨੀ ਦਾ ਹੀ ਹੈ।

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥੬॥}

(ਅੰਗ ੫੬)

ਭਰਮੇ ਹੋਏ ਸਾਨੂੰ ਕਥਨੀ ਨਾਲ ਜੋੜਦੇ ਹਨ ਤੇ ਗੁਰੂ ਸਾਨੂੰ ਕਰਣੀ ਨਾਲ ਜੋੜਦਾ ਹੈ, ਸੱਚੀ ਸੁੱਚੀ ਕਿਰਤ ਨਾਲ ਜੋੜਦਾ ਹੈ ਜਿਸ ਦੁਆਰਾ

24/2603

ਮਨੁੱਖਤਾ ਦਾ ਭਲਾ ਹੋ ਸਕਦਾ ਹੈ। ਭਰਮੇ ਹੋਏ ਸਾਨੂੰ ਸੱਚੇ ਧਰਮ ਤੋਂ ਗੁੰਮਰਾਹ ਹੀ ਕਰਦੇ ਹਨ ਤੇ ਇਸੇ ਲਈ ਬਾਣੀ ਵਿੱਚ ਵਾਰ-ਵਾਰ ਇਹਨਾਂ ਦੀ ਨਿਖੇਧੀ ਕੀਤੀ ਗਈ ਹੈ।

ਸੱਚ ਦੀ ਸਿੱਖਿਆ ਕੇਵਲ ਗੁਰੂ ਦੇ ਕੋਲ ਹੈ ਜਿਵੇਂ ਕਿ ਅਸੀਂ ਮੁਖਿ ਸ਼ਬਦ ਦੁਆਰਾ ਪਿੱਛੇ ਸਮਝਿਆ ਹੈ ਤੇ ਅੱਗੇ ਅਜੇ ਹੋਰ ਵੀ ਸਮਝਣਾ ਹੈ।

“ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥
ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ॥੬॥”

(ਅੰਗ – ੫੫)

ਉਪਰਲੀਆਂ ਦੋ ਪੰਗਤੀਆਂ ਨੂੰ ਅਸੀਂ ਪਹਿਲੇ ਸਮਝ ਹੀ ਚੁੱਕੇ ਹਾਂ ਕਿ ਸਾਡੇ ਅੰਦਰ ਸੱਚ ਦਾ ਵੱਸਣਾ ਕੀ ਹੈ, ਸੱਚੇ ਬਣਨਾ ਕੀ ਹੈ ਤੇ ਧਰਮ ਅਨੁਸਾਰ ਵਿਚਰਨਾ ਕੀ ਹੈ ਭਾਵ ਸਭ ਕੁੱਝ ਸਾਡੀ ਸੱਚੀ ਸੁੱਚੀ ਕਿਰਤ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੇ ਲਈ ਮਨ ਦੇ ਵਿੱਚ ਸੱਚ ਦਾ ਹੋਣਾ ਜਰੂਰੀ ਹੈ, ਸੱਚੀ ਸੋਝੀ ਦਾ ਹੋਣਾ ਜਰੂਰੀ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਸਾਨੂੰ ਲਾਹਾ ਕਿਸ ਰੂਪ ਵਿੱਚ ਪ੍ਰਾਪਤ ਹੁੰਦਾ ਹੈ, ਇਸ ਜੀਵਨ ਵਿੱਚ ਲਾਭ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਲਾਹਾ “ਏਕੁ ਨਾਮੁ” ਵਿੱਚ ਹੈ ਭਾਵ ਕੇਵਲ ਸੱਚ ਵਿੱਚ ਹੈ, ਕੇਵਲ ਸੱਚ ਦੀ ਪ੍ਰਾਪਤੀ ਵਿੱਚ ਹੈ। ਜਿੱਥੇ ਕੇਵਲ “ਗੁਰ ਵੀਚਾਰਿ” ਹੈ ਉੱਥੇ ਕੇਵਲ ਸੱਚ ਹੈ, ਉੱਥੇ ਕੇਵਲ ਨਾਮ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ, ਆਪਣੇ ਅੰਦਰੋਂ ਉਸ “ਸਚੁ” ਰੂਪ ਪ੍ਰਮਾਤਮਾ ਦੀ ਪਹਿਚਾਣ ਹੁੰਦੀ ਹੈ, ਸਦੀਵੀਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਤੇ ਮਨੁੱਖ ਹਉਮੈ ਤੋਂ, ਤ੍ਰਿਸ਼ਨਾ ਤੋਂ ਮੁਕਤਿ ਹੁੰਦਾ ਹੈ। ਲਾਹਾ ਮਾਇਆ ਮੋਹ ਤੋਂ, ਵਿਕਾਰਾਂ ਤੋਂ ਮੁਕਤਿ ਹੋਣ ਦੁਆਰਾ ਹੀ ਮਿਲਦਾ ਹੈ। ਮਨ ਦੇ ਵਿੱਚੋਂ ਮਾਇਆ ਮੋਹ ਤੋਂ ਮੁਕਤਿ ਹੋ ਕੇ, ਅਗਿਆਨਤਾ ਤੋਂ ਮੁਕਤ ਹੋ ਕੇ ਭਾਵ ਸੱਚ ਦੀ ਸੋਝੀ ਪੈਣ ਦੁਆਰਾ ਹੀ ਅਸੀਂ ਫਿਰ ਸੱਚ ਦੁਆਰਾ ਵਿਚਰਦੇ ਹਾਂ। ਜੋ ਵੀ ਕਰਮ ਅਸੀਂ ਸੱਚ ਦੁਆਰਾ ਕਰਦੇ ਹਾਂ ਉਸ ਵਿੱਚ ਲਾਹਾ ਹੈ ਤੇ ਜੋ ਵੀ ਕਰਮ ਅਸੀਂ ਸੱਚ ਤੋਂ ਉਲਟ ਕਰਦੇ ਹਾਂ ਉਸ ਵਿੱਚ ਤੋਟਾ ਹੈ। ਸੱਚ ਹੀ ਨਾਮ ਹੈ ਤੇ ਜੋ ਕਰਮ ਅਸੀਂ ਨਾਮ ਦੀ ਸਿੱਖਿਆ ਅਨੁਸਾਰ ਕਰਦੇ ਹਾਂ, ਗੁਰਮਤਿ ਅਨੁਸਾਰ ਕਰਦੇ ਹਾਂ ਕੇਵਲ ਉਸੇ ਵਿੱਚ ਹੀ ਸੱਚ ਹੈ ਤੇ ਉਸੇ ਵਿੱਚ ਹੀ ਲਾਹਾ ਹੈ। ਜੋ ਵੀ ਕਰਮ ਸਾਡੇ ਗੁਰਮਤਿ ਅਨੁਸਾਰ ਨਹੀਂ ਹਨ, ਗੁਰੂ ਦੇ ਸਮਝਾਏ ਹੋਏ ਸੱਚ ਅਨੁਸਾਰ ਨਹੀਂ ਹੈ ਉਹਨਾਂ ਵਿੱਚ ਤੋਟਾ ਹੈ। ਗੁਰਮਤਿ ਅਨੁਸਾਰ ਸਾਡੇ ਸਾਰੇ ਕਰਮ ਚੰਗੇ ਹਨ ਤੇ ਗੁਰਮਤਿ ਤੋਂ ਉਲਟ ਕਰਮ ਕਰਨਾ ਸਾਡੇ ਮਾੜੇ ਕਰਮ ਹਨ ਭਾਵ ਉਹਨਾਂ ਵਿੱਚ ਗੁਣ ਨਹੀਂ ਹਨ। ਗੁਣ ਕੇਵਲ ਉਸੇ ਗੱਲ ਵਿੱਚ ਹੈ ਜੋ ਗੱਲ ਗੁਰਮਤਿ ਅਨੁਸਾਰ ਹੈ। ਗੁਰਮਤਿ ਤੋਂ ਉਲਟ ਚੱਲਣਾ ਸਾਡਾ ਹਰ ਕੰਮ ਔਗੁਣ ਹੈ। ਗੁਰੂ ਸਾਨੂੰ ਵਾਰ-ਵਾਰ ਸਰੀਰਕ ਜਪਾਂ ਤਪਾਂ ਤੋਂ ਮਨ੍ਹਾ ਕਰਦਾ ਹੈ, ਇਹਨਾਂ ਨੂੰ ਛੱਡਣ ਲਈ ਪ੍ਰੇਰਦਾ ਹੈ ਪਰ ਜੇਕਰ ਫਿਰ ਵੀ ਅਸੀਂ ਇਹੋ ਜਿਹੇ ਕਰਮ ਕਰਦੇ ਹਾਂ ਤਾਂ ਫਿਰ ਗੁਰਮਤਿ ਦੇ ਉਲਟ ਚੱਲਣ ਵਾਲੀ ਗੱਲ ਹੈ, ਆਪਣੀ ਮਨਮਤਿ ਵਾਲੀ ਗੱਲ ਹੈ, ਮਨਹਠਿ ਵਾਲੀ ਗੱਲ ਹੈ, ਝੂਠੀ ਸਿਆਣਪ ਵਾਲੀ ਗੱਲ ਹੈ ਤੇ ਸਾਡੀ ਇਹੀ ਕਰਨੀ ਕੇਵਲ ਤੋਟਾ ਹੈ ਜਦ ਕਿ ਇਹੋ ਜਿਹੇ ਕਰਮ ਕਰਨ ਵਾਲੇ,

24/2604

ਸਮਾਧੀਆਂ ਲਗਾ ਕੇ ਬੈਠੇ ਰਹਿਣ ਵਾਲੇ, ਕਿਸੇ ਅੱਖਰ ਨੂੰ ਰਟੀ ਜਾਣ ਵਾਲੇ ਆਪਣੇ ਇਹਨਾਂ ਕਰਮਾਂ ਵਿੱਚੋਂ ਲਾਹੇ ਦੀ ਉਮੀਦ ਕਰਦੇ ਹਨ। ਸਾਡੇ ਜਿਹੜੇ ਕਰਮ ਵਿੱਚ ਸੱਚ ਨਹੀਂ ਹੈ ਉੱਥੇ ਲਾਹੇ ਦੀ ਬਜਾਇ ਤੋਟਾ ਹੈ ਭਾਵ ਕੋਈ ਲਾਭ ਮਿਲਣ ਦੀ ਬਜਾਇ ਅਸੀਂ ਉਲਟਾ ਆਪਣਾ ਨੁਕਸਾਨ ਹੀ ਕਰਦੇ ਹਾਂ। ਜਿਉਂ ਜਿਉਂ ਅਸੀਂ ਗੁਰਮਤਿ ਤੋਂ ਉਲਟ ਚੱਲਦੇ ਹਾਂ ਅਸੀਂ ਆਪਣੀ ਮਨਹਠਿ

ਹੀ ਪ੍ਰਗਟ ਕਰਦੇ ਹਾਂ, ਆਪਣੀ ਹਉਮੈ ਹੀ ਵਧਾਉਂਦੇ ਹਾਂ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣਾ ਝੂਠਾ ਮਾਣ ਵਧਾਉਣਾ ਸਾਡਾ ਗੁਰੂ ਦੇ ਘਰ ਵਿੱਚ, ਪ੍ਰਮਾਤਮਾ ਦੇ ਘਰ ਵਿੱਚ ਆਪਣਾ ਮਾਣ ਘਟਾਉਣ ਵਾਲੀ ਗੱਲ ਹੈ ਜਿਸ ਵਿੱਚ ਲਾਭ ਦੀ ਬਜਾਏ ਕੇਵਲ ਤੋਟਾ ਹੈ। ਲਾਭ ਕੇਵਲ ਉਸ ਗੱਲ ਵਿੱਚ ਹੈ ਜਿਸ ਕਰਮ ਦੁਆਰਾ ਸਾਡਾ ਗੁਰੂ ਦੇ ਘਰ ਵਿੱਚ ਮਾਣ ਉੱਚਾ ਹੋਵੇ। ਗੁਰੂ ਦੇ ਘਰ ਵਿੱਚ ਮਾਣ ਕੇਵਲ ਗੁਰਮਤਿ ਦੁਆਰਾ ਵਿਚਰ ਕੇ ਹੀ ਹੁੰਦਾ ਹੈ, ਸੱਚ ਦੁਆਰਾ ਵਿਚਰ ਕੇ ਹੀ ਹੁੰਦਾ ਹੈ, ਮਨਮਤਿ ਛੱਡ ਕੇ, ਔਗੁਣ ਛੱਡ ਕੇ, ਗੁਣਾਂ ਦੁਆਰਾ ਵਿਚਰਨ ਨਾਲ ਹੀ ਹੁੰਦਾ ਹੈ। ਮਾੜੇ ਕਰਮ ਛਡਕੇ ਸੱਚੇ ਸੁੱਚੇ ਕਰਮ, ਸੱਚੀ ਸੁੱਚੀ ਕਿਰਤ ਦੁਆਰਾ ਹੀ ਹੁੰਦਾ ਹੈ। ਪ੍ਰਮਾਤਮਾ ਨੂੰ ਸਾਡੇ ਕੇਵਲ ਗੁਣ ਹੀ ਭਾਉਂਦੇ ਹਨ, ਸੱਚ ਹੀ ਭਾਉਂਦਾ ਹੈ ਜਿਸ ਦੁਆਰਾ ਸਾਨੂੰ ਉਸ ਦੇ ਦਰ ਤੋਂ ਲਾਹਾ ਮਿਲਦਾ ਹੈ ਤੇ ਸਾਨੂੰ ਫ਼ਲ ਦੇ ਰੂਪ ਵਿੱਚ ਪ੍ਰਮਾਤਮਾ ਆਪਣੇ ਦਰਸ਼ਨ ਬਖਸ਼ਦਾ ਹੈ ਜੋ ਸਾਡੇ ਲਈ ਅਸਲ ਲਾਹਾ ਹੈ, ਅਸਲ ਲਾਭ ਹੈ ਜੋ ਇਸ ਸੰਸਾਰ ਵਿੱਚੋਂ ਅਸੀਂ ਲੈ ਕੇ ਜਾਣਾ ਹੈ। ਇਹ ਲਾਹਾ ਲੈਣ ਲਈ ਅਸੀਂ ਕੇਵਲ ਸੱਚ ਤੇ ਚੱਲਣ ਦਾ, ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਸ਼ਬਦ ਦੇ ਵੀਚਾਰੀ ਬਣਨ ਦਾ ਉੱਦਮ ਹੀ ਕਰਨਾ ਹੈ। **(ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥ ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ॥੬॥)**

ਇਸ ਸੰਸਾਰ ਵਿੱਚੋਂ ਨਾਮ ਦੀ ਪ੍ਰਾਪਤੀ ਕਰਕੇ ਜਾਣਾ, ਸੱਚ ਦੀ ਪ੍ਰਾਪਤੀ ਕਰਕੇ ਜਾਣਾ, ਲਾਹੇ ਦੀ ਪ੍ਰਾਪਤੀ ਕਰਕੇ ਜਾਣਾ ਜਾਂ ਗੁਰਮਤਿ ਦੀ ਪ੍ਰਾਪਤੀ ਕਰਕੇ ਜਾਣਾ ਇੱਕੋ ਹੀ ਗੱਲ ਹੈ। ਸਭ ਤੋਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੀ ਹੈ ਜੋ ਕਿ ਮਨ ਦੇ ਵਿੱਚ ਸੱਚੇ ਗਿਆਨ ਦੀ, ਸੱਚੀ ਸੋਝੀ ਦੀ ਪ੍ਰਾਪਤੀ ਹੈ ਜੋ ਕਿ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ। ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਖੇਡ ਹੈ ਤੇ ਇਸ ਖੇਡ ਨੂੰ ਚਲਾਉਣ ਵਾਲਾ ਉਹ ਆਪ ਹੈ। ਇਹ ਖੇਡ ਉਹ ਸਭ ਨੂੰ ਆਪ ਹੀ ਖਿਡਾ ਰਿਹਾ ਹੈ ਤੇ ਇਸ ਖੇਡ ਨੂੰ ਖੇਡਣ ਦੇ ਅਸੂਲ ਵੀ ਉਸਨੇ ਆਪ ਹੀ ਬਣਾਏ ਹੋਏ ਹਨ। ਉਸਦੀ ਗੁਰਮਤਿ ਅਨੁਸਾਰ ਵਿਚਰ ਕੇ ਹੀ ਅਸੀਂ ਉਸਦੀ ਖੇਡ ਵਿੱਚੋਂ ਨਿਕਲ ਸਕਦੇ ਹਾਂ, ਇਸ ਸੰਸਾਰ ਦੇ ਆਵਾਗਉਣ ਵਿੱਚੋਂ ਨਿਕਲ ਸਕਦੇ ਹਾਂ, ਇਸ ਖੇਡ ਦੇ ਵਿੱਚੋਂ ਲਾਹਾ ਲੈ ਕੇ ਜਾ ਸਕਦੇ ਹਾਂ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸੁਪਨੰਤਰੁ ਸੰਸਾਰੁ ਸਭੁ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ॥
ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ॥੫॥
ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ॥
ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ॥੬॥}

(ਅੰਗ ੧੩੧੧)

24/2605

ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਲਾਹਾ ਖੱਟਣਾ ਸਿਖਾਇਆ ਹੋਇਆ ਹੈ ਤੇ ਦੂਸਰੇ ਪਦੇ ਰਾਹੀਂ ਸਾਨੂੰ ਤੋਟਾ ਸਮਝਾਇਆ ਹੋਇਆ ਹੈ। ਫ਼ਰਕ ਕੇਵਲ ਸਾਡੇ ਕਰਮਾਂ ਵਿੱਚ ਹੀ ਦੱਸਿਆ ਹੋਇਆ ਹੈ ਭਾਵ ਮਾੜੇ ਤੇ ਚੰਗੇ ਕਰਮਾਂ ਵਿੱਚ ਦੱਸਿਆ ਹੋਇਆ ਹੈ। ਆਪਣੇ ਕਰਮਾਂ ਦੁਆਰਾ ਹੀ ਅਸੀਂ ਪ੍ਰਮਾਤਮਾ ਦੇ ਦਰਬਾਰ ਵਿੱਚ ਭਾਉਂਦੇ ਹਾਂ ਤੇ ਆਪਣੇ ਕਰਮਾਂ ਦੁਆਰਾ ਹੀ ਉੱਥੋਂ ਸਜਾਵਾਂ ਪਾਉਂਦੇ ਹਾਂ। ਚੰਗੇ ਕਰਮਾਂ ਵਿੱਚ ਲਾਭ ਹੈ ਤੇ ਮਾੜੇ ਕਰਮਾਂ ਵਿੱਚ ਤੋਟਾ ਹੈ ਭਾਵ ਸਜਾਵਾਂ ਹਨ।

ਸੰਸਾਰ ਦੀ ਇਹ ਖੇਡ ਇੱਕ ਸੁਪਨੇ ਦੀ ਤਰ੍ਹਾਂ ਹੈ ਭਾਵ ਭਰਮ ਭਰੀ ਹੋਈ ਹੈ ਜਿਸਨੂੰ ਅਸੀਂ ਆਪਣੇ ਆਪ ਸਮਝ ਨਹੀਂ ਸਕਦੇ। ਸੁਪਨੇ ਅੰਦਰ ਅਸੀਂ ਜੋ ਕੁੱਝ ਵੀ ਦੇਖਦੇ ਹਾਂ, ਸੁਪਨੇ ਵਿੱਚ ਰਹਿੰਦਿਆਂ ਅਸੀਂ ਉਸਨੂੰ ਹੀ ਸੱਚ ਸਮਝਦੇ ਹਾਂ ਤੇ ਸੁਪਨਾ ਖੁੱਲ੍ਹਣ ਤੇ ਇਹ ਸਮਝ ਲੱਗਦੀ ਹੈ ਕਿ ਸੁਪਨੇ ਵਿੱਚ ਜੋ ਕੁੱਝ ਅਸੀਂ ਵੇਖਿਆ ਹੈ ਉਹ ਝੂਠ ਹੀ ਸੀ ਭਾਵ ਉਸ ਵਿੱਚ ਸੱਚ ਨਹੀਂ ਸੀ। ਪ੍ਰਮਾਤਮਾ ਆਪਣੀ ਇਸ ਸੰਸਾਰ ਦੀ ਖੇਡ ਸਾਨੂੰ ਭਰਮ ਵਿੱਚ ਰੱਖ ਕੇ ਹੀ ਚਲਾ ਰਿਹਾ ਹੈ। ਅਸੀਂ ਜਿਉਂਦੇ ਹੋਏ ਵੀ ਜੋ ਕੁੱਝ ਵੀ ਇਸ ਸੰਸਾਰ ਨੂੰ ਸਮਝ ਰਹੇ ਹਾਂ, ਆਪਣੇ ਆਪ ਨੂੰ ਸਮਝ ਰਹੇ ਹਾਂ ਉਸ ਵਿੱਚ ਸੁਪਨੇ ਦੀ ਤਰ੍ਹਾਂ ਝੂਠ ਹੈ ਭਾਵ ਸਾਨੂੰ ਸੱਚ ਦੀ ਸੋਝੀ ਨਹੀਂ ਹੈ। ਪ੍ਰਮਾਤਮਾ ਨੇ ਸਾਨੂੰ ਸਭ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਜਦ ਤੱਕ ਮਨੁੱਖ ਇਸ ਅਵੱਸਥਾ ਵਿੱਚ ਹੈ ਉਹ ਅਸਲ ਵਿੱਚ ਇੱਕ ਸੁਪਨੇ ਵਿੱਚ ਹੀ ਹੈ ਜਿਸ ਦੇ ਰਹਿੰਦਿਆਂ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ। ਮਨ ਦੀ ਇਹ ਅਵੱਸਥਾ ਸਾਡੀ ਮਨਮਤਿ ਵਾਲੀ ਅਵੱਸਥਾ ਹੈ ਭਾਵ ਇਸ ਵਿੱਚ ਰਹਿੰਦਿਆਂ ਅਸੀਂ ਚੌਥੇ ਪਦ ਦੀ ਸੋਝੀ ਤੋਂ ਦੂਰ ਰਹਿੰਦੇ ਹਾਂ। ਇਸ ਸਾਰੇ ਸਰਗੁਣ ਸਰੂਪ ਵਿੱਚ ਪ੍ਰਮਾਤਮਾ ਆਪ ਹੀ ਹੀ ਪਰ ਮਨਮਤਿ ਵਿੱਚ ਰਹਿੰਦਿਆਂ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ। ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਪਰ ਤ੍ਰੈਗੁਣਾਂ ਵਿੱਚ ਰਹਿੰਦਿਆਂ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ, ਸੁਪਨੇ ਵਿੱਚ ਰਹਿੰਦਿਆਂ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ। ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਵੀ ਸੁਪਨੇ ਵਿੱਚ ਹੀ ਕਰ ਰਹੇ ਹਾਂ ਤੇ ਉਹਨਾਂ ਗੱਲਾਂ ਨੂੰ ਸੱਚ ਸਮਝਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੈ। ਅਸੀਂ ਅਨੇਕਾਂ ਹੀ ਇਹੋ ਜਿਹੇ ਭਗਤੀ ਦੇ ਉਪਰਾਲੇ ਕਰਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੈ ਪਰ ਅਸੀਂ ਉਹਨਾਂ ਨੂੰ ਸੱਚ ਦੀ ਸਮਝਦੇ ਹਾਂ। ਗੁਰਬਾਣੀ ਦੀ ਰਚਨਾ ਕਰਨ ਵਾਲੇ ਇਸ ਸੁਪਨੇ ਵਿੱਚੋਂ ਨਿਕਲੇ ਹੋਏ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੀ ਖੇਡ ਸਮਝਾਈ ਹੋਈ ਹੈ। ਜਿਸ ਨੂੰ ਵੀ ਪ੍ਰਮਾਤਮਾ ਨੇ ਇਸ ਸੁਪਨੇ ਵਿੱਚੋਂ ਕੱਢਿਆ ਹੈ ਉਸਨੂੰ ਹੀ ਪੂਰਨ ਸੱਚ ਦੀ ਸੋਝੀ ਪਈ ਹੈ। ਇਹ ਪੂਰਨ ਸੱਚ ਗੁਰੂ ਦੇ ਕੋਲ ਹੈ ਜੋ ਸੱਚ ਉਸਨੇ ਆਪਣੀ ਗੁਰਮਤਿ ਰਾਹੀਂ ਸਮਝਾਇਆ ਹੈ, ਨਾਮ ਰਾਹੀਂ ਸਮਝਾਇਆ ਹੈ ਭਾਵ ਗੁਰਬਾਣੀ ਰਾਹੀਂ ਸਮਝਾਇਆ ਹੈ। ਮਨ ਦੇ ਵਿੱਚ ਇਸ ਸੱਚ ਦੀ ਸੋਝੀ ਦੁਆਰਾ, ਨਾਮ ਦੀ, ਗੁਰਮਤਿ ਦੀ ਸੱਚੀ ਸੋਝੀ ਦੁਆਰਾ ਲਾਹੇ ਦੀ ਪ੍ਰਾਪਤੀ ਹੁੰਦੀ ਹੈ, ਲਾਭ ਦੀ ਪ੍ਰਾਪਤੀ ਹੁੰਦੀ ਹੈ। ਅਸੀਂ ਸੰਸਾਰ ਤੋਂ ਇਹ ਲਾਹਾ ਖੱਟ ਕੇ ਜਾਣਾ

ਹੈ, ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਦਰਬਾਰ ਵਿੱਚ ਭਾਵ ਦਰ ਤੇ, ਜੋ ਸਾਡੇ ਅੰਦਰ ਮਨ ਵਿੱਚ ਹੀ ਹੈ, ਪਤਿ ਨਾਲ, ਇੱਜ਼ਤ ਮਾਣ ਨਾਲ ਜਾ ਸਕਦੇ ਹਾਂ। ਇੱਜ਼ਤ ਸਾਨੂੰ ਗੁਰਮਤਿ ਦੁਆਰਾ ਵਿਚਰਨ ਨਾਲ

24/2606

ਹੀ ਮਿਲਦੀ ਹੈ ਪਰ ਇਸ ਲਈ ਗੁਰਮਤਿ ਦੀ ਸੋਝੀ ਦਾ ਹੋਣਾ ਜਰੂਰੀ ਹੈ। ਗੁਰਮਤਿ ਦੀ ਸੱਚੀ ਸੋਝੀ ਬਿਨ੍ਹਾਂ ਅਸੀਂ ਉਹਨਾਂ ਗੱਲਾਂ ਨਾਲ ਪ੍ਰਮਾਤਮਾ ਦੇ ਦਰ ਤੋਂ ਇੱਜ਼ਤ ਮਾਣ ਪਾਉਣਾ ਚਾਹੁੰਦੇ ਹਾਂ ਜਿੰਨ੍ਹਾਂ ਵਿੱਚ ਗੁਰਮਤਿ ਨਹੀਂ ਹੈ। ਸੁਪਨੇ ਵਿੱਚ ਰਹਿੰਦਿਆਂ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿਸ ਵਿੱਚ ਲਾਹਾ ਨਹੀਂ ਬਲਕਿ ਤੋਟਾ ਹੈ। ਲਾਹਾ ਕੇਵਲ ਨਾਮ ਵਿੱਚ ਹੈ ਤੇ ਨਾਮ ਦੀ ਸੋਝੀ ਸੁਪਨੇ ਵਿੱਚ ਰਹਿੰਦਿਆਂ ਨਹੀਂ ਪੈ ਸਕਦੀ ਤੇ ਅਸੀਂ ਉਹੋ ਜਿਹਾ ਨਾਮ ਸਮਝਿਆ ਹੋਇਆ ਹੈ, ਉਹਨਾਂ ਦੇ ਕੋਲੋਂ ਨਾਮ ਸਮਝਿਆ ਹੋਇਆ ਹੈ ਜੋ ਖੁਦ ਸੁਪਨੇ ਵਿੱਚ ਰਹੇ ਹਨ ਤੇ ਹੋਰਾਂ ਨੂੰ ਸੁਪਨੇ ਵਿੱਚ ਹੀ ਰਹਿਣ ਲਈ ਦ੍ਰਿੜ ਕਰ ਗਏ ਹਨ ਤੇ ਉਹ ਅੱਗੋਂ ਦੂਸਰਿਆਂ ਨੂੰ ਦ੍ਰਿੜ ਕਰ ਰਹੇ ਹਨ। **(ਸੁਪਨੰਤਰੁ ਸੰਸਾਰੁ ਸਭੁ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ॥ ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ॥੫॥)**

ਸੁਪਨਾ ਕੀ ਹੈ ਤੇ ਇਸ ਸੁਪਨੇ ਨਾਲ ਜੁੜਨਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸਲੋਕ ਦੁਆਰਾ ਤੇ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਇਸ ਸੁਪਨੇ ਵਿੱਚੋਂ ਨਿਕਲਣ ਦਾ ਉਪਰਾਲਾ ਕਰ ਸਕੀਏ। ਭੇਦ ਮਨਮਤਿ ਅਤੇ ਗੁਰਮਤਿ ਦਾ ਹੀ ਹੈ, ਅਗਿਆਨਤਾ ਅਤੇ ਸੱਚੇ ਗਿਆਨ ਦਾ ਹੀ ਹੈ, ਮਨ ਦੀ ਮਾੜੀ ਸੋਝੀ ਅਤੇ ਚੰਗੀ ਸੋਝੀ ਦਾ ਹੀ ਹੈ, ਸੁਪਨੇ ਵਿੱਚ ਸੁੱਤੇ ਰਹਿਣ ਅਤੇ ਜਾਗਣ ਦਾ ਹੀ ਹੈ। ਜਦ ਤੱਕ ਸਾਡਾ ਮਨ ਸੁੱਤਾ ਹੋਇਆ ਹੈ ਅਸੀਂ ਮਨਮਤਿ ਦੀਆਂ ਗੱਲਾਂ ਨੂੰ ਹੀ ਸੱਚ ਸਮਝੀ ਜਾਂਦੇ ਹਾਂ ਤੇ ਗੁਰਮਤਿ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਭਾਵ ਸਾਡਾ ਗੁਰਮਤਿ ਤੇ, ਸੱਚ ਤੇ ਵਿਸ਼ਵਾਸ ਨਹੀਂ ਟਿਕਦਾ ਤੇ ਝੂਠੀ ਗੱਲ ਨਾਲ ਹੀ ਜੁੜੇ ਰਹਿੰਦੇ ਹਾਂ।

ਸਲੋਕ॥

“ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ॥
ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ॥੧॥
ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ॥
ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ॥੨॥”

(ਅੰਗ ੭੦੨)

ਪਉੜੀ॥

“ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥
ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥
ਆਰਜਾ ਗਈ ਵਿਹਾਇ ਧੰਧੈ ਧਾਇਆ॥
ਪੂਰਨ ਭਏ ਨ ਕਾਮ ਮੋਹਿਆ ਮਾਇਆ॥
ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥੯॥”

(ਅੰਗ ੭੦੨)

ਜਿਸ ਮਾਲਕ ਨੇ ਸਾਨੂੰ ਸੁਪਨੇ ਵਿੱਚ ਰੱਖਿਆ ਹੋਇਆ ਹੈ, ਸਾਰੇ ਸੰਸਾਰ ਨੂੰ ਸੁਪਨੇ ਵਿੱਚ ਰੱਖਿਆ ਹੋਇਆ ਹੈ ਉਸ ਮਾਲਕ ਨੇ ਉਸ ਵਿੱਚੋਂ ਨਿਕਲਣ ਦਾ ਤਰੀਕਾ ਵੀ ਆਪ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਕੋਲ ਉਸਦੀ ਆਪਣੀ ਰਚੀ ਹੋਈ ਗੁਰਮਤਿ ਦੇ ਰੂਪ ਵਿੱਚ ਹੈ। ਗੁਰਮਤਿ ਦੇ ਲੜ ਲੱਗੇ ਬਿਨ੍ਹਾਂ, ਗੁਰਮਤਿ ਦੀ ਸ਼ਰਣ ਵਿੱਚ ਆਏ ਬਿਨ੍ਹਾਂ ਅਸੀਂ ਪ੍ਰਮਾਤਮਾ ਦੀ ਖੇਡ ਨੂੰ ਨਹੀਂ ਸਮਝ ਸਕਦੇ। ਜਿਸ ਨੂੰ ਪ੍ਰਮਾਤਮਾ ਇਸ ਸੁਪਨੇ ਵਿੱਚੋਂ ਜਗਾਉਂਦਾ ਹੈ, ਮਾਇਆ ਮੋਹ ਦੀ ਅਗਿਆਨਤਾ ਵਿੱਚੋਂ ਜਗਾਉਂਦਾ ਹੈ ਉਸ ਨੂੰ ਹੀ ਪ੍ਰਮਾਤਮਾ ਦੀ ਖੇਡ ਸਮਝ ਆਉਂਦੀ ਹੈ ਤੇ ਗੁਰਮਤਿ ਦੀ ਸੋਝੀ ਪੈਂਦੀ ਹੈ।

24/2607

ਸਾਡੇ ਅੰਦਰ ਸੁਪਨੇ ਵਾਲੀ ਬਿਰਤੀ ਅਗਿਆਨਤਾ ਵਾਲੀ ਬਿਰਤੀ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਨਾਲ ਜੁੜਦੇ ਹਾਂ, ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਦੇ ਨਾਲ ਜੁੜਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਅਸਲ ਮਨੋਰਥ ਤੋਂ ਭਟਕ ਜਾਂਦੇ ਹਾਂ, ਗੁਰਮਤਿ ਦੇ ਮਾਰਗ ਤੋਂ ਭਟਕ ਜਾਂਦੇ ਹਾਂ। ਅਗਿਆਨਤਾ ਵਿੱਚ ਰਹਿੰਦਿਆਂ ਸਾਨੂੰ ਨਾਮ ਦੀ ਸੋਝੀ ਨਹੀਂ ਪੈਂਦੀ ਭਾਵ ਅਸੀਂ ਮਾਇਆ ਮੋਹ ਵਿੱਚ ਪੈ ਕੇ ਨਾਮ ਵਿਹੂਣੇ ਰਹਿੰਦੇ ਹਾਂ। ਆਪਣੇ ਅੰਦਰ ਇਸ ਸੁਪਨੇ ਵਾਲੀ ਬਿਰਤੀ ਵਿੱਚ ਰਹਿੰਦਿਆਂ ਹਰ ਕੋਈ ਨਾਮ ਵਿਹੂਣਾ ਹੀ ਹੈ ਤੇ ਮਾਇਆ ਦੀ ਠੱਗੀ ਵਿੱਚ ਵਿਚਰਦਾ ਹੈ ਜੋ ਸਾਨੂੰ ਸੱਚ ਦੇ ਨਾਲ ਨਹੀਂ ਜੁੜਨ ਦਿੰਦੀ। ਪ੍ਰਮਾਤਮਾ ਨੇ ਮਾਇਆ ਰੂਪ ਇਤਨਾ ਸੁੰਦਰ ਬਣਾਇਆ ਹੋਇਆ ਹੈ ਕਿ ਇਸ ਵਿੱਚੋਂ ਨਿਕਲਣ ਤੇ ਚਿੱਤ ਨਹੀਂ ਕਰਦਾ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਨਾਮ ਦੇ ਨਾਲ ਜੁੜਿਆ ਨਹੀਂ ਜਾ ਸਕਦਾ। ਇਹ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਜੁਗਤਿ ਹੈ ਜੋ ਸਾਨੂੰ ਸੱਚ ਦੀ ਸੋਝੀ ਤੋਂ ਦੂਰ ਰੱਖਦੀ ਹੈ ਤੇ ਅਸੀਂ ਭਰਮ ਵਿੱਚ ਇਸ ਦੇ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਹੀ ਆਪਣੀ ਕਥਨੀ ਦੁਆਰਾ ਨਾਮ ਦੇ ਨਾਲ ਜੁੜਨਾ ਸਮਝਦੇ ਹਾਂ ਜਦ ਕਿ ਨਾਮ ਦੇ ਨਾਲ ਸੱਚੀ ਸੁੱਚੀ ਕਿਰਤ ਤੋਂ ਬਿਨ੍ਹਾਂ ਨਹੀਂ ਜੁੜਿਆ ਜਾ ਸਕਦਾ। ਸੱਚੀ ਸੁੱਚੀ ਕਿਰਤ ਤਾਂ ਹੀ ਹੁੰਦੀ ਹੈ ਜੇਕਰ ਅਸੀਂ ਮਾਇਆ ਮੋਹ ਵਿੱਚ ਨਾ ਫਸੀਏ, ਤ੍ਰਿਸ਼ਨਾ ਵਿੱਚ ਨਾ ਫਸੀਏ ਜੋ ਸਾਨੂੰ ਮਾੜੇ ਕਰਮਾਂ ਦੇ ਨਾਲ ਜੋੜਦੇ ਹਨ। ਮਾੜੇ ਕਰਮ ਛੱਡੇ ਬਿਨ੍ਹਾਂ ਹਰ ਕੋਈ ਨਾਮ ਵਿਹੂਣਾ ਹੈ, ਔਗੁਣ ਛੱਡੇ ਬਿਨ੍ਹਾਂ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਛੱਡੇ ਬਿਨ੍ਹਾਂ, ਝੂਠੇ ਮਾਨ-ਅਭਿਮਾਨ ਛੱਡੇ ਬਿਨ੍ਹਾਂ ਹਰ ਕੋਈ ਨਾਮ ਵਿਹੂਣਾ ਹੀ ਹੈ। ਇਸ ਦਾ ਕਾਰਨ ਸਾਡੀ ਸੁਪਨੇ ਵਾਲੀ ਬਿਰਤੀ ਹੈ, ਅਗਿਆਨਤਾ ਵਾਲੀ ਬਿਰਤੀ ਹੈ, ਮਨਮਤਿ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ। **(ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ॥ ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ॥੧॥ ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ॥ ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ॥੨॥)**

ਮਨੁੱਖ ਸੰਸਾਰ ਦੇ ਵਿੱਚ ਇਸ ਸੁਪਨੇ ਵਾਲੀ ਅਵੱਸਥਾ ਵਿੱਚ ਆਉਂਦਾ ਹੈ ਤੇ ਮਨ ਦੀ ਇਸ ਅਗਿਆਨਤਾ ਵਿੱਚ ਹੀ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਭਾਵ ਨਾਮ ਵਿਹੂਣਾ ਹੀ ਭਾਵ ਭਰਮਾਂ ਵਾਲੀ ਸਮਝ ਵਿੱਚ ਹੀ ਆਪਣੇ ਸਰੀਰ ਨੂੰ ਆਪਣਾ ਸਮਝ ਕੇ ਚਲਾ ਜਾਂਦਾ ਹੈ ਜੋ ਭਰਮ ਮਨੁੱਖ ਦਾ ਸਰੀਰ ਵਿੱਚ ਰਹਿੰਦੇ ਹੋਏ ਭਰਮ ਵਿੱਚੋਂ ਜਾਗਣ ਦੁਆਰਾ ਹੀ ਨਿਕਲ ਸਕਦਾ ਹੈ ਭਾਵ ਇਸ ਸੁਪਨੇ ਵਿੱਚੋਂ ਜਾਗਣ ਤੋਂ ਬਾਅਦ ਹੀ ਨਿਕਲਦਾ ਹੈ ਜੋ ਮਨ ਦਾ ਭਰਮ ਨਾ ਨਿਕਲੇ ਬਿਨ੍ਹਾਂ ਮਨੁੱਖ ਆਪਣੇ ਜੀਵਨ ਨੂੰ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਾ ਜਾਨਣ ਕਰਕੇ, ਸਰੀਰ ਦੇ ਮਾਲਕ ਨੂੰ ਨਾ ਜਾਨਣ ਕਰਕੇ ਵਿਅਰਥ ਹੀ ਗਵਾਉਂਦਾ ਹੈ ਜਿਵੇਂ ਕਿ ਅੱਗੇ ਪਉੜੀ ਰਾਹੀਂ ਸਮਝਾਇਆ ਹੈ।

ਪਉੜੀ॥

“ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥ ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥
ਆਰਜਾ ਗਈ ਵਿਹਾਇ ਧੰਧੈ ਧਾਇਆ॥ ਪੂਰਨ ਭਏ ਨ ਕਾਮ ਮੋਹਿਆ ਮਾਇਆ॥
ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥੯॥”

ਸਾਨੂੰ ਸਭ ਨੂੰ ਸੁਪਨੇ ਵਿੱਚ ਰੱਖਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ, ਮਨ ਦੀ ਅਗਿਆਨਤਾ

24/2608

ਵਿੱਚ, ਭਰਮ ਵਿੱਚ ਰੱਖਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਆਖਰੀ ਪੰਗਤੀ ਦੁਆਰਾ ਸਮਝਾਇਆ ਗਿਆ ਹੈ ਕਿ ਇਹ ਸੁਪਨੇ ਵਾਲੀ ਅਵੱਸਥਾ ਕੀ ਹੈ। **(ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥੯॥)** ਇਹ ਮਾਇਆ ਮੋਹ ਵਾਲੀ ਜੁਗਤਿ ਸਭ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜੋ ਸਾਨੂੰ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ, ਸੱਚ ਨੂੰ ਜਾਨਣ ਤੋਂ ਦੂਰ ਰੱਖਦੀ ਹੈ। ਇਸ ਅਵੱਸਥਾ ਦੇ ਰਹਿੰਦਿਆਂ ਅਸੀਂ ਮਾਇਆ ਮੋਹ ਦੇ ਰਸਾਂ ਨਾਲ ਜੁੜੇ ਰਹਿੰਦੇ ਹਾਂ, ਤ੍ਰਿਸ਼ਨਾ ਨਾਲ, ਝੂਠੇ ਮਾਨ ਅਭਿਮਾਨ ਨਾਲ ਜੁੜੇ ਰਹਿੰਦੇ ਹਾਂ ਪਰ ਸਾਡਾ ਇਹੋ ਜਿਹਾ ਜੀਵਨ ਇੱਕ ਝੂਠੀ ਜਿੰਦਗੀ ਜਿਉਂਣ ਵਾਲਾ ਹੈ ਜੋ ਕਿ ਸੁਪਨੇ ਦੀ ਤਰ੍ਹਾਂ ਝੂਠ ਹੈ। ਜਿਵੇਂ ਸੁਪਨੇ ਵਿੱਚੋਂ ਜਾਗ ਕੇ ਮਨੁੱਖ ਹੈਰਾਨ ਹੁੰਦਾ ਹੈ ਕਿ ਮੈਂ ਸੁਪਨੇ ਵਿੱਚ ਝੂਠ ਨੂੰ ਸੱਚ ਸਮਝੀ ਜਾਂਦਾ ਸੀ ਇਸੇ ਤਰ੍ਹਾਂ ਜਦੋਂ ਅਕਾਲਪੁਰਖ ਇਸ ਸਰੀਰ ਵਿੱਚ ਰਹਿੰਦੇ ਹੋਏ ਉਸਨੂੰ ਮਨ ਦੀ ਸੁਪਨੇ ਵਾਲੀ ਸਮਝ ਵਿੱਚੋਂ ਜਗਾ ਦਿੰਦਾ ਹੈ ਭਾਵ ਆਪਣਾ ਨਾਮ ਬਖਸ਼ ਕੇ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਤਾਂ ਹੀ ਫਿਰ ਉਸਨੂੰ

ਇਹ ਸਮਝ ਲੱਗਦੀ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਭ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਇਸ ਕਰਕੇ ਉਹ ਆਪਣੇ ਅੰਦਰ ਦੀ ਝੂਠੀ ਮਤਿ ਨੂੰ ਹੀ ਸੱਚੀ ਮਤਿ ਸਮਝਦਾ ਹੈ ਜੋ ਮਤਿ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ ਭਾਵ ਜਿਸ ਤਰੀਕੇ ਸੁਪਨੇ ਵਿੱਚ ਮਨੁੱਖ ਝੂਠ ਨੂੰ ਸੱਚ ਸਮਝਦਾ ਹੈ ਉਹੋ ਜਿਹੀ ਝੂਠੀ ਸਮਝ ਵਿੱਚ ਭਾਵ ਸੁਪਨੇ ਵਰਗੀ ਸਮਝ ਵਿੱਚ ਹੀ ਸ੍ਰਿਸ਼ਟੀ ਦੇ ਕਰਤੇ ਨੇ ਹਰ ਮਨੁੱਖੀ ਸਮਝ ਨੂੰ ਰੱਖਿਆ ਹੋਇਆ ਹੈ। ਜਿਸ ਨੇ ਸਾਨੂੰ ਇਹੋ ਜਿਹੀ ਸਮਝ ਵਿੱਚ ਰੱਖਿਆ ਹੋਇਆ ਹੈ ਉਹ ਮਨੁੱਖੀ ਸਮਝ ਦਾ ਮਾਲਕ ਆਪ ਹੀ ਕਿਸੇ ਨੂੰ ਇਸ ਸੁਪਨੇ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ ਤੇ ਉਸ ਮਨੁੱਖ ਨੂੰ ਸੱਚ ਦੀ ਸਮਝ ਪੈ ਸਕਦੀ ਹੈ ਕਿ ਨਾ ਇਹ ਸਰੀਰ ਮੇਰਾ ਹੈ ਤੇ ਨਾ ਇਹ ਸਮਝ ਮੇਰੀ ਹੈ। ਮਨ ਦੀ ਸੁਪਨੇ ਵਾਲੀ ਸਮਝ ਵਿੱਚੋਂ ਨਿਕਲ ਕੇ ਹੀ ਮਨੁੱਖ ਨੂੰ ਸੱਚਾਈ ਪਤਾ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹਰ ਸਰਗੁਣ ਸਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ, ਨਿਰਗੁਣ ਰੂਪ ਵਿੱਚ ਵਿਚਰ ਰਿਹਾ ਹੈ ਤੇ ਉਸਨੇ ਆਪ ਹੀ ਸਭ ਨੂੰ ਭਰਮ ਵਿੱਚ, ਹਉਮੈ ਵਿੱਚ, ਤ੍ਰੈਗੁਣਾਂ ਵਿੱਚ ਭਾਵ ਅਗਿਆਨਤਾ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਮਨ ਦੀ ਇਸ ਅਵੱਸਥਾ ਨੂੰ ਅਸੀਂ ਜਿਉਂਦੇ ਜੀ ਹੀ ਭਾਵ ਇਸ ਸਰੀਰ ਦੇ ਰਹਿੰਦੇ ਹੋਏ ਮਿਟਾਉਣਾ ਹੈ, ਭਰਮ ਦੇ ਬੰਧਨ ਵਿੱਚੋਂ ਅਸੀਂ ਆਪਣੇ ਜਿਉਂਦੇ ਜੀ ਹੀ ਮਿਟਾਉਣਾ ਹੈ, ਭਰਮ ਦੇ ਬੰਧਨ ਵਿੱਚੋਂ ਅਸੀਂ ਆਪਣੇ ਜਿਉਂਦੇ ਹੀ ਨਿਕਲਣਾ ਹੈ ਨਹੀਂ ਤਾਂ ਸਾਨੂੰ ਇਹ ਹਉਮੈ ਰੂਪ ਚੋਲਾ ਪਿਆ ਹੀ ਰਹਿਣਾ ਹੈ। ਅਸਲ ਵਿੱਚ ਇਹ ਸਾਡਾ ਸਰਗੁਣ ਸਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਤੇ ਮਰਦਾ ਜੰਮਦਾ ਕੇਵਲ ਭਰਮ ਹੀ ਹੈ, ਸਹਸਾ ਹੀ ਹੈ, ਹਉਮੈ ਹੀ ਵਾਰ-ਵਾਰ ਆਉਂਦੀ ਜਾਂਦੀ ਹੈ। ਇਹ ਪ੍ਰਮਾਤਮਾ ਦੀ ਆਪਣੀ ਹੀ ਬਣਾਈ ਹੋਈ ਖੇਡ ਹੈ ਜੋ ਸਾਨੂੰ ਉਹ ਭਰਮ ਵਿੱਚ ਰੱਖ ਕੇ ਚਲਾ ਰਿਹਾ ਹੈ। ਅਸਲ ਵਿੱਚ ਉਹ ਸਭ ਕੁੱਝ ਆਪ ਹੀ ਹੈ ਤੇ ਸਾਰੇ ਸਰਗੁਣ ਸਰੂਪ ਨੂੰ ਮਨ ਦੀ ਸਮਝ ਰਾਹੀਂ ਆਪ ਹੀ ਚਲਾ ਰਿਹਾ ਹੈ। ਇਸ ਮਨ ਦੀ ਸਮਝ ਰਾਹੀਂ ਉਸਨੇ ਸਭ ਨੂੰ ਭਰਮਾਂ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ ਭਾਵ ਨਾਮ ਦੀ ਸੱਚੀ ਸਮਝ ਤੋਂ ਦੂਰ ਰੱਖਿਆ ਹੋਇਆ ਹੈ। ਜਿਸਦੇ ਅੰਦਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਨਾਮ ਵਾਲੀ ਸਮਝ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਭਗਤਾਂ ਦੇ ਸਰੀਰ ਰਾਹੀਂ, ਗੁਰੂ ਸਾਹਿਬਾਂ ਦੇ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਜਿਸ ਦੁਆਰਾ ਉਸਨੇ ਉਨਾਂ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਿਆ ਹੈ, ਹਉਮੈ ਵਾਲੀ ਸਮਝ ਵਿੱਚੋਂ ਕੱਢਿਆ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਿਆ ਹੈ ਭਾਵ ਮਨ ਦੀ ਮਾਇਆ ਵਾਲੀ ਜੁਗਤਿ ਵਿੱਚੋਂ ਕੱਢਿਆ ਹੋਇਆ ਹੈ ਜਿਸ ਮਨ ਦੀ ਉੱਚੀ ਸਮਝ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਦੀ ਹੋਂਦ ਸਮਝ ਆਈ ਹੈ ਤੇ ਹਰ ਸਰਗੁਣ ਰੂਪ ਦੇ ਵਿੱਚ ਪ੍ਰਮਾਤਮਾ ਦੀ ਹੋਂਦ ਸਮਝ ਆਈ ਹੈ। ਸਾਰੀ ਗੱਲ ਮਨ ਦੇ ਭਰਮ ਵਿੱਚੋਂ ਨਿਕਲਣ ਦੀ ਹੈ ਤੇ ਤਾਂ ਹੀ ਹਰ ਹੋਂਦ ਵਿੱਚ ਪ੍ਰਮਾਤਮਾ ਦਾ ਰੂਪ ਨਜ਼ਰ ਆ ਸਕਦਾ ਹੈ ਜੋ ਕਿ ਸਭ ਕੁੱਝ ਆਪ ਹੀ ਹੈ। **(ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥ ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥ ਆਰਜਾ ਗਈ ਵਿਹਾਇ ਧੰਧੈ ਧਾਇਆ॥ ਪੂਰਨ ਭਏ ਨ ਕਾਮ ਮੋਹਿਆ ਮਾਇਆ॥ ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥੮॥) {ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥23॥}** ਅੰਗ-1427

24/2609

{“ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ॥”}

(ਅੰਗ - ੧੩੬੦)

ਜਿਸ ਗੱਲ ਨੂੰ ਅਸੀਂ ਜਿਉਂਦੇ ਹੋਏ ਸੱਚ ਸਮਝ ਰਹੇ ਹਾਂ ਭਾਵ ਇਸ ਸਰਗੁਣ ਰੂਪ ਪਸਾਰੇ ਨੂੰ, ਮਾਇਆ ਰੂਪ ਪਸਾਰੇ ਨੂੰ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ। ਇਸ ਪਸਾਰੇ ਨੂੰ ਪ੍ਰਮਾਤਮਾ ਦੇ ਰੂਪ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਸਮਝਣਾ ਸੱਚ ਨਹੀਂ ਹੈ ਪਰ ਅਸੀਂ ਇਸੇ ਗੱਲ ਨੂੰ ਸੱਚ ਸਮਝਦੇ ਹਾਂ ਕਿ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਹਾਂ। ਇਸ ਦੀ ਸੋਝੀ ਜਿਉਂਦੇ ਮਰਨ ਦੇ ਨਾਲ ਭਾਵ ਮਨ ਦੀ ਭਰਮਾਂ ਵਾਲੀ ਸਮਝ ਦੇ ਮਰਨ ਦੇ ਨਾਲ, ਖ਼ਤਮ ਹੋਣ ਦੇ ਨਾਲ ਹੀ ਪੈਂਦੀ ਹੈ ਕਿ ਜੋ ਕੁੱਝ ਅਸੀਂ ਆਪਣੇ ਆਪ ਨੂੰ, ਸੰਸਾਰ ਨੂੰ ਸਮਝਿਆ ਹੋਇਆ ਸੀ ਉਹ ਝੂਠ ਸੀ। ਆਪਣੇ ਜਿਉਂਦੇ ਭਾਵ ਨਾਸਮਝੀ ਵਾਲਾ ਜੀਵਨ ਜਿਉਂਦੇ ਹੋਏ ਭਾਵ ਆਪਣੇ ਆਪ ਨੂੰ ਮਨੁੱਖੀ ਰੂਪ ਸਮਝ ਕੇ ਜਿਉਂਦੇ ਹੋਏ ਭਾਵ ਆਪਣੇ ਅੰਦਰੋਂ ਸਮਝ ਦੇ ਮਾਲਕ ਨੂੰ ਨਾ ਪਹਿਚਾਣਦੇ ਹੋਏ ਜਿਉਂਦੇ ਹੋਏ ਸਾਨੂੰ ਸੱਚ, ਝੂਠ ਦੀ ਸੋਝੀ ਨਹੀਂ ਪੈਂਦੀ ਭਾਵ ਪ੍ਰਮਾਤਮਾ ਦੇ ਨਿਰਗੁਣ-ਸਰਗੁਣ ਸਰੂਪ ਦੀ ਸੋਝੀ ਨਹੀਂ ਪੈਂਦੀ ਤੇ ਇਸੇ ਲਈ ਅਸੀਂ

ਮਾਇਆ ਰੂਪ ਨਾਲ ਜੁੜੇ ਰਹਿੰਦੇ ਹਾਂ ਭਾਵ ਝੂਠ ਨੂੰ ਸੱਚ ਸਮਝ ਕੇ ਉਸ ਨਾਲ ਜੁੜੇ ਰਹਿੰਦੇ ਹਾਂ। ਸੱਚ ਨੂੰ ਸਮਝੇ ਬਿਨ੍ਹਾਂ ਸਾਨੂੰ ਆਪਣੇ ਧਰਮ ਦੀ ਸੋਝੀ ਵੀ ਨਹੀਂ ਪੈਂਦੀ, ਪ੍ਰਮਾਤਮਾ ਨੂੰ ਜਪਣ ਦੇ ਤਰੀਕੇ ਦੀ ਸੋਝੀ ਵੀ ਨਹੀਂ ਪੈਂਦੀ। **(ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ॥)**

ਜਦ ਤੱਕ ਅਸੀਂ ਜਿਉਂਦੇ ਹੋਏ ਆਪਣੇ ਜੀਵਨ ਵਿੱਚ ਸੱਚ ਨੂੰ ਨਹੀਂ ਸਮਝਦੇ ਤਦ ਤੱਕ ਅਸੀਂ ਇਸ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ। ਭਰਮ ਰੂਪ ਚੋਲੇ ਵਿੱਚ, ਹਉਮੈ ਰੂਪ, ਸਹਸਾ ਰੂਪ ਚੋਲੇ ਵਿੱਚ ਇਸ ਸੰਸਾਰ ਦੇ ਆਵਾਗਉਣ ਵਿੱਚ ਪ੍ਰਮਾਤਮਾ ਨੇ ਸਾਨੂੰ ਪਾਈ ਹੀ ਰੱਖਣਾ ਹੈ। ਇਹ ਉਸਦਾ ਬਣਾਇਆ ਹੋਇਆ ਅਸੂਲ ਹੈ। ਭਰਮ ਵਿੱਚੋਂ ਨਿਕਲਣ ਦਾ ਸਾਡੇ ਕੋਲ ਇੱਕੋ ਇੱਕ ਸਾਧਨ ਗੁਰਬਾਣੀ ਦੀ ਸਿੱਖਿਆ ਹੈ ਤੇ ਗੁਰਬਾਣੀ ਦੇ ਦੱਸੇ ਹੋਏ ਸੱਚ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਭਰਮ ਵਿੱਚੋਂ ਨਹੀਂ ਨਿਕਲ ਸਕਦੇ। ਸਰੀਰਕ ਜਪਾਂ ਤਪਾਂ ਦੁਆਰਾ ਕੋਈ ਭਰਮ ਵਿੱਚੋਂ ਨਹੀਂ ਨਿਕਲ ਸਕਦਾ, ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦਾ ਇਹ ਪ੍ਰਮਾਤਮਾ ਦਾ ਆਪਣਾ ਹੀ ਗੁਰਬਾਣੀ ਰਾਹੀਂ ਦੱਸਿਆ ਹੋਇਆ ਅਸੂਲ ਹੈ, ਪ੍ਰਮਾਤਮਾ ਨੂੰ ਅਸਲੀਅਤ ਰੂਪ ਵਿੱਚ ਜਾਣੇ ਬਿਨ੍ਹਾਂ, ਉਸਦੇ ਨਿਰਗੁਣ- ਸਰਗੁਣ ਸਰੂਪ ਦਾ ਭੇਦ ਜਾਣੇ ਬਿਨ੍ਹਾਂ ਹਰ ਕੋਈ ਸਹਸਾ ਵਿੱਚ ਹੀ ਹੈ, ਭਰਮ ਵਿੱਚ, ਹਉਮੈ ਵਿੱਚ, ਮਨਮਤਿ ਵਿੱਚ ਹੀ ਹੈ। ਹਰ ਵਸਤੂ ਵਿੱਚ ਪ੍ਰਮਾਤਮਾ ਦੀ ਹੋਂਦ ਨੂੰ, ਉਸਦੀ ਨਿਰਗੁਣ ਰੂਪ ਹੋਂਦ ਨੂੰ ਜਾਣੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ। ਜੋ ਕਿ ਕੇਵਲ ਤੇ ਕੇਵਲ ਉਸਦੇ ਹੱਥ ਹੈ।

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥}

(ਅੰਗ ੧੪੨੭)

ਪ੍ਰਮਾਤਮਾ ਦੇ ਸੱਚੇ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਭੱਟ ਸਾਹਿਬਾਨ ਨੇ ਹੀ ਉਸ ਪ੍ਰਮਾਤਮਾ ਦੇ ਅਸਲ ਰੂਪ ਨੂੰ ਜਾਣਿਆ ਹੈ ਤੇ ਹੋਰ ਦੂਸਰੇ ਸਾਨੂੰ ਭਰਮ ਵਿੱਚ ਹੀ ਪਾਉਣ ਵਾਲੇ ਹਨ ਕਿਉਂਕਿ ਉਹਨਾਂ ਦਾ ਆਪਣਾ ਹੀ ਭਰਮ ਨਹੀਂ ਨਿਕਲਿਆ

24/2610

ਤੇ ਭਰਮ ਵਿੱਚ ਹੀ ਉਹਨਾਂ ਨੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ ਤੇ ਹੁਣ ਵੀ ਇਹੋ ਜਿਹਾ ਅਖਵਾਉਣ ਵਾਲੇ ਬਹੁਤ ਹਨ।

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ॥}

(ਅੰਗ ੧੩੯)

{ਤ੍ਰੈ ਗੁਣ ਕੀਆ ਪਸਾਰਾ॥ ਨਰਕ ਸੁਰਗ ਅਵਤਾਰਾ॥
ਹਉਮੈ ਆਵੈ ਜਾਈ॥ ਮਨੁ ਟਿਕਣੁ ਨ ਪਾਵੈ ਰਾਈ॥
ਬਾਝੁ ਗੁਰੂ ਗੁਬਾਰਾ॥ ਮਿਲਿ ਸਤਿਗੁਰ ਨਿਸਤਾਰਾ॥੨॥}

(ਅੰਗ ੧੦੦੩)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ॥੧॥ਰਹਾਉ॥}

(ਅੰਗ ੭੫੨)

ਅਸੀਂ ਆਪਣੇ ਜੀਵਨ ਵਿੱਚ ਲਾਹੇ ਦੀ ਪ੍ਰਾਪਤੀ ਕਰਨ ਲਈ ਇਸ ਗੱਲ ਨੂੰ ਸਮਝਿਆ ਹੈ ਕਿ ਇਹ ਸੰਸਾਰ ਦੀ ਖੇਡ ਕੀ ਹੈ, ਸੁਪਨੇ ਵਿੱਚ ਰਹਿਣਾ, ਸੁਪਨੇ ਨਾਲ ਚਿੱਤ ਲਾਉਣਾ ਕੀ ਹੈ। ਇਸ ਸੁਪਨੇ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਉਸ ਲਾਹੇ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਸਾਨੂੰ ਉਸ ਪ੍ਰਮਾਤਮਾ ਨਾਲ ਮੇਲ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ। ਉਸ ਲਾਹੇ ਦੀ ਪ੍ਰਾਪਤੀ ਨਾਮ ਦੇ ਨਾਲ, ਗੁਰਮਤਿ ਦੇ ਨਾਲ ਜੁੜ ਕੇ ਹੀ ਹੁੰਦੀ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਦੇ ਨਾਲ ਜੁੜ ਕੇ ਹੀ ਹੁੰਦੀ ਹੈ ਜੋ ਸਾਨੂੰ ਭਰਮ ਰੂਪ

ਸੁਪਨੇ ਵਿੱਚੋਂ ਕੱਢ ਸਕਦੀ ਹੈ ਤੇ ਸਾਡਾ ਮੇਲ ਪ੍ਰਮਾਤਮਾ ਦੇ ਨਾਲ ਕਰਾ ਸਕਦੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ। ਨਾਮ ਦਾ, ਗੁਰਮਤਿ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਤੇ ਸੱਚ ਨਾਲ ਜੋੜਨ ਦਾ ਹੀ ਹੈ ਤਾਂ ਜੋ ਅਸੀਂ ਉਹੋ ਜਿਹੇ ਕਰਮ ਕਰੀਏ ਜਿੰਨ੍ਹਾਂ ਵਿੱਚ ਕੇਵਲ ਸੱਚ ਹੋਵੇ ਭਾਵ ਕੇਵਲ ਨਾਮ ਹੋਵੇ, ਕੇਵਲ ਗੁਰਮਤਿ ਹੋਵੇ। ਲਾਹਾ ਪ੍ਰਾਪਤ ਕਰਨ ਲਈ ਕੇਵਲ ਸਾਡੇ ਕੋਲ ਇਹੀ ਤਰੀਕਾ ਹੈ ਜਿਸ ਦੁਆਰਾ ਸਾਡੀ ਪ੍ਰਮਾਤਮਾ ਦੇ ਦਰਬਾਰ ਵਿੱਚ ਪਤਿ ਉੱਚੀ ਹੁੰਦੀ ਹੈ। **(ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ॥੫॥)**

ਪ੍ਰਮਾਤਮਾ ਦੇ ਬਣਾਏ ਹੋਏ ਅਸੂਲ ਅਨੁਸਾਰ ਲਾਹਾ ਲੈਣ ਦਾ ਤਰੀਕਾ ਕੇਵਲ ਸਾਡੀ ਸੱਚ ਦੁਆਰਾ ਵਿਚਰਨ ਹੈ, ਸੱਚੇ ਸੁੱਚੇ ਕਰਮ ਹਨ ਜਿੰਨ੍ਹਾਂ ਦੁਆਰਾ ਸਾਡੀ ਪ੍ਰਮਾਤਮਾ ਦੇ ਦਰਬਾਰ ਵਿੱਚ ਭਾਵ ਦਰ ਤੇ ਸਾਡੀ ਪਤਿ ਉੱਚੀ ਹੁੰਦੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਭਰਮ ਵਿੱਚ ਭਟਕੇ ਹੋਏ ਕੇਵਲ ਅੱਖਰ ਦੀ ਕਥਨੀ ਦੁਆਰਾ ਹੀ ਲਾਹਾ ਲੈਣਾ ਸਮਝਦੇ ਹਨ ਤੇ ਪੂਰੇ ਜ਼ੋਰ ਨਾਲ ਅੱਖਰ ਨੂੰ ਜਪਦੇ ਹਨ ਕਿ ਜਿਆਦਾ ਬੋਲਣ ਨਾਲ ਜਿਆਦਾ ਲਾਹਾ ਮਿਲਦਾ ਹੈ। ਕਥਨੀ ਨਾਲ ਉਹ ਕੇਵਲ ਆਪਣੀ ਹਉਮੈ ਹੀ ਵਧਾਉਂਦੇ ਹਨ ਭਾਵ ਲਾਹੇ ਦੀ ਬਜਾਏ ਉਲਟਾ ਤੋਟੇ ਵਿੱਚ ਜਾਂਦੇ ਹਨ, ਗੁਰਮਤਿ ਦੇ ਉਲਟ ਚੱਲਦੇ ਹਨ ਤੇ ਹੋਰਨਾਂ ਨੂੰ ਗੁਰਮਤਿ ਦੇ ਉਲਟ

24/2611

ਚੱਲਣਾ ਸਿਖਾਉਂਦੇ ਹਨ। ਕਥਨੀ ਦੁਆਰਾ ਲਾਹਾ ਲੈਣ ਦਾ ਉਪਰਾਲਾ ਕਰਨਾ ਭਾਵ ਗੁਰੂ ਦੀ ਸਿੱਖਿਆ ਨੂੰ ਮਨ ਵਿੱਚ ਵਸਾਏ ਬਿਨ੍ਹਾਂ, ਆਪਣੀ ਸੱਚੀ ਸੁੱਚੀ ਕਰਨੀ ਬਿਨ੍ਹਾਂ ਲਾਹੇ ਦੀ ਉਮੀਦ ਕਰਨਾ ਇਹੋ ਜਿਹੀ ਗੱਲ ਹੈ ਜਿਵੇਂ ਕਿ ਕਲੱਰ ਵਾਲੀ ਜਗ੍ਹਾਂ ਤੇ ਖੇਤੀ ਕਰਕੇ ਉਸ ਵਿੱਚੋਂ ਫਸਲ ਦੀ ਉਮੀਦ ਰੱਖਣੀ। ਅਸੀਂ ਉਸ ਗੱਲ ਵਿੱਚੋਂ ਲਾਹਾ ਲੈਣਾ ਚਾਹੁੰਦੇ ਹਾਂ ਜਿਸ ਵਿੱਚ ਲਾਹਾ ਲੈਣ ਦਾ ਮੂਲ ਵੀ ਨਹੀਂ ਹੈ ਭਾਵ ਵਿਅਰਥ ਕੋਸ਼ਿਸ਼ ਹੀ ਕਰਦੇ ਹਾਂ। ਆਓ ਇਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਤੇ ਲਾਹਾ ਲੈਣ ਦਾ ਉਹੋ ਜਿਹਾ ਉਪਰਾਲਾ ਕਰੀਏ ਜਿਹੋ ਜਿਹਾ ਸਾਨੂੰ ਗੁਰੂ ਜੀ ਭਾਵ ਆਪ ਪ੍ਰਮਾਤਮਾ ਦਾ ਰੂਪ ਸਮਝਾ ਰਹੇ ਹਨ। ਲਾਹਾ ਸਾਨੂੰ ਪ੍ਰਮਾਤਮਾ ਦੇ ਦਰਬਾਰ ਵਿੱਚੋਂ ਹੀ ਮਿਲਣਾ ਹੈ ਤੇ ਪ੍ਰਮਾਤਮਾ ਦੀ ਬਾਣੀ ਦੇ ਉਲਟ ਚੱਲ ਕੇ ਕੀ ਕਦੇ ਕੋਈ ਲਾਹਾ ਖੱਟ ਸਕਦਾ ਹੈ ਭਾਵ ਨਹੀਂ ਖੱਟ ਸਕਦਾ। ਆਓ ਲਾਹਾ ਖੱਟਣਾ ਸਮਝੀਏ।

“ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ॥੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥੫॥
ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ॥੬॥”

(ਅੰਗ ੪੧੯)

ਪੂਰੀ ਗੁਰਬਾਣੀ ਸਾਨੂੰ ਸੱਚ ਨਾਲ ਹੀ ਜੋੜ ਰਹੀ ਹੈ ਤੇ ਸੱਚ ਸਾਨੂੰ ਤਾਂ ਹੀ ਸਮਝ ਆ ਸਕਦਾ ਹੈ ਜੇਕਰ ਸਾਨੂੰ ਸੱਚ ਤੋਂ ਦੂਸਰਾ ਪਾਸਾ ਵੀ ਸਮਝਾਇਆ ਹੋਵੇ। ਵਾਰ-ਵਾਰ ਗੁਰਬਾਣੀ ਸਾਨੂੰ ਸੱਚ ਤੇ ਝੂਠ ਵਿੱਚ ਫ਼ਰਕ ਸਮਝਾ ਰਹੀ ਹੈ ਕਿ ਅਸੀਂ ਕਿਸ ਗੱਲ ਨੂੰ ਛੱਡਣਾ ਹੈ ਤੇ ਕਿਸ ਗੱਲ ਨਾਲ ਜੁੜਨਾ ਹੈ। ਜੁੜਨਾ ਅਸੀਂ ਸੱਚ ਦੇ ਨਾਲ ਹੀ ਹੈ ਤੇ ਉਹ ਤਾਂ ਹੀ ਜੁੜ ਸਕਾਂਗੇ ਜੇਕਰ ਪਹਿਲੇ ਝੂਠ ਵਾਲੀ ਬਿਰਤੀ ਛੱਡਾਂਗੇ, ਭਰਮ ਵਾਲੀ ਬਿਰਤੀ ਛੱਡਾਂਗੇ। ਭਰਮ ਸਾਨੂੰ ਝੂਠ ਵਾਲੇ ਪਾਸੇ ਤੋਰਦਾ ਹੈ ਤੇ ਗੁਰੂ ਦੀ ਸੱਚੀ ਮਤਿ ਸਾਨੂੰ ਭਰਮ ਵਿੱਚੋਂ ਕੱਢ ਕੇ ਸੱਚ ਨਾਲ ਜੋੜਦੀ ਹੈ।

ਅਸੀਂ ਆਪਣੀ ਮਨ ਦੀ ਮਤਿ ਦੇ ਪਿੱਛੇ ਲੱਗਣਾ ਹੈ ਜਾਂ ਗੁਰੂ ਦੀ ਮਤਿ ਪਿੱਛੇ ਲੱਗਣਾ ਹੈ ਅਸੀਂ ਇਸੇ ਗੱਲ ਦਾ ਫੈਸਲਾ ਹੀ ਕਰਨਾ ਹੈ। ਇੱਕ ਪਾਸੇ ਝੂਠ ਹੈ ਤੇ ਦੂਸਰੇ ਪਾਸੇ ਸੱਚ ਹੈ। ਆਪਣੇ ਮਨ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਲੋਭ ਲਾਲਚ ਵਿੱਚ ਫਸੇ ਰਹਿੰਦੇ ਹਾਂ ਤੇ ਇਸ ਵਿੱਚ ਸੱਚ ਨਹੀਂ ਹੈ ਭਾਵ ਮਨ ਦੀ ਇਹ ਅਵੱਸਥਾ ਝੂਠੀ ਬਿਰਤੀ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ। ਗੁਰੂ ਦੀ ਮਤਿ ਸੱਚੀ ਹੈ ਤੇ ਸਾਨੂੰ ਲੋਭ ਲਾਲਚ ਛੱਡਣ ਲਈ ਕਹਿੰਦੀ ਹੈ। ਸਾਡੀ ਪ੍ਰਮਾਤਮਾ ਦੇ ਨਾਲ ਤਾਂ ਹੀ ਬਣ ਆਉਂਦੀ ਹੈ

24/2612

ਜੇਕਰ ਸਾਡੀ ਗੁਰੂ ਦੀ ਮਤਿ ਦੇ ਨਾਲ ਬਣ ਆਉਂਦੀ ਹੈ। ਆਪਣੀ ਮਨ ਦੀ ਮਤਿ ਮੰਨ ਕੇ ਅਸੀਂ ਪ੍ਰਮਾਤਮਾ ਤੋਂ ਦੂਰ ਹਾਂ ਭਾਵ ਸਾਡੀ ਉਸ ਨਾਲ ਬਣ ਨਹੀਂ ਆਉਂਦੀ, ਉਸ ਨਾਲ ਸਾਡਾ ਪਿਆਰ ਨਹੀਂ ਜੁੜਦਾ। ਮਨ ਦਾ ਲੋਭ ਲਾਲਚ ਛੱਡਾਂਗੇ, ਮਨਮਤਿ ਛੱਡਾਂਗੇ, ਮਨ ਦੀ ਝੂਠੀ ਬਿਰਤੀ ਛੱਡਾਂਗੇ ਤੇ ਤਾਂ ਹੀ ਸਾਡੀ ਸੱਚ ਦੇ ਨਾਲ ਬਣ ਆ ਸਕਦੀ ਹੈ, ਉਸ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਬਣ ਆ ਸਕਦੀ ਹੈ। ਗੁਰਮਤਿ ਨਾਲ ਪ੍ਰੇਮ ਸੱਚ ਨਾਲ ਪ੍ਰੇਮ ਹੈ, ਨਾਮ ਨਾਲ ਪਿਆਰ ਹੈ, ਪ੍ਰਮਾਤਮਾ ਦੇ ਨਾਲ ਪਿਆਰ ਹੈ। **(ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ॥੩॥)**

ਹੁਣ ਧਿਆਨ ਨਾਲ ਸਮਝੋ ਕਿ ਜਦ ਤੱਕ ਸਾਡੀ ਪ੍ਰਮਾਤਮਾ ਨਾਲ ਬਣ ਹੀ ਨਹੀਂ ਆਉਂਦੀ, ਜਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਚੰਗੇ ਹੀ ਨਹੀਂ ਲੱਗਦੇ ਭਾਵ ਜਦ ਤੱਕ ਅਸੀਂ ਲੋਭ ਲਾਲਚ ਨਹੀਂ ਛੱਡਦੇ ਤਦ ਤੱਕ ਕੀ ਅਸੀਂ ਉਸ ਪ੍ਰਮਾਤਮਾ ਦੇ ਦਰ ਤੋਂ ਲਾਹਾ ਲੈ ਸਕਦੇ ਹਾਂ ਭਾਵ ਨਹੀਂ ਲੈ ਸਕਦੇ। ਅਸੀਂ ਲਾਹਾ ਲੈਣ ਦਾ ਆਪਣਾ ਹੀ ਤਰੀਕਾ ਬਣਾਇਆ ਹੋਇਆ ਹੈ, ਅੱਖਰ ਦੀ ਕਥਨੀ ਦਾ ਤਰੀਕਾ ਬਣਾਇਆ ਹੋਇਆ ਹੈ ਜਿਸਨੂੰ ਅਸੀਂ ਨਾਮ ਜਪਣਾ ਸਮਝਿਆ ਹੋਇਆ ਹੈ ਤੇ ਸਾਡਾ ਇਹੀ ਭੁਲੇਖਾ ਅਗਲੀਆਂ ਪੰਗਤੀਆਂ ਰਾਹੀਂ ਕੱਢਿਆ ਹੋਇਆ ਹੈ।

"ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥੫॥"

ਜਦ ਤੱਕ ਅਸੀਂ ਸੱਚ ਤੇ ਝੂਠ ਵਿੱਚ ਬਰੀਕੀ ਨਾਲ ਫ਼ਰਕ ਨਹੀਂ ਸਮਝਦੇ ਅਸੀਂ ਭਰਮ ਵਿੱਚ ਹੀ ਰਹਾਂਗੇ। ਜਦ ਤੱਕ ਸਾਡੇ ਮਨ ਦੀ ਬਿਰਤੀ ਮਾੜੀ ਹੈ, ਵਿਕਾਰਾਂ ਵਾਲੀ ਹੈ, ਲੋਭ ਲਾਲਚ ਵਾਲੀ ਹੈ, ਮਾਇਆ ਮੋਹ ਵਾਲੀ ਹੈ ਤਦ ਤੱਕ ਸਾਡੇ ਅੰਦਰ ਕੂੜ ਹੀ ਹੈ ਜਿਸਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਮਨਮਤਿ ਹੈ, ਭਰਮ ਹੈ। ਸੱਚ ਕੇਵਲ ਉਹ ਹੈ ਜਿੱਥੇ ਗੁਰੂ ਦੀ ਮਤਿ ਹੈ। ਉਹ ਪ੍ਰਮਾਤਮਾ ਕੇਵਲ ਸੱਚ ਤੇ ਚੱਲਣ ਦੁਆਰਾ ਮਿਲਦਾ ਹੈ ਤੇ ਸੱਚ ਸਾਡੇ ਅੰਦਰ ਤਾਂ ਹੀ ਵੱਸ ਸਕਦਾ ਹੈ ਜੇਕਰ ਅਸੀਂ ਆਪਣੀ ਹਉਮੈ ਛੱਡਦੇ ਹਾਂ ਭਾਵ ਮਨਮਤਿ ਛੱਡਦੇ ਹਾਂ। ਸਾਡੀ ਹਉਮੈ ਮਰਨ ਦੇ ਨਾਲ ਸਾਡੀ ਬਿਖ ਵਾਲੀ ਬਿਰਤੀ ਭਾਵ ਲੋਭ ਲਾਲਚ ਵਾਲੀ, ਵਿਕਾਰਾਂ ਵਾਲੀ ਬਿਰਤੀ ਆਪੇ ਹੀ ਮਰ ਜਾਂਦੀ ਹੈ। ਸੱਚ ਦੇ ਵੱਸਣ ਨਾਲ ਝੂਠ ਮਰ ਜਾਂਦਾ ਹੈ, ਗੁਰਮਤਿ ਦੇ ਵੱਸਣ ਨਾਲ ਮਨਮਤਿ ਮਰ ਜਾਂਦੀ ਹੈ, ਨਾਮ ਦੇ ਵੱਸਣ ਨਾਲ ਹਉਮੈ ਮਰ ਜਾਂਦੀ ਹੈ, ਗੁਰੂ ਦਾ ਸੱਚਾ ਗਿਆਨ ਵੱਸਣ ਦੇ ਨਾਲ ਅਗਿਆਨਤਾ ਮਰ ਜਾਂਦੀ ਹੈ। ਇਹੀ ਸੱਚ ਝੂਠ ਦਾ ਭੇਦ ਹੈ ਜਿਸਨੂੰ ਜਾਨਣਾ ਸਾਡੇ ਸਭ ਦੇ ਲਈ ਬਹੁਤ ਹੀ ਜਰੂਰੀ ਹੈ। ਲਾਹਾ ਕੇਵਲ ਸੱਚ ਦੇ ਨਾਲ ਜੁੜਨ ਦੁਆਰਾ ਹੀ ਮਿਲਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੇ ਵਿੱਚ ਮਾੜੀ ਬਿਰਤੀ ਰਹਿੰਦਿਆਂ ਸਾਡੇ ਅੰਦਰ ਸੱਚ ਨਹੀਂ ਹੈ, ਨਾਮ ਨਹੀਂ ਹੈ। ਜਿਸ ਦੇ ਅੰਦਰ ਸੱਚ ਹੁੰਦਾ ਹੈ ਉਹ ਕੇਵਲ ਸੱਚ

ਦੁਆਰਾ ਹੀ ਵਿਚਰਦਾ ਹੈ, ਗੁਰਮਤਿ ਦੁਆਰਾ ਹੀ ਵਿਚਰਦਾ ਹੈ, ਨਾਮ ਦੁਆਰਾ ਹੀ ਵਿਚਰਦਾ ਹੈ ਭਾਵ ਆਪਣੀ ਸੱਚੀ ਸੁੱਚੀ ਕਿਰਤ ਦੁਆਰਾ, ਆਪਣੀ ਹਰ ਕਰਨੀ ਵਿੱਚ ਨਾਮ ਹੀ ਜਪਦਾ ਹੈ, ਆਪਣੇ ਅੰਦਰ ਅੱਠੇ ਪਹਿਰ ਗੁਰੂ ਦੀ ਮਤਿ ਨੂੰ ਵਸਾ ਕੇ ਰੱਖਦਾ ਹੈ। ਆਪਣਾ ਪੂਰਨ ਸੱਚ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ, ਮਨ ਦੇ ਵਿੱਚ ਆਪਣੇ ਦਰਸ਼ਨ ਦੇ ਕੇ ਬਖਸ਼ਦਾ ਹੈ ਜਿਹੋ ਜਿਹੀ ਕਰਨੀ ਦੁਆਰਾ ਫਿਰ ਮਨੁੱਖ ਕੇਵਲ ਲਾਹਾ ਹੀ ਖੱਟਦਾ ਹੈ ਭਾਵ ਕੋਈ ਤੋਟੇ ਵਾਲਾ ਕੰਮ ਨਹੀਂ ਕਰਦਾ ਜੋ ਗੁਰਮਤਿ ਦੇ ਉਲਟ ਹੋਵੇ।

ਸੱਚ ਦੀ ਸੋਝੀ ਵੱਸੇ ਬਿਨ੍ਹਾਂ, ਗੁਰਮਤਿ ਦੀ ਸੋਝੀ ਵੱਸੇ ਬਿਨ੍ਹਾਂ ਅਸੀਂ ਉਸ ਗੱਲ ਨੂੰ ਗੁਰਮਤਿ ਸਮਝਿਆ ਹੋਇਆ ਹੈ ਜਿਸ ਵਿੱਚ ਗੁਰਮਤਿ ਨਹੀਂ ਹੈ। ਕਿਸੇ ਅੱਖਰ ਨੂੰ ਨਾਮ ਸਮਝ ਕੇ ਜਪੀ ਜਾਣਾ ਗੁਰਮਤਿ ਨਹੀਂ ਹੈ ਬਲਕਿ ਗੁਰਮਤਿ ਦੇ ਉਲਟ ਪ੍ਰਚਾਰ ਕਰਨ ਵਾਲੀ ਗੱਲ ਹੈ ਜਿਸ ਵਿੱਚ ਕੋਈ ਲਾਹੇ ਵਾਲੀ ਗੱਲ ਨਹੀਂ ਹੈ। ਲਾਹਾ ਕੇਵਲ ਔਗੁਣਾਂ ਤੋਂ ਮੁਕਤਿ ਹੋ ਕੇ ਸੱਚੀ ਸੁੱਚੀ ਕਰਨੀ ਵਿੱਚ ਹੈ। ਆਪਣੀ ਕਥਨੀ ਦੁਆਰਾ ਅਸੀਂ ਜਿਹੋ ਜਿਹਾ ਨਾਮ ਜਪਦੇ ਹਾਂ, ਲਾਹਾ ਲੈਣ ਦਾ ਉਪਰਾਲਾ ਕਰਦੇ ਹਾਂ ਉਸ ਵਿੱਚ ਕੇਵਲ ਮਨਮਤਿ ਹੈ ਤੇ ਕੇਵਲ ਇੱਕ ਕਲੱਰ ਵਿੱਚ ਖੇਤੀ ਬੀਜਣ ਵਾਲੀ ਗੱਲ ਹੈ। ਜਿਸ ਵਿੱਚ ਖੇਤੀ ਨਹੀਂ ਉੱਗ ਸਕਦੀ, ਲਾਹਾ ਮਿਲਣਾ ਤਾਂ ਦੂਰ ਦੀ ਗੱਲ ਹੈ। ਕਲੱਰ ਵਿੱਚ ਜੋ ਅਸੀਂ ਬੀਜ ਬੀਜਦੇ ਹਾਂ ਉਹ ਵਿਅਰਥ ਹੀ ਜਾਂਦੇ ਹਨ ਤੇ ਇਸੇ ਤਰ੍ਹਾਂ ਆਪਣੇ ਸਰੀਰਕ ਜਪ ਤਪ ਰਾਹੀਂ ਅਸੀਂ ਜਿਹੋ ਜਿਹਾ ਨਾਮ ਦਾ ਬੀਜ ਬੀਜਣ ਲੱਗੇ ਹੋਏ ਹਾਂ, ਨਾਮ ਦੀ ਖੇਤੀ ਕਰਨ ਵਿੱਚ ਲੱਗੇ ਹੋਏ ਹਾਂ ਉਸ ਵਿੱਚ ਵਿਅਰਥ ਹੀ ਆਪਣਾ ਸਮਾਂ ਗਵਾ ਰਹੇ ਹਾਂ ਜਿਸ ਵਿੱਚੋਂ ਕੋਈ ਲਾਭ ਨਹੀਂ ਨਿਕਲਣਾ ਕਿਉਂਕਿ ਸਾਨੂੰ ਲਾਹਾ ਲੈਣ ਦੀ ਸੋਝੀ ਹੀ ਨਹੀਂ ਹੈ। ਇਹ ਲਾਹਾ ਲੈਣਾ ਅਸੀਂ ਉਹਨਾਂ ਕੋਲੋਂ ਸਿੱਖਿਆ ਹੈ ਜੋ ਆਪਣਾ ਜੀਵਨ ਵਿਅਰਥ ਗਵਾ ਕੇ ਗਏ

ਹਨ ਭਾਵ ਆਪਣੇ ਜੀਵਨ ਵਿੱਚ ਮਨਮਤਿ ਵਿੱਚ ਹੀ ਰਹੇ ਹਨ, ਗੁਰਮਤਿ ਦੀ ਸੋਝੀ ਤੋਂ ਵਾਂਝੇ ਹੀ ਰਹੇ ਹਨ ਤੇ ਸਾਨੂੰ ਵੀ ਮਨਮਤਿ ਨਾਲ ਜੋੜ ਕੇ ਗਏ ਹਨ ਤੇ ਉਹਨਾਂ ਦੇ ਭੁਲਾਏ ਹੋਏ ਅੱਜ ਵੀ ਇਸੇ ਭਰਮ ਦਾ ਪ੍ਰਚਾਰ ਕਰ ਰਹੇ ਹਨ, ਆਪਣਾ ਜੀਵਨ ਵਿਅਰਥ ਗਵਾ ਰਹੇ ਹਨ, ਕਲੱਰ ਵਿੱਚ ਬੀਜ ਬੀਜ ਰਹੇ ਹਨ। **(ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥੪॥ ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥੫॥)**

ਇਹੋ ਜਿਹੇ ਭਗਤੀ ਦੇ ਦਿਖਾਵਿਆਂ ਦੇ ਨਾਲ ਅਸੀਂ ਕੇਵਲ ਆਪਣੀ ਹਉਮੈ ਹੀ ਵਧਾਉਂਦੇ ਹਾਂ, ਆਪਣਾ ਝੂਠਾ ਮਾਣ ਹੀ ਵਧਾਉਂਦੇ ਹਾਂ ਜੋ ਸਾਨੂੰ ਉਲਟਾ ਨਾਮ ਤੋਂ, ਸੱਚ ਤੋਂ, ਪ੍ਰਮਾਤਮਾ ਤੋਂ ਦੂਰ ਹੀ ਕਰਦਾ ਹੈ ਭਾਵ ਲਾਹਾ ਖੱਟਣ ਦੀ ਬਜਾਇ ਉਲਟਾ ਅਸੀਂ ਤੋਟੇ ਵਿੱਚ ਹੀ ਜਾਂਦੇ ਹਾਂ।

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥੯॥੯॥}

(ਅੰਗ ੫੯)

24/2614

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥
ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥
ਵਡਾ ਆਖਣੁ ਭਾਰਾ ਤੋਲੁ॥ ਹੋਰ ਹਉਲੀ ਮਤੀ ਹਉਲੇ ਬੋਲ॥
ਧਰਤੀ ਪਾਣੀ ਪਰਬਤ ਭਾਰੁ॥ ਕਿਉ ਕੰਡੈ ਤੋਲੈ ਸੁਨਿਆਰੁ॥
ਤੋਲਾ ਮਾਸਾ ਰਤਕ ਪਾਇ॥ਨਾਨਕ ਪੁਛਿਆ ਦੇਇ ਪੁਜਾਇ॥
ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥}

(ਅੰਗ ੧੨੩੯)

{ਬੁਧੀ ਬਾਜੀ ਉਪਜੈ ਚਾਉ॥ ਸਹਸ ਸਿਆਣਪ ਪਵੈ ਨ ਤਾਉ॥
ਨਾਨਕ ਮਨਮੁਖਿ ਬੋਲਣੁ ਵਾਉ॥ ਅੰਧਾ ਅਖਰੁ ਵਾਉ ਦੁਆਉ॥੩॥੧॥}

(ਅੰਗ ੧੫੧)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥}

(ਅੰਗ ੯)

ਆਪਣੇ ਸਰੀਰਕ ਜਪ ਤਪ ਦੁਆਰਾ ਸਾਨੂੰ ਸਮਾਜ ਕੋਲੋਂ ਮਾਣ ਮਿਲਦਾ ਹੀ ਹੈ ਪਰ ਇਹ ਝੂਠਾ ਮਾਣ ਹੈ ਤੇ ਇਹ ਝੂਠਾ ਮਾਣ ਸਾਡੀ ਹਉਮੈ ਹੀ ਵਧਾਉਂਦਾ ਹੈ ਤੇ ਆਪਣੇ ਇਸ ਮਾਣ ਸਦਕਾ ਹੀ ਹੋਰ ਵੱਧ ਚੜ੍ਹ ਕੇ ਇਸ ਵਿੱਚ ਹਿੱਸਾ ਲੈਂਦੇ ਹਾਂ ਕਿਉਂਕਿ ਅਸੀਂ ਇਹ ਸਮਝਦੇ ਹਾਂ ਕਿ ਸੰਸਾਰ ਸਾਨੂੰ ਸੱਚਾ ਮਾਣ ਦੇ ਰਿਹਾ ਹੈ ਪਰ ਗੁਰਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਸਮਝਾਇਆ ਗਿਆ ਹੈ ਕਿ ਇਹ ਸਾਡੀ ਭੁੱਲ ਹੈ। ਆਪਣੀ ਇਸ ਭੁੱਲ ਨੂੰ ਮੰਨਣ ਵਿੱਚ ਹੀ ਸਾਡੀ ਭਲਾਈ ਹੈ। ਇਹ ਭੁੱਲ ਸਾਡੇ ਅੰਦਰ ਮਾਇਆ ਮੋਹ ਦਾ ਨਤੀਜਾ ਹੀ ਹੈ। ਮਾਇਆ ਮੋਹ ਤੋਂ ਇਹ ਭਾਵ ਨਹੀਂ ਹੈ ਕਿ ਅਸੀਂ ਕੇਵਲ ਮਾਇਆ ਦੀ ਪ੍ਰਾਪਤੀ ਲਈ ਇਹ ਕੁੱਝ ਕਰਦੇ ਹਾਂ। ਜੋਗੀ ਸੰਨਿਆਸੀ ਆਦਿ ਜੋ ਮਾਇਆ ਦਾ ਤਿਆਗ ਕਰ ਕੇ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰਦੇ ਹਨ ਉਹਨਾਂ ਨੂੰ ਭੁੱਲਿਆ ਹੋਇਆ ਹੀ ਕਿਹਾ ਹੈ, ਮਾਇਆਂ ਮੋਹ ਵਿੱਚ ਹੀ ਕਿਹਾ ਹੈ। ਆਪਣੇ ਅੰਦਰ ਝੂਠਾ ਮਾਣ ਵਸਾਉਣਾ ਮਾਇਆ ਮੋਹ ਹੀ ਹੈ ਜਿਸਨੂੰ ਕਿ ਹੇਠ ਦਿੱਤੇ ਸ਼ਬਦ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਕਿਸੇ ਵਿਆਖਿਆ ਦੀ ਲੋੜ ਨਹੀਂ ਹੈ। ਇਹੋ ਜਿਹਿਆਂ ਨੂੰ ਨਾਮ ਤੋਂ ਭੁੱਲੇ ਹੋਏ ਦੱਸਿਆ ਹੈ, ਮਨਮੁਖਿ ਦੱਸਿਆ ਹੈ। ਸਭ ਨੂੰ ਮਾਇਆ ਮੋਹ ਵਿੱਚ

ਰੱਖ ਕੇ, ਭਰਮ ਵਿੱਚ ਰੱਖਣਾ ਪ੍ਰਮਾਤਮਾ ਦਾ ਬਣਾਇਆ ਹੋਇਆ ਅਸੂਲ ਹੈ ਜਿਸ ਦੁਆਰਾ ਉਹ ਇਸ ਸੰਸਾਰ ਦੀ ਖੇਡ ਨੂੰ ਆਪ ਹੀ ਚਲਾ ਰਿਹਾ ਹੈ।

{ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ॥
ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ॥
ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ॥
ਜੋਗੀ ਜੰਗਮ ਸੰਨਿਆਸੀ ਭੁਲੇ ਓਨਾ ਅਹੰਕਾਰੁ ਬਹੁ ਗਰਬੁ ਵਧਾਇਆ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ॥
ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ॥
ਜਨ ਨਾਨਕ ਕਿਸ ਨੋ ਆਖਿ ਸੁਣਾਈਐ ਜਾ ਕਰਦੇ ਸਭਿ ਕਰਾਇਆ॥੨॥}

(ਅੰਗ ੫੧੩)

ਸਾਡੇ ਅੰਦਰ ਦਾ ਮਾਇਆ ਮੋਹ ਹੀ ਅਸਲ ਵਿੱਚ ਪ੍ਰਮਾਤਮਾ ਦਾ ਸਾਡੇ ਅੰਦਰ ਪਾਇਆ ਹੋਇਆ ਪ੍ਰੇਤ ਹੈ ਭਾਵ ਭੂਤ ਹੈ ਜੋ ਸਾਡੇ ਮਨ ਦੀ ਬਿਰਤੀ ਨੂੰ ਪ੍ਰੇਤਾਂ ਵਾਲੀ ਬਿਰਤੀ ਬਣਾਉਂਦਾ ਹੈ। ਇਹ ਪ੍ਰੇਤ ਸਾਡੇ ਮਨ ਦੇ ਮੰਦੇ ਵਿਚਾਰ ਹੀ ਹਨ, ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਵਿਚਾਰ ਹੀ ਹਨ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ। ਇਹ ਸਾਨੂੰ ਗੁਰਮਤਿ ਤੋਂ ਦੂਜੇ ਪਾਸੇ ਤੋਰਦੇ ਹਨ ਤੇ ਇਹਨਾਂ ਦੇ ਰਹਿੰਦੇ ਹੋਏ ਨਾ ਕੋਈ ਗੁਰਮਤਿ ਤੇ ਚੱਲ ਸਕਦਾ ਹੈ, ਨਾ ਹੀ ਨਾਮ

24/2615

ਜਪ ਸਕਦਾ ਹੈ, ਨਾ ਹੀ ਸੱਚ ਤੇ ਚੱਲ ਸਕਦਾ ਹੈ ਤੇ ਨਾ ਹੀ ਲਾਹਾ ਖੱਟ ਸਕਦਾ ਹੈ। ਮਨ ਦੀ ਇਹੋ ਜਿਹੀ ਬਿਰਤੀ ਵਿੱਚੋਂ ਨਿਕਲ ਕੇ ਹੀ ਕੋਈ ਗੁਰਮੁਖਿ ਬਣ ਸਕਦਾ ਹੈ ਤੇ ਇਹਨਾਂ ਭੂਤਾਂ ਤੋਂ ਛੁਟਕਾਰਾ ਹੋ ਸਕਦਾ ਹੈ। ਸਾਡੇ ਜੀਵਨ ਦਾ ਮਕਸਦ ਇਹਨਾਂ ਭੂਤਾਂ ਤੋਂ ਛੁਟਕਾਰਾ ਪਾਉਣ ਦਾ ਹੀ ਹੈ, ਜਮਾਂ ਤੋਂ ਛੁਟਕਾਰਾ ਪਾਉਣ ਦਾ ਹੀ ਹੈ ਜੋ ਕਿ ਗੁਰਮਤਿ ਦੀ ਸੋਝੀ ਨੂੰ ਆਪਣੇ ਅੰਦਰ ਵਸਾ ਕੇ ਹੀ ਹੋ ਸਕਦਾ ਹੈ ਤੇ ਕਥਨੀ ਦੁਆਰਾ ਇਹ ਭੂਤ ਸਾਡਾ ਪਿੱਛਾ ਨਹੀਂ ਛੱਡਦੇ ਉਲਟਾ ਹਉਮੈ ਦਾ ਭੂਤ ਸਾਡੇ ਅੰਦਰ ਹੋਰ ਵੀ ਪ੍ਰਬਲ ਹੋ ਜਾਂਦਾ ਹੈ। ਇਸ ਗੱਲ ਨੂੰ ਪਿਛਲੇ ਸ਼ਬਦ ਦੀ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ।

{ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥
ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ॥
ਮਨਮੁਖ ਜਮ ਮਗਿ ਪਾਈਅਨ੍ਹਿ ਜਿਨ੍ ਦੂਜਾ ਭਾਉ ਪਿਆਰਾ॥
ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ॥੧੨॥}

(ਅੰਗ ੫੧੩)

ਸਾਡੇ ਜੀਵਨ ਦਾ ਮਕਸਦ ਲਾਹਾ ਲੈਣ ਦਾ ਹੈ ਤੇ ਇਸੇ ਲਈ ਸਾਨੂੰ ਪਿੱਛੇ ਸ਼ਬਦ ਰਾਹੀਂ ਇਹ ਸਮਝਾਇਆ ਹੈ ਕਿ ਅਸੀਂ ਲੋਭ ਲਾਲਚ ਵਾਲੀ ਬਿਰਤੀ ਨੂੰ ਛੱਡੀਏ ਜੋ ਕਿ ਸਾਡੇ ਅੰਦਰ ਅਗਿਆਨਤਾ ਦੇ ਕਰਕੇ ਹੈ, ਗੁਰਮਤਿ ਦੀ ਸੋਝੀ ਨਾ ਵੱਸਣ ਦੇ ਕਾਰਨ ਹੈ। ਮਨਮਤਿ ਵਿੱਚ ਰਹਿੰਦੇ ਹੋਏ, ਪੂਰਨ ਸੱਚ ਤੋਂ ਦੂਰ ਰਹਿੰਦੇ ਹੋਏ ਆਪਣੇ ਜੀਵਨ ਵਿੱਚ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ ਤੇ ਇਹ ਸਭ ਕਲੱਰ ਦੇ ਵਿੱਚ ਖੇਤੀ ਕਰਨ ਵਾਲੀ ਗੱਲ ਹੈ। ਜੋ ਵੀ ਸਾਡਾ ਕਰਮ ਮਨਮਤਿ ਅਨੁਸਾਰ ਹੈ ਉਹ ਕਲੱਰ ਦੀ ਖੇਤੀ ਹੈ ਜਿਸ ਵਿੱਚੋਂ ਕੋਈ ਲਾਹਾ ਨਹੀਂ ਮਿਲਦਾ। ਲਾਹਾ ਸਹਜ ਦੀ ਖੇਤੀ ਵਿੱਚੋਂ ਮਿਲਦਾ ਹੈ। ਗੁਰੂ ਸਹਜ ਦਾ ਖੇਤ ਹੈ ਜਿਸ ਵਿੱਚ ਕੇਵਲ ਗੁਰਮਤਿ ਦਾ ਬੀਜ ਹੈ ਤੇ ਪੂਰੀ ਗੁਰਬਾਣੀ ਵਿੱਚ ਗੁਰਮਤਿ ਹੀ ਉਪਜੀ ਹੋਈ ਹੈ। ਗੁਰੂ ਨੇ ਲਾਹਾ ਖਟਿਆ ਹੈ। ਗੁਰੂ ਕੋਲ ਗੁਰਮਤਿ ਦੀ ਸੋਝੀ ਹੈ ਤੇ ਪ੍ਰਮਾਤਮਾ ਨੇ ਜਿਸ ਨੂੰ ਵੀ ਆਪਣਾ ਗੁਰੂ ਰੂਪ ਬਣਾਇਆ ਹੈ ਉਸਨੂੰ ਗੁਰਮਤਿ ਦੀ ਸੋਝੀ ਪਾ ਕੇ ਗੁਰਮਤਿ ਅਨੁਸਾਰ ਚਲਾਇਆ ਹੈ। ਸਹਜ ਦੀ ਖੇਤੀ ਪ੍ਰਮਾਤਮਾ ਜਿਸ ਦੇ ਕੋਲੋਂ ਕਰਵਾਉਂਦਾ

ਹੈ ਆਪ ਹੀ ਕਰਾਉਂਦਾ ਹੈ। ਜਿੰਨ੍ਹਾਂ ਨੇ ਸਹਜ ਦੀ ਖੇਤੀ ਬੀਜੀ ਹੈ ਉਹੀ ਸਾਨੂੰ ਸਹਜ ਦੀ ਖੇਤੀ ਕਰਨਾ ਸਿਖਾ ਸਕਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਨੂੰ ਸਿਖਾਇਆ ਹੈ। ਸਹਜ ਦੀ ਖੇਤੀ ਕੀ ਹੈ, ਇਹ ਕਿਵੇਂ ਹੁੰਦੀ ਹੈ ਤੇ ਕੌਣ ਕਰਵਾਉਂਦਾ ਹੈ ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਲੇਖ ਵਿੱਚ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝ ਸਕਦੇ ਹਾਂ।

ਸਲੋਕੁ ਮਃ ੩॥

"ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ॥
ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ॥
ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ॥
ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ॥੧॥"

(ਅੰਗ ੯੪੭)

24/2616

ਸਹਜ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਸਹਜ ਦੀ ਅਵੱਸਥਾ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ, ਮਾਇਆ ਮੋਹ ਵਾਲੀ ਅਵੱਸਥਾ ਵਿੱਚੋਂ, ਸਹਸਾ, ਭਰਮ, ਅਗਿਆਨਤਾ ਵਿੱਚੋਂ ਕੱਢਦਾ ਹੈ। ਇਹ ਸਹਜ ਦਾ ਖੇਤ ਸਾਡੇ ਮਨ ਦੇ ਅੰਦਰ ਚੌਥੇ ਪਦ ਦੀ ਅਵੱਸਥਾ ਹੀ ਹੈ ਤੇ ਪ੍ਰਮਾਤਮਾ ਜਿਸਦੇ ਨਾਲ ਆਪਣਾ ਪਿਆਰ ਜੋੜਦਾ ਹੈ ਉਸਦੇ ਅੰਦਰ ਆਪ ਇਸ ਅਵੱਸਥਾ ਦੁਆਰਾ ਪ੍ਰਗਟ ਹੁੰਦਾ ਹੈ ਜਿਵੇਂ ਕਿ ਉਹ ਆਪਣੇ ਭਗਤ ਰੂਪ, ਗੁਰੂ ਰੂਪ ਵਿੱਚ ਪ੍ਰਗਟ ਹੋਇਆ ਹੈ। ਨਾਮ ਦੀ ਖੇਤੀ ਇਸ ਮਨ ਦੀ ਹੁੰਦੀ ਹੈ। ਪ੍ਰਮਾਤਮਾ ਜਿਸ ਨੂੰ ਨਾਮ ਦੀ ਸੋਝੀ ਪਾਉਂਦਾ ਹੈ ਉਹ ਮਨ ਦੀ ਇਸ ਅਵੱਸਥਾ ਦੁਆਰਾ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਨਾਮ ਦਾ ਬੀਜ, ਨਾਮ ਦੀ ਸੋਝੀ ਹੈ ਤੇ ਪ੍ਰਮਾਤਮਾ ਸਹਜ ਦੀ ਅਵੱਸਥਾ ਵਿੱਚ ਆਪਣੀ ਸੋਝੀ ਦਾ ਬੀਜ ਹੀ ਪਾਉਂਦਾ ਹੈ, ਸ਼ਬਦ ਦੀ ਸੋਝੀ ਦਾ ਬੀਜ ਪਾਉਂਦਾ ਹੈ ਤੇ ਇਸ ਖੇਤ ਦੇ ਵਿੱਚੋਂ ਨਾਮ ਹੀ ਉਪਜਦਾ ਹੈ ਭਾਵ ਸੱਚੀ ਸੋਝੀ ਹੀ ਉਪਜਦੀ ਹੈ ਭਾਵ ਇਸ ਬੀਜ ਦਾ ਮੂਲ ਪ੍ਰਮਾਤਮਾ ਆਪ ਹੈ, ਗਿਆਨ ਦੀ ਸੋਝੀ ਦਾ ਮੂਲ ਪ੍ਰਮਾਤਮਾ ਆਪ ਹੈ, ਸ਼ਬਦ ਦੀ ਸੋਝੀ ਦਾ ਮੂਲ ਪ੍ਰਮਾਤਮਾ ਆਪ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣੀ ਸੋਝੀ ਦਾ ਬੀਜ ਬੀਜਦਾ ਹੈ ਭਾਵ ਜਿਹੋ ਜਿਹੀ ਸੋਝੀ ਉਹ ਆਪ ਪਾਉਂਦਾ ਹੈ ਉਹੋ ਜਿਹੀ ਸੋਝੀ ਹੀ ਮਨ ਦੇ ਵਿੱਚ ਉਪਜਦੀ ਹੈ ਤੇ ਜਿਸਦੇ ਅੰਦਰ ਇਹ ਸੋਝੀ ਉਪਜਦੀ ਹੈ, ਨਾਮ ਦੀ ਸੋਝੀ ਉਪਜਦੀ ਹੈ ਉਹ ਫਿਰ ਪ੍ਰਮਾਤਮਾ ਦੇ ਨਾਮ ਵਿੱਚ ਹੀ ਸਮਾਅ ਜਾਂਦਾ ਹੈ ਭਾਵ ਉਸ ਦੀ ਸੱਚੀ ਸੋਝੀ ਦੇ ਵਿੱਚ, ਸੱਚੇ ਗਿਆਨ ਦੇ ਵਿੱਚ ਸਮਾਅ ਜਾਂਦਾ ਹੈ ਤੇ ਫਿਰ ਉਹ ਸਾਰੇ ਕਰਮ ਉਸ ਸੋਝੀ ਅਨੁਸਾਰ ਹੀ ਕਰਦਾ ਹੈ ਭਾਵ ਆਪਣੀ ਹਰ ਗੱਲ ਵਿੱਚ ਗੁਰਮਤਿ ਦੀ ਸੱਚੀ ਸੋਝੀ ਹੀ ਵਰਤਦਾ ਹੈ। ਨਾਮ ਦੀ ਸੱਚੀ ਸੋਝੀ ਦੁਆਰਾ ਸੱਚ ਦੀ ਸੋਝੀ ਹੀ ਪੈਂਦੀ ਹੈ ਜੋ ਮਨੁੱਖ ਨੂੰ ਔਗੁਣਾਂ ਤੋਂ ਰਹਿਤ ਕਰਦੀ ਹੈ, ਮਨ ਦੇ ਵਿੱਚੋਂ ਮਾੜੇ ਵਿਚਾਰਾਂ ਨੂੰ ਨਾਮ ਦੀ ਸੋਝੀ ਹੀ ਦੂਰ ਕਰਦੀ ਹੈ ਜੋ ਕਿ ਅੰਦਰ ਬੈਠਾ ਪ੍ਰਮਾਤਮਾ, ਸਾਡੇ ਮਨ ਦੇ ਵਿਚਾਰਾਂ ਰਾਹੀਂ ਸਾਨੂੰ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ। **(ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥)**

ਜਿਸਨੂੰ ਪ੍ਰਮਾਤਮਾ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ, ਹਉਮੈ ਵਿੱਚੋਂ ਕੱਢਦਾ ਹੈ ਉਸਨੂੰ ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ ਕੱਢਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ॥

ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ॥”

ਹਉਮੈ ਤੇ ਨਾਮ ਦੋਨੋਂ ਸਾਡੇ ਮਨ ਦੀਆਂ ਅਵੱਸਥਾ ਹੀ ਹਨ। ਜਦ ਤੱਕ ਸਾਡੇ ਅੰਦਰ ਹਉਮੈ ਵਾਲੀ ਅਵੱਸਥਾ ਹੈ ਤਦ ਤੱਕ ਨਾਮ ਨਹੀਂ ਹੈ ਭਾਵ ਸਹਜ ਦੀ ਅਵੱਸਥਾ ਨਹੀਂ ਹੈ, ਚੌਥੇ ਪਦ ਦੀ ਅਵੱਸਥਾ ਨਹੀਂ ਹੈ, ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੈ। ਨਾਮ ਦੀ ਅਵੱਸਥਾ

ਵਿੱਚ ਸਾਡੇ ਅੰਦਰੋਂ ਹਉਮੈ ਦੀ ਅਵੱਸਥਾ ਮੁੱਕ ਜਾਂਦੀ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਨਾਮ ਨਹੀਂ ਹੈ, ਚੌਥਾ ਪਦ ਨਹੀਂ ਹੈ। ਜਿੱਥੇ ਚੌਥਾ ਪਦ ਹੈ ਉੱਥੇ ਨਾਮ ਹੈ, ਹਉਮੈ ਨਹੀਂ ਹੈ। ਜੋ ਸਾਡੇ ਅੰਦਰ ਸਹਜ ਦਾ ਬੀਜ ਬੀਜਣ ਵਾਲਾ ਹੈ, ਨਾਮ ਦਾ ਬੀਜ ਬੀਜਣ ਵਾਲਾ ਹੈ ਉਹੀ ਸਾਡੇ ਅੰਦਰ ਹਉਮੈ ਦਾ ਬੀਜ ਬੀਜਣ ਵਾਲਾ ਹੈ ਭਾਵ ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਜਦ ਤੱਕ ਉਹ ਸਾਨੂੰ ਹਉਮੈ ਵਿੱਚ ਹੀ ਰੱਖਣਾ ਚਾਹੁੰਦਾ ਹੈ, ਭਰਮ ਵਿੱਚ ਹੀ ਰੱਖਣਾ ਚਾਹੁੰਦਾ ਹੈ, ਆਪਣੇ ਆਪ ਤੋਂ ਜਾਨਣ ਤੋਂ ਦੂਰ ਰੱਖਣਾ ਚਾਹੁੰਦਾ ਹੈ ਤਦ ਤੱਕ ਨਾ ਕੋਈ ਹਉਮੈ ਵਿੱਚੋਂ ਨਿਕਲ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਜਦੋਂ ਉਹ ਸਾਡੇ ਅੰਦਰ ਨਾਮ ਦਾ ਬੀਜ ਬੀਜਦਾ ਹੈ ਉਸ ਦੁਆਰਾ ਸਾਡੀ ਹਉਮੈ, ਸਹਸਾ ਵਾਲੀ ਬਿਰਤੀ ਦੂਰ ਹੋ ਜਾਂਦੀ ਹੈ ਭਾਵ ਸਾਨੂੰ ਹਉਮੈ ਦੇ ਵਿੱਚੋਂ ਨਾਮ ਦੇ ਬੀਜ ਨੇ ਹੀ ਕੱਢਣਾ ਹੈ। **(ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥ ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ॥)**

ਜਿਸਦੇ ਹੱਥ ਵਿੱਚ ਸਾਡੇ ਮਨ ਦੇ ਵਿਚਾਰ ਹਨ ਭਾਵ ਜਿਸਦੇ ਹੱਥ ਵਿੱਚ ਸਾਡੇ ਮਨ ਦੀ ਸੋਝੀ ਹੈ ਇਹ ਕੇਵਲ ਉਸਦੀ ਰਜ਼ਾ ਹੈ ਕਿ ਉਹ ਸਾਨੂੰ ਮਨ ਦੀ ਕਿਹੋ ਜਿਹੀ ਸੋਝੀ ਵਿੱਚ ਰੱਖਣਾ ਚਾਹੁੰਦਾ ਹੈ। ਅਸੀਂ ਆਪਣੇ ਅੰਦਰ ਆਪ ਆਪਣੀ ਸੋਝੀ ਨੂੰ ਬਦਲ ਲਈਏ ਭਾਵ ਆਪਣੇ ਆਪ ਹਉਮੈ ਵਿੱਚੋਂ ਨਿਕਲ ਜਾਈਏ ਇਹ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ ਕਿ ਉਹ ਆਪ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਕਰ ਲਵੇ, ਨਾਮ ਦੀ ਸੋਝੀ ਦੀ ਪ੍ਰਾਪਤੀ ਕਰ ਲਵੇ ਕਿਉਂਕਿ ਸਾਡੇ ਅੰਦਰ ਸੋਝੀ ਦਾ ਬੀਜ ਬੀਜਣ ਵਾਲਾ, ਸਾਡੀ ਸੋਚ ਨੂੰ ਚਲਾਉਣ ਵਾਲਾ, ਮਨ ਨੂੰ ਚਲਾਉਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ। ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿਸ ਮਨੁੱਖ ਨੂੰ ਕਿਹੋ ਜਿਹੀ ਅਵੱਸਥਾ ਵਿੱਚ ਰੱਖਦਾ ਹੈ। ਇਹ ਬੀਜ ਸਾਡੇ ਮਨ ਦਾ ਭੋਜਨ ਤਿਆਰ ਕਰਦਾ ਹੈ। ਇਸ ਬੀਜ ਰਾਹੀਂ ਜੋ ਕੁੱਝ ਉੱਗਦਾ ਹੈ ਉਹੀ ਕੁੱਝ ਅਸੀਂ ਖਾਂਦੇ ਹਾਂ। ਇਹ ਸਾਡੇ ਅੰਦਰ ਗਿਆਨ ਦਾ ਭੋਜਨ ਹੈ ਜਿਸਨੂੰ ਸਾਡਾ ਮਨ ਛਕਦਾ ਹੈ। ਜਦ ਤੱਕ ਸਾਡੀ ਅਵੱਸਥਾ ਹਉਮੈ ਵਾਲੀ ਹੈ ਤਦ ਤੱਕ ਸਾਨੂੰ ਆਪਣੇ ਵਿਚਾਰਾਂ ਰਾਹੀਂ ਬਿਖਿਆ ਵਾਲਾ ਭੋਜਨ ਮਿਲਦਾ ਹੈ ਤੇ ਜਦੋਂ ਪ੍ਰਮਾਤਮਾ ਸਾਡੇ ਅੰਦਰ ਨਾਮ ਦਾ ਬੀਜ ਬੀਜ ਦਿੰਦਾ ਹੈ ਉਸ ਰਾਹੀਂ ਸਾਨੂੰ ਅੰਮ੍ਰਿਤ ਭੋਜਨ ਦੀ ਪ੍ਰਾਪਤੀ ਹੁੰਦੀ ਹੈ। ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਸਾਨੂੰ ਆਪਣੇ ਮਨ ਦੇ ਵਿਚਾਰਾਂ ਰਾਹੀਂ ਕਿਹੋ ਜਿਹਾ ਭੋਜਨ ਖਾਣ ਲਈ ਮਿਲਦਾ ਹੈ। ਅਸੀਂ ਸਭ ਤ੍ਰੈਗੁਣਾਂ ਵਿੱਚ ਹਾਂ, ਹਉਮੈ ਵਿੱਚ ਹਾਂ ਕਿਉਂਕਿ ਸਾਡੇ ਅੰਦਰ ਪ੍ਰਮਾਤਮਾ ਬੀਜ ਹੀ ਇਨ੍ਹਾਂ ਵਿਚਾਰਾਂ ਦਾ ਬੀਜ ਰਿਹਾ ਹੈ ਜਿੰਨ੍ਹਾਂ ਵਿੱਚ ਬਿਖ ਹੈ। ਅੰਮ੍ਰਿਤ ਭੋਜਨ ਸਹਜ ਦੀ ਅਵੱਸਥਾ ਵਿੱਚ ਹੈ ਜਿਸਦੇ ਵਿੱਚੋਂ ਨਾਮ ਦੀ ਉਪਜ ਹੁੰਦੀ ਹੈ, ਗੁਰਮਤਿ ਵਾਲੇ ਵਿਚਾਰਾਂ ਦੀ ਉਪਜ ਹੁੰਦੀ ਹੈ, ਅੰਮ੍ਰਿਤ ਭੋਜਨ ਦੀ ਉਪਜ ਹੁੰਦੀ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਰੋਸਿਆ ਹੋਇਆ ਭੋਜਨ ਹੈ ਜਿਸਨੂੰ ਛਕ ਕੇ ਅਸੀਂ ਬਿਖ ਵਾਲੀ ਅਵੱਸਥਾ ਵਿੱਚੋਂ ਨਿਕਲ ਸਕਦੇ ਹਾਂ। **(ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ॥)**

ਸ਼ਬਦ ਦੀਆਂ ਬਾਕੀ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਲੇਖ ਵਿੱਚ ਅਸੀਂ ਪਿੱਛੇ ਸਮਝ ਚੁੱਕੇ ਹਾਂ। ਸਾਨੂੰ ਸਭ ਨੂੰ ਹਉਮੈ ਵਿੱਚ ਰੱਖ ਕੇ ਹੀ ਪ੍ਰਮਾਤਮਾ ਆਪਣੀ ਇਸ ਖੇਡ ਨੂੰ ਚਲਾ ਰਿਹਾ ਹੈ ਤੇ ਉਸਦੀ ਇਹ ਖੇਡ ਉਹੀ ਦੇਖ ਸਕਦਾ ਹੈ, ਸਮਝਾ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਸਹਜ ਦੀ ਅਵੱਸਥਾ ਦੁਆਰਾ ਇਹ ਸੋਝੀ ਪਾਉਂਦਾ ਹੈ। **(ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ॥ ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ॥੧॥)**

ਸਾਨੂੰ ਲਾਹੇ ਦੀ ਪ੍ਰਾਪਤੀ ਤਾਂ ਸਹਜ ਦੀ ਅਵੱਸਥਾ ਵਿੱਚ ਪਹੁੰਚ ਕੇ ਹੀ ਹੋਣੀ ਹੈ ਤੇ ਤਾਂ ਹੀ ਅਸੀਂ ਸਹਜ ਵਾਲੀ ਖੇਤੀ ਕਰ ਸਕਦੇ ਹਾਂ। ਕਲਰਿ ਦੀ ਖੇਤੀ ਵਿੱਚ, ਮਨਮਤਿ ਦੀ ਖੇਤੀ ਵਿੱਚ ਲਾਹਾ ਨਹੀਂ ਹੈ। ਜੇਕਰ ਅਸੀਂ ਲਾਹੇ ਦੀ ਪ੍ਰਾਪਤੀ ਕਰਨਾ ਚਾਹੁੰਦੇ ਹਾਂ ਤਾਂ ਫਿਰ ਆਓ ਗੁਰੂ ਦੇ ਕੋਲੋਂ ਸਹਜ ਦੀ ਖੇਤੀ ਕਰਨੀ ਸਿੱਖੀਏ ਜੋ ਕੇਵਲ ਸੱਚ ਤੇ ਚੱਲਣ ਦੁਆਰਾ ਹੁੰਦੀ ਹੈ ਤੇ ਉਹ ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਸਾਨੂੰ ਸੱਚੇ ਸੁੱਚੇ ਕਰਮ ਕਰਨ ਦੁਆਰਾ ਇਹ ਖੇਤੀ ਕਰਨੀ ਸਿਖਾ ਰਿਹਾ ਹੈ, ਪਹਿਲਾਂ ਅਸੀਂ ਸੱਚ ਦਾ ਬੀਜ ਆਪਣੇ ਕਰਮਾਂ ਵਿੱਚ ਭਾਵ

24/2618

ਆਪਣੀ ਕਰਨੀ ਵਿੱਚ ਬੀਜਾਂਗੇ ਤੇ ਤਾਂ ਹੀ ਇਸ ਸੰਸਾਰ ਵਿੱਚ ਲਾਹਾ ਖਾਵਾਂਗੇ ਭਾਵ ਆਪਣੇ ਅੰਦਰ ਤੇ ਹਰ ਸਰਗੁਣ ਸਰੂਪ ਵਿੱਚ ਵਰਤ ਰਹੇ ਅਕਾਲ ਪੁਰਖ ਦੇ ਰੂਪ ਨੂੰ ਜਾਣ ਸਕਾਂਗੇ, ਸਮਝ ਸਕਾਂਗੇ ਕਿ ਸਭ ਕੁੱਝ ਉਹ ਆਪ ਹੀ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥੮॥}

(ਅੰਗ ੪੧੮)

ਇਸ ਤੋਂ ਜਿਆਦਾ ਗੁਰੂ ਸਾਹਿਬ ਸਾਨੂੰ ਹੋਰ ਕਿਵੇਂ ਸਮਝਾਉਣ ਕਿ ਲਾਹਾ ਕਿਸ ਤਰੀਕੇ ਨਾਲ ਮਿਲਦਾ ਹੈ, ਅਸੀਂ ਆਪਣਾ ਧਰਮ ਕਿਵੇਂ ਕਮਾਉਣਾ ਹੈ, ਨਾਮ ਦੀ ਵਣਜ ਕਿਵੇਂ ਕਰਨੀ ਹੈ, ਸੱਚ ਦਾ ਵਪਾਰ ਕਿਵੇਂ ਕਰਨਾ ਹੈ, ਸੱਚੀ ਖੇਤੀ ਕਿਵੇਂ ਕਰਨੀ ਹੈ, ਉਸ ਤੱਤ ਦੀ ਪ੍ਰਾਪਤੀ ਕਿਵੇਂ ਕਰਨੀ ਹੈ ਜੋ ਕਿ ਸਾਡੇ ਇਸ ਜੀਵਨ ਦਾ ਮਕਸਦ ਹੈ। ਉੱਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਕਾਫੀ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ ਤੇ ਬਹੁਤੀ ਵਿਆਖਿਆ ਦੀ ਲੋੜ ਨਹੀਂ ਹੈ। ਸਾਰੀ ਗੱਲ ਆਸਾਨੀ ਨਾਲ ਸਮਝ ਆ ਰਹੀ ਹੈ। ਜਦ ਤੱਕ ਸਾਡੇ ਅੰਦਰ ਔਗੁਣ ਹਨ ਭਾਵ ਜਦ ਤੱਕ ਅਸੀਂ ਮਾੜੇ ਕਰਮ ਕਰਦੇ ਹਾਂ ਤਦ ਤੱਕ ਨਾ ਹੀ ਸਾਡੀ ਵਣਜ ਸੱਚੀ ਹੈ, ਨਾ ਸਾਡਾ ਵਾਪਾਰ ਸੱਚਾ ਹੈ ਤੇ ਨਾ ਹੀ ਅਸੀਂ ਧਰਮ ਤੇ ਚੱਲ ਰਹੇ ਹਾਂ। ਧਰਮ ਕੇਵਲ ਸੱਚ ਹੈ ਤੇ ਆਪਣੇ ਧਰਮ ਤੇ ਅਸੀਂ ਤਾਂ ਹੀ ਚੱਲ ਸਕਦੇ ਹਾਂ ਜੇਕਰ ਅਸੀਂ ਔਗੁਣਾਂ ਤੋਂ ਮੁਕਤ ਹੋ ਕੇ ਸੱਚੇ ਸੁੱਚੇ ਕਰਮ ਕਰੀਏ। ਸਾਡੀ ਸੱਚੀ ਖੇਤੀ ਤਾਂ ਹੀ ਹੋਵੇਗੀ ਜਦੋਂ ਅਸੀਂ ਆਪਣੇ ਧਰਮ ਦੇ ਵਿੱਚ ਭਾਵ ਧਰਮ ਰੂਪ ਖੇਤ ਦੇ ਵਿੱਚ ਸੱਚ ਦਾ ਬੀਜ ਬੀਜਾਂਗੇ। ਸਾਨੂੰ ਲਾਹਾ ਇਹੋ ਜਿਹੀ ਖੇਤੀ ਵਿੱਚੋਂ ਮਿਲਣਾ ਹੈ। ਇਹੋ ਜਿਹੀ ਖੇਤੀ ਕਰਨੀ ਭਾਵ ਸੱਚ ਦੁਆਰਾ ਵਿਚਰਨਾ ਸਾਡੀ ਸੱਚੀ ਖੇਤੀ ਹੈ। ਇਹੀ ਸਾਡਾ ਸੱਚਾ ਵਾਪਾਰ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਸੱਚ ਦੇ ਵਾਪਾਰੀ, ਨਾਮ ਦੇ ਵਾਪਾਰੀ ਅਖਵਾ ਸਕਦੇ ਹਾਂ। ਸਾਡੇ ਇਹੋ ਜਿਹੇ ਕਰਮ ਕਰਨ ਦੁਆਰਾ ਹੀ ਲਾਹੇ ਦੀ ਪ੍ਰਾਪਤੀ ਹੁੰਦੀ ਹੈ। ਅਸੀਂ ਆਪਣੀ ਕਥਨੀ ਦੁਆਰਾ ਲਾਹਾ ਲੈਣ ਵਿੱਚ ਲੱਗੇ ਹੋਏ ਹਾਂ ਤੇ ਸੱਚ ਕੀ ਹੈ, ਧਰਮ ਕੀ ਹੈ, ਗੁਣ ਕੀ ਹਨ ਇਹ ਅਸਲੀਅਤ ਜਾਨਣ ਤੋਂ ਅਸੀਂ ਦੂਰ ਹਾਂ ਤੇ ਤਾਂ ਹੀ ਕਲਰਿ ਵਾਲੀ ਖੇਤੀ ਵਿੱਚ ਲੱਗੇ ਹੋਏ ਹਾਂ ਤੇ ਫਿਰ ਵੀ ਲਾਹੇ ਦੀ ਉਮੀਦ ਲਾਈ ਬੈਠੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਹੈ।

{ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥
ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥੫॥}

(ਅੰਗ ੪੧੯)

24/2619

ਸਾਡਾ ਵੱਡਾ ਦੁੱਖ, ਭਾਰਾ ਦੁੱਖ ਭਾਵ ਸਾਡੇ ਦੁੱਖਾਂ ਦਾ ਕਾਰਨ ਜੋ ਸਾਨੂੰ ਪ੍ਰਮਾਤਮਾ ਤੋਂ ਦੂਰ ਰੱਖਦਾ ਹੈ, ਲਾਹਾ ਲੈਣ ਤੋਂ ਦੂਰ ਰੱਖਦਾ ਹੈ ਉਹ ਸਾਡੇ ਅੰਦਰ ਦਾ ਲੋਭ ਲਾਲਚ ਹੈ, ਮਾਇਆ ਮੋਹ ਹੈ ਜਿਸ ਕਰਕੇ ਸਾਨੂੰ ਅੰਧੇ ਕਿਹਾ ਹੈ, ਅਗਿਆਨਤਾ ਵਿੱਚ ਕਿਹਾ ਹੈ। ਸਾਡੇ ਅੰਦਰ ਲੋਭ ਲਾਲਚ ਭਾਵੇਂ ਕਿਸੇ ਰੂਪ ਵਿੱਚ ਵੀ ਹੈ ਇਹ ਸਭ ਮਾਇਆ ਮੋਹ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਣਾ ਵੀ ਸਾਡੇ ਮਨ ਦਾ ਲਾਲਚ ਹੀ ਹੈ, ਤ੍ਰਿਸ਼ਨਾ ਹੀ ਹੈ ਜਿਸਦੀ ਵਜ੍ਹਾ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਮਾਇਆ ਦਾ ਕਪਟ ਹੈ, ਮਾਇਆ ਦਾ ਛਲ ਹੈ ਜੋ ਸਾਨੂੰ ਅਗਿਆਨਤਾ ਵਿੱਚ ਰੱਖ ਕੇ ਛਲਦੀ ਹੈ। ਇਸ ਗੱਲ ਨੂੰ ਕੁੱਝ ਅੱਗੇ ਚੱਲ ਕੇ ਬਰੀਕੀ ਨਾਲ ਸਮਝਾਂਗੇ। ਜਦ ਤੱਕ ਇਹ ਮਾਇਆ ਦਾ ਛਲ ਸਾਡੇ ਅੰਦਰ ਚੱਲ ਰਿਹਾ ਹੈ ਤਦ ਤੱਕ ਹਰ ਕੋਈ ਮਾਇਆ ਮੋਹ ਵਿੱਚ ਹੀ ਹੈ, ਸੱਚ ਨੂੰ ਸਮਝਣ ਤੋਂ ਦੂਰ ਹੀ ਹੈ। ਲਾਹੇ ਦੀ ਪ੍ਰਾਪਤੀ ਸਾਨੂੰ ਕੇਵਲ ਸੱਚ ਤੇ ਚੱਲ ਕੇ ਹੁੰਦੀ ਹੈ, ਮਾਇਆ ਦੇ ਛਲ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ। ਸੱਚ ਦੀ ਕਾਰ ਕਰਨ ਵਿੱਚ ਹੀ ਲਾਹਾ ਹੈ ਜਿਵੇਂ ਕਿ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ॥
ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ॥੬॥”

(ਅੰਗ ੫੯)

ਲਾਹੇ ਦੀ ਪ੍ਰਾਪਤੀ ਸੱਚ ਦੀ ਕਾਰ ਕਰਨ ਦੁਆਰਾ ਹੀ ਮਿਲਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸੱਚ ਦੀ ਕਾਰ ਮਨੁੱਖ ਤਾਂ ਹੀ ਕਮਾ ਸਕਦਾ ਹੈ, ਸੱਚ ਤੇ ਕੋਈ ਤਾਂ ਹੀ ਚੱਲ ਸਕਦਾ ਹੈ ਜਦੋਂ ਸੱਚ ਦੀ ਸੋਝੀ ਪੈ ਜਾਵੇ। ਇਸ ਮਨੁੱਖਾ ਜਨਮ ਵਿੱਚ ਅਸੀਂ “ਸਚੁ” ਦਾ ਵਾਪਾਰ ਹੀ ਕਰਨ ਆਏ ਹਾਂ ਪਰ ਇਹ ਸਾਡੇ ਹੱਥ ਵੱਸ ਨਹੀਂ ਹੈ। ਜਿਸ ਦੇ ਅੰਦਰ ਪ੍ਰਮਾਤਮਾ ਨੇ ਸੱਚ ਦਾ ਵਾਪਾਰੀ ਬਣਨਾ ਲਿਖਿਆ ਹੈ, ਜਿਸਦੇ ਭਾਗਾਂ ਵਿੱਚ ਸੱਚ ਨੂੰ ਜਾਣਨਾ ਲਿਖਿਆ ਹੈ ਉਹੀ ਸੱਚ ਨੂੰ ਜਾਣ ਸਕਦਾ ਹੈ, ਗੁਰਮਤਿ ਦੀ ਸੱਚੀ ਸੋਝੀ ਨੂੰ ਜਾਣ ਸਕਦਾ ਹੈ, ਨਾਮ ਦੀ ਸਿੱਖਿਆ ਨੂੰ ਜਾਣ ਸਕਦਾ ਹੈ ਤੇ ਸੱਚ ਦੀ ਕਾਰ ਕਮਾ ਸਕਦਾ ਹੈ ਜਿਸ ਦੁਆਰਾ ਲਾਹੇ ਦੀ ਪ੍ਰਾਪਤੀ ਹੈ ਪਰ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ। ਇਹ ਸੱਚ ਦਾ ਵਾਪਾਰ ਕਰਨ ਲਈ ਸੱਚੀ ਪੂੰਜੀ ਦੀ ਲੋੜ ਹੈ ਜੋ ਉਸਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੀ ਮਿਲਦੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਪਾਈ ਹੋਈ ਸੱਚੀ ਪੂੰਜੀ ਹੈ ਪਰ ਆਪਣੀ ਇਹ ਪੂੰਜੀ ਉਹ ਕਿਸ ਨੂੰ ਦਿੰਦਾ ਹੈ ਇਹ ਕੇਵਲ ਉਸਦੀ ਰਜ਼ਾ ਹੈ। ਪ੍ਰਮਾਤਮਾ ਨੂੰ ਇਸ ਗੱਲ ਦਾ ਰੱਤੀ ਭਰ ਵੀ ਲਾਲਚ ਨਹੀਂ ਹੈ ਕਿ ਕੋਈ ਉਸ ਨੂੰ ਜਾਣੇ। ਗੁਰੂ ਪ੍ਰਮਾਤਮਾ ਦੇ ਨਾਲ ਮੇਲ ਸੱਚੀ ਪੂੰਜੀ ਦੀ ਪ੍ਰਾਪਤੀ ਦੇ ਰੂਪ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਆਪਣੀ ਸੱਚੀ ਸਿੱਖਿਆ ਦੀ ਸੋਝੀ ਉਹ ਆਪਣੇ ਮੇਲ ਦੁਆਰਾ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਤੇ ਆਪਣਾ ਮੇਲ ਉਹ ਕਿਸੇ ਵਿਰਲੇ ਨਾਲ ਹੀ ਕਰਦਾ ਹੈ। **(ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ॥੬॥)**

ਗੁਰੂ ਪ੍ਰਮਾਤਮਾ ਆਪ ਹੀ ਹੈ ਜੋ ਕਿ ਕੇਵਲ ਆਪਣੀ ਰਜ਼ਾ ਦੁਆਰਾ ਹੀ

ਮੇਲ ਕਰਦਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਤੇ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਅਵੱਸਥਾ ਬਖ਼ਸ਼ੀ ਹੈ ਉਨ੍ਹਾਂ ਨੇ ਹੀ ਸਾਨੂੰ ਸੱਚਾ ਵਾਪਾਰ ਕਰਕੇ ਦਿਖਾਇਆ ਹੈ, ਸੱਚੀ ਕਰਣੀ ਕਰਕੇ ਦਿਖਾਈ ਹੈ ਕਿਉਂਕਿ ਉਨ੍ਹਾਂ ਕੋਲ ਸੱਚ ਦੀ ਸੱਚੀ ਸੋਝੀ ਹੈ, ਉਨ੍ਹਾਂ ਕੋਲ ਸੱਚੀ ਪੂੰਜੀ ਹੈ, ਉਨ੍ਹਾਂ ਦੇ ਕੋਲ ਸੱਚੀ ਰਾਸਿ ਹੈ। ਪੂਰੀ ਗੁਰਬਾਣੀ ਸਾਨੂੰ ਇਹ ਸੱਚੀ ਰਾਸਿ ਹੀ ਵੰਡ ਰਹੀ ਹੈ, ਸੱਚੀ ਸਿੱਖਿਆ ਦੇ ਰੂਪ ਵਿੱਚ ਵੰਡ ਰਹੀ ਹੈ ਤੇ ਗੁਰੂ ਦੀ ਇਸ ਸੱਚੀ ਸਿੱਖਿਆ ਅਨੁਸਾਰ ਵਿਚਰ ਕੇ ਹੀ ਅਸੀਂ ਸੱਚ ਵਾਲੀ ਕਰਨੀ ਕਰ ਸਕਦੇ ਹਾਂ।

ਸਾਡੀ ਸੱਚੀ ਵਣਜ ਸੱਚੀ ਰਾਸਿ ਦੁਆਰਾ ਹੀ ਹੋ ਸਕਦੀ ਹੈ। ਇਹ ਰਾਸਿ ਹੀ ਸਾਡਾ ਸੱਚਾ ਧਨ ਹੈ ਜੋ ਕਿ ਗੁਰੂ ਕੋਲੋਂ ਜਾਨਣ ਦਾ ਧਨ ਹੈ। ਇਹ ਸੱਚੀ ਰਾਸਿ ਦਾ ਧਨ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ, ਆਪਣੀ ਰਜ਼ਾ ਅਨੁਸਾਰ ਦਿੰਦਾ ਹੈ। ਇਸ ਰਾਸਿ ਦੀ ਪ੍ਰਾਪਤੀ ਦੁਆਰਾ ਹੀ ਕੋਈ ਹਰ ਵੇਲੇ, ਅੱਠੇ ਪਹਿਰ ਹਰਿ ਹਰਿ ਕਰ ਸਕਦਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਅਨੁਸਾਰ ਵਿਚਰ ਸਕਦਾ ਹੈ।

24/2620-ਅ

ਲਾਹੇ ਦੀ ਖੱਟੀ ਤੋਂ ਭਾਵ ਜੋ ਸਾਨੂੰ ਲਾਭ ਪ੍ਰਾਪਤ ਹੁੰਦਾ ਹੈ ਉਹ ਸਾਨੂੰ "ਦਿਹਾੜੀ" ਦੇ ਰੂਪ ਵਿੱਚ ਮਿਲਦਾ ਹੈ। "ਦਿਹਾੜੀ" ਤੋਂ ਭਾਵ ਹੈ ਕੰਮ ਕਰਨ ਦੀ ਮਜ਼ਦੂਰੀ ਜਿਵੇਂ ਕਿ ਕਿਸੇ ਮਜ਼ਦੂਰ ਨੂੰ ਅਸੀਂ ਕੰਮ ਕਰਾਉਣ ਤੋਂ ਬਾਅਦ ਉਸ ਨੂੰ ਦਿਹਾੜੀ ਦਿੰਦੇ ਹਾਂ ਜੋ ਉਸਨੂੰ ਆਪਣੇ ਕੰਮ ਦੀ ਮਜ਼ਦੂਰੀ ਦੇ ਰੂਪ ਵਿੱਚ ਮਿਲਦੀ ਹੈ। ਪ੍ਰਮਾਤਮਾ ਦੀ ਸੱਚੀ ਕਾਰੇ ਲੱਗਿਆਂ, ਪ੍ਰਮਾਤਮਾ ਦੀ ਚਾਕਰੀ ਵਿੱਚ ਲੱਗਣ ਨਾਲ ਪ੍ਰਮਾਤਮਾ ਸਾਨੂੰ ਵੀ ਉਸਦਾ ਫ਼ਲ ਦਿੰਦਾ ਹੈ ਭਾਵ ਉਸਦੀ ਕੀਤੀ ਹੋਈ ਸੱਚੀ ਚਾਕਰੀ ਦੀ ਮਜ਼ਦੂਰੀ ਦਿੰਦਾ ਹੈ, ਦਿਹਾੜੀ ਦਿੰਦਾ ਹੈ। ਦੁਨਿਆਵੀ ਮਜ਼ਦੂਰ ਨੂੰ ਅਸੀਂ ਦਿਹਾੜੀ ਦੁਨਿਆਵੀ ਧਨ ਦੇ ਰੂਪ ਵਿੱਚ ਦਿੰਦੇ ਹਾਂ, ਮਾਇਆ ਦੇ ਰੂਪ ਵਿੱਚ ਦਿੰਦੇ ਹਾਂ। ਪ੍ਰਮਾਤਮਾ ਦੀ ਜੋ ਸੱਚੀ ਚਾਕਰੀ ਕਰਦਾ ਹੈ ਉਸਨੂੰ ਪ੍ਰਮਾਤਮਾ ਦੀ ਇਹ ਦਿਹਾੜੀ ਆਪਣੇ ਨਾਮ ਧਨ ਦੇ ਰੂਪ ਵਿੱਚ ਦਿੰਦਾ ਹੈ, ਆਪਣੇ ਨਿਰਗੁਣ ਰੂਪ ਧਨ ਦੇ ਰੂਪ ਵਿੱਚ ਦਿੰਦਾ ਹੈ, ਆਪਣੇ ਬ੍ਰਹਮਗਿਆਨ ਦਾ ਧਨ ਦਿੰਦਾ ਹੈ, ਸੱਚੇ ਗਿਆਨ ਦਾ ਧਨ ਦਿੰਦਾ ਹੈ ਜਿਸ ਧਨ ਦੀ ਪ੍ਰਾਪਤੀ ਦੁਆਰਾ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਲਾਹੇ ਦੀ ਪ੍ਰਾਪਤੀ ਹੁੰਦੀ ਹੈ। ਇਹ ਸਾਡਾ ਅਸਲ ਲਾਹਾ ਹੈ ਜੋ ਲਾਹਾ ਲੈਣ ਲਈ ਅਸੀਂ ਇਸ ਸੰਸਾਰ ਵਿੱਚ ਆਏ ਹਾਂ ਭਾਵ ਇਹ ਲਾਹਾ ਖੱਟਣਾ, ਲਾਭ ਖੱਟਣਾ ਹੀ ਸਾਡੇ ਜੀਵਨ ਦਾ ਮਨੋਰਥ ਹੈ। ਇਹ ਲਾਹਾ ਪ੍ਰਮਾਤਮਾ ਦੀ ਚਾਕਰੀ ਕਰਨ ਦੁਆਰਾ ਹੀ ਮਿਲਦਾ ਹੈ ਪਰ ਉਸਦੀ ਚਾਕਰੀ ਕਿਵੇਂ ਹੁੰਦੀ ਹੈ ਇਸ ਗੱਲ ਦੀ ਸੋਝੀ ਬਿਨ੍ਹਾਂ ਅਸੀਂ ਉਸਦੀ ਚਾਕਰੀ ਨਹੀਂ ਕਰ ਸਕਦੇ। ਉਸਦੀ ਚਾਕਰੀ ਲਈ ਸਾਨੂੰ ਸੱਚੀ ਰਾਸਿ ਦੀ ਲੋੜ ਹੈ ਜਿਸ ਦੁਆਰਾ ਅਸੀਂ ਆਪਣੇ ਜੀਵਨ ਵਿੱਚ ਸੱਚ ਦਾ ਵਾਪਾਰ ਕਰ ਸਕਦੇ ਹਾਂ। ਲਾਹੇ ਦੇ ਰੂਪ ਵਿੱਚ ਸਾਨੂੰ ਪ੍ਰਾਪਤੀ ਵੀ "ਸਚੁ" ਰੂਪ ਪ੍ਰਮਾਤਮਾ ਦੀ ਹੀ ਹੁੰਦੀ ਹੈ। ਸੱਚ ਦੀ ਪ੍ਰਾਪਤੀ ਲਈ ਪੂੰਜੀ ਵੀ ਸੱਚੀ ਹੋਣੀ ਚਾਹੀਦੀ ਹੈ। ਗੁਰੂ ਦੀ ਸੱਚੀ ਪੂੰਜੀ ਉਸਦੀ ਗੁਰਮਤਿ ਦੀ ਸੋਝੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਇਹ ਸੱਚੀ ਪੂੰਜੀ ਕਿਸੇ ਦੇ ਕੋਲ ਨਹੀਂ ਹੈ ਭਾਵ ਕੇਵਲ ਗੁਰੂ ਦੇ ਕੋਲ ਹੈ। ਇਹ ਰਾਸਿ, ਇਹ ਪੂੰਜੀ ਗੁਰੂ ਕੋਲੋਂ ਜਾਨਣ ਦੁਆਰਾ ਮਿਲਦੀ ਹੈ ਤੇ ਇਸੇ ਲਈ ਸਾਨੂੰ ਇਸ ਰਾਸਿ ਦੀ ਪ੍ਰਾਪਤੀ ਕੇਵਲ ਗੁਰੂ ਦੇ ਕੋਲੋਂ ਜਾਨਣੀ ਚਾਹੀਦੀ ਹੈ ਨਾ ਕਿ ਕਿਸੇ ਹੋਰ ਦੇ ਕੋਲੋਂ। ਲਾਹੇ ਦੀ ਪ੍ਰਾਪਤੀ ਅਸੀਂ ਕੇਵਲ ਗੁਰੂ ਦੇ ਰਾਹੀਂ ਹੀ ਕਰ ਸਕਦੇ ਹਾਂ, ਉਸਦੀ ਗੁਰਮਤਿ ਅਨੁਸਾਰ ਵਿਚਰ ਕੇ ਹੀ ਕਰ ਸਕਦੇ ਹਾਂ ਨਹੀਂ ਤਾਂ ਫਿਰ ਅਸੀਂ ਉਸੇ ਤਰੀਕੇ ਨਾਲ ਲਾਹੇ ਦੀ ਪ੍ਰਾਪਤੀ ਵਿੱਚ ਲੱਗੇ ਰਹਾਂਗੇ ਜੋ ਤਰੀਕਾ ਅਸੀਂ ਗੁਰੂ ਕੋਲੋਂ ਨਹੀਂ ਸਿੱਖਿਆ, ਗੁਰੂ ਕੋਲੋਂ ਨਹੀਂ ਜਾਣਿਆ ਬਲਕਿ ਇੱਧਰੋਂ ਉਧਰੋਂ ਜਾਣਿਆ ਹੈ ਜਿੰਨ੍ਹਾਂ ਕੋਲ ਖੁਦ ਇਹ ਸੱਚੀ ਪੂੰਜੀ, ਸੱਚੀ ਰਾਸਿ ਨਹੀਂ ਹੈ ਜਿਸ ਪੂੰਜੀ ਨੂੰ ਖਰਚ ਕੇ ਅਸੀਂ ਲਾਭ ਲੈ ਸਕਦੇ ਹਾਂ। ਜਿੱਥੇ ਮੂਲ ਹੀ ਨਹੀਂ ਹੈ ਉਸ ਵਿੱਚੋਂ ਲਾਭ ਕਿੱਥੋਂ ਮਿਲ ਸਕਦਾ ਹੈ। **(ਹਰਿ ਰਾਸਿ ਮੇਰੀ ਮਨੁ ਵਣਜਾਰਾ॥ ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ॥ ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ॥ ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ॥ ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ॥੩੧॥)** (ਅੰਗ ੯੨੧)

24/2620

ਸਾਡੀ ਸੱਚੀ ਕਾਰ ਸੱਚੀ ਰਾਸਿ ਦੁਆਰਾ ਹੀ ਹੁੰਦੀ ਹੈ ਤੇ ਸੱਚੀ ਕਰਨੀ ਅਸੀਂ ਕਿਸ ਰੂਪ ਵਿੱਚ ਕਰਦੇ ਹਾਂ, ਸੱਚੀ ਕਰਨੀ ਕਿਸ ਰੂਪ ਵਿੱਚ ਹੁੰਦੀ ਹੈ। ਇਸ ਨੂੰ ਸਮਝਣ ਦੀ ਲੋੜ ਹੈ। ਸਾਨੂੰ ਲਾਹੇ ਦੀ ਪ੍ਰਾਪਤੀ ਸੱਚੀ ਕਾਰ ਕਰਨ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ।

{ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥}

(ਅੰਗ ੫੯)

ਸੱਚੀ ਕਾਰੇ ਲੱਗਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਉਹੋ ਜਿਹੀ ਕਾਰੇ ਲੱਗੀਏ ਜਿਸ ਦੁਆਰਾ ਲਾਹੇ ਦੀ ਪ੍ਰਾਪਤੀ ਹੁੰਦੀ ਹੈ ਤੇ ਉਨ੍ਹਾਂ ਗੱਲਾਂ ਨੂੰ ਆਪਣੀ ਸੱਚੀ ਕਾਰ ਨਾ ਸਮਝੀਏ ਜਿਸ ਦੁਆਰਾ ਹਰ ਕੋਈ ਲਾਹਾ ਲੈਣ ਵਿੱਚ ਭਰਮਿਆ ਹੋਇਆ ਹੈ।

"ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ॥ ਅਵਗਣ ਛੋਡਿ ਗੁਣ ਮਾਹਿ ਸਮਾਏ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ॥੬॥"

(ਅੰਗ ੧੦੫੧)

24/2621

ਲਾਹੇ ਦੀ ਪ੍ਰਾਪਤੀ ਸੱਚੀ ਕਾਰ ਕਮਾਉਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਉੱਪਰ ਸਮਝਾਇਆ ਹੋਇਆ ਹੈ ਤੇ ਜਦ ਤੱਕ ਸਾਨੂੰ ਸੱਚੀ ਕਾਰ ਕਰਨ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਅਸੀਂ ਲਾਹਾ ਕਿਵੇਂ ਖੱਟ ਸਕਦੇ ਹਾਂ। ਸੱਚੀ ਕਾਰ ਕਰਨੀ ਕੀ ਹੈ ਇਹ ਗੱਲ ਵੀ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਈ ਹੋਈ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਉਹ ਭਰਮੇ ਹੋਏ ਵੀ ਸਮਝ ਸਕਦੇ ਹਨ ਜੋ ਕਿ ਇੱਕ ਅੱਖਰ ਦੇ ਜਾਪ ਨੂੰ ਹੀ ਸੱਚੀ ਕਾਰੇ ਲੱਗਣਾ ਸਮਝਦੇ ਹਨ ਤੇ ਆਪਣੇ ਵੱਲੋਂ ਲਾਹਾ ਖੱਟਣ ਵਿੱਚ ਲੱਗੇ ਹੋਏ ਹਨ ਜਦਕਿ ਉਹ ਗੁਰਮਤਿ ਦੇ ਉਲਟ ਚੱਲ ਕੇ ਤੇ ਦੂਸਰਿਆਂ ਨੂੰ ਗੁਰਮਤਿ ਦੇ ਉਲਟ ਚੱਲਣਾ ਸਿਖਾ ਕੇ ਖੁਦ ਤੋਟੇ ਵਿੱਚ ਜਾ ਰਹੇ ਹਨ ਤੇ ਦੂਸਰਿਆਂ ਨੂੰ ਤੋਟੇ ਵੱਲ, ਘਾਟੇ ਵੱਲ ਤੋਰ ਰਹੇ ਹਨ।

ਲਾਹਾ ਜਾਂ ਤੋਟਾ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ, ਸਾਡੇ ਮਨ ਦੇ ਵਿਚਾਰਾਂ ਦੇ ਨਾਲ ਹੀ ਜੁੜਿਆ ਹੋਇਆ ਹੈ ਕਿ ਅਸੀਂ ਸੰਸਾਰ ਵਿੱਚ ਕਿਹੋ ਜਿਹੇ ਵਿਚਾਰਾਂ ਦੇ ਨਾਲ ਵਿਚਰਦੇ ਹਾਂ, ਕਿਹੋ ਜਿਹੀ ਨੀਅਤ ਦੇ ਨਾਲ ਵਿਚਰਦੇ ਹਾਂ। ਸਾਡੇ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਕਿਉਂਕਿ ਸਾਡੇ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। ਇਹ ਉਸ ਅਕਾਲ ਪੁਰਖ ਦੀ ਰਜ਼ਾ ਹੈ ਕਿ ਉਹ ਸਾਨੂੰ ਕਿਹੋ ਜਿਹੀ ਸੋਝੀ ਪਾਉਂਦਾ ਹੈ ਤੇ ਸਾਨੂੰ ਕਿਹੋ ਜਿਹੇ ਵਿਚਾਰਾਂ ਵਾਲਾ ਬਣਾਉਂਦਾ ਹੈ। ਸਾਨੂੰ ਸੱਚੀ ਗੱਲ ਦੀ ਸੋਝੀ ਪੈਣਾ ਜਾਂ ਨਾ ਪੈਣਾ ਪੂਰੀ ਤਰ੍ਹਾਂ ਉਸ ਪ੍ਰਮਾਤਮਾ ਦੇ ਹੱਥ ਹੈ। ਜੇਕਰ ਉਹ ਕਿਸੇ ਨੂੰ ਭੁੱਲ ਵਿੱਚ ਹੀ ਰੱਖਣਾ ਚਾਹੁੰਦਾ ਹੈ ਤਾਂ ਫਿਰ ਉਹ ਮਨ ਦੇ ਵਿੱਚ ਸੋਝੀ ਵੀ ਉਹੋ ਜਿਹੀ ਪਾਉਂਦਾ ਹੈ। ਜਿੰਨ੍ਹਾਂ ਨੂੰ ਸੱਚੀ ਕਾਰ ਕਰਨ ਦੀ ਸਮਝ ਨਹੀਂ ਹੈ ਭਾਵ ਜੋ ਕਥਨੀ ਵਿੱਚ ਹੀ ਲੱਗੇ ਹੋਏ ਹਨ ਉਨ੍ਹਾਂ ਦੇ ਮਨ ਦੀ ਸੋਝੀ ਹੀ ਪ੍ਰਮਾਤਮਾ ਨੇ ਭੁਲੇਖੇ ਵਾਲੀ ਰੱਖੀ ਹੋਈ ਹੈ। ਜਦ ਤੱਕ ਉਹ ਕਿਸੇ ਨੂੰ ਭੁਲੇਖੇ ਵਿੱਚੋਂ ਨਾ ਕੱਢਣਾ ਚਾਹੇ ਤੇ ਮਨੁੱਖ ਭੁਲੇਖੇ ਵਿੱਚ ਹੀ ਰਹਿੰਦਾ ਹੈ ਤੇ ਆਪਣੀ ਇਸ ਭੁੱਲ ਵਿੱਚ ਹੀ ਆਪਣੇ ਆਪ ਨੂੰ ਠੀਕ ਸਮਝੀ ਜਾਂਦਾ ਹੈ, ਸੱਚ ਤੇ ਚੱਲਣਾ ਸਮਝੀ ਜਾਂਦਾ ਹੈ, ਸੱਚੀ ਭਗਤੀ ਵਾਲਾ ਸਮਝੀ ਜਾਂਦਾ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਤੋਂ ਲੈ ਕੇ ਦੇਵੀ ਦੇਵਤਿਆਂ ਤੋਂ ਲੈ ਕੇ, ਰਿਸ਼ੀਆਂ ਮੁਨੀਆਂ ਤੋਂ ਲੈ ਕੇ, ਜੋਗੀਆਂ ਸੰਨਿਆਸੀਆਂ ਤੋਂ ਲੈ ਕੇ, ਹਰ ਕਿਸੇ ਜਪਾਂ ਤਪਾਂ ਵਾਲਿਆਂ ਨੂੰ, ਧਰਮ ਗ੍ਰੰਥਾਂ ਦੇ ਜਪ ਕਰੀ ਜਾਣ ਵਾਲਿਆਂ ਨੂੰ, ਕਿਸੇ ਅੱਖਰ ਦਾ ਜਪ ਕਰੀ ਜਾਣ ਵਾਲਿਆਂ ਨੂੰ ਗੁਰਬਾਣੀ ਰਾਹੀਂ ਭਰਮ ਵਿੱਚ ਹੀ ਦੱਸਿਆ ਹੈ, ਭੁੱਲੇ ਹੋਏ ਹੀ ਦੱਸਿਆ ਹੈ ਪਰ ਫਿਰ ਵੀ ਕੌਣ ਇਹੋ ਜਿਹੇ ਕਰਮ ਕਰਨ ਵਾਲਾ, ਇਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਇਹ ਮੰਨ ਸਕਦਾ ਹੈ ਕਿ ਉਹ ਭੁੱਲਿਆ ਹੋਇਆ ਹੈ, ਉਸਨੂੰ ਭਗਤੀ ਦੀ ਸਮਝ ਨਹੀਂ ਹੈ, ਉਸਨੂੰ ਭਗਤੀ ਦੇ ਸੱਚ ਦੀ ਸਮਝ ਨਹੀਂ ਹੈ ਜਾਂ ਤੇ ਉਹ ਗੁਰਬਾਣੀ ਦੀ ਰਚਨਾ ਕਰਨ ਵਾਲਾ ਪ੍ਰਮਾਤਮਾ ਆਪ ਗਲਤ ਹੈ, ਜਗਤ ਦਾ ਗੁਰੂ ਗਲਤ ਹੈ ਤੇ ਜਾਂ ਫਿਰ ਅਸੀਂ ਗਲਤ ਹਾਂ ਭਾਵ ਭੁੱਲੇ ਹੋਏ ਹਾਂ। ਪ੍ਰਮਾਤਮਾ ਤਾਂ ਗਲਤ ਕਦੇ ਨਹੀਂ ਹੋ ਸਕਦਾ, ਉਹ ਆਪ ਸੱਚ ਰੂਪ ਹੈ, ਅਭੁੱਲ ਹੈ ਜੋ ਕਦੇ ਭੁੱਲ ਨਹੀਂ ਸਕਦਾ, ਜਿਸਨੂੰ ਕੋਈ ਭਰਮ ਨਹੀਂ ਹੈ ਪਰ ਉਹ ਸਾਰੇ ਸੰਸਾਰ ਨੂੰ ਭਰਮ ਵਿੱਚ ਰੱਖਣ ਵਿੱਚ ਸਮਰੱਥ ਹੈ। ਉਹ ਆਪਣੀ ਕਿਸ ਜੁਗਤਿ ਦੁਆਰਾ ਸਮਰੱਥ ਹੈ ਇਹ

24/2622

ਉਸਨੂੰ ਜਾਨਣ ਤੋਂ ਬਾਅਦ ਹੀ ਵਿਸ਼ਵਾਸ ਆਉਂਦਾ ਹੈ ਕਿ ਉਸਨੇ ਕਿਵੇਂ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ। ਸਭ ਦੇ ਅੰਦਰ ਇੱਕੋ ਇੱਕ ਪ੍ਰਮਾਤਮਾ ਦੀ ਪਾਈ ਹੋਈ ਜੁਗਤਿ ਹੀ ਵਰਤ ਰਹੀ ਹੈ ਜਿਸ ਦੁਆਰਾ ਉਸਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਆਪਣੇ ਭਰਮ ਵਿੱਚ ਹੀ ਉਸਨੂੰ ਇਹ ਮਹਿਸੂਸ ਹੁੰਦਾ ਹੈ ਕਿ ਮੈਂ ਭਰਮ ਵਿੱਚ ਨਹੀਂ ਹਾਂ, ਮੈਂ ਠੀਕ ਮਾਰਗ ਤੇ ਚੱਲ ਰਿਹਾ ਹਾਂ, ਮੈਂ ਸੱਚੀ ਭਗਤੀ ਵਿੱਚ ਲੱਗਾ ਹੋਇਆ ਹਾਂ। ਇਹ ਸਭ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸਦਾ ਉਹ ਆਨੰਦ ਲੈ ਰਿਹਾ ਹੈ। ਉਸਦੀ ਇਹ ਖੇਡ ਸਭ ਨੂੰ ਭਰਮ ਵਿੱਚ ਰੱਖ ਕੇ ਹੀ ਚੱਲ ਰਹੀ ਹੈ, ਹਉਮੈ ਵਿੱਚ ਰੱਖ ਕੇ ਹੀ ਚੱਲ ਰਹੀ ਹੈ। ਆਪਣੀ ਸੱਚੀ ਸੋਝੀ ਉਹ ਕਿਸ ਨੂੰ ਪਾਉਂਦਾ ਹੈ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਜਿਸ ਦੁਆਰਾ ਮਨੁੱਖ ਭਰਮ ਵਿੱਚੋਂ ਨਿਕਲ ਸਕਦਾ ਹੈ। ਆਪਣੀ ਸੱਚੀ ਕਾਰ ਉਹ ਕਿਸ ਕੋਲੋਂ ਕਰਾਉਂਦਾ ਹੈ, ਸੱਚੀ ਭਗਤੀ ਉਹ ਕਿਸ ਕੋਲੋਂ ਕਰਵਾਉਂਦਾ ਹੈ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ। ਉਸਦੀ ਸੱਚੀ ਕਾਰ ਕਰਨੀ ਕੀ ਹੈ ਇਹ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਸੱਚੀ ਕਾਰ ਕੇਵਲ ਗੁਣਾਂ ਦੁਆਰਾ ਹੁੰਦੀ ਹੈ ਭਾਵ ਜਦੋਂ ਸਾਡੇ ਮਨ ਦੇ ਵਿਚਾਰ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਜਾਂਦੇ ਹਨ ਤਾਂ ਹੀ ਮਨੁੱਖ ਗੁਣਾਂ ਵਾਲਾ ਬਣਦਾ ਹੈ, ਜਦੋਂ ਉਸਦੀ ਹਰ ਕਰਨੀ ਵਿੱਚ ਗੁਣ ਹੀ ਹੁੰਦੇ ਹਨ ਭਾਵ ਉਸਦੀ ਹਰ ਕਰਨੀ ਵਿੱਚ ਸੱਚ ਹੁੰਦਾ ਹੈ, ਗੁਰਮਤਿ ਹੁੰਦੀ ਹੈ। ਇਹੋ ਜਿਹਾ ਮਨੁੱਖ ਕੋਈ ਮਾੜਾ ਕਰਮ ਨਹੀਂ ਕਰ ਸਕਦਾ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਵਿਚਰੇ ਹਨ। ਉਨ੍ਹਾਂ ਨੇ ਕੋਈ ਸਰੀਰਕ ਜਪ ਤਪ ਨਹੀਂ ਕੀਤੇ ਤੇ ਨਾ ਹੀ ਸਾਨੂੰ ਇਹ ਕੁੱਝ ਸਿਖਾਇਆ

ਹੈ ਤੇ ਇਨ੍ਹਾਂ ਨੂੰ ਛੱਡਣ ਲਈ ਹੀ ਸਮਝਾਇਆ ਹੈ ਤੇ ਕੇਵਲ ਸਾਡਾ ਭਗਤੀ ਦਾ ਦਿਖਾਵਾ ਦੱਸਿਆ ਹੈ, ਪਾਖੰਡ ਦੱਸਿਆ ਹੈ। ਇਹੋ ਜਿਹੇ ਦਿਖਾਵਿਆਂ ਨਾਲ ਅਸੀਂ ਕਦੇ ਲਾਹੇ ਦੀ ਉਮੀਦ ਨਹੀਂ ਰੱਖ ਸਕਦੇ, ਪ੍ਰਮਾਤਮਾ ਦੇ ਨਾਲ ਮੇਲ ਦੀ ਉਮੀਦ ਨਹੀਂ ਰੱਖ ਸਕਦੇ, ਗੁਰਮਤਿ ਦੇ ਉਲਟ ਚੱਲ ਕੇ ਗੁਰਮਤਿ ਦੇ ਮਾਲਕ ਨਾਲ ਨਹੀਂ ਮਿਲ ਸਕਦੇ, ਸੱਚ ਦੇ ਉਲਟ ਚੱਲ ਕੇ ਸੱਚ ਦੇ ਮਾਲਕ ਨਾਲ ਨਹੀਂ ਮਿਲ ਸਕਦੇ, ਨਾਮ ਦੇ ਉਲਟ ਚੱਲ ਕੇ ਉਸ ਨਾਮ ਦੇ ਮਾਲਕ ਨਾਲ ਨਹੀਂ ਮਿਲ ਸਕਦੇ, ਬ੍ਰਹਮਗਿਆਨ ਦੇ ਉਲਟ ਚੱਲ ਕੇ ਉਸ ਬ੍ਰਹਮਗਿਆਨ ਦੇ ਮਾਲਕ ਨਾਲ ਨਹੀਂ ਮਿਲ ਸਕਦੇ, ਹਉਮੈ ਵਾਲੀ ਬਿਰਤੀ ਛੱਡੇ ਬਿਨ੍ਹਾਂ ਸਹਜ ਦੀ ਪ੍ਰਾਪਤੀ ਨਹੀਂ ਕਰ ਸਕਦੇ, ਤ੍ਰੈ ਗੁਣਾਂ ਵਾਲੀ ਬਿਰਤੀ ਛੱਡੇ ਬਿਨ੍ਹਾਂ ਚੌਥੇ ਪਦ ਦੇ ਨਾਲ ਮੇਲ ਨਹੀਂ ਕਰ ਸਕਦੇ, ਆਪਣੀ ਮਨਮਤਿ ਵਾਲੀ ਬਿਰਤੀ ਵਿੱਚੋਂ ਨਿਕਲਣ ਦਾ ਉੱਦਮ, ਔਗੁਣਾਂ ਵਿੱਚੋਂ ਨਿਕਲਕੇ ਗੁਣਾਂ ਨੂੰ ਅਪਣਾਉਣ ਦਾ ਉੱਦਮ ਪ੍ਰਮਾਤਮਾ ਨੇ ਸਾਡੇ ਸਿਰ ਹੀ ਲਾਇਆ ਹੋਇਆ ਹੈ ਤੇ ਉਸਦੇ ਇਸ ਹੁਕਮ ਨੂੰ ਮੰਨਣਾ ਸਾਡਾ ਫਰਜ਼ ਹੈ, ਸਾਡਾ ਧਰਮ ਹੈ ਤੇ ਤਾਂ ਹੀ ਅਸੀਂ ਉਸ ਲਾਹੇ ਦੀ ਪ੍ਰਾਪਤੀ ਦਾ ਸੱਚਾ ਉੱਦਮ, ਸੱਚਾ ਉਪਰਾਲਾ ਕਰ ਸਕਦੇ ਹਾਂ। ਜਿਹੋ ਜਿਹੇ ਉਪਰਾਲੇ ਅਸੀਂ ਕਰਨ ਵਿੱਚ ਲੱਗੇ ਹੋਏ ਹਾਂ ਉਸ ਭੁੱਲ ਵਿੱਚੋਂ ਨਿਕਲਣ ਦੀ ਲੋੜ ਹੈ। ਆਪਣੇ ਔਗੁਣ ਛੱਡ ਕੇ ਸੰਸਾਰ ਵਿੱਚ ਗੁਣੀ ਬਣ ਕੇ ਵਿਚਰਨਾ, ਸੰਸਾਰ ਦੇ, ਸਮਾਜ ਦੇ ਭਲੇ ਲਈ ਉਪਰਾਲਾ ਕਰਨਾ ਲਾਹੇ ਦੀ ਪ੍ਰਾਪਤੀ ਦਾ ਉਪਰਾਲਾ ਹੈ।

24/2623

ਕਥਨੀ ਕਰੀ ਜਾਣ ਵਿੱਚ, ਸਮਾਧੀ ਲਗਾ ਕੇ ਬੈਠੇ ਰਹਿਣ ਵਿੱਚ ਜਾਂ ਸਿਰ ਮਾਰੀ ਜਾਣ ਵਿੱਚ ਨਾ ਹੀ ਆਪਣਾ ਕੋਈ ਭਲਾ ਹੈ ਤੇ ਨਾ ਹੀ ਸਮਾਜ ਦਾ। ਇਹ ਆਪਣੇ ਮਨ ਨੂੰ ਮਾਰਨ ਦਾ ਮਾਰਗ ਹੈ ਨਾ ਕਿ ਸਿਰ ਮਾਰਨ ਦਾ ਹੈ ਜਿਸਨੂੰ ਕਿ ਅਸੀਂ ਆਪਣੀ ਭਗਤੀ ਸਮਝਿਆ ਹੋਇਆ ਹੈ ਜੋ ਕਿ ਕੇਵਲ ਦਿਖਾਵਾ ਹੈ। ਸੰਸਾਰ ਵਿੱਚ ਦਿਖਾਵਾ ਕਰਨਾ ਹੈ ਤੇ ਆਪਣੇ ਗੁਣਾਂ ਦਾ ਦਿਖਾਵਾ ਕਰੋ, ਸੱਚ ਦਾ ਦਿਖਾਵਾ ਕਰੋ, ਸੱਚੀ ਕਰਨੀ ਦਾ ਦਿਖਾਵਾ ਕਰੋ ਜਿਸ ਵਿੱਚ ਸਮਾਜ ਦੀ ਭਲਾਈ ਹੈ। ਸੱਚ ਦਾ ਦਿਖਾਵਾ ਕਰਨਾ ਸੱਚ ਨੂੰ ਉੱਚਾ ਕਰਨਾ ਹੈ ਤੇ ਜਿੱਥੇ ਅਸੀਂ ਸੱਚ ਨੂੰ ਉੱਚਾ ਕਰਦੇ ਹਾਂ ਉੱਥੇ ਅਸੀਂ ਗੁਰਮਤਿ ਨੂੰ ਉੱਚਾ ਕਰਦੇ ਹਾਂ ਭਾਵ ਗੁਰਮਤਿ ਨੂੰ ਵਡਿਆਉਂਦੇ ਹਾਂ ਤੇ ਇਹ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਜਿਸ ਦੁਆਰਾ ਉਸ ਵੱਡੇ ਨੂੰ ਪਾਇਆ ਜਾ ਸਕਦਾ ਹੈ, ਲਾਹੇ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਹਰ ਗੱਲ ਵਿੱਚ, ਹਰ ਕਰਮ ਵਿੱਚ ਸੱਚ ਨੂੰ ਉੱਚਾ ਕਰਨਾ ਸਾਡੀ ਸੱਚੀ ਕਰਨੀ ਹੈ। **(ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ॥ ਅਵਗਣ ਛੋਡਿ ਗੁਣ ਮਾਹਿ ਸਮਾਏ॥ ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ॥੬॥)** ਗੁਰੂ ਦਾ ਸ਼ਬਦ ਸਾਨੂੰ ਸੱਚ ਤੇ ਚੱਲਣਾ ਹੀ ਸਿਖਾਉਂਦਾ ਹੈ, ਔਗੁਣ ਛੱਡ ਕੇ ਗੁਣੀ ਬਣਨਾ ਹੀ ਸਿਖਾਉਂਦਾ ਹੈ ਤੇ ਕੇਵਲ ਸ਼ਬਦ ਨੂੰ ਰਟੀ ਜਾਣ ਵਿੱਚ ਕਾਹਦਾ ਗੁਣ ਹੈ।

{ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥}

(ਅੰਗ 59)

ਸਾਡੀ ਸੱਚੀ ਕਰਨੀ ਕੀ ਹੈ, ਉੱਤਮ ਕਰਨੀ ਕੀ ਹੈ ਇਸ ਗੱਲ ਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਪਰ ਫਿਰ ਵੀ ਅਸੀਂ ਆਪਣੇ ਸਰੀਰਕ ਜਪਾਂ ਤਪਾਂ ਆਦਿ ਨੂੰ ਹੀ, ਕਥਨੀ ਕਰਨ ਨੂੰ ਹੀ ਚੰਗੀ ਕਰਨੀ ਸਮਝਦੇ ਹਾਂ। ਸਾਡੀ ਚੰਗੀ ਕਰਨੀ ਉਹੀ ਹੈ ਜਿਹੋ ਜਿਹੀ ਕਰਨੀ ਅਸੀਂ ਉੱਪਰ ਸ਼ਬਦ ਦੁਆਰਾ ਸਮਝੀ ਹੈ। ਉਸੇ ਗੱਲ ਨੂੰ ਦੂਸਰੇ ਸ਼ਬਦ ਦੀ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ। ਸਾਨੂੰ ਇਸ ਸੰਸਾਰ ਸਮੁੰਦਰ ਵਿੱਚੋਂ, ਮਾਇਆ ਮੋਹ ਦੇ ਸਾਗਰ ਵਿੱਚੋਂ ਸਾਡੀ ਇਹੋ ਜਿਹੀ ਸੱਚੀ ਕਰਨੀ ਨੇ ਹੀ ਪਾਰ ਉਤਾਰਨਾ ਹੈ। ਸਾਰੀ ਗੱਲ ਗੁਰੂ ਦੀ ਮਤਿ ਨੂੰ ਮੰਨ ਕੇ ਉਸ ਤੇ ਚੱਲਣ ਦਾ ਹੈ ਤੇ ਉਸੇ ਵਿੱਚ ਲਾਹੇ ਦੀ ਪ੍ਰਾਪਤੀ ਹੈ। ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਰਨਾ ਹੀ ਲਾਹੇ ਦੀ ਪ੍ਰਾਪਤੀ ਹੈ।

ਸਲੋਕੁ ਮਃ ੩॥

“ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ॥੧॥”

(ਅੰਗ ੧੦੮੯)

ਉਪਰਲੇ ਸ਼ਬਦ ਰਾਹੀਂ ਸਾਡੀ ਕਰਨੀ ਹੀ ਸਮਝਾਈ ਹੈ,ਸਾਡਾ ਧਰਮ ਹੀ ਸਮਝਾਇਆ ਹੈ ਜੋ ਕਿ ਸਾਡੇ ਜੀਵਨ ਦਾ ਫਰਜ਼ ਹੈ। ਸਾਡੇ ਜੀਵਨ ਦਾ ਫਰਜ਼ ਉੱਤਮ ਕਰਣੀ ਹੀ ਹੈ ਜਿਸ ਦੁਆਰਾ ਅਸੀਂ ਇਸ ਸੰਸਾਰ ਵਿੱਚ ਆਪਣਾ ਧਰਮ ਨਿਭਾਉਣਾ ਹੈ।ਆਪਣੀ

24/2624

ਉੱਤਮ ਕਰਨੀ ਦੁਆਰਾ ਹੀ ਸਾਨੂੰ ਲਾਹੇ ਦੀ ਪ੍ਰਾਪਤੀ ਹੁੰਦੀ ਹੈ। ਉਪਰਲੇ ਸ਼ਬਦ ਰਾਹੀਂ ਸਾਨੂੰ ਮਨਮਤਿ ਤੇ ਗੁਰਮਤਿ ਵਿੱਚ ਫ਼ਰਕ ਸਮਝਾ ਕੇ ਸਾਨੂੰ ਉੱਤਮ ਕਰਨੀ ਦਾ ਮਾਰਗ ਸਮਝਾਇਆ ਹੋਇਆ ਹੈ। ਸ਼ਬਦ ਦੀਆ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਡੀ ਮਾੜੀ ਕਰਨੀ ਦੀ ਵਜ੍ਹਾ ਕੀ ਹੈ।

“ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਮਨਮਤਿ ਤੇ ਗੁਰਮਤਿ ਵਿੱਚ ਫ਼ਰਕ ਹੀ ਸਮਝਾਇਆ ਹੋਇਆ ਹੈ। ਕਾਗ ਸਾਡੇ ਮਨ ਦੀ ਬਿਰਤੀ ਹੈ, ਮਨਮਤਿ ਵਾਲੀ, ਅਗਿਆਨਤਾ ਵਾਲੀ ਮਾੜੀ ਬਿਰਤੀ ਹੈ ਜਿਸ ਦੁਆਰਾ ਅਸੀਂ ਇੱਕ ਲੋਹੇ ਦੀ ਬੇੜੀ ਵਿੱਚ ਸਵਾਰ ਰਹਿੰਦੇ ਹਾਂ ਜੋ ਸਾਨੂੰ ਕਦੇ ਪਾਰ ਨਹੀਂ ਲੰਘਾ ਸਕਦੀ। ਸਾਨੂੰ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਮਨ ਦੀ ਇਸ ਉੱਜਲ ਬਿਰਤੀ ਨੇ ਲੰਘਾਉਣਾ ਹੈ ਜਿਸ ਦੁਆਰਾ ਸਾਡਾ ਮੁੱਖ ਪ੍ਰਮਾਤਮਾ ਦੇ ਦਰਬਾਰ ਵਿੱਚ ਉੱਜਲ ਹੁੰਦਾ ਹੈ। ਆਪਣੇ ਆਪ ਨੂੰ ਅਸੀਂ ਉੱਜਲਾ ਕਿਵੇਂ ਬਣਾਉਣਾ ਹੈ, ਕਾਗ ਵਾਲੀ ਬਿਰਤੀ ਵਿੱਚੋਂ ਕਿਵੇਂ ਨਿਕਲਣਾ ਹੈ ਇਹੀ ਸਾਨੂੰ ਦੂਸਰੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ॥”

“ਪਿਰਮ ਪਦਾਰਥੁ” ਕੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਜਿਸਨੇ ਸਾਡੀ ਬਿਰਤੀ ਨੂੰ ਉੱਜਲ ਕਰਨਾ ਹੈ। ਪੂਰੀ ਗੁਰਬਾਣੀ ਵਿੱਚ “ਪਿਰਮ ਪਦਾਰਥੁ” ਹੈ, ਉਸ ਪ੍ਰਮਾਤਮਾ ਦਾ ਆਪਣਾ ਪਦਾਰਥ ਹੈ। ਇਹ ਉਸਦੇ ਸੱਚੇ ਗਿਆਨ ਦਾ ਪਦਾਰਥ ਹੈ, ਨਾਮ ਪਦਾਰਥ ਹੈ, ਬ੍ਰਹਮਗਿਆਨ ਦਾ ਪਦਾਰਥ ਹੈ ਜਿਸ ਦੁਆਰਾ ਸਾਨੂੰ ਗੁਰਬਾਣੀ ਰਾਹੀਂ ਸੱਚ ਦੀ ਸੋਝੀ ਪਾਈ ਹੋਈ ਹੈ, ਗੁਰਮਤਿ ਸਮਝਾਈ ਹੋਈ ਹੈ। ਸਾਨੂੰ ਗੁਰਮਤਿ ਮੰਨਣ ਲਈ, ਗੁਰੂ ਦੀ ਗੱਲ ਮੰਨਣ ਲਈ ਸਮਝਾਇਆ ਹੈ, ਨਾਮ ਦੀ ਸਿੱਖਿਆ ਮੰਨਣ ਲਈ ਸਮਝਾਇਆ ਹੈ। ਪ੍ਰਮਾਤਮਾ ਉਸੇ ਦਾ ਸੰਵਾਰਦਾ ਹੈ ਜੋ ਉਸਦੇ ਪਦਾਰਥ ਨੂੰ ਮੰਨਦਾ ਹੈ ਭਾਵ ਗੁਰਮਤਿ ਨੂੰ ਮੰਨਦਾ ਹੈ। ਗੁਰਮਤਿ ਨੂੰ ਮੰਨਿਆ ਅਸੀਂ ਤਾਂ ਹੀ ਜਾਣ ਸਕਦੇ ਹਾਂ ਜੇਕਰ ਆਪਣੀ ਮਨਮਤਿ ਛੱਡ ਦੇਈਏ। ਗੁਰਮਤਿ ਨੂੰ ਮੰਨਣਾ ਕੀ ਹੈ, ਗੁਰਮਤਿ ਤੇ ਪੂਰਾ ਉਤਰਨਾ ਕੀ ਹੈ ਇਸ ਗੱਲ ਨੂੰ ਅਸੀਂ ਵਾਰ-ਵਾਰ ਸਮਝਿਆ ਹੈ। ਗੁਰਮਤਿ ਵਾਲੀ ਬਿਰਤੀ ਸਾਡੇ ਅੰਦਰ ਉਦੋਂ ਹੀ ਹੈ ਜਦੋਂ ਅਸੀਂ ਵਿਕਾਰਾਂ ਤੋਂ ਪੂਰੀ ਤਰ੍ਹਾਂ ਰਹਿਤ ਹੋ ਜਾਂਦੇ ਹਾਂ, ਜਦੋਂ ਅਸੀਂ ਗੁਰੂ ਦੇ ਦੱਸੇ ਹੋਏ ਸੱਚ ਅਨੁਸਾਰ ਹੀ ਵਿਚਰਦੇ ਹਾਂ। ਗੁਰਮਤਿ ਦਾ ਮਕਸਦ ਸਾਡੀ ਮਨਮਤਿ ਦੀ ਮੈਲ ਨੂੰ ਧੋਣਾ ਹੀ ਹੈ, ਵਿਕਾਰਾਂ ਦੀ, ਭਰਮ ਦੀ ਮੈਲ ਨੂੰ ਧੋਣਾ ਹੀ ਹੈ। ਉਹ ਪ੍ਰਮਾਤਮਾ ਜਿਸ ਦਾ ਵੀ ਸੰਵਾਰਦਾ ਹੈ ਉਹ ਮਨ ਦੀ ਮੈਲ ਛੱਡਣ ਦੁਆਰਾ ਹੀ

24/2625

ਸੰਵਾਰਦਾ ਹੈ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਜੋ ਗੁਰੂ ਦੀ ਸਿੱਖਿਆ ਨੂੰ ਮੰਨਦਾ ਹੈ ਪ੍ਰਮਾਤਮਾ ਉਸੇ ਦਾ ਹੀ ਸੰਵਾਰਦਾ ਹੈ। **(ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ॥)**

“ਊਜਲਾ” ਹੋਣਾ ਕੀ ਹੈ ਭਾਵ ਉੱਜਲ ਬਿਰਤੀ ਵਾਲਾ ਹੋਣਾ ਕੀ ਹੈ, ਉੱਜਲ ਹੋਣ ਤੋਂ ਮਕਸਦ ਕੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡੀ ਉੱਤਮ ਕਰਨੀ ਆਪਣੇ ਆਪ ਨੂੰ ਉੱਜਲ ਕਰਕੇ ਹੀ ਹੁੰਦੀ ਹੈ ਤੇ ਤਾਂ ਹੀ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਰਦੇ ਹਾਂ।

“ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ॥੧॥”

ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਸਾਡੀ ਕਾਗ ਵਾਲੀ ਬਿਰਤੀ ਸਾਨੂੰ ਮਾਇਆ ਮੋਹ ਵਿੱਚ ਹੀ ਰੱਖਦੀ ਹੈ ਤੇ ਗੁਰਮਤਿ ਵਾਲੀ ਬਿਰਤੀ ਸਾਨੂੰ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਕੱਢ ਕੇ ਸੱਚੇ ਵਿਚਾਰਾਂ ਦੇ ਨਾਲ ਜੋੜਦੀ ਹੈ। ਸਾਡੇ ਮਨ ਦੇ ਸੱਚੇ ਵਿਚਾਰ ਹੀ ਸਾਡੇ ਅੰਦਰ ਗੁਰੂ ਦਾ ਬੋਹਿਥ ਹੈ, ਗੁਰੂ ਦੀ ਬੇੜੀ ਹੈ ਜੋ ਸਾਨੂੰ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਕਰਦੀ ਹੈ। ਪਾਰ ਸਾਨੂੰ ਗੁਰਮਤਿ ਦੀ ਬੇੜੀ ਨੇ ਹੀ ਲਗਾਉਣਾ ਹੈ। ਜਿਵੇਂ ਲੱਕੜੀ ਦੇ ਨਾਲ ਲੱਗ ਕੇ ਲੋਹਾ ਪਾਰ ਹੋ ਜਾਂਦਾ ਹੈ ਇਸੇ ਤਰ੍ਹਾਂ ਸਾਡੇ ਮਨਮਤਿ ਦੇ ਵਿਚਾਰ ਗੁਰਮਤਿ ਦੇ ਵਿਚਾਰਾਂ ਨਾਲ ਜੁੜਕੇ ਉਸ ਦੇ ਨਾਲ ਇੱਕ ਹੋ ਜਾਂਦੇ ਹਨ ਤੇ ਮਾਇਆ ਮੋਹ ਦੇ ਸਾਗਰ ਤੋਂ ਪਾਰ ਲੰਘਾ ਦਿੰਦੇ ਹਨ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਫੁਰਮਾਇਆ ਹੋਇਆ ਹੁਕਮ ਹੀ ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦਾ ਇਹ ਹੁਕਮ ਮਨੁੱਖੀ ਮਨ ਦੇ ਰਾਹੀਂ ਹੀ ਆਇਆ

ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਮਨ ਦੇ ਵਿੱਚ ਆਪਣਾ ਹੁਕਮ ਸੁਣਾਇਆ ਹੈ, ਗੁਰਮਤਿ ਦੇ ਰੂਪ ਵਿੱਚ ਸੁਣਾਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਹੁਕਮ ਸੁਣਾਇਆ ਹੈ। ਗੁਰਬਾਣੀ ਦੇ ਹੁਕਮ ਨਾਲ ਜੁੜ ਕੇ ਹੀ ਅਸੀਂ ਮਨ ਦੇ ਵਿੱਚ ਉਸ ਹੁਕਮ ਸੁਣਾਉਣ ਵਾਲੇ ਦੇ ਨਾਲ ਜੁੜ ਸਕਦੇ ਹਾਂ ਜੋ ਸਾਨੂੰ ਮਨ ਦੇ ਵਿੱਚ ਹੀ ਆਪਣੇ ਸੱਚੇ ਹੁਕਮ ਨਾਲ ਜੋੜ ਲੈਂਦਾ ਹੈ। ਜਿਸਨੂੰ ਪ੍ਰਮਾਤਮਾ ਉੱਜਲਾ ਬਣਾਉਂਦਾ ਹੈ ਭਾਵ ਸੱਚੇ ਵਿਚਾਰਾਂ ਵਾਲਾ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚ ਹੀ ਆਪਣਾ ਹੁਕਮ ਸੁਣਾਉਂਦਾ ਹੈ। ਇਹੀ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਹੁਕਮ ਨੂੰ ਪਛਾਨਣਾ ਹੈ, ਬੁੱਝਣਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਸਭ ਦੇ ਅੰਦਰ ਹੁਕਮ ਉਸ ਪ੍ਰਮਾਤਮਾ ਦਾ ਹੀ ਚੱਲ ਰਿਹਾ ਹੈ ਪਰ ਇਸ ਦੀ ਸਮਝ, ਇਸ ਦਾ ਵਿਸ਼ਵਾਸ ਤਾਂ ਹੀ ਆਉਂਦਾ ਹੈ ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਆਪਣਾ ਹੁਕਮ ਬੁਝਾਉਂਦਾ ਹੈ, ਆਪ ਹੀ ਆਪਣੇ ਆਪ ਦੀ ਪਹਿਚਾਣ ਕਰਾਉਂਦਾ ਹੈ। **(ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ॥)**

24/2626

ਜਦੋਂ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਆਪ ਦੀ ਪਹਿਚਾਣ ਕਰਵਾ ਦਿੰਦਾ ਹੈ ਉਸ ਕੋਲੋਂ ਫਿਰ ਉਸਦੇ ਹੁਕਮ ਦੇ ਰੂਪ ਵਿੱਚ ਸੱਚੇ ਵਿਚਾਰ ਹੀ ਮਿਲਦੇ ਹਨ ਜੋ ਸਾਨੂੰ ਮਨਮਤਿ ਵਾਲੇ ਵਿਚਾਰਾਂ ਵਿੱਚੋਂ, ਹਉਮੈ ਵਿੱਚੋਂ ਕੱਢਦੇ ਹਨ। ਇਹ ਸੱਚੇ ਵਿਚਾਰ ਸਾਡੇ ਉੱਤੇ ਕਿਸ ਰੂਪ ਵਿੱਚ ਅਸਰ ਪਾਉਂਦੇ ਹਨ, ਕਿਸ ਰੂਪ ਵਿੱਚ ਸਾਡੇ ਵਿਚਾਰਾਂ ਨੂੰ ਬਦਲਦੇ ਹਨ, ਸਾਨੂੰ ਕਾਗ ਵਾਲੀ ਬਿਰਤੀ ਵਿੱਚੋਂ ਕੱਢ ਕੇ ਉੱਜਲਾ ਕਿਵੇਂ ਬਣਾਉਂਦੇ ਹਨ, ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚੋਂ ਕਿਵੇਂ ਕੱਢਦੇ ਹਨ, ਸਾਨੂੰ ਗੁਰੂ ਦੀ ਬੇੜੀ ਵਿੱਚ ਕਿਸ ਰੂਪ ਵਿੱਚ ਬਿਠਾਉਂਦੇ ਹਨ ਇਹੀ ਗੱਲ ਸਾਨੂੰ ਅਗਲੀ ਪੰਗਤੀ ਵਿੱਚ ਸਮਝਾਈ ਹੋਈ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਡੀ ਉੱਤਮ ਕਰਣੀ ਹੁੰਦੀ ਹੈ ਜਿਸ ਦੁਆਰਾ ਸਾਨੂੰ ਲਾਹੇ ਦੀ ਪ੍ਰਾਪਤੀ ਹੁੰਦੀ ਹੈ।

“ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ॥੧॥”

ਜਦ ਤੱਕ ਸਾਡੀ ਬਿਰਤੀ ਤ੍ਰਿਸ਼ਨਾ ਵਾਲੀ ਹੈ, ਮਾਇਆ ਮੋਹ ਵਾਲੀ ਹੈ ਤਦ ਤੱਕ ਇਸ ਵਿੱਚ ਗੁਰਮਤਿ ਨਹੀਂ ਹੈ, ਤਦ ਤੱਕ ਪ੍ਰਮਾਤਮਾ ਦੇ ਦਰਬਾਰ ਵਿੱਚ ਸਾਡਾ ਮੁੱਖ ਉੱਜਲਾ ਨਹੀਂ ਹੈ। ਸਭ ਕੁੱਝ ਸਾਡੇ ਮਨ ਦੀ ਬਿਰਤੀ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਅਸੀਂ ਸੰਸਾਰ ਵਿੱਚ ਵਿਚਰਦੇ ਹਾਂ, ਕਾਰ ਵਿਹਾਰ ਕਰਦੇ ਹਾਂ ਤੇ ਆਪਣਾ ਧਰਮ ਨਿਭਾਉਂਦੇ ਹਾਂ। ਗੁਰੂ ਦੇ ਭੈਅ ਵਿੱਚ ਰਹਿਣਾ ਕੀ ਹੈ, ਆਪਣੇ ਅੰਦਰ ਗੁਰੂ ਦੇ ਭੈਅ ਨੂੰ ਵਸਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਗੁਰਮਤਿ ਦੇ ਭੈਅ ਵਿੱਚ ਰਹਿਣਾ ਗੁਰੂ ਦੇ ਭੈਅ ਵਿੱਚ ਰਹਿਣਾ ਹੈ ਪਰ ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾ ਹੈ, ਮਾਇਆ ਮੋਹ ਵਾਲੀ ਮਾੜੀ ਬਿਰਤੀ ਹੈ, ਵਿਕਾਰਾਂ ਵਾਲੀ ਬਿਰਤੀ ਹੈ ਤਦ ਤੱਕ ਸਾਡੇ ਅੰਦਰ ਗੁਰੂ ਦਾ ਭੈਅ ਨਹੀਂ ਹੈ। ਸਾਡੀ ਉੱਤਮ ਕਰਨੀ ਤ੍ਰਿਸ਼ਨਾ ਵਿੱਚੋਂ ਨਿਕਲ ਕੇ ਤੇ ਗੁਰਮਤਿ ਦੇ ਭਉ ਨੂੰ, ਨਾਮ ਦੇ ਭਉ ਨੂੰ ਆਪਣੇ ਅੰਦਰ ਵਸਾ ਕੇ ਹੀ ਹੁੰਦੀ ਹੈ। ਤ੍ਰਿਸ਼ਨਾ ਵਿੱਚੋਂ ਨਿਕਲ ਕੇ ਸਾਡੇ ਮਨ ਦੇ ਵਿੱਚ ਹੀ ਸ਼ੁੱਧ ਹੁੰਦੇ ਹਨ ਤੇ ਇਹੀ ਆਪਣੇ ਮਾੜੇ ਵਿਚਾਰਾਂ ਤੋਂ ਤਰਨਾ ਹੈ, ਸੱਚੇ ਵਿਚਾਰਾਂ ਦੁਆਰਾ ਮਾੜੇ ਵਿਚਾਰਾਂ ਤੋਂ ਤਰਨਾ ਹੈ, ਗੁਰਮਤਿ ਵਾਲੇ ਵਿਚਾਰ ਲੈ ਕੇ ਮਨਮਤਿ ਵਾਲੇ ਵਿਚਾਰਾਂ ਤੋਂ ਤਰਨਾ ਹੈ, ਚੌਥੇ ਪਦ ਵਾਲੇ ਵਿਚਾਰ ਲੈ ਕੇ ਤ੍ਰੈਗੁਣਾਂ ਵਾਲੇ ਵਿਚਾਰਾਂ ਤੋਂ ਤਰਨਾ ਹੈ। ਜਿਸ ਨੂੰ ਪ੍ਰਮਾਤਮਾ ਤਾਰਦਾ ਹੈ, ਉਸਨੂੰ ਮਨ ਦੇ ਵਿੱਚ ਆਪਣਾ ਹੁਕਮ ਬੁਝਾ ਕੇ ਹੀ ਤਾਰਦਾ ਹੈ ਤੇ ਮਨ ਦੇ ਇਹੋ ਜਿਹੇ ਵਿਚਾਰਾਂ ਦੁਆਰਾ ਸਾਡੀ ਕਰਨੀ ਤੱਤ ਵਾਲੀ ਹੁੰਦੀ ਹੈ, ਉੱਤਮ ਕਰਨੀ ਹੁੰਦੀ ਹੈ ਜਿਸ ਵਿੱਚ ਕੋਈ ਮਾੜਾ ਕੰਮ ਨਹੀਂ ਹੁੰਦਾ। ਲਾਹਾ ਕੇਵਲ ਚੰਗੇ ਕਰਮ ਕਰਨ ਦੁਆਰਾ ਹੀ ਮਿਲਦਾ ਹੈ ਤੇ ਮਾੜੇ ਕਰਮਾਂ ਦੁਆਰਾ ਸਾਨੂੰ ਤੋਟਾ ਹੀ ਮਿਲਦਾ ਹੈ। ਗੁਰਮਤਿ ਵਿੱਚ ਲਾਹਾ ਹੈ, ਮਨਮਤਿ ਵਿੱਚ ਤੋਟਾ ਹੈ। ਨਾਮ ਵਿੱਚ ਲਾਹਾ ਹੈ, ਹਉਮੈ ਵਿੱਚ ਤੋਟਾ ਹੈ। ਚੰਗੀ ਕਰਨੀ ਵਿੱਚ ਲਾਹਾ ਹੈ, ਮਾੜੀ ਕਰਨੀ ਵਿੱਚ ਤੋਟਾ ਹੈ। **(ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ॥੧॥)**

24/2627

ਉਸ ਪ੍ਰਮਾਤਮਾ ਦਾ ਆਪਣੇ ਅੰਦਰੋਂ ਹੁਕਮ ਬੁੱਝੇ ਬਿਨ੍ਹਾਂ ਨਾ ਹੀ ਕਿਸੇ ਨੂੰ ਸੱਚ ਦੀ ਸਮਝ ਪੈਂਦੀ ਹੈ, ਨਾ ਹੀ ਇਸ ਮਾਇਆ ਰੂਪ ਦੀ ਸਮਝ ਪੈਂਦੀ ਹੈ ਤੇ ਨਾ ਹੀ ਇਸ ਵਿੱਚੋਂ ਨਿਕਲਿਆ ਜਾ ਸਕਦਾ ਹੈ। ਸੱਚ ਦੀ ਸੋਝੀ ਪਏ ਬਿਨ੍ਹਾਂ ਅਸੀਂ ਸੱਚੀ ਕਾਰ ਨਹੀਂ ਕਰ ਸਕਦੇ ਤੇ ਜਿਸ ਕੋਲੋਂ ਸੱਚੀ ਕਾਰ ਉਹ ਕਰਵਾਉਂਦਾ ਹੈ ਉਹ ਆਪਣਾ ਸੱਚ ਸਮਝਾ ਕੇ ਉਹ ਆਪ ਹੀ ਕਰਵਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਤੇ ਪਉੜੀ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਜਿਸਦੇ ਲਈ ਕੋਈ ਖਾਸ

ਵਿਆਖਿਆ ਦੀ ਲੋੜ ਨਹੀਂ ਹੈ। ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਉਸ ਸੱਚੇ ਪ੍ਰਮਾਤਮਾ ਦੇ ਦਰ ਤੇ ਪਹੁੰਚੇ ਬਿਨ੍ਹਾਂ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ, ਉਸਦੀ ਭਗਤੀ ਕਰਨ ਦੀ ਸੋਝੀ ਨਹੀਂ ਪੈਂਦੀ ਤੇ ਆਪਣੀ ਸੱਚੀ ਭਗਤੀ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ। ਸੱਚ ਦੀ ਸੋਝੀ ਪੈਣ ਤੋਂ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ, ਮਨਮੁਖਿ ਹੀ ਹੈ ਤੇ ਕੂੜ ਵਾਲੀ ਅਵੱਸਥਾ ਵਿੱਚ ਹੀ ਹੈ ਜਿਸ ਦੁਆਰਾ ਸਾਨੂੰ ਸੱਚ, ਝੂਠ ਦੀ ਪਹਿਚਾਣ ਨਹੀਂ ਹੁੰਦੀ। ਸੱਚ, ਝੂਠ ਦੀ ਪਹਿਚਾਣ ਉਹ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਕਰਵਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕਰਵਾਈ ਹੈ। ਸਾਡੇ ਲਈ ਇੱਕੋ ਇੱਕ ਸਾਧਨ ਇਹੀ ਹੈ ਕਿ ਅਸੀਂ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜੀਏ ਜਿਸਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਦੱਸਿਆ ਹੋਇਆ ਪੂਰਨ ਸੱਚ ਹੈ। ਹੇਠ ਦਿੱਤੇ ਸ਼ਬਦ ਤੇ ਪਉੜੀ ਦਾ ਇਹੀ ਮਕਸਦ ਹੈ।

{ਜਾ ਤੂੰ ਵਡਾ ਸਭਿ ਵਡਿਆਂਈਆ ਚੰਗੈ ਚੰਗਾ ਹੋਈ॥
ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ॥
ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥੨॥}

(ਅੰਗ ੧੪੫)

{ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ॥ ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ॥
ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ॥ ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ॥
ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ॥ ਸਚੇ ਦੈ ਦਰਿ ਜਾਇ ਸਚੁ ਚਵਾਂਈਐ॥
ਸਚੈ ਅੰਦਰਿ ਮਹਲਿ ਸਚਿ ਬੁਲਾਈਐ॥ ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ॥੧੫॥}

(ਅੰਗ ੧੪੫)

ਇਸ ਸੰਸਾਰ ਦਾ ਸਭ ਤੋਂ ਵੱਡਾ ਸੱਚ ਇਹੀ ਹੈ ਕਿ ਸਭ ਕੁੱਝ ਉਹ ਪ੍ਰਮਾਤਮਾ ਆਪ ਹੀ ਹੈ, ਆਪਣੇ ਪੂਰੇ ਸਰਗੁਣ ਰੂਪ ਵਿੱਚ ਉਹ ਆਪ ਹੀ ਆਪਣੇ ਨਿਰਗੁਣ ਰੂਪ ਰਾਹੀਂ ਵਰਤ ਰਿਹਾ ਹੈ। ਇਸ ਸੱਚ ਦੀ ਸੋਝੀ ਉਸ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ। ਇਸ ਸੱਚ ਨੂੰ ਜਾਣੇ ਬਿਨ੍ਹਾਂ ਹਰ ਕੋਈ ਸੱਚ ਨੂੰ ਸਮਝਣ ਵਿੱਚ ਦੂਰ ਹੀ ਹੈ ਕਿ ਇਸ ਸੰਸਾਰ ਦਾ ਸੱਚ ਕੀ ਹੈ। ਸੱਚ ਦੀ ਅਸਲੀਅਤ ਉਸ "ਸਚੁ" ਰੂਪ ਪ੍ਰਮਾਤਮਾ ਨੂੰ ਮਿਲਣ ਤੋਂ ਬਾਅਦ ਹੀ ਪੈਂਦੀ ਹੈ, ਮਨ ਦੇ ਵਿੱਚੋਂ ਹੀ ਪੈਂਦੀ ਹੈ। ਸੱਚ ਨੂੰ ਜਾਨਣ ਦਾ ਸਾਡੇ ਕੋਲ ਇੱਕੋ

ਇੱਕ ਸਾਧਨ ਗੁਰਬਾਣੀ ਹੈ ਜਿਸ ਦੀ ਮਤਿ ਨਾਲ ਜੁੜ ਕੇ ਅਸੀਂ ਸੱਚ ਤੇ ਚੱਲਣ ਦਾ ਉੱਦਮ ਕਰ ਸਕਦੇ ਹਾਂ ਜੋ ਸਾਡਾ ਉਸ "ਸਚੁ" ਰੂਪ ਪ੍ਰਮਾਤਮਾ ਨਾਲ ਮੇਲ ਕਰਵਾ ਸਕਦੀ ਹੈ ਤੇ ਤਾਂ ਹੀ ਅਸੀਂ ਇਸ ਸੰਸਾਰ ਵਿੱਚੋਂ ਲਾਹਾ ਖੱਟ ਕੇ ਜਾ ਸਕਦੇ ਹਾਂ। ਲਾਹੇ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਉਸ ਲਾਹੇ ਦੀ ਪ੍ਰਾਪਤੀ ਦਾ ਉੱਦਮ ਸਾਡੀ ਸੱਚੀ ਸੁੱਚੀ ਕਿਰਤ ਹੈ, ਸਾਡੇ ਸੱਚੇ ਸੁੱਚੇ ਕਰਮ ਹਨ।

ਲਾਹਾ ਅਸੀਂ ਸੰਸਾਰ ਵਿੱਚ ਵਣਜ ਕਰਕੇ ਖੱਟਣਾ ਹੈ, ਆਪਣੇ ਜੀਵਨ ਦੇ ਵਿੱਚ ਨਾਮ ਦਾ ਵਾਪਾਰ ਕਰਕੇ ਖੱਟਣਾ ਹੈ ਤੇ ਆਪਣੇ ਨਾਲ ਉਹ ਵੱਖਰ ਲੈ ਕੇ ਜਾਣਾ ਹੈ ਜਿਸਦੀ ਪ੍ਰਾਪਤੀ ਕਰਨ ਲਈ ਅਸੀਂ ਇਸ ਸੰਸਾਰ ਵਿੱਚ ਆਏ ਹਾਂ। ਉਸ ਵੱਖਰ ਦੀ ਵਣਜ ਅਸੀਂ ਕਿਵੇਂ ਕਰਨੀ ਹੈ ਤੇ ਉਸਨੂੰ ਕਿਸ ਰੂਪ ਵਿੱਚ ਆਪਣੇ ਨਾਲ ਲੈ ਕੇ ਜਾਣਾ ਹੈ ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਮਾਰੂ ਮਹਲਾ ੫॥

"ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫॥”

(ਅੰਗ ੧੦੦੦)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਡਾ ਗੁਰੂ ਨਾਲ ਚਿੱਤ ਜੋੜਨ ਦਾ ਮਕਸਦ ਕੀ ਹੈ, ਨਾਮ ਨਾਲ ਦਿੱਤ ਜੋੜਨ ਦਾ ਮਕਸਦ ਕੀ ਹੈ। ਜੋ ਵਣਜ ਅਸੀਂ ਇਸ ਸੰਸਾਰ ਵਿੱਚ ਕਰਨ ਲਈ ਆਏ ਹਾਂ ਉਹ ਅਸੀਂ ਆਪਣੇ ਚਿੱਤ ਦੁਆਰਾ ਹੀ ਕਰਨੀ ਹੈ, ਆਪਣੇ ਮਨ ਦੇ ਵਿਚਾਰਾਂ ਦੁਆਰਾ ਹੀ ਕਰਨੀ ਹੈ। ਸਾਡਾ ਚਿੱਤ ਜਦ ਤੱਕ ਔਗੁਣਾਂ ਨਾਲ ਜੁੜਿਆ ਹੋਇਆ ਹੈ ਤਦ ਤੱਕ ਸਾਡੇ ਅੰਦਰ “ਨਾਮ ਰਤਨੁ” ਵਾਲੀ ਮਤਿ ਨਹੀਂ ਹੈ। ਨਾਮ ਦਾ ਰਤਨ ਨਾਮ ਦੀ ਮਤਿ ਹੀ ਹੈ, ਨਾਮ ਦੁਆਰਾ ਪਾਈ ਹੋਈ ਸੋਝੀ ਹੈ ਜਿਸ ਦੁਆਰਾ ਸਾਨੂੰ ਗੁਣ ਹੀ ਮਿਲਦੇ ਹਨ। “ਨਾਮ ਰਤਨੁ” ਗੁਰਮਤਿ ਦੀ ਸੋਝੀ ਹੈ ਜੋ ਸਾਨੂੰ ਔਗੁਣਾਂ ਵਿੱਚੋਂ ਕੱਢਦੀ ਹੈ। ਮਾਨ, ਲੋਭ, ਮੋਹ, ਵਿਕਾਰ ਆਦਿ ਗੁਰਮਤਿ ਤੋਂ ਦੂਸਰਾ ਪਾਸਾ ਹੈ ਭਾਵ ਮਾੜੇ ਵਿਚਾਰਾਂ ਵਾਲਾ ਪਾਸਾ ਹੈ। ਜਦ ਤੱਕ ਅਸੀਂ ਵਿਕਾਰਾਂ ਵਿੱਚ ਹਾਂ ਤਦ ਤੱਕ ਸਾਡੇ ਅੰਦਰ ਗੁਣ ਨਹੀਂ ਹਨ। ਜੋ ਵਣਜ ਅਸੀਂ ਕਰਨ ਲਈ ਆਏ ਹਾਂ ਉਹ ਕੇਵਲ ਗੁਣੀ ਬਣ ਕੇ ਹੁੰਦੀ ਹੈ, ਮਨ ਦੇ ਵਿੱਚੋਂ ਔਗੁਣਾਂ ਵਾਲੇ ਵਿਚਾਰਾਂ ਨੂੰ ਤਿਆਗ ਕੇ ਹੁੰਦੀ ਹੈ। ਔਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਗੁਣਾਂ ਦਾ ਮਕਸਦ ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢਣ ਦਾ ਹੈ, ਗੁਰਮਤਿ ਦਾ ਮਕਸਦ, ਨਾਮ ਰਤਨੁ ਦਾ ਮਕਸਦ ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਗੁਣੀ ਬਣ ਕੇ ਕੇਵਲ ਚੰਗੇ ਕਰਮ ਕਰੀਏ ਭਾਵ ਗੁਰਮਤਿ ਅਨੁਸਾਰ ਵਿਚਰੀਏ। ਜੋ ਵੱਖਰ ਅਸੀਂ ਇਸ ਸੰਸਾਰ ਤੋਂ ਲੱਦ ਕੇ ਲੈ ਕੇ ਜਾਣਾ ਹੈ ਉਹ ਸਾਡੇ ਚੰਗੇ ਕਰਮਾਂ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਪ੍ਰਾਪਤੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੀ ਹੁੰਦੀ ਹੈ, “ਨਾਮ ਰਤਨੁ” ਦੇ ਰੂਪ ਵਿੱਚ ਹੀ ਹੁੰਦੀ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੀ ਹੁੰਦੀ ਹੈ, ਗੁਰਮਤਿ ਦੇ ਗਿਆਨ

ਦੇ ਰੂਪ ਵਿੱਚ ਹੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਔਗੁਣਾਂ ਵਾਲੀ ਬਿਰਤੀ ਵਿੱਚੋਂ ਕੱਢ ਕੇ ਆਪਣੇ ਗੁਣਾਂ ਨਾਲ ਜੋੜਦਾ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿੰਨ੍ਹਾਂ ਨੇ “ਨਾਮ ਰਤਨੁ” ਦੀ ਪ੍ਰਾਪਤੀ ਦੁਆਰਾ ਗੁਣੀ ਬਣ ਕੇ ਵਣਜ ਕੀਤੀ ਹੈ ਤੇ ਸਾਨੂੰ ਵਣਜ ਕਰਨੀ ਸਮਝਾਈ ਹੈ। ਪੂਰੀ ਗੁਰਬਾਣੀ ਵਿੱਚ “ਨਾਮ ਰਤਨੁ” ਹੈ ਜੋ ਸਾਨੂੰ ਗੁਰਮਤਿ ਸਮਝਾ ਰਹੀ ਹੈ, ਔਗੁਣਾਂ ਨੂੰ ਤਿਆਗ ਕੇ ਗੁਣਾਂ ਨਾਲ ਜੁੜਨਾ ਸਿਖਾ ਰਹੀ ਹੈ। ਸਾਡੇ ਕੰਮ ਸਾਡੇ ਗੁਣ ਹੀ ਆਉਣੇ ਹਨ ਜਿੰਨ੍ਹਾਂ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਕਰਦੇ ਹਾਂ। ਸਾਡੇ ਨਾਲ ਸਾਡੇ ਕਰਮ ਹੀ ਜਾਣੇ ਹਨ ਤੇ ਲੇਖੇ ਵਿੱਚੋਂ ਸਾਨੂੰ ਸਾਡੇ ਚੰਗੇ ਕਰਮਾਂ ਨੇ ਹੀ ਬਚਾਉਣਾ ਹੈ। ਜੋ ਵੀ ਸਾਡਾ ਚੰਗਾ ਕਰਮ ਹੈ ਉਹ ਸਾਡਾ ਗੁਣ ਹੈ ਜਿੱਥੇ ਅਸੀਂ ਆਪਣੇ ਗੁਣਾਂ ਨੂੰ ਵਰਤਦੇ ਹਾਂ। ਆਪਣੇ ਗੁਣਾਂ ਨੂੰ ਵਰਤਣਾ ਹੀ ਗੁਣਾਂ ਦੀ ਵਣਜ ਹੈ ਤੇ ਸਾਡੇ ਨਾਲ ਇਹ ਵੱਖਰ ਹੀ ਜਾਣਾ ਹੈ। ਇਹ ਵੱਖਰ ਗੁਰਮਤਿ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਜਿਉਂ ਜਿਉਂ ਅਸੀਂ ਗੁਰਮਤਿ ਅਨੁਸਾਰ ਕਰਮ ਕਰਦੇ ਹਾਂ ਤਿਉਂ ਤਿਉਂ ਅਸੀਂ ਇਸ ਵੱਖਰ ਦੀ ਪ੍ਰਾਪਤੀ ਕਰਦੇ ਹਾਂ। ਇਹ ਵੱਖਰ ਹੀ ਸਾਡੇ ਨਾਲ ਜਾਣਾ ਹੈ। ਕੋਈ ਸਰੀਰਕ ਜਪ ਤਪ ਜਾਂ ਕਥਨੀ ਸਾਡੇ ਨਾਲ ਨਹੀਂ ਜਾਣੀ। ਸਾਡੇ ਨਾਲ ਸਾਡੀ ਕਰਨੀ ਜਾਣੀ ਹੈ। ਮਾੜੀ ਕਰਨੀ ਦਾ ਮਾੜਾ ਫ਼ਲ ਹੈ ਤੇ ਚੰਗੀ ਕਰਨੀ ਦਾ ਚੰਗਾ ਫ਼ਲ ਹੈ। ਚੰਗੀ ਕਰਨੀ ਦੇ ਫ਼ਲ ਦੇ ਬਦਲੇ ਹੀ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਲਾਹੇ ਦੀ ਪ੍ਰਾਪਤੀ ਹੁੰਦੀ ਹੈ। ਸਾਡਾ ਇੱਕੋ ਇੱਕ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰਮਤਿ ਦੇ ਦਾਅਰੇ ਵਿੱਚ ਰਹਿ ਕੇ ਕੇਵਲ ਚੰਗੇ ਕਰਮ ਕਰੀਏ ਭਾਵ ਕੇਵਲ ਨਾਮ ਜਪੀਏ ਤੇ ਗੁਣਾਂ ਦਾ ਵੱਖਰ

ਇਕੱਠਾ ਕਰੀਏ ਜੋ ਸਾਡੇ ਨਾਲ ਜਾਣਾ ਹੈ। **(ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥ ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥)**

ਜਿਹੜਾ ਉਸ ਪ੍ਰਮਾਤਮਾ ਦਾ ਸੇਵਕ ਬਣਦਾ ਹੈ ਉਹ ਮਨ ਦੀ ਇਸ ਅਵੱਸਥਾ ਦੁਆਰਾ ਹੀ ਬਣਦਾ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਕੇ ਹੀ ਬਣਦਾ ਹੈ। ਸੇਵਕ ਜਿਸਨੂੰ ਪ੍ਰਮਾਤਮਾ ਆਪ ਬਣਾਉਂਦਾ ਹੈ, ਉਹੀ ਉਸਦਾ ਸੇਵਕ ਬਣਦਾ ਹੈ। ਜਿਸਨੂੰ ਉਹ ਆਪਣਾ ਨਾਮ ਬਖ਼ਸ਼ਦਾ ਹੈ, ਨਾਮ ਦੀ ਸੋਝੀ ਬਖ਼ਸ਼ਦਾ ਹੈ ਉਹੀ ਉਸਦਾ ਸੇਵਕ ਬਣਦਾ ਹੈ। ਉਸਦਾ ਗੁਰੂ ਰੂਪ ਹੀ ਉਸਦਾ ਸੇਵਕ ਹੈ ਜੋ ਆਪਣੀ ਦਿੱਤੀ ਹੋਈ ਸਿੱਖਿਆ ਅਨੁਸਾਰ ਆਪ ਹੀ ਚੱਲ ਕੇ ਦਿਖਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪ ਹੀ ਆਪਣੀ ਸਿੱਖਿਆ ਤੇ ਚੱਲ ਕੇ ਦਿਖਾਇਆ ਹੈ। ਉਸ ਪ੍ਰਮਾਤਮਾ ਦੇ ਨਾਲ ਉਸਦੇ ਸੇਵਕ ਦੀ ਪ੍ਰੀਤ ਮਨ ਦੀ ਇਸ ਅਵੱਸਥਾ ਦੁਆਰਾ ਹੀ ਨਿਭਦੀ ਹੈ। ਗੁਰਮਤਿ ਦੀ ਸਿੱਖਿਆ ਦੇ ਨਾਲ ਪ੍ਰੀਤ ਪ੍ਰਮਾਤਮਾ ਦੇ ਨਾਲ ਪ੍ਰੀਤ ਹੈ ਤੇ ਉਸ ਪ੍ਰਮਾਤਮਾ ਦੀ ਸੇਵਾ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਹੁੰਦੀ ਹੈ, ਗੁਰਮਤਿ ਦਾ ਵਿਚਾਰੀ ਬਣ ਕੇ ਹੀ ਹੁੰਦੀ ਹੈ। ਜਿੰਨ੍ਹਾਂ ਨੇ ਆਪਣੇ ਜੀਵਨ ਵਿੱਚ ਆਪਣੇ ਚਿੱਤ ਵਿੱਚ ਉਸਦੀ ਸਿੱਖਿਆ ਨੂੰ ਵਸਾਇਆ ਹੈ, ਜਿੰਨ੍ਹਾਂ ਨੇ ਆਪਣੇ ਜੀਵਨ ਵਿੱਚ ਗੁਣਾਂ ਦੀ ਵਣਜ ਕੀਤੀ ਹੈ ਉਹੀ ਇਸ ਸੰਸਾਰ ਤੋਂ ਜਾਂਦੇ ਹੋਏ ਉਸ ਪ੍ਰਮਾਤਮਾ ਨੂੰ ਚਿੱਤ

ਵਿੱਚ ਵਸਾ ਕੇ ਗਏ ਹਨ, ਉਸਦੀ ਗੁਰਮਤਿ ਨੂੰ, ਗੁਣਾਂ ਨੂੰ ਆਪਣੇ ਨਾਲ ਵੱਖਰ ਦੇ ਰੂਪ ਵਿੱਚ ਲੈ ਕੇ ਗਏ ਹਨ ਤੇ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੈ। **(ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥)**

ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸੇਵਕ ਦਾ ਜੀਵਨ ਹੀ ਸਮਝਾਇਆ ਹੋਇਆ ਹੈ ਜੋ ਪੂਰੀ ਤਰ੍ਹਾਂ ਗੁਰੂ ਦੇ ਹੁਕਮ ਵਿੱਚ ਹੀ ਚੱਲਦਾ ਹੈ, ਉਸਦੀ ਆਗਿਆ ਅਨੁਸਾਰ ਹੀ ਚੱਲਦਾ ਹੈ। ਗੁਰੂ ਪ੍ਰਮਾਤਮਾ ਦਾ ਇਹੋ ਜਿਹਾ ਸੇਵਕ ਹੀ ਧੰਨ ਹੈ ਜਿਸਦਾ ਇਸ ਸੰਸਾਰ ਵਿੱਚ ਆਇਆ ਸਫ਼ਲ ਹੁੰਦਾ ਹੈ। ਉਸਦਾ ਸੇਵਕ ਉਹੀ ਬਣਦਾ ਹੈ ਜੋ ਆਪਣੇ ਖਸਮ ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦਾ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਆਪਣੀ ਸੇਵਕੀ ਭਾਵ ਸੇਵਾ ਕਰਨ ਦਾ ਤਰੀਕਾ ਪ੍ਰਮਾਤਮਾ ਆਪਣੇ ਸੇਵਕ ਨੂੰ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਈ ਹੈ। ਜਿੰਨ੍ਹਾਂ ਨੇ ਉਸ ਪ੍ਰਮਾਤਮਾ ਦੀ ਉਸਦਾ ਸੇਵਕ ਬਣ ਕੇ ਉਸਦੀ ਸੇਵਾ ਕੀਤੀ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਉਸ ਪ੍ਰਮਾਤਮਾ ਦੀ ਸੇਵਾ ਕਰਨੀ ਸਮਝਾਈ ਹੈ। ਅੱਠੇ ਪਹਿਰ ਗੁਰਮਤਿ ਦੇ ਭਉ ਵਿੱਚ ਰਹਿਣਾ ਹੀ, ਸ਼ਬਦ ਦਾ ਵਿਚਾਰੀ ਬਣਕੇ ਰਹਿਣਾ ਹੀ ਪ੍ਰਮਾਤਮਾ ਦੀ ਸੇਵਾ ਵਿੱਚ ਲੱਗਣਾ ਹੈ। **(ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥ ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫॥)**

24/2631

ਪਿੱਛੇ ਸ਼ਬਦ ਰਾਹੀਂ ਅਸੀਂ ਵੱਖਰ ਨੂੰ "ਨਾਮ ਰਤਨੁ" ਦੇ ਰੂਪ ਵਿੱਚ ਸਮਝਿਆ ਹੈ ਜਿਸ ਦੁਆਰਾ ਅਸੀਂ ਗੁਣੀ ਬਣ ਕੇ ਇਸ ਵੱਖਰ ਦੀ ਵਣਜ ਕਰਦੇ ਹਾਂ। "ਨਾਮ ਰਤਨੁ" ਦੀ ਪ੍ਰਾਪਤੀ ਅਸੀਂ ਨਾਮ ਰਤਨੁ ਦੀ ਮਤਿ ਤੇ ਚੱਲ ਕੇ ਹੀ ਕਰਨੀ ਹੈ। "ਨਾਮ ਰਤਨੁ" ਨਾਮ ਦੀ ਸੱਚੀ ਸੋਝੀ ਹੈ। ਨਾਮ ਦਾ ਰਤਨ ਨਾਮ ਦੀ ਸੋਝੀ ਹੈ, ਨਾਮ ਦੁਆਰਾ ਪਾਈ ਹੋਈ ਸੋਝੀ ਹੈ। ਨਾਮ ਦੀ ਕੀਮਤ ਨਾਮ ਦੇ ਰਤਨ ਦੁਆਰਾ ਹੈ ਭਾਵ ਆਪਣੇ ਇਸ ਰਤਨ ਦੁਆਰਾ ਨਾਮ ਕੀਮਤੀ ਹੈ, ਆਪਣੀ ਉੱਚੀ ਸੋਝੀ ਦੁਆਰਾ, ਆਪਣੇ ਉੱਚੇ ਗਿਆਨ ਦੁਆਰਾ ਨਾਮ ਉੱਚਾ ਹੈ ਜੋ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਸਮਝਾਉਂਦਾ ਹੈ, ਪ੍ਰਮਾਤਮਾ ਦਾ ਸੱਚ ਸਮਝਾਉਂਦਾ ਹੈ ਕਿ ਪ੍ਰਮਾਤਮਾ ਕੀ ਹੈ। ਪੂਰੀ ਗੁਰਬਾਣੀ ਦੇ ਵਿੱਚ "ਨਾਮ ਰਤਨੁ" ਹੈ ਭਾਵ ਪ੍ਰਮਾਤਮਾ ਦੀ ਸੱਚੀ ਸੋਝੀ ਹੈ। ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸਾਨੂੰ ਪ੍ਰਾਪਤੀ ਵੀ ਨਾਮ ਦੀ ਹੀ ਹੁੰਦੀ ਹੈ ਜੋ ਕਿ ਨਾਮ ਦੀ ਸੋਝੀ ਦੇ ਰੂਪ ਵਿੱਚ ਹੁੰਦੀ ਹੈ। ਨਾਮ ਦੀ ਸੋਝੀ ਦੁਆਰਾ ਹੀ ਸਾਨੂੰ ਸਮਝ ਪੈਂਦੀ ਹੈ ਕਿ ਨਾਮ ਕੀ ਹੈ, ਸ਼ਬਦ ਕੀ ਹੈ, ਸੱਚ ਕੀ ਹੈ। ਪ੍ਰਮਾਤਮਾ ਨਾਮ ਦੀ ਸੋਝੀ ਦੇ ਅੰਦਰ ਹੈ, ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੈ, "ਨਾਮ ਰਤਨੁ" ਦੇ ਰੂਪ ਵਿੱਚ ਹੈ, "ਸ਼ਬਦ ਰਤਨੁ" ਦੇ ਰੂਪ ਵਿੱਚ ਹੈ। ਅਸੀਂ ਸ਼ਬਦ ਦੇ ਰਤਨ ਦੇ ਨਾਲ ਜੁੜਨਾ ਹੈ, ਨਾਮ ਦੇ ਰਤਨ ਦੇ ਨਾਲ ਜੁੜਨਾ ਹੈ ਭਾਵ ਨਾਮ ਦੁਆਰਾ, ਸ਼ਬਦ ਦੁਆਰਾ ਪਾਈ ਹੋਈ ਸੋਝੀ ਦੇ ਨਾਲ ਜੁੜਨਾ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ। ਪ੍ਰਮਾਤਮਾ ਇਸ ਸੋਝੀ ਦੇ ਰੂਪ ਵਿੱਚ ਵਿਚਰਦਾ ਹੈ ਤੇ ਸਾਨੂੰ ਸੱਚ ਦੀ ਸਮਝ ਨਾਮ ਦੀ ਸੋਝੀ ਦੁਆਰਾ, ਸ਼ਬਦ ਦੀ ਸੋਝੀ ਦੁਆਰਾ ਹੀ ਪੈਂਦੀ ਹੈ। ਇਸ ਸੱਚ ਦੀ ਸੋਝੀ ਵਿੱਚ ਆਪ ਪ੍ਰਮਾਤਮਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਇਸ ਸੱਚੀ ਸੋਝੀ ਦੇ ਰੂਪ ਵਿੱਚ ਹੈ। ਸੱਚੀ ਸੋਝੀ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਜਿਸ ਵੱਖਰ ਦੀ ਅਸੀਂ ਪ੍ਰਾਪਤੀ ਕਰਨ ਆਏ ਹਾਂ ਉਹ "ਸੱਚੀ ਸੋਝੀ" ਹੀ ਹੈ ਜਿਸ ਵਿੱਚ ਆਪ ਪ੍ਰਮਾਤਮਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਵੱਖਰ ਹੀ ਹੈ। ਇਸ ਵੱਖਰ ਨਾਲ ਜੁੜ ਕੇ ਹੀ ਅਸੀਂ ਉਸ ਵੱਖਰ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੈ। ਵੱਖਰ "ਸਚੁ" ਹੈ ਜਿਸ ਦੁਆਰਾ ਸਾਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਸਾਡਾ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਹ ਵੱਖਰ "ਬ੍ਰਹਮ ਗਿਆਨ" ਹੈ ਜਿਸ ਦਾ ਮਾਲਕ ਉਹ ਬ੍ਰਹਮ ਗਿਆਨੀ ਆਪ ਪ੍ਰਮਾਤਮਾ ਹੈ। ਅਸੀਂ ਇਸ ਬ੍ਰਹਮ ਗਿਆਨ ਦੇ ਵੱਖਰ ਦੇ ਨਾਲ ਜੁੜ ਕੇ ਬ੍ਰਹਮ ਗਿਆਨ ਦੀ ਹੀ ਪ੍ਰਾਪਤੀ ਕਰਨੀ ਹੈ ਜਿਸ ਦੀ ਪ੍ਰਾਪਤੀ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ। ਆਪਣਾ ਇਹ "ਬ੍ਰਹਮ ਗਿਆਨ" ਰੂਪ ਵੱਖਰ ਉਹ ਬ੍ਰਹਮ ਗਿਆਨੀ ਆਪ ਹੀ ਦਿੰਦਾ ਹੈ। ਜੇਕਰ ਸਾਨੂੰ ਵੱਖਰ ਦੀ ਸਮਝ ਹੈ ਤੇ ਤਾਂ ਹੀ ਅਸੀਂ ਉਸ ਵੱਖਰ ਦੀ ਪ੍ਰਾਪਤੀ ਦਾ ਉਪਰਾਲਾ ਕਰ ਸਕਦੇ ਹਾਂ। ਪੂਰੀ ਗੁਰਬਾਣੀ ਵਿੱਚ ਇਹ ਵੱਖਰ ਗੁਰਮਤਿ ਦੇ ਰੂਪ ਵਿੱਚ ਹੈ ਤੇ ਗੁਰਮਤਿ ਦੇ ਨਾਲ ਜੁੜ ਕੇ ਹੀ ਅਸੀਂ ਇਸ ਵੱਖਰ ਦੀ ਪ੍ਰਾਪਤੀ ਕਰ ਸਕਦੇ ਹਾਂ। ਜਦੋਂ ਸਾਨੂੰ ਇਸ ਵੱਖਰ ਦੀ ਪ੍ਰਾਪਤੀ ਹੁੰਦੀ ਹੈ ਉਹ ਸਾਨੂੰ ਗੁਰਮਤਿ ਦੀ ਪੂਰਨ ਸੋਝੀ ਦੇ ਰੂਪ ਵਿੱਚ ਹੀ ਹੁੰਦੀ ਹੈ ਜੋ ਕਿ ਉਹ ਗੁਰਮਤਿ ਦਾ ਮਾਲਕ ਆਪ ਹੀ ਪਾਉਂਦਾ ਹੈ। ਗੁਰਮਤਿ ਦੇ ਮਾਲਕ ਦੇ ਨਾਲ ਮੇਲ ਕਰਨ ਲਈ, "ਗੁਰਮਤਿ" ਰੂਪ ਵੱਖਰ ਦੇ ਮਾਲਕ ਦੇ ਨਾਲ ਮੇਲ ਕਰਨ ਲਈ ਸਾਡੇ ਲਈ ਸਭ ਤੋਂ ਜਰੂਰੀ ਤੇ ਪਹਿਲੀ ਗੱਲ ਇਹੀ ਹੈ ਕਿ ਅਸੀਂ ਗੁਰਮਤਿ ਨੂੰ ਮੰਨੀਏ, ਉਸ ਵੱਖਰ ਦੀ ਗੱਲ ਨੂੰ ਮੰਨੀਏ ਜਿਸ ਵੱਖਰ ਦੀ ਅਸੀਂ ਪ੍ਰਾਪਤੀ ਕਰਨੀ ਹੈ। ਇਹ "ਗੁਰਮਤਿ" ਰੂਪ ਵੱਖਰ ਹੀ ਕੇਵਲ ਸਾਨੂੰ ਸੱਚ ਦੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਅਸੀਂ ਉਸ "ਸਚੁ" ਰੂਪ ਵੱਖਰ ਦੇ ਨਾਲ ਮਿਲ ਸਕਦੇ ਹਾਂ। ਇਸ ਸੰਸਾਰ ਵਿੱਚੋਂ "ਨਾਮ ਰਤਨੁ" ਰੂਪ ਵੱਖਰ ਲੈ ਕੇ ਜਾਣਾ ਜਾਂ "ਸਚੁ" ਰੂਪ ਵੱਖਰ ਲੈ ਕੇ ਜਾਣਾ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਗੁਰਮਤਿ ਦਾ ਸੱਚਾ ਗਿਆਨ, ਬ੍ਰਹਮ ਗਿਆਨ ਲੈ ਕੇ ਜਾਣ

24/2632

ਤੋਂ ਹੈ ਜੋ ਸਾਨੂੰ ਮਨ ਦੀ ਸੱਚੀ ਬਿਰਤੀ ਦੇ ਨਾਲ ਜੋੜਦਾ ਹੈ, ਗੁਣਾਂ ਦੇ ਨਾਲ ਜੋੜਦਾ ਹੈ ਤੇ ਔਗੁਣਾਂ ਤੋਂ ਮੁਕਤਿ ਕਰਦਾ ਹੈ, ਜਿਸ ਦੁਆਰਾ ਮਨੁੱਖ ਆਪਣੇ ਜੀਵਨ ਵਿੱਚ ਸੱਚ ਦੁਆਰਾ ਹੀ ਵਿਚਰਦਾ ਹੈ ਤੇ ਗੁਣਾਂ ਦੀ ਵਣਜ ਹੀ ਇਕੱਠੀ ਕਰਦਾ ਹੈ। ਇਹ ਵਣਜ ਸੱਚੀ ਰਾਸਿ ਦੁਆਰਾ ਹੀ ਹੁੰਦੀ ਹੈ ਤੇ ਇਹ ਰਾਸਿ ਗੁਰਮਤਿ ਦੀ ਸੱਚੀ ਸੋਝੀ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮਤਿ ਸਾਡੀ ਸੱਚੀ ਰਾਸਿ ਹੈ ਤੇ ਮਨਮਤਿ ਸਾਡੀ ਖੋਟੀ ਰਾਸਿ ਹੈ। ਜਿਸ ਵੱਖਰ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਸੱਚਾ ਵੱਖਰ ਹੈ ਭਾਵ ਆਪ ਪ੍ਰਮਾਤਮਾ ਹੈ ਤੇ ਉਸ ਵੱਖਰ ਦੀ ਪ੍ਰਾਪਤੀ ਕੇਵਲ ਸੱਚੀ ਰਾਸਿ ਦੁਆਰਾ ਹੀ ਹੋ ਸਕਦੀ ਹੈ। ਖੋਟੀ ਰਾਸਿ ਦੇ ਨਾਲ ਜੁੜ ਕੇ ਇਹ ਪ੍ਰਾਪਤੀ ਕਦੇ ਨਹੀਂ ਹੋ ਸਕਦੀ। ਵੱਖਰ ਦੀ ਪ੍ਰਾਪਤੀ ਕਰਨ ਤਾਂ ਬਹੁਤ ਲੱਗੇ ਹੋਏ ਹਨ ਪਰ ਨਾ ਉਹਨਾਂ ਨੂੰ ਰਾਸਿ ਦੀ ਸਮਝ ਹੈ ਅਤੇ ਨਾ ਹੀ ਵੱਖਰ ਦੀ ਸਮਝ ਹੈ। ਹਰ ਕੋਈ ਭਰਮ ਵਿੱਚ ਹੀ ਲੱਗਾ ਹੋਇਆ ਹੈ ਤੇ ਇੱਕ

ਅੱਖਰ ਦੇ ਜਪ ਨੂੰ ਹੀ ਆਪਣਾ ਵੱਖਰ ਸਮਝਿਆ ਹੋਇਆ ਹੈ ਜਿਸ ਰਾਹੀਂ ਉਹ ਲਾਹੇ ਦੀ ਪ੍ਰਾਪਤੀ ਕਰਨਾ ਚਾਹੁੰਦੇ ਹਨ। ਝੂਠ ਦੇ ਨਾਲ ਜੁੜ ਕੇ ਸੱਚ ਦੀ ਪ੍ਰਾਪਤੀ ਨਹੀਂ ਹੋ ਸਕਦੀ। ਆਓ ਇਹੀ ਗੱਲ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

“ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ॥
ਸਾਚੀ ਦਰਗਹ ਬੈਸਣੀ ਭਗਤਿ ਸਚੀ ਅਰਦਾਸਿ॥
ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ॥੭॥
ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ॥
ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ॥
ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥੮॥੩॥”

(ਅੰਗ - ੫੫)

ਪਹਿਲੇ ਤਾਂ ਉਪਰਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਇਸ ਵੱਖਰ ਦੀ ਪ੍ਰਾਪਤੀ ਕੀ ਹੈ। ਇਸ ਵੱਖਰ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੈ। ਇਹ ਸੱਚ ਦਾ ਵੱਖਰ ਹੈ, ‘‘ਸਚੁ’’ ਰੂਪ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦੇ ਰੂਪ ਵਿੱਚ ਹੈ। ਇਸ ਜੀਵਨ ਦੇ ਵਿੱਚ ਲਾਭ ਅਸੀਂ ਇਸ ਵੱਖਰ ਦੀ ਪ੍ਰਾਪਤੀ ਦੇ ਰੂਪ ਵਿੱਚ ਹੀ ਖੱਟਦੇ ਹਾਂ ਜਿਵੇਂ ਕਿ ਅਸੀਂ ਇਸ ਗੱਲ ਨੂੰ ਸ਼ਬਦਾਂ ਰਾਹੀਂ ਜਾਣਿਆ ਹੈ। ਜਿਸ ਨੂੰ ਇਸ ਲਾਭ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਸਦਾ ਲਈ ਹੋ ਜਾਂਦੀ ਹੈ ਕਿਉਂਕਿ ਪ੍ਰਮਾਤਮਾ ਇੱਕ ਵਾਰੀ ਮਿਲ ਜਾਵੇ ਤਾਂ ਫਿਰ ਮਨੁੱਖ ਸਦਾ ਲਈ ਉਸ ਵਿੱਚ ਸਮਾਅ ਜਾਂਦਾ ਹੈ। ਇਸ ਵੱਖਰ ਦੀ ਪ੍ਰਾਪਤੀ ਦੁਆਰਾ ਹੀ ਮਨੁੱਖ ਉਸ ਦੀ ਸੱਚੀ ਦਰਗਾਹ ਵਿੱਚ ਬੈਠਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਚੌਥੇ ਪਦ ਦੇ ਰੂਪ ਵਿੱਚ ਹੀ ਹੈ। ਉਸਦੀ ਦਰਗਾਹ ਵਿੱਚ ਪਹੁੰਚ ਕੇ ਹੀ ਉਸਦੀ ਭਗਤੀ ਦੀ ਸੋਝੀ ਪੈਂਦੀ ਹੈ, ਸੱਚੀ ਗੁਰਮਤਿ ਦੀ ਸੋਝੀ ਪੈਂਦੀ ਹੈ ਤੇ ਉਸਦੀ ਸਮਝਾਈ ਹੋਈ ਗੁਰਮਤਿ ਅਨੁਸਾਰ ਵਿਚਰਨਾ ਹੀ ਉਸ ਪ੍ਰਮਾਤਮਾ ਅੱਗੇ ਸਾਡੀ ਸੱਚੀ ਅਰਦਾਸ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਇਸ ਵੱਖਰ ਦੀ ਪ੍ਰਾਪਤੀ

ਉਹੀ ਕਰਦਾ ਹੈ ਜਿਸਦੇ ਕੋਲ ਰਾਸਿ ਸੱਚੀ ਹੈ। ਆਪਣੀ ਸੱਚੀ ਰਾਸਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ, ਆਪਣੀ ਦਰਗਾਹ ਦੇ ਵਿੱਚੋਂ ਬਖਸ਼ੀ ਹੈ। ਪ੍ਰਮਾਤਮਾ ਦੀ ਇਸ ਸੱਚੀ ਰਾਸਿ ਦੇ ਨਾਲ ਜੁੜ ਕੇ ਅਸੀਂ ਉਸ ਸੱਚੀ ਰਾਸਿ ਦੇ ਮਾਲਕ ਦੇ ਨਾਲ ਜੁੜਨ ਦਾ ਉਪਰਾਲਾ ਕਰ ਸਕਦੇ ਹਾਂ। ਸੱਚੀ ਰਾਸਿ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਜੇਕਰ ਪਹਿਲੇ ਅਸੀਂ ਆਪਣੀ ਖੋਟੀ ਰਾਸਿ ਦਾ ਤਿਆਗ ਕਰੀਏ, ਮਨਮਤਿ ਦਾ ਤਿਆਗ ਕਰੀਏ। ਜਦ ਤੱਕ ਸਾਡੀ ਪੂੰਜੀ ਹੀ ਖੋਟੀ ਹੈ ਤਦ ਤੱਕ ਉਸ ਦੇ ਨਾਲ ਲਾਭ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਾਂ। ਜਿਸ ਦੇ ਵਿੱਚ ਮੂਲ ਹੀ ਨਹੀਂ, ਪ੍ਰਮਾਤਮਾ ਨੂੰ ਪਾਉਣ ਦਾ ਮੂਲ ਹੀ ਨਹੀਂ ਭਾਵ ਜਦ ਤੱਕ ਸਾਡੀ ਮਤਿ, ਸਾਡੀ ਰਾਸਿ, ਸਾਡੀ ਪੂੰਜੀ ਮੂਲੋਂ ਹੀ ਖੋਟੀ ਹੈ ਉਸ ਦੇ ਨਾਲ ਸੱਚ ਦਾ ਵਪਾਰ ਅਸੀਂ ਕਿਵੇਂ ਕਰ ਸਕਦੇ ਹਾਂ। ਸਭ ਤੋਂ ਪਹਿਲਾਂ ਸਾਨੂੰ ਆਪਣੀ ਮਤਿ ਦੇ ਅੰਦਰ ਸੱਚੀ ਰਾਸਿ ਇਕੱਠੀ ਕਰਨ ਦੀ ਲੋੜ ਹੈ ਜੋ ਗੁਰੂ ਦੇ ਕੋਲੋਂ ਜਾਨਣ ਦੁਆਰਾ ਮਿਲਦੀ ਹੈ।

ਜਿਸ ਨੂੰ ਪ੍ਰਮਾਤਮਾ ਆਪਣੀ ਸੱਚੀ ਰਾਸਿ ਬਖਸ਼ਦਾ ਹੈ ਉਹ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਕੇ ਹੀ ਬਖਸ਼ਦਾ ਹੈ, ਰਾਮ ਨਾਮ ਦਾ ਪ੍ਰਕਾਸ਼ ਕਰ ਕੇ ਹੀ ਬਖਸ਼ਦਾ ਹੈ। ਸਾਡੇ ਅੰਦਰ ਰਾਮ ਨਾਮ ਦਾ ਪ੍ਰਕਾਸ਼ ਬ੍ਰਹਮ ਗਿਆਨ ਦਾ ਪ੍ਰਕਾਸ਼ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਪ੍ਰਕਾਸ਼ ਹੈ, ਪੂਰਨ ਸੱਚ ਦੀ ਸੋਝੀ ਦਾ ਪ੍ਰਕਾਸ਼ ਹੈ ਜਿਸ ਦੁਆਰਾ ਪ੍ਰਮਾਤਮਾ ਆਪਣਾ ਵੱਖਰ ਸੌਂਪਦਾ ਹੈ। ਮਨ ਦੇ ਵਿੱਚ ਸੱਚੀ ਮਤਿ ਦੀ ਸੋਝੀ ਪੈਣ ਦੇ ਨਾਲ ਹੀ ਮਨੁੱਖ ਗੁਰਮਤਿ ਦੁਆਰਾ ਵਿਚਰਦਾ ਹੈ, ਸੱਚ ਦੁਆਰਾ ਵਿਚਰਦਾ ਹੈ ਜਿਸ ਵਿੱਚ ਪ੍ਰਮਾਤਮਾ ਦੇ ਦਰ ਤੋਂ ਪਤਿ ਪੈਂਦੀ ਹੈ, ਸਾਨੂੰ ਇੱਜ਼ਤ ਮਿਲਦੀ ਹੈ ਭਾਵ ਸਾਡੀ ਹਰ ਕਰਣੀ ਵਿੱਚ ਫਿਰ ਸਾਨੂੰ ਪਤਿ ਹੀ ਮਿਲਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਲੇਖਾ ਨਿਬੜਦਾ ਹੈ ਭਾਵ ਸੰਸਾਰਿਕ ਆਵਾਗਉਣ ਤੋਂ ਮੁਕਤੀ ਮਿਲਦੀ ਹੈ। ਜਿਸਨੂੰ ਪ੍ਰਮਾਤਮਾ ਮੁਕਤਿ ਕਰਦਾ ਹੈ ਮਨ ਦੇ ਵਿੱਚ ਆਪਣਾ ਸੱਚ ਵਸਾ ਕੇ ਹੀ ਕਰਦਾ

ਹੈ। ਪ੍ਰਮਾਤਮਾ ਦੇ ਨਾਲ ਲੇਖਾ ਸੱਚ ਦੁਆਰਾ ਹੀ ਨਿਬੜਦਾ ਹੈ ਤੇ ਪੂਰਨ ਸੱਚ ਦੀ ਸੋਝੀ ਸਾਨੂੰ ਮਨ ਦੇ ਵਿੱਚ ਰਾਮ ਨਾਮ ਦੇ ਪ੍ਰਕਾਸ਼ ਦੁਆਰਾ ਹੀ ਪੈਂਦੀ ਹੈ, ਬ੍ਰਹਮ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਪੈਂਦੀ ਹੈ, ਗੁਰਮਤਿ ਦੇ ਪ੍ਰਕਾਸ਼ ਦੁਆਰਾ ਹੀ ਪੈਂਦੀ ਹੈ, ਚੌਥੇ ਪਦ ਦੀ ਅਵੱਸਥਾ ਵਿੱਚ ਪਹੁੰਚ ਕੇ ਹੀ ਪੈਂਦੀ ਹੈ। **(ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ॥ ਸਾਚੀ ਦਰਗਹ ਬੈਸਣੀ ਭਗਤਿ ਸਚੀ ਅਰਦਾਸਿ॥ ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ॥੭॥)**

ਅਸੀਂ ਉਸ ਵੱਖਰ ਦੀ ਪ੍ਰਾਪਤੀ ਕਿਵੇਂ ਕਰਦੇ ਹਾਂ ਭਾਵ ਉਸ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਿਵੇਂ ਕਰਦੇ ਹਾਂ, ਸਾਡਾ ਇਹ ਭਰਮ ਹੀ ਅਗਲੀਆਂ ਪੰਗਤੀਆਂ ਦੁਆਰਾ ਕੱਢਿਆ ਹੋਇਆ ਹੈ ਤੇ ਅਸਲ ਤਰੀਕਾ ਵੀ ਸਮਝਾਇਆ ਹੋਇਆ ਹੈ।

“ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ॥
ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ॥
ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥੮॥੩॥”

24/2634

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਅਸੀਂ ਵੱਖਰ ਦੀ, ਲਾਹੇ ਦੀ ਪ੍ਰਾਪਤੀ ਕਿਸ ਰੂਪ ਵਿੱਚ ਕਰਦੇ ਹਾਂ। ਅਸੀਂ ਇਹ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਆਪਣੀ ਕਥਨੀ ਦੁਆਰਾ ਕਰਨੀ ਚਾਹੁੰਦੇ ਹਾਂ, ਮੁੱਖੋਂ ਬੋਲ-ਬੋਲ ਕੇ ਕਰਨੀ ਚਾਹੁੰਦੇ ਹਾਂ। ਪ੍ਰਮਾਤਮਾ ਨੂੰ ਅਸੀਂ ਬੋਲ ਬੋਲ ਕੇ ਉੱਚਾ ਕਰਦੇ ਹਾਂ, “ਤੂਹੀ ਤੂੰ” ਕਹਿ ਕੇ ਉੱਚਾ ਕਰਦੇ ਹਾਂ, “ਰਾਮ ਰਾਮ”, “ਅੱਲ੍ਹਾ ਅੱਲ੍ਹਾ, “ਵਾਹਿਗੁਰੂ ਵਾਹਿਗੁਰੂ” ਬੋਲ ਕੇ ਉੱਚਾ ਕਰਦੇ ਹਾਂ, ਧਰਮ ਗ੍ਰੰਥਾਂ ਨੂੰ ਪੜ੍ਹ ਪੜ੍ਹ ਕੇ ਉੱਚਾ ਕਰਦੇ ਹਾਂ ਭਾਵ ਕੇਵਲ ਪੜ੍ਹੀ ਜਾਣ ਨਾਲ, ਕਥਨੀ ਨਾਲ ਉੱਚਾ ਕਰਦੇ ਹਾਂ ਪਰ ਸਾਡੀ ਇਹੋ ਜਿਹੀ ਕਥਨੀ ਨਾਲ ਅਸੀਂ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ। ਸਾਨੂੰ ਲਾਹੇ ਦੀ ਪ੍ਰਾਪਤੀ ਕਥਨੀ ਦੁਆਰਾ ਨਹੀਂ ਹੁੰਦੀ। ਜਿਸ ਵੱਖਰ ਨੂੰ ਅਸੀਂ ਇਸ ਸੰਸਾਰ ਵਿੱਚ ਲੈਣ ਲਈ ਆਏ ਹਾਂ ਉਸ ਵੱਖਰ ਦੀ ਪ੍ਰਾਪਤੀ ਕਥਨੀ ਨਾਲ ਨਹੀਂ ਹੁੰਦੀ। **(ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ॥)**

ਇਸ ਵੱਖਰ ਦੀ ਪ੍ਰਾਪਤੀ ਕਰਨ ਦਾ ਤਰੀਕਾ ਕੀ ਹੈ ਇਹੀ ਸਾਨੂੰ ਪਹਿਲੇ ਸ਼ਬਦ ਰਾਹੀਂ ਸਮਝਾਇਆ ਗਿਆ ਹੈ। ਇਸ ਦੀ ਪ੍ਰਾਪਤੀ ਉਹੀ ਕਰਦਾ ਹੈ ਜਿਸ ਦੇ ਕੋਲ ਰਾਸਿ ਸੱਚੀ ਹੈ, ਜਿਸ ਦੇ ਕੋਲ ਸੋਝੀ ਸੱਚੀ ਹੈ ਭਾਵ ਜੋ ਗੁਰਮਤਿ ਅਨੁਸਾਰ ਵਿਚਰਦਾ ਹੈ। ਪ੍ਰਾਪਤੀ ਮਨ ਦੇ ਵਿੱਚ ਨਾਮ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ ਪਰ ਇਸ ਦੀ ਪ੍ਰਾਪਤੀ ਦਾ ਤਰੀਕਾ ਗੁਰਮਤਿ ਨੂੰ ਉੱਚਾ ਕਰਨ ਦੁਆਰਾ ਹੁੰਦਾ ਹੈ। ਅਸੀਂ ਕੇਵਲ ਗੁਰਮਤਿ ਦੀ ਲਿਖਤ ਨੂੰ ਉੱਚਾ ਕਰੀ ਜਾਂਦੇ ਹਾਂ, ਸ਼ਬਦ ਦੀ ਲਿਖਤ ਨੂੰ ਉੱਚਾ ਕਰੀ ਜਾਂਦੇ ਹਾਂ ਜਦ ਕਿ ਉੱਚਾ ਅਸੀਂ ਸ਼ਬਦ ਦੀ ਮਤਿ ਨੂੰ ਕਰਨਾ ਹੈ ਜੋ ਕਿ ਮਤਿ ਨੂੰ ਮੰਨ ਕੇ ਕੀਤਾ ਜਾ ਸਕਦਾ ਹੈ। ਸਤਿਗੁਰ ਉਸ ਨੂੰ ਹੀ ਆਪਣਾ ਵੱਖਰ ਦਿੰਦਾ ਹੈ ਜੋ ਪਹਿਲੇ ਸਤਿਗੁਰ ਦੀ ਮਤਿ ਨੂੰ ਉੱਚਾ ਕਰਦਾ ਹੈ। **(ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ॥)** ਸਾਨੂੰ ਵੱਖਰ ਦੀ ਪ੍ਰਾਪਤੀ ਮਨ ਦੀ ਪੂਰਨ ਸੋਝੀ ਦੇ ਰੂਪ ਵਿੱਚ ਹੀ ਹੁੰਦੀ ਹੈ ਜਿਸ ਦੁਆਰਾ ਸਾਨੂੰ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਪਹਿਲੇ ਮਨ ਦੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ, ਉਸਦੇ ਨਿਰਗੁਣ ਰੂਪ ਦੀ ਸੋਝੀ ਪੈਂਦੀ ਹੈ ਤੇ ਤਾਂ ਹੀ ਪ੍ਰਮਾਤਮਾ ਦਾ ਇਹ ਰੂਪ ਸਭ ਦੇ ਵਿੱਚ ਨਜ਼ਰ ਆਉਂਦਾ ਹੈ।

ਇਸ ਵੱਖਰ ਦੀ ਪ੍ਰਾਪਤੀ, ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ। ਮਨ ਦੇ ਵਿੱਚ ਸੱਚੀ ਸੋਝੀ ਦੁਆਰਾ, ਮਨ ਦੇ ਵਿੱਚ ਨਾਮ ਦੇ ਪ੍ਰਕਾਸ਼ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਅੰਤਰ ਮਿਟ ਜਾਂਦਾ ਹੈ, ਫਾਸਲਾ ਮਿਟ ਜਾਂਦਾ ਹੈ ਤੇ ਅਸੀਂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਾਂ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਧਿਆਨ ਨਾਲ ਸਮਝਿਆ ਜਾ ਸਕਦਾ ਹੈ।

“ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥੮॥੩॥”

24/2635

ਪ੍ਰਮਾਤਮਾ ਦੀ ਜੋਤਿ ਸਭ ਦੇ ਅੰਦਰ ਹੈ ਜੋ ਕਿ ਸਾਡੇ ਮਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਨਾਲ ਸਾਡਾ ਅੰਤਰ ਵੀ ਜੋਤਿ ਦੇ ਵਿੱਚ ਹੈ ਤੇ ਇਹ ਅੰਤਰ ਮਿਟਦਾ ਵੀ ਜੋਤਿ ਦੇ ਵਿੱਚ ਹੀ ਹੈ। ਸਾਡੇ ਵਿੱਚ ਅੰਤਰ ਪਾਉਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਤੇ ਇਸ ਅੰਤਰ ਨੂੰ ਦੂਰ ਕਰਨ ਵਾਲਾ ਵੀ ਉਹ ਆਪ ਹੀ ਹੈ। ਸਾਨੂੰ ਆਪ ਹੀ ਪ੍ਰਮਾਤਮਾ ਨੇ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ ਤੇ ਆਪ ਹੀ ਇਹ ਵੱਖਰਾਪਨ ਦੂਰ ਕਰਨ ਵਾਲਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਵੱਖਰਾਪਨ ਜਾਂ ਉਸਦੇ ਨਾਲ ਮੇਲ

ਸਾਡੇ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ। ਆਪਣੀ ਜੋਤਿ ਰਾਹੀਂ ਪ੍ਰਮਾਤਮਾ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਹੀ ਕਰਦਾ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਰਾਹੀਂ ਕਰਦਾ ਹੈ। ਜਦ ਤੱਕ ਪ੍ਰਮਾਤਮਾ ਸਾਡੇ ਅੰਦਰ ਆਪਣੀ ਜੋਤਿ ਰਾਹੀਂ ਤ੍ਰੈਗੁਣਾਂ ਵਾਲੀ ਮਤਿ ਦਾ ਪ੍ਰਕਾਸ਼ ਕਰਦਾ ਹੈ ਤਦ ਤੱਕ ਸਾਨੂੰ ਇਸ ਮਨ ਦੀ ਸੋਝੀ ਨਹੀਂ ਪੈ ਸਕਦੀ ਕਿ ਸਾਡੇ ਇਹ ਮਨ ਦੇ ਵਿਚਾਰ ਕਿੱਥੋਂ ਆਉਂਦੇ ਹਨ। ਅਸੀਂ ਇਹਨਾਂ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ ਕਿਉਂਕਿ ਸਾਡੇ ਵਿਚਾਰ ਹੀ ਸਾਨੂੰ ਇਹ ਸਮਝਾਉਂਦੇ ਹਨ ਕਿ ਇਹ "ਮੈਂ" ਹੈ। ਪ੍ਰਮਾਤਮਾ ਕੀ ਹੈ ਇਹ ਸਾਡੇ ਮਨ ਦੇ ਵਿਚਾਰ ਹੀ ਇਸ ਗੱਲ ਨੂੰ ਸਮਝਣ ਵਿੱਚ ਸਾਨੂੰ ਭਰਮ ਵਿੱਚ ਰੱਖਦੇ ਹਨ। ਇਹ ਸਾਡੇ ਅੰਦਰ ਭਰਮ ਦਾ ਪੜਦਾ ਹੈ, ਹਉਮੈ ਰੂਪ ਪੜਦਾ ਹੈ ਜੋ ਪ੍ਰਮਾਤਮਾ ਨੇ ਆਪ ਹੀ ਸਾਡੇ ਅੰਦਰ ਆਪਣੀ ਜੋਤਿ ਰਾਹੀਂ ਪਾਇਆ ਹੋਇਆ ਹੈ। ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਾਂ, ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਪਰ ਉਸਨੇ ਸਾਨੂੰ ਇਹ ਗੱਲ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਮਨ ਦੇ ਵਿਚਾਰਾਂ ਰਾਹੀਂ ਹੀ ਸਾਡੇ ਨਾਲ ਅੰਤਰ ਰੱਖਿਆ ਹੋਇਆ ਹੈ। ਇਹ ਅੰਤਰ ਜੋਤਿ ਰਾਹੀਂ ਹੀ ਮਿਟਦਾ ਹੈ, ਸਾਡੇ ਅੰਦਰ ਨਾਮ ਦੇ ਪ੍ਰਕਾਸ਼ ਰਾਹੀਂ ਹੀ ਮਿਟਦਾ ਹੈ। ਨਾਮ ਦਾ ਪ੍ਰਕਾਸ਼ ਪ੍ਰਮਾਤਮਾ ਜੋਤਿ ਰਾਹੀਂ ਹੀ ਕਰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਮਨ ਦੇ ਵਿੱਚ ਹੀ ਆਪਣੇ ਹੋਣ ਦੀ ਸੋਝੀ ਪਾਉਂਦਾ ਹੈ ਕਿ ਸਾਡੇ ਇਹਨਾਂ ਮਨ ਦੇ ਵਿਚਾਰਾਂ ਦਾ ਮਾਲਕ ਕੌਣ ਹੈ। ਮਨ ਦੀ ਇਹ ਅਵੱਸਥਾ ਸਾਡੇ ਅੰਦਰ ਸਹਜ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ ਜੋ ਸਾਡੇ ਅੰਦਰ ਦੇ ਸੁਭਾਅ ਨੂੰ ਹੀ ਬਦਲਦੀ ਹੈ, ਸਾਡੇ ਅੰਦਰ ਦੀ ਸੋਚ ਨੂੰ ਹੀ ਬਦਲਦੀ ਹੈ, ਸਾਡੇ ਮਨ ਦੀ ਸੋਝੀ ਨੂੰ ਬਦਲਦੀ ਹੈ। ਇਸ ਅਵੱਸਥਾ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਮਨ ਦੇ ਵਿੱਚ ਗਿਆਨ ਦਿੰਦਾ ਹੈ ਜੋ ਗਿਆਨ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਨਹੀਂ ਮਿਲ ਸਕਦਾ। ਚੌਥੇ ਪਦ ਵਾਲਾ ਗਿਆਨ ਭਰਮ ਤੋਂ ਰਹਿਤ ਵਾਲਾ ਗਿਆਨ ਹੈ ਤੇ ਇਹ ਗਿਆਨ ਸਾਨੂੰ ਭਰਮ ਤੋਂ ਮੁਕਤਿ ਕਰਦਾ ਹੈ ਭਾਵ ਭਰਮ ਦੇ ਬੰਧਨ ਤੋਂ ਮੁਕਤਿ ਕਰਦਾ ਹੈ। ਭਰਮ ਦੇ ਬੰਧਨ ਵਿੱਚ ਰਹਿੰਦਿਆਂ, ਤ੍ਰੈਗੁਣਾਂ ਵਿੱਚ, ਹਉਮੈ ਵਿੱਚ ਰਹਿੰਦਿਆਂ ਹਰ

24/2636

ਕੋਈ ਅਗਿਆਨਤਾ ਦੇ ਬੰਧਨ ਵਿੱਚ ਹੀ ਹੈ ਜਿਸ ਵਿੱਚ ਰਹਿੰਦਿਆਂ ਸਾਡਾ ਪ੍ਰਮਾਤਮਾ ਦੇ ਨਾਲ ਅੰਤਰ ਬਣਿਆ ਹੀ ਰਹਿੰਦਾ ਹੈ। ਇਹ ਭਰਮ ਦਾ ਬੰਧਨ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਮਾਇਆ ਮੋਹ ਵਿੱਚ ਹੀ ਰੱਖਦੀ ਹੈ, ਸੱਚ ਦੀ ਸੋਝੀ ਪੈਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਦੇ ਨਾਲ ਅੰਤਰ ਮਨ ਦੇ ਅੰਦਰ ਹੀ ਦੂਰ ਹੁੰਦਾ ਹੈ, ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲ ਕੇ ਹੀ ਦੂਰ ਹੁੰਦਾ ਹੈ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਦੁਆਰਾ ਹੀ ਦੂਰ ਹੁੰਦਾ ਹੈ। ਪ੍ਰਮਾਤਮਾ ਦੇ ਵੱਖਰ ਦੀ ਪ੍ਰਾਪਤੀ, ਬ੍ਰਹਮ ਗਿਆਨ ਦੀ ਪ੍ਰਾਪਤੀ ਸਾਨੂੰ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦੀ ਹੈ ਜਿਸ ਅਵੱਸਥਾ ਦੁਆਰਾ ਪ੍ਰਮਾਤਮਾ ਆਪਣੇ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ, ਆਪਣੀ ਸੱਚੀ ਰਾਸਿ ਦੀ ਸੋਝੀ ਪਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਸੱਚੀ ਰਾਸਿ ਹੈ, ਉਸਦੀ ਦਿੱਤੀ ਹੋਈ ਸੱਚੀ ਗੁਰਮਤਿ ਹੈ, ਉਸਦਾ ਦਿੱਤਾ ਹੋਇਆ ਸੱਚਾ ਬ੍ਰਹਮ ਗਿਆਨ ਹੈ ਜਿਸ ਅਨੁਸਾਰ ਵਿਚਰ ਕੇ ਅਸੀਂ ਉਸ ਵੱਖਰ ਦੇ ਮਾਲਕ ਦੇ ਨਾਲ ਮਿਲਣਾ ਹੈ। ਇਸ ਵੱਖਰ ਦੀ ਪ੍ਰਾਪਤੀ ਉਹਨਾਂ ਨੂੰ ਹੋਈ ਹੈ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਜੋਤਿ ਰਾਹੀਂ ਅੰਤਰ ਮਿਟਿਆ ਹੈ ਤੇ ਸਾਨੂੰ ਗੁਰਬਾਣੀ ਰਾਹੀਂ ਵੱਖਰ ਦੀ ਪ੍ਰਾਪਤੀ ਕਰਨਾ ਸਮਝਾਇਆ ਹੈ। **(ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ॥ ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥੮॥੩॥)**

ਜਿਵੇਂ ਕਿ ਪਿੱਛੇ ਅਸੀਂ ਸ਼ਬਦ ਰਾਹੀਂ ਸਮਝਿਆ ਹੈ ਜੋ ਵੱਖਰ ਅਸੀਂ ਲੈਣ ਲਈ ਆਏ ਉਹ ਸੱਚ ਦਾ ਵੱਖਰ ਹੈ ਭਾਵ ਇਸ ਸੰਸਾਰ ਵਿੱਚੋਂ ਅਸੀਂ ਸੱਚ ਦੀ ਪ੍ਰਾਪਤੀ ਕਰਕੇ ਜਾਣਾ ਹੈ ਜਿਸ ਦੁਆਰਾ ਸਾਨੂੰ ਇਸ ਸੰਸਾਰ ਦੇ ਸੱਚ ਦੀ ਸੋਝੀ ਪੈਂਦੀ ਹੈ ਕਿ ਇਸ ਸੰਸਾਰ ਦਾ ਸੱਚ ਕੀ ਹੈ। ਇਸ ਸੰਸਾਰ ਦਾ ਸਭ ਤੋਂ ਵੱਡਾ ਸੱਚ ਇਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਕਿਸੇ ਵੀ ਹੋਰ ਹੋਂਦ ਨੂੰ ਸੱਚ ਸਮਝਣਾ ਝੂਠ ਹੈ, ਭਰਮ ਹੈ। ਇਹ ਸੱਚ ਦਾ ਵੱਖਰ ਬ੍ਰਹਮ ਗਿਆਨ ਦਾ ਵੱਖਰ ਹੈ ਜਿਸ ਨੇ ਸਾਨੂੰ ਭਰਮ ਵਿੱਚੋਂ ਕੱਢ ਕੇ ਸੱਚ ਦੀ ਸੋਝੀ ਪਾਉਣੀ ਹੈ। ਇਸ ਵੱਖਰ ਦੀ ਪ੍ਰਾਪਤੀ ਹੋਏ ਬਿਨ੍ਹਾਂ ਹਰ ਕੋਈ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਹੋਇਆ ਹੈ, ਭਰਮ ਦੀ ਨੀਂਦ ਵਿੱਚ ਸੁੱਤਾ ਹੋਇਆ ਹੈ ਤੇ ਸੁਪਨੇ ਵਿੱਚ ਹੀ ਆਪਣਾ ਜੀਵਨ ਬਿਤਾ ਰਿਹਾ ਹੈ ਭਾਵ ਝੂਠ ਨੂੰ ਸੱਚ ਸਮਝਿਆ ਹੋਇਆ ਹੈ ਜਦਕਿ ਹਕੀਕਤ ਬਿਲਕੁਲ ਹੋਰ ਹੈ। ਜਦ ਤੱਕ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ, ਉਸਦਾ ਨਿਰਗੁਣ ਰੂਪ ਨਜ਼ਰ ਨਹੀਂ ਆਉਂਦਾ ਸਾਨੂੰ ਸੱਚ ਦੀ ਸੋਝੀ ਨਹੀਂ ਪੈ ਸਕਦੀ, ਉਸ ਵੱਖਰ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਸ ਵੱਖਰ ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਜਿਹੋ ਜਿਹੇ ਉਪਰਾਲੇ ਕਰਨ ਵਿੱਚ

ਹਰ ਕੋਈ ਲੱਗਾ ਹੋਇਆ ਹੈ ਉਸ ਉਪਰਾਲੇ ਵਿੱਚ ਹੀ ਸੱਚ ਨਹੀਂ ਹੈ ਭਾਵ ਅਸੀਂ

24/2637

ਉਪਰਾਲੇ ਹੀ ਝੂਠੇ ਕਰੀ ਜਾ ਰਹੇ ਹਾਂ। ਸੱਚ ਦੀ ਪ੍ਰਾਪਤੀ ਕਰਨ ਲਈ ਸਾਡਾ ਉਪਰਾਲਾ ਵੀ ਸੱਚਾ ਹੋਣਾ ਚਾਹੀਦਾ ਹੈ। ਉਪਰਾਲਾ ਕੇਵਲ ਗੁਰਮਤਿ ਤੇ ਚੱਲਣ ਦਾ ਹੈ ਤੇ ਜੇਕਰ ਅਸੀਂ ਗੁਰਮਤਿ ਹੀ ਇਹ ਸਮਝੀ ਹੋਈ ਹੈ ਕਿ ਇੱਕ ਅੱਖਰ ਨੂੰ ਜਪੀ ਜਾਣਾ ਹੀ ਗੁਰਮਤਿ ਹੈ, ਇੱਕ ਅੱਖਰ ਨੂੰ ਜਪੀ ਜਾਣਾ ਹੀ ਸੱਚ ਹੈ, ਫਿਰ ਇਸ ਤੋਂ ਵੱਡੀ ਭੁੱਲ ਅਸੀਂ ਕੀ ਕਰ ਸਕਦੇ ਹਾਂ। ਪ੍ਰਾਪਤੀ ਅਸੀਂ "ਸਚੁ" ਦੀ ਕਰਨੀ ਹੈ, ਸੱਚ ਦੇ ਰਚਨ ਵਾਲੇ ਦੀ ਕਰਨੀ ਹੈ, ਸੱਚ ਦੇ ਮਾਲਕ ਦੀ ਕਰਨੀ ਹੈ, ਗੁਰਮਤਿ ਦੇ ਮਾਲਕ ਦੀ ਕਰਨੀ ਹੈ ਤੇ ਉਸਨੂੰ ਪ੍ਰਾਪਤ ਕਰਨ ਲਈ ਸਾਡੀ ਰਾਸਿ ਵੀ ਸੱਚੀ ਹੋਣੀ ਚਾਹੀਦੀ ਹੈ। ਗੁਰਮਤਿ ਦੀ ਸੋਝੀ ਹੀ ਸਾਡੇ ਲਈ ਰਾਸਿ ਹੈ ਤੇ ਜੇਕਰ ਸਾਡੀ ਰਾਸਿ ਹੀ ਝੂਠੀ ਹੈ ਤਾਂ ਫਿਰ ਸਾਡਾ ਵਪਾਰ ਕਿਵੇਂ ਸੱਚਾ ਹੋ ਸਕਦਾ ਹੈ, ਉਸ ਵਿੱਚੋਂ ਲਾਹੇ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ ਸਭ ਤੋਂ ਪਹਿਲਾ ਉਪਰਾਲਾ ਇਹੀ ਹੈ ਕਿ ਅਸੀਂ ਆਪਣੀ ਰਾਸਿ ਨੂੰ ਸੱਚਾ ਕਰੀਏ, ਮਨ ਦੀ ਸੋਝੀ ਨੂੰ ਸੱਚੀ ਕਰੀਏ ਭਾਵ ਮਨਮਤਿ ਵਾਲੀ ਸੋਝੀ ਨੂੰ ਗੁਰਮਤਿ ਵਾਲੀ ਸੋਝੀ ਬਣਾਈਏ ਤੇ ਵੱਖਰ ਦੀ ਪ੍ਰਾਪਤੀ ਲਈ ਉਹੋ ਜਿਹਾ ਉਪਰਾਲਾ ਕਰੀਏ ਜਿਹੋ ਜਿਹਾ ਉਪਰਾਲਾ ਸਾਨੂੰ ਗੁਰਮਤਿ ਸਮਝਾ ਰਹੀ ਹੈ। ਗੁਰਮਤਿ ਤੇ ਚੱਲਣਾ ਸੱਚ ਤੇ ਚੱਲਣਾ ਹੈ ਤੇ ਤਾਂ ਹੀ ਅਸੀਂ ਉਸ ਸੱਚ ਦੇ ਮਾਲਕ ਤੱਕ ਪਹੁੰਚ ਸਕਦੇ ਹਾਂ। ਸੱਚ ਤੇ ਅਸੀਂ ਕਿਵੇਂ ਚੱਲਣਾ ਹੈ, ਸੱਚ ਨੂੰ ਅਸੀਂ ਆਪਣੇ ਜੀਵਨ ਵਿੱਚ ਕਿਵੇਂ ਅਪਣਾਉਣਾ ਹੈ ਭਾਵ ਸੱਚ ਦਾ ਮਕਸਦ ਸਾਡੇ ਜੀਵਨ ਲਈ ਕੀ ਹੈ ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਃ ੧॥

"ਸਚ ਕੀ ਕਾਤੀ ਸਚੁ ਸਭੁ ਸਾਰੁ॥ ਘਾੜਤ ਤਿਸ ਕੀ ਅਪਰ ਅਪਾਰ॥
ਸਬਦੇ ਸਾਣ ਰਖਾਈ ਲਾਇ॥ ਗੁਣ ਕੀ ਥੇਕੈ ਵਿਚਿ ਸਮਾਇ॥
ਤਿਸ ਦਾ ਕੁਠਾ ਹੋਵੈ ਸੇਖੁ॥ ਲੋਹੂ ਲਬੁ ਨਿਕਥਾ ਵੇਖੁ॥
ਹੋਇ ਹਲਾਲੁ ਲਗੈ ਹਕਿ ਜਾਇ॥ ਨਾਨਕ ਦਰਿ ਦੀਦਾਰਿ ਸਮਾਇ॥੨॥"

(ਅੰਗ ੯੫੬)

ਅਸੀਂ ਇਸ ਸੰਸਾਰ ਵਿੱਚ ਆਪਣੇ ਜੀਵਨ ਨੂੰ ਸਫ਼ਲ ਕਰਨ ਲਈ ਆਏ ਹਾਂ, ਇਸ ਜੀਵਨ ਨੂੰ ਜਿੱਤਣ ਦੇ ਲਈ ਆਏ ਹਾਂ। ਇਸ ਜੀਵਨ ਨੂੰ ਤਾਂ ਹੀ ਜਿੱਤਿਆ ਜਾ ਸਕਦਾ ਹੈ ਜੇਕਰ ਅਸੀਂ ਇਸ ਜੀਵਨ ਵਿੱਚ ਪ੍ਰਮਾਤਮਾ ਦੇ ਦਰਸ਼ਨ ਕਰ ਲਈਏ, ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲਈਏ। ਆਪਣੇ ਇਸ ਜੀਵਨ ਨੂੰ ਜਿੱਤਣ ਦਾ ਹਥਿਆਰ ਸੱਚ ਹੈ ਭਾਵ ਸੱਚ ਦਾ ਹਥਿਆਰ ਵਰਤ ਕੇ, ਨਾਮ ਦਾ ਹਥਿਆਰ ਵਰਤ ਕੇ ਅਸੀਂ ਇਸ ਜੀਵਨ ਨੂੰ ਸਫ਼ਲ ਕਰ ਸਕਦੇ ਹਾਂ। ਇਹ ਸੱਚ ਦਾ ਹਥਿਆਰ ਅਸੀਂ ਕਿਸ ਦੇ ਕੋਲੋਂ ਲੈਣਾ ਹੈ, ਕਿਸ ਦੇ ਕੋਲੋਂ ਇਸਨੂੰ ਚਲਾਉਣਾ ਸਿੱਖਣਾ ਹੈ ਇਸ ਗੱਲ ਨੂੰ ਸਮਝਣਾ ਸਾਡੇ ਲਈ ਸਭ ਤੋਂ ਜਰੂਰੀ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਵਾਰ-ਵਾਰ ਸਮਝਿਆ ਹੈ ਸੱਚ ਕੇਵਲ ਉੱਥੇ ਹੈ ਭਾਵ ਪੂਰਨ ਸੱਚ ਦੀ ਸੋਝੀ ਕੇਵਲ ਉੱਥੇ ਹੈ

24/2638

ਜੋ ਸੋਝੀ ਉਸ "ਸਚੁ" ਰੂਪ ਪ੍ਰਮਾਤਮਾ ਦੇ ਕੋਲੋਂ ਆਈ ਹੈ। ਇਹ ਸੱਚ ਦਾ ਹਥਿਆਰ ਸਾਡੇ ਮਨ ਦੇ ਵਿੱਚ ਪੂਰਨ ਸੋਝੀ ਦਾ ਹਥਿਆਰ ਹੈ। ਪੂਰਨ ਸੱਚ ਤੇ ਸਾਨੂੰ ਸੱਚ ਦੀ ਸੋਝੀ ਹੀ ਚਲਾਉਂਦੀ ਹੈ। ਇਹ ਸਾਡੇ ਮਨ ਦੇ ਅੰਦਰ ਸੱਚੇ ਗਿਆਨ ਦੀ ਤਲਵਾਰ ਹੈ ਜੋ ਸੱਚ ਦੇ ਦੁਸ਼ਮਣਾ ਨੂੰ ਮਾਰਦੀ ਹੈ। ਸੱਚ ਦੇ ਦੁਸ਼ਮਣ ਔਗੁਣ ਹਨ, ਸਾਡੇ ਮਨ ਦੇ ਵਿਕਾਰ ਹਨ ਤੇ ਮਨ ਦੀ ਸੱਚੀ ਸੋਝੀ ਆਪਣੇ ਅੰਦਰ ਦੇ ਔਗੁਣਾਂ ਨੂੰ ਮਾਰਦੀ ਹੈ। ਇਹ ਹਥਿਆਰ ਆਪਣੇ ਉੱਪਰ ਚਲਾਉਣ ਵਾਲਾ ਹਥਿਆਰ ਹੈ ਨਾ ਕਿ ਦੂਸਰਿਆਂ ਤੇ ਚਲਾਉਣ ਵਾਲਾ। ਕਿਸੇ ਵੀ ਚੀਜ਼ ਦੇ, ਕਿਸੇ ਵੀ ਗੱਲ ਦੇ ਜੇਕਰ ਅਸੀਂ ਸਾਰ ਨੂੰ, ਤੱਤ ਨੂੰ ਜਾਨਣਾ ਚਾਹੁੰਦੇ ਹਾਂ ਤਾਂ ਉਸਦੇ ਲਈ ਸੱਚੀ ਸੋਝੀ ਦੀ ਹੀ ਲੋੜ ਹੈ, ਸੱਚੇ ਗਿਆਨ ਦੀ ਹੀ ਲੋੜ ਹੈ। ਸੱਚੀ ਸੋਝੀ ਬਿਨ੍ਹਾਂ ਅਸੀਂ ਕਿਸੇ ਚੀਜ਼ ਦੀ ਹਕੀਕਤ ਨੂੰ ਨਹੀਂ ਜਾਣ ਸਕਦੇ। ਇਹ ਸੱਚੀ ਸੋਝੀ ਦਾ ਹਥਿਆਰ ਜਿਸ ਨੂੰ ਪ੍ਰਮਾਤਮਾ ਬਖਸ਼ਦਾ ਹੈ ਆਪ ਹੀ ਬਖਸ਼ਦਾ ਹੈ ਭਾਵ ਜਿਸ ਦੇ ਮਨ ਦੀ

ਸੋਝੀ ਨੂੰ ਉਹ ਘੜਦਾ ਹੈ ਆਪ ਹੀ ਅੰਦਰ ਪ੍ਰਗਟ ਹੋ ਕੇ ਘੜਦਾ ਹੈ। ਉਸ ਦੀ ਘਾੜਤ ਤੋਂ ਉੱਪਰ ਹੋਰ ਕੋਈ ਘਾੜਤ ਨਹੀਂ ਹੋ ਸਕਦੀ। ਪੂਰੀ ਗੁਰਬਾਣੀ ਵਿੱਚ ਇਸੇ ਲਈ ਸੱਚ ਹੈ ਕਿਉਂਕਿ ਇਹ ਮਨ ਦੀ ਉਸ ਸੋਝੀ ਦੁਆਰਾ ਆਇਆ ਹੈ ਜਿਸ ਸੋਝੀ ਨੂੰ ਉਸ ਨੇ ਆਪ ਘੜਿਆ ਹੈ। ਗੁਰਬਾਣੀ ਰਾਹੀਂ ਸੱਚ ਸਾਨੂੰ ਉਹਨਾਂ ਨੇ ਸਮਝਾਇਆ ਹੈ ਜਿੰਨ੍ਹਾਂ ਦੀ ਸੋਝੀ ਨੂੰ ਪ੍ਰਮਾਤਮਾ ਨੇ ਆਪ ਘੜਿਆ ਹੈ, ਸੱਚੀ ਸੋਝੀ ਦਾ ਹਥਿਆਰ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਪਕੜਾਇਆ ਹੈ, ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸੱਚ ਦੀ ਰਚਨਾ ਕੀਤੀ ਹੈ, ਸੰਸਾਰ ਨੂੰ ਸੱਚ ਦੀ ਸੋਝੀ ਪਾਈ ਹੈ। **(ਸਚ ਕੀ ਕਾਤੀ ਸਚੁ ਸਭੁ ਸਾਰੁ॥ ਘਾੜਤ ਤਿਸ ਕੀ ਅਪਰ ਅਪਾਰ॥)** ਪੂਰੀ ਗੁਰਬਾਣੀ ਸਾਨੂੰ ਪ੍ਰਮਾਤਮਾ ਦਾ ਤੱਤ ਸਾਰ ਹੀ ਸਮਝਾ ਰਹੀ ਹੈ, ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਹੀ ਸਮਝਾ ਰਹੀ ਹੈ ਜਿਸ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ।

ਇਸ ਹਥਿਆਰ ਦੀ ਤੇਜ਼ੀ ਕਿੱਥੋਂ ਆਉਂਦੀ ਹੈ, ਇਸ ਦੀ ਤੇਜ਼ ਧਾਰ ਕਿਵੇਂ ਬਣਦੀ ਹੈ ਭਾਵ ਇਹ ਅਸਰਦਾਰ ਹਥਿਆਰ ਕਿਸ ਲਈ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਬਦੇ ਸਾਣ ਰਖਾਈ ਲਾਇ॥ ਗੁਣ ਕੀ ਥੇਕੈ ਵਿਚਿ ਸਮਾਇ॥”

ਜੇਕਰ ਸਾਨੂੰ ਸ਼ਬਦ ਦੀ ਸਮਝ ਹੈ ਕਿ ਸ਼ਬਦ ਕੀ ਹੈ, ਸ਼ਬਦ ਦਾ ਮੂਲ ਕੀ ਹੈ ਫਿਰ ਇਸ ਗੱਲ ਨੂੰ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ। ਸ਼ਬਦ ਗੁਰੂ ਹੈ, ਆਪ ਪ੍ਰਮਾਤਮਾ ਹੈ ਜੋ ਸਭ ਜਗ੍ਹਾਂ ਭਰਪੂਰ ਹੈ, ਆਪਣੇ ਨਿਰਗੁਣ ਰੂਪ ਵਿੱਚ ਸਭ ਜਗ੍ਹਾਂ ਸਮਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਹ ਸ਼ਬਦ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ, ਸਾਨੂੰ ਸੱਚੀ ਸੋਝੀ ਦਾ ਹਥਿਆਰ ਪ੍ਰਮਾਤਮਾ ਮਨ ਦੇ ਵਿੱਚ ਹੀ ਤਿਆਰ ਕਰਕੇ ਦਿੰਦਾ ਹੈ। ਸਾਡੀ ਮਤਿ ਨੂੰ ਮਨ ਦੇ ਵਿੱਚ ਹੀ ਘੜਦਾ ਹੈ, ਆਪਣੇ ਸ਼ਬਦ ਦੁਆਰਾ ਘੜਦਾ ਹੈ, ਆਪਣੇ ਸ਼ਬਦ ਦੀ ਸਾਣ ਤੇ ਘੜਦਾ ਹੈ। ਜਦੋਂ ਉਹ ਸਾਡੀ ਮਤਿ ਨੂੰ ਘੜਦਾ ਹੈ ਉਹ ਸਾਡੀ ਮਾੜੀ ਸੋਝੀ ਨੂੰ ਚੰਗੀ ਸੋਝੀ ਵਿੱਚ ਹੀ ਬਦਲਦਾ ਹੈ ਤੇ

ਇਹੀ ਸਾਡੀ ਮਤਿ ਨੂੰ ਘੜੇ ਜਾਣ ਦਾ ਮਕਸਦ ਹੈ। ਉਹ ਸਾਡੀ ਮਤਿ ਨੂੰ ਆਪਣੇ ਸੱਚ ਦੇ ਨਾਲ ਘੜਦਾ ਹੈ, ਸੱਚੇ ਵਿਚਾਰਾਂ ਦੇ ਨਾਲ ਘੜਦਾ ਹੈ ਜਿਸ ਦੁਆਰਾ ਸਾਡੇ ਮਾੜੇ ਵਿਚਾਰ ਨਿਕਲਦੇ ਹਨ। ਸੱਚੇ ਵਿਚਾਰਾਂ ਦੁਆਰਾ ਉਹ ਸਾਨੂੰ ਗੁਣੀ ਹੀ ਬਣਾਉਂਦਾ ਹੈ। ਜਦੋਂ ਸਾਡੇ ਮਨ ਦੇ ਵਿਚਾਰਾਂ ਉੱਪਰ ਗੁਣਾਂ ਦੀ ਮਿਆਨ ਚੜਾਉਂਦਾ ਹੈ ਫਿਰ ਉਸ ਦੇ ਅੰਦਰ ਔਗੁਣ ਨਹੀਂ ਵੜ ਸਕਦੇ ਜੋ ਮਨੁੱਖ ਦੇ ਵਿਚਾਰਾਂ ਨੂੰ ਔਗੁਣ ਰਹਿਤ ਬਣਾ ਕੇ ਰੱਖਦੀ ਹੈ। ਮਨ ਦੀ ਸੱਚੀ ਸੋਝੀ ਦਾ ਹਥਿਆਰ ਪਹਿਲਾਂ ਔਗੁਣਾਂ ਤੇ ਹੀ ਚੱਲਦਾ ਹੈ ਤੇ ਤਾਂ ਹੀ ਸਾਡੇ ਅੰਦਰ ਗੁਣਾਂ ਦੀ ਸੰਭਾਲ ਹੁੰਦੀ ਹੈ, ਸੱਚ ਦੀ ਸੰਭਾਲ ਹੁੰਦੀ ਹੈ, ਨਾਮ ਦੀ ਸੰਭਾਲ ਹੁੰਦੀ ਹੈ। ਮਨ ਦੀ ਸੱਚੀ ਸੋਝੀ ਦਾ ਇਹ ਹਥਿਆਰ ਸੱਚ ਦੇ ਚੋਰਾਂ ਨੂੰ, ਨਾਮ ਦੇ ਚੋਰਾਂ ਨੂੰ ਹੀ ਮਾਰਦਾ ਹੈ, ਔਗੁਣਾਂ ਨੂੰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਹੀ ਮਾਰਦਾ ਹੈ ਤੇ ਉਸ ਤੋਂ ਬਾਅਦ ਮਨ ਦੇ ਵਿਚਾਰਾਂ ਨੂੰ ਦ੍ਰਿੜ ਕਰਕੇ ਉਸ ਦੇ ਉੱਪਰ ਗੁਣਾਂ ਦੀ ਮਿਆਨ ਚੜਾ ਕੇ ਰੱਖਦਾ ਹੈ। ਸਾਡੇ ਅੰਦਰ ਇਹ ਗੁਣਾਂ ਦੀ ਮਿਆਨ ਹੀ ਨਾਮ ਦੀ ਦ੍ਰਿੜਤਾ ਹੈ ਜੋ ਸਾਨੂੰ ਔਗੁਣਾਂ ਤੋਂ ਬਚਾ ਕੇ ਰੱਖਦੀ ਹੈ। **(ਸਬਦੇ ਸਾਣ ਰਖਾਈ ਲਾਇ॥ ਗੁਣ ਕੀ ਥੇਕੈ ਵਿਚਿ ਸਮਾਇ॥)**

ਸਾਡੇ ਅੰਦਰ ਇਹ ਸੱਚ ਦੀ ਸੋਝੀ ਹੀ ਗੁਰਮਤਿ ਦੀ ਸੋਝੀ ਹੈ ਤੇ ਇਹ ਸੱਚ ਦਾ ਹਥਿਆਰ ਹੀ ਗੁਰਮਤਿ ਹੈ। ਸਾਡੇ ਮਨ ਦੇ ਚੋਰ ਇਸ ਗੁਰਮਤਿ ਦੇ ਹਥਿਆਰ ਨਾਲ ਹੀ ਮਰਦੇ ਹਨ। ਜਦ ਤੱਕ ਸਾਡੇ ਅੰਦਰ ਇਹ ਗੁਰਮਤਿ ਦਾ ਹਥਿਆਰ ਨਹੀਂ ਹੈ ਤਦ ਤੱਕ ਅਸੀਂ ਗੁਰਮਤਿ ਵੱਲੋਂ ਸੁੱਤੇ ਹੋਏ ਹਾਂ, ਨਾਮ ਵੱਲੋਂ ਸੁੱਤੇ ਹੋਏ ਹਾਂ ਤੇ ਇਹ ਨਾਮ ਦੇ ਚੋਰ, ਸੱਚ ਦੇ ਚੋਰ ਸਾਡੇ ਘਰ ਨੂੰ ਲੁੱਟਦੇ ਰਹਿੰਦੇ ਹਨ। ਜਦੋਂ ਸਾਡੇ ਅੰਦਰ ਇਹ ਗੁਰਮਤਿ ਦਾ ਹਥਿਆਰ ਚੱਲਦਾ ਹੈ ਤਾਂ ਹੀ ਅਸੀਂ ਗੁਰਮਤਿ ਵੱਲੋਂ ਜਾਗਦੇ ਹਾਂ ਤੇ ਆਪਣੇ ਅੰਦਰ ਗੁਰਮਤਿ ਦੀ ਰਾਖੀ ਕਰਦੇ ਹਾਂ। ਸਾਡੇ ਅੰਦਰ ਗੁਰਮਤਿ ਦੀ ਰਾਖੀ ਦਾ ਹੋਣਾ, ਨਾਮ ਦੀ ਰਾਖੀ ਦਾ ਹੋਣਾ, ਸੱਚ ਦੀ ਰਾਖੀ ਦਾ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥

ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ॥੧੪॥}

(ਅੰਗ ੧੪੧੪)

ਗੁਰਮਤਿ ਵਿਹੂਣਾ ਨਾਮ ਵਿਹੂਣਾ ਹੈ ਤੇ ਜੋ ਮਨੁੱਖ ਗੁਣ ਵਿਹੂਣਾ ਹੈ ਉਹ ਗੁਰਮਤਿ ਵਿਹੂਣਾ ਹੈ। ਜਿੱਥੇ ਔਗੁਣ ਹਨ ਨਾ ਉੱਥੇ ਗੁਰਮਤਿ ਹੈ ਤੇ ਨਾ ਉੱਥੇ ਨਾਮ ਹੈ। ਸਾਡੇ ਅੰਦਰ ਨਾਮ ਦਾ, ਗੁਰਮਤਿ ਦਾ ਹੋਣਾ ਜਾਂ ਨਾ ਹੋਣਾ ਸਾਡੇ ਮਨ ਦੀ ਸੋਝੀ ਤੇ ਹੀ

24/2640

ਨਿਰਭਰ ਹੈ। ਸਾਡੇ ਅੰਦਰ ਨਾਮ ਰਤਨ ਦਾ ਪ੍ਰਗਾਸ ਹੋਣਾ ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਹੀ ਹੈ, ਗੁਰਮਤਿ ਦਾ ਪ੍ਰਕਾਸ਼ ਹੀ ਹੈ। ਇਹ ਪ੍ਰਕਾਸ਼ ਸਾਡੀ ਸੋਝੀ ਦੇ ਵਿੱਚ ਹੀ ਹੁੰਦਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਸੱਚ ਦੀ ਸੋਝੀ ਪੈਂਦੀ ਹੈ ਭਾਵ ਸਾਡੀ ਸੋਝੀ ਸੱਚੀ ਬਣਦੀ ਹੈ ਤੇ ਸਾਡੀ ਇਹ ਸੱਚੀ ਸੋਝੀ ਹੀ ਉਹ ਹਥਿਆਰ ਹੈ, ਗਿਆਨ ਦੀ ਖੜਗ ਹੈ ਜੋ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਕੜਾਉਂਦਾ ਹੈ ਜਿਸ ਨਾਲ ਸਾਡੇ ਅੰਦਰੋਂ ਔਗੁਣਾਂ ਦਾ ਨਾਸ਼ ਹੁੰਦਾ ਹੈ, ਪਾਪਾਂ ਵਾਲੀ ਬਿਰਤੀ ਦਾ ਨਾਸ਼ ਹੁੰਦਾ ਹੈ ਤੇ ਸਾਡੇ ਅੰਦਰ ਸੱਚ ਦੀ, ਨਾਮ ਦੀ ਸੰਭਾਲ ਹੁੰਦੀ ਹੈ, ਗੁਣਾਂ ਦੀ ਸੰਭਾਲ ਹੁੰਦੀ ਹੈ। ਔਗੁਣਾਂ ਦੇ ਰਹਿੰਦਿਆਂ ਹਰ ਕੋਈ ਨਾਮਹੀਣ ਹੀ ਹੈ, ਨਕਟਾ ਹੀ ਹੈ ਭਾਵੇਂ ਇੱਕ ਅੱਖਰ ਦੇ ਜਪ ਨੂੰ, ਨਾਮ ਮੰਨ ਕੇ ਕੋਈ ਆਪਣੇ ਨੱਕ ਨੂੰ ਜਿੰਨਾ ਮਰਜ਼ੀ ਉੱਚਾ ਕਰੀ ਬੈਠਾ ਹੈ। ਜਿੰਨ੍ਹਾਂ ਦੇ ਕਰਮਾਂ ਵਿੱਚ ਪ੍ਰਮਾਤਮਾ ਨੇ ਨਕਟੇ ਹੋਣਾ ਹੀ ਲਿਖਿਆ ਹੈ ਉਸ ਨੂੰ ਮੇਟਿਆ ਨਹੀਂ ਜਾ ਸਕਦਾ ਪਰ ਨਾਲ ਹੀ ਸਾਨੂੰ ਗੁਰਮਤਿ ਰਾਹੀਂ ਇਹ ਸੋਝੀ ਵੀ ਪਾਈ ਹੋਈ ਹੈ ਕਿ ਅਸੀਂ ਇਸ ਗੁਰਮਤਿ ਰੂਪ ਖੜਗ ਨੂੰ ਆਪਣੇ ਮਨ ਦੇ ਵਿਚਾਰਾਂ ਤੇ ਵਰਤੀਏ, ਨਾਮ ਦੀ ਸਿੱਖਿਆ ਦੇ ਨਾਲ ਆਪਣੇ ਮਨ ਨੂੰ ਸੋਧੀਏ ਤੇ ਗੁਰਮਤਿ ਦੇ ਵਿਚਾਰਾਂ ਵਾਲੇ ਬਣਨ ਦਾ ਉੱਦਮ ਕਰੀਏ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਇਸ ਸੱਚ ਰੂਪ ਹਥਿਆਰ ਨੂੰ, ਗੁਰਮਤਿ ਰੂਪ ਹਥਿਆਰ ਨੂੰ ਕਿਵੇਂ ਵਰਤਣਾ ਹੈ ਤੇ ਕਿਸ ਦੇ ਉੱਪਰ ਵਰਤਣਾ ਹੈ।

"ਤਿਸ ਦਾ ਕੁਠਾ ਹੋਵੈ ਸੇਖੁ॥ ਲੋਹੂ ਲਬੁ ਨਿਕਥਾ ਵੇਖੁ॥
ਹੋਇ ਹਲਾਲੁ ਲਗੈ ਹਕਿ ਜਾਇ॥ ਨਾਨਕ ਦਰਿ ਦੀਦਾਰਿ ਸਮਾਇ॥੨॥"

ਅਸੀਂ ਸੱਚ ਦੇ ਹਥਿਆਰ ਨੂੰ ਕਿਵੇਂ ਵਰਤਣਾ ਹੈ ਇਹ ਗੱਲ ਸਾਨੂੰ ਸੇਖ ਦੇ ਜੀਵਨ ਦੁਆਰਾ ਸਮਝਾਈ ਹੋਈ ਹੈ। ਉਹ ਛੁਰੀ ਦੁਆਰਾ, ਸਰਗੁਣ ਰੂਪ ਛੁਰੀ ਦੁਆਰਾ ਜੀਵ ਨੂੰ ਮਾਰ ਕੇ ਹਲਾਲ ਕਰਦੇ ਹਨ ਤੇ ਨਾਲ ਹੀ ਕੋਈ ਮੁੱਖੋਂ ਜਪ ਵੀ ਕਰਦੇ ਹਨ ਜਿਸ ਦੁਆਰਾ ਉਹ ਜੀਵ ਨੂੰ ਹਲਾਲ ਕਰਕੇ ਆਪਣੇ ਹੱਕ ਦਾ ਖਾਣਾ ਬਣਾਉਣਾ ਸਮਝਦੇ ਹਨ। ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਹੱਕ ਦਾ ਖਾਣਾ ਖਾਣ ਦੀ ਵਿਧੀ ਹੀ ਸਮਝਾਈ ਹੈ। ਜਦ ਤੱਕ ਸਾਡੀ ਆਪਣੀ ਕਮਾਈ ਹੱਕ ਹਲਾਲ ਦੀ ਨਹੀਂ ਹੈ ਭਾਵ ਜਦ ਤੱਕ ਸਾਡੇ ਅੰਦਰ ਸੱਚ ਨਹੀਂ ਹੈ ਤਦ ਤੱਕ ਸਾਡੀ ਕਮਾਈ ਹੱਕ ਹਲਾਲ ਦੀ ਨਹੀਂ ਹੈ। ਜਦ ਤੱਕ ਸਾਡੇ ਅੰਦਰ ਲੋਭ ਲਾਲਚ ਵਾਲੀ ਬਿਰਤੀ ਹੈ ਤਦ ਤੱਕ ਸਾਡੀ ਕਮਾਈ ਵੀ ਮਾੜੀ ਹੈ। ਇਹੋ ਜਿਹੀ ਕਮਾਈ ਦੁਆਰਾ ਅਸੀਂ ਦੂਸਰਿਆਂ ਦਾ ਹੱਕ ਖਾਂਦੇ ਹਾਂ ਭਾਵ ਮਨ ਦੀ ਮਾੜੀ ਬਿਰਤੀ ਦੁਆਰਾ ਅਸੀਂ ਮਾੜੇ ਕਰਮ ਹੀ ਕਰਦੇ ਹਾਂ, ਮਾੜੀ ਕਿਰਤ ਕਰਦੇ ਹਾਂ ਤੇ ਮਾੜੇ ਢੰਗ ਨਾਲ ਮਾਇਆ ਕਮਾਉਂਦੇ ਹਾਂ। ਇਹੋ ਜਿਹੀ ਕਮਾਈ ਸਾਡੀ ਹੱਕ ਹਲਾਲ ਦੀ ਕਮਾਈ ਨਹੀਂ ਹੈ ਭਾਵੇਂ ਅਸੀਂ ਮੁੱਖੋਂ ਜਿਹੋ ਜਿਹਾ ਮਰਜ਼ੀ ਜਪ ਕਰ ਲਈਏ। ਜਦ ਤੱਕ ਸਾਡੇ ਆਪਣੇ ਮਨ ਦਾ ਲੋਭ ਨਹੀਂ ਨਿਕਲਦਾ ਤਦ ਤੱਕ ਸਾਡੀ

26/2641

ਕਿਰਤ ਕਦੇ ਵੀ ਚੰਗੀ ਨਹੀਂ ਹੋ ਸਕਦੀ। ਸਾਡੀ ਚੰਗੀ ਕਿਰਤ ਮਨ ਦੇ ਵਿੱਚ ਸੱਚੀ ਬਿਰਤੀ ਦੁਆਰਾ ਹੀ ਹੁੰਦੀ ਹੈ, ਸੱਚ ਦੀ ਸੋਝੀ ਵੱਸਣ ਦੁਆਰਾ ਹੀ ਹੁੰਦੀ ਹੈ, ਗੁਰਮਤਿ ਦੀ ਸੋਝੀ ਵੱਸਣ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿਕਾਰਾਂ ਦੇ ਮਰਨ ਦੁਆਰਾ ਹੀ ਹੁੰਦੀ ਹੈ ਤੇ ਇਹੀ ਗੁਰਮਤਿ ਦਾ ਮਕਸਦ ਹੈ, ਸੱਚ ਦਾ ਮਕਸਦ ਹੈ ਕਿ ਅਸੀਂ ਸੰਸਾਰ ਵਿੱਚ ਸੱਚੇ ਸੁੱਚੇ ਹੋ ਕੇ ਵਿਚਰੀਏ ਤੇ ਕਿਸੇ ਦਾ ਮਾੜਾ ਨਾ ਕਰੀਏ। ਜੇਕਰ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਵੇਖਣਾ ਚਾਹੁੰਦੇ ਹਾਂ ਫਿਰ ਉਸ ਲਈ ਇਹੀ ਵਿਧੀ ਹੈ ਕਿ ਅਸੀਂ ਸੱਚ ਦੇ ਹਥਿਆਰ ਨੂੰ ਆਪਣੇ ਵਿਚਾਰਾਂ ਦੇ ਉੱਤੇ ਵਰਤੀਏ ਤੇ ਆਪਣੇ ਅੰਦਰੋਂ ਲੋਭ ਰੂਪ ਲਹੂ ਨੂੰ, ਲੋਭ ਰੂਪ ਰੱਤ ਨੂੰ ਆਪਣੇ ਅੰਦਰੋਂ ਕੱਢੀਏ ਭਾਵ ਆਪਣੇ ਵਿਚਾਰਾਂ ਨੂੰ ਸ਼ੁੱਧ ਕਰੀਏ ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਤਰੀਕਾ ਹੈ, ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਵੇਖਣ ਦਾ ਤਰੀਕਾ ਹੈ। **(ਤਿਸ ਦਾ ਕੁਠਾ ਹੋਵੈ ਸੇਖੁ॥ ਲੋਹੂ ਲਬੁ ਨਿਕਥਾ**

ਵੇਖੁ॥)

ਪ੍ਰਮਾਤਮਾ ਨੂੰ ਪਾਉਣ ਦੀ ਵਿਧੀ ਪਹਿਲਾਂ ਆਪਣੇ ਮਨ ਨੂੰ ਹਲਾਲ ਕਰਨ ਦੀ ਵਿਧੀ ਹੈ, ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨ ਦੀ ਵਿਧੀ ਹੈ। ਪ੍ਰਮਾਤਮਾ ਨੂੰ ਮਿਲਣ ਦਾ ਹੱਕ ਮਨ ਨੂੰ ਸੱਚ ਦੁਆਰਾ ਮਾਰਨ ਨਾਲ ਹੀ ਮਿਲਦਾ ਹੈ ਨਾ ਕਿ ਕਿਸੇ ਜਪ ਤਪ ਦੁਆਰਾ ਜਾਂ ਕਿਸੇ ਮੰਤ੍ਰ ਨੂੰ ਪੜ੍ਹੀ ਜਾਣ ਦੁਆਰਾ। ਉਸ ਪ੍ਰਮਾਤਮਾ ਦੇ ਦਰ ਤੇ ਪਹੁੰਚਣ ਦਾ, ਉਸ ਦੇ ਦੀਦਾਰ ਕਰਨ ਦਾ, ਉਸ ਵਿੱਚ ਸਮਾਉਣ ਦਾ ਇਹੀ ਤਰੀਕਾ ਹੈ ਕਿ ਅਸੀਂ ਗੁਰਮਤਿ ਦੁਆਰਾ ਮਨਮਤਿ ਨੂੰ ਹਲਾਲ ਕਰੀਏ, ਨਾਮ ਦੁਆਰਾ ਹਉਮੈ ਨੂੰ ਹਲਾਲ ਕਰੀਏ, ਸੱਚ ਦੁਆਰਾ ਝੂਠ ਨੂੰ ਹਲਾਲ ਕਰੀਏ, ਸੱਚੇ ਗਿਆਨ ਦੁਆਰਾ ਆਪਣੀ ਅਗਿਆਨਤਾ ਨੂੰ ਹਲਾਲ ਕਰੀਏ।
(ਹੋਇ ਹਲਾਲੁ ਲਗੈ ਹਕਿ ਜਾਇ॥ ਨਾਨਕ ਦਰਿ ਦੀਦਾਰਿ ਸਮਾਇ॥੨॥)

ਮਃ ੧॥

{ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥}

(ਅੰਗ ੧੪੧)

ਹਰਾਮ ਦੇ ਪੈਸੇ ਨਾਲ ਖਰੀਦੀ ਹੋਈ ਚੀਜ਼ ਨੂੰ, ਵਸਤੂ ਨੂੰ ਭਾਵੇਂ ਉਹ ਵਸਤੂ ਕੋਈ ਵੀ ਹੈ ਜਿਸ ਨੂੰ ਅਸੀਂ ਆਪਣੇ ਖਾਣ ਲਈ ਲਿਆਉਂਦੇ ਹਾਂ ਉਸ ਨੂੰ ਅਸੀਂ ਹੱਕ ਹਲਾਲ ਦੀ ਨਹੀਂ ਬਣਾ ਸਕਦੇ ਭਾਵ ਮੁੱਖੋਂ ਬੋਲ ਬੋਲ ਕੇ ਕਿਸੇ ਜਪ ਤਪ ਦੁਆਰਾ ਅਸੀਂ ਆਪਣੀ ਮਾੜੀ ਕਮਾਈ ਨੂੰ ਚੰਗੀ ਕਮਾਈ ਨਹੀਂ ਬਣਾ ਸਕਦੇ। ਅਸੀਂ ਆਪਣੀ ਕਥਨੀ ਦੁਆਰਾ ਹੀ ਉਸ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਪਰ ਜਦ ਤੱਕ ਅਸੀਂ ਸੱਚ ਨੂੰ ਆਪਣੇ ਜੀਵਨ ਵਿੱਚ ਨਹੀਂ ਕਮਾਉਂਦੇ ਤਦ ਤੱਕ ਅਸੀਂ ਇਸ ਸੰਸਾਰ ਦੇ ਆਵਾਗਉਣ ਤੋਂ ਨਹੀਂ ਛੁੱਟ ਸਕਦੇ। ਸੱਚ ਦੀ ਕਮਾਈ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਡਾ ਮਨ ਸੱਚਾ

ਹੈ। ਮਨ ਸੱਚਾ ਉਹੀ ਬਣ ਸਕਦਾ ਹੈ ਜਿਸ ਦੇ ਅੰਦਰ ਗੁਰਮਤਿ ਦੀ ਸੱਚੀ ਸੋਝੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ।

{ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥}

(ਅੰਗ ੧੩੮੦)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਕਿਤਨਾ ਸਪੱਸ਼ਟ ਸਮਝਾਇਆ ਹੈ ਕਿ ਪ੍ਰਮਾਤਮਾ ਦੇ ਨਾਲ ਰੱਤਣਾ ਕੀ ਹੈ। ਪ੍ਰਮਾਤਮਾ ਨਾਲ ਰੱਤੇ ਹੋਏ ਉਹੀ ਹਨ ਜਿੰਨ੍ਹਾਂ ਦੇ ਅੰਦਰੋਂ ਲੋਭ ਦੀ ਰੱਤ ਨਿਕਲੀ ਹੋਈ ਹੈ ਭਾਵ ਜਿੰਨ੍ਹਾਂ ਦੀ ਲੋਭ ਲਾਲਚ ਦੀ ਬਿਰਤੀ ਨਿਕਲੀ ਹੋਈ ਹੈ ਭਾਵ ਜਿੰਨ੍ਹਾਂ ਨੇ ਗੁਰੂ ਦੀ ਮਤਿ ਨੂੰ ਅਪਣਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਰੱਤਣਾ ਸਾਡੀ ਕਰਨੀ ਦਾ ਮਾਰਗ ਹੈ, ਲੋਭ ਲਾਲਚ ਤੋਂ, ਵਿਕਾਰਾਂ ਤੋਂ ਰਹਿਤ ਹੋ ਕੇ ਵਿਚਰਨ ਦਾ ਮਾਰਗ ਹੈ, ਨਾ ਕਿ ਸਾਰਾ ਦਿਨ ਕਿਸੇ ਸ਼ਬਦ ਦੀ, ਅੱਖਰ ਦੀ ਕਥਨੀ ਨੂੰ ਕਰੀ ਜਾਣ ਦਾ। ਜੋ ਗੁਰੂ ਦੀ ਮਤਿ ਨਾਲ ਰੱਤਿਆ ਹੋਇਆ ਹੈ ਉਹ ਪ੍ਰਮਾਤਮਾ ਦੇ ਨਾਲ ਰੱਤਿਆ ਹੋਇਆ ਹੈ, ਨਾਮ ਨਾਲ ਰੱਤਿਆ ਹੋਇਆ ਹੈ।

ਸਾਡੇ ਕੋਲ ਸੱਚ ਦਾ ਹਥਿਆਰ ਗੁਰਮਤਿ ਹੀ ਹੈ ਤੇ ਜੋ ਇਸ ਹਥਿਆਰ ਨੂੰ ਆਪਣੇ ਮਨ ਦੇ ਉੱਤੇ ਵਰਤਦਾ ਹੈ ਉਹੀ ਪ੍ਰਮਾਤਮਾ ਦੇ ਦਰਸ਼ਨ ਕਰਦਾ ਹੈ ਜਿਵੇਂ ਕਿ ਅਸੀਂ ਪਿਛਲੇ ਸਲੋਕ ਦੁਆਰਾ ਸਮਝਿਆ ਹੈ। ਅਗਲੇ ਸਲੋਕ ਰਾਹੀਂ ਸਾਨੂੰ ਉਹੋ ਜਿਹਿਆਂ ਦਾ ਜੀਵਨ ਸਮਝਾਇਆ ਹੋਇਆ ਹੈ ਜੋ ਇਸ ਹਥਿਆਰ ਨੂੰ ਆਪਣੇ ਉੱਪਰ ਵਰਤਣ ਦੀ ਬਜਾਇ ਕੇਵਲ ਇਸ ਹਥਿਆਰ ਦਾ ਦਿਖਾਵਾ ਕਰਦੇ ਹਨ, ਸੱਚ ਦਾ ਦਿਖਾਵਾ ਕਰਦੇ ਹਨ ਤੇ ਇਸ ਦਿਖਾਵੇ ਦੁਆਰਾ ਹੀ ਆਪਣੇ ਆਪ ਨੂੰ ਸਮਾਜ ਵਿੱਚ ਉੱਚਾ ਕਰਦੇ ਹਨ। ਆਓ ਇਸ ਗੱਲ ਨੂੰ ਅਗਲੇ ਸਲੋਕ ਦੁਆਰਾ ਤੇ ਨਾਲ ਦਿੱਤੀ ਪਉੜੀ ਦੁਆਰਾ ਸਮਝੀਏ ਕਿ ਸੱਚ

ਦਾ ਸਾਡੇ ਜੀਵਨ ਵਿੱਚ ਮਕਸਦ ਕੀ ਹੈ।

ਮਃ ੧॥

"ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥
ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥੩॥"

(ਅੰਗ ੯੫੬)

ਪਉੜੀ॥

"ਸੋ ਸਤਸੰਗਤਿ ਸਬਦਿ ਮਿਲੈ ਜੋ ਗੁਰਮੁਖਿ ਚਲੈ॥
ਸਚੁ ਧਿਆਇਨਿ ਸੇ ਸਚੇ ਜਿਨ ਹਰਿ ਖਰਚੁ ਧਨੁ ਪਲੈ॥
ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ॥
ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ॥
ਆਪੇ ਮੇਲਿ ਮਿਲਾਇਦਾ ਆਪੇ ਦੇਇ ਵਡਿਆਈ॥੧੯॥"

(ਅੰਗ ੯੫੬)

ਇਸ ਤੋਂ ਪਿਛਲੇ ਸਲੋਕ ਰਾਹੀਂ ਸਾਨੂੰ ਸੱਚ ਦੇ ਹਥਿਆਰ ਬਾਰੇ ਸਮਝਾਇਆ

24/2643

ਹੈ, ਸੱਚ ਦਾ, ਗੁਰਮਤਿ ਦਾ ਮਕਸਦ ਸਮਝਾਇਆ ਹੈ। ਉੱਪਰ ਸਲੋਕ ਰਾਹੀਂ ਸਾਨੂੰ ਹਥਿਆਰਾਂ ਦਾ ਦਿਖਾਵਾ ਕਰਨਾ ਸਮਝਾਇਆ ਹੋਇਆ ਹੈ ਭਾਵ ਸਾਡੀ ਭਗਤੀ ਦਾ ਵਿਖਾਵਾ ਸਮਝਾਇਆ ਹੈ ਜਿਸ ਵਿਖਾਵੇ ਨੂੰ ਉਹ ਸੱਚ ਹੀ ਸਮਝਦੇ ਹਨ। ਇਹ ਵਿਖਾਵਾ ਸਾਡੇ ਸਰੀਰਕ ਜਪਾਂ ਤਪਾਂ ਦੇ ਰੂਪ ਵਿੱਚ ਹੈ, ਸ਼ਬਦਾਂ ਨੂੰ ਕੇਵਲ ਪੜੀ ਜਾਣ ਦੇ ਰੂਪ ਵਿੱਚ ਹੈ, ਸਮਾਧੀ ਲਗਾ ਕੇ ਬੈਠੇ ਰਹਿਣ ਦੇ ਰੂਪ ਵਿੱਚ ਹੈ, ਕਿਸੇ ਅੱਖਰ ਨੂੰ ਰਟੀ ਜਾਣ ਦੇ ਰੂਪ ਵਿੱਚ ਹੈ, ਸਵੇਰੇ ਸ਼ਾਮ ਗੁਰੂ ਨੂੰ ਕੇਵਲ ਮੱਥੇ ਟੇਕਣ ਦੇ ਰੂਪ ਵਿੱਚ ਹੈ, ਕਿਸੇ ਖਾਸ ਕਿਸਮ ਦੀ ਮਰਿਆਦਾ ਦੇ ਨਾਲ ਜੁੜੇ ਰਹਿਣ ਦੇ ਰੂਪ ਵਿੱਚ ਹੈ, ਕਿਸੇ ਖਾਸ ਵੇਲੇ ਨੂੰ ਉੱਚਾ ਸਮਝਣ ਦੇ ਰੂਪ ਵਿੱਚ ਹੈ, ਖਾਣੇ ਦੇ ਵਿੱਚ ਕਿਸੇ ਖਾਸ ਕਿਸਮ ਦੀ ਸੁੱਚ ਵਰਤਣ ਦੇ ਰੂਪ ਵਿੱਚ ਹੈ। ਇਹੋ ਜਿਹੇ ਸਾਰੇ ਵਿਖਾਵਿਆਂ ਨੂੰ ਅਪਣਾਉਣ ਵਾਲੇ ਆਪਣੇ ਆਪ ਨੂੰ ਸੱਚ ਦੇ ਮਾਰਗ ਤੇ ਚੱਲਣਾ ਹੀ ਸਮਝਦੇ ਹਨ, ਗੁਰਮਤਿ ਦੇ ਮਾਰਗ ਤੇ ਚੱਲਣਾ ਸਮਝਦੇ ਹਨ, ਗੁਰਮਤਿ ਦੇ ਗੁਣਾਂ ਵਾਲਾ ਸਮਝਦੇ ਹਨ ਪਰ ਸਾਡੇ ਇਹੋ ਜਿਹੇ ਸੱਚ ਦਾ, ਦਿਖਾਵੇ ਦਾ ਖੰਡਨ ਕੀਤਾ ਹੋਇਆ ਹੈ ਤੇ ਕੇਵਲ ਆਪਣੀ ਹਉਮੈ ਉੱਚੀ ਕਰਨਾ ਹੀ ਦੱਸਿਆ ਹੋਇਆ ਹੈ ਜਿਵੇਂ ਕਿ ਸਾਨੂੰ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੋਈ ਹੈ। ਸਾਡੇ ਇਹੋ ਜਿਹੇ ਦਿਖਾਵੇ ਸਮਾਜ ਨੂੰ ਭਾਉਂਦੇ ਹਨ ਜਿਸ ਕਰਕੇ ਉਹ ਸਾਨੂੰ ਉੱਚਾ ਰੁਤਬਾ ਦਿੰਦੇ ਹਨ ਪਰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਹ ਕੇਵਲ ਸਾਡਾ ਦਿਖਾਵਾ ਹੈ, ਮਨਮਤਿ ਹੈ ਜੋ ਸਾਡੇ ਸਿਰ ਤੇ ਹਉਮੈ ਦਾ ਭਾਰ ਹੀ ਵਧਾਉਂਦਾ ਹੈ। ਜਿੱਥੇ ਅਸਲੀਅਤ ਵਿੱਚ ਸੱਚ ਨਹੀਂ ਹੈ, ਨਾਮ ਨਹੀਂ ਹੈ ਉੱਥੇ ਅਸੀਂ ਭਗਤੀ ਦੇ ਦਿਖਾਵਿਆਂ ਦੁਆਰਾ ਆਪਣਾ ਝੂਠਾ ਮਾਣ ਹੀ ਵਧਾਉਂਦੇ ਹਾਂ ਜਿਸ ਤੋਂ ਸਾਨੂੰ ਬਚਣ ਲਈ ਸਮਝਾਇਆ ਹੋਇਆ ਹੈ। ਆਪਣੇ ਭਗਤੀ ਵਾਲੇ ਦਿਖਾਵੇ ਦੁਆਰਾ ਇਹ ਆਪਣੇ ਆਪ ਨੂੰ ਗੁਰਮਤਿ ਦੇ ਸੂਰਮੇ ਸਮਝਦੇ ਹਨ, ਸੱਚ ਦੇ, ਭਗਤੀ ਦੇ ਸੂਰਮੇ ਸਮਝਦੇ ਹਨ, ਨਾਮ ਜਪਣ ਵਾਲੇ ਸੂਰਮੇ ਸਮਝਦੇ ਹਨ ਭਾਵ ਆਪਣੇ ਝੂਠ ਦੇ ਹਥਿਆਰ ਨੂੰ ਸੱਚ ਦਾ ਹਥਿਆਰ ਸਮਝਦੇ ਹਨ। ਗੁਰਮਤਿ ਦੇ ਸੂਰਮੇ ਹੋਣਾ, ਸੱਚ ਦੇ, ਨਾਮ ਦੇ, ਸ਼ਬਦ ਦੇ ਸੂਰਮੇ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ ਕਿ ਅਸਲ ਵਿੱਚ ਸੂਰਮਾ ਬਣਨਾ ਕੀ ਹੈ।

{ਮਨਮੁਖ ਕਚੇ ਕੂੜਿਆਰ ਤਿਨੀ ਨਿਹਚਉ ਦਰਗਹ ਹਾਰਿਆ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨੀ ਮਾਰਿਆ॥}

(ਅੰਗ ੧੨੮੦)

ਸ਼ਬਦਾਂ ਨੂੰ ਰਟੀ ਜਾਣ ਵਾਲੇ, ਕਿਸੇ ਅੱਖਰ ਨੂੰ ਰਟੀ ਜਾਣ ਵਾਲੇ ਆਪਣੇ ਆਪ ਨੂੰ ਗੁਰਮਤਿ ਦਾ ਸੂਰਮਾ ਹੀ ਸਮਝਦੇ ਹਨ ਪਰ ਉਹ ਕੇਵਲ ਇੱਕ ਝੂਠੀ ਲੜਾਈ ਲੜ ਰਹੇ ਹਨ ਤੇ ਪ੍ਰਮਾਤਮਾ ਦੀ ਦਰਗਾਹ ਵਿੱਚ ਉਹਨਾਂ ਦਾ ਹਾਰਨਾ ਤੈਅ ਹੈ। ਪ੍ਰਮਾਤਮਾ ਦੀ ਦਰਗਾਹ ਵਿੱਚ ਜਿੱਤਣ ਦਾ ਤਰੀਕਾ ਕੇਵਲ ਸੱਚ ਦਾ ਹਥਿਆਰ ਹੈ ਜਿਸ ਦੁਆਰਾ ਅਸੀਂ ਆਪਣੇ ਔਗੁਣਾਂ ਨੂੰ ਮਾਰਨਾ ਹੈ, ਵਿਕਾਰਾਂ ਨੂੰ ਮਾਰਨਾ ਹੈ ਤਾਂ ਜੋ ਅਸੀਂ ਸੱਚੀ ਸੁੱਚੀ ਕਿਰਤ ਨਾਲ ਜੁੜ ਸਕੀਏ। ਝੂਠ ਦੇ ਹਥਿਆਰਾਂ ਨਾਲ ਅਸੀਂ ਕੇਵਲ ਆਪਣੀ ਹਉਮੈ ਹੀ ਵਧਾਉਂਦੇ ਹਾਂ। **(ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥ ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥੩॥)**

ਸਲੋਕਾਂ ਰਾਹੀਂ ਜੋ ਕੁੱਝ ਸਾਨੂੰ ਸਮਝਾਉਣ ਦਾ ਮਕਸਦ ਹੁੰਦਾ ਹੈ ਉਹ ਪਉੜੀ ਰਾਹੀਂ ਸਪੱਸ਼ਟ ਕੀਤਾ ਹੁੰਦਾ ਹੈ। ਆਓ ਹੁਣ ਪਉੜੀ ਨੂੰ ਵਿਚਾਰੀਏ ਤੇ ਸੱਚ ਦਾ ਸਾਡੇ ਜੀਵਨ ਵਿੱਚ ਮਕਸਦ ਕੀ ਹੈ ਇਸ ਨੂੰ ਸਮਝੀਏ ਤੇ ਝੂਠੇ ਦਿਖਾਵਿਆਂ ਤੋਂ ਬਚੀਏ।

ਪਉੜੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਕਿ ਕੇਵਲ ਸੱਚ ਨਾਲ ਚੱਲਣ ਦੁਆਰਾ ਹੀ ਹੁੰਦਾ ਹੈ। ਪਉੜੀ ਰਾਹੀਂ ਸਾਨੂੰ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਨੂੰ ਸੱਚ ਦੀ ਸਮਝ ਹੈ ਤੇ ਉਹ ਸੱਚ ਤੇ ਹੀ ਚੱਲਦਾ ਹੈ ਤੇ ਸਾਨੂੰ ਸੱਚ ਤੇ ਚੱਲਣਾ ਸਮਝਾਇਆ ਹੈ।

24/2644

“ਸੋ ਸਤਸੰਗਤਿ ਸਬਦਿ ਮਿਲੈ ਜੋ ਗੁਰਮੁਖਿ ਚਲੈ॥

ਸਚੁ ਧਿਆਇਨਿ ਸੇ ਸਚੇ ਜਿਨ ਹਰਿ ਖਰਚੁ ਧਨੁ ਪਲੈ॥”

ਸਭ ਤੋਂ ਪਹਿਲਾ ਤਾਂ ਇਸ ਗੱਲ ਨੂੰ ਸਮਝੋ ਕਿ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਿਸ ਰੂਪ ਵਿੱਚ ਹੁੰਦਾ ਹੈ। “ਸਤਸੰਗਤਿ” ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਸਤਸੰਗਤਿ ਉਸ “ਸਚੁ” ਰੂਪ ਪ੍ਰਮਾਤਮਾ ਦੇ ਨਾਲ ਸੰਗਤਿ ਹੈ ਜੋ ਮਨ ਦੇ ਵਿੱਚ ਹੀ ਹੁੰਦੀ ਹੈ। ਇਹ ਸੰਗਤਿ ਸ਼ਬਦ ਦੁਆਰਾ ਹੁੰਦੀ ਹੈ। ਆਪਣੇ ਸ਼ਬਦ ਦੁਆਰਾ ਪ੍ਰਮਾਤਮਾ ਸੱਚ ਦੀ ਸੋਝੀ ਹੀ ਪਾਉਂਦਾ ਹੈ ਭਾਵ ਪੂਰਨ ਸੱਚ ਦੀ ਸੋਝੀ ਹੀ ਪਾਉਂਦਾ ਹੈ ਤੇ ਉਸ ਅਵੱਸਥਾ ਤੋਂ ਬਾਅਦ ਹੀ ਮਨੁੱਖ ਹਰ ਵੇਲੇ ਸੱਚ ਨੂੰ ਧਿਆਉਂਦਾ ਹੈ ਭਾਵ ਹਰ ਵੇਲੇ ਉਸ ਦੇ ਅੰਦਰ ਸੱਚ ਵੱਸਿਆ ਰਹਿੰਦਾ ਹੈ, ਗੁਰੂ ਦੀ ਸੱਚੀ ਮਤਿ ਵੱਸੀ ਰਹਿੰਦੀ ਹੈ। ਇਸ ਸੱਚ ਦੀ ਪ੍ਰਾਪਤੀ ਕਰਨ ਲਈ, ਸਤਸੰਗਤਿ ਦੀ ਪ੍ਰਾਪਤੀ ਕਰਨ ਲਈ ਸਾਨੂੰ ਗੁਰਮਤਿ ਤੇ ਚੱਲਣ ਲਈ ਸਮਝਾਇਆ ਹੈ। ਇਹ ਪ੍ਰਾਪਤੀ ਉਹੀ ਕਰਦਾ ਹੈ ਜੋ ਗੁਰਮਤਿ ਅਨੁਸਾਰ ਚੱਲਦਾ ਹੈ। **(ਸੋ ਸਤਸੰਗਤਿ ਸਬਦਿ ਮਿਲੈ ਜੋ ਗੁਰਮੁਖਿ ਚਲੈ॥)** ਜਿਸ ਨੂੰ ਪ੍ਰਮਾਤਮਾ ਸੱਚਾ ਬਣਾਉਂਦਾ ਹੈ ਉਹ ਆਪਣੇ ਮੇਲ ਦੁਆਰਾ ਹੀ ਬਣਾਉਂਦਾ ਹੈ ਪਰ ਉਸ ਲਈ ਸਾਡੇ ਲਈ ਉੱਦਮ ਇਹੀ ਹੈ ਕਿ ਅਸੀਂ ਪੂਰਨ ਸੱਚ ਦੀ ਪ੍ਰਾਪਤੀ ਕਰਨ ਲਈ ਗੁਰੂ ਦੇ ਸਮਝਾਏ ਹੋਏ ਪੂਰਨ ਸੱਚ ਦੇ ਨਾਲ ਜੁੜੀਏ ਭਾਵ ਗੁਰਮਤਿ ਦੇ ਨਾਲ ਜੁੜੀਏ ਜਿੱਥੇ ਪ੍ਰਮਾਤਮਾ ਦਾ ਆਪਣਾ ਹੀ ਸਮਝਾਇਆ ਹੋਇਆ ਪੂਰਨ ਸੱਚ ਹੈ। ਗੁਰਮਤਿ ਨਾਲ ਜੁੜੇ ਬਿਨ੍ਹਾਂ ਅਸੀਂ ਉਸ “ਸਚੁ” ਰੂਪ ਪ੍ਰਮਾਤਮਾ ਦੀ ਸੰਗਤਿ ਨਹੀਂ ਕਰ ਸਕਦੇ। ਜਿਸ ਨੂੰ ਪ੍ਰਮਾਤਮਾ ਸੱਚ ਦੀ ਸੋਝੀ ਬਖਸ਼ਦਾ ਹੈ ਇਹੀ ਸੱਚੇ ਧਨ ਦੀ ਪ੍ਰਾਪਤੀ ਹੈ, ਨਾਮ ਧਨ ਦੀ ਪ੍ਰਾਪਤੀ ਹੈ। ਜਿੰਨ੍ਹਾਂ ਨੂੰ ਇਸ ਧਨ ਦੀ ਪ੍ਰਾਪਤੀ ਹੁੰਦੀ ਹੈ ਉਹ ਫਿਰ ਆਪਣੇ ਜੀਵਨ ਵਿੱਚ ਇਸ ਧਨ ਨੂੰ ਹੀ ਖਰਚਦੇ ਹਨ ਭਾਵ ਸੱਚ ਅਨੁਸਾਰ ਹੀ ਵਿਚਰਦੇ ਹਨ, ਪੂਰਨ ਗੁਰਮਤਿ ਅਨੁਸਾਰ ਹੀ ਵਿਚਰਦੇ ਹਨ ਭਾਵ ਆਪਣੇ ਜੀਵਨ ਵਿੱਚ ਕੇਵਲ ਨਾਮ ਹੀ ਜਪਦੇ ਹਨ। ਜਿਸਦੇ ਅੰਦਰ ਪ੍ਰਮਾਤਮਾ ਸੱਚ ਦੀ ਸੋਝੀ ਪਾ ਦਿੰਦਾ ਹੈ ਉਸ ਦੇ ਮਨ ਦੇ ਵਿਚਾਰਾਂ ਨੂੰ ਸੱਚੇ ਵਿਚਾਰ ਬਣਾ ਦਿੰਦਾ ਹੈ, ਔਗੁਣ ਰਹਿਤ ਵਿਚਾਰ ਬਣਾ ਦਿੰਦਾ ਹੈ, ਨਾਮ ਜਪਣ ਵਾਲੇ ਵਿਚਾਰ ਬਣਾ ਦਿੰਦਾ ਹੈ। **(ਸਚੁ ਧਿਆਇਨਿ ਸੇ ਸਚੇ ਜਿਨ ਹਰਿ ਖਰਚੁ ਧਨੁ ਪਲੈ॥)**

ਜਿਸ ਨੂੰ ਪ੍ਰਮਾਤਮਾ ਇਹ ਆਪਣਾ ਸੱਚ ਦਾ ਧਨ ਦਿੰਦਾ ਹੇ ਉਹੀ ਉਸਦਾ ਭਗਤ ਬਣਦਾ ਹੈ। ਇਹ ਸੱਚ ਦਾ ਧਨ ਹੀ ਗੁਰਮਤਿ ਦਾ ਧਨ ਹੈ ਜਿਸ ਦੁਆਰਾ ਗੁਰਮਤਿ ਤੇ ਅਡੋਲ ਹੋ ਕੇ ਚੱਲਿਆ ਜਾ ਸਕਦਾ ਹੈ, ਸੱਚ ਤੇ ਅਡੋਲ ਹੋ ਕੇ ਚੱਲਿਆ ਜਾ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

24/2645

“ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ॥

ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ॥

ਆਪੇ ਮੇਲਿ ਮਿਲਾਇਦਾ ਆਪੇ ਦੇਇ ਵਡਿਆਈ॥੧੯॥"

ਹੁਣ ਧਿਆਨ ਨਾਲ ਸਮਝੋ ਕਿ ਉਸ ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ, ਉਸ ਦੇ ਗੁਣ ਗਾਉਣ ਵਾਲੇ ਕੌਣ ਹਨ। ਜੋ ਸੱਚ ਤੇ ਅਡੋਲ ਹੈ ਉਹੀ ਗੁਰਮਤਿ ਤੇ ਅਡੋਲ ਹੈ। ਜਦ ਤੱਕ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਨੂੰ ਨਾ ਹੀ ਗੁਰਮਤਿ ਦੀ ਸੋਝੀ ਪੈਂਦੀ ਹੈ ਤੇ ਨਾ ਹੀ ਗੁਰਮਤਿ ਤੇ ਅਡੋਲ ਹੋਇਆ ਜਾ ਸਕਦਾ ਹੈ। ਜਿਸ ਗੱਲ ਦੀ ਸਾਨੂੰ ਸਮਝ ਹੀ ਨਹੀਂ ਉਸ ਤੇ ਅਡੋਲ ਅਸੀਂ ਕਿਵੇਂ ਹੋ ਸਕਦੇ ਹਾਂ। ਜੋ ਸੱਚ ਨੂੰ ਧਿਆਉਣ ਵਾਲਾ ਹੈ ਭਾਵ ਜਿਸ ਨੂੰ ਸੱਚ ਦੀ ਸੋਝੀ ਹੈ ਉਸੇ ਨੂੰ ਗੁਰਮਤਿ ਦੀ ਸੋਝੀ ਹੈ। ਜਿੰਨ੍ਹਾਂ ਨੂੰ ਪਹਿਲਾਂ ਪ੍ਰਮਾਤਮਾ ਨੇ ਪੂਰਨ ਸੱਚ ਸਮਝਾਇਆ ਹੈ ਉਹਨਾਂ ਨੇ ਹੀ ਸਾਨੂੰ ਗੁਰਮਤਿ ਸਮਝਾਈ ਹੈ। ਪੂਰੀ ਗੁਰਬਾਣੀ ਦੇ ਵਿੱਚ ਸੱਚ ਹੈ, ਨਾਮ ਹੈ, ਗੁਰਮਤਿ ਹੈ ਤੇ ਜਿੰਨ੍ਹਾਂ ਨੂੰ ਇਸ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੂੰ ਹੀ ਭਗਤੀ ਸਮਝ ਆਈ ਹੈ ਜਿਸ ਦੁਆਰਾ ਉਹ ਗੁਰਮਤਿ ਤੇ ਅਡੋਲ ਹੋ ਕੇ ਚੱਲੇ ਹਨ। ਗੁਰਮਤਿ ਤੇ ਅਡੋਲ ਹੋ ਕੇ ਚੱਲਣਾ ਹੀ ਉਸ ਪ੍ਰਮਾਤਮਾ ਦੇ ਗੁਣ ਗਾਉਣੇ ਹਨ। **(ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ॥)**

ਗੁਰਮਤਿ ਦੀ ਸੋਝੀ, ਸੱਚ ਦੀ ਸੋਝੀ ਸਾਨੂੰ ਕਿਵੇਂ ਪੈਂਦੀ ਹੈ ਭਾਵ ਉਸ ਦੇ ਭਗਤਾਂ ਨੂੰ ਇਹ ਸੋਝੀ ਕਿਵੇਂ ਪਈ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ॥"

"ਰਤਨ" ਗੁਰੂ ਦਾ ਸ਼ਬਦ ਹੈ। ਸ਼ਬਦ ਦਾ ਵਿਚਾਰ ਹੀ ਗੁਰਮਤਿ ਹੈ ਜਿਸ ਵਿੱਚ ਪੂਰਨ ਸੱਚ ਹੈ। "ਰਤਨ" ਰੂਪ, ਸ਼ਬਦ ਰੂਪ ਪ੍ਰਮਾਤਮਾ ਆਪ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਸੱਚ ਸਮਝਾਉਂਦਾ ਹੈ ਉਸ ਨੂੰ ਆਪਣੀ ਸੱਚੀ ਵਿਚਾਰ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ ਦਿੱਤੀ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤੀ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਸੱਚੇ ਵਿਚਾਰ ਦਿੰਦਾ ਹੈ ਉਹੀ ਉਸਦੀਆਂ ਨਜ਼ਰਾਂ ਵਿੱਚ ਭਲਾ ਬਣਦਾ ਹੈ, ਚੰਗਾ ਬਣਦਾ ਹੈ। ਜਿਸ ਦੇ ਵਿਚਾਰ ਸੱਚੇ ਹਨ, ਗੁਰਮਤਿ ਵਾਲੇ ਹਨ ਉਹੀ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਭਲਾ ਹੈ ਜੋ ਕੇਵਲ ਸੱਚ ਤੇ ਹੀ ਚੱਲਦਾ ਹੈ, ਕੇਵਲ ਨਾਮ ਹੀ ਜਪਦਾ ਹੈ। **(ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ॥)**

ਪ੍ਰਮਾਤਮਾ ਜਿਸ ਨੂੰ ਆਪਣੀ ਵਡਿਆਈ ਬਖਸ਼ਦਾ ਹੈ, ਆਪਣੇ ਗੁਣ ਗਾਉਣੇ ਬਖਸ਼ਦਾ ਹੈ ਉਸ ਨੂੰ ਸੱਚ ਦੀ ਸੋਝੀ ਹੀ ਪਾਉਂਦਾ ਹੈ, ਮਨ ਦੇ ਵਿੱਚ ਆਪਣੇ ਮੇਲ ਦੁਆਰਾ ਹੀ ਪਾਉਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ ਜੋ ਕਿ ਉਹ ਆਪ ਹੀ ਕਰਦਾ ਹੈ। **(ਆਪੇ ਮੇਲਿ ਮਿਲਾਇਦਾ ਆਪੇ ਦੇਇ ਵਡਿਆਈ॥੧੯॥)**

24/2646

ਪ੍ਰਮਾਤਮਾ ਦੀ ਵਡਿਆਈ ਸੱਚ ਨੂੰ ਜਾਨਣ ਦੁਆਰਾ ਹੀ ਹੁੰਦੀ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਵਡਿਆਈ ਕੀਤੀ ਹੈ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਾਈ ਹੈ। ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਭੱਟ ਸਾਹਿਬਾਨ ਨੂੰ ਪਹਿਲਾਂ ਸੱਚ ਦੀ ਸੋਝੀ ਪਈ ਹੈ ਤੇ ਤਾਂ ਹੀ ਸਾਨੂੰ ਗੁਰਬਾਣੀ ਰਾਹੀਂ ਸੱਚ ਸਮਝਾਇਆ ਹੈ। ਸੱਚ ਦੀ ਸੋਝੀ ਉਸੇ ਨੂੰ ਹੀ ਹੈ ਜਿਸ ਨੂੰ ਇਸ ਗੱਲ ਦੀ ਸੋਝੀ ਹੈ ਕਿ "ਸਚੁ" ਰੂਪ ਪ੍ਰਮਾਤਮਾ ਆਪ ਹੈ। ਇਸ ਸੱਚ ਨੂੰ ਜਾਣੇ ਬਿਨ੍ਹਾਂ ਹਰ ਕੋਈ ਸੱਚ ਦੀ ਸੋਝੀ ਤੋਂ ਦੂਰ ਹੈ। ਜਦ ਤੱਕ ਸਾਨੂੰ ਆਪਣੇ ਅੰਦਰੋਂ ਸੱਚ ਨਜ਼ਰ ਨਹੀਂ ਆਉਂਦਾ ਤਦ ਤੱਕ ਸਾਨੂੰ ਇਸ ਸੰਸਾਰ ਦੇ ਪਸਾਰੇ ਵਿੱਚ ਸੱਚ ਨਜ਼ਰ ਨਹੀਂ ਆ ਸਕਦਾ ਕਿ ਇਸ ਪਸਾਰੇ ਦਾ ਸੱਚ ਕੀ ਹੈ। ਇਸ ਪਸਾਰੇ ਦਾ ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਦੀ ਸੋਝੀ ਤਾਂ ਹੀ ਪੈ ਸਕਦੀ ਹੈ ਜਦੋਂ ਅਸੀਂ ਉਸ ਸੱਚ ਦੇ ਮੂਲ ਨੂੰ ਜਾਣ ਲਈਏ ਕਿ ਸੱਚ ਕਿੱਥੋਂ ਉਪਜਦਾ ਹੈ ਭਾਵ ਸਾਡੇ ਅੰਦਰੋਂ ਸੱਚ ਕਿੱਥੋਂ ਉਪਜਦਾ ਹੈ। ਸੱਚ ਉਸਦੇ ਅੰਦਰ ਹੀ ਉਪਜਦਾ ਹੈ ਜਿੱਥੇ ਉਹ "ਸਚੁ" ਰੂਪ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਆਪਣਾ ਸੱਚ ਆਪ ਹੀ ਸਮਝਾਉਂਦਾ ਹੈ ਕਿ ਇਸ ਸੰਸਾਰ ਦਾ ਸੱਚ ਕੀ ਹੈ। ਪ੍ਰਮਾਤਮਾ ਦੀ ਭਗਤੀ ਸੱਚ ਤੇ ਚੱਲਣ ਦੁਆਰਾ ਹੀ ਹੁੰਦੀ ਹੈ ਤੇ ਆਪਣੀ ਸੱਚੀ ਭਗਤੀ ਦਾ ਤਰੀਕਾ ਉਹ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਸ ਪ੍ਰਮਾਤਮਾ ਦਾ ਭਗਤ ਬਣਨਾ ਕੀ ਹੈ, ਉਸ ਪ੍ਰਮਾਤਮਾ ਨੂੰ ਜਾਨਣ ਵਾਲਾ ਬਣਨਾ ਕੀ ਹੈ, ਸੱਚ ਵਾਲਾ ਬਣਨਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਸੱਚ ਨਾਲ ਜੁੜਨ ਦਾ ਉਪਰਾਲਾ ਕਰੀਏ, ਨਾਮ ਨਾਲ ਜੁੜਨ ਦਾ ਉਪਰਾਲਾ ਕਰੀਏ ਕਿਉਂਕਿ ਜੋ ਸੱਚ ਹੈ ਉਹੀ ਨਾਮ ਹੈ।

"ਜਾ ਕੈ ਮਨਿ ਗੁਰ ਕੀ ਪਰਤੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥
ਸਚੁ ਕਰਣੀ ਸਚੁ ਤਾ ਕੀ ਰਹਤ॥ ਸਚੁ ਹਿਰਦੈ ਸਤਿ ਮੁਖਿ ਕਹਤ॥
ਸਾਚੀ ਦ੍ਰਿਸਟਿ ਸਾਚਾ ਆਕਾਰੁ॥ ਸਚੁ ਵਰਤੈ ਸਾਚਾ ਪਾਸਾਰੁ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥"

(ਅੰਗ ੨੯੩)

ਸ਼ਬਦ ਦੀਆਂ ਆਖਰੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਧਿਆਨ

24/2647

ਨਾਲ ਸਮਝੋ ਕਿ ਸੱਚ ਵਿੱਚ ਸਮਾਉਣ ਵਾਲਾ ਕੌਣ ਹੈ ਭਾਵ ਸੱਚ ਨੂੰ ਜਾਨਣ ਵਾਲਾ ਕੌਣ ਹੈ। ਸੱਚ ਨੂੰ ਜਾਨਣ ਵਾਲੇ ਕੇਵਲ ਪ੍ਰਮਾਤਮਾ ਦੇ ਭਗਤ ਹਨ ਤੇ ਉਸਦਾ ਭਗਤ ਉਹੀ ਹੈ ਜੋ ਉਸ ਪ੍ਰਮਾਤਮਾ ਨੂੰ ਜਾਣਦਾ ਹੈ। ਪ੍ਰਮਾਤਮਾ "ਸਚੁ" ਰੂਪ ਹੈ ਜੋ ਕਿ ਸਾਡਾ ਦੇਖਣ ਵਾਲਾ ਰੂਪ ਨਹੀਂ ਹੈ, ਸਰਗੁਣ ਰੂਪ ਨਹੀਂ ਹੈ ਭਾਵ ਉਹ ਨਿਰਗੁਣ ਰੂਪ ਹੈ। ਪੂਰੀ ਗੁਰਬਾਣੀ ਵਿੱਚ ਸੱਚ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਦੇ ਵਿੱਚ ਵੱਸਿਆ ਹੋਇਆ ਹੈ। ਇਹ ਸੱਚ ਕੋਈ ਵੇਖਣ ਦੀ ਵਸਤੂ ਨਹੀਂ ਹੈ ਇਹ ਗੁਰਬਾਣੀ ਵਿੱਚੋਂ ਜਾਨਣ ਦੀ ਵਸਤੂ ਹੈ। ਅਸੀਂ ਗੁਰਬਾਣੀ ਦੇ ਵਿੱਚੋਂ ਸੱਚ ਨੂੰ ਗਿਆਨ ਰਾਹੀਂ ਹੀ ਜਾਣ ਸਕਦੇ ਹਾਂ। ਪੂਰੀ ਗੁਰਬਾਣੀ ਵਿੱਚ ਸੱਚ ਦਾ ਗਿਆਨ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜਿੱਥੇ ਬ੍ਰਹਮ ਗਿਆਨ ਹੈ ਉੱਥੇ ਪੂਰਨ ਸੱਚ ਹੈ। ਪ੍ਰਮਾਤਮਾ ਇਸ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ। ਪ੍ਰਮਾਤਮਾ ਇਸ ਸੱਚ ਦੀ ਸੋਝੀ ਦੇ ਅੰਦਰ ਹੈ ਭਾਵ ਪ੍ਰਮਾਤਮਾ ਸੱਚ ਦੀ ਸੋਝੀ ਦੇ ਮੂਲ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਸ੍ਰੋਤ ਦੇ ਰੂਪ ਵਿੱਚ ਹੈ। ਜਿੰਨ੍ਹਾਂ ਨੂੰ ਮਨ ਦੇ ਵਿੱਚੋਂ ਬ੍ਰਹਮ ਗਿਆਨ ਦੀ ਸੋਝੀ ਪਈ ਹੈ, ਜਿੰਨ੍ਹਾਂ ਦਾ ਮਨ ਦੇ ਵਿੱਚ ਉਸ ਬ੍ਰਹਮ ਗਿਆਨ ਦੇ ਸ੍ਰੋਤ ਨਾਲ ਮੇਲ ਹੋਇਆ ਹੈ ਭਾਵ ਉਸ ਬ੍ਰਹਮ ਗਿਆਨੀ ਦੇ ਨਾਲ ਮੇਲ ਹੋਇਆ ਹੈ ਉਹਨਾਂ ਨੂੰ ਹੀ ਸੱਚ ਦੀ ਸੋਝੀ ਪਈ ਹੈ ਤੇ ਸਮਝ ਆਈ ਹੈ ਕਿ ਸੱਚ ਕਿੱਥੋਂ ਆਉਂਦਾ ਹੈ, ਸੱਚ ਦਾ ਮੂਲ ਕੀ ਹੈ। ਸੱਚ ਦਾ ਮੂਲ ਉਹ ਆਪ ਬ੍ਰਹਮ ਗਿਆਨੀ ਹੈ, ਆਪ ਪ੍ਰਮਾਤਮਾ ਹੈ। ਬ੍ਰਹਮ ਗਿਆਨੀ ਦੀ ਸ਼ੋਭਾ ਨੂੰ, ਉਸ ਪ੍ਰਮਾਤਮਾ ਦੀ ਸ਼ੋਭਾ ਨੂੰ, ਉਸ ਸੱਚ ਦੇ ਮਾਲਕ ਦੀ ਸ਼ੋਭਾ ਨੂੰ ਉਹੀ ਬਿਆਨ ਕਰ ਸਕਦਾ ਹੈ, ਉਸਦੀ ਸ਼ੋਭਾ ਦੁਨੀਆਂ ਨੂੰ ਉਹੀ ਸੁਣਾ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਹੀ ਆਪਣਾ ਬ੍ਰਹਮ ਗਿਆਨ ਦੇ ਕੇ ਆਪਣੀ ਸ਼ੋਭਾ ਕਰਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਕੋਲੋਂ ਕਰਵਾਈ ਹੈ।

{ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥੮॥੮॥}

(ਅੰਗ ੨੭੪)

ਜਿਸ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਆਪ ਆਪਣਾ ਬ੍ਰਹਮ ਗਿਆਨ ਦੇ ਕੇ ਸੱਚ ਸਮਝਾਇਆ ਹੈ ਉਸਨੂੰ ਹੀ ਗੁਰਮਤਿ ਦੀ ਪ੍ਰਤੀਤ ਆਉਂਦੀ ਹੈ ਭਾਵ ਗੁਰਮਤਿ ਦੀ ਸੋਝੀ ਪੈਂਦੀ ਹੈ ਤੇ ਹਰ ਵੇਲੇ ਉਸ ਦੇ ਅੰਦਰ ਪ੍ਰਮਾਤਮਾ ਵੱਸਿਆ ਰਹਿੰਦਾ ਹੈ ਭਾਵ ਉਸ ਦੀ ਸੱਚੀ ਮਤਿ ਵੱਸੀ ਰਹਿੰਦੀ ਹੈ। ਉਹੀ ਉਸਦਾ ਭਗਤ ਬਣਦਾ ਹੈ ਜਿਸਨੂੰ ਪ੍ਰਮਾਤਮਾ ਆਪ ਹੀ ਉਸ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਭਗਤੀ ਸਮਝਾਉਂਦਾ ਹੈ। **(ਜਾ ਕੈ ਮਨਿ ਗੁਰ ਕੀ ਪਰਤੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥)**

ਸੱਚ ਦੀ ਸੋਝੀ ਕੇਵਲ ਪ੍ਰਮਾਤਮਾ ਦੇ ਭਗਤਾਂ ਨੂੰ ਹੀ ਪੈਂਦੀ ਹੈ ਭਾਵ ਉਹਨਾਂ ਨੂੰ ਹੀ ਪੈਂਦੀ ਹੈ ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ। ਸੋਝੀ ਤਾਂ ਉਹਨਾਂ ਨੂੰ

ਗੁਰਮਤਿ ਦੀ ਹੀ ਪੈਂਦੀ ਹੈ ਤੇ ਜੋ ਗੁਰਮਤਿ ਹੈ ਉਹੀ ਸੱਚ ਹੈ। ਗੁਰਮਤਿ ਦਾ ਮਕਸਦ, ਸੱਚ ਦਾ ਮਕਸਦ ਸਾਡੀ ਕਰਣੀ ਨੂੰ ਸੱਚੀ ਬਣਾਉਣ ਦਾ ਹੈ, ਸਾਡੀ ਰਹਿਤ ਸੱਚੀ ਸੁੱਚੀ ਬਣਾਉਣ ਦਾ ਹੀ ਹੈ। ਸਾਡੀ ਕਰਣੀ ਸੱਚੀ ਤਾਂ ਹੀ ਹੋ ਸਕਦੀ ਹੈ ਜਦੋਂ ਸਾਡੇ ਹਿਰਦੇ ਵਿੱਚ ਸੱਚ ਹੋਵੇ, ਸਾਡੇ ਅੰਦਰ ਸੱਚ ਦੀ ਸੋਝੀ ਹੋਵੇ। ਸੱਚ ਦੀ ਸੋਝੀ ਉੱਥੇ ਹੀ ਪੈਂਦੀ ਹੈ ਜਿਸ ਦੇ ਅੰਦਰ "ਸਚੁ" ਰੂਪ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਦੇ ਭਗਤਾਂ ਨੇ ਜੋ ਵੀ ਆਪਣੇ ਮੁੱਖੋਂ ਬੋਲਿਆ ਹੈ ਉਹ "ਸਤਿ" ਹੀ ਬੋਲਿਆ ਹੈ, ਸੱਚ ਹੀ ਬੋਲਿਆ ਹੈ ਕਿਉਂਕਿ ਉਹਨਾਂ ਦੇ ਅੰਦਰ ਸੱਚ ਦੀ ਸੋਝੀ ਹੈ। ਉਹਨਾਂ ਨੇ ਆਪ ਸੱਚੀ ਕਰਣੀ ਕੀਤੀ ਹੈ, ਸੱਚੀ ਰਹਿਤ ਰੱਖੀ ਹੈ ਤੇ ਉਹੀ ਕੁੱਝ ਕਰਨਾ ਸਿਖਾਇਆ ਹੈ। **(ਸਚੁ ਕਰਣੀ ਸਚੁ ਤਾ ਕੀ ਰਹਤ॥ ਸਚੁ ਹਿਰਦੈ ਸਤਿ ਮੁਖਿ ਕਹਤ॥)** ਉਹ ਆਪ ਨਾਮ ਤੇ ਚੱਲੇ ਹਨ ਤੇ ਸਾਨੂੰ ਨਾਮ ਤੇ ਚੱਲਣਾ ਸਿਖਾਇਆ ਹੈ।

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥}

(ਅੰਗ ੧੪੦)

ਆਪਣੇ ਮੁੱਖੋਂ ਸੱਚ ਬੋਲਣਾ ਹੀ ਆਪਣੇ ਮੁੱਖੋਂ ਨਾਮ ਉਚਾਰਨਾ ਹੈ ਤੇ ਸੱਚ ਅਸੀਂ ਤਾਂ ਹੀ ਬੋਲ ਸਕਦੇ ਹਾਂ ਜੇਕਰ ਸਾਡੇ ਅੰਦਰ ਸੱਚ ਹੈ। ਮੁੱਖੋਂ ਝੂਠ ਬੋਲਣ ਵਾਲਾ ਮਨੁੱਖ ਆਪਣੇ ਆਪ ਨੂੰ ਨਾਮ ਵਾਲਾ ਨਹੀਂ ਅਖਵਾ ਸਕਦਾ ਭਾਵੇਂ ਸਭ ਪਾਸੇ ਹੋ ਇਹੀ ਕੁੱਝ ਹੀ ਰਿਹਾ ਹੈ। ਇਹ ਕੇਵਲ ਸੱਚ ਦਾ, ਨਾਮ ਦਾ ਮਜ਼ਾਕ ਉਡਾਉਣ ਵਾਲੀ ਗੱਲ ਹੈ ਹੋਰ ਕੁੱਝ ਵੀ ਨਹੀਂ ਜਿਸ ਨੂੰ ਕਿ ਬਹੁਤ ਹੀ ਜਿਆਦਾ ਗਹਿਰਾਈ ਨਾਲ ਸਮਝਣ ਦੀ ਵਿਚਾਰਨ ਦੀ ਲੋੜ ਹੈ ਤੇ ਖਾਸ ਕਰਕੇ ਸਿੱਖ ਜਗਤ ਨੂੰ ਇਸ ਨੂੰ ਜਿਆਦਾ ਵਿਚਾਰਨ ਦੀ ਲੋੜ ਹੈ ਜੋ ਕਿ ਬਹੁਤ ਹੀ ਜਿਆਦਾ ਭਰਮ ਚੁੱਕੇ ਹਨ ਜੋ ਆਪਣੇ ਆਪ ਨੂੰ ਗੁਰਬਾਣੀ ਦੇ ਪੜ੍ਹਨ ਵਾਲੇ ਤੇ ਉਸ ਤੇ ਪਹਿਰਾ ਦੇਣ ਵਾਲੇ ਸਮਝਦੇ ਹਨ। ਗੁਰਮਤਿ ਦੇ ਪਹਿਰਾ ਦੇਣਾ ਗੁਰਬਾਣੀ ਤੇ ਪਹਿਰਾ ਦੇਣਾ ਹੈ। ਗੁਰਮਤਿ ਨੂੰ ਉੱਚਾ ਕਰਨਾ ਗੁਰਬਾਣੀ ਨੂੰ ਉੱਚਾ ਕਰਨਾ ਹੈ ਤੇ ਇਹੀ ਸੱਚ ਨੂੰ ਉੱਚਾ ਕਰਨਾ ਹੈ। ਗੁਰਮਤਿ ਤੋਂ ਉਲਟ ਚੱਲਣਾ ਝੂਠ ਨੂੰ ਉੱਚਾ ਕਰਨ ਵਾਲੀ ਗੱਲ ਹੈ, ਸੱਚ ਨੂੰ ਨਿੰਦਣ ਵਾਲੀ ਗੱਲ ਹੈ। ਸੱਚ ਦੀ ਨਿੰਦਾ ਗੁਰੂ ਦੀ ਨਿੰਦਾ ਹੈ। ਸੱਚ ਦੀ ਸੋਝੀ ਬਿਨ੍ਹਾਂ, ਗੁਰਮਤਿ ਦੀ ਸੋਝੀ ਬਿਨ੍ਹਾਂ ਅਸੀਂ ਗੁਰਮਤਿ ਨੂੰ ਉੱਚਾ ਨਹੀਂ ਕਰ ਸਕਦੇ। ਪੂਰਨ ਸੱਚ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਵੱਸਾ ਸਕਦਾ ਹੈ ਪਰ ਜੋ ਗੱਲ ਸਾਨੂੰ ਗੁਰਬਾਣੀ ਰਾਹੀਂ ਸਪੱਸ਼ਟ ਸਮਝ ਆ ਰਹੀ ਹੈ ਅਸੀਂ ਉਸ ਨੂੰ ਵੀ ਮੰਨਣ ਨੂੰ ਵੀ ਤਿਆਰ ਨਹੀਂ ਹੁੰਦੇ। ਇਸ ਦੀ ਵਜ੍ਹਾ ਕੀ ਹੈ ਇਸ ਦੀ ਚਰਚਾ ਅਸੀਂ ਪਿੱਛੇ ਵਾਰ-ਵਾਰ ਕਰਦੇ ਆਏ ਹਾਂ। ਇਸ ਦੀ ਵਜ੍ਹਾ ਸਾਡੇ ਉਹ ਸਿਰਮੌਰ ਹਨ ਜਿੰਨ੍ਹਾਂ ਨਾਲ ਅਸੀਂ ਇਤਨੀ ਜਿਆਦਾ ਪ੍ਰੀਤ ਜੋੜ ਚੁੱਕੇ ਹਾਂ ਜਿਸ ਨੂੰ ਛੱਡਣਾ ਸਾਡੇ ਲਈ ਬਹੁਤ ਔਖਾ ਬਣ ਚੁੱਕਾ ਹੈ। ਉਹਨਾਂ ਨਾਲ ਪ੍ਰੀਤ ਛੱਡੇ ਬਿਨ੍ਹਾਂ ਸਾਡੀ ਗੁਰਮਤਿ ਨਾਲ ਪ੍ਰੀਤ ਨਹੀਂ

ਜੁੜ ਸਕਦੀ। ਸੱਚ ਕੇਵਲ ਗੁਰਮਤਿ ਦੇ ਕੋਲ ਹੈ ਤੇ ਉਸ "ਸਚੁ" ਰੂਪ ਪ੍ਰਮਾਤਮਾ ਦੇ ਦਰਸ਼ਨ ਸਾਨੂੰ ਕੇਵਲ ਸੱਚ ਨਾਲ ਜੁੜ ਕੇ ਹੀ ਹੋ ਸਕਦੇ ਹਨ।

ਉਹ ਪ੍ਰਮਾਤਮਾ ਕੇਵਲ ਸੱਚੀ ਦ੍ਰਿਸ਼ਟੀ ਦੁਆਰਾ ਨਜ਼ਰ ਆਉਂਦਾ ਹੈ। ਸਾਡੀ ਸੱਚੀ ਦ੍ਰਿਸ਼ਟੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ। ਇਹ ਸਾਡੀ ਦਿਬਦ੍ਰਿਸ਼ਟੀ ਹੈ ਜੋ ਸਾਨੂੰ ਸੱਚ ਦੇ ਦਰਸ਼ਨ ਕਰਾਉਂਦੀ ਹੈ। ਸਾਡੀ ਸੱਚੀ ਦ੍ਰਿਸ਼ਟੀ ਉਦੋਂ ਹੀ ਬਣਦੀ ਹੈ ਜਦੋਂ ਸਾਡੇ ਅੰਦਰ ਸੱਚ ਵੱਸ ਜਾਂਦਾ ਹੈ। ਸੱਚੀ ਦ੍ਰਿਸ਼ਟੀ ਦੁਆਰਾ ਸਭ ਜਗ੍ਹਾ ਉਹ "ਸਚੁ" ਰੂਪ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ, ਆਪਣੇ ਨਿਰਗੁਣ ਰੂਪ ਵਿੱਚ ਨਜ਼ਰ ਆਉਂਦਾ ਹੈ। ਮਨ ਦੇ ਵਿੱਚ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ, ਸੱਚ ਦੀ ਸੋਝੀ ਦੁਆਰਾ ਸਭ ਜਗ੍ਹਾ ਸੱਚ ਹੀ ਨਜ਼ਰ ਆਉਂਦਾ ਹੈ, ਬ੍ਰਹਮ ਗਿਆਨ ਹੀ ਨਜ਼ਰ ਆਉਂਦਾ ਹੈ ਤੇ ਇਹੀ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਹਰ ਆਕਾਰ ਰੂਪ ਵਿੱਚ ਉਹ "ਸਚੁ" ਰੂਪ ਪ੍ਰਮਾਤਮਾ ਹੀ ਵਰਤ ਰਿਹਾ ਹੈ, ਆਪਣੇ "ਸਚੁ" ਰੂਪ ਦੁਆਰਾ, ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਵਿਚਰ ਰਿਹਾ ਹੈ। **(ਸਾਚੀ ਦ੍ਰਿਸਟਿ ਸਾਚਾ ਆਕਾਰੁ॥ ਸਚੁ ਵਰਤੈ ਸਾਚਾ ਪਾਸਾਰੁ॥ ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥)**

{ਜਾ ਕੈ ਅੰਤਰਿ ਬਸੈ ਹਰਿ ਨਾਮੁ॥
ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥
ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ॥੩॥}

(ਅੰਗ ੧੧੫੨)

{ਨਿਜ ਪਦ ਊਪਰਿ ਲਾਗੋ ਧਿਆਨੁ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥}

(ਅੰਗ ੪੫੬)

ਪ੍ਰਮਾਤਮਾ ਸਾਨੂੰ ਮਨ ਦੀਆਂ ਅੱਖਾਂ ਦੁਆਰਾ ਹੀ ਨਜ਼ਰ ਆਉਂਦਾ ਹੈ ਤੇ ਜਦ ਤੱਕ ਸਾਡੇ ਅੰਦਰ ਸੱਚ ਨਹੀਂ ਹੈ ਭਾਵ ਜਦ ਤੱਕ ਸਾਡੇ ਮਨ ਦੇ ਵਿੱਚ ਖੋਟ ਹੈ ਤਦ ਤੱਕ ਸਾਡੀ ਦ੍ਰਿਸ਼ਟੀ ਵਿੱਚ ਖੋਟ ਹੈ। ਪ੍ਰਮਾਤਮਾ ਸਾਨੂੰ ਸੱਚ ਰੂਪ ਅੱਖਾਂ ਦੁਆਰਾ ਹੀ ਨਜ਼ਰ ਆਉਂਦਾ ਹੈ। ਇਸ ਗੱਲ ਨੂੰ ਕੁੱਝ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਮਝਿਆਂ ਜਾ ਸਕਦਾ ਹੈ।

24/2650

{ਅਗਨਿ ਪਾਣੀ ਬੋਲੈ ਭੜਵਾਉ॥
ਜਿਹਵਾ ਇੰਦ੍ਰੀ ਏਕੁ ਸੁਆਉ॥
ਦਿਸਟਿ ਵਿਕਾਰੀ ਨਾਹੀ ਭਉ ਭਾਉ॥
ਆਪੁ ਮਾਰੇ ਤਾ ਪਾਏ ਨਾਉ॥੨॥}

(ਅੰਗ ੧੫੩)

ਉਪਰਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ ਕਿ ਸਾਡੀ ਵਿਕਾਰਾਂ ਵਾਲੀ ਦ੍ਰਿਸ਼ਟੀ ਕੀ ਹੈ। ਜੇਕਰ ਸਾਡਾ ਮਨ ਵਿਕਾਰੀ ਹੈ ਤਾਂ ਫਿਰ ਸਾਡੀ ਦ੍ਰਿਸ਼ਟ ਵਿਕਾਰੀ ਹੈ। ਜੋ ਮਨੁੱਖ ਵਿਕਾਰੀ ਹੈ ਨਾ ਹੀ ਉਸਦੇ ਅੰਦਰ ਗੁਰੂ ਦਾ, ਪ੍ਰਮਾਤਮਾ ਦਾ ਭਉ ਹੈ ਤੇ ਨਾ ਹੀ ਉਸ ਦੇ ਅੰਦਰ ਗੁਰੂ ਨਾਲ ਪਿਆਰ ਹੈ। ਜਿਸ ਨੂੰ ਗੁਰਮਤਿ ਨਾਲ ਪਿਆਰ ਹੈ, ਜਿਸ ਦੇ ਅੰਦਰ ਗੁਰਮਤਿ ਦਾ ਭਉ ਹੈ ਭਾਵ ਜੋ ਮਨੁੱਖ ਵਿਕਾਰਾਂ ਤੋਂ ਰਹਿਤ ਹੈ ਉਹੀ ਚੰਗੀ ਦ੍ਰਿਸ਼ਟੀ ਵਾਲਾ ਹੈ, ਸੱਚੀ ਦ੍ਰਿਸ਼ਟੀ ਵਾਲਾ ਹੈ। ਸਾਡੇ ਜੀਵਨ ਦਾ ਮਨੋਰਥ ਨਾਮ ਦੀ ਪ੍ਰਾਪਤੀ ਕਰਨਾ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੀ ਹੈ ਤੇ ਨਾਮ ਦੀ ਪ੍ਰਾਪਤੀ ਆਪਣੇ ਅੰਦਰੋਂ ਵਿਕਾਰਾਂ ਨੂੰ ਮਾਰਨ ਦੁਆਰਾ ਹੀ ਹੁੰਦੀ ਹੈ। ਆਪਣੇ ਮਨ ਦੇ ਵਿਕਾਰਾਂ ਨੂੰ ਮਾਰਨ ਦੁਆਰਾ ਹੀ ਹੁੰਦੀ ਹੈ। ਆਪਣੇ ਮਨ ਦੇ ਵਿਕਾਰਾਂ ਨੂੰ ਮਾਰਨਾ ਹੀ ਆਪਣੇ ਆਪ ਨੂੰ ਮਾਰਨਾ ਹੈ ਭਾਵ ਆਪਣੀ ਮਨਮਤਿ ਨੂੰ ਮਾਰਨਾ ਹੈ। "ਮਨਮਤਿ" ਸਾਡੇ ਅੰਦਰ ਗੁਰਮਤਿ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਮਰਦੀ ਹੈ ਜਿਸ ਦੁਆਰਾ ਸਾਡੇ ਅੰਦਰੋਂ ਵਿਕਾਰ ਮਰਦੇ ਹਨ ਤੇ ਸਾਡਾ ਮਨ ਸੱਚਾ ਬਣਦਾ ਹੈ, ਸਾਡੀ ਦ੍ਰਿਸ਼ਟੀ ਸੱਚੀ ਬਣਦੀ ਹੈ ਜਿਸ ਦੁਆਰਾ ਅਸੀਂ ਨਾਮ ਦੀ ਪ੍ਰਾਪਤੀ ਕਰ ਸਕਦੇ ਹਾਂ, ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। **(ਦਿਸਟਿ ਵਿਕਾਰੀ ਨਾਹੀ ਭਉ ਭਾਉ॥ ਆਪੁ ਮਾਰੇ ਤਾ ਪਾਏ ਨਾਉ॥੨॥)**

ਜਦ ਤੱਕ ਸਾਡਾ ਮਨ ਮੈਲਾ ਹੈ ਤਦ ਤੱਕ ਸਾਡੀਆਂ ਅੱਖਾਂ ਮੈਲੀਆ ਹਨ, ਸਾਡਾ ਹਰ ਅੰਗ ਮੈਲਾ ਹੈ। ਪ੍ਰਮਾਤਮਾ ਮਨ ਦੀਆਂ ਅੱਖਾਂ ਨਾਲ ਹੀ ਨਜ਼ਰ ਆਉਂਦਾ ਹੈ। ਮਨ ਦੀਆਂ ਅੱਖਾਂ ਸਾਡੇ ਮਨ ਦੇ ਵਿਚਾਰ ਹਨ ਤੇ ਮਨ ਦੇ ਮੈਲੇ ਵਿਚਾਰਾਂ ਨਾਲ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ। ਜੋ ਕੁੱਝ ਅਸੀਂ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਉਸੇ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

"ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥
ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ॥
ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ॥
ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ॥੧॥"

(ਅੰਗ ੧੨੭੯)

24/2651

ਉੱਪਰ ਵਾਲੀਆਂ ਦੋ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। ਪਹਿਲੇ ਤਾਂ ਇਹ ਸਮਝੋ ਕਿ ਸਾਡੇ ਲਈ ਮਾੜਾ ਕੀ ਹੈ। ਸਾਡੇ ਲਈ ਸਾਡੇ ਵਿਕਾਰ ਹੀ ਮਾੜੇ ਹਨ। ਸਾਡੇ ਜੀਵਨ ਨੂੰ ਡਰ ਦੇ ਨਾਲ ਇਹ ਵਿਕਾਰ ਹੀ ਭਰਦੇ ਹਨ। ਇਸ ਡਰ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਸਾਡੇ ਅੰਦਰ ਵਿਕਾਰਾਂ ਨੂੰ ਨਾ ਛੱਡਣ ਦਾ ਡਰ ਹੈ, ਮਾਇਆ ਮੋਹ ਨੂੰ ਛੱਡਣ ਦਾ ਡਰ ਹੈ, ਮਨਮਤਿ ਨੂੰ ਨਾ ਛੱਡਣ ਦਾ ਡਰ ਹੈ ਤੇ ਇਹਨਾਂ ਨੂੰ ਛੱਡੇ ਬਿਨ੍ਹਾਂ ਅਸੀਂ ਗੁਰਮਤਿ ਨਾਲ ਨਹੀਂ ਜੁੜ ਸਕਦੇ। ਇਹ ਔਗੁਣ ਸਾਡੇ ਲਈ "ਵਿਕਰਾਲੁ" ਬਣੇ ਹੋਏ ਹਨ, ਮਨ ਦਾ ਵੱਡਾ ਡਰ ਬਣੇ ਹੋਏ ਹਨ। ਜਦ ਤੱਕ ਸਾਡੇ ਅੰਦਰ ਇਹ ਡਰ ਬਣਿਆ ਹੋਇਆ ਹੈ ਭਾਵ ਇਹਨਾਂ ਨੂੰ ਛੱਡਣ ਦਾ ਡਰ ਬਣਿਆ ਹੋਇਆ ਹੈ ਤਦ ਤੱਕ ਅਸੀਂ ਵਿਕਾਰਾਂ ਦੇ ਵਿੱਚੋਂ ਨਹੀਂ ਨਿਕਲ ਸਕਦੇ। ਜਦ ਤੱਕ ਸਾਡਾ ਮਨ ਵਿਕਾਰੀ ਹੈ ਤਦ ਤੱਕ ਸਾਡੀ ਦ੍ਰਿਸ਼ਟਿ ਵਿਕਾਰੀ ਹੈ, ਸਾਡੀਆਂ ਅੱਖਾਂ ਵਿਕਾਰੀ ਹਨ ਤੇ ਇਹੋ ਜਿਹੀਆਂ ਮਾੜੀਆਂ ਅੱਖਾਂ ਦੁਆਰਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਨਹੀਂ ਆ ਸਕਦਾ। ਇਸ ਵਿਕਾਰੀ ਮਨ ਨੂੰ, ਆਪਣੀਆਂ ਵਿਕਾਰੀ ਅੱਖਾਂ ਨੂੰ ਠੀਕ ਕਿਵੇਂ ਕੀਤਾ ਜਾ ਸਕਦਾ ਹੈ ਭਾਵ ਵਿਕਾਰ ਰਹਿਤ ਕਿਵੇਂ ਕੀਤਾ ਜਾ ਸਕਦਾ ਹੈ ਇਸ ਦਾ ਹੱਲ ਵੀ ਨਾਲ ਸਮਝਾਇਆ ਹੋਇਆ ਹੈ। ਹੱਲ ਸ਼ਬਦ ਦੀ ਵਿਚਾਰ ਹੈ ਭਾਵ ਗੁਰੂ ਦੀ ਦਿੱਤੀ ਹੋਈ ਵਿਚਾਰ ਹੈ, ਗੁਰੂ ਦੀ ਦਿੱਤੀ ਹੋਈ ਮਤਿ ਹੈ ਜੋ ਸਾਨੂੰ ਵਾਰ-ਵਾਰ ਵਿਕਾਰ ਤਿਆਗਣ ਲਈ ਸਮਝਾਉਂਦੀ ਹੈ। ਗੁਰਮਤਿ ਤੇ ਪੂਰਾ ਉਤਰਨਾ ਜਾਂ ਸ਼ਬਦ ਦਾ ਵਿਚਾਰੀ ਬਣਨਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਵਾਰ-ਵਾਰ ਸਮਝਦੇ ਆ ਰਹੇ ਹਾਂ। ਜੋ ਔਗੁਣਾਂ ਦਾ ਤਿਆਗੀ ਹੈ ਉਹੀ ਗੁਰਮਤਿ ਦੇ ਵਿਚਾਰ ਵਾਲਾ ਹੈ, ਸ਼ਬਦ ਦੀ ਵਿਚਾਰ ਵਾਲਾ ਹੈ। ਸਾਡੇ ਅੰਦਰ ਦਾ ਡਰ ਗੁਰਮਤਿ ਨੂੰ ਅਪਣਾਉਣ ਦਾ ਹੀ ਹੈ, ਸ਼ਬਦ ਦੀ ਵਿਚਾਰ

ਨੂੰ ਅਪਣਾਉਣ ਦਾ ਹੀ ਹੈ ਜੋ ਕਿ ਬਹੁਤ ਔਖਾ ਹੈ, ਆਪਣੀ ਤ੍ਰਿਸ਼ਨਾ ਨੂੰ ਤਿਆਗਣਾ ਬਹੁਤ ਔਖਾ ਹੈ, ਆਪਣੀਆਂ ਆਸ਼ਾਵਾਂ ਨੂੰ ਛੱਡਣਾ ਬਹੁਤ ਔਖਾ ਹੈ, ਮਾਇਆ ਮੋਹ ਨੂੰ ਛੱਡਣਾ ਬਹੁਤ ਔਖਾ ਹੈ, ਸ਼ਬਦ ਦੁਆਰਾ ਭਾਵ ਸ਼ਬਦ ਦੀ ਮਤਿ ਦੁਆਰਾ ਆਪਣੇ ਮਨ ਦੀ ਮਤਿ ਨੂੰ ਮਾਰਨਾ ਬਹੁਤ ਔਖਾ ਹੈ ਤੇ ਇਸੇ ਲਈ ਹਰ ਕੋਈ ਸ਼ਬਦ ਦਾ ਵਿਚਾਰੀ ਬਣਨ ਤੋਂ ਡਰਦਾ ਹੈ। ਸ਼ਬਦ ਦੇ ਵਿਚਾਰੀ ਬਣਨ ਤੋਂ ਬਿਨ੍ਹਾਂ ਅਸੀਂ ਵਿਕਾਰ ਰਹਿਤ ਨਹੀਂ ਹੋ ਸਕਦੇ ਤੇ ਮਨ ਦੀਆਂ ਮੈਲੀਆਂ ਅੱਖਾਂ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ, ਨਿਰਗੁਣ ਰੂਪ ਵਿੱਚ ਹੀ ਹੈ। ਨਿਰਗੁਣ ਰੂਪ ਨੂੰ ਕੇਵਲ ਮਨ ਦੀਆਂ ਅੱਖਾਂ ਦੁਆਰਾ ਹੀ ਦੇਖਿਆ

24/2652

ਜਾ ਸਕਦਾ ਹੈ। **(ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥ ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥)**

ਮਾਰੂ ਮਹਲਾ ੧॥

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ॥੧॥
ਬਾਬਾ ਮੈ ਕੁਚੀਲੁ ਕਾਚਉ ਮਤਿਹੀਨ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ॥੧॥ਰਹਾਉ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ॥੨॥}

(ਅੰਗ ੧੦੧੦)

ਉਪਰਲੇ ਸ਼ਬਦ ਰਾਹੀਂ ਸਾਨੂੰ ਸ਼ਬਦ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਸਾਡੇ ਜੀਵਨ ਦਾ ਮਕਸਦ ਅੰਮ੍ਰਿਤ ਨਾਮ ਦੀ ਪ੍ਰਾਪਤੀ ਕਰਨ ਦਾ ਹੈ ਜੋ ਕਿ ਸ਼ਬਦ ਦੁਆਰਾ ਹੀ ਪੂਰਾ ਹੋਣਾ ਹੈ, ਸ਼ਬਦ ਦੁਆਰਾ ਆਪਣੇ ਆਪ ਨੂੰ ਮਾਰਨ ਦੁਆਰਾ ਹੀ ਹੋਣਾ ਹੈ। ਸ਼ਬਦ ਦੇ ਵਿੱਚ ਤੇ ਸਾਡੇ ਵਿੱਚ ਭੇਦ ਕਿਸ ਗੱਲ ਦਾ ਹੈ ਬਸ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਅਸੀਂ ਮਤਿਹੀਨ ਹਾਂ ਭਾਵ ਕੱਚੀ ਮਤਿ ਵਾਲੇ ਹਾਂ ਤੇ ਗੁਰੂ ਪੂਰੀ ਮਤਿ ਵਾਲਾ ਹੈ, ਉੱਚੀ ਮਤਿ ਵਾਲਾ, ਸੱਚੀ ਮਤਿ ਵਾਲਾ ਹੈ। ਅਸੀਂ ਆਪਣੀ ਮਤਿ ਨੂੰ ਗੁਰੂ ਦੀ ਮਤਿ ਦੇ ਨਾਲ ਹੀ ਜੋੜਨਾ ਹੈ ਭਾਵ ਆਪਣੇ ਵਿਚਾਰਾਂ ਨੂੰ ਛੱਡ ਕੇ ਸ਼ਬਦ ਦੇ ਵਿਚਾਰਾਂ ਨੂੰ ਹੀ ਅਪਣਾਉਣਾ ਹੈ। ਅੰਮ੍ਰਿਤ ਨਾਮ ਦੀ ਪ੍ਰਾਪਤੀ ਸ਼ਬਦ ਦਾ ਵਿਚਾਰੀ ਬਣ ਕੇ ਹੋਣੀ ਹੈ ਤੇ ਉਸਦਾ ਵਿਚਾਰੀ ਬਣਨ ਦਾ ਡਰ ਸਾਡੇ ਸਭ ਦੇ ਅੰਦਰ ਹੈ। ਅਸੀਂ ਔਗੁਣਾਂ ਦੇ ਭਰੇ ਹੋਏ ਹਾਂ ਤੇ ਔਗੁਣ ਛੱਡੇ ਬਿਨ੍ਹਾਂ, ਗੁਣਾਂ ਨੂੰ ਅਪਣਾਏ ਬਿਨ੍ਹਾਂ ਅਸੀਂ ਉਸ ਅੰਮ੍ਰਿਤ ਦੇ ਘਰ ਵਿੱਚ ਨਹੀਂ ਪਹੁੰਚ ਸਕਦੇ, ਨਾਮ ਦੇ ਘਰ ਵਿੱਚ ਨਹੀਂ ਪਹੁੰਚ ਸਕਦੇ, ਪ੍ਰਮਾਤਮਾ ਦੇ ਘਰ ਵਿੱਚ ਨਹੀਂ ਪਹੁੰਚ ਸਕਦੇ ਭਾਵ ਔਗੁਣਾਂ ਦੇ ਰਹਿੰਦੇ, ਮਨਮਤਿ ਦੇ ਰਹਿੰਦੇ ਅਸੀਂ ਗੁਰਮਤਿ ਦੇ ਘਰ ਵਿੱਚ ਨਹੀਂ ਪਹੁੰਚ ਸਕਦੇ, ਸ਼ਬਦ ਦੇ ਘਰ ਵਿੱਚ ਨਹੀਂ ਪਹੁੰਚ ਸਕਦੇ। ਪ੍ਰਮਾਤਮਾ ਦਾ ਘਰ ਗੁਰਮਤਿ ਦਾ ਘਰ ਹੈ ਤੇ ਜਿੱਥੇ ਗੁਰਮਤਿ ਵੱਸ ਜਾਂਦੀ ਹੈ ਇਹੀ ਸਾਡੇ ਅੰਦਰ ਅੰਮ੍ਰਿਤ ਦਾ ਵੱਸਣਾ ਹੈ, ਨਾਮ ਦਾ ਵੱਸਣਾ ਹੈ, ਸ਼ਬਦ ਦਾ ਵੱਸਣਾ ਹੈ। ਪਰ ਆਪਣੇ ਅੰਦਰ ਇਸ ਘਰ ਨੂੰ ਵਸਾਉਣ ਲਈ, ਇਸ ਘਰ ਦੇ ਅੰਦਰ ਵੱਸਣ ਲਈ ਸਾਨੂੰ ਪਹਿਲੇ ਮਨਮਤਿ ਦਾ ਘਰ ਛੱਡਣਾ ਪਵੇਗਾ, ਮਾਇਆ ਮੋਹ ਦਾ ਘਰ, ਤ੍ਰਿਸ਼ਨਾ ਦਾ ਘਰ ਛੱਡਣਾ ਪਵੇਗਾ ਭਾਵ ਆਪਣੇ ਇਸ ਘਰ ਨੂੰ ਛੱਡਣ ਦਾ ਡਰ ਬਹੁਤ ਵੱਡਾ ਹੈ, ਵਿਕਰਾਲੁ ਹੈ ਤੇ ਇਸ ਡਰ ਵਿੱਚੋਂ ਅਸੀਂ ਤਾਂ ਹੀ ਨਿਕਲ

24/2653

ਸਕਦੇ ਹਾਂ ਜੇਕਰ ਅਸੀਂ ਗੁਰਮਤਿ ਤੇ ਚੱਲਣ ਦੇ ਡਰ ਨੂੰ ਆਪਣੇ ਅੰਦਰ ਵਸਾ ਲੈਂਦੇ ਹਾਂ। ਗੁਰਮਤਿ ਨੂੰ ਆਪਣੇ ਅੰਦਰ ਵਸਾਉਣ ਦਾ ਡਰ ਹੀ ਸਾਡੇ ਕੋਲੋਂ, ਕਬੂਲ ਨਹੀਂ ਹੁੰਦਾ ਤੇ ਅਸੀਂ ਇਸ ਡਰ ਤੋਂ ਭੱਜਦੇ ਹਾਂ। ਇਸ ਡਰ ਤੋਂ ਭੱਜਣਾ ਹੀ ਅੰਮ੍ਰਿਤ ਦੀ ਪ੍ਰਾਪਤੀ

ਕਰਨ ਤੋਂ ਭੱਜਣਾ ਹੈ, ਨਾਮ ਦੀ ਪ੍ਰਾਪਤੀ ਕਰਨ ਤੋਂ ਭੱਜਣਾ ਹੈ, ਪ੍ਰਮਾਤਮਾ ਨੂੰ ਪਾਉਣ ਤੋਂ ਭੱਜਣਾ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਇਹੀ ਕੁੱਝ ਸਮਝਾਇਆ ਹੋਇਆ ਹੈ ਕਿ ਅਸੀਂ ਸ਼ਬਦ ਦੁਆਰਾ ਮਰਨ ਤੋਂ ਭੱਜਦੇ ਹਾਂ, ਗੁਰਮਤਿ ਨੂੰ ਅਪਣਾ ਕੇ ਮਨਮਤਿ ਛੱਡਣ ਤੋਂ ਭੱਜਦੇ ਹਾਂ, ਸ਼ਬਦ ਦਾ ਵਿਚਾਰੀ ਬਣਨ ਤੋਂ ਭੱਜਦੇ ਹਾਂ ਤੇ ਸ਼ਬਦ ਦਾ ਵਿਚਾਰੀ ਬਣੇ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ, ਉਸ ਦੇ ਨਿਰਗੁਣ ਰੂਪ ਦਰਸ਼ਨ ਕਦੇ ਨਹੀਂ ਕਰ ਸਕਦੇ ਕਿਉਂਕਿ ਇਸ ਤੋਂ ਬਿਨ੍ਹਾਂ ਪ੍ਰਮਾਤਮਾ ਨੂੰ ਪਾਉਣ ਦਾ ਹੋਰ ਕੋਈ ਤਰੀਕਾ ਨਹੀਂ ਹੈ ਭਾਵ ਗੁਰਮਤਿ ਨੂੰ ਅਪਣਾਉਣ ਤੋਂ ਬਿਨ੍ਹਾਂ ਹੋਰ ਕੋਈ ਤਰੀਕਾ ਨਹੀਂ ਹੈ ਭਾਵੇਂ ਅਸੀਂ ਜਿੱਥੇ ਮਰਜ਼ੀ ਭੱਜ ਲਈਏ, ਜਿਹੜਾ ਮਰਜ਼ੀ ਤਰੀਕਾ ਅਪਣਾ ਲਈਏ ਉਹ ਸਭ ਬੇਕਾਰ ਹੈ।

ਗੁਰਮਤਿ ਸਾਡੇ ਮਨ ਨੂੰ ਸੱਚਾ ਬਣਾਉਂਦੀ ਹੈ, ਸਾਡੇ ਮਨ ਦੇ ਵਿਚਾਰਾਂ ਨੂੰ ਸੱਚਾ ਬਣਾਉਂਦੀ ਹੈ, ਮਨ ਦੀਆਂ ਅੱਖਾਂ ਨੂੰ ਸੱਚਾ ਬਣਾਉਂਦੀ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। **(ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥ ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥)**

ਸੱਚੀਆਂ ਅੱਖਾਂ ਕਿਹੋ ਜਿਹੀਆਂ ਹੁੰਦੀਆਂ ਹਨ ਜਿੰਨ੍ਹਾਂ ਨਾਲ ਅਸੀਂ ਪ੍ਰਮਾਤਮਾ ਨੂੰ ਦੇਖ ਸਕਦੇ ਹਾਂ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ॥
ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ॥
ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ॥੧॥”

ਸਾਡੀਆਂ ਜਿਹੜੀਆਂ ਅੱਖਾਂ ਪ੍ਰਮਾਤਮਾ ਨੂੰ ਭਾਉਂਦੀਆਂ ਹੀ ਨਹੀਂ ਉਨ੍ਹਾਂ ਅੱਖਾਂ ਨਾਲ ਉਹ ਆਪਣੇ ਦਰਸ਼ਨ ਦੇ ਵੀ ਕਿਵੇਂ ਸਕਦਾ ਹੈ। ਸਾਡੀਆਂ ਵਿਕਾਰਾਂ ਵਾਲੀਆਂ ਅੱਖਾਂ ਉਸਨੂੰ ਨਹੀਂ ਭਾਉਂਦੀਆਂ। ਉਸਨੂੰ ਸਾਡੀਆਂ ਕਿਹੋ ਜਿਹੀਆਂ ਅੱਖਾਂ ਭਾਉਂਦੀਆਂ ਹਨ ਇਹ ਉੱਪਰ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **“ਤੁਧੁ ਭਾਵੈ ਸੰਤੋਖੀਆਂ”** ‘‘ਸੰਤੋਖੀਆਂ’’ ਤੋਂ ਭਾਵ ਹੈ ਸੰਤੋਖ ਵਾਲੀਆਂ ਅੱਖਾਂ ਭਾਵ ਸਾਡੇ ਮਨ ਦੇ ਸੰਤੋਖ ਵਾਲੇ ਵਿਚਾਰ। ਸੰਤੋਖ ਵਾਲੇ ਵਿਚਾਰ ਉਥੇ ਹੀ ਹੁੰਦੇ

ਹਨ ਜਿਸ ਮਨ ਦੇ ਵਿੱਚੋਂ ਤ੍ਰਿਸ਼ਨਾ ਨਿਕਲ ਜਾਂਦੀ ਹੈ, ਮਾਇਆ ਮੋਹ ਨਿਕਲ ਜਾਂਦਾ ਹੈ, ਮਾਇਆ ਮੋਹ ਦਾ ਜਾਲ, ਵਿਕਾਰਾਂ ਦਾ ਜਾਲ, ਭਰਮ ਮੋਹ ਦਾ ਜਾਲ ਨਿਕਲ ਜਾਂਦਾ ਹੈ। **(ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ॥)** ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਸਾਨੂੰ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦੇ ਹਨ ਭਾਵ ਉਸਦੇ ਦਰਸ਼ਨ ਕਰਨ ਦਾ ਤਰੀਕਾ ਸਾਡੇ ਲਈ ਇਹੋ ਹੀ ਹੈ ਤੇ ਜਿਸ ਮਨੁੱਖ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ, ਜਿਸਨੂੰ ਉਹ ਆਪਣੇ ਦਰਸ਼ਨ ਦੇਣੇ ਚਾਹੁੰਦਾ ਹੈ ਉਸਦੇ ਵਿਚਾਰਾਂ ਨੂੰ ਹੀ ਚੰਗੇ ਬਣਾਉਂਦਾ ਹੈ, ਉਸ ਮਨੁੱਖ ਨੂੰ ਉਹ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਹੀ ਕੱਢਦਾ ਹੈ ਜਿਸ ਦੁਆਰਾ ਮਨ ਵਿੱਚ ਸੰਤੋਖ ਆਉਂਦਾ ਹੈ। ਮਨ ਦੇ ਸੰਤੋਖ ਦੁਆਰਾ ਹੀ ਉਸ ਪ੍ਰਮਾਤਮਾ ਦੀ ਸੇਵਾ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ॥”

ਗੁਰੂ ਪ੍ਰਮਾਤਮਾ ਦੀ ਸੇਵਾ ਮਨ ਦੇ ਵਿਕਾਰਾਂ ਤੋਂ ਰਹਿਤ ਹੋ ਕੇ ਹੀ ਹੁੰਦੀ ਹੈ ਭਾਵ ਸਾਡੀ ਸੱਚੀ ਸੁੱਚੀ ਵਿਚਰਨ ਦੁਆਰਾ ਹੀ ਹੁੰਦੀ ਹੈ, ਸਾਡੀ ਸੁਕ੍ਰਿਤ ਕਰਨੀ ਦੁਆਰਾ ਹੀ ਹੁੰਦੀ ਹੈ। ਜਦ ਤੱਕ ਸਾਨੂੰ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਨਹੀਂ ਹੁੰਦੇ ਸਾਨੂੰ ਆਪਣੇ ਮੂਲ ਦੀ ਸੋਝੀ ਨਹੀਂ ਪੈਂਦੀ, ਸਾਨੂੰ ਆਪਣੇ ਅੰਦਰੋਂ ਮੂਲ ਦੀ ਪਹਿਚਾਣ ਨਹੀਂ ਹੁੰਦੀ ਕਿ ਸਾਡਾ ਮੂਲ ਕੀ ਹੈ। ਆਪਣੇ ਅੰਦਰੋਂ ਮੂਲ ਨੂੰ ਜਾਣੇ ਬਿਨ੍ਹਾਂ ਭਾਵ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ, ਇਸ ਮਨ ਨੂੰ ਜਾਣੇ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਹੀ ਸਮਝਦੇ ਹਾਂ, ਆਪਣੇ ਅੰਦਰੋਂ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੀ ਹੈ। ਮਾਇਆ ਮੋਹ ਦੀ ਅਵੱਸਥਾ ਵਿੱਚ ਰਹਿੰਦਿਆਂ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦਿਆਂ ਹਰ ਕੋਈ ਭਰਮ ਵਿੱਚ ਹੀ ਹੈ ਤੇ ਆਪਣੇ ਮੂਲ ਤੋਂ ਵਿਛੁੜਿਆ ਹੋਇਆ ਹੀ ਹੈ। ਆਪਣੇ ਅੰਦਰੋਂ ਉਸ ਮੂਲ ਨੂੰ ਪਹਿਚਾਨਣ ਦੁਆਰਾ ਸਾਡਾ ਭਰਮ ਵਾਲਾ ਰੂਪ ਮਿਟ ਜਾਂਦਾ ਹੈ, ਹਉਮੈ ਰੂਪ ਮਿਟ ਜਾਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਸਭ ਦੇ ਅੰਦਰ ਵਿਚਰ ਰਿਹਾ ਹੈ ਤੇ ਉਸ ਤੋਂ ਬਾਅਦ ਫਿਰ ਸਭ ਦੇ ਅੰਦਰ ਉਸ ਪ੍ਰਮਾਤਮਾ ਦੀ ਮੂਲ ਹੋਂਦ ਹੀ ਨਜ਼ਰ ਆਉਂਦੀ

ਹੈ ਤੇ ਮਨੁੱਖੀ ਹੋਂਦ ਵਾਲਾ ਭਰਮ ਮਿਟ ਜਾਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਸਾਨੂੰ ਆਪਣੀ ਸੇਵਾ ਵਿੱਚ ਲਗਾਉਂਦਾ ਹੈ, ਮਾਇਆ ਮੋਹ ਵਿੱਚੋਂ ਕੱਢ ਕੇ ਸੇਵਾ ਵਿੱਚ ਲਗਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਆਪ ਹੀ ਗੁਰਮਤਿ ਦੀ ਸੋਝੀ ਪਾਉਂਦਾ ਹੈ ਭਾਵ ਆਪ ਹੀ ਗੁਰੂ ਵਾਲੀ ਪਉੜੀ ਤੇ

24/2655

ਚੜ੍ਹਾਉਂਦਾ ਹੈ ਤੇ ਇਸ ਗੁਰਮਤਿ ਦੀ ਪਉੜੀ ਤੇ ਗੁਰੂ ਦੇ ਬੋਹਿਥ ਤੇ ਬੈਠਣਾ ਹੈ ਜੋ ਕਿ ਉਹ ਆਪ ਹੀ ਬਿਠਾਉਂਦਾ ਹੈ। **(ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ॥)**

ਗੁਰੂ ਦੇ ਬੋਹਿਥ ਤੇ ਬੈਠਣ ਵਾਲੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ॥੧॥”

ਮਨ ਦੇ ਵਿੱਚ ਆਪਣੇ ਮੂਲ ਨੂੰ ਪਹਿਚਾਨਣਾ ਸਾਡੇ ਲਈ ਤੱਤ ਦੀ ਪ੍ਰਾਪਤੀ ਹੈ ਜਿਸ ਤੱਤ ਦੀ ਪ੍ਰਾਪਤੀ ਲਈ ਅਸੀਂ ਸੰਸਾਰ ਵਿੱਚ ਆਏ ਹਾਂ। ਉਸ “ਤਤੁ” ਦੇ ਨਾਲ ਜੁੜ ਕੇ ਸਾਨੂੰ ਪ੍ਰਮਾਤਮਾ ਦੇ ਤੱਤ ਦੀ ਸੋਝੀ ਹੀ ਪੈਂਦੀ ਹੈ, ਉਸਦੇ ਸੱਚ ਦੀ ਸੋਝੀ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਜਿੱਥੇ ਸੱਚ ਹੈ ਉੱਥੇ ਹੀ ਤੱਤ ਹੈ। ਹਰ ਗੱਲ ਦਾ ਤੱਤ ਸਾਰ ਸੱਚ ਹੀ ਹੈ। ਪੂਰੀ ਗੁਰਬਾਣੀ ਸਾਨੂੰ ਪ੍ਰਮਾਤਮਾ ਦਾ ਸੱਚ ਹੀ ਸਮਝਾਉਂਦੀ ਹੈ, ਉਸਦਾ ਤੱਤ ਸਾਰ ਹੀ ਸਮਝਾ ਰਹੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਕੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਆਪਣਾ ਸੱਚ ਸਮਝਾਇਆ ਹੈ ਉਨ੍ਹਾਂ ਨੂੰ ਹੀ ਪੂਰਨ ਸੱਚ ਦੀ ਸੋਝੀ ਪਾਈ ਹੈ, ਤੱਤ ਦੀ ਸੋਝੀ ਪਈ ਹੈ। ਪ੍ਰਮਾਤਮਾ ਦਾ ਇਹ ਤੱਤ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਸੱਚ ਸਮਝ ਆਉਂਦਾ ਹੈ। ਜਦ ਤੱਕ ਉਹ ਸੱਚਾ ਕਿਸੇ ਦੇ ਮਨ ਵਿੱਚ ਨਹੀਂ ਵੱਸਦਾ ਤਦ ਤੱਕ ਉਸਨੂੰ ਪ੍ਰਮਾਤਮਾ ਦੇ ਸੱਚ ਦੀ ਸਮਝ ਨਹੀਂ ਪੈ ਸਕਦੀ, ਸੱਚੀ ਗੁਰਮਤਿ ਦੀ ਸਮਝ ਨਹੀਂ ਪੈ ਸਕਦੀ, ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਪੈ ਸਕਦੀ, ਉਸਦੀ ਸੇਵਾ ਦੀ ਸਮਝ ਨਹੀਂ ਪੈ ਸਕਦੀ। **(ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ॥ ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ॥੧॥)**

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥੫॥}

(ਅੰਗ ੪੪੧)

ਸਾਡਾ ਸਭ ਦਾ ਮੂਲ “ਸਚੁ” ਰੂਪ ਪ੍ਰਮਾਤਮਾ ਹੈ। ਆਪਣੇ ਮੂਲ ਤੋਂ ਵਿਛੁੜਨਾ ਜਾਂ ਸੱਚ ਤੋਂ ਵਿਛੁੜਨਾ ਇੱਕੋ ਹੀ ਗੱਲ ਹੈ। ਸਾਨੂੰ ਸਭ ਨੂੰ ਪ੍ਰਮਾਤਮਾ ਨੇ “ਸਚੁ” ਤੋਂ ਹੀ

24/2656

ਵਿਛੋੜਿਆ ਹੋਇਆ ਹੈ। ਸੱਚ ਨਾਲੋਂ ਸਾਡੇ ਅੰਦਰ ਵਿਛੋੜਾ ਪ੍ਰਮਾਤਮਾ ਨੇ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਦੁਆਰਾ ਪਾਇਆ ਹੋਇਆ ਹੈ, ਹਉਮੈ ਵਾਲੀ ਅਵੱਸਥਾ ਦੁਆਰਾ ਪਾਇਆ ਹੋਇਆ ਹੈ, ਮਾਇਆ ਮੋਹ ਦੀ ਜੁਗਤਿ ਦੁਆਰਾ ਪਾਇਆ ਹੋਇਆ ਹੈ। ਪ੍ਰਮਾਤਮਾ ਨੇ ਆਪਣੀ ਇਸ ਵਿਧੀ ਦੁਆਰਾ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਸੱਚ ਦੀ, ਤੱਤ ਦੀ, ਅਸਲੀਅਤ ਦੀ ਸੋਝੀ ਨਹੀਂ ਪੈਂਦੀ। ਸੱਚ ਦੀ ਸੋਝੀ ਕੇਵਲ ਚੌਥੇ ਪਦ ਵਿੱਚ ਪੈਂਦੀ ਹੈ। ਚੌਥੇ ਪਦ ਵਿੱਚ ਪੂਰਨ ਸੱਚ ਹੈ। ਇਹ ਪਦ ਬ੍ਰਹਮਗਿਆਨ ਦਾ ਪਦ ਹੈ, ਸਹਜ ਦਾ ਪਦ ਹੈ ਜੋ ਕਿ ਕੇਵਲ ਗੁਰੂ ਦੇ ਕੋਲ ਹੈ। ਸਾਡਾ ਸੱਚ ਦੇ ਨਾਲ ਮੇਲ, ਪ੍ਰਮਾਤਮਾ ਦੇ ਨਾਲ ਮੇਲ ਕੇਵਲ ਗੁਰੂ ਹੀ ਕਰਾ ਸਕਦਾ ਹੈ ਜਿਸ ਕੋਲ ਸੱਚ ਦੀ ਪੂਰਨ ਸੋਝੀ ਹੈ, ਜਿਸਨੂੰ ਆਪਣੇ ਮੂਲ ਦੀ ਸੋਝੀ ਹੈ। ਜਦ ਤੱਕ ਅਸੀਂ ਗੁਰਬਾਣੀ ਦੇ ਸੱਚ ਕੋਲੋਂ ਵਿਛੁੜੇ ਹੋਏ ਹਾਂ, ਗੁਰਮਤਿ

ਦੇ ਸੱਚ ਨਾਲੋਂ ਵਿਛੁੜੇ ਹੋਏ ਹਾਂ ਤਦ ਤੱਕ ਅਸੀਂ ਪ੍ਰਮਾਤਮਾ ਦੇ ਸੱਚ ਨਾਲੋਂ ਵਿਛੁੜੇ ਹੋਏ ਹਾਂ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ "ਸਚੁ" ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ, ਸੱਚ ਦੀ ਸੋਝੀ ਦੇ ਰੂਪ ਵਿੱਚ ਵਿਚਰ ਰਿਹਾ ਹੈ, ਨਾਮ ਦੀ ਸੋਝੀ, ਗੁਰਮਤਿ ਦੀ ਸੋਝੀ ਦੇ ਰੂਪ ਵਿੱਚ ਵਿਚਰ ਰਿਹਾ ਹੈ। ਜਦ ਤੱਕ ਅਸੀਂ ਗੁਰਮਤਿ ਦੀ ਸੋਝੀ ਤੋਂ ਦੂਰ ਹਾਂ ਅਸੀਂ ਨਾਮ ਤੋਂ ਦੂਰ ਹਾਂ, ਸੱਚ ਤੋਂ ਦੂਰ ਹਾਂ, ਗੁਰੂ ਤੋਂ ਦੂਰ ਹਾਂ, ਪ੍ਰਮਾਤਮਾ ਤੋਂ ਦੂਰ ਹਾਂ। ਗੁਰਮਤਿ ਦੁਆਰਾ ਸਮਝਾਏ ਹੋਏ ਸੱਚ ਤੇ ਚੱਲਣਾ ਗੁਰੂ ਦੀ ਪੂਜਾ ਹੈ, ਗੁਰੂ ਦੀ ਸੇਵਾ ਹੈ, ਗੁਰੂ ਦੀ ਭਗਤੀ ਹੈ। ਗੁਰੂ ਹੀ ਸੰਤ ਹੈ, ਸਾਧ ਹੈ, ਆਪ ਪ੍ਰਮਾਤਮਾ ਦਾ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਗੁਰਮਤਿ ਦੇ ਨਾਲ ਪਿਆਰ ਭਾਵ ਗੁਰਮਤਿ ਦੀ ਸੋਝੀ ਅਨੁਸਾਰ ਚੱਲਣਾ ਸਾਡਾ ਗੁਰਮਤਿ ਨਾਲ ਪਿਆਰ ਹੈ, ਸਾਡਾ ਸੰਤ ਦੇ ਨਾਲ ਪਿਆਰ ਹੈ ਤੇ ਗੁਰਮਤਿ ਤੋਂ ਉਲਟ ਚੱਲਣਾ ਸਾਡਾ ਗੁਰਮਤਿ ਦੇ ਨਾਲ ਵਿਰੋਧ ਹੈ, ਨਾਮ ਦੇ ਨਾਲ ਵਿਰੋਧ ਹੈ। ਜਿੱਥੇ ਗੁਰਮਤਿ ਨਹੀਂ ਉੱਥੇ ਮਨਮਤਿ ਹੈ, ਹਉਮੈ ਹੈ। ਜੇਕਰ ਅਸੀਂ ਆਪਣੀ ਹਉਮੈ ਨਾਲ ਪਿਆਰ ਦਿਖਾਉਂਦੇ ਹਾਂ ਭਾਵ ਜੇਕਰ ਅਸੀਂ ਮਨਮਤਿ ਅਨੁਸਾਰ ਵਿਚਰਦੇ ਹਾਂ ਤਾਂ ਫਿਰ ਅਸੀਂ ਨਾਮ ਦੇ ਨਾਲ ਵਿਰੋਧ ਕਰਦੇ ਹਾਂ, ਅਸੀਂ ਗੁਰਮਤਿ ਦੀ ਵਿਰੋਧਤਾ ਕਰਦੇ ਹਾਂ ਭਾਵ ਸਾਨੂੰ ਗੁਰਮਤਿ ਤੇ ਭਰੋਸਾ ਨਹੀਂ ਹੈ। ਮਨਮਤਿ ਤੇ ਭਰੋਸਾ, ਗੁਰਮਤਿ ਦਾ ਵਿਰੋਧ ਹੈ, ਗੁਰਮਤਿ ਦੀ ਨਿੰਦਾ ਹੈ। ਸਾਡਾ ਗੁਰੂ ਅਸਲ ਵਿੱਚ ਗੁਰਮਤਿ ਹੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਵਾਰ-ਵਾਰ ਜਾਣਿਆ ਹੈ। ਗੁਰਮਤਿ ਹੀ ਸਭ ਦਾ ਸੰਤ ਹੈ, ਸਾਧ ਹੈ, ਆਪ ਪ੍ਰਮਾਤਮਾ ਹੈ, ਸੱਚ ਹੈ ਜਿਸ ਰੂਪ ਵਿੱਚ ਉਹ ਗੁਰਬਾਣੀ ਦੇ ਵਿੱਚ ਸਮਾਇਆ ਹੋਇਆ ਹੈ। ਸੱਚ ਦੀ ਵਿਰੋਧਤਾ ਭਾਵ ਗੁਰਬਾਣੀ ਦੁਆਰਾ ਸਮਝਾਏ ਹੋਏ ਸੱਚ ਦੀ ਵਿਰੋਧਤਾ ਗੁਰਬਾਣੀ ਦੀ ਨਿੰਦਾ ਹੈ, ਗੁਰੂ ਦੀ ਨਿੰਦਾ ਹੈ, ਸਾਧ ਦੀ, ਸੰਤ ਦੀ, ਸੱਚ ਦੀ, ਪ੍ਰਮਾਤਮਾ ਦੀ ਨਿੰਦਾ ਹੈ ਜਿਸ ਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੀ,

24/2657

ਸੰਤ ਦੀ ਨਿੰਦਾ ਕਰਨ ਤੋਂ ਬਚ ਸਕੀਏ ਤੇ ਗੁਰਮਤਿ ਦੀ ਇੱਜ਼ਤ ਕਰਨਾ ਸਿੱਖੀਏ, ਨਾਮ ਦੀ ਇੱਜ਼ਤ ਕਰਨਾ ਸਮਝੀਏ, ਸੱਚ ਦੀ ਇੱਜ਼ਤ ਕਰਨਾ ਸਮਝੀਏ। ਹਉਮੈ ਦੀ ਇੱਜ਼ਤ ਕਰਕੇ, ਮਨਮਤਿ ਦੀ ਇੱਜ਼ਤ ਕਰਕੇ ਅਸੀਂ ਨਾਮ ਦੀ, ਗੁਰਮਤਿ ਦੀ ਇੱਜ਼ਤ ਨਹੀਂ ਕਰ ਸਕਦੇ, ਉਸ ਸੰਤ ਨਾਲ ਆਪਣੀ ਵਿਰੋਧਤਾ ਖ਼ਤਮ ਨਹੀਂ ਕਰ ਸਕਦੇ, ਸੱਚ ਨਾਲ ਆਪਣੀ ਵਿਰੋਧਤਾ ਖ਼ਤਮ ਨਹੀਂ ਕਰ ਸਕਦੇ ਤੇ ਕਦੇ ਵੀ ਉਸ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਨਹੀਂ ਹੋ ਸਕਦੇ ਤੇ ਉਸ ਦੀਆਂ ਸਜ਼ਾਵਾਂ ਤੋਂ ਨਹੀਂ ਬਚ ਸਕਦੇ। ਅਗਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਣਾ ਹੈ।

ਜਦ ਤੱਕ ਸਾਨੂੰ ਸੱਚ ਦੀ ਸਮਝ ਨਹੀਂ ਹੈ ਤਦ ਤੱਕ ਅਸੀਂ ਭਰਮ ਵਿੱਚ ਹਾਂ। ਭਰਮ ਵਿੱਚ ਰਹਿੰਦੇ ਹੋਏ ਅਸੀਂ ਝੂਠੀ ਗੱਲ ਨੂੰ ਸੱਚ ਸਮਝਦੇ ਹਾਂ ਪਰ ਅਸਲ ਵਿੱਚ ਝੂਠੀ ਬਿਰਤੀ ਦੁਆਰਾ ਵਿਚਰ ਕੇ ਅਸੀਂ ਸੱਚ ਦੀ ਨਿੰਦਾ ਕਰਦੇ ਹਾਂ। ਸੱਚ ਦੀ ਨਿੰਦਾ ਗੁਰੂ ਦੀ ਨਿੰਦਾ ਹੈ। ਅਸੀਂ ਇੱਕ ਅੱਖਰ ਦੇ ਜਪ ਨੂੰ ਨਾਮ ਜਪਣਾ ਸਮਝਦੇ ਹਾਂ ਤੇ ਇਸੇ ਗੱਲ ਨੂੰ ਹੀ ਸੱਚ ਸਮਝਦੇ ਹਾਂ ਪਰ ਅਸਲ ਵਿੱਚ ਸਾਨੂੰ ਸੱਚ ਦੀ ਸਮਝ ਨਹੀਂ ਹੈ ਤੇ ਆਪਣੇ ਝੂਠੇ ਸੱਚ ਦੁਆਰਾ ਅਸੀਂ ਅਸਲ ਸੱਚ ਦੀ ਨਿੰਦਾ ਕਰਦੇ ਹਾਂ। ਆਓ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲਾਂ ਦੁਆਰਾ ਸਮਝੀਏ ਕਿ ਨਾਮ ਜਪਣ ਦਾ ਸੱਚ ਕੀ ਹੈ ਤੇ ਅਸੀਂ ਕਿਸ ਗੱਲ ਨੂੰ ਸੱਚ ਸਮਝਿਆ ਹੋਇਆ ਹੈ। ਸੱਚ ਦੀ ਸੋਝੀ ਨਾ ਹੋਣ ਕਰਕੇ ਹੀ ਅਸੀਂ ਸੱਚ ਦੇ ਨਿੰਦਕ ਬਣਦੇ ਹਾਂ, ਗੁਰੂ ਦੇ, ਪ੍ਰਮਾਤਮਾ ਦੇ ਨਿੰਦਕ ਬਣਦੇ ਹਾਂ। ਅੱਖਰ ਦਾ ਜਪ ਨਾ ਕਰਨ ਵਾਲਿਆਂ ਦੀ ਅਸੀਂ ਨਿੰਦਾ ਕਰਦੇ ਹਾਂ ਭਾਵ ਉਨ੍ਹਾਂ ਨੂੰ ਮਾੜਾ ਸਮਝਦੇ ਹਾਂ ਪਰ ਅਸਲ ਵਿੱਚ ਅਸੀਂ ਆਪ ਨਿੰਦਕ ਹਾਂ। ਆਓ ਇਸ ਗੱਲ ਨੂੰ ਧਿਆਨ ਨਾਲ ਸਮਝੀਏ।

ਪ੍ਰਭਾਤੀ ਮਹਲਾ ੧॥

“ਮਸਟਿ ਕਰਉ ਮੂਰਖੁ ਜਗਿ ਕਹੀਆ॥ ਅਧਿਕ ਬਕਉ ਤੇਰੀ ਲਿਵ ਰਹੀਆ॥
ਭੂਲ ਚੂਕ ਤੇਰੈ ਦਰਬਾਰਿ॥ ਨਾਮ ਬਿਨਾ ਕੈਸੇ ਆਚਾਰ॥੧॥
ਐਸੇ ਝੂਠਿ ਮੁਠੇ ਸੰਸਾਰਾ॥ ਨਿੰਦਕੁ ਨਿੰਦੈ ਮੁਝੈ ਪਿਆਰਾ॥੧॥ਰਹਾਉ॥
ਜਿਸੁ ਨਿੰਦਹਿ ਸੋਈ ਬਿਧਿ ਜਾਣੈ॥ ਗੁਰ ਕੈ ਸਬਦੇ ਦਰਿ ਨੀਸਾਣੈ॥
ਕਾਰਣ ਨਾਮੁ ਅੰਤਰਗਤਿ ਜਾਣੈ॥ ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ॥੨॥
ਮੈ ਮੈਲੌ ਊਜਲੁ ਸਚੁ ਸੋਇ॥ ਊਤਮੁ ਆਖਿ ਨ ਊਚਾ ਹੋਇ॥
ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥ ਗੁਰਮੁਖਿ ਹੋਇ ਸੁ ਰਾਚੈ ਨਾਇ॥੩॥
ਅੰਧੌ ਬੋਲੌ ਮੁਗਧੁ ਗਵਾਰੁ॥ ਹੀਣੌ ਨੀਚੁ ਬੁਰੌ ਬੁਰਿਆਰੁ॥
ਨੀਧਨ ਕੌ ਧਨੁ ਨਾਮੁ ਪਿਆਰੁ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥
ਉਸਤਤਿ ਨਿੰਦਾ ਸਬਦੁ ਵੀਚਾਰੁ॥ ਜੋ ਦੇਵੈ ਤਿਸ ਕਉ ਜੈਕਾਰੁ॥
ਤੂ ਬਖਸਹਿ ਜਾਤਿ ਪਤਿ ਹੋਇ॥ ਨਾਨਕੁ ਕਹੈ ਕਹਾਵੈ ਸੋਇ॥੫॥੧੨॥”

(ਅੰਗ ੧੩੩੦)

ਉੱਪਰ ਸ਼ਬਦ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਆਪਣੇ ਆਪ ਦਾ ਪ੍ਰਮਾਣ ਦੇ ਕੇ ਨਾਮ ਬਾਰੇ ਸੱਚੀ ਸਿੱਖਿਆ ਸਮਝਾਈ ਹੋਈ ਹੈ ਕਿ ਨਾਮ ਦਾ ਮਕਸਦ ਕੀ ਹੈ। ਨਾਮ ਨੂੰ ਸਮਝਣ ਬਾਰੇ ਸਾਰਾ ਸੰਸਾਰ ਭਰਮ ਵਿੱਚ ਹੀ ਹੈ ਤੇ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ। ਅਸੀਂ ਨਾਮ ਜਪਣਾ ਕੀ ਸਮਝਦੇ ਹਾਂ ਇਹ ਗੱਲ ਸਾਨੂੰ ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਮਸਟਿ ਕਰਉ ਮੂਰਖੁ ਜਗਿ ਕਹੀਆ॥ ਅਧਿਕ ਬਕਉ ਤੇਰੀ ਲਿਵ ਰਹੀਆ॥”

24/2658

ਆਪਣੇ ਵੱਲੋਂ ਅਸੀਂ ਨਾਮ ਜਪਣ ਦੇ ਦੋ ਤਰੀਕੇ ਅਪਣਾਏ ਹੋਏ ਹਨ, ਸਮਝੇ ਹੋਏ ਹਨ। ਇੱਕ ਤਰੀਕਾ ਅਸੀਂ ਮੁੱਖੋਂ ਬੋਲ ਬੋਲ ਕੇ ਸਮਝਿਆ ਹੋਇਆ ਹੈ ਤੇ ਦੂਸਰਾ ਤਰੀਕਾ ਸਮਾਧੀ ਲਾ ਕੇ ਚੁੱਪ ਚਪੀਤੇ ਬੈਠ ਕੇ ਜਪਣ ਦਾ ਸਮਝਿਆ ਹੋਇਆ ਹੈ। ਸਾਡੇ ਇਹੀ ਦੋਨੋਂ ਤਰੀਕੇ ਉੱਪਰ ਸਮਝਾਏ ਹੋਏ ਹਨ। ਗੁਰੂ ਸਾਹਿਬ ਸਾਨੂੰ ਇਹ ਕਹਿ ਕੇ ਸਮਝਾ ਰਹੇ ਹਨ ਕਿ ਜਦੋਂ ਮੈਂ ਚੁੱਪ ਕਰਕੇ ਬੈਠਦਾ ਹਾਂ ਤੇ ਲੋਕੀ ਮੈਨੂੰ ਇਸ ਗੱਲੋਂ ਮੂਰਖ ਸਮਝਦੇ ਹਨ, ਮੂਰਖ ਕਹਿੰਦੇ ਹਨ ਕਿ ਇਹ ਚੁੱਪ ਬੈਠਾ ਰਹਿੰਦਾ ਹੈ ਤੇ ਮੁੱਖੋਂ ਨਾਮ ਨਹੀਂ ਜਪਦਾ। ਜੇਕਰ ਮੈਂ ਚੁੱਪ ਰਹਿਣ ਦੀ ਬਜਾਇ ਜਿਆਦਾ ਬੋਲੀ ਜਾਵਾਂ ਤੇ ਤਾਂ ਵੀ ਇਹ ਸਮਝਦੇ ਹਨ ਕਿ ਇਹ ਲਿਵ ਜੋੜ ਕੇ ਨਹੀਂ ਬੈਠਦਾ, ਸਮਾਧੀ ਲਗਾ ਕੇ ਭਾਵ ਇਸ ਤਰੀਕੇ ਨਾਲ ਨਾਮ ਨਹੀਂ ਜਪਦਾ। ਜੇਕਰ ਧਿਆਨ ਨਾਲ ਸਮਝੋਗੇ ਤੇ ਸਾਡੇ ਸਮਾਜ ਵਿੱਚ ਇਹੋ ਜਿਹੀ ਧਾਰਨਾ ਹੀ ਬਣੀ ਹੋਈ ਹੈ ਤੇ ਅਸੀਂ ਸਭ ਨੂੰ ਇਹੋ ਜਿਹਾ ਨਾਮ ਜਪਣਾ ਹੀ ਸਿਖਾਉਂਦੇ ਹਾਂ ਤੇ ਇਹੋ

ਜਿਹਾ ਨਾਮ ਨਾ ਜਪਣ ਵਾਲਿਆਂ ਨੂੰ ਮੂਰਖ ਕਹਿੰਦੇ ਹਾਂ, ਸਮਝਦੇ ਹਾਂ ਭਾਵ ਉਨ੍ਹਾਂ ਨੂੰ ਇਹੋ ਜਿਹਾ ਨਾਮ ਨਾ ਜਪਣ ਕਰਕੇ ਨਿੰਦਦੇ ਹਾਂ। **(ਮਸਟਿ ਕਰਉ ਮੂਰਖੁ ਜਗਿ ਕਹੀਆ॥ ਅਧਿਕ ਬਕਉ ਤੇਰੀ ਲਿਵ ਰਹੀਆ॥)**

ਗੁਰੂ ਸਾਹਿਬ ਨੂੰ ਤਾਂ ਨਾਮ ਜਪਣ ਦੀ ਸਮਝ ਹੈ ਤੇ ਇਹ ਵੀ ਸਮਝ ਹੈ ਕਿ ਇਹ ਕਿਸ ਤਰੀਕੇ ਭੁੱਲੇ ਹੋਏ ਹਨ। ਅਸਲ ਨਾਮ ਜਪਣਾ ਕੀ ਹੈ ਇਸ ਗੱਲ ਦੀ ਇਨ੍ਹਾਂ ਨੂੰ ਸਮਝ ਨਹੀਂ ਹੈ ਤੇ ਸਾਡਾ ਇਹੀ ਭੁਲੇਖਾ ਅਗਲੀਆਂ ਪੰਗਤੀਆਂ ਰਾਹੀਂ ਕੱਢਿਆ ਹੋਇਆ ਹੈ ਤੇ ਨਾਮ ਦਾ ਅਸਲ ਮਕਸਦ ਸਮਝਾਇਆ ਹੋਇਆ ਹੈ।

“ਭੂਲ ਚੂਕ ਤੇਰੈ ਦਰਬਾਰਿ॥ ਨਾਮ ਬਿਨਾ ਕੈਸੇ ਆਚਾਰ॥੧॥”

ਗੁਰੂ ਸਾਹਿਬ ਜਾਣਦੇ ਹਨ ਕਿ ਜਿਸ ਗੱਲ ਲਈ ਇਹ ਮੈਨੂੰ ਮੂਰਖ ਸਮਝਦੇ ਹਨ ਉਹ ਅਸਲ ਵਿੱਚ ਇਨ੍ਹਾਂ ਦੀ ਭੁੱਲ ਹੈ ਤੇ ਸਭ ਨੂੰ ਭੁਲਾਉਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਜਿਸਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਦੀ ਜੁਗਤਿ ਵਿੱਚ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ। ਸਾਡੇ ਮਨ ਦੇ ਵਿੱਚ ਜੋ ਭੁੱਲ ਵਾਲੇ ਵਿਚਾਰ ਹਨ ਭਾਵ ਜਿਸ ਕਰਕੇ ਅਸੀਂ ਭੁੱਲ ਵਿੱਚ ਰਹਿੰਦੇ ਹਾਂ ਉਹ ਪ੍ਰਮਾਤਮਾ ਦੇ ਦਰਬਾਰ ਵਿੱਚੋਂ ਹੀ ਆਉਂਦੇ ਹਨ। ਉਸਦਾ ਦਰਬਾਰ ਸਾਡੇ ਮਨ ਦੇ ਵਿੱਚ ਹੀ ਹੈ ਜੋ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਸਭ ਨੂੰ ਚਲਾ ਰਿਹਾ ਹੈ। ਜਿਸਨੂੰ ਉਹ ਸੱਚ ਦੀ ਸੋਝੀ ਪਾਉਂਦਾ ਹੈ ਉਹ ਵੀ ਆਪਣੇ ਦਰਬਾਰ ਵਿੱਚੋਂ ਪਾਉਂਦਾ ਹੈ। ਜਦ ਤੱਕ ਕੋਈ ਉਸਦੇ ਨਿਰਗੁਣ ਰੂਪ ਦਰਬਾਰ ਵਿੱਚ ਨਹੀਂ ਪਹੁੰਚਦਾ ਤਦ ਤੱਕ ਉਸਨੂੰ ਸੱਚ ਦੀ ਸੋਝੀ ਨਹੀਂ ਪੈਂਦੀ ਜੋ ਸੋਝੀ ਉਹ ਆਪ ਹੀ ਪਾਉਂਦਾ ਹੈ। ਗੁਰੂ ਸਾਹਿਬ ਉਸਦੇ ਦਰਬਾਰ ਦੇ ਵਿੱਚ ਹੀ ਬਿਰਾਜਮਾਨ ਹਨ ਤੇ ਇਸੇ ਲਈ ਉਨ੍ਹਾਂ ਨੂੰ ਸੱਚ ਦੀ ਸਮਝ ਹੈ, ਨਾਮ ਦੀ ਸਮਝ ਹੈ ਕਿ ਨਾਮ ਦਾ ਮਕਸਦ ਕੀ ਹੈ। ਨਾਮ ਦਾ ਮਕਸਦ ਇਹੀ ਹੈ ਕਿ ਸਾਡੇ ਆਚਾਰ ਚੰਗੇ ਬਣਨ ਭਾਵ ਅਸੀਂ ਚੰਗੇ ਤੇ ਸੁੱਚੇ ਕਰਮ ਕਰੀਏ ਤੇ ਮਾੜੇ

ਆਚਾਰ ਨਾ ਕਰੀਏ। ਨਾਮ ਗੁਰੂ ਦੀ ਮਤਿ ਹੈ ਜੋ ਸਾਨੂੰ ਚੰਗੇ ਆਚਾਰ ਕਰਨੇ ਹੀ ਸਿਖਾਉਂਦੀ ਹੈ, ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨਾ ਹੀ ਸਮਝਾਉਂਦੀ ਹੈ। ਜਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਨਹੀਂ ਹੈ ਤਦ ਤੱਕ ਸਾਡੇ ਆਚਾਰ ਚੰਗੇ ਨਹੀਂ ਹੋ ਸਕਦੇ ਭਾਵ ਨਾਮ ਦਾ ਮਕਸਦ ਸਾਡੇ ਆਚਾਰ ਦੇ ਨਾਲ ਹੈ, ਸਾਡੀ ਕਰਨੀ ਦੇ ਨਾਲ ਹੈ ਨਾ ਕਿ ਮੁੱਖ ਦੁਆਰਾ ਕਥਨੀ ਕਰਨ ਦੇ ਨਾਲ ਹੈ ਜਾਂ ਸਮਾਧੀ ਲਗਾ ਕੇ ਕਿਸੇ ਅੱਖਰ ਦਾ ਜਪ ਕਰਨ ਦੇ ਨਾਲ ਹੈ। **(ਭੂਲ ਚੂਕ ਤੇਰੈ ਦਰਬਾਰਿ॥ ਨਾਮ ਬਿਨਾ ਕੈਸੇ ਆਚਾਰ॥੧॥)**

ਜੋ ਕੁੱਝ ਅਸੀਂ ਨਾਮ ਨੂੰ ਸਮਝਿਆ ਹੋਇਆ ਹੈ ਉਹ ਝੂਠ ਹੀ ਹੈ ਭਾਵ ਉਸ ਵਿੱਚ ਸੱਚ ਨਹੀਂ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਐਸੇ ਝੂਠਿ ਮੁਠੇ ਸੰਸਾਰਾ॥ ਨਿੰਦਕੁ ਨਿੰਦੈ ਮੁਝੈ ਪਿਆਰਾ॥੧॥ਰਹਾਉ॥”

ਨਾਮ ਨੂੰ ਸਮਝਣ ਵਿੱਚ ਸੰਸਾਰ ਝੂਠ ਦੁਆਰਾ ਮੁੱਠਿਆ ਹੋਇਆ ਹੀ ਹੈ ਭਾਵ ਸਾਡੀ ਝੂਠੀ ਮਤਿ ਨੇ ਸਭ ਨੂੰ ਠੱਗਿਆ ਹੋਇਆ ਹੈ। ਮਾਇਆ ਮੋਹ ਦੀ ਜੁਗਤਿ ਪ੍ਰਮਾਤਮਾ ਨੇ ਸਭ ਵਿੱਚ ਪਾਈ ਹੋਈ ਹੈ ਜੋ ਸਾਨੂੰ ਭਰਮ ਵਿੱਚ ਰੱਖ ਕੇ ਠੱਗ ਰਹੀ ਹੈ। ਭਰਮ ਵਿੱਚ ਅਸੀਂ ਝੂਠੀ ਗੱਲ ਨੂੰ ਸੱਚ ਸਮਝਕੇ ਅਸਲ ਸੱਚ ਦੀ ਨਿੰਦਾ ਕਰਦੇ ਹਾਂ। ਜਿੰਨ੍ਹਾਂ ਨੇ ਗੁਰੂ ਸਾਹਿਬ ਨੂੰ ਅੱਖਰ ਦਾ ਜਪ ਨਾ ਕਰਨ ਕਰਕੇ ਮੂਰਖ ਸਮਝਿਆ ਹੈ ਉਨ੍ਹਾਂ ਨੇ ਅਸਲ ਵਿੱਚ ਉਨ੍ਹਾਂ ਦੀ ਝੂਠੀ ਨਿੰਦਿਆ ਕੀਤੀ ਹੈ, ਸੱਚ ਦੀ ਨਿੰਦਾ ਕੀਤੀ ਹੈ, ਗੁਰੂ ਦੀ ਨਿੰਦਾ ਸੰਤ ਦੀ ਨਿੰਦਾ ਕੀਤੀ ਹੈ। ਇਸੇ ਤਰ੍ਹਾਂ ਜਦੋਂ ਅਸੀਂ ਕਿਸੇ ਅੱਖਰ ਦਾ ਜਪ ਨਾ ਕਰਨ ਵਾਲੇ ਨੂੰ ਮਾੜਾ ਸਮਝਦੇ ਹਾਂ ਜਾਂ ਅੱਖਰ ਦਾ ਜਪ ਕਰਨ ਦਾ ਪ੍ਰਚਾਰ ਕਰਦੇ ਹਾਂ ਉਸ ਤਰ੍ਹਾਂ ਅਸੀਂ ਸੱਚ ਦੀ ਨਿੰਦਾ ਕਰਦੇ ਹਾਂ, ਗੁਰਮਤਿ ਦੀ ਨਿੰਦਾ ਕਰਦੇ ਹਾਂ, ਗੁਰੂ ਦੀ, ਸੰਤ ਦੀ ਨਿੰਦਾ ਕਰਦੇ ਹਾਂ। ਜੋ ਗੱਲ ਗੁਰਮਤਿ ਦੇ ਉਲਟ ਹੈ ਉਸ ਵਿੱਚ ਗੁਰਮਤਿ ਦੀ ਨਿੰਦਾ ਹੈ ਭਾਵ ਗੁਰੂ ਦੇ ਵਿਚਾਰਾਂ ਦੀ ਨਿੰਦਾ ਹੈ, ਸੱਚੇ ਵਿਚਾਰਾਂ ਦੀ ਨਿੰਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹ ਨਿੰਦਕ ਭਾਵੇਂ ਮੈਨੂੰ ਨਿੰਦਦੇ ਹਨ ਪਰ ਫਿਰ ਵੀ ਮੇਰੇ ਲਈ ਪਿਆਰੇ ਹਨ ਕਿਉਂਕਿ ਗੁਰੂ ਸਾਹਿਬ ਸਮਝਦੇ ਹਨ ਕਿ ਇਨ੍ਹਾਂ ਨੂੰ ਭਰਮ ਵਿੱਚ ਰੱਖਣ ਵਾਲਾ ਆਪ ਪ੍ਰਮਾਤਮਾ ਹੀ ਹੈ ਕਿਉਂਕਿ ਇਹ ਉਸਦੀ ਬਣਾਈ ਹੋਈ ਖੇਡ ਹੈ। ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਗੁਰੂ ਸਭ ਦੇ ਨਾਲ ਪਿਆਰ ਹੀ ਕਰਦਾ ਹੈ। ਗੁਰੂ ਸਾਹਿਬ ਨੇ ਸਾਡੇ ਲਈ ਮਾੜੇ ਬੋਲ ਵੀ ਵਰਤੇ ਹਨ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਬੁਰਾ ਭਲਾ ਵੀ ਕਿਹਾ ਹੈ ਪਰ ਉਹ ਵੀ ਸਾਡੇ ਵਜ੍ਹੋਂ ਪਿਆਰ ਲਈ ਹੀ ਕਿਹਾ ਹੈ, ਸਾਨੂੰ ਕੁੱਝ ਸਮਝਾਉਣ ਲਈ ਹੀ

ਕਿਹਾ ਹੈ ਤਾਂ ਕਿ ਅਸੀਂ ਮਾੜੇ ਕਰਮਾਂ ਤੋਂ ਬਚ ਸਕੀਏ, ਸੰਤ ਦੀ ਨਿੰਦਾ ਤੋਂ ਬਚ ਸਕੀਏ, ਸਜ਼ਾਵਾਂ ਤੋਂ ਬਚ ਸਕੀਏ, ਆਪਣੇ ਜੀਵਨ ਨੂੰ ਸੁਧਾਰ ਸਕੀਏ ਤਾਂ ਜੋ ਅਸੀਂ ਗੁਰੂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗੇ ਬਣ ਸਕੀਏ। **(ਐਸੇ ਝੂਠਿ ਮੁਠੇ ਸੰਸਾਰਾ॥ ਨਿੰਦਕੁ ਨਿੰਦੈ ਮੁਝੈ ਪਿਆਰਾ॥੧॥ਰਹਾਉ॥)**

24/2660

{ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥੨॥}

(ਅੰਗ ੬੨੪)

{ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥}

(ਅੰਗ ੩੦੨)

{ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ॥
ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ॥੨॥}

(ਅੰਗ ੯੫੦)

{ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥}

(ਅੰਗ ੭੯੪)

{ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥੩੩॥}

(ਅੰਗ ੭)

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਨਾਮ ਜਪਣ ਦੀ ਸੋਝੀ ਕਿਸ ਨੂੰ ਹੈ ਭਾਵ ਨਿੰਦਕ ਨੂੰ ਹੈ ਜਾਂ ਉਸ ਨੂੰ ਹੈ ਜਿਸ ਨੂੰ ਇਹ ਨਿੰਦਕ ਨਿੰਦਦੇ ਹਨ। ਨਿੰਦਕਾਂ ਨੇ ਗੁਰੂ ਸਾਹਿਬ ਨੂੰ ਮੁੱਖੋਂ ਨਾਮ ਨਾ ਜਪਣ ਲਈ ਨਿੰਦਿਆ ਹੈ ਜਾਂ ਸਮਾਧੀ ਲਗਾ ਕੇ ਨਾ ਜਪਣ ਲਈ ਨਿੰਦਿਆ ਹੈ ਪਰ ਸੱਚ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਿਸੁ ਨਿੰਦਹਿ ਸੋਈ ਬਿਧਿ ਜਾਣੈ॥ ਗੁਰ ਕੈ ਸਬਦੇ ਦਰਿ ਨੀਸਾਣੈ॥
ਕਾਰਣ ਨਾਮੁ ਅੰਤਰਗਤਿ ਜਾਣੈ॥ ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ॥੨॥”

ਜਿਸਨੂੰ ਨਿੰਦਕਾਂ ਨੇ ਮੂਰਖ ਸਮਝਿਆ ਹੈ ਭਾਵ ਕਿਸੇ ਅੱਖਰ ਦਾ ਜਪ ਨਾ ਕਰਨ ਲਈ ਮੂਰਖ ਸਮਝਿਆ ਹੈ, ਗੁਰੂ ਸਾਹਿਬ ਨੂੰ ਮੂਰਖ ਸਮਝਿਆ ਹੈ ਜਿਵੇਂ ਕਿ ਪਹਿਲੀਆਂ ਪੰਗਤੀਆਂ ਰਾਹੀਂ

24/2661

ਸਮਝਾਇਆ ਹੋਇਆ ਹੈ, ਨਾਮ ਦੀ ਬਿਧਿ ਨੂੰ ਉਹੀ ਜਾਣਦਾ ਹੈ, ਨਾਮ ਦੇ ਮਕਸਦ ਨੂੰ ਉਹੀ ਜਾਣਦਾ ਹੈ ਜਿਸਨੂੰ ਨਿੰਦਕਾਂ ਨੇ ਨਿੰਦਿਆ ਹੈ ਭਾਵ ਨਾਮ ਦੀ ਬਿਧਿ ਨੂੰ ਗੁਰੂ ਹੀ ਜਾਣਦਾ ਹੈ। ਗੁਰੂ ਸਾਹਿਬ ਨੇ ਆਪਣੇ ਆਪ ਦਾ ਪ੍ਰਮਾਣ ਦੇ ਕੇ ਇਹ ਗੱਲ ਸਮਝਾਈ ਹੈ ਕਿ ਇਹੋ ਜਿਹੀ ਨਿੰਦਾ ਕਰਨ ਵਾਲੇ ਸੱਚ ਨੂੰ ਨਹੀਂ ਸਮਝਦੇ। ਸੱਚ ਗੁਰੂ ਦੇ ਕੋਲ ਹੈ ਜਿਸਨੂੰ ਗੁਰਮਤਿ ਦੀ ਸੋਝੀ ਹੈ। **(ਜਿਸੁ ਨਿੰਦਹਿ ਸੋਈ ਬਿਧਿ ਜਾਣੈ॥)**

ਗੁਰੂ ਬਿਧਿ ਨੂੰ ਕਿਸ ਲਈ ਜਾਣਦਾ ਹੈ ਭਾਵ ਗੁਰੂ ਨੂੰ ਨਾਮ ਜਪਣ ਦੀ ਸੋਝੀ ਕਿਸ ਲਈ ਹੈ, ਗੁਰੂ ਦੀ ਸੋਝੀ ਕਿਸ ਲਈ ਉੱਚੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਗੁਰ ਕੈ ਸਬਦੇ ਦਰਿ ਨੀਸਾਣੈ॥"

ਗੁਰੂ ਦੇ ਉੱਪਰ ਪ੍ਰਮਾਤਮਾ ਦੇ ਦਰ ਦਾ ਨੀਸਾਣ ਹੈ ਭਾਵ ਗੁਰੂ ਪ੍ਰਮਾਤਮਾ ਦੇ ਦਰ ਤੇ ਪਹੁੰਚਿਆ ਹੋਇਆ ਹੈ ਜਿਸ ਦਰ ਤੋਂ ਗੁਰੂ ਨੂੰ ਸ਼ਬਦ ਦੀ ਸੋਝੀ ਪੈਂਦੀ ਹੈ, ਉਸ ਸ਼ਬਦ ਰੂਪ ਪ੍ਰਮਾਤਮਾ ਕੋਲੋਂ ਸੋਝੀ ਪੈਂਦੀ ਹੈ। ਮਨ ਦੀ ਇਸ ਸੋਝੀ ਦੁਆਰਾ ਹੀ ਉਹ ਆਪਣਾ ਗੁਰੂ ਰੂਪ ਪ੍ਰਗਟ ਕਰਦਾ ਹੈ। ਸਾਨੂੰ ਨਾਮ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣੇ ਦਰ ਤੇ ਪਾਉਂਦਾ ਹੈ ਜੋ ਦਰ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਰੂਪ ਵਿੱਚ ਹੀ ਹੈ। **(ਗੁਰ ਕੈ ਸਬਦੇ ਦਰਿ ਨੀਸਾਣੈ॥)**

ਨਾਮ ਦਾ ਸਾਡੇ ਜੀਵਨ ਵਿੱਚ ਕੀ ਮਕਸਦ ਹੈ ਇਸ ਨੂੰ ਉਨ੍ਹਾਂ ਨੇ ਹੀ ਜਾਣਿਆ ਹੈ ਜੋ ਪ੍ਰਮਾਤਮਾ ਦੇ ਦਰ ਤੇ ਪਹੁੰਚੇ ਹਨ। ਨਾਮ ਆਪਣੇ ਅੰਦਰੋਂ ਹੀ ਜਾਣਿਆ ਜਾ ਸਕਦਾ ਹੈ, ਪ੍ਰਮਾਤਮਾ ਦੇ ਕੋਲੋਂ ਹੀ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਦਾ ਨਾਮ ਕਿਸ ਵਜ੍ਹਾ ਲਈ ਹੈ, ਕਿਸ ਕਾਰਣ ਲਈ ਹੈ ਭਾਵ ਨਾਮ ਦਾ ਮਕਸਦ ਕੀ ਹੈ, ਨਾਮ ਜਪਣਾ ਕੀ ਹੈ ਇਸ ਦੀ ਸੋਝੀ ਪ੍ਰਮਾਤਮਾ ਦੇ ਦਰ ਤੋਂ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਕਾਰਣ ਨਾਮੁ ਅੰਤਰਗਤਿ ਜਾਣੈ॥)**

ਨਾਮ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ ਪਰ ਅਸਲ ਵਿੱਚ ਨਾਮ ਦਾ "ਕਾਰਣ" ਕੀ ਹੈ ਭਾਵ ਨਾਮ ਦਾ ਸਾਡੇ ਜੀਵਨ ਵਿੱਚ ਮਕਸਦ ਕੀ ਹੈ ਇਸ ਗੱਲ ਨੂੰ ਕੇਵਲ ਉਹੀ ਜਾਣਦੇ ਹਨ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਪਹਿਲੇ ਮੇਲ ਹੋਇਆ ਹੈ। ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਨਾਮ ਦੀ ਸਿੱਖਿਆ ਦਿੱਤੀ ਹੈ ਤੇ ਸਾਨੂੰ ਨਾਮ ਜਪਣ ਦਾ ਮਕਸਦ ਸਮਝਾਇਆ ਹੈ। ਪੂਰੀ ਗੁਰਬਾਣੀ ਸਾਨੂੰ ਨਾਮ ਸਮਝਾ ਰਹੀ ਹੈ, ਨਾਮ ਜਪਣਾ ਸਿਖਾ ਰਹੀ ਹੈ ਤੇ ਨਾਮ ਦੀ ਪ੍ਰਾਪਤੀ ਕੀ ਹੈ ਇਹ ਸਮਝਾ ਰਹੀ ਹੈ। ਨਾਮ ਦਾ ਸਾਡੇ ਜੀਵਨ ਵਿੱਚ ਮਕਸਦ ਨਾਮ ਦੀ ਸਿੱਖਿਆ ਤੇ ਚੱਲ ਕੇ ਨਾਮ ਦੀ ਪ੍ਰਾਪਤੀ ਕਰਨ ਦਾ ਹੈ ਭਾਵ ਪ੍ਰਮਾਤਮਾ ਦੀ ਦੱਸੀ ਹੋਈ ਸਿੱਖਿਆ ਤੇ ਚੱਲ ਕੇ ਉਸ ਦੇ ਨਾਲ ਮੇਲ ਕਰਨ ਦਾ ਹੈ।

24/2662

ਸਾਡਾ ਉੱਦਮ ਨਾਮ ਜਪਣ ਦਾ ਹੈ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਿੱਚ ਅਸੀਂ ਇਸ ਨੂੰ ਸਮਝਿਆ ਹੈ। **(ਨਾਮ ਬਿਨਾ ਕੈਸੇ ਆਚਾਰ॥੧॥)** ਨਾਮ ਦਾ ਪਹਿਲਾ ਮਕਸਦ ਇਹ ਹੈ ਕਿ ਅਸੀਂ ਨਾਮ ਨੂੰ ਪੜ੍ਹੀਏ ਤੇ ਦੂਸਰਾ ਨਾਮ ਨੂੰ ਸਮਝੀਏ। ਇਹ ਸਾਡੇ ਪਹਿਲੇ ਦੋ ਉੱਦਮ ਹਨ ਤੇ ਸਾਡਾ ਅਸਲ ਉੱਦਮ ਤੀਸਰਾ ਉੱਦਮ ਹੈ ਜੋ ਕਿ ਨਾਮ ਦੀ ਸਿੱਖਿਆ ਨੂੰ ਮੰਨਣ ਦਾ ਹੈ। ਗੁਰੂ ਦੀ ਸਿੱਖਿਆ ਦਾ ਮਕਸਦ ਸਾਨੂੰ ਚੰਗਾ ਆਚਾਰੀ ਬਣਾਉਣ ਦਾ ਹੈ, ਸੱਚਾ ਸੁੱਚਾ ਇਨਸਾਨ ਬਣਾਉਣ ਦਾ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਸੱਚੇ ਸੁੱਚੇ ਹੋ ਕੇ ਵਿਚਰੀਏ ਤੇ ਕੋਈ ਮਾੜਾ ਕਰਮ ਨਾ ਕਰੀਏ। ਜਦ ਤੱਕ ਅਸੀਂ ਗੁਰੂ ਦੀ ਸਿੱਖਿਆ ਨੂੰ ਅਪਣਾਉਂਦੇ ਨਹੀਂ ਤਦ ਤੱਕ ਸਾਡੇ ਆਚਾਰ ਚੰਗੇ ਨਹੀਂ ਹੋ ਸਕਦੇ ਤੇ ਚੰਗੇ ਆਚਾਰ ਕੀਤੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ। **(ਨਾਮ ਬਿਨਾ ਕੈਸੇ ਆਚਾਰ॥੧॥)** ਜਿਸਦੇ ਅੰਦਰ ਨਾਮ ਨਹੀਂ, ਗੁਰੂ ਦੀ ਸਿੱਖਿਆ ਨਹੀਂ ਉਸਦੇ ਆਚਾਰ ਚੰਗੇ ਨਹੀਂ ਹੋ ਸਕਦੇ ਤੇ ਨਾਮ ਦਾ ਮਕਸਦ ਪੂਰਾ ਨਹੀਂ ਹੋ ਸਕਦਾ। ਜੋ ਕੇਵਲ ਮੁੱਖੋਂ ਇੱਕ ਅੱਖਰ ਨੂੰ ਜਪੀ ਜਾਣ ਨੂੰ ਹੀ ਨਾਮ ਸਮਝਦੇ ਹਨ ਉਹ ਅਸਲ ਵਿੱਚ ਗੁਰੂ ਦੇ ਨਿੰਦਕ ਹਨ, ਗੁਰਮਤਿ ਦੇ ਨਿੰਦਕ ਹਨ ਜੋ ਗੁਰਮਤਿ ਨੂੰ ਨਿੰਦਦੇ ਹਨ ਤੇ ਆਪਣੀ ਮਤਿ ਨੂੰ ਉੱਚਾ ਕਰਦੇ ਹਨ। ਸੰਸਾਰ ਇਹੋ ਜਿਹੇ ਝੂਠ ਵਿੱਚ ਹੀ ਮੁੱਠਿਆ ਹੋਇਆ ਹੈ, ਨਾ ਸਮਝੀ ਦਾ ਮੁੱਠਿਆ ਹੋਇਆ ਹੈ, ਅਗਿਆਨਤਾ ਦਾ, ਹਉਮੈ ਦਾ, ਭਰਮ ਦਾ, ਮਨਮਤਿ ਦਾ ਮੁੱਠਿਆ ਹੋਇਆ ਹੈ ਤੇ ਝੂਠੀ ਗੱਲ ਨੂੰ ਹੀ ਨਾਮ ਜਪਣਾ ਸਮਝੀ ਬੈਠਾ ਹੈ। **(ਐਸੇ ਝੂਠਿ ਮੁਠੇ ਸੰਸਾਰਾ॥)**।

ਨਾਮ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ, ਨਾਮ ਦਾ ਕਾਰਨ ਕੇਵਲ ਗੁਰੂ ਹੀ ਜਾਣਦਾ ਹੈ, ਨਾਮ ਦੀ ਬਿਧਿ ਕੇਵਲ ਗੁਰੂ ਹੀ ਜਾਣਦਾ ਹੈ। ਉਸਦੀ ਬਿਧਿ ਨੂੰ, ਨਾਮ ਦੀ ਬਿਧਿ ਨੂੰ ਕੇਵਲ ਉਹੀ ਜਾਣ ਸਕਦਾ ਹੈ ਜਿਸ ਤੇ ਪਹਿਲੇ ਉਹ ਆਪਣੀ ਕ੍ਰਿਪਾ ਕਰਦਾ ਹੈ ਭਾਵ ਜਿਸਨੂੰ ਉਹ ਪਹਿਲੇ ਆਪਣੇ ਨਾਲ ਮਿਲਾਉਂਦਾ ਹੈ। **(ਕਾਰਣ ਨਾਮੁ ਅੰਤਰਗਤਿ ਜਾਣੈ॥ ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ॥੨॥)**

ਅਸੀਂ ਨਾਮ ਜਪਣਾ ਉਨ੍ਹਾਂ ਕੋਲੋਂ ਸਿੱਖਿਆ ਹੈ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ। ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਉਨ੍ਹਾਂ ਨੇ ਸਾਨੂੰ ਕਥਨੀ ਦੇ ਨਾਲ ਨਹੀਂ ਜੋੜਿਆ ਬਲਕਿ ਨਾਮ ਦੇ ਅਸਲ ਮਕਸਦ ਦੇ ਨਾਲ ਜੋੜਿਆ ਹੈ ਜੋ ਕਿ ਸਾਨੂੰ ਸੱਚੇ ਸੁੱਚੇ ਇਨਸਾਨ ਬਣਾਉਣ ਲਈ ਹੀ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਉਨ੍ਹਾਂ ਦੀ ਗੱਲ ਕੀਤੀ ਹੋਈ ਹੈ ਜਿੰਨ੍ਹਾਂ ਨੂੰ ਨਾਮ ਦੇ ਮਕਸਦ ਦੀ ਸਮਝ ਨਹੀਂ ਹੈ ਤੇ ਉਨ੍ਹਾਂ ਨੇ ਸਾਨੂੰ ਕਥਨੀ ਦੇ ਨਾਲ ਹੀ ਜੋੜਿਆ ਹੈ।

“ਮੈ ਮੈਲੌ ਊਜਲੁ ਸਚੁ ਸੋਇ॥ ਊਤਮੁ ਆਖਿ ਨ ਊਚਾ ਹੋਇ॥ ਊਤਮੁ ਆਖਿ ਨ ਊਚਾ ਹੋਇ॥
ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥ ਗੁਰਮੁਖਿ ਹੋਇ ਸੁ ਰਾਚੈ ਨਾਇ॥੨॥”

24/2663

ਉੱਪਰ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਇਸ ਗੱਲ ਨੂੰ ਸਮਝੋ ਕਿ ਅਸੀਂ ਮੈਲੇ ਕਿਸ ਲਈ ਹਾਂ ਤੇ ਸਾਡਾ ਉੱਜਲ ਬਣਨਾ ਕੀ ਹੈ। ਮੈਲੇ ਵੀ ਅਸੀਂ ਮਨ ਦੇ ਵਿੱਚ ਹੀ ਹਾਂ ਤੇ ਉੱਜਲ ਵੀ ਅਸੀਂ ਮਨ ਦੇ ਵਿੱਚ ਹੀ ਬਣਦੇ ਹਾਂ। ਭੇਦ ਹਉਮੈ ਤੇ ਨਾਮ ਦਾ ਹੀ ਹੈ, ਮਨਮਤਿ ਤੇ ਗੁਰਮਤਿ ਦਾ ਹੀ ਹੈ, ਅਗਿਆਨਤਾ ਤੇ ਗਿਆਨ ਦੀ ਸੱਚੀ ਸੋਝੀ ਦਾ ਹੀ ਹੈ। ਸਾਨੂੰ ਸਭ ਨੂੰ ਮੈਲਾ ਕਰਨ ਵਾਲੀ, ਸਾਡੇ ਮਨ ਦੇ ਵਿਚਾਰਾਂ ਨੂੰ ਮੈਲਾ ਕਰਨ ਵਾਲੀ ਸਾਡੀ “ਮੈਂ” ਹੈ। ਇਹ ਮੈਂ ਸਾਡੇ ਸਭ ਦੇ ਅੰਦਰ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਜੋ ਸਾਨੂੰ ਹਉਮੈ ਵਿੱਚ ਰੱਖਦੀ ਹੈ, ਅਗਿਆਨਤਾ ਵਿੱਚ ਰੱਖਦੀ ਹੈ ਤੇ “ਸਚੁ” ਨੂੰ ਸਮਝਣ ਤੋਂ ਦੂਰ ਰੱਖਦੀ ਹੈ। “ਸਚੁ” ਰੂਪ ਆਪ ਪ੍ਰਮਾਤਮਾ ਹੈ ਜੋ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਮਨੁੱਖ ਦਾ ਤੇ ਗੁਰੂ ਦਾ ਇਸੇ ਗੱਲ ਦਾ ਭੇਦ ਹੈ। ਅਸੀਂ ਮੈਲੇ ਹਾਂ ਗੁਰੂ ਉੱਜਲ ਹੈ। ਗੁਰੂ ਦੇ ਅੰਦਰ “ਸਚੁ” ਵੱਸਿਆ ਹੋਇਆ ਹੈ ਜਿਸ ਕਰਕੇ ਉਸ ਦੀ ਸੋਝੀ ਸੱਚੀ ਹੈ। ਗੁਰੂ ਦੇ ਅੰਦਰ ਮੈਂ ਨਹੀਂ ਹੈ, ਹਉਮੈ ਨਹੀਂ ਹੈ, ਅਗਿਆਨਤਾ ਨਹੀਂ ਹੈ। ਗੁਰੂ ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਬਾਹਰ ਹੈ। ਗੁਰੂ ਨੂੰ ਸੱਚ ਦੀ ਸਮਝ ਹੈ ਤੇ ਇਸੇ ਲਈ ਗੁਰੂ ਨੂੰ ਨਾਮ ਦੀ ਸਮਝ ਹੈ। ਜੋ “ਸਚੁ” ਹੈ ਉਹੀ “ਨਾਮ” ਹੈ। ਜਦ ਤੱਕ ਸਾਡੇ ਮਨ ਦੇ ਵਿੱਚ ਮੈਲ ਹੈ ਤਦ ਤੱਕ ਸਾਨੂੰ ਸੱਚ ਦੀ ਸੋਝੀ ਨਹੀਂ ਹੈ ਤੇ ਅਸੀਂ ਉਸ ਵਿੱਚ ਗੁਰਮਤਿ ਸਮਝਦੇ ਹਾਂ ਜਿਸ ਵਿੱਚ ਗੁਰਮਤਿ ਨਹੀਂ ਹੈ, ਉਸ ਗੱਲ ਨੂੰ ਸੱਚ ਸਮਝਦੇ ਹਾਂ ਜਿਸ ਵਿੱਚ ਸੱਚ ਨਹੀਂ ਹੈ, ਉਸ ਗੱਲ ਨੂੰ ਨਾਮ ਸਮਝਦੇ ਹਾ ਜੋ ਨਾਮ ਨਹੀਂ ਹੈ। ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਤੇ ਟਿਕਿਆ ਹੋਇਆ ਹੈ ਕਿ ਪ੍ਰਮਾਤਮਾ ਨੇ ਸਾਨੂੰ ਕਿਹੋ ਜਿਹੀ ਸੋਝੀ ਵਿੱਚ ਰੱਖਿਆ ਹੋਇਆ ਹੈ। **(ਮੈ ਮੈਲੌ ਊਜਲੁ ਸਚੁ ਸੋਇ॥)** ਮੈਂ ਵਿੱਚ ਰਹਿੰਦੇ ਹੋਏ, ਹਉਮੈ ਵਿੱਚ, ਅਗਿਆਨਤਾ ਵਿੱਚ, ਮਨਮਤਿ ਵਿੱਚ ਰਹਿੰਦੇ ਹੋਏ ਅਸੀਂ ਕਿਸ ਗੱਲ ਨੂੰ ਨਾਮ ਸਮਝਦੇ ਹਾਂ ਜਾਂ ਉਸਦੀ ਭਗਤੀ ਸਮਝਦੇ ਹਾਂ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਊਤਮੁ ਆਖਿ ਨ ਊਚਾ ਹੋਇ॥ ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥ ਗੁਰਮੁਖਿ ਹੋਇ ਸੁ ਰਾਚੈ ਨਾਇ॥੨॥”

ਹੁਣ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ ਕਿ ਇੱਕ ਅੱਖਰ ਦਾ ਜਪ ਕਰਨ ਵਾਲਿਆਂ ਨੂੰ, ਇੱਕ ਅੱਖਰ ਦੇ ਜਪ ਨੂੰ ਨਾਮ ਦਾ ਜਪ ਸਮਝਣ ਵਾਲਿਆਂ ਨੂੰ ਕਿਤਨਾ ਮਾੜਾ ਕਿਹਾ ਹੋਇਆ ਹੈ, ਉਨ੍ਹਾਂ ਦੀ ਕਿਤਨੀ ਨਿਖੇਧੀ ਕੀਤੀ ਹੋਈ ਹੈ।

24/2664

ਅਸੀਂ ਪ੍ਰਮਾਤਮਾ ਨੂੰ ਆਖ ਆਖ ਕੇ ਭਾਵ ਬੋਲ ਬੋਲ ਕੇ ਉਸਨੂੰ ਉੱਚਾ ਕਰਨਾ ਸਮਝਦੇ ਹਾਂ। ਅਸੀਂ ਇੱਕ ਅੱਖਰ ਦੇ ਜਪ ਨੂੰ ਬਹੁਤ “ਉਤਮੁ” ਸਮਝਦੇ ਹਾਂ ਤੇ “ਉਤਮੁ” ਅਖਰ ਵਰਤ ਕੇ, ਚੰਗਾ ਅੱਖਰ ਵਰਤ ਕੇ, ਉਸ ਅੱਖਰ ਨੂੰ ਬੋਲ ਬੋਲ ਕੇ, ਆਖ ਆਖ ਕੇ ਪ੍ਰਮਾਤਮਾ ਨੂੰ ਉੱਚਾ ਕਰਨਾ ਸਮਝਦੇ ਹਾਂ ਭਾਵ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ ਪਰ ਸਾਡਾ ਇਹ ਭੁਲੇਖਾ ਕੱਢਿਆ ਹੋਇਆ ਹੈ ਕਿ ਸਾਡੇ ਇਸ ਤਰੀਕੇ ਨਾਲ ਪ੍ਰਮਾਤਮਾ ਕੋਈ ਉੱਚਾ ਨਹੀਂ ਹੋ ਜਾਂਦਾ ਭਾਵ ਇਹ ਉਸਦੀ ਵਡਿਆਈ ਕਰਨ ਦਾ ਤਰੀਕਾ ਨਹੀਂ ਹੈ। ਅਸੀਂ ਪ੍ਰਮਾਤਮਾ ਨੂੰ ਉੱਚਾ ਆਖਣ ਲਈ, ਉੱਚਾ ਕਰਨ ਲਈ “ਉਤਮੁ” ਅੱਖਰ ਹੀ ਵਰਤਦੇ ਹਾਂ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਸੰਬੋਧਨ ਕਰਦੇ ਹਾਂ। ਅਸੀਂ ਪ੍ਰਮਾਤਮਾ ਨੂੰ ਰਾਮ ਰਾਮ ਕਹਿ ਕੇ ਉਸਦਾ ਨਾਮ ਜਪਣਾ ਸਮਝਦੇ ਹਾਂ ਜਾਂ ਹਰਿ ਹਰਿ ਕਹਿ ਕੇ, ਅੱਲ੍ਹਾ ਅੱਲ੍ਹਾ ਕਹਿ ਕੇ, ਵਾਹਿਗੁਰੂ ਵਾਹਿਗੁਰੂ ਬੋਲ ਕੇ ਉਸਦਾ ਨਾਮ ਜਪਣਾ ਸਮਝਦੇ ਹਾਂ। ਇਹ ਸਾਰੇ ਅੱਖਰ “ਉਤਮੁ” ਅੱਖਰ ਹਨ ਜੋ ਅਸੀਂ ਉਸ ਪ੍ਰਮਾਤਮਾ ਦੇ ਲਈ ਵਰਤਦੇ ਹਾਂ। ਇਸੇ ਤਰ੍ਹਾਂ ਅਸੀਂ ਹੋਰ ਵੀ ਕਈ ਅੱਖਰਾਂ ਦੀ ਵਰਤੋਂ ਕਰਦੇ ਹਾਂ ਜੋ ਕਿ “ਉਤਮੁ” ਅੱਖਰ ਹਨ ਭਾਵ ਚੰਗੇ ਅੱਖਰ ਹਨ। ਅਸੀਂ ਅੱਖਰ ਜਿਹੜਾ ਮਰਜ਼ੀ ਵਰਤ ਲਈਏ, ਜਿਤਨਾ ਮਰਜ਼ੀ ਉਤਮ ਵਰਤ ਲਈਏ ਪਰ ਇਹ ਪ੍ਰਮਾਤਮਾ ਦੇ ਨਾਮ ਨੂੰ ਜਪਣ ਦਾ ਤਰੀਕਾ ਹੀ ਨਹੀਂ ਹੈ ਕਿਉਂਕਿ ਇਸ ਵਿੱਚ

ਕੇਵਲ ਸਾਡੀ ਕਥਨੀ ਹੈ ਜੋ ਕਿ ਪ੍ਰਮਾਤਮਾ ਨੂੰ ਜਪਣ ਦਾ ਮਾਰਗ ਨਹੀਂ ਹੈ। ਨਾਮ ਜਪਣਾ ਸਾਡੀ ਕਰਨੀ ਦਾ ਮਾਰਗ ਹੈ, ਸਾਡੀ ਸੱਚੀ ਸੁੱਚੀ ਵਿਚਰਨ ਦਾ ਮਾਰਗ ਹੈ, ਚੰਗੇ ਆਚਾਰੀ ਬਣਨ ਦਾ ਮਾਰਗ ਹੈ। **(ਊਤਮੁ ਆਖਿ ਨ ਊਚਾ ਹੋਇ॥)**

ਜਿਹੜੇ ਆਖ ਆਖ ਕੇ ਹੀ, ਬੋਲ ਬੋਲ ਕੇ ਹੀ ਕਿਸੇ ਅੱਖਰ ਦੇ ਜਪ ਦੁਆਰਾ ਪ੍ਰਮਾਤਮਾ ਨੂੰ ਉੱਚਾ ਕਰਨਾ ਸਮਝਦੇ ਹਨ ਉਨ੍ਹਾਂ ਦੇ ਪੱਲੇ ਕੀ ਪੈਂਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥"

ਇਹੋ ਜਿਹਾ ਜਪ ਕਰਨ ਵਾਲੇ ਸਾਰੇ ਮਨਮੁਖਿ ਹੀ ਹਨ ਤੇ ਸਾਨੂੰ ਇਹੋ ਜਿਹੇ ਮਨਮੁਖਾਂ ਨੇ ਹੀ ਅੱਖਰ ਦੇ ਜਪ ਨਾਲ ਜੋੜਿਆ ਹੈ। ਬੋਲ ਬੋਲ ਕੇ ਜਪ ਕਰਨਾ ਕੇਵਲ "ਬਿਖੁ" ਖਾਣ ਵਾਲੀ ਗੱਲ ਹੈ, ਜ਼ਹਿਰ ਖਾਣ ਵਾਲੀ ਗੱਲ ਹੈ, "ਮਹਾ ਬਿਖੁ" ਭਾਵ ਵੱਡਾ ਜ਼ਹਿਰ ਖਾਣ ਵਾਲੀ ਗੱਲ ਹੈ ਜੋ ਜ਼ਹਿਰ ਹਰ ਕੋਈ ਖੁੱਲ੍ਹ ਕੇ ਖਾ ਰਿਹਾ ਹੈ ਭਾਵ ਹਰ ਕੋਈ ਵੱਧ ਤੋਂ ਵੱਧ ਤਰੀਕੇ ਨਾਲ ਅੱਖਰ ਦੇ ਜਪ ਵਿੱਚ ਲੱਗਾ ਹੋਇਆ ਹੈ ਤੇ ਇਸ ਦਾ ਪ੍ਰਚਾਰ ਵੀ ਖੁੱਲ੍ਹ ਕੇ ਕੀਤਾ ਜਾ

24/2665

ਰਿਹਾ ਹੈ। ਜਿੰਨ੍ਹਾਂ ਨੇ ਆਪ ਇਸ "ਬਿਖੁ" ਨੂੰ ਖਾਧਾ ਹੈ ਉਨ੍ਹਾਂ ਨੇ ਹੀ ਇਸ ਬਿਖੁ ਖਾਣ ਦਾ ਪ੍ਰਚਾਰ ਕੀਤਾ ਹੈ ਤੇ ਅੱਜ ਵੀ ਇਸ ਬਿਖੁ ਦਾ ਪ੍ਰਚਾਰ ਖੁੱਲ੍ਹ ਕੇ ਹੋ ਰਿਹਾ ਹੈ। ਇਹ ਬਿਖੁ ਸਾਡੀ ਹਉਮੈ ਹੈ, "ਮੈਂ" ਹੈ, ਮਨਮਤਿ ਹੈ। ਇਹ ਬਿਖੁ ਖਾਣ ਨਾਲ ਸਾਡੀ ਹਉਮੈ ਹੀ ਵੱਧਦੀ ਹੈ, ਸਾਡਾ ਝੂਠਾ ਮਾਣ ਹੀ ਵੱਧਦਾ ਹੈ। ਜੋ ਜਿਤਨੀ ਜਿਆਦਾ ਬਿਖੁ ਖਾਂਦਾ ਹੈ ਉਤਨਾ ਹੀ ਉਸਦਾ ਝੂਠਾ ਮਾਣ ਵੱਧਦਾ ਹੈ ਤੇ ਉਸਨੂੰ ਸਮਾਜ ਵਿੱਚ ਉੱਚਾ ਰੁਤਬਾ ਮਿਲਦਾ ਹੈ, ਜਿਆਦਾ ਧਰਮੀ ਹੋਣ ਦਾ ਰੁਤਬਾ ਮਿਲਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਤਨਾ ਕੋਈ ਜਿਆਦਾ ਇਸ ਬਿਖੁ ਨੂੰ ਖਾਂਦਾ ਹੈ ਉਤਨਾ ਹੀ ਉਹ ਅੰਮ੍ਰਿਤ ਤੋਂ ਦੂਰ ਹੁੰਦਾ ਹੈ ਭਾਵ ਗੁਰੂ ਪ੍ਰਮਾਤਮਾ ਤੋਂ ਦੂਰ ਹੁੰਦਾ ਹੈ, ਸੱਚ ਤੋਂ ਦੂਰ ਹੁੰਦਾ ਹੈ, ਨਾਮ ਤੋਂ ਦੂਰ ਹੁੰਦਾ ਹੈ, ਗੁਰੂ ਦੀ ਸੱਚੀ ਸਿੱਖਿਆ ਤੋਂ ਆਪਣੀ ਦੂਰੀ ਵਧਾਉਂਦਾ ਹੈ, ਅੰਮ੍ਰਿਤ ਨਾਮ ਤੋਂ ਆਪਣੀ ਦੂਰੀ ਵਧਾਉਂਦਾ ਹੈ। **(ਊਤਮੁ ਆਖਿ ਨ ਊਚਾ ਹੋਇ॥ ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥)**

ਇਹੋ ਜਿਹੇ ਮਨੁੱਖ ਨਾਮ ਵਿੱਚ ਰਚਣ ਵਾਲੇ ਨਹੀਂ ਹਨ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ। **(ਗੁਰਮੁਖਿ ਹੋਇ ਸੁ ਰਾਚੈ ਨਾਇ॥੩॥)** ਗੁਰਮੁਖਿ ਉਹੀ ਹੈ ਜਿਸਨੂੰ ਗੁਰਮਤਿ ਦੀ ਪੂਰਨ ਸੋਝੀ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ। ਗੁਰੂ ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਣਾ ਸਿਖਾਉਂਦਾ ਹੈ। ਗੁਰੂ ਦੇ ਅੰਦਰ ਸੱਚ ਵੱਸਿਆ ਹੋਇਆ ਹੈ ਤੇ ਇਸੇ ਲਈ ਉਸਨੂੰ ਨਾਮ ਦੀ ਸੋਝੀ ਹੈ। ਉਹ ਆਪ ਨਾਮ ਤੇ ਚੱਲਦਾ ਹੈ, ਆਪ ਆਪਣੀ ਸਿੱਖਿਆ ਤੇ ਚੱਲਦਾ ਹੈ, ਆਪ ਪ੍ਰਮਾਤਮਾ ਦੇ ਸਮਝਾਏ ਹੋਏ ਮਾਰਗ ਤੇ ਚੱਲਦਾ ਹੈ ਤੇ ਸਭ ਨੂੰ ਉਸਦੇ ਮਾਰਗ ਤੇ ਚੱਲਣਾ ਸਮਝਾਉਂਦਾ ਹੈ।

ਮਹਲਾ ੪॥

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥}

(ਅੰਗ ੧੪੦)

{ਦੂਜੈ ਭਾਇ ਨ ਸੇਵਿਆ ਜਾਇ॥ ਹਉਮੈ ਮਾਇਆ ਮਹਾ ਬਿਖੁ ਖਾਇ॥}

(ਅੰਗ ੧੬੧)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

24/2666

ਅਸੀਂ ਅੱਖਰ ਦੇ ਜਪ ਨੂੰ ਆਪਣਾ ਵੱਡਾ ਗੁਣ ਸਮਝਦੇ ਹਾਂ ਪਰ ਅਸਲ ਵਿੱਚ ਇਹ ਸਾਡਾ ਵੱਡਾ ਔਗੁਣ ਹੈ, "ਮਹਾ ਬਿਖੁ" ਹੈ ਜੋ ਸਾਨੂੰ ਗੁਰੂ ਦੇ ਗੁਣੀ ਬਣਨ ਤੋਂ ਦੂਰ ਕਰਦਾ ਹੈ, ਗੁਰਮਤਿ ਨਾਲੋਂ ਸਾਡੀ ਦੂਰੀ ਵਧਾਉਂਦਾ ਹੈ। ਜਿਸ ਗੱਲ ਨਾਲ ਸਾਡੀ ਹਉਮੈ ਵੱਧਦੀ ਹੈ, ਸਾਡਾ ਝੂਠਾ ਮਾਣ ਵੱਧਦਾ ਹੈ ਉਸਦੇ ਨਾਲ ਸਾਡੀ ਨਾਮ ਤੋਂ ਉਤਨੀ ਹੀ ਦੂਰੀ ਵੱਧਦੀ ਹੈ ਭਾਵ ਨਾਮ ਦੇ ਨਾਲ ਵਿਰੋਧਤਾ ਵੱਧਦੀ ਹੈ, ਗੁਰਮਤਿ ਦੇ ਨਾਲ, ਸੱਚ ਦੇ ਨਾਲ, ਗੁਰੂ ਦੇ ਨਾਲ ਵਿਰੋਧਤਾ ਵੱਧਦੀ ਹੈ। ਜੋ ਵੀ ਗੱਲ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਸ ਰਾਹੀਂ ਅਸੀਂ ਗੁਰਮਤਿ ਦੀ ਵਿਰੋਧਤਾ ਕਰਦੇ ਹਾਂ, ਗੁਰਮਤਿ ਦੀ, ਗੁਰੂ ਦੀ ਨਿੰਦਿਆ ਕਰਦੇ ਹਾਂ। ਅੱਖਰ ਦਾ ਜਪ ਕਰਨ ਵਾਲੇ ਆਪ ਗੁਰੂ ਨੂੰ ਨਿੰਦ ਰਹੇ ਹਨ ਤੇ ਗੁਰੂ ਦੀ ਨਿੰਦਿਆ ਕਰਨ ਦਾ ਪ੍ਰਚਾਰ ਹੀ ਕਰ ਰਹੇ ਹਨ। ਇਸੇ ਨੂੰ ਹੀ ਭਰਮ ਕਹਿੰਦੇ ਹਨ ਕਿ ਜੋ ਗੱਲ ਅਸੀਂ ਆਪਣੇ ਵੱਲੋਂ ਸੱਚ ਸਮਝਦੇ ਹਾਂ, ਗੁਣ ਸਮਝਦੇ ਹਾਂ ਪਰ ਅਸਲ ਵਿੱਚ ਉਹ ਝੂਠ ਹੈ, ਔਗੁਣ ਹੈ। ਇਹ ਭਰਮ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ, ਸਾਡੇ ਅੰਦਰ ਮਾਇਆ ਦੀ ਜੁਗਤਿ ਦੁਆਰਾ ਪਾਇਆ ਹੋਇਆ ਹੈ ਜਿਸ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ, ਮਾਇਆ ਮੋਹ ਵਿੱਚ ਰੱਖਣ ਦਾ ਹੈ, ਅਗਿਆਨਤਾ ਵਿੱਚ ਰੱਖਣ ਦਾ ਹੈ, ਹਉਮੈ ਵਧਾਉਣ ਵਿੱਚ ਰੱਖਣ ਦਾ ਹੈ। ਮਾਇਆ ਦੀ ਇਸ ਜੁਗਤਿ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ, ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨ੍ਹਾਂ ਇਸ ਵਿੱਚੋਂ ਨਿਕਲਿਆ ਨਹੀਂ ਜਾ ਸਕਦਾ। ਇਸ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਸਿਰ ਹੀ ਹੈ ਤੇ ਜੋ ਉੱਦਮ ਕਰਦੇ ਹਨ ਉਨ੍ਹਾਂ ਨੂੰ ਗੱਲ ਸਮਝ ਵੀ ਆਉਂਦੀ ਹੈ ਤੇ ਉਸਦੀ ਕ੍ਰਿਪਾ ਦੁਆਰਾ ਸਾਡੇ ਤੇ ਅਸਰ ਵੀ ਹੁੰਦਾ ਹੈ। ਸੱਚ ਦੇ ਨਾਲ ਜੁੜਨ ਦਾ ਉੱਦਮ, ਭਰਮ ਦੇ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਆਪ ਹੀ ਕਰਨਾ ਹੈ ਪਰ ਜਿਸਨੇ ਆਪਣਾ ਜਿਤਨਾ ਵੀ ਝੂਠਾ ਮਾਣ ਜਿਆਦਾ ਵਧਾਇਆ ਹੋਇਆ ਹੈ ਤੇ ਆਪਣੇ ਅੰਦਰ ਆਪਣੇ ਸਿਰਮੌਰਾਂ ਦਾ ਝੂਠਾ ਮਾਣ ਪਾਲਿਆ ਹੋਇਆ ਹੈ ਉਸ ਲਈ ਇਸ ਵਿੱਚੋਂ ਨਿਕਲਣਾ ਉਤਨਾ ਹੀ ਔਖਾ ਹੈ। ਜਿਸਨੇ ਜਿਤਨੀ ਜਿਆਦਾ ਬਿਖ ਖਾਧੀ ਹੈ ਉਸ ਲਈ ਉਤਨਾ ਹੀ ਇਸ ਵਿੱਚੋਂ ਨਿਕਲਣਾ ਔਖਾ ਹੈ ਪਰ ਇਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚ ਦੇ ਨਾਲ ਨਹੀਂ ਜੁੜ ਸਕਦੇ, ਗੁਰਮਤਿ ਦੇ ਨਾਲ ਨਹੀਂ ਜੁੜ ਸਕਦੇ, ਗੁਰਮੁਖਿ ਦੇ ਨਾਲ ਨਹੀਂ ਜੁੜ ਸਕਦੇ ਜੋ ਕਿ ਨਾਮ ਦੇ ਵਿੱਚ ਰਚਿਆ ਹੋਇਆ ਹੈ, ਸੱਚ ਦੇ ਨਾਲ ਰਚਿਆ ਹੋਇਆ ਹੈ। **(ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥ ਗੁਰਮੁਖਿ ਹੋਇ ਸੁ ਰਾਚੈ ਨਾਇ॥੩॥)**

ਜਿਸ ਨੂੰ ਨਾਮ ਜਪਣ ਦੀ ਸਮਝ ਹੈ ਉਸਨੂੰ ਇਸ ਗੱਲ ਦੀ ਸਮਝ ਹੈ ਕਿ ਨਾਮ ਨੂੰ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਜਪਿਆ ਜਾ ਸਕਦਾ ਹੈ। ਜਿੱਥੇ ਮਾਇਆ ਮੋਹ ਹੈ, ਤ੍ਰਿਸ਼ਨਾ ਹੈ ਉੱਥੇ ਸਾਡੇ ਆਚਾਰ ਚੰਗੇ ਨਹੀਂ ਹੋ ਸਕਦੇ ਤੇ ਨਾਮ ਨੂੰ ਆਪਣੇ ਚੰਗੇ ਆਚਾਰਾਂ ਦੁਆਰਾ ਹੀ ਜਪਿਆ ਜਾਂਦਾ ਹੈ ਜਿਵੇਂ ਕਿ ਉੱਪਰ ਅਸੀਂ ਇਸ ਗੱਲ ਨੂੰ ਸਮਝਿਆ ਹੈ। ਨਾਮ ਦਾ ਕਾਰਨ, ਨਾਮ ਦਾ ਮਕਸਦ ਸਾਨੂੰ ਚੰਗਾ ਆਚਾਰੀ ਬਣਾਉਣ ਦੇ ਨਾਲ ਹੀ ਹੈ। ਇੱਕ ਪਾਸੇ ਮਾਇਆ ਦਾ ਧਨ ਹੈ ਤੇ ਦੂਸਰੇ ਪਾਸੇ ਨਾਮ ਦਾ ਧਨ ਹੈ। ਮਾਇਆ ਦੇ ਧਨ ਦਾ ਮੋਹ ਛੱਡੇ ਬਿਨ੍ਹਾਂ ਅਸੀਂ ਨਾਮ ਦੇ ਧਨ ਨਾਲ ਨਹੀਂ

24/2667

ਜੁੜ ਸਕਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਅੰਧੌ ਬੋਲੌ ਮੁਗਧੁ ਗਵਾਰੁ॥ ਹੀਣੌ ਨੀਚੁ ਬੁਰੌ ਬੁਰਿਆਰੁ॥

ਨੀਧਨ ਕੌ ਧਨੁ ਨਾਮੁ ਪਿਆਰੁ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ॥੪॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਮਾਇਆ ਦੇ ਧਨ ਵਿੱਚ ਤੇ ਨਾਮ ਦੇ ਧਨ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਕਿ ਅਸੀਂ ਕਿਹੜੇ ਧਨ ਦੇ ਨਾਲ ਜੁੜਨਾ ਹੈ। ਜੁੜਨਾ ਅਸੀਂ ਮਨ ਦੇ ਵਿਚਾਰਾਂ ਦੇ ਨਾਲ ਹੀ ਹੈ। ਜੇਕਰ ਅਸੀਂ ਮਾਇਆ ਦੇ ਧਨ ਦੇ ਨਾਲ ਜੁੜੇ ਹੋਏ ਹਾਂ ਉਹ ਵੀ ਅਸੀਂ ਮਨ ਦੇ ਵਿਚਾਰਾਂ ਦੁਆਰਾ ਹੀ ਜੁੜੇ ਹੋਏ ਹਾਂ ਤੇ ਜੇਕਰ ਅਸੀਂ ਮਾਇਆ ਦੇ ਧਨ ਵਿੱਚੋਂ ਨਿਕਲਣਾ ਹੈ ਭਾਵ ਜੇਕਰ ਅਸੀਂ ਮਾਇਆ ਦੇ ਧਨ ਨਾਲੋਂ ਮੋਹ ਛੱਡਣਾ ਹੈ ਉਹ ਵੀ ਮਨ ਦੇ ਵਿਚਾਰਾਂ ਰਾਹੀਂ ਹੀ ਛੱਡਣਾ ਹੈ। ਮਾਇਆ ਦੇ ਧਨ ਨਾਲੋਂ ਮੋਹ ਛੱਡਣ ਤੋਂ ਬਿਨ੍ਹਾਂ ਅਸੀਂ ਨਾਮ ਧਨ ਨਾਲ ਨਹੀਂ ਜੁੜ ਸਕਦੇ। ਮਾਇਆ ਮੋਹ ਵੀ ਸਾਡੇ ਮਨ ਦੇ ਵਿਚਾਰ ਹਨ ਤੇ ਨਾਮ ਧਨ ਵੀ ਸਾਡੇ ਮਨ ਦੇ ਵਿਚਾਰ ਹਨ। ਸਾਰਾ ਭੇਦ ਸਾਡੇ ਮਨ ਦੇ ਵਿਚਾਰਾਂ ਵਿੱਚ ਹੀ ਹੈ, ਮਨ ਦੀ ਸੋਝੀ

ਦੇ ਵਿੱਚ ਹੀ ਹੈ। ਸਾਡੇ ਮਨ ਦੀ ਸੋਝੀ ਹੀ ਸਾਡੇ ਮਨ ਦੇ ਵਿਚਾਰ ਹਨ। ਅਸੀਂ ਜਿਹੋ ਜਿਹੀ ਸੋਝੀ ਤੇ ਟਿਕ ਜਾਂਦੇ ਹਾਂ ਉਹ ਸਾਡੇ ਮਨ ਦੇ ਵਿਚਾਰ ਬਣ ਜਾਂਦੇ ਹਨ। ਜਦ ਤੱਕ ਸਾਡੇ ਮਨ ਦੀ ਸੋਝੀ ਮਾੜੀ ਹੈ ਤਦ ਤੱਕ ਸਾਡੇ ਵਿਚਾਰ ਮਾੜੇ ਹਨ। ਸਾਨੂੰ ਜੋ ਕੁੱਝ ਸਮਝ ਪੈਂਦੀ ਹੈ ਉਹ ਮਨ ਦੇ ਵਿਚਾਰਾਂ ਦੁਆਰਾ ਹੀ ਸਮਝ ਪੈਂਦੀ ਹੈ। ਨਾਮ ਅਸੀਂ ਕਿਵੇਂ ਜਪਣਾ ਹੈ ਇਹ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਜਿਸ ਗੱਲ ਨੂੰ ਅਸੀਂ ਨਾਮ ਜਪਣਾ ਸਮਝਿਆ ਹੋਇਆ ਹੈ ਉਹ ਵਿਚਾਰ ਅਸੀਂ ਕਿੱਥੋਂ ਲਏ ਹਨ, ਉਹ ਸੋਝੀ ਅਸੀਂ ਕਿੱਥੋਂ ਲਈ ਹੈ ਇਸ ਗੱਲ ਨੂੰ ਸਮਝਣਾ ਜਰੂਰੀ ਹੈ। ਉਨ੍ਹਾਂ ਨੇ ਨਾਮ ਨੂੰ ਮਾਇਆ ਮੋਹ ਦੇ ਨਾਲ ਜੋੜ ਕੇ ਨਹੀਂ ਦੇਖਿਆ ਭਾਵ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਮਾਇਆ ਮੋਹ ਵਿੱਚੋਂ ਨਿਕਲਣਾ ਹੀ ਨਾਮ ਦੇ ਨਾਲ ਜੁੜਨਾ ਹੈ, ਵਿਕਾਰਾਂ ਵਿੱਚੋਂ ਨਿਕਲਣਾ ਹੀ ਨਾਮ ਧਨ ਦੇ ਨਾਲ ਜੁੜਨਾ ਹੈ।

ਉਪਰਲੀਆਂ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਨੂੰ ਉਨ੍ਹਾਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਦੇ ਅੰਦਰ ਮਾਇਆ ਧਨ ਦੇ ਨਾਲ ਮੋਹ ਹੈ, ਜੋ ਮਾਇਆ ਇਕੱਠੀ ਕਰਨ ਵਿੱਚ ਲੱਗੇ ਰਹਿੰਦੇ ਹਨ। ਮਾਇਆ ਧਨ ਇਕੱਠਾ ਕਰਨ ਵਿੱਚ ਮਾੜੇ ਕਰਮ ਸਾਨੂੰ ਕਰਨੇ ਹੀ ਪੈਂਦੇ ਹਨ ਭਾਵੇਂ ਉਹ ਕਿਸ ਰੂਪ ਵਿੱਚ ਵੀ ਹੋਣ। ਜਿੱਥੇ ਸਾਡੇ ਮਾੜੇ ਕਰਮ ਹਨ ਉੱਥੇ ਸਾਨੂੰ ਨਾਮ ਦੇ ਨਾਲ ਪਿਆਰ ਨਹੀਂ ਹੈ। ਨਾਮ ਦੇ ਨਾਲ ਪਿਆਰ ਉਸੇ ਨੂੰ ਹੈ ਜਿਸ ਨੂੰ ਮਾਇਆ ਧਨ ਨਾਲ ਪਿਆਰ ਨਹੀਂ ਹੈ, ਜੋ ਮਾਇਆ ਮੋਹ ਵਿੱਚੋਂ ਨਿਕਲਿਆ ਹੋਇਆ ਹੈ। ਮਾਇਆ ਮੋਹ ਵਾਲਿਆਂ ਨੂੰ ਮਾੜਾ ਕਹਿ ਕੇ ਦੱਸਿਆ ਹੈ। **(ਅੰਧੌ ਬੋਲੌ ਮੁਗਧੁ ਗਵਾਰੁ॥ ਹੀਣੌ ਨੀਚੁ ਬੁਰੌ ਬੁਰਿਆਰੁ॥)**

24/2668

ਮਃ ੩॥

{ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥
ਗੁਰਮੁਖਿ ਜਾਪੈ ਸਬਦਿ ਲਿਵ ਲਾਇ॥ ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ॥}

(ਅੰਗ ੩੧੩)

{ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥੩॥}

(ਅੰਗ ੪੧੭)

ਮਾਇਆਧਾਰੀ ਨੂੰ ਅਤਿ ਅੰਨ੍ਹਾ ਬੋਲਾ ਕਿਸ ਲਈ ਕਿਹਾ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਉਹ "ਸਬਦੁ" ਨੂੰ ਨਹੀਂ ਸੁਣਦੇ ਭਾਵ ਗੁਰੂ ਦੀ ਗੱਲ ਨੂੰ ਨਹੀਂ ਸੁਣਦੇ ਭਾਵ ਗੁਰੂ ਦੀ ਮਤਿ ਅਨੁਸਾਰ ਨਹੀਂ ਵਿਚਰਦੇ। ਇਸੇ ਲਈ ਉਨ੍ਹਾਂ ਨੂੰ ਮਨਮੁਖਿ ਕਿਹਾ ਹੈ, ਮਾੜੇ ਕਿਹਾ ਹੈ। ਗੁਰਮੁਖਿ ਉਹ ਹਨ ਜੋ ਸ਼ਬਦ ਦੀ ਗੱਲ ਨੂੰ ਮੰਨਦੇ ਹਨ ਭਾਵ ਜੋ ਮਾਇਆ ਮੋਹ ਛੱਡਦੇ ਹਨ। "ਸਬਦੁ" ਹੀ "ਨਾਮੁ" ਹੈ। "ਸਬਦੁ" ਨੂੰ ਸੁਣਨਾ ਜਾਂ "ਨਾਮੁ" ਨੂੰ ਸੁਣਨਾ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਗੁਰੂ ਦੀ ਮਤਿ ਨੂੰ ਸੁਣਨਾ ਹੀ ਹੈ ਤੇ ਉਸਨੂੰ ਸੁਣ ਕੇ ਮੰਨਣਾ ਵੀ ਹੈ। ਸਾਡੇ ਜੀਵਨ ਦਾ ਮਕਸਦ ਉਸ ਪ੍ਰਮਾਤਮਾ ਦੇ ਵਿੱਚ ਸਮਾਉਣ ਦਾ ਹੈ ਤੇ ਉਸ ਦੇ ਵਿੱਚ "ਨਾਮੁ" ਦੁਆਰਾ ਹੀ ਸਮਾਇਆ ਜਾ ਸਕਦਾ ਹੈ। ਨਾਮੁ ਦੀ ਗੱਲ ਨੂੰ ਸੁਣਕੇ ਉਸਨੂੰ ਮੰਨਣਾ ਭਾਵ ਗੁਰੂ ਦੀ ਗੱਲ ਨੂੰ ਸੁਣ ਕੇ ਉਸਨੂੰ ਮੰਨਣਾ, ਉਸ ਤੇ ਅਮਲ ਕਰਨਾ ਹੀ ਨਾਮੁ ਦੁਆਰਾ ਉਸ ਪ੍ਰਮਾਤਮਾ ਵਿੱਚ ਸਮਾਉਣ ਦਾ ਤਰੀਕਾ ਹੈ, ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। ਨਾਮੁ ਦੁਆਰਾ ਦਿੱਤੀ ਹੋਈ ਸਿੱਖਿਆ ਨੂੰ ਮੰਨ ਕੇ ਹੀ ਅਸੀਂ ਉਸ ਨਾਮੁ ਦੇ ਵਿੱਚ ਸਮਾਅ ਸਕਦੇ ਹਾਂ, ਨਾਮੁ ਦੇ ਮਾਲਕੁ ਦੇ ਵਿੱਚ ਸਮਾਅ ਸਕਦੇ ਹਾਂ। **(ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ॥)** ਨਾਮ ਦੇ ਮਕਸਦ ਨੂੰ ਸਮਝੇ ਬਿਨ੍ਹਾਂ ਨਾ ਅਸੀਂ ਨਾਮ ਜਪ ਸਕਦੇ ਹਾਂ ਤੇ ਨਾ ਹੀ ਨਾਮ ਦੁਆਰਾ ਉਸ ਪ੍ਰਮਾਤਮਾ ਵਿੱਚ ਸਮਾਅ ਸਕਦੇ ਹਾਂ। ਜੋ ਮਾਇਆ ਮੋਹ ਵਿੱਚ ਫਸੇ ਹੋਏ ਹਨ ਭਾਵ ਜੋ ਮਾਇਆ ਨੂੰ ਇਕੱਠਾ ਕਰਨ ਲਈ ਮਾੜੇ ਕਰਮ ਕਰਦੇ ਹਨ ਉਹ ਨਾਮ ਦੀ ਸਿੱਖਿਆ ਤੋਂ, ਸ਼ਬਦ ਦੀ ਸਿੱਖਿਆ ਤੋਂ ਦੂਰ ਹੀ ਹਨ।

ਜਿਸਨੂੰ ਜਿਆਦਾ ਮਾਇਆ ਦੀ ਪ੍ਰਾਪਤੀ ਹੁੰਦੀ ਹੈ ਭਾਵੇਂ ਉਹ ਕਿਹੋ ਜਿਹੇ ਕਰਮ ਕਰਨ ਦੁਆਰਾ ਹੁੰਦੀ ਹੈ ਉਸਨੂੰ ਹਰ ਕੋਈ ਪ੍ਰਮਾਤਮਾ ਦੀ ਕ੍ਰਿਪਾ ਸਮਝਦਾ ਹੈ ਪਰ ਇਹ ਸਾਡੀ ਖੁਆਰੀ ਦਾ ਕਾਰਨ ਹੀ ਹੈ। ਜਿਸਨੂੰ ਪ੍ਰਮਾਤਮਾ ਬਹੁਤੇ ਮਾਇਆ ਮੋਹ ਵਿੱਚ ਜੋੜਦਾ ਹੈ ਉਸ ਕੋਲੋਂ ਆਪ ਹੀ ਉਸ ਦੀਆਂ ਚੰਗਿਆਈਆਂ ਖੋਹ ਲੈਂਦਾ ਹੈ ਭਾਵ ਉਸਨੂੰ ਚੰਗੇ ਕਰਮ ਕਰਨ ਤੋਂ ਦੂਰ ਕਰਦਾ ਹੈ। ਮਾਇਆ ਪਾਪਾਂ ਵਾਲੀ ਬਿਰਤੀ ਦੁਆਰਾ ਇਕੱਠੀ ਹੁੰਦੀ ਹੈ ਜੋ ਸਾਨੂੰ ਚੰਗੇ ਕਰਮ ਕਰਨ ਤੋਂ ਦੂਰ ਕਰਦੀ ਹੈ। ਪ੍ਰਮਾਤਮਾ ਦੀ ਕ੍ਰਿਪਾ ਉੱਥੇ ਹੁੰਦੀ ਹੈ ਭਾਵ ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਜੋੜਨਾ ਚਾਹੁੰਦਾ ਹੈ, ਜਿਸਨੂੰ ਆਪਣੀ ਨਾਮ ਦੀ ਸਿੱਖਿਆ ਦੇ ਨਾਲ ਜੋੜਨਾ ਚਾਹੁੰਦਾ ਹੈ, ਜਿਸ ਕੋਲੋਂ ਪ੍ਰਮਾਤਮਾ

24/2669

ਚੰਗੇ ਕਰਮ ਕਰਾਉਣਾ ਚਾਹੁੰਦਾ ਹੈ, ਜਿਸ ਕੋਲੋਂ ਆਪਣਾ ਨਾਮ ਜਪਾਉਣਾ ਚਾਹੁੰਦਾ ਹੈ ਉਸਦਾ ਮਾਇਆ ਨਾਲੋਂ ਮੋਹ ਤੋੜਦਾ ਹੈ, ਔਗੁਣਾਂ ਨਾਲੋਂ ਮੋਹ ਤੋੜਦਾ ਹੈ, ਉਸਨੂੰ ਸੱਚ ਦੀ ਸੋਝੀ ਪਾਉਂਦਾ ਹੈ ਤੇ ਆਪਣੀ ਸਿੱਖਿਆ ਅਨੁਸਾਰ ਚਲਾਉਂਦਾ ਹੈ। **(ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ॥੨॥ ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥੩॥)**

ਮਾਇਆ ਮਾੜੀ ਨਹੀਂ ਹੈ, ਮਾਇਆ ਧਨ ਮਾੜਾ ਨਹੀਂ ਹੈ, ਮਾੜੇ ਜਾਂ ਚੰਗੇ ਸਾਡੇ ਵਿਚਾਰ ਹਨ। ਮਾੜਾ ਮਾਇਆ ਦਾ ਮੋਹ ਹੈ ਜੋ ਸਾਡੇ ਮਨ ਦੇ ਵਿੱਚੋਂ ਹੀ ਆਉਂਦਾ ਹੈ। ਮਾਇਆ ਸੱਚ ਨਾਲ ਵੀ ਕਮਾਈ ਜਾ ਸਕਦੀ ਹੈ ਤੇ ਝੂਠ ਨਾਲ ਵੀ ਕਮਾਈ ਜਾ ਸਕਦੀ ਹੈ। ਜੋ ਮਾਇਆ ਅਸੀਂ ਸੱਚ ਤੇ ਚੱਲ ਕੇ ਕਮਾਉਂਦੇ ਹਾਂ ਉਸ ਵਿੱਚ ਮਾਇਆ ਦਾ ਮੋਹ ਨਹੀਂ ਹੈ ਭਾਵੇਂ ਅਸੀਂ ਜਿਤਨੀ ਵੀ ਮਾਇਆ ਕਮਾਉਂਦੇ ਹਾਂ ਤੇ ਇਹੀ ਮਾਇਆ ਤੋਂ ਨਿਰਲੇਪ ਹੋ ਕੇ ਵਿਚਰਨਾ ਹੈ। ਆਪਣੇ ਮਾੜੇ ਕਰਮ ਕਰਕੇ ਭਾਵ ਮਾੜੇ ਤਰੀਕੇ ਨਾਲ ਜੋ ਵੀ ਮਾਇਆ ਕਮਾਉਂਦੇ ਹਾਂ, ਲੋਭ ਲਾਲਚ ਵਿੱਚ ਫਸ ਕੇ ਜੋ ਵੀ ਮਾਇਆ ਕਮਾਉਂਦੇ ਹਾਂ ਉਹ ਸਾਡਾ ਮਾਇਆ ਮੋਹ ਹੈ। ਕਿਸ ਦੇ ਕੋਲ ਕਿਤਨੀ ਮਾਇਆ ਹੈ ਇਸ ਗੱਲ ਦਾ ਫ਼ਰਕ ਨਹੀਂ ਹੈ ਪਰ ਉਹ ਮਾਇਆ ਆਈ ਕਿਸ ਤਰੀਕੇ ਨਾਲ ਹੈ ਇਸ ਵਿੱਚ ਫ਼ਰਕ ਹੈ। ਪ੍ਰਮਾਤਮਾ ਦੇ ਦਰ ਤੇ ਇਸੇ ਗੱਲ ਦਾ ਫ਼ਰਕ ਦੇਖਿਆ ਜਾਂਦਾ ਹੈ ਕਿ ਸਾਡੇ ਮਨ ਦੀ ਬਿਰਤੀ ਕਿਹੋ ਜਿਹੀ ਹੈ, ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ ਭਾਵ ਸੱਚੀ ਬਿਰਤੀ ਦੁਆਰਾ ਕਰਦੇ ਹਾਂ ਜਾਂ ਮਾੜੀ ਬਿਰਤੀ ਦੁਆਰਾ, ਝੂਠੀ ਬਿਰਤੀ ਦੁਆਰਾ ਕਰਦੇ ਹਾਂ। ਸੱਚੀ ਬਿਰਤੀ ਦੁਆਰਾ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਾਡਾ ਗੁਣ ਹੈ ਤੇ ਮਾੜੀ ਬਿਰਤੀ ਦੁਆਰਾ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਾਡਾ ਔਗੁਣ ਹੈ। ਸਭ ਤੋਂ ਜਰੂਰੀ ਸਾਡੇ ਲਈ ਸਮਝਣ ਦੀ ਗੱਲ ਇਹ ਹੀ ਹੈ ਕਿ ਸੱਚੀ ਬਿਰਤੀ ਤੇ ਮਾੜੀ ਬਿਰਤੀ ਵਿੱਚ ਭੇਦ ਕੀ ਹੈ। ਗੁਰਮਤਿ ਵਾਲੀ ਬਿਰਤੀ ਸਾਡੀ ਸੱਚੀ ਬਿਰਤੀ ਹੈ ਤੇ ਜਿੱਥੇ ਸਾਡੇ ਗੁਰਮਤਿ ਵਾਲੇ ਵਿਚਾਰ ਨਹੀਂ ਹਨ ਭਾਵ ਜਿੱਥੇ ਮਨਮਤਿ ਹੈ ਉਹ ਸਾਡੀ ਮਾੜੀ ਬਿਰਤੀ ਹੈ, ਝੂਠੀ ਬਿਰਤੀ ਹੈ। ਪ੍ਰਮਾਤਮਾ ਦੇ ਦਰ ਤੇ ਸਾਡਾ ਇਸੇ ਬਿਰਤੀ ਦਾ ਭੇਦ ਹੀ ਹੈ ਕਿ ਕੌਣ ਕਿਤਨੀ ਗੁਰਮਤਿ ਵਾਲਾ ਹੈ ਤੇ ਕੌਣ ਮਨਮਤਿ ਵਾਲਾ ਹੈ। ਸਭ ਦੇ ਵਿਚਾਰ ਪ੍ਰਮਾਤਮਾ ਨੇ ਇੱਕੋ ਜਿਹੇ ਨਹੀਂ ਬਣਾਏ ਹੋਏ। ਕਿਸੇ ਦੇ ਵਿੱਚ ਚੰਗੇ ਵਿਚਾਰ ਜਿਆਦਾ ਹੁੰਦੇ ਹਨ ਤੇ ਮਾੜੇ ਵਿਚਾਰ ਘੱਟ ਹੁੰਦੇ ਹਨ ਤੇ ਕਿਸੇ ਦੇ ਅੰਦਰ ਮਾੜੇ ਵਿਚਾਰ ਬਹੁਤ ਜਿਆਦਾ ਹੁੰਦੇ ਹਨ ਤੇ ਚੰਗੇ ਵਿਚਾਰ ਬਹੁਤ ਘੱਟ ਹੁੰਦੇ ਹਨ। ਜੋ ਵੀ ਸਾਡੀ ਵਿਚਰਨ ਹੈ ਉਹ ਸਾਡੇ ਮਨ ਦੇ ਵਿਚਾਰਾਂ ਦੁਆਰਾ ਹੀ ਹੈ। ਸਾਡੇ ਮਨ ਦੇ ਵਿਚਾਰ ਉੱਥੇ ਹੀ ਟਿਕਦੇ ਹਨ ਜਿੱਥੇ ਸਾਡੇ ਮਨ ਦੀ ਸੋਝੀ ਟਿਕਦੀ ਹੈ। ਜਿਸ ਦਿਨ ਸਾਡੇ ਅੰਦਰ ਗੁਰਮਤਿ ਦੀ ਸੋਝੀ ਟਿਕ ਜਾਵੇਗੀ ਸਾਡੀ ਬਿਰਤੀ ਆਪ ਹੀ ਚੰਗੀ ਹੋ ਜਾਵੇਗੀ, ਸਾਡੇ ਮਨ ਦੇ ਵਿਚਾਰ ਆਪੇ ਹੀ ਚੰਗੇ ਹੋ ਜਾਣਗੇ। ਨਾਮ ਬਾਰੇ ਸਾਡੇ ਮਨ ਦੇ ਵਿਚਾਰ ਇਸੇ ਲਈ ਮਾੜੇ ਹਨ, ਮੈਲੇ ਹਨ ਕਿਉਂਕਿ ਨਾਮ ਜਪਣ ਦੀ ਸੋਝੀ ਅਸੀਂ ਉਨ੍ਹਾਂ ਕੋਲੋਂ

24/2670

ਲਈ ਹੋਈ ਹੈ ਜਿੰਨ੍ਹਾਂ ਨੂੰ ਗੁਰਮਤਿ ਦੀ ਸੋਝੀ ਨਹੀਂ ਹੈ, ਨਾਮ ਦੀ ਸੋਝੀ ਨਹੀਂ ਹੈ ਜਿੰਨ੍ਹਾਂ ਨੂੰ ਗੁਰੂ ਸਾਹਿਬ ਮੁਗਧੁ ਗਵਾਰੁ ਕਹਿ ਰਹੇ ਹਨ। ਜਿੰਨ੍ਹਾਂ ਨੂੰ ਮਾਇਆ ਧਨ ਦੇ ਨਾਲ ਮੋਹ ਨਹੀਂ ਹੈ ਉਹੀ ਨਾਮ ਧਨ ਵਾਲੇ ਹਨ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਨੀਧਨ ਕੌ ਧਨੁ ਨਾਮੁ ਪਿਆਰੁ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ॥੪॥”

ਸੱਚਾ ਧਨ ਉਸ ਦੇ ਕੋਲ ਹੈ ਜਿਸ ਨੂੰ ਮਾਇਆ ਦੇ ਧਨ ਨਾਲ ਮੋਹ ਨਹੀਂ ਹੈ। ਇਹ ਧਨ ਨਾਮ ਦੇ ਨਾਲ ਪਿਆਰ ਦਾ ਧਨ ਹੈ, ਗੁਰਮਤਿ ਦੇ ਨਾਲ ਪਿਆਰ ਦਾ ਧਨ ਹੈ, ਗੁਰੂ ਦੀ ਸਿੱਖਿਆ ਦੇ ਨਾਲ ਪਿਆਰ ਦਾ ਧਨ ਹੈ ਭਾਵ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਧਨ ਹੈ, ਸੱਚੇ ਗਿਆਨ ਦਾ ਧਨ ਹੈ। ਜਿਸਦੇ ਅੰਦਰ ਗੁਰੂ ਦਾ ਸੱਚਾ ਗਿਆਨ ਵੱਸ ਜਾਂਦਾ ਹੈ ਉਸਦੇ ਵਿਚਾਰ ਹੀ ਸੱਚੇ ਬਣਦੇ ਹਨ। ਇਹ ਸੱਚ ਦਾ ਧਨ ਹੈ ਜੋ ਸਾਨੂੰ ਮਾੜੀ ਬਿਰਤੀ ਵਿੱਚੋਂ ਕੱਢਦਾ ਹੈ, ਮਾਇਆ ਮੋਹ ਦੀ ਬਿਰਤੀ ਵਿੱਚੋਂ ਕੱਢਦਾ ਹੈ। ਇੱਕ ਪਾਸੇ ਇਹ ਧਨ ਹੈ ਜੋ ਕਿ ਸਭ ਤੋਂ ਉੱਤਮ ਧਨ ਹੈ ਤੇ ਦੂਸਰੇ ਪਾਸੇ ਬਿਖਿਆ ਦਾ ਧਨ ਹੈ ਭਾਵ ਜਿੱਥੇ ਸਾਡੇ ਮਨ ਦੇ ਵਿਚਾਰ ਸੱਚੇ ਨਹੀਂ ਹਨ ਉਹ ਸਾਨੂੰ ਮਾੜੇ ਵਿਚਾਰਾਂ ਵਿੱਚ ਹੀ ਰੱਖਦੇ ਹਨ, ਬਿਖਿਆ ਦੀ ਪ੍ਰਾਪਤੀ ਦੇ ਨਾਲ ਹੀ ਜੋੜ ਕੇ ਰੱਖਦੇ ਹਨ, ਮਾਇਆ ਮੋਹ ਦੇ ਨਾਲ ਜੋੜ ਕੇ ਹੀ ਰੱਖਦੇ ਹਨ ਜੋ ਸਾਡੇ ਲਈ ਅਸਲ ਜ਼ਹਿਰ ਹੈ, ਸਵਾਹ ਦੇ ਬਰਾਬਰ ਹੈ ਜਿਸ ਦੇ ਰਹਿੰਦਿਆਂ ਅਸੀਂ ਨਾਮ ਦੇ ਨਾਲ ਪਿਆਰ ਨਹੀਂ ਪਾ ਸਕਦੇ। **(ਨੀਧਨ ਕੌ ਧਨੁ ਨਾਮੁ ਪਿਆਰੁ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ॥੪॥)**

ਮਾਇਆ ਤੋਂ ਨਿਰਲੇਪ ਹੋਣਾ ਮਾਇਆ ਮੋਹ ਤੋਂ ਨਿਰਲੇਪ ਹੋਣਾ ਹੈ, ਮਨ ਦੇ ਮਾੜੇ ਵਿਚਾਰਾਂ ਤੋਂ ਨਿਰਲੇਪ ਹੋਣਾ ਹੈ, ਝੂਠ ਵਾਲੀ, ਕੂੜ ਵਾਲੀ ਬਿਰਤੀ ਤੋਂ ਨਿਰਲੇਪ ਹੋਣਾ ਹੈ। ਇਸ ਬਿਰਤੀ ਤੋਂ ਨਿਰਲੇਪ ਹੋ ਕੇ ਹੀ ਅਸੀਂ ਸੱਚੀ ਬਿਰਤੀ ਵਾਲੇ ਬਣਦੇ ਹਾਂ ਜੋ ਸਾਨੂੰ ਸੱਚ ਦੇ ਨਾਲ ਜੋੜ ਕੇ ਰੱਖਦੀ ਹੈ, ਸਾਡਾ ਸੱਚ ਦੇ ਨਾਲ ਪਿਆਰ ਬਣਾ ਕੇ ਰੱਖਦੀ ਹੈ, ਸਾਡਾ ਨਾਮ ਦੇ ਨਾਲ ਪਿਆਰ ਬਣਾ ਕੇ ਰੱਖਦੀ ਹੈ, ਸਾਡੇ ਅੰਦਰ ਇਹ ਸੱਚੇ ਵਿਚਾਰਾਂ ਦਾ ਧਨ ਨਾਮ ਧਨ ਹੈ। ਇਹ ਧਨ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਧਨ ਹੈ, ਬ੍ਰਹਮਗਿਆਨ ਦਾ ਧਨ ਹੈ ਜੋ ਸਾਨੂੰ ਕੇਵਲ ਗੁਰਮਤਿ ਦਾ ਵਿਚਾਰੀ ਬਣਾ ਕੇ ਰੱਖਦਾ ਹੈ ਤੇ ਇਸ ਧਨ ਦੁਆਰਾ ਮਨੁੱਖ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ, ਗੁਰੂ ਪ੍ਰਮਾਤਮਾ ਦੇ ਸਮਝਾਏ ਹੋਏ ਸੱਚ ਦੁਆਰਾ ਹੀ ਵਿਚਰਦਾ ਹੈ, ਨਾਮ ਦੀ ਸਿੱਖਿਆ ਦੁਆਰਾ ਹੀ ਵਿਚਰਦਾ ਹੈ। ਇਸ ਨਾਮ ਧਨ ਦੀ ਪ੍ਰਾਪਤੀ ਦੁਆਰਾ ਹੀ ਅਸੀਂ ਪੂਰੀ ਤਰ੍ਹਾਂ ਨਾਮ ਤੇ ਚੱਲਦੇ ਹਾਂ ਭਾਵ ਕੇਵਲ ਨਾਮ ਜਪਦੇ ਹਾਂ।

ਅਸੀਂ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਜਾਂ ਨਿੰਦਾ ਕਰਦੇ ਹਾਂ ਇਹ ਸਾਡੇ ਮਨ ਦੇ ਵਿਚਾਰਾਂ ਤੇ ਟਿਕਿਆ ਹੋਇਆ ਹੈ ਕਿ ਸਾਨੂੰ ਕਿਸ ਧਨ ਦੇ ਨਾਲ ਪਿਆਰ ਹੈ। ਮਾਇਆ ਧਨ ਦਾ ਮੋਹ ਸਾਨੂੰ ਗੁਰੂ ਦੀ ਨਿੰਦਾ ਵੱਲ, ਗੁਰਮਤਿ ਦੀ ਨਿੰਦਾ ਵੱਲ ਲੈ ਕੇ ਜਾਂਦਾ ਹੈ ਤੇ ਨਾਮ ਧਨ ਦੇ ਨਾਲ ਪਿਆਰ ਸਾਨੂੰ ਗੁਰੂ ਪ੍ਰਮਾਤਮਾ ਦੀ ਉਸਤਤਿ ਵੱਲ ਲੈ ਕੇ ਜਾਂਦਾ ਹੈ। ਸਾਡੇ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਤੇ ਇਸੇ ਲਈ ਪ੍ਰਮਾਤਮਾ ਸਾਡੇ ਕੋਲੋਂ ਉਸਤਤਿ ਕਰਵਾਉਂਦਾ ਹੈ ਜਾਂ ਨਿੰਦਾ ਕਰਵਾਉਂਦਾ ਹੈ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਸਾਨੂੰ ਕਿਹੋ ਜਿਹੇ ਵਿਚਾਰ ਦਿੰਦਾ ਹੈ ਤੇ ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

24/2671

“ਉਸਤਤਿ ਨਿੰਦਾ ਸਬਦੁ ਵੀਚਾਰੁ॥ ਜੋ ਦੇਵੈ ਤਿਸ ਕਉ ਜੈਕਾਰੁ॥

ਤੂ ਬਖਸਹਿ ਜਾਤਿ ਪਤਿ ਹੋਇ॥ ਨਾਨਕੁ ਕਹੈ ਕਹਾਵੈ ਸੋਇ॥੫॥੧੨॥”

ਉੱਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀ ਉਸਤਤਿ ਜਾਂ ਨਿੰਦਾ ਕੀ ਹੈ। ਅਸੀਂ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਜਾਂ ਨਿੰਦਾ ਕਰਦੇ ਹਾਂ ਉਹ ਆਪਣੇ ਮਨ ਦੇ ਵਿਚਾਰਾਂ ਦੁਆਰਾ ਹੀ ਕਰਦੇ ਹਾਂ ਕਿ ਸਾਡੇ ਮਨ ਦੇ ਵਿਚਾਰ ਕਿਹੋ ਜਿਹੇ ਹਨ, ਸਾਡੇ ਮਨ ਦੀ ਸੋਝੀ ਕਿਹੋ ਜਿਹੀ ਹੈ। ਜੇਕਰ ਸਾਡੇ ਮਨ ਦੇ ਵਿਚਾਰ ਚੰਗੇ ਹਨ, ਸੱਚੇ ਹਨ ਉਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਤੇ ਜੇਕਰ ਸਾਡੇ ਮਨ ਦੇ ਵਿਚਾਰ ਮੰਦੇ ਹਨ ਭਾਵ ਸਾਡੇ ਅੰਦਰ ਸੱਚ ਨਹੀਂ ਹੈ ਫਿਰ ਅਸੀਂ ਪ੍ਰਮਾਤਮਾ ਦੀ ਨਿੰਦਾ ਕਰਦੇ ਹਾਂ। ਸਮਝਣ ਦੀ ਗੱਲ ਇਹ ਹੈ ਕਿ ਸਾਡੇ ਅੰਦਰ ਇਹ ਵਿਚਾਰ ਕਿੱਥੋਂ ਆਉਂਦੇ ਹਨ, ਸਾਡੇ ਅੰਦਰ ਵਿਚਾਰ ਪਾਉਣ ਵਾਲਾ ਕੌਣ ਹੈ। ਸਾਡੇ ਅੰਦਰ ਵਿਚਾਰ ਪਾਉਣ ਵਾਲਾ ਆਪ “ਸਬਦੁ” ਹੈ ਭਾਵ ਗੁਰੂ ਪ੍ਰਮਾਤਮਾ ਹੈ। ਇਹ ਉਸਦੀ ਰਜ਼ਾ ਹੈ ਕਿ ਉਹ ਸਾਨੂੰ ਕਿਹੋ ਜਿਹੇ ਵਿਚਾਰ ਦਿੰਦਾ ਹੈ, ਸਾਨੂੰ ਮਨ ਦੇ ਵਿੱਚ ਕਿਹੋ ਜਿਹੀ ਸੋਝੀ ਪਾਉਂਦਾ ਹੈ। ਜਿਸਨੂੰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਸੋਝੀ ਪਾਉਂਦਾ ਹੈ, ਜਿਸਦੇ ਅੰਦਰ ਉਹ ਆਪਣੇ ਆਪ ਨੂੰ ਸ਼ਬਦ ਰੂਪ ਵਿੱਚ ਪ੍ਰਗਟ ਕਰਦਾ ਹੈ, ਗੁਰੂ ਰੂਪ ਵਿੱਚ ਪ੍ਰਗਟ ਕਰਦਾ ਹੈ, ਬ੍ਰਹਮਗਿਆਨ ਰੂਪ ਵਿੱਚ ਪ੍ਰਗਟ ਕਰਦਾ ਹੈ, ਨਾਮ ਰੂਪ ਵਿੱਚ ਪ੍ਰਗਟ ਕਰਦਾ ਹੈ, ਸੱਚ ਰੂਪ

ਵਿੱਚ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਗਟ ਕੀਤਾ ਹੈ ਉਨ੍ਹਾਂ ਨੂੰ ਹੀ ਉਸਨੇ ਸੱਚੇ ਵਿਚਾਰਾਂ ਨਾਲ ਨਿਵਾਜਿਆ ਹੈ ਤੇ ਆਪਣੀ ਉਸਤਤਿ ਕਰਵਾਈ ਹੈ ਤੇ ਉਨ੍ਹਾਂ ਨੇ ਹੀ ਪੂਰੀ ਗਰੁਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੀ ਉਸਤਤਿ ਕਰਨੀ ਸਿਖਾਈ ਹੈ। ਉਨ੍ਹਾਂ ਨੂੰ ਹੀ ਇਹ ਸਮਝ ਪਈ ਹੈ ਕਿ ਸਾਡੇ ਸਭ ਦੇ ਅੰਦਰ ਵਿਚਾਰ ਪਾਉਣ ਵਾਲਾ ਆਪ "ਸਬਦੁ" ਹੈ, ਪ੍ਰਮਾਤਮਾ ਹੈ ਤੇ ਉਹ ਆਪ ਹੀ ਗੁਰੂ ਹੈ। ਇਸ ਲਈ ਉਨ੍ਹਾਂ ਨੇ ਪ੍ਰਮਾਤਮਾ ਨੂੰ ਹੀ ਗੁਰੂ ਕਹਿ ਕੇ ਉਸਨੂੰ ਉੱਚਾ ਕੀਤਾ ਹੈ, ਉਸਦੀ ਜੈਕਾਰ ਕੀਤੀ ਹੈ ਭਾਵ ਜਿਸ ਨੇ ਉਨ੍ਹਾਂ ਨੂੰ ਸ਼ਬਦ ਦੀ ਸੱਚੀ ਵਿਚਾਰ ਦਿੱਤੀ ਹੈ ਉਸੇ ਦੀ ਹੀ ਉਨ੍ਹਾਂ ਨੇ ਜੈਕਾਰ ਕੀਤੀ ਹੈ। ਉਨ੍ਹਾਂ ਨੇ ਸ਼ਬਦ ਨੂੰ ਗੁਰੂ ਕਿਹਾ ਹੈ, ਗਿਆਨ ਦਾ ਮਾਲਕ ਕਿਹਾ ਹੈ ਤੇ ਆਪਣੇ ਆਪ ਨੂੰ ਗਿਆਨ ਦਾ ਮਾਲਕ ਨਹੀਂ ਕਿਹਾ ਹੈ। **(ਉਸਤਤਿ ਨਿੰਦਾ ਸਬਦੁ ਵੀਚਾਰੁ॥ ਜੋ ਦੇਵੈ ਤਿਸ ਕਉ ਜੈਕਾਰੁ॥)**

ਸ਼ਬਦ ਦੀ ਵਿਚਾਰ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕਿਸ ਰੂਪ ਵਿੱਚ ਦਿੱਤੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

24/2672

"ਤੂ ਬਖਸਹਿ ਜਾਤਿ ਪਤਿ ਹੋਇ॥ ਨਾਨਕੁ ਕਹੈ ਕਹਾਵੈ ਸੋਇ॥੫॥੧੨॥"

ਪ੍ਰਮਾਤਮਾ ਜਿਸ ਨੂੰ ਬਖ਼ਸ਼ਦਾ ਹੈ ਉਸ ਨੂੰ ਉਹ ਆਪਣੇ ਮੇਲ ਦੁਆਰਾ ਹੀ ਬਖ਼ਸ਼ਦਾ ਹੈ, ਮਨ ਦੇ ਵਿੱਚ ਸ਼ਬਦ ਦੀ ਸੱਚੀ ਵਿਚਾਰ ਦੇ ਕੇ ਹੀ ਬਖ਼ਸ਼ਦਾ ਹੈ, ਮਨ ਦੇ ਵਿੱਚ ਆਪਣੀ ਸੱਚੀ ਸੋਝੀ ਦੁਆਰਾ ਹੀ ਬਖ਼ਸ਼ਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਤੇ ਉਸ ਨੇ ਆਪਣੀ ਬਖ਼ਸ਼ਿਸ਼ ਕੀਤੀ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਉਹ ਸਾਨੂੰ ਸੱਚ ਦੀ ਸੋਝੀ ਹੀ ਪਾਉਂਦਾ ਹੈ, ਨਾਮ ਦੀ ਸੋਝੀ ਹੀ ਪਾਉਂਦਾ ਹੈ ਤੇ ਮਨ ਦੀ ਇਸ ਸੋਝੀ ਦੁਆਰਾ ਹੀ, ਬ੍ਰਹਮਗਿਆਨ ਦੀ ਸੋਝੀ ਦੁਆਰਾ ਹੀ ਉਸਦੀ ਜਾਤ ਵਾਲਾ ਬਣਿਆ ਜਾ ਸਕਦਾ ਹੈ। ਇਹ ਜਾਤ ਚੌਥੇ ਪਦ ਵਾਲਿਆਂ ਦੀ ਜਾਤਿ ਹੈ, ਨਾਮ ਦੀ ਜਾਤਿ ਹੈ ਜਿਸ ਜਾਤਿ ਦੁਆਰਾ ਮਨੁੱਖ ਹਉਮੈ ਦੀ ਜਾਤ ਵਿੱਚੋਂ ਨਿਕਲਦਾ ਹੈ, ਭਰਮ ਦੀ, ਦੁਬਿਧਾ ਦੀ, ਸਹਿਸਾ ਦੀ, ਦੁਚਿੱਤੀ ਦੀ, ਅਗਿਆਨਤਾ ਦੀ, ਮਨਮਤਿ ਦੀ, ਮਾਇਆ ਮੋਹ ਦੀ ਜਾਤ ਵਿੱਚੋਂ ਨਿਕਲਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਫਿਰ ਮਨੁੱਖ ਦੇ ਲੇਖੇ ਕੇਵਲ ਪਤਿ ਹੀ ਪੈਂਦੀ ਹੈ ਕਿਉਂਕਿ ਉਸਦਾ ਹਰ ਕਰਮ ਸੱਚ ਦੁਆਰਾ ਹੁੰਦਾ ਹੈ। ਉਹ ਆਪਣੇ ਹਰ ਕਰਮ ਦੁਆਰਾ ਪ੍ਰਮਾਤਮਾ ਦੀ ਉਸਤਤਿ ਹੀ ਕਰਦਾ ਹੈ ਤੇ ਨਿੰਦਾ ਵਾਲੀ ਬਿਰਤੀ ਵਿੱਚੋਂ ਭਾਵ ਮਾੜੀ ਬਿਰਤੀ ਵਿੱਚੋਂ ਨਿਕਲ ਜਾਂਦਾ ਹੈ। ਮਨ ਦੀ ਸੱਚੀ ਬਿਰਤੀ ਸਾਡੇ ਕੋਲੋਂ ਪ੍ਰਮਾਤਮਾ ਦੀ ਉਸਤਤਿ ਹੀ ਕਰਵਾਉਂਦੀ ਹੈ ਤੇ ਮਾੜੀ ਬਿਰਤੀ ਦੁਆਰਾ ਪ੍ਰਮਾਤਮਾ ਦੀ ਨਿੰਦਾ ਹੁੰਦੀ ਹੈ। ਸਾਡੇ ਅੰਦਰ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਸਾਡੇ ਅੰਦਰ ਮਾੜੀ ਬਿਰਤੀ ਹੈ, ਭਰਮ ਵਾਲੀ ਬਿਰਤੀ ਹੈ ਜੋ ਸਾਡੇ ਕੋਲੋਂ ਗੁਰਮਤਿ ਦੀ ਨਿੰਦਾ ਕਰਵਾਉਂਦੀ ਹੈ ਭਾਵੇਂ ਅਸੀਂ ਆਪਣੇ ਆਪ ਨੂੰ ਉਸਤਤਿ ਕਰਨਾ ਸਮਝਦੇ ਹਾਂ। ਜਿੱਥੇ ਸੱਚ ਹੈ ਉੱਥੇ ਭਰਮ ਨਹੀਂ ਹੈ ਤੇ ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਝੂਠ ਹੈ, ਕੂੜ ਹੈ। ਅਸੀਂ ਜੋ ਵੀ ਕਰਮ ਗੁਰਮਤਿ ਦੇ ਉਲਟ ਕਰਦੇ ਹਾਂ ਉਸ ਵਿੱਚ ਕੂੜ ਹੈ, ਬਿਖਿਆ ਹੈ। ਜਿੱਥੇ ਸੱਚ ਹੈ ਉੱਥੇ ਅੰਮ੍ਰਿਤ ਹੈ, ਜਿੱਥੇ ਭਰਮ ਹੈ ਉੱਥੇ ਬਿਖਿਆ ਹੈ। ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ ਤੇ ਜਿਸ ਨੂੰ ਪ੍ਰਮਾਤਮਾ ਬਖ਼ਸ਼ਦਾ ਹੈ ਉਸ ਨੂੰ ਸੱਚੇ ਵਿਚਾਰ ਦੇ ਕੇ ਹੀ ਬਖ਼ਸ਼ਦਾ ਹੈ। ਜਿੰਨ੍ਹਾਂ ਨੂੰ ਉਸਨੇ ਸੱਚੇ ਵਿਚਾਰ ਦਿੱਤੇ ਹਨ ਉਨ੍ਹਾਂ ਨੇ ਹੀ ਗੁਰਬਾਣੀ ਵਿੱਚ ਆਪਣੇ ਸੱਚੇ ਵਿਚਾਰ ਪਾਏ ਹਨ। ਆਪਣੇ ਸੱਚੇ ਵਿਚਾਰਾਂ ਰਾਹੀਂ, ਸ਼ਬਦ ਦੇ ਵਿਚਾਰਾਂ ਰਾਹੀਂ ਜੋ ਉਨ੍ਹਾਂ ਨੇ ਕਿਹਾ ਹੈ, ਗੁਰਬਾਣੀ ਰਾਹੀਂ ਕਿਹਾ ਹੈ ਇਹ ਉਨ੍ਹਾਂ ਕੋਲੋਂ ਪ੍ਰਮਾਤਮਾ ਨੇ ਆਪ ਹੀ ਕਹਾਇਆ ਹੈ, ਮਨ ਦੇ ਵਿੱਚ ਆਪ ਸੋਝੀ ਪਾ ਕੇ ਕਹਾਇਆ ਹੈ ਤੇ ਇਸੇ ਲਈ ਉਨ੍ਹਾਂ ਨੇ ਪ੍ਰਮਾਤਮਾ ਨੂੰ ਗੁਰੂ ਕਿਹਾ ਹੈ ਤੇ ਉਸੇ ਦੀ ਜੈਕਾਰ ਕੀਤੀ ਹੈ। **(ਉਸਤਤਿ ਨਿੰਦਾ ਸਬਦੁ ਵੀਚਾਰੁ॥ ਜੋ ਦੇਵੈ ਤਿਸ ਕਉ ਜੈਕਾਰੁ॥ ਤੂ ਬਖਸਹਿ ਜਾਤਿ ਪਤਿ ਹੋਇ॥ ਨਾਨਕੁ ਕਹੈ ਕਹਾਵੈ ਸੋਇ॥੫॥੧੨॥)**

24/2673

ਪ੍ਰਮਾਤਮਾ ਦੀ ਪੂਰਨ ਰੂਪ ਵਿੱਚ ਉਸਤਤਿ ਉਹੀ ਕਰ ਸਕਦਾ ਹੈ ਜਿਸਨੂੰ ਉਹ ਆਪਣੀ ਉਸਤਤਿ ਕਰਨ ਦੀ ਪੂਰਨ ਰੂਪ ਵਿੱਚ ਸੋਝੀ ਪਾ ਦਿੰਦਾ ਹੈ। ਪ੍ਰਮਾਤਮਾ ਆਪਣੇ ਮਾਰਗ ਤੇ ਚਲਾਉਣ ਦੀ ਕ੍ਰਿਪਾ ਮਨ ਦੀ ਸੋਝੀ ਪਾਉਣ ਦੁਆਰਾ ਹੀ ਕਰਦਾ ਹੈ। ਮਨ ਦੀ ਸੋਝੀ ਦੁਆਰਾ ਹੀ ਅਸੀਂ ਮਨਮੁਖਿ ਹਾਂ ਤੇ ਮਨ ਦੀ ਸੋਝੀ ਦੁਆਰਾ ਹੀ ਉਹ ਕਿਸੇ ਨੂੰ ਗੁਰਮੁਖਿ ਬਣਾਉਂਦਾ ਹੈ। ਕਿਸੇ ਦੇ ਉੱਪਰ ਪ੍ਰਮਾਤਮਾ ਦੀ ਕ੍ਰਿਪਾ ਥੋੜ੍ਹੀ ਹੈ ਜਾਂ ਜਿਆਦਾ ਹੈ ਇਹ ਗੱਲ ਸਾਡੇ ਮਨ ਦੀ ਸੋਝੀ ਤੇ ਹੀ ਟਿਕੀ ਹੋਈ ਹੈ। ਜਿਸ ਤੇ ਪ੍ਰਮਾਤਮਾ ਆਪਣੀ ਪੂਰਨ ਕ੍ਰਿਪਾ ਕਰਦਾ ਹੈ ਉਹ ਮਨ ਦੇ ਵਿੱਚ ਪੂਰਨ ਸੋਝੀ ਦੁਆਰਾ ਹੀ ਕਰਦਾ ਹੈ। ਕ੍ਰਿਪਾ ਸਭ ਤੇ ਪ੍ਰਮਾਤਮਾ ਦੀ ਹੀ ਹੈ ਭਾਵ ਸਭ ਨੂੰ ਸੋਝੀ ਦੇਣ ਵਾਲਾ ਉਹ ਆਪ ਹੀ ਹੈ, ਸਭ ਨੂੰ ਮਨ ਦੀ ਸੋਝੀ ਦੁਆਰਾ ਚਲਾਉਣ ਵਾਲਾ ਹੈ ਉਹ ਆਪ ਹੀ ਹੈ ਪਰ ਕਿਸ ਨੂੰ ਉਹ ਕਿਹੋ ਜਿਹੀ ਸੋਝੀ ਦਿੰਦਾ ਹੈ ਇਹ ਉਸਦੀ ਕ੍ਰਿਪਾ ਤੇ ਨਿਰਭਰ ਹੈ। ਸਭ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਤੇ ਇਸ ਅਵੱਸਥਾ ਵਿੱਚ ਉਹ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਉਸਨੇ ਸਭ ਨੂੰ ਰਜਗੁਣ, ਤਮਗੁਣ ਤੇ ਸਤਿਗੁਣ ਵਿੱਚ ਰੱਖਿਆ ਹੋਇਆ ਹੈ ਜੋ ਸਭ ਕੁੱਝ ਸਾਡੇ ਮਨ ਦੀ ਸੋਝੀ ਤੇ ਨਿਰਭਰ ਹੈ। ਇਨ੍ਹਾਂ ਤਿੰਨਾਂ ਗੁਣਾਂ ਵਿੱਚੋਂ ਕਿਸੇ ਵਿੱਚ ਕੋਈ ਗੁਣ ਜਿਆਦਾ ਹੁੰਦਾ ਹੈ ਤੇ ਕੋਈ ਗੁਣ ਘੱਟ ਹੁੰਦਾ ਹੈ ਤੇ ਇਸੇ ਲਈ ਸਭ ਦਾ ਸੁਭਾਓ ਇੱਕੋ ਜਿਹਾ ਨਹੀਂ ਹੁੰਦਾ, ਸਭ ਦੇ ਮਨ ਦੀ ਬਿਰਤੀ ਇੱਕੋ ਜਿਹੀ ਨਹੀਂ ਹੁੰਦੀ ਤੇ ਮਨੁੱਖ ਉਹੋ ਜਿਹੇ ਕਰਮ ਕਰਦਾ ਹੈ ਜਿਹੋ ਜਿਹਾ ਉਸਦਾ ਸੁਭਾਓ ਹੁੰਦਾ ਹੈ। ਮਨ ਦੀ ਇਸ ਅਵੱਸਥਾ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਸੱਚ ਤੇ ਝੂਠ ਨਾਲ ਨਾਲ ਹੀ ਚੱਲਦਾ ਹੈ ਜੋ ਸਾਨੂੰ ਦੁਚਿੱਤੀ ਵਿੱਚ ਰੱਖਦਾ ਹੈ, ਭਰਮ ਵਿੱਚ ਰੱਖਦਾ ਹੈ। ਇਸ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈ ਸਕਦੀ। ਪੂਰਨ ਸੱਚ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਪੈਂਦੀ ਹੈ, ਚੌਥੇ ਪਦ ਦੇ ਗਿਆਨ ਦੁਆਰਾ ਪੈਂਦੀ ਹੈ ਜੋ ਸਾਨੂੰ ਇਸ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਸਾਨੂੰ ਪ੍ਰਮਾਤਮਾ ਦੀ ਉਸਤਤਿ ਤੇ ਨਿੰਦਾ ਦੀ ਸਮਝ ਨਹੀਂ ਪੈਂਦੀ ਤੇ ਇਹ ਸੋਝੀ ਚੌਥੇ ਪਦ ਦੁਆਰਾ ਹੀ ਪੈਂਦੀ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਸਾਡੇ ਅੰਦਰ ਇਹ ਸਹਜ ਦੀ ਅਵੱਸਥਾ ਹੀ ਅੰਮ੍ਰਿਤ ਦੀ ਪ੍ਰਾਪਤੀ ਦੀ ਅਵੱਸਥਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੇ ਵਿੱਚ ਇਸ ਅੰਮ੍ਰਿਤ ਦੀ ਪ੍ਰਾਪਤੀ ਦੁਆਰਾ ਹੀ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਦੁਆਰਾ ਹੀ ਆਪਣੇ ਅੰਦਰੋਂ ਗੁਰਮਤਿ ਦੀ ਸੋਝੀ ਪੈਂਦੀ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਸਾਡੀ ਲਿਵ ਜੁੜਦੀ ਹੈ ਜਿਸ ਦੁਆਰਾ ਉਸਦੇ ਗੁਣ ਗਾਏ ਜਾ ਸਕਦੇ ਹਨ। ਮਨ ਦੇ ਵਿੱਚ ਇਹ ਅੰਮ੍ਰਿਤ ਪ੍ਰਮਾਤਮਾ ਆਪ ਹੀ ਪਿਆਉਂਦਾ ਹੈ ਭਾਵ ਸਹਜ ਗਿਆਨ ਦਾ ਚੌਥਾ ਪਦ ਆਪ ਹੀ ਬਖ਼ਸ਼ਦਾ ਹੈ, ਗੁਰਮਤਿ ਦਾ ਪਦ ਆਪ ਹੀ ਬਖ਼ਸ਼ਦਾ ਹੈ ਤੇ ਸਾਨੂੰ ਤ੍ਰੈਗੁਣਾਂ ਵਾਲੀ, ਭਰਮ ਵਾਲੀ ਅਵੱਸਥਾ ਵਿੱਚੋਂ ਕੱਢ ਕੇ ਆਪ ਹੀ ਆਪਣੀ ਸੱਚੀ ਉਸਤਤਿ ਦੇ ਨਾਲ ਜੋੜਦਾ ਹੈ ਜਿਸ ਅਵੱਸਥਾ ਦੁਆਰਾ ਮਨੁੱਖ ਕੇਵਲ ਨਾਮ ਦੁਆਰਾ ਹੀ ਵਿਚਰਦਾ ਹੈ ਤੇ

24/2674

ਗੁਰੂ ਦੀ ਨਿੰਦਾ ਤੋਂ ਬਚ ਸਕਦਾ ਹੈ। ਗੁਰੂ ਦੀ ਨਿੰਦਾ ਤੋਂ ਕੇਵਲ ਮਨ ਦੀ ਸੱਚੀ ਸੋਝੀ ਹੀ ਬਚਾਉਂਦੀ ਹੈ। ਸੱਚੀ ਸੋਝੀ ਪਏ ਬਿਨ੍ਹਾਂ ਅਸੀਂ ਬਿਖ ਵਿੱਚੋਂ ਨਹੀਂ ਨਿਕਲ ਸਕਦੇ ਜਿਸ ਵਿੱਚ ਰਹਿੰਦਿਆਂ ਅਸੀਂ ਨਿੰਦਾ ਤੋਂ ਨਹੀਂ ਬਚ ਸਕਦੇ, ਮਾੜੇ ਕਰਮ ਕਰਨ ਤੋਂ ਨਹੀਂ ਬਚ ਸਕਦੇ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਾਝ ਮਹਲਾ ੩॥

“ਅੰਮ੍ਰਿਤੁ ਵਰਸੈ ਸਹਜਿ ਸੁਭਾਏ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ॥
ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ॥੧॥
ਹਉ ਵਾਰੀ ਜੀਉ ਵਾਰੀ ਗੁਰਮੁਖਿ ਅੰਮ੍ਰਿਤੁ ਪੀਆਵਣਿਆ॥
ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ ਸਹਜੇ ਹਰਿ ਗੁਣ ਗਾਵਣਿਆ॥੧॥ਰਹਾਉ॥
ਗੁਰ ਪਰਸਾਦੀ ਸਹਜੁ ਕੋ ਪਾਏ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ॥੨॥

ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਹੈ ਘਣੇਰੀ॥
ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ॥੩॥
ਗੁਰਮੁਖਿ ਤਤੁ ਹੈ ਬੀਚਾਰਾ॥ ਅੰਮ੍ਰਿਤਿ ਭਰੇ ਤੇਰੇ ਭੰਡਾਰਾ॥
ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ॥੪॥
ਸਤਿਗੁਰੁ ਸੇਵੈ ਸੋ ਜਨੁ ਸੋਹੈ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ॥
ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ॥੫॥
ਮਨਮੁਖੁ ਭੂਲਾ ਦੂਜੈ ਭਾਇ ਖੁਆਏ॥ ਨਾਮੁ ਨ ਲੇਵੈ ਮਰੈ ਬਿਖੁ ਖਾਏ॥
ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ॥੬॥
ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ॥ ਗੁਰ ਪਰਸਾਦੀ ਸਹਜਿ ਲਿਵ ਲਾਏ॥
ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ॥੭॥
ਆਪੇ ਆਪਿ ਨਿਰੰਜਨੁ ਸੋਈ॥ ਜਿਨਿ ਸਿਰਜੀ ਤਿਨਿ ਆਪੇ ਗੋਈ॥
ਨਾਨਕ ਨਾਮੁ ਸਮਾਲਿ ਸਦਾ ਤੂੰ ਸਹਜੇ ਸਚਿ ਸਮਾਵਣਿਆ॥੮॥੧੬॥੧੭॥"

(ਅੰਗ ੧੧੯)

ਪ੍ਰਮਾਤਮਾ ਦੀ ਉਸਤਤਿ ਮਨ ਦਾ ਅੰਮ੍ਰਿਤ ਪੀਣ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਸੱਚੀ ਸੋਝੀ ਹੀ ਪੈਂਦੀ ਹੈ। ਇਹ ਅੰਮ੍ਰਿਤ ਸਾਡੇ ਸਭ ਦੇ ਅੰਦਰ ਹੀ ਹੈ ਪਰ ਇਹ ਅੰਮ੍ਰਿਤ ਵਰਸਦਾ ਕਿਸੇ ਵਿਰਲੇ ਦੇ ਅੰਦਰ ਹੀ ਹੈ। ਇਹ ਅੰਮ੍ਰਿਤ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਵਰਸਦਾ ਹੈ, ਸਹਜ ਦੀ ਅਵੱਸਥਾ ਦੁਆਰਾ ਵਰਸਦਾ ਹੈ ਜੋ ਸਾਡੇ ਅੰਦਰ ਸਾਡੇ ਸੁਭਾਉ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ ਭਾਵ ਇਹ ਅੰਮ੍ਰਿਤ ਸਾਡੇ ਸੁਭਾਉ ਉੱਪਰ ਅਸਰ ਕਰਦਾ ਹੈ। ਸਾਡੇ ਮਨ ਦਾ ਸੁਭਾਉ ਸਾਡੇ ਮਨ ਦੇ ਵਿਚਾਰ ਹਨ ਜੋ ਕਿ ਸਾਡੇ ਮਨ ਦੀ ਸੋਝੀ ਦੇ ਉੱਪਰ ਟਿਕੇ ਹੋਏ ਹਨ। ਜਿਹੋ ਜਿਹੀ ਸਾਡੇ ਮਨ ਨੂੰ ਸੋਝੀ ਪੈਂਦੀ ਹੈ ਉਹੋ ਜਿਹੇ ਹੀ ਸਾਡੇ ਵਿਚਾਰ ਬਣਦੇ ਹਨ, ਸਾਡਾ ਸੁਭਾਉ ਬਣਦਾ ਹੈ। ਇਹ ਅੰਮ੍ਰਿਤ ਸਾਡੇ ਅੰਦਰੋਂ ਸਾਨੂੰ ਸੋਝੀ ਦੇ ਰੂਪ ਵਿੱਚ ਹੀ ਮਿਲਦਾ ਹੈ ਜਿਸ ਦਾ ਅਸਰ ਸਾਡੇ ਸੁਭਾਉ ਦੇ ਉੱਪਰ ਹੀ ਪੈਂਦਾ ਹੈ। ਸਾਡੇ ਅੰਦਰ ਸਹਜ ਦੀ ਅਵੱਸਥਾ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਉਹ ਸਾਨੂੰ ਚੌਥੇ ਪਦ ਵਾਲੀ ਸੋਝੀ ਪਾਉਂਦਾ ਹੈ। ਸਾਡੇ ਅੰਦਰ ਇਹ ਚੌਥੇ ਪਦ ਦੀ ਸੋਝੀ ਹੀ ਸਾਡੇ ਅੰਦਰ ਇਹ ਅੰਮ੍ਰਿਤ ਦੀ ਵਰਖਾ ਹੈ, ਬ੍ਰਹਮਗਿਆਨ ਦੀ ਵਰਖਾ ਹੈ ਜੋ ਵਰਖਾ ਉਹ ਪ੍ਰਮਾਤਮਾ ਆਪ ਹੀ ਕਰਦਾ ਹੈ। ਪ੍ਰਮਾਤਮਾ ਦੀ ਇਹ ਕ੍ਰਿਪਾ ਕਿਸੇ ਵਿਰਲੇ ਉੱਪਰ ਹੀ ਹੁੰਦੀ ਹੈ ਜਿਸ ਦੁਆਰਾ ਉਹ ਕਿਸੇ ਨੂੰ ਗੁਰਮੁਖਿ ਵਾਲਾ ਪਦ ਬਖ਼ਸ਼ਦਾ ਹੈ ਜਿਵੇਂ ਕਿ ਉਸਨੇ ਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖ਼ਸ਼ਿਆ ਹੈ। **(ਅੰਮ੍ਰਿਤੁ ਵਰਸੈ ਸਹਜਿ ਸੁਭਾਏ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ॥)**

ਮਨ ਦੇ ਵਿੱਚ ਇਹ ਅੰਮ੍ਰਿਤ ਪੀਣ ਦੇ ਨਾਲ ਸੱਚੇ ਗਿਆਨ ਦਾ ਅੰਮ੍ਰਿਤ ਪੀਣ ਦੇ ਨਾਲ ਮਨੁੱਖ ਦਾ ਮਨ ਮਾਇਆ ਮੋਹ ਵੱਲੋਂ ਤ੍ਰਿਪਤ ਹੁੰਦਾ ਹੈ, ਤ੍ਰਿਸ਼ਨਾ ਵੱਲੋਂ ਤ੍ਰਿਪਤ ਹੁੰਦਾ ਹੈ। ਤ੍ਰਿਸ਼ਨਾ ਮਰਨ ਦੇ ਨਾਲ, ਤ੍ਰਿਸ਼ਨਾ ਦੀ ਅਗਨਿ ਬੁਝਣ ਦੇ ਨਾਲ ਮਨੁੱਖ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ ਕਿਉਂਕਿ ਮਨੁੱਖ ਨੂੰ ਆਪਣੇ ਅੰਦਰੋਂ ਸੱਚ ਦੀ ਸੋਝੀ ਪੈ ਜਾਂਦੀ ਹੈ, ਗੁਰਮਤਿ ਦੀ ਸੋਝੀ ਪੈ ਜਾਂਦੀ ਹੈ ਕਿ ਸਾਡੇ ਜੀਵਨ ਦਾ ਅਸਲ ਮਨੋਰਥ ਕੀ ਹੈ, ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੀ ਹੈ, ਉਸਦੀ ਉਸਤਤਿ ਕਰਨ ਦਾ ਤਰੀਕਾ ਕੀ ਹੈ। **(ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ॥੧॥)**

ਮਨ ਦੇ ਵਿੱਚ ਇਹ ਅੰਮ੍ਰਿਤ ਪੀਣ ਦੇ ਨਾਲ ਹੀ ਮਨੁੱਖ ਦੀ ਹਉਮੈ ਖ਼ਤਮ ਹੁੰਦੀ ਹੈ, ਉਸਦੀ "ਹਉ" ਵਾਰੀ ਜਾਂਦੀ ਹੈ ਭਾਵ ਮਨੁੱਖ ਆਪਣੀ ਮਨਮਤਿ ਗੁਰਮਤਿ ਤੋਂ ਵਾਰ ਦਿੰਦਾ ਹੈ ਭਾਵ ਉਹ ਪੂਰੀ ਤਰ੍ਹਾਂ ਗੁਰਮਤਿ ਦੇ ਵਿੱਚ ਆ ਜਾਂਦਾ ਹੈ ਤੇ ਇਹੀ ਆਪਣੇ ਮਨ ਨੂੰ

ਗੁਰੂ ਤੋਂ ਵਾਰਨਾ ਹੈ। ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਸਾਨੂੰ ਗੁਰਮਤਿ ਦੀ ਸੋਝੀ ਹੀ ਪੈਂਦੀ ਹੈ ਤੇ ਇਸੇ ਲਈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਆਪਣਾ ਅੰਮ੍ਰਿਤ ਪੀਆਇਆ ਹੈ ਉਨ੍ਹਾਂ ਨੇ ਅੰਮ੍ਰਿਤ ਬਾਣੀ ਦੀ ਰਚਨਾ ਕੀਤੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਾਨੂੰ ਗੁਰਮਤਿ ਹੀ ਸਮਝਾਈ ਹੈ। ਗੁਰਮਤਿ ਦੀ ਸੋਝੀ ਸਾਡੇ ਅੰਦਰ ਵੱਸਣ ਤੋਂ ਬਾਅਦ ਹੀ ਅਸੀਂ ਮਨਮਤਿ ਤੋਂ ਮੁਕਤ ਹੁੰਦੇ ਹਾਂ, ਹਉਮੈ ਤੋਂ ਮੁਕਤ ਹੁੰਦੇ ਹਾਂ, ਅਗਿਆਨਤਾ ਤੋਂ, ਭਰਮ ਤੋਂ ਮੁਕਤ ਹੁੰਦੇ ਹਾਂ। **(ਹਉ ਵਾਰੀ ਜੀਉ ਵਾਰੀ ਗੁਰਮੁਖਿ ਅੰਮ੍ਰਿਤੁ ਪੀਆਵਣਿਆ॥)**

ਅਗਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੋ ਕਿ ਸਾਡੀ ਰਸਨਾ ਦਾ ਰਸੁ ਚੱਖਣਾ ਕੀ ਹੈ ਜਿਸ ਦੁਆਰਾ ਸਾਡੀ ਰਸਨਾ ਗੁਰੂ ਦੇ ਰੰਗ ਵਿੱਚ ਰੱਤੀ ਜਾਂਦੀ ਹੈ।

“ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ ਸਹਜੇ ਹਰਿ ਗੁਣ ਗਾਵਣਿਆ॥੧॥ਰਹਾਉ॥”

ਇਹ ਗਿਆਨ ਦਾ ਰਸੁ ਹੈ ਜਿਸ ਨੂੰ ਸਾਡਾ ਮਨ ਚੱਖਦਾ ਹੈ। ਇਹ ਰਸੁ ਸਾਡੇ ਮਨ ਦੇ ਪੀਣ ਦਾ ਰਸੁ ਹੈ ਤੇ ਇਸੇ ਨੂੰ ਹੀ ਸਾਡੀ ਰਸਨਾ ਦਾ ਰਸ ਕਿਹਾ ਹੋਇਆ ਹੈ। ਇਹੀ ਨਾਮ ਰਸੁ ਹੈ, ਹਰਿ ਰਸੁ ਹੈ ਜੋ ਸਾਨੂੰ ਸਹਜ ਦੀ ਅਵੱਸਥਾ ਦੁਆਰਾ ਪ੍ਰਾਪਤ ਹੁੰਦਾ ਹੈ। ਇਹ ਸਾਡੇ ਅੰਦਰ ਮਨ ਦੇ ਵਿਚਾਰਾਂ ਦਾ ਰਸੁ ਹੈ ਜੋ ਵਿਚਾਰ ਸਾਨੂੰ ਸਹਜ ਦੀ ਅਵੱਸਥਾ ਦੁਆਰਾ ਮਿਲਦੇ ਹਨ। ਸਹਜ ਦੇ ਵਿਚਾਰਾਂ ਦਾ ਰਸ ਹੈ ਜੋ ਵਿਚਾਰ ਸਾਨੂੰ ਮਨ ਦੇ ਅੰਦਰ ਉਹ ਸ਼ਬਦ ਰੂਪ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਸੁਣਾਉਂਦਾ ਹੈ। ਪ੍ਰਮਾਤਮਾ ਦੇ ਰੰਗ ਵਿੱਚ ਮਨ ਦੀ ਇਸ ਅਵੱਸਥਾ ਦੁਆਰਾ ਹੀ ਰੰਗਿਆ ਜਾ ਸਕਦਾ ਹੈ ਤੇ ਉਸਦੇ ਗੁਣ ਗਾਏ ਜਾ ਸਕਦੇ ਹਨ ਭਾਵ ਉਸ ਦੀ ਉਸਤਤਿ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਦੀ ਉਸਤਤਿ ਕਰਨ ਲਈ ਸਾਨੂੰ ਮਨ ਦੇ ਵਿੱਚ ਪੂਰਨ ਸੋਝੀ ਦੀ ਹੀ ਲੋੜ ਹੈ ਜਿਸ ਦੁਆਰਾ ਉਸ ਦੀ ਉਸਤਤਿ ਸਮਝ ਆਉਂਦੀ ਹੈ ਜੋ ਸੋਝੀ ਉਸਨੇ ਬਾਣੀ ਨੂੰ ਰਚਨ ਵਾਲਿਆਂ ਨੂੰ ਪਾਈ ਹੈ। **(ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ ਸਹਜੇ ਹਰਿ ਗੁਣ ਗਾਵਣਿਆ॥੧॥ਰਹਾਉ॥)**

{ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥੨॥}

(ਅੰਗ ੧੦੨)

ਇਸ ਅੰਮ੍ਰਿਤ ਰਸੁ ਨੂੰ ਉਹੀ ਜਾਣ ਸਕਦਾ ਹੈ, ਸਮਝ ਸਕਦਾ ਹੈ ਜਿੰਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਤੇ ਭਰਮ ਵਿੱਚ ਭੁੱਲੇ ਹੋਏ ਇਸਨੂੰ ਕਈ ਰਸਨਾ ਦਾ ਰਸੁ ਹੀ ਸਮਝਦੇ ਹਨ ਜਿੰਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਪ੍ਰਮਾਤਮਾ ਦੇ ਦਰਸ਼ਨ ਅੰਦਰੋਂ ਹੀ ਹੁੰਦੇ ਹਨ ਤੇ ਇਸ ਅੰਮ੍ਰਿਤ ਰਸੁ ਨੂੰ ਚੱਖਣ ਦੁਆਰਾ ਹੀ ਹੁੰਦੇ ਹਨ। ਇਹ ਰਸੁ ਸੰਸਾਰ ਦਾ ਸਭ ਤੋਂ ਮਿੱਠਾ ਰਸੁ ਹੈ ਜੋ ਕਿ ਗਿਆਨ ਦਾ ਰਸੁ ਹੈ, ਬ੍ਰਹਮਗਿਆਨ ਦਾ ਰਸੁ ਹੈ।

25/2676

{ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ॥੧੬॥}

(ਅੰਗ ੧੦੩੨)

ਇਹ ਭੋਜਨ ਸਾਡੇ ਮਨ ਦੇ ਛਕਣ ਦਾ ਭੋਜਨ ਹੈ ਜੋ ਪ੍ਰਮਾਤਮਾ ਨੇ ਆਪ ਹੀ ਸਾਰੀ ਗੁਰਬਾਣੀ ਵਿੱਚ ਸਾਡੇ ਛਕਣ ਲਈ ਪਾਇਆ ਹੋਇਆ ਹੈ। ਇਸ ਭੋਜਨ ਨੂੰ ਛਕਣ ਦਾ ਮਕਸਦ ਵੀ ਨਾਲ ਹੀ ਸਮਝਾਇਆ ਹੋਇਆ ਹੈ। ਇਹ ਗਿਆਨ ਦਾ ਭੋਜਨ ਸਾਡੀ ਸੋਝੀ ਦੇ ਰੂਪ ਵਿੱਚ ਜੋ ਸਾਨੂੰ ਤ੍ਰਿਸ਼ਨਾਵਾਂ ਵਿੱਚੋਂ ਹੀ ਕੱਢਦਾ ਹੈ, ਸਾਡੀ ਮਨਸਾ ਨੂੰ ਮਾਰਨ ਦੇ ਲਈ ਹੀ ਹੈ ਤਾਂ ਜੋ ਅਸੀਂ ਮਾਇਆ ਮੋਹ ਵਿੱਚੋਂ ਨਿਕਲ ਸਕੀਏ। ਮਨ ਦੀ ਮਾੜੀ ਸੋਝੀ ਕਰਕੇ ਹੀ ਅਸੀਂ ਮਾਇਆ ਮੋਹ ਦੇ ਵਿਚਾਰਾਂ ਵਿੱਚ ਫਸੇ ਰਹਿੰਦੇ ਹਾਂ ਤੇ ਸੱਚੇ ਗਿਆਨ ਦਾ ਮਕਸਦ ਸਾਨੂੰ ਇਨ੍ਹਾਂ ਵਿੱਚੋਂ ਕੱਢਣ ਦਾ ਹੀ ਹੈ। ਗੁਰਬਾਣੀ ਵਿੱਚੋਂ ਇਸ ਅੰਮ੍ਰਿਤ ਭੋਜਨ ਨੂੰ ਛਕਣ ਦਾ ਮਕਸਦ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੀ ਹੈ ਤਾਂ ਜੋ ਅਸੀਂ ਉਹੋ ਜਿਹੇ ਕਰਮ ਕਰ ਸਕੀਏ ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦੇ ਹਨ।

ਆਪਣੇ ਇਸ ਗਿਆਨ ਦਾ ਭੋਜਨ ਜਿਸਨੂੰ ਵੀ ਪ੍ਰਮਾਤਮਾ ਛਕਾਉਂਦਾ ਹੈ ਆਪ ਹੀ ਛਕਾਉਂਦਾ ਹੈ, ਮਨ ਦੇ ਵਿੱਚੋਂ ਹੀ ਛਕਾਉਂਦਾ ਹੈ, ਸਹਜ ਦੀ ਅਵੱਸਥਾ ਬਖ਼ਸ਼ ਕੇ ਹੀ ਛਕਾਉਂਦਾ ਹੈ, ਕਿਸੇ ਵਿਰਲੇ ਨੂੰ ਹੀ ਛਕਾਉਂਦਾ ਹੈ, ਆਪਣਾ ਇਹ ਅੰਮ੍ਰਿਤ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਛਕਾਉਂਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰਬਾਣੀ ਉੱਤੇ ਆਪਣਾ ਭਰੋਸਾ ਟਿਕਾ ਕੇ ਕੇਵਲ ਗੁਰਬਾਣੀ ਦੇ ਕੋਲੋਂ ਹੀ ਇਹ ਭੋਜਨ ਛਕੀਏ ਤਾਂ ਜੋ ਇਸ ਭੋਜਨ ਦੇ ਮਾਲਕ ਦੀ ਸਾਡੇ ਤੇ ਕ੍ਰਿਪਾ ਹੋ ਜਾਵੇ ਤੇ ਉਹ ਸਾਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਇਹ ਪੂਰਾ ਭੋਜਨ ਛਕਾਵੇ।

“ਗੁਰ ਪਰਸਾਦੀ ਸਹਜੁ ਕੋ ਪਾਏ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ॥੨॥”

ਪ੍ਰਮਾਤਮਾ ਸਾਡੇ ਅੰਦਰ ਸਹਜ ਦੀ ਅਵੱਸਥਾ ਵਿੱਚ ਹੀ ਹੈ, ਚੌਥੇ ਪਦ ਦੇ ਵਿੱਚ ਹੀ ਹੈ ਤੇ ਉਹ ਆਪਣੇ ਦਰਸ਼ਨ ਕਿਸੇ ਨੂੰ ਸਹਜ ਦੀ ਅਵੱਸਥਾ ਬਖ਼ਸ਼ ਕੇ ਹੀ ਦਿੰਦਾ ਹੈ ਜੋ ਕਿ ਕੇਵਲ ਗੁਰਪ੍ਰਸਾਦਿ ਹੈ, ਉਸਦੀ ਆਪਣੀ ਰਜ਼ਾ ਹੈ। ਸਹਜ ਦੀ ਅਵੱਸਥਾ ਦਾ ਮਕਸਦ ਨਾਲ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੀ ਦੁਬਿਧਾ ਨੂੰ ਮਾਰਨ ਦੇ ਲਈ ਹੈ, ਭਰਮ, ਅਗਿਆਨਤਾ, ਦੁਚਿੱਤੀ, ਸਹਸਾ ਮਾਰਨ ਦੇ ਲਈ ਹੈ, ਹਉਮੈ ਮਾਰਨ ਲਈ ਹੈ ਜਿਸ ਅਵੱਸਥਾ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਵਿਛੁੜੇ ਹੋਏ ਹਾਂ। ਇਹ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜਿਸ ਵਿੱਚ ਰਹਿੰਦਿਆਂ ਸਾਡੀ ਉਸ ਪ੍ਰਮਾਤਮਾ ਦੇ ਨਾਲ ਲਿਵ ਨਹੀਂ ਜੁੜ ਸਕਦੀ। ਉਸਦੇ ਸੱਚੇ ਗਿਆਨ ਨਾਲ ਜੁੜਨਾ ਹੀ ਉਸਦੇ ਨਾਲ ਸਾਡੀ ਲਿਵ ਦਾ ਜੁੜਨਾ ਹੈ ਤੇ ਆਪਣੇ ਨਾਲ ਉਹ ਲਿਵ ਆਪ

ਹੀ ਜੋੜਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਕਿਉਂਕਿ ਸਾਨੂੰ ਸੱਚ ਦੀ ਸੋਝੀ ਹੀ ਮਨ ਦੀ ਇਸ ਅਵੱਸਥਾ ਦੁਆਰਾ ਪੈਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਕੀ ਹੈ, ਉਸਦੇ ਗੁਣ ਗਾਉਣੇ ਕੀ ਹਨ। ਉਸਦੇ ਗੁਣ ਉਨ੍ਹਾਂ ਨੇ ਹੀ ਗਾਏ ਹਨ ਜਿੰਨ੍ਹਾਂ ਉੱਪਰ ਉਸ ਪ੍ਰਮਾਤਮਾ ਦੀ ਕ੍ਰਿਪਾ ਹੋਈ ਹੈ, ਜਿੰਨ੍ਹਾਂ ਨੂੰ ਸਹਜ ਦੀ ਪ੍ਰਾਪਤੀ ਹੋਈ ਹੈ, ਜਿੰਨ੍ਹਾਂ ਦੀ ਦੁਬਿਧਾ ਮਰੀ ਹੈ, ਜਿੰਨ੍ਹਾਂ ਦੀ ਉਸ ਪ੍ਰਮਾਤਮਾ ਦੇ ਨਾਲ ਲਿਵ ਜੁੜੀ ਹੈ, ਜਿਹੜੇ ਉਸਦੇ ਸੱਚ ਵਿੱਚ ਸਮਾਏ ਹੋਏ ਹਨ, ਸੱਚੇ ਗਿਆਨ ਦੇ ਵਿੱਚ, ਬ੍ਰਹਮਗਿਆਨ ਦੇ ਵਿੱਚ, ਚੌਥੇ ਪਦ ਦੇ ਗਿਆਨ ਦੇ ਵਿੱਚ ਸਮਾਏ ਹਨ। ਉਸਦੀ ਕ੍ਰਿਪਾ ਤੋਂ ਬਿਨ੍ਹਾਂ ਉਸ ਦੇ ਗੁਣ ਨਹੀਂ ਗਾਏ ਜਾ ਸਕਦੇ ਤੇ ਜਿਹੋ ਜਿਹੇ ਗੁਣ ਅਸੀਂ ਆਪਣੇ ਵੱਲੋਂ ਗਾ ਰਹੇ ਹਾਂ ਜਾਂ ਜਿੰਨ੍ਹਾਂ ਨੂੰ ਅਸੀਂ ਆਪਣੇ ਗੁਣ ਸਮਝਿਆ ਹੋਇਆ ਹੈ ਉਹ ਕੇਵਲ ਸਾਡੀ ਦੁਬਿਧਾ ਹੈ, ਭਰਮ ਹੈ। **(ਗੁਰ ਪਰਸਾਦੀ ਸਹਜੁ ਕੋ ਪਾਏ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ॥ ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ॥੨॥)**

{ਮਾਇਆ ਮੋਹੁ ਜਗਤੁ ਸਬਾਇਆ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ॥੧॥}

(ਅੰਗ ੧੨੯)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ॥
ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ॥੨॥}

(ਅੰਗ ੩੩)

{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥੧੭॥}

(ਅੰਗ ੯੦੯)

{ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੁ ਨ ਜਾਇ॥
ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ॥੩॥}

(ਅੰਗ ੧੨੫੮)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

25/2678

ਮੁੱਖ ਸ਼ਬਦ ਦੇ ਪਹਿਲੇ ਦੋ ਪਦਿਆਂ ਦੁਆਰਾ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਤੇ ਸਹਜ ਦੀ ਪ੍ਰਾਪਤੀ ਬਾਰੇ ਦੱਸਿਆ ਹੈ ਜਿਸ ਦੀ ਪ੍ਰਾਪਤੀ ਕੋਈ ਵਿਰਲਾ ਹੀ ਕਰਦਾ ਹੈ। ਦੋਨਾਂ ਤੋਂ ਭਾਵ ਸਾਡੇ ਮਨ ਦੇ ਗਿਆਨ ਦੇ ਨਾਲ ਹੀ ਹੈ, ਚੌਥੇ ਪਦ ਦੇ ਗਿਆਨ ਦੇ ਨਾਲ ਹੀ ਹੈ ਜਿਸ ਦੁਆਰਾ ਸਾਡੀ ਦੁਬਿਧਾ ਦੂਰ ਹੁੰਦੀ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਸਾਡੀ ਲਿਵ ਜੁੜਦੀ ਹੈ। ਪ੍ਰਮਾਤਮਾ ਜਿਸ ਤੇ ਇਹ ਆਪਣੀ ਕ੍ਰਿਪਾ ਕਰਦਾ ਹੈ ਮਨ ਦੇ ਵਿੱਚ ਸੋਝੀ ਪਾਉਣ ਦੁਆਰਾ ਹੀ ਕਰਦਾ ਹੈ। ਮਨ ਦੇ ਅੰਦਰੋਂ ਸਾਨੂੰ ਜੋ ਵੀ ਗਿਆਨ ਪ੍ਰਾਪਤ ਹੁੰਦਾ ਹੈ ਉਹ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ ਭਾਵ ਸਾਰਾ ਗਿਆਨ ਪ੍ਰਮਾਤਮਾ ਦੇ ਕੋਲੋਂ ਹੀ ਆਉਂਦਾ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸੋਝੀ ਪਾਉਣ ਵਾਲਾ ਵੀ ਉਹ ਆਪ ਹੀ ਹੈ। ਪ੍ਰਮਾਤਮਾ ਸਾਡੇ ਤੇ ਘੱਟ ਕ੍ਰਿਪਾ ਕਰਦਾ ਹੈ ਜਾਂ ਜਿਆਦਾ ਕ੍ਰਿਪਾ ਕਰਦਾ ਹੈ ਇਹ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ ਕਿਉਂਕਿ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ, ਮਨ ਦੀ ਸੋਚ ਸਾਡੇ ਵੱਸ ਨਹੀਂ ਹੈ ਤੇ ਇਹੀ ਗੱਲ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਹੈ ਘਣੇਰੀ॥
ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ॥੩॥”

ਪ੍ਰਮਾਤਮਾ ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ ਤੇ ਇਹ ਕੇਵਲ ਤੇ ਕੇਵਲ ਉਸ ਦੀ ਕ੍ਰਿਪਾ ਹੈ ਕਿ ਉਹ ਸਾਨੂੰ ਕਿਹੋ ਜਿਹੀ ਸੋਝੀ ਪਾਉਂਦਾ ਹੈ। ਘੱਟ ਸੋਝੀ ਦੁਆਰਾ, ਥੋੜ੍ਹੀ ਮਤਿ ਦੁਆਰਾ, ਅਧੂਰੀ ਮਤਿ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਨਾ ਹੀ ਸਾਨੂੰ ਗੁਰਮਤਿ ਦੀ ਪੂਰਨ ਸੋਝੀ ਪੈਂਦੀ ਹੈ, ਸੱਚ ਦੀ ਪੂਰਨ ਸੋਝੀ ਪੈਂਦੀ ਹੈ ਕਿਉਂਕਿ ਇਸ ਅਵੱਸਥਾ ਵਿੱਚ ਸਾਨੂੰ ਪ੍ਰਮਾਤਮਾ ਆਪ ਹੀ ਰੱਖਦਾ ਹੈ। ਤ੍ਰੈਗੁਣਾਂ ਵਿੱਚ ਵੀ ਘੱਟ-ਵੱਧ ਸੋਝੀ ਵਿੱਚ ਉਹ ਆਪ ਹੀ ਰੱਖਦਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਸੋਝੀ ਦੁਆਰਾ ਹੀ ਹੁੰਦੀ ਹੈ। ਸੱਚ ਦੀ, ਗੁਰਮਤਿ ਦੀ ਸਮਝ ਵੀ ਮਨ ਦੀ ਸੋਝੀ ਦੁਆਰਾ ਹੀ ਪੈਂਦੀ ਹੈ ਤੇ ਉਸ ਤੇ ਚੱਲਣ ਦੀ ਦ੍ਰਿੜਤਾ ਵੀ ਮਨ ਦੀ ਸੋਝੀ ਰਾਹੀਂ ਹੀ ਆਉਂਦੀ ਹੈ। ਸੱਚ ਤੇ ਚੱਲਣ ਲਈ ਦ੍ਰਿੜ ਸਾਡੇ ਮਨ ਦੀ ਸੋਝੀ ਹੀ ਹੁੰਦੀ ਹੈ। ਸਾਡੇ ਅੰਦਰ ਸੱਚ ਤੇ ਚੱਲਣ ਦੀ ਦ੍ਰਿੜਤਾ ਸਾਡੇ ਅੰਦਰ ਨਾਮ ਦੀ ਦ੍ਰਿੜਤਾ ਹੈ ਤੇ ਇਹ ਦ੍ਰਿੜਤਾ ਪ੍ਰਮਾਤਮਾ ਆਪ ਹੀ ਦਿੰਦਾ ਹੈ, ਸਾਡੀ ਸੋਝੀ ਨੂੰ ਸੱਚ ਤੇ ਚੱਲਣ ਲਈ ਆਪ ਹੀ ਦ੍ਰਿੜ ਕਰਕੇ ਰੱਖਦਾ ਹੈ ਕਿਉਂਕਿ ਉਹ ਆਪ ਹੀ ਸਾਡੀ ਸੋਝੀ ਦਾ ਮਾਲਕ ਹੈ। ਜਿਸਨੂੰ ਉਹ ਆਪਣੀ ਗੁਰਮੁਖਿ ਵਾਲੀ ਅਵੱਸਥਾ ਬਖ਼ਸ਼ਦਾ ਹੈ, ਨਾਮ ਜਪਣ ਵਾਲੀ ਅਵੱਸਥਾ ਬਖ਼ਸ਼ਦਾ ਹੈ, ਸਹਜ ਦੀ ਅਵੱਸਥਾ ਬਖ਼ਸ਼ਦਾ ਹੈ, ਆਪਣੇ ਅੰਮ੍ਰਿਤ ਦੀ ਦਾਤਿ ਬਖ਼ਸ਼ਦਾ ਹੈ, ਨਾਮ ਦੀ ਦਾਤਿ ਬਖ਼ਸ਼ਦਾ ਹੈ ਉਸਨੂੰ ਮਨ ਦੇ ਵਿੱਚ ਸੋਝੀ ਪਾ ਕੇ ਹੀ ਬਖ਼ਸ਼ਦਾ ਹੈ। ਸਾਡੇ ਮਨ ਦੇ ਅੰਦਰ ਸੋਝੀ ਦਾ ਪ੍ਰਕਾਸ਼ ਹੀ ਭਾਵ ਸੱਚੀ ਸੋਝੀ ਦਾ ਪ੍ਰਕਾਸ਼ ਹੀ ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਹੈ, ਨਾਮ ਦਾ ਪ੍ਰਕਾਸ਼ ਹੈ, ਬ੍ਰਹਮਗਿਆਨ ਦਾ ਪ੍ਰਕਾਸ਼ ਹੈ ਜੋ ਕਿ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ

25/2679

ਕਰਦਾ ਹੈ। ਆਪਣੇ ਨਾਲ ਮੇਲ ਦੀ ਕ੍ਰਿਪਾ ਪ੍ਰਮਾਤਮਾ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ। ਮਨ ਦੀ ਇਸ ਸੋਝੀ ਦੁਆਰਾ ਹੀ ਉਸ ਦੀ ਸੱਚੀ ਉਸਤਤਿ ਕੀਤੀ ਜਾ ਸਕਦੀ ਹੈ ਭਾਵ ਗੁਰਮੁਖਿ ਵਾਲੀ ਅਵੱਸਥਾ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਕੀਤੀ ਜਾ

ਸਕਦੀ ਹੈ, ਆਪਣੀ ਉਸਤਤਿ ਉਹ ਆਪ ਹੀ ਕਰਵਾਉਂਦਾ ਹੈ, ਆਪਣਾ ਨਾਮ ਉਹ ਆਪ ਹੀ ਜਪਵਾਉਂਦਾ ਹੈ। **(ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਹੈ ਘਣੇਰੀ॥ ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ॥੩॥)**

ਮਨ ਦੀ ਸੋਝੀ ਸਾਡੇ ਮਨ ਦੇ ਵਿਚਾਰ ਹਨ ਤੇ ਗੁਰਮਤਿ ਦਾ ਤੱਤ, ਗੁਰਮਤਿ ਦੀ ਅਸਲੀਅਤ ਮਨ ਦੇ ਵਿਚਾਰਾਂ ਰਾਹੀਂ ਹੀ ਸਮਝ ਆ ਸਕਦੀ ਹੈ, ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ ਆ ਸਕਦੀ ਹੈ ਭਾਵ ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੇ ਤੱਤ ਨੂੰ ਸਮਝ ਕੇ ਉਸ ਤੇ ਚੱਲ ਸਕਦੇ ਹਾਂ, ਪ੍ਰਮਾਤਮਾ ਦੀ ਉਸਤਤਿ ਕਰ ਸਕਦੇ ਹਾਂ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰਮੁਖਿ ਤਤੁ ਹੈ ਬੀਚਾਰਾ॥ ਅੰਮ੍ਰਿਤਿ ਭਰੇ ਤੇਰੇ ਭੰਡਾਰਾ॥

ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ॥੪॥”

ਇਸ ਤੋਂ ਪਿਛਲੇ ਪਦੇ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਜਿਸ ਨੂੰ ਪ੍ਰਮਾਤਮਾ ਗੁਰਮੁਖਿ ਵਾਲੀ ਅਵੱਸਥਾ ਦਿੰਦਾ ਹੈ ਉਸ ਨੂੰ ਮਨ ਦੀ ਸੱਚੀ ਸੋਝੀ ਰਾਹੀਂ ਹੀ ਦਿੰਦਾ ਹੈ। ਇਹ ਗੁਰਮੁਖਿ ਵਾਲੀ ਅਵੱਸਥਾ ਗੁਰੂ ਦੀ ਅਵੱਸਥਾ ਹੈ ਜਿਸ ਦੇ ਕੋਲ ਪ੍ਰਮਾਤਮਾ ਦਾ ਤੱਤ ਹੈ, ਜਿਸ ਤੱਤ ਦੀ ਪ੍ਰਾਪਤੀ ਕਰਨਾ ਸਾਡੀ ਜ਼ਿੰਦਗੀ ਦਾ ਮਨੋਰਥ ਹੈ। ਇਸ ਤੱਤ ਦੀ ਪ੍ਰਾਪਤੀ ਮਨ ਦੀ ਸੋਝੀ ਦੁਆਰਾ ਹੀ ਹੁੰਦੀ ਹੈ, ਸਹਜ ਦੀ ਪ੍ਰਾਪਤੀ ਦੁਆਰਾ, ਅੰਮ੍ਰਿਤ ਦੀ ਪ੍ਰਾਪਤੀ ਦੁਆਰਾ ਭਾਵ ਬ੍ਰਹਮਗਿਆਨ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ। ਗੁਰਮੁਖਿ ਦੇ ਕੋਲ, ਗੁਰੂ ਦੇ ਕੋਲ ਇਸ ਸੱਚੇ ਗਿਆਨ ਦਾ ਤੱਤ ਹੈ ਜੋ ਕਿ ਉਸਦੇ ਕੋਲ ਆਪਣੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਇਹ ਸ਼ਬਦ ਦੇ ਵਿਚਾਰਾਂ ਦਾ ਭੰਡਾਰ ਹੈ ਜੋ ਗੁਰੂ ਨੇ ਸਾਨੂੰ ਗੁਰਬਾਣੀ ਰਾਹੀਂ ਦਿੱਤਾ ਹੈ। ਇਨ੍ਹਾਂ ਵਿਚਾਰਾਂ ਰਾਹੀਂ ਹੀ ਸਾਨੂੰ ਪ੍ਰਮਾਤਮਾ ਦੇ ਤੱਤ ਦੀ ਸੋਝੀ ਪੈਂਦੀ ਹੈ, ਗੁਰਮਤਿ ਦੇ ਤੱਤ ਦੀ ਭਾਵ ਗੁਰਮਤਿ ਦੀ ਅਸਲੀਅਤ ਦੀ ਸੋਝੀ ਪੈਂਦੀ ਹੈ। ਸ਼ਬਦ ਦੇ ਵਿਚਾਰਾਂ ਰਾਹੀਂ ਸਾਨੂੰ ਗੁਰੂ ਨੇ ਗੁਰਮਤਿ ਦਾ ਤੱਤ ਸਾਰ ਹੀ ਸਮਝਾਇਆ ਹੋਇਆ ਹੈ। ਗੁਰੂ ਦੇ ਸੱਚੇ ਵਿਚਾਰ ਹੀ ਉਸਦੇ ਅੰਦਰ ਦਾ ਅੰਮ੍ਰਿਤ ਹਨ ਜਿੰਨ੍ਹਾਂ ਦੁਆਰਾ ਸੱਚ ਦੀ ਸੋਝੀ ਪੈਂਦੀ ਹੈ। ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਪ੍ਰਮਾਤਮਾ ਨੇ ਇਹ ਸੱਚੇ ਵਿਚਾਰਾਂ ਦਾ ਭੰਡਾਰ, ਅੰਮ੍ਰਿਤ ਦਾ ਭੰਡਾਰ ਗੁਰੂ ਰੂਪ ਵਿੱਚ ਆਪ ਹੀ ਦਿੱਤਾ ਹੈ ਜੋ ਕਿ ਸੱਚੇ ਗਿਆਨ ਦਾ ਭੰਡਾਰ ਹੈ। **(ਗੁਰਮੁਖਿ ਤਤੁ ਹੈ ਬੀਚਾਰਾ॥ ਅੰਮ੍ਰਿਤਿ ਭਰੇ ਤੇਰੇ ਭੰਡਾਰਾ॥)**

ਅੰਮ੍ਰਿਤ ਦਾ ਭੰਡਾਰ, ਸੱਚੇ ਵਿਚਾਰਾਂ ਦਾ ਭੰਡਾਰ, ਸੱਚੇ ਗਿਆਨ ਦਾ ਭੰਡਾਰ ਜਿਸ ਦੁਆਰਾ ਸਾਨੂੰ ਤੱਤ ਦੀ ਸੋਝੀ ਪੈਂਦੀ ਹੈ, ਪ੍ਰਮਾਤਮਾ ਦੀ ਸੋਝੀ ਪੈਂਦੀ ਹੈ, ਸੱਚ ਦੀ

ਸੋਝੀ ਪੈਂਦੀ ਹੈ, ਗੁਰਮਤਿ ਦੀ ਸੱਚੀ ਸੋਝੀ ਪੈਂਦੀ ਹੈ ਇਹ ਕੇਵਲ ਸਤਿਗੁਰ ਦੀ ਸੇਵਾ ਦੁਆਰਾ ਹੀ ਪੈ ਸਕਦੀ ਹੈ ਭਾਵ ਗੁਰਬਾਣੀ ਦੀ ਮਤਿ ਦੁਆਰਾ ਵਿਚਰ ਕੇ ਹੀ ਪੈ ਸਕਦੀ ਹੈ। ਆਪਣੀ ਮਤਿ ਤੇ ਉਹ ਕਿਸਨੂੰ ਚਲਾਉਂਦਾ ਹੈ, ਆਪਣੇ ਸ਼ਬਦ ਦਾ ਵਿਚਾਰੀ ਉਹ ਕਿਸ ਨੂੰ ਬਣਾਉਂਦਾ ਹੈ ਇਹ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਜਿਵੇਂ ਕਿ ਨਾਲ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਜਿਸ ਨੂੰ ਆਪਣਾ ਸੇਵਕ ਬਣਾਉਂਦਾ ਹੈ ਉਸਨੂੰ ਆਪਣੀ ਸੇਵਾ ਆਪ ਹੀ ਬਖ਼ਸ਼ਦਾ ਹੈ। **(ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ॥੪॥)**

ਜਿਸ ਨੂੰ ਪ੍ਰਮਾਤਮਾ ਆਪਣੀ ਸੇਵਾ ਦੀ ਦਾਤਿ ਬਖ਼ਸ਼ਦਾ ਹੈ ਉਸਨੂੰ ਸੱਚੇ ਗਿਆਨ ਦੀ ਸੋਝੀ ਦੁਆਰਾ ਹੀ ਬਖ਼ਸ਼ਦਾ ਹੈ, ਆਪਣੇ ਨਾਮ ਦੀ ਦਾਤਿ ਦੁਆਰਾ ਹੀ ਬਖ਼ਸ਼ਦਾ ਹੈ, ਅੰਮ੍ਰਿਤ ਦੀ ਦਾਤਿ ਦੁਆਰਾ ਹੀ ਬਖ਼ਸ਼ਦਾ ਹੈ। ਆਪਣਾ ਇਹ ਅੰਮ੍ਰਿਤ, ਬ੍ਰਹਮਗਿਆਨ ਦਾ ਅੰਮ੍ਰਿਤ ਕਿਵੇਂ ਬਖ਼ਸ਼ਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੇਵਾ ਹੁੰਦੀ ਹੈ, ਜਿਸ ਦੁਆਰਾ ਅਸੀਂ ਉਸਦੇ ਸ਼ਬਦ ਦੇ ਵਿਚਾਰੀ ਬਣਦੇ ਹਾਂ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਜਿੰਨ੍ਹਾਂ ਨੂੰ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋਈ ਹੈ ਉਹ ਕਿਸ ਤਰੀਕੇ ਨਾਲ ਹੋਈ ਹੈ। ਇਹ ਪ੍ਰਾਪਤੀ ਉਨ੍ਹਾਂ ਨੂੰ ਹੀ ਹੋਈ ਹੈ ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਅੰਮ੍ਰਿਤ ਨਾਮ ਦੀ ਦਾਤਿ ਦਿੱਤੀ ਹੈ, ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦੀ, ਸ਼ਬਦਾਂ ਦੁਆਰਾ ਸੱਚੇ ਵਿਚਾਰਾਂ ਦੀ ਦਾਤਿ ਦਿੱਤੀ ਹੈ, ਬ੍ਰਹਮਗਿਆਨ ਦੀ ਦਾਤਿ ਦਿੱਤੀ ਹੈ।

“ਸਤਿਗੁਰੁ ਸੇਵੈ ਸੋ ਜਨੁ ਸੋਹੈ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ॥

ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ॥੫॥”

ਮਨ ਦੇ ਵਿੱਚ ਅੰਮ੍ਰਿਤ ਦੀ ਦਾਤਿ ਮਿਲਣ ਦੁਆਰਾ ਹੀ ਪ੍ਰਮਾਤਮਾ ਦੀ ਸੇਵਾ ਕੀਤੀ ਜਾ ਸਕਦੀ ਹੈ ਜਿਹੋ ਜਿਹੀ ਸੇਵਾ ਕਰਨੀ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੋਈ ਹੈ। ਗੁਰੂ ਦੀ ਸੇਵਾ ਮਨ ਦੀ ਪੂਰਨ ਸੋਝੀ ਦੁਆਰਾ ਹੀ ਹੁੰਦੀ ਹੈ, ਪੂਰਨ ਸੱਚ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ ਤੇ ਇਹੋ ਜਿਹੀ ਸੇਵਾ ਕਰਨ ਵਾਲੇ ਹੀ ਪ੍ਰਮਾਤਮਾ ਦੇ ਦਰ ਤੇ ਸੁਹਾਉਂਦੇ ਹਨ, ਸ਼ੋਭਾ ਪਾਉਂਦੇ ਹਨ। **(ਸਤਿਗੁਰੁ ਸੇਵੈ ਸੋ ਜਨੁ ਸੋਹੈ॥)** ਉਸਦੀ ਸੇਵਾ ਕਰਨ ਵਾਲਿਆਂ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ॥”

ਇਹ ਗੁਰੂ ਵਾਲੀ ਅਵੱਸਥਾ ਹੈ ਜਿਸ ਨੂੰ ਕਿ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨ ਦੇ ਵਿੱਚ ਅੰਮ੍ਰਿਤ ਨਾਮ ਦੀ ਪ੍ਰਾਪਤੀ ਦੁਆਰਾ ਮਨੁੱਖ ਉਹੀ ਕੁੱਝ ਕਰਦਾ ਹੈ ਜਿਹੋ ਜਿਹੀ ਨਾਮ ਦੁਆਰਾ ਉਸਨੂੰ ਸੋਝੀ ਪੈਂਦੀ ਹੈ। ਮਨ ਦੇ ਵਿੱਚ ਸੋਝੀ ਗੁਰੂ ਦੀ ਸੱਚੀ ਮਤਿ ਦੀ

ਹੀ ਪੈਂਦੀ ਹੈ ਤੇ ਉਸ ਤੋਂ ਬਾਅਦ ਮਨੁੱਖ ਨੂੰ ਨਾਮ ਦੀ ਮਤਿ ਹੀ ਮੋਂਹਦੀ ਹੈ ਭਾਵ ਉਹ ਹੀ ਚੰਗੀ ਲੱਗਦੀ ਹੈ ਤੇ ਮਨੁੱਖ ਉਸ ਤੋਂ ਬਾਹਰ ਨਹੀਂ ਜਾਂਦਾ। ਨਾਮ ਦੁਆਰਾ ਗੁਰਮਤਿ ਦੀ ਸੋਝੀ ਪਾ ਕੇ ਪ੍ਰਮਾਤਮਾ ਆਪ ਹੀ ਗੁਰਮਤਿ ਤੇ ਦ੍ਰਿੜ ਕਰਦਾ ਹੈ। ਜਦੋਂ ਮਨੁੱਖ ਨੂੰ ਇਹ ਪ੍ਰਾਪਤੀ ਪ੍ਰਮਾਤਮਾ ਦੇ ਕੋਲੋਂ ਹੁੰਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਇਸ ਤੋਂ ਉੱਚੀ ਮਤਿ ਹੋਰ ਹੋ ਹੀ ਨਹੀਂ ਸਕਦੀ ਤੇ ਫਿਰ ਤਾਂ ਹੀ ਮਨੁੱਖ ਉਸ ਸੋਝੀ ਤੇ ਟਿਕਦਾ ਹੈ। ਉਸ ਤੋਂ ਬਾਅਦ ਮਨੁੱਖ ਨੂੰ ਮਨਮਤਿ ਨਹੀਂ ਭਾਉਂਦੀ, ਮਨਮਤਿ ਨਹੀਂ ਮੋਂਹਦੀ ਤੇ ਕੇਵਲ ਨਾਮ ਦੀ ਮਤਿ ਹੀ ਮੋਂਹਦੀ ਹੈ ਤੇ ਇਸੇ ਲਈ ਉਹ ਪ੍ਰਮਾਤਮਾ ਦੇ ਦਰਬਾਰ ਵਿੱਚ ਸੋਹਣਾ ਬਣਦਾ ਹੈ ਕਿਉਂਕਿ ਉਹ ਕੇਵਲ ਸੱਚ ਦੁਆਰਾ ਵਿਚਰਦਾ ਹੈ, ਗੁਰਮਤਿ ਦੁਆਰਾ ਵਿਚਰਦਾ ਹੈ ਜਿਸ ਦੁਆਰਾ ਵਿਚਰਨਾ ਗੁਰੂ ਪ੍ਰਮਾਤਮਾ ਦੀ ਸੇਵਾ ਹੈ। ਇਸ ਅਵੱਸਥਾ ਦੁਆਰਾ ਮਨੁੱਖ ਸੱਚੇ ਸੁੱਚੇ ਕਰਮ ਹੀ ਕਰਦਾ ਹੈ, ਤ੍ਰਿਸ਼ਨਾ ਤੋਂ ਮੁਕਤ ਹੋ ਕੇ ਮਨ ਦੇ ਸੰਤੋਖ ਦੁਆਰਾ ਵਿਚਰਦਾ ਹੈ। **(ਸਤਿਗੁਰੁ ਸੇਵੈ ਸੋ ਜਨੁ ਸੋਹੈ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ॥)**

ਆਪਣਾ ਅੰਮ੍ਰਿਤ ਨਾਮ ਪ੍ਰਮਾਤਮਾ ਮਨ ਦੇ ਵਿੱਚ ਕਿਸ ਵਿਧੀ ਦੁਆਰਾ ਦਿੰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ॥੫॥”

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ ਕਿ ਜਿੰਨ੍ਹਾਂ ਨੂੰ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋਈ ਹੈ ਉਹ ਕਿਸ ਰੂਪ ਵਿੱਚ ਹੋਈ ਹੈ। ਅੰਮ੍ਰਿਤ ਦੀ ਪ੍ਰਾਪਤੀ ਦੁਆਰਾ ਮਨੁੱਖ ਦਾ ਮਨ, ਤਨ ਬਾਣੀ ਦੇ ਨਾਲ ਰੱਤਿਆ ਜਾਂਦਾ ਹੈ, ਗੁਰਬਾਣੀ ਦੇ ਨਾਲ ਰੱਤਿਆ ਜਾਂਦਾ ਹੈ, ਪ੍ਰਮਾਤਮਾ ਦੀ ਬਾਣੀ ਦੇ ਨਾਲ ਰੱਤਿਆ ਜਾਂਦਾ ਹੈ। ਜਿਸ ਨੂੰ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ਉਸ ਨੂੰ ਆਪਣੇ ਅੰਦਰੋਂ ਗੁਰਬਾਣੀ ਦੀ ਸੋਝੀ ਹੀ ਪੈਂਦੀ ਹੈ, ਗੁਰਮਤਿ ਦੀ ਸੱਚੀ ਸੋਝੀ ਹੀ ਪੈਂਦੀ ਹੈ। ਇਹ ਅੰਮ੍ਰਿਤ ਆਪਣੇ ਅੰਦਰੋਂ ਸੁਣਨ ਦੀ ਵਸਤੂ ਹੈ ਜਿਸ ਨੂੰ ਮਨ ਦੇ ਸਹਜ ਦੁਆਰਾ ਸੁਣਿਆ ਜਾਂਦਾ ਹੈ ਭਾਵ ਮਨ ਦੇ ਵਿੱਚ ਚੌਥੇ ਪਦ ਦੀ ਅਵੱਸਥਾ ਦੁਆਰਾ ਸੁਣਿਆ ਜਾਂਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਬਾਣੀ ਨੂੰ ਸੁਣਿਆ ਹੈ, ਅੰਮ੍ਰਿਤ ਬਾਣੀ ਨੂੰ ਸੁਣਿਆ ਹੈ ਮਨ ਦੀ ਇਸ ਅਵੱਸਥਾ ਦੁਆਰਾ ਹੀ ਸੁਣਿਆ ਹੈ ਤੇ ਇਸੇ ਲਈ ਗੁਰਬਾਣੀ ਚੌਥੇ ਪਦ ਵਿੱਚ ਹੈ। ਮਨ ਦੀ ਇਸ ਅਵੱਸਥਾ ਵਿੱਚ ਆਪਣਾ ਅੰਮ੍ਰਿਤ ਉਹ “ਅੰਮ੍ਰਿਤੁ” ਰੂਪ ਪ੍ਰਮਾਤਮਾ ਆਪ ਹੀ ਸੁਣਾਉਂਦਾ ਹੈ ਭਾਵ ਉਹ ਬ੍ਰਹਮਗਿਆਨੀ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਬ੍ਰਹਮਗਿਆਨ ਆਪ ਹੀ ਸੁਣਾਉਂਦਾ ਹੈ। ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸੇ ਮਨੁੱਖ ਨੂੰ ਸਹਜ ਦੀ ਅਵੱਸਥਾ ਮਿਲਦੀ ਹੈ ਤੇ ਅੰਮ੍ਰਿਤ ਨਾਮ ਦੀ ਸੋਝੀ ਪੈਂਦੀ ਹੈ, ਗੁਰਬਾਣੀ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਉਹ ਮਨੁੱਖ ਪ੍ਰਮਾਤਮਾ ਦੀ ਬਾਣੀ ਦੇ ਨਾਲ ਰੱਤਿਆ ਜਾਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਉਸ ਦੇ ਨਾਲ ਰੱਤੇ ਹਨ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਆਪਣੇ ਮਨ ਦੇ ਅੰਦਰ ਇਹ ਅੰਮ੍ਰਿਤ ਛਕਿਆ ਹੈ, ਬ੍ਰਹਮਗਿਆਨ ਦਾ ਅੰਮ੍ਰਿਤ ਛਕਿਆ ਹੈ, ਬ੍ਰਹਮਗਿਆਨ

ਦਾ ਅੰਮ੍ਰਿਤ ਭੋਜਨ ਛਕਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਇਹ ਅੰਮ੍ਰਿਤ ਭੋਜਨ ਪਾਇਆ ਹੈ, ਸ਼ਬਦ ਦੇ ਵਿਚਾਰਾਂ ਰਾਹੀਂ ਪਾਇਆ ਹੈ ਤੇ ਅਸੀਂ ਇਹ ਸ਼ਬਦ ਦੇ ਵਿਚਾਰਾਂ ਦਾ ਅੰਮ੍ਰਿਤ ਹੀ ਗੁਰਬਾਣੀ ਦੇ ਵਿੱਚੋਂ ਛਕਣਾ ਹੈ ਜਿਹੜਾ ਅੰਮ੍ਰਿਤ ਛਕਣ ਦਾ ਉੱਦਮ ਕਰਕੇ ਅਸੀਂ ਉਸ ਅੰਮ੍ਰਿਤ ਦੇ ਮਾਲਕ ਨਾਲ ਮੇਲ ਕਰ ਸਕਦੇ ਹਾਂ। ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦਾ ਮਕਸਦ ਸਾਨੂੰ ਗੁਰਬਾਣੀ ਰੂਪ ਅੰਮ੍ਰਿਤ ਨਾਲ ਜੋੜਨ ਦਾ ਹੀ ਹੈ ਤਾਂ ਜੋ ਅਸੀਂ ਗੁਰਮਤਿ ਰੂਪ ਅੰਮ੍ਰਿਤ ਨਾਲ ਜੁੜੀਏ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਸੇਵਾ ਦਾ ਉੱਦਮ ਕੀਤਾ ਜਾ ਸਕਦਾ ਹੈ। **(ਸਤਿਗੁਰੁ ਸੇਵੈ ਸੋ ਜਨੁ ਸੋਹੈ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ॥ ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ॥੫॥)**

ਸਾਨੂੰ ਆਪਣੇ ਅੰਦਰੋਂ ਅੰਮ੍ਰਿਤ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਕਿਸ ਰੂਪ ਵਿੱਚ ਹੁੰਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ, ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਇਸ ਗੱਲ ਤੇ ਪੂਰੀ ਤਰ੍ਹਾਂ ਵਿਸ਼ਵਾਸ ਆ ਸਕੇ ਕਿ ਸਾਡੇ ਅੰਦਰ ਅੰਮ੍ਰਿਤ ਦੀ ਦਾਤਿ, ਨਾਮ ਦੀ ਦਾਤਿ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਸੁਣਾ ਕੇ ਹੀ ਬਖ਼ਸ਼ਦਾ ਹੈ ਤੇ ਤਾਂ ਹੀ ਉਸ ਦੇ ਨਾਮ ਵਿੱਚ ਸਮਾਇਆ ਜਾ ਸਕਦਾ ਹੈ, ਅੰਮ੍ਰਿਤ ਨਾਮ ਵਿੱਚ ਸਮਾਇਆ ਜਾ ਸਕਦਾ ਹੈ, ਬ੍ਰਹਮਗਿਆਨ ਦੇ ਵਿੱਚ ਸਮਾਇਆ ਜਾ ਸਕਦਾ ਹੈ, ਗੁਰਮਤਿ ਦੇ ਵਿੱਚ ਸਮਾਇਆ ਜਾ ਸਕਦਾ ਹੈ ਭਾਵ ਗੁਰੂ ਪ੍ਰਮਾਤਮਾ ਵਿੱਚ ਸਮਾਇਆ ਜਾ ਸਕਦਾ ਹੈ। ਉਸ ਪ੍ਰਮਾਤਮਾ ਦੇ ਵਿੱਚ ਮਨ ਦੇ ਅੰਦਰ ਸੱਚੀ ਸੋਝੀ ਦੇ ਪ੍ਰਕਾਸ਼ ਦੁਆਰਾ ਹੀ ਸਮਾਇਆ ਜਾ ਸਕਦਾ ਹੈ।

ਗਉੜੀ ਮਹਲਾ ੧॥

{"ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰ ਕੈ ਸਬਦਿ ਪਛਾਨਾ॥੧॥ਰਹਾਉ॥"}

(ਅੰਗ ੧੫੪)

ਉੱਪਰ ਵਾਲੀਆਂ ਇਨ੍ਹਾਂ ਪੰਗਤੀਆਂ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਹੀ ਸਮਝ ਚੁੱਕੇ ਹਾਂ ਕਿ ਪ੍ਰਮਾਤਮਾ ਜਿਸ ਨੂੰ ਆਪਣਾ ਅੰਮ੍ਰਿਤ ਪੀਆਉਂਦਾ ਹੈ ਮਨ ਦੇ ਵਿੱਚ ਆਪ ਹੀ ਪੀਆਉਂਦਾ ਹੈ। ਜਿੰਨ੍ਹਾਂ ਨੇ ਅਕਥੁ ਕਥਾ ਉਚਾਰੀ ਹੈ ਭਾਵ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਹੀ ਉਸ ਅਕਥੁ ਪ੍ਰਮਾਤਮਾ ਨੂੰ, ਨਾ ਕਥੇ ਜਾਣ ਵਾਲੇ ਪ੍ਰਮਾਤਮਾ ਨੂੰ ਕਥਿਆ ਹੈ ਕਿ ਪ੍ਰਮਾਤਮਾ ਕੀ ਹੈ, ਉਹ ਕਿਸ ਤਰ੍ਹਾਂ ਸਭ ਵਿੱਚ ਵੱਸਿਆ ਹੋਇਆ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥੁ ਕਥਾ ਹੀ ਵਖਿਆਨ ਕਰ ਰਹੀ ਹੈ। ਪ੍ਰਮਾਤਮਾ ਨੇ ਆਪਣੀ ਅਕਥੁ ਕਥਾ ਮਨ ਦੇ ਵਿੱਚ ਆਪ ਹੀ ਸਮਝਾਈ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿੱਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਮਨ ਦੇ ਵਿੱਚ ਨਿਰਗੁਣ ਰੂਪ ਰਾਹੀਂ ਪ੍ਰਗਟ ਕੀਤਾ ਹੈ ਉਨ੍ਹਾਂ ਦੇ ਰਾਹੀਂ ਹੀ ਉਸਨੇ

ਆਪਣਾ "ਅਕਥੁ" ਕਹਾਇਆ ਹੈ ਜਿਸਨੂੰ ਕਿ ਆਪਣੇ ਆਪ ਕੋਈ ਨਹੀਂ ਕਥ ਸਕਦਾ। ਜਦ ਤੱਕ ਉਹ ਆਪ ਸੋਝੀ ਨਹੀਂ ਪਾਉਂਦਾ ਤਦ ਤੱਕ ਉਹ ਸਭ ਦੇ ਲਈ ਅਕਥੁ ਹੀ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਉਸਨੇ ਆਪਣਾ ਅਕਥੁ ਕਹਾਇਆ ਹੈ ਭਾਵ ਜਿੰਨ੍ਹਾਂ ਨੂੰ ਮਨ ਦੇ ਵਿੱਚ ਉਸਨੇ ਸੱਚਾ ਗਿਆਨ ਦਿੱਤਾ ਹੈ, ਗੁਰਬਾਣੀ ਦੇ ਰੂਪ ਵਿੱਚ ਸੱਚਾ ਗਿਆਨ ਦਿੱਤਾ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਇਸ ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮਗਿਆਨ ਦੇ ਰੂਪ ਵਿੱਚ ਆਪਣਾ ਅੰਮ੍ਰਿਤ ਪਿਆਇਆ ਹੈ, ਮਨ ਦੀ ਸੱਚੀ ਸੋਝੀ ਦੇ ਰੂਪ ਵਿੱਚ ਅੰਮ੍ਰਿਤ ਪਿਆਇਆ ਹੈ। ਮਨ ਦੇ ਵਿੱਚ ਇਸ ਅੰਮ੍ਰਿਤ ਦੀ ਪ੍ਰਾਪਤੀ ਹੀ, ਸੱਚੇ ਗਿਆਨ ਦੀ ਪ੍ਰਾਪਤੀ ਹੀ ਨਾਮ ਦੀ ਪ੍ਰਾਪਤੀ ਹੈ ਜਿਸ ਦੁਆਰਾ ਮਨੁੱਖ ਨਾਮ ਦੇ ਵਿੱਚ ਸਮਾਅ ਜਾਂਦਾ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਦੇ ਵਿੱਚ, ਬ੍ਰਹਮਗਿਆਨ ਦੇ ਵਿੱਚ ਸਮਾਅ ਜਾਂਦਾ ਹੈ ਤੇ ਇਹੀ ਪ੍ਰਮਾਤਮਾ ਦੇ ਵਿੱਚ ਸਮਾਅ ਜਾਣਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਬਾਣੀ ਹੀ ਸੁਣਾਉਂਦਾ ਹੈ, ਗੁਰਮਤਿ ਦੀ ਸੱਚੀ ਸੋਝੀ ਹੀ ਪਾਉਂਦਾ ਹੈ, ਨਾਮ ਦੀ ਸੱਚੀ ਸੋਝੀ ਹੀ ਪਾਉਂਦਾ ਹੈ, ਆਪਣੇ ਪੂਰਨ ਸੱਚ ਦੀ ਸੋਝੀ ਹੀ ਪਾਉਂਦਾ ਹੈ ਤੇ ਮਨ ਦੀ ਇਸ ਸੱਚੀ ਸੋਝੀ ਦੁਆਰਾ ਮਨੁੱਖ ਉਸ ਹਰ ਭਉ ਵਿੱਚੋਂ ਨਿਕਲ ਜਾਂਦਾ ਹੈ ਮਾਇਆ ਮੋਹ ਆਦਿ ਦੇ ਭਉ ਵਿੱਚੋਂ, ਜਿਉਂਣ ਮਰਨ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ ਜੋ ਭਉ ਸਾਨੂੰ ਅਗਿਆਨਤਾ ਦੇ ਕਾਰਨ ਸਤਾਉਂਦੇ ਰਹਿੰਦੇ ਹਨ। ਇਸ ਅਵੱਸਥਾ ਵਿੱਚ ਕੇਵਲ ਸਾਡੇ ਅੰਦਰ ਸੱਚ ਦਾ ਭਉ ਵੱਸ ਜਾਂਦਾ ਹੈ, ਨਾਮ ਦਾ ਭਉ ਵੱਸ ਜਾਂਦਾ ਹੈ ਭਾਵ ਕੇਵਲ

ਗੁਰਮਤਿ ਦਾ ਭਉ ਵੱਸ ਜਾਂਦਾ ਹੈ ਜਿਸ ਦੁਆਰਾ ਮਨੁੱਖ ਫਿਰ ਕੇਵਲ ਗੁਰਮਤਿ ਤੇ ਹੀ ਚੱਲਦਾ ਹੈ ਭਾਵ ਕੇਵਲ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ, ਕੇਵਲ ਨਾਮ ਹੀ ਜਪਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਅੰਮ੍ਰਿਤ ਨਾਮ ਦੀ ਦਾਤਿ ਬਖ਼ਸ਼ਦਾ ਹੈ, ਸੱਚੀ ਸੋਝੀ ਦੀ ਦਾਤਿ ਬਖ਼ਸ਼ਦਾ ਹੈ ਉਹ ਹੀ ਉਸ ਦਾ ਨਾਮ ਜਪ ਸਕਦਾ ਹੈ। **(ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥੧॥) (ਸਤਿਗੁਰੁ ਸੇਵੈ ਸੋ ਜਨੁ ਸੋਹੈ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ॥ ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ॥੫॥)**

ਜਿਸ ਨੂੰ ਪ੍ਰਮਾਤਮਾ ਇਹ ਅੰਮ੍ਰਿਤ ਪਿਆਉਂਦਾ ਹੈ, ਸੱਚੀ ਸੋਝੀ ਦਾ ਅੰਮ੍ਰਿਤ ਪਿਆਉਂਦਾ ਹੈ ਉਸਨੂੰ ਮਨ ਦੀ ਅਗਿਆਨਤਾ ਵਿੱਚੋਂ, ਮਨ ਦੀ ਭੁੱਲ ਵਿੱਚੋਂ, ਭਰਮ ਵਿੱਚੋਂ ਹੀ ਕੱਢਦਾ ਹੈ। ਭਰਮ ਵਿੱਚੋਂ ਸਾਨੂੰ ਸੱਚ ਹੀ ਕੱਢਦਾ ਹੈ ਤੇ ਸੱਚ ਦੀ ਸਮਝ ਲੱਗੇ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ। ਇਹੀ ਗੁਰਮੁਖਿ ਵਾਲੀ ਅਵੱਸਥਾ ਤੇ ਮਨਮੁਖਿ ਵਾਲੀ ਅਵੱਸਥਾ ਦਾ ਭੇਦ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਉਨ੍ਹਾਂ ਨੂੰ ਮਨ ਦੇ ਵਿੱਚ ਅੰਮ੍ਰਿਤ ਦੀ ਦਾਤਿ, ਨਾਮ ਦੀ ਦਾਤਿ ਬਖ਼ਸ਼ ਕੇ ਹੀ ਬਣਾਉਂਦਾ ਹੈ, ਆਪਣੇ ਬ੍ਰਹਮਗਿਆਨ ਦੁਆਰਾ ਸੱਚੀ ਸੋਝੀ ਬਖ਼ਸ਼ ਕੇ ਹੀ ਬਣਾਉਂਦਾ ਹੈ। ਇਹ ਬ੍ਰਹਮਗਿਆਨ ਦੀ ਦਾਤਿ ਮਿਲੇ ਬਿਨ੍ਹਾਂ, ਸੱਚ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਭੁੱਲਿਆ ਹੋਇਆ ਹੀ ਹੈ, ਪ੍ਰਮਾਤਮਾ ਦੀ ਭਗਤੀ ਦੀ ਸੋਝੀ ਤੋਂ ਭੁੱਲਿਆ ਹੋਇਆ ਹੀ ਹੈ, ਭਰਮ ਵਿੱਚ ਹੀ ਹੈ ਕਿ ਪ੍ਰਮਾਤਮਾ ਦੀ ਸੇਵਾ ਕਰਨ ਦਾ ਤਰੀਕਾ ਕੀ ਹੈ। ਮਨ ਦੇ ਇਸ ਭਰਮ ਕਰਕੇ ਹੀ ਹਰ ਕੋਈ ਮਨਮੁਖਿ ਵਾਲੀ ਅਵੱਸਥਾ ਵਿੱਚ ਹੀ ਹੈ। ਗੁਰੂ ਦੀ ਅਵੱਸਥਾ ਗੁਰਮੁਖਿ ਵਾਲੀ ਹੈ ਤੇ ਪ੍ਰਮਾਤਮਾ ਨੇ ਸਭ ਨੂੰ ਆਪਣੇ ਸੱਚੇ ਗਿਆਨ ਨਾਲੋਂ ਵਿਛੋੜ ਕੇ, ਸੱਚ ਨਾਲੋਂ ਵਿਛੋੜ ਕੇ, ਬ੍ਰਹਮਗਿਆਨ ਨਾਲੋਂ ਵਿਛੋੜ ਕੇ, ਆਪਣੇ ਅੰਮ੍ਰਿਤ ਨਾਲੋਂ ਵਿਛੋੜ ਕੇ, ਨਾਮ ਨਾਲੋਂ ਵਿਛੋੜ ਕੇ ਮਨਮੁਖਿ ਵਾਲੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ, ਭਰਮ ਵਾਲੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਹੀ ਰੱਖਿਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮਨਮੁਖੁ ਭੂਲਾ ਦੂਜੈ ਭਾਇ ਖੁਆਏ॥ ਨਾਮੁ ਨ ਲੇਵੈ ਮਰੈ ਬਿਖੁ ਖਾਏ॥
ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ॥੬॥”

ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਵਾਰ-ਵਾਰ ਸਮਝਿਆ ਹੈ ਗੁਰੂ ਵਿੱਚ ਤੇ ਸਾਡੇ ਵਿੱਚ ਮਨ ਦੀ ਅਵੱਸਥਾ ਦਾ ਹੀ ਭੇਦ ਹੈ। ਗੁਰੂ ਦੀ ਅਵੱਸਥਾ ਉੱਚੇ ਗਿਆਨ ਵਾਲੀ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਉਹ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ। ਆਪਣੇ ਗੁਰੂ ਰੂਪ ਵਿੱਚ ਪ੍ਰਮਾਤਮਾ ਨੇ ਆਪ ਹੀ ਇਹ ਉੱਚੇ ਗਿਆਨ ਵਾਲੀ ਅਵੱਸਥਾ ਪਾਈ ਹੋਈ ਹੈ ਜਿਸ ਦੁਆਰਾ ਗੁਰੂ ਭਰਮ ਵਿੱਚੋਂ ਨਿਕਲਿਆ ਹੋਇਆ ਹੈ। ਗੁਰੂ ਪ੍ਰਮਾਤਮਾ ਦੀ ਅਵੱਸਥਾ ਵਿੱਚ ਤੇ ਸਾਡੇ ਮਨ ਦੀ ਅਵੱਸਥਾ ਵਿੱਚ ਇਹ ਭਰਮ ਦਾ ਹੀ ਪੜਦਾ ਹੈ ਜਿਸ ਵਿੱਚ ਰਹਿੰਦਿਆਂ ਅਸੀਂ ਸਦਾ ਹੀ ਮਨਮੁਖਿ ਵਾਲੀ ਅਵੱਸਥਾ ਵਿੱਚ ਹਾਂ। ਇਸ ਅਵੱਸਥਾ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਪ੍ਰਮਾਤਮਾ ਆਪ ਹੀ ਸਾਨੂੰ ਇਸ ਅਵੱਸਥਾ ਵਿੱਚੋਂ ਕੱਢੇ ਜਿਸਨੇ ਸਾਨੂੰ ਇਸ ਅਵੱਸਥਾ ਵਿੱਚ ਰੱਖ ਕੇ ਸੱਚ ਤੋਂ ਦੂਰ ਰੱਖਿਆ ਹੋਇਆ ਹੈ। ਸਾਡੇ ਮਨ ਦਾ ਭਰਮ ਸਾਨੂੰ ਸੱਚ ਤੋਂ ਦੂਰ ਰੱਖਦਾ ਹੈ, ਉਸ ਪ੍ਰਮਾਤਮਾ ਦੀ ਅਸਲੀਅਤ ਨੂੰ ਜਾਣਨ ਤੋਂ ਦੂਰ ਰੱਖਦਾ ਹੈ, ਗੁਰਮਤਿ ਨੂੰ ਜਾਨਣ ਤੋਂ, ਸਮਝਣ ਤੋਂ, ਉਸ ਉੱਪਰ ਵਿਸ਼ਵਾਸ ਆਉਣ ਤੋਂ ਦੂਰ ਰੱਖਦਾ ਹੈ। ਸਾਡੇ ਦੁੱਖ ਦਾ ਕਾਰਨ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ, ਸਾਨੂੰ ਮਾਇਆ ਮੋਹ ਵਿੱਚ ਪਾਉਣ ਦਾ ਕਾਰਣ, ਸਾਡੀ ਖੁਆਰੀ ਦਾ ਕਾਰਣ ਸਾਡੇ ਮਨ ਦੀ ਅਗਿਆਨਤਾ ਹੀ ਹੈ ਕਿਉਂਕਿ ਇਸਦੇ ਰਹਿੰਦਿਆਂ ਅਸੀਂ ਸੱਚ ਨੂੰ ਸਮਝ ਨਹੀਂ ਸਕਦੇ ਕਿ ਸਾਡੇ ਲਈ ਮਾੜਾ ਕੀ ਹੈ ਤੇ ਚੰਗਾ ਕੀ ਹੈ। ਭਰਮ ਵਿੱਚ ਰਹਿੰਦਿਆਂ ਸਾਨੂੰ ਨਾਮ ਦੀ ਸਮਝ ਨਹੀਂ ਪੈਂਦੀ ਤੇ ਆਪਣੀ ਅਗਿਆਨਤਾ ਰਾਹੀਂ ਜਿਹੋ ਜਿਹਾ ਅਸੀਂ ਆਪਣੇ ਵੱਲੋਂ ਭਗਤੀ ਦਾ ਉਪਰਾਲਾ ਕਰਦੇ ਹਾਂ, ਕਥਨੀ ਦੁਆਰਾ ਕਿਸੇ ਅੱਖਰ ਦੇ ਜਪ ਨੂੰ ਨਾਮ ਸਮਝਦੇ ਹਾਂ ਉਹ ਕੇਵਲ “ਬਿਖੁ” ਖਾਣ ਵਾਲੀ ਗੱਲ ਹੈ ਭਾਵ ਆਪਣੀ ਹਉਮੈ ਉੱਚੀ ਕਰਨ ਵਾਲੀ ਗੱਲ ਹੈ। **(ਮਨਮੁਖੁ ਭੂਲਾ ਦੂਜੈ ਭਾਇ ਖੁਆਏ॥ ਨਾਮੁ ਨ ਲੇਵੈ ਮਰੈ ਬਿਖੁ ਖਾਏ॥)**

25/2684

{ਮੈ ਮੈਲੌ ਊਜਲੁ ਸਚੁ ਸੋਇ॥ ਊਤਮੁ ਆਖਿ ਨ ਊਚਾ ਹੋਇ॥
ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥ ਗੁਰਮੁਖਿ ਹੋਇ ਸੁ ਰਾਚੈ ਨਾਇ॥੩॥}

(ਅੰਗ ੧੩੩੦)

ਗੁਰਮੁਖਿ ਵਾਲੀ ਅਵੱਸਥਾ ਮਿਲੇ ਬਿਨ੍ਹਾਂ ਪ੍ਰਮਾਤਮਾ ਦੇ ਨਾਮ ਵਿੱਚ ਨਹੀਂ ਰਚਿਆ ਜਾ ਸਕਦਾ ਜੋ ਕਿ ਸਾਡੇ ਮਨ ਦੀ ਸੋਝੀ ਤੇ ਟਿਕਿਆ ਹੋਇਆ ਹੈ ਤੇ ਸਾਡੇ ਮਨ ਦੀ ਸੋਝੀ ਪ੍ਰਮਾਤਮਾ ਦੇ ਹੱਥ ਹੈ। ਉਸਦੀ ਮਰਜ਼ੀ ਬਿਨ੍ਹਾਂ ਕੋਈ ਵੀ ਭਰਮ ਵਿੱਚੋਂ ਨਹੀਂ ਨਿਕਲ ਸਕਦਾ ਤੇ ਗੁਰਮੁਖਿ ਵਾਲੀ ਅਵੱਸਥਾ ਦੀ ਪ੍ਰਾਪਤੀ ਨਹੀਂ ਕਰ ਸਕਦਾ, ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ, ਨਾਮ ਦੇ ਵਿੱਚ ਸਮਾਉਣ ਵਾਲੀ ਅਵੱਸਥਾ ਦੀ ਪ੍ਰਾਪਤੀ ਨਹੀਂ ਕਰ ਸਕਦਾ। ਹਰ ਕੋਈ ਆਪਣੇ ਆਪ ਹੀ ਗੁਰਮੁਖਿ ਬਣੀ ਬੈਠਾ ਹੈ, ਆਪਣੇ ਸਰੀਰਕ ਜਪਾਂ ਤਪਾਂ ਦੇ ਦਿਖਾਵਿਆਂ ਦੁਆਰਾ, ਸਵੇਰੇ ਸ਼ਾਮ ਗੁਰੂ ਦੇ ਦੁਆਰੇ ਤੇ ਕੇਵਲ ਹਾਜ਼ਰੀ ਲਵਾਉਣ ਦੁਆਰਾ ਹੀ ਗੁਰਮੁਖਿ ਸਮਝੀ ਬੈਠਾ ਹੈ ਪਰ ਮਨ ਦੇ ਵਿੱਚ ਭਰਮ ਕਿਤਨਾ ਕੁ ਹੈ ਇਸ ਗੱਲੋਂ ਹਰ ਕੋਈ ਬੇਖਬਰ ਹੈ ਕਿ ਗੁਰਮੁਖਿ ਵਾਲੀ ਅਵੱਸਥਾ ਕੇਵਲ ਗੁਰੂ ਦੀ ਹੈ ਜੋ ਕਿ ਸਾਨੂੰ ਗੁਰਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਗਈ ਹੈ।

ਸਾਡੇ ਮਨ ਦਾ ਭਰਮ, ਸਾਡੇ ਮਨ ਦੀ ਅਗਿਆਨਤਾ ਹੀ ਸਾਡੇ ਮਨ ਦੀ ਮੈਲ ਹੈ, ਮਨ ਦੀ ਗੰਦਗੀ ਹੈ, ਸਾਡੇ ਅੰਦਰ ਦੀ ਵਿਸਟਾ ਹੈ ਤੇ ਅਸੀਂ ਸਦਾ ਇਸ ਵਿਸਟਾ ਵਿੱਚ ਹੀ ਵੱਸੇ ਰਹਿੰਦੇ ਹਾਂ, ਹਰ ਵੇਲੇ ਭਰਮ ਵਾਲੀ ਅਵੱਸਥਾ ਵਿੱਚ ਹੀ ਰਹਿੰਦੇ ਹਾਂ ਤੇ ਸੱਚ ਦੀ ਸਮਝ ਆਏ ਬਿਨ੍ਹਾਂ, ਗੁਰਮਤਿ ਦੀ ਸਮਝ ਆਏ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਦੀ ਸੇਵਾ ਵਿੱਚ ਨਹੀਂ ਜੁੜ ਸਕਦੇ, ਉਸਦੇ ਸ਼ਬਦ ਦੇ ਵਿਚਾਰੀ ਨਹੀਂ ਬਣ ਸਕਦੇ, ਉਸਦੇ ਸੇਵਕ ਨਹੀਂ ਬਣ ਸਕਦੇ ਕਿਉਂਕਿ ਸਾਨੂੰ ਉਸਦੀ ਸੇਵਾ ਦੀ ਸਮਝ ਹੀ ਨਹੀਂ ਪੈਂਦੀ ਕਿ ਉਸਦੀ ਸੇਵਾ ਕਰਨੀ ਕੀ ਹੈ। ਉਸਦੀ ਸੇਵਾ ਕੇਵਲ ਸੱਚੇ ਸੁੱਚੇ ਕਰਮਾਂ ਦੁਆਰਾ ਹੁੰਦੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਵਿੱਚ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **(ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ॥੬॥)**

ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦਿਆਂ ਰਾਹੀਂ ਸਮਝਿਆ ਹੈ ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ, ਜਿਸਨੂੰ ਉਹ ਆਪਣੀ ਗੁਰਮੁਖਿ ਰੂਪ ਵਾਲੀ ਸੋਝੀ ਪਾਉਂਦਾ ਹੈ ਉਸਨੂੰ ਮਨ ਦੇ ਰਾਹੀਂ ਆਪ ਹੀ ਅੰਮ੍ਰਿਤ ਪਿਆਉਂਦਾ ਹੈ, ਸਹਜ ਦੀ ਅਵੱਸਥਾ ਦੁਆਰਾ ਪਿਆਉਂਦਾ ਹੈ। ਆਪਣਾ ਅੰਮ੍ਰਿਤ ਪਿਆਉਣ ਦੁਆਰਾ ਉਹ ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਉਸ ਬ੍ਰਹਮਗਿਆਨੀ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਇਹੀ ਗੱਲ ਸਾਨੂੰ ਅਗਲੇ ਪਦੇ ਦੁਆਰਾ ਹੋਰ ਸਪੱਸ਼ਟ ਕੀਤੀ ਹੋਈ ਹੈ ਤਾਂ ਜੋ ਅਸੀਂ ਇਸ ਗੱਲ ਨੂੰ

ਬਰੀਕੀ ਨਾਲ ਸਮਝ ਸਕੀਏ ਕਿ ਅੰਮ੍ਰਿਤ ਦੀ ਪ੍ਰਾਪਤੀ ਕੀ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ।

“ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ॥ ਗੁਰ ਪਰਸਾਦੀ ਸਹਜਿ ਲਿਵ ਲਾਏ॥

ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ॥੭॥”

ਜਿਹੜਾ ਅੰਮ੍ਰਿਤ ਪੀਣ ਦੇ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਹ ਅੰਮ੍ਰਿਤ ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਿਆਉਂਦਾ ਹੈ। ਜਿੱਥੇ ਪਹਿਲਾਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸੇ ਨੂੰ ਹੀ ਪ੍ਰਮਾਤਮਾ ਆਪਣਾ ਅੰਮ੍ਰਿਤ ਪਿਆਉਂਦਾ ਹੈ। ਇਹ ਨਿਰਗੁਣ ਰੂਪ ਅੰਮ੍ਰਿਤ ਕੇਵਲ ਤੇ ਕੇਵਲ ਪ੍ਰਮਾਤਮਾ ਜਿਸ ਨੂੰ ਆਪ ਚਾਹੇ ਉਹੀ ਪੀ ਸਕਦਾ ਹੈ ਭਾਵ ਕਿਸੇ ਦੀ ਕੋਈ ਆਪਣੀ ਸਮਰੱਥਾ ਨਹੀਂ ਹੈ ਕਿ ਇਸ ਅੰਮ੍ਰਿਤ ਦੀ ਪ੍ਰਾਪਤੀ ਕੋਈ ਆਪ ਕਰ ਸਕੇ। ਇਹ ਸੱਚੇ ਗਿਆਨ ਦਾ ਅੰਮ੍ਰਿਤ ਹੈ ਜੋ ਸਾਨੂੰ ਭਰਮ ਵਿੱਚੋਂ ਕੱਢਦਾ ਹੈ ਤੇ ਕਿਸੇ ਦਾ ਆਪਣਾ ਵੱਸ ਨਹੀਂ ਕਿ ਉਹ ਆਪਣੇ ਆਪ ਭਰਮ ਵਿੱਚੋਂ ਨਿਕਲ ਸਕੇ, ਆਪਣੇ ਆਪ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਸਕੇ, ਆਪਣੇ ਆਪ ਹਉਮੈ ਵਿੱਚੋਂ ਨਿਕਲ ਸਕੇ, ਆਪਣੇ ਆਪ ਮਾਇਆ ਦੀ ਜੁਗਤਿ ਵਿੱਚੋਂ ਨਿਕਲ ਸਕੇ, ਆਪਣੇ ਆਪ ਮਨਮੁਖਿ ਵਾਲੀ ਅਵੱਸਥਾ ਵਿੱਚੋਂ ਨਿਕਲ ਸਕੇ, ਆਪਣੇ ਆਪ ਵਿਸ਼ਟਾ ਵਿੱਚੋਂ ਨਿਕਲ ਸਕੇ, ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕੇ ਭਾਵ ਕੋਈ ਆਪਣੇ ਆਪ ਇਹ ਅੰਮ੍ਰਿਤ ਪੀ ਸਕੇ ਭਾਵ ਕੋਈ ਆਪਣੇ ਆਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕੇ। ਇਹ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ, ਉਸਦੀ ਆਪਣੀ ਰਜ਼ਾ ਹੈ, ਉਸਦੀ ਆਪਣੀ ਕ੍ਰਿਪਾ ਹੈ। ਮਨ ਦੇ ਵਿੱਚ ਅੰਮ੍ਰਿਤ ਦੀ ਪ੍ਰਾਪਤੀ ਦੁਆਰਾ ਹੀ ਸਾਨੂੰ ਸਹਜ ਵਾਲੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ, ਚੌਥੇ ਪਦ ਦੇ ਗਿਆਨ ਵਾਲੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਸਾਡੀ ਲਿਵ ਜੁੜਦੀ ਹੈ ਜੋ ਕਿ ਆਪ ਹੀ ਜੋੜਦਾ ਹੈ। ਇਹ ਕਿਸੇ ਦੇ ਵੱਸ ਨਹੀਂ ਕਿ ਕੋਈ ਪ੍ਰਮਾਤਮਾ ਦੇ ਨਾਲ ਆਪਣੀ ਲਿਵ ਜੋੜ ਲਵੇ। ਇਸੇ ਲਈ ਅਸੀਂ ਜਿਸ ਵਿਧੀ ਦੁਆਰਾ ਪ੍ਰਮਾਤਮਾ ਦੇ ਨਾਲ ਲਿਵ ਜੋੜਨ ਦੀ ਕੋਸ਼ਿਸ਼ ਕਰਦੇ ਹਾਂ ਜਾਂ ਲਿਵ

ਜੋੜਨਾ ਸਮਝਦੇ ਹਾਂ ਉਸਨੂੰ ਕੇਵਲ ਸਾਡੀ ਮਨਮਤਿ ਕਹਿ ਕੇ ਖੰਡਨ ਕੀਤਾ ਹੋਇਆ ਹੈ। ਅਸੀਂ ਸਮਾਧੀਆਂ ਲਗਾਉਣ ਦੁਆਰਾ ਪ੍ਰਮਾਤਮਾ ਦੇ ਨਾਲ ਲਿਵ ਜੋੜਨੀ ਸਮਝਦੇ ਹਾਂ ਜੋ ਕਿ ਕੇਵਲ ਇੱਕ ਸਰੀਰਕ ਕਿਰਿਆ ਹੈ ਪਰ ਸਦੀਆਂ ਤੋਂ ਹਰ ਕੋਈ ਇਸੇ ਤਰੀਕੇ ਨਾਲ ਹੀ ਪ੍ਰਮਾਤਮਾ ਦੇ ਨਾਲ ਲਿਵ ਜੋੜਨ ਵਿੱਚ ਲੱਗਾ ਹੋਇਆ ਹੈ। ਸਿੱਖ ਜਗਤ ਵਿੱਚ ਵੀ ਇਹੋ ਜਿਹੀ ਵਿਧੀ ਪ੍ਰਚਲਿਤ ਹੈ ਤੇ ਜਿਸਨੇ ਵੀ ਆਪਣੇ ਆਪ ਨੂੰ ਉੱਚਾ ਕੀਤਾ ਹੈ ਇਸ ਵਿਧੀ ਦੁਆਰਾ ਹੀ ਕੀਤਾ ਹੈ। ਜਿਤਨੀ ਕੋਈ ਜਿਆਦਾ ਸਮਾਧੀ ਲਗਾ ਕੇ ਬੈਠਦਾ ਹੈ ਉਸਨੂੰ ਉਤਨਾ ਹੀ ਮਾਣ ਮਿਲਦਾ ਹੈ। ਕੋਈ ਭੋਰਿਆਂ ਵਿੱਚ ਬੈਠ ਕੇ ਲਿਵ ਲਗਾਈ ਬੈਠਾ ਹੈ, ਕੋਈ ਪਹਾੜਾਂ ਦੀਆਂ ਖੁੰਦਰਾਂ ਵਿੱਚ ਬੈਠੇ ਹਨ, ਕੋਈ ਪਹਾੜਾਂ ਦੀਆਂ ਟੀਸੀਆਂ ਤੇ ਚੜ੍ਹੀ ਬੈਠਾ ਹੈ ਤੇ ਸਾਡੇ ਇਹੋ ਜਿਹੇ

25/2686

ਤਰੀਕਿਆਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਭਾਵ ਸਾਡਾ ਭਰਮ ਦੱਸਿਆ ਹੈ। ਇਹੋ ਜਿਹੇ ਭਰਮਾਂ ਵਿੱਚੋਂ ਹੀ ਤਾਂ ਅਸੀਂ ਅਸਲ ਵਿੱਚ ਨਿਕਲਣਾ ਹੈ। ਇਹੋ ਜਿਹੇ ਜਪ ਤਪ ਕਰਨਾ ਉਲਟਾ ਆਪਣੇ ਅੰਦਰ ਭਰਮ ਨੂੰ ਦ੍ਰਿੜ ਕਰਨਾ ਹੀ ਹੈ, ਆਪਣੀ ਹਉਮੈ ਨੂੰ ਦ੍ਰਿੜ ਕਰਨਾ ਹੀ ਹੈ ਜੋ ਸਾਨੂੰ ਨਾਮ ਤੋਂ ਦੂਰ ਕਰਦੀ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਤੋਂ ਦੂਰ ਕਰਦੀ ਹੈ, ਸੱਚ ਤੋਂ ਦੂਰ ਕਰਦੀ ਹੈ। ਜਿਤਨਾ ਜਿਸਦੇ ਅੰਦਰ ਜਿਆਦਾ ਭਰਮ ਹੈ ਉਤਨੀ ਹੀ ਉਸ ਦੇ ਅੰਦਰ ਜਿਆਦਾ ਹਉਮੈ ਹੈ ਭਾਵ ਮਨਮਤਿ ਹੈ। ਸਾਡੇ ਜੀਵਨ ਦਾ ਮਨੋਰਥ ਇਸ ਭਰਮ ਵਿੱਚੋਂ ਨਿਕਲਣ ਦੁਆਰਾ ਪੂਰਾ ਹੋਣਾ ਹੈ ਤੇ ਭਰਮ ਵਿੱਚੋਂ ਕੇਵਲ ਸਾਨੂੰ ਗਰੂ ਦਾ ਗਿਆਨ ਹੀ ਕੱਢ ਸਕਦਾ ਹੈ ਜਿਸਨੂੰ ਸੱਚ ਦੀ ਸਮਝ ਹੈ, ਜਿਸਦੇ ਕੋਲ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚ ਹੈ। ਲਿਵ ਅਸੀਂ ਅਸਲ ਵਿੱਚ ਸੱਚ ਦੇ ਨਾਲ ਹੀ ਜੋੜਨੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਉਹ ਸੱਚ ਦੀ ਸੋਝੀ ਹੀ ਪਾਉਂਦਾ ਹੈ। ਸੱਚ ਦੀ ਸੋਝੀ ਸਾਨੂੰ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਤੇ ਸੱਚ ਦੀ ਸੋਝੀ ਪੈਣ ਦੇ ਨਾਲ ਹੀ ਸਾਡੀ ਸਚੁ ਦੇ ਨਾਲ ਲਿਵ ਜੁੜਦੀ ਹੈ। ਸੱਚ ਦੇ ਨਾਲ ਲਿਵ ਜੁੜਨੀ ਹੀ ਉਸ ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਹੈ, ਗੁਰਮਤਿ ਦੇ ਨਾਲ ਲਿਵ ਜੁੜਨੀ ਹੈ। ਇਹ ਲਿਵ ਸਾਡੇ ਮਨ ਦੇ ਵਿਚਾਰਾਂ ਵਿੱਚ ਹੀ ਹੈ। ਜਦੋਂ ਸਾਡੇ ਮਨ ਦੇ ਵਿਚਾਰ ਪ੍ਰਮਾਤਮਾ ਦੇ ਦਿੱਤੇ ਹੋਏ ਸੱਚੇ ਵਿਚਾਰਾਂ ਦੇ ਨਾਲ ਜੁੜ ਜਾਂਦੇ ਹਨ ਇਹ ਪ੍ਰਾਮਤਮਾ ਦੇ ਨਾਲ ਸਾਡੀ ਲਿਵ ਜੁੜਨਾ ਹੈ। ਸਾਡੀ ਸੁਰਤਿ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਨਾਲ ਜੁੜਨਾ ਪ੍ਰਮਾਤਮਾ ਦੇ ਨਾਲ ਲਿਵ ਜੁੜਨਾ ਹੈ। ਇਹ ਲਿਵ ਜੁੜਨ ਦੁਆਰਾ ਸਾਡੇ ਮਨਮਤਿ ਵਾਲੇ ਵਿਚਾਰ ਗੁਰਮਤਿ ਵਾਲੇ ਵਿਚਾਰ ਬਣ ਜਾਂਦੇ ਹਨ, ਸ਼ਬਦ ਵਾਲੇ ਵਿਚਾਰ ਬਣ ਜਾਂਦੇ ਹਨ ਭਾਵ ਮਨੁੱਖ ਸ਼ਬਦ ਦਾ ਵਿਚਾਰੀ ਬਣ ਜਾਂਦਾ ਹੈ। ਇਹ ਸਾਡੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ ਜੋ ਕਿ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ। ਸਾਡੇ ਅੰਦਰ ਇਹ ਸੱਚੇ ਵਿਚਾਰ ਹੀ ਪ੍ਰਮਾਤਮਾ ਦਾ ਅੰਮ੍ਰਿਤ ਹਨ, ਉਸਦਾ ਅੰਮ੍ਰਿਤ ਗਿਆਨ ਹਨ, ਉਸਦਾ ਅੰਮ੍ਰਿਤ ਨਾਮ ਹਨ, ਸਾਡੇ ਅੰਦਰ ਸਹਜ ਦੀ ਅਵੱਸਥਾ ਹਨ, ਚੌਥੇ ਪਦ ਵਾਲੀ ਅਵੱਸਥਾ ਹਨ, ਗੁਰਮੁਖਿ ਵਾਲੀ ਅਵੱਸਥਾ ਹਨ। ਮਨ ਦੇ ਇਨ੍ਹਾਂ ਵਿਚਾਰਾਂ ਰਾਹੀਂ ਹੀ ਪ੍ਰਮਾਤਮਾ ਆਪਣੀ ਗੁਰਮਤਿ ਸਮਝਾਉਂਦਾ ਹੈ ਪਰ ਮਨ ਦੇ ਇਹ ਸੱਚੇ ਵਿਚਾਰ ਹੀ ਸਾਡੇ ਅੰਦਰ ਗੁਰਮਤਿ ਦਾ ਗਿਆਨ ਹਨ, ਬ੍ਰਹਮਗਿਆਨ ਹਨ ਜਿੰਨ੍ਹਾਂ ਦੁਆਰਾ ਸਾਡੇ ਮਨ ਦੀ ਸੋਝੀ ਸੱਚੀ ਬਣਦੀ ਹੈ, ਪੂਰਨ ਸੱਚ ਵਾਲੀ ਬਣਦੀ ਹੈ। ਮਨ ਦੀ ਇਸ ਸੋਝੀ ਦੁਆਰਾ ਸਾਨੂੰ ਆਪਣੇ ਅੰਦਰੋਂ ਦਰਸ਼ਨ ਹੁੰਦੇ ਹਨ ਤੇ ਤਾਂ ਹੀ ਉਸ ਪ੍ਰਮਾਤਮਾ ਦੀ ਸਮਝ ਆਉਂਦੀ ਹੈ ਕਿ ਉਸਦਾ ਨਿਰਗੁਣ ਰੂਪ ਕੀ ਹੈ ਜਿਸ ਦੁਆਰਾ ਉਹ ਸਭ ਦੇ ਵਿੱਚ ਵਿਚਰ ਰਿਹਾ ਹੈ, ਸਭ ਜਗ੍ਹਾ ਪੂਰਨ ਰੂਪ ਵਿੱਚ ਪੂਰਿਆ ਹੋਇਆ ਹੈ। ਜਿਸ ਰੂਪ ਵਿੱਚ ਉਸਦੇ ਆਪਣੇ ਅੰਦਰੋਂ ਦਰਸ਼ਨ ਹੁੰਦੇ ਹਨ ਉਸੇ ਰੂਪ ਵਿੱਚ ਹੀ ਉਹ ਫਿਰ ਸਭ ਵਿੱਚ ਨਜ਼ਰ ਆਉਂਦਾ ਹੈ ਭਾਵ ਆਪਣੇ ਬ੍ਰਹਮਗਿਆਨ ਰੂਪ ਵਿੱਚ ਨਜ਼ਰ ਆਉਂਦਾ ਹੈ। **(ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ॥ ਗੁਰ ਪਰਸਾਦੀ ਸਹਜਿ ਲਿਵ ਲਾਏ॥ ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ॥੭॥)**

25/2687

{ਜਾ ਕੈ ਅੰਤਰਿ ਬਸੈ ਹਰਿ ਨਾਮੁ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ॥੧੬॥}

(ਅੰਗ ੧੦੩੨)

ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਕੇ ਹੀ, ਉਸਦਾ ਅੰਮ੍ਰਿਤ ਭੋਜਨ ਛਕ ਕੇ ਹੀ, ਉਸਦੇ ਗਿਆਨ ਦਾ ਭੋਜਨ ਛਕ ਕੇ ਹੀ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਆਪਣੀ ਮਨੁੱਖੀ ਹੋਂਦ ਨੂੰ ਸਮਝਣਾ ਕੇਵਲ ਸਾਡਾ ਭਰਮ ਹੀ ਹੈ। ਪ੍ਰਮਾਤਮਾ ਦਾ ਬ੍ਰਹਮਗਿਆਨ ਰੂਪ ਦੇਖ ਕੇ ਹੀ ਇਹ ਸਮਝ ਪੈਂਦੀ ਹੈ ਕਿ ਉਹ ਕਿਤਨੇ ਵੱਡੇ ਗਿਆਨ ਦਾ ਮਾਲਕ ਹੈ ਜਿਸ ਦੁਆਰਾ ਉਸਨੇ ਆਪਣੀ ਸ੍ਰਿਸ਼ਟੀ ਨੂੰ ਸਿਰਜਿਆ ਹੈ, ਆਪਣੇ ਹਰ ਆਕਾਰ ਰੂਪ ਨੂੰ, ਸਰਗੁਣ ਰੂਪ ਨੂੰ ਸਿਰਜਿਆ ਹੈ ਤੇ ਆਪ ਹੀ ਉਸਨੂੰ ਚਲਾਉਣ ਲਈ ਆਪਣੇ ਗਿਆਨ ਦੁਆਰਾ ਗੋਇਆ ਹੋਇਆ ਹੈ, ਆਪਣੇ ਗਿਆਨ ਦੀ ਕਲਾ ਦੁਆਰਾ ਸਾਰੇ ਤੱਤਾਂ ਨੂੰ ਆਪਸ ਵਿੱਚ ਸਾਇੰਟਿਫਿਕ ਤਰੀਕੇ ਨਾਲ ਗੋਇਆ ਹੋਇਆ ਹੈ ਜਿਸ ਦੁਆਰਾ ਹਰ ਸਰਗੁਣ ਰੂਪ ਚੱਲ ਰਿਹਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ **(ਆਪੇ ਆਪਿ ਨਿਰੰਜਨੁ ਸੋਈ॥ ਜਿਨਿ ਸਿਰਜੀ ਤਿਨਿ ਆਪੇ ਗੋਈ॥)**

ਸਾਨੂੰ ਪ੍ਰਮਾਤਮਾ ਦੇ ਦਰਸ਼ਨ ‘‘ਨਾਮੁ’’ ਦੇ ਰੂਪ ਵਿੱਚ ਹੀ ਹੁੰਦੇ ਹਨ ਜੋ ਕਿ ਮਨ ਦੇ ਵਿੱਚ ਉਹ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ। ‘‘ਨਾਮੁ’’ ਬ੍ਰਹਮਗਿਆਨ ਹੈ ਤੇ ਸਾਨੂੰ ਨਾਮੁ ਦੇ ਦਰਸ਼ਨ ਬ੍ਰਹਮਗਿਆਨ ਦੇ ਰੂਪ ਵਿੱਚ ਹੀ ਹੁੰਦੇ ਹਨ ਜਿਸ ਦੁਆਰਾ ਸਾਨੂੰ ਸਭ ਦੇ ਵਿੱਚ ਉਹ ਬ੍ਰਹਮਗਿਆਨ ਹੀ ਨਜ਼ਰ ਆਉਂਦਾ ਹੈ, ਸਭ ਪਾਸੇ ਨਾਮੁ ਦੀ ਹੋਂਦ ਹੀ ਨਜ਼ਰ ਆਉਂਦੀ ਹੈ, ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। ਮਨ ਦੇ ਵਿੱਚ ਨਾਮੁ ਦੀ ਪ੍ਰਾਪਤੀ ਦੁਆਰਾ ਹੀ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਤੇ ਮਨ ਦੀ ਸੋਝੀ ਦੁਆਰਾ ਹੀ ਅਸੀਂ ਸਚੁ ਵਿੱਚ ਸਮਾਉਂਦੇ ਹਾਂ, ਪ੍ਰਮਾਤਮਾ ਵਿੱਚ ਸਮਾਉਂਦੇ ਹਾਂ ਜੋ ਕਿ ਸਾਡੇ ਅੰਦਰ ਸਹਜ ਦੀ ਅਵੱਸਥਾ ਹੈ। ਜੇਕਰ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਨੇ ਚਾਹੁੰਦੇ ਹਾਂ, ਉਸਦੇ ਨਿਰਗੁਣ ਰੂਪ ਦੇ ਭਾਵ ਅਸਲ ਰੂਪ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ, ਆਕਾਰ ਰੂਪ ਦੇ ਮਾਲਕ ਦੇ ਦਰਸ਼ਨ ਕਰਨੇ ਚਾਹੁੰਦੇ ਹਾਂ ਤੇ ਉਸ ਲਈ ਸਾਡੇ ਕੋਲ ਇੱਕੋ ਇੱਕ ਰਸਤਾ ਇਹੀ ਹੈ ਕਿ ਅਸੀਂ ਗੁਰੂ ਦੇ ਨਾਮ ਨਾਲ ਜੁੜੀਏ, ਗੁਰੂ ਦੇ ਬ੍ਰਹਮਗਿਆਨ ਦੇ ਨਾਲ ਜੁੜੀਏ।

25/2688

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੀ ਦਿੱਤਾ ਹੋਇਆ ਨਾਮ ਹੈ, ਉਸਦਾ ਆਪਣਾ ਦਿੱਤਾ ਹੋਇਆ ਬ੍ਰਹਮਗਿਆਨ ਹੈ ਜਿਸ ਦੁਆਰਾ ਉਸਨੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣ ਦਾ ਤਰੀਕਾ ਸਮਝਾਇਆ ਹੈ, ਆਪਣੀ ਸਿੱਖਿਆ ਦੇ ਕੇ ਸਮਝਾਇਆ ਹੈ। ਆਪਣੇ ਅੰਦਰ ਗੁਰੂ ਦੀ ਸਿੱਖਿਆ ਦੀ ਸੰਭਾਲ ਕਰਨੀ ਹੀ, ਸੱਚ ਦੀ ਸੰਭਾਲ ਕਰਨੀ ਹੀ ਨਾਮ ਦੀ ਸੰਭਾਲ ਕਰਨੀ ਹੈ ਭਾਵ ਸਾਨੂੰ ਉਹੋ ਕੁੱਝ ਹੀ ਕਰਨਾ ਚਾਹੀਦਾ ਹੈ ਜੋ ਕੁੱਝ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ। ਸਾਡੇ ਅੰਦਰ ਨਾਮ ਦੀ, ਗੁਰਮਤਿ ਦੀ ਸੰਭਾਲ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਇਸ ਨੂੰ ਨਾਮ ਦੇ ਚੋਰਾਂ ਤੋਂ ਬਚਾ ਕੇ ਰੱਖੀਏ। ਸਾਡੇ ਅੰਦਰ ਦੇ ਔਗੁਣ ਨਾਮ ਦੇ ਚੋਰ ਹਨ ਜੋ ਕਿ ਸਾਡੇ ਵਿਚਾਰਾਂ ਦੇ ਰੂਪ ਵਿੱਚ ਹੀ ਹਨ। ਸਾਡੇ ਮਾੜੇ ਵਿਚਾਰ ਨਾਮ ਦੇ ਚੋਰ ਹਨ ਜੋ ਸਾਡੇ ਅੰਦਰੋਂ ਚੰਗੇ ਵਿਚਾਰਾਂ ਨੂੰ ਚੁਰਾਉਂਦੇ ਹਨ, ਸੱਚੇ ਵਿਚਾਰਾਂ ਨੂੰ ਚੁਰਾਉਂਦੇ ਹਨ, ਗੁਣਾਂ ਵਾਲੇ ਵਿਚਾਰਾਂ ਨੂੰ ਚੁਰਾਉਂਦੇ ਹਨ। ਜੇਕਰ ਅਸੀਂ ਨਾਮ ਦੀ ਚੋਰੀ ਤੋਂ ਬਚਣਾ ਹੈ ਉਹ ਤਾਂ ਹੀ ਹੋ ਸਕਦਾ ਹੈ ਅਸੀਂ ਆਪਣੇ ਅੰਦਰ ਉਨ੍ਹਾਂ ਵਿਚਾਰਾਂ ਦੀ ਸੰਭਾਲ ਕਰੀਏ ਜੋ ਸਾਨੂੰ ਸੱਚ ਤੇ ਚਲਾਉਂਦੇ ਹਨ। ਸੱਚ ਤੇ ਸਾਨੂੰ ਗੁਰਮਤਿ ਦੇ ਵਿਚਾਰ ਹੀ ਚਲਾਉਂਦੇ ਹਨ ਤੇ ਆਪਣੇ ਅੰਦਰ ਗੁਰਮਤਿ ਦੇ ਵਿਚਾਰਾਂ ਦੀ ਸੰਭਾਲ ਕਰਨੀ ਹੀ, ਸ਼ਬਦ ਦੇ ਵਿਚਾਰਾਂ ਦੀ ਸੰਭਾਲ ਕਰਨੀ ਹੀ ਨਾਮ ਦੀ ਸੰਭਾਲ ਕਰਨੀ ਹੈ। ਜਦੋਂ ਸਾਡੇ ਵਿਚਾਰਾਂ ਦੇ ਅੰਦਰ ਸੱਚ ਦ੍ਰਿੜ ਹੋ ਜਾਂਦਾ ਹੈ ਤਾਂ ਫਿਰ ਸਾਡੇ ਅੰਦਰ ਨਾਮ ਦ੍ਰਿੜ ਹੋ ਜਾਂਦਾ ਹੈ, ਗੁਰਮਤਿ ਦ੍ਰਿੜ ਹੋ ਜਾਂਦੀ ਹੈ ਤੇ ਫਿਰ ਅਸੀਂ ਸੱਚ ਤੇ ਚੱਲਣ ਤੋਂ ਨਹੀਂ ਡੋਲਦੇ ਭਾਵ ਫਿਰ ਅਸੀਂ ਆਪਣੇ ਅੰਦਰੋਂ ਨਾਮ ਦੀ ਚੋਰੀ ਨਹੀਂ ਹੋਣ ਦਿੰਦੇ ਭਾਵ ਅਸੀਂ ਆਪਣੇ ਅੰਦਰ ਨਾਮ ਦੀ ਸੰਭਾਲ ਕਰਦੇ ਹਾਂ। ਸਾਨੂੰ ਇਹੀ ਉੱਦਮ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਵਿਚਾਰਾਂ ਨੂੰ ਵੱਧ ਤੋਂ ਵੱਧ ਗੁਰਮਤਿ ਵਾਲੇ ਵਿਚਾਰ ਬਣਾਈਏ ਭਾਵ ਵੱਧ ਤੋਂ ਵੱਧ ਗੁਰਮਤਿ ਵਾਲਾ ਜੀਵਨ ਜੀਵੀਏ, ਸੱਚੇ ਸੁੱਚੇ ਬਣ ਕੇ ਜੀਵੀਏ। ਜਿਹੜੇ ਵਿਚਾਰ ਸਾਡੇ ਗੁਰਮਤਿ ਅਨੁਸਾਰ ਨਹੀਂ ਹਨ ਉੱਥੇ ਸਾਡਾ ਭਰਮ ਹੈ ਤੇ ਭਰਮ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰ ਗੁਰਮਤਿ ਦੀ ਸੰਭਾਲ ਨਹੀਂ ਕਰ ਸਕਦੇ। ਜਿਹੋ ਜਿਹੀ ਨਾਮ ਦੀ ਸੰਭਾਲ ਕਰਨ ਵਿੱਚ ਹਰ ਕੋਈ ਲੱਗਾ ਹੋਇਆ ਹੈ ਉਸ ਵਿੱਚ ਗੁਰਮਤਿ ਨਹੀਂ ਹੈ ਤੇ ਕੇਵਲ ਸਾਡਾ ਭਰਮ ਹੈ। ਭਰਮ ਵਿੱਚੋਂ ਨਿਕਲ ਕੇ ਹੀ ਅਸੀਂ ਆਪਣੇ ਅੰਦਰ ਨਾਮ ਦੀ ਸੰਭਾਲ ਕਰ ਸਕਦੇ ਹਾਂ ਭਾਵ ਗੁਰਮਤਿ ਅਨੁਸਾਰ ਵਿਚਰਨ ਦਾ ਉੱਦਮ ਕਰ ਸਕਦੇ ਹਾਂ ਤੇ ਤਾਂ ਹੀ ਅਸੀਂ ਉਸ ਪ੍ਰਮਾਤਮਾ ਦੇ ਦਰਸ਼ਨਾਂ ਦੀ ਉਮੀਦ ਰੱਖ ਸਕਦੇ ਹਾਂ ਤੇ ਇਹੀ ਸਾਨੂੰ ਸ਼ਬਦ ਦੀ

ਆਖਰੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਨਾਨਕ ਨਾਮੁ ਸਮਾਲਿ ਸਦਾ ਤੂੰ ਸਹਜੇ ਸਚਿ ਸਮਾਵਣਿਆ ॥ ੮ ॥ ੧੬ ॥ ੧੭ ॥)**

ਬ੍ਰਹਮਗਿਆਨ ਦੀ ਮਤਿ ਦੇ ਨਾਲ ਜੁੜ ਕੇ ਹੀ ਅਸੀਂ ਉਸ ਬ੍ਰਹਮਗਿਆਨੀ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਤੇ ਤਾਂ ਹੀ ਸਾਨੂੰ ਸਭ ਦੇ ਵਿੱਚ ਉਹ ਬ੍ਰਹਮਗਿਆਨੀ ਹੀ ਨਜ਼ਰ ਆਵੇਗਾ, ਪ੍ਰਮਾਤਮਾ ਹੀ ਨਜ਼ਰ

25/2689

ਆਵੇਗਾ ਜੋ ਸਭ ਦੇ ਵਿੱਚ ਆਪਣੇ ਬ੍ਰਹਮਗਿਆਨ ਰੂਪ ਦੁਆਰਾ ਸਮਾਇਆ ਹੋਇਆ ਹੈ, ਨਾਮ ਰੂਪ ਵਿੱਚ ਸਮਾਇਆ ਹੋਇਆ ਹੈ, ਨਿਰਗੁਣ ਰੂਪ ਵਿੱਚ ਸਮਾਇਆ ਹੋਇਆ ਹੈ।

{ਨਿਜ ਪਦ ਊਪਰਿ ਲਾਗੋ ਧਿਆਨੁ॥

ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

ਜਿੰਨ੍ਹਾਂ ਨੂੰ ਆਪਣੇ ਅੰਦਰੋਂ ਨਿਜ ਪਦ ਦੀ ਪ੍ਰਾਪਤੀ ਹੋਈ ਹੈ, ਜਿੰਨ੍ਹਾਂ ਦਾ ਨਿਜ ਘਰ ਵਿੱਚ ਵਾਸਾ ਹੋਇਆ ਹੈ ਉਨ੍ਹਾਂ ਦਾ ਹੀ ਧਿਆਨ ਪ੍ਰਮਾਤਮਾ ਦੇ ਨਾਲ ਜੁੜਿਆ ਹੈ, ਉਸ ਦੇ ਨਾਲ ਲਿਵ ਜੁੜੀ ਹੈ ਤੇ ਸੋਝੀ ਪਈ ਹੈ ਕਿ ਪ੍ਰਮਾਤਮਾ ਆਪ ਹੀ "ਨਾਮੁ" ਦੇ ਰੂਪ ਵਿੱਚ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜਿਸ ਦੁਆਰਾ ਉਹ ਸਭ ਵਿੱਚ ਸਮਾਇਆ ਹੋਇਆ ਹੈ। ਨਾਮ ਦੀ ਸੋਝੀ ਪਏ ਬਿਨ੍ਹਾਂ ਉਸ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ, ਉਸਦੀ ਉਸਤਤਿ ਕਰਨਾ ਕੀ ਹੈ, ਇਸ ਗੱਲ ਦੀ ਸੋਝੀ ਪਏ ਬਿਨ੍ਹਾਂ ਉਸ ਪ੍ਰਮਾਤਮਾ ਦੀ ਉਸਤਤਿ ਨਹੀਂ ਕੀਤੀ ਜਾ ਸਕਦੀ ਤੇ ਜਿਹੋ ਜਿਹੀ ਉਸਤਤਿ ਵਿੱਚ ਅਸੀਂ ਲੱਗੇ ਹੋਏ ਹਾਂ, ਜਿਹੋ ਜਿਹਾ ਨਾਮ ਹਰ ਕੋਈ ਜਪਣ ਵਿੱਚ ਲੱਗਾ ਹੋਇਆ ਹੈ ਉਹ ਕੇਵਲ ਸਾਡਾ ਭਰਮ ਹੈ, ਮਨਮਤਿ ਹੈ, ਅਗਿਆਨਤਾ ਹੈ।

ਜਦ ਤੱਕ ਸਾਡੇ ਅੰਦਰ ਭਰਮ ਹੈ ਤਦ ਤੱਕ ਅਸੀਂ ਪ੍ਰਮਾਤਮਾ ਦੀ ਉਸਤਤਿ ਤੋਂ ਦੂਰ ਹਾਂ ਤੇ ਭਰਮ ਵਿੱਚ ਰਹਿੰਦੇ ਹੋਏ ਅਸੀਂ ਉਹੋ ਕੁੱਝ ਹੀ ਕਰਦੇ ਹਾਂ ਜਿਸ ਵਿੱਚ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ। ਅਸੀਂ ਆਪਣੇ ਬਾਹਰੀ ਦਿਖਾਵਿਆਂ ਦੁਆਰਾ ਭਾਵੇਂ ਜਿਤਨਾ ਮਰਜ਼ੀ ਚੰਗਾ ਬਣ ਲਈਏ ਤੇ ਜੇਕਰ ਸਾਡੇ ਅੰਦਰ ਬੁਰਿਆਈ ਭਰੀ ਹੋਈ ਹੈ, ਔਗੁਣ ਭਰੇ ਹੋਏ ਹਨ, ਮਾਇਆ ਮੋਹ ਭਰਿਆ ਹੋਇਆ ਹੈ ਤਦ ਤੱਕ ਅਸੀਂ ਚੰਗੇ ਕਰਮ ਕਰਨ ਤੋਂ ਦੂਰ ਰਹਿੰਦੇ ਹਾਂ ਤੇ ਆਪਣੇ ਮਾੜੇ ਕਰਮਾਂ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੀ ਨਿੰਦਾ ਹੀ ਕਰਦੇ ਹਾਂ। ਆਪਣੀ ਕਰਨੀ ਦੁਆਰਾ ਹੀ ਪ੍ਰਮਾਤਮਾ ਦੀ ਉਸਤਤਿ ਹੈ ਤੇ ਆਪਣੀ ਕਰਨੀ ਦੁਆਰਾ ਹੀ ਉਸਦੀ ਨਿੰਦਾ ਕਰਨਾ ਹੈ। ਸਾਨੂੰ ਮਨੁੱਖ ਦੇ ਬਾਹਰੀ ਦਿਖਾਵੇ ਹੀ ਭਾਉਂਦੇ ਹਨ ਜਿੰਨ੍ਹਾਂ ਕਰਕੇ ਅਸੀਂ ਉਨ੍ਹਾਂ ਨੂੰ ਉੱਚਾ ਮਾਣ ਵੀ ਦਿੰਦੇ ਹਾਂ ਕਿ ਇਹ ਪ੍ਰਮਾਤਮਾ ਦੀ ਉਸਤਤਿ ਕਰਨ ਵਾਲੇ ਹਨ ਪਰ ਜੇਕਰ ਉਨ੍ਹਾਂ ਦੇ ਅੰਦਰ ਮਾਇਆ ਮੋਹ ਹੈ ਉਹ ਅਸਲ ਵਿੱਚ ਪ੍ਰਮਾਤਮਾ ਦੀ ਨਿੰਦਾ ਕਰਨ ਵਾਲੇ ਹੀ ਹਨ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਆਸਾ ਮਹਲਾ ੫॥

"ਦਾਨੁ ਦੇਇ ਕਰਿ ਪੂਜਾ ਕਰਨਾ॥ ਲੈਤ ਦੇਤ ਉਨ ਮੂਕਰਿ ਪਰਨਾ॥

ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ॥ ਤਿਤੁ ਦਰਿ ਤੂੰਹੀ ਹੈ ਪਛੁਤਾਣਾ॥੧॥

ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥੧॥ਰਹਾਉ॥

ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ॥

ਮਾਇਆ ਮੂਠਾ ਚੇਤੈ ਨਾਹੀ॥ ਭਰਮੇ ਭੂਲਾ ਬਹੁਤੀ ਰਾਹੀ॥੨॥

ਬਾਹਰਿ ਭੇਖ ਕਰਹਿ ਘਨੇਰੇ॥ ਅੰਤਰਿ ਬਿਖਿਆ ਉਤਰੀ ਘੇਰੇ॥

ਅਵਰ ਉਪਦੇਸੈ ਆਪਿ ਨ ਬੂਝੈ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥੩॥

ਮੂਰਖ ਬਾਮਣ ਪ੍ਰਭੂ ਸਮਾਲਿ॥ ਦੇਖਤ ਸੁਨਤ ਤੇਰੈ ਹੈ ਨਾਲਿ॥

ਕਹੁ ਨਾਨਕ ਜੇ ਹੋਵੀ ਭਾਗੁ॥ ਮਾਨੁ ਛੋਡਿ ਗੁਰ ਚਰਣੀ ਲਾਗੁ॥੪॥੮॥"

(ਅੰਗ ੩੭੨)

25/2690

ਉੱਪਰ ਸ਼ਬਦ ਰਾਹੀਂ ਸਾਨੂੰ ਬ੍ਰਾਹਮਣ ਦੇ ਜੀਵਨ ਦਾ ਪ੍ਰਮਾਣ ਦੇ ਕੇ ਸਮਝਾਇਆ ਹੋਇਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਦੀ ਪੂਜਾ ਕਰਨ ਵਾਲੇ ਮੰਨਿਆ ਜਾਂਦਾ ਹੈ। ਗੁਰਬਾਣੀ ਕੇਵਲ ਕਿਸੇ ਖਾਸ ਵਰਗ ਨੂੰ ਸਮਝਾਉਣ ਲਈ ਨਹੀਂ ਹੈ ਬਲਕਿ ਸਾਰੇ ਸੰਸਾਰ ਨੂੰ ਸਮਝਾਉਣ ਲਈ ਹੈ। ਬ੍ਰਾਹਮਣ ਦੇ ਜੀਵਨ ਨੂੰ ਕਿਸ ਲਈ ਬੁਰਾ ਕਿਹਾ ਗਿਆ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਜੋ ਕਿ ਸਾਰਿਆਂ ਲਈ ਇੱਕੋ ਜਿਹੀ ਹੈ। ਪ੍ਰਮਾਤਮਾ ਦੇ ਦਰ ਤੇ ਲੇਖਾ ਸਭ ਨੂੰ ਦੇਣਾ ਪੈਂਦਾ ਹੈ ਤੇ ਉੱਥੇ ਲੇਖਾ ਦੇਣ ਦਾ ਤਰੀਕਾ ਸਭ ਲਈ ਇੱਕੋ ਜਿਹਾ ਹੀ ਹੈ। ਉੱਥੇ ਲੇਖਾ ਕੇਵਲ ਸਾਡੇ ਕਰਮਾਂ ਦੁਆਰਾ ਹੀ ਹੁੰਦਾ ਹੈ ਕਿ ਕੌਣ ਕਿਹੋ ਜਿਹੇ ਕਰਮ ਕਰਦਾ ਹੈ। ਕੌਣ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਉਸਦੇ ਕੋਲ ਜਾਣ ਦਾ ਭਾਵ ਮੇਲ ਕਰਨ ਦਾ ਉਪਰਾਲਾ ਕਰਦਾ ਹੈ ਇਸ ਗੱਲ ਵਿੱਚ ਫਰਕ ਨਹੀਂ ਹੈ, ਕੌਣ ਕਿਹੋ ਜਿਹਾ ਜਪ ਤਪ ਕਰਨ ਦੁਆਰਾ ਉਸ ਦੇ ਦਰ ਨੂੰ ਜਾਨਣ ਦਾ ਉਪਰਾਲਾ ਕਰਦਾ ਹੈ ਭਾਵ ਕਿਹੋ ਜਿਹਾ ਸਰੀਰਕ ਜਪ ਤਪ ਕਰਕੇ ਕੋਈ ਉਸਨੂੰ ਪਾਉਣਾ ਚਾਹੁੰਦਾ ਹੈ ਜਾਂ ਕਿਹੋ ਜਿਹੀ ਸਰਗੁਣ ਰੂਪ ਪੂਜਾ ਕਰਕੇ ਉਸ ਦੇ ਦਰ ਤੇ ਜਾਣਾ ਚਾਹੁੰਦਾ ਹੈ ਇਸਦੇ ਨਾਲ ਕੋਈ ਫਰਕ ਨਹੀਂ ਪੈਂਦਾ। ਮਾੜੇ ਕਰਮ ਕਰਨ ਵਾਲਿਆਂ ਨੂੰ ਪਛਤਾਉਣਾ ਹੀ ਪੈਂਦਾ ਹੈ ਭਾਵੇਂ ਉਨ੍ਹਾਂ ਦਾ ਧਾਰਮਿਕ ਦਿਖਾਵਾ ਸੰਸਾਰ ਵਿੱਚ ਸਾਨੂੰ ਕਿਤਨਾ ਵੀ ਭਾਉਂਦਾ ਹੋਵੇ।

ਅਸੀਂ ਜਿੰਨ੍ਹਾਂ ਨੂੰ ਉੱਚਾ ਥਾਪਦੇ ਹਾਂ ਭਾਵ ਧਰਮ ਦੇ ਮਾਰਗ ਉੱਪਰ ਉੱਚਾ ਸਮਝਦੇ ਹਾਂ ਉਨ੍ਹਾਂ ਨੂੰ ਚੜ੍ਹਾਵਾ ਵੀ ਚੜ੍ਹਾਉਂਦੇ ਹਾਂ ਤੇ ਉਨ੍ਹਾਂ ਨੂੰ ਪੂਜਦੇ ਹਾਂ ਕਿ ਇਹ ਅੱਗੇ ਜਾ ਕੇ ਸਾਡੇ ਕੰਮ ਆਉਣਗੇ ਭਾਵ ਪ੍ਰਮਾਤਮਾ ਦੀ ਦਰਗਾਹ ਵਿੱਚ ਸਾਡੇ ਕੰਮ ਆਉਣਗੇ ਜੋ ਕਿ ਸਾਡਾ ਇਹ ਝੂਠਾ ਵਿਸ਼ਵਾਸ ਹੈ ਕਿਉਂਕਿ ਜੋ ਸਾਨੂੰ ਇਹੋ ਜਿਹੀ ਗੱਲ ਸਮਝਾਉਂਦੇ ਹਨ ਕੀ ਉਹ ਸਾਡੇ ਕੰਮ ਆ ਸਕਦੇ ਹਨ ਉਹ ਖੁਦ ਝੂਠੇ ਵਿਸ਼ਵਾਸ ਵਿੱਚ ਬੈਠੇ ਹੋਏ ਹਨ ਭਾਵ ਇਹੋ ਜਿਹਿਆਂ ਨੂੰ ਇਸ ਗੱਲ ਤੋਂ ਮੁਕਰਨਾ ਹੀ ਪੈਂਦਾ ਹੈ ਕਿਉਂਕਿ ਉਨ੍ਹਾਂ ਨੂੰ ਪ੍ਰਮਾਤਮਾ ਦੀ ਦਰਗਾਹ ਬਾਰੇ ਕੋਈ ਸਮਝ ਹੀ ਨਹੀਂ ਹੁੰਦੀ ਜੋ ਉਸਦੀ ਦਰਗਾਹ ਸਾਡੇ ਸਭ ਦੇ ਅੰਦਰ ਹੀ ਹੈ। ਸਾਨੂੰ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਮਾੜੇ ਕਰਮਾਂ ਦਾ ਲੇਖਾ ਭੁਗਤਣਾ ਪੈਂਦਾ ਹੈ ਭਾਵ ਅਨੇਕਾਂ ਦੁੱਖ ਸਹਿਣੇ ਪੈਂਦੇ ਹਨ, ਸਜਾਵਾਂ ਸਹਿਣੀਆਂ ਪੈਂਦੀਆਂ ਹਨ ਮਨ ਦੇ ਜਿਸ ਲੇਖੇ ਵਿੱਚੋਂ ਨਿਕਲਣ ਲਈ ਭਾਵ ਸਜਾਵਾਂ ਤੋਂ ਬਚਣ ਲਈ, ਮਨ ਦੀਆਂ ਟੈਨਸ਼ਨਾਂ ਤੋਂ ਬਚਣ ਲਈ ਸਭ ਲਈ ਇੱਕੋ ਇੱਕ ਤਰੀਕਾ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ, ਕਾਮ ਕ੍ਰੋਧ ਲੋਭ ਮੋਹ ਅਹੰਕਾਰ ਵਾਲੇ, ਮਾਇਆ ਵਾਲੇ ਵਿਚਾਰਾਂ ਤੋਂ ਮੁਕਤ ਹੋ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ, ਸੰਸਾਰਿਕ ਭਲਾਈ ਵਾਲੇ ਕਰਮ ਕਰਨ ਦਾ ਹੈ ਭਾਵ ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਹੈ। ਜਿਹੜਾ ਦਾਨ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਵਾਲਿਆਂ, ਸੰਤ ਆਦਿ ਅਖਵਾਉਣ ਨੂੰ ਦਿੰਦੇ ਹਾਂ ਉਹ ਸਾਡੀ ਝੂਠੀ ਉਮੀਦ ਹੈ। ਉਹੋ ਜਿਹਾ ਦਾਨ ਸਾਡੇ ਉਸ ਕੰਮ ਨਹੀਂ ਆਉਂਦਾ ਜੋ ਸਾਨੂੰ ਮਾੜੇ ਕੰਮਾਂ ਦੀਆਂ ਸਜਾਵਾਂ ਤੋਂ ਬਚਾ ਸਕੇ ਭਾਵ ਸਾਨੂੰ ਕੇਵਲ ਤੇ ਕੇਵਲ ਸਜਾਵਾਂ ਤੋਂ ਬਚਣ ਲਈ ਗੁਰੂ ਦੀ ਮਤਿ ਨਾਲ ਜੁੜਣਾ ਚਾਹੀਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਚਾਹੀਦਾ ਹੈ ਭਾਵ ਕੇਵਲ ਗੁਰੂ ਦਾ ਨਾਮ ਜਪਣਾ ਚਾਹੀਦਾ ਹੈ ਤੇ ਉਨ੍ਹਾਂ ਦੀ ਮਤਿ ਨੂੰ ਛੱਡਣਾ ਚਾਹੀਦਾ ਹੈ ਜੋ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਤੇ ਝੂਠਾ ਦੁਨਿਆਵੀ ਮਾਣ ਲੈਂਦੇ ਹਨ। ਉਸਦੇ ਦਰ ਤੇ ਜਾ ਕੇ ਇਨ੍ਹਾਂ ਨੂੰ ਖੁਦ ਪਛਤਾਉਣਾ ਪੈਣਾ ਹੈ, ਆਪਣੇ ਮਾੜੇ ਕਰਮਾਂ ਲਈ ਪਛਤਾਉਣਾ ਪੈਣਾ ਹੈ ਤੇ ਕਿਸੇ ਦਾ ਇਨ੍ਹਾਂ ਨੇ ਕੀ ਸੰਵਾਰਨਾ ਹੈ ਭਾਵ ਇਹੋ ਜਿਹਿਆਂ ਦੀ ਪੂਜਾ ਕਰਨਾ, ਇਹੋ ਜਿਹੇ ਦਿਖਾਵੇ ਕਰਨ ਵਾਲਿਆਂ ਨੂੰ ਮਾਣ ਦੇਣਾ ਵਿਅਰਥ ਹੈ। **(ਦਾਨੁ ਦੇਇ ਕਰਿ ਪੂਜਾ ਕਰਨਾ॥ ਲੈਤ ਦੇਤ ਉਨ੍ ਮੂਕਰਿ ਪਰਨਾ॥ ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ॥ ਤਿਤੁ ਦਰਿ ਤੂੰਹੀ ਹੈ ਪਛੁਤਾਣਾ॥੧॥)**

ਜਿੰਨ੍ਹਾਂ ਨੂੰ ਅਸੀਂ ਉਨ੍ਹਾਂ ਦੇ ਧਾਰਮਿਕ ਦਿਖਾਵਿਆਂ ਕਰਕੇ ਉੱਚਾ ਸਮਝਦੇ ਹਾਂ ਉਹ ਤੇ ਆਪ ਆਪਣਾ ਜੀਵਨ ਡੁਬੋ ਰਹੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਤੇ ਉਨ੍ਹਾਂ ਦੇ ਡੁੱਬਣ ਦਾ ਕਾਰਨ ਵੀ ਨਾਲ ਹੀ ਸਪੱਸ਼ਟ ਕੀਤਾ ਹੋਇਆ ਹੈ।

“ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥੧॥ਰਹਾਉ॥”

25/2691

ਸਾਡੇ ਸਭ ਦੇ ਅੰਦਰ ਇਹ ਧਾਰਮਿਕ ਆਸਥਾ ਬਣੀ ਹੋਈ ਹੈ ਕਿ ਜੋ ਲੋਕ ਜਪ ਤਪ ਆਦਿ ਕਰਦੇ ਹਨ, ਪੂਜਾ ਆਦਿ ਕਰਦੇ ਹਨ ਭਾਵ ਅਨੇਕਾਂ ਇਹੋ ਜਿਹੇ ਉੱਦਮ ਕਰਦੇ ਹਨ ਜਿੰਨ੍ਹਾਂ ਨੂੰ ਉਹ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ। ਜਿਹੋ

ਜਿਹੀਆਂ ਗੱਲਾਂ ਨੂੰ ਅਸੀਂ ਭਗਤੀ ਕਰਨਾ ਸਮਝਦੇ ਹਾਂ ਬਾਣੀ ਰਾਹੀਂ ਵਾਰ-ਵਾਰ ਉਨ੍ਹਾਂ ਨੂੰ ਸਾਡੇ ਭੇਖ ਦੱਸਿਆ ਹੈ, ਦਿਖਾਵੇ ਦੱਸਿਆ ਹੈ। ਜੋ ਇਹੋ ਜਿਹੀ ਭਗਤੀ ਵਿੱਚ ਨਹੀਂ ਲੱਗਾ ਹੋਇਆ ਉਸਨੂੰ ਅਸੀਂ ਪ੍ਰਮਾਤਮਾ ਦਾ ਅਪਰਾਧੀ ਸਮਝਦੇ ਹਾਂ ਤੇ ਜੋ ਇਹੋ ਜਿਹੀ ਭਗਤੀ ਵਿੱਚ ਲੱਗਾ ਹੋਇਆ ਹੈ ਤੇ ਉਸਨੂੰ ਅਸੀਂ ਅਪਰਾਧ ਮੁਕਤ ਸਮਝਦੇ ਹਾਂ ਕਿ ਇਹ ਪ੍ਰਮਾਤਮਾ ਦੇ ਦਰ ਦਾ ਅਪਰਾਧੀ ਨਹੀਂ ਹੈ। ਜੋ ਇਹੋ ਜਿਹੇ ਭਗਤੀ ਕਰਦੇ ਹਨ ਉਨ੍ਹਾਂ ਨੂੰ ਅਸੀਂ ਨਿਰਾਪਰਾਧ ਸਮਝਦੇ ਹਾਂ ਭਾਵ ਅਪਰਾਧ ਰਹਿਤ ਸਮਝਦੇ ਹਾਂ ਤੇ ਇਸੇ ਕਰਕੇ ਅਸੀਂ ਉਨ੍ਹਾਂ ਨੂੰ ਪ੍ਰਮਾਤਮਾ ਦੇ ਨੇੜੇ ਸਮਝਦੇ ਹਾਂ ਤੇ ਉਨ੍ਹਾਂ ਨੂੰ ਉੱਚਾ ਮਾਣ ਦਿੰਦੇ ਹਾਂ। ਉਨ੍ਹਾਂ ਦੇ ਅੰਦਰ ਮਨ ਦੀ ਅਵੱਸਥਾ ਕਿਹੋ ਜਿਹੀ ਹੈ, ਉਸਦੀ ਸੰਸਾਰਿਕ ਵਿਚਰਨ ਕਿਹੋ ਜਿਹੀ ਹੈ ਇਸ ਗੱਲ ਨੂੰ ਅਸੀਂ ਬਹੁਤੀ ਅਹਿਮੀਅਤ ਨਹੀਂ ਦਿੰਦੇ ਭਾਵ ਉਨ੍ਹਾਂ ਦਾ ਬਾਹਰੀ ਰੂਪ ਹੀ ਸਾਨੂੰ ਲੁਭਾਉਂਦਾ ਹੈ। ਪ੍ਰਮਾਤਮਾ ਦੇ ਦਰ ਤੇ ਕੋਈ ਉੱਚਾ ਜਾਂ ਨੀਵਾਂ ਮਨ ਦੀ ਅਵੱਸਥਾ ਦੁਆਰਾ ਹੁੰਦਾ ਹੈ ਕਿ ਉਸ ਦੇ ਕਰਮ ਕਿਹੋ ਜਿਹੇ ਹਨ ਭਾਵ ਉੱਥੇ ਦੁਨਿਆਵੀ ਦਿਖਾਵਿਆਂ ਦਾ ਕੋਈ ਮੁੱਲ ਨਹੀਂ ਹੈ, ਬਾਹਰੀ ਜਪਾਂ ਤਪਾਂ ਦਾ ਕੋਈ ਮੁੱਲ ਨਹੀਂ ਹੈ। ਜਿਸਦੇ ਮਨ ਦੇ ਅੰਦਰ ਬੁਰਿਆਈਆਂ ਵਾਲੀ ਅਵੱਸਥਾ ਹੈ ਇਹੀ ਉਸਦੇ ਡੁੱਬਣ ਦਾ ਕਾਰਨ ਹੈ ਭਾਵੇਂ ਉਹ ਕਿਹੋ ਜਿਹੀ ਹੀ ਧਾਰਮਿਕ ਆਸਥਾ ਰੱਖਣ ਵਾਲਾ ਹੈ। **(ਐਸੇ ਬ੍ਰਾਹਮਣ ਡੂਬੇ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥੧॥ਰਹਾਉ॥)**

ਮਨ ਦੇ ਅੰਦਰ ਬੁਰਿਆਈ ਕਿਸ ਰੂਪ ਵਿੱਚ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ॥

ਮਾਇਆ ਮੂਠਾ ਚੇਤੈ ਨਾਹੀ॥ ਭਰਮੇ ਭੂਲਾ ਬਹੁਤੀ ਰਾਹੀ॥੨॥”

ਬੁਰਿਆਈ ਦਾ ਕਾਰਨ ਅੰਦਰ ਦਾ ਲੋਭ ਹੈ, ਲਾਲਚ ਹੈ ਜੋ ਸਾਨੂੰ ਸੱਚ ਤੋਂ ਦੂਰ ਕਰਦਾ ਹੈ। ਇਹ ਬੁਰਿਆਈ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਜਿਤਨਾ ਲੋਭ ਬ੍ਰਾਹਮਣ ਲਈ ਮਾੜਾ ਹੈ ਉਤਨਾ ਹੀ ਮੁੱਲਾਂ ਲਈ ਮਾੜਾ ਹੈ ਤੇ ਉਤਨਾ ਹੀ ਗੁਰਸਿੱਖ ਅਖਵਾਉਣ ਲਈ ਮਾੜਾ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਹਰ ਕੋਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਆਪਣੀ ਭਗਤੀ ਦਾ ਦਿਖਾਵਾ ਕਿਸ ਰੂਪ ਵਿੱਚ ਕਰਦਾ ਹੈ। ਭਗਤੀ ਮਨ ਦੇ ਸੱਚ ਦੁਆਰਾ ਹੁੰਦੀ ਹੈ, ਲੋਭ ਲਾਲਚ ਵਿੱਚੋਂ, ਮਾਇਆ ਮੋਹ ਵਿੱਚੋਂ, ਔਗੁਣਾਂ ਵਿੱਚੋਂ ਨਿਕਲ ਕੇ ਹੁੰਦੀ ਹੈ ਭਾਵ

ਸੱਚ ਤੇ ਚੱਲਣ ਦੁਆਰਾ ਹੁੰਦੀ ਹੈ ਤੇ ਇਸੇ ਲਈ ਬਾਣੀ ਰਾਹੀਂ ਸਾਰੇ ਸੰਸਾਰ ਦਾ ਧਰਮ ਸੱਚ ਸਮਝਾਇਆ ਹੈ। ਸੱਚ ਤੇ ਕੋਈ ਵੀ ਚੱਲ ਸਕਦਾ ਹੈ ਤੇ ਕੋਈ ਵੀ ਧਰਮ ਗ੍ਰੰਥ ਸਾਨੂੰ ਇਹ ਨਹੀਂ ਸਮਝਾਉਂਦਾ ਕਿ ਸੱਚ ਤੇ ਨਾ ਚੱਲੋ ਭਾਵ ਸੱਚ ਤੇ ਚੱਲਣਾ ਹੀ ਸਮਝਾਉਂਦਾ ਹੈ। ਸੱਚ ਹੀ ਸਾਰੇ ਸੰਸਾਰ ਨੂੰ ਜੋੜ ਕੇ ਰੱਖ ਸਕਦਾ ਹੈ, ਮਨੁੱਖਤਾ ਨੂੰ ਜੋੜ ਕੇ ਰੱਖ ਸਕਦਾ ਹੈ। ਲੋਭ ਲਾਲਚ ਵਾਲੀ ਬਿਰਤੀ ਦੁਆਰਾ ਭਾਵੇਂ ਦਿਖਾਵੇ ਲਈ ਅਸੀਂ ਪ੍ਰਮਾਤਮਾ ਦੀ ਭਗਤੀ ਕਰਦੇ ਹਾਂ, ਅਨੇਕਾਂ ਤਰੀਕੇ ਵਰਤਦੇ ਹਾਂ ਪਰ ਆਪਣੇ ਕਰਮਾਂ ਦੁਆਰਾ ਅਸੀਂ ਉਸ ਪ੍ਰਮਾਤਮਾ ਦੀ ਨਿੰਦਾ ਹੀ ਕਰਦੇ ਹਾਂ। ਜੋ ਵੀ ਸਾਡੇ ਮਾੜੇ ਕਰਮ ਹਨ, ਜੋ ਵੀ ਸਾਡੇ ਕਰਮ ਮਨ ਦੀ ਮਾੜੀ ਬਿਰਤੀ ਦੁਆਰਾ ਹਨ ਉਨ੍ਹਾਂ ਰਾਹੀਂ ਅਸੀਂ ਪ੍ਰਮਾਤਮਾ ਦੀ ਨਿੰਦਾ ਹੀ ਕਰਦੇ ਹਾਂ ਤੇ ਆਪਣੇ ਉੱਪਰ ਭਾਰ ਹੀ ਲੱਦਦੇ ਹਾਂ, ਪਾਪਾਂ ਦਾ ਭਾਰ ਹੀ ਲੱਦਦੇ ਹਾਂ। **(ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ॥)**

ਪ੍ਰਮਾਤਮਾ ਸੱਚ ਦੇ ਰੂਪ ਵਿੱਚ ਹੈ ਤੇ ਜੋ ਵੀ ਸਾਡਾ ਕਰਮ ਸੱਚ ਦੇ ਉਲਟ ਹੁੰਦਾ ਹੈ ਉਸ ਦੁਆਰਾ ਅਸੀਂ ਸੱਚ ਦੀ ਨਿੰਦਾ ਹੀ ਕਰਦੇ ਹਾਂ। ਸਾਡੀ ਇਸ ਨਿੰਦਾ ਦਾ ਕਾਰਨ ਸਾਡੇ ਅੰਦਰ ਮਾਇਆ ਮੋਹ ਹੈ, ਸਾਡੇ ਅੰਦਰ ਦਾ ਭਰਮ ਹੈ। ਪ੍ਰਮਾਤਮਾ ਨੇ ਸਾਨੂੰ ਅਨੇਕਾਂ ਹੀ ਭਰਮਾਂ ਵਿੱਚ ਰੱਖਿਆ ਹੋਇਆ ਹੈ। ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਹੀ ਤਰੀਕੇ ਅਪਣਾਉਂਦੇ ਹਾਂ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਪਣਾਉਂਦੇ ਹਾਂ ਪਰ ਸੱਚ ਤੇ ਚੱਲਣ ਤੋਂ ਬਿਨ੍ਹਾਂ ਸਾਡੇ ਇਹ ਸਾਰੇ ਭਗਤੀ ਦੇ ਤਰੀਕੇ ਭਰਮ ਹੀ ਹਨ ਭਾਵ ਕੇਵਲ ਦਿਖਾਵਾ ਹੀ ਹੈ। **(ਮਾਇਆ ਮੂਠਾ ਚੇਤੈ ਨਾਹੀ॥ ਭਰਮੇ ਭੂਲਾ ਬਹੁਤੀ ਰਾਹੀ॥੨॥)**

ਸਾਡੇ ਦਿਖਾਵਿਆਂ ਦੀ ਗੱਲ ਹੀ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿੰਨ੍ਹਾਂ ਦੁਆਰਾ ਸਾਨੂੰ ਮਾਣ ਮਿਲਦਾ ਹੈ। ਅਸੀਂ ਦੂਸਰਿਆਂ ਨੂੰ ਮਾਇਆ ਮੋਹ ਵਿੱਚੋਂ ਨਿਕਲਣ ਦਾ ਉਪਦੇਸ਼ ਦਿੰਦੇ ਹਾਂ ਪਰ ਆਪਣਾ ਅੰਦਰ ਨਹੀਂ ਦੇਖਦੇ ਕਿ ਸਾਡੇ ਆਪਣੇ ਅੰਦਰ ਕਿਤਨਾ ਕੁ ਮਾਇਆ ਮੋਹ ਹੈ, ਲੋਭ ਲਾਲਚ ਹੈ। ਸ਼ਬਦ ਕੀਰਤਨ ਸੁਣਾਉਣ ਰਾਹੀਂ ਅਸੀਂ ਮਾਇਆ ਮੋਹ ਛੱਡਣ ਦਾ ਉਪਦੇਸ਼ ਜਰੂਰ ਦਿੰਦੇ ਹਾਂ ਪਰ ਉਹ ਉਪਦੇਸ਼ ਦੇਣ ਦੇ ਬਦਲੇ ਕਿਤਨੀ ਕੁ ਮਾਇਆ ਮੰਗਦੇ ਹਾਂ ਇਹ ਹਰ ਕੋਈ ਸਮਝ ਸਕਦਾ ਹੈ ਤੇ ਖਾਸ

ਕਰਕੇ ਸਿੱਖ ਜਗਤ ਹੋਰ ਵੀ ਚੰਗੀ ਤਰ੍ਹਾਂ ਸਮਝ ਸਕਦਾ ਹੈ। ਗੁਰੂ ਦੀ ਕਥਾ ਦੁਆਰਾ ਮਾਇਆ ਮੋਹ ਛੱਡਣ ਦਾ ਉਪਦੇਸ਼ ਦੇਣ ਵਾਲੇ ਬਹੁਤ ਹਨ ਪਰ ਉਸਦੇ ਬਦਲੇ ਕੀ ਕੁੱਝ ਭਾਲਦੇ ਹਨ, ਕਿਹੋ ਜਿਹੀ ਸੇਵਾ ਭਾਲਦੇ ਹਨ ਇਸ ਨੂੰ ਹਰ ਕੋਈ ਸਮਝ ਸਕਦਾ ਹੈ। **(ਬਾਹਰਿ ਭੇਖ ਕਰਹਿ ਘਨੇਰੇ॥ ਅੰਤਰਿ ਬਿਖਿਆ ਉਤਰੀ ਘੇਰੇ॥ ਅਵਰ ਉਪਦੇਸੈ ਆਪਿ ਨ ਬੂਝੈ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥੩॥)**

ਬਾਹਰੀ ਦਿਖਾਵਿਆਂ ਦੁਆਰਾ ਅਸੀਂ ਕੇਵਲ ਆਪਣਾ ਮਾਣ ਹੀ ਉੱਚਾ ਕਰਦੇ ਹਾਂ ਜੋ ਕਿ ਸਾਡਾ ਕੇਵਲ ਇੱਕ ਝੂਠਾ ਮਾਣ ਹੈ ਜਦ ਕਿ ਅਸਲ ਗੱਲ ਲੋਭ ਲਾਲਚ ਛੱਡਣ ਦੀ ਹੈ, ਮਾਇਆ ਮੋਹ ਛੱਡਣ ਦੀ ਹੈ ਤੇ ਇਸੇ ਕਰਕੇ ਸਾਨੂੰ ਮੂਰਖ ਕਿਹਾ ਹੈ ਭਾਵੇਂ ਅਸੀਂ ਇਹੋ ਜਿਹੇ ਕਰਮਾਂ ਦੁਆਰਾ ਦੁਨੀਆਂ ਨੂੰ ਸਿਆਣੇ ਹੀ ਲੱਗਦੇ ਹਾਂ। ਪ੍ਰਮਾਤਮਾ ਕੇਵਲ ਸਾਡੇ ਮਨ ਦੀ ਬਿਰਤੀ ਹੀ ਦੇਖਦਾ ਹੈ ਤੇ ਸਾਡੇ ਬਾਹਰੀ ਦਿਖਾਵੇ ਉਸਨੂੰ ਨਹੀਂ ਭਾਉਂਦੇ। ਸਾਡੇ ਜੀਵਨ ਦਾ ਮਕਸਦ ਤਾਂ ਉਸ ਪ੍ਰਮਾਤਮਾ ਨੂੰ ਪਾਉਣ ਦਾ ਹੈ ਜੋ ਕਿ ਸਾਡੇ ਅੰਦਰ ਹੀ

25/2693

ਹੈ। ਆਪਣਾ ਇਹ ਝੂਠਾ ਮਾਣ ਛੱਡਣ ਦੁਆਰਾ ਹੀ ਅਸੀਂ ਗੁਰੂ ਦੇ ਚਰਨਾਂ ਨਾਲ ਜੁੜ ਸਕਦੇ ਹਾਂ, ਗੁਰੂ ਦੀ ਮਤਿ ਦੇ ਨਾਲ ਜੁੜ ਸਕਦੇ ਹਾਂ। ਬੜੇ ਵੱਡੇ ਭਾਗਾਂ ਦੇ ਨਾਲ ਹੀ ਉਸ ਪ੍ਰਮਾਤਮਾ ਦੇ ਚਰਨਾਂ ਨਾਲ ਕੋਈ ਜੁੜ ਸਕਦਾ ਹੈ। ਜਦ ਤੱਕ ਅਸੀਂ ਝੂਠੇ ਦੁਨਿਆਵੀ ਮਾਣ ਵਿੱਚ ਫਸੇ ਹੋਏ ਹਾਂ ਤਦ ਤੱਕ ਪ੍ਰਮਾਤਮਾ ਦੇ ਚਰਨਾਂ ਨਾਲ ਨਹੀਂ ਜੁੜਿਆ ਜਾ ਸਕਦਾ ਭਾਵ ਬਾਹਰੀ ਦਿਖਾਵਿਆਂ ਵਿੱਚੋਂ ਨਿਕਲਣ ਦੀ ਲੋੜ ਹੈ ਜੋ ਕਿ ਅਸੀਂ ਆਪਣੇ ਭਰਮ ਵਿੱਚ ਹੀ ਆਪਣੇ ਸਰੀਰਕ ਜਪਾਂ ਤਪਾਂ ਨੂੰ ਭਗਤੀ ਸਮਝਦੇ ਹਾਂ, ਆਪਣੀ ਝੂਠੀ ਸਿਆਣਪ ਦਾ ਮਾਣ ਲੈਂਦੇ ਹਾਂ। **(ਮੂਰਖ ਬਾਮਣ ਪ੍ਰਭੂ ਸਮਾਲਿ॥ ਦੇਖਤ ਸੁਨਤ ਤੇਰੈ ਹੈ ਨਾਲਿ॥ ਕਹੁ ਨਾਨਕ ਜੇ ਹੋਵੀ ਭਾਗੁ॥ ਮਾਨੁ ਛੋਡਿ ਗੁਰ ਚਰਣੀ ਲਾਗੁ॥੪॥੮॥)**

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥}

(ਅੰਗ ੧੨੯੯)

ਸਭ ਪਾਸੇ ਇਹ ਝੂਠਾ ਮਾਣ ਲੈਣ ਵਾਲਿਆਂ ਦਾ ਹੀ ਪਾਸਾਰਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਣ ਵਾਲਾ ਹੈ। ਅਗਿਆਨੀਆਂ ਨੂੰ ਅਸੀਂ ਧਰਮ ਦੇ ਪਾਰਖੂ, ਧਰਮ ਦੇ ਗਿਆਨੀ, ਪੰਡਿਤ ਸਮਝਿਆ ਹੋਇਆ ਹੈ। ਹਰ ਕੋਈ ਆਪਣੀਆਂ ਸਿਆਣਪਾਂ ਦੁਆਰਾ ਹੀ ਚੌਧਰੀ ਬਣਿਆ ਬੈਠਾ ਹੈ ਭਾਵ ਝੂਠਾ ਮਾਣ ਲੈ ਰਿਹਾ ਹੈ। ਇਹ ਸਾਡੀ ਮਨਮਤਿ ਦਾ ਮਾਣ ਹੈ ਤੇ ਇਸੇ ਲਈ ਇਹੋ ਜਿਹਾ ਮਾਣ ਝੂਠਾ ਮਾਣ ਹੈ। ਸਾਡਾ ਸੱਚਾ ਮਾਣ ਉਹ ਹੈ ਜਦੋਂ ਸਾਡੇ ਅੰਦਰ ਗੁਰਮਤਿ ਦਾ ਮਾਣ ਵੱਸ ਜਾਂਦਾ ਹੈ, ਸੱਚ ਦਾ ਮਾਣ ਵੱਸ ਜਾਂਦਾ ਹੈ। ਜੇਕਰ ਸਾਨੂੰ ਗੁਰਮਤਿ ਦੁਆਰਾ ਚੱਲਣ ਦਾ ਮਾਣ ਮਿਲਦਾ ਹੈ, ਸੱਚ ਨੂੰ ਉੱਚਾ ਕਰਨ ਦਾ ਮਾਣ ਮਿਲਦਾ ਹੈ ਫਿਰ ਉਹ ਸਾਡਾ ਸੱਚਾ ਮਾਣ ਹੈ। ਸੱਚ ਤੇ ਅਸੀਂ ਤਾਂ ਹੀ ਚੱਲ ਸਕਦੇ ਹਾਂ, ਗੁਰਮਤਿ ਉੱਪਰ ਅਸੀਂ ਤਾਂ ਹੀ ਚੱਲ ਸਕਦੇ ਹਾਂ ਜੇਕਰ ਸਾਨੂੰ ਸੱਚ ਦੀ ਸਮਝ ਹੋਵੇ ਕਿ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਕਿਹੋ ਜਿਹਾ ਸੱਚ ਸਮਝਾਇਆ ਹੈ। ਅਸੀਂ ਆਪਣੀ ਮਨਮਤਿ ਨੂੰ ਹੀ ਸੱਚ ਬਣਾਇਆ ਹੋਇਆ ਹੈ ਜਿਸ ਕਰਕੇ ਅਸੀਂ ਝੂਠਾ ਮਾਣ ਲੈਂਦੇ ਹਾਂ। ਸੱਚ ਕੇਵਲ ਗੁਰੂ ਕੋਲੋਂ ਜਾਨਣ ਦੀ ਵਸਤੂ ਹੈ ਕਿਉਂਕਿ ਗੁਰੂ ਤੋਂ ਬਿਨ੍ਹਾਂ ਹਰ ਕੋਈ "ਕਲਿ" ਵਾਲੀ ਅਵੱਸਥਾ ਵਿੱਚ ਹੈ ਭਾਵ ਅਗਿਆਨਤਾ ਵਾਲੀ, ਭਰਮ ਵਾਲੀ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ ਜਿਸ ਵਿੱਚ ਰਹਿੰਦਿਆਂ ਹਰ ਕੋਈ ਸੱਚ ਨੂੰ ਸਮਝਣ ਤੋਂ ਦੂਰ ਹੀ ਹੈ ਤੇ ਝੂਠ ਨੂੰ ਹੀ ਸੱਚ ਸਮਝ ਲੈਂਦਾ ਹੈ। ਮਨ ਦੀ ਅਗਿਆਨਤਾ ਦੁਆਰਾ ਅਸੀਂ ਝੂਠ ਨੂੰ ਹੀ ਨਿਆਂ ਦੀ ਗੱਲ ਸਮਝਦੇ ਹਾਂ ਭਾਵ ਝੂਠੀ ਗੱਲ ਨੂੰ ਹੀ ਸੱਚੀ ਸਮਝਦੇ ਹਾਂ। ਮਨ ਦੀ ਇਸ ਕਲਿ ਕਰਕੇ ਹੀ ਮੂਰਖ ਸਿਆਣੇ ਬਣੀ ਬੈਠੇ ਹਨ ਤੇ ਮਨ ਦੀ ਕਲਿ ਕਰਕੇ ਹੀ ਅਸੀਂ ਇਨ੍ਹਾਂ ਨੂੰ ਉੱਚੇ ਗਿਆਨ ਵਾਲੇ ਸਮਝੀ ਬੈਠੇ ਹਾਂ ਜਦਕਿ ਇਸ ਵਿੱਚ ਸੱਚਾਈ ਨਹੀਂ ਹੈ। ਇਨ੍ਹਾਂ ਮੂਰਖਾਂ ਨੂੰ ਸਿਆਣੇ

25/2694

ਸਮਝਣਾ, ਮੂਰਖਾਂ ਨੂੰ ਧਰਮ ਦੇ ਪੰਡਿਤ, ਗਿਆਨੀ, ਵਿਦਵਾਨ ਸਮਝਣਾ ਉਹੋ ਜਿਹੀ ਗੱਲ ਹੈ ਜਿਵੇਂ ਕਿ ਅਸੀਂ ਇੱਕ ਫਕੀਰ ਨੂੰ ਬਾਦਸ਼ਾਹ ਦਾ ਦਰਜਾ ਦੇਈਏ ਭਾਵ ਬੇਤੁਕੀ ਗੱਲ ਹੈ। ਧਰਮ ਦੇ ਮਾਰਗ ਤੇ ਇਹ ਉੱਚਾ ਅਖਵਾਉਣ ਵਾਲੇ ਆਪਣੀਆਂ ਸਿਆਣਪਾਂ ਦੁਆਰਾ ਝੂਠਾ ਮਾਣ ਹੀ ਲੈਂਦੇ ਹਨ। ਗੱਲਾਂ ਗੁਰਮਤਿ ਦੇ ਉਲਟ ਸਮਝਾਉਂਦੇ ਹਨ ਤੇ ਮਾਣ ਇਨ੍ਹਾਂ ਨੂੰ ਇਸ ਕਰਕੇ

ਮਿਲਦਾ ਹੈ ਕਿ ਇਹ ਸਾਨੂੰ ਸੱਚੀ ਗੁਰਮਤਿ ਸਮਝਾ ਰਹੇ ਹਨ। ਸਾਨੂੰ ਕੇਵਲ ਗੁਰੂ ਕੋਲੋਂ ਹੀ ਸੱਚ ਦੀ ਸਮਝ ਪੈ ਸਕਦੀ ਹੈ ਤੇ ਉਹ ਲੋਕ ਸਾਨੂੰ ਗੁੰਮਰਾਹ ਹੀ ਕਰਦੇ ਹਨ ਜੋ ਆਪਣ ਕਲਿ ਵਾਲੀ ਅਵੱਸਥਾ ਵਿੱਚ ਹਨ। **(ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥)**

ਆਪਣੀਆਂ ਸਿਆਣਪਾਂ ਦੁਆਰਾ ਅਸੀਂ ਜਿਤਨਾ ਵੀ ਆਪਣਾ ਝੂਠਾ ਮਾਣ ਵਧਾਉਂਦੇ ਹਾਂ ਉਸ ਦੁਆਰਾ ਅਸੀਂ ਗੁਰਮਤਿ ਨੂੰ ਨੀਵਾਂ ਹੀ ਕਰਦੇ ਹਾਂ ਭਾਵ ਗੁਰਮਤਿ ਦਾ ਮਾਣ ਘਟਾਉਂਦੇ ਹਾਂ, ਗੁਰੂ ਦਾ ਮਾਣ ਘਟਾਉਂਦੇ ਹਾਂ। ਆਪਣਾ ਝੂਠਾ ਮਾਣ ਵਧਾਉਣਾ ਆਪਣੀ ਹਉਮੈ ਵਧਾਉਣਾ ਹੈ ਤੇ ਜਿਤਨਾ ਜਿਆਦਾ ਅਸੀਂ ਝੂਠਾ ਮਾਣ ਵਧਾਉਂਦੇ ਹਾਂ ਉਤਨੀ ਹੀ ਸਾਡੀ ਨਾਮ ਦੇ ਨਾਲ, ਗੁਰਮਤਿ ਦੇ ਨਾਲ, ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਵਿਰੋਧਤਾ ਵੱਧਦੀ ਹੈ, ਸੱਚ ਦੇ ਨਾਲ ਵਿਰੋਧਤਾ ਵੱਧਦੀ ਹੈ। ਝੂਠਾ ਮਾਣ ਲੈਣਾ ਝੂਠ ਹੈ ਤੇ ਝੂਠ ਦੀ ਸੱਚ ਦੇ ਨਾਲ ਵਿਰੋਧਤਾ ਹੈ। ਇਹ ਮਨਮਤਿ ਦੀ ਗੁਰਮਤਿ ਦੇ ਨਾਲ ਵਿਰੋਧਤਾ ਹੈ। ਜੋ ਵੀ ਕਰਮ ਅਸੀਂ ਮਨਮਤਿ ਦੁਆਰਾ ਕਰਦੇ ਹਾਂ ਉਸ ਨਾਲ ਅਸੀਂ ਗੁਰਮਤਿ ਦੀ ਵਿਰੋਧਤਾ ਹੀ ਕਰਦੇ ਹਾਂ ਭਾਵ ਗੁਰਮਤਿ ਨਾਲ ਆਪਣਾ ਝਗੜਾ ਹੀ ਪਾਉਂਦੇ ਹਾਂ, ਗੁਰਮਤਿ ਦੇ ਨਾਲ ਵੈਰ ਕਮਾਉਂਦੇ ਹਾਂ। ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਇਸੇ ਗੱਲ ਦਾ ਹੀ ਹੈ ਕਿ ਅਸੀਂ ਉਸਦੇ ਦੱਸੇ ਹੋਏ ਸੱਚ ਨੂੰ ਨਹੀਂ ਮੰਨਦੇ ਤੇ ਸੱਚ ਦੇ ਉਲਟ ਚੱਲਦੇ ਹਾਂ। ਪ੍ਰਮਾਤਮਾ ਦੇ ਨਾਲ ਇਹ ਸਾਡਾ ਝਗੜਾ ਨਾਮ ਦੇ ਨਾਲ ਇਹ ਸਾਡਾ ਝਗੜਾ ਸੱਚ ਨੂੰ ਆਪਣਾ ਕੇ ਹੀ ਨਿਬੜ ਸਕਦਾ ਹੈ। ਸੱਚ ਨੂੰ ਅਸੀਂ ਤਾਂ ਹੀ ਅਪਣਾ ਸਕਦੇ ਹਾਂ ਜੇਕਰ ਪਹਿਲੇ ਆਪਣੀ ਝੂਠੀ ਮਤਿ ਨੂੰ ਛੱਡੀਏ, ਮਨਮਤਿ ਨੂੰ, ਹਉਮੈ ਨੂੰ ਛੱਡੀਏ ਤੇ ਇਸੇ ਲਈ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਹਉਮੈ ਛੱਡਣ ਲਈ ਪ੍ਰੇਰਿਆ ਹੈ ਤਾਂ ਜੋ ਅਸੀਂ ਨਾਮ ਦੇ ਨਾਲ ਆਪਣਾ ਵਿਰੋਧ ਮੁਕਾ ਸਕੀਏ, ਝੂਠ ਦਾ ਸੱਚ ਦੇ ਨਾਲ ਵਿਰੋਧ ਮੁਕਾ ਸਕੀਏ ਤੇ ਇਹੀ ਪ੍ਰਮਾਤਮਾ ਦੇ ਨਾਲ ਝਗੜਾ ਨਿਬੇੜਨ ਦਾ ਤਰੀਕਾ ਹੈ ਜੋ ਕੇਵਲ ਸੱਚ ਦੁਆਰਾ ਚੱਲਣ ਤੇ, ਨਾਮ ਦੀ ਸਿੱਖਿਆ ਅਨੁਸਾਰ ਚੱਲਣ ਦੁਆਰਾ ਹੀ ਨਿਬੜ ਸਕਦਾ ਹੈ।

{ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ॥
ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ॥}

(ਅੰਗ ੫੭੧)

25/2695

{ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥੨॥}

(ਅੰਗ ੪੬੩)

ਇਸ ਸੰਸਾਰ ਦੇ ਆਵਾਗਉਣ ਤੋਂ ਨਿਬੇੜਾ ਸਾਡਾ "ਸਚੁ" ਦੀ ਪ੍ਰਾਪਤੀ ਦੁਆਰਾ ਹੋਣਾ ਹੈ ਭਾਵ ਉਸ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੋਣਾ ਹੈ ਤੇ ਤਾਂ ਹੀ ਹਉਮੈ ਤੇ ਨਾਮ ਦਾ ਝਗੜਾ ਖ਼ਤਮ ਹੁੰਦਾ ਹੈ ਜਦੋਂ ਸਾਡੀ ਹਉਮੈ ਖ਼ਤਮ ਹੋ ਜਾਂਦੀ ਹੈ। ਸਾਨੂੰ "ਸਚੁ" ਰੂਪ ਪ੍ਰਮਾਤਮਾ ਦੀ ਪ੍ਰਾਪਤੀ ਉਸਦੇ ਦੱਸੇ ਹੋਏ ਸੱਚ ਉੱਤੇ ਵਿਚਰ ਕੇ ਹੀ ਹੋ ਸਕਦੀ ਹੈ ਜੋ ਸੱਚ ਪ੍ਰਮਾਤਮਾ ਨੇ ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਇਆ ਹੈ। ਸ਼ਬਦ ਦਾ ਹਰ ਵਿਚਾਰ ਸਾਨੂੰ ਸੱਚ ਹੀ ਸਮਝਾਉਂਦਾ ਹੈ। ਸਾਡੇ ਅੰਦਰ ਦੀ ਹਉਮੈ ਸਾਨੂੰ ਸੱਚ ਤੋਂ ਦੂਰ ਰੱਖਦੀ ਹੈ, ਮਨਮਤਿ ਸਾਨੂੰ ਗੁਰਮਤਿ ਦੀ ਸੋਝੀ ਤੋਂ ਦੂਰ ਰੱਖਦੀ ਹੈ। ਸ਼ਬਦ ਦੇ ਸੱਚੇ ਵਿਚਾਰਾਂ ਰਾਹੀਂ ਅਸੀਂ ਆਪਣੀ ਹਉਮੈ ਨੂੰ ਹੀ ਸਾੜਨਾ ਹੈ, ਆਪਣੇ ਅੰਦਰ ਦੇ ਭਰਮ ਨੂੰ ਹੀ ਸਾੜਨਾ ਹੈ ਤੇ ਤਾਂ ਹੀ ਅਸੀਂ ਸੱਚ ਦੇ ਨਾਲ ਜੁੜ ਸਕਦੇ ਹਾਂ ਤੇ ਉਸ "ਸਚੁ" ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾ ਸਕਦੇ ਹਾਂ ਅਤੇ ਆਪਣਾ ਝਗੜਾ ਪ੍ਰਮਾਤਮਾ ਦੇ ਨਾਲ ਮੁਕਾ ਸਕਦੇ ਹਾਂ। ਅਸੀਂ ਇਸ ਜੀਵਨ ਵਿੱਚ ਸੱਚ ਦਾ ਵਾਪਾਰ ਕਰਨ ਲਈ ਆਏ ਹਾਂ ਭਾਵ ਉਸ "ਸਚੁ" ਰੂਪ ਪ੍ਰਮਾਤਮਾ ਨੂੰ ਪਾਉਣ ਲਈ ਆਏ ਹਾਂ। ਉਹ ਸਚੁ ਰੂਪ ਪ੍ਰਮਾਤਮਾ ਹੀ ਨਾਮ ਦਾ ਨਿਧਾਨ ਹੈ, ਗੁਣਾਂ ਦਾ ਖਜ਼ਾਨਾ ਹੈ ਜਿਸ ਦੀ ਵਣਜ ਗੁਣਾਂ ਦੁਆਰਾ

ਵਿਚਰ ਕੇ ਹੀ ਹੁੰਦੀ ਹੈ ਭਾਵ ਸ਼ਬਦ ਦਾ ਵਿਚਾਰੀ ਬਣ ਕੇ ਹੀ ਹੁੰਦੀ ਹੈ। ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਜਿੱਥੇ ਸੱਚ ਹੈ ਉਹ ਸਾਡਾ ਗੁਣ ਹੈ। ਸ਼ਬਦ ਦੀ ਵਿਚਾਰ ਦੁਆਰਾ ਆਪਣੇ ਆਪ ਨੂੰ ਗੁਣੀ ਬਣਾ ਕੇ ਵਿਚਰਨਾ ਹੀ ਸੱਚ ਦੀ ਵਣਜ ਕਰਨਾ ਹੈ, ਸੱਚ ਦਾ ਵਾਪਾਰ ਕਰਨਾ ਹੈ ਜਿਵੇਂ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਹਉਮੈ ਵੀ ਸਾਡੇ ਅੰਦਰ ਵਿਚਾਰਾਂ ਦੇ ਵਿੱਚ ਹੈ ਤੇ "ਸਚੁ" ਰੂਪ ਪ੍ਰਮਾਤਮਾ ਵੀ ਸਾਡੇ ਵਿਚਾਰਾਂ ਦੇ ਵਿੱਚ ਹੀ ਹੈ। ਸਾਡੇ ਅੰਦਰੋਂ ਹਉਮੈ ਵਾਲੇ ਵਿਚਾਰ ਮਿਟਣ ਦੁਆਰਾ ਹੀ ਸਾਨੂੰ ਨਾਮ ਨਿਧਾਨ ਦੀ ਪ੍ਰਾਪਤੀ ਹੁੰਦੀ ਹੈ, "ਸਚੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਭਾਵ ਸਾਡੇ ਜੀਵਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜਦੋਂ ਹਉਮੈ ਤੇ ਨਾਮ ਦਾ ਝਗੜਾ ਨਿਬੜ ਜਾਵੇ। ਇਹ ਝਗੜਾ ਸੱਚ ਦੁਆਰਾ ਨਿਬੜਦਾ ਹੈ, ਸੱਚੀ ਸਿੱਖਿਆ ਅਨੁਸਾਰ ਵਿਚਰ ਕੇ ਸਚੁ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਦੁਆਰਾ ਨਿਬੜਦਾ ਹੈ, ਨਾਮ ਦੀ ਸਿੱਖਿਆ ਅਨੁਸਾਰ ਵਿਚਰ ਕੇ ਹੀ ਨਾਮ ਦੀ ਪ੍ਰਾਪਤੀ ਦੁਆਰਾ ਨਿਬੜਦਾ ਹੈ, ਗੁਣਾਂ ਦੁਆਰਾ ਵਿਚਰ ਕੇ ਗੁਣਾਂ ਦੇ ਖਜ਼ਾਨੇ ਦੀ ਪ੍ਰਾਪਤੀ ਦੁਆਰਾ ਨਿਬੜਦਾ ਹੈ। ਇਹ ਪ੍ਰਾਪਤੀ ਕਰਨ ਦਾ ਸਾਧਨ ਸਾਡੀ ਗੁਰਮਤਿ ਵਾਲੀ ਕਰਨੀ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਦਾ ਜਸ ਗਾਉਣ ਦਾ ਉੱਦਮ ਕਰਨਾ ਹੈ। ਪ੍ਰਮਾਤਮਾ ਦਾ ਜੱਸ ਅਸੀਂ ਆਪਣੀ ਕਰਨੀ ਦੁਆਰਾ ਹੀ ਗਾ ਸਕਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੀ ਮਾੜੀ ਕਰਨੀ ਦੁਆਰਾ ਭਾਵ ਮਾੜੀ ਸੰਸਾਰਿਕ ਵਿਚਰਨ ਦੁਆਰਾ ਉਸ ਪ੍ਰਮਾਤਮਾ ਦਾ ਜੱਸ ਨਹੀਂ ਗਾਇਆ ਜਾ ਸਕਦਾ ਤੇ ਨਾ ਹੀ ਉਸ ਦੇ ਨਾਲ ਸਾਡਾ ਝਗੜਾ ਨਿਬੜ

25/2696

ਸਕਦਾ ਹੈ। ਜਿਸ ਤਰੀਕੇ ਅਸੀਂ ਝਗੜਾ ਨਿਬੇੜਨਾ ਚਾਹੁੰਦੇ ਹਾਂ ਉਸ ਤਰੀਕੇ ਨਾਲ ਅਸੀਂ ਆਪਣੀ ਹਉਮੈ ਹੀ ਵਧਾਉਂਦੇ ਹਾਂ ਤੇ ਉਲਟਾ ਨਾਮ ਦੇ ਨਾਲ ਝਗੜਾ ਵਧਾਉਂਦੇ ਹਾਂ, ਗੁਰੂ ਨਾਲ, ਗੁਰਮਤਿ ਨਾਲ, ਸੱਚ ਨਾਲ, ਪ੍ਰਮਾਤਮਾ ਨਾਲ ਆਪਣਾ ਝਗੜਾ ਵਧਾਉਂਦੇ ਹਾਂ। ਸੱਚ ਦੇ ਉਲਟ ਚੱਲਣਾ ਸੱਚ ਨਾਲ ਝਗੜਾ ਪਾਉਣ ਵਾਲੀ ਗੱਲ ਹੀ ਹੈ ਜਿਸਨੂੰ ਕਿ ਬਰੀਕੀ ਨਾਲ ਸਮਝਣ ਦੀ ਲੋੜ ਹੈ ਤੇ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸੱਚ ਦਾ ਮਕਸਦ ਸਾਡੀ ਹਉਮੈ ਮਾਰਨ ਦੇ ਨਾਲ ਹੈ ਭਾਵ ਸਾਡੇ ਅੰਦਰ ਦਾ ਭਰਮ ਮਾਰਨ ਦੇ ਨਾਲ ਹੈ ਜਿਸ ਕਰਕੇ ਅਸੀਂ ਸੱਚ ਤੋਂ ਦੂਰ ਰਹਿੰਦੇ ਹਾਂ। ਨਿਬੇੜਾ ਸੱਚ ਦੁਆਰਾ ਹੋਣਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਮਨਮਤਿ ਛੱਡੀਏ, ਹਉਮੈ ਛੱਡੀਏ ਤੇ ਆਪਣੇ ਅੰਦਰ ਗੁਰਮਤਿ ਰੂਪ ਸੱਚ ਨੂੰ ਵਸਾਈਏ। ਆਓ ਇਹ ਗੱਲ ਹੇਠ ਦਿੱਤੇ ਸ਼ਬਦ ਦੇ ਕੁੱਝ ਪਦਿਆਂ ਦੁਆਰਾ ਹੋਰ ਵੀ ਦਿੜ ਕਰੀਏ ਕਿ "ਸਚੁ" ਰੂਪ ਪ੍ਰਮਾਤਮਾ ਦੀ, "ਨਾਮੁ ਨਿਧਾਨੁ" ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦੀ ਹੈ।

"ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ॥
ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ॥੪॥
ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ॥ ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ॥
ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ॥੫॥
ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥ ਦੂਜਾ ਭਰਮੁ ਗੁਰ ਸਬਦਿ ਜਲਾਏ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ॥੬॥
ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥ ਗੁਰਮੁਖਿ ਪਾਏ ਮੋਖ ਦੁਆਰੁ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ॥੭॥
ਸਤਿਗੁਰੁ ਦਾਤਾ ਮਿਲੈ ਮਿਲਾਇਆ॥ ਪੂਰੈ ਭਾਗਿ ਮਨਿ ਸਬਦੁ ਵਸਾਇਆ॥
ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥੮॥੯॥੧੦॥"

(ਅੰਗ ੧੧੫)

ਉੱਪਰ ਸ਼ਬਦ ਰਾਹੀਂ ਹਉਮੈ ਤੇ ਨਾਮ ਦੇ ਵਿੱਚ ਭੇਦ ਹੀ ਸਮਝਾਇਆ ਹੋਇਆ ਹੈ ਕਿ ਅਸੀਂ ਨਾਮ ਦੀ ਪ੍ਰਾਪਤੀ ਤੋਂ ਕਿਵੇਂ ਦੂਰ ਹਾਂ। ਸਭ ਕੁੱਝ ਸਾਡੇ ਮਨ ਦੇ ਨਾਲ ਹੀ ਜੁੜਿਆ ਹੋਇਆ ਹੈ। ਮਨ ਦੇ ਵਿੱਚ ਹੀ ਹਉਮੈ ਹੈ ਤੇ ਮਨ ਦੇ ਵਿੱਚ ਹੀ ਨਾਮ

ਹੈ ਤੇ ਮਨ ਦੇ ਵਿੱਚੋਂ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਉੱਪਰ ਪਹਿਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਹਉਮੈ ਸਾਡੇ ਅੰਦਰ ਕਿਸ ਰੂਪ ਵਿੱਚ ਹੈ।

25/2697

“ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ॥
ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ॥੪॥”

ਸਾਰੀ ਗੱਲ ਇਸ ਮਨ ਨੂੰ ਦੇਖਣ ਦੀ ਹੈ ਕਿ ਇਹ ਮਨ ਕੀ ਹੈ ਭਾਵ ਸਾਰੀ ਸਮਝ ਸਾਨੂੰ ਮਨ ਦੇ ਵਿੱਚੋਂ ਹੀ ਪੈਣੀ ਹੈ। ਮਨ ਨੂੰ “ਆਰਸੀ” ਕਿਹਾ ਗਿਆ ਹੈ ਭਾਵ ਸ਼ੀਸ਼ਾ ਕਿਹਾ ਗਿਆ ਹੈ, ਦਰਪਣ ਕਿਹਾ ਗਿਆ ਹੈ ਜਿਸ ਵਿੱਚੋਂ ਅਸੀਂ ਆਪਣੇ ਆਪ ਨੂੰ ਦੇਖ ਸਕਦੇ ਹਾਂ, ਆਪਣਾ ਰੂਪ ਦੇਖ ਸਕਦੇ ਹਾਂ, ਬਿਲਕੁਲ ਸੱਚਾ ਰੂਪ ਦੇਖ ਸਕਦੇ ਹਾਂ ਕਿ ਅਸੀਂ ਅਸਲ ਵਿੱਚ ਕਿਸ ਰੂਪ ਵਾਲੇ ਹਾਂ, ਸਾਡਾ ਅਸਲੀ ਰੂਪ ਕੀ ਹੈ। ਸ਼ੀਸ਼ਾ ਸਾਨੂੰ ਬਿਲਕੁਲ ਸੱਚ ਹੀ ਦਿਖਾਉਂਦਾ ਹੈ ਭਾਵ ਬਿਲਕੁਲ ਸਾਡਾ ਅਸਲ ਰੂਪ ਦਿਖਾਉਂਦਾ ਹੈ। ਜਦੋਂ ਸਾਨੂੰ ਇਸ ਮਨ ਦੀ ਸੋਝੀ ਪੈ ਜਾਂਦੀ ਹੈ ਭਾਵ ਜਦੋਂ ਅਸੀਂ ਇਸ ਸ਼ੀਸ਼ੇ ਨੂੰ ਦੇਖ ਲੈਂਦੇ ਹਾਂ ਇਹ ਸਾਨੂੰ ਬਿਲਕੁਲ ਸੱਚ ਹੀ ਦਿਖਾਉਂਦਾ ਹੈ, ਪ੍ਰਤੱਖ ਰੂਪ ਵਿੱਚ ਸੱਚ ਹੀ ਦਿਖਾਉਂਦਾ ਹੈ ਜਿਸ ਵਿੱਚ ਕੋਈ ਭਰਮ ਨਹੀਂ ਰਹਿ ਜਾਂਦਾ। ਇਸ ਮਨ ਨੂੰ ਦੇਖੇ ਬਿਨ੍ਹਾਂ ਕਿਸੇ ਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈ ਸਕਦੀ ਕਿ ਸਾਡਾ ਅਸਲ ਰੂਪ ਕੀ ਹੈ। ਮਨ ਦੇ ਵਿੱਚੋਂ ਕੇਵਲ ਸੋਝੀ ਹੀ ਪੈਂਦੀ ਹੈ ਤੇ ਮਨ ਦੀ ਸੋਝੀ ਦੁਆਰਾ ਹੀ ਇਸ ਮਨ ਨੂੰ ਦੇਖਿਆ ਜਾ ਸਕਦਾ ਹੈ। ਅਸਲ ਵਿੱਚ ਮਨ ਦੀ ਸੋਝੀ ਹੀ ਸਾਡਾ ਦਰਪਣ ਹੈ ਜੋ ਸਾਨੂੰ ਸਾਡਾ ਆਪਾ ਦਿਖਾਉਂਦਾ ਹੈ ਭਾਵ ਜਿਸ ਦੁਆਰਾ ਸਾਨੂੰ ਆਪਣੇ ਆਪ ਦੀ ਪਹਿਚਾਣ ਹੁੰਦੀ ਹੈ ਕਿ ਸਾਡਾ ਅਸਲ ਰੂਪ ਕੀ ਹੈ। ਸਾਨੂੰ ਸੱਚ ਸਾਡੇ ਮਨ ਦੀ ਸੋਝੀ ਹੀ ਸਮਝਾਉਂਦੀ ਹੈ। ਸੱਚ ਦੀ ਸਮਝ ਤਾਂ ਹੀ ਆਵੇਗੀ ਜਦੋਂ ਸਾਡੀ ਸੋਝੀ ਦੇ ਉੱਪਰ ਕੋਈ ਪੜਦਾ ਨਾ ਪਿਆ ਹੋਵੇ। ਸਾਡੇ ਅੰਦਰ ਦੀ ਹਉਮੈ ਉਹ ਪੜਦਾ ਹੈ ਜਿਸ ਨੇ ਸਾਡੀ ਸੋਝੀ ਨੂੰ ਮੈਲਾ ਕੀਤਾ ਹੋਇਆ ਹੈ, ਇਸ ਮਨ ਦੇ ਸ਼ੀਸ਼ੇ ਨੂੰ ਮੈਲਾ ਕੀਤਾ ਹੋਇਆ ਹੈ ਇਸ ਮਨ ਦੇ ਸ਼ੀਸ਼ੇ ਤੇ ਜੰਗਾਲ ਲਗਾਇਆ ਹੋਇਆ ਹੈ ਭਾਵ “ਮੋਰਚਾ” ਲਗਾਇਆ ਹੋਇਆ ਹੈ। ਸਾਡੇ ਅੰਦਰ ਦੀ ਹਉਮੈ ਨੂੰ ਹੀ ਇਹ ਸਾਡੇ ਅੰਦਰ ਦਾ ਮੋਰਚਾ ਕਿਹਾ ਗਿਆ ਹੈ, ਜੰਗਾਲ ਕਿਹਾ ਗਿਆ ਹੈ ਜਿਸ ਨੇ ਸਾਡੀ ਸਮਝ ਦੇ ਉੱਤੇ ਭਾਵ ਸੋਝੀ ਰੂਪ ਸ਼ੀਸ਼ੇ ਉੱਤੇ ਜੰਗਾਲ ਲਗਾ ਕੇ ਉਸਨੂੰ ਧੁੰਦਲਾ ਕੀਤਾ ਹੋਇਆ ਹੈ। ਜਦੋਂ ਸ਼ੀਸ਼ੇ ਦੇ ਉੱਤੇ ਜੰਗਾਲ ਲੱਗ ਜਾਂਦਾ ਹੈ, ਫਿਰ ਉਸ ਸ਼ੀਸ਼ੇ ਵਿੱਚੋਂ ਸਾਨੂੰ ਸਾਫ਼ ਨਜ਼ਰ ਨਹੀਂ ਆਉਂਦਾ ਭਾਵ ਉਸਦੇ ਵਿੱਚੋਂ ਸਾਨੂੰ ਆਪਣਾ ਚਿਹਰਾ ਸਾਫ਼ ਨਜ਼ਰ ਨਹੀਂ ਆਉਂਦਾ ਭਾਵ ਆਪਣੀ ਅਸਲੀਅਤ ਦੀ ਸੋਝੀ ਨਹੀਂ ਪੈਂਦੀ ਕਿ ਸਾਡਾ ਅਸਲ ਰੂਪ ਕੀ ਹੈ। ਜਦੋਂ ਸਾਨੂੰ ਅਸਲੀਅਤ ਦੀ ਸਮਝ ਨਹੀਂ ਆਉਂਦੀ ਇਹ ਭਰਮ ਹੈ, ਇਹ ਭਰਮ ਰੂਪ ਪੜਦਾ ਹੈ, ਹਉਮੈ ਰੂਪ ਪੜਦਾ ਹੈ, ਅਗਿਆਨਤਾ ਰੂਪ ਪੜਦਾ ਹੈ, ਤ੍ਰੈਗੁਣ ਰੂਪ ਪੜਦਾ ਹੈ, ਪ੍ਰਮਾਤਮਾ ਦੀ ਪਾਈ ਹੋਈ ਜੁਗਤਿ ਰੂਪ ਪੜਦਾ ਹੈ ਜਿਸ ਨੇ ਸਾਡੇ ਅੰਦਰ ਦੀ ਸੋਝੀ ਨੂੰ ਧੁੰਦਲਾ ਕੀਤਾ ਹੋਇਆ ਹੈ ਭਾਵ ਸੱਚ ਨੂੰ ਜਾਣਨ ਤੋਂ ਦੂਰ ਰੱਖਿਆ ਹੋਇਆ ਹੈ, ਆਪਣੀ ਅਸਲੀਅਤ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਇਸ ਮਨ ਦੇ ਵਿੱਚ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਸਾਡੇ ਅੰਦਰ ਇਹ ਅਗਿਆਨਤਾ ਰੂਪ ਪੜਦਾ ਪਾ ਕੇ ਉਸਨੇ ਸਾਨੂੰ ਸੱਚ ਸਮਝਣ ਤੋਂ ਆਪ ਹੀ ਦੂਰ ਰੱਖਿਆ ਹੋਇਆ ਹੈ।

25/2698

ਉਸਨੇ ਆਪ ਹੀ ਸਭ ਨੂੰ ਇਸ ਭਰਮ ਰੂਪ ਪੜਦੇ ਵਿੱਚ ਰੱਖ ਕੇ, ਹਉਮੈ ਵਿੱਚ ਰੱਖ ਕੇ ਆਪ ਹੀ ਆਪਣੇ ਆਪ ਤੋਂ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਕਿਉਂਕਿ ਇਹ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। ਇਸ ਮਨ ਦੀ ਸੋਝੀ ਦਾ ਮਾਲਕ ਉਹ ਆਪ ਹੀ ਹੈ ਤੇ ਇਸ ਗੱਲ ਦੀ ਸੋਝੀ ਮਨ ਦੇ ਵਿੱਚੋਂ ਇਹ ਪੜਦਾ ਨਿਕਲਣ ਦੁਆਰਾ ਹੀ ਪੈਂਦੀ ਹੈ ਕਿ ਸਾਡੇ ਅੰਦਰ ਇਹ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਕੌਣ ਹੈ, ਸਾਨੂੰ ਸੋਝੀ ਦੇਣ ਵਾਲਾ ਕੌਣ ਹੈ। ਇਸ ਸੱਚ ਦੀ ਸੋਝੀ ਮਨ ਦਾ ਪੜਦਾ ਦੂਰ ਹੋਣ ਦੁਆਰਾ ਹੀ ਪੈਂਦੀ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ ਤੇ ਹਰ ਕੋਈ ਭਰਮ ਵਿੱਚ ਹੀ ਆਪਣੀ ਮਨੁੱਖੀ ਹੋਂਦ ਨੂੰ ਸੱਚ ਸਮਝੀ ਬੈਠਾ ਹੈ। ਸੱਚ ਕੇਵਲ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਹਰ ਹੋਂਦ ਨੂੰ ਬਣਾ ਕੇ ਉਹ ਆਪ ਹੀ ਚਲਾ ਰਿਹਾ ਹੈ, ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। ਹਰ ਵਸਤੂ ਉਸਦੇ ਪਾਏ ਹੋਏ ਗਿਆਨ ਅਨੁਸਾਰ ਹੀ ਚੱਲ ਰਹੀ ਹੈ, ਸਾਇੰਟਿਫਿਕ ਗਿਆਨ ਦੁਆਰਾ ਹੀ ਚੱਲ ਰਹੀ ਹੈ, ਉਸਦੇ ਪਾਏ ਹੋਏ ਬ੍ਰਹਮਗਿਆਨ ਦੁਆਰਾ ਹੀ ਚੱਲ ਰਹੀ ਹੈ, ਨਾਮ ਦੁਆਰਾ ਹੀ ਚੱਲ ਰਹੀ ਹੈ।

ਆਪਣੇ ਅੰਦਰੋਂ ਪ੍ਰਮਾਤਮਾ ਦਾ ਇਹ ਰੂਪ ਉਨ੍ਹਾਂ ਨੇ ਹੀ ਦੇਖਿਆ ਹੈ, ਪ੍ਰਮਾਤਮਾ ਦੀ ਸਮਝ ਉਨ੍ਹਾਂ ਨੂੰ ਹੀ ਲੱਗੀ ਹੈ ਜਿੰਨ੍ਹਾਂ ਨੇ ਮਨ ਨੂੰ ਜਾਣਿਆ ਹੈ, ਮਨ ਦੇ ਵਿੱਚੋਂ ਹੀ ਸੋਝੀ ਦੁਆਰਾ ਜਾਣਿਆ ਹੈ। ਜੋ ਮਨ ਨੂੰ ਜਾਣ ਲੈਂਦਾ ਹੈ ਉਸਦੀ ਅਵੱਸਥਾ ਹੀ ਗੁਰਮੁਖਿ ਵਾਲੀ ਬਣਦੀ ਹੈ ਭਾਵ ਉਸਦੀ ਗੁਰੂ ਰੂਪ ਵਾਲੀ, ਭਗਤ ਰੂਪ ਵਾਲੀ ਅਵੱਸਥਾ ਬਣਦੀ ਹੈ। ਜਿਸਨੇ ਸਾਡੇ ਅੰਦਰ ਹਉਮੈ ਦਾ ਪੜਦਾ ਪਾਇਆ ਹੋਇਆ ਹੈ ਉਹ ਆਪ ਹੀ ਸਾਡੇ ਅੰਦਰ ਦੀ ਹਉਮੈ ਨੂੰ, ਮਨ ਦੇ ਇਸ ਜੰਗਾਲ ਨੂੰ ਸੁਕਾਉਂਦਾ ਹੈ ਭਾਵ ਦੂਰ ਕਰਦਾ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਨੂੰ ਸਾਡੀ ਸੋਝੀ ਦੇ ਵਿੱਚੋਂ ਆਪ ਹੀ ਕੱਢਦਾ ਹੈ ਜਿਸ ਦੇ ਹੱਥ ਸਾਡੇ ਮਨ ਦੀ ਸੋਝੀ ਹੈ, ਜੋ ਸਾਡੇ ਅੰਦਰ ਆਪ ਹੀ ਸੋਝੀ ਦੇ ਰੂਪ ਵਿੱਚ ਵਿਚਰ ਰਿਹਾ ਹੈ। **(ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ॥)**

ਸਾਡੇ ਅੰਦਰ ਪ੍ਰਮਾਤਮਾ ਸਾਡੀ ਹਉਮੈ ਕਿਵੇਂ ਦੂਰ ਕਰਦਾ ਹੈ, ਸਾਨੂੰ ਅਗਿਆਨਤਾ ਦੇ ਵਿੱਚੋਂ, ਭਰਮ ਦੇ ਜੰਗਾਲ ਦੇ ਵਿੱਚੋਂ, ਭਰਮ ਦੇ ਪੜਦੇ ਦੇ ਵਿੱਚੋਂ ਕਿਵੇਂ ਕੱਢਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਸਾਨੂੰ ਸੱਚ ਦੀ ਸੋਝੀ ਪ੍ਰਮਾਤਮਾ ਕਿਵੇਂ ਪਾਉਂਦਾ ਹੈ।

“ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ॥੪॥”

ਉੱਪਰ ਵਾਲੀ ਪੰਗਤੀ ਰਾਹੀਂ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਹਉਮੈ ਤੇ ਸੱਚ ਵਿੱਚ ਕੀ ਫ਼ਰਕ ਹੈ। ਸੱਚ ਦੀ ਸੋਝੀ ਸਾਨੂੰ ਉਦੋਂ ਹੀ ਪੈਂਦੀ ਹੈ ਜਦੋਂ ਸਾਨੂੰ ਪ੍ਰਮਾਤਮਾ ਹਉਮੈ ਦੇ ਪੜਦੇ ਵਿੱਚੋਂ ਕੱਢ ਲੈਂਦਾ ਹੈ ਭਾਵ ਹਉਮੈ ਦੇ ਰਹਿੰਦਿਆਂ ਅਸੀਂ ਸੱਚ ਨੂੰ ਸਮਝਣ ਤੋਂ, ਪ੍ਰਮਾਤਮਾ ਦੀ, ਗੁਰਬਾਣੀ ਦੀ ਅਸਲੀਅਤ ਜਾਨਣ ਤੋਂ

25/2699

ਦੂਰ ਰਹਿੰਦੇ ਹਾਂ। ਪ੍ਰਮਾਤਮਾ ਨੇ ਸਾਡੇ ਸਭ ਦੇ ਅੰਦਰ ਹਉਮੈ ਰੂਪ ਪੜਦਾ ਪਾ ਕੇ, ਸਾਡੀ ਮਨ ਦੀ ਸੋਝੀ ਤੇ ਪੜਦਾ ਪਾ ਕੇ ਸਾਨੂੰ ਸਭ ਨੂੰ ਆਪ ਹੀ ਪੂਰਨ ਸੱਚ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ, ਸਭ ਨੂੰ ਪ੍ਰਮਾਤਮਾ ਨੇ ਆਪ ਹੀ ਦੁਬਿਧਾ ਵਿੱਚ, ਸਹਸਾ ਵਿੱਚ ਰੱਖਿਆ ਹੋਇਆ ਹੈ। ਸਹਸਾ ਸਾਨੂੰ ਦੁਚਿੱਤੀ ਵਿੱਚ ਰੱਖਦੀ ਹੈ ਤੇ ਸਾਡੇ ਅੰਦਰ ਦੀ ਦੁਚਿੱਤੀ ਹੀ ਅਸਲ ਵਿੱਚ ਉਹ ਪੜਦਾ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦਾ ਹੈ। ਸੱਚ ਹੀ ਨਾਮ ਹੈ ਤੇ ਜਦ ਤੱਕ ਸਾਡੇ ਅੰਦਰ ਹਉਮੈ ਰੂਪ ਪੜਦਾ ਹੈ ਅਸੀਂ ਨਾਮ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਹਉਮੈ ਵੀ ਸਾਡੇ ਮਨ ਦੀ ਅਵੱਸਥਾ ਹੈ ਤੇ ਨਾਮ ਵੀ ਸਾਡੇ ਮਨ ਦੀ ਅਵੱਸਥਾ ਹੈ। ਹਉਮੈ ਵਿੱਚ ਅਸੀਂ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹਾਂ ਤੇ ਨਾਮ ਦੀ ਸੋਝੀ, ਸੱਚ ਦੀ ਸੋਝੀ ਚੌਥੇ ਪਦ ਦੀ ਸੋਝੀ ਹੈ ਜੋ ਪ੍ਰਮਾਤਮਾ ਆਪ ਹੀ ਸਾਨੂੰ ਹਉਮੈ ਦੇ ਪੜਦੇ ਵਿੱਚੋਂ ਕੱਢ ਕੇ ਬਖਸ਼ਦਾ ਹੈ। ਮਨ ਦੇ ਵਿੱਚ ਸੋਝੀ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਕੇ ਬਖਸ਼ਦਾ ਹੈ। ਜਿੰਨ੍ਹਾਂ ਨੂੰ ਉਸਨੇ ਆਪਣੀ ਸੱਚੀ ਸੋਝੀ ਬਖਸ਼ੀ ਹੈ ਜਿਵੇਂ ਕਿ ਗੁਰਬਾਣੀ ਦੇ ਰਚਣ ਵਾਲਿਆਂ ਨੂੰ ਬਖਸ਼ੀ ਹੈ ਉਹਨਾਂ ਨੂੰ ਮਨ ਦੇ ਅੰਦਰ ਪ੍ਰਮਾਤਮਾ ਨੇ ਆਪਣੀ ਅਨਹਤ ਬਾਣੀ ਸੁਣਾਈ ਹੈ। ਆਪਣੀ ਅਨਹਤ ਬਾਣੀ ਦੁਆਰਾ ਪ੍ਰਮਾਤਮਾ ਸੱਚ ਹੀ ਸੁਣਾਉਂਦਾ ਹੈ ਜੋ ਸਾਡੇ ਮਨ ਨੂੰ ਨਿਰਮਲ ਕਰਦੀ ਹੈ, ਪਵਿੱਤਰ ਕਰਦੀ ਹੈ, ਭਰਮ ਮੁਕਤ ਕਰਦੀ ਹੈ ਕਿਉਂਕਿ ਭਰਮ ਵਿੱਚ ਰਹਿੰਦਿਆਂ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਦੇ ਵਿੱਚ ਸੱਚ ਨਹੀਂ ਹੁੰਦਾ। ਜੋ ਗੱਲ ਗੁਰਮਤਿ ਦੇ ਉਪਦੇਸ਼ ਅਨੁਸਾਰ ਨਹੀਂ ਹੁੰਦੀ ਉਸ ਵਿੱਚ ਭਰਮ ਹੈ। ਪ੍ਰਮਾਤਮਾ ਦੀ ਅਨਹਦ ਬਾਣੀ ਸਾਨੂੰ ਭਰਮ ਦੇ ਵਿੱਚੋਂ ਹੀ ਕੱਢਦੀ ਹੈ ਤੇ ਪੂਰਨ ਸੱਚ ਸਮਝਾਉਂਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਪੂਰਨ ਸੱਚ ਸਮਝਾਇਆ ਹੈ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਅਨਹਦ ਬਾਣੀ ਦੀ ਸੋਝੀ ਪਾ ਕੇ ਹੀ ਸਮਝਾਇਆ ਹੈ। ਅਨਹਦ ਬਾਣੀ ਦੀ ਸੋਝੀ ਪੈਣਾ ਚੌਥਾ ਪਦ ਹੈ ਜੋ ਕਿ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਤੇ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਮਨ ਦੇ ਅੰਦਰ ਆਪਣੇ “ਸਬਦੁ” ਰੂਪ ਦੁਆਰਾ ਹੀ ਪ੍ਰਗਟ ਕਰਦਾ ਹੈ। “ਸਬਦੁ” ਰੂਪ ਪ੍ਰਮਾਤਮਾ ਦਾ ਆਪਣਾ ਗੁਰੂ ਰੂਪ ਹੈ ਜਿਸ ਰਾਹੀਂ ਉਹ ਮਨ ਦੇ ਅੰਦਰ ਆਪਣੀ ਅਨਹਦ ਬਾਣੀ ਸੁਣਾਉਂਦਾ ਹੈ, ਵਜਾਉਂਦਾ ਹੈ। ਇਹ ਉਸ ਦਾ ਨਾਦ ਹੈ, ਅਨਹਦ ਨਾਦ ਹੈ ਜੋ ਮਨ ਦੇ ਅੰਦਰ ਉਹ ਆਪ ਹੀ ਵਜਾਉਂਦਾ ਹੈ। ਜੋ ਗੱਲ ਪ੍ਰਮਾਤਮਾ ਆਪਣੇ “ਸਬਦੁ” ਰੂਪ ਵਿੱਚ ਸੁਣਾਉਂਦਾ ਹੈ ਉਹ “ਗੁਰ ਸਬਦੁ” ਹੈ। ਜਿੰਨ੍ਹਾਂ ਨੇ ਆਪਣੇ ਅੰਦਰੋਂ “ਸਬਦੁ” ਰੂਪ ਪ੍ਰਮਾਤਮਾ ਕੋਲੋਂ ਉਸਦੀ ਅਨਹਤ ਬਾਣੀ ਸੁਣੀ ਹੈ ਉਹਨਾਂ ਨੇ ਹੀ ਸਾਨੂੰ ਆਪਣੇ ਸ਼ਬਦਾਂ ਦੁਆਰਾ, ਗੁਰ ਸ਼ਬਦਾਂ ਦੁਆਰਾ ਸਾਨੂੰ ਪ੍ਰਮਾਤਮਾ ਦੀ ਅਨਹਦ ਬਾਣੀ ਸਮਝਾਈ ਹੈ, ਉਚਾਰੀ ਹੈ। ਜਿੰਨ੍ਹਾਂ ਨੇ ਆਪਣੇ ਅੰਦਰੋਂ ਇਹਨਾਂ ਗੁਰ ਸ਼ਬਦਾਂ ਨੂੰ ਸੁਣਿਆ ਹੈ, ਉਸ “ਸਬਦੁ” ਰੂਪ ਪ੍ਰਮਾਤਮਾ ਦੇ ਕੋਲੋਂ ਸੁਣਿਆ ਹੈ ਉਹ ਫਿਰ ਪ੍ਰਮਾਤਮਾ ਦੇ ਸੱਚ ਵਿੱਚ ਸਮਾਏ ਹਨ।

25/2700

ਗੁਰੂ ਆਪਣੇ ਸ਼ਬਦਾਂ ਰਾਹੀਂ ਜੋ ਕੁੱਝ ਵੀ ਸਮਝਾਉਂਦਾ ਹੈ ਉਸ ਵਿੱਚ ਪੂਰਨ ਸੱਚ ਹੈ ਤੇ ਜਿਸ ਨੂੰ ਮਨ ਦੇ ਵਿੱਚ ਪੂਰਨ ਸੱਚ ਦੀ ਸੋਝੀ ਪੈ ਜਾਂਦੀ ਹੈ ਉਹ ਪ੍ਰਮਾਤਮਾ ਦੇ ਸੱਚ ਵਿੱਚ ਸਮਾਅ ਜਾਂਦਾ ਹੈ, ਮਨ ਦੀ ਸੋਝੀ ਦੁਆਰਾ ਉਸ "ਸਚੁ" ਰੂਪ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਮਾਏ ਹੋਏ ਹਨ, ਗੁਰਮੁਖਿ ਦੀ ਅਵੱਸਥਾ ਵਾਲੇ ਸਮਾਏ ਹਨ। ਸੱਚ ਹੀ ਨਾਮ ਹੈ ਤੇ ਸੱਚ ਵਿੱਚ ਸਮਾਉਣਾ ਹੀ ਨਾਮ ਵਿੱਚ ਸਮਾਉਣਾ ਹੈ। "ਸਚੁ" ਰੂਪ, "ਨਾਮੁ" ਰੂਪ, "ਸਬਦੁ" ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ। ਸੱਚ ਵਿੱਚ ਸਮਾਉਣਾ ਜਾਂ ਨਾਮ ਵਿੱਚ ਸਮਾਉਣਾ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੀ ਹੈ, ਮਨ ਦੀ ਸੋਝੀ ਦੁਆਰਾ ਬ੍ਰਹਮ ਗਿਆਨ ਵਿੱਚ ਸਮਾਉਣਾ ਹੀ ਹੈ। ਮਨ ਦੇ ਵਿੱਚ ਇਸ ਬ੍ਰਹਮ ਗਿਆਨ ਦੀ ਸੋਝੀ, ਆਪਣੀ ਅਨਹਦ ਬਾਣੀ ਦੀ ਸੋਝੀ ਉਹ ਬ੍ਰਹਮ ਗਿਆਨੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਉਸ ਦੇ ਬ੍ਰਹਮ ਗਿਆਨ ਵਿੱਚ ਸਮਾਅ ਜਾਣਾ ਹੀ, ਸੱਚ ਵਿੱਚ ਸਮਾਅ ਜਾਣਾ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਕਿ ਹਉਮੈ ਵਾਲੀ ਅਵੱਸਥਾ ਵਿੱਚੋਂ ਨਿਕਲਣ ਦੁਆਰਾ ਹੀ ਹੁੰਦਾ ਹੈ, ਮਨ ਦੇ ਵਿੱਚੋਂ ਭਰਮ ਦਾ ਪੜਦਾ ਨਿਕਲਣ ਦੁਆਰਾ ਹੀ ਹੁੰਦਾ ਹੈ ਜੋ ਕਿ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਜੋ ਸਾਡੇ ਮਨ ਦੀ ਸੋਝੀ ਦਾ ਮਾਲਕ ਹੈ। **(ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ॥ ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ॥੪॥)**

ਇਸ ਮਨ ਨੂੰ ਜਾਣੇ ਬਿਨ੍ਹਾਂ, ਮਨ ਨੂੰ ਦੇਖੇ ਬਿਨ੍ਹਾਂ ਨਾ ਕੋਈ ਆਪਣੇ ਆਪ ਨੂੰ ਜਾਣ ਸਕਦਾ ਹੈ, ਨਾ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਨਾ ਪੂਰਨ ਸੱਚ ਨੂੰ ਜਾਣ ਸਕਦਾ ਹੈ, ਨਾ ਹੀ ਨਾਮ ਨੂੰ ਜਾਣ ਸਕਦਾ ਹੈ। ਜਦ ਤੱਕ ਸਾਡੇ ਅੰਦਰ ਹਉਮੈ ਦਾ ਪੜਦਾ ਹੈ ਤਦ ਤੱਕ ਅਸੀਂ ਨਾਮ ਵਾਲੀ ਅਵੱਸਥਾ ਵਿੱਚ ਨਹੀਂ ਪਹੁੰਚ ਸਕਦੇ, ਗੁਰਮੁਖਿ ਵਾਲੀ ਅਵੱਸਥਾ ਵਿੱਚ ਨਹੀਂ ਪਹੁੰਚ ਸਕਦੇ ਤੇ ਜੋ ਕੋਈ ਆਪਣੇ ਆਪ ਨੂੰ ਇਸ ਅਵੱਸਥਾ ਵਾਲਾ ਸਮਝਦੇ ਹਨ ਉਹਨਾਂ ਦੇ ਅੰਦਰ ਕੇਵਲ ਹਉਮੈ ਦਾ ਪੜਦਾ ਹੀ ਪਿਆ

ਹੋਇਆ ਹੈ, ਭਰਮ ਦਾ ਪੜਦਾ ਹੀ ਪਿਆ ਹੋਇਆ ਹੈ ਜਿਸ ਦੁਆਰਾ ਉਹਨਾਂ ਨੂੰ ਝੂਠ ਵਿੱਚ ਵੀ ਸੱਚ ਲੱਗਦਾ ਹੈ ਤੇ ਇਹੀ ਭਰਮ ਦਾ ਮਕਸਦ ਹੈ ਕਿ ਸੱਚ ਦੀ ਸੋਝੀ ਪਏ ਬਿਨ੍ਹਾਂ ਹੀ ਆਪਣੇ ਆਪ ਨੂੰ ਸੱਚਾ ਸਮਝ ਲੈਂਦੇ ਹਾਂ। ਆਪਣੇ ਮਨ ਨੂੰ ਦੇਖੇ ਬਿਨ੍ਹਾਂ ਕੋਈ ਇਸ ਭਰਮ ਵਿੱਚੋਂ ਨਹੀਂ ਨਿਕਲ ਸਕਦਾ, ਹਉਮੈ ਵਿੱਚੋਂ ਨਹੀਂ ਨਿਕਲ ਸਕਦਾ ਤੇ ਇਸ ਦੇ ਵਿੱਚੋਂ ਨਿਕਲਣਾ ਸਾਡੇ ਵੱਸ ਨਹੀਂ ਹੈ। ਇਹ ਕੇਵਲ ਉਸ ਸਤਿਗੁਰ ਪ੍ਰਮਾਤਮਾ ਦੀ ਕਿਰਪਾ ਹੈ ਕਿ ਉਹ ਕਿਸ ਨੂੰ ਇਸ ਮਨ ਦੇ ਦਰਸ਼ਨ ਕਰਵਾਉਂਦਾ ਹੈ ਤੇ ਭਰਮ ਵਿੱਚੋਂ, ਹਉਮੈ ਵਿੱਚੋਂ ਕੱਢਦਾ ਹੈ ਤੇ ਆਪਣੇ ਨਾਮ ਨਾਲ ਜੋੜਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ॥
ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ॥
ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ॥੫॥"

25/2701

ਸਾਡੇ ਜੀਵਨ ਦਾ ਮਨੋਰਥ ਤਦ ਤੱਕ ਪੂਰਾ ਨਹੀਂ ਹੋ ਸਕਦਾ ਜਦ ਤੱਕ ਅਸੀਂ ਆਪਣੇ ਮਨ ਦੇ ਦਰਸ਼ਨ ਨਹੀਂ ਕਰ ਲੈਂਦੇ, ਇਸ ਮਨ ਨੂੰ ਨਹੀਂ ਜਾਣ ਲੈਂਦੇ ਕਿ ਇਹ ਮਨ ਕੀ ਹੈ। ਜਿਸ ਤੇ ਉਹ ਸਤਿਗੁਰ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਆਪਣੇ ਨਾਲ ਮੇਲ ਦੀ ਕਿਰਪਾ ਕਰਦਾ ਹੈ ਉਸ ਨੂੰ ਉਸ ਦੇ ਮਨ ਦੀ ਸੋਝੀ ਹੀ ਪਾਉਂਦਾ ਹੈ ਕਿ ਇਹ ਮਨ ਕੀ ਹੈ। ਉਸ ਪ੍ਰਮਾਤਮਾ ਦੀ ਕਿਰਪਾ ਬਿਨ੍ਹਾਂ ਇਸ ਮਨ ਨੂੰ ਕੋਈ ਨਹੀਂ ਦੇਖ ਸਕਦਾ ਜੋ ਆਪ ਹੀ ਇਸ ਮਨ ਦਾ ਮਾਲਕ ਹੈ। ਮਾਲਕ ਦੀ ਮਰਜ਼ੀ ਬਿਨ੍ਹਾਂ ਕੌਣ ਉਸਨੂੰ ਜਾਣ ਸਕਦਾ ਹੈ ਤੇ ਮਨ ਨੂੰ ਜਾਣੇ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਸਭ ਵਿੱਚ ਉਹ ਕਿਸ ਰੂਪ ਵਿੱਚ ਵਿਚਰਦਾ ਹੈ। ਉਹ ਸਭ ਜਗ੍ਹਾ ਆਪਣੇ ਨਿਰਗੁਣ ਰੂਪ ਵਿੱਚ ਹੀ ਵਿਚਰਦਾ ਹੈ ਤੇ ਉਸ ਪ੍ਰਮਾਤਮਾ ਦੇ ਦਰਸ਼ਨ ਕਰਨ ਦੀ ਜਗ੍ਹਾ ਕੇਵਲ ਤੇ ਕੇਵਲ ਸਾਡਾ ਮਨ ਹੈ ਜਿੱਥੋਂ ਉਸ ਨੂੰ ਜਾਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਇਸੇ ਲਈ ਜਿਹੜੇ ਕੋਈ ਉਸਨੂੰ ਬਾਹਰੋਂ ਪਾਉਣ ਦੀਆਂ ਗੱਲਾਂ ਕਰਦੇ ਹਨ, ਮਨ ਤੋਂ ਬਾਹਰੋਂ ਪਾਉਣ ਦੀਆਂ ਗੱਲਾਂ ਕਰਦੇ ਹਨ, ਕਿਸੇ ਸਰਗੁਣ ਰੂਪ ਵਿੱਚ ਦਰਸ਼ਨ ਕਰਨ ਦੀਆਂ ਗੱਲਾਂ ਕਰਦੇ ਹਨ ਉਹਨਾਂ ਨੂੰ ਭਰਮ ਵਿੱਚ ਦੱਸਿਆ ਹੈ, ਮੂਰਖਤਾ ਵਿੱਚ ਦੱਸਿਆ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਣਿਆ ਹੈ ਉਹ ਵਿਰਲੇ ਹੀ ਹਨ ਜਿੰਨ੍ਹਾਂ ਨੇ ਉਸ ਨੂੰ ਜਾਣ ਕੇ ਉਸਦੀ

ਬਾਣੀ ਉਚਾਰੀ ਹੈ। **(ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ॥ ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ॥)**

ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਮੇਲ ਕਿਸ ਵਿੱਚ ਹੁੰਦਾ ਹੈ ਜੋ ਕਿ ਮਨ ਨੂੰ ਦੇਖਣ ਤੋਂ ਬਾਅਦ ਹੀ ਹੁੰਦਾ ਹੈ।

“ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ॥੫॥”

ਜਦ ਤੱਕ ਸਾਡੇ ਅੰਦਰ ਹਉਮੈ ਰੂਪ ਵਿੱਚ ਪੜਦਾ ਹੈ ਕੋਈ ਵੀ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਕਿਸੇ ਹੋਰ ਦੀ ਹੋਂਦ ਸਮਝਣਾ ਸਾਡਾ ਭਰਮ ਹੀ ਹੈ। ਅਸੀਂ ਵੀ ਪ੍ਰਮਾਤਮਾ ਦੇ ਹੀ ਰੂਪ ਹਾਂ, ਉਸੇ ਦੀ ਹੀ ਹੋਂਦ ਹਾਂ ਭਾਵ ਮਨੁੱਖੀ ਰੂਪ ਵਿੱਚ ਅਸੀਂ ਪ੍ਰਮਾਤਮਾ ਦੀ ਹੀ ਹੋਂਦ ਹਾਂ। ਹਰ ਸਰਗੁਣ ਰੂਪ ਬਣਾ ਕੇ ਉਹ ਆਪ ਹੀ ਉਸ ਨੂੰ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਮਾਲਕ ਹਰ ਇੱਕ ਹੋਂਦ ਦਾ ਨਿਰਗੁਣ ਰੂਪ ਹੀ ਹੈ, ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੀ ਹੈ

25/2702

ਪਰ ਜਦ ਤੱਕ ਪ੍ਰਮਾਤਮਾ ਸਾਡੇ ਅੰਦਰੋਂ ਇਹ ਭਰਮ ਦਾ ਪੜਦਾ, ਹਉਮੈ ਦਾ ਪੜਦਾ ਨਹੀਂ ਕੱਢਦਾ ਕੋਈ ਵੀ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਿਸ ਰੂਪ ਵਿੱਚ ਉਹ ਸਾਡੇ ਅੰਦਰ ਵਰਤ ਰਿਹਾ ਹੈ ਉਸੇ ਰੂਪ ਵਿੱਚ ਉਹ ਹਰ ਵਸਤੂ ਵਿੱਚ ਵਿਚਰ ਰਿਹਾ ਹੈ, ਆਪਣੇ ਸਾਇੰਟਿਫਿਕ ਗਿਆਨ ਦੁਆਰਾ ਵਿਚਰ ਰਿਹਾ ਹੈ, ਸਾਇੰਟਿਫਿਕ ਢੰਗ ਦੁਆਰਾ, ਸਾਇੰਟਿਫਿਕ ਸਿਸਟਮ ਦੁਆਰਾ ਵਿਚਰ ਰਿਹਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਸਾਡਾ ਆਪਾ ਮਿਟਦਾ ਹੈ ਭਾਵ ਸਮਝ ਲੱਗਦੀ ਹੈ ਕਿ ਅਸਲ ਵਿੱਚ ਸਾਡੀ ਆਪਣੀ ਕੋਈ ਹੋਂਦ ਨਹੀਂ ਹੈ ਤੇ ਅਸੀਂ ਪ੍ਰਮਾਤਮਾ ਦੇ ਹੀ ਰੂਪ ਹਾਂ ਜੋ ਸਾਨੂੰ ਆਪ ਬਣਾ ਕੇ ਆਪ ਹੀ ਚਲਾ ਰਿਹਾ ਹੈ ਤੇ ਇਹ ਗੱਲ ਸਮਝਣ ਤੋਂ ਉਸ ਨੇ ਆਪ ਹੀ ਸਭ ਨੂੰ ਅਸਮਰੱਥ ਰੱਖਿਆ ਹੋਇਆ ਹੈ, ਮਨ ਦੇ ਪੜਦੇ ਦੁਆਰਾ ਅਸਮਰੱਥ ਕੀਤਾ ਹੋਇਆ ਹੈ। ਜਿਸ ਦਾ ਪ੍ਰਮਾਤਮਾ ਮਨ ਦੇ ਵਿੱਚੋਂ ਪੜਦਾ ਕੱਢਦਾ ਹੈ ਉਸ ਨੂੰ ਹੀ ਸਹਜ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ ਜੋ ਕਿ ਬ੍ਰਹਮ ਗਿਆਨ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਭਰਮ ਵਿੱਚੋਂ, ਦੁਬਿਧਾ ਵਿੱਚੋਂ, ਸਹਸਾ ਵਿੱਚੋਂ, ਦੁਚਿੱਤੀ ਵਿੱਚੋਂ, ਅਗਿਆਨਤਾ ਵਿੱਚੋਂ, ਮਨਮਤਿ ਵਿੱਚੋਂ, ਦੁਰਮਤਿ ਵਿੱਚੋਂ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚੋਂ ਨਿਕਲਦਾ ਹੈ ਤੇ ਉਸ ਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ। ਸਹਜ ਦੀ ਅਵੱਸਥਾ ਪੂਰਨ ਸੱਚ ਦੀ ਅਵੱਸਥਾ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ। ਸਹਜ ਦੇ ਵਿੱਚ ਸਮਾਉਣਾ, ਸੱਚ ਦੇ ਵਿੱਚ ਸਮਾਉਣਾ, ਨਾਮ ਦੇ ਵਿੱਚ ਸਮਾਉਣਾ, ਪ੍ਰਮਾਤਮਾ ਦੇ ਵਿੱਚ ਸਮਾਉਣਾ ਇੱਕੋ ਹੀ ਗੱਲ ਹੈ ਤੇ ਸਭ ਤੋਂ ਭਾਵ ਬ੍ਰਹਮ ਗਿਆਨ ਦੇ ਵਿੱਚ ਸਮਾਉਣਾ ਹੀ ਹੈ, ਉਸ ਬ੍ਰਹਮ ਗਿਆਨੀ ਦੇ ਨਾਲ ਮੇਲ ਹੀ ਹੈ। ਜਦੋਂ ਕੋਈ ਇੱਕ ਚੀਜ਼ ਦੂਸਰੀ ਚੀਜ਼ ਵਿੱਚ ਸਮਾਅ ਹੀ ਜਾਂਦੀ ਹੈ ਫਿਰ ਪਿੱਛੇ ਇੱਕ ਚੀਜ਼ ਦੀ ਹੋਂਦ ਹੀ ਰਹਿ ਜਾਂਦੀ ਹੈ ਤੇ ਦੋ ਚੀਜ਼ਾਂ ਵੱਖਰੀਆਂ ਨਜ਼ਰ ਨਹੀਂ ਆ ਸਕਦੀਆਂ ਤੇ ਇਸੇ ਭੇਦ ਨੂੰ ਹੀ ਸਮਝਣ ਦੀ ਲੋੜ ਹੈ। ਜੇਕਰ ਬੂੰਦ ਸਮੁੰਦਰ ਦੇ ਨਾਲ ਮਿਲ ਜਾਂਦੀ ਹੈ ਭਾਵ ਉਸ ਵਿੱਚ ਸਮਾਅ ਜਾਂਦੀ ਹੈ ਤਾਂ ਫਿਰ ਬੂੰਦ ਦੀ ਹੋਂਦ ਮਿਟ ਜਾਂਦੀ ਹੈ ਭਾਵ ਇੱਕੋ ਹੋਂਦ ਬਣ ਜਾਂਦੀ ਹੈ। ਦੋ ਵਸਤੂਆਂ ਦੀ ਇੱਕ ਹੋਂਦ ਬਣਨ ਤੋਂ ਬਾਅਦ ਫਿਰ ਇੱਕ ਹੋਂਦ ਦੂਸਰੀ ਹੋਂਦ ਨੂੰ ਕਿਵੇਂ ਦੇਖ ਸਕਦੀ ਹੈ। ਜੋ ਪ੍ਰਮਾਤਮਾ ਦੇ ਸਰਗੁਣ ਰੂਪ ਦੇ ਦਰਸ਼ਨਾ ਦੀਆਂ ਗੱਲਾਂ ਕਰਦੇ ਹਨ ਉਹਨਾਂ ਦੀ ਆਪਣੀ ਹੋਂਦ ਫਿਰ ਕਿਵੇਂ ਮਿਟੀ ਭਾਵ ਉਹਨਾਂ ਦੀ ਹੋਂਦ ਵੱਖਰੀ ਹੈ ਤੇ ਉਹ ਹੋਂਦ ਵੱਖਰੀ ਹੈ ਜਿਸਦੇ ਉਹਨਾਂ ਨੇ ਦਰਸ਼ਨ ਕੀਤੇ ਹਨ ਤੇ ਫਿਰ ਉਹ ਸਮਾਏ ਕਿਸ ਦੇ ਵਿੱਚ, ਇੱਕ ਕਿਸਦੇ ਨਾਲ ਹੋਏ ਭਾਵ ਇਹ ਕੇਵਲ ਭਰਮ ਹੈ। ਜਦੋਂ ਅਸੀਂ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦੇ ਹਾਂ ਉਹ ਮਨ ਦੀ

25/2703

ਸੋਝੀ ਦੁਆਰਾ ਹੀ ਸਮਾਉਂਦੇ ਹਾਂ ਤੇ ਸਮਝ ਲੱਗ ਜਾਂਦੀ ਹੈ ਕਿ ਅਸੀਂ ਉਸੇ ਦਾ ਹੀ ਰੂਪ ਹਾਂ ਤੇ ਉਸ ਤੋਂ ਵੱਖਰੇ ਨਹੀਂ ਹਾਂ ਭਾਵ ਸਭ ਕੁੱਝ ਇੱਕੋ ਇੱਕ ਪ੍ਰਮਾਤਮਾ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਕੁੱਝ ਵੀ ਨਹੀਂ ਹੈ। ਪ੍ਰਮਾਤਮਾ ਤੋਂ ਬਿਨ੍ਹਾਂ ਸੰਸਾਰ ਵਿੱਚ ਅਗਰ ਕੁੱਝ ਹੈ ਤੇ ਉਹ ਉਸਦਾ ਪਾਇਆ ਹੋਇਆ ਭੁਲੇਖਾ ਹੀ ਹੈ, ਭਰਮ ਹੀ ਹੈ ਜਿਸ ਕਰਕੇ ਸਾਨੂੰ ਉਸਦਾ ਇੱਕ ਰੂਪ ਨਜ਼ਰ ਨਹੀਂ ਆਉਂਦਾ। ਮਨ ਦਾ ਭਰਮ ਨਿਕਲੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿ ਉਹ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ ਤੇ ਉਸ ਵਿੱਚ ਸਮਾਉਣਾ ਕੀ ਹੈ। **(ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ॥੫॥)**

{ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥੨॥੧॥੧੧੭॥}

(ਅੰਗ ੮੨੭)

ਜਦ ਤੱਕ "ਮੈਂ" ਵੱਖਰੀ ਹੈ ਤੇ "ਤੂੰ" ਵੱਖਰਾ ਹੈ, ਤਦ ਤੱਕ ਇਹ ਸਾਡਾ ਭਰਮ ਹੀ ਹੈ। ਉਸ "ਤੂੰ" ਦੇ ਵਿੱਚ ਸਾਡੀ "ਮੈਂ" ਹੀ ਸਮਾਉਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਤੂੰ ਹੀ ਤੂੰ ਹੈ ਤੇ ਮੈਂ ਕੇਵਲ ਭਰਮ ਹੈ।

{ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥੬॥੩॥}

(ਅੰਗ ੯੬੯)

ਆਪਣੇ ਮਨ ਨੂੰ ਦੇਖੇ ਬਿਨ੍ਹਾਂ ਨਾ ਹੀ ਪ੍ਰਮਾਤਮਾ ਦੇ ਸਿੰਘਾਸਨ ਤੇ ਕੋਈ ਬੈਠ ਸਕਦਾ ਹੈ ਤੇ ਨਾ ਹੀ ਉਸਦੇ ਸਿੰਘਾਸਨ ਨੂੰ ਕੋਈ ਸਮਝ ਸਕਦਾ ਹੈ ਜੋ ਕਿ ਸਾਡੇ ਅੰਦਰ ਮਨ ਦੇ ਗਿਆਨ ਦੇ ਰੂਪ ਵਿੱਚ ਹੀ ਹੈ। ਸਭ ਦੇ ਅੰਦਰ ਸਿੰਘਾਸਨ ਉਸੇ ਦਾ ਹੀ ਲੱਗਾ ਹੋਇਆ ਹੈ ਪਰ ਆਪਣੀ ਸੱਚੀ ਸੋਝੀ ਦੇ ਸਿੰਘਾਸਨ ਤੇ, ਬ੍ਰਹਮ ਗਿਆਨ ਦੇ ਸਿੰਘਾਸਨ ਤੇ ਜਦ ਤੱਕ ਉਹ ਆਪ ਕਿਸੇ ਨੂੰ ਨਹੀਂ ਬਿਠਾਉਂਦਾ ਕੋਈ ਉਸਦੇ ਸਿੰਘਾਸਨ ਨੂੰ ਨਹੀਂ ਜਾਣ ਸਕਦਾ। ਉਸ ਦੇ ਸਿੰਘਾਸਨ ਤੇ ਬੈਠ ਕੇ ਮਨੁੱਖ ਦਾ ਤੇ ਪ੍ਰਮਾਤਮਾ ਦਾ ਆਪਸ ਵਿੱਚ ਭੇਦ ਮਿਟ ਜਾਂਦਾ ਹੈ ਭਾਵ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਉਹ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਪ੍ਰਮਾਤਮਾ ਕੋਈ ਉਸ ਤੋਂ ਵੱਖਰਾ ਨਹੀਂ ਹੈ। ਉਹ ਮਨ ਦੇ ਵਿਚਾਰਾਂ ਰਾਹੀਂ ਇੱਕ ਹੋ ਜਾਂਦੇ ਹਨ, ਇੱਕ ਮਨ ਇੱਕ ਚਿੱਤ ਹੋ ਜਾਂਦੇ ਹਨ ਭਾਵ ਮਨ ਦਾ ਤੇ ਚਿੱਤ ਦਾ ਭੇਦ ਮਿਟ ਜਾਂਦਾ ਹੈ, ਆਤਮਾ ਦਾ ਤੇ

25/2704

ਪ੍ਰਮਾਤਮਾ ਦਾ ਭੇਦ ਮਿਟ ਜਾਂਦਾ ਹੈ ਭਾਵ ਸਮਝ ਲੱਗ ਜਾਂਦੀ ਹੈ ਕਿ ਆਤਮਾ ਦੇ ਰੂਪ ਵਿੱਚ ਪ੍ਰਮਾਤਮਾ ਹੀ ਹੈ। ਜਦ ਤੱਕ ਅਸੀਂ ਭਰਮ ਵਿੱਚ ਹਾਂ ਤਦ ਤੱਕ ਅਸੀਂ ਆਤਮਾ ਰੂਪ ਹਾਂ ਤੇ ਜਦੋਂ ਮਨ ਦਾ ਭਰਮ ਮਿਟ ਜਾਂਦਾ ਹੈ ਫਿਰ ਅਸੀਂ ਪ੍ਰਮਾਤਮਾ ਦਾ ਰੂਪ ਬਣ ਜਾਂਦੇ ਹਾਂ।

{ਨਦਰਿ ਕਰੇ ਤਾ ਸਿਮਰਿਆ ਜਾਇ॥ ਆਤਮਾ ਦ੍ਰਵੈ ਰਹੈ ਲਿਵ ਲਾਇ॥
ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥੧॥}

(ਅੰਗ ੬੬੧)

{ਮਰਨੋ ਮਰਨੁ ਕਹੈ ਸਭੁ ਕੋਈ॥ ਸਹਜੇ ਮਰੈ ਅਮਰੁ ਹੋਇ ਸੋਈ॥੨॥
ਕਹੁ ਕਬੀਰ ਮਨਿ ਭਇਆ ਅਨੰਦਾ॥ ਗਇਆ ਭਰਮੁ ਰਹਿਆ ਪਰਮਾਨੰਦਾ॥੩॥੨੦॥}

(ਅੰਗ ੩੨੭)

{ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥}

(ਅੰਗ ੧੪੦੮)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਹ ਫਿਰ ਪ੍ਰਮਾਤਮਾ ਰੂਪ ਬਣੇ ਹਨ ਕਿਉਂਕਿ ਉਹਨਾਂ ਨੇ ਉਸ ਨੂੰ ਨਿਰਗੁਣ ਰੂਪ ਵਿੱਚ ਹੀ ਪਾਇਆ ਹੈ ਤੇ ਆਪਣੇ ਆਪ ਦੀ ਸੋਝੀ ਹੀ ਪਈ ਹੈ ਕਿ ਸਾਡੇ ਮਨੁੱਖੀ ਰੂਪ ਵਿੱਚ ਤੇ ਹਰ ਸਰਗੁਣ ਰੂਪ ਦੇ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਤੋਂ ਵੱਖਰੇ ਰੂਪ ਵਿੱਚ ਪਾਇਆ ਹੈ ਭਾਵ ਜੋ ਉਸਨੂੰ ਵੱਖਰੇ ਸਰੂਪ ਵਿੱਚ ਪਾਉਣ ਦੀਆਂ ਗੱਲਾਂ ਕਰਦੇ ਹਨ ਇਹ ਕੇਵਲ ਉਹਨਾਂ ਦਾ ਭਰਮ ਹੈ ਤੇ ਉਹਨਾਂ ਦੇ ਅੰਦਰ ਇਹ ਭਰਮ ਪਾਉਣ ਵਾਲਾ ਵੀ ਉਹ ਆਪ ਹੀ ਹੈ ਕਿਉਂਕਿ ਉਹ ਸੰਸਾਰ ਨੂੰ ਭਰਮ ਵਿੱਚ ਰੱਖ ਕੇ ਹੀ ਆਪਣੀ ਖੇਡ ਨੂੰ ਚਲਾ ਰਿਹਾ ਹੈ। ਸਾਡੇ ਅੰਦਰ ਹਉਮੈ ਪਾਉਣ ਦਾ ਮਕਸਦ ਹੀ ਸੰਸਾਰ ਨੂੰ ਭਰਮ ਵਿੱਚ ਰੱਖਣ ਦਾ ਹੈ। ਇਸ ਲੇਖ ਦੇ ਸ਼ੁਰੂ ਵਿੱਚ ਇਸੇ ਲਈ ਅਸੀਂ ਸਭ ਤੋਂ ਪਹਿਲੇ ਹਉਮੈ ਨੂੰ, ਪ੍ਰਮਾਤਮਾ ਦੇ ਨਿਰਗੁਣ ਸਰਗੁਣ ਸਰੂਪ ਨੂੰ ਤੇ ਗੁਰੂ ਪ੍ਰਮਾਤਮਾ ਦੇ ਰਿਸ਼ਤੇ ਨੂੰ ਸਮਝਣ ਦਾ ਉਪਰਾਲਾ ਕੀਤਾ ਹੋਇਆ

ਹੈ ਕਿਉਂਕਿ ਇਹਨਾਂ ਗੱਲਾਂ ਦੀ ਸਮਝ ਆਏ ਬਿਨ੍ਹਾਂ ਸਾਨੂੰ ਨਾਮ ਦੀ ਸਮਝ ਪੈ ਹੀ ਨਹੀਂ ਸਕਦੀ ਭਾਵ ਨਾਮ ਨੂੰ ਸਮਝਿਆ ਹੀ ਨਹੀਂ ਜਾ ਸਕਦਾ ਕਿ ਨਾਮ ਕੀ ਹੈ। ਨਾਮ ਮਨ ਦੀ ਉਹ ਅਵੱਸਥਾ ਹੈ ਜਦੋਂ ਸਾਡੇ ਅੰਦਰੋਂ ਹਉਮੈ ਦਾ ਪੜਦਾ ਨਿਕਲ ਜਾਂਦਾ ਹੈ ਤੇ ਉਸ ਤੋਂ ਬਾਅਦ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਭ ਕੁੱਝ ਸਮਝਾਉਂਦਾ ਹੈ। ਜੋ ਕੁੱਝ ਉਹ ਆਪ ਪ੍ਰਗਟ ਹੋ ਕੇ ਸਮਝਾਉਂਦਾ ਹੈ

25/2705

ਉਸ ਵਿੱਚ ਪੂਰਨ ਸੱਚ ਹੁੰਦਾ ਹੈ ਜੋ ਕਿ ਭਰਮ ਤੋਂ ਰਹਿਤ ਹੁੰਦਾ ਹੈ। ਮਨ ਦੇ ਵਿੱਚ ਇਹ ਸੱਚ ਹੀ ਸਾਨੂੰ ਭਰਮ ਤੋਂ ਰਹਿਤ ਕਰਦਾ ਹੈ ਤੇ ਇਹੋ ਜਿਹਾ ਸੱਚ ਜੋ ਪ੍ਰਮਾਤਮਾ ਆਪ ਸਮਝਾਉਂਦਾ ਹੈ "ਉਹ ਨਾਮ ਹੈ"। ਪੂਰੀ ਗੁਰਬਾਣੀ ਵਿੱਚ ਇਹ ਸੱਚ ਰੂਪ ਨਾਮ ਹੀ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਨਾਮ ਭਰਮ ਤੋਂ ਮੁਕਤ ਹੈ, ਹਉਮੈ ਤੋਂ ਮੁਕਤ ਹੈ, ਪੜਦੇ ਤੋਂ ਮੁਕਤ ਹੈ, ਅਗਿਆਨਤਾ ਤੋਂ ਮੁਕਤ ਹੈ, ਬੰਧਨ ਤੋਂ ਮੁਕਤ ਹੈ, ਮਾਇਆ ਦੀ ਜੁਗਤਿ ਤੋਂ ਮੁਕਤ ਹੈ, ਸਹਸਾ ਤੋਂ, ਦੁਬਿਧਾ ਤੋਂ, ਦੁਚਿੱਤੀ ਤੋਂ, ਤ੍ਰੈਗੁਣਾਂ ਤੋਂ ਮੁਕਤ ਹੈ, ਮਨਮਤਿ ਤੋਂ, ਦੁਰਮਤਿ ਤੋਂ ਮੁਕਤ ਹੈ, ਮਨ ਦੀ ਪੁੱਠੀ ਮਤਿ ਤੋਂ ਭਾਵ ਪੁੱਠੇ ਕਮਲ ਵਾਲੀ ਅਵੱਸਥਾ ਤੋਂ ਮੁਕਤ ਹੈ। ਇਹ ਸਾਡੇ ਅੰਦਰ ਸਹਜ ਵਾਲੀ ਅਵੱਸਥਾ ਹੈ, ਚੌਥੇ ਪਦ ਵਾਲੀ ਅਵੱਸਥਾ ਹੈ, ਬੰਧਨ ਮੁਕਤ ਅਵੱਸਥਾ ਹੈ ਤੇ ਸਾਡੇ ਜੀਵਨ ਦਾ ਮਕਸਦ ਇਸ ਭਰਮ ਦੇ ਬੰਧਨ ਤੋਂ, ਹਉਮੈ ਦੇ ਬੰਧਨ ਤੋਂ ਮੁਕਤੀ ਪਾਉਣਾ ਹੀ ਹੈ ਜਿਸ ਦੁਆਰਾ ਸਾਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਇਸ ਭਰਮ ਦੇ ਬੰਧਨ ਤੋਂ ਮੁਕਤੀ ਪਾਉਣੀ ਹੀ ਸੰਸਾਰਿਕ ਆਵਾਗਉਣ ਤੋਂ ਮੁਕਤੀ ਪਾਉਣੀ ਹੈ। ਇਹ ਮੁਕਤੀ ਸਾਨੂੰ ਮਨ ਦੇ ਅੰਦਰ ਹੀ ਮਿਲਦੀ ਹੈ, ਮਨ ਦੀ ਸੋਝੀ ਦੇ ਵਿੱਚ ਹੀ ਮਿਲਦੀ ਹੈ ਤੇ ਇਸ ਬੰਧਨ ਤੋਂ ਸਾਨੂੰ ਪ੍ਰਮਾਤਮਾ ਆਪ ਹੀ ਮੁਕਤ ਕਰਦਾ ਹੈ। ਇਸ ਮੁਕਤੀ ਨੂੰ ਉਹ ਹੀ ਪਾ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਮਨ ਦੇ ਦਰਸ਼ਨ ਕਰਵਾ ਦਿੰਦਾ ਹੈ ਤੇ ਹੋਰ ਕੋਈ ਕਿਸੇ ਵੀ ਉਪਰਾਲੇ ਦੁਆਰਾ ਮੁਕਤੀ ਨਹੀਂ ਪਾ ਸਕਦਾ। ਜਿੰਨ੍ਹਾਂ ਨੇ ਆਪਣੇ ਆਪ ਨੂੰ ਬਹੁਤ ਵੱਡੇ ਅਖਵਾਇਆ ਹੈ ਭਾਵ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ, ਦੇਵੀ ਦੇਵਤੇ ਆਦਿ, ਰਿਸ਼ੀ ਮੁਨੀ ਆਦਿ, ਸਿਧ ਸਾਧਿਕ ਆਦਿ ਵੀ ਮੁਕਤੀ ਨਹੀਂ ਪਾ ਸਕੇ ਕਿਉਂਕਿ ਉਹਨਾਂ ਨੂੰ ਪ੍ਰਮਾਤਮਾ ਨੇ ਮਨ ਦੇ ਦਰਸ਼ਨ ਨਹੀਂ ਕਰਵਾਏ ਤੇ ਉਹ ਵੀ ਇਸ ਸੰਸਾਰ ਵਿੱਚੋਂ ਭਰਮ ਵਿੱਚ ਹੀ ਗਏ ਹਨ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ॥ ਭਾਇ ਭਗਤਿ ਜਾ ਹਉਮੈ ਸੋਖੈ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ॥੭॥
ਆਪਿ ਕਰਾਏ ਕਰਤਾ ਸੋਈ॥ ਹੋਰੁ ਕਿ ਕਰੇ ਕੀਤੈ ਕਿਆ ਹੋਈ॥
ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ॥੮॥੨੩॥੨੪॥}

(ਅੰਗ ੧੨੪)

ਧਿਆਨ ਨਾਲ ਸਮਝੋ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਕੀ ਸਮਝਾਇਆ ਹੋਇਆ ਹੈ। ਇਸ ਮਨ ਨੂੰ ਜਾਣੇ ਬਿਨ੍ਹਾਂ ਕੋਈ ਵੀ ਗੁਰਮੁਖਿ ਨਹੀਂ ਹੈ ਭਾਵ ਹਰ ਕੋਈ ਮਨਮੁਖਿ ਹੀ ਹੈ, ਹਉਮੈ ਵਿੱਚ ਹੀ ਹੈ ਤੇ ਇਸ ਅਵੱਸਥਾ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ। ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਉਪਰਾਲੇ ਤਾਂ ਬਹੁਤ ਕਰਦੇ ਹਾਂ, ਆਪਣੀਆਂ ਸਮਾਧੀਆਂ ਦੁਆਰਾ ਲਿਵ ਜੋੜਨਾ ਸਮਝਦੇ ਹਾਂ ਪਰ ਇਹ ਕਿਸੇ ਲੇਖੇ ਨਹੀਂ ਹਨ। ਇਹ ਹਉਮੈ ਦਾ ਪੜਦਾ ਨਿਕਲੇ ਬਿਨ੍ਹਾਂ ਭਾਵ ਮਨ ਦਾ ਭਰਮ ਨਿਕਲੇ ਬਿਨ੍ਹਾਂ ਕਿਸੇ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਆਪਣਾ ਨਾਮ ਉਹ "ਨਾਮ ਰੂਪ" ਪ੍ਰਮਾਤਮਾ ਆਪ ਹੀ ਦਿੰਦਾ ਹੈ, ਨਾਮ ਦਾ ਮਾਲਕ ਆਪਣਾ ਨਾਮ ਆਪ ਹੀ

25/2706

ਦਿੰਦਾ ਹੈ ਜੋ ਸਾਡੇ ਅੰਦਰ ਆਪਣੇ ਨਾਮ ਦੁਆਰਾ ਹੀ ਵਿਚਰਦਾ ਹੈ, ਆਪਣਾ ਬ੍ਰਹਮ ਗਿਆਨ ਉਹ ਬ੍ਰਹਮ ਗਿਆਨੀ ਆਪ ਹੀ ਦਿੰਦਾ ਹੈ ਜੋ ਸਾਡੇ ਅੰਦਰ ਬ੍ਰਹਮ ਗਿਆਨ ਦੁਆਰਾ ਵਿਚਰਦਾ ਹੈ। ਆਪਣੇ ਬ੍ਰਹਮ ਗਿਆਨ ਦੀ ਸੋਝੀ ਦੁਆਰਾ ਉਹ ਉੱਚਾ ਹੈ, ਬਹੁਤ ਬਹੁਤ ਜਿਆਦਾ ਉੱਚਾ ਹੈ, ਬਹੁਤ ਬਹੁਤ ਜਿਆਦਾ ਸਿਆਣਾ ਹੈ ਤੇ ਆਪਣੇ ਇਸ ਬ੍ਰਹਮ ਗਿਆਨ ਦੀ ਸਿਆਣਪ ਦੁਆਰਾ ਹੀ ਉਸਨੇ ਸਾਡੇ ਅੰਦਰ ਹਉਮੈ ਰੂਪ ਪੜਦਾ ਪਾਇਆ ਹੋਇਆ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਸਾਡੇ ਸਭ ਦੇ ਅੰਦਰ ਪਾਈ ਹੋਈ ਹੈ ਤੇ ਉਹ ਆਪ ਹੀ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ। ਜਿਸ ਨੂੰ ਵੀ ਉਹ ਇਸ ਵਿੱਚੋਂ ਕੱਢਦਾ ਹੈ ਆਪਣਾ ਨਾਮ

ਦੇ ਕੇ ਹੀ ਕੱਢਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਕਰ ਕੇ ਹੀ ਕੱਢਦਾ ਹੈ।

{ਆਤਮ ਰਾਮ ਪਰਗਾਸੁ ਗੁਰ ਤੇ ਹੋਵੈ॥ ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ॥}

(ਅੰਗ ੧੨੪)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥੧॥ ਆਵਣ ਜਾਣੁ ਰਹਿਓ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥੧॥ਰਹਾਉ॥}

(ਅੰਗ ੧੦੦੨)

ਜਦ ਤੱਕ ਸਾਡੇ ਅੰਦਰੋਂ ਇਹ ਭਰਮ ਦਾ ਬੰਧਨ ਨਹੀਂ ਟੁੱਟਦਾ ਤਦ ਤੱਕ ਅਸੀਂ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਨਹੀਂ ਹੋ ਸਕਦੇ। ਅਗਿਆਨਤਾ ਦੇ ਬੰਧਨ ਤੋਂ ਮੁਕਤ ਹੋਣਾ ਹੀ ਇਸ ਸੰਸਾਰ ਦੇ ਬੰਧਨ ਤੋਂ ਮੁਕਤ ਹੋਣਾ ਹੈ ਤੇ ਇਸੇ ਬੰਧਨ ਤੋਂ ਮੁਕਤ ਅਸੀਂ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੇ ਹਾਂ, ਮਨ ਦੇ ਵਿੱਚ ਨਾਮ ਦੇ ਪ੍ਰਕਾਸ਼ ਦੁਆਰਾ ਹੀ ਹੁੰਦੇ ਹਾਂ ਜੋ ਕਿ ਉਹ ਪ੍ਰਮਾਤਮਾ ਆਪ ਹੀ ਕਰ ਸਕਦਾ ਹੈ ਤੇ ਸਾਡਾ ਹੋਰ ਕੋਈ ਸਰੀਰਕ ਜਪਾਂ ਤਪਾਂ ਦਾ ਉਪਰਾਲਾ ਕਿਸੇ ਕੰਮ ਨਹੀਂ ਆਉਂਦਾ। ਜਿਹੋ ਜਿਹੇ ਉਪਰਾਲੇ ਅਸੀਂ ਕਰਦੇ ਹਾਂ ਉਹਨਾਂ ਨਾਲ ਉਲਟੀ ਸਾਡੀ ਹਉਮੈ ਹੀ ਵੱਧਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਹਉਮੈ ਦਾ ਵੱਧਣਾ ਭਾਵ ਅਗਿਆਨਤਾ ਦਾ ਦ੍ਰਿੜ ਹੋਣਾ ਮਨਮਤਿ ਦਾ ਦ੍ਰਿੜ ਹੋਣਾ ਹੈ ਜਿਸ ਦੁਆਰਾ ਸਾਡੀ ਗੁਰਮਤਿ ਤੋਂ ਦੂਰੀ ਵੱਧਦੀ ਹੈ, ਨਾਮ ਤੋਂ ਦੂਰੀ ਵੱਧਦੀ ਹੈ, ਹਉਮੈ ਤੇ ਨਾਮ ਦਾ ਝਗੜਾ ਵੱਧਦਾ ਹੈ।

ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਸੱਚੇ ਦਿਲੋਂ ਪਾਉਣਾ ਚਾਹੁੰਦੇ ਹਾਂ ਤਾਂ ਫਿਰ ਉਸ ਦਾ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਆਪਣੀ ਹਉਮੈ ਨੂੰ ਛੱਡੀਏ, ਮਨਮਤਿ ਨੂੰ, ਅਗਿਆਨਤਾ ਨੂੰ ਛੱਡੀਏ ਤਾਂ ਕਿ ਸਾਡੇ ਅੰਦਰ ਤੇ ਪ੍ਰਮਾਤਮਾ ਦੇ ਅੰਦਰ ਜੋ ਪੜਦੇ ਦਾ ਕਾਰਨ ਹੈ ਉਹ ਪੜਦਾ ਦੂਰ ਹੋਵੇ।

25/2707

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥੪॥੧॥}

(ਅੰਗ ੧੨੬੩)

ਰਾਗੁ ਗਉੜੀ ਪੂਰਬੀ ਮਹਲਾ ੫
ੴ ਸਤਿਗੁਰ ਪ੍ਰਸਾਦਿ॥

{"ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ॥੧॥ਰਹਾਉ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ॥੪॥

ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ॥੧॥ਰਹਾਉ ਦੂਜਾ॥੧॥੧੨੨॥"}

(ਅੰਗ ੨੦੫)

ਉੱਪਰ ਵਾਲੇ ਇਸ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਅਸੀਂ ਪਹਿਲੇ ਹੀ ਜਾਣ ਚੁੱਕੇ ਹਾਂ। ਸ਼ਬਦ ਰਾਹੀਂ ਪਹਿਲੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਪੁੱਛਿਆ ਹੋਇਆ ਹੈ ਕਿ ਉਹ ਕਿਵੇਂ ਮਿਲਦਾ ਹੈ। ਸ਼ਬਦ ਦੇ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਸਮਝਾ ਕੇ ਬਾਅਦ ਵਿੱਚ ਇਹ ਗੱਲ ਦੁਹਰਾਈ ਹੋਈ ਹੈ ਕਿ ਪ੍ਰਮਾਤਮਾ ਇਸ ਤਰੀਕੇ ਹੀ ਮਿਲਦਾ ਹੈ ਜਿਸ ਤਰੀਕੇ ਉਸ ਨਾਲ ਮੇਲ ਕਰਨਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਮਿਲਣ ਦੇ ਉਪਾਵ ਅਸੀਂ ਅਨੇਕਾਂ ਹੀ ਕਰਦੇ ਹਾਂ ਜਿਸ ਤਰੀਕੇ ਹਰ ਕੋਈ ਲੱਗਾ ਹੋਇਆ ਹੈ, ਜੋ ਸਾਡੇ ਤਰੀਕੇ ਬਾਣੀ ਰਾਹੀਂ ਵਾਰ-ਵਾਰ ਸਮਝਾਏ ਹੋਏ ਹਨ ਤੇ ਉਹਨਾਂ ਨੂੰ ਸਾਡਾ ਭਰਮ ਹੀ ਦੱਸਿਆ ਹੋਇਆ ਹੈ। ਪ੍ਰਮਾਤਮਾ ਨੂੰ ਨਾ ਪਾ ਸਕਣ ਦਾ ਤਰੀਕਾ ਭਾਵ ਪ੍ਰਮਾਤਮਾ ਨਾਲੋਂ ਸਾਡੇ ਵੱਖਰੇ ਰਹਿਣ ਦਾ ਤਰੀਕਾ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਉਸਦਾ ਪਾਇਆ ਹੋਇਆ ਹਉਮੈ ਰੂਪ ਪੜਦਾ ਹੈ। ਜਿਸ ਤਰੀਕੇ ਸਾਨੂੰ ਪ੍ਰਮਾਤਮਾ ਨੇ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ ਇਹ ਤਰੀਕਾ ਉਹ ਆਪ ਹੀ ਜਾਣਦਾ ਹੈ ਤੇ ਆਪਣੀ ਇਸ ਜੁਗਤਿ ਵਿੱਚੋਂ ਉਹ ਆਪ ਹੀ ਕੱਢ ਸਕਦਾ ਹੈ ਭਾਵ ਸਾਡੇ ਵੱਸ ਨਹੀਂ ਹੈ। ਲੇਕਿਨ ਫਿਰ ਵੀ ਅਸੀਂ ਅਨੇਕਾਂ ਹੀ ਤਰੀਕੇ ਆਪਣੇ ਬਣਾਏ ਹੋਏ ਹਨ, ਸਰੀਰਕ ਜਪ ਤਪ ਆਦਿ ਬਣਾਏ ਹੋਏ ਹਨ ਜਿੰਨ੍ਹਾਂ ਦਾ ਸਾਡੇ ਮਨ ਦੇ ਗਿਆਨ ਨਾਲ ਕੋਈ ਵਾਸਤਾ ਨਹੀਂ ਹੈ। ਨਿਕਲਣਾ ਤੇ ਅਸੀਂ ਭਰਮ ਦੇ ਵਿੱਚੋਂ ਹੈ ਤੇ ਤਰੀਕੇ ਅਸੀਂ ਉਹ ਅਪਣਾਉਂਦੇ ਹਾਂ ਜੋ ਖੁਦ ਸਾਡੇ ਅੰਦਰ ਭਰਮ ਦੀ ਉਪਜ ਹੈ। ਭਰਮ ਵਿੱਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਗੁਰੂ ਦਾ ਸੱਚਾ ਗਿਆਨ ਹੈ ਜੋ ਉਸਨੇ ਸਾਨੂੰ ਗੁਰਬਾਣੀ ਰਾਹੀਂ ਦਿੱਤਾ ਹੋਇਆ ਹੈ। ਗੁਰੂ ਦਾ ਇਹ ਸੱਚਾ ਗਿਆਨ ਹੀ ਭਰਮ ਦੇ ਤਾਲੇ ਦੀ ਕੁੰਜੀ ਹੈ ਜਿਸ ਦੁਆਰਾ ਸਾਡੇ ਮਨ ਦੇ ਅੰਦਰ ਲੱਗਾ ਹੋਇਆ ਤਾਲਾ ਖੁੱਲ੍ਹ ਸਕਦਾ ਹੈ। ਇਹ ਭਰਮ ਦਾ ਤਾਲਾ ਹੈ ਜੋ ਸੱਚੇ ਗਿਆਨ ਦੀ ਕੁੰਜੀ ਨਾਲ ਖੁੱਲ੍ਹਦਾ ਹੈ, ਗੁਰਮਤਿ ਰੂਪ ਕੁੰਜੀ ਨਾਲ ਖੁੱਲ੍ਹਦਾ ਹੈ, ਇਹ ਮਨਮਤਿ ਰੂਪ ਤਾਲਾ ਹੈ ਜੋ ਗੁਰਮਤਿ ਦੀ ਕੁੰਜੀ ਨਾਲ ਖੁੱਲ੍ਹਦਾ ਹੈ, ਇਹ ਤ੍ਰੈਗੁਣਾਂ ਰੂਪ ਤਾਲਾ ਹੈ ਜੋ ਇਹ ਚੌਥੇ ਪਦ ਦੀ ਸੋਝੀ ਦੇ ਨਾਲ ਖੁੱਲ੍ਹਦਾ ਹੈ, ਇਹ ਸਹਸਾ, ਦੁਬਿਧਾ ਰੂਪ ਤਾਲਾ ਹੈ ਜੋ ਸਹਜ ਰੂਪ ਕੁੰਜੀ ਦੁਆਰਾ ਖੁੱਲ੍ਹਦਾ ਹੈ। ਇਹ ਸੱਚੇ ਗਿਆਨ ਦੀ ਕੁੰਜੀ, ਬ੍ਰਹਮ ਗਿਆਨ ਰੂਪ ਕੁੰਜੀ ਪ੍ਰਮਾਤਮਾ ਦੇ ਆਪਣੇ ਕੋਲ ਹੈ ਜੋ ਕਿ ਆਪ ਹੀ ਗੁਰੂ ਹੈ। ਸਾਡੇ ਅੰਦਰ ਇਹ ਭਰਮ ਦਾ ਤਾਲਾ ਉਸ ਦੀ ਮਰਜ਼ੀ ਬਿਨਾਂ ਨਹੀਂ ਖੁੱਲ੍ਹ ਸਕਦਾ। ਮਨ ਦਾ ਇਹ ਤਾਲਾ ਖੁੱਲ੍ਹਵਾਉਣ ਲਈ ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਰਾਹੀਂ ਰਸਤਾ

25/2708

ਵੀ ਸਮਝਾਇਆ ਹੈ ਤੇ ਉਸ ਰਸਤੇ ਦੀ ਸੋਝੀ ਪਏ ਬਿਨ੍ਹਾਂ ਅਸੀਂ ਉਸ ਰਸਤੇ ਤੇ ਚੱਲ ਰਹੇ ਹਾਂ ਜਿਸ ਦੁਆਰਾ ਸਾਡਾ ਭਰਮ ਨਹੀਂ ਨਿਕਲ ਸਕਦਾ। ਇਹ ਆਪਣੇ ਭਰਮ ਨੂੰ ਤਿਆਗਣ ਦਾ ਮਾਰਗ ਹੈ, ਆਪਣੀ ਮਨਮਤਿ ਨੂੰ, ਹਉਮੈ ਨੂੰ ਛੱਡਣ ਦਾ ਮਾਰਗ ਹੈ ਭਾਵ ਗੁਰਮਤਿ ਦੀ ਸੋਝੀ ਅਨੁਸਾਰ ਵਿਚਰਨ ਦਾ ਮਾਰਗ ਹੈ। ਇਹ ਔਗੁਣ ਛੱਡ ਕੇ ਗੁਣਾਂ ਨੂੰ ਅਪਣਾਉਣ ਦਾ ਮਾਰਗ ਹੈ, ਇਹ ਮੰਦੇ ਕਰਮ ਛੱਡ ਕੇ ਸੱਚੇ ਸੁੱਚੇ ਕਰਮ ਕਰਨ ਦਾ ਮਾਰਗ ਹੈ। ਇਹ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ ਕਿਉਂਕਿ ਕਥਨੀ ਕੇਵਲ ਸਾਨੂੰ ਮਾਰਗ ਸਮਝਾਉਣ ਲਈ ਹੀ ਹੈ ਤੇ ਅਸੀਂ ਕੇਵਲ ਕਥਨੀ ਨੂੰ ਹੀ ਆਪਣਾ ਮਾਰਗ ਸਮਝਿਆ ਹੋਇਆ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਕਿਉਂਕਿ ਇਹ ਸਾਡੀ ਮਨਮਤਿ ਹੈ, ਭਰਮ ਹੈ, ਹਉਮੈ ਹੈ। ਸੱਚੀ ਸੁੱਚੀ ਕਰਣੀ ਨਾਲ ਜੁੜੇ ਬਿਨ੍ਹਾਂ ਅਸੀਂ ਜੋ ਕੁੱਝ ਵੀ ਤਰੀਕੇ ਅਪਣਾਏ ਹੋਏ ਹਨ ਉਹ ਸਭ ਭਰਮ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਕੇਵਲ ਸਾਡੀ ਸੱਚੀ ਸੁੱਚੀ ਕਿਰਤ ਦੁਆਰਾ ਪ੍ਰਸੰਨ ਹੁੰਦਾ ਹੈ, ਸਾਡੇ ਗੁਣਾਂ ਦੁਆਰਾ ਪ੍ਰਸੰਨ ਹੁੰਦਾ ਹੈ, ਸਾਡੇ ਪਰਉਪਕਾਰੀ ਜੀਵਨ ਦੁਆਰਾ ਪ੍ਰਸੰਨ ਹੁੰਦਾ ਹੈ, ਸੱਚ ਤੇ, ਗੁਰਮਤਿ ਤੇ ਚੱਲਣ ਦੁਆਰਾ ਪ੍ਰਸੰਨ ਹੁੰਦਾ ਹੈ ਤੇ ਸਾਡੇ ਅੰਦਰ ਦਾ ਤਾਲਾ ਉਸਦੀ ਪ੍ਰਸੰਨਤਾ ਤੋਂ ਬਿਨ੍ਹਾਂ ਨਹੀਂ ਖੁੱਲ੍ਹ ਸਕਦਾ। ਅਸੀਂ ਜਿਹੜੇ ਤਰੀਕੇ ਨਾਲ ਪ੍ਰਮਾਤਮਾ ਨੂੰ ਪ੍ਰਸੰਨ ਕਰਨਾ ਸਮਝਦੇ ਹਾਂ, ਅਨੇਕਾਂ ਸਰੀਰਕ ਜਪ ਤਪ ਆਦਿ ਕਰਦੇ ਹਾਂ, ਸਵੇਰੇ ਸ਼ਾਮ ਉਸ ਨੂੰ ਮੱਥਾ ਟੇਕਦੇ ਹਾਂ, ਤੀਰਥਾਂ ਆਦਿ ਤੇ ਭਉਂਦੇ ਹਾਂ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਪ੍ਰਸੰਨ ਨਹੀਂ ਹੁੰਦਾ। ਉਸਦੀ ਪ੍ਰਸੰਨਤਾ ਲੈਣ ਲਈ ਸਾਨੂੰ ਉਹੀ ਕੁੱਝ ਕਰਨਾ ਪਵੇਗਾ ਜੋ ਕੁੱਝ ਉਸ ਨੂੰ ਚੰਗਾ ਲੱਗਦਾ ਹੈ। ਪ੍ਰਮਾਤਮਾ ਨੂੰ ਅਸੀਂ ਸੰਸਾਰਿਕ ਵਿਚਰਨ ਦੁਆਰਾ ਹੀ ਪ੍ਰਸੰਨ ਕਰਨਾ ਹੈ, ਇਸ ਜੀਵਨ ਦੀ ਚੌਪੜ ਰੂਪ ਖੇਡ ਵਿੱਚ ਹੀ ਪ੍ਰਸੰਨ ਕਰਨਾ ਹੈ। ਅਸੀਂ ਆਪਣੇ ਕਰਮ ਧਰਮ ਦਾ ਪ੍ਰਗਟਾਵਾ ਆਪਣੀ ਇਸ ਸੰਸਾਰਿਕ ਵਿਚਰਨ ਦੁਆਰਾ ਹੀ ਕਰਨਾ

ਹੈ ਜੋ ਕਿ ਸੱਚ ਦੁਆਰਾ ਵਿਚਰ ਕੇ ਹੀ ਹੋ ਸਕਦਾ ਹੈ।

{ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥}

(ਅੰਗ ੧੧੮੫)

ਸੱਚ ਦੁਆਰਾ ਵਿਚਰਨਾ ਹੀ ਸਾਡੇ ਸੱਚੇ ਕਰਮ ਹਨ, ਸਾਡਾ ਧਰਮ ਹੈ ਤੇ ਇਹੀ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

ਜਨਮ ਮਰਨ ਦੇ ਗੇੜ ਤੋਂ ਨਿਕਲਣ ਦਾ ਸਾਧਨ ਸਾਡਾ ਇਹਨਾਂ ਔਗੁਣਾਂ ਦਾ ਤਿਆਗ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ। ਉਹ ਸਾਡੇ ਅੰਦਰ ਆਪਣੇ ਗਿਆਨ ਦਾ ਪ੍ਰਕਾਸ਼ ਕਰਕੇ ਸਾਨੂੰ ਅਗਿਆਨਤਾ ਦੇ ਦੁੱਖ ਵਿੱਚੋਂ ਕੱਢਦਾ ਹੈ ਭਾਵ ਸਾਡੇ ਭਰਮ ਦੇ ਤਾਲੇ ਨੂੰ ਆਪਣੀ ਗਿਆਨ ਰੂਪ ਕੁੰਜੀ ਦੇ ਨਾਲ ਖੋਲ ਕੇ ਸਾਡੇ ਉੱਤੇ ਕਿਰਪਾ ਕਰਦਾ ਹੈ।

25/2709

{ਕਾਮ ਕ੍ਰੋਧ ਲੋਭੁ ਮੋਹੁ ਤਜੋ॥ ਜਨਮ ਮਰਨ ਦੁਹੁ ਤੇ ਰਹਿਓ॥੬॥
ਦੂਖੁ ਅੰਧੇਰਾ ਘਰ ਤੇ ਮਿਟਿਓ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥੭॥}

(ਅੰਗ ੨੪੧)

ਸਾਡੇ ਮਨ ਦੇ ਅੰਦਰ ਅੰਧੇਰਾ ਸਾਡੇ ਅੰਦਰ ਹਉਮੈ ਦੇ ਪੜਦੇ ਦੁਆਰਾ ਹੀ ਹੈ ਤੇ ਪ੍ਰਮਾਤਮਾ ਜਿਸ ਦਾ ਉਹ ਇਹ ਹਉਮੈ ਰੂਪ ਪੜਦਾ ਦੂਰ ਕਰਦਾ ਹੈ ਉਸਦੇ ਅੰਦਰ ਆਪਣੇ ਗਿਆਨ ਦਾ ਦੀਪ ਹੀ ਬਾਲਦਾ ਹੈ ਜਿਸ ਦੁਆਰਾ ਉਹ ਮਨੁੱਖ ਤੇ ਆਪਣੀ ਕਿਰਪਾ ਕਰਦਾ ਹੈ ਤੇ ਉਸ ਨੂੰ ਸੱਚ ਦੀ ਸੋਝੀ ਪਾਉਂਦਾ ਹੈ। ਸੱਚ ਦੀ ਸੋਝੀ ਪੈਣ ਤੋਂ ਬਾਅਦ ਫਿਰ ਮਨੁੱਖ ਵਿਕਾਰੀ ਨਹੀਂ ਰਹਿੰਦਾ ਤੇ ਮਨ ਦੀ ਸੱਚੀ ਸੋਝੀ ਦੁਆਰਾ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਭਾਵ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ।

ਜਦ ਤੱਕ ਸਾਡੇ ਅੰਦਰ ਹਉਮੈ ਰੂਪ ਪੜਦਾ ਹੈ ਇਸ ਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਪੈ ਸਕਦੀ ਤੇ ਅਸੀਂ ਉਸ ਗੱਲ ਵਿੱਚ ਭਗਤੀ ਸਮਝਦੇ ਹਾਂ ਜਿਸ ਵਿੱਚ ਭਗਤੀ ਹੈ ਹੀ ਨਹੀਂ ਭਾਵ ਸਾਨੂੰ ਭਗਤੀ ਦਾ ਮਨੋਰਥ ਹੀ ਸਮਝ ਨਹੀਂ ਪੈਂਦਾ ਕਿ ਭਗਤੀ ਦਾ ਮਕਸਦ ਕੀ ਹੈ। ਭਗਤੀ ਦਾ ਮਕਸਦ ਮਨ ਦੇ ਅੰਦਰ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਸਮਝ ਆਉਂਦਾ ਹੈ, ਸ਼ਬਦ ਦੇ ਪ੍ਰਕਾਸ਼ ਦੁਆਰਾ ਹੀ ਸਮਝ ਆਉਂਦਾ ਹੈ ਜਦੋਂ ਮਨ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਸੱਚ ਦੀ ਸੋਝੀ ਪਾਉਂਦਾ ਹੈ। ਹਉਮੈ ਦੇ ਖ਼ਤਮ ਹੋਏ ਬਿਨ੍ਹਾਂ ਕਿਸੇ ਨੂੰ ਵੀ ਸੱਚ ਦੀ ਸੋਝੀ ਨਹੀਂ ਹੈ ਭਾਵ ਕਿਸੇ ਨੂੰ ਵੀ ਸ਼ਬਦ ਦੇ ਮਕਸਦ ਦੀ ਸੋਝੀ ਨਹੀਂ ਪੈਂਦੀ, ਗੁਰੂ ਦੇ ਮਕਸਦ ਦੀ ਸੋਝੀ ਨਹੀਂ ਪੈਂਦੀ ਕਿ ਗੁਰੂ ਨੇ ਸ਼ਬਦਾਂ ਰਾਹੀਂ ਸਾਨੂੰ ਕੀ ਮਨੋਰਥ ਸਮਝਾਇਆ ਹੈ। ਸ਼ਬਦ ਦੇ ਮਕਸਦ ਨੂੰ ਸਮਝੇ ਬਿਨ੍ਹਾਂ ਅਸੀਂ ਸ਼ਬਦਾਂ ਦੀ ਕਥਨੀ ਵਿੱਚ ਹੀ ਲੱਗੇ ਰਹਿੰਦੇ ਹਾਂ, ਧਰਮ ਗ੍ਰੰਥਾਂ ਨੂੰ ਵਾਰ-ਵਾਰ ਪੜ੍ਹਨ ਸੁਣਨ ਵਿੱਚ ਹੀ ਲੱਗੇ ਰਹਿੰਦੇ ਹਾਂ, ਕਿਸੇ ਸ਼ਬਦ ਦਾ, ਅੱਖਰ ਦਾ ਜਪ ਕਰਨ ਵਿੱਚ ਹੀ ਲੱਗੇ ਰਹਿੰਦੇ ਹਾਂ ਪਰ ਇਹ ਸ਼ਬਦ ਦਾ ਮਕਸਦ ਨਹੀਂ ਹੈ ਤੇ ਇਸ ਨੂੰ ਨਾ ਸਮਝਣ ਦਾ ਕਾਰਨ ਸਾਡੀ ਹਉਮੈ ਹੈ, ਅਗਿਆਨਤਾ ਹੈ। ਸ਼ਬਦ ਸਾਨੂੰ ਜੋ ਵੀ ਸੋਝੀ ਪਾਉਂਦਾ ਹੈ ਭਾਵ ਸ਼ਬਦ ਆਪਣੀ ਸੋਝੀ ਦੁਆਰਾ ਸਾਨੂੰ ਜੋ ਸੱਚ ਸਮਝਾਉਂਦਾ ਹੈ ਉਹ ਨਾਮ ਹੈ। ਸ਼ਬਦ ਦੇ ਮਨੋਰਥ ਨੂੰ ਜਪਣਾ ਨਾਮ ਜਪਣਾ ਹੈ ਪਰ ਹਉਮੈ ਵਿੱਚ ਰਹਿੰਦਿਆਂ ਅਸੀਂ ਨਾਮ ਦੇ ਮਨੋਰਥ ਨੂੰ ਸਮਝਣ ਵਿੱਚ ਅਸਮਰੱਥ ਰਹਿੰਦੇ ਹਾਂ ਤੇ ਉਹੋ ਜਿਹਾ ਨਾਮ ਜਪਦੇ ਹਾਂ ਜੋ ਅਸਲ ਵਿੱਚ ਨਾਮ ਨਹੀਂ ਹੈ ਜਿਸ ਦਾ ਕਾਰਨ ਸਾਡੀ ਅੰਦਰ ਦੀ ਹਉਮੈ ਹੈ। ਹਉਮੈ ਅਤੇ ਨਾਮ ਇੱਕ ਦੂਸਰੇ ਤੋਂ ਪੁੱਠੇ ਪਾਸੇ ਹਨ। ਨਾਮ ਸਾਨੂੰ ਸੱਚ ਸਮਝਾਉਂਦਾ ਹੈ, ਸੱਚ ਤੇ ਚਲਾਉਣਾ ਚਾਹੁੰਦਾ ਹੈ ਤੇ ਹਉਮੈ ਸਾਨੂੰ ਸੱਚ ਦੇ ਉਲਟ ਸਿਖਾਉਂਦੀ ਹੈ ਤੇ ਸੱਚ ਤੋਂ ਉਲਟ ਚਲਾਉਂਦੀ ਹੈ। ਇਹ ਹੀ ਹਉਮੈ ਤੇ ਨਾਮ ਦਾ ਵਿਰੋਧ ਹੈ। ਇਹ ਦੋਨੋਂ ਸਾਡੇ ਮਨ ਦੀਆਂ ਅਵੱਸਥਾਵਾਂ ਹੀ ਹਨ ਜੋ ਕਿ ਇਕੱਠੀਆਂ ਨਹੀਂ ਰਹਿ ਸਕਦੀਆਂ। ਜਿੱਥੇ ਹਉਮੈ ਹੈ ਉੱਥੇ ਨਾਮ ਨਹੀਂ ਹੈ ਤੇ ਜਿੱਥੇ ਨਾਮ ਹੈ ਉੱਥੇ ਹਉਮੈ ਟਿਕ ਹੀ ਨਹੀਂ ਸਕਦੀ। ਸਾਡੇ ਅੰਦਰੋਂ ਹਉਮੈ ਮਰਨ ਦੁਆਰਾ ਹੀ ਮਨੁੱਖ ਸੱਚਾ ਬਣ ਸਕਦਾ ਹੈ ਭਾਵ ਨਾਮ ਵਾਲਾ ਬਣ ਸਕਦਾ ਹੈ ਤੇ ਉਸ ਨੂੰ ਸ਼ਬਦ ਦਾ ਮਕਸਦ ਸਮਝ ਆ ਸਕਦਾ

25/2710

ਹੈ ਕਿ ਸ਼ਬਦ ਨੂੰ ਜਪਣਾ ਕੀ ਹੈ, ਨਾਮ ਨੂੰ ਜਪਣਾ ਕੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਬੜੇ ਸਪੱਸ਼ਟ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।

{ਸੋ ਜਨੁ ਸਾਚਾ ਜਿ ਹਉਮੈ ਮਾਰੈ॥ ਗੁਰ ਕੈ ਸਬਦਿ ਪੰਚ ਸੰਘਾਰੈ॥ ਆਪਿ ਤਰੈ ਸਗਲੇ ਕੁਲ ਤਾਰੈ॥੪॥}

(ਅੰਗ ੨੩੦)

ਬੜੇ ਹੀ ਧਿਆਨ ਨਾਲ ਸਮਝੋ ਕਿ ਹਉਮੈ ਦਾ ਮਾਰਨਾ ਕੀ ਹੈ ਤੇ ਗੁਰੂ ਦੇ ਸ਼ਬਦ ਦਾ ਮਕਸਦ ਕੀ ਹੈ। ਬਿਨ੍ਹਾਂ ਹਉਮੈ ਮਰਨ ਦੇ ਕਿਸੇ ਨੂੰ ਸੱਚ ਦੀ ਸੋਝੀ ਨਹੀਂ ਪੈਂਦੀ ਭਾਵ ਗੁਰਮਤਿ ਦੀ ਸੋਝੀ ਨਹੀਂ ਪੈਂਦੀ, ਭਗਤੀ ਦੀ ਸੋਝੀ ਨਹੀਂ ਪੈਂਦੀ, ਨਾਮ ਦੀ ਸੋਝੀ ਨਹੀਂ ਪੈਂਦੀ ਕਿ ਸੱਚ ਕੀ ਹੈ। ਜੋ ਸਾਡੀ ਹਉਮੈ ਮਾਰਦਾ ਹੈ ਭਾਵ ਜੋ ਸਾਨੂੰ ਅਗਿਆਨਤਾ ਦੇ ਪੜਦੇ ਵਿੱਚੋਂ ਕੱਢਦਾ ਹੈ ਭਾਵ ਪ੍ਰਮਾਤਮਾ ਦਾ ਸਾਨੂੰ ਇਸ ਹਉਮੈ ਦੇ ਪੜਦੇ ਵਿੱਚੋਂ ਕੱਢਣ ਦਾ ਮਕਸਦ ਸਾਨੂੰ ਸੱਚ ਸਮਝਾਉਣ ਲਈ ਹੀ ਹੈ, ਆਪਣੀ ਭਗਤੀ ਸਮਝਾਉਣ ਲਈ ਹੀ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਸ ਨੂੰ ਹਉਮੈ ਦੇ ਪੜਦੇ ਵਿੱਚੋਂ ਹੀ ਕੱਢਦਾ ਹੈ ਤੇ ਉਸਨੂੰ ਹੀ ਸ਼ਬਦ ਦੇ ਮਕਸਦ ਦੀ ਸੋਝੀ ਪੈਂਦੀ ਹੈ ਕਿ ਇਸ ਦਾ ਸਾਡੇ ਜੀਵਨ ਵਿੱਚ ਕੀ ਮਕਸਦ ਹੈ। ਮਕਸਦ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਗੁਰੂ ਦੇ ਸ਼ਬਦ ਦੁਆਰਾ ਸਿੱਖਿਆ ਲੈ ਕੇ ਉਸ ਨੂੰ ਮੰਨਣਾ ਹੈ। ਸ਼ਬਦ ਰਾਹੀਂ ਗੁਰੂ ਸਾਹਿਬ ਸਾਨੂੰ ਵਾਰ-ਵਾਰ ਇਹ ਗੱਲ ਸਮਝਾਉਂਦੇ ਹਨ ਕਿ ਆਪਣੇ ਅੰਦਰ ਦੇ ਇਹਨਾਂ ਪੰਜੇ ਦੂਤਾਂ ਨੂੰ ਮਾਰੋ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਮਾਰੋ ਜੋ ਸਾਡੇ ਜੀਵਨ ਦੀ ਵਿਚਰਨ ਨੂੰ ਖਰਾਬ ਕਰਦੇ ਹਨ ਭਾਵ ਸੱਚ ਤੋਂ ਦੂਰ ਕਰਦੇ ਹਨ, ਨਾਮ ਤੋਂ ਦੂਰ ਕਰਦੇ ਹਨ। ਸ਼ਬਦ ਰਾਹੀਂ ਗੁਰੂ ਸਾਹਿਬ ਸਾਨੂੰ ਗੁਰਮਤਿ ਹੀ ਸਮਝਾਉਂਦੇ ਹਨ ਤੇ ਗੁਰਮਤਿ ਦਾ ਮਕਸਦ ਉਹੀ ਹੈ ਜੋ ਸ਼ਬਦ ਦਾ ਮਕਸਦ ਹੈ ਭਾਵ ਇਹਨਾਂ ਔਗੁਣਾਂ ਨੂੰ ਮਾਰਨ ਦਾ ਹੀ ਹੈ, ਸਾਨੂੰ ਸੱਚੇ ਸੁੱਚੇ ਇਨਸਾਨ ਬਣਾਉਣ ਦੇ ਨਾਲ ਹੀ ਹੈ, ਨਾਮ ਵਾਲੇ ਇਨਸਾਨ ਬਣਾਉਣ ਨਾਲ ਹੀ ਹੈ ਜਿਸ ਦੇ ਵਿੱਚ ਰੁਕਾਵਟ ਸਾਡੀ ਹਉਮੈ ਹੈ ਭਾਵ ਸਾਡੀ ਨਾਸਮਝੀ ਹੈ, ਭਰਮ ਹੈ। ਜਿਸ ਦਾ ਪ੍ਰਮਾਤਮਾ ਇਹ ਭਰਮ ਕੱਢ ਦਿੰਦਾ ਹੈ ਉਸ ਨੂੰ ਗੁਰਮਤਿ ਦੇ ਸੱਚ ਦੀ ਸੋਝੀ ਪੈ ਜਾਂਦੀ ਹੈ ਤੇ ਗੁਰਮਤਿ ਦੀ ਸੋਝੀ ਵਾਲਾ ਇਹਨਾਂ ਪੰਜਾਂ ਔਗੁਣਾਂ ਤੋਂ ਦੂਰ ਰਹਿੰਦਾ ਹੈ ਭਾਵ ਗੁਰਮਤਿ ਦੇ ਸੱਚ ਅਨੁਸਾਰ ਵਿਚਰਦਾ ਹੈ ਭਾਵ ਆਪਣੀ ਹਰ ਕਰਣੀ ਵਿੱਚ ਨਾਮ ਜਪਦਾ ਹੈ, ਸ਼ਬਦ ਦਾ ਵਿਚਾਰੀ ਬਣ ਕੇ ਵਿਚਰਦਾ ਹੈ। **(ਸੋ ਜਨੁ ਸਾਚਾ ਜਿ ਹਉਮੈ ਮਾਰੈ॥ ਗੁਰ ਕੈ ਸਬਦਿ ਪੰਚ ਸੰਘਾਰੈ॥)**

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥}

(ਅੰਗ ੧੪੧੪)

25/2711

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ॥ ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

ਸਾਡੇ ਜੀਵਨ ਦਾ ਮਨੋਰਥ ਇਸ ਸੰਸਾਰ ਸਾਗਰ ਤੋਂ, ਭਵਸਾਗਰ ਤੋਂ, ਮਾਇਆ ਮੋਹ ਦੇ ਸਾਗਰ ਤੋਂ ਤਰਨ ਦਾ ਹੀ ਹੈ ਜੋ ਕਿ ਸਾਡੇ ਮਨ ਦੇ ਮਾੜੇ ਵਿਚਾਰਾਂ ਦੇ ਰੂਪ ਵਿੱਚ ਹੈ, ਔਗੁਣਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੇ ਰੂਪ ਵਿੱਚ ਹੈ ਜੋ ਕਿ ਸਾਡੇ ਅੰਦਰ ਨਾਮ ਦੇ ਚੋਰਾਂ ਦੇ ਰੂਪ ਵਿੱਚ ਹੈ, ਗੁਣਾਂ ਦੇ ਚੋਰਾਂ ਦੇ ਰੂਪ ਵਿੱਚ ਹੈ, ਸੱਚ ਦੇ, ਗੁਰਮਤਿ ਦੇ ਚੋਰਾਂ ਦੇ ਰੂਪ ਵਿੱਚ ਹੈ ਤੇ ਇਹਨਾਂ ਚੋਰਾਂ ਨੂੰ ਪਕੜਨਾ ਭਾਵ ਆਪਣੇ ਅੰਦਰੋਂ ਮਾੜੇ ਵਿਚਾਰਾਂ ਨੂੰ ਮਾਰਨਾ ਹੀ ਇਸ ਮਾਇਆ

ਮੋਹ ਦੇ ਸਾਗਰ ਤੋਂ ਤਰਨਾ ਹੈ ਤੇ ਤਾਂ ਹੀ ਕੋਈ ਨਾਮ ਜਪ ਸਕਦਾ ਹੈ। ਇਹੋ ਜਿਹਾ ਨਾਮ ਜਪਣ ਦੁਆਰਾ ਹੀ ਅਸੀਂ ਤਰ ਸਕਦੇ ਹਾਂ ਭਾਵ ਸਾਡਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਔਗੁਣਾਂ ਤੋਂ ਰਹਿਤ ਹੋ ਕੇ ਵਿਚਰੀਏ ਤੇ ਇਸ ਮਾਇਆ ਮੋਹ ਦੇ ਸਾਗਰ ਤੋਂ ਤਰ ਸਕੀਏ ਤੇ ਆਵਾਗਉਣ ਤੋਂ ਬਚ ਸਕੀਏ। ਇਹ ਉਸਦੀ ਕਿਰਪਾ ਦੁਆਰਾ ਹੀ ਹੋ ਸਕਦਾ ਹੈ ਪਰ ਉੱਦਮ ਅਸੀਂ ਹੀ ਕਰਨਾ ਹੈ। ਇਸ ਉੱਦਮ ਵਿੱਚ ਰੁਕਾਵਟ ਸਾਡੀ ਹਉਮੈ ਹੀ ਹੈ ਭਾਵ ਸਾਡੀ ਨਾ ਸਮਝੀ ਹੀ ਹੈ ਜਿਸ ਨੇ ਸਾਨੂੰ ਸੱਚ ਤੋਂ ਸਮਝਣ ਤੇ ਅਤੇ ਸੱਚ ਤੇ ਚੱਲਣ ਤੋਂ ਦੂਰ ਰੱਖਿਆ ਹੋਇਆ ਹੈ। ਗੁਰੂ ਇਸ ਅਵੱਸਥਾ ਤੋਂ ਤਰਿਆ ਹੋਇਆ ਹੈ ਕਿਉਂਕਿ ਉਹ ਹਉਮੈ ਵਿੱਚੋਂ ਨਿਕਲਿਆ ਹੋਇਆ ਹੈ ਤੇ ਇਸੇ ਲਈ ਉਹ ਸਾਨੂੰ ਇਸ ਵਿੱਚੋਂ ਤਰਨਾ ਸਿਖਾ ਰਿਹਾ ਹੈ। **(ਸੋ ਜਨੁ ਸਾਚਾ ਜਿ ਹਉਮੈ ਮਾਰੈ॥ ਗੁਰ ਕੈ ਸਬਦਿ ਪੰਚ ਸੰਘਾਰੈ॥ ਆਪਿ ਤਰੈ ਸਗਲੇ ਕੁਲ ਤਾਰੈ॥੪॥)**

ਜੇਕਰ ਧਿਆਨ ਨਾਲ ਸਮਝੋਗੇ ਤੇ ਤਰਨਾ ਅਸੀਂ ਹਉਮੈ ਤੋਂ ਹੀ ਹੈ, ਅਗਿਆਨਤਾ ਤੋਂ, ਮਨਮਤਿ ਤੋਂ, ਭਰਮ ਤੋਂ, ਸਹਸਾ ਤੋਂ, ਦੁਬਿਧਾ ਤੋਂ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਹੀ ਤਰਨਾ ਹੈ ਜਿਸ ਦਾ ਕਾਰਨ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਤੇ ਸੱਚ ਨੂੰ ਸਮਝਣ ਤੋਂ ਤੇ ਉਸ ਦੇ ਚੱਲਣ ਤੋਂ ਦੂਰ ਰਹਿੰਦੇ ਹਾਂ। ਇਸ ਵਿੱਚੋਂ ਤਰਨ ਦਾ ਸਾਧਨ ਕੇਵਲ ਗੁਰੂ ਦਾ ਸੱਚਾ ਗਿਆਨ ਹੈ ਤੇ ਉਸ ਨੂੰ ਸਮਝ ਕੇ ਉਸ ਤੇ ਚੱਲਣ ਦਾ ਉੱਦਮ ਕਰਨਾ ਹੀ ਇਸ ਮਾਇਆ ਮੋਹ ਦੇ ਸਾਗਰ ਤੋਂ ਤਰਨ ਦਾ ਉੱਦਮ ਕਰਨਾ ਹੈ, ਨਾਮ ਜਪਣ ਦਾ ਉੱਦਮ ਕਰਨਾ ਹੈ ਜੋ ਕਿ ਸਾਡੇ ਚੱਲਣ ਲਈ ਸੱਚਾ ਮਾਰਗ ਹੈ, ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਹੈ ਤੇ ਸਾਰੀ ਗੁਰਬਾਣੀ ਰਾਹੀਂ ਇਹ ਮਾਰਗ ਹੀ ਸਮਝਾਇਆ ਹੋਇਆ ਹੈ।

25/2712

ਜਦੋਂ ਸਾਨੂੰ ਇਹ ਗੱਲ ਦ੍ਰਿੜ ਹੋ ਜਾਵੇਗੀ ਕਿ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਸਾਡੇ ਅੰਦਰ ਦਾ ਭਰਮ ਹੀ ਹੈ ਤਾਂ ਫਿਰ ਸਾਡਾ ਉੱਦਮ ਇਹੀ ਹੋਵੇਗਾ ਕਿ ਅਸੀਂ ਭਰਮ ਵਿੱਚੋਂ ਨਿਕਲੀਏ। ਸਭ ਤੋਂ ਪਹਿਲੇ ਸਾਨੂੰ ਇਹ ਮੰਨਣਾ ਪਵੇਗਾ ਕਿ ਅਸੀਂ ਭਰਮ ਵਿੱਚ ਹਾਂ ਕਿਉਂਕਿ ਜਿੰਨ੍ਹਾਂ ਗੱਲਾਂ ਨੂੰ ਅਸੀਂ ਆਪਣੀ ਭਗਤੀ ਸਮਝਦੇ ਹਾਂ ਉਹਨਾਂ ਸਾਰੀਆਂ ਗੱਲਾਂ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਾਡਾ ਭਰਮ ਹੀ ਦੱਸਿਆ ਹੋਇਆ ਹੈ। ਜੇਕਰ ਅਸੀਂ ਇਹ ਮੰਨ ਲਵਾਂਗੇ ਕਿ ਇਹ ਸਾਡਾ ਭਰਮ ਹੀ ਹੈ ਤੇ ਗੁਰੂ ਸਾਨੂੰ ਸੱਚੀ ਗੱਲ ਹੀ ਸਮਝਾ ਰਿਹਾ ਹੈ ਫਿਰ ਅਸੀਂ ਇਸ ਭਰਮ ਵਿੱਚੋਂ ਨਿਕਲ ਜਾਵਾਂਗੇ ਤੇ ਫਿਰ ਆਪਣੀ ਭਗਤੀ ਦੇ ਉਹੋ ਜਿਹੇ ਉਪਰਾਲੇ ਨਹੀਂ ਕਰਾਂਗੇ ਜਿੰਨ੍ਹਾਂ ਤੋਂ ਸਾਨੂੰ ਮਨ੍ਹਾ ਕੀਤਾ ਹੋਇਆ ਹੈ। ਗੁਰਬਾਣੀ ਰਾਹੀਂ ਭਗਤੀ ਸਾਨੂੰ ਉਹਨਾਂ ਨੇ ਹੀ ਸਮਝਾਈ ਹੈ ਜਿੰਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਨੇ ਭਰਮ ਵਿੱਚੋਂ ਕੱਢਿਆ ਹੈ, ਆਪਣੇ ਚੌਥੇ ਪਦ ਦਾ ਗਿਆਨ ਬਖਸ਼ ਕੇ ਕੱਢਿਆ ਹੈ, ਸਹਜ ਦੀ ਅਵੱਸਥਾ ਬਖਸ਼ ਕੇ ਕੱਢਿਆ ਹੈ। ਆਪਣਾ ਭਰਮ ਛੱਡੇ ਬਿਨ੍ਹਾਂ ਭਾਵ ਗੁਰਮਤਿ ਦਾ ਸੱਚ ਅਪਣਾਏ ਬਿਨ੍ਹਾਂ ਪ੍ਰਮਾਤਮਾ ਨੂੰ ਪਾਉਣ ਦਾ ਹੋਰ ਕੋਈ ਸਾਧਨ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਇਹ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਪ੍ਰਮਾਤਮਾ ਨੂੰ ਮਿਲਣ ਦੀ ਕੀ ਵਿਧੀ ਹੈ। **(ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ॥ ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ॥੧॥ਰਹਾਉ ਦੂਜਾ॥੧॥੧੨੨॥)**

ਆਓ ਹੁਣ ਮੁੱਖ ਸ਼ਬਦ ਵੱਲ ਵਾਪਸ ਮੁੜੀਏ ਜਿਸ ਰਾਹੀਂ ਅਸੀਂ ਇਹ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਭਰਮ ਰੂਪ ਪੜਦਾ, ਹਉਮੈ ਰੂਪ ਪੜਦਾ ਕਿਸ ਰੂਪ ਵਿੱਚ ਪਾਇਆ ਹੋਇਆ ਹੈ ਭਾਵ ਉਸਨੇ ਸਾਡੇ ਮਨ ਦੀ ਸੋਝੀ ਨੂੰ, ਮਨ ਦੇ ਸ਼ੀਸ਼ੇ ਨੂੰ ਆਪ ਹੀ ਉਸ ਦੇ ਉੱਤੇ ਜੰਗਾਲ ਲਗਾ ਕੇ ਮੈਲਾ ਕੀਤਾ ਹੋਇਆ ਹੈ, ਭਰਮ ਦਾ ਜੰਗਾਲ ਲਗਾ ਕੇ ਮੈਲਾ ਕੀਤਾ ਹੋਇਆ ਹੈ ਤੇ ਇਸੇ ਲਈ ਉਸ ਪ੍ਰਮਾਤਮਾ ਨੂੰ ਅਸੀਂ ਜਾਨਣ ਤੋਂ ਅਸਮਰੱਥ ਰਹਿੰਦੇ ਹਾਂ ਜੋ ਕਿ ਸਾਡੇ ਅੰਦਰ ਮਨ ਦੇ ਵਿੱਚ ਹੀ ਹੈ ਭਾਵ ਪੜਦੇ ਦੇ ਦੂਸਰੇ ਪਾਸੇ ਹੈ। ਇਹ ਭਰਮ ਦਾ ਪੜਦਾ ਨਿਕਲੇ ਬਿਨ੍ਹਾਂ ਅਸੀਂ ਸਹਜ ਦੀ ਅਵੱਸਥਾ ਵਿੱਚ ਨਹੀਂ ਪਹੁੰਚ ਸਕਦੇ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਪੜਦੇ ਦੇ ਦੂਸਰੇ ਪਾਸੇ ਸਾਡੇ ਅੰਦਰ ਹੀ ਹੈ। ਜਦ ਤੱਕ ਸਾਡੇ ਅੰਦਰ ਇਹ ਪੜਦਾ ਹੈ ਅਸੀਂ ਉਸਦੀ ਦੁਹਾਗਣ ਹਾਂ ਤੇ ਜਦੋਂ ਇਹ ਪੜਦਾ ਦੂਰ ਹੋ ਜਾਂਦਾ ਹੈ ਸਾਨੂੰ ਉਸ "ਸਹਜ" ਰੂਪ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਦੁਆਰਾ ਜੀਵ ਰੂਪ ਇਸਤਰੀ ਉਸਦੀ ਸੁਹਾਗਣ ਬਣ ਜਾਂਦੀ ਹੈ। ਜਦ ਤੱਕ ਅਸੀਂ ਉਸ ਦੀ ਦੁਹਾਗਣ ਹਾਂ ਤਦ ਤੱਕ ਸਾਡੀ ਅਵੱਸਥਾ ਦੁਰਮਤਿ ਵਾਲੀ ਹੈ ਜਿਸ ਦੁਆਰਾ ਸਾਡੇ ਅੰਦਰ ਵਿਕਾਰ ਵੱਸੇ ਰਹਿੰਦੇ ਹਨ। ਸਹਜ ਦੀ ਅਵੱਸਥਾ ਵਿੱਚ ਪੂਰਨ ਗੁਰਮਤਿ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਹ ਗੁਰਮਤਿ ਹੀ ਸਾਡਾ ਪਤੀ ਪਰਮੇਸ਼ਵਰ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ ਤੇ ਉਸ ਦੀ ਸੋਝੀ ਮਨ ਦੇ ਵਿੱਚੋਂ ਇਹ ਭਰਮ ਦਾ ਪੜਦਾ ਨਿਕਲਣ ਦੁਆਰਾ ਹੀ

25/2713

ਪੈਂਦੀ ਹੈ। ਜਿਸ ਦੇ ਅੰਦਰ ਪ੍ਰਮਾਤਮਾ ਦੀ ਪੂਰਨ ਗੁਰਮਤਿ ਹੈ, ਨਾਮ ਹੈ, ਬ੍ਰਹਮ ਗਿਆਨ ਹੈ ਭਾਵ ਚੌਥਾ ਪਦ ਹੈ ਉਹੀ ਪ੍ਰਮਾਤਮਾ ਦੀ ਸੁਹਾਗਣ ਹੈ।

{ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥}

(ਅੰਗ ੧੦੨੨)

ਸਾਡੇ ਵਿੱਚ ਤੇ ਪ੍ਰਮਾਤਮਾ ਵਿੱਚ ਭਰਮ ਦਾ ਹੀ ਪੜਦਾ ਹੈ। ਇਹ ਪੜਦਾ ਮਨਮਤਿ ਤੇ ਗੁਰਮਤਿ ਦਾ ਹੈ। ਮਨਮਤਿ ਦਾ ਭਰਮ ਗੁਰਮਤਿ ਹੀ ਕੱਢਦੀ ਹੈ ਉਹ ਤਾਂ ਹੀ ਨਿਕਲੇਗਾ ਜਦੋਂ ਸਾਨੂੰ ਗੁਰਮਤਿ ਤੇ ਵਿਸ਼ਵਾਸ ਆਵੇਗਾ ਕਿ ਗੁਰਮਤਿ ਰਾਹੀਂ ਪ੍ਰਮਾਤਮਾ ਨੇ ਸਾਨੂੰ ਜੋ ਕੁੱਝ ਵੀ ਸਮਝਾਇਆ ਹੈ ਉਹੀ ਸੱਚ ਹੈ ਤੇ ਜੋ ਗੱਲ ਗੁਰਮਤਿ ਤੇ ਖਰੀ ਨਹੀਂ ਉਤਰਦੀ ਉੱਥੇ ਸੱਚ ਨਹੀਂ ਹੈ ਭਾਵ ਉਹ ਕੱਚੀ ਮਤਿ ਦੀ ਉਪਜ ਹੈ, ਮਨਮਤਿ ਦੀ ਉਪਜ ਹੈ, ਭਰਮ ਦੀ ਉਪਜ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਪਰਾਲਾ ਕਰਨਾ ਹੈ ਤਾਂ ਫਿਰ ਸਾਨੂੰ ਭਰਮ ਵਿੱਚੋਂ ਨਿਕਲਣਾ ਹੀ ਪੈਣਾ ਹੈ, ਕੱਚੀ ਮਤਿ ਵਾਲਿਆਂ ਦੇ ਪਾਏ ਹੋਏ ਭਰਮ ਵਿੱਚੋਂ ਨਿਕਲਣਾ ਹੀ ਪੈਣਾ ਹੈ ਜਿੰਨ੍ਹਾਂ ਕੋਲੋਂ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਸਿੱਖੇ ਹੋਏ ਹਨ, ਨਾਮ ਜਪਣਾ ਸਿੱਖਿਆ ਹੋਇਆ ਹੈ।

ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੈ ਕਿ ਸਾਨੂੰ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜਨਾ ਚਾਹੀਦਾ ਹੈ, ਸ਼ਬਦ ਦੀ ਮਤਿ ਦੇ ਨਾਲ ਜੁੜਨਾ ਚਾਹੀਦਾ ਹੈ ਜੋ ਸਾਨੂੰ ਭਰਮ ਵਿੱਚੋਂ ਕੱਢ ਸਕਦਾ ਹੈ। ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਨੀਚੇ ਫਿਰ ਤੋਂ ਲਿਖਿਆ ਜਾ ਰਿਹਾ ਹੈ ਤਾਂ ਜੋ ਅਸੀਂ ਪਹਿਲੇ ਪਦਿਆਂ ਦੇ ਭਾਵ ਦੇ ਨਾਲ ਵੀ ਜੁੜੇ ਰਹੀਏ ਜਿੰਨ੍ਹਾਂ ਨੂੰ ਪਹਿਲੇ ਅਸੀਂ ਸਮਝ ਚੁੱਕੇ ਹਾਂ।

“ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ॥
ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ॥੪॥
ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ॥ ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ॥
ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ॥੫॥
ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥ ਦੂਜਾ ਭਰਮੁ ਗੁਰ ਸਬਦਿ ਜਲਾਏ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ॥੬॥
ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥ ਗੁਰਮੁਖਿ ਪਾਏ ਮੋਖ ਦੁਆਰੁ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ॥੭॥
ਸਤਿਗੁਰੁ ਦਾਤਾ ਮਿਲੈ ਮਿਲਾਇਆ॥ ਪੂਰੈ ਭਾਗਿ ਮਨਿ ਸਬਦੁ ਵਸਾਇਆ॥
ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥੮॥੯॥੧੦॥”

(ਅੰਗ ੧੧੫)

25/2714

ਅਸੀਂ ਉਪਰਲੇ ਸ਼ਬਦ ਵਿੱਚ ਪਹਿਲੇ ਤਿੰਨ ਪਦਿਆਂ ਨੂੰ ਭਾਵ ਤੀਜੇ, ਚੌਥੇ ਤੇ ਪੰਜਵੇ ਪਦੇ ਨੂੰ ਪਿੱਛੇ ਸਮਝ ਚੁੱਕੇ ਹਾਂ ਤੇ ਅਗਲੇ ਪਦਿਆਂ ਨੂੰ ਹੁਣ ਸਮਝਣਾ ਹੈ।

“ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥ ਦੂਜਾ ਭਰਮੁ ਗੁਰ ਸਬਦਿ ਜਲਾਏ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ॥੬॥”

ਪਹਿਲੇ ਪਦਿਆਂ ਰਾਹੀਂ ਅਸੀਂ ਹਉਮੈ ਨੂੰ ਸਮਝਿਆ ਹੈ ਤੇ ਉਸ ਨੂੰ ਦੂਰ ਕਰਨ ਦਾ ਤਰੀਕਾ ਸਮਝਿਆ ਹੈ ਤੇ ਇਹੀ ਗੱਲ

ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਆਪਣੀ ਹਉਮੈ ਨੂੰ ਕਿਵੇਂ ਮਿਟਾਉਣਾ ਹੈ ਭਾਵ ਆਪਣੇ ਅੰਦਰ ਦੇ ਭਰਮ ਨੂੰ ਕਿਵੇਂ ਦੂਰ ਕਰਨਾ ਹੈ। ਸਾਨੂੰ ਭਰਮ ਵਿੱਚੋਂ ਕੱਢਣ ਦਾ ਇੱਕੋ ਇੱਕ ਤਰੀਕਾ ਗੁਰੂ ਦਾ ਸ਼ਬਦ ਹੈ ਜੋ ਆਪ ਭਰਮ ਤੋਂ ਰਹਿਤ ਹੈ। ਸ਼ਬਦ ਦਾ ਗਿਆਨ ਭਾਵ ਸ਼ਬਦ ਦੁਆਰਾ ਪਾਈ ਹੋਈ ਸੋਝੀ ਨਾਮ ਹੈ ਤੇ ਸਾਡੇ ਅੰਦਰ ਸ਼ਬਦ ਦੀ ਸੋਝੀ ਵੱਸਣ ਦੁਆਰਾ ਹੀ ਸਾਡਾ ਭਰਮ ਮਿਟ ਸਕਦਾ ਹੈ, ਦੂਜਾ ਭਾਉ ਮਿਟ ਸਕਦਾ ਹੈ। ਗੁਰੂ ਦੇ ਸ਼ਬਦ ਦੇ ਨਾਲ ਲਿਵ ਜੋੜਨੀ ਭਾਵ ਸ਼ਬਦ ਦੀ ਸੋਝੀ ਦੇ ਨਾਲ ਲਿਵ ਜੋੜਨੀ ਹੀ ਗੁਰੂ ਦੇ ਸੱਚ ਦੇ ਨਾਲ, ਨਾਮ ਦੇ ਨਾਲ ਆਪਣੀ ਲਿਵ ਜੋੜਨੀ ਹੈ ਤੇ ਇਹੀ ਉਸ ਇੱਕ ਪ੍ਰਮਾਤਮਾ ਦੇ ਨਾਲ ਲਿਵ ਜੋੜਨੀ ਹੈ। ਜੋ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ ਉਹ ਕੇਵਲ ਉਸ ਦੀ ਇੱਕੋ ਇੱਕ ਮਤਿ ਦੇ ਨਾਲ ਹੀ ਲਿਵ ਜੋੜ ਕੇ ਰੱਖਦਾ ਹੈ ਤੇ ਇਸੇ ਲਈ ਉਹ ਭਰਮ ਤੋਂ ਰਹਿਤ ਹੈ, ਹਉਮੈ ਤੋਂ ਰਹਿਤ ਹੈ। ਸਾਡੇ ਅੰਦਰ ਭਰਮ ਦੀ ਜੜ੍ਹ ਗੁਰਮਤਿ ਦੀ, ਸ਼ਬਦ ਦੀ ਸੋਝੀ ਦੇ ਨਾਲੋਂ ਦੂਰੀ ਹੈ ਤੇ ਸਾਡੇ ਅੰਦਰੋਂ ਇਹ ਭਰਮ ਦੀ ਜੜ੍ਹ ਤਾਂ ਹੀ ਪੁੱਟੀ ਜਾ ਸਕਦੀ ਹੈ ਜੇਕਰ ਅਸੀਂ ਕੇਵਲ ਸ਼ਬਦ ਦੀ ਮਤਿ ਦੇ ਨਾਲ ਜੁੜਦੇ ਹਾਂ, ਨਾਮ ਦੀ ਮਤਿ ਦੇ ਨਾਲ ਜੁੜਦੇ ਹਾਂ। ਸਾਡੀ ਹਉਮੈ ਨਾਮ ਨੇ ਹੀ ਕੱਢਣੀ ਹੈ, ਸ਼ਬਦ ਨੇ ਹੀ ਕੱਢਣੀ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ। ਜੇਕਰ ਅਸੀਂ ਆਪਣੀ ਸੋਝੀ ਦਾ ਸ੍ਰੋਤ ਉਹਨਾਂ ਨੂੰ ਬਣਾਇਆ ਹੋਇਆ ਹੈ ਜਿੰਨ੍ਹਾਂ ਦੇ ਅੰਦਰ ਸ਼ਬਦ ਦੀ ਮਤਿ ਨਹੀਂ ਹੈ, ਨਾਮ ਦੀ ਮਤਿ ਨਹੀਂ ਹੈ, ਸੱਚ ਦੀ ਮਤਿ ਨਹੀਂ ਹੈ ਤੇ ਫਿਰ ਸਾਡਾ ਭਰਮ ਜਾ ਵੀ ਕਿਵੇਂ ਸਕਦਾ ਹੈ, ਸਾਡੀ ਹਉਮੈ, ਸਾਡੀ ਮਨਮਤਿ ਨਿਕਲ ਕਿਵੇਂ ਸਕਦੀ ਹੈ ਤੇ ਸਾਡੇ ਮਨ ਦਾ ਪੜਦਾ ਦੂਰ ਕਿਵੇਂ ਹੋ ਸਕਦਾ ਹੈ। ਅਸੀਂ ਮਤਿ ਉਹਨਾਂ ਕੋਲੋਂ ਲਈ ਹੋਈ ਹੈ ਜੋ ਖੁਦ ਪੜਦੇ ਵਿੱਚ ਹਨ। ਹਉਮੈ ਸਾਡੀ ਭਰਮ ਦੇ

25/2715

ਦੂਰ ਹੋਣ ਨਾਲ ਹੀ ਜਾਣੀ ਹੈ, ਨਾਮ ਦੀ ਪ੍ਰਾਪਤੀ ਹੋਣ ਦੁਆਰਾ ਹੀ ਜਾਣੀ ਹੈ, ਸੱਚ ਦੀ ਪ੍ਰਾਪਤੀ ਹੋਣ ਦੁਆਰਾ ਹੀ ਜਾਣੀ ਹੈ ਭਾਵ ਇਹ ਉਹ ਵਣਜ ਹੈ, ਵਪਾਰ ਹੈ ਜਿਸ ਵਣਜ ਲਈ ਅਸੀਂ ਇਸ ਸੰਸਾਰ ਵਿੱਚ ਆਏ ਹਾਂ। ਇਸ ਵਣਜ ਦਾ ਵਪਾਰ ਸਾਡੇ ਅੰਦਰ ਹੀ ਹੁੰਦਾ ਹੈ, ਮਨ ਦੇ ਵਿੱਚ ਹੀ ਹੁੰਦਾ ਹੈ ਜੋ ਕਿ ਪ੍ਰਮਾਤਮਾ ਦੀ ਰਜ਼ਾ ਦੇ ਨਾਲ ਹੀ ਹੁੰਦਾ ਹੈ। ਇਹ ਸੱਚ ਦਾ ਵਪਾਰ ਹੈ ਜਿਸ ਦੁਆਰਾ ਸਾਨੂੰ ‘‘ਸੱਚੁ’’ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ‘‘ਨਾਮੁ ਨਿਧਾਨੁ’’ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦਾ ਖਜ਼ਾਨਾ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਖਜ਼ਾਨਾ ਹੈ ਜੋ ਸੱਚ ਦੁਆਰਾ ਵਿਚਰ ਕੇ ਮਿਲਦਾ ਹੈ ਤੇ ਸੱਚ ਕੇਵਲ ਗੁਰੂ ਦੇ ਸ਼ਬਦ ਦੇ ਕੋਲ ਹੈ, ਸ਼ਬਦ ਦੀ ਮਤਿ ਦੇ ਕੋਲ ਹੈ। ਜੇਕਰ ਅਸੀਂ ਸ਼ਬਦ ਦੀ ਮਤਿ ਦੇ ਨਾਲ ਜੁੜ ਕੇ ਭਾਵ ਉਸ ਅਨੁਸਾਰ ਵਿਚਰ ਕੇ ਇਸ ਖਜ਼ਾਨੇ ਦੀ ਪ੍ਰਾਪਤੀ ਦਾ ਉੱਦਮ ਕਰਾਂਗੇ ਤੇ ਤਾਂ ਹੀ ਇਸ ਖਜ਼ਾਨੇ ਨੂੰ ਪਾ ਸਕਾਂਗੇ, ‘‘ਸਚੁ’’ ਰੂਪ ‘‘ਨਾਮੁ ਨਿਧਾਨੁ’’ ਨੂੰ ਪਾ ਸਕਾਂਗੇ। ਸ਼ਬਦ ਦੀ ਮਤਿ ਨੂੰ ਛੱਡ ਕੇ, ਕਿਸੇ ਭਰਮ ਵਾਲੇ ਦੀ ਮਤਿ ਦੇ ਨਾਲ ਜੁੜ ਕੇ ਅਸੀਂ ਇਹ ‘‘ਸਚੁ’’ ਰੂਪ ਖਜ਼ਾਨਾ ਨਹੀਂ ਪਾ ਸਕਦੇ, ‘‘ਨਾਮੁ’’ ਰੂਪ ਖਜ਼ਾਨਾ ਨਹੀਂ ਪਾ ਸਕਦੇ ਜਿਸ ਨੇ ਸਾਨੂੰ ਹਉਮੈ ਵਿੱਚੋਂ ਕੱਢਣਾ ਹੈ, ਭਰਮ ਵਿੱਚੋਂ ਕੱਢਣਾ ਹੈ, ਬੰਧਨ ਵਿੱਚੋਂ ਕੱਢਣਾ ਹੈ। **(ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥ ਦੂਜਾ ਭਰਮੁ ਗੁਰ ਸਬਦਿ ਜਲਾਏ॥ ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ॥੬॥)**

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥
ਬਿਨੁ ਸਬਦੈ ਭਰਮੁ ਨ ਚੁਕਈ ਨਾ ਵਿਚਹੁ ਹਉਮੈ ਜਾਇ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ॥੭॥}

(ਅੰਗ ੬੭)

25/2716

ਹਉਮੈ ਦੇ ਬੰਧਨ ਨੂੰ ਸਮਝਣ ਲਈ ਸਾਡੇ ਲਈ ਇਹ ਵੀ ਜਰੂਰੀ ਹੈ ਕਿ ਅਸੀਂ ਆਪਣੇ ਅੰਦਰ ਵਰਤ ਰਹੀ ਮਾਇਆ ਦੀ ਜੁਗਤਿ ਨੂੰ ਸਮਝੀਏ ਜਿਸ ਨੂੰ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਵਿਚਾਰਿਆ ਹੈ। ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ, ਹਉਮੈ ਵਾਲੀ ਅਵੱਸਥਾ ਸਾਨੂੰ ਦੁਬਿਧਾ ਵਿੱਚ ਰੱਖਣ ਵਾਲੀ ਅਵੱਸਥਾ ਸਾਡੇ ਅੰਦਰ ਚੱਲ ਰਹੀ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ। ਸਭ ਦੇ ਅੰਦਰ ਆਪਣੀ ਮਾਇਆ ਦੀ ਜੁਗਤਿ ਪਾ ਕੇ ਦੁੱਖ ਸੁੱਖ ਦੇ ਬੰਧਨ ਵਿੱਚ ਰੱਖਿਆ ਹੋਇਆ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਵਿੱਚ ਦੁੱਖ ਸੁੱਖ ਨਾਲ ਨਾਲ ਹੀ ਚੱਲਦੇ ਹਨ। ਮਾਇਆ ਦੀ ਪ੍ਰਾਪਤੀ ਰਾਹੀਂ ਅਸੀਂ ਸੁੱਖ ਮਹਿਸੂਸ ਕਰਦੇ ਹਾਂ ਕਿਉਂਕਿ ਇਸ ਦੁਆਰਾ ਸਾਡੀਆਂ ਖੁਹਾਇਸ਼ਾਂ, ਆਸ਼ਾਵਾਂ, ਤ੍ਰਿਸ਼ਨਾਵਾਂ ਦੀ ਪੂਰਤੀ ਹੁੰਦੀ ਹੈ ਕਿਉਂਕਿ ਪ੍ਰਮਾਤਮਾ ਦੀ ਬਣਾਈ ਹੋਈ ਮਾਇਆ ਸਭ ਨੂੰ ਭਾਉਂਦੀ ਹੈ ਤੇ ਮਾਇਆ ਦੀ ਪ੍ਰਾਪਤੀ ਨਾ ਹੋਣ ਨਾਲ, ਆਪਣੀਆਂ ਆਸ਼ਾਵਾਂ ਦੀ ਪ੍ਰਾਪਤੀ ਨਾ ਹੋਣ ਨਾਲ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ। ਸਭ ਦੇ ਅੰਦਰ ਪ੍ਰਮਾਤਮਾ ਨੇ ਇਹ ਮਾਇਆ ਦੀ ਜੁਗਤਿ ਪਾ ਕੇ ਸੰਸਾਰ ਨੂੰ ਧੰਦੇ ਲਾਇਆ ਹੋਇਆ ਹੈ ਜਿਸ ਦੁਆਰਾ ਉਸਦੀ ਖੇਡ ਚੱਲ ਰਹੀ ਹੈ ਤੇ ਇਸ ਖੇਡ ਨੂੰ ਚਲਾਉਣ ਵਾਲਾ ਕੌਣ ਹੈ ਇਸ ਨੂੰ ਜਾਣਣ ਵਿੱਚ ਹਰ ਕੋਈ ਭਰਮ ਵਿੱਚ ਹੀ ਰਹਿੰਦਾ ਹੈ। ਆਪਣੀ ਮਾਇਆ ਦੀ ਜੁਗਤਿ ਦੁਆਰਾ ਉਸਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਮਨ ਦੇ ਵਿਚਾਰਾਂ ਰਾਹੀਂ ਭਰਮ ਵਿੱਚ ਰੱਖਿਆ ਹੋਇਆ ਹੈ। ਇਸ ਮਾਇਆ ਦੀ ਜੁਗਤਿ ਦੇ ਅੰਦਰ ਵਰਤਦੇ ਹੋਏ ਅਸੀਂ ਜੋ ਕੁੱਝ ਕਰਮ ਕਰਦੇ ਹਾਂ ਉਹ ਸਾਡੀ ‘‘ਹਉਮੈ’’ ਹੈ ਭਾਵ ਕਰਮ ਅਸੀਂ ਕਰਦੇ ਹਾਂ ਪਰ ਸਾਡੇ ਕੋਲੋਂ ਕਰਵਾਉਣ ਵਾਲਾ ਕੌਣ ਹੈ ਇਸ ਨੂੰ ਸਮਝਣ ਵਿੱਚ ਅਸੀਂ ਅਸਮਰੱਥ ਰਹਿੰਦੇ ਹਾਂ। ਸਾਡੇ ਕੋਲੋਂ ਕਰਮ ਕਰਵਾਉਣ ਵਾਲਾ ਉਹ ‘‘ਤੂੰ’’ ਹੈ ਪਰ ਸਾਨੂੰ ਇਹ ਲੱਗਦਾ ਹੈ ਕਿ ਇਹ ਕਰਮ ‘‘ਮੈਂ’’ ਕੀਤਾ ਹੈ। ਇਹ ਸਾਡੀ ਹਉਮੈ ਹੈ ਜਿਸ ਦੁਆਰਾ ਅਸੀਂ ‘‘ਤੂੰ’’ ਨੂੰ ‘‘ਮੈਂ’’ ਸਮਝਦੇ ਹਾਂ। ਇਸ ਵਿੱਚ ਸਾਡਾ ਕੋਈ ਦੋਸ਼ ਨਹੀਂ ਹੈ ਕਿਉਂਕਿ ਸਾਡੇ ਅੰਦਰ ਮਾਇਆ ਦੀ ਜੁਗਤਿ ਪਾ ਕੇ ਪ੍ਰਮਾਤਮਾ ਨੇ ਆਪ ਹੀ ਸਾਨੂੰ ਇਸ ਭਰਮ ਵਿੱਚ ਰੱਖਿਆ ਹੋਇਆ ਹੈ ਕਿਉਂਕਿ ਉਸਦੀ ਖੇਡ ਇਸ ਜੁਗਤਿ ਦੁਆਰਾ ਹੀ ਚੱਲਦੀ ਹੈ। ਅਸੀਂ ਉਸਦਾ ਆਪਣਾ ਰੂਪ ਹੁੰਦੇ ਹੋਏ ਵੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਭਾਵ ‘‘ਤੂੰ’’ ਨੂੰ ‘‘ਮੈਂ’’ ਸਮਝਦੇ ਹਾਂ। ਇਸ ਸੰਸਾਰ ਵਿੱਚ ‘‘ਮੈਂ’’ ਕੁੱਝ ਵੀ ਨਹੀਂ ਹੈ ਤੇ ਸਭ ਕੁੱਝ ‘‘ਤੂੰ’’ ਹੈ। ‘‘ਮੈਂ’’ ਤੇ ‘‘ਤੂੰ’’ ਦੇ ਵਿੱਚ ਕੇਵਲ ਭਰਮ ਦਾ ਪੜਦਾ ਹੈ। ‘ਮੈਂ’’ ਹਉਮੈ ਹੈ ਤੇ ‘‘ਤੂੰ’’ ਨਾਮ ਹੈ ਤੇ ਇਸੇ ਲਈ ਭਰਮ ਦੇ ਰਹਿੰਦੇ ਹੋਏ ‘‘ਮੈਂ’’ ਤੇ ‘‘ਤੂੰ’’ ਇੱਕ ਨਹੀਂ ਹੋ ਸਕਦੇ। ‘‘ਮੈਂ’’ ਵਿੱਚ ਰਹਿੰਦੇ ਹੋਏ, ਹਉਮੈ

25/2717

ਵਿੱਚ ਰਹਿੰਦੇ ਹੋਏ ਸਾਨੂੰ ਮਾਇਆ ਮੋਂਹਦੀ ਹੈ ਤੇ ਸਾਨੂੰ ਉਹੋ ਜਿਹੇ ਕਰਮ ਭਾਉਂਦੇ ਹਨ ਜਿਸ ਵਿੱਚ ਮਾਇਆ ਮੋਹ ਹੈ ਪਰ ‘‘ਤੂੰ’’ ਸਾਨੂੰ ਉਹੋ ਜਿਹੇ ਕਰਮ ਕਰਨ ਲਈ ਸਮਝਾਉਂਦੀ ਹੈ ਜਿਸ ਲਈ ਸਾਨੂੰ ਮਾਇਆ ਮੋਹ ਵਿੱਚੋਂ ਨਿਕਲਣ ਦੀ ਲੋੜ ਹੈ। ਉਸ ਨੇ ਆਪ ਹੀ ਸਾਨੂੰ ਮਾਇਆ ਮੋਹ ਵਿੱਚ ਪਾਇਆ ਹੈ ਤੇ ਆਪ ਹੀ ਇਸ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ। ਇਸ ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਸੇ ਲਈ ਉਸ ਪ੍ਰਮਾਤਮਾ ਨੂੰ ਜਾਨਣਾ ਬਹੁਤ ਔਖਾ ਹੈ। ਉਸ ਨੇ ਆਪ ਹੀ ਇਸ ਮਾਰਗ ਨੂੰ ਔਖਾ ਬਣਾਇਆ ਹੋਇਆ ਹੈ ਤੇ ਇਸ ਵਿੱਚੋਂ ਨਿਕਲਣ ਦਾ ਰਸਤਾ ਵੀ ਆਪ ਹੀ ਬਣਾਇਆ ਹੋਇਆ ਹੈ ਜੋ ਕਿ ਦੁੱਖ ਸੁੱਖ ਵਾਲੀ ਬਿਰਤੀ ਵਿੱਚੋਂ ਨਿਕਲਣ ਦਾ ਹੈ। ਪ੍ਰਮਾਤਮਾ ਨੇ ਭਾਵੇਂ ਸਾਡੇ ਅੰਦਰ ਮਾਇਆ ਮੋਹ ਆਪ ਪਾਇਆ ਹੈ ਪਰ ਇਸ ਵਿੱਚੋਂ ਨਿਕਲਣ ਲਈ ਉੱਦਮ ਸਾਡੇ ਸਿਰ ਲਾਇਆ ਹੈ ਤੇ ਇਹ ਉਸਦਾ ਆਪਣਾ ਹੀ ਹੁਕਮ ਹੈ ਜਿਸ ਨੂੰ ਮੰਨਣਾ ਸਾਡੇ

ਸਿਰ ਲਾਇਆ ਹੈ। ਇਹ ਭੇਦ ਪ੍ਰਮਾਤਮਾ ਨੇ ਆਪਣੇ ਕੋਲ ਹੀ ਰੱਖਿਆ ਹੋਇਆ ਹੈ ਕਿ ਉਸਨੇ ਇਹ ਉੱਦਮ ਸਾਡੇ ਸਿਰ ਕਿਸ ਲਈ ਲਾਇਆ ਹੈ। ਆਪਣੇ ਮਕਸਦ ਨੂੰ ਉਹ ਆਪ ਹੀ ਜਾਣਦਾ ਹੈ, ਆਪਣੀ ਖੇਡ ਚਲਾਉਣ ਦੇ ਤਰੀਕੇ ਨੂੰ ਉਹ ਆਪ ਹੀ ਜਾਣਦਾ ਹੈ ਤੇ ਸਾਡਾ ਫ਼ਰਜ਼ ਉਹੀ ਹੈ ਜੋ ਫ਼ਰਜ਼ ਸਾਡਾ ਗੁਰਬਾਣੀ ਰਾਹੀਂ ਸਾਨੂੰ ਸਮਝਾਇਆ ਗਿਆ ਹੈ ਕਿ ਅਸੀਂ ਉਸਦੇ ਹੁਕਮ ਨੂੰ ਮੰਨਦੇ ਹੋਏ ਇਸ ਦੁੱਖ ਸੁੱਖ ਵਾਲੀ ਬਿਰਤੀ ਵਿੱਚੋਂ, ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਨਿਕਲੀਏ ਜਿਸ ਦਾ ਮੂਲ ਕਾਰਨ ਸਾਡੇ ਮਨ ਦਾ ਭਰਮ ਹੈ। ਸਾਡੇ ਮਨ ਵਿੱਚ ਭਰਮ ਦੇ ਕਾਰਨ, ਅਗਿਆਨਤਾ ਵਾਲੀ ਬਿਰਤੀ ਦੇ ਕਾਰਨ ਮਾਇਆ ਨਾਲ ਪਿਆਰ ਜੁੜਦਾ ਹੈ, ਤ੍ਰਿਸ਼ਨਾਵਾਂ ਦੀ ਪੂਰਤੀ ਕਰਨਾ ਚੰਗਾ ਲੱਗਦਾ ਹੈ, ਮਾਣ ਅਭਿਮਾਨ ਚੰਗਾ ਲੱਗਦਾ ਹੈ ਕਿਉਂਕਿ ਸਾਨੂੰ ਇਨ੍ਹਾਂ ਵਿੱਚ ਸੁੱਖ ਮਹਿਸੂਸ ਹੁੰਦਾ ਹੈ ਤੇ ਇਨ੍ਹਾਂ ਦੀ ਪੂਰਤੀ ਨਾ ਹੋਣ ਨਾਲ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ। ਗੁਰਮਤਿ ਸਾਨੂੰ ਇਸ ਭਰਮ ਵਿੱਚੋਂ ਹੀ ਕੱਢਦੀ ਹੈ ਕਿ ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ ਮਨ ਦੀ ਇਹ ਅਵੱਸਥਾ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਹੈ ਜਿਸ ਦੇ ਰਹਿੰਦਿਆਂ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰੂ ਨੂੰ ਨਹੀਂ ਭਾਉਂਦੇ। ਜੋ ਗੱਲ ਗੁਰੂ ਨੂੰ ਨਹੀਂ ਭਾਉਂਦੀ ਪਰ ਫਿਰ ਵੀ ਅਸੀਂ ਉਹ ਕਰਮ ਕਰਦੇ ਹਾਂ ਉਹ ਸਾਡਾ ਭਰਮ ਹੈ, ਮਾਇਆ ਮੋਹ ਹੈ, ਦੁਬਿਧਾ ਹੈ, ਹਉਮੈ ਹੈ ਜੋ ਕਿ ਨਾਮ ਤੋਂ ਉਲਟ ਹੈ। ਗੁਰੂ ਦੇ ਸ਼ਬਦ ਦਾ ਮਕਸਦ ਭਾਵ ਗੁਰੂ ਦੀ ਮਤਿ ਦਾ ਮਕਸਦ ਸਾਨੂੰ ਇਸ ਭਰਮ ਵਿੱਚੋਂ, ਹਉਮੈ ਵਿੱਚੋਂ ਕੱਢਣ ਦਾ ਹੀ ਹੈ, ਮਾਇਆ ਦੀ ਜੁਗਤਿ ਵਿੱਚੋਂ ਕੱਢਣ ਦਾ ਹੀ ਹੈ। **(ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥ ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥ ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ॥੬॥)**

ਅਸੀਂ ਮੁਕਤੀ ਆਪਣੇ ਇਸ ਭਰਮ ਤੋਂ ਹੀ ਪਾਉਣੀ ਹੈ, ਮਾਇਆ ਮੋਹ ਵਾਲੀ ਜੁਗਤਿ ਤੋਂ ਹੀ ਪਾਉਣੀ ਹੈ ਜਿਸ ਦੀ ਵਜ੍ਹਾ ਕਰਕੇ ਸਾਡੇ ਅੰਦਰ ਸੁੱਖ ਦੁੱਖ ਵਾਲੀ ਬਿਰਤੀ ਰੂਪ ਬੰਧਨ ਹੈ, ਹਉਮੈ ਰੂਪ ਬੰਧਨ ਹੈ, "ਮੈਂ" ਰੂਪ ਬੰਧਨ ਹੈ ਜੋ ਸਾਨੂੰ ਮਨਮਤਿ ਵਿੱਚ ਰੱਖਦਾ ਹੈ ਤੇ ਗੁਰਮਤਿ ਨੂੰ ਮੰਨਣ ਤੋਂ ਦੂਰ ਰੱਖਦਾ ਹੈ। ਇਸ "ਮੈਂ" ਵਿੱਚ ਰਹਿੰਦੇ ਹੋਏ

25/2718

ਜੋ ਜੋ ਕਰਮ ਅਸੀਂ ਗੁਰਮਤਿ ਅਨੁਸਾਰ ਨਹੀਂ ਕਰਦੇ ਉਹ ਸਾਨੂੰ ਬੰਧਨ ਵਿੱਚ ਹੀ ਪਾਉਂਦੇ ਹਨ। ਸਿਧ ਸਾਧਿਕ ਆਦਿ ਜੋ ਦੁਨਿਆਵੀ ਮਾਇਆ ਤੋਂ ਭਾਵੇਂ ਰਹਿਤ ਹੋਣ ਦੀ ਗੱਲ ਕਰਦੇ ਹਨ ਪਰ ਫਿਰ ਵੀ ਉਨ੍ਹਾਂ ਦੇ ਅੰਦਰ ਮਾਇਆ ਮੋਹ ਹੈ ਭਾਵ ਮਾਇਆ ਦੀ ਜੁਗਤਿ ਨਾਲ ਹੀ ਹੈ ਜੋ ਉਨ੍ਹਾਂ ਨੂੰ ਸਰੀਰਕ ਜਪਾਂ ਤਪਾਂ ਆਦਿ ਵਿੱਚ ਪਾਉਂਦੀ ਹੈ, ਸਰੀਰਕ ਸਮਾਧੀਆਂ ਦੇ ਨਾਲ ਜੋੜਦੀ ਹੈ ਜੋ ਕਿ ਅਸਲ ਵਿੱਚ ਉਨ੍ਹਾਂ ਦੀ ਦੁਬਿਧਾ ਹੀ ਹੈ। ਇਹ ਮਾਇਆ ਦੀ ਜੁਗਤਿ ਸਾਰੇ ਸੰਸਾਰ ਵਿੱਚ ਇੱਕੋ ਜਿਹੀ ਵਰਤਦੀ ਹੈ ਭਾਵ ਹਰ ਕੋਈ ਮਾਇਆ ਦੀ ਜੁਗਤਿ ਦੇ ਵਸ ਵਿੱਚ ਹੀ ਹੈ ਜਿਸ ਕਰਕੇ ਹਰ ਕੋਈ ਬੰਧਨ ਵਿੱਚ ਹੈ, ਭਰਮ ਦੇ ਬੰਧਨ ਵਿੱਚ ਹੀ ਹੈ। ਇਸ ਵਿੱਚੋਂ ਮੁਕਤ ਹੋਣ ਦਾ ਸਾਧਨ ਕੇਵਲ ਗੁਰੂ ਦੀ ਸੱਚੀ ਮਤਿ ਹੈ, ਸ਼ਬਦ ਦੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ ਜਿਸ ਦੇ ਸਾਡੇ ਅੰਦਰ ਵੱਸਣ ਨਾਲ ਹੀ ਇਸ ਭਰਮ ਵਿੱਚੋਂ ਮੁਕਤੀ ਮਿਲ ਸਕਦੀ ਹੈ। ਇਸ ਭਰਮ ਦਾ ਬੰਧਨ ਪ੍ਰਮਾਤਮਾ ਆਪ ਹੀ ਤੋੜਦਾ ਹੈ, ਆਪਣੇ ਸ਼ਬਦ ਦੇ ਗਿਆਨ ਦੁਆਰਾ ਤੋੜਦਾ ਹੈ ਪਰ ਇਸ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਸਾਡੇ ਸਿਰ ਹੀ ਲਾਇਆ ਹੋਇਆ ਹੈ। ਇਹ ਭਰਮ ਦਾ ਬੰਧਨ ਟੁੱਟਣ ਨਾਲ ਹੀ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਭਾਵ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਜੋ ਕਿ ਮਨ ਦੇ ਵਿੱਚ ਉਹ ਗੁਰੂ ਪ੍ਰਮਾਤਮਾ ਆਪ ਹੀ ਪਾਉਂਦਾ ਹੈ। **(ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ॥ ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ॥੫॥)**

ਸਿਧ ਆਦਿ ਸਰਗੁਣ ਰੂਪ ਵਿੱਚ ਸਮਾਧੀਆਂ ਲਾਉਂਦੇ ਹਨ ਭਾਵ ਆਪਣੇ ਸਰੀਰ ਦੁਆਰਾ ਸਮਾਧੀਆਂ ਲਗਾਉਂਦੇ ਹਨ ਜਿਸ ਦੁਆਰਾ ਉਹ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ ਪਰ ਪ੍ਰਮਾਤਮਾ ਨੂੰ ਪਾਉਣ ਲਈ ਨਿਰਗੁਣ ਰੂਪ ਸਮਾਧ ਲਗਾਉਣ ਦੀ ਲੋੜ ਹੈ ਜੋ ਕਿ ਸਾਡੇ ਸੁਭਾਅ ਦੇ ਅੰਦਰ ਭਾਵ ਮਨ ਦੇ ਵਿਚਾਰਾਂ ਵਿੱਚ ਲੱਗਦੀ ਹੈ ਜੋ ਸਮਾਧ ਲੱਗਣ ਦੁਆਰਾ ਪ੍ਰਮਾਤਮਾ ਨੂੰ ਆਪਣੇ ਮਨ ਦੇ ਅੰਦਰੋਂ ਹੀ ਪਾਇਆ ਜਾਂਦਾ ਹੈ। ਪ੍ਰਮਾਤਮਾ ਦੀ ਸਮਾਧ ਸਾਡੇ ਅੰਦਰ ਸਦਾ ਹੀ ਲੱਗੀ ਹੋਈ ਹੈ ਜੋ ਕਿ ਉਸਦੀ ਸੁੰਨ ਸਮਾਧ ਹੈ। ਉਸਦੀ ਇਸ ਸੁੰਨ ਸਮਾਧ ਨੂੰ ਆਪਣੇ ਅੰਦਰੋਂ ਪਹਿਚਾਨਣਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਨਣਾ ਹੈ ਤੇ ਆਪਣੀ ਇਸ ਸੁੰਨ ਸਮਾਧ ਦੀ ਪਹਿਚਾਣ ਮਨ ਦੇ ਵਿੱਚ ਉਹ ਆਪ ਹੀ ਕਰਵਾਉਂਦਾ ਹੈ ਜਿਸ ਲਈ ਸਾਨੂੰ ਕੋਈ ਸਰੀਰਕ ਸਮਾਧੀਆਂ ਲਗਾਉਣ ਦੀ ਲੋੜ ਨਹੀਂ ਹੈ ਤੇ ਇਸੇ ਲਈ ਸਿਧਾਂ ਨੂੰ ਭਰਮ ਵਿੱਚ ਦੱਸਿਆ ਹੈ, ਮਾਇਆ ਮੋਹ ਵਿੱਚ ਦੱਸਿਆ ਹੈ। ਭਰਮ ਸਾਡੇ

ਮਨ ਦੇ ਵਿੱਚ ਹੈ ਤੇ ਮਨ ਦੇ ਵਿੱਚੋਂ ਹੀ ਨਿਕਲ ਸਕਦਾ ਹੈ ਜਿਸ ਲਈ ਸਰੀਰਕ ਕਿਰਿਆਵਾਂ ਕਰਨੀਆਂ ਬਿਲਕੁਲ ਵਿਅਰਥ ਹਨ ਤੇ ਇਸੇ ਲਈ ਇਹੋ ਜਿਹੀਆਂ ਕ੍ਰਿਆਵਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਗਿਆ ਹੈ ਕਿਉਂਕਿ ਇਨ੍ਹਾਂ ਦਾ ਧਰਮ ਨਾਲ ਕੋਈ ਸੰਬੰਧ ਹੀ ਨਹੀਂ ਹੈ। ਧਰਮ ਦਾ ਸੰਬੰਧ ਸੱਚ ਦੇ ਨਾਲ ਹੈ, ਮਨ ਦੀ ਸੱਚੀ ਸੋਝੀ ਦੇ ਨਾਲ ਹੈ ਜੋ ਸਾਨੂੰ ਸੱਚ ਤੇ ਚਲਾਉਂਦੀ ਹੈ। ਜਦ ਤੱਕ ਸਾਡੇ ਅੰਦਰ ਭਰਮ ਹੈ,

25/2719

ਮਾਇਆ ਮੋਹ ਦੀ ਜੁਗਤਿ ਹੈ ਤਦ ਤੱਕ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਭਾਵ ਗੁਰਮਤਿ ਦੀ ਸੱਚੀ ਸੋਝੀ ਨਹੀਂ ਪੈਂਦੀ। ਸਾਡਾ ਸਾਰਾ ਉੱਦਮ ਇਸੇ ਲਈ ਭਰਮ ਵਿੱਚੋਂ ਨਿਕਲਣ ਦਾ ਹੀ ਹੋਣਾ ਚਾਹੀਦਾ ਹੈ। ਗੁਰੂ ਦੀ ਮਤਿ ਦੁਆਰਾ, ਗੁਰੂ ਦੇ ਸ਼ਬਦ ਦੁਆਰਾ ਭਾਵ ਪੂਰੀ ਗੁਰਬਾਣੀ ਦੁਆਰਾ ਸਾਨੂੰ ਸੱਚ ਹੀ ਸਮਝਾਇਆ ਹੈ ਤੇ ਜਿਉਂ ਜਿਉਂ ਸਾਡੇ ਅੰਦਰ ਸੱਚ ਵੱਸਦਾ ਜਾਵੇਗਾ ਭਾਵ ਗੁਰੂ ਦੀ, ਨਾਮ ਦੀ ਸਿੱਖਿਆ ਵੱਸਦੀ ਜਾਵੇਗੀ ਤਿਉਂ ਤਿਉਂ ਅਸੀਂ ਭਰਮ ਵਿੱਚੋਂ ਨਿਕਲਦੇ ਜਾਵਾਂਗੇ, ਮਾਇਆ ਮੋਹ ਵਿੱਚੋਂ, ਹਉਮੈ ਵਿੱਚੋਂ, "ਮੈਂ" ਵਿੱਚੋਂ ਨਿਕਲਦੇ ਜਾਵਾਂਗੇ ਤੇ "ਤੂੰ" ਦੇ ਨਾਲ ਜੁੜਦੇ ਜਾਵਾਂਗੇ। ਉਸ "ਤੂੰ" ਦੇ ਨਾਲ ਜੁੜਨ ਦਾ ਸਾਡਾ ਕੇਵਲ ਇਹੀ ਇੱਕੋ ਇੱਕ ਸੱਚਾ ਉਪਰਾਲਾ ਹੈ ਜਿਸ ਲਈ ਗੁਰਬਾਣੀ ਸਾਨੂੰ ਵਾਰ-ਵਾਰ ਪ੍ਰੇਰ ਰਹੀ ਹੈ। ਜਿਉਂ ਜਿਉਂ ਅਸੀਂ "ਤੂੰ" ਦੀ ਮਤਿ ਦੇ ਨਾਲ ਜੁੜਾਂਗੇ ਤਿਉਂ ਤਿਉਂ ਉਸ "ਤੂੰ" ਦੀ ਪ੍ਰਸੰਨਤਾ ਲਵਾਂਗੇ, ਤੇ ਜਦੋਂ ਉਹ "ਤੂੰ" ਪ੍ਰਸੰਨ ਹੋ ਜਾਵੇਗਾ ਸਾਨੂੰ ਪੂਰਨ ਰੂਪ ਵਿੱਚ ਮਨ ਦੇ ਵਿੱਚ ਪ੍ਰਗਟ ਹੋ ਕੇ "ਤੂੰ" ਦੇ ਵਿੱਚ ਮਿਲਾ ਲਵੇਗਾ ਤੇ ਸਾਡੀ "ਮੈਂ" ਮੁੱਕ ਜਾਵੇਗੀ, ਹਉਮੈ ਮੁੱਕ ਜਾਵੇਗੀ ਭਾਵ ਸਾਡੇ ਅੰਦਰੋਂ ਭਰਮ ਦਾ ਬੰਧਨ ਕੱਟਿਆ ਜਾਵੇਗਾ, ਮਾਇਆ ਮੋਹ ਦੀ ਜੁਗਤਿ ਮਿਟ ਜਾਵੇਗੀ ਜਿਸ ਦੁਆਰਾ "ਮੈਂ" ਤੇ "ਤੂੰ" ਵਿੱਚ ਆਪਸ ਵਿੱਚ ਝਗੜਾ ਮਿਟ ਜਾਂਦਾ ਹੈ ਤੇ ਮਨ ਦੇ ਵਿੱਚ ਕੇਵਲ ਤੂੰ ਵਾਲੀ ਅਵੱਸਥਾ ਰਹਿ ਜਾਂਦੀ ਹੈ ਭਾਵ ਕੇਵਲ ਨਾਮ ਰਹਿ ਜਾਂਦਾ ਹੈ। ਕੇਵਲ ਨਾਮ ਉੱਥੇ ਹੀ ਹੈ ਜਿੱਥੇ ਹਉਮੈ ਨਹੀਂ ਹੈ। ਮਨ ਦੀ ਇਹ ਅਵੱਸਥਾ ਪ੍ਰਾਪਤ ਕਰਨ ਲਈ ਕਿਸੇ ਸਰੀਰਕ ਜਪਾਂ, ਤਪਾਂ ਦੀ ਲੋੜ ਨਹੀਂ ਹੈ ਤੇ ਕੇਵਲ ਗੁਰੂ ਦੀ ਗੱਲ ਨੂੰ ਮੰਨ ਕੇ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ, ਸੱਚ ਨਾਲ ਜੁੜਨ ਦੀ ਲੋੜ ਹੈ। ਝਗੜਾ ਅਸਲ ਵਿੱਚ ਭਰਮ ਅਤੇ ਸੱਚ ਦਾ ਹੀ ਹੈ ਤੇ ਮਨ ਦਾ ਭਰਮ ਨਿਕਲੇ ਬਿਨ੍ਹਾਂ ਇਹ ਝਗੜਾ ਦੂਰ ਨਹੀਂ ਹੁੰਦਾ।

ਭਰਮ ਸਾਡਾ ਝਗੜੇ ਦਾ ਕਾਰਨ ਹੈ, ਹਉਮੈ ਸਾਡੇ ਝਗੜੇ ਦਾ ਕਾਰਨ ਹੈ ਜਿਸ ਕਰਕੇ ਸਾਡਾ ਸੱਚ ਦੇ ਨਾਲ ਝਗੜਾ ਹੈ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਝਗੜਾ ਹੈ। ਝਗੜੇ ਦਾ ਰੂਪ ਸਾਡੇ ਮਾੜੇ ਕਰਮ ਹਨ ਜਿਸ ਦੁਆਰਾ ਸਾਡੀ ਸਮਾਜ ਵਿੱਚ ਵਿਚਰਨ ਮਾੜੀ ਹੁੰਦੀ ਹੈ। ਭਰਮ ਸਾਡੇ ਅੰਦਰ ਸੱਚ ਨੂੰ ਵੱਸਣ ਨਹੀਂ ਦਿੰਦਾ, ਮਾਇਆ ਮੋਹ ਸਾਡੇ ਅੰਦਰ ਸੱਚ ਨੂੰ ਵੱਸਣ ਨਹੀਂ ਦਿੰਦਾ ਭਾਵ ਸਾਨੂੰ ਸੱਚ ਤੇ ਚੱਲਣ ਨਹੀਂ ਦਿੰਦਾ ਜਿਸ ਕਰਕੇ ਭਰਮ ਦਾ ਸੱਚ ਦੇ ਨਾਲ ਝਗੜਾ ਹੈ, ਹਉਮੈ ਦਾ ਨਾਮ ਦੇ ਨਾਲ ਝਗੜਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਗੁਰਮੁਖਿ ਵਾਲੀ ਅਵੱਸਥਾ ਬਖ਼ਸ਼ਦਾ ਹੈ ਉਸ ਨੂੰ ਆਪਣਾ "ਸਚੁ" ਰੂਪ ਖਜ਼ਾਨਾ ਆਪਣਾ "ਨਾਮੁ ਨਿਧਾਨੁ" ਬਖ਼ਸ਼ਦਾ ਹੈ ਜਿਸ ਦੁਆਰਾ ਹਉਮੈ ਦਾ ਨਾਮ ਦੇ ਨਾਲ ਝਗੜਾ ਮੁਕਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਰਾਹੀਂ ਸਮਝਿਆ ਹੈ। **(ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ॥੬॥)**

ਸਚੁ ਦੀ ਪ੍ਰਾਪਤੀ ਹੋਣ ਦੇ ਨਾਲ ਗੁਰਮਤਿ ਦੀ ਸੱਚੀ ਸੋਝੀ ਹੀ ਪੈਂਦੀ ਹੈ, ਨਾਮ ਦੀ ਸੱਚੀ ਸੋਝੀ ਹੀ ਪੈਂਦੀ ਹੈ ਤੇ ਉਸ ਸੋਝੀ ਦੁਆਰਾ ਹੀ ਸਾਡੀ ਕਰਨੀ

25/2720

ਚੰਗੀ ਬਣਦੀ ਹੈ ਤੇ ਉਸ ਪ੍ਰਮਾਤਮਾ ਦਾ ਜਸ ਗਾਇਆ ਜਾ ਸਕਦਾ ਹੈ ਭਾਵ ਆਪਣੀ ਸੱਚੀ ਕਰਨੀ ਦੁਆਰਾ ਉਸਦਾ ਜੱਸ ਗਾਇਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥ ਗੁਰਮੁਖਿ ਪਾਏ ਮੋਖ ਦੁਆਰੁ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ॥੭॥"

ਉੱਪਰ ਪੰਗਤੀਆਂ ਰਾਹੀਂ ਸਾਨੂੰ "ਸਚੁ" ਦੀ ਪ੍ਰਾਪਤੀ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਕਿ ਸੱਚ ਕਿਸ ਲਈ ਹੈ। ਸੱਚ ਦੀ ਪ੍ਰਾਪਤੀ ਦੁਆਰਾ ਹੀ ਸਾਡੀ ਮਨਮੁਖਿ ਵਾਲੀ ਅਵੱਸਥਾ ਦੂਰ ਹੁੰਦੀ ਹੈ ਤੇ ਗੁਰਮੁਖਿ ਵਾਲੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ। ਉਸ ਪ੍ਰਮਾਤਮਾ ਦਾ ਜਸ ਮਨ ਦੀ ਇਸ ਅਵੱਸਥਾ ਦੁਆਰਾ ਹੀ ਗਾਇਆ ਜਾ ਸਕਦਾ ਹੈ ਕਿਉਂਕਿ ਸਾਡੀ ਕਰਨੀ "ਸਚੁ" ਦੀ ਸੋਝੀ ਵੱਸਣ ਦੁਆਰਾ ਹੀ ਸੱਚੀ ਬਣਦੀ ਹੈ, ਭਰਮ ਵਿੱਚੋਂ, ਮਾਇਆ ਮੋਹ ਵਿੱਚੋਂ, ਮਨਮਤਿ ਵਿੱਚੋਂ, ਹਉਮੈ ਵਿੱਚੋਂ ਨਿਕਲ ਕੇ ਹੀ

ਸੱਚੀ ਬਣਦੀ ਹੈ ਕਿਉਂਕਿ ਉਸ ਤੋਂ ਬਾਅਦ ਮਨੁੱਖ ਦੀ ਹਰ ਕਰਣੀ "ਸਚੁ" ਦੁਆਰਾ ਭਾਵ ਗੁਰਮਤਿ ਦੁਆਰਾ ਹੀ ਹੁੰਦੀ ਹੈ। ਸਾਡੀ ਇਹ ਸੱਚੀ ਕਰਨੀ ਹੀ ਉਸ ਪ੍ਰਮਾਤਮਾ ਦੀ ਕੀਰਤੀ ਕਰਨ ਦਾ ਸਾਰ ਹੈ, ਤੱਤ ਹੈ। **(ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥)** ਪ੍ਰਮਾਤਮਾ ਦਾ ਜੱਸ ਮੁੱਖੋਂ ਬੋਲ ਬੋਲ ਕੇ ਜਾਂ ਸਰੀਰਕ ਕਿਰਿਆਵਾਂ ਦੁਆਰਾ ਨਹੀਂ ਗਾਇਆ ਜਾ ਸਕਦਾ ਬਲਕਿ ਕੇਵਲ ਭਰਮ ਰਹਿਤ ਹੋ ਕੇ ਸੱਚੀ ਸੁੱਚੀ ਕਰਨੀ ਦੁਆਰਾ ਗਾਇਆ ਜਾ ਸਕਦਾ ਹੈ, ਸੱਚੀ ਸੁੱਚੀ ਕਿਰਤ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦੁਆਰਾ ਗਾਇਆ ਜਾ ਸਕਦਾ ਹੈ ਤੇ ਇਹੀ ਮਨੁੱਖ ਦੀ ਸੁਕ੍ਰਿਤ ਕਰਨੀ ਹੈ ਜਿਸ ਵਿੱਚ ਪੂਰਨ ਸੱਚ ਹੈ। ਸਾਡੇ ਅੰਦਰ ਸੱਚ ਵੱਸਣ ਦੁਆਰਾ ਹੀ ਸਾਡਾ ਮਨ ਤ੍ਰਿਸ਼ਨਾ ਮੁਕਤ ਹੁੰਦਾ ਹੈ ਤੇ ਮਨ ਦੇ ਅੰਦਰ ਸੰਤੋਖ ਆਉਂਦਾ ਹੈ ਜਿਸ ਦੁਆਰਾ ਮਨੁੱਖ ਫਿਰ ਕੋਈ ਮੰਦਾ ਕਰਮ ਨਹੀਂ ਕਰਦਾ ਭਾਵ ਗੁਰਮਤਿ ਦੇ ਉਲਟ ਕੋਈ ਕੰਮ ਨਹੀਂ ਕਰਦਾ ਤੇ ਇਹੀ ਉਸਦੀ ਸੁਕ੍ਰਿਤ ਕਰਨੀ ਹੈ। ਸਾਡੀ ਇਹ ਸੁਕ੍ਰਿਤ ਕਰਨੀ ਹੀ ਉਸ ਪ੍ਰਮਾਤਮਾ ਦੀ ਸੇਵਾ ਹੈ ਤੇ ਇਹੀ ਸਾਡਾ ਧਰਮ ਹੈ ਜੋ ਸੱਚ ਤੇ ਚੱਲ ਕੇ ਨਿਭਾਇਆ ਜਾ ਸਕਦਾ ਹੈ।

{ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥}

(ਅੰਗ ੪੬੬)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥ ਹਿਰਦੈ ਫੇਰਿ ਚਲੈ ਤੁਧੁ ਨਾਲੀ॥੧॥}

(ਅੰਗ ੧੧੩੪)

25/2721

ਪ੍ਰਮਾਤਮਾ ਦਾ ਜਪ ਨਾ ਹੱਥਾਂ ਨਾਲ ਮਾਲਾ ਫੇਰ ਕੇ ਹੋ ਸਕਦਾ ਹੈ ਨਾ ਮੁੱਖੋਂ ਬੋਲ ਬੋਲ ਕੇ ਹੋ ਸਕਦਾ ਹੈ। ਇਹ ਗੁਰਮਤਿ ਨੂੰ ਜਪਣ ਦਾ ਮਾਰਗ ਹੈ, ਗੁਰੂ ਦੀ ਸਿੱਖਿਆ ਨੂੰ ਜਪਣ ਦਾ ਮਾਰਗ ਹੈ, ਸੱਚ ਨੂੰ ਜਪਣ ਦਾ ਮਾਰਗ ਹੈ ਜਿਸ ਨੂੰ ਕੇਵਲ ਹਿਰਦੇ ਵਿੱਚ ਹੀ ਜਪਿਆ ਜਾ ਸਕਦਾ ਹੈ ਭਾਵ ਵਸਾਇਆ ਜਾ ਸਕਦਾ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਸੱਚ ਤੇ ਚੱਲਣ ਦੀ ਸੋਝੀ ਹੀ ਪੈਂਦੀ ਹੈ ਜੋ ਸਾਨੂੰ ਸਾਡੀ ਚੰਗੀ ਕਰਨੀ ਸਮਝਾਉਂਦੀ ਹੈ। ਸਾਡੇ ਜਪ ਦਾ ਸਾਰ, ਪ੍ਰਮਾਤਮਾ ਨੂੰ ਜਪਣ ਦਾ ਸਾਰ ਸਾਡੀ ਸੁਕ੍ਰਿਤ ਕਰਨੀ ਹੀ ਹੈ। ਸਾਡੇ ਨਾਲ ਇਹ ਸਾਡੀ ਸੁਕ੍ਰਿਤ ਕਰਨੀ ਹੀ ਜਾਣੀ ਹੈ ਭਾਵ ਸਾਡੇ ਸੱਚੇ ਸੁੱਚੇ ਕਰਮ ਹੀ ਜਾਣੇ ਹਨ ਜਿੰਨ੍ਹਾਂ ਦੁਆਰਾ ਅਸੀਂ ਲੇਖੇ ਤੋਂ ਬਚ ਸਕਦੇ ਹਾਂ।

{ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥
ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥ ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥
ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ॥ ਮੁਹਿ ਚਲੈ ਸੁ ਅਗੈ ਮਾਰੀਐ॥੧੨॥}

(ਅੰਗ ੪੬੯)

{ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥}

(ਅੰਗ ੮)

{ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥
ਸਚੋ ਸਚੁ ਵਖਾਣੈ ਕੋਇ॥ ਨਾਨਕ ਅਗੈ ਪੁਛ ਨ ਹੋਇ॥੨॥}

(ਅੰਗ ੯੫੨)

ਇਸ ਸੰਸਾਰ ਸਾਗਰ ਤੋਂ ਮੁਕਤੀ, ਮਾਇਆ ਮੋਹ ਦੇ ਸਾਗਰ ਤੋਂ ਮੁਕਤੀ ਦਾ ਸਾਧਨ, ਇਸ ਵਿੱਚੋਂ ਤਰਨ ਦਾ ਸਾਧਨ ਸਾਡੀ ਸੱਚੀ ਸੁੱਚੀ ਕਿਰਤ ਹੀ ਹੈ, ਗੁਰਮਤਿ ਦੁਆਰਾ ਵਿਚਰਨ ਹੀ ਹੈ, ਮਾਇਆ ਮੋਹ ਤੋਂ ਨਿਰਲੇਪ ਹੋ ਕੇ ਸੱਚ ਦੁਆਰਾ ਵਿਚਰਨਾ ਹੀ ਹੈ। ਮੁਕਤ ਅਸੀਂ ਮਨ ਦੇ ਮਾੜੇ ਵਿਚਾਰਾਂ ਤੋਂ ਹੀ ਹੋਣਾ ਹੈ, ਮਨਮਤਿ ਵਾਲੇ ਵਿਚਾਰਾਂ ਤੋਂ ਹੀ ਹੋਣਾ ਹੈ ਜੋ ਭਰਮ ਦੇ ਕਾਰਨ ਗੁਰਮਤਿ ਤੋਂ ਵੱਖਰੇ ਹਨ। ਮਨ ਦੇ ਇਸ ਭਰਮ ਤੋਂ ਮੁਕਤ ਹੋ ਕੇ ਹੀ ਅਸੀਂ ਗੁਰਮਤਿ ਦੇ ਨਾਲ ਜੁੜ ਕੇ ਭਾਵ ਗੁਰਮਤਿ ਦੀ ਸੋਝੀ ਦੇ ਨਾਲ

ਜੁੜ ਕੇ ਉਸ ਅਨੁਸਾਰ ਵਿਚਰ ਸਕਦੇ ਹਾਂ ਤੇ ਆਵਾਗਉਣ ਤੋਂ ਮੁਕਤ

25/2722

ਹੋ ਸਕਦੇ ਹਾਂ। **(ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥ ਗੁਰਮੁਖਿ ਪਾਏ ਮੋਖ ਦੁਆਰੁ॥)**

ਮੁਕਤੀ ਦਾ ਸਾਧਨ ਸਾਡੀ ਕਰਨੀ ਹੈ ਨਾ ਕਿ ਸਾਡੀ ਕਥਨੀ ਜਾਂ ਸਰੀਰਕ ਜਪ ਤਪ ਜਿਸ ਵਿੱਚ ਹਰ ਕੋਈ ਲੱਗਿਆ ਹੋਇਆ ਹੈ। ਪਹਿਲਾਂ ਤਾਂ ਇਸ ਭਰਮ ਵਿੱਚੋਂ ਨਿਕਲੋ ਕਿ ਮੁਕਤੀ ਕਿਵੇਂ ਮਿਲਦੀ ਹੈ ਤੇ ਤਾਂ ਹੀ ਅਸੀਂ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੋਣ ਦਾ ਉਪਰਾਲਾ ਕਰਾਂਗੇ।

ਸਾਡੀ ਸੱਚੀ ਕਰਨੀ ਹੀ ਉਸ ਪ੍ਰਮਾਤਮਾ ਦੇ ਗੁਣ ਗਾਉਣਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

“ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ॥੭॥”

ਪ੍ਰਮਾਤਮਾ ਦੇ ਗੁਣ ਉਸ ਦੇ ਰੰਗ ਵਿੱਚ ਰੱਤ ਕੇ ਹੀ ਗਾਏ ਜਾ ਸਕਦੇ ਹਨ ਭਾਵ ਗੁਰਮੁਖਿ ਵਾਲੀ ਅਵੱਸਥਾ ਦੁਆਰਾ ਹੀ ਗਾਏ ਜਾ ਸਕਦੇ ਹਨ ਜਦੋਂ ਸਾਨੂੰ ਗੁਰਮਤਿ ਦੀ ਸੋਝੀ ਪੈ ਜਾਂਦੀ ਹੈ। ਗੁਰਮਤਿ ਦੇ ਸੱਚ ਵਿੱਚ ਰੱਤੇ ਰਹਿਣਾ ਅਨਦਿਨ ਉਸ ਪ੍ਰਮਾਤਮਾ ਦੇ ਰੰਗ ਵਿੱਚ ਰੱਤੇ ਰਹਿਣਾ ਹੈ ਜਿਸ ਦੁਆਰਾ ਮਨੁੱਖ ਸੱਚ ਦੁਆਰਾ ਹੀ ਵਿਚਰਦਾ ਹੈ ਭਾਵ ਉਸ ਦੀ ਸਾਰੀ ਕਰਨੀ ਸੱਚੀ ਹੁੰਦੀ ਹੈ। ਇਹੋ ਜਿਹੀ ਸੱਚੀ ਕਰਨੀ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਜਿਸ ਰਾਹੀਂ ਪ੍ਰਮਾਤਮਾ ਸਾਨੂੰ ਆਪਣੇ ਮਹਿਲ ਵਿੱਚ ਬੁਲਾਉਂਦਾ ਹੈ ਭਾਵ ਉਸਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ ਜੋ ਕਿ ਉਹ ਆਪ ਹੀ ਪ੍ਰਗਟ ਹੋ ਕੇ ਕਰਦਾ ਹੈ ਜਿਸ ਦੁਆਰਾ ਮਨੁੱਖ ਆਵਾਗਉਣ ਤੋਂ ਮੁਕਤ ਹੁੰਦਾ ਹੈ। **(ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ॥ ਗੁਰਮੁਖਿ ਪਾਏ ਮੋਖ ਦੁਆਰੁ॥ ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ॥੭॥)**

ਬਿਨ੍ਹਾਂ ਸੱਚ ਨਾਲ ਜੁੜੇ ਕੋਈ ਇਸ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ ਤੇ ਝੂਠ ਨੂੰ ਛੱਡੇ ਬਿਨ੍ਹਾਂ ਸਾਡੇ ਅੰਦਰ ਸੱਚ ਨਹੀਂ ਵੱਸ ਸਕਦਾ। ਸੱਚ ਹੀ ਨਾਮ ਹੈ ਤੇ ਜਿੱਥੇ ਝੂਠ ਹੈ ਉੱਥੇ ਨਾਮ ਨਹੀਂ ਹੈ। ਸੱਚ ਕੇਵਲ ਉਹ ਹੈ ਜਿੱਥੇ ਗੁਰਮਤਿ ਹੈ ਤੇ ਗੁਰਮਤਿ ਤੋਂ ਬਿਨ੍ਹਾਂ ਸਭ ਕੂੜ ਹੈ, ਮਨਮਤਿ ਹੈ। ਮਨਮਤਿ ਛੱਡੇ ਬਿਨ੍ਹਾਂ, ਆਪਣਾ ਭਰਮ ਛੱਡੇ ਬਿਨ੍ਹਾਂ ਅਸੀਂ ਸੱਚ ਦੇ ਨਾਲ ਨਹੀਂ ਰਲ ਸਕਦੇ। ਮਨਮਤਿ ਭਰਮ ਦੇ ਨਾਲ ਭਰੀ ਪਈ ਹੈ ਤੇ ਜਿੱਥੇ ਭਰਮ ਹੈ ਉੱਥੇ ਕੂੜ ਹੈ। ਜਿੱਥੇ ਭਰਮ ਨਹੀਂ ਉੱਥੇ ਸੱਚ ਹੈ। ਸਾਰਾ ਭੇਦ ਮਨਮਤਿ ਤੇ ਗੁਰਮਤਿ ਦਾ ਹੀ ਹੈ। ਜਿੱਥੇ ਮਨਮਤਿ ਹੈ ਉੱਥੇ ਹਉਮੈ ਹੈ, ਝੂਠ ਹੈ ਤੇ ਆਪਣੇ ਅੰਦਰ ਇਸ ਝੂਠ ਦੇ ਰਹਿੰਦਿਆਂ ਹੋਇਆਂ ਨਾ ਹੀ ਅਸੀਂ ਸੱਚ ਨਾਲ ਜੁੜ ਸਕਦੇ ਹਾਂ ਤੇ ਨਾ ਹੀ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਪ੍ਰਮਾਤਮਾ

25/2723

ਆਪਣੇ ਮਹਿਲ ਵਿੱਚ ਉਨ੍ਹਾਂ ਨੂੰ ਹੀ ਬੁਲਾਉਂਦਾ ਹੈ ਜੋ ਆਪਣੀ ਝੂਠੀ ਮਨਮਤਿ ਨੂੰ ਛੱਡਦੇ ਹਨ, ਆਪਣੇ ਇਸ ਭਰਮ ਨੂੰ ਛੱਡਦੇ ਹਨ ਤੇ ਗੁਰਮਤਿ ਦੇ ਸੱਚ ਨਾਲ ਜੁੜਦੇ ਹਨ।

{ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥}

(ਅੰਗ ੧੪੬)

ਸਾਰੀ ਗੱਲ ਸੱਚ ਨੂੰ ਸੁਣ ਕੇ, ਉਸਨੂੰ ਬੁੱਝ ਕੇ ਭਾਵ ਸਮਝ ਕੇ ਉਸ ਤੇ ਅਮਲ ਕਰਨ ਦੀ ਹੈ ਭਾਵ ਉਸ ਅਨੁਸਾਰ ਵਿਚਰਨ ਦੀ ਹੈ ਜੋ ਕਿ ਸਾਡੀ ਕਰਨੀ ਦੁਆਰਾ ਹੀ ਹੋ ਸਕਦਾ ਹੈ। ਜਿੱਥੇ ਸੱਚ ਹੈ ਉੱਥੇ ਕੇਵਲ ਸੁਕ੍ਰਿਤ ਕਰਨੀ ਹੀ ਹੁੰਦੀ ਹੈ ਤੇ ਇਹ ਸੁਕ੍ਰਿਤ ਕਰਨੀ ਹੀ ਸਾਡਾ ਨਾਮ ਜਪਣਾ ਹੈ, ਕੇਵਲ ਸੱਚ ਦੁਆਰਾ ਵਿਚਰਨਾ ਹੀ ਕੇਵਲ ਨਾਮ ਜਪਣਾ ਹੈ। ਅਸੀਂ ਇਹ ਉੱਦਮ ਹੀ ਕਰਨਾ ਹੈ ਕਿ ਵੱਧ ਤੋਂ ਵੱਧ ਆਪਣਾ ਜੀਵਨ ਗੁਰਮਤਿ ਅਨੁਸਾਰ ਢਾਲੀਏ ਤੇ ਭਰਮ ਵਿੱਚੋਂ ਨਿਕਲੀਏ ਕਿਉਂਕਿ ਜਿੱਥੇ ਮਨਮਤਿ ਹੈ ਉੱਥੇ ਭਰਮ ਹੈ, ਕੂੜ ਹੈ ਭਾਵ ਉਹ ਸੱਚ ਨਹੀਂ ਹੈ। ਅਸੀਂ ਆਪਣੇ ਆਪ ਨੂੰ ਖਰੇ ਇਸ ਮਨਮਤਿ ਦੇ ਕੂੜ ਵਿੱਚੋਂ ਨਿਕਲ ਕੇ ਹੀ ਕਰਨਾ ਹੈ ਤੇ ਇਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਉੱਦਮ ਹੈ।

ਪ੍ਰਮਾਤਮਾ ਵੱਡੇ ਭਾਗਾਂ ਦੁਆਰਾ ਹੀ ਮਿਲਦਾ ਹੈ ਤੇ ਆਪਣੀ ਕ੍ਰਿਪਾ ਦੁਆਰਾ ਹੀ ਮਿਲਦਾ ਹੈ। ਜਿੱਥੇ ਉਹ ਆਪਣਾ ਮੇਲ

ਕਰਦਾ ਹੈ ਉੱਥੇ ਉਹ ਆਪਣੇ ਆਪ ਨੂੰ "ਸਬਦੁ" ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਸ ਤਰੀਕੇ ਸਾਨੂੰ "ਨਾਮੁ" ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਉਹ ਕਿਸੇ ਨੂੰ ਗੁਰਮੁਖਿ ਬਣਾਉਂਦਾ ਹੈ, ਆਪਣੇ ਮਹਿਲ ਦੇ ਵਿੱਚ ਬੁਲਾ ਕੇ ਬਣਾਉਂਦਾ ਹੈ ਤੇ ਆਪਣੀ ਸੱਚੀ ਵਡਿਆਈ ਕਰਨੀ ਬਖ਼ਸ਼ਦਾ ਹੈ ਜਿਸ ਦੁਆਰਾ ਉਸ ਦੇ ਸੱਚ ਤੇ ਚੱਲਿਆ ਜਾ ਸਕਦਾ ਹੈ, ਉਸ ਦਾ ਨਾਮ ਜਪਿਆ ਜਾ ਸਕਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਸਤਿਗੁਰੁ ਦਾਤਾ ਮਿਲੈ ਮਿਲਾਇਆ॥ ਪੂਰੈ ਭਾਗਿ ਮਨਿ ਸਬਦੁ ਵਸਾਇਆ॥

ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥੮॥੯॥੧੦॥"

ਬੜੇ ਹੀ ਧਿਆਨ ਨਾਲ ਸਮਝੋ ਕਿ ਉਪਰਲੇ ਪਦੇ ਰਾਹੀਂ ਕਿਸ ਦੀ ਅਵੱਸਥਾ ਸਮਝਾਈ ਹੋਈ ਹੈ। ਇਹ ਗੁਰੂ ਦੀ ਅਵੱਸਥਾ ਹੈ ਜੋ ਕਿ "ਸਬਦੁ" ਰੂਪ ਹੈ।

25/2724

ਪੂਰੀ ਗੁਰਬਾਣੀ ਵਿੱਚ "ਸਬਦੁ" ਰੂਪ ਹੀ ਸਾਡਾ ਗੁਰੂ ਹੈ। ਜਿਸਨੂੰ ਪ੍ਰਮਾਤਮਾ ਭਾਗਾਂ ਵਾਲਾ ਬਣਾਉਂਦਾ ਹੈ ਭਾਵ ਜਿਸ ਨੂੰ ਉਹ ਆਪਣੇ ਨਾਲ ਮੇਲ ਦੀ ਦਾਤਿ ਬਖ਼ਸ਼ਦਾ ਹੈ ਉਸਨੂੰ ਆਪਣਾ "ਸਬਦੁ" ਬਖ਼ਸ਼ਦਾ ਹੈ। ਆਪਣਾ ਇਹ "ਸਬਦੁ" ਉਹ ਮਨ ਦੇ ਵਿੱਚ ਵਸਾਉਂਦਾ ਹੈ। ਮਨ ਦੇ ਵਿੱਚ ਕੇਵਲ ਗਿਆਨ ਹੀ ਵੱਸਦਾ ਹੈ। ਸਾਡੇ ਅੰਦਰ "ਸਬਦੁ" ਵਸਾਉਣ ਵਾਲਾ ਉਹ ਪ੍ਰਮਾਤਮਾ ਆਪ ਹੈ। ਜੋ "ਸਬਦੁ" ਦਾ ਮਾਲਕ ਹੈ ਉਹੀ ਸਾਡੇ ਅੰਦਰ "ਸਬਦੁ" ਵਸਾ ਸਕਦਾ ਹੈ। ਜਿੰਨ੍ਹਾਂ ਦੇ ਅੰਦਰ "ਸਬਦੁ" ਵੱਸਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਰਾਹੀਂ ਗਿਆਨ ਪਾਇਆ ਹੈ। ਸ਼ਬਦਾਂ ਰਾਹੀਂ ਪਾਇਆ ਹੋਇਆ ਗਿਆਨ ਬ੍ਰਹਮਗਿਆਨ ਹੈ। ਜੋ ਸਾਡੇ ਅੰਦਰ "ਸਬਦੁ" ਵਸਾਉਣ ਵਾਲਾ ਹੈ ਭਾਵ ਬ੍ਰਹਮਗਿਆਨ ਵਸਾਉਣ ਵਾਲਾ ਹੈ ਉਹੀ ਇਸ ਬ੍ਰਹਮਗਿਆਨ ਦਾ ਮਾਲਕ ਹੈ ਤੇ ਇਸੇ ਲਈ ਉਹ ਬ੍ਰਹਮਗਿਆਨੀ ਹੈ। ਬ੍ਰਹਮਗਿਆਨੀ ਕੇਵਲ ਆਪ ਨਿਰੰਕਾਰ ਹੈ ਤੇ ਬ੍ਰਹਮਗਿਆਨ ਹੀ ਉਸ ਦਾ "ਨਿਰੰਕਾਰ" ਰੂਪ ਹੈ ਭਾਵ ਆਕਾਰ ਰਹਿਤ ਰੂਪ ਹੈ, ਨਿਰਗੁਣ ਰੂਪ ਹੈ ਜਿਸ ਦੁਆਰਾ ਉਹ ਸਭ ਜਗ੍ਹਾ ਵਿਚਰਦਾ ਹੈ। ਇਹ ਬ੍ਰਹਮ ਗਿਆਨ ਰੂਪ ਉਸਦਾ "ਸਬਦੁ" ਰੂਪ ਹੈ ਜਿਸ ਰੂਪ ਦੁਆਰਾ ਉਹ ਸਭ ਜਗ੍ਹਾ ਸਮਾਇਆ ਹੋਇਆ ਹੈ। ਆਪਣੇ ਇਸ ਰੂਪ ਦੁਆਰਾ, "ਸਬਦੁ" ਰੂਪ ਦੁਆਰਾ, ਬ੍ਰਹਮਗਿਆਨ ਰੂਪ ਦੁਆਰਾ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਰੂਪ ਵਿੱਚ ਹੀ ਹੈ, ਨਿਰਗੁਣ ਰੂਪ ਵਿੱਚ ਹੀ ਹੈ। ਜਦੋਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਣੀ ਹੈ ਉਹ "ਸਬਦੁ" ਰੂਪ ਵਿੱਚ ਹੀ ਹੋਣੀ ਹੈ, ਨਿਰਗੁਣ ਰੂਪ ਵਿੱਚ ਹੀ ਹੋਣੀ ਹੈ, ਮਨ ਦੇ ਵਿੱਚ ਉਸਦਾ "ਸਬਦੁ" ਰੂਪ ਵੱਸਣ ਦੁਆਰਾ ਹੀ ਹੋਣੀ ਹੈ ਜੋ ਕਿ ਉਹ ਆਪ ਹੀ ਵਸਾਉਂਦਾ ਹੈ, ਕਿਸੇ ਵੱਡੇ ਭਾਗਾਂ ਵਾਲੇ ਦੇ ਅੰਦਰ ਵਸਾਉਂਦਾ ਹੈ। ਜਿੰਨ੍ਹਾਂ ਦੇ ਅੰਦਰ ਉਸਨੇ ਆਪਣਾ "ਸਬਦੁ" ਰੂਪ ਵਸਾਇਆ ਹੈ ਉਨ੍ਹਾਂ ਨੇ ਹੀ ਸਾਨੂੰ "ਸਬਦੁ" ਰੂਪ ਗੁਰਬਾਣੀ ਦਿੱਤੀ ਹੈ ਜਿਸ ਨੂੰ ਰਚਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਤੇ ਆਪ ਹੀ ਗੁਰੂ ਹੈ। ਉਸਦਾ "ਸਬਦੁ" ਰੂਪ ਸਾਡੇ ਅੰਦਰ ਵੱਸਣਾ ਬ੍ਰਹਮਗਿਆਨ ਦੀ ਪ੍ਰਾਪਤੀ ਹੀ ਹੈ ਤੇ ਇਹੀ ਸਾਡੇ ਅੰਦਰ "ਨਾਮੁ" ਮਿਲਣ ਦੀ ਪ੍ਰਾਪਤੀ ਹੈ। ਜੋ ਪ੍ਰਮਾਤਮਾ ਦਾ "ਸਬਦੁ" ਰੂਪ ਹੈ ਉਹੀ ਉਸਦਾ "ਨਾਮੁ" ਰੂਪ ਹੈ ਭਾਵ ਬ੍ਰਹਮਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਹੈ। ਮਨ ਦੇ ਵਿੱਚ ਇਸ ਸੱਚੇ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਇਹ ਸਮਝ ਲੱਗਦੀ ਹੈ ਕਿ ਅਸਲ ਵਿੱਚ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਜੋ ਆਪ ਹੀ ਸਭ ਜਗ੍ਹਾ ਸਮਾਇਆ ਹੋਇਆ ਹੈ, ਆਪਣੇ ਨਿਰਗੁਣ ਰੂਪ ਦੁਆਰਾ ਸਮਾਇਆ ਹੋਇਆ ਹੈ, ਆਪਣੇ ਬ੍ਰਹਮਗਿਆਨ ਰੂਪ ਵਿੱਚ ਸਮਾਇਆ ਹੋਇਆ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਆਪਣਾ ਬ੍ਰਹਮਗਿਆਨ ਦਿੰਦਾ ਹੈ ਜਿਸ ਦੁਆਰਾ ਸਾਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਜੋ ਸੋਝੀ ਪ੍ਰਮਾਤਮਾ ਨੇ ਸਾਨੂੰ ਪੂਰੀ ਗੁਰਬਾਣੀ ਦੇ ਰਾਹੀਂ

25/2725

ਪਾਈ ਹੈ। ਜਿਸਨੂੰ ਪ੍ਰਮਾਤਮਾ ਇਹ ਸੋਝੀ ਪਾਉਂਦਾ ਹੈ, ਜਿਸਨੂੰ ਉਹ ਆਪਣਾ ਨਾਮ ਦਿੰਦਾ ਹੈ ਉਸਨੂੰ ਹੀ ਪ੍ਰਮਾਤਮਾ ਦੀ ਵਡਿਆਈ ਕਰਨੀ ਮਿਲਦੀ ਹੈ ਤੇ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਵਡਿਆਈ ਕੀਤੀ ਹੈ ਕਿ ਉਹ ਕਿਤਨਾ ਵੱਡਾ ਹੈ। ਪੂਰੀ ਗੁਰਬਾਣੀ ਰਾਹੀਂ ਉਨ੍ਹਾਂ ਨੇ ਉਸ ਸੱਚੇ ਦੇ ਗੁਣ ਗਾਏ ਹਨ ਤੇ ਸਾਨੂੰ ਉਸਦੇ ਗੁਣ ਗਾਉਣੇ ਸਿਖਾਏ ਹਨ। ਉਸਦੇ ਸੱਚ ਦੇ ਨਾਲ ਜੁੜ ਕੇ ਹੀ ਉਸ ਦੇ ਗੁਣ ਗਾਏ ਜਾ ਸਕਦੇ ਹਨ। ਗੁਰਬਾਣੀ ਦੇ ਵਿੱਚ ਇਸੇ ਲਈ ਪੂਰਨ ਸੱਚ ਹੈ ਕਿਉਂਕਿ ਇਹ ਉਸ "ਸਚੁ" ਰੂਪ ਪ੍ਰਮਾਤਮਾ ਦੇ ਕੋਲੋਂ ਆਈ ਹੈ, ਬ੍ਰਹਮਗਿਆਨੀ ਦੇ ਕੋਲੋਂ ਆਈ ਹੈ। ਜਿੱਥੇ ਬ੍ਰਹਮਗਿਆਨ ਹੈ ਉੱਥੇ ਪੂਰਨ

ਸੱਚ ਹੈ, ਉੱਥੇ ਪੂਰੀ ਸੱਚੀ ਮਤਿ ਹੈ। ਜਿੱਥੇ ਇਹ ਪੂਰਨ ਸੱਚ ਨਹੀਂ ਹੈ ਉੱਥੇ ਦੁਚਿੱਤੀ ਹੈ, ਮਨਮਤਿ ਹੈ, ਕੱਚੀ ਮਤਿ ਹੈ। ਸਾਡੀ ਜੋ ਮਤਿ ਗੁਰਮਤਿ ਤੇ ਪੂਰੀ ਨਹੀਂ ਉਤਰਦੀ ਉੱਥੇ ਭਰਮ ਹੈ, ਕੂੜ ਹੈ, ਝੂਠ ਹੈ ਤੇ ਗੁਰੂ ਦੀ ਸੱਚੀ ਮਤਿ ਦਾ ਮਕਸਦ ਸਾਨੂੰ ਇਸ ਕੂੜੀ ਮਤਿ ਵਿੱਚੋਂ ਕੱਢਣ ਦਾ ਹੀ ਹੈ। ਇਸ ਝੂਠੀ ਮਤਿ ਵਿੱਚੋਂ ਨਿਕਲ ਕੇ ਹੀ ਅਸੀਂ ਸੱਚੀ ਮਤਿ ਵਾਲੇ ਬਣ ਸਕਦੇ ਹਾਂ। ਉਸ ਪ੍ਰਮਾਤਮਾ ਦੇ ਗੁਣ ਸੱਚੀ ਮਤਿ ਦੁਆਰਾ ਹੀ ਗਾਏ ਜਾ ਸਕਦੇ ਹਨ। ਗੁਰੂ ਦੀ ਸੱਚੀ ਮਤਿ ਸਾਨੂੰ ਗੁਣਾਂ ਦੇ ਨਾਲ ਜੋੜਦੀ ਹੈ ਤੇ ਔਗੁਣਾਂ ਵਿੱਚੋਂ ਕੱਢਦੀ ਹੈ। ਗੁਣੀ ਬਣ ਕੇ ਹੀ ਉਸ ਦੇ ਗੁਣ ਗਾਏ ਜਾ ਸਕਦੇ ਹਨ ਕਿਉਂਕਿ ਸਾਡੀ ਵਿਚਰਨ ਨੂੰ ਗੁਣ ਹੀ ਚੰਗਾ ਬਣਾਉਂਦੇ ਹਨ। **(ਸਤਿਗੁਰੁ ਦਾਤਾ ਮਿਲੈ ਮਿਲਾਇਆ॥ ਪੂਰੈ ਭਾਗਿ ਮਨਿ ਸਬਦੁ ਵਸਾਇਆ॥ ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥੮॥੯॥੧੦॥)**

ਉੱਪਰ ਵਾਲੀਆਂ ਇਨ੍ਹਾਂ ਪੰਗਤੀਆਂ ਨੂੰ ਜੇਕਰ ਅਸੀਂ ਆਪਣੀ ਸਮਝ ਦੇ ਵਿੱਚ ਵਸਾ ਕੇ ਰੱਖਾਂਗੇ ਕਿ ਪ੍ਰਮਾਤਮਾ ਸਾਨੂੰ ਆਪਣੇ ਨਾਲ ਕਿਸ ਤਰੀਕੇ ਨਾਲ ਮਿਲਾਉਂਦਾ ਹੈ ਫਿਰ ਤਾਂ ਹੀ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਸਕੇਗਾ ਕਿ ਬਾਣੀ ਵਿੱਚ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਵੀ ਤ੍ਰੈਗੁਣਾਂ ਵਿੱਚ ਕਿਸ ਲਈ ਦੱਸਿਆ ਹੈ, ਹਉਮੈ ਵਿੱਚ, ਮਾਇਆ ਮੋਹ ਵਿੱਚ ਕਿਸ ਲਈ ਦੱਸਿਆ ਹੈ ਤੇ ਪ੍ਰਮਾਤਮਾ ਨੂੰ ਪਾਉਣ ਤੋਂ ਦੂਰ ਕਿਸ ਲਈ ਦੱਸਿਆ ਹੈ ਤੇ ਉਨ੍ਹਾਂ ਦਾ ਵੀ ਪ੍ਰਮਾਤਮਾ ਲਈ ਝਗੜਾ ਕਿਸ ਕਾਰਨ ਲਈ ਦੱਸਿਆ ਹੈ ਭਾਵ ਉਨ੍ਹਾਂ ਦਾ ਵੀ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਨਿਬੜਿਆ ਤੇ ਉਹ ਵੀ ਆਵਾਗਉਣ ਤੋਂ ਨਹੀਂ ਬਚੇ। ਸਾਰੀ ਗੱਲ "ਸਬਦੁ" ਨੂੰ ਸਮਝਣ ਦੀ ਹੈ ਕਿ "ਸਬਦੁ" ਕੀ ਹੈ, ਇਸ ਦਾ ਮੂਲ ਕੀ ਹੈ। ਇਸ ਗੱਲ ਨੂੰ ਸਮਝੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ, "ਨਾਮੁ" ਕੀ ਹੈ ਤੇ ਹਉਮੈ ਕੀ ਹੈ। "ਸਬਦੁ" ਨੂੰ ਉਹੀ ਜਾਣ ਸਕਦਾ ਹੈ ਜਿਸ ਦੇ ਮਨ ਦੇ ਅੰਦਰ "ਸਬਦੁ" ਆਪ ਪ੍ਰਗਟ ਹੁੰਦਾ ਹੈ। ਸਾਡੇ ਮਨ ਦੇ ਅੰਦਰ "ਸਬਦੁ" ਵਸਾਉਣ ਵਾਲਾ ਪ੍ਰਮਾਤਮਾ ਆਪ ਹੈ ਜਿਵੇਂ ਕਿ ਉੱਪਰ ਪੰਗਤੀਆਂ ਦੁਆਰਾ ਸਮਝਿਆ ਹੈ। ਇਹ "ਸਬਦੁ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਉਹ ਕਿਸੇ ਦੇ ਅੰਦਰ ਆਪ ਹੀ ਪ੍ਰਗਟ ਕਰਦਾ ਹੈ ਤੇ ਉਸਦੇ ਪ੍ਰਗਟ ਹੋਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ "ਸਬਦੁ" ਕੀ ਹੈ। "ਸਬਦੁ"

25/2726

ਗਿਆਨ ਰੂਪ ਹੈ ਪਰ ਇਸ ਗੱਲ ਦੀ ਸੋਝੀ ਤਾਂ ਹੀ ਪੈਂਦੀ ਹੈ ਜਦੋਂ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਆਪਣੇ ਇਸ ਰੂਪ ਦੁਆਰਾ ਪ੍ਰਗਟ ਹੁੰਦਾ ਹੈ ਤੇ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਜੋ ਸੋਚਾਂ ਉਪਜਦੀਆਂ ਹਨ, ਵਿਚਾਰ ਉਪਜਦੇ ਹਨ ਜਿੰਨ੍ਹਾਂ ਦੁਆਰਾ ਸਾਨੂੰ ਮਨ ਦੇ ਵਿੱਚੋਂ ਸੋਝੀ ਪੈਂਦੀ ਹੈ ਉਹ ਵਿਚਾਰ ਸਾਡੇ ਅੰਦਰ ਉਪਜਾਉਣ ਵਾਲਾ ਕੌਣ ਹੈ। ਸਾਡੇ ਅੰਦਰ ਸਭ ਵਿਚਾਰ ਉਪਜਾਉਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਜੋ ਸਾਰੇ ਗਿਆਨ ਦਾ ਸ੍ਰੋਤ ਹੈ। ਜਦ ਤੱਕ ਸਾਨੂੰ ਗਿਆਨ ਦੇ ਸ੍ਰੋਤ ਦੀ ਸਮਝ ਨਹੀਂ ਪੈਂਦੀ ਤਦ ਤੱਕ ਹਰ ਕੋਈ ਹਉਮੈ ਵਿੱਚ ਹੀ ਹੈ, ਭਰਮ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ ਤੇ ਇਸ ਸੱਚ ਨੂੰ ਸਮਝਣ ਵਿੱਚ ਅਸਮਰੱਥ ਹੈ ਕਿ ਅਸਲ ਵਿੱਚ ਗੁਰੂ ਕੌਣ ਹੈ ਜੋ ਸਾਰੇ ਸੰਸਾਰ ਦੇ ਗਿਆਨ ਦਾ ਸ੍ਰੋਤ ਹੈ। ਜੋ ਇੱਕ ਵਾਰ ਇਸ "ਸਬਦੁ" ਦੇ ਸ੍ਰੋਤ ਨਾਲ ਜੁੜ ਜਾਂਦਾ ਹੈ ਉਸ ਦੁਆਰਾ ਉਸ ਨੂੰ ਜੋ ਵੀ ਸੋਝੀ ਪੈਂਦੀ ਹੈ ਉਹ ਭਰਮ ਤੋਂ ਰਹਿਤ ਹੁੰਦੀ ਹੈ, ਦੁਚਿੱਤੀ ਤੋਂ ਰਹਿਤ ਹੁੰਦੀ ਹੈ ਤੇ ਇਸੇ ਲਈ ਉਸ ਵਿੱਚ ਪੂਰਨ ਸੱਚ ਹੁੰਦਾ ਹੈ। ਗੁਰਬਾਣੀ ਵਿੱਚ ਇਸੇ ਲਈ ਪੂਰਨ ਸੱਚ ਹੈ ਕਿਉਂਕਿ ਜਿੰਨ੍ਹਾਂ ਸਰੀਰਾਂ ਰਾਹੀਂ ਵੀ ਗੁਰਬਾਣੀ ਆਈ ਹੈ ਉਨ੍ਹਾਂ ਸਭ ਦਾ ਸ੍ਰੋਤ ਇੱਕੋ ਇੱਕ "ਸਬਦੁ" ਹੀ ਹੈ ਤੇ ਤਾਂ ਹੀ ਉਨ੍ਹਾਂ ਨੇ "ਸਬਦੁ" ਨੂੰ ਭਾਵ ਪ੍ਰਮਾਤਮਾ ਨੂੰ ਹੀ ਗੁਰੂ ਦੱਸਿਆ ਹੈ ਤੇ ਦੇਹ ਨੂੰ ਗੁਰੂ ਨਹੀਂ ਦੱਸਿਆ। "ਸਬਦੁ" ਰੂਪ ਸ੍ਰੋਤ ਦੇ ਨਾਲ ਜੁੜ ਕੇ ਪ੍ਰਮਾਤਮਾ ਕੋਲੋਂ ਸਭ ਨੂੰ ਇੱਕੋ ਜਿਹੀ ਸੋਝੀ ਹੀ ਪੈਂਦੀ ਹੈ ਤੇ ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨੇ ਇੱਕੋ ਜਿਹਾ ਸੱਚ ਹੀ ਸਮਝਾਇਆ ਹੈ ਤੇ ਆਪਸ ਵਿੱਚ ਇੱਕ ਸ਼ਬਦ ਦਾ ਦੂਜੇ ਸ਼ਬਦ ਨਾਲ ਕੋਈ ਭੇਦ ਨਹੀਂ। ਜਦ ਤੱਕ ਅਸੀਂ ਕਿਸੇ ਦੇਹ ਰੂਪ ਨੂੰ ਗੁਰੂ ਸਮਝਦੇ ਹਾਂ ਇਹ ਸਾਡਾ ਭਰਮ ਹੈ। ਦੇਹ ਉਸ ਗੁਰੂ ਰੂਪ ਨੂੰ, "ਸਬਦੁ" ਰੂਪ ਨੂੰ, ਗਿਆਨ ਰੂਪ ਨੂੰ, ਨਿਰਗੁਣ ਰੂਪ ਨੂੰ ਮਨ ਦੇ ਰੂਪ ਵਿੱਚ ਆਪਣੇ ਅੰਦਰ ਟਿਕਾਉਣ ਲਈ ਹੈ। ਦੇਹ ਤੋਂ ਬਿਨ੍ਹਾਂ ਗੁਰੂ ਰੂਪ ਪ੍ਰਗਟ ਨਹੀਂ ਹੋ ਸਕਦਾ। ਜਿਸ ਦੇਹ ਦੇ ਵਿੱਚ ਗੁਰੂ ਰੂਪ ਪ੍ਰਗਟ ਹੋ ਜਾਂਦਾ ਹੈ ਉਹ ਦੇਹ ਹੀ, ਉਹ ਸਰੀਰ ਹੀ ਸੱਚਾ ਮਾਣ ਲੈਣ ਦਾ ਹੱਕਦਾਰ ਬਣਦਾ ਹੈ ਕਿਉਂਕਿ ਉਹ ਪ੍ਰਮਾਤਮਾ ਦੀ ਵਡਿਆਈ ਹੀ ਕਰਦਾ ਹੈ, "ਸਬਦੁ" ਰੂਪ ਨੂੰ ਉੱਚਾ ਕਰਦਾ ਹੈ। ਇਹ ਮਾਣ ਉਸ ਨੂੰ ਮਿਲਦਾ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ ਝਗੜਾ ਮਿਟ ਜਾਂਦਾ ਹੈ ਭਾਵ ਜਿਸ ਦੀ ਹਉਮੈ ਮਿਟ ਜਾਂਦੀ ਹੈ ਭਾਵ ਜਿਸ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਹਰ ਸਰਗੁਣ ਰੂਪ ਨੂੰ ਬਣਾ ਕੇ ਉਹ ਨਿਰਗੁਣ ਰੂਪ ਆਪ ਹੀ ਚਲਾ ਰਿਹਾ ਹੈ। ਸਾਡੇ ਅੰਦਰ "ਸਬਦੁ" ਦਾ ਪ੍ਰਗਟ ਹੋਣਾ ਹੀ "ਨਾਮੁ" ਦਾ ਪ੍ਰਗਟ ਹੋਣਾ ਹੈ, ਸੱਚੇ ਗਿਆਨ ਦਾ ਪ੍ਰਗਟ ਹੋਣਾ ਹੈ ਜਿਸ ਦੁਆਰਾ ਸਾਡੀ

ਹਉਮੈ ਦੂਰ ਹੁੰਦੀ ਹੈ। ਜਦ ਤੱਕ ਹਉਮੈ ਨਹੀਂ ਮਿਟਦੀ ਤਦ ਤੱਕ ਸਾਡਾ ਨਾਮ ਨਾਲ ਝਗੜਾ ਨਹੀਂ ਮੁੱਕਦਾ, ਗੁਰੂ ਰੂਪ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਮੁੱਕਦਾ। ਬ੍ਰਹਮਾ ਆਦਿ ਦਾ ਝਗੜਾ ਇਸ ਗੱਲ ਕਰਕੇ ਨਹੀਂ ਮੁੱਕਿਆ ਕਿਉਂਕਿ ਉਨ੍ਹਾਂ ਦੀ ਹਉਮੈ ਨਹੀਂ ਮਿਟੀ। ਹਉਮੈ ਇਸ ਲਈ ਨਹੀਂ ਮਿਟੀ ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਪਛਾਣਿਆ, ਆਪਣੇ ਅੰਦਰੋਂ "ਸਬਦੁ" ਰੂਪ ਗੁਰੂ ਨੂੰ ਨਹੀਂ ਜਾਣਿਆ। ਆਪਣੇ ਅੰਦਰੋਂ "ਸਬਦੁ" ਰੂਪ ਨੂੰ ਜਾਣੇ ਬਿਨ੍ਹਾਂ ਨਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ, ਗੁਰੂ ਕੌਣ ਹੈ ਤੇ ਨਾ ਹੀ ਕਿਸੇ ਦੀ ਅਗਿਆਨਤਾ ਮਿਟ ਸਕਦੀ ਹੈ, ਹਉਮੈ ਮਿਟ ਸਕਦੀ ਹੈ ਤੇ ਨਾ ਹੀ ਕਿਸੇ ਦਾ ਪ੍ਰਮਾਤਮਾ ਦੇ ਨਾਲ ਝਗੜਾ ਮਿਟ ਸਕਦਾ ਹੈ।

25/2727

ਜਿਸ ਸ਼ਬਦ ਦੀਆਂ ਪੰਗਤੀਆਂ ਨੂੰ ਅਸੀਂ ਪਿੱਛੇ ਸਮਝਿਆ ਹੈ ਉਨ੍ਹਾਂ ਪੰਗਤੀਆਂ ਦੇ ਨਾਲ ਹੋਰ ਸ਼ਬਦਾਂ ਦੀਆਂ ਪੰਗਤੀਆਂ ਨੂੰ ਸਮਝ ਕੇ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਹਕੀਕਤ ਵਿੱਚ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰਹੇ ਹਨ ਤੇ ਇਹੀ ਸੱਚ ਹੈ। ਗੁਰਬਾਣੀ ਸਾਨੂੰ ਜੋ ਕੁੱਝ ਵੀ ਸਮਝਾ ਰਹੀ ਹੈ ਉਹੀ ਸੱਚ ਹੈ, ਪੂਰਨ ਸੱਚ ਹੈ ਪਰ ਇਸ ਦੀ ਸਮਝ ਤਾਂ ਹੀ ਲੱਗਦੀ ਹੈ, ਵਿਸ਼ਵਾਸ ਤਾਂ ਹੀ ਆਉਂਦਾ ਹੈ ਜਦੋਂ ਅਸੀਂ ਉਸ "ਸਬਦੁ" ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦੇ ਹਾਂ। ਜਿੰਨ੍ਹਾਂ ਨੇ ਉਸਦੇ "ਸਬਦੁ" ਰੂਪ ਨੂੰ ਦੇਖਿਆ ਹੈ ਭਾਵ ਮਨ ਦੇ ਅੰਦਰੋਂ ਜਾਣਿਆ ਹੈ ਉਨ੍ਹਾਂ ਨੇ ਹੀ ਸਾਨੂੰ ਇਹ ਸੱਚ ਸਮਝਾਇਆ ਹੈ ਕਿ ਜਿੰਨ੍ਹਾਂ ਨੂੰ ਅਸੀਂ ਬਹੁਤ ਵੱਡਾ ਸਮਝਿਆ ਹੋਇਆ ਹੈ ਉਨ੍ਹਾਂ ਨੂੰ ਵੀ ਸੱਚ ਦੀ ਸਮਝ ਨਹੀਂ ਲੱਗੀ ਕਿ ਅਸਲ ਵਿੱਚ ਗੁਰੂ ਕੌਣ ਹੈ ਤੇ ਪ੍ਰਮਾਤਮਾ ਦਾ ਨਿਰਗੁਣ ਰੂਪ ਕੀ ਹੈ।

{ਸਤਿਗੁਰੁ ਦਾਤਾ ਮਿਲੈ ਮਿਲਾਇਆ॥ ਪੂਰੈ ਭਾਗਿ ਮਨਿ ਸਬਦੁ ਵਸਾਇਆ॥
ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ॥੮॥੯॥੧੦॥}

(ਅੰਗ ੧੧੫)

ਗਉੜੀ ਮਹਲਾ ੩॥
{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥ ਅੰਤਰਿ ਤਾਮਸੁ ਆਪੁ ਨ ਪਛਾਣੈ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥}

(ਅੰਗ ੨੩੧)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ॥੧॥}

(ਅੰਗ ੮੫੨)

ਜਦ ਤੱਕ ਸਾਡੀ ਹਉਮੈ ਨਹੀਂ ਮਿਟਦੀ ਉਸ ਵਿੱਚ ਰਹਿੰਦਿਆਂ ਅਸੀਂ ਆਪਣੀਆਂ ਉਨ੍ਹਾਂ ਗੱਲਾਂ ਕਰਕੇ ਮਾਣ ਲੈਂਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੁੰਦਾ। ਬ੍ਰਹਮਾ ਨੂੰ ਮਨ ਦੇ ਵਿੱਚ ਵੇਦ ਪੜ੍ਹਾਉਣ ਵਾਲਾ ਕੌਣ ਸੀ, ਉਸ ਨੂੰ ਵੇਦਾਂ ਦਾ ਗਿਆਨ ਦੇਣ ਵਾਲਾ ਕੌਣ ਸੀ ਇਸ ਗੱਲ ਦੀ ਸਮਝ ਉਸ ਨੂੰ ਨਹੀਂ ਲੱਗੀ ਤੇ ਆਪਣੇ ਆਪ ਨੂੰ ਵੇਦਾਂ ਦਾ ਗਿਆਨੀ ਕਿਹਾ ਹੈ, ਵੇਦਾਂ ਦਾ ਲਿਖਣ ਵਾਲਾ ਕਿਹਾ ਹੈ। ਇਸ ਵਿੱਚ ਸੱਚ ਨਹੀਂ ਹੈ। ਸੱਚ ਇਹ ਹੈ ਕਿ ਉਸਦੇ ਅੰਦਰ ਗਿਆਨ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਸੀ ਪਰ ਉਸ ਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿਉਂਕਿ ਉਸ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ "ਸਬਦੁ" ਰੂਪ ਵਿੱਚ ਪ੍ਰਗਟ ਨਹੀਂ ਕੀਤਾ ਭਾਵ ਉਥੇ ਪ੍ਰਮਾਤਮਾ ਗੁਪਤ ਰੂਪ ਵਿੱਚ ਹੀ ਵਰਤਿਆ ਜਿਵੇਂ ਕਿ ਉਹ ਸਭ ਵਿੱਚ ਵਰਤ ਰਿਹਾ ਹੈ। ਇਸੇ ਕਰਕੇ ਉਸਦੀ ਤ੍ਰੈਗੁਣਾਂ ਵਾਲੀ

25/2728

ਅਵੱਸਥਾ ਦੂਰ ਨਹੀਂ ਹੋਈ, ਹਉਮੈ ਦੂਰ ਨਹੀਂ ਹੋਈ, ਮੈਂ ਦੂਰ ਨਹੀਂ ਹੋਈ, ਭਰਮ ਦੂਰ ਨਹੀਂ ਹੋਇਆ, ਅੰਦਰ ਦੀ "ਤਾਮਸੁ" ਭਾਵ ਅਗਿਆਨ ਰੂਪ ਅੰਧੇਰਾ ਦੂਰ ਨਹੀਂ ਹੋਇਆ। ਬ੍ਰਹਮਾ ਨੇ ਆਪਣੀ "ਮੈਂ" ਦੇ ਨਾਲ ਆਪਣੇ ਆਪ ਨੂੰ ਉੱਚਾ ਕੀਤਾ ਹੈ, ਵੱਡਾ ਕੀਤਾ ਹੈ ਭਾਵ ਆਪਣੀ ਹਉਮੈ ਵਧਾਈ ਹੈ ਤੇ ਇਸੇ ਗੱਲ ਕਰਕੇ ਉਸ ਨੇ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਦਿਖਾਇਆ ਹੈ। ਜੋ ਵੀ ਆਪਣੇ ਆਪ ਨੂੰ ਭਾਵੇਂ ਉਹ ਕਿਸੇ ਵੀ ਧਾਰਮਿਕ ਆਸਥਾ ਵਾਲਾ ਹੈ ਅਗਰ ਧਰਮ ਦੇ ਮਾਰਗ ਤੇ ਉੱਚਾ ਕਰਦਾ ਹੈ, ਆਪਣੇ ਅੰਦਰੋਂ ਪ੍ਰਮਾਤਮਾ ਦੇ "ਸਬਦੁ" ਰੂਪ ਨੂੰ ਜਾਣੇ ਬਿਨ੍ਹਾਂ ਉੱਚਾ ਕਰਦਾ ਹੈ ਇਹ ਕੇਵਲ ਉਸਦੀ ਹਉਮੈ ਹੈ ਜਿਸ ਦੁਆਰਾ ਉਹ ਝੂਠਾ ਮਾਣ ਲੈਂਦਾ ਹੈ। ਇਹ ਝੂਠਾ ਮਾਣ ਹੀ ਸਾਡਾ ਧਰਮ ਦੇ ਨਾਲ ਝਗੜੇ ਦਾ ਕਾਰਨ ਹੈ। ਇਹ ਸਾਡੇ ਅੰਦਰ ਸੱਚ ਦੀ ਸੋਝੀ ਨਾ ਪੈਣ ਦਾ ਕਾਰਨ ਹੈ ਕਿ ਅਸਲ ਵਿੱਚ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਅਸੀਂ ਆਪਣੇ ਆਪ ਨੂੰ ਉੱਚਾ ਕਰ ਕੇ, ਆਪਣੀ ਮਤਿ ਨੂੰ ਉੱਚਾ ਕਰਕੇ ਗੁਰਮਤਿ ਦੀ ਬਰਾਬਰੀ ਕਰਦੇ ਹਾਂ, ਸੱਚ ਦੀ ਬਰਾਬਰੀ ਕਰਦੇ ਹਾਂ। ਜਦ ਤੱਕ ਸਾਡੇ ਵਿਚਾਰ ਸੱਚ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ ਇਹ ਸਾਡੇ ਝਗੜੇ ਦਾ ਕਾਰਨ ਹੈ। ਅਸੀਂ ਗੁਰਮਤਿ ਦੇ ਉਲਟ ਵਿਚਾਰ ਦੇ ਕੇ ਆਪਣੇ ਆਪ ਨੂੰ ਉੱਚਾ ਕਰਦੇ ਹਾਂ, ਗੁਰਮਤਿ ਦੇ ਉਲਟ ਭਗਤੀ ਕਰ ਕੇ ਜਾਂ ਸਮਝਾ ਕੇ ਆਪਣੇ ਆਪ ਨੂੰ ਉੱਚਾ ਕਰਦੇ ਹਾਂ ਤੇ ਇਸ ਨਾਲ ਕੇਵਲ ਆਪਣਾ ਪ੍ਰਮਾਤਮਾ ਦੇ ਨਾਲ ਝਗੜਾ ਹੀ ਵਧਾਉਂਦੇ ਹਾਂ। ਜਿੰਨ੍ਹਾਂ ਨੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੈ, ਆਪਣੇ ਆਪ ਨੂੰ ਉੱਚੇ ਵਿਦਵਾਨ ਭਾਵ ਧਰਮ ਦੇ ਵਿਦਵਾਨ ਝੂਠੀ ਮਤਿ ਦੁਆਰਾ ਅਖਵਾਇਆ ਹੈ, ਝੂਠੇ ਮਾਰਗ ਤੇ ਭਾਵ ਗੁਰਮਤਿ ਦੇ ਉਲਟ ਮਾਰਗ ਤੇ ਚੱਲ ਕੇ ਸੰਤ, ਬ੍ਰਹਮਗਿਆਨੀ ਆਦਿ ਅਖਵਾਇਆ ਹੈ ਉਨ੍ਹਾਂ ਨੇ ਕੇਵਲ ਆਪਣਾ ਝੂਠਾ ਮਾਣ ਹੀ ਵਧਾਇਆ ਹੈ, ਹਉਮੈ ਹੀ ਵਧਾਈ ਹੈ। ਜੋ ਮਾਰਗ ਗੁਰਮਤਿ ਦੇ ਉਲਟ ਹੈ ਉਹ ਸਾਡੀ ਹਉਮੈ ਹੀ ਵਧਾਉਂਦਾ ਹੈ। ਆਪਣੇ ਆਪ ਨੂੰ ਇਸ ਮਾਰਗ ਤੇ ਉੱਚਾ ਉਨ੍ਹਾਂ ਨੇ ਥਾਪਿਆ ਹੈ ਜਿੰਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਇਸ ਮਾਰਗ ਤੇ ਕੇਵਲ ਗੁਰੂ ਹੀ ਉੱਚਾ ਹੈ। ਜਿੰਨ੍ਹਾਂ ਗੱਲਾਂ ਤੋਂ ਗੁਰੂ ਨੇ ਬਾਣੀ ਰਾਹੀਂ ਸਾਨੂੰ ਮਨ੍ਹਾ ਕੀਤਾ ਹੈ ਉਨ੍ਹਾਂ ਗੱਲਾਂ ਤੇ ਚੱਲ ਕੇ ਹੀ ਉਨ੍ਹਾਂ ਨੇ ਉੱਚੇ ਮਾਣ ਇਕੱਠੇ ਕੀਤੇ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਿੰਨ੍ਹਾਂ ਗੱਲਾਂ ਨੂੰ ਸਾਡੀਆਂ ਚਤੁਰਾਈਆਂ ਦੱਸਿਆ ਹੈ, ਸਾਡਾ ਭਰਮ ਦੱਸਿਆ ਹੈ ਉਨ੍ਹਾਂ ਨੂੰ ਛੱਡਣ ਦੀ ਬਜਾਇ ਅਸੀਂ ਉਨ੍ਹਾਂ ਨੂੰ ਹੀ ਅਪਣਾਇਆ ਹੋਇਆ ਹੈ ਜਿਸ ਵਿੱਚ ਕੇਵਲ ਝੂਠਾ ਮਾਣ ਹੈ ਤੇ ਨਾਮ ਨਹੀਂ ਹੈ ਬਲਕਿ ਨਾਮ ਦੇ ਨਾਲ ਵਿਰੋਧਤਾ ਹੈ, ਝਗੜਾ ਹੈ।

ਗੁਰੂ ਸਾਹਿਬ ਨੇ ਵਾਰ-ਵਾਰ ਸਾਨੂੰ ਜਿੰਨ੍ਹਾਂ ਗੱਲਾਂ ਕਰਕੇ ਨਿੰਦਿਆ ਹੈ ਉਸ ਦੇ ਪਿੱਛੇ ਸਾਡਾ ਗੁਰਮਤਿ ਦੇ ਨਾਲ ਝਗੜਾ ਹੀ ਹੈ ਭਾਵ ਇਸ ਝਗੜੇ ਕਰਕੇ ਹੀ

25/2729

ਸਾਨੂੰ ਨਿੰਦਿਆ ਹੈ ਭਾਵ ਸਾਨੂੰ ਸੱਚ ਦੇ ਉਲਟ ਚੱਲਣ ਕਰਕੇ ਹੀ ਨਿੰਦਿਆ ਹੈ। ਜੇਕਰ ਅਸੀਂ ਇਸ ਨਿੰਦਿਆ ਨੂੰ ਕਬੂਲ ਨਹੀਂ ਕਰਦੇ ਭਾਵ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਨਹੀਂ ਮੰਨਦੇ ਫਿਰ ਇਸ ਵਿੱਚ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ ਭਾਵ ਉਸ ਦੇ ਹੁਕਮ ਦੀ ਨਾ ਫੁਰਮਾਨੀ ਕਰਦੇ ਹਾਂ। ਸਾਡੀ ਇਹ ਨਾ ਫੁਰਮਾਨੀ ਹੀ ਗੁਰੂ ਦੇ ਨਾਲ ਝਗੜਾ ਹੈ, ਉਸਦੀ ਨਿੰਦਾ ਕਰਨਾ ਹੈ, ਗੁਰੂ ਰੂਪ ਸੰਤ ਦੀ ਨਿੰਦਾ ਕਰਨਾ ਹੈ। ਨਿੰਦਾ ਵਿੱਚੋਂ ਉਹ ਮਨੁੱਖ ਹੀ ਨਿਕਲਦਾ ਹੈ ਜਿਸ ਦੇ ਅੰਦਰ ਪੂਰਨ ਰੂਪ ਵਿੱਚ ਗੁਰਮਤਿ ਵੱਸ ਜਾਂਦੀ ਹੈ, ਪੂਰਨ ਸੱਚ ਵੱਸ ਜਾਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਗੁਰੂ ਦੀ ਰਜ਼ਾ ਅਨੁਸਾਰ ਹੀ ਕਰਦਾ ਹੈ ਤੇ ਆਪਣੀ ਕਿਸੇ ਗੱਲ ਰਾਹੀਂ, ਕਰਮ ਰਾਹੀਂ ਉਹ ਸੱਚ ਦੇ ਉਲਟ ਨਹੀਂ ਚੱਲਦਾ। ਸੱਚ ਦੀ ਨਿੰਦਾ ਝੂਠ ਦੁਆਰਾ ਹੁੰਦੀ ਹੈ। ਸੱਚ ਦੀ ਨਿੰਦਾ ਗੁਰੂ ਦੀ ਨਿੰਦਾ ਹੈ, ਸੰਤ ਦੀ ਨਿੰਦਾ ਹੈ, ਉਸ "ਸਚੁ" ਰੂਪ ਪ੍ਰਮਾਤਮਾ ਦੀ ਨਿੰਦਾ ਹੈ। ਸੰਤ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਇਸੇ ਲਈ ਸੱਚ ਦੀ ਨਿੰਦਾ ਸੰਤ ਦੀ ਨਿੰਦਾ ਹੈ, ਗੁਰੂ ਦੀ ਨਿੰਦਾ ਹੈ, ਗੁਰਮਤਿ ਦੀ ਨਿੰਦਾ ਹੈ। ਜਿਸਦੇ ਅੰਦਰ ਗੁਰਮਤਿ ਕਬੂਲ ਹੋ ਜਾਂਦੀ ਹੈ ਉਹੀ ਸੰਤ ਦੀ ਨਿੰਦਾ ਤੋਂ ਬਚ ਸਕਦਾ ਹੈ, ਉਸਦੇ ਨਾਲ ਝਗੜੇ ਤੋਂ ਬਚ ਸਕਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ, ਹਉਮੈ ਦਾ ਨਾਮ ਦੇ ਨਾਲ ਝਗੜਾ ਨਿਬੜਦਾ ਹੈ। ਪੂਰਨ ਸੱਚ, ਪੂਰਨ ਗੁਰਮਤਿ ਉਸਦੇ ਅੰਦਰ ਹੀ ਵੱਸਦੀ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਵਸਾਉਂਦਾ ਹੈ ਤੇ ਆਪਣੀ ਗੁਰਮਤਿ ਅਨੁਸਾਰ ਚਲਾਉਣ ਲਈ ਆਪ ਹੀ ਦ੍ਰਿੜਤਾ ਬਖ਼ਸ਼ਦਾ ਹੈ ਕਿ ਸੱਚ ਤੇ ਚੱਲਣਾ ਹੀ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣਾ ਹੈ। ਸੱਚ ਦੀ ਸੋਝੀ ਪਏ ਬਿਨ੍ਹਾਂ ਅਸੀਂ ਅਨੇਕਾਂ ਹੀ ਭਰਮਾਂ ਵਿੱਚ ਰਹਿੰਦੇ ਹਾਂ ਜਿੰਨ੍ਹਾਂ ਦੇ ਰਹਿੰਦੇ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਦੇ ਉਲਟ ਹਨ। ਭਰਮ ਵਿੱਚ ਰਹਿੰਦੇ ਅਸੀਂ ਭਗਤੀ ਦੇ ਉਹੋ ਜਿਹੇ

ਤਰੀਕੇ ਅਪਣਾਉਂਦੇ ਹਾਂ ਜਿੰਨ੍ਹਾਂ ਲਈ ਗੁਰਮਤਿ ਸਾਨੂੰ ਮਨ੍ਹਾ ਕਰ ਰਹੀ ਹੈ ਪਰ ਅਸੀਂ ਗੁਰੂ ਦੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹੁੰਦੇ। ਇਹ ਗੁਰੂ ਦੇ ਹੁਕਮ ਦੀ ਨਾ-ਫੁਰਮਾਨੀ ਹੈ ਜਿਸ ਵਿੱਚ ਅਸੀਂ ਗੁਰੂ ਦੀ ਨਿੰਦਾ ਹੀ ਕਰਦੇ ਹਾਂ। ਸਰੀਰਕ ਜਪ ਤਪ ਆਦਿ ਕਰਨੇ, ਕਿਸੇ ਅੱਖਰ ਦਾ ਜਪ ਕਰੀ ਜਾਣਾ ਤੇ ਆਪਣੀ ਕਥਨੀ ਨੂੰ ਹੀ ਭਗਤੀ ਸਮਝਣਾ ਤੇ ਦੂਸਰਿਆਂ ਨੂੰ ਸਮਝਾਉਣਾ ਗੁਰੂ ਦੇ ਹੁਕਮ ਦੀ ਨਾ-ਫੁਰਮਾਨੀ ਹੀ ਹੈ ਭਾਵ ਉਸਦੀ ਨਿੰਦਿਆ ਹੀ ਹੈ, ਉਸਦੇ ਨਾਲ ਝਗੜਾ ਪਾਉਣ ਵਾਲੀ ਗੱਲ ਹੀ ਹੈ ਕਿਉਂਕਿ ਇਸ ਵਿੱਚ ਸੱਚ ਨਹੀਂ ਹੈ ਬਲਕਿ ਸੱਚ ਦੇ ਉਲਟ ਚੱਲਣ ਵਾਲੀ ਗੱਲ ਹੈ। ਗੁਰਬਾਣੀ ਸਾਨੂੰ ਸਪੱਸ਼ਟ ਤੌਰ ਤੇ ਸਮਝਾ ਰਹੀ ਹੈ ਕਿ ਔਗੁਣ ਮੁਕਤ ਹੋ ਕੇ ਸੱਚੇ ਸੁੱਚੇ ਕਰਮ ਕਰਨਾ ਹੀ ਨਾਮ ਜਪਣਾ ਹੈ ਪਰ ਇੱਕ ਅੱਖਰ ਨੂੰ ਨਾਮ ਸਮਝ ਕੇ ਅਸੀਂ ਸੱਚ ਦੇ ਉਲਟ ਚੱਲਦੇ ਹਾਂ ਤੇ ਹੋਰਨਾਂ ਨੂੰ ਇਹ ਸਮਝਾਉਂਦੇ ਹਾਂ ਕਿ ਔਗੁਣ ਆਦਿ ਤਿਆਗਣੇ ਇੱਕ ਪ੍ਰਹੇਜ਼ ਮਾਤਰ ਹੀ ਹੈ ਤੇ ਅਸਲ ਗੱਲ ਅੱਖਰ ਨੂੰ ਜਪੀ ਜਾਣਾ ਹੀ ਹੈ। ਇਤਨਾ ਵੱਡਾ ਝੂਠਾ ਪ੍ਰਚਾਰ ਕਰਕੇ

25/2730

ਅਸੀਂ ਦੁਨੀਆਂ ਨੂੰ ਵੀ ਸੱਚ ਤੋਂ ਦੂਰ ਕਰਦੇ ਹਾਂ ਤੇ ਗੁਰਬਾਣੀ ਦੇ ਸੱਚ ਦੀ ਵੀ ਨਿੰਦਿਆ ਕਰਦੇ ਹਾਂ ਜਿਸ ਦੁਆਰਾ ਗੁਰਬਾਣੀ ਦਾ ਸੱਚ ਛੁਪ ਜਾਂਦਾ ਹੈ ਤੇ ਗੁਰਮਤਿ ਦਾ ਝੂਠਾ ਰੂਪ ਉਜਾਗਰ ਹੁੰਦਾ ਹੈ ਭਾਵ ਅਸੀਂ ਝੂਠੀ ਗੱਲ ਨੂੰ ਗੁਰਮਤਿ ਕਹਿ ਕੇ ਸਮਝਾਉਂਦੇ ਹਾਂ, ਸੱਚੀ ਕਹਿ ਕੇ ਸਮਝਾਉਂਦੇ ਹਾਂ ਜਿਸ ਰਾਹੀਂ ਅਸੀਂ ਗੁਰਬਾਣੀ ਦੀ ਅਸਲ ਮਤਿ ਨੂੰ ਬਹੁਤ ਨੀਵਾਂ ਕਰ ਦਿੰਦੇ ਹਾਂ ਤੇ ਦੁਨੀਆਂ ਦੀਆਂ ਨਜ਼ਰਾਂ ਵਿੱਚ ਗੁਰਬਾਣੀ ਦੀ ਸਿੱਖਿਆ ਨੂੰ ਬਹੁਤ ਛੋਟਾ ਬਣਾ ਕੇ ਪੇਸ਼ ਕਰਦੇ ਹਾਂ।

ਇੱਕ ਮਾੜੇ ਕਰਮ ਕਰਨ ਵਾਲਾ ਮਨੁੱਖ, ਔਗੁਣਾਂ ਵਿੱਚ ਰਹਿਣ ਵਾਲਾ ਮਨੁੱਖ ਇੱਕ ਅੱਖਰ ਦੇ ਜਪ ਕਰਨ ਨੂੰ ਹੀ ਆਪਣੀ ਭਗਤੀ ਸਮਝ ਕੇ ਮਾੜੇ ਕਰਮਾਂ ਵਿੱਚ ਲੱਗਾ ਰਹਿੰਦਾ ਹੈ ਪਰ ਆਪਣੇ ਆਪ ਨੂੰ ਗੁਰੂ ਦਾ ਸਿੱਖ ਸਮਝਦਾ ਹੈ ਤੇ ਅਖਵਾਉਂਦਾ ਹੈ ਤੇ ਦੁਨੀਆਂ ਨੂੰ ਇਹ ਦਿਖਾਉਂਦਾ ਹੈ ਕਿ ਗੁਰਬਾਣੀ ਨੇ ਸਾਨੂੰ ਇਹੀ ਕੁੱਝ ਸਿਖਾਇਆ ਹੈ। ਇਹ ਗੁਰਬਾਣੀ ਨੂੰ ਬਦਨਾਮ ਕਰਨ ਵਾਲੀ ਗੱਲ ਹੈ, ਗੁਰੂ ਨੂੰ, ਸੰਤ ਨੂੰ ਬਦਨਾਮ ਕਰਨ ਵਾਲੀ ਗੱਲ ਹੈ ਭਾਵ ਉਸਦੀ ਨਿੰਦਾ ਕਰਨ ਵਾਲੀ ਗੱਲ ਹੈ। ਇਹ ਗੁਰੂ ਦੇ ਸੱਚੇ ਮਨੋਰਥ ਨੂੰ ਨਿੰਦਣ ਵਾਲੀ ਗੱਲ ਹੈ। ਅਸੀਂ ਆਪਣੀ ਜਿਸ ਕਰਨੀ ਦੁਆਰਾ ਵੀ ਗੁਰੂ ਦੀ ਸਿੱਖਿਆ ਦੇ ਉਲਟ ਚੱਲਦੇ ਹਾਂ ਉਸ ਦੇ ਵਿੱਚ ਗੁਰੂ ਦੀ ਨਿੰਦਿਆ ਹੈ। ਗੁਰੂ ਦੀ ਸਿੱਖਿਆ ਦੀ ਨਿੰਦਾ ਗੁਰੂ ਦੀ ਨਿੰਦਾ ਹੈ।

ਗੁਰੂ ਦੀ ਨਿੰਦਾ ਦਾ ਮੂਲ ਕਾਰਨ, ਸਾਡੀ ਹਉਮੈ ਹੀ ਹੈ, ਅਗਿਆਨਤਾ ਹੀ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਗੁਰੂ ਦੀ ਗੱਲ ਨੂੰ ਮੰਨਣਾ ਹੀ ਹਉਮੈ ਵਿੱਚੋਂ ਨਿਕਲਣ ਦਾ ਸਾਧਨ ਹੈ, ਅਗਿਆਨਤਾ ਵਿੱਚੋਂ ਨਿਕਲਣ ਦਾ ਸਾਧਨ ਹੈ ਤਾਂ ਜੋ ਅਸੀਂ ਗੁਰੂ ਦੀ ਨਿੰਦਾ ਤੋਂ ਬਚ ਸਕੀਏ। ਇਸੇ ਲਈ ਗੁਰਬਾਣੀ ਸਾਨੂੰ ਵਾਰ ਵਾਰ ਹਉਮੈ ਵਿੱਚੋਂ ਨਿਕਲਣ ਲਈ ਪ੍ਰੇਰਦੀ ਹੈ, ਨਾਮ ਦੇ ਨਾਲ ਝਗੜਾ ਨਿਬੇੜਣ ਲਈ ਪ੍ਰੇਰਦੀ ਹੈ। ਨਾਮ ਸੱਚ ਹੈ ਤੇ ਸੱਚ ਨੂੰ ਅਪਨਾ ਕੇ ਹੀ ਇਹ ਝਗੜਾ ਨਿਬੜ ਸਕਦਾ ਹੈ। ਸੱਚ ਨੂੰ ਅਪਣਾ ਕੇ ਅਸੀਂ ਸੱਚੀ ਕਰਨੀ ਹੀ ਕਰਦੇ ਹਾਂ ਤੇ ਸਾਡੀ ਜਿਸ ਕਰਨੀ ਵਿੱਚ ਸੱਚ ਨਹੀਂ ਹੈ ਉਸ ਕਰਨੀ ਨਾਲ ਸਾਨੂੰ ਗੁਰੂ ਦੇ ਸਾਹਮਣੇ ਸ਼ਰਮਿੰਦਾ ਹੀ ਹੋਣਾ ਪੈਂਦਾ ਹੈ ਕਿਉਂਕਿ ਉਹੋ ਜਿਹੀ ਕਰਨੀ ਦੁਆਰਾ ਅਸੀਂ ਸੰਤ ਦੀ, ਗੁਰੂ ਦੀ ਨਿੰਦਾ ਹੀ ਕਰਦੇ ਹਾਂ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਧਨਾਸਰੀ ਮਹਲਾ ੫॥

“ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥
ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥੧॥
ਮਾਇਆ ਮੋਹ ਭੂਲੋ ਅਵਰੈ ਹੀਤ॥ ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ॥੧॥ਰਹਾਉ॥”

(ਅੰਗ ੬੭੩)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੈ ਕਿ ਪ੍ਰਮਾਤਮਾ ਨੇ ਸਾਡੇ ਸਭ ਦੇ ਵਿੱਚ ਮਤਿ ਹੀ ਇਹੋ ਜਿਹੀ ਪਾਈ ਹੋਈ ਹੈ, ਜਿਸ ਦੁਆਰਾ ਅਸੀਂ ਭਰਮ ਵਿੱਚ ਹੀ ਰਹਿੰਦੇ ਹਾਂ ਤੇ ਆਪਣੇ ਜੀਵਨ ਵਿੱਚ ਅਸੀਂ ਪ੍ਰਮਾਤਮਾ ਦੀ ਇਸ ਜੁਗਤਿ ਦੁਆਰਾ ਹੀ ਵਿਚਰਦੇ ਹਾਂ। ਅਸੀਂ ਉਸੇ ਰੀਤ ਅਨੁਸਾਰ ਚੱਲਦੇ ਹਾਂ ਭਾਵ ਭਰਮ ਵਿਚ ਹੀ ਵਿਚਰਦੇ ਹਾਂ, ਮਾਇਆ ਮੋਹ ਵਿੱਚ ਹੀ ਵਿਚਰਦੇ ਹਾਂ ਜੋ ਸਾਡੇ ਵਿਚਰਨ ਦੀ ਵਿਧੀ ਪ੍ਰਮਾਤਮਾ ਨੇ ਸਾਡੇ ਸਭ ਦੇ ਅੰਦਰ ਪਾਈ ਹੋਈ ਹੈ। ਇਸ ਭਰਮ ਦੁਆਰਾ, ਮਾਇਆ

ਦੀ ਜੁਗਤਿ ਦੁਆਰਾ ਪ੍ਰਮਾਤਮਾ ਨੇ ਸਾਡੀ ਮਤਿ ਨੂੰ ਹੀ ਪੁੱਠਾ ਕੀਤਾ ਹੋਇਆ ਹੈ ਭਾਵ ਸੱਚ ਦੀ ਮਤਿ ਤੋਂ ਵਿਪਰੀਤ ਕੀਤਾ ਹੋਇਆ ਹੈ, ਇਹ ਪੁੱਠੀ ਮਤਿ ਹੀ ਸਾਡੇ ਸਭ ਦੇ ਅੰਦਰ ਦ੍ਰਿੜ ਕੀਤੀ ਹੋਈ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਹੀ ਨਹੀਂ ਪੈਂਦੀ ਤੇ ਅਸੀਂ ਉਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੁੰਦਾ। ਸੱਚ ਤੋਂ ਉਲਟ ਚੱਲ ਕੇ ਅਸੀਂ ਜਿਹੋ ਜਿਹੀ ਕਰਨੀ ਵੀ ਕਰਦੇ ਹਾਂ ਉਸ ਦੁਆਰਾ ਸਾਨੂੰ ਗੁਰੂ ਪ੍ਰਮਾਤਮਾ ਦੇ ਸਾਹਮਣੇ ਸ਼ਰਮਿੰਦਗੀ ਹੀ ਉਠਾਉਣੀ ਪੈਂਦੀ ਹੈ। ਸੱਚ ਕੇਵਲ ਉੱਥੇ ਹੈ ਜੋ ਗੁਰੂ ਸਾਨੂੰ ਆਪ ਸਮਝਾਉਂਦਾ ਹੈ, ਆਪਣੀ ਗੁਰਮਤਿ ਰਾਹੀਂ ਸਮਝਾਉਂਦਾ ਹੈ। ਜੋ ਗੱਲ ਅਸੀਂ ਗੁਰੂ, ਸੰਤ ਦੀ ਸਿੱਖਿਆ ਦੇ ਉਲਟ ਕਰਦੇ ਹਾਂ ਇਸ ਵਿੱਚ ਉਸਦੀ ਨਿੰਦਾ ਹੁੰਦੀ ਹੈ ਜਿਸ ਕਰਕੇ ਸਾਨੂੰ ਸ਼ਰਮਿੰਦਗੀ ਸਹਿਣੀ ਪੈਂਦੀ ਹੈ। ਸਾਡੀ ਜਿਸ ਕਰਨੀ ਵਿੱਚ ਗੁਰਮਤਿ ਨਹੀਂ ਹੁੰਦੀ ਉਸ ਕਰਣੀ ਦੁਆਰਾ ਗੁਰੂ ਦੀ ਪੂਜਾ ਨਹੀਂ ਹੁੰਦੀ। ਪੂਜਾ ਉਸੇ ਦੀ ਹੁੰਦੀ ਹੈ ਜਿਸ ਦੀ ਅਸੀਂ ਗੱਲ ਮੰਨਦੇ ਹਾਂ। ਇੱਕ ਪਾਸੇ ਗੁਰਮਤਿ ਵਾਲੀ ਸੋਝੀ ਹੈ ਤੇ ਉਸ ਤੋਂ ਉਲਟ ਸਾਕਤ ਵਾਲੀ ਸੋਝੀ ਹੈ, ਮਨਮਤਿ ਵਾਲੀ ਸੋਝੀ ਹੈ। ਗੁਰਮਤਿ ਅਨੁਸਾਰ ਵਿਚਰ ਕੇ ਅਸੀਂ ਸੰਤ ਦੀ ਭਾਵ ਗੁਰੂ ਦੀ ਪੂਜਾ ਕਰਦੇ ਹਾਂ ਤੇ ਮਨਮਤਿ ਵਾਲੇ ਵਿਚਾਰਾਂ ਦੁਆਰਾ ਵਿਚਰ ਕੇ ਅਸੀਂ ਸਾਕਤ ਦੀ ਪੂਜਾ ਕਰਦੇ ਹਾਂ। ਜਿੱਥੇ ਸਾਕਤ ਦੀ ਪੂਜਾ ਹੈ ਉੱਥੇ ਸੰਤ ਦੀ ਪੂਜਾ ਨਹੀਂ ਹੈ ਬਲਕਿ ਉਸਦੀ ਨਿੰਦਾ ਹੈ ਭਾਵੇਂ ਆਪਣੇ ਵੱਲੋਂ ਅਸੀਂ ਗੁਰੂ ਸੰਤ ਦੀ ਪੂਜਾ ਹੀ ਕਰਦੇ ਹਾਂ। ਜੋ ਕੰਮ ਅਸੀਂ ਗੁਰਮਤਿ ਅਨੁਸਾਰ ਕਰਦੇ ਹਾਂ ਉਹ ਸਾਡੀ ਗੁਣਾਂ ਦੀ ਪੂਜਾ ਕਰਨਾ ਹੈ ਤੇ ਜੋ ਕੰਮ ਅਸੀਂ ਮਨਮਤਿ ਅਨੁਸਾਰ ਕਰਦੇ ਹਾਂ ਉਸ ਵਿੱਚ ਸਾਕਤ ਦੀ ਪੂਜਾ ਹੈ। ਗੁਰਮਤਿ ਵਾਲੇ ਪਾਸੇ ਸੱਚ ਦੀ ਪੂਜਾ ਹੈ ਤੇ ਮਨਮਤਿ ਵਾਲੇ ਪਾਸੇ ਹਉਮੈ ਦੀ ਪੂਜਾ ਹੈ। ਗੁਰਮਤਿ ਵਾਲੇ ਪਾਸੇ ਸੱਚੇ ਗਿਆਨ ਦੀ ਪੂਜਾ ਹੈ ਤੇ ਮਨਮਤਿ ਵਾਲੇ ਪਾਸੇ ਅਗਿਆਨਤਾ ਦੀ ਪੂਜਾ ਹੈ, ਭਰਮ ਦੀ ਪੂਜਾ ਹੈ। ਮਨਮਤਿ ਦੀ ਪੂਜਾ ਕਰਕੇ ਅਸੀਂ ਗੁਰਮਤਿ ਦੀ ਨਿੰਦਾ ਕਰਦੇ ਹਾਂ ਭਾਵ ਗੁਰੂ ਦੀ, ਸੰਤ ਦੀ ਨਿੰਦਾ ਕਰਦੇ ਹਾਂ। **(ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥੧॥)**

ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਹਉਮੈ ਵਾਲੀ ਬਿਰਤੀ ਹੀ ਦ੍ਰਿੜ ਕੀਤੀ ਹੋਈ ਹੈ ਤੇ ਇਸ ਤੋਂ ਉਲਟ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ, ਸੱਚ ਦਾ, ਗੁਰਮਤਿ ਦਾ ਦ੍ਰਿੜ ਹੋਣਾ ਹੈ। ਹਉਮੈ ਵਾਲੀ ਦ੍ਰਿੜਤਾ ਵਿੱਚੋਂ ਨਿਕਲ ਕੇ ਹੀ ਸਾਡੇ ਅੰਦਰ ਨਾਮ

ਦੀ ਦ੍ਰਿੜਤਾ ਆ ਸਕਦੀ ਹੈ ਭਾਵ ਆਪਣੀ ਮਨਮਤਿ ਛੱਡਣ ਦੁਆਰਾ ਹੀ ਅਸੀਂ ਨਾਮ ਨੂੰ ਦ੍ਰਿੜ ਕਰ ਸਕਦੇ ਹਾਂ ਭਾਵ ਗੁਰਮਤਿ ਵਾਲੀ ਸੋਝੀ ਤੇ ਦ੍ਰਿੜ ਹੋ ਸਕਦੇ ਹਾਂ।

25/2732

ਮਨ ਦੀ ਇਹੋ ਜਿਹੀ ਦ੍ਰਿੜਤਾ ਦੁਆਰਾ ਹੀ ਅਸੀਂ ਹਉਮੈ ਵਾਲੀ ਬਿਰਤੀ ਵਿੱਚੋਂ ਨਿਕਲਦੇ ਹਾਂ ਤੇ ਸਾਡੀ ਨਾਮ ਨਾਲੋਂ ਗਰੂ ਨਾਲੋਂ, ਸੰਤ ਨਾਲੋਂ ਵਿਰੋਧਤਾ ਦੂਰ ਹੁੰਦੀ ਹੈ ਤੇ ਉਸਦੀ ਨਿੰਦਾ ਬੰਦ ਹੁੰਦੀ ਹੈ।

ਸਾਡੇ ਅੰਦਰ ਇਸ ਪੁੱਠੀ ਮਤਿ ਦਾ ਕਾਰਨ ਕੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਾਇਆ ਮੋਹ ਭੂਲੋ ਅਵਰੈ ਹੀਤ॥ ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ॥੧॥ਰਹਾਉ॥”

ਸਾਡੇ ਅੰਦਰ ਮਾਇਆ ਮੋਹ ਦੀ ਜੁਗਤਿ ਪਾ ਕੇ ਸਾਨੂੰ ਭਰਮ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਦੇ ਕਾਰਨ ਸਾਡਾ ਗੁਰੂ ਦੀ ਮਤਿ ਨਾਲ ਪਿਆਰ ਨਹੀਂ ਜੁੜਦਾ ਤੇ ਸਾਨੂੰ ਦੂਜਾ ਪਾਸਾ ਪਿਆਰਾ ਲੱਗਦਾ ਹੈ, ਮਨਮਤਿ ਵਾਲਾ ਪਾਸਾ ਪਿਆਰਾ ਲੱਗਦਾ ਹੈ ਜੋ ਸਾਨੂੰ ਗੁਰਮਤਿ ਵਾਲੇ ਪਾਸੇ ਤੋਂ ਦੂਰ ਕਰਦਾ ਹੈ। ਸਾਡੀ ਇਹ ਭਰਮ ਵਾਲੀ ਮਤਿ ਪ੍ਰਮਾਤਮਾ ਨੇ ਇਤਨੀ ਛੋਟੀ ਬਣਾਈ ਹੋਈ ਹੈ, ਨਾ ਸਮਝ ਬਣਾਈ ਹੋਈ ਹੈ ਜੋ ਕਿ ਇੱਕ ਹਵਾਈ ਕਿਲ੍ਹੇ ਦੀ ਤਰ੍ਹਾਂ ਹੈ, ਹਵਾਈ ਮਹਿਲ ਦੀ ਤਰ੍ਹਾਂ ਹੈ ਜਿਸਦੀ ਕੋਈ ਬੁਨਿਆਦ ਨਹੀਂ ਹੈ, ਜਿਸਦੇ ਟਿਕੇ ਰਹਿਣ ਦਾ ਕੋਈ ਭਰੋਸਾ ਨਹੀਂ ਹੈ ਭਾਵ ਸਾਡੀ ਮਤਿ ਝੂਠ ਤੇ ਟਿਕੀ ਹੋਈ ਹੈ। ਜਿਵੇਂ ਬਨਸਪਤੀ ਦੇ ਹਰੇ ਪੱਤੇ ਦਿੱਸਣ ਨੂੰ ਚੰਗੇ ਲੱਗਦੇ ਹਨ ਪਰ ਉਨ੍ਹਾਂ ਦਾ ਖ਼ਤਮ ਹੋਣਾ ਵੀ ਤੈਅ ਹੁੰਦਾ ਹੈ ਭਾਵ ਸਾਡੀ ਮਨਮਤਿ ਬਿਨਸਣ ਵਾਲੀ ਮਤਿ ਹੈ ਜਿਸਨੂੰ ਸੱਚੀ ਮਤਿ ਖ਼ਤਮ ਕਰ ਦਿੰਦੀ ਹੈ। ਟਿਕਣ ਵਾਲੀ ਕੇਵਲ ਸੱਚੀ ਮਤਿ ਹੈ, ਗੁਰੂ ਦੀ ਮਤਿ ਹੈ ਜੋ ਸਦਾ ਥਿਰ ਰਹਿਣ ਵਾਲੀ ਮਤਿ ਹੈ। ਇਹ ਗੁਰੂ ਦੇ ਸੱਚੇ ਬੋਲ ਹਨ ਜੋ ਸਦਾ ਰਹਿਣ ਵਾਲੇ ਹਨ ਤੇ ਗੁਰੂ ਦੇ ਇਨ੍ਹਾਂ ਬਚਨਾਂ ਦੇ ਨਾਲ ਜੁੜ ਕੇ ਹੀ ਸਾਡੀ ਮਤਿ ਥਿਰ ਹੋ ਸਕਦੀ ਹੈ, ਸੱਚੀ ਹੋ ਸਕਦੀ ਹੈ, ਸਦਾ ਰਹਿਣ ਵਾਲੀ ਹੋ ਸਕਦੀ ਹੈ। ਪ੍ਰਮਾਤਮਾ ਨੇ ਸਾਨੂੰ ਭਰਮ ਵਿੱਚ ਰੱਖ ਕੇ ਸਾਡੀ ਮਤਿ ਦਾ ਦਾਇਰਾ ਬੰਨ੍ਹਿਆ ਹੋਇਆ ਹੈ ਭਾਵ ਉਸ ਤੇ ਆਪਣਾ ਬੰਧਨ ਲਾਇਆ ਹੋਇਆ ਹੈ ਜਿਸ ਤੋਂ ਬਾਹਰ ਉਹ ਨਹੀਂ ਜਾ ਸਕਦੀ। ਇਹ ਬੰਧਨ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ ਭਾਵ ਸਾਡੇ ਭਰਮ ਵਾਲੇ ਵਿਚਾਰ ਹਨ ਜੋ ਸਾਨੂੰ

25/2733

ਪੂਰਨ ਸੱਚ ਵਾਲੇ ਵਿਚਾਰਾਂ ਦੀ ਸੋਝੀ ਪੈਣ ਤੋਂ ਦੂਰ ਰੱਖਦੇ ਹਨ, ਗੁਰਮਤਿ ਦੀ ਸੱਚੀ ਸੋਝੀ ਪੈਣ ਤੋਂ ਦੂਰ ਰੱਖਦੇ ਹਨ। ਜਿਸਦਾ ਪ੍ਰਮਾਤਮਾ ਇਹ ਭਰਮ ਦਾ ਬੰਧਨ ਤੋੜਦਾ ਹੈ, ਮਾਇਆ ਮੋਹ ਦਾ ਬੰਧਨ ਤੋੜਦਾ ਹੈ ਭਾਵ ਜਿਸਨੂੰ ਚੌਥਾ ਪਦ ਬਖ਼ਸ਼ਦਾ ਹੈ, ਸਹਜ ਦਾ ਪਦ ਬਖ਼ਸ਼ਦਾ ਹੈ ਉਸਨੂੰ ਹੀ ਆਪਣੇ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਹਉਮੈ ਵਾਲੀ ਬਿਰਤੀ ਵਿੱਚੋਂ ਨਿਕਲਦਾ ਹੈ ਤੇ ਨਾਮ ਵਾਲੀ ਬਿਰਤੀ ਨਾਲ ਜੁੜਦਾ ਹੈ। ਮਨ ਦੀ ਇਸ ਬਿਰਤੀ ਦੁਆਰਾ ਹੀ ਉਸ ਸੰਤ ਦੇ ਗੁਣ ਗਾਏ ਜਾ ਸਕਦੇ ਹਨ ਤੇ ਉਸਦੀ ਨਿੰਦਾ ਤੋਂ ਬਚਿਆ ਜਾ ਸਕਦਾ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਤੇ ਸਾਡੇ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਮਨਮਤਿ ਵਿੱਚੋਂ ਨਿਕਲੀਏ, ਭਰਮ ਵਿੱਚੋਂ ਨਿਕਲੀਏ ਤਾਂ ਜੋ ਗੁਰਮਤਿ ਦੀ ਸੋਝੀ ਸਾਡੇ ਅੰਦਰ ਵੱਸੇ ਤੇ ਅਸੀਂ ਉਹੋ ਜਿਹੇ ਕਰਮ ਕਰੀਏ ਜਿੰਨ੍ਹਾਂ ਦੁਆਰਾ ਉਸ ਸੰਤ ਦੀ ਉਸਤਤਿ ਹੁੰਦੀ ਹੈ ਤੇ ਉਸਦੀ ਨਿੰਦਾ ਤੋਂ ਬਚੀਏ। **(ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥੧॥ ਮਾਇਆ ਮੋਹ ਭੂਲੋ ਅਵਰੈ ਹੀਤ॥ ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ॥੧॥ਰਹਾਉ॥)**

“ਹਰਿ ਚੰਦਉਰੀ” ਤੋਂ ਭਾਵ ਹੈ ਪ੍ਰਮਾਤਮਾ ਦਾ ਬਣਾਇਆ ਹੋਇਆ ਪਾਸਾਰਾ ਜੋ ਕੁੱਝ ਸਾਨੂੰ ਨਜ਼ਰ ਆਉਂਦਾ ਹੈ ਉਸ ਵਿੱਚ ਸੱਚਾਈ ਨਹੀਂ ਹੈ ਪਰ ਭਰਮ ਦੇ ਕਾਰਨ ਸਾਨੂੰ ਉਸ ਵਿੱਚ ਸੱਚਾਈ ਨਜ਼ਰ ਆਉਂਦੀ ਹੈ ਭਾਵ ਪ੍ਰਮਾਤਮਾ ਤੋਂ ਵੱਖਰਾ ਰੂਪ ਨਜ਼ਰ ਆਉਂਦਾ ਹੈ ਜੋ ਕਿ ਸਾਡੀ ਬੇਬੁਨਿਆਦ ਮਤਿ ਦੇ ਕਾਰਨ ਹੈ ਭਾਵ ਨਾ ਟਿਕਣ ਵਾਲੀ ਮਤਿ ਹੈ, ਨਾਸਮਝ ਮਤਿ ਦੇ ਕਾਰਨ ਹੈ। “ਬੀਤ” ਤੋਂ ਭਾਵ ਹੈ “ਮਿਤ” ਭਾਵ ਦਾਇਰਾ ਭਾਵ ਲਿਮਟ ਪ੍ਰਮਾਤਮਾ ਨੇ ਸਾਡੀ ਮਤਿ ਨੂੰ ਲਿਮਟ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਾਲੀ ਲਿਮਟ ਵਿੱਚ ਰੱਖਿਆ ਹੋਇਆ ਹੈ ਜਿਸ ਤੋਂ ਬਾਹਰ ਸਾਡੀ ਮਤਿ ਨਹੀਂ ਜਾ ਸਕਦੀ ਹੈ। ਇਹ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਨਹੀਂ ਪੈਣ ਦਿੰਦੀ ਤੇ ਅਸੀਂ ਉਸਦੀ ਮਾਇਆ ਦੀ ਜੁਗਤਿ ਦੇ ਵਿੱਚ ਬੱਝੇ ਰਹਿੰਦੇ ਹਾਂ ਤੇ ਉਹ ਕੁੱਝ ਕਰਦੇ ਹਾਂ ਜਿਸ ਵਿੱਚ ਜਰੂਰੀ ਨਹੀਂ ਕਿ ਉਸ ਵਿੱਚ ਸੱਚ ਹੁੰਦਾ ਹੈ ਭਾਵ ਗੁਰੂ ਦੀ ਮਤਿ ਹੁੰਦੀ ਹੈ ਭਾਵੇਂ ਅਸੀਂ

ਉਸਨੂੰ ਗੁਰੂ ਦੀ ਮਤਿ ਹੀ ਸਮਝਦੇ ਹਾਂ। ਭਰਮ ਦੇ ਕਾਰਨ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਜੋ ਗੁਰਮਤਿ ਦੇ ਅਨੁਸਾਰ ਨਹੀਂ ਹੁੰਦੇ ਤੇ ਉਨ੍ਹਾਂ ਰਾਹੀਂ ਅਸੀਂ ਗੁਰੂ ਨੂੰ ਨਿੰਦਦੇ ਹਾਂ।

25/2734

ਸਾਡੀ ਹਉਮੈ ਵਾਲੀ ਬਿਰਤੀ ਸਾਡੇ ਮਨ ਨੂੰ ਕਠੋਰ ਬਣਾ ਕੇ ਰੱਖਦੀ ਹੈ, ਮਨਮਤਿ ਤੇ ਕਠੋਰ ਬਣਾ ਕੇ ਰੱਖਦੀ ਹੈ ਕਿਉਂਕਿ ਇਹ ਸਾਡੇ ਅੰਦਰ ਮਾਇਆ ਦੀ ਜੁਗਤਿ ਹੈ ਕਿਉਂਕਿ ਸਾਨੂੰ ਆਪਣੀ ਮਤਿ ਹੀ ਭਾਉਂਦੀ ਹੈ ਭਾਵੇਂ ਉਸ ਵਿੱਚ ਭਰਮ ਹੁੰਦਾ ਹੈ। ਇਹ ਮਾਇਆ ਦੀ ਜੁਗਤਿ ਸਾਨੂੰ ਭਰਮ ਵਿੱਚੋਂ ਨਿਕਲਣ ਨਹੀਂ ਦਿੰਦੀ ਤੇ ਗੁਰਮਤਿ ਤੋਂ ਦੂਰ ਰੱਖਦੀ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੀ, ਗੁਰਮਤਿ ਦੇ ਮਾਲਕ ਦੀ ਭਾਵ ਸੰਤ ਦੀ ਨਿੰਦਾ ਕਰਦੇ ਹਾਂ ਜੋ ਕਿ ਆਪਣੀ ਗੁਰਮਤਿ ਦੇ ਰੂਪ ਵਿੱਚ, ਸੱਚ ਦੇ ਰੂਪ ਵਿੱਚ ਵਿਚਰਦਾ ਹੈ। ਸੱਚ ਦੀ ਨਿੰਦਾ ਗੁਰੂ ਦੀ ਨਿੰਦਾ ਹੈ, ਪਰਮਾਤਮਾ ਦੀ ਨਿੰਦਾ ਹੈ ਜੋ ਆਪ ਹੀ ਗੁਰੂ ਹੈ, ਸੰਤ ਹੈ। ਸਾਡਾ ''ਸਚੁ'' ਦੇ ਨਾਲ ਝਗੜਾ ਭਾਵ ਪ੍ਰਮਾਤਮਾ ਦੇ ਨਾਲ ਝਗੜਾ ਸੱਚ ਦੇ ਉਲਟ ਚੱਲਣ ਦੇ ਨਾਲ ਹੀ ਹੈ ਤੇ ਇਹ ਝਗੜਾ ਪ੍ਰਮਾਤਮਾ ਦੇ ਸਮਝਾਏ ਹੋਏ ਸੱਚ ਦੇ ਨਾਲ ਜੁੜ ਕੇ ਹੀ ਦੂਰ ਹੁੰਦਾ ਹੈ, ਉਸਦੀ ਸਮਝਾਈ ਹੋਈ ਮਤਿ ਦੇ ਨਾਲ ਜੁੜ ਕੇ ਹੀ ਦੂਰ ਹੁੰਦਾ ਹੈ ਜੋ ਕਿ ਉਸਦੇ ਆਪਣੇ ਵੱਸ ਹੀ ਹੈ ਕਿ ਉਹ ਪੂਰਨ ਸੱਚ ਦੀ ਸੋਝੀ ਪਾ ਦੇਵੇ ਪਰ ਸੱਚ ਦੇ ਨਾਲ ਜੁੜਨ ਦਾ ਉੱਦਮ ਸਾਡੇ ਸਿਰ ਹੀ ਹੈ ਜਿਸ ਦੁਆਰਾ ਅਸੀਂ ਸੰਤ ਦੇ ਨਾਲ ਆਪਣਾ ਝਗੜਾ ਨਿਬੇੜਨ ਦਾ ਉੱਦਮ ਕਰ ਸਕਦੇ ਹਾਂ ਜਿਸ ਦੁਆਰਾ ਉਸਦੀ ਨਿੰਦਾ ਤੋਂ ਬਚ ਸਕਦੇ ਹਾਂ। ਆਓ ਇਹੀ ਗੱਲ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਸੰਤ ਦੇ ਬਚਨਾਂ ਦੁਆਰਾ ਸਮਝੀਏ ਕਿ ਇਹ ਝਗੜਾ ਕਿਵੇਂ ਨਿਬੜਦਾ ਹੈ।

ਬਸੰਤੁ ਮਹਲਾ ੧॥

“ਆਪੇ ਕੁਦਰਤਿ ਕਰੇ ਸਾਜਿ॥ ਸਚੁ ਆਪਿ ਨਿਬੇੜੇ ਰਾਜੁ ਰਾਜਿ॥
ਗੁਰਮਤਿ ਊਤਮ ਸੰਗਿ ਸਾਥਿ॥ ਹਰਿ ਨਾਮੁ ਰਸਾਇਣੁ ਸਹਜਿ ਆਥਿ॥੧॥
ਮਤ ਬਿਸਰਸਿ ਰੇ ਮਨ ਰਾਮ ਬੋਲਿ॥
ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ॥੧॥ਰਹਾਉ॥
ਗੁਰ ਚਰਨ ਸਰੇਵਹਿ ਗੁਰਸਿਖ ਤੋਰ॥ ਗੁਰ ਸੇਵ ਤਰੇ ਤਜਿ ਮੇਰ ਤੋਰ॥
ਨਰ ਨਿੰਦਕ ਲੋਭੀ ਮਨਿ ਕਠੋਰ॥ ਗੁਰ ਸੇਵ ਨ ਭਾਣੀ ਸਿ ਚੋਰ ਚੋਰ॥੨॥
ਗੁਰੁ ਤੁਠਾ ਬਖਸੇ ਭਗਤਿ ਭਾਉ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ॥ ਗੁਰਸਿਖ ਪਿਆਰੇ ਦਿਨਸੁ ਰਾਤਿ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ॥ ਕਹੁ ਨਾਨਕ ਪਾਵਹਿ ਵਿਰਲੇ ਕੇਇ॥੪॥੭॥”

(ਅੰਗ ੧੧੭੦)

“ਆਪੇ ਕੁਦਰਤਿ ਕਰੇ ਸਾਜਿ॥ ਸਚੁ ਆਪਿ ਨਿਬੇੜੇ ਰਾਜੁ ਰਾਜਿ॥”

ਇਨ੍ਹਾਂ ਪੰਗਤੀਆਂ ਦੇ ਭਾਵ ਬਹੁਤ ਜਿਆਦਾ ਗਹਿਰਾਈ ਵਿੱਚ ਹਨ ਤੇ ਸਭ ਦੇ ਲਈ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਉਸ ਪ੍ਰਮਾਤਮਾ ਦੇ ਨਾਲ ਨਿਬੇੜਾ ਕਿਵੇਂ ਹੁੰਦਾ ਹੈ, ਕਿਸ ਵਿਧੀ ਦੁਆਰਾ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਝਗੜਾ ਉਸਦਾ ਹੀ ਨਿਬੜਦਾ ਹੈ, ਪ੍ਰਮਾਤਮਾ ਦੇ ਨਾਲ ਨਿਬੇੜਾ ਉਸੇ ਦਾ ਹੀ ਹੁੰਦਾ ਹੈ ਜਿਸ ਮਨੁੱਖੀ ਸਰੀਰ ਨੂੰ ਉਹ ਆਪ ਹੀ ਸਜਾਉਂਦਾ ਹੈ, ਜਿਸ ਨੂੰ ਉਹ ਆਪ ਹੀ ਉੱਤਮ ਬਣਾਉਂਦਾ ਹੈ। ਜਿੰਨ੍ਹਾਂ ਨੂੰ ਉਹ ਸਜਾਉਂਦਾ ਹੈ ਉਨ੍ਹਾਂ ਨੂੰ ਉਹ ਆਪਣਾ ''ਰਾਜੁ'' ਬਖ਼ਸ਼ਦਾ ਹੈ। ਪ੍ਰਮਾਤਮਾ ਦਾ ਰਾਜ ਸੱਚ ਦੇ ਨਾਲ ਚੱਲਦਾ ਹੈ। ਉਹ ਸਭ ਜਗ੍ਹਾ ਆਪਣੇ ਸੱਚ ਦੁਆਰਾ ਹੀ ਵਿਚਰਦਾ ਹੈ ਜਿਸ ਦੁਆਰਾ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ। ਸਭ ਜਗ੍ਹਾ ''ਸਚੁ'' ਹੀ ਭਰਪੂਰ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ''ਸਚੁ'' ਰੂਪ ਉਸਦਾ ਬ੍ਰਹਮਗਿਆਨ ਰੂਪ ਹੈ ਜੋ ਕਿ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ, ਖੋਟ ਤੋਂ

ਰਹਿਤ ਹੈ। ਪੂਰੀ ਗੁਰਬਾਣੀ ਦੇ ਵਿੱਚ ਵੀ ਪ੍ਰਮਾਤਮਾ ਦਾ ''ਰਾਜੁ'' ਹੈ ਜੋ ਆਪ ਹੀ ਗੁਰਬਾਣੀ ਦਾ ਮਾਲਕ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਜਿਸ ਵਿੱਚ ਬੈਠ ਕੇ ਉਹ ਆਪਣਾ ਰਾਜ ਚਲਾ ਰਿਹਾ ਹੈ, ਆਪਣਾ ਹੁਕਮ ਚਲਾ ਰਿਹਾ ਹੈ। ਪ੍ਰਮਾਤਮਾ ਦਾ ਇਹ ਹੁਕਮ ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜਿਸ ਦੇ ਅੰਦਰ

25/2735

ਪੂਰਨ ਸੱਚ ਹੈ। ਗੁਰਬਾਣੀ ਦੇ ਅੰਦਰ ਪੂਰਨ ''ਸਚੁ'' ਦਾ ''ਰਾਜੁ'' ਹੈ, ਪ੍ਰਮਾਤਮਾ ਦਾ ''ਰਾਜੁ'' ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲਾਂ ਇਹ ਆਪਣਾ ਰਾਜੁ ਦਿੱਤਾ ਹੈ ਭਾਵ ਜਿੱਥੇ ਪਹਿਲਾਂ ਉਸਨੇ ਆਪਣਾ ਸੱਚ ਵਸਾਇਆ ਹੈ, ਬ੍ਰਹਮਗਿਆਨ ਵਸਾਇਆ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੇ ''ਰਾਜੁ'' ਨੂੰ ਪ੍ਰਗਟ ਕੀਤਾ ਹੈ, ਉਸਦੇ ਸੱਚ ਨੂੰ, ਬ੍ਰਹਮਗਿਆਨ ਨੂੰ ਪ੍ਰਗਟ ਕੀਤਾ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਉਪਦੇਸ਼ ਦਿੰਦੀ ਹੈ, ਸ੍ਰਿਸ਼ਟੀ ਦੇ ਰਾਜੇ ਦਾ ਇੱਕੋ ਜਿਹਾ ਉਪਦੇਸ਼, ਇੱਕੋ ਜਿਹਾ ਹੁਕਮ ਸੁਣਾਉਂਦੀ ਹੈ ਕਿਉਂਕਿ ਉਹ ਰਾਜਾ ਸਭ ਲਈ ਇੱਕੋ ਜਿਹਾ ਹੀ ਹੈ ਤੇ ਕਿਸੇ ਨਾਲ ਕੋਈ ਭੇਦ ਭਾਵ ਨਹੀਂ ਕਰਦਾ। ਉਸਦੇ ਹੁਕਮ ਵਿੱਚ ਪੂਰਨ ਸੱਚ ਹੈ ਜੋ ਸਭ ਲਈ ਇੱਕੋ ਜਿਹਾ ਹੀ ਹੈ। ਉਸਦਾ ਇਹ ਸੱਚਾ ਹੁਕਮ ਹੀ ਸਾਰੇ ਸੰਸਾਰ ਦਾ ਧਰਮ ਹੈ ਜੋ ਕਿ ਸੱਚ ਅਨੁਸਾਰ ਵਿਚਰਨ ਦਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਧਰਮ ਦਾ ''ਰਾਜੁ'' ਚਲਾਇਆ ਹੈ ਉਨ੍ਹਾਂ ਦਾ ਹੀ ਪ੍ਰਮਾਤਮਾ ਦੇ ਨਾਲ ਨਿਬੇੜਾ ਹੋਇਆ ਹੈ। ਉਸਦਾ ਰਾਜੁ ਉਸਦੇ ਆਪਣੇ ਦੇਣ ਦੁਆਰਾ ਹੀ ਮਿਲਦਾ ਹੈ ਭਾਵ ਕਿਸੇ ਨੂੰ ਉਹ ਆਪਣਾ ਸੱਚ ਦਾ ਰਾਜੁ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਸਦੇ ਨਾਲ ਨਿਬੇੜਾ ਹੁੰਦਾ ਹੈ। **(ਆਪੇ ਕੁਦਰਤਿ ਕਰੇ ਸਾਜਿ॥ ਸਚੁ ਆਪਿ ਨਿਬੇੜੇ ਰਾਜੁ ਰਾਜਿ॥)**

ਜਿੰਨ੍ਹਾਂ ਸਰੀਰਾਂ ਨੂੰ ਪ੍ਰਮਾਤਮਾ ਨੇ ਆਪਣਾ ਇਹ ਰਾਜ ਸੌਂਪਿਆ ਹੈ, ਧਰਮ ਦਾ ਰਾਜ ਸੌਂਪਿਆ ਹੈ ਉਨ੍ਹਾਂ ਨੂੰ ਇਹ ਸੱਚ ਦਾ ਰਾਜ ਕਿਸ ਰੂਪ ਵਿੱਚ ਦਿੱਤਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

''ਗੁਰਮਤਿ ਊਤਮ ਸੰਗਿ ਸਾਥਿ॥ ਹਰਿ ਨਾਮੁ ਰਸਾਇਣੁ ਸਹਜਿ ਆਥਿ॥੧॥''

ਜਿਸ ਨੂੰ ਪ੍ਰਮਾਤਮਾ ਇਹ ''ਰਾਜੁ'' ਬਖਸ਼ਦਾ ਹੈ ਉਸਨੂੰ ਆਪਣਾ ਸੰਗਿ ਹੀ ਬਖ਼ਸ਼ਦਾ ਹੈ, ਆਪਣਾ ਸਾਥ ਹੀ ਬਖ਼ਸ਼ਦਾ ਹੈ ਜਿਸ ਦੁਆਰਾ ਇਹ ਸਮਝ ਪੈਂਦੀ ਹੈ ਕਿ ਅਸਲ ਵਿੱਚ ਰਾਜਾ ਕੌਣ ਹੈ। ਸਾਡੇ ਅੰਦਰ ਉਸ ਰਾਜੇ ਦਾ ਪ੍ਰਗਟ ਹੋਣਾ ਹੀ ਉਸਦੇ ''ਰਾਜੁ'' ਦੀ ਪ੍ਰਾਪਤੀ ਹੈ ਜੋ ਕਿ ਉਹ ਆਪ ਹੀ ਦਿੰਦਾ ਹੈ ਭਾਵ ਆਪਣੇ ਆਪ ਨੂੰ ਆਪ ਹੀ ਆਪਣੀ ਰਜ਼ਾ ਨਾਲ ਪ੍ਰਗਟ ਕਰਦਾ ਹੈ। ਇਹ ''ਰਾਜੁ'' ਮਿਲਣ ਤੋਂ ਪਹਿਲੇ ਸਾਡੇ ਅੰਦਰ ਮਨਮਤਿ ਦਾ ਰਾਜ ਚੱਲਦਾ ਹੈ, ਭਰਮ ਵਾਲੀ ਮਾੜੀ ਸੋਝੀ ਦਾ ਰਾਜ ਚੱਲਦਾ ਹੈ ਜਿਸ ਦੇ ਰਹਿੰਦਿਆਂ ਅਸੀਂ ਪੂਰੀ ਤਰ੍ਹਾਂ ਸੱਚ ਤੇ ਨਹੀਂ ਚੱਲ ਸਕਦੇ ਕਿਉਂਕਿ ਉਸ ਅਵੱਸਥਾ ਦੁਆਰਾ ਤ੍ਰੈਗੁਣਾਂ ਵਾਲੀ ਅਵੱਸਥਾ ਦੁਆਰਾ ਪੂਰਨ ਸੋਝੀ ਹੀ ਨਹੀਂ ਪੈਂਦੀ। ਇਹ ਸਾਡੇ ਮਨ ਦੀ ਦੁਚਿੱਤੀ ਹੈ, ਹਉਮੈ ਵਾਲੀ ਅਵੱਸਥਾ ਹੈ। ਸੱਚ ਦਾ ਮਕਸਦ ਸਾਨੂੰ ਇਸ ਦੁਚਿੱਤੀ ਵਿੱਚੋਂ ਕੱਢਣ ਦਾ ਹੀ ਹੈ। ਸਾਡੇ ਅੰਦਰ ਸੱਚ ਦਾ ''ਰਾਜੁ'' ਉੱਤਮ ''ਰਾਜ'' ਹੈ ਜਿਸ ਦੁਆਰਾ ਅਸੀਂ ਸੱਚ ਦੁਆਰਾ ਹੀ ਵਿਚਰਦੇ ਹਾਂ ਤੇ ਸਾਡੇ ਅੰਦਰੋਂ ਝੂਠ ਦਾ ਰਾਜ ਨਿਬੜ ਜਾਂਦਾ ਹੈ ਜਿਸ ਦੁਆਰਾ ਸਾਡਾ

25/2736

ਪ੍ਰਮਾਤਮਾ ਦੇ ਨਾਲ ਨਿਬੇੜਾ ਹੁੰਦਾ ਹੈ। ਸਾਡੇ ਅੰਦਰ ਆਪਣਾ ਸੱਚ ਦਾ ''ਰਾਜੁ'' ਵਸਾਉਣ ਨਾਲ ਪ੍ਰਮਾਤਮਾ ਸਾਨੂੰ ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ। ਜਿੱਥੇ ਪ੍ਰਮਾਤਮਾ ਦਾ ਸਮਝਾਇਆ ਹੋਇਆ ਸੱਚ ਹੈ ਉਹ ਉਸਦੀ ਗੁਰਮਤਿ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਸੱਚ ਸਮਝਾਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਗੁਰਮਤਿ ਸਮਝਾਈ ਹੈ ਤੇ ਇਹ ਗੁਰਮਤਿ ਵਾਲੇ ਵਿਚਾਰ ਹੀ ਸਾਨੂੰ ਉੱਤਮ ਬਣਾਉਂਦੇ ਹਨ। ''ਗੁਰਮਤਿ'' ਹੀ ਪ੍ਰਮਾਤਮਾ ਦਾ ਨਾਮ ਹੈ, ਹਰਿ ਨਾਮੁ ਹੈ। ਹਰਿ ਨਾਮ ਰਾਹੀਂ ਪ੍ਰਮਾਤਮਾ ਨੇ ਸਾਨੂੰ ਪੂਰੀ ਗੁਰਬਾਣੀ ਰਾਹੀਂ ਗੁਰਮਤਿ ਹੀ ਸਮਝਾਈ ਹੈ ਭਾਵ ਆਪਣੇ ਹਰਿ ਨਾਮੁ ਦੁਆਰਾ ਸਾਨੂੰ ਗੁਰਮਤਿ ਦੀ ਸੋਝੀ ਹੀ ਪਾਈ ਹੈ। ਨਾਮ ਦੇ ਅੰਦਰ ਦੀ ਸੋਝੀ ਹੀ ਨਾਮ ਦੀ ਰਸਾਇਣ ਹੈ, ਨਾਮ ਦੀ ਅਉਖਧ ਹੈ, ਉਹ ਦਾਰੂ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਤੇ ਸਾਡੀ ਝੂਠ ਤੋਂ ਮੁਕਤੀ ਹੁੰਦੀ ਹੈ। ਇਹ ਸੱਚ ਦੀ ਸੋਝੀ ਸਾਡੇ ਅੰਦਰੋਂ ਝੂਠ ਦੀ ਮੈਲ ਨੂੰ ਸਾਡੇ ਅੰਦਰੋਂ ਧੋਂਦੀ ਹੈ, ਭਰਮ ਦੀ, ਅਗਿਆਨਤਾ ਦੀ ਮੈਲ ਨੂੰ ਧੋਂਦੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਨੂੰ ਧੋਂਦੀ ਹੈ, ਸਾਡੇ ਮਾੜੇ ਵਿਚਾਰਾਂ ਨੂੰ ਧੋਂਦੀ ਹੈ ਜਿਸ ਦੁਆਰਾ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਰਾਜ ਬਣਦਾ ਹੈ, ਗੁਰਮਤਿ ਦਾ ਰਾਜ ਬਣਦਾ ਹੈ। ਜਿਸ ਨੂੰ ਪ੍ਰਮਾਤਮਾ ਇਹ ਰਾਜ ਸੌਂਪਦਾ ਹੈ ਉਸਦੇ ਵਿਚਾਰਾਂ ਨੂੰ ਹੀ ਘੜਦਾ ਹੈ, ਆਪਣੀ ਸੱਚੀ ਸੋਝੀ ਦੇ ਨਾਲ ਘੜਦਾ ਹੈ ਜਿਸ ਦੁਆਰਾ ਵਿਚਾਰਾਂ

ਵਿੱਚ ਪੂਰਨ ਸੱਚ ਵੱਸਦਾ ਹੈ, ਧਰਮ ਦਾ ਸੱਚ ਵੱਸਦਾ ਹੈ ਤੇ ਧਰਮ ਦਾ ਸੱਚਾ ਰਾਜ ਕਾਇਮ ਹੁੰਦਾ ਹੈ। ਮਨ ਦਾ ਇਹ ਰਾਜ ਕਦੇ ਨਹੀਂ ਡੋਲਦਾ ਤੇ ਮਨ ਦੇ ਇਹ ਵਿਚਾਰ ਸੱਚ ਤੇ ਅਡੋਲ ਹੋ ਕੇ ਚੱਲਦੇ ਹਨ। ਸੱਚ ਕਦੇ ਡੋਲ ਨਹੀਂ ਸਕਦਾ ਤੇ ਇਸੇ ਲਈ ਬਾਣੀ ਦੇ ਬੋਲ ਅਡੋਲ ਹਨ ਕਿਉਂਕਿ ਉਸ ਦੇ ਵਿੱਚ ਸੱਚ ਦਾ ਰਾਜ ਹੈ, ਪ੍ਰਮਾਤਮਾ ਦੇ ਆਪਣੇ ਸੱਚੇ ਵਿਚਾਰਾਂ ਦਾ ਰਾਜ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ "ਰਾਜੁ" ਬਖਸ਼ਦਾ ਹੈ ਉਸ ਨੂੰ "ਸਹਜਿ" ਦੀ ਅਵੱਸਥਾ ਦੇਣ ਦੁਆਰਾ ਬਖ਼ਸ਼ਦਾ ਹੈ, ਚੌਥੇ ਪਦ ਦਾ ਗਿਆਨ ਦੇ ਕੇ ਬਖ਼ਸ਼ਦਾ ਹੈ ਜਿਸ ਦੇ ਵਿੱਚ ਪੂਰਨ ਸੱਚ ਹੈ। ਇਹ ਸਾਡੇ ਅੰਦਰ ਸਹਜ ਦੀ ਅਵੱਸਥਾ ਵਾਲਾ ਰਾਜ ਹੀ ਹੈ ਜੋ ਸਾਨੂੰ ਤ੍ਰੈਗੁਣਾਂ ਵਾਲੇ ਰਾਜ ਤੋਂ ਮੁਕਤ ਕਰਦਾ ਹੈ ਜੋ ਕਿ ਸਾਡੇ ਅੰਦਰ ਮਨ ਦੇ ਡੋਲਣ ਵਾਲਾ ਰਾਜ ਹੁੰਦਾ ਹੈ ਭਾਵ ਸਾਡੇ ਤ੍ਰੈਗੁਣਾਂ ਵਾਲੇ ਵਿਚਾਰ ਡੋਲਦੇ ਰਹਿੰਦੇ ਹਨ ਤੇ ਸਹਜ ਵਾਲੇ ਵਿਚਾਰ ਸਦਾ ਅਡੋਲ ਰਹਿਣ ਵਾਲੇ ਵਿਚਾਰ ਹਨ, ਕਦੇ ਨਾ ਬਿਨਸਣ ਵਾਲੇ ਵਿਚਾਰ ਹਨ ਕਿਉਂਕਿ ਸੱਚੇ ਵਿਚਾਰ ਸਦਾ ਕਾਇਮ ਰਹਿੰਦੇ ਹਨ। ਇਹ ਸੱਚੇ ਗਿਆਨ ਦਾ ਰਾਜ ਹੈ, ਬ੍ਰਹਮਗਿਆਨ ਦਾ ਰਾਜ ਹੈ ਜਿਸ ਦੁਆਰਾ ਉਹ ਬ੍ਰਹਮਗਿਆਨੀ ਪ੍ਰਮਾਤਮਾ ਆਪਣੇ ਨਾਮ ਦੁਆਰਾ, ਬ੍ਰਹਮਗਿਆਨ ਦੁਆਰਾ, ਸੱਚ ਦੁਆਰਾ ਸਭ ਵਿੱਚ ਸਮਾ ਕੇ ਆਪਣਾ ਰਾਜ ਚਲਾ ਰਿਹਾ ਹੈ। ਪੂਰੀ ਸਾਇੰਸ ਵਿੱਚ ਉਸੇ ਦਾ ਪਾਇਆ ਹੋਇਆ ਸੱਚ ਹੀ ਹੈ, ਨਾਮ ਹੀ ਹੈ, ਬ੍ਰਹਮਗਿਆਨ ਹੀ ਹੈ ਜਿਸ ਦੁਆਰਾ ਉਸਦਾ ਸਭ ਵਿੱਚ ਸੱਚਾ ਆਸਣ ਲੱਗਾ ਹੋਇਆ ਹੈ, ਅਡੋਲ ਆਸਣ ਲੱਗਾ ਹੋਇਆ ਹੈ ਤੇ ਆਪਣੇ ਇਸ ਆਸਣ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਚਲਾ

25/2737

ਰਿਹਾ ਹੈ, ਖੰਡਾਂ ਬ੍ਰਹਿਮੰਡਾਂ ਨੂੰ ਚਲਾ ਰਿਹਾ ਹੈ। ਸਾਡੇ ਅੰਦਰ ਵੀ ਉਸੇ ਦਾ ਆਸਣ ਹੀ ਹੈ, ਉਸੇ ਦਾ ਸਿੰਘਾਸਣ ਹੀ ਹੈ ਤੇ ਜਦੋਂ ਕਿਸੇ ਨੂੰ ਉਹ ਆਪਣੇ ਇਸ ਨਿਰਗੁਣ ਰੂਪ ਸਿੰਘਾਸਣ ਤੇ ਬਿਠਾ ਲੈਂਦਾ ਹੈ ਉਹ ਉਸਦੇ ਸੱਚੇ ਰਾਜ ਵਿੱਚ ਸਮਾਅ ਜਾਂਦਾ ਹੈ ਤੇ ਉਸੇ ਦਾ ਹੀ ਰੂਪ ਬਣ ਜਾਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਹਉਮੈ ਨਿਬੜਦੀ ਹੈ, ਪ੍ਰਮਾਤਮਾ ਨਾਲੋਂ ਸਾਡਾ ਵੱਖਰਾਪਨ ਨਿਬੜਦਾ ਹੈ ਤੇ ਉਸਦੇ ਨਾਲ ਝਗੜਾ ਨਿਬੜਦਾ ਹੈ। ਇਹ ਝਗੜਾ ਅਸਲ ਵਿੱਚ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਣ ਦਾ ਹੀ ਹੈ ਕਿ ਅਸੀਂ ਉਸਦਾ ਰੂਪ ਹੁੰਦੇ ਹੋਏ ਵੀ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਜਦਕਿ ਸਾਡੀ ਕੋਈ ਵੱਖਰੀ ਹੋਂਦ ਨਹੀਂ ਹੈ ਇਸ ਝਗੜੇ ਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ, ਹਉਮੈ ਹੈ ਜਿਸ ਦਾ ਨਿਬੇੜਾ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਦੁਆਰਾ ਹੀ ਹੁੰਦਾ ਹੈ ਤੇ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਕਿ ਇਹ ਸਭ ਸਰਗੁਣ ਸਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ, ਸਾਰੀ ਹੋਂਦ ਉਸਦੀ ਆਪਣੀ ਹੀ ਹੈ ਪਰ ਅਸੀਂ ਹਉਮੈ ਦੇ ਕਾਰਨ ਉਸਦੀ ਹੋਂਦ ਨੂੰ ਉਸ ਤੋਂ ਵੱਖਰਾ ਸਮਝਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਿਨ੍ਹਾਂ ਨਾ ਕੋਈ ਸੱਚ ਨੂੰ ਸਮਝ ਸਕਦਾ ਹੈ ਤੇ ਨਾ ਹੀ ਕਿਸੇ ਦੀ ਹਉਮੈ ਮਿਟ ਸਕਦੀ ਹੈ, ਨਾਮ ਦੇ ਨਾਲ ਝਗੜਾ ਮੁੱਕ ਸਕਦਾ ਹੈ। "ਮੈਂ" ਦੇ ਖ਼ਤਮ ਹੋਏ ਬਿਨ੍ਹਾਂ ਸਾਡਾ "ਤੂੰ" ਦੇ ਨਾਲ ਝਗੜਾ ਨਹੀਂ ਨਿਬੜ ਸਕਦਾ ਕਿਉਂਕਿ ਮੈਂ ਵਿੱਚ ਰਹਿੰਦਿਆਂ ਅਸੀਂ "ਸਚੁ" ਤੋਂ ਦੂਰ ਹਾਂ, ਤੂੰ ਤੋਂ, ਨਾਮ ਤੋਂ, ਪ੍ਰਮਾਤਮਾ ਤੋਂ ਦੂਰ ਹਾਂ ਤੇ ਇਹ ਦੂਰੀ ਮਿਟੇ ਬਿਨਾਂ ਹਉਮੈ ਦਾ ਨਾਮ ਦੇ ਨਾਲ ਝਗੜਾ ਨਹੀਂ ਨਿਬੜ ਸਕਦਾ, ਉਸਦੀ ਰਜ਼ਾ ਤੋਂ ਬਿਨ੍ਹਾਂ ਨਹੀਂ ਨਿਬੜ ਸਕਦਾ। **(ਆਪੇ ਕੁਦਰਤਿ ਕਰੇ ਸਾਜਿ॥ ਸਚੁ ਆਪਿ ਨਿਬੇੜੇ ਰਾਜੁ ਰਾਜਿ॥ ਗੁਰਮਤਿ ਊਤਮ ਸੰਗਿ ਸਾਥਿ॥ ਹਰਿ ਨਾਮੁ ਰਸਾਇਣੁ ਸਹਜਿ ਆਥਿ॥੧॥)**

ਜਦੋਂ ਮਨੁੱਖ ਨੂੰ ਸਹਜ ਦੀ ਅਵੱਸਥਾ ਦੁਆਰਾ "ਨਾਮੁ ਰਸਾਇਣੁ" ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਗੁਰਮਤਿ ਦੀ ਪੂਰਨ ਸੋਝੀ ਪੈ ਜਾਂਦੀ ਹੈ ਤਾਂ ਫਿਰ ਇਸ ਸੋਝੀ ਦੇ ਨਾਲ ਸਦਾ ਹੀ ਸੰਗ ਬਣਿਆ ਰਹਿੰਦਾ ਹੈ ਜਿਸ ਦੇ ਸੰਗ ਨਾਲ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਸਾਥ ਬਣਿਆ ਰਹਿੰਦਾ ਹੈ ਜੋ ਆਪ ਹੀ ਗੁਰਮਤਿ ਦਾ ਮਾਲਕ ਹੈ ਭਾਵ ਜੋ ਮਨ ਦੇ ਵਿੱਚ ਸਾਨੂੰ ਹਰ ਵੇਲੇ ਗੁਰਮਤਿ ਦੀ ਸੋਝੀ ਦੇ ਨਾਲ ਜੋੜ ਕੇ ਰੱਖਦਾ ਹੈ ਤੇ ਨਿੱਤ ਆਪਣੀ ਸੋਝੀ ਪਾਉਂਦਾ ਰਹਿੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਭਾਵ ਚੌਥੇ ਪਦ ਦੀ ਅਵੱਸਥਾ ਦੁਆਰਾ ਫਿਰ ਮਨੁੱਖ ਨੂੰ ਕਦੇ ਗੁਰਮਤਿ ਨਹੀਂ ਵਿਸਰਦੀ ਤੇ ਇਸ ਅਵੱਸਥਾ ਦੁਆਰਾ ਹੀ ਮਨੁੱਖ ਰਾਮ ਰਾਮ ਬੋਲ ਸਕਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰ ਸਕਦਾ ਹੈ, ਗੁਰਮਤਿ ਦਾ ਤੋਲ ਤੁਲ ਸਕਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮਤ ਬਿਸਰਸਿ ਰੇ ਮਨ ਰਾਮ ਬੋਲਿ॥

ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ॥੧॥ਰਹਾਉ॥"

25/2738

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਰਾਮ ਨੂੰ ਵਿਸਰਨਾ ਕੀ ਹੈ ਤੇ ਰਾਮ ਬੋਲਣਾ ਕੀ ਹੈ। ਉੱਪਰ ਪੰਗਤੀਆਂ ਰਾਹੀਂ ਸਾਨੂੰ ਰਾਮ ਬੋਲਣਾ ਹੀ ਸਿਖਾਇਆ ਹੈ ਭਾਵ ਰਾਮ ਨਾਮ ਜਪਣਾ ਹੀ ਸਿਖਾਇਆ ਹੈ। ਉਸ ਪ੍ਰਮਾਤਮਾ ਦਾ ਅਤੁਲਾ ਤੋਲ ਅਸੀਂ ਰਾਮ ਰਾਮ ਬੋਲ ਕੇ ਹੀ ਤੁਲਣਾ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ ਤੇ ਸਾਡਾ ਉਸ ਦੇ ਨਾਲ ਝਗੜਾ ਮੁੱਕ ਸਕਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਨਿਬੇੜਾ ਸੱਚ ਦੁਆਰਾ ਹੀ ਹੋਣਾ ਹੈ। ਗੁਰਮਤਿ ਦਾ ਮਕਸਦ ਸਾਨੂੰ ਸੱਚ ਸਿਖਾਉਣ ਨਾਲ ਹੀ ਹੈ। ਗੁਰਮਤਿ ਦੀ ਸੋਝੀ ਪੈਣਾ ਸੱਚ ਦੀ ਸੋਝੀ ਪੈਣਾ ਹੈ ਤੇ ਉਸ ਸੱਚ ਤੇ ਚੱਲ ਕੇ ਹੀ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ। ਸਾਨੂੰ ਸੱਚ ਦੇ ਨਾਲ ਜੋੜਨ ਵਾਲਾ ਉਹ "ਸਚੁ" ਰੂਪ ਪ੍ਰਮਾਤਮਾ ਆਪ ਹੀ ਹੈ ਤੇ ਇਸੇ ਲਈ ਉਸਦੀ ਰਜ਼ਾ ਦੇ ਬਿਨ੍ਹਾਂ ਉਸ ਦੇ ਨਾਲ ਨਿਬੇੜਾ ਨਹੀਂ ਹੋ ਸਕਦਾ। ਨਿਬੇੜਾ ਉਦੋਂ ਹੁੰਦਾ ਹੈ ਜਦੋਂ ਸਾਡੇ ਅੰਦਰ ਗੁਰਮਤਿ ਦਾ ਰਾਜ ਹੋ ਜਾਂਦਾ ਹੈ। ਜਦੋਂ ਸਾਡੇ ਅੰਦਰ ਹਰ ਵੇਲੇ ਗੁਰਮਤਿ ਵੱਸੀ ਰਹਿੰਦੀ ਹੈ ਤਾਂ ਫਿਰ ਸਾਡੇ ਅੰਦਰ ਹਰ ਵੇਲੇ ਰਾਮ ਵੱਸਿਆ ਰਹਿੰਦਾ ਹੈ, ਅੱਲ੍ਹਾ ਵੱਸਿਆ ਰਹਿੰਦਾ ਹੈ, ਵਾਹਿਗੁਰੂ ਵੱਸਿਆ ਰਹਿੰਦਾ ਹੈ, ਗਾਡ ਵੱਸਿਆ ਰਹਿੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਨੂੰ ਕਦੇ ਗੁਰਮਤਿ ਨਹੀਂ ਵਿਸਰਦੀ ਭਾਵ ਪ੍ਰਮਾਤਮਾ ਨਹੀਂ ਵਿਸਰਦਾ, ਸੱਚ ਨਹੀਂ ਵਿਸਰਦਾ, ਨਾਮ ਨਹੀਂ ਵਿਸਰਦਾ। ਸੱਚ ਦੁਆਰਾ ਵਿਚਰਨਾ ਹੀ, ਗੁਰਮਤਿ ਦੁਆਰਾ ਵਿਚਰਨਾ ਹੀ ਮੁੱਖੋਂ ਰਾਮ ਬੋਲਣਾ ਹੈ ਭਾਵ ਨਾਮ ਜਪਣਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਜੋ ਵੀ ਕਰਮ ਕਰਦਾ ਹੈ ਉਸ ਸੱਚ ਅਨੁਸਾਰ ਹੀ ਕਰਦਾ ਹੈ ਤੇ ਮੁੱਖੋਂ ਵੀ ਜੋ ਕੁੱਝ ਬੋਲਦਾ ਹੈ ਉਸ ਵਿੱਚ ਸੱਚ ਹੁੰਦਾ ਹੈ , ਨਾਮ ਹੁੰਦਾ ਹੈ ਭਾਵ ਉਹ ਆਪਣੀ ਰਸਨਾ ਦੁਆਰਾ ਕਦੇ ਝੂਠ ਨਹੀਂ ਬੋਲਦਾ। ਸਾਨੂੰ ਇਹੋ ਜਿਹਾ ਰਾਮ ਬੋਲਣ ਲਈ ਸਮਝਾਇਆ ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਇਹੋ ਜਿਹਾ ਰਾਮ ਰਾਮ ਬੋਲਣਾ, ਹਰਿ ਹਰਿ ਬੋਲਣਾ ਸਮਝਾਇਆ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦਾ ਭਾਵ ਉਸ ਦੇ ਨਾਲ ਮੇਲ ਕਰਨ ਦਾ ਤੋਲ ਤੁਲਿਆ ਜਾ ਸਕਦਾ ਹੈ ਭਾਵ ਇਸ ਤਰੀਕੇ ਉਸ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਚੁਕਾਈ ਜਾ ਸਕਦੀ ਹੈ। ਅਸੀਂ ਕੇਵਲ ਉੱਦਮ ਹੀ ਕਰਨਾ ਹੈ ਕਿ ਸਾਨੂੰ ਗੁਰੂ ਦੀ ਮਤਿ ਕਦੇ ਨਾ ਵਿਸਰੇ ਤੇ ਅਸੀਂ ਗੁਰਮਤਿ ਅਨੁਸਾਰ ਹੀ ਵਿਚਰੀਏ ਭਾਵ ਰਾਮ ਰਾਮ ਬੋਲੀਏ, ਆਪਣੇ ਕਰਮਾਂ ਦੁਆਰਾ ਰਾਮ ਰਾਮ ਬੋਲੀਏ। ਜਦੋਂ ਪ੍ਰਮਾਤਮਾ ਸਾਡੀ ਸੱਚੀ ਕਰਣੀ ਦੁਆਰਾ, ਸਾਡੀ ਸੱਚੀ ਨੀਅਤ ਦੁਆਰਾ ਪ੍ਰਸੰਨ ਹੁੰਦਾ ਹੈ ਉਹ ਆਪ ਹੀ ਮਨ ਦੇ ਅੰਦਰ ਪ੍ਰਗਟ ਹੋ ਕੇ ਗੁਰਮਤਿ ਦੀ ਪੂਰਨ ਸੋਝੀ ਪਾਉਂਦਾ ਹੈ ਤੇ ਉਸ ਤੇ ਆਪ ਹੀ ਦ੍ਰਿੜ ਕਰਕੇ ਚਲਾਉਂਦਾ ਹੈ ਜਿਸ ਦੁਆਰਾ ਗੁਰਮਤਿ ਦਾ ਤੋਲ ਤੁਲਿਆ ਜਾ ਸਕਦਾ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਿਆ ਜਾ ਸਕਦਾ ਹੈ।

25/2739

(ਮਤ ਬਿਸਰਸਿ ਰੇ ਮਨ ਰਾਮ ਬੋਲਿ॥ ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ॥੧॥ਰਹਾਉ॥)

ਗੁਰਮਤਿ ਦੇ ਤੋਲ ਤੇ ਪੂਰਾ ਉਤਰਨਾ ਰਾਮ ਨਾਮ ਦਾ ਤੋਲ ਤੁਲਣਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ।

{ਸਭਿ ਤੀਰਥ ਬਰਤ ਜਗੁ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ॥
ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ ਤੁਲੀਜੈ॥੭॥}

(ਅੰਗ ੧੩੨੫)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਬੜਾ ਹੀ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ "ਰਾਮ ਨਾਮੁ" ਗੁਰਮਤਿ ਹੈ **(ਰਾਮ ਨਾਮੁ ਹੈ ਗੁਰਮਤਿ)**। ਗੁਰਮਤਿ ਦਾ ਤੋਲ ਤੁਲਣਾ ਹੀ "ਰਾਮ ਨਾਮੁ" ਦਾ ਤੋਲ ਤੁਲਣਾ ਹੈ। ਇਹ "ਤੋਲੁ" ਅਤੁਲਾ ਹੈ ਭਾਵ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। ਗੁਰਮਤਿ ਤੇ ਪੁਜ ਆਉਣਾ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਨਾ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। ਇਸ ਗੁਰਮਤਿ ਦੇ ਤੋਲ ਤੇ, ਰਾਮ ਨਾਮੁ ਦੇ ਤੋਲ ਤੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਪੂਰਾ ਉਤਾਰ ਸਕਦਾ ਹੈ। ਇਹ ਤੋਲ ਉਦੋਂ ਹੀ ਤੁਲਿਆ ਜਾਂਦਾ ਹੈ ਜਦੋਂ ਸਾਡੇ ਅੰਦਰ ਗੁਰਮਤਿ ਦਾ ਰਾਜ ਹੋ ਜਾਂਦਾ ਹੈ ਭਾਵ ਜਦੋਂ ਸਾਨੂੰ ਗੁਰਮਤਿ ਦੀ ਪੂਰਨ ਸੋਝੀ ਪੈ ਜਾਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਆਪਣੀ ਗੁਰਮਤਿ ਤੇ ਕਿਸੇ ਨੂੰ ਉਹ ਆਪ ਹੀ ਪੂਰਾ ਉਤਾਰਦਾ ਹੈ। ਗੁਰਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ। ਗੁਰਮਤਿ ਤੇ ਪੂਰਾ ਉਤਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ

ਵਾਰ ਸਮਝਿਆ ਹੈ, ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

"ਰਾਮ ਨਾਮੁ" ਦਾ "ਤੋਲੁ" ਤੁਲਣਾ ਕੀ ਹੈ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਰਾਮ ਦੀ ਬਜਾਏ ਉਸ ਨੂੰ ਵਾਹਿਗੁਰੂ ਨਾਮ ਬਣਾ ਲਿਆ ਹੈ ਤਾਂ ਜੋ ਗੁਰਮਤਿ ਦਾ "ਤੋਲੁ" ਤੁਲਣਾ ਹੀ ਨਾ ਪਵੇ ਭਾਵ ਬਿਨ੍ਹਾਂ ਔਗੁਣ ਤਿਆਗੇ ਹੀ ਆਪਣੇ ਆਪ ਨੂੰ ਗੁਣੀ ਅਖਵਾ ਲਈਏ ਤੇ ਗੁਰਮਤਿ ਦੇ ਪਿਆਰੇ ਅਖਵਾ ਲਈਏ

25/2740

ਜੇਕਰ ਰਾਮ ਨੂੰ ਸਾਡੇ ਔਗੁਣ ਚੰਗੇ ਨਹੀਂ ਲੱਗਦੇ ਭਾਵ ਗੁਣ ਚੰਗੇ ਲੱਗਦੇ ਹਨ ਤੇ ਫਿਰ ਵਾਹਿਗੁਰੂ ਨੂੰ ਵੀ ਸਾਡੇ ਔਗੁਣ ਚੰਗੇ ਨਹੀਂ ਲੱਗਦੇ ਭਾਵ ਗੁਣ ਹੀ ਚੰਗੇ ਲੱਗਦੇ ਹਨ। ਗੁਰੂ ਪ੍ਰਮਾਤਮਾ ਨੂੰ ਸਾਡੇ ਗੁਣ ਹੀ ਭਾਉਂਦੇ ਹਨ ਜਿਸ ਦੇ ਨਾਲ ਅਸੀਂ ਮੇਲ ਕਰਨਾ ਚਾਹੁੰਦੇ ਹਾਂ ਤੇ ਇਸੇ ਲਈ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੈ ਕਿ ਮੁੱਖੋਂ ਬੋਲੀ ਜਾਣਾ ਸਾਡਾ ਗੁਣ ਨਹੀਂ ਹੈ ਬਲਕਿ ਆਪਣੇ ਔਗੁਣਾਂ ਨੂੰ ਛੁਪਾਉਣ ਦੀ ਸਿਆਣਪ ਹੈ, ਗੁਰਮਤਿ ਦਾ ਤੋਲ ਨਾ ਤੁਲਣ ਦੀ ਸਿਆਣਪ ਹੈ, ਚਤੁਰਾਈ ਹੈ ਜੋ ਕਿ ਕੇਵਲ ਸਾਡਾ ਭਗਤੀ ਦਾ ਦਿਖਾਵਾ ਹੈ ਤੇ ਉਸ ਵਿੱਚ ਭਗਤੀ ਨਹੀਂ ਹੈ। ਭਗਤੀ ਗੁਣਾਂ ਦੇ ਦੁਆਰਾ ਹੁੰਦੀ ਹੈ ਭਾਵ ਔਗੁਣਾਂ ਨੂੰ ਤਿਆਗ ਕੇ ਹੀ ਹੁੰਦੀ ਹੈ ਜਿਸ ਗੱਲ ਨੂੰ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ।

ਸਲੋਕ ਮਃ ੩॥

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ॥
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ॥
ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ॥
ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ॥੧॥}

(ਅੰਗ ੫੫੫)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥}

(ਅੰਗ ੭੩੨)

{ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥}

(ਅੰਗ ੧੫੧)

{ਕਥਨੀ ਕਹਿ ਭਰਮੁ ਨ ਜਾਈ॥ ਸਭ ਕਥਿ ਕਥਿ ਰਹੀ ਲੁਕਾਈ॥
ਜਾ ਕਉ ਗੁਰਮੁਖਿ ਆਪਿ ਬੁਝਾਈ॥ ਤਾ ਕੇ ਹਿਰਦੈ ਰਹਿਆ ਸਮਾਈ॥੩॥}

(ਅੰਗ ੬੫੫)

ਆਪਣੀ ਰਸਨਾ ਦੁਆਰਾ ਹਰਿ ਹਰਿ ਉਹੀ ਕਰਦਾ ਹੈ, ਹਰਿ ਹਰਿ ਉਹੀ ਗਾਉਂਦਾ ਹੈ ਜੋ ਕਿ ਔਗੁਣਾਂ ਦਾ ਤਿਆਗੀ ਹੈ। ਔਗੁਣਾਂ ਦਾ ਤਿਆਗ ਸਾਡਾ ਮਨ ਹੀ ਕਰਦਾ ਹੈ ਜਿਸ ਦੁਆਰਾ ਮਨੁੱਖ ਗੁਣੀ ਹੋ ਕੇ ਵਿਚਰਦਾ ਹੈ ਤੇ ਇਹੀ ਆਪਣੀ ਰਸਨਾ ਦੁਆਰਾ ਹਰਿ ਹਰਿ ਗਾਉਣਾ ਹੈ, ਹਰਿ ਦੇ ਗੁਣ ਗਾਉਣਾ ਹੈ ਜਿਸ ਨੂੰ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਉਹ ਭਰਮੇ ਹੋਏ ਵੀ ਸਮਝ ਸਕਦੇ ਹਨ ਜੋ ਹਰਿ ਹਰਿ ਕਰਨ ਦੀ ਬਜਾਏ ਵਾਹਿਗੁਰੂ ਵਾਹਿਗੁਰੂ

ਕਰਦੇ ਹਨ ਤੇ ਇਸਨੂੰ ਨਾਮ ਜਪਣਾ ਸਮਝਦੇ ਹਨ।

25/2741

“ਸਾਸਤ ਸਿੰਮ੍ਰਿਤਿ ਬੇਦ ਵਖਾਣੀ॥ ਜਨਮੁ ਪਦਾਰਥੁ ਜੀਤੁ ਪਰਾਣੀ॥
ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ॥੫॥”

(ਅੰਗ ੧੦੮੬)

ਸਾਸਤ੍ਰਾਂ, ਸਿੰਮ੍ਰਿਤੀਆਂ ਤੇ ਵੇਦਾਂ ਨੇ ਸਾਨੂੰ ਇਹ ਮਨੁੱਖਾ ਜੀਵਨ ਜਿੱਤਣ ਲਈ ਸਮਝਾਇਆ ਹੈ ਕਿ ਇਸ ਜੀਵਨ ਨੂੰ ਕਿਵੇਂ ਸਫ਼ਲ ਕੀਤਾ ਜਾ ਸਕਦਾ ਹੈ ਭਾਵ ਸਾਡਾ ਨਿਬੇੜਾ ਕਿਵੇਂ ਹੋ ਸਕਦਾ ਹੈ ਜਿਸ ਦੁਆਰਾ ਅਸੀਂ ਆਵਾਗਉਣ ਦੇ ਗੇੜ ਤੋਂ ਬਚ ਸਕਦੇ ਹਾਂ। ਇਹਨਾਂ ਧਰਮ ਗ੍ਰੰਥਾਂ ਨੇ ਸਾਨੂੰ ਨਾਮ ਜਪਣਾ ਸਿਖਾਇਆ ਹੈ ਭਾਵ ਰਾਮ ਰਾਮ ਕਰਨਾ, ਹਰਿ ਹਰਿ ਕਰਨਾ ਸਿਖਾਇਆ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿੱਚ ਆਪਣਾ ਆਵਾਗਉਣ ਨਿਬੇੜ ਕੇ ਜਾਈਏ, ਆਪਣੇ ਇਸ ਜੀਵਨ ਦਾ ਲਾਭ ਲੈ ਕੇ ਜਾਈਏ, ਲਾਹਾ ਲੈ ਕੇ ਜਾਈਏ। ਵੇਦਾਂ, ਸਾਸਤ੍ਰਾਂ ਨੇ ਸਾਨੂੰ ਨਾਮ ਜਪਣਾ ਸਿਖਾਇਆ ਹੈ ਪਰ ਉਸ ਗੱਲ ਨੂੰ ਕੋਈ ਸਮਝ ਨਹੀਂ ਸਕਿਆ ਕਿ ਨਾਮ ਕਿਵੇਂ ਜਪਣਾ ਹੈ, ਰਾਮ ਰਾਮ ਕਿਵੇਂ ਜਪਣਾ ਹੈ, ਹਰਿ ਹਰਿ ਕਿਵੇਂ ਕਰਨਾ ਹੈ। ਗੁਰਬਾਣੀ ਰਾਹੀਂ ਸਾਨੂੰ ਵੇਦਾਂ, ਸਾਸਤ੍ਰਾਂ ਦੀ ਮਤਿ ਨੂੰ ਸਮਝਣ ਲਈ ਉਹਨਾਂ ਦੀ ਗੱਲ ਨੂੰ ਸਪੱਸ਼ਟ ਕਰਕੇ ਸਮਝਾਇਆ ਹੈ ਤਾਂ ਜੋ ਅਸੀਂ ਉਹਨਾਂ ਦੀ ਗੱਲ ਨੂੰ ਸਮਝ ਸਕੀਏ ਤੇ ਉਹੋ ਜਿਹਾ ਰਾਮ ਰਾਮ ਕਰੀਏ, ਹਰਿ ਹਰਿ ਕਰੀਏ ਜਿਸ ਦੁਆਰਾ ਇਸ ਜਨਮ ਦੇ ਮਨੋਰਥ ਨੂੰ ਪੂਰਾ ਕੀਤਾ ਜਾ ਸਕੇ। ਗੁਰਬਾਣੀ ਦੀ ਮਤਿ ਵੇਦਾਂ, ਸਾਸਤ੍ਰਾਂ ਦੀ ਮਤਿ ਦੇ ਉਲਟ ਚੱਲਣ ਲਈ ਨਹੀਂ ਹੈ ਭਾਵ ਗੁਰਬਾਣੀ ਸਾਨੂੰ ਕੋਈ ਵੱਖਰਾ ਨਾਮ ਜਪਣਾ ਨਹੀਂ ਸਿਖਾ ਰਹੀ ਹੈ ਬਲਕਿ ਉਹਨਾਂ ਅਨੇਕਾਂ ਭਰਮਾਂ ਵਿੱਚੋਂ ਕੱਢਣ ਲਈ ਹੈ ਜੋ ਪ੍ਰਮਾਤਮਾ ਦੇ ਸੱਚ ਤੇ ਪੂਰਾ ਨਹੀਂ ਉਤਰਦੇ। ਜਿੰਨ੍ਹਾਂ ਭਰਮਾਂ ਨੂੰ ਛੱਡਣ ਦੀ ਲੋੜ ਹੈ ਉਹ ਵੀ ਸਮਝਾਏ ਹਨ ਤੇ ਜੋ ਅਪਣਾਉਣ ਵਾਲੀਆਂ ਗੱਲਾਂ ਹਨ ਉਹਨਾਂ ਨੂੰ ਵੀ ਸਪੱਸ਼ਟ ਕੀਤਾ ਹੈ ਜਿਵੇਂ ਕਿ ਨਾਮ ਜਪਣਾ ਸਪੱਸ਼ਟ ਕੀਤਾ ਹੈ, ਭਗਤੀ ਕਰਨ ਦਾ ਅਸਲ ਤਰੀਕਾ ਸਪੱਸ਼ਟ ਕੀਤਾ ਹੈ। ਜਿਵੇਂ ਕਿ ਮੂਰਤੀਆਂ ਦੀ ਪੂਜਾ ਕਰਨਾ, ਸਰੀਰਕ ਜਪ ਤਪ ਆਦਿ ਸਾਡੀ ਭਗਤੀ ਨਹੀਂ ਹੈ ਤੇ ਇਹਨਾਂ ਗੱਲਾਂ ਤੋਂ ਸਾਨੂੰ ਮਨ੍ਹਾ ਕੀਤਾ ਹੈ ਭਾਵ ਭਰਮਾਂ ਵਿੱਚੋਂ ਸਾਨੂੰ ਕੱਢਿਆ ਹੈ। ਨਾਮ ਜਪਣਾ ਜੋ ਵੇਦਾਂ, ਸਾਸਤ੍ਰਾਂ ਨੇ ਸਮਝਾਇਆ ਹੈ ਉਸੇ ਤਰੀਕੇ ਨਾਮ ਜਪਣਾ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ ਪਰ ਇਸ ਗੱਲ ਦੀ ਸਮਝ ਨਾ ਵੇਦਾਂ ਸਾਸਤਰਾਂ ਦੇ ਪੜਣ ਵਾਲਿਆਂ ਨੂੰ ਆਈ ਹੈ ਤੇ ਨਾ ਹੀ ਗੁਰਬਾਣੀ ਦੇ ਪੜਣ ਵਾਲਿਆਂ ਨੂੰ ਆਈ ਹੈ। ਵੇਦਾਂ ਸਾਸ਼ਤਰਾਂ ਦੇ ਪੜ੍ਹਨ ਵਾਲੇ ਵੀ ਮੁੱਖੋਂ ਕਿਸੇ ਅੱਖਰ ਨੂੰ ਬੋਲ ਬੋਲ ਕੇ ਨਾਮ ਜਪਣਾ ਸਮਝਦੇ ਹਨ ਤੇ ਇਹੋ ਜਿਹੀ ਧਾਰਨਾ ਹੀ ਗੁਰਬਾਣੀ ਦੇ ਪੜ੍ਹਨ ਵਾਲਿਆਂ ਦੀ ਬਣੀ ਹੋਈ ਹੈ ਤੇ ਇਸ ਦਾ ਕਾਰਣ ਮਨ ਦਾ ਭਰਮ ਹੀ ਹੈ, ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਹੈ ਜੋ ਸਭ ਵਿੱਚ ਇੱਕੋ ਜਿਹੀ ਵਿਚਰਦੀ ਹੈ। ਨਾਮ ਦੀ ਸਮਝ, ਗੁਰਮਤਿ ਦੀ, ਸੱਚ ਦੀ ਸਮਝ ਹੀ ਚੌਥੇ ਪਦ ਵਿੱਚ ਪਹੁੰਚ ਕੇ ਪੈਂਦੀ ਹੈ ਜਿਸ ਦੁਆਰਾ ਮਨੁੱਖ ਭਰਮ ਤੋਂ ਦੂਰ ਹੁੰਦਾ ਹੈ। ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਗਿਆਨ ਦਿੱਤਾ ਹੈ ਉਹਨਾਂ ਨੇ ਚੌਥੇ ਪਦ ਰਾਹੀਂ ਹੀ ਦਿੱਤਾ ਹੈ ਤੇ ਇਸੇ ਲਈ ਸਾਨੂੰ ਉਹੋ ਜਿਹਾ ਨਾਮ ਜਪਣਾ ਸਿਖਾਇਆ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸਾਰੇ ਸੰਸਾਰ ਲਈ ਔਗੁਣ ਮਾੜੇ ਹਨ ਤੇ ਗੁਣ ਚੰਗੇ ਹਨ। ਸਾਰੇ ਸੰਸਾਰ ਨੂੰ

25/2742

ਇਨਸਾਨੀਅਤ ਹੀ ਸਿਖਾਈ ਹੈ ਭਾਵ ਚੰਗਾ ਇਨਸਾਨ ਬਣਨਾ ਹੀ ਸਿਖਾਇਆ ਹੈ। ਵੇਦਾਂ, ਸਾਸਤ੍ਰਾਂ ਨੇ ਵੀ ਸਾਨੂੰ ਚੰਗਾ ਇਨਸਾਨ ਬਣਨਾ ਸਿਖਾਇਆ ਹੈ, ਕੁਰਾਨ ਨੇ ਵੀ ਚੰਗਾ ਇਨਸਾਨ ਬਣਨਾ ਸਿਖਾਇਆ ਹੈ ਤੇ ਗੁਰਬਾਣੀ ਨੇ ਵੀ ਸਾਨੂੰ ਚੰਗਾ ਇਨਸਾਨ ਬਣਨਾ ਹੀ ਸਿਖਾਇਆ ਹੈ ਤੇ ਆਪਣੀ ਇਨਸਾਨੀਅਤ ਦੁਆਰਾ ਵਿਚਰਨਾ ਹੀ ਉਸ ਪ੍ਰਮਾਤਮਾ ਦਾ ਨਾਮ ਜਪਣਾ ਹੈ। ਇਨਸਾਨੀਅਤ ਉਸੇ ਦੇ ਅੰਦਰ ਹੈ ਜਿਸਦੇ ਅੰਦਰ ਸੱਚ ਹੈ ਭਾਵ ਜਿਸ ਦੇ ਅੰਦਰ ਔਗੁਣ ਨਹੀਂ ਗੁਣ ਹਨ, ਜੋ ਮਾੜੇ ਕਰਮ ਨਹੀਂ ਕਰਦਾ ਤੇ ਕੇਵਲ ਚੰਗੇ ਕਰਮ ਕਰਦਾ ਹੈ, ਜੋ ਕੇਵਲ ਆਪਣੇ ਭਲੇ ਲਈ ਨਹੀਂ ਸੋਚਦਾ ਬਲਕਿ ਸਾਰਿਆਂ ਦੇ ਭਲੇ ਦੀ ਸੋਚਦਾ ਹੈ ਭਾਵ ਪਰਉਪਕਾਰੀ ਬਣ ਕੇ ਵਿਚਰਦਾ ਹੈ। ਜਿਸ ਦੇ ਅੰਦਰ ਗੁਰਮਤਿ ਹੈ, ਸੱਚ ਹੈ, ਨਾਮ ਹੈ ਉਸਦੀ ਰਸਨਾ ਹਰਿ ਹਰਿ ਕਰਨ ਵਾਲੀ ਰਸਨਾ ਹੈ, ਰਾਮ ਰਾਮ ਕਰਨ ਵਾਲੀ ਰਸਨਾ ਹੈ, ਵਾਹਿਗੁਰੂ ਵਾਹਿਗੁਰੂ ਕਰਨ ਵਾਲੀ ਰਸਨਾ ਹੈ, ਹਰ ਵੇਲੇ ਰਾਮ ਦੀ, ਅੱਲ੍ਹਾ ਦੀ, ਵਾਹਿਗੁਰੂ ਦੀ, ਗਾਡ ਦੀ ਮਤਿ ਨੂੰ ਚੇਤੇ ਰੱਖਣ ਵਾਲੀ ਰਸਨਾ ਹੈ। **(ਸਾਸਤ ਸਿੰਮ੍ਰਿਤਿ ਬੇਦ ਵਖਾਣੀ॥ ਜਨਮੁ**

ਪਦਾਰਥੁ ਜੀਤੁ ਪਰਾਣੀ॥ ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ॥੫॥)

{ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ॥
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥}

(ਅੰਗ ੪੯)

{ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥
ਬੰਧਨ ਤੋੜੇ ਮੁਕਤਿ ਘਰਿ ਰਹੈ॥ ਗੁਰ ਸਬਦੀ ਅਸਥਿਰੁ ਘਰਿ ਬਹੈ॥੧॥
ਮੇਰੇ ਮਨ ਕਾਹੇ ਰੋਸੁ ਕਰੀਜੈ॥ ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ॥੧॥ਰਹਾਉ॥}

(ਅੰਗ ੧੨੬੨)

ਨਿੱਤ ਸਵੇਰੇ ਉੱਠ ਕੇ ਨਾਮ ਜਪਣ ਦੀਆਂ ਗੱਲਾਂ ਬਹੁਤ ਕਰਦੇ ਹਨ ਪਰ ਨਿੱਤ ਉੱਠ ਕੇ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਸ਼ਬਦ ਦੀ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਗੁਰਮਤਿ ਨਾਮ ਦ੍ਰਿੜ ਕਰਨਾ ਕੀ ਹੈ।

"ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥੧॥
ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥"

(ਅੰਗ ੧੩੨੫)

ਗੁਰਮਤਿ ਨਾਮ ਹੈ ਤੇ ਸਾਡੇ ਅੰਦਰ ਗੁਰਮਤਿ ਦਾ ਦ੍ਰਿੜ ਹੋਣਾ, ਨਾਮ ਦਾ ਦ੍ਰਿੜ ਹੋਣਾ ਹੈ। ਜਦ ਤੱਕ ਸਾਡੇ ਅੰਦਰ ਵਿਕਾਰ ਹਨ ਤਦ ਤੱਕ ਸਾਡੇ ਅੰਦਰ ਗੁਰਮਤਿ ਨਹੀਂ ਹੈ, ਨਾਮ ਨਹੀਂ ਹੈ। ਇਹਨਾਂ

25/2743

ਔਗੁਣਾਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰਮਤਿ ਨਾਮ ਨਾਲ ਨਹੀਂ ਜੁੜ ਸਕਦੇ ਤੇ ਇਹਨਾਂ ਔਗੁਣਾਂ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਹੀ ਗੁਰਮਤਿ ਨਾਮ ਨਾਲ ਜੁੜਨ ਦਾ ਉੱਦਮ ਹੈ ਜੋ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਇਹ ਔਗੁਣ ਬੜੇ ਬਲਵਾਨ ਹਨ ਜਿੰਨ੍ਹਾਂ ਨੂੰ ਛੱਡਣਾ ਬੜਾ ਔਖਾ ਹੈ, ਆਪਣੀ ਤ੍ਰਿਸ਼ਨਾ ਨੂੰ ਮਾਰਨਾ, ਮਾਇਆ ਮੋਹ ਛੱਡਣਾ ਬੜਾ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਔਖਾ ਹੈ। ਇਹਨਾਂ ਵਿਕਾਰਾਂ ਦੇ ਨਾਲ ਜੂਝਣ ਦੇ ਲਈ ਸਮਝਾਇਆ ਹੈ, ਨਿੱਤ ਉੱਠ ਕੇ ਜੂਝਣ ਲਈ ਸਮਝਾਇਆ ਹੈ ਤਾਂ ਜੋ ਸਾਡੇ ਅੰਦਰ ਗੁਰਮਤਿ ਨਾਮ ਦ੍ਰਿੜ ਹੋ ਸਕੇ, ਗੁਰੂ ਦੇ ਗੁਣ ਦ੍ਰਿੜ ਹੋ ਸਕਣ, ਸੱਚ ਦ੍ਰਿੜ ਹੋ ਸਕੇ ਤੇ ਅਸੀਂ ਜੋ ਕੁੱਝ ਵੀ ਕਰੀਏ ਸੱਚ ਦੁਆਰਾ ਕਰੀਏ। ਔਗੁਣ ਛੱਡਣ ਦਾ ਮਕਸਦ ਸਾਨੂੰ ਮਾੜੇ ਕਰਮਾਂ ਵਿੱਚੋਂ ਹਟਾ ਕੇ ਚੰਗੇ ਕਰਮਾਂ ਦੇ ਨਾਲ ਜੋੜਨ ਦਾ ਹੀ ਹੈ ਜੋ ਕਿ ਗੁਰਮਤਿ ਨਾਮ ਦਾ ਮਕਸਦ ਹੈ। **(ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥੧॥ ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥)**

ਜੋ ਨਿੱਤ ਉੱਠ ਕੇ ਚੰਗੇ ਕਰਮ ਕਰਦੇ ਹਨ ਉਹ ਪ੍ਰਮਾਤਮਾ ਦਾ ਨਾਮ ਜਪਦੇ ਹਨ ਤੇ ਜੋ ਨਿੱਤ ਉੱਠ ਕੇ ਮਾੜੇ ਕਰਮ ਕਰਦੇ ਹਨ, ਔਗੁਣਾਂ ਦੁਆਰਾ ਵਿਚਰਦੇ ਹਨ ਉਹ ਨਾਮ ਦੇ ਚੋਰ ਹਨ ਭਾਵ ਨਾਮ ਜਪਣ ਤੋਂ ਮਨ ਚੁਰਾਉਂਦੇ ਹਨ, ਉਹ ਗੁਣਾਂ ਦੇ ਚੋਰ ਹਨ।

{ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥
ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥}

(ਅੰਗ ੧੨੪੪)

ਜਿਸ ਮਨੁੱਖ ਦੇ ਅੰਦਰ ਵਿਕਾਰ ਹਨ, ਔਗੁਣ ਹਨ ਉਹ ਗੁਰੂ ਦਾ ਸਿੱਖ ਨਹੀਂ ਹੈ, ਉਹ ਗੁਰੂ ਵਾਲਾ ਨਹੀਂ ਹੈ। ਗੁਰਸਿੱਖ ਬਣਨਾ ਬਹੁਤ ਔਖਾ ਹੈ ਤੇ ਸਾਰੀ ਬਾਣੀ ਸਾਨੂੰ ਗੁਰੂ ਦਾ ਸਿੱਖ ਬਣਨਾ ਹੀ ਸਿਖਾ ਰਹੀ ਹੈ ਕਿ ਉਸਦਾ ਸਿੱਖ ਕਿਵੇਂ ਬਣਿਆ ਜਾ ਸਕਦਾ ਹੈ। ਜਿਸ ਦੇ ਅੰਦਰ ਗੁਰੂ ਦੀ ਸਿੱਖਿਆ ਹੈ ਉਹੀ ਉਸ ਦਾ ਸਿੱਖ ਹੈ ਤੇ ਉਸਦਾ ਸਿੱਖ ਅਖਵਾਉਣ ਵਾਲਾ ਉਹੋ ਜਿਹਾ ਨਾਮ ਹੀ

ਜਪਦਾ ਹੈ, ਹਰ ਰੋਜ਼ ਉੱਠ ਕੇ ਉਹੋ ਜਿਹਾ ਨਾਮ ਹੀ ਜਪਦਾ ਹੈ ਜਿਹੋ ਜਿਹਾ ਨਾਮ ਜਪਣਾ ਸਾਨੂੰ ਗੁਰਬਾਣੀ ਸਿਖਾ ਰਹੀ ਹੈ। ਉਹ ਹਰ ਰੋਜ਼ ਉੱਠ ਕੇ ਚੰਗੇ ਕਰਮ ਕਰਦਾ ਹੈ ਤੇ ਮਾੜੇ ਕਰਮ ਨਹੀਂ ਕਰਦਾ। ਉਹ ਔਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਦਾ ਹੈ ਤੇ ਅੱਠੇ ਪਹਿਰ ਗੁਰਬਾਣੀ ਦੀ ਮਤਿ ਨੂੰ ਹੀ ਜਪਦਾ ਹੈ।

ਮਃ ੪॥

{ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥}

(ਅੰਗ ੩੦੫)

ਗੁਰੂ ਦਾ ਸਿੱਖ ਉਹੀ ਹੈ ਜਿਸ ਦੇ ਅੰਦਰ ਗੁਰੂ ਦੀ ਪੂਰਨ ਸਿੱਖਿਆ ਵੱਸੀ ਹੋਈ ਹੈ। ਗੁਰੂ ਆਪ ਹੀ ਗੁਰਸਿੱਖ

ਹੈ ਜੋ ਸਿੱਖਿਆ ਨੂੰ ਜਾਣਦਾ ਹੈ ਤੇ ਆਪ ਹੀ ਆਪਣੀ ਸਿੱਖਿਆ ਤੇ ਚੱਲ ਕੇ ਦਿਖਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੇ ਰਚਣ ਵਾਲਿਆਂ ਨੇ ਆਪ ਹੀ ਆਪਣੀ ਸਿੱਖਿਆ ਤੇ ਚੱਲ ਕੇ ਦਿਖਾਇਆ ਹੈ, ਆਪ ਹੀ ਆਪਣੇ ਉਪਦੇਸ਼ ਨੂੰ ਮੰਨ ਕੇ ਦਿਖਾਇਆ ਹੈ। ਗੁਰੂ ਦੀ ਸਿੱਖਿਆ ਤੇ ਚੱਲ ਕੇ ਹੀ ਕੋਈ ਸਿੱਖ ਬਣ ਸਕਦਾ ਹੈ ਭਾਵ ਗੁਰੂ ਦਾ ਸਿੱਖ ਬਣ ਸਕਦਾ ਹੈ। ਗੁਰੂ ਦੀ ਸਿੱਖਿਆ ਦਾ ਵਿਚਾਰੀ ਬਣਨਾ ਬਹੁਤ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਸ ਤੇ ਪ੍ਰਮਾਤਮਾ ਦੀ ਆਪਣੀ ਬੜੀ ਕਿਰਪਾ ਹੁੰਦੀ ਹੈ ਉਸ ਨੂੰ ਹੀ ਆਪਣੀ ਸਿੱਖਿਆਂ ਤੇ ਚਲਾਉਂਦਾ ਹੈ ਤੇ ਤਾਂ ਹੀ ਕੋਈ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਹੁੰਦਾ ਹੈ, ਸੰਸਾਰ ਦੇ ਆਵਾਗਉਣ ਵਿੱਚੋਂ ਨਿਕਲਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਸਿੱਖ ਬਣਾਉਂਦਾ ਹੈ ਉਸ ਨੂੰ ਆਪ ਹੀ ਆਪਣੀ ਸਿੱਖਿਆ ਸਮਝਾ ਕੇ ਉਸ ਤੇ ਚਲਾਉਂਦਾ ਹੈ।

{ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥}

(ਅੰਗ ੪੬੫)

ਗੁਰੂ ਦੇ ਵਿਚਾਰਾਂ ਵਾਲਾ ਬਣ ਕੇ ਹੀ ਗੁਰੂ ਦੀ ਸਿੱਖਿਆ ਵਾਲਾ ਬਣਿਆ ਜਾ ਸਕਦਾ ਹੈ ਤੇ ਤਾਂ ਹੀ ਉਸਦਾ ਸਿੱਖ ਬਣਿਆ ਜਾ ਸਕਦਾ ਹੈ। ਗੁਰੂ ਦੇ ਵਿਚਾਰਾਂ ਵਾਲਾ ਬਣਨਾ ਕਿਤਨਾ ਔਖਾ ਹੈ, ਨਾਮ ਦੇ ਵਿਚਾਰਾਂ ਵਾਲਾ ਬਣਨਾ, ਸ਼ਬਦ ਦਾ ਵਿਚਾਰੀ ਬਣਨਾ ਕਿਤਨਾ ਔਖਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਇਹ ਇਤਨਾ ਔਖਾ ਹੈ ਜਿਵੇਂ ਕਿ ਸਿਰ ਦੇ ਭਾਰ ਚੱਲਣਾ ਔਖਾ ਹੈ।

{**ਸਿਰਿ ਧਰਿ ਚਲੀਐ ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥**}

(ਅੰਗ ੧੫੧)

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਸਿੱਖ ਬਣਾਇਆ ਹੈ ਉਹਨਾਂ ਨੂੰ ਸ਼ਬਦ ਦੀ ਵਿਚਾਰ ਬਖਸ਼ ਕੇ ਆਪ ਹੀ ਉਸ ਤੇ ਚਲਾਇਆ ਹੈ। ਉਸ ਦਾ ਭਗਤ ਰੂਪ, ਗੁਰੂ ਰੂਪ ਹੀ ਉਸਦਾ ਗੁਰਸਿੱਖ ਰੂਪ ਹੈ।

ਗੁਰੂ ਦੇ ਸਿੱਖ ਬਣਨਾ ਬੜੇ ਵੱਡੇ ਭਾਗਾਂ ਵਾਲੀ ਗੱਲ ਹੈ ਕਿਉਂਕਿ ਉਸ ਦਾ ਸਿੱਖ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਇਆ॥

ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ॥੨॥}

(ਅੰਗ ੪੯੪)

25/2745

ਗੁਰੂ ਦਾ ਸਿੱਖ ਉਹੀ ਬਣਦਾ ਹੈ ਜਿਸ ਨੂੰ ਨਿਰਬਾਣ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਪਦ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਪਦ ਹੈ। ਪ੍ਰਮਾਤਮਾ ਆਪ ਨਿਰਬਾਣੀ ਹੈ ਭਾਵ ਉਸਦੀ ਬਾਣੀ ਨਿਰਗੁਣ ਰੂਪ ਵਿੱਚ ਹੈ ਜੋ ਬਾਣੀ ਮਨ ਦੇ ਵਿੱਚ ਹੀ ਸੁਣੀ ਜਾਂਦੀ ਹੈ। ਉਸਦੀ ਬਾਣੀ ਸੁਣਨ ਲਈ ਅੰਦਰੋਂ ਕੋਈ ਅਵਾਜ਼ ਨਹੀਂ ਸੁਣਦੀ ਬਲਕਿ ਨਿਰਗੁਣ ਰੂਪ ਵਿੱਚ ਸੁਣੀ ਜਾਂਦੀ ਹੈ, ਖਾਮੋਸ਼ ਰੂਪ ਵਿੱਚ ਮਨ ਦੇ ਵਿਚਾਰਾਂ ਰਾਹੀਂ ਸੁਣੀ ਜਾਂਦੀ ਹੈ, ਮਨ ਦੇ ਵਿੱਚ ਗਿਆਨ ਦੇ ਰਾਹੀਂ ਸੁਣੀ ਜਾਂਦੀ ਹੈ ਭਾਵ ਨਿਰਗੁਣ ਰੂਪ ਵਿੱਚ, ਮਨ ਦੀ ਸੋਝੀ ਦੇ ਰੂਪ ਵਿੱਚ ਸੁਣੀ ਜਾਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਸਿੱਖਿਆ ਸੁਣਾਉਂਦਾ ਹੈ। ਜੋ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਇਹ ਬਾਣੀ ਸੁਣਦੇ ਹਨ ਉਹਨਾਂ ਨੂੰ ਹੀ ਨਿਰਬਾਣ ਪਦ ਦੀ ਪ੍ਰਾਪਤੀ ਹੋਈ ਹੈ ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਇਹ ਨਿਰਬਾਣ ਪਦ ਦੀ ਪ੍ਰਾਪਤੀ ਕਰਨ ਵਾਲੇ ਹੀ ਗੁਰੂ ਦੇ ਸਿੱਖ ਬਣਦੇ ਹਨ ਜੋ ਉਸ ਪ੍ਰਮਾਤਮਾ ਨੂੰ ਪਿਆਰੇ ਲੱਗਦੇ ਹਨ। ਜਿਹੜੇ ਉਸ ਦੇ ਪਿਆਰੇ ਬਣਦੇ ਹਨ ਉਹਨਾਂ ਨੂੰ ਗੁਰੂ ਦੇ ਵਚਨ ਭਾਉਂਦੇ ਹਨ ਕਿਉਂਕਿ ਗੁਰੂ ਦੇ ਬਚਨਾਂ ਦੇ ਰੂਪ ਵਿੱਚ ਹੀ ਆਪ ਸਤਿਗੁਰ ਹੈ। ਸਤਿਗੁਰ ਆਪ ਪ੍ਰਮਾਤਮਾ ਹੈ ਤੇ ਪ੍ਰਮਾਤਮਾ ਦੇ ਦਿੱਤੇ, ਬੋਲੇ ਹੋਏ ਬਚਨ, ਉਸਦੇ ਬੋਲੇ ਹੋਏ ਬੋਲ ਉਸਦਾ ਗੁਰੂ ਰੂਪ ਹੈ। **(ਸਤਿਗੁਰ ਬਚਨ ਬਚਨ ਹੈ ਸਤਿਗੁਰ)** ਜਿਹਨਾਂ ਨੂੰ ਬਚਨਾਂ ਦੁਆਰਾ ਦਿੱਤੀ ਹੋਈ ਸਿੱਖਿਆ ਭਾਉਂਦੀ ਹੈ ਉਹਨਾਂ ਨੂੰ ਸਤਿਗੁਰੂ ਭਾਉਂਦਾ ਹੈ, ਪ੍ਰਮਾਤਮਾ ਭਾਉਂਦਾ ਹੈ। ਜਿਸ ਨੂੰ ਪ੍ਰਮਾਤਮਾ ਇਹ ਅਵੱਸਥਾ ਬਖਸ਼ਦਾ ਹੈ ਉਸ ਨੂੰ ਹੀ ਆਪਣੇ ਨਾਮ ਨਾਲ ਮੇਲਦਾ ਹੈ ਤੇ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ। ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣਨਾ, ਉਸ ਦੇ ਬਚਨਾਂ ਨੂੰ ਜਾਣ ਕੇ ਉਹਨਾਂ ਨੂੰ ਮੰਨਣ ਵਾਲਾ ਬਣਨਾ ਹੀ ਉਸ ਦਾ ਸਿੱਖ ਬਣਨਾ ਹੈ, ਗੁਰਸਿਖ ਬਣਨਾ ਹੈ ਜੋ ਕਿ ਨਿਰਬਾਣ ਪਦ ਦੀ ਪ੍ਰਾਪਤੀ ਦੁਆਰਾ ਬਣਿਆ ਜਾ ਸਕਦਾ ਹੈ, ਉਸਦੀ ਆਪਣੀ ਕਿਰਪਾ ਦੁਆਰਾ ਬਣਿਆ ਸਕਦਾ ਹੈ, ਵੱਡੇ ਭਾਗਾਂ ਦੁਆਰਾ ਬਣਿਆ ਜਾ ਸਕਦਾ ਹੈ। **(ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਣਿਆ॥ ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ॥੨॥)**

ਗੁਰੂ ਪ੍ਰਮਾਤਮਾ ਦਾ ਸਿੱਖ ਉਸ ਅਵੱਸਥਾ ਦੁਆਰਾ ਬਣਿਆ ਜਾਂਦਾ ਹੈ ਜਦੋਂ ਮਨੁੱਖ ਦੀ ਅਵੱਸਥਾ ਗੁਰੂ ਵਰਗੀ ਹੀ ਬਣ ਜਾਂਦੀ ਹੈ ਭਾਵ ਜਦੋਂ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਨਾਮ ਦੀ ਪ੍ਰਾਪਤੀ ਦੇ ਨਾਲ ਹੀ ਹੁੰਦਾ ਹੈ ਤੇ ਨਾਮ ਵੱਸਣ ਦੇ ਨਾਲ ਮਨੁੱਖ ਭਰਮ ਤੋਂ ਮੁਕਤ ਹੋ ਜਾਂਦਾ ਹੈ, ਪੂਰੀ ਤਰ੍ਹਾਂ ਅਗਿਆਨਤਾ ਤੋਂ ਮੁਕਤ ਹੋ ਜਾਂਦਾ ਹੈ ਤੇ ਉਸ ਦੇ ਅੰਦਰੋਂ ਮਾਇਆ ਮੋਹ ਆਦਿ ਦੇ, ਜਨਮ ਮਰਨ ਦੇ ਸਭ ਭਉ ਨਿਕਲ ਜਾਂਦੇ ਹਨ। ਗੁਰੂ ਦੇ ਨਾਲ ਇੱਕ ਹੋਣ ਵਾਲੇ ਸ਼ਬਦ ਦੀ ਸਿੱਖਿਆ ਨੂੰ ਸੁਣਨ ਵਿੱਚ ਜਾਂ ਕਥਨ ਵਿੱਚ ਸਵਾਦ ਨਹੀਂ ਮਾਣਦੇ ਬਲਕਿ ਗੁਰੂ ਦੀ ਸਿੱਖਿਆ ਨੂੰ ਮੰਨਣ ਵਿੱਚ ਸਵਾਦ ਮਾਣਦੇ ਹਨ, ਅਨੰਦ, ਸੁੱਖ ਮਹਿਸੂਸ ਕਰਦੇ ਹਨ। ਉਹ ਗੁਰੂ ਪ੍ਰਮਾਤਮਾ ਦੀ ਸਿੱਖਿਆ ਨੂੰ ਮੰਨਣ ਦੁਆਰਾ ਭਾਵ ਉਸ ਤਰ੍ਹਾਂ ਹੀ ਵਿਚਰਨ ਦੁਆਰਾ ਉਸ ਪ੍ਰਮਾਤਮਾ ਦੀ ਵਡਿਆਈ ਕਰਦੇ ਹਨ। ਪ੍ਰਮਾਤਮਾ ਦਾ ਗੁਰਸਿੱਖ ਰੂਪ ਉਸਦਾ ਗੁਰੂ ਰੂਪ ਹੀ ਹੈ ਜਿਸ ਨੂੰ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਤੇ ਨਾਲ ਹੀ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ।

25/2746

ਸਲੋਕੁ ਮਃ ੩॥

{ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥
ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ॥
ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥
ਨਾਨਕ ਵਿਣੁ ਨਾਵੈ ਨਕੀਂ ਵਢੀਂ ਫਿਰਹਿ ਸੋਭਾ ਮੂਲਿ ਨ ਪਾਹਿ॥੧॥}

ਮਃ ੩॥

{ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ॥
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ॥
ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ॥
ਨਾਨਕ ਨਾਮਿ ਮਿਲੈ ਵਡਿਆਈ ਹਰਿ ਦਰਿ ਸੋਹਨਿ ਆਗੈ॥੨॥}

ਪਉੜੀ॥

{ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ॥
ਹਰਿ ਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿ ਨਾਮੁ ਲੈ ਜਾਵਹਿ॥
ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ॥
ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ॥
ਤਿਨਾ ਗੁਰਸਿਖਾ ਕੰਉ ਹਉ ਵਾਰਿਆ ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ॥੧੧॥}

(ਅੰਗ ੫੯੦)

ਜੋ ਪਹਿਲਾਂ ਸ਼ਬਦਾਂ ਰਾਹੀਂ ਸਮਝਾਇਆ ਹੁੰਦਾ ਹੈ ਪਉੜੀ ਰਾਹੀਂ ਉਸਦੀ ਵਿਆਖਿਆ ਹੀ ਕੀਤੀ ਹੁੰਦੀ ਹੈ। ਜੋ ਪ੍ਰਮਾਤਮਾ ਦਾ ਭਗਤ ਰੂਪ ਹੈ, ਗੁਰੂ ਰੂਪ ਹੈ ਉਹੀ ਉਸਦਾ ਗੁਰਸਿੱਖ ਰੂਪ ਹੈ। ਪ੍ਰਮਾਤਮਾ ਨਾਮ ਦਾ "ਬੋਹਲੁ" ਹੈ ਭਾਵ ਸੱਚੇ ਗਿਆਨ ਦਾ ਭੰਡਾਰ ਹੈ, ਸੱਚੇ ਗੁਣਾਂ ਦਾ ਭੰਡਾਰ ਹੈ ਤੇ ਜਿਸ ਨੂੰ ਪ੍ਰਮਾਤਮਾ ਵਡਭਾਗੀ ਬਣਾਉਂਦਾ ਹੈ ਉਸ ਨੂੰ ਆਪਣੇ ਗੁਣਾਂ ਦੇ "ਬੋਹਲੁ" ਨਾਲ ਹੀ ਰਲਾਉਂਦਾ ਹੈ। ਪ੍ਰਮਾਤਮਾ ਦਾ ਇਹ ਨਾਮ ਦਾ "ਬੋਹਲੁ" ਹੀ ਉਸਦਾ ਖਜ਼ਾਨਾ ਹੈ ਤੇ ਜਿਸ ਨੂੰ ਉਹ ਆਪਣੇ ਖਜ਼ਾਨੇ ਵਿੱਚ ਰਲਾਉਂਦਾ ਹੈ ਉਸ ਨੂੰ ਭਰਮ ਵਿੱਚੋਂ ਹੀ ਕੱਢਦਾ ਹੈ, ਮਾਇਆ ਮੋਹ ਵਿੱਚੋਂ ਹੀ ਕੱਢਦਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ ਤੇ ਆਪਣੇ ਚੌਥੇ ਪਦ ਵਿੱਚ ਰਲਾਉਂਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਸਿੱਖ ਬਣਾਉਂਦਾ ਹੈ ਉਹ ਅੱਠੇ ਪਹਿਰ ਨਾਮ ਦੀ ਸਿੱਖਿਆ ਨਾਲ ਜੁੜੇ ਰਹਿੰਦੇ ਹਨ ਤੇ ਉਸ ਸਿੱਖਿਆ ਅਨੁਸਾਰ ਹੀ ਵਿਚਰਦੇ ਹਨ, ਅੱਠੇ ਪਹਿਰ ਨਾਮ ਹੀ ਜਪਦੇ ਹਨ, ਅੱਠੇ

ਪਹਿਰ ਗੁਣੀ ਬਣ ਕੇ ਸੱਚ ਤੇ ਹੀ ਚੱਲਦੇ ਹਨ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਅਵੱਸਥਾ ਬਖਸ਼ੀ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਨਾਮ ਦੀ ਸਿੱਖਿਆ ਸਮਝਾਈ ਹੈ ਤੇ ਨਾਮ ਜਪਣਾ ਸਿਖਾਇਆ ਹੈ। **(ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ॥)**

"ਸਚਿ ਨਾਮਿ" ਦੇ ਨਾਲ ਲਿਵ ਗੁਰੂ ਦੀ ਹੀ ਜੁੜਦੀ ਹੈ, ਉਸਦੇ ਭਗਤਾਂ ਦੀ ਹੀ ਜੁੜਦੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਤੇ ਜਦੋਂ ਕੋਈ ਗੁਰੂ ਦੀ ਅਵੱਸਥਾ ਵਾਲਾ ਬਣ ਜਾਂਦਾ ਹੈ ਤਾਂ ਹੀ ਉਸਦੀ "ਸਚਿ ਨਾਮਿ" ਦੇ ਨਾਲ ਲਿਵ ਜੁੜਦੀ ਹੈ ਭਾਵ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਨਾਮ

25/2747

ਜਪਣ ਵਾਲਾ ਬਣਿਆ ਜਾ ਸਕਦਾ ਹੈ। ਇਸੇ ਲਈ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਸਮਝਾਇਆ ਹੈ ਕਿ ਉਸਦਾ ਨਾਮ ਜਪਣ ਵਾਲਾ ਕੇਵਲ ਗੁਰੂ ਰੂਪ ਹੀ ਹੈ, ਭਗਤ ਰੂਪ ਹੀ ਹੈ ਤੇ ਇਹੀ ਉਸਦਾ ਗੁਰਸਿੱਖ ਰੂਪ ਹੈ ਜੋ ਅੱਠੇ ਪਹਿਰ ਉਸ ਦਾ ਨਾਮ ਜਪਦਾ ਹੈ ਤੇ ਸਾਰੇ ਸੰਸਾਰ ਨੂੰ ਉਸਦਾ ਨਾਮ ਜਪਣਾ ਸਿਖਾਉਂਦਾ ਹੈ। **(ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ॥)**

ਜੋ ਪ੍ਰਮਾਤਮਾ ਦਾ ਸਿੱਖ ਬਣ ਜਾਂਦਾ ਹੈ, ਗੁਰਸਿੱਖ ਬਣ ਜਾਂਦਾ ਹੈ ਉਹ ਫਿਰ ਪ੍ਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ ਭਾਵ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਹੈ ਤੇ ਆਪਣੀ ਮਨੁੱਖੀ ਹੋਂਦ ਸਮਝਣਾ ਕੇਵਲ ਭਰਮ ਹੈ। ਗੁਰਸਿੱਖ ਰੂਪ ਵਿੱਚ, ਭਗਤ ਰੂਪ ਵਿੱਚ, ਗੁਰੂ ਰੂਪ ਵਿੱਚ ਕੋਈ ਫਰਕ ਨਹੀਂ ਹੈ। ਇਹ ਰੂਪ ਪ੍ਰਮਾਤਮਾ ਦੇ ਵਿੱਚ ਸਮਾਅ ਜਾਣ ਵਾਲਾ ਰੂਪ ਹੈ, ਉਸਦੇ ਨਾਲ ਇੱਕ ਹੋ ਜਾਣ ਵਾਲਾ ਰੂਪ ਹੈ ਜਦੋਂ ਹਰ ਹੋਂਦ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਪ੍ਰਮਾਤਮਾ ਦੇ ਗੁਰਸਿੱਖ ਰੂਪ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣਿਆ ਜਾ ਸਕਦਾ ਹੈ।

"ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ॥
ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ॥
ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਹਾ ਮੇਰਾ ਸਤਿਗੁਰੁ ਤੁਠਾ॥
ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ॥੪॥੧੨॥੧੯॥"

(ਅੰਗ ੪੫੧)

ਇੱਥੇ ਉਨ੍ਹਾਂ ਗੁਰਸਿੱਖਾਂ ਦੀ ਗੱਲ ਕੀਤੀ ਹੋਈ ਹੈ ਜਿੰਨ੍ਹਾਂ ਨੇ ਉਸ "ਸਤਿਗੁਰੂ" ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਮਨ ਦੇ ਵਿੱਚੋਂ ਡਿੱਠਿਆ ਹੈ, ਆਪਣੇ ਅੰਦਰੋਂ ਨਿਰਗੁਣ ਰੂਪ ਵਿੱਚ ਡਿੱਠਿਆ ਹੈ। ਮਨ ਦੇ ਵਿੱਚ "ਵਾਧਾਈਆ" ਉਸ ਨੂੰ ਹੀ ਮਿਲਦੀਆਂ ਹਨ ਜੋ ਉਸ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਡਿੱਠ ਲੈਂਦਾ ਹੈ। ਇਹ ਵਾਧਾਈਆਂ ਮਨ ਦੇ ਵਿੱਚ ਪ੍ਰਮਾਤਮਾ ਵੱਲੋਂ ਹੀ ਮਿਲਦੀਆਂ ਹਨ ਜੋ ਉਹ ਆਪਣੇ ਸ਼ਬਦਾਂ ਦੁਆਰਾ ਆਪ ਹੀ ਸੁਣਾਉਂਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਸਮਝਿਆ ਹੈ। ਇਹ ਪ੍ਰਮਾਤਮਾ ਦੇ ਨਾਲ ਰਲਣ ਦੀਆਂ ਵਾਧਾਈਆਂ ਹਨ, ਉਸਦੇ ਨਾਲ ਮਨ ਦੇ ਵਿੱਚ ਸਾਂਝ ਹੋਣ ਦੀਆਂ ਵਾਧਾਈਆਂ ਹਨ, ਮਨੁੱਖ ਨੂੰ ਗੁਣੀ ਬਣਾਉਣ ਦੀਆਂ ਵਧਾਈਆਂ ਹਨ, ਸੱਚੀ ਮਤਿ ਵਾਲਾ ਬਣਾਉਣ ਦੀਆਂ ਵਾਧਾਈਆਂ ਹਨ, ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਨਣ ਦੀਆਂ ਵਾਧਾਈਆਂ ਹਨ, ਨਾਮ ਵਾਲਾ ਬਣਾਉਣ ਦੀਆਂ ਵਾਧਾਈਆਂ ਹਨ, ਬ੍ਰਹਮ ਗਿਆਨ ਮਿਲਣ ਦੀਆਂ ਵਾਧਾਈਆਂ ਹਨ, ਹਰ ਹੋਂਦ ਵਿੱਚ ਪ੍ਰਮਾਤਮਾ ਦੀ ਹੋਂਦ ਸਮਝਣ ਦੀਆਂ ਵਾਧਾਈਆਂ ਹਨ, ਪ੍ਰਮਾਤਮਾ ਨਾਲ ਗੱਲਾਂ ਕਰਨ ਦੀ

25/2748

ਸਮਰੱਥਾ ਮਿਲਣ ਦੀਆਂ ਵਾਧਾਈਆਂ ਹਨ, ਉਸਦਾ ਗੁਰਮੁਖਿ ਰੂਪ ਬਣਨ ਦੀਆਂ ਵਾਧਾਈਆਂ ਹਨ, ਅਗਿਆਨਤਾ ਤੋਂ ਮੁਕਤ ਹੋਣ ਦੀਆਂ ਵਾਧਾਈਆਂ ਹਨ, ਭਰਮ ਦਾ ਬੰਧਨ ਕੱਟੇ ਜਾਣ ਦੀਆਂ ਵਾਧਾਈਆਂ ਹਨ, ਸੰਸਾਰਿਕ ਆਵਾਗਉਣ ਵਿੱਚੋਂ ਨਿਕਲਣ ਦੀਆਂ ਵਾਧਾਈਆਂ ਹਨ, ਇਸ ਮਨੁੱਖੀ ਜੀਵਨ ਦੇ ਸਫ਼ਲ ਹੋਣ ਦੀਆਂ ਵਾਧਾਈਆਂ ਹਨ, ਅਰਬਾਂ ਖਰਬਾਂ ਵਿੱਚੋਂ ਵਿਰਲੇ ਬਣਨ ਦੀਆਂ ਵਾਧਾਈਆਂ ਹਨ, ਪ੍ਰਮਾਤਮਾ ਦੇ ਨਾਲ ਲਿਵ ਜੁੜਨ ਦੀਆਂ ਵਾਧਾਈਆਂ ਹਨ, ਗੁਰਮਤਿ ਦੀ ਪੂਰਨ ਸੋਝੀ ਪੈਣ ਦੀਆਂ ਵਾਧਾਈਆਂ ਹਨ, ਪ੍ਰਮਾਤਮਾ ਦੇ ਸੱਚ ਦੀ ਸੋਝੀ ਪੈਣ ਦੀਆਂ ਵਾਧਾਈਆਂ ਹਨ, ਮਨ ਦੇ ਵਿੱਚ ਅਨਹਦ ਤੂਰੇ ਵੱਜਣ ਦੀਆਂ

ਵਾਧਾਈਆਂ ਹਨ, ਪ੍ਰਮਾਤਮਾ ਦਾ ਪੰਚ ਬਣਨ ਦੀਆਂ ਵਾਧਾਈਆਂ ਹਨ, "ਸੋਚੈ" ਵਾਲੀ ਅਵੱਸਥਾ ਵਿੱਚੋਂ ਨਿਕਲ ਕੇ, ਦੁਚਿੱਤੀ ਵਾਲੀ ਅਵੱਸਥਾ ਵਿੱਚੋਂ ਨਿਕਲ ਕੇ ਪ੍ਰਮਾਤਮਾ ਦੀ "ਇੱਕ ਸੋਚ" ਵਿੱਚ ਰਲਣ ਦੀਆਂ ਵਾਧਾਈਆਂ ਹਨ, ਇਹ ਚੌਥੇ ਪਦ ਵਿੱਚ ਪਹੁੰਚਣ ਦੀਆਂ ਵਾਧਾਈਆਂ ਹਨ, ਇਹ ਸਹਜ ਦੀ ਅਵੱਸਥਾ ਦੀਆਂ ਵਾਧਾਈਆਂ ਹਨ, ਇਹ ਪਰਮੇਸ਼ਵਰ ਰੂਪ ਪਤੀ ਨੂੰ ਪ੍ਰਾਪਤ ਕਰਕੇ ਉਸਦੀ ਸੁਹਾਗਣ ਬਣਨ ਦੀਆਂ ਵਾਧਾਈਆਂ ਹਨ, ਇਹ ਸ਼ਬਦ ਸੁਰਤਿ ਦੇ ਮੇਲ ਦੀਆਂ ਵਾਧਾਈਆਂ ਹਨ, ਇਹ ਪ੍ਰਮਾਤਮਾ ਦੇ ਪਰਿਵਾਰ ਵਿੱਚ ਰਲਣ ਦੀਆਂ ਵਾਧਾਈਆਂ ਹਨ, ਇਹ ਰਾਗ ਰਤਨ ਇੱਕ ਹੋਣ ਦੀਆਂ ਵਾਧਾਈਆਂ ਹਨ, ਇਹ ਨਿਰਬਾਣ ਪਦ ਦੀ ਪ੍ਰਾਪਤੀ ਦੀਆਂ ਵਾਧਾਈਆਂ ਹਨ, ਇਹ ਪ੍ਰਮਾਤਮਾ ਦਾ ਰੂਪ ਬਣਨ ਦੀਆਂ ਵਾਧਾਈਆਂ ਹਨ, ਸਦਾ ਲਈ ਅਮਰ ਹੋ ਜਾਣ ਦੀਆਂ ਵਾਧਾਈਆਂ ਹਨ, ਇਹ ਅਨਭਉ ਵਿੱਚੋਂ ਨਿਕਲਣ ਦੀਆਂ ਵਾਧਾਈਆਂ ਹਨ, ਇਹ ਹਰਿ ਰਸ ਚੱਖਣ ਦੀਆਂ ਵਾਧਾਈਆਂ ਹਨ, ਇਹ ਆਪਣੇ ਅੰਦਰੋਂ ਪੰਜਾਂ ਚੋਰਾਂ ਦੇ ਕਾਬੂ ਵਿੱਚ ਆਉਣ ਦੀਆਂ ਵਾਧਾਈਆਂ ਹਨ, ਇਹ ਗੁਰਮਤਿ ਵਿੱਚ ਜਾਗਣ ਦੀਆਂ ਵਾਧਾਈਆਂ ਹਨ, ਇਹ ਸਦੀਵੀ ਨੀਂਦ ਵਿੱਚੋਂ ਜਾਗਣ ਦੀਆਂ ਵਾਧਾਈਆਂ ਹਨ, ਇਹ ਆਪਣੇ ਅੰਦਰੋਂ ਮਾਇਆ ਮੋਹ ਦੀ ਜੁਗਤਿ ਨੂੰ ਪਹਿਚਾਨਣ ਦੀਆਂ ਵਾਧਾਈਆਂ ਹਨ, ਇਹ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਦੀਆਂ ਵਾਧਾਈਆਂ ਹਨ, ਇਹ ਪ੍ਰਮਾਤਮਾ ਦੀ ਅਸਚਰਜ ਖੇਡ ਨੂੰ ਪਹਿਚਾਨਣ ਦੀਆਂ ਵਾਧਾਈਆਂ ਹਨ, ਇਹ ਆਪਣਾ ਸੱਚਾ ਧਰਮ ਸਮਝ ਕੇ ਉਸ ਤੇ ਚੱਲਣ ਦੀਆਂ ਤੇ ਸੰਸਾਰ ਨੂੰ ਧਰਮ ਸਮਝਾਉਣ ਦੀਆਂ ਵਾਧਾਈਆਂ ਹਨ, ਇਹ ਨਾਮ ਜਪਣ ਤੇ ਦੂਸਰਿਆਂ ਨੂੰ ਨਾਮ ਜਪਾਉਣ ਦੀਆਂ ਵਾਧਾਈਆਂ ਹਨ, ਇਹ ਪ੍ਰਮਾਤਮਾ ਦੇ ਦਰ ਤੋਂ ਤੇ ਸੰਸਾਰ ਵਿੱਚੋਂ ਸੱਚਾ ਮਾਣ ਮਿਲਣ ਦੀਆਂ ਵਾਧਾਈਆਂ ਹਨ। **(ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ॥)**

ਉਸਦੇ ਗੁਰਸਿੱਖਾਂ ਨੂੰ ਉਹੀ ਗੱਲ ਮਿੱਠੀ ਲੱਗਦੀ ਹੈ ਭਾਵ ਉਹੀ ਗੱਲ ਚੰਗੀ ਲੱਗਦੀ ਹੈ ਜੋ ਪ੍ਰਮਾਤਮਾ ਦੇ ਨਾਮ ਅਨੁਸਾਰ ਹੁੰਦੀ ਹੈ ਭਾਵ ਗੁਰਮਤਿ ਅਨੁਸਾਰ ਹੁੰਦੀ ਹੈ ਭਾਵ ਉਹ ਆਪਣੀ ਕਰਣੀ ਵਿੱਚ ਗੁਰਮਤਿ ਤੋਂ ਬਾਹਰ ਨਹੀਂ ਜਾਂਦੇ। ਇਹੋ ਜਿਹੇ ਗੁਰਸਿੱਖਾਂ ਨੂੰ ਹੀ ਪ੍ਰਮਾਤਮਾ ਦੇ ਦਰ ਤੋਂ ਮਾਣ ਮਿਲਦਾ ਹੈ। ਜਿੰਨ੍ਹਾਂ ਤੇ ਪ੍ਰਮਾਤਮਾ ਆਪ ਪ੍ਰਸੰਨ ਹੁੰਦਾ ਹੈ ਉਨ੍ਹਾਂ ਨੂੰ

ਹੀ ਮਨ ਦੇ ਵਿੱਚ ਸੋਝੀ ਬਖਸ਼ਦਾ ਹੈ, ਗੁਰਮਤਿ ਵਾਲੀ ਸੋਝੀ ਬਖਸ਼ਦਾ ਹੈ। **(ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ॥ ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਹਾ ਮੇਰਾ ਸਤਿਗੁਰੁ ਤੁਠਾ॥)**

ਅਗਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਜਿਸ ਨੂੰ ਪ੍ਰਮਾਤਮਾ ਆਪਣਾ ਗੁਰਸਿੱਖ ਬਣਾਉਂਦਾ ਹੈ ਕਿਵੇਂ ਬਣਾਉਂਦਾ ਹੈ, ਕਿਸ ਰੂਪ ਵਿੱਚ ਬਣਾਉਂਦਾ ਹੈ ਤੇ ਉਹ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਡਿੱਠਦਾ ਹੈ ਭਾਵ ਉਸ ਦਾ ਪ੍ਰਮਾਤਮਾ ਦੇ ਨਾਲ ਮੇਲ ਕਿਸ ਰੂਪ ਵਿੱਚ ਹੁੰਦਾ ਹੈ।

"ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ॥੪॥੧੨॥੧੯॥"

ਗੁਰਸਿੱਖ ਰੂਪ ਗੁਰੂ ਸਾਹਿਬ ਆਪ ਹੀ ਹੋਏ ਹਨ, ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ "ਹਰਿ ਹਰਿ" ਹੋ ਗਿਆ ਹਾਂ। **(ਜਨ ਨਾਨਕੁ ਹਰਿ ਹਰਿ ਹੋਇਆ)** ਹਰਿ ਹਰਿ ਹੋਣਾ ਹਰਿ ਦਾ ਰੂਪ ਬਣ ਜਾਣਾ ਹੈ ਭਾਵ ਮਨੁੱਖ ਦਾ ਹਰਿ ਦੇ ਨਾਲੋਂ ਭੇਦ ਮਿਟ ਜਾਣ ਵਾਲੀ ਅਵੱਸਥਾ ਹੈ ਜਦੋਂ ਇਹ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ ਤੇ ਮਨੁੱਖ ਦਾ ਇਹ ਭਰਮ ਮਿਟ ਜਾਂਦਾ ਹੈ ਕਿ ਮੇਰੀ ਪ੍ਰਮਾਤਮਾ ਨਾਲੋਂ ਕੋਈ ਵੱਖਰੀ ਹੋਂਦ ਨਹੀਂ ਹੈ। ਇਹ ਸੋਝੀ ਮਨ ਦੇ ਵਿੱਚ ਹੀ ਪੈਂਦੀ ਹੈ ਜੋ ਕਿ ਉਹ ਹਰਿ ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਪਾਉਂਦਾ ਹੈ। ਉਹ ਆਪਣੇ ਆਪ ਦੀ ਸੋਝੀ ਆਪ ਹੀ ਪਾਉਂਦਾ ਹੈ। ਗੁਰੂ ਸਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਹਰਿ ਦਾ ਰੂਪ ਇਸ ਕਰਕੇ ਹੋਇਆ ਹਾਂ ਕਿ ਹਰਿ ਮੇਰੇ ਅੰਦਰ ਆਪ ਵੱਸਿਆ ਹੈ। **(ਹਰਿ ਹਰਿ ਮਨਿ ਵੁਠਾ॥)** ਪ੍ਰਮਾਤਮਾ ਸਾਡੇ ਅੰਦਰ ਕਿਵੇਂ ਵੱਸਦਾ ਹੈ ਭਾਵ ਉਹ ਸਾਡੇ ਅੰਦਰ ਆਪਣੇ ਆਪ ਨੂੰ ਕਿਵੇਂ ਪ੍ਰਗਟ ਕਰਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਜਾਣਿਆ ਹੈ। ਉਹ ਆਪਣੇ ਆਪ ਨੂੰ ਪ੍ਰਗਟ ਕਰਕੇ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ, ਆਪਣਾ ਨਾਮ ਹੀ ਬਖ਼ਸ਼ਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਉਹ ਕਿਸੇ ਨੂੰ ਆਪਣਾ ਭਗਤ ਰੂਪ, ਗੁਰੂ ਰੂਪ ਬਣਾਉਂਦਾ ਹੈ। ਉਸਦਾ ਇਹ ਰੂਪ ਹੀ ਉਸਦਾ ਗੁਰਸਿੱਖ ਰੂਪ ਹੈ, ਉਸਦਾ ਸੇਵਕ ਰੂਪ ਹੈ, ਉਸਦਾ ਨਾਮ ਜਪਣ ਵਾਲਾ ਰੂਪ ਹੈ ਜਿਸ ਦੁਆਰਾ ਉਹ ਆਪ ਹੀ ਆਪਣੀ ਸਿੱਖਿਆ ਤੇ ਚੱਲ ਕੇ ਦਿਖਾਉਂਦਾ ਹੈ, ਆਪਣੇ ਦਿੱਤੇ ਹੋਏ ਨਾਮ ਤੇ ਆਪ ਹੀ ਚਲਾਉਂਦਾ ਹੈ, ਆਪਣਾ ਨਾਮ ਆਪ ਹੀ ਜਪਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ

ਹਰਿ ਹਰਿ ਜਪਿਆ ਜਾ ਸਕਦਾ ਹੈ ਜਦੋਂ ਮਨੁੱਖ ਦਾ ਆਪਣਾ ਰੂਪ ਹਰਿ ਦੀ ਅਵੱਸਥਾ ਵਾਲਾ ਬਣ ਜਾਂਦਾ ਹੈ ਭਾਵ ਜਦੋਂ ਮਨੁੱਖ ਦੇ ਵਿਚਾਰ ਹਰਿ ਦੇ ਵਿਚਾਰਾਂ ਵਾਲੇ ਬਣ ਜਾਂਦੇ ਹਨ ਤੇ ਇਹੋ ਜਿਹੇ ਵਿਚਾਰਾਂ ਦੁਆਰਾ ਵਿਚਰਨਾ ਹਰਿ ਹਰਿ ਜਪਣਾ ਹੈ। **(ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ॥੪॥੧੨॥੧੯॥)**

ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਗੁਰਸਿੱਖ ਬਣਨਾ ਕੀ ਹੈ ਤਦ ਤੱਕ ਅਸੀਂ ਉਹੋ ਜਿਹਿਆਂ ਨੂੰ ਗੁਰਸਿੱਖ ਸਮਝਦੇ ਹਾਂ ਜਿੰਨ੍ਹਾਂ ਨੂੰ

25/2750

ਗੁਰੂ ਦੀ ਸਿੱਖੀ ਦੀ ਸਮਝ ਹੀ ਨਹੀਂ ਹੈ ਕਿ ਗੁਰਸਿੱਖ ਬਣਨਾ ਕੀ ਹੈ ਤੇ ਗੁਰਸਿੱਖ ਅਸਲ ਵਿੱਚ ਕੌਣ ਹੈ। ਗੁਰਸਿੱਖ ਕੇਵਲ ਆਪ ਗੁਰੂ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਹੈ। ਅਸੀਂ ਭਰਮ ਵਿੱਚ ਜਿੰਨ੍ਹਾਂ ਨੂੰ ਗੁਰਸਿੱਖ ਸਮਝ ਕੇ, ਭਗਤੀ ਦੇ ਮਾਰਗ ਤੇ ਉੱਚਾ ਸਮਝ ਕੇ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ ਇਹ ਸਾਡੇ ਲਈ ਕਿਤਨਾ ਕੁ ਮਾੜਾ ਹੈ ਇਸ ਗੱਲ ਨੂੰ ਸਮਝਣਾ ਬਹੁਤ ਜਰੂਰੀ ਹੈ ਤਾਂ ਜੋ ਅਸੀਂ ਭਰਮੇ ਹੋਇਆਂ ਦੇ ਪਿੱਛੇ ਨਾ ਲੱਗੀਏ। ਆਪਣੇ ਆਪ ਨੂੰ ਭਰਮ ਵਿੱਚ ਗੁਰਸਿੱਖ ਸਮਝਣ ਵਾਲਿਆਂ ਦੀ ਪ੍ਰਮਾਤਮਾ ਦੀ ਨਜ਼ਰ ਵਿੱਚ ਕਿਤਨੀ ਕੁ ਕਦਰ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਨਾਲ ਇਹ ਵੀ ਸੋਝੀ ਪੈ ਜਾਵੇਗੀ ਕਿ ਗੁਰਸਿੱਖ ਅਸਲ ਵਿੱਚ ਕੌਣ ਹੁੰਦੇ ਹਨ।

ਮਃ ੪॥

“ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ॥
ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥
ਸਤਿਗੁਰ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥
ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ
ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥
ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥
ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥
ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ॥
ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ॥੨॥”

(ਅੰਗ ੩੧੭)

ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਜੋ ਗੁਰੂ ਨੂੰ ਭਾਉਂਦਾ ਹੈ ਭਾਵ ਚੰਗਾ ਲੱਗਦਾ ਹੈ ਉਹੀ ਕੁੱਝ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ। ਪੂਰੀ ਗੁਰਬਾਣੀ ਵਿੱਚ ਆਪਣੇ ਗੁਰੂ ਰੂਪ ਰਾਹੀਂ, ਭਗਤ ਰੂਪ ਰਾਹੀਂ ਪ੍ਰਮਾਤਮਾ ਨੇ ਉਹ ਕੁੱਝ ਬਿਆਨ ਕੀਤਾ ਹੈ ਜੋ ਉਸਨੂੰ ਭਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਆਪਣੇ ਮਨ ਦੀ ਗੱਲ ਲਿਖੀ ਹੋਈ ਹੈ, ਸ਼ਬਦਾਂ ਰਾਹੀਂ ਆਪਣੇ ਮਨ ਦੇ ਵਿਚਾਰ ਦੇ ਕੇ ਲਿਖੀ ਹੋਈ ਹੈ ਕਿ ਮੈਨੂੰ ਕੀ ਭਾਉਂਦਾ ਹੈ। ਪ੍ਰਮਾਤਮਾ ਆਪ ਚੌਥੇ ਪਦ ਵਿੱਚ ਹੈ, ਮਾਇਆ ਮੋਹ ਦੀ ਜੁਗਤਿ ਤੋਂ ਬਾਹਰ ਹੈ, ਭਰਮ ਤੋਂ ਬਾਹਰ ਹੈ ਪਰ ਸਾਰੀ ਸ੍ਰਿਸ਼ਟੀ ਨੂੰ ਉਸ ਨੇ ਮਨ ਦੇ ਭਰਮ ਵਾਲੀ ਅਵੱਸਥਾ ਵਿੱਚ ਆਪ ਹੀ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਆਪ ਹੀ ਰੱਖਿਆ ਹੋਇਆ ਹੈ। ਮਾਇਆ ਮੋਹ ਦੀ ਇਹ ਜੁਗਤਿ ਸਾਡੇ ਅੰਦਰ ਸਾਨੂੰ ਠੱਗੀ ਵਿੱਚ ਰੱਖਦੀ ਹੈ। ਸਾਡੇ ਅੰਦਰ ਮਾਇਆ ਦਾ ਛਲ ਹੈ, ਕਪਟ ਹੈ ਜੋ ਸਾਨੂੰ ਭਰਮ ਵਿੱਚ ਰੱਖ ਕੇ ਸੱਚ ਨੂੰ ਸਮਝਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਇਹ ਮੋਹ ਠਗਉਲੀ ਪਾਈ ਹੋਈ ਹੈ ਤੇ ਮਾਇਆ ਦੀ ਇਸ ਜੁਗਤਿ ਦੀ ਠੱਗੀ ਕਰਕੇ ਅਸੀਂ ਉਹ ਕੁੱਝ ਕਰਦੇ ਹਾਂ ਜੋ ਗੁਰੂ ਨੂੰ, ਪ੍ਰਮਾਤਮਾ ਨੂੰ ਨਹੀਂ ਭਾਉਂਦਾ। ਪ੍ਰਮਾਤਮਾ ਦਾ ਗੁਰੂ ਰੂਪ ਸਾਨੂੰ ਇਸ ਮਾਇਆ ਦੀ ਠੱਗੀ ਵਿੱਚੋਂ ਕੱਢਣ ਲਈ ਹੈ ਭਾਵ ਇਸ ਵਿੱਚੋਂ ਨਿਕਲਣ ਦਾ ਉਪਰਾਲਾ ਵੀ ਪ੍ਰਮਾਤਮਾ ਨੇ ਸਾਡੇ ਲਈ ਆਪ ਹੀ ਕੀਤਾ ਹੋਇਆ ਹੈ, ਗੁਰਬਾਣੀ ਦੀ ਰਚਨਾ ਕਰਨ ਦੁਆਰਾ ਕੀਤਾ ਹੋਇਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲਾਂ ਮਾਇਆ ਮੋਹ ਦੀ ਜੁਗਤਿ ਵਿੱਚੋਂ ਕੱਢਿਆ ਹੈ, ਮੋਹ ਠਗਉਲੀ ਵਿੱਚੋਂ ਕੱਢਿਆ ਹੈ, ਮਾਇਆ ਦੇ ਕਪਟ ਵਿੱਚੋਂ, ਮਾਇਆ ਦੇ ਛਲ ਵਿੱਚੋਂ ਕੱਢਿਆ ਹੈ ਉਨ੍ਹਾਂ ਨੂੰ ਹੀ ਇਸ ਗੱਲ

ਦੀ ਸਮਝ ਪਈ ਹੈ ਕਿ ਸਤਿਗੁਰੂ ਨੂੰ ਭਾਵ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ। ਜਿੰਨ੍ਹਾਂ ਅੰਦਰ ਪਹਿਲਾਂ ਆਪ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਭਾਵ ਆਪ ਪ੍ਰਗਟ ਹੋ ਕੇ ਵਰਤਦਾ ਹੈ ਉਸਨੂੰ ਹੀ ਆਪਣਾ ਗੁਰਸਿੱਖ ਰੂਪ ਬਣਾਉਂਦਾ ਹੈ ਜੋ

25/2751

ਉਸੇ ਅਨੁਸਾਰ ਵਿਚਰਦਾ ਹੈ ਜਿਵੇਂ ਪ੍ਰਮਾਤਮਾ ਨੂੰ ਭਾਉਂਦਾ ਹੈ। ਉਸਦੇ "ਸਿੱਖਾਂ" ਨੂੰ ਭਾਵ "ਗੁਰਸਿੱਖਾਂ" ਨੂੰ ਉਹੀ ਕੁੱਝ ਲੋਚਦਾ ਹੈ ਭਾਵ ਚੰਗਾ ਲੱਗਦਾ ਹੈ ਜੋ ਗੁਰੂ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਕਿਉਂਕਿ ਉਨ੍ਹਾਂ ਅੰਦਰ ਪ੍ਰਗਟ ਹੋ ਕੇ, ਆਪਣੀ ਸੱਚੀ ਮਤਿ ਸਮਝਾ ਕੇ ਪ੍ਰਮਾਤਮਾ ਆਪ ਹੀ ਉਨ੍ਹਾਂ ਨੂੰ ਆਪਣੀ ਰਜ਼ਾ ਅਨੁਸਾਰ ਚਲਾਉਂਦਾ ਹੈ। **(ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ॥ ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥)**

ਸੇਵਾ ਘਾਲਣਾ ਉਸੇ ਦੀ ਹੀ "ਥਾਇ" ਪੈਂਦੀ ਹੈ ਭਾਵ ਕਬੂਲ ਹੁੰਦੀ ਹੈ ਜੋ ਪੂਰੀ ਤਰ੍ਹਾਂ ਗੁਰੂ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਵਿਚਰਦੇ ਹਨ। ਉਹ ਪ੍ਰਮਾਤਮਾ ਨੂੰ ਉਸ ਤਰੀਕੇ ਜਪਦੇ ਹਨ ਜਿਹੋ ਜਿਹਾ ਸਾਨੂੰ ਗੁਰਬਾਣੀ ਸਮਝਾ ਰਹੀ ਹੈ ਭਾਵ ਉਹ ਕੋਈ ਸਰੀਰਕ ਜਪ ਨਹੀਂ ਕਰਦੇ। ਉਨ੍ਹਾਂ ਦੀ ਸਾਰੀ ਕਰਨੀ ਗੁਰੂ ਦੇ ਉਪਦੇਸ਼ ਅਨੁਸਾਰ ਹੀ ਹੁੰਦੀ ਹੈ ਭਾਵ ਉਹ ਗੁਰੂ ਦੇ ਉਪਦੇਸ਼ ਤੋਂ ਬਾਹਰ ਨਹੀਂ ਜਾਂਦੇ। ਗੁਰੂ ਦੇ ਪੂਰਨ ਉਪਦੇਸ਼ ਅਨੁਸਾਰ ਉਹੀ ਚੱਲ ਸਕਦਾ ਹੈ ਜਿਸਨੂੰ ਪਹਿਲੇ ਪੂਰਨ ਉਪਦੇਸ਼ ਦੀ ਸੋਝੀ ਹੁੰਦੀ ਹੈ ਜੋ ਸੋਝੀ ਉਨ੍ਹਾਂ ਦੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਉਸਦੇ ਗੁਰਸਿੱਖਾਂ ਦੇ ਕੋਲੋਂ ਜੇਕਰ ਕੋਈ ਹੋਰ ਆਪਣੀ ਮਤਿ ਅਨੁਸਾਰ ਉਨ੍ਹਾਂ ਨੂੰ ਭਗਤੀ ਦੀ ਸਿੱਖਿਆ ਸਮਝਾਵੇ ਜਾਂ ਗੁਰਮਤਿ ਤੋਂ ਦੂਸਰੇ ਪਾਸੇ ਚਲਾਉਣ ਦੀ ਕੋਸ਼ਿਸ਼ ਕਰੇ ਉਹ ਆਪਣੇ ਸੱਚੇ ਮਾਰਗ ਨੂੰ ਕਦੇ ਨਹੀਂ ਛੱਡਦੇ ਤੇ ਕਿਸੇ ਹੋਰ ਦੀ ਮਤਿ ਦੇ ਨੇੜੇ ਨਹੀਂ ਜਾਂਦੇ ਭਾਵ ਉਨ੍ਹਾਂ ਨੂੰ ਆਪਣੇ ਮਾਰਗ ਤੋਂ ਕੋਈ ਨਹੀਂ ਭਟਕਾ ਸਕਦਾ ਕਿਉਂਕਿ ਉਨ੍ਹਾਂ ਨੂੰ ਮਾਰਗ ਸਮਝਾਉਣ ਵਾਲਾ ਆਪ ਪ੍ਰਮਾਤਮਾ ਹੁੰਦਾ ਹੈ ਜੋ ਆਪ ਹੀ ਆਪਣੇ ਗੁਰਸਿੱਖ ਨੂੰ ਪੂਰਨ ਸੱਚ ਤੇ ਚਲਾਉਂਦਾ ਹੈ। ਉਸਦੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਆਪਣੇ ਸੱਚ ਦੇ ਮਾਰਗ ਤੋਂ ਕੋਈ ਨਹੀਂ ਭਟਕਾ ਸਕਿਆ ਤੇ ਉਹ ਆਪਣੇ ਪੂਰਨ ਜੀਵਨ ਵਿੱਚ ਪੂਰੀ ਦ੍ਰਿੜਤਾ ਨਾਲ ਸੱਚ ਤੇ ਚੱਲੇ ਹਨ। ਇਸ ਮਾਰਗ ਤੇ ਚੱਲਦੇ ਹੋਏ ਮਨੁੱਖ ਆਪਣੀ ਜਾਨ ਦੇਣੀ ਤਾਂ ਕਬੂਲ ਕਰ ਲੈਂਦਾ ਹੈ ਪਰ ਸੱਚ ਦੇ ਮਾਰਗ ਨੂੰ ਕਦੇ ਨਹੀਂ ਛੱਡਦਾ। **(ਸਤਿਗੁਰ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥ ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥)**

ਪ੍ਰਮਾਤਮਾ ਦੇ ਗੁਰਸਿੱਖ ਰੂਪ ਕਿਹੋ ਜਿਹੇ ਹੁੰਦੇ ਹਨ ਤੇ ਉਸਦੇ ਗੁਰਸਿੱਖ ਕਿਵੇਂ ਬਣਿਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥
ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥"

ਉਪਰਲੀਆਂ ਪੰਗਤੀਆਂ ਰਾਹੀਂ ਸਭ ਤੋਂ ਜਰੂਰੀ ਗੱਲ ਸਮਝਣ ਦੀ ਇਹ ਹੈ ਕਿ "ਅਗੈ"

25/2752

ਤੋਂ ਕੀ ਭਾਵ ਹੈ। ਅਸੀਂ ਉਸਦੇ ਹੀ ਪਿੱਛੇ ਲੱਗਦੇ ਹਾਂ ਜੋ ਸਾਡੇ "ਅਗੈ" ਹੈ ਭਾਵ ਅਸੀਂ ਆਪਣੇ ਅੱਗੇ ਕਿਸ ਨੂੰ ਰੱਖਿਆ ਹੋਇਆ ਹੈ। ਗੁਰਸਿੱਖ ਉਹੀ ਹੈ ਜਿਸਨੇ ਆਪਣੇ ਅੱਗੇ ਗੁਰੂ ਨੂੰ ਰੱਖਿਆ ਹੋਇਆ ਹੈ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੱਗੇ ਰੱਖਿਆ ਹੋਇਆਂ ਹੈ। ਉਸਦਾ ਗੁਰਸਿੱਖ ਉਹ ਹੈ ਜੋ ਆਪਣੇ ਜੀਅ ਦੇ ਵਿੱਚ, ਆਪਣੇ ਮਨ ਦੇ ਵਿੱਚ ਗੁਰਮਤਿ ਨੂੰ ਅੱਗੇ ਰੱਖਦਾ ਹੈ ਤੇ ਉਹੋ ਜਿਹੀ ਕਾਰ ਕਮਾਉਂਦਾ ਹੈ ਜੋ ਗੁਰੂ ਗੁਰਮਤਿ ਰਾਹੀਂ ਸਮਝਾਉਂਦਾ ਹੈ। **(ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥)**

ਅਸੀਂ ਆਪਣੇ ਅੱਗੇ ਕਿਸ ਨੂੰ ਰੱਖਣਾ ਹੈ ਭਾਵ ਅਸੀਂ ਕਿਸ ਦੇ ਪਿੱਛੇ ਲੱਗਣਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਕਿਸ ਦੇ ਪਿੱਛੇ ਨਹੀਂ ਲੱਗਣਾ ਇਸ ਗੱਲ ਨੂੰ ਵੀ ਨਾਲ ਹੀ ਸਮਝਿਆ ਜਾ ਸਕਦਾ ਹੈ।

ਮਹਲਾ ੪॥

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥

ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥}

(ਅੰਗ ੧੪੦)

ਉਪਰਲੇ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਸਮਝਾਈ ਹੋਈ ਹੈ ਤੇ ਪੂਰੇ ਸ਼ਬਦ ਦੇ ਅਰਥ ਪਿੱਛੇ ਅਸੀਂ ਪਹਿਲਾਂ ਹੀ ਜਾਣ ਚੁੱਕੇ ਹਾਂ। ਇੱਥੇ ਕੇਵਲ ਅਸੀਂ ਇਹ ਸਮਝਣਾ ਹੈ ਕਿ ਸਾਡੇ "ਅਗੈ" ਕੌਣ ਹੋਣਾ ਚਾਹੀਦਾ ਹੈ ਭਾਵ ਸਾਨੂੰ ਕਿਸ ਦੇ ਪਿੱਛੇ ਲੱਗਣਾ ਚਾਹੀਦਾ ਹੈ। ਸਾਡਾ ਸੱਚਾ ਤੀਰਥ ਗੁਰੂ ਹੈ ਜਿਸ ਦੀ ਮਤਿ ਦਾ ਅਸੀਂ ਇਸ਼ਨਾਨ ਕਰਨਾ ਹੈ ਤੇ ਤਾਂ ਹੀ ਅਸੀਂ ਗੁਰਮਤਿ ਅਨੁਸਾਰ ਚੱਲ ਸਕਦੇ ਹਾਂ ਕਿਉਂਕਿ ਸੱਚੇ ਗਿਆਨ ਦਾ ਇਸ਼ਨਾਨ ਕੇਵਲ ਸਾਨੂੰ ਗੁਰੂ ਰੂਪ ਤੀਰਥ ਹੀ ਕਰਵਾ ਸਕਦਾ ਹੈ ਜਿਸ ਦੁਆਰਾ ਸਾਡੇ ਮਨ ਦੀ ਅਗਿਆਨਤਾ ਦੀ ਮੈਲ ਉਤਰ ਸਕਦੀ ਹੈ ਤੇ ਸਾਨੂੰ ਆਪਣੇ ਜੀਵਨ ਦੇ ਮਨੋਰਥ ਦੀ ਸੱਚੀ ਸੋਝੀ ਪੈ ਸਕਦੀ ਹੈ। ਗੁਰੂ ਵਰਗਾ ਗਿਆਨ ਦੇਣ ਵਾਲੇ ਹੋਰ ਵੀ ਅਨੇਕਾਂ ਹਨ ਪਰ ਗੁਰੂ ਜਿਤਨੀ ਸਮਝ ਕਿਸੇ ਕੋਲ ਨਹੀਂ ਹੋ ਸਕਦੀ ਜੋ ਸਾਨੂੰ ਸਾਡੇ ਜੀਵਨ ਦਾ ਸੱਚਾ ਮਾਰਗ ਸਮਝਾ ਸਕਣ। ਅਗਿਆਨਤਾ ਦੀ ਮੈਲ ਤੋਂ ਰਹਿਤ, ਭਰਮ ਦੀ ਮੈਲ ਤੋਂ ਰਹਿਤ ਕੇਵਲ ਗੁਰੂ ਆਪ ਹੈ ਜੋ ਚੌਥੇ ਪਦ ਵਿੱਚ ਹੈ ਤੇ ਗੁਰੂ ਤੋਂ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ ਜਿਸ ਕਰਕੇ ਉਨ੍ਹਾਂ ਦੇ ਅੰਦਰ ਅਗਿਆਨਤਾ ਦੀ ਮੈਲ ਭਰੀ ਹੋਈ ਹੈ। ਇਸੇ ਅਗਿਆਨਤਾ ਦੀ ਮੈਲ ਕਰਕੇ ਉਨ੍ਹਾਂ ਨੂੰ ਛੱਪੜੀਆਂ ਕਿਹਾ ਹੈ ਜਿੰਨ੍ਹਾਂ ਦਾ ਪਾਣੀ ਮੈਲਾ ਹੁੰਦਾ ਹੈ। ਮੈਲੇ ਪਾਣੀ ਵਿੱਚ ਇਸ਼ਨਾਨ ਕਰਨ ਨਾਲ ਜਿਵੇਂ ਤਨ ਦੀ ਮੈਲ ਵੱਧਦੀ ਹੈ ਇਸੇ ਤਰ੍ਹਾਂ ਜੇਕਰ ਅਸੀਂ ਉਨ੍ਹਾਂ ਨੂੰ ਆਪਣੇ ਅੱਗੇ ਲਗਾਇਆ ਹੋਇਆ ਹੈ ਜੋ ਖੁਦ ਅਗਿਆਨਤਾ ਵਿੱਚ ਹਨ, ਗੁਰਮਤਿ ਨੂੰ ਸਮਝਣ ਲਈ ਭਰਮ ਵਿੱਚ ਹਨ ਤੇ ਫਿਰ ਉਨ੍ਹਾਂ ਦੇ ਪਿੱਛੇ ਲੱਗ ਕੇ ਉਲਟਾ ਸਾਡਾ ਭਰਮ ਵੱਧਣਾ ਹੀ ਹੈ, ਉਲਟੀ ਮਨ ਦੀ ਮੈਲ ਵੱਧਣੀ ਹੀ ਹੈ ਭਾਵ ਸਾਨੂੰ ਕੇਵਲ ਗੁਰੂ ਨੂੰ ਹੀ ਆਪਣੇ ਅੱਗੇ ਰੱਖਣਾ ਚਾਹੀਦਾ ਹੈ ਤੇ ਕਿਸੇ ਹੋਰ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। ਜੋ ਗੁਰੂ ਪ੍ਰਮਾਤਮਾ ਦਾ ਗੁਰਸਿੱਖ ਹੈ ਉਹ ਆਪਣੇ ਅੱਗੇ ਕੇਵਲ ਗੁਰਮਤਿ ਨੂੰ ਹੀ ਰੱਖਦਾ ਹੈ ਭਾਵ ਕੇਵਲ ਗੁਰਮਤਿ ਦੇ ਪਿੱਛੇ ਹੀ ਲੱਗਦਾ ਹੈ, ਨਾਮ ਦੀ ਸਿੱਖਿਆ ਦੇ ਪਿੱਛੇ ਹੀ ਲੱਗਦਾ ਹੈ ਤੇ

25/2753

ਗੁਰੂ ਪ੍ਰਮਾਤਮਾ ਦੇ ਦੱਸੇ ਹੋਏ ਮਾਰਗ ਅਨੁਸਾਰ ਹੀ ਵਿਚਰਦਾ ਹੈ। ਗੁਰਸਿੱਖ ਰੂਪ ਪ੍ਰਮਾਤਮਾ ਦਾ ਗੁਰੂ ਰੂਪ ਹੀ ਹੈ ਜੋ ਗੁਰਮਤਿ ਦੀ ਪੂਰਨ ਸੋਝੀ ਅਨੁਸਾਰ ਹੀ ਵਿਚਰਦਾ ਹੈ ਤੇ ਕਿਸੇ ਹੋਰ ਦੇ ਪਿੱਛੇ ਨਹੀਂ ਲੱਗਦਾ। **(ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥)** ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਉਨ੍ਹਾਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜੋ ਆਪਣੇ ਆਪ ਨੂੰ ਗੁਰੂ ਵਰਗੇ ਸਿਆਣੇ ਸਮਝ ਕੇ ਗੁਰੂ ਦੀ ਸਿੱਖਿਆ ਸਮਝਾਉਂਦੇ ਹਨ ਜਿੰਨ੍ਹਾਂ ਨੂੰ ਸਾਨੂੰ ਆਪਣੇ ਅੱਗੇ ਨਹੀਂ ਰੱਖਣਾ ਚਾਹੀਦਾ ਭਾਵ ਉਨ੍ਹਾਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। ਜਿੰਨ੍ਹਾਂ ਦੀ ਅਵੱਸਥਾ ਨੂੰ ਪਿੱਛੇ ਛੱਪੜੀਆਂ ਕਹਿ ਕੇ ਸਮਝਾਇਆ ਹੈ ਉਨ੍ਹਾਂ ਦੀ ਅਵੱਸਥਾ ਹੀ ਇੱਥੇ ਸਮਝਾਈ ਹੋਈ ਹੈ।

"ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥"

"ਠਗੀ" ਕਿਸ ਨੂੰ ਕਿਹਾ ਹੈ ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਇਸ ਸੰਸਾਰ ਵਿੱਚ ਹਰ ਕੋਈ ਠੱਗੀ ਵਾਲੀ ਅਵੱਸਥਾ ਵਿੱਚ ਆਉਂਦਾ ਹੈ ਤੇ ਇਸ ਠੱਗੀ ਵਾਲੀ ਅਵੱਸਥਾ ਵਿੱਚ ਹੀ ਸੰਸਾਰ ਵਿੱਚੋਂ ਚਲਾ ਜਾਂਦਾ ਹੈ। ਇਹ ਠੱਗੀ ਵਾਲੀ ਅਵੱਸਥਾ, ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹਰ ਕੋਈ ਠੱਗਿਆ ਜਾ ਰਿਹਾ ਹੈ ਪਰ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਇਹ ਠੱਗੀ ਕਿਸ ਰੂਪ ਵਿੱਚ ਚੱਲ ਰਹੀ ਹੈ ਤੇ ਸਾਨੂੰ ਠੱਗਣ ਵਾਲਾ ਕੌਣ ਹੈ। ਇਸ ਠੱਗੀ ਵਿੱਚੋਂ ਭਾਵ ਇਸ ਮਨ ਦੀ ਅਵੱਸਥਾ ਵਿੱਚੋਂ ਕੋਈ ਆਪਣੇ ਆਪ ਨਿਕਲ ਜਾਵੇ, ਇਸ ਠੱਗੀ ਨੂੰ ਕੋਈ ਆਪਣੇ ਆਪ ਸਮਝ ਸਕੇ ਇਹ ਨਾਮੁਮਕਿਨ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਹੈ, ਮੋਹ ਠਗਉਲੀ ਹੈ ਜਿਸ ਨੇ ਹਰ ਕਿਸੇ ਨੂੰ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ। ਇਹ ਸਾਡੇ

ਸਭ ਦੇ ਅੰਦਰ ਚੱਲ ਰਿਹਾ ਮਾਇਆ ਦਾ ਛਲ ਹੈ, ਕਪਟ ਹੈ ਜਿਸ ਦੇ ਉੱਪਰ ਸਾਡਾ ਕੋਈ ਵਸ ਨਹੀਂ ਚੱਲਦਾ। ਮਾਇਆ ਦਾ ਇਹ ਛਲ ਸਾਡੇ ਮਨ ਦੇ ਵਿੱਚ ਹੀ ਚੱਲ ਰਿਹਾ ਹੈ, ਮਨ ਦੇ ਵਿਚਾਰਾਂ ਦੁਆਰਾ ਚੱਲ ਰਿਹਾ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਚੱਲ ਰਿਹਾ ਹੈ ਤੇ ਆਪਣੇ ਮਨ ਦੇ ਵਿਚਾਰਾਂ ਤੇ ਸਾਡਾ ਆਪਣਾ ਕੋਈ ਜ਼ੋਰ ਨਹੀਂ ਹੈ। ਅਸੀਂ ਉਹੀ ਕੁੱਝ ਕਰਦੇ ਹਾਂ, ਅਸੀਂ ਉਹੀ ਕੁੱਝ ਸਮਝਦੇ ਹਾਂ ਜੋ ਸਾਡਾ ਮਨ ਸਾਨੂੰ ਸਮਝਾਉਂਦਾ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਨਤੀਜਾ ਹੈ, ਹਉਮੈ ਰੂਪ ਪੜਦਾ ਹੈ ਜੋ ਸਾਨੂੰ ਭਰਮ ਵਿੱਚ, ਅਗਿਆਨਤਾ ਵਿੱਚ ਰੱਖਦਾ ਹੈ ਤੇ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਰੱਖਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਇਸ ਮਾਇਆ ਦੀ ਜੁਗਤਿ ਵਿੱਚੋਂ ਕੱਢਦਾ ਹੈ ਉਹੀ ਇਸ ਮਾਇਆ ਦੇ ਛਲ ਵਿੱਚੋਂ ਨਿਕਲ ਸਕਦਾ ਹੈ। ਮਾਇਆ ਦਾ ਇਹ ਛਲ ਸਾਡੇ ਅੰਦਰ ਭਰਮ ਦੇ ਰੂਪ ਵਿੱਚ ਹੀ ਚੱਲਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਭਰਮ ਵਿੱਚੋਂ ਕੱਢਦਾ ਹੈ ਉਸ ਨੂੰ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਕੱਢਦਾ ਹੈ ਤੇ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖ਼ਸ਼ਦਾ ਹੈ, ਬ੍ਰਹਮਗਿਆਨ ਬਖ਼ਸ਼ਦਾ ਹੈ, ਆਪਣਾ ਨਾਮ ਬਖ਼ਸ਼ਦਾ ਹੈ, ਆਪਣਾ ਪੂਰਨ ਸੱਚ ਬਖ਼ਸ਼ਦਾ ਹੈ। ਪ੍ਰਮਾਤਮਾ ਦਾ ਗੁਰੂ ਰੂਪ ਇਸ ਮਾਇਆ ਦੇ ਛਲ ਤੋਂ ਬਾਹਰ ਹੈ, ਮਾਇਆ ਦੀ

25/2754

ਠੱਗੀ ਤੋਂ ਬਾਹਰ ਹੈ ਤੇ ਜੋ ਹੋਰ ਆਪਣੇ ਆਪ ਨੂੰ ਗੁਰੂ ਦੀ ਸਿੱਖਿਆ ਦੇਣ ਵਾਲੇ ਸਮਝਦੇ ਹਨ, ਆਪਣੇ ਆਪ ਨੂੰ ਗੁਰੂ ਵਰਗੇ ਉੱਚੇ ਅਖਵਾਉਂਦੇ ਹਨ, ਸੰਤ ਆਦਿ ਅਖਵਾਉਂਦੇ ਹਨ ਉਹ ਮਾਇਆ ਦੀ ਇਸ ਠੱਗੀ ਵਿੱਚ ਹੀ ਆਉਂਦੇ ਹਨ ਭਾਵ ਹਉਮੈ ਵਿੱਚ, ਭਰਮ ਵਿੱਚ ਆਉਂਦੇ ਹਨ ਤੇ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ, ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ, ਆਪਣੇ ਆਪ ਨੂੰ ਪਹਿਚਾਣੇ ਬਿਨ੍ਹਾਂ ਕਿ ਮਨੁੱਖੀ ਰੂਪ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਕੇਵਲ ਪ੍ਰਮਾਤਮਾ ਹੀ ਵੱਡਾ ਹੈ, ਉਹ ਆਪ ਹੀ ਸੰਤ ਹੈ ਇਸ ਗੱਲ ਨੂੰ ਸਮਝੇ ਬਿਨ੍ਹਾਂ ਉਹ ਆਪਣੇ ਆਪ ਨੂੰ ਵੱਡਾ ਅਖਵਾ ਕੇ ਇਸ ਭਰਮ ਵਿੱਚ ਹੀ ਦੁਨੀਆਂ ਤੋਂ ਚਲੇ ਜਾਂਦੇ ਹਨ, ਪ੍ਰਮਾਤਮਾ ਦੀ ਅਸਲੀਅਤ ਜਾਣੇ ਬਿਨ੍ਹਾਂ ਹੀ ਇਸ ਸੰਸਾਰ ਵਿੱਚੋਂ ਚਲੇ ਜਾਂਦੇ ਹਨ ਭਾਵ ਉਹ ਆਪਣੇ ਅੰਦਰ ਦੀ ਮੋਹ ਠਗਉਲੀ ਨੂੰ ਜਾਣੇ ਬਿਨ੍ਹਾਂ, ਆਪਣੇ ਅੰਦਰੋਂ ਉਸ ਠੱਗ ਨੂੰ ਜਾਣੇ ਬਿਨ੍ਹਾਂ ਜਿਸਨੇ ਸਾਡੇ ਅੰਦਰ ਇਹ ਠੱਗੀ ਪਾਈ ਹੋਈ ਹੈ ਇਸ ਸੰਸਾਰ ਤੋਂ ਚਲੇ ਜਾਂਦੇ ਹਨ। ਜੋ ਗੁਰਸਿੱਖ ਹੈ ਭਾਵ ਜਿਸ ਨੂੰ ਪ੍ਰਮਾਤਮਾ ਨੇ ਗੁਰਮਤਿ ਦੀ ਸੋਝੀ ਪਾਈ ਹੁੰਦੀ ਹੈ ਉਹ ਫਿਰ ਇਹੋ ਜਿਹਾ ਉੱਚਾ ਅਖਵਾਉਣ ਵਾਲਿਆਂ ਦੇ ਪਿੱਛੇ ਨਹੀਂ ਲੱਗਦੇ, ਉਹ ਭਰਮੇ ਹੋਇਆਂ ਦੇ ਪਿੱਛੇ ਨਹੀਂ ਲੱਗਦੇ, ਉਹ ਛੱਪੜੀਆਂ ਦਾ ਇਸ਼ਨਾਨ ਨਹੀਂ ਕਰਦੇ ਤੇ ਕੇਵਲ ਗੁਰੂ ਰੂਪ ਤੀਰਥ ਦੇ ਸੱਚੇ ਗਿਆਨ ਦਾ ਇਸ਼ਨਾਨ ਕਰਦੇ ਹਨ ਜੋ ਭਰਮ ਦੀ ਠੱਗੀ ਤੋਂ ਰਹਿਤ ਹੈ। **(ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥ ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥)**

ਸਾਡੇ ਅੰਦਰ ਇਹ ਮਾਇਆ ਦੀ ਜੁਗਤਿ ਕਿਸ ਰੂਪ ਵਿੱਚ ਵਿਚਰਦੀ ਹੈ, ਸਾਡੇ ਅੰਦਰ ਇਹ ਮਾਇਆ ਦਾ ਛਲ, ਕਪਟ ਠੱਗੀ ਕਿਵੇਂ ਚੱਲਦੀ ਹੈ ਇਸ ਗੱਲ ਨੂੰ ਅੱਗੇ ਦਿੱਤੇ ਹੋਏ ਕੁੱਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕ॥

“ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ॥
ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ॥੧॥
ਮਨਿ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ॥
ਨਾਨਕ ਹਭਿ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ॥੨॥”

(ਅੰਗ ੭੦੨)

ਪ੍ਰਮਾਤਮਾ ਨੂੰ ਖੋਜਣ ਵਾਲੇ ਉਸਦੇ ਬੈਰਾਗ ਵਿੱਚ, ਉਸਨੂੰ ਪਾਉਣ ਦੀ ਤਾਂਘ ਵਿੱਚ ਅਨੇਕਾਂ ਜਗ੍ਹਾ ਘੁੰਮਦੇ ਰਹਿੰਦੇ ਹਨ, ਜੰਗਲਾਂ ਆਦਿ ਵਿੱਚ ਭਟਕਦੇ ਹਨ ਪਰ ਪ੍ਰਮਾਤਮਾ ਨੂੰ ਕਿਸ ਤਰੀਕੇ ਪਾਇਆ ਜਾ ਸਕਦਾ ਹੈ ਇਸ ਗੱਲ ਦੀ ਉਨ੍ਹਾਂ ਨੂੰ ਸਮਝ ਨਹੀਂ ਹੈ। ਆਪਣੇ ਵੱਲੋਂ ਉਹ ਮਾਇਆ ਦਾ ਤਿਆਗ ਕਰਕੇ ਅਨੇਕਾਂ ਜਗ੍ਹਾ ਭ੍ਰਮਣ ਕਰਦੇ ਹਨ ਪਰ ਅਸਲ ਮਾਇਆ ਵਿੱਚੋਂ ਨਿਕਲਣਾ ਕੀ ਹੈ ਇਸ ਗੱਲ ਦੀ ਉਨ੍ਹਾਂ ਨੂੰ ਸਮਝ ਨਹੀਂ ਹੈ। ਮਾਇਆ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਵਿਚਰਦੀ ਹੈ, ਮਨ ਦੀ ਸੋਝੀ

ਦੇ ਰੂਪ ਵਿੱਚ ਵਿਚਰਦੀ ਹੈ ਜੋ ਕਿ ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਜੁਗਤਿ ਹੈ, ਮਾਇਆ ਰੂਪ ਜੁਗਤਿ ਹੈ। ਮਾਇਆ ਦਾ ਰੂਪ ਸਾਨੂੰ ਭਰਮ ਵਿੱਚ ਰੱਖਦਾ ਹੈ ਜੋ ਮਾਇਆ ਦਾ ਕਪਟ ਰੂਪ ਹੈ, ਉਸਦਾ ਛਲ ਰੂਪ ਹੈ, ਠੱਗੀ ਰੂਪ ਹੈ।

25/2755

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਨ ਮਾਇਆ ਦਾ ਇਹ ਕਪਟ ਰੂਪ ਹੈ ਜੋ ਕਿ ਸਾਡੇ ਅੰਦਰ ਹੀ ਹੈ। ਸਰਗੁਣ ਰੂਪ ਮਾਇਆ ਸਾਡੇ ਕੰਮ ਆਉਂਦੀ ਹੈ ਜਿਸ ਦੁਆਰਾ ਸਾਡਾ ਜੀਵਨ ਚੱਲਦਾ ਹੈ। ਸਰਗੁਣ ਰੂਪ ਮਾਇਆ ਨੂੰ ਛੱਡਣ ਦੀ ਲੋੜ ਨਹੀਂ ਹੈ, ਘਰ ਬਾਰ ਛੱਡਣ ਦੀ ਲੋੜ ਨਹੀਂ ਹੈ ਕਿਉਂਕਿ ਮਾਇਆ ਬਿਨ੍ਹਾਂ ਸਾਡਾ ਜੀਵਨ ਨਹੀਂ ਚੱਲ ਸਕਦਾ ਭਾਵੇਂ ਅਸੀਂ ਜਿੱਥੇ ਮਰਜ਼ੀ ਭਟਕ ਲਈਏ। ਸਰਗੁਣ ਰੂਪ ਮਾਇਆ ਵਿੱਚੋਂ ਕੇਵਲ ਨਿਰਲੇਪ ਰਹਿਣ ਦੀ ਲੋੜ ਹੈ ਤਾਂ ਜੋ ਅਸੀਂ ਮਾਇਆ ਨੂੰ ਕੇਵਲ ਸੱਚ ਦੁਆਰਾ ਵਿਚਰ ਕੇ ਕਮਾਈਏ। ਸੱਚ ਤੇ ਚੱਲਣ ਲਈ ਆਪਣੇ ਅੰਦਰ ਵਰਤ ਰਹੀ ਮਾਇਆ ਦੀ ਜੁਗਤਿ ਵਿੱਚੋਂ ਨਿਕਲਣ ਦੀ ਲੋੜ ਹੈ ਜੋ ਅਪਣੇ ਕਪਟ ਦੁਆਰਾ ਸਾਨੂੰ ਸੱਚ ਸਮਝਣ ਤੋਂ ਤੇ ਉਸ ਤੇ ਚੱਲਣ ਤੋਂ ਦੂਰ ਕਰਦੀ ਹੈ। ਸਾਡੇ ਅੰਦਰ ਮਾਇਆ ‘‘ਕਪਟ ਰੂਪ’’ ਵਿੱਚ ਹੈ ਤੇ ਇਸ ਤੋਂ ਉਲਟ ਜਿਸ ਦੁਆਰਾ ਇਸ ਕਪਟ ਵਿੱਚੋਂ ਨਿਕਲਿਆ ਜਾ ਸਕਦਾ ਹੈ ਉਹ ‘‘ਆਨੰਦ ਰੂਪ’’ ਹੈ। ‘‘ਆਨੰਦ ਰੂਪ’’ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਰੂਪ ਹੈ ਜਿਸ ਦੁਆਰਾ ਸਾਡਾ ਉਸ ਸਾਧ ਰੂਪ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਭਾਵ ਸਾਨੂੰ ਸਾਧਸੰਗਤਿ ਵਾਲੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ। ਇਹ ਸਾਧਸੰਗਤਿ ਦੀ ਪ੍ਰਾਪਤੀ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਇਹ ਸਾਡੇ ਅੰਦਰ ਚੌਥਾ ਪਦ ਹੈ ਜੋ ਸਾਨੂੰ ਮਾਇਆ ਦੇ ਕਪਟ ਰੂਪ ਵਿੱਚੋਂ ਕੱਢ ਕੇ ਆਨੰਦ ਰੂਪ ਨਾਲ ਜੋੜਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹੀ ਖੋਜਿਆ ਜਾ ਸਕਦਾ ਹੈ ਤੇ ਉਸ ਨੂੰ ਕਿਧਰੋਂ ਬਾਹਰੋਂ ਖੋਜਣ ਦੀ ਲੋੜ ਨਹੀਂ ਹੈ ਜਿਵੇਂ ਕਿ ਉਸਨੂੰ ਖੋਜਣ ਵਾਲੇ ਅਨੇਕਾਂ ਜਗ੍ਹਾ ਭਟਕਦੇ ਰਹਿੰਦੇ ਹਨ। ਸਾਰੀ ਗੱਲ ਮਾਇਆ ਦੇ ਕਪਟ ਵਿੱਚੋਂ ਨਿਕਲਣ ਦੀ ਹੈ, ਤਿਆਗਣ ਦੀ ਹੈ। ਸਾਡੇ ਅੰਦਰ ਦਾ ਮਨਮਤਿ ਰੂਪ ਭਾਵ ਮਾਇਆ ਦਾ ਕਪਟ ਗੁਰਮਤਿ ਦੀ ਸੱਚੀ ਸਮਝ ਤੋਂ ਉਲਟ ਰੂਪ ਹੈ ਜਿਵੇਂ ਕਿ ਪਿੱਛੇ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ। ‘‘ਆਨੰਦ’’ ਗੁਰੂ ਕੋਲੋਂ ਜਾਨਣ ਦੀ ਮਤਿ ਹੈ ਜਿਸ ਨੂੰ ਆਪਣੇ ਅੰਦਰ ਵਸਾ ਕੇ ਅਸੀਂ ਮਾਇਆ ਦੇ ਕਪਟ ਵਿੱਚੋਂ ਨਿਕਲ ਸਕਦੇ ਹਾਂ, ਭਰਮ ਵਿੱਚੋਂ, ਮਨਮਤਿ ਵਿੱਚੋਂ ਨਿਕਲ ਸਕਦੇ ਹਾਂ ਤੇ ਉਸ ਸਾਧ ਰੂਪ ਪ੍ਰਮਾਤਮਾ ਦੀ ਸੰਗਤਿ ਪਾ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ ਤੇ ਉਸ ਨੂੰ ਕਿਤੇ ਬਾਹਰੋਂ ਖੋਜਣ ਦੀ ਲੋੜ ਨਹੀਂ ਹੈ। **(ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ॥ ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ॥੧॥)**

“ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ॥੪॥”

(ਅੰਗ ੧੨੨)

25/2756

ਸਾਡਾ ਮਨ ਇਸ ਮਾਇਆ ਮੋਹ ਦੇ ਵੱਸ ਵਿੱਚ ਹੈ ਭਾਵ ਸਾਡੇ ਵੱਸ ਨਹੀਂ ਹੈ। ਇਹ ਸਾਡੇ ਅੰਦਰ ਮਾਇਆ ਮੋਹ ਦੀ ਜੁਗਤਿ ਹੈ ਜੋ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਦੀ ਹੈ ਤੇ ਸਾਡੇ ਮਨ ਦੇ ਵਿਚਾਰ ਉਸ ਦੇ ਅਨੁਸਾਰ ਹੀ ਚੱਲਦੇ ਹਨ। ਮਾਇਆ ਮੋਹ ਦੀ ਇਹ ਜੁਗਤਿ ਹੀ ਸਾਡੇ ਅੰਦਰ ਉਸਦਾ ਚੱਲ ਰਿਹਾ ਸਾਡੇ ਅੰਦਰ ਦਾ ਕਪਟ ਹੈ ਜਿਸ ਤੋਂ ਅਸੀਂ ਬੇਖਬਰ ਹਾਂ। ਸਾਨੂੰ ਦੁੱਖਾਂ ਵਿੱਚ ਪਾਉਣ ਵਾਲੀ, ਸੱਚੀ ਸੋਝੀ ਤੋਂ ਦੂਰ ਰੱਖਣ ਵਾਲੀ ਮਾਇਆ ਮੋਹ ਦੀ ਇਹ ਜੁਗਤਿ ਹੀ ਹੈ। ਸੱਚ ਤੋਂ ਦੂਰ ਹੀ ਸਾਡੇ ਦੁੱਖਾਂ ਦਾ ਕਾਰਨ ਹੈ। ਸਚੁ ਰੂਪ ਆਪ ਪ੍ਰਮਾਤਮਾ ਹੈ ਤੇ ਮਾਇਆ ਦੇ ਇਸ ਕਪਟ ਦੁਆਰਾ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਭਰਮ ਦੀ ਵਜ੍ਹਾ ਨਾਲ ਪ੍ਰਮਾਤਮਾ ਨੂੰ ਅਸੀਂ ਉਨ੍ਹਾਂ ਤਰੀਕਿਆਂ ਨਾਲ ਖੋਜਦੇ ਹਾਂ, ਪ੍ਰਾਪਤ ਕਰਨਾ ਚਾਹੁੰਦੇ ਹਾਂ ਜਿਸ ਵਿੱਚ ਕੇਵਲ ਮਾਇਆ ਦਾ ਛਲ ਹੈ ਕਿਉਂਕਿ ਉਸਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਦੀ ਸੋਝੀ ਪੈਣ ਤੋਂ ਦੂਰ ਰੱਖਣ ਦਾ ਹੈ, ਸਾਨੂੰ ਉਲਝਣ ਵਿੱਚ ਰੱਖਣ ਦਾ ਹੈ। ਪ੍ਰਮਾਤਮਾ ਆਪਣੀ ਇਹ ਸੰਸਾਰਿਕ ਖੇਡ ਮਾਇਆ ਦੀ ਜੁਗਤਿ ਦੁਆਰਾ ਹੀ ਚਲਾ ਰਿਹਾ ਹੈ। ਮਾਇਆ ਦੇ ਇਸ ਕਪਟ ਦਾ ਮਕਸਦ ਸਾਨੂੰ ‘‘ਦੁਖੁ’’ ਵਾਲੀ ਬਿਰਤੀ ਵਿੱਚ ਰੱਖਣ ਦਾ ਹੈ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਵਾਲੀ ਬਿਰਤੀ ਵਿੱਚ ਰੱਖਣ ਦਾ ਹੈ ਭਾਵ ‘‘ਸੁਖੁ’’ ਦੀ ਪ੍ਰਾਪਤੀ ਕਰਨ ਤੋਂ ਦੂਰ ਰੱਖਣ ਦਾ ਹੈ, ਪ੍ਰਮਾਤਮਾ ਨਾਲ ਮੇਲ ਕਰਨ ਦੀ ਪ੍ਰਾਪਤੀ ਤੋਂ ਦੂਰ ਰੱਖਣ ਦਾ ਹੈ। ਮਾਇਆ ਦਾ ਇਹ ਕਪਟ ਸਭ ਦੇ ਅੰਦਰ ਚੱਲ ਰਿਹਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦੁਆਰਾ ਚੱਲ ਰਿਹਾ ਹੈ।

“ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ॥੨॥”

(ਅੰਗ ੧੧੨੩)

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਤੇ ਉਸ ਦੇ ਨਾਲ ਮੇਲ ਦਾ ਭੇਦ ਸਾਡੇ ਅੰਦਰ ਹੀ ਹੈ। ਸਾਰਾ ਸੰਸਾਰ ਰਜ ਗੁਣ, ਤਮ ਗੁਣ ਤੇ ਸਤ ਗੁਣ ਵਿੱਚ ਹੀ ਹੈ। ਕਿਸੇ ਵਿੱਚ ਕੋਈ ਗੁਣ ਜਿਆਦਾ ਹੈ ਕੋਈ ਗੁਣ ਘੱਟ ਹੈ ਜਿਸ ਦੁਆਰਾ ਮਨੁੱਖ ਦਾ ਸੁਭਾਓ ਬਣਦਾ ਹੈ ਜਿਸ ਦੁਆਰਾ ਹਰ ਕੋਈ ਵਿਚਰਦਾ ਹੈ। ਇਹ ਸਾਡੇ ਅੰਦਰ ਚੱਲ ਰਹੀ ਮਾਇਆ ਦੀ ਜੁਗਤਿ ਹੀ ਹੈ। ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਸਾਡੇ ਅੰਦਰ ਇਹ ਜੁਗਤਿ ਪਾਈ ਹੋਈ ਹੈ ਜਿਸ ਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਭਾਵ ਚੌਥੇ ਪਦ ਤੋਂ ਦੂਰ ਰੱਖਿਆ ਹੋਇਆ ਹੈ, ਸਹਜ ਦੀ ਅਵੱਸਥਾ ਤੋਂ ਦੂਰ ਰੱਖਿਆ ਹੋਇਆ ਹੈ। ਪ੍ਰਮਾਤਮਾ ਸਾਡੇ ਅੰਦਰ ਸਹਜ ਦੀ ਅਵੱਸਥਾ ਦੇ ਰੂਪ ਵਿੱਚ ਹੈ, ਚੌਥੇ ਪਦ ਦੇ ਰੂਪ ਵਿੱਚ ਹੈ ਜੋ ਕਿ ਪਰਮ ਪਦ ਹੈ, ਸਭ ਤੋਂ ਉੱਚਾ ਪਦ ਹੈ। ਇਹ ਸੱਚੇ ਗਿਆਨ ਦਾ ਪਦ ਹੈ, ਬ੍ਰਹਮਗਿਆਨ ਦਾ ਪਦ ਹੈ ਜੋ ਸਾਨੂੰ ਮਾਇਆ ਦੀ ਇਸ ਜੁਗਤਿ

ਵਿੱਚੋਂ ਕੱਢਦਾ ਹੈ, ਮਾਇਆ ਦੇ ਛਲ ਵਿੱਚੋਂ ਕੱਢਦਾ ਹੈ, ਭਰਮ ਦੇ ਛਲ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਮਾਇਆ ਦੇ ਕਪਟ ਵਿੱਚੋਂ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਤੇ ਸਾਡੇ ਲਈ ਇਹੀ ਉੱਦਮ ਹੈ ਕਿ ਅਸੀਂ ਗੁਰਬਾਣੀ ਦੇ ਚੌਥੇ ਪਦ ਦੇ ਗਿਆਨ ਨਾਲ ਜੁੜੀਏ ਜਿਸ ਗਿਆਨ ਦੁਆਰਾ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸਾਡੇ ਅੰਦਰ ਦੀ ਮਨਮਤਿ ਮਾਇਆ ਦਾ ਕਪਟ ਰੂਪ ਹੈ ਤੇ ਪੂਰੀ ਗੁਰਬਾਣੀ ਆਨੰਦ ਰੂਪ ਹੈ, ਉਸਦਾ ਬ੍ਰਹਮਗਿਆਨ ਆਨੰਦ ਰੂਪ ਹੈ ਜਿਸ ਨਾਲ ਜੁੜ ਕੇ ਅਸੀਂ ਉਸ ਆਨੰਦ ਰੂਪ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ।

“ਜਪਸਿ ਨਿਰੰਜਨੁ ਰਚਸਿ ਮਨਾ॥ ਕਾਹੇ ਬੋਲਹਿ ਜੋਗੀ ਕਪਟੁ ਘਨਾ॥੧॥ਰਹਾਉ॥”

(ਅੰਗ ੧੫੬)

ਜਦ ਤੱਕ ਅਸੀਂ ਆਪਣੀ ਮਤਿ ਦੇ ਨਾਲ ਰਚੇ ਹੋਏ ਹਾਂ ਤਦ ਤੱਕ ਉਸ ਪ੍ਰਮਾਤਮਾ ਨੂੰ ਨਹੀਂ ਜਪਿਆ ਜਾ ਸਕਦਾ। ਅਸੀਂ ਮੁੱਖੋਂ ਬੋਲ ਬੋਲ ਕੇ ਪ੍ਰਮਾਤਮਾ ਦਾ ਜਪ ਕਰਦੇ ਹਾਂ ਭਾਵ ਕਥਨੀ ਦੁਆਰਾ ਪ੍ਰਮਾਤਮਾ ਨੂੰ ਜਪਦੇ ਹਾਂ ਜੋ ਕਿ ਉਸ ਨੂੰ ਜਪਣ ਦਾ ਮਾਰਗ ਨਹੀਂ ਹੈ ਤੇ ਇਹ ਕੇਵਲ ਮਨਮਤਿ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਆਪਣੇ ਵੱਲੋਂ ਤਾਂ ਅਸੀਂ ਪ੍ਰਮਾਤਮਾ ਨੂੰ ਬੋਲ ਬੋਲ ਕੇ ਰੀਝਾਉਂਦੇ ਹਾਂ ਪਰ ਇਸ ਵਿੱਚ ਕੇਵਲ ਅਸੀਂ ਆਪਣਾ ਕਪਟ ਹੀ ਦਿਖਾਉਂਦੇ ਹਾਂ ਭਾਵ ਪ੍ਰਮਾਤਮਾ ਨੂੰ ਕਪਟ ਦੁਆਰਾ, ਛਲ ਦੁਆਰਾ ਪਾਉਣਾ ਚਾਹੁੰਦੇ ਹਾਂ। ਸਾਡੇ ਕੋਲ ਇਹ ਕਪਟ ਸਾਡੇ ਅੰਦਰ ਚੱਲ ਰਿਹਾ ਮਾਇਆ ਦਾ ਕਪਟ ਹੀ ਕਰਵਾਉਂਦਾ ਹੈ ਜੋ ਸਾਨੂੰ ਭਰਮ ਵਿੱਚ ਰੱਖ ਕੇ ਉਹੋ ਜਿਹੀ ਭਗਤੀ ਕਰਵਾਉਂਦਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਆਪਣੇ ਬੋਲਾਂ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਕੋਈ ਲੈਣ ਦੇਣ ਦਾ ਕਪਟ ਨਹੀਂ ਕਰਦੇ, ਕੋਈ ਲੈਣ ਦੇਣ ਦੀ ਠੱਗੀ ਨਹੀਂ ਕਰਦੇ ਭਾਵ ਇਸ ਵਿੱਚ ਕੋਈ ਦਿੱਸਣ ਵਾਲੀ ਵਸਤੂ ਨਹੀਂ ਹੈ ਜਿਸ ਦੀ ਅਸੀਂ ਠੱਗੀ ਕਰਦੇ ਹਾਂ। ਇਹ ਕਪਟ ਨਿਰਗੁਣ ਰੂਪ ਵਿੱਚ ਹੈ ਭਾਵ ਅਸੀਂ ਉਸ ਪ੍ਰਮਾਤਮਾ ਨੂੰ ਕਪਟ ਦੀ ਵਿਧੀ ਦੁਆਰਾ ਪਾਉਣਾ ਚਾਹੁੰਦੇ ਹਾਂ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ। ਆਪਣੀ ਮਨਮਤਿ ਦੁਆਰਾ ਅਸੀਂ ਜੋ ਵੀ ਤਰੀਕੇ ਉਸ ਪ੍ਰਮਾਤਮਾ ਨੂੰ ਪਾਉਣ ਦੇ ਅਪਣਾਉਂਦੇ ਹਾਂ ਉਸ ਵਿੱਚ ਅਸੀਂ ਪ੍ਰਮਾਤਮਾ ਨਾਲ ਆਪਣਾ ਕਪਟ ਹੀ ਦਿਖਾਉਂਦੇ ਹਾਂ ਜੋ ਸਾਡੇ ਕੋਲੋਂ ਸਾਡੇ ਮਨ ਦਾ ਭਰਮ ਹੀ ਕਰਵਾਉਂਦਾ ਹੈ, ਮਾਇਆ ਦਾ ਛਲ ਹੀ ਕਰਵਾਉਂਦਾ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ ਤੇ ਹਰ ਕੋਈ ਭਰਮ ਵਾਲੀ ਭਗਤੀ ਵਿੱਚ ਹੀ ਲੱਗਾ ਹੋਇਆ ਹੈ। ਸਦਾ ਤੋਂ ਮਾਇਆ ਦੀ ਇਹ ਜੁਗਤਿ ਸਾਡੇ ਨਾਲ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਤੇ ਹਰ ਕੋਈ ਸਦੀਆਂ ਤੋਂ ਇਹੋ ਜਿਹੀ ਭਰਮ

ਵਾਲੀ ਭਗਤੀ ਵਿੱਚ ਲੱਗਾ ਹੋਇਆ ਹੈ ਜਿਸ ਦਾ ਗੁਰਬਾਣੀ ਵਾਰ-ਵਾਰ ਖੰਡਨ ਕਰ ਰਹੀ ਹੈ ਤੇ ਸਾਨੂੰ ਪ੍ਰਮਾਤਮਾ ਨੇ ਇਸ ਭਰਮ ਵਿੱਚੋਂ ਨਿਕਲਣ ਦਾ ਉਪਰਾਲਾ ਆਪ ਹੀ ਸਮਝਾਇਆ ਹੈ। **(ਜਪਸਿ ਨਿਰੰਜਨੁ ਰਚਸਿ ਮਨਾ॥ ਕਾਹੇ ਬੋਲਹਿ ਜੋਗੀ**

ਕਪਟੁ ਘਨਾ॥੧॥ਰਹਾਉ॥)

ਸਲੋਕੁ ਮਃ ੪॥

"ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ॥
ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ॥
ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ॥
ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ॥੧॥"

(ਅੰਗ ੬੫੨)

ਉਪਰਲੀਆਂ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਕਪਟ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ। ਸਾਡੇ ਅੰਦਰ ਇਹ "ਕਪਟੁ" ਰੂਪ "ਅਗਿਆਨੁ" ਰੂਪ ਹੈ। ਮਾਇਆਂ ਦੀ ਜੁਗਤਿ ਸਾਨੂੰ ਅਗਿਆਨਤਾ ਵਿੱਚ ਰੱਖ ਕੇ ਹੀ ਛਲਦੀ ਹੈ। ਇਸ ਅਗਿਆਨਤਾ ਦਾ ਮਕਸਦ, ਅੰਦਰ ਦੇ ਕਪਟ ਦਾ ਮਕਸਦ ਸਾਨੂੰ "ਮਧਿਮ ਮਤਿ" ਵਿੱਚ ਰੱਖਣ ਦਾ ਹੈ ਜਿਸ ਕਰਕੇ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ ਸਤਿਗੁਰ ਕੀ ਹੈ। ਸਤਿਗੁਰ ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਸਭ ਦੇ ਅੰਦਰ ਵਰਤ ਰਿਹਾ ਹੈ ਪਰ ਮਾਇਆ ਦੀ ਇਸ ਜੁਗਤਿ ਨੇ ਸਾਨੂੰ ਅਗਿਆਨਤਾ ਵਾਲੀ ਮਤਿ ਵਿੱਚ ਰੱਖ ਕੇ ਆਪਣੇ ਅੰਦਰੋਂ ਸਤਿਗੁਰ ਰੂਪ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਮਾਇਆ ਦਾ ਕਪਟ ਰੂਪ ਵਰਤਦਾ ਹੈ ਸਾਨੂੰ ਬਾਹਰੋਂ ਵੀ ਮਾਇਆ ਦਾ ਕਪਟ ਰੂਪ ਹੀ ਨਜ਼ਰ ਆਉਂਦਾ ਹੈ। ਸਾਰਾ ਸਰਗੁਣ ਰੂਪ, ਆਕਾਰ ਰੂਪ ਮਾਇਆ ਰੂਪ ਹੈ ਪਰ ਅਸਲ ਵਿੱਚ ਇਹ ਸਾਰਾ ਮਾਇਆ ਦਾ ਰੂਪ ਪ੍ਰਮਾਤਮਾ ਦਾ ਆਪਣਾ ਹੀ ਸਰਗੁਣ ਰੂਪ ਹੈ ਪਰ ਮਨ ਦੇ ਵਿੱਚ ਅਗਿਆਨਤਾ ਦੇ ਕਾਰਨ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਇਹ ਸਰਗੁਣ ਰੂਪ ਕੀ ਹੈ, ਇਸ ਨੂੰ ਕਿਸ ਨੇ ਬਣਾਇਆ ਹੈ, ਕਿਸ ਵਿਧੀ ਦੁਆਰਾ ਬਣਾਇਆ ਹੈ ਤੇ ਕਿਸ ਵਿਧੀ ਦੁਆਰਾ ਹਰ ਸਰਗੁਣ ਰੂਪ ਚੱਲ ਰਿਹਾ ਹੈ। ਹਰ ਸਰਗੁਣ ਰੂਪ ਨੂੰ ਬਣਾਉਣ ਤੇ ਚਲਾਉਣ ਵਾਲਾ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ ਪਰ ਮਨ ਦੇ ਅੰਦਰ ਮਾਇਆ ਦੇ ਕਪਟ ਰੂਪ ਕਰਕੇ, ਅਗਿਆਨਤਾ ਕਰਕੇ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ। ਮਨ ਦੇ ਵਿੱਚ ਮਾਇਆ ਦੇ ਕਪਟ ਕਰਕੇ, ਅਗਿਆਨਤਾ ਕਰਕੇ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਪੈਂਦੀ। ਮਨ ਦੇ ਵਿੱਚ ਮਾਇਆ ਦੇ ਕਪਟ ਕਰਕੇ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਆਪਣੇ ਅੰਦਰੋਂ ਨਹੀਂ ਪੈਂਦੀ ਤੇ ਉਹ ਆਪਣੇ ਨਿਰਗੁਣ ਰੂਪ ਦੁਆਰਾ ਆਪਣੇ ਮਾਇਆ ਰੂਪ ਵਿੱਚ ਕਿਸ ਤਰੀਕੇ ਸਮਾਇਆ ਹੋਇਆ ਹੈ ਇਸ ਦੀ ਸੋਝੀ ਵੀ ਸਾਨੂੰ ਨਹੀਂ ਪੈ ਸਕਦੀ। ਕਿਸੇ ਵੀ ਸਰਗੁਣ ਸਰੂਪ ਨੂੰ ਪ੍ਰਮਾਤਮਾ ਤੋਂ ਦੂਸਰਾ ਰੂਪ ਸਮਝਣਾ ਉਸ ਰੂਪ ਨੂੰ ਕਪਟੀ ਰੂਪ ਬਣਾਉਣ ਵਾਲੀ ਗੱਲ ਹੈ ਭਾਵ ਝੂਠਾ ਰੂਪ ਸਮਝਣ ਵਾਲੀ ਗੱਲ ਹੈ, ਧੋਖੇ ਵਾਲਾ ਰੂਪ ਸਮਝਣ ਵਾਲੀ ਗੱਲ ਹੈ ਭਾਵ ਕਿਸੇ ਵੀ ਸਰਗੁਣ ਸਰੂਪ ਨੂੰ ਪ੍ਰਮਾਤਮਾ ਦਾ ਰੂਪ ਨਾ ਸਮਝਣਾ ਇੱਕ ਧੋਖਾ ਹੈ ਜਿਸ ਵਿੱਚ ਸੱਚ ਨਹੀਂ ਹੈ। ਇਸਦਾ ਕਾਰਨ ਸਾਡੇ ਅੰਦਰ ਚੱਲ ਰਿਹਾ ਮਾਇਆ ਦਾ ਛਲ ਹੈ ਤੇ ਜਦ ਤੱਕ ਸਾਡੇ ਅੰਦਰ ਇਹ ਮਾਇਆ ਦਾ ਛਲ ਖ਼ਤਮ ਨਹੀਂ ਹੁੰਦਾ ਅਸੀਂ ਇਸ ਸੰਸਾਰ ਦੇ ਆਵਾਗਉਣ ਵਿੱਚ ਹੀ ਖਪਦੇ ਰਹਿੰਦੇ ਹਾਂ ਤੇ ਸਾਨੂੰ ਖਪਾਉਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਜਿਸ ਨੇ ਸਾਡੇ ਅੰਦਰ ਮਾਇਆ ਰੂਪ

ਕਪਟ ਵਾਲੀ ਬਿਰਤੀ ਪਾਈ ਹੋਈ ਹੈ। **(ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ॥ ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ॥)**

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥}

(ਅੰਗ ੧੪੨੭)

ਜਦ ਤੱਕ ਅਸੀਂ ਮਾਇਆ ਦੀ ਜੁਗਤਿ ਅੰਦਰ ਵਿਚਰਦੇ ਹਾਂ ਤਦ ਤੱਕ ਅਸੀਂ ਆਪਣੇ ਸੁਆਰਥ ਵਿੱਚ ਰਹਿੰਦੇ ਹਾਂ ਭਾਵ ਇਹ ਮਾਇਆ ਦੀ ਜੁਗਤਿ ਸਾਨੂੰ ਸੁਆਰਥੀ ਬਣਾ ਕੇ ਰੱਖਦੀ ਹੈ ਤੇ ਗੁਰੂ ਦਾ ਸੁਆਰਥ ਕੀ ਹੈ ਭਾਵ ਗੁਰੂ ਨੂੰ ਕੀ ਭਾਉਂਦਾ ਹੈ ਇਸ ਗੱਲ ਦੀ ਸਮਝ ਸਾਨੂੰ ਨਹੀਂ ਪੈਂਦੀ। ਜਦ ਤੱਕ ਅਸੀਂ ਇਸ ਅਵੱਸਥਾ ਵਿੱਚ ਰਹਿੰਦੇ ਹਾਂ ਤਦ ਤੱਕ ਸਾਡੇ ਤੇ ਪ੍ਰਮਾਤਮਾ ਦੀ

ਕ੍ਰਿਪਾ ਨਹੀਂ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਆਪਣੇ ਸ਼ਬਦ ਦੇ ਗਿਆਨ ਨਾਲ ਜੋੜਦਾ ਹੈ ਜੋ ਗਿਆਨ ਭਰਮ ਤੋਂ ਰਹਿਤ ਹੈ, ਮਾਇਆ ਦੀ ਜੁਗਤਿ ਤੋਂ ਰਹਿਤ ਹੈ। ਸ਼ਬਦ ਦੇ ਗਿਆਨ ਵਿੱਚ ਸਾਡੀ ਮਤਿ ਹੀ ਸਮਾਉਂਦੀ ਹੈ ਤੇ ਸ਼ਬਦ ਦੇ ਗਿਆਨ ਵਿੱਚ ਸਮਾਉਣਾ ਹੀ ਉਸ ਸ਼ਬਦ ਰੂਪ ਪ੍ਰਮਾਤਮਾ ਵਿੱਚ ਸਮਾਉਣਾ ਹੈ। ਸ਼ਬਦ ਦਾ ਗਿਆਨ ਬ੍ਰਹਮਗਿਆਨ ਹੈ ਜਿਸ ਵਿੱਚ ਸਮਾਉਣ ਨਾਲ ਹੀ ਅਸੀਂ ਮਾਇਆ ਦੀ ਜੁਗਤਿ ਵਿੱਚੋਂ ਨਿਕਲਦੇ ਹਾਂ ਤੇ ਚੌਥੇ ਪਦ ਵਿੱਚ ਸਮਾਅ ਜਾਂਦੇ ਹਾਂ ਜਿਸ ਦੁਆਰਾ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਉਸਦੇ ਨਿਰਗੁਣ ਰੂਪ ਦੇ ਦਰਸ਼ਨ ਹੁੰਦੇ ਹਨ ਜਿਸ ਰੂਪ ਦੁਆਰਾ ਉਹ ਸਭ ਵਿੱਚ ਸਮਾਇਆ ਹੋਇਆ ਹੈ। **(ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ॥ ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ॥੧॥)**

ਸਾਡੇ ਅੰਦਰ ਦਾ ਕਪਟ, ਮਾਇਆ ਦਾ ਛਲ ਅਗਿਆਨਤਾ ਦੇ ਰੂਪ ਵਿੱਚ ਹੈ ਜਿਸ ਕਰਕੇ ਅਸੀਂ ਵਿਕਾਰਾਂ ਵਾਲੀ ਬਿਰਤੀ ਵਿੱਚ ਰਹਿੰਦੇ ਹਾਂ। ਜੋ ਕੁੱਝ ਵੀ ਅਸੀਂ ਗੁਰਮਤਿ ਅਨੁਸਾਰ ਨਹੀਂ ਕਰਦੇ, ਗੁਰਮਤਿ ਦੁਆਰਾ ਸਮਝਾਏ ਹੋਏ ਸੱਚ ਅਨੁਸਾਰ ਨਹੀਂ ਕਰਦੇ ਉਸ ਵਿੱਚ ਸਾਡਾ ਵਿਕਾਰ ਹੈ, ਮਾਇਆ ਦਾ ਕਪਟ ਹੈ। ਮਾਇਆ ਦੇ ਇਸ ਕਪਟ ਵਿੱਚੋਂ ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਕਰਕੇ ਪ੍ਰਮਾਤਮਾ ਆਪ ਹੀ ਕੱਢਦਾ ਹੈ, ਮਨ ਦੇ ਵਿੱਚ ਚੌਥਾ ਪਦ ਬਖ਼ਸ਼ ਕੇ ਕੱਢਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ॥”

(ਅੰਗ ੫੧੨)

ਆਪਣੇ ਮਨ ਨੂੰ ਜਿੱਤਣਾ ਕੀ ਹੈ ਇਹ ਗੱਲ ਵੀ ਉੱਪਰ ਸਪੱਸ਼ਟ ਕੀਤੀ ਹੋਈ ਹੈ। ਆਪਣੇ ਅੰਦਰ ਦੇ ਵਿਕਾਰਾਂ ਨੂੰ ਜਿੱਤਣਾ, ਮਾਇਆ ਦੇ ਕਪਟ ਨੂੰ ਜਿੱਤਣਾ, ਮਨ ਦੀ ਅਗਿਆਨਤਾ ਨੂੰ ਜਿੱਤਣਾ, ਮਨਮਤਿ ਨੂੰ ਜਿੱਤਣਾ ਹੀ ਇਸ ਮਨ ਨੂੰ ਜਿੱਤਣਾ ਹੈ। ਮਨ ਦੀ ਇਸ ਅਗਿਆਨਤਾ ਨੂੰ ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਜਿੱਤਿਆ ਜਾ ਸਕਦਾ ਹੈ। ਚੌਥੇ ਪਦ ਦੀ ਪ੍ਰਾਪਤੀ, ਸਹਜ ਦੀ ਪ੍ਰਾਪਤੀ ਸਾਡੇ ਅੰਦਰ ਜੋਤਿ ਦੇ ਵਿੱਚ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਕਰਦਾ ਹੈ ਤੇ ਸਾਨੂੰ ਮਾਇਆ ਦੇ ਕਪਟ ਵਿੱਚੋਂ ਕੱਢਦਾ ਹੈ। ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਸਾਨੂੰ “ਅਨੰਦ ਰਸੁ” ਦੀ ਪ੍ਰਾਪਤੀ ਹੁੰਦੀ ਹੈ। ਇਹ “ਰਸੁ” ਸੱਚੇ ਗਿਆਨ ਦਾ ਰਸ ਹੈ ਭਾਵ ਸੱਚੇ ਗਿਆਨ ਦੀ ਸੋਝੀ ਹੈ, ਮਨ ਦੇ ਅੰਦਰ ਬ੍ਰਹਗਿਆਨ ਦੀ ਸੋਝੀ ਹੈ

25/2760

ਜਿਸ ਦੁਆਰਾ ਅਸੀਂ “ਆਨੰਦ ਰੂਪ” ਪ੍ਰਮਾਤਮਾ ਦੇ ਨਾਲ ਜੁੜਦੇ ਹਾਂ। ਇਹ “ਆਨੰਦ ਰੂਪ” ਸਾਨੂੰ “ਕਪਟ ਰੂਪ” ਵਿੱਚੋਂ ਕੱਢਦਾ ਹੈ ਜਿਵੇਂ ਅਸੀਂ ਕੁੱਝ ਪਿੱਛੇ ਇਸ ਗੱਲ ਨੂੰ ਸਮਝਿਆ ਹੈ। “ਆਨੰਦ ਰੂਪ” ਸੱਚੇ ਗਿਆਨ ਦਾ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵਿਚਰਦਾ ਹੈ। ਇਹ ਰੂਪ ਉਸਦਾ ਸਹਜ ਰੂਪ ਹੈ, ਬ੍ਰਹਮਗਿਆਨ ਰੂਪ ਹੈ, ਚੌਥੇ ਪਦ ਦਾ ਰੂਪ ਹੈ। ਕਪਟ ਰੂਪ ਸਾਡੇ ਅੰਦਰ ਮਾਇਆ ਦਾ ਛਲ ਰੂਪ ਹੈ, ਵਿਕਾਰ ਰੂਪ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਅਗਿਆਨਤਾ ਵਾਲੀ ਅਵੱਸਥਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ, ਮਨ ਦੇ ਵਿੱਚ ਆਪਣੇ ਦਰਸ਼ਨਾਂ ਦੀ ਕ੍ਰਿਪਾ ਕਰਦਾ ਹੈ ਉਸ ਨੂੰ ਮਨ ਦੇ ਵਿੱਚ ਆਪਣਾ “ਅਨੰਦ ਰਸੁ” ਹੀ ਪਿਆਉਂਦਾ ਹੈ ਤੇ ਇਹ “ਅਨੰਦ ਰਸੁ” ਹੀ ਉਸ ਦਾ ਅੰਮ੍ਰਿਤ ਰਸ ਹੈ, ਅੰਮ੍ਰਿਤ ਨਾਮ ਹੈ ਜਿਸ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ ਤੇ ਸਾਡਾ ਤ੍ਰੈਗੁਣਾਂ ਤੋਂ ਛੁਟਕਾਰਾ ਹੁੰਦਾ ਹੈ, ਮਨ ਦੇ ਬੰਧਨ ਤੋਂ ਛੁਟਕਾਰਾ ਹੁੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਕਿਸੇ ਨੂੰ ਆਪਣਾ ਭਗਤ ਰੂਪ, ਗੁਰੂ ਰੂਪ, ਗੁਰਸਿੱਖ ਰੂਪ ਬਣਾਉਂਦਾ ਹੈ ਤੇ ਗੁਰਮਤਿ ਦੀ ਸੱਚੀ ਸਿੱਖਿਆ ਬ੍ਰਹਮਗਿਆਨ ਦੇ ਰੂਪ ਵਿੱਚ ਆਪ ਹੀ ਸੁਣਾਉਂਦਾ ਹੈ।

ਮਾਇਆ ਦਾ ਕਪਟ ਸੰਸਾਰ ਦੇ ਵਿੱਚ ਸਭ ਦੇ ਹੀ ਅੰਦਰ ਚੱਲ ਰਿਹਾ ਹੈ ਭਾਵ ਮਾਇਆ ਦੀ ਇਸ ਜੁਗਤਿ ਤੋਂ ਬਾਹਰ ਕੋਈ ਵੀ ਨਹੀਂ ਹੈ। ਇਸ ਜੁਗਤਿ ਤੋਂ ਬਾਹਰ ਉਹੀ ਹੁੰਦਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਕਿਸੇ ਨੂੰ ਚੌਥੇ ਪਦ ਵਿੱਚ ਮੇਲਦਾ ਹੈ। ਚੌਥੇ ਪਦ ਦੀ ਪ੍ਰਾਪਤੀ ਬਿਨ੍ਹਾਂ ਹਰ ਕੋਈ ਮਨਮੁਖਿ ਹੈ, ਅਗਿਆਨੀ ਹੈ ਤੇ ਇਹੋ ਜਿਹੀ ਅਵੱਸਥਾ ਵਿੱਚ ਪ੍ਰਮਾਤਮਾ ਨੂੰ ਅਸੀਂ ਉਹੋ ਜਿਹੇ ਤਰੀਕਿਆਂ ਨਾਲ ਜਪਦੇ ਹਾਂ ਜੋ ਗੁਰਮਤਿ ਤੇ ਪੂਰੇ ਨਹੀਂ ਉਤਰਦੇ ਤੇ ਇਸੇ ਕਰਕੇ ਉਸਦੀ ਸੱਚੀ ਭਗਤੀ ਨਹੀਂ ਹੋ ਸਕਦੀ ਭਾਵ ਭਰਮ ਵਿੱਚ ਰਹਿੰਦੇ ਹੋਏ, ਅਗਿਆਨਤਾ ਵਿੱਚ ਰਹਿੰਦੇ ਹੋਏ, ਆਪਣੇ ਅੰਦਰ ਕਪਟ ਦੇ ਰਹਿੰਦੇ ਹੋਏ ਸਾਡੀ ਰਸਨਾ ਸੱਚੀ ਨਹੀਂ ਹੋ ਸਕਦੀ, ਸਾਡਾ ਮਨ ਸੱਚਾ ਨਹੀਂ ਹੋ ਸਕਦਾ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੩॥

“ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥

ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ॥
ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ॥
ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ॥
ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ॥
ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ॥੨॥"

(ਅੰਗ ੫੧੨)

ਉੱਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀ ਕ੍ਰਿਪਾ ਸਾਡੇ ਤੇ ਕਿਸ ਰੂਪ ਵਿੱਚ ਹੁੰਦੀ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸ ਨੂੰ ਆਪਣੀ ਸਿੱਖਿਆ ਆਪ

25/2761

ਹੀ ਸੁਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸੁਣਾਈ ਹੈ। ਆਪਣੀ ਇਹ ਸਿੱਖਿਆ ਪ੍ਰਮਾਤਮਾ ਮਨ ਦੇ ਵਿੱਚ ਹੀ ਸੁਣਾਉਂਦਾ ਹੈ। ਆਪਣੀ ਇਹ ਸਿੱਖਿਆ ਸੁਣਾ ਕੇ ਪ੍ਰਮਾਤਮਾ ਆਪਣਾ ਨਾਮ ਹੀ ਸਮਝਾਉਂਦਾ ਹੈ ਤੇ ਫਿਰ ਉਸਦੇ ਧਿਆਨ ਵਿੱਚ ਉਸਦਾ ਨਾਮ ਵੱਸਿਆ ਰਹਿੰਦਾ ਹੈ, ਗੁਰਮਤਿ ਵਸੀ ਰਹਿੰਦੀ ਹੈ ਤੇ ਆਪਣੀ ਹਰ ਵਿਚਰਨ ਵਿੱਚ ਪ੍ਰਮਾਤਮਾ ਦਾ ਨਾਮ ਹੀ ਗਾਉਂਦਾ ਹੈ ਭਾਵ ਨਾਮ ਅਨੁਸਾਰ ਹੀ ਵਿਚਰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਸਾਡਾ ਸਹਿਸਾ ਤੋਂ, ਭਰਮ ਤੋਂ ਭਾਵ ਮਾਇਆ ਦੇ ਬੰਧਨ ਤੋਂ ਛੁਟਕਾਰਾ ਹੁੰਦਾ ਹੈ। ਨਾਮ ਦਾ ਮਕਸਦ ਸਾਨੂੰ ਅਗਿਆਨਤਾ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ, ਮਾਇਆ ਦੇ ਕਪਟ ਵਿੱਚੋਂ ਕੱਢਣ ਦਾ ਹੀ ਹੈ ਤੇ ਉਹ ਅਸੀਂ ਤਾਂ ਹੀ ਨਿਕਲਾਂਗੇ ਜਦੋਂ ਗੁਰਬਾਣੀ ਦੀ ਸੱਚੀ ਸਿੱਖਿਆ ਦੇ ਨਾਲ ਜੁੜਾਂਗੇ, ਨਾਮ ਦੇ ਨਾਲ ਜੁੜਾਂਗੇ। **(ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ॥ ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ॥)**

ਸੱਚ ਦੀ ਸੋਝੀ ਸਾਨੂੰ ਮਨ ਦੀ ਇਸ ਅਵੱਸਥਾ ਦੁਆਰਾ ਹੀ ਪੈਂਦੀ ਹੈ ਜਦੋਂ ਸਾਡੇ ਅੰਦਰ ਦੀ ਸਹਿਸਾ, ਦੁਬਿਧਾ ਮਿਟ ਜਾਂਦੀ ਹੈ ਤੇ ਸੱਚੀ ਸਿੱਖਿਆ ਦੀ ਸੋਝੀ ਪੈ ਜਾਂਦੀ ਹੈ। ਮਨ ਦੀ ਇਸ ਅਵੱਸਥਾ ਤੋਂ ਪਹਿਲਾਂ ਅਸੀਂ ਮਾਇਆ ਦੇ ਕਪਟ ਵਾਲੀ ਅਵੱਸਥਾ ਵਿੱਚ ਵਿਚਰਦੇ ਹਾਂ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥
ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ॥"

ਜਦ ਤੱਕ ਸਾਡੇ ਤੇ ਪ੍ਰਮਾਤਮਾ ਦੀ ਕ੍ਰਿਪਾ ਨਹੀਂ ਹੁੰਦੀ ਭਾਵ ਜਦ ਤੱਕ ਉਹ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਸੱਚੀ ਸਿੱਖਿਆ ਨਹੀਂ ਸੁਣਾਉਂਦਾ ਹਰ ਕਿਸੇ ਦੀ ਅਵੱਸਥਾ ਇਹੋ ਜਿਹੀ ਹੀ ਹੈ ਜੋ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਆਪਣੇ ਅੰਦਰ ਇਸ ਕਪਟ ਵਾਲੀ ਬਿਰਤੀ ਦੇ ਕਾਰਨ ਹੀ ਹਰ ਕੋਈ ਮਨਮੁਖਿ ਹੈ, ਅਗਿਆਨੀ ਹੈ ਭਾਵੇਂ ਆਪਣੇ ਆਪ ਨੂੰ ਗੁਰਮੁਖਿ, ਗਿਆਨੀ, ਪੰਡਿਤ ਆਦਿ ਭਾਵ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਹੈ। ਜਦ ਤੱਕ ਸਾਨੂੰ ਮਨ ਦੇ ਅੰਦਰੋਂ ਸੱਚ ਦੀ ਸਮਝ ਨਹੀਂ ਪੈਂਦੀ ਭਾਵ ਪੂਰਨ ਸੱਚ ਦੀ, ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸੋਝੀ ਨਹੀਂ ਪੈਂਦੀ ਸਾਡੇ ਅੰਦਰ ਦਾ ਇਹ ਮਾਇਆ ਦਾ ਕਪਟ ਸਾਡੇ ਕੋਲੋਂ ਝੂਠੇ ਬੋਲ ਬੁਲਾਉਂਦਾ ਹੈ ਜਿੰਨ੍ਹਾਂ ਨੂੰ ਅਸੀਂ ਆਪਣੀ ਭਗਤੀ ਸਮਝਦੇ ਹਾਂ। ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਸਮਝੇ ਹੋਏ ਹਨ ਜੋ ਕਿ ਸਾਨੂੰ ਗੁਰਬਾਣੀ ਵਿੱਚ ਗਿਣਾਏ ਹੋਏ ਹਨ ਤੇ ਉਨ੍ਹਾਂ ਸਾਰੇ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ। ਇਹ ਸਾਰੇ ਤਰੀਕੇ ਸਾਨੂੰ ਕਿਸੇ ਨਾ ਕਿਸੇ ਨੇ ਸਮਝਾਏ ਹਨ, ਆਪਣੀ ਰਸਨਾ ਦੁਆਰਾ ਬੋਲ ਕੇ ਸਮਝਾਏ ਹਨ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਸਮਝ ਕੇ ਉਨ੍ਹਾਂ ਦੀ

25/2762

ਗੱਲ ਨੂੰ ਮੰਨਿਆ ਹੋਇਆ ਹੈ। ਕਿਸੇ ਨੇ ਸਾਨੂੰ ਸਰੀਰਕ ਜਪ ਤਪ ਸਮਝਾਏ ਹਨ, ਕਿਸੇ ਨੇ ਸਾਨੂੰ ਪ੍ਰਮਾਤਮਾ ਨੂੰ ਜੰਗਲਾਂ, ਬਣਾਂ

ਵਿੱਚੋਂ ਖੋਜਣਾ ਸਮਝਾਇਆ ਹੈ, ਕਿਸੇ ਨੇ ਖੰਡਾਂ ਬ੍ਰਹਮੰਡਾਂ ਵਿੱਚੋਂ ਖੋਜਣਾ ਸਮਝਾਇਆ ਹੈ, ਕਿਸੇ ਨੇ ਪਹਾੜਾਂ ਦੀਆਂ ਖੁੰਦਰਾਂ ਵਿੱਚ ਤੇ ਕਿਸੇ ਨੇ ਪਹਾੜਾਂ ਦੀਆਂ ਚੋਟੀਆਂ ਤੇ ਜਪ ਕਰਨਾ ਸਮਝਾਇਆ ਹੈ, ਕਿਸੇ ਨੇ ਮੂਰਤੀਆਂ ਵਿੱਚੋਂ ਪ੍ਰਮਾਤਮਾ ਨੂੰ ਖੋਜਣਾ ਸਮਝਾਇਆ ਹੈ ਤੇ ਕਿਸੇ ਨੇ ਕਿਸੇ ਹੋਰ ਆਕਾਰ ਵਿੱਚ ਖੋਜਣਾ ਸਮਝਾਇਆ ਹੈ ਭਾਵ ਸਰਗੁਣ ਰੂਪ ਵਿੱਚ ਖੋਜਣਾ ਸਮਝਾਇਆ ਹੈ, ਕਿਸੇ ਨੇ ਪ੍ਰਮਾਤਮਾ ਨੂੰ ਤੀਰਥਾਂ ਤੋਂ ਖੋਜਣਾ ਸਮਝਾਇਆ ਹੈ ਤੇ ਕਿਸੇ ਨੇ ਅੱਖਰ ਦਾ ਜਪ ਕਰਨ ਦੁਆਰਾ ਪ੍ਰਮਾਤਮਾ ਨੂੰ ਖੋਜਣਾ ਸਮਝਾਇਆ ਹੈ ਤੇ ਕਿਸੇ ਨੇ ਮਾਲਾ ਜਪਣ ਦੁਆਰਾ ਪ੍ਰਮਾਤਮਾ ਨੂੰ ਖੋਜਣਾ ਸਮਝਾਇਆ ਹੈ। ਕਿਸੇ ਨੇ ਸਾਨੂੰ ਖਾਣੇ ਦੀ ਸੁੱਚ ਨਾਲ ਜੋੜਿਆ ਹੈ ਤੇ ਕਿਸੇ ਨੇ ਸਾਨੂੰ ਕਿਸੇ ਵੇਲੇ ਨੂੰ ਉੱਚਾ ਮੰਨ ਕੇ ਉਸ ਵੇਲੇ ਪ੍ਰਮਾਤਮਾ ਨੂੰ ਜਪਣਾ ਸਮਝਾਇਆ ਹੈ ਤੇ ਇਹੋ ਜਿਹੇ ਹੋਰ ਵੀ ਅਨੇਕਾਂ ਤਰੀਕੇ ਹਨ ਜੋ ਸਾਨੂੰ ਕਿਸੇ ਨਾ ਕਿਸੇ ਨੇ ਆਪਣੀ ਰਸਨਾ ਦੁਆਰਾ ਬੋਲ ਕੇ ਜਾਂ ਪੁਸਤਕਾਂ ਆਦਿ ਲਿਖ ਕੇ ਸਮਝਾਏ ਹਨ। ਉਨ੍ਹਾਂ ਨੇ ਜਿਹੋ ਜਿਹੇ ਵੀ ਤਰੀਕੇ ਸਮਝਾਏ ਹਨ ਇਨ੍ਹਾਂ ਵਿੱਚ ਸੱਚ ਨਹੀਂ ਬਲਕਿ ਝੂਠ ਹੈ। ਸਾਨੂੰ ਇਹ ਝੂਠ ਸਿਖਾਉਣ ਵਾਲੀ ਸਾਡੇ ਅੰਦਰ ਇਹ ਮਾਇਆ ਦੀ ਜੁਗਤਿ ਹੈ, ਮਾਇਆ ਦਾ ਕਪਟ ਹੈ, ਮਾਇਆ ਦਾ ਛਲ ਹੈ ਜੋ ਸਾਨੂੰ ਭਰਮ ਵਿੱਚ ਰੱਖਦੀ ਹੈ ਤੇ ਇਹੀ ਮਾਇਆ ਦੀ ਜੁਗਤਿ ਦਾ ਮੰਤਵ ਹੈ ਭਾਵ ਮਨੋਰਥ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ।

{ਕੋਈ ਜਾਣਿ ਨ ਭੂਲੈ ਭਾਈ॥

ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥੧॥ਰਹਾਉ॥}

(ਅੰਗ ੧੩੪੪)

ਮਾਇਆ ਦੀ ਜੁਗਤਿ ਵਿੱਚ ਰਹਿੰਦਿਆਂ, ਮਾਇਆ ਦੇ ਕਪਟ ਵਿੱਚ ਰਹਿੰਦਿਆਂ ਅਸੀਂ ਜਿਹੋ ਜਿਹੇ ਵੀ ਭਗਤੀ ਦੇ ਉਪਰਾਲੇ ਕਰਦੇ ਹਾਂ ਉਨ੍ਹਾਂ ਨੂੰ ਅਸੀਂ ਠੀਕ ਸਮਝ ਕੇ ਹੀ ਕਰਦੇ ਹਾਂ ਭਾਵ ਕੋਈ ਇਹ ਨਹੀਂ ਸਮਝ ਸਕਦਾ ਕਿ ਉਹ ਭੁੱਲਿਆ ਹੋਇਆ ਹੈ। ਸਾਨੂੰ ਉਹੀ ਕੁੱਝ ਠੀਕ ਲੱਗਦਾ ਹੈ ਜਿਹੋ ਜਿਹੀ ਸਾਨੂੰ ਸਾਡੇ ਅੰਦਰੋਂ ਸਮਝ ਪੈਂਦੀ ਹੈ ਤੇ ਸਾਡੇ ਅੰਦਰ ਸੋਝੀ ਪਾਉਣ ਵਾਲਾ ਆਪ ਪ੍ਰਮਾਤਮਾ ਹੈ। ਜੇਕਰ ਉਹ ਆਪ ਹੀ ਸਾਨੂੰ ਭੁੱਲ ਵਿੱਚ ਰੱਖਣਾ ਚਾਹੁੰਦਾ ਹੈ, ਝੂਠੀ ਭਗਤੀ ਦੇ ਦਿਖਾਵੇ ਦੁਆਰਾ ਸਾਨੂੰ ਖੁਆਰ ਕਰਨਾ ਚਾਹੁੰਦਾ ਹੈ ਫਿਰ ਉਸ ਵਿੱਚ ਸਾਡਾ ਕੋਈ ਜ਼ੋਰ ਨਹੀਂ ਹੈ। ਝੂਠੀ ਭਗਤੀ ਵਿੱਚ ਪ੍ਰਮਾਤਮਾ ਨੇ ਉਨ੍ਹਾਂ ਨੂੰ ਹੀ ਲਗਾਇਆ ਹੋਇਆ ਹੈ ਜਿੰਨ੍ਹਾਂ ਤੇ ਉਸਦੀ ਕਿਰਪਾ ਨਹੀਂ ਹੈ। ਮਾਇਆ ਦੀ ਜੁਗਤਿ ਦਾ ਮਕਸਦ ਸਾਨੂੰ ਸੱਚ ਦੀ ਸੋਝੀ ਤੋਂ ਦੂਜੇ ਪਾਸੇ ਰੱਖਣ ਦਾ ਹੈ ਤੇ ਇਸੇ ਲਈ ਜਿੰਨ੍ਹਾਂ ਨੇ ਸਾਨੂੰ ਭਗਤੀ ਦੇ ਤਰੀਕੇ ਸਿਖਾਏ ਹਨ ਉਨ੍ਹਾਂ ਕੋਲੋਂ ਅੰਦਰ ਚੱਲ ਰਹੇ ਮਾਇਆ ਦੇ ਕਪਟ ਨੇ ਹੀ ਇਹ ਸਭ ਕੁੱਝ ਕਰਵਾਇਆ ਹੈ, ਉਨ੍ਹਾਂ ਕੋਲੋਂ ਝੂਠ ਮਾਇਆ ਦੀ ਜੁਗਤਿ ਨੇ ਹੀ ਅਖਵਾਇਆ ਹੈ। ਇਹੋ ਜਿਹੀ ਭਗਤੀ ਦੇ ਤਰੀਕੇ ਜੋ ਅਸੀਂ ਉਨ੍ਹਾਂ

25/2763

ਕੋਲੋਂ ਸਿੱਖੇ ਹਨ ਉਨ੍ਹਾਂ ਤਰੀਕਿਆਂ ਨਾਲ ਪ੍ਰਮਾਤਮਾ ਸਾਡੇ ਨਾਲ ਨਹੀਂ ਭਿੱਜਦਾ ਕਿਉਂਕਿ ਉਹ ਅੰਦਰ ਬੈਠਾ ਸਭ ਕੁੱਝ ਜਾਣਦਾ ਹੈ। ਇਹੋ ਜਿਹੀ ਭਗਤੀ ਦੁਆਰਾ ਜੋ ਗੁਰਮਤਿ ਅਨੁਸਾਰ ਨਹੀਂ ਹੈ ਉਹ ਸਾਨੂੰ ਸਦਾ "ਦੁਖ" ਵਿੱਚ ਹੀ ਰੱਖਦੀ ਹੈ ਭਾਵ ਜਨਮ ਮਰਨ ਦੇ ਗੇੜ ਵਿੱਚ ਹੀ ਰੱਖਦੀ ਹੈ ਭਾਵ ਇਹੋ ਜਿਹੀ ਭਗਤੀ ਦੁਆਰਾ ਅਸੀਂ ਉਸ "ਸੁਖ" ਰੂਪ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਉਸ ਨਾਲ ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ ਤੇ ਮਨ ਦੀ ਅਗਿਆਨਤਾ ਦੂਰ ਹੋਏ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। **(ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥ ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥ ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ॥ ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ॥ ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ॥ ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ॥ ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ॥੨॥)**

ਆਪਣੇ ਬਾਹਰੀ ਰੂਪ ਦੁਆਰਾ, ਆਪਣੇ ਸਰੀਰਕ ਜਪਾਂ ਤਪਾਂ ਆਦਿ ਦੁਆਰਾ ਭਾਵੇਂ ਸਾਨੂੰ ਕੋਈ ਜਿਤਨਾ ਮਰਜ਼ੀ ਧਰਮ ਦੇ ਮਾਰਗ ਤੇ ਉੱਚਾ ਲੱਗਦਾ ਹੈ ਪਰ ਜਿੰਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਜਦ ਤੱਕ ਆਪਣੇ ਅੰਦਰੋਂ ਨਹੀਂ ਜਾਣਿਆ ਉਹ ਮਾਇਆ ਦੇ ਛਲ ਵਿੱਚੋਂ ਨਹੀਂ ਨਿਕਲ ਸਕੇ। ਜਿੰਨ੍ਹਾਂ ਨੂੰ ਅਸੀਂ ਵੱਡਾ ਕਰਕੇ ਪੂਜਦੇ ਹਾਂ, ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ

ਹੈ ਜੇਕਰ ਉਹ ਆਪ ਹੀ ਮਾਇਆ ਦੇ ਛਲ ਵਿੱਚ ਰਹੇ ਹਨ ਤੇ ਸਾਨੂੰ ਵੀ ਉਨ੍ਹਾਂ ਨੇ ਉਹੋ ਜਿਹੀ ਭਗਤੀ ਸਿਖਾਈ ਹੈ ਜਿਹੋ ਜਿਹੀ ਮਾਇਆ ਦੇ ਛਲ ਨੇ ਉਨ੍ਹਾਂ ਨੂੰ ਸੋਝੀ ਪਾਈ ਹੈ। ਉਹ ਭਗਤੀ ਨੂੰ ਸਮਝਣ ਵਿੱਚ ਆਪ ਭਰਮ ਵਿੱਚ ਰਹੇ ਹਨ ਤੇ ਦੂਸਰਿਆਂ ਨੂੰ ਵੀ ਉਨ੍ਹਾਂ ਨੇ ਭਰਮ ਵਿੱਚ ਹੀ ਪਾਇਆ ਹੈ ਜਿਵੇਂ ਕਿ ਅਗਲੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਆਸਾ ਇਕਤੁਕੇ ੪॥

"ਸਰਪਨੀ ਤੇ ਊਪਰਿ ਨਹੀ ਬਲੀਆ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥੧॥ਰਹਾਉ॥
ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥ ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥੨॥
ਸ੍ਰਪਨੀ ਤੇ ਆਨ ਛੂਛ ਨਹੀ ਅਵਰਾ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ॥੩॥
ਇਹ ਸ੍ਰਪਨੀ ਤਾ ਕੀ ਕੀਤੀ ਹੋਈ॥ ਬਲੁ ਅਬਲੁ ਕਿਆ ਇਸ ਤੇ ਹੋਈ॥੪॥
ਇਹ ਬਸਤੀ ਤਾ ਬਸਤ ਸਰੀਰਾ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ॥੫॥੬॥੧੯॥"

(ਅੰਗ ੪੮੦)

"ਸਰਪਨੀ" ਮਾਇਆ ਹੈ ਜਿਸ ਨੂੰ ਸਭ ਤੋਂ ਬਲੀ ਦੱਸਿਆ ਹੈ। ਇਸ ਦਾ ਬਲੀ ਰੂਪ ਇਸਦਾ ਛਲ ਰੂਪ ਹੈ ਕਿਉਂਕਿ ਇਸ ਦੇ ਛਲ ਵਿੱਚੋਂ ਆਪਣੇ ਆਪ ਕੋਈ ਨਹੀਂ ਨਿਕਲ ਸਕਦਾ। ਧਿਆਨ ਨਾਲ ਸਮਝੋ ਕਿ ਇਸ ਦਾ ਛਲ ਕਿਸ ਰੂਪ ਵਿੱਚ ਹੈ। ਇਸ ਮਾਇਆ ਨੇ ਬ੍ਰਹਮਾ, ਬਿਸ਼ਨ ਤੇ ਮਹਾਂਦੇਵ ਨੂੰ ਵੀ ਛਲਿਆ ਹੈ ਜਿੰਨ੍ਹਾਂ ਨੇ ਸਾਨੂੰ ਭਗਤੀ ਦਾ ਮਾਰਗ ਸਮਝਾਇਆ ਹੈ ਤੇ ਆਪਣੇ ਆਪ ਨੂੰ ਹੀ ਪ੍ਰਮਾਤਮਾ ਦੱਸਿਆ ਹੈ। ਇਸ ਮਾਰਗ ਦੇ ਛਲ ਨੇ ਉਨ੍ਹਾਂ ਕੋਲੋਂ ਉਹੋ ਕੁੱਝ ਅਖਵਾਇਆ ਹੈ ਜਿਸ ਵਿੱਚ ਸੱਚ ਨਹੀਂ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਦੱਸਿਆ ਹੈ ਜੋ ਕਿ ਝੂਠੀ ਗੱਲ ਹੈ। ਪ੍ਰਮਾਤਮਾ ਕੋਈ ਆਕਾਰ ਰੂਪ ਨਹੀਂ ਹੈ, ਬਲਕਿ ਉਹ ਜੋਤਿ ਰੂਪ ਹੈ, ਨਿਰਗੁਣ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ। ਬ੍ਰਹਮਾ, ਬਿਸ਼ਨ ਤੇ ਮਹਾਂਦੇਵ ਨੂੰ ਵੀ ਆਪਣੇ ਅੰਦਰੋਂ

ਉਸ ਨਿਰਗੁਣ ਰੂਪ ਦੀ ਸੋਝੀ ਨਹੀਂ ਪਈ ਤੇ ਉਨ੍ਹਾਂ ਦੇ ਅੰਦਰ ਚੱਲ ਰਹੇ ਮਾਇਆ ਦੇ ਛਲ ਨੇ ਉਨ੍ਹਾਂ ਨੂੰ ਇਹੀ ਸਮਝਾਇਆ ਹੈ ਕਿ ਉਹ ਆਪ ਪ੍ਰਮਾਤਮਾ ਹਨ। ਉਨ੍ਹਾਂ ਨੂੰ ਜੋ ਅੰਦਰੋਂ ਗਿਆਨ ਮਿਲਿਆ ਉਹ ਉੱਚਾ ਗਿਆਨ ਮਿਲਿਆ ਜਿਸ ਕਰਕੇ ਸੰਸਾਰ ਨੇ ਉਨ੍ਹਾਂ ਨੂੰ ਉੱਚਾ ਸਮਝਿਆ ਪਰ ਉਸ ਗਿਆਨ ਦਾ ਸ੍ਰੋਤ ਕੀ ਹੈ, ਉਨ੍ਹਾਂ ਦੇ ਅੰਦਰ ਗਿਆਨ ਪਾਉਣ ਵਾਲਾ ਕੌਣ ਸੀ ਇਸ ਗੱਲ ਦੀ ਸੋਝੀ ਉਨ੍ਹਾਂ ਨੂੰ ਨਹੀਂ ਪਈ। ਇਸੇ ਲਈ ਬਾਣੀ ਵਿੱਚ ਉਨ੍ਹਾਂ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਦੱਸਿਆ ਗਿਆ ਹੈ ਤੇ ਇਹ ਤ੍ਰੈਗੁਣਾਂ ਵਾਲੀ ਅਵੱਸਥਾ ਹੀ ਸਾਡੇ ਅੰਦਰ ਚੱਲ ਰਿਹਾ ਇਹ ਮਾਇਆ ਦਾ ਛਲ ਹੈ। ਮਾਇਆ ਦੇ ਛਲ ਵਿੱਚ ਉਨ੍ਹਾਂ ਨੇ ਸਾਨੂੰ ਆਕਾਰ ਰੂਪ ਦੀ ਭਗਤੀ ਕਰਨੀ ਸਿਖਾਈ ਹੈ, ਸਰੀਰਕ ਜਪਾਂ ਤਪਾਂ ਦੁਆਰਾ ਭਗਤੀ ਕਰਨੀ ਸਿਖਾਈ ਹੈ ਜਿਸ ਵਿੱਚ ਕੇਵਲ ਮਾਇਆ ਦਾ ਛਲ ਹੈ ਭਾਵ ਸੱਚਾਈ ਨਹੀਂ ਹੈ ਤੇ ਇਸੇ ਲਈ ਬਾਣੀ ਵਿੱਚ ਇਨ੍ਹਾਂ ਗੱਲਾਂ ਦਾ ਖੰਡਨ ਕੀਤਾ ਹੋਇਆ ਹੈ। ਜਿੰਨ੍ਹਾਂ ਨੇ ਬਾਣੀ ਉਚਾਰੀ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲਾਂ ਇਸ ਮਾਇਆ ਦੇ ਛਲ ਵਿੱਚੋਂ ਕੱਢ ਕੇ ਮਨ ਦੇ ਵਿੱਚ ਹੀ ਆਪਣੇ ਨਿਰਗੁਣ ਰੂਪ ਨਾਲ ਜੋੜਿਆ ਹੈ, ਸੱਚੇ ਗਿਆਨ ਦੇ ਸ੍ਰੋਤ ਨਾਲ ਜੋੜਿਆ ਹੈ ਤੇ ਤਾਂ ਹੀ ਉਨ੍ਹਾਂ ਨੇ ਸੰਸਾਰ ਨੂੰ ਸੱਚੀ ਭਗਤੀ ਦੀ ਸੋਝੀ ਪਾਈ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ। **(ਸਰਪਨੀ ਤੇ ਊਪਰਿ ਨਹੀ ਬਲੀਆ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥)**

{ਪਾਇ ਠਗਉਲੀ ਸਭੁ ਜਗੁ ਜੋਹਿਆ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ॥੨॥}

(ਅੰਗ ੩੯੪)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥

ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ॥੧॥}

(ਅੰਗ ੮੫੨)

ਮਾਇਆ ਦੇ ਇਸ ਛਲ ਦਾ ਮਕਸਦ ਸਭ ਨੂੰ ਭਰਮ ਵਿੱਚ ਰੱਖਣ ਦਾ ਹੀ ਹੈ ਤੇ ਜਿਸ ਨੂੰ ਪ੍ਰਮਾਤਮਾ ਬਖ਼ਸ਼ ਲੈਂਦਾ ਹੈ ਉਸਨੂੰ ਭਰਮ ਵਿੱਚੋਂ ਹੀ ਕੱਢਦਾ ਹੈ ਤੇ ਆਪਣਾ ਨਾਮ ਬਖ਼ਸ਼ ਕੇ ਕੱਢਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਭਰਮ ਵਿੱਚੋਂ ਨਿਕਲ ਕੇ ਹੀ ਹੁੰਦਾ ਹੈ, ਮਾਇਆ ਦੀ ਜੁਗਤਿ ਵਿੱਚੋਂ ਨਿਕਲ ਕੇ ਹੀ ਹੁੰਦਾ ਹੈ।

24/2765

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ॥੨॥}

(ਅੰਗ ੭੩੫)

ਸਾਡੇ ਅੰਦਰ ਚੱਲ ਰਿਹਾ ਮਾਇਆ ਦਾ ਛਲ ਹੀ ਅਸਲ ਵਿੱਚ ਸਾਡਾ ਸਭ ਦਾ ਰੋਗ ਹੈ ਜੋ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ ਹੈ, ਹਉਮੈ ਦੇ ਰੂਪ ਵਿੱਚ ਹੈ। ਇਸ ਅਵੱਸਥਾ ਵਿੱਚ ਰਹਿੰਦੇ ਹੋਏ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਤੇ ਹਰ ਕੋਈ ਬਪੁੜਾ ਹੀ ਹੈ ਭਾਵੇਂ ਆਪਣੇ ਆਪ ਨੂੰ ਕੋਈ ਜਿਤਨਾ ਮਰਜ਼ੀ ਉੱਚਾ ਅਖਵਾ ਲਵੇ। ਜਿਸਨੂੰ ਪ੍ਰਮਾਤਮਾ ਇਸ ਮਾਇਆ ਦੇ ਛਲ ਵਿੱਚੋਂ ਕੱਢਦਾ ਹੈ ਉਸ ਨੂੰ ਮਨ ਦੇ ਅੰਦਰ ਸੋਝੀ ਹੀ ਪਾਉਂਦਾ ਹੈ ਤੇ ਉਸ ਨੂੰ ਹੀ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਗੁਰਮੁਖਿ ਰੂਪ ਬਣਾਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਸਾਨੂੰ ਪ੍ਰਮਾਤਮਾ ਦਾ ਨਿਰਗੁਣ ਰੂਪ ਸਮਝਾਇਆ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਗਿਆਨ ਦਾ ਮਾਲਕ ਨਹੀਂ ਕਿਹਾ ਬਲਕਿ ਪ੍ਰਮਾਤਮਾ ਨੂੰ ਗਿਆਨ ਦਾ ਮਾਲਕ ਕਿਹਾ ਹੈ।

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥੧੭॥}

(ਅੰਗ ੯੦੯)

ਇਸ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੋਈ ਆਪਣੇ ਆਪ ਨਿਕਲ ਜਾਵੇ, ਮਾਇਆਂ ਦੇ ਛਲ ਵਿੱਚੋਂ ਕੋਈ ਆਪਣੇ ਆਪ ਨਿਕਲ ਜਾਵੇ ਭਾਵ ਆਪਣੀ ਕਿਸੇ ਸਮਰੱਥਾ ਨਾਲ, ਆਪਣੀ ਕਿਸੇ ਸਿਆਣਪ ਨਾਲ, ਜਪ ਤਪ ਆਦਿ ਨਾਲ ਇਸ ਵਿੱਚੋਂ ਕੋਈ ਨਿਕਲ ਜਾਵੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਦੇ ਦਰਸ਼ਨ ਇਸ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੇ ਹਨ ਜੋ ਕਿ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ। ਪ੍ਰਮਾਤਮਾ ਦੇ ਨਾਲ ਲਿਵ ਕੇਵਲ ਚੌਥੇ ਪਦ ਵਿੱਚ ਪਹੁੰਚ ਕੇ ਹੀ ਲੱਗਦੀ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ। ਚੌਥਾ ਪਦ ਸੱਚੇ ਗਿਆਨ ਦਾ ਪਦ ਹੈ, ਸਹਜ ਦੀ ਅਵੱਸਥਾ ਦਾ ਪਦ ਹੈ ਜੋ ਕਿ ਪ੍ਰਮਾਤਮਾ ਕਿਸੇ ਨੂੰ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਇਸ ਪਦ ਵਿੱਚ ਰਲਾਉਂਦਾ ਹੈ, ਬ੍ਰਹਮਗਿਆਨ ਦੇ ਪਦ ਵਿੱਚ ਰਲਾਉਂਦਾ ਹੈ।

ਮਾਇਆ ਦਾ ਇਹ ਛਲ ਸਾਡੇ ਅੰਦਰੋਂ ਕਿਵੇਂ ਦੂਰ ਹੁੰਦਾ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

ਆਸਾ ਇਕਤੁਕੇ ੪॥
"ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥

ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥੧॥ਰਹਾਉ॥"

25/2766

ਆਪਣੇ ਛਲ ਦੁਆਰਾ ਇਹ ਮਾਇਆ ਦੀ ਜੁਗਤਿ ਸਭ ਨੂੰ ਵੱਡੀ ਮਾਰ ਮਾਰ ਰਹੀ ਹੈ ਭਾਵ ਇਸਦੀ ਮਾਰ ਤੋਂ ਬਚਣਾ ਸਾਡੇ ਲਈ ਨਾਮੁਮਕਿਨ ਹੈ, ਆਪਣੀ ਅਗਿਆਨਤਾ ਵਿੱਚੋਂ ਨਿਕਲਣਾ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਣਾ ਸਾਡੇ ਲਈ ਨਾਮੁਮਕਿਨ ਹੈ। ਇਸਨੂੰ ਅਗਰ ਕੋਈ ਖਾਮੋਸ਼ ਕਰ ਸਕਦਾ ਹੈ, ਸ਼ਾਂਤ ਕਰ ਸਕਦਾ ਹੈ ਭਾਵ ਚੁੱਪ ਕਰਾ ਸਕਦਾ ਹੈ ਭਾਵ ਇਸ ਦੀ ਮਾਰ ਤੋਂ ਬਚਾ ਸਕਦਾ ਹੈ ਉਹ ਸਾਡੇ ਅੰਦਰ ਦਾ ਨਿਰਮਲ ਜਲ ਹੈ, ਅੰਮ੍ਰਿਤ ਜਲ ਹੈ। ਅੰਮ੍ਰਿਤ ਜਲ ਕੀ ਹੈ ਇਸਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਅੰਮ੍ਰਿਤ ਜਲ ਦਾ ਸਰੋਵਰ ਸਾਡੇ ਅੰਦਰ ਹੀ ਹੈ ਜੋ ਕਿ ਸੱਚੇ ਗਿਆਨ ਦਾ ਸਰੋਵਰ ਹੈ। ਇਸ ਸੱਚੇ ਗਿਆਨ ਦੇ ਸਰੋਵਰ ਦਾ ਇਸ਼ਨਾਨ ਕਰਨ ਨਾਲ ਮਨੁੱਖ ਚੌਥੇ ਪਦ ਵਿੱਚ ਪ੍ਰਵੇਸ਼ ਕਰਦਾ ਹੈ ਤੇ ਮਨ ਦੇ ਵਿੱਚ ਇਹ ਇਸ਼ਨਾਨ ਕਿਸੇ ਨੂੰ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਜੋ ਕਿ ਕੇਵਲ ਗੁਰਪ੍ਰਸਾਦਿ ਹੈ। ਜਿਸਨੂੰ ਪ੍ਰਮਾਤਮਾ ਆਪਣੇ ਇਸ ਸੱਚੇ ਤੀਰਥ ਦਾ ਇਸ਼ਨਾਨ ਕਰਵਾਉਂਦਾ ਹੈ, ਮਨ ਦੇ ਵਿੱਚ ਨਿਰਮਲ ਜਲ ਦਾ ਇਸ਼ਨਾਨ ਕਰਵਾਉਂਦਾ ਹੈ ਉਸਨੂੰ ਹੀ ਆਪਣੇ ਅੰਦਰੋਂ ਮਾਇਆ ਦੀ ਜੁਗਤਿ ਨਜ਼ਰ ਆਉਂਦੀ ਹੈ ਭਾਵ ਉਸਦੀ ਸੋਝੀ ਪੈਂਦੀ ਹੈ ਕਿ ਹਰ ਕੋਈ ਭਰਮ ਵਿੱਚ ਕਿਸ ਲਈ ਹੈ। ਮਨ ਦੇ ਵਿੱਚੋਂ ਹੀ ਇਹ ਸਮਝ ਪੈਂਦੀ ਹੈ ਕਿ ਸਭ ਨੂੰ ਭਰਮ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਵਿਚਰ ਰਿਹਾ ਹੈ ਪਰ ਉਹ ਕਿਸੇ ਨੂੰ ਇਸ ਗੱਲ ਦੀ ਸੋਝੀ ਨਹੀਂ ਪੈਣ ਦਿੰਦਾ। ਮਨ ਦੇ ਵਿੱਚੋਂ ਇਸ ਗੱਲ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਮਾਇਆ ਦੇ ਛਲ ਵਿੱਚ ਹੀ ਹੈ ਭਾਵ ਮਾਇਆ ਦੀ ਜੁਗਤਿ ਵਿੱਚ ਹੀ ਹੈ, ਤ੍ਰੈਗੁਣਾਂ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ, ਹਰ ਕੋਈ ਨਾਮ ਵਿਹੂਣਾ ਹੀ ਹੈ, ਭਰਮ ਵਿੱਚ ਹੀ ਹੈ, ਮਨਮਤਿ ਵਿੱਚ ਹੀ ਹੈ ਤੇ ਗੁਰਮਤਿ ਦੀ ਸੱਚੀ ਸੋਝੀ ਤੋਂ ਦੂਰ ਹੀ ਹੈ, ਪ੍ਰਮਾਤਮਾ ਦੀ ਸੱਚੀ ਭਗਤੀ ਸਮਝਣ ਤੋਂ ਦੂਰ ਹੀ ਹੈ ਤੇ ਆਪਣੇ ਆਪ ਨੂੰ ਉੱਚਾ ਸਮਝਣ ਦੀ ਭੁੱਲ ਵਿੱਚ ਹੀ ਹੈ। **(ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ॥੧॥ਰਹਾਉ॥)**

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ॥੧੪॥}

(ਅੰਗ ੧੦੩੨)

ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਪਹਿਚਾਣੇ ਬਿਨ੍ਹਾਂ, ਉਸ "ਅਲਖੁ" ਨੂੰ ਲਖੇ ਬਿਨ੍ਹਾਂ ਕਿਸੇ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਨਹੀਂ ਪੈ ਸਕਦੀ ਕਿਉਂਕਿ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ, ਉਸਦੇ ਨਿਰਗੁਣ ਰੂਪ ਨੂੰ ਜਾਣੇ ਬਿਨ੍ਹਾਂ ਹਰ ਕੋਈ ਮਾਇਆ ਦੇ ਛਲ ਵਿੱਚ ਹੀ ਹੈ ਤੇ ਮਾਇਆ ਦੇ ਛਲ ਦਾ ਮਕਸਦ ਸਾਨੂੰ ਭਰਮ ਵਿੱਚ ਰੱਖਣ ਦਾ ਹੀ ਹੈ।

25/2767

ਸਾਨੂੰ ਭਗਤੀ ਦੇ ਪੁੱਠੇ ਤਰੀਕੇ ਸਮਝਾਉਣ ਵਾਲਾ ਸਾਡੇ ਅੰਦਰ ਚੱਲ ਰਿਹਾ ਮਾਇਆ ਦਾ ਛਲ ਹੀ ਹੈ, ਮਾਇਆ ਦੀ ਠੱਗੀ ਹੀ ਹੈ। ਮਾਇਆ ਦੀ ਇਹ ਠੱਗੀ ਸਾਡੀ ਮਤਿ ਨੂੰ ਪੁੱਠੀ ਗੱਲ ਸਮਝਾਉਂਦੀ ਹੈ। ਇਹੀ ਸਾਡੇ ਅੰਦਰ ਦੇ ਕਮਲ ਦਾ ਪੁੱਠਾ ਹੋਣਾ ਹੈ ਜਿਸ ਕਰਕੇ ਹਰ ਕੋਈ ਮਨਮਤਿ ਵਿੱਚ, ਦੁਰਮਤਿ ਵਿੱਚ ਰਹਿੰਦਾ ਹੈ ਤੇ ਉਸ ਨੂੰ ਪ੍ਰਮਾਤਮਾ ਦੀ ਸਮਝ ਨਹੀਂ ਪੈਂਦੀ।

{ਊਂਧੋ ਕਵਲੁ ਸਗਲ ਸੰਸਾਰੈ॥ ਦੁਰਮਤਿ ਅਗਨਿ ਜਗਤ ਪਰਜਾਰੈ॥
ਸੋ ਉਬਰੈ ਗੁਰ ਸਬਦੁ ਬੀਚਾਰੈ॥੨॥}

(ਅੰਗ ੨੨੫)

ਪ੍ਰਮਾਤਮਾ ਸਾਡੇ ਸਭ ਦੇ ਅੰਦਰ "ਸਬਦੁ" ਰੂਪ ਵਿੱਚ ਹੀ ਹੈ ਜੋ ਕਿ ਉਸਦਾ ਸੱਚ ਰੂਪ ਹੈ ਤੇ ਪ੍ਰਮਾਤਮਾ ਦੇ ਇਸ ਸ਼ਬਦ ਰੂਪ ਨਾਲ, ਸੱਚ ਰੂਪ ਨਾਲ ਜੁੜਨ ਦੁਆਰਾ ਹੀ ਅਸੀਂ ਇਸ ਮਾਇਆ ਦੇ ਛਲ ਵਿੱਚੋਂ ਨਿਕਲ ਸਕਦੇ ਹਾਂ, ਦੁਰਮਤਿ ਦੀ ਅਗਨਿ ਵਿੱਚੋਂ ਨਿਕਲ ਸਕਦੇ ਹਾਂ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚੋਂ ਨਿਕਲ ਸਕਦੇ ਹਾਂ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥ ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥੨॥
ਸ੍ਰਪਨੀ ਤੇ ਆਨ ਛੂਛ ਨਹੀ ਅਵਰਾ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ॥੩॥”

ਮਾਇਆ ਮੋਹ ਨੂੰ ਛੱਡਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ, ਇਸ ਵਿੱਚੋਂ ਨਿਕਲਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਪਰ ਇਸ ਵਿੱਚੋਂ ਨਿਕਲਣਾ ਕੀ ਹੈ, ਮਾਇਆ ਦੇ ਛਲ ਵਿੱਚੋਂ ਨਿਕਲਣਾ ਕੀ ਹੈ, ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ। **(ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥)** ਜਦ ਤੱਕ ਅਸੀਂ ਆਪਣੇ ਅੰਦਰੋਂ “ਸਾਚੁ” ਨੂੰ ਭਾਵ ਪ੍ਰਮਾਤਮਾ ਨੂੰ ਨਹੀਂ ਪਹਿਚਾਣਦੇ ਇਸ ਮਾਇਆ ਦੇ ਛਲ ਵਿੱਚੋਂ ਕੋਈ ਨਹੀਂ ਨਿਕਲ ਸਕਦਾ। ਇਸ ਮਾਇਆ ਰੂਪ ਸੱਪਣੀ ਨੂੰ ਉਨ੍ਹਾਂ ਨੇ ਹੀ ਖਾਧਾ ਹੈ ਭਾਵ ਆਪਣੇ ਅੰਦਰੋਂ ਉਨ੍ਹਾਂ ਨੇ ਹੀ ਇਸ ਨੂੰ ਮੁਕਾਇਆ ਹੈ ਜਿੰਨ੍ਹਾਂ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋਏ ਹਨ, ਉਸਦੇ ਬ੍ਰਹਮਗਿਆਨ ਰੂਪ ਦੇ ਦਰਸ਼ਨ ਹੋਏ ਹਨ ਜਿਸ ਦੁਆਰਾ ਉਨ੍ਹਾਂ ਨੇ ਆਪਣੇ ਅੰਦਰ ਦੇ ਭਰਮ ਨੂੰ ਖਾਧਾ ਹੈ, ਅਗਿਆਨਤਾ ਨੂੰ, ਮਾਇਆ ਦੇ ਛਲ ਨੂੰ ਆਪਣੇ ਅੰਦਰੋਂ ਮੁਕਾਇਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਇਸ ਵਿੱਚੋਂ ਉਭਰੇ ਹਨ ਭਾਵ ਨਿਕਲੇ ਹਨ। ਜੋ ਇਸ ਮਾਇਆ ਦੀ ਜੁਗਤਿ ਵਿੱਚੋਂ ਉਭਰਦਾ ਹੈ। ਉਹ ਫਿਰ “ਸਬਦੁ” ਨੂੰ ਹੀ ਗੁਰੂ ਸਮਝਦਾ ਹੈ ਜੋ ਕਿ ਪ੍ਰਮਾਤਮਾ ਦਾ ਸੱਚ ਰੂਪ ਹੈ। **(ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥੨॥)**

ਸਾਨੂੰ ਜਮਾ ਦੇ ਵੱਸ, ਔਗੁਣਾਂ ਦੇ ਵੱਸ, ਮਨ ਦਾ ਭਰਮ ਹੀ ਪਾਉਂਦਾ ਹੈ, ਮਾਇਆ ਦੀ ਜੁਗਤਿ ਹੀ ਪਾਉਂਦੀ ਹੈ ਤੇ ਇਸ ਜੁਗਤਿ ਤੋਂ ਖਾਲੀ ਪੂਰੇ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਜਦ ਤੱਕ ਮਨੁੱਖ ਇਸ ਮਾਇਆ ਮੋਹ ਦੀ ਜੁਗਤਿ ਵਿੱਚੋਂ ਨਹੀਂ ਨਿਕਲਦਾ ਤਦ ਤੱਕ ਜਮਾ ਤੋਂ ਛੁਟਕਾਰਾ ਵੀ ਨਹੀਂ ਹੈ,

25/2768

ਔਗੁਣਾਂ ਤੋਂ ਛੁਟਕਾਰਾ ਵੀ ਨਹੀਂ ਹੈ, ਆਵਾਗਉਣ ਤੋਂ ਛੁਟਕਾਰਾ ਵੀ ਨਹੀਂ ਹੈ। ਇਸ ਮਾਇਆ ਮੋਹ ਦੀ ਜੁਗਤਿ ਨੂੰ ਜਿੱਤਣ ਦੁਆਰਾ ਹੀ ਮਨੁੱਖ ਔਗੁਣਾਂ ਵਿੱਚੋਂ ਨਿਕਲ ਸਕਦਾ ਹੈ। **(ਸ੍ਰਪਨੀ ਤੇ ਆਨ ਛੂਛ ਨਹੀ ਅਵਰਾ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ॥੩॥)**

ਭਰਮ ਵਿੱਚ ਰਹਿੰਦੇ ਹੋਏ ਮਨੁੱਖ ਅਨੇਕਾਂ ਹੀ ਇਹੋ ਜਿਹੇ ਕਰਮ ਕਰਦਾ ਹੈ ਜਿਸ ਵਿੱਚ ਗੁਰਮਤਿ ਨਹੀਂ ਹੁੰਦੀ, ਸੱਚ ਨਹੀਂ ਹੁੰਦਾ, ਜਿਸਦੀ ਕਿ ਸਾਨੂੰ ਸਮਝ ਨਹੀਂ ਹੈ। ਇਹੋ ਜਿਹੇ ਸਾਡੇ ਕਰਮ ਔਗੁਣ ਹੀ ਹੁੰਦੇ ਹਨ ਭਾਵੇਂ ਉਨ੍ਹਾਂ ਵਿੱਚ ਅਸੀਂ ਆਪਣੀ ਭਗਤੀ ਸਮਝਦੇ ਹਾਂ। ਜਿਹੋ ਜਿਹੀ ਭਗਤੀ ਦੇ ਤਰੀਕੇ ਸਾਨੂੰ ਬਾਣੀ ਵਿੱਚ ਵਾਰ-ਵਾਰ ਛੱਡਣ ਲਈ ਸਮਝਾਏ ਹਨ ਉਹ ਸਾਡੇ ਗੁਣ ਨਹੀਂ ਬਲਕਿ ਔਗੁਣ ਹਨ ਜਿੰਨ੍ਹਾਂ ਨਾਲ ਸਾਡੀ ਕੇਵਲ ਮੈਂ ਹੀ ਵੱਧਦੀ ਹੈ ਤੇ ਭਗਤੀ ਦਾ ਗਲਤ ਪ੍ਰਚਾਰ ਹੁੰਦਾ ਹੈ, ਸੱਚੀ ਗੱਲ ਦੇ ਉਲਟ ਪ੍ਰਚਾਰ ਹੁੰਦਾ ਹੈ। ਇਹ ਸਾਡੇ ਅੰਦਰ ਮਾਇਆ ਦਾ ਛਲ ਹੀ ਹੈ ਜੋ ਸਾਨੂੰ ਪੁੱਠੇ ਮਾਰਗ ਤੇ ਤੋਰਦਾ ਹੈ।

ਮਾਇਆ ਦੀ ਇਹ ਜੁਗਤਿ ਸਾਡੇ ਅੰਦਰ ਆਪਣੀ ਪਾਈ ਹੋਈ ਨਹੀਂ ਹੈ ਤੇ ਇਸੇ ਲਈ ਇਸ ਵਿੱਚੋਂ ਨਿਕਲਣਾ, ਮਨ ਦੇ ਭਰਮ ਵਿੱਚੋਂ ਨਿਕਲਣਾ ਸਾਡੇ ਆਪਣੇ ਵੱਸ ਨਹੀਂ ਹੈ। ਜਿਸਨੇ ਸਾਡੇ ਅੰਦਰ ਇਹ ਜੁਗਤਿ ਪਾਈ ਹੋਈ ਹੈ ਉਹੀ ਸਾਨੂੰ ਇਸ ਵਿੱਚੋਂ ਕੱਢ ਸਕਦਾ ਹੈ। ਅਸੀਂ ਆਪਣੇ ਵੱਲੋਂ ਅਨੇਕਾਂ ਹੀ ਹੀਲੇ ਕਰਦੇ ਹਾਂ, ਸਮਾਧੀਆਂ ਆਦਿ ਲਗਾਉਂਦੇ ਹਾਂ, ਸਵਾਸਾਂ ਆਦਿ ਦੀਆਂ ਕਿਰਿਆਵਾਂ ਕਰਦੇ ਹਾਂ ਪਰ ਇਹੋ ਜਿਹੇ ਜ਼ੋਰ ਲਗਾਉਣੇ ਵਿਅਰਥ ਹਨ। ਅਗਿਆਨਤਾ ਵਿੱਚੋਂ ਨਿਕਲਣਾ, ਭਰਮ ਵਿੱਚੋਂ ਨਿਕਲਣਾ ਮਨ ਦਾ ਵਿਸ਼ਾ ਹੈ, ਮਨ ਦੇ ਵਿਚਾਰਾਂ ਦਾ ਵਿਸ਼ਾ ਹੈ ਤੇ ਇਸ ਦੇ ਵਿੱਚੋਂ ਮਨ ਦੇ ਵਿਚਾਰਾਂ ਰਾਹੀਂ ਹੀ ਨਿਕਲਿਆ ਜਾ ਸਕਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਉਪਜਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਜੋ ਕਿ ਕੇਵਲ ਤੇ ਕੇਵਲ ਉਸ ਅਕਾਲ ਪੁਰਖ ਦੀ ਰਜ਼ਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਇਸ ਵਿੱਚੋਂ ਨਿਕਲਣ ਦਾ ਇੱਕੋ ਇੱਕ ਉੱਦਮ ਸ਼ਬਦ ਦੇ ਵਿਚਾਰਾਂ ਦੇ ਨਾਲ ਜੁੜਨ ਦਾ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣ ਦਾ ਹੈ ਜੋ ਗੱਲ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਤੇ ਜੇਕਰ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਕੇਵਲ ਰਟੀ ਜਾਈਏ, ਸ਼ਬਦ ਦੀ ਲਿਖਤ ਨੂੰ ਕੇਵਲ ਪੜ੍ਹੀ ਜਾਈਏ ਤੇ ਸਰੀਰਕ ਜਪਾਂ ਤਪਾਂ ਆਦਿ ਵਿੱਚ ਲੱਗੇ ਰਹੀਏ ਫਿਰ ਸਾਨੂੰ ਭਰਮ ਵਿੱਚੋਂ ਕੌਣ ਕੱਢ ਸਕਦਾ ਹੈ, ਮਾਇਆ ਦੇ ਛਲ ਵਿੱਚੋਂ ਕੌਣ ਕੱਢ ਸਕਦਾ ਹੈ। ਜਿਹੋ ਜਿਹੀ ਭਗਤੀ ਵਿੱਚ ਅਸੀਂ ਲੱਗੇ ਹੋਏ ਹਾਂ ਇਹ ਸਾਡੇ ਅੰਦਰ ਮਾਇਆ ਦਾ ਛਲਾਵਾ ਹੀ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ ਜੋ ਕਿ ਇਸ ਮਾਇਆ ਦੇ ਛਲ ਦਾ ਮਕਸਦ ਹੈ। ਜਿਸਨੇ ਸਾਡੇ ਅੰਦਰ ਇਹ ਮਾਇਆ ਦਾ ਛਲ ਪਾਇਆ ਹੋਇਆ ਹੈ ਉਹ ਆਪ ਹੀ ਗੁਰਬਾਣੀ ਦੀ ਰਚਨਾ ਕਰਨ ਵਾਲਾ ਹੈ ਜਿਸ ਰਾਹੀਂ ਉਸਨੇ ਸਾਨੂੰ ਇਸ ਛਲ ਵਿੱਚੋਂ ਨਿਕਲਣ ਦਾ

ਤਰੀਕਾ ਵੀ ਆਪ ਹੀ ਸਮਝਾਇਆ ਹੈ। ਸਾਨੂੰ ਆਪਣੇ ਜ਼ੋਰ ਲਗਾਉਣ ਦੇ ਤਰੀਕੇ ਛੱਡ ਕੇ ਕੇਵਲ ਸ਼ਬਦ ਦੀ ਵਿਚਾਰ ਅਨੁਸਾਰ ਵਿਚਰਨਾ ਚਾਹੀਦਾ ਹੈ ਜੋ ਕਿ ਇਸ ਮਾਇਆ ਦੇ ਛਲ ਵਿੱਚੋਂ ਨਿਕਲਣ ਦਾ ਸਾਧਨ ਹੈ। **(ਇਹ ਸ੍ਰਪਨੀ ਤਾ ਕੀ ਕੀਤੀ ਹੋਈ॥ ਬਲੁ ਅਬਲੁ ਕਿਆ ਇਸ ਤੇ ਹੋਈ॥੪॥)**

ਜੋ ਵੀ ਇਸ ਭਰਮ ਦੇ ਛਲ ਤੋਂ ਤਰਿਆ ਹੈ ਉਹ ਸਹਜ ਦੀ ਅਵੱਸਥਾ ਦੁਆਰਾ ਹੀ ਤਰਿਆ ਹੈ, ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਤਰਿਆ ਹੈ, ਬ੍ਰਹਮਗਿਆਨ ਦੀ ਸੋਝੀ

25/2769

ਦੁਆਰਾ ਹੀ ਤਰਿਆ ਹੈ, ਨਾਮ ਦੀ ਸੱਚੀ ਸੋਝੀ ਦੁਆਰਾ ਹੀ ਤਰਿਆ ਹੈ ਜਿਵੇਂ ਕਿ ਉਸਦੇ ਭਗਤ ਤਰੇ ਹਨ। ਭਗਤ ਕਬੀਰ ਜੀ ਸਾਨੂੰ ਸਮਝਾ ਰਹੇ ਹਨ ਕਿ ਮੈਂ ਉਸ ਪ੍ਰਮਾਤਮਾ ਦੀ ਕ੍ਰਿਪਾ ਦੇ ਨਾਲ ਇਸ ਤੋਂ ਤਰਿਆ ਹਾਂ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਦੁਆਰਾ ਤਰਿਆ ਹਾਂ ਭਾਵ ਪ੍ਰਮਾਤਮਾ ਨੇ ਮੈਨੂੰ ਆਪ ਹੀ ਭਰਮ ਵਿੱਚੋਂ ਕੱਢਿਆ ਹੈ, ਮਾਇਆ ਦੀ ਜੁਗਤਿ ਵਿੱਚੋਂ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ, ਹਉਮੈ ਵਿੱਚੋਂ ਕੱਢਿਆ ਹੈ। ਜਦ ਤੱਕ ਸਾਡੇ ਅੰਦਰ ਇਹ ਮਾਇਆ ਦੀ ਜੁਗਤਿ ਵਰਤਦੀ ਰਹਿੰਦੀ ਹੈ, ਹਉਮੈ ਦੀ ਜੁਗਤਿ ਵਰਤਦੀ ਰਹਿੰਦੀ ਹੈ ਤਦ ਤੱਕ ਅਸੀਂ ਆਪਣੇ ਆਪ ਨੂੰ ਭਾਵ ਆਪਣੇ ਸਰੀਰ ਨੂੰ ਮਨੁੱਖੀ ਸਰੀਰ ਸਮਝਦੇ ਹਾਂ ਤੇ ਇਹ ਨਹੀਂ ਸਮਝ ਸਕਦੇ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਇਹੀ ਸਾਡੀ ਮੈਂ ਹੈ ਤੇ ਸਾਡੇ ਅੰਦਰ ਇਸ ਭਰਮ ਵਾਲੀ ਜੁਗਤਿ ਦਾ ਮਕਸਦ ਸਾਨੂੰ ਮੈਂ ਵਿੱਚ ਰੱਖ ਕੇ ਪ੍ਰਮਾਤਮਾ ਨਾਲੋਂ ਵੱਖਰਾ ਰੂਪ ਸਮਝਾਉਣਾ ਹੀ ਹੈ ਭਾਵ ਸਾਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਾਉਣਾ ਹੀ ਹੈ ਭਾਵ ਆਪਣੇ ਅੰਦਰ ਪ੍ਰਮਾਤਮਾ ਦਾ ਹੁੰਦੇ ਹੋਏ ਵੀ ਅਸੀਂ ਉਸ ਨੂੰ ਜਾਣ ਨਹੀਂ ਸਕਦੇ। ਮਾਇਆ ਦੀ ਇਹ ਜੁਗਤਿ ਸਾਡੇ ਅੰਦਰ ਆਪ ਹੀ ਪ੍ਰਮਾਤਮਾ ਨੇ ਪਾਈ ਹੋਈ ਹੈ ਤੇ ਇਸ ਜੁਗਤਿ ਦੁਆਰਾ ਸਾਡੇ ਅੰਦਰ ਭਰਮ ਰੂਪ ਪੜਦਾ ਪਾਇਆ ਹੋਇਆ ਹੈ। ਇਹ ਭਰਮ ਰੂਪ ਪੜਦਾ ਸਹਜ ਦੀ ਅਵੱਸਥਾ ਦੁਆਰਾ ਹੀ ਦੂਰ ਹੁੰਦਾ ਹੈ ਜੋ ਕਿ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ। (**ਇਹ ਬਸਤੀ ਤਾ ਬਸਤ ਸਰੀਰਾ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ॥੫॥੬॥੧੯॥**) ਜਿੰਨ੍ਹਾਂ ਨੂੰ ਉਸ ਹਰਿ ਦਾ ਸੰਗਿ ਮਿਲ ਜਾਂਦਾ ਹੈ ਭਾਵ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਉਸਦੇ ਅੰਦਰੋਂ ਹੀ ਇਹ ਮਾਇਆ ਦਾ ਛਲ ਦੂਰ ਹੁੰਦਾ ਹੈ ਤੇ ਉਨ੍ਹਾਂ ਦੀ ਹੀ ਤ੍ਰਿਸ਼ਨਾ ਰੂਪ ਅਗਨਿ ਬੁਝਦੀ ਹੈ ਤੇ ਮਨ ਦੇ ਵਿੱਚ ਸੰਤੋਖ ਆਉਂਦਾ ਹੈ। ਇਹ ਮਾਇਆ ਦੀ ਜੁਗਤਿ ਸਭ ਨੂੰ ਤ੍ਰਿਸ਼ਨਾ ਵਿੱਚ ਰੱਖਦੀ ਹੈ ਤੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣਾ ਵੀ ਸਾਡੀ ਤ੍ਰਿਸ਼ਨਾ ਹੈ ਜੋ ਸਾਡੇ ਅੰਦਰ ਇਸ ਮਾਇਆ ਦੇ ਛਲ ਦਾ, ਕਪਟ ਦਾ ਨਤੀਜਾ ਹੈ।

{ਹਰਿ ਸੰਗਿ ਰਾਤੇ ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥

ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ ਸੁਫਲ ਫਲਾ ॥੧॥}

(ਅੰਗ - ੨੦੧)

“ਮਾਇਆ ਛਲੀਆ ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥੪॥੪॥੫੫॥”

(ਅੰਗ - ੩੮੫)

ਪ੍ਰਮਾਤਮਾ ਦੇ ਨਾਲ ਮੇਲ ਤੋਂ ਬਿਨ੍ਹਾਂ ਹਰ ਕੋਈ ਮਾਇਆ ਦੀ ਛਲ ਵਿੱਚ ਹੀ ਹੈ ਭਾਵੇਂ ਉਹ ਕੋਈ ਵੀ ਹੈ। ਇਹ ਸਾਰੇ ਸੰਸਾਰ ਲਈ ਇੱਕੋ ਜਿਹੀ ਗੱਲ ਹੀ ਹੈ। ਇਹ ਮਾਇਆ ਦਾ ਛਲ ਸਾਨੂੰ ਵਿਕਾਰਾਂ ਦੇ ਜਹਿਰ ਨਾਲ ਜੋੜਦਾ ਹੈ, ਮਨ ਦੇ ਵਿੱਚ ਵਿਕਾਰ ਰੂਪ ਵਿਚਾਰਾਂ ਦੇ ਨਾਲ ਜੋੜਦਾ ਹੈ, ਲੋਭ ਲਾਲਚ ਦੀ ਬਿਰਤੀ ਦੇ ਨਾਲ ਜੋੜਦਾ ਹੈ, ਤ੍ਰਿਸ਼ਨਾ ਵਾਲੀ ਬਿਰਤੀ ਦੇ ਨਾਲ ਜੋੜਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਉਹ ਮਾਇਆ ਦੇ ਛਲ ਵਿੱਚੋਂ ਨਿਕਲੇ ਹੋਏ ਹਨ, ਭਰਮ ਰੂਪ ਛਲ ਵਿੱਚੋਂ ਨਿਕਲੇ ਹੋਏ ਹਨ ਕਿਉਂਕਿ

25/2770

ਉਹ ਅਕਾਲ ਪੁਰਖ ਦੀ ਸ਼ਰਨ ਵਿੱਚ ਹਨ। ਪ੍ਰਮਾਤਮਾ ਦੀ ਸ਼ਰਨ ਵਿੱਚ ਉਸਦੇ ਨਾਲ ਮੇਲ ਦੁਆਰਾ ਹੀ ਆਇਆ ਜਾ ਸਕਦਾ ਹੈ, ਮਨ ਦੇ ਵਿੱਚ ਹੀ ਉਸਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ। ਸੱਚੇ ਵਿਚਾਰਾਂ ਦੀ ਸ਼ਰਨ ਵਿੱਚ ਆਉਣਾ, ਸ਼ਬਦ ਦੇ ਵਿਚਾਰਾਂ ਦੀ ਸ਼ਰਨ ਵਿੱਚ ਆਉਣਾ, ਗੁਰਮਤਿ ਦੀ ਸੱਚੀ ਸੋਝੀ ਦੀ ਸ਼ਰਨ ਵਿੱਚ ਆਉਣਾ, ਨਾਮ ਦੀ ਸੱਚੀ ਸਿੱਖਿਆ ਦੀ ਸ਼ਰਨ

ਵਿੱਚ ਆਉਣਾ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਇਹ ਸ਼ਰਨ ਬਖਸ਼ੀ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣ ਦਾ ਤਰੀਕਾ ਸਮਝਾਇਆ ਹੈ। ਗੁਰੂ ਦੀ ਸ਼ਰਨ ਵਿੱਚ ਆਉਣਾ ਜਾਂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਇੱਕੋ ਹੀ ਗੱਲ ਹੈ। ਗੁਰੂ ਦੀ ਸ਼ਰਨ ਉਸਦੀ ਸੱਚੀ ਸਿੱਖਿਆ ਦੀ ਸ਼ਰਨ ਹੈ। ਗੁਰੂ ਦੀ ਸੱਚੀ ਸਿੱਖਿਆ ਭਰਮ ਤੋਂ ਰਹਿਤ ਹੈ, ਮਾਇਆ ਦੇ ਛਲ ਤੋਂ ਰਹਿਤ ਹੈ ਤੇ ਇਸੇ ਲਈ ਗੁਰੂ ਦੀ ਸਿੱਖਿਆ ਵਿੱਚ ਪੂਰਨ ਸੱਚ ਹੈ। ਸੱਚ ਉਹੀ ਹੈ ਜੋ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ, ਜਿਸ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ। ਭਰਮ ਤੇ ਸੱਚ ਵਿੱਚ ਇਹੀ ਭੇਦ ਹੈ। ਭਰਮ ਵਾਲੀ ਗੱਲ ਕਦੇ ਵੀ ਬਦਲ ਸਕਦੀ ਹੈ, ਝੂਠੀ ਸਾਬਿਤ ਹੋ ਸਕਦੀ ਹੈ ਤੇ ਸੱਚ ਦੇ ਬੋਲ ਸਦਾ ਅਟੱਲ ਰਹਿਣ ਵਾਲੇ ਹਨ ਜੋ ਕਦੇ ਬਦਲ ਨਹੀਂ ਸਕਦੇ। ਅਸੀਂ ਮੇਲ ਉਸ "ਸਚੁ" ਰੂਪ ਪ੍ਰਮਾਤਮਾ ਦੇ ਨਾਲ ਕਰਨਾ ਹੈ ਜੋ ਕਿ ਸਾਡੀ ਭਗਤੀ ਦਾ ਮਕਸਦ ਹੈ। ਭਰਮ ਵਾਲੀ ਭਗਤੀ ਨਾਲ ਜੁੜ ਕੇ ਅਸੀਂ ਉਸ "ਸਚੁ" ਰੂਪ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ ਤੇ ਨਾ ਹੀ ਕਦੀ ਕਿਸੇ ਨੇ ਪਾਇਆ ਹੈ। ਜੋ ਭਰਮ ਵਾਲੀ ਭਗਤੀ ਵਿੱਚ ਉਸਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਉਹ ਖੁਦ ਭਰਮ ਵਿੱਚ ਹਨ, ਮਾਇਆ ਦੇ ਛਲ ਵਿੱਚ ਹਨ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਵੀ ਉਸਦੇ ਛਲ ਵਿੱਚ ਰਹੇ ਹਨ, ਦੇਵੀ ਦੇਵਤੇ ਆਦਿ, ਰਿਸ਼ੀ ਮੁਨੀ ਆਦਿ ਸਭ ਨੇ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕੀਤੀਆਂ ਹਨ ਪਰ ਉਨ੍ਹਾਂ ਸਭ ਨੂੰ ਭਰਮ ਵਿੱਚ ਹੀ ਦੱਸਿਆ ਹੈ ਭਾਵ ਮਾਇਆ ਦੇ ਛਲ ਵਿੱਚ ਹੀ ਦੱਸਿਆ ਹੈ ਕਿਉਂਕਿ ਕਿਸੇ ਨੂੰ ਵੀ ਆਪਣੇ ਅੰਦਰੋਂ ਮਨ ਦੇ ਦਰਸ਼ਨ ਨਹੀਂ ਹੋਏ, ਉਸਦੇ ਨਿਰਗੁਣ ਰੂਪ ਦੇ ਦਰਸ਼ਨ ਨਹੀਂ ਹੋਏ, ਆਕਾਰ ਰਹਿਤ ਬ੍ਰਹਮ ਗਿਆਨੀ ਦੇ ਦਰਸ਼ਨ ਨਹੀਂ ਹੋਏ। ਅਨੇਕਾਂ ਹੀ ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਣ ਵਾਲੇ, ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਉਸ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਪਾਉਣ ਦੀਆਂ ਗੱਲਾਂ ਕਰਦੇ ਹਨ ਤੇ ਇਹ ਸਭ ਉਨ੍ਹਾਂ ਦੇ ਅੰਦਰ ਚੱਲ ਰਿਹਾ ਮਾਇਆ ਦਾ ਛਲ ਹੀ ਹੈ ਜੋ ਆਪ ਹੀ ਉਨ੍ਹਾਂ ਕੋਲੋਂ ਇਹ ਕੁੱਝ ਸਮਝਾ ਕੇ ਉਨ੍ਹਾਂ ਨੂੰ ਭਰਮ ਵਿੱਚ ਪਾਉਂਦਾ ਹੈ। ਉਹ ਆਪਣੇ ਆਪ ਨੂੰ ਪ੍ਰਮਾਤਮਾ ਨਾਲ ਮਿਲਿਆ ਹੋਇਆ ਹੀ ਸਮਝਦੇ ਹਨ ਪਰ ਇਹ ਕੇਵਲ ਉਨ੍ਹਾਂ ਦਾ ਭਰਮ ਹੈ। ਮਾਇਆ ਦੇ ਛਲ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ ਤੇ ਭਰਮ ਫੈਲਾਉਣ ਦਾ ਹੈ।

ਪ੍ਰਮਾਤਮਾ ਨੂੰ ਜਿਸ ਸਮੇਂ ਜੋ ਕੁੱਝ ਭਾਉਂਦਾ ਹੈ ਉਹ ਉਹੀ ਕੁੱਝ ਕਰਵਾਉਂਦਾ ਹੈ। "ਬ੍ਰਹਮਾ ਬਿਸਨ ਮਹੇਸੁ" ਦੇ ਰਾਹੀਂ ਪ੍ਰਮਾਤਮਾ ਨੇ ਸੰਸਾਰ ਦੇ ਵਿੱਚ ਆਪ ਹੀ ਭਰਮ ਵਾਲੀ ਭਗਤੀ ਦਾ, ਸਰਗੁਣ ਰੂਪ ਦੀ ਪੂਜਾ ਦਾ ਵਿਸਥਾਰ ਕੀਤਾ ਹੈ ਕਿਉਂਕਿ ਉਸ ਦੀ ਮਾਇਆ ਦੀ ਜੁਗਤਿ ਦਾ ਮਕਸਦ ਸੰਸਾਰ ਨੂੰ ਭਰਮ ਵਿੱਚ ਰੱਖਣ ਦਾ ਹੀ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਖੇਡ ਚੱਲਦੀ ਹੈ। ਕਿਸੇ ਨੂੰ ਉਹ ਉੱਚਾ ਆਪ ਹੀ ਬਣਾਉਂਦਾ ਹੈ ਤੇ ਭਰਮ ਦਾ ਪ੍ਰਸਾਰ ਆਪ ਹੀ ਕਿਸੇ ਦੇ ਕੋਲੋਂ ਕਰਵਾਉਂਦਾ ਹੈ। ਭਰਮ ਦਾ ਪ੍ਰਸਾਰ ਕਰਨ ਵਾਲੇ ਭਾਵੇਂ ਉਹ ਕੋਈ ਧਾਰਮਿਕ ਆਸਥਾ ਰੱਖਦੇ ਹਨ, ਅਨੇਕਾਂ

25/2771

ਹੀ ਜਗ੍ਹਾਂ ਤੇ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ। ਇਹਨਾਂ ਦਾ ਮਕਸਦ ਦੂਸਰਿਆਂ ਨੂੰ ਭਰਮ ਵਿੱਚ ਪਾਉਣ ਦਾ ਹੀ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਜੁਗਤਿ ਹੈ। ਇਸ ਭਰਮ ਦੀ ਜੁਗਤਿ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਉਸ ਪ੍ਰਮਾਤਮਾ ਦੀ ਕਿਰਪਾ ਤੋਂ ਬਿਨ੍ਹਾਂ ਇਸ ਵਿੱਚੋਂ ਨਿਕਲਿਆ ਨਹੀਂ ਜਾ ਸਕਦਾ। ਇਸ ਭਰਮ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਸਿਰ ਲਾਇਆ ਹੈ ਜੋ ਉੱਦਮ ਇਸ ਮਨ ਨੂੰ ਸਮਝਾਉਣ ਦਾ ਹੈ, ਸ਼ਬਦ ਦੀ ਵਿਚਾਰ ਦੁਆਰਾ ਸਮਝਾਉਣ ਦਾ ਹੈ ਜੋ ਵਿਚਾਰ ਪ੍ਰਮਾਤਮਾ ਨੇ ਸਾਨੂੰ ਆਪ ਹੀ ਗੁਰਬਾਣੀ ਰਾਹੀਂ ਦਿੱਤੀ ਹੈ। ਸਾਡਾ ਇਹੀ ਫਰਜ਼ ਹੈ ਕਿ ਅਸੀਂ ਗੁਰੂ ਦੇ ਹੁਕਮ ਨੂੰ ਮੰਨ ਕੇ ਸ਼ਬਦ ਦੀ ਵਿਚਾਰ ਦੇ ਨਾਲ ਜੁੜਨ ਦਾ ਉੱਦਮ ਕਰੀਏ ਜੋ ਕਿ ਭਰਮ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਹੈ। ਸਭ ਪਾਸੇ ਭਰਮ ਦਾ ਹੀ ਪਸਾਰਾ ਹੈ ਤੇ ਹਰ ਕੋਈ ਉਹੋ ਜਿਹੀ ਭਗਤੀ ਵਿੱਚ ਲੱਗਾ ਹੋਇਆ ਹੈ ਜੋ ਕਿ ਤ੍ਰੈਗੁਣਾਂ ਦੀ ਉਪਜ ਹੈ।

(ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥)

(ਅੰਗ ੧੦੯੪)

ਇਸ ਮਾਇਆ ਦੇ ਛਲ ਵਿੱਚੋਂ ਉਹੀ ਨਿਕਲਦਾ ਹੈ ਜਿਸ ਨੂੰ ਉਸ ਨਿਰਗੁਣ ਰੂਪ ਪ੍ਰਮਾਤਮਾ ਦੀ ਸ਼ਰਨ ਆਪਣੇ ਮਨ ਦੇ ਵਿੱਚੋਂ ਹੀ ਮਿਲ ਜਾਂਦੀ ਹੈ ਜਿਵੇਂ ਕਿ ਗੁਰਬਾਣੀ ਦੇ ਰਚਣ ਵਾਲਿਆਂ ਨੂੰ ਮਿਲੀ ਹੈ ਤੇ ਤਾਂ ਹੀ ਉਨ੍ਹਾਂ ਨੇ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ

ਕਰਨ ਦਾ ਤਰੀਕਾ ਸਮਝਾਇਆ ਹੈ। **(ਮਾਇਆ ਛਲੀਆ ਬਿਕਾਰ ਬਿਖਲੀਆ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ॥੪॥੪॥ਪਪ॥)**

ਜਦ ਤੱਕ ਉਸ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਪਾ ਨਹੀਂ ਲੈਂਦਾ, ਉਸ ਨਿਰਗੁਣ ਰੂਪ ਪ੍ਰਮਾਤਮਾ ਦੀ ਸ਼ਰਨ ਵਿੱਚ ਨਹੀਂ ਆ ਜਾਂਦਾ, ਉਸਦੀ ਸੱਚੀ ਸਿੱਖਿਆ ਦੀ ਸ਼ਰਨ ਵਿੱਚ ਨਹੀਂ ਆ ਜਾਂਦਾ। ਤਦ ਤੱਕ ਕਦੇ ਇਸ ਗੱਲ ਦੀ ਸਮਝ ਨਹੀਂ ਆ ਸਕਦੀ ਕਿ ਸੰਤ ਕੌਣ ਹੈ, ਵੱਡਾ ਕੌਣ ਹੈ ਜੋ ਗਿਆਨ ਦਾ ਮਾਲਕ ਹੈ। ਜਦ ਤੱਕ ਸਾਡੇ ਅੰਦਰ ਮਾਇਆ ਦਾ ਕਪਟ ਹੈ ਤਦ ਤੱਕ ਅਸੀਂ ਆਪਣੇ ਆਪ ਨੂੰ ਹੀ ਉੱਚਾ ਗਿਣਾਉਂਦੇ ਹਾਂ, ਸੰਤ ਆਦਿ ਅਖਵਾਉਂਦੇ ਹਾਂ, ਸਿਧ, ਰਿਸ਼ੀ, ਮੁਨੀ ਆਦਿ ਅਖਵਾਉਂਦੇ ਹਾਂ, ਦੇਵੀ ਦੇਵਤੇ ਆਦਿ ਅਖਵਾਉਂਦੇ ਹਾਂ ਭਾਵ ਧਰਮ ਦੀ ਸਿੱਖਿਆ ਸਮਝਾਉਣ ਵਾਲੇ ਅਖਵਾਉਂਦੇ ਹਾਂ ਪਰ ਇਹ ਕਪਟ ਦੂਰ ਹੋਣ ਨਾਲ, ਮਾਇਆ ਦਾ ਛਲ ਦੂਰ ਹੋਣ ਨਾਲ ਕਦੇ ਕੋਈ ਆਪਣੇ ਆਪ ਨੂੰ ਉੱਚਾ ਨਹੀਂ ਅਖਵਾ ਸਕਦਾ, ਸੰਤ ਆਦਿ ਨਹੀਂ ਅਖਵਾ ਸਕਦਾ ਤੇ ਉਹ ਉਸ ਪ੍ਰਮਾਤਮਾ ਨੂੰ ਹੀ ਗੁਰੂ ਸਮਝਦਾ ਹੈ, ਸੰਤ ਸਮਝਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਿਆ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਗੂਜਰੀ ਮਹਲਾ ੩॥

“ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ॥
ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ॥੧॥ਰਹਾਉ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ॥
ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥”

(ਅੰਗ ੪੯੧)

ਉਪਰਲੇ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਆਪਣੇ ਆਪ ਨੂੰ ਸੰਤ ਉਹੀ ਅਖਵਾਉਂਦੇ ਹਨ ਜਿੰਨ੍ਹਾਂ ਦੇ ਅੰਦਰ ਮਾਇਆ ਦਾ ਕਪਟ ਵਰਤਦਾ ਹੈ ਜਿਸ ਕਰਕੇ ਉਹ ਹਉਮੈ ਵਿੱਚ, ਦੁਬਿਧਾ ਵਿੱਚ, ਤ੍ਰਿਸ਼ਨਾ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਸੰਤ ਅਖਵਾਉਂਦੇ ਹਨ, ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ। ਉੱਚਾ ਉਹ ਆਪਣੇ ਬਾਹਰੀ ਦਿਖਾਵੇ ਦੁਆਰਾ ਅਖਵਾਉਂਦੇ ਹਨ ਜਿਸ ਵਿੱਚ ਭਗਤੀ ਨਹੀਂ ਬਲਕਿ ਭਗਤੀ ਦਾ ਦਿਖਾਵਾ ਹੈ।

25/2772

ਪ੍ਰਮਾਤਮਾ ਦੀ ਭਗਤੀ ਮਨੁੱਖ ਦੀ ਕਰਣੀ ਦੁਆਰਾ ਹੁੰਦੀ ਹੈ ਪਰ ਮਾਇਆ ਦੇ ਛਲ ਕਾਰਨ ਭਰਮ ਦੇ, ਦੁਬਿਧਾ ਦੇ ਕਾਰਨ ਉਹ ਉਹੋ ਜਿਹੀ ਭਗਤੀ ਕਰਦੇ ਹਨ ਜਿਸ ਵਿੱਚ ਕੇਵਲ ਸਰੀਰਕ ਦਿਖਾਵਾ ਹੁੰਦਾ ਹੈ। ਆਪਣੇ ਆਪ ਨੂੰ ਸੰਤ ਅਖਵਾਉਣਾ ਭਾਵ ਗੁਰੂ ਵਰਗਾ ਦਿਖਾਉਣਾ, ਉੱਚੇ ਗਿਆਨ ਵਾਲੇ ਦਿਖਾਣਾ ਹਰ ਕਿਸੇ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਹੈ। ਆਪਣੇ ਆਪ ਨੂੰ ਉੱਚਾ ਉਹੀ ਅਖਵਾਉਂਦਾ ਹੈ ਜਿਸ ਨੇ ਆਪਣੇ ਅੰਦਰੋਂ ਉਸ ਉੱਚੇ ਨੂੰ ਨਹੀਂ ਦੇਖਿਆ, ਉਸ ਗਿਆਨ ਦੇ ਮਾਲਕ ਨੂੰ ਨਹੀਂ ਦੇਖਿਆ। ਇਹੋ ਜਿਹੇ ਉੱਚਾ ਅਖਵਾਉਣ ਵਾਲੇ, ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਦੱਸਣ ਵਾਲੇ ਆਪਣੇ ਬਾਹਰੀ ਦਿਖਾਵਿਆਂ ਦੁਆਰਾ ਕੇਵਲ ਝੂਠਾ ਮਾਣ ਹੀ ਇਕੱਠਾ ਕਰਦੇ ਹਨ। ਸੱਚਾ ਮਾਣ ਕੇਵਲ ਉਨ੍ਹਾਂ ਨੂੰ ਮਿਲਿਆ ਹੈ ਜੋ ਸੱਚ ਮੁੱਚ ਵਿੱਚ ਪ੍ਰਮਾਤਮਾ ਦਾ ਰੂਪ ਹੋਏ ਹਨ, ਜਿੰਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਿਰਗੁਣ ਰੂਪ ਵਿੱਚ ਜਾਣਿਆ ਹੈ। ਝੂਠਾ ਮਾਣ ਲੈਣ ਵਾਲੇ ਭਾਵ ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ ਮਾਇਆ ਦੇ ਛਲ ਵਿੱਚ ਹੀ ਹਨ ਜੋ ਕਿ ਉਪਰਲੇ ਸ਼ਬਦ ਦੁਆਰਾ ਧਿਆਨ ਲਗਾ ਕੇ ਸਮਝਿਆ ਜਾ ਸਕਦਾ ਹੈ।

“ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥

ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥”

ਇਹਨਾਂ ਉਪਰਲੀਆਂ ਪੰਗਤੀਆਂ ਦੁਆਰਾ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਕਿ ਮਾਇਆ ਦਾ ਛਲ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਦੇ ਜਪਣ ਵਾਲੇ ਸਮਝਦੇ ਹਾਂ। ਜਿਤਨੇ ਵੀ ਆਪਣੇ ਆਪ ਨੂੰ ਉੱਚੇ ਅਖਵਾਉਣ ਵਾਲੇ ਹਨ, ਜਿੰਨ੍ਹਾਂ ਨੇ ਆਪਣੇ ਆਪ ਨੂੰ ਸੰਤ ਆਦਿ ਅਖਵਾਇਆ ਹੈ ਉਹ ਪ੍ਰਮਾਤਮਾ ਨੂੰ ਮੁੱਖੋਂ ਬੋਲ ਬੋਲ ਕੇ ਜਪਣ ਵਾਲੇ ਹੀ ਹਨ ਭਾਵੇਂ ਪ੍ਰਮਾਤਮਾ ਨੂੰ ਜਪਣ ਲਈ ਕੋਈ ਕਿਹੋ ਜਿਹੇ ਅੱਖਰ ਦੀ ਵਰਤੋਂ ਕਰਦਾ ਹੈ। ਕੋਈ ਪ੍ਰਮਾਤਮਾ ਨੂੰ ਰਾਮ-ਰਾਮ ਬੋਲ ਕੇ ਜਪਦਾ ਹੈ ਜਾਂ ਕਿਸੇ ਹੋਰ ਅੱਖਰ ਨਾਲ ਜਪਦਾ ਹੈ ਭਾਵ ਵਾਹਿਗੁਰੂ-ਵਾਹਿਗੁਰੂ ਬੋਲ ਕੇ ਜਪਦਾ ਹੈ ਉਸ ਨਾਲ ਕੀ ਫਰਕ ਪੈਂਦਾ ਹੈ। ਬੋਲ ਬੋਲ ਕੇ ਕਦੇ ਕਿਸੇ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਇਹ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੀ ਨਹੀਂ ਹੈ। ਉਹ ਪ੍ਰਮਾਤਮਾ ਕਦੇ ਕਿਸੇ ਤੇ ਆਪਣੀ ਕਿਰਪਾ ਕਰਕੇ ਆਪ ਹੀ ਆਪਣੇ ਆਪ ਨੂੰ ਕਿਸੇ ਦੇ ਅੰਦਰ ਵਸਾਉਂਦਾ ਹੈ ਭਾਵ ਪ੍ਰਗਟ ਕਰਦਾ ਹੈ। ਮੁੱਖੋਂ ਬੋਲ ਬੋਲ ਕੇ ਉਸ ਨੂੰ ਪਾਉਣ ਦਾ ਮਾਰਗ ਨਹੀਂ ਹੈ ਜੋ ਕਿ ਗੁਰੂ ਦੀ ਸਿੱਖਿਆ ਦੇ ਹੀ ਉਲਟ ਹੈ ਭਾਵ ਸਾਡੇ ਅੰਦਰ ਦੀ ਨਾਸਮਝੀ ਹੈ। ਸਾਡੇ ਅੰਦਰ ਦੀ ਨਾਸਮਝੀ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਉਸ ਨੇ ਸਭ ਨੂੰ ਠੱਗਿਆ ਹੋਇਆ ਹੈ। ਇਹੋ ਜਿਹੇ ਮਾਇਆ ਦੇ ਠੱਗੇ ਹੋਏ ਹੀ ਮੁੱਖੋਂ ਅੱਖਰ ਦਾ ਜਪ ਕਰਨ ਵਾਲੇ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਕੁੱਝ ਸਮਝਾਉਂਦੇ ਹਨ। **(ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥)**

25/2773

ਰਾਮ ਰਾਮ ਕਰਨਾ ਕੀ ਹੈ, ਹਰਿ ਹਰਿ ਕਰਨਾ ਕੀ ਹੈ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸ ਦੇ ਅੰਦਰ ਰਾਮ ਵੱਸਿਆ ਹੋਇਆ ਹੈ ਭਾਵ ਜਿਸ ਦਾ ਆਪਣੇ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। **(ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ॥੧॥ਰਹਾਉ॥)** ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਉਨ੍ਹਾਂ ਨੂੰ ਹੀ ਹਰਿ ਹਰਿ ਕਰਨ ਦੀ ਸਮਝ ਲੱਗਦੀ ਹੈ ਜਿਵੇਂ ਕਿ ਉਨ੍ਹਾਂ ਨੇ ਸਾਨੂੰ ਪੂਰੀ ਗੁਰਬਾਣੀ ਰਾਹੀਂ ਹਰਿ ਹਰਿ ਕਰਨਾ ਸਿਖਾਇਆ ਹੈ, ਰਾਮ ਰਾਮ ਕਰਨਾ ਸਿਖਾਇਆ ਹੈ। ਇਹ ਸਾਡੀ ਕਥਨੀ ਨਹੀਂ ਬਲਕਿ ਕਰਨੀ ਦਾ ਮਾਰਗ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਆਪ ਵੀ ਆਪਣੀ ਕਰਣੀ ਦੁਆਰਾ ਹਰਿ ਹਰਿ ਕੀਤਾ ਹੈ ਤੇ ਪੂਰੇ ਸੰਸਾਰ ਨੂੰ ਹਰਿ ਹਰਿ ਕਰਨਾ ਸਿਖਾਇਆ ਹੈ। ਜਿਸ ਦੇ ਅੰਦਰ ਹਰਿ ਦੀ ਮਤਿ ਵੱਸ ਜਾਂਦੀ ਹੈ, ਵਾਹਿਗੁਰੂ ਦੀ ਮਤਿ ਵੱਸ ਜਾਂਦੀ ਹੈ ਉਹ ਫਿਰ ਆਪਣੀ ਕਰਨੀ ਦੁਆਰਾ ਹੀ ਵਾਹਿਗੁਰੂ-ਵਾਹਿਗੁਰੂ ਕਰਦਾ ਹੈ ਭਾਵ ਗੁਰਮਤਿ ਦੇ ਸੱਚ ਅਨੁਸਾਰ ਵਿਚਰਦਾ ਹੈ।

ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਸਕਦੀ ਕਿ ਅਸਲ ਵਿੱਚ ਸੰਤ ਕੌਣ ਹੈ। ਸੰਤ ਆਪ ਗੁਰੂ ਹੈ, ਪ੍ਰਮਾਤਮਾ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਸੰਤ ਉਨ੍ਹਾਂ ਨੇ ਹੀ ਕਿਹਾ ਹੈ ਜਿੰਨ੍ਹਾਂ ਨੇ ਉਸ ਸੰਤ ਦੇ ਆਪਣੇ ਅੰਦਰੋਂ ਦਰਸ਼ਨ ਕੀਤੇ ਹਨ ਜੋ ਕਿ ਆਪ ਹੀ ਗਿਆਨ ਦਾ ਮਾਲਕ ਹੈ। ਜਦ ਤੱਕ ਪ੍ਰਮਾਤਮਾ ਸਾਡੇ ਅੰਦਰ ਨਹੀਂ ਵੱਸਦਾ ਕੋਈ ਵੀ ਭਰਮ ਵਿੱਚੋਂ ਨਹੀਂ ਨਿਕਲ ਸਕਦਾ, ਮਾਇਆ ਦੇ ਕਪਟ ਵਿੱਚੋਂ, ਛਲ ਵਿੱਚੋਂ, ਹਉਮੈ ਵਿੱਚੋਂ ਨਹੀਂ ਨਿਕਲ ਸਕਦਾ ਤੇ ਮਨ ਦੇ ਇਸ ਭਰਮ ਕਰਕੇ ਹੀ ਕੋਈ ਆਪਣੇ ਆਪ ਨੂੰ ਸੰਤ ਅਖਵਾਉਂਦਾ ਹੈ, ਆਪਣੇ ਬਾਹਰੀ ਦਿਖਾਵਿਆਂ ਦੁਆਰਾ ਸੰਤ ਅਖਵਾਉਂਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥

ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥”

ਸਾਰੀ ਗੱਲ ਸਾਡੇ ਮਨ ਦੇ ਨਾਲ ਜੁੜੀ ਹੋਈ ਹੈ ਕਿ ਸਾਡੇ ਮਨ ਦੇ ਵਿੱਚ ਕੀ ਵੱਸਿਆ ਹੋਇਆ ਹੈ। ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਆਪਣੇ ਅੰਦਰ “ਰਾਮੁ” ਦੇ ਵੱਸਣ ਦੀ ਗੱਲ ਸਮਝੀ ਹੈ। ਜਦ ਤੱਕ ਸਾਡੇ ਅੰਦਰ “ਰਾਮੁ” ਨਹੀਂ ਵੱਸਦਾ ਤਦ ਤੱਕ ਸਾਡੇ ਸਭ ਦੇ ਅੰਦਰ “ਕਪਟੁ” ਵੱਸਿਆ ਹੋਇਆ ਹੈ। ਮਨ ਦੀ ਇਹ ਅਵੱਸਥਾ ਸਾਰੇ ਸੰਸਾਰ ਲਈ ਇੱਕੋ ਜਿਹੀ

ਹੀ ਹੈ ਕਿਉਂਕਿ ਪ੍ਰਮਾਤਮਾ ਦੀ ਪਾਈ ਹੋਈ ਜੁਗਤਿ ਸਾਰੇ ਸੰਸਾਰ ਲਈ

25/2774

ਇੱਕੋ ਜਿਹੀ ਹੀ ਵਰਤਦੀ ਹੈ। ਸਾਡੇ ਮਨ ਦੀਆਂ ਦੋ ਅਵੱਸਥਾਵਾਂ ਹੀ ਹਨ। ਇੱਕ ਅਵੱਸਥਾ ਮਾਇਆ ਦੇ ਕਪਟ ਵਾਲੀ ਹੈ ਤੇ ਦੂਸਰੀ ਅਵੱਸਥਾ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਹੈ। ਇੱਕ ਅਵੱਸਥਾ ਭਰਮ ਵਾਲੀ ਹੈ, ਹਉਮੈ ਵਾਲੀ ਹੈ, ਦੁਬਿਧਾ ਵਾਲੀ ਹੈ, ਸਹਿਸਾ ਵਾਲੀ, ਦੁਚਿੱਤੀ ਵਾਲੀ, ਅਗਿਆਨਤਾ ਵਾਲੀ, ਮਨਮਤਿ ਵਾਲੀ ਹੈ ਭਾਵ ਮਾਇਆ ਦੇ ਛਲ ਵਾਲੀ ਹੈ ਤੇ ਦੂਸਰੀ ਅਵੱਸਥਾ ਸੱਚੇ ਗਿਆਨ ਵਾਲੀ, ਬ੍ਰਹਮ ਗਿਆਨ ਵਾਲੀ, ਨਾਮ ਵਾਲੀ, ਸਹਜ ਵਾਲੀ ਅਵੱਸਥਾ ਹੈ। ਸਾਰਾ ਸੰਸਾਰ ਇਹਨਾਂ ਦੋਨਾਂ ਅਵੱਸਥਾਵਾਂ ਵਿੱਚ ਹੀ ਵਿਚਰਦਾ ਹੈ। ਇੱਕ ਅਵੱਸਥਾ ਤ੍ਰੈਗੁਣਾਂ ਵਾਲੀ ਅਵੱਸਥਾ ਹੈ ਤੇ ਦੂਸਰੀ ਚੌਥੇ ਪਦ ਵਾਲੀ ਅਵੱਸਥਾ ਹੈ। ਇੱਕ ਅਵੱਸਥਾ ਮਾਇਆ ਦੇ ਕਪਟ ਵਾਲੀ ਅਵੱਸਥਾ ਹੈ ਤੇ ਦੂਸਰੀ ਅਵੱਸਥਾ ਮਾਇਆ ਦੇ ਕਪਟ ਤੋਂ ਬਾਹਰ ਨਿਕਲਣ ਦੀ ਅਵੱਸਥਾ ਹੈ। ਜਦ ਤੱਕ ਸਾਡੇ ਅੰਦਰ ਮਾਇਆ ਦਾ ਕਪਟ ਚੱਲਦਾ ਹੈ ਉਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਸਹੀ ਭਗਤੀ ਦੀ ਸੋਝੀ ਨਹੀਂ ਪੈਂਦੀ। ਪ੍ਰਮਾਤਮਾ ਦੀ ਭਗਤੀ ਸਾਡੀ ਸੋਝੀ ਦੇ ਨਾਲ ਜੁੜੀ ਹੋਈ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਮਾਇਆ ਦੇ ਕਪਟ ਦੁਆਰਾ ਸਾਨੂੰ ਸੋਝੀ ਹੀ ਪੁੱਠੀ ਮਿਲਦੀ ਹੈ ਤੇ ਇਸੇ ਲਈ ਮਾਇਆ ਨੂੰ ਛਲੀਆ ਕਿਹਾ ਹੈ ਕਿਉਂਕਿ ਉਹ ਸੱਚ ਮੁੱਚ ਸਾਡੇ ਨਾਲ ਛਲ ਹੀ ਕਰ ਰਹੀ ਹੈ, ਕਪਟ ਹੀ ਕਰ ਰਹੀ ਹੈ ਪਰ ਸਾਨੂੰ ਉਸ ਦਾ ਕਪਟ ਸਮਝ ਨਹੀਂ ਆਉਂਦਾ। ਜਿਤਨੇ ਸਾਡੇ ਭਗਤੀ ਦੇ ਦਿਖਾਵੇ ਹਨ, ਸਰੀਰਕ ਜਪ ਤਪ ਆਦਿ ਹਨ ਇਹਨਾਂ ਸਭ ਦਾ ਕਾਰਨ ਸਾਡੇ ਅੰਦਰ ਮਾਇਆ ਦੇ ਕਪਟ ਦਾ ਹੋਣਾ ਹੀ ਹੈ ਭਾਵ ਭਗਤੀ ਦੀ ਸੱਚੀ ਸੋਝੀ ਦਾ ਨਾ ਹੋਣਾ ਹੀ ਹੈ ਤੇ ਆਪਣੇ ਇਹਨਾਂ ਭਗਤੀ ਦੇ ਦਿਖਾਵਿਆਂ ਦੁਆਰਾ ਹੀ ਹਰ ਕੋਈ ਆਪਣੇ ਆਪ ਨੂੰ ਸੰਤ ਆਦਿ ਅਖਵਾਉਂਦਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਹੈ। ਸਿੱਖ ਜਗਤ ਵਿੱਚ ਇਹੋ ਜਿਹੇ ਦਿਖਾਵਿਆਂ ਨਾਲ ਸੰਤ ਅਖਵਾਉਣ ਵਾਲਿਆਂ ਦੀ ਭਰਮਾਰ ਹੈ। ਮਾਇਆ ਦਾ ਕਪਟ ਸਾਨੂੰ ਮਾਇਆ ਮੋਹ ਵਿੱਚ ਹੀ ਰੱਖਦਾ ਹੈ, ਮਨ ਦੀ ਤ੍ਰਿਸ਼ਨਾ ਵਿੱਚ ਹੀ ਰੱਖਦਾ ਹੈ ਤੇ ਆਪਣੇ ਆਪ ਨੂੰ ਉੱਚਾ ਅਖਵਾਉਣਾ ਵੀ, ਸੰਤ ਆਦਿ ਅਖਵਾਉਣਾ ਵੀ ਸਾਡੀ ਤ੍ਰਿਸ਼ਨਾ ਹੈ। ਆਪਣੇ ਆਪ ਨੂੰ ਸੰਤ ਅਖਵਾ ਕੇ ਅਸੀਂ ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਦੇ ਹਾਂ ਪਰ ਇਸ ਦੇ ਨਾਲ ਸਾਡੀ ਅਸਲ ਤ੍ਰਿਸ਼ਨਾ ਜੋ ਕਿ ਪ੍ਰਮਾਤਮਾ ਨੂੰ ਪਾਉਣ ਦੀ ਹੈ, ਬੰਧਨ ਤੋਂ ਮੁਕਤ ਹੋਣ ਦੀ ਹੈ, ਆਵਾਗਉਣ ਤੋਂ ਮੁਕਤ ਹੋਣ ਦੀ ਹੈ ਉਹ ਕਦੇ ਨਹੀਂ ਮਿਟ ਸਕਦੀ ਤੇ ਸਾਨੂੰ ਆਖੀਰ ਪਛਤਾਉਣਾ ਹੀ ਪੈਂਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਣ ਸਕਣ ਲਈ ਪਛਤਾਉਣਾ ਹੀ ਪੈਂਦਾ ਹੈ ਕਿ ਅਸੀਂ ਆਪਣੇ ਇਸ ਮਨੁੱਖੀ ਜੀਵਨ ਨੂੰ ਵਿਅਰਥ ਹੀ ਕੀਤਾ ਹੈ। ਜਦੋਂ ਸਾਡਾ ਇਹ ਭੁਲੇਖਾ ਨਿਕਲਣਾ ਹੈ ਕਿ ਅਸੀਂ ਭਰਮ ਵਿੱਚ ਹੀ ਆਪਣੇ ਆਪ ਨੂੰ ਸੰਤ ਆਦਿ ਅਖਵਾਇਆ ਹੈ ਤਾਂ ਫਿਰ ਪ੍ਰਮਾਤਮਾ ਦੇ ਦਰਬਾਰ ਵਿੱਚ ਸਿਵਾਏ ਪਛਤਾਵੇ ਦੇ ਕੁੱਝ ਹੱਥ ਨਹੀਂ ਲੱਗਣਾ ਭਾਵ ਵੱਡਾ ਅਖਵਾ ਕੇ ਉਸਦੀਆਂ ਸਜ਼ਾਵਾਂ ਤੋਂ ਨਹੀਂ ਬਚਿਆ ਜਾ ਸਕਦਾ। ਜੋ ਉਸਦੇ ਜਮ ਭਾਵ ਅਗਿਆਨਤਾ ਰੂਪ ਵਿਚਾਰ ਸਾਨੂੰ ਮਨ ਦੀਆਂ ਅਨੇਕਾਂ ਹੀ ਤ੍ਰਿਸ਼ਨਾਵਾਂ ਵਿੱਚ ਰੱਖ ਕੇ ਦੁਖੀ ਕਰਦੇ ਰਹਿੰਦੇ ਹਨ। ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਕਰਕੇ ਮਨੁੱਖ ਟੈਨਸ਼ਨਾਂ ਵਿੱਚ ਰਹਿੰਦਾ ਹੈ ਜੋ ਮਨ ਦੀਆਂ ਟੈਨਸ਼ਨਾਂ ਮਨੁੱਖ ਨੂੰ ਦੁੱਖ ਦਿੰਦੀਆਂ ਹਨ। ਇਹ ਮਨ ਦੀਆਂ ਟੈਨਸ਼ਨਾਂ ਹੀ ਅਸਲ ਵਿੱਚ ਸਾਡੇ ਅੰਦਰ ਜਮਾਂ ਦੀ ਮਾਰ ਹੈ ਜੋ ਜਮਾਂ ਦੀ ਮਾਰ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਮਨੁੱਖ ਭੁਗਤਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਬਰੀਕੀ ਨਾਲ ਸਮਝਾਂਗੇ ਕਿਉਂਕਿ ਇਹ ਸਭ ਦੇ ਅੰਦਰ ਦਾ ਹੀ ਇੱਕ ਵੱਡਾ ਭਰਮ ਹੈ ਕਿ ਜਮਾਂ ਦੀ ਮਾਰ ਕੀ ਹੁੰਦੀ ਹੈ। ਨਾ ਮਨੁੱਖ ਕਿਤੋਂ ਆਉਂਦਾ ਹੈ ਤੇ ਨਾ ਹੀ ਕਿਤੇ ਜਾਂਦਾ ਹੈ ਭਾਵ ਉਸਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ ਫਿਰ ਉਹ ਜਮਾਂ ਦੀ ਮਾਰ ਹੁਣ ਕਿੱਥੇ ਸਹਿੰਦਾ ਹੈ ਤੇ ਕਿਵੇਂ ਸਹਿੰਦਾ ਹੈ ਇਹ ਸਭ ਦੇ ਅੰਦਰ ਹੀ ਬਹੁਤ ਵੱਡਾ ਭਰਮ ਹੈ। ਇਸੇ ਤਰ੍ਹਾਂ ਹੀ ਸੰਸਾਰ ਵਿੱਚ ਪ੍ਰਮਾਤਮਾ ਨੂੰ ਜਾਨਣ ਲਈ ਅਨੇਕਾਂ ਹੀ ਅਨੇਕਾਂ ਭਰਮ ਹਨ ਤੇ ਇਸ ਲੇਖ ਰਾਹੀਂ ਉਹ ਅਕਾਲ ਪੁਰਖ ਦਾਸ ਦੇ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਸੰਸਾਰ ਦਾ ਹਰ ਭਰਮ ਹੀ ਦੂਰ ਕਰਵਾ ਰਿਹਾ ਹੈ। ਕੇਵਲ ਤੇ ਕੇਵਲ ਧੰਨ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਸ਼ਬਦ ਦੀ ਵਿਚਾਰ ਤੇ ਵਿਸ਼ਵਾਸ ਟਿਕਾਉਣ ਦੀ ਲੋੜ ਹੈ ਤੇ ਗੁਰੂ ਆਪਣੇ ਹਰ ਸ਼ਬਦ ਰਾਹੀਂ ਸਾਨੂੰ ਸੱਚ ਹੀ ਸਮਝਾ ਰਿਹਾ ਹੈ ਤੇ ਸੱਚ ਦਾ ਮਕਸਦ ਭਾਵ ਸੱਚੇ ਗਿਆਨ ਦਾ ਮਕਸਦ ਮਨੁੱਖ ਦੇ ਅੰਦਰ ਦੀ ਭਰਮਾਂ ਵਾਲੀ ਸਮਝ ਨੂੰ ਕੱਢਣ ਦਾ ਹੀ ਹੈ ਤੇ ਜੋ ਜੋ ਗੁਰੂ ਦੇ ਸੱਚੇ ਗਿਆਨ ਨੂੰ ਅਪਣਾਈ ਜਾਵੇਗਾ ਉਹ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਦਾ ਜਾਵੇਗਾ ਭਾਵ ਸੱਚ ਦੇ ਨਾਲ ਜੁੜਦਾ ਜਾਵੇਗਾ ਭਾਵ ਗੁਰੂ ਦੇ ਨਾਮ ਦੇ ਨਾਲ ਜੁੜਦਾ ਜਾਵੇਗਾ। ਉਸ ਸੱਚ ਰੂਪ ਪ੍ਰਮਾਤਮਾ ਨੂੰ ਜਾਣ ਕੇ ਕੋਈ ਉਸ ਦੇ ਪੂਰਨ ਸੱਚ ਨੂੰ ਸਮਝ ਸਕਦਾ ਹੈ ਕਿ ਅਸਲ ਵਿੱਚ ਪ੍ਰਮਾਤਮਾ ਸਭ ਕੁੱਝ ਆਪ ਹੈ ਤੇ ਉਸਨੇ

ਆਪ ਹੀ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਪਾ ਕੇ ਸਭ ਦੇ ਕੋਲੋਂ ਆਪਣਾ ਪਰਦਾ ਰੱਖਿਆ ਹੋਇਆ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਸੱਚ ਰੂਪ ਹੈ, ਉਸਦਾ ਨਾਮ ਰੂਪ ਹੈ ਜੋ ਸਾਨੂੰ ਪੂਰਨ ਸੱਚ ਹੀ ਸਮਝਾ ਰਹੀ ਹੈ। ਉਸ ਪੂਰਨ ਸੱਚ ਦੇ ਮਾਲਕ ਪ੍ਰਮਾਤਮਾ ਦੇ ਨਾਲ ਪਹੁੰਚ ਕਰਨ ਲਈ ਕੇਵਲ ਤੇ ਕੇਵਲ ਮਨ ਦੀ ਭਰਮਾਂ ਵਾਲੀ ਸਮਝ ਦੇ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਜਿਉਂ ਜਿਉਂ ਅਸੀਂ ਗੁਰੂ ਦੀ ਸੱਚੀ ਸਮਝ ਨੂੰ ਮੰਨਦੇ ਜਾਵਾਂਗੇ ਭਾਵ ਅਪਣਾਉਂਦੇ ਜਾਵਾਂਗੇ ਭਾਵ ਉਸ ਤੇ ਅਮਲ ਕਰਦੇ ਜਾਵਾਂਗੇ ਤਿਉਂ ਤਿਉਂ ਅਸੀਂ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਸੱਚ ਰੂਪ ਪ੍ਰਮਾਤਮਾ ਨੂੰ ਜਾਨਣ ਲਈ ਉਸਦੇ ਨੇੜੇ ਲੱਗਦੇ ਜਾਵਾਂਗੇ। ਸਾਡੇ ਅੰਦਰ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦਾ "ਕਪਟ" ਹੈ ਭਾਵ ਮਾਇਆ ਦਾ ਛਲ ਹੈ ਜਿਸ ਮਾਇਆ ਦੇ ਕਪਟ ਤੋਂ ਬਿਨ੍ਹਾਂ ਸੰਸਾਰ ਵਿੱਚ ਗੁਰੂ ਤੋਂ ਬਿਨ੍ਹਾਂ ਹੋਰ ਕੋਈ ਵੀ ਨਹੀਂ ਹੈ। ਜਿੰਨ੍ਹਾਂ ਦੇ ਅੰਦਰ ਉਸ ਗੁਰੂ ਰੂਪ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਪੂਰੀ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ ਨੂੰ ਹੀ ਉਸਨੇ ਇਸ ਮਨ ਦੇ ਕਪਟ ਵਿੱਚੋਂ ਕੱਢਿਆ ਹੈ ਇਸ ਕਰਕੇ ਉਨ੍ਹਾਂ ਨੇ ਆਪਣੇ ਮਨੁੱਖੀ ਸਰੀਰ ਨੂੰ ਸੰਤ ਜਾਂ ਗੁਰੂ ਨਹੀਂ ਕਿਹਾ ਭਾਵ ਉਸ ਅਕਾਲ ਪੁਰਖ ਨੂੰ ਹੀ ਸੰਤ ਕਿਹਾ ਹੈ ਤੇ ਸ਼ਬਦ ਨੂੰ ਹੀ ਗੁਰੂ ਕਿਹਾ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਗਿਆਨ ਨੂੰ ਹੀ ਗੁਰੂ ਕਿਹਾ ਹੈ ਜੋ ਕਿ ਇੱਕੋ ਇੱਕ ਆਪ ਹੀ ਹੈ ਪੂਰੇ ਗਿਆਨ ਦਾ ਮੂਲ ਹੈ ਭਾਵੇਂ ਉਹ ਗਿਆਨ ਭਰਮਾਂ ਵਾਲੀ ਸਮਝ ਦਾ ਹੈ ਭਾਵੇਂ ਉਹ ਗਿਆਨ ਸੱਚੇ ਗਿਆਨ ਦੇ ਰੂਪ ਵਿੱਚ ਹੈ ਜੋ ਸੱਚਾ ਗਿਆਨ ਮਨੁੱਖ ਨੂੰ ਭਰਮਾਂ ਵਾਲੀ ਸਮਝ ਦੇ ਗਿਆਨ ਵਿੱਚੋਂ ਕੱਢ ਦਿੰਦਾ ਹੈ। ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ, ਮਾਇਆ ਦੇ ਛਲ ਵਾਲੀ ਸਮਝ ਹੈ ਜਿਸ ਸਮਝ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਬਣਾਉਣ ਦਾ ਹੈ ਤੇ ਗੁਰੂ ਦਾ ਸੱਚਾ ਗਿਆਨ ਚੌਥੇ ਪਦ ਵਾਲੀ ਸਮਝ ਦਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਭਾਵ ਗੁਰੂ ਪ੍ਰਮਾਤਮਾ ਦਾ ਨਾਮ ਰੂਪ ਗਿਆਨ ਹੈ, ਮਨ ਦੀ ਸਹਜ ਵਾਲੀ ਅਵੱਸਥਾ ਦਾ ਗਿਆਨ ਹੈ ਜਿਸ ਉੱਚੇ ਗਿਆਨ ਦਾ ਮਕਸਦ ਮਨੁੱਖੀ ਸਮਝ ਨੂੰ ਨੀਵੇਂ ਗਿਆਨ ਵਿੱਚੋਂ ਕੱਢਕੇ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਆਪਣੇ ਉੱਚੇ ਗਿਆਨ ਦੀ ਸਮਝ ਦੇ ਨਾਲ ਰਲਾਉਣ ਦਾ ਹੈ ਭਾਵ ਸਾਡੀ ਸੁਰਤ ਵਾਲੀ ਸਮਝ ਨੂੰ ਸ਼ਬਦ ਵਾਲੀ ਸਮਝ ਦੇ ਨਾਲ ਰਲਾਉਣ ਦਾ ਹੈ ਭਾਵ ਸ਼ਬਦ ਸੁਰਤਿ ਦੇ ਨਾਲ ਮੇਲ ਕਰਨ ਦਾ ਹੈ ਜੋ ਮੇਲ ਹੋਏ ਬਿਨ੍ਹਾਂ ਕੋਈ ਆਪਣੇ ਅੰਦਰੋਂ ਸ਼ਬਦ ਰੂਪ ਗੁਰੂ ਪ੍ਰਮਾਤਮਾ ਨੂੰ ਜਾਣ ਸਕੇ ਇਹ ਨਾਮੁਮਕਿਨ ਹੈ। ਸ਼ਬਦ ਸੁਰਤਿ ਦਾ ਮੇਲ ਹੋਣ ਤੋਂ ਬਾਅਦ ਭਾਵ ਸ਼ਬਦ ਰੂਪ ਗੁਰੂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਸੰਤ ਅਖਵਾ ਲਵੇ ਇਹ ਨਾਮੁਮਕਿਨ ਹੈ। ਸਾਡੀ ਸੁਰਤਿ ਦੇ ਵਿਚਾਰ ਭਰਮਾਂ ਨਾਲ ਭਰੇ ਹੋਏ ਹਨ ਤੇ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਹੀ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਵਿਦਵਾਨ ਅਖਵਾ ਸਕਦਾ ਹੈ। ਧਰਮ ਦਾ ਵਿਦਵਾਨ ਭਾਵ ਸੱਚਾ ਵਿਦਵਾਨ ਕੇਵਲ ਤੇ ਕੇਵਲ ਗੁਰੂ ਰੂਪ ਪ੍ਰਮਾਤਮਾ ਆਪ ਹੀ ਹੈ। ਜਿਸਦੀ ਸਮਝ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਪੈਂਦੀ ਹੈ ਭਾਵ ਮਾਇਆ ਦੇ ਕਪਟ ਵਿੱਚੋਂ ਨਿਕਲਕੇ ਹੀ ਪੈਂਦੀ ਹੈ। **(ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥)**

ਆਪਣੇ ਆਪ ਨੂੰ ਸੰਤ ਅਖਵਾਉਣਾ, ਉੱਚਾ ਅਖਵਾਉਣਾ ਕੇਵਲ ਆਪਣੀ ਹਉਮੈ ਵਧਾਉਣ ਵਾਲੀ ਗੱਲ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਦੁਬਿਧਾ

ਹੈ ਤੇ ਸਾਨੂੰ ਉੱਚਾ ਅਖਵਾ ਕੇ ਸਜ਼ਾਵਾਂ ਭੁਗਤਣੀਆਂ ਹੀ ਪੈਣੀਆਂ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥

ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥੩॥"

ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ ਕਿ ਅੱਗੇ ਜਾ ਕੇ ਸਾਨੂੰ ਸਜ਼ਾਵਾਂ ਕਿਸ ਗੱਲ ਦੀਆਂ ਮਿਲਦੀਆਂ ਹਨ। ਸਾਡੀਆਂ ਸਜ਼ਾਵਾਂ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਜੋ ਸਾਨੂੰ ਹਉਮੈ ਵਿੱਚ ਰੱਖਦੀ ਹੈ ਭਾਵ ਆਪਣੀ ਮਤਿ ਨਾਲ, ਮਨਮਤਿ ਨਾਲ ਜੋੜ ਕੇ ਰੱਖਦੀ ਹੈ। ਅੱਗੇ ਚੱਲ ਕੇ ਸਜ਼ਾ ਮਨਮਤਿ ਨਾਲ ਜੁੜਨ ਦੀ ਹੀ ਹੈ। ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ, ਕਿਸੇ ਅੱਖਰ ਦੇ ਜਪ ਵਿੱਚ ਲੱਗਾ ਹੋਇਆ ਹੈ, ਸਰੀਰਕ ਜਪ ਤਪ ਆਦਿ ਦੇ ਵਿੱਚ ਲੱਗਾ ਹੋਇਆ ਹੈ, ਤੀਰਥਾਂ ਤੇ ਭਉਣ ਵਿੱਚ ਲੱਗਾ ਹੋਇਆ ਹੈ, ਕੇਵਲ ਧਰਮ ਗ੍ਰੰਥਾਂ ਦੇ ਪੜ੍ਹਨ ਵਿੱਚ ਲੱਗਾ ਹੋਇਆ ਹੈ, ਸਵੇਰੇ ਸ਼ਾਮ ਗੁਰੂ ਨੂੰ

ਮੱਥੇ ਟੇਕਣ ਵਿੱਚ ਲੱਗਾ ਹੋਇਆ ਹੈ, ਕਿਸੇ ਖਾਸ ਵੇਲੇ ਨੂੰ ਉੱਚਾ ਕਰਨ ਵਿੱਚ ਲੱਗਾ ਹੋਇਆ ਹੈ, ਕਿਸੇ ਖਾਣੇ ਦੀ ਸੁੱਚ ਨਾਲ ਜੁੜਿਆ ਹੋਇਆ ਹੈ, ਇਹੋ ਜਿਹੇ ਭਗਤੀ ਦੇ ਦਿਖਾਵਿਆਂ ਨਾਲ ਸਾਡੀ ਹਉਮੈ ਹੀ ਵੱਧਦੀ ਹੈ। ਇਹ ਸਭ ਮਨਮਤਿ ਹੈ ਜਿੰਨ੍ਹਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਗਿਆ ਹੈ। ਅਸਲ ਗੱਲ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਭਾਵ ਮਨਮਤਿ ਨੂੰ ਛੱਡਣ ਦੀ ਹੈ, ਆਪਣੇ ਮਨ ਦੇ ਵਿਚਾਰਾਂ ਨੂੰ ਪਵਿੱਤਰ ਕਰਨ ਦੀ ਹੈ, ਮਨ ਨੂੰ ਸੁੱਚਾ ਕਰਨ ਦੀ ਹੈ ਭਾਵ ਸੱਚੇ ਸੁੱਚੇ ਇਸਨਾਨ ਬਣ ਕੇ ਵਿਚਰਨ ਦੀ ਹੈ ਜਿਸ ਵਿੱਚ ਪ੍ਰਮਾਤਮਾ ਦੀ ਅਸਲ ਭਗਤੀ ਹੈ। ਸਾਨੂੰ ਸਜ਼ਾਵਾਂ ਤੋਂ ਸਾਡੀ ਅਸਲ ਭਗਤੀ ਨੇ ਬਚਾਉਣਾ ਹੈ, ਸਾਡੀ ਸੱਚੇ ਸੁੱਚੇ ਗ੍ਰਹਿਸਥ ਜੀਵਨ ਨੇ ਬਚਾਉਣਾ ਹੈ, ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਨੇ ਬਚਾਉਣਾ ਹੈ ਨਾ ਕਿ ਭਗਤੀ ਦੇ ਝੂਠੇ ਦਿਖਾਵਿਆਂ ਨੇ ਬਚਾਉਣਾ ਹੈ। ਜਿੰਨ੍ਹਾਂ ਗੱਲਾਂ ਨਾਲ ਸਾਡੀ ਹਉਮੈ ਵੱਧਦੀ ਹੈ, ਝੂਠਾ ਮਾਣ ਵੱਧਦਾ ਹੈ ਉਨ੍ਹਾਂ ਨੇ ਸਾਨੂੰ ਸਜ਼ਾਵਾਂ ਵਿੱਚ ਹੀ ਪਾਉਣਾ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਦੁਬਿਧਾ ਹੈ, ਮਾਇਆ ਦਾ ਛਲ ਹੈ ਜਿਸ ਵਿੱਚੋਂ ਨਿਕਲਣ ਲਈ ਇੱਕੋ ਇੱਕ ਸਾਧਨ ਗੁਰਬਾਣੀ ਦੀ ਸੱਚੀ ਮਤਿ ਦੇ ਨਾਲ ਜੁੜਨ ਦਾ ਹੈ ਜਿਸ ਨੂੰ ਭਗਤੀ ਦੀ ਸੱਚੀ ਸੋਝੀ ਹੈ ਤੇ ਉਨ੍ਹਾਂ ਸੰਤ ਅਖਵਾਉਣ ਵਾਲਿਆਂ ਕੋਲੋਂ ਬਚਣ ਦੀ ਲੋੜ ਹੈ ਜੋ ਆਪ ਹੀ ਉਸ ਪ੍ਰਮਾਤਮਾ ਦੀ ਸਜ਼ਾਵਾਂ ਦੇ ਭਾਗੀਦਾਰ ਹਨ, ਜਿੰਨ੍ਹਾਂ ਨੇ ਆਪ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਣ ਸਕਣ ਕਰਕੇ ਪਛਤਾਉਣਾ ਹੈ, ਆਪਣੀ ਵੱਡੀ ਭੁੱਲ ਤੇ ਪਛਤਾਉਣਾ ਹੈ, ਆਪਣੇ ਆਪ ਨੂੰ ਉੱਚਾ ਅਖਵਾਉਣ ਦੀ ਭੁੱਲ ਤੇ ਪਛਤਾਉਣਾ ਹੈ। **(ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥ ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥ ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥੩॥)**

25/2776

ਪ੍ਰਮਾਤਮਾ ਦੇ ਆਪਣੇ ਅੰਦਰੋਂ ਕੋਈ ਦਰਸ਼ਨ ਕਰ ਲਵੇ ਇਹ ਵੱਡੇ ਭਾਗਾਂ ਦੀ ਗੱਲ ਹੈ। ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹੀ ਬੁੱਝਿਆ ਜਾ ਸਕਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਆਪ ਬੁਝਾਉਂਦਾ ਹੈ ਮਨ ਦੀ ਸੋਝੀ ਦੁਆਰਾ ਹੀ ਬੁਝਾਉਂਦਾ ਹੈ ਜਿਸ ਦੁਆਰਾ ਮਨੁੱਖ ਦੀ ਦੁਬਿਧਾ ਦੂਰ ਹੁੰਦੀ ਹੈ, ਮਾਇਆ ਦਾ ਛਲ ਦੂਰ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਤੇ ਮਨ ਦੇ ਅੰਦਰੋਂ ਹੀ ਸੱਚ ਦੀ ਸੋਝੀ ਪੈਂਦੀ ਹੈ ਜਿਸ ਅਵੱਸਥਾ ਦੁਆਰਾ ਪ੍ਰਮਾਤਮਾ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਤੇ ਸੋਝੀ ਪੈਂਦੀ ਹੈ ਕਿ ਅਸਲ ਵਿੱਚ ਸੰਤ ਕੌਣ ਹੈ ਭਾਵ ਆਪ ਪ੍ਰਮਾਤਮਾ ਹੀ ਹੈ ਜੋ ਮਨ ਦੇ ਵਿੱਚ ਆਪਣਾ ਸੰਤ ਰੂਪ ਪ੍ਰਗਟ ਕਰਕੇ, ਗੁਰੂ ਰੂਪ ਪ੍ਰਗਟ ਕਰਕੇ ਆਪਣੀ ਸੱਚੀ ਸਿੱਖਿਆ ਸਮਝਾਉਂਦਾ ਹੈ ਜੋ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਈ ਹੈ। ਦੁਬਿਧਾ ਮਿਟੇ ਬਿਨ੍ਹਾਂ, ਹਉਮੈ ਮਿਟੇ ਬਿਨ੍ਹਾਂ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਸੰਤ ਅਖਵਾ ਸਕਦਾ ਹੈ ਤੇ ਉਸ ਲਈ ਸਜ਼ਾਵਾਂ ਵੀ ਭੁਗਤਣੀਆਂ ਹੀ ਪੈਣੀਆਂ ਹਨ ਜੋ ਕਿ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ ਆਪਣਾ ਹੀ ਫੁਰਮਾਨ ਹੈ, ਪ੍ਰਮਾਤਮਾ ਦੇ ਆਪਣੇ ਹੀ ਬੋਲ ਹਨ ਜੋ ਸਦਾ ਅਟੱਲ ਰਹਿਣ ਵਾਲੇ ਹਨ ਤੇ ਕਦੇ ਬਦਲ ਨਹੀਂ ਸਕਦੇ। ਆਪਣੇ ਆਪ ਨੂੰ ਸੰਤ ਅਖਵਾਉਣ ਵਾਲਿਆਂ ਨੂੰ ਹੀ ਸਮਝਾਇਆ ਹੈ ਕਿ ਆਪਣੇ ਆਪ ਨੂੰ ਇਸ ਤਰ੍ਹਾਂ ਉੱਚਾ ਅਖਵਾਉਣਾ ਬੜੀ ਮਾੜੀ ਗੱਲ ਹੈ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ, ਉਨ੍ਹਾਂ ਨੂੰ ਉੱਚਾ ਬਣਾਉਣ ਵਾਲੇ ਵੀ ਭਰਮ ਵਿੱਚ ਹੀ ਹਨ, ਮਾਇਆ ਦੇ ਛਲ ਵਿੱਚ ਹੀ ਹਨ ਭਾਵ ਉਨ੍ਹਾਂ ਨੂੰ ਵੀ ਇਹਨਾਂ ਦੇ ਪਿੱਛੇ ਨਾ ਲੱਗਣ ਲਈ ਸਮਝਾਇਆ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਸਾਨੂੰ ਸਭ ਨੂੰ ਇਹ ਗੱਲ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਅਸੀਂ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜੀਏ ਤੇ ਇਹੋ ਜਿਹਿਆਂ ਦੀ ਮਤਿ ਦੇ ਨਾਲ ਨਾ ਜੁੜੀਏ ਜੋ ਆਪ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮ ਵਿੱਚ ਪਾਉਂਦੇ ਹਨ ਭਾਵ ਗੁਰਮਤਿ ਤੋਂ ਪੁੱਠੀ ਗੱਲ ਸਮਝਾਉਂਦੇ ਹਨ। ਭਗਤੀ ਦੇ ਤਰੀਕੇ ਇਹੋ ਜਿਹਿਆਂ ਦੇ ਸਿਖਾਏ ਹੋਏ ਹੀ ਹਨ ਤੇ ਸਾਨੂੰ ਆਪਣੀ ਆਪਣੀ ਬਣਾਈ ਹੋਈ ਮਰਿਆਦਾ ਦੇ ਨਾਲ ਜੋੜਦੇ ਹਨ ਤੇ ਆਪਣੀ ਮਤਿ ਨੂੰ ਹੀ ਉੱਚਾ ਕਰਦੇ ਹਨ।

ਆਓ ਕੇਵਲ ਗੁਰਮਤਿ ਦੇ ਨਾਲ ਜੁੜੀਏ, ਗੁਰੂ ਦੇ ਨਾਲ ਜੁੜੀਏ ਜੋ ਮਾਇਆ ਦੇ ਛਲ ਵਿੱਚੋਂ ਨਿਕਲਿਆ ਹੋਇਆ ਹੈ ਤੇ ਉਸਨੇ ਪ੍ਰਮਾਤਮਾ ਨੂੰ ਭੇਟਿਆ ਹੋਇਆ ਹੈ, ਸੱਚੇ ਸੰਤ ਨੂੰ ਭੇਟਿਆ ਹੋਇਆ ਹੈ। **(ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥)**

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥

ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥

ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ ੧੩੯੫)

{ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੯੯੫)

{ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੯॥੫॥}

(ਅੰਗ ੨੩੯)

{ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

{ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥}

(ਅੰਗ ੭੧੭)

ਬਾਣੀ ਰਾਹੀਂ ਸਾਨੂੰ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਸਾਨੂੰ ਇਹ ਗੱਲ ਸਮਝਾਈ ਗਈ ਹੈ ਕਿ ਪ੍ਰਮਾਤਮਾ ਨੂੰ ਪਾਉਣ ਦੀ ਮਤਿ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਭਾਵੇਂ ਸਾਨੂੰ ਜਿਤਨੇ ਮਰਜ਼ੀ ਉੱਚੇ ਲੱਗਦੇ ਹਨ ਉਨ੍ਹਾਂ ਨੂੰ ਪ੍ਰਮਾਤਮਾ ਦੀ ਸੋਝੀ ਨਹੀਂ ਹੈ। ਉਹ ਸਭ ਮਾਇਆ ਦੇ ਛਲ ਵਿੱਚ ਹੀ ਹਨ ਜਿਸ ਕਰਕੇ ਉਹ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠਦੇ ਹਨ ਤੇ ਸਾਨੂੰ

ਗੁਰੂ ਵਰਗੀਆਂ ਗੱਲਾਂ ਕਰਕੇ ਸੁਣਾਉਂਦੇ ਹਨ ਜਿੰਨ੍ਹਾਂ ਕਰਕੇ ਅਸੀਂ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ ਪਰ ਪ੍ਰਮਾਤਮਾ ਉਨ੍ਹਾਂ ਦੇ ਅੰਦਰ ਕਿਸ ਰੂਪ ਵਿੱਚ ਵਿਚਰ ਰਿਹਾ ਹੈ ਇਸ ਗੱਲ ਦੀ ਸੋਝੀ ਉਨ੍ਹਾਂ ਨੂੰ ਰੱਤੀ ਭਰ ਵੀ ਨਹੀਂ ਹੈ। ਧਰਮ ਦਾ ਮਾਰਗ ਸਮਝਾਉਣ ਲਈ ਪ੍ਰਮਾਤਮਾ ਨੇ ਆਪਣਾ ਸੱਚਾ ਰੂਪ ਗੁਰਬਾਣੀ ਰਾਹੀਂ ਆਪ ਹੀ ਬਣਾਇਆ ਹੋਇਆ ਹੈ ਭਾਵ ਆਪ ਹੀ ਆਪਣੇ ਆਪ ਨੂੰ ਉਸਨੇ ਗੁਰਬਾਣੀ ਦੇ ਰੂਪ ਵਿੱਚ ਸੰਤ ਥਾਪਿਆ ਹੋਇਆ ਹੈ ਜਿਸ ਨੂੰ ਧਰਮ ਦੀ ਸੱਚੀ ਸੋਝੀ ਹੈ ਤੇ ਉਸ ਨੂੰ ਛੱਡ ਕੇ ਜੇਕਰ ਕਿਸੇ ਹੋਰ ਕੋਲੋਂ ਅਸੀਂ ਆਪਣੇ ਧਰਮ ਦਾ ਮਾਰਗ ਜਾਣਦੇ ਹਾਂ ਉਸ ਵਿੱਚ ਸਾਡੀ ਕੇਵਲ ਭੁੱਲ ਹੈ ਜਿਸ ਵਿੱਚੋਂ ਸਾਨੂੰ ਸਭ ਨੂੰ ਨਿਕਲਣ ਦੀ ਲੋੜ ਹੈ। ਗੁਰੂ ਦੀ ਸੋਝੀ ਵਿੱਚ ਤੇ ਦੂਸਰਿਆਂ ਦੀ ਸੋਝੀ ਵਿੱਚ ਜੋ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ ਕੀ ਫਰਕ ਹੈ ਇਸ ਗੱਲ ਨੂੰ ਅਸੀਂ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਦੁਆਰਾ ਸਮਝ ਸਕਦੇ ਹਾਂ ਤਾਂ ਜੋ ਅਸੀਂ ਸੱਚ ਦੇ ਨਾਲ ਜੁੜ ਸਕੀਏ ਤੇ ਭਰਮ ਵਿੱਚੋਂ ਨਿਕਲੀਏ। ਗੁਰੂ ਦੀ ਸੋਝੀ ਮਾਇਆ ਦੇ ਛਲ ਤੋਂ ਬਾਹਰ ਹੈ ਤੇ ਇਸੇ ਲਈ ਜੋ ਗੁਰੂ ਦੀ ਗੱਲ ਦੀ ਸੋਝੀ ਨਾਲ ਜੁੜਦਾ ਹੈ ਉਹੀ ਮਾਇਆ ਦੇ ਛਲ ਤੋਂ ਬਾਹਰ ਆ ਸਕਦਾ ਹੈ।

ਸੂਹੀ ਮਹਲਾ ੧॥

“ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥
ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥
ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥
ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥
ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥

ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥
ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥
ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ॥
ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ॥
ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ॥
ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ ਕਿਉ ਮਿਲੈ ਹੋਇ ਪਰਾਇਆ॥
ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ॥੨॥
ਆਇ ਗਇਆ ਕੀ ਨ ਆਇਓ ਕਿਉ ਆਵੈ ਜਾਤਾ॥
ਪ੍ਰੀਤਮ ਸਿਉ ਮਨੁ ਮਾਨਿਆ ਹਰਿ ਸੇਤੀ ਰਾਤਾ॥
ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਬਿੰਬ ਕਾ ਕੋਟੁ ਉਸਾਰਿਆ॥
ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ॥
ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ॥
ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ॥੩॥
ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ॥
ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ॥
ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ॥
ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ॥
ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥੪॥
ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ। ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ॥
ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ॥
ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ॥
ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ॥
ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ॥੫॥
ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ॥
ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ॥
ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ॥੬॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥

ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥
ਦੂਖੀ ਭਰਿ ਆਇਆ ਜਗਤੁ ਸਬਾਇਆ ਕਉਨੁ ਜਾਣੈ ਬਿਧਿ ਮੇਰੀਆ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ॥
ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥੭॥
ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ॥
ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ॥
ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ॥
ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ॥
ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ॥
ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ॥੮॥
ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥
ਤਾ ਕੀ ਕੀਮਤਿ ਨ ਪਵੈ ਜੇ ਲੋਚੈ ਕੋਈ॥
ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥
ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ॥
ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥
ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥੯॥੨॥੫॥"

(ਅੰਗ - ੭੬੬-੭੬੭)

ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ, ਮਨ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ ਕਿ ਸਾਡੇ ਮਨ ਦੀ ਸੋਝੀ ਦਾ ਸ੍ਰੋਤ ਕੀ ਹੈ। ਸਾਡੀ ਸੋਝੀ ਵਿੱਚ ਤੇ ਗੁਰੂ ਦੀ ਸੋਝੀ ਵਿੱਚ ਗਿਆਨ ਦੇ ਸ੍ਰੋਤ ਦਾ ਹੀ ਫਰਕ ਹੈ ਜਿਸ ਦੁਆਰਾ ਗੁਰੂ ਦੀ ਮਤਿ ਆਮ ਮਨੁੱਖ ਨਾਲੋਂ ਬਹੁਤ ਬਹੁਤ ਜਿਆਦਾ ਉੱਚੀ ਹੈ। ਉਪਰਲੇ ਸ਼ਬਦ ਰਾਹੀਂ ਸਾਨੂੰ ਗੁਰੂ ਸਾਹਿਬ ਇਹੀ ਸਮਝਾ ਰਹੇ ਹਨ ਕਿ ਮੇਰੇ ਅੰਦਰ ਮਤਿ ਪਾਉਣ ਵਾਲਾ, ਸੋਝੀ ਪਾਉਣ ਵਾਲਾ ਆਪ ਪ੍ਰਮਾਤਮਾ ਹੈ ਜੋ ਮੇਰੇ ਅੰਦਰ ਪ੍ਰਗਟ ਹੈ ਤੇ ਇਸੇ ਲਈ ਮੈਨੂੰ ਸੱਚ ਦੀ ਸਮਝ ਹੈ ਜਿਸ ਕਰਕੇ ਤੁਹਾਨੂੰ ਕੇਵਲ ਗੁਰੂ ਦੀ ਮਤਿ ਤੇ ਭਰੋਸਾ ਰੱਖਣਾ ਚਾਹੀਦਾ ਹੈ ਤੇ ਉਨ੍ਹਾਂ ਤੇ ਆਪਣਾ ਭਰੋਸਾ ਨਹੀਂ ਟਿਕਾਉਣਾ ਚਾਹੀਦਾ ਜਿੰਨ੍ਹਾਂ ਦੇ ਪਿੱਛੇ ਅਸੀਂ ਭਰਮ ਦੇ ਵਿੱਚ ਹੀ ਲੱਗ ਜਾਂਦੇ ਹਾਂ, ਉਨ੍ਹਾਂ ਦੇ ਪਿੱਛੇ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝ ਕੇ ਲੱਗ ਜਾਂਦੇ ਹਾਂ। ਉਹ ਸਾਨੂੰ ਆਪਣੇ ਸੱਚੇ ਮਾਰਗ ਤੋਂ ਭਟਕਾਉਂਦੇ ਹੀ ਹਨ ਕਿਉਂਕਿ ਉਨ੍ਹਾਂ ਨੂੰ ਖੁਦ ਸੱਚੇ ਮਾਰਗ ਦੀ ਸਮਝ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮਿਲਿਆ ਜਾ ਸਕਦਾ ਹੈ।

"ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥
ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥
ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥
ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥
ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥"

25/2778

ਉੱਪਰ ਪੰਗਤੀਆਂ ਰਾਹੀਂ ਸਾਨੂੰ ਗੁਰੂ ਸਾਹਿਬ ਆਪਣੇ ਮਨ ਦੀ ਅਵੱਸਥਾ ਸਮਝਾਉਣ ਦੁਆਰਾ ਸਾਨੂੰ ਸੱਚਾ ਮਾਰਗ ਸਮਝਾ ਰਹੇ

ਹਨ ਕਿ ਉਹ ਪ੍ਰਮਾਤਮਾ ਦੇ ਗੁਣ ਕਿਵੇਂ ਗਾ ਰਹੇ ਹਨ ਭਾਵ ਪ੍ਰਮਾਤਮਾ ਦੇ ਗੁਣ ਗਾਉਣ ਦਾ ਤਰੀਕਾ ਕੀ ਹੈ। ਪ੍ਰਮਾਤਮਾ ਦੇ ਗੁਣ ਗਾਉਣ ਦਾ ਤਰੀਕਾ ਸਾਰਿਆਂ ਲਈ ਇੱਕੋ ਜਿਹਾ ਹੀ ਹੈ।

ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੇਰਾ ਮਨ ਉਸ ਪ੍ਰਮਾਤਮਾ ਦੇ ਨਾਲ ਰੱਤਿਆ ਹੋਇਆ ਹੈ ਤੇ ਇਸ ਲਈ ਮੈਨੂੰ ਪ੍ਰਮਾਤਮਾ ਹੀ ਭਾਉਂਦਾ ਹੈ। ਪ੍ਰਮਾਤਮਾ ਉਨ੍ਹਾਂ ਨੂੰ ਕਿਸ ਰੂਪ ਵਿੱਚ ਭਾਉਂਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਗੁਰੂ ਸਾਹਿਬ ਨੂੰ ਕੇਵਲ ਸੱਚ ਹੀ ਭਾਉਂਦਾ ਹੈ, ਸੱਚੀ ਮਤਿ ਹੀ ਭਾਉਂਦੀ ਹੈ ਕਿਉਂਕਿ ਪ੍ਰਮਾਤਮਾ ਆਪਣੇ ਮੇਲ ਦੇ ਦੁਆਰਾ ਮਨ ਦੇ ਵਿੱਚ ਸੱਚੀ ਮਤਿ ਹੀ ਦਿੰਦਾ ਹੈ ਜਿਸ ਦੁਆਰਾ ਉਹ ਪੂਰਨ ਸੱਚ ਸਮਝਾਉਂਦਾ ਹੈ। ਜਿੱਥੇ ਪ੍ਰਮਾਤਮਾ ਆਪਣਾ ਗੁਰੂ ਰੂਪ ਧਾਰਦਾ ਹੈ ਉਹ ਮਨੁੱਖ ਨੂੰ ਮਨ ਦੇ ਵਿੱਚ ਸੱਚ ਰੂਪ ਪਉੜੀ ਤੇ ਚੜਾਉਂਦਾ ਹੈ, ਸੱਚੀ ਸੋਝੀ ਦੀ ਪਉੜੀ ਤੇ ਚੜਾਉਂਦਾ ਹੈ, ਸੱਚੇ ਵਿਚਾਰਾਂ ਦੀ ਪਉੜੀ ਤੇ ਚੜਾਉਂਦਾ ਹੈ। ਪ੍ਰਮਾਤਮਾ ਆਪ ਸੱਚ ਰੂਪ ਸੱਚੀ ਸੋਝੀ ਦੇ ਰੂਪ ਵਿੱਚ ਹੀ ਹੈ ਤੇ ਉਸਦੇ ਨਾਲ ਮੇਲ ਸੱਚੀ ਸੋਝੀ ਦੇ ਰੂਪ ਵਿੱਚ ਹੀ ਹੁੰਦਾ ਹੈ। ਗੁਰੂ ਉਸ ਦੇ ਨਾਲ ਸੱਚੀ ਸੋਝੀ ਦੇ ਰੂਪ ਵਿੱਚ ਹੀ ਜੁੜਿਆ ਹੋਇਆ ਹੈ ਜਿਸ ਕਰਕੇ ਗੁਰੂ ਦੀ ਸੋਝੀ ਦੇ ਵਿੱਚ ਪੂਰਨ ਸੱਚ ਹੈ। ਸੱਚੇ "ਸੁਖੁ" ਦੀ ਪ੍ਰਾਪਤੀ ਮਨ ਦੀ ਸੱਚੀ ਸੋਝੀ ਦੁਆਰਾ ਹੀ ਹੁੰਦੀ ਹੈ, ਸੱਚ ਦੀ ਪਉੜੀ ਚੜ੍ਹਨ ਦੁਆਰਾ ਹੀ ਹੁੰਦੀ ਹੈ। ਸੱਚੀ ਸੋਝੀ ਦੁਆਰਾ ਸੱਚੇ ਗੁਣਾਂ ਦੀ ਸੋਝੀ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਤਾਂ ਹੀ ਮਨੁੱਖ ਉਸ ਦੇ ਗੁਣਾਂ ਦੁਆਰਾ ਵਿਚਰਦਾ ਹੈ। ਜਦੋਂ ਮਨੁੱਖ ਨੂੰ ਸੱਚ ਤੇ ਚੱਲਣਾ ਚੰਗਾ ਲੱਗਦਾ ਹੈ ਇਹੀ ਪ੍ਰਮਾਤਮਾ ਦਾ ਚੰਗਾ ਲੱਗਣਾ ਹੈ। ਜਿਸ ਨੂੰ ਸੱਚ ਭਾਉਂਦਾ ਹੈ ਉਸ ਨੂੰ ਪ੍ਰਮਾਤਮਾ ਭਾਉਂਦਾ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਇਹ ਅਵੱਸਥਾ ਬਖਸ਼ਦਾ ਹੈ, ਸੱਚੀ ਸੋਝੀ ਵਾਲੀ ਅਵੱਸਥਾ ਬਖਸ਼ਦਾ ਹੈ ਇਹੀ ਸਾਡੇ ਅੰਦਰ "ਸੁਖੁ" ਦੀ ਪ੍ਰਾਪਤੀ ਹੈ, "ਸਹਜਿ" ਦੀ ਅਵੱਸਥਾ ਦੀ ਪ੍ਰਾਪਤੀ ਹੈ। ਇਸ ਅਵੱਸਥਾ ਵਿੱਚ ਮਨੁੱਖ ਫਿਰ ਕੇਵਲ ਉਸੇ ਮਤਿ ਅਨੁਸਾਰ ਵਿਚਰਦਾ ਹੈ ਜੋ ਮਤਿ ਪ੍ਰਮਾਤਮਾ ਆਪਣੇ ਅੰਦਰੋਂ ਆਪ ਹੀ ਦਿੰਦਾ ਹੈ। ਉਸ ਦੀ ਦਿੱਤੀ ਹੋਈ ਮਤਿ ਟਲ ਹੀ ਨਹੀਂ ਸਕਦੀ ਕਿਉਂਕਿ ਉਹ ਆਪ ਹੀ ਸਾਡੀ ਮਤਿ ਦਾ ਮਾਲਕ ਹੈ। ਜਦੋਂ ਉਹ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਤਾਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਮਤਿ ਦੇਣ ਵਾਲਾ ਕੌਣ ਹੈ ਤੇ ਜਿਸ ਨੂੰ ਪ੍ਰਮਾਤਮਾ ਜਿਵੇਂ ਚਾਹੇ ਉਸੇ ਤਰ੍ਹਾਂ ਚਲਾਉਂਦਾ ਹੈ ਕਿਉਂਕਿ ਮਨੁੱਖ ਉਹੀ ਕੁੱਝ ਕਰਦਾ ਹੈ ਜਿਹੋ ਜਿਹੀ ਉਸ ਨੂੰ ਆਪਣੇ ਅੰਦਰੋਂ ਮਤਿ ਮਿਲਦੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਵੀ ਮਤਿ ਉਸੇ ਦੀ ਹੀ ਵਰਤਦੀ ਹੈ

25/2779

ਪਰ ਇਸ ਦੀ ਸਮਝ ਉਸ ਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ। ਇਹ ਸਮਝ ਉਸ ਦੇ ਗੁਰੂ ਰੂਪ ਦੇ ਕੋਲ ਹੈ ਜਿੱਥੇ ਉਹ ਪ੍ਰਗਟ ਹੈ। ਜਿੱਥੇ ਉਹ ਪ੍ਰਗਟ ਹੁੰਦਾ ਹੈ ਉੱਥੇ ਕੇਵਲ ਸੱਚੀ ਮਤਿ ਹੀ ਮਿਲਦੀ ਹੈ ਤੇ ਮਨੁੱਖ ਇਸ ਅਵੱਸਥਾ ਦੁਆਰਾ ਕੇਵਲ ਸੱਚ ਦੁਆਰਾ ਹੀ ਵਿਚਰਦਾ ਹੈ, ਉਸਦੇ ਸਮਝਾਏ ਹੋਏ ਗੁਣਾਂ ਅਨੁਸਾਰ ਵਿਚਰਦਾ ਹੈ ਤੇ ਮਨੁੱਖ ਨੂੰ ਸੱਚ ਤੇ ਚੱਲਣਾ ਭਾਉਂਦਾ ਹੈ ਤੇ ਉਸ ਨੂੰ ਉਸੇ ਵਿੱਚ ਹੀ ਸੁੱਖ ਮਹਿਸੂਸ ਹੁੰਦਾ ਹੈ, ਮਨ ਦਾ ਸੰਤੋਖ ਮਹਿਸੂਸ ਹੁੰਦਾ ਹੈ, ਅਨੰਦ ਮਹਿਸੂਸ ਹੁੰਦਾ ਹੈ। **(ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥ ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥ ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥)**

ਸੱਚੀ ਮਤਿ ਪ੍ਰਮਾਤਮਾ ਸਾਨੂੰ ਮਨ ਦੇ ਅੰਦਰ ਕਿਸ ਵਿਧੀ ਦੁਆਰਾ ਦਿੰਦਾ ਹੈ ਤੇ ਉਸਦਾ ਸਾਡੇ ਮਨ ਦੇ ਵਿਚਾਰਾਂ ਤੇ ਕੀ ਅਸਰ ਪੈਂਦਾ ਹੈ ਭਾਵ ਉਹ ਸਾਡੇ ਮਨ ਨੂੰ ਗੁਣੀ ਕਿਵੇਂ ਬਣਾਉਂਦਾ ਹੈ, ਪ੍ਰਮਾਤਮਾ ਦੇ ਗੁਣ ਗਾਉਣ ਵਾਲਾ ਕਿਵੇਂ ਬਣਾਉਂਦਾ ਹੈ, ਸੱਚ ਤੇ ਚੱਲਣ ਵਾਲਾ ਕਿਵੇਂ ਬਣਾਉਂਦਾ ਹੈ, "ਸੁਖੁ" "ਸਹਜਿ" ਵਾਲੀ ਅਵੱਸਥਾ ਕਿਵੇਂ ਬਣਾਉਂਦਾ ਹੈ, ਸੱਚ ਦੀ ਪਉੜੀ ਤੇ ਕਿਵੇਂ ਚੜ੍ਹਾਉਂਦਾ ਹੈ, ਗੁਰੂ ਦੀ ਮਤਿ ਵਾਲਾ ਕਿਵੇਂ ਬਣਾਉਂਦਾ ਹੈ ਇਹੀ ਸਾਨੂੰ ਗੁਰੂ ਸਾਹਿਬ ਅਗਲੀਆਂ ਪੰਗਤੀਆਂ ਰਾਹੀਂ ਸਮਝਾ ਰਹੇ ਹਨ ਕਿ ਉਹ ਸੱਚ ਦੀ ਪਉੜੀ ਤੇ ਕਿਵੇਂ ਚੜ੍ਹੇ ਹਨ, ਪ੍ਰਮਾਤਮਾ ਨੇ ਉਹਨਾਂ ਨੂੰ ਇਸ ਪਉੜੀ ਤੇ ਕਿਵੇਂ ਚੜ੍ਹਾਇਆ ਹੋਇਆ ਹੈ।

"ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥
ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥
ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਪ੍ਰਮਾਤਮਾ ਦੇ ਗੁਣਾਂ ਵਿੱਚ ਕਿਵੇਂ ਰਵੇ ਹੋਏ ਹਨ। ਜਿਸ ਤਰੀਕੇ ਉਹ ਆਪ ਹੀ ਰਵੇ ਹੋਏ ਹਨ, ਜਿਸ ਤਰੀਕੇ ਉਹਨਾਂ ਨੇ ਆਪ ਪ੍ਰਮਾਤਮਾ ਦੇ ਗੁਣ ਗਾਏ ਹਨ ਇਹੀ ਤਰੀਕਾ ਉਹਨਾਂ

ਨੇ ਸਾਨੂੰ ਗੁਰਬਾਣੀ ਰਾਹੀਂ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੇ ਗੁਣ ਗਾਉਣ ਦਾ ਤਰੀਕਾ ਇਹੋ ਹੀ ਹੈ ਭਾਵੇਂ ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਈਏ ਤੇ ਉਹੀ ਤਰੀਕਾ ਉਪਰਲੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਭਗਤੀ, ਉਸਦੇ ਗੁਣ ਗਾਉਣੇ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਸੱਚੇ ਗਿਆਨ ਦਾ ਤੀਰਥ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਮਨ ਰੂਪ ਗਿਆਨ ਦੇ ਸਰੋਵਰ ਤੋਂ ਇਸ਼ਨਾਨ ਦਾ ਦਾਨ ਬਖਸ਼ਦਾ ਹੈ ਉਸਨੂੰ ਹੀ ਉਸ ਦੀ ਭਗਤੀ ਦੀ ਸੋਝੀ ਪੈਂਦੀ ਹੈ ਕਿ ਉਸ ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ। ਇਹ "ਇਸਨਾਨੁ ਦਾਨੁ" ਹੀ ਪ੍ਰਮਾਤਮਾ ਦਾ ਨਾਮ ਦਾਨ ਹੈ ਜੋ ਦਾਨ ਉਹ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ। ਆਪਣੇ ਗੁਰੂ ਰੂਪ ਵਿੱਚ ਉਸਨੇ ਇਹ "ਇਸਨਾਨੁ ਦਾਨੁ" ਕੀਤਾ ਹੋਇਆ ਹੈ। ਇਸ ਤੀਰਥ

25/2780

ਦਾ "ਮਜਨੁ" ਪ੍ਰਮਾਤਮਾ ਜਿਸ ਨੂੰ ਕਰਵਾਉਂਦਾ ਹੈ ਉਸ ਨੂੰ ਇਹ "ਮਜਨੁ" "ਸੁਗਿਆਨੁ" ਦੇ ਰੂਪ ਵਿੱਚ ਕਰਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਕਰਾਉਂਦਾ ਹੈ। ਪ੍ਰਮਾਤਮਾ ਦਾ ਇਹ ਸੱਚਾ ਗਿਆਨ ਸਭ ਤੋਂ ਉੱਚਾ ਇਸ਼ਨਾਨ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ "ਸੁਗਿਆਨੁ ਮਜਨੁ" ਕਰਵਾਇਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਬ੍ਰਹਮ ਗਿਆਨ ਪਾਇਆ ਹੈ। ਇਹ ਗਿਆਨ ਦਾ ਇਸ਼ਨਾਨ ਪ੍ਰਮਾਤਮਾ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਕਰਵਾਉਂਦਾ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਕਰਵਾਉਂਦਾ ਹੈ। ਮਨ ਦੇ ਵਿੱਚ ਉਹ ਆਪਣੇ ਸ਼ਬਦ ਦੇ ਵਿਚਾਰ ਸੁਣਾਉਂਦਾ ਹੈ। ਉਸਦੇ ਸ਼ਬਦਾਂ ਦੀ ਵਿਚਾਰ ਹੀ ਬ੍ਰਹਮ ਗਿਆਨ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਹੈ। ਸ਼ਬਦ ਦੁਆਰਾ ਦਿੱਤੀ ਹੋਈ ਵਿਚਾਰ ਸੰਸਾਰ ਦੀ ਸਭ ਤੋਂ ਉੱਚੀ ਵਿਚਾਰ ਹੈ ਜਿਸ ਦੁਆਰਾ ਸਾਨੂੰ ਸੰਸਾਰ ਦਾ ਸਭ ਤੋਂ ਉੱਚਾ ਗਿਆਨ ਮਿਲਦਾ ਹੈ। ਪ੍ਰਮਾਤਮਾ ਆਪਣੇ ਇਸ ਉੱਚੇ ਗਿਆਨ ਦੁਆਰਾ ਹੀ ਉੱਚਾ ਹੈ। ਇਹ ਸ਼ਬਦ ਦਾ ਗਿਆਨ ਹੀ ਪ੍ਰਮਾਤਮਾ ਦਾ ਨਾਮ ਹੈ ਜਿਸ ਕਰਕੇ ਪ੍ਰਮਾਤਮਾ ਦਾ ਨਾਮ ਸਭ ਤੋਂ ਉੱਚਾ ਹੈ ਭਾਵ ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਉੱਚਾ ਹੈ, ਆਪਣੇ ਬ੍ਰਹਮ ਗਿਆਨ ਦੁਆਰਾ ਹੀ ਉੱਚਾ ਹੈ। ਗੁਰੂ ਰੂਪ ਪ੍ਰਮਾਤਮਾ ਦਾ ਇਸੇ ਲਈ ਸਭ ਤੋਂ ਉੱਚਾ ਰੂਪ ਹੈ ਕਿਉਂਕਿ ਉਸ ਕੋਲ ਉਹ ਗਿਆਨ ਹੈ ਜੋ ਸਭ ਤੋਂ ਉੱਚਾ ਗਿਆਨ ਹੈ ਭਾਵ ਗੁਰੂ ਦੇ ਗਿਆਨ ਤੋਂ ਉੱਚੇ ਗਿਆਨ ਵਾਲਾ ਹੋਰ ਕੋਈ ਨਹੀਂ ਹੋ ਸਕਦਾ ਕਿਉਂਕਿ ਉਸ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ। ਇਸੇ ਲਈ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸਾਡੇ ਮਨ ਦੇ ਅੰਦਰ ਦੋ ਹੀ ਅਵੱਸਥਾਵਾਂ ਹੁੰਦੀਆਂ ਹਨ ਤੇ ਇੱਕ ਸਮੇਂ ਵਿੱਚ ਇੱਕ ਅਵੱਸਥਾ ਹੀ ਹੁੰਦੀ ਹੈ। ਆਪਣੇ ਅੰਦਰੋਂ ਜਦ ਤੱਕ ਕਿਸੇ ਨੂੰ "ਸੁਗਿਆਨੁ ਮਜਨੁ" ਨਹੀਂ ਹੁੰਦਾ ਤਦ ਤੱਕ ਹਰ ਕੋਈ ਮਾਇਆ ਦੇ ਛਲ ਵਿੱਚ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ, ਭਰਮ ਵਾਲੀ, ਦੁਬਿਧਾ ਵਾਲੀ, ਸਹਸਾ ਵਾਲੀ, ਦੁਚਿੱਤੀ ਵਾਲੀ, ਅਗਿਆਨਤਾ ਵਾਲੀ ਅਵੱਸਥਾ ਵਿੱਚ ਹੈ ਜਿਸ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ, ਸਭ ਦੇ ਅੰਦਰ ਮਾਇਆ ਦਾ ਛਲ, ਮਾਇਆ ਦੀ ਜੁਗਤਿ ਆਪ ਹੀ ਪਾਈ ਹੋਈ ਹੈ। ਆਪ ਪ੍ਰਮਾਤਮਾ ਚੌਥੇ ਪਦ ਵਿੱਚ ਹੈ ਜੋ ਮਾਇਆ ਦੇ ਛਲ ਤੋਂ ਬਾਹਰ ਹੈ ਭਾਵ ਉਹ ਆਪ ਅਛਲ ਰੂਪ ਹੈ, ਉਹ ਆਪ "ਅਛਲਿਓ" ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ "ਸੁਗਿਆਨੁ ਮਜਨੁ" ਕਰਵਾਉਂਦਾ ਹੈ ਉਸ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢ ਕੇ ਆਪਣੇ ਚੌਥੇ ਪਦ ਵਿੱਚ ਮਿਲਾ ਲੈਂਦਾ ਹੈ, ਆਪਣੇ ਅਛਲ ਪਦ ਵਿੱਚ ਮਿਲਾ ਲੈਂਦਾ ਹੈ। ਚੌਥੇ ਪਦ ਦੇ ਰਾਹੀਂ ਜੋ ਗਿਆਨ ਮਿਲਦਾ ਹੈ ਉਹ ਮਾਇਆ ਦੇ ਛਲ ਤੋਂ ਰਹਿਤ ਹੁੰਦਾ ਹੈ ਭਾਵ ਇਸ ਗਿਆਨ ਦੇ ਪਦ ਦੁਆਰਾ, ਚੌਥੇ ਪਦ ਦੁਆਰਾ ਜੋ ਵੀ ਗਿਆਨ ਮਿਲਦਾ ਹੈ ਉਹ ਸੱਚਾ ਗਿਆਨ ਹੁੰਦਾ ਹੈ, ਭਰਮ ਤੋਂ, ਦੁਬਿਧਾ ਤੋਂ ਰਹਿਤ ਹੁੰਦਾ ਹੈ। ਇਸ ਗਿਆਨ ਦਾ ਮਕਸਦ ਹੀ ਸਾਨੂੰ ਭਰਮ ਤੋਂ ਕੱਢਣ ਦਾ ਹੁੰਦਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਮੈਨੂੰ ਪ੍ਰਮਾਤਮਾ ਦੇ ਕੋਲੋਂ "ਇਸਨਾਨੁ ਦਾਨੁ" ਮਿਲਿਆ ਹੋਇਆ ਹੈ, ਨਾਮ ਦਾਨ ਮਿਲਿਆ ਹੋਇਆ ਹੈ, ਮੈਂ "ਸੁਗਿਆਨੁ ਮਜਨੁ" ਕੀਤਾ ਹੋਇਆ ਹੈ ਜੋ ਕਿ ਉਸ ਪ੍ਰਮਾਤਮਾ ਨੇ ਮੈਨੂੰ ਆਪ ਹੀ ਕਰਵਾਇਆ ਹੈ। ਮਨ ਦਾ ਇਹ ਇਸ਼ਨਾਨ ਮਾਇਆ ਦੇ ਛਲ ਤੋਂ ਰਹਿਤ ਹੈ, ਤ੍ਰੈਗੁਣਾਂ ਤੋਂ ਰਹਿਤ ਹੈ, ਭਰਮ ਤੋਂ ਰਹਿਤ ਹੈ। ਇਹ ਮਨ ਦੇ ਵਿੱਚ ਸੱਚੀ ਸੋਝੀ ਦਾ ਇਸ਼ਨਾਨ ਹੈ ਜਿਸ ਦੁਆਰਾ ਮੈਂ ਸੱਚ ਦੀ ਪਉੜੀ ਤੇ ਚੜ੍ਹਿਆ ਹਾਂ, ਗੁਰੂ

25/2781

ਵਾਲੀ ਪਉੜੀ ਤੇ ਚੜ੍ਹਿਆ ਹਾਂ ਭਾਵ ਪ੍ਰਮਾਤਮਾ ਨੇ ਆਪ ਹੀ ਮੈਨੂੰ ਸੱਚੀ ਸੋਝੀ ਪਾ ਕੇ ਗੁਰੂ ਰੂਪ ਬਣਾਇਆ ਹੈ। ਮਨ ਦੀ ਸੱਚੀ

ਸੋਝੀ ਦੁਆਰਾ ਪ੍ਰਮਾਤਮਾ ਨੇ ਮੈਨੂੰ ਪੂਰਨ ਸੱਚ ਸਮਝਾਇਆ ਹੈ ਇਸ ਸੱਚ ਦੇ ਵਿੱਚ ਕੋਈ ਛਲ ਨਹੀਂ ਹੈ ਤੇ ਇਸੇ ਲਈ ਇਹ ਪੂਰਨ ਸੱਚ ਹੈ। ਇਸ ਸੱਚ ਸਮਝਾਉਣ ਵਿੱਚ ਨਾ ਪ੍ਰਮਾਤਮਾ ਨੇ ਮੈਨੂੰ ਛਲਿਆ ਹੈ ਤੇ ਨਾ ਹੀ ਮੈਂ ਇਸ ਸੱਚ ਦੁਆਰਾ ਕਿਸੇ ਨੂੰ ਛਲ ਰਿਹਾ ਹਾਂ। **(ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥)** "ਸੁਗਿਆਨੁ ਮਜਨੁ" ਕਰਨ ਦੇ ਨਾਲ ਮਨੁੱਖ ਦੀ ਬਿਰਤੀ ਕਿਹੋ ਜਿਹੀ ਬਣ ਜਾਂਦੀ ਹੈ ਭਾਵ "ਸੁਗਿਆਨੁ ਮਜਨੁ" ਦਾ ਮਨੋਰਥ ਕੀ ਹੈ, ਸੱਚੀ ਸੋਝੀ ਦਾ ਮਨੋਰਥ ਕੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਦੁਆਰਾ ਮਨ ਗੁਰੂ ਪ੍ਰਮਾਤਮਾ ਦੇ ਗੁਣਾਂ ਵਿੱਚ ਰੱਤਿਆ ਰਹਿੰਦਾ ਹੈ।

"ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥

ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥"

ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਮਨ ਦੀ ਪੂਰਨ ਸ਼ੁੱਧੀ ਵਾਲੀ ਅਵੱਸਥਾ ਸਮਝਾਈ ਹੋਈ ਹੈ ਜੋ ਕਿ "ਸੁਗਿਆਨੁ" ਦਾ ਮਕਸਦ ਹੈ। ਪੂਰੀ ਗੁਰਬਾਣੀ ਵਿੱਚ ਪਾਇਆ ਹੋਇਆ ਪ੍ਰਮਾਤਮਾ ਦਾ "ਸੁਗਿਆਨੁ" ਹੈ ਜਿਸਦਾ ਅਸੀਂ "ਮਜਨੁ" ਕਰਨਾ ਹੈ। ਇਹ ਸੁਗਿਆਨ ਹੀ ਭਾਵ ਸ਼ਬਦ ਦੀ ਸੱਚੀ ਵਿਚਾਰ ਹੀ ਸਾਧੂ ਧੂੜ ਹੈ ਜਿਸਦਾ ਅਸੀਂ ਇਸ਼ਨਾਨ ਕਰਨਾ ਹੈ। ਇਹ ਇਸ਼ਨਾਨ ਕਰਨ ਦਾ ਮਕਸਦ, ਸੱਚੇ ਗਿਆਨ ਦਾ ਮਕਸਦ ਮਾਇਆ ਦੇ ਪਰਪੰਚ ਵਿੱਚੋਂ ਨਿਕਲਣ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਵਿਕਾਰਾਂ ਵਿੱਚੋਂ ਨਿਕਲਣ ਦਾ ਹੈ, ਕੂੜ ਕਪਟ ਵਿੱਚੋਂ ਨਿਕਲਣ ਦਾ ਹੈ, "ਦੋਈ" ਭਾਵ ਦੁਚਿੱਤੀ ਵਿੱਚੋਂ ਨਿਕਲਣ ਦਾ ਹੈ ਜਿੰਨ੍ਹਾਂ ਗੱਲਾਂ ਕਰਕੇ ਸਾਡਾ ਮਨ ਮੈਲਾ ਹੈ। ਗੁਰੂ ਦੇ ਗਿਆਨ ਦਾ ਮਕਸਦ ਸਾਡੇ ਮਨ ਦੀ ਮੈਲ ਨੂੰ ਧੋਣ ਨਾਲ ਹੈ ਭਾਵ ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਦੇ ਨਾਲ ਜੁੜਨ ਦਾ ਹੈ ਜਿਸ ਨਾਲ ਅਸੀਂ ਪ੍ਰਮਾਤਮਾ ਦੇ ਗੁਣ ਗਾ ਸਕਦੇ ਹਾਂ। ਪ੍ਰਮਾਤਮਾ ਦੇ ਗੁਣ ਗੁਣੀ ਬਣਕੇ ਹੀ ਗਾਏ ਜਾ ਸਕਦੇ ਹਨ, ਮਾਇਆ ਦੇ ਛਲ ਵਿੱਚੋਂ ਨਿਕਲਕੇ, ਭਰਮ ਵਿੱਚੋਂ ਨਿਕਲਕੇ ਹੀ ਗਾਏ ਜਾ ਸਕਦੇ ਹਨ। ਭਰਮ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਉਹੋ ਜਿਹੇ ਗੁਣ ਗਾਉਣੇ ਸਮਝਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਭਾਵ ਜਿੰਨ੍ਹਾਂ ਨੂੰ ਗੁਰਮਤਿ ਰਾਹੀਂ ਭਗਤੀ ਦਾ ਮਾਰਗ ਨਹੀਂ ਦੱਸਿਆ। ਭਗਤੀ ਦਾ ਮਾਰਗ ਸੱਚ ਦੁਆਰਾ ਵਿਚਰਨ ਦਾ ਹੈ, ਔਗੁਣ ਰਹਿਤ ਹੋ ਕੇ, ਵਿਕਾਰ ਰਹਿਤ ਹੋ ਕੇ, ਭਰਮ ਰਹਿਤ ਹੋ ਕੇ ਵਿਚਰਨ ਦਾ ਹੈ ਤੇ ਗੁਰੂ ਸਾਹਿਬ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਇਹੀ ਗੱਲ ਸਮਝਾ ਰਹੇ ਹਨ ਕਿ ਮੈਂ ਇਸ ਤਰੀਕੇ ਪ੍ਰਮਾਤਮਾ ਦੇ ਗੁਣਾਂ ਵਿੱਚ ਰੱਤਿਆ ਹੋਇਆ ਹਾਂ। ਜਿਸ ਪੰਗਤੀ ਨਾਲ ਪਦਾ ਸ਼ੁਰੂ ਹੁੰਦਾ ਹੈ ਉਸੇ ਪਦੇ ਨਾਲ ਪੰਗਤੀ ਦੀ ਸਮਾਪਤੀ ਕੀਤੀ ਹੋਈ ਹੈ ਭਾਵ ਸਾਨੂੰ ਇਹ ਸਮਝਾਉਣ ਲਈ ਹੈ ਕਿ ਪੂਰੇ ਪਦੇ ਰਾਹੀਂ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਹੀ ਸਮਝਾਏ ਹੋਏ ਹਨ ਕਿ ਉਹ ਮਨ ਦੀ ਕਿਸ ਅਵੱਸਥਾ ਦੁਆਰਾ ਗਾਏ ਜਾ ਸਕਦੇ ਹਨ। **(ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥ ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ॥ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ॥ ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ॥ ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ॥੧॥)**

25/2782

ਅੱਗੇ ਪੂਰੇ ਸ਼ਬਦ ਰਾਹੀਂ ਕੇਵਲ ਗੁਰੂ ਦੀ ਸੱਚੀ ਮਤਿ ਨਾਲ ਜੁੜਨ ਲਈ ਪ੍ਰੇਰਿਆ ਹੈ ਭਾਵ ਸਾਨੂੰ ਉਨ੍ਹਾਂ ਦੇ ਨਾਲ ਨਹੀਂ ਜੁੜਨਾ ਚਾਹੀਦਾ ਜਿੰਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ। ''ਸਚੁ'' ਉਹੀ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਉਹੀ ਕੁੱਝ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਤੇ ਇਸੇ ਲਈ ਗੁਰਬਾਣੀ ਦੀ ਹਰ ਗੱਲ ਵਿੱਚ ਪੂਰਨ ਸੱਚ ਹੈ। ਸਾਡੀ ਜੋ ਵੀ ਗੱਲ ਗੁਰਬਾਣੀ ਤੇ ਪੂਰੀ ਨਹੀਂ ਉਤਰਦੀ ਉਸ ਵਿੱਚ ਸੱਚ ਨਹੀਂ ਹੈ ਤੇ ਉਹ ਸਾਡਾ ਔਗੁਣ ਹੈ। ਸਾਡਾ ਆਵਾਗਉਣ ਪੂਰਨ ਸੱਚ ਨਾਲ ਜੁੜ ਕੇ ਹੀ ਦੂਰ ਹੋ ਸਕਦਾ ਹੈ ਭਾਵ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਨਾਲ ਜੁੜ ਕੇ ਹੀ ਦੂਰ ਹੋ ਸਕਦਾ ਹੈ। ਸੱਚੀ ਮਤਿ ਕੇਵਲ ਗੁਰੂ ਦੇ ਕੋਲ ਹੈ ਤੇ ਇਸੇ ਲਈ ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜਨਾ ਚਾਹੀਦਾ ਹੈ। **(ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ॥ ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ॥੩॥)** ਗੁਰੂ ਆਪਣੀ ਸੱਚੀ ਮਤਿ ਦੁਆਰਾ ਜੋ ਸਾਨੂੰ ਸਿੱਖਿਆ ਦਿੰਦਾ ਹੈ, ਸੱਚਾ ਗਿਆਨ ਦਿੰਦਾ ਹੈ, ਸ਼ਬਦ ਦੀ ਸੱਚੀ ਵਿਚਾਰ ਦਿੰਦਾ ਹੈ, ਬ੍ਰਹਮ ਗਿਆਨ ਦਿੰਦਾ ਹੈ ਇਸ ਸੱਚੀ ਸੋਝੀ ਦੇ ਅੰਦਰ ਹੀ ਪ੍ਰਮਾਤਮਾ ਆਪ ਵਰਤਦਾ ਹੈ। ਸਾਡੇ ਅੰਦਰ ਪ੍ਰਮਾਤਮਾ ਇਸ ਰੂਪ ਵਿੱਚ ਹੀ ਹੈ ਤੇ ਇਸੇ ਲਈ ਗੁਰੂ ਦੀ ਸੱਚੀ ਸੋਝੀ ਦੇ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਾਲ ਜੁੜਨਾ ਹੈ ਜਿਸ ਦੇ ਨਾਲ ਜੁੜ ਕੇ ਅਸੀਂ ਆਵਾਗਉਣ ਵਿੱਚੋਂ ਨਿਕਲ ਸਕਦੇ ਹਾਂ। ਸ਼ਬਦਾਂ ਦੀ ਲਿਖਤ ਨਾਲ ਜੁੜ ਕੇ ਸਾਡਾ ਪਾਰ ਉਤਾਰਾ ਨਹੀਂ ਹੋਣਾ ਬਲਕਿ ਪਾਰਉਤਾਰਾ ਸ਼ਬਦ ਦੀ ਸੋਝੀ ਦੇ ਨਾਲ ਜੁੜ ਕੇ ਹੋਣਾ ਹੈ ਭਾਵ ਸ਼ਬਦ ਦੀ ਸੋਝੀ ਅਨੁਸਾਰ ਵਿਚਰ ਕੇ ਹੋਣਾ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥}

(ਅੰਗ ੧੨੦)

ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਪੂਰਨ ਸੱਚ ਨਾਲ ਜੋੜਦਾ ਹੈ ਉਨ੍ਹਾਂ ਨੂੰ ਹੀ ਆਪਣੇ ਜੀਵਨ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ। ਸੱਚੀ ਸੋਝੀ ਪੈਣ ਤੋਂ ਬਿਨ੍ਹਾਂ ਅਸੀਂ ਉਹੋ ਜਿਹੀ ਭਗਤੀ ਵਿੱਚ ਲੱਗੇ ਰਹਿੰਦੇ ਹਾਂ ਜਿੰਨ੍ਹਾਂ ਵਿੱਚ ਪਾਖੰਡ ਹੀ ਹੁੰਦਾ ਹੈ। ਜਿੱਥੇ ਸੱਚ ਨਹੀਂ ਹੈ ਉੱਥੇ ਭਰਮ ਹੈ, ਪਾਖੰਡ ਹੈ ਭਾਵ ਭਰਮ ਵਿੱਚ ਰਹਿ ਕੇ ਅਸੀਂ ਪਾਖੰਡ ਵਾਲੀ ਭਗਤੀ ਕਰਦੇ ਹਾਂ। ਹੇਠ ਦਿੱਤੇ ਪਦੇ ਦੁਆਰਾ ਸਾਨੂੰ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਮੈਂ ਭਗਤੀ ਦੇ ਪਾਖੰਡਾਂ ਵਿੱਚੋਂ ਨਿਕਲਿਆ ਹੋਇਆ ਹਾਂ, ਤੰਤ੍ਰਾਂ ਮੰਤ੍ਰਾਂ ਵਿੱਚੋਂ ਨਿਕਲਿਆ ਹੋਇਆ ਹਾਂ ਕਿਉਂਕਿ ਮੈਨੂੰ ਪੂਰਨ ਸੱਚ ਦੀ ਸੋਝੀ ਹੈ, ਭਗਤੀ ਦੀ ਸੱਚੀ ਸੋਝੀ ਹੈ ਤੇ ਮੈਂ ਉਹੋ ਜਿਹੀ ਭਗਤੀ ਕਰਦਾ ਹਾਂ ਜਿਹੋ ਜਿਹੀ ਭਗਤੀ ਪ੍ਰਮਾਤਮਾ ਨੂੰ ਭਾਉਂਦੀ ਹੈ।

“ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ॥
ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ॥
ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ॥
ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ॥
ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥੪॥”

25/2783

ਉਪਰਲੇ ਪਦੇ ਰਾਹੀਂ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਨੂੰ ਸੱਚ ਦੀ ਸੋਝੀ ਕਿਵੇਂ ਪਈ ਹੈ। ਸੱਚ ਨੂੰ ਕੋਈ ਆਪਣੇ ਆਪ ਜਾਣ ਲਵੇ ਇਹ ਮੁਮਕਿਨ ਨਹੀਂ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚ ਹੈ ਭਾਵ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਅੰਜਨ ਹੈ, ਗਿਆਨ ਦਾ ਸੁਰਮਾ ਹੈ। ਜਿੰਨ੍ਹਾਂ ਦੇ ਅੰਦਰ ਪਹਿਲਾਂ ਪ੍ਰਮਾਤਮਾ ਨੇ ਇਹ ਗਿਆਨ ਦਾ ਅੰਜਨ ਪਾਇਆ ਹੈ ਭਾਵ ਜਿੰਨ੍ਹਾਂ ਦੇ ਅੰਦਰ ਪਹਿਲਾਂ ਪ੍ਰਮਾਤਮਾ ਨੇ ਗਿਆਨ ਦੀ ਸੋਝੀ ਪਾਈ ਹੈ, ਆਪਣੀ ਸੱਚੀ ਮਤਿ ਪਾਈ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਸੱਚੀ ਮਤਿ ਸੁਣਾਈ ਹੈ। ਜੇਕਰ ਅਸੀਂ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਦੇ ਹਾਂ ਫਿਰ

ਤਾਂ ਹੀ ਅਸੀਂ ਉਸ ਮਤਿ ਨਾਲ ਜੁੜ ਸਕਦੇ ਹਾਂ ਜੋ ਪ੍ਰਮਾਤਮਾ ਨੂੰ ਭਾਉਂਦੀ ਹੈ। ਜੋ ਮਤਿ ਗੁਰਬਾਣੀ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਹ ਪ੍ਰਮਾਤਮਾ ਨੂੰ ਨਹੀਂ ਭਾਉਂਦੀ ਤੇ ਗੁਰੂ ਵਰਗੇ ਬਣ ਕੇ ਅਨੇਕਾਂ ਬੈਠੇ ਹਨ ਜੋ ਸਾਨੂੰ ਭਗਤੀ ਦਾ ਮਾਰਗ ਸਿਖਾਉਂਦੇ ਹਨ, ਨਾਮ ਜਪਣਾ ਸਿਖਾਉਂਦੇ ਹਨ ਜੋ ਕਿ ਗੁਰਮਤਿ ਦੇ ਅਨੁਸਾਰ ਨਹੀਂ ਹਨ। ਇਹੋ ਜਿਹਿਆਂ ਦੀ ਮਤਿ ਪ੍ਰਮਾਤਮਾ ਨੂੰ ਨਹੀਂ ਭਾਉਂਦੀ ਕਿਉਂਕਿ ਉਨ੍ਹਾਂ ਨੂੰ ਇਹ ਸੋਝੀ ਪ੍ਰਮਾਤਮਾ ਨੇ ਆਪ ਨਹੀਂ ਪਾਈ ਹੈ ਤੇ ਇਸੇ ਲਈ ਇਸ ਵਿੱਚ ਉਨ੍ਹਾਂ ਦੀ ਮਨਮਤਿ ਹੈ। ਗੁਰਮਤਿ ਕੇਵਲ ਉੱਥੇ ਹੈ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਸਾਡੇ ਅੰਦਰ ਗਿਆਨ ਦਾ ਅੰਜਨ ਪਾਉਂਦਾ ਹੈ, ਸੱਚੀ ਸੋਝੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬ ਨੂੰ ਪਾਈ ਹੈ। **(ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ॥ ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ॥)**

ਜਿਸ ਨੂੰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਸੋਝੀ ਪਾਉਂਦਾ ਹੈ ਉਸ ਸੋਝੀ ਦਾ ਮਕਸਦ ਸਾਨੂੰ ਆਪਣੇ ਜੀਵਨ ਦਾ ਮਾਰਗ ਦਿਖਾਉਣ ਲਈ ਹੀ ਹੁੰਦਾ ਹੈ ਤਾਂ ਜੋ ਅਸੀਂ ਉਸ ਅਨੁਸਾਰ ਚੱਲ ਸਕੀਏ, ਵਿਚਰ ਸਕੀਏ। ਜਦੋਂ ਪ੍ਰਮਾਤਮਾ ਆਪ ਆਪਣੀ ਮਤਿ ਦਿੰਦਾ ਹੈ ਫਿਰ ਉਸ ਤੋਂ ਬਾਅਦ ਮਨੁੱਖ ਦੇ ਅੰਦਰ ਆਪਣਾ ਧਰਮ ਸਮਝਣ ਲਈ ਆਪਣੀ ਮਤਿ ਖ਼ਤਮ ਹੋ ਜਾਂਦੀ ਹੈ, ਮਨਮਤਿ ਖ਼ਤਮ ਹੋ ਜਾਂਦੀ ਹੈ ਭਾਵ ਆਪਣੀ ਮਨਮਤਿ ਅਸੀਂ ਆਪਣੇ ਆਪ ਨਹੀਂ ਛੱਡ ਸਕਦੇ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸਾਨੂੰ ਮਨਮਤਿ ਵਿੱਚੋਂ ਕੱਢਦਾ ਹੈ, ਭਰਮ ਵਾਲੀ ਬਿਰਤੀ ਵਿੱਚੋਂ ਕੱਢਦਾ ਹੈ। **(ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ॥)**

ਅਸੀਂ ਜਿਹੋ ਜਿਹੇ ਵੀ ਕਰਮ ਕਰਦੇ ਹਾਂ ਭਾਵ ਜੋ ਵੀ ਮਾੜੇ ਚੰਗੇ ਕਰਮ ਕਰਦੇ ਹਾਂ ਇਹ ਕਰਮ ਕਰਵਾਉਣ ਵਾਲਾ ਸਾਡੇ ਕੋਲੋਂ ਆਪ ਪ੍ਰਮਾਤਮਾ ਹੈ ਜਿਸ ਦੀ ਸੋਝੀ ਮਨ ਦੇ ਵਿੱਚ ਉਸ ਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ। ਮਨ ਦੇ ਵਿੱਚ ਆਪਣੀ ਸੱਚੀ ਮਤਿ ਦੇਣ ਦੁਆਰਾ ਫਿਰ ਉਹ

25/2784

ਮਨੁੱਖ ਕੋਲੋਂ ਕੇਵਲ ਸੁਕਰਮ ਹੀ ਕਰਵਾਉਂਦਾ ਹੈ ਜੋ ਕਿ ਉਸਦੀ ਸੱਚੀ ਮਤਿ ਦਾ ਮਕਸਦ ਹੈ। ਪ੍ਰਮਾਤਮਾ ਅਭੇਵ ਹੈ ਭਾਵ ਉਸਦਾ ਭੇਦ ਨਹੀਂ ਪਾਇਆ ਜਾ ਸਕਦਾ। ਉਹ ਸਾਡੇ ਅੰਦਰ ਹੀ ਹੈ ਤੇ ਉਸਦਾ ਭੇਦ ਪਾਉਣਾ ਭਾਵ ਉਸਨੂੰ ਆਪਣੇ ਅੰਦਰੋਂ ਜਾਣਨਾ ਕਿਸੇ ਦੇ ਵੱਸ ਵਿੱਚ ਨਹੀਂ ਹੈ। ਉਸਦਾ ਭੇਦ ਆਪਣੇ ਅੰਦਰੋਂ ਉਦੋਂ ਹੀ ਜਾਣਿਆ ਜਾ ਸਕਦਾ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਕਰਮ ਸੁਕਰਮ ਕਰਾਉਣ ਵਾਲਾ ਕੌਣ ਹੈ ਭਾਵ ਸਾਨੂੰ ਮਨ ਦੇ ਅੰਦਰ ਸੋਝੀ ਪਾਉਣ ਵਾਲਾ ਕੌਣ ਹੈ। ਆਪਣੀ ਕੀਮਤ ਉਹ ਆਪ ਹੀ ਪਾਉਂਦਾ ਹੈ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣੀ ਕੀਮਤ ਦਿਖਾਉਂਦਾ ਤੇ ਆਪਣੀ ਕੀਮਤ ਪਾਉਣ ਦਾ ਤਰੀਕਾ ਵੀ ਆਪ ਹੀ ਸਮਝਾਉਂਦਾ ਹੈ ਜੋ ਕਿ ਸੱਚ ਅਨੁਸਾਰ ਵਿਚਰਨ ਦਾ ਹੈ। ਮਨ ਦੇ ਵਿੱਚ ਉਹ ਆਪਣੀ ਸੱਚੀ ਸਿੱਖਿਆ ਦੇ ਕੇ ਫਿਰ ਉਹ ਕੇਵਲ ਆਪਣੀ ਸਿੱਖਿਆ ਅਨੁਸਾਰ ਹੀ ਚਲਾਉਂਦਾ ਹੈ, ਮਨੁੱਖ ਦਾ ਮਨ ਆਪਣੇ ਅੰਦਰ ਉਸਦੀ ਸਿੱਖਿਆ ਨੂੰ ਮੰਨ ਲੈਂਦਾ ਹੈ। ਸੱਚੀ ਸਿੱਖਿਆ ਦੀ ਸੋਝੀ ਬਿਨ੍ਹਾਂ ਭਾਵ ਜਿੰਨ੍ਹਾਂ ਨੂੰ ਇਹੋ ਜਿਹੀ ਸੱਚੀ ਸਿੱਖਿਆ ਦੀ ਸੋਝੀ ਨਹੀਂ ਪਈ ਭਾਵ ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਨਹੀਂ ਹੁੰਦਾ। ਉਨ੍ਹਾਂ ਨੂੰ ਭਗਤੀ ਦੀ ਸੋਝੀ ਨਹੀਂ ਪੈਂਦੀ ਤੇ ਉਹ ਉਹੋ ਜਿਹੀ ਭਗਤੀ ਕਰਦੇ ਹਨ ਜਿਸ ਵਿੱਚ ਪਾਖੰਡ ਹੁੰਦਾ ਹੈ ਭਾਵ ਭਗਤੀ ਦਾ ਦਿਖਾਵਾ ਹੁੰਦਾ ਹੈ। ਇਹੋ ਜਿਹੀ ਭਗਤੀ ਵਾਲੇ ਤੰਤ੍ਰ ਮੰਤ੍ਰ ਨਾਲ ਜੁੜੇ ਰਹਿੰਦੇ ਹਨ। ਕਿਸੇ ਅੱਖਰ ਦਾ ਜਪ ਕਰੀ ਜਾਣਾ ਕੇਵਲ ਤੰਤ੍ਰ ਮੰਤ੍ਰ ਹੈ ਜਿਸਦੇ ਨਾਲ ਗੁਰਮਤਿ ਦਾ ਮਕਸਦ ਪੂਰਾ ਨਹੀਂ ਹੁੰਦਾ ਤੇ ਇਹੀ ਗੱਲ ਸਮਾਧੀਆਂ ਆਦਿ ਲਗਾ ਕੇ ਬੈਠੇ ਰਹਿਣ ਦੀ ਹੈ ਜਿਸ ਵਿੱਚ ਭਗਤੀ ਦਾ ਦਿਖਾਵਾ ਹੈ, ਪਾਖੰਡ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਉਹ ਫਿਰ ਇਹੋ ਜਿਹੀ ਪਾਖੰਡ ਵਾਲੀ ਭਗਤੀ ਨਹੀਂ ਕਰਦਾ ਤੇ ਗੁਰੂ ਸਾਹਿਬ ਸਾਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਮੈਂ ਤੰਤ੍ਰ ਮੰਤ੍ਰ ਵਾਲੀ ਪਾਖੰਡ ਵਾਲੀ ਭਗਤੀ ਵਿੱਚੋਂ ਨਿਕਲਿਆ ਹੋਇਆ ਹਾਂ ਕਿਉਂਕਿ ਮੈਨੂੰ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਆਪਣੀ ਭਗਤੀ ਸਮਝਾਈ ਹੈ। ਮੈਨੂੰ ਉਸ ਪ੍ਰਮਾਤਮਾ ਨੇ ਸ਼ਬਦ ਦੀ ਸਿੱਖਿਆ ਦੁਆਰਾ ਸੱਚ ਸਮਝਾਇਆ ਹੈ ਤੇ ਇਸੇ ਲਈ ਮੈਂ ਸੱਚੀ ਭਗਤੀ ਦੇ ਨਾਲ ਜੁੜਿਆ ਹੋਇਆ ਹਾਂ ਤੇ ਇਹੀ ਗੱਲ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਗਈ ਹੈ, ਸਾਨੂੰ ਪਾਖੰਡ ਵਾਲੀ ਭਗਤੀ ਵਿੱਚੋਂ ਨਿਕਲਣ ਲਈ ਸਮਝਾਇਆ ਗਿਆ ਹੈ। ਪਾਖੰਡ ਵਿੱਚੋਂ ਤਾਂ ਹੀ ਨਿਕਲਾਂਗੇ ਜੇਕਰ ਗੁਰੂ ਦੀ ਸੱਚੀ ਸੋਝੀ ਨਾਲ ਜੁੜਾਂਗੇ ਤੇ ਜੇਕਰ ਉਨ੍ਹਾਂ ਦੀ ਸੋਝੀ ਨਾਲ ਜੁੜਾਂਗੇ ਜੋ ਆਪ ਹੀ ਤੰਤ੍ਰ ਮੰਤ੍ਰ ਵਿੱਚ ਲੱਗੇ ਹੋਏ ਹਨ ਜਿੰਨ੍ਹਾਂ ਨੇ ਨਾਮ ਨੂੰ ਕੋਈ ਤੰਤ੍ਰ ਮੰਤ੍ਰ ਸਮਝਿਆ ਹੋਇਆ ਹੈ ਤੇ ਸਮਾਧੀਆਂ ਵਿੱਚ ਬੈਠਣ ਨੂੰ ਭਗਤੀ ਸਮਝਿਆ ਹੋਇਆ ਹੈ ਫਿਰ ਅਸੀਂ ਪਾਖੰਡ ਵਾਲੀ ਭਗਤੀ ਨਾਲ ਹੀ ਜੁੜੇ ਰਹਾਂਗੇ ਤੇ ਗੁਰਮਤਿ ਨਾਲ ਨਹੀਂ ਜੁੜ ਸਕਾਂਗੇ, ਸੱਚ ਨਾਲ ਨਹੀਂ ਜੁੜ ਸਕਾਂਗੇ। **(ਕਰਮ ਸੁਕਰਮ**

ਕਰਾਏ ਆਪੇ ਕੀਮਤਿ ਕਉਣ ਅਭੇਵਏ॥ ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥ ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥੪॥)

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

ਉਪਰਲੀਆਂ ਪੰਗਤੀਆਂ ਵਿੱਚੋਂ ਹੇਠ ਦਿੱਤੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ "ਨਾਮੁ" ਕੀ ਹੈ।

25/2785

"ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥੪॥"

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀ ਪੰਗਤੀ ਨੂੰ ਕਿ ਧੰਨ ਧੰਨ ਬਾਬਾ ਨਾਨਕ ਜੀ ਸਾਨੂੰ ਕਿਸ ਚੀਜ਼ ਨੂੰ ਨਾਮ ਕਹਿ ਕੇ ਸਮਝਾ ਰਹੇ ਹਨ। "ਅੰਜਨੁ" ਨੂੰ "ਨਾਮੁ" ਕਿਹਾ ਹੈ। ਇਹ "ਅੰਜਨੁ" ਪ੍ਰਮਾਤਮਾ ਦੇ ਕੋਲੋਂ ਸੋਝੀ ਦੇ ਰੂਪ ਵਿੱਚ ਮਿਲਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਨੂੰ ਇਹ "ਨਾਮੁ ਅੰਜਨ" ਪ੍ਰਮਾਤਮਾ ਦੇ ਕੋਲੋਂ ਮਿਲਿਆ ਹੈ ਜਿਸ ਦੁਆਰਾ ਉਸ ਨੇ ਮੈਨੂੰ "ਸਚੁ" ਦੀ ਸੋਝੀ ਪਾਈ ਹੈ। ਇਹ "ਅੰਜਨ ਨਾਮੁ" ਮੈਨੂੰ ਪ੍ਰਮਾਤਮਾ ਨੇ "ਗੁਰ ਸਬਦੀ" ਸਮਝਾਇਆ ਹੈ। ਉਹ ਪ੍ਰਮਾਤਮਾ ਆਪ ਹੀ ਸ਼ਬਦ ਰੂਪ ਵਿੱਚ ਗੁਰੂ ਹੈ ਤੇ ਆਪਣੇ ਸ਼ਬਦਾਂ ਦੁਆਰਾ ਭਾਵ ਮਨ ਦੇ ਵਿੱਚ ਆਪਣੇ ਸ਼ਬਦ ਸੁਣਾ ਕੇ ਮੈਨੂੰ ਸੱਚ ਦੀ ਸੋਝੀ ਪਾਈ ਹੈ। ਇਹ ਸੱਚ ਦੀ ਸੋਝੀ "ਅੰਜਨੁ ਨਾਮੁ" ਹੈ। ਇਹ "ਅੰਜਨੁ" ਗਿਆਨ ਦਾ ਅੰਜਨ ਹੈ ਭਾਵ ਗਿਆਨ ਦੇ ਅੰਦਰ ਦੀ ਸੋਝੀ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ। ਪੂਰੀ ਗੁਰਬਾਣੀ ਵਿੱਚ ਅੰਜਨ ਨਾਮ ਹੀ ਹੈ ਭਾਵ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਸੱਚੀ ਸੋਝੀ ਹੀ ਹੈ ਜੋ ਉਸਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਆਪ ਹੀ ਪ੍ਰਗਟ ਹੋ ਕੇ ਮਨ ਦੇ ਵਿੱਚ ਪਾਈ ਹੈ, ਆਪਣੇ ਸ਼ਬਦਾਂ ਦੁਆਰਾ ਪਾਈ ਹੈ ਜਿਸ ਦੁਆਰਾ ਗੁਰਬਾਣੀ ਰੂਪ ਗ੍ਰੰਥ ਦੀ ਰਚਨਾ ਹੋਈ ਹੈ। ਇਸ ਸੱਚੀ ਸੋਝੀ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਭਾਵ ਅੰਜਨ ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਅੰਜਨ ਨਾਮ ਦੁਆਰਾ ਜੋ ਸੋਝੀ ਪੈਂਦੀ ਹੈ ਉਹੀ ਬ੍ਰਹਮ ਗਿਆਨ ਹੈ ਜਿਸ ਦੇ ਅੰਦਰ ਪੂਰਨ ਸੱਚ ਹੁੰਦਾ ਹੈ। ਇਹ ਪੂਰਨ "ਸਚੁ" ਰੂਪ, ਬ੍ਰਹਮ ਗਿਆਨ ਰੂਪ ਭਾਵ "ਅੰਜਨੁ ਨਾਮੁ" ਰੂਪ ਵਿੱਚ ਪ੍ਰਮਾਤਮਾ ਆਪ ਹੈ। ਇਹੀ ਉਸਦਾ ਸ਼ਬਦ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰਬਾਣੀ ਦੇ ਵਿੱਚ ਵੱਸਿਆ ਹੋਇਆ ਹੈ ਜਿਸ ਕਰਕੇ ਪੋਥੀ ਪ੍ਰਮਾਤਮਾ ਦਾ ਆਪਣਾ ਹੀ ਸਥਾਨ ਹੈ। **(ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥੪॥)**

ਨਾਮ ਅੰਜਨ ਦਾ ਮਕਸਦ ਸਾਡੀ ਅਗਿਆਨਤਾ ਦੂਰ ਕਰਨ ਨਾਲ ਹੈ ਜੋ ਮਨ ਦੇ ਵਿੱਚ ਪੂਰਨ ਸੱਚ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਇਸ ਨਾਮ ਦੇ ਅੰਜਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ, ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ। ਅਸੀਂ ਆਪਣੀ ਅਗਿਆਨਤਾ ਕਰਕੇ ਪਤਿਤ ਹਾਂ ਜਿਸ ਨੂੰ ਪ੍ਰਮਾਤਮਾ ਪੁਨੀਤ ਕਰਦਾ ਹੈ ਉਸਨੂੰ ਆਪਣਾ ਨਾਮ ਬਖਸ਼ ਕੇ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥੨॥}

(ਅੰਗ ੪੫੬)

25/2786

ਮਾਝ ਮਹਲਾ ੩॥

{ਇਸੁ ਗੁਫਾ ਮਹਿ ਅਖੁਟ ਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ॥੧॥ਰਹਾਉ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥੪॥
ਗੁਰ ਪਰਸਾਦੀ ਸਚਾ ਹਰਿ ਪਾਏ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ॥੫॥
ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥੬॥
ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ॥ ਗੁਰ ਪਰਸਾਦੀ ਮਿਲਿ ਸੋਝੀ ਪਾਈ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ॥੮॥੨੪॥੨੫॥}

(ਅੰਗ ੧੨੪)

ਨਾਮ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਕੱਢਣ ਦੇ ਨਾਲ ਹੀ ਹੈ, ਸਾਨੂੰ ਸੱਚ ਸਮਝਾਉਣ ਦੇ ਨਾਲ ਹੀ ਹੈ ਤੇ ਜਿੰਨ੍ਹਾਂ ਦੇ ਅੰਦਰ ਇਹ ਸੱਚ ਦੀ ਸੋਝੀ ਵੱਸੀ ਹੈ ਉਨ੍ਹਾਂ ਨੂੰ ਹੀ ਪ੍ਰਮਾਤਮਾ ਦੀ ਅਸਲ ਭਗਤੀ ਦੀ ਸੋਝੀ ਪਈ ਹੈ। ਸੱਚ ਦੀ ਸੋਝੀ ਪਏ ਬਿਨ੍ਹਾਂ ਅਸੀਂ ਉਹੋ ਜਿਹੀ ਭਗਤੀ ਵਿੱਚ ਲੱਗੇ ਹੋਏ ਹਾਂ ਜਿਸਨੂੰ ਕੇਵਲ ਭਰਮ, ਤੰਤ੍ਰ ਮੰਤ੍ਰ, ਪਾਖੰਡ ਕਿਹਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀ ਜਾ ਸਕਦੀ ਹੈ।

ਪ੍ਰਭਾਤੀ ਮਹਲਾ ੧॥

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ॥ ਤੂ ਗੁਣ ਸਾਗਰੁ ਅਵਗੁਣ ਮੋਹੀ॥੧॥ਰਹਾਉ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥

ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ॥
ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ॥
ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ॥ ਆਵਹਿ ਜਾਂਹਿ ਮਰਹਿ ਮਰਿ ਜਾਈ॥੪॥
ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ॥ ਇਸ ਨੋ ਵਿਆਪੈ ਸੋਗ ਸੰਤਾਪੁ॥
ਸੋ ਸੇਵਹੁ ਜਿਸੁ ਮਾਈ ਨ ਬਾਪੁ॥ ਵਿਚਹੁ ਚੂਕੈ ਤਿਸਨਾ ਅਰੁ ਆਪੁ॥੫॥
ਜਹ ਜਹ ਦੇਖਾ ਤਹ ਤਹ ਸੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ॥ ਘਰਿ ਬਾਹਰਿ ਏਕੋ ਕਰਿ ਜਾਣੁ॥
ਏਹਾ ਮਤਿ ਸਬਦੁ ਹੈ ਸਾਰੁ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ॥੭॥
ਕਰਣੀ ਕੀਰਤਿ ਗੁਰਮਤਿ ਸਾਰੁ॥ ਸੰਤ ਸਭਾ ਗੁਣ ਗਿਆਨੁ ਬੀਚਾਰੁ॥
ਮਨੁ ਮਾਰੇ ਜੀਵਤ ਮਰਿ ਜਾਣੁ॥ ਨਾਨਕ ਨਦਰੀ ਨਦਰਿ ਪਛਾਣੁ॥੮॥੩॥}

(ਅੰਗ ੧੩੪੩)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਕਾਫੀ ਪਿੱਛੇ ਹੀ ਜਾਣ ਚੁੱਕੇ ਹਾਂ ਤੇ ਸਮਝਣ ਦੀ ਗੱਲ ਕੇਵਲ ਇਹ ਹੈ ਕਿ ‘‘ਸਚੁ’’ ਕੀ ਹੈ। ‘‘ਸਚੁ’’ ਨਾਮ ਹੈ, ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਵੱਸਣ ਦੁਆਰਾ ਭਾਵ ਪ੍ਰਗਟ ਹੋਣ ਦੁਆਰਾ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਸਾਨੂੰ ਉਸਦੀ ਅਸਲ ਭਗਤੀ ਦੀ ਸੋਝੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਉਹ ਸੱਚੀ ਕਰਣੀ ਨਾਲ ਜੋੜਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੇ ਨਾਲ ਜੋੜਦਾ ਹੈ ਜੋ ਪ੍ਰਮਾਤਮਾ ਦੀ ਸੱਚੀ ਪੂਜਾ ਹੈ, ਭਗਤੀ ਹੈ। ਹਰ ਕਿਸੇ ਨੇ ਭਗਤੀ ਨੂੰ ਇਸ ਤੋਂ ਵੱਖਰਾ ਸਮਝਿਆ ਹੋਇਆ ਹੈ ਜਿਸ ਲਈ ਅਸੀਂ ਅਨੇਕਾਂ ਹੀ ਤਰੀਕੇ ਅਪਣਾਏ ਹੋਏ ਹਨ ਤੇ ਸਦੀਆਂ ਤੋਂ ਉਹੋ ਜਿਹੇ ਤਰੀਕਿਆਂ ਵਿੱਚ ਲੱਗੇ ਹੋਏ ਹਾਂ ਜੋ ਕਿ ਕੇਵਲ ਭਗਤੀ ਦਾ ਦਿਖਾਵਾ ਹੈ ਤੇ ਪਾਖੰਡ ਦੀ ਪੂਜਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਪੂਜਾ ਨਹੀਂ ਹੈ ਤੇ ਅਸੀਂ ਵਿਅਰਥ ਹੀ ਇਹੋ ਜਿਹੀ ਭਗਤੀ ਦੁਆਰਾ ਆਪਣੇ ਆਪ ਨੂੰ ਖੁਆਰ ਕਰ ਰਹੇ ਹਾਂ ਭਾਵ ਭਰਮ ਵਿੱਚ ਹੀ ਆਪਣੇ ਆਪ ਨੂੰ ਖੁਆਰ ਕਰ ਰਹੇ ਹਾਂ ਜਿਸ ਨਾਲ ਸਾਨੂੰ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ। ਉਸਦੇ ਦਰਸ਼ਨ ਮਨ ਦਾ ਭਰਮ ਮਿਟਣ ਦੁਆਰਾ ਹੁੰਦੇ ਹਨ। ਮਨ ਦਾ ਭਰਮ ਮਿਟਾਉਣ ਲਈ ਸਾਨੂੰ ਅੰਜਨ ਨਾਮ ਦੀ ਲੋੜ ਹੈ ਭਾਵ ਗੁਰੂ ਦੀ ਸੱਚੀ ਸੋਝੀ ਦੀ ਲੋੜ ਹੈ ਜਿਸ ਨੂੰ ਆਪਣੇ ਅੰਦਰ ਵਸਾਉਣ ਨਾਲ ਅਸੀਂ ਸੱਚ ਦੇ ਨਾਲ ਜੁੜਦੇ ਜਾਵਾਂਗੇ ਤੇ ਭਰਮ ਦੇ ਵਿੱਚੋਂ ਨਿਕਲਦੇ ਜਾਵਾਂਗੇ ਤੇ ਉਨ੍ਹਾਂ ਭਰਮਿਆ ਹੋਇਆਂ ਦੇ ਪਿੱਛੇ ਨਹੀਂ

25/2787

ਲੱਗਾਂਗੇ ਜਿੰਨ੍ਹਾਂ ਕੋਲੋਂ ਅਸੀਂ ਨਾਮ ਜਪਣਾ ਸਿੱਖਿਆ ਹੋਇਆ ਹੈ, ਪਾਖੰਡ ਵਾਲੀ ਭਗਤੀ ਸਿੱਖੀ ਹੋਈ ਹੈ।

ਧੰਨ ਧੰਨ ਬਾਬਾ ਨਾਨਕ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਂ ਪ੍ਰਮਾਤਮਾ ਦੇ ਕੋਲੋਂ ਨਾਮ ਇਸ ਰੂਪ ਵਿੱਚ ਜਾਣਿਆ ਹੈ, ਇਸ ਵਿਧੀ ਦੁਆਰਾ ਜਾਣਿਆ ਹੈ ਤੇ ਇਸ ਮਕਸਦ ਲਈ ਜਾਣਿਆ ਹੈ ਜਿਵੇਂ ਕਿ ਉਹਨਾਂ ਨੇ ਮੁੱਖ ਸ਼ਬਦ ਦੀ ਪੰਗਤੀ ਰਾਹੀਂ ਸਮਝਾਇਆ ਹੈ। **(ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ॥੪)** ਸੱਚ ਜਾਨਣ ਦਾ ਮਕਸਦ ਕੀ ਹੈ ਇਹੀ ਗੱਲ ਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ ਤਾਂ ਜੋ ਅਸੀਂ ਸੱਚ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਉਸ ਅਨੁਸਾਰ ਵਿਚਰ ਸਕੀਏ। ਗੁਰੂ ਸਾਹਿਬ ਵੱਲੋਂ ਤਾਂ ਨਾਮ ਸਮਝਾਉਣ ਵਿੱਚ ਕੋਈ ਕਸਰ ਨਹੀਂ ਹੈ ਤੇ ਇਹ ਵੀ ਬੜਾ ਸਪੱਸ਼ਟ ਹੈ ਕਿ ਨਾਮ ਦੀ ਸੋਝੀ ਉਸੇ ਨੂੰ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਇਹ ਸੋਝੀ ਪਾਉਂਦਾ ਹੈ। ਮਨ ਦੇ ਵਿੱਚ ਇਹ ‘‘ਸਚੁ’’ ਰੂਪ ਸੋਝੀ ਹੀ ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਹੈ, ਚੌਥੇ ਪਦ ਦੇ ਗਿਆਨ ਦਾ ਪ੍ਰਕਾਸ਼ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ

ਮਾਇਆ ਦੇ ਛਲ ਵਿੱਚੋਂ ਕੱਢਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਜਿੰਨ੍ਹਾਂ ਕੋਲੋਂ ਅਸੀਂ ਨਾਮ ਦੀ ਸਿੱਖਿਆ ਲਈ ਹੈ, ਨਾਮ ਜਪਣਾ ਸਿੱਖਿਆ ਹੈ ਕੀ ਉਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਜਾਂ ਉਨ੍ਹਾਂ ਦੇ ਅੰਦਰ ਮਾਇਆ ਦਾ ਛਲ ਹੈ ਜਿਸ ਕਰਕੇ ਉਹ ਭਰਮ ਵਿੱਚ ਹਨ ਭਾਵ ਸਾਨੂੰ ਝੂਠ ਦੇ ਨਾਲ ਜੋੜਦੇ ਹਨ, ਝੂਠੀ ਮਤਿ ਦੇ ਨਾਲ ਜੋੜਦੇ ਹਨ। ਜੇਕਰ ਉਹ ਸੱਚੇ ਹਨ ਤਾਂ ਫਿਰ ਬਾਬਾ ਨਾਨਕ ਸੱਚਾ ਨਹੀਂ ਹੋ ਸਕਦਾ ਕਿਉਂਕਿ ਦੋਨਾਂ ਦੇ ਵਿਚਾਰ ਵੱਖਰੇ-ਵੱਖਰੇ ਹਨ। ਤੁਸੀਂ ਸੱਚਾ ਕਿਸ ਨੂੰ ਮੰਨਣਾ ਚਾਹੁੰਦੇ ਹੋ ਇਸ ਗੱਲ ਦਾ ਫੈਸਲਾ ਹਰ ਕੋਈ ਆਪ ਹੀ ਕਰ ਲਵੇ। ਸੱਚੇ ਜੇਕਰ ਅਸੀਂ ਉਨ੍ਹਾਂ ਨੂੰ ਸਮਝਦੇ ਹਾਂ ਜਿੰਨ੍ਹਾਂ ਨੇ ਸਾਨੂੰ ਅੱਖਰ ਦਾ ਜਪ ਸਿਖਾਇਆ ਹੈ ਜਿਸ ਨੂੰ ਉਹ ਨਾਮ ਜਪਣਾ ਸਮਝਦੇ ਹਨ ਫਿਰ ਹਰ ਸਵਾਸ ਰਾਹੀਂ ਜਿਹੋ ਜਿਹਾ ਨਾਮ ਉਹ ਜਪਦੇ ਹਨ ਉਹ ਸਵਾਸ ਸਵਾਸ ਬਾਬੇ ਨਾਨਕ ਨੂੰ ਝੂਠਾ ਸਾਬਿਤ ਕਰਦੇ ਹਨ, ਗੁਰਬਾਣੀ ਨੂੰ ਝੂਠਾ ਸਾਬਿਤ ਕਰਦੇ ਹਨ, ਗੁਰਬਾਣੀ ਦੀ ਰਚਨਾ ਕਰਨ ਵਾਲੇ ਹਰ ਭਗਤ ਸਾਹਿਬਾਨ ਨੂੰ ਝੂਠਾ ਸਾਬਿਤ ਕਰਦੇ ਹਨ, ਪ੍ਰਮਾਤਮਾ ਦੇ ਦੱਸੇ ਹੋਏ ਸੱਚ ਨੂੰ ਝੂਠਾ ਸਾਬਿਤ ਕਰਦੇ ਹਨ। ਅਸਲ ਵਿੱਚ ਉਹ ਮਾਇਆ ਦੇ ਛਲ ਨੂੰ ਸੱਚਾ ਸਾਬਿਤ ਕਰਦੇ ਹਨ ਕਿਉਂਕਿ ਮਾਇਆ ਦੇ ਛਲ ਦਾ ਇਹੀ ਸੱਚ ਹੈ ਕਿ ਸਾਨੂੰ ਝੂਠੀ ਗੱਲ ਸੱਚੀ ਲੱਗਦੀ ਹੈ। ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਹਿਲਾਂ ਵੀ ਇਹਨਾਂ ਪੰਗਤੀਆ ਦੁਆਰਾ ਸਮਝਿਆ ਹੈ।

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥}

(ਅੰਗ ੧੨੮੮)

ਉੱਪਰ ਵਾਲੀਆਂ ਪੰਗਤੀਆਂ ਨੂੰ ਇੱਕ ਵਾਰ ਫਿਰ ਧਿਆਨ ਨਾਲ ਸਮਝੋ ਕਿ ਇਹਨਾਂ ਰਾਹੀਂ ਸਾਨੂੰ ਕੀ ਸਮਝਾਇਆ ਹੋਇਆ ਹੈ। ਸਾਨੂੰ ਗੁਰੂ ਦੀ ਮਤਿ ਵਿੱਚ ਤੇ ਉਨ੍ਹਾਂ ਦੀ ਮਤਿ ਦੇ ਵਿੱਚ ਫਰਕ ਸਮਝਾਇਆ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਉੱਚੀ ਮਤਿ ਵਾਲੇ ਸਮਝ ਕੇ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ। ਸਮਝਣ ਵਾਲੀ ਗੱਲ ਇਹ ਹੈ ਕਿ ‘‘ਕਲਿ’’ ਕਿਸ ਨੂੰ ਕਿਹਾ ਹੈ। ਗੁਰੂ ਤੋਂ ਬਿਨ੍ਹਾਂ ਹਰ ਕਿਸੇ ਦੀ ਅਵੱਸਥਾ ‘‘ਕਲਿ’’ ਵਾਲੀ ਹੀ ਹੈ

25/2788

ਭਾਵ ਅਗਿਆਨਤਾ ਵਾਲੀ ਹੀ ਹੈ, ਭਰਮ ਵਾਲੀ, ਮਨਮਤਿ ਵਾਲੀ, ਹਉਮੈ ਵਾਲੀ, ਤ੍ਰੈਗੁਣਾਂ ਵਾਲੀ ਹੀ ਹੈ ਜਿਸ ਦੁਆਰਾ ਹਰ ਕੋਈ ਸੱਚ ਨੂੰ ਸਮਝਣ ਤੋਂ ਦੂਰ ਰਹਿੰਦਾ ਹੈ, ਪ੍ਰਮਾਤਮਾ ਦੀ ਸੱਚਾਈ ਨੂੰ, ਭਗਤੀ ਦੀ ਸੱਚਾਈ ਨੂੰ, ਨਾਮ ਦੀ ਸੱਚਾਈ ਨੂੰ ਭਾਵ ਗੁਰੂ ਦੀ ਸੱਚੀ ਸਿੱਖਿਆ ਦੀ ਸੱਚਾਈ ਨੂੰ ਸਮਝਣ ਤੋਂ ਦੂਰ ਹੀ ਰਹਿੰਦਾ ਹੈ। ਮਨ ਦਾ ਇਹ ਭਰਮ ਹੀ ਸਾਡੇ ਅੰਦਰ ਦੁਚਿੱਤੀ ਦੀ ਅਵੱਸਥਾ ਹੈ, ਮਾਇਆ ਦੇ ਛਲ ਦੀ ਅਵੱਸਥਾ ਹੈ ਜਿਸ ਦੇ ਰਹਿੰਦਿਆਂ ਸਾਨੂੰ ਸੱਚੀ ਗੱਲ ਝੂਠੀ ਲੱਗਦੀ ਹੈ ਤੇ ਝੂਠੀ ਗੱਲ ਸੱਚੀ ਲੱਗਦੀ ਹੈ। ਮਨ ਦੀ ਅਗਿਆਨਤਾ ਕਰਕੇ ਅਸੀਂ ਉਨ੍ਹਾਂ ਨੂੰ ਧਰਮ ਦੇ ਪੰਡਿਤ, ਵਿਦਵਾਨ, ਗਿਆਨੀ ਸਮਝ ਲੈਂਦੇ ਹਾਂ ਜੋ ਅਸਲ ਵਿੱਚ ਧਰਮ ਨੂੰ ਸਮਝਣ ਵਿੱਚ ਮੂਰਖ ਹੀ ਹਨ ਭਾਵ ਜਿੰਨ੍ਹਾਂ ਨੂੰ ਧਰਮ ਦੀ ਸੋਝੀ ਨਹੀਂ ਹੈ, ਨਾਮ ਦੀ ਸੋਝੀ ਨਹੀਂ ਹੈ। ਜਿਹੜੇ ਗੁਰਮਤਿ ਨੂੰ ਸਮਝਣ ਵਿੱਚ ਅੰਧੇ ਹਨ ਭਾਵ ਅਗਿਆਨੀ ਹਨ ਉਨ੍ਹਾਂ ਨੂੰ ਅਸੀਂ ਗੁਰਮਤਿ ਦੇ ਪਾਰਖੂ ਸਮਝ ਲੈਂਦੇ ਹਾਂ ਭਾਵ ਗੁਰਮਤਿ ਦੀ ਸੋਝੀ ਵਾਲੇ ਸਮਝ ਲੈਂਦੇ ਹਾਂ ਕਿਉਂਕਿ ਉਹ ਗੱਲਾਂ ਹੀ ਇਹੋ ਜਿਹੀਆਂ ਕਰਦੇ ਹਨ ਜਿਵੇਂ ਕਿ ਉਨ੍ਹਾਂ ਨੂੰ ਬੜੀ ਸਮਝ ਹੈ ਤੇ ਅਸੀਂ ਉਨ੍ਹਾਂ ਦੀਆਂ ਗੱਲਾਂ ਵਿੱਚ ਆ ਜਾਂਦੇ ਹਾਂ। ਉਹ ਸਾਨੂੰ ਆਪਣੀ ਆਪਣੀ ਮਤਿ ਅਨੁਸਾਰ ਧਰਮ ਗ੍ਰੰਥਾਂ ਦੀ ਸੋਝੀ ਪਾਉਂਦੇ ਹਨ ਪਰ ਉਨ੍ਹਾਂ ਨੂੰ ਸੱਚ ਦੀ ਸੋਝੀ ਨਹੀਂ ਹੁੰਦੀ। ਉਨ੍ਹਾਂ ਨੂੰ ਧਰਮ ਦੇ ਵਿਦਵਾਨ ਸਮਝਣ ਵਿੱਚ ਅਸੀਂ ਉਹੋ ਜਿਹੀ ਭੁੱਲ ਕਰਦੇ ਹਾਂ ਜਿਵੇਂ ਕਿ ਕਿਸੇ ਫਕੀਰ ਨੂੰ ਅਸੀਂ ਪਾਤਸ਼ਾਹ ਸਮਝ ਬੈਠੀਏ ਭਾਵ ਬਿਲਕੁਲ ਪੁੱਠੀ ਗੱਲ ਹੈ। ਕਿਸੇ ਮੂਰਖ ਨੂੰ ਧਰਮ ਦਾ ਵਿਦਵਾਨ ਸਮਝਣ ਵਾਲੀ ਗੱਲ ਹੈ। **(ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥)**

ਜਿੱਥੇ ਕਿੱਥੇ ਸੰਸਾਰ ਵਿੱਚ ਇਹੋ ਜਿਹੇ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਹੀ ਬੈਠੇ ਹੋਏ ਹਨ, ਚੌਧਰੀ ਬਣ ਕੇ ਬੈਠੇ ਹਨ, ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ ਜੋ ਕਿ ਕੇਵਲ ਉਨ੍ਹਾਂ ਦੇ ਅੰਦਰ ਦੀਆਂ ਚਤੁਰਾਈਆਂ ਹਨ ਭਾਵ ਉਨ੍ਹਾਂ ਦੀ ਸੋਝੀ ਵਿੱਚ ਸੱਚ ਨਹੀਂ ਹੈ, ਜਿਹੋ ਜਿਹੀ ਭਗਤੀ ਉਹ ਸਮਝਾਉਂਦੇ ਹਨ ਉਸ ਵਿੱਚ ਸੱਚ ਨਹੀਂ ਹੈ। ਸਭ ਪਾਸੇ ਇਹੋ ਜਿਹੀ ਕੂੜੀ ਮਤਿ, ਝੂਠੀ ਭਗਤੀ ਸਮਝਾਉਣ ਵਾਲੀ ਮਤਿ ਹੀ ਪਰਧਾਨ ਹੈ। ਜਗ੍ਹਾਂ ਜਗ੍ਹਾਂ ਇਹ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹੋਏ ਹਨ, ਆਪਣੇ

ਆਪਣੇ ਡੇਰੇ ਬਣਾ ਕੇ ਬੈਠੇ ਹੋਏ ਹਨ। **(ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥)**

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਵਿੱਚ ਸਾਰੀ ਗੱਲ ਦਾ ਭੇਦ ਹੈ।

"ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥"

ਉਪਰਲੀ ਪੰਗਤੀ ਰਾਹੀਂ ਸਾਨੂੰ ਇਹ ਸਪੱਸ਼ਟ ਕਰਕੇ ਸਮਝਾਇਆ ਹੈ ਕਿ ਸਾਨੂੰ ਭਗਤੀ ਦਾ ਮਾਰਗ ਕੇਵਲ ਗੁਰੂ ਦੇ ਕੋਲੋਂ ਸਿੱਖਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਦੇ ਕੋਲੋਂ ਜੋ ਸਾਨੂੰ ਧਰਮ ਦੇ ਵਿਦਵਾਨ ਨਜ਼ਰ ਆਉਂਦੇ ਹਨ ਪਰ ਅਸਲ ਵਿੱਚ ਉਨ੍ਹਾਂ ਨੂੰ ਧਰਮ ਦੀ ਸੋਝੀ ਨਹੀਂ ਹੈ। ਗੁਰੂ ਤੋਂ ਬਿਨ੍ਹਾਂ ਹਰ ਕੋਈ "ਕਲਿ" ਵਾਲੀ ਅਵੱਸਥਾ ਵਿੱਚ ਹੈ ਭਾਵ ਅਗਿਆਨਤਾ ਵਾਲੀ ਅਵੱਸਥਾ ਵਿੱਚ ਹੈ ਤੇ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਝੂਠੀ ਗੱਲ ਨੂੰ ਸੱਚੀ ਸਮਝੀ ਜਾਂਦੇ ਹਾਂ, ਮੂਰਖਾਂ ਨੂੰ ਧਰਮ ਦੇ ਵਿਦਵਾਨ ਸਮਝੀ ਜਾਂਦੇ ਹਾਂ, ਉਨ੍ਹਾਂ ਦੀ ਸਮਝਾਈ ਹੋਈ ਭਗਤੀ ਨੂੰ ਸੱਚੀ ਸਮਝੀ

25/2789

ਜਾਂਦੇ ਹਾਂ। ਅਗਿਆਨਤਾ ਦੇ ਨਾਲ ਸੱਚਾ ਨਿਆਉ ਨਹੀਂ ਹੁੰਦਾ, ਸੱਚਾ ਇਨਸਾਫ਼ ਨਹੀਂ ਹੁੰਦਾ ਭਾਵ ਝੂਠੀ ਗੱਲ ਹੀ ਸਾਨੂੰ ਨਿਆਉ ਵਾਲੀ ਲੱਗਦੀ ਹੈ, ਇਨਸਾਫ਼ ਵਾਲੀ ਲੱਗਦੀ ਹੈ ਭਾਵ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਧਰਮ ਦੇ ਝੂਠੇ ਚੌਧਰੀਆਂ ਨੂੰ ਸੱਚੇ ਚੌਧਰੀ ਸਮਝਦੇ ਹਾਂ, ਉਨ੍ਹਾਂ ਦੀ ਸਮਝਾਈ ਹੋਈ ਝੂਠੀ ਭਗਤੀ ਨੂੰ ਸੱਚੀ ਭਗਤੀ ਸਮਝਦੇ ਹਾਂ, ਉਨ੍ਹਾਂ ਦੇ ਸਮਝਾਏ ਹੋਏ ਝੂਠੇ ਨਾਮ ਨੂੰ ਸੱਚਾ ਨਾਮ ਸਮਝਦੇ ਹਾਂ। ਇਹ ਸਭ ਸਾਡੇ ਅੰਦਰ ਕਲਿ ਵਾਲੀ ਅਵੱਸਥਾ ਦਾ ਨਤੀਜਾ ਹੈ ਜੋ ਸਾਨੂੰ ਭਰਮ ਵਿੱਚ ਰੱਖ ਕੇ ਭਰਮਿਆਂ ਹੋਇਆਂ ਦੇ ਨਾਲ ਜੋੜਦੀ ਹੈ ਕਿਉਂਕਿ ਜਿੰਨ੍ਹਾਂ ਕੋਲੋਂ ਅਸੀਂ ਭਗਤੀ ਸਿੱਖੀ ਹੋਈ ਹੈ ਉਹ ਆਪ ਹੀ ਕਲਿ ਵਿੱਚ ਹਨ ਤੇ ਇਸੇ ਲਈ ਉਹ ਆਪਣੇ ਆਪ ਨੂੰ ਠੀਕ ਸਮਝਦੇ ਹਨ। ਗੁਰੂ ਇਸ ਕਲਿ ਵਿੱਚੋਂ ਨਿਕਲਿਆ ਹੋਇਆ ਹੈ ਤੇ ਇਸੇ ਲਈ ਸਾਨੂੰ ਸਮਝਾਇਆ ਹੈ ਕਿ ਸਾਨੂੰ ਭਗਤੀ ਦਾ ਮਾਰਗ ਕੇਵਲ ਗੁਰੂ ਕੋਲੋਂ ਸਿੱਖਣਾ ਚਾਹੀਦਾ ਹੈ ਨਾ ਕਿ ਭਰਮਿਆਂ ਕੋਲੋਂ ਜਿੰਨ੍ਹਾਂ ਨੂੰ ਸਿਆਣੇ ਸਮਝ ਕੇ ਹਰ ਕੋਈ ਉਨ੍ਹਾਂ ਦੇ ਪਿੱਛੇ ਲੱਗਿਆ ਹੋਇਆ ਹੈ। **(ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧)**

ਸਾਡੇ ਅੰਦਰ ਇਹ ਕਲਿ ਕਿਸ ਰੂਪ ਵਿੱਚ ਹੈ ਇਸ ਨੂੰ ਸਮਝਣਾ ਬਹੁਤ ਜਰੂਰੀ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਕੁੱਝ ਹੋਰ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਣਾ ਜਰੂਰੀ ਹੈ। ਸਾਡੇ ਜੀਵਨ ਦਾ ਮਕਸਦ ਇਸ ਕਲਿ ਵਿੱਚੋਂ ਨਿਕਲ ਕੇ ਹੀ ਪੂਰਾ ਹੋ ਸਕਦਾ ਹੈ। ਨਾਮ ਦਾ ਮਕਸਦ ਸਾਨੂੰ ਇਸ ਕਲਿ ਵਿੱਚੋਂ ਕੱਢਣ ਦਾ ਹੀ ਹੈ। ਇਹ ਕਲਿ ਸਾਡੇ ਅੰਦਰ ਦਾ ਭਰਮ ਹੈ, ਅਗਿਆਨਤਾ ਹੈ ਤੇ ਨਾਮ ਦਾ ਮਕਸਦ, ਗੁਰੂ ਦੇ ਸੱਚੇ ਗਿਆਨ ਦਾ ਮਕਸਦ ਸਾਨੂੰ ਕਲਿ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੀ ਹੈ। ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਇਸ ਕਲਿ ਦੇ ਰੂਪ ਵਿੱਚ ਹੀ ਹੈ ਤੇ ਨਾਮ ਦਾ ਬੋਹਿਥ ਸਾਨੂੰ ਇਸ ਵਿੱਚੋਂ ਪਾਰ ਲੰਘਾਉਣ ਲਈ ਹੀ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਗਉੜੀ ਮਹਲਾ ੫॥

"ਮਨ ਧਰ ਤਰਬੇ ਹਰਿ ਨਾਮ ਨੋ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ॥੧॥ਰਹਾਉ॥
ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ॥੧॥
ਬਿਖੁ ਬਿਖਿਆ ਪਸਰੀ ਅਤਿ ਘਨੀ॥ ਉਬਰੇ ਜਪਿ ਜਪਿ ਹਰਿ ਗੁਨੀ॥੨॥
ਮਤਵਾਰੋ ਮਾਇਆ ਸੋਇਆ॥ ਗੁਰ ਭੇਟਤ ਭ੍ਰਮੁ ਭਉ ਖੋਇਆ॥੩॥
ਕਹੁ ਨਾਨਕ ਏਕੁ ਧਿਆਇਆ॥ ਘਟਿ ਘਟਿ ਨਦਰੀ ਆਇਆ॥੪॥੨॥੧੪੦॥"

(ਅੰਗ ੨੧੦)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਉਹ ਸਾਗਰ ਕਿਸ ਰੂਪ ਵਿੱਚ ਹੈ ਜਿਸ ਵਿੱਚੋਂ ਅਸੀਂ ਨਾਮ ਦੇ ਬੋਹਿਥ ਤੇ ਬੈਠ ਕੇ ਪਾਰ ਹੋਣਾ ਹੈ।

"ਮਨ ਧਰ ਤਰਬੇ ਹਰਿ ਨਾਮ ਨੋ॥

ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ॥੧॥ਰਹਾਉ॥"

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਨਾਮ ਦਾ ਮਕਸਦ ਕੀ ਹੈ। ਸਾਰਾ ਸੰਸਾਰ ਸੰਸਾ ਵਿੱਚ ਹੈ ਭਾਵ ਭਰਮ ਦੇ ਵਿੱਚ, ਅਗਿਆਨਤਾ ਦੇ ਹਨ੍ਹੇਰੇ ਵਿੱਚ ਹੈ। ਸਾਡੇ

25/2790

ਅੰਦਰੋਂ ਸੰਸਾ ਰੂਪ ਲਹਿਰਾਂ, ਦੁਬਿਧਾ ਰੂਪ ਲਹਿਰਾਂ ਉੱਠਦੀਆਂ ਰਹਿੰਦੀਆਂ ਹਨ ਜੋ ਕਿ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਉੱਠਦੀਆਂ ਰਹਿੰਦੀਆਂ ਹਨ ਜਿੰਨ੍ਹਾਂ ਕਰਕੇ ਇਸ ਮਨ ਰੂਪ ਸਾਗਰ ਤੋਂ ਪਾਰ ਪਾਉਣਾ ਔਖਾ ਹੈ। ਸਾਡੇ ਅੰਦਰ ਰੁਕਾਵਟ ਦਾ ਕਾਰਨ ਇਹ ਸੰਸਾ ਰੂਪ, ਭਰਮ ਰੂਪ ਲਹਿਰਾਂ ਹਨ ਜੋ ਸਾਨੂੰ ਪਾਰ ਪੈਣ ਤੋਂ ਰੋਕਦੀਆਂ ਹਨ। ਇਹਨਾਂ ਭਰਮ ਰੂਪ ਵਿਚਾਰਾਂ ਵਿੱਚ ਰਹਿੰਦੇ ਹੋਏ ਸਾਨੂੰ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਇਹਨਾਂ ਲਹਿਰਾਂ ਦੇ ਸ਼ਾਤ ਹੋਏ ਬਿਨ੍ਹਾਂ ਅਸੀਂ ਇਸ ਭਰਮ ਰੂਪ ਸਾਗਰ ਵਿੱਚ ਹੀ ਭਟਕਦੇ ਰਹਿੰਦੇ ਹਾਂ। ਇਹਨਾਂ ਲਹਿਰਾਂ ਨੂੰ ਸ਼ਾਤ ਕਰਨ ਲਈ ਸਾਡੇ ਆਪਣੇ ਅੰਦਰ ਕੋਈ ਐਸਾ ਤਰੀਕਾ ਨਹੀਂ ਹੈ ਜਿਸ ਦੁਆਰਾ ਅਸੀਂ ਇਹਨਾਂ ਨੂੰ ਸ਼ਾਤ ਕਰ ਲਈਏ। ਇਹ ਲਹਿਰਾਂ ਸਾਡੇ ਅੰਦਰ ਤ੍ਰਿਸ਼ਨਾ ਦੇ ਰੂਪ ਵਿੱਚ ਹਨ, ਮਾਇਆ ਮੋਹ ਦੇ ਰੂਪ ਵਿੱਚ ਹਨ ਜਿੰਨ੍ਹਾਂ ਦਾ ਮੂਲ ਸਾਡੇ ਮਨ ਦਾ ਭਰਮ ਹੈ ਜਿਸ ਦੇ ਰਹਿੰਦਿਆਂ ਸਾਨੂੰ ਮਾਇਆ ਦੇ ਨਾਲ ਹੀ ਮੋਹ ਰਹਿੰਦਾ ਹੈ ਜਿਸ ਕਰਕੇ ਅਸੀਂ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿਸ ਨਾਲ ਅਸੀਂ ਵਿਕਾਰਾਂ ਦਾ ਆਸਰਾ ਲੈਂਦੇ ਹਾਂ। ਇਹ ਤ੍ਰਿਸ਼ਨਾ ਦੀਆਂ ਲਹਿਰਾਂ ਕੇਵਲ ਮਨ ਦੇ ਸੰਤੋਖ ਨਾਲ ਸ਼ਾਤ ਹੁੰਦੀਆਂ ਹਨ ਜਿਸ ਦੁਆਰਾ ਇਸ ਭਰਮ ਮੋਹ ਦੇ ਸਾਗਰ ਤੋਂ ਪਾਰ ਪਾਇਆ ਜਾ ਸਕਦਾ ਹੈ। ਨਾਮ ਦਾ ਬੋਹਿਥ ਸੱਚੇ ਗਿਆਨ ਦਾ ਬੋਹਿਥ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ, ਤ੍ਰਿਸ਼ਨਾ ਵਿੱਚੋਂ ਕੱਢਣ ਦਾ ਹੈ ਜਿੰਨ੍ਹਾਂ ਦੇ ਕਾਰਨ ਅਸੀਂ ਮਾੜੇ ਕਰਮ ਕਰਦੇ ਹਾਂ। ਗੁਰੂ ਦਾ ਸੱਚਾ ਗਿਆਨ ਸਾਨੂੰ ਸੱਚ ਦੇ ਨਾਲ ਜੋੜਨ ਲਈ ਹੈ ਤੇ ਤਾਂ ਹੀ ਸਾਡੇ ਮਨ ਦੇ ਵਿੱਚ ਸੰਤੋਖ ਆਉਂਦਾ ਹੈ ਤੇ ਅਸੀਂ ਤ੍ਰਿਸ਼ਨਾਵਾਂ ਦੀਆਂ ਲਹਿਰਾਂ ਵਿੱਚ ਨਹੀਂ ਫਸਦੇ ਤੇ ਅਸੀਂ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਪਾ ਲੈਂਦੇ ਹਾਂ। ਗੁਰਮਤਿ ਨਾਮ ਸਾਨੂੰ ਵਾਰ-ਵਾਰ ਇਹ ਸਮਝਾ ਰਿਹਾ ਹੈ ਕਿ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋਈਏ ਜੋ ਸਾਡੇ ਅੰਦਰ ਬੁਰਾਈਆਂ ਦਾ ਕਾਰਨ ਹਨ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰ ਸਕੀਏ। ਪਾਰ ਅਸੀਂ ਸੱਚੇ ਸੁੱਚੇ ਕਰਮਾਂ ਨਾਲ ਹੀ ਪਾਉਣਾ ਹੈ, ਗੁਰਮਤਿ ਰੂਪ, ਨਾਮ ਰੂਪ ਸੋਝੀ ਦੇ ਬੋਹਿਥ ਤੇ ਬੈਠ ਕੇ ਹੀ ਹੋਣਾ ਹੈ। ਉਸਦੇ ਬੋਹਿਥ ਤੇ ਤਾਂ ਹੀ ਬੈਠਿਆ ਜਾ ਸਕਦਾ ਹੈ ਜਦੋਂ ਨਾਮ ਦੀ ਮਤਿ ਸਾਡੇ ਅੰਦਰ ਟਿਕੇਗੀ। ਨਾਮ ਦੀ ਮਤਿ ਦਾ ਮਕਸਦ ਸਾਨੂੰ ਮਨਮਤਿ ਵਿੱਚੋਂ ਕੱਢਣ ਦਾ ਹੀ ਹੈ ਜਿਸ ਕਰਕੇ ਅਸੀਂ ਮਨ ਦੀ ਅਗਿਆਨਤਾ ਕਰਕੇ ਉਹੋ ਜਿਹੇ ਕਰਮ ਕਰਨ ਵਿੱਚ ਲੱਗੇ ਹੋਏ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹਨ। ਗੁਰਮਤਿ ਰੂਪ ਬੋਹਿਥ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਮਨਮਤਿ ਰੂਪ ਭਰਮ ਦੇ ਸਾਗਰ ਵਿੱਚੋਂ ਨਹੀਂ ਨਿਕਲ ਸਕਦੇ। **(ਮਨ ਧਰ ਤਰਬੇ ਹਰਿ ਨਾਮ ਨੋ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ॥੧॥ਰਹਾਉ॥)**

ਗੁਰੂ ਦਾ ਬੋਹਿਥ, ਨਾਮ ਦਾ ਬੋਹਿਥ ਸਾਨੂੰ ਕਿਵੇਂ ਪਾਰ ਉਤਾਰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

25/2791

"ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ॥੧॥

ਬਿਖੁ ਬਿਖਿਆ ਪਸਰੀ ਅਤਿ ਘਨੀ॥ ਉਬਰੇ ਜਪਿ ਜਪਿ ਹਰਿ ਗੁਨੀ॥੨॥"

ਉੱਪਰ ਪਹਿਲੀ ਪੰਗਤੀ ਰਾਹੀਂ ਸਾਡੇ ਅੰਦਰ ਦੀ ਸੰਸਾ ਦਾ ਰੂਪ ਹੀ ਦੱਸਿਆ ਹੋਇਆ ਹੈ। ਸਾਡੇ ਅੰਦਰ ਸੰਸਾ ਭਾਵ ਭਰਮ "ਕਲਿ" ਰੂਪ ਵਿੱਚ ਹੈ। ਇਸ ਕਲਿ ਦੀ ਕਾਲਖ ਸਾਡੇ ਮਨ ਦੇ ਅੰਦਰ ਹਨ੍ਹੇਰਾ ਕਰਦੀ ਹੈ, ਅਗਿਆਨਤਾ ਦਾ ਹਨ੍ਹੇਰਾ ਕਰਦੀ ਹੈ। ਇਹ "ਕਲਿ" ਹੀ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੈ, ਮਾਇਆ ਦਾ ਛਲ ਹੈ ਜਿਸ ਦੁਆਰਾ ਅਸੀਂ ਮਾਇਆ ਦੇ ਛਲ ਵਿੱਚ ਰਹਿੰਦੇ ਹਾਂ ਤੇ ਇਹੀ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਇਸ ਕਾਲਖ ਦੇ ਅੰਧੇਰੇ ਵਿੱਚ ਰੱਖਿਆ ਹੋਇਆ ਹੈ, ਸੰਸਾ ਦੇ, ਅਗਿਆਨਤਾ ਦੇ ਅੰਧੇਰੇ ਵਿੱਚ ਰੱਖਿਆ ਹੋਇਆ ਹੈ। ਇਸ ਕਲਿ ਦੇ ਹਨ੍ਹੇਰੇ ਵਿੱਚੋਂ ਨਿਕਲਣ ਦਾ ਸਾਧਨ ਗੁਰੂ ਦਾ ਗਿਆਨ ਰੂਪ ਦੀਪਕ ਹੈ ਜਿਸ ਦੁਆਰਾ ਸਾਡੇ ਮਨ ਦੇ ਵਿੱਚ ਗਿਆਨ ਦਾ ਚਾਨਣ ਹੁੰਦਾ ਹੈ ਤੇ ਅਸੀਂ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਨਿਕਲਦੇ ਹਾਂ, ਸੰਸਾ ਵਿੱਚੋਂ, ਭਰਮ ਵਿੱਚੋਂ ਨਿਕਲਦੇ ਹਾਂ ਭਾਵ

ਕਲਿ ਵਾਲੀ ਅਵੱਸਥਾ ਵਿੱਚੋਂ ਨਿਕਲਦੇ ਹਾਂ। ਗੁਰੂ ਦੇ ਗਿਆਨ ਦਾ ਦੀਪਕ ਹੀ ਭਾਵ ਗੁਰੂ ਦੇ ਗਿਆਨ ਦੁਆਰਾ ਪਾਈ ਹੋਈ ਸੋਝੀ ਹੀ ਗੁਰੂ ਦਾ ਬੋਹਿਥ ਹੈ, ਨਾਮ ਦਾ ਬੋਹਿਥ ਹੈ ਜਿਸ ਦੁਆਰਾ ਅਸੀਂ ਸੰਸਾ ਦੇ ਸਾਗਰ ਤੋਂ ਪਾਰ ਪਾ ਸਕਦੇ ਹਾਂ ਭਾਵ ਗੁਰੂ ਦੀ ਸੋਝੀ ਹੀ ਸਾਨੂੰ ਅਗਿਆਨਤਾ ਵਾਲੀ ਸੋਝੀ ਤੋਂ ਕੱਢ ਸਕਦੀ ਹੈ। ਨਾਮ ਦੇ ਬੋਹਿਥ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। ਮਨ ਦੀ ਅਗਿਆਨਤਾ ਕਰਕੇ ਹੀ ਹਰ ਕੋਈ ਭਰਮ ਮੋਹ ਦੇ ਸਾਗਰ ਵਿੱਚ ਡੁੱਬਿਆ ਹੋਇਆ ਹੈ ਤੇ ਗੁਰੂ ਦੇ ਗਿਆਨ ਰੂਪ ਬੋਹਿਥ ਨਾਲ ਹੀ ਇਸ ਵਿੱਚੋਂ ਤਰਿਆ ਜਾ ਸਕਦਾ ਹੈ। **(ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ॥੧॥)**

ਸਾਡੇ ਅੰਦਰ ਕਲਿ ਵਾਲੀ ਅਵੱਸਥਾ ਦਾ ਕੀ ਅਸਰ ਪੈਂਦਾ ਹੈ ਤੇ ਉਸ ਵਿੱਚੋਂ ਨਿਕਲਿਆ ਕਿਸ ਰੂਪ ਵਿੱਚ ਜਾਂਦਾ ਹੈ ਭਾਵ ਅਸੀਂ ਡੁੱਬੇ ਕਿਸ ਰੂਪ ਵਿੱਚ ਹੋਏ ਹਾਂ ਤੇ ਉਬਰਦੇ ਕਿਸ ਰੂਪ ਵਿੱਚ ਹਾਂ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਬਿਖੁ ਬਿਖਿਆ ਪਸਰੀ ਅਤਿ ਘਨੀ॥ ਉਬਰੇ ਜਪਿ ਜਪਿ ਹਰਿ ਗੁਨੀ॥੨॥”

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ ਤਾਂ ਜੋ ਅਸੀਂ ਸਮਝ ਸਕੀਏ ਕਿ ਨਾਮ ਜਪਣਾ ਕੀ ਹੈ ਤੇ ਨਾਮ ਜਪਣ ਦਾ ਮਕਸਦ ਕੀ ਹੈ। ਨਾਮ ਜਪਣਾ

25/2792

ਹੀ ਨਾਮ ਦੇ ਬੋਹਿਥ ਤੇ ਬੈਠਣਾ ਹੈ। ਗੁਰੂ ਗਿਆਨ ਦਾ ਬੋਹਿਥ ਹੈ। ਜਿਸ ਦਾ ਮਕਸਦ ਸਾਡੇ ਮਨ ਵਿੱਚ ਪ੍ਰਕਾਸ਼ ਕਰਨਾ ਹੈ। ਅਸੀਂ ਆਪਣੇ ਅੰਦਰ ਗੁਰੂ ਦੇ ਗਿਆਨ ਨੂੰ ਹੀ ਜਪਣਾ ਹੈ ਜਿਸ ਦੁਆਰਾ ਗੁਰੂ ਦੇ ਗਿਆਨ ਦਾ ਮਕਸਦ ਪੂਰਾ ਹੁੰਦਾ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ, ਕਲਿ ਵਿੱਚ ਰਹਿੰਦੇ ਹੋਏ ਅਸੀਂ ਬਿਖ ਨਾਲ ਜੁੜੇ ਰਹਿੰਦੇ ਹਾਂ ਭਾਵ ਮਾਇਆ ਮੋਹ ਵਿੱਚ ਫਸੇ ਰਹਿੰਦੇ ਹਾਂ, ਤ੍ਰਿਸ਼ਨਾਵਾਂ ਵਿੱਚ ਫਸੇ ਰਹਿੰਦੇ ਹਾਂ ਜਿਸ ਕਾਰਨ ਅਸੀਂ ਅਨੇਕਾਂ ਹੀ ਔਗੁਣ ਕਰਦੇ ਹਾਂ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਨੇਕਾਂ ਹੀ ਔਗੁਣ ਕਰਦੇ ਹਾਂ ਭਾਵ ਗੁਰੂ ਦੀ ਸੱਚੀ ਸਿੱਖਿਆ ਤੋਂ ਦੂਰ ਜਾਂਦੇ ਹਾਂ ਤੇ ਨਾਮ ਦੇ ਬੋਹਿਥ ਦਾ ਮਕਸਦ ਸਾਨੂੰ ਇਸ ਬਿਖਿਆ ਦੇ ਸਾਗਰ ਵਿੱਚੋਂ ਕੱਢਣ ਦਾ ਹੈ, ਔਗੁਣਾਂ ਦੇ ਸਾਗਰ ਵਿੱਚੋਂ ਕੱਢਣ ਦਾ ਹੈ। ਇਸ ਔਗੁਣਾਂ ਦੇ ਸਾਗਰ ਵਿੱਚੋਂ ਕੇਵਲ ਗੁਣੀ ਬਣ ਕੇ ਨਿਕਲਿਆ ਜਾ ਸਕਦਾ ਹੈ ਤੇ ਨਾਮ ਦੇ ਬੋਹਿਥ ਦਾ ਮਕਸਦ ਭਾਵ ਨਾਮ ਦੀ ਸੋਝੀ ਦਾ ਮਕਸਦ ਸਾਨੂੰ ਗੁਣੀ ਬਣਾਉਣ ਨਾਲ ਹੀ ਹੈ। ਜੋ ਗੱਲ ਨਾਮ ਦੀ ਸਿੱਖਿਆ ਦੇ ਅਨੁਸਾਰ ਹੈ, ਗੁਰੂ ਦੀ ਸਿੱਖਿਆ ਦੇ ਅਨੁਸਾਰ ਹੈ ਉਸ ਵਿੱਚ ਗੁਣ ਹੈ ਤੇ ਜੋ ਗੱਲ ਗੁਰੂ ਦੀ ਸਿੱਖਿਆ ਦੇ ਅਨੁਸਾਰ ਨਹੀਂ ਹੈ ਉਹ ਸਾਡਾ ਔਗੁਣ ਹੈ। ਅਸੀਂ ਆਪਣੇ ਅੰਦਰ ਗੁਰੂ ਦੀ ਸਿੱਖਿਆ ਨੂੰ ਹੀ ਜਪਣਾ ਹੈ ਜਿਸਨੇ ਸਾਨੂੰ ਗੁਣੀ ਬਣਾਉਣਾ ਹੈ ਤੇ ਗੁਣੀ ਬਣ ਕੇ ਅਸੀਂ ਬਿਖਿਆ ਦੇ ਸਾਗਰ ਵਿੱਚੋਂ ਨਿਕਲ ਸਕਦੇ ਹਾਂ, ਔਗੁਣਾਂ ਦੇ ਸਾਗਰ ਵਿੱਚੋਂ ਨਿਕਲ ਸਕਦੇ ਹਾਂ। ਇਸ ਬਿਖਿਆ ਦਾ ਕਾਰਨ, ਔਗੁਣਾਂ ਦਾ ਕਾਰਨ ਸਾਡੇ ਮਨ ਦਾ ਭਰਮ ਹੈ, ਸੰਸਾ ਹੈ। ਗੁਰੂ ਦੇ ਗਿਆਨ ਨਾਲ ਜੁੜ ਕੇ ਸਾਨੂੰ ਗੁਣ ਮਿਲਦੇ ਹਨ ਤੇ ਗੁਰੂ ਦੇ ਗਿਆਨ ਨੂੰ ਜਪਣਾ ਹੀ ਨਾਮ ਜਪਣਾ ਹੈ ਭਾਵ ਨਾਮ ਜਪਣ ਦਾ ਮਕਸਦ ਔਗੁਣਾਂ ਵਿੱਚੋਂ ਨਿਕਲ ਕੇ ਗੁਣੀ ਬਣਨਾ ਹੈ ਤਾਂ ਜੋ ਅਸੀਂ ਆਪਣੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਬਣਾ ਸਕੀਏ, ਚੰਗੇ ਕਰਮ ਕਰ ਸਕੀਏ। ਮਾੜੇ ਕਰਮ ਕਰਨ ਵਾਲੇ ਭਾਵ ਗੁਰਮਤਿ ਦੇ ਉਲਟ ਕੰਮ ਕਰਨ ਵਾਲੇ ਅਗਿਆਨਤਾ ਦੇ ਸਾਗਰ ਵਿੱਚ ਡੁੱਬੇ ਹੋਏ ਹਨ ਤੇ ਜਿੰਨ੍ਹਾਂ ਦੇ ਅੰਦਰ ਗੁਰੂ ਦਾ ਗਿਆਨ ਵੱਸ ਜਾਂਦਾ ਹੈ ਉਹੀ ਇਸ ਵਿੱਚੋਂ ਤਰਦਾ ਹੈ। ਸਾਡੇ ਅੰਦਰ ਪੂਰਨ ਗੁਰਮਤਿ ਵੱਸਣ ਦੁਆਰਾ ਹੀ ਇਸ ਵਿੱਚੋਂ ਤਰਿਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਇਸ ਵਿੱਚੋਂ ਤਰੇ ਹਨ ਤੇ ਸਾਰੇ ਸੰਸਾਰ ਨੂੰ ਇਸ ਵਿੱਚੋਂ ਤਰਨਾ ਸਿਖਾਇਆ ਹੈ। **(ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ॥੧॥ ਬਿਖੁ ਬਿਖਿਆ ਪਸਰੀ ਅਤਿ ਘਨੀ॥ ਉਬਰੇ ਜਪਿ ਜਪਿ ਹਰਿ ਗੁਨੀ॥੨॥)**

ਇਸ ਸੰਸਾ ਦੇ ਸਾਗਰ ਵਿੱਚੋਂ, ਭਰਮ ਦੇ ਸਾਗਰ ਵਿੱਚੋਂ ਮਨੁੱਖ ਕਿਵੇਂ ਪਾਰ ਪਾਉਂਦਾ ਹੈ, ਮਾਇਆ ਮੋਹ ਦੇ ਸਾਗਰ ਵਿੱਚੋਂ ਕਿਵੇਂ ਨਿਕਲਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਤਵਾਰੋ ਮਾਇਆ ਸੋਇਆ॥ ਗੁਰ ਭੇਟਤ ਭ੍ਰਮੁ ਭਉ ਖੋਇਆ॥੩॥

ਕਹੁ ਨਾਨਕ ਏਕੁ ਧਿਆਇਆ॥ ਘਟਿ ਘਟਿ ਨਦਰੀ ਆਇਆ॥੪॥੨॥੧੪੦॥”

25/2793

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਨੇ ਸਭ ਨੂੰ ਉਨ੍ਹਾਂ ਅੰਦਰ ਕਲਿ ਦੀ ਅਵੱਸਥਾ ਪਾ ਕੇ, ਮਾਇਆ ਦੀ ਜੁਗਤਿ ਪਾ ਕੇ, ਭਰਮ ਵਿੱਚ ਰੱਖ ਕੇ, ਅਗਿਆਨਤਾ ਵਿੱਚ ਰੱਖ ਕੇ ਸਵਾਇਆ ਹੋਇਆ ਹੈ। ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਮਾਇਆ ਮੋਹ ਵਿੱਚ ਸੁੱਤਾ ਹੋਇਆ ਹੈ ਭਾਵ ਮਾਇਆ ਦੇ ਮੋਹ ਵਿੱਚ ਹੀ ਮਸਤ ਹੈ। ਇਸ ਭਰਮ ਦੇ ਵਿੱਚੋਂ ਪ੍ਰਮਾਤਮਾ ਸਾਨੂੰ ਆਪਣੇ ਦਰਸ਼ਨਾਂ ਦੁਆਰਾ ਹੀ ਕੱਢਦਾ ਹੈ ਭਾਵ ਮਨ ਦੇ ਵਿੱਚ ਜਦੋਂ ਉਸ ਗੁਰੂ ਪ੍ਰਮਾਤਮਾ ਦੇ ਨਾਲ ਸਾਡੀ ਭੇਟ ਹੋ ਜਾਂਦੀ ਹੈ, ਉਸਦੇ ਨਾਲ ਮੇਲ ਹੋ ਜਾਂਦਾ ਹੈ ਤਾਂ ਹੀ ਮਨੁੱਖ ਭਰਮ ਦੇ ਵਿੱਚੋਂ ਨਿਕਲਦਾ ਹੈ ਤੇ ਆਪਣੇ ਆਪ ਦੀ ਸਮਝ ਪੈਂਦੀ ਹੈ ਕਿ ਮੇਰਾ ਵਜੂਦ ਕੀ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ ਤੇ ਅਸਲੀਅਤ ਨੂੰ ਜਾਨਣ ਤੋਂ ਦੂਰ ਹੀ ਹੈ ਕਿ ਇਸ ਸੰਸਾਰ ਦੀ ਅਸਲੀਅਤ ਕੀ ਹੈ, ਪ੍ਰਮਾਤਮਾ ਦੀ ਮਾਇਆ ਦੀ ਜੁਗਤਿ ਕੀ ਹੈ, ਸਾਡੇ ਅੰਦਰ ਭਰਮ ਕਿੱਥੋਂ ਆਉਂਦਾ ਹੈ ਤੇ ਸਾਡੇ ਉੱਤੇ ਭਰਮ ਦਾ ਕੀ ਅਸਰ ਹੁੰਦਾ ਹੈ। ਪ੍ਰਮਾਤਮਾ ਦੀ ਭਗਤੀ ਕੀ ਹੈ ਇਸ ਗੱਲ ਦੀ ਸੋਝੀ ਮਨ ਦੇ ਵਿੱਚੋਂ ਭਰਮ ਦੂਰ ਹੋਣ ਦੁਆਰਾ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਨਾਮ ਦੇ ਬੋਹਿਥ ਦੇ ਰੂਪ ਵਿੱਚ ਉਹ ਆਪ ਹੀ ਹੈ, ਸੱਚੀ ਸਿੱਖਿਆ ਦੇ ਰੂਪ ਵਿੱਚ ਉਹ ਆਪ ਹੀ ਹੈ ਤੇ ਉਹ ਆਪ ਹੀ ਕਿਸੇ ਨੂੰ ਆਪਣੇ ਬੋਹਿਥ ਤੇ ਬਿਠਾਉਂਦਾ ਹੈ ਭਾਵ ਆਪਣੀ ਸੱਚੀ ਸੋਝੀ ਵਿੱਚ ਰਲਾਉਂਦਾ ਹੈ, ਸੱਚੇ ਵਿਚਾਰਾਂ ਦੇ ਵਿੱਚ ਰਲਾਉਂਦਾ ਹੈ, ਉਨ੍ਹਾਂ ਵਿਚਾਰਾਂ ਦੇ ਨਾਲ ਰਲਾਉਂਦਾ ਹੈ ਜੋ ਵਿਚਾਰ ਉਸਨੇ ਗੁਰਬਾਣੀ ਰਾਹੀਂ ਦਿੱਤੇ ਹੋਏ ਹਨ। ਜਿੰਨ੍ਹਾਂ ਨੂੰ ਉਸਨੇ ਆਪਣੇ ਬੋਹਿਥ ਉੱਤੇ ਬਿਠਾਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਨਾਮ ਦੇ ਬੋਹਿਥ ਤੇ ਬੈਠ ਕੇ ਇਸ ਭਰਮ ਦੇ ਸਾਗਰ ਵਿੱਚੋਂ ਤਰਨਾ ਸਿਖਾਇਆ ਹੈ। ਮਨ ਦੇ ਵਿੱਚ ਉਸ ਪ੍ਰਮਾਤਮਾ ਨੂੰ ਭੇਟਣ ਦੇ ਨਾਲ ਹੀ ਉਹ "ਏਕੁ" ਭਾਵ ਪ੍ਰਮਾਤਮਾ ਸਾਡੇ ਮਨ ਦੇ ਧਿਆਨ ਵਿੱਚ ਵੱਸਦਾ ਹੈ। ਉਸ ਨੂੰ ਪਾ ਲੈਣਾ ਹੀ ਸਾਡੇ ਅੰਦਰ ਉਸਦਾ ਧਿਆਇਆ ਜਾਣਾ ਹੈ। ਉਸ ਨੂੰ ਧਿਆਏ ਜਾਣ ਤੋਂ ਬਾਅਦ ਸਾਡੇ ਧਿਆਨ ਵਿੱਚ ਉਸੇ ਦੀ ਦਿੱਤੀ ਹੋਈ ਮਤਿ ਹੀ ਵੱਸੀ ਰਹਿੰਦੀ ਹੈ ਭਾਵ ਉਸਦੀ ਸੱਚੀ ਮਤਿ ਹੀ ਵੱਸੀ ਰਹਿੰਦੀ ਹੈ, ਉਸਦੀ ਸੱਚੀ ਸਿੱਖਿਆ ਹੀ ਵੱਸੀ ਰਹਿੰਦੀ ਹੈ ਜੋ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਦਿੰਦਾ ਹੈ। ਪ੍ਰਮਾਤਮਾ ਆਪ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਸਾਡੇ ਅੰਦਰ ਹਰ ਵੇਲੇ ਉਸਦੇ ਸੱਚੇ ਗਿਆਨ ਦਾ ਵੱਸਿਆ ਰਹਿਣਾ ਪ੍ਰਮਾਤਮਾ ਦਾ ਵੱਸਿਆ ਰਹਿਣਾ ਹੈ। ਜੋ ਗਿਆਨ ਉਹ ਆਪ ਪਾਉਂਦਾ ਹੈ ਉਸੇ ਤੇ ਹੀ ਦ੍ਰਿੜ ਕਰਕੇ ਚਲਾਉਂਦਾ ਹੈ ਤੇ ਇਹੀ ਉਸ ਪ੍ਰਮਾਤਮਾ ਨੂੰ ਅੱਠੇ ਪਹਿਰ ਧਿਆਉਣਾ ਹੈ, ਅੱਠੇ ਪਹਿਰ ਉਸ ਦੇ ਹੁਕਮ ਵਿੱਚ ਰਹਿਣਾ ਹੈ, ਉਸ ਦੇ ਭਾਣੇ ਵਿੱਚ, ਉਸਦੀ ਰਜ਼ਾ ਵਿੱਚ ਰਹਿਣਾ ਹੈ ਜੋ ਕਿ ਉਹ ਆਪ ਹੀ ਰੱਖਦਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਜਦੋਂ ਉਹ ਪ੍ਰਮਾਤਮਾ ਸਾਡੇ ਅੰਦਰ ਧਿਆਇਆ ਜਾਂਦਾ ਹੈ ਭਾਵ ਜਦੋਂ ਉਸਨੂੰ ਆਪਣੇ ਘਟਿ ਦੇ ਅੰਦਰੋਂ ਬੁੱਝ ਲਿਆ ਜਾਂਦਾ ਹੈ, ਪਾ ਲਿਆ ਜਾਂਦਾ ਹੈ ਫਿਰ ਤਾਂ ਹੀ ਉਹ ਸਾਨੂੰ ਘਟਿ ਘਟਿ ਦੇ ਵਿੱਚ ਨਜ਼ਰ ਆਉਂਦਾ ਹੈ ਭਾਵ ਪੂਰਨ ਵਿਸ਼ਵਾਸ ਆ ਜਾਂਦਾ ਹੈ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਭ ਨੂੰ ਆਪਣੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ ਤੇ ਸਭ ਨੂੰ ਭਰਮ ਵਿੱਚ ਰੱਖਣ

25/2794

ਵਾਲਾ ਵੀ ਉਹ ਆਪ ਹੀ ਹੈ ਜਿਸਨੇ ਮਨ ਦੇ ਵਿਚਾਰਾਂ ਰਾਹੀਂ ਹੀ, ਮਨ ਦੀ ਸੋਝੀ ਰਾਹੀਂ ਹੀ ਸਭ ਨੂੰ ਭਰਮ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ, ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਤੇ ਇਸ ਨੀਂਦ ਵਿੱਚ ਰਹਿਣ ਨਾਲ ਸਾਨੂੰ ਉਸ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਕਦੇ ਨਹੀਂ ਹੋ ਸਕਦੇ, ਉਸਦੀ ਸੱਚੀ ਸਿੱਖਿਆ ਦੇ ਬੋਹਿਥ ਉੱਤੇ, ਉਸਦੇ ਸੱਚੇ ਗਿਆਨ ਦੇ ਬੋਹਿਥ ਤੇ ਕਦੇ ਨਹੀਂ ਬੈਠ ਸਕਦੇ ਭਾਵ ਆਪਣੇ ਆਪ ਕਦੇ ਇਸ ਭਰਮ ਦੇ ਸਾਗਰ ਤੋਂ ਪਾਰ ਨਹੀਂ ਹੋ ਸਕਦੇ, ਮਾਇਆ ਮੋਹ ਦੇ, ਔਗੁਣਾਂ ਦੇ ਸਾਗਰ ਤੋਂ ਕਦੇ ਪਾਰ ਨਹੀਂ ਹੋ ਸਕਦੇ। ਜਿਸ ਨੂੰ ਉਹ ਭਰਮ ਦੀ ਨੀਂਦ ਵਿੱਚੋਂ ਜਗਾਉਂਦਾ ਹੈ ਉਸ ਨੂੰ ਮਨ ਦੇ ਵਿੱਚ ਸੱਚਾ ਗਿਆਨ ਬਖਸ਼ ਕੇ ਹੀ ਜਗਾਉਂਦਾ ਹੈ, ਆਪਣਾ ਨਾਮ ਬਖਸ਼ ਕੇ ਹੀ ਜਗਾਉਂਦਾ ਹੈ ਭਾਵ ਆਪਣਾ ਆਪ ਪ੍ਰਗਟ ਕਰਕੇ ਹੀ ਜਗਾਉਂਦਾ ਹੈ। ਸਾਡੇ ਲਈ ਉੱਦਮ ਕੇਵਲ ਇਹੀ ਹੈ ਕਿ ਅਸੀਂ ਗੁਰਬਾਣੀ ਰੂਪ ਨਾਮ ਦੇ ਬੋਹਿਥ ਨਾਲ ਜੁੜੀਏ,ਉਸਦੀ ਸੱਚੀ ਮਤਿ ਰੂਪ ਬੋਹਿਥ ਨਾਲ ਜੁੜੀਏ ਜਿਸ ਨਾਲ ਜੁੜ ਕੇ ਇਸ ਭਰਮ ਦੇ ਸਾਗਰ ਤੋਂ ਪਾਰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਆਪਣੀ ਕਿਰਪਾ ਉਸੇ ਉੱਤੇ ਕਰਦਾ ਹੈ, ਉਸ ਦੇ ਉੱਤੇ ਪ੍ਰਸੰਨ ਹੁੰਦਾ ਹੈ ਜੋ ਉਸਦੀ ਦੱਸੀ ਹੋਈ ਮਤਿ ਦੇ ਨਾਲ ਜੁੜਦਾ ਹੈ ਭਾਵ

ਉਨ੍ਹਾਂ ਦੇ ਨਾਲ ਨਹੀਂ ਜੁੜਦਾ ਜਿੰਨ੍ਹਾਂ ਦੀ ਆਪਣੀ ਮਤਿ ਭਰਮ ਵਾਲੀ ਹੈ, ਜਿੰਨ੍ਹਾਂ ਨੂੰ ਖੁਦ ਧਰਮ ਦੀ ਸੋਝੀ ਨਹੀਂ ਹੈ, ਨਾਮ ਦੀ ਸੋਝੀ ਨਹੀਂ ਹੈ। **(ਮਤਵਾਰੋ ਮਾਇਆ ਸੋਇਆ॥ ਗੁਰ ਭੇਟਤ ਭ੍ਰਮੁ ਭਉ ਖੋਇਆ॥੩॥ ਕਹੁ ਨਾਨਕ ਏਕੁ ਧਿਆਇਆ॥ ਘਟਿ ਘਟਿ ਨਦਰੀ ਆਇਆ॥੪॥੨॥੧੪੦॥)**

{ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥੮॥੧॥}

(ਅੰਗ ੧੩੦੮)

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

ਕਲਿ ਦੀ ਨੀਂਦ ਤੋਂ, ਅਗਿਆਨਤਾ ਦੀ ਨੀਂਦ ਤੋਂ ਜਾਗਿਆ ਹੋਇਆ ਕੇਵਲ ਗੁਰੂ ਆਪ ਹੈ ਜੋ ਸਾਨੂੰ ਇਸ ਨੀਂਦ ਵਿੱਚੋਂ ਜਾਗਣਾ ਸਿਖਾ ਰਿਹਾ ਹੈ। ਇਸ ਨੀਂਦ ਵਿੱਚੋਂ ਬ੍ਰਹਮ ਗਿਆਨ ਦੀ ਅਵੱਸਥਾ ਦੁਆਰਾ ਹੀ ਜਾਗਿਆ ਜਾ ਸਕਦਾ ਹੈ, ਚੌਥੇ ਪਦ ਵਿੱਚ ਪਹੁੰਚ ਕੇ ਹੀ ਜਾਗਿਆ ਜਾ ਸਕਦਾ ਹੈ ਤੇ ਗੁਰੂ ਆਪਣੀ ਇਸ ਅਵੱਸਥਾ ਦੁਆਰਾ ਸਦਾ ਹੀ ਜਾਗਿਆ ਹੋਇਆ ਹੈ, ਗੁਰਬਾਣੀ ਰੂਪ ਵਿੱਚ ਜਾਗਿਆ ਹੋਇਆ ਹੈ। ਸਾਡੇ ਭਰਮ ਵਿੱਚ ਪਏ ਰਹਿਣ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਉਨ੍ਹਾਂ ਸੁੱਤਿਆ ਹੋਇਆ ਨੂੰ ਜਾਗਦੇ ਹੋਏ ਸਮਝਿਆ ਹੋਇਆ ਹੈ ਜੋ ਅਸਲ ਵਿੱਚ ਭਰਮ ਦੀ ਗਹਿਰੀ ਨੀਂਦ ਵਿੱਚ ਹਨ ਭਾਵ ਗਹਿਰੀ ਅਗਿਆਨਤਾ ਵਿੱਚ ਹਨ। ਜਿਤਨੀ ਕੋਈ ਜਿਆਦਾ ਨੀਂਦ ਵਿੱਚ ਹੈ ਉਤਨਾ ਹੀ ਉਹ ਗੁਰਮਤਿ ਦੀ ਸੋਝੀ ਤੋਂ ਦੂਰ ਹੈ ਤੇ ਜੇਕਰ ਅਸੀਂ ਆਪਣੀ ਕਲਿ ਵਿੱਚੋਂ ਨਿਕਲਣਾ ਚਾਹੁੰਦੇ ਹਾਂ, ਸੱਚੇ ਦਿਲੋਂ

25/2795

ਨਿਕਲਣਾ ਚਾਹੁੰਦੇ ਹਾਂ ਤੇ ਆਓ ਫਿਰ ਕੇਵਲ ਉਸਦੀ ਮਤਿ ਦੇ ਨਾਲ ਜੁੜੀਏ ਜੋ ਮਤਿ ਕਲਿ ਤੋ ਰਹਿਤ ਹੈ, ਜੋ ਮਤਿ ਪ੍ਰਮਾਤਮਾ ਨੇ ਆਪ ਹੀ "ਕਲਿ" ਦੇ ਵਿੱਚੋਂ ਕੱਢੀ ਹੋਈ ਹੈ ਜੋ ਕਿ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀ ਜਾ ਸਕਦੀ ਹੈ।

"ਭਏ ਕ੍ਰਿਪਾਲ ਦਇਆਲ ਗੁਪਾਲਾ ਤਾ ਨਿਰਭੈ ਕੈ ਘਰਿ ਆਇਆ॥
ਕਲਿ ਕਲੇਸ ਮਿਟੇ ਖਿਨ ਭੀਤਰਿ ਨਾਨਕ ਸਹਜਿ ਸਮਾਇਆ॥੪॥੫॥੬॥"

(ਅੰਗ ੪੯੬)

ਗੁਰੂ ਸਾਹਿਬ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸਮਝਾ ਰਹੇ ਹਨ ਕਿ ਮੇਰੇ ਤੇ ਉਸ ਪ੍ਰਮਾਤਮਾ ਦੀ ਕਿਰਪਾ ਹੋਈ ਹੋਈ ਹੈ ਤੇ ਮੈਂ ਉਸਦੇ ਘਰ ਵਿੱਚ ਪਹੁੰਚਿਆ ਹੋਇਆ ਹਾਂ ਭਾਵ ਮੇਰਾ ਉਸ ਦੇ ਨਾਲ ਮੇਲ ਬਣਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ, "ਸਹਜਿ" ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ ਜਿਸ ਅਵੱਸਥਾ ਦੁਆਰਾ ਸਾਨੂੰ ਮਨ ਦੇ ਵਿੱਚ ਹੀ ਉਸ ਦਾ ਸੱਚਾ ਗਿਆਨ ਮਿਲਦਾ ਹੈ, ਬ੍ਰਹਮ ਗਿਆਨ ਮਿਲਦਾ ਹੈ। ਗੁਰੂ ਇਸ ਬ੍ਰਹਮ ਗਿਆਨ ਵਾਲੀ ਅਵੱਸਥਾ ਵਿੱਚ ਹੈ, ਚੌਥੇ ਪਦ ਵਿੱਚ ਸਮਾਇਆ ਹੋਇਆ ਹੈ ਤੇ ਇਸੇ ਲਈ ਉਹ "ਕਲਿ" ਵਾਲੀ ਅਵੱਸਥਾ ਵਿੱਚੋਂ ਨਿਕਲਿਆ ਹੋਇਆ ਹੈ। ਮਨ ਦਾ ਇਹ ਕਲਿ ਹੀ ਸਾਡੇ ਅੰਦਰ ਕਲੇਸ਼ ਦਾ ਕਾਰਨ ਹੈ ਭਾਵ ਝਗੜੇ ਦਾ ਕਾਰਨ ਹੈ ਜਿਸ ਕਰਕੇ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਝਗੜਾ ਬਣਿਆ ਰਹਿੰਦਾ ਹੈ। ਇਹ ਝਗੜਾ ਹਉਮੈ ਤੇ ਨਾਮ ਦਾ ਹੀ ਹੈ। "ਕਲਿ" ਸਾਡੇ ਅੰਦਰ ਦੀ ਹਉਮੈ ਵਾਲੀ ਅਵੱਸਥਾ ਹੈ ਤੇ ਨਾਮ ਵਾਲੀ ਅਵੱਸਥਾ ਗੁਰੂ ਦੀ ਹੈ ਜੋ ਕਿ ਚੌਥੇ ਪਦ ਵਾਲੀ ਅਵੱਸਥਾ ਹੈ। ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਇਸ ਕਲਿ ਵਾਲੀ ਅਵੱਸਥਾ ਵਿੱਚੋਂ ਨਿਕਲ ਕੇ ਹੀ ਦੂਰ ਹੁੰਦਾ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਹੁੰਦਾ ਹੈ। ਚੌਥੇ ਪਦ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਜਿਸ ਦਾ ਮਕਸਦ ਸਾਨੂੰ ਮਨ ਦੀ ਕਲਿ ਵਿੱਚੋਂ ਕੱਢਣ ਦਾ ਹੈ ਤੇ ਇਸੇ ਲਈ ਅਸੀਂ ਗੁਰਬਾਣੀ ਦੀ ਮਤਿ ਨਾਲ ਜੁੜ ਕੇ ਕਲਿ ਵਾਲੀ ਅਵੱਸਥਾ ਵਿੱਚੋਂ ਨਿਕਲ ਸਕਦੇ ਹਾਂ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ।

ਪ੍ਰਮਾਤਮਾ ਦੇ ਨਾਲ ਝਗੜਾ ਨਾਮ ਦੇ ਨਾਲ ਹੀ ਨਿਬੜਦਾ ਹੈ ਭਾਵ ਉਸਦੇ ਨਾਮ ਨੂੰ ਸਿਮਰ ਕੇ ਹੀ ਨਿਬੜਦਾ ਹੈ ਪਰ ਉਹ ਤਾਂ ਹੀ ਨਿਬੜੇਗਾ ਜਦੋਂ ਸਾਨੂੰ ਨਾਮ ਦੇ ਸਿਮਰਨ ਦਾ ਮਕਸਦ ਸਮਝ ਆਵੇਗਾ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ

ਸਮਝਿਆ ਜਾ ਸਕਦਾ ਹੈ।

“ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥”

(ਅੰਗ ੨੬੨)

25/2796

ਜਦ ਤੱਕ ਸਾਨੂੰ “ਕਲਿ” ਦੀ ਸੋਝੀ ਨਹੀਂ ਹੈ ਤਦ ਤੱਕ ਸਾਨੂੰ ਸਿਮਰਨ ਦਾ ਮਕਸਦ ਵੀ ਸਮਝ ਨਹੀਂ ਆ ਸਕਦਾ। “ਕਲਿ” ਸਾਡੇ ਮਨ ਦੀ ਅਗਿਆਨਤਾ ਹੈ ਤੇ ਨਾਮ ਦਾ ਮਕਸਦ ਸਾਨੂੰ ਇਸ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਸਾਡੀ ਮਾੜੀ ਸੋਝੀ ਨੂੰ ਦੂਰ ਕਰਕੇ, ਮਨਮਤਿ ਵਾਲੀ ਸੋਝੀ ਨੂੰ ਦੂਰ ਕਰਕੇ ਸਾਡੇ ਅੰਦਰ ਗੁਰਮਤਿ ਦੀ ਸੋਝੀ ਵਸਾਉਣ ਦਾ ਹੈ। ਅਗਿਆਨਤਾ ਮਨ ਦੀ ਸੋਝੀ ਦੁਆਰਾ ਜਾਣੀ ਹੈ ਹੋਰ ਕੋਈ ਤਰੀਕਾ ਨਹੀਂ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਜਾਣੀ ਹੈ । ਜਿਉਂ ਜਿਉਂ ਅਸੀਂ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਸਿਮਰਦੇ ਜਾਵਾਂਗੇ ਭਾਵ ਵਸਾਉਂਦੇ ਜਾਵਾਂਗੇ ਤਿਉਂ ਤਿਉਂ ਅਸੀਂ ਭਰਮ ਵਿੱਚੋਂ ਨਿਕਲਦੇ ਜਾਵਾਂਗੇ, ਮਨ ਦੀ ਕਲਿ ਵਿੱਚੋਂ ਨਿਕਲਦੇ ਜਾਵਾਂਗੇ ਤੇ ਗੁਰਮਤਿ ਨਾਲ ਭਾਵ ਨਾਮ ਦੇ ਨਾਲ ਆਪਣਾ ਝਗੜਾ ਭਾਵ ਵਿਰੋਧ ਨਿਬੇੜਦੇ ਜਾਵਾਂਗੇ। ਜਿਉਂ ਜਿਉਂ ਸਾਡੇ ਅੰਦਰ ਮੈਂ ਘੱਟਦੀ ਜਾਵੇਗੀ ਤਿਉਂ ਤਿਉਂ ਸਾਡਾ ਗੁਰੂ ਦੇ ਨਾਲ, “ਤੂੰ” ਦੇ ਨਾਲ ਝਗੜਾ ਨਿਬੜਦਾ ਜਾਵੇਗਾ। ਗੁਰੂ ਉਸ ਦੀ ਗੱਲ ਮੰਨਣ ਦੇ ਨਾਲ ਹੀ ਪ੍ਰਸੰਨ ਹੁੰਦਾ ਹੈ ਤੇ ਜਦੋਂ ਉਹ ਸਾਡੇ ਤੇ ਪ੍ਰਸੰਨ ਹੋ ਜਾਂਦਾ ਹੈ ਉਹ ਸਾਡੇ ਅੰਦਰ ਪ੍ਰਗਟ ਹੋ ਕੇ ਸਾਨੂੰ ਆਪਣੇ ਸੱਚੇ ਗਿਆਨ ਦੇ ਨਾਲ ਜੋੜ ਲੈਂਦਾ ਹੈ, ਸਹਜ ਦੀ ਅਵੱਸਥਾ ਦੇ ਨਾਲ ਜੋੜ ਲੈਂਦਾ ਹੈ ਭਾਵ ਚੌਥੇ ਪਦ ਦੇ ਨਾਲ ਜੋੜ ਲੈਂਦਾ ਹੈ ਜਿਸ ਦੁਆਰਾ ਸਾਡੇ ਅੰਦਰੋਂ ਕਲਿ ਵਾਲੀ ਅਵੱਸਥਾ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਭਾਵ ਭਰਮ ਵਾਲੀ ਅਵੱਸਥਾ ਦੂਰ ਹੁੰਦੀ ਹੈ ਤੇ ਸਾਨੂੰ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਇਸ ਦੇ ਨਾਲ ਹੀ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ, ਕਲੇਸ ਖ਼ਤਮ ਹੁੰਦਾ ਹੈ ਭਾਵ ਆਵਾਗਉਣ ਤੋਂ ਮੁਕਤੀ ਹੁੰਦੀ ਹੈ। ਉਸ ਨੂੰ ਸਿਮਰਨ ਦਾ ਮਕਸਦ, ਸ਼ਬਦ ਨੂੰ ਸਿਮਰਨ ਦਾ ਮਕਸਦ, ਸ਼ਬਦ ਦੀ ਦਿੱਤੀ ਹੋਈ ਸੋਝੀ ਨੂੰ ਆਪਣੇ ਅੰਦਰ ਸਿਮਰਨਾ ਹੈ ਤਾਂ ਜੋ ਸਾਡੀ ਮਨਮਤਿ ਵਾਲੀ ਸੋਝੀ ਗੁਰਮਤਿ ਵਾਲੀ ਸੋਝੀ ਵਿੱਚ ਬਦਲ ਸਕੇ ਤੇ ਮਨਮਤਿ ਦਾ ਗੁਰਮਤਿ ਦੇ ਨਾਲ ਵਿਰੋਧ ਖ਼ਤਮ ਹੋ ਸਕੇ, ਹਉਮੈ ਦਾ ਨਾਮ ਦੇ ਨਾਲ ਵਿਰੋਧ ਖ਼ਤਮ ਹੋ ਸਕੇ, ਆਤਮਾ ਦਾ ਪ੍ਰਮਾਤਮਾ ਦੇ ਨਾਲ ਵਿਰੋਧ ਖ਼ਤਮ ਹੋ ਸਕੇ, ਝੂਠ ਦਾ ਸੱਚ ਦੇ ਨਾਲ ਵਿਰੋਧ ਖ਼ਤਮ ਹੋ ਸਕੇ, ਝੂਠ ਦਾ ਸੱਚ ਦੇ ਨਾਲ ਵਿਰੋਧ ਖ਼ਤਮ ਹੋ ਸਕੇ। ਜਿਉਂ ਜਿਉਂ ਗੁਰੂ ਦਾ ਸਮਝਾਇਆ ਹੋਇਆ ਸੱਚ ਸਾਡੇ ਅੰਦਰ ਵੱਸਦਾ ਜਾਂਦਾ ਹੈ ਤਿਉਂ ਤਿਉਂ ਸਾਡੇ ਅੰਦਰੋਂ ਝੂਠੀ ਮਨਮਤਿ ਦੂਰ ਹੁੰਦੀ ਜਾਂਦੀ ਹੈ। ਜਦੋਂ ਮਨਮਤਿ ਪੂਰੀ ਤਰ੍ਹਾਂ ਦੂਰ ਹੋ ਜਾਂਦੀ ਹੈ ਇਹ ਝਗੜਾ ਤਾਂ ਹੀ ਨਿਬੜਦਾ ਹੈ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਦੁਆਰਾ ਨਿਬੜਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਆਪਣੀ ਕਿਰਪਾ ਦੁਆਰਾ ਨਿਬੇੜਦਾ ਹੈ। **(ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥) (ਭਏ ਕ੍ਰਿਪਾਲ ਦਇਆਲ ਗੁਪਾਲਾ ਤਾ ਨਿਰਭੈ ਕੈ ਘਰਿ ਆਇਆ॥ ਕਲਿ ਕਲੇਸ ਮਿਟੇ ਖਿਨ ਭੀਤਰਿ ਨਾਨਕ ਸਹਜਿ ਸਮਾਇਆ॥੪॥੫॥੬॥)**

25/2797

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਸਾਡੇ ਅੰਦਰ ਇਹ ਕਲਿ ਵਾਲੀ ਅਵੱਸਥਾ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜੋ ਕਿ ਸਾਡੇ ਅੰਦਰ ਮਾਇਆ ਦੇ ਛਲ ਦੇ ਰੂਪ ਵਿੱਚ ਹੈ, ਠੱਗੀ ਦੇ ਰੂਪ ਵਿੱਚ ਹੈ ਜਿਸ ਦੁਆਰਾ ਹਰ ਕੋਈ ਫਸਿਆ ਜਾ ਰਿਹਾ ਹੈ ਭਾਵ ਭਰਮ ਵਿੱਚ ਹੀ ਠੱਗਿਆ ਜਾ ਰਿਹਾ ਹੈ। ਇਸ ਠੱਗੀ ਵਿੱਚੋਂ ਸਾਨੂੰ ਕੇਵਲ ਸ਼ਬਦ ਦੀ ਵਿਚਾਰ ਕੱਢ ਸਕਦੀ ਹੈ ਕਿਉਂਕਿ ਸ਼ਬਦ ਦੀ ਵਿਚਾਰ ਚੌਥੇ ਪਦ ਵਿੱਚ ਹੈ। ਜਿਉਂ ਜਿਉਂ ਸ਼ਬਦ ਦੀ ਵਿਚਾਰ ਸਾਡੇ ਅੰਦਰ ਵੱਸੇਗੀ ਤਿਉਂ ਤਿਉਂ ਅਸੀਂ ਮੋਹ ਠਗਉਲੀ ਦੇ ਵਿੱਚੋਂ ਨਿਕਲਦੇ ਜਾਵਾਂਗੇ, ਭਰਮ ਵਿੱਚੋਂ ਨਿਕਲਦੇ ਜਾਵਾਂਗੇ। ਹੇਠ ਦਿੱਤੇ ਸ਼ਬਦਾਂ ਨੂੰ ਵਿਚਾਰ ਕੇ ਸਾਨੂੰ ਇਸ ਬਾਰੇ ਹੋਰ ਚਾਨਣਾ ਪਵੇਗਾ ਤਾਂ ਜੋ ਅਸੀਂ ਉਹੋ ਜਿਹਾ ਉੱਦਮ ਕਰੀਏ ਜਿਸ ਦੁਆਰਾ ਅਸੀਂ ਮਨ ਦੇ ਕਲਿ ਵਿੱਚੋਂ ਨਿਕਲ ਸਕੀਏ, ਮਾਇਆ ਦੀ ਕਪਟ ਵਿੱਚੋਂ ਨਿਕਲ ਸਕੀਏ।

ਪਉੜੀ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ॥

ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ॥

ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ॥੨॥}

(ਅੰਗ ੧੩੯)

{ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ॥
ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ॥੬॥}

(ਅੰਗ ੨੩੩)

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥੧॥}

(ਅੰਗ ੫੫੮)

{ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ॥
ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ॥
ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ॥}

(ਅੰਗ ੬੪੩)

{ਇਹੁ ਜਗਤੁ ਭਰਮਿ ਭੁਲਾਇਆ॥
ਆਪਹੁ ਤੁਧੁ ਖੁਆਇਆ॥
ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ॥੬॥}

(ਅੰਗ ੭੨)

25/2798

“ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ॥
ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ॥
ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ॥
ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ॥
ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ॥
ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ॥੯॥”

(ਅੰਗ ੪੪੧)

ਜਦ ਤੱਕ ਪ੍ਰਮਾਤਮਾ ਦੀ ਸਾਡੇ ਅੰਦਰ ਪਾਈ ਹੋਈ ਇਹ ਮੋਹ ਠਗਉਲੀ ਵਰਤਦੀ ਹੈ, ਇਹ ਭਰਮ ਵਰਤਦਾ ਹੈ ਤਦ ਤੱਕ ਹਰ ਕੋਈ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਹੀ ਹੈ, ਇਸ ਸੰਸਾਰ ਦੇ ਸੱਚ ਨੂੰ, ਪੂਰਨ ਸੱਚ ਨੂੰ ਜਾਨਣ ਤੋਂ ਦੂਰ ਹੀ ਹੈ, ਆਪਣੇ ਜੀਵਨ ਦੇ ਸੱਚੇ ਮਾਰਗ ਨੂੰ ਜਾਨਣ ਤੋਂ ਦੂਰ ਹੀ ਹੈ ਤੇ ਸਭ ਦੇ ਵਿੱਚ ਭਰਮ ਪਾ ਕੇ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਆਪਣੇ ਸੱਚੇ ਮਾਰਗ

ਤੋਂ ਭਟਕਾਇਆ ਹੋਇਆ ਹੈ ਤੇ ਅਸਲ ਵਿੱਚ ਉਹ ਸਭ ਨੂੰ ਖੁਆਰ ਹੀ ਕਰ ਰਿਹਾ ਹੈ, ਹਰ ਕੋਈ ਆਪੋ ਆਪਣਾ ਲੇਖਾ ਹੀ ਭੁਗਤ ਰਿਹਾ ਹੈ ਜਿਸ ਨੂੰ ਕੇਵਲ ਉਹ ਪ੍ਰਮਾਤਮਾ ਆਪ ਹੀ ਜਾਣਦਾ ਹੈ ਕਿ ਕਿਸ ਮਨੁੱਖ ਕੋਲੋਂ ਉਸ ਨੂੰ ਕੀ ਕੁੱਝ ਕਰਵਾਉਣਾ ਭਾਉਂਦਾ ਹੈ। ਇਸ ਭਰਮ ਵਿੱਚੋਂ ਕੋਈ ਆਪਣੇ ਆਪ ਨਿਕਲ ਜਾਵੇ, ਹਉਮੈ ਵਿੱਚੋਂ ਕੋਈ ਆਪਣੇ ਆਪ ਨਿਕਲ ਜਾਵੇ ਇਹ ਕਿਸੇ ਦੇ ਵੱਸ ਨਹੀਂ ਹੈ। ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਦੇ ਵੱਸ ਹੈ, ਮਨ ਦੇ ਗਿਆਨ ਦੇ ਵੱਸ ਹੈ ਜਿੱਥੋਂ ਇਹ ਭਰਮ ਉਪਜਦਾ ਹੈ। ਸਾਡੇ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਤੇ ਇਸੇ ਲਈ ਭਰਮ ਵਿੱਚੋਂ ਨਿਕਲਣਾ, ਹਉਮੈ ਵਿੱਚੋਂ ਨਿਕਲਣਾ, ਮੋਹ ਠਗਉਲੀ ਵਿੱਚੋਂ ਨਿਕਲਣਾ ਸਾਡੇ ਵੱਸ ਨਹੀਂ ਹੈ। ਜੋ ਸਾਡੇ ਅੰਦਰ ਵਿਚਾਰ ਉਪਜਦੇ ਹਨ ਉਹ ਸਾਡੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਹੀ ਉਪਜਦੇ ਹਨ ਤੇ ਆਪਣੇ ਵਿਚਾਰਾਂ ਨੂੰ ਮੰਨਣਾ ਹੀ ਪੈਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਸਭ ਨੂੰ ਆਪਣੇ ਹੁਕਮ ਵਿੱਚ ਚਲਾ ਰਿਹਾ ਹੈ ਜਿਸ ਗੱਲ ਦੀ ਸਾਨੂੰ ਆਪਣੇ ਆਪ ਸਮਝ ਨਹੀਂ ਪੈਂਦੀ। ਉਸਦਾ ਇਹ ਹੁਕਮ "ਖਰਾ ਭਾਰਾ" ਹੈ ਭਾਵ ਜੋ ਉਸਨੂੰ ਚੰਗਾ ਲੱਗਦਾ ਹੈ ਉਹੀ ਸਾਨੂੰ ਮੰਨਣਾ ਪੈਂਦਾ ਹੈ ਭਾਵ ਅਸੀਂ ਆਪਣੇ ਮਨ ਦੇ ਵਿਚਾਰਾਂ ਤੋਂ ਬਾਹਰ ਨਹੀਂ ਜਾ ਸਕਦੇ। ਆਪਣਾ ਹੁਕਮ ਕਿਸੇ ਵਿਰਲੇ ਨੂੰ ਉਹ ਆਪ ਹੀ ਬੁਝਾਉਂਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਗੁਰਮੁਖਿ ਵਾਲੀ ਅਵੱਸਥਾ ਬਖਸ਼ਦਾ ਹੈ। **(ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ॥ ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ॥ ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ॥ ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ॥ ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ॥੯॥)**

25/2799

ਇਹ ਸੱਚ ਕਰਕੇ ਜਾਣੋ ਕਿ ਹਰ ਕੋਈ ਭਰਮ ਵਿੱਚ ਹੀ ਹੈ ਤੇ ਕੋਈ ਜਿਤਨਾ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾ ਰਿਹਾ ਹੈ ਉਹ ਉਤਨੇ ਹੀ ਜਿਆਦਾ ਭਰਮ ਵਿੱਚ ਹੈ ਕਿਉਂਕਿ ਉਨ੍ਹਾਂ ਨੂੰ ਗੁਰਬਾਣੀ ਦੀ ਗੱਲ ਬਿਲਕੁਲ ਵੀ ਸਮਝ ਨਹੀਂ ਆਈ ਭਾਵ ਅੰਦਰ ਦੀ ਅਸਲੀਅਤ ਸਮਝ ਨਹੀਂ ਆਈ ਕਿ ਗੁਰਬਾਣੀ ਰਾਹੀਂ ਪ੍ਰਮਾਤਮਾ ਕਿਸ ਨੂੰ ਕਿਹਾ ਹੈ ਤੇ ਉਹ ਕਿਸ ਰੂਪ ਵਿੱਚ ਵਿਚਰ ਰਿਹਾ ਹੈ। ਆਪਣੇ ਆਪ ਨੂੰ ਉੱਚਾ ਨਾ ਸਮਝਣ ਵਾਲੇ ਭਾਵ ਆਮ ਮਨੁੱਖ ਘੱਟੋ ਘੱਟ ਇਹ ਤਾਂ ਮੰਨਦੇ ਹਨ ਕਿ ਉਨ੍ਹਾਂ ਨੂੰ ਸਮਝ ਨਹੀਂ ਹੈ ਭਾਵ ਉਨ੍ਹਾਂ ਦੇ ਅੰਦਰ ਭਰਮ ਹੈ। ਜੋ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ ਉਹ ਆਪਣੇ ਵੱਲੋਂ ਇਹ ਦਿਖਾਵਾ ਕਰਦੇ ਹਨ ਕਿ ਉਨ੍ਹਾਂ ਨੂੰ ਬਹੁਤ ਸਮਝ ਹੈ ਭਾਵ ਉਹ ਭਰਮ ਵਿੱਚੋਂ ਨਿਕਲੇ ਹੋਏ ਹਨ ਭਾਵ ਉਹ ਹੋਰ ਵੀ ਵੱਡੇ ਭਰਮ ਵਿੱਚ ਹਨ। ਆਪਣੇ ਆਪ ਨੂੰ ਭਰਮ ਵਿੱਚ ਨਾ ਮੰਨਣਾ ਸਾਡਾ ਵੱਡਾ ਭਰਮ ਹੈ ਤੇ ਇਹੋ ਜਿਹੇ ਜਿਹੜੇ ਆਪਣੇ ਆਪ ਨੂੰ ਭਰਮ ਵਿੱਚੋਂ ਨਿਕਲੇ ਹੋਏ ਸਮਝਦੇ ਹਨ ਉਹ ਆਪਣੇ ਨਾਲ ਦੂਸਰਿਆਂ ਨੂੰ ਵੀ ਭਾਵ ਅਨੇਕਾਂ ਹੀ ਅਨੇਕਾਂ ਨੂੰ ਭਰਮ ਵਿੱਚ ਪਾਉਂਦੇ ਹਨ। ਉਨ੍ਹਾਂ ਨੇ ਆਪ ਤਾਂ ਭਰਮ ਦਾ ਭਾਰ, ਹਉਮੈ ਦਾ ਭਾਰ ਚੁੱਕਿਆ ਹੋਇਆ ਹੈ ਤੇ ਦੂਸਰਿਆਂ ਨੂੰ ਭਰਮ ਵਿੱਚ ਪਾ ਕੇ ਉਨ੍ਹਾਂ ਦਾ ਭਾਰ ਵੀ ਆਪਣੇ ਸਿਰ ਲੱਦ ਰਹੇ ਹਨ। ਉਹ ਆਪ ਕੁਮਾਰਗ ਪਏ ਹੋਏ ਹਨ ਤੇ ਦੂਸਰਿਆਂ ਨੂੰ ਵੀ ਕੁਮਾਰਗ ਪਾਉਂਦੇ ਹਨ। ਪ੍ਰਮਾਤਮਾ ਦੇ ਨਾਲ ਸਾਡੇ ਵਿਛੋੜੇ ਦਾ ਕਾਰਨ ਸਾਡੇ ਮਨ ਦਾ ਭਰਮ ਹੀ ਹੈ ਜਿਸ ਨੂੰ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਜੋ ਤਰੀਕਾ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸਮਝਾਇਆ ਹੈ ਉਹ ਭਰਮ ਵਿੱਚੋਂ ਨਿਕਲਣ ਦਾ ਹੀ ਸਮਝਾਇਆ ਹੈ, ਮਨਮਤਿ ਵਿੱਚੋਂ ਨਿਕਲਣ ਦਾ ਹੀ ਸਮਝਾਇਆ ਹੈ ਤਾਂ ਜੋ ਅਸੀਂ ਕੁਮਾਰਗ ਵਿੱਚੋਂ ਨਿਕਲ ਕੇ ਗੁਰੂ ਦੇ ਦੱਸੇ ਹੋਏ ਸੱਚੇ ਮਾਰਗ ਨਾਲ ਜੁੜ ਸਕੀਏ। ਸੱਚਾ ਮਾਰਗ ਕੇਵਲ ਸਾਡੀ ਸੱਚੀ ਸੁੱਚੀ ਕਿਰਤ ਹੈ ਭਾਵ ਗੁਰਮਤਿ ਅਨੁਸਾਰ ਵਿਚਰਨ ਹੈ, ਸ਼ਬਦ ਦੇ ਵਿਚਾਰੀ ਬਣ ਕੇ ਜੀਵਨ ਜਿਉਂਣ ਦੀ ਹੈ। ਸ਼ਬਦ ਦੀ ਵਿਚਾਰ ਭਰਮ ਤੋਂ ਰਹਿਤ ਹੈ ਜੋ ਸਾਨੂੰ ਸੱਚਾ ਮਾਰਗ ਸਮਝਾਉਂਦੀ ਹੈ ਭਾਵ ਸ਼ਬਦ ਦੀ ਵਿਚਾਰ ਮੰਨ ਕੇ ਹੀ ਅਸੀਂ ਭਰਮ ਵਿੱਚੋਂ ਨਿਕਲ ਸਕਦੇ ਹਾਂ। ਦੂਸਰਿਆਂ ਦੀ ਵਿਚਾਰ ਵਿੱਚ ਭਰਮ ਹੈ ਤੇ ਸ਼ਬਦ ਦੀ ਵਿਚਾਰ ਦੇ ਵਿੱਚ ਸੱਚ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝੀਏ ਕਿ ਸਾਡੇ ਅੰਦਰੋਂ ਇਹ ਮੋਹ ਠਗਉਲੀ, ਭਰਮ ਵਾਲੀ ਅਵੱਸਥਾ ਕਿਵੇਂ ਦੂਰ ਹੁੰਦੀ ਹੈ।

"ਦੂਜੈ ਭਾਇ ਦੁਸਟਾ ਕਾ ਵਾਸਾ॥ ਭਉਦੇ ਫਿਰਹਿ ਬਹੁ ਮੋਹ ਪਿਆਸਾ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ॥੧੧॥
ਸਤਿਗੁਰ ਬਾਝਹੁ ਸੰਗਤਿ ਨ ਹੋਈ॥ ਬਿਨੁ ਸਬਦੇ ਪਾਰੁ ਨ ਪਾਏ ਕੋਈ॥

ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ॥੧੨॥
ਕਾਇਆ ਬਿਰਖੁ ਪੰਖੀ ਵਿਚਿ ਵਾਸਾ॥ ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ॥
ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ॥੧੩॥
ਕਾਇਆ ਸੋਧਹਿ ਸਬਦੁ ਵੀਚਾਰਹਿ॥ ਮੋਹ ਠਗਉਰੀ ਭਰਮੁ ਨਿਵਾਰਹਿ॥
ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ॥੧੪॥"

(ਅੰਗ ੧੦੬੮)

25/2800

ਉੱਪਰ ਸ਼ਬਦ ਰਾਹੀਂ ਸਾਨੂੰ ਸੰਗਤਿ ਤੇ ਕੁਸੰਗਤਿ ਵਿੱਚ ਫਰਕ ਸਮਝਾਇਆ ਹੋਇਆ ਹੈ ਭਾਵ ਸਾਡੇ ਲਈ ਕਿਸ ਦੀ ਸੰਗਤਿ ਚੰਗੀ ਹੈ ਤੇ ਕਿਸ ਦੀ ਸੰਗਤਿ ਮਾੜੀ ਹੈ। ਸੰਗਤਿ ਅਸੀਂ ਉਸੇ ਦੀ ਹੀ ਕਰਦੇ ਹਾਂ ਜਿਸ ਦੇ ਵਿਚਾਰ ਸਾਨੂੰ ਭਾਉਂਦੇ ਹਨ। ਇਸ ਸੰਗਤਿ ਤੋਂ ਮਕਸਦ ਭਗਤੀ ਸਿੱਖਣ ਦੇ ਨਾਲ ਹੈ ਕਿ ਅਸੀਂ ਆਪਣਾ ਧਰਮ ਦਾ ਮਾਰਗ ਸਿੱਖਣ ਲਈ ਕਿਸ ਦੇ ਵਿਚਾਰਾਂ ਦੀ ਸੰਗਤਿ ਕਰਦੇ ਹਾਂ। ਸਾਨੂੰ ਉੱਪਰ ਸਮਝਾਇਆ ਇਹ ਹੋਇਆ ਹੈ ਕਿ ਗੁਰੂ ਦੇ ਵਿਚਾਰਾਂ ਤੋਂ ਬਿਨ੍ਹਾਂ ਜੇਕਰ ਅਸੀਂ ਕਿਸੇ ਹੋਰ ਦੇ ਵਿਚਾਰਾਂ ਦੀ ਸੰਗਤਿ ਕਰਦੇ ਹਾਂ ਉਹ ਸਾਡੇ ਲਈ ਕੁਸੰਗਤਿ ਹੈ ਕਿਉਂਕਿ ਜਿਸ ਦੇ ਵਿਚਾਰਾਂ ਵਿੱਚ ਭਰਮ ਹੈ ਉੱਥੇ ਸੱਚੀ ਸੋਝੀ ਨਹੀਂ ਹੁੰਦੀ ਜੋ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਾ ਸਕੇ। ਧਰਮ ਦੀ ਸੱਚੀ ਸੋਝੀ ਕੇਵਲ ਸ਼ਬਦ ਦੀ ਵਿਚਾਰ ਦੇ ਕੋਲ ਹੈ ਭਾਵ ਗੁਰੂ ਦੇ ਕੋਲ ਹੈ ਕਿਉਂਕਿ ਸ਼ਬਦ ਦੀ ਵਿਚਾਰ ਹੀ ਸਾਡਾ ਗੁਰੂ ਹੈ। ਸ਼ਬਦ ਦੀ ਵਿਚਾਰ ਦੇ ਨਾਲ ਜੁੜਨਾ ਗੁਰੂ ਦੇ ਨਾਲ ਜੁੜਨਾ ਹੈ। ਜਿਸ ਦੀ ਵਿਚਾਰ ਸਾਨੂੰ ਭਾਉਂਦੀ ਹੈ ਅਸੀਂ ਉਸ ਦੇ ਨਾਲ ਹੀ ਜੁੜਦੇ ਹਾਂ। ਅਸੀਂ ਅਨੇਕਾਂ ਹੀ ਇਹੋ ਜਿਹਿਆਂ ਨਾਲ ਜੁੜੇ ਹੋਏ ਹਾਂ ਜਿਸ ਦਾ ਕਾਰਨ ਉਨ੍ਹਾਂ ਦੇ ਵਿਚਾਰਾਂ ਦਾ ਸਾਨੂੰ ਭਾਉਣਾ ਹੈ।

ਗੁਰੂ ਤੋਂ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ ਤੇ ਜਿੱਥੇ ਭਰਮ ਹੈ, ਮਾਇਆ ਮੋਹ ਹੈ ਉੱਥੇ ਸਾਡੇ ਅੰਦਰ ਦੂਜਾ ਭਾਉ ਹੈ ਭਾਵ ਮਨ ਦਾ ਭਰਮ ਸਾਨੂੰ ਗੁਰਮਤਿ ਨਾਲੋਂ ਦੂਜੇ ਪਾਸੇ ਜੋੜਦਾ ਹੈ ਕਿਉਂਕਿ ਭਰਮ ਵਿੱਚ ਰਹਿੰਦਿਆਂ ਸਾਨੂੰ ਗੁਰਮਤਿ ਦੇ ਸੱਚ ਦੀ ਸਮਝ ਹੀ ਨਹੀਂ ਪੈਂਦੀ ਤੇ ਅਸੀਂ ਭਰਮ ਵਿੱਚ ਉਨ੍ਹਾਂ ਦੀ ਸੰਗਤਿ ਕਰਦੇ ਹਾਂ ਜਿੰਨ੍ਹਾਂ ਨੂੰ ਭਰਮ ਦੇ ਕਾਰਨ ਸੱਚੀ ਸੋਝੀ ਨਹੀਂ ਹੈ ਭਾਵ ਜਿੰਨ੍ਹਾਂ ਦੇ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ। ਗੁਰੂ ਦੇ ਵਿਚਾਰਾਂ ਨੂੰ ਛੱਡ ਕੇ ਕਿਸੇ ਹੋਰ ਦੇ ਵਿਚਾਰਾਂ ਨਾਲ ਮੇਲ ਕਰਨਾ ਸਾਡੀ ਕੁਸੰਗਤਿ ਹੈ। ਇਹ ਸਾਡੇ ਮਨ ਦੇ ਮੈਲੇ ਵਿਚਾਰ ਹਨ ਜੋ ਔਗੁਣਾਂ ਨਾਲ ਭਰੇ ਹੋਏ ਹਨ, ਦੁਸ਼ਟਾਂ ਨਾਲ ਭਰੇ ਹੋਏ ਹਨ। ਸਾਡਾ ਜੋ ਵਿਚਾਰ ਗੁਰਮਤਿ ਉੱਤੇ ਪੂਰਾ ਨਹੀਂ ਉਤਰਦਾ ਉਹ ਵਿਚਾਰ ਮੈਲਾ ਹੈ, ਦੁਸ਼ਟ ਹੈ। ਇਨ੍ਹਾਂ ਭਰਮ ਵਾਲੇ ਵਿਚਾਰਾਂ ਕਰਕੇ ਹੀ ਭਾਵ ਮਾੜੇ ਵਿਚਾਰਾਂ ਕਰਕੇ ਹੀ ਹਰ ਕੋਈ ਦੁੱਖਾਂ ਵਿੱਚ ਹੈ ਤੇ ਜਿਸਦੇ ਆਪਣੇ ਵਿਚਾਰ ਦੁੱਖਾਂ ਨਾਲ ਭਰੇ ਹੋਏ ਹਨ ਉਨ੍ਹਾਂ ਕੋਲੋਂ ਵਿਚਾਰ ਲੈ ਕੇ ਅਸੀਂ ਦੁੱਖ ਹੀ ਕਮਾਉਂਦੇ ਹਾਂ ਭਾਵ ਪ੍ਰਮਾਤਮਾ ਦੇ ਵਿਛੋੜੇ ਦੇ ਦੁੱਖ ਵਿੱਚ ਹੀ ਰਹਿੰਦੇ ਹਾਂ, ਭਰਮ ਵਿੱਚ ਹੀ ਰਹਿੰਦੇ ਹਾਂ। ਇਹੋ ਜਿਹਿਆਂ ਦੇ ਪਿੱਛੇ ਲੱਗ ਕੇ ਭਾਵ ਕੁਸੰਗਤਿ ਦੇ ਨਾਲ ਜੁੜ ਕੇ ਅਸੀਂ ਮੋਹ ਪਿਆਸ ਵਿੱਚ ਭਟਕਦੇ ਹੀ

25/2801

ਰਹਿੰਦੇ ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਤ੍ਰਿਪਤੀ ਨਹੀਂ ਹੋ ਸਕਦੀ। **(ਦੂਜੈ ਭਾਇ ਦੁਸਟਾ ਕਾ ਵਾਸਾ॥ ਭਉਦੇ ਫਿਰਹਿ ਬਹੁ ਮੋਹ ਪਿਆਸਾ॥ ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ॥੧੧॥)**

{ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ॥ ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ॥
ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ॥}

(ਅੰਗ ੬੪੩)

ਸਾਡੇ ਲਈ ਚੰਗੀ ਸੰਗਤਿ ਕੀ ਹੈ ਭਾਵ ਜਿਸਦੀ ਸੰਗਤਿ ਨਾਲ ਜੁੜ ਕੇ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਕੁਸੰਗਤਿ ਤੋਂ ਬਚ ਸਕੀਏ ਭਾਵ ਉਨ੍ਹਾਂ ਭਰਮਿਆ ਹੋਇਆਂ ਦੀ ਸੰਗਤਿ ਤੋਂ ਬਚ ਸਕੀਏ ਜਿਹੜੇ ਖੁਦ ਮੋਹ ਠਗਉਲੀ ਦੇ ਵਿੱਚ ਹਨ ਤੇ "ਦੂਜੈ ਭਾਇ" ਦੇ ਵਿੱਚ ਹਨ ਭਾਵ ਸੱਚ ਦੀ ਸੋਝੀ ਤੋਂ

ਦੂਰ ਹਨ।

“ਸਤਿਗੁਰ ਬਾਝਹੁ ਸੰਗਤਿ ਨ ਹੋਈ॥ ਬਿਨੁ ਸਬਦੇ ਪਾਰੁ ਨ ਪਾਏ ਕੋਈ॥
ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ॥੧੨॥
ਕਾਇਆ ਬਿਰਖੁ ਪੰਖੀ ਵਿਚਿ ਵਾਸਾ॥ ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ॥
ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ॥੧੩॥
ਕਾਇਆ ਸੋਧਹਿ ਸਬਦੁ ਵੀਚਾਰਹਿ॥ ਮੋਹ ਠਗਉਰੀ ਭਰਮੁ ਨਿਵਾਰਹਿ॥
ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ॥੧੪॥”

ਜਿੰਨ੍ਹਾਂ ਦੇ ਅੰਦਰ ਸਤਿਗੁਰ ਦੀ ਸੰਗਤਿ ਬਣੀ ਹੋਈ ਹੈ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਬਣਿਆ ਹੋਇਆ ਹੈ ਉਨ੍ਹਾਂ ਦੇ ਮਨ ਦੀ ਅਵੱਸਥਾ ਉੱਪਰ ਸਮਝਾਈ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਨਿਵਾਸ ਸ਼ਬਦ ਦੁਆਰਾ ਹੀ ਹੁੰਦਾ ਹੈ ਭਾਵ ਕੇਵਲ ਗੁਰੂ ਦੀ ਸੱਚੀ ਮਤਿ ਦੇ ਨਾਲ ਚੱਲਣ ਦੁਆਰਾ ਹੀ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਹੈ ਹੀ ਨਹੀਂ। ਗੁਰੂ ਦੀ ਮਤਿ ਸਾਨੂੰ ਕੇਵਲ ਗੁਰੂ ਦੇ ਕੋਲੋਂ ਹੀ ਸਮਝਣੀ ਚਾਹੀਦੀ ਹੈ ਭਾਵ ਉਸੇ ਗੱਲ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਜੋ ਮਤਿ ਗੁਰੂ ਦੀ ਗੱਲ ਤੇ ਖਰੀ ਉਤਰਦੀ ਹੈ। ਖਰੀ ਜਾਂ ਖੋਟੀ ਗੱਲ ਦੀ ਪਹਿਚਾਣ ਅਸੀਂ ਤਾਂ ਹੀ ਕਰ ਸਕਾਂਗੇ ਜਦੋਂ ਅਸੀਂ ਆਪ ਗੁਰੂ ਦੀ ਬਾਣੀ ਨਾਲ ਜੁੜਾਂਗੇ, ਗੁਰੂ ਦੀ ਗੱਲ ਨੂੰ ਸੁਣ ਕੇ ਉਸ ਨੂੰ ਸਮਝਣ ਦਾ ਉੱਦਮ ਕਰਾਂਗੇ। ਸਾਰੀ ਬਾਣੀ ਵਿੱਚ “ਅੰਮ੍ਰਿਤੁ” ਰੂਪ ਚੋਗ ਹੈ ਜੋ ਕਿ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣਾ ਉਸ ਦੇ ਅੰਦਰੋਂ ਚੋਗ ਚੁਗਣਾ ਹੈ ਜਿਸ ਦੁਆਰਾ ਸਾਡਾ ਮਨ ਉਸਦਾ ਅੰਮ੍ਰਿਤ ਪੀਂਦਾ ਹੈ। ਗੁਰੂ ਦੇ ਵਿਚਾਰਾਂ ਦੁਆਰਾ ਦਿੱਤੀ ਹੋਈ ਸੋਝੀ ਨੂੰ ਆਪਣੇ ਅੰਦਰ ਟਿਕਾਉਣਾ ਗੁਰਬਾਣੀ ਦੇ ਵਿੱਚੋਂ “ਅੰਮ੍ਰਿਤੁ” ਚੋਗ ਚੁਗਣਾ ਹੈ। ਜਿੰਨ੍ਹਾਂ ਨੇ ਪਹਿਲੇ ਆਪਣੇ ਅੰਦਰੋਂ ਇਹ “ਅੰਮ੍ਰਿਤੁ” ਚੋਗ ਚੁਗੀ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਇਹ ਅੰਮ੍ਰਿਤ ਭੋਜਨ ਦਿੱਤਾ ਹੈ, “ਅੰਮ੍ਰਿਤੁ” ਚੋਗ ਦਿੱਤੀ ਹੈ ਜਿਸ ਨੂੰ ਅਸੀਂ ਆਪਣੇ ਅੰਦਰ ਵਸਾਉਣਾ ਹੈ। ਇਹ “ਅੰਮ੍ਰਿਤੁ” ਚੋਗ ਭਰਮ ਤੋਂ ਰਹਿਤ ਹੈ ਤੇ ਇਸ ਸ਼ਬਦ ਦੀ ਵਿਚਾਰ ਰੂਪ ਚੋਗ ਨੇ ਹੀ ਸਾਨੂੰ ਮੋਹ

ਠਗਉਲੀ ਵਿੱਚੋਂ ਕੱਢਣਾ ਹੈ, ਭਰਮ ਵਿੱਚੋਂ ਕੱਢਣਾ ਹੈ। ਜੋ ਇਸ ਚੋਗ ਨੂੰ ਚੁਗ ਲੈਂਦਾ ਹੈ ਭਾਵ ਜੋ ਇਸ ਚੋਗ ਨੂੰ ਚੁਗਣ ਦਾ ਉੱਦਮ ਕਰਦਾ ਹੈ ਉੱਥੇ ਹੀ ਪ੍ਰਮਾਤਮਾ ਵੱਸ ਸਕਦਾ ਹੈ। ਇਹ ਅੰਮ੍ਰਿਤ ਚੋਗ ਚੁਗਣ ਵਾਲਾ, ਗੁਰਮਤਿ ਰੂਪ ਚੋਗ ਚੁਗਣ ਵਾਲਾ ਸਾਡਾ ਮਨ ਹੈ ਜੋ ਸਾਡੇ ਕਾਇਆਂ ਰੂਪ ਬਿਰਖ ਦੇ ਵਿੱਚ “ਪੰਖੀ” ਦੀ ਅਵੱਸਥਾ ਵਿੱਚ ਹੈ। ਇਹ ਪੰਖੀ ਉੱਡਦਾ ਰਹਿੰਦਾ ਹੈ ਤੇ ਜੋ ਇਸ ਗੁਰਮਤਿ ਰੂਪ ਚੋਗ ਨੂੰ ਚੁਗ ਲੈਂਦਾ ਹੈ ਉਹ ਫਿਰ ਮਾਇਆ ਮੋਹ ਵਿੱਚ ਨਹੀਂ ਉੱਡਦਾ, ਭਰਮ ਵਿੱਚ ਨਹੀਂ ਉੱਡਦਾ ਤੇ ਸੰਤੋਖ ਵਿੱਚ ਬੈਠ ਜਾਂਦਾ ਹੈ ਭਾਵ ਗੁਰਮਤਿ ਤੇ ਟਿਕ ਜਾਂਦਾ ਹੈ ਤੇ ਗੁਰਮਤਿ ਤੋਂ ਬਾਹਰ ਨਹੀਂ ਜਾਂਦਾ। ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਤੇ ਉਸਦੇ ਨਾਲ ਮੇਲ ਦਾ ਤਰੀਕਾ ਵੀ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਤੇ ਟਿਕੀਏ ਤੇ ਕਿਸੇ ਹੋਰ ਦੀ ਮਤਿ ਦੇ ਪਿੱਛੇ ਨਾ ਦੌੜੀਏ ਤੇ ਇਸ ਭਰਮ ਵਿੱਚੋਂ ਨਿਕਲੀਏ ਕਿ ਗੁਰਮਤਿ ਨਾਲ ਜੁੜੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਕਿਸੇ ਹੋਰ ਦੀ ਮਤਿ ਦੇ ਪਿੱਛੇ ਲੱਗ ਕੇ, ਸ਼ਬਦ ਦੀ ਵਿਚਾਰ ਨੂੰ ਛੱਡ ਕੇ, ਕਿਸੇ ਹੋਰ ਦੀ ਵਿਚਾਰ ਨਾਲ ਜੁੜ ਕੇ ਜੇ ਕੋਈ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ ਤਾਂ ਫਿਰ ਇਹ ਕੇਵਲ ਭਰਮ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ। ਸੱਚੇ ਮਾਰਗ ਦੀ ਸੋਝੀ ਪਏ ਬਿਨ੍ਹਾਂ ਤੇ ਉਸ ਤੇ ਚੱਲੇ ਬਿਨ੍ਹਾਂ ਉਸ “ਸਚੁ” ਰੂਪ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਤੇ ਸੱਚੇ ਮਾਰਗ ਨੂੰ ਜਾਨਣ ਵਿੱਚ ਸਾਡੀ ਸਭ ਤੋਂ ਵੱਡੀ ਰੁਕਾਵਟ ਉਹ ਹਨ ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ ਹੋਇਆ ਹੈ, ਨਾਮ ਜਪਣਾ ਸਿੱਖਿਆ ਹੋਇਆ ਹੈ। ਇਸ ਰੁਕਾਵਟ ਵਿੱਚੋਂ ਨਿਕਲੋ ਤੇ ਗੁਰੂ ਦੀ ਸਿੱਖਿਆ ਦੇ ਨਾਲ ਜੁੜੋ ਜਿਸਨੇ ਸਾਡਾ ਪਾਰ ਉਤਾਰਾ ਕਰਨਾ ਹੈ।

ਆਪਣੇ ਅੰਦਰ ਚੱਲ ਰਹੀ ਮੋਹ ਠਗਉਲੀ ਨੂੰ ਸਮਝੇ ਬਿਨ੍ਹਾਂ ਨਾ ਸਾਨੂੰ ਇਹ ਸਮਝ ਲੱਗ ਸਕਦੀ ਹੈ ਕਿ ਭਰਮ ਕੀ ਹੈ, ਸਾਡੇ ਅੰਦਰ ਦਾ ਕਲਿ ਕਲੇਸ ਕੀ ਹੈ ਤੇ ਨਾ ਹੀ ਇਹ ਸਮਝ ਲੱਗ ਸਕਦੀ ਹੈ ਕਿ ਇਸ ਅਵਸਥਾ ਵਿੱਚੋਂ ਨਿਕਲਣਾ ਕੀ ਹੈ। ਸਾਡੇ ਅੰਦਰ ਦੀ ਇਹ ਠਗਉਲੀ ਸਾਡੇ ਅੰਦਰ ਦੀ ਸੋਝੀ ਹੈ, ਸੋਚ ਹੈ ਜਿਸ ਦੇ ਉੱਪਰ ਸਾਡਾ ਕੋਈ ਵੱਸ ਨਹੀਂ ਹੈ। ਮਨ ਦੀ ਇਸ ਠਗਉਲੀ ਦੁਆਰਾ ਹੀ ਅਸੀਂ ਭਰਮ ਵਿੱਚ ਰਹਿੰਦੇ ਹਾਂ ਤੇ ਇਸ ਠਗਉਲੀ ਦੁਆਰਾ ਹੀ ਅਸੀਂ ਇਸ ਵਿੱਚੋਂ ਨਿਕਲ ਸਕਦੇ ਹਾਂ ਭਾਵ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਇਹ ਠਗਉਲੀ ਹੀ ਸਾਨੂੰ ਮਾਇਆ ਮੋਹ ਵਿੱਚ ਰੱਖਦੀ

ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਦੀ ਹੈ ਤੇ ਇਹ ਠਗਉਲੀ ਹੀ ਸਾਨੂੰ ਇਸ ਅਵੱਸਥਾ ਵਿੱਚੋਂ ਕੱਢਦੀ ਹੈ। ਸਾਡੇ ਅੰਦਰ ਦੀ ਠਗਉਲੀ ਦੀ ਅਵੱਸਥਾ ਹੀ ਬਦਲਦੀ ਹੈ ਭਾਵ ਅਗਿਆਨਤਾ ਵਿੱਚੋਂ ਨਿਕਲ ਕੇ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ, ਤ੍ਰੈਗੁਣਾਂ ਵਿੱਚੋਂ ਨਿਕਲ ਕੇ ਚੌਥੇ ਪਦ ਵਾਲੀ ਬਣ ਜਾਂਦੀ ਹੈ। ਚੌਥੇ ਪਦ ਵਿੱਚ ਪਹੁੰਚ ਕੇ ਇਸ ਠਗਉਲੀ ਦਾ ਰੂਪ ਭਗਤੀ ਦੇ ਰੂਪ ਵਿੱਚ ਬਦਲ ਜਾਂਦਾ ਹੈ ਜਿਸ ਅਵੱਸਥਾ ਦੁਆਰਾ ਉਸ ਠਗਉਲੀ ਪਾਉਣ ਵਾਲੇ ਦੀ ਸਮਝ ਲੱਗ ਜਾਂਦੀ ਹੈ ਭਾਵ ਪ੍ਰਮਾਤਮਾ ਦੀ ਆਪਣੇ ਅੰਦਰੋਂ ਸਮਝ ਲੱਗ ਜਾਂਦੀ ਹੈ ਕਿ ਇਹ ਠਗਉਲੀ ਪਾਉਣ ਵਾਲਾ ਕੌਣ ਹੈ। ਉਹ ਆਪ ਹੀ ਇਸ ਠਗਉਲੀ ਨੂੰ ਭਾਵ ਮਨ ਦੇ ਭਰਮ ਵਾਲੀ ਅਵੱਸਥਾ ਨੂੰ ਸੱਚੇ ਗਿਆਨ ਵਾਲੀ ਬਣਾਉਂਦਾ ਹੈ ਜਿਸ ਦੁਆਰਾ

25/2803

ਮਨ ਦੇ ਵਿੱਚੋਂ ਉਹ ਆਪਣੀ ਭਗਤੀ ਦੀ ਸੱਚੀ ਸੋਝੀ ਪਾਉਂਦਾ ਹੈ। ਇਸ ਮੋਹ ਠਗਉਲੀ ਵਿੱਚੋਂ ਨਿਕਲ ਕੇ ਭਾਵ ਭਗਤੀ ਦੀ ਸੋਝੀ ਪੈਣ ਦੁਆਰਾ ਹੀ ਉਸ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਉਸਦੇ ਗੁਣ ਗਾਉਣ ਦੀ ਸੋਝੀ ਉਨ੍ਹਾਂ ਨੂੰ ਹੀ ਪਈ ਹੈ ਜਿੰਨ੍ਹਾਂ ਦੀ ਮੋਹ ਠਗਉਲੀ ਵਾਲੀ ਅਵੱਸਥਾ ਪ੍ਰਮਾਤਮਾ ਨੇ ਭਗਤ ਠਗਉਲੀ ਵਿੱਚ ਬਦਲੀ ਹੈ। ਇਸ ਗੱਲ ਨੂੰ ਸ਼ਬਦ ਦੀਆਂ ਕੁੱਝ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ॥
ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ॥
ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥
ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ॥੧॥
ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ॥
ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ॥
ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ॥
ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ॥੨॥”

(ਅੰਗ ੨੪੯)

ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਨ ਕੀ ਹੈ, ਉਸਦੇ ਨਾਲ ਸਾਡੇ ਵਿਛੋੜੇ ਦਾ ਕਾਰਨ ਕੀ ਹੈ ਜਿਸ ਲਈ ਪ੍ਰਮਾਤਮਾ ਨੂੰ ਮੰਨਾਉਣ ਦੀ ਲੋੜ ਹੈ। ਇੱਕ ਪਾਸੇ “ਸਾਡਾ ਮਾਨੁ” ਹੈ ਤੇ ਦੂਸਰੇ ਪਾਸੇ “ਗੁਰੂ ਦਾ ਮਾਨੁ” ਹੈ। ਜੇਕਰ ਅਸੀਂ ਆਪਣੀ ਗੱਲ ਮੰਨਦੇ ਹਾਂ ਭਾਵ ਆਪਣੀ ਮਤਿ ਅਨੁਸਾਰ ਚੱਲਦੇ ਹਾਂ ਫਿਰ ਇਸ ਵਿੱਚ ਸਾਡਾ ਆਪਣਾ ਮਾਣ ਹੈ ਭਾਵ ਅਸੀਂ ਆਪਣੀ ਗੱਲ ਨੂੰ ਉੱਚਾ ਕਰਦੇ ਹਾਂ। ਦੂਸਰੇ ਪਾਸੇ “ਸਾਧੂ ਮੰਤ” ਹੈ ਭਾਵ ਗੁਰੂ ਦਾ ਦਿੱਤਾ ਹੋਇਆਂ ਉਪਦੇਸ਼ ਹੈ। ਸਾਰੀ ਗੁਰਬਾਣੀ ਵਿੱਚ ਸਾਧੂ ਦਾ ਮੰਤ ਹੀ ਹੈ। ਗੁਰੂ ਦਾ ਮੰਤ ਗੁਰੂ ਦੀ ਆਪਣੀ ਸੁਣਾਈ ਹੋਈ ਗੱਲ ਹੈ ਤੇ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਉੱਚਾ ਕਰਦੇ ਹਾਂ ਇਸ ਵਿੱਚ ਗੁਰੂ ਦਾ ਮਾਨੁ ਹੈ। ਸਾਰੀ ਗੱਲ ਇਹ ਫੈਸਲਾ ਕਰਨ ਦੀ ਹੈ ਕਿ ਅਸੀਂ ਕਿਸ ਦੇ ਮਾਣ ਨਾਲ ਜੁੜਨਾ ਹੈ ਭਾਵ ਆਪਣੇ ਮਾਨੁ ਨੂੰ ਉੱਚਾ ਕਰਨਾ ਹੈ ਜਾਂ ਗੁਰੂ ਦੇ ਮਾਨੁ ਨੂੰ ਉੱਚਾ ਕਰਨਾ ਹੈ। ਗੁਰੂ ਦਾ ਮਾਨੁ ਉਸ ਕੰਤ ਦਾ ਮਾਨੁ ਹੈ ਭਾਵ ਪ੍ਰਮਾਤਮਾ ਦਾ ਮਾਨੁ ਹੈ ਜੋ ਕਿ ਆਪ ਹੀ ਗੁਰੂ ਹੈ, ਆਪਣੇ ਮੰਤ ਦੁਆਰਾ ਗੁਰੂ ਹੈ। ਇੱਕ ਪਾਸੇ ਮਨਮਤਿ ਦਾ ਮਾਨੁ ਹੈ ਤੇ ਦੂਸਰੇ ਪਾਸੇ ਗੁਰਮਤਿ ਦਾ ਮਾਨੁ ਹੈ। ਇੱਕ ਪਾਸੇ ਹਉਮੈ ਦਾ ਮਾਨੁ ਹੈ ਤੇ ਦੂਸਰੇ ਪਾਸੇ ਨਾਮ ਦਾ ਮਾਨੁ ਹੈ। ਜਦ ਤੱਕ ਸਾਡੀ ਹਉਮੈ ਉੱਚੀ ਹੈ ਤਦ ਤੱਕ ਸਾਡਾ ਉਸ ਪ੍ਰਮਾਤਮਾ ਦੇ ਨਾਲ ਝਗੜਾ ਹੀ ਰਹਿੰਦਾ ਹੈ। ਪ੍ਰਮਾਤਮਾ ਨੂੰ ਤਾਂ ਹੀ ਮਨਾਇਆ ਜਾ ਸਕਦਾ ਹੈ ਜੇਕਰ ਅਸੀਂ ਆਪਣਾ ਮਾਨੁ ਛੱਡ ਦੇਈਏ ਭਾਵ ਮਨਮਤਿ ਛੱਡ ਦੇਈਏ ਤੇ ਗੁਰੂ ਦੇ ਉਪਦੇਸ਼ ਨੂੰ ਪੂਰੀ ਤਰ੍ਹਾਂ ਮੰਨ ਲਈਏ ਭਾਵ ਉਹੀ ਕੁੱਝ ਕਰੀਏ ਜੋ ਗੁਰੂ ਦੇ

25/2804

ਉਪਦੇਸ਼ ਅਨੁਸਾਰ ਹੈ। ਪ੍ਰਮਾਤਮਾ ਨੂੰ ਅਸੀਂ ਤਾਂ ਹੀ ਮੋਹ ਸਕਦੇ ਹਾਂ ਭਾਵ ਤਾਂ ਹੀ ਚੰਗੇ ਲੱਗ ਸਕਦੇ ਹਾਂ ਜਦੋਂ ਉਸ ਦੇ ਮਾਨੁ ਨੂੰ ਉੱਚਾ ਕਰੀਏ। ਜਦ ਤੱਕ ਅਸੀਂ ਆਪਣੀ ਮਤਿ ਅਨੁਸਾਰ ਚੱਲਦੇ ਹਾਂ ਤਦ ਤੱਕ ਸਾਡੇ ਅੰਦਰ ਮੋਹ ਠਗਉਲੀ ਹੈ ਭਾਵ ਭਰਮ

ਵਾਲੀ ਅਵੱਸਥਾ ਹੈ ਜਦੋਂ ਅਸੀਂ ਗੁਰੂ ਦੇ ਉਪਦੇਸ਼ ਦੀ ਮਤਿ ਵਾਲੇ ਬਣ ਜਾਂਦੇ ਹਾਂ ਭਾਵ ਜਦੋਂ ਮਨਮਤਿ ਦੂਰ ਹੋ ਜਾਂਦੀ ਹੈ ਤਾਂ ਫਿਰ ਸਾਡੀ ਮਤਿ "ਭਗਤਿ ਠਗਉਰੀ" ਵਾਲੀ ਬਣ ਜਾਂਦੀ ਹੈ। ਗੁਰੂ ਦੇ ਉਪਦੇਸ਼ ਤੇ ਚੱਲਣਾ ਹੀ ਉਸ ਦੀ ਭਗਤੀ ਹੈ ਤੇ ਗੁਰੂ ਦਾ ਉਪਦੇਸ਼ ਸਾਡੀ ਮਤਿ ਨੂੰ ਭਗਤੀ ਵਾਲਾ ਬਣਾ ਕੇ ਉਸ ਨੂੰ ਭਗਤਿ ਠਗਉਰੀ ਵਿੱਚ ਬਦਲ ਦਿੰਦਾ ਹੈ। ਪ੍ਰਮਾਤਮਾ ਨੂੰ ਮਨਾਉਣ ਦੇ ਲਈ ਭਾਵ ਪ੍ਰਮਾਤਮਾ ਨੂੰ ਪਾਉਣ ਦੇ ਲਈ ਸਾਡਾ ਉੱਦਮ ਇਹੀ ਹੈ ਕਿ ਅਸੀਂ ਆਪਣੀ ਮਤਿ ਨੂੰ ਛੱਡੀਏ ਤੇ ਗੁਰੂ ਦੀ ਮਤਿ ਆਪਣੇ ਅੰਦਰ ਵਸਾਈਏ ਭਾਵ ਆਪਣਾ ਮਾਣ ਛੱਡੀਏ ਤੇ ਗੁਰੂ ਦਾ ਮਾਣ ਕਰੀਏ। **(ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ॥ ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ॥)**

ਪ੍ਰਮਾਤਮਾ ਨੂੰ ਆਪਣੇ ਵੱਸ ਵਿੱਚ ਕਰਨ ਦਾ ਭਾਵ ਉਸਦੇ ਨਾਲ ਮੇਲ ਕਰਨ ਦਾ ਇੱਕੋ ਇੱਕ ਤਰੀਕਾ ਇਹੀ ਹੈ ਕਿ ਜੋ ਅਸੀਂ ਉੱਪਰ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਇੱਕ ਵਾਰੀ ਪ੍ਰਮਾਤਮਾ ਨਾਲ ਮੇਲ ਹੋ ਜਾਵੇ ਫਿਰ ਉਹ ਸਦਾ ਹੀ ਬਣਿਆ ਰਹਿੰਦਾ ਹੈ। ਇਹ ਮੇਲ ਮਨ ਦੇ ਵਿੱਚ ਹੁੰਦਾ ਹੈ, ਨਿਰਗੁਣ ਰੂਪ ਵਿੱਚ ਹੁੰਦਾ ਹੈ ਜਿਸ ਦੁਆਰਾ ਮਨੁੱਖ ਸਦਾ ਲਈ ਉਸ ਵਿੱਚ ਸਮਾਅ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਮਨੁੱਖ ਜਨਮ ਮਰਨ ਦੇ ਭਉ ਤੋਂ ਨਿਕਲਦਾ ਹੈ ਕਿਉਂਕਿ ਉਹ ਉਸ ਅਬਿਨਾਸੀ ਰੂਪ ਵਿੱਚ ਸਮਾ ਜਾਂਦਾ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਮਨੁੱਖ ਉਸਦੇ ਗਿਆਨ ਰੂਪ ਵਿੱਚ ਹੀ ਸਮਾਉਂਦਾ ਹੈ ਤੇ ਗਿਆਨ ਜਨਮ ਮਰਨ ਤੋਂ ਰਹਿਤ ਹੈ, ਆਕਾਰ ਰੂਪ ਤੋਂ ਰਹਿਤ ਹੈ, ਪੰਜਾਂ ਤੱਤਾਂ ਤੋਂ ਰਹਿਤ ਹੈ। ਉਸਦੇ ਗਿਆਨ ਰੂਪ ਵਿੱਚ ਸਮਾਅ ਕੇ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਉਸਦਾ ਸੱਚਾ ਗਿਆਨ ਹੀ ਮਿਲਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਪੁਨੀਤ ਕਰ ਦਿੰਦਾ ਹੈ ਭਾਵ ਸਭ ਤੋਂ ਪਵਿੱਤਰ ਵਿਚਾਰਾਂ ਵਾਲਾ ਬਣਾ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਤੇ ਤਾਂ ਹੀ ਉਨ੍ਹਾਂ ਨੇ ਗੁਰਬਾਣੀ ਰਾਹੀਂ ਸੰਸਾਰ ਨੂੰ ਸਭ ਤੋਂ ਪਵਿੱਤਰ ਵਿਚਾਰ ਸਮਝਾਏ ਹਨ ਜੋ ਪੂਰੀ ਤਰ੍ਹਾਂ ਖੋਟ ਤੋਂ ਰਹਿਤ ਹਨ ਭਾਵ ਭਰਮ ਤੋਂ ਰਹਿਤ ਹਨ ਜਿੰਨ੍ਹਾਂ ਦੁਆਰਾ ਉਨ੍ਹਾਂ ਨੇ ਸਾਨੂੰ ਪ੍ਰਮਾਤਮਾ ਦਾ ਸੱਚ ਸਮਝਾਇਆ ਹੈ, ਸੰਸਾਰ ਦਾ ਸੱਚ ਸਮਝਾਇਆ ਹੈ, ਭਗਤੀ ਦਾ ਸੱਚ ਸਮਝਾਇਆ ਹੈ। ਸ਼ਬਦ ਦੇ ਵਿਚਾਰ ਸੰਸਾਰ ਦੇ ਸਭ ਤੋਂ ਪੁਨੀਤ ਵਿਚਾਰ ਹਨ ਜੋ ਕਿ ਉਸ ਪੁਨੀਤ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ। **(ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥ ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ॥੧॥)**

25/2805

ਪ੍ਰਮਾਤਮਾ ਦੇ ਗੁਣ ਮਨ ਦੇ ਪੁਨੀਤ ਵਿਚਾਰਾਂ ਦੁਆਰਾ ਹੀ ਗਾਏ ਜਾਂਦੇ ਹਨ ਭਾਵ ਉਸ ਦੇ ਨਾਲ ਮੇਲ ਤੋਂ ਬਾਅਦ ਹੀ ਗਾਏ ਜਾਂਦੇ ਹਨ ਜਦੋਂ ਉਸਦੇ ਗੁਣ ਗਾਉਣੇ ਕੀ ਹਨ ਇਸ ਗੱਲ ਦੀ ਸਮਝ ਪੈ ਜਾਂਦੀ ਹੈ। ਉਸਦੀ ਭਗਤੀ, ਉਸਦੇ ਗੁਣ ਗਾਉਣੇ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਭਾਵ ਆਪਣਾ ਉਪਦੇਸ਼ ਸਮਝਾ ਕੇ ਆਪ ਹੀ ਉਸ ਤੇ ਚਲਾਉਂਦਾ ਹੈ। ਆਪਣੇ ਉਪਦੇਸ਼ ਤੇ ਉਹ ਕਿਸ ਰੂਪ ਵਿੱਚ ਚਲਾਉਂਦਾ ਹੈ, ਆਪਣੇ ਗੀਤ ਉਹ ਕਿਸ ਰੂਪ ਵਿੱਚ ਗਵਾਉਂਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ॥
ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ॥
ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ॥
ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ॥੨॥"

ਉੱਪਰ ਪਹਿਲੀ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਬੇਨਤੀ ਕਿਸ ਰੂਪ ਵਿੱਚ ਕਰਨੀ ਚਾਹੀਦੀ ਹੈ ਤੇ ਸਾਡੇ ਅੰਦਰ ਇਹ ਗੱਲ ਦ੍ਰਿੜ ਕਰਨ ਲਈ ਕਿਹਾ ਹੈ ਭਾਵ ਇਹ ਮਤਾ ਆਪਣੇ ਅੰਦਰ ਪੱਕਾ ਕਰਨ ਲਈ ਸਮਝਾਇਆ ਹੈ ਕਿ ਪ੍ਰਮਾਤਮਾ ਕਿਹੋ ਜਿਹੀ ਬੇਨਤੀ ਸੁਣਦਾ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ। **(ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ॥)**

ਪ੍ਰਮਾਤਮਾ ਦੇ ਅੱਗੇ ਅਸੀਂ ਬੇਨਤੀ ਕਿਸ ਰੂਪ ਵਿੱਚ ਕਰਨੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਡੇ ਜੀਵਨ ਦਾ ਟੀਚਾ ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੈ ਜਿਸ ਤੋਂ ਬਾਅਦ ਉਸ ਪ੍ਰਮਾਤਮਾ ਦੀ ਅਸਲ ਰੂਪ ਵਿੱਚ, ਪੂਰਨ ਰੂਪ ਵਿੱਚ ਭਗਤੀ ਹੋ ਸਕਦੀ ਹੈ ਤੇ ਉਸ ਤੋਂ ਪਹਿਲਾਂ ਅਸੀਂ ਉੱਦਮ ਹੀ ਕਰਨਾ ਹੈ ਭਾਵ ਉਹੋ ਜਿਹਾ ਉੱਦਮ

ਕਰਨਾ ਹੈ ਜਿਹੋ ਜਿਹਾ ਗੁਰਬਾਣੀ ਸਾਨੂੰ ਸਮਝਾ ਰਹੀ ਹੈ। ਪ੍ਰਮਾਤਮਾ ਦੇ ਗੁਣ, ਉਸਦੇ ਗੀਤ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ "ਉਪਾਧਿ" ਤੋਂ ਰਹਿਤ ਹੋ ਜਾਂਦਾ ਹੈ ਭਾਵ ਮਨ ਦੇ ਛੱਲ ਫਰੇਬ ਤੋਂ ਰਹਿਤ ਹੋ ਜਾਂਦਾ ਹੈ, ਮਾਇਆ ਮੋਹ ਦੇ ਛਲ ਤੋਂ ਰਹਿਤ ਹੋ ਜਾਂਦਾ ਹੈ, ਮੋਹ ਠਗਉਰੀ ਤੋਂ ਰਹਿਤ ਹੋ ਜਾਂਦਾ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ, ਮਨਮਤਿ ਤੋਂ ਰਹਿਤ ਹੋ ਜਾਂਦਾ ਹੈ। ਇਸ "ਉਪਾਧਿ" ਤੋਂ ਰਹਿਤ ਹੋਣ ਦੀ ਵਿਧੀ ਸਾਡੇ ਮਨ ਦੀ ਸਹਜ ਦੀ ਅਵੱਸਥਾ ਹੈ ਭਾਵ ਚੌਥੇ ਪਦ ਦੀ ਅਵੱਸਥਾ ਹੈ। ਸਹਜ ਦੀ

25/2806

ਅਵੱਸਥਾ ਵਿੱਚ ਪੂਰਨ ਗੁਰਮਤਿ ਹੈ ਜਿਸ ਵਿੱਚ ਭਰਮ ਨਹੀਂ ਹੈ, ਮਾਇਆ ਦਾ ਛੱਲ ਨਹੀਂ ਹੈ। ਪੂਰੀ ਗੁਰਬਾਣੀ ਸਹਜ ਦੀ ਅਵੱਸਥਾ ਵਿੱਚ ਹੈ, ਚੌਥੇ ਪਦ ਵਿੱਚ ਹੈ ਤੇ ਸਾਡਾ ਇਹੀ ਉੱਦਮ ਹੋਣਾ ਚਾਹੀਦਾ ਹੈ ਕਿ ਅਸੀਂ ਗੁਰਬਾਣੀ ਦੀ ਮਤਿ ਦੇ ਨਾਲ ਜੁੜੀਏ ਤੇ ਉਸ ਅਨੁਸਾਰ ਵਿਚਰੀਏ। ਗੁਰਬਾਣੀ ਦੀ ਮਤਿ ਅਨੁਸਾਰ ਵਿਚਰਨਾ ਹੀ ਉਸ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਇਹ "ਉਪਾਧਿ" ਹੀ ਸਾਡੇ ਅੰਦਰ "ਕਲਿ ਕਲੇਸ" ਵਾਲੀ ਅਵੱਸਥਾ ਹੈ, ਭਰਮ ਵਾਲੀ ਅਵੱਸਥਾ ਹੈ ਜੋ ਸਹਜ ਦੀ ਅਵੱਸਥਾ ਮਿਲਣ ਦੁਆਰਾ ਹੀ ਦੂਰ ਹੁੰਦੀ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਰਜ਼ਾ ਦੁਆਰਾ ਹੀ ਮਿਲਦੀ ਹੈ ਜਿਸ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਸ ਅਵੱਸਥਾ ਤੱਕ ਅਸੀਂ ਤਾਂ ਹੀ ਪਹੁੰਚ ਪਾਵਾਂਗੇ ਜੇਕਰ ਅਸੀਂ ਆਪਣੀ ਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਨਾਲ ਜੁੜਾਂਗੇ ਭਾਵ ਸਹਜ ਦੀ ਮਤਿ ਨਾਲ ਜੁੜਾਂਗੇ, ਚੌਥੇ ਪਦ ਦੀ ਮਤਿ ਦੇ ਨਾਲ ਜੁੜਾਂਗੇ। ਪ੍ਰਮਾਤਮਾ ਗੁਰਬਾਣੀ ਦੇ ਵਿੱਚ ਇਸ ਸਹਜ ਮਤਿ ਦੁਆਰਾ ਹੀ ਸਮਾਇਆ ਹੋਇਆ ਹੈ ਤੇ ਉਸ ਪ੍ਰਮਾਤਮਾ ਦਾ ਇਹ ਸਹਜ ਮਤਿ ਰੂਪ ਹੀ ਉਸ ਦਾ "ਨਾਮੁ" ਰੂਪ ਹੈ। ਸਾਡੇ ਅੰਦਰ ਸਹਜ ਦੀ ਮਤਿ ਵੱਸਣਾ ਜਾਂ ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਦੇ ਗੁਣ ਇਸ ਅਵੱਸਥਾ ਦੁਆਰਾ ਹੀ ਗਾਏ ਜਾਂਦੇ ਹਨ ਤੇ ਇਹੀ ਉਸਦਾ ਨਾਮ ਧਿਆਉਣਾ ਹੈ, ਪ੍ਰਮਾਤਮਾ ਨੂੰ ਧਿਆਉਣਾ ਹੈ। "ਨਾਮੁ" ਪ੍ਰਮਾਤਮਾ ਆਪ ਹੈ, "ਸਹਜੁ" ਪ੍ਰਮਾਤਮਾ ਆਪ ਹੈ ਜੋ ਕਿ ਨਾਮ ਦੀ ਮਤਿ ਦੇ ਰੂਪ ਵਿੱਚ, ਸਹਜ ਦੀ ਮਤਿ ਦੇ ਰੂਪ ਵਿੱਚ ਵਿਚਰਦਾ ਹੈ ਤੇ ਪ੍ਰਮਾਤਮਾ ਦਾ ਇਹ ਰੂਪ ਹੀ ਉਸਦਾ ਸ਼ਬਦ ਰੂਪ ਹੈ, ਉਸਦਾ ਗੁਰਮਤਿ ਰੂਪ ਹੈ, ਉਪਦੇਸ਼ ਰੂਪ ਹੈ ਜਿਸ ਰੂਪ ਵਿੱਚ ਉਹ ਆਪ ਹੀ ਪੂਰੀ ਗੁਰਬਾਣੀ ਰੂਪ ਹੈ, ਉਪਦੇਸ਼ ਰੂਪ ਹੈ ਜਿਸ ਰੂਪ ਵਿੱਚ ਉਹ ਆਪ ਹੀ ਗੁਰਬਾਣੀ ਦੇ ਵਿੱਚ ਸਮਾਇਆ ਹੋਇਆ ਹੈ। ਗੁਰਬਾਣੀ ਦੇ ਰਾਹੀਂ ਉਸਦੇ ਇਸ ਰੂਪ ਨਾਲ ਜੁੜਨ ਦਾ ਉੱਦਮ ਹੀ ਅਸੀਂ ਕਰਨਾ ਹੈ ਜਿਸ ਦੁਆਰਾ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਤੇ ਤਾਂ ਹੀ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਇਹ ਰੂਪ ਕਿਸੇ ਨੂੰ ਦਿਖਾਉਂਦਾ ਹੈ। ਸਾਰੀ ਗੱਲ ਮਨਮਤਿ ਨੂੰ ਛੱਡ ਕੇ ਗੁਰਮਤਿ ਦੇ ਪਿੱਛੇ ਲੱਗਣ ਦੀ ਹੈ, ਭਰਮਿਆਂ ਹੋਇਆਂ ਨੂੰ ਛੱਡ ਕੇ ਗੁਰੂ ਦੇ ਪਿੱਛੇ ਲੱਗਣ ਦੀ ਹੈ ਤਾਂ ਜੋ ਅਸੀਂ ਮੋਹ ਠਗਉਲੀ ਦੀ ਅਵੱਸਥਾ ਵਿੱਚੋਂ ਨਿਕਲ ਕੇ, ਕਲਿ ਕਲੇਸ਼ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਉਪਾਧਿ ਰਹਿਤ ਹੋ ਸਕੀਏ, ਸਹਜ ਦੀ ਅਵੱਸਥਾ ਵਿੱਚ ਪਹੁੰਚ ਸਕੀਏ, ਭਗਤਿ ਠਗਉਲੀ ਵਾਲੀ ਅਵੱਸਥਾ ਵਿੱਚ ਪਹੁੰਚ ਸਕੀਏ। ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਮਨਮਤਿ ਦਾ ਮਾਨੁ ਛੱਡ ਕੇ ਗੁਰਮਤਿ ਦਾ ਮਾਨੁ ਉੱਚਾ ਕਰੀਏ, ਹਉਮੈ ਛੱਡ ਕੇ ਨਾਮ ਨਾਲ ਜੁੜੀਏ। (**ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ॥ ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ॥ ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ॥ ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ॥੨॥**)

25/2807

ਸਾਡੇ ਅੰਦਰ ਇਹ ਮੋਹ ਠਗਉਲੀ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ ਉਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਠੱਗ ਦੇ ਰੂਪ ਵਿੱਚ ਪਹਿਚਾਣਿਆ ਹੈ ਤੇ ਉਨ੍ਹਾਂ ਨੇ ਸਭ ਨੂੰ ਸੱਚੀ ਗੱਲ ਹੀ ਸਮਝਾਈ ਹੈ ਭਾਵ ਇਹ ਸੱਚ ਹੈ ਕਿ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਇਸ ਠੱਗੀ ਦੇ ਰੂਪ ਵਿੱਚ ਵਿਚਰ ਰਿਹਾ ਹੈ। ਪ੍ਰਮਾਤਮਾ ਦਾ ਇਹ ਠੱਗੀ ਵਾਲਾ ਰੂਪ ਸਾਡੇ ਅੰਦਰ ਭਰਮ ਦਾ ਪੜਦਾ ਹੈ, ਹਉਮੈ ਦਾ ਪੜਦਾ ਹੈ, ਉਸਦੀ ਪਾਈ ਹੋਈ ਮਾਇਆ ਦੀ ਜੁਗਤਿ ਰੂਪ ਪੜਦਾ ਹੈ ਤੇ ਉਸ ਠੱਗ ਰੂਪ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਇਹ ਠਗਉਲੀ ਰੂਪ ਪੜਦਾ ਦੂਰ ਹੋਣ ਨਾਲ ਹੀ ਹੁੰਦੇ ਹਨ। ਸਾਡੇ ਵਿੱਚ ਤੇ ਪ੍ਰਮਾਤਮਾ ਦੇ ਵਿੱਚ ਇਹ ਪੜਦਾ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਸਾਡੇ ਮਨਮਤਿ ਵਾਲੇ ਵਿਚਾਰ ਹੀ ਅਸਲ ਵਿੱਚ ਸਾਡੇ ਅੰਦਰ ਦਾ ਪੜਦਾ ਹੈ ਜਿਸ ਦੁਆਰਾ ਅਸੀਂ ਸ਼ਬਦ ਦੇ ਵਿਚਾਰਾਂ ਤੋਂ ਦੂਰ ਰਹਿੰਦੇ ਹਾਂ ਭਾਵ ਸ਼ਬਦ ਦੇ ਵਿਚਾਰਾਂ ਨੂੰ ਸਮਝਣ ਵਿੱਚ ਤੇ ਉਨ੍ਹਾਂ ਨੂੰ ਮੰਨਣ ਵਿੱਚ ਦੂਰ ਰਹਿੰਦੇ ਹਾਂ। ਇਹ ਮਨਮਤਿ ਰੂਪ ਵਿਚਾਰ ਆਪਣੇ ਅੰਦਰ ਸ਼ਬਦ ਦੇ ਵਿਚਾਰਾਂ ਨੂੰ ਵਸਾ ਕੇ ਹੀ ਦੂਰ ਹੁੰਦੇ ਹਨ। ਸ਼ਬਦ ਦੇ ਵਿਚਾਰਾਂ ਦੇ ਨਾਲ ਸਾਡੇ ਮਨ ਦਾ ਮੰਨਣਾ ਹੀ ਮਨਮਤਿ ਦੇ ਵਿਚਾਰਾਂ

ਵਿੱਚੋਂ ਨਿਕਲਣਾ ਹੈ ਭਾਵ ਮੋਹ ਠਗਉਲੀ ਵਿੱਚੋਂ ਨਿਕਲਣਾ ਹੈ। ਜਿਸ ਠੱਗ ਨੇ ਭਾਵ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਠਗਉਲੀ ਪਾਈ ਹੋਈ ਹੈ ਉਸਦੇ ਕੱਢਣ ਨਾਲ ਹੀ ਅਸੀਂ ਇਸ ਠੱਗੀ ਵਿੱਚੋਂ ਨਿਕਲ ਸਕਦੇ ਹਾਂ ਤੇ ਇਸ ਠੱਗੀ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਲਈ ਕੇਵਲ ਇਹੀ ਹੈ ਕਿ ਅਸੀਂ ਪ੍ਰਮਾਤਮਾ ਦੇ ਦਿੱਤੇ ਹੋਏ ਵਿਚਾਰਾਂ ਦੇ ਨਾਲ, ਸ਼ਬਦ ਦੇ ਵਿਚਾਰਾਂ ਦੇ ਨਾਲ ਆਪਣੇ ਮਨ ਨੂੰ ਜੋੜੀਏ ਭਾਵ ਆਪਣੇ ਮਨ ਨੂੰ, ਆਪਣੀ ਸੁਰਤਿ ਨੂੰ ਸ਼ਬਦ ਦੇ ਵਿਚਾਰਾਂ ਦੇ ਨਾਲ ਜੋੜੀਏ ਭਾਵ ਆਪਣੇ ਮਨ ਨੂੰ ਗੁਰਮਤਿ ਦੇ ਵਿਚਾਰਾਂ ਰਾਹੀਂ ਸਮਝਾਈਏ ਤਾਂ ਜੋ ਸਾਡਾ ਮਨ ਗੁਰਮਤਿ ਦੇ ਵਿਚਾਰਾਂ ਨੂੰ ਮੰਨਣ ਲਈ ਮੰਨ ਸਕੇ। ਇਹੀ ਆਪਣੇ ਮਨ ਨੂੰ ਮਾਰਨਾ ਹੈ ਜੋ ਕਿ ਸਭ ਤੋਂ ਔਖਾ ਹੈ। ਸ਼ਬਦ ਦੇ ਵਿਚਾਰ ਨਾਮ ਹਨ ਤੇ ਇਸੇ ਲਈ ਨਾਮ ਨੂੰ ਜਪਣਾ ਔਖਾ ਹੈ, ਸ਼ਬਦ ਦੇ ਵਿਚਾਰਾਂ ਨੂੰ ਅਪਣਾਉਣਾ ਔਖਾ ਹੈ। ਜਿੱਥੇ ਨਾਮ ਹੈ ਉੱਥੇ "ਭਗਤਿ ਠਗਉਰੀ" ਹੈ ਤੇ ਜਿੱਥੇ ਹਉਮੈ ਹੈ ਉੱਥੇ "ਮੋਹ ਠਗਉਰੀ" ਹੈ। ਭਗਤਿ ਠਗਉਰੀ ਸ਼ਬਦ ਦੇ ਵਿਚਾਰ ਹਨ ਤੇ ਮੋਹ ਠਗਉਰੀ ਸਾਡੀ ਸੁਰਤਿ ਦੇ ਵਿਚਾਰ ਹਨ। ਅਸੀਂ ਇਹਨਾਂ ਵਿਚਾਰਾਂ ਨੂੰ ਹੀ ਇੱਕ ਕਰਨਾ ਹੈ। ਸ਼ਬਦ ਦੇ ਵਿਚਾਰ ਤਾਂ ਕਦੇ ਬਦਲ ਨਹੀਂ ਸਕਦੇ, ਉਹ ਅਡੋਲ ਹਨ, ਉਨ੍ਹਾਂ ਵਿੱਚ ਪੂਰਨ ਸੱਚ ਹੈ। ਬਦਲਣ ਦੀ ਲੋੜ ਸੁਰਤਿ ਦੇ ਵਿਚਾਰਾਂ ਨੂੰ ਹੈ, ਮਨਮਤਿ ਦੇ ਵਿਚਾਰਾਂ ਨੂੰ ਹੈ ਜੋ ਡੋਲਣ ਵਾਲੇ ਹਨ, ਜਿੰਨ੍ਹਾਂ ਵਿੱਚ ਭਰਮ ਹੈ। ਅਸੀਂ ਭਰਮ ਵਾਲੇ ਵਿਚਾਰਾਂ ਵਿੱਚੋਂ ਨਿਕਲ ਕੇ ਸੱਚ ਦੇ ਵਿਚਾਰਾਂ ਨਾਲ ਹੀ ਜੁੜਨਾ ਹੈ ਜਿਸ ਦੁਆਰਾ ਅਸੀਂ

25/2808

ਮੋਹ ਠਗਉਰੀ ਵਿੱਚੋਂ ਨਿਕਲ ਕੇ ਭਗਤਿ ਠਗਉਰੀ ਦੀ ਅਵੱਸਥਾ ਵਿੱਚ ਪਹੁੰਚ ਸਕਦੇ ਹਾਂ ਜਿਸ ਰਾਹੀਂ ਉਸ ਠੱਗਣ ਵਾਲੇ ਸੱਚੇ ਠੱਗ ਦੇ, ਸੱਜਣ ਠੱਗ ਦੇ ਮਨ ਦੇ ਵਿੱਚੋਂ ਹੀ ਦਰਸ਼ਨ ਹੁੰਦੇ ਹਨ। ਆਓ ਇਹੀ ਗੱਲ ਨੂੰ ਧੰਨ ਧੰਨ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਉਸ ਸੱਚੇ ਠੱਗ ਦੇ ਆਪਣੇ ਹੀ ਸ਼ਬਦ ਦੁਆਰਾ ਸਮਝੀਏ।

"ਕਉਨੁ ਕੋ ਪੂਤੁ ਪਿਤਾ ਕੋ ਕਾ ਕੋ॥ ਕਉਨੁ ਮਰੈ ਕੋ ਦੇਇ ਸੰਤਾਪੋ॥੧॥
ਹਰਿ ਠਗ ਜਗ ਕਉ ਠਗਉਰੀ ਲਾਈ॥
ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ॥੧॥ਰਹਾਉ॥
ਕਉਨ ਕੋ ਪੁਰਖੁ ਕਉਨ ਕੀ ਨਾਰੀ॥ ਇਆ ਤਤ ਲੇਹੁ ਸਰੀਰ ਬਿਚਾਰੀ॥੨॥
ਕਹਿ ਕਬੀਰ ਠਗ ਸਿਉ ਮਨੁ ਮਾਨਿਆ॥ਗਈ ਠਗਉਰੀ ਠਗੁ ਪਹਿਚਾਨਿਆ॥੩॥੩੯॥"

(ਅੰਗ ੩੩੧)

ਜਦ ਤੱਕ ਸਾਡੇ ਅੰਦਰ ਮੋਹ ਠਗਉਰੀ ਹੈ ਤਦ ਤੱਕ ਹਰ ਕੋਈ ਭਰਮ ਵਿੱਚ ਹੀ ਹੈ ਜਿਸ ਕਰਕੇ ਸਾਨੂੰ ਸਭ ਦੀ ਵੱਖਰੀ ਵੱਖਰੀ ਹੋਂਦ ਨਜ਼ਰ ਆਉਂਦੀ ਹੈ ਤੇ ਉਨ੍ਹਾਂ ਦੇ ਵਿੱਚ ਪ੍ਰਮਾਤਮਾ ਦੀ ਹੋਂਦ ਨਜ਼ਰ ਨਹੀਂ ਆਉਂਦੀ। ਅਸੀਂ ਆਪਣੇ ਆਪਣੇ ਮਨੁੱਖੀ ਰਿਸ਼ਤਿਆਂ ਅਨੁਸਾਰ ਇੱਕ ਦੂਜੇ ਦੇ ਮੋਹ ਵਿੱਚ ਜੁੜੇ ਹੋਏ ਹਾਂ ਤੇ ਕਿਸੇ ਦੇ ਸਰੀਰ ਬਿਨਸਨ ਤੇ ਦੁੱਖ ਮਹਿਸੂਸ ਕਰਦੇ ਹਾਂ ਕਿ ਸਾਡਾ ਕਿਸੇ ਆਪਣੇ ਦੇ ਨਾਲ ਵਿਛੋੜਾ ਹੋਇਆ ਹੈ। ਜਦੋਂ ਸਾਡੇ ਅੰਦਰੋਂ ਭਰਮ ਵਾਲੀ ਅਵੱਸਥਾ ਨਿਕਲ ਜਾਂਦੀ ਹੈ ਤਾਂ ਹੀ ਸਾਨੂੰ ਸਮਝ ਲੱਗਦੀ ਹੈ ਕਿ ਅਸਲ ਦੁੱਖ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਠਗਉਲੀ ਪਾ ਕੇ ਆਪਣੇ ਆਪ ਤੋਂ ਵਿਛੋੜਿਆ ਹੋਇਆ ਹੈ ਜਿਸ ਦਾ ਵਿਛੋੜਾ ਸਾਡਾ ਅਸਲ ਦੁੱਖ ਹੈ। ਇਹ ਦੁੱਖ ਸਾਡੇ ਅੰਦਰੋਂ ਠਗਉਲੀ ਨਿਕਲਣ ਦੁਆਰਾ ਹੀ ਜਾ ਸਕਦਾ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਹਰ ਸਰੀਰ ਦੇ ਅੰਦਰ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਅਸੀਂ ਭਰਮ ਵਿੱਚ ਹੀ ਕਿਸੇ ਨੂੰ ਪੁਰਖ ਸਮਝਦੇ ਹਾਂ ਤੇ ਕਿਸੇ ਨੂੰ ਨਾਰੀ ਸਮਝਦੇ ਹਾਂ ਜਦ ਕਿ ਸਭ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। **(ਕਉਨੁ ਕੋ ਪੂਤੁ ਪਿਤਾ ਕੋ ਕਾ ਕੋ॥ ਕਉਨੁ ਮਰੈ ਕੋ ਦੇਇ ਸੰਤਾਪੋ॥੧॥ ਹਰਿ ਠਗ ਜਗ ਕਉ ਠਗਉਰੀ ਲਾਈ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ॥੧॥ਰਹਾਉ॥ ਕਉਨ ਕੋ ਪੁਰਖੁ ਕਉਨ ਕੀ ਨਾਰੀ॥ ਇਆ ਤਤ ਲੇਹੁ ਸਰੀਰ ਬਿਚਾਰੀ॥੨॥)**

ਇਹ ਠਗਉਰੀ ਸਾਡੇ ਅੰਦਰੋਂ ਕਿਵੇਂ ਦੂਰ ਹੁੰਦੀ ਹੈ ਤੇ ਇਸ ਠਗਉਰੀ ਦੁਆਰਾ ਠੱਗਣ ਵਾਲੇ ਉਸ ਪ੍ਰਮਾਤਮਾ ਦੇ ਦਰਸ਼ਨ ਕਿਵੇਂ ਹੁੰਦੇ ਹਨ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਹਿ ਕਬੀਰ ਠਗ ਸਿਉ ਮਨੁ ਮਾਨਿਆ॥ਗਈ ਠਗਉਰੀ ਠਗੁ ਪਹਿਚਾਨਿਆ॥੩॥੩੯॥"

ਉਸ ਪ੍ਰਮਾਤਮਾ ਦੇ ਨਾਲ ਸਾਡੇ ਮਨ ਦਾ ਮੰਨਣਾ ਕੀ ਹੈ ਇਸੇ ਗੱਲ ਨੂੰ ਅਸੀਂ ਉੱਪਰ ਸਮਝਿਆ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ

25/2809

ਵਿਚਾਰ ਹਨ ਤੇ ਜਦੋਂ ਉਹਨਾਂ ਦੇ ਨਾਲ ਸਾਡਾ ਮਨ ਮੰਨ ਜਾਂਦਾ ਹੈ ਭਾਵ ਸਹਿਮਤ ਹੋ ਜਾਂਦਾ ਹੈ ਭਾਵ ਜਦੋਂ ਸਾਡੇ ਵਿਚਾਰਾਂ ਦੀ ਸਾਂਝ ਹੋ ਜਾਂਦੀ ਹੈ ਤਾਂ ਹੀ ਸਾਡੇ ਅੰਦਰੋਂ ਠਗਉਰੀ ਵਾਲੀ ਭਾਵ ਭਰਮ ਵਾਲੀ ਅਵੱਸਥਾ ਨਿਕਲਦੀ ਹੈ ਤੇ ਉਸ ਠਗਉਰੀ ਪਾਉਣ ਵਾਲੇ ਦੀ ਪਹਿਚਾਣ ਆਪਣੇ ਅੰਦਰੋਂ ਹੀ ਹੁੰਦੀ ਹੈ। ਇਹੀ ਗੱਲ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝੀ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵਰਤਦਾ ਹੈ, ਜਿਸ ਅਸਥਾਨ ਤੇ ਸਾਡੇ ਅੰਦਰ ਵਰਤਦਾ ਹੈ, ਉੱਥੋਂ ਹੀ ਉਸਦੀ ਪਹਿਚਾਣ ਹੁੰਦੀ ਹੈ। ਸਾਡਾ ਮਨ ਪ੍ਰਮਾਤਮਾ ਦਾ ਅਸਥਾਨ ਹੈ ਤੇ ਮਨ ਦੇ ਵਿੱਚੋਂ ਉਪਜਣ ਵਾਲੇ ਵਿਚਾਰ ਉਸ ਪ੍ਰਮਾਤਮਾ ਦਾ ਰੂਪ ਹਨ, ਮਨ ਦਾ ਗਿਆਨ ਰੂਪ ਹਨ। **(ਕਹਿ ਕਬੀਰ ਠਗ ਸਿਉ ਮਨੁ ਮਾਨਿਆ॥ਗਈ ਠਗਉਰੀ ਠਗੁ ਪਹਿਚਾਨਿਆ॥੩॥੩੯॥)**

ਲੇਖ ਵਿੱਚ ਕੁੱਝ ਪਿੱਛੇ ਅਸੀਂ ਇਹ ਸਮਝਿਆ ਹੈ ਕਿ ਗੁਰਸਿੱਖ ਕੌਣ ਹਨ। ਗੁਰਸਿੱਖ ਉਨ੍ਹਾਂ ਨੂੰ ਕਿਹਾ ਹੈ ਜੋ ਇਸ ਮਾਇਆ ਦੇ ਛਲ ਵਿੱਚੋਂ ਨਿਕਲੇ ਹੋਏ ਹਨ ਤੇ ਉਹ ਕੇਵਲ ਗੁਰੂ ਦੀ ਸਿੱਖਿਆ ਅਨੁਸਾਰ ਚੱਲਦੇ ਹਨ ਤੇ ਉਨ੍ਹਾਂ ਦੇ ਪਿੱਛੇ ਨਹੀਂ ਲੱਗਦੇ ਜੋ ਮਾਇਆ ਦੇ ਛਲ ਵਿੱਚ ਹਨ। ਮਾਇਆ ਦੇ ਛਲ ਕਰਕੇ, ਕਪਟ ਕਰਕੇ ਜੋ ਆਪਣੇ ਆਪ ਨੂੰ ਸੰਤ ਆਦਿ ਅਖਵਾਉਂਦੇ ਹਨ ਨਾ ਉਹ ਆਪ ਗੁਰਸਿੱਖ ਹਨ ਤੇ ਨਾ ਹੀ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਗੁਰਸਿੱਖ ਹਨ। ਗੁਰਸਿੱਖ ਉਨ੍ਹਾਂ ਦੀ ਗੱਲ ਵਿੱਚ ਨਹੀਂ ਆਉਂਦੇ ਜਿੰਨ੍ਹਾਂ ਦੇ ਅੰਦਰ ਮਾਇਆ ਦਾ ਕਪਟ ਹੈ, ਮਾਇਆ ਦੀ ਠੱਗੀ ਹੈ। ਜਿਸ ਸ਼ਬਦ ਰਾਹੀਂ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਉਸੇ ਸ਼ਬਦ ਰਾਹੀਂ ਹੁਣ ਅਸੀਂ ਇਸ ਗੱਲ ਨੂੰ ਹੋਰ ਬਰੀਕੀ ਨਾਲ ਸਮਝ ਸਕਦੇ ਹਾਂ ਕਿ ਸਭ ਦੇ ਅੰਦਰ ਇਹ ਠੱਗੀ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਇਸ ਤੋਂ ਬਾਹਰ ਕੋਈ ਵੀ ਨਹੀਂ ਹੈ। ਹੇਠ ਦਿੱਤੇ ਸ਼ਬਦ ਦੇ ਅਸੀਂ ਜ਼ਿਆਦਾਤਰ ਅਰਥ ਪਿੱਛੇ ਸਮਝ ਚੁੱਕੇ ਹਾਂ ਤੇ ਬਾਕੀ ਦੇ ਅਰਥ ਹੁਣ ਸਮਝੇ ਜਾ ਸਕਦੇ ਹਨ।

ਮਃ ੪॥

“ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ॥
ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥
ਸਤਿਗੁਰ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥
ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥
ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥
ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥
ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ॥
ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ॥੨॥”

(ਅੰਗ ੩੧੭)

25/2810

ਇਸ ਉੱਪਰ ਵਾਲੇ ਸ਼ਬਦ ਰਾਹੀਂ ਪਿੱਛੇ ਅਸੀਂ ਇਹ ਸਮਝਿਆ ਹੈ ਕਿ ਗੁਰਸਿੱਖ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਉਸ ਤੋਂ ਪਹਿਲਾ ਵੀ ਕੁੱਝ ਸ਼ਬਦਾਂ ਦੁਆਰਾ ਇਹ ਸਮਝਿਆ ਹੈ ਕਿ ਗੁਰਸਿੱਖ ਪ੍ਰਮਾਤਮਾ ਦਾ ਰੂਪ ਹੈ। ਜੋ ਪ੍ਰਮਾਤਮਾ ਦਾ ਗੁਰੂ ਰੂਪ ਹੈ, ਭਗਤ ਰੂਪ ਹੈ, ਸੇਵਕ ਰੂਪ ਹੈ, ਜਨ ਰੂਪ ਹੈ ਉਹੀ ਉਸਦਾ ਗੁਰਸਿੱਖ ਰੂਪ ਹੈ ਜੋ ਗੁਰਸਿੱਖ ਹੈ ਉਹ ਕੇਵਲ ਗੁਰੂ ਦੀ ਸਿੱਖਿਆ ਦੁਆਰਾ ਹੀ ਵਿਚਰਦਾ ਹੈ ਤੇ ਉਨ੍ਹਾਂ ਦੇ ਪਿੱਛੇ ਨਹੀਂ ਲੱਗਦਾ ਜਿੰਨ੍ਹਾਂ ਦੇ ਅੰਦਰ ਮਾਇਆ ਦਾ ਛਲ ਵਰਤਦਾ ਹੈ, ਮਾਇਆ ਦੀ ਠੱਗੀ ਵਰਤਦੀ ਹੈ, ਉਹ ਆਪਣੇ ਆਪ ਨੂੰ ਜੋ ਉੱਚਾ ਸਮਝਦੇ ਹਨ ਉਸ ਵਿੱਚ ਮਾਇਆ ਦੀ ਠੱਗੀ ਹੀ ਹੁੰਦੀ ਹੈ, ਮੋਹ ਠਗਉਲੀ ਹੀ ਹੁੰਦੀ ਹੈ ਜਿਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹੋ ਜਿਹੇ ਉੱਚਾ ਅਖਵਾਉਣ ਵਾਲੇ ਸੰਸਾਰ ਵਿੱਚ ਇਸ ਮਾਇਆ ਦੇ ਛਲ ਦੀ ਅਵੱਸਥਾ ਵਿੱਚ ਆਉਂਦੇ ਹਨ, ਠੱਗੀ ਵਿੱਚ, ਭਰਮ ਵਿੱਚ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਆਉਂਦੇ ਹਨ ਤੇ ਇਸ ਅਵੱਸਥਾ ਦੁਆਰਾ ਹੀ ਸੰਸਾਰ ਵਿੱਚੋਂ ਚਲੇ ਜਾਂਦੇ ਹਨ ਭਾਵ ਸਾਡੇ ਅੰਦਰ ਇਹ ਠਗਉਲੀ ਪਾਉਣ ਵਾਲਾ ਕੌਣ ਹੈ ਉਸਨੂੰ ਸਮਝੇ ਬਿਨ੍ਹਾਂ ਹੀ, ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਸਮਝੇ ਬਿਨ੍ਹਾਂ ਹੀ ਸੰਸਾਰ ਤੋਂ ਚਲੇ ਜਾਂਦੇ ਹਨ। ਜੋ ਗੁਰਸਿੱਖ ਹੈ ਉਹ ਇਹਨਾਂ ਦੀ ਮਤਿ ਦੇ ਨੇੜੇ ਨਹੀਂ ਜਾਂਦੇ ਕਿਉਂਕਿ ਉਨ੍ਹਾਂ ਨੂੰ ਸੱਚ ਦੀ ਸਮਝ ਹੁੰਦੀ ਹੈ, ਭਗਤੀ ਦੀ ਸਮਝ ਹੁੰਦੀ ਹੈ ਕਿ ਪ੍ਰਮਾਤਮਾ ਨੂੰ ਕੀ ਭਾਉਂਦਾ ਹੈ। **(ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥)** ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ।

“ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ॥
ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ॥੨॥”

ਗੁਰੂ ਸਾਹਿਬ ਸਾਨੂੰ ਪ੍ਰਮਾਤਮਾ ਦਾ ਫੁਰਮਾਨ ਹੀ ਸੁਣਾ ਰਹੇ ਹਨ, "ਬ੍ਰਹਮੁ ਬੀਚਾਰੁ" ਹੀ ਸੁਣਾ ਰਹੇ ਹਨ ਭਾਵ ਇਹਨਾਂ ਵਿੱਚ ਉਹਨਾਂ ਦੀ ਆਪਣੀ ਵਿਚਾਰ ਨਹੀਂ ਹੈ। ਪੂਰੀ ਗੁਰਬਾਣੀ ਵਿੱਚ "ਬ੍ਰਹਮੁ ਬੀਚਾਰੁ" ਹੀ ਹੈ। ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਨੇ ਸਾਨੂੰ ਆਪਣੇ ਵਿਚਾਰ ਦੁਆਰਾ ਕਿਸ ਗੱਲ ਲਈ ਸੁਚੇਤ ਕੀਤਾ ਹੈ ਤੇ ਕਿਸਨੂੰ ਸੁਚੇਤ ਕੀਤਾ ਹੈ। ਉਨ੍ਹਾਂ ਨੂੰ ਸੁਚੇਤ ਕੀਤਾ ਹੈ ਜੋ ਸਾਨੂੰ ਗੁਰਮਤਿ ਦੀ ਸਿੱਖਿਆ ਦੇ ਕੇ ਉਹੋ ਜਿਹੇ ਕਰਮ ਕਰਨੇ ਸਮਝਾਉਂਦੇ ਹਨ ਜਿੰਨ੍ਹਾਂ ਦੁਆਰਾ ਉਹ ਆਪਣੇ ਵੱਲੋਂ ਦੂਸਰਿਆਂ ਨੂੰ ਭਗਤੀ ਕਰਨਾ ਸਿਖਾਉਂਦੇ ਹਨ ਭਾਵ ਉਹੋ ਜਿਹੀ ਭਗਤੀ ਕਰਨੀ ਸਿਖਾਉਂਦੇ ਹਨ ਜਿਹੋ ਜਿਹੀ ਭਗਤੀ ਵਿੱਚ ਗੁਰੂ ਦਾ ਮਨ ਨਹੀਂ ਮੰਨਦਾ ਭਾਵ ਜੋ ਭਗਤੀ ਗੁਰਮਤਿ ਤੇ ਪੂਰੀ ਨਹੀਂ ਉਤਰਦੀ। ਜਿਹੋ ਜਿਹੀ ਭਗਤੀ ਦਾ ਗੁਰਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ, ਸਰੀਰਕ ਜਪਾਂ ਤਪਾਂ ਆਦਿ ਦਾ, ਸਵਾਸਾਂ ਦੀਆਂ ਕਿਰਿਆਵਾਂ ਆਦਿ ਦੁਆਰਾ ਪ੍ਰਮਾਤਮਾ ਨੂੰ ਜਪਣ ਦਾ, ਕਿਸੇ ਖਾਸ ਅੱਖਰ ਦੇ ਜਪ ਕਰਨ ਦਾ, ਖਾਣੇ ਆਦਿ ਦੀ ਸੁੱਚ ਨੂੰ ਧਰਮ ਨਾਲ ਜੋੜਨ ਦਾ ਖੰਡਨ ਕੀਤਾ ਹੋਇਆ ਹੈ ਤੇ ਹੋਰ ਵੀ ਇਸੇ ਤਰ੍ਹਾਂ ਅਨੇਕਾਂ ਹੀ ਉਪਰਾਲੇ ਕਰਨ ਦਾ ਖੰਡਨ ਕੀਤਾ ਹੋਇਆ ਹੈ ਤੇ ਕੇਵਲ ਸੱਚ ਤੇ ਚੱਲਣ ਨੂੰ ਭਗਤੀ ਸਮਝਾਇਆ ਹੋਇਆ ਹੈ, ਸਾਡਾ ਧਰਮ ਸਮਝਾਇਆ

25/2811

ਹੋਇਆ ਹੈ। ਜਿੰਨ੍ਹਾਂ ਭਗਤੀ ਦੇ ਤਰੀਕਿਆਂ ਨੂੰ ਗੁਰਬਾਣੀ ਰਾਹੀਂ ਖੰਡਿਆ ਗਿਆ ਹੈ ਉਨ੍ਹਾਂ ਤਰੀਕਿਆਂ ਨਾਲ ਸਤਿਗੁਰ ਦਾ ਮਨ ਨਹੀਂ ਮੰਨਦਾ ਭਾਵ ਪ੍ਰਮਾਤਮਾ ਨੂੰ ਇਹ ਤਰੀਕੇ ਪ੍ਰਵਾਨ ਨਹੀਂ ਹਨ। ਇਹ ਤਰੀਕੇ ਅਸੀਂ ਕਿਸੇ ਨਾ ਕਿਸੇ ਕੋਲੋਂ ਸਿੱਖੇ ਹਨ ਭਾਵ ਉਨ੍ਹਾਂ ਕੋਲੋਂ ਸਿੱਖੇ ਹਨ ਜਿੰਨ੍ਹਾਂ ਨੂੰ ਅਸੀਂ ਆਪਣੀ ਮਤਿ ਦੁਆਰਾ ਭਗਤੀ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ। ਇਹੋ ਜਿਹੇ ਤਰੀਕੇ ਸਿਖਾਉਣ ਵਾਲਿਆਂ ਨੂੰ ਹੀ ਸੁਚੇਤ ਕੀਤਾ ਹੋਇਆ ਹੈ ਕਿ ਇਹੋ ਜਿਹੇ ਭਗਤੀ ਦੇ ਗਲਤ ਤਰੀਕੇ ਸਿਖਾਉਣ ਦਾ ਉਨ੍ਹਾਂ ਨੂੰ ਮਹਾ ਦੁੱਖ ਭੋਗਣਾ ਪੈਣਾ ਹੈ ਭਾਵ ਵੱਡੀਆਂ ਸਜ਼ਾਵਾਂ ਭੁਗਤਣੀਆਂ ਪੈਣੀਆਂ ਹਨ। **(ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ॥ ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ॥੨॥)**

ਇਹ ਗੱਲ ਅਸੀਂ ਪਿੱਛੇ ਸੰਤ ਅਖਵਾਉਣ ਵਾਲਿਆ ਲਈ ਸਮਝੀ ਹੈ ਕਿ ਝੂਠਾ ਮਾਣ ਲੈਣ ਦੀਆਂ ਸਜ਼ਾਵਾਂ ਅੱਗੇ ਜਾ ਕੇ ਭੁਗਤਣੀਆਂ ਹੀ ਪੈਣੀਆਂ ਹਨ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਫੁਰਮਾਨ ਹੈ, "ਬ੍ਰਹਮੁ ਬੀਚਾਰੁ" ਹੈ।

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥੩॥}

(ਅੰਗ ੪੯੧)

ਜਿਵੇਂ ਕਿ ਅਸੀਂ ਅਨੇਕਾਂ ਵਾਰ ਇਸ ਗੱਲ ਨੂੰ ਸਮਝਿਆ ਹੈ ਕਿ ਜੋ ਆਪਣੇ ਆਪ ਨੂੰ ਵੱਡਾ ਸੰਤ, ਬ੍ਰਹਮ ਗਿਆਨੀ ਆਦਿ ਸਮਝਦਾ ਹੈ ਉਹ ਆਪਣੇ ਅੰਦਰ ਚੱਲ ਰਹੇ ਮਾਇਆ ਦੇ ਕਪਟ ਦੁਆਰਾ ਹੀ ਆਪਣੇ ਆਪ ਨੂੰ ਉੱਚਾ ਥਾਪਦਾ ਹੈ ਤੇ ਦੂਸਰਿਆਂ ਨੂੰ ਝੂਠੀ ਸਿੱਖਿਆ ਦੇ ਨਾਲ ਜੋੜਦਾ ਹੈ। ਜੋ ਪ੍ਰਮਾਤਮਾ ਨੂੰ ਪਾ ਲੈਂਦੇ ਹਨ ਭਾਵ ਜੋ ਉਸਦਾ ਗੁਰੂ ਰੂਪ, ਸੰਤ ਰੂਪ, ਸਾਧ ਰੂਪ, ਭਗਤ ਰੂਪ, ਗੁਰਸਿੱਖ ਰੂਪ ਬਣ ਜਾਂਦੇ ਹਨ ਉਹ ਫਿਰ ਆਪਣੇ ਆਪ ਨੂੰ ਉੱਚਾ ਕਰਨ ਦੀ ਬਜਾਏ ਪ੍ਰਮਾਤਮਾ ਨੂੰ ਹੀ ਉੱਚਾ ਕਰਕੇ ਜਾਣਦੇ ਹਨ, ਵੱਡਾ ਕਰਕੇ ਜਾਣਦੇ ਹਨ ਭਾਵ ਆਪਣੀ ਹਰ ਗੱਲ ਵਿੱਚ ਪ੍ਰਮਾਤਮਾ ਦੀ ਸ਼ੋਭਾ ਨੂੰ ਹੀ ਵਧਾਉਂਦੇ ਹਨ ਤੇ ਇਸੇ ਗੱਲ ਲਈ ਉਹਨਾਂ ਦੀ ਸੱਚੀ ਸ਼ੋਭਾ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਉਸ ਵੱਡੇ ਨੂੰ ਜਾਣਿਆ ਹੁੰਦਾ ਹੈ ਜੋ ਸਾਡੇ ਅੰਦਰ ਗਿਆਨ ਦਾ ਮਾਲਕ ਹੈ।ਇਹ ਗੱਲ ਸਾਨੂੰ ਸ਼ਬਦ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ ਕਿ ਵੱਡਾ ਮਨੁੱਖ ਨਹੀਂ,ਵੱਡਾ ਆਪ ਪ੍ਰਮਾਤਮਾ ਹੈ।

ਪਉੜੀ॥

"ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ॥
ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ ਬਖਸਿ ਲੈਹਿ ਲੇਖਾ ਛਡੇ॥
ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ॥

ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ॥
ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ॥੩੩॥੧॥ਸੁਧੁ॥"

(ਅੰਗ ੩੧੭)

ਜਦ ਤੱਕ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਕੋਈ ਵੇਖ ਨਹੀਂ ਲੈਂਦਾ ਭਾਵ ਜਦ ਤੱਕ ਇਹ ਸਮਝ ਨਹੀਂ ਲੱਗਦੀ ਕਿ ਪ੍ਰਮਾਤਮਾ ਆਪਣੇ ਕਿਸ ਰੂਪ ਦੁਆਰਾ ਵੱਡਾ ਹੈ

25/2812

ਤਦ ਤੱਕ ਅਸੀਂ ਭਰਮ ਵਿੱਚ ਉਸ ਨੂੰ ਵੱਡਾ ਜਰੂਰ ਕਹਿੰਦੇ ਹਾਂ ਪਰ ਅਸਲੀਅਤ ਵਿੱਚ ਪ੍ਰਮਾਤਮਾ ਦਾ ਵੱਡਾਪਨ ਕੀ ਹੈ, ਕਿਵੇਂ ਹੈ ਇਸ ਗੱਲ ਦੀ ਸਮਝ ਨਹੀਂ ਪੈਂਦੀ।

{ਸੁਣਿ ਵਡਾ ਆਖੈ ਸਭੁ ਕੋਇ॥ ਕੇਵਡੁ ਵਡਾ ਡੀਠਾ ਹੋਇ॥}

(ਅੰਗ ੯)

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਨਾਲ ਮਿਲਾਇਆ ਹੈ, ਆਪਣੇ ਨਿਰਗੁਣ ਰੂਪ ਵਿੱਚ ਮਿਲਾਇਆ ਹੈ ਉਨ੍ਹਾਂ ਨੂੰ ਹੀ ਇਹ ਸਮਝ ਲੱਗੀ ਹੈ ਕਿ ਪ੍ਰਮਾਤਮਾ ਅਸਲ ਵਿੱਚ ਆਪਣੇ ਨਿਰਗੁਣ ਰੂਪ ਦੁਆਰਾ ਵੱਡਾ ਹੈ ਜਿਸ ਰੂਪ ਦੁਆਰਾ ਉਸ ਨੇ ਸਰਗੁਣ ਰੂਪ ਨੂੰ ਬਣਾਇਆ ਹੈ ਤੇ ਉਸ ਨੂੰ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਉਸਦੇ ਨਿਰਗੁਣ ਰੂਪ ਨੂੰ ਜਾਣੇ ਬਿਨ੍ਹਾਂ ਅਸੀਂ ਸਰਗੁਣ ਰੂਪ ਨੂੰ ਹੀ ਵੱਡਾ ਸਮਝਦੇ ਹਾਂ ਤੇ ਇਸੇ ਲਈ ਸਰਗੁਣ ਰੂਪ ਦੀ ਵਡਿਆਈ ਕਰਦੇ ਹਾਂ। ਮਨੁੱਖ ਦੀ ਦਿੱਸਣ ਵਾਲੀ ਹੋਂਦ ਪ੍ਰਮਾਤਮਾ ਦੀ ਬਣਾਈ ਹੋਈ ਸਰਗੁਣ ਹੋਂਦ ਹੈ ਤੇ ਇਸੇ ਲਈ ਅਸੀਂ ਜਿੰਨ੍ਹਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਦੇ ਹਾਂ, ਗੁਰਸਿੱਖ, ਸੰਤ, ਬ੍ਰਹਮ ਗਿਆਨੀ ਆਦਿ ਥਾਪਦੇ ਹਾਂ ਉਨ੍ਹਾਂ ਦੇ ਸਰਗੁਣ ਰੂਪ ਨੂੰ ਵੱਡਾ ਮੰਨਦੇ ਹਾਂ ਭਾਵ ਮਨੁੱਖ ਨੂੰ ਵਡਿਆਈ ਦਿੰਦੇ ਹਾਂ। ਮਨੁੱਖ ਦੀ ਆਪਣੀ ਕੋਈ ਵਡਿਆਈ ਨਹੀਂ ਹੈ। ਵਡਿਆਈ ਕੇਵਲ ਉਸ ਦੀ ਹੈ ਜੋ ਸਾਨੂੰ ਸਾਡੇ ਅੰਦਰ ਬੈਠ ਕੇ ਨਿਰਗੁਣ ਰੂਪ ਵਿੱਚ ਚਲਾ ਰਿਹਾ ਹੈ। ਜਿੰਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਨ੍ਹਾਂ ਨੇ ਉਸ ਦੇ ਨਿਰਗੁਣ ਰੂਪ ਨੂੰ ਵਡਿਆਇਆ ਹੈ। ਪ੍ਰਮਾਤਮਾ ਆਪਣੇ ਨਿਰਗੁਣ ਰੂਪ ਵਿੱਚ ਹੀ ਸੰਤ ਹੈ, ਸਾਧ ਹੈ, ਗੁਰੂ ਹੈ, ਭਗਤ ਹੈ, ਗੁਰਸਿੱਖ ਹੈ ਤੇ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਨਿਰਗੁਣ ਰੂਪ ਵਿੱਚ ਪ੍ਰਗਟ ਕਰਦਾ ਹੈ ਉਸ ਦੇਹ ਦੇ ਰਾਹੀਂ ਉਸ ਨਿਰਗੁਣ ਰੂਪ ਪ੍ਰਮਾਤਮਾ ਦੀ ਵਡਿਆਈ ਹੈ। ਜਿਸ ਦੇਹ ਨੂੰ ਪ੍ਰਮਾਤਮਾ ਆਪ ਵਡਿਆਈ ਬਖਸ਼ਦਾ ਹੈ, ਉਸਦੇ ਵਿੱਚ ਪ੍ਰਗਟ ਹੋ ਕੇ ਬਖਸ਼ਦਾ ਹੈ। ਉਸ ਹਉਮੈ ਰਹਿਤ ਦੇਹ ਨੂੰ, ਪ੍ਰਮਾਤਮਾ ਰੂਪ ਦੇਹ ਨੂੰ ਵਡਿਆਈ ਦੇਣਾ ਹੀ ਸੱਚੀ ਵਡਿਆਈ ਹੈ। ਸੱਚੇ ਤੇ ਝੂਠੇ ਮਾਣ ਦਾ ਇਹੀ ਭੇਦ ਹੈ ਜਿਸਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਸਮਝਿਆ ਨਹੀਂ ਜਾ ਸਕਦਾ। ਇਸ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਉਨ੍ਹਾਂ ਨੂੰ ਮਾਣ ਦਿੰਦੇ ਹਾਂ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਉਨ੍ਹਾਂ ਦੇ ਅੰਦਰ ਆਪ ਪ੍ਰਗਟ ਹੋ ਕੇ ਮਾਣ ਨਹੀਂ ਦਿੱਤਾ ਭਾਵ ਨਿਰਗੁਣ ਰੂਪ ਵਿੱਚ ਪ੍ਰਗਟ ਹੋ ਕੇ ਮਾਣ ਨਹੀਂ ਦਿੱਤਾ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਮਾਣ ਦਿੱਤਾ ਹੈ ਭਾਵ ਮਾਣ ਲੈਣ ਦੇ ਕਾਬਿਲ ਬਣਾਇਆ ਹੈ ਉਨ੍ਹਾਂ ਨੇ ਹੀ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਹੈ ਤੇ ਗੁਰੂ ਰੂਪ ਵਿੱਚ, ਸੰਤ ਰੂਪ ਵਿੱਚ ਸੱਚੀ ਵਡਿਆਈ ਲਈ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਇਹ ਰੂਪ ਬਖਸ਼ਿਆ ਹੈ ਉਹਨਾਂ ਨੂੰ ਵਡਿਆਈ ਦੇਣੀ ਸੱਚੀ ਵਡਿਆਈ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸੱਚੀ ਵਡਿਆਈ ਮਿਲੀ ਹੈ। ਪੂਰੀ ਗੁਰਬਾਣੀ ਵਿੱਚ ਵਿਚਾਰ ਉਹਨਾਂ ਰਾਹੀਂ ਹੀ ਆਏ ਹਨ ਤੇ ਇਸੇ ਲਈ ਗੁਰਬਾਣੀ ਦੀ ਵਡਿਆਈ ਸੱਚੀ ਵਡਿਆਈ ਹੈ। ਇਹ ਵਡਿਆਈ ਸੱਚੇ ਵਿਚਾਰਾਂ ਦੀ ਹੈ, ਚੌਥੇ ਪਦ ਵਾਲੇ ਵਿਚਾਰਾਂ ਦੀ ਹੈ, ਬ੍ਰਹਮ ਵਿਚਾਰਾਂ ਦੀ ਹੈ ਤੇ ਜਿੰਨ੍ਹਾਂ ਦੇ ਮੁੱਖੋਂ ਪ੍ਰਮਾਤਮਾ ਨੇ ਇਹ ਵਿਚਾਰ ਕੱਢਾਏ ਹਨ ਉਹ ਮਨੁੱਖ ਹੀ ਇਸ ਵਡਿਆਈ ਦੇ ਪਾਤਰ ਹਨ ਭਾਵ ਸੱਚੀ ਵਡਿਆਈ ਦੇ ਪਾਤਰ ਹਨ।

{ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਣੀ॥
ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਣੀ॥੩॥}

(ਅੰਗ ੯੨੫)

{ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥

ਜਾ ਤੂ ਤਾ ਮੈ ਮਾਨੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥}

(ਅੰਗ ੫੫੭)

ਉਹਨਾਂ ਨੂੰ ਹੀ ਸੱਚੀ ਵਡਿਆਈ ਮਿਲੀ ਹੈ ਜਿੰਨ੍ਹਾਂ ਨੇ ਉਸ ਦੇ ਨਿਰਗੁਣ ਰੂਪ ਨੂੰ ਜਾਣਿਆ ਹੈ ਕਿ ਉਹ ਕਿਤਨਾ ਵੱਡਾ ਹੈ ਤੇ ਆਪਣੇ ਹਰ ਸਰਗੁਣ ਰੂਪ ਵਿੱਚ ਕਿਵੇਂ ਸਮਾਇਆ ਹੋਇਆ ਹੈ। ਜਿਸ ਨੂੰ ਉਹ ਆਪਣੇ ਨਾਲ ਮਿਲਾਉਂਦਾ ਹੈ ਉਹੀ ਲੇਖੇ ਵਿੱਚੋਂ ਨਿਕਲਦਾ ਹੈ ਤੇ ਉਸ ਦੇ ਨਾਲ ਮੇਲ ਤੋਂ ਬਿਨ੍ਹਾਂ ਹਰ ਕੋਈ ਲੇਖੇ ਵਿੱਚ ਹੀ ਹੈ ਭਾਵੇਂ

26/2813

ਕੋਈ ਆਪਣੇ ਆਪ ਨੂੰ ਜਿਤਨਾ ਮਰਜ਼ੀ ਵੱਡਾ ਅਖਵਾ ਲਵੇ।

(ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ॥ ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ॥੩੩॥੧॥ਸੁਧੁ॥)

ਉਸ ਪ੍ਰਮਾਤਮਾ ਦੀ ਸੇਵਾ ਤਾਂ ਹੀ ਹੁੰਦੀ ਹੈ, ਉਸ ਦੀ ਭਗਤੀ ਤਾਂ ਹੀ ਹੁੰਦੀ ਹੈ ਜਦੋਂ ਉਸ ਦੀ ਸੇਵਾ ਸਮਝ ਆ ਜਾਂਦੀ ਹੈ ਜੋ ਕਿ ਆਪਣੇ ਮੇਲ ਤੋਂ ਬਾਅਦ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਉਸ ਦੀ ਸੇਵਾ ਸੱਚ ਤੇ ਚੱਲਣ ਦੁਆਰਾ ਹੁੰਦੀ ਹੈ ਤੇ ਆਪਣੀ ਸੇਵਾ, ਆਪਣੀ ਭਗਤੀ, ਆਪਣਾ ਨਾਮ ਜਪਾਉਣਾ ਉਹ ਆਪ ਹੀ ਸਮਝਾਉਂਦਾ ਹੈ ਤੇ ਸਾਡਾ ਸਰੀਰ ਉਸ ਦਾ ਆਪਣਾ ਹੀ ਬਣਾਇਆ ਹੋਇਆ ਸਰੀਰ ਹੈ ਤੇ ਇਸ ਸਰੀਰ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਉਹ ਮਨੁੱਖ ਰੂਪ ਸਰੀਰ ਨੂੰ ਸੱਚ ਦੇ ਮਾਰਗ ਤੇ ਚਲਾਉਂਦਾ ਹੈ। ਸੱਚ ਦੀ ਸੋਝੀ ਪਾਉਣ ਤੋਂ ਬਾਅਦ ਉਹ ਮਨੁੱਖ ਦੇ ਮਨ ਨੂੰ ਸੱਚ ਤੇ ਹੀ ਗੱਡ ਕੇ ਰੱਖਦਾ ਹੈ ਭਾਵ ਸੱਚ ਤੋਂ ਡੋਲਣ ਨਹੀਂ ਦਿੰਦਾ, ਗੁਰਮਤਿ ਤੋਂ ਡੋਲਣ ਨਹੀਂ ਦਿੰਦਾ। ਉਹ ਮਨੁੱਖ ਨੂੰ ਆਪਣੇ ਭਾਣੇ ਵਿੱਚ ਆਪ ਹੀ ਚਲਾਉਂਦਾ ਹੈ। **(ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ॥ ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ॥)**

ਪ੍ਰਮਾਤਮਾ ਆਪਣੇ ਮਨ ਦੇ ਅੰਦਰੋਂ ਕਿਸ ਰੂਪ ਵਿੱਚ ਨਜ਼ਰ ਆਉਂਦਾ ਹੈ, ਉਸਦਾ ਵੱਡਾ ਰੂਪ, ਨਿਰਗੁਣ ਰੂਪ ਕਿਵੇਂ ਨਜ਼ਰ ਆਉਂਦਾ ਹੈ ਇਹੀ ਗੱਲ ਸਾਨੂੰ ਪਉੜੀ ਦੀ ਆਖਰੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

"ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ॥੩੩॥੧॥ਸੁਧੁ॥"

ਬੜੇ ਹੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦਾ ਵੱਡਾਪਨ ਮਨ ਦੇ ਵਿੱਚ ਕਿਵੇਂ ਨਜ਼ਰ ਆਉਂਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦਾ ਵੱਡਾਪਨ ਜਾਣਿਆ ਹੈ ਮਨ ਦੇ ਵਿੱਚੋਂ ਹੀ ਜਾਣਿਆ ਹੈ ਤੇ ਉਨ੍ਹਾਂ ਨੇ ਹੀ ਜਾਣਿਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਆਪਣੇ ਨਿਰਗੁਣ ਰੂਪ ਵਿੱਚ ਮਿਲਾਇਆ ਹੈ। ਪ੍ਰਮਾਤਮਾ ਨੂੰ ਜਿਵੇਂ ਭਾਉਂਦਾ ਹੈ ਉਸ ਨੇ ਸਭ ਨੂੰ ਉਸੇ ਤਰੀਕੇ ਹੀ ਰੱਖਿਆ ਹੋਇਆ ਹੈ ਭਾਵ ਜਿਵੇਂ ਉਸ ਨੂੰ ਭਾਉਂਦਾ ਹੈ ਉਹ ਸਭ ਨੂੰ ਉਸੇ ਤਰੀਕੇ ਹੀ ਚਲਾ ਰਿਹਾ ਹੈ। ਅਸੀਂ ਉਹੀ ਕੁੱਝ ਕਰਦੇ ਹਾਂ, ਉਹੀ ਕੁੱਝ ਕਰਨਾ ਚੰਗਾ ਲੱਗਦਾ ਹੈ ਜਿਹੋ ਜਿਹੀ ਸਾਡੇ ਅੰਦਰ ਆਸ ਉਪਜਦੀ ਹੈ ਭਾਵ ਅਸੀਂ ਆਪਣੀ ਆਸ਼ਾ ਦੀ ਪੂਰਤੀ ਕਰਨ ਲਈ ਉੱਦਮ ਕਰਦੇ ਹਾਂ ਕਿ ਸਾਡੀ ਆਸ ਪੂਰੀ ਹੋ ਜਾਵੇ। ਸਾਡੇ ਅੰਦਰ ਅਨੇਕਾਂ ਹੀ ਆਸ਼ਾਵਾਂ ਉਪਜਦੀਆਂ ਰਹਿੰਦੀਆਂ ਹਨ ਜੋ ਸਾਨੂੰ ਤ੍ਰਿਸ਼ਨਾ ਵਿੱਚ ਰੱਖਦੀਆਂ ਹਨ, ਮਾਇਆ ਮੋਹ ਵਿੱਚ ਰੱਖਦੀਆਂ ਹਨ ਤੇ ਅਸੀਂ ਉਨ੍ਹਾਂ ਦੀ ਪੂਰਤੀ ਕਰਨ ਵਿੱਚ ਲੱਗੇ ਰਹਿੰਦੇ

26/2814

ਹਾਂ ਤੇ ਪੂਰਤੀ ਕਰਨ ਲਈ ਅਸੀਂ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜੋ ਧਰਮ ਅਨੁਸਾਰ ਨਹੀਂ ਹੁੰਦੇ, ਸੱਚ ਅਨੁਸਾਰ, ਨਾਮ ਅਨੁਸਾਰ, ਗੁਰਮਤਿ ਅਨੁਸਾਰ ਨਹੀਂ ਹੁੰਦੇ ਜੋ ਸਾਨੂੰ ਗੁਰੂ ਪ੍ਰਮਾਤਮਾ ਤੋਂ ਦੂਰ ਕਰਦੇ ਹਨ ਤੇ ਲੇਖੇ ਵਿੱਚ ਪਾਉਂਦੇ ਹਨ, ਆਵਾਗਉਣ ਵਿੱਚ ਪਾਉਂਦੇ ਹਨ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਸਾਡੇ ਮਨ ਦੇ ਅੰਦਰ ਆਸ ਪਾਉਣ ਵਾਲਾ ਕੌਣ ਹੈ, ਸਾਡੇ ਅੰਦਰ ਆਸ਼ਾ ਰੂਪ ਵਿਚਾਰ ਉਪਜਾਉਣ ਵਾਲਾ ਕੌਣ ਹੈ ਭਾਵ ਸਾਨੂੰ ਆਸ਼ਾਵਾਂ ਵਿੱਚ ਰੱਖਣ ਵਾਲਾ ਕੌਣ ਹੈ। ਆਪਣੇ ਅੰਦਰ ਪ੍ਰਮਾਤਮਾ ਦਾ ਇਹ ਰੂਪ ਜਾਨਣ ਦੁਆਰਾ ਹੀ ਕਿ ਸਾਡੇ ਅੰਦਰ ਵਿਚਾਰਾਂ ਰਾਹੀ, ਸੋਚਾਂ ਰਾਹੀਂ ਮਨ ਦੇ ਵਿੱਚ ਸੋਝੀ ਪਾਉਣ ਵਾਲਾ ਕੌਣ ਹੈ, ਮਨ ਦੇ ਅੰਦਰ ਗਿਆਨ ਦੇਣ ਵਾਲਾ ਕੌਣ ਹੈ ਫਿਰ ਤਾਂ ਹੀ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਕਿਵੇਂ ਇਤਨਾ ਵੱਡਾ ਹੈ ਜਿਸ ਰੂਪ ਦੁਆਰਾ ਉਹ ਸਭ ਨੂੰ ਚਲਾ ਰਿਹਾ ਹੈ। ਆਪਣੇ ਘਟ ਦੇ ਅੰਦਰੋਂ ਉਸ ਪ੍ਰਮਾਤਮਾ

ਨੂੰ ਦੇਖਣ ਤੋਂ ਬਾਅਦ ਹੀ ਇਹ ਸਮਝ ਆਉਂਦੀ ਹੈ ਕਿ ਹਰ ਘਟ ਵਿੱਚ ਪ੍ਰਮਾਤਮਾ ਆਪਣੇ ਇਸ ਰੂਪ ਵਿੱਚ ਵਿਚਰ ਰਿਹਾ ਹੈ ਭਾਵ ਗਿਆਨ ਦੇਣ ਦੇ ਰੂਪ ਵਿੱਚ ਵਿਚਰ ਰਿਹਾ ਹੈ ਤੇ ਮਨੁੱਖ ਦਾ ਆਪਣਾ ਕੋਈ ਗਿਆਨ ਨਹੀਂ ਹੈ, ਆਪਣੀ ਕੋਈ ਸੋਝੀ ਨਹੀਂ ਹੈ, ਆਪਣੇ ਕੋਈ ਵਿਚਾਰ ਨਹੀਂ ਹਨ ਤੇ ਹਰ ਕੋਈ ਉਨ੍ਹਾਂ ਵਿਚਾਰਾਂ ਦਾ ਬੱਝਿਆ ਹੋਇਆ ਹੈ ਜਿਹੋ ਜਿਹੇ ਵਿਚਾਰ ਉਸ ਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਮਿਲ ਰਹੇ ਹਨ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ। ਪ੍ਰਮਾਤਮਾ ਸਭ ਨੂੰ ਇਸੇ ਤਰ੍ਹਾਂ ਆਪਣੇ ਹੁਕਮ ਵਿੱਚ ਚਲਾ ਰਿਹਾ ਹੈ, ਗੁਪਤ ਰੂਪ ਵਿੱਚ ਚਲਾ ਰਿਹਾ ਹੈ ਪਰ ਉਸਦਾ ਇਹ ਹੁਕਮ ਆਪਣੇ ਆਪ ਕੋਈ ਨਹੀਂ ਬੁੱਝ ਸਕਦਾ। ਜਿਸ ਨੂੰ ਉਹ ਆਪਣਾ ਹੁਕਮ ਆਪ ਬੁਝਾਉਂਦਾ ਹੈ ਉਹੀ ਬੁੱਝ ਸਕਦਾ ਹੈ। ਜਿੰਨ੍ਹਾਂ ਨੇ ਉਸ ਵੱਡੇ ਨੂੰ ਜਾਣਿਆ ਹੈ, ਉਸ ਵੱਡੇ ਦੇ ਰੂਪ ਨੂੰ ਜਾਣਿਆ ਹੈ ਉਨ੍ਹਾਂ ਨੇ ਉਸ ਨੂੰ ਗਿਆਨ ਦੇ ਦਾਤੇ ਦੇ ਰੂਪ ਵਿੱਚ ਜਾਣਿਆ ਹੈ, ਬ੍ਰਹਮ ਗਿਆਨੀ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਜਾਣਿਆ ਹੈ ਜਿਸ ਨੇ ਆਪਣੇ ਬ੍ਰਹਮ ਗਿਆਨ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਬਣਾਇਆ ਹੈ, ਹਰ ਸਰਗੁਣ ਰੂਪ ਨੂੰ ਬਣਾਇਆ ਹੈ ਤੇ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਆਪਣੀ ਸਾਇੰਸ ਦੁਆਰਾ ਸਭ ਕੁੱਝ ਚਲਾ ਰਿਹਾ ਹੈ। ਹਰ ਸੋਝੀ ਦੇ ਅੰਦਰ ਉਹ ਆਪ ਹੀ ਹੈ, ਸਾਇੰਸ ਦੀ ਸੋਝੀ ਦੇ ਰੂਪ ਵਿੱਚ ਉਹ ਆਪ ਹੀ ਵਿਚਰ ਰਿਹਾ ਹੈ। ਆਪਣੀ ਇਸ ਗਿਆਨ ਦੀ ਸੋਝੀ ਦੁਆਰਾ ਹੀ ਪ੍ਰਮਾਤਮਾ ਵੱਡਾ ਹੈ। ਗੁਰਬਾਣੀ ਦੇ ਵਿੱਚ ਪਾਈ ਹੋਈ ਬ੍ਰਹਮ ਗਿਆਨ ਰੂਪ ਸੋਝੀ ਦੁਆਰਾ ਹੀ ਪ੍ਰਮਾਤਮਾ ਵੱਡਾ ਹੈ ਤੇ ਜਿੱਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਆਪਣੇ ਇਸ ਬ੍ਰਹਮ ਗਿਆਨ

ਰੂਪ ਦੁਆਰਾ ਹੀ ਪ੍ਰਗਟ ਕੀਤਾ ਹੈ ਜਿਸ ਦੁਆਰਾ ਉਸ ਦਾ ਵੱਡਾਪਨ ਸਮਝ ਆਉਂਦਾ ਹੈ। ਉਸਦੇ ਇਸ ਵੱਡੇਪਨ ਨੂੰ ਜਾਣੇ ਬਿਨ੍ਹਾਂ, ਮਨ ਦੇ ਵਿਚਾਰਾਂ ਦੇ ਮਾਲਕ ਨੂੰ ਜਾਣੇ ਬਿਨ੍ਹਾਂ, ਮਨ ਦੀਆਂ ਆਸ਼ਾਵਾਂ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਮਨੁੱਖ ਆਪਣੇ ਆਪ ਨੂੰ ਹੀ ਵੱਡਾ ਸਮਝਦਾ ਹੈ, ਧਰਮ ਦੀ ਸੋਝੀ ਵਾਲਾ ਸਮਝਦਾ ਹੈ, ਗੁਰਸਿੱਖ, ਸੰਤ, ਬ੍ਰਹਮ ਗਿਆਨੀ, ਭਗਤ ਆਦਿ ਸਮਝਦਾ ਹੈ ਜਦ ਕਿ ਇਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੁੰਦਾ ਹੈ। **(ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ॥੩੩॥੧॥ਸੁਧੁ॥)**

{ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ॥
ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ ਐਸੀ ਮੇਰੈ ਸਤਿਗੁਰਿ ਬੂਝ ਬੁਝਾਈ॥
ਜਨ ਨਾਨਕ ਕੀ ਆਸ ਤੂ ਜਾਣਹਿ ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ॥੪॥੧॥}

(ਅੰਗ ੮੫੯)

ਜੋ ਸਾਡੇ ਅੰਦਰ ਆਸਾ ਮਨਸਾ ਪਾਉਣ ਵਾਲਾ ਹੈ ਉਹ ਆਪ ਹੀ ਸਾਡੀ ਆਸ ਪੂਰੀ ਕਰਾਉਣ ਵਾਲਾ ਹੈ। ਸਾਡੀਆਂ ਆਸ਼ਾਵਾਂ ਵਾਲਾ ਵੀ ਉਹ ਆਪ ਹੈ ਭਾਵ ਆਸ਼ਾਵਾਂ ਤੋਂ ਨਿਰਾਸ਼ ਕਰਨ ਵਾਲਾ ਵੀ ਉਹ ਆਪ ਹੈ। ਪ੍ਰਮਾਤਮਾ ਨੂੰ ਪਾਉਣ ਦੀ ਆਸ, ਪ੍ਰਮਾਤਮਾ ਦੇ ਦਰਸ਼ਨ ਕਰਨ ਦੀ ਆਸ ਉਹ ਜਿਸ ਦੇ ਅੰਦਰ ਪੈਦਾ ਕਰਦਾ ਹੈ ਉਸ ਨੂੰ ਤ੍ਰਿਸ਼ਨਾਵਾਂ ਤੋਂ ਵੀ ਉਹ ਆਪ ਹੀ ਕੱਢਦਾ ਹੈ ਤੇ ਉਸਦੀ ਰਜ਼ਾ ਨਾਲ ਹੀ ਉਸਦੇ ਦਰਸ਼ਨਾਂ ਦੀ ਆਸ ਪੂਰੀ ਹੁੰਦੀ ਹੈ। ਉਸਦੇ ਦਰਸ਼ਨਾਂ ਦੀ ਆਸ ਕਿਵੇਂ ਪੂਰੀ ਹੁੰਦੀ ਹੈ ਇਸ ਦੀ ਸਮਝ ਉਸੇ ਨੂੰ ਹੀ ਪੈਂਦੀ ਹੈ ਜਿਸ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਿਆ ਹੈ ਤੇ ਉਹਨਾਂ ਨੇ ਹੀ ਸਾਨੂੰ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣਾ ਸਿਖਾਇਆ ਹੈ। ਪ੍ਰਮਾਤਮਾ ਨੂੰ ਬੁੱਝਣ ਦੀ ਵਿਧੀ ਕੇਵਲ ਗੁਰਬਾਣੀ ਦੇ ਕੋਲ ਹੈ ਜੋ ਪ੍ਰਮਾਤਮਾ ਦਾ ਹੀ ਰੂਪ ਹੈ। ਕੋਈ ਹੋਰ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਕਰਵਾ ਸਕੇ ਜਾਂ ਆਪਣੀ ਮਤਿ ਦੁਆਰਾ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾ ਸਕੇ ਇਹ ਮੁਮਕਿਨ ਨਹੀਂ ਹੈ। ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣ ਦੀ ਆਸ ਕੇਵਲ ਗੁਰੂ ਦੀ ਮਤਿ ਤੇ ਭਰੋਸਾ ਰੱਖ ਕੇ ਕਰਨੀ ਚਾਹੀਦੀ ਹੈ ਤੇ ਕਿਸੇ ਹੋਰ ਦੀ ਮਤਿ ਦੇ ਪਿੱਛੇ ਲੱਗ ਕੇ ਸਾਡੀ ਇਹ ਆਸ ਕਦੇ ਪੂਰੀ ਨਹੀਂ ਹੋ ਸਕਦੀ। **(ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ ਐਸੀ ਮੇਰੈ ਸਤਿਗੁਰਿ ਬੂਝ ਬੁਝਾਈ॥)** ਜੇਕਰ ਅਸੀਂ ਗੁਰੂ ਦਾ ਸਿੱਖ ਬਣਨਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਸਾਨੂੰ ਉਸ ਦੇ ਨਾਲ ਜੁੜਨਾ ਚਾਹੀਦਾ ਹੈ ਜੋ ਮਾਇਆ ਦੇ ਕਪਟ ਤੋਂ, ਛਲ ਤੋਂ ਰਹਿਤ ਹੈ। ਮਾਇਆ ਦੇ ਕਪਟ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਦੇ ਨਾਲ ਨਹੀਂ ਮਿਲ ਸਕਦਾ, ਕੋਈ ਉਸ ਦਾ ਗੁਰਸਿੱਖ ਨਹੀਂ ਬਣ ਸਕਦਾ। ਮਾਇਆ ਦਾ ਕਪਟ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੈ, ਮਨ ਦੀ ਸੋਝੀ ਦੇ ਵਿੱਚ ਹੈ ਜੋ ਸਾਡੇ ਅੰਦਰ ਦਾ ਇਹ ਕਪਟ ਗੁਰੂ ਦੀ ਸੋਝੀ ਦੇ ਨਾਲ ਜੁੜ ਕੇ ਹੀ ਦੂਰ ਹੋ ਸਕਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਗੁਰਸਿੱਖ ਬਣਾਇਆ

26/2816

ਹੈ ਉਹਨਾਂ ਨੂੰ ਪ੍ਰਮਾਤਮਾ ਨੇ ਮਨ ਦੇ ਅੰਦਰ ਆਪਣੀ ਮਤਿ ਦੇ ਕੇ ਹੀ ਬਣਾਇਆ ਹੈ ਤੇ ਉਹਨਾਂ ਦੀ ਮਤਿ ਦੇ ਨਾਲ ਜੁੜ ਕੇ ਹੀ ਅਸੀਂ ਗੁਰਸਿੱਖ ਬਣ ਸਕਦੇ ਹਾਂ। ਗੁਰਸਿੱਖ ਬਣਨਾ ਕੀ ਹੈ, ਗੁਰਸਿੱਖ ਕੌਣ ਹੈ ਇਸ ਗੱਲ ਨੂੰ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਗੁਰਸਿੱਖ ਕੌਣ ਹੈ ਤੇ ਗੁਰਸਿੱਖ ਕਿਵੇਂ ਬਣਿਆ ਜਾ ਸਕਦਾ ਹੈ।

ਨਟ ਮਹਲਾ ੪॥

“ਕੋਈ ਆਨਿ ਸੁਨਾਵੈ ਹਰਿ ਕੀ ਹਰਿ ਗਾਲ॥ ਤਿਸ ਕਉ ਹਉ ਬਲਿ ਬਲਿ ਬਾਲ॥
ਸੋ ਹਰਿ ਜਨੁ ਹੈ ਭਲ ਭਾਲ॥ ਹਰਿ ਹੋ ਹੋ ਹੋ ਮੇਲਿ ਨਿਹਾਲ॥੧॥ਰਹਾਉ॥
ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲ॥
ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ ਨਿਹਕਪਟ ਕਮਾਵਹੁ
ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥੧॥
ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ॥
ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ ਹਰਿ ਦੇਖਿ ਨਿਕਟਿ ਹਦੂਰਿ
ਨਿਹਾਲ ਨਿਹਾਲ ਨਿਹਾਲ ਨਿਹਾਲ॥੨॥੩॥੯॥”

(ਅੰਗ ੯੭੭-੯੭੮)

ਸ਼ਬਦ ਦੇ ਪਹਿਲੇ ਪਦੇ ਦੁਆਰਾ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ “ਕੋਈ” ਭਾਵ ਵਿਰਲਾ ਹੀ ਸਾਨੂੰ ਇਸ ਸੰਸਾਰ ਵਿੱਚ ਆ ਕੇ ਹਰਿ ਦੀ ਗੱਲ ਸੁਣਾ ਸਕਦਾ ਹੈ, ਪ੍ਰਮਾਤਮਾ ਦੀ ਗੱਲ ਸੁਣਾ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਕੀ ਹੈ। ਹਰਿ ਜਨ ਕੋਈ ਵਿਰਲਾ ਹੀ ਹੁੰਦਾ ਹੈ, ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਆਪਣਾ “ਜਨੁ” ਬਣਾਉਂਦਾ ਹੈ, ਆਪਣੇ ਨਾਲ ਮੇਲ ਦੁਆਰਾ ਬਣਾਉਂਦਾ ਹੈ, ਉਸਨੂੰ ਆਪਣੇ ਮੇਲ ਦੁਆਰਾ ਨਿਹਾਲ ਕਰਦਾ ਹੈ, ਉਸਨੂੰ ਆਪਣਾ ਰੂਪ ਬਣਾ ਕੇ ਨਿਹਾਲ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੇ ਨਾਲ ਮੇਲ ਕੇ ਨਿਹਾਲ ਕੀਤਾ ਹੈ। ਇਹੋ ਜਿਹੇ ਵਿਰਲੇ ਹੀ ਸਾਨੂੰ ਪ੍ਰਮਾਤਮਾ ਦੀ ਗੱਲ ਸੁਣਾ ਸਕਦੇ ਹਨ ਜਿੰਨ੍ਹਾਂ ਨੂੰ ਆਪਣੀ ਗੱਲ ਪ੍ਰਮਾਤਮਾ ਨੇ ਆਪ ਹੀ ਸੁਣਾਈ ਹੈ। ਇਹੋ ਜਿਹਿਆਂ ਦੇ ਉੱਪਰ ਹੀ ਭਾਵ ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੀ ਗੱਲ ਸੁਣਾਈ ਹੈ ਉਨ੍ਹਾਂ ਦੇ ਉੱਤੇ ਬਲਿ ਬਲਿ ਜਾਣਾ ਚਾਹੀਦਾ ਹੈ, ਸਦਕੇ ਜਾਣਾ ਚਾਹੀਦਾ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੇ ਮੇਲ ਦੁਆਰਾ ਇਹ ਮਾਣ ਬਖਸ਼ਿਆ ਹੈ ਭਾਵ ਸਾਨੂੰ ਉਨ੍ਹਾਂ ਦੇ ਮਾਣ ਪਿੱਛੇ ਨਹੀਂ ਪੈਣਾ ਚਾਹੀਦਾ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਗੱਲ ਨਹੀਂ ਸੁਣਾਈ। **(ਕੋਈ ਆਨਿ ਸੁਨਾਵੈ ਹਰਿ ਕੀ ਹਰਿ ਗਾਲ॥ ਤਿਸ ਕਉ ਹਉ ਬਲਿ ਬਲਿ ਬਾਲ॥ ਸੋ ਹਰਿ ਜਨੁ ਹੈ ਭਲ ਭਾਲ॥ ਹਰਿ ਹੋ ਹੋ ਹੋ ਮੇਲਿ ਨਿਹਾਲ॥੧॥ਰਹਾਉ॥)**

ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੀ ਗੱਲ ਸੁਣਾਈ ਹੈ ਭਾਵ ਆਪ ਪ੍ਰਗਟ ਹੋ ਕੇ ਸੁਣਾਈ ਹੈ ਉਹੀ ਮਾਇਆ ਦੇ ਕਪਟ ਵਿੱਚੋਂ ਨਿਕਲੇ ਹਨ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਹਨ, ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਨਿਕਲੇ ਹਨ ਤੇ ਗੁਰਸਿੱਖ ਰੂਪ ਬਣੇ ਹਨ, ਸੱਚੀ ਸਿੱਖਿਆ ਨੂੰ ਧਾਰਨ ਕਰਨ ਵਾਲੇ ਬਣੇ ਹਨ ਤੇ ਉਨ੍ਹਾਂ ਨੇ ਹੀ ਸਾਨੂੰ ਗੁਰਸਿੱਖ ਬਣਨਾ ਸਿਖਾਇਆ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲ॥
ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ ਨਿਹਕਪਟ ਕਮਾਵਹੁ
ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥੧॥”

26/2817

ਉਸ ਪ੍ਰਮਾਤਮਾ ਦਾ "ਜਨੁ" ਹੀ ਪ੍ਰਮਾਤਮਾ ਦਾ ਗੁਰੂ ਰੂਪ ਹੈ, ਉਸਦਾ ਸੰਤ ਰੂਪ ਹੈ, ਸੱਚਾ ਸੰਤ ਰੂਪ ਹੈ ਜੋ ਰੂਪ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਬਖਸ਼ਦਾ ਹੈ। ਗੁਰੂ ਰੂਪ, ਸੰਤ ਰੂਪ ਉਹ ਆਪ ਹੀ ਹੈ ਜਿਸ ਦਾ ਮਕਸਦ ਸਾਨੂੰ ਸਾਡੇ ਜੀਵਨ ਦਾ ਮਾਰਗ ਦਿਖਾਉਣਾ ਹੈ। ਜਿਹੜਾ ਮਾਰਗ ਉਸ ਦੇ ਸੰਤ ਜਨਾ ਨੇ ਸੰਸਾਰ ਨੂੰ ਦਿਖਾਇਆ ਹੈ ਉਸ ਮਾਰਗ ਤੇ ਉਹਨਾਂ ਨੇ ਭਾਵ ਪ੍ਰਮਾਤਮਾ ਦੇ ਸਮਝਾਏ ਹੋਏ ਮਾਰਗ ਤੇ ਆਪ ਹੀ ਚੱਲ ਕੇ ਦਿਖਾਇਆ ਹੈ। **(ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲ॥) "ਗੁਰਿ ਚਾਲ ਦਿਖਾਈ ਹਰਿ ਚਾਲ"** ਤੋਂ ਭਾਵ ਹੈ ਗੁਰੂ ਨੇ ਆਪਣੇ ਜੀਵਨ ਵਿੱਚ ਸਾਨੂੰ ਉਸ ਤਰੀਕੇ ਚੱਲ ਕੇ ਦਿਖਾਇਆ ਹੈ, ਉਸ ਮਾਰਗ ਤੇ ਚੱਲ ਕੇ ਦਿਖਾਇਆ ਹੈ ਜਿਹੋ ਜਿਹਾ ਹਰਿ ਨੇ ਭਾਵ ਪ੍ਰਮਾਤਮਾ ਨੇ ਉਹਨਾਂ ਨੂੰ ਮਾਰਗ ਤੇ ਚੱਲਣਾ ਸਿਖਾਇਆ ਹੈ। ਜਿੰਨ੍ਹਾਂ ਨੇ ਉਸ ਪ੍ਰਮਾਤਮਾ ਦਾ ਨਾਮ ਆਪ ਜਪਿਆ ਹੈ ਉਨ੍ਹਾਂ ਨੇ ਹੀ ਸਾਨੂੰ ਉਸਦਾ ਨਾਮ ਜਪਣਾ ਸਿਖਾਇਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲਾ ਸੱਚ ਦੀ ਸੋਝੀ ਪਾਈ ਹੈ, ਆਪ ਪ੍ਰਗਟ ਹੋ ਕੇ ਪਾਈ ਹੈ ਉਨ੍ਹਾਂ ਨੇ ਹੀ ਸਾਨੂੰ ਸੱਚ ਤੇ ਚੱਲਣਾ ਸਿਖਾਇਆ ਹੈ ਤੇ ਤਾਂ ਹੀ ਉਹ ਆਪ ਸੱਚ ਤੇ ਚੱਲੇ ਹਨ ਭਾਵ ਸੱਚੇ ਮਾਰਗ ਤੇ ਚੱਲੇ ਹਨ ਤੇ ਸੰਸਾਰ ਨੂੰ ਸੱਚੇ ਮਾਰਗ ਤੇ ਚੱਲਣਾ ਸਿਖਾਇਆ ਹੈ।

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥}

(ਅੰਗ ੧੪੦)

ਜਿਸ ਨੂੰ ਪ੍ਰਮਾਤਮਾ ਸੱਚ ਦੀ ਸੋਝੀ ਪਾਉਂਦਾ ਹੈ, ਆਪਣੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ ਉਹੀ ਮਾਇਆ ਦੇ ਕਪਟ ਵਿੱਚੋਂ ਨਿਕਲਦਾ ਹੈ ਤੇ ਇਸ ਕਪਟ ਵਿੱਚੋਂ ਨਿਕਲ ਕੇ ਹੀ ਉਸ ਹਰਿ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ, ਗੁਰਸਿੱਖ ਬਣਿਆ ਜਾ ਸਕਦਾ ਹੈ ਜਿਵੇਂ ਕਿ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ ਨਿਹਕਪਟ ਕਮਾਵਹੁ
ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥੧॥"

ਜਦ ਤੱਕ ਸਾਡੇ ਅੰਦਰ ਮਾਇਆ ਦਾ ਛਲ ਭਾਵ ਅਗਿਆਨਤਾ ਰੂਪ ਛਲ ਹੈ ਤਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ ਤੇ ਮਾਇਆ ਦੇ ਕਪਟ ਕਰਕੇ ਸਾਡੇ ਤੋਂ ਵੱਖਰਾ ਬਣਿਆ ਹੋਇਆ ਹੈ। ਜਿਹੜੇ ਪਹਿਲਾਂ ਆਪ ਇਸ ਕਪਟ ਵਿੱਚੋਂ ਨਿਕਲੇ ਹਨ ਭਾਵ ਗੁਰਸਿੱਖ ਬਣੇ ਹਨ ਉਹਨਾਂ ਨੇ ਹੀ ਸਾਨੂੰ ਗੁਰਸਿੱਖ ਬਣਨਾ ਸਿਖਾਇਆ ਹੈ। ਆਪਣੇ ਆਪ ਨੂੰ ਗੁਰਸਿੱਖ ਕੋਈ ਵੀ ਅਖਵਾ ਸਕਦਾ ਹੈ, ਉੱਚਾ ਕੋਈ ਵੀ ਅਖਵਾ ਸਕਦਾ ਹੈ, ਭਗਤੀ ਵਾਲਾ ਕੋਈ ਵੀ ਅਖਵਾ ਸਕਦਾ ਹੈ ਪਰ ਇਹ ਕੁੱਝ ਅਖਵਾਉਣ ਦੇ ਪਿੱਛੇ ਸਾਡੇ ਅੰਦਰ ਦਾ ਕਪਟ ਹੀ ਹੈ। ਜੋ ਗੱਲ ਪਿੱਛੇ ਸੰਤ ਅਖਵਾਉਣ ਵਾਲਿਆਂ ਨੂੰ ਸਮਝਾਈ ਹੈ ਉਹੀ ਗੱਲ ਗੁਰਸਿੱਖ ਅਖਵਾਉਣ ਵਾਲਿਆਂ ਨੂੰ ਸਮਝਾਈ ਹੈ ਕਿ ਆਪਣੇ ਅੰਦਰ ਦੇ ਕਪਟ ਵਿੱਚੋਂ ਨਿਕਲੋ ਭਾਵ ਭਰਮ ਵਿੱਚੋਂ ਨਿਕਲੋ

26/2818

ਭਾਵ ਮਨਮਤਿ ਵਿੱਚੋਂ ਨਿਕਲੋ ਤੇ ਗੁਰਮਤਿ ਨਾਲ ਜੁੜੋ, ਗੁਰੂ ਦੀ ਸੱਚੀ ਸੋਝੀ ਨਾਲ ਜੁੜੋ ਜੋ ਕਿ ਭਰਮ ਤੋਂ ਰਹਿਤ ਹੈ। ਗੁਰੂ ਪ੍ਰਮਾਤਮਾ ਦੀ ਘਾਲਣਾ ਕਪਟ ਰਹਿਤ ਹੋ ਕੇ ਹੀ ਘਾਲੀ ਜਾ ਸਕਦੀ ਹੈ ਭਾਵ ਉਸਦੇ ਮਾਰਗ ਤੇ ਮਨਮਤਿ ਵਿੱਚੋਂ ਨਿਕਲ ਕੇ ਸੱਚ ਦੀ ਸੋਝੀ ਪੈਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ। ਸੱਚੇ ਮਾਰਗ ਤੇ ਚੱਲਣਾ ਹੀ ਸਾਡੇ ਜੀਵਨ ਦੀ ਘਾਲਣਾ ਹੈ ਤੇ ਸਾਨੂੰ ਗੁਰੂ ਸੱਚ ਤੇ ਚੱਲਣਾ ਹੀ ਸਿਖਾਉਂਦਾ ਹੈ ਤੇ ਸੱਚ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਨਿਹਾਲ ਕਰਦਾ ਹੈ ਭਾਵ ਆਪਣੇ ਦਰਸ਼ਨ ਦੇ ਕੇ ਨਿਹਾਲ ਕਰਦਾ ਹੈ। ਸਾਨੂੰ ਸੱਚ ਤੇ ਚੱਲਣ ਦਾ ਉੱਦਮ ਹੀ ਸਮਝਾਇਆ ਹੈ ਜੋ ਕਿ ਮਨਮਤਿ ਰੂਪ ਕਪਟ ਵਿੱਚੋਂ ਨਿਕਲਣ ਦਾ ਹੈ। **(ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥੧॥)** ਅੰਦਰ ਕਪਟ ਦੇ ਰਹਿੰਦਿਆਂ ਅਸੀਂ ਗੁਰਸਿੱਖ ਆਦਿ ਅਖਵਾ ਕੇ, ਸੰਤ ਆਦਿ ਅਖਵਾ ਕੇ ਝੂਠੀ ਵਡਿਆਈ ਲੈਂਦੇ ਹਾਂ ਜਦ ਕਿ ਸੱਚੀ ਵਡਿਆਈ ਉਸਦੀ ਹੈ ਜੋ ਇਸ ਕਪਟ ਵਿੱਚੋਂ ਨਿਕਲਿਆ ਹੋਇਆ ਹੈ ਤੇ ਇਸੇ ਲਈ ਗੁਰੂ ਦੀ ਵਡਿਆਈ ਸੱਚੀ ਵਡਿਆਈ ਹੈ ਜੋ ਅਸਲ ਵਿੱਚ ਆਪ ਹੀ ਗੁਰਸਿੱਖ ਹੈ ਭਾਵ ਆਪਣੀ ਸਿੱਖਿਆ ਤੇ ਆਪ ਹੀ ਚੱਲਣ ਵਾਲਾ ਹੈ ਜਿਵੇਂ ਕਿ ਅਸੀਂ ਪਿਛਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ।

ਗੁਰਸਿੱਖ ਉਹੀ ਹੈ ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਿਸ ਵਿਧੀ ਨਾਲ ਜਾਣਦਾ ਹੈ, ਪ੍ਰਮਾਤਮਾ ਉਸ ਨੂੰ ਕਿਸ ਤਰੀਕੇ ਨਾਲ ਗੁਰਸਿੱਖ ਬਣਾਉਂਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਗੁਰਸਿੱਖ ਕਿਹੋ ਜਿਹੇ ਹੁੰਦੇ ਹਨ।

“ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ॥
ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ ਹਰਿ ਦੇਖਿ ਨਿਕਟਿ ਹਦੂਰਿ
ਨਿਹਾਲ ਨਿਹਾਲ ਨਿਹਾਲ ਨਿਹਾਲ॥੨॥੩॥੯॥”

ਜੇਕਰ ਸਾਨੂੰ ਗੁਰਬਾਣੀ ਤੇ ਵਿਸ਼ਵਾਸ ਹੈ ਕਿ ਗੁਰਬਾਣੀ ਸਾਨੂੰ ਸੱਚ ਸਮਝਾਉਂਦੀ ਹੈ ਫਿਰ ਗੁਰਸਿੱਖ ਉਹੀ ਹੈ ਜੋ ਸਾਨੂੰ ਉੱਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਗੁਰੂ ਦਾ ਸਿੱਖ ਬਣਨ ਲਈ ਪਹਿਲੀ ਪੰਗਤੀ ਹੀ ਇਹ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਸੱਚ ਕਰਕੇ ਜਾਣੀਏ ਕਿ ਗੁਰੂ ਕਦੇ ਝੂਠ ਨਹੀਂ ਬੋਲਦਾ। ਉੱਪਰ ਵਾਲੀਆਂ ਪੰਗਤੀਆਂ ਨੂੰ ਪੜ੍ਹ ਕੇ ਜੇਕਰ ਫਿਰ ਵੀ ਕੋਈ ਇਹ ਸਮਝੇ ਕਿ ਮੈਂ ਗੁਰੂ ਦਾ ਸੱਚਾ ਸਿੱਖ ਹਾਂ ਇਹ ਫਿਰ ਉਸਦੇ ਅੰਦਰ ਦਾ ਭਰਮ ਹੈ, ਮਾਇਆ ਦਾ ਛਲ ਹੈ। ਜਿਸਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਿਆ ਹੈ ਫਿਰ ਉਹ ਆਪਣੇ ਆਪ ਨੂੰ ਗੁਰਸਿੱਖ ਅਖਵਾ ਸਕਦਾ ਹੈ, ਜੇਕਰ ਉਸਨੂੰ ਇਹ ਸਮਝ ਲੱਗ ਗਈ ਹੈ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਸ ਵਿਧੀ ਦੁਆਰਾ ਜਾਣਿਆ ਹੈ ਭਾਵ ਉਸ ਵਿਧੀ ਦੁਆਰਾ ਜਾਣਿਆ ਹੈ ਜਿਸ ਤਰ੍ਹਾਂ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਨੇ ਜਾਣਿਆ ਹੈ ਫਿਰ ਉਹ ਗੁਰਸਿੱਖ ਅਖਵਾ ਸਕਦਾ ਹੈ। ਉਪਰਲੀਆਂ

26/2819

ਪੰਗਤੀਆਂ ਰਾਹੀਂ ਚੌਥੀ ਪਾਤਸ਼ਾਹੀ ਧੰਨ ਧੰਨ ਗੁਰੂ ਰਾਮਦਾਸ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਂ ਗੁਰਸਿੱਖ ਕਿਵੇਂ ਬਣਿਆ ਹਾਂ। ਮੈਂ ਪ੍ਰਮਾਤਮਾ ਨੂੰ ਆਪਣੇ ਨਾਲ ਜਾਣਿਆ ਹੈ ਕਿ ਉਹ ਮੇਰੇ ਅੰਦਰ ਹੀ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਗੁਰਬਾਣੀ ਉਚਾਰਨ ਲਈ ਜੋ ਮੈਨੂੰ ਮਤਿ ਮਿਲੀ ਹੈ, ਮੈਨੂੰ ਜੋ ਸੋਝੀ ਪਈ ਹੈ ਉਹ ਮਤਿ ਮੈਨੂੰ ਪ੍ਰਮਾਤਮਾ ਨੇ ਆਪ ਹੀ ਦਿੱਤੀ ਹੈ। ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਜਿੱਥੋਂ ਸਾਨੂੰ ਮਤਿ ਮਿਲਦੀ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਨ੍ਹਾਂ ਨੂੰ ਗੁਰਬਾਣੀ ਉਚਾਰਨ ਲਈ ਮਤਿ ਪ੍ਰਮਾਤਮਾ ਨੇ ਹੀ ਦਿੱਤੀ ਹੈ। ਉਨ੍ਹਾਂ ਨੇ ਪ੍ਰਮਾਤਮਾ ਨੂੰ ਮਨ ਦੇ ਵਿੱਚ “ਹਦੂਰਿ” ਰੂਪ ਵਿੱਚ ਦੇਖਿਆ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੈ। ਉਸਦਾ ਇਹ ਰੂਪ ਮਨ ਦੇ ਵਿੱਚੋਂ ਹੀ ਦਿੱਸਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੀ ਗੱਲ ਆਪ ਹੀ ਸੁਣਾਉਂਦਾ ਹੈ, ਮਨ ਦੇ ਵਿੱਚ ਸੱਚੀ ਸੋਝੀ ਦਾ ਪ੍ਰਕਾਸ਼ ਆਪ ਹੀ ਕਰਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਉਹ ਪ੍ਰਗਟ ਹੋ ਕੇ ਆਪਣੇ ਦਰਸ਼ਨ ਦਿੰਦਾ ਹੈ ਤੇ ਕਿਸੇ ਨੂੰ ਨਿਹਾਲ ਕਰਦਾ ਹੈ। ਜਿਸ ਨੂੰ ਵੀ ਪ੍ਰਮਾਤਮਾ ਨੇ ਨਿਹਾਲ ਕੀਤਾ ਹੈ ਇਸ ਵਿਧੀ ਦੁਆਰਾ ਹੀ ਕੀਤਾ ਹੈ। ਜਿਸ ਨੂੰ ਉਹ ਨਿਹਾਲ ਕਰਦਾ ਹੈ ਉਸ ਨੂੰ ਆਪਣੀ ਗੁਰਮਤਿ ਦੀ ਸੱਚੀ ਸੋਝੀ ਹੀ ਪਾਉਂਦਾ ਹੈ। ਜੇਕਰ ਕਿਸੇ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣੀ ਗੁਰਮਤਿ ਦੀ ਸੱਚੀ ਸੋਝੀ ਪਾਈ ਹੈ ਤਾਂ ਫਿਰ ਉਸ ਦੀ ਸੋਝੀ ਗੁਰਬਾਣੀ ਤੋਂ ਵੱਖਰੀ ਨਹੀਂ ਹੋਣੀ ਚਾਹੀਦੀ ਭਾਵ ਉਸ ਦੀ ਸੋਝੀ ਪੂਰੀ ਗੁਰਬਾਣੀ ਤੇ ਪੂਰੀ ਉਤਰਨੀ ਚਾਹੀਦੀ ਹੈ। ਜੇਕਰ ਕਿਸੇ ਨੂੰ ਗੁਰਬਾਣੀ ਦੀ ਪੂਰਨ ਸੋਝੀ ਹੈ ਤੇ ਉਸ ਨੂੰ ਇਹ ਸੋਝੀ ਪ੍ਰਮਾਤਮਾ ਦੇ ਕੋਲੋਂ ਮਿਲੀ ਹੈ ਫਿਰ ਉਹ ਆਪਣੇ ਆਪ ਨੂੰ ਗੁਰਸਿੱਖ ਅਖਵਾ ਸਕਦਾ ਹੈ ਤੇ ਉਸ ਦੇ ਅੰਦਰ ਗੁਰਬਾਣੀ ਦੀ ਕਿਸੇ ਵੀ ਗੱਲ ਨੂੰ ਸਮਝਣ ਵਿੱਚ ਭਰਮ ਨਹੀਂ ਹੋਣਾ ਚਾਹੀਦਾ ਕਿਉਂਕਿ ਪ੍ਰਮਾਤਮਾ ਆਪਣੀ ਗੱਲ ਚੌਥੇ ਪਦ ਰਾਹੀਂ ਸਮਝਾਉਂਦਾ ਹੈ ਜੋ ਭਰਮ ਤੋਂ ਰਹਿਤ ਹੈ, ਮਾਇਆ ਦੇ ਛਲ ਤੋਂ ਰਹਿਤ ਹੈ। ਜੋ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ ਉਹ ਫਿਰ ਉਸੇ ਦਾ ਰੂਪ ਹੀ ਬਣ ਜਾਂਦਾ ਹੈ ਭਾਵ ਉਸੇ ਦੇ ਧਾਰਮਿਕ ਗਿਆਨ ਵਾਲਾ ਬਣ ਜਾਂਦਾ ਹੈ ਤੇ ਉਸੇ ਦੀ ਵਡਿਆਈ ਹੀ ਕਰਦਾ ਹੈ ਜੋ ਗਿਆਨ ਦਾ ਮਾਲਕ ਹੈ, ਸੋਝੀ ਦਾ ਮਾਲਕ ਹੈ, ਸਾਡੀ ਮਤਿ ਦਾ ਮਾਲਕ ਹੈ, ਨਿਰਗੁਣ ਰੂਪ ਵਿੱਚ ਮਾਲਕ ਹੈ, ਹਰ ਸਰਗੁਣ ਰੂਪ ਵਿੱਚ ਮਾਲਕ ਹੈ ਤੇ ਉਸ ਨੂੰ ਆਪਣੇ ਗਿਆਨ ਰਾਹੀਂ ਬਣਾਉਣ ਵਾਲਾ ਹੈ। **(ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ॥ ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ ਹਰਿ ਦੇਖਿ ਨਿਕਟਿ ਹਦੂਰਿ ਨਿਹਾਲ ਨਿਹਾਲ ਨਿਹਾਲ ਨਿਹਾਲ॥੨॥੩॥੯॥)**

ਉੱਪਰ ਵਾਲੇ ਸ਼ਬਦ ਦੁਆਰਾ ਤੇ ਪਿੱਛੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ ਕਿ

ਗੁਰਬਾਣੀ ਰਾਹੀਂ ਗੁਰਸਿੱਖ ਕਿਸ ਨੂੰ ਕਿਹਾ ਹੈ। ਗੁਰਬਾਣੀ ਸਾਰੇ ਸੰਸਾਰ ਲਈ ਸਾਂਝੀ ਹੈ ਤੇ ਸਭ ਨੂੰ ਇੱਕੋ ਜਿਹੀ ਗੱਲ ਹੀ ਸਮਝਾਉਂਦੀ ਹੈ, ਇੱਕੋ ਜਿਹੀ ਸਿੱਖਿਆ ਹੀ ਸਮਝਾਉਂਦੀ ਹੈ। ਗੁਰੂ ਦਾ ਸਿੱਖ ਉਹੀ ਹੈ ਜੋ ਗੁਰੂ ਦੀ ਸਿੱਖਿਆ ਨੂੰ ਮੰਨਣ ਵਾਲਾ ਹੈ। ਗੁਰਬਾਣੀ ਸਾਨੂੰ ਸੱਚ ਸਮਝਾ ਰਹੀ ਹੈ ਤੇ ਗੁਰਬਾਣੀ ਦੇ ਦੱਸੇ ਹੋਏ ਸੱਚ ਅਨੁਸਾਰ

26/2820

ਵਿਚਰਨਾ ਹੀ ਗੁਰੂ ਦੀ ਸਿੱਖਿਆ ਤੇ ਚੱਲਣਾ ਹੈ ਜਿਸ ਨੂੰ ਕਿ ਸਾਰੇ ਸੰਸਾਰ ਦਾ ਇੱਕੋ ਜਿਹਾ ਧਰਮ ਸਮਝਾਇਆ ਹੈ ਜਿਸ ਧਰਮ ਦੁਆਰਾ ਵਿਚਰ ਕੇ, ਜਿਸ ਨਾਮ ਦੁਆਰਾ ਵਿਚਰ ਕੇ ਇੱਕ ਮਨੁੱਖ ਦੂਸਰੇ ਮਨੁੱਖ ਨਾਲ ਵਿਤਕਰਾ ਨਹੀਂ ਕਰ ਸਕਦਾ ਭਾਵੇਂ ਆਪਣੀ ਆਪਣੀ ਆਸਥਾ ਅਨੁਸਾਰ ਕੋਈ ਹਿੰਦੂ ਅਖਵਾਉਂਦਾ ਹੈ, ਮੁਸਲਮਾਨ ਅਖਵਾਉਂਦਾ ਹੈ, ਬੋਧੀ ਅਖਵਾਉਂਦਾ ਹੈ, ਕ੍ਰਿਸ਼ਚਨ ਅਖਵਾਉਂਦਾ ਹੈ ਜਾਂ ਕੋਈ ਵੀ ਹੋਰ ਧਾਰਮਿਕ ਆਸਥਾ ਵਾਲਾ ਅਖਵਾਉਂਦਾ ਹੈ। ਗੁਰਬਾਣੀ ਦੀ ਸਿੱਖਿਆ ਰਾਹੀਂ ਸਾਨੂੰ ਸਭ ਨੂੰ ਕੇਵਲ ਚੰਗਾ ਇਨਸਾਨ ਬਣਨਾ ਸਿਖਾਇਆ ਹੈ ਭਾਵ ਇਨਸਾਨੀਅਤ ਦਾ ਮਾਰਗ ਸਮਝਾਇਆ ਹੈ ਬਲਕਿ ਕੋਈ ਧਾਰਮਿਕ ਕੱਟੜਤਾ ਨਹੀਂ ਸਮਝਾਈ ਉਲਟਾ ਧਾਰਮਿਕ ਕੱਟੜਤਾ ਵਿੱਚੋਂ ਨਿਕਲਣਾ ਸਮਝਾਇਆ ਹੈ ਤਾਂ ਜੋ ਸਾਰਾ ਸੰਸਾਰ ਇੱਕ ਸੱਚੇ ਸੁੱਚੇ ਸਮਾਜ ਦੀ ਤਰ੍ਹਾਂ ਰਹਿ ਸਕੇ, ਆਪਸੀ ਝਗੜਿਆਂ ਤੋਂ ਦੂਰ ਹੋ ਕੇ ਰਹਿ ਸਕੇ, ਇੱਕ ਦੂਜੇ ਦੇ ਨਾਲ ਰਲ ਮਿਲ ਕੇ, ਪਿਆਰ ਨਾਲ, ਭਾਈਚਾਰੇ ਵਿੱਚ ਰਹਿ ਸਕੇ। ਸੱਚ ਸਾਨੂੰ ਗੁਣਾਂ ਦੇ ਨਾਲ ਜੋੜਦਾ ਹੈ ਭਾਵ ਗੁਣੀ ਜੀਵਨ ਦੇ ਨਾਲ ਜੋੜਦਾ ਹੈ, ਔਗੁਣ ਰਹਿਤ ਜੀਵਨ ਦੇ ਨਾਲ ਜੋੜਦਾ ਹੈ, ਮਾਇਆ ਮੋਹ ਰਹਿਤ ਜੀਵਨ ਦੇ ਨਾਲ, ਤ੍ਰਿਸ਼ਨਾ ਰਹਿਤ ਜੀਵਨ ਦੇ ਨਾਲ ਜੋੜਦਾ ਹੈ ਭਾਵ ਮਨ ਦੇ ਸੰਤੋਖ ਦੇ ਨਾਲ ਜੋੜਦਾ ਹੈ ਜਿਸ ਦੁਆਰਾ ਸੱਚ ਤੇ ਚੱਲਿਆ ਜਾ ਸਕਦਾ ਹੈ, ਧਰਮੀ ਬਣ ਕੇ ਜੀਵਿਆ ਜਾ ਸਕਦਾ ਹੈ, ਗੁਰੂ ਪ੍ਰਮਾਤਮਾ ਦੀ ਸੇਵਾ ਵਾਲਾ ਜੀਵਨ ਜੀਵਿਆ ਜਾ ਸਕਦਾ ਹੈ। ਇਹੋ ਜਿਹਾ ਜੀਵਨ ਜਿਉਂਣ ਵਾਲਾ ਗੁਰਸਿੱਖ ਹੈ ਜਿਹੋ ਜਿਹਾ ਜੀਵਨ ਜਿਉਂਣ ਲਈ ਨਾ ਸਾਨੂੰ ਕਿਸੇ ਸਰੀਰਕ ਜਪ ਤਪ ਦੀ ਲੋੜ ਹੈ ਤੇ ਨਾ ਹੀ ਬੋਲ ਬੋਲ ਕੇ ਕਿਸੇ ਅੱਖਰ ਨੂੰ ਨਾਮ ਸਮਝ ਕੇ ਧਿਆਉਣ ਦੀ ਲੋੜ ਹੈ। ਨਾਮ ਸੱਚ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਤੇ ਇਹ ਸੱਚ ਹੀ ਪ੍ਰਮਾਤਮਾ ਦਾ ਅੰਮ੍ਰਿਤ ਹੈ ਜਿਸ ਨੂੰ ਪੀਣ ਦੁਆਰਾ ਅਸੀਂ ਸੱਚਾ ਜੀਵਨ ਜੀ ਸਕਦੇ ਹਾਂ। ਇਹ ਅੰਮ੍ਰਿਤ ਮਨ ਦੀ ਸੋਝੀ ਦਾ ਅੰਮ੍ਰਿਤ ਹੈ, ਸੱਚੇ ਗਿਆਨ ਦਾ ਅੰਮ੍ਰਿਤ ਹੈ ਜੋ ਅੰਮ੍ਰਿਤ ਗੁਰਬਾਣੀ ਹਰ ਕਿਸੇ ਨੂੰ ਪੀਣ ਲਈ ਵੰਡ ਰਹੀ ਹੈ, ਇਹ ਮਨ ਦੇ ਪੀਣ ਦਾ ਅੰਮ੍ਰਿਤ ਹੈ ਜਿਸ ਨੂੰ ਕੋਈ ਵੀ ਪੀ ਸਕਦਾ ਹੈ ਤੇ ਸੱਚ ਨੂੰ ਸਮਝ ਕੇ ਉਸ ਅਨੁਸਾਰ ਵਿਚਰ ਸਕਦਾ ਹੈ। ਖੰਡੇ ਬਾਟੇ ਦੇ ਅੰਮ੍ਰਿਤ ਦਾ ਮਕਸਦ ਸਾਨੂੰ ਇਸ ਸੱਚ ਰੂਪ ਅੰਮ੍ਰਿਤ ਦੇ ਨਾਲ ਜੋੜਨ ਦਾ ਹੀ ਹੈ ਤਾਂ ਜੋ ਅਸੀਂ ਗੁਰਬਾਣੀ ਰੂਪ ਅੰਮ੍ਰਿਤ ਨੂੰ ਛੱਡ ਕੇ ਭਾਵ ਗੁਰਬਾਣੀ ਦੀ ਸੋਝੀ ਨੂੰ ਛੱਡ ਕੇ ਕਿਸੇ ਹੋਰ ਦੀ ਸੋਝੀ ਦੇ ਨਾਲ ਨਾ ਜੁੜੀਏ ਭਾਵ ਕਿਸੇ ਉਹੋ ਜਿਹੇ ਦੀ ਮਤਿ ਦੇ ਨਾਲ ਨਾ ਜੁੜੀਏ ਜਿਸ ਨੂੰ ਕਿ ਸੱਚ ਦੀ ਸਮਝ ਨਹੀਂ ਹੈ, ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਹੈ। ਗੁਰਬਾਣੀ ਦੇ ਅੰਮ੍ਰਿਤ ਨੂੰ ਸੰਸਾਰ ਵਿੱਚ ਵੰਡਣਾ ਹੀ ਭਾਵ ਗੁਰਬਾਣੀ ਦੇ ਸੋਝੀ ਰੂਪ ਅੰਮ੍ਰਿਤ ਨੂੰ ਸੰਸਾਰ ਵਿੱਚ ਵੰਡਣਾ ਹੀ ਸਾਰੇ ਸੰਸਾਰ ਨੂੰ ਇੱਕੋ ਜਿਹਾ ਅੰਮ੍ਰਿਤ ਛਕਾਉਣ ਦਾ ਮਕਸਦ ਹੈ ਤਾਂ ਜੋ ਅਸੀਂ ਗੁਰਬਾਣੀ ਦੀ ਮਤਿ ਤੇ ਆਪ ਦ੍ਰਿੜ ਹੋ ਕੇ ਵਿਚਰੀਏ ਤੇ ਸੰਸਾਰ ਨੂੰ ਵਿਚਰਨਾ ਸਿਖਾਈਏ, ਆਪ ਇਹੋ ਜਿਹਾ ਨਾਮ ਜਪੀਏ ਜਿਹੋ ਜਿਹਾ ਗੁਰਬਾਣੀ ਨੇ ਸਾਨੂੰ ਸਮਝਾਇਆ ਹੈ ਤੇ

26/2821

ਸੰਸਾਰ ਨੂੰ ਸੱਚ ਰੂਪ ਨਾਮ ਜਪਾਈਏ ਭਾਵ ਸੰਸਾਰ ਵਿੱਚ ਗੁਰੂ ਦੀ ਸੱਚੀ ਮਤਿ ਨੂੰ ਵੰਡੀਏ। ਜੇਕਰ ਪਹਿਲਾ ਆਪ ਸੱਚ ਨੂੰ ਮੰਨਾਂਗੇ ਭਾਵ ਜੇਕਰ ਪਹਿਲਾ ਆਪ ਗੁਰੂ ਦੀ ਸਿੱਖਿਆ ਨੂੰ ਮੰਨਾਂਗੇ ਭਾਵ ਗੁਰਸਿੱਖ ਬਣਾਂਗੇ ਤਾਂ ਹੀ ਦੂਸਰਿਆਂ ਨੂੰ ਗੁਰਬਾਣੀ ਦੇ ਸਿੱਖ ਬਣਨ ਲਈ ਪ੍ਰੇਰ ਸਕਦੇ ਹਾਂ। ਗੁਰੂ ਦਾ ਸਿੱਖ ਬਣਨਾ ਬਹੁਤ ਔਖਾ ਹੈ, ਸੱਚ ਤੇ ਚੱਲਣਾ ਬਹੁਤ ਔਖਾ ਹੈ ਜੋ ਕਿ ਸਾਰਿਆਂ ਲਈ ਇੱਕੋ ਜਿਹਾ ਹੀ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਨਾਮ ਜਪਣਾ ਸਭ ਲਈ ਇੱਕੋ ਜਿਹਾ ਔਖਾ ਹੀ ਹੈ। ਗੁਰੂ ਆਪ ਹੀ ਗੁਰਸਿੱਖ ਰੂਪ ਹੈ ਜਿਸ ਨੇ ਆਪ ਹੀ ਸਾਨੂੰ ਆਪਣੀ ਸਿੱਖਿਆ ਤੇ ਚੱਲ ਕੇ ਦਿਖਾਇਆ ਹੈ ਤੇ ਸਭ ਨੂੰ ਆਪਣੀ ਸਿੱਖਿਆ ਤੇ ਚੱਲਣ ਦਾ ਉਪਦੇਸ਼ ਸੁਣਾਇਆ ਹੈ, ਗੁਰਬਾਣੀ ਰਾਹੀਂ ਸੁਣਾਇਆ ਹੈ।

ਹੁਣ ਅਸੀਂ ਹੇਠ ਦਿੱਤੇ ਸ਼ਬਦ ਨੂੰ ਆਸਾਨੀ ਨਾਲ ਸਮਝ ਸਕਾਂਗੇ ਜਿਸ ਸ਼ਬਦ ਨੂੰ ਸਮਝਣ ਲਈ ਅਸੀਂ ਪਹਿਲਾ ਗੁਰਸਿੱਖ ਬਣਨਾ ਸਿੱਖਿਆ ਹੈ, ਕਾਫੀ ਪਿੱਛੇ ਤੋਂ ਕੁੱਝ ਸ਼ਬਦਾਂ ਦੁਆਰਾ ਗੁਰਸਿੱਖ ਬਣਨਾ ਸਮਝਿਆ ਹੈ।

ਮਃ ੪ ॥

“ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥”

(ਅੰਗ ੩੦੫)

ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਗੁਰੂ ਦਾ ਸਿੱਖ ਅਖਵਾਉਣ ਵਾਲਾ ਕੌਣ ਹੈ। **“ਗੁਰ ਸਤਿਗੁਰ ਕਾ ਜੋ ਸਿਖੁ ਅਖਾਏ”** ਇਸ ਤੋਂ ਭਾਵ ਹੈ ਗੁਰੂ ਆਪ ਹੀ ਆਪਣਾ ਸਿੱਖ ਹੈ, ਗੁਰੂ ਆਪ ਹੀ ਆਪਣਾ ਸਿੱਖ ਅਖਵਾਉਂਦਾ ਹੈ ਤੇ ਜੋ ਉਸ ਦਾ ਸਿੱਖ ਅਖਵਾਉਂਦਾ ਹੈ, **“ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥”** ਭਾਵ ਗੁਰੂ ਆਪ ਹੀ ਨਿੱਤ ਉੱਠ ਕੇ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ ਭਾਵ ਗੁਰੂ ਆਪਣੀ ਸਮਝਾਈ ਹੋਈ ਸਿੱਖਿਆ ਤੇ ਆਪ ਹੀ ਨਿੱਤ ਉੱਠ ਕੇ ਚੱਲਦਾ ਹੈ ਭਾਵ ਗੁਰੂ ਨੇ ਜੋ ਸਿੱਖਿਆ ਸੰਸਾਰ ਨੂੰ ਦਿੱਤੀ ਹੈ ਗੁਰੂ ਆਪ ਉਸ ਸਿੱਖਿਆ ਤੇ ਚੱਲਦਾ ਹੈ। **(ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥)**

ਮਹਲਾ ੪॥

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥}

(ਅੰਗ ੧੪੦)

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਉੱਦਮ ਨੂੰ ਸਮਝ ਸਕੀਏ। ਜੋ ਉੱਦਮ ਗੁਰੂ ਸਾਹਿਬ ਨੇ ਆਪ ਕੀਤਾ ਹੈ ਉਹੀ ਉੱਦਮ ਕਰਨਾ ਸਾਨੂੰ ਸਿਖਾਇਆ ਹੈ।

“ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥”

ਉੱਪਰ ਪੰਗਤੀ ਰਾਹੀਂ ਸਾਨੂੰ ਮਨ ਦੀ ਪ੍ਰਭਾਤ ਸਮਝਾਈ ਹੋਈ ਹੈ ਤੇ ਸਾਨੂੰ ਕਿਸੇ ਵੇਲੇ ਨਾਲ ਨਹੀਂ ਜੋੜਿਆ ਹੋਇਆ ਜਿਵੇਂ ਕਿ ਅਸੀਂ ਲੇਖ ਵਿੱਚ ਕਾਫੀ ਪਿੱਛੇ ਇਸ ਗੱਲ ਨੂੰ ਕੁੱਝ ਸ਼ਬਦਾਂ

26/2822

ਦੁਆਰਾ ਬਰੀਕੀ ਨਾਲ ਸਮਝਿਆ ਹੈ। ਇਹ ਸਾਡੇ ਮਨ ਦੀ ਪ੍ਰਭਾਤ ਹੈ ਜੋ ਕਿ ਸਾਨੂੰ ਅਗਿਆਨਤਾ ਦੇ ਵਿੱਚੋਂ ਜਗਾਉਂਦੀ ਹੈ, ਮਾਇਆ ਮੋਹ ਦੇ ਵਿੱਚੋਂ ਜਗਾਉਂਦੀ ਹੈ ਜਿਸ ਵਿੱਚ ਪ੍ਰਮਾਤਮਾ ਨੇ ਹਰ ਇੱਕ ਨੂੰ ਸਵਾਇਆ ਹੋਇਆ ਹੈ। ਮਨ ਦੇ ਵਿੱਚ ਇਹ ਪ੍ਰਭਾਤ ਹੀ ਸਾਨੂੰ ਜਗਾਉਂਦੀ ਹੈ ਜੋ ਸਾਨੂੰ ਰਾਤ ਦੇ ਹਨ੍ਹੇਰੇ ਵਿੱਚੋਂ ਕੱਢਦੀ ਹੈ ਭਾਵ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਦੀ ਹੈ। ਮਨ ਦੇ ਵਿੱਚ ਇਹ ਪ੍ਰਭਾਤ “ਅੰਮ੍ਰਿਤ ਸਰਿ” ਦੇ ਇਸ਼ਨਾਨ ਹੋਣ ਦੁਆਰਾ ਚੜ੍ਹਦੀ ਹੈ। ਗੁਰੂ ਹਰ ਵੇਲੇ ਅੰਮ੍ਰਿਤ ਸਰੋਵਰ ਦੇ ਵਿੱਚੋਂ ਇਸ਼ਨਾਨ ਕਰਦਾ ਹੈ, ਹਰ ਰੋਜ਼, ਹਰ ਸਮੇਂ ਅੰਮ੍ਰਿਤ ਸਰੋਵਰ ਦੇ ਵਿੱਚੋਂ ਇਸ਼ਨਾਨ ਕਰਦਾ ਹੈ ਜੋ ਅੰਮ੍ਰਿਤ ਸਰੋਵਰ ਸਾਡੇ ਅੰਦਰ

ਹੀ ਹੈ। ਗੁਰੂ ਦੀ ਪਹੁੰਚ ਉਸ ਅੰਮ੍ਰਿਤ ਸਰੋਵਰ ਤੱਕ ਬਣੀ ਹੋਈ ਹੈ ਜਿਸ ਵਿੱਚੋਂ ਗੁਰੂ ਹਰ ਵੇਲੇ ਇਹ ਇਸ਼ਨਾਨ ਕਰਦਾ ਹੈ। ਇਹ ਅੰਮ੍ਰਿਤ ਸਰੋਵਰ ਸਾਡੇ ਅੰਦਰ ਸੱਚੇ ਗਿਆਨ ਦਾ ਸਰੋਵਰ ਹੈ, ਚੌਥੇ ਪਦ ਦੇ ਗਿਆਨ ਦਾ ਸਰੋਵਰ ਹੈ, ਨਾਮ ਦਾ ਸਰੋਵਰ ਹੈ, ਬ੍ਰਹਮ ਗਿਆਨ ਦਾ ਸਰੋਵਰ ਹੈ ਜਿਸ ਵਿੱਚ ਮਨ ਦੇ ਵਿਚਾਰ ਹੀ ਇਸ਼ਨਾਨ ਕਰਦੇ ਹਨ, ਜਿਸ ਦੁਆਰਾ ਸਾਡੀ ਸੋਝੀ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਅੰਮ੍ਰਿਤ ਰੂਪ ਸਰੋਵਰ ਦੇ ਰੂਪ ਵਿੱਚ ਹੀ ਹੈ ਜਿਸ ਦੇ ਵਿੱਚੋਂ ਉਹ ਆਪ ਹੀ ਸਾਡੇ ਮਨ ਦੀ ਸੋਝੀ ਨੂੰ ਇਸ਼ਨਾਨ ਕਰਵਾਉਂਦਾ ਹੈ। ਸਾਡੇ ਅੰਦਰ ਇਹ "ਅੰਮ੍ਰਿਤ ਸਰਿ" ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ ਕਿ ਇਸ ਅੰਮ੍ਰਿਤ ਸਰੋਵਰ ਵਿੱਚੋਂ ਇਸ਼ਨਾਨ ਕਰਨਾ ਕੀ ਹੈ। ਇਹ ਇਸ਼ਨਾਨ ਸਾਡੇ ਮਨ ਦੀ ਅਵੱਸਥਾ ਦੇ ਨਾਲ ਜੁੜਿਆ ਹੋਇਆ ਹੈ ਤੇ ਇਸ ਸਰੋਵਰ ਵਿੱਚੋਂ ਇਸ਼ਨਾਨ ਕੀਤੇ ਬਿਨ੍ਹਾਂ ਕਿਸੇ ਲਈ ਵੀ ਇਸ ਗੱਲ ਨੂੰ ਸਮਝਣਾ ਸੌਖਾ ਨਹੀਂ ਹੈ ਤੇ ਸਾਡੇ ਲਈ ਕੇਵਲ ਇਹੀ ਗੱਲ ਮੰਨਣੀ ਚੰਗੀ ਹੈ ਕਿ ਗੁਰੂ ਸਾਹਿਬ ਨੇ ਜੋ ਸਾਨੂੰ ਸਮਝਾਇਆ ਹੈ ਉਸ ਵਿੱਚ ਪੂਰਨ ਸੱਚ ਹੈ ਤੇ ਅਸੀਂ ਉਸਨੂੰ ਸੱਚ ਮੰਨੀਏ।

“ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥”

(ਅੰਗ ੫੮੭)

ਉੱਪਰ ਵਾਲੀਆਂ ਪੰਗਤੀਆਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ “ਅੰਮ੍ਰਿਤ ਸਰਿ” ਤੀਰਥ ਸਾਡੇ ਅੰਦਰ ਹੀ ਹੈ ਜੋ ਕਿ “ਗਿਆਨੁ” ਰੂਪ ਹੈ। ਇਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰੂਪ ਵਿੱਚ ਉਹ ਸਭ ਦੇ ਅੰਦਰ ਵਰਤ ਰਿਹਾ ਹੈ ਪਰ ਇਸ ਤੀਰਥ ਨੂੰ ਬੁੱਝੇ ਬਿਨ੍ਹਾਂ ਨਾ ਹੀ ਕੋਈ ਇਸ ਤੀਰਥ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਇਸ ਤੀਰਥ ਤੇ ਇਸ਼ਨਾਨ ਕਰ ਸਕਦਾ ਹੈ। ਆਪਣੇ ਇਸ ਤੀਰਥ ਦੀ ਸੋਝੀ ਉਹ ਸਤਿਗੁਰਿ ਪ੍ਰਮਾਤਮਾ ਆਪ ਹੀ ਕਿਸੇ ਨੂੰ ਪਾਏ ਤਾਂ ਪੈ ਸਕਦੀ ਹੈ, ਆਪ ਹੀ ਕਿਸੇ ਨੂੰ ਆਪਣੇ ਤੀਰਥ ਦੇ ਇਸ਼ਨਾਨ ਕਰਵਾਏ ਤਾਂ ਕੋਈ ਕਰ ਸਕਦਾ ਹੈ। ਗੁਰੂ ਪ੍ਰਮਾਤਮਾ ਦਾ

26/2823

ਆਪਣਾ ਹੀ ਰੂਪ ਹੈ ਜਿਸ ਨੂੰ ਆਪਣੇ ਅੰਦਰੋਂ ਇਸ “ਗਿਆਨੁ” ਰੂਪ “ਤੀਰਥੁ” ਦੀ ਸੋਝੀ ਹੈ ਤੇ ਉਹ ਆਪਣੇ ਅੰਦਰੋਂ ਹੀ ਇਸ ਤੀਰਥ ਤੇ ਇਸ਼ਨਾਨ ਕਰਦਾ ਹੈ ਤੇ ਇਸੇ ਲਈ ਗੁਰੂ ਦਾ ਗਿਆਨ ਸੱਚਾ ਗਿਆਨ ਹੈ, ਉੱਚਾ ਗਿਆਨ ਹੈ। ਸਾਡੇ ਅੰਦਰੋਂ ਅਗਿਆਨਤਾ ਦੀ ਮੈਲ ਸੱਚੇ ਗਿਆਨ ਦਾ ਇਸ਼ਨਾਨ ਕਰਨ ਦੁਆਰਾ ਹੀ ਜਾਂਦੀ ਹੈ ਜਿਸ ਦੁਆਰਾ ਸਾਡਾ ਮਨ ਨਿਰਮਲ ਹੁੰਦਾ ਹੈ। ਗੁਰੂ ਦਾ ਮਨ ਨਿਰਮਲ ਹੈ ਕਿਉਂਕਿ ਉਸ ਦੇ ਅੰਦਰੋਂ ਅਗਿਆਨਤਾ ਦੀ, ਭਰਮ ਦੀ ਮੈਲ ਨਿਕਲੀ ਹੋਈ ਹੈ ਤੇ ਇਹੀ ਗਿਆਨ ਦੇ ਤੀਰਥ ਤੇ ਇਸ਼ਨਾਨ ਕਰਨ ਦਾ ਮਕਸਦ ਹੈ। ਜਿੰਨ੍ਹਾਂ ਨੇ ਇਸ ਗਿਆਨ ਦੇ ਤੀਰਥ ਤੇ ਇਸ਼ਨਾਨ ਕੀਤਾ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਗਿਆਨ ਪਾਇਆ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਗਿਆਨ ਦਾ “ਤੀਰਥੁ” ਹੈ ਜੋ ਮੈਲ ਤੋਂ ਰਹਿਤ ਹੈ, ਭਰਮ ਤੋਂ ਰਹਿਤ ਹੈ। ਪੂਰੀ ਗੁਰਬਾਣੀ ਅੰਮ੍ਰਿਤ ਦਾ ਸਰੋਵਰ ਹੈ ਜਿਸ ਵਿੱਚੋਂ ਅਸੀਂ ਇਸ਼ਨਾਨ ਕਰਨਾ ਹੈ, ਜਿਸ ਦਾ ਮਕਸਦ ਆਪਣੇ ਮਨ ਦੀ ਮੈਲ ਨੂੰ ਉਤਾਰਨ ਦਾ ਹੈ, ਮਨ ਦੀ ਅਗਿਆਨਤਾ ਦੀ ਮੈਲ ਨੂੰ ਧੋਣ ਦਾ ਹੈ। ਗੁਰੂ ਸਾਨੂੰ ਬਾਣੀ ਰਾਹੀਂ ਗਿਆਨ ਦੇ ਤੀਰਥ ਦਾ ਇਸ਼ਨਾਨ ਕਰਨਾ ਹੀ ਸਮਝਾ ਰਿਹਾ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਹੀ ਸਮਝਾ ਰਿਹਾ ਹੈ ਜਿਸ ਦੁਆਰਾ ਗੁਰੂ ਦਾ ਸਿੱਖ ਬਣਿਆ ਜਾ ਸਕਦਾ ਹੈ ਤੇ ਹਰ ਰੋਜ਼ ਉੱਠ ਕੇ, ਭਲਕੇ ਉੱਠ ਕੇ ਸਾਨੂੰ ਗੁਰਮਤਿ ਰੂਪ ਇਸ਼ਨਾਨ ਕਰਨਾ ਹੀ ਸਮਝਾਇਆ ਹੈ ਜਿਸ ਨਾਲ ਸਾਡੇ ਮਨ ਦੇ ਅੰਦਰ ਪ੍ਰਭਾਤ ਚੜ੍ਹਦੀ ਹੈ ਭਾਵ ਅਗਿਆਨਤਾ ਦਾ ਹਨ੍ਹੇਰਾ ਦੂਰ ਹੁੰਦਾ ਹੈ, ਹਨ੍ਹੇਰੇ ਵਿੱਚ ਰਹਿੰਦਿਆਂ ਸਾਨੂੰ ਆਪਣੇ ਜੀਵਨ ਦੇ ਮਾਰਗ ਦੀ ਸਹੀ ਸੋਝੀ ਨਹੀਂ ਪੈਂਦੀ ਤੇ ਮਾਰਗ ਦੀ ਸੱਚੀ ਸੋਝੀ ਮਨ ਦੇ ਵਿੱਚ ਪ੍ਰਭਾਤ ਦੁਆਰਾ, ਦਿਨ ਚੜ੍ਹਨ ਦੁਆਰਾ ਹੀ ਪੈਂਦੀ ਹੈ। ਗੁਰੂ ਦੇ ਅੰਦਰ ਇਹ ਗਿਆਨ ਦਾ ਚਾਨਣ ਹਰ ਵੇਲੇ ਹੀ ਹੋਇਆ ਰਹਿੰਦਾ ਹੈ ਤੇ ਇਸੇ ਲਈ ਉਹ ਹਰ ਵੇਲੇ ਸੱਚੀ ਸੋਝੀ ਦੁਆਰਾ ਵਿਚਰਦਾ ਹੈ, ਸੱਚ ਦੁਆਰਾ ਵਿਚਰਦਾ ਹੈ, ਨਾਮ ਦੇ ਮਾਰਗ ਦੁਆਰਾ ਵਿਚਰਦਾ ਹੈ। ਮਨ ਦੀ ਅਗਿਆਨਤਾ ਦੀ ਮੈਲ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ ਤੇ ਗੁਰੂ ਦਾ ਸੱਚਾ ਗਿਆਨ ਹੀ ਸਾਨੂੰ ਸੱਚ ਸਮਝਾਉਂਦਾ ਹੈ ਜਿਸ ਦੁਆਰਾ ਮਨ ਨਿਰਮਲ ਹੁੰਦਾ ਹੈ। “ਨਿਰਮਲੁ” ਰੂਪ ਵਿੱਚ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਹੈ ਤੇ ਜਿਸ ਨੂੰ ਉਹ ਆਪਣੇ “ਗਿਆਨੁ” ਰੂਪ ਨਾਲ ਜੋੜ ਲੈਂਦਾ ਹੈ ਉਸ “ਮਨੁ” ਨੂੰ “ਨਿਰਮਲੁ” ਰੂਪ ਕਰ ਦਿੰਦਾ ਹੈ ਭਾਵ ਆਪਣਾ ਰੂਪ ਬਣਾ ਦਿੰਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ “ਮਨੁ” ਦੇ ਰੂਪ ਵਿੱਚ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ। ਗੁਰੂ ਕੋਲ ਇਸ ਗੱਲ ਦੀ ਸੋਝੀ ਹੈ ਕਿਉਂਕਿ ਉਹ ਜਾਣਦਾ ਹੈ ਕਿ ਮਨ ਕੀ ਹੈ ਤੇ ਇਸ ਮਨ ਨੂੰ ਜਾਣੇ ਬਿਨ੍ਹਾਂ ਹਰ ਕੋਈ ਅਗਿਆਨਤਾ ਵਿੱਚ ਹੀ ਹੈ ਭਾਵ ਮਨ ਦੀ ਮੈਲੀ ਸੋਝੀ ਵਿੱਚ ਹੀ ਹੈ ਜਿਸ ਦੁਆਰਾ ਸਾਨੂੰ ਸੱਚੀ ਭਗਤੀ ਦੀ ਸੋਝੀ ਨਹੀਂ ਪੈਂਦੀ ਤੇ ਅਸੀਂ ਸਰਗੁਣ ਰੂਪ ਤੀਰਥਾਂ ਦੇ ਇਸ਼ਨਾਨ ਨਾਲ ਜੁੜੇ ਰਹਿੰਦੇ ਹਾਂ, ਨਾਮ ਨੂੰ ਤੇ ਗੁਰਬਾਣੀ ਨੂੰ ਵੱਖਰਾ ਸਮਝਦੇ ਹਾਂ ਭਾਵ ਨਾਮ ਨੂੰ ਜਪਣ ਵਿੱਚ ਤੇ ਗੁਰਮਤਿ ਨੂੰ ਜਪਣ ਵਿੱਚ ਫਰਕ

26/2824

ਸਮਝਦੇ ਹਾਂ। **(ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥ ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥)**

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥}

(ਅੰਗ ੬੮੭)

ਸਾਡੇ ਅੰਦਰ ਅੰਮ੍ਰਿਤ ਸਰੋਵਰ ਦੇ ਰੂਪ ਵਿੱਚ, ਗਿਆਨ ਸਰੋਵਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਇਸ ਸਰੋਵਰ ਤੋਂ ਅੰਮ੍ਰਿਤ ਜਲ ਉਹੀ ਭਰ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪ ਹੀ ਭਰਵਾਉਂਦਾ ਹੈ। ਸਾਡੇ ਅੰਦਰ ਭਰਮ ਰੂਪ ਪੜਦਾ, ਭਰਮ ਰੂਪ ਦੀਵਾਰ, ਕੂੜੇ ਦੀ ਪਾਲਿ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ ਜੋ ਕਿ ਸਾਡੇ ਅੰਦਰ ਤ੍ਰੈਗਣਾਂ ਵਾਲੀ ਅਵੱਸਥਾ ਹੈ। ਇਸ ਅਵੱਸਥਾ ਵਿੱਚੋਂ ਨਿਕਲੇ ਬਿਨ੍ਹਾਂ, ਭਰਮ ਦੇ ਬੰਧਨ ਵਿੱਚੋਂ ਨਿਕਲੇ ਬਿਨ੍ਹਾਂ ਇਸ ਅੰਮ੍ਰਿਤ ਰੂਪ ਸਰੋਵਰ ਤੇ ਕੋਈ ਇਸ਼ਨਾਨ ਨਹੀਂ ਕਰ ਸਕਦਾ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਕਰ ਸਕਦਾ। ਜਿਸ ਦਾ ਜੀਵਨ ਪ੍ਰਮਾਤਮਾ ਸਫ਼ਲ ਕਰਦਾ ਹੈ ਉਸ ਨੂੰ ਆਪਣੇ ਇਸ ਸਰੋਵਰ ਤੇ ਇਸ਼ਨਾਨ ਹੀ ਕਰਵਾਉਂਦਾ ਹੈ ਜਿੱਥੋਂ ਸਾਨੂੰ ਗਿਆਨ ਰੂਪ ਫਲ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨੂੰ ਇਹ ਪ੍ਰਾਪਤੀ ਹੋਈ ਹੋਈ ਹੈ ਕਿਉਂਕਿ ਉਸ ਵਿੱਚੋਂ ਭਰਮ ਦਾ ਪੜਦਾ ਪ੍ਰਮਾਤਮਾ ਨੇ ਕੱਢਿਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਇਹ ਭਰਮ ਦੀ ਦੀਵਾਰ ਹੈ ਪ੍ਰਮਾਤਮਾ ਨੂੰ ਪਾਉਣ ਦੀ ਪਿਆਸ ਨਹੀਂ ਬੁੱਝ ਸਕਦੀ। ਜਿਸ ਦੀ ਪ੍ਰਮਾਤਮਾ ਇਹ ਪਿਆਸ ਬੁਝਾਉਂਦਾ ਹੈ ਉਸ ਨੂੰ ਆਪਣੇ ਅੰਦਰੋਂ ਹੀ ਇਹ ਬ੍ਰਹਮ ਗਿਅਨ ਰੂਪ ਜਲ ਪਿਆਉਂਦਾ ਹੈ, ਅੰਮ੍ਰਿਤ ਜਲ ਪਿਆਉਂਦਾ ਹੈ ਤੇ ਮਨ ਦੇ ਵਿੱਚੋਂ ਤ੍ਰੈਗੁਣਾਂ ਵਾਲੀ ਅਵੱਸਥਾ ਦਾ, ਭਰਮ ਵਾਲੀ ਅਵੱਸਥਾ ਦਾ ਪੜਦਾ ਦੂਰ ਕਰਕੇ ਹੀ ਪਿਆਉਂਦਾ ਹੈ।

{ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥
ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ॥੨॥
ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ॥
ਤਿਖਾ ਤਿਹਾਣਿਆ ਕਿਉ ਲਹੈ ਜਾ ਸਰ ਭੀਤਰਿ ਪਾਲਿ॥੩॥}

(ਅੰਗ ੫੫੭)

ਇਸ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਕਰਨ ਨਾਲ, ਗਿਆਨ ਦੇ ਤੀਰਥ ਦਾ ਇਸ਼ਨਾਨ ਕਰਨ ਨਾਲ ਸਾਡੀ ਮੈਲ ਕਿਸ ਰੂਪ ਵਿੱਚ ਉੱਤਰਦੀ ਹੈ, ਅਸੀਂ ਪਵਿੱਤਰ ਕਿਸ ਰੂਪ ਵਿੱਚ ਹੁੰਦੇ ਹਾਂ ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਜਿਤੁ ਜਪਿਐ ਪਾਪ ਗਵਾਤੇ ਰਾਮ॥
ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ॥
ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ॥
ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ ਜਨ ਨਾਨਕ ਖਿਨੁ ਹਰਿ ਰਾਤੇ ਰਾਮ॥੪॥੩॥”

(ਅੰਗ ੫੩੯)

ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਸਾਹਿਬ ਨੇ ਆਪਣੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ, ਗੁਰੂ ਦੀ ਮਹਿਮਾ ਸਮਝਾਈ ਹੋਈ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਹੀ ਮਹਿਮਾ ਹੈ। ਗੁਰੂ ਨੇ ਨਾਮ ਜਪਿਆ ਹੋਇਆ ਹੈ ਤੇ ਇਸੇ ਲਈ ਗੁਰੂ ਪਾਪਾਂ ਵਾਲੀ ਬਿਰਤੀ ਵਿੱਚੋਂ ਨਿਕਲਿਆ ਹੋਇਆ ਹੈ। ਗੁਰੂ ਦੀ ਅਵੱਸਥਾ ਨੂੰ ਪ੍ਰਮਾਤਮਾ ਨੇ ਆਪ ਪਵਿੱਤਰ ਕੀਤਾ ਹੋਇਆ ਹੈ ਜਿਸ ਦੁਆਰਾ ਗੁਰੂ ਦੀ ਹਰ ਪਾਸੇ, ਹਰ ਜੁਗ ਵਿੱਚ ਮਹਿਮਾ ਹੈ। ਗੁਰੂ ਹਉਮੈ ਦੀ ਮੈਲ ਵਿੱਚੋਂ ਨਿਕਲਿਆ ਹੋਇਆ ਹੈ ਤੇ ਹਉਮੈ ਕਰਕੇ ਹਰ ਕੋਈ ਮੈਲਾ ਹੈ, ਪਤਿਤ ਹੈ। ਗੁਰੂ ਦੀ ਇਹ ਹਉਮੈ ਦੀ ਮੈਲ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਦੁਆਰਾ ਉਤਰੀ ਹੋਈ ਹੈ। ਇਹ ਸਰੋਵਰ ਪ੍ਰਮਾਤਮਾ ਦਾ ਆਪਣਾ ਹੈ ਭਾਵ “ਹਰਿ ਸਰਿ” ਹੈ ਜਿਸ ਦੇ ਵਿੱਚੋਂ ਗੁਰੂ ਦੀ ਸੋਝੀ ਨੇ ਇਸ਼ਨਾਨ ਕੀਤਾ ਹੋਇਆ ਹੈ। ਇਸ ਸੋਝੀ

ਦਾ ਇਸ਼ਨਾਨ ਕਰਨਾ ਹੀ ਆਪਣੇ ਅੰਦਰੋਂ ਨਾਮ ਇਸ਼ਨਾਨ ਕਰਨਾ ਹੈ ਜੋ ਕਿ "ਅਤਿ ਊਤਮੁ" ਹੈ ਭਾਵ ਸਭ ਤੋਂ ਉੱਚੀ ਸੋਝੀ ਦਾ ਇਸ਼ਨਾਨ ਹੈ। ਗੁਰੂ ਦੀ ਸ਼ੋਭਾ ਇਸ ਉੱਚੀ ਸੋਝੀ ਕਰਕੇ ਹੀ ਹੈ। ਸਾਡੇ ਅੰਦਰੋਂ ਪਾਪਾਂ ਵਾਲੀ ਬਿਰਤੀ ਭਾਵ ਔਗੁਣਾਂ ਵਾਲੀ ਬਿਰਤੀ ਜਿਸ ਦੁਆਰਾ ਹਰ ਕੋਈ ਪ੍ਰਮਾਤਮਾ ਦਾ ਅਪਰਾਧੀ ਹੈ ਉਹ ਇਸ ਸਰੋਵਰ ਦੇ ਇਸ਼ਨਾਨ ਕਰਨ ਦੁਆਰਾ ਹੀ ਦੂਰ ਹੁੰਦੀ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਰੱਤਦਾ ਹੈ ਉਸਨੂੰ ਮਨ ਦੇ ਵਿੱਚੋਂ ਆਪਣੇ ਸਰੋਵਰ ਦਾ ਇਸ਼ਨਾਨ ਹੀ ਕਰਵਾਉਂਦਾ ਹੈ। ਉਹ ਮਨੁੱਖ ਦੇ ਅੰਦਰ ਖਿਨ ਦੇ ਵਿੱਚ ਪ੍ਰਗਟ ਹੋ ਸਕਦਾ ਹੈ ਤੇ ਮਨੁੱਖ ਦਾ ਉਧਾਰ ਕਰ ਸਕਦਾ ਹੈ। ਸਾਨੂੰ ਹਉਮੈ ਵਿੱਚੋਂ ਮਨ ਦੇ ਸਰੋਵਰ ਦਾ ਇਸ਼ਨਾਨ ਹੀ ਕੱਢਦਾ ਹੈ, ਨਾਮ ਦਾ, ਸੱਚੇ ਗਿਆਨ ਦਾ, ਬ੍ਰਹਮ ਗਿਆਨ ਦਾ ਇਸ਼ਨਾਨ ਹੀ ਕੱਢਦਾ ਹੈ ਜੋ ਇਸ਼ਨਾਨ ਪ੍ਰਮਾਤਮਾ ਆਪਣੇ ਸਰੋਵਰ ਤੇ ਕਿਸੇ ਨੂੰ ਆਪ ਹੀ ਕਰਵਾਉਂਦਾ ਹੈ। ਗੁਰੂ ਰੂਪ ਨੂੰ ਉਸਨੇ ਆਪਣੇ ਇਸ ਗਿਆਨ ਰੂਪ ਸਰੋਵਰ ਨਾਲ ਜੋੜਿਆ ਹੋਇਆ ਹੈ ਜੋ ਅੱਠੇ ਪਹਿਰ ਇਸ ਸਰੋਵਰ ਵਿੱਚ ਇਸ਼ਨਾਨ ਕਰਦਾ ਹੈ ਜਿਸ ਦੁਆਰਾ ਗੁਰੂ ਸਦਾ ਹੀ ਜਾਗਦਾ ਹੈ, ਉਸ ਦੇ ਅੰਦਰ ਹਰ ਵੇਲੇ

26/2825

ਪ੍ਰਭਾਤ ਹੈ, ਗਿਆਨ ਰੂਪ ਪ੍ਰਭਾਤ ਹੈ। **(ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਜਿਤੁ ਜਪਿਐ ਪਾਪ ਗਵਾਤੇ ਰਾਮ॥ ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ॥ ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ॥ ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ ਜਨ ਨਾਨਕ ਖਿਨੁ ਹਰਿ ਰਾਤੇ ਰਾਮ॥੪॥੩॥)**

ਮਨ ਦੀ ਪ੍ਰਭਾਤ ਕੀ ਹੈ ਇਸ ਗੱਲ ਨੂੰ ਲੇਖ ਵਿੱਚ ਅਸੀਂ ਕਾਫੀ ਪਿੱਛੇ ਜਾਣਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਮਨ ਦੀ ਪ੍ਰਭਾਤ ਨੂੰ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ ਜਿਸ ਦੁਆਰਾ ਗੁਰੂ ਹਰ ਵੇਲੇ ਜਾਗਦਾ ਹੈ ਤੇ ਕਿਸ ਰੂਪ ਵਿੱਚ ਜਾਗਦਾ ਹੈ। ਜਿਸ ਤਰੀਕੇ ਗੁਰੂ ਆਪ ਜਾਗਦਾ ਹੈ ਉਸੇ ਤਰੀਕੇ ਹੀ ਸਾਰੇ ਸੰਸਾਰ ਨੂੰ ਜਾਗਣਾ ਸਿਖਾਇਆ ਹੈ। ਅਸੀਂ ਆਪਣਾ ਸੱਚਾ ਧਰਮ ਮਨ ਦੀ ਨੀਂਦ ਵਿੱਚੋਂ ਜਾਗ ਕੇ ਕਮਾ ਸਕਦੇ ਹਾਂ ਕਿਉਂਕਿ ਸਾਨੂੰ ਸੱਚ ਦੀ ਸਮਝ ਇਸ ਅਗਿਆਨਤਾ ਦੀ ਨੀਂਦ ਵਿੱਚੋਂ ਜਾਗ ਕੇ ਹੀ ਪੈਂਦੀ ਹੈ, ਮਨ ਦੀ ਪ੍ਰਭਾਤ ਦੁਆਰਾ ਹੀ ਪੈਂਦੀ ਹੈ।

ਤੁਖਾਰੀ ਮਹਲਾ ੧॥

"ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ॥
ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ॥
ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ॥
ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ॥
ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ॥
ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ॥੧॥
ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ॥
ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥
ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ॥੨॥
ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ॥
ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ॥

ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ॥
ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ॥
ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ॥੩॥
ਆਵਣ ਜਾਣ ਰਹੇ ਚੂਕਾ ਭੋਲਾ ਰਾਮ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ॥
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ॥
ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ॥੪॥੩॥"

(ਅੰਗ ੧੧੧੦-੧੧੧੧)

ਉੱਪਰ ਸ਼ਬਦ ਰਾਹੀਂ ਸਾਨੂੰ ਲੰਮੇ ਤਾਰੇ ਦਾ ਪ੍ਰਮਾਣ ਦੇ ਕੇ ਪ੍ਰਮਾਤਮਾ ਦੀ ਭਗਤੀ ਕਰਨੀ ਸਮਝਾਈ ਹੋਈ ਹੈ, ਮਨ ਦਾ ਜਾਗਣਾ, ਮਨ ਦੀ ਪ੍ਰਭਾਤ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ॥
ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ॥
ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ॥
ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ॥
ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ॥
ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ॥੧॥"

ਲੰਮੇ ਤਾਰੇ ਦੀ ਮਹੱਤਤਾ ਅਸੀਂ ਬਚਪਨ ਤੋਂ ਆਪਣੇ ਬਜੁਰਗਾਂ ਤੋਂ ਸੁਣਦੇ ਆਏ ਹਾਂ। ਲੰਮੇ ਤਾਰੇ ਨੂੰ ਕੋਈ ਬੋਦੀ ਵਾਲੇ ਤਾਰੇ ਦੇ ਨਾਮ ਨਾਲ ਜਾਣਦਾ ਹੈ, ਕੋਈ ਧ੍ਰੂਅ ਤਾਰੇ ਦੇ ਨਾਮ ਨਾਲ ਜਾਣਦਾ ਹੈ ਤੇ ਇਸੇ ਤਰ੍ਹਾਂ ਕੋਈ ਹੋਰ ਨਾਮ ਦੇ ਨਾਲ ਜਾਣਦਾ ਹੈ ਜਿਵੇਂ ਕਿ ਕੋਈ ਪੂਛ ਵਾਲਾ ਤਾਰਾ ਕਹਿੰਦੇ ਹਨ। ਇਸ ਤਾਰੇ ਦੀ ਮਹੱਤਤਾ ਸਦੀਆਂ ਤੋਂ ਸਾਡੇ ਜੀਵਨ ਵਿੱਚ ਕਿਸ ਲਈ ਬਣੀ ਹੋਈ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਪੂਰਾ ਆਕਾਸ਼ ਤਾਰਿਆਂ ਨਾਲ ਭਰਿਆ ਹੋਇਆ ਹੈ ਭਾਵ ਕਰੋੜਾਂ ਹੀ

ਤਾਰਿਆਂ ਦਾ ਜਾਲ ਨਜ਼ਰ ਆਉਂਦਾ ਹੈ ਜਿੰਨ੍ਹਾਂ ਵਿੱਚ ਲੰਮਾ ਤਾਰਾ ਸਭ ਤੋਂ ਵੱਖਰਾ ਨਜ਼ਰ ਆਉਂਦਾ ਹੈ ਜਿਸ ਨੂੰ ਹਰ ਕੋਈ ਵੱਖਰਾ ਪਹਿਚਾਣ ਸਕਦਾ ਹੈ। ਇਹ ਤਾਰਾ ਸਾਨੂੰ ਇੱਕੋ ਜਗ੍ਹਾਂ ਹਰ ਰੋਜ਼ ਥਿਰ ਨਜ਼ਰ ਆਉਂਦਾ ਹੈ। ਪੁਰਾਣੇ ਸਮੇਂ ਤੋਂ ਰਾਤ ਦੇ ਸਮੇਂ ਭਾਵ ਰਾਤ ਦੇ ਹਨੇਰੇ ਵਿੱਚ ਯਾਤਰਾ ਕਰਨ ਵਾਲੇ ਇਸ ਤਾਰੇ ਦਾ ਆਸਰਾ ਲੈਂਦੇ ਆਏ ਹਨ ਜਿਸ ਨਾਲ ਉਹ ਰਾਤ ਦੇ ਵੇਲੇ ਆਪਣੇ ਰਸਤੇ ਦੀ ਪਹਿਚਾਣ ਕਰਦੇ ਰਹੇ ਹਨ ਤਾਂ ਕਿ ਉਹ ਆਪਣੇ ਰਸਤੇ ਤੋਂ ਭਟਕ ਨਾ ਜਾਣ। ਜਦੋਂ ਕੋਈ ਜ਼ਮੀਨੀ ਮਾਰਗ ਨਹੀਂ ਹੁੰਦੇ ਸਨ ਉਸ ਵੇਲੇ ਇਸ ਤਾਰੇ ਦੇ ਨਾਲ ਹੀ ਯਾਤਰੀ ਆਪਣੇ ਮਾਰਗ ਨੂੰ ਪਹਿਚਾਣਦੇ ਰਹੇ ਹਨ ਕਿ ਉਹ ਸਹੀ ਮਾਰਗ ਨੂੰ ਜਾ ਰਹੇ ਹਨ। ਚਾਰੇ ਪਾਸੇ ਜੰਗਲ ਆਦਿ ਹੋਣ ਨਾਲ ਕੋਈ ਵੀ ਆਪਣੇ ਮਾਰਗ ਤੋਂ ਭਟਕ ਸਕਦਾ ਹੈ ਤੇ ਇਸ ਤਾਰੇ ਤੋਂ ਸੇਧ ਲੈ ਕੇ ਆਪਣੇ ਮਾਰਗ ਦੀ ਸਮਝ ਪੈ ਜਾਂਦੀ ਹੈ। ਇਸੇ ਤਰ੍ਹਾਂ ਸਮੁੰਦਰੀ ਯਾਤਰਾ ਕਰਨ ਵਾਲੇ ਰਾਤ ਦੇ ਸਮੇਂ ਇਸ ਤਾਰੇ ਤੋਂ ਸੇਧ ਲੈਂਦੇ ਰਹੇ ਹਨ ਭਾਵ ਆਪਣਾ ਸਹੀ ਮਾਰਗ ਪਹਿਚਾਣਦੇ ਰਹੇ ਹਨ। ਇਸ ਲੰਮੇ ਤਾਰੇ ਦੀ ਤੁਲਨਾ ਸਾਡੇ ਧਰਮ ਦੇ ਮਾਰਗ ਨਾਲ ਕੀਤੀ ਗਈ ਹੈ, ਮਨ ਦੀ ਸੋਝੀ ਦੇ ਨਾਲ ਕੀਤੀ ਗਈ ਹੈ, ਗੁਰੂ ਦੇ ਗਿਆਨ ਦੇ ਨਾਲ ਕੀਤੀ ਗਈ ਹੈ ਜਿਸ ਰਾਹੀਂ ਸਾਨੂੰ ਆਪਣੇ ਧਰਮ ਦੇ ਮਾਰਗ ਦੀ ਸੋਝੀ ਪੈਂਦੀ ਹੈ। ਜਿਵੇਂ ਆਕਾਸ਼ ਵਿੱਚ ਕਰੋੜਾਂ ਹੀ ਕਰੋੜਾਂ ਤਾਰਿਆਂ ਵਿੱਚੋਂ ਲੰਮਾ ਤਾਰਾ ਵੱਖਰਾ ਨਜ਼ਰ ਆਉਂਦਾ ਹੈ ਜਿਸ ਤੋਂ ਅਸੀਂ ਆਪਣੇ ਮਾਰਗ ਦੀ ਸੇਧ ਲੈਂਦੇ ਹਾਂ ਇਸੇ ਤਰ੍ਹਾਂ ਸੰਸਾਰ ਵਿੱਚ ਕਰੋੜਾਂ ਹੀ ਕਰੋੜਾਂ ਮਨੁੱਖ ਹਨ ਪਰ ਧਰਮ

ਦੇ ਮਾਰਗ ਦੀ ਸਹੀ ਸਿੱਖਿਆ ਦੇਣ ਵਾਲਾ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬਣਾਉਂਦਾ ਹੈ, ਆਪਣਾ ਗੁਰੂ ਰੂਪ ਧਾਰ ਕੇ ਬਣਾਉਂਦਾ ਹੈ, ਆਪਣੀ ਕਿਰਪਾ ਦੁਆਰਾ ਬਣਾਉਂਦਾ ਹੈ। **(ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ॥)**

ਇਹ ਸਾਡੇ ਮਨ ਦੇ ਅੰਦਰ ਦਾ ਤਾਰਾ ਹੈ, ਸੱਚੇ ਗਿਆਨ ਦਾ ਤਾਰਾ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਇਹ ਆਪਣਾ ਰੂਪ ਆਪ ਹੀ ਦਿਖਾਉਂਦਾ ਹੈ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ, ਗੁਰਮਤਿ ਰੂਪ ਸੋਝੀ ਪਾਉਂਦਾ ਹੈ। ਆਪਣਾ ਇਹ ਰੂਪ ਪ੍ਰਮਾਤਮਾ ਸ਼ਬਦ ਦੁਆਰਾ ਦਿਖਾਉਂਦਾ ਹੈ ਭਾਵ ਮਨ ਦੇ ਵਿੱਚ ਆਪਣੇ ਸ਼ਬਦ ਦਾ ਗਿਆਨ ਆਪ ਹੀ ਦਿੰਦਾ ਹੈ। ਜਿੰਨ੍ਹਾਂ ਨੂੰ ਉਸਨੇ ਇਹ ਸ਼ਬਦ ਦਾ ਗਿਆਨ ਦਿੱਤਾ ਹੈ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਵਿੱਚ ਸ਼ਬਦਾਂ ਰਾਹੀਂ ਗਿਆਨ ਦਿੱਤਾ ਹੈ। ਜਿਸ ਨੂੰ ਪ੍ਰਮਾਤਮਾ ਪੂਰੇ ਕਰਮਾਂ ਵਾਲਾ, ਪੂਰੇ ਭਾਗਾਂ ਵਾਲਾ ਬਣਾਉਂਦਾ ਹੈ ਉਸ ਨੂੰ ਹੀ ਮਨ ਦੇ ਵਿੱਚ ਆਪਣਾ ਰੂਪ ਦਿਖਾਉਂਦਾ ਹੈ, ਲੰਮੇ ਤਾਰੇ ਵਾਲਾ ਰੂਪ ਦਿਖਾਉਂਦਾ ਹੈ ਤੇ ਮਨ ਵਿੱਚ ਸੱਚੀ ਸੋਝੀ ਪਾ ਕੇ ਆਪ ਹੀ ਕਿਸੇ ਨੂੰ ਆਪਣਾ ਸੇਵਕ ਬਣਾਉਂਦਾ ਹੈ, ਆਪਣੀ ਸੇਵਾ ਕਰਨ ਵਾਲਾ ਬਣਾਉਂਦਾ ਹੈ, ਆਪਣੀ ਭਗਤੀ ਕਰਨ ਵਾਲਾ ਬਣਾਉਂਦਾ ਹੈ। ਉਹ ਗੁਰੂ ਦੇ ਰੂਪ

26/2827

ਵਿੱਚ ਆਪ ਹੀ ਆਪਣਾ ਸੇਵਕ ਹੈ, ਦਾਸ ਹੈ। **(ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ॥)**

ਜਦੋਂ ਮਨੁੱਖ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ, ਉਸ ਦੇ ਸ਼ਬਦ ਦੇ ਗਿਆਨ ਦੁਆਰਾ ਦੇਖ ਲੈਂਦਾ ਹੈ ਉਸ ਦੁਆਰਾ ਉਹ ਆਪਣੀ ਭਗਤੀ ਕਿਸ ਰੂਪ ਵਿੱਚ ਸਮਝਾਉਂਦਾ ਹੈ, ਆਪਣਾ ਸੇਵਕ ਕਿਸ ਰੂਪ ਵਿੱਚ ਬਣਾਉਂਦਾ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ॥

ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ॥

ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ॥

ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ॥੧॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸਾਡੇ ਅੰਦਰ ਸੱਚ ਦੀ ਸੰਭਾਲ ਕਿਵੇਂ ਹੁੰਦੀ ਹੈ, ਨਾਮ ਦੀ ਸੰਭਾਲ ਕਿਵੇਂ ਹੁੰਦੀ ਹੈ ਤੇ ਉਸ ਨੂੰ ਆਪਣੇ ਅੰਦਰ ਸੰਭਾਲਣ ਦਾ ਮਕਸਦ ਕੀ ਹੈ। ਜਦੋਂ ਸਾਨੂੰ ਪ੍ਰਮਾਤਮਾ ਸਾਡੇ ਅੰਦਰ ਆਪਣਾ ਰੂਪ ਦਿਖਾਉਂਦਾ ਹੈ, ਸ਼ਬਦ ਦੁਆਰਾ ਆਪਣਾ ਰੂਪ ਦਿਖਾਉਂਦਾ ਹੈ, ਆਪਣੇ ਲੰਮੇ ਤਾਰੇ ਵਾਲਾ ਰੂਪ ਦਿਖਾਉਂਦਾ ਹੈ ਉਸ ਦੁਆਰਾ ਪ੍ਰਮਾਤਮਾ ਮਨ ਦੇ ਅੰਦਰ ਸੱਚ ਹੀ ਸਮਝਾਉਂਦਾ ਹੈ, ਨਾਮ ਹੀ ਸਮਝਾਉਂਦਾ ਹੈ ਤੇ ਤਾਂ ਹੀ ਸਾਡੇ ਅੰਦਰ ਸੱਚ ਦੀ, ਨਾਮ ਦੀ ਸੰਭਾਲ ਹੁੰਦੀ ਹੈ ਭਾਵ ਆਪਣਾ ਸੱਚ ਸਮਝਾ ਕੇ, ਉਸ ਤੇ ਚੱਲਣ ਦੀ ਦ੍ਰਿੜਤਾ ਵੀ ਅੰਦਰੋਂ ਹੀ ਆਉਂਦੀ ਹੈ, ਮਨ ਦੇ ਵਿਚਾਰਾਂ ਰਾਹੀਂ ਆਉਂਦੀ ਹੈ ਕਿਉਂਕਿ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਉਹ ਆਪ ਹੀ ਹੈ। ਮਨ ਦੇ ਅੰਦਰ ਪ੍ਰਮਾਤਮਾ ਨੂੰ ਦੇਖਣ ਦਾ ਮਕਸਦ ਉਸ ਕੋਲੋਂ ਵਿਚਾਰ ਮਿਲਣ ਦਾ ਹੀ ਹੈ ਭਾਵ ਸੱਚੇ ਵਿਚਾਰ ਮਿਲਣ ਦਾ ਹੀ ਹੈ ਜਿਸ ਮਕਸਦ ਲਈ ਪ੍ਰਮਾਤਮਾ ਮਨ ਦੇ ਅੰਦਰ ਪ੍ਰਗਟ ਹੁੰਦਾ ਹੈ। ਮਨੁੱਖ ਦੀ ਬਿਰਤੀ ਫਿਰ ਦਿਨ ਰਾਤ ਸੱਚੇ ਵਿਚਾਰਾਂ ਵਾਲੀ ਬਣ ਜਾਂਦੀ ਹੈ ਤੇ ਉਹ ਸੱਚ ਤੋਂ ਨਹੀਂ ਡੋਲਦਾ। ਸੱਚ ਤੋਂ ਸਾਨੂੰ ਡੁਲਾਉਣ ਵਾਲੇ ਸਾਡੇ ਮਨ ਦੇ ਵਿਕਾਰ ਹਨ, ਮਾਇਆ ਮੋਹ ਵਾਲੇ ਵਿਚਾਰ ਹਨ ਜੋ ਸਾਡੇ ਅੰਦਰੋਂ ਸੱਚ ਦੀ ਚੋਰੀ ਕਰਦੇ ਹਨ, ਨਾਮ ਦੀ ਚੋਰੀ ਕਰਦੇ ਹਨ। ਮਨ ਦੇ ਅੰਦਰ ਸੱਚ ਟਿਕਣ ਦੇ ਨਾਲ, ਨਾਮ ਦੀ ਸੰਭਾਲ ਹੋਣ ਦੇ ਨਾਲ ਮਨ ਦੇ ਪੰਜੇ ਚੋਰ ਫਿਰ ਚੋਰੀ ਨਹੀਂ ਕਰ ਸਕਦੇ ਭਾਵ ਮਨ ਦੇ ਅੰਦਰ ਸੱਚ ਤੇ ਚੱਲਣ ਦੀ, ਨਾਮ ਜਪਣ ਦੀ ਦ੍ਰਿੜਤਾ ਪੈਦਾ ਹੋ ਜਾਂਦੀ ਹੈ, ਸੱਚ ਤੇ ਚੱਲਣ ਦੀ ਅਡੋਲਤਾ ਪੈਦਾ ਹੋ ਜਾਂਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਆਪਣਾ ਸੇਵਕ ਬਣਾਉਂਦਾ ਹੈ, ਆਪਣੀ ਭਗਤੀ

26/2828

ਵਾਲਾ ਬਣਾਉਂਦਾ ਹੈ ਜੋ ਉਸਦੀ ਸਮਝਾਈ ਹੋਈ ਗੁਰਮਤਿ ਅਨੁਸਾਰ ਵਿਚਰਦਾ ਹੈ। **(ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ॥ ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ॥)**

ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੀ ਹੈ ਤੇ ਜਦ ਤੱਕ ਉਹ ਪ੍ਰਮਾਤਮਾ ਆਪ ਕਿਸੇ ਨੂੰ ਆਪਣਾ ਘਰ ਨਹੀਂ ਦਿਖਾਉਂਦਾ ਉਸ ਨੂੰ ਕੋਈ ਨਹੀਂ ਦੇਖ ਸਕਦਾ। ਉਸ ਦਾ ਘਰ ਸਾਡੇ ਅੰਦਰ ਉਸ ਦੀ ਜੋਤਿ ਹੀ ਹੈ, ਸਾਡਾ ਮਨ ਹੀ ਹੈ। ਉਸ ਦਾ ਘਰ ਸੱਚੀ ਸਿੱਖਿਆ ਦਾ ਘਰ ਹੈ, ਚੌਥੇ ਪਦ ਦਾ ਘਰ ਹੈ ਜੋ ਕਿ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਕੇ ਨਜ਼ਰ ਆਉਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ॥

ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ॥੧॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਘਰ ਨੂੰ ਜਾਨਣ ਦਾ ਮਕਸਦ ਸਮਝ ਸਕੀਏ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਰਤ ਰਹੀ ਹੈ ਜੋ ਕਿ ਸਾਡੇ ਮਨ ਦੇ ਰੂਪ ਵਿੱਚ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ, ਹਉਮੈ ਵਾਲੀ ਅਵੱਸਥਾ ਸਾਡੇ ਮਨ ਦੁਆਰਾ ਹੀ ਹੈ, ਅੰਦਰ ਦੀ ਜੋਤਿ ਦੁਆਰਾ ਹੀ ਹੈ ਜਿਸ ਦੇ ਰਹਿੰਦਿਆਂ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਸਾਡੇ ਅੰਦਰ ਦੀ ਜੋਤਿ ਦਾ ਰੂਪ ਹੀ ਬਦਲਦਾ ਹੈ ਭਾਵ ਮਨ ਦੇ ਵਿਚਾਰਾਂ ਦਾ ਰੂਪ ਹੀ ਬਦਲਦਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦਾ ਰੂਪ ਹੀ ਬਦਲਦਾ ਹੈ। ਜਦੋਂ ਸਾਡੇ ਅੰਦਰ ਦੀ ਜੋਤਿ “ਗੁਰ ਸਾਖੀ” ਦੇ ਰੂਪ ਵਿੱਚ ਬਦਲ ਜਾਂਦੀ ਹੈ ਇਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੀ ਅਵੱਸਥਾ ਹੈ। ਇਸ ਅਵੱਸਥਾ ਵਿੱਚ ਪ੍ਰਮਾਤਮਾ ਆਪਣੀ ਸੱਚੀ ਸਿੱਖਿਆ ਹੀ ਦਿੰਦਾ ਹੈ, ਸ਼ਬਦ ਦੀ ਸੱਚੀ ਸਿੱਖਿਆ ਹੀ ਦਿੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ, ਸਾਡੇ ਕੋਲੋਂ ਸਾਰੇ ਕਰਮ ਕਰਵਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਜੋ ਸਾਨੂੰ ਮਨ ਦੇ ਵਿਚਾਰਾਂ ਦੁਆਰਾ ਚਲਾ ਰਿਹਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਅਵੱਸਥਾ ਬਖਸ਼ੀ ਹੈ ਉਨ੍ਹਾਂ ਨੂੰ ਹੀ “ਗੁਰ ਸਾਖੀ” ਦੀ ਭਾਵ ਗੁਰਮਤਿ ਦੀ ਸੱਚੀ ਸੋਝੀ ਪਈ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਪਾਈ ਹੈ ਤੇ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਸਾਨੂੰ “ਗੁਰ ਸਾਖੀ” ਸਮਝਾਈ ਹੈ ਤੇ ਇਸੇ ਲਈ ਉਨ੍ਹਾਂ ਨੇ ਪ੍ਰਮਾਤਮਾ ਨੂੰ ਹੀ ਗੁਰੂ ਦੱਸਿਆ ਹੈ ਜੋ ਸੱਚੀ ਸਿੱਖਿਆ ਦਾ ਮਾਲਕ ਹੈ। ਮਨੁੱਖ ਦੀ ਹਉਮੈ ਭਾਵ ਅਪਣਾਪਨ ਮਨ ਦੀ ਇਸ ਅਵੱਸਥਾ

ਦੁਆਰਾ ਹੀ ਦੂਰ ਹੁੰਦਾ ਹੈ ਤੇ ਵਿਸ਼ਵਾਸ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਹਰ ਮਨੁੱਖੀ ਹੋਂਦ ਵਿੱਚ ਉਹ ਆਪ ਹੀ ਹੈ, ਹਰ ਆਕਾਰ ਰੂਪ ਵਿੱਚ ਉਹ ਆਪ ਹੀ ਵਰਤ ਰਿਹਾ ਹੈ, ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ। **(ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ॥ ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ॥੧॥)**

ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਲੰਮੇ ਤਾਰੇ ਦੇ ਚੜ੍ਹਨ ਦਾ ਮਕਸਦ ਹੀ ਸਮਝਾਇਆ ਗਿਆ ਹੈ। ਲੰਮੇ ਤਾਰੇ ਦੀ ਗੱਲ ਨਾਲ ਪਦੇ ਦੀ ਸ਼ੁਰੂਆਤ ਕੀਤੀ ਗਈ ਹੈ ਤੇ ਉਸੇ ਗੱਲ ਨਾਲ ਪਦੇ ਦੀ ਸਮਾਪਤੀ ਕੀਤੀ ਗਈ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਪੂਰੇ ਪਦੇ ਦਾ ਮਕਸਦ ਇੱਕੋ ਹੀ ਹੈ, ਸਾਰੇ ਸ਼ਬਦ ਦਾ ਮਕਸਦ ਇੱਕੋ ਹੀ ਹੈ। ਲੰਮੇ ਤਾਰੇ ਦਾ ਮਕਸਦ ਸਾਨੂੰ ਗੁਰੂ ਦੀ ਸੱਚੀ ਸਿੱਖਿਆ ਸਮਝਾਉਣ ਨਾਲ ਹੀ ਹੈ, ਸਾਡੇ ਜੀਵਨ ਦਾ ਸਹੀ ਮਾਰਗ ਸਮਝਾਉਣ ਲਈ ਹੀ ਹੈ, ਸਾਨੂੰ ਸੱਚ ਸਮਝਾਉਣ ਲਈ ਹੈ ਤੇ ਉਸ ਤੇ ਚੱਲਣ ਲਈ ਹੀ ਹੈ, ਔਗੁਣ ਰਹਿਤ ਹੋ ਕੇ ਵਿਚਰਨ ਲਈ ਹੀ ਹੈ ਜੋ ਸਾਡੇ ਜੀਵਨ ਦਾ ਸਹੀ ਮਾਰਗ ਹੈ। **(ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ॥ ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ॥ ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ॥ ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ॥ ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ॥ ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ॥੧॥)**

ਲੰਮੇ ਤਾਰੇ ਦਾ ਮਕਸਦ ਸਾਨੂੰ ਰਾਤ ਦੇ ਹਨ੍ਹੇਰੇ ਵਿੱਚ ਸਾਡਾ ਮਾਰਗ ਦਿਖਾਉਣ ਲਈ ਹੀ ਹੈ। ਸਾਡੇ ਮਨ ਦੀ ਅਗਿਆਨਤਾ ਰਾਤ ਦੇ ਹਨ੍ਹੇਰੇ ਦੀ ਤਰ੍ਹਾਂ ਹੀ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਗੁਰੂ ਦੇ ਗਿਆਨ ਦੀ ਲੋੜ ਹੈ ਜੋ ਸਾਨੂੰ ਅਗਿਆਨਤਾ ਵਿੱਚ ਰਹਿੰਦਿਆਂ ਸਾਨੂੰ ਜੀਵਨ ਦਾ ਮਾਰਗ ਦਿਖਾਉਂਦਾ ਹੈ। ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਜੋ ਸਾਨੂੰ ਮਨ ਦੇ ਹਨ੍ਹੇਰੇ ਵਿੱਚੋਂ ਕੱਢ ਸਕਦਾ ਹੈ, ਮਨ ਦੀ ਅਗਿਆਨਤਾ ਦੀ ਨੀਂਦ ਵਿੱਚੋਂ ਜਗਾ ਸਕਦਾ ਹੈ ਕਿਉਂਕਿ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦਿਆਂ,

ਮਾਇਆ ਮੋਹ ਦੀ ਜੁਗਤਿ ਵਿੱਚ ਰਹਿੰਦਿਆਂ, ਹਉਮੈ ਵਿੱਚ ਰਹਿੰਦਿਆਂ ਹਰ ਕੋਈ ਅਗਿਆਨਤਾ ਵਿੱਚ ਹੀ ਸੁੱਤਾ ਹੋਇਆ ਹੈ, ਸੁਪਨੇ ਦੀ ਤਰ੍ਹਾਂ ਅਗਿਆਨਤਾ ਵਿੱਚ ਹੈ ਜਿਸ ਵਿੱਚੋਂ ਕੇਵਲ ਗੁਰੂ ਦਾ ਗਿਆਨ ਹੀ ਜਗਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਸਾਡੇ ਅੰਦਰ ਮਨ ਦੀ ਪ੍ਰਭਾਤ ਕਿਵੇਂ ਚੜ੍ਹਦੀ ਹੈ ਭਾਵ ਪ੍ਰਭਾਤ ਵੇਲੇ ਦਾ ਜਾਗਣਾ ਕੀ ਹੈ।

26/2830

“ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ॥
ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥
ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ॥੨॥”

ਸਾਡੇ ਮਨ ਦਾ ਜਾਗਣਾ ਜਾਂ ਸੌਣਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਬਰੀਕੀ ਨਾਲ ਸਮਝਿਆ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਭਾਵ ਉਸਦੇ ਨਿਰਗੁਣ ਰੂਪ ਨੂੰ ਜਾਣੇ ਬਿਨ੍ਹਾਂ, ਆਪਣੇ ਆਪ ਦੀ ਅਸਲੀਅਤ ਨੂੰ ਜਾਣੇ ਬਿਨ੍ਹਾਂ ਹਰ ਕੋਈ ਸੰਸਾਰ ਵਿੱਚ ਭਰਮ ਦੀ ਨੀਂਦ ਵਿੱਚ ਆਉਂਦਾ ਹੈ ਤੇ ਇਸੇ ਭਰਮ ਦੀ ਨੀਂਦ ਵਿੱਚ ਚਲਾ ਜਾਂਦਾ ਹੈ, ਹਉਮੈ ਵਿੱਚ ਆਉਂਦਾ ਹੈ ਤੇ ਹਉਮੈ ਵਿੱਚ ਚਲਾ ਜਾਂਦਾ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਦੇ ਅੰਦਰੋਂ ਹਉਮੈ ਮਰੀ ਹੋਈ ਹੈ, ਜਿਸ ਦੇ ਅੰਦਰ ਲੰਮਾ ਤਾਰਾ ਚੜ੍ਹਿਆ ਹੋਇਆ ਹੈ, ਜਿਸਨੇ ਆਪਣੇ ਅਸਲ ਘਰ ਨੂੰ ਜਾਣਿਆ ਹੋਇਆ ਹੈ, ਜਿਸ ਨੇ ਆਪਣੇ ਅੰਦਰ ਸੱਚ ਦੀ ਸੰਭਾਲ ਕੀਤੀ ਹੋਈ ਹੈ, ਜਿਸ ਦੇ ਸਾਰੇ ਔਗੁਣ ਨਿਕਲੇ ਹੋਏ ਹਨ, ਜਿਸ ਦੇ ਅੰਦਰ ਦੀ ਜੋਤਿ ਗੁਰਸਾਖੀ ਵਿੱਚ ਬਦਲੀ ਹੋਈ ਹੈ ਭਾਵ ਜਿਸ ਨੂੰ ਗੁਰਮਤਿ ਦੀ ਪੂਰੀ ਸੋਝੀ ਪਈ ਹੋਈ ਹੈ ਭਾਵ ਜਿਸ ਦੇ ਅੰਦਰ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਆਪਣਾ ਸੱਚਾ ਗਿਆਨ ਦਿੱਤਾ ਹੋਇਆ ਹੈ। ਮਨ ਦੀ ਇਹੋ ਜਿਹੀ ਅਵੱਸਥਾ ਨਾਲ ਸਾਡਾ ਅਸਲ ਜਾਗਣਾ ਹੁੰਦਾ ਹੈ, ਅਗਿਆਨਤਾ ਦੀ ਨੀਂਦ ਵਿੱਚੋਂ, ਮਾਇਆ ਮੋਹ ਦੀ ਨੀਂਦ ਵਿੱਚੋਂ ਜਾਗਣਾ ਹੁੰਦਾ ਹੈ ਤੇ ਇਸ ਦੇ ਵਿੱਚੋਂ ਸਾਨੂੰ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੀ ਜਗਾਉਂਦਾ ਹੈ, ਪ੍ਰਮਾਤਮਾ ਆਪ ਹੀ ਜਗਾਉਂਦਾ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ ਤੇ ਸਾਡੀ ਆਪਣੀ ਹਉਮੈ ਮਿਟਦੀ ਹੈ। ਜਿਸ ਨੂੰ ਪ੍ਰਮਾਤਮਾ ਇਸ ਨੀਂਦ ਵਿੱਚੋਂ ਜਗਾਉਂਦਾ ਹੈ ਉਸ ਨੂੰ ਹੀ ਆਪਣਾ ਗੁਰਮੁਖਿ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। **(ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ॥)**

ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਪ੍ਰਭਾਤ ਚੜ੍ਹਨਾ ਕੀ ਹੈ।

“ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥”

26/2831

‘‘ਭੋਰੁ’’ ਪ੍ਰਭਾਤ ਵੇਲੇ ਨੂੰ ਕਹਿੰਦੇ ਹਨ। ਇੱਥੇ ਸਾਨੂੰ ਮਨ ਦੀ ਪ੍ਰਭਾਤ ਸਮਝਾਈ ਹੋਈ ਹੈ ਜਿਸ ਦੁਆਰਾ ਮਨੁੱਖ ਦਾ ਅਸਲ ਜਾਗਣਾ ਹੁੰਦਾ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਅਗਿਆਨਤਾ ਦੀ ਨੀਂਦ ਵਿੱਚ ਰੱਖਿਆ ਹੋਇਆ ਹੈ ਤੇ ਜਿਸ ਨੂੰ ਪ੍ਰਮਾਤਮਾ ਜਗਾਉਂਦਾ ਹੈ ਉਸ ਨੂੰ ਮਨ ਦੀ ਇਹੋ ਜਿਹੀ ਪ੍ਰਭਾਤ ਨਾਲ ਜਗਾਉਂਦਾ ਹੈ ਜੋ ਪ੍ਰਭਾਤ ਮਨ ਦੇ ਅੰਦਰ ਸਦਾ ਹੀ ਚੜ੍ਹੀ ਰਹਿੰਦੀ ਹੈ। ਪ੍ਰਮਾਤਮਾ ਆਪ ਸਦਾ ਹੀ ਜਾਗਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਜਾਗਦਾ ਹੈ, ਬ੍ਰਹਮ ਗਿਆਨ ਦੁਆਰਾ ਜਾਗਦਾ ਹੈ। ਜਿਸ ਨੂੰ ਪ੍ਰਮਾਤਮਾ ਜਗਾਉਂਦਾ ਹੈ ਉਸ ਨੂੰ ਆਪਣੇ ਸੱਚ ਵਿੱਚ ਮਿਲਾ ਕੇ ਹੀ ਜਗਾਉਂਦਾ ਹੈ ਭਾਵ ਬ੍ਰਹਮ ਗਿਆਨ ਦੇ ਵਿੱਚ ਮਿਲਾ ਕੇ ਹੀ ਜਗਾਉਂਦਾ ਹੈ। ਮਨ ਦੇ ਵਿੱਚ ਇਸ ਸੱਚ ਦੀ ਸੋਝੀ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ ਤੇ ਸਾਡਾ

ਅਸਲ ਜਾਗਣਾ ਉਹ ਹੈ ਜਦੋਂ ਅਸੀਂ ਗੁਰਮਤਿ ਰਾਹੀਂ ਜਾਗਦੇ ਹਾਂ। ਮਨਮਤਿ ਦੀ ਨੀਂਦ ਵਿੱਚੋਂ ਸਾਨੂੰ ਗੁਰਮਤਿ ਹੀ ਜਗਾਉਂਦੀ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਸਾਨੂੰ ਗੁਰਮਤਿ ਦਾ ਸੱਚਾ ਗਿਆਨ ਹੀ ਜਗਾਉਂਦਾ ਹੈ ਜੋ ਕਿ ਚੌਥਾ ਪਦ ਹੈ, ਸਹਜ ਦਾ ਪਦ ਹੈ। ਇਸ ਪਦ ਦੀ ਪ੍ਰਾਪਤੀ ਦੁਆਰਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦੁਆਰਾ ਭਾਵ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਫਿਰ ਮਨੁੱਖ ਗੁਰਮਤਿ ਤੋਂ ਬਾਹਰ ਨਹੀਂ ਜਾਂਦਾ ਭਾਵ ਫਿਰ ਉਹ ਹਰ ਵੇਲੇ ਗੁਰਮਤਿ ਵਿੱਚ ਹੀ ਜਾਗਦਾ ਹੈ, ਅੱਠੇ ਪਹਿਰ ਸੱਚ ਦੁਆਰਾ ਹੀ ਵਿਚਰਦਾ ਹੈ। ਗੁਰਬਾਣੀ ਸਾਨੂੰ ਮਨ ਦੀ ਇਹੋ ਜਿਹੀ ਪ੍ਰਭਾਤ ਦੁਆਰਾ ਜਾਗਣਾ ਹੀ ਸਮਝਾ ਰਹੀ ਹੈ ਜਿਸ ਦੁਆਰਾ ਗੁਰੂ ਆਪ ਸਦਾ ਹੀ ਜਾਗਦਾ ਹੈ। ਗੁਰੂ ਸਾਨੂੰ ਕਿਸੇ ਖਾਸ ਵੇਲੇ ਨਾਲ ਨਹੀ ਜੋੜਦਾ ਕਿਉਂਕਿ ਪ੍ਰਮਾਤਮਾ ਦਾ ਬਣਾਇਆ ਹੋਇਆ ਹਰ ਵੇਲਾ ਉੱਤਮ ਹੈ ਭਾਵ ਕਿਸੇ ਵੇਲੇ ਵਿੱਚ ਭੇਦ ਭਾਵ ਨਹੀਂ ਹੈ। ਉੱਤਮ ਅਸੀਂ ਆਪਣੀ ਸੋਝੀ ਨੂੰ ਕਰਨਾ ਹੈ ਜੋ ਕਿ ਮਨਮਤਿ ਦੁਆਰਾ ਮਾੜੀ ਹੈ। ਵੇਲਾ ਉਹੀ ਚੰਗਾ ਜਿਸ ਵੇਲੇ ਅਸੀਂ ਗੁਰੂ ਦੀ ਮਤਿ ਨੂੰ ਅਪਣਾਉਂਦੇ ਹਾਂ ਤੇ ਗੁਰਮਤਿ ਨੂੰ ਆਪਣੇ ਅੰਦਰ ਵਸਾਉਣ ਦੇ ਲਈ ਪ੍ਰਮਾਤਮਾ ਨੇ ਕੋਈ ਖਾਸ ਵੇਲਾ ਨਹੀਂ ਮਿਥਿਆ ਹੋਇਆ। ਸਾਡੀ ਮਤਿ ਨੂੰ ਸੱਚ ਨੇ ਉੱਤਮ ਕਰਨਾ ਹੈ ਜਿਸ ਦੁਆਰਾ ਸਾਡੇ ਮਨ ਦੇ ਵਿੱਚ ਪ੍ਰਭਾਤ ਚੜ੍ਹਨੀ ਹੈ ਜੋ ਪ੍ਰਭਾਤ ਫਿਰ ਸਦਾ ਹੀ ਚੜ੍ਹਦੀ ਰਹਿੰਦੀ ਹੈ ਤੇ ਕਦੇ ਖ਼ਤਮ ਨਹੀਂ ਹੁੰਦੀ। **(ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥)**

{ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥}

(ਅੰਗ ੩੭੫)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ ੧੪੧੪)

ਪ੍ਰਮਾਤਮਾ ਨੂੰ ਅਸੀਂ ਮਨ ਦੀ ਇੱਹੋ ਜਿਹੀ ਅਵੱਸਥਾ ਦੁਆਰਾ ਹੀ ਭਾਉਂਦੇ ਹਾਂ ਜਦੋਂ ਅਸੀਂ ਉਸ ਦੇ ਸੱਚ ਵਿੱਚ ਸਮਾਅ ਜਾਂਦੇ ਹਾਂ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਆਪਣਾ ਸੱਚਾ ਨਾਮ ਬਖਸ਼ਦਾ ਹੈ, ਆਪਣਾ ਅੰਮ੍ਰਿਤ ਪਿਆਉਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥”

26/2832

ਮਨ ਦੀ ਇਸ ਅਵੱਸਥਾ ਦੁਆਰਾ ਹੀ ਅਸੀਂ ਉਸ ‘‘ਗੁਰਮੁਖਿ’’ ਨੂੰ ਭਾਉਂਦੇ ਹਾਂ ਭਾਵ ਪ੍ਰਮਾਤਮਾ ਨੂੰ ਭਾਉਂਦੇ ਹਾਂ। ਉਹ ਪ੍ਰਮਾਤਮਾ ਆਪ ‘‘ਗੁਰਮੁਖਿ’’ ਰੂਪ ਹੈ ਜਿਸ ਰੂਪ ਦੁਆਰਾ ਉਹ ਸਦਾ ਹੀ ਜਾਗਦਾ ਹੈ। ਇਸ ਅਵੱਸਥਾ ਦੁਆਰਾ ਪ੍ਰਮਾਤਮਾ ਆਪ ‘‘ਸਾਬਤੁ’’ ਹੈ ਭਾਵ ਪ੍ਰਮਾਤਮਾ ਦਾ ਗਿਆਨ ‘‘ਸਾਬਤੁ’’ ਹੈ ਉਹ ਆਪਣੇ ਬ੍ਰਹਮ ਗਿਆਨ ਰਾਹੀਂ ‘‘ਸਾਬਤੁ’’ ਹੈ। ਜੋ ਉਸਦੇ ਸੱਚ ਵਿੱਚ ਸਮਾਉਂਦਾ ਹੈ ਉਸਦੀ ਮਤਿ ਨੂੰ ‘‘ਸਾਬਤੁ’’ ਬਣਾਉਂਦਾ ਹੈ ਭਾਵ ਉਸ ਨੂੰ ਆਪਣੇ ਨਾਲ ਮਿਲਾ ਕੇ ਆਪਣੇ ਬ੍ਰਹਮ ਗਿਆਨ ਦੁਆਰਾ ‘‘ਸਾਬਤੁ’’ ਬਣਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਕੋਈ ਸਦਾ ਲਈ ਜਾਗ ਸਕਦਾ ਹੈ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੁਆਰਾ ‘‘ਗੁਰਮੁਖਿ’’ ਹੈ ਭਾਵ ਸੱਚੀ ਸੋਝੀ ਵਾਲਾ ਹੈ ਤੇ ਜਿਸ ਨੂੰ ਉਹ ਆਪਣਾ ‘‘ਗੁਰਮੁਖਿ’’ ਰੂਪ ਬਣਾਉਂਦਾ ਹੈ ਉਸਨੂੰ ਬ੍ਰਹਮ ਗਿਆਨ ਦੀ ਸੱਚੀ ਸੋਝੀ ਬਖਸ਼ ਕੇ ਹੀ ਬਣਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਹੀ ‘‘ਗੁਰਮਖਿ’’ ਰੂਪ ਹੈ ਜਿਸ ਦੇ ਅੰਦਰ ਪੂਰਨ ਬ੍ਰਹਮ ਗਿਆਨ ਹੈ ਜਿਸ ਕਰਕੇ ਗੁਰੂ ਦੀ ਮਤਿ ‘‘ਸਾਬਤੁ’’ ਹੈ ਤੇ ਇਸੇ ਲਈ ਗੁਰੂ ਸਦਾ ਹੀ ਜਾਗਦਾ ਹੈ ਤੇ ਪ੍ਰਮਾਤਮਾ ਦਾ ਪਿਆਰਾ ਹੈ। **(ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥)**

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥}

(ਅੰਗ ੧੧੭੮)

ਪ੍ਰਮਾਤਮਾ ਦੇ ਸੱਚ ਦੇ ਵਿੱਚ ਸਮਾਉਣ ਤੋਂ ਬਾਅਦ ਉਸ ਕੋਲੋਂ ਪ੍ਰਾਪਤੀ ਕਿਸ ਚੀਜ਼ ਦੀ ਹੁੰਦੀ ਹੈ ਤੇ ਮਨ ਦੇ ਵਿੱਚ ਇਹ ਸਮਝ ਕਿਵੇਂ ਪੈਂਦੀ ਹੈ ਕਿ ਪ੍ਰਮਾਤਮਾ ਨੇ ਸਭ ਨੂੰ ਆਪ ਹੀ ਭਰਮ ਵਿੱਚ ਕਿਵੇਂ ਸਵਾਇਆ ਹੋਇਆ ਹੈ, ਇਹ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ॥੨॥”

ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ, ਉਸਦੇ ਸੱਚ ਵਿੱਚ ਸਮਾਉਣ ਤੋਂ ਬਾਅਦ ਜੋ ਉਸ ਕੋਲੋਂ ਸੱਚਾ ਗਿਆਨ ਮਿਲਦਾ ਹੈ ਉਹ “ਸਾਚੁ ਨਾਮੁ” ਹੈ, “ਅੰਮ੍ਰਿਤੁ” ਹੈ ਜੋ ਮਨ ਦੇ ਵਿੱਚ ਹੀ ਮਿਲਦਾ ਹੈ ਜੋ ਕਿ ਉਹ ਗੁਰੂ ਰੂਪ ਪ੍ਰਮਾਤਮਾ ਆਪ ਹੀ ਦਿੰਦਾ ਹੈ। ਮਨ ਦੇ ਵਿੱਚ ਉਹ ਅੰਮ੍ਰਿਤ ਆਪ ਹੀ ਪਿਆਉਂਦਾ ਹੈ ਜੋ ਕਿ ਮਨ ਦੇ ਵਿੱਚ ਸੱਚੀ ਸੋਝੀ ਦੇ ਰੂਪ ਵਿੱਚ ਮਿਲਦਾ ਹੈ। ਆਪਣੇ ਸੱਚੇ ਗਿਆਨ ਦੁਆਰਾ ਜੋ ਪ੍ਰਮਾਤਮਾ ਸੋਝੀ ਪਾਉਂਦਾ ਹੈ ਉਹ ਸੋਝੀ ਹੀ ਪ੍ਰਮਾਤਮਾ ਦੇ ਚਰਨ ਹਨ। ਉਸ ਦੀ ਸੱਚੀ ਸੋਝੀ ਦੇ ਨਾਲ ਜੁੜਨਾ ਹੀ, ਨਾਮ ਦੀ ਸੱਚੀ ਸੋਝੀ ਦੇ ਨਾਲ ਜੁੜਨਾ ਹੀ ਉਸ ਪ੍ਰਮਾਤਮਾ

ਦੇ ਚਰਨਾਂ ਦੇ ਨਾਲ ਜੁੜਨਾ ਹੈ, ਉਸਦੇ ਚਰਨਾਂ ਦੇ ਨਾਲ ਲਿਵ ਲਾਉਣਾ ਹੈ। ਇਹ ਸੱਚਾ ਨਾਮ ਪ੍ਰਮਾਤਮਾ ਮਨ ਦੇ ਵਿੱਚ ਜੋਤਿ ਰਾਹੀਂ ਪ੍ਰਗਟ ਹੋ ਕੇ ਹੀ ਦਿੰਦਾ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਜੋਤਿ ਦੇ ਰੂਪ ਵਿੱਚ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਮਨ ਰੂਪ ਜੋਤਿ ਰਾਹੀਂ ਹੀ ਭਾਵ ਮਨ ਦੇ ਵਿੱਚੋਂ ਹੀ, ਮਨ ਦੇ ਵਿਚਾਰਾਂ ਰਾਹੀਂ ਹੀ ਸਾਨੂੰ ਇਹ ਸਮਝ ਲੱਗਦੀ ਹੈ ਕਿ ਗੁਰਮੁਖਿ ਵਾਲੀ ਅਵੱਸਥਾ ਦਾ ਤੇ ਮਨਮੁਖਿ ਵਾਲੀ ਅਵੱਸਥਾ ਦਾ ਕੀ ਭੇਦ ਹੈ ਭਾਵ ਗੁਰੂ ਗੁਰਮੁਖਿ ਵਾਲੀ ਅਵੱਸਥਾ ਵਿੱਚ ਕਿਸ ਕਰਕੇ ਹੈ ਤੇ ਹਰ ਕੋਈ ਮਨਮੁਖਿ ਵਾਲੀ ਅਵੱਸਥਾ ਵਿੱਚ ਕਿਸ ਕਰਕੇ ਹੈ। ਇਸ ਗੱਲ ਦੀ ਸੋਝੀ ਗੁਰਮੁਖਿ ਵਾਲੀ ਅਵੱਸਥਾ ਵਿੱਚ ਪਹੁੰਚ ਕੇ ਹੀ ਪੈਂਦੀ ਹੈ, ਮਨ ਦੇ ਵਿੱਚ, ਜੋਤਿ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ। ਭੇਦ ਮਨ ਦੇ ਵਿੱਚ ਸੱਚੇ ਗਿਆਨ ਵਾਲੀ ਅਵੱਸਥਾ ਤੇ ਭਰਮ ਵਾਲੀ ਅਵੱਸਥਾ ਦਾ ਹੀ ਹੈ ਜਿਸ ਦੀ ਸੋਝੀ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ ਕਿ ਪ੍ਰਮਾਤਮਾ ਨੇ ਹਰ ਕਿਸੇ ਨੂੰ ਸੱਚੇ ਗਿਆਨ ਤੋਂ ਦੂਰ ਹੀ ਰੱਖਿਆ ਹੋਇਆ ਹੈ, ਬ੍ਰਹਮ ਗਿਆਨ ਤੋਂ ਦੂਰ ਹੀ ਰੱਖਿਆ ਹੋਇਆ ਹੈ, ਚੌਥੇ ਪਦ ਤੋਂ ਦੂਰ ਹੀ ਰੱਖਿਆ ਹੋਇਆ ਹੈ, ਸਹਜ ਦੀ ਅਵੱਸਥਾ ਤੋਂ ਦੂਰ ਹੀ ਰੱਖਿਆ ਹੋਇਆ ਹੈ ਜਿਸ ਦੀ ਵਜ੍ਹਾ ਨਾਲ ਹਰ ਕੋਈ ਪ੍ਰਮਾਤਮਾ ਨੂੰ ਜਾਨਣ ਵਿੱਚ ਭਰਮ ਵਿੱਚ ਹੈ ਜੋ ਕਿ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਭੁਲਾਇਆ ਹੋਇਆ ਹੈ ਭਾਵ ਆਪ ਹੀ ਸਭ ਨੂੰ ਮਨਮੁਖਿ ਵਾਲੀ ਅਵੱਸਥਾ ਵਿੱਚ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਭਾਵ ਆਪ ਹੀ ਸਭ ਨੂੰ ਭਰਮ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ। ਇਸ ਭਰਮ ਦੀ ਨੀਂਦ ਵਿੱਚੋਂ ਪ੍ਰਮਾਤਮਾ ਜੋਤਿ ਰਾਹੀਂ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਜਗਾਉਂਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਪ੍ਰਭਾਤ ਚੜ੍ਹਦੀ ਹੈ ਤੇ ਪੂਰਨ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਜੋ ਕੁੱਝ ਉਹ ਗੁਰਮਤਿ ਰਾਹੀਂ ਸਮਝਾਉਂਦਾ ਹੈ, ਸੱਚੇ ਨਾਮ ਰਾਹੀਂ ਸਮਝਾਉਂਦਾ ਹੈ ਕੇਵਲ ਉਹੀ ਸੱਚ ਹੈ ਤੇ ਮਨੁੱਖ ਦਾ ਮਨ ਸੱਚ ਦੇ ਨਾਲ ਮੰਨ ਜਾਂਦਾ ਹੈ ਭਾਵ ਗੁਰਮਤਿ ਤੇ ਪੂਰਨ ਵਿਸ਼ਵਾਸ ਆ ਜਾਂਦਾ ਹੈ ਕਿ ਇਹੀ ਸਾਡੇ ਜੀਵਨ ਦਾ ਅਸਲ ਮਾਰਗ ਹੈ। ਮਨ ਮੰਨਣ ਤੋਂ ਬਾਅਦ ਫਿਰ ਮਨੁੱਖ ਸਦਾ ਗੁਰਮਤਿ ਵਿੱਚ ਹੀ ਜਾਗਦਾ ਹੈ, ਦਿਨ ਰਾਤ, ਅੱਠੇ ਪਹਿਰ ਜਾਗਦਾ ਹੈ ਕਿਉਂਕਿ ਉਸ ਦੇ ਅੰਦਰ ਹਰ ਵੇਲੇ ਪ੍ਰਭਾਤ ਚੜ੍ਹੀ ਰਹਿੰਦੀ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਚੜ੍ਹੀ ਰਹਿੰਦੀ ਹੈ ਜੋ ਉਹ ਸਾਡੇ ਮਨ ਦੀ ਸੋਝੀ ਦਾ ਮਾਲਕ ਆਪ ਚੜ੍ਹਾ ਕੇ ਰੱਖਦਾ ਹੈ, ਲੰਮੇ ਤਾਰੇ ਦੇ ਰੂਪ ਵਿੱਚ ਚੜ੍ਹਾ ਕੇ ਰੱਖਦਾ ਹੈ। **(ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥ ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ॥ ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ॥੨॥)**

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥੮॥੧॥}

(ਅੰਗ ੧੩੦੮)

ਇਹ ਮਨ ਸਾਡਾ ਘਰ ਹੈ ਤੇ ਮਨ ਹੀ ਪ੍ਰਮਾਤਮਾ ਦਾ ਘਰ ਹੈ। ਆਪਣੇ ਘਰ ਵਿੱਚ ਰਹਿੰਦੇ ਹੋਏ ਅਸੀਂ ਅਗਿਆਨਤਾ ਦੀ ਨੀਂਦ ਵਿੱਚ ਸੁੱਤੇ ਰਹਿੰਦੇ ਹਾਂ ਤੇ ਪ੍ਰਮਾਤਮਾ ਦੇ ਘਰ

26/2834

ਵਿੱਚ ਪਹੁੰਚ ਕੇ ਅਸੀਂ ਸਦਾ ਹੀ ਜਾਗਦੇ ਹਾਂ। ਸਾਡਾ ਆਪਣਾ ਘਰ ਮਨਮਤਿ ਦਾ ਘਰ ਹੈ ਤੇ ਸਾਡੇ ਅੰਦਰ ਹੀ ਪ੍ਰਮਾਤਮਾ ਦਾ ਘਰ ਗੁਰਮਤਿ ਦਾ ਘਰ ਹੈ। ਮਨਮਤਿ ਦੇ ਘਰ ਵਿੱਚ ਅਸੀਂ ਸੁੱਤੇ ਰਹਿੰਦੇ ਹਾਂ ਤੇ ਗੁਰਮਤਿ ਦੇ ਘਰ ਵਿੱਚ ਅਸੀਂ ਸਦਾ ਹੀ ਜਾਗਦੇ ਹਾਂ। ਮਨਮਤਿ ਦਾ ਘਰ ਔਗੁਣਾਂ ਦਾ ਘਰ ਹੈ ਤੇ ਗੁਰਮਤਿ ਦਾ ਘਰ ਗੁਣਾਂ ਦਾ ਘਰ ਹੈ। ਗੁਣਾਂ ਦੇ ਘਰ ਵਿੱਚ ਪਹੁੰਚ ਕੇ ਹੀ ਪ੍ਰਮਾਤਮਾ ਮਨੁੱਖ ਨੂੰ ਔਗੁਣ ਰਹਿਤ ਕਰਦਾ ਹੈ ਤੇ ਫਿਰ ਸਭ ਜਗ੍ਹਾ, ਹਰ ਵਸਤੂ ਵਿੱਚ, ਹਰ ਮਨੁੱਖ ਦੇ ਵਿੱਚ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ, ਉਸ ਗੁਣਾਂ ਦੇ ਮਾਲਕ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਜਿਸ ਨੇ ਆਪਣੇ ਗਿਆਨ ਦੁਆਰਾ ਹਰ ਵਸਤੂ ਵਿੱਚ ਆਪਣੇ ਗੁਣ ਪਾਏ ਹੋਏ ਹਨ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ॥
ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ॥
ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ॥
ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ॥
ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ॥੩॥”

ਜਦ ਤੱਕ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਨਹੀਂ ਪਹੁੰਚਦੇ, ਉਸ ਗੁਣਾਂ ਦੇ ਦਾਤੇ ਦੇ ਘਰ ਵਿੱਚ ਨਹੀਂ ਪਹੁੰਚਦੇ ਤਦ ਤੱਕ ਸਾਨੂੰ ਇਸ ਗੱਲ ਦੀ ਪੂਰੀ ਸਮਝ ਹੀ ਨਹੀਂ ਪੈਂਦੀ ਕਿ ਧਰਮ ਦੇ ਮਾਰਗ ਤੇ ਚੱਲਣ ਲਈ ਗੁਣ ਕੀ ਹਨ ਤੇ ਔਗੁਣ ਕੀ ਹਨ ਜਿੰਨ੍ਹਾਂ ਨੂੰ ਅਸੀਂ ਛੱਡਣਾ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਡੇ ਔਗੁਣ ਹਨ ਇਹਨਾਂ ਨੂੰ ਹਰ ਕੋਈ ਸਮਝ ਸਕਦਾ ਹੈ। ਜਦੋਂ ਸਾਨੂੰ ਗੁਰਮਤਿ ਦੀ ਪੂਰੀ ਸੋਝੀ ਪੈਂਦੀ ਹੈ ਤਾਂ ਹੀ ਸਾਨੂੰ ਔਗੁਣਾਂ ਦੀ ਪੂਰੀ ਤਰ੍ਹਾਂ ਸਮਝ ਪੈਂਦੀ ਹੈ। ਅਸੀਂ ਪ੍ਰਮਾਤਮਾ ਦੀ ਭਗਤੀ ਕਰਨ ਲਈ ਅਨੇਕਾਂ ਤਰੀਕੇ ਅਪਣਾਏ ਹੋਏ ਹਨ ਜਿੰਨ੍ਹਾਂ ਦਾ ਗੁਰਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਤੇ ਸਾਨੂੰ ਉਹ ਤਰੀਕੇ ਤਿਆਗਣ ਲਈ ਸਮਝਾਇਆ ਗਿਆ ਹੈ ਜੋ ਕਿ ਸਾਡੀ ਮਨਮਤਿ ਦੀ ਉਪਜ ਹਨ, ਹਉਮੈ ਦੀ, ਅਗਿਆਨਤਾ ਦੀ ਉਪਜ ਹਨ। ਸਾਡਾ ਸਭ ਤੋਂ ਵੱਡਾ ਔਗੁਣ ਸਾਡੀ ਮਨਮਤਿ ਹੈ ਜੋ ਸਾਨੂੰ ਔਗੁਣਾਂ ਦੇ ਨਾਲ ਜੋੜਦੀ ਹੈ। ਜੋ ਗੱਲ ਗੁਰਮਤਿ ਤੇ ਪੂਰੀ ਨਹੀਂ ਉਤਰਦੀ ਉਸ ਵਿੱਚ ਮਨਮਤਿ ਹੈ, ਸਾਡਾ ਔਗੁਣ ਹੈ। ਜਿਤਨੇ ਵੀ ਤਰੀਕਿਆਂ ਨਾਲ ਅਸੀਂ ਭਗਤੀ ਦੇ ਦਿਖਾਵੇ ਕਰਦੇ ਹਾਂ ਉਹ ਸਾਡੇ ਔਗੁਣ ਹੀ ਹਨ। ਸਾਡੇ ਅੰਦਰ ਸੱਚ ਵੱਸੇ ਬਿਨ੍ਹਾਂ ਅਸੀਂ ਜਿਹੋ ਜਿਹੇ ਵੀ ਭਗਤੀ ਦੇ ਦਿਖਾਵੇ ਕਰਦੇ ਹਾਂ ਉਨ੍ਹਾਂ ਨੂੰ ਸਾਡਾ ਪਾਖੰਡ ਦੱਸਿਆ ਹੈ। ਜਿਸ ਗੱਲ ਵਿੱਚ ਪਾਖੰਡ ਹੈ ਉਹ ਸਾਡਾ ਔਗੁਣ ਹੈ। ਪਾਖੰਡ ਪ੍ਰਮਾਤਮਾ ਨੂੰ ਬਿਲਕੁਲ ਨਹੀਂ ਭਾਉਂਦੇ ਤੇ ਇਸੇ ਲਈ ਉਹੋ ਜਿਹੇ

26/2835

ਭਗਤੀ ਦੇ ਤਰੀਕਿਆਂ ਨੂੰ ਵਾਰ-ਵਾਰ ਨਿੰਦਿਆ ਹੋਇਆ ਹੈ ਤੇ ਤਿਆਗਣ ਲਈ ਸਮਝਾਇਆ ਹੋਇਆ ਹੈ। ਸਰੀਰਕ ਜਪ ਤਪ ਆਦਿ ਸਭ ਸਾਡੇ ਪਾਖੰਡ ਹੀ ਹਨ ਜਿੰਨ੍ਹਾਂ ਵਿੱਚ ਕੋਈ ਭਗਤੀ ਨਹੀਂ ਹੈ ਤੇ ਹੋਰ ਵੀ ਅਸੀਂ ਅਨੇਕਾਂ ਤਰੀਕਿਆਂ ਦੁਆਰਾ ਪਾਖੰਡ ਕਰਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੈ। ਉਸ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ, ਗੁਣਾਂ ਦੇ ਘਰ ਵਿੱਚ ਪਹੁੰਚ ਕੇ ਫਿਰ ਮਨੁੱਖ ਉਨ੍ਹਾਂ ਸਾਰੇ ਔਗੁਣਾਂ ਵਿੱਚੋਂ ਨਿਕਲ ਜਾਂਦਾ ਹੈ ਜੋ ਗੁਰਮਤਿ ਤੇ ਪੂਰੇ ਨਹੀਂ ਉਤਰਦੇ। **(ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ॥)** ਜਿਹੜੇ ਉਸ ਗੁਣੀ ਦੇ ਘਰ ਵਿੱਚ ਪਹੁੰਚੇ ਹਨ ਉਨ੍ਹਾਂ ਨੇ ਹੀ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਾਇਆ ਹੈ,

ਸੱਚ ਦਾ ਮਾਰਗ ਸਮਝਾਇਆ ਹੈ ਤੇ ਪਾਖੰਡ ਵਾਲੀ ਭਗਤੀ ਵਿੱਚੋਂ ਨਿਕਲਣਾ ਸਿਖਾਇਆ ਹੈ, ਔਗੁਣਾਂ ਵਿੱਚੋਂ ਨਿਕਲਣਾ ਸਿਖਾਇਆ ਹੈ।

{ਜਹ ਜਹ ਦੇਖਾ ਤਹ ਤਹ ਸੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਹਿਰਦੈ ਸਚੁ ਏਹ ਕਰਣੀ ਸਾਰੁ॥ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ॥ਘਰਿ ਬਾਹਰਿ ਏਕੋ ਕਰਿ ਜਾਣੁ॥
ਏਹਾ ਮਤਿ ਸਬਦੁ ਹੈ ਸਾਰੁ॥ਵਿਚਿ ਦੁਬਿਧਾ ਮਾਥੈ ਪਵੈ ਛਾਰੁ॥੭॥}

(ਅੰਗ ੧੩੪੩)

{ਅੰਤਰਿ ਕਪਟੁ ਭਗਉਤੀ ਕਹਾਏ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ॥
ਪਰ ਨਿੰਦਾ ਕਰੇ ਅੰਤਰਿ ਮਲੁ ਲਾਏ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ॥
ਸਤਸੰਗਤਿ ਸਿਉ ਬਾਦੁ ਰਚਾਏ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ॥
ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ॥ ਪੂਰਬ ਲਿਖਿਆ ਸੁ ਮੇਟਣਾ ਨ ਜਾਏ॥
ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ॥੩॥}

(ਅੰਗ ੮੮)

ਜਦ ਤੱਕ ਸਾਡੇ ਅੰਦਰ ਮਾਇਆ ਦਾ ਕਪਟ ਹੈ, ਛਲ ਹੈ, ਦੁਬਿਧਾ ਹੈ ਇਹੀ ਸਾਡੇ ਔਗੁਣਾਂ ਦਾ ਕਾਰਨ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਔਗੁਣਾਂ ਨੂੰ ਹੀ ਗੁਣ ਸਮਝਦੇ ਹਾਂ ਭਾਵ ਪਾਖੰਡ ਵਾਲੀ ਭਗਤੀ ਨੂੰ ਹੀ ਗੁਣ ਸਮਝਦੇ ਹਾਂ ਜਿਸ

26/2836

ਦੀ ਸੋਝੀ ਉਸ ਗੁਣੀ ਦੇ ਘਰ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਕਿ ਸਾਡੇ ਗੁਣ ਕੀ ਹਨ ਤੇ ਔਗੁਣ ਕੀ ਹਨ।

ਜਦ ਤੱਕ ਅਸੀਂ ਉਸ ਗੁਣੀ ਦੇ ਘਰ ਵਿੱਚ ਨਹੀਂ ਪਹੁੰਚਦੇ ਤਦ ਤੱਕ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਜਦ ਤੱਕ ਸਾਨੂੰ ਹਰ ਵਸਤੂ ਵਿੱਚ ਪ੍ਰਮਾਤਮਾ ਦਾ ਨਿਰਗੁਣ ਰੂਪ ਨਜ਼ਰ ਨਹੀਂ ਆਉਂਦਾ ਉਸ ਦੇ ਗੁਣ ਨਹੀਂ ਗਾਏ ਜਾ ਸਕਦੇ। ਉਹ ਮਨ ਦੇ ਵਿੱਚੋਂ ਹੀ ਨਜ਼ਰ ਆਉਂਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਵਿਸ਼ਵਾਸ ਦਿਵਾਉਂਦਾ ਹੈ ਕਿ ਉਹ ਆਪ ਹੀ ਸਭ ਦੇ ਵਿੱਚ ਵਰਤ ਰਿਹਾ ਹੈ। ਪ੍ਰਮਾਤਮਾ ਨੂੰ ਆਪਣੇ ਮਨ ਦੇ ਵਿੱਚੋਂ ਜਾਨਣ ਤੋਂ ਬਾਅਦ ਹੀ ਮਨੁੱਖ ਦੀ ਅਵੱਸਥਾ ਗੁਰਮੁਖਿ ਵਾਲੀ ਬਣਦੀ ਹੈ ਭਾਵ ਗੁਰਮੁਖਿ ਵਾਲੀ ਅਵੱਸਥਾ ਉਹਨਾਂ ਦੀ ਹੀ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਤੇ ਉਹਨਾਂ ਨੂੰ ਹੀ ਗੁਣਾਂ ਔਗੁਣਾਂ ਦੀ ਸੋਝੀ ਪਈ ਹੈ ਭਾਵ ਉਹਨਾਂ ਨੇ ਹੀ ਔਗੁਣ ਰਹਿਤ ਹੋ ਕੇ ਪ੍ਰਮਾਤਮਾ ਦੇ ਗੁਣ ਗਾਏ ਹਨ ਤੇ ਗੁਰਬਾਣੀ ਰਾਹੀਂ ਸਭ ਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਸਿਖਾਏ ਹਨ। **(ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ॥ ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ॥ ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰਮਤਿ ਦੀ ਸੋਝੀ ਕਿਵੇਂ ਪੈਂਦੀ ਹੈ, ਕੌਣ ਪਾਉਂਦਾ ਹੈ ਤੇ ਕਿਸ ਅਵੱਸਥਾ ਦੁਆਰਾ ਪੈਂਦੀ ਹੈ।

“ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ॥੩॥”

ਹਰ ਕੋਈ “ਤ੍ਰਿਬਿਧਿ” ਵਾਲੀ ਅਵੱਸਥਾ ਵਿੱਚ ਹੈ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ ਜਿਸ ਵਿੱਚ ਉਸ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ, ਉਹ ਸਾਨੂੰ ਇਸ ਅਵੱਸਥਾ ਵਿੱਚ ਰੱਖਣ ਦੇ ਸਮਰੱਥ ਹੈ। ਮਨੁੱਖ ਦੀ ਆਪਣੀ ਕੋਈ ਸਮਰੱਥਾ ਨਹੀਂ ਕਿ ਕੋਈ ਆਪ ਇਸ ਅਵੱਸਥਾ ਵਿੱਚੋਂ ਨਿਕਲ ਸਕੇ। ਇਸ ਅਵੱਸਥਾ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਵਿੱਚ ਸਮਾਅ ਨਹੀਂ ਸਕਦਾ। ਪ੍ਰਮਾਤਮਾ ਆਪ ਚੌਥੇ ਪਦ ਵਿੱਚ ਹੈ, ਪਰਮ ਪਦ ਵਿੱਚ ਹੈ ਜੋ ਉਸਦਾ ਸੱਚੇ ਗਿਆਨ ਦਾ ਪਦ ਹੈ। ਇਹ

ਸੱਚੇ ਗਿਆਨ ਦਾ ਪਦ ਹੀ ਉਸ ਦੀ ਗੁਰਮਤਿ ਦਾ ਪਦ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦਿਆਂ ਸਾਨੂੰ ਗੁਰਮਤਿ ਦੀ ਪੂਰੀ ਸੋਝੀ ਨਹੀਂ ਪੈਂਦੀ, ਗੁਣਾਂ ਔਗੁਣਾਂ ਦੀ ਸੋਝੀ ਨਹੀਂ ਪੈਂਦੀ। ਗੁਰਮਤਿ ਦੀ ਪੂਰਨ ਸੋਝੀ ਉਸ ਨੂੰ ਹੀ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਤ੍ਰੈਗੁਣਾਂ ਵਾਲੀ ਅਵੱਸਥਾ

26/2837

ਵਿੱਚੋਂ ਕੱਢ ਕੇ ਆਪਣੇ ਚੌਥੇ ਪਦ ਵਿੱਚ ਮਿਲਾ ਲੈਂਦਾ ਹੈ, ਬ੍ਰਹਮ ਗਿਆਨ ਦੇ ਪਦ ਵਿੱਚ ਮਿਲਾ ਲੈਂਦਾ ਹੈ। ਆਪਣੇ ਚੌਥੇ ਪਦ ਦੇ ਰਾਹੀਂ ਪ੍ਰਮਾਤਮਾ ਸੱਚੀ ਗੁਰਮਤਿ ਦੀ ਸੋਝੀ ਆਪ ਹੀ ਪਾਉਂਦਾ ਹੈ, ਧਰਮ ਦੇ ਸੱਚੇ ਮਾਰਗ ਦੀ ਸੋਝੀ ਆਪ ਹੀ ਪਾਉਂਦਾ ਹੈ ਜੋ ਧਰਮ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਕਿਸੇ ਲਈ ਕੋਈ ਵੱਖਰਾ ਧਰਮ ਨਹੀਂ ਹੈ। ਉਹ ਪੂਰਨ ਸੱਚ ਹੀ ਸਮਝਾਉਂਦਾ ਹੈ ਤੇ ਪੂਰਨ ਸੱਚ ਹੀ ਗੁਰਮਤਿ ਹੈ ਜੋ ਸਾਨੂੰ ਪ੍ਰਮਾਤਮਾ ਨੇ ਗੁਰਬਾਣੀ ਰਾਹੀਂ ਸਮਝਾਈ ਹੈ, ਉਹਨਾਂ ਸਰੀਰਾਂ ਰਾਹੀਂ ਸਮਝਾਈ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢ ਕੇ ਆਪਣੇ ਚੌਥੇ ਪਦ ਵਿੱਚ ਮਿਲਾਇਆ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਔਗੁਣਾਂ ਤੋਂ ਰਹਿਤ ਹੋ ਕੇ ਗੁਣੀ ਬਣ ਸਕਦਾ ਹੈ ਭਾਵ ਉਸ ਨੂੰ ਔਗੁਣਾਂ ਤੇ ਗੁਣਾਂ ਦੀ ਪਹਿਚਾਣ ਮਨ ਦੇ ਵਿੱਚੋਂ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਕਰਵਾਉਂਦਾ ਹੈ। ਪੂਰਨ ਗੁਣਾਂ ਵਾਲੀ ਅਵੱਸਥਾ ਹੀ ਗੁਰਮਤਿ ਵਾਲੀ ਅਵੱਸਥਾ ਹੈ ਜਿਸ ਦੀ ਸੋਝੀ ਤ੍ਰੈਗੁਣਾਂ ਵਾਲੀ ਅਵੱਸਥਾਂ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ ਭਾਵ ਚੌਥੇ ਪਦ ਦੁਆਰਾ ਹੀ ਪੈਂਦੀ ਹੈ। ਇਹ ਚੌਥਾ ਪਦ ਪੂਰਨ ਸੱਚ ਦਾ ਪਦ ਹੈ ਤੇ ਇਸੇ ਪਦ ਵਿੱਚ ਹੀ ਮਨ ਦੀ ਪ੍ਰਭਾਤ ਹੈ ਜੋ ਸਾਨੂੰ ਮਨ ਦੇ ਹਨ੍ਹੇਰੇ ਵਿੱਚੋਂ, ਅਗਿਆਨਤਾ ਵਿੱਚੋਂ, ਮਨਮਤਿ ਵਿੱਚੋਂ ਕੱਢਦੀ ਹੈ ਤੇ ਸਾਨੂੰ ਪੂਰਨ ਗੁਰਮਤਿ ਦੀ ਸੋਝੀ ਪੈਂਦੀ ਹੈ। **(ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ॥ ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ॥੩॥)**

ਮਨ ਦੇ ਵਿੱਚ ਇਸ ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਮਨੁੱਖ ਇਸ ਸੰਸਾਰ ਦੇ ਆਵਾਗਉਣ ਤੋਂ ਰਹਿਤ ਹੁੰਦਾ ਹੈ ਤੇ ਮਨੁੱਖ ਦੀ ਹਉਮੈ ਮਰਦੀ ਹੈ। ਹਉਮੈ ਸਾਡੇ ਅੰਦਰ ਦਾ ਭਰਮ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਹੈ ਜੋ ਕਿ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਦੂਰ ਹੁੰਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਈ ਹੋਈ ਹੈ।

“ਆਵਣ ਜਾਣ ਰਹੇ ਚੂਕਾ ਭੋਲਾ ਰਾਮ॥
ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ॥
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ॥
ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ॥੪॥੩॥”

ਉੱਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਨੂੰ ਹੀ ਸਮਝੋ ਕਿ ਸਾਡਾ ਆਵਾਗਉਣ ਕਿਸ ਤਰੀਕੇ ਦੂਰ ਹੁੰਦਾ ਹੈ ਤੇ ਸਾਡੇ ਆਵਾਗਉਣ ਦੀ ਵਜ੍ਹਾ ਕੀ ਹੈ। “ਭੋਲਾ” ਤੋਂ ਭਾਵ ਹੈ

26/2838

ਭੁਲਾਵਾ, ਭੁਲੇਖਾ, ਭਰਮ ਭਾਵ ਮਨ ਦੀ ਅਗਿਆਨਤਾ। ਇਹ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਮਾਇਆ ਦੇ ਛਲ ਵਾਲੀ, ਮਾਇਆ ਦੀ ਜੁਗਤਿ ਵਾਲੀ ਭਾਵ ਹੁਉਮੈ ਰੂਪ ਪੜਦੇ ਵਾਲੀ ਅਵੱਸਥਾ ਹੈ, ਭਰਮ ਰੂਪ ਪੜਦੇ ਵਾਲੀ ਅਵੱਸਥਾ ਹੈ ਜਿਸਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰਹਿੰਦੇ ਹਾਂ। ਮਨ ਦੇ ਵਿੱਚ ਇਹ ਪੜਦਾ ਸਾਡੇ ਅੰਦਰ ਪ੍ਰਮਾਤਮਾ ਦਾ ਪਾਇਆ ਹੋਇਆ ਕੱਚਾ ਚੋਲਾ ਹੈ, ਕੱਚੀ ਮਤਿ ਦਾ ਚੋਲਾ ਹੈ, ਹਉਮੈ ਰੂਪ ਚੋਲਾ ਹੈ। ਸਾਡੇ ਅੰਦਰ ਦੀ ਇਹ ਅਵੱਸਥਾ ਚੌਥੇ ਪਦ ਦੁਆਰਾ ਹੀ ਦੂਰ ਹੁੰਦੀ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਦੂਰ ਹੁੰਦੀ ਹੈ, ਮਨ ਦੇ ਵਿੱਚ ਲੰਮਾ ਤਾਰਾ ਚੜ੍ਹਨ ਦੁਆਰਾ ਦੂਰ ਹੁੰਦੀ ਹੈ ਹੈ, ਮਨ ਦੇ ਵਿੱਚ ਪ੍ਰਭਾਤ ਚੜ੍ਹਨ ਦੁਆਰਾ ਦੂਰ ਹੁੰਦੀ ਹੈ ਭਾਵ ਮਨ ਦੇ ਵਿੱਚ ਆਪ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਦੂਰ ਹੁੰਦੀ ਹੈ। ਜਿਸ ਨੂੰ ਪ੍ਰਮਾਤਮਾ ਆਵਾਗਉਣ ਵਿੱਚੋਂ ਕੱਢਦਾ ਹੈ ਉਸ ਨੂੰ ਭਰਮ ਦੇ

ਪੜਦੇ ਵਿੱਚੋਂ ਕੱਢ ਕੇ ਹੀ ਆਵਾਗਉਣ ਤੋਂ ਮੁਕਤ ਕਰਦਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਸਾਡਾ ਆਵਾਗਉਣ ਮਿਟਦਾ ਹੈ। ਇਹ ਆਵਾਗਉਣ ਸਾਡੀ ਹਉਮੈ ਮਿਟਣ ਦੇ ਨਾਲ ਹੀ ਦੂਰ ਹੁੰਦਾ ਹੈ, ਮਨ ਦੀ ਅਗਿਆਨਤਾ ਮਿਟਣ ਦੁਆਰਾ ਹੀ ਦੂਰ ਹੁੰਦਾ ਹੈ। ਮਨ ਦੀ ਅਗਿਆਨਤਾ ਵਿੱਚੋਂ ਕੱਢਣ ਤੋਂ ਬਾਅਦ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ, ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ ਤੇ ਇਹ ਸੱਚੀ ਸੋਝੀ ਹੀ ਸਾਡਾ ਸੱਚਾ ਚੋਲਾ ਹੈ ਜੋ ਪ੍ਰਮਾਤਮਾ ਸਾਨੂੰ ਆਪ ਹੀ ਪਾਉਂਦਾ ਹੈ। **(ਆਵਣ ਜਾਣ ਰਹੇ ਚੂਕਾ ਭੋਲਾ ਰਾਮ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ॥)**

ਜਿਸ ਨੂੰ ਪ੍ਰਮਾਤਮਾ ਹਉਮੈ ਵਿੱਚੋਂ ਕੱਢਦਾ ਹੈ, ਭਰਮ ਦੇ ਪੜਦੇ ਵਿੱਚੋਂ ਕੱਢਦਾ ਹੈ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਕੱਢਦਾ ਹੈ ਤੇ ਤਾਂ ਹੀ ਪ੍ਰਮਾਤਮਾ ਦੇ ਆਪਣੇ ਅੰਦਰ ਹੋਣ ਦੀ ਸੋਝੀ ਪੈਂਦੀ ਹੈ, ਸਾਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਅਗਲੀਆ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ॥

ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ॥”

ਹਉਮੈ ਵਿੱਚੋਂ ਕੇਵਲ ਗੁਰੂ ਰੂਪ ਪ੍ਰਮਾਤਮਾ ਆਪ ਹੀ ਕੱਢਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਕੱਢਦਾ ਹੈ। “ਪਰਗਟੁ ਹੋਈ” ਤੋਂ ਭਾਵ ਹੈ ਪ੍ਰਗਟ ਹੋਣ ਦੁਆਰਾ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ। ਸਾਡੇ ਸੋਗ ਸੰਤਾਪ ਸਾਡੇ ਅੰਦਰ ਮਨ ਦੇ ਭਰਮ ਦੇ ਕਾਰਨ ਹੀ ਹਨ, ਹਉਮੈ ਦੇ, ਮਨਮਤਿ ਦੇ ਕਾਰਨ ਹੀ ਹਨ ਜੋ ਅਵੱਸਥਾ ਸਾਨੂੰ “ਸਚੁ” ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਦੂਰ ਹੁੰਦੇ ਹਨ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੀ ਉਸ ਦੀ ਜੋਤਿ ਵਿੱਚ ਸਮਾਅ ਜਾਣਾ ਹੈ। ਜਦ ਤੱਕ ਅਸੀਂ

ਤ੍ਰੈਗੁਣਾਂ ਵਿੱਚ ਹਾਂ, ਹਉਮੈ ਵਿੱਚ, ਭਰਮ ਵਿੱਚ ਹਾਂ ਸਾਡੇ ਅੰਦਰ ਜੋਤਿ ਪ੍ਰਮਾਤਮਾ ਦੀ ਹੀ ਵਰਤਦੀ ਹੈ ਭਾਵ ਸਾਨੂੰ ਭਰਮ ਵਾਲੀ ਅਵੱਸਥਾ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਆਪਣੀ ਜੋਤਿ ਦੁਆਰਾ ਹੀ ਸਾਨੂੰ ਭਰਮ ਵਿੱਚ ਰੱਖਦਾ ਹੈ। ਸਾਡੇ ਅੰਦਰ ਜੋਤਿ ਹੀ ਆਤਮਾ ਰੂਪ ਹੈ ਭਾਵ ਤ੍ਰੈਗੁਣ ਰੂਪ ਹੈ ਤੇ ਜੋਤਿ ਹੀ ਪ੍ਰਮਾਤਮਾ ਰੂਪ ਹੈ ਭਾਵ ਚੌਥਾ ਪਦ ਹੈ। ਸਾਡੀ ਤ੍ਰੈਗੁਣਾਂ ਵਾਲੀ ਜੋਤਿ ਦਾ ਰੂਪ ਚੌਥੇ ਪਦ ਦੇ ਰੂਪ ਵਿੱਚ ਬਦਲ ਜਾਂਦਾ ਹੈ ਤੇ ਇਹ ਹੀ ਜੋਤਿ ਦਾ ਜੋਤਿ ਵਿੱਚ ਸਮਾਉਣਾ ਹੈ। ਇਹ ਭਰਮ ਦਾ ਸੱਚ ਵਿੱਚ ਸਮਾਉਣਾ ਹੈ ਭਾਵ ਸੱਚੇ ਗਿਆਨ ਵਿੱਚ ਸਮਾਉਣਾ ਹੈ, ਇਹ ਮਨਮਤਿ ਦਾ ਗੁਰਮਤਿ ਦੇ ਵਿੱਚ ਸਮਾਉਣਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਸਾਨੂੰ ਆਪਣੇ ਆਪ ਦੀ ਪਹਿਚਾਣ ਹੁੰਦੀ ਹੈ ਕਿ ਸਾਡੀ ਅਸਲੀਅਤ ਕੀ ਹੈ ਭਾਵ ਮਨ ਦੇ ਵਿੱਚੋਂ ਹੀ ਇਹ ਸੋਝੀ ਪੈਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਮਨ ਦੇ ਵਿੱਚ ਭਰਮ ਦੇ ਰਹਿੰਦਿਆਂ, ਭਰਮ ਰੂਪ, ਹਉਮੈ ਰੂਪ ਪੜਦੇ ਦੇ ਰਹਿੰਦਿਆਂ, ਕੂੜੇ ਦੀ ਪਾਲਿ ਦੇ ਰਹਿੰਦਿਆਂ ਉਸ ਪ੍ਰਮਾਤਮਾ ਦੀ ਆਪਣੇ ਅੰਦਰੋਂ ਸੋਝੀ ਨਹੀਂ ਪੈਂਦੀ ਤੇ ਉਸਦੀ ਆਪਣੀ ਕਿਰਪਾ ਤੋਂ ਬਿਨ੍ਹਾਂ ਕਿਸੇ ਨੂੰ ਇਹ ਸੋਝੀ ਨਹੀਂ ਪੈ ਸਕਦੀ। **(ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ॥)**

ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਸਾਡਾ ਪੇਕਾ ਘਰ ਹੈ ਤੇ ਚੌਥਾ ਪਦ ਭਾਵ ਪ੍ਰਮਾਤਮਾ ਦਾ ਘਰ ਸਾਡਾ ਸਹੁਰਾ ਘਰ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ॥

ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ॥੪॥੩॥”

ਸਾਡਾ ਪੇਕਾ ਘਰ ਕੀ ਹੈ ਤੇ ਸਹੁਰਾ ਘਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਇਹੀ ਗੱਲ ਉੱਪਰ ਸਮਝਾਈ ਹੋਈ ਹੈ। ਉਸ ਪ੍ਰਮਾਤਮਾ ਦੀ ਸੁਹਾਗਣ ਉਸ ਦੇ ਘਰ ਵਿੱਚ ਪਹੁੰਚ ਕੇ ਹੀ ਬਣਿਆ ਜਾ ਸਕਦਾ ਹੈ, ਸਹਜ ਦੇ ਘਰ ਵਿੱਚ, ਚੌਥੇ ਪਦ ਦੇ ਘਰ ਵਿੱਚ, ਉਸ ਬ੍ਰਹਮ ਗਿਆਨੀ ਦੇ ਘਰ ਵਿੱਚ ਪਹੁੰਚ ਕੇ ਹੀ ਬਣਿਆ ਜਾ ਸਕਦਾ ਹੈ। ਜਿਸ ਨੂੰ ਉਹ ਬ੍ਰਹਮ ਗਿਆਨੀ ਆਪਣੀ ਸੁਹਾਗਣ ਬਣਾਉਂਦਾ ਹੈ ਮਨ ਦੇ ਵਿਚਾਰਾਂ ਦੁਆਰਾ ਹੀ ਬਣਾਉਂਦਾ ਹੈ, ਗੁਰਮਤਿ ਰੂਪ ਸੱਚੇ ਵਿਚਾਰਾਂ ਰਾਹੀਂ ਹੀ ਬਣਾਉਂਦਾ ਹੈ, ਸ਼ਬਦਾਂ ਦੀ ਸੋਝੀ ਦੁਆਰਾ ਹੀ ਬਣਾਉਂਦਾ ਹੈ ਭਾਵ ਤ੍ਰੈਗੁਣਾਂ ਵਿੱਚ ਰਹਿੰਦੇ ਹੋਏ ਹੀ, ਹਉਮੈ ਦੇ ਘਰ ਵਿੱਚ ਰਹਿੰਦੇ ਹੋਏ ਹੀ ਉਹ ਸਾਨੂੰ ਆਪਣੇ ਸੱਚੇ ਗਿਆਨ ਦੁਆਰਾ ਉਸ ਤੇ ਚੱਲਣ ਦੀ ਸਮਰੱਥਾ ਬਖਸ਼ਦਾ ਹੈ, ਗੁਰੂ ਦੀ ਸੱਚੀ ਮਤਿ ਦੇ ਨਾਲ

ਮਨੁੱਖ ਦਾ ਮਨ ਪਸੀਜ ਜਾਂਦਾ ਹੈ ਤੇ ਉਹ ਇਸ ਅਵੱਸਥਾ ਦੁਆਰਾ ਆਪਣੇ ਸਹੁਰੇ ਘਰ ਵਿੱਚ ਪਹੁੰਚਦਾ ਹੈ ਤੇ ਪ੍ਰਮਾਤਮਾ ਨੂੰ ਭਾਉਂਦਾ ਹੈ। ਸਹੁਰਾ ਘਰ ਗੁਰਮਤਿ ਦਾ ਘਰ ਹੈ ਤੇ ਉੱਥੇ ਉਹ ਹੀ ਭਾ ਸਕਦਾ ਹੈ ਜਿਸ ਨੂੰ ਗੁਰਮਤਿ ਭਾਉਂਦੀ ਹੈ। ਸਹੁਰੇ ਘਰ ਵਿੱਚ ਪਹੁੰਚੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਘਰ ਨੂੰ ਜਾਨਣ

26/2840

ਲਈ ਕਿਸੇ ਦੀ ਮੁਥਾਜੀ ਕਰਦੇ ਹਾਂ ਪਰ ਜੋ ਉਸਦੇ ਘਰ ਵਿੱਚ ਪਹੁੰਚ ਜਾਂਦਾ ਹੈ, ਉਸਦੀ ਮੁਥਾਜੀ ਮੁੱਕ ਜਾਂਦੀ ਹੈ ਭਾਵ ਉਹ ਕਿਸੇ ਹੋਰ ਦੀ ਮਤਿ ਦੇ ਪਿੱਛੇ ਨਹੀਂ ਲੱਗਦਾ ਕਿਉਂਕਿ ਉਸ ਨੂੰ ਇਹ ਸਮਝ ਲੱਗ ਜਾਂਦੀ ਹੈ ਮਤਿ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਪੇਕੇ ਘਰ ਵਿੱਚ ਰੱਖਿਆ ਹੋਇਆ ਹੈ ਭਾਵ ਆਪਣੇ ਘਰ ਤੋਂ ਦੂਰ ਰੱਖਿਆ ਹੋਇਆ ਹੈ। **(ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ॥ ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ॥੪॥੩॥)**

{ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥

ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥੧॥}

(ਅੰਗ ੧੦੨੨)

ਜਿਸ ਨੂੰ ਪ੍ਰਮਾਤਮਾ ਆਪਣਾ ਗੁਰਸਿੱਖ ਬਣਾਉਂਦਾ ਹੈ ਉਸ ਨੂੰ ਮਨ ਦੀ ਪ੍ਰਭਾਤ ਦੁਆਰਾ ਹੀ ਬਣਾਉਂਦਾ ਹੈ ਤੇ ਮਨ ਦੇ ਵਿੱਚ ਪ੍ਰਭਾਤ ਮਨ ਦੇ ਸਰੋਵਰ ਵਿੱਚੋਂ, ਗਿਆਨ ਦੇ ਸਰੋਵਰ ਵਿੱਚੋਂ ਇਸ਼ਨਾਨ ਕਰਕੇ ਹੀ ਚੜ੍ਹਦੀ ਹੈ, ਨਾਮ ਦੇ ਸਰੋਵਰ ਵਿੱਚੋਂ ਇਸ਼ਨਾਨ ਕਰਕੇ ਹੀ ਚੜ੍ਹਦੀ ਹੈ ਜਿਸ ਦੁਆਰਾ ਗੁਰੂ ਹਰ ਰੋਜ਼, ਹਰ ਵੇਲੇ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ। **(ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥)**

ਨਾਮ ਕਿਸ ਰੂਪ ਵਿੱਚ ਜਪਿਆ ਜਾਂਦਾ ਹੈ ਤੇ ਨਾਮ ਜਪਣ ਦਾ ਮਕਸਦ ਕੀ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਇਹ ਗੱਲ ਵੀ ਨਾਲ ਹੀ ਸਮਝਾਈ ਹੋਈ ਹੈ ਕਿ ਨਾਮ ਜਪਣ ਵਾਲਾ ਕੌਣ ਹੈ।

“ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥”

ਜਿਵੇਂ ਕਿ ਅਸੀਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ, “ਗੁਰੂ” ਰੂਪ ਵਿੱਚ ਗੁਰੂ ਆਪ ਹੀ ਆਪਣਾ “ਸਿਖ” ਹੈ, ਆਪ ਹੀ ਆਪਣਾ “ਦਾਸ” ਹੈ, “ਸੇਵਕ” ਹੈ। ਗੁਰੂ ਰੂਪ ਵਿੱਚ ਉਹ ਆਪ ਹੀ ਆਪਣਾ ਨਾਮ ਜਪਣ ਵਾਲਾ ਹੈ ਭਾਵ ਆਪਣੇ ਦਿੱਤੇ ਹੋਏ ਉਪਦੇਸ਼ ਤੇ ਆਪ ਹੀ ਚੱਲਣ ਵਾਲਾ ਹੈ। ਗੁਰੂ ਨੂੰ ਉਪਦੇਸ਼ ਦੇਣ ਵਾਲਾ ਆਪ ਪ੍ਰਮਾਤਮਾ ਹੈ ਜੋ ਗੁਰੂ ਦੇ ਮਨ ਦੇ ਅੰਦਰ ਸਦਾ ਹੀ ਪ੍ਰਗਟ ਹੁੰਦਾ ਹੈ ਤੇ ਉਸ ਦੇ ਅੰਦਰ ਸਦਾ ਹੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਮਨ ਦੀ ਪ੍ਰਭਾਤ ਦਾ ਪ੍ਰਕਾਸ਼ ਹੁੰਦਾ ਹੈ ਜਿਸ ਰਾਹੀਂ ਗੁਰੂ ਮਨ ਦੇ ਵਿੱਚ ਗਿਆਨ ਦੇ ਸਰੋਵਰ ਨਾਲ, ਅੰਮ੍ਰਿਤ ਨਾਮ ਦੇ ਸਰੋਵਰ ਨਾਲ ਜੁੜਿਆ ਹੁੰਦਾ ਹੈ। ਇਸ ਗਿਆਨ ਦੇ ਸਰੋਵਰ ਵਿੱਚੋਂ ਗੁਰੂ ਦਾ ਸੱਚਾ ਉਪਦੇਸ਼ ਹੀ ਮਿਲਦਾ ਹੈ, ਗੁਰਮਤਿ ਦੀ ਸੱਚੀ ਸੋਝੀ ਹੀ ਪੈਂਦੀ ਹੈ। ਗੁਰੂ ਕੋਲ ਜੋ ਸੱਚਾ ਉਪਦੇਸ਼ ਹੈ, ਗੁਰੂ ਹਰ ਵੇਲੇ ਉਸੇ ਉਪਦੇਸ਼ ਨੂੰ ਹੀ ਆਪਣੇ ਅੰਦਰ

26/2841

ਜਪਦਾ ਹੈ ਭਾਵ ਵਸਾ ਕੇ ਰੱਖਦਾ ਹੈ ਭਾਵ ਹਰ ਵੇਲੇ ਆਪਣੀ ਸੱਚੀ ਗੁਰਮਤਿ ਦੁਆਰਾ ਹੀ ਵਿਚਰਦਾ ਹੈ ਭਾਵ ਹਰ ਵੇਲੇ ਆਪਣੀ ਸਿੱਖਿਆ ਅਨੁਸਾਰ ਹੀ ਵਿਚਰਦਾ ਹੈ ਜਿਸ ਕਰਕੇ ਉਹ ਆਪ ਹੀ ਆਪਣਾ ਸਿੱਖ ਹੈ। ਗੁਰੂ ਆਪ ਪ੍ਰਮਾਤਮਾ ਦਾ ਰੂਪ ਹੈ ਤੇ ਇਸੇ ਲਈ ਗੁਰਸਿੱਖ ਪ੍ਰਮਾਤਮਾ ਦਾ ਰੂਪ ਹੈ ਭਾਵ ਗੁਰੂ ਤੇ ਗੁਰਸਿੱਖ ਵਿੱਚ ਕੋਈ ਭੇਦ ਨਹੀਂ ਹੈ, ਉਹ ਇੱਕ ਹੀ ਹਨ, ਪ੍ਰਮਾਤਮਾ ਦਾ ਰੂਪ ਹੀ ਹਨ। ਆਪਣੇ ਅੰਦਰ ਉਪਦੇਸ਼ ਨੂੰ ਜਪਣ ਦਾ ਮਕਸਦ ਪਾਪਾਂ ਵਾਲੀ ਬਿਰਤੀ ਵਿੱਚੋਂ ਨਿਕਲਣ ਦਾ ਹੈ ਜੋ ਸਾਡੇ ਅੰਦਰ ਮਾੜੀ ਸੋਝੀ ਦੇ ਕਾਰਨ ਹਨ, ਅਗਿਆਨਤਾ ਦੇ ਕਾਰਨ ਹਨ। ਜਿੱਥੇ ਪ੍ਰਮਾਤਮਾ ਦਾ ਸੱਚਾ ਉਪਦੇਸ਼ ਵੱਸ ਜਾਂਦਾ ਹੈ ਉਸਦੀ ਅਗਿਆਨਤਾ ਵਾਲੀ ਬਿਰਤੀ ਮਿਟ ਜਾਂਦੀ ਹੈ, ਮਾੜੇ ਕਰਮਾਂ ਵਾਲੀ ਬਿਰਤੀ ਮਿਟ ਜਾਂਦੀ ਹੈ ਤੇ ਉਹ ਬਿਰਤੀ ਗੁਣਾਂ ਵਾਲੀ ਬਣ

ਜਾਂਦੀ ਹੈ ਤੇ ਇਸੇ ਲਈ ਗੁਰੂ ਔਗੁਣਾਂ ਤੋਂ ਰਹਿਤ ਹੈ ਤੇ ਗੁਣਾਂ ਨਾਲ ਭਰਿਆ ਹੋਇਆ ਹੈ ਤੇ ਉਸਦੀ ਹਰ ਕਰਨੀ ਗੁਣਾਂ ਵਾਲੀ ਹੁੰਦੀ ਹੈ। ਗੁਰੂ ਇਸ ਤਰੀਕੇ ਹਰਿ ਹਰਿ ਜਪਦਾ ਹੈ ਤੇ ਸੰਸਾਰ ਨੂੰ ਇਹੋ ਜਿਹਾ ਹਰਿ ਹਰਿ ਜਪਣਾ ਹੀ ਸਿਖਾਇਆ ਹੈ ਤਾਂ ਜੋ ਅਸੀਂ ਪਾਪਾਂ ਵਾਲੀ, ਮਾੜੇ ਕਰਮ ਕਰਨ ਵਾਲੀ ਬਿਰਤੀ ਵਿੱਚੋਂ ਨਿਕਲ ਸਕੀਏ, ਆਪਣੇ ਹਰ ਔਗੁਣ ਵਿੱਚੋਂ ਨਿਕਲ ਸਕੀਏ।

(ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥)

ਗੁਰੂ ਨੂੰ ਉਪਦੇਸ਼ ਸੁਣਾਉਣ ਵਾਲਾ ਆਪ ਪ੍ਰਮਾਤਮਾ ਹੈ ਜੋ ਕਿ ਆਪ ਹੀ ਪੂਰਾ ਗੁਰੂ ਹੈ ਤੇ ਆਪਣੇ ਉਪਦੇਸ਼ ਰਾਹੀਂ ਪ੍ਰਮਾਤਮਾ ਜੋ ਕੁੱਝ ਵੀ ਸਮਝਾਉਂਦਾ ਹੈ ਉਸ ਵਿੱਚ ਉਹ "ਸਚੁ" ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ "ਸਚੁ" ਰੂਪ ਵਿੱਚ ਹੀ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਸੱਚੀ ਬਾਣੀ ਹੈ। ਗੁਰਬਾਣੀ ਰਾਹੀਂ ਸਾਨੂੰ ਜੋ ਕੁੱਝ ਵੀ ਸਮਝਾਇਆ ਗਿਆ ਹੈ, ਜੋ ਵੀ ਉਪੇਦਸ਼ ਸੁਣਾਇਆ ਗਿਆ ਹੈ, ਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮੁੱਖੋਂ ਸੁਣਾਇਆ ਗਿਆ ਹੈ ਉਸ ਵਿੱਚ ਪੂਰਨ ਸੱਚ ਹੈ। ਪੂਰੇ ਉਪਦੇਸ਼ ਦਾ ਮਾਲਕ ਉਹ "ਸਚੁ" ਰੂਪ ਪ੍ਰਮਾਤਮਾ ਹੀ ਹੈ ਤੇ ਜਿੰਨ੍ਹਾਂ ਸਰੀਰਾਂ ਰਾਹੀਂ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉੱਥੇ ਉਨ੍ਹਾਂ ਦੇ ਅੰਦਰ ਉਸਨੇ ਆਪਣੇ ਆਪ ਨੂੰ "ਸਚੁ" ਦੇ ਰੂਪ ਵਿੱਚ ਹੀ ਪ੍ਰਗਟ ਕੀਤਾ ਹੈ, ਸੱਚੇ ਉਪਦੇਸ਼ ਰਾਹੀਂ ਪ੍ਰਗਟ ਕੀਤਾ ਹੈ ਤੇ ਉਨ੍ਹਾਂ ਸਰੀਰਾਂ ਨੇ ਹੀ ਸਾਨੂੰ ਪ੍ਰਮਾਤਮਾ ਦੇ ਕੋਲੋਂ ਸੱਚਾ ਉਪਦੇਸ਼ ਸੁਣ ਕੇ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਉਸਦਾ ਸੱਚਾ ਉਪਦੇਸ਼ ਸੁਣਾਇਆ ਹੈ। ਇਸੇ ਲਈ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਸੱਚੇ ਉਪਦੇਸ਼ ਦਾ ਮਾਲਕ ਹੈ।

{ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ॥੩॥੧॥}

(ਅੰਗ ੧੧੯੩)

ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਉਸਦਾ ਸੱਚਾ ਉਪਦੇਸ਼ ਸੁਣਨ ਤੋਂ ਬਾਅਦ ਹੀ ਸਾਡੇ ਅੰਦਰੋਂ ਅਗਿਆਨਤਾ ਦਾ ਹਨ੍ਹੇਰਾ ਦੂਰ ਹੁੰਦਾ ਹੈ ਤੇ ਮਨ ਦੇ ਵਿੱਚ ਪ੍ਰਭਾਤ ਚੜ੍ਹਦੀ ਹੈ। ਦਿਨ ਪ੍ਰਭਾਤ ਤੋਂ ਬਾਅਦ ਹੀ ਚੜ੍ਹਦਾ ਹੈ ਭਾਵ ਸਾਡਾ ਪੂਰੀ ਤਰ੍ਹਾਂ ਅਗਿਆਨਤਾ ਦਾ ਹਨ੍ਹੇਰਾ ਦਿਨ ਚੜ੍ਹਨ ਦੁਆਰਾ ਹੀ ਨਿਕਲਦਾ ਹੈ ਜਿਸਦੀ ਸ਼ੁਰੂਆਤ ਪ੍ਰਭਾਤ ਤੋਂ ਹੁੰਦੀ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪਣਾ ਗਿਆਨ ਵਧਾਉਂਦਾ ਰਹਿੰਦਾ ਹੈ, ਆਪਣੇ ਸ਼ਬਦਾਂ ਦੁਆਰਾ ਗਿਆਨ ਵਧਾਉਂਦਾ ਰਹਿੰਦਾ ਹੈ ਜਿਸ

26/2842

ਮਨ ਦੀ ਪ੍ਰਭਾਤ ਦੀ ਅਵੱਸਥਾ ਦਿਨ ਦੇ ਚਾਨਣ ਵਿੱਚ ਬਦਲ ਜਾਂਦੀ ਹੈ ਭਾਵ ਪੂਰੀ ਗੁਰਮਤਿ ਦੀ ਸੋਝੀ ਦੇ ਰੂਪ ਵਿੱਚ ਬਦਲ ਜਾਂਦੀ ਹੈ। ਪ੍ਰਭਾਤ ਤੇ ਦਿਨ ਆਪਸ ਵਿੱਚ ਜੁੜੇ ਹੋਏ ਹੀ ਹਨ ਤੇ ਇਹੀ ਗੱਲ ਸਾਨੂੰ ਸ਼ਬਦ ਵਿੱਚ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥"

ਜਿਹੜਾ ਪ੍ਰਮਾਤਮਾ ਸਾਡੇ ਅੰਦਰ ਪ੍ਰਭਾਤ ਚੜ੍ਹਾਉਂਦਾ ਹੈ ਭਾਵ ਜੋ ਪ੍ਰਮਾਤਮਾ ਸਾਡੇ ਅੰਦਰ ਪ੍ਰਭਾਤ ਦੇ ਰੂਪ ਵਿੱਚ ਹੈ ਉਹੀ ਸਾਡੇ ਅੰਦਰ ਦਿਨ ਦੇ ਰੂਪ ਵਿੱਚ ਹੈ। ਸਾਡੇ ਅੰਦਰ ਪ੍ਰਭਾਤ ਦਾ ਬਣਿਆ ਰਹਿਣਾ ਜਾਂ ਦਿਨ ਦਾ ਚੜ੍ਹਿਆ ਰਹਿਣਾ ਇੱਕੋ ਗੱਲ ਹੀ ਹੈ ਜਿਸ ਦਾ ਮਕਸਦ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੇ ਨਾਲ ਹੀ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਸੱਚਾ ਗਿਆਨ ਉਸਦਾ ਨਾਮ ਧਨ ਹੈ ਜੋ ਨਾਮ ਧਨ ਵੱਧਦਾ ਹੀ ਰਹਿੰਦਾ ਹੈ ਜਿਸਨੂੰ ਕਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਵਧਾਉਂਦਾ ਹੈ, ਸ਼ਬਦਾਂ ਦੇ ਗਿਆਨ ਦੁਆਰਾ ਵਧਾਉਂਦਾ ਹੈ।

ਗਉੜੀ ਗੁਆਰੇਰੀ ਮਹਲਾ ੫॥

"ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥੧॥ਰਹਾਉ॥

ਪੀਉ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥੧॥

ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੁਟ ਅਤੋਲ॥੨॥

ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥੩॥

ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ॥੪॥੩੧॥੧੦੦॥"

(ਅੰਗ ੧੮੫)

ਉੱਪਰ ਸ਼ਬਦ ਰਾਹੀਂ ਧੰਨ ਧੰਨ ਪੰਜਵੀਂ ਪਾਤਸ਼ਾਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਉਹ ਕਿਹੜੇ ਧਨ ਦੀ ਪ੍ਰਾਪਤੀ ਕਰਕੇ ਭਾਗਾਂ ਵਾਲੇ ਹਨ। ਉਨ੍ਹਾਂ ਕੋਲ ਸੱਚੇ ਨਾਮ ਦਾ ਧਨ ਹੈ ਭਾਵ ਸੱਚੇ ਗਿਆਨ ਦਾ ਧਨ ਹੈ। ਆਪਣੇ ਇਸ ਧਨ ਦੁਆਰਾ ਉਨ੍ਹਾਂ ਦਾ ਸੁਭਾਅ ''ਸਹਜਿ'' ਦੀ ਅਵੱਸਥਾ ਵਾਲਾ ਹੈ ਭਾਵ ਉਨ੍ਹਾਂ ਨੂੰ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ ਭਾਵ ਉਸਦੀ ਸਿਫ਼ਤ ਸਾਲਾਹ ਕਰਦੇ ਹਨ। **(ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥੧॥ਰਹਾਉ॥)**

ਇਹ ਨਾਮ ਧਨ ਦਾ ਖਜ਼ਾਨਾ ਉਨ੍ਹਾਂ ਨੂੰ ਕਿੱਥੋਂ ਮਿਲਿਆ ਹੈ ਇਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥੧॥”

ਇਸ ਨਾਮ ਧਨ ਦੇ ਖਜ਼ਾਨੇ ਦਾ ਸ੍ਰੋਤ ਸਦਾ ਤੋਂ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ''ਪੀਊ ਦਾਦੇ'' ਤੋਂ ਭਾਵ ਹੈ ਕਿ ਪੰਜਵੀਂ ਪਾਤਸ਼ਾਹੀ ਤੋਂ ਪਹਿਲੇ ਜਿੱਥੋਂ ਸਭ ਨੂੰ ਇਸ ਧਨ ਦੀ ਪ੍ਰਾਪਤੀ ਹੋਈ ਹੈ, ਜਿਸ ਖਜ਼ਾਨੇ ਵਿੱਚੋਂ ਪ੍ਰਾਪਤੀ ਹੋਈ ਹੈ ਉਹੀ ਖਜ਼ਾਨਾ ਪ੍ਰਮਾਤਮਾ ਨੇ ਮੇਰੇ ਲਈ ਖੋਲ੍ਹ ਦਿੱਤਾ ਹੈ ਭਾਵ ਪੰਜਵੀਂ ਪਾਤਸ਼ਾਹੀ ਲਈ ਖੋਲ੍ਹ ਦਿੱਤਾ ਹੈ। ਆਦਿ ਤੋਂ ਲੈ ਕੇ ਇਸ ਖਜ਼ਾਨੇ ਦਾ ਮਾਲਕ ਆਪ ਪ੍ਰਮਾਤਮਾ ਹੀ

ਹੈ ਤੇ ਜਿਸ ਨੂੰ ਵੀ ਉਸਨੇ ਆਪਣਾ ਭਗਤ ਰੂਪ, ਗੁਰੂ ਰੂਪ, ਸੇਵਕ ਰੂਪ, ਜਨ ਰੂਪ, ਦਾਸ ਰੂਪ ਬਣਾਇਆ ਹੈ ਆਪਣੇ ਇਸ ਖਜ਼ਾਨੇ ਦੇ ਨਾਲ ਰਲਾ ਕੇ ਹੀ ਬਣਾਇਆ ਹੈ। **(ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥੧॥)**

ਇਹ ਨਾਮ ਦਾ ਖਜ਼ਾਨਾ ਸਭ ਤੋਂ ਕੀਮਤੀ ਖਜ਼ਾਨਾ ਹੈ। ਇਹ ਖਜ਼ਾਨਾ ਚੌਥੇ ਪਦ ਦੇ ਸੱਚੇ ਵਿਚਾਰਾਂ ਦਾ ਖਜ਼ਾਨਾ ਹੈ ਜਿੰਨ੍ਹਾਂ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ, ਆਪਣੇ ਅੰਦਰ ਪ੍ਰਮਾਤਮਾ ਦੇ ਹੋਣ ਦੀ ਸੋਝੀ ਪੈਂਦੀ ਹੈ। ਜਿਸਨੂੰ ਇਸ ਖਜ਼ਾਨੇ ਦੀ ਪ੍ਰਾਪਤੀ ਹੁੰਦੀ ਹੈ ਉਸਦੇ ਅੰਦਰ ਸੱਚੇ ਵਿਚਾਰਾਂ ਦਾ ਭੰਡਾਰ, ਸੱਚੇ ਗੁਣਾਂ ਦਾ ਭੰਡਾਰ ਇਕੱਠਾ ਹੁੰਦਾ ਰਹਿੰਦਾ ਹੈ। ਇਹ ਵਿਚਾਰਾਂ ਦਾ ਭੰਡਾਰ ਅਖੁੱਟ ਹੈ ਭਾਵ ਜੋ ਕਦੇ ਘੱਟਦਾ ਨਹੀਂ ਬਲਕਿ ਵੱਧਦਾ ਰਹਿੰਦਾ ਹੈ। ਪ੍ਰਮਾਤਮਾ ਦੇ ਕੋਲੋਂ ਸਾਰਾ ਗਿਆਨ ਇੱਕੋ ਵਾਰ ਵਿੱਚ ਨਹੀਂ ਮਿਲਦਾ ਤੇ ਹਰ ਰੋਜ਼ ਮਿਲਦਾ ਰਹਿੰਦਾ ਹੈ, ਸ਼ਬਦਾਂ ਦੀ ਨਵੀਂ ਵਿਚਾਰ ਮਿਲਦੀ ਰਹਿੰਦੀ ਹੈ। ਜਿਉਂ ਜਿਉਂ ਇਸ ਗਿਆਨ ਨੂੰ ਵੰਡਿਆ ਜਾਂਦਾ ਹੈ ਇਹ ਵੱਧਦਾ ਹੀ ਰਹਿੰਦਾ ਹੈ। ਇਹ ਸੱਚੇ ਗਿਆਨ ਦਾ ਧਨ ਘੱਟਣ ਦੀ ਬਜਾਇ ਵੱਧਦਾ ਹੀ ਹੈ। ਇਸ ਧਨ ਨਾਲ ਹੀ ਸਾਡੇ ਅੰਦਰ ਪ੍ਰਭਾਤ ਚੜ੍ਹਦੀ ਹੈ ਤੇ ਇਹ ਧਨ ਹੀ ਸਾਡੇ ਅੰਦਰ ਦਿਨ ਚੜ੍ਹਾਉਂਦਾ ਹੈ ਜਿਸ ਦਾ ਮਕਸਦ ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਦੇ ਨਾਲ ਹੀ ਹੈ।

(ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥
ਸੁ ਏਤੁ ਖਜਾਨੈ ਲਇਆ ਰਲਾਇ॥੪॥੩੧॥੧੦੦॥)
{ਤੋਟਿ ਨ ਆਵੈ ਅਖੁਟ ਭੰਡਾਰ॥ ਨਾਨਕ ਭਗਤ ਸੋਹਹਿ ਹਰਿ ਦੁਆਰ॥੪॥੨੩॥੩੪॥}

(ਅੰਗ ੮੯੩)

{ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥
ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ॥੬॥੩॥੧੦॥}

(ਅੰਗ ੭੩੪)

ਜਦੋਂ ਸਾਡੇ ਮਨ ਦੇ ਅੰਦਰ ਪ੍ਰਭਾਤ ਚੜ੍ਹ ਜਾਂਦੀ ਹੈ, ਦਿਨ ਚੜ੍ਹ ਜਾਂਦਾ ਹੈ ਫਿਰ ਦੁਨਿਆਵੀ ਪ੍ਰਭਾਤ, ਦਿਨ ਜਾਂ ਰਾਤ ਵਿੱਚ ਇਸ ਗੱਲ ਦਾ ਕੋਈ ਫਰਕ ਨਹੀਂ ਰਹਿ ਜਾਂਦਾ ਕਿ ਨਾਮ ਕੀ ਹੈ ਤੇ ਗੁਰਬਾਣੀ ਕੀ ਹੈ ਭਾਵ ਕਿਸੇ ਵੇਲੇ ਦੀ ਵਿਚਾਰ ਮੁੱਕ ਜਾਂਦੀ ਹੈ ਤੇ ਮਨੁੱਖ ਹਰ ਵੇਲੇ, ਅੱਠੇ ਪਹਿਰ, ਦਿਨ ਰਾਤ ਸੱਚੇ ਉਪਦੇਸ਼ ਅਨੁਸਾਰ ਹੀ ਵਿਚਰਦਾ ਹੈ, ਗੁਰਬਾਣੀ ਦੀ ਮਤਿ ਦੇ ਨਾਲ ਹੀ ਜੁੜਿਆ ਰਹਿੰਦਾ ਹੈ ਜਿਵੇਂ ਕਿ ਗੁਰੂ ਆਪ ਜੁੜਿਆ ਹੋਇਆ ਹੈ। **(ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥)**

ਹਰ ਵੇਲੇ ਗੁਰੂ ਦੇ ਉਪਦੇਸ਼ ਵਿੱਚ ਰਹਿਣਾ ਹੀ ਉਸ ਪ੍ਰਮਾਤਮਾ ਨੂੰ

26/2844

"ਸਾਸਿ ਗਿਰਾਸਿ" ਧਿਆਉਣਾ ਹੈ, ਅੱਠੇ ਪਹਿਰ ਉਸ ਦੇ ਹੁਕਮ ਵਿੱਚ, ਭਾਣੇ ਵਿੱਚ ਰਹਿਣਾ ਹੈ। ਇਹ ਅਵੱਸਥਾ ਗੁਰੂ ਦੀ ਆਪਣੀ ਹੀ ਹੈ ਜਿਸ ਕਰਕੇ ਉਹ ਆਪ ਹੀ ਗੁਰਸਿੱਖ ਰੂਪ ਹੈ ਤੇ ਇਹੋ ਜਿਹਾ ਗੁਰਸਿੱਖ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ। **(ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥)**

ਉਸ ਪ੍ਰਮਾਤਮਾ ਦੀ ਕ੍ਰਿਪਾ ਦੇ ਬਿਨ੍ਹਾਂ ਕੋਈ ਉਸਦਾ ਗੁਰਸਿੱਖ ਰੂਪ ਨਹੀਂ ਬਣ ਸਕਦਾ ਭਾਵ ਆਪਣੇ ਆਪ ਕੋਈ ਗੁਰੂ ਰੂਪ ਨਹੀਂ ਬਣ ਸਕਦਾ। ਗੁਰੂ ਪ੍ਰਮਾਤਮਾ ਆਪ ਹੀ ਹੈ ਤੇ ਆਪਣਾ ਗੁਰੂ ਰੂਪ, ਗੁਰਸਿੱਖ ਰੂਪ ਕਿਸੇ ਨੂੰ ਉਹ ਆਪ ਹੀ ਬਣਾਉਂਦਾ ਹੈ, ਆਪਣਾ ਉਪਦੇਸ਼ ਸੁਣਾ ਕੇ ਬਣਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣਾ ਉਪਦੇਸ਼ ਸੁਣਾ ਕੇ ਆਪਣਾ ਰੂਪ ਬਣਾਉਂਦਾ ਹੈ। **(ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥)**

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਗੁਰਸਿੱਖ ਬਣਨਾ ਕਿਤਨੀ ਵੱਡੀ ਗੱਲ ਹੈ।

"ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥"

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਗੁਰਸਿੱਖ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਉਸ ਵਿੱਚ ਸਮਾਇਆ ਹੋਇਆ ਹੁੰਦਾ ਹੈ। ਉਸਦਾ ਗੁਰਸਿੱਖ ਰੂਪ ਬਣ ਕੇ ਹੀ ਨਾਮ ਜਪਣ ਵਾਲਾ ਬਣਿਆ ਜਾ ਸਕਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਣ ਵਾਲਾ ਬਣਾਇਆ ਜਾ ਸਕਦਾ ਹੈ। ਇਹ ਰੂਪ ਹੀ ਗੁਰੂ ਦਾ ਆਪਣਾ ਰੂਪ ਹੈ ਜੋ ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਣਾ ਸਿਖਾਉਂਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹੋ ਜਿਹੇ ਗੁਰਸਿੱਖ ਬਣੋ ਜੋ ਕਿ ਗੁਰਬਾਣੀ ਨੂੰ ਪੜ੍ਹਨ ਸੁਣਨ ਦਾ ਮਕਸਦ ਹੈ, ਪ੍ਰਮਾਤਮਾ ਦੇ ਨਾਲ ਮਿਲਾਉਣ ਦਾ ਮਕਸਦ ਹੈ। ਜੋ ਉਪਦੇਸ਼ ਸਾਨੂੰ ਗੁਰਬਾਣੀ ਰਾਹੀਂ ਸੁਣਾਇਆ ਗਿਆ ਹੈ ਉਹ ਪ੍ਰਮਾਤਮਾ ਦਾ ਦਿੱਤਾ ਹੋਇਆ ਆਪਣਾ ਹੀ ਉਪਦੇਸ਼ ਹੈ। ਉਸਦਾ ਇਹ ਉਪਦੇਸ਼ ਹੀ ਉਸਦੀ "ਧੂੜਿ" ਹੈ ਜਿਸਦੀ ਪ੍ਰਾਪਤੀ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਕਿਉਂਕਿ ਗੁਰਸਿੱਖ ਰੂਪ ਵਿੱਚ ਪ੍ਰਮਾਤਮਾ ਆਪ ਹੈ, ਉਸਦੀ ਧੂੜ ਮੰਗਣਾ ਜਾਂ ਪ੍ਰਮਾਤਮਾ ਦੀ ਧੂੜ ਮੰਗਣਾ ਇੱਕੋ ਹੀ ਗੱਲ ਹੈ। ਗੁਰੂ ਦੇ ਰੂਪ ਵਿੱਚ, ਗੁਰਸਿੱਖ ਦੇ ਰੂਪ ਵਿੱਚ ਪ੍ਰਮਾਤਮਾ ਮਨੁੱਖੀ ਰੂਪ ਵਿੱਚ ਆਪਣੇ ਆਪ ਨੂੰ ਪ੍ਰਗਟ ਕਰ ਕੇ ਆਪ ਹੀ ਆਪਣਾ ਨਾਮ ਜਪਣ ਵਾਲਾ ਹੈ ਤੇ ਆਪ ਹੀ ਸਾਰੇ ਸੰਸਾਰ ਨੂੰ ਨਾਮ ਜਪਾਉਣ ਵਾਲਾ ਹੈ ਭਾਵ ਆਪ ਹੀ ਆਪਣੀ ਸਿੱਖਿਆ ਦੁਆਰਾ ਉਸ ਤੇ ਚੱਲਣ ਵਾਲਾ ਹੈ ਤੇ ਆਪ ਹੀ ਸਭ ਨੂੰ ਆਪਣੀ ਸਿੱਖਿਆ ਸਮਝਾਉਣ ਵਾਲਾ ਹੈ। ਪ੍ਰਮਾਤਮਾ ਅਸਲ ਵਿੱਚ ਸਭ ਕੁੱਝ ਆਪ ਹੀ ਹੈ

26/2845

ਪਰ ਇਸ ਗੱਲ ਦੀ ਸੋਝੀ ਉਸਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ। ਉਸਦੇ ਨਾਲ ਮੇਲ ਤੋਂ ਪਹਿਲਾਂ ਹਰ ਕੋਈ ਭਰਮ ਵਿੱਚ ਹੀ ਹੈ, ਨਾਮ ਨੂੰ ਜਾਨਣ ਵਿੱਚ ਭਰਮ ਵਿੱਚ ਹੀ ਹੈ, ਨਾਮ ਨੂੰ ਜਪਣ ਵਿੱਚ ਭਰਮ ਵਿੱਚ ਹੀ ਹੈ। ਪ੍ਰਮਾਤਮਾ ਆਪ ਹੀ ਆਪਣਾ ਰੂਪ ਧਾਰ ਕੇ, ਗੁਰੂ ਰੂਪ, ਗੁਰਸਿੱਖ ਰੂਪ ਧਾਰ ਕੇ ਨਾਮ ਜਪਦਾ ਹੈ ਤੇ ਸੰਸਾਰ ਨੂੰ ਨਾਮ ਜਪਣਾ ਸਿਖਾਉਂਦਾ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਨਾਮ ਜਪਣਾ ਸਿਖਾਇਆ ਹੈ। **(ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥)**

ਪ੍ਰਮਾਤਮਾ ਨੂੰ ਪਾਉਣ ਦੀ ਤਾਂਘ ਤਾਂ ਹਰ ਕੋਈ ਰੱਖਦਾ ਹੈ ਤੇ ਉਸਦੇ ਲਈ ਅਸੀਂ ਆਪਣੇ ਵੱਲੋਂ ਉੱਦਮ ਵੀ ਕਰਦੇ ਹਾਂ ਜਿਸ ਦੇ ਲਈ ਸਾਡਾ ਸਭ ਤੋਂ ਵੱਡਾ ਉੱਦਮ ਪ੍ਰਭਾਤ ਵੇਲੇ ਜਾਗਣ ਦਾ ਸਮਝਿਆ ਜਾਂਦਾ ਹੈ ਜਿਸ ਨੂੰ ਕਿ ਹਰ ਕਿਸੇ ਨੇ ਅੰਮ੍ਰਿਤ ਵੇਲੇ

ਦਾ ਜਾਗਣਾ ਸਮਝਿਆ ਹੋਇਆ ਹੈ ਭਾਵ ਉਸ ਵੇਲੇ ਨੂੰ ਵੱਡਾ ਮੰਨਿਆ ਹੋਇਆ ਹੈ, ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਮੰਨਿਆ ਹੋਇਆ ਹੈ ਜੋ ਕਿ ਸਾਡਾ ਬਹੁਤ ਹੀ ਵੱਡਾ ਭਰਮ ਹੈ। ਨਾ ਹੀ ਸਾਨੂੰ ਅੰਮ੍ਰਿਤ ਦੀ ਸਮਝ ਹੈ, ਨਾ ਹੀ ਸਾਨੂੰ ਵੇਲੇ ਦੀ ਸਮਝ ਹੈ ਤੇ ਨਾ ਹੀ ਸਾਨੂੰ ਮਨ ਦੀ ਪ੍ਰਭਾਤ ਦੀ ਸਮਝ ਹੈ ਤੇ ਨਾ ਹੀ ਇਸ ਗੱਲ ਦੀ ਸਮਝ ਹੈ ਕਿ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਪਾਇਆ ਜਾਂਦਾ ਹੈ, ਕਿਸ ਜਗ੍ਹਾ ਤੇ ਪਾਇਆ ਜਾਂਦਾ ਹੈ, ਕਿਸ ਵਿਧੀ ਦੁਆਰਾ ਪਾਇਆ ਜਾਂਦਾ ਹੈ ਤੇ ਕਿਹੋ ਜਿਹੇ ਉੱਦਮ ਦੁਆਰਾ ਪਾਇਆ ਜਾਂਦਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਇੱਕੋ ਇੱਕ ਵਿਧੀ ਨਾਮ ਜਪਣ ਦੀ ਹੀ ਹੈ ਪਰ ਨਾ ਹੀ ਸਾਨੂੰ ਨਾਮ ਦੀ ਸਮਝ ਹੈ, ਨਾ ਹੀ ਸਾਨੂੰ ਨਾਮ ਜਪਣ ਦੀ ਸਮਝ ਹੈ ਤੇ ਨਾ ਹੀ ਸਾਨੂੰ ਨਾਮ ਦੀ ਪ੍ਰਾਪਤੀ ਦੀ ਸਮਝ ਹੈ ਭਾਵ ਹਰ ਗੱਲ ਨੂੰ ਸਮਝਣ ਵਿੱਚ ਅਸੀਂ ਭਰਮ ਵਿੱਚ ਹੀ ਹਾਂ। "ਅੰਮ੍ਰਿਤੁ" ਪ੍ਰਮਾਤਮਾ ਆਪ ਹੈ ਤੇ ਉਸਨੂੰ ਪਾਉਣ ਦਾ ਵੇਲਾ ਸਾਡਾ ਸਾਰਾ ਜੀਵਨ ਹੈ। ਉਸਨੂੰ ਪੂਰਾ ਜੀਵਨ ਕਿਸੇ ਵੀ ਸਮੇਂ ਪਾਇਆ ਜਾ ਸਕਦਾ ਹੈ ਤੇ ਸਾਡੇ ਜੀਵਨ ਦਾ ਸਭ ਤੋਂ ਉੱਤਮ ਵੇਲਾ ਉਹ ਹੈ ਜਦੋਂ ਪ੍ਰਮਾਤਮਾ ਨੂੰ ਪਾ ਲਿਆ ਜਾਂਦਾ ਹੈ ਭਾਵ ਜਿਸ ਵੇਲੇ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਪ੍ਰਮਾਤਮਾ ਦੇ ਲਈ ਹਰ ਸਮਾਂ ਅੱਠੇ ਪਹਿਰ ਇੱਕੋ ਜਿਹੇ ਹੀ ਹਨ ਤੇ ਉਹ ਆਪਣੇ ਦਰਸ਼ਨ ਜਿਸ ਵੇਲੇ ਮਰਜ਼ੀ ਪ੍ਰਗਟ ਹੋ ਕੇ ਦੇ ਸਕਦਾ ਹੈ ਕਿਉਂਕਿ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ। ਸਾਡੇ ਲਈ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੂੰ ਪਾਉਣ ਦਾ ਕੇਵਲ ਇੱਕੋ ਇੱਕ ਉੱਦਮ ਇਹੀ ਸਮਝਾਇਆ ਗਿਆ ਹੈ ਕਿ ਅਸੀਂ ਹਰ ਵੇਲੇ, ਦਿਨ ਰਾਤ, ਅੱਠੇ ਪਹਿਰ ਆਪਣੇ ਅੰਦਰ ਗੁਰਮਤਿ ਰੂਪ ਸੱਚ ਨੂੰ ਵਸਾ ਕੇ ਰੱਖੀਏ ਭਾਵ ਹਰ ਵੇਲੇ ਗੁਰਮਤਿ ਤੇ ਚੱਲਣ ਦਾ ਉੱਦਮ ਕਰੀਏ ਤੇ ਗੁਰਮਤਿ ਤੋਂ ਬਾਹਰ ਨਾ ਜਾਈਏ। ਇਹੀ ਅੱਠੇ ਪਹਿਰ ਨਾਮ ਜਪਣ ਦਾ ਉੱਦਮ ਕਰਨਾ ਹੈ ਜਿਸ ਲਈ ਸਾਨੂੰ ਹਰ ਮਾੜਾ ਕਰਮ ਛੱਡਣਾ ਪੈਂਦਾ ਹੈ, ਹਰ ਔਗੁਣ ਛੱਡਣਾ ਪੈਂਦਾ ਹੈ ਜੋ ਕਿ ਅਸਲ ਵਿੱਚ ਬਹੁਤ ਔਖਾ ਹੈ।

26/2846

ਇਹ ਉੱਦਮ ਸਾਰੇ ਸੰਸਾਰ ਲਈ, ਹਰ ਕਿਸੇ ਲਈ ਇੱਕੋ ਜਿਹਾ ਹੀ ਹੈ। ਸਾਰੇ ਸੰਸਾਰ ਵਿੱਚ ਦਿਨ ਰਾਤ ਇੱਕੋ ਜਿਹੇ ਨਹੀਂ ਹੋ ਸਕਦੇ, ਪ੍ਰਭਾਤ ਵੇਲਾ ਇੱਕੋ ਜਿਹਾ ਨਹੀਂ ਹੋ ਸਕਦਾ। ਕਈ ਜਗ੍ਹਾ ਤੇ ਦਿਨ ਰਾਤ ਮਹੀਨਿਆਂ ਦੇ ਵਿੱਚ ਬਦਲ ਜਾਂਦੇ ਹਨ ਭਾਵ ਬਹੁਤ ਲੰਬੇ ਦਿਨ ਤੇ ਬਹੁਤ ਲੰਬੀਆਂ ਰਾਤਾਂ ਹੁੰਦੀਆਂ ਹਨ ਤੇ ਮਨੁੱਖ ਉਸ ਜਗ੍ਹਾ ਤੇ ਵੀ ਰਹਿੰਦੇ ਹਨ ਤੇ ਉਹ ਫਿਰ ਕਿਸ ਵੇਲੇ ਨੂੰ ਅੰਮ੍ਰਿਤ ਵੇਲਾ ਸਮਝਣਗੇ। ਗੁਰਬਾਣੀ ਪੂਰੇ ਸੰਸਾਰ ਨੂੰ ਇੱਕੋ ਜਿਹੀ ਗੱਲ ਹੀ ਸਮਝਾਉਂਦੀ ਹੈ। ਸੰਸਾਰ ਵਿੱਚ ਕਰੋੜਾਂ ਹੀ ਕਰੋੜਾਂ ਪ੍ਰਾਣੀ ਪੂਰੀ ਰਾਤ ਜਾਗ ਕੇ ਆਪਣਾ ਕੰਮ ਕਾਰ ਕਰ ਰਹੇ ਹਨ। ਫਿਰ ਕੀ ਇਹੋ ਜਿਹੇ ਮਨੁੱਖ ਉਸ ਵੇਲੇ ਦੀ ਸੰਭਾਲ ਤੋਂ ਦੂਰ ਹੀ ਸਮਝੇ ਜਾਣਗੇ ਜਿਸ ਨੂੰ ਅਸੀਂ ਅੰਮ੍ਰਿਤ ਵੇਲੇ ਦੀ ਸੰਭਾਲ ਸਮਝੀ ਹੋਈ ਹੈ। ਪ੍ਰਮਾਤਮਾ ਨੇ ਕਿਸੇ ਨੂੰ ਵੀ ਆਪਣੀ ਭਗਤੀ ਤੋਂ ਵਾਂਝਾ ਨਹੀਂ ਰੱਖਿਆ ਹੋਇਆ ਹੈ ਤੇ ਸਭ ਨੂੰ ਕਾਰੇ ਲਾਉਣ ਵਾਲਾ ਉਹ ਆਪ ਹੀ ਹੈ। ਇਹ ਕੇਵਲ ਸੱਚ ਤੇ ਚੱਲਣ ਦਾ ਮਾਰਗ ਹੈ ਤੇ ਨਾ ਕਿ ਕਿਸੇ ਖਾਸ ਵੇਲੇ ਨਾਲ ਜੁੜਨ ਦਾ ਮਾਰਗ ਹੈ ਤੇ ਇਸੇ ਲਈ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਕਿ ਵੇਲਾ ਕੋਈ ਮਾੜਾ ਨਹੀਂ ਹੈ ਤੇ ਕਿਸੇ ਖਾਸ ਵੇਲੇ ਨੂੰ ਉੱਚਾ ਸਮਝ ਕੇ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਜੇਕਰ ਸਾਡੀ ਮਤਿ ਉੱਤਮ ਹੈ ਫਿਰ ਸਾਡੇ ਲਈ ਹਰ ਵੇਲਾ ਉੱਤਮ ਹੈ ਤੇ ਜੇਕਰ ਸਾਡੀ ਮਤਿ ਮਾੜੀ ਹੈ ਤਾਂ ਫਿਰ ਸਾਡੇ ਲਈ ਉਹ ਵੇਲਾ ਉੱਤਮ ਨਹੀਂ ਹੈ। ਪ੍ਰਮਾਤਮਾ ਦੇ ਦਰ ਤੇ ਅਸੀਂ ਉੱਤਮ ਮਤਿ ਨਾਲ ਸੁਹਾਉਂਦੇ ਹਾਂ ਨਾ ਕਿ ਕਿਸੇ ਖਾਸ ਵੇਲੇ ਨੂੰ ਉੱਤਮ ਮੰਨ ਕੇ ਸੁਹਾਉਂਦੇ ਹਾਂ। ਜੇਕਰ ਅਸੀਂ ਰੋਜ਼ ਉੱਠ ਕੇ ਭਾਵ ਭਲਕੇ ਉੱਠ ਕੇ ਚੰਗੇ ਕਰਮ ਕਰਦੇ ਹਾਂ ਫਿਰ ਅਸੀਂ ਨਾਮ ਜਪਦੇ ਹਾਂ ਤੇ ਜੇਕਰ ਭਲਕੇ ਉੱਠ ਕੇ ਮਾੜੇ ਕਰਮ ਕਰਦੇ ਹਾਂ ਫਿਰ ਅਸੀਂ ਨਾਮ ਤੋਂ ਉਲਟ ਚੱਲਦੇ ਹਾਂ ਭਾਵ ਆਪਣੇ ਅੰਦਰੋਂ ਨਾਮ ਨੂੰ ਚੁਰਾਉਂਦੇ ਹਾਂ, ਆਪਣੇ ਅੰਦਰੋਂ ਸੱਚ ਨੂੰ, ਗੁਰਮਤਿ ਨੂੰ ਚੁਰਾਉਂਦੇ ਹਾਂ ਭਾਵ ਸੱਚ ਦੇ, ਗੁਰਮਤਿ ਦੇ, ਨਾਮ ਦੇ ਉਲਟ ਚੱਲਦੇ ਹਾਂ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਸਮਝਦੇ ਆਏ ਹਾਂ ਤੇ ਫਿਰ ਤੋਂ ਕੁੱਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਕਿ ਸਾਡੇ ਅੰਦਰ ਜੋ ਅਤਿ ਦਾ ਭਰਮ ਬਣਿਆ ਹੋਇਆ ਹੈ, ਸਦੀਆਂ ਤੋਂ ਜੋ ਭਰਮ ਬਣਿਆ ਹੋਇਆ ਹੈ ਉਸ ਵਿੱਚੋਂ ਅਸੀਂ ਨਿਕਲ ਸਕੀਏ ਤੇ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉੱਦਮ ਕਰੀਏ ਤਾਂ ਜੋ ਸਾਡੇ ਜੀਵਨ ਵਿੱਚ ਉਹ ਭਾਗਾਂ ਵਾਲਾ ਸਮਾਂ ਆ ਸਕੇ ਜਿਸ ਵੇਲੇ ਅਸੀਂ ਉਸ ਪ੍ਰਮਾਤਮਾ ਨੂੰ ਪਾ ਲਈਏ।

"ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ॥"

(ਅੰਗ ੧੨੪੪)

ਜਦ ਤੱਕ ਕਿਸੇ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਗੁਰਮਤਿ ਦੀ ਸੱਚੀ ਸਿੱਖਿਆ ਦੀ ਸੋਝੀ ਨਹੀਂ ਪੈਂਦੀ ਤੇ ਉਸ ਤੇ ਚੱਲਣ ਦੀ ਦ੍ਰਿੜਤਾ ਪੈਦਾ ਨਹੀਂ ਹੁੰਦੀ ਤਦ ਤੱਕ ਹਰ ਕੋਈ ਗੁਰਮਤਿ ਦਾ ਚੋਰ ਹੀ ਹੈ, ਨਾਮ ਦਾ ਚੋਰ ਹੀ ਹੈ ਭਾਵੇਂ ਆਪਣੀ ਝੂਠੀ ਮਤਿ ਦੁਆਰਾ

26/2847

ਜਿਤਨਾ ਮਰਜ਼ੀ ਆਪਣੇ ਆਪ ਨੂੰ ਨਾਮ ਜਪਣ ਵਾਲਾ ਸਮਝੀ ਜਾਵੇ। ਜਦ ਤੱਕ ਸਾਡੇ ਮਨ ਦੀ ਬਿਰਤੀ ਮਾੜੀ ਹੈ ਹਰ ਕੋਈ ਨਾਮ ਦਾ ਚੋਰ ਹੀ ਹੈ ਤੇ ਕੇਵਲ ਆਪਣੇ ਸਰੀਰਕ ਜਪਾਂ ਤਪਾਂ ਦੁਆਰਾ ਭਗਤੀ ਦਾ ਝੂਠਾ ਦਿਖਾਵਾ ਹੀ ਕਰਦੇ ਹਨ।

ਨਿੱਤ ਉੱਠ ਕੇ ਸਾਨੂੰ ਕੀ ਕਰਨ ਦੀ ਲੋੜ ਹੈ ਉਹ ਵੀ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਭਾਵੇਂ ਕੋਈ ਕਿਸ ਵੇਲੇ ਵੀ ਉੱਠਦਾ ਹੈ।

“ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥੧॥
ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ॥੨॥”

(ਅੰਗ ੧੩੨੫)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਕੀ ਹੈ। ਪ੍ਰਮਾਤਮਾ ਕੋਲੋਂ ਅਰਦਾਸ ਦੇ ਰੂਪ ਵਿੱਚ ਨਾਮ ਦੀ ਦ੍ਰਿੜਤਾ ਮੰਗੀ ਹੈ ਜੋ ਕਿ ਗੁਰਮਤਿ ਦੀ ਦ੍ਰਿੜਤਾ ਦੇ ਰੂਪ ਵਿੱਚ ਮੰਗੀ ਹੈ। ਸਾਡੇ ਅੰਦਰ ਗੁਰਮਤਿ ਦਾ ਦ੍ਰਿੜ ਹੋਣਾ ਜਾਂ ਨਾਮ ਦਾ ਦ੍ਰਿੜ ਹੋਣਾ ਇੱਕੋ ਹੀ ਗੱਲ ਹੈ। **(ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥੧॥)** ਸਾਡੇ ਅੰਦਰ ਉਹ ਗੁਰਮਤਿ ਨਾਮ ਦ੍ਰਿੜ ਕਿਵੇਂ ਹੁੰਦਾ ਹੈ, ਅਸੀਂ ਗੁਰਮਤਿ ਨਾਮ ਤੋਂ ਦੂਰ ਕਿਸ ਲਈ ਹਾਂ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਸਾਡੇ ਨਿੱਤ ਉੱਠਣ ਦਾ ਮਕਸਦ ਸਮਝਾਇਆ ਹੋਇਆ ਹੈ ਕਿ ਅਸੀਂ ਨਿੱਤ ਉੱਠ ਕੇ ਨਾਮ ਕਿਵੇਂ ਦ੍ਰਿੜ ਕਰਨਾ ਹੈ।

“ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ॥੨॥”

ਜਿਹੜੇ ਪ੍ਰਮਾਤਮਾ ਦੇ ਅੱਗੇ ਉਸਨੂੰ ਪਾਉਣ ਦੀ ਸੱਚੀ ਅਰਦਾਸ ਕਰਦੇ ਹਨ, ਜੋ ਆਪਣੇ ਅੰਦਰ ਨਾਮ ਦ੍ਰਿੜ ਕਰਨ ਦਾ ਉੱਦਮ ਕਰਦੇ ਹਨ, ਗੁਰਮਤਿ ਨੂੰ ਆਪਣੇ ਅੰਦਰ ਦ੍ਰਿੜ ਕਰਨ ਦਾ ਉੱਦਮ ਕਰਦੇ ਹਨ ਉਹ ਫਿਰ ਉਹੀ ਕੁੱਝ ਕਰਦੇ ਹਨ ਜੋ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਮਨ ਦੇ ਵਿੱਚ ਵਿਕਾਰ ਵਸੇ ਹੋਏ ਹਨ ਤਦ ਤੱਕ ਸਾਡੇ ਅੰਦਰ ਗੁਰਮਤਿ ਨਾਮ ਨਹੀਂ ਹੈ। ਸਾਡੇ ਨਿੱਤ ਉੱਠਣ ਦਾ ਮਕਸਦ ਭਾਵ ਨਾਮ ਜਪਣ ਦਾ ਮਕਸਦ ਇਹੀ ਹੈ ਕਿ ਅਸੀਂ ਨਿੱਤ ਉੱਠ ਕੇ ਮਨ ਦੇ ਵਿਕਾਰਾਂ ਨਾਲ ਲੜੀਏ, ਉਨ੍ਹਾਂ ਨਾਲ ਜੂਝੀਏ ਤਾਂ ਜੋ ਅਸੀਂ ਆਪਣੇ ਅੰਦਰ ਗੁਰਮਤਿ ਨਾਮ ਨੂੰ ਵਸਾ ਸਕੀਏ। ਸਾਡੇ ਅੰਦਰ ਵਿਕਾਰਾਂ ਦੇ ਰਹਿੰਦਿਆਂ ਗੁਰਮਤਿ ਨਾਮ ਨਹੀਂ ਹੈ। ਪ੍ਰਮਾਤਮਾ ਅੱਗੇ ਬੇਨਤੀ ਇਸੇ ਗੱਲ ਦੀ ਕੀਤੀ ਜਾ ਰਹੀ ਹੈ ਕਿ ਇਹ ਔਗੁਣ ਬਹੁਤ ਬਲਵਾਨ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਬਹੁਤ ਬਲਵਾਨ ਹਨ ਜਿੰਨ੍ਹਾਂ

26/2848

ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਪ੍ਰਮਾਤਮਾ ਇਹ ਔਗੁਣ ਮੇਰੇ ਅੰਦਰੋਂ ਕੱਢ ਤਾਂ ਜੋ ਮੈਂ ਗੁਰਮਤਿ ਤੇ ਚੱਲ ਸਕਾਂ, ਨਾਮ ਜਪ ਸਕਾਂ ਭਾਵ ਮਾੜੇ ਕਰਮਾਂ ਵਿੱਚੋਂ ਨਿਕਲ ਕੇ ਚੰਗੇ ਕਰਮ ਕਰ ਸਕਾਂ। ਉਹ ਪੂਰਾ ਗੁਰੂ ਪ੍ਰਮਾਤਮਾ ਹੀ ਸਾਨੂੰ ਇਨ੍ਹਾਂ ਔਗੁਣਾਂ ਵਾਲੀ ਬਿਰਤੀ ਵਿੱਚੋਂ ਕੱਢ ਸਕਦਾ ਹੈ ਜਿਸ ਦੇ ਵਸ ਵਿੱਚ ਸਾਡੇ ਮਨ ਦੇ ਵਿਚਾਰ ਹਨ ਪਰ ਇਨ੍ਹਾਂ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ ਤੇ ਸਾਡਾ ਇਹ ਸੱਚਾ ਉੱਦਮ ਹੀ ਪ੍ਰਮਾਤਮਾ ਅੱਗੇ ਸਾਡੀ ਬੇਨਤੀ ਹੈ। ਸਵੇਰੇ ਉੱਠ ਕੇ ਅਸੀਂ ਉੱਦਮ ਕਿਸ ਗੱਲ ਦਾ ਕਰਦੇ ਹਾਂ ਭਾਵ ਆਪਣੇ ਅੰਦਰ ਨਾਮ ਕਿਸ ਤਰੀਕੇ ਨਾਲ ਦ੍ਰਿੜ ਕਰਦੇ ਹਾਂ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ। ਅਸੀਂ ਚੌਂਕੜੇ ਆਦਿ ਲਗਾ ਕੇ ਬੈਠ ਜਾਂਦੇ ਹਾਂ ਤੇ ਮੁੱਖੋਂ ਇੱਕ ਅੱਖਰ ਨੂੰ ਬੋਲੀ ਜਾਂਦੇ ਹਾਂ ਤੇ ਸਰੀਰ ਨੂੰ ਜ਼ੋਰ ਜ਼ੋਰ ਨਾਲ ਹਿਲਾ ਕੇ ਸਿਰ

ਮਾਰੀ ਜਾਂਦੇ ਹਾਂ ਤੇ ਹੁਰਰ ਹੁਰਰ ਕਰੀ ਜਾਂਦੇ ਹਾਂ ਤੇ ਕੀ ਇਨ੍ਹਾਂ ਗੱਲਾਂ ਨਾਲ ਸਾਡੇ ਅੰਦਰ ਗੁਰਮਤਿ ਵੱਸ ਜਾਵੇਗੀ, ਨਾਮ ਦੀ ਸਿੱਖਿਆ ਵੱਸ ਜਾਵੇਗੀ। ਦ੍ਰਿੜ ਤਾਂ ਅਸੀਂ ਆਪਣੇ ਅੰਦਰ ਗੁਰਮਤਿ ਨੂੰ ਕਰਨਾ ਹੈ, ਗੁਰਮਤਿ ਦੇ ਵਿਚਾਰਾਂ ਨੂੰ, ਨਾਮ ਦੇ ਵਿਚਾਰਾਂ ਨੂੰ ਕਰਨਾ ਹੈ, ਸ਼ਬਦ ਦੇ ਵਿਚਾਰਾਂ ਨੂੰ ਕਰਨਾ ਹੈ ਤਾਂ ਜੋ ਅਸੀਂ ਗੁਰਮਤਿ ਦੇ ਸੱਚ ਤੇ ਦ੍ਰਿੜ ਹੋ ਕੇ ਚੱਲ ਸਕੀਏ ਭਾਵ ਔਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰ ਸਕੀਏ। ਚੌਂਕੜੀਆਂ ਲਗਾ ਕੇ ਹੂੰ ਹੂੰ ਕਰੀ ਜਾਣਾ ਨਾ ਹੀ ਕੋਈ ਸਾਡਾ ਸੱਚਾ ਉੱਦਮ ਹੈ ਤੇ ਨਾ ਹੀ ਕੋਈ ਭਲਕੇ ਉੱਠਣ ਦਾ ਮਕਸਦ ਹੈ ਜਿਹੋ ਜਿਹੇ ਉੱਠਣ ਨੂੰ ਅਸੀਂ ਅੰਮ੍ਰਿਤ ਵੇਲੇ ਦਾ ਉੱਠਣਾ ਸਮਝਿਆ ਹੋਇਆ ਹੈ। ਗੁਰਮਤਿ ਵਿੱਚ ਜਾਗਣ ਲਈ ਸਾਨੂੰ ਮਨ ਦੀ ਪ੍ਰਭਾਤ ਦੀ ਲੋੜ ਹੈ, ਗੁਰੂ ਦੇ ਗਿਆਨ ਦੀ ਖੜਗ ਨੂੰ ਆਪਣੇ ਮਨ ਦੇ ਵਿਚਾਰਾਂ ਤੇ ਚਲਾਉਣ ਦੀ ਲੋੜ ਹੈ ਸ਼ਬਦ ਦੇ ਵਿਚਾਰ ਰੂਪ ਕ੍ਰਿਪਾਨ ਦੇ ਨਾਲ ਮਨਮਤਿ ਦੇ ਵਿਚਾਰਾਂ ਨੂੰ ਵੱਢਣ ਦੀ ਲੋੜ ਹੈ ਨਾ ਕਿ "ਹੂੰ" "ਹੂੰ" ਕਰਨ ਦੀ।

(ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥੧॥
ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ॥੨॥)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ॥੧੪॥}

(ਅੰਗ ੧੪੧੪)

26/2849

ਹਰ ਰੋਜ਼ ਉੱਠ ਕੇ, ਭਲਕੇ ਉੱਠ ਕੇ ਅਸੀਂ ਜੋ ਉੱਦਮ ਕਰਨਾ ਹੈ ਉਹ ਗੁਰਮਤਿ ਦੇ ਨਾਲ ਜੁੜਨ ਦਾ ਹੀ ਕਰਨਾ ਹੈ ਤੇ ਗੁਰਮਤਿ ਦੇ ਨਾਲ ਜੁੜਨਾ ਹੀ ਭਲਕੇ ਉੱਠ ਕੇ ਨਾਮ ਦੇ ਨਾਲ ਜੁੜਨਾ ਹੈ। ਜਿੰਨ੍ਹਾਂ ਦੇ ਅੰਦਰ ਭਰਮ ਹੈ ਉਹ ਨਾਮ ਵਿੱਚ ਤੇ ਗੁਰਮਤਿ ਵਿੱਚ ਫਰਕ ਸਮਝਦੇ ਹਨ, ਨਾਮ ਵਿੱਚ ਤੇ ਗੁਰਬਾਣੀ ਵਿੱਚ ਫਰਕ ਸਮਝਦੇ ਹਨ। ਪਿੱਛੇ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਸੀ ਕਿ ਸਾਨੂੰ ਉੱਠ ਕੇ ਨਿੱਤ ਨਾਮ ਜਪਣਾ ਚਾਹੀਦਾ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਨਿੱਤ ਉੱਠ ਕੇ ਗੁਰਬਾਣੀ ਗਾਉਣ ਲਈ ਸਮਝਾਇਆ ਹੋਇਆ ਹੈ।

ਪ੍ਰਭਾਤੀ ਮਹਲਾ ੫॥

"ਸਤਿਗੁਰਿ ਪੂਰੈ ਨਾਮੁ ਦੀਆ॥
ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ॥੧॥ਰਹਾਉ॥
ਚਰਨ ਕਮਲ ਗੁਰ ਕੇ ਮਨਿ ਵੂਠੇ॥ ਦੂਖ ਦਰਦ ਭ੍ਰਮ ਬਿਨਸੇ ਝੂਠੇ॥੧॥
ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ॥੨॥
ਘਰਿ ਬਾਹਰਿ ਪ੍ਰਭੁ ਸਭਨੀ ਥਾਈ॥ ਸੰਗਿ ਸਹਾਈ ਜਹ ਹਉ ਜਾਈ॥੩॥
ਦੁਇ ਕਰ ਜੋੜਿ ਕਰੀ ਅਰਦਾਸਿ॥ ਸਦਾ ਜਪੇ ਨਾਨਕੁ ਗੁਣਤਾਸੁ॥੪॥੯॥"

(ਅੰਗ ੧੩੪੦)

ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਸਾਹਿਬ ਨੇ ਆਪਣੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਨੂੰ ਪ੍ਰਮਾਤਮਾ ਦੇ ਕੋਲੋਂ "ਨਾਮੁ" ਮਿਲਿਆ ਹੋਇਆ ਹੈ, ਜੋ ਸਦਾ ਹੀ "ਸੁਖੁ" ਵਾਲੀ ਅਵੱਸਥਾ ਵਿੱਚ ਹੈ, "ਅਨਦ ਮੰਗਲ" ਵਾਲੀ ਅਵੱਸਥਾ ਵਿੱਚ ਹੈ ਜਿਸਦਾ ਸਭ "ਕਾਰਜੁ" ਪ੍ਰਮਾਤਮਾ ਨੇ ਰਾਸਿ ਕੀਤਾ ਹੋਇਆ ਹੈ ਭਾਵ ਜਿਸ ਨੂੰ ਪ੍ਰਮਾਤਮਾ ਨੇ ਆਪਣੇ ਦਰਸ਼ਨ ਦਿੱਤੇ ਹੋਏ ਹਨ, ਜਿਸਨੇ ਗੁਰੂ ਰੂਪ ਪ੍ਰਮਾਤਮਾ ਦੇ ਚਰਨ ਆਪਣੇ ਅੰਦਰ ਵਸਾਏ ਹੋਏ ਹਨ ਭਾਵ ਉਸਦੀ ਦਿੱਤੀ ਹੋਈ ਮਤਿ ਆਪਣੇ ਅੰਦਰ ਵਸਾਈ ਹੋਈ ਹੈ ਜਿਸ ਕਾਰਨ ਉਸਦੇ ਸਾਰੇ ਦੁੱਖ ਦਰਦ ਦੂਰ ਹੋਏ ਹਨ, ਉਸਦੇ ਸਾਰੇ ਭਰਮ ਨਿਕਲੇ ਹੋਏ ਹਨ ਭਾਵ ਝੂਠੇ ਵਿਚਾਰ ਨਿਕਲੇ ਹੋਏ ਹਨ ਭਾਵ ਉਸਨੂੰ ਪੂਰਨ ਸੱਚ ਦੀ ਸਮਝ ਹੈ। **(ਸਤਿਗੁਰਿ ਪੂਰੈ ਨਾਮੁ ਦੀਆ॥ ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ॥੧॥ਰਹਾਉ॥ ਚਰਨ ਕਮਲ ਗੁਰ ਕੇ ਮਨਿ ਵੂਠੇ॥ ਦੂਖ ਦਰਦ ਭ੍ਰਮ ਬਿਨਸੇ ਝੂਠੇ॥੧॥)**

ਜਿਸਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਮਿਲ ਜਾਂਦਾ ਹੈ ਉਸਨੂੰ ਹੀ ਸਮਝ ਲੱਗਦੀ ਹੈ ਕਿ ਨਾਮ ਕੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਮਿਲਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਨਾਮ ਉਚਾਰਿਆ ਹੈ, ਬ੍ਰਹਮਗਿਆਨ ਉਚਾਰਿਆ ਹੈ ਜਿਸ ਦੁਆਰਾ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਗੁਰਮਤਿ ਸਮਝਾਈ ਹੈ, ਪ੍ਰਮਾਤਮਾ ਦਾ ਨਾਮ ਸਮਝਾਇਆ ਹੈ ਕਿ ਨਾਮ ਕੀ ਹੈ, ਨਾਮ ਜਪਣ ਦਾ ਤਰੀਕਾ ਭਾਵ ਨਾਮ ਦੀ ਪ੍ਰਾਪਤੀ ਕਰਨ ਦਾ ਤਰੀਕਾ ਕੀ ਹੈ ਤੇ ਨਾਮ ਦੀ ਪ੍ਰਾਪਤੀ ਕੀ ਹੈ ਭਾਵ ਪ੍ਰਮਾਤਮਾ ਕੀ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਭਾਵ ਉਸਦੀ ਪ੍ਰਾਪਤੀ ਕੀ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ

ਇਹ ਤਿੰਨ ਗੱਲਾਂ ਹੀ ਸਮਝਾਈਆਂ ਹਨ ਜਿਸ ਦੁਆਰਾ ਸਾਨੂੰ ਪੂਰਨ ਨਾਮ ਦੀ ਸੋਝੀ ਪੈਂਦੀ ਹੈ ਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਦਿੰਦਾ ਹੈ ਤੇ ਪੂਰੇ ਸੰਸਾਰ ਵਿੱਚ ਨਾਮ ਵੰਡਣ ਵਾਲੇ ਭਰੇ ਪਏ ਹਨ।

26/2850

ਜਿੰਨ੍ਹਾਂ ਨੇ ਆਪਣੀ ਆਪਣੀ ਮਤਿ ਅਨੁਸਾਰ ਨਾਮ ਨੂੰ ਕੋਈ ਤੰਤ੍ਰ ਮੰਤ੍ਰ ਦਾ ਰੂਪ ਸਮਝਿਆ ਹੋਇਆ ਹੈ। ਸਿੱਖ ਜਗਤ ਵੀ ਗੁਰਬਾਣੀ ਨੂੰ ਪੜ੍ਹਨ ਦੇ ਬਾਵਜੂਦ ਇਹੋ ਜਿਹੇ ਤੰਤ੍ਰ ਮੰਤ੍ਰ ਵਾਲੇ ਨਾਮ ਨਾਲ ਜੁੜਿਆ ਹੋਇਆ ਹੈ ਜਿਸ ਕਰਕੇ ਉਹ ਨਾਮ ਵਿੱਚ ਤੇ ਗੁਰਬਾਣੀ ਵਿੱਚ ਫਰਕ ਸਮਝਦੇ ਹਨ। ਗੁਰੂ ਨੂੰ ਨਾਮ ਦੀ ਸੋਝੀ ਹੈ ਭਾਵ ਉਸਨੂੰ ਪਤਾ ਹੈ ਕਿ ਗੁਰਬਾਣੀ ਹੀ ਨਾਮ ਹੈ ਤੇ ਇਸ ਲਈ ਗੁਰੂ ਸਾਹਿਬ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਇਹ ਸਮਝਾ ਰਹੇ ਹਨ ਕਿ ਮੈਂ ਨਿੱਤ ਉੱਠ ਕੇ ਪ੍ਰਮਾਤਮਾ ਦੀ ਬਾਣੀ ਨੂੰ ਗਾਉਂਦਾ ਹਾਂ ਜਿਸ ਪ੍ਰਮਾਤਮਾ ਨੇ ਮੈਨੂੰ ਆਪਣੀ ਬਾਣੀ ਰਾਹੀਂ ਨਾਮ ਦਿੱਤਾ ਹੈ, ਬ੍ਰਹਮਗਿਆਨ ਦਿੱਤਾ ਹੈ।

“ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ॥੨॥”

ਅੱਠੇ ਪਹਿਰ ਆਪਣੇ ਅੰਦਰ ਗੁਰਬਾਣੀ ਦੀ ਮਤਿ ਨੂੰ ਸਿਮਰਨਾ ਉਸ ਹਰਿ ਨੂੰ ਸਿਮਰਨਾ ਹੈ ਜਿਸ ਨੇ ਸਾਨੂੰ ਆਪਣੀ ਬਾਣੀ ਦਿੱਤੀ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਆਪਣੀ ਗੁਰਬਾਣੀ ਦੇ ਵਿੱਚ ਹੈ, ‘‘ਹਰਿ’’ ਆਪ ਗੁਰਬਾਣੀ ਦੇ ਵਿੱਚ ਹੈ ਉਸੇ ਰੂਪ ਵਿੱਚ ਹੀ ਅਸੀਂ ਉਸ ਹਰਿ ਨੂੰ ਸਿਮਰਨਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੈ, ‘‘ਗਿਆਨ ਅੰਜਨ’’ ਦੇ ਰੂਪ ਵਿੱਚ ਹੈ ਤੇ ਅਸੀਂ ਉਸ ਗਿਆਨ ਅੰਜਨ ਨੂੰ ਹੀ ਆਪਣੇ ਅੰਦਰ ਸਿਮਰਨਾ ਹੈ ਜਿਸ ਦੁਆਰਾ ਸਾਡੇ ਮਨ ਦੀ ਅਗਿਆਨਤਾ ਨਿਕਲਦੀ ਹੈ ਤੇ ਪ੍ਰਮਾਤਮਾ ਦੇ ਨਾਮ ਨੂੰ ਸਿਮਰਨ ਦਾ ਮਕਸਦ ਪੂਰਾ ਹੁੰਦਾ ਹੈ।

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥}

(ਅੰਗ ੪੫੬)

{ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥}

(ਅੰਗ ੨੬੨)

{ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ॥੧॥}

(ਅੰਗ ੨੧੦)

ਪੂਰੀ ਗੁਰਬਾਣੀ ਦਾ ਮਕਸਦ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਣ ਦਾ ਹੀ ਹੈ, ਮਨ ਦੀ ਕਲਿ, ਕਾਲਖ ਵਿੱਚੋਂ ਕੱਢਣ ਦਾ ਹੀ ਹੈ। ਗੁਰਬਾਣੀ ਦਾ ਇਹ ਮਕਸਦ ਗੁਰੂ ਦੇ ਦਿੱਤੇ ਹੋਏ ਨਾਮ ਨੂੰ ਆਪਣੇ ਅੰਦਰ ਜਪਣ ਦੁਆਰਾ, ਸਿਮਰਨ ਦੁਆਰਾ ਹੀ ਪੂਰਾ ਹੁੰਦਾ ਹੈ ਭਾਵ ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਸਾਉਣ

26/2851

ਦੁਆਰਾ ਹੀ ਪੂਰਾ ਹੁੰਦਾ ਹੈ। ਗੁਰਬਾਣੀ ਪੜ੍ਹਨ ਸੁਣਨ ਨਾਲ ਸਾਨੂੰ ਨਾਮ ਦੀ ਸੋਝੀ ਹੀ ਪੈਂਦੀ ਹੈ, ਗੁਰੂ ਦੀ ਸਿੱਖਿਆ ਦੀ ਸੋਝੀ ਹੀ ਪੈਂਦੀ ਹੈ ਤੇ ਇਸ ਸੋਝੀ ਨੂੰ ਆਪਣੇ ਅੰਦਰ ਸਿਮਰਨਾ ਨਾਮ ਨੂੰ ਸਿਮਰਨਾ ਹੈ ਜਿਸ ਨੇ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਣਾ ਹੈ। ਜੇਕਰ ਗੁਰਮਤਿ ਦੀ ਸੋਝੀ ਸਾਡੇ ਅੰਦਰ ਅੱਠੇ ਪਹਿਰ ਵਸੀ ਰਹਿੰਦੀ ਹੈ ਫਿਰ ਅੱਠੇ ਪਹਿਰ ਅਸੀਂ ਨਾਮ ਸਿਮਰਦੇ ਹਾਂ। ਗੁਰੂ ਅੱਠੇ ਪਹਿਰ ਗੁਰਬਾਣੀ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਤੇ ਨਿੱਤ ਉੱਠ ਕੇ ਗੁਰਬਾਣੀ ਦੀ ਸੋਝੀ ਨਾਲ ਜੁੜਦਾ ਹੈ ਤੇ ਇਸੇ ਲਈ ਗੁਰੂ ਕੋਈ ਮਾੜਾ ਕਰਮ ਨਹੀਂ ਕਰਦਾ ਤੇ ਕੇਵਲ ਚੰਗੇ ਕਰਮ ਕਰਦਾ ਹੈ, ਉਸਨੇ ਹਰ ਵੇਲੇ ਆਪਣੇ ਅੰਦਰ ਗੁਰਮਤਿ ਨੂੰ ਸਿਮਰਿਆ ਹੋਇਆ ਹੈ ਤੇ ਇਸੇ ਕਰਕੇ ਗੁਰੂ ਮਨ ਦੀ ਕਲਿ ਕਾਲਖ ਤੋਂ ਰਹਿਤ ਹੈ ਤੇ ਉਸਦੇ ਅੰਦਰ ਸਦਾ ਹੀ ਗਿਆਨ ਦੇ ਦੀਪਕ ਦਾ ਪ੍ਰਕਾਸ਼ ਹੈ ਜੋ ਪ੍ਰਮਾਤਮਾ ਨੇ ਆਪ ਕੀਤਾ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਸੱਚੇ ਨਾਮ ਦਾ ਪ੍ਰਕਾਸ਼ ਕੀਤਾ ਹੋਇਆ ਹੈ ਜਿਸ ਨੂੰ ਅਸੀਂ ਆਪਣੇ ਅੰਦਰ ਸਿਮਰਨਾ ਹੈ ਤੇ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਨਿਕਲਣਾ ਹੈ ਤਾਂ ਜੋ ਅਸੀਂ ਗੁਰੂ ਦੀ ਸੱਚੀ ਮਤਿ ਨਾਲ ਜੁੜ ਕੇ ਉਹੋ ਜਿਹੇ ਕਰਮ

ਕਰੀਏ ਜਿਹੋ ਜਿਹੇ ਕਰਮ ਕਰਨੇ ਸਾਨੂੰ ਗੁਰੂ ਸਮਝਾ ਰਿਹਾ ਹੈ। ਇਹੀ ਉਸਦਾ ਨਾਮ ਜਪਣਾ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ। ਅਸੀਂ ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਤੇ ਫਲ ਦੇ ਰੂਪ ਵਿੱਚ ਉਹ ਸਾਨੂੰ ਸੱਚਾ ਗਿਆਨ ਹੀ ਬਖ਼ਸ਼ਦਾ ਹੈ, ਸੱਚੇ ਗਿਆਨ ਦਾ ਚੌਥਾ ਪਦ ਹੀ ਬਖ਼ਸ਼ਦਾ ਹੈ ਜਿਸ ਨਾਲ ਉਸਦਾ ਮੇਲ ਹੁੰਦਾ ਹੈ। **(ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ॥੨॥)**

ਉਸ ਪ੍ਰਮਾਤਮਾ ਨੂੰ ਅੱਠੇ ਪਹਿਰ ਉਸ ਦੇ ਨਾਲ ਮੇਲ ਤੋਂ ਬਾਅਦ ਹੀ ਜਪਿਆ ਜਾ ਸਕਦਾ ਹੈ, ਨਾਮ ਦੀ ਪ੍ਰਾਪਤੀ ਤੋਂ ਬਾਅਦ ਹੀ ਜਪਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ।

“ਘਰਿ ਬਾਹਰਿ ਪ੍ਰਭੁ ਸਭਨੀ ਥਾਈ॥ ਸੰਗਿ ਸਹਾਈ ਜਹ ਹਉ ਜਾਈ॥੩॥

ਦੁਇ ਕਰ ਜੋੜਿ ਕਰੀ ਅਰਦਾਸਿ॥ ਸਦਾ ਜਪੇ ਨਾਨਕੁ ਗੁਣਤਾਸੁ॥੪॥੯॥”

26/2852

ਜਦੋਂ ਪ੍ਰਮਾਤਮਾ ਆਪਣੇ ਅੰਦਰ ਨਜ਼ਰ ਆ ਜਾਂਦਾ ਹੈ ਤਾਂ ਹੀ ਫਿਰ ਉਹ ਹਰ ਜਗ੍ਹਾ ਨਜ਼ਰ ਆਉਂਦਾ ਹੈ ਭਾਵ ਹਰ ਹੋਂਦ ਵਿੱਚ ਪ੍ਰਮਾਤਮਾ ਦਾ ਨਿਰਗੁਣ ਰੂਪ ਨਜ਼ਰ ਆਉਂਦਾ ਹੈ। ਇੱਕ ਵਾਰੀ ਜਦੋਂ ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ ਉਹ ਫਿਰ ਸਦਾ ਲਈ ਹੋ ਜਾਂਦੇ ਹਨ ਭਾਵ ਉਸਦੇ ਨਾਲ ਨਿਰਗੁਣ ਰੂਪ ਵਿੱਚ ਸਦਾ ਲਈ ਸੰਗ ਬਣਿਆ ਰਹਿੰਦਾ ਹੈ। ਉਸਦੇ ਨਾਲ ਸੰਗ ਮਨ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੁੰਦਾ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੁੰਦਾ ਹੈ ਜਿਸ ਦੁਆਰਾ ਉਹ ਮਨੁੱਖ ਦਾ ਸਭ ਜਗ੍ਹਾ ਸਹਾਈ ਬਣ ਕੇ ਰਹਿੰਦਾ ਹੈ ਭਾਵ ਸਭ ਜਗ੍ਹਾ ਆਪ ਹੀ ਮਾਰਗ ਦਰਸ਼ਨ ਕਰਦਾ ਹੈ, ਆਪ ਹੀ ਸੱਚ ਤੇ ਚਲਾਉਂਦਾ ਹੈ ਤੇ ਸੱਚ ਦੇ ਮਾਰਗ ਤੋਂ ਕਦੇ ਮਨੁੱਖ ਨੂੰ ਭਟਕਣ ਨਹੀਂ ਦਿੰਦਾ। **(ਘਰਿ ਬਾਹਰਿ ਪ੍ਰਭੁ ਸਭਨੀ ਥਾਈ॥ ਸੰਗਿ ਸਹਾਈ ਜਹ ਹਉ ਜਾਈ॥੩॥)**

ਹਰ ਵੇਲੇ ਸੱਚ ਦੇ ਮਾਰਗ ਤੇ ਚੱਲਣਾ ਹੀ ਉਸ ਪ੍ਰਮਾਤਮਾ ਦੇ ਹੁਕਮ ਵਿੱਚ ਰਹਿਣਾ ਹੈ, ਉਸ ਨੂੰ ਦੋਵੇਂ ਹੱਥ ਜੋੜ ਕੇ ਅਰਦਾਸ ਕਰਨਾ ਹੈ। ਪ੍ਰਮਾਤਮਾ ਦੇ ਅੱਗੇ ਅਰਦਾਸ ਸੱਚ ਤੇ ਚੱਲਣ ਦੁਆਰਾ ਹੀ ਹੁੰਦੀ ਹੈ। ਗੁਰਮਤਿ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਹਰ ਵੇਲੇ ਗੁਰਮਤਿ ਅੱਗੇ ਝੁਕੇ ਰਹਿਣਾ ਭਾਵ ਹਰ ਵੇਲੇ ਗੁਰਮਤਿ ਅਨੁਸਾਰ ਵਿਚਰਨਾ ਗੁਰਮਤਿ ਨੂੰ ਹੱਥ ਜੋੜਨ ਵਾਲੀ ਗੱਲ ਹੈ ਤੇ ਇਹੀ ਹਰ ਵੇਲੇ ਗੁਰੂ ਪ੍ਰਮਾਤਮਾ ਅੱਗੇ ਹੱਥ ਜੋੜ ਕੇ ਖੜ੍ਹੇ ਰਹਿਣਾ ਹੈ, ਉਸਦੇ ਅੱਗੇ ਅਰਦਾਸ ਕਰਨਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਉਹ ਪ੍ਰਮਾਤਮਾ ਨੂੰ ਇਸ ਤਰੀਕੇ ਹੀ ਸਦਾ ਜਪਦੇ ਹਨ, ਹਰ ਵੇਲੇ ਅੱਠੇ ਪਹਿਰ ਜਪਦੇ ਹਨ। ਸਾਨੂੰ ਉਹ ਇਹੋ ਜਿਹਾ ਜਪਣਾ ਹੀ ਸਮਝਾ ਰਹੇ ਹਨ। **(ਦੁਇ ਕਰ ਜੋੜਿ ਕਰੀ ਅਰਦਾਸਿ॥ ਸਦਾ ਜਪੇ ਨਾਨਕੁ ਗੁਣਤਾਸੁ॥੪॥੯॥)**

ਰਾਮਕਲੀ ਮਹਲਾ ੧॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥

ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥੧॥

ਨਾਨਕ ਬਿਰਥਾ ਕੋਇ ਨ ਹੋਇ॥ ਐਸੀ ਦਰਗਹ ਸਾਚਾ ਸੋਇ॥੧॥ਰਹਾਉ॥}

(ਅੰਗ ੮੭੮)

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥}

(ਅੰਗ ੪੬੮)

ਅਸੀਂ ਪ੍ਰਭਾਤ ਵੇਲੇ ਦੇ ਉੱਠਣ ਨੂੰ ਉੱਚਾ ਮੰਨਿਆ ਹੋਇਆ ਹੈ ਭਾਵ

26/2853

ਇੱਕ ਵੇਲੇ ਨੂੰ ਉੱਤਮ ਮੰਨਿਆ ਹੋਇਆ ਹੈ। ਪ੍ਰਭਾਤ ਵੇਲੇ ਉੱਠਣਾ ਚੰਗੀ ਗੱਲ ਹੈ, ਸਾਡੇ ਸਰੀਰ ਲਈ ਚੰਗੀ ਗੱਲ ਹੈ ਤੇ ਗੁਰਬਾਣੀ ਦੇ ਨਾਲ ਜੁੜਨ ਲਈ ਵੀ ਚੰਗਾ ਸਮਾਂ ਹੈ ਕਿਉਂਕਿ ਉਸ ਵੇਲੇ ਦਾ ਮਾਹੌਲ ਸ਼ਾਂਤਮਈ ਹੁੰਦਾ ਹੈ ਤੇ ਵਾਤਾਵਰਣ ਵੀ ਚੰਗਾ ਹੁੰਦਾ ਹੈ ਭਾਵ ਉਸ ਵੇਲੇ ਉੱਠਣ ਦੇ ਅਨੇਕਾਂ ਲਾਭ ਹੁੰਦੇ ਹਨ ਜੋ ਸਾਡੇ ਸਰੀਰ ਲਈ ਚੰਗੇ ਹਨ। ਸਾਡੇ ਮਨ ਨੂੰ ਸ਼ੁੱਧੀ ਦੀ ਲੋੜ ਹੈ ਜੋ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਸ਼ੁੱਧ ਹੁੰਦਾ ਹੈ ਤੇ ਗੁਰੂ ਦਾ ਗਿਆਨ ਹਰ ਵੇਲੇ ਸਾਨੂੰ ਇੱਕੋ ਜਿਹੀ ਮਨ ਦੀ ਸ਼ੁੱਧੀ ਹੀ ਬਖ਼ਸ਼ਦਾ ਹੈ। ਜੇਕਰ ਸਵੇਰੇ, ਪ੍ਰਭਾਤ ਵੇਲੇ ਅਸੀਂ ਜਿਹੋ ਜਿਹੇ ਮਨ ਦੀ ਅਵੱਸਥਾ ਨਾਲ ਉੱਠਦੇ ਹਾਂ ਤੇ ਪ੍ਰਭਾਤ ਵੇਲੇ ਤੋਂ ਬਾਅਦ ਸਾਡੇ ਮਨ ਦੀ ਅਵੱਸਥਾ ਉਹੋ ਜਿਹੀ ਬਣੀ ਰਹਿੰਦੀ ਹੈ ਫਿਰ ਪ੍ਰਭਾਤ ਵੇਲੇ ਉੱਠ ਕੇ ਗੁਰਬਾਣੀ ਪੜ੍ਹਨ ਜਾਂ ਸੁਣਨ ਦਾ ਸਾਨੂੰ ਲਾਭ ਕੀ ਮਿਲਿਆ ਭਾਵ ਜੇਕਰ ਸਾਡੇ ਮਨ ਦੀ ਅਵੱਸਥਾ ਨਹੀਂ ਬਦਲਦੀ ਭਾਵ ਸਾਡੀ ਮਤਿ ਵਿੱਚ ਕੋਈ ਫਰਕ ਨਹੀਂ ਆਉਂਦਾ, ਸਾਡੇ ਮਨ ਦੀ ਅਸ਼ੁੱਧੀ ਜੇਕਰ ਸ਼ੁੱਧ ਨਹੀਂ ਹੁੰਦੀ ਤਾਂ ਫਿਰ ਪ੍ਰਭਾਤ ਵੇਲੇ ਜਾਗਣ ਦਾ ਜਾਂ ਨਾ ਜਾਗਣ ਦਾ ਫਰਕ ਕੀ ਰਹਿ ਗਿਆ। ਗੁਰਬਾਣੀ ਨੂੰ ਪੜ੍ਹਨ ਜਾਂ ਸੁਣਨ ਦਾ ਮਕਸਦ ਮਨ ਦੀ ਸ਼ੁੱਧੀ ਦੇ ਨਾਲ ਹੈ ਭਾਵ ਮਨ ਦੀ ਮਾੜੀ ਮਤਿ ਦੂਰ ਕਰਨ ਦੇ ਨਾਲ ਹੈ ਜਿਸ ਲਈ ਹਰ ਵੇਲਾ ਉੱਤਮ ਹੈ। ਭਗਤੀ ਕਰਨ ਦਾ ਵੇਲਾ ਕਿਸੇ ਖਾਸ ਵੇਲੇ ਦੇ ਨਾਲ ਨਹੀਂ ਜੁੜਿਆ ਹੋਇਆ ਬਲਕਿ ਜੋ ਕਿਸੇ ਖਾਸ ਵੇਲੇ ਨੂੰ ਭਗਤੀ ਦਾ ਵੇਲਾ ਸਮਝਦੇ ਹਨ ਉਨ੍ਹਾਂ ਨੂੰ ਭਗਤੀ ਦੀ ਸਮਝ ਹੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

ਸਿਰੀਰਾਗੁ ਮਹਲਾ ੩॥

“ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ॥
ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ॥੧॥ਰਹਾਉ॥”

(ਅੰਗ ੩੫)

ਕਿਸੇ ਖਾਸ ਵੇਲੇ ਨੂੰ, ਵਕਤ ਨੂੰ, ਸਮੇਂ ਨੂੰ ਜੇਕਰ ਅਸੀਂ ਭਗਤੀ ਦਾ ਵੇਲਾ ਥਾਪਦੇ ਹਾਂ ਤਾਂ ਫਿਰ ਇਹ ਭਗਤੀ ਦੇ ਮੂਲ ਦੇ ਹੀ ਉਲਟ ਹੈ। ਸਾਨੂੰ ਇਹ ਸਮਝਾਇਆ ਹੈ ਕਿ ਜੋ ਕੋਈ ਕਿਸੇ ਖਾਸ ਵੇਲੇ ਨਾਲ ਜੁੜੇ ਹੋਏ ਹਨ ਜਿਵੇਂ ਕਿ ਪ੍ਰਭਾਤ ਦੇ ਵੇਲੇ ਦੇ ਨਾਲ ਜੁੜੇ ਹੋਏ ਹਨ ਜਿੰਨ੍ਹਾਂ ਨੂੰ ਅਸੀਂ ਆਪਣੀ ਮਤਿ ਅਨੁਸਾਰ ਹੀ ਅੰਮ੍ਰਿਤ ਵੇਲਾ ਬਣਾਇਆ ਹੋਇਆ ਹੈ ਉਨ੍ਹਾਂ ਨੂੰ ਸੁਚੇਤ

ਕੀਤਾ ਹੋਇਆ ਹੈ ਕਿ ਕਿਸੇ ਵੇਲੇ ਨਾਲ ਜੁੜ ਕੇ ਭਗਤੀ ਕਿਵੇਂ ਹੋ ਸਕਦੀ ਹੈ ਭਾਵ ਵੇਲੇ ਨਾਲ ਜੁੜ ਕੇ ਭਗਤੀ ਨਹੀਂ ਹੋ ਸਕਦੀ। **(ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥)** ਬੜਾ ਸਪੱਸ਼ਟ ਸਮਝਾਇਆ ਹੈ ਕਿ ਜੇਕਰ ਅਸੀਂ ਕਿਸੇ ਖਾਸ ਵੇਲੇ ਨਾਲ ਜੁੜਦੇ ਹਾਂ ਤਾਂ ਫਿਰ ਪ੍ਰਮਾਤਮਾ ਦੀ ਭਗਤੀ ਕਿਵੇਂ ਹੋ ਸਕਦੀ ਹੈ ਭਾਵ ਇਹ ਭਗਤੀ ਕਰਨ ਦਾ ਤਰੀਕਾ ਨਹੀਂ ਹੈ, ਕਿਸੇ ਖਾਸ ਸਮੇਂ ਨੂੰ ਉੱਚਾ ਸਮਝਣਾ ਭਗਤੀ ਦੇ ਮੂਲ ਦੇ ਹੀ ਉਲਟ ਹੈ। **(ਤਾ ਕਿਤੁ ਵੇਲਾ ਭਗਤਿ ਹੋਇ॥)**

ਪ੍ਰਮਾਤਮਾ ਦੀ ਭਗਤੀ ਅੱਠੇ ਪਹਿਰਾਂ ਨੂੰ ਇੱਕੋ ਜਿਹੀ ਸਮਝ ਕੇ ਹੀ ਹੁੰਦੀ ਹੈ ਜੋ ਕਿ ਆਪਣੇ ਅੰਦਰ ਅੱਠੇ ਪਹਿਰ ਗੁਰਮਤਿ ਨੂੰ ਵਸਾ ਕੇ ਰੱਖਣ ਦਾ ਹੈ, ਨਾਮ ਨੂੰ ਆਪਣੇ ਅੰਦਰ ਵਸਾ ਕੇ ਰੱਖਣ ਦਾ ਹੈ ਜਿਸ ਦੁਆਰਾ ਉਹ ਸੱਚੇ ਪ੍ਰਮਾਤਮਾ ਦੀ ਸੱਚੀ ਉਸਤਤਿ ਕੀਤੀ ਜਾ ਸਕਦੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥ ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥)**

ਜੇਕਰ ਇੱਕ ਤਿਲ ਜਿੰਨੇ ਸਮੇਂ ਲਈ ਵੀ ਗੁਰਮਤਿ ਵਿਸਰੀ ਹੋਈ ਹੈ ਫਿਰ ਸਾਨੂੰ ਉਹ ਪ੍ਰਮਾਤਮਾ ਵਿਸਰਿਆ ਹੋਇਆ ਹੈ, ਉਸਦਾ ਨਾਮ ਵਿਸਰਿਆ ਹੋਇਆ ਹੈ ਭਾਵ ਸਾਨੂੰ ਪ੍ਰਮਾਤਮਾ ਦੀ ਭਗਤੀ ਵਿਸਰੀ ਹੋਈ ਹੈ ਭਾਵ ਪ੍ਰਮਾਤਮਾ ਦੀ ਭਗਤੀ ਤਾਂ ਹੀ

ਹੋ ਸਕਦੀ ਹੈ ਜੇਕਰ ਸਾਨੂੰ ਹਰ ਵੇਲੇ ਗੁਰਮਤਿ ਚੇਤੇ ਹੈ ਜਿਸ ਲਈ ਵੇਲੇ ਵਿੱਚ ਕੋਈ ਵੰਡ ਨਹੀਂ ਕੀਤੀ ਜਾ ਸਕਦੀ, ਕਿਸੇ ਵੇਲੇ ਨੂੰ ਮਾੜਾ ਜਾਂ ਚੰਗਾ ਨਹੀਂ ਸਮਝਿਆ ਜਾ ਸਕਦਾ।

ਸਾਡੇ ਮਨ ਤਨ ਨੂੰ ਸ਼ੀਤਲ ਸੱਚ ਨੇ ਹੀ ਕਰਨਾ ਹੈ ਤੇ ਜੇਕਰ ਹਰ ਵੇਲੇ ਸਾਡੇ ਅੰਦਰ ਸੱਚ ਵੱਸਿਆ ਹੋਇਆ ਹੈ ਫਿਰ ਹਰ ਵੇਲੇ ਸਾਡਾ ਮਨ ਸ਼ਾਂਤ ਹੈ ਭਾਵ ਸੰਤੋਖ ਵਿੱਚ ਹੈ ਭਾਵ ਤ੍ਰਿਸ਼ਨਾ ਤੋਂ ਮੁਕਤ ਹੈ, ਵਿਕਾਰਾਂ ਤੋਂ ਮੁਕਤ ਹੈ, ਮਨਮਤਿ ਤੋਂ ਮੁਕਤ ਹੈ ਭਾਵ ਜਦੋਂ ਸਾਨੂੰ ਹਰ ਵੇਲੇ ਗੁਰਮਤਿ ਚੇਤੇ ਹੈ, ਗੁਰੂ ਦਾ ਦੱਸਿਆ ਹੋਇਆ ਸੱਚ ਚੇਤੇ ਹੈ ਫਿਰ ਸਵਾਸ ਸਵਾਸ ਅਸੀਂ ਸੱਚ ਦੁਆਰਾ ਹੀ ਵਿਚਰਦੇ ਹਾਂ ਜਿਸ ਦੁਆਰਾ ਸਾਡਾ ਕੋਈ ਵੀ ਸੁਆਸ ਬਿਰਥਾ ਨਹੀਂ ਜਾਂਦਾ ਭਾਵ ਅਸੀਂ ਅੱਠੇ ਪਹਿਰ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਵਿਚਰਦੇ ਹਾਂ, ਅਸੀਂ ਸੁੱਤੇ ਹੋਏ, ਜਾਗਦੇ ਹੋਏ ਸੱਚ ਵਾਲੀ ਅਵੱਸਥਾ ਵਿੱਚ ਹੀ ਰਹਿੰਦੇ ਹਾਂ। ਮਨ ਦੀ ਇਹ ਅਵੱਸਥਾ ਹੀ ਪ੍ਰਮਾਤਮਾ ਦੀ ਭਗਤੀ ਵਾਲੀ ਅਵੱਸਥਾ ਹੈ ਜੋ ਕਿਸੇ ਖਾਸ ਵੇਲੇ ਨਾਲ ਜੁੜ ਕੇ ਨਹੀਂ ਹੁੰਦੀ। **(ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥)**

ਸਵਾਸ ਸਵਾਸ ਸੱਚ ਤੇ ਭਾਵ ਗੁਰਮਤਿ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਜਦੋਂ ਪ੍ਰਮਾਤਮਾ ਦਾ ਨਾਮ ਸਾਡੇ ਧਿਆਨ ਵਿੱਚ ਵੱਸ ਜਾਂਦਾ ਹੈ, ਜਦੋਂ ਪ੍ਰਮਾਤਮਾ ਦਾ ਨਾਮ ਧਿਆ ਲਿਆ ਜਾਂਦਾ ਹੈ। ਪਰ ਸਾਡੇ ਲਈ ਉੱਦਮ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ

ਆਪਣੇ ਅੰਦਰ ਵਸਾਉਣ ਦਾ ਉੱਦਮ ਕਰੀਏ। ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸੋਝੀ ਪ੍ਰਮਾਤਮਾ ਦੇ ਸਾਡੇ ਮਨ ਵਿੱਚ ਵੱਸਣ ਦੁਆਰਾ ਹੀ ਪੈਂਦੀ ਹੈ। ਆਪਣੀ ਭਗਤੀ ਉਹ ਆਪ ਹੀ ਸਮਝਾਉਂਦਾ ਹੈ ਜਿਸ ਦੁਆਰਾ ਹਰ ਵੇਲੇ ਉਸ ਦਾ ਨਾਮ ਸਾਡੇ ਧਿਆਨ ਵਿੱਚ ਵੱਸਿਆ ਰਹਿੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਉਸਦੀ ਭਗਤੀ ਦੀ ਸੋਝੀ ਹੀ ਨਹੀਂ ਪੈਂਦੀ ਜਿਸ ਕਰਕੇ ਅਸੀਂ ਕਿਸੇ ਵੇਲੇ ਨੂੰ ਉੱਚਾ ਸਮਝ ਕੇ ਉਸਦੇ ਨਾਲ ਜੁੜੇ ਰਹਿੰਦੇ ਹਾਂ ਜਿਵੇਂ ਕਿ ਅਸੀਂ ਪ੍ਰਭਾਤ ਵੇਲੇ ਨੂੰ ਉੱਚਾ ਵੇਲਾ ਮੰਨ ਕੇ, ਅੰਮ੍ਰਿਤ ਵੇਲਾ ਸਮਝ ਕੇ ਉਸਦੇ ਨਾਲ ਜੁੜੇ ਹੋਏ ਹਾਂ। ਉਹ ਕੇਵਲ ਸਾਡਾ ਭਰਮ ਹੈ ਜਿਸ ਵਿੱਚ ਕੇਵਲ ਮਨਮਤਿ ਹੈ ਤੇ ਸੱਚੀ ਭਗਤੀ ਨਹੀਂ ਹੈ। **(ਮੇਰੇ ਮਨ ਹਰਿ ਕਾ ਨਾਮੁ ਧਿਆਇ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ॥੧॥ਰਹਾਉ॥)**

ਉਪਰਲੀਆਂ ਪੰਗਤੀਆਂ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿੰਨ੍ਹਾਂ ਨੇ ਸਾਨੂੰ ਕਿਸੇ ਖਾਸ ਵੇਲੇ ਨਾਲ ਜੋੜਿਆ ਹੋਇਆ ਹੈ, ਜਿੰਨ੍ਹਾਂ ਕੋਲੋਂ ਅਸੀਂ ਨਾਮ ਜਪਣਾ ਸਿੱਖਿਆ ਹੋਇਆ ਹੈ ਉਨ੍ਹਾਂ ਨੂੰ ਭਗਤੀ ਦੀ ਸੋਝੀ ਨਹੀਂ ਹੈ ਭਾਵ ਉਨ੍ਹਾਂ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ। ਜਿਸਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਹੋਏ ਹਨ ਉਨ੍ਹਾਂ ਨੇ ਹੀ ਸਾਨੂੰ ਸੱਚੀ ਭਗਤੀ ਦਾ ਤਰੀਕਾ ਸਮਝਾਇਆ ਹੈ ਜੋ ਕਿ ਉਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਸਮਝਾਇਆ ਹੈ, ਹਰਿ ਨੇ ਮਨ ਦੇ ਵਿੱਚ ਵੱਸ ਕੇ ਭਾਵ ਪ੍ਰਗਟ ਹੋ ਕੇ ਆਪ ਹੀ ਸਮਝਾਇਆ ਹੈ। ਜਿੰਨ੍ਹਾਂ ਨੂੰ ਸੱਚੀ ਭਗਤੀ ਦੀ ਸੋਝੀ ਪਈ ਹੈ ਉਨ੍ਹਾਂ ਨੇ ਸਾਨੂੰ ਕਿਸੇ ਖਾਸ ਵੇਲੇ ਨਾਲ ਜੁੜਨ ਲਈ ਨਹੀਂ ਸਮਝਾਇਆ ਬਲਕਿ ਹਰ ਵੇਲੇ ਨੂੰ ਇੱਕੋ ਜਿਹਾ ਸਮਝਾਇਆ ਹੈ। ਵੇਲਾ ਆਉਣ ਜਾਣ ਵਾਲੀ ਵਸਤੂ ਹੈ, ਬਿਨਸਣ ਵਾਲੀ ਵਸਤੂ ਹੈ ਭਾਵ ਥਿਰ ਰਹਿਣ ਵਾਲੀ ਵਸਤੂ ਨਹੀਂ ਹੈ। ਥਿਰ ਰਹਿਣ ਵਾਲੀ ਕੇਵਲ ਸੱਚੀ ਮਤਿ ਹੈ ਜਿਸ ਨਾਲ ਜੁੜ ਕੇ ਅਸੀਂ ਉਸ ਥਿਰ ਰੂਪ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ ਜਿਵੇਂ ਕਿ ਇਸ ਗੱਲ ਨੂੰ ਪਿੱਛੇ ਵੀ ਅਸੀਂ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੈ।

ਆਸਾ ਮਹਲਾ ੫॥

“ਜੈਸੇ ਕਿਰਸਾਨੁ ਬੋਵੈ ਕਿਰਸਾਨੀ॥ ਕਾਚੀ ਪਾਕੀ ਬਾਢਿ ਪਰਾਨੀ॥੧॥
ਜੋ ਜਨਮੈ ਸੋ ਜਾਨਹੁ ਮੂਆ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ॥੧॥ਰਹਾਉ॥
ਦਿਨ ਤੇ ਸਰਪਰ ਪਉਸੀ ਰਾਤਿ॥ ਰੈਣਿ ਗਈ ਫਿਰਿ ਹੋਇ ਪਰਭਾਤਿ॥੨॥
ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ॥ ਮੁਖ ਊਜਲ ਹੋਇ ਨਿਰਮਲ ਚੀਤ॥੪॥੧੯॥”

(ਅੰਗ ੩੭੫)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਭਗਤੀ ਹੀ ਸਮਝਾਈ ਹੋਈ ਹੈ ਕਿ ਉਹ ਕਿਸ ਅਵੱਸਥਾ ਦੁਆਰਾ ਹੁੰਦੀ ਹੈ ਜਿਵੇਂ ਕਿ ਰਹਾਉ ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤੀ ਹੋਈ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਅਡੋਲਤਾ ਦੁਆਰਾ ਹੁੰਦੀ ਹੈ ਤੇ ਸਾਡੇ ਮਨ ਨੂੰ ਅਡੋਲ ਕੇਵਲ ਗੁਰੂ ਦਾ ਸੱਚਾ ਗਿਆਨ ਕਰ ਸਕਦਾ ਹੈ। ਮਨ ਦੀ ਅਡੋਲਤਾ ਲਈ ਸਾਨੂੰ ਕਿਸੇ ਖਾਸ ਸਮੇਂ ਦੀ ਲੋੜ ਨਹੀਂ ਹੈ ਕਿਉਂਕਿ ਗੁਰੂ ਦਾ ਗਿਆਨ ਹਰ ਸਮੇਂ ਇੱਕੋ ਜਿਹਾ ਹੀ ਮਿਲਦਾ ਹੈ। ਗੁਰੂ ਦੇ ਗਿਆਨ ਨੂੰ ਛੱਡ ਕੇ ਕਿਸੇ ਖਾਸ ਸਮੇਂ ਨੂੰ ਉੱਚਾ ਸਮਝਣਾ ਸਾਡੀ ਭੁੱਲ ਹੈ। ਸਮਾਂ ਬਿਨਸਣਹਾਰ ਹੈ ਜਿਵੇਂ ਕਿ ਹਰ ਵਸਤੂ ਬਿਨਸਣਹਾਰ ਹੈ। ਦਿਨ ਚੜ੍ਹਨ ਦੇ ਨਾਲ ਪ੍ਰਭਾਤ ਦਾ ਸਮਾਂ ਖ਼ਤਮ ਹੋ ਜਾਂਦਾ ਹੈ ਤੇ ਰਾਤ ਚੜ੍ਹਨ ਦੇ ਨਾਲ ਦਿਨ ਦਾ ਸਮਾਂ ਖ਼ਤਮ ਹੋ ਜਾਂਦਾ

26/2856

ਹੈ ਭਾਵ ਸਮਾਂ ਇੱਕ ਆਉਣੀ ਜਾਣੀ ਚੀਜ਼ ਹੈ ਜੋ ਥਿਰ ਨਹੀਂ ਹੈ। ਕਿਸੇ ਖਾਸ ਸਮੇਂ ਨਾਲ ਜੁੜ ਕੇ ਅਸੀਂ ਆਪਣੇ ਮਨ ਨੂੰ ਥਿਰ ਨਹੀਂ ਕਰ ਸਕਦੇ ਤੇ ਮਨ ਦੇ ਥਿਰ ਹੋਏ ਬਿਨ੍ਹਾਂ, ਅਡੋਲ ਹੋਏ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ ਜਿਵੇਂ ਕਿ ਸਾਨੂੰ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਗਈ ਹੈ। ਕਿਸੇ ਖਾਸ ਸਮੇਂ ਨੂੰ ਉੱਚਾ ਮੰਨ ਕੇ ਚੱਲਣਾ ਤੇ ਉਸ ਨੂੰ ਹੀ ਭਗਤੀ ਦਾ ਸਮਾਂ ਮੰਨਣਾ ਕੇਵਲ ਸਾਡੀ ਭੁੱਲ ਹੈ। ਸਮਾਂ ਸਾਡੇ ਲਈ ਉਹੀ ਚੰਗਾ ਹੈ ਜਿਸ ਵੇਲੇ ਅਸੀਂ ਗੁਰੂ ਦੀ ਮਤਿ ਨਾਲ ਜੁੜ ਜਾਈਏ ਤੇ ਗੁਰੂ ਦੀ ਮਤਿ ਨਾਲ ਜੁੜਨ ਲਈ ਹਰ ਸਮਾਂ ਇੱਕੋ ਜਿਹਾ ਹੀ ਹੈ, ਪੂਰਾ ਜੀਵਨ ਇੱਕੋ ਜਿਹਾ ਹੀ ਹੈ ਜੋ ਕਿ ਅੰਮ੍ਰਿਤ ਵੇਲਾ ਹੈ ਭਾਵ ਉਸ ਅੰਮ੍ਰਿਤ ਰੂਪ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ। ਪ੍ਰਮਾਤਮਾ ਆਪਣੀ ਕ੍ਰਿਪਾ ਕਰਨ ਲਈ ਕਿਸੇ ਖਾਸ ਸਮੇਂ ਦਾ ਬੱਝਿਆ ਹੋਇਆ ਨਹੀਂ ਹੈ ਤੇ ਉਸ ਦੇ ਲਈ ਹਰ ਸਮਾਂ ਇੱਕੋ ਜਿਹਾ ਹੀ ਹੈ, ਜਦ ਤੋਂ ਸ੍ਰਿਸ਼ਟੀ ਬਣੀ ਹੈ ਇੱਕੋ ਜਿਹਾ ਹੀ ਹੈ ਜੋ ਉਸਦੀ ਆਪਣੀ ਸ੍ਰਿਸ਼ਟੀ ਨੂੰ ਚਲਾਉਣ ਲਈ ਬਣਾਇਆ ਹੋਇਆ ਤਰੀਕਾ ਹੈ।

ਕਿਸੇ ਖਾਸ ਸਮੇਂ ਨਾਲ ਜੁੜਕੇ ਉਸ ਵਿੱਚ ਆਪਣੀ ਭਗਤੀ ਸਮਝਣਾ ਕੇਵਲ ਸਾਡੀ ਮਨਮੁੱਖਤਾ ਦੱਸਿਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਫਿਰ ਤੋਂ ਵਿਚਾਰਿਆ ਜਾ ਸਕਦਾ ਹੈ।

ਗਉੜੀ ਮਹਲਾ ੧॥

“ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥ ਅਨ ਭੈ ਵਿਸਰੇ ਨਾਮਿ ਸਮਾਇਆ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰ ਕੈ ਸਬਦਿ ਪਛਾਨਾ॥੧॥ਰਹਾਉ॥
ਜਿਸੁ ਨਰ ਰਾਮੁ ਰਿਦੈ ਹਰਿ ਰਾਸਿ॥ ਸਹਜਿ ਸੁਭਾਇ ਮਿਲੇ ਸਾਬਾਸਿ॥੨॥
ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥”

(ਅੰਗ ੧੫੪)

ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ ਕਿ ਸਾਡਾ ਪੂਰਾ ਜੀਵਨ ਅੰਮ੍ਰਿਤ ਵੇਲਾ ਹੈ ਤੇ ਸਾਨੂੰ ਉਸ ਅੰਮ੍ਰਿਤ ਦੀ ਪ੍ਰਾਪਤੀ ਪ੍ਰਮਾਤਮਾ ਦੇ ਕੋਲੋਂ ਹੀ ਹੁੰਦੀ ਹੈ ਤੇ ਉਹ ਆਪਣਾ ਅੰਮ੍ਰਿਤ ਸਾਨੂੰ ਕਿਸ ਵੇਲੇ ਪਿਲਾ ਦੇਵੇ ਇਹ ਉਸਦੀ ਰਜ਼ਾ ਹੈ। ਇਹ ਅੰਮ੍ਰਿਤ ਉਸਦੇ ਸੱਚੇ ਗਿਆਨ ਦਾ ਅੰਮ੍ਰਿਤ ਹੈ ਜੋ ਉਹ ਮਨ ਦੇ ਵਿੱਚ ਪੀਆਉਂਦਾ ਹੈ ਤੇ ਜਿੰਨ੍ਹਾਂ ਨੂੰ ਉਸ ਨੇ ਆਪਣਾ ਇਹ ਅੰਮ੍ਰਿਤ ਪੀਆਇਆ ਹੈ ਉਨ੍ਹਾਂ ਨੇ ਹੀ ਅੰਮ੍ਰਿਤ ਬਾਣੀ ਦੀ ਰਚਨਾ ਕੀਤੀ ਹੈ। ਅਸੀਂ ਉਸ ਅੰਮ੍ਰਿਤ ਦੀ ਪ੍ਰਾਪਤੀ ਲਈ ਕਿਸੇ ਖਾਸ ਵੇਲੇ ਨੂੰ ਚੁਣਿਆ ਹੋਇਆ ਹੈ। ਅਸੀਂ ਪ੍ਰਭਾਤ ਵੇਲੇ ਨੂੰ ਅੰਮ੍ਰਿਤ ਵੇਲਾ ਸਮਝਦੇ ਹਾਂ ਤੇ ਇਸੇ ਲਈ ਉਸ ਅੰਮ੍ਰਿਤ ਵੇਲੇ ਨਾਲ ਜੁੜੇ ਹੋਏ ਹਾਂ ਕਿ ਅੰਮ੍ਰਿਤ ਦੀ ਪ੍ਰਾਪਤੀ ਇਸੇ ਵੇਲੇ ਹੀ ਹੁੰਦੀ ਹੈ ਜਿਸਨੂੰ ਕਿ ਸਾਡਾ ਭਰਮ ਦੱਸਿਆ ਹੈ। ਜਿਵੇਂ ਅਸੀਂ ਪ੍ਰਭਾਤ ਵੇਲੇ ਨੂੰ ਉੱਚਾ ਮੰਨਿਆ ਹੋਇਆ ਹੈ ਇਸੇ ਤਰ੍ਹਾਂ ਸ਼ਾਮ ਦੇ ਵੇਲੇ ਨੂੰ ਉੱਚਾ ਮੰਨ ਕੇ ਅਸੀਂ ਆਪਣੀ ਭਗਤੀ ਦਾ ਵੇਲਾ ਸਮਝਦੇ ਹਾਂ ਭਾਵ ਵੇਲੇ ਦੇ ਨਾਲ ਜੁੜ ਕੇ ਅਸੀਂ ਆਪਣੇ ਜੀਵਨ ਨੂੰ ਸੰਵਾਰਨਾ ਸਮਝਦੇ ਹਾਂ, ਆਪਣਾ ਅੱਗਾ ਸਵਾਰਨਾ ਚਾਹੁੰਦੇ ਹਾਂ। ਕਿਸੇ ਖਾਸ ਵੇਲੇ ਨਾਲ ਜੁੜ ਕੇ ਸਾਡਾ ਜੀਵਨ ਨਹੀਂ ਸੁਧਰ ਸਕਦਾ। ਪ੍ਰਮਾਤਮਾ ਦੀ ਭਗਤੀ ਲਈ ਦਿਨ ਰਾਤ ਇੱਕੋ ਜਿਹਾ ਹੈ ਭਾਵ ਹਰ ਵੇਲੇ ਸੱਚੇ ਰਹਿਣ ਦਾ ਮਾਰਗ ਹੈ ਤੇ

ਪੂਰੇ ਉਹੀ ਹਨ ਭਾਵ ਪੂਰੀ ਭਗਤੀ ਵਾਲੇ ਉਹੀ ਹਨ ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਆਪ ਵੱਸਿਆ ਹੋਇਆ ਹੈ, ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ, ਜਿੰਨ੍ਹਾਂ ਨੂੰ ਪ੍ਰਮਾਤਮਾ

26/2857

ਨੇ ਭਰਮ ਵਿੱਚੋਂ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਕਿਸੇ ਖਾਸ ਵੇਲੇ ਨਾਲ ਜੁੜ ਕੇ ਨਹੀਂ ਹੁੰਦੀ। ਕਿਸੇ ਖਾਸ ਵੇਲੇ ਨਾਲ, ਸਮੇਂ ਨਾਲ ਭਾਵ ਕਾਲ ਦੇ ਨਾਲ ਜੁੜਨਾ, ਕਿਸੇ ਖਾਸ ਸਮੇਂ ਦੇ ਨਾਲ ਆਪਣੇ ਆਪ ਨੂੰ ਬੰਨ੍ਹਣਾ ਕੇਵਲ ਸਾਡੀ ਮਨਮੁੱਖਤਾ ਹੈ। **(ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥ ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥)**

ਜਦ ਤੱਕ ਕਿਸੇ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਤਦ ਤੱਕ ਹਰ ਕੋਈ ਉਹੋ ਜਿਹੀ ਭਗਤੀ ਵਿੱਚ ਲੱਗਾ ਰਹਿੰਦਾ ਹੈ ਜਿਸ ਵਿੱਚ ਭਗਤੀ ਨਹੀਂ ਬਲਕਿ ਸਾਡਾ ਭਰਮ ਹੈ। ਭਗਤੀ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜਿਸ ਦੇ ਅੰਦਰ ਪ੍ਰਮਾਤਮਾ ਵੱਸਿਆ ਹੋਇਆ ਹੈ। ਭਗਤੀ ਦਾ ਮਾਰਗ ਕੇਵਲ ਗੁਣੀ ਬਣ ਕੇ ਵਿਚਰਨ ਦਾ ਹੈ ਜੋ ਕਿ ਔਗੁਣਾਂ ਵਿੱਚੋਂ ਨਿਕਲ ਕੇ ਹੀ ਬਣਿਆ ਜਾ ਸਕਦਾ ਹੈ। ਔਗੁਣਾਂ ਨੂੰ ਛੱਡਣ ਦਾ, ਮਾਇਆ ਮੋਹ ਨੂੰ ਛੱਡਣ ਦਾ ਡਰ ਸਭ ਦੇ ਅੰਦਰ ਹੈ ਤੇ ਇਸੇ ਲਈ ਮਾਇਆ ਮੋਹ ਨੂੰ ਛੱਡ ਕੇ ਕੋਈ ਖੁਸ਼ ਨਹੀਂ ਹੈ ਤੇ ਉਹੋ ਜਿਹੀ ਭਗਤੀ ਅਪਣਾਈ ਹੋਈ ਹੈ ਜਿਸਦਾ ਕੋਈ ਲਾਭ ਨਹੀਂ ਹੈ। ਸਾਡਾ ਸਵੇਰ ਸ਼ਾਮ ਦੇ ਸਮੇਂ ਨਾਲ ਜੁੜਨਾ ਭਗਤੀ ਦਾ ਮਾਰਗ ਨਹੀਂ ਹੈ ਭਾਵ ਕਿਸੇ ਸਮੇਂ ਨੂੰ ਭਗਤੀ ਦਾ ਸਮਾਂ ਸਮਝਣਾ ਕੇਵਲ ਸਾਡੀ ਭਟਕਣਾ ਹੈ, ਭਗਤੀ ਦੇ ਮਾਰਗ ਤੇ ਚੱਲਣ ਦੀ ਭਟਕਣਾ ਹੈ। ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਤੁਖਾਰੀ ਮਹਲਾ ੧॥

“ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ॥
ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ॥
ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ॥
ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ॥
ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ॥
ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ॥੧॥”

(ਅੰਗ ੧੧੧੨)

ਉਪਰਲੇ ਸ਼ਬਦ ਰਾਹੀਂ ਸਾਨੂੰ ਉਹੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਅਸੀਂ ਹੁਣ ਤੱਕ ਹਰ ਸ਼ਬਦ ਰਾਹੀਂ ਸਮਝਦੇ ਆਏ ਹਾਂ। ਭਗਤੀ ਦਾ ਮਾਰਗ ਇੱਕੋ ਹੀ ਹੈ ਜੋ ਕਿ ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਹੀ ਸਮਝਾਇਆ ਹੋਇਆ ਹੈ ਤੇ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਇਸ ਸ਼ਬਦ ਰਾਹੀਂ ਖਾਸ ਕਰਕੇ ਉਨ੍ਹਾਂ ਦਾ ਭਰਮ ਕੱਢਿਆ ਹੋਇਆ ਹੈ ਜੋ ਪ੍ਰਭਾਤ ਤੇ ਸ਼ਾਮ ਦੇ ਵੇਲੇ ਨੂੰ ਉੱਚਾ ਮੰਨ ਕੇ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ ਪਰ ਅਸਲ ਭਗਤੀ ਨੂੰ ਸਮਝਣ ਤੋਂ ਦੂਰ ਹਨ।

26/2858

“ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ॥
ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕਿਸ ਗੱਲ ਲਈ ਨਾਸਮਝ ਤੇ ਲਾਪਰਵਾਹ ਕਿਹਾ ਗਿਆ ਹੈ, ਭਗਤੀ ਵਿਹੂਣਾ ਕਿਹਾ ਗਿਆ ਹੈ, ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਕਾਰਨ ਦੱਸਿਆ ਗਿਆ ਹੈ। ਸਾਰੀ ਗੱਲ ਸਾਡੇ ਗੁਣਾਂ ਔਗੁਣਾਂ ਨਾਲ ਜੁੜੀ ਹੋਈ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਚੰਗੀ ਜਾਂ ਮਾੜੀ ਸੋਝੀ ਦੇ ਨਾਲ ਹੈ। ਜਦ ਤੱਕ ਸਾਡੇ ਅੰਦਰ ਔਗੁਣ

ਹਨ ਤਦ ਤੱਕ ਅਸੀਂ ਨਾਸਮਝ ਹਾਂ ਤੇ ਪ੍ਰਮਾਤਮਾ ਦੀ ਭਗਤੀ ਕਰਨ ਵਿੱਚ ਲਾਪਰਵਾਹ ਹਾਂ ਭਾਵ ਸਾਨੂੰ ਪ੍ਰਮਾਤਮਾ ਦੇ ਨਾਲ ਜੁੜਨ ਦੀ ਕੋਈ ਪ੍ਰਵਾਹ ਨਹੀਂ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਵਿੱਚ ਸਮਾਉਣਾ ਚਾਹੁੰਦੇ ਹਾਂ ਉਹ ਫਿਰ ਕੇਵਲ ਗੁਣੀ ਬਣ ਕੇ ਸਮਾਇਆ ਜਾ ਸਕਦਾ ਹੈ ਭਾਵ ਔਗੁਣ ਰਹਿਤ ਹੋ ਕੇ ਸਮਾਇਆ ਜਾ ਸਕਦਾ ਹੈ ਜਿਸ ਦਾ ਮਕਸਦ ਸਾਡੀ ਸੱਚੀ ਸੁੱਚੀ ਕਿਰਤ ਦੇ ਨਾਲ ਹੈ, ਸੱਚੀ ਸੁੱਚੀ ਸਮਾਜਿਕ ਵਿਚਰਨ ਦੇ ਨਾਲ ਹੈ। ਗੁਰਮਤਿ ਸਾਨੂੰ ਵਾਰ-ਵਾਰ ਇਹੀ ਗੱਲ ਸਮਝਾ ਰਹੀ ਹੈ ਕਿ ਪ੍ਰਮਾਤਮਾ ਦੀ ਭਗਤੀ ਕੇਵਲ ਸੱਚੇ ਸੁੱਚੇ ਇਨਸਾਨ ਬਣ ਕੇ ਹੁੰਦੀ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ ਤੇ ਹੋਰ ਸਭ ਭਗਤੀ ਦੇ ਤਰੀਕੇ ਸਾਡੇ ਦਿਖਾਵੇ ਹੀ ਹਨ। **(ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ॥ ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ॥)**

ਸਾਡੇ ਔਗੁਣ ਸਾਨੂੰ ਇਸ ਲਈ ਚੰਗੇ ਲੱਗਦੇ ਹਨ, ਮਾਇਆ ਮੋਹ ਇਸ ਲਈ ਲੁਭਾਉਂਦਾ ਹੈ ਕਿਉਂਕਿ ਉਸਦੇ ਪਦਾਰਥ ਸਾਨੂੰ ਲੁਭਾਉਂਦੇ ਹਨ ਜਿਸ ਦਾ ਅਸਰ ਸਾਡੀ ਕਿਰਤ ਤੇ ਪੈਂਦਾ ਹੈ ਜੋ ਸਾਡੀ ਭਗਤੀ ਦੇ ਮਾਰਗ ਵਿੱਚ ਰੁਕਾਵਟ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ॥
ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ॥”

ਸਾਡੇ ਗੁਣਾਂ ਔਗੁਣਾਂ ਦਾ ਮਕਸਦ ਸਾਡੀ ਕਿਰਤ ਦੇ ਨਾਲ ਜੁੜਿਆ ਹੋਇਆ ਹੈ ਭਾਵ ਸਾਡੀ ਚੰਗੀ ਮਾੜੀ ਕਿਰਤ ਦੇ ਨਾਲ ਜੁੜਿਆ ਹੋਇਆ ਹੈ। ਜਦੋਂ ਅਸੀਂ ਮਾਇਆ ਦੇ ਸਵਾਦਾਂ ਨਾਲ ਜੁੜਦੇ ਹਾਂ ਇਹ ਸਾਨੂੰ ਬਹੁਤ ਲੁਭਾਉਂਦੇ ਹਨ ਤੇ ਮਾਇਆ ਦੇ ਪਦਾਰਥ ਅਸੀਂ ਆਪਣੀ ਕਿਰਤ ਦੁਆਰਾ ਹੀ ਕਮਾਉਂਦੇ ਹਾਂ ਤੇ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਲਈ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਸੀਂ ਔਗੁਣਾਂ ਦਾ ਸਹਾਰਾ ਲੈਂਦੇ ਹਾਂ ਭਾਵ ਮਾਇਆ ਦੇ ਪਦਾਰਥਾਂ ਨੂੰ ਆਪਣੀ ਮਾੜੀ ਕਿਰਤ ਦੁਆਰਾ ਕਮਾਉਂਦੇ ਹਾਂ ਤੇ ਇਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਕਾਰਨ ਹੈ ਜਿੰਨ੍ਹਾਂ ਦੇ ਰਹਿੰਦਿਆਂ ਕੋਈ ਉਸ

ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦਾ। ਕਿਸੇ ਨਾ ਕਿਸੇ ਗੱਲ ਦਾ ਲੋਭ ਲਾਲਚ ਹਰ ਮਨੁੱਖ ਦੇ ਅੰਦਰ ਹੁੰਦਾ ਹੈ। ਆਪਣਾ ਮਾਣ ਉੱਚਾ ਕਰਨਾ ਵੀ ਸਾਡੇ ਮਨ ਦਾ ਲੋਭ ਹੈ, ਤ੍ਰਿਸ਼ਨਾ ਹੈ। ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣਾ ਸਾਡੀ ਤ੍ਰਿਸ਼ਨਾ ਹੀ ਹੈ ਜਿਸ ਲਈ ਅਸੀਂ ਭਗਤੀ ਦੇ ਦਿਖਾਵੇ ਕਰਦੇ ਹਾਂ। ਜੋ ਵੀ ਕਰਮ ਅਸੀਂ ਮਨਮਤਿ ਨਾਲ ਕਰਦੇ ਹਾਂ ਉਹ ਸਾਡਾ ਔਗੁਣ ਹੈ। **(ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ॥)**

ਆਪਣੇ ਅੰਦਰ ਔਗੁਣਾਂ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦੇ ਲਈ ਮਾਇਆ ਮੋਹ ਦੇ ਸਾਗਰ ਤੋਂ ਪਾਰ ਨਹੀਂ ਪਾ ਸਕਦੇ। ਇਹ ਮਾਇਆ ਮੋਹ ਦਾ ਸਾਗਰ ਔਗੁਣਾਂ ਨਾਲ ਭਰਿਆ ਹੋਇਆ ਹੈ ਭਾਵ ਸਾਡੇ ਮਨ ਦੇ ਮਾੜੇ ਵਿਚਾਰਾਂ ਨਾਲ ਭਰਿਆ ਹੋਇਆ ਹੈ। ਇਸ ਤੋਂ ਪਾਰ ਪਾਉਣਾ ਬਹੁਤ ਔਖਾ ਹੈ ਕਿਉਂਕਿ ਮਾਇਆ ਮੋਹ ਨੂੰ ਛੱਡਣਾ ਬਹੁਤ ਔਖਾ ਹੈ, ਹਉਮੈ ਨੂੰ ਛੱਡਣਾ, ਮਾਨ ਅਭਿਮਾਨ ਨੂੰ ਛੱਡਣਾ ਬਹੁਤ ਔਖਾ ਹੈ। ਆਪਣੀ ਭਗਤੀ ਦਾ ਮਾਣ ਭਾਵ ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸੇ ਭਗਤੀ ਦਾ ਹੀ ਅਸੀਂ ਮਾਣ ਕਰਦੇ ਹਾਂ ਭਾਵ ਭਗਤੀ ਦੇ ਦਿਖਾਵਿਆਂ ਦਾ ਮਾਣ ਕਰਦੇ ਹਾਂ ਜੋ ਕਿ ਕੇਵਲ ਇੱਕ ਮਾਇਆ ਦਾ ਸਵਾਦ ਹੈ, ਸਮਾਜ ਵਿੱਚੋਂ ਝੂਠਾ ਮਾਣ ਮਿਲਣ ਦਾ ਸੁਆਦ ਹੈ ਜਿਸ ਨੂੰ ਛੱਡਣਾ ਬਹੁਤ ਔਖਾ ਹੈ। ਇਨ੍ਹਾਂ ਵਿਕਾਰਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਮਨ ਦੇ ਇਹ ਮਾੜੇ ਵਿਚਾਰ ਹੀ ਅਸਲ ਵਿੱਚ ਸਾਡੇ ਜਮ ਹਨ ਜਿੰਨ੍ਹਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਸੇ ਲਈ ਭਗਤੀ ਦਾ ਮਾਰਗ ਬਹੁਤ ਔਖਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਬਹੁਤ ਔਖਾ ਹੈ, “ਦੁਤਰੁ” ਤਰਨਾ ਬਹੁਤ ਔਖਾ ਹੈ ਜੋ ਕਿ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਜੁਗਤਿ ਹੈ ਜੋ ਭਗਤੀ ਦੇ ਅਸਲ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਸਾਨੂੰ ਭਰਮ ਵਿੱਚ ਰੱਖਦੀ ਹੈ ਭਾਵ ਇਸ “ਦੁਤਰੁ” ਨੂੰ ਨਾ ਤਰੇ ਜਾਣ ਦਾ ਕਾਰਨ ਸਾਡੇ ਮਨ ਦਾ ਭਰਮ ਹੈ ਜੋ ਕਿ ਸਾਨੂੰ ਮਨ ਦੇ ਬੰਧਨ ਵਿੱਚ ਰੱਖਦਾ ਹੈ। **(ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ॥ ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ॥)**

ਭਗਤੀ ਦੇ ਸਹੀ ਮਾਰਗ ਦੀ ਸੋਝੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੇ ਨਾਲ ਹੀ ਪੈਂਦੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਭਗਤੀ ਦੀ ਸਹੀ ਸੋਝੀ ਪਏ ਬਿਨ੍ਹਾਂ ਅਸੀਂ ਭਗਤੀ

ਦੇ ਅਸਲ ਮਕਸਦ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਜੋ ਕਿ ਕੇਵਲ ਗੁਣੀ ਬਣ ਕੇ ਵਿਚਰਨ ਦਾ ਹੈ ਤੇ ਬਾਕੀ ਸਭ ਸਾਡੇ ਦਿਖਾਵੇ ਹੀ ਹਨ। ਸਵੇਰ ਤੇ ਸ਼ਾਮ ਦੇ ਸਮੇਂ ਨੂੰ ਉੱਚਾ ਮੰਨ ਕੇ, ਉਸ ਨੂੰ ਆਪਣੀ ਭਗਤੀ ਦਾ ਸਮਾਂ

26/2860

ਮੰਨ ਕੇ ਉਸ ਨਾਲ ਜੁੜੇ ਰਹਿਣਾ ਕੇਵਲ ਸਾਡਾ ਭਰਮ ਹੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ॥

ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ॥੧॥”

ਉਹ ਪ੍ਰਮਾਤਮਾ ਸਾਡੇ ਘਟ ਦੇ ਅੰਦਰ ਹੀ ਹੈ ਤੇ ਜਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਘਟ ਦੇ ਵਿੱਚੋਂ ਨਹੀਂ ਜਾਣਦੇ ਤਦ ਤੱਕ ਅਸੀਂ “ਅਵਘਟਿ” ਵਾਲੀ ਅਵੱਸਥਾ ਵਿੱਚ ਹੀ ਹਾਂ ਜੋ ਸਾਨੂੰ ਭਰਮ ਵਿੱਚ ਰੱਖਦੀ ਹੈ, ਭਰਮ ਦੇ ਬੰਧਨ ਵਿੱਚ ਰੱਖਦੀ ਹੈ ਜਿਸ ਦੁਆਰਾ ਸਾਨੂੰ ਭਗਤੀ ਦੇ ਮਾਰਗ ਦੀ ਸਹੀ ਸੋਝੀ ਨਹੀਂ ਪੈਂਦੀ। ਮਨ ਦੀ ਇਹੋ ਜਿਹੀ ਸੋਝੀ ਦੁਆਰਾ, ਭਰਮ ਵਾਲੀ ਸੋਝੀ ਦੁਆਰਾ ਅਸੀਂ ਕਿਸੇ ਸਮੇਂ ਦੇ ਨਾਲ ਜੁੜਨ ਨੂੰ ਹੀ ਆਪਣੀ ਭਗਤੀ ਸਮਝਦੇ ਹਾਂ ਭਾਵ ਸਮੇਂ ਨੂੰ ਮਹੱਤਵ ਦਿੰਦੇ ਹਾਂ, ਖਾਸ ਸਮੇਂ ਦੀ ਸੰਭਾਲ ਕਰਦੇ ਹਾਂ, ਪ੍ਰਭਾਤ ਵੇਲੇ ਦੀ ਤੇ ਸ਼ਾਮ ਦੇ ਵੇਲੇ ਦੀ ਸੰਭਾਲ ਕਰਦੇ ਹਾਂ ਭਾਵ ਉਸ ਵੇਲੇ ਦੇ ਨਾਲ ਜੁੜਨਾ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦੇ ਹਾਂ ਜਿਸ ਦਾ ਮਨੋਰਥ ਕੇਵਲ ਗੁਰੂ ਦੀ ਗੱਲ ਨੂੰ ਪੜ੍ਹਨ ਸੁਣਨ ਤੱਕ ਹੀ ਹੁੰਦਾ ਹੈ ਜਾਂ ਕਿਸੇ ਅੱਖਰ ਦੇ ਜਪ ਦੇ ਨਾਲ ਹੁੰਦਾ ਹੈ, ਸੁਰਤੀਆਂ ਸਮਾਧੀਆਂ ਜੋੜ ਕੇ ਬੈਠਣ ਦੇ ਨਾਲ ਹੁੰਦਾ ਹੈ ਜਾਂ ਧਰਮ ਸਥਾਨਾਂ ਤੇ ਮੱਥੇ ਟੇਕਣ ਦੇ ਨਾਲ ਹੁੰਦਾ ਹੈ। ਇਨ੍ਹਾਂ ਨਾਲ ਸਾਡੇ ਜੀਵਨ ਦੇ ਮਨੋਰਥ ਦੀ ਪ੍ਰਾਪਤੀ ਨਹੀਂ ਹੁੰਦੀ, ਭਗਤੀ ਦੇ ਮਨੋਰਥ ਦੀ ਪ੍ਰਾਪਤੀ ਨਹੀਂ ਹੁੰਦੀ, ਆਪਣੇ ਬੰਧਨ ਵਿੱਚੋਂ ਛੁਟਣ ਦੇ ਮਨੋਰਥ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਬੰਧਨ ਵਿੱਚੋਂ ਨਿਕਲਣ ਦਾ ਸਾਧਨ ਗੁਰੂ ਦੀ ਮਤਿ ਹੈ ਜਿਸ ਤੇ ਚੱਲ ਕੇ ਅਸੀਂ ਪ੍ਰਮਾਤਮਾ ਦੀ ਸੇਵਾ ਕਰ ਸਕਦੇ ਹਾਂ। ਪ੍ਰਮਾਤਮਾ ਦੀ ਸੇਵਾ ਸਾਡੇ ਚੰਗੇ ਕਰਮਾਂ ਦੁਆਰਾ ਹੁੰਦੀ ਹੈ, ਸ਼ਬਦ ਦਾ ਵਿਚਾਰੀ ਬਣ ਕੇ ਹੁੰਦੀ ਹੈ, ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਨਾਲ ਹੁੰਦੀ ਹੈ ਜਿਸ ਦਾ ਸਵੇਰ ਜਾਂ ਸ਼ਾਮ ਦੇ ਸਮੇਂ ਨਾਲ ਮਕਸਦ ਨਹੀਂ ਹੈ। ਅਸੀਂ ਅੱਠੇ ਪਹਿਰ ਗੁਣੀ ਬਣ ਕੇ ਵਿਚਰਨਾ ਹੈ, ਮਨ ਦੇ ਵਿੱਚ ਸੱਚੀ ਸਿੱਖਿਆ ਨੂੰ ਵਸਾ ਕੇ ਵਿਚਰਨਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਸੇਵਾ ਹੈ, ਭਗਤੀ ਹੈ। ਮਨੁੱਖਤਾ ਦੇ ਭਲੇ ਲਈ ਵਿਚਰਨਾ ਪ੍ਰਮਾਤਮਾ ਦੀ ਸੇਵਾ ਹੈ, ਉਸਦੀ ਭਗਤੀ ਹੈ ਜਿਸ ਦੇ ਲਈ ਕਿਸੇ ਖਾਸ ਸਮੇਂ ਦੀ ਲੋੜ ਨਹੀਂ ਹੈ। ਜੋ ਮਨੁੱਖ ਗੁਣਾਂ ਵਾਲਾ ਹੈ ਉਹ ਅੱਠੇ ਪਹਿਰ ਗੁਣਾਂ ਦੁਆਰਾ ਹੀ ਵਿਚਰਦਾ ਹੈ। ਅਸੀਂ ਸਵੇਰ ਵੇਲੇ ਦੀ ਸੰਭਾਲ ਨੂੰ ਤੇ ਸ਼ਾਮ ਦੇ ਵੇਲੇ ਦੀ ਸੰਭਾਲ ਨੂੰ ਹੀ ਆਪਣਾ ਗੁਣ ਸਮਝਦੇ ਹਾਂ ਪਰ ਆਪਣੀ ਸੰਸਾਰਿਕ ਵਿਚਰਨ ਦੀ ਸਾਨੂੰ ਕੋਈ ਚਿੰਤਾ ਨਹੀਂ ਹੈ। ਕਿਸੇ ਖਾਸ ਵੇਲੇ ਦੀ ਸੰਭਾਲ ਨੇ ਸਾਨੂੰ ਬੰਧਨ ਵਿੱਚੋਂ ਨਹੀਂ ਕੱਢਣਾ। ਬੰਧਨ ਵਿੱਚੋਂ ਸਾਨੂੰ ਗੁਰੂ ਦੇ ਸੱਚੇ ਗਿਆਨ ਨੇ ਹੀ ਕੱਢਣਾ ਹੈ ਤੇ ਗੁਰੂ ਦਾ ਗਿਆਨ ਹਰ ਵੇਲੇ ਇੱਕੋ ਜਿਹਾ ਹੀ ਮਿਲਦਾ ਹੈ ਜੋ ਕਿਸੇ ਖਾਸ ਸਮੇਂ ਦੇ ਨਾਲ ਬੱਝਿਆ ਹੋਇਆ ਨਹੀਂ ਹੈ।

26/2861

ਸਾਰੀ ਗੱਲ ਸਾਡੇ ਮਨ ਦੀ ਬਿਰਤੀ ਦੀ, ਨੀਅਤ ਦੀ ਹੈ ਜਿਸ ਨੂੰ ਰਾਸਿ ਕਰਨ ਲਈ, ਚੰਗਾ ਬਣਾਉਣ ਲਈ ਕਿਸੇ ਖਾਸ ਸਮੇਂ ਦੀ ਲੋੜ ਨਹੀਂ ਹੈ। ਸੱਚ ਨੂੰ ਅਪਣਾਉਣ ਲਈ ਹਰ ਵੇਲਾ ਇੱਕੋ ਜਿਹਾ ਹੀ ਹੈ ਤੇ ਉਸ ਲਈ ਕੇਵਲ ਮਨ ਨੂੰ ਸਮਝਾਉਣ ਦੀ ਲੋੜ ਹੈ ਪਰ ਅਸਲੀਅਤ ਇਹ ਹੈ ਕਿ ਸਾਡਾ ਮਨ ਇਸ ਲਈ ਤਿਆਰ ਹੀ ਨਹੀਂ ਹੁੰਦਾ, ਮਾਇਆ ਮੋਹ ਛੱਡਣ ਲਈ ਕੋਈ ਤਿਆਰ ਹੀ ਨਹੀਂ ਹੁੰਦਾ, ਗੁਣ ਅਪਣਾਉਣ ਲਈ ਕੋਈ ਤਿਆਰ ਹੀ ਨਹੀਂ ਹੁੰਦਾ ਤੇ ਆਪਣੇ ਬਾਹਰੀ ਦਿਖਾਵਿਆ ਨਾਲ ਹੀ, ਸਵੇਰ ਸ਼ਾਮ ਦੇ ਵੇਲੇ ਦੀ ਸੰਭਾਲ ਨਾਲ ਹੀ ਹਰ ਕੋਈ ਆਪਣੇ ਆਪ ਨੂੰ ਗੁਣੀ ਸਮਝੀ ਬੈਠਾ ਹੈ ਜੋ ਕਿ ਕੇਵਲ ਤੇ ਕੇਵਲ ਸਾਡਾ ਭਰਮ ਹੈ, ਵੱਡਾ ਭੁਲੇਖਾ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ। ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੂੰ ਪਾਉਣ ਦੀ ਸੱਚੀ ਤਾਂਘ ਹੈ ਉਸ ਦੇ ਲਈ ਕੇਵਲ ਤੇ ਕੇਵਲ ਇੱਕੋ ਇੱਕ ਮਾਰਗ ਗੁਰਮਤਿ ਦੁਆਰਾ ਵਿਚਰਨ ਦਾ ਹੈ, ਗੁਣੀ ਬਣ ਕੇ ਵਿਚਰਨ ਦਾ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਹਰ ਇੱਕ ਧਾਰਮਿਕ ਆਸਥਾ ਰੱਖਣ ਵਾਲੇ ਲਈ ਇੱਕੋ ਜਿਹਾ ਹੀ ਹੈ ਤੇ ਹੋਰ ਦੂਸਰਾ ਮਾਰਗ ਨਹੀਂ ਹੈ। **(ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ॥ ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ॥੧॥)**

ਜਦ ਤੱਕ ਅਸੀਂ ਆਪਣੇ ਮਨ ਨੂੰ ਵੱਸ ਵਿੱਚ ਨਹੀਂ ਲਿਆਉਂਦੇ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਵੱਸ ਵਿੱਚ ਨਹੀਂ ਲਿਆਉਂਦੇ ਤਦ ਤੱਕ ਅਸੀਂ ਹਰ ਵੇਲੇ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾੜੇ ਬਣੇ ਰਹਿੰਦੇ ਹਾਂ ਭਾਵੇਂ ਉਹ ਪ੍ਰਭਾਤ ਦਾ, ਦਿਨ ਦਾ, ਸ਼ਾਮ ਦਾ ਜਾਂ ਰਾਤ ਦਾ ਵੇਲਾ ਹੈ। ਸਾਡਾ ਮਾੜਾ ਜਾਂ ਚੰਗਾ ਰੂਪ ਸਾਡੇ ਮਨ ਦੇ ਵਿਚਾਰਾਂ ਕਰਕੇ ਹੀ ਹੈ ਜਿੰਨ੍ਹਾਂ ਦੇ ਨਾਲ ਸਾਡੀ ਕਰਨੀ ਜੁੜੀ ਹੋਈ ਹੈ, ਸਾਡਾ ਕਾਰ ਵਿਹਾਰ ਜੁੜਿਆ ਹੋਇਆ ਹੈ ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਅਸੀਂ ਆਪਣੀ ਕਰਨੀ ਦੁਆਰਾ ਹੀ ਮਾੜੇ ਜਾਂ ਚੰਗੇ ਬਣਦੇ ਹਾਂ ਭਾਵੇਂ ਅਸੀਂ ਹਰ ਰੋਜ਼ ਪ੍ਰਭਾਤ ਵੇਲੇ ਉੱਠ ਕੇ ਚੰਗਾ ਬਣਨ ਦੀ ਕੋਸ਼ਿਸ਼ ਕਰਦੇ ਹਾਂ। ਜਦ ਤੱਕ ਸਾਡੀ ਬਿਰਤੀ ਚੰਗੀ ਨਹੀਂ ਬਣਦੀ ਭਾਵ ਜਦ ਤੱਕ ਸਾਡੇ ਮਨ ਵਿੱਚ ਪ੍ਰਭਾਤ ਨਹੀਂ ਚੜ੍ਹਦੀ, ਦੁਨਿਆਵੀ ਰੂਪ ਵਿੱਚ ਪ੍ਰਭਾਤ ਵੇਲੇ ਉੱਠਣਾ ਸਾਡਾ ਕੁੱਝ ਨਹੀਂ ਸਵਾਰ ਸਕਦਾ ਭਾਵ ਸਾਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਨਹੀਂ ਬਣਾ ਸਕਦਾ ਜਿਸ ਭੁਲੇਖੇ ਵਿੱਚ ਹਰ ਕੋਈ ਭੁੱਲੀ ਬੈਠਾ ਹੈ। ਆਓ ਇਸੇ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬਚਨਾਂ ਦੁਆਰਾ ਜਾਣੀਏ।

ਸਿਰੀਰਾਗੁ ਮਹਲਾ ੧ ਘਰੁ ੪॥

“ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਇਆਲਿ॥
ਕੂੜੁ ਛੁਰਾ ਮੁਠਾ ਮੁਰਦਾਰੁ॥ ਧਾਣਕ ਰੂਪਿ ਰਹਾ ਕਰਤਾਰ॥੧॥
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ॥ ਹਉ ਬਿਗੜੈ ਰੂਪਿ ਰਹਾ ਬਿਕਰਾਲ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈ ਏਹਾ ਆਸ ਏਹੋ ਆਧਾਰੁ॥੧॥ਰਹਾਉ॥
ਮੁਖਿ ਨਿੰਦਾ ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ ਨੀਚ ਸਨਾਤਿ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ ਕਰਤਾਰ॥੨॥
ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥
ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥੩॥
ਮੈ ਕੀਤਾ ਨ ਜਾਤਾ ਹਰਾਮਖੋਰੁ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥
ਨਾਨਕੁ ਨੀਚੁ ਕਹੈ ਬੀਚਾਰੁ॥ ਧਾਣਕ ਰੂਪਿ ਰਹਾ ਕਰਤਾਰ॥੪॥੨੯॥”

(ਅੰਗ ੨੪)

ਸ਼ਬਦ ਦੇ ਪਹਿਲੇ ਪਦੇ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਡੇ ਲਈ ਪ੍ਰਭਾਤ ਵੇਲੇ ਦਾ ਉੱਠਣਾ ਲਾਭਦਾਇਕ ਹੈ ਜਾਂ ਮਨ ਦੇ ਵਿਚਾਰਾਂ ਨੂੰ ਚੰਗਾ ਬਣਾਉਣਾ ਲਾਭਦਾਇਕ ਹੈ।

26/2862

“ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਇਆਲਿ॥
ਕੂੜੁ ਛੁਰਾ ਮੁਠਾ ਮੁਰਦਾਰੁ॥ ਧਾਣਕ ਰੂਪਿ ਰਹਾ ਕਰਤਾਰ॥੧॥”

ਉੱਪਰ ਸੁਆਨ ਸਾਡੇ ਮਨ ਦੀ ਬਿਰਤੀ ਨੂੰ ਕਿਹਾ ਹੈ ਜਿਸਦੇ ਵਿੱਚ ਸਦਾ ਹੀ ਲੋਭ ਲਾਲਚ ਵੱਸਿਆ ਰਹਿੰਦਾ ਹੈ ਜਿਸ ਕਰਕੇ ਮਨੁੱਖ ਦੀ ਬਿਰਤੀ ਨੂੰ ਕੁੱਤੇ ਦੀ ਬਿਰਤੀ ਦੇ ਨਾਲ ਤੁਲਨਾ ਕਰਕੇ ਸਮਝਾਇਆ ਹੈ। ਦੋ ਕੁੱਤੀਆਂ ਦੇ ਰੂਪ ਵਿੱਚ ਸਾਡੇ ਮਨ ਦੀ ਭੁੱਖ ਤੇ ਤਿੱਖ ਹੈ ਜਿੰਨ੍ਹਾਂ ਦੀ ਪੂਰਤੀ ਲਈ ਮਨ ਲੋਭੀ ਬਣਦਾ ਹੈ। ਇਹ ਭੁੱਖ, ਤਿੱਖ ਰੂਪ ਕੁੱਤੀਆਂ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਦੇ ਰੂਪ ਹਨ ਜੋ ਹਰ ਵੇਲੇ ਭੌਂਕਦੀਆਂ ਰਹਿੰਦੀਆ ਹਨ ਜੋ ਕਦੇ ਰੱਜਦੀਆਂ ਨਹੀਂ ਭਾਵ ਸ਼ਾਂਤ ਨਹੀਂ ਹੁੰਦੀਆਂ ਭਾਵ ਮਨ ਨੂੰ ਸੰਤੋਖ ਵਾਲੀ ਬਿਰਤੀ ਵਿੱਚ ਨਹੀਂ ਆਉਣ ਦਿੰਦੀਆਂ। ਸਾਡੀਆਂ ਤ੍ਰਿਸ਼ਨਾਵਾਂ ਨੂੰ ਕਿਸੇ ਖਾਸ ਵੇਲੇ ਨਾਲ ਕੋਈ ਮਕਸਦ ਨਹੀਂ ਹੈ ਇਹ ਮਨ ਦੇ ਵਿੱਚ ਹਰ ਵੇਲੇ ਵੱਸੀਆਂ ਰਹਿੰਦੀਆਂ ਹਨ। ਸਾਡੇ ਜੀਵਨ ਦਾ ਮਕਸਦ ਇਨ੍ਹਾਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਨਾਲ ਪੂਰਾ ਹੁੰਦਾ ਹੈ ਤੇ ਜੇਕਰ ਭਾਵੇਂ ਉਹ ਪ੍ਰਭਾਤ ਵੇਲਾ ਹੈ ਜਿਸ ਨੂੰ ਅਸੀਂ ਅੰਮ੍ਰਿਤ ਵੇਲਾ ਸਮਝਦੇ ਹਾਂ ਇਹ ਸਾਡੇ ਨਾਲ ਹੀ ਰਹਿੰਦੀਆਂ ਹਨ ਤੇ ਉਸ ਵੇਲੇ ਸਾਨੂੰ ਉੱਠਣ ਦਾ ਲਾਭ ਕੀ ਮਿਲਿਆ ਭਾਵ ਕਿਸੇ ਖਾਸ ਸਮੇਂ ਨਾਲ ਜੁੜਕੇ ਸਾਨੂੰ ਲਾਭ ਨਹੀਂ ਮਿਲ ਸਕਦਾ।

ਲਾਭ ਸਾਨੂੰ ਇਹੋ ਜਿਹੀ ਮਨ ਦੀ ਬਿਰਤੀ ਵਿੱਚੋਂ ਨਿਕਲ ਕੇ ਹੀ ਮਿਲਦਾ ਹੈ। ਸਾਡੀ ਤ੍ਰਿਸ਼ਨਾਵਾਂ ਵਾਲੀ ਬਿਰਤੀ, ਲੋਭ ਲਾਲਚ ਵਾਲੀ ਬਿਰਤੀ ਮਾੜੇ ਕਰਮਾਂ ਵੱਲ ਤੋਰਦੀ ਹੈ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ। ਲੋਭ, ਲਾਲਚ ਵਾਲੀ ਬਿਰਤੀ ਸਾਨੂੰ ਝੂਠ ਦੇ ਨਾਲ ਜੋੜਦੀ ਹੈ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਝੂਠੇ ਪਾਸੇ ਤੋਰਦੀ ਹੈ। ਸਾਡੇ ਮਨ ਦੇ ਵਿਚਾਰ ਛੁਰੇ ਦਾ ਕੰਮ ਕਰਦੇ ਹਨ ਭਾਵ ਦੂਸਰਿਆਂ ਦਾ ਹੱਕ ਮਾਰਨ ਦੇ ਹਥਿਆਰ ਦੇ ਰੂਪ ਵਿੱਚ ਕੰਮ ਕਰਦੇ ਹਨ। ਝੂਠ ਦਾ ਹਥਿਆਰ ਸੱਚ ਨੂੰ ਮਾਰਦਾ ਹੈ, ਸੱਚ ਨੂੰ ਵੱਢਦਾ ਹੈ, ਸੱਚ ਨੂੰ ਠੱਗਦਾ ਹੈ ਤੇ ਇਹੋ ਜਿਹੀ ਮਨ ਦੀ ਠੱਗੀ ਨਾਲ ਅਸੀਂ ਜਿਹੋ ਜਿਹੀ ਮਾਇਆ ਕਮਾਉਂਦੇ ਹਾਂ, ਮਾਇਆ ਦੇ ਪਦਾਰਥ ਕਮਾਉਂਦੇ ਹਾਂ ਉਹ ਸਾਡੇ ਲਈ ਅਸਲ "ਮੁਰਦਾਰੁ" ਹੈ। ਅਸੀਂ ਗੱਲਾਂ ਤਾਂ "ਮੁਰਦਾਰੁ" ਨਾ ਖਾਣ ਵਾਲੀਆਂ ਕਰਦੇ ਹਾਂ ਪਰ ਸਾਨੂੰ ਇਸ ਗੱਲੋਂ ਸੁਚੇਤ ਕੀਤਾ ਹੈ ਕਿ ਝੂਠ ਬੋਲ ਕੇ ਅਸੀਂ ਜੋ ਵੀ ਕਮਾਈ ਕਰਦੇ ਹਾਂ, ਘਰ ਦੇ ਵਿੱਚ ਖਾਣ ਪੀਣ ਦਾ ਸਮਾਨ ਲਿਆਉਂਦੇ ਹਾਂ ਉਹ ਮੁਰਦਾਰ ਖਾਣ ਦੇ ਬਰਾਬਰ ਹੀ ਹੈ। ਝੂਠ ਦੀ ਕਮਾਈ ਨਾਲ ਖਰੀਦਿਆ ਹੋਇਆ ਨਮਕ ਵੀ "ਮੁਰਦਾਰ" ਦੇ ਬਰਾਬਰ ਹੈ। ਝੂਠ ਦੀ ਕਮਾਈ ਦੇ ਨਾਲ ਅਸੀਂ ਜੋ ਵੀ ਪਹਿਨਦੇ ਹਾਂ, ਖਾਂਦੇ ਹਾਂ, ਜੋ ਵੀ ਸੁੱਖ ਦੇ ਸਾਧਨ ਬਣਾਉਂਦੇ ਹਾਂ ਉਹ ਮੁਰਦਾਰ ਖਾਣ ਦੇ ਬਰਾਬਰ ਹੀ ਹਨ ਭਾਵ ਹਰਾਮ ਦੀ ਕਮਾਈ ਨਾਲ ਸਭ ਕੁੱਝ ਹਰਾਮ ਹੀ ਹੈ ਭਾਵੇਂ ਅਸੀਂ ਉਸਨੂੰ ਕਿਸ ਰੂਪ ਵਿੱਚ ਵੀ ਵਰਤਦੇ ਹਾਂ। ਸੱਚੀ ਕਮਾਈ ਕੇਵਲ ਸੱਚ ਦੁਆਰਾ ਵਿਚਰ ਕੇ ਹੀ ਹੁੰਦੀ ਹੈ ਭਾਵ ਨਾਮ ਦੀ ਸਿੱਖਿਆ ਅਨੁਸਾਰ ਵਿਚਰ ਕੇ ਹੀ ਹੁੰਦੀ ਹੈ, ਲੋਭ ਲਾਲਚ ਵਿੱਚੋਂ ਨਿਕਲ ਕੇ,

26/2863

ਤ੍ਰਿਸ਼ਨਾਵਾਂ ਵਿੱਚੋਂ ਨਿਕਲ ਕੇ, ਮਾਇਆ ਮੋਹ ਵਿੱਚੋਂ ਨਿਕਲਕੇ ਹੀ ਹੁੰਦੀ ਹੈ ਜੋ ਸਾਡਾ ਅਸਲ ਭਗਤੀ ਦਾ ਮਾਰਗ ਹੈ ਜੋ ਕਿ ਕੇਵਲ ਔਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਗੁਣਾਂ ਦੁਆਰਾ ਵਿਚਰਦੇ ਹੋਏ ਭਾਵ ਨਾਮ ਜਪਦੇ ਹੋਏ ਅਸੀਂ ਕਦੇ ਝੂਠੇ ਮਾਰਗ ਤੇ ਨਹੀਂ ਚੱਲ ਸਕਦੇ ਤੇ ਕਿਸੇ ਦਾ ਹੱਕ ਨਹੀਂ ਖਾ ਸਕਦੇ। ਸਾਡਾ "ਧਾਣਕ" ਰੂਪ ਮਨ ਦੀ ਮਾੜੀ ਬਿਰਤੀ ਵਾਲਾ ਰੂਪ ਹੈ। "ਧਾਣਕ" "ਸਾਂਸੀਆਂ" ਨੂੰ ਕਹਿੰਦੇ ਹਨ ਜੋ ਕਿ ਸ਼ਿਕਾਰ ਦਾ ਕੰਮ ਕਰਦੇ ਹਨ, ਖੇਤਾਂ, ਜੰਗਲਾਂ ਆਦਿ ਦੇ ਵਿੱਚ ਆਪਣੇ ਨਾਲ ਕੁੱਤੇ, ਕੁੱਤੀਆਂ ਰੱਖ ਕੇ ਜੀਵਾਂ ਦਾ ਸ਼ਿਕਾਰ ਕਰਦੇ ਹਨ। ਸਾਡੇ ਮਨ ਨੂੰ ਉਨ੍ਹਾਂ ਦੀ ਬਿਰਤੀ ਦੇ ਨਾਲ ਜੋੜਿਆ ਹੋਇਆ ਹੈ ਜਿੰਨ੍ਹਾਂ ਦਾ ਮਕਸਦ ਮੁਰਦਾਰ ਖਾਣ ਦੇ ਨਾਲ ਹੀ ਹੁੰਦਾ ਹੈ ਭਾਵੇਂ ਉਹ ਪ੍ਰਾਪਤੀ ਕਿਸ ਰੂਪ ਵਿੱਚ ਵੀ ਹੁੰਦੀ ਹੈ ਤੇ ਉਨ੍ਹਾਂ ਦਾ ਮਕਸਦ ਆਪਣੀ ਤ੍ਰਿਸ਼ਨਾ ਦੀ ਪੂਰਤੀ ਦੇ ਨਾਲ ਹੀ ਹੈ। **(ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਇਆਲਿ॥ ਕੂੜੁ ਛੁਰਾ ਮੁਠਾ ਮੁਰਦਾਰੁ॥ ਧਾਣਕ ਰੂਪਿ ਰਹਾ ਕਰਤਾਰ॥੧॥)**

ਸਲੋਕੁ ਮਃ ੧॥

{ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥੧॥}

ਅੰਗ ੧੩੯)

ਮਃ ੧॥

{ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥}

(ਅੰਗ ੧੪੧)

ਗਉੜੀ ਮਹਲਾ ੫॥

{ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥੧॥ਰਹਾਉ॥

ਨਾਮ ਬਿਨਾ ਜੋ ਪਹਿਰੈ ਖਾਇ॥ ਜਿਉ ਕੂਕਰੁ ਜੂਠਨ ਮਹਿ ਪਾਇ॥੧॥
ਨਾਮ ਬਿਨਾ ਜੇਤਾ ਬਿਉਹਾਰੁ॥ ਜਿਉ ਮਿਰਤਕ ਮਿਥਿਆ ਸੀਗਾਰੁ॥੨॥
ਨਾਮੁ ਬਿਸਾਰਿ ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ॥੩॥
ਨਾਮੁ ਤਿਆਗਿ ਕਰੇ ਅਨ ਕਾਜ॥ ਬਿਨਸਿ ਜਾਇ ਝੂਠੇ ਸਭਿ ਪਾਜ॥੪॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ॥੫॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥ ਚੋਰ ਕੀ ਨਿਆਈ ਜਮ ਪੁਰਿ ਬਾਧਾ॥੬॥
ਲਾਖ ਅਡੰਬਰ ਬਹੁਤੁ ਬਿਸਥਾਰਾ॥ ਨਾਮ ਬਿਨਾ ਝੂਠੇ ਪਾਸਾਰਾ॥੭॥
ਹਰਿ ਕਾ ਨਾਮੁ ਸੋਈ ਜਨੁ ਲੇਇ॥ ਕਰਿ ਕਿਰਪਾ ਨਾਨਕ ਜਿਸੁ ਦੇਇ॥੮॥੧੦॥}

(ਅੰਗ ੨੪੦)

ਮਃ ੧॥
{ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥
ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ॥੨॥}

(ਅੰਗ ੧੨੪੪)

ਪਉੜੀ॥
{ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ॥
ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ॥
ਨਾਨਕ ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ॥੧੭॥}

(ਅੰਗ ੧੨੪੪)

26/2864

ਸਾਡਾ ਧਾਣਕ ਰੂਪ ਸਾਡੇ ਮਨ ਦੀ ਬਿਰਤੀ ਹੈ ਜਿਸ ਨੂੰ ਹਰ ਵੇਲੇ ਸ਼ਿਕਾਰ ਦੀ ਚਿੰਤਾ ਰਹਿੰਦੀ ਹੈ ਜਿਵੇਂ ਕਿ ਸ਼ਿਕਾਰੀ ਨੂੰ ਰਹਿੰਦੀ ਹੈ। ਅਸੀਂ ਮਨੁੱਖਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਾਂ ਜਿਸ ਦੁਆਰਾ ਅਸੀਂ ਝੂਠ ਬੋਲ ਕੇ ਮਾਇਆ ਇਕੱਠੀ ਕਰਦੇ ਹਾਂ। ‘‘ਬਇਆਲਿ’’ ਵੇਲੇ ਭਾਵ ਹਰ ਰੋਜ ਸਵੇਰੇ, ਪ੍ਰਭਾਤ ਵੇਲੇ ਉੱਠਕੇ ਕੀ ਸਾਡੇ ਮਨ ਦੀ ਬਿਰਤੀ ਨੂੰ ਕੋਈ ਫਰਕ ਪੈਂਦਾ ਹੈ ਕਿ ਅਸੀਂ ਸੱਚ ਤੇ ਚੱਲਣਾ ਸ਼ੁਰੂ ਕਰ ਦੇਈਏ ਜਾਂ ਅਸੀਂ ਇਹ ਸੋਚ ਕੇ ਉੱਠਦੇ ਹਾਂ ਕਿ ਸਾਡਾ ਉੱਠ ਕੇ ਪਾਠ ਪੜਨ ਜਾਂ ਸੁਣਨ ਦਾ ਮਕਸਦ ਗੁਰੂ ਕੋਲੋਂ ਕੁੱਝ ਸਿੱਖਣ ਦਾ ਹੈ ਭਾਵ ਧਰਮ ਦਾ ਮਾਰਗ ਸਿੱਖਣ ਦਾ ਹੈ। ਇਹ ਗੱਲ ਕਿਸੇ ਦੇ ਅੰਦਰ ਨਹੀਂ ਹੈ ਕਿਉਂਕਿ ਅਸਲ ਵਿੱਚ ਅਸੀਂ ਸਵੇਰ ਦੇ ਉੱਠਣ ਨੂੰ ਹੀ ਤੇ ਪਾਠ ਪੜ੍ਹਨ ਸੁਣਨ ਨੂੰ ਤੇ ਕਿਸੇ ਅੱਖਰ ਦੇ ਜਪ ਨੂੰ ਆਪਣਾ ਧਰਮ ਦਾ ਮਾਰਗ ਸਮਝਿਆ ਹੋਇਆ ਹੈ ਤੇ ਉਸ ਦੇ ਨਾਲ ਆਪਣੇ ਪਹਿਰਾਵੇ ਤੇ ਖਾਣੇ ਦੀ ਮਰਿਆਦਾ ਨੂੰ ਜੋੜਿਆ ਹੋਇਆ ਹੈ। ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ, ਸਾਡੀ ਸੰਸਾਰਿਕ ਵਿਚਰਨ ਕਿਹੋ ਜਿਹੀ ਹੈ, ਇਸ ਨੂੰ ਅਸੀਂ ਧਰਮ ਦਾ ਮਾਰਗ ਹੀ ਨਹੀਂ ਸਮਝਦੇ ਜੋ ਕਿ ਸਾਡਾ ਪਾਠ ਪੜਨ ਸੁਣਨ ਦਾ ਅਸਲ ਮਕਸਦ ਹੈ। ਜਿਹੋ ਜਿਹਾ ਆਪਣਾ ਧਾਣਕ ਰੂਪ ਲੈ ਕੇ ਅਸੀਂ ਪ੍ਰਭਾਤ ਵੇਲੇ ਉੱਠਦੇ ਹਾਂ ਉਹੋ ਜਿਹੇ ਧਾਣਕ ਰੂਪ ਨਾਲ ਸਾਰਾ ਦਿਨ ਵਿਚਰਦੇ ਹਾਂ ਤੇ ਉਸੇ ਧਾਣਕ ਰੂਪ ਨਾਲ ਰਾਤ ਨੂੰ ਸੌਂ ਜਾਂਦੇ ਹਾਂ। ਮਨ ਦੇ ਵਿੱਚ ਬਸ ਇਹੋ ਚਿੰਤਾ ਹੁੰਦੀ ਹੈ ਕਿ ਸਵੇਰੇ ਉੱਠਕੇ ਵੇਲੇ ਦੀ ਸੰਭਾਲ ਕਰਨੀ ਹੈ। ਸੰਭਾਲ ਅਸੀਂ ਆਪਣੇ ਮਨ ਦੇ ਵਿਚਾਰਾਂ ਦੀ ਕਰਨੀ ਹੈ ਜਿੰਨ੍ਹਾਂ ਕਰਕੇ ਸਾਡਾ ਧਾਣਕ ਰੂਪ ਬਣਿਆ ਹੋਇਆ ਹੈ ਭਾਵ ਹਰ ਵੇਲੇ ਮਾਇਆ ਦੀ ਚਿੰਤਾ ਲੱਗੀ ਰਹਿੰਦੀ ਹੈ ਕਿ ਉਹ

ਵੱਧ ਤੋਂ ਵੱਧ ਕਿਵੇਂ ਕਮਾਉਣੀ ਹੈ ਭਾਵੇਂ ਉਸ ਲਈ ਸਾਨੂੰ ਜਿਤਨੇ ਮਰਜੀ ਝੂਠ ਬੋਲਣੇ ਪੈਣ ਜਿਸ ਦਾ ਸਾਡੇ ਅੰਦਰ ਕੋਈ ਡਰ ਨਹੀਂ ਹੈ ਭਾਵ ਸਾਨੂੰ ਸੱਚ ਤੇ ਚੱਲਣ ਦਾ ਕੋਈ ਡਰ ਨਹੀਂ ਹੈ। ਜਿਸ ਦੇ ਅੰਦਰ ਸੱਚ ਤੇ ਚੱਲਣ ਦਾ ਡਰ ਨਹੀਂ ਹੈ ਉਸ ਦੇ ਅੰਦਰ ਗੁਰੂ ਪ੍ਰਮਾਤਮਾ ਦਾ ਕੋਈ ਡਰ, ਭਉ ਨਹੀਂ ਹੈ। ਸਾਡੇ ਅੰਦਰ ਕੇਵਲ ਸਵੇਰੇ ਉੱਠਣ ਦਾ ਡਰ ਹੈ ਜਿਸ ਨਾਲ ਗੁਰੂ ਪ੍ਰਮਾਤਮਾ ਨੂੰ ਕੀ ਫਰਕ ਪੈਂਦਾ ਹੈ ਭਾਵ ਉਸਨੂੰ ਸਾਡੇ ਇਹੋ ਜਿਹੇ ਉੱਠਣ ਨਾਲ ਕੋਈ ਪ੍ਰਸੰਨਤਾ ਨਹੀਂ ਹੁੰਦੀ ਜਿਵੇਂ ਕਿ ਅਸੀਂ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਕੇਵਲ ਸੱਚ ਤੇ ਚੱਲਣ ਨਾਲ ਪ੍ਰਸੰਨ ਹੁੰਦਾ ਹੈ ਜਿਸ ਦਾ ਕਿਸੇ ਵੇਲੇ ਦੇ ਨਾਲ ਕੋਈ ਜੋੜ ਨਹੀਂ ਹੈ। ਸੱਚ ਹਰ ਵੇਲੇ ਚੰਗਾ ਹੈ ਤੇ ਅਸੀਂ ਹਰ ਵੇਲੇ ਗੁਰੂ ਨੂੰ ਪ੍ਰਸੰਨ ਕਰ ਸਕਦੇ ਹਾਂ। ਇੱਕ ਵਾਰੀ ਮਨ ਦੀ ਬਿਰਤੀ ਬਦਲ ਜਾਵੇ, ਸਾਡੇ ਅੰਦਰ ਸੱਚ ਤੇ ਚੱਲਣ ਦੀ ਦ੍ਰਿੜਤਾ ਆ ਜਾਵੇ ਫਿਰ ਅਸੀਂ ਹਰ ਵੇਲੇ ਸੱਚੇ ਹੀ ਰਹਿੰਦੇ ਹਾਂ, ਦਿਨ ਰਾਤ, ਸੁੱਤੇ ਜਾਗਦੇ ਸੱਚੇ ਹੀ ਰਹਿੰਦੇ ਹਾਂ। ਇਹੀ ਸਾਡਾ ਹਰ ਵੇਲੇ ਨਾਮ ਜਪਣ ਵਾਲੀ ਬਿਰਤੀ ਵਿੱਚ ਰਹਿਣਾ ਹੈ। ਇੱਕ ਝੂਠਾ ਮਨੁੱਖ ਹਰ ਰੋਜ ਪ੍ਰਭਾਤ ਵੇਲੇ ਉੱਠਦਾ ਹੈ ਤੇ ਆਪਣੇ ਧਰਮ ਅਸਥਾਨਾਂ ਤੇ ਜਾਂਦਾ ਹੈ ਤੇ ਸਾਰਾ ਦਿਨ ਮਾੜੇ ਕਰਮ ਕਰਦਾ ਹੈ ਪਰ ਦੂਸਰਾ ਪ੍ਰਭਾਤ

26/2865

ਵੇਲੇ ਨਹੀਂ ਉੱਠਦਾ ਪਰ ਸਾਰਾ ਦਿਨ ਸੱਚੇ ਸੁੱਚੇ ਕਰਮ ਕਰਦਾ ਹੈ ਫਿਰ ਦੋਨਾਂ ਵਿੱਚੋਂ ਚੰਗਾ ਕਿਹੜਾ ਹੋਇਆ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਤਾਂ ਦੂਸਰਾ ਹੀ ਚੰਗਾ ਹੈ ਕਿਉਂਕਿ ਉਸ ਨੂੰ ਸੱਚ ਹੀ ਚੰਗਾ ਲੱਗਦਾ ਹੈ ਪਰ ਅਸੀਂ ਆਪਣੀ ਅਗਿਆਨਤਾ ਕਰਕੇ ਉਸ ਮਨੁੱਖ ਨੂੰ ਚੰਗਾ ਸਮਝਦੇ ਹਾਂ ਜੋ ਪ੍ਰਭਾਤ ਵੇਲੇ ਦੀ ਸੰਭਾਲ ਕਰਦਾ ਹੈ ਤੇ ਧਰਮ ਅਸਥਾਨਾਂ ਤੇ ਜਾ ਕੇ ਆਪਣੀ ਆਸਥਾ ਅਨੁਸਾਰ ਪਾਠ ਪੂਜਾ ਆਦਿ ਕਰਦਾ ਹੈ, ਜਪ ਤਪ ਆਦਿ ਕਰਦਾ ਹੈ। ਜੇਕਰ ਸਾਡੇ ਅੰਦਰ ਸੱਚ ਨਹੀਂ ਹੈ ਤਾਂ ਫਿਰ ਸਾਡੀ ਇਹੋ ਜਿਹੀ ਪਾਠ ਪੂਜਾ ਕੇਵਲ ਇੱਕ ਪਾਖੰਡ ਹੈ ਹੋਰ ਕੁੱਝ ਵੀ ਨਹੀਂ ਭਾਵੇਂ ਇਹ ਪਾਖੰਡ ਪ੍ਰਭਾਤ ਵੇਲੇ ਕਰ ਲਈਏ, ਦੁਪਹਿਰ ਵੇਲੇ ਕਰ ਲਈਏ, ਸਾਂਝ ਵੇਲੇ ਕਰ ਲਈਏ ਜਾਂ ਸਾਰੀ ਰਾਤ ਜਾਗਦੇ ਹੋਏ ਕਰ ਲਈਏ ਉਸ ਨਾਲ ਕੀ ਫਰਕ ਪੈਂਦਾ ਹੈ। ਮਾੜਾ ਜਾਂ ਚੰਗਾ ਕੋਈ ਵੇਲਾ ਨਹੀਂ ਹੈ, ਸਮਾਅ ਨਹੀਂ ਹੈ, ਮਾੜੀ ਜਾਂ ਚੰਗੀ ਸਾਡੀ ਮਤਿ ਹੈ। ਮਾੜੀ ਮਤਿ ਹਰ ਵੇਲੇ ਮਾੜੀ ਹੈ ਤੇ ਚੰਗੀ ਮਤਿ ਹਰ ਵੇਲੇ ਚੰਗੀ ਹੈ। ਮਨਮਤਿ ਸਦਾ ਹੀ ਮਾੜੀ ਹੈ ਤੇ ਗੁਰਮਤਿ ਸਦਾ ਹੀ ਚੰਗੀ ਹੈ। ਮਨਮਤਿ ਸਾਡੀ ਧਾਣਕ ਰੂਪ ਹੈ ਤੇ ਉਸ ਵਿੱਚੋਂ ਨਿਕਲਣ ਦਾ ਸਾਧਨ ਗੁਰਮਤਿ ਹੈ, ਨਾਮ ਦੀ ਮਤਿ ਹੈ। ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਕੁੱਝ ਹੀ ਸਮਝਾਇਆ ਹੋਇਆ ਹੈ।

“ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ॥ ਹਉ ਬਿਗੜੈ ਰੂਪਿ ਰਹਾ ਬਿਕਰਾਲ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈ ਏਹਾ ਆਸ ਏਹੋ ਆਧਾਰੁ॥੧॥ਰਹਾਉ॥”

ਉੱਪਰ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਨੂੰ ਪ੍ਰਮਾਤਮਾ ਕੋਲੋਂ ਪਤਿ ਕਿਸ ਤਰੀਕੇ ਮਿਲਦੀ ਹੈ ਭਾਵ ਪ੍ਰਮਾਤਮਾ ਸਾਡੇ ਉੱਤੇ ਕਿਵੇਂ ਪ੍ਰਸੰਨ ਹੁੰਦਾ ਹੈ। ਜਦ ਤੱਕ ਸਾਡਾ ਧਾਣਕ ਰੂਪ ਬਣਿਆ ਹੋਇਆ ਹੈ ਤਦ ਤੱਕ ਸਾਨੂੰ ਇਹ ਸਮਝ ਹੀ ਨਹੀਂ ਹੈ ਕਿ ਸਾਡੀ ਪਤਿ ਕਿਵੇਂ ਪੈਂਦੀ ਹੈ, ਪ੍ਰਮਾਤਮਾ ਦੇ ਲੇਖੇ ਵਿੱਚ ਕਿਵੇਂ ਪੈਂਦੀ ਹੈ। “ਪੰਦਿ” ਤੋਂ ਭਾਵ ਹੈ ਸਿੱਖਿਆ, ਸੋਝੀ। ਸਾਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੈ, ਸਾਡੇ ਅੰਦਰ ਉਹ ਸਿੱਖਿਆ ਹੀ ਨਹੀਂ ਹੈ ਕਿ ਅਸਲ ਵਿੱਚ ਪਤਿ ਕਿਸ ਤਰੀਕੇ ਨਾਲ ਮਿਲਦੀ ਹੈ। ਸਾਡੀ ਪਤਿ ਸਾਡੀ ਕਰਣੀ ਦੇ ਨਾਲ ਮਿਲਦੀ ਹੈ। ਅਸੀਂ ਕਰਣੀ ਆਪਣੀ ਕਾਰ ਦੁਆਰਾ ਕਰਦੇ ਹਾਂ ਭਾਵ ਆਪਣੇ ਕਾਰ ਵਿਹਾਰ ਵਿੱਚ ਕਰਦੇ ਹਾਂ। ਸਭ ਤੋਂ ਜਰੂਰੀ ਸਾਡੀ ਇਹ ਗੱਲ ਹੈ ਕਿ ਅਸੀਂ ਆਪਣੀ ਕਰਣੀ ਨੂੰ ਸਮਝੀਏ ਕਿ ਉਹ ਕਿਸ ਰੂਪ ਵਿੱਚ ਕਰਣੀ ਹੈ। ਕਰਣੀ ਸਾਡੇ ਕਾਰ ਵਿਹਾਰ ਨਾਲ ਜੁੜੀ ਹੋਈ ਹੈ ਨਾ ਕਿ ਕਿਸੇ ਖਾਸ ਵੇਲੇ ਦੀ ਸੰਭਾਲ ਕਰਨ ਦੇ ਨਾਲ ਜਾਂ ਸਵੇਰੇ ਸ਼ਾਮ ਧਰਮ ਅਸਥਾਨਾਂ ਤੇ ਮੱਥੇ ਟੇਕਣ ਦੇ ਨਾਲ ਜਾਂ ਕਿਸੇ ਸਰੀਰਕ ਜਪਾਂ ਤਪਾਂ,

26/2866

ਸਵਾਸਾਂ ਦੀਆਂ ਕਿਰਿਆਵਾਂ ਦੇ ਨਾਲ ਜਾਂ ਕਿਸੇ ਅੱਖਰ ਦਾ ਜਪ ਕਰੀ ਜਾਣ ਦੇ ਨਾਲ। ਸਾਡਾ ਧਾਣਕ ਰੂਪ ਇਸੇ ਕਰਕੇ ਹੈ ਕਿ ਸਾਡੇ ਕਾਰ ਵਿਹਾਰ ਵਿੱਚ ਸਾਡੀ ਕਰਣੀ ਮਾੜੀ ਹੈ ਤੇ ਉਸਦੀ ਸਾਨੂੰ ਸਮਝ ਨਹੀਂ ਹੈ। ਸਾਡੀ ਪਤਿ ਸਾਡੀ ਇਹੋ ਜਿਹੀ ਸੱਚੀ ਸੁੱਚੀ ਕਿਰਤ ਦੇ ਨਾਲ ਜੁੜੀ ਹੋਈ ਹੈ ਨਾ ਕਿ ਧਾਰਮਿਕ ਦਿਖਾਵਿਆਂ ਦੇ ਨਾਲ। ਸਾਡਾ ਮਾੜਾ ਰੂਪ, ਭਿਆਨਕ ਰੂਪ ਸਾਡੀ ਮਾੜੀ ਕਰਨੀ ਕਰਕੇ ਹੈ, ਮਨ ਦੀ ਝੂਠੀ ਬਿਰਤੀ ਕਰਕੇ ਹੈ ਜਿਸ ਦੁਆਰਾ ਅਸੀਂ ਝੂਠ ਦੇ ਨਾਲ ਮਾਇਆ ਕਮਾਉਂਦੇ ਹਾਂ, ਦੂਸਰਿਆਂ

ਦਾ ਹੱਕ ਖਾਂਦੇ ਹਾਂ। **(ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ॥ ਹਉ ਬਿਗੜੈ ਰੂਪਿ ਰਹਾ ਬਿਕਰਾਲ॥)**

ਸਵੇਰੇ ਉੱਠ ਕੇ ਵੇਲੇ ਦੀ ਸੰਭਾਲ ਕਰਨ ਵਾਲੇ ਤਾਂ ਬਹੁਤ ਹਨ ਜਿਸ ਕਰਕੇ ਸਮਾਜ ਦੀਆਂ ਨਜ਼ਰਾਂ ਵਿੱਚ ਤਾਂ ਉਨ੍ਹਾਂ ਦੀ ਪਤਿ ਉੱਚੀ ਹੈ ਪਰ ਜਦੋਂ ਉਹ ਆਪਣੇ ਕਾਰ ਵਿਹਾਰ ਵਿੱਚ, ਦੁਕਾਨਾਂ ਜਾਂ ਫੈਕਟਰੀ ਵਿੱਚ ਬੈਠ ਕੇ ਗ੍ਰਾਹਕਾਂ ਦੀ ਝੂਠ ਬੋਲ ਬੋਲ ਕੇ ਛਿੱਲ ਲਾਹੁੰਦੇ ਹਨ, ਕਿਤਾਬਾਂ ਦੇ ਹਿਸਾਬ ਕਿਤਾਬ ਵਿੱਚ ਪੜਦਾ ਰੱਖਦੇ ਹਨ, ਟੈਕਸਾਂ ਦੀ ਚੋਰੀ ਕਰਦੇ ਹਨ ਇਹ ਉਨ੍ਹਾਂ ਦਾ ਵਿਗੜਿਆ ਹੋਇਆ ਰੂਪ ਹੈ, ਬਿਕਰਾਲ ਰੂਪ ਹੈ, ਧਾਣਕ ਰੂਪ ਹੈ ਜੋ ਪ੍ਰਮਾਤਮਾ ਤੋਂ ਛੁਪਿਆ ਹੋਇਆ ਨਹੀਂ ਹੈ। ਸਮਾਜ ਦੀਆਂ ਨਜ਼ਰਾਂ ਵਿੱਚ ਉਹ ਪਤਿ ਲੈਂਦੇ ਹਨ ਪਰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਉਹ ਵਿਗੜੇ ਹੋਏ ਰੂਪ ਵਾਲੇ ਹੀ ਹਨ। ਇਹੀ ਗੱਲ ਨੌਕਰੀ ਪੇਸ਼ੇ ਵਾਲਿਆਂ ਤੇ ਅਤੇ ਹੋਰ ਵੀ ਹਰ ਕਿਸੇ ਤੇ ਲਾਗੂ ਹੁੰਦੀ ਹੈ ਭਾਵੇਂ ਕੋਈ ਮਜ਼ਦੂਰੀ ਕਰਦਾ ਹੈ। ਜੋ ਆਪਣਾ ਕੰਮ ਇਮਾਨਦਾਰੀ ਨਾਲ ਨਹੀਂ ਕਰਦਾ ਉਸਦੀ ਪਤਿ ਲੇਖੇ ਵਿੱਚ ਨਹੀਂ ਪੈਂਦੀ। ਹਰ ਕੰਮ ਵਿੱਚ ਪਤਿ ਲੈਣ ਦਾ ਸਾਧਨ ਇੱਕੋ ਇੱਕ ਇਮਾਨਦਾਰੀ ਹੈ ਭਾਵੇਂ ਕੋਈ ਕਿਹੋ ਜਿਹਾ ਵੀ ਕਾਰ ਵਿਹਾਰ ਕਰਦਾ ਹੈ, ਭਾਵੇਂ ਕੋਈ ਗਰੀਬ ਹੈ, ਭਾਵੇਂ ਕੋਈ ਅਮੀਰ ਹੈ, ਭਾਵੇਂ ਕੋਈ ਰੰਕ ਹੈ ਤੇ ਭਾਵੇਂ ਕੋਈ ਰਾਜਾ ਹੈ। ਹਰ ਕਿਸੇ ਨੇ ਆਪਣੇ ਜੀਵਨ ਵਿੱਚ ਫਰਜ ਹੀ ਪੂਰਾ ਕਰਨਾ ਹੈ ਜੋ ਕੇਵਲ ਸੱਚ ਤੇ ਚੱਲ ਕੇ ਪੂਰਾ ਹੁੰਦਾ ਹੈ ਜਿਸ ਵਿੱਚ ਪਤਿ ਹੈ ਤੇ ਪ੍ਰਮਾਤਮਾ ਦਾ ਇਹ ਮਤਿ ਦੇਣ ਦਾ ਨਿਯਮ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈ ਏਹਾ ਆਸ ਏਹੋ ਆਧਾਰੁ॥੧॥ਰਹਾਉ॥”

ਸਾਡਾ ਮਾੜਾ ਰੂਪ, ਧਾਣਕ ਰੂਪ ਸਾਡੇ ਮਨ ਦੇ ਮਾੜੇ ਵਿਚਾਰਾਂ ਕਰਕੇ ਹੈ ਤੇ ਇਹਨਾਂ ਮਾੜੇ ਵਿਚਾਰਾਂ ਵਿੱਚੋਂ ਹੀ ਅਸੀਂ ਤਰਨਾ ਹੈ ਜੋ ਕਿ ਮਾਇਆ ਦਾ ਸਾਗਰ ਹੈ, ਔਗੁਣਾਂ ਦਾ ਸਾਗਰ ਹੈ।

26/2867

ਇਹਨਾਂ ਵਿੱਚੋਂ ਸਾਨੂੰ ਸੱਚੇ ਵਿਚਾਰ ਭਾਵ ਗੁਣਾਂ ਵਾਲੇ ਵਿਚਾਰ ਹੀ ਤਾਰ ਸਕਦੇ ਹਨ ਤੇ ਇਹ ਵਿਚਾਰ ਹੀ ਨਾਮ ਹਨ ਜੋ ਪ੍ਰਮਾਤਮਾ ਨੇ ਸਾਨੂੰ ਪੂਰੀ ਗੁਰਬਾਣੀ ਰਾਹੀਂ ਦਿੱਤੇ ਹਨ ਜਿੰਨ੍ਹਾਂ ਤੇ ਚੱਲ ਕੇ ਕੋਈ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਤਰ ਸਕਦਾ ਹੈ। ਸਾਡੇ ਮਾੜੇ ਵਿਚਾਰ ਸਾਡੇ ਅੰਦਰ ਸੱਚ ਦੀ ਸੋਝੀ ਨਾ ਵੱਸਣ ਦੇ ਕਾਰਨ ਹਨ ਕਿਉਂਕਿ ਸੱਚ ਨੂੰ ਅਪਣਾਉਣਾ ਬਹੁਤ ਔਖਾ ਹੈ ਪਰ ਇਸ ਸੱਚੇ ਨਾਮ ਨੂੰ ਅਪਣਾਏ ਬਿਨ੍ਹਾਂ ਕੋਈ ਆਪਣੇ ਮਾੜੇ ਵਿਚਾਰਾਂ ਤੋਂ ਨਹੀਂ ਤਰ ਸਕਦਾ। ਇਹੋ ਜਿਹਾ ਨਾਮ ਜਪਣ ਨਾਲ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਜਪਣ ਨਾਲ ਅਸੀਂ ਫਿਰ ਦਿਨ ਰਾਤ ਸੱਚੇ ਹੀ ਰਹਿੰਦੇ ਹਾਂ, ਹਰ ਵੇਲੇ ਸੱਚੇ ਹੀ ਰਹਿੰਦੇ ਹਾਂ ਭਾਵ ਹਰ ਵੇਲੇ ਮਾੜੇ ਵਿਚਾਰਾਂ ਤੋਂ ਤਰੇ ਰਹਿੰਦੇ ਹਾਂ। ਇਹੋ ਜਿਹਾ ਨਾਮ ਜਪਣ ਲਈ ਕਿਸੇ ਖਾਸ ਵੇਲੇ ਦੀ ਲੋੜ ਨਹੀਂ ਹੈ ਜੋ ਕਿ ਸਾਰੇ ਸੰਸਾਰ ਲਈ ਹਰ ਵੇਲੇ ਇੱਕੋ ਜਿਹਾ ਹੀ ਹੈ। ਸੱਚ ਤੇ ਚੱਲਣ ਲਈ ਪ੍ਰਮਾਤਮਾ ਨੇ ਕੋਈ ਖਾਸ ਸਮਾਂ ਨਹੀਂ ਬਣਾਇਆ ਹੋਇਆ ਜਿਸ ਵੇਲੇ ਉਸ ਦੇ ਕੋਲੋਂ ਅੰਮ੍ਰਿਤ ਦੀ ਪ੍ਰਾਪਤੀ ਹੋ ਸਕੇ। ਅੰਮ੍ਰਿਤ ਰੂਪ ਵਿੱਚ ਉਹ ਆਪ ਹੈ ਤੇ ਉਹ ਸਾਨੂੰ ਆਪਣਾ ਅੰਮ੍ਰਿਤ ਜਿਸ ਵੇਲੇ ਚਾਹੇ ਪਿਆ ਸਕਦਾ ਹੈ, ਜਿਸ ਵੇਲੇ ਚਾਹੇ ਸਾਡੇ ਅੰਦਰ ਪ੍ਰਗਟ ਹੋ ਸਕਦਾ ਹੈ ਤੇ ਆਪਣੇ ਬ੍ਰਹਮ ਗਿਆਨ ਦੇ ਨਾਲ ਜੋੜ ਸਕਦਾ ਹੈ। ਮਨੁੱਖ ਦੇ ਅੰਦਰ ਸੱਚ ਦੀ ਸੋਝੀ ਵੱਸਣਾ ਹੀ ਉਸਦੀ ਆਸ ਨੂੰ ਪੂਰਾ ਕਰਦੀ ਹੈ ਤੇ ਮਨੁੱਖ ਦਾ ਸੱਚਾ ਆਸਰਾ ਹੈ। ਗੁਰੂ ਸਾਹਿਬ ਦੀ ਆਸ ਪ੍ਰਮਾਤਮਾ ਨੇ ਇਸ ਤਰੀਕੇ ਪੂਰੀ ਕੀਤੀ ਹੋਈ ਹੈ, ਆਪਣਾ ਨਾਮ ਬਖਸ਼ ਕੇ ਪੂਰੀ ਕੀਤੀ ਹੋਈ ਹੈ ਤੇ ਉਹ ਹਰ ਵੇਲੇ ਸੱਚੇ ਗਿਆਨ ਦੇ ਆਸਰੇ ਹੀ ਚੱਲਦੇ ਹਨ ਤੇ ਸਾਰੇ ਸੰਸਾਰ ਨੂੰ ਸੱਚ ਦਾ ਆਸਰਾ ਲੈਣਾ ਸਮਝਾਇਆ ਹੈ ਤਾਂ ਜੋ ਅਸੀਂ ਮਾੜੇ ਵਿਚਾਰਾਂ ਵਿੱਚੋਂ ਨਿਕਲ ਸਕੀਏ ਤੇ ਸੱਚੇ ਸੁੱਚੇ ਕਰਮ ਹੀ ਕਰੀਏ ਜਿਸ ਨਾਲ ਸੰਸਾਰ ਭਾਵ ਸਾਡਾ ਸਮਾਜ ਭਾਈਚਾਰੇ ਦੀ ਤਰ੍ਹਾਂ ਰਹੇ ਤੇ ਕੋਈ ਕਿਸੇ ਦਾ ਮਾੜਾ ਨਾ ਕਰੇ। **(ਤੇਰਾ ਏਕੁ ਨਾਮੁ ਤਾਰੇ ਸੰਸਾਰੁ॥ ਮੈ ਏਹਾ ਆਸ ਏਹੋ ਆਧਾਰੁ॥੧॥ਰਹਾਉ॥)**

ਆਪਣੇ ਅੰਦਰ ਵਿਕਾਰਾਂ ਦੇ ਰਹਿੰਦੇ ਹੋਏ ਆਪਣੇ ਵੱਲੋਂ ਜਿਹੋ ਜਿਹੀ ਅਸੀਂ ਭਗਤੀ ਕਰਨੀ ਸਮਝਦੇ ਹਾਂ, ਜਿਹੋ ਜਿਹਾ ਨਾਮ ਅਸੀਂ ਜਪਦੇ ਹਾਂ ਉਸਨੂੰ ਅਸੀਂ ਪ੍ਰਮਾਤਮਾ ਦੀ ਉਸਤਤਿ ਕਰਨਾ ਸਮਝਦੇ ਹਾਂ, ਉਸਦਾ ਜੱਸ ਗਾਉਣਾ ਸਮਝਦੇ ਹਾਂ ਤੇ ਇਸੇ ਲਈ ਆਮ ਕਰਕੇ ਧਾਰਨਾ ਬਣੀ ਹੋਈ ਹੈ ਕਿ ਮੁੱਖੋਂ ਹਰ ਵੇਲੇ, ਦਿਨ ਰਾਤ ਅੱਖਰ ਰੂਪ ਨਾਮ ਜਪਦੇ ਰਹਿਣਾ ਚਾਹੀਦਾ ਹੈ। ਪਰ ਅਸਲ ਵਿੱਚ ਅਸੀਂ ਕੀ ਕਰਦੇ ਹਾਂ ਇਸ ਦਾ ਜਵਾਬ ਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਮੁਖਿ ਨਿੰਦਾ ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ ਨੀਚ ਸਨਾਤਿ॥

ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ ਕਰਤਾਰ॥੨॥”

26/2868

ਉੱਪਰ ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਬੜੇ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀ ਉਸਤਤਿ ਜਾਂ ਨਿੰਦਾ ਕਰਨ ਵਿੱਚ ਕੀ ਭੇਦ ਹੈ। ਕੀ ਅਸੀਂ ਦਿਨ ਰਾਤ ਗੁਰੂ ਪ੍ਰਮਾਤਮਾ ਦੀ, ਉਸ ਸੰਤ ਦੀ ਮੁੱਖੋਂ ਬੋਲ ਬੋਲ ਕੇ ਕੋਈ ਨਿੰਦਾ ਕਰਦੇ ਹਾਂ ਭਾਵ ਨਹੀਂ ਕਰਦੇ। ਉਹ ਪ੍ਰਮਾਤਮਾ ਸੰਤ ਦੇ ਰੂਪ ਵਿੱਚ ਹੈ, ਗੁਰੂ ਦੇ, ਗੁਰਬਾਣੀ ਦੇ ਰੂਪ ਵਿੱਚ ਹੈ। ਸਾਨੂੰ ਗੁਰਬਾਣੀ ਵਿੱਚ ਸੰਤ ਦੀ ਨਿੰਦਾ ਕਰਨ ਵਾਲੇ ਵੀ ਸਮਝਾਏ ਹੋਏ ਹਨ ਕਿ ਉਹ ਨਿੰਦਾ ਕਰਨ ਦੁਆਰਾ ਸੰਤ ਦੇ ਦੋਖੀ ਹਨ। ਸੰਤ ਦਾ ਦੋਖੀ ਗੁਰੂ ਪ੍ਰਮਾਤਮਾ ਦਾ ਦੋਖੀ ਹੈ। ਕੀ ਅਸੀਂ ਗੁਰੂ ਪ੍ਰਮਾਤਮਾ ਦੀ ਮੁੱਖੋਂ ਬੋਲ ਬੋਲ ਕੇ ਕੋਈ ਨਿੰਦਾ ਕਰਦੇ ਹਾਂ ਭਾਵ ਨਹੀਂ ਕਰਦੇ। ਮੁੱਖੋਂ ਬੋਲ ਬੋਲ ਕੇ ਅਸੀਂ ਸੰਤ ਦੀ, ਗੁਰੂ ਦੀ ਉਸਤਤਿ ਜਰੂਰ ਕਰਦੇ ਹਾਂ ਭਾਵ ਆਪਣੀ ਕਥਨੀ ਦੁਆਰਾ ਕਰਦੇ ਹਾਂ ਜਿਸ ਨੂੰ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਉਸਤਤਿ ਨਹੀਂ ਕਿਹਾ ਬਲਕਿ ਕੇਵਲ ਸਾਡੀ ਕਥਨੀ ਕਿਹਾ ਹੈ। ਪ੍ਰਮਾਤਮਾ ਦੀ ਉਸਤਤਿ ਸਾਡੀ ਕਰਨੀ ਦੁਆਰਾ ਹੁੰਦੀ ਹੈ ਭਾਵ ਸੱਚੀ ਕਰਨੀ ਦੁਆਰਾ ਹੁੰਦੀ ਹੈ। ਜਿਸ ਤਰ੍ਹਾਂ ਪ੍ਰਮਾਤਮਾ ਦੀ ਉਸਤਤਿ ਸਾਡੀ ਚੰਗੀ ਕਰਨੀ ਹੈ ਉਸੇ ਤਰ੍ਹਾਂ ਸਾਡੀ ਮਾੜੀ ਕਰਨੀ ਪ੍ਰਮਾਤਮਾ ਦੀ, ਸੰਤ ਦੀ ਨਿੰਦਾ ਹੈ। ਜਦੋਂ ਦਿਨ ਰਾਤ ਸਾਡੇ ਅੰਦਰ ਮਾੜੇ ਵਿਚਾਰ ਵੱਸੇ ਰਹਿੰਦੇ ਹਨ ਤਾਂ ਫਿਰ ਅਸੀਂ ਦਿਨ ਰਾਤ ਗੁਰੂ ਪ੍ਰਮਾਤਮਾ ਦੀ ਨਿੰਦਾ ਕਰਦੇ ਹਾਂ ਭਾਵ ਸਾਡੀ ਜੋ ਵੀ ਕਰਨੀ ਗੁਰਮਤਿ ਦੇ ਉਲਟ ਹੁੰਦੀ ਹੈ ਉਸ ਵਿੱਚ ਅਸੀਂ ਗੁਰਮਤਿ ਦੀ ਨਿੰਦਾ ਕਰਦੇ ਹਾਂ ਜਿਸ ਲਈ ਮੁੱਖੋਂ ਕੋਈ ਬੋਲਣ ਦੀ ਲੋੜ ਨਹੀਂ ਹੈ। ਸਭ ਕੁੱਝ ਸਾਡੇ ਮਨ ਦੀ ਬਿਰਤੀ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ। ਜੇਕਰ ਅਸੀਂ ਸੱਚੇ ਹਾਂ ਫਿਰ ਅਸੀਂ ਦਿਨ ਰਾਤ ਸੱਚੇ ਹਾਂ ਭਾਵ ਹਰ ਵੇਲੇ ਸੱਚ ਦੁਆਰਾ ਹੀ ਵਿਚਰਦੇ ਹਾਂ, ਸਾਡੀ ਹਰ ਕਰਨੀ ਵਿੱਚ ਸੱਚ ਹੈ, ਨਾਮ ਹੈ, ਗੁਰਮਤਿ ਹੈ ਜਿਸ ਨਾਲ ਅਸੀਂ ਸੰਤ ਦੀ, ਗੁਰੂ ਦੀ ਉਸਤਤਿ ਕਰਦੇ ਹਾਂ ਤੇ ਜੇਕਰ ਇਸ ਦੇ ਉਲਟ ਅਸੀਂ ਗੁਰਮਤਿ ਤੋਂ ਵਿਛੁੜੇ ਹੋਏ ਹਾਂ,

26/2869

ਗੁਰੂ ਦੇ ਗੁਣਾਂ ਤੋਂ ਵਿਛੁੜੇ ਹੋਏ ਹਾਂ ਭਾਵ ਔਗੁਣਾਂ ਨਾਲ ਜੁੜੇ ਹੋਏ ਹਾਂ ਤਾਂ ਫਿਰ ਅਸੀਂ ਆਪਣੀ ਹਰ ਕਰਨੀ ਵਿੱਚ ਉਸ ਗੁਰੂ ਰੂਪ ਸੰਤ ਦੀ ਨਿੰਦਾ ਕਰਦੇ ਹਾਂ। ਗੁਰਮਤਿ ਦੀ ਨਿੰਦਾ ਗੁਰਮਤਿ ਦੇ ਉਲਟ ਚੱਲਣਾ ਹੈ। ਗੁਰਮਤਿ ਦੀ ਨਿੰਦਾ, ਸੰਤ ਦੀ ਨਿੰਦਾ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜਦੋਂ ਅਸੀਂ ਗੁਰਮਤਿ ਦੇ ਵਿਚਾਰਾਂ ਨੂੰ ਅਪਣਾ ਲੈਂਦੇ ਹਾਂ। ਸਾਡਾ ਸਾਚਾ ਘਰ, ਅਸਲ ਵਿੱਚ ਗੁਰਮਤਿ ਦਾ ਘਰ ਹੈ, ਗੁਰੂ ਦਾ ਘਰ ਹੈ, ਸੰਤ ਦਾ ਘਰ ਹੈ ਜੋ ਸੱਚੀ ਸਿੱਖਿਆ ਦਾ ਘਰ ਹੈ। ਸੱਚੀ ਸਿੱਖਿਆ ਦੇ ਬਿਨ੍ਹਾਂ ਹਰ ਕੋਈ ਪਰ ਘਰ ਹੈ ਭਾਵ ਮਨਮਤਿ ਦਾ ਘਰ ਹੈ। ਪਰ ਘਰ ਦੇ ਵਿਚਾਰ ਸਾਨੂੰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਨੀਚ ਬਣਾਉਂਦੇ ਹਨ। ਨੀਚ ਅਸਲ ਵਿੱਚ ਮਨਮਤਿ ਦੇ ਵਿਚਾਰ ਹਨ, ਪਰ ਘਰ ਦੇ ਵਿਚਾਰ ਹਨ ਜੋ ਸਾਨੂੰ ਗੁਰੂ ਦੇ ਸੱਚੇ ਗਿਆਨ ਤੋਂ ਦੂਰ ਰੱਖਦੇ ਹਨ, ਅਗਿਆਨਤਾ ਵਿੱਚ ਰੱਖਦੇ ਹਨ। ਪਰ ਘਰ ਦੇ ਵਿਚਾਰ ਸਾਨੂੰ ਔਗੁਣਾਂ ਦੇ ਨਾਲ ਜੋੜਦੇ ਹਨ, ਕਾਮ, ਕ੍ਰੋਧ ਆਦਿ ਦੇ ਨਾਲ ਜੋੜਦੇ ਹਨ ਜਿਹਨਾਂ ਕਰਕੇ ਮਨੁੱਖ ਦਾ ਰੂਪ ਚੰਡਾਲ ਵਾਲਾ ਬਣਦਾ ਹੈ ਭਾਵ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸਾਡਾ ਬਹੁਤ ਮਾੜਾ ਰੂਪ ਬਣਦਾ ਹੈ ਤੇ ਇਹੀ ਸਾਡੇ ਅੰਦਰ ਦਾ ‘‘ਧਾਣਕ’’ ਰੂਪ ਹੈ ਜਿਸ ਦੁਆਰਾ ਅਸੀਂ ਹਰ ਵੇਲੇ ਮਾਇਆ ਮੋਹ ਵਿੱਚ ਰਹਿੰਦੇ ਹਾਂ, ਦਿਨ ਰਾਤ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਤੇ ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਅਸੀਂ ਜੋ ਵੀ ਕੰਮ ਕਰਦੇ ਹਾਂ ਉਸ ਵਿੱਚ ਗੁਰੂ ਦੀ, ਸੰਤ ਦੀ ਭਾਵ ਗੁਰਮਤਿ ਦੀ ਨਿੰਦਾ ਹੀ ਕਰਦੇ ਹਾਂ। **(ਮੁਖਿ ਨਿੰਦਾ ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ ਨੀਚ ਸਨਾਤਿ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ ਕਰਤਾਰ॥੨॥)**

ਅਸੀਂ ਭਗਤੀ ਦੇ ਅਸਲ ਮਾਰਗ ਨੂੰ ਸਮਝਣ ਦੀ ਬਜਾਇ ਭਾਵ ਮਨ ਦੇ ਵਿਚਾਰਾਂ ਨੂੰ ਸੋਧਣ ਦੀ ਬਜਾਇ, ਆਪਣੀ ਕਰਨੀ ਨੂੰ ਚੰਗੀ ਕਰਨ ਦੀ ਬਜਾਇ ਆਪਣੇ ਬਾਹਰੀ ਰੂਪ ਨੂੰ ਭਗਤੀ ਵਾਲਾ ਰੂਪ ਬਣਾਉਂਦੇ ਹਾਂ, ਖਾਸ ਵੇਲੇ ਆਦਿ ਦੀ ਸੰਭਾਲ ਕਰਨੀ ਤੇ ਕਥਨੀ

26/2870

ਨਾਲ ਜੁੜੇ ਰਹਿਣਾ ਸਾਡੇ ਭਗਤੀ ਦੇ ਬਾਹਰੀ ਵਿਖਾਵੇ ਹੀ ਹਨ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥

ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥੩॥"

ਜਿਵੇਂ ਸ਼ਿਕਾਰੀ ਫਾਹੀ ਲਗਾ ਕੇ ਭਾਵ ਫੰਦਾ ਲਗਾ ਕੇ ਸ਼ਿਕਾਰ ਕਰਦਾ ਹੈ ਸਾਡੀ ਸੁਰਤਿ ਦੇ ਅੰਦਰ ਸਾਡੇ ਵਿਚਾਰ ਦੂਸਰਿਆਂ ਨੂੰ ਫਸਾਉਣ ਦਾ ਕੰਮ ਕਰਦੇ ਹਨ ਜਿਸ ਦੁਆਰਾ ਅਸੀਂ ਦੂਸਰਿਆਂ ਨੂੰ ਠੱਗਦੇ ਹਾਂ ਭਾਵ ਝੂਠ ਬੋਲ ਕੇ ਦੂਸਰਿਆਂ ਦਾ ਹੱਕ ਖਾਂਦੇ ਹਾਂ ਜਿਸ ਦੁਆਰਾ ਸਾਡਾ ਮਾੜਾ ਰੂਪ ਬਣਦਾ ਹੈ। ਪ੍ਰਮਾਤਮਾ ਦੇ ਅੱਗੇ ਸਾਡਾ ਮਾੜਾ ਜਾਂ ਚੰਗਾ ਰੂਪ, ਮਾੜਾ ਜਾਂ ਚੰਗਾ ਵੇਸ ਮਨ ਦੇ ਵਿਚਾਰਾਂ ਰਾਹੀਂ ਬਣਦਾ ਹੈ ਪਰ ਸੰਸਾਰ ਨੂੰ ਸਾਡਾ ਬਾਹਰੀ ਰੂਪ ਲੁਭਾਉਂਦਾ ਹੈ, ਸਾਡੇ ਜਪ ਤਪ ਆਦਿ ਲੁਭਾਉਂਦੇ ਹਨ ਜਿਹਨਾਂ ਨੂੰ ਅਸੀਂ ਭਗਤੀ ਵਾਲਾ ਵੇਸ ਸਮਝਦੇ ਹਾਂ ਤੇ ਆਪਣੇ ਬਾਣੇ ਵੀ ਉਹੋ ਜਿਹੇ ਪਾਉਂਦੇ ਹਾਂ ਜਿੰਨ੍ਹਾਂ ਨਾਲ ਅਸੀਂ ਭਗਤੀ ਵਾਲੇ ਲੱਗੀਏ, ਦੁਨੀਆਂ ਨੂੰ ਚੰਗੇ ਲੱਗੀਏ। **(ਫਾਹੀ ਸੁਰਤਿ ਮਲੂਕੀ ਵੇਸੁ॥)**

ਇਹ ਸਭ ਕੁੱਝ ਅਸੀਂ ਆਪਣੀ ਮਨਮਤਿ ਦੁਆਰਾ ਕਰਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਬਾਹਰੀ ਰੂਪ ਨੂੰ ਸ਼ਿੰਗਾਰਦੇ ਹਾਂ ਤਾਂ ਜੋ ਅਸੀਂ ਭਗਤੀ ਵਾਲੇ ਨਜ਼ਰ ਆਈਏ ਪਰ ਅਸਲ ਵਿੱਚ ਸਾਨੂੰ ਮਨਮਤਿ ਵਿੱਚ ਰਹਿੰਦਿਆਂ ਭਗਤੀ ਦੀ ਸੋਝੀ ਹੀ ਨਹੀਂ ਪੈਂਦੀ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਹਉ ਠਗਵਾੜਾ ਠਗੀ ਦੇਸੁ॥"

ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸਾਡੇ ਅੰਦਰ "ਠਗਵਾੜਾ" ਭਾਵ ਠੱਗੀ ਦਾ ਅੱਡਾ ਕਿਸ ਰੂਪ ਵਿੱਚ ਹੈ। ਇਹ ਠੱਗੀ ਦਾ ਅੱਡਾ ਸਾਡੇ ਅੰਦਰ "ਹਉ" ਦੇ ਰੂਪ ਵਿੱਚ ਹੈ ਭਾਵ ਸਾਡੀ ਮੈਂ ਦੇ ਰੂਪ ਵਿੱਚ, ਹਉਮੈ ਦੇ ਰੂਪ ਵਿੱਚ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਹਉਮੈ

26/2871

ਵਾਲੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ। ਮਨ ਦੀ ਇਸ ਅਵੱਸਥਾ ਵਿੱਚ ਹਰ ਕੋਈ ਮਾਇਆ ਦੀ ਠੱਗੀ ਵਾਲੀ ਜੁਗਤਿ ਵਿੱਚ ਹੀ ਵਿਚਰਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਹਉਮੈ ਦਾ ਕਾਰਨ, ਠੱਗੀ ਦੇ ਅੱਡੇ ਦਾ ਕਾਰਨ ਸਾਡਾ ਠੱਗੀ ਦੇ ਦੇਸ ਵਿੱਚ ਵੱਸਣਾ ਹੈ। ਠੱਗੀ ਦਾ "ਦੇਸੁ" ਸਾਡਾ ਮਨ ਹੀ ਹੈ ਜੋ ਕਿ ਸਾਡੇ ਅੰਦਰ ਤ੍ਰੈਗੁਣਾਂ ਵਾਲੀ, ਮਾਇਆ ਮੋਹ ਵਾਲੀ, ਭਰਮ ਵਾਲੀ ਅਵੱਸਥਾ ਹੈ। "ਠਗੀ ਦੇਸੁ" ਵੀ ਸਾਡੇ ਅੰਦਰ ਹੈ ਤੇ ਪ੍ਰਮਾਤਮਾ ਦਾ ਦੇਸ ਵੀ ਸਾਡੇ ਅੰਦਰ ਮਨ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਦਾ ਦੇਸ ਸਾਡੇ ਅੰਦਰ ਚੌਥੇ ਪਦ ਦੀ ਅਵੱਸਥਾ ਹੈ ਜਿਸ ਵਿੱਚ ਗੁਰੂ ਆਪ ਵੱਸਿਆ ਹੋਇਆ ਹੈ ਤੇ ਅਸੀਂ ਪਿੱਛੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਦ ਤੱਕ ਸਾਨੂੰ ਆਪਣੇ ਅੰਦਰੋਂ ਚੌਥੇ ਪਦ ਦੀ ਪ੍ਰਾਪਤੀ ਨਹੀਂ ਹੁੰਦੀ ਤਦ ਤੱਕ ਹਰ ਕੋਈ ਹਉ ਵਿੱਚ ਹੀ ਹੈ, ਮਾਇਆ ਮੋਹ ਦੀ ਠੱਗੀ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ ਜਿਸਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਹੀ ਨਹੀਂ ਪੈਂਦੀ ਤੇ ਅਸੀਂ ਵਿਖਾਵੇ ਵਾਲੀ ਭਗਤੀ ਨਾਲ ਹੀ ਜੁੜੇ ਰਹਿੰਦੇ ਹਾਂ ਤੇ ਸਾਡੀ ਕਰਨੀ ਵਿੱਚ ਮਾੜੇ ਕਰਮ ਨਾਲ ਹੀ ਚੱਲਦੇ ਹਨ ਜਿਹਨਾਂ ਨੂੰ ਅਸੀਂ ਭਗਤੀ ਨਹੀਂ ਸਮਝਦੇ ਭਾਵ ਉਹਨਾਂ ਵਿੱਚੋਂ ਨਿਕਲਣ ਨੂੰ ਭਗਤੀ ਨਹੀਂ ਸਮਝਦੇ। **(ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥)**

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ॥੧॥੧੯॥}

(ਅੰਗ ੧੩੯੫)

26/2872

{ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥

ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ॥}

(ਅੰਗ ੩੧੭)

{ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ॥
ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ॥}

(ਅੰਗ ੬੪੩)

{ਕਹਿ ਕਬੀਰ ਠਗ ਸਿਉ ਮਨੁ ਮਾਨਿਆ॥
ਗਈ ਠਗਉਰੀ ਠਗੁ ਪਹਿਚਾਨਿਆ॥੩॥੩੯॥}

(ਅੰਗ ੩੩੧)

ਪ੍ਰਮਾਤਮਾ ਦੀ ਭਗਤੀ ਦੀ ਸੋਝੀ ਉਹਨਾਂ ਦੇ ਕੋਲ ਹੀ ਹੈ ਜੋ ਉਸ ਨਿਰੰਕਾਰ ਦੇ ਦੇਸ਼ ਵਿੱਚ ਵੱਸੇ ਹੋਏ ਹਨ ਤੇ ਸਾਨੂੰ ਠੱਗੀ ਦੇ ਦੇਸ ਵਿੱਚੋਂ ਨਿਕਲਣ ਦਾ ਰਸਤਾ ਸਮਝਾਇਆ ਹੈ। ਰਸਤਾ ਇੱਕੋ ਹੀ ਹੈ ਜੋ ਕਿ ਔਗੁਣਾਂ ਵਿੱਚੋਂ ਨਿਕਲ ਕੇ ਗੁਣਾਂ ਦੇ ਨਾਲ ਜੁੜਨ ਦਾ ਹੈ ਭਾਵ ਸੱਚੀ ਸੁੱਚੀ ਕਿਰਤ ਦਾ ਮਾਰਗ ਹੈ ਜਿਸ ਦੁਆਰਾ ਅਸੀਂ ਆਪਣੇ ਧਾਣਕ ਰੂਪ ਵਿੱਚੋਂ ਨਿਕਲ ਸਕਦੇ ਹਾਂ। ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਉਸਨੂੰ ਆਪਣੀ ਸਿਆਣਪ ਹੀ ਸਮਝਦੇ ਹਾਂ ਕਿ ਅਸੀਂ ਭਗਤੀ ਦੇ ਸਹੀ ਮਾਰਗ ਤੇ ਚੱਲ ਰਹੇ ਹਾਂ ਤੇ ਕੋਈ ਇਹ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿ ਉਸਦੀ ਭਗਤੀ ਵਿੱਚ ਸੱਚ ਨਹੀਂ ਹੈ ਭਾਵ ਉਸਦੀ ਭਗਤੀ ਵਿੱਚ ਵਿਖਾਵਾ ਹੈ ਤੇ ਇਹ ਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥੩॥”

ਭਗਤੀ ਦੇ ਮਾਰਗ ਤੇ ਖਰਾ ਉਹੀ ਹੈ, ਸਿਆਣਾ ਉਹੀ ਹੈ ਜਿਸ ਦੇ ਅੰਦਰ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸੋਝੀ ਹੈ, ਜਿਸ ਦੀ ਸੁਰਤਿ ਦੇ ਵਿੱਚ ਸੱਚੀ ਸੁੱਚੀ ਕਿਰਤ ਕਰਨ ਦਾ ਗਿਆਨ ਹੈ ਤੇ ਕਿਸੇ ਦਿਖਾਵੇ ਵਾਲੀ ਭਗਤੀ ਦੀ ਲੋੜ ਨਹੀਂ ਸਮਝਦਾ ਭਾਵ ਉਸ ਨੂੰ “ਮਲੂਕੀ ਵੇਸੁ” ਦੀ ਲੋੜ ਨਹੀਂ ਹੈ। ਪ੍ਰਮਾਤਮਾ ਦੀ ਭਗਤੀ ਮਾਇਆ ਦੀ ਠੱਗੀ ਵਾਲੀ ਬਿਰਤੀ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ ਜੋ ਸਾਡੀ ਝੂਠੀ ਭਗਤੀ ਵਾਲੇ ਰੂਪ ਨੂੰ ਧਾਣਕ ਰੂਪ ਬਣਾਈ ਰੱਖਦੀ ਹੈ। ਅਸੀਂ ਭਗਤੀ ਦੇ ਮਾਰਗ ਤੇ ਖਰਾ ਤੇ ਸਿਆਣਾ ਉਸ ਨੂੰ ਸਮਝਦੇ ਹਾਂ ਜਿੱਥੇ ਭਗਤੀ ਦਾ ਦਿਖਾਵਾ ਹੈ ਤੇ

26/2873

ਇਸ ਗੱਲ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਦੇਖੋ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਕਰਨ ਵਾਲਾ ਕਿਸ ਨੂੰ ਸਮਝਦੇ ਹਾਂ। ਇੱਕ ਮਨੁੱਖ ਸੱਚ ਤੇ ਚੱਲਣ ਵਾਲਾ ਹੈ ਤੇ ਹਰ ਗੱਲ ਵਿੱਚ ਸੱਚ ਦਾ ਪੱਖ ਰੱਖਦਾ ਹੈ ਪਰ ਜੇਕਰ ਉਸ ਦਾ ਵੇਸ ਭਗਤੀ ਵਾਲਾ ਨਹੀਂ ਹੈ ਫਿਰ ਅਸੀਂ ਉਸ ਨੂੰ ਭਗਤੀ ਵਾਲਾ ਨਹੀਂ ਸਮਝਦੇ। ਅਸੀਂ ਭਗਤੀ ਦੇ ਵੇਸ ਵਾਲਾ ਉਸ ਨੂੰ ਸਮਝਦੇ ਹਾਂ ਜੋ ਸਵੇਰ ਵੇਲੇ ਦੀ ਤੇ ਸ਼ਾਮ ਵੇਲੇ ਦੀ ਸੰਭਾਲ ਕਰਦਾ ਹੈ, ਸਮਾਧੀਆਂ ਆਦਿ ਲਗਾ ਕੇ ਬੈਠਦਾ ਹੈ, ਸੁਰਤੀਆਂ ਆਦਿ ਜੋੜ ਕੇ ਬੈਠਦਾ ਹੈ ਤੇ ਕਿਸੇ ਅੱਖਰ ਦਾ ਜਪ ਕਰਦਾ ਹੈ, ਉਹੋ ਜਿਹੇ ਬਾਣੇ ਪਾਉਂਦਾ ਹੈ ਜਿੰਨ੍ਹਾਂ ਨੂੰ ਅਸੀਂ ਭਗਤੀ ਵਾਲੇ ਬਾਣੇ ਸਮਝਦੇ ਹਾਂ ਤੇ ਆਪਣੇ ਖਾਣੇ ਵਿੱਚ ਖਾਸ ਕਿਸਮ ਦੀ ਸੁੱਚ ਵਰਤਦਾ ਹੈ, ਕੋਈ ਮਾਲਾ ਲੈ ਕੇ ਜਪਦਾ ਰਹਿੰਦਾ ਹੈ, ਕੋਈ ਲਗਾਤਾਰ ਲੰਬੇ ਸਮੇਂ ਲਈ ਧਰਮ ਸਥਾਨਾਂ ਤੇ ਬੈਠਾ ਰਹਿੰਦਾ ਹੈ, ਕੋਈ ਤੀਰਥਾਂ ਦੇ ਭ੍ਰਮਣ ਵਿੱਚ ਰਹਿੰਦਾ ਹੈ ਤੇ ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿਵੇਂ ਕਿ ਕੋਈ ਵਰਤ ਆਦਿ ਰੱਖਦੇ ਹਨ ਤੇ ਕੋਈ ਰੋਜੇ ਰੱਖਦਾ ਹੈ, ਕੋਈ ਜਗ ਕਰਦਾ ਹੈ ਤੇ ਕੋਈ ਕਿਸੇ ਦੀ ਬਲੀ ਚੜ੍ਹਾਉਂਦਾ ਹੈ। ਇਹੋ ਜਿਹੀਆਂ ਸਾਰੀਆਂ ਗੱਲਾਂ ਦਾ, ਵਿਧੀਆਂ ਦਾ ਪ੍ਰਮਾਤਮਾ ਦੀ ਭਗਤੀ ਨਾਲ ਕੋਈ ਸੰਬੰਧ ਨਹੀਂ ਤੇ ਇਸੇ ਲਈ ਇਹੋ ਜਿਹੇ ਹਰ ਤਰੀਕੇ ਨੂੰ ਗੁਰਬਾਣੀ ਵਿੱਚ ਖੰਡਿਆ ਹੋਇਆ ਹੈ ਤੇ ਭਗਤੀ ਦਾ ਦਿਖਾਵਾ ਦੱਸਿਆ ਹੈ, ਭੇਖ ਦੱਸਿਆ ਹੈ। ਪਰ ਇਹੋ ਜਿਹੇ ਤਰੀਕੇ ਅਪਣਾਉਣ ਵਾਲੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਚੱਲਣ ਦਾ ਸਹੀ ਤਰੀਕਾ ਸਮਝਦੇ ਹਨ, ਖਰਾ ਤਰੀਕਾ ਸਮਝਦੇ ਹਨ ਤੇ ਇਹੋ ਜਿਹੀ ਭਗਤੀ ਵਿੱਚ ਹੀ ਆਪਣੀ ਸਿਆਣਪ ਸਮਝਦੇ ਹਨ। ਜਿਤਨੇ ਕੋਈ ਜਿਆਦਾ ਇਹੋ ਜਿਹੇ ਤਰੀਕੇ ਅਪਣਾਉਂਦਾ ਹੈ ਉਤਨਾ ਹੀ ਉਸ ਨੂੰ ਭਗਤੀ ਦੇ ਮਾਰਗ ਤੇ ਭਾਰਾ ਸਮਝਿਆ ਜਾਂਦਾ ਹੈ ਭਾਵ ਉੱਚਾ ਸਮਝਿਆ ਜਾਂਦਾ ਹੈ ਤੇ ਉਸ ਨੂੰ ਸਮਾਜ ਵਿੱਚੋਂ ਉਤਨੀ ਹੀ ਜਿਆਦਾ ਇੱਜ਼ਤ ਮਿਲਦੀ ਹੈ। ਇਹੋ ਜਿਹੀ ਭਗਤੀ ਨਾਲ ਮਨੁੱਖ ਆਪਣੇ ਆਪ

ਨੂੰ ਹੀ ਉੱਚਾ ਕਰਦਾ ਹੈ, ਆਪਣੇ ਆਪ ਨੂੰ ਹੀ ਭਾਰਾ ਕਰਦਾ ਹੈ ਭਾਵ ਉਸਦੀ ਆਪਣੀ ਹਉਮੈ ਹੀ ਵੱਧਦੀ ਹੈ। ਜੇਕਰ ਧਿਆਨ ਨਾਲ ਸਮਝੋਂਗੇ ਤਾਂ ਹਰ ਪਾਸੇ ਇਹੋ ਜਿਹਿਆਂ ਦੀ ਇੱਜ਼ਤ ਹੀ ਬਣੀ ਹੋਈ ਹੈ ਜਿੰਨ੍ਹਾਂ ਨੂੰ ਭਗਤੀ ਦੇ ਅਸਲ ਮਾਰਗ ਦੀ ਸਮਝ ਨਹੀਂ ਹੈ ਜੋ ਕਿ ਕੇਵਲ ਸੱਚ ਦੁਆਰਾ ਵਿਚਰਨ ਦੀ ਹੈ ਭਾਵ ਗੁਰਬਾਣੀ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਚੱਲਣ ਦੀ ਹੈ ਤੇ ਭਗਤੀ ਦੇ ਦਿਖਾਵਿਆਂ ਵਿੱਚੋਂ ਨਿਕਲਣ ਦੀ ਹੈ ਤੇ ਆਪਣੇ ਮਨ ਨੂੰ ਵਿਕਾਰਾਂ ਤੋਂ ਰਹਿਤ ਕਰਨ ਦੀ ਹੈ ਤਾਂ ਜੋ ਅਸੀਂ ਸੱਚ ਦੇ ਨਾਲ ਜੁੜ ਸਕੀਏ ਤੇ ਆਪਣੀ ਸਿਆਣਪ ਤੋਂ ਬਚ ਸਕੀਏ, ਆਪਣੀ ਮਨਮਤਿ ਤੋਂ ਬਚ ਸਕੀਏ ਜਿਸ ਦੇ ਕਾਰਨ ਅਸੀਂ ਆਪਣੇ ਆਪ ਨੂੰ ਭਾਰਾ ਸਮਝਿਆ ਹੋਇਆ ਹੈ।

26/2874

ਫੈਸਲਾ ਮਨਮਤਿ ਵਿੱਚ ਤੇ ਗੁਰਮਤਿ ਵਿੱਚ ਹੀ ਹੈ ਕਿ ਮਨਮਤਿ ਖਰੀ ਸਿਆਣੀ ਹੈ ਜਾਂ ਗੁਰਮਤਿ ਖਰੀ ਸਿਆਣੀ ਹੈ, ਮਨਮਤਿ ਭਾਰੀ ਹੈ ਜਾਂ ਗੁਰਮਤਿ ਭਾਰੀ ਹੈ। ਸਾਡਾ ਧਾਣਕ ਰੂਪ ਸਾਡੀ ਮਨਮਤਿ ਕਰਕੇ ਹੀ ਹੈ ਜਿਸ ਵਿੱਚੋਂ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਹੀ ਕੱਢ ਸਕਦੀ ਹੈ ਜੋ ਸਾਨੂੰ ਦਿਖਾਵੇ ਵਾਲੀ ਭਗਤੀ ਵਿੱਚੋਂ ਕੱਢ ਕੇ ਸੱਚੀ ਭਗਤੀ ਦੇ ਨਾਲ ਜੋੜਦੀ ਹੈ, ਠੱਗੀ ਦੇ ਦੇਸ ਵਿੱਚੋਂ ਕੱਢ ਕੇ ਸੱਚ ਦੇ ਦੇਸ ਨਾਲ ਜੋੜਦੀ ਹੈ, ਮਾੜੇ ਵਿਚਾਰਾਂ ਦੇ ਦੇਸ ਵਿੱਚੋਂ ਕੱਢ ਕੇ ਸੱਚੇ ਵਿਚਾਰਾਂ ਦੇ ਦੇਸ ਨਾਲ ਜੋੜਦੀ ਹੈ। **(ਫਾਹੀ ਸੁਰਤਿ ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥ ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥੩॥)**

ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਿਆ ਹੋਇਆ ਹੈ ਭਾਵ ਜਿਹੋ ਜਿਹੇ ਭਗਤੀ ਦੇ ਦਿਖਾਵਿਆਂ ਵਿੱਚ ਹਰ ਕੋਈ ਲੱਗਾ ਹੋਇਆ ਹੈ ਇਹੋ ਜਿਹੇ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਕਿਉਂਕਿ ਜਦ ਤੱਕ ਸਾਡੇ ਮਨ ਦੀ ਬਿਰਤੀ ਮਾੜੀ ਹੈ ਤਦ ਤੱਕ ਉਸ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਤੇ ਨਾ ਹੀ ਉਸ ਪ੍ਰਮਾਤਮਾ ਨੂੰ ਕੋਈ ਪਾ ਸਕਦਾ ਹੈ ਭਾਵ ਦਿਖਾਵਿਆਂ ਨਾਲ ਉਸ ਨੂੰ ਨਹੀਂ ਪਾਇਆ ਜਾ ਸਕਦਾ ਤੇ ਇਹੀ ਗੱਲ ਮੁੱਖ ਸ਼ਬਦ ਦੇ ਆਖਰੀ ਪਦੇ ਦੁਆਰਾ ਸਮਝਾਈ ਹੋਈ ਹੈ।

“ਮੈ ਕੀਤਾ ਨ ਜਾਤਾ ਹਰਾਮਖੋਰੁ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥
ਨਾਨਕੁ ਨੀਚੁ ਕਹੈ ਬੀਚਾਰੁ॥ ਧਾਣਕ ਰੂਪਿ ਰਹਾ ਕਰਤਾਰ॥੪॥੨੯॥”

“ਮੈ ਕੀਤਾ ਨ ਜਾਤਾ” ਤੋਂ ਭਾਵ ਹੈ ਕਿ ਮੈਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਿਸ ਨੇ ਸਭ ਕੁੱਝ ਕੀਤਾ ਹੈ, ਜਿਸ ਨੇ ਮੈਨੂੰ ਕੀਤਾ ਹੈ, ਜਿਸਨੇ ਮੈਨੂੰ ਬਣਾਇਆ ਹੈ ਤੇ ਉਸ ਦਾ ਨਤੀਜਾ ਇਹ ਹੈ ਕਿ ਮੈਂ “ਹਰਾਮਖੋਰੁ” ਹਾਂ। ਹਰਾਮਖੋਰ ਉਹ ਹੈ ਜੋ ਹਰਾਮ ਦੀ ਖਾਂਦਾ ਹੈ ਭਾਵ ਜੋ ਕਿਸੇ ਹੋਰ ਦਾ ਹੱਕ ਖਾਂਦਾ ਹੈ ਭਾਵੇਂ ਉਹ ਕਿਸੇ ਵੀ ਰੂਪ ਵਿੱਚ ਖਾਂਦਾ ਹੈ। ਸਾਡੇ ਅੰਦਰ ਮਾਇਆ ਦਾ ਛਲ, ਮਾਇਆ ਦੀ ਠੱਗੀ ਸਾਨੂੰ ਹਰਾਮਖੋਰ ਬਣਾਉਂਦੀ ਹੈ। ਮਾਇਆ ਦਾ ਛਲ ਸਾਡੇ ਅੰਦਰ ਮਾਇਆ ਦੀ ਜੁਗਤਿ ਹੈ ਜੋ ਸਾਨੂੰ ਹਰਾਮ ਦੀ ਕਮਾਈ ਤੇ ਹਲਾਲ ਦੀ ਕਮਾਈ ਵਿੱਚ ਫਰਕ ਨਹੀਂ ਸਮਝਣ ਦਿੰਦੀ। ਅਸੀਂ ਕਿਸੇ ਦਾ ਪੈਸਾ ਠੱਗਦੇ ਹਾਂ ਇਹ ਹਰਾਮ ਦੀ ਕਮਾਈ ਹੈ ਜਿਸ ਨੂੰ ਹਰ ਕੋਈ ਸਮਝ ਸਕਦਾ ਹੈ। ਮਾਇਆ ਦੀ ਠੱਗੀ ਦੀ ਜੁਗਤਿ ਸਾਡੇ ਅੰਦਰ ਅਨੇਕਾਂ ਰੂਪ ਵਿੱਚ ਵਿਚਰਦੀ ਹੈ ਭਾਵ ਕਾਮ, ਕ੍ਰੋਧ,

26/2875

ਲੋਭ, ਮੋਹ, ਅਹੰਕਾਰ ਦੇ ਰੂਪ ਵਿੱਚ ਵਿਚਰਦੀ ਹੈ, ਹਉਮੈ ਦੇ ਰੂਪ ਵਿੱਚ ਵਿਚਰਦੀ ਹੈ। ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ, ਝੂਠੀ ਭਗਤੀ ਦੇ ਮਾਰਗ ਤੇ ਚੱਲ ਕੇ ਆਪਣੇ ਆਪ ਨੂੰ ਉੱਚਾ ਅਖਵਾਉਣਾ, ਖਰਾ ਸਿਆਣਾ ਅਖਵਾਉਣਾ ਆਪਣੀ ਹਉਮੈ ਉੱਚੀ ਕਰਨ ਵਾਲੀ ਗੱਲ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੀ ਇਹੋ ਜਿਹੀ ਭਗਤੀ ਦੁਆਰਾ ਅਸੀਂ ਝੂਠਾ ਮਾਣ ਲੈਂਦੇ ਹਾਂ ਜੋ ਕਿ ਸਾਡਾ ਹੱਕ ਨਹੀਂ ਹੈ। ਭਗਤੀ ਦੇ ਮਾਰਗ ਤੇ ਉੱਚਾ ਆਪ ਗੁਰੂ ਹੈ ਜੋ ਸੱਚੇ ਮਾਣ ਦਾ ਹੱਕਦਾਰ ਹੈ। ਆਪਣੇ ਝੂਠੇ ਮਾਣ ਦੁਆਰਾ ਅਸੀਂ ਗੁਰੂ ਦਾ ਹੱਕ ਖਾਂਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੇ ਝੂਠੇ ਮਾਣ ਦੁਆਰਾ ਅਸੀਂ ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਦੇ ਹਾਂ। ਮਾਣ ਲੈਣ ਦਾ ਲੋਭ ਸਭ ਦੇ ਅੰਦਰ ਹੈ ਭਾਵ ਅਸੀਂ ਆਪਣੇ ਮਨ ਦਾ ਲੋਭ ਹੀ ਪੂਰਾ ਕਰਦੇ ਹਾਂ, ਆਪਣੀ ਮੈਂ ਨੂੰ ਉੱਚਾ ਕਰਨ ਦੇ ਅਸੀਂ ਲੋਭੀ ਹਾਂ, ਲਾਲਚੀ ਹਾਂ। ਸਾਡਾ ਇਹ ਝੂਠਾ ਮਾਣ ਹਰਾਮ ਦਾ ਮਾਣ ਹੈ ਜਿਸ ਦੁਆਰਾ ਅਸੀਂ ਗੁਰੂ ਦੇ ਮਾਣ ਨੂੰ ਨੀਵਾਂ ਕਰਦੇ ਹਾਂ, ਗੁਰਮਤਿ

ਦੇ ਮਾਣ ਨੂੰ ਨੀਵਾਂ ਕਰਦੇ ਹਾਂ। ਗੁਰਮਤਿ ਸਾਨੂੰ ਜਿਹੋ ਜਿਹੀ ਭਗਤੀ ਸਮਝਾਉਂਦੀ ਹੈ ਅਸੀਂ ਉਸਦੇ ਉਲਟ ਚੱਲ ਕੇ ਆਪਣੀ ਮਨਮਤਿ ਦੁਆਰਾ ਭਗਤੀ ਕਰਦੇ ਹਾਂ ਜਿਸਦਾ ਸਾਨੂੰ ਸਮਾਜ ਵਿੱਚੋਂ ਝੂਠਾ ਮਾਣ ਮਿਲਦਾ ਹੈ, ਹਰਾਮ ਦਾ ਮਾਣ ਮਿਲਦਾ ਹੈ। ਜਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਦੇ ਤਦ ਤੱਕ ਅਸੀਂ ਧਰਮ ਦੇ ਮਾਰਗ ਤੇ ਸੱਚਾ ਮਾਣ ਲੈਣ ਦੇ ਹੱਕਦਾਰ ਨਹੀਂ ਹਾਂ ਤੇ ਐਵੇਂ ਝੂਠਾ ਮਾਣ ਹੀ ਲੈਂਦੇ ਹਾਂ, ਹਰਾਮ ਦਾ ਮਾਣ ਹੀ ਲੈਂਦੇ ਹਾਂ। ਝੂਠੇ ਮਾਰਗ ਤੇ ਚੱਲਣਾ ਹੀ ਅਸਲ ਵਿੱਚ ਸਾਡੀ ਹਰਾਮ ਖੋਰੀ ਹੈ ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੋਵੇ। ਸੱਚ ਦੇ ਉਲਟ ਚੱਲਣਾ, ਗੁਰਮਤਿ ਦੇ ਉਲਟ ਚੱਲਣਾ ਹਰਾਮਖੋਰੀ ਹੈ। **(ਮੈ ਕੀਤਾ ਨ ਜਾਤਾ ਹਰਾਮਖੋਰੁ॥)**

ਪ੍ਰਮਾਤਮਾ ਨੂੰ ਸਾਡਾ ਇੱਕੋ ਇੱਕ ਰੂਪ ਜੋ ਚੰਗਾ ਲੱਗਦਾ ਹੈ ਉਹ ਸਾਡੇ ਅੰਦਰ ਉਸ ਦੀ ਸੱਚੀ ਗੁਰਮਤਿ ਵੱਸਣ ਦਾ ਰੂਪ ਹੈ ਜਿਸ ਦੁਆਰਾ ਅਸੀਂ ਹਰਾਮਖੋਰੀ ਵਿੱਚੋਂ ਨਿਕਲਦੇ ਹਾਂ। ਜੋ ਗੁਰਮਤਿ ਦਾ ਦੋਖੀ ਹੈ ਉਹ "ਦੁਸਟੁ" ਹੈ, "ਚੋਰੁ" ਹੈ। ਗੁਰਮਤਿ ਰੂਪ, ਸੱਚ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਗੁਰਮਤਿ ਤੋਂ ਮੁਹ ਫੇਰਨ ਵਾਲਾ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਦੁਸ਼ਟ ਹੈ, ਚੋਰ ਹੈ। ਪ੍ਰਮਾਤਮਾ ਆਪ "ਨਾਮੁ" ਦੇ ਰੂਪ ਵਿੱਚ ਹੈ ਜੋ ਕਿ ਉਸਦਾ "ਸਚੁ" ਰੂਪ ਹੈ, ਗੁਰਮਤਿ ਰੂਪ ਹੈ। ਜੋ ਨਾਮ ਦਾ ਚੋਰ ਹੈ ਉਹ ਪ੍ਰਮਾਤਮਾ ਦਾ ਚੋਰ ਹੈ ਭਾਵੇਂ ਉਹ ਆਪਣੇ ਅੰਦਰੋਂ ਗੁਰਮਤਿ ਨੂੰ ਕਿਸੇ ਰੂਪ ਵਿੱਚ ਵੀ ਚੁਰਾਉਂਦਾ ਹੈ। ਸਾਡੇ ਭਗਤੀ ਦੇ ਦਿਖਾਵੇ ਸਾਨੂੰ ਗੁਰਮਤਿ ਦਾ

26/2876

ਚੋਰ ਹੀ ਬਣਾਉਂਦੇ ਹਨ ਭਾਵ ਗੁਰਮਤਿ ਤੋਂ ਉਲਟ ਹੀ ਚਲਾਉਂਦੇ ਹਨ ਜਿਸ ਦੁਆਰਾ ਉਹ ਸਾਨੂੰ ਪ੍ਰਮਾਤਮਾ ਦੇ ਦਰਬਾਰ ਵਿੱਚ ਮਾੜੇ ਮੁੱਖ ਵਾਲਾ ਬਣਾਉਂਦੇ ਹਨ ਭਾਵ ਮਾੜੇ ਵੇਸ ਵਾਲਾ ਬਣਾਉਂਦੇ ਹਨ। **(ਮੈ ਕੀਤਾ ਨ ਜਾਤਾ ਹਰਾਮਖੋਰੁ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥)**

"ਨਾਨਕੁ ਨੀਚੁ ਕਹੈ ਬੀਚਾਰੁ॥

ਧਾਣਕ ਰੂਪਿ ਰਹਾ ਕਰਤਾਰ॥੪॥੨੯॥"

ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਸਾਡਾ ਧਾਣਕ ਰੂਪ ਨਹੀਂ ਬਦਲ ਸਕਦਾ ਭਾਵ ਤਦ ਤੱਕ ਅਸੀਂ ਗੁਰਮਤਿ ਦੇ ਉੱਤੇ ਨਹੀਂ ਟਿਕ ਸਕਦੇ ਤੇ ਸਾਡਾ ਮਨ ਗੁਰਮਤਿ ਦੇ ਵਿਚਾਰਾਂ ਤੋਂ ਦੌੜਦਾ ਹੀ ਰਹਿੰਦਾ ਹੈ, ਸ਼ਿਕਾਰੀਆਂ ਦੀ ਤਰ੍ਹਾਂ ਦੌੜਦਾ ਰਹਿੰਦਾ ਹੈ। ਉੱਚੇ ਮਾਣ ਦੀ ਪ੍ਰਾਪਤੀ ਕਰਨੀ ਵੀ ਸਾਡੇ ਮਨ ਦੀ ਭਾਵ ਮਨ ਦੇ ਵਿਚਾਰਾਂ ਦੀ ਦੌੜ ਹੀ ਹੈ, ਸਾਡੇ ਮਨ ਦੀ ਤ੍ਰਿਸ਼ਨਾ ਹੀ ਹੈ। ਇਹ ਭਗਤੀ ਦਾ ਮਾਰਗ ਆਪਣੇ ਆਪ ਨੂੰ ਨੀਵਾਂ ਕਰਨ ਦਾ ਮਾਰਗ ਹੈ। ਨੀਵਾਂ ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਹੀ ਕਰਨਾ ਹੈ। ਵਿਚਾਰ ਉਸ ਦੇ ਹੀ ਨੀਵੇਂ ਹੁੰਦੇ ਹਨ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਭਾਵ ਜਦੋਂ ਇਹ ਸਮਝ ਲੱਗ ਜਾਂਦੀ ਹੈ ਕਿ ਸਾਨੂੰ ਵਿਚਾਰ ਦੇਣ ਵਾਲਾ ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਜਿਸ ਰਾਹੀਂ ਸਾਡੇ ਅੰਦਰ ਸੋਝੀ ਉਪਜਦੀ ਹੈ। ਆਪਣੇ ਅੰਦਰੋਂ ਸੋਝੀ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖ ਦੀ ਉਸ ਪ੍ਰਮਾਤਮਾ ਅੱਗੇ ਔਕਾਤ ਕਿਤਨੀ ਨੀਵੀਂ ਹੈ। ਜੋ ਮਨੁੱਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਆਪਣੇ ਆਪ ਨੂੰ "ਨੀਚੁ" ਸਮਝਦਾ ਹੈ ਉਹ ਹੀ ਅਸਲ ਵਿੱਚ ਖਰਾ ਸਿਆਣਾ ਹੈ ਜੋ ਕਿ ਗੁਰੂ ਦੀ ਅਵੱਸਥਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਧੰਨ ਧੰਨ ਗੁਰੂ ਸਾਹਿਬ ਆਪਣੇ ਆਪ ਨੂੰ ਇਸੇ ਲਈ "ਨੀਚੁ" ਅਵੱਸਥਾ ਵਿੱਚ ਦੱਸ ਰਹੇ ਹਨ ਕਿਉਂਕਿ ਉਹ ਸਾਨੂੰ ਜੋ ਵਿਚਾਰ ਕਹਿ ਕੇ ਸੁਣਾ ਰਹੇ ਹਨ ਉਹ ਅਸਲ ਵਿੱਚ ਪ੍ਰਮਾਤਮਾ ਦੇ ਦਿੱਤੇ ਹੋਏ ਵਿਚਾਰ ਹਨ। ਪ੍ਰਮਾਤਮਾ ਦਾ ਇਹ ਰੂਪ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਕੋਈ ਆਪਣੇ ਆਪ ਨੂੰ ਨੀਵਾਂ ਕਹਿ ਸਕਦਾ ਹੈ ਭਾਵ ਹਉਮੈ ਤੋਂ ਮੁਕਤ ਕਹਿ ਸਕਦਾ ਹੈ। ਜਦ ਤੱਕ ਸਾਡੇ ਅੰਦਰੋਂ ਇਹ ਹਉਮੈ ਖ਼ਤਮ ਨਹੀਂ ਹੁੰਦੀ ਤਦ ਤੱਕ ਅਸੀਂ ਆਪਣੇ ਆਪ ਨੂੰ ਹੀ ਖਰੇ ਸਿਆਣੇ ਸਮਝਦੇ ਹਾਂ ਤੇ ਹਉਮੈ ਦੇ ਰੂਪ ਵਿੱਚ ਆਪਣਾ ਭਾਰ ਵਧਾਉਂਦੇ ਹਾਂ ਭਾਵ ਗੁਰਮਤਿ ਦੀ ਸੋਝੀ ਪਏ ਬਿਨ੍ਹਾਂ ਮਨਮਤਿ ਰਾਹੀਂ ਭਾਰੇ ਬਣਦੇ ਹਾਂ। ਜਿਸ ਨੂੰ ਆਪਣੇ ਅੰਦਰੋਂ ਨੀਚ ਹੋਣ ਦੀ ਸੋਝੀ ਪੈ ਜਾਂਦੀ ਹੈ ਉਸਨੂੰ ਹੀ ਪ੍ਰਮਾਤਮਾ ਦੇ ਕੋਲੋਂ ਸੱਚ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ। ਸੱਚੀ ਸੋਝੀ ਦਾ ਮਾਣ ਹੀ ਅਸਲ ਵਿੱਚ ਸੱਚਾ ਮਾਣ ਹੈ। ਪਹਿਲੇ ਪ੍ਰਮਾਤਮਾ ਜਿਸਨੂੰ ਆਪ ਇਹ ਸੱਚਾ ਮਾਣ ਬਖਸ਼ਦਾ ਹੈ ਉਹੀ ਪ੍ਰਮਾਤਮਾ ਦੇ ਸੱਚ ਨੂੰ ਉੱਚਾ ਕਰਦਾ ਹੈ ਤੇ ਸੱਚਾ ਮਾਣ ਲੈਂਦਾ ਹੈ ਤੇ ਇਸ ਸੱਚੇ ਮਾਣ ਤੋਂ ਬਿਨ੍ਹਾਂ ਝੂਠਾ ਮਾਣ ਲੈਣਾ, ਹਰਾਮ ਦਾ ਮਾਣ ਹੈ, ਝੂਠੀ ਮਨਮਤਿ ਦਾ ਮਾਣ ਹੈ, ਝੂਠੀ ਭਗਤੀ ਦਾ ਮਾਣ ਹੈ। **(ਫਾਹੀ ਸੁਰਤਿ**

ਮਲੂਕੀ ਵੇਸੁ॥ ਹਉ ਠਗਵਾੜਾ ਠਗੀ ਦੇਸੁ॥ ਖਰਾ ਸਿਆਣਾ ਬਹੁਤਾ ਭਾਰੁ॥ ਧਾਣਕ ਰੂਪਿ ਰਹਾ ਕਰਤਾਰ॥੩॥ ਮੈ ਕੀਤਾ ਨ ਜਾਤਾ ਹਰਾਮਖੋਰੁ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥ ਨਾਨਕੁ ਨੀਚੁ ਕਹੈ ਬੀਚਾਰੁ॥ ਧਾਣਕ ਰੂਪਿ ਰਹਾ ਕਰਤਾਰ॥੪॥੨੯॥)

26/2877

ਹਰਾਮਖੋਰ ਵਾਲੀ ਅਵੱਸਥਾ ਨੂੰ ਸਮਝਣਾ ਸਾਡੇ ਲਈ ਬਹੁਤ ਜਰੂਰੀ ਹੈ। ਹਰਾਮਖੋਰ ਸਾਡੇ ਮਨ ਦੀ ਝੂਠੀ ਬਿਰਤੀ ਹੈ, ਅਗਿਆਨਤਾ ਵਾਲੀ ਬਿਰਤੀ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖਦੀ ਹੈ, ਸੱਚੀ ਭਗਤੀ ਨੂੰ ਸਮਝਣ ਤੋਂ ਦੂਰ ਰੱਖਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਅਸੀਂ ਭਰਮ ਰੂਪ ਪੜਦੇ ਵਿੱਚ ਰਹਿੰਦੇ ਹਾਂ ਤੇ ਭਰਮ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਉਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੁੰਦਾ ਬਲਕਿ ਝੂਠ ਹੁੰਦਾ ਹੈ, ਕੂੜ ਹੁੰਦਾ ਹੈ। ਜਿੱਥੇ ਝੂਠ ਹੈ, ਕੂੜ ਹੈ ਉਹ ਸਾਡਾ ਔਗੁਣ ਹੈ ਭਾਵੇਂ ਉਹ ਕਿਸ ਰੂਪ ਵਿੱਚ ਵੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਇਸ ਹਰਾਮਖੋਰ ਵਾਲੀ ਅਵੱਸਥਾ ਵਿੱਚ ਹੀ ਹੈ। ਜਿਸ ਨੂੰ ਪ੍ਰਮਾਤਮਾ ਇਸ ਅਵੱਸਥਾ ਵਿੱਚੋਂ ਕੱਢਦਾ ਹੈ ਉਸ ਦੇ ਅੰਦਰ ਆਪ ਹੀ ਪ੍ਰਗਟ ਹੋ ਕੇ ਕੱਢਦਾ ਹੈ ਜੋ ਕਿ ਕੇਵਲ ਉਸ ਦੀ ਆਪਣੀ ਪ੍ਰਸੰਨਤਾ ਹੈ, ਕੇਵਲ ਆਪਣੀ ਕਿਰਪਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਜਾਣਿਆ ਜਾ ਸਕਦਾ ਹੈ ਕਿ ਉਸ ਪ੍ਰਮਾਤਮਾ ਨੇ ਗੁਰੂ ਸਾਹਿਬ ਨੂੰ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਇਸ ਅਵੱਸਥਾ ਵਿੱਚੋਂ ਕੱਢਿਆ ਹੋਇਆ ਹੈ।

ਭੈਰਉ ਮਹਲਾ ੫॥

“ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ॥ ਹਮ ਅਪਰਾਧੀ ਤੁਮ੍ ਬਖਸਾਤੇ॥
ਜਿਸੁ ਪਾਪੀ ਕਉ ਮਿਲੈ ਨ ਢੋਈ॥ ਸਰਣਿ ਆਵੈ ਤਾਂ ਨਿਰਮਲੁ ਹੋਈ॥੧॥
ਸੁਖੁ ਪਾਇਆ ਸਤਿਗੁਰੂ ਮਨਾਇ॥ ਸਭ ਫਲ ਪਾਏ ਗੁਰੂ ਧਿਆਇ॥੧॥ਰਹਾਉ॥
ਪਾਰਬ੍ਰਹਮ ਸਤਿਗੁਰ ਆਦੇਸੁ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ॥
ਚੂਕਾ ਪੜਦਾ ਤਾਂ ਨਦਰੀ ਆਇਆ॥ ਖਸਮੁ ਤੂਹੈ ਸਭਨਾ ਕੇ ਰਾਇਆ॥੮੨॥
ਤਿਸੁ ਭਾਣਾ ਸੂਕੇ ਕਾਸਟ ਹਰਿਆ॥ ਤਿਸੁ ਭਾਣਾ ਤਾਂ ਥਲ ਸਿਰਿ ਸਰਿਆ॥
ਤਿਸੁ ਭਾਣਾ ਤਾਂ ਸਭਿ ਫਲ ਪਾਏ॥ ਚਿੰਤ ਗਈ ਲਗਿ ਸਤਿਗੁਰ ਪਾਏ॥੩॥
ਹਰਾਮਖੋਰ ਨਿਰਗੁਣ ਕਉ ਤੂਠਾ॥ ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ॥
ਪਾਰਬ੍ਰਹਮ ਗੁਰ ਭਏ ਦਇਆਲਾ॥ ਨਾਨਕ ਦਾਸ ਦੇਖਿ ਭਏ ਨਿਹਾਲਾ॥੪॥੧੦॥੨੩॥”

(ਅੰਗ ੧੧੪੧)

ਸ਼ਬਦ ਦੇ ਪਹਿਲੇ ਪਦੇ ਰਾਹੀਂ ਹੀ ਸਾਨੂੰ ਸਭ ਨੂੰ ਪ੍ਰਮਾਤਮਾ ਦਾ ਅਪਰਾਧੀ ਤੇ ਪਾਪੀ ਕਹਿ ਕੇ ਸਮਝਾਇਆ ਹੋਇਆ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਅਪਵਿੱਤਰਤਾ ਹੈ ਤੇ ਮਨ ਦੀ ਇਹ ਅਵੱਸਥਾ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣ ਨਾਲ ਨਿਰਮਲ ਹੁੰਦੀ ਹੈ, ਪਵਿੱਤਰ ਹੁੰਦੀ ਹੈ। ਸਾਡਾ ਮਨ ਮਨਮਤਿ ਕਰਕੇ ਅਪਵਿੱਤਰ ਹੈ, ਭਰਮ ਕਰਕੇ ਅਪਵਿੱਤਰ ਹੈ ਤੇ ਸਾਡੀ ਮਤਿ ਨੂੰ ਪਵਿੱਤਰ ਗੁਰੂ ਦਾ ਸੱਚਾ ਗਿਆਨ ਹੀ ਕਰਦਾ ਹੈ। ਗੁਰੂ ਪ੍ਰਮਾਤਮਾ ਆਪ ਨਿਰਵੈਰ ਹੈ ਕਿਉਂਕਿ ਉਸ ਦੀ ਮਤਿ ਪਵਿੱਤਰ ਹੈ। ਅਸੀਂ ਮਨ ਦੀ ਅਪਵਿੱਤਰਤਾ ਕਰਕੇ ਗੁਰਮਤਿ ਦੇ ਅਪਰਾਧੀ ਹਾਂ, ਪਾਪੀ ਹਾਂ ਭਾਵ ਗੁਰਮਤਿ ਦੇ ਨਾਲ ਵੈਰ ਕਮਾਉਂਦੇ ਹਾਂ, ਗੁਰੂ ਪ੍ਰਮਾਤਮਾ ਦੇ ਨਾਲ ਪਾਪੀ, ਅਪਰਾਧੀ ਬਣ ਕੇ ਵੈਰ ਕਮਾਉਂਦੇ ਹਾਂ। **(ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ॥ ਹਮ ਅਪਰਾਧੀ ਤੁਮ੍ ਬਖਸਾਤੇ॥ ਜਿਸੁ ਪਾਪੀ ਕਉ ਮਿਲੈ ਨ ਢੋਈ॥ ਸਰਣਿ ਆਵੈ ਤਾਂ ਨਿਰਮਲੁ ਹੋਈ॥੧॥)**

26/2878

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥}

(ਅੰਗ ੪੭੨)

{ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥੧॥}

(ਅੰਗ ੪੭੨)

ਜਦ ਤੱਕ ਸਾਡੇ ਮਨ ਦੀ ਬਿਰਤੀ ਮਾੜੀ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਦੇ ਪਾਪੀ, ਅਪਰਾਧੀ ਬਣਦੇ ਹਾਂ ਉਸ ਦਾ ਕਾਰਨ

ਸਾਡੇ ਅੰਦਰ ਦਾ ਭਰਮ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ। ''ਸੁਖ'' ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਮਨ ਦੀ ਇਸ ਮਾੜੀ ਬਿਰਤੀ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ ਜੋ ਕਿ ਗੁਰੂ ਨੂੰ ਮਨਾਉਣ ਦੁਆਰਾ ਹੁੰਦੀ ਹੈ। ਸਾਡੇ ਮਨ ਦੀ ਬਿਰਤੀ ਵਿੱਚ ਤੇ ਗੁਰੂ ਦੀ ਬਿਰਤੀ ਵਿੱਚ ਵਿਚਾਰਾਂ ਦਾ ਹੀ ਫਰਕ ਹੈ। ਜਦੋਂ ਸਾਡਾ ਮਨ ਗੁਰੂ ਦੇ ਵਿਚਾਰਾਂ ਨਾਲ ਮੰਨ ਜਾਂਦਾ ਹੈ ਤਾਂ ਹੀ ਅਸੀਂ ਮਾੜੀ ਬਿਰਤੀ ਵਿੱਚੋਂ ਨਿਕਲਦੇ ਹਾਂ। ਸਾਡੇ ਅੰਦਰ ਗੁਰਮਤਿ ਦਾ ਵੱਸਣਾ ਸਾਡੇ ਧਿਆਨ ਵਿੱਚ ਗੁਰੂ ਦਾ ਵੱਸਣਾ ਹੈ ਜਿਸ ਦੁਆਰਾ ਸਾਨੂੰ ਸਾਰੇ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਸਭ ਫਲ ਪ੍ਰਮਾਤਮਾ ਦੇ ਮੇਲ ਵਿੱਚ ਹੀ ਹਨ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਸੁਖੁ ਪਾਇਆ ਸਤਿਗੁਰੂ ਮਨਾਇ॥ ਸਭ ਫਲ ਪਾਏ ਗੁਰੂ ਧਿਆਇ॥੧॥ਰਹਾਉ॥)**

ਗੁਰੂ, ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ। ਪ੍ਰਮਾਤਮਾ ਆਪ ਹੀ ''ਸਤਿਗੁਰ'' ਰੂਪ ਹੈ। ਪ੍ਰਮਾਤਮਾ ਸਤਿਗੁਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਅਸੀਂ ਪ੍ਰਮਾਤਮਾ ਨੂੰ, ਗੁਰੂ ਨੂੰ ਕਿਵੇਂ ਮਨਾਉਣਾ ਹੈ, ਉਸ ਨੂੰ ਆਪਣੇ ਅੰਦਰ ਕਿਵੇਂ ਧਿਆਉਣਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

''ਪਾਰਬ੍ਰਹਮ ਸਤਿਗੁਰ ਆਦੇਸੁ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ॥

ਚੂਕਾ ਪੜਦਾ ਤਾਂ ਨਦਰੀ ਆਇਆ॥ ਖਸਮੁ ਤੂਹੈ ਸਭਨਾ ਕੇ ਰਾਇਆ॥੨॥''

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਹੀ ਸਾਨੂੰ ਪ੍ਰਮਾਤਮਾ ਦਾ ਅਸਲ ਰੂਪ ਸਮਝਾਇਆ ਹੈ ਤੇ ਪ੍ਰਮਾਤਮਾ ਨੂੰ ਹੀ ਸਤਿਗੁਰ ਕਿਹਾ ਹੈ ਜਿਸ ਵਿੱਚ ਮਨੁੱਖ ਦੀ ਆਪਣੀ ਕੋਈ ਸਮਰੱਥਾ ਨਹੀਂ ਹੈ। ਗੁਰੂ ਰੂਪ ਵਿੱਚ ਸਾਨੂੰ ਗੁਰੂ ਆਪਣਾ ''ਆਦੇਸੁ'' ਹੀ ਸੁਣਾਉਂਦਾ ਹੈ ਭਾਵ ਆਪਣਾ ਹੁਕਮ ਹੀ ਸੁਣਾਉਂਦਾ ਹੈ। ਪੂਰੀ

ਗੁਰਬਾਣੀ ਰਾਹੀਂ ਗੁਰੂ ਨੇ ਆਪਣਾ ''ਆਦੇਸੁ'' ਹੀ ਸੁਣਾਇਆ ਹੋਇਆ ਹੈ, ਆਪਣੇ ਹਰ ਸ਼ਬਦ ਰਾਹੀਂ ਸਾਨੂੰ ਹੁਕਮ ਸੁਣਾਇਆ ਹੋਇਆ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਆਪਣਾ ਹੁਕਮ ਸੁਣਾਇਆ ਹੋਇਆ ਹੈ। ਪ੍ਰਮਾਤਮਾ ਆਪਣੇ ਇਸ ''ਆਦੇਸੁ'' ਦੇ ਰੂਪ ਵਿੱਚ, ਹੁਕਮ ਦੇ ਰੂਪ ਵਿੱਚ, ਸੱਚੀ ਸੋਝੀ ਦੇ ਰੂਪ ਵਿੱਚ ਆਪ ''ਸਤਿਗੁਰ'' ਹੈ। ਗੁਰੂ ਦਾ ਹੁਕਮ ਨਿਰਗੁਣ ਰੂਪ ਵਿੱਚ ਹੈ, ਸੱਚ ਦੇ ਰੂਪ ਵਿੱਚ ਹੈ, ਸੱਚੀ ਸੋਝੀ ਦੇ ਰੂਪ ਵਿੱਚ ਹੈ ਤੇ ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਗੁਰਬਾਣੀ ਰਾਹੀਂ ਆਪ ਗੁਰੂ ਹੈ, ਸਤਿਗੁਰ ਹੈ। **(ਪਾਰਬ੍ਰਹਮ ਸਤਿਗੁਰ ਆਦੇਸੁ॥)**

{ਪੋਥੀ ਪਰਮੇਸਰ ਕਾ ਥਾਨੁ॥

ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

{ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥

ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥੧॥੨੦॥}

(ਅੰਗ ੧੨੦੯)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥

ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥}

(ਅੰਗ ੧੨੦)

ਸ਼ਬਦ ਦੀ ਸੋਝੀ ਦੁਆਰਾ ਗੁਰੂ ਸਾਨੂੰ ਜੋ ਕੁੱਝ ਵੀ ਸਮਝਾਉਂਦਾ ਹੈ ਉਹ ਸੱਚ ਹੈ ਤੇ ਪ੍ਰਮਾਤਮਾ ਇਸ ਸੱਚ ਦੇ ਰੂਪ ਵਿੱਚ ਹੀ ਵਿਚਰਦਾ ਹੈ। ਪ੍ਰਮਾਤਮਾ ਸਭ ਜਗ੍ਹਾਂ ਸੱਚੀ ਸੋਝੀ ਦੇ ਰੂਪ ਵਿੱਚ ਹੀ ਹੈ, ਸਭ ਦੇ ਅੰਦਰ, ਹਰ ਵਸਤੂ ਦੇ ਅੰਦਰ ਸੋਝੀ ਪਾਉਣ

ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਰੂਪ ਵਿੱਚ ਉਹ ਹਰ ਵਸਤੂ ਦੇ ਅੰਦਰ ਵਿਚਰ ਰਿਹਾ ਹੈ ਤੇ ਉਸਦਾ ਇਹ ਰੂਪ ਦਿੱਸਣ ਵਾਲਾ ਰੂਪ ਨਹੀਂ ਹੈ। ਸ਼ਬਦ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਵਿੱਚ ਜੋ ਸਾਨੂੰ ਸੱਚ ਰੂਪ ਸੋਝੀ ਪਾਈ ਹੈ ਅਸੀਂ ਹਰ ਵੇਲੇ, "ਅਨਦਿਨੁ" ਸੱਚ ਨੂੰ ਹੀ ਸਲਾਹੁਣਾ ਹੈ ਭਾਵ ਗੁਰੂ ਦੇ ਦੱਸੇ ਹੋਏ ਸੱਚ ਨੂੰ ਹੀ ਉੱਚਾ ਕਰਨਾ ਹੈ ਤੇ ਪ੍ਰਮਾਤਮਾ ਦੀ ਕੀਮਤ ਪਾਉਣ ਦਾ ਤਰੀਕਾ ਕੇਵਲ ਸੱਚ ਦੁਆਰਾ ਚੱਲਣ ਦਾ ਹੈ, ਸ਼ਬਦ ਦੀ ਮਤਿ ਦੁਆਰਾ ਚੱਲਣ ਦਾ ਹੈ, ਗੁਰੂ ਦੇ ਆਦੇਸ਼ ਅਨੁਸਾਰ ਚੱਲਣ ਦਾ ਹੈ, ਅੱਠੇ ਪਹਿਰ ਉਸ ਦੇ ਹੁਕਮ ਵਿੱਚ ਚੱਲਣ ਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸੱਚ ਹੀ ਨਾਮ ਹੈ ਜੋ ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਹੈ ਤੇ ਅਸੀਂ ਪ੍ਰਮਾਤਮਾ ਦੇ ਇਸ ਹੁਕਮ ਨੂੰ ਹੀ ਸਲਾਹੁਣਾ ਹੈ ਭਾਵ ਉਸਦੇ ਹੁਕਮ ਨੂੰ ਮੰਨਣਾ ਹੈ। ਪ੍ਰਮਾਤਮਾ ਦੇ ਇਸ ਹੁਕਮ ਨੂੰ ਤਾਂ ਹੀ ਮੰਨਿਆ ਜਾ ਸਕਦਾ ਹੈ ਜੇਕਰ ਆਪਣਾ ਮਨ, ਤਨ ਗੁਰੂ ਨੂੰ ਸੌਂਪ ਦੇਈਏ ਭਾਵ ਆਪਣੀ ਮਨਮਤਿ ਤਿਆਗ ਦੇਈਏ। ਸਤਿਗੁਰ ਨੂੰ ਮਨਾਉਣ ਲਈ, ਉਸ ਨੂੰ ਆਪਣੇ ਅੰਦਰ ਧਿਆਉਣ ਲਈ

26/2880

ਉਸਦੇ "ਆਦੇਸੁ" ਨੂੰ ਹੀ ਆਪਣੇ ਅੰਦਰ ਧਿਆਉਣਾ ਹੈ ਜਿਸ ਦੁਆਰਾ ਆਪਣੀ ਮਤਿ ਗੁਰੂ ਨੂੰ ਸੌਂਪੀ ਜਾ ਸਕਦੀ ਹੈ। ਆਪਣਾ ਮਨ ਗੁਰੂ ਨੂੰ ਸੌਂਪਣ ਨਾਲ, ਤਨ ਨਾਲ ਹੀ ਗੁਰੂ ਨੂੰ ਸੌਂਪਿਆ ਜਾਂਦਾ ਹੈ ਕਿਉਂਕਿ ਤਨ ਉਹੀ ਕੁੱਝ ਕਰਦਾ ਹੈ ਜੋ ਮਨ ਉਸ ਨੂੰ ਸਮਝਾਉਂਦਾ ਹੈ। ਮਨ ਗੁਰੂ ਨੂੰ ਸੌਂਪਣ ਨਾਲ ਫਿਰ ਤਨ ਮਾੜੇ ਕਰਮ ਨਹੀਂ ਕਰਦਾ ਭਾਵ ਸਾਡਾ ਤਨ, ਸਰੀਰ ਚੰਗੇ ਕਰਮ ਹੀ ਕਰਦਾ ਹੈ ਤੇ ਇਹੀ ਤਨ ਦਾ ਗੁਰੂ ਨੂੰ ਸੌਂਪਣਾ ਹੈ। ਮਨ ਦੇ ਵਿੱਚ ਆਪਣਾ "ਆਦੇਸੁ" ਆਪਣੀ ਕਿਰਪਾ ਦੁਆਰਾ ਪ੍ਰਮਾਤਮਾ ਆਪ ਹੀ ਵਸਾਉਂਦਾ ਹੈ ਜਿਸ ਰੂਪ ਵਿੱਚ ਉਹ ਆਪ ਹੀ ਮਨ ਵਿੱਚ ਪ੍ਰਗਟ ਹੁੰਦਾ ਹੈ ਤੇ ਮਨ ਦੇ ਵਿੱਚ ਇਹ ਸਮਝ ਲੱਗਦੀ ਹੈ ਕਿ ਸਭ ਜਗ੍ਹਾਂ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਸਭ ਜਗ੍ਹਾਂ ਪ੍ਰਮਾਤਮਾ ਦਾ ਆਪਣਾ ਹੀ "ਦੇਸੁ" ਹੈ ਤੇ ਮਨੁੱਖਾ ਸਰੀਰ ਵੀ ਪ੍ਰਮਾਤਮਾ ਦਾ ਆਪਣਾ ਦੇਸ ਹੈ ਜਿਸ ਦੇ ਵਿੱਚ ਉਹ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਮਨ ਦੀ ਸੋਝੀ ਦੇ ਰਾਹੀਂ ਜਿਸ ਨੂੰ ਪ੍ਰਮਾਤਮਾ ਆਪਣੇ ਵਿੱਚ ਮਿਲਾ ਲੈਂਦਾ ਹੈ ਉਸਨੂੰ ਇਹ ਸਮਝ ਪੈ ਜਾਂਦੀ ਹੈ ਕਿ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੀ ਉਸ ਅਵੱਸਥਾ ਦੁਆਰਾ ਮਨੁੱਖ ਪ੍ਰਮਾਤਮਾ ਦੇ ਦੇਸ ਵਾਲਾ ਬਣ ਜਾਂਦਾ ਹੈ। ਪ੍ਰਮਾਤਮਾ ਦਾ ਆਪਣਾ ਦੇਸ ਬ੍ਰਹਮ ਗਿਆਨ ਦਾ ਦੇਸ ਹੈ ਜਿਸ ਰੂਪ ਵਿੱਚ ਉਹ ਹਰ ਵਸਤੂ ਵਿੱਚ ਵੱਸਿਆ ਹੋਇਆ ਹੈ ਤੇ ਹਰ ਵਸਤੂ ਉਸ ਦਾ ਆਪਣਾ ਦੇਸ ਹੈ। ਹਰ ਵਸਤੂ ਨੂੰ ਉਸਨੇ ਆਪਣੇ ਬ੍ਰਹਮ ਗਿਆਨ ਦੁਆਰਾ ਬਣਾਇਆ ਹੈ ਤੇ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਉਹ ਹਰ ਵਸਤੂ ਨੂੰ ਚਲਾ ਰਿਹਾ ਹੈ। ਹਰ ਵਸਤੂ ਵਿੱਚ ਪ੍ਰਮਾਤਮਾ ਦੀ ਪਾਈ ਹੋਈ ਸੋਝੀ ਵਰਤਦੀ ਹੈ ਤੇ ਇਸੇ ਰੂਪ ਵਿੱਚ ਉਸਦਾ "ਆਦੇਸੁ", ਉਸਦਾ ਹੁਕਮ ਹਰ ਜਗ੍ਹਾਂ ਵਰਤ ਰਿਹਾ ਹੈ। ਜਿਸ ਰੂਪ ਵਿੱਚ ਉਸਦਾ ਹੁਕਮ ਮਨੁੱਖ ਦੇ ਅੰਦਰ ਵਰਤ ਰਿਹਾ ਹੈ ਉਸੇ ਰੂਪ ਵਿੱਚ ਉਸਦਾ ਹੁਕਮ ਹਰ ਵਸਤੂ ਵਿੱਚ ਵਰਤ ਰਿਹਾ ਹੈ। **(ਪਾਰਬ੍ਰਹਮ ਸਤਿਗੁਰ ਆਦੇਸੁ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ॥)**

ਪ੍ਰਮਾਤਮਾ ਦਾ ਹੁਕਮ ਸਾਡੇ ਸਭ ਦੇ ਅੰਦਰ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਵਰਤ ਰਿਹਾ ਹੈ ਪਰ ਅਸੀਂ ਆਪਣੇ ਆਪ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਨਹੀਂ ਸਕਦੇ ਜਿਸ ਦਾ ਕਾਰਨ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਪੜਦਾ ਹੈ, ਹਉਮੈ ਰੂਪ ਪੜਦਾ ਹੈ, ਭਰਮ ਰੂਪ ਪੜਦਾ ਹੈ ਜੋ ਕਿ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ ਹੈ। ਇਸ ਪੜਦੇ ਵਿੱਚੋਂ ਪ੍ਰਮਾਤਮਾ ਸਾਨੂੰ ਆਪ ਹੀ ਕੱਢ ਸਕਦਾ ਹੈ ਜਿਸ ਦੁਆਰਾ ਉਸ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਿਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਚੂਕਾ ਪੜਦਾ ਤਾਂ ਨਦਰੀ ਆਇਆ॥ ਖਸਮੁ ਤੂਹੈ ਸਭਨਾ ਕੇ ਰਾਇਆ॥੨॥"

26/2881

ਪ੍ਰਮਾਤਮਾ ਸਾਡੇ ਅੰਦਰ "ਆਦੇਸੁ" ਦੇ ਰੂਪ ਵਿੱਚ ਭਾਵ ਆਪਣੇ ਹੁਕਮ ਦੇ ਰੂਪ ਵਿੱਚ ਹੀ ਵਰਤਦਾ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਪ੍ਰਮਾਤਮਾ "ਸਬਦੁ" ਰੂਪ ਵਿੱਚ ਵਿਚਰਦਾ ਹੈ ਤੇ ਸਭ ਜਗ੍ਹਾਂ ਉਹ ਆਪਣੇ "ਸਬਦੁ" ਰੂਪ ਵਿੱਚ ਹੀ ਵਿਚਰ ਰਿਹਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਸਬਦੁ ਰੂਪ ਵਿੱਚ ਹੀ ਗੁਰੂ ਹੈ। ਸ਼ਬਦ ਰਾਹੀਂ ਸਾਨੂੰ ਵਿਚਾਰ ਹੀ ਮਿਲਦੇ ਹਨ ਜਿਵੇਂ ਕਿ ਗੁਰਬਾਣੀ ਰਾਹੀਂ ਸਾਨੂੰ ਵਿਚਾਰ ਦਿੱਤੇ ਹੋਏ ਹਨ। ਸ਼ਬਦ ਦੇ ਵਿਚਾਰਾਂ ਰਾਹੀਂ ਸਾਨੂੰ ਸੋਝੀ ਹੀ ਪੈਂਦੀ ਹੈ ਤੇ ਪ੍ਰਮਾਤਮਾ ਦਾ ਹੁਕਮ ਸਾਡੇ ਲਈ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਵਿਚਾਰਾਂ ਦੁਆਰਾ ਪਾਈ ਹੋਈ ਸੋਝੀ ਦੇ ਰੂਪ ਵਿੱਚ ਹੈ, ਗਿਆਨ

ਦੇ ਰੂਪ ਵਿੱਚ ਹੈ ਤੇ ਪ੍ਰਮਾਤਮਾ ਸਭ ਜਗ੍ਹਾਂ ਆਪਣੇ ਇਸ ਗਿਆਨ ਦੇ ਰੂਪ ਵਿੱਚ ਹੀ ਵਿਚਰਦਾ ਹੈ। ਪ੍ਰਮਾਤਮਾ ਦਾ ਦਿੱਤਾ ਹੋਇਆ ਗਿਆਨ ਉਸ ਦਾ ਹੁਕਮ ਹੈ ਜਿਸ ਦੁਆਰਾ ਹਰ ਕੋਈ ਵਿਚਰਦਾ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਹੀ ਹੈ, ਮਨ ਦੀਆਂ ਸੋਚਾਂ ਦੇ ਰੂਪ ਵਿੱਚ ਹੀ ਹੈ। ਮਨ ਦੀਆਂ ਇਹ ਸੋਚਾਂ ਸਾਡੇ ਵੱਸ ਨਹੀਂ ਹਨ, ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ, ਇਹ ਅਸਲ ਵਿੱਚ ਸਾਡੇ ਅੰਦਰ ਪ੍ਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਹੀ ਹਨ ਕਿਉਂਕਿ ਅਸੀਂ ਜੋ ਕੁੱਝ ਵੀ ਕਰਮ ਕਰਦੇ ਹਾਂ ਮਨ ਦੇ ਵਿਚਾਰ ਹੀ ਸਮਝਾਉਂਦੇ ਹਨ। ਅਸੀਂ ਜੋ ਵੀ ਕਰਮ ਕਰਦੇ ਹਾਂ ਮਨ ਦੇ ਵਿਚਾਰਾਂ ਰਾਹੀਂ ਹੀ ਕਰਦੇ ਹਾਂ ਜਿਸ ਤੇ ਸਾਡਾ ਕੋਈ ਜ਼ੋਰ ਨਹੀਂ ਹੈ ਤੇ ਇਸੇ ਲਈ ਅਸੀਂ ਉਹੀ ਕੁੱਝ ਕਰਦੇ ਹਾਂ ਜੋ ਪ੍ਰਮਾਤਮਾ ਸਾਡੇ ਕੋਲੋਂ ਕਰਵਾਉਂਦਾ ਹੈ ਭਾਵ ਅਸੀਂ ਉਸਦੇ ਹੁਕਮ ਦੇ ਬੱਝੇ ਹੋਏ ਹਾਂ। ਸਾਡੇ ਜੀਵਨ ਦਾ ਮਨੋਰਥ ਪ੍ਰਮਾਤਮਾ ਦੇ ਇਸ ਹੁਕਮ ਨੂੰ ਬੁੱਝਣ ਦਾ ਹੀ ਹੈ ਕਿਉਂਕਿ ਇਸ ਹੁਕਮ ਨੂੰ ਬੁੱਝੇ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜਦਕਿ ਹਕੀਕਤ ਇਹ ਨਹੀਂ ਹੈ, ਅਸੀਂ ਸਭ ਪ੍ਰਮਾਤਮਾ ਦਾ ਹੀ ਰੂਪ ਹਾਂ। ਪ੍ਰਮਾਤਮਾ ਨੇ ਆਪ ਹੀ ਸਾਡੇ ਅੰਦਰ ਹਉਮੈ ਰੂਪ ਪੜਦਾ ਪਾਇਆ ਹੋਇਆ ਹੈ ਤੇ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਸਭ ਨੂੰ ਉਸਨੇ "ਮੈਂ" ਵਿੱਚ ਹੀ ਰੱਖਿਆ ਹੋਇਆ ਹੈ, "ਤੂੰ" ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਮਨ ਦੇ ਵਿੱਚ ਇਹ ਭਰਮ ਰੂਪ ਪੜਦਾ ਹੈ ਤੇ ਪੜਦੇ ਦੇ ਇੱਕ ਪਾਸੇ "ਮੈਂ" ਹੈ ਤੇ ਦੂਜੇ ਪਾਸੇ "ਤੂੰ" ਹੈ। ਜਦੋਂ ਪ੍ਰਮਾਤਮਾ ਮਨ ਦੇ ਵਿੱਚੋਂ ਇਹ ਪੜਦਾ ਹਟਾ ਦਿੰਦਾ ਹੈ ਤਾਂ ਹੀ ਆਪਣੇ ਅੰਦਰੋਂ ਪ੍ਰਮਾਤਮਾ ਦਾ ਰੂਪ ਨਜ਼ਰ ਆਉਂਦਾ ਹੈ ਕਿ ਉਹ ਸਾਡੇ ਅੰਦਰ ਆਪਣਾ ਹੁਕਮ ਕਿਸ ਰੂਪ ਵਿੱਚ ਚਲਾ ਰਿਹਾ ਹੈ ਭਾਵ ਸਾਡੇ ਅੰਦਰ ਵਿਚਾਰ ਪਾਉਣ ਵਾਲਾ ਪ੍ਰਮਾਤਮਾ ਆਪ ਹੈ। ਸਾਡਾ "ਖਸਮੁ" ਸਾਡੇ ਅੰਦਰ ਹੀ ਹੈ ਜੋ ਸਭ ਦਾ ਮਾਲਕ ਹੈ ਤੇ ਆਪਣੇ ਇਸ ਨਿਰਗੁਣ ਰੂਪ ਖਸਮ ਨੂੰ ਮਿਲੇ ਬਿਨ੍ਹਾਂ ਕੋਈ ਉਸ ਦੀ ਸੁਹਾਗਣ ਨਹੀਂ ਬਣ ਸਕਦੀ। ਉਹ ਸੱਚੇ ਗਿਆਨ ਦੇ ਰੂਪ ਵਿੱਚ ਸਾਡਾ ਖਸਮ ਹੈ ਤੇ ਜਿਸ ਨੂੰ ਉਹ ਆਪਣੀ ਸੁਹਾਗਣ ਬਣਾਉਂਦਾ ਹੈ ਆਪਣਾ ਸੱਚਾ ਗਿਆਨ ਬਖਸ਼ ਕੇ ਹੀ

26/2882

ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੀ ਸੁਹਾਗਣ ਬਣਾਇਆ ਹੋਇਆ ਹੈ। ਪੂਰੀ ਗੁਰਬਾਣੀ ਦੇ ਵਿੱਚ ਜੋ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਉਹੀ ਅਸਲ ਵਿੱਚ ਸਾਡਾ ਸੁਹਾਗ ਹੈ ਜਿਸ ਦੇ ਨਾਲ ਮੇਲ ਕਰਕੇ ਅਸੀਂ ਪ੍ਰਮਾਤਮਾ ਦੀ ਸੁਹਾਗਣ ਬਣ ਸਕਦੇ ਹਾਂ। ਸਾਡਾ ਸੱਚਾ ਸੁਹਾਗ ਸਾਨੂੰ ਸੱਚੀ ਮਤਿ ਹੀ ਦਿੰਦਾ ਹੈ ਜੋ ਉਸਨੇ ਸਾਨੂੰ ਗੁਰਬਾਣੀ ਰਾਹੀਂ ਦਿੱਤੀ ਹੋਈ ਹੈ। ਇਸ ਸੱਚੀ ਮਤਿ ਦੀ ਪ੍ਰਾਪਤੀ ਬਿਨ੍ਹਾਂ ਹਰ ਕੋਈ ਪ੍ਰਮਾਤਮਾ ਦੀ ਦੁਹਾਗਣ ਹੀ ਹੈ। ਸਾਡੀ ਸੱਚੀ ਮਤਿ ਸੁਹਾਗਣ ਹੈ ਤੇ ਕੱਚੀ ਮਤਿ ਦੁਹਾਗਣ ਹੈ। ਅਸੀਂ ਭਗਤੀ ਦਾ ਮਾਰਗ ਕੱਚੀ ਮਤਿ ਵਾਲਿਆਂ ਕੋਲੋਂ ਸਿੱਖਿਆ ਹੋਇਆ ਹੈ ਭਾਵ ਦੁਹਾਗਣਾ ਕੋਲੋਂ ਸਿੱਖਿਆ ਹੋਇਆ ਹੈ ਜਿੰਨ੍ਹਾਂ ਨੇ ਖਸਮ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਭਾਵ ਜਿੰਨ੍ਹਾਂ ਦੇ ਵਿੱਚੋਂ ਪ੍ਰਮਾਤਮਾ ਨੇ ਭਰਮ ਰੂਪ ਪੜਦਾ ਨਹੀਂ ਕੱਢਿਆ। ਸਾਡਾ ਖਸਮ ਨਿਰਗੁਣ ਰੂਪ ਹੈ ਤੇ ਮਨ ਦੇ ਵਿੱਚ ਹੀ ਹੈ ਤੇ ਉਸ ਦੇ ਨਾਲ ਮਿਲਣ ਦਾ ਸਾਧਨ ਗੁਰਬਾਣੀ ਦੀ ਦਿੱਤੀ ਹੋਈ ਸੱਚੀ ਮਤਿ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਸੁਹਾਗ ਦੇ ਰੂਪ ਵਿੱਚ ਸਦਾ ਹੀ ਮੌਜੂਦ ਹੈ। ਪੂਰੀ ਗੁਰਬਾਣੀ "ਖਸਮੁ" ਦੀ ਬਾਣੀ ਹੈ। **(ਪਾਰਬ੍ਰਹਮ ਸਤਿਗੁਰ ਆਦੇਸੁ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ॥ ਚੂਕਾ ਪੜਦਾ ਤਾਂ ਨਦਰੀ ਆਇਆ॥ ਖਸਮੁ ਤੂਹੈ ਸਭਨਾ ਕੇ ਰਾਇਆ॥੨॥)**

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥}

(ਅੰਗ ੭੨੨)

ਪ੍ਰਮਾਤਮਾ ਨੂੰ ਕੋਈ ਆਪਣੇ ਆਪ ਜਾਣ ਲਵੇ, ਆਪਣੇ ਖਸਮ ਦੇ ਹੁਕਮ ਨੂੰ ਕੋਈ ਆਪ ਬੁੱਝ ਲਵੇ ਭਾਵ ਕਿਸੇ ਸਿਆਣਪ ਦੁਆਰਾ ਕੋਈ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਰਜ਼ਾ ਹੈ ਕਿ ਉਹ ਕਿਸੇ ਨੂੰ ਮਨ ਦਾ ਪੜਦਾ ਖੋਲ ਕੇ ਆਪਣੇ ਦਰਸ਼ਨ ਕਰਾਵੇ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਤਿਸੁ ਭਾਣਾ ਸੂਕੇ ਕਾਸਟ ਹਰਿਆ॥ ਤਿਸੁ ਭਾਣਾ ਤਾਂ ਥਲ ਸਿਰਿ ਸਰਿਆ॥

ਤਿਸੁ ਭਾਣਾ ਤਾਂ ਸਭਿ ਫਲ ਪਾਏ॥ ਚਿੰਤ ਗਈ ਲਗਿ ਸਤਿਗੁਰ ਪਾਏ॥੩॥"

ਪ੍ਰਮਾਤਮਾ ਨੂੰ ਪਾ ਲੈਣ ਤੋਂ ਬਾਅਦ ਹੀ ਭਾਵ ਮਨ ਦਾ ਪੜਦਾ ਦੂਰ ਹੋਣ ਤੋਂ ਬਾਅਦ ਹੀ ਇਹ ਸਮਝ ਲੱਗਦੀ ਹੈ ਕਿ ਪ੍ਰਮਾਤਮਾ

ਦੀ ਰਜ਼ਾ ਤੋਂ ਬਿਨ੍ਹਾਂ ਉਸਨੂੰ ਪਾਉਣਾ ਨਾਮੁਮਕਿਨ ਹੈ। ਸਾਡਾ ਮਨੁੱਖਾ ਜੀਵਨ ਇੱਕ ਸੁੱਕੀ ਲੱਕੜੀ ਦੀ ਤਰ੍ਹਾਂ ਹੈ ਜੋ ਉਸ ਦੀ ਰਜ਼ਾ ਤੋਂ ਬਿਨ੍ਹਾਂ ਹਰਾ ਨਹੀਂ ਹੋ ਸਕਦਾ। ਸਾਡੇ ਜੀਵਨ ਨੂੰ ਭਾਵ ਸੁੱਕੀ ਹੋਈ ਲੱਕੜ ਰੂਪ ਜੀਵਨ

26/2883

ਨੂੰ ਹਰਾ ਕਰਨ ਲਈ ਉਹ ਜਲ ਰੂਪ ਸਰੋਵਰ ਆਪ ਹੀ ਹੈ ਜੋ ਸਾਡੇ ਅੰਦਰ ਹੀ ਹੈ। ਅੰਮ੍ਰਿਤ ਦਾ ਸਰੋਵਰ ਹੈ, ਸੱਚੇ ਗਿਆਨ ਦਾ ਸਰੋਵਰ ਹੈ ਜਿਸ ਦੁਆਰਾ ਉਹ ਸਾਡੇ ਅਗਿਆਨਤਾ ਦੁਆਰਾ ਸੁੱਕੇ ਹੋਏ ਜੀਵਨ ਨੂੰ ਹਰਾ ਕਰ ਦਿੰਦਾ ਹੈ। ਫਲ ਦੀ ਪ੍ਰਾਪਤੀ ਹਰੇ ਪੇੜ ਤੇ ਹੀ ਹੁੰਦੀ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੇ ਮੇਲ ਦਾ ਫਲ ਬਖਸ਼ਦਾ ਹੈ, ਨਾਮ ਦਾ ਫਲ ਬਖਸ਼ਦਾ ਹੈ ਉਸ ਦੇ ਜੀਵਨ ਨੂੰ ਆਪ ਹੀ ਹਰਾ ਭਰਾ ਬਣਾ ਕੇ ਸਭ ਫਲਾਂ ਨਾਲ ਭਰਪੂਰ ਕਰਦਾ ਹੈ, ਫਲ ਰੂਪ ਗੁਣਾਂ ਨਾਲ ਭਰਪੂਰ ਕਰਦਾ ਹੈ। ਮਨ ਦੇ ਔਗੁਣਾਂ ਕਰਕੇ ਹਰ ਕੋਈ ਸੁੱਕਿਆ ਹੋਇਆ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਤੇ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ ਕੇ, ਸੱਚੀ ਗੁਰਮਤਿ ਬਖਸ਼ ਕੇ ਗੁਣ ਰੂਪ ਫਲਾਂ ਨਾਲ ਭਰਪੂਰ ਕਰ ਦਿੰਦਾ ਹੈ। ਉਸ ਦੇ ਸੱਚੇ ਗਿਆਨ ਨਾਲ ਜੁੜਨਾ ਹੀ ਗੁਰੂ ਪ੍ਰਮਾਤਮਾ ਦੇ ਚਰਨਾਂ ਨਾਲ ਜੁੜਨਾ ਹੈ ਜਿਸ ਦੁਆਰਾ ਮਨੁੱਖ ਚਿੰਤਾ ਤੋਂ ਮੁਕਤ ਹੁੰਦਾ ਹੈ, ਔਗੁਣਾਂ ਤੋਂ ਮੁਕਤ ਹੁੰਦਾ ਹੈ, ਭਰਮ ਤੋਂ ਮੁਕਤ ਹੁੰਦਾ ਹੈ, ਆਵਾਗਉਣ ਤੋਂ ਮੁਕਤ ਹੁੰਦਾ ਹੈ ਭਾਵ ਜਨਮ ਮਰਨ ਦੀ ਚਿੰਤਾ ਮੁੱਕ ਜਾਂਦੀ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਉਹ ਕਿਸੇ ਨੂੰ ਆਪਣੇ ਨਾਲ ਮੇਲ ਕੇ ਕਿਸੇ ਨੂੰ ਚਿੰਤਾ ਮੁਕਤ ਕਰ ਦੇਵੇ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਚਿੰਤਾ ਤੋਂ ਮੁਕਤ ਕੀਤਾ ਹੈ ਤੇ ਉਹ ਸਦਾ ਲਈ ਉਸਦੇ ਚਰਨਾਂ ਦੇ ਨਾਲ ਜੁੜੇ ਹੋਏ ਹਨ। **(ਤਿਸੁ ਭਾਣਾ ਸੂਕੇ ਕਾਸਟ ਹਰਿਆ॥ ਤਿਸੁ ਭਾਣਾ ਤਾਂ ਥਲ ਸਿਰਿ ਸਰਿਆ॥ ਤਿਸੁ ਭਾਣਾ ਤਾਂ ਸਭਿ ਫਲ ਪਾਏ॥ ਚਿੰਤ ਗਈ ਲਗਿ ਸਤਿਗੁਰ ਪਾਏ॥੩॥)**

ਉੱਪਰ ਪੂਰੇ ਸ਼ਬਦ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜੋ ਕਿ ਸਭ ਫਲਾਂ ਦੀ ਪ੍ਰਾਪਤੀ ਦੇ ਰੂਪ ਵਿੱਚ ਹੈ ਤੇ ਇਹੀ ਗੱਲ ਸਾਨੂੰ ‘‘ਰਹਾਉ’’ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਜਿਸ ਰਾਹੀਂ ਸਾਨੂੰ ਸ਼ਬਦ ਦਾ ਸਾਰ ਸਮਝਾਇਆ ਹੁੰਦਾ ਹੈ। **(ਸੁਖੁ ਪਾਇਆ ਸਤਿਗੁਰੂ ਮਨਾਇ॥ ਸਭ ਫਲ ਪਾਏ ਗੁਰੂ ਧਿਆਇ॥੧॥ਰਹਾਉ॥)** ‘‘ਸੁਖੁ’’ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ‘‘ਸੁਖੁ’’ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਤੇ ਗੁਰੂ ਨੂੰ ਇਹ ਪ੍ਰਾਪਤੀ ਹੋਈ ਹੋਈ ਹੈ ਭਾਵ ਪੂਰੇ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਸ ਦਾ ਮਨ ਦੇ ਵਿੱਚੋਂ ਪ੍ਰਮਾਤਮਾ ਨੇ ਪੜਦਾ ਉਤਾਰਿਆ ਹੋਇਆ ਹੈ। ਜਿਸ ਤੇ ਪ੍ਰਮਾਤਮਾ ਤੁੱਠਦਾ ਹੈ, ਪ੍ਰਸੰਨ ਹੁੰਦਾ ਹੈ, ਦਿਆਲ ਹੁੰਦਾ ਹੈ ਉਸ ਨੂੰ ਹੀ ਪ੍ਰਮਾਤਮਾ ਆਪਣੇ ਨਾਲ ਮੇਲ ਦੀ ਦਾਤਿ ਬਖਸ਼ਦਾ ਹੈ। ਪ੍ਰਮਾਤਮਾ ਦੇ ਤੁੱਠਣ ਤੋਂ ਪਹਿਲਾਂ ਭਾਵ ਉਸ ਦੇ ਨਾਲ ਮੇਲ ਦੀ ਕਿਰਪਾ ਹੋਣ ਤੋਂ ਪਹਿਲਾਂ ਮਨੁੱਖ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਹੀ ਗੱਲ ਸਮਝਣ ਲਈ ਇਸ ਪੂਰੇ ਸ਼ਬਦ ਨੂੰ ਸਮਝਣ ਦਾ ਮਕਸਦ ਹੈ।

“ਹਰਾਮਖੋਰ ਨਿਰਗੁਣ ਕਉ ਤੂਠਾ॥
ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ॥
ਪਾਰਬ੍ਰਹਮ ਗੁਰ ਭਏ ਦਇਆਲਾ॥
ਨਾਨਕ ਦਾਸ ਦੇਖਿ ਭਏ ਨਿਹਾਲਾ॥੪॥੧੦॥੨੩॥”

26/2884

ਉੱਪਰ ਪੰਗਤੀਆਂ ਰਾਹੀਂ ਸਾਨੂੰ ਗੁਰੂ ਸਾਹਿਬ ਨੇ ਆਪਣੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ, ਉਸਦੀ ਕਿਰਪਾ ਤੋਂ ਪਹਿਲਾਂ ਉਹ ਕੀ ਸਨ ਤੇ ਹੁਣ ਉਹ ਕਿਰਪਾ ਤੋਂ ਬਾਅਦ ਕਿਸ ਰੂਪ ਵਾਲੇ ਹਨ। ਪ੍ਰਮਾਤਮਾ ਦੀ ਕਿਰਪਾ ਹੋਣ ਤੋਂ ਪਹਿਲਾਂ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ, ਜਿਸ ਕਰਕੇ ਹਰ ਕੋਈ ਮਾੜੇ ਰੂਪ ਵਾਲਾ ਹੈ। ਸਾਡੇ ਇਸ ਮਾੜੇ ਰੂਪ ਦੀ ਵਜ੍ਹਾ ਸਾਡੇ ਮਨ ਦੀ ਅਗਿਆਨਤਾ ਹੈ। ਗੁਰੂ ਸਾਹਿਬ ਸਾਨੂੰ ਇਹ ਰੂਪ ‘‘ਹਰਾਮਖੋਰ ਨਿਰਗੁਣ’’ ਰੂਪ ਵਾਲੀ ਅਵੱਸਥਾ ਕਹਿ ਕੇ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੇ ਮੇਰੇ ਇਹੋ ਜਿਹੇ ਰੂਪ ਵਿੱਚ ਮੇਰੇ ਤੇ ਕਿਰਪਾ ਕੀਤੀ ਹੈ। ਪ੍ਰਮਾਤਮਾ ਦੀ ਕਿਰਪਾ ਹੋਣ ਦੇ ਨਾਲ ਮੇਰਾ ਮਨੁ ਤਨੁ ਸੀਤਲੁ ਹੋ ਗਿਆ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਕੇ ਮੇਰੇ ਅੰਦਰ

ਠੰਡ ਪੈ ਗਈ ਹੈ। ਪ੍ਰਮਾਤਮਾ ਨੇ ਮੇਰੇ ਤੇ ਇਹ ਕਿਰਪਾ ਮਨ ਦੇ ਵਿੱਚ ਮੈਨੂੰ "ਅੰਮ੍ਰਿਤ" ਦੀ ਦਾਤਿ ਬਖਸ਼ ਕੇ ਕੀਤੀ ਹੈ। "ਅੰਮ੍ਰਿਤ" ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਮੇਰੇ ਅੰਦਰ ਵੱਸ ਗਿਆ ਹੈ ਭਾਵ ਮੈਨੂੰ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋ ਗਈ ਹੈ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਗਈ ਹੈ। **(ਹਰਾਮਖੋਰ ਨਿਰਗੁਣ ਕਉ ਤੂਠਾ॥ ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ॥)** ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਹਰ ਕਿਸੇ ਦੀ ਅਵੱਸਥਾ ਹਰਾਮਖੋਰ ਨਿਰਗੁਣ ਵਾਲੀ ਹੀ ਹੈ ਭਾਵ ਸਾਡੇ ਅੰਦਰ ਉਹ ਗੁਣ ਨਹੀਂ ਹਨ, ਉਹ ਸੱਚ ਨਹੀਂ ਹੈ ਜੋ ਪ੍ਰਮਾਤਮਾ ਆਪਣੀ ਗੁਰਮਤਿ ਰਾਹੀਂ ਸਮਝਾਉਂਦਾ ਹੈ। ਸੱਚੀ ਗੁਰਮਤਿ ਸਾਡੇ ਅੰਦਰ ਵੱਸੇ ਬਿਨ੍ਹਾਂ ਅਸੀਂ ਔਗੁਣਾਂ ਦੇ ਭਰੇ ਰਹਿੰਦੇ ਹਾਂ ਜੋ ਕਿ ਗਿਣਤੀ ਤੋਂ ਬਾਹਰ ਹੁੰਦੇ ਹਨ ਤੇ ਇਹਨਾਂ ਔਗੁਣਾਂ ਕਰਕੇ ਹੀ ਹਰ ਕੋਈ ਹਰਾਮਖੋਰ ਹੈ ਭਾਵ ਝੂਠੇ ਮਾਰਗ ਤੇ ਚੱਲਣ ਵਾਲਾ ਹੈ। ਜਿਸ ਗੱਲ ਵਿੱਚ ਸੱਚ ਨਹੀਂ ਹੈ, ਗੁਰਮਤਿ ਨਹੀਂ ਹੈ ਉਹ ਗੱਲ ਸਾਡੇ ਲਈ ਹਰਾਮ ਹੈ ਭਾਵ ਗੁਰਮਤਿ ਦੇ ਉਲਟ ਚੱਲ ਕੇ ਅਸੀਂ ਜੋ ਵੀ ਕਮਾਈ ਕਰਦੇ ਹਾਂ ਉਹ ਸਾਡੇ ਹੱਕ ਦੀ ਕਮਾਈ ਨਹੀਂ ਹੈ ਭਾਵ ਉਹ ਹਰਾਮ ਦੀ ਕਮਾਈ ਹੈ ਭਾਵੇਂ ਉਹ ਕਿਸ ਰੂਪ ਵਿੱਚ ਵੀ ਹੈ। ਆਪਣੇ ਸਰੀਰਕ ਜਪਾਂ ਤਪਾਂ ਆਦਿ ਦੁਆਰਾ ਤੇ ਹੋਰ ਵੀ ਅਨੇਕਾਂ ਤਰੀਕਿਆਂ ਦੁਆਰਾ ਗੁਰਮਤਿ ਦੇ ਉਲਟ ਚੱਲ ਕੇ ਅਸੀਂ ਆਪਣੇ ਵੱਲੋਂ ਸੱਚੀ ਕਮਾਈ ਕਰਦੇ ਹਾਂ, ਨਾਮ ਦੀ ਕਮਾਈ ਕਰਦੇ ਹਾਂ ਜਿਸ ਕਰਕੇ ਅਸੀਂ ਸਮਾਜ ਵਿੱਚੋਂ ਝੂਠਾ ਮਾਣ ਲੈਂਦੇ ਹਾਂ ਜੋ ਕਿ ਸਾਡੇ ਹੱਕ ਦਾ ਮਾਣ ਨਹੀਂ ਹੈ ਭਾਵ ਹਰਾਮ ਦਾ ਮਾਣ ਹੈ। ਅਸੀਂ ਸੰਸਾਰ ਵਿੱਚ ਵਿਚਰਦੇ ਹੋਏ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ

26/2885

ਜੋ ਗੁਰਮਤਿ ਤੋਂ ਉਲਟ ਹੁੰਦੇ ਹਨ ਜਿੰਨ੍ਹਾਂ ਦੁਆਰਾ ਅਸੀਂ ਗੁਰਮਤਿ ਦੀ ਨਿੰਦਾ ਕਰਦੇ ਹਾਂ, ਗੁਰੂ ਦੀ ਨਿੰਦਾ ਕਰਦੇ ਹਾਂ। ਗੁਰੂ ਦੀ ਨਿੰਦਾ ਕਰਨਾ ਸਾਡੇ ਲਈ ਹਰਾਮ ਹੈ, ਕੂੜ ਹੈ ਜਿਸ ਵਿੱਚ ਸੱਚ ਨਹੀਂ ਹੈ। ਗੁਰੂ ਸਾਹਿਬ ਉਪਰਲੀਆਂ ਪੰਗਤੀਆਂ ਰਾਹੀਂ ਆਪ ਇਹ ਕਬੂਲ ਕਰ ਰਹੇ ਹਨ ਕਿ ਪ੍ਰਮਾਤਮਾ ਉਹਨਾਂ ਨੂੰ ਇਹੋ ਜਿਹੀ ਅਵੱਸਥਾ ਵਿੱਚ ਹੀ ਮਿਲਿਆ ਹੈ ਕਿਉਂਕਿ ਪ੍ਰਮਾਤਮਾ ਦੇ ਆਪਣੇ ਅੰਦਰ ਪ੍ਰਗਟ ਹੋਣ ਤੋਂ ਪਹਿਲਾਂ ਉਸ ਦੀ ਭਗਤੀ ਦੀ ਸੋਝੀ ਹੀ ਨਹੀਂ ਪੈਂਦੀ। ਪ੍ਰਮਾਤਮਾ ਕਿਸ ਤੇ ਉੱਤੇ ਆਪਣੀ ਕਿਰਪਾ ਕਰ ਦੇਵੇ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਪਰ ਸਾਨੂੰ ਇਹ ਕਬੂਲ ਕਰਨ ਵਿੱਚ ਰੱਤੀ ਭਰ ਵੀ ਰੋਸ ਨਹੀਂ ਹੋਣਾ ਚਾਹੀਦਾ ਕਿ ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਸਾਡੇ ਸਭ ਦੀ ਅਵੱਸਥਾ, ਹਰ ਸੰਸਾਰੀ ਦੀ ਅਵੱਸਥਾ ਹਰਾਮਖੋਰ ਨਿਰਗੁਣ ਵਾਲੀ ਹੀ ਹੈ ਤੇ ਸਾਡੇ ਕਿਸ ਦੇ ਉੱਤੇ ਪ੍ਰਮਾਤਮਾ ਆਪਣੀ ਮੇਹਰ ਕਰ ਦੇਵੇ ਇਹ ਉਸਦੀ ਰਜ਼ਾ ਹੈ। ਪ੍ਰਮਾਤਮਾ ਆਪਣੀ ਕਿਰਪਾ ਉਸ ਤੇ ਹੀ ਕਰਦਾ ਹੈ ਜਿਸ ਨੂੰ ਉਸ ਦੀ ਦੱਸੀ ਹੋਈ ਗੱਲ ਚੰਗੀ ਲੱਗਦੀ ਹੈ ਭਾਵ ਜੋ ਉਸ ਤੇ ਵਿਸ਼ਵਾਸ ਰੱਖਦਾ ਹੈ। ਗੁਰੂ ਸਾਹਿਬ ਨੂੰ ਪ੍ਰਮਾਤਮਾ ਨੇ ਇਸੇ ਤਰੀਕੇ ਹੀ ਨਿਹਾਲ ਕੀਤਾ ਹੈ ਤੇ ਆਪਣਾ ਦਾਸ ਰੂਪ ਬਣਾਇਆ ਹੈ। ਨਿਹਾਲ ਉਹੀ ਹੁੰਦਾ ਹੈ ਜੋ ਪ੍ਰਮਾਤਮਾ ਦੀ ਕਿਰਪਾ ਦੁਆਰਾ ਉਸ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਡੇ ਲਈ ਸਭ ਤੋਂ ਜਰੂਰੀ ਇਹ ਗੱਲ ਹੈ ਕਿ ਅਸੀਂ ਆਪਣੇ ਆਪ ਨੂੰ ਨੀਵਾਂ ਕਰਕੇ ਚੱਲੀਏ ਤੇ ਜਿੰਨ੍ਹਾਂ ਨੇ ਪਹਿਲਾਂ ਹੀ ਆਪਣੇ ਆਪ ਨੂੰ ਉੱਚਾ ਕੀਤਾ ਹੋਇਆ ਹੈ, ਝੂਠੇ ਮਾਣ ਨਾਲ ਉੱਚਾ ਕੀਤਾ ਹੋਇਆ ਹੈ ਉਹ ਫਿਰ ਪ੍ਰਮਾਤਮਾ ਦੀ ਕਿਰਪਾ ਦੀ ਕੀ ਉਮੀਦ ਰੱਖ ਸਕਦੇ ਹਨ। ਆਓ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖ ਕੇ ਚੱਲੀਏ ਤੇ ਉਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਣ ਦਾ ਉੱਦਮ ਕਰੀਏ ਜੋ ਸਾਨੂੰ ਗੁਰੂ ਸਾਹਿਬ ਸਮਝਾ ਰਹੇ ਹਨ ਜਿਸ ਨੂੰ ਭਗਤੀ ਪ੍ਰਮਾਤਮਾ ਨੇ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਸਿਖਾਈ ਹੋਈ ਹੈ, ਸਾਨੂੰ ਸਭ ਨੂੰ, ਸਾਰੇ ਸੰਸਾਰ ਨੂੰ ਸਿਖਾਉਣ ਲਈ ਸਮਝਾਈ ਹੋਈ ਹੈ। **(ਹਰਾਮਖੋਰ ਨਿਰਗੁਣ ਕਉ ਤੂਠਾ॥ ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ॥ ਪਾਰਬ੍ਰਹਮ ਗੁਰ ਭਏ ਦਇਆਲਾ॥ ਨਾਨਕ ਦਾਸ ਦੇਖਿ ਭਏ ਨਿਹਾਲਾ॥੪॥੧੦॥੨੩॥)**

ਜੇਕਰ ਕੋਈ ਦਿਲੋਂ ਪ੍ਰਮਾਤਮਾ ਨੂੰ ਚਾਹੁੰਦਾ ਹੈ ਫਿਰ ਸਾਨੂੰ ਬਿਲਕੁਲ ਉਹੀ ਕੁੱਝ ਕਰਨਾ ਚਾਹੀਦਾ ਹੈ ਜੋ ਕੁੱਝ ਗੁਰਬਾਣੀ ਸਾਨੂੰ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ ਤੇ ਉਹ ਕੇਵਲ ਸੱਚ ਦਾ ਮਾਰਗ ਹੈ ਭਾਵ ਗੁਰਮਤਿ ਅਨੁਸਾਰ ਚੱਲਣ ਦਾ ਮਾਰਗ ਹੈ ਤੇ ਆਪਣੀ ਝੂਠੀ ਮਤਿ ਦਾ ਮਾਣ ਛੱਡਣ ਦਾ ਮਾਰਗ ਹੈ। ਅਸੀਂ ਉਨ੍ਹਾਂ ਗੱਲਾਂ ਦਾ ਮਾਣ ਕਰਦੇ ਹਾਂ ਜਿੰਨ੍ਹਾਂ ਵਿੱਚ ਸਾਡੀ ਆਪਣੀ ਮਤਿ ਹੁੰਦੀ ਹੈ। ਪਿੱਛੇ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ

26/2886

ਸਮਝਿਆ ਹੈ ਕਿ ਪ੍ਰਮਾਤਮਾ ਦਾ ਬਣਾਇਆ ਹੋਇਆ ਹਰ ਵੇਲਾ ਚੰਗਾ ਹੈ ਪਰ ਅਸੀਂ ਇੱਕ ਖਾਸ ਵੇਲੇ ਨੂੰ ਅੰਮ੍ਰਿਤ ਵੇਲਾ ਬਣਾ ਕੇ ਉੱਚਾ ਮੰਨਿਆ ਹੋਇਆ ਹੈ ਤੇ ਉਸ ਵੇਲੇ ਦੀ ਸੰਭਾਲ ਕਰਨ ਵਾਲੇ ਇਸੇ ਗੱਲ ਵਿੱਚ ਹੀ ਆਪਣਾ ਮਾਣ ਸਮਝਦੇ ਹਨ ਜੋ ਕਿ ਕੇਵਲ ਮਨਮਤਿ ਦਾ ਮਾਣ ਹੈ, ਝੂਠਾ ਮਾਣ ਹੈ। ਝੂਠੀ ਗੱਲ ਦਾ ਮਾਣ ਝੂਠਾ ਹੈ। ਅੰਮ੍ਰਿਤ ਵੇਲੇ ਦੇ ਨਾਲ ਅਸੀਂ "ਬਾਬੀਹਾ"

ਨੂੰ ਜੋੜਿਆ ਹੋਇਆ ਹੈ ਕਿ ਬਾਬੀਹਾ ਅੰਮ੍ਰਿਤ ਵੇਲੇ ਬੋਲਦਾ ਹੈ ਤੇ ਉਸ ਵੇਲੇ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ਤੇ ਸਾਡੀ ਪ੍ਰਮਾਤਮਾ ਦੇ ਦਰ ਤੇ ਪੁਕਾਰ ਸੁਣੀ ਜਾਂਦੀ ਹੈ। ਨਾ ਹੀ ਕਿਸੇ ਨੂੰ ਇਹ ਸਮਝ ਹੈ ਕਿ ਬਾਬੀਹਾ ਕਿਸ ਨੂੰ ਕਿਹਾ ਹੈ ਤੇ ਨਾ ਹੀ ਕਿਸੇ ਨੂੰ ਇਹ ਸਮਝ ਹੈ ਕਿ ਉਹ ਅੰਮ੍ਰਿਤ ਕੀ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ ਤੇ ਇਸੇ ਲਈ ਅਸੀਂ ਇੱਕ ਖਾਸ ਵੇਲੇ ਨੂੰ ਪ੍ਰਭਾਤ ਵੇਲੇ ਨੂੰ ਆਪਣੀ ਮਨਮਤਿ ਅਨੁਸਾਰ ਅੰਮ੍ਰਿਤ ਵੇਲਾ ਬਣਾਇਆ ਹੋਇਆ ਹੈ ਤੇ ਅਸਲ ਵਿੱਚ ਇੱਕ ਖਾਸ ਵੇਲੇ ਨੂੰ ਪੂਜਣ ਵਿੱਚ ਲੱਗੇ ਹੋਏ ਹਾਂ ਜੋ ਕਿ ਗੁਰਮਤਿ ਦੇ ਅਸੂਲ ਦੇ ਹੀ ਉਲਟ ਹੈ। ਪ੍ਰਭਾਤ ਵੇਲੇ ਉੱਠਣਾ ਚੰਗੀ ਗੱਲ ਹੈ, ਗੁਰੂ ਦੀ ਗੱਲ ਨੂੰ ਪੜ੍ਹਨਾ ਸੁਣਨਾ ਚੰਗੀ ਗੱਲ ਹੈ ਪਰ ਉਸ ਨੂੰ ਅੰਮ੍ਰਿਤ ਵੇਲਾ ਕਹਿਣਾ ਕੇਵਲ ਮਨਮਤਿ ਹੈ। "ਅੰਮ੍ਰਿਤੁ" ਤਾਂ ਪੂਰੀ ਬਾਣੀ ਹੈ ਤੇ "ਅੰਮ੍ਰਿਤੁ" ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ "ਅੰਮ੍ਰਿਤੁ" ਰੂਪ ਵਿੱਚ ਹੀ ਹੈ ਤੇ ਸਾਡੇ ਸਭ ਦੇ ਅੰਦਰ ਵੀ ਉਹ ਆਪਣੇ ਅੰਮ੍ਰਿਤ ਰੂਪ ਵਿੱਚ ਹੀ ਹੈ ਜੋ ਕਿ ਹਰ ਵੇਲੇ, ਅੱਠੇ ਪਹਿਰ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਅੰਮ੍ਰਿਤ ਹੈ, ਗੁਰਮਤਿ ਦੇ ਰੂਪ ਵਿੱਚ ਅੰਮ੍ਰਿਤ ਹੈ, ਸੱਚ ਦੇ ਰੂਪ ਵਿੱਚ ਅੰਮ੍ਰਿਤ ਹੈ ਤੇ ਕੀ ਸਾਨੂੰ ਸੱਚੇ ਬਣਨ ਲਈ ਕਿਸੇ ਖਾਸ ਵੇਲੇ ਦੀ ਲੋੜ ਹੈ ਤੇ ਬਾਕੀ ਸਮਾਂ ਅਸੀਂ ਝੂਠੇ ਬਣ ਕੇ ਵਿਚਰਨਾ ਹੈ। ਭਗਤੀ ਦਾ ਮਾਰਗ ਅੱਠੇ ਪਹਿਰ ਸੱਚੇ ਰਹਿਣ ਦਾ ਮਾਰਗ ਹੈ, ਸੁੱਤਿਆਂ, ਜਾਗਦਿਆਂ ਸੱਚੇ ਰਹਿਣ ਦਾ ਮਾਰਗ ਹੈ ਜਿਸ ਲਈ ਹਰ ਵੇਲਾ ਇੱਕੋ ਜਿਹਾ ਹੀ ਹੈ। ਸਾਡਾ ਪੂਰਾ ਮਨੁੱਖਾ ਜੀਵਨ ਉਸ "ਅੰਮ੍ਰਿਤੁ" ਰੂਪ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ ਤੇ ਉਸ ਨੂੰ ਪਾਉਣ ਦਾ ਸਾਧਨ ਆਪਣੇ ਜੀਵਨ ਵਿੱਚ ਸੱਚ ਨੂੰ ਅਪਣਾਉਣ ਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਸੱਚ ਗੁਰਬਾਣੀ ਦੇ ਕੋਲ ਹੈ ਜੋ ਸਾਨੂੰ ਅੱਠੇ ਪਹਿਰ ਇੱਕੋ ਜਿਹਾ ਸੱਚ ਹੀ ਸਮਝਾਉਂਦੀ ਹੈ ਤੇ ਗੁਰੂ ਨੇ ਸਾਨੂੰ ਸੱਚ ਸਮਝਾਉਣ ਲਈ ਕੋਈ ਖਾਸ ਵੇਲਾ ਨੀਅਤ ਨਹੀਂ ਕੀਤਾ ਹੋਇਆ। ਅਸਲ ਵਿੱਚ ਅਸੀਂ ਸੱਚ ਦੀ ਲੋੜ ਹੀ ਨਹੀਂ ਸਮਝਦੇ, ਭਗਤੀ ਦਾ ਮਨੋਰਥ ਹੀ ਨਹੀਂ ਸਮਝਦੇ ਤੇ ਕੇਵਲ ਇੱਕ ਵੇਲੇ ਨੂੰ ਪੂਜਣ ਵਿੱਚ ਲੱਗੇ ਹੋਏ ਹਾਂ ਜਿਸ ਨਾਲ ਸਾਡੇ ਕਰਮਾਂ ਵਿੱਚ ਕੋਈ ਫਰਕ ਨਹੀਂ ਆਉਂਦਾ ਜਿਸ ਦੁਆਰਾ ਸਾਡੀ ਭਗਤੀ ਹੁੰਦੀ ਹੈ। ਭਗਤੀ ਸਾਡੇ ਮਾੜੇ ਚੰਗੇ ਕਰਮਾਂ ਦੇ ਨਾਲ ਜੁੜੀ ਹੋਈ ਹੈ ਨਾ ਕਿ ਕਿਸੇ ਖਾਸ ਵੇਲੇ ਦੇ ਨਾਲ ਜੁੜੀ ਹੋਈ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ

26/2887

ਸਮਝਿਆ ਹੈ।

ਅੰਮ੍ਰਿਤ ਵੇਲੇ ਨੂੰ ਅਸੀਂ ਬਾਬੀਹਾ ਦੇ ਨਾਲ ਜੋੜਿਆ ਹੋਇਆ ਹੈ ਤੇ ਆਓ ਪਹਿਲਾਂ ਇਸ ਗੱਲ ਨੂੰ ਸਮਝੀਏ ਕਿ ਅਸਲ ਵਿੱਚ ਬਾਬੀਹਾ ਕਿਸ ਨੂੰ ਕਿਹਾ ਹੈ। ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ, ਹਰ ਕੋਈ ਸਮਝ ਸਕਦਾ ਹੈ ਤੇ ਕਿਸੇ ਖਾਸ ਵੇਲੇ ਨਾਲ ਜੁੜੇ ਹੋਇਆਂ ਨੂੰ ਵੀ ਸਮਝ ਲੱਗ ਜਾਵੇਗੀ। ਅਸਲ ਵਿੱਚ ਗੁਰਬਾਣੀ ਨੂੰ ਧਿਆਨ ਨਾਲ ਵਿਚਾਰਿਆ ਹੀ ਨਹੀਂ ਗਿਆ ਨਹੀਂ ਤਾਂ ਬਾਬੀਹੇ ਨੂੰ ਸਮਝਣਾ ਕੋਈ ਔਖੀ ਗੱਲ ਨਹੀਂ ਹੈ। ਨਾਲ ਹੀ ਸਾਨੂੰ ਇਹ ਸੋਝੀ ਪੈ ਜਾਵੇਗੀ ਕਿ ਅੰਮ੍ਰਿਤ ਦੀ ਪ੍ਰਾਪਤੀ ਕਿਸੇ ਖਾਸ ਵੇਲੇ ਨਾਲ ਜੁੜੀ ਹੋਈ ਨਹੀਂ ਹੈ ਤੇ ਅੰਮ੍ਰਿਤ ਦੀ ਪ੍ਰਾਪਤੀ ਲਈ ਹਰ ਵੇਲਾ ਇੱਕੋ ਜਿਹਾ ਹੀ ਹੈ।

ਬਾਬੀਹਾ ਕਿਸੇ ਜੰਤੂ ਜਾਂ ਪੰਖੀ ਨੂੰ ਨਹੀਂ ਕਿਹਾ ਗਿਆ। ਬਾਬੀਹਾ ਸਾਡੇ ਮਨ ਨੂੰ ਕਿਹਾ ਗਿਆ ਹੈ। ਹਰ ਮਨੁੱਖ ਪ੍ਰਮਾਤਮਾ ਦਾ ਬਾਬੀਹਾ ਹੈ ਜਿਸ ਨੂੰ ਪ੍ਰਮਾਤਮਾ ਨੂੰ ਪਾਉਣ ਦੀ ਚਾਹ ਹੈ, ਤਾਂਘ ਹੈ। ਸਾਨੂੰ ਬਾਣੀ ਵਿੱਚ ਵਾਰ-ਵਾਰ ਬਾਬੀਹਾ ਰੂਪ ਸੰਬੋਧਨ ਕਰਕੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੈ, ਉਸ "ਅੰਮ੍ਰਿਤੁ" ਰੂਪ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੋਇਆ ਹੈ ਜਿਸ ਨੂੰ ਪਾਉਣ ਲਈ ਸਾਨੂੰ ਇਹ ਮਨੁੱਖਾ ਸਰੀਰ ਮਿਲਿਆ ਹੈ ਤੇ ਸਾਡਾ ਸਾਰਾ ਜੀਵਨ ਉਸ ਅੰਮ੍ਰਿਤ ਦੀ ਪ੍ਰਾਪਤੀ ਕਰਨ ਦਾ ਵੇਲਾ ਹੈ ਭਾਵ ਇਸ ਮਨੁੱਖਾ ਸਰੀਰ ਰਾਹੀਂ ਕਦੇ ਵੀ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਹਰ ਵੇਲਾ ਉਸ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੀ ਹੈ। ਅੰਮ੍ਰਿਤ ਵੇਲੇ ਬਾਬੀਹੇ ਦਾ ਬੋਲਣਾ ਕੀ ਹੈ ਇਸ ਨੂੰ ਸਮਝਣ ਤੋਂ ਪਹਿਲਾਂ ਆਓ ਇਸ ਗੱਲ ਨੂੰ ਸਮਝੀਏ ਕਿ ਬਾਬੀਹਾ ਕੌਣ ਹੈ। ਅੱਗੇ ਦਿੱਤੇ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਮਲਾਰ ਮਹਲਾ ੩॥

"ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥

ਬੰਧਨ ਤੋੜੇ ਮੁਕਤਿ ਘਰਿ ਰਹੈ॥ ਗੁਰ ਸਬਦੀ ਅਸਥਿਰੁ ਘਰਿ ਬਹੈ॥੧॥
ਮੇਰੇ ਮਨ ਕਾਹੇ ਰੋਸੁ ਕਰੀਜੈ॥
ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ॥੧॥ਰਹਾਉ॥
ਬਾਬੀਹਾ ਖਿਨੁ ਖਿਨੁ ਬਿਲਲਾਇ॥ ਬਿਨੁ ਪਿਰ ਦੇਖੇ ਨੀਂਦ ਨ ਪਾਇ॥
ਇਹੁ ਵੇਛੋੜਾ ਸਹਿਆ ਨ ਜਾਇ॥ ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ॥੨॥
ਨਾਮਹੀਣੁ ਬਿਨਸੈ ਦੁਖੁ ਪਾਇ॥ ਤ੍ਰਿਸਨਾ ਜਲਿਆ ਭੂਖ ਨ ਜਾਇ॥
ਵਿਣੁ ਭਾਗਾ ਨਾਮੁ ਨ ਪਾਇਆ ਜਾਇ॥ ਬਹੁ ਬਿਧਿ ਥਾਕਾ ਕਰਮ ਕਮਾਇ॥੩॥
ਤ੍ਰੈ ਗੁਣ ਬਾਣੀ ਬੇਦ ਬੀਚਾਰੁ॥ ਬਿਖਿਆ ਮੈਲੁ ਬਿਖਿਆ ਵਾਪਾਰੁ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ॥ ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ॥੪॥
ਗੁਰੁ ਮਾਨੈ ਮਾਨੈ ਸਭੁ ਕੋਇ॥ ਗੁਰ ਬਚਨੀ ਮਨੁ ਸੀਤਲੁ ਹੋਇ॥
ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ॥ ਨਾਨਕ ਗੁਰਮੁਖਿ ਵਿਰਲਾ ਕੋਇ॥੫॥੪॥੧੩॥੯॥੧੩॥੨੨॥"

(ਅੰਗ ੧੨੬੨)

ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਤੇ "ਰਹਾਉ" ਵਾਲੀਆਂ ਪੰਗਤੀਆਂ ਰਾਹੀਂ ਹਰ ਕੋਈ ਸਮਝ ਸਕਦਾ ਹੈ ਕਿ ਸਾਨੂੰ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ, ਨਾਮ ਜਪਣ ਦਾ ਤਰੀਕਾ ਸਮਝਾਇਆ ਹੈ ਭਾਵ ਨਾਮ ਦੀ ਪ੍ਰਾਪਤੀ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ। ਰਹਾਉ ਵਾਲੀ ਪੰਗਤੀ ਤੋਂ ਬਾਅਦ ਸਾਨੂੰ ਬਾਬੀਹਾ ਕਹਿ ਕੇ ਸੰਬੋਧਨ ਕੀਤਾ ਹੋਇਆ ਹੈ ਤੇ ਸਾਰੇ ਸ਼ਬਦ ਰਾਹੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ। ਸਾਰੀ ਗੱਲ ਸਾਨੂੰ ਗੁਣਾਂ, ਔਗੁਣਾਂ ਦੀ ਸਮਝਾਈ ਹੋਈ ਹੈ ਭਾਵ ਔਗੁਣਾਂ ਵਿੱਚੋਂ ਨਿਕਲ ਕੇ ਗੁਣੀ

ਬਣਨਾ ਸਿਖਾਇਆ ਹੋਇਆ ਹੈ, ਕਥਨੀ ਵਿੱਚੋਂ ਨਿਕਲ ਕੇ ਕਰਨੀ ਨਾਲ ਜੁੜਨਾ ਸਮਝਾਇਆ ਹੋਇਆ ਹੈ।

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਕਥਨੀ, ਕਰਨੀ ਦਾ ਭੇਦ ਸਮਝਾਇਆ ਹੋਇਆ ਹੈ। ਅਸੀਂ ਉਸ ਪ੍ਰਮਾਤਮਾ ਨੂੰ ਆਪਣੀ ਕਥਨੀ ਦੁਆਰਾ ਪਾਉਣਾ ਚਾਹੁੰਦੇ ਹਾਂ ਜਿਸ ਲਈ ਅਸੀਂ ਆਪਣੀ ਰਸਨਾ ਨਾਲ ਕਿਸੇ ਅੱਖਰ ਨੂੰ ਨਾਮ ਜਪਣਾ ਸਮਝਿਆ ਹੋਇਆ ਹੈ ਜਿਹੋ ਜਿਹਾ ਨਾਮ ਜਪਣ ਵਿੱਚ ਹਰ ਕੋਈ ਲੱਗਾ ਹੋਇਆ ਹੈ। "ਨਾਮੁ" ਦੀ ਤਾਂ ਅਸਲ ਵਿੱਚ ਅਸੀਂ ਪ੍ਰਾਪਤੀ ਕਰਨੀ ਹੈ ਜੋ ਕਿ ਪ੍ਰਮਾਤਮਾ ਆਪ ਹੈ ਤੇ "ਨਾਮੁ" ਦੀ ਪ੍ਰਾਪਤੀ ਗੁਰੂ ਦੀ ਸੇਵਾ ਕਰਨ ਦੁਆਰਾ ਹੁੰਦੀ ਹੈ ਭਾਵ ਸਾਡੀ ਕਰਣੀ ਦੁਆਰਾ ਹੁੰਦੀ ਹੈ, ਸ਼ਬਦ ਦਾ ਵਿਚਾਰੀ ਬਣ ਕੇ ਹੁੰਦੀ ਹੈ, ਔਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਨਾਲ ਹੁੰਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ ਸਾਡੀ ਕਥਨੀ ਦਾ ਹੀ ਨਹੀਂ ਬਲਕਿ ਸਾਡੀ ਕਰਣੀ ਦਾ ਮਾਰਗ ਹੈ ਜਿਸ ਦੁਆਰਾ ਸਾਡਾ ਉਸ "ਨਾਮੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਨਾਮੁ ਦੀ ਪ੍ਰਾਪਤੀ ਹੁੰਦੀ ਹੈ। **(ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥)**

"ਨਾਮੁ" ਦੀ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਸਾਨੂੰ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬੰਧਨ ਤੋੜੇ ਮੁਕਤਿ ਘਰਿ ਰਹੈ॥ ਗੁਰ ਸਬਦੀ ਅਸਥਿਰੁ ਘਰਿ ਬਹੈ॥੧॥"

ਨਾਮ ਦਾ ਘਰ ਮੁਕਤੀ ਦਾ ਘਰ ਹੈ ਜੋ ਸਾਨੂੰ ਸਾਡੇ ਬੰਧਨ ਤੋਂ ਮੁਕਤ ਕਰਦਾ ਹੈ ਤੇ ਇਹੀ ਨਾਮ ਦੀ ਪ੍ਰਾਪਤੀ ਦਾ ਮਕਸਦ ਹੈ, ਪ੍ਰਮਾਤਮਾ ਦੇ ਨਾਲ ਮੇਲ ਦਾ ਮਕਸਦ ਹੈ। ਬੰਧਨ ਸਾਡੀ ਹਉਮੈ ਵਾਲੀ ਅਵੱਸਥਾ ਦਾ ਹੈ, ਮਾਇਆ ਮੋਹ ਦੀ ਜੁਗਤਿ ਦਾ ਹੈ, ਭਰਮ ਦਾ ਹੈ, ਅਗਿਆਨਤਾ ਦਾ ਹੈ, ਮਨਮਤਿ ਦਾ ਹੈ। ਇਸ ਬੰਧਨ ਨੂੰ ਨਾਮ ਦੀ ਮਤਿ ਹੀ ਤੋੜਦੀ ਹੈ, ਗੁਰੂ ਦੇ ਸ਼ਬਦ ਦੀ ਮਤਿ ਹੀ

ਤੋੜਦੀ ਹੈ ਭਾਵ ਗੁਰੂ ਦਾ ਚੌਥੇ ਪਦ ਦਾ ਗਿਆਨ ਹੀ ਸਾਨੂੰ ਬੰਧਨ ਤੋਂ ਮੁਕਤ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਨਾਮ ਦੀ ਪ੍ਰਾਪਤੀ ਤੋਂ ਪਹਿਲਾਂ ਅਸੀਂ ਡੋਲਣ ਵਾਲੇ ਘਰ ਵਿੱਚ ਰਹਿੰਦੇ ਹਾਂ। ਇਹ ਘਰ ਸਾਡੇ ਕੱਚੇ ਵਿਚਾਰਾਂ ਦਾ ਘਰ ਹੈ, ਕੱਚੀ ਮਤਿ ਦਾ ਘਰ ਹੈ ਜੋ ਮਾਇਆ ਮੋਹ ਵਿੱਚ ਡੋਲਦੇ ਰਹਿੰਦੇ ਹਨ, ਤ੍ਰਿਸ਼ਨਾ ਵਿੱਚ, ਝੂਠਾ ਮਾਣ ਲੈਣ ਵਿੱਚ ਡੋਲਦੇ ਰਹਿੰਦੇ ਹਨ। ਪ੍ਰਮਾਤਮਾ ਦਾ ਘਰ, ਨਾਮ ਦਾ ਘਰ ਮਨ ਦੇ ਵਿਚਾਰਾਂ ਦੀ ਅਡੋਲਤਾ ਦਾ ਘਰ ਹੈ ਜਿਸ ਘਰ ਵਿੱਚ ਪਹੁੰਚਣ ਨਾਲ ਮਨੁੱਖ ਦੇ ਵਿਚਾਰ ਗੁਰੂ ਦੀ ਸੱਚੀ ਮਤਿ ਤੇ ਟਿਕ ਜਾਂਦੇ ਹਨ। ਗੁਰਮਤਿ ਦੇ ਵਿਚਾਰ ਕਦੇ ਡੋਲਦੇ ਨਹੀਂ ਕਿਉਂਕਿ ਉਹ ਭਰਮ ਤੋਂ ਰਹਿਤ ਹਨ

26/2889

ਭਾਵ ਉਨ੍ਹਾਂ ਵਿੱਚ ਪੂਰਨ ਸੱਚ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਅਸਥਿਰ ਘਰ ਹੈ ਤੇ ਨਾਮ ਦੀ ਪ੍ਰਾਪਤੀ ਤੋਂ ਬਾਅਦ ਪ੍ਰਮਾਤਮਾ ਮਨ ਦੇ ਅੰਦਰ ਆਪਣੇ ਸ਼ਬਦਾਂ ਦੀ ਸੱਚੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਹੀ ਅਸਥਿਰ ਘਰ ਦੀ ਪ੍ਰਾਪਤੀ ਹੁੰਦੀ ਹੈ ਜਿਸ ਘਰ ਵਿੱਚ ਪ੍ਰਮਾਤਮਾ ਸਾਨੂੰ ਉਸ ਗਿਆਨ ਦੇ ਨਾਲ ਜੋੜਦਾ ਹੈ, ਉਹੋ ਜਿਹੀ ਸ਼ਬਦ ਦੀ ਵਿਚਾਰ ਦੇ ਨਾਲ ਜੋੜਦਾ ਹੈ ਜਿਹੋ ਜਿਹੀ ਵਿਚਾਰ ਗੁਰਬਾਣੀ ਦੇ ਵਿੱਚ ਹੈ। ਗੁਰਬਾਣੀ ਦੀ ਵਿਚਾਰ ਅਸਥਿਰ ਹੈ, ਗੁਰਮਤਿ ਅਸਥਿਰ ਹੈ ਤੇ ਮਨਮਤਿ ਡੋਲਣ ਵਾਲੀ ਹੈ। ਪ੍ਰਮਾਤਮਾ ਸਾਨੂੰ ਆਪਣਾ ਨਾਮ ਬਖਸ਼ ਕੇ, ਮਨਮਤਿ ਦੇ ਬੰਧਨ ਵਿੱਚੋਂ ਕੱਢ ਕੇ ਗੁਰਮਤਿ ਰੂਪ ਥਿਰ ਘਰ ਦੇ ਨਾਲ ਹੀ ਜੋੜਦਾ ਹੈ, ਸੱਚ ਦੇ ਘਰ ਨਾਲ ਜੋੜਦਾ ਹੈ, ਆਪਣੇ ਚੌਥੇ ਪਦ ਦੇ ਘਰ ਨਾਲ ਜੋੜਦਾ ਹੈ। **(ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥ ਬੰਧਨ ਤੋੜੇ ਮੁਕਤਿ ਘਰਿ ਰਹੈ॥ ਗੁਰ ਸਬਦੀ ਅਸਥਿਰੁ ਘਰਿ ਬਹੈ॥੧॥)**

ਸਲੋਕ ਮਃ ੩॥

“ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ॥
ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ॥
ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥
ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ॥
ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ॥੧॥”

(ਅੰਗ ੫੪੮-੫੪੯)

ਨਾਮ ਦੀ ਪ੍ਰਾਪਤੀ ਨਾਲ ਹੀ ਕੋਈ ਗਿਆਨੀ ਬਣ ਸਕਦਾ ਹੈ ਜਿਸ ਦੁਆਰਾ ਜਗ ਨੂੰ ਜਿੱਤਿਆ ਜਾ ਸਕਦਾ ਹੈ। ਗਿਆਨ ਦੇ ਨਾਲ ਅਸੀਂ ਆਪਣੇ ਮਨ ਨੂੰ ਜਿੱਤਦੇ ਹਾਂ, ਸੱਚੀ ਗੁਰਮਤਿ ਦੇ ਨਾਲ, ਨਾਮ ਦੀ ਸੱਚੀ ਸੋਝੀ ਪੈਣ ਦੇ ਨਾਲ ਅਸੀਂ ਆਪਣੇ ਮਨ ਤੇ ਜਿੱਤ ਪਾਉਂਦੇ ਹਾਂ, ਮਨ ਦੇ ਮਾਇਆ ਮੋਹ ਤੇ, ਭਰਮ ਤੇ, ਅਗਿਆਨਤਾ ਤੇ ਜਿੱਤ ਪਾਉਂਦੇ ਹਾਂ ਭਾਵ ਮਨ ਦੀ ਅਗਿਆਨਤਾ ਨੂੰ ਜਿੱਤਣਾ ਹੀ ਮਨ ਨੂੰ ਜਿੱਤਣਾ ਹੈ, ਸੰਸਾਰ ਨੂੰ ਜਿੱਤਣਾ ਹੈ ਜੋ ਕਿ ਨਾਮ ਦਾ ਮਕਸਦ ਹੈ। ਸੱਚੇ ਗਿਆਨ ਦੀ ਸੋਝੀ ਪਏ ਬਿਨ੍ਹਾਂ, ਨਾਮ ਦੀ ਸੋਝੀ ਪਏ ਬਿਨ੍ਹਾਂ ਪੂਰੇ ਜਗ ਨੂੰ ਅਗਿਆਨਤਾ ਨੇ ਜਿੱਤਿਆ ਹੋਇਆ ਹੈ, ਭਰਮ ਨੇ, ਮਨਮਤਿ ਨੇ ਜਿੱਤਿਆ ਹੋਇਆ ਹੈ ਤੇ ਇਸੇ ਲਈ ਸੰਸਾਰ ਦੀ ਮਤਿ “ਅਚਲੁ” ਨਹੀਂ ਹੈ ਭਾਵ ਥਿਰ ਰਹਿਣ ਵਾਲੀ ਨਹੀਂ ਹੈ ਜੋ ਕਿ ਭਰਮ ਦੇ ਵਿੱਚ ਡੋਲਦੀ ਰਹਿੰਦੀ ਹੈ। ਸਾਡੇ ਮਨ ਨੂੰ ਅਡੋਲਤਾ ਵਿੱਚ ਗੁਰਮਤਿ ਹੀ ਲਿਆਉਂਦੀ ਹੈ, ਸ਼ਬਦ ਦੀ ਸੱਚੀ ਮਤਿ ਹੀ ਲਿਆਉਂਦੀ ਹੈ ਤੇ ਇਹੀ ਨਾਮ ਦਾ ਮਕਸਦ ਹੈ। ਆਪਣੇ ਭਗਤਾਂ ਨੂੰ ਪ੍ਰਮਾਤਮਾ ਆਪਣੀ ਸੱਚੀ ਗੁਰਮਤਿ ਬਖਸ਼ ਕੇ ਹੀ ਅੰਗੀਕਾਰ ਕਰਦਾ ਹੈ ਭਾਵ ਉਹਨਾਂ ਦਾ ਸਹਾਈ ਬਣਦਾ ਹੈ ਜਿਸ ਦੁਆਰਾ ਉਹਨਾਂ ਨੂੰ ਉਹ ਗੁਰਮੁਖਿ ਰੂਪ ਬਣਾਉਂਦਾ ਹੈ। ਜਿਸ ਦਾ ਪ੍ਰਮਾਤਮਾ ਕਾਰਜ ਸਿੱਧ ਕਰਦਾ ਹੈ, ਰਾਸਿ ਕਰਦਾ ਹੈ ਉਸਨੂੰ ਆਪਣਾ ਨਾਮ ਹੀ ਬਖਸ਼ਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਸਹਜ ਦੀ ਪ੍ਰਾਪਤੀ ਹੁੰਦੀ ਹੈ, ਚੌਥੇ

ਪਦ ਦੀ ਪ੍ਰਾਪਤੀ ਹੁੰਦੀ ਹੈ ਤੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਸਹਜਿ ਦੀ ਅਵੱਸਥਾ ਦੁਆਰਾ ਵਿਚਰਦਾ ਹੈ ਜੋ ਅੰਦਰ ਬੈਠਾ ਗੁਪਤ ਰੂਪ ਵਿੱਚ ਸਭ ਨੂੰ ਚਲਾ ਰਿਹਾ ਹੈ।

26/2890

ਜੋ ਕੁੱਝ ਹੁੰਦਾ ਹੈ ਭਾਵ ਜੋ ਕੁੱਝ ਅਸੀਂ ਕਰਦੇ ਹਾਂ ਉਹ ਸਾਡੇ ਕੋਲੋਂ ਕਰਵਾਉਣ ਵਾਲਾ ਸਹਜ ਰੂਪ ਪ੍ਰਮਾਤਮਾ ਹੀ ਹੈ ਜੋ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ, ਨਾਮ ਦੇ ਰੂਪ ਵਿੱਚ ਚਲਾ ਰਿਹਾ ਹੈ, ਮਨ ਦੇ ਵਿੱਚ ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ, ਸਾਨੂੰ ਤ੍ਰੈਗੁਣਾਂ ਵਿੱਚ ਰੱਖਣ ਵਾਲਾ, ਭਰਮ ਵਿੱਚ ਰੱਖਣ ਵਾਲਾ ਉਹ ਸਹਜ ਰੂਪ ਪ੍ਰਮਾਤਮਾ ਹੀ ਹੈ ਪਰ ਇਸ ਦੀ ਸੋਝੀ ਨਾਮ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ **(ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ॥ ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ॥ ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ॥)**

ਇਨ੍ਹਾਂ ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਭਗਤ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਦੇ ਕੋਲ ਨਾਮ ਹੈ, ਗੁਰਮਤਿ ਰੂਪ "ਅਚਲੁ" ਮਤਿ ਹੈ, ਜੋ ਉਸਦਾ ਸੱਚਾ ਗਿਆਨੀ ਹੈ। ਇਹ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ ਜਿਸ ਰੂਪ ਵਿੱਚ ਉਹ ਆਪ ਪ੍ਰਗਟ ਹੁੰਦਾ ਹੈ। ਅਗਲੀਆਂ ਪੰਗਤੀਆਂ ਰਾਹੀਂ ਸਾਡਾ ਮਨਮੁਖਿ ਰੂਪ ਸਮਝਾਇਆ ਹੋਇਆ ਹੈ ਜਿੰਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੈ।

"ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ॥੧॥"

(ਅੰਗ ੫੪੯-੫੪੯)

ਉੱਪਰ ਸਾਨੂੰ ਮਨਮੁਖਿ ਵਾਲੀ ਅਵੱਸਥਾ ਸਮਝਾਈ ਹੋਈ ਹੈ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਾਡੀ ਮਨਮੁੱਖਤਾ ਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ, ਹਉਮੈ ਹੈ, ਮਨਮਤਿ ਹੈ ਜਿਸ ਵਿੱਚ ਪ੍ਰਮਾਤਮਾ ਨੇ ਸਭ ਨੂੰ ਮੂਲੋਂ ਹੀ ਇਸ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਇਸੇ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਸਾਡੇ ਅੰਦਰ ਲਬ, ਲੋਭ, ਅਹੰਕਾਰ, ਹਉਮੈ ਕਰਕੇ ਹਰ ਕੋਈ ਮਨਮੁਖਿ ਹੈ ਤੇ ਮੁੱਢੋਂ ਹੀ ਪ੍ਰਮਾਤਮਾ ਦਾ ਹਰ ਕੋਈ ਭੁਲਾਇਆ ਹੋਇਆ ਹੈ। ਸਾਡੀ ਇਹ ਹਉਮੈ ਵਾਲੀ ਅਵੱਸਥਾ ਨਾਮ ਦੇ ਨਾਲ ਝਗੜੇ ਵਾਲੀ ਅਵੱਸਥਾ ਹੈ। ਇਹ ਹਉਮੈ ਦਾ ਨਾਮ ਦੇ ਨਾਲ ਵਿਰੋਧ ਹੈ, ਝਗੜਾ ਹੈ। ਇਹ ਅਗਿਆਨਤਾ ਦਾ ਸੱਚੇ ਗਿਆਨ ਦੇ ਨਾਲ ਵਿਰੋਧ ਹੈ,ਇਹ ਝੂਠ ਦਾ,ਸੱਚ ਦੇ ਨਾਲ ਝਗੜਾ ਹੈ,ਇਹ ਮਨਮਤਿ ਦਾ ਗੁਰਮਤਿ ਦੇ ਨਾਲ ਝਗੜਾ ਹੈ।ਇਹ ਸਾਡੇ ਮਾੜੇ ਕਰਮਾਂ ਦਾ ਚੰਗੇ ਕਰਮਾਂ ਦੇ ਨਾਲ ਝਗੜਾ ਕਰਨਾ ਹੈ ਭਾਵ ਚੰਗੇ ਕਰਮਾਂ ਦੀ ਵਿਰੋਧਤਾ ਕਰਨਾ ਹੈ। ਲਬ,ਲੋਭ,ਅਹੰਕਾਰ ਵਿੱਚ ਰਹਿੰਦਿਆਂ ਸਾਡੀ

26/2891

ਸੰਸਾਰਿਕ ਵਿਚਰਨ ਮਾੜੀ ਬਣਦੀ ਹੈ ਜਿਸ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਸਾਡੇ ਇਹ ਮਾੜੇ ਕਰਮ ਹੀ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਹੈ ਕਿਉਂਕਿ ਅਸੀਂ ਉਸਦੀ ਮਤਿ ਦੇ ਉਲਟ ਚੱਲਦੇ ਹਾਂ, ਸ਼ਬਦ ਦੀ "ਵੀਚਾਰੁ" ਦੇ ਉਲਟ ਚੱਲਦੇ ਹਾਂ। ਸਾਨੂੰ ਮਾੜੀ ਮਤਿ ਵਿੱਚੋਂ ਸ਼ਬਦ ਦੀ ਵਿਚਾਰ ਨੇ ਹੀ ਕੱਢਣਾ ਹੈ, ਸਾਨੂੰ ਭਰਮ ਵਾਲੀ ਮਾੜੀ ਮਤਿ ਵਿੱਚੋਂ ਸ਼ਬਦ ਦੇ ਸੱਚੇ ਗਿਆਨ ਨੇ ਹੀ ਕੱਢਣਾ ਹੈ, ਝੂਠੀ ਮਤਿ ਵਿੱਚੋਂ ਸੱਚੀ ਮਤਿ ਨੇ ਹੀ ਕੱਢਣਾ ਹੈ, ਹਉਮੈ ਵਾਲੀ ਮਤਿ ਵਿੱਚੋਂ ਨਾਮ ਵਾਲੀ ਮਤਿ ਨੇ ਹੀ ਕੱਢਣਾ ਹੈ ਜਿਸ ਦੁਆਰਾ ਅਸੀਂ ਚੰਗੇ ਕਰਮ ਕਰਨ ਦੁਆਰਾ ਪ੍ਰਮਾਤਮਾ ਦੇ ਨਾਲ, ਨਾਮ ਦੇ ਨਾਲ ਆਪਣਾ ਝਗੜਾ ਮੁਕਾ ਸਕਦੇ ਹਾਂ। ਜਦ ਤੱਕ "ਅਨਦਿਨੁ" ਸਾਡੇ ਅੰਦਰ ਮਨਮਤਿ ਹੈ ਤਦ ਤੱਕ "ਅਨਦਿਨੁ" ਸਾਡਾ ਨਾਮ ਦੇ ਨਾਲ ਝਗੜਾ ਹੈ ਤੇ ਜਦੋਂ "ਅਨਦਿਨੁ" ਸਾਡੇ ਅੰਦਰ ਸੱਚੀ ਮਤਿ ਵੱਸ ਜਾਵੇਗੀ ਫਿਰ ਅਸੀਂ "ਅਨਦਿਨੁ" ਲਬ, ਲੋਭ, ਅਹੰਕਾਰ ਆਦਿ ਤੋਂ ਭਾਵ ਔਗੁਣਾਂ

ਤੋਂ ਰਹਿਤ ਹੋ ਕੇ ਗੁਣੀ ਬਣ ਕੇ ਵਿਚਰਾਂਗੇ, ਸ਼ਬਦ ਦੇ ਵਿਚਾਰੀ ਬਣ ਕੇ ਵਿਚਰਾਂਗੇ ਭਾਵ "ਅਨਦਿਨੁ", ਅੱਠੇ ਪਹਿਰ ਨਾਮ ਵਾਲੀ ਸੋਝੀ ਦੇ ਨਾਲ ਵਿਚਰਾਂਗੇ ਤੇ ਹਰ ਵੇਲੇ, ਆਪਣੀ ਹਰ ਕਰਨੀ ਵਿੱਚ ਨਾਮ ਜਪਾਂਗੇ ਭਾਵ ਨਾਮ ਦੀ ਵਿਰੋਧਤਾ ਤੋਂ ਮੁਕਤ ਹੋ ਕੇ ਵਿਚਰਾਂਗੇ। **(ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥ ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ॥)**

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

ਸ਼ਬਦ ਦਾ ਵਿਚਾਰੀ ਬਣੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਆਪਣੀ ਕਥਨੀ ਦੁਆਰਾ ਜਪਦੇ ਹਾਂ, ਕਿਸੇ ਅੱਖਰ ਦਾ ਜਪ ਕਰਨ ਦੁਆਰਾ ਬੋਲ ਬੋਲ ਕੇ ਜਪਦੇ ਹਾਂ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ। ਅਗਿਆਨਤਾ ਵਿੱਚ ਬੋਲ ਬੋਲ ਕੇ ਜਪੀ ਜਾਣਾ ਸਾਡਾ ਕੋਈ ਗੁਣ ਨਹੀਂ ਹੈ ਬਲਕਿ ਸਾਡਾ ਔਗੁਣ ਹੈ, ਵਿਕਾਰ ਹੈ ਕਿਉਂਕਿ ਇਸ ਵਿੱਚ ਗੁਰਮਤਿ ਨਹੀਂ ਹੈ। ਜੋ ਕੰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਹ ਸਭ ਸਾਡੇ ਵਿਕਾਰ ਹੀ ਹਨ। ਭਗਤੀ ਦਾ ਮਾਰਗ ਆਪਣੇ ਅੰਦਰੋਂ ਤ੍ਰਿਸ਼ਨਾ ਨੂੰ ਮਾਰਨ ਦਾ ਹੈ, ਲਬ, ਲੋਭ, ਅਹੰਕਾਰ ਆਦਿ ਨੂੰ ਮਾਰਨ ਦਾ ਹੈ ਜਿਸ ਦੇ ਮਾਰੇ ਬਿਨ੍ਹਾਂ ਸਾਡਾ ਮਨ ਸੰਤੋਖ ਵਿੱਚ ਨਹੀਂ ਰਹਿੰਦਾ ਤੇ ਮਾਇਆ, ਮੋਹ ਵਿੱਚ ਡੋਲਦਾ ਰਹਿੰਦਾ ਹੈ, ਮਾੜੇ ਕਰਮਾਂ ਲਈ ਡੋਲਦਾ ਰਹਿੰਦਾ ਹੈ। ਭਗਤੀ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ, ਆਪਣੇ ਅੰਦਰ ਗੁਰਮਤਿ ਦੇ ਸੱਚੇ ਗਿਆਨ ਨੂੰ ਆਪਣੇ ਅੰਦਰ ਵਸਾਉਣ ਦੇ ਨਾਲ ਜੁੜਿਆ ਹੋਇਆ ਹੈ, ਸ਼ਬਦ ਦੇ ਵਿਚਾਰੀ ਬਣਨ ਦੇ ਨਾਲ ਜੁੜਿਆ ਹੋਇਆ ਹੈ ਜੋ ਸਾਡੇ ਮਨ ਨੂੰ ਸੰਤੋਖ ਵਿੱਚ ਲਿਆ ਸਕਦਾ

ਹੈ ਤੇ ਇਸ ਮਨ ਨੂੰ ਡੋਲਣੋਂ ਹਟਾ ਸਕਦਾ ਹੈ, ਗੁਰਮਤਿ ਦੀ ਸੋਝੀ ਦੁਆਰਾ ਇਸ ਮਨ ਨੂੰ "ਅਚਲੁ" ਬਣਾ ਸਕਦਾ ਹੈ। ਮਨਮਤਿ ਵਿੱਚ ਰਹਿੰਦਿਆਂ ਸਾਡਾ ਮਨ ਲੋਭ, ਲਾਲਚ ਵਿੱਚ ਡੋਲਦਾ ਰਹਿੰਦਾ ਹੈ, ਝੂਠੇ ਮਾਣ ਦੀ ਪ੍ਰਾਪਤੀ ਵਿੱਚ ਡੋਲਦਾ ਰਹਿੰਦਾ ਹੈ, ਦੁਚਿੱਤੀ ਵਿੱਚ ਡੋਲਦਾ ਰਹਿੰਦਾ ਹੈ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਅਸੀਂ ਆਪਣੇ ਵੱਲੋਂ ਜੋ ਪ੍ਰਮਾਤਮਾ ਨੂੰ ਜਪਣ ਦਾ ਉਪਰਾਲਾ ਕਰਦੇ ਹਾਂ, ਕਿਸੇ ਅੱਖਰ ਨੂੰ ਬੋਲ ਬੋਲ ਕੇ ਜਪੀ ਜਾਂਦੇ ਹਾਂ ਉਹ ਕੇਵਲ ਸਾਡਾ ਵਿਕਾਰ ਹੈ ਜਿਸ ਨੂੰ ਕਿ ਆਪਣੇ ਅੰਦਰ ਅਗਿਆਨਤਾ ਦੇ ਰਹਿੰਦਿਆਂ ਅਸੀਂ ਸਮਝ ਨਹੀਂ ਸਕਦੇ ਤੇ ਇਹੀ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸੁਚੇਤ ਕੀਤਾ ਹੋਇਆ ਹੈ। **(ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥ ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ॥ ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ॥ ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ॥)**

ਜੇਕਰ ਸਾਨੂੰ ਇਸ ਗੱਲ ਦੀ ਸਮਝ ਹੈ ਕਿ ਮਨਮੁਖਿ ਕਿਸ ਨੂੰ ਕਿਹਾ ਹੈ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਅਸੀਂ ਸਮਝਿਆ ਹੈ ਫਿਰ ਮਨਮੁਖਿ ਵਿੱਚ ਤੇ ਗੁਰਮੁਖਿ ਵਿੱਚ ਕੀ ਭੇਦ ਹੈ ਇਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ, ਹਰ ਕੋਈ ਸਮਝ ਸਕਦਾ ਹੈ। ਗੁਰਮੁਖਿ ਕੇਵਲ ਗੁਰੂ ਆਪ ਹੈ ਤੇ ਅਗਲੀ ਪੰਗਤੀ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਸਾਨੂੰ ਕੇਵਲ ਗੁਰਮੁਖਿ ਕੋਲੋਂ ਮਤਿ ਲੈਣੀ ਚਾਹੀਦੀ ਹੈ ਤੇ ਉਨ੍ਹਾਂ ਕੋਲੋਂ ਮਤਿ ਨਹੀਂ ਲੈਣੀ ਚਾਹੀਦੀ ਜੋ ਆਪ ਮਨਮੁਖਿ ਹਨ, ਮਾਇਆ ਮੋਹ ਵਿੱਚ ਹਨ, ਭਰਮ ਵਿੱਚ ਹਨ। ਭਰਮ ਵਿੱਚ ਰਹਿੰਦੇ ਹੋਏ ਉਹ ਸਾਨੂੰ ਉਹੋ ਜਿਹਾ ਨਾਮ ਜਪਣਾ ਹੀ ਸਿਖਾਉਂਦੇ ਹਨ ਭਾਵ ਕਿਸੇ ਅੱਖਰ ਨੂੰ ਬੋਲ-ਬੋਲ ਕੇ ਜਪਣਾ ਹੀ ਸਿਖਾਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਸਮਝ ਨਹੀਂ ਹੈ। ਉਨ੍ਹਾਂ ਨਾਲੋਂ ਟੁੱਟਣ ਲਈ ਸਮਝਾਇਆ ਹੈ ਭਾਵ ਉਨ੍ਹਾਂ ਨਾਲ ਉਹੋ ਜਿਹੇ ਵਿਚਾਰਾਂ ਦੀ ਸਾਂਝ ਤੋੜਨ ਲਈ ਸਮਝਾਇਆ ਹੈ ਜਿੰਨ੍ਹਾਂ ਵਿਚਾਰਾਂ ਨਾਲ ਉਹ ਸਾਨੂੰ ਭਗਤੀ ਦੀ ਪੁੱਠੀ ਸੋਝੀ ਪਾਉਂਦੇ ਹਨ, ਸ਼ਬਦ ਦੇ ਵਿਚਾਰੀ ਬਣਨ ਦੀ ਬਜਾਇ ਸ਼ਬਦ ਦੀ ਕਥਨੀ ਦੇ ਨਾਲ ਜੋੜਦੇ ਹਨ ਜਦਕਿ ਅਸਲ ਭਗਤੀ ਮਨ ਦੇ ਵਿਕਾਰਾਂ ਨੂੰ ਛੱਡਣ ਦੀ ਹੈ। **(ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ॥੧॥)**

ਗੱਲ ਤਾਂ ਇਸ ਮਨ ਨੂੰ ਅਸਥਿਰ ਕਰਨ ਦੀ ਹੈ ਭਾਵ ਮਨ ਨੂੰ ਟਿਕਾਉਣ ਦੀ ਹੈ, ਗੁਰਮਤਿ ਤੇ ਟਿਕਾਉਣ ਦੀ ਹੈ, ਗੁਰੂ ਦੇ ਸ਼ਬਦ ਦੀ ਵਿਚਾਰ ਤੇ ਟਿਕਾਉਣ ਦੀ ਹੈ। "ਅਚਲੁ" ਕੇਵਲ ਗੁਰਮਤਿ ਹੈ ਭਾਵ ਗੁਰਮਤਿ ਦੇ ਵਿਚਾਰ ਹਨ ਜੋ ਵਿਚਾਰ ਸਾਡੇ ਮਨ ਦੇ ਅੰਦਰ ਵੱਸਣ ਨਾਲ ਸਾਡੀ ਮਤਿ ਅਚਲੁ ਬਣ ਸਕਦੀ ਹੈ ਭਾਵ ਡੋਲਣੋਂ ਹੱਟ ਸਕਦੀ ਹੈ, ਮਾਇਆ ਮੋਹ ਵਿੱਚੋਂ ਡੋਲਣੋਂ ਹੱਟ ਸਕਦੀ ਹੈ ਜਿਸ ਅਵੱਸਥਾ ਦੁਆਰਾ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ। ਇਹ ਰਸਨਾ ਨਾਲ ਬੋਲੀ ਜਾਣ ਵਾਲਾ ਨਾਮ ਨਹੀਂ ਹੈ ਜਿਹੋ

26/2893

ਜਿਹਾ ਨਾਮ ਹਰ ਕੋਈ ਜਪਣ ਲੱਗਾ ਹੋਇਆ ਹੈ, ਆਪਣੇ ਔਗੁਣ ਨੂੰ ਗੁਣ ਸਮਝੀ ਬੈਠਾ ਹੈ, ਗੁਰਮਤਿ ਦੇ ਉਲਟ ਚੱਲ ਕੇ ਆਪਣੇ ਆਪ ਨੂੰ ਗੁਰਮਤਿ ਵਾਲਾ ਸਮਝੀ ਬੈਠਾ ਹੈ ਤੇ ਆਪਣਾ ਝੂਠਾ ਮਾਣ ਵਧਾਉਣ ਵਿੱਚ ਲੱਗਾ ਹੋਇਆ ਹੈ ਤੇ ਇਹੀ ਗੱਲ ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ ਸਮਝੀ ਹੈ ਜਿਸ ਸ਼ਬਦ ਦੁਆਰਾ ਅਸੀਂ ਇਹ ਸਮਝਿਆ ਹੈ ਕਿ ਬਾਬੀਹਾ ਕਿਸ ਨੂੰ ਕਿਹਾ ਹੈ। **(ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰੁ ਸੇਵੇ ਤਾ ਨਾਮੁ ਲਹੈ॥ ਬੰਧਨ ਤੋੜੇ ਮੁਕਤਿ ਘਰਿ ਰਹੈ॥ ਗੁਰ ਸਬਦੀ ਅਸਥਿਰੁ ਘਰਿ ਬਹੈ॥੧॥)**

ਗੁਰਮਤਿ ਹੀ ਰਾਮ ਨਾਮ ਹੈ ਭਾਵ ਸਾਡੇ ਅੰਦਰ ਗੁਰਮਤਿ ਦਾ ਵੱਸਣਾ ਜਾਂ ਰਾਮ ਨਾਮ ਵੱਸਣਾ ਇੱਕੋ ਹੀ ਗੱਲ ਹੈ ਜਿਸ ਦੇ ਵੱਸਣ ਦੁਆਰਾ ਸਾਡਾ ਮਨ ਹਰ ਵੇਲੇ ਗੁਰਮਤਿ ਤੇ ਟਿਕਿਆ ਰਹਿੰਦਾ ਹੈ, ਅਨਦਿਨੁ ਗੁਰਮਤਿ ਤੇ ਟਿਕਿਆ ਰਹਿੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ

"ਮੇਰੇ ਮਨ ਕਾਹੇ ਰੋਸੁ ਕਰੀਜੈ॥

ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ॥੧॥ਰਹਾਉ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਹਰ ਵੇਲੇ ਆਪਣੇ ਅੰਦਰ ਰਾਮ ਨਾਮੁ ਭਾਵ ਗੁਰਮਤਿ ਵਿੱਚ ਰਹਿਣ ਲਈ ਸਮਝਾਇਆ ਹੈ ਪਰ ਗੁਰਮਤਿ ਨੂੰ ਆਪਣੇ ਅੰਦਰ ਵਸਾਉਣਾ ਬਹੁਤ ਔਖਾ ਹੈ, ਨਾਮ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਬਹੁਤ ਔਖਾ ਹੈ, ਰਾਮ ਨਾਮੁ ਜਪਣਾ ਬਹੁਤ ਔਖਾ ਹੈ ਕਿਉਂਕਿ ਇਸ ਦੇ ਲਈ ਸਾਨੂੰ ਆਪਣਾ ਜੀਵਨ ਗੁਰਮਤਿ ਅਨੁਸਾਰ ਜਿਉਂਣਾ ਪੈਂਦਾ ਹੈ, ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨਾ ਪੈਂਦਾ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ ਜੋ ਕਿ ਬਹੁਤ ਔਖਾ ਹੈ ਪਰ ਇਸ ਬਿਨ੍ਹਾਂ ਲਾਹਾ ਨਹੀਂ ਹੈ ਭਾਵ ਸਾਨੂੰ ਇਸ ਜੀਵਨ ਦੇ ਲਾਭ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਮਤਿ ਨੇ, ਰਾਮ ਨਾਮੁ ਨੇ ਭਾਵ ਗੁਰੂ ਦੇ ਸੱਚੇ ਗਿਆਨ ਨੇ ਹੀ ਸਾਡੇ ਮਨ ਦੀ ਕਲਜੁਗਿ ਵਾਲੀ ਅਵੱਸਥਾ ਵਿੱਚੋਂ ਕੱਢਣਾ ਹੈ, ਅਗਿਆਨਤਾ ਵਿੱਚੋਂ ਕੱਢਣਾ ਹੈ ਤੇ ਹੋਰ ਕੋਈ ਸਾਧਨ ਨਹੀਂ ਹੈ ਜਿਸ ਦੁਆਰਾ ਅਸੀਂ ਲਾਹਾ ਪ੍ਰਾਪਤ ਕਰ ਸਕੀਏ। ਲਾਹੇ ਦੀ ਪ੍ਰਾਪਤੀ ਤਾਂ ਹਰ ਕੋਈ ਚਾਹੁੰਦਾ ਹੈ ਪਰ ਗੁਰਮਤਿ ਨੂੰ ਅਪਣਾਉਣ ਤੋਂ ਹਰ ਕੋਈ ਭੱਜਦਾ ਹੈ, ਸੱਚ ਨੂੰ ਅਪਣਾਉਣ ਤੋਂ ਹਰ ਕੋਈ ਭੱਜਦਾ ਹੈ। ਗੁਰਮਤਿ ਤੋਂ ਭੱਜਣਾ ਹੀ ਗੁਰੂ ਦੇ ਨਾਲ "ਰੋਸੁ" ਦਿਖਾਉਣਾ ਹੈ ਭਾਵ ਆਪਣੀ ਨਾਰਾਜ਼ਗੀ ਦਿਖਾਉਣਾ ਹੈ ਕਿ ਪ੍ਰਮਾਤਮਾ ਮੇਰੇ ਕੋਲੋਂ ਤੇਰੀ ਗੁਰਮਤਿ ਨਹੀਂ ਮੰਨੀ ਜਾਂਦੀ। ਸਾਨੂੰ ਇਹੀ ਸਮਝਾਇਆ ਹੈ ਕਿ ਗੁਰਮਤਿ ਨਾਲ ਅਸੀਂ ਆਪਣਾ ਰੋਸਾ ਨਾ ਦਿਖਾਈਏ ਭਾਵ ਗੁਰਮਤਿ ਨੂੰ ਕਬੂਲ ਕਰੀਏ, ਗੁਰਮਤਿ ਦੇ ਭਉ ਨੂੰ ਆਪਣੇ ਅੰਦਰ ਕਬੂਲ ਕਰੀਏ ਤੇ ਹਰ ਵੇਲੇ ਗੁਰਮਤਿ ਅਨੁਸਾਰ ਵਿਚਰੀਏ ਜਿਸ ਦੁਆਰਾ ਅਸੀਂ ਇਸ ਜੀਵਨ ਦਾ ਲਾਹਾ

26/2894

ਲੈ ਸਕਦੇ ਹਾਂ ਭਾਵ ਇਸ ਜੀਵਨ ਨੂੰ ਸਫ਼ਲ ਕਰ ਸਕਦੇ ਹਾਂ, ਆਪਣੇ ਮਨੁੱਖਾ ਜੀਵਨ ਦੇ ਮਨੋਰਥ ਨੂੰ ਪੂਰਾ ਕਰ ਸਕਦੇ ਹਾਂ। **(ਮੇਰੇ ਮਨ ਕਾਹੇ ਰੋਸੁ ਕਰੀਜੈ॥ ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ॥੧॥ਰਹਾਉ॥)**

ਉੱਪਰ ਹੁਣ ਤੱਕ ਸ਼ਬਦ ਰਾਹੀਂ ਅਸੀਂ ਜੋ ਕੁੱਝ ਸਮਝਿਆ ਹੈ ਉਸ ਰਾਹੀਂ ਸਾਨੂੰ ਪ੍ਰਮਾਤਮਾ ਦੀ ਭਗਤੀ ਕਰਨੀ ਹੀ ਸਮਝਾਈ ਹੈ ਜੋ ਕਿ ਗੁਰਮਤਿ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੁੰਦੀ ਹੈ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਸਾਡੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ, ਪ੍ਰਮਾਤਮਾ ਨੂੰ ਮਿਲਣ ਦੀ ਤਾਂਘ ਹੀ ਸਮਝਾਈ ਹੋਈ ਹੈ ਜੋ ਕਿ ਸਾਨੂੰ ਬਾਬੀਹਾ ਕਹਿ ਕੇ ਸਮਝਾਈ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਬਾਬੀਹਾ ਖਿਨੁ ਖਿਨੁ ਬਿਲਲਾਇ॥ ਬਿਨੁ ਪਿਰ ਦੇਖੇ ਨੀਂਦ ਨ ਪਾਇ॥

ਇਹੁ ਵੇਛੋੜਾ ਸਹਿਆ ਨ ਜਾਇ॥ ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ॥੨॥"

ਉੱਪਰ ਪੰਗਤੀਆਂ ਰਾਹੀਂ ਸਾਡਾ "ਸਤਿਗੁਰੁ" ਨਾਲੋਂ ਭਾਵ ਪ੍ਰਮਾਤਮਾ ਨਾਲੋਂ ਵਿਛੋੜਾ ਹੀ ਸਮਝਾਇਆ ਹੋਇਆ ਹੈ, ਜੀਵ ਇਸਤਰੀ ਦਾ ਪ੍ਰਮਾਤਮਾ ਰੂਪ ਪਤੀ ਨਾਲੋਂ ਵਿਛੋੜਾ ਸਮਝਾਇਆ ਹੋਇਆ ਹੈ ਜਿਸਨੂੰ ਮਿਲਣ ਦੀ ਤਾਂਘ ਸਭ ਦੇ ਅੰਦਰ ਹੈ। ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸਾਧਨ ਗੁਰਮਤਿ ਨੂੰ ਅਪਣੇ ਅੰਦਰ ਵਸਾਉਣ ਦਾ ਹੈ, ਆਪਣੇ ਸੁਭਾਉ ਦੇ ਅੰਦਰ ਵਸਾਉਣ ਦਾ ਹੈ, ਮਨ ਦੇ ਵਿਚਾਰਾਂ ਦੇ ਅੰਦਰ ਵਸਾਉਣ ਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਸ਼ਬਦ ਦੇ ਪਹਿਲੇ ਪਦੇ ਦੁਆਰਾ ਤੇ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਅੰਦਰ ਹੀ ਹੈ ਪਰ ਜਦ ਤੱਕ ਸਾਡੇ ਵਿਚਾਰ ਮਾੜੇ ਹਨ ਉਸ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਨਹੀਂ ਹੁੰਦਾ। ਸਾਡੇ ਅੰਦਰ ਗੁਰਮਤਿ ਵੱਸਣ ਨਾਲ ਸਾਡੇ ਵਿਚਾਰ ਹੀ ਚੰਗੇ ਬਣਦੇ ਹਨ, ਸਾਡੇ ਮਨ ਦਾ ਸੁਭਾਉ ਹੀ ਚੰਗਾ ਬਣਦਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਡੇ ਤੇ ਆਪਣੀ ਕ੍ਰਿਪਾ ਕਰਦਾ ਹੈ ਤੇ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਸਾਡਾ ਵਿਛੋੜਾ ਦੂਰ ਹੁੰਦਾ ਹੈ। **(ਬਾਬੀਹਾ ਖਿਨੁ ਖਿਨੁ ਬਿਲਲਾਇ॥ ਬਿਨੁ ਪਿਰ ਦੇਖੇ ਨੀਂਦ ਨ ਪਾਇ॥ ਇਹੁ ਵੇਛੋੜਾ ਸਹਿਆ ਨ ਜਾਇ॥ ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ॥੨॥)**

ਸਾਡੇ ਅੰਦਰ "ਗੁਰਮਤਿ" ਦਾ ਵੱਸਣਾ ਜਾਂ "ਰਾਮ ਨਾਮੁ" ਦਾ ਵੱਸਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਅਸੀਂ ਆਪਣੇ ਅੰਦਰ ਗੁਰਮਤਿ ਨੂੰ ਭਾਵ ਰਾਮ ਨਾਮ ਨੂੰ ਵਸਾਉਣ ਦਾ ਉੱਦਮ ਹੀ ਕਰਨਾ ਹੈ ਭਾਵ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਤੇ ਆਪਣੀ ਗੁਰਮਤਿ ਦੀ ਸੋਝੀ,

26/2895

ਰਾਮ ਨਾਮ ਦੀ ਸੋਝੀ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਸਾਡਾ ਸੁਭਾਉ ਪੂਰੀ ਤਰ੍ਹਾਂ ਗੁਰਮਤਿ ਵਾਲਾ ਬਣ ਜਾਂਦਾ ਹੈ, ਪ੍ਰਮਾਤਮਾ ਦੇ ਨਾਮ ਵਾਲਾ ਬਣ ਜਾਂਦਾ ਹੈ। ਆਪਣਾ ਨਾਮ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ, ਸੱਚੀ ਗੁਰਮਤਿ ਦਾ ਗਿਆਨ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣੇ ਨਾਮ ਵਾਲਾ ਬਣਾਉਂਦਾ ਹੈ ਤੇ ਉਸ ਦੇ ਮੇਲ ਤੋਂ ਬਿਨ੍ਹਾਂ, ਉਸਦੇ ਨਾਲ ਵਿਛੋੜਾ ਦੂਰ ਹੋਏ ਤੋਂ ਬਿਨ੍ਹਾਂ ਹਰ ਕੋਈ ਨਾਮਹੀਣ ਹੀ ਹੈ, ਗੁਰਮਤਿ ਹੀਣ ਹੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਨਾਮਹੀਣੁ ਬਿਨਸੈ ਦੁਖੁ ਪਾਇ॥ ਤ੍ਰਿਸਨਾ ਜਲਿਆ ਭੂਖ ਨ ਜਾਇ॥

ਵਿਣੁ ਭਾਗਾ ਨਾਮੁ ਨ ਪਾਇਆ ਜਾਇ॥ ਬਹੁ ਬਿਧਿ ਥਾਕਾ ਕਰਮ ਕਮਾਇ॥੩॥"

ਪ੍ਰਮਾਤਮਾ ਦੇ ਨਾਮ ਵਾਲਾ ਕੌਣ ਹੈ ਤੇ ਨਾਮਹੀਣ ਕੌਣ ਹੈ ਇਸ ਗੱਲ ਨੂੰ ਉੱਪਰ ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਸਾਰੀ ਗੱਲ ਸਾਡੇ ਮਨ ਦੇ ਸੁਭਾਉ ਦੀ ਹੀ ਹੈ, ਮਨ ਦੇ ਵਿਚਾਰਾਂ ਦੀ ਹੀ ਹੈ, ਸਾਡੇ ਅੰਦਰ ਦੀ ਆਸਾ ਮਨਸਾ ਦੀ ਹੀ ਹੈ ਕਿ ਸਾਡੇ ਮਨ ਦੀ ਲਗਨ ਕਿਸ ਪਾਸੇ ਹੈ, ਸਾਡੇ ਮਨ ਦੀ ਚਿੰਤਾ ਕਿਸ ਗੱਲ ਦੀ ਲੱਗੀ ਰਹਿੰਦੀ ਹੈ ਭਾਵ ਸਾਡੇ ਮਨ ਨੂੰ ਭੁੱਖ ਕਿਸ ਗੱਲ ਦੀ ਹੈ। ਮਨ ਦੀ ਭੁੱਖ ਨੂੰ ਸਮਝਣ ਦੀ ਲੋੜ ਹੈ। ਸਾਡੇ ਸਭ ਦੇ ਅੰਦਰ ਤ੍ਰਿਸ਼ਨਾ ਹੈ ਜਿਸ ਨੂੰ ਕਿ ਬਾਣੀ ਵਿੱਚ ਸਾਡਾ ਵੱਡਾ ਰੋਗ ਦੱਸਿਆ ਹੈ। ਹਰ ਕੋਈ ਇਸ ਤ੍ਰਿਸ਼ਨਾ ਦਾ ਜਲਿਆ ਹੋਇਆ ਹੈ ਜੋ ਸਾਡੇ ਮਨ ਦੇ ਵਿਚਾਰਾਂ ਨੂੰ, ਸਾਡੇ ਸੁਭਾਉ ਨੂੰ ਮਾੜਾ ਬਣਾਉਂਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਨ ਦੇ ਵਿਚਾਰਾਂ ਨੂੰ ਮਾੜਾ ਬਣਾਉਣ ਵਾਲੀ ਸਾਡੀ ਤ੍ਰਿਸ਼ਨਾ ਹੈ ਜੋ ਸਾਨੂੰ ਔਗੁਣਾਂ ਵੱਲ ਤੋਰਦੀ ਹੈ ਤੇ ਇਹ ਤ੍ਰਿਸ਼ਨਾ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ। ਜਿਸ ਦੇ ਅੰਦਰ ਤ੍ਰਿਸ਼ਨਾ ਹੈ ਉਹ ਨਾਮਹੀਣ ਹੈ ਭਾਵ ਗੁਰਮਤਿ ਦੀ ਸੱਚੀ ਸਿੱਖਿਆ ਤੋਂ ਹੀਣ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਆਪਣੇ ਮਨ ਦੀ ਤ੍ਰਿਸ਼ਨਾ ਨੂੰ ਤਿਆਗਣ ਦਾ ਹੈ ਤੇ ਪ੍ਰਮਾਤਮਾ ਨੂੰ ਮਿਲਣ ਦੀ ਤਾਂਘ ਉਸ ਨੂੰ ਮਿਲਣ ਦੀ ਭੁੱਖ ਤ੍ਰਿਸ਼ਨਾ ਤੋਂ ਮੁਕਤ ਹੋਏ ਬਿਨ੍ਹਾਂ ਨਹੀਂ ਜਾ ਸਕਦੀ। ਤ੍ਰਿਸ਼ਨਾ ਸਾਨੂੰ ਮਾਇਆ ਮੋਹ ਵਿੱਚ ਪਾਉਂਦੀ ਹੈ ਤੇ ਭਗਤੀ ਦਾ ਮਾਰਗ ਇਸ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ। ਨਾਮ ਦੀ ਮਤਿ ਸਾਨੂੰ ਵਾਰ-ਵਾਰ ਮਾਇਆ ਮੋਹ ਤਿਆਗਣ ਨੂੰ ਕਹਿੰਦੀ ਹੈ, ਮਾਇਆ ਦੀ ਭੁੱਖ ਤਿਆਗਣ ਨੂੰ ਕਹਿੰਦੀ ਹੈ ਤੇ ਮਾਇਆ ਦੀ ਭੁੱਖ ਤਿਆਗੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਪਾਉਣ ਦੀ ਭੁੱਖ ਪੂਰੀ ਨਹੀਂ ਹੋ ਸਕਦੀ। ਮਾਇਆ ਮੋਹ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਜੋ ਵੀ ਗੱਲ ਅਸੀਂ ਗੁਰਮਤਿ ਤੋਂ ਉਲਟ ਕਰਦੇ

26/2896

ਹਾਂ ਉਸ ਵਿੱਚ ਮਾਇਆ ਮੋਹ ਹੈ, ਮਾਇਆ ਦਾ ਛਲ ਹੈ। ਆਪਣਾ ਘਰ ਬਾਰ ਛੱਡ ਕੇ ਜਾਣਾ ਤੇ ਜੋਗੀ, ਸੰਨਿਆਸੀ ਆਦਿ ਬਣ ਕੇ ਵਿਚਰਨਾ ਵੀ ਸਾਡੇ ਮਨ ਦੀ ਝੂਠੀ ਤ੍ਰਿਸ਼ਨਾ ਹੈ, ਮਾਇਆ ਦਾ ਛਲ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਪਾਉਣ ਦੀ ਤ੍ਰਿਸ਼ਨਾ ਪੂਰੀਂ ਨਹੀਂ ਹੋ ਸਕਦੀ। ਪ੍ਰਮਾਤਮਾ ਦੀ ਭਗਤੀ ਦੀ ਸੋਝੀ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੀ ਪੈਂਦੀ ਹੈ, ਰਾਮ ਨਾਮ ਦੀ ਸੋਝੀ ਦੁਆਰਾ ਹੀ ਪੈਂਦੀ ਹੈ ਤੇ ਇਹ ਸੱਚੀ ਸੋਝੀ ਪਏ ਬਿਨ੍ਹਾਂ ਹਰ ਕੋਈ ਨਾਮਹੀਣ ਹੀ ਹੈ, ਦੁਚਿੱਤੀ ਵਾਲੀ ਅਵੱਸਥਾ ਵਿੱਚ ਹੀ ਹੈ, ਅਗਿਆਨਤਾ ਵਾਲੀ ਅਵੱਸਥਾ ਵਿੱਚ ਹੀ ਹੈ, ਤ੍ਰਿਸ਼ਨਾ ਵਿੱਚ, ਮਾਇਆ ਮੋਹ ਵਿੱਚ ਹੀ ਹੈ, ਮਾਣ ਅਭਿਮਾਨ ਵਿੱਚ ਹੀ ਹੈ ਜਿਸ ਦੇ ਰਹਿੰਦਿਆਂ ਪ੍ਰਮਾਤਮਾ ਨੂੰ ਮਿਲਣ ਦੀ ਭੁੱਖ ਪੂਰੀ ਨਹੀਂ ਹੋ ਸਕਦੀ। ਸੰਸਾਰ ਤੇ ਆਇਆ ਉਸੇ ਦਾ ਸਫ਼ਲ ਹੁੰਦਾ ਹੈ ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖ਼ਸ਼ ਕੇ ਉਸਦੇ ਨਾਲ ਵਿਛੋੜੇ ਦਾ "ਦੁਖ" ਦੂਰ ਕਰ ਦਿੰਦਾ ਹੈ, ਜਨਮ ਮਰਨ ਦਾ ਦੁੱਖ ਦੂਰ ਕਰ ਦਿੰਦਾ ਹੈ ਤੇ ਨਾਮ ਦੀ ਪ੍ਰਾਪਤੀ ਤੋਂ ਬਿਨ੍ਹਾਂ ਹਰ ਕਿਸੇ ਦਾ ਜੀਵਨ ਵਿਅਰਥ ਹੀ ਬਿਨਸ ਜਾਂਦਾ ਹੈ, ਤ੍ਰਿਸ਼ਨਾ ਵਿੱਚ ਹੀ ਬਿਨਸ ਜਾਂਦਾ ਹੈ **(ਨਾਮਹੀਣੁ ਬਿਨਸੈ ਦੁਖੁ ਪਾਇ॥ ਤ੍ਰਿਸਨਾ ਜਲਿਆ ਭੂਖ ਨ ਜਾਇ॥)**

ਸਲੋਕ ਮਃ ੪॥

{ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥
ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥੧॥}

(ਅੰਗ ੩੧੬)

ਮਃ ੪ ॥

{ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਹਾ ਗੁਰਮੁਖਿ ਪ੍ਰੀਤਿ ਨ ਹੋਇ॥
ਉਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ॥
ਕੂੜੁ ਕਮਾਵੈ ਕੂੜੁ ਉਚਰੈ ਕੂੜਿ ਲਗਿਆ ਕੂੜੁ ਹੋਇ॥
ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ॥
ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ॥
ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ॥੨॥}

(ਅੰਗ ੩੧੬)

ਉਪਰਲੇ ਸ਼ਬਦਾਂ ਨੂੰ ਧਿਆਨ ਨਾਲ ਸਮਝੋਗੇ ਤਾਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ "ਦੁਖ" ਮਾਇਆ ਮੋਹ ਦੇ ਵਿੱਚ ਹੈ ਤੇ "ਸੁਖ" ਉਸ ਵਿੱਚੋਂ ਨਿਕਲਣ ਨਾਲ ਹੈ। ਸਾਡੀ "ਲਿਵ" ਕਿਸ ਪਾਸੇ ਜੁੜੀ ਹੋਈ ਹੈ ਇਸ ਨੂੰ ਸਮਝਣ ਦੀ ਲੋੜ ਹੈ। ਲਿਵ ਸਾਡੇ ਮਨ ਦੀ ਧੁਨਿ ਹੈ, ਸਾਡੇ ਮਨ ਦਾ "ਝੁਕਾਉ" ਹੈ, ਸਾਡੇ ਮਨ ਦੀ ਲਗਨ ਹੈ, ਸਾਡੇ ਮਨ ਦੀ ਚਿੰਤਾ ਹੈ ਕਿ ਉਹ ਕਿਸ ਪਾਸੇ ਲੱਗੀ ਹੋਈ ਹੈ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

"ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ॥"

26/2897

"ਧਾਤੁ" ਮਾਇਆ ਹੈ ਤੇ ਜਿਸ ਦੀ ਲਿਵ ਧਾਤੁ ਦੇ ਨਾਲ ਜੁੜੀ ਹੋਈ ਹੈ, ਜਿਸ ਦਾ ਪਿਆਰ ਮਾਇਆ ਦੇ ਨਾਲ ਜੁੜਿਆ ਹੋਇਆ ਹੈ, ਜਿਸ ਦੇ ਅੰਦਰ ਚਿੰਤਾ ਮਾਇਆ ਦੀ ਵਸੀ ਹੋਈ ਹੈ ਉਸਦਾ ਫਿਰ ਪ੍ਰਮਾਤਮਾ ਦੇ ਨਾਲ "ਜੋੜੁ" ਨਹੀਂ ਆ ਸਕਦਾ ਜਿਵੇਂ ਕਿ ਹਰ ਕੋਈ ਜੁੜਿਆ ਤਾਂ ਮਾਇਆ ਦੇ ਨਾਲ ਹੋਇਆ ਹੈ ਪਰ ਜੋੜਨਾ ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਲ ਚਾਹੁੰਦਾ

ਹੈ। ਪ੍ਰਮਾਤਮਾ ਦੇ ਨਾਲ ਅਸੀਂ ਆਪਣੇ ਮਨ ਦੇ ਵਿਚਾਰਾਂ ਦੁਆਰਾ ਹੀ ਜੁੜਨਾ ਹੈ, ਮਨ ਦੇ ਧਿਆਨ ਰਾਹੀਂ, ਮਨ ਦੇ ਗਿਆਨ ਰਾਹੀਂ, ਮਨ ਦੀ ਸੋਝੀ ਰਾਹੀਂ ਹੀ ਜੁੜਨਾ ਹੈ। ਜਦ ਤੱਕ ਸਾਡੇ ਮਨ ਦੀ ਲਿਵ "ਧਾਤੁ" ਨਾਲ ਜੁੜੀ ਹੋਈ ਹੈ ਤਦ ਤੱਕ ਸਾਡੀ ਲਿਵ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੀ। ਲਿਵ ਇੱਕ ਪਾਸੇ ਹੀ ਲੱਗ ਸਕਦੀ ਹੈ ਜਿਸ ਪਾਸੇ ਮਰਜ਼ੀ ਲਗਾ ਲਈਏ। ਮਾਇਆ ਦੀ ਲਿਵ ਛੱਡੇ ਬਿਨ੍ਹਾਂ ਭਾਵ ਮਾਇਆ ਮੋਹ ਛੱਡੇ ਬਿਨ੍ਹਾਂ ਪ੍ਰਮਾਤਮਾ ਦੇ ਨਾਲ ਮੋਹ ਨਹੀਂ ਜੁੜਦਾ, ਪਿਆਰ ਨਹੀਂ ਜੁੜਦਾ। ਮਾਇਆ ਮੋਹ ਤਾਂ ਕੋਈ ਛੱਡਣਾ ਨਹੀਂ ਚਾਹੁੰਦਾ ਪਰ ਉਸ ਪ੍ਰਮਾਤਮਾ ਨਾਲ ਲਿਵ ਹਰ ਕੋਈ ਲਗਾਉਣਾ ਚਾਹੁੰਦਾ ਹੈ ਤੇ ਉਸਦਾ ਤਰੀਕਾ ਅਸੀਂ ਆਪਣੀਆਂ ਸਮਾਧੀਆਂ, ਸੁਰਤੀਆਂ ਨੂੰ ਬਣਾਇਆ ਹੋਇਆ ਹੈ, ਕਿਸੇ ਅੱਖਰ ਦੇ ਜਪ ਨੂੰ ਬਣਾਇਆ ਹੋਇਆ ਹੈ ਜਿਸ ਨੂੰ ਅਸੀਂ ਪ੍ਰਮਾਤਮਾ ਦੇ ਨਾਲ ਧਿਆਨ ਲਗਾਉਣਾ ਸਮਝਦੇ ਹਾਂ ਜੋ ਕਿ ਕੇਵਲ ਸਰੀਰਕ ਕਿਰਿਆਵਾਂ ਹਨ, ਸਵਾਸਾਂ ਦੀਆਂ ਕਿਰਿਆਵਾਂ ਹਨ ਜਿਸ ਨਾਲ ਸਾਡੇ ਮਨ ਦੀ ਸੋਝੀ ਨਾਲ ਕੋਈ ਵਾਸਤਾ ਨਹੀਂ ਹੈ। ਮਾਇਆ ਮੋਹ ਦੀ ਲਿਵ ਗੁਰੂ ਦੇ ਸ਼ਬਦ ਨੂੰ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾ ਕੇ ਦੂਰ ਹੁੰਦੀ ਹੈ। **(ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ॥)** ਮਾਇਆ ਮੋਹ ਸਾਨੂੰ "ਦੁਖੁ" ਵਿੱਚ ਹੀ ਰੱਖਦਾ ਹੈ ਤੇ "ਸੁਖੁ" ਇਸ ਵਿੱਚੋਂ ਨਿਕਲਣ ਨਾਲ ਹੈ ਤੇ ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ॥੨॥"

"ਪੋਤੈ" ਤੋਂ ਭਾਵ ਹੈ ਖਜ਼ਾਨੇ ਵਿੱਚ। ਇਹ ਖਜ਼ਾਨਾ ਸਾਡੇ ਅੰਦਰ ਹੀ ਹੈ ਜੋ ਕਿ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਮਨ ਦੇ ਵਿਚਾਰ ਹੀ ਸਾਨੂੰ ਮਾੜਾ ਬਣਾਉਂਦੇ ਹਨ ਤੇ ਮਨ ਦੇ ਵਿਚਾਰ ਹੀ ਸਾਨੂੰ ਚੰਗਾ ਬਣਾਉਂਦੇ ਹਨ, ਫਰਕ ਮਨ ਦੀ ਮਾੜੀ ਜਾਂ ਚੰਗੀ ਸੋਝੀ ਦੇ ਨਾਲ ਹੈ। ਮਾੜੀ ਸੋਝੀ ਮਨ ਦੇ ਵਿਚਾਰਾਂ ਨੂੰ ਮਾੜਾ ਕਰਦੀ ਹੈ ਤੇ ਚੰਗੀ ਸੋਝੀ ਸਾਡੇ ਮਨ ਦੇ ਵਿਚਾਰਾਂ ਨੂੰ ਚੰਗਾ ਬਣਾਉਂਦੀ ਹੈ। ਸਾਡੇ ਅੰਦਰ ਇਹ ਖਜ਼ਾਨਾ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਹੈ। ਜਦ ਤੱਕ ਸਾਡੇ ਮਨ ਦੇ ਖਜ਼ਾਨੇ ਵਿੱਚ ਮਾਇਆ ਮੋਹ ਵੱਸਿਆ ਹੋਇਆ ਹੈ ਭਾਵ ਜਦ ਤੱਕ

ਸਾਡੇ ਵਿਚਾਰ ਮਾਇਆ ਮੋਹ ਦੀ ਪ੍ਰਾਪਤੀ ਵਿੱਚ ਲੱਗੇ ਹੋਏ ਹਨ, ਜਦ ਤੱਕ ਸਾਡੀ ਲਿਵ "ਧਾਤੁ" ਦੇ ਨਾਲ ਲੱਗੀ ਹੋਈ ਹੈ ਉਸਦੇ ਨਾਲ ਸਾਡੇ ਮਨ ਦੀ ਬਿਰਤੀ ਪਾਪਾਂ ਵਾਲੀ ਬਣਦੀ ਹੈ ਭਾਵ ਅਸੀਂ ਮਾਇਆ ਦੀ ਪ੍ਰਾਪਤੀ ਲਈ ਮਾੜੇ ਕਰਮ ਕਰਦੇ ਹਾਂ। ਪਾਪਾਂ ਵਾਲੀ ਬਿਰਤੀ ਤੋਂ ਉਲਟ ਪੁੰਨ ਵਾਲੀ ਬਿਰਤੀ ਹੈ ਜਿਸ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ। ਸਮਾਜ ਵਿੱਚ ਰਹਿ ਕੇ ਚੰਗੇ ਕਰਮ ਕਰਨਾ ਹੀ ਸਾਡਾ ਪੁੰਨ ਵਾਲਾ ਕਰਮ ਹੈ ਜਿਸ ਦੁਆਰਾ ਅਸੀਂ ਪਰਉਪਕਾਰੀ ਬਣ ਕੇ ਵਿਚਰਦੇ ਹਾਂ। ਸਾਡੇ ਮਨ ਦੀ ਬਿਰਤੀ ਭਾਵ ਸਾਡੇ ਮਨ ਦੇ ਵਿਚਾਰ ਸਾਡੇ ਵਸ ਵਿੱਚ ਨਹੀਂ ਹਨ ਤੇ ਜਿਸ ਤੇ ਪ੍ਰਮਾਤਮਾ ਕ੍ਰਿਪਾ ਕਰਦਾ ਹੈ ਉਸ ਦੇ ਵਿਚਾਰਾਂ ਨੂੰ ਹੀ ਚੰਗਾ ਬਣਾਉਂਦਾ ਹੈ, ਉਸਦੇ ਖਜ਼ਾਨੇ ਵਿੱਚ "ਪੁੰਨੁ" ਵਾਲੇ ਵਿਚਾਰ ਪਾਉਂਦਾ ਹੈ। ਗੁਰੂ ਦੇ ਸ਼ਬਦ ਸਾਨੂੰ ਜੋ ਕੁੱਝ ਵੀ ਸਿੱਖਿਆ ਦਿੰਦੇ ਹਨ ਉਹ ਸਾਨੂੰ ਪੁੰਨ ਵਾਲੇ ਵਿਚਾਰ ਹੀ ਸਮਝਾਉਂਦੇ ਹਨ ਜਿੰਨ੍ਹਾਂ ਦਾ ਮਕਸਦ ਸਾਨੂੰ ਪਾਪਾਂ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਿੱਚੋਂ ਕੱਢਣ ਦਾ ਹੈ। "ਸੁਖੁ" ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਉਸ ਦੇ ਸ਼ਬਦ ਦੇ ਵਿਚਾਰ ਸਾਡੇ ਅੰਦਰ ਵੱਸਣ ਨਾਲ ਹੀ ਹੁੰਦੀ ਹੈ। ਸ਼ਬਦ ਦੇ ਵਿਚਾਰ ਹੀ ਉਸਦਾ ਨਾਮ ਹੈ ਜਿਸਦੇ ਵੱਸਣ ਨਾਲ ਸਾਨੂੰ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਦੇ "ਦੁਖੁ" ਵਿੱਚੋਂ ਨਿਕਲਦੇ ਹਾਂ। **(ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ॥ ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ॥੨॥)**

ਸਾਡੇ ਅੰਦਰ ਸੱਚੇ ਖਜ਼ਾਨੇ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜੋ ਕਿ ਉਸਦੇ ਨਾਮ ਦਾ ਖਜ਼ਾਨਾ ਹੈ, ਉਸਦੀ ਨਉਨਿਧਿ ਹੈ। ਆਪਣੇ ਇਸ ਖਜ਼ਾਨੇ ਵਿੱਚ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਰਲਾਉਂਦਾ ਹੈ ਤੇ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਕੱਢ ਕੇ ਹੀ ਰਲਾਉਂਦਾ ਹੈ। ਇਹ ਸੱਚੇ ਗਿਆਨ ਦੀ ਸੋਝੀ ਦਾ ਖਜ਼ਾਨਾ ਹੈ, ਸੱਚ ਦਾ ਖਜ਼ਾਨਾ ਹੈ, ਬ੍ਰਹਮਗਿਆਨ ਦਾ ਖਜ਼ਾਨਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਇਹ ਖਜ਼ਾਨਾ ਹੀ ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ। ਇਸ ਖਜ਼ਾਨੇ ਵਿੱਚ ਮਨਮਤਿ ਤਿਆਗ ਕੇ ਹੀ ਰਲਿਆ ਜਾ ਸਕਦਾ ਹੈ। ਆਪਣੇ ਇਸ ਖਜ਼ਾਨੇ ਵਿੱਚ ਰਲਾਉਣ ਲਈ ਪ੍ਰਮਾਤਮਾ ਸਾਨੂੰ ਪਹਿਲਾਂ ਸੱਚ ਦੀ ਕਸਵੱਟੀ ਤੇ ਪਰਖਦਾ ਹੈ ਤੇ ਜੋ ਖਰਾ ਉਤਰਦਾ ਹੈ ਉਸਨੂੰ ਹੀ ਆਪਣੇ ਇਸ ਸੱਚ ਰੂਪ ਖਜ਼ਾਨੇ ਵਿੱਚ ਰਲਾਉਂਦਾ ਹੈ। ਮਨੁੱਖ ਦੀ ਪਰਖ ਮਨ ਦੇ ਵਿਚਾਰਾਂ ਰਾਹੀਂ ਹੁੰਦੀ ਹੈ ਕਿ ਕਿਹੜਾ ਮਨੁੱਖ ਮਾੜਾ ਹੈ ਤੇ ਕਿਹੜਾ ਮਨੁੱਖ ਚੰਗਾ ਹੈ ਭਾਵ ਕਿਹੜਾ ਮਨੁੱਖ ਮਾੜੇ ਕਰਮ ਕਰਨ ਵਾਲਾ ਹੈ ਤੇ ਕਿਹੜਾ ਮਨੁੱਖ ਚੰਗੇ ਕਰਮ ਕਰਨ ਵਾਲਾ ਹੈ। ਪੂਰੀ ਦੁਨੀਆਂ ਵਿੱਚ ਕਿਸੇ ਮਨੁੱਖ ਦੀ ਪਰਖ ਕਰਨ

ਦਾ ਇਹੋ ਇੱਕੋ ਇੱਕ ਅਸੂਲ ਹੈ ਤੇ ਇਹੀ ਸਾਡੇ ਅੰਦਰ ਧਰਮੀ ਜਾਂ ਅਧਰਮੀ ਹੋਣ ਦੀ ਕਸਵੱਟੀ ਹੈ ਭਾਵ ਧਰਮ ਦੀ ਕਸਵੱਟੀ ਸੱਚ ਹੀ ਹੈ। ਪ੍ਰਮਾਤਮਾ ਸਾਨੂੰ ਇਸ ਸੱਚ ਦੀ ਕਸਵੱਟੀ ਨਾਲ ਹੀ

26/2899

ਪਰਖਦਾ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਨੂੰ ਹੀ ਪਰਖਦਾ ਹੈ। ਸਾਡੇ ਮਨ ਦੇ ਵਿੱਚ ਵਿਚਾਰ ਪਾਉਣ ਵਾਲਾ ਵੀ ਉਹ ਆਪ ਹੈ ਤੇ ਉਨ੍ਹਾਂ ਨੂੰ ਪਰਖਣ ਵਾਲਾ ਵੀ ਉਹ ਆਪ ਹੈ। ਉਹ ਆਪ ਹੀ ਤੋਲ ਹੈ, ਆਪ ਹੀ ਤਰਾਜੂ ਹੈ ਤੇ ਆਪ ਹੀ ਤੋਲਣਹਾਰਾ ਹੈ ਭਾਵ ਸਭ ਕੁੱਝ ਉਸਦੀ ਆਪਣੀ ਰਜ਼ਾ ਹੈ ਕਿ ਉਹ ਮਨੁੱਖ ਨੂੰ ਕਿਹੋ ਜਿਹੀ ਅਵੱਸਥਾ ਵਿੱਚ ਰੱਖਦਾ ਹੈ ਪਰ ਮਾੜੇ ਕਰਮਾਂ ਦੀ ਜਿੰਮੇਵਾਰੀ ਸਾਡੇ ਜਿੰਮੇ ਹੈ ਤੇ ਉਸ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਸਿਰ ਲਾਇਆ ਹੈ ਜੋ ਕਿ ਉਸ ਪ੍ਰਮਾਤਮਾ ਦਾ ਸਾਡੇ ਲਈ ਹੁਕਮ ਹੈ। ਅਸੀਂ ਉਸਦੇ ਹੁਕਮ ਨੂੰ ਮੰਨਣਾ ਹੈ ਤੇ ਆਪਣੀ ਜਿੰਮੇਦਾਰੀ ਸਮਝ ਕੇ, ਆਪਣਾ ਫਰਜ਼ ਸਮਝ ਕੇ ਮਾੜੇ ਵਿਚਾਰਾਂ ਵਿੱਚੋਂ, ਮਾਇਆ ਮੋਹ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਹੈ ਤਾਂ ਜੋ ਅਸੀਂ ਗੁਰਮਤਿ ਦੇ ਖਜ਼ਾਨੇ ਵਿੱਚ, ਸੱਚ ਦੇ ਖਜ਼ਾਨੇ ਵਿੱਚ, ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦੇ ਖਜ਼ਾਨੇ ਵਿੱਚ ਭਾਵ ਚੌਥੇ ਪਦ ਦੇ ਵਿਚਾਰਾਂ ਵਾਲੇ ਖਜ਼ਾਨੇ ਵਿੱਚ ਰਲ ਸਕੀਏ। ਇਹ ਖਜ਼ਾਨਾ ਕੀ ਹੈ ਤੇ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਜਿਸ ਦੀ ਕੋਈ ਬਹੁਤੀ ਵਿਆਖਿਆ ਦੀ ਲੋੜ ਨਹੀਂ ਹੈ। ਇੱਕ ਵਾਰੀ ਬਾਣੀ ਦਾ ਪ੍ਰਿੰਸੀਪਲ ਸਮਝ ਆ ਜਾਵੇ ਤਾਂ ਫਿਰ ਬਾਣੀ ਨੂੰ ਸਮਝਣਾ ਕੋਈ ਔਖਾ ਨਹੀਂ ਰਹਿ ਜਾਂਦਾ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਉਨ੍ਹਾਂ ਨਾਲੋਂ ਆਪਣਾ ਵਿਸ਼ਵਾਸ ਤੋੜਨ ਦੀ ਲੋੜ ਹੈ ਜਿੰਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਆਪਣੇ ਅੰਦਰ ਝੂਠਾ ਵਿਸ਼ਵਾਸ ਪਾਲਿਆ ਹੋਇਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਇਸ ਖਜ਼ਾਨੇ ਦੀ ਰੱਤੀ ਭਰ ਤੱਕ ਸੋਝੀ ਨਹੀਂ ਹੈ। ਉਨ੍ਹਾਂ ਦੇ ਆਪਣੇ ਅੰਦਰ ਮਨਮਤਿ ਦਾ ਝੂਠਾ ਖਜ਼ਾਨਾ ਹੈ ਤੇ ਦੂਸਰਿਆਂ ਨੂੰ ਝੂਠੇ ਖਜ਼ਾਨੇ ਦੇ ਨਾਲ ਹੀ ਰਲਾਉਂਦੇ ਹਨ। ਸੱਚਾ ਖਜ਼ਾਨਾ ਕੇਵਲ ਗੁਰੂ ਦੇ ਕੋਲ ਹੈ ਜਿਸ ਵਿੱਚ ਸਾਨੂੰ ਰਲਣ ਦੀ ਲੋੜ ਹੈ।

ਸਿਰੀਰਾਗੁ ਮਹਲਾ ੧॥

“ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ॥
ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ॥
ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ॥੧॥
ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ॥
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ॥੧॥ਰਹਾਉ॥
ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥
ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ॥੨॥
ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ॥੩॥
ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ॥
ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ॥
ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ॥੪॥
ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥
ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥੫॥

ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ॥
ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ॥
ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ॥੬॥
ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ॥
ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ॥
ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ॥੭॥
ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ॥
ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥
ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ॥੮॥੭॥"

(ਅੰਗ ੫੭)

ਉੱਪਰ ਸ਼ਬਦ ਰਾਹੀਂ ਸਾਨੂੰ ਮਨ ਦੇ ਮਾੜੇ ਤੇ ਚੰਗੇ ਵਿਚਾਰਾਂ ਦਾ ਭੇਦ ਹੀ ਸਮਝਾਇਆ ਹੋਇਆ ਹੈ। ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਾਨੂੰ ਇਹ ਸੁਚੇਤ ਕੀਤਾ ਹੈ ਕਿ ਉਸ "ਨਿਰਮਲੁ" ਰੂਪ ਪ੍ਰਮਾਤਮਾ ਨੂੰ ਕੇਵਲ ਗੁਰੂ ਦੇ ਕੋਲੋਂ ਜਾਨਣਾ ਚਾਹੀਦਾ ਹੈ ਜੋ ਪ੍ਰਮਾਤਮਾ ਸਾਡੀ ਦੇਹ ਦੇ ਵਿੱਚ, "ਸਰੀਰੁ" ਦੇ ਰੂਪ ਵਿੱਚ ਆਪ ਹੀ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ। ਗੁਰੂ ਦੇ ਨਾਲ ਜੁੜ ਕੇ ਭਾਵ ਗੁਰੂ ਦੀ ਮਤਿ ਦੇ ਨਾਲ ਜੁੜ ਕੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਆਪਣੇ ਅੰਦਰੋਂ ਹੀ ਹੁੰਦੀ ਹੈ ਤੇ ਸਮਝ ਲੱਗਦੀ ਹੈ ਕਿ ਸਾਡੇ ਸਰੀਰ ਦੇ ਰੂਪ ਵਿੱਚ, ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। **(ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ॥)** ਅਸਲ ਵਿੱਚ ਅਸੀਂ

26/2900

ਸਭ ਪ੍ਰਮਾਤਮਾ ਦਾ ਹੀ ਰੂਪ ਹਾਂ ਭਾਵ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ। ਇਹ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਉਸ ਪ੍ਰਮਾਤਮਾ ਦੇ ਨਾਲ ਨਿਰੁਗਣ ਰੂਪ ਵਿੱਚ ਜੁੜਿਆ ਹੋਇਆ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਜੁੜਿਆ ਹੋਇਆ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਪਾਉਣ ਦਾ ਸਹੀ ਮਾਰਗ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕਿਸੇ ਦੇ ਕੋਲ ਨਹੀਂ ਹੈ ਤੇ ਇਸ ਪੂਰੇ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਦ੍ਰਿੜ ਕਰਵਾਈ ਹੋਈ ਹੈ ਕਿ ਸਾਨੂੰ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜਨਾ ਚਾਹੀਦਾ ਹੈ, ਨਾਮ ਦੀ ਮਤਿ ਦੇ ਨਾਲ ਜੁੜਨਾ ਚਾਹੀਦਾ ਹੈ।

ਉਹ "ਨਿਰਮਲੁ" ਰੂਪ ਪ੍ਰਮਾਤਮਾ ਜਦੋਂ ਸਾਨੂੰ ਮਿਲਦਾ ਹੈ ਮਨ ਦੇ ਵਿੱਚੋਂ ਹੀ ਮਿਲਦਾ ਹੈ, ਮਨ ਦੇ ਵਿੱਚ ਵੱਸਣ ਦੁਆਰਾ ਭਾਵ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਮਿਲਦਾ ਹੈ। ਜਿਸ ਦੇ ਮਨ ਦੇ ਵਿੱਚ ਉਹ ਵੱਸ ਜਾਂਦਾ ਹੈ ਉਸ ਨੂੰ ਹੀ ਇਹ ਸਮਝ ਪੈਂਦੀ ਹੈ ਕਿ ਸਾਡੇ ਹਿਰਦੇ ਦੀ ਪੀੜ ਦਾ ਕਾਰਨ ਕੀ ਹੈ ਭਾਵ ਪ੍ਰਮਾਤਮਾ ਦੇ ਵਿਛੋੜੇ ਦੀ ਪੀੜ ਕੀ ਹੈ, ਪ੍ਰਮਾਤਮਾ ਦੇ ਵਿਛੋੜੇ ਦਾ ਦੁੱਖ ਕੀ ਹੈ ਭਾਵ ਇਸ ਗੱਲ ਦੀ ਸੋਝੀ ਉਸਦੇ ਨਾਲ ਮਨ ਦੇ ਵਿੱਚ ਮੇਲ ਤੋਂ ਬਾਅਦ ਹੀ ਪੈਂਦੀ ਹੈ। ਇਸ ਗੱਲ ਦੀ ਸੋਝੀ ਗੁਰੂ ਦੇ ਕੋਲ ਹੈ ਜਿਸ ਦੇ ਮਨ ਦੇ ਅੰਦਰ ਉਹ ਵੱਸਿਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤੀ ਹੋਈ ਹੈ। **(ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ॥)**

ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਵੱਸਦਾ ਹੈ ਤੇ ਮਨੁੱਖ ਦੀ ਆਪਣੀ ਪੀੜ ਕਿਵੇਂ ਦੂਰ ਹੁੰਦੀ ਹੈ ਤੇ ਦੂਸਰਿਆਂ ਦੀ ਪੀੜ ਕਿਵੇਂ ਸਮਝ ਆਉਂਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ॥੧॥"

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਸੁੱਖ-ਦੁੱਖ ਦਾ ਕਾਰਨ ਕੀ ਹੈ। "ਸੁਖੁ" ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਮਨੁੱਖ ਦੇ ਲਈ ਸਭ ਤੋਂ ਵੱਡਾ ਸੁੱਖ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਨੂੰ ਸਹਜ ਦੀ ਅਵੱਸਥਾ ਹੀ ਬਖ਼ਸ਼ਦਾ ਹੈ ਭਾਵ ਉਸਨੂੰ ਆਪਣੇ ਚੌਥੇ ਪਦ ਵਿੱਚ ਰਲਾਉਂਦਾ ਹੈ, ਬ੍ਰਹਮਗਿਆਨ

ਦੇ ਪਦ ਵਿੱਚ ਰਲਾਉਂਦਾ ਹੈ ਜਿਸ ਦੁਆਰਾ ਉਹ ਆਪਣੀ ਸੱਚੀ ਸੋਝੀ ਪਾਉਂਦਾ ਹੈ ਤੇ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਦੁੱਖ ਦਾ ਕਾਰਨ ਮਾਇਆ ਮੋਹ ਹੈ, ਸਾਡੇ ਅੰਦਰ ਦੇ ਔਗੁਣ ਹਨ ਜੋ ਸਾਡੇ ਅੰਦਰ ਜਮਾ ਦੇ ਰੂਪ ਵਿੱਚ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਉਮੈ ਸਾਡੇ ਜਮ ਹਨ ਜੋ ਹਰ ਵੇਲੇ ਸਾਨੂੰ ਆਪਣੇ ਤੀਰਾਂ ਨਾਲ ਵਿੰਨ੍ਹਦੇ ਹਨ ਪਰ ਸਾਨੂੰ ਇਸ ਗੱਲ ਦੀ ਸੋਝੀ ਨਹੀਂ ਹੈ। ਅਸੀਂ ਮਾਇਆ ਮੋਹ ਵਿੱਚ ਹੀ ਸੁੱਖ ਸਮਝਦੇ ਹਾਂ ਤੇ ਸਾਨੂੰ ਅਸਲ ‘‘ਸੁਖੁ’’ ਦੀ ਪ੍ਰਾਪਤੀ ਦੀ

26/2901

ਚਿੰਤਾ ਨਹੀਂ ਹੈ। ਅਸਲ ਸੁੱਖ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ। ਜੋ ਸੁੱਖ ਮਾਇਆ ਮੋਹ ਦੇ ਸੁੱਖ ਵਿੱਚੋਂ ਨਿਕਲਕੇ ਮਿਲਦਾ ਹੈ। ਮਾਇਆ ਮੋਹ ਦਾ ਸੁੱਖ ਅੰਤ ਸਾਨੂੰ ਦੁੱਖਾਂ ਵਿੱਚ ਹੀ ਪਾਉਂਦਾ ਹੈ, ਆਵਾਗਉਣ ਦੇ ਗੇੜ ਵਿੱਚ ਹੀ ਪਾਉਂਦਾ ਹੈ ਜਿਸ ਦੁਆਰਾ ਸਾਨੂੰ ਆਪਣਾ ਲੇਖਾ ਭੁਗਤਣਾ ਪੈਂਦਾ ਹੈ, ਸਜਾਵਾਂ ਭੁਗਤਣੀਆਂ ਪੈਂਦੀਆਂ ਹਨ। ਸਾਡੀ ਅਸਲ ਪੀੜ ਦਾ ਕਾਰਨ ਕੀ ਹੈ ਤੇ ਇਸ ਵਿੱਚੋਂ ਨਿਕਲਣ ਦਾ ਸਾਧਨ ਕੀ ਹੈ ਇਹ ਪ੍ਰਮਾਤਮਾ ਦੇ ਸਾਡੇ ਅੰਦਰ ਵੱਸਣ ਦੁਆਰਾ ਹੀ ਸਮਝ ਆਉਂਦੀ ਹੈ ਤੇ ਗੁਰੂ ਨੂੰ ਇਸ ਗੱਲ ਦੀ ਸੋਝੀ ਹੈ ਜਿਸ ਕਰਕੇ ਗੁਰੂ ਸਾਨੂੰ ਵਾਰ-ਵਾਰ ਮਾਇਆ ਮੋਹ ਵਿੱਚੋਂ ਨਿਕਲਣ ਲਈ ਔਗੁਣਾਂ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ ਜਿਸ ਦੁਆਰਾ ਸਾਨੂੰ ਸੱਚੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਸਦਾ ਲਈ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ। **(ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ॥ ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ॥੧॥)**

ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਜੋ ਕਿ ਰਹਾਉ ਵਾਲੀ ਪੰਗਤੀ ਹੈ ਉਸ ਨੂੰ ਧਿਆਨ ਨਾਲ ਸਮਝੋ ਕਿ ਇਸ ਸ਼ਬਦ ਦਾ ਮਕਸਦ ਸਾਨੂੰ ਕੀ ਸਮਝਾਉਣ ਲਈ ਹੈ।

“ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ॥

ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ॥੧॥ਰਹਾਉ॥”

‘‘ਨਿਰਮਲੁ’’ ਰੂਪ ਆਪ ਪ੍ਰਮਾਤਮਾ ਹੈ ਇਹੀ ਉਸਦਾ ਗੁਰੂ ਰੂਪ ਹੈ। ਪ੍ਰਮਾਤਮਾ ਆਪ ਪਵਿੱਤਰ ਹੈ ਤੇ ਇਸੇ ਲਈ ਗੁਰੂ ਪਵਿੱਤਰ ਹੈ ਭਾਵ ਇੱਕੋ ਹੀ ਗੱਲ ਹੈ। ਪਵਿੱਤਰ ਉਹੀ ਹੈ ਜਿਸ ਦੇ ਅੰਦਰ ਮੈਲ ਨਹੀਂ ਹੈ। ਗੁਰੂ ਬਿਨ੍ਹਾਂ ਹਰ ਕੋਈ ਮੈਲਾ ਹੈ। ਇਹ ਮੈਲ ਸਾਡੇ ਅੰਦਰ ਅਗਿਆਨਤਾ ਦੇ ਰੂਪ ਵਿੱਚ ਹੈ, ਹਉਮੈ ਦੇ ਰੂਪ ਵਿੱਚ ਹੈ। ਸਾਡੇ ਸਭ ਦੇ ਅੰਦਰ ਇਹ ਮੈਲ, ਭਰਮ ਰੂਪ ਮੈਲ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਜੋ ਕਿ ਸਾਡੇ ਅੰਦਰ ਮਨਮਤਿ ਦੇ ਰੂਪ ਵਿੱਚ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ ਹੈ। ਗੁਰੂ ਪ੍ਰਮਾਤਮਾ ਸਹਜ ਦੀ ਅਵੱਸਥਾ ਵਿੱਚ ਹੈ, ਚੌਥੇ ਪਦ ਦੇ ਗਿਆਨ ਦੀ ਅਵੱਸਥਾ ਵਿੱਚ ਹੈ ਜੋ ਪਦ ਭਰਮ ਤੋਂ ਰਹਿਤ ਹੈ ਭਾਵ ਭਰਮ ਦੀ ਮੈਲ ਤੋਂ ਰਹਿਤ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨਿਰਮਲ ਜਲ ਦੇ ਰੂਪ ਵਿੱਚ ਹੈ, ਅੰਮ੍ਰਿਤ ਸਰੋਵਰ ਦੇ ਰੂਪ ਵਿੱਚ ਹੈ ਭਾਵ ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦਾ ਨਿਰਮਲ ਜਲ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਸੋਝੀ ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਸਰੋਵਰ ਸਾਡੇ ਮਨ ਦੇ ਅੰਦਰ ਹੀ ਹੈ ਜੋ ਕਿ ਸਾਡੇ ਅੰਦਰ ਸਹਜ ਦੀ ਅਵੱਸਥਾ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਇਸ ਅੰਮ੍ਰਿਤ ਸਰੋਵਰ

26/2902

ਵਿੱਚੋਂ ਇਸ਼ਨਾਨ ਕਰਦਾ ਹੈ, ਨਿਰਮਲ ਜਲ ਦਾ ਇਸ਼ਨਾਨ ਕਰਦਾ ਹੈ ਉਹੀ ਨਿਰਮਲ ਬਣਦਾ ਹੈ ਤੇ ਇਹ ਇਸ਼ਨਾਨ ਪ੍ਰਮਾਤਮਾ ਆਪ ਹੀ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਕਰਵਾਉਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਰੂਪ ਸਰੋਵਰ ਵਿੱਚੋਂ ਇਹ ਸੱਚੀ ਸੋਝੀ ਦਾ ਇਸ਼ਨਾਨ ਕਰਵਾਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕਰਕੇ ਉਸ ਵਿੱਚ ਨਿਰਮਲ ਜਲ ਭਰਿਆ ਹੈ, ਅੰਮ੍ਰਿਤ ਜਲ ਭਰਿਆ ਹੈ। ਜੇਕਰ ਅਸੀਂ ਆਪਣੇ ਮਨ ਦੀ ਮੈਲ ਉਤਾਰਨੀ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਸਾਡੇ ਕੋਲ ਇੱਕੋ ਇੱਕ ਸਾਧਨ ਇਹ ਹੈ ਕਿ ਅਸੀਂ ਨਿਰਮਲ ਜਲ ਦੇ ਵਿੱਚੋਂ ਇਸ਼ਨਾਨ ਕਰੀਏ ਭਾਵ ਗੁਰਬਾਣੀ ਦੀ ਸੱਚੀ ਸੋਝੀ ਦਾ ਇਸ਼ਨਾਨ ਕਰੀਏ ਜਿਸ ਨਾਲ ਸਾਡੀ ਮਨਮਤਿ ਦੀ ਮੈਲ ਉਤਰ ਸਕਦੀ ਹੈ, ਅਗਿਆਨਤਾ ਦੀ ਮੈਲ ਉਤਰ ਸਕਦੀ ਹੈ ਭਾਵ ਅਸੀਂ ਭਰਮ ਵਿੱਚੋਂ ਨਿਕਲਕੇ ਸੱਚ ਦੇ ਨਾਲ ਜੁੜ ਸਕਦੇ ਹਾਂ ਤੇ ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਸਾਨੂੰ ਕੇਵਲ ਨਿਰਮਲ ਜਲ ਦਾ ਇਸ਼ਨਾਨ ਕਰਨਾ ਚਾਹੀਦਾ ਹੈ ਭਾਵ ਕੇਵਲ ਗੁਰੂ ਦੇ ਕੋਲੋਂ ਮਤਿ ਲੈਣੀ ਚਾਹੀਦੀ ਹੈ ਜੋ ਸਾਨੂੰ ਪਵਿੱਤਰ ਕਰ ਸਕਦੀ ਹੈ। **(ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ॥)**

ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ।

“ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ॥੧॥ਰਹਾਉ॥”

ਸਾਡੇ ਅੰਦਰ ਮੈਲ ਕਿਵੇਂ ਵੱਧਦੀ ਹੈ ਭਾਵ ਮੈਲ ਕਿਉਂ ਨਹੀਂ ਉਤਰਦੀ ਇਹੀ ਗੱਲ ਸਾਨੂੰ ਉਪਰਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਜੋ ਉਸ ਪ੍ਰਮਾਤਮਾ ਦੇ ਨਾਲ ਨਿਰਗੁਣ ਰੂਪ ਵਿੱਚ ਜੁੜਿਆ ਹੋਇਆ ਹੈ, ਸਹਜ ਰੂਪ ਵਿੱਚ ਜੁੜਿਆ ਹੋਇਆ ਹੈ ਤੇ ਇਸੇ ਲਈ ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ ਜਿੱਥੋਂ ਉਸ ਨੂੰ ਸਾਰਾ ਗਿਆਨ ਮਿਲਦਾ ਹੈ। ਗੁਰਬਾਣੀ ਦੀ ਮਤਿ ਨਾਲ ਜੁੜਨਾ ਸਿੱਧਾ ਪ੍ਰਮਾਤਮਾ ਦੀ ਮਤਿ ਦੇ ਨਾਲ ਜੁੜਨਾ ਹੈ ਤੇ ਗੁਰੂ ਦੀ ਮਤਿ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਦੀ ਮਤਿ ਨਾਲ ਜੁੜਦੇ ਹਾਂ ਉਸ ਦੀ ਮਤਿ ਮੈਲ ਤੋਂ ਰਹਿਤ ਨਹੀਂ ਹੈ ਭਾਵ ਭਰਮ ਤੋਂ ਰਹਿਤ ਨਹੀਂ ਹੈ ਭਾਵ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ। ਹੁਣ ਧਿਆਨ ਨਾਲ ਸਮਝੋ ਕਿ ਅਸੀਂ ਪ੍ਰਮਾਤਮਾ ਨੂੰ ਪਾਉਣ ਲਈ ਮਤਿ ਕਿਸ ਦੇ ਕੋਲੋਂ ਲਈ ਹੋਈ ਹੈ। ਹਰ ਕੋਈ ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਨਾ ਕਿਸੇ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ। ਭਗਤੀ ਦਾ ਮਾਰਗ ਸਮਝਾਉਣ ਵਾਲੇ ਬਹੁਤ ਹਨ ਪ੍ਰਮਾਤਮਾ ਦੇ ‘‘ਸਚੁ’’ ਰੂਪ ਦੀ ਸੋਝੀ, ਉਸਦੇ ਨਿਰਗੁਣ ਰੂਪ

26/2903

ਦੀ ਸੋਝੀ ਕਿਸੇ ਨੂੰ ਨਹੀਂ ਹੈ, ਵੇਦਾਂ-ਸ਼ਾਸਤਰਾਂ ਨੂੰ ਵੀ ਨਹੀਂ ਹੈ ਜੋ ਸਾਨੂੰ ਸਰਗੁਣ ਰੂਪ ਦੇ ਨਾਲ ਜੋੜਦੇ ਹਨ। ਸਿੱਖ ਜਗਤ ਵਿੱਚ ਵੀ ਸਾਨੂੰ ਸਭ ਸਰਗੁਣ ਰੂਪ ਦੇ ਨਾਲ ਹੀ ਜੋੜਦੇ ਹਨ, ਦੇਹ ਰੂਪ ਦੀ ਪੂਜਾ ਦੇ ਨਾਲ ਹੀ ਜੋੜਦੇ ਹਨ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਇਸ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੈ। ਜੋ ਗੱਲ ਗੁਰਬਾਣੀ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਸ ਵਿੱਚ ਕੇਵਲ ਸਾਡਾ ਭਰਮ ਹੈ ਭਾਵ ਸਾਡੀ ਮੈਲੀ ਸੋਝੀ ਹੈ। ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ ਹੋਇਆ ਹੈ ਜਾਂ ਸਿੱਖਦੇ ਹਾਂ ਭਾਵ ਗੁਰੂ ਨੂੰ ਛੱਡ ਕੇ ਜੇਕਰ ਕਿਸੇ ਦੀ ਵੀ ਗੱਲ ਤੇ ਵਿਸ਼ਵਾਸ ਕਰਦੇ ਹਾਂ ਤੇ ਉਸ ਨੂੰ ਮੰਨਦੇ ਹਾਂ ਉਸ ਨਾਲ ਆਪਣੇ ਮਨ ਦੀ ਮੈਲ ਹੀ ਵਧਾਉਂਦੇ ਹਾਂ ਤੇ ਇਹੋ ਜਿਹਿਆਂ ਨਾਲ ਸੰਸਾਰ ਭਰਿਆ ਪਿਆ ਹੈ, ਸਿੱਖ ਜਗਤ ਵੀ ਭਰਿਆ ਪਿਆ ਹੈ। ਜਗ੍ਹਾ ਜਗ੍ਹਾ ਤੇ ਇਹ ਭਰਮੇ ਹੋਏ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ ਤੇ ਉਨ੍ਹਾਂ ਦੇ ਕੋਲ ਜਾ ਕੇ ਅਸੀਂ ਮਨ ਦੇ ਵਿੱਚ ਮੈਲ ਭਰਕੇ ਹੀ ਆਉਂਦੇ ਹਾਂ। ਭਗਤੀ ਦਾ ਮਾਰਗ ਆਪਣੇ ਮਨ ਦੀ ਮੈਲ ਕੱਢਣ ਦਾ ਹੈ ਤਾਂ ਜੋ ਸੱਚੀ ਸੋਝੀ ਲੈ ਕੇ ਅਸੀਂ ਸੱਚ ਦੁਆਰਾ ਵਿਚਰ ਸਕੀਏ। ਸੱਚ ਹੀ ਸਾਰੇ ਸੰਸਾਰ ਦਾ ਧਰਮ ਹੈ ਤੇ ਸੱਚ ਦਾ ਮੂਲ ਸਾਡੇ ਅੰਦਰ ਸੱਚ ਦੀ ਸੋਝੀ ਹੈ। ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਪੂਰਨ ਸੱਚ ਹੈ ਜੋ ਕਿ ਸੱਚੀ ਮਤਿ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਨਿਰਮਲ ਜਲ ਦੇ ਰੂਪ ਵਿੱਚ ਹੈ। ਅਸੀਂ ਨਿਰਮਲ ਜਲ ਨੂੰ ਛੱਡ ਕੇ ਉਸ ਜਲ ਦਾ ਇਸ਼ਨਾਨ ਕਰਨ ਜਾਂਦੇ ਹਾਂ ਜਿਹੜੇ ਜਲ ਆਪ ਮੈਲੇ ਹਨ। ਅਸੀਂ ਸੱਚੇ ਸਰੋਵਰ ਦਾ ਇਸ਼ਨਾਨ ਛੱਡ ਕੇ, ਅੰਮ੍ਰਿਤ ਸਰੋਵਰ ਦਾ ਇਸ਼ਨਾਨ ਛੱਡ ਕੇ ਛੱਪੜੀਆਂ ਦਾ ਇਸ਼ਨਾਨ ਕਰਨ ਜਾਂਦੇ ਹਾਂ, ਗੰਦੇ ਜਲ ਦਾ ਇਸ਼ਨਾਨ ਕਰਨ ਜਾਂਦੇ ਹਾਂ ਜਿਸ ਨਾਲ ਉਲਟੀ ਮੈਲ ਹੀ ਵੱਧਦੀ ਹੈ **(ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ॥ ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ॥੧॥ਰਹਾਉ॥)**

ਮਹਲਾ ੪॥

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ॥੨॥}

(ਅੰਗ ੧੪੦)

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ॥

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥}

(ਅੰਗ ੬੮੭)

26/2904

ਸਾਡੇ ਲਈ ਸਭ ਤੋਂ ਜਰੂਰੀ ਗੱਲ ਇਹ ਹੈ ਕਿ ਜੇਕਰ ਅਸੀਂ ਪ੍ਰਮਾਤਮਾ ਦੇ ਦਿਲੋਂ ਦਰਸ਼ਨ ਕਰਨੇ ਚਾਹੁੰਦੇ ਹਾਂ ਤਾਂ ਫਿਰ ਕਦੇ ਭੁੱਲ ਕੇ ਵੀ ਉਨ੍ਹਾਂ ਦੀ ਮਤਿ ਤੇ ਨਾ ਚੱਲੀਏ ਜੋ ਗੁਰਮਤਿ ਤੇ ਖਰੇ ਨਹੀਂ ਉਤਰਦੇ। ਗੁਰੂ ਦੀ ਮਤਿ ਨੂੰ ਛੱਡ ਕੇ ਇੱਧਰ ਉਧਰ ਭਟਕਣਾ ਸਾਡੀ ਵੱਡੀ ਭੁੱਲ ਹੈ ਜਿੰਨ੍ਹਾਂ ਨੂੰ ਇਹ ਰੱਤੀ ਭਰ ਵੀ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਤੇ ਕਿਸ ਰੂਪ ਵਿੱਚ ਹੁੰਦਾ ਹੈ। ਪ੍ਰਮਾਤਮਾ ਨੇ ਜਦੋਂ ਤੁਹਾਨੂੰ ਮਿਲਣਾ ਹੈ ਆਪਣੇ ਅੰਦਰੋਂ ਹੀ ਮਿਲਣਾ ਹੈ ਤੇ ਨਿਰਗੁਣ ਰੂਪ ਵਿੱਚ ਮਿਲਣਾ ਹੈ ਤੇ ਭਰਮੇ ਹੋਏ ਸਾਨੂੰ ਸਰਗੁਣ ਰੂਪ ਨਾਲ ਜੋੜਦੇ ਹਨ, ਪ੍ਰਮਾਤਮਾ ਨੂੰ ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ ਤੇ ਕੋਈ ਸਾਨੂੰ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਨਾਲ ਜੋੜਦੇ ਹਨ ਭਾਵ ਸਾਨੂੰ ਭਰਮ ਵਿੱਚ ਹੀ ਪਾਉਂਦੇ ਹਨ, ਸਾਡੇ ਅੰਦਰ ਭਰਮ ਦੀ ਮੈਲ ਵਧਾਉਂਦੇ ਹਨ ਜਦਕਿ ਸੱਚ ਇਹ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜਿਵੇਂ ਕਿ ਗੁਰੂ ਸਾਨੂੰ ਵਾਰ ਵਾਰ ਸਮਝਾ ਰਿਹਾ ਹੈ। ਜੇਕਰ ਗੁਰੂ ਨਾਲ ਭਾਵ ਗੁਰੂ ਦੀ ਮਤਿ ਨਾਲ ਜੁੜਾਂਗੇ ਤਾਂ ਫਿਰ ਉਹ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਅੰਦਰੋਂ ਹੀ ਕਰਵਾਏਗਾ ਨਾ ਕਿ ਕਿਤੇ ਬਾਹਰ ਦੇ ਦਰਸ਼ਨ ਦੀ ਗੱਲ ਕਰੇਗਾ। ਤੁਸੀਂ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੋ ਜਿਸ ਦੀ ਸੋਝੀ ਤੁਹਾਨੂੰ ਅੰਦਰੋਂ ਹੀ ਪੈ ਸਕਦੀ ਹੈ ਤੇ ਹੋਰ ਕੋਈ ਸਾਧਨ ਨਹੀਂ ਹੈ। ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੈ ਕਿ ਤੁਸੀਂ ਆਪ ਹੀ ਪ੍ਰਮਾਤਮਾ ਦਾ ਰੂਪ ਹੋ ਤੇ ਗੁਰੂ ਤੇ ਵਿਸ਼ਵਾਸ ਰੱਖ ਕੇ ਚੱਲੋ ਕਿ ਪ੍ਰਮਾਤਮਾ ਦੇ ਦਰਸ਼ਨ ਸਾਨੂੰ ਕੇਵਲ ਗੁਰੂ ਹੀ ਕਰਵਾ ਸਕਦਾ ਹੈ। **(ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ॥)**

ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਉਸਦੇ ਦਰਸ਼ਨ ਕਿੱਥੋਂ ਹੋਣੇ ਹਨ।

“ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥

ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ॥

ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ॥੨॥”

ਸਾਡਾ ਸਰੀਰ ਹਰਿ ਦਾ “ਮੰਦਰੁ” ਹੀ ਹੈ, ਸਾਰਾ ਜਗਤ ਹਰਿ ਦਾ “ਮੰਦਰੁ” ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਕਿਉਂਕਿ ਸਭ ਵਿੱਚ ਉਹ ਆਪ ਹੀ ਸਮਾਇਆ ਹੋਇਆ ਹੈ, ਆਪਣੇ ਨਿਰਗੁਣ ਰੂਪ ਵਿੱਚ, ਜੋਤਿ ਰੂਪ

26/2905

ਵਿੱਚ ਸਮਾਇਆ ਹੋਇਆ ਹੈ। ਉਸਦਾ ਜੋਤਿ ਰੂਪ ਉਸਦਾ ਗਿਆਨ ਰੂਪ ਹੈ, ਸਾਡਾ ਸਰੀਰ ਇਸੇ ਲਈ ਸੋਹਣਾ ਹੈ ਕਿਉਂਕਿ ਅੰਦਰ ਵਰਤਣ ਵਾਲਾ ਪ੍ਰਮਾਤਮਾ ਆਪ ਹੀ ਹੈ। ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ “ਰਵਿ ਸਸਿ” ਦੇ ਰੂਪ ਵਿੱਚ ਹੈ ਜੋ ਕਿ ਸਾਡੇ ਮਨ ਦੇ ਅੰਦਰ ਦੀਪ ਦੇ ਰੂਪ ਵਿੱਚ, ਦੀਵੇ ਦੇ ਰੂਪ ਵਿੱਚ ਹਨ ਜੋ ਸਾਡੇ ਮਨ ਦੇ ਅੰਦਰ ਚਾਨਣ ਕਰਦੇ ਹਨ ਭਾਵ ਗਿਆਨ ਰੂਪ ਚਾਨਣ ਕਰਦੇ ਹਨ ਜਿਸ ਦੁਆਰਾ ਸਾਨੂੰ ਮਨ ਦੇ ਅੰਦਰੋਂ ਸੋਝੀ ਪੈਂਦੀ ਹੈ, ਗਿਆਨ ਮਿਲਦਾ ਹੈ। ਜਿਵੇਂ ਕਿ ਅਸੀਂ ਕਾਫੀ ਪਿੱਛੇ ਵੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ “ਰਵਿ ਸਸਿ” ਸਾਡੇ ਅੰਦਰ ਮਨ ਦੀਆਂ ਅਵੱਸਥਾਵਾਂ ਹੀ ਹਨ। “ਰਵਿ” ਦੇ ਰੂਪ ਵਿੱਚ ਭਾਵ ਸੂਰਜ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ ਪਰ ਉਹ ਆਪ ਗੁਪਤ ਰੂਪ ਵਿੱਚ ਵਿਚਰਦਾ ਹੈ। ਸਾਡੇ ਅੰਦਰ “ਸਸਿ” ਰੂਪ ਭਾਵ ਚੰਦਰਮੇ ਦੀ ਰੌਸ਼ਨੀ ਵਾਲਾ ਰੂਪ, ਮੱਧਮ ਰੌਸ਼ਨੀ ਵਾਲਾ ਰੂਪ ਭਾਵ ਛੋਟੀ ਸੋਝੀ ਵਾਲਾ ਰੂਪ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਰੂਪ ਹੈ ਜਿਸ ਵਿੱਚ ਆਪ ਹੀ ਪ੍ਰਮਾਤਮਾ ਨੇ ਸਭ ਨੂੰ ਰੱਖਿਆ ਹੋਇਆ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ “ਰਵਿ” ਰੂਪ ਦੁਆਰਾ ਹੀ ਪ੍ਰਗਟ ਕਰਦਾ ਹੈ ਜੋ ਰੂਪ ਉਸਦਾ ਚੌਥੇ ਪਦ ਵਾਲੇ ਗਿਆਨ ਦਾ ਰੂਪ ਹੈ, ਉੱਚੀ ਸੋਝੀ ਦਾ ਰੂਪ ਹੈ, ਸੱਚੀ ਸੋਝੀ ਦਾ ਰੂਪ ਹੈ। ਪ੍ਰਮਾਤਮਾ ਦਾ ਸਾਡੇ ਅੰਦਰ ਇਹ ਰੂਪ ਪ੍ਰਗਟ ਹੋਣ ਨਾਲ ਸਾਡਾ “ਸਸਿ” ਰੂਪ ਮਿਟ ਜਾਂਦਾ ਹੈ ਭਾਵ ਸਾਡੇ ਅੰਦਰੋਂ ਭਰਮ ਵਾਲੀ ਅਵੱਸਥਾ ਦੂਰ ਹੋ ਜਾਂਦੀ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਜੋਤਿ ਰੂਪ ਦੇ ਦਰਸ਼ਨ ਹੁੰਦੇ ਹਨ, ਗਿਆਨ ਰੂਪ ਦੇ ਦਰਸ਼ਨ ਹੁੰਦੇ ਹਨ। ਆਪਣੇ ਅੰਦਰੋਂ ਪ੍ਰਮਾਤਮਾ ਦੇ ਜੋਤਿ ਰੂਪ ਨੂੰ ਜਾਨਣ ਨਾਲ ਹੀ ਫਿਰ ਪ੍ਰਮਾਤਮਾ ਦਾ ਸਭ ਜਗ੍ਹਾ ਉਸਦਾ ਜੋਤਿ ਰੂਪ ਹੀ ਨਜ਼ਰ ਆਉਂਦਾ ਹੈ, ਨਿਰਗੁਣ ਰੂਪ, ਗਿਆਨ ਰੂਪ ਹੀ ਨਜ਼ਰ ਆਉਂਦਾ ਹੈ ਜਿਸ ਰੂਪ ਰਾਹੀਂ ਉਸਨੇ ਹਰ ਸਰਗੁਣ ਰੂਪ ਨੂੰ ਬਣਾਇਆ ਹੈ ਤੇ ਆਪ ਹੀ ਆਪਣੀ ਨਿਰਗੁਣ ਰੂਪ ਜੋਤਿ ਦੁਆਰਾ, ਗਿਆਨ ਰੂਪ ਜੋਤਿ ਦੁਆਰਾ ਸਭ ਨੂੰ ਚਲਾ ਰਿਹਾ ਹੈ। ਗੁਰੂ ਸਾਨੂੰ ਪ੍ਰਮਾਤਮਾ ਦੇ ਨਾਲ ਇਸ ਰੂਪ ਵਿੱਚ ਮਿਲਾਉਂਦਾ ਹੈ ਤੇ ਤਾਂ ਹੀ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਭਰਮ ਵਿੱਚ ਰਹਿੰਦਿਆਂ ਕਿਸੇ ਨੂੰ ਇਸ ਗੱਲ ਦੀ ਸੋਝੀ ਨਹੀਂ ਪੈ ਸਕਦੀ। ਜਿਸਦਾ ਭਰਮ ਨਿਕਲਦਾ ਹੈ ਉਹੀ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਇਹ ਭਰਮ ਹੀ ਸਾਡੇ ਅੰਦਰ ਦੀ ਮੈਲ ਹੈ ਜੋ ਸਾਡੇ ਅੰਦਰ ਵਿਕਾਰਾਂ ਦੀ ਜੜ੍ਹ ਹੈ। ਮਨ ਦਾ ਭਰਮ ਨਿਕਲੇ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਵਿਕਾਰ ਮੁਕਤ ਹੋ ਸਕਦਾ ਹੈ। ਪ੍ਰਮਾਤਮਾ ਦੇ ਮੇਲ ਬਿਨ੍ਹਾਂ ਨਾ ਕਿਸੇ ਨੂੰ ਗੁਰਮਤਿ ਸਮਝ ਆ ਸਕਦੀ ਹੈ ਤੇ ਨਾ ਹੀ ਕੋਈ ਗੁਰਮਤਿ ਤੇ ਚੱਲ ਸਕਦਾ ਹੈ। ਭਰਮ ਰਹਿਤ, ਮੈਲ ਰਹਿਤ ਕੇਵਲ ਗੁਰੂ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਜਿਸ ਨਾਲ ਜੁੜ ਕੇ ਅਸੀਂ ਆਪਣੇ ਅੰਦਰੋਂ ਉਸ ਸੱਚੇ ਗਿਆਨ ਦੇ ਮਾਲਕ ਦੇ ਦਰਸ਼ਨ ਕਰ ਸਕਦੇ ਹਾਂ। **(ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ॥)**

ਸਾਡੇ ਜੀਵਨ ਦਾ ਮਕਸਦ “ਸਚੁ” ਰੂਪ ਸੌਦੇ ਦੀ ਪ੍ਰਾਪਤੀ ਕਰਨਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਹੈ ਤੇ ਉਹ ਸੌਦਾ ਸਾਨੂੰ ਆਪਣੇ ਅੰਦਰੋਂ ਹੀ ਮਿਲਣਾ ਹੈ ਜਿਵੇਂ ਕਿ ਅਗਲੀ

26/2906

ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ॥੨॥”

ਜਦੋਂ ਕੋਈ ਸੌਦਾ ਲੈਣਾ ਹੁੰਦਾ ਹੈ ਉਸਦੇ ਲਈ ਅਸੀਂ ਦੁਕਾਨਾਂ ਤੇ ਜਾਂਦੇ ਹਾਂ। ਉਹ ਸੌਦਾ ਅਸੀਂ ਸਰਗੁਣ ਰੂਪ ਵਿੱਚ ਖਰੀਦਦੇ ਹਾਂ ਭਾਵ ਕਿਸੇ ਸਾਮਾਨ ਦੇ ਰੂਪ ਵਿੱਚ ਖਰੀਦਦੇ ਹਾਂ ਜੋ ਸਾਨੂੰ ਨਜ਼ਰ ਆਉਂਦਾ ਹੈ। ਜਿਸ ਸੌਦੇ ਦਾ ਅਸੀਂ ਵਾਪਾਰ ਕਰਨ ਆਏ ਹਾਂ ਉਹ ਸੌਦਾ "ਸਚੁ" ਰੂਪ ਹੈ, ਨਿਰਗੁਣ ਰੂਪ ਹੈ। ਇਹ ਸੌਦਾ ਸਾਨੂੰ ਆਪਣੇ ਅੰਦਰੋਂ ਹੀ ਮਿਲਣਾ ਹੈ। ਇਸ ਸੌਦੇ ਦੀ ਦੁਕਾਨ ਸਾਡੇ ਅੰਦਰ ਹੀ ਹੈ। ਇਹ ਸੌਦਾ ਸਾਨੂੰ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ ਜੋ ਆਪ ਹੀ ਇਸ ਸੌਦੇ ਦਾ ਮਾਲਕ ਹੈ। ਇਹ ਸੌਦਾ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੈ ਤੇ ਨਿਰਗੁਣ ਰੂਪ ਦੁਕਾਨ ਤੋਂ ਹੀ ਮਿਲਦਾ ਹੈ। ਪ੍ਰਮਾਤਮਾ ਦੀ ਇਹ ਦੁਕਾਨ ਸਾਡੇ ਅੰਦਰ ਮਨ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਜਿਸਨੂੰ ਪ੍ਰਮਾਤਮਾ ਬ੍ਰਹਮਗਿਆਨ ਦੀ ਦਾਤਿ ਬਖ਼ਸ਼ਦਾ ਹੈ ਉਸ ਨੂੰ ਹੀ ਇਹ "ਸਚੁ" ਰੂਪ ਸੌਦਾ ਮਿਲਦਾ ਹੈ, "ਨਾਮੁ" ਰੂਪ ਸੌਦਾ ਮਿਲਦਾ ਹੈ। ਇਹ ਸੌਦਾ ਸਾਨੂੰ ਮਨ ਦੇ ਅੰਦਰ ਸੱਚੀ ਸੋਝੀ ਦੇ ਰੂਪ ਵਿੱਚ ਮਿਲਦਾ ਹੈ। ਬ੍ਰਹਮਗਿਆਨ ਦੁਆਰਾ ਪ੍ਰਮਾਤਮਾ ਜੋ ਵੀ ਸੋਝੀ ਪਾਉਂਦਾ ਹੈ ਉਸ ਵਿੱਚ ਪੂਰਨ ਸੱਚ ਹੁੰਦਾ ਹੈ। ਇਹ ਸੌਦਾ ਪ੍ਰਮਾਤਮਾ ਆਪਣੀ ਜੋਤਿ ਰਾਹੀਂ ਹੀ ਦਿੰਦਾ ਹੈ। ਸੌਦਾ ਦੇਣ ਵਾਲਾ "ਰਵਿ" ਰੂਪ ਹੈ ਤੇ ਸੌਦਾ ਲੈਣ ਵਾਲਾ "ਸਸਿ" ਰੂਪ ਹੈ। ਇਹ ਸੌਦਾ ਲੈਣ ਤੋਂ ਬਾਅਦ ਸਾਡਾ "ਸਸਿ" ਰੂਪ "ਰਵਿ" ਰੂਪ ਵਿੱਚ ਬਦਲ ਜਾਂਦਾ ਹੈ, ਸਾਡਾ ਆਤਮਾ ਰੂਪ ਪ੍ਰਮਾਤਮਾ ਰੂਪ ਵਿੱਚ ਬਦਲ ਜਾਂਦਾ ਹੈ, ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਚੌਥੇ ਪਦ ਦੇ ਗਿਆਨ ਵਿੱਚ ਬਦਲ ਜਾਂਦੀ ਹੈ, ਸਾਡੀ ਭਰਮ ਵਾਲੀ ਅਵੱਸਥਾ ਸੱਚੇ ਗਿਆਨ ਵਾਲੀ ਅਵੱਸਥਾ ਵਿੱਚ ਬਦਲ ਜਾਂਦੀ ਹੈ, ਸਾਡੀ ਮੈਲੀ ਮਤਿ ਪਵਿੱਤਰ ਬਣ ਜਾਂਦੀ ਹੈ, ਨਿਰਮਲ ਬਣ ਜਾਂਦੀ ਹੈ, ਸਾਡੇ ਅੰਦਰ ਪੁੱਠੇ ਕਮਲ ਦੀ ਅਵੱਸਥਾ ਸਿੱਧੇ ਕਮਲ ਵਿੱਚ ਬਦਲ ਜਾਂਦੀ ਹੈ। ਸਾਡੇ ਮਨ ਦੀ ਔਗੁਣਾਂ ਵਾਲੀ ਅਵੱਸਥਾ ਗੁਣਾਂ ਵਾਲੀ ਅਵੱਸਥਾ ਵਿੱਚ ਬਦਲ ਜਾਂਦੀ ਹੈ, ਸਾਡੀ ਮਨਮਤਿ ਵਾਲੀ ਅਵੱਸਥਾ ਗੁਰਮਤਿ ਵਾਲੀ ਅਵੱਸਥਾ ਵਿੱਚ ਬਦਲ ਜਾਂਦੀ ਹੈ, ਸਾਡੀ ਹਉਮੈ ਵਾਲੀ ਅਵੱਸਥਾ ਨਾਮ ਵਾਲੀ ਅਵੱਸਥਾ ਵਿੱਚ ਬਦਲ ਜਾਂਦੀ ਹੈ ਭਾਵ ਸਾਡੀ ਪੁੱਠੀ ਮਤਿ ਸਿੱਧੀ ਮਤਿ ਵਿੱਚ ਬਦਲ ਜਾਂਦੀ ਹੈ। ਆਪਣਾ ਸੱਚਾ ਸੌਦਾ ਦੇਣ ਦੇ ਨਾਲ ਪ੍ਰਮਾਤਮਾ ਮਨ ਦੇ ਅੰਦਰ ਪੂਰਨ ਸੱਚ ਹੀ ਸਮਝਾਉਂਦਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਸੱਚ ਦੁਆਰਾ ਵਿਚਰ ਸਕਦਾ ਹੈ ਭਾਵ ਸੱਚ ਦਾ ਵਾਪਾਰ ਕਰਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਇਹ "ਸਚੁ" ਰੂਪ ਸੌਦਾ ਦਿੱਤਾ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਇਹ "ਸਚੁ" ਰੂਪ ਸੌਦਾ ਗੁਰਬਾਣੀ ਵਿੱਚ ਪਾਇਆ ਹੈ ਜਿੱਥੋਂ ਅਸੀਂ ਸੌਦੇ ਦੀ ਪ੍ਰਾਪਤੀ ਕਰ ਸਕਦੇ ਹਾਂ। ਪ੍ਰਮਾਤਮਾ ਨੇ "ਗੁਰਬਾਣੀ" ਰੂਪ ਦੁਕਾਨ ਸਾਰੇ ਸੰਸਾਰ ਲਈ ਆਪ ਹੀ ਬਣਾਈ ਹੋਈ ਹੈ ਜਿਸ ਵਿੱਚ ਬੈਠ ਕੇ ਉਹ ਹਰ ਵੇਲੇ, ਅੱਠੇ ਪਹਿਰ ਆਪਣਾ ਇਹ "ਸਚੁ"

26/2907

ਰੂਪ ਸੌਦਾ ਵੰਡ ਰਿਹਾ ਹੈ। ਪ੍ਰਮਾਤਮਾ ਇਹ ਸੌਦਾ ਸ਼ਬਦ ਦੇ ਵਿਚਾਰਾਂ ਰਾਹੀਂ ਵੰਡ ਰਿਹਾ ਹੈ ਜਿਸ ਨੂੰ ਕਿ ਕੋਈ ਵੀ ਲੈ ਸਕਦਾ ਹੈ ਤੇ ਪ੍ਰਮਾਤਮਾ ਦੀ ਇਹ ਦੁਕਾਨ ਸਾਰੇ ਸੰਸਾਰ ਲਈ ਇੱਕੋ ਜਿਹਾ ਸੌਦਾ ਹੀ ਵੰਡ ਰਹੀ ਹੈ ਭਾਵ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਹੀ ਸਮਝਾ ਰਹੀ ਹੈ ਤੇ ਇਹ ਸੱਚ ਹੀ ਸਾਰੇ ਸੰਸਾਰ ਦਾ ਧਰਮ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਫਿਰ ਉਸਦੇ ਲਈ ਇਹ ਸੌਦਾ ਸਾਨੂੰ ਉਸ ਦੇ ਕੋਲੋਂ ਹੀ ਮਿਲਣਾ ਹੈ ਤੇ ਆਪਣਾ ਉਹ ਸੌਦਾ ਕਿਵੇਂ ਦਿੰਦਾ ਹੈ ਇਹੀ ਗੱਲ ਸਾਨੂੰ ਗੁਰਬਾਣੀ ਸਮਝਾ ਰਹੀ ਹੈ। ਉਸਦਾ "ਸਚੁ" ਰੂਪ ਸੌਦਾ ਉਸਦੇ ਸਮਝਾਏ ਹੋਏ ਸੱਚ ਤੇ ਚੱਲ ਕੇ ਹੀ ਮਿਲਦਾ ਹੈ ਭਾਵ ਉਸਦੀ ਸਮਝਾਈ ਹੋਈ ਮਤਿ ਤੇ ਚੱਲ ਕੇ ਹੀ ਮਿਲਦਾ ਹੈ। ਇਹ ਸੌਦਾ ਵੰਡਣ ਲਈ ਸੰਸਾਰ ਵਿੱਚ ਜਗ੍ਹਾ ਜਗ੍ਹਾ ਤੇ ਅਨੇਕਾਂ ਹੀ ਆਪਣੀਆਂ ਦੁਕਾਨਾਂ ਸਜਾਈ ਬੈਠੇ ਹਨ ਜੋ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਕਰਦੇ ਹਨ ਤੇ ਸਾਨੂੰ ਉਸਦੇ ਨਾਲ ਮਿਲਾਉਣ ਦੀਆਂ ਗੱਲਾਂ ਕਰਦੇ ਹਨ। ਸਿੱਖ ਜਗਤ ਵਿੱਚ ਵੀ ਇਹੋ ਜਿਹੇ ਦੁਕਾਨਦਾਰਾਂ ਦੀ ਕਮੀ ਨਹੀਂ ਹੈ ਜੋ ਜਗ੍ਹਾ ਜਗ੍ਹਾ ਆਪਣੀ ਆਪਣੀ ਦੁਕਾਨ ਡੇਰਿਆਂ ਦੇ ਰੂਪ ਵਿੱਚ ਸਜਾਈ ਬੈਠੇ ਹਨ। ਜੋ ਸੌਦਾ ਉਨ੍ਹਾਂ ਦੇ ਆਪਣੇ ਕੋਲ ਨਹੀਂ ਹੈ ਉਹ ਸੌਦਾ ਦੂਸਰਿਆਂ ਨੂੰ ਵੰਡਣ ਵਿੱਚ ਲੱਗੇ ਹੋਏ ਹਨ। ਜਿਸ ਨੂੰ ਇਹ "ਸਚੁ" ਰੂਪ ਸੌਦਾ ਮਿਲ ਜਾਂਦਾ ਹੈ ਉਹ ਕਦੇ ਆਪਣੀ ਵੱਖਰੀ ਦੁਕਾਨ ਸਜਾ ਹੀ ਨਹੀਂ ਸਕਦਾ ਕਿਉਂਕਿ ਫਿਰ ਉਹ ਗੁਰਬਾਣੀ ਰੂਪ ਹੀ ਬਣ ਜਾਂਦਾ ਹੈ ਭਾਵ ਉਸਦੇ ਸੱਚ ਵਿੱਚ ਹੀ ਸਮਾਅ ਜਾਂਦਾ ਹੈ ਤੇ ਉਸ ਤੋਂ ਬਾਹਰ ਜਾ ਹੀ ਨਹੀਂ ਸਕਦਾ ਕਿਉਂਕਿ ਜਿਸਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ ਉਹ ਗੁਰਬਾਣੀ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਤੇ ਉਹ ਗੁਰਬਾਣੀ ਤੋਂ ਉਲਟ ਚੱਲ ਹੀ ਨਹੀਂ ਸਕਦਾ ਕਿਉਂਕਿ ਉਸ ਨੂੰ ਚਲਾਉਣ ਵਾਲਾ ਆਪ ਪ੍ਰਮਾਤਮਾ ਹੀ ਹੁੰਦਾ ਹੈ ਗੁਰਬਾਣੀ ਦਾ ਮਾਲਕ ਹੀ ਹੁੰਦਾ ਹੈ ਤੇ ਉਸ ਵਿੱਚ ਉਸ ਮਨੁੱਖ ਦੀ ਆਪਣੀ ਕੋਈ ਮਤਿ ਨਹੀਂ ਹੁੰਦੀ। ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋਏ ਬਿਨ੍ਹਾਂ ਹਰ ਕੋਈ ਆਪਣੀ ਮਤਿ ਵਿੱਚ ਹੀ ਰਹਿੰਦਾ ਹੈ ਭਾਵ ਭਰਮ ਵਿੱਚ ਹੀ ਰਹਿੰਦਾ ਹੈ ਤੇ ਇਸੇ ਲਈ ਉਨ੍ਹਾਂ ਦੀ ਮਤਿ ਗੁਰਬਾਣੀ ਦੀ ਮਤਿ ਦੇ ਨਾਲ ਮੇਲ ਨਹੀਂ

ਖਾਂਦੀ ਕਿਉਂਕਿ ਹਰ ਕੋਈ ਆਪ ਭਰਮ ਵਿੱਚ ਹੈ, ਸੱਚ ਦੀ ਸਮਝ ਤੋਂ ਦੂਰ ਹੈ ਇਸੇ ਲਈ ਉਹ ਗੁਰਬਾਣੀ ਦੀ ਮਤਿ ਨੂੰ ਛੱਡ ਕੇ, ਸੱਚੀ ਮਤਿ ਨੂੰ ਛੱਡ ਕੇ ਭਰਮਿਆਂ ਹੋਇਆ ਦੀਆਂ ਦੁਕਾਨਾਂ ਤੋਂ ਉਹ ਵੱਖਰ ਲੈਣ ਜਾਂਦੇ ਹਨ ਜੋ ਵੱਖਰ ਉਨ੍ਹਾਂ ਦੇ ਆਪਣੇ ਕੋਲ ਨਹੀਂ ਹੈ। **(ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ॥ ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ॥੨॥)**

ਪਉੜੀ ॥

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ॥

ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ॥

ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ॥

ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ॥

ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ॥੧੧॥}

(ਅੰਗ ੯੫੨)

26/2908

ਜੇਕਰ ਗੁਰੂ ਦੀ ਮਤਿ ਨਾਲ ਜੁੜਾਂਗੇ ਤਾਂ ਫਿਰ ਗੁਰੂ ਸਾਨੂੰ ਸਾਡੇ ਅੰਦਰੋਂ ਪ੍ਰਮਾਤਮਾ ਦਾ ਉਹੀ ਰੂਪ ਦਿਖਾਵੇਗਾ ਜੋ ਰੂਪ ਉਸਨੇ ਪ੍ਰਮਾਤਮਾ ਦਾ ਖੁਦ ਆਪਣੇ ਅੰਦਰੋਂ ਦੇਖਿਆ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਆਪਣੇ ਅੰਦਰੋਂ ਕਿਸ ਰੂਪ ਵਿੱਚ ਦਿਖਦਾ ਹੈ ਤੇ ਉਸਨੂੰ ਦੇਖਣ ਲਈ ਅਸੀਂ ਕਿਸ ਗੱਲ ਨੂੰ ਮੰਨਣਾ ਹੈ ਜਿਸ ਦੁਆਰਾ ਉਸ ਦੀ ਕ੍ਰਿਪਾ ਹੁੰਦੀ ਹੈ।

“ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ॥

ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ॥

ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ॥੩॥”

ਬੜੇ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਆਪਣੇ ਅੰਦਰੋਂ ਕਿਸ ਵਿਧੀ ਦੁਆਰਾ ਦਿਖਦਾ ਹੈ, ਉਸਦੀ ਕ੍ਰਿਪਾ ਸਾਡੇ ਤੇ ਕਿਸ ਰੂਪ ਵਿੱਚ ਹੁੰਦੀ ਹੈ। “ਭੈ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਸਭ ਦੇ ਅੰਦਰ “ਭੈ” ਗੁਰਮਤਿ ਨੂੰ ਮੰਨਣ ਦਾ ਹੀ ਹੈ, “ਸੱਚ” ਦੁਆਰਾ ਵਿਚਰਨ ਦਾ ਹੀ ਹੈ ਜਿਸ ਲਈ ਸਾਨੂੰ ਮਾਇਆ ਮੋਹ ਛੱਡਣਾ ਪੈਂਦਾ ਹੈ, ਉਹ ਹਰ ਗੱਲ ਛੱਡਣੀ ਪੈਂਦੀ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੈ। ਸੱਚ ਕੇਵਲ ਉਹ ਹੈ ਜਿਸ ਵਿੱਚ ਗੁਰਮਤਿ ਹੈ ਤੇ ਗੁਰਮਤਿ ਦੀ ਸੋਝੀ ਕਿਸੇ ਨੂੰ ਨਹੀਂ ਹੈ ਤੇ ਨਾ ਹੀ ਉਸ ਤੇ ਚੱਲਿਆ ਜਾ ਸਕਦਾ ਹੈ। ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਉਹ ਭਗਤੀ ਨਹੀਂ ਬਲਕਿ ਭਗਤੀ ਦਾ ਦਿਖਾਵਾ ਹੈ ਜੋ ਕਿ ਗੁਰਮਤਿ ਦੇ ਉਲਟ ਹੈ ਭਾਵ ਉਸ ਵਿੱਚ ਸੱਚ ਨਹੀਂ ਹੈ ਤੇ ਅਸੀਂ ਝੂਠੀ ਮਤਿ ਦੇ ਨਾਲ ਜੁੜੇ ਹੋਏ ਹਾਂ। ਇਸੇ ਤਰ੍ਹਾਂ ਹੀ ਅਸੀਂ ਅਨੇਕਾਂ ਹੀ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਵਿੱਚ ਗੁਰਮਤਿ ਨਹੀਂ ਹੈ ਭਾਵ ਸੱਚ ਨਹੀਂ ਹੈ। ਜੇਕਰ ਕਿਸੇ ਨੂੰ ਇਹ ਸਮਝਾਇਆ ਜਾਵੇ ਕਿ ਤੁਹਾਨੂੰ ਸਰੀਰਕ ਜਪ ਤਪ ਵਾਲੀ ਭਗਤੀ ਛੱਡ ਦੇਣੀ ਚਾਹੀਦੀ ਹੈ ਕਿਉਂਕਿ ਇਹ ਗੁਰਮਤਿ ਦੇ ਉਲਟ ਹੈ ਉਸਨੂੰ ਇਹ ਗੱਲ ਮੰਨਣ ਵਿੱਚ ਭਉ ਮਹਿਸੂਸ ਹੁੰਦਾ ਹੈ ਜੋ ਕਿ ਕੇਵਲ ਸਾਡਾ ਝੂਠਾ ਭਉ ਹੈ। ਇਸੇ ਤਰ੍ਹਾਂ ਕਿਸੇ ਨੂੰ ਮਾਇਆ ਮੋਹ ਛੱਡਣ ਲਈ ਕਹੋ ਤਾਂ ਉਸ ਨੂੰ ਮੰਨਣ ਵਿੱਚ ਭਉ ਮਹਿਸੂਸ ਹੁੰਦਾ ਹੈ, ਡਰ ਮਹਿਸੂਸ ਹੁੰਦਾ ਹੈ ਕਿਉਂਕਿ ਮਾਇਆ ਨੂੰ ਛੱਡਣ ਦਾ ਡਰ ਸਭ ਦੇ ਅੰਦਰ ਹੈ। ਇਸੇ ਤਰ੍ਹਾਂ ਜੇਕਰ ਕਿਸੇ ਨੂੰ ਝੂਠਾ ਮਾਣ ਛੱਡਣ ਲਈ ਸਮਝਾਇਆ ਜਾਵੇ ਭਾਵ ਝੂਠੀ ਭਗਤੀ ਦਾ ਝੂਠਾ ਮਾਣ ਸਮਝਾਇਆ ਜਾਵੇ ਤਾਂ ਫਿਰ ਉਹ ਇਸ ਗੱਲ ਨੂੰ ਨਹੀਂ ਮੰਨਦਾ ਕਿਉਂਕਿ ਮਾਣ ਛੱਡਣ ਦਾ ਡਰ ਸਭ ਦੇ ਅੰਦਰ ਹੈ ਕਿਉਂਕਿ ਮਾਣ ਸਭ ਨੂੰ ਚੰਗਾ ਲੱਗਦਾ ਹੈ, ਮਾਣ ਬਹੁਤ ਮੋਂਹਦਾ ਹੈ, ਮਾਇਆ ਨਾਲੋਂ ਵੀ ਜਿਆਦਾ ਮੋਂਹਦਾ ਹੈ। ਜੋ ਚੀਜ਼ ਸਾਨੂੰ ਚੰਗੀ ਲੱਗਦੀ ਹੈ ਉਸਨੂੰ ਛੱਡਣ ਦਾ

26/2909

ਡਰ ਸਭ ਦੇ ਅੰਦਰ ਹੈ ਤੇ ਇਸੇ ਲਈ ਸਾਡੇ ਕੋਲੋਂ ਗੁਰਮਤਿ ਤੇ ਪੂਰਾ ਨਹੀਂ ਉਤਰਿਆ ਜਾਂਦਾ, ਬਹੁਤ ਔਖਾ ਹੈ ਇਸ ਭਉ ਦੇ ਵਿੱਚੋਂ ਨਿਕਲਣਾ। ਕਿਸੇ ਸੰਤ ਅਖਵਾਉਣ ਵਾਲੇ ਨੂੰ ਜੇਕਰ ਇਹ ਸਮਝਾਇਆ ਜਾਏ ਕਿ ਗੁਰਬਾਣੀ ਵਿੱਚ ਸੰਤ ਕੇਵਲ ਗੁਰੂ ਨੂੰ ਕਿਹਾ ਹੈ ਤੇ ਸੰਤ ਅਖਵਾਉਣਾ ਮਾੜੀ ਗੱਲ ਹੈ ਫਿਰ ਕੀ ਉਹ ਗੁਰਮਤਿ ਨੂੰ ਮੰਨੇਗਾ ਭਾਵ ਨਹੀਂ ਮੰਨੇਗਾ ਕਿਉਂਕਿ ਇਤਨਾ ਵੱਡਾ ਝੂਠਾ ਮਾਣ ਲੈ ਕੇ ਛੱਡਣਾ ਬਹੁਤ ਔਖਾ ਹੈ। ਇਸ ਭਉ ਵਿੱਚੋਂ ਮਨੁੱਖ ਤਾਂ ਹੀ ਨਿਕਲ ਸਕਦਾ ਹੈ ਜਦੋਂ ਸੱਚ ਦੀ ਸਮਝ ਪੈ ਜਾਵੇ ਕਿ ਪ੍ਰਮਾਤਮਾ ਨੂੰ ਪਾਉਣ ਦੀ ਸੱਚਾਈ ਕੀ ਹੈ ਭਾਵ ਕਿਹੋ ਜਿਹੇ ਸੱਚ ਦੁਆਰਾ ਮਿਲਦਾ ਹੈ। ਇਹ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਪ੍ਰਸੰਨਤਾ ਹੈ। ਜਿਸ ਨੂੰ ਪ੍ਰਮਾਤਮਾ ਇਸ ਭਉ ਵਿੱਚੋਂ ਕੱਢਦਾ ਹੈ ਉਸ ਮਨੁੱਖ ਦੇ ਅੰਦਰ ਆਪਣਾ "ਗਿਆਨ ਅੰਜਨੁ" ਪਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਸੱਚ ਦੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਆਪ ਕੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਕੀ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ। ਅਗਿਆਨਤਾ ਵਿੱਚ ਰਹਿੰਦੇ ਹੋਇਆਂ ਸਾਨੂੰ ਪ੍ਰਮਾਤਮਾ ਦੀ ਸੋਝੀ ਹੀ ਨਹੀਂ ਪੈ ਸਕਦੀ ਤੇ ਇਸੇ ਲਈ ਸਰੀਰਕ ਜਪ ਤਪ ਆਦਿ ਨਾਲ ਜੁੜਿਆਂ ਹੋਇਆਂ ਨੂੰ, ਕਿਸੇ ਅੱਖਰ ਦੇ ਜਪ ਦੇ ਨਾਲ ਜੁੜਿਆਂ ਹੋਇਆਂ ਨੂੰ ਵਾਰ-ਵਾਰ ਇਸ ਵਿੱਚੋਂ ਨਿਕਲਣ ਲਈ ਸਮਝਾਇਆ ਹੋਇਆ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ "ਗਿਆਨ ਅੰਜਨੁ" ਹੈ ਤੇ ਇਸ ਗਿਆਨ ਅੰਜਨੁ ਦੇ ਨਾਲ ਜੁੜੇ ਬਿਨ੍ਹਾਂ ਭਾਵ ਗੁਰੂ ਦੀ ਗੱਲ ਨੂੰ ਮੰਨੇ ਬਿਨ੍ਹਾਂ ਅਸੀਂ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ। ਅਸੀਂ ਉਸ ਅਨੁਸਾਰ ਚੱਲਣ ਦਾ ਉੱਦਮ ਹੀ ਕਰਨਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰਮਤਿ ਤੇ ਚੱਲਣ ਦੇ ਭਉ ਨੂੰ ਕਬੂਲ ਕਰੀਏ ਤੇ ਉਹੋ ਜਿਹੇ ਭਉ ਵਿੱਚੋਂ ਨਿਕਲੀਏ ਜੋ ਸਾਨੂੰ ਗੁਰਮਤਿ ਦੇ ਉਲਟ ਚਲਾਉਂਦੇ ਹਨ ਭਾਵ ਵਿਅਰਥ ਦੇ ਭਉ ਹਨ। ਪ੍ਰਮਾਤਮਾ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ ਉਸ ਨੂੰ ਹਰ ਵਿਅਰਥ ਦੇ ਭਉ ਵਿੱਚੋਂ ਕੱਢ ਲੈਂਦਾ ਹੈ ਤੇ ਉਸ ਦੇ ਅੰਦਰ ਕੇਵਲ ਸੱਚ ਤੇ ਚੱਲਣ ਦਾ ਭਉ ਵਸਾ ਦਿੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੱਚੀ ਭਗਤੀ ਹੁੰਦੀ ਹੈ। ਪ੍ਰਮਾਤਮਾ ਜਿਸ ਨੂੰ ਮਨ ਦੇ ਵਿੱਚ ਆਪ ਇਹ ਗਿਆਨ ਦਾ "ਅੰਜਨੁ" ਪਾਉਂਦਾ ਹੈ ਉਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਦਾ ਹੈ, ਉਸ ਦੇ ਨਿਰਗੁਣ ਰੂਪ ਨੂੰ ਦੇਖਦਾ ਹੈ ਜੋ ਕਿ ਸਾਡੇ ਮਨ ਦੇ ਅੰਦਰ ਹੀ ਹੈ, ਗਿਆਨ ਦੇ ਮਾਲਕ ਦੇ ਰੂਪ ਵਿੱਚ ਹੀ ਹੈ ਜੋ ਕਿ ਉਸਦੀ ਆਪਣੀ ਕ੍ਰਿਪਾ ਹੈ। **(ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ॥)**

ਇਹ "ਗਿਆਨ ਅੰਜਨੁ" ਹੀ ਪ੍ਰਮਾਤਮਾ ਦਾ ਨਾਮ ਹੈ ਭਾਵ ਗੁਰੂ ਦੇ ਗਿਆਨ ਦੁਆਰਾ ਜੋ ਸਾਨੂੰ ਸੋਝੀ ਪੈਂਦੀ ਹੈ ਉਹ ਪ੍ਰਮਾਤਮਾ ਦਾ ਨਾਮ ਹੈ। ਪ੍ਰਮਾਤਮਾ ਦੇ ਨਾਮ ਨੂੰ ਅਰਾਧਣਾ ਜਾਂ ਗੁਰੂ ਦੇ ਗਿਆਨ ਨੂੰ ਅਰਾਧਣਾ, ਗੁਰੂ ਦੇ ਉਪਦੇਸ਼ ਨੂੰ ਅਰਾਧਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ

26/2910

ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਮਹਲਾ ੫ ਮਾਂਝ॥

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥

ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥

ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ॥

ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ॥੧॥}

(ਅੰਗ ੨੧੮)

ਸਾਡੇ ਮਨ ਦੀ ਮੈਲ ਗੁਰੂ ਦੇ ਗਿਆਨ ਨੇ ਹੀ ਧੋਣੀ ਹੈ ਤੇ ਇਹੀ ਨਾਮ ਦਾ ਮਕਸਦ ਹੈ ਕਿ ਅਸੀਂ ਭਰਮ ਵਿੱਚੋਂ ਨਿਕਲੀਏ ਤੇ ਸੱਚ ਨੂੰ ਸਮਝੀਏ ਜਿਸ ਦੁਆਰਾ ਸਾਡੀ ਭਰਮ ਰੂਪ ਮੈਲ ਨਿਕਲਣੀ ਹੈ। ਇੱਕ ਅੱਖਰ ਨੂੰ ਨਾਮ ਸਮਝ ਕੇ ਜਪੀ ਜਾਣ ਨਾਲ ਕੀ ਸਾਡੇ ਅੰਦਰ ਕੁੱਝ ਗਿਆਨ ਆ ਸਕਦਾ ਹੈ ਜਿਸ ਦੁਆਰਾ ਅਸੀਂ ਭਰਮ ਵਿੱਚੋਂ ਨਿਕਲ ਸਕੀਏ। ਭਰਮ ਨੂੰ ਆਪਣੇ ਅੰਦਰ ਜਪਣ ਨਾਲ ਭਰਮ ਨਹੀਂ ਨਿਕਲਦਾ ਬਲਕਿ ਭਰਮ ਹੋਰ ਦ੍ਰਿੜ ਹੁੰਦਾ ਹੈ ਭਾਵ ਭਰਮ ਦੀ ਮੈਲ ਹੋਰ ਵੱਧਦੀ ਹੈ। ਜਿੱਥੇ ਕਿੱਥੇ ਭਰਮ ਦੀਆਂ ਹੱਟੀਆਂ ਬਣੀਆਂ ਹੋਈਆਂ ਹਨ ਜਿੱਥੋਂ ਅਸੀਂ ਭਰਮ ਖਰੀਦਣ ਜਾਂਦੇ ਹਾਂ, ਭਰਮ ਦਾ ਵਾਪਾਰ ਕਰਨ ਹੀ ਜਾਂਦੇ ਹਾਂ ਤੇ ਆਪਣੀ ਭਰਮ ਦੀ ਪੰਡ ਭਾਰੀ ਕਰੀ ਜਾਂਦੇ ਹਾਂ। ਨਾਮ ਦਾ ਮਕਸਦ ਸਾਡੀ ਭਰਮ ਦੀ ਪੰਡ ਨੂੰ ਖੋਲ੍ਹਣ ਦਾ ਹੈ, ਗਿਆਨ ਦਾ

ਮਕਸਦ ਅਗਿਆਨਤਾ ਦੀ ਪੰਡ ਨੂੰ ਖੋਲ੍ਹਣ ਦਾ ਹੈ ਜਿਸ ਦੇ ਖੁੱਲ੍ਹੇ ਬਿਨ੍ਹਾਂ ਉਸ ਗਿਆਨ ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ, "ਨਾਮ" ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ ਜੋ ਕਿ ਸਾਡੇ ਅੰਦਰ ਹੀ ਹੈ। ਅਗਿਆਨਤਾ ਦੀ ਪੰਡ ਖੋਲਣ ਦੀ ਕੁੰਜੀ ਭਾਵ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੀ ਸੋਝੀ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦੇ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਦੇ ਨਾਲ ਕਦੇ ਮੇਲ ਨਹੀਂ ਹੋ ਸਕਦਾ।

ਸਲੋਕੁ॥

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥}

(ਅੰਗ ੨੯੩)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀ ਕ੍ਰਿਪਾ ਸਾਡੇ ਤੇ ਕਿਸ ਰੂਪ ਵਿੱਚ ਹੁੰਦੀ ਹੈ ਜਿਸ ਦੁਆਰਾ ਉਸਦੇ ਦਰਸ਼ਨ ਹੁੰਦੇ ਹਨ, ਉਸ ਸੰਤ ਰੂਪ ਗੁਰੂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਦਰਸ਼ਨ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੁੰਦੇ ਹਨ, ਅਗਿਆਨਤਾ ਦਾ ਹਨ੍ਹੇਰਾ ਬਿਨਸਣ ਦੁਆਰਾ ਹੁੰਦੇ ਹਨ। ਉਹ ਸੰਤ ਸਾਡੇ ਅੰਦਰ ਹੀ ਹੈ ਜੋ ਅਗਿਆਨਤਾ ਵਿੱਚ ਰਹਿੰਦੇ ਸਾਨੂੰ ਆਪਣੇ ਅੰਦਰੋਂ ਨਜ਼ਰ ਨਹੀਂ ਆ ਸਕਦਾ। ਜੋ ਆਪਣੇ ਅੰਦਰੋਂ ਉਸ ਸੰਤ ਨੂੰ ਦੇਖ ਲੈਂਦਾ ਹੈ ਉਹ ਫਿਰ ਪ੍ਰਮਾਤਮਾ ਨੂੰ ਹੀ ਸੰਤ ਕਹਿੰਦਾ ਹੈ ਤੇ ਉਸਦਾ ਸੰਤ ਰੂਪ ਹੀ ਉਸਦਾ ਗੁਰੂ ਰੂਪ ਹੈ। ਆਪਣੇ ਆਪ ਨੂੰ ਸੰਤ ਉਹੀ ਕਹਿ ਸਕਦਾ ਹੈ ਜਿਸ ਨੇ ਆਪਣੇ ਅੰਦਰੋਂ ਉਸ ਸੰਤ ਦੇ ਦਰਸ਼ਨ ਨਹੀਂ ਕੀਤੇ ਭਾਵ ਜਿਸਦੀ ਅਗਿਆਨਤਾ ਦੂਰ ਨਹੀਂ ਹੋਈ ਭਾਵ ਜੋ ਭਰਮ ਵਿੱਚ

ਹੀ ਆਪਣੇ ਆਪ ਨੂੰ ਸੰਤ ਬਣਾਈ ਬੈਠੇ ਹਨ ਤੇ ਉਨ੍ਹਾਂ ਨੂੰ ਸੰਤ ਸਮਝਣ ਵਾਲੇ ਵੀ ਭਰਮ ਵਿੱਚ ਹੀ ਹਨ। ਜਿਹੜੇ ਖੁਦ ਭਰਮ ਵਿੱਚ ਹਨ ਕੀ ਉਹ ਦੂਸਰਿਆਂ ਦਾ ਭਰਮ ਕੱਢ ਸਕਦੇ ਹਨ। ਜਿੰਨ੍ਹਾਂ ਨੇ ਖੁਦ ਪ੍ਰਮਾਤਮਾ ਦੇ ਦਰਸ਼ਨ ਨਹੀਂ ਕੀਤੇ ਕੀ ਉਹ ਦੂਸਰਿਆਂ ਨੂੰ ਪ੍ਰਮਾਤਮਾ ਦੇ ਦਰਸ਼ਨ ਕਰਨੇ ਸਮਝਾ ਸਕਦੇ ਹਨ, ਜਿੰਨ੍ਹਾਂ ਨੂੰ ਖੁਦ ਨਾਮ ਜਪਣ ਦੀ ਸਮਝ ਨਹੀਂ ਕੀ ਉਹ ਦੂਸਰਿਆਂ ਨੂੰ ਨਾਮ ਜਪਣਾ ਸਮਝਾ ਸਕਦੇ ਹਨ। ਜਦ ਤੱਕ ਅਸੀਂ ਭਰਮ ਦੀਆਂ ਦੁਕਾਨਾਂ ਦੇ ਨਾਲ ਜੁੜੇ ਹੋਏ ਹਾਂ ਤਦ ਤੱਕ ਸਾਨੂੰ ਸੱਚ ਦੀ ਸਮਝ ਨਹੀਂ ਪੈ ਸਕਦੀ। ਸੱਚ ਕੇਵਲ ਸੱਚੀ ਟਕਸਾਲ ਤੋਂ ਮਿਲਦਾ ਹੈ ਤੇ ਸੱਚੀ ਟਕਸਾਲ ਕੇਵਲ ਗੁਰਬਾਣੀ ਹੈ ਜਿਸ ਵਿੱਚ ਉਸਦਾ ਸੱਚਾ ਹੁਕਮ ਹੈ ਜੋ ਕਿ ਸੱਚੇ ਵਿਚਾਰਾਂ ਦੀ ਟਕਸਾਲ ਹੈ, ਸ਼ਬਦ ਦੇ ਸੱਚੇ ਵਿਚਾਰਾਂ ਦੀ ਟਕਸਾਲ ਹੈ ਜਿਸ ਵਿੱਚ ਸ਼ਬਦਾਂ ਦੇ ਵਿਚਾਰਾਂ ਨੂੰ ਪ੍ਰਮਾਤਮਾ ਨੇ ਆਪ ਹੀ ਘੜਿਆ ਹੋਇਆ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਘੜਿਆ ਹੋਇਆ ਹੈ। ਸੱਚੀ ਟਕਸਾਲ ਨੂੰ ਛੱਡ ਕੇ, ਗੁਰਮਤਿ ਰੂਪ ਟਕਸਾਲ ਨੂੰ ਛੱਡ ਕੇ ਅਸੀਂ ਮਨਮਤਿ ਦੀਆਂ ਟਕਸਾਲਾਂ ਤੇ ਜਾਂਦੇ ਹਾਂ ਜੋ ਸਾਨੂੰ ਭਰਮ ਦੇ ਨਾਲ ਹੀ ਜੋੜਦੇ ਹਨ।

ਮੁੱਖ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਸਾਡੀ ਅਗਿਆਨਤਾ ਦੀ ਮੈਲ ਕੇਵਲ ਗੁਰੂ ਹੀ ਧੋ ਸਕਦਾ ਹੈ, ਗੁਰੂ ਦੇ ਗਿਆਨ ਦਾ "ਅੰਜਨੁ" ਹੀ ਧੋ ਸਕਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ॥੩॥"

ਪ੍ਰਮਾਤਮਾ ਸਭ ਜਗ੍ਹਾ ਆਪਣੇ ਗੁਪਤ ਰੂਪ ਵਿੱਚ ਹੀ ਵਿਚਰਦਾ ਹੈ ਪਰ ਉਹ ਸਭ ਜਗ੍ਹਾ ਪ੍ਰਗਟ ਤਾਂ ਹੀ ਨਜ਼ਰ ਆਉਂਦਾ ਹੈ ਜੇਕਰ ਉਸਦਾ ਗੁਪਤ ਰੂਪ ਸਮਝ ਆ ਜਾਵੇ। ਹਰ ਸਰੁਗਣ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ, ਸਾਡੇ ਮਨੁੱਖੀ ਰੂਪ ਦੇ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਪਰ ਜਦ ਤੱਕ ਮਨ ਦੇ ਵਿੱਚ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਨਾ ਉਸਦਾ ਗੁਪਤ ਰੂਪ ਸਮਝ ਆਉਂਦਾ ਹੈ ਤੇ ਨਾ ਹੀ ਉਸਦਾ ਪ੍ਰਗਟ ਰੂਪ ਨਜ਼ਰ ਆਉਂਦਾ ਹੈ ਜਿਸ ਦੁਆਰਾ ਉਸਨੇ ਆਪਣੇ ਆਪ ਨੂੰ ਸਭ ਜਗ੍ਹਾ ਪ੍ਰਗਟ ਕੀਤਾ ਹੋਇਆ ਹੈ। ਹਰ ਮਾਇਆ ਸਰੂਪ, ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੈ ਭਾਵ ਹਰ ਹੋਂਦ ਉਸੇ ਦੀ

ਹੀ ਹੈ ਪਰ ਮਨ ਦੀ ਅਗਿਆਨਤਾ ਕਰਕੇ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ। ਇਹ ਗੱਲ ਸਾਨੂੰ ਕੇਵਲ ਗੁਰੂ ਸਮਝਾ ਸਕਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਹ ਗੱਲ ਪ੍ਰਮਾਤਮਾ ਸਾਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸਮਝਾਉਂਦਾ ਹੈ ਪਰ ਇਸ ਲਈ ਜੋ ਗੱਲ ਜਰੂਰੀ ਦੱਸੀ ਹੈ ਭਾਵ ਜੋ ਇਸ ਗੱਲ ਲਈ ਕੰਡੀਸ਼ਨ ਲਗਾਈ ਗਈ ਹੈ ਉਹ ਇਹ ਹੈ ਕਿ ਅਸੀਂ ਆਪਣੇ ਮਨ ਨੂੰ ਟਿਕਾ ਕੇ ਰੱਖੀਏ। ਮਨ ਨੂੰ ਟਿਕਾ ਕੇ ਰੱਖਣਾ ਕੀ ਹੈ

26/2912

“ਪੰਚ ਮਾਰਿ ਚਿਤੁ ਰਖਹੁ ਥਾਇ॥ ਜੋਗ ਜੁਗਤਿ ਕੀ ਇਹੈ ਪਾਂਇ॥੫॥”

(ਅੰਗ ੧੧੮੯)

ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਮਨ ਨੂੰ ਅਸੀਂ ਗੁਰਮਤਿ ਤੇ ਟਿਕਾ ਕੇ ਰੱਖਣਾ ਹੈ ਤਾਂ ਕਿ ਸਾਡਾ ਮਨ ਗੁਰਮਤਿ ਤੋਂ ਨਾ ਡੋਲੇ। ਸਾਡਾ ਮਨ ਹਰ ਵੇਲੇ ਮਾਇਆ ਮੋਹ ਵਿੱਚ ਡੋਲਦਾ ਹੈ ਤੇ ਉਸ ਵਿੱਚੋਂ ਨਿਕਲੇ ਬਿਨ੍ਹਾਂ ਸਾਡਾ ਮਨ ਟਿਕਾਅ ਵਿੱਚ ਨਹੀਂ ਆ ਸਕਦਾ ਭਾਵ ਆਪਣੇ ਆਪ ਨੂੰ ਗੁਰਮਤਿ ਤੇ ਟਿਕਾਏ ਬਿਨ੍ਹਾਂ, ਗੁਰਮਤਿ ਦਾ ਭਉ ਕਬੂਲ ਕੀਤੇ ਬਿਨ੍ਹਾਂ ਸਾਡਾ ਮਨ ਟਿਕ ਨਹੀਂ ਸਕਦਾ ਤੇ ਮਨ ਦੇ ਟਿਕੇ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਸਭ ਜਗ੍ਹਾ ਆਪ ਹੀ ਵਿਚਰ ਰਿਹਾ ਹੈ, ਆਪਣੇ ਨਿਰਗੁਣ-ਸਰਗੁਣ ਰੂਪ ਵਿੱਚ ਵਿਚਰ ਰਿਹਾ ਹੈ। ਅਸੀਂ ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਸੱਚੇ ਦਿਲੋਂ ਉੱਦਮ ਕਰਨਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਪਹਿਲਾਂ ਉਨ੍ਹਾਂ ਦੀ ਮਤਿ ਵਿੱਚੋਂ ਨਿਕਲੀਏ ਜਿੰਨ੍ਹਾਂ ਕੋਲੋਂ ਅਸੀਂ ਗੁਰਮਤਿ ਸਿੱਖੀ ਹੋਈ ਹੈ, ਜਿੰਨ੍ਹਾਂ ਨੂੰ ਅਸੀਂ ਗੁਰੂ ਵਰਗਾ ਉੱਚਾ ਮੰਨਿਆ ਹੋਇਆ ਹੈ। ਗੁਰੂ ਸਾਡਾ ਉਹੀ ਹੈ ਜਿਸ ਦੀ ਸਿੱਖਿਆ ਨੂੰ ਅਸੀਂ ਮੰਨਦੇ ਹਾਂ ਤੇ ਗੁਰਬਾਣੀ ਸਾਡੀ ਤਾਂ ਹੀ ਗੁਰੂ ਹੈ ਜੇਕਰ ਅਸੀਂ ਗੁਰਬਾਣੀ ਦੀ ਮਤਿ ਨੂੰ ਮੰਨਦੇ ਹਾਂ। ਕੇਵਲ ਗੁਰਬਾਣੀ ਨੂੰ ਮੱਥੇ ਟੇਕ ਕੇ ਅਸੀਂ ਗੁਰੂ ਦੇ ਸਿੱਖ ਨਹੀਂ ਬਣ ਸਕਦੇ। ਗੁਰੂ ਦਾ ਸਿੱਖ ਉਹੀ ਹੈ ਜੋ ਗੁਰੂ ਦੀ ਸਿੱਖਿਆ ਤੇ ਚੱਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਸਾਨੂੰ ਗੁਰਬਾਣੀ ਰੂਪ ਗੁਰੂ ਦੇ ਕੇ ਪ੍ਰਮਾਤਮਾ ਨੇ ਸਾਡੇ ਤੇ ਬਹੁਤ ਵੱਡੀ ਕ੍ਰਿਪਾ ਕੀਤੀ ਹੈ ਤੇ ਜੇਕਰ ਫਿਰ ਵੀ ਅਸੀਂ ਉਸਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਦੇ ਨਾਲ ਜੁੜਦੇ ਹਾਂ ਜੋ ਗੁਰਮਤਿ ਤੇ ਖਰੀ ਨਹੀਂ ਉਤਰਦੀ ਫਿਰ ਸਾਡੇ ਭਾਗ ਹੀ ਮਾੜੇ ਹਨ ਕਿ ਅਸੀਂ ਇਤਨੇ ਵੱਡੇ ਖਜ਼ਾਨੇ ਨੂੰ ਛੱਡ ਕੇ ਬਿੱਖ ਇਕੱਠੀ ਕਰਦੇ ਹਾਂ, ਭਰਮ ਦੀ ਮੈਲ ਇਕੱਠੀ ਕਰਦੇ ਹਾਂ। ਪ੍ਰਮਾਤਮਾ ਜਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ ਉਸ ਨੂੰ ਸਹਜ ਦੀ ਅਵੱਸਥਾ ਹੀ ਬਖ਼ਸ਼ਦਾ ਹੈ ਭਾਵ ਉਸ ਨੂੰ ਚੌਥੇ ਪਦ ਦੇ ਨਾਲ ਰਲਾਉਂਦਾ ਹੈ ਤੇ ਇਸ ਲਈ ਜਰੂਰੀ ਹੈ ਕਿ ਅਸੀਂ ਉਸਦੀ ਚੌਥੇ ਪਦ ਦੀ ਮਤਿ ਦੇ ਨਾਲ ਜੁੜੀਏ ਭਾਵ ਗੁਰਬਾਣੀ ਦੀ ਮਤਿ ਦੇ ਨਾਲ ਜੁੜੀਏ ਜਿਸ ਨੇ ਸਾਨੂੰ ਸਹਜ ਦੀ ਅਵੱਸਥਾ ਤੱਕ ਪਹੁੰਚਾਉਣਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੱਕ ਪਹੁੰਚਾਉਣਾ ਹੈ। **(ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ॥੩॥)**

ਪ੍ਰਮਾਤਮਾ ਦਾ ਖਜ਼ਾਨਾ ਸਾਡੇ ਅੰਦਰ ਚੌਥੇ ਪਦ ਦੇ ਰੂਪ ਵਿੱਚ ਹੀ ਹੈ, ਸਹਜ ਦੀ ਅਵੱਸਥਾ ਦੇ ਰੂਪ ਵਿੱਚ ਹੀ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸ ਨੂੰ ਆਪਣੇ ਇਸ ਖਜ਼ਾਨੇ ਵਿੱਚ ਹੀ ਰਲਾਉਂਦਾ ਹੈ। ਪ੍ਰਮਾਤਮਾ ਦੇ ਇਸ ਖਜ਼ਾਨੇ ਵਿੱਚ ਰਲਣ ਦੇ ਲਈ ਅਸੀਂ ਆਪਣੇ ਮਨ ਦੀ ਖੋਟ ਹੀ ਕੱਢਣੀ ਹੈ, ਮੈਲ ਹੀ ਕੱਢਣੀ ਹੈ ਭਾਵ ਉਸ ਦੀ ਦੱਸੀ ਹੋਈ ਗੁਰਮਤਿ ਅਨੁਸਾਰ ਵਿਚਰਨ ਦਾ ਉੱਦਮ ਹੀ ਕਰਨਾ ਹੈ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

26/2913

“ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ॥

ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ॥

ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ॥੪॥”

ਪ੍ਰਮਾਤਮਾ ਸਾਨੂੰ ਆਪਣੇ ਖਜ਼ਾਨੇ ਦੇ ਵਿੱਚ ਰਲਾਉਣ ਲਈ ਕਿਸ ਗੱਲ ਲਈ ਪਰਖਦਾ ਹੈ ਭਾਵ ਸਾਡੀ ਖੋਟੇ ਖਰੇ ਦੀ ਪਹਿਚਾਣ ਕਿਸ ਰੂਪ ਵਿੱਚ ਕਰਦਾ ਹੈ ਭਾਵ ਉਸਦੀ ਕਸਵੱਟੀ ਤੇ ਪੂਰਾ ਕਿਸ ਤਰੀਕੇ ਨਾਲ ਉਤਰਿਆ ਜਾ ਸਕਦਾ ਹੈ ਭਾਵ ਖਰੇ ਮਨੁੱਖ ਦੀ ਪਹਿਚਾਣ ਕੀ ਹੈ, ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਡੀ ਪਰਖ ਇਸੇ ਗੱਲ ਦੀ ਹੁੰਦੀ ਹੈ ਕਿ ਸਾਨੂੰ ਪ੍ਰਮਾਤਮਾ ਦੇ ਨਾਲ ਕਿੰਨਾ ਕੁ ਹਿੱਤ ਹੈ ਭਾਵ ਉਸਦੇ ਨਾਲ ਸਾਨੂੰ ਕਿਤਨਾ ਕੁ ਪਿਆਰ ਹੈ। ਖੋਟੇ ਖਰੇ ਦੀ ਪਹਿਚਾਣ

ਪ੍ਰਮਾਤਮਾ ਇਸੇ ਗੱਲ ਦੁਆਰਾ ਕਰਦਾ ਹੈ ਕਿ ਸਾਨੂੰ ਉਸਦੇ ਨਾਲ ਕਿਤਨਾ ਕੁ ਪਿਆਰ ਹੈ। ਪ੍ਰਮਾਤਮਾ ਦੇ ਨਾਲ ਹਿੱਤ ਉਸਨੂੰ ਹੈ ਜਿਸਨੂੰ ਉਸਦੀ ਸਮਝਾਈ ਹੋਈ ਗੁਰਮਤਿ ਦੇ ਨਾਲ ਪਿਆਰ ਹੈ, ਗੁਰੂ ਦੇ ਬਚਨਾਂ ਦੇ ਨਾਲ ਪਿਆਰ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਦੇ ਨਾਲ ਪਿਆਰ ਹੈ ਭਾਵ ਜੋ ਸੱਚਾ ਸੁੱਚਾ ਜੀਵਨ ਜਿਉਣ ਨਾਲ ਪ੍ਰੇਮ ਕਰਦਾ ਹੈ। ਸਾਡੇ ਅੰਦਰ ਦੀ "ਮਲੁ" ਸਾਡੀ ਮਾੜੀ ਸੋਝੀ ਹੈ ਜਿਸ ਦੁਆਰਾ ਅਸੀਂ ਮਨ ਦੀਆਂ ਆਸ਼ਾਵਾਂ ਨਾਲ, ਤ੍ਰਿਸ਼ਨਾਵਾਂ ਨਾਲ ਜੁੜੇ ਰਹਿੰਦੇ ਹਾਂ ਜਿੰਨ੍ਹਾਂ ਨੂੰ ਛੱਡਣ ਦਾ ਸਾਡੇ ਸਭ ਦੇ ਅੰਦਰ ਅੰਦੇਸਾ ਹੈ ਭਾਵ ਚਿੰਤਾ ਹੈ, ਡਰ ਹੈ, ਭਉ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ। ਸਾਡੀਆਂ ਤ੍ਰਿਸ਼ਨਾਵਾਂ ਸਾਡੇ ਅੰਦਰ ਦਾ ਮਾਇਆ ਮੋਹ ਹੈ ਜਿਸ ਦੀ ਪੂਰਤੀ ਲਈ ਅਸੀਂ ਵਿਕਾਰਾਂ ਦਾ ਸਹਾਰਾ ਲੈਂਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦਾ ਆਸਰਾ ਲੈਂਦੇ ਹਾਂ। ਕਿਸੇ ਨਾ ਕਿਸੇ ਰੂਪ ਵਿੱਚ ਮਾਇਆ ਮੋਹ ਸਭ ਦੇ ਅੰਦਰ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਾਇਆ ਮੋਹ ਦੇ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰਮਤਿ ਤੇ ਕਦੇ ਨਹੀਂ ਚੱਲ ਸਕਦੇ ਤੇ ਮਇਆ ਮੋਹ ਦੀ ਚਿੰਤਾ ਛੱਡੇ ਬਿਨਾਂ ਭਾਵ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਦੀ ਚਿੰਤਾ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਜਦੋਂ ਸਾਡੇ ਅੰਦਰ ਕੇਵਲ ਗੁਰਮਤਿ ਤੇ ਚੱਲਣ ਦੀ ਚਿੰਤਾ ਵੱਸ ਜਾਵੇਗੀ ਇਹ ਸਾਡੀ ਸੱਚੀ ਚਿੰਤਾ ਹੈ, ਸੱਚਾ ਭਉ ਹੈ ਜੋ ਕਿ ਸੱਚ ਤੇ ਚੱਲਣ ਦਾ ਭਉ ਹੈ। ਸਾਡੇ ਮਨ ਦੀ ਮੈਲ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਕਰਕੇ ਹੀ ਹੈ ਜਿਸ ਦਾ ਮੂਲ ਸਾਡੇ ਅੰਦਰ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ। ਸਾਡੀ ਮਾੜੀ ਸੋਝੀ ਸਾਨੂੰ ਮਾੜੇ ਕਰਮਾਂ ਵੱਲ ਤੋਰਦੀ ਹੈ, ਔਗੁਣਾਂ ਵੱਲ ਤੋਰਦੀ ਹੈ ਤੇ ਗੁਰਮਤਿ ਦੀ ਸੱਚੀ ਸੋਝੀ ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢ ਕੇ ਸੱਚੇ ਕਰਮਾਂ ਵੱਲ ਤੋਰਦੀ ਹੈ। ਖਰੀ ਜਾਂ ਖੋਟੀ ਸਾਡੇ ਮਨ ਦੀ ਸੋਝੀ ਹੀ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ। ਪ੍ਰਮਾਤਮਾ ਸਾਡੀ ਪਰਖ ਸਾਡੇ ਮਨ ਦੇ ਵਿਚਾਰਾਂ ਕਰਕੇ ਹੀ ਕਰਦਾ ਹੈ, ਸਾਡੇ ਮਾੜੇ ਚੰਗੇ ਕਰਮਾਂ ਕਰਕੇ ਹੀ ਕਰਦਾ ਹੈ। ਉਸਦੇ ਖਜ਼ਾਨੇ ਵਿੱਚ ਉਹੀ ਰਲਦਾ ਹੈ ਜੋ ਉਸ ਦੀ ਗੁਰਮਤਿ ਤੇ ਖਰਾ ਉਤਰਦਾ ਹੈ ਭਾਵ ਉਸਦੀ ਗੁਰਮਤਿ ਦੇ ਨਾਲ ਪਿਆਰ

26/2914

ਦਿਖਾਉਂਦਾ ਹੈ। **(ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ॥ ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ॥ ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ॥੪॥)**

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੮)

ਆਸਾ ਮਹਲਾ ੫॥

{ਕਾਮੁ ਕ੍ਰੋਧੁ ਲੋਭੁ ਤਿਆਗੁ॥ ਮਨਿ ਸਿਮਰਿ ਗੋਬਿੰਦ ਨਾਮ॥ ਹਰਿ ਭਜਨ ਸਫਲ ਕਾਮ॥੧॥ਰਹਾਉ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥ ਮਨ ਸੰਤਨਾ ਕੈ ਚਰਨਿ ਲਾਗੁ॥੧॥
ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ॥
ਕਰਿ ਭਗਤਿ ਨਾਨਕ ਪੂਰਨ ਭਾਗੁ॥੨॥੪॥੧੫੫॥}

(ਅੰਗ ੪੦੮)

ਉਪਰਲੇ ਸ਼ਬਦਾਂ ਰਾਹੀਂ ਸਾਨੂੰ ਹਰਿ ਹਰਿ ਕਰਨਾ ਸਿਖਾਇਆ ਹੋਇਆ ਹੈ, ਰਾਮ ਰਾਮ ਕਰਨਾ ਸਿਖਾਇਆ ਹੋਇਆ ਹੈ ਜੋ ਕਿ ਆਪਣੇ ਅੰਦਰ ਦੇ ਸਾਰੇ ਔਗੁਣਾਂ ਨੂੰ ਤਿਆਗ ਕੇ ਹੀ ਹੁੰਦਾ ਹੈ। ਜਦ ਤੱਕ ਸਾਡੇ ਅੰਦਰ ਔਗੁਣ ਹਨ ਨਾ ਹੀ ਅਸੀਂ ਪ੍ਰਮਾਤਮਾ ਨੂੰ ਚੰਗੇ ਲੱਗ ਸਕਦੇ ਹਾਂ ਤੇ ਨਾ ਹੀ ਉਸਦਾ ਨਾਮ ਜਪ ਸਕਦੇ ਹਾਂ ਭਾਵ ਤਦ ਤੱਕ ਹਰ ਕੋਈ ਖੋਟਾ ਹੀ ਹੈ। ਅਸੀਂ ਖਰੇ ਔਗੁਣਾਂ ਨੂੰ ਤਿਆਗ ਕੇ ਹੀ ਬਣ ਸਕਦੇ ਹਾਂ। ਖਰੇ ਜਾਂ ਖੋਟੇ ਸਾਡੇ ਵਿਚਾਰ ਹੀ ਹਨ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਖਰੇ ਖੋਟੇ ਵਿਚਾਰਾਂ ਦੀ ਪਹਿਚਾਣ ਨਹੀਂ ਹੁੰਦੀ ਜਿਸ ਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ, ਜਿਸ ਨੂੰ ਪ੍ਰਮਾਤਮਾ ਭਰਮ ਵਿੱਚੋਂ ਕੱਢਦਾ ਹੈ ਉਸਨੂੰ ਹੀ ਖਰੇ, ਖੋਟੇ ਦੀ ਪਹਿਚਾਣ ਹੋ ਸਕਦੀ ਹੈ ਤੇ ਉਸ ਤੋਂ ਬਾਅਦ ਮਨੁੱਖ ਖੋਟੇ ਵਿਚਾਰਾਂ ਨੂੰ ਤਿਆਗ ਕੇ ਖਰੇ ਵਿਚਾਰਾਂ ਦੁਆਰਾ ਹੀ ਵਿਚਰਦਾ ਹੈ। ਮੁੱਖੋਂ ਕਿਸੇ ਅੱਖਰ ਦਾ ਜਪ ਕਰੀ ਜਾਣਾ ਤੇ ਉਸਨੂੰ ਆਪਣੀ ਭਗਤੀ ਸਮਝੀ ਜਾਣਾ

ਇਹ ਸਾਡੇ ਖੋਟੇ ਵਿਚਾਰ ਹੀ ਹਨ ਜਿਸ ਦਾ ਕਾਰਨ ਸਾਡੀ ਖੋਟੀ ਮਤਿ ਹੈ, ਸਾਡੀ ਨਾਸਮਝੀ ਹੈ, ਸਾਡਾ ਭਰਮ ਹੈ। ਭਰਮ ਵਿੱਚੋਂ ਉਹੀ ਨਿਕਲਦਾ ਹੈ ਜੋ ਗੁਰੂ ਦੀ ਮਤਿ ਦੇ ਨਾਲ ਜੁੜਦਾ ਹੈ ਤੇ ਗੁਰਮਤਿ ਸਾਨੂੰ ਕਿਹੋ ਜਿਹਾ ਨਾਮ ਜਪਣ ਨੂੰ ਸਮਝਾ ਰਹੀ ਹੈ, ਕਿਸ ਰੂਪ ਵਿੱਚ ਪ੍ਰਮਾਤਮਾ ਦੇ ਨਾਲ ਪਿਆਰ ਜਤਾਉਣਾ ਸਮਝਾ ਰਹੀ ਹੈ ਇਸ ਗੱਲ ਨੂੰ ਅਸੀਂ ਹੁਣ ਤੱਕ ਬਰੀਕੀ ਨਾਲ ਸਮਝ ਚੁੱਕੇ ਹਾਂ। ਕਥਨੀ ਕਰੀ ਜਾਣ ਦੇ ਨਾਲ ਪ੍ਰਮਾਤਮਾ ਨਾਲ ਪਿਆਰ ਨਹੀਂ ਜੁੜਦਾ, ਪ੍ਰਮਾਤਮਾ ਦੇ ਨਾਲ ਪਿਆਰ ਗੁਣੀ ਬਣ ਕੇ ਚੰਗੇ ਕਰਮ ਕਰਨ ਦੁਆਰਾ ਹੀ ਜੁੜਦਾ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਹੋ ਸਕਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥

ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥

ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥੫॥”

26/2915

ਸਾਡੇ ਲਈ ਅਸਲ ਸੁੱਖ ਕੀ ਹੈ ਤੇ ਅਸਲ ਦੁੱਖ ਕੀ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਹੈ ਜਿਸ ਕਰਕੇ ਸਾਨੂੰ ਮਨਮੁਖਿ ਕਿਹਾ ਗਿਆ ਹੈ। ਮਨਮੁਖਿ ਮਾਇਆ ਦੀ ਪ੍ਰਾਪਤੀ ਵਿੱਚ ਸੁੱਖ ਮਹਿਸੂਸ ਕਰਦੇ ਹਨ ਤੇ ਮਾਇਆ ਦੇ ਵਿਛੋੜੇ ਵਿੱਚ ਦੁੱਖ ਮਹਿਸੂਸ ਕਰਦੇ ਹਨ। “ਮਾਇਆ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਜੋ ਕੰਮ ਵੀ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਸ ਵਿੱਚ ਮਾਇਆ ਮੋਹ ਹੈ। ਸੁੱਖ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਦੇ ਵਿੱਚ ਹੈ ਤੇ ਅਸਲ ਦੁੱਖ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਹੈ। ਸਾਡੇ ਦੁੱਖ ਦਾ ਕਾਰਨ ਸਾਡੇ ਮਾਇਆ ਦੇ ਸੁੱਖ ਹਨ ਕਿਉਂਕਿ ਅਸੀਂ ਮਾਇਆ ਵਿੱਚ ਹੀ ਸੁੱਖ ਮਹਿਸੂਸ ਕਰਦੇ ਹਾਂ ਤੇ ਮਾਇਆ ਦੀ ਪੂਰਤੀ ਨਾ ਹੋਣ ਵਿੱਚ, ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਵਿੱਚ ਦੁੱਖ ਮਹਿਸੂਸ ਕਰਦੇ ਹਾਂ।

ਹਰ ਕੋਈ ਪ੍ਰਮਾਤਮਾ ਦੇ ਕੋਲੋਂ ਸੁੱਖ ਹੀ ਮੰਗਦਾ ਹੈ ਭਾਵ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਮੰਗਦਾ ਹੈ ਪਰ ਇਹ ਕੋਈ ਨਹੀਂ ਮੰਗਦਾ ਕਿ ਪ੍ਰਮਾਤਮਾ ਮੈਨੂੰ ਮਾਇਆ ਮੋਹ ਵਿੱਚੋਂ ਕੱਢ ਲੈ ਕਿਉਂਕਿ ਇਸ ਵਿੱਚੋਂ ਨਿਕਲਣ ਵਿੱਚ ਅਸੀਂ ਦੁੱਖ ਮਹਿਸੂਸ ਕਰਦੇ ਹਾਂ ਭਾਵ ਇਸ ਵਿੱਚੋਂ ਨਿਕਲਣਾ ਸਾਨੂੰ ਚੰਗਾ ਨਹੀਂ ਲੱਗਦਾ। **(ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥)**

ਸਾਡਾ ਅਸਲ “ਦੁਖੁ” ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਹੈ ਜਿਸ ਦਾ ਕਾਰਨ ਸਾਡੇ ਦੁਨਿਆਵੀ ਸੁੱਖ ਹਨ ਜਿੰਨ੍ਹਾਂ ਪਿੱਛੇ ਸਾਡਾ ਮਾਇਆ ਮੋਹ ਹੈ, ਸਾਡੀਆਂ ਤ੍ਰਿਸ਼ਨਾਵਾਂ ਹਨ ਜਿੰਨ੍ਹਾਂ ਦੀ ਪੂਰਤੀ ਅਸੀਂ ਮਾੜੇ ਕਰਮ ਕਰਨ ਦੁਆਰਾ ਕਰਦੇ ਹਾਂ, ਸਾਡੇ ਮਾੜੇ ਕਰਮ ਹੀ ਸਾਡੇ ਅਸਲ ਦੁੱਖ ਦਾ ਕਾਰਨ ਹਨ ਜਿਸ ਕਰਕੇ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜਾ ਹੈ ਜਿਸ ਦੀ ਕਿ ਸਾਨੂੰ ਸਮਝ ਨਹੀਂ ਹੈ ਭਾਵ ਅਸੀਂ ਅਗਿਆਨਤਾ ਵਿੱਚ ਹੀ ਮਾਇਆ ਦੇ ਸੁੱਖਾਂ ਦੇ ਨਾਲ ਜੁੜੇ ਰਹਿੰਦੇ ਹਾਂ। **(ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥)**

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸਾਨੂੰ ਅਸਲ ਸੁੱਖ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ।

“ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥੫॥”

ਉਪਰਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਹੀ ਸਿਖਾਇਆ ਹੋਇਆ ਹੈ। ਸਾਰੀ ਗੱਲ ਗੁਰੂ ਦੇ ਸ਼ਬਦ ਨੂੰ ਸਮਝਣ ਦੀ ਹੈ, ਗੁਰੂ ਦੇ ਸ਼ਬਦ ਦੁਆਰਾ ਭਾਵ ਗੁਰੂ ਦੀ ਦਿੱਤੀ ਹੋਈ ਮਤਿ ਦੁਆਰਾ ਆਪਣੇ ਮਨ ਨੂੰ ਭੇਦਣ ਦੀ ਹੈ ਭਾਵ ਸ਼ਬਦ ਦੀ ਮਤਿ ਨੂੰ ਆਪਣੀ ਸੋਝੀ ਵਿੱਚ ਵਸਾਉਣ ਦੀ ਹੈ। ਸ਼ਬਦ ਦੀ ਮਤਿ ਦੁਆਰਾ ਸਾਨੂੰ ਪ੍ਰਮਾਤਮਾ ਸੱਚ ਹੀ ਸਮਝਾ ਰਿਹਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਹੀ ਸਮਝਾ ਰਿਹਾ ਹੈ ਭਾਵ ਔਗੁਣ

26/2916

ਛੱਡ ਕੇ ਗੁਣਾਂ ਦੁਆਰਾ ਵਿਚਰਨਾ ਹੀ ਸਮਝਾ ਰਿਹਾ ਹੈ। ਗੁਣੀ ਬਣ ਕੇ ਵਿਚਰਨ ਦੁਆਰਾ, ਸੱਚੀ ਸੁੱਚੀ ਕਿਰਤ ਦੁਆਰਾ ਸਾਨੂੰ ਜਿਤਨੀ ਮਾਇਆ ਮਿਲਦੀ ਹੈ ਸਾਨੂੰ ਉਸੇ ਵਿੱਚ ਹੀ ਸੰਤੋਖ ਕਰਨਾ ਚਾਹੀਦਾ ਹੈ, ਸੁੱਖ ਮਹਿਸੂਸ ਕਰਨਾ ਚਾਹੀਦਾ ਹੈ ਕਿ ਪ੍ਰਮਾਤਮਾ

ਤੇਰੀ ਰਜ਼ਾ ਵਿੱਚ ਚੱਲ ਕੇ ਜੋ ਕੁੱਝ ਮਿਲਿਆ ਹੈ ਉਸ ਵਿੱਚ ਮੈਨੂੰ ਸੰਤੋਖ ਹੈ, ਤੇਰਾ ਸ਼ੁਕਰ ਹੈ ਤੇ ਮੈਨੂੰ ਇਸ ਤੋਂ ਜਿਆਦਾ ਲੈਣ ਦੀ ਤ੍ਰਿਸ਼ਨਾ ਨਹੀਂ ਹੈ, ਜੋ ਸੱਚ ਦੁਆਰਾ ਵਿਚਰ ਕੇ ਮਿਲਿਆ ਹੈ ਉਹ ਬਹੁਤ ਹੈ। ਇਹੋ ਜਿਹੀ ਗੁਰੂ ਦੀ ਮਤਿ ਆਪਣੇ ਅੰਦਰ ਵੱਸਣ ਨਾਲ ਮਨੁੱਖ ਨੂੰ ਫਿਰ ਮਾਇਆ ਦਾ ਦੁੱਖ ਮਹਿਸੂਸ ਨਹੀਂ ਹੁੰਦਾ ਕਿ ਮੇਰੇ ਕੋਲ ਮਾਇਆ ਘੱਟ ਹੈ ਕਿਉਂਕਿ ਉਸ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਦੀ ਰਜ਼ਾ ਵਿੱਚ ਚੱਲਣਾ ਹੀ, ਮਾਇਆ ਮੋਹ ਤੋਂ ਮੁਕਤ ਹੋ ਕੇ ਚੱਲਣਾ ਹੀ ਪ੍ਰਮਾਤਮਾ ਦੀ ਭਗਤੀ ਹੈ। ਪ੍ਰਮਾਤਮਾ ਆਪਣੇ ਦਰਸ਼ਨ ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਦਿੰਦਾ ਹੈ ਭਾਵ ''ਸੁਖੁ'' ਦੀ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਸੱਚ ਦੁਆਰਾ ਵਿਚਰਨ ਨਾਲ ਹੁੰਦੀ ਹੈ, ਪ੍ਰਮਾਤਮਾ ਦੀ ਭਾਵ ਗੁਰਮਤਿ ਦੀ ਰਜ਼ਾ ਅਨੁਸਾਰ ਚੱਲਣ ਨਾਲ ਹੁੰਦੀ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਦੁੱਖ ਦੂਰ ਹੁੰਦਾ ਹੈ। **(ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥ ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥ ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥੫॥)**

ਸਿਰੀਰਾਗੁ ਮਹਲਾ ੩॥

{ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ॥
ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ॥
ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ॥੧॥
ਭਾਈ ਰੇ ਦਾਸਨਿ ਦਾਸਾ ਹੋਇ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ॥੧॥ਰਹਾਉ॥
ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ॥
ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ॥੨॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ॥
ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ॥
ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ॥
ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ॥੪॥
ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ॥੭॥

ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ॥

ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ॥

ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ॥੮॥੪॥੨੧॥}

(ਅੰਗ ੬੬)

ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਉਸ ਵਿੱਚ ਮਾਇਆ ਮੋਹ ਹੀ ਹੈ ਭਾਵ ਮਾਇਆ ਦੀ ਜੁਗਤਿ ਹੀ ਹੈ ਜੋ ਸਾਡੇ ਅੰਦਰ ਦੁਬਿਧਾ ਦੇ ਰੂਪ ਵਿੱਚ ਹੈ, ਭਰਮ ਦੇ ਰੂਪ ਵਿੱਚ ਹੈ ਇਸੇ ਲਈ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਵੱਡਾ ਅਖਵਾਉਣ ਵਾਲਿਆਂ ਨੂੰ, ਸਿਧ ਸਾਧਕ ਆਦਿ ਨੂੰ ਤੇ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਭਰਮ ਵਿੱਚ ਦੱਸਿਆ ਹੈ, ਮਾਇਆ ਮੋਹ ਵਿੱਚ ਦੱਸਿਆ ਹੈ ਭਾਵ "ਸੁਖੁ" ਦੀ ਪ੍ਰਾਪਤੀ ਤੋਂ ਦੂਰ ਦੱਸਿਆ ਹੈ। "ਸੁਖੁ" ਦੀ ਪ੍ਰਾਪਤੀ ਸ਼ਬਦ ਨੂੰ ਪੜ੍ਹੀ ਜਾਣ ਵਿੱਚ, ਸੁਣੀ ਜਾਣ ਵਿੱਚ ਜਾਂ ਰਟੀ ਜਾਣ ਵਿੱਚ ਨਹੀਂ ਹੈ ਬਲਕਿ ਉਸ ਦੇ ਮਕਸਦ ਨੂੰ ਆਪਣੇ ਅੰਦਰ ਵਸਾਉਣ ਦੇ ਨਾਲ

26/2917

ਹੁੰਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਈ ਹੋਈ ਹੈ।

"ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ॥

ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ॥ ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ॥੬॥"

ਅਸੀਂ ਧਰਮ ਗ੍ਰੰਥਾਂ ਨੂੰ ਪੁਕਾਰ ਪੁਕਾਰ ਕੇ ਪੜ੍ਹਦੇ ਹਾਂ ਭਾਵ ਬੋਲ ਬੋਲ ਕੇ ਪੜ੍ਹਦੇ ਹਾਂ ਲੇਕਿਨ ਉਨ੍ਹਾਂ ਨੂੰ ਪੜ੍ਹਨ ਦਾ ਮਕਸਦ ਸ਼ਬਦਾਂ ਦੁਆਰਾ ਦੱਸੀ ਹੋਈ ਗੱਲ ਨੂੰ ਵਾਚਣ ਦਾ ਹੈ ਭਾਵ ਉਸ ਨੂੰ ਸਮਝਣ ਦਾ ਹੈ ਭਾਵ ਸ਼ਬਦਾਂ ਦੀ ਸੋਝੀ ਦੇ ਨਾਲ ਜੁੜਨ ਦਾ ਹੈ। ਜੋ ਸ਼ਬਦਾਂ ਦੁਆਰਾ ਸਾਨੂੰ ਗੱਲ ਸਮਝਾਈ ਹੁੰਦੀ ਹੈ ਉਸ ਸੋਝੀ ਦੇ ਵਿੱਚ ਨਾਮ ਹੈ ਤੇ ਉਸ ਸੋਝੀ ਦੇ ਨਾਲ ਰੱਤਣਾ ਨਾਮ ਦੇ ਨਾਲ ਰੱਤਣਾ ਹੈ, ਪ੍ਰਮਾਤਮਾ ਦੇ ਨਾਮ ਦੇ ਨਾਲ ਰੱਤਣਾ ਹੈ। ਪ੍ਰਮਾਤਮਾ ਦਾ ਮੁਨਿ, ਜਨ, ਸੇਵਕ, ਸਾਧਿਕ ਉਹੀ ਹੈ ਜੋ ਸ਼ਬਦਾਂ ਦੀ ਮਤਿ ਦੇ ਨਾਲ ਆਪਣੇ ਆਪ ਨੂੰ ਰੱਤਦਾ ਹੈ। ਸ਼ਬਦ ਦੀ ਮਤਿ ਦੁਆਰਾ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦੇ ਹਨ, ਸਾਨੂੰ ਸੱਚੀ ਸਿੱਖਿਆ ਹੀ ਦਿੰਦੇ ਹਨ, ਸਾਨੂੰ ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰਨਾ ਹੀ ਸਮਝਾਉਂਦੇ ਹਨ ਤੇ ਜੋ ਇਹੋ ਜਿਹੀ ਸਿੱਖਿਆ ਨਾਲ ਆਪਣੇ ਆਪ ਨੂੰ ਰੱਤ ਲੈਂਦਾ ਹੈ ਉਹ ਆਪਣੇ ਜੀਵਨ ਨੂੰ ਜਿੱਤ ਕੇ ਜਾਂਦਾ ਹੈ ਭਾਵ ਸੱਚ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਉਸ ਤੋਂ ਬਲਿਹਾਰੇ ਜਾਂਦਾ ਹਾਂ ਜਿਸ ਨੇ ਆਪਣੇ ਆਪ ਨੂੰ ਸੱਚ ਦੇ ਨਾਲ ਰੱਤ ਕੇ, ਗੁਰੂ ਦੀ ਸੱਚੀ ਸਿੱਖਿਆ ਦੇ ਨਾਲ ਰੱਤ ਕੇ ਉਸ ਪ੍ਰਮਾਤਮਾ ਨੂੰ ਪਾਇਆ ਹੈ। **(ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ॥ ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ॥ ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ॥੬॥)**

{ਜੀਅਹੁ ਮੈਲੇ ਬਾਹਰਹੁ ਨਿਰਮਲ॥

ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥੧੯॥}

(ਅੰਗ ੯੧੯)

ਵੇਦਾਂ ਵਿੱਚ ਨਾਮ ਸੱਚ ਦੇ ਰੂਪ ਵਿੱਚ ਹੀ ਹੈ ਜਿਸ ਰਾਹੀਂ ਸਾਨੂੰ ਮਨ ਦੀ ਮੈਲ ਛੱਡਣੀ ਸਮਝਾਈ ਹੋਈ ਹੈ, ਔਗੁਣ ਛੱਡ ਕੇ ਗੁਣਾਂ ਰਾਹੀਂ ਵਿਚਰਨਾ ਸਮਝਾਇਆ ਹੋਇਆ ਹੈ, ਸੱਚ ਦੁਆਰਾ ਵਿਚਰਨਾ ਸਮਝਾਇਆ ਹੋਇਆ ਹੈ ਜਿਸ ਦੁਆਰਾ ਇਸ ਜੀਵਨ ਨੂੰ

26/2918

ਜਿੱਤਿਆ ਜਾ ਸਕਦਾ ਹੈ। ਸੱਚ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਪਰ ਜੋ ਸੱਚ ਨੂੰ ਨਹੀਂ ਅਪਣਾਉਂਦਾ, ਨਾਮ ਨੂੰ ਨਹੀਂ ਅਪਣਾਉਂਦਾ ਉਹ ਆਪਣਾ ਜੀਵਨ ਹਾਰ ਜਾਂਦਾ ਹੈ ਭਾਵ ਵਿਅਰਥ ਗਵਾ ਜਾਂਦਾ ਹੈ।

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ॥ ਗੁਰਮੁਖਿ ਸਾਂਤਿ ਊਤਮ ਕਰਾਮੰ॥
ਮਨਮੁਖਿ ਜੋਨੀ ਦੂਖ ਸਹਾਮੰ॥ ਬੰਧਨ ਤ੍ਰੂਟੇ ਇਕੁ ਨਾਮੁ ਵਸਾਮੰ॥੭॥}

(ਅੰਗ ੮੩੧)

ਵੇਦਾਂ, ਸ਼ਾਸਤਰਾਂ ਰਾਹੀਂ ਵੀ ਸਾਨੂੰ ਨਾਮ ਦ੍ਰਿੜ ਕਰਨਾ ਸਿਖਾਇਆ ਹੈ ਭਾਵ ਸੱਚ ਨੂੰ ਆਪਣੇ ਅੰਦਰ ਦ੍ਰਿੜ ਕਰਨਾ ਸਿਖਾਇਆ ਹੈ। ਸਾਡੇ ਮਨ ਦੇ ਵਿੱਚ ਸੰਤੋਖ ਸੱਚ ਦੇ ਵੱਸਣ ਦੁਆਰਾ ਹੀ ਹੁੰਦਾ ਹੈ ਜਿਸ ਦੁਆਰਾ ਸਾਡਾ ਮਨ ਸ਼ਾਂਤ ਹੁੰਦਾ ਹੈ ਭਾਵ ਤ੍ਰਿਸ਼ਨਾ ਤੋਂ ਸ਼ਾਂਤ ਹੁੰਦਾ ਹੈ। ਤ੍ਰਿਸ਼ਨਾ ਤੋਂ ਸ਼ਾਂਤ ਹੋ ਕੇ ਹੀ ਮਨੁੱਖ ਉੱਤਮ ਕਰਮ ਕਰਦਾ ਹੈ ਤੇ ਇਹੀ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ। ਸਾਡੇ ਅੰਦਰ ਸੱਚ ਦਾ ਦ੍ਰਿੜ ਹੋਣਾ ਜਾਂ ਨਾਮ ਦਾ ਦ੍ਰਿੜ ਹੋਣਾ ਇੱਕੋ ਹੀ ਗੱਲ ਹੈ ਜਿਸ ਦੁਆਰਾ ਸਾਡਾ ਮਨ ਅਡੋਲ ਅਵੱਸਥਾ ਵਿੱਚ ਆਉਂਦਾ ਹੈ ਤੇ ਮਾਇਆ ਮੋਹ ਦੇ ਵਿੱਚ ਨਹੀਂ ਦੌੜਦਾ। ਇਹ ਗੁਰਮੁਖਿ ਵਾਲੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਬੰਧਨ ਤੋਂ ਮੁਕਤ ਹੁੰਦਾ ਹੈ, ਮਾਇਆ ਮੋਹ ਦੇ ਬੰਧਨ ਤੋਂ ਮੁਕਤ ਹੁੰਦਾ ਹੈ, ਸੰਸਾਰ ਦੇ ਆਵਾਗਉਣ ਤੋਂ ਮੁਕਤ ਹੁੰਦਾ ਹੈ। ਇਹ ਅਵੱਸਥਾ ਸਾਡੀ ਸੋਝੀ ਵਿੱਚ ਸੱਚੀ ਸਿੱਖਿਆ ਵੱਸਣ ਦੇ ਨਾਲ ਹੀ ਬਣਦੀ ਹੈ ਜੋ ਸਾਨੂੰ ਮਾਇਆ ਮੋਹ ਵਾਲੀ ਸੋਝੀ ਤੋਂ ਮੁਕਤ ਕਰਦੀ ਹੈ, ਮਨਮੁਖਿ ਵਾਲੀ ਸੋਝੀ ਤੋਂ ਮੁਕਤ ਕਰਦੀ ਹੈ, ਭਰਮ ਵਾਲੀ ਸੋਝੀ ਤੋਂ ਮੁਕਤ ਕਰਦੀ ਹੈ। ਭਰਮ ਵਾਲੀ ਸੋਝੀ ਵਿੱਚ ਮਨੁੱਖ ਪ੍ਰਮਾਤਮਾ ਦੇ ਵਿਛੋੜੇ ਦਾ ਦੁੱਖ ਹੀ ਸਹਿੰਦਾ ਰਹਿੰਦਾ ਹੈ ਜਿਸ ਵਿੱਚੋਂ ਨਿਕਲਣ ਦਾ ਸਾਧਨ ਨਾਮ ਦੀ ਸੱਚੀ ਸੋਝੀ ਹੈ, ਸੱਚ ਦੀ ਸੱਚੀ ਸੋਝੀ ਹੈ ਜੋ ਸਾਨੂੰ ਕਥਨੀ ਵਿੱਚੋਂ ਕੱਢ ਕੇ ਉੱਤਮ ਕਰਮ ਕਰਨ ਨਾਲ ਜੋੜਦੀ ਹੈ ਜੋ ਪ੍ਰਮਾਤਮਾ ਨੂੰ ਪਾਉਣ ਦਾ ਸਾਧਨ ਹੈ, ਬੰਧਨ ਮੁਕਤ ਹੋਣ ਦਾ ਸਾਧਨ ਹੈ।

ਪ੍ਰਮਾਤਮਾ ਦਾ ਨਾਮ ਜਪਣ ਦਾ ਤਰੀਕਾ ਹਰ ਜੁਗ ਵਿੱਚ ਇੱਕੋ ਜਿਹਾ ਹੀ ਰਿਹਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹਰ ਜੁਗਿ ਵਿੱਚ ਇੱਕੋ ਜਿਹਾ ਹੀ ਹੈ ਜੋ ਨਾ ਕਦੇ ਬਦਲਿਆ ਹੈ, ਨਾ ਕਦੇ ਬਦਲ ਸਕਦਾ ਹੈ ਕਿਉਂਕਿ ਇਹ ਅਸੂਲ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

26/2919

“ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ॥

ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ॥

ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ॥੭॥”

ਸਾਡੇ ਮਨ ਦੀ ਮੈਲ ਕੀ ਹੈ ਇਸ ਗੱਲ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ। ਮੈਲੇ ਅਸੀਂ ਮਨ ਦੇ ਮਾੜੇ ਵਿਚਾਰਾਂ ਕਰਕੇ ਹਾਂ, ਔਗੁਣਾਂ ਕਰਕੇ ਹਾਂ, ਤ੍ਰਿਸ਼ਨਾ ਕਰਕੇ, ਮਾਇਆ ਮੋਹ ਕਰਕੇ ਹਾਂ ਜਿਸ ਦਾ ਮੂਲ ਸਾਡੇ ਮਨ ਦੀ ਮਾੜੀ ਸੋਝੀ ਹੈ, ਅਗਿਆਨਤਾ ਹੈ। ਪ੍ਰਮਾਤਮਾ ਦਾ ਨਾਮ ਹਰ ਜੁਗਿ ਵਿੱਚ ਇੱਕੋ ਜਿਹਾ ਹੀ ਰਿਹਾ ਹੈ ਜੋ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ। ਜਿਸ ਦਾ ਮਨ ਮੈਲਾ ਹੈ ਉਹ ਹਰ ਜੁਗਿ ਵਿੱਚ ਮੈਲਾ ਹੀ ਰਿਹਾ ਹੈ। ਅੱਜ ਦੇ ਜੁਗਿ ਵਿੱਚ ਵੀ ਜਿਸ ਦੇ ਮਨ ਵਿੱਚ ਮੈਲ ਹੈ ਉਹ ਮਨੁੱਖ ਨਾਮ ਵਾਲਾ ਨਹੀਂ ਹੈ। ਨਾਮ ਦਾ ਸੰਬੰਧ ਸਾਡੇ ਮਨ ਦੀ ਬਿਰਤੀ ਦੇ ਨਾਲ ਹੈ, ਮਨ ਦੀ ਨੀਅਤ ਦੇ ਨਾਲ ਹੈ ਨਾ ਕਿ ਸਾਡੇ ਮੁਖਿ ਦੇ ਨਾਲ, ਮਨ ਦੇ ਸੱਚ-ਝੂਠ ਦੇ ਨਾਲ ਹੈ ਨਾ ਕਿ ਮੁਖਿ ਦੇ ਨਾਲ। ਜਿਸ ਦਾ ਮਨ ਮੈਲਾ ਹੈ ਉਸ ਮਨੁੱਖ ਦਾ ਮੁਖਿ ਨਾਮ ਵਾਲਾ ਨਹੀਂ ਹੈ ਭਾਵ ਉਸ ਮਨੁੱਖ ਦਾ ਮੁਖਿ ਸੱਚ ਬੋਲਣ ਵਾਲਾ ਨਹੀਂ ਹੈ। ਨਾਮ ਕੋਈ ਤੰਤ੍ਰ-ਮੰਤ੍ਰ ਨਹੀਂ ਹੈ ਜਿਸ ਨੂੰ ਅਸੀਂ ਆਪਣੀ ਮਰਜ਼ੀ ਅਨੁਸਾਰ ਬਦਲਦੇ ਫਿਰੀਏ ਤੇ ਵੰਡਦੇ ਫਿਰੀਏ। ਸਿੱਖ ਜਗਤ ਨੇ ਆਪਣਾ ਵੱਖਰਾ ਨਾਮ ਬਣਾਇਆ ਹੋਇਆ ਹੈ ਜੋ ਕਿ ਸਿੱਖ ਜਗਤ ਦਾ ਸਭ ਤੋਂ ਵੱਡਾ ਭਰਮ ਹੈ। ਜਿਸ ਦੇ ਮਨ ਅੰਦਰ ਮੈਲ ਹੈ ਉਹ ਭਗਤੀ ਦੇ ਭਾਵ ਤੋਂ ਵਿਹੂਣਾ ਹੈ ਭਾਵ ਉਸਨੂੰ ਭਗਤੀ ਦੀ ਸਮਝ ਨਹੀਂ ਹੈ। ਇਹੋ ਜਿਹੇ ਮਨੁੱਖਾਂ ਨੂੰ ਕਾਲੇ ਮੂੰਹ ਵਾਲੇ ਕਿਹਾ ਗਿਆ ਹੈ ਤੇ ਪਤਿ ਵਿਹੂਣੇ ਕਿਹਾ ਗਿਆ ਹੈ। ਪਤਿ ਸਾਨੂੰ ਗੁਣਾਂ ਦੁਆਰਾ ਵਿਚਰਕੇ ਮਿਲਦੀ ਹੈ, ਪ੍ਰਮਾਤਮਾ ਦੀ ਭਗਤੀ ਗੁਣਾਂ ਦੁਆਰਾ ਵਿਚਰ ਕੇ ਹੁੰਦੀ ਹੈ, ਸੱਚੇ-ਸੁੱਚੇ ਕਰਮ ਕਰਨ ਦੁਆਰਾ ਮਿਲਦੀ ਹੈ ਨਾ ਕਿ ਮੁੱਖੋਂ ਕਿਸੇ ਅੱਖਰ ਨੂੰ ਰਟੀ ਜਾਣ ਨਾਲ ਜਾਂ ਕੇਵਲ ਕਥਨੀ ਕਰੀ ਜਾਣ ਨਾਲ ਜਿਵੇਂ ਕਿ ਆਮ ਕਰਕੇ ਭਰਮ ਬਣਿਆ ਹੋਇਆ ਹੈ। ਸਿੱਖ ਜਗਤ ਵਿੱਚ ਇਹ ਭਰਮ ਬਹੁਤ ਹੀ ਪ੍ਰਬਲ ਹੈ ਜਿਸ ਕਰਕੇ ਮਾੜੇ ਕਰਮ ਕਰਨ ਲੱਗਿਆਂ ਕੋਈ ਖਾਸ ਸ਼ਰਮ ਮਹਿਸੂਸ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਨੇ ਨਾਮ ਨੂੰ ਚੰਗੇ ਕਰਮਾਂ ਤੋ ਪਾਸੇ ਰੱਖਿਆ ਹੋਇਆ ਹੈ ਤੇ ਇੱਕ ਅੱਖਰ ਦੇ ਜਪ ਨੂੰ ਹੀ ਆਪਣੀ ਭਗਤੀ ਸਮਝਿਆ ਹੋਇਆ ਹੈ। ਉੱਪਰ ਸਾਨੂੰ ਬੜਾ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਜਿਸਦੇ ਅੰਦਰ ਔਗੁਣ ਹਨ ਉਸਨੂੰ ਨਾਮ ਵਿਸਰਿਆ ਹੋਇਆ ਹੈ ਭਾਵ ਉਨ੍ਹਾਂ ਨੂੰ ਸੱਚ ਵਿਸਰਿਆ ਹੋਇਆ ਹੈ ਭਾਵ ਗੁਣ ਵਿਸਰੇ ਹੋਏ ਹਨ। ਸਾਡੇ ਅੰਦਰ ਦੀ ਮੈਲ ਸਾਨੂੰ ਔਗੁਣਾਂ ਵਿੱਚ ਰੱਖਦੀ ਹੈ ਤੇ ਨਾਮ ਦਾ ਮਕਸਦ ਸਾਡੀ ਇਸ ਮਨ ਦੀ ਮੈਲ ਨੂੰ ਕੱਢਣ ਦੇ ਨਾਲ ਹੀ ਹੈ ਜੋ ਕਿ ਨਾਮ ਦੀ ਸਿੱਖਿਆ ਨੂੰ ਮੰਨ ਕੇ ਹੀ ਨਿਕਲ ਸਕਦੀ ਹੈ ਨਾ ਕਿ ਮੁੱਖੋਂ ਕਿਸੇ ਅੱਖਰ ਨੂੰ ਰਟੀ ਜਾਣ ਨਾਲ ਭਾਵੇਂ ਉਸ ਅੱਖਰ ਨੂੰ ਅਸੀਂ ਰਾਮ-ਰਾਮ ਕਹਿ ਕੇ ਜਪ ਲਈਏ, ਹਰਿ-ਹਰਿ

26/2920

ਕਹਿ ਕੇ ਜਪ ਲਈਏ, ਅੱਲ੍ਹਾ-ਅੱਲ੍ਹਾ ਕਹਿ ਕੇ ਜਪ ਲਈਏ, ਵਾਹਿਗੁਰੂ ਵਾਹਿਗੁਰੂ ਕਹਿ ਕੇ ਜਪ ਲਈਏ ਜਾਂ ਕੋਈ ਹੋਰ ਅੱਖਰ ਬੋਲ ਕੇ ਜਪ ਲਈਏ। ਨਾਮ ਤਾਂ ਉਦੋਂ ਹੀ ਜਪਿਆ ਜਾਣਾ ਹੈ ਜਦੋਂ ਮਨ ਦੀ ਮੈਲ ਧੁਪੇਗੀ ਤੇ ਮਨ ਦੀ ਮੈਲ ਧੋਣ ਦਾ ਤਰੀਕਾ ਸਾਰੇ ਜਗਤ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਨੂੰ ਅਪਣਾਉਣ ਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੋ ਸਕਦਾ। **(ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ॥ ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ॥ ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ॥੭॥)**

{ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥

ਅਨਹਦਿ ਰਾਤਾ ਏਕ ਲਿਵ ਤਾਰ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ॥੪॥}

(ਅੰਗ ੧੧੮੮)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥
ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥੭॥}

(ਅੰਗ ੨੨੯)

{ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥}

(ਅੰਗ ੧੪੬)

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

ਅਸੀਂ ਮੁੱਖ ਸ਼ਬਦ ਦੇ ਪਿਛਲੇ ਪਦੇ ਰਾਹੀਂ ਇਹ ਸਮਝਿਆ ਹੈ ਕਿ ਕਾਲੇ ਮੂੰਹ ਵਾਲਾ ਕਿਸ ਨੂੰ ਕਿਹਾ ਹੈ, ਨਾਮ ਵਿਹੂਣਾ, ਭਗਤੀ ਵਿਹੂਣਾ ਕਿਸ ਨੂੰ ਕਿਹਾ ਹੈ ਤੇ ਸ਼ਬਦ ਦੇ ਅਗਲੇ ਪਦੇ ਰਾਹੀਂ ਆਓ ਇਸ ਗੱਲ ਨੂੰ ਸਮਝੀਏ ਕਿ ਉੱਜਲੇ ਮੁੱਖ ਵਾਲਾ ਕੌਣ ਹੈ, ਨਾਮ ਵਾਲਾ ਕੌਣ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲਾ ਕੌਣ ਹੈ।

“ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ॥
ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥
ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ॥੮॥੭॥”

26/2921

ਇਸ ਪਦੇ ਰਾਹੀਂ ਪ੍ਰਮਾਤਮਾ ਨੂੰ ਪਾਉਣ ਦੀ ਗੱਲ ਕੀਤੀ ਹੋਈ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ। ਤਰੀਕਾ ਆਪਣੀ ਹਉਮੈ ਨੂੰ, ਤ੍ਰਿਸ਼ਨਾ ਨੂੰ ਛੱਡਣ ਦਾ ਹੀ ਹੈ ਭਾਵ ਮਨਮਤਿ ਤੋਂ, ਵਿਕਾਰਾਂ ਤੋਂ ਮੁਕਤ ਹੋਣ ਦਾ ਹੀ ਹੈ। ਸਾਰੀ ਗੱਲ “ਡਰੁ” ਨੂੰ ਕਬੂਲ ਕਰਨ ਦੀ ਹੈ, ਗੁਰੂ ਦੇ ਭਉ ਨੂੰ ਕਬੂਲ ਕਰਨ ਦੀ ਹੈ ਭਾਵ ਗੁਰਮਤਿ ਦੇ ਦੱਸੇ ਹੋਏ ਸੱਚ ਨੂੰ ਕਬੂਲ ਕਰਨ ਦੀ ਹੈ, ਤ੍ਰਿਸ਼ਨਾ ਨੂੰ ਛੱਡਣ ਦੀ ਹੈ, ਮਾਇਆ ਮੋਹ ਨੂੰ ਛੱਡਣ ਦੀ ਹੈ ਜਿਸ ਦਾ ਕਾਰਨ ਸਾਡੀ ਹਉਮੈ ਹੈ, ਮਨਮਤਿ ਹੈ ਭਾਵ ਅਗਿਆਨਤਾ ਹੈ, ਸਾਡੇ ਅੰਦਰ ਗੁਰਮਤਿ ਦੀ ਸੋਝੀ ਦਾ ਨਾ ਹੋਣਾ ਹੈ। ਅਸੀਂ ਪ੍ਰਮਾਤਮਾ ਨੂੰ ਗੁਰਮਤਿ ਤੇ ਚੱਲ ਕੇ ਹੀ ਖੋਜਣਾ ਹੈ ਭਾਵ ਗੁਰਮਤਿ ਤੇ ਚੱਲਣ ਦਾ ਉੱਦਮ ਕਰਦੇ ਰਹਿਣਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਡੇ ਤੇ ਕ੍ਰਿਪਾ ਕਰਕੇ ਆਪ ਹੀ ਸਾਨੂੰ ਆਪਣੇ ਨਾਲ ਮਿਲਾਉਂਦਾ ਹੈ ਤੇ ਅਸੀਂ ਉਸ ਪ੍ਰਮਾਤਮਾ ਦੇ ਘਰ ਵਿੱਚ ਵੱਸਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ। ਉਸਦੇ ਘਰ ਵਿੱਚ ਪਹੁੰਚ ਕੇ ਸਾਨੂੰ ਉਸ ਦੇ ਕੋਲੋਂ ਗੁਰਮਤਿ ਹੀ ਮਿਲਦੀ ਹੈ ਭਾਵ ਗੁਰਮਤਿ ਦੀ ਪੂਰਨ ਸੋਝੀ ਪੈਂਦੀ ਹੈ ਤੇ ਉਸਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਮਨੁੱਖ ਆਪਣੇ ਅੰਦਰ ਸੱਚ ਵੱਸਣ ਦੁਆਰਾ, ਗੁਰਮਤਿ ਵੱਸਣ ਦੁਆਰਾ ਹੀ ਨਿਰਮਲ ਹੁੰਦਾ ਹੈ ਤੇ ਇਹੀ ਨਾਮ ਦੇ ਨਾਲ ਰੱਤੇ ਰਹਿਣਾ ਹੈ, ਸ਼ਬਦ ਦੇ ਨਾਲ, ਸ਼ਬਦ ਦੀ ਮਤਿ ਦੇ ਨਾਲ ਰੱਤੇ ਰਹਿਣਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਬਖ਼ਸ਼ਦਾ ਹੈ, ਆਪਣੇ ਘਰ ਦੇ ਵਿੱਚ ਵਾਸਾ ਬਖ਼ਸ਼ਦਾ ਹੈ ਉਸਦੀ ਹੀ ਹਉਮੈ ਦੂਰ ਹੁੰਦੀ ਹੈ, “ਮੈਂ” ਦੂਰ ਹੁੰਦੀ ਹੈ, ਮਨਮਤਿ ਦੂਰ ਹੁੰਦੀ ਹੈ ਤੇ ਫਿਰ ਸਭ ਜਗ੍ਹਾ “ਤੂੰ” ਹੀ ਨਜ਼ਰ ਆਉਂਦਾ ਹੈ। **(ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ॥ ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥ ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ॥੮॥੭॥)**

{ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ॥
ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥}

(ਅੰਗ ੧੦੧੩)

{ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ॥

ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ॥}

(ਅੰਗ ੧੧੧੦)

{ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ॥
ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ॥
ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ॥
ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ॥
ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ॥
ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ॥੨॥}

(ਅੰਗ ੭੬੫)

26/2922

{ਖੋਜਤ ਖੋਜਤ ਨਿਜ ਘਰੁ ਪਾਇਆ॥ ਅਮੋਲ ਰਤਨੁ ਸਾਚੁ ਦਿਖਲਾਇਆ॥
ਕਰਿ ਕਿਰਪਾ ਜਬ ਮੇਲੇ ਸਾਹਿ॥ ਕਹੁ ਨਾਨਕ ਗੁਰ ਕੈ ਵੇਸਾਹਿ॥੪॥੧੬॥੮੫॥}

(ਅੰਗ ੧੮੧)

ਰਾਗੁ ਗਉੜੀ ਮਾਝ ਮਹਲਾ ੫
ੴ ਸਤਿਗੁਰ ਪ੍ਰਸਾਦਿ॥

{ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ॥ ਸੇਈ ਹੋਏ ਭਗਤ ਜਿਨਾ ਕਿਰਪਾਰੀਆ॥੧॥}

(ਅੰਗ ੨੪੦)

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ॥ ਭਾਇ ਭਗਤਿ ਜਾ ਹਉਮੈ ਸੋਖੈ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ॥੭॥}

(ਅੰਗ ੧੨੪)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ
ੴ ਸਤਿਗੁਰ ਪ੍ਰਸਾਦਿ॥

{ਸੁਖੁ ਮਾਂਗਤ ਦੁਖੁ ਆਗੈ ਆਵੈ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥੧॥ਰਹਾਉ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ॥੨॥
ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ॥ ਤਨ ਛੂਟੇ ਮਨੁ ਕਹਾ ਸਮਾਈ॥੪॥
ਗੁਰ ਪਰਸਾਦੀ ਜੈਦੇਉ ਨਾਮਾਂ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥੫॥
ਇਸੁ ਮਨ ਕਉ ਨਹੀ ਆਵਨ ਜਾਨਾ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ॥੭॥
ਇਸ ਮਨ ਕਾ ਕੋਈ ਜਾਨੈ ਭੇਉ॥ ਇਹ ਮਨਿ ਲੀਣ ਭਏ ਸੁਖਦੇਉ॥੮॥
ਜੀਉ ਏਕੁ ਅਰੁ ਸਗਲ ਸਰੀਰਾ॥ ਇਸੁ ਮਨ ਕਉ ਰਵਿ ਰਹੇ ਕਬੀਰਾ॥੯॥੧॥੩੬॥}

(ਅੰਗ ੩੩੦)

ਪਿੱਛੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਪ੍ਰਮਾਤਮਾ ਦੇ ਖਜ਼ਾਨੇ ਵਿੱਚ ਰਲਣਾ ਕੀ ਹੈ। ਪ੍ਰਮਾਤਮਾ ਦਾ ਇਹ ਖਜ਼ਾਨਾ ਸਾਡੇ ਅੰਦਰ ਹੀ ਹੈ ਤੇ ਇਸ ਖਜ਼ਾਨੇ ਨੂੰ ਅਸੀਂ ਆਪਣੇ ਅੰਦਰੋਂ ਹੀ ਖੋਜਣਾ ਹੈ। ਇਹ ਖਜ਼ਾਨਾ ਸੱਚੇ ਗਿਆਨ ਦਾ ਖਜ਼ਾਨਾ ਹੈ, ਨਾਮ ਧਨ ਦਾ ਖਜ਼ਾਨਾ ਹੈ, ਬ੍ਰਹਮਗਿਆਨ ਦਾ ਖਜ਼ਾਨਾ ਹੈ ਜੋ ਸਾਡੇ ਅੰਦਰੋਂ ਭਰਮ ਦੀ ਦੀਵਾਰ ਨੂੰ ਤੋੜਦਾ ਹੈ, ਅਗਿਆਨਤਾ ਦੀ ਦੀਵਾਰ ਨੂੰ ਤੋੜਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਗੁਰੂ ਦੇ ਕੋਲ ਇਹ ਸੱਚੇ ਗਿਆਨ ਦਾ ਖਜ਼ਾਨਾ ਹੀ ਹੈ ਜਿਸ ਦੁਆਰਾ ਗੁਰੂ ਸਭ ਨੂੰ ਆਪਣਾ ਨਾਮ ਧਨ ਵੰਡ ਰਿਹਾ ਹੈ ਭਾਵ ਸੱਚਾ ਗਿਆਨ ਵੰਡ ਰਿਹਾ ਹੈ ਜਿਸ ਤੇ ਚੱਲ ਕੇ ਉਸ ਖਜ਼ਾਨੇ ਦੇ ਮਾਲਕ ਨੂੰ ਪਾਇਆ ਜਾ ਸਕਦਾ ਹੈ। ਆਓ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਕਿ ਗੁਰੂ ਸਾਹਿਬ ਨੇ ਇਸ ਖਜ਼ਾਨੇ ਨੂੰ ਕਿਸ ਰੂਪ ਵਿੱਚ ਪਾਇਆ ਹੋਇਆ ਹੈ।

“ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ॥
ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ॥
ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ॥
ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ॥
ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ॥
ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵ ਨਿਧਿ ਪਾਈ॥੩॥
ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ॥
ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ॥
ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ॥
ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ॥
ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ॥
ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ॥੪॥੧॥”

(ਅੰਗ ੪੫੨)

26/2923

ਸ਼ਬਦ ਦੇ ਉੱਪਰ ਵਾਲੇ ਪਦੇ ਰਾਹੀਂ ਧਿਆਨ ਨਾਲ ਸਮਝੋ ਕਿ ਇਹ ਖਜ਼ਾਨਾ ਕਿਵੇਂ ਮਿਲਦਾ ਹੈ। ਜਿਸ ਨੂੰ ਪ੍ਰਮਾਤਮਾ ਮਿਲ ਜਾਂਦਾ ਹੈ ਉਸ ਨੂੰ ਹੀ ਇਹ ਨਉਨਿਧਿ ਮਿਲਦੀ ਹੈ ਭਾਵ ਸਭ ਤੋਂ ਵੱਡਾ ਖਜ਼ਾਨਾ ਮਿਲਦਾ ਹੈ, ਨਾਮ ਦਾ ਖਜ਼ਾਨਾ ਮਿਲਦਾ ਹੈ ਤੇ ਇਹ ਖਜ਼ਾਨਾ ਸਾਨੂੰ ਆਪਣੇ ਘਰ ਦੇ ਵਿੱਚ ਭਾਵ ਮਨ ਦੇ ਵਿੱਚ ਹੀ ਮਿਲਦਾ ਹੈ। ਜੋ ਇਸ ਖਜ਼ਾਨੇ ਨੂੰ ਪਾ ਲੈਂਦਾ ਹੈ ਉਸ ਨੂੰ ਸਭ ਕੁੱਝ ਮਿਲ ਜਾਂਦਾ ਹੈ ਕਿਉਂਕਿ ਇਸ ਖਜ਼ਾਨੇ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਮਿਲਦਾ ਹੈ। ਇਹ ਖਜ਼ਾਨੇ ਦੀ ਪ੍ਰਾਪਤੀ ਤੋਂ ਬਾਅਦ ਹੀ ਮਨੁੱਖ ਚਿੰਤਾ ਮੁਕਤ ਹੁੰਦਾ ਹੈ ਤੇ ਮਨੁੱਖ ਦੀ ਦੌੜ ਮੁੱਕ ਜਾਂਦੀ ਹੈ ਭਾਵ ਜੋ ਇਸ ਜੀਵਨ ਦਾ ਮਨੋਰਥ ਹੈ ਉਹ ਪੂਰਾ ਹੋ ਜਾਂਦਾ ਹੈ। ਇਹ ਨਾਮ ਦਾ ਖਜ਼ਾਨਾ ਮਿਲਣ ਤੋਂ ਬਾਅਦ ਹੀ ਹਰ ਵੇਲੇ ਮਨੁੱਖ ਉਸਦਾ ਨਾਮ ਧਿਆਉਂਦਾ ਹੈ ਭਾਵ ਹਰ ਵੇਲੇ ਉਸਦੇ ਹੁਕਮ ਵਿੱਚ ਰਹਿੰਦਾ ਹੈ ਕਿਉਂਕਿ ਨਾਮ ਦਾ ਮਾਲਕ, ਖਜ਼ਾਨੇ ਦਾ ਮਾਲਕ ਉਸ ਦਾ ਸਖਾਈ ਬਣ ਕੇ ਰਹਿੰਦਾ ਹੈ, ਸਖਾ ਬਣ ਕੇ ਰਹਿੰਦਾ ਹੈ, ਸੱਚਾ ਸਾਥੀ ਬਣ ਕੇ ਰਹਿੰਦਾ ਹੈ। ਇਹ ਸਾਥ ਮਨ ਦੇ ਵਿੱਚ ਨਿਰਗੁਣ ਰੂਪ ਵਿੱਚ ਹੀ ਹੁੰਦਾ ਹੈ ਜੋ ਕਿ ਮਨ ਦੇ ਅੰਦਰ ਸਹਜ ਦੀ ਅਵੱਸਥਾ ਦੇ ਰੂਪ ਵਿੱਚ ਹੁੰਦਾ ਹੈ, ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਦੇ ਰੂਪ ਵਿੱਚ ਹੁੰਦਾ ਹੈ ਤੇ ਇਸ ਸੱਚੇ ਗਿਆਨ ਦੁਆਰਾ ਵਿਚਰਨਾ, ਨਾਮ ਦੁਆਰਾ ਵਿਚਰਨਾ ਮਨੁੱਖ ਦਾ ਸੁਭਾਉ ਬਣ ਜਾਂਦਾ ਹੈ ਕਿਉਂਕਿ ਹਰ ਵੇਲੇ ਉਸਦੇ ਅੰਦਰ ਨਾਮ ਦੀ ਮਤਿ ਵਸੀ ਰਹਿੰਦੀ ਹੈ ਜੋ ਮਤਿ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਦਿੰਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾ ਲੈਣਾ, ਬੁੱਝ ਲੈਣਾ ਸੰਸਾਰ ਦਾ ਸਭ ਤੋਂ ਵੱਡਾ ਅਸਚਰਜ ਹੈ ਤੇ ਗੁਰੂ ਦੀ ਸ਼ੋਭਾ ਇਸ ਅਸਚਰਜਤਾ ਕਰਕੇ ਹੀ ਹੈ ਕਿਉਂਕਿ ਉਸ

ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਿਆ ਹੋਇਆ ਹੈ। ਪ੍ਰਮਾਤਮਾ ਮਨ ਦੇ ਅੰਦਰ ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਪ੍ਰਮਾਤਮਾ ਤਾਂ ਨਿਰਗੁਣ ਰੂਪ ਹੈ ਤੇ ਮਨ ਦੇ ਅੰਦਰ ਉਹ ਨਿਰਗੁਣ ਰੂਪ ਵਿੱਚ ਹੀ ਗੱਜਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਗੱਜਦਾ ਹੈ ਭਾਵ ਆਪਣਾ ਵੱਡਾ ਰੂਪ ਪ੍ਰਗਟ ਕਰਦਾ ਹੈ ਕਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਤੇ ਮਨੁੱਖ ਐਵੇਂ ਹੀ ਆਪਣੇ ਆਪ ਨੂੰ ਵੱਡਾ ਸਮਝੀ ਬੈਠਾ ਹੈ, ਆਪਣੀ ਮੈਂ ਵਿੱਚ ਬੈਠਾ ਹੈ। ਉਹ ਮਨ ਦੇ ਵਿੱਚੋਂ ਮਨ ਦੇ ਵਿਚਾਰਾਂ ਰਾਹੀਂ ਹੀ ਆਪਣਾ ਜ਼ੋਰ ਦਿਖਾਉਂਦਾ ਹੈ ਤੇ ਮਨੁੱਖ ਨੂੰ ਸ਼ਰੇਆਮ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ ਕਿ ਦੇਖ ਤੇਰੇ ਅੰਦਰ ਹੁਕਮ ਕਿਸਦਾ ਚੱਲਦਾ ਹੈ। ਇਹੀ ਸੰਸਾਰ ਦੀ ਸਭ ਤੋਂ ਵੱਡੀ ਅਸਚਰਜਤਾ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਪਰ ਕਿਸੇ ਨੂੰ ਇਹ ਖਬਰ ਤੱਕ ਨਹੀਂ ਹੈ ਕਿਉਂਕਿ ਉਸਨੇ ਆਪ ਹੀ ਸਭ ਨੂੰ ਇਸ ਭਰਮ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਜੋ ਗਿਆਨ ਦਿੰਦਾ ਹੈ ਇਹ ਉਸਦਾ ਅਨਹਦ ਗਿਆਨ ਹੈ, ਉਸਦਾ ਅਨਹਦ ਨਾਦ ਹੈ, ਅਨਹਦ ਬਾਣੀ ਹੈ ਜੋ ਮਨੁੱਖ ਉਸ ਦੇ ਕੋਲੋਂ ਮਨ ਦੇ ਵਿੱਚ ਹੀ ਸੁਣਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਉਸਦਾ ਅਨਹਦ ਸੁਣਿਆ ਹੈ, ਉਸਦੀ ਆਵਾਜ਼ ਰਹਿਤ ਬਾਣੀ ਸੁਣੀ ਹੈ ਉਨ੍ਹਾਂ ਨੇ ਹੀ ਅਨਹਦ ਬਾਣੀ ਦੀ ਰਚਨਾ ਕੀਤੀ ਹੈ ਜੋ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ ਜੋ ਹਰ ਵੇਲੇ ਸਾਨੂੰ ਅਨਹਦ ਸੁਣਾ ਰਹੀ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਦੇ ਵਾਜੇ ਵਜਾ ਰਹੀ ਹੈ, ਉਸਦੇ ਅਨਹਦ ਤੂਰੇ ਵਜਾ ਰਹੀ ਹੈ। ਜਿਸਨੇ ਪ੍ਰਮਾਤਮਾ ਦੇ ਕੋਲੋਂ

26/2924

ਉਸਦਾ ਅਹਨਦ ਨਾਦ ਸੁਣਿਆ ਹੈ ਉਨ੍ਹਾਂ ਦੀ ਹੀ ਸੱਚੀ ਸ਼ੋਭਾ ਬਣੀ ਹੈ। ਆਪਣੇ ਅਨਹਦ ਨਾਦ ਰਾਹੀਂ ਮਨ ਦੇ ਵਿੱਚ ਜੋ ਸੱਚੀ ਬਾਣੀ ਸੁਣਾਉਂਦਾ ਹੈ, ਸੱਚੇ ਗਿਆਨ ਦੀ ਸੋਝੀ ਪਾਉਂਦਾ ਹੈ, ਬ੍ਰਹਮਗਿਆਨ ਦੀ ਸੋਝੀ ਪਾਉਂਦਾ ਹੈ ਇਹੀ ਉਸਦਾ ਖਜ਼ਾਨਾ ਹੈ, ਭਗਤੀ ਦਾ ਖਜ਼ਾਨਾ ਹੈ, ਨਾਮ ਦਾ ਖਜ਼ਾਨਾ ਹੈ ਜੋ ਉਹ ਆਪਣੇ ਭਗਤਾਂ ਨੂੰ ਮਨ ਦੇ ਵਿੱਚ ਹੀ ਬਖਸ਼ਦਾ ਹੈ ਤੇ ਇਹ ਖਜ਼ਾਨਾ ਬਖ਼ਸ਼ਣ ਦੁਆਰਾ ਉਹ ਉਨ੍ਹਾਂ ਨੂੰ ਆਪਣੇ ਖਜ਼ਾਨੇ ਵਿੱਚ ਰਲਾ ਲੈਂਦਾ ਹੈ ਭਾਵ ਉਨ੍ਹਾਂ ਨੂੰ ਇਸ ਤਰੀਕੇ ਆਪਣੀ ਨਵਨਿਧਿ ਸੌਂਪਦਾ ਹੈ।

(ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ॥
ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ॥
ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ॥
ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ॥
ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ॥
ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵ ਨਿਧਿ ਪਾਈ॥੩॥)

ਪ੍ਰਮਾਤਮਾ ਦਾ ਇਹ ਖਜ਼ਾਨਾ ਪੂਰਨ ਸੱਚ ਦਾ ਖਜ਼ਾਨਾ ਹੈ, ਪੂਰਨ ਸੱਚੀ ਸੋਝੀ ਦਾ ਖਜ਼ਾਨਾ ਹੈ ਤੇ ਪ੍ਰਮਾਤਮਾ ਦਾ ਇਹ ਖਜ਼ਾਨਾ ਪੂਰੀ ਗੁਰਬਾਣੀ ਦੇ ਵਿੱਚ ਪੂਰਨ ਸੱਚ ਦੇ ਰੂਪ ਵਿੱਚ ਹੀ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੀ ਹੈ। ਇਸ ਖਜ਼ਾਨੇ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ। ਜਿੰਨ੍ਹਾਂ ਨੂੰ ਇਸ ਖਜ਼ਾਨੇ ਦੀ ਪ੍ਰਾਪਤੀ ਹੋਈ ਹੈ ਉਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਭਰਮ ਦਾ ਗੜ੍ਹ ਹੀ ਤੋੜਿਆ ਹੈ, ਅਗਿਆਨਤਾ ਦਾ ਗੜ੍ਹ ਹੀ ਤੋੜਿਆ ਹੈ, ਹਉਮੈ ਦਾ, ਮਾਇਆ ਮੋਹ ਦਾ, ਦੁਬਿਧਾ ਦਾ, ਸਹਿਸਾ ਦਾ, ਮਨਮਤਿ ਦਾ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਗੜ੍ਹ ਹੀ ਤੋੜਿਆ ਹੈ ਭਾਵ ਭਰਮ ਦੀ ਦੀਵਾਰ ਹੀ ਤੋੜੀ ਹੈ ਜਿਸ ਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਕਦੇ ਨਹੀਂ ਜਾਣ ਸਕਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ॥
ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ॥
ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ॥
ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ॥
ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ॥

ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ॥੪॥੧॥"

ਇਸ ਗਿਆਨ ਰੂਪ ਖਜ਼ਾਨੇ ਦੀ ਪ੍ਰਾਪਤੀ ਦੇ ਨਾਲ ਅਸੀਂ ਸੰਸਾਰ ਦੇ ਸਭ ਤੋਂ ਔਖੇ ਅਖਾੜੇ ਨੂੰ ਜਿੱਤਦੇ ਹਾਂ। ਇਹ ਅਖਾੜਾ ਸਾਡੇ ਮਨ ਦੇ ਵਿੱਚ ਹੈ ਜੋ ਕਿ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਹੀ ਜਿੱਤਣਾ ਹੈ ਜੋ ਹਰ ਵੇਲੇ ਮਾਇਆ

26/2925

ਮੋਹ ਵਿੱਚ ਰਹਿੰਦੇ ਹਨ, ਤ੍ਰਿਸ਼ਨਾ ਵਿੱਚ ਰਹਿੰਦੇ ਹਨ। ਇਹ ਅਖਾੜਾ ਮਨੁੱਖ ਆਪਣੇ ਆਪ ਨਹੀਂ ਜਿੱਤ ਸਕਦਾ ਕਿਉਂਕਿ ਮਨ ਦੇ ਵਿਚਾਰਾਂ ਨੂੰ ਅਸੀਂ ਆਪ ਵੱਸ ਵਿੱਚ ਕਰ ਲਈਏ ਇਹ ਸਾਡੀ ਸਮਰੱਥਾ ਵਿੱਚ ਨਹੀਂ ਹੈ। ਇਹ ਅਖਾੜਾ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਜਿੱਤਿਆ ਜਾਂਦਾ ਹੈ ਜੋ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਹੈ। ਸਾਡੇ ਮਨ ਦੇ ਵਿਚਾਰਾਂ ਤੇ ਉਸ ਨੇ ਆਪ ਹੀ ਰੋਕ ਲਗਾਈ ਹੋਈ ਹੈ। ਪ੍ਰਮਾਤਮਾ ਦੀ ਇਹ ਰੋਕ ਸਾਡੇ ਅੰਦਰ ਭਰਮ ਰੂਪ ਕਿਲਾ ਹੈ, ਭਰਮ ਰੂਪ ਦੀਵਾਰ ਹੈ ਜਿਸ ਵਿੱਚੋਂ ਆਪਣੇ ਆਪ ਕੋਈ ਬਾਹਰ ਨਹੀਂ ਨਿਕਲ ਸਕਦਾ। ਸਾਡੇ ਮਨ ਦੇ ਵਿਚਾਰ ਉਸਦੀ ਚਾਰ ਦੀਵਾਰੀ ਵਿੱਚ ਕੈਦ ਹਨ। ਜਿਸਨੂੰ ਉਹ ਚਾਹੇ ਉਸ ਨੂੰ ਉਹ ਆਪਣੀ ਕੈਦ ਵਿੱਚੋਂ ਆਜ਼ਾਦ ਕਰਦਾ ਹੈ। ਸਾਡੇ ਵਿਚਾਰਾਂ ਉੱਤੇ ਉਸਨੇ ਆਪ ਹੀ ਭਰਮ ਰੂਪ ਕਿਵਾੜ ਲਗਾਏ ਹੋਏ ਹਨ, ਭਰਮ ਰੂਪ ਤਾਲਾ ਲਗਾਇਆ ਹੋਇਆ ਹੈ ਜਿਸ ਦੀ ਚਾਬੀ ਉਸਦੇ ਆਪਣੇ ਕੋਲ ਹੈ। ਇਹ ਚਾਬੀ ਬ੍ਰਹਮਗਿਆਨ ਦੇ ਰੂਪ ਵਿੱਚ ਹੈ, ਸਹਜ ਦੀ ਅਵੱਸਥਾ ਦੇ ਰੂਪ ਵਿੱਚ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਸਹਜ ਦੀ ਅਵੱਸਥਾ ਦੇ ਰੂਪ ਵਿੱਚ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ। ਇਹ ਚੌਥੇ ਪਦ ਦਾ ਗਿਆਨ ਹੀ ਉਸਦਾ ਸੱਚਾ ਖਜ਼ਾਨਾ ਹੈ ਜਿਸਦੀ ਪ੍ਰਾਪਤੀ ਦੁਆਰਾ ਸਾਡੇ ਮਨ ਦਾ ਭਰਮ ਗੜ੍ਹ ਟੁੱਟਦਾ ਹੈ ਤੇ ਅਸੀਂ ਚੌਥੇ ਪਦ ਵਿੱਚ ਪ੍ਰਵੇਸ਼ ਕਰਦੇ ਹਾਂ। ਇਸ ਭਰਮ ਗੜ੍ਹ ਨੂੰ ਜਿੱਤਣਾ ਹੀ ਮਨ ਦੇ ਵਿਚਾਰਾਂ ਨੂੰ ਜਿੱਤਣਾ ਹੈ ਕਿਉਂਕਿ ਚੌਥੇ ਪਦ ਦੇ ਗਿਆਨ ਦੀ ਸੋਝੀ ਦੁਆਰਾ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਦੇ ਵਿੱਚੋਂ, ਔਗੁਣਾਂ ਦੇ ਵਿੱਚੋਂ ਨਿਕਲਦਾ ਹੈ। ਮਨ ਦੀ ਇਸ ਸੋਝੀ ਦੁਆਰਾ ਸਾਡੀ ਹਰਿ ਹਰਿ ਕਰਨ ਵਾਲੀ ਅਵੱਸਥਾ ਬਣਦੀ ਹੈ ਭਾਵ ਹਰ ਵੇਲੇ ਸੱਚ ਦੁਆਰਾ ਵਿਚਰਨ ਵਾਲੀ ਅਵੱਸਥਾ ਬਣਦੀ ਹੈ, ਨਾਮ ਜਪਣ ਵਾਲੀ ਅਵੱਸਥਾ ਬਣਦੀ ਹੈ। **(ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ॥ ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤ੍ਰੂਟੀ ਭੀਤਾ ਭਰਮ ਗੜਾ॥)**

ਜਿਸਨੂੰ ਪ੍ਰਮਾਤਮਾ ਆਪਣਾ ਭਾਈ, ਮੀਤ ਬਣਾਉਂਦਾ ਹੈ ਉਸ ਨੂੰ ਆਪਣੇ ਸੱਚੇ ਗਿਆਨ ਦਾ ਖਜ਼ਾਨਾ ਬਖ਼ਸ਼ ਕੇ ਹੀ ਬਣਾਉਂਦਾ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਹੀ ਉਸਦਾ ਰਸ ਹੈ ਭਾਵ ਸਭ ਤੋਂ ਮਿੱਠਾ ਰਸ ਹੈ, ਗਿਆਨ ਰਸ ਹੈ। ''ਸਰਸ'' ਵਾਲਾ ਬਣਨਾ ਪ੍ਰਮਾਤਮਾ ਦੇ ਰਸ ਵਾਲਾ ਬਣਨਾ ਹੈ ਕਿਉਂਕਿ ਆਪਣਾ ਗਿਆਨ ਰਸ ਉਹ ਆਪ ਹੀ ਪਿਲਾਉਂਦਾ ਹੈ, ਮਨ ਦੇ ਵਿੱਚ ਪਿਲਾਉਂਦਾ ਹੈ ਜੋ ਕਿ ਅੰਮ੍ਰਿਤ ਰਸ ਹੈ, ਸੰਸਾਰ ਦਾ ਸਭ ਤੋਂ ਮਿੱਠਾ ਰਸ ਹੈ, ਸਭ ਤੋਂ ਉੱਚਾ ਰਸ ਹੈ, ਇਹ ਸ਼ਬਦ ਦੀ ਵਿਚਾਰ ਦਾ ਰਸ ਹੈ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਸ਼ਬਦ ਦਾ ਵਿਚਾਰੀ ਬਣਾਉਂਦਾ ਹੈ। ਇਹ ਰਸ ਉਸਦੇ ਸੁਗਿਆਨ ਦਾ ਰਸ ਹੈ ਜਿਸ ਦੁਆਰਾ ਪ੍ਰਮਾਤਮਾ ਕੋਲੋਂ ਉਸਦਾ ਸਭ ਤੋਂ ਉੱਚਾ ਤੇ ਸੁੱਚਾ ਗਿਆਨ ਮਿਲਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਪ੍ਰਧਾਨ ਬਣਾਉਂਦਾ ਹੈ ਭਾਵ ਧਰਮ ਦੀ ਸਿੱਖਿਆ ਦੇਣ ਦਾ ਪ੍ਰਧਾਨ ਬਣਾਉਂਦਾ ਹੈ ਭਾਵ ਉੱਚਾ ਦਰਜਾ ਦਿੰਦਾ ਹੈ, ਧਰਮ ਦੇ ਮਾਰਗ ਤੇ ਉੱਚਾ ਥਾਪਦਾ ਹੈ ਉਸ ਨੂੰ ਪ੍ਰਮਾਤਮਾ ਸੁਗਿਆਨ ਹੀ ਬਖ਼ਸ਼ਦਾ ਹੈ। ਉਸਦੇ

26/2926

ਸੱਚੇ ਖਜ਼ਾਨੇ ਵਿੱਚੋਂ ਸੁਗਿਆਨ ਹੀ ਮਿਲਦਾ ਹੈ ਤੇ ਪ੍ਰਮਾਤਮਾ ਦਾ ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਥਾਪਿਆ ਹੋਇਆ ਧਰਮ ਦਾ ਪ੍ਰਧਾਨ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲਾਂ ਆਪ ਇਹ ਪ੍ਰਧਾਨਗੀ ਦਿੱਤੀ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਖਜ਼ਾਨੇ ਵਿੱਚ ਰਲਾ ਕੇ ਇਹ ਪ੍ਰਧਾਨਗੀ ਦਿੱਤੀ ਹੈ ਭਾਵ ਆਪਣੀ ਸੱਚੀ ਸੋਝੀ ਪਾਈ ਹੈ ਉਹਨਾਂ ਨੇ ਹੀ ਗੁਰਬਾਣੀ ਨੂੰ ਧਰਮ ਦਾ ਪ੍ਰਧਾਨ ਬਣਾਇਆ ਹੈ, ਧਰਮ ਦਾ ਸੱਚਾ ਠੇਕੇਦਾਰ ਬਣਾਇਆ ਹੈ ਜਿਸ ਨੂੰ ਧਰਮ ਦੀ ਸੱਚੀ ਸੋਝੀ ਹੈ। ਸੱਚਾ ਪ੍ਰਧਾਨ ਤਾਂ ਗੁਰੂ ਹੈ, ਗੁਰਬਾਣੀ ਹੈ ਪਰ ਧਰਮ ਦੇ ਨਕਲੀ ਪ੍ਰਧਾਨ ਨਕਲੀ ਠੇਕੇਦਾਰ ਜਗ੍ਹਾ- ਜਗ੍ਹਾ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਖਜ਼ਾਨੇ ਦੀ ਭਿਣਕ ਤੱਕ ਵੀ ਨਹੀਂ ਹੈ ਕਿ ਪ੍ਰਮਾਤਮਾ ਆਪਣਾ ਪ੍ਰਧਾਨ ਕਿਸੇ ਨੂੰ ਕਿਸ ਤਰੀਕੇ ਨਾਲ ਬਣਾਉਂਦਾ ਹੈ। **(ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ॥ ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ**

ਰਾਮ॥ ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ॥ ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ॥ ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ॥ ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ॥੪॥੧॥)

ਜਦ ਤੱਕ ਸਾਡੇ ਅੰਦਰ ਭਰਮ ਦਾ ਪੜਦਾ ਬਣਿਆ ਹੋਇਆ ਹੈ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਨਾਮ ਨਿਧਾਨ ਦੇ ਰੂਪ ਵਿੱਚ ਹੀ ਹੈ ਜੋ ਕਿ ਮਨ ਦੇ ਵਿੱਚੋਂ ਸੋਝੀ ਪੈਣ ਦੁਆਰਾ ਹੀ ਮਿਲਦਾ ਹੈ ਤੇ ਇਹ ਸੋਝੀ ਪ੍ਰਮਾਤਮਾ ਆਪ ਹੀ ਕਿਸੇ ਨੂੰ ਪਾਉਂਦਾ ਹੈ, ਮਨ ਦਾ ਪੜਦਾ ਉਤਾਰ ਕੇ ਪਾਉਂਦਾ ਹੈ ਜੋ ਕਿ ਸਾਡੇ ਆਪਣੇ ਵੱਸ ਨਹੀਂ ਹੈ। ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਆਪਣੇ ਖਜ਼ਾਨੇ ਵਿੱਚ ਰਲਾਉਂਦਾ ਹੈ। ਮਨ ਦੇ ਵਿੱਚ ਇਸ ਨਾਮ ਧਨ ਦੀ ਪ੍ਰਾਪਤੀ ਦੁਆਰਾ ਮਨੁੱਖ ਦੀ ਤ੍ਰਿਪਤੀ ਹੁੰਦੀ ਹੈ ਫਿਰ ਮਨੁੱਖ ਦਾ ਮਨ ਮਾਇਆ ਮੋਹ ਵਿੱਚ, ਤ੍ਰਿਸ਼ਨਾ ਵਿੱਚ ਨਹੀਂ ਡੋਲਦਾ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਇਸ ਖਜ਼ਾਨੇ ਦੀ ਪ੍ਰਾਪਤੀ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ।

ਗਉੜੀ ਮਾਲਾ ਮਹਲਾ ੫॥

“ਪਾਇਆ ਲਾਲੁ ਰਤਨੁ ਮਨਿ ਪਾਇਆ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ॥੧॥ਰਹਾਉ॥
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ॥੧॥
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ॥੨॥
ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ॥੩॥
ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥
ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ॥੪॥੩॥੧੬੧॥”

(ਅੰਗ ੨੧੫)

ਜੋ ਗੱਲ ਅਸੀਂ ਪਿਛਲੇ ਸ਼ਬਦਾਂ ਰਾਹੀਂ ਸਮਝੀ ਹੈ ਉਹੀ ਗੱਲ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਇੱਥੇ ਮਨ ਦੇ ਖਜ਼ਾਨੇ ਨੂੰ “ ਲਾਲੁ ਰਤਨੁ” ਦੀ ਪ੍ਰਾਪਤੀ ਦੇ ਨਾਲ ਜੋੜਿਆ ਹੋਇਆ ਹੈ। “ਲਾਲੁ ਰਤਨੁ” ਕੀਮਤੀ ਹੁੰਦੇ ਹਨ ਭਾਵ ਸਾਡੇ ਅੰਦਰ ਇਹ ਖਜ਼ਾਨਾ ਬਹੁਤ ਕੀਮਤੀ ਹੈ। ਇਸ ਖਜ਼ਾਨੇ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ

ਤੇ ਇਸੇ ਲਈ ਇਸ ਖਜ਼ਾਨੇ ਤੋਂ ਕੀਮਤੀ ਖਜ਼ਾਨਾ ਕੋਈ ਹੋਰ ਖਜ਼ਾਨਾ ਨਹੀਂ ਹੋ ਸਕਦਾ। ਇਸ ਖਜ਼ਾਨੇ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਇਸ ਖਜ਼ਾਨੇ ਦੀ ਕੀਮਤ ਇਸ ਦੇ ਅੰਦਰ ਛੁਪਿਆ ਹੋਇਆ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਗਿਆਨ ਸਾਨੂੰ ਗੁਰੂ ਦੇ ਸ਼ਬਦ ਦੁਆਰਾ ਮਿਲਦਾ ਹੈ। ਸ਼ਬਦ ਆਪ ਗੁਰੂ ਹੈ। ਗੁਰੂ ਸ਼ਬਦ ਦੀ ਸੋਝੀ ਦੁਆਰਾ ਗੁਰੂ ਹੈ ਜੋ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਸ਼ਬਦ ਦੁਆਰਾ ਪਾਉਂਦਾ ਹੈ। ਗੁਰੂ ਨੇ ਇਹ ਖਜ਼ਾਨਾ ਪ੍ਰਾਪਤ ਕੀਤਾ ਹੋਇਆ ਹੈ ਤੇ ਇਸੇ ਲਈ ਗੁਰੂ ਸ਼ਬਦ ਵਿੱਚ ਸਮਾਇਆ ਹੋਇਆ ਹੈ ਭਾਵ ਸ਼ਬਦ ਦੀ ਸੋਝੀ ਦੇ ਵਿੱਚ ਸਮਾਇਆ ਹੋਇਆ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਦੇ ਵਿੱਚ ਸਮਾਇਆ ਹੋਇਆ ਹੈ, ਬ੍ਰਹਮ ਗਿਆਨ ਦੇ ਵਿੱਚ ਸਮਾਇਆ ਹੋਇਆ ਹੈ। ਸ਼ਬਦ ਦੇ ਵਿੱਚ ਸਾਡੇ ਮਨ ਦੀ ਸੋਝੀ ਹੀ ਸਮਾਉਂਦੀ ਹੈ ਭਾਵ ਉਸ ਪ੍ਰਮਾਤਮਾ ਦੇ ਵਿੱਚ ਮਨ ਦੀ ਸੋਝੀ ਦੁਆਰਾ ਸਮਾਇਆ ਜਾਂਦਾ ਹੈ, ਨਿਰਗੁਣ ਰੂਪ ਵਿੱਚ ਸਮਾਇਆ ਜਾਂਦਾ ਹੈ ਜਿਵੇਂ ਕਿ ਸਤਿਗੁਰ ਉਸ ਦੇ ਵਿੱਚ ਸਮਾਇਆ ਹੋਇਆ ਹੈ। ਮਨ ਦੇ ਵਿੱਚ ਸੱਚਾ ਗਿਆਨ ਹੀ ਸਾਡੇ

ਤਨ ਮਨ ਨੂੰ ਸੀਤਲ ਕਰਦਾ ਹੈ ਤੇ ਇਸੇ ਲਈ ਗੁਰੂ ਦਾ ਤਨ ਮਨ ਸੀਤਲ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ। **(ਪਾਇਆ ਲਾਲੁ ਰਤਨੁ ਮਨਿ ਪਾਇਆ॥ ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ॥੧॥ਰਹਾਉ॥)**

ਸ਼ਬਦ ਦੇ ਅਗਲੇ ਪਦਿਆਂ ਰਾਹੀ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ। ਮਨੁੱਖ ਦੀ ਤ੍ਰਿਸ਼ਨਾ, ਚਿੰਤਾ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਦੁਆਰਾ ਹੀ ਉਤਰਦੀ ਹੈ ਜਿਵੇਂ ਕਿ ਗੁਰੂ ਸਾਹਿਬ ਦੀ ਉਤਰੀ ਹੋਈ ਹੈ। ਗੁਰੂ ਸਾਹਿਬ ਨੇ ਆਪਣੇ ਮਨ ਨੂੰ ਸ਼ਬਦ ਦੀ ਸੋਝੀ ਦੁਆਰਾ ਹੀ ਜਿੱਤਿਆ ਹੋਇਆ ਹੈ ਜਿਸ ਕਰਕੇ ਉਹਨਾਂ ਨੇ ਜੱਗ ਨੂੰ ਜਿੱਤਿਆ ਹੋਇਆ ਹੈ ਭਾਵ ਜੱਗ ਦੇ ਮਾਇਆ ਮੋਹ ਨੂੰ ਜਿੱਤਿਆ ਹੋਇਆ ਹੈ। ਉਹਨਾਂ ਦੇ ਸਿਰ ਤੇ ਪ੍ਰਮਾਤਮਾ ਨੇ ਆਪਣਾ ਹੱਥ ਰੱਖਿਆ ਹੋਇਆ ਹੈ ਜੋ ਕਿ ਸੱਚੀ ਸੋਝੀ ਦੇ ਰੂਪ ਵਿੱਚ ਰੱਖਿਆ ਹੋਇਆ ਹੈ ਜਿਸ ਰਾਹੀਂ ਗੁਰੂ ਨੇ ਮਨ ਦੇ ਵਿਚਾਰਾਂ ਤੇ ਜਿੱਤ ਪਾਈ ਹੋਈ ਹੈ, ਮਾਇਆ ਮੋਹ ਤੇ ਜਿੱਤ ਪਾਈ ਹੋਈ ਹੈ ਤੇ ਉਹਨਾਂ ਦਾ ਮਨ ਮਾਇਆ ਮੋਹ ਵਿੱਚ ਨਹੀਂ ਡੋਲਦਾ। ਮਨ ਦੀ ਇਹ ਅਡੋਲਤਾ ਮਨ ਦੇ ਅੰਦਰੋਂ ਹੀ ਮਿਲਦੀ ਹੈ ਜਦੋਂ ਮਨੁੱਖ ਨੂੰ ਮਨ ਦੇ ਅੰਦਰੋਂ ਹੀ ਤ੍ਰਿਪਤੀ ਹੋ ਜਾਂਦੀ ਹੈ ਭਾਵ ਮਨੁੱਖ ਤ੍ਰਿਸ਼ਨਾ ਮੁਕਤ ਹੋ ਜਾਂਦਾ ਹੈ। ਮਨ ਦੀ ਇਹ ਅਡੋਲਤਾ ਮਨ ਦੀ ਸੋਝੀ ਦੁਆਰਾ ਹੀ ਆਉਂਦੀ ਹੈ। ਮਨ ਦੇ ਵਿੱਚ ਸੱਚੀ ਸੋਝੀ, ਮਨ ਦੇ ਵਿੱਚ ਸੱਚਾ ਗਿਆਨ ਜੋ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ ਉਹੀ ਗੁਰੂ ਦੇ ਕੋਲ "ਅਖੁਟੁ" ਖਜ਼ਾਨਾ ਹੈ ਜਿਸਦੀ ਮਨ ਦੇ ਵਿੱਚ ਕਦੇ ਤੋਟ ਨਹੀਂ ਆਉਂਦੀ। ਮਨ ਦੇ ਵਿੱਚ ਇਹ ਸੋਝੀ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੀ ਰਹਿੰਦੀ ਹੈ ਤੇ ਮਨ ਦੀ ਸੋਝੀ ਵੱਧਦੀ ਹੀ ਰਹਿੰਦੀ ਹੈ ਕਿਉਂਕਿ ਪ੍ਰਮਾਤਮਾ ਸੱਚੇ ਗਿਆਨ ਦਾ ਭੰਡਾਰ ਹੈ, ਸੱਚੇ ਗਿਆਨ ਦਾ ਸ੍ਰੋਤ ਹੈ। ਜਿਸਨੂੰ ਉਹ ਆਪਣੇ ਇਸ ਸ੍ਰੋਤ ਦੇ ਨਾਲ ਭਾਵ ਖਜ਼ਾਨੇ ਦੇ ਨਾਲ ਜੋੜ ਲੈਂਦਾ ਹੈ ਉਸ ਨੂੰ ਫਿਰ ਕਮੀ ਆ ਵੀ ਕਿਵੇਂ ਸਕਦੀ ਹੈ। ਪੂਰੀ ਗੁਰਬਾਣੀ ਵਿੱਚ ਇਹ ਪ੍ਰਮਾਤਮਾ ਦਾ ਖਜ਼ਾਨਾ ਹੀ ਭਰਿਆ ਹੋਇਆ ਹੈ ਜੋ ਸੱਚੇ ਗਿਆਨ ਦਾ ਭੰਡਾਰ ਹੈ। ਜਿੰਨ੍ਹਾਂ ਸਰੀਰਾਂ ਨੂੰ ਪ੍ਰਮਾਤਮਾ ਨੇ ਆਪਣੇ ਖਜ਼ਾਨੇ

ਦੇ ਨਾਲ ਭਾਵ ਬ੍ਰਹਮ ਗਿਆਨ ਦੇ ਸ੍ਰੋਤ ਦੇ ਨਾਲ ਜੋੜਿਆ ਹੈ ਉਹਨਾਂ ਨੇ ਹੀ ਗੁਰਬਾਣੀ ਨੂੰ ਇਸ ਖਜ਼ਾਨੇ ਦੇ ਨਾਲ ਭਰਿਆ ਹੈ, ਸ਼ਬਦਾਂ ਦੇ ਸੱਚੇ ਵਿਚਾਰਾਂ ਦੇ ਨਾਲ ਭਰਿਆ ਹੈ। ਗੁਰੂ ਦੇ ਸ਼ਬਦ ਹੀ "ਲਾਲੁ ਰਤਨੁ" ਹਨ ਜੋ ਕੀਮਤੀ ਹਨ ਜਿੰਨ੍ਹਾਂ ਦੀ ਕੀਮਤ ਉਨ੍ਹਾਂ ਦੇ ਅੰਦਰ ਦੀ ਸੋਝੀ ਹੈ। **(ਪਾਇਆ ਲਾਲੁ ਰਤਨੁ ਮਨਿ ਪਾਇਆ॥ ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ॥੧॥ਰਹਾਉ॥ ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ॥ ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ॥੧॥ ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ॥ ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ॥੨॥)**

ਪ੍ਰਮਾਤਮਾ ਆਪਣਾ ਇਹ ਖਜ਼ਾਨਾ ਕਿਵੇਂ ਬਖਸ਼ਦਾ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਹੀਂ ਸਮਝਾਈ ਹੋਈ ਹੈ।

"ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ॥੩॥"

ਉੱਪਰ ਉਹੀ ਗੱਲ ਸਮਝਾਈ ਹੋਈ ਹੈ ਜੋ ਅਸੀਂ ਪਿਛਲੇ ਸ਼ਬਦਾਂ ਰਾਹੀਂ ਸਮਝੀ ਹੈ। ਪ੍ਰਮਾਤਮਾ ਦਾ ਇਹ ਖਜ਼ਾਨਾ ਸਾਡੇ ਅੰਦਰ ਹੀ ਹੈ ਜਿਸ ਖਜ਼ਾਨੇ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸੱਚੇ ਗਿਆਨ ਦੇ ਰੂਪ ਵਿੱਚ ਭੇਟਦਾ ਹੈ। ਪ੍ਰਮਾਤਮਾ ਦੇ ਆਪਣੇ ਅੰਦਰ ਹੋਣ ਦੀ ਸਾਨੂੰ ਸੋਝੀ ਹੀ ਪੈਂਦੀ ਹੈ। ਇਹ ਸੋਝੀ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਪਤਾ ਚੱਲਦਾ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਇਹੀ ਸੰਸਾਰ ਦਾ ਸਭ ਤੋਂ ਵੱਡਾ ਅਸਚਰਜ ਹੈ, ਅਸਲ ਵਿੱਚ ਇੱਕੋ ਇੱਕ ਅਸਚਰਜ ਹੈ ਜੋ ਸੰਸਾਰ ਦੀ ਸਮਝ ਤੋਂ ਬਾਹਰ ਹੈ। ਇਸ "ਅਚਰਜੁ" ਨੂੰ ਜੋ ਆਪਣੇ ਅੰਦਰੋਂ ਦੇਖ ਲੈਂਦਾ ਹੈ ਉਸ ਨੂੰ ਹੀ ਇਸ ਤੇ ਵਿਸ਼ਵਾਸ ਆ ਸਕਦਾ ਹੈ। ਜਿਸ ਪ੍ਰਮਾਤਮਾ ਨੂੰ ਜਾਨਣ ਤੋਂ ਹਰ ਕੋਈ ਅਸਮਰੱਥ ਹੈ, ਜਿਸ ਨੂੰ ਜਾਨਣ ਦੀ ਗੱਲ ਕੋਈ ਸੁਪਨੇ ਵਿੱਚ ਵੀ ਨਹੀਂ ਸਮਝ ਸਕਦਾ ਉਸ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਹੀ ਦੇਖ ਲਵੇ ਇਹ ਬਹੁਤ ਹੀ ਵੱਡੀ ਹੈਰਾਨੀ ਦੀ ਗੱਲ ਹੈ ਜੋ ਕਿਸੇ ਨੂੰ ਸਮਝਾਈ ਨਹੀਂ ਜਾ ਸਕਦੀ ਤੇ ਨਾ ਹੀ ਕਿਸੇ ਨੂੰ ਵਿਸ਼ਵਾਸ ਆਉਂਦਾ ਹੈ। ਇਹੀ ਗੱਲ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਇਸ ਅਸਚਰਜਤਾ ਨੂੰ ਜਾਣਦਾ ਹਾਂ ਕਿ ਇਹ "ਅਚਰਜੁ" ਕੀ ਹੈ। ਇਹੋ ਇੱਕੋ ਇੱਕ

ਐਸਾ ਅਚਰਜੁ ਹੈ ਭਾਵ ਕਰਾਮਾਤ ਹੈ, ਜਿਸ ਨੂੰ ਆਪਣੇ ਆਪ ਕਦੇ ਕੋਈ ਨਹੀਂ ਸਮਝ ਸਕਦਾ। ਇਹ ਅਚਰਜੁ ਪ੍ਰਮਾਤਮਾ ਨੇ ਸਾਇੰਸ ਦੀ ਸਮਰੱਥਾ ਤੋਂ ਬਾਹਰ ਰੱਖਿਆ ਹੈ। ਸਾਇੰਸ ਨਾਲ ਸਭ ਕੁੱਝ ਸਮਝਿਆ ਜਾ ਸਕਦਾ ਹੈ ਪਰ ਇਹ ਇੱਕੋ ਇੱਕ ਐਸਾ ਅਚਰਜੁ ਹੈ ਜੋ ਸਦਾ ਅਚਰਜੁ ਹੀ ਰਹੇਗਾ, ਸਦਾ ਲਈ ਸੰਸਾਰ ਦੀ ਸਮਰੱਥਾ ਤੋਂ ਬਾਹਰ ਹੀ ਰਹੇਗਾ ਕਿ ਕੋਈ ਇਸ ਨੂੰ ਆਪਣੇ ਆਪ ਸਮਝ ਸਕੇ। ਇਸ "ਅਚਰਜੁ" ਨੂੰ ਕੇਵਲ ਮਨ ਦੇ ਵਿੱਚ ਹੀ ਸਮਝਿਆ ਜਾ ਸਕਦਾ ਹੈ ਕਿਉਂਕਿ ਉਹ ਗੁਰੂ ਰੂਪ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਬੁਝਾਉਂਦਾ ਹੈ।

26/2929

ਪ੍ਰਮਾਤਮਾ ਜਿਸ ਨੂੰ ਆਪਣੇ ਆਪ ਦੇ ਦਰਸ਼ਨ ਕਰਵਾਉਂਦਾ ਹੈ, ਮਨ ਦੀ ਸੋਝੀ ਦੁਆਰਾ ਹੀ ਕਰਵਾਉਂਦਾ ਹੈ, ਨਿਰਗੁਣ ਰੂਪ ਵਿੱਚ ਹੀ ਕਰਾਉਂਦਾ ਹੈ ਜਿਸ ਰੂਪ ਵਿੱਚ ਉਹ ਸਭ ਦੇ ਵਿੱਚ ਤੇ ਸਭ ਜਗ੍ਹਾਂ ਵਿਚਰ ਰਿਹਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਸਾਡੇ ਅੰਦਰ ਰੁਕਾਵਟ ਹੈ ਜੋ ਕਿ ਮਨ ਦੇ ਪੜਦੇ ਦੇ ਰੂਪ ਵਿੱਚ ਹੈ। ਇਸ ਪੜਦੇ ਰਾਹੀਂ ਪ੍ਰਮਾਤਮਾ ਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਪੜਦੇ ਦੇ ਰਹਿੰਦਿਆ ਕੋਈ ਨਹੀਂ ਜਾਣ ਸਕਦਾ, ਕਦੇ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਉਸ ਦਾ ਨਿਰਗੁਣ ਰੂਪ ਕੀ ਹੈ। ਮਨ ਦਾ ਇਹ ਪੜਦਾ ਪ੍ਰਮਾਤਮਾ ਆਪ ਹੀ ਉਤਾਰਦਾ ਹੈ ਜਿਸ ਦੁਆਰਾ ਉਹ ਸਾਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ ਤੇ ਆਪਣੇ ਚੌਥੇ ਪਦ ਵਿੱਚ ਮਿਲਾਉਂਦਾ ਹੈ ਜੋ ਉਸਦਾ ਸੱਚੇ ਗਿਆਨ ਦਾ ਪਦ ਹੈ, ਬ੍ਰਹਮ ਗਿਆਨ ਦਾ ਪਦ ਹੈ, ਮਨ ਦੇ ਵਿੱਚ ਸਹਜ ਵਾਲੀ ਅਵੱਸਥਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਮਨ ਦੇ ਵਿੱਚ ਇਹ ਚੌਥਾ ਪਦ ਹੀ ਪ੍ਰਮਾਤਮਾ ਦਾ ਖਜ਼ਾਨਾ ਹੈ ਤੇ ਉਸ ਦੇ ਖਜ਼ਾਨੇ ਵਿੱਚ ਕੋਈ ਆਪਣੇ ਆਪ ਰਲ ਜਾਵੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ। ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ, ਗੁਰ ਪ੍ਰਸਾਦਿ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਪਹਿਲਾਂ ਅਸੀਂ ਇਹ ਕਦੇ ਨਹੀਂ ਸਮਝ ਸਕਦੇ ਕਿ ਹਰ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਜਿਸ ਦੀ ਕਿ ਕਿਸੇ ਨੂੰ ਸਮਝ ਨਹੀਂ ਹੈ। ਮਨੁੱਖ ਮਨੁੱਖ ਆਪਸ ਵਿੱਚ ਈਰਖਾ ਰੱਖਦੇ ਹਨ ਤੇ ਸਭ ਤੋਂ ਵੱਡੀ ਈਰਖਾ ਮਨੁੱਖ ਦੇ ਅੰਦਰ ਧਾਰਮਿਕ ਆਸਥਾ ਦੁਆਰਾ ਉਪਜਦੀ ਹੈ। ਹਰ ਕੋਈ ਆਪਣੀ ਧਾਰਮਿਕ ਆਸਥਾ ਵਾਲੇ ਨੂੰ ਚੰਗਾ ਸਮਝਦਾ ਹੈ ਤੇ ਦੂਸਰੀ ਧਾਰਮਿਕ ਆਸਥਾ ਵਾਲੇ ਨੂੰ ਮਾੜਾ ਸਮਝਦਾ ਹੈ ਪਰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਇਹ ਪਰਾਈ ਤਾਤਿ ਭਾਵ ਦੂਸਰਿਆਂ ਦੇ ਨਾਲ ਈਰਖਾ ਮਿਟ ਜਾਂਦੀ ਹੈ ਭਾਵੇਂ ਉਹ ਈਰਖਾ ਕਿਸੇ ਰੂਪ ਵਿੱਚ ਹੀ ਹੁੰਦੀ ਹੈ, ਛੋਟਾ-ਵੱਡਾ ਸਮਝਣ ਵਿੱਚ ਹੁੰਦੀ ਹੈ, ਮਾੜਾ ਚੰਗਾ ਸਮਝਣ ਵਿੱਚ ਹੁੰਦੀ ਹੈ, ਕਾਰ-ਵਿਹਾਰ ਵਿੱਚ ਈਰਖਾ ਹੁੰਦੀ ਹੈ ਭਾਵ ਈਰਖਾ ਦੇ ਅਨੇਕਾਂ ਹੀ ਰੂਪ ਹਨ। ਜਦੋਂ ਹਰ ਮਨੁੱਖ ਦੇ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ, ਮਨ ਦੇ ਵਿੱਚੋਂ ਇਹ ਪਰਾਈ ਤਾਤਿ ਤਾਂ ਹੀ ਨਿਕਲਦੀ ਹੈ ਤੇ ਮਨੁੱਖ ਦੂਜੇ ਮਨੁੱਖ ਦਾ ਮਾੜਾ ਨਹੀਂ ਕਰਦਾ। **(ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ॥ ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ॥੩॥)**

ਕਾਨੜਾ ਮਹਲਾ ੫॥

{ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥੩॥੮॥}

(ਅੰਗ ੧੨੯੯)

ਪਰਾਈ ਤਾਤਿ ਦਾ ਵਿਸਰਨਾ ਕੀ ਹੈ ਇਹੀ ਗੱਲ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਾਡੇ ਅੰਦਰ ਸਾਧਸੰਗਤਿ ਦੀ ਪ੍ਰਾਪਤੀ ਜਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਇੱਕੋ ਹੀ ਗੱਲ

26/2930

ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਇਹ ਅਵੱਸਥਾ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਜੋ ਕਿ ਆਪ ਹੀ ਸਾਧੂ ਹੈ, ਗੁਰੂ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਉਹਨਾਂ ਨੂੰ ਇਹ "ਸੁਮਤਿ" ਸਾਧੂ ਦੇ ਕੋਲੋਂ ਮਿਲੀ ਹੈ ਭਾਵ ਪ੍ਰਮਾਤਮਾ ਦੇ ਕੋਲੋਂ ਮਿਲੀ ਹੈ ਜਿਸ ਦੁਆਰਾ ਉਹਨਾਂ ਨੂੰ ਸਾਧਸੰਗਤਿ ਦੀ ਪ੍ਰਾਪਤੀ ਹੋਈ ਹੈ। ਪ੍ਰਮਾਤਮਾ ਦੇ ਕੋਲੋਂ ਸੁਮਤਿ ਭਾਵ ਉਸਦੇ ਕੋਲੋਂ ਸੱਚਾ ਗਿਆਨ ਮਿਲਣ ਦੁਆਰਾ ਹੀ ਉਸਦੇ ਨਾਲ ਮੇਲ ਹੁੰਦਾ ਹੈ ਤੇ ਸਮਝ ਲੱਗਦੀ ਹੈ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਮਨ ਦੀ ਇਸ ਸੋਝੀ ਦੁਆਰਾ ਫਿਰ ਕੋਈ ਵੈਰੀ ਜਾਂ ਬਿਗਾਨਾ ਨਜ਼ਰ ਨਹੀਂ ਆਉਂਦਾ ਭਾਵ ਮਨ ਦੇ ਵਿੱਚ ਕਿਸੇ ਲਈ ਈਰਖਾ ਨਹੀਂ ਰਹਿੰਦੀ। ਸਾਡੇ ਅੰਦਰੋਂ ਪਰਾਈ ਤਾਤਿ ਪ੍ਰਮਾਤਮਾ ਦੇ ਦਰਸ਼ਨ ਹੋਣ ਤੋਂ ਬਾਅਦ ਹੀ ਵਿਸਰਦੀ ਹੈ, ਸਭ ਵਿੱਚ ਉਸਦਾ ਰੂਪ ਨਜ਼ਰ ਆਉਣ ਦੁਆਰਾ ਹੀ ਵਿਸਰਦੀ ਹੈ।

ਪਰਾਈ ਤਾਤਿ ਪ੍ਰਮਾਤਮਾ ਦੇ ਉਸ ਖਜ਼ਾਨੇ ਵਿੱਚ ਰਲਣ ਦੁਆਰਾ ਹੀ ਵਿਸਰਦੀ ਹੈ ਜਿਵੇਂ ਕਿ ਗੁਰੂ ਦੀ ਪਰਾਈ ਤਾਤਿ ਵਿਸਰੀ ਹੋਈ ਹੈ ਭਾਵ ਗੁਰੂ ਲਈ ਹਰ ਮਨੁੱਖ ਇੱਕੋ ਜਿਹਾ ਹੀ ਹੈ ਤੇ ਗੁਰੂ ਨੂੰ ਇਸੇ ਲਈ ਮਨੁੱਖ-ਮਨੁੱਖ ਵਿੱਚ ਭੇਦ ਨਜ਼ਰ ਨਹੀਂ ਆਉਂਦਾ। ਗੁਰੂ ਸਭ ਨੂੰ ਇੱਕੋ ਜਿਹੀ ਸੱਚ ਦੀ ਗੱਲ ਸਮਝਾਉਂਦਾ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਸਮਝਾਉਂਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਇੱਕੋ ਜਿਹਾ ਤਰੀਕਾ ਸਮਝਾਉਂਦਾ ਹੈ। ਉਸ ਪ੍ਰਮਾਤਮਾ ਦੇ ਖਜ਼ਾਨੇ ਵਿੱਚ ਰਲਣ ਤੋਂ ਬਾਅਦ ਮਨੁੱਖ ਦੇ ਅੰਦਰ ਸੱਚ ਦਾ ਪ੍ਰਕਾਸ਼ ਹੀ ਹੁੰਦਾ ਹੈ ਭਾਵ ਇਹ ਖਜ਼ਾਨਾ ਸੱਚ ਰੂਪ ਖਜ਼ਾਨਾ ਹੈ, ਸੱਚੇ ਗਿਆਨ ਦਾ ਖਜ਼ਾਨਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥

ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ॥੪॥੩॥੧੬੧॥"

ਇਹ ਖਜ਼ਾਨਾ ਸਾਡੇ ਮਨ ਦੇ ਅੰਦਰ ਹੀ ਹੈ ਜੋ ਮਨ ਦਾ ਪੜਦਾ, ਭਰਮ ਰੂਪ ਪੜਦਾ ਲਹਿਣ ਦੁਆਰਾ ਮਿਲਦਾ ਹੈ। ਗੁਰੂ ਨੂੰ ਇਹ ਖਜ਼ਾਨਾ ਮਿਲਿਆ ਹੋਇਆ ਹੈ ਜੋ ਕਿ ਉਸਨੂੰ ਪ੍ਰਮਾਤਮਾ ਦੇ ਕੋਲੋਂ ਮਿਲਿਆ ਹੈ ਤੇ ਉਸ ਖਜ਼ਾਨੇ ਨੂੰ ਗੁਰੂ ਨੇ ਆਪਣੇ ਅੰਦਰ ਸੰਭਾਲਿਆ ਹੋਇਆ ਹੈ। ਗੁਰੂ ਦੀ ਮਤਿ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕੀਤਾ ਹੋਇਆ ਹੈ ਤੇ ਗੁਰੂ ਨੇ ਆਪਣੇ ਅੰਦਰ ਇਸ ਖਜ਼ਾਨੇ ਨੂੰ ਸੱਚੀ ਸੋਝੀ ਦੇ ਰੂਪ ਵਿੱਚ ਸੰਭਾਲਿਆ ਹੋਇਆ ਹੈ, ਸੱਚੇ ਵਿਚਾਰਾਂ ਦੇ ਰੂਪ ਵਿੱਚ, ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਸੰਭਾਲਿਆ ਹੋਇਆ ਹੈ। ਜਿਸ ਨੇ ਪ੍ਰਮਾਤਮਾ ਦੇ ਕੋਲੋਂ ਮਨ ਦੇ ਅੰਦਰ ਇਹ ਸੱਚੀ ਸੋਝੀ ਲਈ ਹੈ, ਉਸਦੇ ਗਿਆਨ ਦੇ ਰਸ ਨੂੰ ਚੱਖਿਆ ਹੈ, ਉਸਦੇ ਸੰਸਾਰ ਦੇ ਸਭ ਤੋਂ ਮਿੱਠੇ ਰਸ ਨੂੰ ਚੱਖਿਆ ਹੈ, ਉਸਨੇ ਹੀ ਆਪਣੇ ਅੰਦਰੋਂ ਇਸ ਅਸਚਰਜ ਨੂੰ ਦੇਖਿਆ ਹੈ, ਅਚੰਭੇ

ਨੂੰ ਦੇਖਿਆ ਹੈ ਜੋ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਗੱਲਾਂ ਕਰਨ ਦਾ ਅਚੰਭਾ ਹੈ। ਪ੍ਰਮਾਤਮਾ ਦੇ ਇਸ ਅਚੰਭੇ ਨੂੰ ਬਿਆਨ ਕਰਨਾ ਬਹੁਤ ਔਖਾ ਹੈ, ਕਿਸੇ ਨੂੰ ਸਮਝਾਉਣਾ ਬਹੁਤ ਔਖਾ ਹੈ। ਆਪਣੇ ਅੰਦਰੋਂ ਇਸ ਅਚੰਭੇ ਨੂੰ ਦੇਖੇ ਬਿਨ੍ਹਾਂ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆ ਸਕਦਾ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਗੱਲਾਂ ਕਿਵੇਂ ਹੁੰਦੀਆਂ ਹਨ। ਉਸਦੇ ਆਪਣੇ ਦਿਖਾਏ ਬਿਨ੍ਹਾਂ ਇਸ ਅਚੰਭੇ ਨੂੰ ਕੋਈ ਨਹੀਂ ਦੇਖ ਸਕਦਾ, ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। **(ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥ ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ॥੪॥੩॥੧੬੧॥)**

ਇਹ ਖਜ਼ਾਨਾ ਪ੍ਰਮਾਤਮਾ ਦਾ ਨਿਰਗੁਣ ਰੂਪ ਖਜ਼ਾਨਾ ਹੈ, ਨਾਮ ਧਨ ਦਾ ਖਜ਼ਾਨਾ ਹੈ। ਪ੍ਰਮਾਤਮਾ ਆਪਣਾ ਇਹ ਖਜ਼ਾਨਾ ਕਦੇ ਹੀ ਕਿਸੇ ਵਿਰਲੇ ਨੂੰ ਆਪਣੀ ਕਿਰਪਾ ਦੁਆਰਾ ਬਖਸ਼ਦਾ ਹੈ। ਇਸ ਖਜ਼ਾਨੇ ਤੱਕ ਆਪਣੇ ਆਪ ਕੋਈ ਪਹੁੰਚ ਕਰ ਸਕੇ ਇਹ ਨਾਮੁਮਕਿਨ ਹੈ। ਅਸੀਂ ਮਾਇਆ ਦਾ ਧਨ ਆਪਣੀ ਹਿਫਾਜ਼ਤ ਵਿੱਚ ਰੱਖਦੇ ਹਾਂ, ਤਾਲੇ ਮਾਰ ਕੇ ਰੱਖਦੇ ਹਾਂ ਤੇ ਜਿੰਨ੍ਹਾਂ ਧਨ ਜਿਆਦਾ ਹੋਵੇ ਉਤਨੀ ਜਿਆਦਾ ਹਿਫਾਜ਼ਤ ਕਰਦੇ ਹਾਂ ਜਿਵੇਂ ਕਿ ਸਰਕਾਰੀ ਖਜ਼ਾਨਿਆਂ ਦੀ ਕੀਤੀ ਜਾਂਦੀ ਹੈ। ਪ੍ਰਮਾਤਮਾ ਨੇ ਵੀ ਆਪਣੇ ਇਸ ਖਜ਼ਾਨੇ ਨੂੰ ਪੂਰੀ ਹਿਫਾਜ਼ਤ ਵਿੱਚ ਰੱਖਿਆ ਹੋਇਆ ਹੈ, ਨਿਰਗੁਣ ਰੂਪ ਚਾਰ ਦੀਵਾਰੀ ਵਿੱਚ ਰੱਖ ਕੇ ਉਸ ਦੇ ਬਾਹਰ ਆਪਣੇ ਨਿਰਗੁਣ ਰੂਪ ਕਿਵਾੜ ਲਗਾਏ ਹੋਏ ਹਨ ਤੇ ਉਨ੍ਹਾਂ ਦੇ ਉੱਪਰ ਨਿਰਗੁਣ ਰੂਪ ਤਾਲਾ ਹੀ ਮਾਰਿਆ ਹੋਇਆ ਹੈ ਤੇ ਇਸ ਤਾਲੇ ਨੂੰ ਖੋਲਣ ਵਾਲੀ ਕੁੰਜੀ ਵੀ ਨਿਰਗੁਣ ਰੂਪ ਹੀ ਹੈ ਜਿਸ ਨੂੰ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਇਸ ਖਜ਼ਾਨੇ ਤੱਕ ਪਹੁੰਚ ਮਨ ਦੀਆਂ ਅੱਖਾਂ ਦੁਆਰਾ ਹੀ ਹੁੰਦੀ ਹੈ, ਨਿਰਗੁਣ ਰੂਪ ਅੱਖਾਂ ਦੁਆਰਾ ਹੀ ਹੁੰਦੀ ਹੈ। ਇਹ ਖਜ਼ਾਨਾ ਵੀ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਤੇ ਉਸਦੇ ਉੱਪਰ ਤਾਲਾ ਵੀ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਜਿਸ ਨੂੰ ਪ੍ਰਮਾਤਮਾ ਇਸ ਤਾਲੇ ਨੂੰ ਖੋਲਣ ਦੀ ਕੁੰਜੀ ਸੌਂਪਦਾ ਹੈ ਉਸ ਨੂੰ ਮਨ ਦੇ ਵਿੱਚ ਵਿਚਾਰਾਂ ਰਾਹੀਂ ਹੀ ਸੌਂਪਦਾ ਹੈ। ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਆਪ ਪ੍ਰਮਾਤਮਾ ਹੈ ਤੇ ਆਪਣੇ ਖਜ਼ਾਨੇ ਦੀ ਪਹੁੰਚ ਤੋਂ ਪਰੇ ਉਹ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਰੱਖਦਾ ਹੈ, ਮਨ ਦੀ ਸੋਝੀ ਰਾਹੀਂ ਹੀ ਰੱਖਦਾ ਹੈ। ਸਾਡੇ ਮਨ ਦੇ ਵਿਚਾਰ ਹੀ ਪੜਦੇ ਦੇ ਰੂਪ ਵਿੱਚ ਹਨ ਤੇ ਸਾਡੇ ਮਨ ਦੇ ਵਿਚਾਰ ਹੀ ਇਸ ਪੜਦੇ ਨੂੰ ਖੋਲਦੇ ਹਨ। ਮਨ ਦੇ ਵਿਚਾਰਾਂ ਕਰਕੇ ਹੀ ਅਸੀਂ ਅਗਿਆਨਤਾ ਵਿੱਚ ਹਾਂ ਤੇ ਮਨ ਦੇ ਗਿਆਨ ਦੇ ਨਾਲ ਹੀ ਅਸੀਂ ਇਸ ਪੜਦੇ ਵਿੱਚੋਂ ਨਿਕਲ ਸਕਦੇ ਹਾਂ। ਜਦ ਤੱਕ ਪ੍ਰਮਾਤਮਾ ਆਪ ਨਾ ਚਾਹੇ ਇਸ ਭਰਮ ਦੇ ਪੜਦੇ ਤੋਂ ਪਾਰ ਕੋਈ ਨਹੀਂ ਪਾ ਸਕਦਾ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦੀ ਸਹੀ ਸੋਝੀ, ਭਗਤੀ ਦੀ ਸਹੀ ਸੋਝੀ ਇਸ ਪੜਦੇ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ, ਉਸਦੇ ਸੱਚੇ ਵਿਚਾਰਾਂ ਦੇ ਖਜ਼ਾਨੇ ਵਿੱਚ ਰਲ ਕੇ ਹੀ ਪੈਂਦੀ ਹੈ ਜੋ ਸੋਝੀ ਉਹ ਆਪ ਹੀ ਪਾਉਂਦਾ ਹੈ। ਇਹ ਉਸਦੇ ਨਾਮ ਧਨ ਦਾ ਖਜ਼ਾਨਾ ਹੈ ਤੇ ਨਾਮ ਧਨ ਦੀ ਪ੍ਰਾਪਤੀ ਇਸ ਖਜ਼ਾਨੇ ਵਿੱਚ ਰਲ ਕੇ ਹੀ ਹੁੰਦੀ ਹੈ। ਇਸ ਗੱਲ ਨੂੰ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

26/2932

ਮਹਲਾ ੨॥

“ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥
ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥
ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥੨॥”

(ਅੰਗ ੧੨੩੯)

ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਕੀ ਹੈ ਇਸ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੀ ਹੈ। ਗੁਰੂ ਨੂੰ ਇਹ ਸਿਫ਼ਤ ਕਰਨ ਦਾ ਤਰੀਕਾ ਪ੍ਰਮਾਤਮਾ ਨੇ ਆਪ ਹੀ ਬਖਸ਼ਿਆ ਹੋਇਆ ਹੈ। ਆਪਣਾ ਖਜ਼ਾਨਾ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਤੇ ਹੋਰ ਕੋਈ ਨਹੀਂ ਜਿਸ ਕੋਲੋਂ ਸਾਨੂੰ ਇਹ ਖਜ਼ਾਨਾ ਮਿਲ ਸਕੇ। ਆਪਣਾ ਖਜ਼ਾਨਾ ਬਖਸ਼ ਕੇ ਪ੍ਰਮਾਤਮਾ ਆਪ ਹੀ ਆਪਣਾ ਗੁਰੂ ਰੂਪ ਧਾਰਦਾ ਹੈ ਜੋ ਕਿ ਆਪ ਹੀ ਆਪਣੇ ਖਜ਼ਾਨੇ ਦਾ ਮਾਲਕ ਹੈ। ਗੁਰੂ ਰੂਪ ਵਿੱਚ ਖਜ਼ਾਨੇ ਦਾ ਮਾਲਕ ਉਹ ਆਪ ਹੀ ਹੈ। ਗੁਰੂ ਦੇ ਕੋਲ ਭਗਤੀ ਦਾ ਭੰਡਾਰ ਹੈ। ਇਸ ਖਜ਼ਾਨੇ ਦੇ ਵਿੱਚੋਂ ਭਗਤੀ ਦਾ ਭੰਡਾਰ ਹੀ ਮਿਲਦਾ ਹੈ ਜੋ ਕਿ ਸ਼ਬਦਾਂ ਦੇ ਰੂਪ ਵਿੱਚ ਹੈ। ਸ਼ਬਦਾਂ ਰਾਹੀਂ ਗੁਰੂ ਨੇ ਪ੍ਰਮਾਤਮਾ ਦੇ ਗੁਣਾਂ ਦਾ ਬਿਆਨ ਕੀਤਾ ਹੈ, ਉਸਦੇ ਬੇਅੰਤ ਗੁਣਾਂ ਦਾ ਬਿਆਨ ਕੀਤਾ ਹੈ ਕਿਉਂਕਿ ਹਰ ਗੁਣ ਦਾ ਮਾਲਕ ਆਪ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਦੇ ਦਰ ਤੇ ਉਹੀ ਪ੍ਰਵਾਨ ਹੁੰਦਾ ਹੈ ਜਿਸ ਨੂੰ ਉਹ ਆਪਣੀ ਕੁੰਜੀ ਸੌਂਪ ਕੇ ਆਪਣੇ ਭਗਤੀ ਦੇ ਭੰਡਾਰ ਸੌਂਪਦਾ ਹੈ, ਸੱਚੇ ਵਿਚਾਰਾਂ ਦੇ ਭੰਡਾਰ ਸੌਂਪਦਾ ਹੈ। ਜੋ ਪ੍ਰਮਾਤਮਾ ਦੇ ਦਰ ਤੇ ਇਸ ਖਜ਼ਾਨੇ ਵਿੱਚ ਰਲ ਕੇ ਪ੍ਰਵਾਨ ਹੁੰਦੇ ਹਨ ਉਹਨਾਂ ਦੇ ਉੱਤੇ ਹੀ “ਨਾਮੁ” ਦਾ”ਨੀਸਾਣੁ” ਲੱਗਦਾ ਹੈ ਭਾਵ ਪ੍ਰਮਾਤਮਾ ਦਾ ਆਪਣਾ ਨੀਸਾਣੁ ਲੱਗਦਾ ਹੈ ਕਿ ਉਹ ਪ੍ਰਮਾਤਮਾ ਦਾ ਹੀ ਰੂਪ ਹਨ ਭਾਵ ਉਹ ਪ੍ਰਮਾਤਮਾ ਦੇ ਨਾਲ ਰਲੇ ਹੋਏ ਹਨ ਭਾਵ ਉਹਨਾਂ ਦੀ ਹਉਮੈ ਮੁੱਕ ਚੁੱਕੀ ਹੈ ਤੇ ਉਹਨਾਂ ਦੇ ਅੰਦਰ “ਨਾਮੁ” ਵੱਸਿਆ ਹੋਇਆ ਹੈ, ਪ੍ਰਮਾਤਮਾ ਵੱਸਿਆ ਹੋਇਆ ਹੈ, ਉਹਨਾਂ ਨੂੰ ਪ੍ਰਮਾਤਮਾ ਦੀ ਭਗਤੀ ਦਾ ਭੰਡਾਰ

ਮਿਲਿਆ ਹੋਇਆ ਹੈ, ਗੁਰਮਤਿ ਦੇ ਸੱਚੇ ਵਿਚਾਰਾਂ ਦਾ ਭੰਡਾਰ ਮਿਲਿਆ ਹੋਇਆ ਹੈ। ਇਹ ਗੁਰੂ ਦੀ ਆਪਣੀ ਅਵਸਥਾ ਹੈ ਜਿਸ ਨੂੰ ਪ੍ਰਮਾਤਮਾ ਨੇ ਮਨ ਦੀ ਅਗਿਆਨਤਾ ਦਾ ਤਾਲਾ ਖੋਲਣ ਦੀ ਕੁੰਜੀ ਸੌਂਪ ਕੇ ਆਪਣੇ ਸੱਚੇ ਗਿਆਨ ਵਿੱਚ ਰਲਾਇਆ ਹੋਇਆ ਹੈ, ਬ੍ਰਹਮ ਗਿਆਨ ਰੂਪ ਖਜ਼ਾਨੇ ਵਿੱਚ ਰਲਾਇਆ ਹੋਇਆ ਹੈ। ਪ੍ਰਮਾਤਮਾ ਦੇ ਖਜ਼ਾਨੇ ਵਿੱਚ ਰਲੇ ਬਿਨਾਂ ਕੋਈ "ਨਾਮੁ" ਦੇ "ਨੀਸਾਣੁ" ਵਾਲਾ ਨਹੀਂ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਤੇ ਤਾਂ ਹੀ ਉਸ ਦਾ ਨਾਮ ਜਪਿਆ ਜਾ ਸਕਦਾ ਹੈ ਜਿਵੇਂ ਕਿ ਉਸਦੇ ਖਜ਼ਾਨੇ ਵਿੱਚ ਰਲਣ ਵਾਲਿਆਂ ਨੇ ਜਪਿਆ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨੇ ਜਪਿਆ ਹੈ ਤੇ ਸਭ ਨੂੰ ਜਪਣਾ ਸਿਖਾਇਆ ਹੈ। ਨਾਮ ਦੀ ਸੋਝੀ ਦੁਆਰਾ ਜੋ ਸੱਚੇ ਵਿਚਾਰ ਮਿਲਦੇ ਹਨ ਉਹ ਨਾਮ ਧਨ ਹੈ ਤੇ ਗੁਰਬਾਣੀ ਸਭ ਨੂੰ ਇਹ ਨਾਮ ਧਨ ਵੰਡ ਰਹੀ ਹੈ ਜਿਸ ਧਨ ਦੇ ਨਾਲ ਜੁੜ ਕੇ ਅਸੀਂ ਇਸ ਧਨ ਦੇ ਖਜ਼ਾਨੇ ਦੇ ਮਾਲਕ ਨਾਲ ਆਪਣੀ ਪਹੁੰਚ ਕਰ ਸਕਦੇ ਹਾਂ ਤੇ ਹੋਰ ਕੋਈ ਤਰੀਕਾ ਨਹੀਂ ਹੈ। **(ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹ ਮਿਲੇ ਭੰਡਾਰ॥ ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥ ਨਦਰਿ ਤਿਨ੍ਹ ਕਉ ਨਾਨਕਾ ਨਾਮੁ ਜਿਨ੍ਹ ਨੀਸਾਣੁ॥੨॥)**

26/2933

ਪ੍ਰਮਾਤਮਾ ਦੇ ਇਸ ਖਜ਼ਾਨੇ ਵਿੱਚ ਰਲੇ ਬਿਨ੍ਹਾਂ, ਆਪਣੇ ਅੰਦਰੋਂ ਇਸ ਨਿਰਗੁਣ ਰੂਪ ਖਜ਼ਾਨੇ ਨੂੰ ਜਾਣੇ ਬਿਨ੍ਹਾਂ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ। ਪ੍ਰਮਾਤਮਾ ਨੂੰ ਪਾਉਣ ਵਾਲਿਆਂ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ ਪਰ ਇਹ ਖਜ਼ਾਨਾ ਕੀ ਹੈ, ਕਿੱਥੇ ਹੈ, ਕਿਵੇਂ ਮਿਲਦਾ ਹੈ, ਕੌਣ ਦਿੰਦਾ ਹੈ, ਤਾਲਾ ਕੀ ਹੈ, ਕੁੰਜੀ ਕੀ ਹੈ, ਮਨ ਦਾ ਪੜਦਾ ਕੀ ਹੈ ਤੇ ਪੜਦੇ ਦਾ ਹੱਟਣਾ ਕੀ ਹੈ ਇਸ ਗੱਲ ਦੀ ਸੋਝੀ ਕਿਸੇ ਨੂੰ ਰੱਤੀ ਭਰ ਵੀ ਨਹੀਂ। ਨਾਮ ਦੀਆਂ ਗੱਲਾਂ ਕਰਨ ਵਾਲੇ ਤੇ ਨਾਮ ਧਨ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ ਪਰ ਇਹ ਧਨ ਕੀ ਹੈ ਇਸ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ। ਮਾਇਆ ਦੇ ਧਨ ਨਾਲ ਜੁੜ ਕੇ ਇਹ ਨਾਮ ਧਨ ਨਹੀਂ ਮਿਲਦਾ ਤੇ ਹਰ ਕੋਈ ਮਾਇਆ ਧਨ ਦੇ ਲੋਭ ਵਿੱਚ ਹੀ ਹੈ ਭਾਵੇਂ ਉਸ ਦੀ ਪ੍ਰਾਪਤੀ ਕਿਸੇ ਤਰੀਕੇ ਵਿੱਚ ਵੀ ਹੋਵੇ, ਭਾਵੇਂ ਉਸ ਦੀ ਪ੍ਰਾਪਤੀ ਲਈ ਜਿਤਨੇ ਮਰਜ਼ੀ ਝੂਠ ਬੋਲਣੇ ਪੈਣ ਇਸ ਵਿੱਚ ਉਹ ਸੰਕੋਚ ਨਹੀਂ ਕਰਦੇ। ਨਾਮ ਧਨ ਗੁਰਮਤਿ ਦੇ ਸੱਚੇ ਵਿਚਾਰਾਂ ਦਾ ਧਨ ਹੈ ਜਿੰਨ੍ਹਾਂ ਨੂੰ ਆਪਣੇ ਅੰਦਰ ਵਸਾਏ ਬਿਨ੍ਹਾਂ ਇਸ ਸੱਚੇ ਧਨ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰਮਤਿ ਦੇ ਹਰ ਵਿਚਾਰ ਵਿੱਚ ਨਾਮ ਧਨ ਹੈ ਤੇ ਗੁਰਮਤਿ ਦਾ ਪੂਰਨ ਵਿਚਾਰੀ ਬਣਨਾ ਹੀ ਨਾਮ ਧਨ ਦੀ ਪ੍ਰਾਪਤੀ ਹੈ ਜੋ ਕਿ ਉਸ ਪ੍ਰਮਾਤਮਾ ਦੀ ਰਜ਼ਾ ਦੁਆਰਾ ਹੁੰਦੀ ਹੈ। ਗੁਰਮਤਿ ਦੇ ਵਿਚਾਰਾਂ ਨੂੰ ਅਪਣਾਉਣਾ ਹੀ ਇਸ ਨਾਮ ਧਨ ਦੀ ਪ੍ਰਾਪਤੀ ਕਰਨ ਦਾ ਉੱਦਮ ਕਰਨਾ ਹੈ। ਅਸੀਂ ਨਾਮ ਧਨ ਦੀ ਪ੍ਰਾਪਤੀ ਲਈ ਉਨ੍ਹਾਂ ਦੇ ਵਿਚਾਰਾਂ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨੂੰ ਖੁਦ ਗੁਰਮਤਿ ਦੀ ਸੋਝੀ ਨਹੀਂ ਹੈ, ਨਾਮ ਦੀ ਸੋਝੀ ਨਹੀਂ ਹੈ। ਸਾਡੇ ਅੰਦਰ ਨਾਮ ਦੀ ਸੋਝੀ ਦਾ ਵੱਸਣਾ ਹੀ ਨਾਮ ਧਨ ਦਾ ਵੱਸਣਾ ਹੈ ਤੇ ਨਾਮ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਸ਼ਬਦਾਂ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਗੁਰੂ ਕੋਲ ਇਹੀ ਨਾਮ ਧਨ ਦਾ ਭੰਡਾਰ ਹੈ ਤੇ ਇਹੀ ਪ੍ਰਮਾਤਮਾ ਦਾ ਨਿਰਗੁਣ ਰੂਪ ਖਜ਼ਾਨਾ ਹੈ ਜਿਸ ਵਿੱਚ ਅਸੀਂ ਰਲਣਾ ਹੈ। ਅਸੀਂ ਇਸ ਖਜ਼ਾਨੇ ਵਿੱਚ ਰਲਣ ਦਾ ਉੱਦਮ ਹੀ ਕਰਨਾ ਹੈ ਤੇ ਜੇਕਰ ਸਾਡਾ ਉੱਦਮ ਹੀ ਪੁੱਠਾ ਹੈ ਫਿਰ ਅਸੀਂ ਇਸ ਖਜ਼ਾਨੇ ਵਿੱਚ ਰਲਣ ਦੀ ਉਮੀਦ ਨਹੀਂ ਰੱਖ ਸਕਦੇ। ਗੁਰਮਤਿ ਦੇ ਵਿਚਾਰਾਂ ਦੇ ਉਲਟ ਚੱਲ ਕੇ ਨਾ ਹੀ ਕੋਈ ਇਸ ਖਜ਼ਾਨੇ ਵਿੱਚ ਰਲਿਆ ਹੈ ਤੇ ਨਾ ਹੀ ਰਲ ਸਕਦਾ ਹੈ। ਪੂਰਨ ਗੁਰਮਤਿ ਦੀ ਸੋਝੀ ਇਸ ਖਜ਼ਾਨੇ ਵਿੱਚ ਰਲਣ ਤੋਂ ਬਾਅਦ ਹੀ ਪੈਂਦੀ ਹੈ ਪਰ ਉਸ ਵਿੱਚ ਰਲਣ ਲਈ ਸਾਡਾ ਉੱਦਮ ਗਲਤ ਨਹੀਂ ਹੋਣਾ ਚਾਹੀਦਾ ਭਾਵ ਗੁਰਮਤਿ ਦੀ ਸੋਝੀ ਦੇ ਉਲਟ ਚੱਲਣ ਦਾ ਉੱਦਮ ਨਹੀਂ ਹੋਣਾ ਚਾਹੀਦਾ, ਜਿੰਨ੍ਹਾਂ ਨੂੰ ਗੁਰਮਤਿ ਦੀ ਸੱਚੀ ਸੋਝੀ ਨਹੀਂ ਹੈ ਉਨ੍ਹਾਂ ਦੇ ਪਿੱਛੇ ਸਾਨੂੰ ਨਹੀਂ ਲੱਗਣਾ ਚਾਹੀਦਾ ਜਿਹੜੇ ਭਰਮ ਵਿੱਚ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠੇ ਹਨ।

26/2934

ਗੁਰੂ ਦੀ ਮਤਿ ਨਾਲ ਜੁੜੇ ਬਿਨ੍ਹਾਂ ਕਿਸੇ ਦੇ ਅੰਦਰੋਂ ਅਗਿਆਨਤਾ ਦਾ ਪੜਦਾ, ਹਉਮੈ ਦਾ ਪੜਦਾ ਦੂਰ ਨਹੀਂ ਹੋ ਸਕਦਾ, ਸਾਡੇ ਅੰਦਰ ਦਾ ਬਜਰ ਕਪਾਟ ਨਹੀਂ ਖੁੱਲ੍ਹ ਸਕਦਾ ਤੇ ਅਸੀਂ ਵਿਅਰਥ ਹੀ ਉਨ੍ਹਾਂ ਦੇ ਪਿੱਛੇ ਲੱਗ ਕੇ ਆਪਣੇ ਜੀਵਨ ਦਾ ਅਮੁੱਲਾ ਸਮਾਂ ਬਰਬਾਦ ਕਰ ਰਹੇ ਹਾਂ ਜਿੰਨ੍ਹਾਂ ਨੂੰ ਇਸ ਮਨ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ। ਹੇਠ ਦਿੱਤੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ ਤੇ ਫਿਰ ਤੋਂ ਆਪਣੇ ਆਪ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਗੁਰੂ ਦੀ ਮਤਿ ਦੇ ਨਾਲ ਜੁੜੇ ਬਿਨ੍ਹਾਂ ਭਾਵ ਦੂਸਰਿਆਂ ਦੀ ਮਤਿ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਸਾਰੀ ਗੱਲ ਮਨ ਦੀ ਅਗਿਆਨਤਾ ਵਿੱਚੋਂ, ਭਰਮ ਦੇ ਵਿੱਚੋਂ ਨਿਕਲਣ ਦੀ ਹੈ ਤੇ ਜੋ ਖੁਦ ਭਰਮ ਦੇ ਭਰੇ ਹੋਏ ਹਨ ਉਨ੍ਹਾਂ ਨੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ

ਕੀ ਸਮਝਾਉਣਾ ਹੈ।

ਮਾਝ ਮਹਲਾ ੩॥

"ਇਸੁ ਗੁਫਾ ਮਹਿ ਅਖੁਟ ਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ॥੧॥ਰਹਾਉ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥੪॥
ਗੁਰ ਪਰਸਾਦੀ ਸਚਾ ਹਰਿ ਪਾਏ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ॥੫॥
ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥੬॥
ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੁਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ॥ ਗੁਰ ਪਰਸਾਦੀ ਮਿਲਿ ਸੋਝੀ ਪਾਈ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ॥੮॥੨੪॥੨੫॥"

(ਅੰਗ ੧੨੪)

ਜੇਕਰ ਉੱਪਰ ਵਾਲੇ ਸ਼ਬਦ ਨੂੰ ਥੋੜਾ ਜਿਹਾ ਵੀ ਧਿਆਨ ਨਾਲ ਪੜਾਂਗੇ ਤਾਂ ਸਭ ਕੁੱਝ ਅਸਾਨੀ ਨਾਲ ਸਮਝ ਆ ਰਿਹਾ ਹੈ। ਸਾਰੀਆਂ ਗੱਲਾਂ ਉਹੀ ਹਨ ਜੋ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝੀਆਂ ਹਨ। ਗੁਰਬਾਣੀ ਕਮਾਲ ਦੀ ਬਾਣੀ ਹੈ, ਗੁਰਬਾਣੀ ਆਪਣੀ ਕਸਵੱਟੀ ਆਪ ਹੈ। ਗੁਰਬਾਣੀ ਖਰੀ ਖੋਟੀ ਗੱਲ ਦਾ ਨਿਸਤਾਰਾ ਆਪ ਹੀ ਕਰ ਦਿੰਦੀ ਹੈ ਕਿਉਂਕਿ ਇੱਕ ਗੱਲ ਨੂੰ ਸਪੱਸ਼ਟ ਕਰਨ ਲਈ ਉਸ ਗੱਲ ਨੂੰ ਵੱਖਰੇ-ਵੱਖਰੇ ਸ਼ਬਦਾਂ ਰਾਹੀਂ ਵੱਖਰੇ ਢੰਗ ਨਾਲ ਸਮਝਾਇਆ ਹੁੰਦਾ ਹੈ ਤੇ ਗੱਲ ਦਾ ਸੱਚ ਆਪੇ ਹੀ ਸਾਹਮਣੇ ਆ ਜਾਂਦਾ ਹੈ। ਜੇਕਰ ਕੋਈ ਗੱਲ ਹਰ ਸ਼ਬਦ ਤੇ ਪੂਰੀ ਉਤਰਦੀ ਹੈ ਤਾਂ ਫਿਰ ਉਹ ਗੱਲ ਸੱਚ ਹੈ। ਜੋ ਪ੍ਰਮਾਤਮਾ ਦਾ "ਅਖੁਟ ਭੰਡਾਰ", ਪ੍ਰਮਾਤਮਾ ਦਾ "ਖਜ਼ਾਨਾ", ਪ੍ਰਮਾਤਮਾ ਦੀ "ਨਉਨਿਧਿ" ਇੱਕ ਸ਼ਬਦ ਰਾਹੀਂ ਸਮਝਾਇਆ ਹੈ ਭਾਵ ਜਿਸ ਰੂਪ ਵਿੱਚ ਇਹ ਪ੍ਰਮਾਤਮਾ ਦਾ ਖਜ਼ਾਨਾ ਇੱਕ ਸ਼ਬਦ ਰਾਹੀਂ ਸਮਝਾਇਆ ਹੈ ਉਸੇ ਰੂਪ ਵਿੱਚ ਹੀ ਇਹ ਖਜ਼ਾਨਾ ਦੂਸਰਿਆਂ ਸ਼ਬਦਾਂ ਰਾਹੀਂ ਸਮਝਾਇਆ ਹੈ। ਇਸ ਖਜ਼ਾਨੇ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਉਸ ਨੂੰ ਪ੍ਰਾਪਤ ਕਰਨ ਦਾ ਤਰੀਕਾ ਹਰ ਸ਼ਬਦ ਰਾਹੀਂ ਇੱਕੋ ਜਿਹਾ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦਾ ਇਹ ਖਜ਼ਾਨਾ ਸਾਡੇ ਅੰਦਰ ਹੀ ਹੈ ਜੋ ਕਿ ਮਨ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੈ, ਸੱਚੀ ਗੁਰਮਤਿ ਦੇ ਰੂਪ ਵਿੱਚ ਹੈ, ਅੰਮ੍ਰਿਤ ਨਾਮ ਦੇ ਰੂਪ ਵਿੱਚ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਗੁਰਮਤਿ ਰੂਪ ਅੰਮ੍ਰਿਤ ਪੀਆਉਂਦਾ ਹੈ ਉਸ ਨੂੰ ਹੀ ਇਸ ਖਜ਼ਾਨੇ ਦੀ ਪ੍ਰਾਪਤੀ ਹੁੰਦੀ ਹੈ ਜੋ ਖਜ਼ਾਨਾ ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੈ ਤੇ ਇਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਰਹਾਉ ਵਾਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਸਾਡੇ ਅੰਦਰ

ਦਾ ਬਜਰ ਕਪਾਟ ਹਉਮੈ ਦੇ ਰੂਪ ਵਿੱਚ ਹੈ ਭਾਵ ਹਉਮੈ ਦੇ ਪੜਦੇ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦਾ ਇਹ ਬਜਰ ਕਪਾਟ ਸਾਡੀ

26/2935

ਹਉਮੈ ਮਰਨ ਦੁਆਰਾ ਹੀ ਖੁੱਲ੍ਹਦਾ ਹੈ। ਜਦ ਤੱਕ ਅਸੀਂ ਹਉਮੈ ਵਾਲੀ ਅਵੱਸਥਾ ਵਿੱਚ ਹਾਂ ਤਦ ਤੱਕ ਅਸੀਂ ਨਾਮ ਦੀ ਪ੍ਰਾਪਤੀ ਤੋਂ ਦੂਰ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਤੋਂ ਦੂਰ ਹਾਂ। ਸਾਡੇ ਹਉਮੈ ਰੂਪ ਬਜਰ ਕਪਾਟ ਗੁਰੂ ਦੇ ਸ਼ਬਦ ਦੁਆਰਾ ਖੁੱਲ੍ਹਦੇ ਹਨ ਭਾਵ ਉਸਦੇ ਸੱਚੇ ਗਿਆਨ ਦੁਆਰਾ ਖੁੱਲ੍ਹਦੇ ਹਨ ਜੋ ਗਿਆਨ ਮਨ ਦੇ ਅੰਦਰ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਹੀ ਦਿੰਦਾ ਹੈ। **(ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥ ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ॥੧॥ਰਹਾਉ॥ ਹਉਮੈ ਮਾਰਿ ਬਜਰ ਕਪਾਟ ਖੁਲਾਇਆ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ॥ ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ॥੨॥)**

ਗੁਰੂ ਪ੍ਰਮਾਤਮਾ ਆਪਣੀ ਕਿਰਪਾ ਕਿਵੇਂ ਕਰਦਾ ਹੈ, ਸਾਡੀ ਹਉਮੈ ਕਿਵੇਂ ਦੂਰ ਕਰਦਾ ਹੈ ਭਾਵ ਨਾਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥

ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥੩॥”

ਬੜਾ ਹੀ ਸਪੱਸ਼ਟ ਸਮਝਾਇਆ ਹੋਇਆ ਹੈ ਕਿ ਸਾਡਾ ਹਉਮੈ ਰੂਪ ਪੜਦਾ ਕਿਵੇਂ ਦੂਰ ਹੁੰਦਾ ਹੈ ਤੇ ਸ਼ਬਦ ਦੁਆਰਾ ਨਾਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਗੱਲ ਉਹੀ ਹੈ ਜਿਸ ਨੂੰ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਸਾਡੇ ਮਨ ਦੇ ਅੰਦਰ ਦੋ ਹੀ ਅਵੱਸਥਾਵਾਂ ਹਨ ਤੇ ਇੱਕ ਸਮੇਂ ਵਿੱਚ ਸਾਡੇ ਅੰਦਰ ਇੱਕ ਹੀ ਅਵੱਸਥਾ ਰਹਿ ਸਕਦੀ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਨਾਮ ਨਹੀਂ ਹੈ ਤੇ ਜਦੋਂ ਸਾਡੇ ਅੰਦਰ ਨਾਮ ਵੱਸ ਜਾਂਦਾ ਹੈ ਫਿਰ ਹਉਮੈ ਵਾਲੀ ਅਵੱਸਥਾ ਮੁੱਕ ਜਾਂਦੀ ਹੈ। ਸਾਡੇ ਅੰਦਰ ਹਉਮੈ ਵਾਲੀ ਅਵੱਸਥਾ ਹੀ ਸਾਡੇ ਅੰਦਰ ਦਾ ਬਜਰ ਕਪਾਟ ਹੈ ਜਿਸ ਨੂੰ ਆਪਣੇ ਆਪ ਕੋਈ ਨਹੀਂ ਖੋਲ ਸਕਦਾ। ਇਹ ਬਜਰ ਕਪਾਟ ਸਾਡੇ ਅੰਦਰ ਅਗਿਆਨਤਾ ਦੇ ਰੂਪ ਵਿੱਚ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ ਹੈ ਜਿਸ ਦੁਆਰਾ ਅਸੀਂ ਸਦਾ ਹੀ ਭਰਮ ਵਿੱਚ ਰਹਿੰਦੇ ਹਾਂ। ਇਹ ਨਿਰਗੁਣ ਰੂਪ ਕਪਾਟ ਹਨ, ਭਰਮ ਰੂਪ ਕਪਾਟ ਹਨ ਜੋ ਗੁਰੂ ਦੇ ਸੱਚੇ ਗਿਆਨ ਦੁਆਰਾ ਮਨ ਦੇ ਵਿੱਚੋਂ ਖੁੱਲ੍ਹਦੇ ਹਨ। ਗੁਰੂ ਦਾ ਗਿਆਨ ਸਾਡੇ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਕਰਕੇ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਦਾ ਹੈ, ਹਉਮੈ ਰੂਪ ਅਗਿਆਨਤਾ ਵਿੱਚੋਂ ਕੱਢਦਾ ਹੈ। ਗੁਰੂ ਦਾ ਸੱਚਾ ਗਿਆਨ ਹੀ ਨਾਮ ਹੈ ਤੇ ਸਾਡੇ ਅੰਦਰ ਸੱਚਾ ਗਿਆਨ ਵੱਸਣ ਦੁਆਰਾ ਸਾਡੇ ਅੰਦਰ ਨਾਮ ਵੱਸ ਜਾਂਦਾ ਹੈ। ਸੱਚੇ ਗਿਆਨ ਦੁਆਰਾ ਸਾਨੂੰ ਸੱਚ ਰੂਪ ਸੋਝੀ ਪੈਂਦੀ ਹੈ ਜੋ ਸਾਨੂੰ ਭਰਮ ਦੇ ਵਿੱਚੋਂ ਕੱਢਦੀ ਹੈ। ਸੱਚ ਵਾਲੀ ਅਵੱਸਥਾ ਸਾਡੇ ਅੰਦਰ ਨਾਮ ਵਾਲੀ ਅਵੱਸਥਾ ਹੈ ਤੇ ਇਸੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਉਹ ਸਾਡੇ ਅੰਦਰ ਵੱਸਦਾ ਹੈ

26/2936

ਪ੍ਰਮਾਤਮਾ ਦਾ ਖਜ਼ਾਨਾ, ਅਖੁਟ ਭੰਡਾਰ ਸਾਡੇ ਅੰਦਰ ਸੱਚ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਹੀ ਹੈ। ਜਦ ਤੱਕ ਅਸੀਂ ਹਉਮੈ ਵਿੱਚ ਵਿਚਰਦੇ ਹਾਂ ਤਦ ਵੀ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਿਚਰਦੀ ਹੈ ਕਿਉਂਕਿ ਸਾਨੂੰ ਭਰਮ ਵਾਲੇ ਵਿਚਾਰਾਂ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ, ਉਸਦੀ ਜੋਤਿ ਹੀ ਹੈ। ਜਦੋਂ ਸਾਨੂੰ ਪ੍ਰਮਾਤਮਾ ਦੇ ਕੋਲੋਂ ਸੱਚ ਰੂਪ ਵਿਚਾਰ ਮਿਲਦੇ ਹਨ, ਨਾਮ ਰੂਪ ਵਿਚਾਰ ਮਿਲਦੇ ਹਨ ਉਹ ਵੀ ਉਸ ਦੀ ਜੋਤਿ ਦੇ ਰਾਹੀਂ ਹੀ ਮਿਲਦੇ ਹਨ ਭਾਵ ਮਨ ਦੇ ਵਿੱਚੋਂ ਹੀ ਮਿਲਦੇ ਹਨ। ਸਾਡੇ ਹਉਮੈ ਵਾਲੇ ਵਿਚਾਰ ਖ਼ਤਮ ਹੋ ਕੇ ਸੱਚੇ ਵਿਚਾਰਾਂ ਵਿੱਚ ਸਮਾਅ ਜਾਂਦੇ ਹਨ। ਸਾਡੇ ਹਉਮੈ ਵਾਲੇ ਵਿਚਾਰ ਸਾਡੀ ਸੁਰਤਿ ਦੇ ਵਿਚਾਰ ਹਨ ਤੇ ਪੂਰਨ ਸੱਚ ਰੂਪ ਵਿਚਾਰ ਸ਼ਬਦ ਰੂਪ ਵਿਚਾਰ ਹਨ ਜੋ ਮਨ ਦੇ ਅੰਦਰ ਉਹ ਸ਼ਬਦ ਰੂਪ ਪ੍ਰਮਾਤਮਾ ਆਪ ਹੀ ਦਿੰਦਾ ਹੈ। ਸਾਡੇ ਅੰਦਰ ਜੋਤਿ ਦਾ ਜੋਤਿ ਵਿੱਚ ਰਲਣਾ, ਹਉਮੈ ਦਾ ਨਾਮ ਵਿੱਚ ਰਲਣਾ, ਸੁਰਤਿ ਦਾ ਸ਼ਬਦ ਦੇ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ। ਇਹ ਸਾਡੇ ਅੰਦਰ ਦੇ ਭਰਮ ਦਾ ਸੱਚ ਦੇ ਵਿੱਚ ਸਮਾਅ ਜਾਣਾ ਹੈ, ਹਉਮੈ ਦਾ ਨਾਮ ਦੇ ਵਿੱਚ ਸਮਾਅ ਜਾਣਾ ਹੈ। ਪ੍ਰਮਾਤਮਾ ਦੇ ਦਰ ਤੋਂ ਸੋਭਾ ਸਾਨੂੰ ਮਨ ਦੀ ਇਸ ਅਵੱਸਥਾ ਦੁਆਰਾ ਹੀ ਮਿਲਦੀ ਹੈ ਜਦੋਂ ਮਨੁੱਖ ਪੂਰਨ ਸੱਚ ਦੁਆਰਾ ਵਿਚਰਦਾ ਹੈ ਭਾਵ ਹਰ ਵੇਲੇ ਆਪਣੇ ਕਰਮਾਂ ਦੁਆਰਾ ਨਾਮ ਹੀ ਜਪਦਾ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ ਜਿਸਦੇ

ਅੰਦਰ ਪ੍ਰਮਾਤਮਾ ਨੇ ਆਪਣਾ ਸੱਚ ਪਾਇਆ ਹੋਇਆ ਹੈ। ਸੱਚ ਤਾਂ ਮਨ ਦੇ ਵਿੱਚ ਹੀ, ਗਿਆਨ ਤਾਂ ਮਨ ਦੇ ਵਿੱਚ ਹੀ ਵੱਸਦਾ ਹੈ ਭਾਵੇਂ ਗੱਲ ਨੇਤਰਾਂ ਦੀ ਕੀਤੀ ਹੋਈ ਹੈ। ਸਾਡਾ ਹਰ ਇੰਦਰਾ ਮਨ ਦਾ ਹੀ ਗੁਲਾਮ ਹੈ। ਗੱਲ ਸਾਡੇ ਮਨ ਨੂੰ ਹੀ ਸਮਝਾਈ ਹੋਈ ਹੁੰਦੀ ਹੈ ਭਾਵੇਂ ਸੰਬੋਧਨ ਸਾਡੇ ਇੰਦਰਿਆਂ ਨੂੰ ਕੀਤਾ ਹੈ ਜਿਵੇਂ ਕਿ ਵਾਰ-ਵਾਰ ਰਸਨਾ ਨਾਲ ਨਾਮ ਜਪਣ ਦੀ ਗੱਲ ਆਉਂਦੀ ਹੈ। ਰਸਨਾ ਤਾਂ ਹੀ ਸੱਚੀ ਬਣ ਸਕਦੀ ਹੈ ਜੇਕਰ ਮਨ ਸੱਚਾ ਹੈ। **(ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥ ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥੩॥)**

ਜਦੋਂ ਵੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਹੈ ਉਹ ਸਾਡੇ ਅੰਦਰ ਉਸਦਾ ਗਿਆਨ ਅੰਜਨ ਵੱਸਣ ਦੁਆਰਾ ਹੀ ਹੋਣਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਪ੍ਰਮਾਤਮਾ ਆਪ ਗਿਆਨ ਅੰਜਨ ਦੇ ਰੂਪ ਵਿੱਚ ਹੀ ਹੈ ਭਾਵ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਹੈ ਜਿਸ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਭਰਮ ਰੂਪ ਪੜਦੇ ਵਿੱਚੋਂ ਕੱਢਣ ਦਾ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਦੇ ਨਾਲੋਂ ਵੱਖਰਾਪਨ ਹੈ। ਗਿਆਨ ਅੰਜਨ ਹੀ ਪ੍ਰਮਾਤਮਾ ਦਾ ਨਾਮ ਹੈ ਜਿਸ ਨੂੰ ਆਪਣੇ ਅੰਦਰ ਜਪਣ ਨਾਲ ਅਸੀਂ ਭਰਮ ਤੋਂ ਰਹਿਤ ਹੁੰਦੇ ਹਾਂ, ਮਨ ਦੀ ਅਗਿਆਨਤਾ ਤੋਂ ਰਹਿਤ ਹੁੰਦੇ ਹਾਂ, ਮਨਮਤਿ ਤੋਂ ਰਹਿਤ ਹੁੰਦੇ ਹਾਂ ਤੇ ਗੁਰਮਤਿ ਦੁਆਰਾ ਵਿਚਰਦੇ ਹਾਂ। ਅਸੀਂ ਮਨ ਦੀ ਮਾੜੀ ਸੋਝੀ ਕਰਕੇ, ਮਨਮਤਿ ਕਰਕੇ ਪਤਿਤ ਹਾਂ ਤੇ ਸਾਨੂੰ ਇਸ ਵਿੱਚੋਂ ਕੱਢਣ ਵਾਲਾ ਪ੍ਰਮਾਤਮਾ ਦਾ ਨਾਮ ਹੈ, ਉਸਦਾ ਸੱਚਾ ਗਿਆਨ ਹੈ ਜਿਸ ਦੇ ਮਨ ਵਿੱਚ ਵੱਸਣ ਦੁਆਰਾ ਅਸੀਂ ਪੁਨੀਤ ਹੁੰਦੇ ਹਾਂ ਭਾਵ ਸਾਡੀ ਮਤਿ ਪੁਨੀਤ ਹੁੰਦੀ ਹੈ, ਪੂਰਨ ਸੱਚ

26/2937

ਵਾਲੀ ਬਣਦੀ ਹੈ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥੨॥}

(ਅੰਗ ੪੫੬)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ॥੧੦॥}

(ਅੰਗ ੭੫੯)

ਗੁਰੂ ਦੇ ਚਰਨ ਗੁਰੂ ਦੀ ਮਤਿ ਹੈ, ਗੁਰੂ ਦਾ ਦਿੱਤਾ ਹੋਇਆ ਗਿਆਨ ਹੈ ਤੇ ਇਹੀ ਉਸਦਾ ਨਾਮ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦ੍ਰਿੜ ਕਰਵਾਉਂਦਾ ਹੈ ਭਾਵ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ ਕੇ, ਆਪਣੀ ਸੱਚੀ ਗੁਰਮਤਿ ਬਖਸ਼ ਕੇ ਆਪ ਹੀ ਉਸ ਤੇ ਚਲਾਉਂਦਾ ਹੈ ਭਾਵ ਆਪ ਹੀ ਆਪਣੀ ਗੁਰਮਤਿ ਦੇ ਨਾਲ ਜੋੜ ਕੇ ਰੱਖਦਾ ਹੈ, ਆਪ ਹੀ ਆਪਣੇ ਚਰਨਾਂ ਨਾਲ ਜੋੜ ਕੇ ਰੱਖਦਾ ਹੈ ਭਾਵ ਮਨੁੱਖ ਦੀ ਮਤਿ ਸਦਾ ਹੀ ਗੁਰਮਤਿ ਰੂਪ ਚਰਨਾਂ ਵਿੱਚ ਟਿਕੀ ਰਹਿੰਦੀ ਹੈ ਤੇ ਗੁਰਮਤਿ ਤੋਂ ਡੋਲਦੀ ਨਹੀਂ, ਮਾਇਆ ਮੋਹ ਵਿੱਚ ਡੋਲਦੀ ਨਹੀਂ ਤੇ ਇਹੀ ਗੁਰੂ ਦੇ ਗਿਆਨ ਦਾ ਮਕਸਦ ਹੈ, ਨਾਮ ਦਾ ਮਕਸਦ ਹੈ ਕਿ ਅਸੀਂ ਸਦਾ ਹੀ ਗੁਰਮਤਿ ਅਨੁਸਾਰ ਵਿਚਰੀਏ ਭਾਵ ਨਾਮ ਜਪੀਏ।

ਹਰ ਵੇਲੇ, ਅੱਠੇ ਪਹਿਰ ਉਹੀ ਮਨੁੱਖ ਨਾਮ ਜਪ ਸਕਦਾ ਹੈ ਜੋ ਹਰ ਵੇਲੇ ਗੁਰੂ ਦੇ ਪੂਰੇ ਗਿਆਨ ਨੂੰ ਆਪਣੇ ਅੰਦਰ ਜਪਦਾ ਹੈ ਭਾਵ ਹਰ ਵੇਲੇ ਆਪਣੇ ਅੰਦਰ ਗੁਰਮਤਿ ਨੂੰ ਜਪਦਾ ਹੈ।

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥

ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥
ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ॥
ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ॥੧॥}

(ਅੰਗ ੨੧੮)

ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ "ਪੂਰਨ ਸਤਿਗੁਰ ਗਿਆਨੁ" ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਹੈ ਜਿਸ ਦੁਆਰਾ ਉਸਨੇ ਸਾਨੂੰ ਗੁਰਮਤਿ ਸਮਝਾਈ ਹੈ। ਸਾਡੇ ਅੰਦਰ ਦੁੱਖ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ। ਗੁਰੂ ਦੇ "ਨਾਮੁ" ਨੇ ਭਾਵ "ਪੂਰਨ ਸਤਿਗੁਰ ਗਿਆਨੁ" ਨੇ ਹੀ ਇਸ ਦੁੱਖ ਵਿੱਚੋਂ ਕੱਢਣਾ ਹੈ ਭਾਵ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਦੂਰ ਕਰਨਾ ਹੈ ਜਿਸ ਦੁਆਰਾ ਉਹ ਸਾਡੇ ਅੰਦਰ ਵੱਸਦਾ ਹੈ। "ਸੁਹਾਵਾ ਥਾਉ" ਸਾਡੇ ਅੰਦਰ ਹੀ ਹੈ, ਸਾਡੇ ਘਰ ਦੇ

26/2938

ਵਿੱਚ ਹੀ ਹੈ ਪਰ ਜਦ ਤੱਕ ਪ੍ਰਮਾਤਮਾ ਸਾਡੇ ਅੰਦਰ ਨਹੀਂ ਵੱਸਦਾ ਤਦ ਤੱਕ ਸਾਡੇ ਅੰਦਰ ਸੁਹਾਵਾ ਥਾਉ ਨਹੀਂ ਹੈ। ਸੁਹਾਵਾ ਥਾਉ ਉਹੀ ਬਣਦਾ ਹੈ ਜਿਸ ਘਟ ਦੇ ਅੰਦਰ ਨਾਮ ਵੱਸ ਜਾਂਦਾ ਹੈ ਭਾਵ ਗੁਰੂ ਦਾ ਪੂਰਾ ਗਿਆਨ ਵੱਸ ਜਾਂਦਾ ਹੈ। ਪੂਰਨ ਗਿਆਨ ਉੱਥੇ ਹੀ ਵੱਸਦਾ ਹੈ ਜਿਸ ਘਟਿ ਦੇ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ ਭਾਵ ਜਿੱਥੇ ਉਹ ਆਪ ਵੱਸਦਾ ਹੈ ਜਿਵੇਂ ਕਿ ਉਹ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਵੱਸਿਆ ਹੋਇਆ ਹੈ ਤੇ ਉਹਨਾਂ ਦੇ ਘਟਿ ਨੂੰ ਹੀ ਉਸਨੇ ਸੁਹਾਵਾ ਥਾਉ ਬਣਾਇਆ ਹੈ, ਸੋਹਣਾ ਅਸਥਾਨ ਬਣਾਇਆ ਹੈ। ਜਿਸ ਘਟਿ ਵਿੱਚ ਗੁਰਮਤਿ ਵੱਸ ਜਾਂਦੀ ਹੈ ਉਹ ਸੁਹਾਵਾ ਥਾਨ ਹੈ।

{ਸਗਲ ਥਾਨ ਤੇ ਓਹੁ ਊਤਮ ਥਾਨੁ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ॥੮॥੩॥}

(ਅੰਗ ੨੬੬)

ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੁਹਾਵਾ ਥਾਨ ਹੈ ਜਿੱਥੇ ਉਹ ਹਰ ਵੇਲੇ ਵੱਸਿਆ ਹੋਇਆ ਹੈ, ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੀ ਪਾਇਆ ਹੋਇਆ ਗਿਆਨ ਹੈ, ਪੂਰਨ ਰੂਪ ਵਿੱਚ ਉਸਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਜੋ ਕਿ ਪੂਰਨ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਸਾਨੂੰ ਦੁਖ ਦੇ ਵਿੱਚੋਂ ਪ੍ਰਮਾਤਮਾ ਦੇ ਇਸ ਪੂਰਨ ਗਿਆਨ ਨੇ ਹੀ ਕੱਢਣਾ ਹੈ ਜਿਸ ਦੁਆਰਾ ਸਾਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਵਿਛੋੜਾ ਦੂਰ ਹੁੰਦਾ ਹੈ ਤੇ ਉਸਦੇ ਨਾਲ ਮੇਲ ਦੀ ਪ੍ਰਾਪਤੀ ਦਾ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਘਰ ਵਿੱਚ ਗੁਰੂ ਦਾ ਪੂਰਾ ਸੱਚਾ ਗਿਆਨ ਵੱਸ ਜਾਂਦਾ ਹੈ ਉਸ ਘਰ ਦੇ ਵਿੱਚ "ਜਮ ਕੰਕਰੁ" ਨੇੜੇ ਨਹੀਂ ਆਉਂਦਾ ਭਾਵ ਜਮ ਦਾ ਡਰ ਨੇੜੇ ਨਹੀਂ ਆਉਂਦਾ, ਮੌਤ ਦਾ ਡਰ ਨੇੜੇ ਨਹੀਂ ਆਉਂਦਾ ਕਿਉਂਕਿ ਉਹ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਤੇ ਆਪਣੇ ਜਿਉਂਦਿਆ ਹੀ ਭਾਵ ਸਰੀਰਕ ਰੂਪ ਦੁਆਰਾ ਜਿਉਂਦਿਆ ਹੀ ਮਨ ਦੇ ਗਿਆਨ ਰਾਹੀਂ ਉਸ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ। ਗੁਰਮਤਿ ਦਾ ਪੂਰਾ ਗਿਆਨ ਆਪਣੇ ਅੰਦਰ ਵੱਸਣ ਦੁਆਰਾ ਫਿਰ ਮਨੁੱਖ ਔਗੁਣਾਂ ਤੋ ਪੂਰੀ ਤਰ੍ਹਾਂ ਰਹਿਤ ਹੋ ਜਾਂਦਾ ਹੈ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਫਿਰ ਮਨੁੱਖ ਮਾੜੇ ਕਰਮ ਕਰ ਹੀ ਨਹੀਂ ਸਕਦਾ ਹੈ ਕਿਉਂਕਿ ਉਹ ਗੁਣੀ ਹੋ ਕੇ ਵਿਚਰਦਾ ਹੈ ਤੇ ਸਭ ਦੇ ਵਿੱਚ ਉਸਨੂੰ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਸਾਡੀ ਰਸਨਾ ਪ੍ਰਮਾਤਮਾ ਦੇ ਗੁਣ ਗਾਉਂਦੀ ਹੈ ਜਿਸ ਦਾ ਮੂਲ ਸਾਡੇ ਅੰਦਰ ਮਨ ਦੀ ਸੋਝੀ ਹੈ ਤੇ ਰਸਨਾ ਕੇਵਲ ਮਨ ਦੀ ਗੁਲਾਮ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਆਪਣੀ ਰਸਨਾ ਤੋਂ ਜੋ ਬੋਲ ਬੋਲਦਾ ਹੈ ਉਸ ਵਿੱਚ ਸੱਚ ਹੁੰਦਾ ਹੈ, ਗੁਣ ਹੁੰਦੇ ਹਨ। ਪੂਰੀ ਗੁਰਬਾਣੀ ਉਹਨਾਂ ਦੀ ਰਸਨਾ ਤੋਂ ਆਈ ਹੈ ਜਿੰਨ੍ਹਾਂ ਦੇ ਵਿੱਚ ਪਹਿਲਾਂ ਆਪ ਪ੍ਰਮਾਤਮਾ ਵੱਸਿਆ ਹੈ, ਜਿੰਨ੍ਹਾਂ ਦੀ ਰਸਨਾ ਨੂੰ ਉਸਨੇ ਪਵਿੱਤਰ ਕੀਤਾ ਹੈ, ਮਨ ਦੇ ਵਿੱਚ ਨਾਮ ਬਖਸ਼ ਕੇ, ਆਪਣਾ ਪੂਰਨ ਗਿਆਨ ਬਖਸ਼ ਕੇ ਪਵਿੱਤਰ ਕੀਤਾ ਹੈ। ਮਨ ਦੇ ਪਵਿੱਤਰ ਹੋਏ ਬਿਨ੍ਹਾਂ ਰਸਨਾ ਪਵਿੱਤਰ ਨਹੀਂ ਹੋ ਸਕਦੀ ਤੇ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ।
(ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥ ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ॥੧॥)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥

ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥੧॥
ਮੁੰਧੇ ਗੁਣਹੀਣੀ ਸੁਖੁ ਕੇਹਿ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ॥੧॥ਰਹਾਉ॥}

(ਅੰਗ ੫੫)

26/2939

"**ਸੁਖੁ**" ਦੀ ਪ੍ਰਾਪਤੀ ਕੇਵਲ ਗੁਣਾਂ ਦੁਆਰਾ ਹੈ ਤੇ ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਗੁਣੀ ਬਣਾਉਣ ਨਾਲ ਹੀ ਹੈ। "**ਅਭ ਸਬਦ**" ਤੋਂ ਭਾਵ ਹੈ ਸ਼ਬਦ ਦਾ ਜਲ। ਸ਼ਬਦ ਦਾ ਜਲ ਸ਼ਬਦ ਦੇ ਅੰਦਰ ਦੀ ਸੋਝੀ ਹੈ ਜਿਸ ਦੁਆਰਾ ਅਸੀਂ ਆਪਣੇ ਮਨ ਨੂੰ ਮਾਂਜਣਾ ਹੈ, ਮਨ ਦੇ ਮਾੜੇ ਵਿਚਾਰਾਂ ਨੂੰ ਮਾਂਜਣਾ ਹੈ, ਮਨ ਦੇ ਔਗੁਣਾਂ ਨੂੰ ਮਾਂਜਣਾ ਹੈ, ਮਨ ਦੀ ਝੂਠੀ ਬਿਰਤੀ ਨੂੰ ਮਾਂਜਣਾ ਹੈ, ਮਨ ਦੀ ਅਗਿਆਨਤਾ ਨੂੰ ਮਾਂਜਣਾ ਹੈ। ਸ਼ਬਦ ਦਾ ਜਲ ਸਾਨੂੰ ਸੱਚ ਦੇ ਨਾਲ ਜੋੜਦਾ ਹੈ ਤੇ ਸੱਚ ਕੇਵਲ ਉੱਥੇ ਹੈ ਜਿੱਥੇ ਔਗੁਣ ਨਹੀਂ ਹਨ ਭਾਵ ਜਿੱਥੇ ਗੁਰੂ ਦੇ ਦੱਸੇ ਹੋਏ ਗੁਣ ਹਨ। ਝੂਠ ਬੋਲਣ ਵਾਲਾ ਮਨੁੱਖ ਆਪਣੇ ਮੁੱਖੋਂ, ਆਪਣੀ ਰਸਨਾ ਦੁਆਰਾ ਜਿਤਨਾ ਮਰਜ਼ੀ ਕਿਸੇ ਅੱਖਰ ਨੂੰ ਜਪੀ ਜਾਵੇ ਉਸ ਨੂੰ ਕਦੇ ਸੁੱਚਾ ਭਾਵ ਸੱਚਾ ਮਨੁੱਖ ਨਹੀਂ ਕਿਹਾ ਜਾ ਸਕਦਾ। ਸਾਡਾ ਮਨ ਝੂਠਾ ਜਾਂ ਸੱਚਾ ਮਨ ਦੇ ਵਿਚਾਰਾਂ ਰਾਹੀਂ ਹੈ। ਮਨਮਤਿ ਦੇ ਵਿਚਾਰਾਂ ਰਾਹੀਂ ਅਸੀਂ ਝੂਠੇ ਹਾਂ ਤੇ ਗੁਰਮਤਿ ਦੇ ਵਿਚਾਰਾਂ ਰਾਹੀਂ ਅਸੀਂ ਸੱਚੇ ਹਾਂ, ਮਨਮਤਿ ਦੁਆਰਾ ਅਸੀਂ ਔਗੁਣੀ ਹਾਂ ਤੇ ਗੁਰਮਤਿ ਦੇ ਵਿਚਾਰਾਂ ਰਾਹੀਂ ਅਸੀਂ ਗੁਣੀ ਹਾਂ। ਉਸ ਪ੍ਰਮਾਤਮਾ ਦੇ ਨਾਲ ਮੇਲ ਦਾ ਸੁੱਖ ਉਹੀ ਮਾਣ ਸਕਦਾ ਹੈ ਜਿਸ ਨੂੰ ਉਸ ਦੇ ਸ਼ਬਦ ਦੀ ਮਤਿ ਦੇ ਨਾਲ ਨੇਹਿ ਹੈ, ਸੱਚ ਦੇ ਨਾਲ ਨੇਹਿ ਹੈ, ਪਿਆਰ ਹੈ। ਸ਼ਬਦ ਦੇ ਨਾਲ ਪਿਆਰ ਸਾਡੀ ਕਥਨੀ ਦੁਆਰਾ ਨਹੀਂ ਦਿਖਾਇਆ ਜਾ ਸਕਦਾ ਬਲਕਿ ਸ਼ਬਦ ਦੇ ਵਿਚਾਰਾਂ ਨੂੰ ਮੰਨ ਕੇ ਦਿਖਾਇਆ ਜਾ ਸਕਦਾ ਹੈ, ਮਨ ਦੀ ਜੂਠ ਨੂੰ ਧੋ ਕੇ ਦਿਖਾਇਆ ਜਾ ਸਕਦਾ ਹੈ। ਜਦ ਤੱਕ ਸਾਡਾ ਮਨ ਝੂਠਾ ਹੈ ਤਦ ਤੱਕ ਸਾਡੀ ਜਿਹਬਾ ਝੂਠੀ ਹੈ ਤੇ ਝੂਠੀ ਜਿਹਬਾ ਦੁਆਰਾ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਸਾਡੀ ਰਸਨਾ ਮਨ ਦੇ ਸੱਚ ਦੁਆਰਾ ਪਵਿੱਤਰ ਹੁੰਦੀ ਹੈ, ਗੁਣਾਂ ਦੁਆਰਾ ਪਵਿੱਤਰ ਹੁੰਦੀ ਹੈ ਤੇ ਕੇਵਲ ਸ਼ਬਦਾਂ ਨੂੰ ਰੱਟੀ ਜਾਣ ਦੁਆਰਾ ਪਵਿੱਤਰ ਨਹੀਂ ਹੋ ਸਕਦੀ ਜਿਸ ਤਰੀਕੇ ਹਰ ਕੋਈ ਲੱਗਾ ਹੋਇਆ ਹੈ। ਮਨ ਨੂੰ ਪਵਿੱਤਰ ਕਰੋ ਰਸਨਾ ਆਪੇ ਹੀ ਪਵਿੱਤਰ ਹੋ ਜਾਵੇਗੀ ਜੋ ਕਿ ਸਾਡੇ ਲਈ ਸੱਚਾ ਉੱਦਮ ਹੈ ਜਿਸ ਦੁਆਰਾ ਅਸੀਂ ਉਸ "ਸੁਖੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਭਾਵ ਆਪਣੀ ਕਥਨੀ ਨੂੰ ਕਰਣੀ ਵਿੱਚ ਬਦਲੋ। **(ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥ ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ॥ ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ॥੧॥ਰਹਾਉ॥)**

ਜਦ ਤੱਕ ਅਸੀਂ ਗੁਰੂ ਦੇ ਸ਼ਬਦ ਦਾ ਮਕਸਦ ਨਹੀਂ ਸਮਝਦੇ ਸਾਨੂੰ ਆਪਣਾ ਸੱਚਾ ਉੱਦਮ ਨਹੀਂ ਸਮਝ ਆ ਸਕਦਾ। ਸ਼ਬਦ ਦਾ ਮਕਸਦ ਸਾਨੂੰ ਮਨ

26/2940

ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਭਰਮ ਵਿੱਚੋਂ, ਮਨਮਤਿ ਵਿੱਚੋਂ ਕੱਢਣ ਦਾ ਹੈ ਜੋ ਸਾਡੇ ਅੰਦਰ ਔਗੁਣਾਂ ਦਾ ਮੂਲ ਹੈ। ਆਪਣੇ ਅੰਦਰ ਅਗਿਆਨਤਾ ਦੇ ਰਹਿੰਦਿਆਂ ਅਸੀਂ ਉਨ੍ਹਾਂ ਗੱਲਾਂ ਵਿੱਚ ਗੁਣ ਸਮਝਦੇ ਹਾਂ ਜੋ ਕਿ ਅਸਲ ਵਿੱਚ ਗੁਣ ਨਹੀਂ ਹਨ ਤੇ ਉਨ੍ਹਾਂ ਨੂੰ ਗੁਣ ਸਮਝਣਾ ਕੇਵਲ ਸਾਡਾ ਭਰਮ ਹੈ, ਸਾਡੀ ਹਉਮੈ ਹੈ।

{ਹਉਮੈ ਵਿਚਿ ਸਦ ਜਲੈ ਸਰੀਰਾ॥ ਕਰਮੁ ਹੋਵੈ ਭੇਟੇ ਗੁਰੁ ਪੂਰਾ॥
ਅੰਤਰਿ ਅਗਿਆਨੁ ਸਬਦਿ ਬੁਝਾਏ ਸਤਿਗੁਰ ਤੇ ਸੁਖੁ ਪਾਇਆ॥੩॥
ਮਨਮੁਖੁ ਅੰਧਾ ਅੰਧੁ ਕਮਾਏ॥ ਬਹੁ ਸੰਕਟ ਜੋਨੀ ਭਰਮਾਏ॥
ਜਮ ਕਾ ਜੇਵੜਾ ਕਦੇ ਨ ਕਾਟੈ ਅੰਤੇ ਬਹੁ ਦੁਖੁ ਪਾਇਆ॥੪॥
ਆਵਣ ਜਾਣਾ ਸਬਦਿ ਨਿਵਾਰੇ॥ ਸਚੁ ਨਾਮੁ ਰਖੈ ਉਰ ਧਾਰੇ॥
ਗੁਰ ਕੈ ਸਬਦਿ ਮਰੈ ਮਨੁ ਮਾਰੇ ਹਉਮੈ ਜਾਇ ਸਮਾਇਆ॥੫॥}

(ਅੰਗ ੧੦੬੮)

ਆਪਣੀ ਹਉਮੈ ਕਰਕੇ ਭਾਵ ਆਪਣੀ ਅਗਿਆਨਤਾ ਕਰਕੇ ਅਸੀਂ ਮਨਮੁਖਿ ਹਾਂ, ਅੰਧੇ ਹਾਂ। ਸਾਡੀ ਹਉਮੈ ਗੁਰੂ ਦੇ ਸ਼ਬਦ ਦੁਆਰਾ ਹੀ ਮਰਣੀ ਹੈ ਭਾਵ ਸਾਡੀ ਅਗਿਆਨਤਾ ਗੁਰੂ ਦੇ ਗਿਆਨ ਦੁਆਰਾ ਹੀ ਮਰਣੀ ਹੈ। "ਸਚੁ ਨਾਮੁ" ਸਾਡੇ ਅੰਦਰ ਤਾਂ ਹੀ ਵੱਸਦਾ ਹੈ ਜਦੋਂ ਸਾਡੀ ਅਗਿਆਨਤਾ ਦੂਰ ਹੋ ਜਾਵੇਗੀ। ਸਾਡੇ ਅੰਦਰ ਦਾ ਬਜਰ ਕਪਾਟ ਸਾਡੇ ਅੰਦਰ ਦੀ ਹਉਮੈ ਹੈ ਜੋ ਕਿ ਸਾਡੇ ਅੰਦਰ ਦਾ ਭਰਮ ਗੜ ਹੈ, ਭਰਮ ਦਾ ਕਿਲਾ ਹੈ। ਇਸ ਭਰਮ ਗੜ ਨੂੰ ਤੋੜਨ ਵਾਲਾ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਹੈ। ਉਸ ਪ੍ਰਮਾਤਮਾ ਦੇ ਅੰਦਰ ਹਉਮੈ ਨਿਕਲਣ ਦੁਆਰਾ ਹੀ ਸਮਾਇਆ ਜਾ ਸਕਦਾ ਹੈ ਭਾਵ ਸੱਚੇ ਗਿਆਨ ਦੇ ਵਿੱਚ, ਸਚੁ ਨਾਮੁ ਦੇ ਵਿੱਚ, ਅਗਿਆਨਤਾ ਦੇ ਨਿਕਲਣ ਦੁਆਰਾ ਹੀ ਸਮਾਇਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਗੁਰੂ ਦਾ ਸੱਚਾ ਗਿਆਨ ਸਾਡੇ ਅੰਦਰ ਵੱਸਣ ਨਾਲ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਅਸੀਂ ਔਗੁਣਾਂ ਤੋਂ ਮੁਕਤ ਹੁੰਦੇ ਹਾਂ ਤੇ ਗੁਣਾਂ ਦੇ ਨਾਲ ਜੁੜਦੇ ਹਾਂ। ਸਾਡੀ ਰਸਨਾ ਨਾਮ ਜਪਣ ਵਾਲੀ ਉਦੋਂ ਹੀ ਬਣਦੀ ਹੈ ਜਦੋਂ ਅਸੀਂ ਔਗੁਣਾਂ ਤੋਂ ਮੁਕਤ ਹੋ ਜਾਂਦੇ ਹਾਂ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ॥੫॥}

(ਅੰਗ ੧੦੮੬)

ਜਦ ਤੱਕ ਸਾਡੇ ਮਨ ਵਿੱਚ ਔਗੁਣ ਹਨ ਤਦ ਤੱਕ ਸਾਡੀ ਰਸਨਾ ਔਗੁਣਾਂ ਵਾਲੀ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਮਨਮਤਿ ਹੈ ਭਾਵ ਸਾਡੇ ਅੰਦਰ ਗੁਰਮਤਿ ਦਾ ਨਾ ਹੋਣਾ ਹੈ। ਗੁਰਮਤਿ ਵਾਲਾ ਬਣੇ ਬਿਨ੍ਹਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਤੇ ਜੋ ਕੇਵਲ

26/2941

ਇੱਕ ਸ਼ਬਦ ਦੇ ਰਟੀ ਜਾਣ ਨੂੰ ਹੀ ਆਪਣਾ ਗੁਣ ਸਮਝਦੇ ਹਨ, ਕਿਸੇ ਅੱਖਰ ਨੂੰ ਰਟੀ ਜਾਣ ਨੂੰ ਹੀ ਨਾਮ ਜਪਣਾ ਸਮਝਦੇ ਹਨ, ਆਪਣੇ ਆਪ ਨੂੰ ਗੁਰੂ ਦੇ ਸ਼ਬਦ ਨਾਲ ਰੱਤਿਆ ਹੋਇਆ ਸਮਝਦੇ ਹਨ ਇਹ ਕੇਵਲ ਉਨ੍ਹਾਂ ਦਾ ਭਰਮ ਹੈ, ਹਉਮੈ ਹੈ, ਉਨ੍ਹਾਂ ਦੇ ਅੰਦਰ ਮਾਇਆ ਦਾ ਛਲ ਹੈ ਹੋਰ ਕੁੱਝ ਵੀ ਨਹੀਂ। ਗੁਰੂ ਦੇ ਸ਼ਬਦ ਨਾਲ ਰੱਤੇ ਹੋਏ ਉਹ ਹੁੰਦੇ ਹਨ ਜੋ ਉਸਦੀ ਮਤਿ ਦੇ ਨਾਲ ਰੱਤੇ ਹੋਏ ਹੁੰਦੇ ਹਨ ਭਾਵ ਜੋ ਸ਼ਬਦ ਦੀ ਮਤਿ ਨੂੰ ਮੰਨ ਕੇ ਆਪਣੇ ਔਗੁਣ ਛੱਡ ਦਿੰਦੇ ਹਨ ਤੇ ਉਹੀ ਨਾਮ ਜਪਣ ਵਾਲੇ ਹੁੰਦੇ ਹਨ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਵਾਰ-ਵਾਰ ਸਮਝਦੇ ਆ ਰਹੇ ਹਾਂ।

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥}

(ਅੰਗ ੫੮)

ਹਰਿ ਨੂੰ ਆਪਣੇ ਅੰਦਰ ਵਸਾਉਣਾ ਹਰਿ ਦੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ ਤੇ ਤਾਂ ਹੀ ਹਰਿ ਹਰਿ ਜਪਿਆ ਜਾ ਸਕਦਾ ਹੈ। ਹਰਿ ਦੀ ਮਤਿ ਉਸ ਦੇ ਅੰਦਰ ਵਸੀ ਹੋਈ ਹੈ ਜਿਸ ਨੇ ਆਪਣੇ ਔਗੁਣਾਂ ਨੂੰ ਤਿਆਗਿਆ ਹੋਇਆ ਹੈ ਕਿਉਂਕਿ ਔਗੁਣ ਤਿਆਗੇ ਬਿਨ੍ਹਾਂ ਹਰਿ ਹਰਿ ਨਹੀਂ ਜਪਿਆ ਜਾ ਸਕਦਾ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ ਜੋ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੮)

ਉੱਪਰ ਪੰਗਤੀਆਂ ਰਾਹੀਂ ਸਾਨੂੰ ਹਰਿ ਹਰਿ ਧਿਆਉਣਾ ਹੀ ਸਿਖਾਇਆ ਹੋਇਆ ਹੈ। ਜੋ ਕਿ ਔਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨਾ ਹੈ ਭਾਵ ਸੱਚੇ ਬਣ ਕੇ ਵਿਚਰਨਾ ਹੈ ਤੇ ਸਾਡੀ ਇਹੋ ਜਿਹੀ ਸੱਚੀ-ਸੁੱਚੀ ਵਿਚਰਨ ਹੀ ਸਾਡੀ ਪ੍ਰਮਾਤਮਾ ਅੱਗੇ

ਬੇਨਤੀ ਕਰਨ ਦਾ ਤਰੀਕਾ ਹੈ, ਉਸਦੇ ਅੱਗੇ ਅਰਦਾਸ ਕਰਨ ਦਾ ਤਰੀਕਾ ਹੈ ਜਿਸ ਦੁਆਰਾ ਉਸ ਨੂੰ ਅਸੀਂ ਚੰਗੇ ਲੱਗ ਸਕਦੇ ਹਾਂ ਤੇ ਉਸਦੇ ਨਾਲ ਮੇਲ ਕਰ ਸਕਦੇ ਹਾਂ।

ਗੱਲ ਕਿਸੇ ਅੱਖਰ ਦੀ ਨਹੀਂ ਹੈ ਕਿ ਅਸੀਂ ਕਿਸ ਅੱਖਰ ਨੂੰ ਜਪਣਾ ਹੈ ਭਾਵ ਰਾਮ ਰਾਮ ਜਪਣਾ ਹੈ, ਹਰਿ ਹਰਿ ਜਪਣਾ ਹੈ, ਅੱਲ੍ਹਾ-ਅੱਲ੍ਹਾ ਜਪਣਾ ਹੈ ਹਾਂ ਵਾਹਿਗੁਰੂ-ਵਾਹਿਗੁਰੂ ਜਪਣਾ ਹੈ। ਸਾਰੀ ਗੱਲ ਇਸ ਮਨ ਨੂੰ ਸੱਚਾ ਸੁੱਚਾ ਬਣਾਉਣ ਦੀ ਹੈ, ਗੁਰੂ ਦੀ ਮਤਿ ਵਾਲਾ ਬਣਾਉਣ ਦੀ ਹੈ ਜੋ ਕਿ ਗੁਰੂ ਦੀ ਗੱਲ ਨੂੰ ਮੰਨ ਕੇ ਬਣ ਸਕਦਾ ਹੈ। ਜੋ ਤਰੀਕਾ ਹਰਿ ਹਰਿ ਕਰਨ ਦਾ ਹੈ, ਉਹੀ ਤਰੀਕਾ ਰਾਮ ਰਾਮ ਕਰਨ ਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

26/2942

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥}

(ਅੰਗ ੪੦੯)

ਨਾ ਸਾਨੂੰ ਹਰਿ ਹਰਿ ਕਰਨ ਦੀ ਸਮਝ ਆਈ ਹੈ, ਨਾ ਰਾਮ ਰਾਮ ਕਰਨ ਦੀ ਸਮਝ ਆਈ ਹੈ ਤੇ ਇਸੇ ਲਈ ਸਿੱਖ ਜਗਤ ਨੇ ਵਾਹਿਗੁਰੂ-ਵਾਹਿਗੁਰੂ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਕਰਕੇ ਉਹ ਔਗੁਣਾਂ ਨੂੰ ਛੱਡਣਾ, ਨਾਮ ਨਹੀਂ ਸਮਝਦੇ ਤੇ ਅਗਿਆਨਤਾ ਵਿੱਚ ਹੀ ਉਹੋ ਜਿਹਾ ਨਾਮ ਜਪ ਰਹੇ ਹਨ ਜੋ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਮਾਰਗ ਨਹੀਂ ਹੈ, ਗੁਰੂ ਦੇ ਨਾਲ ਆਪਣਾ ਪਿਆਰ ਜੋੜਨ ਦਾ ਮਾਰਗ ਨਹੀਂ ਹੈ। ਇਹੋ ਜਿਹੇ ਜਪ ਦੇ ਨਾਲ ਕੇਵਲ ਮਨੁੱਖ ਦੀ ਹਉਮੈ ਵੱਧਦੀ ਹੈ, ਝੂਠਾ ਮਾਣ ਵੱਧਦਾ ਹੈ ਹੋਰ ਕੁੱਝ ਵੀ ਨਹੀਂ। ਅਸਲ ਵਿੱਚ ਕਿਸੇ ਅੱਖਰ ਨੂੰ ਨਾਮ ਸਮਝ ਕੇ ਜਪੀ ਜਾਣਾ ਨਾਮ ਦੇ ਅਸਲ ਮਕਸਦ ਦੇ ਹੀ ਉਲਟ ਚੱਲਣ ਵਾਲੀ ਗੱਲ ਹੈ ਤੇ ਗੁਰਮਤਿ ਦੇ ਉਲਟ ਪ੍ਰਚਾਰ ਕਰਨ ਵਾਲੀ ਗੱਲ ਹੈ ਜਿਸ ਦੀ ਕਿ ਇਹਨਾਂ ਭਰਮਿਆਂ ਹੋਇਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਉਹ ਭਰਮ ਦਾ ਪ੍ਰਚਾਰ ਨਾ ਕਰਨ, ਗੁਰਮਤਿ ਦੀ ਨਿੰਦਿਆ ਦਾ ਪ੍ਰਚਾਰ ਨਾ ਕਰਨ। ਉਹ ਆਪ ਗੁਰੂ ਦੀ ਭਾਵ ਸੰਤ ਦੀ ਨਿੰਦਿਆ ਕਰ ਰਹੇ ਹਨ ਤੇ ਸੰਸਾਰ ਨੂੰ ਗੁਰੂ ਦੀ, ਸੰਤ ਦੀ ਨਿੰਦਿਆ ਕਰਨੀ ਸਿਖਾ ਰਹੇ ਹਨ, ਉਹਨਾਂ ਨੇ ਆਪ ਗੁਰੂ ਦੇ ਬੋਲਾਂ ਨੂੰ ਵਿਗਾੜਿਆ ਹੋਇਆ ਹੈ ਭਾਵ ਗੁਰੂ ਦੇ ਬਚਨਾਂ ਦੇ ਮਕਸਦ ਨੂੰ ਵਿਗਾੜਿਆ ਹੋਇਆ ਹੈ ਤੇ ਦੂਸਰਿਆਂ ਨੂੰ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਹੀ ਸਮਝਾ ਰਹੇ ਹਨ। ਇਹ ਗੁਰਮਤਿ ਨੂੰ ਝੂਠਾ ਸਾਬਿਤ ਕਰਨ ਵਾਲੀ ਗੱਲ ਹੈ ਤੇ ਆਪਣੇ ਆਪ ਨੂੰ ਸੱਚਾ ਸਾਬਿਤ ਕਰਨ ਵਾਲੀ ਗੱਲ ਹੈ। ਇਸੇ ਨੂੰ ਹੀ ਪੁੱਠੀ ਮਤਿ ਕਹਿੰਦੇ ਹਨ, ਮਨ ਦਾ ਪੁੱਠਾ ਕਮਲ ਕਹਿੰਦੇ ਹਨ, ਹਉਮੈ ਕਹਿੰਦੇ ਹਨ, ਮਨਮਤਿ ਕਹਿੰਦੇ ਹਨ ਜੇ ਸਾਨੂੰ ਗੁਰੂ ਦੀ ਗੱਲ ਸਮਝ ਆ ਜਾਵੇ। ਗੁਰੂ ਦੀ ਗੱਲ ਸਮਝੇ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਸਿਆਣੇ ਸਮਝਦੇ ਹਾਂ, ਸੱਚੇ ਸਮਝਦੇ ਹਾਂ। ਨਾਮ ਨੂੰ ਸਾਡੇ ਮਨ ਨੇ ਸਿਮਰਨਾ ਹੈ ਭਾਵ ਗੁਰੂ ਦੀ ਮਤਿ ਨੂੰ ਸਾਡੇ ਮਨ ਨੇ ਸਿਮਰਨਾ ਹੈ। ਗੁਰੂ ਦੀ ਮਤਿ ਨੂੰ ਮੰਨਣਾ ਹੀ ਗੁਰੂ ਦੀ ਮਤਿ ਨੂੰ ਸਿਮਰਨਾ ਹੈ, ਨਾਮ ਸਿਮਰਨਾ ਹੈ ਤੇ ਗੁਰੂ ਦੀ ਮਤਿ ਨੂੰ ਔਗੁਣ ਤਿਆਗ ਕੇ ਹੀ ਸਿਮਰਿਆ ਜਾ ਸਕਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਕਾਮੁ ਕ੍ਰੋਧੁ ਲੋਭੁ ਤਿਆਗੁ॥ ਮਨਿ ਸਿਮਰਿ ਗੋਬਿੰਦ ਨਾਮ॥ ਹਰਿ ਭਜਨ ਸਫਲ ਕਾਮ॥੧॥ਰਹਾਉ॥}

(ਅੰਗ ੪੦੮)

ਕੋਈ ਹੋਰ ਦੂਸਰਾ ਦਰ ਨਹੀਂ ਹੈ ਜੋ ਸਾਨੂੰ ਨਾਮ ਸਮਝਾ ਸਕੇ ਤੇ ਨਾਮ ਦੇ ਨਾਲ ਜੋੜ ਸਕੇ, ਪ੍ਰਮਾਤਮਾ ਦੇ ਨਾਲ ਜੋੜ ਸਕੇ। ਦੂਸਰਿਆਂ ਦਾ ਦਰ ਛੱਡੇ ਬਿਨ੍ਹਾਂ ਸਾਡੀ ਗੁਰੂ ਦੇ ਨਾਲ ਲਿਵ ਨਹੀਂ ਜੁੜ ਸਕਦੀ ਭਾਵ ਸਾਡੀ ਮਤਿ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜ ਸਕਦੀ।

26/2943

ਸਾਡੇ ਵਿਚਾਰ ਗੁਰੂ ਦੇ ਵਿਚਾਰਾਂ ਦੇ ਨਾਲ ਨਹੀਂ ਜੁੜ ਸਕਦੇ। ਗੁਰੂ ਪ੍ਰਮਾਤਮਾ ਦੇ ਨਾਲ ਲਿਵ ਉਸੇ ਦੀ ਜੁੜਦੀ ਹੈ ਜੋ ਔਗੁਣਾਂ ਤੋਂ ਰਹਿਤ ਹੁੰਦਾ ਹੈ। ਇਹ ਕੋਈ ਸਮਾਧੀਆਂ ਲਗਾਉਣ ਵਾਲੀ ਗੱਲ ਨਹੀਂ ਹੈ ਜਿਸ ਤਰੀਕੇ ਹਰ ਕੋਈ ਪ੍ਰਮਾਤਮਾ ਦੇ ਨਾਲ ਆਪਣੀ ਲਿਵ ਲਾਉਣੀ ਸਮਝਦਾ ਹੈ ਤੇ ਭੁੱਲਿਆਂ ਹੋਇਆਂ ਦੇ ਪਿੱਛੇ ਲੱਗ ਕੇ ਅਸੀਂ ਸਮਾਧੀਆਂ ਵਿੱਚ ਬੈਠਣਾ ਹੀ ਲਿਵ ਜੋੜਨੀ ਸਮਝੀ ਹੋਈ ਹੈ ਜੋ ਕਿ ਕੇਵਲ ਸਾਡਾ ਭਰਮ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਲਿਵ

ਜੋੜਨੀ ਕੀ ਹੈ ਤੇ ਪ੍ਰਮਾਤਮਾ ਦੇ ਨਾਮ ਵਿੱਚ ਸਮਾਉਣਾ ਕੀ ਹੈ।

ਛੰਤੁ॥

“ਦੂਸਰ ਨਾਹੀ ਠਾਉ ਕਾ ਪਹਿ ਜਾਈਐ॥
ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ॥
ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ॥
ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥੨॥”

(ਅੰਗ ੭੦੪)

ਉਸ ਪ੍ਰਮਾਤਮਾ ਨੂੰ ਉਦੋਂ ਹੀ ਧਿਆਇਆ ਜਾਂਦਾ ਹੈ ਜਦੋਂ ਉਸਦੇ ਨਾਲ ਲਿਵ ਜੁੜ ਜਾਂਦੀ ਹੈ। ਪ੍ਰਮਾਤਮਾ ਦੇ ਨਾਲ ਲਿਵ ਮਨ ਦੇ ਵਿੱਚ ਜੁੜਦੀ ਹੈ, ਧਿਆਨ ਦੇ ਵਿੱਚ ਹੀ ਜੁੜਦੀ ਹੈ। ਜਦ ਤੱਕ ਸਾਡੇ ਧਿਆਨ ਦੇ ਵਿੱਚ ਭਾਵ ਮਨ ਦੇ ਵਿਚਾਰਾਂ ਦੇ ਵਿੱਚ ਵਿਕਾਰ ਵੱਸੇ ਹੋਏ ਹਨ, ਮਾਣ ਵੱਸਿਆ ਹੋਇਆ ਹੈ, ਮਾਇਆ ਮੋਹ ਵੱਸਿਆ ਹੋਇਆ ਹੈ ਤਦ ਤੱਕ ਸਾਡੀ ਲਿਵ ਗੁਰੂ ਪ੍ਰਮਾਤਮਾ ਨਾਲੋਂ ਟੁੱਟੀ ਹੋਈ ਹੈ ਭਾਵ ਸਾਡੇ ਅੰਦਰ ਲਗਨ ਗੁਰਮਤਿ ਦੇ ਨਾਲ ਨਹੀਂ ਬਲਕਿ ਮਾਇਆ ਮੋਹ ਦੇ ਨਾਲ ਹੈ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਦੇ ਨਾਲ ਹੈ। ਮਾਇਆ ਮੋਹ ਵਿੱਚੋਂ ਲਿਵ ਟੁੱਟੇ ਬਿਨ੍ਹਾਂ ਸਾਡੀ ਗੁਰੂ ਦੇ ਨਾਲ ਲਿਵ ਨਹੀਂ ਜੁੜਦੀ, ਸਾਡੀ ਲਿਵ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜਦੀ, ਨਾਮ ਦੇ ਨਾਲ ਨਹੀਂ ਜੁੜਦੀ।ਪ੍ਰਮਾਤਮਾ ਦੇ ਨਾਲ ਇਹ ਲਿਵ ਲਾਉਣ ਦੇ ਲਈ ਆਪਣਾ ਆਪ ਛੱਡਣਾ ਪੈਂਦਾ ਹੈ, ਆਪਣੀਆਂ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਮਾਇਆ ਮੋਹ ਛੱਡਣਾ ਪੈਂਦਾ ਹੈ, ਵਿਕਾਰਾਂ ਤੋਂ ਮੁਕਤ ਹੋਣਾ ਪੈਂਦਾ ਹੈ ਭਾਵ ਆਪਣੀ ਮਨ ਦੀ ਮਤਿ ਨੂੰ ਗੁਰੂ ਦੀ ਮਤਿ ਤੇ ਕੁਰਬਾਨ ਕਰਨਾ ਪੈਂਦਾ ਹੈ। ਸਾਡੀ ਮਤਿ ਦਾ ਗੁਰੂ ਦੀ ਮਤਿ ਵਿੱਚ ਸਮਾਅ ਜਾਣਾ ਹੀ ਸਾਡਾ ਸੱਚੇ ਨਾਮ ਵਿੱਚ ਸਮਾਅ ਜਾਣਾ ਹੈ ਜੋ ਕਿ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਆਪਣੀ ਮਤਿ ਦੇ ਨਾਲ ਜੋੜ ਲਵੇ ਭਾਵ ਸਾਨੂੰ ਸਾਡੀ ਮਤਿ ਦੇ ਵਿੱਚੋਂ ਕੱਢ ਲਵੇ। ਗੁਰੂ ਦੀ ਮਤਿ ਤੇ ਚੱਲਣ ਦਾ ਉੱਦਮ ਕਰਨਾ ਹੀ ਸਾਡੀ ਪ੍ਰਮਾਤਮਾ ਦੇ ਅੱਗੇ ਸੱਚੀ ਅਰਦਾਸ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਹੀ ਉਸ ਪ੍ਰਮਾਤਮਾ ਅੱਗੇ ਸਾਡੀ ਸੱਚੀ ਅਰਦਾਸ ਹੈ ਜਿਸ ਦੁਆਰਾ ਅਸੀਂ ਉਸ ਦੇ ਨਾਲ ਮੇਲ ਕਰ ਸਕਦੇ ਹਾਂ।(**ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ॥ ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥ ਅਰਪਿ ਮਨੁ ਤਨੁ ਪ੍ਰਭ ਆਗੈ ਆਪੁ ਸਗਲ ਮਿਟਾਈਐ॥ ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥੨॥**)

26/2944

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ॥੧॥}

(ਅੰਗ ੪੫੩)

ਸਾਡੇ ਇਸ ਜੀਵਨ ਦਾ ਮਕਸਦ ਆਪਣੀ ਹਉਮੈ ਨੂੰ ਮਾਰਨ ਦਾ ਹੈ ਭਾਵ ਮਨ ਦੇ ਭਰਮ ਨੂੰ ਮਾਰਨ ਦਾ ਹੈ ਤੇ ਤਾਂ ਹੀ ਅਸੀਂ ਪ੍ਰਮਾਤਮਾ ਦੇ ਨਾਮ ਵਿੱਚ ਸਮਾਅ ਸਕਦੇ ਹਾਂ, ਉਸਦੇ ਸੱਚੇ ਗਿਆਨ ਦੇ ਵਿੱਚ ਸਮਾਅ ਸਕਦੇ ਹਾਂ। ਜਿਹੋ ਜਿਹਾ ਨਾਮ ਜਪਣ ਵਿੱਚ ਹਰ ਕੋਈ ਲੱਗਾ ਹੋਇਆ ਹੈ ਕੀ ਉਹੋ ਜਿਹਾ ਨਾਮ ਜਪਕੇ ਕਦੇ ਅਸੀਂ ਭਰਮ ਵਿੱਚੋਂ ਨਿਕਲ ਸਕਦੇ ਹਾਂ ਤੇ ਕਦੇ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਭਾਵ ਕਦੇ ਨਹੀਂ ਕਰ ਸਕਦੇ। ਜਿੰਨ੍ਹਾਂ ਦੇ ਪਿੱਛੇ ਅਸੀਂ ਲੱਗੇ ਹੋਏ ਹਾਂ ਨਾ ਉਨ੍ਹਾਂ ਨੂੰ ਹਉਮੈ ਦੀ ਸਮਝ ਹੈ ਤੇ ਨਾ ਹੀ ਨਾਮ ਦੀ ਸਮਝ ਹੈ ਤੇ ਇਸੇ ਲਈ ਨਾ ਹੀ ਉਨ੍ਹਾਂ ਨੂੰ ਪ੍ਰਮਾਤਮਾ ਦੀ ਕੋਈ ਸਮਝ ਹੈ ਕਿ ਉਹ ਕਿਵੇਂ ਮਿਲਦਾ ਹੈ, ਕਿਸ ਰੂਪ ਵਿੱਚ ਮਿਲਦਾ ਹੈ ਤੇ ਕਿਸ ਜਗ੍ਹਾਂ ਤੇ ਮਿਲਦਾ ਹੈ। ਉਹ ਪ੍ਰਮਾਤਮਾ ਨੂੰ ਕੋਈ ਸਰਗੁਣ ਰੂਪ ਸਮਝਦੇ ਹਨ ਤੇ ਉਸ ਨੂੰ ਕਿੱਧਰੋਂ ਬਾਹਰੋਂ ਖੋਜਣ ਦੀਆਂ ਗੱਲਾਂ ਕਰਦੇ ਹਨ। ਪ੍ਰਮਾਤਮਾ ਆਪ "ਨਾਮੁ" ਦੇ ਰੂਪ ਵਿੱਚ ਹੀ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਈ ਹੋਈ ਹੈ ਕਿ ਇਹਨਾਂ ਭਰਮਿਆਂ ਹੋਇਆਂ ਨੂੰ ਕੁੱਝ ਵੀ ਸਮਝ ਨਹੀਂ ਹੈ ਤੇ ਅਗਿਆਨਤਾ ਵਿੱਚ ਹੀ ਪ੍ਰਮਾਤਮਾ ਨੂੰ ਪਾਉਣ ਵਿੱਚ ਲੱਗੇ ਹੋਏ ਹਨ, ਹਉਮੈ ਵਿੱਚ ਹੀ ਪ੍ਰਮਾਤਮਾ ਨੂੰ ਪਾਉਣ ਵਿੱਚ ਲੱਗੇ ਹੋਏ ਹਨ, ਮਨਮਤਿ ਦੁਆਰਾ ਪ੍ਰਮਾਤਮਾ ਨੂੰ ਪਾਉਣ ਵਿੱਚ ਲੱਗੇ ਹੋਏ ਹਨ ਜਦਕਿ ਇਹ ਭਗਤੀ ਦਾ ਮਾਰਗ ਹਉਮੈ ਨੂੰ ਛੱਡਣ ਦਾ ਹੈ ਜਿਸ ਦੁਆਰਾ "ਨਾਮੁ" ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ।

"ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥"

ਆਪਣੇ ਸਰੀਰ ਤੋਂ ਬਾਹਰ ਅਸੀਂ ਪ੍ਰਮਾਤਮਾ ਨੂੰ ਹੀ ਭਾਲਦੇ ਹਾਂ, ਲੱਭਦੇ ਹਾਂ ਜਿਵੇਂ ਕਿ ਸਾਨੂੰ ਭਰਮਿਆਂ ਹੋਇਆਂ ਨੇ ਸਿਖਾਇਆ ਹੋਇਆ ਹੈ ਕਿ ਪ੍ਰਮਾਤਮਾ ਕਿਸੇ ਸਰਗੁਣ ਰੂਪ ਵਿੱਚ ਹੈ, ਉਸਦੇ ਮਹਿਲ ਸਰਗੁਣ ਰੂਪ ਵਿੱਚ ਹਨ, ਉਹ ਕਿਸੇ ਖਾਸ ਖੰਡ ਵਿੱਚ ਵੱਸਦਾ ਹੈ ਤੇ ਇਸੇ ਤਰ੍ਹਾਂ ਕੋਈ ਉਸ ਨੂੰ ਕਿਤੇ ਆਕਾਸ਼ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ ਭਾਵ ਸਭ ਭਰਮ ਵਿੱਚ ਹੀ ਹਨ, ਮਨ ਦੇ ਉਲਝੇ ਹੋਏ ਖਿਆਲਾਂ ਵਿੱਚ ਹੀ ਹਨ। ਜੋ ਪ੍ਰਮਾਤਮਾ ਪੰਜਾਂ ਤੱਤਾਂ ਤੋਂ ਬਾਹਰ ਹੈ, ਜਿਸਦਾ ਕੋਈ ਰੂਪ-ਰੇਖ ਹੈ ਹੀ ਨਹੀਂ ਉਸਦਾ ਫਿਰ ਆਕਾਰ ਰੂਪ ਬਣ ਵੀ ਕਿਵੇਂ ਸਕਦਾ ਹੈ ਭਾਵ ਇਹ ਕੇਵਲ ਭਰਮ ਹੈ। ਭਰਮ ਤੋਂ ਬਾਹਰ ਕੇਵਲ ਗੁਰੂ ਹੈ ਜਿਸ ਨੂੰ ਇਹ ਸਮਝ ਹੈ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਕਿਵੇਂ ਮਿਲਦਾ ਹੈ, ਕਿੱਥੋਂ ਮਿਲਦਾ ਹੈ। ਪ੍ਰਮਾਤਮਾ "ਨਾਮੁ" ਦੇ ਰੂਪ ਵਿੱਚ ਹੈ ਜਿਵੇਂ ਕਿ ਗੁਰਬਾਣੀ ਰਾਹੀਂ ਸਾਨੂੰ ਵਾਰ-ਵਾਰ ਇਹ ਗੱਲ ਸਮਝਾਈ ਹੋਈ ਹੈ ਪਰ ਫਿਰ ਵੀ ਕਿਸੇ ਨੂੰ ਇਸ ਗੱਲ ਤੇ ਯਕੀਨ ਨਹੀਂ ਆਉਂਦਾ ਕਿਉਂਕਿ ਸਾਨੂੰ ਭਰਮ

26/2945

ਵਿੱਚ ਪਾਉਣ ਵਾਲੇ ਬਹੁਤ ਹਨ। ਬਾਹਰੋਂ ਕਿਤੋਂ ਪ੍ਰਮਾਤਮਾ ਤੇ ਨਹੀਂ ਮਿਲ ਸਕਦਾ, "ਨਾਮੁ" ਤਾਂ ਨਹੀਂ ਮਿਲ ਸਕਦਾ ਪਰ ਸਾਡੇ ਹੱਥ ਕੇਵਲ ਦੁੱਖ ਹੀ ਲੱਗਦਾ ਹੈ ਭਾਵ ਜਿਹੋ ਜਿਹੀ ਭਗਤੀ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਕਿਸੇ ਜੰਗਲਾਂ, ਪਹਾੜਾਂ ਦੀਆਂ ਗੁਫ਼ਾਵਾਂ ਆਦਿ ਵਿੱਚ ਜਾ ਕੇ ਉਸਦਾ ਜਪ ਕਰਦੇ ਹਾਂ, ਭੋਰਿਆਂ ਵਿੱਚ ਵੜ ਕੇ ਸਰੀਰਕ ਜਪ ਤਪ ਆਦਿ ਕਰਦੇ ਹਾਂ ਉਸ ਤਰ੍ਹਾਂ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਕਰਦੇ ਹਾਂ ਭਾਵ ਬੇਕਾਰ ਹੀ ਜਗ੍ਹਾ ਜਗ੍ਹਾ ਤੇ ਭਟਕਦੇ ਹਾਂ। ਜਿੰਨ੍ਹਾਂ ਕੋਲੋਂ ਅਸੀਂ ਇਹ ਸਭ ਕੁੱਝ ਸਿੱਖਿਆ ਹੈ ਉਹ ਆਪ ਵੀ ਭਰਮ ਵਿੱਚ ਰਹੇ ਹਨ ਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਵੀ ਬੇਕਾਰ ਵਿੱਚ ਆਪਣੇ ਆਪ ਨੂੰ ਖੱਜਲ-ਖੁਆਰ ਕਰ ਰਹੇ ਹਾਂ। ਇਹੋ ਜਿਹਿਆਂ ਨੂੰ ਮਨਮੁਖਿ ਤੇ ਅੰਧੇ ਕਿਹਾ ਹੈ, ਸੋਝੀਹੀਣ ਕਿਹਾ ਹੈ। ਜਿਸ "ਵਥੁ" ਦੀ ਅਸੀਂ ਪ੍ਰਾਪਤੀ ਕਰਨਾ ਚਾਹੁੰਦੇ ਹਾਂ ਉਹ "ਨਾਮੁ" ਰੂਪ "ਵਥੁ" ਹੈ ਜੋ ਸਾਨੂੰ ਆਪਣੇ ਅੰਦਰੋਂ ਹੀ ਮਿਲਣੀ ਹੈ। ਇਸ "ਵਥੁ" ਨੂੰ ਪ੍ਰਾਪਤ ਕਰਨ ਦੀ ਸੋਝੀ ਗੁਰੂ ਦੇ ਕੋਲ ਹੈ ਤੇ ਜਦੋਂ ਅਸੀਂ ਗੁਰੂ ਦੀ ਸੋਝੀ ਦੇ ਨਾਲ ਜੁੜ ਜਾਵਾਂਗੇ ਭਾਵ ਜਦੋਂ ਭਰਮਿਆਂ ਹੋਇਆਂ ਦੀ ਸੋਝੀ ਨਾਲੋਂ ਆਪਣੇ ਆਪ ਨੂੰ ਤੋੜ ਲਵਾਂਗੇ ਫਿਰ ਤਾਂ ਹੀ ਅਸੀਂ ਉਸ ਨਾਮ ਦੀ ਵਥੁ ਨੂੰ ਆਪਣੇ ਅੰਦਰੋਂ ਪ੍ਰਾਪਤ ਕਰ ਸਕਦੇ ਹਾਂ। ਪ੍ਰਮਾਤਮਾ ਸਾਡੇ ਅੰਦਰ ਨਾਮ ਵਥੁ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਦੇ ਆਏ ਹਾਂ। ਸਾਰੀ ਗੱਲ ਆਪਣੀ ਹਉਮੈ ਨੂੰ ਛੱਡਣ ਦੀ ਹੈ ਭਾਵ ਮਨਮਤਿ ਨੂੰ ਛੱਡਣ ਦੀ ਹੈ, ਮਨਮਤਿ ਸਮਝਾਉਣ ਵਾਲਿਆਂ ਨਾਲੋਂ ਆਪਣੇ ਆਪ ਨੂੰ ਤੋੜਨ ਦੀ ਹੈ ਤਾਂ ਜੋ ਅਸੀਂ ਗੁਰੂ ਦੀ ਮਤਿ ਨਾਲ ਜੁੜ ਸਕੀਏ, ਨਾਮ ਦੀ ਮਤਿ ਦੇ ਨਾਲ ਜੁੜ

ਸਕੀਏ ਜਿਸ ਦੁਆਰਾ ਅਸੀਂ ਗੁਰਮਤਿ ਦੇ ਮਾਲਕ ਦੇ ਨਾਲ ਜੁੜ ਸਕਦੇ ਹਾਂ, ਨਾਮ ਦੇ ਨਾਲ ਜੁੜ ਸਕਦੇ ਹਾਂ ਤੇ ਉਸ ਨੂੰ ਪਾ ਸਕਦੇ ਹਾਂ। **(ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥ ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥੪॥)**

ਜਿਸ ਨਾਮ ਦੀ, ਵਥੁ ਦੀ ਅਸੀਂ ਪ੍ਰਾਪਤੀ ਕਰਨੀ ਹੈ ਉਹ ਪ੍ਰਾਪਤੀ ਸਾਨੂੰ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰ ਪਰਸਾਦੀ ਸਚਾ ਹਰਿ ਪਾਏ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥

ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ॥੫॥”

ਨਾਮ ਵਥੁ ਦੀ ਪ੍ਰਾਪਤੀ ਸਾਨੂੰ ਆਪਣੇ ਅੰਦਰੋਂ ਹੀ ਹੁੰਦੀ ਹੈ ਜੋ ਕਿ ਉਸ ਸੱਚੇ ਪ੍ਰਮਾਤਮਾ ਨੂੰ ਪਾਉਣ ਦੇ ਰੂਪ ਵਿੱਚ ਹੁੰਦੀ ਹੈ ਤੇ ਇਹ ਕੇਵਲ ਉਸਦੀ ਆਪਣੀ ਕਿਰਪਾ ਹੈ, ਗੁਰਪ੍ਰਸਾਦਿ ਹੈ ਕਿ ਉਹ ਕਿਸੇ ਨੂੰ ਆਪਣੇ ਦਰਸ਼ਨ ਦੇਵੇ ਭਾਵ ਆਪਣਾ “ਨਾਮੁ” ਦੇਵੇ। **(ਗੁਰ ਪਰਸਾਦੀ ਸਚਾ ਹਰਿ ਪਾਏ॥)**

26/2946

ਪ੍ਰਮਾਤਮਾ ਦੇ ਨਾਲ ਮੇਲ ਕਿੱਥੇ ਹੁੰਦਾ ਹੈ ਤੇ ਕਿਵੇਂ ਹੁੰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥”

ਆਪਣੇ ਮਨ ਨੂੰ ਜਾਣੇ ਬਿਨ੍ਹਾਂ, ਆਪਣੇ ਮਨ ਨੂੰ ਵੇਖੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਇਹ ਮਨ ਕੀ ਹੈ। ਇਹ ਮਨ ਹੀ ਪ੍ਰਮਾਤਮਾ ਦਾ ਰੂਪ ਹੈ ਜਿਸ ਰਾਹੀਂ ਉਹ ਸਭ ਦੇ ਅੰਦਰ ਵੱਸਿਆ ਹੋਇਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋ ਜਾਣੇ ਬਿਨ੍ਹਾਂ ਭਾਵ ਆਪਣੇ ਤਨ ਦੇ ਵਿੱਚੋਂ ਮਨ ਨੂੰ ਜਾਣੇ ਬਿਨ੍ਹਾਂ ਕਿਸੇ ਦੀ ਹਉਮੈ ਨਹੀਂ ਜਾ ਸਕਦੀ, ਕਿਸੇ ਦੀ ਅਗਿਆਨਤਾ ਦੀ ਮੈਲ ਨਹੀਂ ਜਾ ਸਕਦੀ, ਕਿਸੇ ਦੇ ਅੰਦਰੋਂ ਹਉਮੈ ਰੂਪ ਪੜਦਾ ਦੂਰ ਨਹੀਂ ਹੋ ਸਕਦਾ, ਕਿਸੇ ਦੇ ਅੰਦਰੋਂ ਬਜਰ ਕਪਾਟ ਨਹੀਂ ਖੁੱਲ ਸਕਦੇ, ਕਿਸੇ ਦੀ ਮੈਂ ਦੂਰ ਨਹੀਂ ਹੋ ਸਕਦੀ ਤੇ ਕਿਸੇ ਨੂੰ ਆਪਣੇ ਅੰਦਰੋਂ “ਤੂੰ” ਦੇ ਦਰਸ਼ਨ ਨਹੀਂ ਹੋ ਸਕਦੇ ਜੋ ਹਰ ਵੇਲੇ ਸਾਡੇ ਅੰਦਰ ਹੀ ਬੈਠਾ ਹੈ। ਮਨ ਦੇ ਵਿੱਚ ਇਹ ਉਹ ਅਸਥਾਨ ਹੈ, ਪ੍ਰਮਾਤਮਾ ਦਾ ਸਭ ਤੋਂ ਚੰਗਾ ਸਥਾਨ ਹੈ ਜਿਸ ਤੇ ਉਸ ਨੂੰ ਆਪਣੇ ਅੰਦਰੋਂ ਦੇਖਣ ਦੁਆਰਾ ਹੀ ਬੈਠਿਆ ਜਾ ਸਕਦਾ ਹੈ। ਇਹ ਉਸਦਾ ਨਿਰਗੁਣ ਰੂਪ ਸਥਾਨ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਉਸਦਾ ਸਥਾਨ ਹੈ ਜਿਸਦੇ ਉੱਪਰ ਉਹ ਕਿਸੇ ਨੂੰ ਆਪ ਹੀ ਬਿਠਾਉਂਦਾ ਹੈ ਤੇ ਆਪਣੇ ਨਾਲ ਰਲਾਉਂਦਾ ਹੈ, ਮਨ ਦੇ ਸੱਚੇ ਵਿਚਾਰਾਂ ਰਾਹੀਂ ਰਲਾਉਂਦਾ ਹੈ, ਆਪਣੇ ਸੱਚੇ ਸ਼ਬਦਾਂ ਦੀ ਵਿਚਾਰ ਦੇ ਕੇ ਰਲਾਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਉਸ ਪ੍ਰਮਾਤਮਾ ਦੇ ਗੁਣ ਗਾ ਸਕਦਾ ਹੈ। ਜਿੰਨ੍ਹਾਂ ਨੂੰ ਇਸ ਅਸਥਾਨ ਦੀ ਪ੍ਰਾਪਤੀ ਹੋਈ ਹੈ ਉਨ੍ਹਾਂ ਨੇ ਹੀ ਪ੍ਰਮਾਤਮਾ ਦੇ ਗੁਣ ਗਾਏ ਹਨ ਤੇ ਗੁਰਬਾਣੀ ਰਾਹੀਂ ਪ੍ਰਮਾਤਮਾ ਦੇ ਗੁਣਾਂ ਦਾ ਬਿਆਨ ਕੀਤਾ ਹੈ। ਮਨੁੱਖ ਦਾ ਸਭ ਤੋਂ ਪਹਿਲਾ ਤੇ ਵੱਡਾ ਗੁਣ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਦਾ ਇਹ ਗੁਣ ਉਸ ਨੂੰ ਆਪਣੇ ਅੰਦਰੋਂ ਦੇਖਣ ਦੇ ਨਾਲ ਹੀ ਸਮਝ ਆਉਂਦਾ ਹੈ। **(ਗੁਰ ਪਰਸਾਦੀ ਸਚਾ ਹਰਿ ਪਾਏ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥ ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ॥੫॥)**

ਪ੍ਰਮਾਤਮਾ ਦਾ ਸੁਥਾਨਿ, ਸੁਹਾਵਾ ਥਾਨਿ ਸਾਡੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਵੀ ਸਮਝਿਆ ਹੈ ਪਰ ਜਦ ਤੱਕ ਪ੍ਰਮਾਤਮਾ ਕਿਸੇ ਦੇ ਘਟਿ ਵਿੱਚ ਪ੍ਰਗਟ ਨਹੀਂ ਹੁੰਦਾ ਕਿਸੇ ਦਾ ਘਟਿ ਸੁਥਾਨਿ ਨਹੀਂ ਬਣਦਾ, ਸੁਹਾਵਾ ਥਾਨਿ ਨਹੀਂ ਬਣਦਾ।

{ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥}

(ਅੰਗ - ੨੧੮)

ਪ੍ਰਮਾਤਮਾ ਦਾ ਸੁਹਾਵਾ ਥਾਨਿ ਗੁਰੂ ਦੇ ਅੰਦਰ ਹੈ ਜਿੱਥੇ ਉਹ ਸਦਾ ਹੀ ਬਿਰਾਜਮਾਨ ਹੈ। ਜਿੰਨ੍ਹਾਂ ਨੂੰ ਮਨ ਦੇ ਵਿੱਚ ਪਹਿਲਾਂ ਸੁਹਾਵੇ ਥਾਨਿ ਦੀ ਪ੍ਰਾਪਤੀ ਹੋਈ ਹੈ ਉਨ੍ਹਾਂ ਨੇ ਹੀ

26/2947

ਪੂਰੀ ਗੁਰਬਾਣੀ ਨੂੰ ਪ੍ਰਮਾਤਮਾ ਦਾ ਸੁਹਾਵਾ ਥਾਨ ਬਣਾਇਆ ਹੈ ਜਿਸ ਵਿੱਚ ਉਹ ਆਪਣੇ ਸ਼ਬਦ ਰੂਪ ਦੁਆਰਾ, ਸੱਚੇ ਗਿਆਨ ਦੁਆਰਾ, ਬ੍ਰਹਮਗਿਆਨ ਦੁਆਰਾ ਸਦਾ ਹੀ ਬਿਰਾਜਮਾਨ ਹੈ। ਗੁਰਬਾਣੀ ਦਾ ਸਰਗੁਣ ਰੂਪ ਉਸ ਨੂੰ ਟਿਕਾਉਣ ਲਈ ਹੈ ਤੇ ਉਸ ਦੇ ਅੰਦਰ ਨਿਰਗੁਣ ਰੂਪ ਵਿੱਚ ਪ੍ਰਮਾਤਮਾ ਆਪ ਬਿਰਾਜਮਾਨ ਹੈ।

ਪ੍ਰਮਾਤਮਾ ਦੇ ਇਸ ਸੁਹਾਵੇ ਥਾਨ ਨੂੰ ਧੰਨ ਧੰਨ ਚੌਥੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਨ੍ਹਾਂ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਆਸਾ ਮਹਲਾ ੪॥

{"ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ॥
ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ॥
ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਨੁ ਨਿਮਾਣੇ॥
ਜਨ ਨਾਨਕ ਨਾਮੁ ਦੀਬਾਨੁ ਹੈ ਹਰਿ ਤਾਨੁ ਸਤਾਣੇ॥੧॥
ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੁਰਿ ਮੁਖਿ ਲਾਵਾ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥੨॥"}

(ਅੰਗ ੪੫੦)

ਉੱਪਰ ਦੋਨੋਂ ਸ਼ਬਦਾਂ ਰਾਹੀਂ ਸਾਨੂੰ ਗੁਰੂ ਦੀ ਆਪਣੀ ਅਵੱਸਥਾ ਹੀ ਸਮਝਾਈ ਹੋਈ ਹੈ ਜਿੰਨ੍ਹਾਂ ਦੇ ਅੰਦਰ ਆਪ ਪ੍ਰਮਾਤਮਾ ਵੱਸਿਆ ਹੋਇਆ ਹੈ ਜੋ ਪ੍ਰਮਾਤਮਾ ਦਾ ਸੰਤ ਰੂਪ ਹਨ, ਗੁਰੂ ਰੂਪ ਹਨ। "ਹਰਿ ਹਰਿ ਪ੍ਰੀਤ" ਕੀ ਹੈ ਇਸ ਗੱਲ ਨੂੰ ਅਸੀਂ ਵਾਰ-ਵਾਰ ਸਮਝਦੇ ਆਏ ਹਾਂ। ਇਹ ਗੁਰਮਤਿ ਦੇ ਨਾਲ ਪ੍ਰੀਤ ਹੈ। ਆਪਣੇ ਗੁਰੂ ਰੂਪ ਵਿੱਚ, ਸੰਤ ਰੂਪ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣੀ ਬਾਣੀ ਦੀ ਸੱਚੀ ਸੋਝੀ ਪਾ ਕੇ, ਗੁਰਮਤਿ ਦੀ ਸੱਚੀ ਸੋਝੀ ਪਾ ਕੇ ਉਸਦੇ ਨਾਲ ਪ੍ਰੀਤ ਜੋੜੀ ਹੋਈ ਹੈ, ਗੁਰਮਤਿ ਦੇ ਨਾਲ ਪ੍ਰੀਤ ਜੋੜੀ ਹੋਈ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਜਨ ਬਣਾਉਂਦਾ ਹੈ, ਇਸੇ ਤਰੀਕੇ ਹੀ ਬਣਾਉਂਦਾ ਹੈ। ਗੁਰੂ ਰੂਪ, ਸੰਤ ਰੂਪ ਹੀ ਪ੍ਰਮਾਤਮਾ ਦਾ ਜਨ ਰੂਪ ਹੈ। ਗੁਰੂ ਸੁਘੜ ਸਿਆਣਾ ਹੈ, ਉਸ ਦੇ ਜਨ ਸੁਘੜ ਸਿਆਣੇ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਗੁਰਮਤਿ ਦੀ ਸੱਚੀ ਸੋਝੀ ਪਾ ਕੇ ਸੁਘੜ ਸਿਆਣੇ ਕੀਤਾ ਹੈ। **(ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ॥)**

ਪ੍ਰਮਾਤਮਾ ਆਪਣੇ ਭਗਤਾਂ ਨੂੰ ਮਨ ਦੇ ਅੰਦਰੋਂ ਆਪ ਹੀ ਸੋਝੀ ਪਾਉਂਦਾ ਹੈ ਤੇ ਨਿੱਤ ਆਪਣੀ ਸੋਝੀ ਪਾਉਂਦਾ ਹੀ ਰਹਿੰਦਾ ਹੈ ਜਿਸ ਦੁਆਰਾ ਉਸ ਦੀ ਸੋਝੀ ਦਾ ਰੰਗ ਚੜ੍ਹਦਾ ਹੀ ਰਹਿੰਦਾ ਹੈ ਭਾਵ ਮਨ ਦੇ ਵਿੱਚ ਉਸਦੀ ਪਾਈ ਹੋਈ ਸੋਝੀ ਨਿੱਤ ਵੱਧਦੀ ਹੀ ਰਹਿੰਦੀ ਹੈ। ਪ੍ਰਮਾਤਮਾ ਕੋਲੋਂ ਇੱਕੋ ਵਾਰੀ ਸੋਝੀ ਇੱਕੋ ਦਮ ਨਹੀਂ ਪੈ ਜਾਂਦੀ ਪਰ ਉਨ੍ਹਾਂ ਦਾ ਹਿਰਦਾ ਬਿਲਕੁਲ ਸ਼ੁੱਧ ਹੋ ਜਾਂਦਾ ਹੈ ਪਰ ਪੂਰੀ ਸੋਝੀ ਪਏ ਬਿਨ੍ਹਾਂ ਜੋ ਕਿ ਅੰਦਰੋਂ ਹੀ ਪੈਂਦੀ ਹੈ ਉਸਦੇ ਭਗਤ ਬਾਹਰੀ ਸੋਝੀ ਨਾਲ ਜੇ ਮੁੱਖੋਂ ਕੁੱਝ ਭੁੱਲ ਚੁੱਕ ਬੋਲ ਦਿੰਦੇ ਹਨ ਫਿਰ ਵੀ ਉਹ ਪ੍ਰਮਾਤਮਾ ਦੇ ਦਰ ਤੇ

26/2948

ਸਿਆਣੇ ਹੀ ਰਹਿੰਦੇ ਹਨ, ਚੰਗੇ ਹੀ ਰਹਿੰਦੇ ਹਨ ਕਿਉਂਕਿ ਉਹ ਆਪਣੇ ਦਿਲੋਂ ਕੋਈ ਮਾੜੇ ਬਚਨ ਨਹੀਂ ਬੋਲਦੇ। ਉਨ੍ਹਾਂ ਦਾ ਹਿਰਦਾ ਸ਼ੁੱਧ ਹੁੰਦਾ ਹੈ। **(ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ॥)**

{ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ॥੫॥੧॥}

(ਅੰਗ ੭੯)

ਪ੍ਰਮਾਤਮਾ ਕੋਲੋਂ ਜੋ ਧਨ ਉਸਦੇ ਭਗਤਾਂ ਨੂੰ ਮਿਲਦਾ ਹੈ ਉਹ ਉਸਦੇ ਸੱਚੇ ਗਿਆਨ ਦਾ ਧਨ ਹੈ ਜਿਸ ਦੁਆਰਾ ਉਹ ਉਸਦਾ ਨਾਮ ਜਪਦੇ ਹਨ ਭਾਵ ਜਿਸ ਦੁਆਰਾ ਉਹ ਉਸਦੇ ਮਾਰਗ ਤੇ ਚੱਲਦੇ ਹਨ। ਉਸਦੇ ਸੱਚੇ ਗਿਆਨ ਦੀ ਵੇਲ ਵੱਧਦੀ ਹੀ ਰਹਿੰਦੀ ਹੈ ਜੋ ਕਿ ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿੱਚ ਹੈ। ਉਹ ਨਿੱਤ ਆਪਣਾ ਗਿਆਨ ਦੇ ਕੇ ਸਾਡੀ ਸੋਝੀ ਨੂੰ ਵਧਾਉਂਦਾ ਰਹਿੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਰੰਗ ਨਿੱਤ ਵੱਧਦਾ ਰਹਿੰਦਾ ਹੈ।

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਭਗਤਾਂ ਦੀ, ਉਸਦੇ ਸੰਤਾਂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਤੇ ਉਨ੍ਹਾਂ ਨੂੰ ਇਹ ਗਿਆਨ ਕਿੱਥੋਂ ਮਿਲਦਾ ਹੈ ਜਿਸ ਦੁਆਰਾ ਪ੍ਰਮਾਤਮਾ ਉਨ੍ਹਾਂ ਨੂੰ ਸੁਘੜ ਸਿਆਣੇ ਬਣਾਉਂਦਾ ਹੈ।

“ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਨੁ ਨਿਮਾਣੇ॥
ਜਨ ਨਾਨਕ ਨਾਮੁ ਦੀਬਾਨੁ ਹੈ ਹਰਿ ਤਾਨੁ ਸਤਾਣੇ॥੧॥”

ਪੂਰੇ ਸ਼ਬਦ ਰਾਹੀਂ ਅਸੀਂ ਸੁਹਾਵਾ ਥਾਨ ਸਮਝਣ ਦਾ ਉੱਦਮ ਕਰ ਰਹੇ ਹਾਂ ਜਿਵੇਂ ਕਿ ਪਿਛਲੇ ਸ਼ਬਦਾਂ ਰਾਹੀਂ ਵੀ ਸਮਝਿਆ ਹੈ। ਇਹ ਸੁਹਾਵਾ ਥਾਨ ਸਾਡੇ ਅੰਦਰ ਹੀ ਹੈ ਤੇ ਇਸ ਥਾਨ ਦੀ ਪ੍ਰਾਪਤੀ ਉਸੇ ਨੂੰ ਹੁੰਦੀ ਹੈ ਜਿਸ ਘਟਿ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ। ਇਹ ਸੁਹਾਵਾ ਥਾਨ ਸਾਡਾ ਮਨ ਹੀ ਹੈ ਜਿੱਥੇ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਆਪਣਾ ਸੱਚਾ ਗਿਆਨ ਦਿੰਦਾ ਹੈ, ਆਪਣੇ ਭਗਤਾਂ ਨੂੰ, ਸੰਤਾਂ ਨੂੰ ਭਾਵ ਗੁਰੂ ਸਾਹਿਬਾਨ ਨੂੰ, ਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪ੍ਰਮਾਤਮਾ ਨੇ ਆਪਣੇ ਇਸ ਅਸਥਾਨ ਤੇ ਹੀ ਸੁਘੜ ਸਿਆਣੇ ਬਣਾਇਆ ਹੈ ਭਾਵ ਸਭ ਨੇ ਇੱਕੋ ਜਿਹੇ ਸੁਥਾਨ ਦੀ ਪ੍ਰਾਪਤੀ ਹੀ ਕੀਤੀ ਹੈ ਤੇ ਹੋਰ ਕੋਈ ਸਥਾਨ ਨਹੀਂ ਹੈ ਜਿੱਥੋਂ ਕੋਈ ਸੁਘੜ ਸਿਆਣਾ ਬਣ ਸਕੇ। ਜੋ ਇਸ ਅਸਥਾਨ ਦੀ ਪ੍ਰਾਪਤੀ ਕਰ ਲੈਂਦਾ ਹੈ ਉਸਦਾ ਹੀ ਮਾਣ ਦੂਰ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਸਾਰਾ ਗਿਆਨ

ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਤੇ ਮਨੁੱਖ ਨਿਮਾਣਾ ਹੈ ਭਾਵ ਸਾਰਾ ਮਾਣ ਪ੍ਰਮਾਤਮਾ ਦਾ ਆਪਣਾ ਹੀ ਹੈ ਜੋ ਉਨ੍ਹਾਂ ਨੂੰ ਸੁਘੜ ਸਿਆਣੇ ਬਣਾਉਣ ਵਾਲਾ ਹੈ। ਜਿਸ ਨੂੰ ਇਸ ਸਥਾਨ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸਦੇ ਘਟਿ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ ਉਸ ਨੂੰ ਹੀ ਇਸ ਗੱਲ ਦੀ ਸਮਝ ਪੈ ਸਕਦੀ ਹੈ ਤੇ ਤਾਂ ਹੀ ਮਨੁੱਖ ਦਾ ਮਾਣ ਦੂਰ ਹੁੰਦਾ ਹੈ, ਉਸਦੀ ਹਉਮੈ ਦੂਰ ਹੁੰਦੀ ਹੈ ਤੇ ਸੋਝੀ ਪੈਂਦੀ ਹੈ ਕਿ ਸਾਰੇ ਗਿਆਨ ਦਾ ਸ੍ਰੋਤ ਇੱਕੋ ਇੱਕੋ ਪ੍ਰਮਾਤਮਾ ਆਪ ਹੀ ਹੈ। ਜਿਸ ਨੂੰ ਪ੍ਰਮਾਤਮਾ ਇਹ ਸੁਥਾਨ ਬਖ਼ਸ਼ਦਾ ਹੈ ਉਨ੍ਹਾਂ ਸਭ ਨੂੰ ਗਿਆਨ ਦੇ ਸ੍ਰੋਤ ਕੋਲੋਂ ਇੱਕੋ ਜਿਹੀ ਗੁਰਮਤਿ ਦੀ ਸੋਝੀ ਹੀ ਪੈਂਦੀ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਰਾਹੀਂ ਸਭ ਨੇ ਸਾਨੂੰ ਪ੍ਰਮਾਤਮਾ ਦਾ ਇੱਕੋ ਜਿਹਾ ਰੂਪ ਹੀ ਸਮਝਾਇਆ ਹੈ, ਇੱਕੋ ਜਿਹੀ ਗੁਰਮਤਿ ਹੀ ਸਮਝਾਈ ਹੈ ਤੇ ਕਿਸੇ ਗੱਲ ਵਿੱਚ ਕੋਈ ਭੇਦ ਨਹੀਂ ਹੈ। ਉਸਦੇ ਸੁਥਾਨ ਤੇ ਪਹੁੰਚ ਕੇ ਸਭ ਨੂੰ ਪ੍ਰਮਾਤਮਾ ਦੇ ਕੋਲੋਂ, ਬ੍ਰਹਮ ਦੇ ਕੋਲੋਂ ਇੱਕੋ ਜਿਹਾ ਬ੍ਰਹਮਗਿਆਨ ਹੀ ਮਿਲਦਾ ਹੈ, ਉਸ ਬ੍ਰਹਮਗਿਆਨੀ ਦੇ ਕੋਲੋਂ ਮਿਲਦਾ ਹੈ ਜੋ ਬ੍ਰਹਮਗਿਆਨ ਦਾ ਮਾਲਕ ਹੈ। ਉਸ ਬ੍ਰਹਮਗਿਆਨੀ ਨੂੰ ਆਪਣੇ ਅੰਦਰੋਂ ਦੇਖ ਕੇ ਫਿਰ ਕੋਈ ਆਪਣਾ ਮਾਣ ਨਹੀਂ ਕਰ ਸਕਦਾ ਤੇ ਉਸ ਪ੍ਰਮਾਤਮਾ ਦਾ ਮਾਣ ਹੀ ਨਜ਼ਰ ਆਉਂਦਾ ਹੈ ਜਿਸ ਦੁਆਰਾ ਮਨੁੱਖ ਆਪਣੇ ਆਪ ਨੂੰ ਨਿਮਾਣਾ ਸਮਝਦਾ ਹੈ ਕਿ ਮਨੁੱਖ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ।
(ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਨੁ ਨਿਮਾਣੇ॥)

ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਗੁਰੂ ਨੂੰ ਮਾਣ ਦੇਣਾ ਹੀ ਪ੍ਰਮਾਤਮਾ ਦਾ ਸੱਚਾ ਮਾਣ ਹੈ।

“ਜਨ ਨਾਨਕ ਨਾਮੁ ਦੀਬਾਨੁ ਹੈ ਹਰਿ ਤਾਨੁ ਸਤਾਣੇ॥੧॥”

ਸਾਡੇ ਅੰਦਰ ਜੋ ਪ੍ਰਮਾਤਮਾ ਦਾ ਸਥਾਨ ਹੈ, ਸੁਥਾਨ ਹੈ, ਸੁਹਾਵਾ ਥਾਨ ਹੈ ਉਹ "ਨਾਮੁ ਦੀਬਾਨੁ" ਦੇ ਰੂਪ ਵਿੱਚ ਹੈ ਭਾਵ ਪ੍ਰਮਾਤਮਾ ਦੇ ਦਰਬਾਰ ਦੇ ਰੂਪ ਵਿੱਚ ਹੈ ਜਿੱਥੇ ਬੈਠ ਕੇ ਉਹ ਆਪਣਾ ਹੁਕਮ ਸੁਣਾਉਂਦਾ ਹੈ। ਇਸ ਅਸਥਾਨ ਤੋਂ ਪ੍ਰਮਾਤਮਾ ਜੋ ਵੀ ਆਪਣਾ ਸੱਚਾ ਗਿਆਨ ਦਿੰਦਾ ਹੈ, ਬ੍ਰਹਮਗਿਆਨ ਦਿੰਦਾ ਹੈ ਇਹ ਸਭ ਲਈ ਉਸਦਾ ਹੁਕਮ ਹੈ, ਉਸਦਾ ਸੁਣਾਇਆ ਹੋਇਆ ਫੁਰਮਾਨ ਹੈ, ਉਸਦੀ ਆਗਿਆ ਹੈ, ਉਸਦਾ ਉਪਦੇਸ਼ ਹੈ। ਉਸਦੇ ਭਗਤਾਂ ਨੇ, ਸੰਤਾਂ ਨੇ ਜਿਹੋ ਜਿਹਾ ਫੁਰਮਾਨ ਪ੍ਰਮਾਤਮਾ ਦੇ ਕੋਲੋਂ ਸੁਣਿਆ ਹੈ ਉਹੀ ਫੁਰਮਾਨ, ਪ੍ਰਮਾਤਮਾ ਦਾ ਹੁਕਮ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਸੁਣਾਇਆ ਹੈ ਜੋ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੈ, ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸਿੱਖਿਆ ਦੇ ਰੂਪ ਵਿੱਚ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਅਸਲ ਵਿੱਚ ਗੁਰੂ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ "ਨਾਮੁ ਦੀਬਾਨੁ" ਲੱਗਾ ਹੋਇਆ ਹੈ ਭਾਵ ਪ੍ਰਮਾਤਮਾ ਦੇ ਹੁਕਮ ਦਾ ਦਰਬਾਰ ਲੱਗਾ ਹੋਇਆ ਹੈ, ਉਸਦੀ ਸਿੱਖਿਆ ਦਾ ਦਰਬਾਰ ਲੱਗਾ ਹੋਇਆ ਹੈ। ਹੁਕਮ ਉਹੀ ਸੁਣਾ ਸਕਦਾ ਹੈ ਜਿਸ ਦੇ ਕੋਲ ਕੋਈ ਆਪਣਾ "ਤਾਣੁ" ਹੁੰਦਾ ਹੈ, ਆਪਣੀ ਤਾਕਤ ਹੁੰਦੀ ਹੈ। ਉਹ ਪ੍ਰਮਾਤਮਾ "ਤਾਣੁ" ਵਾਲਾ ਹੈ। ਉਸਦਾ ਤਾਣੁ ਉਸਦਾ ਉੱਚਾ ਗਿਆਨ ਹੈ,

26/2950

ਉਸਦਾ ਬ੍ਰਹਮਗਿਆਨ ਹੈ ਜਿਸ ਦੁਆਰਾ ਉਸ ਨੇ ਸ੍ਰਿਸ਼ਟੀ ਨੂੰ ਰਚਿਆ ਹੈ ਤੇ ਚਲਾ ਰਿਹਾ ਹੈ। ਪੂਰੀ ਸਾਇੰਸ ਵਿੱਚ ਉਸਦਾ ਬ੍ਰਹਮਗਿਆਨ ਹੈ ਜੋ ਉਸਦੇ ਹੁਕਮ ਵਿੱਚ ਹੈ। ਉਹ ਆਪਣੀ ਸਾਇੰਸ ਰਾਹੀਂ ਤਾਕਤਵਰ ਹੈ ਤੇ ਜਿੱਥੇ ਚਾਹੇ, ਜਿਵੇਂ ਚਾਹੇ ਉਸੇ ਤਰ੍ਹਾਂ ਉਸਦੀ ਤਾਕਤ ਵਰਤ ਰਹੀ ਹੈ, ਉਸਦੇ ਗਿਆਨ ਦੀ ਤਾਕਤ ਵਰਤ ਰਹੀ ਹੈ। ਗੁਰੂ ਰੂਪ ਵਿੱਚ ਉਸਦੀ ਤਾਕਤ ਗਿਆਨ ਦੇ ਰੂਪ ਵਿੱਚ ਹੀ ਹੈ ਕਿਉਂਕਿ ਇਸ ਤੋਂ ਉੱਚਾ ਗਿਆਨ ਸਾਨੂੰ ਕੋਈ ਦੇ ਹੀ ਨਹੀਂ ਸਕਦਾ ਜਿਸ ਦੁਆਰਾ ਅਸੀਂ ਉਸਦੀ ਤਾਕਤ ਨੂੰ ਸਮਝ ਸਕੀਏ ਤੇ ਉਸ ਤਾਕਤ ਵਾਲੇ ਨਾਲ ਮੇਲ ਕਰ ਸਕੀਏ। ਆਪਣੇ ਭਗਤਾਂ ਨੂੰ, ਸੰਤਾਂ ਨੂੰ ਉਸ ਨੇ ਆਪ ਹੀ "ਸਤਾਣੇ" ਬਣਾਇਆ ਹੈ ਜੋ ਕਿ ਉਸਦਾ ਆਪਣਾ ਹੀ ਰੂਪ ਹਨ, ਉਸਦੇ ਜਨ ਹਨ। ਗੁਰੂ ਦੀ ਤਾਕਤ ਨੂੰ ਸਲਾਮ ਕਰਨਾ, ਗੁਰੂ ਦੇ ਹੁਕਮ ਨੂੰ ਸਲਾਮ ਕਰਨਾ, ਪ੍ਰਮਾਤਮਾ ਦੇ ਹੁਕਮ ਨੂੰ ਸਲਾਮ ਕਰਨਾ ਹੈ। **(ਜਨ ਨਾਨਕ ਨਾਮੁ ਦੀਬਾਨੁ ਹੈ ਹਰਿ ਤਾਣੁ ਸਤਾਣੇ ॥੧॥)**

ਕਿਸੇ ਦੇ ਅੰਦਰ ਆਪਣਾ ਸੁਹਾਵਾ ਥਾਨ ਪ੍ਰਮਾਤਮਾ ਆਪ ਹੀ ਬਣਾਉਂਦਾ ਹੈ ਜੋ ਕਿ ਆਪ ਹੀ "ਸਤਿਗੁਰੂ" ਹੈ, ਸਾਰੀ ਸ੍ਰਿਸ਼ਟੀ ਦਾ ਸਤਿਗੁਰੂ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਗੁਰਸਿੱਖ ਬਣਾਉਂਦਾ ਹੈ ਉਸਨੂੰ ਹੀ ਆਪਣੇ ਅੰਦਰੋਂ ਇਸ ਸਥਾਨ ਦੀ ਸੋਝੀ ਪੈਂਦੀ ਹੈ। ਪ੍ਰਮਾਤਮਾ ਦੇ ਇਸ ਅਸਥਾਨ ਤੇ ਪਹੁੰਚ ਕੇ ਹੀ ਉਸ ਪ੍ਰਮਾਤਮਾ ਨੂੰ ਪੂਜਿਆ ਜਾ ਸਕਦਾ ਹੈ ਕਿਉਂਕਿ ਆਪਣੀ ਪੂਜਾ ਕਰਵਾਉਣ ਦੀ ਮਤਿ ਉਹ ਆਪ ਹੀ ਦਿੰਦਾ ਹੈ, ਆਪਣੀ ਗੁਰਮਤਿ ਦੀ ਸੋਝੀ ਉਹ ਆਪ ਹੀ ਪਾਉਂਦਾ ਹੈ ਤੇ ਇਹੀ ਗੱਲ ਸਾਨੂੰ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥"

ਉੱਪਰ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਸ ਦੇ ਅੰਦਰ ਪ੍ਰਮਾਤਮਾ ਦਾ "ਨਾਮੁ ਦੀਬਾਨੁ" ਲੱਗਾ ਹੋਇਆ ਹੈ। ਜਿੱਥੇ ਨਾਮ ਦੀਬਾਨੁ ਹੈ ਉਹੀ ਸੁਹਾਵਾ ਥਾਨ ਹੈ। ਜਿਸ ਜਗ੍ਹਾ ਤੋਂ ਪ੍ਰਮਾਤਮਾ ਦਾ ਪੂਰਨ ਗਿਆਨ ਮਿਲਦਾ ਹੈ ਉਹੀ ਨਾਮ ਦੀਬਾਨੁ ਹੈ, ਸੁਹਾਵਾ ਥਾਨ ਹੈ। ਇਸ "ਥਾਨੁ" ਦੀ ਪ੍ਰਾਪਤੀ ਉਨ੍ਹਾਂ ਨੂੰ ਹੀ ਹੋਈ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਗੁਰਸਿੱਖ ਰੂਪ ਬਣਾਇਆ ਹੈ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਅਸਥਾਨ ਤੋਂ ਪੂਰੀ ਗੁਰਮਤਿ ਦੀ ਸਿੱਖਿਆ ਦਿੱਤੀ ਹੈ, ਨਾਮ ਦੀ ਸਿੱਖਿਆ ਦਿੱਤੀ ਹੈ। ਪ੍ਰਮਾਤਮਾ ਦਾ ਭਗਤ ਰੂਪ, ਗੁਰੂ ਰੂਪ, ਸੰਤ ਰੂਪ, ਸਾਧ ਰੂਪ, ਸੇਵਕ ਰੂਪ, ਦਾਸ ਰੂਪ, ਜਨ ਰੂਪ ਹੀ ਉਸਦਾ ਗੁਰਸਿੱਖ ਰੂਪ ਹੈ ਜੋ ਆਪ ਹੀ ਆਪਣੀ ਸਿੱਖਿਆ ਦੁਆਰਾ ਵਿਚਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਵਿਚਰੇ ਹਨ।

26/2951

ਗੁਰਸਿੱਖ ਰੂਪ ਕੀ ਹੈ ਇਸਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਸਿੱਖ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਦੇ ਅੰਦਰ ਉਹ ਪ੍ਰਗਟ ਹੁੰਦਾ ਹੈ ਜੋ ਉਸਦੇ "ਥਾਨੁ" ਨੂੰ ਆਪਣੇ ਅੰਦਰੋਂ ਭਾਲ ਲੈਂਦੇ ਹਨ, ਬੁੱਝ ਲੈਂਦੇ ਹਨ। ਉਸਦੇ "ਥਾਨੁ" ਤੋਂ ਗੁਰਮਤਿ ਦਾ ਸੱਚਾ ਗਿਆਨ ਹੀ ਮਿਲਦਾ ਹੈ, ਨਾਮ ਦੀ ਸੱਚੀ ਸਿੱਖਿਆ ਹੀ ਮਿਲਦੀ ਹੈ ਤੇ ਪ੍ਰਮਾਤਮਾ ਦੀ ਸੱਚੀ ਸਿੱਖਿਆ ਹੀ ਉਸਦੀ "ਧੁਰਿ" ਹੈ ਜਿਸ ਨੂੰ ਉਹ ਆਪਣੇ "ਮੁਖਿ" ਤੇ ਲਗਾਉਂਦੇ ਹਨ। ਪ੍ਰਮਾਤਮਾ ਦੀ ਇਹ "ਧੁਰਿ" ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਜੋ ਮਨ ਦੇ ਵਿੱਚ ਹੀ ਵੱਸਦੀ ਹੈ ਜਿਸ ਦੁਆਰਾ ਸਾਡਾ ਤਨ ਮਨ ਪਵਿੱਤਰ ਹੁੰਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦੀ ਇਹ ਧੁਰ ਹੀ ਹੈ, ਉਸਦੀ ਚਰਨ ਧੂਰ ਹੀ ਹੈ। ਗੁਰੂ ਸ਼ਬਦ ਹੈ ਤੇ ਸ਼ਬਦ ਦੀ ਧੁਰ ਸ਼ਬਦ ਦੀ ਸਿੱਖਿਆ ਦੇ ਰੂਪ ਵਿੱਚ ਹੈ ਜਿਸ ਧੁਰ ਦਾ ਅਸੀਂ ਨਿੱਤ ਇਸ਼ਨਾਨ ਕਰਨਾ ਹੈ ਭਾਵ ਨਿੱਤ ਗੁਰੂ ਦੀ ਸਿੱਖਿਆ ਅਨੁਸਾਰ ਵਿਚਰਨਾ ਹੈ। ਇਹ ਉਸਦੇ ਨਾਮ ਦੀ ਧੁਰ ਹੈ ਜਿਸ ਨੂੰ ਅਸੀਂ ਸਦਾ ਹੀ ਆਪਣੇ ਧਿਆਨ ਵਿੱਚ ਰੱਖਣਾ ਹੈ ਤੇ ਤਾਂ ਹੀ ਉਸ ਪ੍ਰਮਾਤਮਾ ਦਾ ਨਾਮ ਧਿਆਇਆ ਜਾ ਸਕਦਾ ਹੈ। ਉਸਦਾ ਨਾਮ ਧਿਆਉਣਾ ਹੀ ਉਸ ਗੁਰੂ ਰੂਪ ਪ੍ਰਮਾਤਮਾ ਨੂੰ ਪੂਜਣਾ ਹੈ। ਜਿੰਨ੍ਹਾਂ ਨੂੰ ਪਹਿਲਾਂ ਉਸਨੇ ਆਪਣਾ ਗੁਰਸਿੱਖ ਬਣਾਇਆ ਹੈ ਉਨ੍ਹਾਂ ਨੇ ਹੀ ਪ੍ਰਮਾਤਮਾ ਨੂੰ ਪੂਜਿਆ ਹੈ ਤੇ ਇਹ ਪੂਜਾ ਉਨ੍ਹਾਂ ਕੋਲੋਂ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ ਭਾਵ ਆਪਣੀ ਸੱਚੀ ਸਿੱਖਿਆ ਦੇ ਕੇ ਆਪ ਹੀ ਉਸ ਤੇ ਚਲਾਇਆ ਹੈ, ਆਪਣਾ ਨਾਮ ਦੇ ਕੇ ਆਪ ਹੀ ਆਪਣਾ ਨਾਮ ਜਪਾਇਆ ਹੈ। **(ਜਿਥੈ ਜਾਇ ਬਹੈ ਮੇਰਾ ਸਤਿਗੁਰੁ ਸੋ ਥਾਨੁ ਸੁਹਾਵਾ ਰਾਮ ਰਾਜੇ ॥ ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥ ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥)**

ਗਉੜੀ ਮਹਲਾ ੫ ਮਾਂਝ॥

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥
ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ॥
ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ॥੧॥}

(ਅੰਗ ੨੧੮)

{ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥
ਸਤਿਗੁਰ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥}

(ਅੰਗ ੩੧੭)

{ਗੁਰਸਿਖ ਰਾਖੇ ਗੁਰ ਗੋਪਾਲਿ॥ ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ॥੧॥ਰਹਾਉ॥}

(ਅੰਗ ੩੮੨)

26/2952

{ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ॥
ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ॥
ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ॥
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ॥
ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ॥
ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ॥੨੭॥}

(ਅੰਗ ੧੪੨੪)

{ਗੁਰੁ ਮੇਲਿ ਮਿਲਾਵੈ ਕਰੇ ਦਾਤਿ॥ ਗੁਰਸਿਖ ਪਿਆਰੇ ਦਿਨਸੁ ਰਾਤਿ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ॥ ਕਹੁ ਨਾਨਕ ਪਾਵਹਿ ਵਿਰਲੇ ਕੇਇ॥੪॥੭॥}

(ਅੰਗ ੧੧੭੦)

ਪਿੱਛੇ ਸ਼ਬਦ ਰਾਹੀਂ ਅਸੀਂ ਉਸ ਸਥਾਨ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਅਸੀਂ ਮੁੱਖ ਸ਼ਬਦ ਦੇ ਭਾਵ ਨੂੰ ਬਰੀਕੀ ਨਾਲ ਸਮਝ ਸਕੀਏ ਕਿਉਂਕਿ ਪ੍ਰਮਾਤਮਾ ਦੇ ਗੁਣ ਉਸਦੇ ਸੱਚੇ ਸੁਥਾਨ ਤੇ ਪਹੁੰਚ ਕੇ ਹੀ ਗਾਏ ਜਾ ਸਕਦੇ ਹਨ, ਹਉਮੈ ਦੀ ਮੈਲ ਨਿਕਲਣ ਦੁਆਰਾ, ਮਨ ਦੀ ਅਗਿਆਨਤਾ, ਮਨ ਦਾ ਭਰਮ ਨਿਕਲਣ ਦੁਆਰਾ ਹੀ ਗਾਏ ਜਾ ਸਕਦੇ ਹਨ, ਉਸਦੇ ਸੱਚੇ "ਸੁਥਾਨਿ" ਦੀ ਪ੍ਰਾਪਤੀ ਹੋਣ ਦੇ ਨਾਲ ਹੀ ਗਾਏ ਜਾ ਸਕਦੇ ਹਨ ਜਿਸਦਾ ਮਕਸਦ ਹੀ ਸਾਨੂੰ ਹਉਮੈ ਵਿੱਚੋਂ ਕੱਢਣ ਦਾ ਹੈ, ਸਾਡੇ ਅੰਦਰ ਦਾ ਬਜਰ ਕਪਾਟ ਖੋਲ੍ਹਣ ਦਾ ਹੈ। ਸਾਡੇ ਮਨ ਦੀ ਅਗਿਆਨਤਾ ਦਾ ਦਰਵਾਜ਼ਾ ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਹੀ ਖੁੱਲ੍ਹਦਾ ਹੈ ਤੇ ਤਾਂ ਹੀ ਉਸਦੇ "ਸੁਥਾਨਿ" ਤੇ ਬੈਠਿਆ ਜਾ ਸਕਦਾ ਹੈ ਜਿਸ ਦੁਆਰਾ ਮਨੁੱਖ ਉਸਦੇ ਸ਼ਬਦ ਦੇ ਗਿਆਨ ਦੁਆਰਾ ਪ੍ਰਮਾਤਮਾ ਦੇ ਸੱਚ ਰੂਪ ਵਿੱਚ ਸਮਾਅ ਜਾਂਦਾ ਹੈ ਭਾਵ ਉਸਨੂੰ ਗੁਰਮਤਿ ਦੀ ਸੱਚੀ ਸੋਝੀ ਪੈ ਜਾਂਦੀ ਹੈ। **(ਗੁਰ ਪਰਸਾਦੀ ਸਚਾ ਹਰਿ ਪਾਏ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥ ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ॥੫॥)**

ਪ੍ਰਮਾਤਮਾ ਦਾ ਇਹ ਸੱਚਾ ਸੁਥਾਨ ਹੀ, ਸੁਹਾਵਾ ਥਾਨ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਦਸਵਾਂ ਦੁਆਰ ਹੈ ਜੋ ਕਿ ਸਭ ਦੇ ਅੰਦਰ ਗੁਪਤ ਰੂਪ ਵਿੱਚ ਹੈ। ਸਾਡੇ ਜੀਵਨ ਦਾ ਮਕਸਦ ਇਸ ਦਸਵੇਂ ਦੁਆਰ ਨੂੰ ਜਾਨਣ ਦਾ ਹੀ ਹੈ ਤੇ ਇਹ ਦਸਵਾਂ ਦੁਆਰ ਹੀ ਸਾਡਾ ਨਿਜ ਘਰ ਹੈ ਭਾਵ ਪ੍ਰਮਾਤਮਾ ਦਾ ਆਪਣਾ ਘਰ ਹੈ, ਨਿਰਗੁਣ ਰੂਪ ਘਰ ਹੈ ਜਿਸਦੇ ਵਿੱਚ ਅਸੀਂ ਆਪਣਾ ਵਾਸ ਕਰਨਾ ਹੈ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥੬॥"

26/2953

ਸਾਡੇ ਅੰਦਰ ਨਉ ਦਰ ਸਾਡੇ ਸਰੀਰ ਦੇ ਨੌਂ ਇੰਦ੍ਰਿਆ ਨੂੰ ਕਿਹਾ ਹੈ ਜਿੰਨ੍ਹਾਂ ਰਾਹੀਂ ਸਾਡੇ ਸਰੀਰ ਵਿੱਚ ਨੌਂ ਦਵਾਰ ਬਣੇ ਹੋਏ ਹਨ, ਨੌਂ ਰਸਤੇ ਬਣੇ ਹੋਏ ਹਨ। ਸਰੀਰ ਦੇ ਇਹ ਨੌਂ ਰਸਤੇ ਕੀ ਹਨ ਇਨ੍ਹਾਂ ਬਾਰੇ ਬਾਣੀ ਰਾਹੀਂ ਸਾਨੂੰ ਕੋਈ ਗਿਣਤੀ ਨਹੀਂ ਗਿਣਾਈ ਕਿ ਇਹ ਦਰਵਾਜ਼ੇ ਕਿਹੜੇ ਹਨ ਤੇ ਅਸੀਂ ਜਿੰਨ੍ਹਾਂ ਨੂੰ ਆਮ ਕਰਕੇ ਨੌਂ ਦਰਵਾਜ਼ੇ ਸਮਝਦੇ ਹਾਂ ਉਨ੍ਹਾਂ ਵਿੱਚ ਦੋ ਰਸਤੇ ਅੱਖਾਂ ਰਾਹੀਂ, ਦੋ ਰਸਤੇ ਕੰਨਾਂ ਰਾਹੀਂ, ਦੋ ਰਸਤੇ ਨੱਕ ਰਾਹੀਂ, ਦੋ ਰਸਤੇ ਮਲ-ਮੂਤ ਰਾਹੀਂ ਤੇ ਇੱਕ ਰਸਤਾ ਮੁੱਖ ਰਾਹੀਂ ਸਮਝਿਆ ਹੋਇਆ ਹੈ। ਸਾਡੇ ਸਰੀਰ ਰਾਹੀਂ ਦੋ ਰਸਤੇ ਉਹ ਵੀ ਹਨ ਜਿੰਨ੍ਹਾਂ ਰਾਹੀਂ ਮਾਂ ਆਪਣੇ ਬੱਚਿਆਂ ਨੂੰ ਦੁੱਧ ਪਿਲਾਉਂਦੀ ਹੈ। ਇਹ ਮਿਲਾ ਕੇ ਫਿਰ ਗਿਆਰਾਂ ਬਣ ਜਾਂਦੇ ਹਨ। ਦਰਵਾਜ਼ੇ ਅਸਲ ਵਿੱਚ ਨੌਂ ਹੀ ਹਨ। ਕੰਨਾਂ ਨੂੰ ਅਸੀਂ ਦੋ ਦਰਵਾਜ਼ੇ ਸਮਝਦੇ ਹਾਂ ਪਰ ਕੰਨਾਂ ਦੇ ਵਿੱਚ ਸਰੀਰ ਨਾਲ ਕੋਈ ਸਿੱਧਾ ਰਸਤਾ ਨਹੀਂ ਹੁੰਦਾ। ਕੰਨ ਅੰਦਰੋਂ ਪੜ੍ਹਦੇ ਰਾਹੀਂ ਬੰਦ ਹੁੰਦੇ ਹਨ ਜਿੰਨ੍ਹਾਂ ਵਿੱਚ ਕੋਈ ਛੇਦ ਭਾਵ ਦਰਵਾਜ਼ਾ ਨਹੀਂ ਹੁੰਦਾ। "ਕੰਨ" ਸੈਨਸਰ ਦਾ ਕੰਮ ਕਰਦੇ ਹਨ ਭਾਵ ਕਹੀ ਸੁਣੀ ਹੋਈ ਗੱਲ ਨੂੰ ਸੈਨਸ ਕਰਕੇ ਦਿਮਾਗ ਤੱਕ ਭੇਜਦੇ ਹਨ ਤੇ ਸਰੀਰ ਦੇ ਨਾਲ ਇਨ੍ਹਾਂ ਦਾ ਕੋਈ ਸਿੱਧਾ ਰਸਤਾ ਨਹੀਂ ਹੁੰਦਾ। ਕੰਨਾਂ ਤੋਂ ਬਿਨ੍ਹਾਂ ਹੀ ਸਾਡੇ ਸਰੀਰ ਦੇ ਨੌਂ ਦਰਵਾਜ਼ੇ ਹਨ।

ਇਨ੍ਹਾਂ ਨੌਂ ਦਰਵਾਜ਼ਿਆਂ ਦਾ ਸੰਬੰਧ ਸਾਡੇ ਸਰੀਰ ਦੇ ਨਾਲ ਹੈ ਭਾਵ ਸਰੀਰਕ ਸੁੱਖਾਂ ਦੇ ਨਾਲ ਹੈ ਜਿੰਨ੍ਹਾਂ ਦੇ ਸੁੱਖ ਲਈ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਤੇ ਆਪਣੀ ਤ੍ਰਿਸ਼ਨਾ ਦੀ ਪੂਰਤੀ ਲਈ ਸਾਡਾ ਮਨ ਗੁਰਮਤਿ ਤੇ ਪੂਰਾ ਨਹੀਂ ਟਿਕਦਾ ਤੇ ਵਿਕਾਰਾਂ ਵੱਲ ਦੌੜਦਾ ਹੈ। ਮਨ ਨੂੰ ਵਿਕਾਰਾਂ ਵੱਲੋਂ ਰੋਕੇ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਦੇ ਦਰ ਨੂੰ ਨਹੀਂ ਪਾ ਸਕਦੇ ਜੋ ਕਿ ਸਾਡੇ ਅੰਦਰ ਦਸਵੇਂ ਦੁਆਰ ਦੇ ਰੂਪ ਵਿੱਚ ਹੈ ਜਿੱਥੇ ਪ੍ਰਮਾਤਮਾ ਸਾਡੇ ਅੰਦਰ ਹਰ ਵੇਲੇ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ। ਸਾਡਾ ਅਸਲ ਘਰ ਇਹ ਦਸਵਾਂ ਦੁਆਰ ਹੈ ਜੋ ਕਿ ਸੱਚੀ ਗੁਰਮਤਿ ਦਾ ਘਰ ਹੈ, ਸਾਡੇ ਅੰਦਰ ਪ੍ਰਮਾਤਮਾ ਦਾ ਸੁਹਾਵਾ ਥਾਨ ਹੈ ਜਿਸ ਸਥਾਨ ਤੇ ਅਸੀਂ ਵਾਸਾ ਪਾਉਂਦੇ ਹਾਂ। ਇਸ ਗੁਰਮਤਿ ਦੇ ਘਰ ਵਿੱਚ ਪਹੁੰਚ ਕੇ ਹੀ ਮਨੁੱਖ ਮਨਮਤਿ ਦੇ ਘਰ ਵਿੱਚੋਂ ਆਜ਼ਾਦ ਹੁੰਦਾ ਹੈ, ਮਨਮਤਿ ਦੇ ਬੰਧਨ ਵਿੱਚੋਂ, ਭਰਮ ਵਾਲੇ ਵਿਚਾਰਾਂ ਦੇ ਬੰਧਨ ਵਿੱਚੋਂ ਆਜ਼ਾਦ ਹੁੰਦਾ ਹੈ। ਸਾਡੇ ਮਨ ਦੇ ਅੰਦਰ ਹਰ ਵੇਲੇ ਗਿਆਨ

ਹੀ ਮਿਲਦਾ ਹੈ। ਮਨ ਦਾ ਗਿਆਨ ਹੀ ਸਾਨੂੰ ਮਨਮਤਿ ਵਿੱਚ ਰੱਖਦਾ ਹੈ ਤੇ ਮਨ ਦਾ ਗਿਆਨ ਹੀ ਸਾਨੂੰ ਨਿਜ ਘਰ ਵਿੱਚ ਵਸਾਉਂਦਾ ਹੈ। ਮਨ ਦੇ ਗਿਆਨ ਕਰਕੇ ਹੀ ਅਸੀਂ ਤ੍ਰੈਗੁਣਾਂ ਵਿੱਚ ਹਾਂ ਤੇ ਮਨ ਦੇ ਗਿਆਨ ਕਰਕੇ ਹੀ ਅਸੀਂ ਚੌਥੇ ਪਦ ਵਿੱਚ ਪਹੁੰਚਦੇ ਹਾਂ ਜੋ ਕਿ ਸਾਡਾ ਨਿਜ ਘਰ ਹੈ। ਨਿਜ ਘਰ ਦੇ ਵਿੱਚ "ਸਬਦੁ" ਰੂਪ ਪ੍ਰਮਾਤਮਾ ਆਪ ਹੀ ਆਪਣੇ ਆਪ ਨੂੰ ਸਾਡੇ ਅੰਦਰ ਪ੍ਰਗਟ ਕਰਦਾ ਹੈ। ਆਪਣੇ ਇਸ ਅਸਥਾਨ ਤੇ ਪ੍ਰਮਾਤਮਾ ਸਾਨੂੰ ਆਪਣਾ "ਸਬਦੁ" ਰੂਪ ਗਿਆਨ ਹੀ ਦਿੰਦਾ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਆਪ ਹੀ ਗੁਰੂ ਹੈ। ਸਬਦ ਰੂਪ ਵਿੱਚ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਅਨਹਦ ਨਾਦ ਸੁਣਾਉਂਦਾ ਹੈ। ਆਪਣਾ ਅਨਹਦ ਸ਼ਬਦ ਵਜਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦਾ ਨਾਦ ਵਜਾਉਂਦਾ ਹੈ ਜੋ ਕਿ ਅੱਠੇ ਪਹਿਰ ਵੱਜਦਾ ਰਹਿੰਦਾ ਹੈ ਭਾਵ ਹਰ ਵੇਲੇ

26/2954

ਮਨ ਦੇ ਵਿੱਚ ਗਿਆਨ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ ਜੋ ਕਿ "ਸਬਦੁ" ਰੂਪ ਵਿੱਚ ਆਪ ਹੀ ਗੁਰੂ ਹੈ। ਆਪਣੇ ਅਨਹਦ ਸ਼ਬਦ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਗੁਰਮਤਿ ਹੀ ਸੁਣਾਉਂਦਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਹੀ ਪਾਉਂਦਾ ਹੈ। ਪ੍ਰਮਾਤਮਾ ਦਾ ਇਹ ਅਨਹਦ ਸ਼ਬਦ ਬਿਨ੍ਹਾਂ ਆਵਾਜ਼ ਤੋਂ ਵੱਜਦਾ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪਣੀ ਗੱਲ ਸਮਝਾਉਂਦਾ ਹੈ, ਆਪਣੀ ਬਾਣੀ ਸਮਝਾਉਂਦਾ ਹੈ। ਜਿਨ੍ਹਾਂ ਨੂੰ ਮਨ ਦੇ ਵਿੱਚ ਪ੍ਰਮਾਤਮਾ ਨੇ ਆਪਣਾ ਇਹ ਅਨਹਦ ਸਬਦ ਸੁਣਾਇਆ ਹੈ ਉਨ੍ਹਾਂ ਨੇ ਹੀ ਅਨਹਦ ਬਾਣੀ ਦੀ ਰਚਨਾ ਕੀਤੀ ਹੈ, ਗੁਰਬਾਣੀ ਦੀ ਰਚਨਾ ਕੀਤੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੰਸਾਰ ਨੂੰ ਗੁਰਮਤਿ ਸਮਝਾਈ ਹੈ, ਪ੍ਰਮਾਤਮਾ ਦੀ ਸੱਚੀ ਸੋਝੀ ਪਾਈ ਹੈ ਕਿ ਪ੍ਰਮਾਤਮਾ ਕੀ ਹੈ, ਉਸਦੇ ਨਾਲ ਮੇਲ ਕੀ ਹੈ ਤੇ ਉਸ ਦੇ ਨਾਲ ਮੇਲ ਕਰਨ ਦਾ ਤਰੀਕਾ ਕੀ ਹੈ। ਆਪਣੇ ਨਾਲ ਮੇਲ ਕਰਨ ਦਾ ਤਰੀਕਾ ਪ੍ਰਮਾਤਮਾ ਆਪ ਹੀ ਸਮਝਾ ਸਕਦਾ ਹੈ ਤੇ ਉਸਦੇ ਨਾਲ ਮੇਲ ਹੋ ਜਾਣਾ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿਸ ਨੂੰ ਉਸਦੇ ਨਾਲ ਮੇਲ ਕਰਨ ਦੀ ਸੱਚੀ ਸੋਝੀ ਪਾਉਂਦਾ ਹੈ ਕਿਉਂਕਿ ਇਹ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। **(ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥ ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥੬॥)**

ਪ੍ਰਮਾਤਮਾ ਦੇ ਦਰਸ਼ਨ ਮਨ ਦੇ ਅੰਦਰੋਂ ਉਸਦੇ ਸ਼ਬਦ ਦੁਆਰਾ ਹੀ ਹੁੰਦੇ ਹਨ ਤੇ ਪ੍ਰਮਾਤਮਾ ਦੇ ਸ਼ਬਦ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਦੂਰ ਕਰਨ ਦੇ ਨਾਲ ਹੀ ਹੈ, ਸਾਡੀ ਹਉਮੈ ਦੂਰ ਕਰਨ ਦੇ ਨਾਲ ਹੀ ਹੈ ਕਿਉਂਕਿ ਸਾਡੇ ਅੰਦਰ ਦੇ ਕਿਵਾੜ, ਬਜਰ ਕਪਾਟ ਮਨ ਦੀ ਅਗਿਆਨਤਾ ਮਰਨ ਦੇ ਨਾਲ ਹੀ ਖੁੱਲ੍ਹਦੇ ਹਨ, ਭਰਮ ਵਿੱਚੋਂ ਨਿਕਲਣ ਨਾਲ ਹੀ ਖੁੱਲ੍ਹਦੇ ਹਨ ਤੇ ਇਸ ਭਰਮ ਵਿੱਚੋਂ ਸਾਨੂੰ ਕੇਵਲ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਆਪਣੇ ਸ਼ਬਦ ਦੁਆਰਾ ਭਾਵ ਅਨਹਦ ਸ਼ਬਦ ਦੁਆਰਾ ਕੱਢ ਸਕਦਾ ਹੈ ਭਾਵ ਮਨ ਦੇ ਵਿੱਚ ਸ਼ਬਦ ਦੇ ਪ੍ਰਕਾਸ਼ ਦੁਆਰਾ ਕੱਢ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਸਾਡਾ ਦਸਵੇਂ ਦੁਆਰ ਵਿੱਚ ਭਾਵ ਨਿਜ ਘਰ ਵਿੱਚ ਵਾਸਾ ਕਿਵੇਂ ਹੁੰਦਾ ਹੈ।

"ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥੭॥"

ਹੁਣ ਧਿਆਨ ਨਾਲ ਸਮਝੋ ਕਿ ਉਹ ਕੁੰਜੀ ਕਿਹੜੀ ਹੈ ਜਿਸਦੇ ਨਾਲ ਸਾਡੇ ਅੰਦਰ ਦਾ ਤਾਲਾ ਖੁੱਲ੍ਹਦਾ ਹੈ, ਸਾਡੇ ਅੰਦਰ ਦੇ ਬਜਰ ਕਪਾਟ ਖੁੱਲ੍ਹਦੇ ਹਨ, ਜਿਸ ਦੁਆਰਾ ਸਾਡਾ ਹਉਮੈ ਰੂਪ ਪੜਦਾ ਦੂਰ ਹੁੰਦਾ ਹੈ। ਪ੍ਰਮਾਤਮਾ ਦੀ ਇਹ ਕੁੰਜੀ ਉਸਦਾ ਸ਼ਬਦ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਜੋ ਉਸਦੇ ਸ਼ਬਦ ਦੁਆਰਾ ਮਿਲਦਾ ਹੈ। ਸਾਡੇ ਅੰਦਰ ਸ਼ਬਦ ਦਾ ਗਿਆਨ ਵੱਸਣ ਤੋਂ ਬਿਨ੍ਹਾਂ

26/2955

ਅਗਿਆਨਤਾ ਦਾ ਹਨ੍ਹੇਰਾ ਹੈ। ਸ਼ਬਦ ਦੇ ਗਿਆਨ ਦੀ ਕੁੰਜੀ ਸਾਡੇ ਮਨ ਦੀ ਸੋਝੀ ਹੈ ਜੋ ਸਾਡੀ ਅਗਿਆਨਤਾ ਵਾਲੀ ਸੋਝੀ ਨੂੰ ਦੂਰ ਕਰਦੀ ਹੈ ਭਾਵ ਅਗਿਆਨਤਾ ਰੂਪ ਤਾਲੇ ਨੂੰ ਖੋਲ੍ਹਦੀ ਹੈ, ਭਰਮ ਰੂਪ ਤਾਲੇ ਨੂੰ ਖੋਲ੍ਹਦੀ ਹੈ, ਭਰਮ ਰੂਪ ਦੀਵਾਰ ਨੂੰ ਤੋੜਦੀ ਹੈ ਤੇ ਤਾਂ ਹੀ ਸਾਡਾ ਨਿਜ ਘਰ ਵਿੱਚ ਵਾਸਾ ਹੁੰਦਾ ਹੈ ਭਾਵ ਚੌਥੇ ਪਦ ਵਿੱਚ ਵਾਸਾ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੇ ਇਸ ਅਗਿਆਨਤਾ ਰੂਪ ਤਾਲੇ ਦੇ ਖੁੱਲ੍ਹਣ ਨਾਲ ਹੀ ਹੁੰਦਾ ਹੈ। ਜਿਸ "ਵਸਤੁ" ਦੀ ਪ੍ਰਾਪਤੀ ਲਈ ਅਸੀਂ ਇਸ ਸੰਸਾਰ ਵਿੱਚ ਆਏ ਹਾਂ ਉਹ "ਵਸਤੁ" ਪ੍ਰਮਾਤਮਾ ਦੇ ਨਾਲ ਮੇਲ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਸਾਨੂੰ ਗੁਰਮਤਿ ਦਾ ਸੱਚਾ ਗਿਆਨ ਹੀ ਮਿਲਦਾ ਹੈ, ਬ੍ਰਹਮਗਿਆਨ ਹੀ ਮਿਲਦਾ ਹੈ ਤੇ ਇਹੀ ਉਹ ਵਸਤੂ ਹੈ ਜਿਸ ਦੀ ਅਸੀਂ ਪ੍ਰਾਪਤੀ ਕਰਨੀ ਹੈ। ਪ੍ਰਮਾਤਮਾ ਦੀ ਇਹ ਵਸਤੁ ਹੀ ਉਸਦਾ ਨਾਮ ਹੈ ਜੋ ਸਾਨੂੰ ਲਾਹੇ ਦੇ ਰੂਪ ਵਿੱਚ ਮਿਲਦਾ ਹੈ ਜੋ ਕਿ ਸਾਡੇ ਜੀਵਨ ਦਾ ਸੱਚਾ ਲਾਭ

ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਦਿੱਤੇ ਹੋਏ ਸ਼ਬਦਾਂ ਦਾ ਗਿਆਨ ਹੈ, ਸ਼ਬਦਾਂ ਦੀ ਵਿਚਾਰ ਹੈ ਤੇ ਸ਼ਬਦਾਂ ਦੀ ਇਹ ਵਿਚਾਰ ਹੀ ਸਾਤਿਗੁਰੂ ਦੀ ਕੁੰਜੀ ਹੈ ਜਿਸ ਦੁਆਰਾ ਸਾਡੇ ਮਨ ਦੇ ਅਗਿਆਨਤਾ ਵਾਲੇ ਵਿਚਾਰ ਦੂਰ ਹੁੰਦੇ ਹਨ, ਭਰਮ ਵਾਲੇ ਵਿਚਾਰ ਦੂਰ ਹੁੰਦੇ ਹਨ। ਜਿਉਂ ਜਿਉਂ ਸ਼ਬਦਾਂ ਦੇ ਵਿਚਾਰ ਸਾਡੇ ਅੰਦਰ ਵੱਸਦੇ ਜਾਣਗੇ ਤਿਉਂ ਤਿਉਂ ਅਸੀਂ ਭਰਮ ਵਿੱਚੋਂ ਨਿਕਲਦੇ ਜਾਵਾਂਗੇ ਤੇ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਦੇ ਜਾਵਾਂਗੇ ਜੋ ਕਿ ਸਾਡੇ ਲਈ ਸੱਚਾ ਉੱਦਮ ਹੈ। ਭਰਮ ਦਾ ਤਾਲਾ ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਖੁੱਲ੍ਹਦਾ ਹੈ, ਮਨ ਦੇ ਵਿੱਚ ਉਸਦੇ ਪ੍ਰਗਟ ਹੋਣ ਨਾਲ ਹੀ ਖੁੱਲ੍ਹਦਾ ਹੈ ਪਰ ਸਾਨੂੰ ਆਪਣੇ ਉੱਦਮ ਤੋਂ ਪਿੱਛੇ ਨਹੀਂ ਹੱਟਣਾ ਚਾਹੀਦਾ ਭਾਵ ਸ਼ਬਦ ਦੇ ਵਿਚਾਰਾਂ ਨੂੰ ਛੱਡ ਕੇ ਕਿਸੇ ਹੋਰ ਦੇ ਵਿਚਾਰਾਂ ਨਾਲ ਨਹੀਂ ਜੁੜਨਾ ਚਾਹੀਦਾ ਜੋ ਸ਼ਬਦ ਦੇ ਵਿਚਾਰਾਂ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ। ਸਾਨੂੰ ਗੁਰਮਤਿ ਸਮਝਾਉਣ ਲਈ ਦਰ ਅਨੇਕਾਂ ਹੀ ਬਣੇ ਹੋਏ ਹਨ ਜਿੰਨ੍ਹਾਂ ਕੋਲੋਂ ਅਸੀਂ ਨਾਮ ਜਪਣਾ ਸਿੱਖਿਆ ਹੋਇਆ ਹੈ ਤੇ ਭਗਤੀ ਕਰਨ ਦੇ ਤਰੀਕੇ ਸਿੱਖੇ ਹੋਏ ਹਨ। ਕਿਸੇ ਹੋਰ ਦੇ ਦਰ ਨਾਲ ਜੁੜ ਕੇ, ਕਿਸੇ ਹੋਰ ਦੇ ਵਿਚਾਰਾਂ ਨਾਲ ਜੁੜ ਕੇ ਅਸੀਂ ਕਦੇ ਅਗਿਆਨਤਾ ਤੋਂ ਮੁਕਤ ਨਹੀਂ ਹੋ ਸਕਦੇ ਤੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ ਜੋ ਕਿ ਹਰ ਵੇਲੇ ਸਾਡੇ ਅੰਦਰ ਹੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਉਸ ਨੇ ਆਪ ਹੀ ਆਪਣੀ ਗੁਰਬਾਣੀ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ। ਗੁਰਮਤਿ ਦੇ ਲੜ ਲੱਗੇ ਬਿਨ੍ਹਾਂ ਭਾਵ ਗੁਰਮਤਿ ਨੂੰ ਸੱਚੇ ਰੂਪ ਵਿੱਚ ਸਮਝ ਕੇ ਤੇ ਉਸ ਤੇ ਚੱਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਸਰੀਰਕ ਜਪਾਂ ਤਪਾਂ ਆਦਿ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਜੇਕਰ ਅਸੀਂ ਆਪਣਾ ਆਵਾਗਉਣ ਮਿਟਾਉਣਾ ਚਾਹੁੰਦੇ ਹਾਂ ਤਾਂ ਉਹ ਫਿਰ ਭਰਮ ਵਾਲੀ ਅਵੱਸਥਾ ਵਿੱਚੋਂ ਨਿਕਲ ਕੇ ਹੀ ਮਿਟਣਾ ਹੈ, ਹਉਮੈ ਦਾ ਪੜਦਾ ਦੂਰ ਹੋਣ ਦੁਆਰਾ ਹੀ ਮਿਟਣਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਨਾ ਹੀ ਕਿਸੇ ਦੇ ਦਰ ਤੇ ਜਾ ਕੇ ਸਾਨੂੰ ਇਸ ਗੱਲ ਦੀ ਸੋਝੀ ਪੈ ਸਕਦੀ ਹੈ। ਗੁਰੂ ਇਸ ਆਵਾਗਉਣ ਤੋਂ ਬਾਹਰ ਹੈ ਜੋ ਨਿਰਗੁਣ ਰੂਪ ਵਿੱਚ ਪ੍ਰਮਾਤਮਾ ਦੇ ਵਿੱਚ ਸਮਾਇਆ ਹੋਇਆ ਹੈ, ਗਿਆਨ ਰੂਪ ਵਿੱਚ ਉਸਦੇ ਵਿੱਚ ਸਮਾਇਆ ਹੋਇਆ ਹੈ ਜੋ ਕਿ ਇਸ ਆਵਾਗਉਣ ਵਿੱਚੋਂ ਨਿਕਲਣ ਦਾ ਸਾਧਨ ਹੈ। ਸਰੀਰਕ ਜਪਾਂ ਤਪਾਂ ਨੇ ਸਾਨੂੰ ਆਵਾਗਉਣ ਤੋਂ ਮੁਕਤ ਨਹੀਂ ਕਰਨਾ। ਜਿੰਨ੍ਹਾਂ ਨੂੰ ਖੁਦ ਮੁਕਤੀ ਦਾ ਤਰੀਕਾ ਸਮਝ ਨਹੀਂ ਹੈ, ਜੋ ਆਪ

26/2956

ਮੁਕਤ ਨਹੀਂ ਹਨ ਉਹ ਕਿਸੇ ਨੂੰ ਮੁਕਤ ਹੋਣਾ ਕੀ ਸਮਝਾ ਸਕਦੇ ਹਨ। ਮੁਕਤ ਹੋਣ ਦੀ ਸੋਝੀ ਕੇਵਲ ਗੁਰੂ ਦੇ ਦਰ ਤੇ ਹੈ ਜੋ ਸਾਨੂੰ ਭਰਮ ਤੋਂ ਮੁਕਤ ਕਰ ਸਕਦਾ ਹੈ। **(ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੁਕੈ ਫੇਰਾ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥੭॥)**

ਗਉੜੀ ਮਹਲਾ ੧॥

{ਅਧਿਆਤਮ ਕਰਮ ਕਰੇ ਤਾ ਸਾਚਾ॥ ਮੁਕਤਿ ਭੇਦੁ ਕਿਆ ਜਾਣੈ ਕਾਚਾ॥੧॥
ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿ ਧਾਰੈ॥੧॥ਰਹਾਉ॥
ਜਿਸ ਕੈ ਅੰਤਰਿ ਸਾਚੁ ਵਸਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ॥ ਕਰਣੀ ਕੀਰਤਿ ਕਰਮ ਸਮਾਨੈ॥੩॥
ਏਕ ਸਬਦ ਇਕ ਭਿਖਿਆ ਮਾਗੈ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ॥੪॥
ਭੈ ਰਚਿ ਰਹੈ ਨ ਬਾਹਰਿ ਜਾਇ॥ ਕੀਮਤਿ ਕਉਣ ਰਹੈ ਲਿਵ ਲਾਇ॥੫॥
ਆਪੇ ਮੇਲੇ ਭਰਮੁ ਚੁਕਾਏ॥ ਗੁਰ ਪਰਸਾਦਿ ਪਰਮ ਪਦੁ ਪਾਏ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥
ਜਪ ਤਪ ਸੰਜਮ ਪਾਠ ਪੁਰਾਣੁ॥ ਕਹੁ ਨਾਨਕ ਅਪਰੰਪਰ ਮਾਨੁ॥੮॥੬॥}

(ਅੰਗ ੨੨੩)

ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ‘‘ਗਿਆਨੁ ਧਿਆਨੁ’’ ਦੀ ਅਵੱਸਥਾ ਵਿੱਚ ਹੁੰਦਾ ਹੈ। ਪ੍ਰਮਾਤਮਾ ਆਪਣੀ ਇਸ ਜੁਗਤਿ ਦੁਆਰਾ ਸਾਡੇ ਅੰਦਰ ਜਾਗਦਾ ਹੈ ਭਾਵ ਪ੍ਰਗਟ ਹੁੰਦਾ ਹੈ, ਆਪਣੇ ‘‘ਸਚੁ’’ ਰੂਪ ਵਿੱਚ ਪ੍ਰਗਟ ਹੁੰਦਾ ਹੈ ਜਿਸ ਦੁਆਰਾ

ਉਹ ਮਨ ਦੇ ਵਿੱਚ ਆਪਣੇ ਸ਼ਬਦ ਦਾ ਸੱਚਾ ਗਿਆਨ ਦਿੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਭਰਮ ਵਿੱਚੋਂ ਕੱਢ ਕੇ ਆਪਣੇ ਨਾਲ ਮੇਲਦਾ ਹੈ ਜਿਸ ਦੁਆਰਾ ਮਨੁੱਖ ਨੂੰ "ਪਰਮ ਪਦੁ" ਦੀ ਪ੍ਰਾਪਤੀ ਹੁੰਦੀ ਹੈ, ਸਭ ਤੋਂ ਉੱਚੇ ਪਦ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਸੱਚੇ ਗਿਆਨ ਦਾ ਪਦ ਹੈ, ਬ੍ਰਹਮਗਿਆਨ ਦਾ ਪਦ ਹੈ ਜੋ ਕਿ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ, ਉਸਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਮਨੁੱਖ ਨੂੰ ਭਰਮ ਵਿੱਚੋਂ ਕੱਢ ਕੇ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਮਿਲਾ ਲਵੇ। **(ਆਪੇ ਮੇਲੇ ਭਰਮੁ ਚੁਕਾਏ॥ ਗੁਰ ਪਰਸਾਦਿ ਪਰਮ ਪਦੁ ਪਾਏ॥੬॥)** ਕੱਚਿਆਂ ਦੀ ਮਤਿ ਦੇ ਨਾਲ ਜੁੜ ਕੇ ਅਸੀਂ ਮੁਕਤ ਹੋਣ ਦੇ ਭੇਦ ਨੂੰ ਨਹੀਂ ਜਾਣ ਸਕਦੇ। ਮੁਕਤ ਅਸਲ ਵਿੱਚ ਅਸੀਂ ਮਨ ਦੀ ਅਗਿਆਨਤਾ ਤੋਂ ਹੀ ਹੋਣਾ ਹੈ ਜਿਸ ਤੋਂ ਮੁਕਤ ਹੋ ਕੇ ਮਨ ਦੇ ਵਿੱਚ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਤਾਂ ਹੀ ਮਨੁੱਖ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੁੰਦਾ ਹੈ। ਮੁਕਤੀ ਸਾਡੇ ਮਨ ਦੇ ਅੰਦਰ ਹੀ ਹੈ, ਸਾਡੇ ਮਨ ਦੇ ਧਿਆਨ ਰਾਹੀਂ ਹੀ ਹੈ।

ਮਾਰੂ ਮਹਲਾ ੧॥

{ਘਰਿ ਰਹੁ ਰੇ ਮਨ ਮੁਗਧ ਇਆਨੇ॥ ਰਾਮੁ ਜਪਹੁ ਅੰਤਰਗਤਿ ਧਿਆਨੇ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ॥੧॥}

(ਅੰਗ ੧੦੩੦)

ਮਨਮਤਿ ਦੇ ਘਰ ਵਿੱਚ ਰਹਿੰਦਿਆਂ ਅਸੀਂ ਇਆਣੇ ਹਾਂ, ਨਾ ਸਮਝ ਹਾਂ ਭਾਵ ਸੱਚੇ ਗਿਆਨ ਤੋਂ ਵਿਹੂਣੇ ਹਾਂ ਤੇ ਰਾਮ ਦਾ ਘਰ ਗੁਰਮਤਿ ਦਾ ਘਰ ਹੈ। ਰਾਮ ਦੇ ਘਰ ਵਿੱਚੋਂ ਗੁਰਮਤਿ ਹੀ ਮਿਲਦੀ ਹੈ ਤੇ ਗੁਰਮਤਿ ਨੂੰ ਆਪਣੇ ਅੰਦਰ ਜਪਣ ਦੁਆਰਾ ਹੀ ਸਾਡੇ ਅੰਦਰ ਸਿਆਣਪ ਵੱਸ ਸਕਦੀ ਹੈ। ਸਿਆਣਾ ਮਨੁੱਖ ਉਹੀ ਹੈ ਜੋ ਲੋਭ ਲਾਲਚ ਛੱਡ ਕੇ ਚੰਗੇ ਕਰਮ ਕਰਦਾ ਹੈ, ਮਾਇਆ ਮੋਹ ਵਿੱਚੋਂ ਨਿਕਲਕੇ ਚੰਗੇ ਕਰਮ ਕਰਦਾ ਹੈ ਤੇ ਪ੍ਰਮਾਤਮਾ ਦੇ ਨਾਲ ਰਚਣ ਦਾ ਇਹੀ ਤਰੀਕਾ ਹੈ ਉਸਦੇ ਨਾਲ ਮੇਲ ਦਾ ਇਹੀ ਤਰੀਕਾ ਹੈ। ਜਿਸ ਤੇ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਉਸਨੂੰ ਫਿਰ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਅਗਿਆਨਤਾ ਤੋਂ

ਪੂਰੀ ਤਰ੍ਹਾਂ ਮੁਕਤ ਕਰਦਾ ਹੈ ਜਿਸ ਦੁਆਰਾ ਮਨੁੱਖ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੁੰਦਾ ਹੈ। ਜਿਸ ਨੂੰ ਵੀ ਪ੍ਰਮਾਤਮਾ ਮੁਕਤ ਕਰਦਾ ਹੈ ਮਨ ਦੇ ਵਿੱਚ ਸੱਚੀ ਸੋਝੀ ਪਾਉਣ ਦੁਆਰਾ ਹੀ ਕਰਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਸਾਨੂੰ ਉਹ ਸੋਝੀ ਹੀ ਪਾਉਂਦਾ ਹੈ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੂੰ ਮਨ ਦੇ ਵਿੱਚ ਪ੍ਰਮਾਤਮਾ ਨੇ ਆਪਣੀ ਸੱਚੀ ਸੋਝੀ ਪਾ ਕੇ ਹੀ ਮੁਕਤ ਕੀਤਾ ਹੈ, ਅਗਿਆਨਤਾ ਦੇ ਹਨ੍ਹੇਰੇ ਤੋਂ ਮੁਕਤ ਕੀਤਾ ਹੈ ਜਿਸ ਦੁਆਰਾ ਇਹ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਅਗਿਆਨਤਾ ਤੋਂ ਮੁਕਤ ਹੋਏ ਬਿਨ੍ਹਾਂ ਨਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਆ ਸਕਦਾ ਹੈ ਤੇ ਨਾ ਬਾਹਰ ਨਜ਼ਰ ਆ ਸਕਦਾ ਹੈ।

"ਗੁਪਤੁ ਪਰਗਟੁ ਤੂੰ ਸਭਨੀ ਥਾਈ॥ ਗੁਰ ਪਰਸਾਦੀ ਮਿਲਿ ਸੋਝੀ ਪਾਈ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ॥੮॥੨੪॥੨੫॥"

ਪ੍ਰਮਾਤਮਾ ਆਪ ਹੀ ਸਭ ਜਗ੍ਹਾ ਆਪਣੇ ਸਰਗੁਣ ਰੂਪ ਦੁਆਰਾ ਪ੍ਰਗਟ ਹੈ ਪਰ ਉਸਦੇ ਵਿੱਚ ਉਹ ਵਰਤਦਾ ਗੁਪਤ ਰੂਪ ਵਿੱਚ ਹੈ ਭਾਵ ਨਿਰਗੁਣ ਰੂਪ ਵਿੱਚ ਵਰਤਦਾ ਹੈ ਜੋ ਸਾਨੂੰ ਨਜ਼ਰ ਨਹੀਂ ਆਉਂਦਾ। ਉਸਦਾ ਨਿਰਗੁਣ ਰੂਪ ਸਮਝ ਆਏ ਬਿਨ੍ਹਾਂ, ਗੁਪਤ ਰੂਪ ਸਮਝ ਆਏ ਬਿਨ੍ਹਾਂ ਉਸਦਾ ਸਰਗੁਣ ਰੂਪ ਸਮਝ ਨਹੀਂ ਆਉਂਦਾ। ਉਸਦੇ ਨਿਰਗੁਣ ਰੂਪ ਦੀ ਸੋਝੀ, ਗੁਪਤ ਰੂਪ ਦੀ ਸੋਝੀ ਕੇਵਲ ਮਨ ਦੇ ਵਿੱਚੋਂ ਹੀ ਪੈ ਸਕਦੀ ਹੈ ਤੇ ਹੋਰ ਕੋਈ ਐਸਾ ਤਰੀਕਾ ਨਹੀਂ ਹੈ ਜਿੱਥੋਂ ਅਸੀਂ ਪ੍ਰਮਾਤਮਾ ਦੇ ਗੁਪਤ ਰੂਪ ਨੂੰ ਜਾਣ ਸਕੀਏ। ਮਨ ਦੇ ਵਿੱਚ ਇਹ ਸੋਝੀ ਪ੍ਰਮਾਤਮਾ ਆਪਣੇ ਮੇਲ ਦੁਆਰਾ ਭਾਵ ਆਪਣਾ ਗੁਪਤ ਰੂਪ ਪ੍ਰਗਟ ਕਰਕੇ ਆਪ ਹੀ ਪਾਉਂਦਾ ਹੈ ਤੇ ਹੋਰ ਕੋਈ ਸੰਸਾਰ ਵਿੱਚ ਐਸਾ ਤਰੀਕਾ ਨਹੀਂ ਹੈ ਜਿਸ ਰਾਹੀਂ ਪ੍ਰਮਾਤਮਾ ਨੂੰ ਜਾਣਿਆ ਜਾ ਸਕੇ। ਪ੍ਰਮਾਤਮਾ ਦੇ ਗੁਪਤ ਰੂਪ ਨੂੰ ਜਾਣੇ ਬਿਨ੍ਹਾਂ ਉਸਦੇ ਸਰਗੁਣ ਰੂਪ ਨੂੰ ਨਹੀਂ ਜਾਣਿਆ ਜਾ ਸਕਦਾ ਕਿ ਹਰ ਸਰਗੁਣ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਭ ਨੂੰ ਗੁਪਤ ਰੂਪ ਵਿੱਚ, ਜੋਤਿ ਰੂਪ ਵਿੱਚ, ਸ਼ਬਦ ਰੂਪ ਵਿੱਚ, ਸਚੁ ਰੂਪ ਵਿੱਚ, ਬ੍ਰਹਮਗਿਆਨ ਰੂਪ ਵਿੱਚ, ਨਾਮ ਰੂਪ ਵਿੱਚ ਆਪ ਹੀ ਚਲਾ ਰਿਹਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣੀ ਸੱਚੀ ਸੋਝੀ ਪਾਉਂਦਾ ਹੈ ਉਸ ਨੂੰ ਹੀ

ਸੱਚੀ ਸੋਝੀ ਦੇ ਰੂਪ ਵਿੱਚ "ਨਾਮੁ" ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਤੋਂ ਬਾਅਦ ਹੀ ਉਸ "ਨਾਮੁ" ਰੂਪ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੁੰਦੀ ਹੈ ਕਿਉਂਕਿ ਉਸ ਦੀ ਸਿਫ਼ਤ ਸਾਲਾਹ ਕਰਨ ਦੀ ਸੋਝੀ ਸਾਡੇ ਅੰਦਰ ਨਾਮੁ ਵਸਣ ਦੁਆਰਾ ਹੀ ਪੈਂਦੀ ਹੈ, ਪ੍ਰਮਾਤਮਾ ਦੇ ਵਸਣ ਦੁਆਰਾ ਪੈਂਦੀ ਹੈ। ਪ੍ਰਮਾਤਮਾ ਨਾਮ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੀ ਵਿਚਰਦਾ ਹੈ। ਸਭ ਵਿੱਚ ਪ੍ਰਮਾਤਮਾ ਆਪਣੀ ਬ੍ਰਹਮਗਿਆਨ ਰੂਪ ਸੋਝੀ ਦੁਆਰਾ ਹੀ ਸਮਾਇਆ ਹੋਇਆ ਹੈ, ਗੁਪਤ ਰੂਪ ਵਿੱਚ ਸਮਾਇਆ ਹੋਇਆ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਬ੍ਰਹਮਗਿਆਨ ਰੂਪ ਹੀ ਹੈ, ਉਸਦਾ ਨਾਮੁ ਰੂਪ ਹੀ ਹੈ ਜਿਸ ਦੁਆਰਾ ਉਹ ਆਪਣੀ ਪੂਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ, ਖੰਡਾਂ ਬ੍ਰਹਿਮੰਡਾਂ ਨੂੰ ਚਲਾ ਰਿਹਾ ਹੈ। ਉਹ ਸਭ ਜਗ੍ਹਾ

26/2958

ਆਪਣੇ ਇੱਕੋ ਜਿਹੇ ਗੁਪਤ ਰੂਪ ਵਿੱਚ ਹੀ ਵਿਚਰ ਰਿਹਾ ਹੈ, ਗਿਆਨ ਰੂਪ ਵਿੱਚ ਵਿਚਰ ਰਿਹਾ ਹੈ ਤੇ ਹਰ ਵਸਤੂ ਦਾ ਮੂਲ ਗਿਆਨ ਹੀ ਹੈ ਜਿਸ ਦੁਆਰਾ ਹਰ ਵਸਤੂ ਬਣੀ ਹੈ, ਚੱਲ ਰਹੀ ਹੈ ਤੇ ਬਿਨਸ ਜਾਂਦੀ ਹੈ। ਨਾ ਬਿਨਸਣ ਵਾਲੀ ਵਸਤੂ ਉਸਦਾ ਮੂਲ ਹੈ ਭਾਵ ਗਿਆਨ ਹੈ ਜੋ ਕਦੇ ਨਹੀਂ ਬਿਨਸ ਸਕਦਾ। ਇਸੇ ਲਈ ਪ੍ਰਮਾਤਮਾ ਆਪ ਕਦੇ ਨਹੀਂ ਬਿਨਸ ਸਕਦਾ, ਉਸਦਾ ਨਿਰਗੁਣ ਰੂਪ ਕਦੇ ਨਹੀਂ ਬਿਨਸ ਸਕਦਾ ਤੇ ਸਰਗੁਣ ਰੂਪ ਬਿਨਸਣਹਾਰ ਹੈ। ਮਨੁੱਖ ਮੁਕਤ ਉਸਦੇ ਨਿਰਗੁਣ ਰੂਪ ਵਿੱਚ ਸਮਾਉਣ ਦੁਆਰਾ ਹੀ ਹੁੰਦਾ ਹੈ, ਉਸਦੇ ਗਿਆਨ ਰੂਪ ਵਿੱਚ ਸਮਾਉਣ ਦੁਆਰਾ ਹੀ ਹੁੰਦਾ ਹੈ ਜੋ ਮਨੁੱਖ ਨੂੰ ਭਰਮ ਤੋਂ ਮੁਕਤ ਕਰਦਾ ਹੈ, ਸਹਿਸਾ ਤੋਂ, ਦੁਬਿਧਾ ਤੋਂ ਮੁਕਤ ਕਰਦਾ ਹੈ, ਹਉਮੈ ਤੋਂ ਮੁਕਤ ਕਰਦਾ ਹੈ। ਸੰਸਾਰ ਵਿੱਚ ਆਵਾਗਉਣ, ਸਹਿਸਾ, ਹਉਮੈ ਕਰਕੇ ਹੀ ਹੈ ਜਿਸ ਨੂੰ ਅਸੀਂ ਇਸ ਜੀਵਨ ਵਿੱਚ ਦੂਰ ਕਰਨਾ ਹੈ ਨਹੀਂ ਤਾਂ ਮਨੁੱਖ ਨੂੰ ਇਹ ਹਉਮੈ ਰੂਪ ਚੋਲਾ ਪੈ ਕੇ ਆਵਾਗਉਣ ਵਿੱਚ ਹੀ ਰਹਿਣਾ ਪੈਂਦਾ ਹੈ। **(ਗੁਪਤੁ ਪਰਗਟੁ ਤੂੰ ਸਭਨੀ ਥਾਈ॥ ਗੁਰ ਪਰਸਾਦੀ ਮਿਲਿ ਸੋਝੀ ਪਾਈ॥ ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ॥੮॥੨੪॥੨੫॥)**

ਅਸੀਂ ਕੁੱਝ ਪਿੱਛੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਬਾਬੀਹਾ ਕਿਸ ਨੂੰ ਕਿਹਾ ਹੈ ਭਾਵ ਸਾਡੇ ਮਨ ਨੂੰ ਕਿਹਾ ਹੈ ਤੇ ਬਾਬੀਹਾ ਨਾਮ ਦਾ ਕੋਈ ਜੀਵ ਜੰਤੂ ਨਹੀਂ ਹੈ। ਸਾਨੂੰ ਬਾਬੀਹਾ ਕਹਿ ਕੇ ਉਹੋ ਕੁੱਝ ਸਮਝਾਇਆ ਹੁੰਦਾ ਹੈ ਜੋ ਸਾਨੂੰ ਮਨ ਕਹਿ ਕੇ ਸਮਝਾਇਆ ਹੁੰਦਾ ਹੈ ਭਾਵ ਸਾਨੂੰ ਹਰ ਸ਼ਬਦ ਰਾਹੀਂ ਸਾਡੇ ਜੀਵਨ ਦਾ ਮਾਰਗ ਹੀ ਸਮਝਾਇਆ ਹੁੰਦਾ ਹੈ, ਪ੍ਰਮਾਤਮਾ ਦੀ ਗੱਲ ਹੀ ਸਮਝਾਈ ਹੁੰਦੀ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਸਮਝਾਇਆ ਹੁੰਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹਰ ਸ਼ਬਦ ਰਾਹੀਂ ਸਾਨੂੰ ਇੱਕੋ ਜਿਹਾ ਹੀ ਸਮਝਾਇਆ ਹੁੰਦਾ ਹੈ ਜੋ ਕਿ ਸੱਚ ਨੂੰ ਅਪਣਾਉਣ ਦਾ ਹੈ, ਗੁਰਮਤਿ ਨੂੰ ਅਪਣਾਉਣ ਦਾ ਹੈ। ਸੱਚ ਨੂੰ ਅਪਣਾਉਣ ਲਈ ਪ੍ਰਮਾਤਮਾ ਨੇ ਸਾਡੇ ਲਈ ਕੋਈ ਖਾਸ ਵੇਲਾ ਮੁਕਰਰ ਨਹੀਂ ਕੀਤਾ ਹੋਇਆ ਕਿਉਂਕਿ ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਅੱਠੇ ਪਹਿਰ ਇੱਕੋ ਜਿਹਾ ਹੀ ਹੈ, ਸੱਚ ਤੇ ਚੱਲਣ ਦਾ ਹੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸਾਡਾ ਪੂਰਾ ਜੀਵਨ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ ਤੇ ਬਾਬੀਹਾ ਦੀ ਸਮਝ ਨਾ ਹੋਣ ਕਰਕੇ ਅਸੀਂ ਕਿਸੇ ਖਾਸ ਵੇਲੇ ਨੂੰ ਅੰਮ੍ਰਿਤ ਵੇਲਾ ਬਣਾਇਆ ਹੋਇਆ ਹੈ, ਪ੍ਰਭਾਤ ਵੇਲੇ ਨੂੰ ਅੰਮ੍ਰਿਤ ਵੇਲਾ ਬਣਾਇਆ ਹੋਇਆ ਹੈ ਜਦਕਿ ਪੂਰੀ ਗੁਰਬਾਣੀ ਵਿੱਚ ਕੋਈ ਐਸਾ ਸ਼ਬਦ ਨਹੀਂ ਹੈ ਜਿਸ ਰਾਹੀਂ ਪ੍ਰਭਾਤ ਵੇਲੇ ਨੂੰ ਅੰਮ੍ਰਿਤ ਵੇਲਾ ਕਿਹਾ ਗਿਆ ਹੋਵੇ। ਜਿਹੋ ਜਿਹਾ ਭੁਲੇਖਾ ਸਾਨੂੰ ਨਾਮ ਸਮਝਣ ਵਿੱਚ ਹੈ ਉਹੋ ਜਿਹਾ ਭੁਲੇਖਾ ਹੀ ਸਾਨੂੰ ਅੰਮ੍ਰਿਤ ਵੇਲਾ ਸਮਝਣ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਇਹ ਕਿਤੇ ਨਹੀਂ ਲਿਖਿਆ ਕਿ ਵਾਹਿਗੁਰੂ ਵਾਹਿਗੁਰੂ ਬੋਲਣਾ ਨਾਮ ਜਪਣਾ ਹੈ ਪਰ ਫਿਰ ਵੀ ਅਸੀਂ ਉਸਨੂੰ ਨਾਮ ਜਪਣਾ ਬਣਾਇਆ ਹੋਇਆ ਹੈ। ਅਸੀਂ ਆਪਣੀ ਮਨਮਤਿ ਨੂੰ ਹੀ ਗੁਰਮਤਿ ਰੂਪ ਦਿੱਤਾ ਹੋਇਆ ਹੈ ਜੋ ਕਿ ਕੇਵਲ ਤੇ ਕੇਵਲ ਸਾਡਾ ਭਰਮ ਹੈ, ਗੁਰਮਤਿ ਦੀ ਸੋਝੀ ਦਾ ਨਾ ਹੋਣਾ ਹੈ। ਪ੍ਰਭਾਤ ਵੇਲਾ ਉੱਠਣ ਲਈ ਚੰਗਾ ਵੇਲਾ ਹੈ ਪਰ ਇਸ ਨੂੰ ਅੰਮ੍ਰਿਤ ਵੇਲਾ ਕਹਿਣਾ ਸਾਡੀ ਵੱਡੀ ਭੁੱਲ ਹੈ ਕਿਉਂਕਿ ਕਿਸੇ ਖਾਸ ਵੇਲੇ ਨੂੰ ਉੱਚਾ ਕਰਨਾ ਬਾਕੀ ਦੇ ਵੇਲੇ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਜੋ

26/2959

ਕਿ ਗੁਰਮਤਿ ਦੇ ਮੂਲ ਦੇ ਹੀ ਉਲਟ ਹੈ। ਸਮੇਂ ਨੂੰ ਉੱਚਾ ਨੀਵਾਂ ਸਮਝਣਾ ਸਾਡੀ ਵੱਡੀ ਭੁੱਲ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ। ਅਸੀਂ ਬਾਬੀਹਾ ਨਾਲ ਜੁੜੇ ਸ਼ਬਦਾਂ ਦੁਆਰਾ ਹੀ ਇਸ ਗੱਲ ਨੂੰ ਸਮਝਣਾ ਹੈ ਕਿ ਵੇਲੇ ਵੇਲੇ ਵਿੱਚ ਕੋਈ ਫਰਕ ਨਹੀਂ ਹੈ ਬਲਕਿ ਫਰਕ ਸਾਡੀ ਸਮਝ ਵਿੱਚ ਹੈ ਭਾਵ ਆਪਣੀ ਸਮਝ ਨੂੰ ਬਦਲਣ ਦੀ ਲੋੜ ਹੈ। ਅੱਗੇ ਦਿੱਤੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਹੀ ਸਮਝਣਾ ਹੈ।

ਸਲੋਕ ਮਃ ੩॥

“ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ॥
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ॥੧॥”

(ਅੰਗ ੧੨੮੨)

ਉੱਪਰ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਬਾਬੀਹਾ ਕਿਸ ਨੂੰ ਕਿਹਾ ਹੈ ਬੜਾ ਸਪੱਸ਼ਟ ਹੈ ਕਿ ਸਾਡੇ ਮਨ ਨੂੰ ਹੀ ਬਾਬੀਹਾ ਕਹਿ ਕੇ ਸੰਬੋਧਨ ਕੀਤਾ ਹੈ ਤੇ ਨਾਲ ਹੀ ਹੁਕਮ ਕੀਤਾ ਹੋਇਆ ਹੈ ਕਿ ਸਾਨੂੰ ਪ੍ਰਮਾਤਮਾ ਦਾ ਹੁਕਮ ਮੰਨਣਾ ਚਾਹੀਦਾ ਹੈ। ਹੁਕਮ ਸਾਨੂੰ ਹੀ ਕੀਤਾ ਹੋਇਆ ਹੈ ਕਿ ਅਸੀਂ ਗੁਰਬਾਣੀ ਦੇ ਹੁਕਮ ਨੂੰ ਮੰਨੀਏ ਜਿਸ ਰਾਹੀਂ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪਣਾ ਹੁਕਮ ਸੁਣਾਇਆ ਹੋਇਆ ਹੈ, ਉਪਦੇਸ਼ ਸੁਣਾਇਆ ਹੋਇਆ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸਾਡੇ ਅੰਦਰ ਭੁੱਖ, ਪਿਆਸ ਪ੍ਰਮਾਤਮਾ ਨੂੰ ਪਾਉਣ ਦੀ ਹੈ ਤੇ ਉਹ ਤਾਂ ਹੀ ਉਤਰ ਸਕਦੀ ਹੈ ਜੇਕਰ ਅਸੀਂ ਉਸ ਦੇ ਉਪਦੇਸ਼ ਨੂੰ ਮੰਨੀਏ ਭਾਵ ਗੁਰਮਤਿ ਨੂੰ ਮੰਨੀਏ। ਬਿਨ੍ਹਾਂ ਉਸਦਾ ਹੁਕਮ ਮੰਨਣ ਤੋਂ ਸਾਡੀ ਇਹ ਭੁੱਖ ਨਹੀਂ ਉਤਰ ਸਕਦੀ ਤੇ ਅਸੀਂ ਪ੍ਰਮਾਤਮਾ ਦੇ ਰੰਗ ਵਿੱਚ ਨਹੀਂ ਆ ਸਕਦੇ। ਸਾਡੇ ਅੰਦਰ ਗੁਰਮਤਿ ਦਾ ਰੰਗ ਚੜ੍ਹੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਸਾਡੀ ਭੁੱਖ ਪਿਆਸ ਨਹੀਂ ਮਿਟ ਸਕਦੀ। ਉੱਪਰ ਪੰਗਤੀਆਂ ਰਾਹੀਂ ਸਾਨੂੰ ਉਹੀ ਤਰੀਕਾ ਸਮਝਾਇਆ ਹੋਇਆ ਹੈ ਜੋ ਹਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। **(ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ॥ ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ॥੧॥)**

ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਤਾਂ ਗੁਰੂ ਦੇ ਹੁਕਮ ਨੂੰ ਮੰਨਣ ਦਾ ਹੈ ਤੇ ਕੀ ਉਸਦਾ ਹੁਕਮ ਮੰਨਣ ਲਈ ਕਿਸੇ ਖਾਸ ਵੇਲੇ ਦੀ ਲੋੜ ਹੈ। ਜਿਸ ਵੇਲੇ ਨੂੰ ਅਸੀਂ ਅੰਮ੍ਰਿਤ ਵੇਲਾ ਸਮਝਿਆ ਹੋਇਆ ਹੈ ਕੀ ਉਸ ਵੇਲੇ ਅਸੀਂ ਗੁਰਮਤਿ ਨੂੰ ਮੰਨਦੇ ਹਾਂ ਭਾਵ ਗੁਰਮਤਿ ਤੇ ਅਮਲ ਕਰਦੇ ਹਾਂ ਜਾਂ ਕਥਨੀ ਕਰਦੇ ਹਾਂ। ਅਸੀਂ ਉੱਥੇ ਕੇਵਲ ਕਥਨੀ ਕਰਨ ਹੀ ਜਾਂਦੇ ਹਾਂ ਤੇ ਸਦੀਆਂ ਤੋਂ ਕਥਨੀ ਵਿੱਚ ਹੀ ਲੱਗੇ ਹੋਏ ਹਾਂ ਜਦ ਕਿ ਗੁਰਮਤਿ ਨੂੰ ਮੰਨਣਾ ਸਾਡੀ ਕਰਨੀ ਹੈ, ਸਾਡੇ ਸੱਚੇ-ਸੁੱਚੇ ਅਮਲ ਹਨ, ਔਗੁਣ ਰਹਿਤ ਹੋ ਕੇ ਸਾਡੀ ਗੁਣਾਂ ਵਾਲੀ ਵਿਚਰਨ ਹੈ। ਕੇਵਲ ਕਥਨੀ ਕਰੀ ਜਾਣ ਨਾਲ ਸਾਡੀ ਪਿਆਸ ਕਦੇ ਨਹੀਂ ਬੁਝ ਸਕਦੀ ਭਾਵ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਸਾਡੀ ਪਿਆਸ ਕਿਸੇ ਖਾਸ ਵੇਲੇ ਨੇ ਨਹੀਂ ਬੁਝਾਉਣੀ ਬਲਕਿ ਸਾਡੀ ਪਿਆਸ ਗੁਰੂ ਦਾ ਹੁਕਮ ਮੰਨ ਕੇ ਬੁਝਣੀ ਹੈ, ਉਸ ਤੇ ਅਮਲ ਕਰਕੇ ਬੁਝਣੀ ਹੈ। ਸਾਡੀ ਤਿੱਖ ਨਾ ਬੁਝਣ ਦਾ ਕਾਰਨ ਸਾਨੂੰ ਭਗਤੀ ਦੀ ਸਹੀ ਸੋਝੀ ਨਾ ਹੋਣ ਦਾ ਹੈ ਭਾਵ ਸਾਡੇ ਅੰਦਰ ਦਾ

26/2960

ਭਰਮ ਹੈ ਜਿਵੇਂ ਕਿ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ।

ਮਃ ੩॥

“ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ॥
ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ॥
ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ॥
ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ॥
ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ॥੨॥”

(ਅੰਗ ੧੨੮੨)

ਧਿਆਨ ਨਾਲ ਸਮਝੋ ਕਿ ਸਾਡੇ ਵਿਲਕਣ ਦਾ ਕਾਰਨ ਕੀ ਹੈ, ਸਾਡੀ ਪਿਆਸ ਦਾ ਕਾਰਨ ਕੀ ਹੈ। ਸਾਡਾ ਵਾਸ ਜਲ ਦੇ ਵਿੱਚ ਦੱਸਿਆ ਹੈ। ਇਹ ਜਲ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਇਹ ਜਲ ਅੰਮ੍ਰਿਤ ਜਲ ਹੈ, ਅੰਮ੍ਰਿਤ ਦਾ ਸਰੋਵਰ ਹੈ ਜੋ ਕਿ ਸਾਡੇ ਅੰਦਰ ਹੀ ਹੈ। ਅਸੀਂ ਉਸ ਸਰੋਵਰ ਦੇ ਵਿੱਚ ਹੀ ਵੱਸਦੇ ਹਾਂ ਪਰ ਸਾਨੂੰ ਉਸ ਸਰੋਵਰ ਦੀ ਸਮਝ ਨਹੀਂ ਹੈ। ਇਹ ਅੰਮ੍ਰਿਤ ਸਰੋਵਰ ਸਭ ਦੇ ਅੰਦਰ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਸਭ ਦੇ ਅੰਦਰ ਹੈ। ਇਹ ਸਾਡੇ ਅੰਦਰ ਸੱਚੇ ਗਿਆਨ ਦਾ ਸਰੋਵਰ ਹੈ, ਬ੍ਰਹਮਗਿਆਨ ਰੂਪ ਸਰੋਵਰ ਹੈ ਜਿਸ ਸਰੋਵਰ ਦਾ ਜਲ ਪੀਤੇ ਬਿਨ੍ਹਾਂ, ਅੰਮ੍ਰਿਤ ਜਲ ਪੀਤੇ ਬਿਨ੍ਹਾਂ ਸਾਡੇ ਮਨ ਦੀ ਤਿੱਖ ਨਹੀਂ ਬੁਝ ਸਕਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਤਿਖ ਨਹੀਂ ਬੁਝ ਸਕਦੀ। ਇਸ ਸਰੋਵਰ ਦੇ ਜਲ ਵਿੱਚੋਂ ਇੱਕ ਬੂੰਦ ਹੀ ਕਾਫੀ ਹੈ ਜਿਸ ਦੁਆਰਾ ਸਾਡੇ ਮਨ ਦੀ ਪਿਆਸ ਬੁਝ ਜਾਂਦੀ ਹੈ। ਇੱਕ ਵਾਰ ਇਹ ਸਰੋਵਰ ਦੀ ਸਮਝ ਲੱਗ ਜਾਵੇ ਤਾਂ ਫਿਰ ਦਿਨ ਰਾਤ ਇਸ ਸਰੋਵਰ ਤੋਂ ਅੰਮ੍ਰਿਤ ਜਲ ਮਿਲਦਾ ਹੀ ਰਹਿੰਦਾ ਹੈ। ਇਸ ਸਰੋਵਰ ਤੋਂ ਅੰਮ੍ਰਿਤ ਜਲ ਦੀ ਪ੍ਰਾਪਤੀ ਕਰਨ ਦਾ ਸਾਧਨ ਉਹੀ ਹੈ ਜੋ ਅਸੀਂ ਪਿਛਲੇ ਸਲੋਕ ਰਾਹੀਂ ਸਮਝਿਆ ਹੈ ਭਾਵ ਉਸ ਖਸਮ ਦੇ ਹੁਕਮ ਨੂੰ ਮੰਨਣਾ ਜੋ ਹੁਕਮ ਉਸ ਖਸਮ ਨੇ ਸਾਨੂੰ ਗੁਰਬਾਣੀ ਰਾਹੀਂ ਦਿੱਤਾ ਹੋਇਆ ਹੈ। ਅਸਲ ਵਿੱਚ ਉਸਦਾ ਹੁਕਮ ਹੀ ਅੰਮ੍ਰਿਤ ਜਲ ਹੈ। ਉਸਦੇ ਹੁਕਮ ਰੂਪ ਅੰਮ੍ਰਿਤ ਜਲ ਦੇ ਨਾਲ ਜੁੜੇ ਬਿਨ੍ਹਾਂ, ਸ਼ਬਦ ਦੇ ਵਿਚਾਰਾਂ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਉਸ ਹੁਕਮ ਦੇਣ ਵਾਲੇ ਮਾਲਕ ਦੇ ਨਾਲ ਨਹੀਂ ਜੁੜ ਸਕਦੇ, ਅੰਮ੍ਰਿਤ ਸਰੋਵਰ ਦੇ ਮਾਲਕ ਦੇ ਨਾਲ ਨਹੀਂ ਜੁੜ ਸਕਦੇ ਭਾਵ ਮਿਲ ਸਕਦੇ, ਬ੍ਰਹਮਗਿਆਨ ਦੇ ਮਾਲਕ ਭਾਵ ਬ੍ਰਹਮਗਿਆਨੀ ਦੇ ਨਾਲ ਨਹੀਂ ਮਿਲ ਸਕਦੇ ਜੋ ਸਾਡੇ ਸਭ ਦੇ ਅੰਦਰ ਹੀ ਹੈ। ਪੂਰੀ ਗੁਰਬਾਣੀ ਅੰਮ੍ਰਿਤ ਦਾ ਸਰੋਵਰ ਹੈ ਜਿਸ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਅੰਮ੍ਰਿਤ ਜਲ ਹੈ। ਉਸ ਅੰਮ੍ਰਿਤ ਜਲ ਦੇ ਮਾਲਕ ਨੂੰ ਆਪਣੇ ਅੰਦਰ ਵਸਾਉਣ ਲਈ ਸਾਡਾ ਇਹੀ ਉੱਦਮ ਹੈ ਕਿ ਅਸੀਂ ਗੁਰਬਾਣੀ ਰੂਪ ਅੰਮ੍ਰਿਤ ਜਲ ਨਾਲ ਜੁੜੀਏ। ਅੰਮ੍ਰਿਤ ਜਲ ਅੰਮ੍ਰਿਤ ਗਿਆਨ ਹੈ ਜੋ ਕਿ ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੈ। ਅਸੀਂ ਸ਼ਬਦਾਂ ਦੀ ਸੋਝੀ ਦੇ ਨਾਲ ਹੀ ਜੁੜਨਾ ਹੈ ਤਾਂ ਜੋ ਅਸੀਂ ਸੋਝੀ ਦੇ ਮਾਲਕ ਨਾਲ ਜੁੜ ਸਕੀਏ। ਸਾਡੇ ਅੰਦਰ ਜਦੋਂ ਪ੍ਰਮਾਤਮਾ ਵੱਸਦਾ ਹੈ ਉਹ ਮਨ ਦੀ ਸੋਝੀ ਦੁਆਰਾ ਹੀ ਵੱਸਦਾ ਹੈ। ਜੋ ਪਹਿਲਾਂ ਗੁਰਬਾਣੀ ਰੂਪ ਸੋਝੀ ਦਾ ਜਲ ਪੀਂਦਾ ਹੈ ਉਸ ਨੂੰ ਹੀ ਪ੍ਰਮਾਤਮਾ ਮਨ ਦੇ ਅੰਦਰੋਂ ਪੂਰਨ ਸੋਝੀ ਰੂਪ ਜਲ

ਪਿਆਉਂਦਾ ਹੈ, ਗੁਰਮਤਿ ਰੂਪ ਸੋਝੀ ਦਾ ਜਲ ਪਿਆਉਂਦਾ ਹੈ, ਆਪਣਾ ਅੰਮ੍ਰਿਤ ਜਲ ਪਿਆਉਂਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ

ਵਿੱਚੋਂ ਸੋਝੀ ਰੂਪ ਅੰਮ੍ਰਿਤ ਪੀਆਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਸੋਝੀ ਰੂਪ ਜਲ ਪੀਣ ਲਈ ਦਿੱਤਾ ਹੈ। ਗੁਰਮਤਿ ਦਾ ਮਕਸਦ ਸਾਨੂੰ ਸੋਝੀ ਪਾਉਣ ਨਾਲ ਹੀ ਹੈ ਕਿ ਅਸੀਂ ਗੁਰਮਤਿ ਦੀ ਸੋਝੀ ਅਨੁਸਾਰ ਵਿਚਰੀਏ ਤੇ ਆਪਣੀ ਮਨਮਤਿ ਦੀ ਸੋਝੀ ਵਿੱਚੋਂ ਨਿਕਲੀਏ ਜਿਸ ਦੁਆਰਾ ਅਸੀਂ ਉਸ ਸੋਝੀ ਦੇ ਮਾਲਕ ਤੱਕ ਪਹੁੰਚ ਸਕਦੇ ਹਾਂ, ਅੰਮ੍ਰਿਤ ਜਲ ਦੇ ਸਰੋਵਰ ਤੱਕ ਪਹੁੰਚ ਸਕਦੇ ਹਾਂ, ਬ੍ਰਹਮਗਿਆਨ ਦੇ ਸਰੋਵਰ ਤੱਕ ਪਹੁੰਚ ਸਕਦੇ ਹਾਂ ਜੋ ਕਿ ਸਾਡੇ ਸਭ ਦੇ ਮਨ ਦੇ ਅੰਦਰ ਹੀ ਹੈ। **(ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ॥ ਜਲ ਕੀ ਸਾਰ ਨ ਜਾਣਹੀ ਤਾਂ ਝੂੰ ਕੂਕਣ ਪਾਹਿ॥ ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ॥ ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ॥ ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ॥੨॥)**

{ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥
ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ॥੨॥}

(ਅੰਗ ੩੫)

{ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥ ਅਨਦਿਨੁ ਹਰਿ ਕਾ ਨਾਮੁ ਵਖਾਣੀ॥}

(ਅੰਗ ੧੦੫੭)

ਆਓ ਹੁਣ ਇਸ ਗੱਲ ਨੂੰ ਸਮਝੀਏ ਕਿ ਬਾਬੀਹੇ ਦਾ ਬੋਲਣਾ ਕੀ ਹੈ। ਜੋ ਸਾਡਾ ਬੋਲਣਾ ਹੈ ਉਹੀ ਬਾਬੀਹੇ ਦਾ ਬੋਲਣਾ ਹੈ। ਇਹ ਸਾਡੇ ਉਹ ਬੋਲ ਹਨ ਜਿਹੋ ਜਿਹੇ ਬੋਲਾਂ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਲਈ ਸਾਡੇ ਬੋਲ ਉਹ ਹਨ ਜਿੰਨ੍ਹਾਂ ਵਿੱਚ ਸੱਚ ਹੁੰਦਾ ਹੈ। ਸੱਚ ਦੁਆਰਾ ਅਸੀਂ ਸੱਚੇ-ਸੁੱਚੇ ਕਰਮ ਹੀ ਕਰਦੇ ਹਾਂ ਤੇ ਆਪਣੀ ਰਸਨਾ ਦੁਆਰਾ ਸੱਚੇ ਬੋਲ ਹੀ ਬੋਲਦੇ ਹਾਂ ਭਾਵ ਸਾਡਾ ਜੋ ਜੀਵਨ ਗੁਰਮਤਿ ਅਨੁਸਾਰ ਹੈ ਉਹ ਸਾਡੇ ਸੱਚੇ ਬੋਲ ਹਨ। ਸਾਡੇ ਸੱਚੇ-ਸੁੱਚੇ ਕਰਮ ਹੀ ਸਾਡੇ ਬੋਲ ਹਨ ਜਿੰਨ੍ਹਾਂ ਵਿੱਚ ਪ੍ਰਮਾਤਮਾ ਦੀ ਭਗਤੀ ਹੈ। ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਫਿਰ ਤੋਂ ਥੋੜ੍ਹਾ ਸਮਝਦੇ ਹਾਂ ਤਾਂ ਜੋ ਅਸੀਂ ਸਮਝ ਸਕੀਏ ਕਿ ਬਾਬੀਹੇ ਦਾ ਅਸਲ ਬੋਲਣਾ ਕੀ ਹੈ।

ਸਿਰੀਰਾਗੁ ਮਹਲਾ ੧॥

“ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥੧॥
ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥”

(ਅੰਗ ੧੫)

ਇਸ ਪੂਰੇ ਸ਼ਬਦ ਰਾਹੀਂ ਸਾਨੂੰ ਸਾਡੇ ਕਰਮ ਹੀ ਸਮਝਾਏ ਹੋਏ ਹਨ ਜਿੰਨ੍ਹਾਂ ਦੁਆਰਾ ਸਾਨੂੰ ਪ੍ਰਮਾਤਮਾ ਦੀ ਭਗਤੀ ਕਰਨੀ ਸਮਝਾਈ ਹੋਈ ਹੈ। ਸਾਨੂੰ ਮਾੜੇ ਚੰਗੇ ਕਰਮਾਂ ਦਾ ਭੇਦ ਹੀ ਸਮਝਾਇਆ ਹੋਇਆ ਹੈ ਕਿ ਉਹ ਸਾਡੇ ਕਿਹੜੇ ਬੋਲ ਹਨ ਜਿੰਨ੍ਹਾਂ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਪਤਿ ਮਿਲਦੀ ਹੈ। ਮਾੜੇ ਕਰਮਾਂ ਦੁਆਰਾ ਸਾਡੀ ਪਤਿ ਲਹਿੰਦੀ ਹੈ ਤੇ ਚੰਗੇ ਕਰਮਾਂ ਦੁਆਰਾ ਸਾਡੀ ਪਤਿ ਪੈਂਦੀ ਹੈ। ਪ੍ਰਮਾਤਮਾ ਅੱਗੇ ਸਾਡੇ ਬੋਲ ਸਾਡੇ ਕਰਮ ਹੀ ਹਨ ਭਾਵ ਸਾਡੇ ਕਰਮ ਹੀ ਬੋਲਦੇ ਹਨ ਕਿ ਅਸੀਂ ਪ੍ਰਮਾਤਮਾ ਨੂੰ ਕਿਸ ਤਰੀਕੇ ਜਪਦੇ ਹਾਂ ਸਾਡੇ ਕਰਮ ਹੀ ਸਾਡੇ ਬੋਲ ਹਨ ਭਾਵ ਇਹ ਕੋਈ ਮੁੱਖੋਂ ਬੋਲਣ ਵਾਲੀ ਗੱਲ ਨਹੀਂ ਹੈ ਜਿਸ

ਦੁਆਰਾ ਅਸੀਂ ਪ੍ਰਮਾਤਮਾ ਦੇ ਦਰ ਤੇ ਪਤਿ ਲੈ ਸਕਦੇ ਹਾਂ। ਮੁੱਖੋਂ ਭਾਵੇਂ ਅਸੀਂ ਜਿਹੋ ਜਿਹੇ ਮਰਜ਼ੀ ਬੋਲ ਬੋਲ ਕੇ ਚੰਗਾ ਦਿਖਾਵਾ ਕਰ ਲਈਏ ਪਰ ਸਾਡੇ ਅਸਲ ਬੋਲ ਕਰਮਾਂ ਦੁਆਰਾ ਸਾਹਮਣੇ ਆਉਂਦੇ ਹਨ, ਸਾਡੀ ਕਰਨੀ ਦੁਆਰਾ ਸਾਹਮਣੇ ਆਉਂਦੇ ਹਨ। ਪ੍ਰਮਾਤਮਾ ਸਾਨੂੰ ਸਾਡੀ ਕਰਨੀ ਦੁਆਰਾ ਹੀ ਤੋਲਦਾ ਹੈ ਕਿ ਅਸੀਂ ਮਾੜੇ ਇਨਸਾਨ ਹਾਂ ਜਾਂ ਚੰਗੇ ਇਨਸਾਨ ਹਾਂ। ਸਾਡੇ ਮਾੜੇ ਕਰਮ ਪ੍ਰਮਾਤਮਾ ਅੱਗੇ ਸਾਡੇ ਮਾੜੇ ਬੋਲ ਹਨ ਤੇ ਸਾਡੇ ਚੰਗੇ ਕਰਮ ਪ੍ਰਮਾਤਮਾ ਅੱਗੇ ਸਾਡੇ ਚੰਗੇ ਬੋਲ ਹਨ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਮਾੜੇ ਜਾਂ ਚੰਗੇ ਅਸੀਂ ਕਰਮਾਂ ਦੁਆਰਾ ਹੀ ਬਣਦੇ ਹਾਂ। **(ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥)** ਜਿਸਨੇ ਇਸ ਸੰਸਾਰ ਦੇ ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ ਉਸਨੇ ਚੰਗੇ ਕਰਮਾਂ ਦੁਆਰਾ ਹੀ ਤਰਨਾ ਹੈ ਭਾਵ ਉਸਦਾ ਹੀ ਆਵਾਗਉਣ ਮਿਟਣਾ ਹੈ ਤੇ ਮਾੜੇ ਕਰਮ ਕਰਨ ਵਾਲਿਆਂ ਨੇ ਇੱਥੇ ਬਹਿ ਕੇ ਹੀ ਰੋਂਦੇ ਰਹਿਣਾ ਹੈ ਭਾਵ ਜੂਨਾਂ ਵਿੱਚ ਪੈਂਦੇ ਰਹਿਣਾ ਹੈ। ਸਾਡੇ ਚੰਗੇ ਕਰਮ ਹੀ ਸਾਡੇ ਚੰਗੇ ਬੋਲ ਹਨ ਤੇ ਸਾਨੂੰ ਗੁਰਬਾਣੀ ਇਹੋ ਜਿਹੇ ਬੋਲ ਬੋਲਣੇ ਹੀ ਸਿਖਾ ਰਹੀ ਹੈ। ਗੁਰਮਤਿ ਅਨੁਸਾਰ ਵਿਚਰਨਾ ਹੀ ਸਾਡੇ ਪ੍ਰਮਾਤਮਾ ਅੱਗੇ ਚੰਗੇ ਬੋਲ ਹਨ। ਚੰਗੇ ਬੋਲ ਅਸੀਂ ਤਾਂ ਹੀ ਬੋਲ ਸਕਦੇ ਹਾਂ ਜਦੋਂ ਸਾਨੂੰ ਗੁਰਮਤਿ ਦੀ ਪੂਰੀ ਸੋਝੀ ਪੈ ਜਾਂਦੀ ਹੈ ਤੇ ਉਸ ਤੋਂ ਪਹਿਲਾਂ ਅਸੀਂ ਚੰਗੇ ਬੋਲ ਬੋਲਣ ਦਾ ਉੱਦਮ ਹੀ ਕਰਨਾ ਹੈ ਭਾਵ ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ। ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

ਮਃ ੩॥

“ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ॥
ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ॥
ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ॥੨॥”

(ਅੰਗ ੮੫੧)

ਉੱਪਰ ਸਾਨੂੰ ਗੁਰੂ ਦੀ ਅਵੱਸਥਾ ਸਮਝਾਈ ਹੋਈ ਹੈ ਜਿਸਨੂੰ “ਸੁਖੁ” ਦੀ ਪ੍ਰਾਪਤੀ, “ਨਾਮੁ” ਦੀ ਪ੍ਰਾਪਤੀ ਹੋਈ ਹੋਈ ਹੈ ਭਾਵ ਜਿਸਨੇ ਨਾਮ ਨੂੰ ਆਪਣੇ ਅੰਦਰੋਂ ਜਪਿਆ ਹੋਇਆ ਹੈ, ਜਿਹੜਾ ਹਰ ਵੇਲੇ “ਹਰਿ ਰੰਗੁ” ਵਿੱਚ ਹੈ ਭਾਵ ਜੋ ਪ੍ਰਮਾਤਮਾ ਦੇ “ਰੰਗੁ” ਵਿੱਚ ਰੱਤਿਆ ਹੋਇਆ ਹੈ। ਪ੍ਰਮਾਤਮਾ ਦੇ ਰੰਗ ਵਿੱਚ ਉਹੀ ਰੱਤਿਆ ਜਾਂਦਾ ਹੈ, ਨਾਮ ਜਪਣ ਵਾਲਾ ਉਹੀ ਹੁੰਦਾ ਹੈ, “ਸੁਖੁ” ਦੀ ਪ੍ਰਾਪਤੀ ਵਾਲਾ ਉਹੀ ਹੁੰਦਾ ਹੈ ਜਿਸਨੂੰ ਪ੍ਰਮਾਤਮਾ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਦਾ ਹੈ ਜਿਸਦਾ ਇੱਕੋ ਇੱਕ ਤਰੀਕਾ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦਾ ਹੋਣਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੀ ਇਹ ਅਵੱਸਥਾ ਹੀ ਗੁਰਮੁਖਿ ਵਾਲੀ ਅਵੱਸਥਾ ਹੈ ਜੋ ਕਿ ਗੁਰੂ ਦੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਉਹ ਪ੍ਰਮਾਤਮਾ ਦਾ ਰੂਪ ਹੈ। ਸਾਡਾ ਅਸਲ ਵੇਖਣ ਬੋਲਣ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦਾ ਹੈ ਜਦੋਂ ਸਾਨੂੰ ਮਨ ਦੇ ਪ੍ਰਕਾਸ਼ ਦੁਆਰਾ ਸੱਚੇ ਗਿਆਨ ਦੀ ਸੋਝੀ ਪੈ ਜਾਂਦੀ ਹੈ, ਗੁਰਮਤਿ ਦੀ ਸੱਚੀ ਸੋਝੀ ਪੈ ਜਾਂਦੀ ਹੈ

ਜਿਵੇਂ ਕਿ ਗੁਰੂ ਨੂੰ ਪਈ ਹੋਈ ਹੈ। ਮਨ ਦੀ ਇਸ ਅਵੱਸਥਾ ਦੁਆਰਾ ਜੋ ਕੁੱਝ ਵੇਖਦਾ ਹੈ ਉਹ ਸੱਚ ਵੇਖਦਾ ਹੈ ਭਾਵ ਉਸਨੂੰ ਹਰ ਇੱਕ ਦੇ ਵਿੱਚ ਸਚੁ ਰੂਪ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ ਤੇ ਇਹੀ ਸਾਡਾ ਅਸਲ ਵੇਖਣਾ ਹੈ। ਇਹ ਮਨ ਦੀ ਸੋਝੀ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਦੇਖਿਆ ਜਾ ਸਕਦਾ ਹੈ ਜੋ ਗਿਆਨ ਦਾ ਪ੍ਰਕਾਸ਼ ਪ੍ਰਮਾਤਮਾ ਆਪ ਹੀ ਕਰਦਾ ਹੈ। ਮਨੁੱਖ ਦਾ ਅਸਲ ਬੋਲਣ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦਾ ਹੈ ਜਦੋਂ ਮਨੁੱਖ ਦਾ ਹਰ ਕਰਮ ਗੁਰਮਤਿ ਅਨੁਸਾਰ ਹੁੰਦਾ ਹੈ, ਮਨੁੱਖ ਦਾ ਹਰ ਬੋਲ ਗੁਰਮਤਿ ਅਨੁਸਾਰ ਹੁੰਦਾ ਹੈ।

ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ ਕਿ ਸਾਡਾ ਅਸਲ ਆਖਣ ਵੇਖਣ ਕੀ ਹੈ।

“ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ॥
ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ॥

ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥੩॥"

(ਅੰਗ ੩੫)

ਉੱਪਰ ਸ਼ਬਦ ਰਾਹੀਂ ਵੀ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜੋ ਸ਼ਬਦ ਦੁਆਰਾ ਭਾਵ ਸ਼ਬਦ ਦੇ ਗਿਆਨ ਦੁਆਰਾ, ਸ਼ਬਦ ਦੀ ਸੋਝੀ ਦੁਆਰਾ ਪ੍ਰਮਾਤਮਾ ਦੇ ਵਿੱਚ ਸਮਾਇਆ ਹੋਇਆ ਹੈ ਤੇ ਇਸੇ ਲਈ ਗੁਰੂ ਦਾ ਜੋ ਆਖਣ ਹੈ, ਵੇਖਣ ਹੈ, ਬੋਲਣ ਹੈ ਉਹ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਹੈ ਭਾਵ ਗੁਰੂ ਦਾ ਹਰ ਕਰਮ ਪੂਰਨ ਗੁਰਮਤਿ ਅਨੁਸਾਰ ਹੈ। ਮਨ ਦੀ ਇਸ ਅਵੱਸਥਾ ਦੁਆਰਾ ਗੁਰੂ ਸਾਨੂੰ ਸੱਚ ਹੀ ਸੁਣਾਉਂਦਾ ਹੈ, ਸੱਚੀ ਬਾਣੀ ਹੀ ਸੁਣਾਉਂਦਾ ਹੈ। ਹਰ ਜੁਗ ਵਿੱਚ ਸੱਚ ਸੁਣਾਉਣ ਦਾ ਤਰੀਕਾ, ਸੱਚ ਸਮਝਣ ਦਾ ਤਰੀਕਾ ਮਨ ਦੇ ਅੰਦਰ ਸੱਚੀ ਬਾਣੀ ਦਾ ਹੋਣਾ ਹੀ ਹੈ, ਮਨ ਦੇ ਅੰਦਰ ਸ਼ਬਦ ਦੇ ਸੱਚੇ ਗਿਆਨ ਦਾ ਹੋਣਾ ਹੀ ਹੈ ਜੋ ਉਹ ਸਚੁ ਰੂਪ ਪ੍ਰਮਾਤਮਾ ਆਪ ਹੀ ਸੁਣਾਉਂਦਾ ਹੈ। ਆਪਣਾ ਸੱਚ ਉਹ ਆਪ ਹੀ ਸੁਣਾ ਸਕਦਾ ਹੈ ਜੋ ਉਹ ਮਨ ਦੇ ਵਿੱਚ ਸ਼ਬਦ ਦੇ ਗਿਆਨ ਦੁਆਰਾ ਆਪ ਹੀ ਸੁਣਾਉਂਦਾ ਹੈ ਭਾਵ ਹਰ ਜੁਗ ਵਿੱਚ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਇੱਕੋ ਹੀ ਰਿਹਾ ਹੈ ਜੋ ਕਦੇ ਬਦਲ ਨਹੀਂ ਸਕਦਾ। ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਸੱਚ ਸੁਣਨ ਦੁਆਰਾ ਹੀ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੀ ਸੋਝੀ ਰਾਹੀਂ ਮਨੁੱਖ ਪ੍ਰਮਾਤਮਾ ਦੇ ਨਾਲ ਮਿਲ ਜਾਂਦਾ ਹੈ ਤੇ ਉਸਦੀ ਆਪਣੀ ਹੋਂਦ ਮਿਟ ਜਾਂਦੀ ਹੈ, ਆਪਣੀ ਮੈਂ ਮਿਟ ਜਾਂਦੀ ਹੈ। ਪ੍ਰਮਾਤਮਾ ਦੇ ਨਾਲ ਲਿਵ ਮਨ ਦੀ ਸੋਝੀ ਦੁਆਰਾ ਹੀ ਜੁੜਦੀ ਹੈ, ਮਨ ਦੇ ਵਿੱਚ ਸੱਚੇ ਵਿਚਾਰਾਂ ਰਾਹੀਂ ਜੁੜਦੀ ਹੈ ਜੋ ਕਿ ਉਹ ਆਪ ਹੀ ਜੋੜਦਾ ਹੈ। ਮਨੁੱਖ ਦਾ ਅਸਲ ਆਖਣ ਵੇਖਣ ਬੋਲਣ

26/2964

ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦਾ ਹੈ ਜਦੋਂ ਮਨੁੱਖ ਉਹੀ ਕੁੱਝ ਆਖਦਾ ਹੈ ਜੋ ਉਹ ਅਖਵਾਉਂਦਾ ਹੈ, ਉਹੀ ਕੁੱਝ ਵੇਖਦਾ ਹੈ ਜੋ ਉਹ ਵਿਖਾਉਂਦਾ ਹੈ। ਉਸਦੇ ਹੁਕਮ ਵਿੱਚ ਰਹਿ ਕੇ ਸਾਡਾ ਆਖਣ ਵੇਖਣ ਹੀ ਸਾਡਾ ਅਸਲ ਬੋਲਣ ਹੈ ਜਦੋਂ ਮਨੁੱਖ ਦਾ ਹਰ ਕਰਮ ਮਨ ਦੀ ਸੱਚੀ ਸੋਝੀ ਦੁਆਰਾ ਹੁੰਦਾ ਹੈ, ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੁੰਦਾ ਹੈ ਜੋ ਸੋਝੀ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। **(ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ॥ ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥੩॥)**

ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਦੁਆਰਾ ਸਮਝਿਆ ਹੈ ਸਾਡਾ ਸੱਚਾ ਬੋਲਣ ਉਦੋਂ ਹੀ ਹੁੰਦਾ ਹੈ ਜਦੋਂ ਸਾਨੂੰ ਪ੍ਰਮਾਤਮਾ ਮਿਲ ਜਾਂਦਾ ਹੈ ਤੇ ਆਪਣਾ ਬੋਲਣ ਉਹ ਆਪ ਹੀ ਸਿਖਾਉਂਦਾ ਹੈ ਭਾਵ ਜਦੋਂ ਉਸਦੀ ਭਗਤੀ ਦੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸਦੀ ਭਗਤੀ ਕੀ ਹੈ। "ਅੰਮ੍ਰਿਤ ਵੇਲਾ" ਸਾਡੇ ਜੀਵਨ ਦਾ ਉਹ ਵੇਲਾ ਹੈ ਜਦੋਂ ਅਸੀਂ ਉਸ ਅੰਮ੍ਰਿਤ ਰੂਪ ਪ੍ਰਮਾਤਮਾ ਨੂੰ ਪਾ ਲੈਂਦੇ ਹਾਂ ਭਾਵ ਜਦੋਂ ਸਾਨੂੰ ਉਸਦੇ ਅੰਮ੍ਰਿਤ ਜਲ ਦੀ ਪ੍ਰਾਪਤੀ ਹੋ ਜਾਂਦੀ ਹੈ। ਸਾਡੇ ਜੀਵਨ ਦਾ ਪੂਰਾ ਵੇਲਾ ਉਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਦਾ ਹੀ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਹੀ ਹੈ ਤੇ ਸਾਡੇ ਜੀਵਨ ਦਾ ਉਹ ਸਮਾਂ ਸੁਹਾਵਾ ਸਮਾਂ ਬਣ ਜਾਂਦਾ ਹੈ ਜਿਸ ਸਮੇਂ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਅੰਮ੍ਰਿਤ ਦੀ ਪ੍ਰਾਪਤੀ ਹੋਣ ਤੋਂ ਬਾਅਦ ਹੀ ਸਾਡੇ ਮਨ ਨੂੰ ਉਹ ਬੋਲ ਬੋਲਣੇ ਆਉਂਦੇ ਹਨ ਭਾਵ ਉਹ ਕਰਮ ਕਰਨੇ ਆਉਂਦੇ ਹਨ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਤੇ ਉਸ ਤੋਂ ਅਗਲੇ ਸ਼ਬਦ ਦੁਆਰਾ ਸਮਝੀਏ ਕਿ ਅੰਮ੍ਰਿਤ ਵੇਲਾ ਕੀ ਹੈ।

ਸਲੋਕ ਮਃ ੩ ॥

"ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥

ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥”

(ਅੰਗ - ੧੨੮੫)

ਉੱਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਸਮਝੋ ਕਿ ਅੰਮ੍ਰਿਤ ਵੇਲਾ ਕੀ ਹੈ। ਇਹ ਅੰਮ੍ਰਿਤ ਵੇਲਾ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜਿਸ ਦਾ ਕਿਸੇ ਸਮੇਂ ਦੇ ਨਾਲ ਸੰਬੰਧ ਨਹੀਂ ਹੈ। ਇਹ ਅੰਮ੍ਰਿਤ ਵੇਲਾ ਸਾਡੇ ਪੂਰੇ ਜੀਵਨ ਵਿੱਚ ਕਦੇ ਵੀ ਆ ਸਕਦਾ ਹੈ। ਸਾਨੂੰ ਪ੍ਰਮਾਤਮਾ ਦੇ ਬੋਲ ਬੋਲਣੇ ਮਨ ਦੇ ਵਿੱਚ ਅੰਮ੍ਰਿਤ ਵੇਲੇ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਸਮਝ ਆਉਂਦੇ ਹਨ ਜੋ ਬੋਲ ਉਹ ਆਪ ਹੀ ਬੁਲਵਾਉਂਦਾ ਹੈ। ਪ੍ਰਮਾਤਮਾ ਦੇ ਦਰ ਤੇ ਸਾਡੀ ਪੁਕਾਰ ਸਾਡੇ ਇਹੋ ਜਿਹੇ ਬੋਲ ਬੋਲਣ ਦੁਆਰਾ ਹੀ ਸੁਣੀ ਜਾਂਦੀ ਹੈ। ਪੁਕਾਰ ਅਸੀਂ ਆਪਣੇ ਬੋਲਾਂ ਦੁਆਰਾ ਹੀ ਕਰ ਸਕਦੇ ਹਾਂ ਪਰ ਸਾਡੀ ਪੁਕਾਰ

27/2965

ਕਿਹੋ ਜਿਹੇ ਬੋਲਾਂ ਦੁਆਰਾ ਸੁਣੀ ਜਾਂਦੀ ਹੈ ਇਸਦੀ ਸੋਝੀ ਮਨ ਦੇ ਵਿੱਚੋਂ ਹੀ ਪੈਂਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਉਸ ਨੂੰ ਪੁਕਾਰਨ ਦੇ ਬੋਲ ਸਮਝਾਏ ਹਨ ਉਨ੍ਹਾਂ ਨੂੰ ਹੀ ਪ੍ਰਮਾਤਮਾ ਨੂੰ ਪੁਕਾਰਨਾ ਸਮਝ ਆਇਆ ਹੈ ਤੇ ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਪੁਕਾਰਨ ਦੇ ਬੋਲ ਸਮਝਾਏ ਹਨ। ਉਸਨੂੰ ਪੁਕਾਰਨ ਦੇ ਬੋਲ ਉਸਨੂੰ ਪਾਉਣ ਦਾ ਤਰੀਕਾ ਹੈ ਭਾਵ ਜੋ ਵੀ ਤਰੀਕਾ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਸਿਖਾਇਆ ਗਿਆ ਹੈ ਉਨ੍ਹਾਂ ਦੁਆਰਾ ਵਿਚਰਨਾ ਸਾਡੇ ਉਹ ਬੋਲ ਹਨ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਚੁ ਦੁਆਰਾ ਵਿਚਰਨ ਦਾ ਸਮਝਾਇਆ ਹੈ ਤੇ ਸਚੁ ਕੀ ਹੈ ਇਹੀ ਸਾਨੂੰ ਪੂਰੀ ਗੁਰਬਾਣੀ ਰਾਹੀਂ ਸਮਝਾਇਆ ਗਿਆ ਹੈ। ਗੁਰਬਾਣੀ ਦੇ ਦੱਸੇ ਹੋਏ ਸੱਚ ਦੁਆਰਾ ਵਿਚਰਨਾ ਹੀ ਉਸ ਪ੍ਰਮਾਤਮਾ ਅੱਗੇ ਪੁਕਾਰ ਕਰਨ ਲਈ ਸਾਡੇ ਸੱਚੇ ਬੋਲ ਹਨ ਤੇ ਇਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਸਾਡੇ ਅੰਦਰ ਅੰਮ੍ਰਿਤ ਵੇਲੇ ਦੀ ਅਵੱਸਥਾ ਜਾਂ ਸਾਡੇ ਅੰਦਰ ‘‘ਸਚੁ’’ ਵੱਸਣ ਦੀ ਅਵੱਸਥਾ ਇੱਕੋ ਹੀ ਗੱਲ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਸ ਦੇ ਅੰਦਰ ਸਦਾ ਹੀ ਅੰਮ੍ਰਿਤ ਵੇਲਾ ਹੈ, ਹਰ ਵੇਲੇ ਅੰਮ੍ਰਿਤ ਵੇਲਾ ਹੈ, ਜਿਸ ਦੇ ਅੰਦਰ ‘‘ਸਚੁ’’ ਵੱਸਿਆ ਹੋਇਆ ਹੈ, ਪ੍ਰਮਾਤਮਾ ਆਪ ਵੱਸਿਆ ਹੋਇਆ ਹੈ। ‘‘ਸਚੁ’’ ਰੂਪ ਹੀ ਪ੍ਰਮਾਤਮਾ ਦਾ ‘‘ਨਾਮੁ’’ ਰੂਪ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣਾ ਸਚੁ ਰੂਪ, ਨਾਮੁ ਰੂਪ ਵਸਾਉਂਦਾ ਹੈ ਉਸ ਦੇ ਅੰਦਰ ਆਪਣੇ ਸ਼ਬਦ ਦੇ ਵਿਚਾਰ ਹੀ ਵਸਾਉਂਦਾ ਹੈ ਭਾਵ ਆਪ ਹੀ ਮਨ ਦੇ ਅੰਦਰ ਆਪਣੇ ਵਿਚਾਰ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਦਾ ਸੁੱਕਾ ਹੋਇਆ ਮਨ ਹਰਾ ਹੁੰਦਾ ਹੈ। ਸਾਡਾ ਮਨ ਅਗਿਆਨਤਾ ਕਰ ਕੇ ਸੁੱਕਾ ਹੋਇਆ ਹੈ ਜੋ ਕਿ ਗੁਰੂ ਦੇ ਸੱਚੇ ਗਿਆਨ ਦੁਆਰਾ ਹਰਾ ਹੁੰਦਾ ਹੈ, ਸ਼ਬਦ ਦੀ ਵਿਚਾਰ ਦੁਆਰਾ ਹਰਾ ਹੁੰਦਾ ਹੈ ਜਿਸ ਦੁਆਰਾ ਸਾਡੇ ਮਨ ਦੀ ਮਾੜੀ ਸੋਝੀ ਗੁਰੂ ਦੇ ਗਿਆਨ ਵਾਲੀ ਬਣ ਜਾਂਦੀ ਹੈ। ਗੁਰੂ ਦੇ ਸ਼ਬਦਾਂ ਦੀ ਵਿਚਾਰ ਹੀ ਪ੍ਰਮਾਤਮਾ ਦਾ ਅੰਮ੍ਰਿਤ ਜਲ ਹੈ ਜਿਸ ਦੁਆਰਾ ਉਹ ਸਾਡੇ ਮਨ ਨੂੰ ਹਰਾ ਕਰਦਾ ਹੈ। ਇਹ ਅੰਮ੍ਰਿਤ ਜਲ ਭਾਵ ਸੱਚੇ ਗਿਆਨ ਦੀ ਸੋਝੀ ਸਾਡੇ ਆਪਣੇ ਵੱਸ ਨਹੀਂ ਹੈ ਜਿਸ ਦੁਆਰਾ ਅਸੀਂ ‘‘ਸਚੁ’’ ਦੀ, ‘‘ਨਾਮੁ’’ ਦੀ ਪ੍ਰਾਪਤੀ ਕਰ ਲਈਏ ਤੇ ਆਪਣੇ ਮਨ ਨੂੰ ਹਰਾ ਕਰ ਲਈਏ। ਇਹ ਅੰਮ੍ਰਿਤ ਜਲ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਸਾਡੇ ਅੰਦਰ ਵੱਸਦਾ ਹੈ ਜਿਸ ਦੁਆਰਾ ਸਾਡੇ ਅੰਦਰ ਅੰਮ੍ਰਿਤ ਵੇਲੇ ਦੀ ਪ੍ਰਾਪਤੀ ਹੁੰਦੀ ਹੈ ਤੇ ਸਾਡੇ ਅੰਦਰ ਸੱਚੇ ਬੋਲ ਬੋਲਣ ਦੀ ਸਮਰੱਥਾ ਆਉਂਦੀ ਹੈ। ਸਾਡੇ ਅੰਦਰ ਸੱਚ ਵੱਸਣ ਦੁਆਰਾ ਫਿਰ ਸਾਡੇ ਅੰਦਰ ਔਗੁਣ ਨਹੀਂ ਰਹਿ ਜਾਂਦੇ ਭਾਵ ਮਨ ਦੀ ਸੱਚੀ ਸੋਝੀ ਦੁਆਰਾ ਪ੍ਰਮਾਤਮਾ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ ਗੁਣੀ ਬਣਾ ਦਿੰਦਾ ਹੈ ਤੇ ਮਨੁੱਖ ਤਾਂ ਹੀ ਗੁਣੀ ਹੋ ਕੇ ਵਿਚਰਦਾ ਹੈ। ਸਾਡਾ ਗੁਣੀ ਹੋ ਕੇ ਵਿਚਰਨਾ ਹੀ ਸਾਡੇ ਉਹ ਬੋਲ ਹਨ, ਸਾਡਾ ਉਹ ਬੋਲਣ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਦਰ ਤੇ ਸਾਡੀ ਪੁਕਾਰ ਸੁਣੀ ਜਾਂਦੀ ਹੈ। ਇਹ ਸਾਡੇ ਅੰਦਰ ਪੂਰਨ ਗੁਰਮਤਿ ਦੇ ਬੋਲ ਹਨ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਅਸੀਂ ਕੇਵਲ ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਭਾਵ ਔਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਉੱਦਮ ਹੀ ਕਰਨਾ ਹੈ, ਸੱਚ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਜੋ ਉਸ ਪ੍ਰਮਾਤਮਾ ਨੂੰ ਪੁਕਾਰਨ ਦਾ ਅਸਲ ਤਰੀਕਾ ਹੈ ਤਾਂ ਜੋ ਸਾਡੀ ਉਸ ਦੇ ਦਰ ਤੇ ਪੁਕਾਰ ਸੁਣੀ ਜਾ ਸਕੇ। ਪੂਰੀ ਗੁਰਬਾਣੀ ਰਾਹੀਂ ਸਾਨੂੰ ਇਹੋ ਜਿਹੀ ਪੁਕਾਰ ਕਰਨੀ ਸਮਝਾਈ

27/2966

ਹੋਈ ਹੈ ਤਾਂ ਜੋ ਸਾਡੇ ਜੀਵਨ ਵਿੱਚ ਅੰਮ੍ਰਿਤ ਵੇਲਾ ਆ ਸਕੇ, ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਆ ਸਕੇ ਤੇ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਸਕੇ। **(ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥ ਮੇਘੈ ਨੋ ਫੁਰਮਾਨੁ ਹੋਆ ਵਰਸਹੁ**

ਕਿਰਪਾ ਧਾਰਿ॥ ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ॥ ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ॥੧॥)

ਇਸ ਗੱਲ ਨੂੰ ਮਨ ਵਿੱਚ ਦ੍ਰਿੜ ਕਰ ਕੇ ਵਸਾ ਲਵੋ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਮੂਲ ਸੱਚ ਹੈ ਭਾਵ ਸੱਚ ਦੁਆਰਾ ਵਿਚਰਨ ਦਾ ਹੈ ਤੇ ਇਹੀ ਸਾਡੇ ਸੱਚੇ ਬੋਲ ਹਨ, ਪ੍ਰਮਾਤਮਾ ਅੱਗੇ ਸਾਡੀ ਸੱਚੀ ਪੁਕਾਰ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਉਸ ਅੰਮ੍ਰਿਤ ਰੂਪ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਕੇਵਲ ਸੱਚ ਹੈ ਤੇ ਹੋਰ ਕੋਈ ਜੁਗਤਿ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਜੋਗੀ ਬਣਿਆ ਜਾ ਸਕਦਾ ਹੈ ਭਾਵ ਉਸ ਦੇ ਨਾਲ ਜੋਗ ਵਾਲਾ, ਮੇਲ ਵਾਲਾ ਬਣਿਆ ਜਾ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿ ਧਾਰੈ॥੧॥ਰਹਾਉ॥

ਜਿਸ ਕੈ ਅੰਤਰਿ ਸਾਚੁ ਵਸਾਵੈ॥ ਜੋਗ ਜੁਗਤਿ ਕੀ ਕੀਮਤਿ ਪਾਵੈ॥੨॥”

(ਅੰਗ ੨੨੩)

ਅੰਮ੍ਰਿਤ ਵੇਲੇ ਦੀ ਪ੍ਰਾਪਤੀ ਉਸ ਨੂੰ ਹੁੰਦੀ ਹੈ ਜਿਸ ਦੇ ਹਿਰਦੇ ਵਿੱਚ ਸੱਚ ਵੱਸ ਜਾਂਦਾ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਸਾਡੇ ਅੰਦਰ ਸੱਚ ਦਾ ਵੱਸਣਾ ਕੀ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸੱਚ ਉਸ ਦੇ ਹਿਰਦੇ ਵਿੱਚ ਹੈ ਜਿਸ ਦੇ ਸਾਰੇ ਔਗੁਣ ਮਰੇ ਹੋਏ ਹਨ ਭਾਵ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੈ ਤੇ ਇਹੋ ਜਿਹੀ ਅਵੱਸਥਾ ਵਾਲਾ ਮਨੁੱਖ ਹੀ ਉਸ ਪ੍ਰਮਾਤਮਾ ਦਾ ਜੋਗੀ ਹੈ, ਪ੍ਰਮਾਤਮਾ ਦੇ ਨਾਲ ਮੇਲ ਵਾਲਾ ਹੈ ਜਿਸ ਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਜੁਗਤਿ ਦੀ ਸਮਝ ਹੈ ਭਾਵ ਜੋ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਜਾਣਦਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਉਹੀ ਜਾਣਦਾ ਹੈ ਕਿ ਪ੍ਰਮਾਤਮਾ ਨੂੰ ਪਾਉਣ ਲਈ ਕਿਹੋ ਜਿਹੀ ਕੀਮਤ ਚੁਕਾਉਣ ਦੀ ਲੋੜ ਹੈ। ਇਹ ਕੀਮਤ ਆਪਣੇ ਅੰਦਰ ਸੱਚ ਨੂੰ ਵਸਾਉਣ ਦੀ ਹੈ ਤੇ ਸੱਚ ਤਾਂ ਹੀ ਵੱਸਦਾ ਹੈ ਜਦੋਂ ਮਨੁੱਖ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ। ਇਹ ਕੀਮਤ ਔਗੁਣਾਂ ਵਿੱਚੋਂ ਨਿਕਲਣ ਦੀ ਹੀ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦੀ ਹੀ ਹੈ, ਗੁਰਮਤਿ ਨੂੰ ਅਪਣਾਉਣ ਦੀ ਹੀ ਹੈ, ਗੁਣਾਂ ਨੂੰ ਅਪਣਾਉਣ ਦੀ ਹੀ ਹੈ। ਪ੍ਰਮਾਤਮਾ ਸਾਡੇ ਕੋਲੋਂ ਆਪਣੇ ਮੇਲ ਵਾਸਤੇ ਇਹੋ ਜਿਹੀ ਕੀਮਤ ਮੰਗਦਾ ਹੈ ਜਿਸ ਦੁਆਰਾ ਸਾਨੂੰ ਉਸ ਦੇ ਅੰਮ੍ਰਿਤ ਜਲ ਦੀ ਪ੍ਰਾਪਤੀ ਹੁੰਦੀ ਹੈ, ਸਾਡੇ ਜੀਵਨ ਵਿੱਚ ਉਹ ਅੰਮ੍ਰਿਤ ਵੇਲਾ ਆਉਂਦਾ ਹੈ। ਆਪਣੇ ਅੰਦਰ ਗੁਣਾਂ ਨੂੰ ਵਸਾਉਣ ਦਾ ਉੱਦਮ ਕਰਨਾ ਪ੍ਰਮਾਤਮਾ ਅੱਗੇ ਸਾਡੀ ਸੱਚੀ ਪੁਕਾਰ ਹੈ ਜਿਸ ਦੁਆਰਾ ਸਾਡੀ ਪੁਕਾਰ

ਸੁਣੀ ਜਾ ਸਕਦੀ ਹੈ।

ਪ੍ਰਮਾਤਮਾ ਦੀ ਭਗਤੀ ਕਰਨ ਦੀ ਨੀਂਵ ਹੀ ਸੱਚ ਹੈ ਭਾਵ ਆਪਣੇ ਮਨ ਨੂੰ ਸੱਚ ਤੇ ਟਿਕਾਉਣ ਦੀ ਹੀ ਹੈ, ਗੁਰਮਤਿ ਤੇ ਟਿਕਾਉਣ ਦੀ ਹੀ ਹੈ। ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਪੰਚ ਮਾਰਿ ਚਿਤੁ ਰਖਹੁ ਥਾਇ॥ ਜੋਗ ਜੁਗਤਿ ਕੀ ਇਹੈ ਪਾਂਇ॥੫॥”

(ਅੰਗ ੧੧੯੯)

“ਪਾਂਇ” ਤੋਂ ਭਾਵ ਹੈ ਨੀਂਵ। ਜਿਸ ਮਕਾਨ ਦੀ ਨੀਂਵ ਹੀ ਨਹੀਂ ਹੁੰਦੀ ਉਸ ਤੇ ਉਸਾਰੀ ਕਿਵੇਂ ਹੋ ਸਕਦੀ ਹੈ। ਜਿਹੋ ਜਿਹੀ ਭਗਤੀ ਵਿੱਚ ਅਸੀਂ ਲੱਗੇ ਹੋਏ ਹਾਂ ਜੇਕਰ ਉਸਦੀ ਨੀਂਵ ਹੀ ਨਹੀਂ ਹੈ ਭਾਵ ਜਿਸ ਵਿੱਚ ਪ੍ਰਮਾਤਮਾ ਨੂੰ ਪਾਉਣ ਦੀ ਸਮਝ ਹੀ ਨਹੀਂ ਹੈ ਭਾਵ ਜੇਕਰ ਅਸੀਂ ਮੂਲੋਂ ਹੀ ਭੁੱਲੇ ਹੋਏ ਹਾਂ ਫਿਰ ਉਸ ਵਿੱਚ ਪ੍ਰਾਪਤੀ ਕੀ ਹੋ ਸਕਦੀ ਹੈ ਭਾਵ ਫਲ ਕੀ ਮਿਲ ਸਕਦਾ ਹੈ। ਭਗਤੀ ਮਨ ਨੂੰ ਟਿਕਾਉਣ ਦੁਆਰਾ ਹੁੰਦੀ ਹੈ ਤੇ ਮਨ ਨੂੰ ਟਿਕਾਉਣਾ ਕੀ ਹੈ ਇਹੀ ਸਾਨੂੰ ਉੱਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮਨ ਨੂੰ ਟਿਕਾਉਣ ਦਾ ਤਰੀਕਾ ਸਭ ਨੇ ਸੁਰਤੀਆਂ ਸਮਾਧੀਆਂ ਵਿੱਚ ਬੈਠਣ ਦਾ ਬਣਾਇਆ ਹੋਇਆ ਹੈ, ਮਨ ਦੇ ਫੁਰਨਿਆਂ ਨੂੰ ਰੋਕਣਾ, ਮਨ ਨੂੰ ਟਿਕਾਉਣ ਦਾ ਤਰੀਕਾ ਸਮਝਿਆ ਹੋਇਆ ਹੈ ਜੋ ਕਿ ਸਦੀਆਂ ਤੋਂ ਚੱਲਦੀ ਆ ਰਹੀ ਜੋਗੀ ਮਤਿ ਹੈ। ਆਪਣੇ ਚਿੱਤ ਨੂੰ ਇੱਕ ਜਗ੍ਹਾ ਟਿਕਾਉਣ ਦਾ ਤਰੀਕਾ ਕੀ ਹੈ, ਆਪਣੇ ਮਨ ਨੂੰ ਮਾਰਨ ਦਾ ਤਰੀਕਾ ਕੀ ਹੈ ਇਹ ਸਭ ਕੁੱਝ ਸਾਨੂੰ ਗੁਰਬਾਣੀ ਰਾਹੀਂ ਖੁੱਲ੍ਹ ਕੇ ਸਮਝਾਇਆ ਹੋਇਆ ਹੈ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਜਿੰਨ੍ਹਾਂ ਨੇ ਕਦੇ ਗੁਰਬਾਣੀ ਪੜ੍ਹੀ ਹੀ ਨਹੀਂ ਉਨ੍ਹਾਂ ਦਾ ਭਰਮ ਵਿੱਚ ਰਹਿਣਾ ਸਮਝਿਆ ਜਾ ਸਕਦਾ ਹੈ ਪਰ ਗੁਰਬਾਣੀ ਪੜ੍ਹਨ

ਵਾਲੇ, ਆਪਣੇ ਆਪ ਨੂੰ ਗੁਰਬਾਣੀ ਦਾ ਗਿਆਤਾ ਕਹਿਣ ਵਾਲੇ ਤੇ ਪ੍ਰਚਾਰ ਕਰਨ ਵਾਲੇ ਵੀ ਅਜੇ ਉਸੇ ਭਰਮ ਵਿੱਚ ਹੀ ਪਏ ਹੋਏ ਹਨ ਜੋ ਭਰਮ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਗੁਰਬਾਣੀ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਸਮਝੀ ਜਾ ਸਕਦੀ ਹੈ। ਗੁਰਬਾਣੀ ਦੇ ਗਿਆਤਾ ਅਖਵਾਉਣ ਵਾਲਿਆਂ ਤੇ ਵਿਸ਼ਵਾਸ ਟਿਕਾਉਣਾ ਆਪਣਾ ਭਰਮ ਹੋਰ ਪੱਕਾ ਕਰਨ ਵਾਲੀ ਗੱਲ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਕਦੇ ਨਹੀਂ ਸਮਝ ਸਕਦੇ ਤੇ ਅਸੀਂ ਉਹੋ ਜਿਹੀ ਜੁਗਤਿ ਨਾਲ ਹੀ ਜੁੜੇ ਰਹਾਂਗੇ ਜੋ ਜੋਗੀ ਮਤਿ ਸਦੀਆਂ ਤੋਂ ਚੱਲਦੀ ਆ ਰਹੀ ਹੈ।

ਆਪਣੇ ਚਿੱਤ ਨੂੰ ਟਿਕਾਉਣ ਦਾ ਇੱਕੋ ਇੱਕ ਤਰੀਕਾ ਗੁਰਬਾਣੀ ਦੇ ਸੱਚ ਨਾਲ ਜੁੜਨ ਦਾ ਹੈ, ਗੁਰੂ ਦੀ ਗੱਲ ਤੇ ਅਮਲ ਕਰਨ ਦਾ ਹੈ, ਆਪਣੇ ਅੰਦਰ ਗੁਰਮਤਿ ਨੂੰ ਵਸਾਉਣ ਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਹੈ ਜਿੰਨ੍ਹਾਂ ਦੀ ਪੂਰਤੀ ਲਈ ਅਸੀਂ ਮਾੜੇ ਕਰਮ ਕਰਦੇ ਹਾਂ। ਇਹ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਦਾ ਮਾਰਗ ਹੈ ਜਿੰਨ੍ਹਾਂ ਕਰਕੇ ਸਾਡਾ ਮਨ ਹਰ ਵੇਲੇ ਮਾਇਆ ਮੋਹ ਵਿੱਚ ਡੋਲਦਾ ਰਹਿੰਦਾ ਹੈ। ਡੋਲਦੇ ਸਾਡੇ ਮਨ ਦੇ ਵਿਚਾਰ ਹੀ ਹਨ ਤੇ ਟਿਕਾਉਣਾ ਅਸੀਂ ਆਪਣੇ

27/2968

ਮਨ ਦੇ ਵਿਚਾਰਾਂ ਨੂੰ ਹੀ ਹੈ ਤਾਂ ਜੋ ਉਹ ਮਾਇਆ ਮੋਹ ਵਿੱਚ ਨਾ ਡੋਲਣ। ਭਗਤੀ ਦਾ ਮਾਰਗ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਆਪਣੇ ਮਨ ਨੂੰ ਸਮਝਾਉਣ ਦੀ ਹੈ, ਆਪਣੇ ਮਨ ਦੇ ਵਿੱਚ ਵਿਚਾਰਾਂ ਦੇ ਨਾਲ ਜੂਝਣ ਦੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ। ਆਪਣੇ ਵਿਚਾਰਾਂ ਨੂੰ ਟਿਕਾਉਣ ਦਾ ਮਕਸਦ ਕੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਸਾਡੇ ਚੰਗੇ ਵਿਚਾਰ ਸਾਡੇ ਕਿਸ ਕੰਮ ਆਉਂਦੇ ਹਨ। ਸਾਡੀ ਭਗਤੀ ਇਸ ਮਕਸਦ ਨੂੰ ਸਮਝਣ ਨਾਲ ਹੋਣੀ ਹੈ। ਮਕਸਦ ਬੜਾ ਸਪੱਸ਼ਟ ਹੈ ਕਿ ਅਸੀਂ ਸੱਚੇ ਸੁੱਚੇ ਇਨਸਾਨ ਬਣੀਏ ਤੇ ਸੰਸਾਰ ਵਿੱਚ ਆਪਣੀ ਇਨਸਾਨੀਅਤ ਦੁਆਰਾ ਵਿਚਰੀਏ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਹੈ। ਸਾਰੀ ਉਮਰ ਸੁਰਤੀਆਂ ਸਮਾਧੀਆਂ ਜੋੜ ਕੇ ਬੈਠੇ ਰਹੀਏ ਤੇ ਉਸ ਵਿੱਚ ਆਪਣੇ ਮਨ ਨੂੰ ਟਿਕਾਉਣਾ ਸਮਝੀਏ ਉਸਦੇ ਨਾਲ ਸਾਨੂੰ ਕੀ ਲਾਭ ਮਿਲਣਾ ਹੈ। ਲਾਭ ਤੇ ਗੁਰੂ ਦੀ ਗੱਲ ਨੂੰ ਮੰਨ ਕੇ ਹੋਣਾ ਹੈ, ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਸਾ ਕੇ ਹੋਣਾ ਹੈ ਜਿਸ ਦੇ ਲਈ ਕਿਸੇ ਸਮਾਧੀ ਲਗਾਉਣ ਦੀ ਲੋੜ ਨਹੀਂ ਹੈ ਪਰ ਹਰ ਕੋਈ ਆਪਣੀ ਭਗਤੀ ਸਮਾਧੀ ਲਗਾਉਣ ਵਿੱਚ ਹੀ ਸਮਝਦਾ ਹੈ, ਧਰਮ ਗ੍ਰੰਥਾਂ ਦੇ ਪੜ੍ਹਨ ਸੁਣਨ ਨੂੰ ਸਮਝਦਾ ਹੈ, ਕਿਸੇ ਅੱਖਰ ਦੇ ਰਟੀ ਜਾਣ ਨੂੰ ਸਮਝਦਾ ਹੈ ਤੇ ਜੀਵਨ ਦੇ ਅਸਲ ਮਨੋਰਥ ਨੂੰ ਨਹੀਂ ਸਮਝਦਾ ਜੋ ਕਿ ਸੱਚੇ ਸੁੱਚੇ ਇਨਸਾਨ ਬਣਨ ਦਾ ਹੈ। ਭਗਤੀ ਦੀ ਨੀਂਵ ਹੀ ਆਪਣੇ ਮਨ ਨੂੰ ਸੱਚਾ ਸੁੱਚਾ ਬਣਾਉਣ ਦੀ ਹੈ ਜਿਸ ਦੁਆਰਾ ਇਹ ਮਨ ਸੱਚ ਦੇ ਉੱਤੇ ਟਿਕਦਾ ਹੈ ਤੇ ਪ੍ਰਮਾਤਮਾ ਦੀ ਭਗਤੀ ਵਾਲਾ ਬਣਦਾ ਹੈ। ਮਨ ਦੇ ਸੁੱਚੇ ਹੋਏ ਬਿਨ੍ਹਾਂ ਹਰ ਕੋਈ ਭਗਤੀ ਦੇ ਦਿਖਾਵੇ ਵਿੱਚ ਹੀ ਲੱਗਾ ਹੋਇਆ ਹੈ। ਸੱਚ ਨੂੰ ਅਪਣਾਉਣ ਲਈ ਕਿਸੇ ਖਾਸ ਵੇਲੇ ਦੀ ਲੋੜ ਨਹੀਂ ਹੈ, ਹਰ ਵੇਲਾ ਇੱਕੋ ਜਿਹਾ ਹੀ ਹੈ, ਸਾਰਾ ਜੀਵਨ ਇੱਕੋ ਜਿਹਾ ਹੀ ਹੈ। **(ਪੰਚ ਮਾਰਿ ਚਿਤੁ ਰਖਹੁ ਥਾਇ॥ ਜੋਗ ਜੁਗਤਿ ਕੀ ਇਹੈ ਪਾਂਇ॥੫॥)**

ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਰਾਹੀਂ ਸਮਝਿਆ ਹੈ ਭਗਤੀ ਦਾ ਮਕਸਦ ਹੀ ਸੱਚੇ-ਸੁੱਚੇ ਇਨਸਾਨ ਬਣਨ ਦੇ ਨਾਲ ਹੈ ਭਾਵ ਔਗੁਣ ਛੱਡ ਕੇ ਗੁਣੀ ਬਣਨ ਦਾ ਹੈ। ਆਪਣੇ ਹਿਰਦੇ ਵਿੱਚ ਸੱਚ ਵਸਾਉਣ ਦਾ ਤਰੀਕਾ ਜਾਂ ਆਪਣੇ ਚਿੱਤ ਨੂੰ ਅਡੋਲ ਕਰਨ ਦਾ ਤਰੀਕਾ, ਥਿਰ ਰੱਖਣ ਦਾ ਤਰੀਕਾ ਭਾਵ ਇੱਕ ਮਨ ਇੱਕ ਚਿੱਤ ਦੀ ਅਵੱਸਥਾ ਇੱਕੋ ਹੀ ਗੱਲ ਹੈ ਜੋ ਕਿ ਆਪਣੇ ਅੰਦਰੋਂ ਪੰਜੇ ਔਗੁਣਾਂ ਨੂੰ ਤਿਆਗਣ ਦੀ ਗੱਲ ਹੈ। ਆਪਣੇ ਮਨ ਦਾ ਮਾਰਨ ਇਸ ਤੋਂ ਵੱਖਰੀ ਗੱਲ ਨਹੀਂ ਹੈ ਭਾਵ ਮਨ ਦੇ ਔਗੁਣਾਂ ਨੂੰ ਮਾਰਨਾ ਹੀ ਆਪਣੇ ਮਨ ਨੂੰ ਮਾਰਨਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ॥
ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ॥
ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ॥
ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ॥੬॥”

(ਅੰਗ ੫੮੦)

27/2969

ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਾਨੂੰ ਸੰਸਾਰਿਕ ਮਰਨ ਵਿੱਚ ਤੇ ਜੀਉਂਦੇ ਜੀਅ ਮਰਨ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਇਸ ਸੰਸਾਰ ਤੋਂ ਹਰ ਕੋਈ ਸਰੀਰਕ ਰੂਪ ਵਿੱਚ ਮਰਕੇ ਹੀ ਜਾਂਦਾ ਹੈ ਪਰ ਸਾਡਾ ਅਸਲ ਮਰਨਾ ਕੀ ਹੈ ਇਹ ਗੱਲ ਸਾਨੂੰ ਸਮਝਾਈ ਹੋਈ ਹੈ। ਉੱਪਰ ਸਾਨੂੰ ਸ਼ਬਦ ਦੁਆਰਾ ਮਰਨਾ ਸਮਝਾਇਆ ਹੋਇਆ ਹੈ ਜਿਹੋ ਜਿਹਾ ਮਰਨਾ ਸਾਨੂੰ ਗੁਰਬਾਣੀ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ। ਸਾਡੇ ਜੀਵਨ ਦਾ ਅਸਲ ਮਰਨਾ ਉਦੋਂ ਹੁੰਦਾ ਹੈ ਜਦੋਂ ਅਸੀਂ ਗੁਰਮਤਿ ਦੁਆਰਾ ਜਿਉਂਦੇ ਹਾਂ, ਆਤਮਿਕ ਤੌਰ ਤੇ ਜਿਉਂਦੇ ਹਾਂ, ਅਗਿਆਨਤਾ ਵਿੱਚੋਂ ਨਿਕਲ ਕੇ, ਮਾਇਆ ਮੋਹ ਵਿੱਚੋਂ ਨਿਕਲ ਕੇ ਸੱਚ ਦੁਆਰਾ ਜਿਉਂਦੇ ਹਾਂ ਜੋ ਸਾਡਾ ਇਸ ਜੀਵਨ ਨੂੰ ਜਿਉਂਣ ਦਾ ਅਸਲ ਮਕਸਦ ਹੈ। ਜਦੋਂ ਮਨੁੱਖ ਸੰਸਾਰ ਤੋਂ ਸਰੀਰ ਤਿਆਗ ਕੇ ਜਾਂਦਾ ਹੈ ਤਾਂ ਉਸਦੇ ਸਕਾ ਸਬੰਧੀ ਸੰਸਾਰ ਤੋਂ ਜਾਣ ਵਾਲੇ ਨੂੰ ਜਲ ਦੇ ਨਾਲ ਮਲ ਕੇ ਨਵ੍ਹਾਉਂਦੇ ਹਨ ਤੇ ਉਸਦੇ ਉੱਪਰ ਸੋਹਣੇ ਰੇਸ਼ਮੀ ਕੱਪੜੇ ਪਾਉਂਦੇ ਹਨ ਭਾਵ ਮਰੇ ਹੋਏ ਨੂੰ ਸਜਾਉਂਦੇ ਹਨ। ਇਹ ਸੰਸਾਰਿਕ ਮਰਨਾ ਹੈ। ਸਾਡਾ ਅਸਲ ਮਰਨਾ ਉਦੋਂ ਹੁੰਦਾ ਹੈ ਜਦੋਂ ਸਾਡਾ ਜਿਉਂਦੇ ਜੀਅ ਮਰਨ ਹੁੰਦਾ ਹੈ। ਇਹ ਮਰਨ ਸਾਡੇ ਅੰਦਰ ਗੁਰਮਤਿ ਰੂਪ ਜਲ ਦੇ ਇਸ਼ਨਾਨ ਦੁਆਰਾ ਹੁੰਦਾ ਹੈ ਜਿਸ ਜਲ ਦੇ ਨਾਲ ਪ੍ਰਮਾਤਮਾ, ਅੰਮ੍ਰਿਤ ਜਲ ਦੇ ਨਾਲ ਪ੍ਰਮਾਤਮਾ ਮਨੁੱਖ ਨੂੰ ਆਪ ਹੀ ਨਵ੍ਹਾਉਂਦਾ ਹੈ। ਇਹ ਉਸਦੇ ਸੱਚੇ ਗਿਆਨ ਦਾ ਇਸ਼ਨਾਨ ਹੈ, ਅੰਮ੍ਰਿਤ ਸਰੋਵਰ ਦਾ ਇਸ਼ਨਾਨ ਹੈ ਜੋ ਮਨ ਦੇ ਵਿੱਚ ਉਹ ਆਪ ਹੀ ਕਰਵਾਉਂਦਾ ਹੈ। ਉਸ ਮਨੁੱਖ ਦੇ ਜੀਵਨ ਨੂੰ ਫਿਰ ਪ੍ਰਮਾਤਮਾ ਆਪ ਹੀ ਸੁੰਦਰ ਪੁਸ਼ਾਕ ਨਾਲ, ਰੇਸ਼ਮੀ ਪੁਸ਼ਾਕ ਨਾਲ ਸੰਵਾਰਦਾ ਹੈ ਜੋ ਕਿ ਸਾਡੇ ਅੰਦਰ ਗੁਣਾਂ ਦਾ ਸ਼ਿੰਗਾਰ ਹੈ। ਗੁਣਾਂ ਦਾ ਸ਼ਿੰਗਾਰ ਉਹ ਆਪਣੇ ਅੰਮ੍ਰਿਤ ਜਲ ਨਾਲ ਨਵ੍ਹਾ ਕੇ, ਇਸ਼ਨਾਨ ਕਰਵਾ ਕੇ ਹੀ ਕਰਦਾ ਹੈ। ਆਪਣੇ ਸੱਚੇ ਗਿਆਨ ਦੁਆਰਾ ਉਹ ਮਨ ਦੇ ਵਿੱਚ ਸੱਚੀ ਬਾਣੀ ਦੀ ਸਿੱਖਿਆ ਹੀ ਸੁਣਾਉਂਦਾ ਹੈ ਤੇ ਉਸਦੀ ਸੱਚੀ ਸਿੱਖਿਆ ਹੀ ਉਸਦਾ ਜਲ ਹੈ ਜਿਸ ਦੁਆਰਾ ਉਹ ਨਵ੍ਹਾਉਂਦਾ ਹੈ। ਉਸਦੀ ਸੱਚੀ ਸਿੱਖਿਆ ਦਾ ਇਸ਼ਨਾਨ ਸਾਡੇ ਅੰਦਰੋਂ ਪੰਜੇ ਵਿਕਾਰਾਂ ਨੂੰ ਭਾਵ ਮਨ ਦੇ ਸਾਰੇ ਵਿਕਾਰਾਂ ਨੂੰ ਧੋ ਦਿੰਦਾ ਹੈ। ਮਨ ਦੇ ਵਿੱਚੋਂ ਵਿਕਾਰਾਂ ਦਾ ਮਰਨਾ ਹੀ ਸਾਡੇ ਮਨ ਦਾ ਮਰਨਾ ਹੈ ਤੇ ਇਹੀ ਮਨੁੱਖ ਦਾ ਜਿਉਂਦੇ ਜੀਅ ਮਰਨਾ ਹੈ ਜਿਸ ਦੇ ਨਾਲ ਫਿਰ ਮਨੁੱਖ ਸਦਾ ਹੀ ਜਿਉਂਦਾ ਹੈ, ਨਿਰਗੁਣ ਰੂਪ ਵਿੱਚ ਜਿਉਂਦਾ ਹੈ ਭਾਵ ਪ੍ਰਮਾਤਮਾ ਦੇ ਵਿੱਚ ਰਲ ਕੇ ਉਸਦੇ ਨਾਲ ਇੱਕ ਹੋ ਕੇ ਜਿਉਂਦਾ ਹੈ, ਉਸਦੀ ਸੱਚੀ ਮਤਿ ਦੁਆਰਾ ਜਿਉਂਦਾ ਹੈ। **(ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ॥ ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ॥)**

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਜਿਉਂਦੇ ਜੀਅ ਮਰਨਾ ਹੀ ਸਮਝਾਇਆ ਹੋਇਆ ਹੈ ਭਾਵ ਪਿਛਲੀਆਂ ਪੰਗਤੀਆਂ ਦੀ ਗੱਲ ਨੂੰ ਹੀ ਸਪੱਸ਼ਟ ਕੀਤਾ ਹੋਇਆ ਹੈ ਕਿ ਸਾਡਾ ਅਸਲ ਮਰਨ ਕਿਵੇਂ ਹੁੰਦਾ ਹੈ।

“ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ॥

ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ॥੬॥”

27/2970

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਆਪਣੇ ਮਨ ਦੀ ਅਵੱਸਥਾ ਸਮਝਾ ਰਹੇ ਹਨ ਕਿ ਉਨ੍ਹਾਂ ਦਾ ਅਸਲ “ਮਰਣੁ” ਹੋਇਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਸੱਚੀ ਬਾਣੀ ਦਾ ਇਸ਼ਨਾਨ ਕਰਵਾਇਆ ਹੈ, ਉਨ੍ਹਾਂ ਦੇ ਅੰਦਰ ਆਪ ਹੀ ਪ੍ਰਮਾਤਮਾ ਨੇ ਸੱਚੀ ਬਾਣੀ ਦੇ ਵਾਜੇ ਵਜਾਏ ਹਨ, ਅਨਹਦ ਵਾਜੇ ਵਜਾਏ ਹਨ ਜੋ ਕਿ ਮਨ ਦੇ ਵਿੱਚ ਗੁਰੂ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਵਾਜੇ ਵੱਜਣਾ ਹੈ ਜਿੰਨ੍ਹਾਂ ਵਾਜਿਆਂ ਦੇ ਵਿੱਚੋਂ ਕੋਈ ਆਵਾਜ਼ ਨਹੀਂ ਨਿਕਲਦੀ ਤੇ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੀ ਪੈਂਦੀ ਹੈ, ਸ਼ਬਦਾਂ ਦੇ ਅੰਦਰ ਦੇ ਬ੍ਰਹਮਗਿਆਨ ਦੀ ਸਮਝ ਪੈਂਦੀ ਹੈ, ਨਾਮ ਦੀ ਸਮਝ ਪੈਂਦੀ ਹੈ ਜਿੰਨ੍ਹਾਂ ਸ਼ਬਦਾਂ ਦੀ ਉੱਚੀ ਸਮਝ ਦੁਆਰਾ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਮਰਦੀ ਹੈ, ਸਾਡੇ ਅੰਦਰ ਦੀ ਹਉਮੈ ਮਰਦੀ ਹੈ ਜੋ ਭਰਮਾਂ ਵਾਲੀ ਸਮਝ ਸਾਨੂੰ ਮੈਂ ਸਿਖਾਉਂਦੀ ਹੈ ਕਿ ਇਹ ਮਨੁੱਖੀ ਸਰੀਰ ਮੇਰਾ ਹੈ। ਸਾਡੇ ਅੰਦਰ ਦੀ ਇਸ ਮੈਂ ਦਾ ਮਰਨਾ ਹੀ ਸ਼ਬਦੇ ਮਰਨਾ ਹੈ, ਮਨੁੱਖ ਦਾ ਜਿਉਂਦੇ ਹੋਏ ਮਰਨਾ ਹੈ ਜਿਸ ਮਰਨ ਤੋਂ ਬਾਅਦ ਹੀ ਮਨੁੱਖ ਦਾ ਅਸਲ ਜੀਵਨ ਸ਼ੁਰੂ ਹੁੰਦਾ ਹੈ ਜਿਸ ਕਰਕੇ ਉਹ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹਨ ਤੇ ਉਨ੍ਹਾਂ ਨੇ ਆਪਣੇ ਮਨ ਨੂੰ ਮਾਰਿਆ ਹੋਇਆ ਹੈ। ਜੋ ਸੰਸਾਰ ਤੋਂ ਸੰਸਾਰਿਕ ਮੌਤ ਮਰ ਕੇ ਜਾਂਦੇ ਹਨ ਉਹ ਪ੍ਰਮਾਤਮਾ ਤੋਂ ਵਿਛੁੜੇ ਹੋਏ ਹੀ ਰਹਿੰਦੇ ਹਨ ਭਾਵ ਪ੍ਰਮਾਤਮਾ ਨੂੰ ਬਿਨ੍ਹਾਂ ਜਾਣੇ ਹੀ ਸੰਸਾਰ ਤੋਂ ਚਲੇ ਜਾਂਦੇ ਹਨ, ਸੰਸਾਰ ਦੀ ਅਸਲੀਅਤ ਨੂੰ, ਆਪਣੀ ਅਸਲੀਅਤ ਨੂੰ ਸਮਝੇ ਬਿਨ੍ਹਾਂ ਹੀ ਭਾਵ ਭਰਮ ਵਿੱਚ ਹੀ ਇਸ ਸੰਸਾਰ ਤੋਂ ਚਲੇ ਜਾਂਦੇ ਹਨ, ਹਉਮੈ ਵਿੱਚ ਹੀ ਸੰਸਾਰ ਤੋਂ ਚਲੇ ਜਾਂਦੇ ਹਨ ਭਾਵ ਇਹ ਸਮਝਣ ਤੋਂ ਬਿਨ੍ਹਾਂ ਹੀ ਚਲੇ ਜਾਂਦੇ ਹਨ ਕਿ ਪ੍ਰਮਾਤਮਾ ਨਾਲ ਸਾਡਾ

ਵਿਛੋੜਾ ਕਿਸ ਕਰਕੇ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ, ਉਸਦੀ ਸੱਚੀ ਬਾਣੀ ਦੇ ਜਲ ਦਾ ਇਸ਼ਨਾਨ ਕੀਤੇ ਬਿਨ੍ਹਾਂ ਸਭ ਦਾ ਜੀਵਨ ਧ੍ਰਿਗ ਹੀ ਹੈ ਭਾਵ ਵਿਅਰਥ ਹੀ ਹੈ। ਉਸ ਪ੍ਰਮਾਤਮਾ ਨੂੰ ਆਪਣੇ ਜੀਵਨ ਵਿੱਚ ਰਹਿੰਦਿਆਂ ਹੀ ਜਾਣਿਆ ਜਾ ਸਕਦਾ ਹੈ ਤੇ ਤਾਂ ਹੀ ਉਸ ਸੱਚੇ ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਜੁੜਦਾ ਹੈ, ਉਸਦੀ ਗੁਰਮਤਿ ਦੇ ਨਾਲ ਸਾਡਾ ਪਿਆਰ ਜੁੜਦਾ ਹੈ ਜੋ ਸਾਡਾ ਸਭ ਦਾ ਪਤੀ ਹੈ। **(ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ॥ ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ॥੬॥)**

{ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ ॥
ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ ॥
ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ ॥
ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ ॥
ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ ॥
ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ ॥੪॥੧॥੪॥}

(ਅੰਗ - ੭੭੫)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥
ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥
ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥
ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥
ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥
ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥
ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥
ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥
ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥
ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥
ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥
ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥
ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥
ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥੬॥

ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥
ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥
ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥
ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥
ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥
ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥੮॥੩॥}

(ਅੰਗ - ੧੦੧੦)

{ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥
ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥
ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥
ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥
ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ ਹਰਿ ਗੁਣ ਗਾਇ ॥੪॥੩॥੭੨॥}

(ਅੰਗ - ੧੭੬)

{ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥}

(ਅੰਗ - ੨੮੬)

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥
ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥
ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥
ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥
ਸਹਸ ਸਿਆਨਪ ਲਇਆ ਨ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥
ਸਫਲ ਦਰਸਨੁ ਪੇਖਤ ਪੁਨੀਤ ॥ ਪਰਸਤ ਚਰਨ ਗਤਿ ਨਿਰਮਲ ਰੀਤਿ ॥
ਭੇਟਤ ਸੰਗਿ ਰਾਮ ਗੁਨ ਰਵੇ ॥ ਪਾਰਬ੍ਰਹਮ ਕੀ ਦਰਗਹ ਗਵੇ ॥
ਸੁਨਿ ਕਰਿ ਬਚਨ ਕਰਨ ਆਘਾਨੇ ॥ ਮਨਿ ਸੰਤੋਖੁ ਆਤਮ ਪਤੀਆਨੇ ॥
ਪੂਰਾ ਗੁਰੁ ਅਖ੍ਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥
ਗੁਣ ਬਿਅੰਤ ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥੪॥
ਜਿਹਬਾ ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ ॥
ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ ਪ੍ਰਭ ਨਿਰਬਾਨੀ ॥
ਨਿਰਾਹਾਰ ਨਿਰਵੈਰ ਸੁਖਦਾਈ ॥ ਤਾ ਕੀ ਕੀਮਤਿ ਕਿਨੈ ਨ ਪਾਈ ॥
ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥
ਸਦ ਬਲਿਹਾਰੀ ਸਤਿਗੁਰ ਅਪਨੇ ॥ ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥
ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ ਗੁਨਤਾਸ ॥
ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥
ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥
ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥
ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥
ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ ਮਨ ਤੇ ਖੈ ਨਸੇ ॥
ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥ ਸਾਧਸੰਗਿ ਜਪਿ ਨਾਮੁ ਮੁਰਾਰੀ ॥
ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥
ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥
ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥
ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥
ਰਚਿ ਰਚਨਾ ਅਪਨੀ ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥}

(ਅੰਗ - ੨੮੬-੨੮੮)

ਜਿਸ ਪ੍ਰਮਾਤਮਾ ਨੂੰ ਅਸੀਂ ਪਾਉਣਾ ਚਾਹੁੰਦੇ ਹਾਂ ਉਹ ਤਾਂ ਕੇਵਲ ਔਗੁਣਾਂ ਦੇ ਤਿਆਗ ਦੁਆਰਾ ਮਿਲਦਾ ਹੈ ਜਿਵੇਂ ਕਿ ਅਸੀਂ ਪਿਛਲੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ। ਸਾਨੂੰ ਬਾਬੀਹਾ ਰੂਪ ਸਮਝਾ ਕੇ ਭਾਵ ਕਹਿ ਕੇ ਸਾਡੀ ਤਿਖ, ਪਿਆਸ ਹੀ ਸਮਝਾਈ ਹੋਈ ਹੈ ਜੋ ਤਿਖ ਉਸ ਪ੍ਰਮਾਤਮਾ ਨੂੰ ਪਾਉਣ ਦੀ ਹੈ। ਉਸ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ, ਆਪਣੀ ਪਿਆਸ ਬੁਝਾਉਣ ਦਾ ਤਰੀਕਾ ਆਪਣੇ ਅੰਦਰੋਂ ਔਗੁਣ ਕੱਢ ਕੇ ਚੰਗੇ ਕਰਮ ਕਰਨ ਦਾ ਹੀ ਹੈ ਜੋ ਬੋਲ ਸਾਡੇ ਪ੍ਰਮਾਤਮਾ ਅੱਗੇ ਬੋਲਣ ਦਾ ਅਸਲ ਤਰੀਕਾ ਹੈ ਭਾਵ ਸੱਚ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਅੱਗੇ ਸਾਡੇ ਸੱਚੇ ਬੋਲ ਹਨ ਜਿਹੋ ਜਿਹੇ ਬੋਲ ਪ੍ਰਮਾਤਮਾ ਸੁਣਕੇ ਸਾਡੀ ਪਿਆਸ ਬੁਝਾਉਂਦਾ ਹੈ।

ਪਿੱਛੇ ਸ਼ਬਦਾਂ ਦੁਆਰਾ ਅਸੀਂ ਬਾਬੀਹੇ ਦਾ ਪੁਕਾਰਨਾ ਹੀ ਸਮਝਿਆ ਹੈ ਭਾਵ ਬਾਬੀਹੇ ਦਾ ਬੋਲਣਾ ਹੀ ਸਮਝਿਆ ਹੈ, ਅੰਮ੍ਰਿਤ ਵੇਲੇ ਦਾ ਬੋਲਣਾ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਪੁਕਾਰਨ ਲਈ ਸਾਨੂੰ ਕਿਹੋ ਜਿਹੇ ਬੋਲ ਬੋਲਣ ਦੀ ਲੋੜ ਹੈ। ਜਿਸ ਸਲੋਕ ਦੁਆਰਾ ਅਸੀਂ ਬਾਬੀਹੇ ਦਾ ਅੰਮ੍ਰਿਤ ਵੇਲੇ ਬੋਲਣਾ ਸਮਝਿਆ ਹੈ ਉਸ ਸਲੋਕ ਤੋਂ ਅਗਲੇ ਸਲੋਕ ਰਾਹੀਂ ਸਾਨੂੰ ਇਹੀ ਗੱਲ ਸਪੱਸ਼ਟ ਕਰਕੇ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਵਿਕਾਰਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

ਮਃ ੩॥

“ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ॥
ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ॥
ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ॥੨॥”

(ਅੰਗ ੧੨੯੫)

27/2971

ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਭਾਵ ਪ੍ਰਮਾਤਮਾ ਅੱਗੇ ਬੋਲ ਬੋਲਣ ਦਾ ਤਰੀਕਾ ਉਨ੍ਹਾਂ ਨੂੰ ਹੀ ਸਮਝ ਆਇਆ ਹੈ ਜਿੰਨ੍ਹਾਂ ਦਾ ਅੰਮ੍ਰਿਤ ਵੇਲਾ ਸਫ਼ਲ ਹੋਇਆ ਹੈ ਭਾਵ ਜਿੰਨ੍ਹਾਂ ਨੂੰ ਆਪਣੇ ਜੀਵਨ ਵਿੱਚ ਅੰਮ੍ਰਿਤ ਦੀ ਪ੍ਰਾਪਤੀ ਹੋਈ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਈ ਹੈ। ਜਿੰਨ੍ਹਾਂ ਦੀ ਪ੍ਰਮਾਤਮਾ ਨੇ ਤਿਖ ਬੁਝਾਈ ਹੈ ਉਨ੍ਹਾਂ ਨੇ ਹੀ ਸਾਨੂੰ ਤਿਖ ਬੁਝਾਉਣ ਦਾ ਤਰੀਕਾ ਸਮਝਾਇਆ ਹੈ ਭਾਵ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਸਮਝਾਇਆ ਹੈ। ਆਪਣੀ ਆਪਣੀ ਭਗਤੀ ਦੇ ਤਰੀਕੇ ਦੁਆਰਾ ਸਭ ਦਾ ਮਕਸਦ ਆਪਣੀ ਤਿਖ ਬੁਝਾਉਣ ਨਾਲ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੀ ਹੈ ਪਰ ਇਹ ਤਰੀਕਾ ਸਾਡੇ ਸਭ ਦੀ ਸਮਝ ਤੋਂ ਬਾਹਰ ਹੈ। ਜਿਸ ਤਰੀਕੇ ਅਸੀਂ ਪ੍ਰਮਾਤਮਾ ਨੂੰ ਪੁਕਾਰਨ ਤੇ ਲੱਗੇ ਹੋਏ ਹਾਂ ਸਾਡੀ ਉਹ ਪੁਕਾਰ ਸੱਚੀ ਨਹੀਂ ਹੈ ਭਾਵ ਸਾਡਾ ਉਹ ਪ੍ਰਮਾਤਮਾ ਅੱਗੇ ਬੋਲ ਬੋਲਣ ਦਾ ਤਰੀਕਾ, ਉਸਦਾ ਮੇਲ ਮੰਗਣ ਦਾ ਤਰੀਕਾ ਠੀਕ ਨਹੀਂ ਹੈ। ਸਾਡਾ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਸਾਡੇ ਸਰੀਰਕ ਜਪ ਤਪ ਆਦਿ ਹਨ, ਕਿਸੇ ਅੱਖਰ ਨੂੰ ਜਪੀ ਜਾਣ ਦਾ ਹੈ ਜਾਂ ਧਰਮ ਗ੍ਰੰਥਾਂ ਨੂੰ ਪੜ੍ਹੀ ਸੁਣੀ ਜਾਣ ਦਾ ਹੈ, ਤੀਰਥਾਂ ਤੇ ਇਸ਼ਨਾਨ ਕਰੀ ਜਾਣ ਦਾ ਹੈ, ਆਪਣੇ ਖਾਣੇ ਆਦਿ ਵਿੱਚ ਸੁੱਚ ਵਰਤਣ ਦਾ ਹੈ ਤੇ ਹੋਰ ਵੀ ਅਨੇਕਾਂ ਹੀ ਇਹੋ ਜਿਹੇ ਤਰੀਕੇ ਹਨ, ਸਰੀਰ ਨੂੰ ਕਸ਼ਟ ਆਦਿ ਦੇਣ ਦੇ ਤਰੀਕੇ ਹਨ ਜਿੰਨ੍ਹਾਂ ਨੂੰ ਅਸੀਂ ਆਪਣੀ ਭਗਤੀ ਸਮਝਦੇ ਹਾਂ। ਆਪਣੇ ਇਹੋ ਜਿਹੇ ਤਰੀਕਿਆਂ ਨਾਲ ਸਾਡੀ ਪ੍ਰਮਾਤਮਾ ਨੂੰ ਪਾਉਣ ਦੀ ਤਿਖ ਦੂਰ ਨਹੀਂ ਹੋ ਸਕਦੀ ਭਾਵ ਭਾਵੇਂ ਇਹੋ ਜਿਹੇ ਸੈਂਕੜੇ ਤਰੀਕਿਆਂ ਦੁਆਰਾ ਪੁਕਾਰ ਲਈਏ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ ਕਿਉਂਕਿ ਪ੍ਰਮਾਤਮਾ ਅੱਗੇ ਬੋਲਣ ਦੇ ਸਾਡੇ ਇਹੋ ਜਿਹੇ ਬੋਲ ਭਾਵ ਭਗਤੀ ਦੇ ਤਰੀਕੇ ਪ੍ਰਵਾਨ ਨਹੀਂ ਹੁੰਦੇ। **(ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ॥)**

ਪ੍ਰਮਾਤਮਾ ਅੱਗੇ ਸਾਡੇ ਸੱਚੇ ਬੋਲ, ਸਾਡੀ ਸੱਚੀ ਪੁਕਾਰ ਸੱਚ ਦੁਆਰਾ ਵਿਚਰਨ ਦੀ ਹੀ ਹੈ ਜਿਵੇਂ ਕਿ ਇਸ ਤੋਂ ਪਿਛਲੇ ਸਲੋਕ ਰਾਹੀਂ ਅਸੀਂ ਸਮਝਿਆ ਹੈ ਤੇ ਪ੍ਰਮਾਤਮਾ ਨੂੰ ਉਹੋ ਜਿਹਾ ਪੁਕਾਰਨ ਦਾ ਤਰੀਕਾ ਹੀ ਸਾਨੂੰ ਇਸ ਸਲੋਕ ਦੁਆਰਾ ਸਮਝਾਇਆ ਹੋਇਆ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

“ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ॥ ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ॥੨॥”

ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਇੱਕੋ ਹੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਹ ਇੱਕੋ ਇੱਕ ਤਰੀਕਾ ਵਿਕਾਰ ਰਹਿਤ ਹੋ ਕੇ ਵਿਚਰਨ ਦਾ ਹੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਰਹਿਤ ਹੋ ਕੇ ਵਿਚਰਨ ਦਾ ਹੀ ਹੈ ਭਾਵ ਆਪਣੀ

27/2972

ਹਉਮੈ ਵਿੱਚੋਂ ਨਿਕਲਣ ਦਾ ਹੀ ਹੈ, ਮਨਮਤਿ ਵਿੱਚੋਂ ਨਿਕਲ ਕੇ ਗੁਰਮਤਿ ਦੁਆਰਾ ਵਿਚਰਨ ਦਾ ਹੀ ਹੈ ਭਾਵ ਸੱਚ ਦੁਆਰਾ ਵਿਚਰਨ ਦਾ ਹੀ ਹੈ। ਅਸੀਂ ਇਹ ਉੱਦਮ ਹੀ ਕਰਨਾ ਹੈ ਤੇ ਜਦੋਂ ਸਾਡੇ ਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਂਦੀ ਹੈ ਉਹ ਸਾਨੂੰ ਆਪ ਹੀ ਪੂਰੀ ਤਰ੍ਹਾਂ ਵਿਕਾਰਾਂ ਤੋਂ ਮੁਕਤ ਕਰਦਾ ਹੈ ਜੋ ਕਿ ਉਹ ਮਨ ਦੇ ਵਿੱਚ ਪੂਰਨ ਗੁਰਮਤਿ ਦੀ ਸੋਝੀ ਪਾ ਕੇ ਕਰਦਾ ਹੈ। ਜਿਸ ਦੀ ਪ੍ਰਮਾਤਮਾ ਤਿਖਾ ਬੁਝਾਉਂਦਾ ਹੈ ਉਸਨੂੰ ਵਿਕਾਰਾਂ ਤੋਂ ਹੀ ਮੁਕਤ ਕਰਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਸਮਝ ਆਉਂਦਾ ਹੈ ਕਿ ਉਹ ਤਰੀਕਾ ਵਿਕਾਰਾਂ ਵਿੱਚੋਂ ਨਿਕਲ ਕੇ ਸੱਚ ਦੁਆਰਾ ਵਿਚਰਨ ਦਾ ਹੀ ਹੈ। ਜਿਹੋ ਜਿਹੇ ਤਰੀਕਿਆਂ ਨਾਲ ਹਰ ਕੋਈ ਪ੍ਰਮਾਤਮਾ ਨੂੰ ਪੁਕਾਰਨ ਵਿੱਚ ਲੱਗਿਆ ਹੋਇਆ ਹੈ ਇਹ ਤਰੀਕੇ ਸਾਨੂੰ ਉਨ੍ਹਾਂ ਨੇ ਹੀ ਸਿਖਾਏ ਹਨ ਜਿੰਨ੍ਹਾਂ ਦੀ ਪ੍ਰਮਾਤਮਾ ਨੇ ਤਿਖਾ ਨਹੀਂ ਬੁਝਾਈ। ਜਿਸ ਦੀ ਪ੍ਰਮਾਤਮਾ ਇਹ ਤਿਖਾ ਬੁਝਾਉਂਦਾ ਹੈ ਉਸਨੂੰ ਹੀ ਅੰਮ੍ਰਿਤ ਵੇਲੇ ਦੀ ਸੋਝੀ ਪੈਂਦੀ ਹੈ ਤੇ ਉਸਨੂੰ ਹੀ ਇਹ ਸਮਝ ਪੈਂਦੀ ਹੈ ਕਿ ਅਸੀਂ ਅੰਮ੍ਰਿਤ ਵੇਲੇ ਦੀ ਸੰਭਾਲ ਕਿਵੇਂ ਕਰਨੀ ਹੈ ਤਾਂ ਜੋ ਸਾਡੇ ਅੰਦਰ ਉਹ ਵੇਲਾ ਆ ਸਕੇ ਜਦੋਂ ਅਸ਼ੀਂ ਅੰਮ੍ਰਿਤ ਦੀ ਪ੍ਰਾਪਤੀ ਕਰ ਸਕੀਏ। ਅੰਮ੍ਰਿਤ ਵੇਲਾ ਸਾਡਾ ਪੂਰਾ ਜੀਵਨ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਨੂੰ ਇਹ ਜੀਵਨ ਮਿਲਿਆ ਹੈ ਤੇ ਇਸ ਜੀਵਨ ਦੀ ਸੰਭਾਲ ਅਸੀਂ ਆਪਣੇ ਆਪ ਨੂੰ ਔਗੁਣਾਂ ਤੋਂ ਸੰਭਾਲ ਕੇ ਕਰਨੀ ਹੈ ਜੋ ਸਾਡੇ ਜੀਵਨ ਨੂੰ ਬਰਬਾਦ ਕਰਦੇ ਹਨ। ਇਸ ਜੀਵਨ ਦੀ ਸੰਭਾਲ ਸੱਚ ਦੁਆਰਾ ਹੀ ਹੁੰਦੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹੀ ਸੰਭਾਲ ਹੀ ਹੈ। ਇਸ ਜੀਵਨ ਦੀ ਸੰਭਾਲ ਅਸੀਂ ਅੱਠੇ ਪਹਿਰ ਕਰਨੀ ਹੈ ਭਾਵ ਅੱਠੇ ਪਹਿਰ ਸੱਚ ਦੇ ਨਾਲ ਜੁੜਨਾ ਹੈ ਭਾਵ ਅੱਠੇ ਪਹਿਰ ਗੁਣੀ ਬਣ ਕੇ ਵਿਚਰਨਾ ਹੈ, ਵਿਕਾਰ ਰਹਿਤ ਹੋ ਕੇ ਵਿਚਰਨਾ ਹੈ ਭਾਵ ਮਾੜੇ ਕਰਮਾਂ ਤੋਂ ਬਚਣਾ ਹੈ ਤੇ ਸੱਚੇ ਸੁੱਚੇ ਕਰਮ ਹੀ ਕਰਨੇ ਹਨ, ਸੱਚੀ-ਸੁੱਚੀ ਕਿਰਤ ਹੀ ਕਰਨੀ ਹੈ, ਪਰਉਪਕਾਰੀ ਬਣ ਕੇ ਵਿਚਰਨਾ ਹੈ ਤੇ ਆਪਣੇ ਸਵਾਰਥ ਲਈ ਕਿਸੇ ਹੋਰ ਦਾ ਮਾੜਾ ਨਹੀਂ ਕਰਨਾ। ਇਹੀ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਹੈ, ਉਸ ਪ੍ਰਮਾਤਮਾ ਦੇ ਅੱਗੇ ਸਾਡੇ ਸੱਚੇ ਬੋਲ ਹਨ ਜੋ ਉਸਨੂੰ ਪਾਉਣ ਦਾ ਤਰੀਕਾ ਹੈ ਭਾਵ ਆਪਣੀ ਤਿਖ ਬੁਝਾਉਣ ਦਾ ਤਰੀਕਾ ਹੈ। ਅਸੀਂ ਇਹ ਉੱਦਮ ਹੀ ਕਰਨਾ ਹੈ ਜੋ ਕਿ ਸਾਡਾ ਸੱਚਾ ਉੱਦਮ ਹੈ। ਇਹੋ ਜਿਹੇ ਉੱਦਮ ਲਈ ਸਾਨੂੰ ਕਿਸੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ। ਭਗਤੀ ਸਾਡੇ ਕਰਮਾਂ ਦੁਆਰਾ, ਕਰਨੀ ਦੁਆਰਾ ਹੀ ਹੁੰਦੀ ਹੈ ਜਿਸ ਵਿੱਚ ਕੇਵਲ ਤੇ ਕੇਵਲ ਸਾਡੇ ਅੰਦਰ ਗੁਰਮਤਿ ਦੀ ਸੋਝੀ ਦਾ ਹੋਣਾ ਜਰੂਰੀ ਹੈ ਤਾਂ ਜੋ ਅਸੀਂ ਉਸ ਅਨੁਸਾਰ ਵਿਚਰ ਸਕੀਏ। ਇਹ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਤੋਂ ਬਿਨ੍ਹਾਂ ਅਸੀਂ ਜਿੰਨ੍ਹਾਂ ਕੋਲੋਂ ਸੋਝੀ ਲੈਂਦੇ ਹਾਂ ਜਾਂ ਸੋਝੀ ਲਈ ਹੋਈ ਹੈ ਉਹ ਸਾਨੂੰ ਭਗਤੀ ਦੇ ਦਿਖਾਵਿਆਂ ਨਾਲ ਹੀ ਜੋੜਦੇ ਹਨ, ਖਾਸ ਵੇਲੇ ਦੇ ਨਾਲ ਜੋੜਦੇ ਹਨ ਭਾਵ ਆਪਣੀ ਭਗਤੀ ਨੂੰ ਸਮਝਣ ਵਿੱਚ ਭਰਮੇ ਹੋਏ ਹਨ ਤੇ ਸਾਨੂੰ ਵੀ ਭਰਮ ਵਿੱਚ ਹੀ ਪਾਉਂਦੇ ਹਨ। ਇਹੋ ਜਿਹਿਆਂ ਨੇ ਨਾ ਆਪ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਉਨ੍ਹਾਂ ਦੇ ਪਿੱਛੇ ਲੱਗ ਕੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜੇਕਰ ਪ੍ਰਮਾਤਮਾ

27/2973

ਨੂੰ ਪਾਉਣਾ ਚਾਹੁੰਦੇ ਹੋ, ਆਪਣੀ ਤਿਖ ਬੁਝਾਉਣਾ ਚਾਹੁੰਦੇ ਹੋ ਫਿਰ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਕੇਵਲ ਤੇ ਕੇਵਲ ਵਿਕਾਰਾਂ ਤੋਂ ਰਹਿਤ ਹੋ ਕੇ ਸੱਚ ਦੁਆਰਾ ਵਿਚਰਨ ਦਾ ਹੈ ਜਿਸ ਦੁਆਰਾ ਸਾਡੀ ਪੁਕਾਰ ਸੁਣੀ ਜਾ ਸਕਦੀ ਹੈ। **(ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ॥ ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ॥ ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ॥੨॥)**

ਅੰਮ੍ਰਿਤ ਵੇਲੇ ਨੂੰ ਕਿਸੇ ਸਮੇਂ ਦੇ ਨਾਲ ਜੋੜਨਾ ਸਿੱਖ ਜਗਤ ਦੀ ਬਹੁਤ ਵੱਡੀ ਭੁੱਲ ਹੈ ਜੋ ਕਿ ਗੁਰਮਤਿ ਦੇ ਮੂਲ ਮਕਸਦ ਨੂੰ ਹੀ ਵਿਗਾੜਨ ਵਾਲੀ ਗੱਲ ਹੈ, ਭਗਤੀ ਦੇ ਮੂਲ ਮਕਸਦ ਤੋਂ ਦੂਰ ਕਰਨ ਵਾਲੀ ਗੱਲ ਹੈ। ਅੰਮ੍ਰਿਤ ਵੇਲਾ ਕੋਈ ਸਮਾਂ ਨਹੀਂ ਹੈ ਬਲਕਿ ਸਾਡਾ ਪੂਰਾ ਜੀਵਨ ਹੈ ਭਾਵ ਪੂਰਾ ਜੀਵਨ ਅੰਮ੍ਰਿਤ ਦੀ ਪ੍ਰਾਪਤੀ ਕਰਨ ਦਾ ਵੇਲਾ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਇਸ ਭਰਮ ਵਾਲੀ ਬਿਰਤੀ ਵਿੱਚੋਂ ਨਿਕਲੀਏ ਤੇ ਗੁਰਮਤਿ ਦੇ ਮੂਲ ਮਕਸਦ ਨੂੰ ਸਮਝੀਏ।

ਮਲਾਰ ਮਹਲਾ ੧॥

{"ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ॥੧॥
ਰੈਨਿ ਬਬੀਹਾ ਬੋਲਿਓ ਮੇਰੀ ਮਾਈ॥੧॥ਰਹਾਉ॥
ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ॥੨॥
ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ॥੩॥
ਰੂਖੀਂ ਬਿਰਖੀਂ ਊਡਉ ਭੂਖਾ ਪੀਵਾ ਨਾਮੁ ਸੁਭਾਈ॥੪॥
ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ॥੫॥
ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ॥੬॥
ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਂਉ ਬਿਨ ਮਿਲੇ ਨੀਂਦ ਨ ਪਾਈ॥੭॥
ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ॥੮॥
ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ॥੯॥
ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ॥੧੦॥੩॥"}

(ਅੰਗ ੧੨੭੪)

ਉੱਪਰ ਪੂਰੇ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸ ਨੂੰ ਅਗਿਆਨਤਾ ਦੀ ਨੀਂਦ ਵਿੱਚੋਂ, ਮਨਮਤਿ ਦੀ ਨੀਂਦ ਵਿੱਚੋਂ, ਹਉਮੈ ਦੀ ਨੀਂਦ ਵਿੱਚੋਂ ਜਗਾਉਂਦਾ ਹੈ, ਮਨ ਦੇ ਵਿੱਚ ਆਪਣੀ ਸੱਚੀ ਮਤਿ ਭਾਵ ਗੁਰਮਤਿ ਦੀ ਸੱਚੀ ਮਤਿ, ਗੁਰਮਤਿ ਦਾ ਸੱਚਾ ਗਿਆਨ ਦੇ ਕੇ ਜਗਾਉਂਦਾ ਹੈ ਜਿਸ ਦੁਆਰਾ ਉਸ ਦੇ ਮਨ ਵਿੱਚੋਂ ਦਰਸ਼ਨ ਹੁੰਦੇ ਹਨ ਤੇ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ। **(ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ॥੩॥)** ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਆਪਣੇ ਆਪ ਉਸ ਨੂੰ ਆਪਣੇ ਅੰਦਰੋਂ ਕੋਈ ਨਹੀਂ ਦੇਖ ਸਕਦਾ ਤੇ ਪ੍ਰਮਾਤਮਾ ਜਿਸ ਤੇ ਕ੍ਰਿਪਾ ਕਰਦਾ ਹੈ ਆਪ ਹੀ ਉਸ ਨੂੰ ਆਪਣੇ ਅੰਦਰ ਹੋਣ ਦੀ ਸੋਝੀ ਪਾਉਂਦਾ ਹੈ ਭਾਵ ਆਪਣਾ ਆਪ ਉਹ ਆਪ ਹੀ ਬੁਝਾਉਂਦਾ ਹੈ। ਮਨ ਦੇ ਵਿੱਚ ਉਹ ਆਪਣਾ ਸੱਚਾ ਗਿਆਨ, ਆਪਣੀ ਸੱਚੀ ਮਤਿ ਆਪਣਾ ਆਪ ਬੁਝਾ ਕੇ ਹੀ ਦਿੰਦਾ ਹੈ। ਜਿਸਨੂੰ ਉਹ ਆਪਣਾ ਆਪ ਬੁਝਾਉਂਦਾ ਹੈ ਉਸ ਨੂੰ ਹੀ ਸਹਜ ਦੀ ਪ੍ਰਾਪਤੀ ਹੁੰਦੀ ਹੈ ਭਾਵ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਜੋ ਅਵੱਸਥਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਉਹ ਸਾਡੀ ਤਿਖ ਬੁਝਾਉਂਦਾ ਹੈ ਜਿਸ ਦੁਆਰਾ ਸਾਡੀ ਪ੍ਰਮਾਤਮਾ ਨੂੰ ਪਾਉਣ

ਦੀ ਤ੍ਰਿਸ਼ਨਾ ਬੁਝਦੀ ਹੈ ਤੇ ਉਸਦੇ ਨਾਲ ਹੀ ਸਾਡੀ ਮਾਇਆ ਮੋਹ ਦੀ ਤ੍ਰਿਸ਼ਨਾ ਦੂਰ ਹੁੰਦੀ ਹੈ। ਸਹਜ ਦੀ ਅਵੱਸਥਾ ਦੁਆਰਾ ਪ੍ਰਮਾਤਮਾ ਮਨ ਦੇ ਅੰਦਰ ਆਪਣਾ ਸੱਚਾ ਗਿਆਨ ਆਪਣੇ ਸ਼ਬਦਾਂ ਦੁਆਰਾ ਹੀ ਦਿੰਦਾ ਹੈ ਭਾਵ ਮਨ ਦੇ ਵਿੱਚ ਸ਼ਬਦਾਂ ਦੁਆਰਾ ਹੀ ਸੱਚੀ ਸੋਝੀ ਪਾਉਂਦਾ ਹੈ, ਆਪਣੀ ਗੁਰਮਤਿ ਦੀ ਸੋਝੀ ਪਾਉਂਦਾ ਹੈ, ਸੱਚ ਦੀ ਸੋਝੀ ਪਾਉਂਦਾ ਹੈ ਜਿਸ ਅਵੱਸਥਾ ਦੁਆਰਾ "ਸੁਖੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। **(ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ॥੮॥ ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ॥੯॥)**

ਉੱਪਰ ਪੂਰੇ ਸ਼ਬਦ ਵਿੱਚ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਬਬੀਹੇ ਦੀ ਪਿਆਸ ਕਿਵੇਂ ਬੁਝਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਬੁਝਦੀ ਹੈ। ਹੁਣ ਸ਼ਬਦ ਦੀ ਰਹਾਉ ਵਾਲੀ ਪੰਗਤੀ ਨੂੰ ਸਮਝੋ ਕਿ ਬਬੀਹੇ ਦੀ ਇਹ ਪਿਆਸ ਕਿਵੇਂ ਬੁਝੀ ਹੈ ਤੇ ਕਿਸ ਵੇਲੇ ਬੁਝੀ ਹੈ ਤਾਂ ਜੋ ਅਸੀਂ ਕਿਸੇ ਖਾਸ ਵੇਲੇ ਨੂੰ ਬਬੀਹੇ ਦਾ ਬੋਲਣਾ ਨਾ ਸਮਝੀਏ ਬਲਕਿ ਅਸਲੀਅਤ ਨੂੰ ਸਮਝੀਏ ਕਿ ਬਬੀਹੇ ਦਾ ਬੋਲਣਾ ਕੀ ਹੈ।

“ਰੈਨਿ ਬਬੀਹਾ ਬੋਲਿਓ ਮੇਰੀ ਮਾਈ॥੧॥ਰਹਾਉ॥”

ਪਿਛਲੇ ਸ਼ਬਦ ਦੁਆਰਾ ਅਸੀਂ ਇਹ ਸਮਝਿਆ ਹੈ ਕਿ ਅੰਮ੍ਰਿਤ ਵੇਲੇ ਬਬੀਹਾ ਬੋਲਿਆ ਤਾਂ ਉਸਦੀ ਪੁਕਾਰ ਸੁਣੀ ਗਈ ਭਾਵ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਗਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਬਬੀਹੇ ਦਾ ਉੱਪਰ ਸ਼ਬਦ ਰਾਹੀਂ ਵੀ ਸਮਝਾਇਆ ਹੈ ਕਿ ਜਦਕਿ ਇਸ ਸ਼ਬਦ ਰਾਹੀਂ “ਰੈਨਿ ਬਬੀਹਾ” ਬੋਲਿਆ ਹੈ। “ਰੈਨਿ” ਕੀ ਹੈ, ਇਸ ਨੂੰ ਸਮਝਣ ਦੀ ਲੋੜ ਹੈ। “ਰੈਨਿ” ਸਾਡਾ ਪੂਰਾ ਜੀਵਨ ਹੈ ਜਿਵੇਂ ਕਿ ਬਾਣੀ ਰਾਹੀਂ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੋਈ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥”

“ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥”

“ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥”

“ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ॥”

(ਅੰਗ ੭੪)

“ਪ੍ਰਾਣੀ ਤੂੰ ਆਇਆ ਲਾਹਾ ਲੈਣਿ॥

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥੧॥ਰਹਾਉ॥”

(ਅੰਗ ੪੩)

27/2975

ਉੱਪਰ ਸ਼ਬਦਾਂ ਰਾਹੀਂ ਸਪੱਸ਼ਟ ਹੈ ਕਿ “ਰੈਣਿ” ਤੋਂ ਭਾਵ ਸਾਡੇ ਪੂਰੇ ਜੀਵਨ ਦੇ ਨਾਲ ਹੈ। ਬਬੀਹੇ ਨੇ ਜਦੋਂ ਬੋਲਣਾ ਹੈ ਭਾਵ ਬਬੀਹੇ ਨੂੰ ਜਦੋਂ ਬੋਲਣਾ ਆਉਂਦਾ ਹੈ, ਪ੍ਰਮਾਤਮਾ ਦੇ ਬੋਲ ਜਦੋਂ ਬੋਲਣੇ ਆਉਣੇ ਹਨ ਭਾਵ ਜਦੋਂ ਸੱਚੇ ਬੋਲ ਬੋਲਣੇ ਆਉਣੇ ਹਨ, ਜਦੋਂ ਸੱਚ ਦਾ ਮਾਰਗ ਸਮਝ ਆਉਣਾ ਹੈ ਉਹ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਸਮਝ ਆਉਣਾ ਹੈ ਤੇ ਉਹ ਬੋਲ ਸਮਝ ਆਉਣ ਲਈ ਸਾਡਾ ਪੂਰਾ ਜੀਵਨ ਹੈ, ਅੰਮ੍ਰਿਤ ਦੀ ਪ੍ਰਾਪਤੀ ਲਈ ਸਾਡਾ ਪੂਰਾ ਜੀਵਨ ਹੈ ਤੇ ਪੂਰੇ ਜੀਵਨ ਵਿੱਚ ਸਾਨੂੰ ਕਿਸੇ ਵੇਲੇ ਵੀ ਅੰਮ੍ਰਿਤ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। ਉਹ ਵੇਲਾ ਜਿਸ ਦੇ ਜੀਵਨ ਵਿੱਚ ਆਇਆ ਹੈ ਉਸ ਨੂੰ ਹੀ ਅੰਮ੍ਰਿਤ ਵੇਲੇ ਦੀ ਸੋਝੀ ਪਈ ਹੈ। ਇਹ ਸੋਝੀ ਗੁਰੂ ਦੇ ਕੋਲ ਹੈ ਜਿਸ ਦੇ ਅੰਦਰ ਸਦਾ ਹੀ ਅੰਮ੍ਰਿਤ ਵੇਲਾ ਹੈ ਭਾਵ ਜੋ ਹਰ ਵੇਲੇ “ਅੰਮ੍ਰਿਤੁ” ਰੂਪ ਪ੍ਰਮਾਤਮਾ ਦੇ ਨਾਲ ਜੁੜਿਆ ਹੋਇਆ ਹੈ, ਉਸਦੇ ਸੱਚ ਦੇ ਨਾਲ ਜੁੜਿਆ ਹੋਇਆ ਹੈ ਤੇ ਇਸੇ ਲਈ ਗੁਰੂ ਅੰਮ੍ਰਿਤ ਬੋਲ ਬੋਲਦਾ ਹੈ, ਪ੍ਰਮਾਤਮਾ ਦੇ ਬੁਲਾਏ ਹੋਏ ਬੋਲ ਬੋਲਦਾ ਹੈ ਤੇ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਕਰਨੀ ਸਮਝਾਉਂਦਾ ਹੈ। **(ਰੈਨਿ ਬਬੀਹਾ ਬੋਲਿਓ ਮੇਰੀ ਮਾਈ॥੧॥ਰਹਾਉ॥)**

{ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥}

(ਅੰਗ ੧੨੮੫)

ਆਓ ਇਸ ਗੱਲ ਨੂੰ ਅਗਲੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਕਿ ਬਬੀਹੇ ਦੇ ਬੋਲਣ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਜਿਸ ਦੁਆਰਾ ਉਸ ਨੂੰ ਬੋਲਣ ਦੀ ਸਮਝ ਪੈਂਦੀ ਹੈ।

ਮਃ ੩॥

“ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ॥

ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ॥

ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ॥

ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ॥੨॥”

(ਅੰਗ ੧੨੮੩)

ਉਪਰਲੇ ਸ਼ਬਦ ਰਾਹੀਂ ਵੀ ਸਾਨੂੰ "ਬਾਬੀਹਾ" ਦਾ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਭਾਵ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ। ਉੱਪਰ ਸ਼ਬਦ ਰਾਹੀਂ ਬਾਬੀਹਾ "ਭਿੰਨੀ ਰੈਣਿ" ਦੁਆਰਾ ਬੋਲਿਆ ਹੈ ਜਿਸ ਵਿੱਚ ਉਸਦਾ ਪ੍ਰਮਾਤਮਾ ਦੇ ਨਾਲ ਮੇਲ

27/2976

ਹੋਇਆ ਹੈ। "ਭਿੰਨੀ ਰੈਣਿ" ਸਾਡੇ ਜੀਵਨ ਦਾ ਉਹ ਵੇਲਾ ਹੈ ਜਦੋਂ ਸਾਡਾ ਜੀਵਨ ਪ੍ਰਮਾਤਮਾ ਦੇ ਨਾਲ ਭਿੱਜ ਜਾਂਦਾ ਹੈ ਭਾਵ ਜਦੋਂ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਪ੍ਰਾਪਤੀ ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ ਜਦੋਂ ਮਨੁੱਖ ਸੱਚ ਦੇ ਵਿੱਚ ਰਲ ਜਾਂਦਾ ਹੈ, ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਦੇ ਨਾਲ ਉਸਦੇ ਵਿੱਚ ਰਲ ਜਾਂਦਾ ਹੈ। ਸਹਜ ਦੀ ਸੱਚੀ ਮਤਿ ਸਾਡੇ ਮਨ ਦੇ ਸੁਭਾਉ ਨੂੰ ਹੀ ਬਦਲਦੀ ਹੈ ਭਾਵ ਮਨੁੱਖ ਦਾ ਸੁਭਾਉ ਗੁਰਮਤਿ ਦੀ ਸੋਝੀ ਵਾਲਾ ਬਣ ਜਾਂਦਾ ਹੈ, ਗੁਰੂ ਦੀ ਸੱਚੀ ਮਤਿ ਵਾਲਾ ਬਣ ਜਾਂਦਾ ਹੈ। ਇਸ ਅਵੱਸਥਾ ਰਾਹੀਂ ਮਨ ਦੇ ਵਿੱਚੋਂ ਸਾਨੂੰ ਬੋਲ ਬੋਲਣੇ ਪ੍ਰਮਾਤਮਾ ਆਪ ਹੀ ਸਿਖਾਉਂਦਾ ਹੈ ਜਿਸ ਦੁਆਰਾ ਉਸਦੀ ਭਗਤੀ ਦੀ ਸੱਚੀ ਸੋਝੀ ਪੈਂਦੀ ਹੈ। **(ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ॥)**

ਬਾਬੀਹੇ ਦੀ ਤਿੱਖ ਮਨ ਦੀ ਇਸ ਅਵੱਸਥਾ ਦੁਆਰਾ ਹੀ ਮਿਟਦੀ ਹੈ ਭਾਵ ਸਹਜ ਦੀ ਅਵੱਸਥਾ ਦੁਆਰਾ ਹੀ ਮਿਟਦੀ ਹੈ ਜਿਸ ਦੁਆਰਾ ਉਸਨੂੰ ਆਪਣੇ ਅੰਦਰੋਂ ਸੱਚ ਦੀ ਸੋਝੀ ਪੈਂਦੀ ਹੈ। ਸਾਡੇ ਅੰਦਰ ਸੱਚੀ ਸੋਝੀ ਦਾ ਸ੍ਰੋਤ ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਹੀ ਅੰਮ੍ਰਿਤ ਸਰੋਵਰ ਦੇ ਰੂਪ ਵਿੱਚ ਹੈ। ਉਸਦੇ ਸਰੋਵਰ ਦਾ ਜਲ ਅੰਮ੍ਰਿਤ ਜਲ ਹੈ ਜਿਸ ਨੂੰ ਪੀਣ ਦੁਆਰਾ ਸਾਡੀ ਤਿਖ ਬੁਝਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ॥

ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ॥

ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ॥੨॥"

ਬੜੇ ਹੀ ਧਿਆਨ ਨਾਲ ਸਮਝੋ ਕਿ "ਜਲੁ" ਸਾਡੇ ਅੰਦਰ ਕਿਸ ਰੂਪ ਵਿੱਚ ਹੈ ਜੋ ਸਾਡੀ ਪਿਆਸ ਬੁਝਾਉਂਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੇਰੇ ਅੰਦਰ ਜੋ "ਜੀਓ" ਹੈ ਇਹ ਮੇਰਾ ਜਲੁ ਹੈ ਜਿੱਥੋਂ ਮੇਰੀ ਪਿਆਸ ਬੁਝੀ ਹੈ। "ਜੀਉ" ਸਾਡਾ "ਮਨ" ਹੈ ਜੋ ਸਾਡੇ ਅੰਦਰ ਜਲ ਦਾ ਸ੍ਰੋਤ ਹੈ। ਜਿਸ ਦੀ ਵੀ ਪ੍ਰਮਾਤਮਾ ਪਿਆਸ ਬੁਝਾਉਂਦਾ ਹੈ ਉਸਨੂੰ ਆਪਣੇ ਇਸ ਜਲ ਦੇ ਸ੍ਰੋਤ ਨਾਲ ਹੀ ਮਿਲਾਉਂਦਾ ਹੈ ਜੋ ਕਿ ਸਾਡੇ ਅੰਦਰ ਸਾਡਾ ਮਨ ਹੈ। ਸਾਡੇ ਮਨ ਦੇ ਵਿੱਚ ਹੀ "ਮੈਂ" ਹੈ ਤੇ ਮਨ ਦੇ ਵਿੱਚ ਹੀ "ਤੂੰ" ਹੈ। "ਮੈਂ" ਤੇ "ਤੂੰ" ਦੇ ਵਿੱਚ ਕੇਵਲ ਭਰਮ ਦਾ ਪੜਦਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਜਿਸ ਦਾ ਪੜਦਾ ਕੱਢ ਦਿੰਦਾ ਹੈ ਉਹ ਆਪਣੇ ਅੰਦਰੋਂ "ਤੂੰ" ਨੂੰ ਸਮਝ ਲੈਂਦਾ ਹੈ ਭਾਵ ਇਸ ਮਨ ਨੂੰ ਸਮਝ ਲੈਂਦਾ ਹੈ ਕਿ ਇਹ ਮਨ ਕੀ ਹੈ। ਸਾਡੇ ਅੰਦਰ "ਮਨ" ਦੇ ਰੂਪ ਵਿੱਚ, "ਜੀਉ" ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਜੋ ਕਿ ਗਿਆਨ ਦਾ ਸ੍ਰੋਤ ਹੈ। ਪ੍ਰਮਾਤਮਾ ਦਾ "ਜਲੁ" ਉਸਦਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ ਜੋ ਮਨ ਦੇ ਵਿੱਚੋਂ ਹੀ ਮਿਲਦਾ ਹੈ, ਗੁਰਸਬਦੀ ਮਿਲਦਾ ਹੈ। ਗੁਰੂ ਦੇ ਸ਼ਬਦ ਦੁਆਰਾ ਸਾਨੂੰ ਗਿਆਨ ਹੀ ਮਿਲਦਾ ਹੈ ਤੇ ਮਨ ਦੇ ਵਿੱਚ ਇਹ ਗਿਆਨ ਗੁਰੂ ਰੂਪ ਪ੍ਰਮਾਤਮਾ ਆਪ ਹੀ ਦਿੰਦਾ ਹੈ। ਇਸ ਗਿਆਨ ਰੂਪ ਜਲ ਦੀ

27/2977

ਪ੍ਰਾਪਤੀ ਦੇ ਨਾਲ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਸੋਝੀ ਹੀ ਪੈਂਦੀ ਹੈ ਕਿ ਅਸੀਂ ਕੀ ਹਾਂ ਭਾਵ ਸਾਡੇ ਅੰਦਰ ਸਾਨੂੰ ਚਲਾਉਣ ਵਾਲਾ, ਮਨ ਦੇ ਵਿਚਾਰਾਂ ਰਾਹੀਂ ਚਲਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਤੇ ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਵਿਚਰ ਰਿਹਾ ਹੈ। ਮਨ ਦੇ ਵਿੱਚ ਇਸ ਸੋਝੀ ਦੁਆਰਾ ਹੀ, ਗਿਆਨ ਰੂਪ ਜਲ ਦੁਆਰਾ ਹੀ ਸਾਡਾ ਆਪਾ ਮਿਟਦਾ ਹੈ ਭਾਵ ਸਾਡੀ ਹਉਮੈ ਮਿਟਦੀ ਹੈ। ਆਪਣੇ ਇਸ ਗਿਆਨ ਰੂਪ ਜਲ ਦੁਆਰਾ ਪ੍ਰਮਾਤਮਾ ਸਾਨੂੰ ਸੱਚੀ ਸੋਝੀ ਹੀ ਪਾਉਂਦਾ ਹੈ, ਗੁਰ ਸ਼ਬਦ ਰੂਪ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਉਸਦੀ ਸੱਚੀ ਗੁਰਮਤਿ ਦੀ ਸੋਝੀ ਪੈਂਦੀ ਹੈ। ਪ੍ਰਮਾਤਮਾ ਸਾਡੇ ਅੰਦਰ ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ ਤੇ ਉਸਦੀ ਇਸ ਸੱਚੀ ਸੋਝੀ ਦੇ ਨਾਲ ਜੁੜੇ ਰਹਿਣਾ ਪ੍ਰਮਾਤਮਾ ਦੇ ਨਾਲ ਜੁੜੇ ਰਹਿਣਾ ਹੈ, ਹਰ ਪਲ ਉਸਦੇ ਨਾਲ ਜੁੜੇ ਰਹਿਣਾ ਹੈ। ਪ੍ਰਮਾਤਮਾ ਦੇ ਦਰਸ਼ਨ ਸਾਨੂੰ ਮਨ ਦੇ ਵਿੱਚੋਂ ਗਿਆਨ ਰੂਪ ਜਲ ਦੀ ਪ੍ਰਾਪਤੀ ਦੁਆਰਾ ਹੀ ਹੁੰਦੇ ਹਨ ਜਿਸ

ਦੁਆਰਾ ਸਾਡੀ ਪਿਆਸ ਬੁਝਦੀ ਹੈ, ਬਾਬੀਹੇ ਦੀ ਪਿਆਸ ਬੁਝਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਦੇ ਅੰਦਰ ਸਹਜ ਦੀ ਅਵੱਸਥਾ ਆਉਂਦੀ ਹੈ ਤੇ ਮਨੁੱਖ ਸੱਚ ਦੁਆਰਾ ਵਿਚਰਦਾ ਹੈ, ਮਨੁੱਖ ਦੇ ਸੁਭਾਉ ਵਿੱਚ ਸੱਚ ਵੱਸਿਆ ਰਹਿੰਦਾ ਹੈ। ਪ੍ਰਮਾਤਮਾ ਦੇ ਨਾਲ ਮਨੁੱਖ ਇਸ ਜੀਵਨ ਦੇ ਵਿੱਚ, "ਰੈਣਿ" ਦੇ ਵਿੱਚ ਇਸ ਅਵੱਸਥਾ ਦੁਆਰਾ ਹੀ ਭਿੱਜਦਾ ਹੈ ਭਾਵ ਉਸਦੇ ਨਾਲ ਇੱਕ ਹੁੰਦਾ ਹੈ ਤੇ ਫਿਰ ਮਨੁੱਖ ਉਹੋ ਜਿਹੇ ਬੋਲ ਹੀ ਬੋਲਦਾ ਹੈ ਜੋ ਪ੍ਰਮਾਤਮਾ ਆਪ ਬੁਲਾਉਂਦਾ ਹੈ, ਮਨੁੱਖ ਉਹੋ ਜਿਹੇ ਕਰਮ ਕਰਦਾ ਹੈ ਜਿਹੋ ਜਿਹੇ ਕਰਮ ਪ੍ਰਮਾਤਮਾ ਨੂੰ ਭਾਉਂਦੇ ਹਨ ਭਾਵ ਮਨੁੱਖ ਪ੍ਰਮਾਤਮਾ ਦੀ ਰਜ਼ਾ ਵਿੱਚ, ਉਸਦੇ ਭਾਣੇ ਵਿੱਚ ਹੀ ਰਹਿੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। **(ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ॥ ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ॥ ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ॥ ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ॥੨॥**)

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਬਾਬੀਹਾ ਸਾਡੇ ਮਨ ਨੂੰ ਕਿਹਾ ਹੈ ਭਾਵ ਸਾਨੂੰ ਕਿਹਾ ਹੈ। ਪ੍ਰਮਾਤਮਾ ਨੂੰ ਪੁਕਾਰਨ ਦੇ ਬੋਲ ਉਸਨੂੰ ਪਾਏ ਬਿਨ੍ਹਾਂ ਸਾਨੂੰ ਸਮਝ ਨਹੀਂ ਆ ਸਕਦੇ। ਆਪਣੀ ਮਤਿ ਦੁਆਰਾ ਅਸੀਂ ਉਹੋ ਜਿਹੇ ਬੋਲ ਬੋਲਦੇ ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਲਈ ਉਹੋ ਜਿਹੇ ਤਰੀਕੇ ਅਪਣਾਉਂਦੇ ਹਾਂ ਜਿਹੋ ਜਿਹਾ ਬੋਲਿਆ ਸਾਡਾ ਥਾਇ ਨਹੀਂ ਪੈਂਦਾ। ਪ੍ਰਮਾਤਮਾ ਦੇ ਬੋਲ ਬੋਲਣ ਦਾ ਤਰੀਕਾ ਗੁਰੂ ਦੇ ਕੋਲ ਹੈ ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਤੇ ਗੁਰੂ ਦੇ ਕੋਲੋਂ ਬੋਲ ਸਿੱਖੇ ਬਿਨ੍ਹਾਂ ਅਸੀਂ ਆਪਣੀ ਮਤਿ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਆਓ ਇਸ ਗੱਲ ਨੂੰ ਅਗਲੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤਾਂ ਜੋ ਅਸੀਂ ਪ੍ਰਮਾਤਮਾ ਦੇ ਬੋਲ ਬੋਲਣੇ ਸਿੱਖੀਏ, ਉਸਦੇ ਅੱਗੇ ਅਰਦਾਸ ਕਰਨ ਦਾ ਤਰੀਕਾ ਸਿੱਖੀਏ ਜਿਸ ਦੁਆਰਾ ਉਹ ਸਾਡੀ ਅਰਦਾਸ ਸੁਣਦਾ ਹੈ।

ਸਲੋਕ ਮਃ ੩॥

"ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ॥
ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ॥
ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ॥
ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ॥੧॥"

27/2978

ਉਸ ਪ੍ਰਮਾਤਮਾ ਦਾ "ਮਹਲੁ" ਸਾਡੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਕਿ ਸਾਡਾ ਮਨ ਹੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਇਸ ਮਹਲ ਨੂੰ ਜਾਣੇ ਬਿਨ੍ਹਾਂ ਭਾਵ ਮਨ ਨੂੰ ਜਾਣੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਉਸ ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੀ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਸਾਨੂੰ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਸਮਝਾਇਆ ਹੈ, ਪੂਰੀ ਗੁਰਬਾਣੀ ਰਾਹੀਂ ਸਮਝਾਇਆ ਹੈ। ਸਾਡੇ ਉਹ ਕਿਹੜੇ ਬੋਲ ਹਨ ਜਿੰਨ੍ਹਾਂ ਨੂੰ ਬੋਲਣ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਇਹ ਸੋਝੀ ਗੁਰੂ ਦੇ ਕੋਲ ਹੀ ਹੈ ਜੋ ਕਿ ਕੇਵਲ ਸੱਚ ਦੁਆਰਾ ਵਿਚਰਨਾ ਹੈ। ਸਾਡਾ ਸੱਚ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਅੱਗੇ ਸਾਡੇ ਸੱਚੇ ਬੋਲ ਹਨ, ਉਸਦੇ ਅੱਗੇ ਸਾਡੀ ਸੱਚੀ ਅਰਦਾਸ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ। ਅਸੀਂ ਆਪਣੀ ਮਤਿ ਦੁਆਰਾ ਜਿਹੋ ਜਿਹੇ ਬੋਲ ਬੋਲਦੇ ਹਾਂ ਭਾਵ ਜਿਹੋ ਜਿਹੇ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ ਉਹ ਥਾਇ ਨਹੀਂ ਪੈਂਦੇ ਕਿਉਂਕਿ ਉਨ੍ਹਾਂ ਵਿੱਚ ਸੱਚ ਨਹੀਂ ਹੈ, ਗੁਰਮਤਿ ਨਹੀਂ ਹੈ। **(ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ॥ ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ॥)**

ਰਾਮਕਲੀ ਮਹਲਾ ੧॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ॥੧॥}

(ਅੰਗ ੮੭੮)

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥}

(ਅੰਗ ੪੬੮)

{ਸਚੈ ਦੈ ਦੀਬਾਣਿ ਕੂੜਿ ਨ ਜਾਈਐ॥
ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥}

(ਅੰਗ ੧੪੬)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥੨॥}

(ਅੰਗ ੭੦੪)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ॥੧॥}

(ਅੰਗ ੪੫੩)

27/2979

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੮)

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥
ਮਨ ਸੰਤਨਾ ਕੈ ਚਰਨਿ ਲਾਗੁ॥੧॥}

(ਅੰਗ ੪੦੯)

ਉੱਪਰ ਕੁੱਝ ਸ਼ਬਦਾਂ ਰਾਹੀਂ ਸਾਡੇ ਬੋਲ ਬੋਲਣੇ ਹੀ ਸਮਝਾਏ ਹੋਏ ਹਨ, ਉਸਦੇ ਅੱਗੇ ਅਰਦਾਸ ਕਰਨੀ ਹੀ ਸਮਝਾਈ ਹੋਈ ਹੈ ਜਿਸ ਦੁਆਰਾ ਸਾਡਾ ਬੋਲਿਆ ਥਾਇ ਪੈਂਦਾ ਹੈ, ਸਾਡੀ ਅਰਦਾਸ ਸੁਣੀ ਜਾਂਦੀ ਹੈ। ਅਸੀਂ ਉੱਦਮ ਹੀ ਕਰਨਾ ਹੈ ਕਿ ਔਗੁਣਾਂ ਨੂੰ ਛੱਡ ਕੇ ਗੁਣਾਂ ਦੁਆਰਾ ਵਿਚਰੀਏ ਤਾਂ ਜੋ ਸਾਡਾ ਬੋਲਿਆ ਥਾਇ ਪੈ ਜਾਵੇ, ਸਾਡੀ ਅਰਦਾਸ ਥਾਇ ਪੈ ਜਾਵੇ। ਸਾਡਾ ਖਸਮ ਬਹੁਤ ਵੱਡਾ ਦਾਤਾ ਹੈ ਜੋ ਸਭ ਨੂੰ ਆਪਣੀ ਦਾਤਿ ਬਖਸ਼ ਸਕਦਾ ਹੈ, ਸਭ ਦੀ ਪਿਆਸ ਬੁਝਾ ਸਕਦਾ ਹੈ, ਸਭ ਨੂੰ ਉਸਦੇ ਫਲ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਉਸਦੇ ਨਾਲ ਮੇਲ ਹੋ ਸਕਦਾ ਹੈ ਪਰ ਸਾਰੀ ਗੱਲ ਸਾਡੀ ਇੱਛਾ ਤੇ ਮੁੱਕਦੀ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਨੂੰ ਪਾਉਣ ਦੀ ਕਿਤਨੀ ਕੁ ਇੱਛਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਉਸਦੇ ਅੰਦਰ ਹੈ ਜਿਸਨੂੰ ਉਸਦੀ ਗੁਰਮਤਿ ਦੇ ਨਾਲ ਪਿਆਰ ਹੈ, ਸੱਚ ਦੇ ਨਾਲ ਪਿਆਰ ਹੈ, ਗੁਣਾਂ ਦੇ ਨਾਲ ਪਿਆਰ ਹੈ ਭਾਵ ਜੋ ਤਨੋ ਮਨੋ ਮਨਮਤਿ ਛੱਡ ਕੇ, ਮਾਇਆ ਮੋਹ ਛੱਡ ਕੇ, ਆਪਣਾ ਮਾਣ ਅਭਿਮਾਨ ਛੱਡ ਕੇ, ਹਉਮੈ ਛੱਡ ਕੇ ਆਪਣੇ ਅੰਦਰ ਗੁਰਮਤਿ ਵਸਾਉਣ ਲਈ ਤਿਆਰ ਹਨ। ਇਹ ਸਭ ਤਿਆਗਣਾ, ਛੱਡਣਾ ਬਹੁਤ ਔਖਾ ਹੈ ਤੇ ਜਦ ਤੱਕ ਸਾਡੇ ਅੰਦਰ ਇਹ ਛੱਡਣ ਦੀ ਇੱਛਾ ਨਹੀਂ ਹੈ ਤਦ ਤੱਕ ਸਾਡੇ ਅੰਦਰ ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਨਹੀਂ ਹੈ। **(ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ॥ ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ॥੧॥)**

ਬਿਨ੍ਹਾਂ ਸੱਚ ਤੇ ਚੱਲੇ ਸਾਡਾ ਬੋਲਿਆ ਥਾਇ ਨਹੀਂ ਪੈ ਸਕਦਾ ਭਾਵ ਸੱਚ ਤੇ ਚੱਲਣਾ ਹੀ ਸਾਡੇ ਪ੍ਰਮਾਤਮਾ ਅੱਗੇ ਸੱਚੇ ਬੋਲ ਹਨ, ਉਸਦੇ ਅੱਗੇ ਸੱਚੀ ਅਰਦਾਸ ਹੈ ਜਿਸ ਦੁਆਰਾ ਸਾਡਾ ਬੋਲਿਆ ਥਾਇ ਪੈਂਦਾ ਹੈ। ਸੱਚ ਤੇ ਚੱਲਣ ਦੀ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨ ਕਰਨ ਵਾਲਿਆਂ ਨੂੰ ਪਈ ਹੈ ਤੇ ਉਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਸੱਚ ਸਮਝਾਇਆ ਹੈ, ਗੁਰਮਤਿ ਰੂਪ ਵਿੱਚ ਸੱਚ ਸਮਝਾਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਸਾਡਾ ਇਹੀ ਉੱਦਮ ਹੈ ਕਿ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਦੁਆਰਾ ਵਿਚਰੀਏ ਜੋ ਕਿ ਸਾਡਾ ਉਸ ਪ੍ਰਮਾਤਮਾ ਅੱਗੇ ਅਸਲ ਬੋਲਣਾ ਹੈ ਜੋ ਥਾਇ ਪੈਂਦਾ ਹੈ ਭਾਵ ਸਾਡਾ ਸੱਚ ਦੁਆਰਾ ਵਿਚਰਨਾ ਕਬੂਲ ਹੁੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਬੋਲ ਬੋਲਣੇ ਸਿੱਖ ਸਕੀਏ ਭਾਵ ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਿੱਖ ਸਕੀਏ ਜਿਸ ਤੇ ਚੱਲ ਕੇ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਭਾਵ ਸਾਡੀ ਤਿਖ ਬੁਝ ਸਕਦੀ ਹੈ, ਬਾਬੀਹੇ ਦੀ ਤਿਖ ਬੁਝ ਸਕਦੀ ਹੈ, ਸਾਡੇ ਮਨ ਦੀ ਤਿਖ ਬੁਝ ਸਕਦੀ ਹੈ।

27/2980

“ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ॥
ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ॥
ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ॥
ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ॥
ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥
ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ॥੫੫॥”

(ਅੰਗ ੧੪੧੯)

ਉੱਪਰ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਨੂੰ ਕਿਹੋ ਜਿਹਾ ਬੋਲਣਾ ਸਮਝਾਇਆ ਹੈ। “ਚਉ” ਤੋਂ ਭਾਵ ਹੈ ਬੋਲਣਾ, ਪੁਕਾਰਨਾ। ਸਾਨੂੰ ਸੱਚ ਬੋਲਣ ਲਈ ਸਮਝਾਇਆ ਹੈ ਤੇ ਸੱਚ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਜੋ ਵੀ ਗੱਲ ਗੁਰਮਤਿ ਅਨੁਸਾਰ ਹੈ ਉਹ ਸੱਚ ਹੈ। ਬਾਬੀਹੇ ਨੂੰ ਭਾਵ ਸਾਨੂੰ ਸੱਚ ਤੇ ਚੱਲਣ ਲਈ ਸਮਝਾਇਆ ਹੈ, ਸੱਚ ਤੇ ਚੱਲਣ ਦੁਆਰਾ ਪ੍ਰਮਾਤਮਾ ਨੂੰ ਪੁਕਾਰਨਾ ਸਮਝਾਇਆ ਹੈ ਜਿਸ ਦੁਆਰਾ ਉਹ ਸਾਡੀ ਪੁਕਾਰ ਸੁਣਦਾ ਹੈ। ਉਸ ਪ੍ਰਮਾਤਮਾ ਦੇ ਨਾਲ ਲਿਵ ਸੱਚ ਦੁਆਰਾ ਹੀ ਲੱਗਦੀ ਹੈ। ਗੁਰੂ ਦੀ ਸੱਚੀ ਮਤਿ ਨਾਲ ਲਿਵ ਲਾਉਣਾ, ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਲਿਵ ਲਾਉਣਾ ਪ੍ਰਮਾਤਮਾ ਦੇ ਨਾਲ ਲਿਵ ਲਾਉਣਾ ਹੈ ਭਾਵ ਗੁਰਮਤਿ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣਾ, ਉਨ੍ਹਾਂ ਤੇ ਅਮਲ ਕਰਨਾ ਗੁਰੂ ਪ੍ਰਮਾਤਮਾ ਨਾਲ ਆਪਣੀ ਲਿਵ ਜੋੜਨਾ ਹੈ। ਗੁਰਮਤਿ ਸਾਨੂੰ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦੀ ਹੈ ਤੇ ਜੋ ਮਨੁੱਖ ਗੁਣਾਂ ਦੁਆਰਾ ਵਿਚਰਦਾ ਹੈ ਉਸਦੀ ਪ੍ਰਮਾਤਮਾ ਦੇ ਨਾਲ ਲਿਵ ਲੱਗੀ ਹੁੰਦੀ ਹੈ, ਉਸਦੀ ਮਤਿ ਗੁਰੂ ਦੀ ਮਤਿ ਦੇ ਨਾਲ ਜੁੜੀ ਹੁੰਦੀ ਹੈ ਤੇ ਉਹ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਗੁਰਮਤਿ ਅਨੁਸਾਰ ਹੁੰਦਾ ਹੈ, ਉਹ ਮਨੁੱਖ ਫਿਰ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਭਾਵ ਸੱਚ ਤੇ ਚੱਲਦਾ ਹੈ ਤੇ ਇਹੀ ਪ੍ਰਮਾਤਮਾ ਨੂੰ ਪੁਕਾਰਨ ਦਾ ਤਰੀਕਾ ਹੈ। ਜਿਸਦੇ ਅੰਦਰ ਗੁਰਮਤਿ ਵੱਸ ਜਾਂਦੀ ਹੈ ਉਹੀ ਗੁਰਮਖਿ ਵਾਲੀ ਅਵੱਸਥਾ ਵਾਲਾ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਸਾਡਾ ਬੋਲਿਆ ਹੋਇਆ ਥਾਇ ਪੈਂਦਾ ਹੈ। ਪ੍ਰਮਾਤਮਾ ਦਾ ਆਲਾਪ ਇਸ ਅਵੱਸਥਾ ਦੁਆਰਾ ਹੀ ਹੁੰਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨਾ ਹੀ ਸਾਡੇ ਪ੍ਰਮਾਤਮਾ ਅੱਗੇ ਸੱਚੇ ਬੋਲ ਹਨ, ਸਾਡਾ ਜਪ ਹੈ। **(ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ॥ ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ॥)**

ਗੁਰੂ ਪ੍ਰਮਾਤਮਾ ਦੇ ਨਾਲ ਲਿਵ ਜੁੜਨ ਤੋਂ ਬਿਨ੍ਹਾਂ ਸਾਡਾ ਬੋਲਿਆ ਥਾਇ ਨਹੀਂ ਪੈਂਦਾ ਤੇ ਸਾਡੀ ਲਿਵ ਦਾ ਜੁੜਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਦੇ ਆਏ ਹਾਂ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਫਿਰ ਤੋਂ ਸਮਝ ਸਕਦੇ ਹਾਂ ਕਿ ਲਿਵ ਜੋੜਨਾ ਕੀ ਹੈ।

{ਗੁਰਮੁਖਿ ਰਾਮ ਨਾਮਿ ਲਿਵ ਲਾਈ॥ ਕੂੜੈ ਲਾਲਚਿ ਨਾ ਲਪਟਾਈ॥}

(ਅੰਗ ੧੨੬੨)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥੨॥}

(ਅੰਗ ੭੦੪)

27/2981

ਉੱਪਰ ਸ਼ਬਦਾਂ ਰਾਹੀਂ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਨਾਲ ਲਿਵ ਜੋੜਨੀ ਕੀ ਹੈ। ਪ੍ਰਮਾਤਮਾ "ਸਚੁ" ਰੂਪ ਹੈ ਤੇ ਸੱਚ ਨਾਲ ਲਿਵ ਜੁੜਨੀ ਹੀ ਉਸ ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਹੈ। ਲਿਵ ਪ੍ਰਮਾਤਮਾ ਦੀ ਆਪਣੀ ਮਰਜ਼ੀ ਨਾਲ ਹੀ ਜੁੜਦੀ ਹੈ ਜਦੋਂ ਉਹ ਮਨੁੱਖ ਨੂੰ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਕਰ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕੀਤਾ ਹੈ, ਗੁਰਮਖਿ ਵਾਲੀ ਅਵੱਸਥਾ ਬਖਸ਼ ਕੇ ਕੀਤਾ ਹੈ। ਮਨੁੱਖ ਸੱਚੇ ਬੋਲ ਮਨ ਦੀ ਇਸ ਅਵੱਸਥਾ ਦੁਆਰਾ ਹੀ ਬੋਲਦਾ ਹੈ ਤੇ ਕੇਵਲ ਸੱਚੇ-ਸੁੱਚੇ ਕਰਮ ਹੀ ਕਰਦਾ ਹੈ ਭਾਵ ਉਸਦੇ ਹਰ ਕਰਮ ਦੇ ਵਿੱਚ ਸੱਚ ਹੁੰਦਾ ਹੈ, ਗੁਰਮਤਿ ਹੁੰਦੀ ਹੈ।

{ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ॥}

(ਅੰਗ ੧੫)

ਸਾਡੇ ਕਰਮ ਸਾਡੇ ਬੋਲ ਹਨ ਤੇ ਸਾਡੇ ਚੰਗੇ ਕਰਮ ਥਾਇ ਪੈਂਦੇ ਹਨ। ਚੰਗੇ ਕਰਮ ਮਨੁੱਖ ਤਾਂ ਹੀ ਕਰ ਸਕਦਾ ਹੈ ਜਦੋਂ ਸਾਡੇ ਅੰਦਰ ਸੱਚ ਹੁੰਦਾ ਹੈ। ਸੱਚ ਉਹੀ ਅਲਾਉਂਦਾ ਹੈ, ਅਲਾਪਦਾ ਹੈ ਜਿਸਦੇ ਅੰਦਰ "ਸਚੁ" ਹੈ ਭਾਵ ਆਪ ਪ੍ਰਮਾਤਮਾ ਹੈ। ਸੱਚ ਸਾਨੂੰ ਪ੍ਰਮਾਤਮਾ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ ਤੇ ਸੱਚੇ ਮਾਰਗ ਤੇ ਚੱਲਣਾ ਹੀ ਸੱਚ ਅਲਾਪਣਾ ਹੈ, ਨਾਮ ਅਲਾਪਣਾ ਹੈ।

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥}

(ਅੰਗ ੧੪੦)

ਜਿੰਨ੍ਹਾਂ ਦੇ ਅੰਦਰ ਸੱਚ ਹੈ, ਨਾਮ ਹੈ, ਪ੍ਰਮਾਤਮਾ ਹੈ ਉਨ੍ਹਾਂ ਦੇ ਅੰਦਰ ਔਗੁਣ ਰਹਿ ਹੀ ਨਹੀਂ ਸਕਦੇ ਤੇ ਤਾਂ ਹੀ ਮਨੁੱਖ ਦਾ ਹਰ ਕਰਮ ਚੰਗਾ ਹੁੰਦਾ ਹੈ ਭਾਵ ਉਸਦਾ ਬੋਲਿਆ ਥਾਇ ਪੈਂਦਾ ਹੈ।

{ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿ ਧਾਰੈ॥੧॥ਰਹਾਉ॥}

(ਅੰਗ ੨੨੩)

{ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥}

(ਅੰਗ ੪੩੭)

{ਸੋ ਜਨੁ ਸਾਚਾ ਜਿ ਹਉਮੈ ਮਾਰੈ॥ ਗੁਰ ਕੈ ਸਬਦਿ ਪੰਚ ਸੰਘਾਰੈ॥}

(ਅੰਗ ੨੩੦)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥}

(ਅੰਗ ੩੬)

27/2982

ਸੱਚ ਸਾਡੇ ਅੰਦਰ ਤਾਂ ਹੀ ਵੱਸਦਾ ਹੈ, ਵਿਕਾਰਾਂ ਤੋਂ ਮੁਕਤ ਅਸੀਂ ਤਾਂ ਹੀ ਹੁੰਦੇ ਹਾਂ ਜਦੋਂ "ਸਬਦੁ" ਰੂਪ ਗੁਰੂ ਭਾਵ ਪ੍ਰਮਾਤਮਾ ਸਾਡੇ ਅੰਦਰ ਵੱਸ ਜਾਂਦਾ ਹੈ ਭਾਵ ਜਦੋਂ ਅਸੀਂ ਆਪਣੇ ਅੰਦਰ "ਸਬਦੁ" ਨੂੰ ਪਹਿਚਾਣ ਲੈਂਦੇ ਹਾਂ ਤੇ ਮਨ ਦੇ ਵਿੱਚ ਆਪਣੇ ਸੱਚ ਨਾਲ ਉਹ ਆਪ ਹੀ ਜੋੜਦਾ ਹੈ ਤੇ ਆਪ ਹੀ ਚਲਾਉਂਦਾ ਹੈ ਭਾਵ ਆਪਣੀ ਰਜ਼ਾ ਵਿੱਚ ਆਪ ਹੀ ਰੱਖਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ॥
ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ॥
ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥
ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ॥੫੫॥"

(ਅੰਗ ੧੪੧੯)

"ਸਬਦੁ" ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਸ ਰੂਪ ਵਿੱਚ ਉਹ ਸਾਡੇ ਅੰਦਰ ਤੇ ਸਭ ਜਗ੍ਹਾ ਵੱਸਿਆ ਹੋਇਆ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੀ ਤਿਖ ਤਾਂ ਹੀ ਉਤਰਦੀ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਤਿਖ ਤਾਂ ਹੀ ਬੁਝਦੀ ਹੈ ਜਦੋਂ ਅਸੀਂ "ਸਬਦੁ" ਨੂੰ ਆਪਣੇ ਅੰਦਰੋਂ "ਚੀਨਿ" ਲੈਂਦੇ ਹਾਂ ਤੇ ਤਾਂ ਹੀ ਮਨੁੱਖ ਉਸ ਦੀ ਰਜ਼ਾ ਨੂੰ ਮੰਨਦਾ ਹੈ ਭਾਵ ਉਸਦੇ ਭਾਣੇ ਵਿੱਚ ਰਹਿੰਦਾ ਹੈ। **(ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ॥)** ਪ੍ਰਮਾਤਮਾ ਆਪਣੇ "ਸਬਦੁ" ਰੂਪ ਵਿੱਚ ਭਾਵ ਗਿਆਨ ਰੂਪ ਵਿੱਚ, ਅੰਮ੍ਰਿਤ ਰੂਪ ਵਿੱਚ ਭਾਵ ਅੰਮ੍ਰਿਤ ਜਲ ਰੂਪ ਵਿੱਚ ਸਭ ਜਗ੍ਹਾ ਵਰਸ ਰਿਹਾ ਹੈ, ਸਭ ਵਿੱਚ ਆਪਣੇ ਇਸ ਰੂਪ ਦੁਆਰਾ ਸਮਾਇਆ ਹੋਇਆ ਹੈ ਪਰ ਉਸਦੇ ਇਸ ਜਲ ਦੀ ਬੂੰਦ ਸਾਨੂੰ ਆਪਣੇ ਅੰਦਰੋਂ ਸਹਜ ਦੀ ਅਵੱਸਥਾ ਦੁਆਰਾ ਪ੍ਰਾਪਤ ਹੁੰਦੀ ਹੈ, ਮਨ ਦੇ ਸੁਭਾਓ ਰਾਹੀਂ ਭਾਵ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਗਿਆਨ ਰਾਹੀਂ, ਮਨ ਦੀ ਸੋਝੀ ਦੁਆਰਾ ਪ੍ਰਾਪਤ ਹੁੰਦੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਸਾਨੂੰ ਪ੍ਰਮਾਤਮਾ ਦਾ ਸੱਚਾ ਗਿਆਨ ਮਿਲਦਾ ਹੈ ਜੋ ਕਿ "ਸਬਦੁ" ਰੂਪ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਮਨੁੱਖ ਦੀ ਤਿਖ ਬੁਝਦੀ ਹੈ ਭਾਵ ਮਨ ਦੇ ਵਿੱਚੋਂ "ਸਬਦੁ" ਰੂਪ ਗੁਰੂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। **(ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ॥ ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ॥)**

ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ, ਆਪਣੇ ਅੰਮ੍ਰਿਤ ਜਲ ਰੂਪ ਵਿੱਚ ਸਭ ਜਗ੍ਹਾ ਵਰਸਦਾ ਹੈ। ਸਭ ਕੁੱਝ ਪ੍ਰਮਾਤਮਾ ਦੇ ਜਲ ਤੋਂ ਹੀ ਉਪਜਿਆ ਹੈ ਭਾਵ ਪ੍ਰਮਾਤਮਾ ਦੇ ਗਿਆਨ ਰਾਹੀਂ ਉਪਜਿਆ ਹੈ, ਬ੍ਰਹਮਗਿਆਨ ਰਾਹੀਂ ਉਪਜਿਆ ਹੈ। ਜੋ ਪ੍ਰਮਾਤਮਾ ਦਾ ਇਹ "ਹਰਿ ਜਲੁ" ਪੀਂਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਆਪਣਾ ਇਹ ਹਰਿ ਜਲੁ ਪੀਆਉਂਦਾ ਹੈ, ਆਪਣਾ ਬ੍ਰਹਮਗਿਆਨ ਰੂਪ ਜਲ ਪੀਆਉਂਦਾ ਹੈ ਉਸ ਮਨੁੱਖ ਦੀ ਭੁੱਖ ਫਿਰ ਸਦਾ ਲਈ ਮਿਟ ਜਾਂਦੀ ਹੈ ਕਿਉਂਕਿ ਇੱਕ ਵਾਰੀ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ ਤਾਂ ਫਿਰ ਉਹ ਸਦਾ ਲਈ ਪ੍ਰਮਾਤਮਾ

ਦੇ ਨਾਲ ਮਿਲਿਆ ਹੀ ਰਹਿੰਦਾ ਹੈ ਤੇ ਫਿਰ ਕਦੇ ਵਿਛੋੜਾ ਨਹੀਂ ਹੁੰਦਾ। ਪ੍ਰਮਾਤਮਾ ਦੇ ਇਸ ਹਰਿ ਜਲ ਦੀ ਪ੍ਰਾਪਤੀ ਹੋਏ ਬਿਨ੍ਹਾਂ ਕਿਸੇ ਦੀ ਪਿਆਸ ਨਹੀਂ ਬੁਝ ਸਕਦੀ ਭਾਵ ਸਹਜ ਦੀ ਅਵੱਸਥਾ ਮਿਲੇ ਬਿਨ੍ਹਾਂ, ਸਹਜ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ, ਚੌਥੇ ਪਦ ਦੀ ਪ੍ਰਾਪਤੀ ਹੋਏ ਬਿਨ੍ਹਾਂ, ਤ੍ਰੈਗੁਣਾਂ ਵਾਲੀ ਅਵੱਸਥਾ ਮਿਟੇ ਬਿਨ੍ਹਾਂ, ਮਨ ਦਾ ਭਰਮ ਮਿਟੇ ਬਿਨ੍ਹਾਂ ਕਿਸੇ ਦੀ ਪਿਆਸ ਨਹੀਂ ਬੁਝ ਸਕਦੀ ਭਾਵ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ ਜੋ ਕਿ ਸਾਡੇ ਸਭ ਦੇ ਅੰਦਰ ਅੰਮ੍ਰਿਤ ਜਲ ਦੇ ਰੂਪ ਵਿੱਚ ਹੀ ਹੈ, ਅੰਮ੍ਰਿਤ ਸਰੋਵਰ ਦੇ ਰੂਪ ਵਿੱਚ ਹੀ ਹੈ ਜਿੱਥੋਂ ਉਹ ਆਪਣਾ ਹਰਿ ਜਲੁ ਚੌਥੇ ਪਦ ਦੀ ਅਵੱਸਥਾ ਦੁਆਰਾ ਹੀ ਪੀਆਉਂਦਾ ਹੈ। ਜਿੰਨ੍ਹਾਂ ਨੇ ਵੀ ਇਹ ਹਰਿ ਜਲੁ ਪੀਤਾ ਹੈ ਮਨ ਦੇ ਇਸ ਸਰੋਵਰ ਤੋਂ ਹੀ ਪੀਤਾ ਹੈ ਤੇ ਇਸੇ ਲਈ ਉਨ੍ਹਾਂ ਨੂੰ ਇੱਕੋ ਜਿਹੇ ਗਿਆਨ ਦੀ ਸੋਝੀ ਪਈ ਹੈ ਜੋ ਸੋਝੀ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਪਾਈ ਹੈ ਤੇ ਅੰਮ੍ਰਿਤ ਰੂਪ ਗਿਆਨ ਦੇ ਸਰੋਵਰ ਦੀ ਰਚਨਾ ਕੀਤੀ ਹੈ ਤੇ ਸਾਨੂੰ ਪ੍ਰਮਾਤਮਾ ਦੇ ਇੱਕੋ ਜਿਹੇ ਬੋਲ ਬੋਲਣੇ ਹੀ ਸਮਝਾਏ ਹਨ ਭਾਵ ਪ੍ਰਮਾਤਮਾ ਦੀ ਭਗਤੀ ਦਾ ਸਭ ਨੇ ਇੱਕੋ ਜਿਹਾ ਤਰੀਕਾ ਹੀ ਸਮਝਾਇਆ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ, ਸੱਚੇ ਸੁੱਚੇ ਕਰਮ ਕਰਨ ਦਾ ਹੈ। **(ਸਬਦੁ ਚੀਨਿ ਤਿਖ ਉਤਰੈ ਮੰਨਿ ਲੈ**

ਰਜਾਇ॥ ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ॥ ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥ ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ॥੫੫॥)

ਪ੍ਰਮਾਤਮਾ ਦੇ ਅੱਗੇ ਸਾਡੇ ਸੱਚੇ ਬੋਲ ਉਹੀ ਹਨ ਜਦੋਂ ਸਾਨੂੰ ਸੱਚ ਦੀ ਸਮਝ ਪੈ ਜਾਂਦੀ ਹੈ ਕਿ ਸੱਚ ਕੀ ਹੈ। ਸੱਚ ਨੂੰ ਸਮਝੇ ਬਿਨ੍ਹਾਂ ਅਸੀਂ ਸੱਚ ਦੁਆਰਾ ਨਹੀਂ ਵਿਚਰ ਸਕਦੇ। ਸੱਚ ਦੀ ਸੋਝੀ ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਭਾਵ ਚੌਥੇ ਪਦ ਵਿੱਚ ਪਹੁੰਚ ਕੇ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਜਿੰਨ੍ਹਾਂ ਨੂੰ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੋਈ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਪਾਉਣ ਲਈ ਬੋਲ ਬੋਲਣੇ ਸਮਝਾਏ ਹਨ। ਆਓ ਇਸ ਗੱਲ ਨੂੰ ਅਗਲੇ ਸ਼ਬਦ ਰਾਹੀਂ ਹੋਰ ਵੀ ਦ੍ਰਿੜ ਕਰੀਏ ਤੇ ਉਹ ਬੋਲ ਬੋਲਣੇ ਸਮਝੀਏ ਜਿਹੜੇ ਬੋਲ ਬੋਲਣ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ।

“ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ॥
ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ॥
ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ॥
ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ॥
ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ॥
ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ॥੫੬॥”

(ਅੰਗ ੧੪੨੦)

ਉੱਪਰ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ। ਗੁਰੂ ਸਾਹਿਬ ਆਪ ਸਹਜ ਦੀ ਅਵੱਸਥਾ ਵਿੱਚ ਹਨ ਜਿਸ ਅਵੱਸਥਾ ਦੁਆਰਾ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ, ਉਨ੍ਹਾਂ ਨੇ ਸਤਿਗੁਰੂ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੋਇਆ ਹੈ। ਉਹ ਪ੍ਰਮਾਤਮਾ ਸਾਡੇ ਨਾਲ ਹੀ ਹੈ ਤੇ ਆਪਣਾ ਆਪ ਸਾਨੂੰ

ਸਾਡੇ ਅੰਦਰੋਂ ਆਪ ਹੀ ਦਿਖਾਉਂਦਾ ਹੈ। ਜਿਸਨੇ ਉਸ ਨੂੰ ਆਪਣੇ ਅੰਦਰੋਂ ਦੇਖਿਆ ਹੋਇਆ ਹੈ ਉਹੀ ਸਾਨੂੰ ਸਮਝਾ ਸਕਦਾ ਹੈ ਕਿ ਪ੍ਰਮਾਤਮਾ ਨੂੰ ਪਾਉਣ ਲਈ ਸਾਨੂੰ ਕਿਹੋ ਜਿਹੇ ਬੋਲ ਬੋਲਣੇ ਚਾਹੀਦੇ ਹਨ। ਸਾਨੂੰ ਸਹਜ ਦੀ ਅਵੱਸਥਾ ਪ੍ਰਾਪਤ ਕਰਨ ਲਈ ਸਮਝਾਇਆ ਹੋਇਆ ਹੈ। ਜੋ ਵੀ ਗੁਰੂ ਸਾਨੂੰ ਆਪਣੇ ਸ਼ਬਦ ਰਾਹੀਂ ਸਮਝਾਉਂਦਾ ਹੈ ਉਸ ਵਿੱਚ ਪੂਰਨ ਸੱਚ ਹੈ ਭਾਵ ਗੁਰੂ ਦੇ ਸੱਚੇ ਬੋਲ ਹਨ ਜਿੰਨ੍ਹਾਂ ਦੁਆਰਾ ਉਸ ਨੇ ਸਾਨੂੰ ਭਗਤੀ ਦਾ ਮਾਰਗ ਸਮਝਾਇਆ ਹੈ, ਗੁਰਮਤਿ ਰੂਪ ਵਿੱਚ ਸਿੱਖਿਆ ਦਿੱਤੀ ਹੈ। ਗੁਰੂ ਨੇ ਉਹ ਬੋਲ ਸਹਜ ਦੀ ਅਵੱਸਥਾ ਦੁਆਰਾ ਬੋਲੇ ਹਨ, ਚੌਥੇ ਪਦ ਦੀ ਅਵੱਸਥਾ ਦੁਆਰਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਬੋਲੇ ਹਨ ਜੋ ਬੋਲ ਪ੍ਰਮਾਤਮਾ ਆਪ ਹੀ ਬੁਲਵਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਆਪਣੇ ਬੁਲਵਾਏ ਹੋਏ ਬੋਲ ਹੀ ਹਨ ਜਿਸ ਕਰਕੇ ਉਨ੍ਹਾਂ ਬੋਲਾਂ ਵਿੱਚ ਪੂਰਨ ਸੱਚ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਗੁਰੂ ਦੇ ਬੋਲਾਂ ਨੂੰ, ਉਸਦੇ ਸ਼ਬਦਾਂ ਦੁਆਰਾ ਦਿੱਤੀ ਹੋਈ ਮਤਿ ਨੂੰ ਆਪਣੇ ਸੁਭਾਓ ਵਿੱਚ ਲਿਆਓ, ਆਪਣੇ ਵਿਚਾਰਾਂ ਵਿੱਚ ਲਿਆਓ ਭਾਵ ਆਪਣੇ ਵਿਚਾਰਾਂ ਨੂੰ ਛੱਡ ਕੇ ਗੁਰੂ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਓ। ਗੁਰੂ ਦੇ ਵਿਚਾਰ ਅੰਦਰ ਵੱਸਣ ਨਾਲ ਸਾਨੂੰ ਪ੍ਰਮਾਤਮਾ ਅੱਗੇ ਬੋਲਣਾ ਸਮਝ ਲੱਗਦਾ ਹੈ ਕਿ ਉਸਦੇ ਅੱਗੇ ਬੋਲਣਾ ਕੀ ਹੈ। ਗੁਰੂ ਦਾ ਸ਼ਬਦ ਸਾਨੂੰ ਸੱਚ ਸਿਖਾਉਂਦਾ ਹੈ, ਔਗੁਣ ਮੁਕਤ ਹੋ ਕੇ ਗੁਣਾਂ ਦੁਆਰਾ ਵਿਚਰਨਾ ਸਿਖਾਉਂਦਾ ਹੈ, ਮਾੜੇ ਕਰਮ ਕਰਨੇ ਛੱਡ ਕੇ ਸੱਚੇ-ਸੁੱਚੇ ਕਰਮ ਕਰਨੇ ਸਿਖਾਉਂਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਸਮਝਾਉਂਦਾ ਹੈ ਤੇ ਗੁਰੂ ਦੇ ਬੋਲਾਂ ਅਨੁਸਾਰ ਵਿਚਰਨਾ ਸਾਡੇ ਉਸ ਪ੍ਰਮਾਤਮਾ ਅੱਗੇ ਸੱਚੇ ਬੋਲ ਹਨ, ਸਾਡੀ ਅਰਦਾਸ ਹੈ ਜਿਸ ਦੁਆਰਾ ਉਹ ਸਾਡੇ ਤੇ ਕਿਰਪਾ ਕਰਕੇ ਸਾਨੂੰ ਸਾਡੇ ਅੰਦਰੋਂ ਹੀ ਆਪਣੇ ਦਰਸ਼ਨ ਕਰਵਾਉਂਦਾ ਹੈ, ‘‘ਸਬਦੁ’’ ਰੂਪ ਵਿੱਚ ਦਰਸ਼ਨ ਕਰਵਾਉਂਦਾ ਹੈ, ਨਿਰਗੁਣ ਰੂਪ ਵਿੱਚ, ਬ੍ਰਹਮਗਿਆਨ ਰੂਪ ਵਿੱਚ ਦਰਸ਼ਨ ਕਰਵਾਉਂਦਾ ਹੈ। ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਆਪਣਾ ਸੁਭਾਓ ਸ਼ਬਦ ਦੇ ਸੁਭਾਓ ਵਾਲਾ ਬਣਾਈਏ, ਗੁਰੂ ਦੇ ਸੁਭਾਓ ਵਾਲਾ ਬਣਾਈਏ। **(ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ॥ ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ॥)**

ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸਦੀ ਆਪਣੇ ਅੰਦਰੋਂ ਪਹਿਚਾਣ ਉਸਦੇ ਅੰਮ੍ਰਿਤ ਜਲ ਦੇ ਨਾਲ ਹੀ ਹੁੰਦੀ ਹੈ ਤੇ ਤਾਂ ਹੀ ਮਨੁੱਖ ਨੂੰ ਆਪਣੇ ਆਪ ਦੀ ਪਹਿਚਾਣ ਹੁੰਦੀ ਹੈ ਕਿ ਮੈਂ ਕੀ ਹਾਂ ਜਿਵੇਂ ਕਿ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ॥

ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ॥”

ਪ੍ਰਮਾਤਮਾ ਦਾ ਅੰਮ੍ਰਿਤ ਜਲ ਸਾਡੇ ਅੰਦਰ ਵਰਸਣ ਨਾਲ ਹੀ ਉਸਦੇ ਨਾਲ ਮੇਲ ਹੁੰਦਾ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ। ਉਹ ਸਾਡੇ ਅੰਦਰ ਅੰਮ੍ਰਿਤ ਦੀ ਵਰਖਾ ਆਪਣੇ ਸ਼ਬਦਾਂ ਦੇ ਵਿਚਾਰਾਂ ਦੇ ਰੂਪ ਵਿੱਚ ਕਰਦਾ ਹੈ ਭਾਵ ਮਨ ਦੇ ਵਿੱਚ ਆਪਣੇ ਸ਼ਬਦਾਂ ਦੀ ਵਿਚਾਰ

27/2985

ਦੇ ਰੂਪ ਵਿੱਚ ਉਹ ਆਪਣਾ ਅੰਮ੍ਰਿਤ ਜਲ ਪਿਆਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਦੇ ਆਏ ਹਾਂ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

ਮਾਝ ਮਹਲਾ ੫॥

“ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥

ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥

ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥੨॥

ਜਨਮ ਜਨਮ ਕਾ ਵਿਛੁੜਿਆ ਮਿਲਿਆ॥ ਸਾਧ ਕ੍ਰਿਪਾ ਤੇ ਸੂਕਾ ਹਰਿਆ॥

ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ॥੩॥

ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥

ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥੪॥੧੯॥੨੬॥”

(ਅੰਗ ੧੦੨)

ਸਭ ਤੋਂ ਪਹਿਲਾਂ ਇੱਕ ਗੱਲ ਆਪਣੇ ਅੰਦਰ ਪੱਕੀ ਤਰ੍ਹਾਂ ਦ੍ਰਿੜ ਕਰ ਲਵੋ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਉਸਦੇ ਜਦੋਂ ਵੀ ਕਿਸੇ ਨੂੰ ਦਰਸ਼ਨ ਹੋਣੇ ਹਨ, ਜਦੋਂ ਵੀ ਕਿਸੇ ਬਾਬੀਹੇ ਦੀ ਪਿਆਸ ਬੁਝਣੀ ਹੈ ਉਹ ਆਪਣੇ ਅੰਦਰੋਂ ਹੀ ਬੁਝਣੀ ਹੈ। ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਪਾਉਣ ਦੀਆਂ ਗੱਲਾਂ ਕਰਨ ਵਾਲੇ ਸੰਸਾਰ ਵਿੱਚ ਭਰੇ ਪਏ ਹਨ ਤੇ ਸਿੱਖ ਜਗਤ ਵਿੱਚ ਵੀ ਭਰੇ ਪਏ ਹਨ। ਇਹੋ ਜਿਹੇ ਸਭ ਅਤਿ ਦੇ ਭਰਮ ਵਿੱਚ ਵੀ ਹਨ ਜੋ ਕਿ ਗੁਰਮਤਿ ਦੇ ਮੂਲ ਤੋਂ ਹੀ ਉਲਟੀ ਗੱਲ ਹੈ। ਹੁਣ ਤੱਕ ਤੁਸੀਂ ਸੈਂਕੜੇ ਸ਼ਬਦਾਂ ਦੁਆਰਾ ਇਹ ਗੱਲ ਸਮਝ ਚੁੱਕੇ ਹੋ ਕਿ ਪ੍ਰਮਾਤਮਾ ਨੇ ਜਦੋਂ ਵੀ ਮਿਲਣਾ ਹੈ ਆਪਣੇ ਅੰਦਰੋਂ ਹੀ ਮਿਲਣਾ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਹੋਰ ਕੋਈ ਐਸਾ ਅਸਥਾਨ ਨਹੀਂ ਹੈ ਜਿੱਥੋਂ ਉਸ ਨੂੰ ਪਾਇਆ ਜਾ ਸਕਦਾ ਹੈ। ਸਭ ਦੇ ਅੰਦਰ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਉਹ ਕੇਵਲ ਤੇ ਕੇਵਲ ਆਪਣੀ ਕ੍ਰਿਪਾ ਦੁਆਰਾ ਮਿਲਦਾ ਹੈ। **(ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥੧॥)**

ਪ੍ਰਮਾਤਮਾ ਸਾਨੂੰ ਆਪਣੇ ਅੰਦਰੋਂ ਕਿਵੇਂ ਮਿਲਦਾ ਹੈ ਇਹ ਗੱਲ ਸਾਨੂੰ ਅੱਗੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

“ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥

ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥੨॥”

ਸਾਡੇ ਅੰਦਰ ਅੰਮ੍ਰਿਤ ਧਾਰਾ ਕਿਵੇਂ ਵਰਸਦੀ ਹੈ ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਉਂਦਾ ਹੈ ਉਸਦਾ ਜੀਵਨ ਹੀ ਸਫ਼ਲ ਹੁੰਦਾ ਹੈ ਜੋ ਅੰਮ੍ਰਿਤ ਪੀਣ ਦੁਆਰਾ ਮਨੁੱਖ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ ਜਿਸ ਨਾਲ ਉਸਦੀ ਆਪਣੀ ਹੋਂਦ ਮਿਟ ਜਾਂਦੀ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਗਿਆਨ ਰੂਪ ਅੰਮ੍ਰਿਤ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੁਆਰਾ

ਮਿਲਦਾ ਹੈ। ਸ਼ਬਦਾਂ ਦੀ ਵਿਚਾਰ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ ਤੇ ਪ੍ਰਮਾਤਮਾ ਦਾ ਇਹ ਅੰਮ੍ਰਿਤ ਸੱਚੀ ਸੋਝੀ ਦਾ ਅੰਮ੍ਰਿਤ ਹੈ, ਬ੍ਰਹਮਗਿਆਨ ਦੀ ਸੋਝੀ ਰੂਪ ਅੰਮ੍ਰਿਤ ਹੈ। ਇਸ ਅੰਮ੍ਰਿਤ ਦੀ ਪ੍ਰਾਪਤੀ ਤੋਂ ਬਾਅਦ ਹੀ ਮਨੁੱਖ

27/2986

ਨੂੰ ਅਸਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਆਨੰਦ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਹੀ ਮਨੁੱਖ ਨੂੰ ਖੇੜੇ ਵਿੱਚ ਰੱਖਦਾ ਹੈ, ਖੁਸ਼ੀ ਵਿੱਚ ਰੱਖਦਾ ਹੈ ਭਾਵ ਮਨ ਦੇ ਵਿੱਚ ਸੋਝੀ ਦੁਆਰਾ ਉਹ ਮਨੁੱਖ ਨੂੰ ਚਿੰਤਾਵਾਂ ਵਿੱਚੋਂ ਕੱਢ ਲੈਂਦਾ ਹੈ, ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ। ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਗੱਲਾਂ ਹੁੰਦੀਆਂ ਹਨ ਜਿਸ ਤੋਂ ਵੱਡਾ ਆਨੰਦ ਨਾ ਕੋਈ ਹੈ ਤੇ ਨਾ ਹੋ ਸਕਦਾ ਹੈ। **(ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥ ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ॥੨॥)**

ਮਨ ਦੇ ਵਿੱਚ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ, ‘‘ਸਬਦੁ’’ ਦੀ ਵਿਚਾਰ ਸੁਣਨ ਦੇ ਨਾਲ ਭਾਵ ਪ੍ਰਮਾਤਮਾ ਦੇ ਕੋਲੋਂ ਉਸਦੀ ਵਿਚਾਰ ਸੁਣਨ ਤੋਂ ਬਾਅਦ ਸਾਨੂੰ ਕੀ ਪ੍ਰਾਪਤੀ ਹੁੰਦੀ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

‘‘ਜਨਮ ਜਨਮ ਕਾ ਵਿਛੁੜਿਆ ਮਿਲਿਆ॥ ਸਾਧ ਕ੍ਰਿਪਾ ਤੇ ਸੂਕਾ ਹਰਿਆ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ॥੩॥’’

ਜਿਸ ਨੂੰ ਵੀ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ ਮਨ ਦੇ ਅੰਮ੍ਰਿਤ ਦੁਆਰਾ ਹੀ ਮੇਲਦਾ ਹੈ ਜਿਸ ਨਾਲ ਸਾਡਾ ਜਨਮਾਂ-ਜਨਮਾਂ ਦਾ ਵਿਛੋੜਾ ਦੂਰ ਹੁੰਦਾ ਹੈ ਤੇ ਇਹ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਭਾਵ ਸਾਧ ਕ੍ਰਿਪਾ ਹੈ ਜਿਸ ਦੁਆਰਾ ਉਹ ਸਾਡੇ ਸੁੱਕੇ ਹੋਏ ਜੀਵਨ ਨੂੰ ਹਰਾ ਕਰ ਦਿੰਦਾ ਹੈ। ਸਾਡੇ ਸੁੱਕੇ ਹੋਏ ਜੀਵਨ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਹੈ, ਹਉਮੈ ਹੈ ਭਾਵ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਸਾਡੀ ਮਨਮਤਿ ਹੈ ਜਿਸ ਦੇ ਰਹਿੰਦਿਆਂ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ, ਆਪਣੇ ਅੰਦਰ ਪ੍ਰਮਾਤਮਾ ਦੇ ਹੋਣ ਦੀ ਸੋਝੀ ਨਹੀਂ ਪੈਂਦੀ। ਜਿਸ ਪ੍ਰਮਾਤਮਾ ਨੇ ਸਾਨੂੰ ਇਸ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਸਾਨੂੰ ਇਸ ਭਰਮ ਵਾਲੀ ਅਵੱਸਥਾ ਵਿੱਚੋਂ ਕੱਢਦਾ ਹੈ। ਪ੍ਰਮਾਤਮਾ ਦਾ ਅੰਮ੍ਰਿਤ ਜਲ ਭਾਵ ਉਸਦੇ ਸ਼ਬਦ ਦੀ ਵਿਚਾਰ ਸਾਡੀ ‘‘ਮਾੜੀ’’ ਮਤਿ ਨੂੰ ‘‘ਸੁਮਤਿ’’ ਵਿੱਚ ਬਦਲ ਦਿੰਦੀ ਹੈ, ਉੱਚੀ ਮਤਿ ਵਿੱਚ ਬਦਲ ਦਿੰਦੀ ਹੈ, ਸਿਆਣੀ ਮਤਿ ਵਿੱਚ ਬਦਲ ਦਿੰਦੀ ਹੈ ਭਾਵ ਸਾਨੂੰ ਭਰਮ ਦੇ ਵਿੱਚੋਂ ਕੱਢ ਦਿੰਦੀ ਹੈ। ਗੁਰੂ ਆਪਣੀ ‘‘ਸੁਮਤਿ’’ ਦੁਆਰਾ ਹੀ ਭਰਮ ਵਿੱਚੋਂ ਨਿਕਲਿਆ ਹੋਇਆ ਹੈ ਜਿਸ ਨੂੰ ਪ੍ਰਮਾਤਮਾ ਨੇ ਮਨ ਦੇ ਅੰਦਰ ‘‘ਸਬਦੁ’’ ਰੂਪ ਵਿਚਾਰ ਦੇ ਕੇ, ਆਪਣਾ ਅੰਮ੍ਰਿਤ ਪਿਆ ਕੇ ਉਸਦੀ ਮਤਿ ਨੂੰ ਸੁਮਤਿ ਵਿੱਚ ਬਦਲਿਆ ਹੋਇਆ ਹੈ। ਸਾਡੇ ਅੰਦਰ ਇਹ ‘‘ਸੁਮਤਿ’’ ਹੀ ਸਾਡੇ ਅੰਦਰ ‘‘ਨਾਮੁ’’ ਵਾਲੀ ਮਤਿ ਹੈ, ਬ੍ਰਹਮਗਿਆਨ ਵਾਲੀ ਮਤਿ ਹੈ ਜਿਸ ਦੁਆਰਾ ਪ੍ਰਮਾਤਮਾ ਕਿਸੇ ਨੂੰ ਅਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਭਾਵ ਆਪਣੇ ਨਾਲ ਮਿਲਾਉਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਸੁਮਤਿ ਦੁਆਰਾ ਭਾਵ ਸੱਚੇ ਗਿਆਨ ਦੀ ਸੋਝੀ ਦੁਆਰਾ ਹੀ ਹੁੰਦਾ ਹੈ ਤੇ ਮਨ ਦੀ ਇਹੋ ਜਿਹੀ ਸੋਝੀ ਦੁਆਰਾ ਕੋਈ ਨਾਮੁ ਧਿਆਉਂਦਾ ਹੈ

27/2987

ਭਾਵ ਹਰ ਵੇਲੇ ਸੁਮਤਿ ਦੁਆਰਾ ਵਿਚਰਦਾ ਹੈ, ਸੱਚ ਦੁਆਰਾ ਵਿਚਰਦਾ ਹੈ, ਸ਼ਬਦ ਦਾ ਵਿਚਾਰੀ ਬਣ ਕੇ ਵਿਚਰਦਾ ਹੈ। ਸਾਡੇ ਅੰਦਰ ‘‘ਸੁਮਤਿ’’ ਹੀ ਸਾਡੇ ਅੰਦਰ ‘‘ਨਾਮੁ’’ ਵਾਲੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਸਾਡੀ ਹਉਮੈ ਦੂਰ ਹੁੰਦੀ ਹੈ, ਸਾਡੀ ‘‘ਮੈਂ’’ ਦੂਰ ਹੁੰਦੀ ਹੈ ਭਾਵ ਸਾਨੂੰ ਮਨ ਦੇ ਅੰਦਰੋਂ ਹੀ ਇਹ ਸਮਝ ਪੈਂਦੀ ਹੈ ਕਿ ਮਨੁੱਖ ਦੇ ਰੂਪ ਵਿੱਚ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਅਸੀਂ ਭਰਮ ਵਿੱਚ ਹੀ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝੀ ਹੋਈ ਹੈ। ਸਾਡੀ ਹਉਮੈ ਮਨ ਦੀ ਸੋਝੀ ਦੁਆਰਾ ਹੀ ਦੂਰ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। **(ਜਨਮ ਜਨਮ ਕਾ ਵਿਛੁੜਿਆ ਮਿਲਿਆ॥ ਸਾਧ ਕ੍ਰਿਪਾ ਤੇ ਸੂਕਾ ਹਰਿਆ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ॥੩॥)**

{ਸੁਮਤਿ ਗਿਆਨੁ ਧਿਆਨੁ ਜਿਨ ਦੇਇ॥ ਜਨ ਦਾਸ ਨਾਮੁ ਧਿਆਵਹਿ ਸੇਇ॥
ਤਿਹੁ ਗੁਣ ਮਹਿ ਜਾ ਕਉ ਭਰਮਾਏ॥ ਜਨਮਿ ਮਰੈ ਫਿਰਿ ਆਵੈ ਜਾਏ॥}

(ਅੰਗ ੨੮੪)

ਜਿਸ ਨੂੰ ਪ੍ਰਮਾਤਮਾ ਸ਼ਬਦ ਰੂਪ ਅੰਮ੍ਰਿਤ ਭਾਵ ਸ਼ਬਦ ਦੀ ਵਿਚਾਰ ਰੂਪ ਅੰਮ੍ਰਿਤ ਪਿਆਉਂਦਾ ਹੈ ਉਸਨੂੰ ਹੀ ਨਾਮ ਧਿਆਉਣ ਦੀ ਸੁਮਤਿ ਮਿਲਦੀ ਹੈ ਭਾਵ ਸਭ ਤੋਂ ਉੱਚੀ ਮਤਿ ਮਿਲਦੀ ਹੈ ਕਿਉਂਕਿ ਸ਼ਬਦ ਦੀ ਵਿਚਾਰ ਤੋਂ ਉੱਤੇ ਸੰਸਾਰ ਵਿੱਚ ਹੋਰ ਕੋਈ ਵਿਚਾਰ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਨ੍ਹਾਂ ਨੂੰ ਹੀ ਪ੍ਰਮਾਤਮਾ ਨੇ ਆਪਣੇ ਸ਼ਬਦ ਦੀ ਵਿਚਾਰ ਦਿੱਤੀ ਹੈ ਜਿਸ ਦੁਆਰਾ ਉਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ। ਇਹ ਸ਼ਬਦ ਦੀ ਵਿਚਾਰ ਹੀ ਪ੍ਰਮਾਤਮਾ ਦਾ ਬ੍ਰਹਮਗਿਆਨ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਭਰਮ ਵਿੱਚੋਂ ਕੱਢਦਾ ਹੈ, ਹਉਮੈ ਦੇ ਵਿੱਚੋਂ ਕੱਢਦਾ ਹੈ। ਸਾਡੇ ਅੰਦਰ ਹਉਮੈ ਰੂਪ ਕਿਵਾੜ, ਭਰਮ ਰੂਪ ਕਿਵਾੜ ਮਨ ਦੇ ਵਿੱਚੋਂ ਪ੍ਰਮਾਤਮਾ ਆਪਣੇ ਅੰਮ੍ਰਿਤ ਨਾਮ ਦੁਆਰਾ ਹੀ ਖੋਲ੍ਹਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਅੰਮ੍ਰਿਤ ਪਿਆ ਕੇ ਹੀ ਖੋਲ੍ਹਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥

ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥੪॥੧੯॥੨੬॥”

ਪ੍ਰਮਾਤਮਾ ਦੇ ਨਾਲ ਮੇਲ ਹੋਣ ਦਾ ਤਰੀਕਾ ਵੀ ਇੱਕੋ ਹੀ ਹੈ ਤੇ ਜਗ੍ਹਾ ਵੀ ਇੱਕੋ ਹੀ ਹੈ ਜੋ ਕਿ ਸਾਡਾ ਮਨ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆਏ ਹਾਂ। ਪ੍ਰਮਾਤਮਾ ਦੇ ਨਾਲ ਵਿਛੋੜਾ ਸਾਡੇ ਮਨ ਦੇ ਅੰਦਰ ਭਰਮ ਰੂਪ ਪੜਦੇ ਦੇ ਕਾਰਨ, ਹਉਮੈ ਦੇ ਪੜਦੇ ਦੇ ਕਾਰਨ ਹੀ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਅਵੱਸਥਾ ਦੇ ਕਾਰਨ ਹੀ ਹੈ, ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਦੇ ਕਾਰਨ ਹੀ ਹੈ।

27/2988

ਅਸੀਂ ਬਿਲਕੁਲ ਪ੍ਰਮਾਤਮਾ ਦਾ ਆਪਣਾ ਹਿੱਸਾ ਹੀ ਹਾਂ, ਪ੍ਰਮਾਤਮਾ ਦਾ ਰੂਪ ਹੀ ਹਾਂ। ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਇਹੋ ਜਿਹਾ ਹੈ ਜਿਵੇਂ ਜਲ ਤੇ ਤਰੰਗ ਦਾ ਹੈ ਭਾਵ ਕੇਵਲ ਕਹਿਣ ਲਈ ਵੱਖਰੇ ਹਾਂ ਪਰ ਅਸਲ ਵਿੱਚ ਤਰੰਗ ਜਲ ਦਾ ਹੀ ਹਿੱਸਾ ਹੈ। ਅਸੀਂ ਕਹਿਣ ਨੂੰ ਹੀ ਪ੍ਰਮਾਤਮਾ ਤੋਂ ਵੱਖਰੇ ਹਾਂ ਪਰ ਅਸਲ ਵਿੱਚ ਅਸੀਂ ਇੱਕ ਹੀ ਹਾਂ। ਸਾਡੀ ਇਸ ਸਮਝ ਦੇ ਵਿੱਚ ਕੇਵਲ ਭਰਮ ਦਾ ਪੜਦਾ ਹੈ ਜਿਸ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਨਹੀਂ ਸਕਦੇ ਪਰ ਅਸਲ ਵਿੱਚ ਮਨੁੱਖੀ ਰੂਪ ਵਿੱਚ ਉਹ ਆਪ ਹੀ ਵਰਤ ਰਿਹਾ ਹੈ। ਸਾਡੇ ਅੰਦਰ ਜੋਤਿ ਦੇ ਵਿੱਚ ਜੋਤਿ ਦਾ ਰਲਣਾ, ਜੋਤਿ ਦਾ ਜੋਤਿ ਵਿੱਚ ਸਮਾਉਣਾ ਸਾਡੇ ਅੰਦਰ ਦੇ ਭਰਮ ਦਾ ਮਿਟਣਾ ਹੀ ਹੈ। ਸਾਡੇ ਅੰਦਰ ਦੀ ਜੋਤਿ ਹੀ ਸਾਨੂੰ ਭਰਮ ਵਿੱਚ ਰੱਖਦੀ ਹੈ ਤੇ ਸਾਡੇ ਅੰਦਰ ਦੀ ਜੋਤਿ ਹੀ ਸਾਨੂੰ ਭਰਮ ਵਿੱਚੋਂ ਕੱਢ ਲੈਂਦੀ ਹੈ। ਪ੍ਰਮਾਤਮਾ ਨੇ ਆਪ ਹੀ ਸਾਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਆਪ ਹੀ ਸਾਨੂੰ ਭਰਮ ਦੇ ਵਿੱਚੋਂ ਕੱਢ ਲੈਂਦਾ ਹੈ। ਇਹ ਕੇਵਲ ਉਸਦੀ ਰਜ਼ਾ ਹੈ ਕਿ ਉਹ ਕਿਸ ਨੂੰ ਆਪਣਾ ਅੰਮ੍ਰਿਤ ਜਲ ਪਿਆਉਂਦਾ ਹੈ, ਨਾਮ ਦਾ ਜਲ ਪਿਆਉਂਦਾ ਹੈ ਭਾਵ ਬ੍ਰਹਮਗਿਆਨ ਰੂਪ ਜਲ ਪਿਆਉਂਦਾ ਹੈ। ਮਨ ਦੇ ਵਿੱਚੋਂ ਭਰਮ ਨਿਕਲਣ ਦੇ ਨਾਲ ਮਨੁੱਖ ਦੀ ਭਟਕਣਾ ਮੁੱਕ ਜਾਂਦੀ ਹੈ, ਆਵਾਗਉਣ ਮਿਟ ਜਾਂਦਾ ਹੈ ਕਿਉਂਕਿ ਉਹ ਪ੍ਰਮਾਤਮਾ ਦੇ ਨਿਰਗੁਣ ਰੂਪ ਵਿੱਚ ਸਮਾਅ ਜਾਂਦਾ ਹੈ ਜੋ ਰੂਪ ਪ੍ਰਮਾਤਮਾ ਦਾ ਆਵਾਗਉਣ ਤੋਂ ਬਾਹਰ ਹੈ, ਜਨਮ ਮਰਨ ਤੋਂ ਬਾਹਰ ਹੈ। **(ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥ ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥੪॥੧੯॥੨੬॥)**

ਜਿਸ ਨੂੰ ਪ੍ਰਮਾਤਮਾ ਆਪਣੇ ਬੋਲ ਬੋਲਣੇ ਸਿਖਾਉਂਦਾ ਹੈ, ਆਪਣੇ ਅੰਮ੍ਰਿਤ ਬੋਲ ਸਿਖਾਉਂਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਆਪਣੀ ਅੰਮ੍ਰਿਤ ਬਾਣੀ ਪੜ੍ਹਾਉਂਦਾ ਹੈ, ਆਪਣੀ ਅਕਥੁ ਕਥਾ ਸਿਖਾਉਂਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਉਣ ਦੁਆਰਾ ਹੀ ਸਿਖਾਉਂਦਾ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਸਾਨੂੰ ਗੁਰਮਤਿ ਦੀ ਸੱਚੀ ਸਿੱਖਿਆ ਦੇਣ ਲਈ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੇ ਬੋਲ ਬੋਲੇ ਹਨ, ਜਿੰਨ੍ਹਾਂ ਨੇ ਅਕਥੁ ਕਥਾ ਉਚਾਰੀ ਹੈ ਭਾਵ ਜਿੰਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਉਣ ਦੁਆਰਾ ਹੀ ਸੱਚੀ ਸਿੱਖਿਆ ਸਮਝਾਈ ਹੈ। ਪ੍ਰਮਾਤਮਾ ਮਨ ਦੇ ਵਿੱਚ ਗੱਲਾਂ ਆਪਣੇ ਇਸ ਅੰਮ੍ਰਿਤ ਰੂਪ ਗਿਆਨ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਆਪਣੀ ਗੱਲ ਸਮਝਾਉਂਦਾ ਹੈ, ਸ਼ਬਦ ਰੂਪ ਵਿੱਚ ਆਪਣੀ ਸਿੱਖਿਆ ਸਮਝਾਉਂਦਾ ਹੈ। ਜਿੰਨ੍ਹਾਂ ਨੇ ਉਸ ਖਸਮ ਕੋਲੋਂ ਉਸਦੇ ਬੋਲ ਸੁਣੇ ਹਨ ਮਨ ਦੇ ਵਿੱਚ ਪ੍ਰਮਾਤਮਾ ਦਾ ਅੰਮ੍ਰਿਤ ਵਰਸਣ ਦੁਆਰਾ ਹੀ ਸੁਣੇ ਹਨ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ॥ ਬੋਲਾਇਆ ਬੋਲੀ ਖਸਮ ਦਾ॥

ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ॥੧੪॥"

(ਅੰਗ ੭੪)

27/2989

ਮਨ ਦੇ ਵਿੱਚ ਪ੍ਰਮਾਤਮਾ ਦਾ ਇਹ "ਅੰਮ੍ਰਿਤੁ" ਸੱਚੇ ਗਿਆਨ ਦੇ ਰੂਪ ਵਿੱਚ ਵਰਸਦਾ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਵਰਸਦਾ ਹੈ ਜਿਸ ਦੁਆਰਾ ਉਹ ਆਪਣੀ ਗੱਲ ਸਮਝਾਉਂਦਾ ਹੈ ਤੇ ਮਨੁੱਖ ਉਹੀ ਕੁੱਝ ਬੋਲਦਾ ਹੈ ਜੋ ਕੁੱਝ ਅੰਦਰੋਂ ਉਹ ਆਪ ਬੁਲਾਉਂਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਤੋਂ ਬਾਅਦ ਫਿਰ ਮਨੁੱਖ ਦਾ ਆਪਣਾ ਮਾਣ ਮਿਟਦਾ ਹੈ, ਆਪਣੀ ਹਉਮੈ ਮਿਟਦੀ ਹੈ ਤੇ ਕੇਵਲ ਪ੍ਰਮਾਤਮਾ ਦਾ ਹੀ ਮਾਣ ਨਜ਼ਰ ਆਉਂਦਾ ਹੈ। ਪ੍ਰਮਾਤਮਾ ਨੂੰ ਕੋਈ ਆਪ ਆਪਣੇ ਅੰਦਰੋਂ ਵੇਖ ਲਵੇ, ਆਪਣੇ ਆਪ ਕੋਈ ਭਰਮ ਦੇ ਕਿਵਾੜ ਖੋਲ੍ਹ ਲਵੇ ਇਹ ਨਾਮੁਮਕਿਨ ਹੈ। ਉਹ ਆਪ ਹੀ ਕਿਸੇ ਨੂੰ ਥਾਇ ਪਾਵੇ ਤੇ ਪੈ ਸਕਦਾ ਹੈ ਭਾਵ ਉਹ ਆਪ ਹੀ ਕਿਸੇ ਤੇ ਕ੍ਰਿਪਾ ਕਰੇ ਤੇ ਕਿਸੇ ਦਾ ਜੀਵਨ ਸਫ਼ਲ ਕਰ ਸਕਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦਾ ਜੀਵਨ ਸਫ਼ਲਾ ਕੀਤਾ ਹੈ, ਮਨ ਦੇ ਵਿੱਚੋਂ ਉਨ੍ਹਾਂ ਦਾ ਭਰਮ ਕੱਢ ਕੇ ਆਪਣੀ ਸੱਚੀ ਸਿੱਖਿਆ ਗੁਰਬਾਣੀ ਦੇ ਰੂਪ ਵਿੱਚ ਦੇ ਕੇ ਸਫ਼ਲ ਕੀਤਾ ਹੈ, ਆਪਣੇ ਬੋਲ ਬੁਲਵਾਉਣ ਦੁਆਰਾ ਸਫ਼ਲ ਕੀਤਾ ਹੈ। ਉਸਦੇ ਬੋਲ ਬੋਲਣੇ ਉਸਦੇ ਦਰਸ਼ਨਾਂ ਤੋਂ ਬਾਅਦ ਹੀ ਸਮਝ ਆਉਂਦੇ ਹਨ ਜੋ ਕਿ ਅੰਮ੍ਰਿਤ ਵੇਲੇ ਦੇ ਬੋਲ ਹਨ ਭਾਵ ਉਹ ਬੋਲ ਹਨ ਜਦੋਂ ਸਾਡੇ ਜੀਵਨ ਦਾ ਇਹ ਵੇਲਾ ਸਫ਼ਲ ਹੋ ਜਾਂਦਾ ਹੈ। ਸਾਡਾ ਪੂਰਨ ਜੀਵਨ ਉਸਨੂੰ ਪਾਉਣ ਲਈ ਹੀ ਹੈ ਤੇ ਉਹ ਕਿਸ ਵੇਲੇ ਸਾਡਾ ਜੀਵਨ ਸਫ਼ਲ ਕਰ ਦੇਵੇ, ਕਿਸ ਵੇਲੇ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਵੇ ਇਹ ਉਸਦੀ ਆਪਣੀ ਰਜ਼ਾ ਹੈ। ਆਪਣੇ ਜੀਵਨ ਨੂੰ ਸਫ਼ਲ ਕਰਨ ਦਾ ਸਾਡੇ ਕੋਲ ਇਹੀ ਉੱਦਮ ਹੈ ਕਿ ਪਹਿਲਾਂ ਅਸੀਂ ਇਸ ਗੱਲ ਨੂੰ ਸਮਝੀਏ ਕਿ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਕਿਸ ਕਰਕੇ ਹੈ ਭਾਵ ਵਿਛੋੜੇ ਦਾ ਕਾਰਨ ਕੀ ਹੈ। ਵਿਛੋੜੇ ਦਾ ਕਾਰਨ ਮਨ ਦਾ ਭਰਮ ਹੈ, ਸਾਡੇ ਅੰਦਰ ਭਰਮ ਰੂਪ ਕਿਵਾੜ ਹਨ, ਹਉਮੈ ਰੂਪ ਕਿਵਾੜ ਹਨ ਜੋ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਖੁੱਲ੍ਹ ਸਕਦੇ ਹਨ, ਨਾਮ ਦੁਆਰਾ ਖੁੱਲ੍ਹ ਸਕਦੇ ਹਨ ਤੇ ਜਿਹੋ ਜਿਹਾ ਨਾਮ ਹਰ ਕੋਈ ਜਪਣ ਵਿੱਚ ਲੱਗਾ ਹੋਇਆ ਹੈ ਕੀ ਉਸ ਤਰੀਕੇ ਕੋਈ ਭਰਮ ਵਿੱਚੋਂ ਨਿਕਲ ਸਕਦਾ ਹੈ ਭਾਵ ਨਾਮੁਮਕਿਨ ਹੈ। ਇੱਕੋ ਇੱਕ ਤਰੀਕਾ ਮਨਮਤਿ ਵਿੱਚੋਂ ਨਿਕਲਣ ਦਾ ਹੈ ਕਿਉਂਕਿ ਸਾਡੇ ਅੰਦਰ ਕਿਵਾੜ ਹੀ ਮਨਮਤਿ ਦੇ ਰੂਪ ਦੇ ਵਿੱਚ ਹਨ। ਮਨਮਤਿ ਦੇ ਕਿਵਾੜ ਗੁਰਮਤਿ ਦੇ ਗਿਆਨ ਨਾਲ ਹੀ ਖੁੱਲ੍ਹ ਸਕਦੇ ਹਨ, ਗੁਰਮਤਿ ਰੂਪ ਜਲ ਪੀਣ ਦੁਆਰਾ, ਅੰਮ੍ਰਿਤ ਜਲ ਪੀਣ ਦੁਆਰਾ ਹੀ ਖੁੱਲ ਸਕਦੇ ਹਨ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਭਰਿਆ ਹੋਇਆ ਹੈ। ਸ਼ਬਦ ਦੇ ਵਿਚਾਰਾਂ ਨੇ ਹੀ ਸਾਨੂੰ ਮਨਮਤਿ ਦੇ ਵਿਚਾਰਾਂ ਵਿੱਚੋਂ ਕੱਢਣਾ ਹੈ ਭਾਵ ਸਾਡੀ ਸੁਰਤਿ ਦੇ ਵਿਚਾਰਾਂ ਵਿੱਚੋਂ ਕੱਢਣਾ ਹੈ। ਸਾਡੇ ਵਿੱਚ ਤੇ ਗੁਰੂ ਵਿੱਚ ਫ਼ਰਕ ਵਿਚਾਰਾਂ ਦਾ ਹੀ ਹੈ। ਜਿਉਂ-ਜਿਉਂ ਅਸੀਂ ਗੁਰੂ ਦੇ ਵਿਚਾਰਾਂ ਨੂੰ ਮੰਨੀ ਜਾਵਾਂਗੇ ਤਿਉਂ ਤਿਉਂ ਅਸੀਂ ਆਪਣੀ ਸੁਰਤਿ ਦੇ ਵਿਚਾਰਾਂ ਵਿੱਚੋਂ, ਮਨਮਤਿ ਦੇ ਵਿਚਾਰਾਂ ਵਿੱਚੋਂ ਨਿਕਲਦੇ ਜਾਵਾਂਗੇ ਭਾਵ ਭਰਮ ਵਾਲੇ ਵਿਚਾਰਾਂ ਵਿੱਚੋਂ ਨਿਕਲਦੇ ਜਾਵਾਂਗੇ, ਹਉਮੈ ਵਾਲੇ ਵਿਚਾਰਾਂ ਵਿੱਚੋਂ ਨਿਕਲਦੇ ਜਾਵਾਂਗੇ ਤੇ ਨਾਮ ਦੇ ਵਿਚਾਰਾਂ ਦੇ ਨਾਲ ਜੁੜਦੇ ਜਾਵਾਂਗੇ, ਸ਼ਬਦ ਦੇ ਵਿਚਾਰਾਂ ਦੇ ਨਾਲ ਜੁੜਦੇ ਜਾਵਾਂਗੇ। ਪ੍ਰਮਾਤਮਾ ਨੂੰ ਪਾਉਣ ਲਈ ਹੋਰ ਕੋਈ ਤਰੀਕਾ ਨਹੀਂ ਹੈ।

2990

{ਜਿਨਿ ਅਕਥੁ ਕਹਾਇਆ ਅਪਿਓ ਪੀਆਇਆ॥
ਅਨ ਭੈ ਵਿਸਰੇ ਨਾਮਿ ਸਮਾਇਆ॥੧॥}

(ਅੰਗ ੧੫੪)

{ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥}

(ਅੰਗ ੧੧੦੮)

ਅਸੀਂ ਪਿੱਛੇ ਸ਼ਬਦ ਰਾਹੀਂ ਸਾਡੇ ਅੰਦਰ ਅੰਮ੍ਰਿਤ ਦਾ ਵਰਸਣਾ ਕੀ ਹੈ ਇਸ ਗੱਲ ਨੂੰ ਸਮਝਿਆ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਬਾਬੀਹੇ ਦੀ ਪਿਆਸ ਕਿਵੇਂ ਬੁਝਦੀ ਹੈ ਜਿਵੇਂ ਕਿ ਅਸੀਂ ਪਿੱਛੇ ਬਾਬੀਹੇ ਨਾਲ ਜੁੜੇ ਹੋਏ ਸ਼ਬਦ ਨੂੰ ਸਮਝਣ ਲਈ ਉਪਰਾਲਾ ਕਰ ਰਹੇ ਹਾਂ। ਉਸ ਸ਼ਬਦ ਨੂੰ ਹੁਣ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ।

“ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ॥
ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ॥
ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ॥
ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ॥
ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ॥
ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ॥੫੬॥”

(ਅੰਗ ੧੪੨੦)

ਇਸ ਸ਼ਬਦ ਦੇ ਬਹੁਤੇ ਅਰਥ ਅਸੀਂ ਪਿੱਛੇ ਸਮਝ ਹੀ ਚੁੱਕੇ ਹਾਂ। ਵਾਰ-ਵਾਰ ਸਾਨੂੰ ਸ਼ਬਦਾਂ ਰਾਹੀਂ ਬਾਬੀਹਾ ਰੂਪ ਸੰਬੋਧਨ ਕਰਕੇ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੀ ਸਮਝਾਇਆ ਹੋਇਆ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮੇਲ ਕਰਨ ਦਾ ਤਰੀਕਾ ਸਭ ਜਗ੍ਹਾ ਸਾਨੂੰ ਉਹੀ ਸਮਝਾਇਆ ਹੋਇਆ ਹੈ ਜੋ ਕਿ ਨਾਮ ਦੇ ਨਾਲ ਜੁੜਨ ਦਾ ਹੈ। ਨਾਮ ਦੀ ਸੋਝੀ ਨਾ ਹੋਣ ਕਰਕੇ ਹਰ ਕੋਈ ਅਤਿ ਦਾ ਭਰਮਿਆ ਹੋਇਆ ਹੈ। ਸਾਡੀ ਤਿੱਖ ਹੀ ਨਾਮ ਦੀ ਪ੍ਰਾਪਤੀ ਦੇ ਨਾਲ ਬੁਝਣੀ ਹੈ ਜਿਸ ਨਾਲ ਸਾਡੀ ਕੂਕ ਪੁਕਾਰ ਮੁੱਕਣੀ ਹੈ। ਸਾਡੀ ਜੋਤਿ ਵਿੱਚ ਜੋਤਿ ਰਲਣੀ, ਜੋਤਿ ਦਾ ਜੋਤਿ ਵਿੱਚ ਸਮਾਉਣਾ ਜਾਂ ਪ੍ਰਮਾਤਮਾ ਦੇ ਸੱਚੇ ਨਾਮ ਵਿੱਚ ਸਮਾਉਣਾ ਇੱਕੋ ਹੀ ਗੱਲ ਹੈ ਜੋ ਕਿ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਉਣਾ ਹੈ। ਪ੍ਰਮਾਤਮਾ ਦੀ ਸੁਹਾਗਣ ਬਣ ਕੇ ਨਿਰਗੁਣ ਰੂਪ ਵਿੱਚ ਉਸਦੀ ਸੇਜ ਤੇ ਸੌਂ ਸਕਦਾ ਹੈ ਤੇ ਬਾਬੀਹੇ ਦੀ ਕੂਕ ਪੁਕਾਰ ਮੁੱਕ ਜਾਂਦੀ ਹੈ ਭਾਵ ਉਸਦੀ ਤਿਖ ਬੁਝ ਜਾਂਦੀ ਹੈ। **(ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ॥ ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ॥੫੬॥)**

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ, ਆਪਣੀ ਤਿਖ ਬੁਝਾਉਣ ਦਾ

27/2991

ਤਰੀਕਾ ਜੋ ਅਸੀਂ ਹੁਣ ਤੱਕ ਗੁਰਬਾਣੀ ਰਾਹੀਂ, ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ ਉਹ ਇਹੀ ਹੈ ਕਿ ਪ੍ਰਮਾਤਮਾ ਗੁਣਾਂ ਨੂੰ ਅਪਣਾਉਣ ਦੁਆਰਾ ਮਿਲਦਾ ਹੈ ਭਾਵ ਔਗੁਣਾਂ ਨੂੰ ਤਿਆਗਣ ਦੁਆਰਾ ਮਿਲਦਾ ਹੈ। ਨਾਮ ਦਾ ਮਕਸਦ, ਗੁਰਮਤਿ ਦਾ ਮਕਸਦ ਸਾਨੂੰ ਗੁਣੀ ਬਣਾਉਣ ਨਾਲ ਹੀ ਹੈ ਤਾਂ ਜੋ ਅਸੀਂ ਸੱਚੇ-ਸੁੱਚੇ ਕਰਮ ਕਰੀਏ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਔਗੁਣਾਂ ਕਰਕੇ ਹੈ ਜਿਸਦਾ ਕਾਰਨ ਸਾਡੇ ਮਨ ਦਾ ਭਰਮ ਹੈ, ਮਨਮਤਿ ਹੈ, ਹਉਮੈ ਹੈ। ਆਪਣੇ ਔਗੁਣ ਛੱਡੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ। ਬਾਬੀਹਾ ਰੂਪ ਮਨੁੱਖ ਦੀ ਪਿਆਸ ਔਗੁਣਾਂ ਵਿੱਚ ਰਹਿੰਦੇ ਹੋਏ ਕਦੇ ਨਹੀਂ ਬੁਝ ਸਕਦੀ ਇਹ ਗੁਰਬਾਣੀ ਦਾ ਆਪਣਾ ਫੁਰਮਾਨ ਹੈ, ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ ਤੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਬੜੀ ਹੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ, ਹਰ ਕੋਈ ਭਰਮਿਆ ਹੋਇਆ ਵੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝ ਸਕਦਾ ਹੈ।

ਸਲੋਕ ਮਃ ੩॥

“ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ॥
ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ॥
ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ॥
ਨਾਨਕ ਨਾਮਿ ਰਤੇ ਸਹਜੇ ਮਿਲੇ ਸਬਦਿ ਗੁਰੂ ਕੈ ਘਾਲ॥੧॥”

(ਅੰਗ ੧੨੯੩)

ਇੱਕ ਗੱਲ ਬੜੀ ਹੀ ਚੰਗੀ ਤ੍ਰਰਾਂ ਮਨ ਵਿੱਚ ਵਸਾ ਲਵੋ ਕਿ ਜੋ ਗੱਲ ਸਾਨੂੰ ਗੁਰੂ ਸਮਝਾਉਂਦਾ ਹੈ ਉਹ ਸਾਡਾ ਗੁਣ ਹੈ ਜੋ ਗੱਲ ਗੁਰੂ ਦੀ ਮਤਿ ਤੋਂ ਉਲਟ ਹੈ ਭਾਵ ਜਿਸ ਗੱਲ ਤੋਂ ਗੁਰੂ ਸਾਨੂੰ ਮਨ੍ਹਾ ਕਰਦਾ ਹੈ ਉਹ ਸਾਡਾ ਔਗੁਣ ਹੈ। ਗੁਰੂ ਦੀ ਮਤਿ ਤੋਂ

ਉਲਟ ਚੱਲ ਕੇ ਕੋਈ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ, ਕੋਈ ਉਸਦੇ "ਮਹਲੁ" ਵਿੱਚ ਨਹੀਂ ਪਹੁੰਚ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੈ। ਪ੍ਰਮਾਤਮਾ ਆਪਣੇ ਅੰਦਰੋਂ ਕੇਵਲ ਗੁਰਮੁਖਿ ਵਾਲੀ ਅਵੱਸਥਾ ਦੁਆਰਾ ਦਿੱਸਦਾ ਹੈ ਭਾਵ ਗੁਰਮੁਖਿ ਉਹ ਹੈ ਜੋ ਸਦਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਸਨੂੰ ਅੰਗ ਸੰਗ ਦੇਖਦਾ ਹੈ, ਸਦਾ ਹੀ ਉਸਨੂੰ ਆਪਣੇ ਨਾਲ ਦੇਖਦਾ ਹੈ ਭਾਵ ਜੋ ਉਸਦੇ "ਮਹਲੁ" ਦੇ ਵਿੱਚ ਪਹੁੰਚ ਜਾਂਦਾ ਹੈ। "ਗੁਰਮੁਖਿ" ਆਪ ਗੁਰੂ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਗੁਰਮੁਖਿ ਰੂਪ ਵਿੱਚ ਹੈ। ਪ੍ਰਮਾਤਮਾ ਨੂੰ ਪਾਉਣ ਲਈ ਇੱਕੋ ਇੱਕ ਤਰੀਕਾ ਉਸਦਾ ਗੁਰਮੁਖਿ ਰੂਪ ਬਣਨਾ ਹੈ। ਗੁਰਮੁਖਿ ਰੂਪ ਅਸੀਂ ਤਾਂ ਹੀ ਬਣ ਸਕਦੇ ਹਾਂ ਜਦੋਂ ਸਾਡੇ ਅੰਦਰ ਗੁਰਮੁਖਿ ਰੂਪ ਵਾਲੇ ਗੁਣ ਵੱਸ ਜਾਣਗੇ। ਗੁਰਬਾਣੀ ਸਾਨੂੰ ਗੁਰਮੁਖਿ ਰੂਪ ਦੇ ਗੁਣ ਹੀ ਸਮਝਾ ਰਹੀ ਹੈ ਭਾਵ ਗੁਰਮੁਖਿ ਰੂਪ ਬਣਨ ਦੀ ਮਤਿ ਹੀ ਦੇ ਰਹੀ ਹੈ। ਜੋ ਮਤਿ ਗੁਰਬਾਣੀ ਤੇ ਪੂਰੀ ਨਹੀਂ ਉਤਰਦੀ ਉਸ ਵਿੱਚ ਮਨਮਤਿ ਹੈ ਭਾਵ ਸਾਡਾ ਮਨਮੁਖਿ ਰੂਪ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਬਿਲਕੁਲ ਉਹੀ ਕੁੱਝ ਕਰਨਾ ਪਵੇਗਾ ਜੋ ਸਾਨੂੰ ਗੁਰੂ ਦਾ ਗੁਰਮੁਖਿ ਰੂਪ

ਸਮਝਾ ਰਿਹਾ ਹੈ। ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਭਾਵ ਸਰੀਰਕ ਜਪ ਤਪ ਆਦਿ ਵਿੱਚ ਲੱਗਾ ਹੋਇਆ ਹੈ ਉਸ ਵਿੱਚ ਕੇਵਲ ਮਨਮੁੱਖਤਾ ਹੈ ਤੇ ਗੁਰਬਾਣੀ ਦੇ ਗੁਰਮੁਖਿ ਰੂਪ ਦੇ ਉਲਟ ਹੈ ਭਾਵ ਗੁਰੂ ਦੀ ਮਤਿ ਦੇ ਉਲਟ ਹੈ। ਗੁਰਮੁਖਿ ਰੂਪ ਪ੍ਰਮਾਤਮਾ ਦਾ ਸੱਚ ਰੂਪ ਹੈ ਇਸੇ ਲਈ ਪੂਰੀ ਗੁਰਬਾਣੀ ਵਿੱਚ ਸੱਚ ਹੈ। ਜੋ ਗੱਲ ਸੱਚ ਤੇ ਖਰੀ ਨਹੀਂ ਉਤਰਦੀ ਉਸ ਵਿੱਚ ਝੂਠ ਹੈ, ਕੂੜਿ ਹੈ, ਭਰਮ ਹੈ, ਮਨਮਤਿ ਹੈ, ਹਉਮੈ ਹੈ ਭਾਵ ਮਨਮੁੱਖਤਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਸਾਰ, ਤੱਤ ਆਪਣੀ ਮਨਮਤਿ ਛੱਡਣ ਦਾ ਹੈ, ਮਨਹਠਿ ਛੱਡਣ ਦਾ ਹੈ ਭਾਵ ਭਗਤੀ ਦੇ ਉਨ੍ਹਾਂ ਤਰੀਕਿਆਂ ਨੂੰ ਛੱਡਣ ਦਾ ਹੈ ਜੋ ਸਦੀਆਂ ਤੋਂ ਅਸੀਂ ਆਪਣੇ ਮਨ ਦੇ ਭਰਮ ਕਰਕੇ ਅਪਣਾਏ ਹੋਏ ਹਨ। ਇਹ ਭਰਮ ਛੱਡੇ ਬਿਨ੍ਹਾਂ, ਮਨਮਤਿ ਛੱਡੇ ਬਿਨ੍ਹਾਂ, ਮਨਹਠਿ ਛੱਡੇ ਬਿਨ੍ਹਾਂ ਅਸੀਂ ਕਦੇ ਗੁਰਮਤਿ ਨਾਲ ਨਹੀਂ ਜੁੜ ਸਕਦੇ, ਸੱਚ ਨਾਲ, ਗੁਰਬਾਣੀ ਦੇ ਗੁਰਮੁਖਿ ਰੂਪ ਨਾਲ ਨਹੀਂ ਜੁੜ ਸਕਦੇ ਭਾਵ ਗੁਰੂ ਦੇ ਦੱਸੇ ਹੋਏ ਗੁਣਾਂ ਦੇ ਨਾਲ ਨਹੀਂ ਜੁੜ ਸਕਦੇ ਤੇ ਗੁਣਾਂ ਨਾਲ ਜੁੜੇ ਬਿਨ੍ਹਾਂ ਭਾਵ ਉਨ੍ਹਾਂ ਨਾਲ ਜੁੜੇ ਬਿਨ੍ਹਾਂ ਭਾਵ ਉਨ੍ਹਾਂ ਨਾਲ ਜੁੜਨ ਦਾ ਉੱਦਮ ਕੀਤੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਮਹਲੁ ਵਿੱਚ ਨਹੀਂ ਪਹੁੰਚ ਸਕਦੇ, ਉਸਦੇ ਨਿਰਗੁਣ ਰੂਪ ਮਹਲੁ ਵਿੱਚ ਨਹੀਂ ਪਹੁੰਚ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ, ਅੰਦਰ ਹੀ ਹੈ, ਅੰਦਰ ਹੀ ਹੈ। ਇਸ ਮਹਲੁ ਵਿੱਚ ਪਹੁੰਚਣ ਲਈ ਆਪਣਾ ਪੂਰਨ ਭਰੋਸਾ ਗੁਰੂ ਦੀ ਮਤਿ ਤੇ ਟਿਕਾਉਣ ਦੀ ਲੋੜ ਹੈ ਤੇ ਉਨ੍ਹਾਂ ਦੀ ਮਤਿ ਛੱਡਣ ਦੀ ਲੋੜ ਹੈ ਜਿੰਨ੍ਹਾਂ ਨੇ ਸਾਨੂੰ ਭਗਤੀ ਦੇ ਤਰੀਕੇ ਸਿਖਾਏ ਹੋਏ ਹਨ। ਨਾ ਉਨ੍ਹਾਂ ਨੇ ਖੁਦ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਲੁ ਨੂੰ ਦੇਖਿਆ ਹੈ ਤੇ ਨਾ ਹੀ ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗ ਕੇ ਕੋਈ ਦੇਖ ਸਕਦਾ ਹੈ। **(ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ॥ ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ॥)**

ਹੁਣ ਅਗਲੀਆਂ ਪੰਗਤੀਆਂ ਰਾਹੀਂ ਸਮਝੋ ਕਿ ਜਿੰਨ੍ਹਾਂ ਨੂੰ ਪ੍ਰਮਾਤਮਾ ਦਾ ਮਹਲੁ ਪ੍ਰਾਪਤ ਹੋਇਆ ਹੈ ਉਨ੍ਹਾਂ ਨੂੰ ਕਿਸ ਤਰੀਕੇ ਇਹ ਪ੍ਰਾਪਤੀ ਹੋਈ ਹੈ।

"ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ॥

ਨਾਨਕ ਨਾਮਿ ਰਤੇ ਸਹਜੇ ਮਿਲੇ ਸਬਦਿ ਗੁਰੂ ਕੈ ਘਾਲ॥੧॥"

ਸਾਨੂੰ ਗੁਰਬਾਣੀ ਰਾਹੀਂ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਉਨ੍ਹਾਂ ਨੇ ਹੀ ਸਮਝਾਇਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਮਹਲੁ ਦੀ ਪ੍ਰਾਪਤੀ ਹੋਈ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਪ੍ਰਮਾਤਮਾ ਨੇ ਆਪ ਹੀ ਸਮਝਾਇਆ ਹੋਇਆ ਹੈ, ਆਪਣੇ ਮਹਲੁ ਵਿੱਚ ਪਹੁੰਚਣ ਵਾਲਿਆਂ ਨੂੰ ਹੀ ਸਮਝਾਇਆ ਹੈ। ਪ੍ਰਮਾਤਮਾ ਦੇ ਮਹਲੁ ਵਿੱਚ ਪਹੁੰਚਣ ਲਈ ਕਿਸੇ ਕੂਕ ਪੁਕਾਰ ਦੀ ਲੋੜ ਨਹੀਂ ਹੈ ਭਾਵ ਉਸ ਨੂੰ ਪਾਉਣ ਲਈ ਮੁੱਖੋਂ ਬੋਲੀ ਜਾਣ ਦੀ ਲੋੜ ਨਹੀਂ ਹੈ ਤੇ ਉਹ ਕੇਵਲ ਗੁਣਾਂ ਦੁਆਰਾ ਮਿਲਦਾ ਹੈ ਜਿਵੇਂ ਕਿ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਗਿਆ ਹੈ। ਉਸਦੇ ਨਾਲ ਮੇਲ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ ਤੇ ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸ ਨੂੰ ਗੁਣਾਂ ਦੇ ਨਾਲ ਜੋੜਦਾ ਹੈ ਭਾਵ ਨਾਮ ਦੇ ਨਾਲ ਜੋੜਦਾ ਹੈ, ਗੁਰਮਤਿ ਦੇ ਨਾਲ ਜੋੜਦਾ ਹੈ। ਜੋ ਉਸਦੇ ਗੁਣਾਂ ਵਿੱਚ ਰੱਤੇ ਹੋਏ ਹਨ ਉਹੀ ਉਸਦੇ ਨਾਮ ਵਿੱਚ ਰੱਤੇ ਹੋਏ ਹਨ, ਜੋ ਪੂਰੀ ਤਰ੍ਹਾਂ

ਔਗੁਣਾਂ ਤੋਂ ਮੁਕਤ ਹਨ ਉਹ ਉਸਦੇ ਨਾਮ ਵਿੱਚ ਰੱਤੇ ਹੋਏ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿਸ ਨੂੰ ਪ੍ਰਮਾਤਮਾ ਆਪਣਾ "ਮਹਲੁ" ਬਖਸ਼ਦਾ ਹੈ ਉਸ ਨੂੰ ਆਪਣੇ ਨਾਮ ਦੇ ਨਾਲ ਹੀ ਰੰਗਦਾ ਹੈ, ਸੱਚੇ ਗਿਆਨ ਦੇ ਨਾਲ ਹੀ ਰੰਗਦਾ ਹੈ। ਪ੍ਰਮਾਤਮਾ ਦਾ ਮਹਲੁ ਸਾਡੇ ਅੰਦਰ ਸਹਜ ਦੀ ਅਵੱਸਥਾ ਦਾ ਮਹਲੁ ਹੈ ਭਾਵ ਸਾਡੇ ਅੰਦਰ ਦਾ ਚੌਥਾ ਪਦ ਹੈ ਜੋ ਪ੍ਰਮਾਤਮਾ ਆਪਣੀ ਕ੍ਰਿਪਾ ਦੁਆਰਾ ਬਖ਼ਸ਼ਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦੇ ਲਈ ਅਸੀਂ ਜੋ ਘਾਲ ਕਰਨੀ ਹੈ ਉਹ ਉਸਦੇ ਸ਼ਬਦ ਦੁਆਰਾ ਕਰਨੀ ਹੈ। ਗੁਰੂ ਦਾ ਸ਼ਬਦ ਸਾਨੂੰ ਵਿਚਾਰ ਦੇਣ ਲਈ ਹੈ, ਮਤਿ ਦੇਣ ਲਈ ਹੈ, ਗੁਣ ਸਿਖਾਉਣ ਲਈ ਹੈ, ਸਾਨੂੰ ਔਗੁਣਾਂ ਵਿੱਚੋਂ ਕੱਢਣ ਲਈ ਹੈ ਤੇ ਜੋ ਗੁਰੂ ਦੇ ਸ਼ਬਦ ਅਨੁਸਾਰ ਵਿਚਰਦਾ ਹੈ ਉਹ ਸ਼ਬਦ ਦੀ ਘਾਲਣਾ ਘਾਲਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਪ੍ਰਮਾਤਮਾ ਦੀ ਭਗਤੀ ਦਾ ਸਾਰ ਗੁਣੀ ਬਣ ਕੇ ਵਿਚਰਨਾ ਹੀ ਹੈ ਤੇ ਇਹੀ ਸ਼ਬਦ ਦੀ ਘਾਲਣਾ ਘਾਲਣ ਦਾ ਤਰੀਕਾ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਣ ਦਾ ਤਰੀਕਾ ਹੈ। ਗੁਰੂ ਦੇ ਦੱਸੇ ਹੋਏ ਗੁਣਾਂ ਦੀ ਪੂਜਾ ਹੀ ਗੁਰੂ ਦੀ ਪੂਜਾ ਹੈ, ਪ੍ਰਮਾਤਮਾ ਦੀ ਪੂਜਾ ਹੈ ਤੇ ਇਹੀ ਪੂਰੀ ਗੁਰਬਾਣੀ ਦਾ ਸਾਰ ਹੈ। ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ ਤੇ ਉਸ ਸ਼ਬਦ ਨੂੰ ਫਿਰ ਤੋਂ ਪੜ੍ਹਿਆ ਜਾ ਸਕਦਾ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਦ੍ਰਿੜ ਕਰਕੇ ਮੰਨ ਸਕੀਏ ਕਿ ਕੇਵਲ ਗੁਣਾਂ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੀ ਪੂਰਨ ਭਗਤੀ ਹੈ ਤੇ ਇਸ ਤੋਂ ਬਾਅਦ ਹੋਰ ਕਿਸੇ ਭਗਤੀ ਦੇ ਉੱਦਮ ਦੀ ਲੋੜ ਨਹੀਂ ਹੈ। ਸਾਡਾ ਪੂਰਾ ਉੱਦਮ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੋਣਾ ਚਾਹੀਦਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਕਿਸ ਤਰੀਕੇ ਕਰਨੀ ਹੈ। ਸਾਡੇ ਸਾਰੇ ਸਵਾਲਾਂ ਦਾ ਜਵਾਬ ਗੁਰੂ ਸਾਹਿਬ ਨੇ ਇੱਕੋ ਗੱਲ ਦੁਆਰਾ ਦਿੱਤਾ ਹੋਇਆ ਹੈ ਜੋ ਕਿ ਗੁਣਾਂ ਦੁਆਰਾ ਵਿਚਰਨ ਦਾ ਹੈ ਜਿਸ ਨੂੰ ਸਾਡੀ ਸਗਲ ਘਾਲਣਾ ਕਿਹਾ ਹੈ ਭਾਵ ਉਸ ਤੋਂ ਬਿਨ੍ਹਾਂ ਕਿਸੇ ਹੋਰ ਘਾਲਣਾ ਦੀ ਲੋੜ ਨਹੀਂ ਹੈ।

ਗਉੜੀ ਮਃ ੫॥

"ਕਵਨ ਰੂਪੁ ਤੇਰਾ ਆਰਾਧਉ॥ ਕਵਨ ਜੋਗ ਕਾਇਆ ਲੇ ਸਾਧਉ॥੧॥
ਕਵਨ ਗੁਨੁ ਜੋ ਤੁਝੁ ਲੈ ਗਾਵਉ॥ ਕਵਨ ਬੋਲ ਪਾਰਬ੍ਰਹਮ ਰੀਝਾਵਉ॥੧॥ਰਹਾਉ॥
ਕਵਨ ਸੁ ਪੂਜਾ ਤੇਰੀ ਕਰਉ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ॥੨॥
ਕਵਨ ਤਪੁ ਜਿਤੁ ਤਪੀਆ ਹੋਇ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥
ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ॥ ਜਿਸ ਕੀ ਮਾਨਿ ਲੇਇ ਸੁਖਦਾਤਾ॥੧॥ਰਹਾਉ ਦੂਜਾ॥੩੬॥੧੦੫॥"

(ਅੰਗ ੧੮੬)

ਉੱਪਰ ਸ਼ਬਦ ਰਾਹੀਂ ਪਹਿਲਾਂ ਸਾਡੇ ਸਾਰੇ ਸਵਾਲ, ਪ੍ਰਸ਼ਨ ਗਿਣਵਾਏ ਹੋਏ ਹਨ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਕਿਸ ਤਰੀਕੇ ਕਰਨੀ ਹੈ ਭਾਵ ਅਸੀਂ ਪ੍ਰਮਾਤਮਾ ਨੂੰ ਕਿਵੇਂ ਆਰਾਧਨਾ ਹੈ, ਕਿਵੇਂ ਉਸਦੀ ਸਾਧਨਾ ਕਰਨੀ ਹੈ, ਕਿਸ ਤਰੀਕੇ ਉਸਦੇ ਗੁਣ ਗਾਉਣੇ ਹਨ, ਕਿਹੋ ਜਿਹੇ ਆਪਣੇ ਬੋਲਾਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਰੀਝਾਉਣਾ ਹੈ, ਕਿਹੋ ਜਿਹੀ ਪੂਜਾ ਪ੍ਰਮਾਤਮਾ ਦੀ ਕਰਨੀ ਹੈ, ਕਿਸ ਤਰੀਕੇ ਨਾਲ ਭਉਜਲ ਸਾਗਰ ਤਰਨਾ ਹੈ, ਕਿਹੋ ਜਿਹਾ ਤਪ ਕਰਨਾ ਹੈ ਭਾਵ ਤਪੀਆ ਬਣਨਾ ਕੀ ਹੈ ਤੇ ਸਭ ਤੋਂ ਵੱਡੀ ਗੱਲ ਕਿ ਪ੍ਰਮਾਤਮਾ ਦਾ ਨਾਮ ਕਿਵੇਂ ਜਪਣਾ ਹੈ ਜਿਸ ਦੁਆਰਾ ਸਾਡੀ ਹਉਮੈ ਦੀ ਮੈਲ ਉਤਰ ਸਕਦੀ ਹੈ। ਸਾਡੇ ਇਨ੍ਹਾਂ ਸਾਰੇ ਭਗਤੀ ਦੇ ਤਰੀਕਿਆਂ ਤੇ ਪੂਰੇ ਉਤਰਨ ਦਾ ਗੁਰੂ ਸਾਹਿਬ ਵੱਲੋਂ ਇੱਕੋ ਇੱਕ ਜਵਾਬ ਇਹੀ ਹੈ, ਜੋ ਕਿ ਹੇਠਲੀ ਪੰਗਤੀ ਦੁਆਰਾ ਸਪੱਸ਼ਟ ਹੈ।

"ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥"

ਇਸ ਗੱਲ ਦੀ ਸਮਝ ਉਸ ਨੂੰ ਹੀ ਲੱਗ ਸਕਦੀ ਹੈ ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਉਸਦੇ ਨਾਲ ਮੇਲ ਹੋ ਜਾਂਦਾ ਹੈ ਤੇ ਉਹੀ ਪ੍ਰਮਾਤਮਾ ਦੀ ਇਹੋ ਜਿਹੀ ਪੂਜਾ ਕਰ ਸਕਦਾ ਹੈ। ਗੁਰੂ ਦੀ ਮਤਿ ਸਾਨੂੰ ਗੁਣ ਹੀ ਸਿਖਾਉਂਦੀ ਹੈ, ਸ਼ਬਦ ਦੀ ਵਿਚਾਰ ਸਾਨੂੰ ਗੁਣ ਹੀ ਸਿਖਾਉਂਦੀ ਹੈ ਤੇ ਸ਼ਬਦਾਂ ਦੀ ਵਿਚਾਰ ਤੇ ਪੂਰਾ ਉਤਰਨਾ ਗੁਰੂ ਪ੍ਰਮਾਤਮਾ ਦੀ ਪੂਜਾ ਹੈ ਜੋ ਕਿ ਸਾਡੀ ਸਗਲ ਘਾਲ

ਹੈ ਭਾਵ ਕਿਸੇ ਹੋਰ ਘਾਲਣਾ ਦੀ ਲੋੜ ਨਹੀਂ ਹੈ। ਸਾਡਾ ਸਾਰਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਸ਼ਬਦ ਦੀ ਮਤਿ ਨੂੰ ਅਪਣਾਈਏ ਤੇ ਕੇਵਲ ਉਹੀ ਕੁੱਝ ਕਰਨ ਦਾ ਉੱਦਮ ਕਰੀਏ ਜੋ ਗੁਰੂ ਦੀ ਵਿਚਾਰ ਸਾਨੂੰ ਉਸਦੇ ਸ਼ਬਦਾਂ ਰਾਹੀਂ ਮਿਲਦੀ ਹੈ। ਸ਼ਬਦ ਦੀ ਵਿਚਾਰ ਪ੍ਰਮਾਤਮਾ ਦੇ ਗੁਰਮੁਖਿ ਰੂਪ ਦੀ ਵਿਚਾਰ ਹੈ ਜਿਸ ਵਿਚਾਰ ਦੇ ਨਾਲ ਜੁੜਕੇ ਅਸੀਂ ਉਸਦਾ ਗੁਰਮੁਖਿ ਰੂਪ ਬਣਨ ਦਾ ਉੱਦਮ ਕਰ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਉੱਦਮ ਕਰ ਸਕਦੇ ਹਾਂ, ਉਸਦੇ ਮਹਲੁ ਵਿੱਚ ਪਹੁੰਚਣ ਦਾ ਉੱਦਮ ਕਰ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ ਤੇ ਅਸੀਂ ਆਪਣੀ ਮਨਮਤਿ ਕਰਕੇ, ਔਗੁਣਾਂ ਕਰਕੇ ਇਸ ਮਹਲੁ ਨੂੰ ਜਾਨਣ ਤੋਂ ਦੂਰ ਹਾਂ, ਭਗਤੀ ਦੀ ਸਹੀ ਸੋਝੀ ਨਾ ਹੋਣ ਕਰਕੇ ਦੂਰ ਹਾਂ। **(ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ॥ ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ॥ ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ॥ ਨਾਨਕ ਨਾਮਿ ਰਤੇ ਸਹਜੇ ਮਿਲੇ ਸਬਦਿ ਗੁਰੂ ਕੈ ਘਾਲ॥੧॥)**

ਆਸਾ ਮਹਲਾ ੫॥

{ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ॥
ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ॥੧॥}

(ਅੰਗ ੩੮੧)

{ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ॥੨॥}

(ਅੰਗ ੪੩੭)

{ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥
ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ॥੭॥}

(ਅੰਗ ੧੨੨)

{ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ॥੨॥}

(ਅੰਗ ੨੯)

27/2994

ਸਲੋਕ ਮਃ ੩॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ॥}

(ਅੰਗ ੮੮)

{ਸੋ ਜਨੁ ਸਾਚਾ ਜਿ ਹਉਮੈ ਮਾਰੈ॥ ਗੁਰ ਕੈ ਸਬਦਿ ਪੰਚ ਸੰਘਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥੪॥}

(ਅੰਗ ੨੩੦)

{ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲ॥

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥੧॥}

(ਅੰਗ ੯੭੮)

ਅਸੀਂ ਬਾਬੀਹੇ ਨਾਲ ਜੁੜੇ ਕਾਫੀ ਸ਼ਬਦਾਂ ਦੀ ਵਿਚਾਰ ਕੀਤੀ ਹੈ ਕਿ ਬਾਬੀਹੇ ਦੀ ਤਿਖ ਕਿਵੇਂ ਬੁਝਦੀ ਹੈ। ਬਾਬੀਹੇ ਦੀ ਤਿੱਖ ਅੰਮ੍ਰਿਤੁ ਦੀ ਪ੍ਰਾਪਤੀ ਦੁਆਰਾ ਬੁਝਦੀ ਹੈ ਜੋ ਕਿ ਸਾਡੇ ਅੰਦਰ ਹੀ ਹੈ। ਅੰਮ੍ਰਿਤੁ ਦੇ ਰੂਪ ਵਿੱਚ ਸਾਡੇ ਅੰਦਰ ਪ੍ਰਮਾਤਮਾ ਆਪ ਹੈ ਜੋ ਕਿ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਮਨ ਦੇ ਵਿਚਾਰ ਸਾਡੇ ਅੰਦਰ ਹਰ ਵੇਲੇ ਚੱਲਦੇ ਰਹਿੰਦੇ ਹਨ ਤੇ ਪ੍ਰਮਾਤਮਾ ਦੇ ਇਹ ਅੰਮ੍ਰਿਤ ਰੂਪ ਵਿਚਾਰਾਂ ਨੂੰ ਬੁਝਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁਝਣਾ ਹੈ। ਆਪਣੇ ਅੰਦਰੋਂ ਇਨ੍ਹਾਂ ਅੰਮ੍ਰਿਤ ਰੂਪ ਵਿਚਾਰਾਂ ਨੂੰ ਬੁਝਣ ਦਾ ਵੇਲਾ ਸਾਡਾ ਸਾਰਾ ਜੀਵਨ ਹੈ ਤੇ ਜਦੋਂ ਅਸੀਂ ਆਪਣੇ ਅੰਦਰੋਂ ਇਨ੍ਹਾਂ ਅੰਮ੍ਰਿਤ ਰੂਪ ਵਿਚਾਰਾਂ ਨੂੰ ਬੁਝ ਲੈਂਦੇ ਹਾਂ ਉਸ ਵੇਲੇ ਸਾਨੂੰ ਅੰਮ੍ਰਿਤੁ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਸਾਡਾ ਜੀਵਨ ਸਫ਼ਲ ਹੋ ਜਾਂਦਾ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਅੰਮ੍ਰਿਤ ਦੀ ਪ੍ਰਾਪਤੀ ਲਈ ਉਹ ਉਪਰਾਲਾ ਕਰੀਏ ਤਾਂ ਜੋ ਸਾਡੇ ਅੰਦਰ ਅੰਮ੍ਰਿਤ ਰੂਪ ਪ੍ਰਾਪਤੀ ਕਰਨ ਦਾ ਵੇਲਾ ਆਵੇ ਤੇ ਸਾਡਾ ਇਹ ਮਨੁੱਖੀ ਜੀਵਨ ਸਫ਼ਲ ਹੋਵੇ।ਪ੍ਰਮਾਤਮਾ ਰੂਪ ਅੰਮ੍ਰਿਤ ਪ੍ਰਾਪਤ ਕਰਨ ਦਾ ਵੇਲਾ ਸਦਾ ਹੀ ਹੈ, ਅੱਠੇ ਪਹਿਰ ਹੀ ਹੈ ਤੇ ਕੇਵਲ ਉਸਨੂੰ ਆਪਣੇ ਅੰਦਰੋਂ ਬੁਝਣ ਦੀ ਲੋੜ ਹੈ ਜੋ ਕਿ ਕੇਵਲ ਉਸਦੀ ਆਪਣੀ ਕ੍ਰਿਪਾ ਤੇ ਨਿਰਭਰ ਕਰਦਾ ਹੈ। ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ ਤੇ ਮਨੁੱਖ ਨੂੰ ਉਹੋ ਜਿਹੇ ਮਾਰਗ ਤੇ ਚਲਾਉਂਦਾ ਹੈ ਜਿਸ ਦੁਆਰਾ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ਭਾਵ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਉਸਨੇ ਸਭ ਨੂੰ ਭੁਲਾਇਆ ਵੀ ਮਨ ਦੀ ਸੋਝੀ ਦੇ ਦੁਆਰਾ ਹੀ ਹੋਇਆ ਹੈ ਤੇ ਜਿਸ ਨੂੰ ਉਹ ਭਰਮ ਦੇ ਵਿੱਚੋਂ ਕੱਢਦਾ ਹੈ ਉਸਨੂੰ ਮਨ ਦੀ ਸੋਝੀ ਦੇ ਦੁਆਰਾ ਹੀ ਕੱਢਦਾ ਹੈ। ਅੰਮ੍ਰਿਤ ਵੇਲੇ ਦੀ ਸੋਝੀ ਸਾਨੂੰ ਮਨ ਦੇ ਵਿੱਚੋਂ ਹੀ ਪੈਣੀ ਹੈ ਭਾਵ ਸਾਡਾ ਭਰਮ ਮਨ ਦੇ ਰਾਹੀਂ ਹੀ ਜਾਣਾ ਹੈ ਤੇ ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੋਵੇਗੀ ਉਹ ਫਿਰ ਅੰਮ੍ਰਿਤ ਵੇਲੇ ਨੂੰ ਸਮਝ ਕੇ ਫਿਰ ਉਹੋ ਜਿਹਾ ਉੱਦਮ ਹੀ ਕਰੇਗਾ ਜਿਸ ਦੁਆਰਾ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਅੰਮ੍ਰਿਤ ਦੀ ਪ੍ਰਾਪਤੀ

ਕਰਨ ਦਾ ਤਰੀਕਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਇੱਕੋ ਹੀ ਹੈ ਜੋ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਜੋ ਕਿ ਔਗੁਣਾਂ ਨੂੰ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਤੇ ਹੋਰ ਕੋਈ ਨਹੀਂ ਹੈ ਭਾਵ ਕੇਵਲ ਗੁਰਮਤਿ ਅਨੁਸਾਰ ਵਿਚਰਨ ਦਾ ਹੈ ਤੇ ਮਨਮਤਿ ਨੂੰ ਛੱਡਣ ਦਾ ਹੈ। ਮਨਮਤਿ ਸਾਡਾ ਭਰਮ ਹੈ ਤੇ ਗੁਰਮਤਿ ਸੱਚ ਹੈ। ਸੱਚ ਤੇ ਚੱਲੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਕਿਸੇ ਖਾਸ ਵੇਲੇ ਨੂੰ, ਕਿਸੇ ਸਮੇਂ ਨੂੰ ਅੰਮ੍ਰਿਤ ਵੇਲਾ ਸਮਝਣਾ ਕੇਵਲ ਸਾਡੀ ਮਨਮਤਿ ਹੈ, ਭਰਮ ਹੈ ਭਾਵ ਸੱਚ ਨਹੀਂ ਹੈ। ਇਸ ਭਰਮ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਜੇਕਰ ਅਸੀਂ ਗੁਰਮਤਿ ਤੇ ਚੱਲਣਾ ਚਾਹੁੰਦੇ ਹਾਂ ਭਾਵ ਸੱਚ ਤੇ ਚੱਲਣਾ ਚਾਹੁੰਦੇ ਹਾਂ ਫਿਰ ਸਾਨੂੰ ਇਸ ਭਰਮ ਵਿੱਚੋਂ ਨਿਕਲਣਾ ਪਵੇਗਾ ਕਿ ਅੰਮ੍ਰਿਤ ਵੇਲਾ ਕੋਈ ਖਾਸ ਸਮਾਂ ਹੈ। ਅੰਮ੍ਰਿਤ ਵੇਲਾ ਸਾਡਾ ਪੂਰਾ ਜੀਵਨ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਅੰਮ੍ਰਿਤ ਨੂੰ ਤਾਂ ਅਸੀਂ ਆਪਣੇ ਅੰਦਰੋਂ ਬੁਝਣਾ ਹੈ ਜੋ ਕਿ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ, ਮਨ ਦੇ ਗਿਆਨ ਦੇ ਰੂਪ ਵਿੱਚ, ਮਨ ਦੀ ਸੋਝੀ ਦੇ ਰੂਪ ਵਿੱਚ ਸਦਾ ਹੀ ਵਰਸ ਰਿਹਾ ਹੈ ਤੇ ਪੂਰਾ ਜੀਵਨ ਹਰ ਵੇਲਾ ਉਸ ਨੂੰ ਬੁੱਝਣ ਲਈ ਇੱਕੋ ਜਿਹਾ ਹੀ ਹੈ ਤੇ ਉਸ ਨੂੰ ਬੁੱਝਣ ਦਾ ਤਰੀਕਾ ਵੀ ਹਰ ਵੇਲੇ ਇੱਕੋ ਜਿਹਾ ਹੀ ਹੈ ਜਿਵੇਂ ਕਿ ਹੇਠ ਦਿੱਤੇ ਸਲੋਕ ਦੁਆਰਾ ਤੇ ਨਾਲ ਜੁੜੀ ਹੋਈ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੩॥

“ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥
ਗੁਰਮੁਖਿ ਜਿਨ੍ੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥
ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥੨॥”

(ਅੰਗ ੧੨੯੧)

ਪਉੜੀ॥

“ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ॥
ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ॥
ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ॥
ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥
ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥
ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ॥
ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥੯॥”

(ਅੰਗ ੧੨੯੨)

ਉੱਪਰ ਸਲੋਕ ਨੂੰ ਧਿਆਨ ਨਾਲ ਵਿਚਾਰੀਏ ਤੇ ਸਭ ਕੁੱਝ ਬਹੁਤ ਸਪੱਸ਼ਟ ਸਮਝ ਆ ਰਿਹਾ ਹੈ। “ਅੰਮ੍ਰਿਤੁ” ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਸਾਨੂੰ ਆਪਣੇ ਅੰਦਰੋਂ ਹੀ ਹੋਣੀ ਹੈ ਜੋ ਕਿ ਉਸ ਨੂੰ ਆਪਣੇ ਅੰਦਰੋਂ ਬੁੱਝਣ ਦੁਆਰਾ ਹੋਣੀ ਹੈ। ਇਹ “ਅੰਮ੍ਰਿਤੁ” ਸਾਡੇ ਹਿਰਦੇ ਅੰਦਰ ਭਾਵ ਮਨ ਦੇ ਅੰਦਰ ਵੱਸਣ ਦੀ ਵਸਤੂ ਹੈ। ਇਹ “ਅੰਮ੍ਰਿਤੁ” ਉਸਦੇ ਅੰਦਰ ਹੀ ਵੱਸ ਸਕਦਾ ਹੈ ਜੋ ਇਸ ਨੂੰ ਆਪਣੇ ਅੰਦਰੋਂ ਬੁੱਝਦਾ ਹੈ। ਜੋ ਕੁੱਝ ਵੀ ਅਸੀਂ ਬੁੱਝਦੇ ਹਾਂ ਉਸ ਨੂੰ ਮਨ ਦੀ ਸੋਝੀ ਦੇ ਰਾਹੀਂ ਹੀ ਬੁੱਝਦੇ ਹਾਂ, ਮਨ ਦੇ ਵਿਚਾਰਾਂ ਰਾਹੀਂ ਭਾਵ ਮਨ ਦੇ ਗਿਆਨ ਰਾਹੀਂ ਹੀ ਬੁੱਝਦੇ ਹਾਂ ਜਿਸ ਦੁਆਰਾ ਸਾਨੂੰ ਸੋਝੀ ਪੈਂਦੀ ਹੈ, ਕਿਸੇ ਗੱਲ ਦੀ ਸਮਝ ਪੈਂਦੀ ਹੈ। “ਅੰਮ੍ਰਿਤੁ” ਦੀ ਪ੍ਰਾਪਤੀ ਸਾਡੇ ਮਨ ਦੀ ਸੋਝੀ ਹੈ ਜੋ ਕਿ ਉਸ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ, ਉਸ ਗੁਰਮੁਖਿ ਰੂਪ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਜੋ ਆਪ ਹੀ ਸਭ ਦੇ ਅੰਦਰ “ਅੰਮ੍ਰਿਤੁ” ਰੂਪ ਵਿੱਚ ਵਿਚਰ ਰਿਹਾ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਵਿਚਰ ਰਿਹਾ ਹੈ, ਸਾਡੀ ਸੋਚ ਦੇ ਰੂਪ ਵਿੱਚ ਵਿਚਰ ਰਿਹਾ ਹੈ। ਸਾਡੇ ਅੰਦਰ ਦੀ ਸੋਚ ਹੀ ਆਪ ਅੰਮ੍ਰਿਤ ਹੈ। ਮਨ ਦੀਆਂ ਸੋਚਾਂ ਸਾਡੇ ਅੰਦਰ ਸਦਾ ਚੱਲਦੀਆਂ ਰਹਿੰਦੀਆਂ ਹਨ ਤੇ ਇਨ੍ਹਾਂ ਸੋਚਾਂ ਨੂੰ ਹੀ ਅਸੀਂ ਬੁੱਝਣਾ ਹੈ ਕਿ ਇਹ ਕਿੱਥੋਂ ਆਉਂਦੀਆਂ ਹਨ। ਸਾਡੇ ਅੰਦਰ ਸੋਚਾਂ ਪਾਉਣ

ਵਾਲਾ ਪ੍ਰਮਾਤਮਾ ਆਪ ਹੈ। ਮਨ ਦੀਆਂ ਸੋਚਾਂ ਦੁਆਰਾ ਹੀ ਉਸਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਮਨਮਤਿ ਵਿੱਚ, ਹਉਮੈ ਵਿੱਚ, ਅਗਿਆਨਤਾ ਵਿੱਚ, ਦੁਚਿੱਤੀ ਵਿੱਚ, ਦੁਬਿਧਾ ਵਿੱਚ ਰੱਖਿਆ ਹੋਇਆ ਹੈ ਤੇ ਮਨ ਦੀ ਸੋਚ ਦੁਆਰਾ ਹੀ ਉਹ ਸਾਨੂੰ ਭਰਮ ਵਿੱਚੋਂ ਕੱਢ ਲੈਂਦਾ ਹੈ। ਜਦ ਤੱਕ ਅਸੀਂ ਸੋਚਾਂ ਵਿੱਚ ਹਾਂ ਤਦ ਤੱਕ ਅਸੀਂ ਭਰਮ ਵਿੱਚ ਹਾਂ ਭਾਵ ਪ੍ਰਮਾਤਮਾ ਨੂੰ ਜਾਨਣ ਵਿੱਚ ਭਰਮ ਵਿੱਚ ਹਾਂ। ਜਦੋਂ ਪ੍ਰਮਾਤਮਾ ਨੂੰ ਜਾਨਣ ਬਾਰੇ ਭਰਮ ਮਿਟ ਜਾਂਦਾ ਹੈ ਫਿਰ ਅਸੀਂ ਸੋਚਾਂ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਇੱਕ ਸੋਚ ਵਾਲੀ ਅਵੱਸਥਾ ਵਿੱਚ ਆ ਜਾਂਦੇ ਹਾਂ ਜਿਸ ਅਵੱਸਥਾ ਦੁਆਰਾ ਸਾਨੂੰ ਪ੍ਰਮਾਤਮਾ ਨੂੰ ਸਮਝਣ ਬਾਰੇ ਕੋਈ ਭਰਮ ਨਹੀਂ ਰਹਿ ਜਾਂਦਾ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਕੀ ਹੈ। ਉਹ ਮਨ ਦੇ ਵਿੱਚ ਆਪਣੇ ਆਪ ਨੂੰ ਸੋਚ ਦੁਆਰਾ ਹੀ ਪ੍ਰਗਟ ਕਰਦਾ ਹੈ ਭਾਵ ਮਨ ਦੀ ਸੋਝੀ ਦੁਆਰਾ ਹੀ ਪ੍ਰਗਟ ਕਰਦਾ ਹੈ ਤੇ ਮਨ ਦੇ ਵਿੱਚ ਵਿਚਾਰਾਂ ਰਾਹੀਂ ਸੱਚੀ ਸੋਝੀ ਹੀ ਪਾਉਂਦਾ ਹੈ। ਜਿੰਨ੍ਹਾਂ ਨੂੰ ਉਸਨੇ ਆਪਣੀ ਸੱਚੀ ਸੋਝੀ ਪਾਈ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ। ਉਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲਾਂ ਭਰਮ ਰੂਪ, ਦੁਬਿਧਾ ਰੂਪ ਸੋਚਾਂ ਵਿੱਚੋਂ ਕੱਢਿਆ ਹੈ ਤੇ ਆਪਣੀ ਇੱਕ ਸੋਚ ਨਾਲ ਰਲਾਇਆ ਹੈ, ਸੱਚੀ ਸੋਚ ਦੇ ਨਾਲ ਰਲਾਇਆ ਹੈ ਜਿਸ ਰਾਹੀਂ ਉਸਨੇ ਗੁਰਮਤਿ ਰੂਪ ਸੱਚਾ ਗਿਆਨ ਦਿੱਤਾ ਹੈ, ਬ੍ਰਹਮਗਿਆਨ ਦਿੱਤਾ ਹੈ ਜੋ ਗਿਆਨ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਤੋਂ ਰਹਿਤ ਹੈ। ਹਿਰਦੇ ਵਿੱਚ ਪ੍ਰਮਾਤਮਾ ਦਾ ਅੰਮ੍ਰਿਤ ਵੱਸਣ ਦੁਆਰਾ ਪ੍ਰਮਾਤਮਾ ਆਪਣੇ ਬ੍ਰਹਮਗਿਆਨ ਦੇ ਰੂਪ ਵਿੱਚ ਆਪ ਵੱਸਦਾ ਹੈ ਜੋ ਕਿ ਸਦਾ ਵੱਸਿਆ ਹੀ ਰਹਿੰਦਾ ਹੈ ਤੇ ਆਪਣੇ ਮਨੁੱਖੀ ਰੂਪ ਨੂੰ ਮਨ ਦੇ ਰਾਹੀਂ ਆਪਣੇ ਬ੍ਰਹਮਗਿਆਨ ਦੇ ਨਾਲ ਜੋੜੀ ਰੱਖਦਾ ਹੈ ਭਾਵ ਆਪਣੇ ਨਾਲ ਜੋੜੀ ਰੱਖਦਾ ਹੈ। **(ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥ ਗੁਰਮੁਖਿ ਜਿਨ੍ੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥)**

ਸਾਡੇ ਅੰਦਰ ਇਹ ‘‘ਅੰਮ੍ਰਿਤੁ’’ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦੇ ਨਾਲ ਹੀ ਸਾਡੀ ਹਉਮੈ ਭਾਵ ਸਾਡੀ ‘‘ਮੈਂ’’ ਭਾਵ ਸਾਡੀ ਮਨੁੱਖੀ ਹੋਂਦ ਭਾਵ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਮਿਟਦੀ ਹੈ ਕਿ ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਜੋ ਸਾਨੂੰ ਬਣਾ ਕੇ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। ‘‘ਅੰਮ੍ਰਿਤੁ’’ ਹੀ ਪ੍ਰਮਾਤਮਾ ਦਾ ਨਾਮ ਹੈ ਭਾਵ ਬ੍ਰਹਮਗਿਆਨ ਰੂਪ ਅੰਮ੍ਰਿਤ ਹੀ, ਮਨ ਦੇ ਵਿੱਚ ਬ੍ਰਹਮਗਿਆਨ ਰੂਪ ਸੋਝੀ ਹੀ ਪ੍ਰਮਾਤਮਾ ਦਾ ਨਾਮ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥

ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥੨॥”

ਇਹ ‘‘ਅੰਮ੍ਰਿਤੁ’’ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ ਜਿਸ ਅੰਮ੍ਰਿਤ ਨੂੰ ਪੀ ਕੇ

ਮਨ ਦੀ ਸੋਝੀ ਬਦਲਦੀ ਹੈ ਭਾਵ ਸਾਡੀ ਭਰਮ ਵਾਲੀ ਸੋਝੀ ਸੱਚੇ ਗਿਆਨ ਵਾਲੀ ਸੋਝੀ ਬਣ ਜਾਂਦੀ ਹੈ, ਬ੍ਰਹਮਗਿਆਨ ਵਾਲੀ ਸੋਝੀ ਬਣ ਜਾਂਦੀ ਹੈ ਤੇ ਮਨ ਦੀ ਇਸ ਸੋਝੀ ਦੁਆਰਾ ਹੀ ਮਨੁੱਖ ਦੀ ਹਉਮੈ ਖਤਮ ਹੁੰਦੀ ਹੈ, ਆਪਣੀ ਮਤਿ ਬਦਲਦੀ ਹੈ ਭਾਵ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨ ਦੀ ਸੋਝੀ ਦੁਆਰਾ ਹੀ ਪ੍ਰਮਾਤਮਾ ਸਾਨੂੰ ਇਹ ਸਮਝਾਉਂਦਾ ਹੈ ਕਿ ਉਸਦੀ ਭਗਤੀ ਦਾ ਤਰੀਕਾ ਆਪਣੇ ਅੰਦਰੋਂ ਤ੍ਰਿਸ਼ਨਾ ਨੂੰ ਮਾਰਨ ਦਾ ਹੈ, ਮਾਇਆ ਮੋਹ ਨੂੰ ਮਾਰਨ ਦਾ ਹੈ ਜਿਸ ਕਰਕੇ ਮਨੁੱਖ ਵਿਕਾਰਾਂ ਵਿੱਚ ਪੈਂਦਾ ਹੈ ਭਾਵ ਲੋਭ ਲਾਲਚ ਦੁਆਰਾ ਮਾੜੇ ਕਰਮ ਕਰਦਾ ਹੈ, ਗੁਰਮਤਿ ਦੇ ਉਲਟ ਚੱਲਦਾ ਹੈ। ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਉਹ ਗੁਰਮਤਿ ਹੀ ਸਮਝਾਉਂਦਾ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ। ਮਨ ਦੇ ਵਿੱਚ ਆਪਣੀ ਗੁਰਮਤਿ ਸਮਝਾ ਕੇ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਗੁਰਮਤਿ ਅਨੁਸਾਰ ਚਲਾਉਂਦਾ ਹੈ। ਉਸਦੀ ਗੁਰਮਤਿ ਦੇ ਰੰਗ ਵਿੱਚ ਰੰਗਣਾ, ਗੁਰਮਤਿ ਦੀ ਸੱਚੀ ਸੋਝੀ ਦੁਆਰਾ ਵਿਚਰਨਾ ਪ੍ਰਮਾਤਮਾ ਦੇ ਰੰਗ ਵਿੱਚ ਰੰਗਣਾ ਹੈ, ਗੁਰੂ ਦੇ ਰੰਗ ਵਿੱਚ ਰੰਗਣਾ ਹੈ। **(ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥)** ਸਾਡੇ ਅੰਦਰ ‘‘ਅੰਮ੍ਰਿਤੁ’’ ਦਾ ਵਰਸਣਾ ਜਾਂ ਨਾਮ ਦਾ ਵਰਸਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

“ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥੨॥”

ਜੋ ਸਾਡੇ ਅੰਦਰ ‘‘ਅੰਮ੍ਰਿਤੁ’’ ਦੀ ਪ੍ਰਾਪਤੀ ਹੈ ਉਹੀ ‘‘ਨਾਮੁ’’ ਦੀ ਪ੍ਰਾਪਤੀ ਹੈ। ਦੋਨਾਂ ਤੋਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੀ ਹੈ ਭਾਵ ਮਨ ਦੇ ਵਿੱਚ ਸੱਚੀ ਸੋਝੀ ਦੀ ਪ੍ਰਾਪਤੀ ਹੈ, ਸੱਚੀ ਗੁਰਮਤਿ ਦੀ ਸੋਝੀ ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਸੱਚੇ ਗਿਆਨ ਦੀ, ਉਸਦੇ ਬ੍ਰਹਮਗਿਆਨ ਦੀ ਪ੍ਰਾਪਤੀ ਹੈ ਜੋ ਕਿ ਮਨ ਦੇ ਵਿੱਚ ਵਿਚਾਰਾਂ ਦੇ ਰਾਹੀਂ ਉਸਦੀ ਕ੍ਰਿਪਾ ਦੁਆਰਾ ਹੀ ਵਰਸਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਆਪਣੇ ਮਨ ਦੇ ਵਿੱਚੋਂ ਭਾਵ ਆਤਮਾ ਦੇ ਵਿੱਚੋਂ ਨਜ਼ਰ ਆਉਂਦਾ ਹੈ ਭਾਵ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਆਤਮਾ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਪੂਰੀ ਗੁਰਬਾਣੀ ਵਿੱਚ, ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਪ੍ਰਮਾਤਮਾ ਆਪਣੇ ਇਸ ‘‘ਅੰਮ੍ਰਿਤੁ’’ ਰੂਪ ਵਿੱਚ, ‘‘ਨਾਮੁ’’ ਰੂਪ ਵਿੱਚ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਬ੍ਰਹਮਗਿਆਨ ਰਾਹੀਂ ਸਾਰੇ ਸੰਸਾਰ ਨੂੰ ਸੱਚ ਸਮਝਾਇਆ ਹੈ, ਆਪਣਾ ਆਪ ਸਮਝਾਇਆ ਹੈ ਤੇ ਆਪਣੇ ਆਪ ਨੂੰ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੈ। ਉਸ ‘‘ਅੰਮ੍ਰਿਤੁ’’ ਰੂਪ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਉਸਦੀ ਅੰਮ੍ਰਿਤ ਬਾਣੀ ਦੀ ਸਿੱਖਿਆ ਤੇ ਚੱਲਣ ਦਾ ਹੈ, ਨਾਮ ਦੀ ਸਿੱਖਿਆ ਤੇ ਚੱਲਣ ਦਾ ਹੈ, ਉਸਦੀ ਸੱਚੀ ਸਿੱਖਿਆ ਤੇ ਚੱਲਣ ਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੀ ਇਸ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ ਭਾਵ ਸੱਚ ਦੇ ਰੂਪ ਵਿੱਚ ਹੈ। ਗੁਰਬਾਣੀ ਦੀ ਸਿੱਖਿਆ ਨੂੰ ਜਪਣਾ

ਪ੍ਰਮਾਤਮਾ ਦਾ ਨਾਮ ਜਪਣਾ ਹੈ। ਗੁਰੂ ਦੀ ਸਿੱਖਿਆ ਦੁਆਰਾ ਵਿਚਰਕੇ ਪ੍ਰਮਾਤਮਾ ਦੇ ਨਾਲ ਮੇਲ ਵੀ ਉਸਦੀ ਸੱਚੀ ਸਿੱਖਿਆ ਦੀ ਪ੍ਰਾਪਤੀ ਦੇ ਰੂਪ ਵਿੱਚ ਹੁੰਦਾ ਹੈ, ਨਾਮ ਦੀ ਸਿੱਖਿਆ ਤੇ ਚੱਲ ਕੇ ਮੇਲ ਵੀ ਨਾਮੁ ਰੂਪ ਪ੍ਰਮਾਤਮਾ ਦੇ ਨਾਲ ਹੀ ਹੁੰਦਾ ਹੈ, ਅੰਮ੍ਰਿਤ

ਬਾਣੀ ਦੀ ਸਿੱਖਿਆ ਤੇ ਚੱਲ ਕੇ ਮੇਲ ਵੀ ਅੰਮ੍ਰਿਤ ਰੂਪ ਸਿੱਖਿਆ ਦੇ ਮਾਲਕ ਨਾਲ ਹੁੰਦਾ ਹੈ, ਬ੍ਰਹਮਗਿਆਨ ਰੂਪ ਸਿੱਖਿਆ ਤੇ ਚੱਲ ਕੇ ਮੇਲ ਬ੍ਰਹਮਗਿਆਨ ਦੇ ਮਾਲਕ ਭਾਵ ਬ੍ਰਹਮਗਿਆਨੀ ਦੇ ਨਾਲ ਹੁੰਦਾ ਹੈ। ਗੁਰੂ ਦੀ ਦੱਸੀ ਹੋਈ ਮਤਿ ਤੇ ਚੱਲ ਕੇ ਗੁਰਮਤਿ ਦੇ ਮਾਲਕ ਦੇ ਨਾਲ ਹੀ ਮੇਲ ਹੁੰਦਾ ਹੈ। ਸਾਡਾ ਇੱਕੋ ਇੱਕ ਉੱਦਮ ਇਹੀ ਹੈ ਕਿ ਅਸੀਂ ਗੁਰਮਤਿ ਅਨੁਸਾਰ ਭਾਵ ਅੰਮ੍ਰਿਤ ਬਾਣੀ ਦੀ ਸਿੱਖਿਆ ਅਨੁਸਾਰ ਵਿਚਰੀਏ ਜੋ ਸਾਨੂੰ ਗਿਆਨ ਦੇ ਨਾਲ ਮਿਲਾ ਸਕਦੀ ਹੈ, ਆਪਣੇ ਅੰਦਰੋਂ ਸਿੱਖਿਆ ਦੇ ਮਾਲਕ ਦੇ ਨਾਲ ਮਿਲਵਾ ਸਕਦੀ ਹੈ ਜੋ ਕਿ ਸਾਡੇ ਇਸ ਜੀਵਨ ਦਾ ਮਕਸਦ ਹੈ, ਅੰਮ੍ਰਿਤ ਵੇਲੇ ਦਾ ਮਕਸਦ ਹੈ। ਸਾਡੇ ਮਕਸਦ ਦੀ ਪ੍ਰਾਪਤੀ "ਅੰਮ੍ਰਿਤੁ" ਦੀ ਪ੍ਰਾਪਤੀ ਦੁਆਰਾ ਹੀ ਹੋਣੀ ਹੈ ਜਿਸ ਦੇ ਲਈ ਸਾਨੂੰ ਕਿਸੇ ਖਾਸ ਵੇਲੇ ਨੂੰ ਉੱਚਾ ਕਰਨ ਦੀ ਲੋੜ ਨਹੀਂ ਹੈ ਜੋ ਕਿ ਕੇਵਲ ਸਾਡਾ ਭਰਮ ਹੈ ਤੇ ਇਸ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜ ਸਕੀਏ, ਉਸ ਦੇ ਅੰਮ੍ਰਿਤ ਨਾਲ ਜੁੜ ਸਕੀਏ। **(ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥ ਗੁਰਮੁਖਿ ਜਿਨ੍ਹੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥ ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥ ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥੨॥)**

ਪ੍ਰਮਾਤਮਾ ਦਾ ਇਹ ਅੰਮ੍ਰਿਤ ਸਾਡੇ ਅੰਦਰ ਗੁਰਮਤਿ ਦੇ ਰੂਪ ਵਿੱਚ ਹੀ ਵਰਸਦਾ ਹੈ ਤੇ ਸਾਡੇ ਅੰਦਰ ਇਸ ਦੀ ਪ੍ਰਾਪਤੀ ਗੁਰਮਤਿ ਉੱਤੇ ਚੱਲਣ ਦੁਆਰਾ ਹੀ ਹੁੰਦੀ ਹੈ। ਇਹ ਅੰਮ੍ਰਿਤ ਗੁਰਮਤਿ ਦੇ ਰੂਪ ਵਿੱਚ ਹੈ ਤੇ ਜਦ ਤੱਕ ਅਸੀਂ ਆਪਣੇ ਅੰਦਰ ਇਸ ਅੰਮ੍ਰਿਤ ਦੀ ਸੰਭਾਲ ਨਹੀਂ ਕਰਦੇ, ਨਾਮ ਦੀ ਸੰਭਾਲ ਨਹੀਂ ਕਰਦੇ, ਗੁਰਮਤਿ ਦੀ ਸੰਭਾਲ ਨਹੀਂ ਕਰਦੇ ਤਦ ਤੱਕ ਅਸੀਂ ਉਸ ਅੰਮ੍ਰਿਤ ਦੇ ਮਾਲਕ ਨੂੰ ਨਹੀਂ ਪਾ ਸਕਦੇ ਜਿਸ ਨੂੰ ਪਾਉਣ ਦੁਆਰਾ ਸਾਡੀ ਤਿਖ ਬੁਝਣੀ ਹੈ ਤੇ ਸਾਡਾ ਅੰਮ੍ਰਿਤ ਵੇਲਾ ਸਫ਼ਲ ਹੋਣਾ ਹੈ। ਇਹੀ ਗੱਲ ਸਾਨੂੰ ਸਲੋਕ ਦੀ ਪਉੜੀ ਦੁਆਰਾ ਸਮਝਾਈ ਹੋਈ ਹੈ ਜਿਸ ਦੁਆਰਾ ਸਾਨੂੰ ਸਲੋਕਾਂ ਦਾ ਸਾਰ ਸਮਝਾਇਆ ਹੁੰਦਾ ਹੈ।

ਪਉੜੀ॥

"ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ॥
ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ॥
ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ॥
ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥
ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥
ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ॥
ਗੁਰਮਤੀ ਜਾਗੇ ਤਿਨ੍ਹੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥੮॥"

(ਅੰਗ ੧੨੯੨)

ਉੱਪਰ ਪਉੜੀ ਰਾਹੀਂ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਕਰਨੀ ਹੀ ਸਮਝਾਈ ਹੋਈ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ। ਉਹ ਪ੍ਰਮਾਤਮਾ "ਅਤੁਲੁ" ਹੈ ਤੇ ਉਸ ਅਤੁਲੁ ਨੂੰ ਤੋਲੇ ਬਿਨ੍ਹਾਂ ਕੋਈ ਨਹੀਂ ਪਾ ਸਕਦਾ। ਉਹ

ਅਤੁਲੁ ਇਸ ਲਈ ਹੈ ਕਿ ਉਸਨੂੰ ਆਪਣੇ ਆਪ ਕੋਈ ਨਹੀਂ ਤੋਲ ਸਕਦਾ। ਆਪਣਾ ਤੋਲ ਉਹ ਕਿਸੇ ਤੇ ਕਿਰਪਾ ਕਰਕੇ ਆਪ ਹੀ ਤੁਲਾ ਸਕਦਾ ਹੈ। ਉਸਦਾ ਤੋਲ ਤੁਲਣਾ ਹੀ ਉਸ ਦੀ ਕੀਮਤ ਪਾਉਣਾ ਹੈ ਤੇ ਉਸਦੀ ਕੀਮਤ ਕੋਈ ਆਪਣੇ ਆਪ ਪਾ ਨਹੀਂ ਸਕਦਾ। ਉਸਦੀ ਕੀਮਤ ਬਹੁਤ ਉੱਚੀ ਹੈ, ਉਸਦਾ ਤੋਲ ਤੁਲਣਾ ਬਹੁਤ ਔਖਾ ਹੈ, ਉਸਦਾ ਤੋਲ ਬਹੁਤ ਵੱਡਾ ਹੈ, ਬਹੁਤ ਭਾਰਾ ਹੈ। ਉਸਦਾ ਤੋਲ ਤੁਲਣਾ ਉਸਦੇ ਸ਼ਬਦ ਦਾ ਵਿਚਾਰੀ ਬਣਨਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸ਼ਬਦ ਦੀ ਵਿਚਾਰ ਸ਼ਬਦ ਦੀ ਮਤਿ ਹੈ ਭਾਵ ਗੁਰੂ ਦੀ ਮਤਿ ਹੈ। ਗੁਰਮਤਿ ਦਾ ਤੋਲ ਤੁਲਣਾ ਉਸ ਅਤੁਲੁ ਨੂੰ ਤੋਲਣਾ ਹੈ ਜੋ ਕਿ ਬਹੁਤ ਔਖਾ ਹੈ। ਗੁਰਮਤਿ ਤੇ ਕੋਈ ਆਪਣੇ ਆਪ ਪੂਰਾ ਨਹੀਂ ਉਤਰ ਸਕਦਾ। ਗੁਰਮਤਿ ਗੁਣਾਂ ਦਾ ਖਜ਼ਾਨਾ ਹੈ ਜੋ ਕਿ

ਗੁਰੂ ਦੇ ਬੋਲ ਹਨ, ਸ਼ਬਦ ਦੇ ਵਿਚਾਰ ਹਨ। ਗੁਰੂ ਦੇ ਹਰ ਬੋਲ ਤੇ ਪੂਰਾ ਉਤਰਨਾ ਗੁਰਮਤਿ ਤੇ ਪੂਰਾ ਉਤਰਨਾ ਹੈ। ਗੁਰਮਤਿ ਤੇ ਪੂਰਾ ਉਤਰਨ ਲਈ ਪਹਿਲਾਂ ਗੁਰਮਤਿ ਦੀ ਸੋਝੀ ਦਾ ਹੋਣਾ ਜਰੂਰੀ ਹੈ। ਆਪਣੇ ਆਪ ਕਿਸੇ ਨੂੰ ਪੂਰੀ ਗੁਰਮਤਿ ਦੀ ਸੋਝੀ ਨਹੀਂ ਪੈ ਸਕਦੀ ਤੇ ਨਾ ਹੀ ਪੂਰੀ ਗੁਰਮਤਿ ਤੇ ਪੂਰਾ ਉਤਰਿਆ ਜਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ ਤੋਲ ਤੁਲਾਉਂਦਾ ਹੈ ਉਸਨੂੰ ਗੁਰਮਤਿ ਦੀ ਸੋਝੀ ਵੀ ਆਪ ਪਾਉਂਦਾ ਹੈ ਤੇ ਉਸ ਤੇ ਚੱਲਣ ਦੀ ਦ੍ਰਿੜਤਾ ਵੀ ਆਪ ਹੀ ਬਖ਼ਸ਼ਦਾ ਹੈ। ਮਨੁੱਖ ਨੂੰ ਉਹ ਆਪ ਹੀ ਗੁਣੀ ਬਣਾਉਂਦਾ ਹੈ, ਆਪ ਹੀ ਔਗੁਣਾਂ ਵਿੱਚੋਂ ਕੱਢਦਾ ਹੈ, ਆਪ ਹੀ ਮਨਮਤਿ ਵਿੱਚੋਂ ਕੱਢਦਾ ਹੈ ਤੇ ਆਪ ਹੀ ਆਪਣੀ ਗੁਰਮਤਿ ਤੇ ਚਲਾਉਂਦਾ ਹੈ। ਜਿਸ ਤੇ ਪ੍ਰਮਾਤਮਾ ਇਹ ਕ੍ਰਿਪਾ ਕਰਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਸੱਚੀ ਸੋਝੀ ਹੀ ਪਾਉਂਦਾ ਹੈ ਭਾਵ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਗੁਰਮਤਿ ਸਮਝ ਆਉਂਦੀ ਹੈ ਤੇ ਤਾਂ ਹੀ ਗੁਰਮਤਿ ਅਨੁਸਾਰ ਵਿਚਰਿਆ ਜਾ ਸਕਦਾ ਹੈ। ਮਨ ਦੀ ਸੋਝੀ ਪਏ ਬਿਨ੍ਹਾਂ ਪ੍ਰਮਾਤਮਾ ਦੇ ਮੇਲ ਦੀ ਕੀਮਤ ਪਾਉਣਾ ਕੀ ਹੈ ਇਸ ਬਾਰੇ ਕੋਈ ਕੁੱਝ ਨਹੀਂ ਜਾਣ ਸਕਦਾ ਭਾਵ ਕੋਈ ਕੁੱਝ ਨਹੀਂ ਕਹਿ ਸਕਦਾ। ਪ੍ਰਮਾਤਮਾ ਆਪਣੀ ਕ੍ਰਿਪਾ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ। ਉੱਪਰ ਪਉੜੀ ਰਾਹੀਂ ਧੰਨ ਧੰਨ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਪ੍ਰਮਾਤਮਾ ਨੂੰ ਹੀ ਆਪਣਾ ਗੁਰੂ ਕਹਿ ਕੇ ਉਨ੍ਹਾਂ ਤੋਂ ਬਲਿਹਾਰੇ ਜਾ ਰਹੇ ਹਨ, ਕੁਰਬਾਨ ਜਾ ਰਹੇ ਹਨ ਜਿੰਨ੍ਹਾਂ ਨੇ ਉਨ੍ਹਾਂ ਨੂੰ ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਆਪਣਾ ਤੋਲ ਤੁਲਾਇਆ ਹੈ ਤੇ ਉਨ੍ਹਾਂ ਨੂੰ ਅੰਮ੍ਰਿਤ ਰੂਪ ਦਾਤਿ ਬਖ਼ਸ਼ੀ ਹੈ, ਗੁਰਮਤਿ ਰੂਪ ਦਾਤਿ ਬਖ਼ਸ਼ੀ ਹੈ, ਆਪਣੇ ਨਾਲ ਮੇਲ ਬਖ਼ਸ਼ਿਆ ਹੈ। **(ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ॥ ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ॥ ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ॥ ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ॥ ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥)**

ਸਾਨੂੰ ਅੰਮ੍ਰਿਤੁ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ ਭਾਵ ਸਾਡਾ ਪ੍ਰਮਾਤਮਾ

27/3000

ਦੇ ਨਾਲ ਵਿਛੋੜਾ ਦੂਰ ਕਿਉਂ ਨਹੀਂ ਹੁੰਦਾ ਇਸ ਗੱਲ ਨੂੰ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥

ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ॥

ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥੯॥”

ਆਪਣੇ ਅੰਦਰੋਂ “ਅੰਮ੍ਰਿਤੁ” ਦੀ ਪ੍ਰਾਪਤੀ ਤੋਂ ਹਰ ਕੋਈ ਦੂਰ ਹੈ ਜਿਸਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਤੇ ਮਨ ਦੀ ਅਗਿਆਨਤਾ ਕਰਕੇ ਹੀ ਹਰ ਕੋਈ ਮਨਮੁਖਿ ਹੈ। ਸਾਰੇ ਜਗਤ ਵਿੱਚ ਤੇ ਗੁਰੂ ਵਿੱਚ ਮਨ ਦੀ ਸੋਝੀ ਦਾ ਹੀ ਫਰਕ ਹੈ ਭਾਵ ਮਨ ਦੇ ਗਿਆਨ ਦਾ ਹੀ ਫਰਕ ਹੈ। ਸਾਰਾ ਜਗਤ ਮਨ ਦੀ ਅਗਿਆਨਤਾ ਕਰਕੇ ਹੀ ਠੱਗਿਆ ਜਾ ਰਿਹਾ ਹੈ ਜਿਸ ਕਰਕੇ ਸਾਡੇ ਅੰਦਰ ਅੰਮ੍ਰਿਤ ਟਿਕ ਨਹੀਂ ਸਕਦਾ ਭਾਵ ਸਾਡੇ ਅੰਦਰੋਂ ਅੰਮ੍ਰਿਤ ਲੁੱਟਿਆ ਜਾ ਰਿਹਾ ਹੈ। ਸਾਡੇ ਅੰਦਰੋਂ ਅੰਮ੍ਰਿਤ ਦਾ ਲੁੱਟਿਆ ਜਾਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰੋਂ ਅੰਮ੍ਰਿਤ ਲੁੱਟਣ ਵਾਲੇ ਪੰਜ ਚੋਰ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ। ਇਹ ਸਾਡੇ ਔਗੁਣ ਹਨ ਜੋ ਸਾਡੇ ਅੰਦਰੋਂ ਗੁਣਾਂ ਨੂੰ ਚੁਰਾਉਂਦੇ ਹਨ। ਔਗੁਣ ਸਾਡੇ ਮਾੜੇ ਵਿਚਾਰ ਹਨ ਤੇ ਗੁਣ ਸਾਡੇ ਚੰਗੇ ਵਿਚਾਰ ਹਨ। ਗੁਣ ਸਾਡੇ ਅੰਮ੍ਰਿਤ ਰੂਪ ਵਿਚਾਰ ਹਨ, ਗੁਰਮਤਿ ਰੂਪ ਵਿਚਾਰ ਹਨ, ਗੁਰਮੁਖਿ ਰੂਪ ਵਿਚਾਰ ਹਨ ਤੇ ਮਾੜੇ ਵਿਚਾਰ ਸਾਡੇ ਮਨਮੁਖਿ ਰੂਪ ਵਿਚਾਰ ਹਨ, ਮਨਮਤਿ ਰੂਪ ਵਿਚਾਰ ਹਨ ਜੋ ਸਾਡੇ ਮਨ ਨੂੰ ਚੰਗੇ ਕਰਮ ਕਰਨ ਤੋਂ ਰੋਕਦੇ ਹਨ, ਸਾਡੇ ਅੰਦਰ ਚੰਗੇ ਵਿਚਾਰ ਵੱਸਣ ਤੋਂ ਰੋਕਦੇ ਹਨ ਭਾਵ ਸਾਡੇ ਮਨ ਨੂੰ ਮਾਇਆ ਮੋਹ ਦੇ ਨਾਲ ਜੋੜਦੇ ਹਨ ਜਿਸ ਦੇ ਨਾਲ ਸਾਡੇ ਅੰਦਰ ਤ੍ਰਿਸ਼ਨਾ ਖ਼ਤਮ ਨਹੀਂ ਹੁੰਦੀ। ਤ੍ਰਿਸ਼ਨਾ ਦੀ ਪੂਰਤੀ ਸਾਡੇ ਇਹ ਮਨਮੁਖਿ ਰੂਪ ਵਿਚਾਰ ਕਰਦੇ ਹਨ, ਮਨਮਤਿ ਵਾਲੇ ਮਾੜੇ ਵਿਚਾਰ ਕਰਦੇ ਹਨ ਤੇ ਸਾਡੇ ਅੰਦਰ ਗੁਰਮਤਿ ਦੇ ਵਿਚਾਰਾਂ ਨੂੰ ਵੱਸਣ ਤੋਂ ਦੂਰ ਰੱਖਦੇ ਹਨ। ਇਸ ਅਵੱਸਥਾ ਦਾ ਮੂਲ ਕਾਰਨ ਗੁਰਮਤਿ ਦੀ ਸੋਝੀ ਨੂੰ ਨਾ ਅਪਣਾਉਣ ਦਾ ਹੈ, ਸ਼ਬਦ ਦੀ ਵਿਚਾਰ ਨੂੰ ਨਾ ਅਪਣਾਉਣ ਦਾ ਹੈ ਤੇ ਗੁਰਮਤਿ ਦੀ ਸੋਝੀ ਨੂੰ ਅਪਣਾਉਣ ਲਈ ਮਨਮਤਿ ਵਾਲੀ ਸੋਝੀ ਨੂੰ ਛੱਡਣਾ ਪੈਂਦਾ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ। ਇਹ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। ਸਾਡੀ ਇਹ ਸੋਝੀ ਪ੍ਰਮਾਤਮਾ ਦੇ ਵੱਸ ਹੈ ਤੇ ਜਿਸ ਤੇ ਉਹ ਆਪਣੀ

ਕ੍ਰਿਪਾ ਕਰਦਾ ਹੈ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ, ਜਿਹੋ ਜਿਹੀ ਕ੍ਰਿਪਾ ਉਸਨੇ ਆਪਣੇ ਗੁਰੂ ਰੂਪ ਵਿੱਚ, ਭਗਤ ਰੂਪ ਵਿੱਚ ਕੀਤੀ ਹੈ। **(ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥ ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥)**

27/3001

ਸਾਡੇ ਅੰਦਰੋਂ ਅੰਮ੍ਰਿਤ ਦਾ ਲੁੱਟਿਆ ਜਾਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਕਰਨੀ ਸਮਝ ਆ ਸਕੇ।

{"ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥

ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥੨॥"}

(ਅੰਗ ੬੦੦)

ਸਾਡੇ ਜੀਵਨ ਦਾ ਮਕਸਦ ਅੰਮ੍ਰਿਤ ਦੀ ਪ੍ਰਾਪਤੀ ਹੀ ਹੈ ਜਿਸ ਕਾਰਜ ਲਈ ਪ੍ਰਮਾਤਮਾ ਨੇ ਸਾਨੂੰ ਇਹ ਮਨੁੱਖਾ ਜੀਵਨ ਦਿੱਤਾ ਹੈ। ਅੰਮ੍ਰਿਤ ਦੀ ਪ੍ਰਾਪਤੀ ਸਾਨੂੰ ਕਿਵੇਂ ਹੋਣੀ ਹੈ ਇਸ ਤੋਂ ਸਪੱਸ਼ਟ ਸਾਨੂੰ ਗੁਰੂ ਸਾਹਿਬ ਕੀ ਸਮਝਾਉਣ ਕਿ ਅਸੀਂ ਅੰਮ੍ਰਿਤ ਦੀ ਪ੍ਰਾਪਤੀ ਕਿਵੇਂ ਕਰਨੀ ਹੈ। ਸਾਰੀ ਗੱਲ ਤਾਂ ਆਪਣੇ ਔਗੁਣ ਛੱਡਣ ਦੀ ਹੈ ਜੋ ਸਾਡੇ ਅੰਦਰ ਅੰਮ੍ਰਿਤ ਦੇ ਚੋਰ ਹਨ ਜਿਸ ਦੁਆਰਾ ਸਾਡੇ ਅੰਦਰ ਅੰਮ੍ਰਿਤ ਟਿਕਣਾ ਹੈ। ਔਗੁਣਾਂ ਵਿੱਚੋਂ ਨਿਕਲਣ ਨੂੰ ਕੋਈ ਅੰਮ੍ਰਿਤ ਦੀ ਪ੍ਰਾਪਤੀ ਕਰਨਾ ਨਹੀਂ ਸਮਝਦਾ ਬਲਕਿ ਅੰਮ੍ਰਿਤ ਦੀ ਪ੍ਰਾਪਤੀ ਲਈ ਕਿਸੇ ਵੇਲੇ ਨੂੰ ਉੱਚਾ ਮੰਨਿਆ ਹੋਇਆ ਹੈ ਕਿ ਕਿਸੇ ਖਾਸ ਵੇਲੇ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਵੱਡੀ ਅਗਿਆਨਤਾ ਹੋਰ ਕੀ ਹੋਵੇ ਕਿ ਅਸੀਂ ਕਿਸੇ ਵੇਲੇ ਨੂੰ, ਸਮੇਂ ਨੂੰ ਅੰਮ੍ਰਿਤ ਵੇਲਾ ਬਣਾਈ ਬੈਠੇ ਹਾਂ। ਅੰਮ੍ਰਿਤ ਦੀ ਪ੍ਰਾਪਤੀ ਸਾਨੂੰ ਹਿਰਦੇ ਦੀ ਸ਼ੁੱਧੀ ਦੁਆਰਾ ਹੋਣੀ ਹੈ ਜਿਸ ਲਈ ਸਾਡੇ ਮਨ ਨੂੰ ਜਾਗਣ ਦੀ ਲੋੜ ਹੈ ਤੇ ਅਸੀਂ ਅੰਮ੍ਰਿਤ ਦੀ ਪ੍ਰਾਪਤੀ ਨੂੰ ਆਪਣੇ ਤਨ ਦੇ ਜਾਗਣ ਨਾਲ ਜੋੜਿਆ ਹੋਇਆ ਹੈ। ਇਹ ਕੇਵਲ ਸਾਡੀ ਅਗਿਆਨਤਾ ਹੈ ਜਿਸ ਕਰਕੇ ਸਾਰੇ ਸੰਸਾਰ ਨੂੰ ਅੰਧਾ ਕਿਹਾ ਗਿਆ ਹੈ। ਸੱਚੀ ਮਤਿ ਕੇਵਲ ਗੁਰੂ ਦੇ ਕੋਲ ਹੈ ਜਿਸ ਨੂੰ ਅੰਮ੍ਰਿਤ ਦੀ ਪ੍ਰਾਪਤੀ ਦੀ ਸਮਝ ਹੈ। ਅਸੀਂ ਅੰਮ੍ਰਿਤ ਵੇਲਾ ਉਨ੍ਹਾਂ ਕੋਲੋਂ ਸਿੱਖਿਆ ਹੋਇਆ ਹੈ ਜਿੰਨ੍ਹਾਂ ਨੂੰ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋਈ ਤੇ ਨਾ ਹੀ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਅੰਮ੍ਰਿਤ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਸਾਡੇ ਅੰਦਰ ਹੀ ਹੈ। ਅੰਮ੍ਰਿਤ ਦੀ ਪ੍ਰਾਪਤੀ ਸਾਨੂੰ ਮਨ ਦੇ ਵਿੱਚੋਂ ਹੀ ਹੋਣੀ ਹੈ, ਔਗੁਣਾਂ ਵਿੱਚੋਂ ਨਿਕਲਕੇ ਹੀ ਹੋਣੀ ਹੈ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾ ਕੇ ਹੀ ਹੋਣੀ ਹੈ। ਗੁਰੂ ਦੀ ਮਤਿ ਕਿਸੇ ਖਾਸ ਵੇਲੇ ਨਾਲ ਬੱਝੀ ਹੋਈ ਨਹੀਂ ਹੈ। ਗੁਰੂ ਸਾਨੂੰ ਹਰ ਵੇਲੇ ਇੱਕੋ ਜਿਹੀ ਮਤਿ ਹੀ ਦਿੰਦਾ ਹੈ। ਸਾਡੇ ਜੀਵਨ ਦਾ ਮਾਰਗ ਅੱਠੇ ਪਹਿਰ ਗੁਰਮਤਿ ਅਨੁਸਾਰ ਵਿਚਰਨ ਦਾ ਹੈ ਜਿਸ ਦਾ ਅਸੀਂ ਉੱਦਮ ਹੀ ਕਰਨਾ ਹੈ ਭਾਵ ਆਪਣੇ ਮਨ ਦੀ ਸੋਝੀ ਨੂੰ ਹੀ ਬਦਲਣਾ ਹੈ, ਆਪਣੀ ਮਤਿ ਨੂੰ ਗੁਰਮਤਿ ਅਨੁਸਾਰ ਘੜਨਾ ਹੈ ਤਾਂ ਜੋ ਸਾਡੇ ਅੰਦਰ ਅੰਮ੍ਰਿਤ ਟਿਕ ਸਕੇ ਤੇ ਸਾਨੂੰ ਉਸ ਅੰਮ੍ਰਿਤ ਦੇ ਮਾਲਕ ਦੀ ਪ੍ਰਾਪਤੀ ਹੋ ਸਕੇ।

ਸਾਡੇ ਔਗੁਣ ਸਾਡੇ ਘਰ ਨੂੰ ਭਾਵ ਸਾਡੇ ਆਤਮਿਕ ਜੀਵਨ ਨੂੰ ਹਰ ਵੇਲੇ ਲੁੱਟ ਰਹੇ ਹਨ ਜਿਸਦਾ ਕਾਰਨ ਸਾਡੀ ਮਨਮਤਿ ਹੈ, ਅਗਿਆਨਤਾ ਹੈ। ਹਰ ਕੋਈ ਇਸ ਅਗਿਆਨਤਾ ਵਿੱਚ ਹੀ ਸੁੱਤਾ ਹੋਇਆ ਹੈ। ਅਸੀਂ ਆਪਣੇ ਘਰ ਦੀ ਸੰਭਾਲ ਤਾਂ ਹੀ ਕਰ ਸਕਦੇ ਹਾਂ

27/3002

ਜਦੋਂ ਅਸੀਂ ਗੁਰਮਤਿ ਦੁਆਰਾ ਜਾਗ ਜਾਵਾਂਗੇ ਭਾਵ ਜਦੋਂ ਗੁਰੂ ਦੀ ਮਤਿ ਸਾਡੇ ਅੰਦਰ ਵੱਸ ਜਾਵੇਗੀ। ਜਿੱਥੇ ਗੁਰਮਤਿ ਵੱਸ ਜਾਂਦੀ ਹੈ ਉੱਥੇ ਫਿਰ ਦੂਤਾਂ ਦਾ ਵੱਸ ਨਹੀਂ ਚੱਲਦਾ ਭਾਵ ਔਗੁਣਾਂ ਦਾ ਵੱਸ ਨਹੀਂ ਚੱਲਦਾ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ॥

ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥੮॥"

ਜੋ ਅੰਮ੍ਰਿਤ ਹੈ ਉਹੀ ਨਾਮ ਹੈ। ਸਾਡੇ ਅੰਦਰੋਂ ਅੰਮ੍ਰਿਤ ਦਾ ਲੁੱਟਿਆ ਜਾਣਾ ਜਾਂ ਨਾਮ ਦਾ ਲੁੱਟਿਆ ਜਾਣਾ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਸਾਡੇ ਅੰਦਰੋਂ ਗੁਣਾਂ ਦਾ ਲੁੱਟਿਆ ਜਾਣਾ ਹੀ ਹੈ। ਸਾਡੇ ਨਾਲ ਸਾਡੇ ਗੁਣ ਹੀ ਜਾਣੇ ਹਨ ਭਾਵ ਨਾਮ ਹੀ ਜਾਣਾ ਹੈ। ਨਾਮ ਨੇ ਸਾਡੇ ਨਾਲ ਗੁਣਾਂ ਦੇ ਰੂਪ ਵਿੱਚ ਹੀ ਜਾਣਾ ਹੈ ਭਾਵ ਸਾਡੇ ਚੰਗੇ ਕਰਮਾਂ ਦੇ ਰੂਪ ਵਿੱਚ ਹੀ ਜਾਣਾ ਹੈ ਕਿਉਂਕਿ ਚੰਗੇ ਕਰਮ ਕੇਵਲ ਗੁਣਾਂ ਦੁਆਰਾ ਹੀ ਹੁੰਦੇ ਹਨ, ਔਗੁਣਾਂ ਤੋਂ ਰਹਿਤ ਹੋ ਕੇ, ਨਾਮ ਦੇ ਚੋਰਾਂ ਤੋਂ ਰਹਿਤ ਹੋ ਕੇ ਹੀ ਹੁੰਦੇ ਹਨ। ਸਾਡੇ ਜਨਮ ਦਾ ਸਫ਼ਲ ਨਾ ਹੋਣਾ ਸਾਡੇ ਔਗੁਣ ਹੀ ਹਨ ਭਾਵ ਸਾਡੇ ਮਾੜੇ ਕਰਮ ਹੀ ਹਨ ਜਿਸਦਾ ਕਾਰਨ ਸਾਡੇ ਅੰਦਰ ਗੁਰਮਤਿ ਦਾ ਨਾ ਵੱਸਣਾ ਹੈ। ਸਾਡਾ ਅਸਲ ਜਾਗਣਾ ਗੁਰਮਤਿ ਵਿੱਚ ਜਾਗਣਾ ਹੈ ਜਿਸ ਦੁਆਰਾ ਅਸੀਂ ਆਪਣੇ ਘਰ ਨੂੰ ਚੋਰਾਂ ਤੋਂ ਬਚਾ ਕੇ ਰੱਖ ਸਕਦੇ ਹਾਂ। ਭਗਤੀ ਦਾ ਮਾਰਗ ਸਾਡੇ ਮਨ ਦੇ ਜਾਗਣ ਨਾਲ ਜੁੜਿਆ ਹੈ ਨਾ ਕਿ ਤਨ ਦੇ ਜਾਗਣ ਨਾਲ। ਤਨ ਦੇ ਰਾਹੀਂ ਤਾਂ ਹਰ ਕੋਈ ਜਾਗ ਸਕਦਾ ਹੈ, ਜਿਸ ਵੇਲੇ ਚਾਹੇ ਜਾਗ ਸਕਦਾ ਹੈ ਪਰ ਅਸਲ ਗੱਲ ਇਸ ਮਨ ਨੂੰ ਜਗਾਉਣ ਦੀ ਹੈ ਤਾਂ ਜੋ ਅਸੀਂ ਆਪਣੇ ਅੰਦਰ ਅੰਮ੍ਰਿਤ ਦੀ ਸੰਭਾਲ ਕਰ ਸਕੀਏ, ਨਾਮ ਦੀ ਸੰਭਾਲ ਕਰ ਸਕੀਏ ਭਾਵ ਔਗੁਣ ਰਹਿਤ ਹੋ ਕੇ ਆਪਣੇ ਅੰਦਰ ਗੁਣਾਂ ਦੀ ਸੰਭਾਲ ਕਰ ਸਕੀਏ ਤਾਂ ਜੋ ਆਪਣੀ ਸੰਸਾਰਿਕ ਵਿਚਰਨ ਵਿੱਚ ਸੱਚੇ-ਸੁੱਚੇ ਕਰਮ ਕਰ ਸਕੀਏ। ਅੱਗੇ ਚੱਲ ਕੇ ਸਾਡੇ ਕਰਮਾਂ ਨੇ ਹੀ ਬਚਾਉਣਾ ਹੈ, ਮਨ ਦੇ ਜਾਗਣੇ ਨੇ ਹੀ ਬਚਾਉਣਾ ਹੈ ਨਾ ਕਿ ਤਨ ਦੇ ਜਾਗਣੇ ਨੇ, ਸਾਡੇ ਮਨ ਦੇ ਅੰਮ੍ਰਿਤ ਨੇ ਬਚਾਉਣਾ ਹੈ ਨਾ ਕਿ ਕਿਸੇ ਖਾਸ ਵੇਲੇ ਦੇ ਜਾਗਣੇ ਨੇ ਬਚਾਉਣਾ ਹੈ। **(ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥ ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ॥ ਗੁਰਮਤੀ ਜਾਗੇ ਤਿਨੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ॥੮॥)**

ਗੁਰਮਤਿ ਵਿੱਚ ਜਾਗਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਮਨ ਦੇ ਜਾਗਣੇ ਨਾਲ ਜੁੜ ਸਕੀਏ।

27/3003

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ॥੧੪॥}

(ਅੰਗ ੧੪੧੪)

ਬਸੰਤੁ ਹਿੰਡੋਲ ਮਹਲਾ ੪ ਘਰੁ ੨
ੴ ਸਤਿਗੁਰ ਪ੍ਰਸਾਦਿ॥

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ॥੧॥ਰਹਾਉ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ॥੩॥

ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ॥੪॥੧॥੩॥}

(ਅੰਗ ੧੧੭੮)

ਸਿਰੀਰਾਗੁ ਮਹਲਾ ੧॥
{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ॥
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ॥੨॥}

(ਅੰਗ ੫੬)

{ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥੩॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ॥ ਨਾਨਕ ਰਾਮ ਮਿਲੇ ਭ੍ਰਮ ਦੂਰੇ॥੪॥੧੧॥}

(ਅੰਗ ੧੫੪)

ਉੱਪਰ ਵਾਲੇ ਸ਼ਬਦਾਂ ਨੂੰ ਥੋੜ੍ਹਾ ਜਿਹਾ ਵਿਚਾਰ ਕੇ ਹੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੇਵਲ ਸੱਚ ਤੇ ਚੱਲਣ ਦਾ ਹੈ ਤੇ ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਉਹ ਕੇਵਲ ਸਭ ਦਾ ਭਰਮ ਹੈ, ਅਗਿਆਨਤਾ ਹੈ। ਕਿਸੇ ਖਾਸ ਸਮੇਂ ਨਾਲ ਭਾਵ ਸਵੇਰ ਸ਼ਾਮ ਦੇ ਸਮੇਂ ਨਾਲ ਜੁੜਕੇ ਭਾਵ ਕਿਸੇ ਖਾਸ ਸਮੇਂ ਨੂੰ ਭਗਤੀ ਨਾਲ ਜੋੜਨ ਵਾਲਿਆਂ ਨੂੰ ਮਨਮੁਖਿ ਕਿਹਾ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹੋ ਜਿਹੇ ਸਮੇਂ ਨਾਲ ਜੁੜੇ ਹੋਏ ਭਾਵ ਵੇਲੇ ਦੀ ਸੰਭਾਲ ਕਰਨ ਵਾਲੇ ਆਪਣੇ ਆਪ ਨੂੰ ਗੁਰਮੁਖਿ ਸਮਝਦੇ ਹਨ ਤੇ ਵੇਲੇ ਦੀ ਸੰਭਾਲ ਨਾ ਕਰਨ ਵਾਲਿਆਂ ਨੂੰ ਮਨਮੁਖਿ ਸਮਝਦੇ ਹਨ। ਅਸੀਂ ਗੁਰਮੁਖਿ ਜਾਂ ਮਨਮੁਖਿ ਮਨ ਦੇ ਵਿੱਚ ਸੱਚ ਹੋਣ ਜਾਂ ਨਾ ਹੋਣ ਦੇ ਦੁਆਰਾ ਹਾਂ, ਮਨ ਦੇ ਵਿੱਚ ਗੁਣਾਂ ਜਾਂ ਔਗੁਣਾਂ

ਦੇ ਦੁਆਰਾ ਹਾਂ ਨਾ ਕਿ ਕਿਸੇ ਵੇਲੇ ਦੀ ਸੰਭਾਲ ਦੁਆਰਾ। ਤਨ ਦੁਆਰਾ ਜਾਗਣ ਦੀ ਬਜਾਇ ਮਨ ਦੇ ਜਾਗਣ ਨਾਲ ਜੁੜੀਏ, ਗੁਰਮਤਿ ਵਿੱਚ ਜਾਗਣ ਨਾਲ ਜੁੜੀਏ, ਆਪਣੇ ਅੰਦਰ ਅੰਮ੍ਰਿਤ ਦੀ ਸੰਭਾਲ ਕਰਨ ਦੇ ਨਾਲ ਜੁੜੀਏ ਤਾਂ ਜੋ ਸਾਡੇ ਜੀਵਨ ਵਿੱਚ ਉਹ ਵੇਲਾ ਆ ਸਕੇ ਜਦੋਂ ਸਾਨੂੰ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਵੇ ਤੇ ਅਸੀਂ ਅੰਮ੍ਰਿਤ ਬੋਲ ਬੋਲਣੇ ਸਿੱਖ ਸਕੀਏ, ਅੰਮ੍ਰਿਤ ਵੇਲੇ ਦੇ ਬੋਲ ਬੋਲਣੇ ਸਿੱਖ ਸਕੀਏ, ਭਗਤੀ ਦਾ ਮਾਰਗ ਸਿੱਖ ਸਕੀਏ ਜੋ ਭਗਤੀ ਦਾ ਮਾਰਗ ਸਿਖਾਉਣ ਵਾਲਾ ਸਾਡੇ ਅੰਦਰ ਹੀ ਹੈ। ਜਿਸ ਨੇ ਪ੍ਰਮਾਤਮਾ ਕੋਲੋਂ ਇਹ ਬੋਲ ਬੋਲਣੇ ਸਿੱਖੇ ਹੋਏ ਹਨ ਉਸਦੇ ਬੋਲਾਂ ਨਾਲ ਜੁੜ ਕੇ ਹੀ ਅਸੀਂ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਭਾਵ ਗੁਰੂ ਦੇ ਬੋਲਾਂ ਨਾਲ ਜੁੜ ਕੇ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਪੂਰੀ ਗੁਰਮਤਿ ਗੁਰੂ ਦੇ ਬੋਲ ਹਨ, ਅੰਮ੍ਰਿਤ ਵੇਲੇ ਦੇ ਬੋਲ ਹਨ ਜਿੰਨ੍ਹਾਂ ਅਨੁਸਾਰ ਵਿਚਰ ਕੇ ਸਾਨੂੰ ਇਸ ਜੀਵਨ ਵਿੱਚ ਅੰਮ੍ਰਿਤ ਦੀ ਪ੍ਰਾਪਤੀ ਹੋ ਸਕਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ, ਬਾਬੀਹੇ ਦਾ ਜਨਮ ਸਫ਼ਲ ਹੋ ਸਕਦਾ ਹੈ, ਬਾਬੀਹੇ ਦੀ ਜਨਮਾਂ-ਜਨਮਾਂ ਦੀ ਪਿਆਸ ਬੁਝ ਸਕਦੀ ਹੈ।

ਜਦ ਤੱਕ ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਆਪਣੀ ਮਤਿ ਵਰਤਦੇ ਹਾਂ ਭਾਵ ਜਿਹੋ ਜਿਹੇ ਤਰੀਕੇ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਅਪਣਾਉਂਦੇ ਹਾਂ ਉਹ ਸਾਡੇ ਬੋਲ ਹਨ ਭਾਵ ਉਨ੍ਹਾਂ ਵਿੱਚ ਗੁਰਮਤਿ ਦੇ ਬੋਲ ਨਹੀਂ ਹਨ, ਉਨ੍ਹਾਂ ਵਿੱਚ ਗੁਰਬਾਣੀ ਦੀ ਮਤਿ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਮਿਥਿਆ ਵਸਤੁ ਸਤਿ ਕਰਿ ਮਾਨੀ॥ ਹਿਤੁ ਲਾਇਓ ਸਠ ਮੂੜ ਅਗਿਆਨੀ॥
ਕਾਮ ਕ੍ਰੋਧ ਲੋਭ ਮਦ ਮਾਤਾ॥ ਕਉਡੀ ਬਦਲੈ ਜਨਮੁ ਗਵਾਤਾ॥
ਅਪਨਾ ਛੋਡਿ ਪਰਾਇਐ ਰਾਤਾ॥ ਮਾਇਆ ਮਦ ਮਨ ਤਨ ਸੰਗਿ ਜਾਤਾ॥
ਤ੍ਰਿਸਨ ਨ ਬੂਝੈ ਕਰਤ ਕਲੋਲਾ॥ ਊਣੀ ਆਸ ਮਿਥਿਆ ਸਭਿ ਬੋਲਾ॥
ਆਵਤ ਇਕੇਲਾ ਜਾਤ ਇਕੇਲਾ॥ ਹਮ ਤੁਮ ਸੰਗਿ ਝੂਠੇ ਸਭਿ ਬੋਲਾ॥
ਪਾਇ ਠਗਉਰੀ ਆਪਿ ਭੁਲਾਇਓ॥ ਨਾਨਕ ਕਿਰਤੁ ਨ ਜਾਇ ਮਿਟਾਇਓ॥੨॥”

(ਅੰਗ ੧੦੦੪)

ਹਰ ਕੋਈ ਮਾਇਆ ਦੇ ਨਸ਼ੇ ਵਿੱਚ ਚੂਰ ਹੈ ਤੇ ਪ੍ਰਮਾਤਮਾ ਨੂੰ ਵੀ ਹਰ ਕੋਈ ਪਾਉਣਾ ਚਾਹੁੰਦਾ ਹੈ। ਇਨ੍ਹਾਂ ਦੋਨਾਂ ਗੱਲਾਂ ਦਾ ਮੇਲ ਨਹੀਂ ਹੋ ਸਕਦਾ। ਜੇਕਰ ਅਸੀਂ ਅੰਮ੍ਰਿਤ ਨਾਮ ਦੇ ਨਸ਼ੇ ਨਾਲ ਜੁੜਨਾ ਚਾਹੁੰਦੇ ਹਾਂ, ਸੱਚ ਦੇ ਨਸ਼ੇ ਦਾ ਸੁੱਖ ਮਾਨਣਾ ਚਾਹੁੰਦੇ ਹਾਂ ਫਿਰ ਮਾਇਆ ਮੋਹ ਦਾ ਨਸ਼ਾ ਛੱਡਣਾ ਹੀ ਪੈਣਾ ਹੈ ਜਿਸਦਾ ਕਾਰਨ ਸਾਡੀ ਤ੍ਰਿਸ਼ਨਾ ਹੈ ਤੇ ਕਿਸੇ ਨਾ ਕਿਸੇ ਰੂਪ ਵਿੱਚ ਤ੍ਰਿਸ਼ਨਾ ਸਭ ਦੇ ਅੰਦਰ ਹੈ ਭਾਵੇਂ ਉਹ ਧਰਮੀ ਅਖਵਾਉਣ ਦੀ ਹੈ, ਨਾਮ ਰਸੀਆ ਅਖਵਾਉਣ ਦੀ ਹੈ। ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾ ਹੈ, ਮਾਇਆ ਮੋਹ ਹੈ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਉਪਰਾਲੇ ਕਰਦੇ ਹਾਂ ਜਿਵੇਂ

27/3005

ਕਿ ਹਰ ਕੋਈ ਲੱਗਾ ਹੋਇਆ ਹੈ, ਸਰੀਰਕ ਜਪ ਤਪ ਆਦਿ ਵਿੱਚ ਲੱਗਾ ਹੋਇਆ ਹੈ, ਕਿਸੇ ਵੇਲੇ ਦੀ ਸੰਭਾਲ ਕਰਨ ਵਿੱਚ ਲੱਗਾ ਹੋਇਆ ਹੈ। ਸਾਡੇ ਇਹੋ ਜਿਹੇ ਭਗਤੀ ਦੇ ਉਪਰਾਲੇ ਕੇਵਲ ਸਾਡੇ “ਕਲੋਲ” ਹਨ ਭਾਵ ਭਗਤੀ ਦਾ ਮਜ਼ਾਕ ਉਡਾਉਣ ਵਾਲੀ ਗੱਲ ਹੈ, ਇੱਕ ਤਮਾਸ਼ਾ ਕਰਨ ਵਾਲੀ ਗੱਲ ਹੈ ਤੇ ਫਿਰ ਵੀ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਆਸ ਲਗਾਈ ਬੈਠੇ ਹਾਂ ਭਾਵ ਇੱਕ ਝੂਠੀ ਆਸ ਲਗਾਈ ਬੈਠੇ ਹਾਂ। ਪ੍ਰਮਾਤਮਾ ਨੂੰ ਪਾਉਣ ਦੇ ਇਹੋ ਜਿਹੇ ਤਰੀਕੇ ਸਾਡੇ ਸਭ ਝੂਠੇ ਬੋਲ ਹੀ ਹਨ ਭਾਵ ਕੇਵਲ ਮਨਮਤਿ ਵਾਲੇ ਤਰੀਕੇ ਹਨ ਭਾਵ ਇਨ੍ਹਾਂ ਵਿੱਚ ਗੁਰਮਤਿ ਨਹੀਂ ਹੈ। ਗੁਰਮਤਿ ਉੱਥੇ ਹੈ ਜਿੱਥੇ ਅਸੀਂ ਤ੍ਰਿਸ਼ਨਾ ਛੱਡਦੇ ਹਾਂ, ਮਾਇਆ ਮੋਹ ਛੱਡਦੇ ਹਾਂ ਭਾਵ ਔਗੁਣ ਛੱਡ ਕੇ, ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰਦੇ ਹਾਂ। **(ਤ੍ਰਿਸਨ ਨ ਬੂਝੈ ਕਰਤ ਕਲੋਲਾ॥ ਊਣੀ ਆਸ ਮਿਥਿਆ ਸਭਿ ਬੋਲਾ॥)**

ਆਪਣੀ ਭਗਤੀ ਦੇ ਤਰੀਕੇ ਅਸੀਂ ਗੁਰੂ ਕੋਲੋਂ ਨਹੀਂ ਸਿੱਖੇ ਹੋਏ ਬਲਕਿ ਉਨ੍ਹਾਂ ਕੋਲੋਂ ਸਿੱਖੇ ਹੋਏ ਹਨ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ। ਉਨ੍ਹਾਂ ਦੇ ਪਿੱਛੇ ਲੱਗ ਕੇ ਅਨੇਕਾਂ ਹੀ ਇਹ ਆਸ ਲਗਾਈ ਬੈਠੇ ਹਨ ਕਿ ਜਿੰਨ੍ਹਾਂ ਨੂੰ ਅਸੀਂ ਉੱਚਾ ਮੰਨਿਆ ਹੋਇਆ ਹੈ ਉਹ ਪ੍ਰਮਾਤਮਾ ਦੇ ਦਰ ਤੇ ਪਹੁੰਚੇ ਹੋਏ ਹਨ ਉਹ ਸਾਨੂੰ ਅੱਗੇ ਜਾ ਕੇ ਛੁਡਾ ਲੈਣਗੇ ਪਰ ਇਹ ਵੀ ਉਨ੍ਹਾਂ ਦੀ ਇੱਕ ਝੂਠੀ ਆਸ ਹੈ ਝੂਠੇ ਬੋਲ ਹਨ ਕਿਉਂਕਿ ਉੱਥੇ ਕੋਈ ਕਿਸੇ ਦਾ ਸੰਗ ਨਹੀਂ ਦੇ ਸਕਦਾ, ਸਾਥ ਨਹੀਂ ਦੇ ਸਕਦਾ। ਇਹੋ ਜਿਹਾ ਸਮਝਣਾ ਕੇਵਲ ਸਾਡਾ ਭਰਮ ਹੈ ਤੇ ਹਰ ਕੋਈ ਆਪਣੀ-ਆਪਣੀ ਕਿਰਤ ਦਾ ਬੱਝਿਆ ਹੋਇਆ ਹੈ, ਸਭ ਨੇ ਆਪਣਾ ਆਪਣਾ ਲੇਖਾ ਆਪ ਹੀ ਭੁਗਤਣਾ ਹੈ, ਚੰਗੇ ਮਾੜੇ ਕਰਮਾਂ ਦਾ ਲੇਖਾ ਸਭ ਨੇ ਆਪ ਹੀ ਭੁਗਤਣਾ ਹੈ। ਸਾਨੂੰ ਸਾਡੇ ਚੰਗੇ ਕਰਮਾਂ ਨੇ ਹੀ ਬਚਾਉਣਾ ਹੈ, ਸਾਡੇ ਗੁਣਾਂ ਨੇ ਬਚਾਉਣਾ ਹੈ ਤੇ ਇਸ ਤੋਂ ਇਲਾਵਾ ਬਚਣ ਦਾ ਕੋਈ ਹੋਰ ਤਰੀਕਾ ਨਹੀਂ ਹੈ, ਕਿਸੇ ਤੇ ਝੂਠੀ ਆਸ ਰੱਖਣਾ ਕੇਵਲ ਸਾਡਾ ਭਰਮ ਹੈ। **(ਆਵਤ ਇਕੇਲਾ ਜਾਤ ਇਕੇਲਾ॥ ਹਮ ਤੁਮ ਸੰਗਿ ਝੂਠੇ ਸਭਿ ਬੋਲਾ॥ ਪਾਇ ਠਗਉਰੀ ਆਪਿ ਭੁਲਾਇਓ॥ ਨਾਨਕ ਕਿਰਤੁ ਨ ਜਾਇ ਮਿਟਾਇਓ॥੨॥)**

ਸਾਡੇ ਜੀਵਨ ਦਾ ਨਾਸ ਕਰਨ ਵਾਲੇ ਸਾਡੇ ਔਗਣ ਹਨ ਜਿੰਨ੍ਹਾਂ ਦਾ ਆਸਰਾ ਅਸੀਂ ਮਾਇਆ ਕਮਾਉਣ ਲਈ ਲੈਂਦੇ ਹਾਂ, ਆਪਣੀ ਤ੍ਰਿਸ਼ਨਾ ਪੂਰੀ ਕਰਨ ਲਈ ਲੈਂਦੇ ਹਾਂ, ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਲਈ ਲੈਂਦੇ ਹਾਂ। ਸਾਡੇ ਇਹ ਦੁਨਿਆਵੀ ਸੁੱਖ ਕੌਡੀ ਦੇ ਬਰਾਬਰ ਹਨ ਜਿੰਨ੍ਹਾਂ ਦੇ ਬਦਲੇ ਅਸੀਂ ਆਪਣਾ ਜਨਮ ਗਵਾ ਰਹੇ ਹਾਂ। ਜੇਕਰ ਅਸੀਂ ਆਪਣੇ ਜਨਮ ਨੂੰ ਵਿਅਰਥ ਜਾਣ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਸਾਡੇ ਕੋਲ ਇੱਕੋ ਇੱਕ ਉਪਰਾਲਾ ਇਨ੍ਹਾਂ ਵਿਕਾਰਾਂ ਨੂੰ ਛੱਡਣ ਦਾ ਹੈ, ਦੁਨਿਆਵੀ ਸੁੱਖਾਂ ਨੂੰ ਤਿਆਗਣ ਦਾ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਸਾਡੀ ਮਨਮਤਿ ਹੈ, ਸਾਡੀ ਨਾਸਮਝੀ ਹੈ ਜਿਸ ਕਰਕੇ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ। ਗੁਰਮਤਿ ਦਾ ਮਕਸਦ ਸਾਨੂੰ ਇਹੋ ਜਿਹੀ ਬਿਰਤੀ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਜੀਵਨ ਦੇ ਨਾਲ ਜੁੜ ਕੇ ਉਸ ਪ੍ਰਮਾਤਮਾ ਦੀ

27/3006

ਭਗਤੀ ਦਾ ਉਪਰਾਲਾ ਕਰ ਸਕੀਏ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਸਾਡਾ ਜੀਵਨ ਵਿਅਰਥ ਹੋਣ ਤੋਂ ਬਚ ਸਕਦਾ ਹੈ। **(ਮਿਥਿਆ ਵਸਤੁ ਸਤਿ ਕਰਿ ਮਾਨੀ॥ ਹਿਤੁ ਲਾਇਓ ਸਠ ਮੂੜ ਅਗਿਆਨੀ॥ ਕਾਮ ਕ੍ਰੋਧ ਲੋਭ ਮਦ ਮਾਤਾ॥ ਕਉਡੀ ਬਦਲੈ ਜਨਮੁ ਗਵਾਤਾ॥ ਅਪਨਾ ਛੋਡਿ ਪਰਾਇਐ ਰਾਤਾ॥ ਮਾਇਆ ਮਦ ਮਨ ਤਨ ਸੰਗਿ ਜਾਤਾ॥)**

ਪਉੜੀ॥

{ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ॥
ਆਵੈ ਜਾਇ ਭਵਾਈਐ ਬਹੁ ਜੋਨੀ ਨਚਾ॥}

(ਅੰਗ ੧੦੯੯)

{ਬਿਨੁ ਬਸਿ ਪੰਚ ਕਹਾ ਮਨ ਚੂਰੇ॥ ਨਾਮ ਬਿਨਾ ਸਦ ਸਦ ਹੀ ਝੂਰੇ॥੪॥}

(ਅੰਗ ੧੧੪੦)

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ॥੧॥ਰਹਾਉ॥
ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ॥
ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ॥੨॥}

(ਅੰਗ ੯੯੪)

{ਜਪ ਤਪ ਸੰਜਮ ਇਸ ਤੇ ਕਿਛੁ ਨਾਹੀ॥
ਆਦਿ ਅੰਤਿ ਪ੍ਰਭ ਅਗਮ ਅਗਾਹੀ॥}

(ਅੰਗ ੧੦੦੫)

{ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ॥ ਦੂਜੈ ਭਾਇ ਘਣਾ ਦੁਖੁ ਆਗੈ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ॥੮॥}

(ਅੰਗ ੧੦੫੨)

ਉੱਪਰ ਵਾਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਭੇਖਧਾਰੀ ਕਿਸ ਨੂੰ ਕਿਹਾ ਹੈ। ਬਾਣੀ ਵਿੱਚ ਵਾਰ-ਵਾਰ ਭੇਖ ਦੀ ਗੱਲ ਆਉਂਦੀ ਹੈ ਜੋ ਕਿ ਸਾਡਾ ਭਗਤੀ ਦਾ ਦਿਖਾਵਾ ਹੈ ਤੇ ਸਾਨੂੰ ਭੇਖ ਤੋਂ ਵਾਰ-ਵਾਰ ਬਚਣ ਲਈ ਸਮਝਾਇਆ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਸਾਡਾ ਹਰਿ ਦੇ ਨਾਲ ਚਿੱਤ ਨਹੀਂ ਜੁੜ ਸਕਦਾ। ਹਰਿ-ਹਰਿ ਕਰਨਾ "ਹਰਿ" ਨਾਲ ਚਿੱਤ ਜੋੜਨਾ ਹੀ ਹੈ। ਚਿੱਤ ਸਾਡਾ ਇੱਕੋ ਹੀ ਹੈ ਤੇ ਜਦ ਤੱਕ ਸਾਡਾ ਚਿੱਤ ਮਾਇਆ ਮੋਹ ਵਿੱਚ ਹੈ ਤਦ ਤੱਕ ਸਾਡੇ ਅੰਦਰ ਹਰਿ ਦੀ ਮਤਿ ਨਹੀਂ ਹੈ ਕਿਉਂਕਿ ਹਰਿ-ਹਰਿ ਕਰਨਾ ਆਪਣੇ ਅੰਦਰ ਹਰਿ ਦੀ ਮਤਿ ਵਸਾਉਣ ਨਾਲ ਹੀ ਹੈ। ਮਾਇਆ ਨਾਲ ਚਿੱਤ ਜੋੜਨਾ ਮਾਇਆ ਨਾਲ ਪਿਆਰ ਪਾਉਣਾ ਹੈ। ਪਿਆਰ ਇੱਕ ਪਾਸੇ ਹੀ ਜੁੜ ਸਕਦਾ ਹੈ ਭਾਵੇਂ ਪਿਆਰ ਗੁਰੂ ਨਾਲ ਜੋੜ ਲਈਏ ਭਾਵੇਂ ਪਿਆਰ ਮਾਇਆ ਨਾਲ ਜੋੜ ਲਈਏ। ਮਾਇਆ ਦਾ ਸੁੱਖ ਬਹੁਤ ਛੋਟਾ ਸੁੱਖ ਹੈ, ਥੋੜ੍ਹੇ ਸਮੇਂ ਦਾ ਸੁੱਖ ਹੈ ਪਰ ਸਾਡੇ ਮਨੁੱਖੀ ਜੀਵਨ ਵਿੱਚ ਇਹੀ ਸਾਡੇ ਦੁੱਖਾਂ ਦਾ ਕਾਰਨ ਹੈ ਕਿਉਂਕਿ ਜੋ ਵੀ ਅਸੀਂ ਮਾੜਾ ਕਰਮ ਕਰਦੇ ਹਾਂ ਉਹ ਮਾਇਆ ਦੇ ਲੋਭ ਲਾਲਚ ਪਿੱਛੇ ਕਰਦੇ ਹਾਂ। ਭਗਤੀ

27/3007

ਦਾ ਝੂਠਾ ਮਾਣ ਵੀ ਮਾਇਆ ਮੋਹ ਹੈ। ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਅਸੀਂ ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਹੋਏ ਹਾਂ ਭਾਵ ਅਨੇਕਾਂ ਹੀ ਸਰੀਰਕ ਜਪ-ਤਪ ਆਦਿ ਕਰਦੇ ਹਾਂ, ਸਵੇਰੇ ਸ਼ਾਮ ਵੇਲੇ ਦੀ ਸੰਭਾਲ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਆਪਣੀ

ਭਗਤੀ ਸਮਝਦੇ ਹਾਂ ਤੇ ਆਪਣੀ ਆਪਣੀ ਆਸਥਾ ਅਨੁਸਾਰ ਹੋਰ ਵੀ ਅਸੀਂ ਭਗਤੀ ਦੇ ਅਨੇਕਾਂ ਤਰੀਕੇ ਬਣਾਏ ਹੋਏ ਹਨ ਜਿਵੇਂ ਕਿ ਤੀਰਥਾਂ ਤੇ ਭਵੀ ਜਾਣਾ, ਕੋਈ ਮਾਲਾ ਫੇਰੀ ਜਾਣਾ ਜਾਂ ਕਿਸੇ ਖਾਣੇ ਦੀ ਸੁੱਚ ਨਾਲ ਜੁੜਨਾ ਆਦਿ। ਜਦ ਤੱਕ ਸਾਡਾ ਚਿੱਤ ਮਾਇਆ ਮੋਹ ਵਿੱਚ ਹੈ ਤਦ ਤੱਕ ਸਾਡਾ ਚਿੱਤ ਪ੍ਰਮਾਤਮਾ ਦੀ ਭਗਤੀ ਵਿੱਚ ਨਹੀਂ ਹੈ ਜਿਸ ਲਈ ਸਾਨੂੰ ਮਨਮੁਖਿ, ਭਰਮੇ ਹੋਏ, ਭੁੱਲੇ ਹੋਏ ਕਿਹਾ ਹੈ ਤੇ ਸਭ ਤੋਂ ਵੱਡੀ ਗੱਲ "ਭੇਖਧਾਰੀ" ਕਿਹਾ ਹੈ ਭਾਵ ਭਗਤੀ ਦੇ ਦਿਖਾਵੇ ਵਾਲੇ ਕਿਹਾ ਹੈ। ਪ੍ਰਮਾਤਮਾ ਦੀ ਭਗਤੀ ਮਾਇਆ ਮੋਹ ਵਿੱਚੋਂ ਨਿਕਲਕੇ ਹੁੰਦੀ ਹੈ ਭਾਵ ਸੱਚ ਤੇ ਚੱਲਣ ਦੁਆਰਾ ਹੁੰਦੀ ਹੈ, ਪੂਰੀ ਤਰ੍ਹਾਂ ਔਗੁਣ ਰਹਿਤ ਹੋ ਕੇ ਹੁੰਦੀ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦੁਆਰਾ ਹੁੰਦੀ ਹੈ ਪਰ ਭਰਮ ਦੇ ਵਿੱਚ ਹਰ ਕੋਈ ਜਿਹੋ ਜਿਹੀ ਭਗਤੀ ਵਿੱਚ ਲੱਗਾ ਹੋਇਆ ਹੈ ਉਹ ਕੇਵਲ ਭਗਤੀ ਦਾ ਦਿਖਾਵਾ ਹੈ ਜਿਸ ਲਈ ਅੰਤ ਸਾਨੂੰ ਪਛਤਾਉਣਾ ਹੀ ਪੈਣਾ ਹੈ। ਪਛਤਾਉਣਾ ਸਾਨੂੰ ਮਾਇਆ ਮੋਹ ਵਾਲੀ ਬਿਰਤੀ ਕਰਕੇ ਹੀ ਪੈਣਾ ਹੈ ਜਿਸ ਦੇ ਰਹਿੰਦਿਆਂ ਅਸੀਂ ਗੁਰੂ ਦੀ ਮਤਿ ਨਾਲ ਨਹੀਂ ਜੁੜ ਸਕਦੇ, ਹਰਿ ਦੀ ਮਤਿ ਦੇ ਨਾਲ ਨਹੀਂ ਜੁੜ ਸਕਦੇ ਭਾਵ ਹਰਿ-ਹਰਿ ਨਹੀਂ ਕਰ ਸਕਦੇ। ਹਰ ਵੇਲੇ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਵਿਚਰਨਾ ਹੀ ਹਰ ਵੇਲੇ ਹਰਿ ਹਰਿ ਕਰਨਾ ਹੈ ਜਿਸ ਵਿੱਚ ਕੋਈ ਭਗਤੀ ਦਾ ਦਿਖਾਵਾ ਨਹੀਂ। ਭਗਤੀ ਸਾਡੇ ਮਨ ਦੀ ਬਿਰਤੀ ਹੀ ਕਰਦੀ ਹੈ ਨਾ ਕਿ ਕੋਈ ਸਰੀਰਕ ਦਿਖਾਵਾ। **(ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ॥ ਦੂਜੈ ਭਾਇ ਘਣਾ ਦੁਖੁ ਆਗੈ॥ ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ॥੮॥)**

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਅੰਮ੍ਰਿਤ ਵੇਲਾ ਸਮਝਿਆ ਹੈ ਤੇ ਪ੍ਰਭਾਤ ਵੇਲਾ ਸਮਝਿਆ ਹੈ ਜਿਸ ਤੋਂ ਭਾਵ ਕਿਸੇ ਸਮੇਂ ਨਾਲ ਨਹੀਂ ਹੈ ਬਲਕਿ ਸਾਡੇ ਮਨ ਦੇ ਨਾਲ ਹੈ। ਇਸੇ ਗੱਲ ਨੂੰ ਨੀਚੇ ਦਿੱਤੇ ਕੁੱਝ ਹੋਰ ਸ਼ਬਦਾਂ ਦੁਆਰਾ ਸਮਝਦੇ ਹਾਂ ਜਿੰਨ੍ਹਾਂ ਨੂੰ ਲੈ ਕੇ ਬਹੁਤਿਆਂ ਦੇ ਅੰਦਰ ਭੁਲੇਖਾ ਹੈ ਕਿ ਸਵੇਰ ਦੇ ਵੇਲੇ ਵਿੱਚ ਤੇ ਦਿਨ ਦੇ ਦੂਸਰੇ ਵੇਲਿਆਂ ਵਿੱਚ ਪ੍ਰਮਾਤਮਾ ਦੀ ਭਗਤੀ ਕਰਨ ਲਈ ਕੋਈ ਫਰਕ ਹੈ। ਵੇਲੇ ਸਭ ਇੱਕੋ ਜਿਹੇ ਹਨ ਤੇ ਫਰਕ ਕੇਵਲ ਸਾਡੀ ਸਮਝ ਵਿੱਚ ਹੈ। ਹੇਠ ਦਿੱਤੇ ਹੋਏ ਧੰਨ ਧੰਨ ਪਹਿਲੀ ਪਾਤਸ਼ਾਹੀ ਤੇ ਧੰਨ ਧੰਨ ਦੂਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਸਾਡਾ ਕਿਸੇ ਵੇਲੇ ਨੂੰ ਚੰਗਾ ਮਾੜਾ ਸਮਝਣ ਦਾ ਭੁਲੇਖਾ ਨਿਕਲ ਜਾਵੇਗਾ।

ਸਲੋਕੁ ਮਃ ੧॥

"ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥ ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥
ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥ ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥
ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥ ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥
ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥ ਭੀ ਉਠਿ ਰਚਿਓਨੁ ਵਾਦੁ ਸੈ ਵਰ੍ਿਆ ਕੀ ਪਿੜ ਬਧੀ॥
ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥੧॥"

(ਅੰਗ ੧੪੫)

ਮਃ ੨॥

"ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥ ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥
ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ॥ ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ॥
ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥"

(ਅੰਗ ੧੪੬)

ਪਉੜੀ॥

"ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ॥ ਮੁਠੀ ਧੰਧੈ ਚੋਰਿ ਮਹਲੁ ਨ ਪਾਈਐ॥
ਏਨੈ ਚਿਤਿ ਕਠੋਰਿ ਸੇਵ ਗਵਾਈਐ॥ ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ॥
ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ॥ ਕੋਇ ਨ ਆਖੈ ਘਟਿ ਹਉਮੈ ਜਾਈਐ॥
ਲਈਅਨਿ ਖਰੇ ਪਰਖਿ ਦਰਿ ਬੀਨਾਈਐ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ ॥੧੭॥"

(ਅੰਗ ੧੪੬)

27/3008

ਸਲੋਕ ਮਃ ੨॥

"ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥ ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥ ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥

ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥"

(ਅੰਗ ੧੪੬)

ਮਃ ੨॥

"ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥"

(ਅੰਗ ੧੪੬)

ਪਉੜੀ॥

"ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥ ਸਚੇ ਹੀ ਪਤੀਆਇ ਸਚਿ ਵਿਗਸਿਆ॥
ਸਚੈ ਕੋਟਿ ਗਿਰੰਇ ਨਿਜ ਘਰਿ ਵਸਿਆ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੯॥"

(ਅੰਗ ੧੪੬-੧੪੭)

ਉੱਪਰ ਚਾਰੇ ਸਲੋਕਾਂ ਨੂੰ ਤੇ ਸਲੋਕਾਂ ਦੇ ਨਾਲ ਜੁੜੀਆਂ ਹੋਈਆਂ ਪਉੜੀਆਂ ਨੂੰ ਧਿਆਨ ਨਾਲ ਵਿਚਾਰੋ, ਸਮਝੋ। ਸਲੋਕਾਂ ਦਾ ਭਾਵ, ਸਲੋਕਾਂ ਦਾ ਮਕਸਦ ਸਾਨੂੰ ਪਉੜੀਆਂ ਰਾਹੀਂ ਸਮਝਾਇਆ ਹੋਇਆ ਹੁੰਦਾ ਹੈ। ਪਹਿਲੀ ਪਾਤਸ਼ਾਹੀ ਜੀ ਦੇ ਪਹਿਲੇ ਸਲੋਕ ਰਾਹੀਂ ਵੀ "ਸਬਾਹ" ਦੀ ਗੱਲ ਕੀਤੀ ਹੋਈ ਹੈ ਤੇ ਦੂਜੀ ਪਾਤਸ਼ਾਹੀ ਜੀ ਦੇ ਸਲੋਕ ਰਾਹੀਂ ਸਬਾਹ ਦੀ ਗੱਲ ਕੀਤੀ ਹੋਈ ਹੈ। ਪਹਿਲੀ ਪਾਤਸ਼ਾਹੀ ਜੀ ਦੇ ਸਲੋਕ ਰਾਹੀਂ ਪਹਿਲੇ ਪਹਿਰ ਨੂੰ ਸਬਾਹ ਕਿਹਾ ਗਿਆ ਹੈ ਤੇ ਦੂਜੀ ਪਾਤਸ਼ਾਹੀ ਦੇ ਸਲੋਕ ਰਾਹੀਂ ਚੌਥੇ ਪਹਿਰ ਨੂੰ ਸਬਾਹ ਕਿਹਾ ਹੋਇਆ ਹੈ। ਹੁਣ ਧਿਆਨ ਨਾਲ ਸਮਝੋ ਕਿ ਸਬਾਹ ਨੂੰ ਅਸੀਂ ਕਿਹੜਾ ਪਹਿਰ ਸਮਝੀਏ ਭਾਵ ਪੂਰੇ ਦਿਨ ਵਿੱਚੋਂ, ਅੱਠੇ ਪਹਿਰਾਂ ਵਿੱਚੋਂ ਕਿਹੜੇ ਸਮੇਂ ਨੂੰ, ਕਿਹੜੇ ਪਹਿਰ ਨੂੰ ਸਬਾਹ ਸਮਝੀਏ ਭਾਵ ਸਵੇਰ ਵੇਲਾ ਸਮਝੀਏ, ਪ੍ਰਭਾਤ ਵੇਲਾ ਸਮਝੀਏ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਜਦ ਤੱਕ ਸਾਡੇ ਮਨ ਵਿੱਚ ਪ੍ਰਭਾਤ ਨਹੀਂ ਚੜ੍ਹਦੀ, ਮਨ ਵਿੱਚ ਚਾਨਣਾ ਨਹੀਂ ਹੁੰਦਾ ਭਾਵ ਜਦ ਤੱਕ ਸਾਡੇ ਮਨ ਵਿੱਚ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਤਦ ਤੱਕ ਅਸੀਂ ਹਰ ਵੇਲੇ ਸੁੱਤੇ ਹੋਏ ਹੀ ਹਾਂ। ਅਸੀਂ ਜਾਗਦੇ ਗੁਰੂ ਦੇ ਗਿਆਨ ਦੁਆਰਾ ਹੀ ਹਾਂ, ਆਪਣੇ ਅੰਦਰ ਗੁਰਮਤਿ ਦੇ ਵੱਸਣ ਦੁਆਰਾ ਹੀ ਹਾਂ। ਇੱਕ ਵਾਰੀ ਸਾਡੇ ਅੰਦਰ ਦਿਨ ਚੜ੍ਹ ਜਾਵੇ ਤਾਂ ਫਿਰ ਅੱਠੇ ਪਹਿਰ ਸਾਡੇ ਅੰਦਰ ਦਿਨ ਚੜ੍ਹਿਆ ਹੀ ਰਹਿੰਦਾ ਹੈ ਭਾਵ ਸਾਡਾ ਮਨ ਸਦਾ ਜਾਗਦਾ ਰਹਿੰਦਾ ਹੈ। ਉੱਪਰ ਸ਼ਬਦਾਂ ਰਾਹੀਂ ਸਾਨੂੰ ਮਨ ਦੀ ਸਬਾਹ ਹੀ ਸਮਝਾਈ ਹੋਈ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਮਨ ਦੀ ਸਵੇਰ ਦੁਆਰਾ ਹੀ ਹੁੰਦੀ ਹੈ। ਮਨ ਦੇ ਵਿੱਚ ਸਵੇਰ ਚੜ੍ਹਨ ਲਈ ਸਾਡਾ ਪੂਰਾ ਜੀਵਨ ਹੈ ਤੇ ਜਿਸਦੇ ਅੰਦਰ ਮਨ ਦੀ ਸਵੇਰ ਹੁੰਦੀ ਹੈ ਉਹੀ ਆਪਣੇ ਜੀਵਨ ਨੂੰ ਸਫ਼ਲ ਕਰਦਾ ਹੈ ਤੇ ਸਾਡੇ ਜੀਵਨ ਨੂੰ ਕਿਸੇ ਖਾਸ ਵੇਲੇ ਨੇ ਸਫ਼ਲ ਨਹੀਂ ਕਰਨਾ। ਅਸੀਂ ਸਾਰੇ ਸ਼ਬਦਾਂ ਨੂੰ ਹੁਣ ਵਾਰੀ-ਵਾਰੀ ਕਰਕੇ ਵਿਚਾਰਦੇ ਹਾਂ, ਸਮਝਦੇ ਹਾਂ।

"ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥ ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥"

27/3009

"ਸਬਾਹੀ ਸਾਲਾਹ" ਤੋਂ ਭਾਵ ਕੀ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਸਬਾਹੀ ਸਾਲਾਹ ਤੋਂ ਭਾਵ ਸਵੇਰ ਵੇਲੇ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਨਾਲ ਹੀ ਹੈ ਪਰ ਪ੍ਰਮਾਤਮਾ ਦੀ ਇਹ ਸਿਫ਼ਤ ਸਾਲਾਹ ਕਿਵੇਂ ਹੁੰਦੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। "ਸਬਾਹੀ ਸਾਲਾਹ" ਕਰਨ ਵਾਲਿਆਂ ਦੀ ਨਿਸ਼ਾਨੀ ਵੀ ਨਾਲ ਹੀ ਸਮਝਾਈ ਹੋਈ ਹੈ ਭਾਵ ਪ੍ਰਮਾਤਮਾ ਦੀ ਸਿਫ਼ਤ

ਸਾਲਾਹ ਕਰਨ ਵਾਲੇ ਕੌਣ ਹਨ ਉਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਭਾਵ **"ਜਿਨੀ ਧਿਆਇਆ ਇਕ ਮਨਿ"** ਪ੍ਰਮਾਤਮਾ ਨੂੰ "ਇਕ ਮਨਿ" ਧਿਆਉਣ ਵਾਲੇ ਕੌਣ ਹਨ ਇਸ ਨੂੰ ਹੁਣ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ। ਪ੍ਰਮਾਤਮਾ ਨੂੰ ਇਕ ਮਨਿ ਧਿਆਉਣ ਵਾਲਾ ਉਹੀ ਹੈ ਜੋ ਪ੍ਰਮਾਤਮਾ ਦੇ ਨਾਲ "ਇਕ ਮਨਿ" ਹੋ ਜਾਂਦਾ ਹੈ ਭਾਵ ਜਿਸਦੀ ਦੁਚਿੱਤੀ ਮਿਟ ਜਾਂਦੀ ਹੈ ਤੇ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ।

ਪ੍ਰਮਾਤਮਾ ਨੂੰ ਇਕ ਮਨਿ ਧਿਆਉਣ ਵਾਲੇ ਕੌਣ ਹਨ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ॥
ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ॥
ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ॥
ਜੰਮਣੁ ਮਰਣੁ ਤਿਨ੍ਹਾ ਕਾ ਚੂਕਾ ਜੋ ਹਰਿ ਲਾਗੇ ਪਾਵੈ॥
ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ॥
ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ॥੨॥}

(ਅੰਗ ੪੩੯)

ਸਲੋਕੁ ਮਃ ੩॥

{ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ॥
ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ॥
ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ॥
ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ॥੧॥}

(ਅੰਗ ੬੫੩)

{ਗੁਣ ਰੰਗਿ ਰਾਤੇ ਧੰਨਿ ਤੇ ਜਨ ਜਿਨੀ ਇਕ ਮਨਿ ਧਿਆਇਆ॥
ਸਫਲ ਜਨਮੁ ਭਇਆ ਤਿਨ ਕਾ ਜਿਨੀ ਸੋ ਪ੍ਰਭੁ ਪਾਇਆ॥}

(ਅੰਗ ੯੨੭)

ਸਲੋਕ ਮਃ ੪॥

{ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ॥
ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ॥
ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ॥
ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥
ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ॥
ਧਨੁ ਧੰਨੁ ਗੁਰੂ ਗੁਣ ਗਾਵਦਾ ਤਿਸ ਨੋ ਸਦਾ ਸਦਾ ਨਮਸਕਾਰੁ॥
ਜਨ ਨਾਨਕ ਤਿਨ ਕਉ ਵਾਰਿਆ ਜਿਨ ਜਪਿਆ ਸਿਰਜਣਹਾਰੁ॥੧॥}

(ਅੰਗ ੩੦੨)

ਜਿਵੇਂ ਕਿ ਉਪਰਲੇ ਸ਼ਬਦਾਂ ਦੁਆਰਾ ਸਪੱਸ਼ਟ ਹੈ ਪ੍ਰਮਾਤਮਾ ਨੂੰ "ਇਕ ਮਨਿ" ਧਿਆਉਣ ਵਾਲੀ ਅਵੱਸਥਾ ਗੁਰੂ ਦੀ ਆਪਣੀ ਅਵੱਸਥਾ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਚੁੱਕਾ ਹੈ। ਪ੍ਰਮਾਤਮਾ ਨੂੰ ਧਿਆਇਆ ਹੀ "ਇਕ ਮਨਿ" ਦੀ ਅਵੱਸਥਾ ਦੁਆਰਾ ਜਾ ਸਕਦਾ ਹੈ ਕਿਉਂਕਿ ਉਸ ਤੋਂ ਪਹਿਲਾਂ ਮਨੁੱਖ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੁੰਦਾ ਹੈ, ਹਉਮੈ ਵਾਲੀ ਅਵੱਸਥਾ ਵਿੱਚ ਹੁੰਦਾ ਹੈ, ਪ੍ਰਮਾਤਮਾ ਦੀ ਭਗਤੀ ਸਮਝਣ ਵਿੱਚ ਭਰਮ ਦੀ ਅਵੱਸਥਾ ਵਿੱਚ ਹੁੰਦਾ ਹੈ। ਪ੍ਰਮਾਤਮਾ ਦੀ ਭਗਤੀ ਭਰਮ ਦੀ ਅਵੱਸਥਾ ਵਿੱਚੋਂ ਨਿਕਲਕੇ ਹੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਅਦ ਹੀ ਹੁੰਦੀ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਇਕ ਮਨਿ ਦੀ ਅਵੱਸਥਾ ਜਾਂ ਇੱਕ ਮਨ ਇੱਕ ਚਿੱਤ ਦੀ ਅਵੱਸਥਾ ਇੱਕੋ ਹੀ ਗੱਲ ਹੈ ਭਾਵ ਇਹ ਦੁਚਿੱਤੀ ਮਿਟਣ ਵਾਲੀ ਅਵੱਸਥਾ ਹੈ, ਇਹ ਸਾਡੇ ਅੰਦਰ ਸੋਚਾਂ ਮਿਟਣ ਦੁਆਰਾ ਇੱਕ ਸੋਚ ਹੋਣ ਦੀ ਅਵੱਸਥਾ ਹੈ। ਸਾਡਾ ਮਨ ਸਾਡੀ ਸੋਚ ਹੀ ਹੈ ਤੇ ਹੋਰ ਕੁੱਝ ਵੀ ਨਹੀਂ। ਇੱਕ ਮਨ ਦੀ ਅਵੱਸਥਾ ਸਾਡੇ ਅੰਦਰ ਸੱਚੇ ਗਿਆਨ ਦੀ ਅਵੱਸਥਾ ਹੈ, ਪੂਰਨ ਸੱਚ ਦੀ ਅਵੱਸਥਾ ਹੈ, ਪੂਰਨ ਗੁਰਮਤਿ ਦੀ ਅਵੱਸਥਾ ਹੈ ਜੋ ਅਵੱਸਥਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਤੋਂ ਬਾਅਦ ਹੀ ਬਣਦੀ ਹੈ। ਇਹ ਸਾਡੇ ਅੰਦਰ ਬ੍ਰਹਮਗਿਆਨ ਦੇ ਪ੍ਰਕਾਸ਼ ਦੀ ਅਵੱਸਥਾ ਹੈ ਜਿਸ ਦੁਆਰਾ ਸਾਡੇ ਮਨ ਦੀ ਅਗਿਆਨਤਾ ਦਾ ਹਨ੍ਹੇਰਾ, ਭਰਮ ਦਾ ਹਨ੍ਹੇਰਾ ਮਿਟ ਕੇ ਮਨ ਦੇ ਵਿੱਚ ਸਵੇਰ ਚੜ੍ਹ ਜਾਂਦੀ ਹੈ, ਪ੍ਰਭਾਤ ਚੜ੍ਹ ਜਾਂਦੀ ਹੈ ਜੋ ਪ੍ਰਭਾਤ ਸਦਾ ਹੀ ਚੜ੍ਹੀ ਰਹਿੰਦੀ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਸਵੇਰ ਦੁਆਰਾ ਹੁੰਦੀ ਹੈ। **(ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥)**

ਸ਼ਬਦ ਦੀ ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਹੋਰ ਵੀ ਪੱਕੀ ਤਰ੍ਹਾਂ ਸਮਝ ਸਕੀਏ ਕਿ ਉਸਦੀ "ਸਬਾਹੀ ਸਾਲਾਹ" ਕਰਨ ਵਾਲੇ ਕਿਹੋ ਜਿਹੇ ਹੁੰਦੇ ਹਨ, "ਇਕ ਮਨਿ" ਧਿਆਉਣ ਵਾਲੇ ਕਿਹੋ ਜਿਹੇ ਹੁੰਦੇ ਹਨ ਤੇ ਵੇਲੇ ਦੀ ਸੰਭਾਲ ਕਰਨ ਵਾਲੇ ਕਿਹੋ ਜਿਹੇ ਹੁੰਦੇ ਹਨ।

"ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥"

ਪਹਿਲਾਂ ਅਸੀਂ ਇਸ ਗੱਲ ਨੂੰ ਸਮਝਣਾ ਹੈ ਕਿ ਪ੍ਰਮਾਤਮਾ ਦੇ ਪੂਰੇ ਸਾਹ ਕੌਣ ਹਨ ਭਾਵ ਉਸਦੀ ਸਿਫ਼ਤ ਸਾਲਾਹ ਕਰਨ ਵਾਲੇ ਕੌਣ ਹਨ। **"ਵਖਤੈ ਉਪਰਿ ਲੜਿ ਮੁਏ॥"** ਤੋਂ ਭਾਵ ਕੀ ਹੈ ਇਸ ਗੱਲ ਨੂੰ ਉਸ ਤੋਂ ਬਾਅਦ ਵਿੱਚ ਸਮਝਾਂਗੇ।

ਪੂਰੇ ਸਾਹ ਕੌਣ ਹਨ ਇਹ ਗੱਲ ਸਾਨੂੰ ਇਸ ਸਲੋਕ ਤੋਂ ਬਾਅਦ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਪਹਿਲਾਂ ਸਮਝਣ ਦੀ ਲੋੜ ਹੈ ਇਹ ਵਾਲਾ ਸਲੋਕ ਧੰਨ ਧੰਨ ਦੂਜੀ ਪਾਤਸ਼ਾਹੀ ਦੇ ਮੁੱਖੋਂ ਉਚਾਰਿਆ ਹੋਇਆ ਹੈ।

27/3011

ਮਃ ੨॥

"ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥ ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥
ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ॥ ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ॥
ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥"

ਸਲੋਕ ਦੀ ਪਹਿਲੀ ਪੰਗਤੀ ਰਾਹੀਂ ਹੀ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਪੂਰੇ ਸਾਹ ਕੌਣ ਹਨ। ਪੂਰੇ ਸਾਹ ਉਹੀ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ। ਗੁਰਬਾਣੀ ਦੀ ਰਚਨਾ ਉਨ੍ਹਾਂ ਨੇ ਹੀ ਕੀਤੀ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾਇਆ ਹੈ ਜਿਵੇਂ ਕਿ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੈ। ਉਸਦੇ ਸ਼ਾਹੂਕਾਰ ਉਹੀ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਨਾਮ ਦਾ ਖਜ਼ਾਨਾ ਬਖਸ਼ਿਆ ਹੈ, ਭਗਤੀ ਦਾ ਭੰਡਾਰ ਬਖਸ਼ਿਆ ਹੈ, ਗੁਣਾਂ ਦਾ ਖਜ਼ਾਨਾ ਬਖ਼ਸ਼ਿਆ ਹੈ, ਸ਼ਬਦ ਦੇ ਵਿਚਾਰਾਂ ਦਾ ਖਜ਼ਾਨਾ ਬਖਸ਼ਿਆ ਹੈ, ਸੱਚ ਦਾ ਖਜ਼ਾਨਾ ਬਖਸ਼ਿਆ ਹੈ, ਨਾਮ ਧਨ ਦਾ ਖਜ਼ਾਨਾ ਬਖਸ਼ਿਆ ਹੈ, ਬ੍ਰਹਮ ਗਿਆਨ ਦਾ ਖਜ਼ਾਨਾ ਬਖਸ਼ਿਆ ਹੈ, ਗੁਰਮਤਿ ਦਾ ਖਜ਼ਾਨਾ ਬਖ਼ਸ਼ਿਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਸ਼ਾਹੂਕਾਰ ਬਣਾਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਵਿੱਚ ਇਹ ਸ਼ਬਦ ਰੂਪ ਖਜ਼ਾਨਾ ਭਰਿਆ ਹੈ, ਨਾਮ ਧਨ ਭਰਿਆ ਹੈ, ਜੋ ਧਨ ਗੁਰਬਾਣੀ ਸਾਰੇ ਸੰਸਾਰ ਨੂੰ ਵੰਡ ਰਹੀ ਹੈ। ਇਹ ਗੁਰਬਾਣੀ ਦੇ ਵਿੱਚ ਸੱਚੇ ਗਿਆਨ ਦਾ ਧਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਸੱਚਾ ਧਨ ਹੈ। **(ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥)** ਪ੍ਰਮਾਤਮਾ ਦੀ ਸਿਫ਼ਤ ਸਾਲਾਹ ਇਹੋ ਜਿਹੇ ਸ਼ਾਹੂਕਾਰ ਬਣਨ ਦੁਆਰਾ ਹੁੰਦੀ ਹੈ। ਜਿੰਨ੍ਹਾਂ ਤੇ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਉਹੀ ਉਸਦੀ ਸਿਫ਼ਤ ਸਾਲਾਹ ਕਰ ਸਕਦੇ ਹਨ। ਉਸਦੀ ਸਿਫ਼ਤ ਸਾਲਾਹ ਕਰਨ ਵਾਲੇ ਕਿਸੇ

ਵੇਲੇ ਦੇ ਬੱਝੇ ਹੋਏ ਨਹੀਂ ਹੁੰਦੇ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਕਿਸੇ ਖਾਸ ਵੇਲੇ ਨੂੰ ਉੱਚਾ ਨਾ ਸਮਝੀਏ ਭਾਵ ਇਸ ਭਰਮ ਵਿੱਚੋਂ ਨਿਕਲੀਏ ਕਿ ਪ੍ਰਮਾਤਮਾ ਦੀ ਭਗਤੀ ਕਰਨ ਲਈ ਕਿਸੇ ਖਾਸ ਵੇਲੇ ਦੀ ਮਹੱਤਤਾ ਜਿਆਦਾ ਹੈ ਤੇ ਦੂਸਰੇ ਵੇਲਿਆਂ ਦੀ ਮਹੱਤਤਾ ਘੱਟ ਹੈ।

"ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥"

"ਅਠੀ ਵੇਪਰਵਾਹ" ਤੋਂ ਭਾਵ ਹੈ ਅੱਠੇ ਪਹਿਰਾਂ ਵੱਲੋਂ ਬੇਪਰਵਾਹ ਭਾਵ ਉਨ੍ਹਾਂ ਨੂੰ ਹਰ ਪਹਿਰ, ਹਰ ਵੇਲਾ ਇੱਕੋ ਜਿਹਾ ਹੀ ਲੱਗਦਾ ਹੈ ਭਾਵ ਉਹ ਕਿਸੇ ਖਾਸ ਵੇਲੇ ਨਾਲ ਜੁੜੇ ਹੋਏ ਨਹੀਂ ਹਨ, ਉਹ ਹਰ ਵੇਲੇ ਪ੍ਰਮਾਤਮਾ ਦੇ ਰੰਗਿ ਵਿੱਚ ਹੀ ਰਹਿੰਦੇ ਹਨ। ਪ੍ਰਮਾਤਮਾ ਨੂੰ ਅੱਠੇ ਪਹਿਰ ਉਸਦੇ ਹੁਕਮ ਵਿੱਚ ਰਹਿ ਕੇ ਹੀ ਜਪਿਆ ਜਾ ਸਕਦਾ ਹੈ, ਧਿਆਇਆ ਜਾ ਸਕਦਾ ਹੈ। ਸਾਡੇ ਧਿਆਨ ਵਿੱਚ ਗੁਰੂ ਦੀ ਮਤਿ ਹੀ ਵੱਸਣੀ ਹੈ ਜੋ ਹਰ ਵੇਲੇ ਸਾਨੂੰ ਸੱਚੇ ਬਣਾ ਕੇ ਰੱਖਦੀ ਹੈ। ਸੱਚ ਹਰ ਵੇਲੇ ਇੱਕੋ ਜਿਹਾ ਹੀ ਹੈ ਤੇ ਸੱਚ ਕਿਸੇ ਖਾਸ ਵੇਲੇ ਨਾਲ

27/3012

ਜੁੜਿਆ ਹੋਇਆ ਨਹੀਂ ਹੈ, ਗੁਰਮਤਿ ਹਰ ਵੇਲੇ ਇੱਕੋ ਜਿਹੇ ਸੱਚੇ ਮਾਰਗ ਤੇ ਚਲਾਉਂਦੀ ਹੈ ਤੇ ਗੁਰਮਤਿ ਕਿਸੇ ਵੇਲੇ ਦੀ ਬੱਝੀ ਹੋਈ ਨਹੀਂ ਹੈ। ਗੁਰਮਤਿ ਸਾਨੂੰ ਹਰ ਵੇਲੇ ਪ੍ਰਮਾਤਮਾ ਦੇ ਰੰਗਿ ਵਿੱਚ ਰੱਖਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਜੋੜ ਕੇ ਰੱਖਦੀ ਹੈ। **(ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥)**

ਪ੍ਰਮਾਤਮਾ ਦੇ ਸ਼ਾਹ ਹਰ ਵੇਲੇ ਉਸਦੇ ਰੰਗਿ ਵਿੱਚ ਕਿਵੇਂ ਰਹਿੰਦੇ ਹਨ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ॥ ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ॥

ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥"

ਇਹ ਗੁਰੂ ਦੀ ਆਪਣੀ ਅਵੱਸਥਾ ਹੈ ਜਿਸਨੇ ਉਸ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਕੀਤੇ ਹੋਏ ਹਨ ਜੋ ਕਿ ਕੋਈ ਵਿਰਲਾ ਹੀ ਕਰ ਸਕਦਾ ਹੈ, ਪੂਰੇ ਕਰਮਾਂ ਨਾਲ ਕਰ ਸਕਦਾ ਹੈ, ਪੂਰੇ ਭਾਗਾਂ ਨਾਲ ਉਸਦੀ ਕ੍ਰਿਪਾ ਦੁਆਰਾ ਕਰ ਸਕਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਦਰਸ਼ਨ ਦਿੰਦਾ ਹੈ ਉਸ ਨੂੰ ਹੀ ਪੂਰਾ ਕਰਦਾ ਹੈ। ਜਿਸ ਨੂੰ ਪ੍ਰਮਾਤਮਾ ਪੂਰਾ ਕਰਦਾ ਹੈ ਉਹ ਆਪਣੇ ਬੋਲਾਂ ਦੁਆਰਾ ਪੂਰਾ ਬਣਦਾ ਹੈ। ਗੁਰੂ ਆਪਣੇ ਬੋਲਾਂ ਦੁਆਰਾ ਪੂਰਾ ਕਰਦਾ ਹੈ ਭਾਵ ਆਪਣੇ ਗਿਆਨ ਦੁਆਰਾ ਪੂਰਾ ਹੈ, ਆਪਣੀ ਮਤਿ ਦੁਆਰਾ ਪੂਰਾ ਹੈ, ਆਪਣੇ ਬ੍ਰਹਮਗਿਆਨ ਦੁਆਰਾ ਪੂਰਾ ਹੈ ਜਿਸ ਦੁਆਰਾ ਗੁਰੂ ਨੇ ਸੰਸਾਰ ਨੂੰ ਪ੍ਰਮਾਤਮਾ ਦਾ ਸੱਚਾ ਗਿਆਨ ਦਿੱਤਾ ਹੈ, ਸੱਚੇ ਬੋਲ ਬੋਲੇ ਹਨ। ਗੁਰੂ ਦਾ ਹਰ ਬੋਲ ਪੂਰਾ ਹੈ ਭਾਵ ਗੁਰੂ ਦੇ ਹਰ ਬੋਲ ਵਿੱਚ ਪੂਰਨ ਸੱਚ ਹੈ ਜੋ ਕਿ ਅਸਲ ਵਿੱਚ ਇਹ ਪ੍ਰਮਾਤਮਾ ਦੇ ਆਪਣੇ ਬੋਲ ਹਨ। ਗੁਰੂ ਦੁਆਰਾ ਬੋਲੇ ਹੋਏ ਬੋਲਾਂ ਦਾ ਤੋਲ ਕਦੇ ਘੱਟ ਨਹੀਂ ਸਕਦਾ ਭਾਵ ਗੁਰੂ ਦੇ ਬੋਲਾਂ ਵਿੱਚ ਕਦੇ ਕੋਈ ਕਮੀ ਨਹੀਂ ਨਿਕਲ ਸਕਦੀ, ਕਦੇ ਕੋਈ ਖੋਟ ਨਹੀਂ ਨਿਕਲ ਸਕਦੀ, ਕਦੇ ਕੋਈ ਭਰਮ ਵਾਲੀ ਗੱਲ ਨਹੀਂ ਹੋ ਸਕਦੀ, ਇਹ ਬੋਲ ਕਦੇ ਬਦਲੇ ਨਹੀਂ ਜਾ ਸਕਦੇ ਕਿਉਂਕਿ ਇਨ੍ਹਾਂ ਵਿੱਚ ਪੂਰਨ ਸੱਚ ਹੈ ਕਿਉਂਕਿ ਇਹ ਬੋਲ ਪ੍ਰਮਾਤਮਾ ਦੀ ਦਰਗਾਹ ਵਿੱਚੋਂ ਆਏ ਹਨ, ਉਸਦੀ ਕਸਵੱਟੀ ਤੇ ਤੁਲ ਕੇ ਆਏ ਹਨ, ਸੱਚ ਦੀ ਕਸਵੱਟੀ ਤੇ ਤੁਲ ਕੇ ਆਏ ਹਨ, ਜਿੰਨ੍ਹਾਂ ਦਾ ਤੋਲ ਕਦੇ ਘੱਟ ਨਹੀਂ ਸਕਦਾ। ਗੁਰੂ ਦੇ ਇਨ੍ਹਾਂ ਬੋਲਾਂ ਤੇ ਪੂਰਾ ਉਤਰਨਾ ਹੀ ਗੁਰਮਤਿ ਦੇ ਬੋਲ ਤੇ ਪੂਰਾ ਉਤਰਨਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਧਿਆਇਆ ਜਾ ਸਕਦਾ ਹੈ, ਉਸਨੂੰ ਜਪਿਆ ਜਾ ਸਕਦਾ ਹੈ। ਗੁਰੂ ਆਪਣੀ ਇਸ ਅਵੱਸਥਾ ਦੁਆਰਾ ਹੀ ਭਾਵ ਸੱਚੇ ਗਿਆਨ ਦੀ ਸੋਝੀ ਦੁਆਰਾ ਹੀ ਪ੍ਰਮਾਤਮਾ ਦਾ ਸ਼ਾਹ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਨੂੰ ਹਰ ਵੇਲੇ ਅੱਠੇ ਪਹਿਰ "ਇਕ ਮਨਿ" ਧਿਆਉਂਦਾ ਹੈ। ਉਹ ਆਪਣੇ ਬੋਲਾਂ ਤੇ ਆਪ ਹੀ ਚੱਲ ਕੇ ਦਿਖਾਉਂਦਾ ਹੈ, ਆਪਣੀ ਦਿੱਤੀ ਹੋਈ ਸਿੱਖਿਆ ਤੇ ਆਪ ਹੀ ਚੱਲ ਕੇ ਦਿਖਾਉਂਦਾ ਹੈ। ਉਹ ਆਪ ਨਾਮ ਜਪਦਾ ਹੈ ਤੇ ਸਭ ਨੂੰ ਨਾਮ ਜਪਣਾ ਸਿਖਾਉਂਦਾ ਹੈ। **(ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥ ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥ ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ॥ ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ॥ ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥)**

ਪ੍ਰਮਾਤਮਾ ਦੇ ਪੂਰੇ ਸ਼ਾਹ ਕੌਣ ਹਨ ਭਾਵ ਉਸਨੂੰ ਇਕ ਮਨਿ ਧਿਆਉਣ ਵਾਲੇ ਕੌਣ ਹਨ ਉਸਨੂੰ ਅਸੀਂ ਉੱਪਰ ਵਾਲੇ ਸਲੋਕ ਦੁਆਰਾ ਸਮਝਿਆ ਹੈ। ਹੁਣ ਅਸੀਂ ਪਹਿਲੇ ਸਲੋਕ ਵੱਲ ਵਾਪਿਸ ਮੁੜਦੇ ਹਾਂ ਤੇ ਸਮਝਦੇ ਹਾਂ ਕਿ **"ਵਖਤੈ ਉਪਰਿ ਲੜਿ ਮੁਏ॥"** ਤੋਂ ਕੀ ਭਾਵ ਹੈ।

"ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥"

27/3013

ਇਸ ਗੱਲ ਨੂੰ ਅਸੀਂ ਪਿੱਛੇ ਸਮਝ ਚੁੱਕੇ ਹਾਂ ਕਿ ਪ੍ਰਮਾਤਮਾ ਦੇ ਸਾਹ ਅੱਠੇ ਪਹਿਰਾਂ ਵਿੱਚ ਕੋਈ ਫਰਕ ਨਹੀਂ ਸਮਝਦੇ ਤੇ ਹਰ ਵੇਲੇ ਪ੍ਰਮਾਤਮਾ ਦੇ ਰੰਗਿ ਵਿੱਚ ਰਹਿੰਦੇ ਹਨ। ਉਪਰਲੀਆਂ ਪੰਗਤੀਆਂ ਰਾਹੀਂ ਜੋ ਸਾਨੂੰ "ਵਖਤ" ਦੀ ਗੱਲ ਸਮਝਾਈ ਹੋਈ ਹੈ ਭਾਵ ਜੋ ਵੇਲੇ ਦੀ ਗੱਲ ਸਮਝਾਈ ਹੋਈ ਹੈ ਉਸ ਤੋਂ ਭਾਵ ਅੱਠਾਂ ਪਹਿਰਾਂ ਦੇ ਵਖਤ ਨਾਲ ਭਾਵ ਸਮੇਂ ਨਾਲ ਮਕਸਦ ਨਹੀਂ ਹੈ। ਇਹ "ਵਖਤ" ਸਾਡੇ ਪੂਰੇ ਜੀਵਨ ਦਾ "ਵਖਤ" ਹੈ ਭਾਵ ਸਾਡਾ ਪੂਰਾ ਜੀਵਨ ਹੈ, ਸਾਡੇ ਪੂਰੇ ਜੀਵਨ ਦਾ ਵੇਲਾ ਹੈ ਜਿਸ ਵੇਲੇ ਦੀ ਅਸੀਂ ਸੰਭਾਲ ਕਰਨੀ ਹੈ ਭਾਵ ਅਸੀਂ ਆਪਣੇ ਮਨੁੱਖੀ ਜੀਵਨ ਦੀ ਸੰਭਾਲ ਕਰਨੀ ਹੈ ਭਾਵ ਇਸ ਮਨੁੱਖੀ ਜੀਵਨ ਨੂੰ ਸਫ਼ਲ ਕਰਨਾ ਹੈ। ਪ੍ਰਮਾਤਮਾ ਦਾ ਸ਼ਾਹ ਉਹੀ ਬਣਦਾ ਹੈ ਜੋ ਆਪਣੇ ਇਸ ਜੀਵਨ ਦੇ ਵੇਲੇ ਨੂੰ ਸਫ਼ਲ ਕਰ ਲੈਂਦਾ ਹੈ। ਸਾਡਾ ਪੂਰਾ ਮਨੁੱਖੀ ਜੀਵਨ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੀ ਹੈ ਜਿਵੇਂ ਕਿ ਸਾਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ ਹੋਈ ਹੈ। ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧॥

{ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥
ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥੧॥}

(ਅੰਗ ੨੦)

ਪਉੜੀ॥

{ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ॥
ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ॥
ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ॥
ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ॥
ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੇ॥੧੨॥}

(ਅੰਗ ੧੦੯੦)

ਆਸਾ ਮਹਲਾ ੫॥

{ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥}

(ਅੰਗ ੧੨)

{ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥}

(ਅੰਗ ੨)

{ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ॥
ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ॥੪॥੮॥੫੫॥}

(ਅੰਗ ੭੪੯)

ਸਿਰੀਰਾਗੁ ਮਹਲਾ ੩॥

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥}

(ਅੰਗ ੩੫)

{ਵੇਲਾ ਵਖਤ ਸਭਿ ਸੁਹਾਇਆ॥ ਜਿਤੁ ਸਚਾ ਮੇਰੇ ਮਨਿ ਭਾਇਆ॥

ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ॥੨॥}

(ਅੰਗ ੧੧੫)

27/3014

{ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥}

(ਅੰਗ ੯੪੩)

ਉੱਪਰ ਸ਼ਬਦਾਂ ਰਾਹੀਂ ਸਾਨੂੰ ਵੇਲੇ ਦੇ ਦੋਨੋਂ ਪੱਖ ਸਮਝਾਏ ਹੋਏ ਹਨ ਕਿ ਅਸੀਂ ਵੇਲੇ ਦੇ ਕਿਸ ਪੱਖ ਨਾਲ ਜੁੜਨਾ ਹੈ। ਜੋ ਵੇਲਾ ਸਾਨੂੰ ਪ੍ਰਮਾਤਮਾ ਨੇ ਸਾਡੇ ਮਨੁੱਖਾ ਜੀਵਨ ਰਾਹੀਂ ਦਿੱਤਾ ਹੈ ਅਸੀਂ ਉਸ ਵੇਲੇ ਨੂੰ ਸੰਭਾਲਣਾ ਹੈ। ਸਾਡਾ ਪੂਰਾ ਮਨੁੱਖਾ ਜੀਵਨ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੈ ਤੇ ਸਾਡੇ ਜੀਵਨ ਦਾ ਉਹ ਵੇਲਾ ਸਫ਼ਲ ਹੋਣਾ ਹੈ ਜਦੋਂ ਅਸੀਂ ਉਸ ਪ੍ਰਮਾਤਮਾ ਨੂੰ ਪਾ ਲਵਾਂਗੇ ਭਾਵ ਜਦੋਂ ਸਾਨੂੰ ਉਸਦੇ ਦਰਸ਼ਨ ਹੋ ਜਾਣਗੇ। ਸਾਨੂੰ ਇਹ ਪੂਰਾ ਜੀਵਨ ਜੋ ਪ੍ਰਮਾਤਮਾ ਨੂੰ ਪਾਉਣ ਲਈ ਮਿਲਿਆ ਹੈ ਇਸ ਵਿੱਚ ਅਸੀਂ ਜੋ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰਨਾ ਹੈ ਉਹ ਆਪਣੇ ਆਪ ਨਾਲ ਲੜਨ ਵਾਲੀ ਗੱਲ ਹੈ ਭਾਵ ਮਨ ਦੇ ਨਾਲ ਜੂਝਣ ਵਾਲੀ ਗੱਲ ਹੈ, ਇਸ ਮਨ ਨੂੰ ਮਾਰਨ ਵਾਲੀ ਗੱਲ ਹੈ ਜਿਸ ਦੁਆਰਾ ਮਨੁੱਖ ਜਿਉਂਦਿਆਂ ਹੀ ਆਪਣੇ ਆਪ ਨੂੰ ਮਾਰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਆਪਣੇ ਮਨ ਨੂੰ ਮਾਰਨ ਦਾ ਹੀ ਹੈ, ਇਸ ਮਨ ਦੇ ਨਾਲ ਲੜ ਕੇ ਇਸ ਨੂੰ ਜਿੱਤਣ ਦਾ ਹੀ ਹੈ ਭਾਵ ਗੁਰਮਤਿ ਦੁਆਰਾ ਆਪਣੀ ਮਨਮਤਿ ਨੂੰ ਮਾਰਨ ਦਾ ਹੀ ਹੈ, ਨਾਮ ਦੁਆਰਾ ਆਪਣੀ ਹਉਮੈ ਨੂੰ ਮਾਰਨ ਦਾ ਹੀ ਹੈ। ਜੇਕਰ ਅਸੀਂ ਆਪਣੇ ਜੀਵਨ ਦਾ ਲਾਭ ਉਠਾਉਣਾ ਚਾਹੁੰਦੇ ਹਾਂ, ਪ੍ਰਮਾਤਮਾ ਨੇ ਜੋ ਸਾਨੂੰ ਵੇਲਾ ਬਖ਼ਸ਼ਿਆ ਹੈ ਉਸਦੇ ਲਈ ਫਿਰ ਸਾਨੂੰ ਆਪਣੇ ਆਪ ਦੇ ਨਾਲ ਲੜਨਾ ਹੀ ਪੈਣਾ ਹੈ, ਮਨ ਦੇ ਮਾਇਆ ਮੋਹ ਦੇ ਨਾਲ ਲੜਨਾ ਹੀ ਪੈਣਾ ਹੈ। **(ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥)**

ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਅਸੀਂ ਵੇਲੇ ਦੀ ਵਿਚਾਰ, ਵਖਤ ਦੀ ਵਿਚਾਰ ਕਿਸ ਰੂਪ ਵਿੱਚ ਕਰਨੀ ਹੈ।

ਸਲੋਕ ਮਃ ੧॥

{ਕੁਦਰਤਿ ਕਰਿ ਕੈ ਵਸਿਆ ਸੋਇ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥}

(ਅੰਗ ੮੩)

ਵਖਤ ਵਿਚਾਰਨ ਵਾਲਾ ਮਨੁੱਖ ਉਹ ਹੈ ਜੋ ਆਪਣੇ ਇਸ ਜੀਵਨ ਦੇ ਮਕਸਦ ਨੂੰ ਵਿਚਾਰ ਲੈਂਦਾ ਹੈ ਕਿ ਉਸ ਨੂੰ ਇਹ ਜੀਵਨ ਕਿਸ ਮਕਸਦ ਲਈ ਮਿਲਿਆ ਹੈ। ਇਹ ਜੀਵਨ ਸਾਨੂੰ ਭਾਵ ਇਹ ਵੇਲਾ ਸਾਨੂੰ ਪ੍ਰਮਾਤਮਾ ਨੂੰ ਪਾਉਣ ਲਈ ਹੀ ਮਿਲਿਆ ਹੈ। ਪ੍ਰਮਾਤਮਾ ਨੂੰ ਅਸੀਂ ਉਦੋਂ ਹੀ ਪਾਉਂਦੇ ਹਾਂ ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਨੇ ਹਰ ਸਰਗੁਣ ਰੂਪ, ਹਰ ਮਾਇਆ ਰੂਪ, ਹਰ ਆਕਾਰ ਰੂਪ ਆਪ ਹੀ ਬਣਾਇਆ ਹੋਇਆ ਹੈ ਤੇ ਆਪ ਹੀ ਹਰ ਵਸਤੂ ਵਿੱਚ ਨਿਰਗੁਣ ਰੂਪ ਦੁਆਰਾ ਵੱਸਿਆ ਹੋਇਆ ਹੈ। ਅਸੀਂ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਦੀ ਕੁਦਰਤ ਦਾ ਹਿੱਸਾ ਹੀ ਹਾਂ ਭਾਵ ਪ੍ਰਮਾਤਮਾ ਨੇ ਸਾਡੀ ਸਭ ਦੀ ਹੋਂਦ ਬਣਾਈ ਹੈ, ਸਾਡਾ ਆਕਾਰ ਰੂਪ ਬਣਾਇਆ ਹੈ ਤੇ ਸਾਡੇ ਅੰਦਰ ਆਪ ਹੀ ਨਿਰਗੁਣ ਰੂਪ ਰਾਹੀਂ ਭਾਵ ਮਨ ਦੇ ਗਿਆਨ ਰਾਹੀਂ ਸਾਨੂੰ ਚਲਾ ਰਿਹਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਨਿਰਗੁਣ ਰੂਪ ਦੇਖ ਕੇ ਫਿਰ ਤਾਂ ਹੀ ਹਰ ਵਸਤੂ ਵਿੱਚ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਕਿ ਉਸਨੇ

27/3015

ਕਿਸ ਤਰੀਕੇ ਹਰ ਵਸਤੂ ਨੂੰ ਬਣਾਇਆ ਹੈ ਤੇ ਕਿਸ ਤਰੀਕੇ ਹਰ ਵਸਤੂ ਨੂੰ ਚਲਾ ਰਿਹਾ ਹੈ। ਜੋ ਆਪਣੇ ਜੀਵਨ ਦੇ ਵਿੱਚ ਇਸ ਚੀਜ਼ ਨੂੰ ਵਿਚਾਰ ਲੈਂਦਾ ਹੈ ਭਾਵ ਜਿਸਨੂੰ ਆਪਣੇ ਜੀਵਨ ਵਿੱਚ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਦਾ ਹੀ ਰੂਪ ਹੈ ਉਹੀ ਮਨੁੱਖ ਉਸ ਪ੍ਰਮਾਤਮਾ ਦਾ ਬੰਦਾ ਬਣਦਾ ਹੈ, ਉਸਦਾ ਜਨ ਬਣਦਾ ਹੈ, ਉਸਦਾ ਸੇਵਕ ਬਣਦਾ ਹੈ। ਉਸਦਾ ਬੰਦਾ ਗੁਰੂ ਹੀ ਹੈ ਜਿਸ ਨੂੰ ਆਪਣੇ ਜੀਵਨ ਵਿੱਚ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋ ਗਏ ਹਨ, ਜਿਸਨੇ ਆਪਣੇ ਮਨੁੱਖੀ ਵੇਲੇ ਨੂੰ ਸਫ਼ਲ ਕਰ ਲਿਆ ਹੈ। **(ਕੁਦਰਤਿ ਕਰਿ ਕੈ ਵਸਿਆ ਸੋਇ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥)**

ਇਸ ਮਨੁੱਖਾ ਜੀਵਨ ਰਾਹੀਂ ਜੋ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਮਿਲਿਆ ਹੈ, ਵਖਤ ਮਿਲਿਆ ਹੈ ਉਸ ਵੇਲੇ ਨੂੰ ਸਫ਼ਲ ਕਰਨ ਲਈ ਆਪਣੇ ਮਨ ਦੇ ਨਾਲ ਲੜਨ ਦੀ ਹੀ ਲੋੜ ਹੈ, ਮਨ ਦੇ ਨਾਲ ਜੂਝਣ ਦੀ ਹੀ ਲੋੜ ਹੈ ਤਾ ਜੋ ਸਾਡਾ ਮਨ ਵਿਕਾਰਾਂ ਵਿੱਚੋਂ ਨਿਕਲ ਸਕੇ ਤੇ ਗੁਰਮਤਿ ਦੁਆਰਾ ਚੱਲ ਸਕੇ। ਪ੍ਰਮਾਤਮਾ ਨੂੰ ਗੁਰਮਤਿ ਦੁਆਰਾ ਚੱਲ ਕੇ ਹੀ ਪਾਇਆ ਜਾ ਸਕਦਾ ਹੈ ਜਿਸ ਲਈ ਮਨ ਨੂੰ ਮਾਰਨ ਦੀ ਲੋੜ ਹੈ, ਮਨ ਦੇ ਨਾਲ ਲੜਨ ਦੀ ਲੋੜ ਹੈ। ਮਨ ਦੇ ਨਾਲ ਲੜਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਗੱਲ ਮਾੜੇ ਕਰਮਾਂ ਵਿੱਚੋਂ ਨਿਕਲਕੇ ਚੰਗੇ ਕਰਮਾਂ ਨਾਲ ਜੁੜਨ ਦੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਆਪਣੇ ਜੀਵਨ ਦੇ ਇਸ ਵੇਲੇ ਨੂੰ ਸਫ਼ਲ ਕੀਤਾ ਜਾ ਸਕਦਾ ਹੈ।

{ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ॥੨॥}

(ਅੰਗ ੧੩੨੫)

{ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥}

(ਅੰਗ ੧੨੪੪)

{ਬਿਨੁ ਬਸਿ ਪੰਚ ਕਹਾ ਮਨ ਚੂਰੇ॥ ਨਾਮ ਬਿਨਾ ਸਦ ਸਦ ਹੀ ਝੂਰੇ॥੪॥}

(ਅੰਗ ੧੧੪੦)

{ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ॥੬॥}

(ਅੰਗ ੧੩੨੬)

ਆਪਣੇ ਜੀਵਨ ਦੀ ਸੰਭਾਲ ਉਹੀ ਕਰਦਾ ਹੈ, ਜੋ ਜੀਵਨ ਜਿਉਂਣ ਦਾ ਵੇਲਾ ਪ੍ਰਮਾਤਮਾ ਨੇ ਸਾਨੂੰ ਬਖਸ਼ਿਆ ਹੋਇਆ ਹੈ ਉਸ ਵੇਲੇ ਦੀ ਸੰਭਾਲ ਮਨ ਦੇ ਨਾਲ ਲੜਨ ਦੁਆਰਾ ਹੀ ਹੁੰਦੀ ਹੈ ਭਾਵ ਸੱਚੀ-ਸੁੱਚੀ

27/3016

ਜੀਵਨ ਸ਼ੈਲੀ ਅਪਣਾ ਕੇ ਹੀ ਹੁੰਦੀ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਉਸਦਾ ਸ਼ਾਹ ਬਣਿਆ ਜਾ ਸਕਦਾ ਹੈ। ਅਸੀਂ ਇਸ ਜੀਵਨ ਵਿੱਚ ਸੱਚ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਕਿਰਪਾ ਉਹ ਆਪ ਹੀ ਕਰਦਾ ਹੈ ਜਿਸ ਦੁਆਰਾ ਸਾਡੇ ਜੀਵਨ ਦਾ ਵੇਲਾ ਸਫ਼ਲ ਹੁੰਦਾ ਹੈ। **(ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥ ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥)** ਇਨ੍ਹਾਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜੋ ਪ੍ਰਮਾਤਮਾ ਨੂੰ ਇਕ ਮਨਿ ਧਿਆਉਂਦਾ ਹੈ, ਜਿਸ ਨੂੰ ਪ੍ਰਮਾਤਮਾ ਨੇ ਆਪਣਾ ਸ਼ਾਹ ਬਣਾਇਆ ਹੋਇਆ ਹੈ, ਜਿਸਨੂੰ ਪ੍ਰਮਾਤਮਾ ਨੇ ਗੁਰਮਤਿ ਦਾ ਖਜ਼ਾਨਾ ਬਖ਼ਸ਼ਿਆ ਹੈ, ਨਾਮ ਦਾ ਖਜ਼ਾਨਾ ਬਖ਼ਸ਼ਿਆ ਹੈ, ਗੁਣਾਂ ਦਾ ਖਜ਼ਾਨਾ, ਭਗਤੀ ਦਾ ਖਜ਼ਾਨਾ ਬਖਸ਼ਿਆ ਹੈ, ਬ੍ਰਹਮਗਿਆਨ ਦਾ

ਖ਼ਜ਼ਾਨਾ ਬਖ਼ਸ਼ਿਆ ਹੈ ਜਿਸ ਦੁਆਰਾ ਗੁਰੂ ਦਾ ਜੀਵਨ ਸਫ਼ਲ ਹੋਇਆ ਹੈ ਤੇ ਉਸਦੇ ਅੰਦਰ ਸਦਾ ਹੀ ਸਵੇਰ ਚੜ੍ਹੀ ਹੋਈ ਹੈ, ਪ੍ਰਭਾਤ ਚੜ੍ਹੀ ਹੋਈ ਹੈ ਭਾਵ ਉਸਦੇ ਅੰਦਰੋਂ ਅਗਿਆਨਤਾ ਦਾ ਹਨ੍ਹੇਰਾ ਨਿਕਲਿਆ ਹੋਇਆ ਹੈ।

“ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ॥
ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥
ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ॥੨॥”

(ਅੰਗ ੧੧੧੧)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ। ਮਨੁੱਖ ਦਾ ਸੌਣਾ ਜਾਂ ਜਾਗਣਾ ਮਨ ਦੇ ਗਿਆਨ ਦੁਆਰਾ ਹੀ ਹੈ। ਮਨ ਦੀ ਅਗਿਆਨਤਾ ਦੁਆਰਾ ਹਰ ਕੋਈ ਸੁੱਤਾ ਹੋਇਆ ਹੀ ਹੈ ਤੇ ਜਿਸ ਨੂੰ ਪ੍ਰਮਾਤਮਾ ਜਗਾਉਂਦਾ ਹੈ ਉਸ ਨੂੰ ਭਰਮ ਵਿੱਚੋਂ ਕੱਢ ਕੇ ਹੀ ਜਗਾਉਂਦਾ ਹੈ। ਮਨ ਦੀ ਪ੍ਰਭਾਤ ਸਾਨੂੰ ਭਰਮ ਵਿੱਚੋਂ ਹੀ ਜਗਾਉਂਦੀ ਹੈ ਜਿਸ ਤੋਂ ਬਾਅਦ ਮਨੁੱਖ ਦਿਨ ਰਾਤ ਜਾਗਦਾ ਹੀ ਰਹਿੰਦਾ ਹੈ ਭਾਵ ਸਾਡਾ ਮਨ ਅੱਠੇ ਪਹਿਰ ਗੁਰੂ ਦੇ ਸੱਚੇ ਗਿਆਨ ਵਿੱਚ ਜਾਗਦਾ ਰਹਿੰਦਾ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਵਿੱਚ ਜਾਗਦਾ ਰਹਿੰਦਾ ਹੈ ਜਿਸ ਸੋਝੀ ਦੁਆਰਾ ਮਨੁੱਖ ਕੇਵਲ ਗੁਰਮਤਿ ਦੁਆਰਾ ਹੀ ਵਿਚਰਦਾ ਹੈ, ਔਗੁਣ ਰਹਿਤ ਹੋ ਕੇ ਸੱਚ ਦੁਆਰਾ ਹੀ ਵਿਚਰਦਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਨੂੰ ਅੱਠੇ ਪਹਿਰ ਧਿਆਉਂਦਾ ਹੈ। ਜਦ ਤੱਕ ਸਾਡਾ ਮਨ ਸੁੱਤਾ ਹੋਇਆ ਹੈ ਫਿਰ ਤਨ ਦੇ ਜਾਗਣ ਨਾਲ ਉਸ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ। ਹਰ ਕੋਈ ਤਨ ਦੀ ਪ੍ਰਭਾਤ ਦੇ ਨਾਲ ਜੁੜਿਆ ਹੋਇਆ ਹੈ ਜਦ ਕਿ ਪ੍ਰਮਾਤਮਾ ਨੂੰ ਪਾਉਣ ਦੀ ਵਿਧੀ ਮਨ ਦੇ ਜਾਗਣ ਨਾਲ ਜੁੜੀ ਹੋਈ ਹੈ। ਮੁੱਖ ਸ਼ਬਦ ਦੀਆਂ

27/3017

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਜਦ ਤੱਕ ਮਨ ਨਹੀਂ ਜਾਗਦਾ ਤਦ ਤੱਕ ਸਮੇਂ ਦੀ ਸੰਭਾਲ ਨਹੀਂ ਹੋ ਸਕਦੀ।

“ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥
ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥
ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥
ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥
ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥
ਭੀ ਉਠਿ ਰਚਿਓਨੁ ਵਾਦੁ ਸੈ ਵਰ੍ਿਆ ਕੀ ਪਿੜ ਬਧੀ॥
ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥
ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥੧॥”

ਉੱਪਰ ਪੰਗਤੀਆਂ ਰਾਹੀਂ ਸਾਡੇ ਤਨ ਦੇ ਜਾਗਣ ਦਾ ਭਰਮ ਹੀ ਕੱਢਿਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ। ਅਸੀਂ ਸਵੇਰ ਵੇਲੇ ਦੇ ਜਾਗਣ ਨੂੰ ਭਾਵ ਪ੍ਰਭਾਤ ਵੇਲੇ ਦੇ ਜਾਗਣ ਨੂੰ ਉੱਚਾ ਮੰਨ ਕੇ ਉਸਨੂੰ ਭਗਤੀ ਦਾ ਵੇਲਾ ਬਣਾਇਆ ਹੋਇਆ ਹੈ ਕਿ ਉਸ ਜਾਗਣ ਦੁਆਰਾ ਅਸੀਂ ਆਪਣਾ ਵੱਡਾ ਫ਼ਰਜ ਪੂਰਾ ਕਰ ਲਿਆ ਹੈ ਤੇ ਇਸੇ ਤਰ੍ਹਾਂ ਹੀ ਅਸੀਂ ਹਰ ਰੋਜ਼ ਦੇ ਜਾਗਣੇ ਨੂੰ ਅਸੀਂ ਭਗਤੀ ਦਾ ਫਰਜ਼ ਪੂਰਾ ਕਰਨਾ ਸਮਝਿਆ ਹੋਇਆ ਹੈ ਪਰ ਇਸ ਮਨ ਨੂੰ ਜਗਾਉਣ ਦੀ ਚਿੰਤਾ ਸਾਨੂੰ ਨਹੀਂ ਹੈ। ਪ੍ਰਮਾਤਮਾ ਦੀ ਭਗਤੀ ਲਈ ਅੱਠੇ ਪਹਿਰ ਇੱਕੋ ਜਿਹੇ ਹਨ। ਹੁਣ ਜੇਕਰ ਅਸੀਂ ਇਹ ਸੋਚੀਏ ਕਿ ਅਸੀਂ ਸਵੇਰ

ਦੇ ਪਹਿਰ ਦੇ ਨਾਲ ਜੁੜ ਕੇ ਆਪਣਾ ਫਰਜ਼ ਪੂਰਾ ਕਰ ਲਿਆ ਹੈ ਫਿਰ ਉਸ ਤੋਂ ਬਾਅਦ ਜੋ ਪਹਿਰ ਆਉਂਦੇ ਹਨ ਭਾਵ ਸਵੇਰ ਦਾ ਦੂਜਾ, ਤੀਜਾ ਤੇ ਚੌਥਾ ਪਹਿਰ ਜੋ ਆਉਂਦਾ ਹੈ ਉਸ ਵੇਲੇ ਦੀ ਸੰਭਾਲ ਅਸੀਂ ਕਿਸ ਤਰੀਕੇ ਨਾਲ ਕਰਦੇ ਹਾਂ ਭਾਵ ਸਾਨੂੰ ਅੱਠੇ ਪਹਿਰ ਇੱਕੋ ਜਿਹੇ ਨਜ਼ਰ ਨਹੀਂ ਆਉਂਦੇ। ਹਰ ਕੋਈ ਆਪੋ ਆਪਣੀ ਕਾਰ ਵਿਹਾਰ ਨਾਲ ਜੁੜਿਆ ਹੋਇਆ ਹੈ ਤੇ ਉਸ ਤੋਂ ਬਾਅਦ ਮਨੁੱਖ ਆਪਣੀ ਕਾਰ ਵਿਹਾਰ ਵਿੱਚ ਲੱਗ ਜਾਂਦਾ ਹੈ। ਸੰਸਾਰ ਮਾਇਆ ਮੋਹ ਦਾ ਸਮੁੰਦਰ ਹੈ ਤੇ ਮਨੁੱਖ ਇਸ ਮਾਇਆ ਮੋਹ ਦੇ ਵਿੱਚ ਹੀ ਗੋਤੇ ਖਾਂਦਾ ਹੈ ਤੇ ਉਸ ਵਿੱਚੋਂ ਨਿਕਲਣ ਦਾ ਉਪਰਾਲਾ ਨਹੀਂ ਕਰਦਾ ਜੋ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਅਸਲ ਤਰੀਕਾ ਹੈ। ਮਾਇਆ ਦੇ ਪਿੱਛੇ ਲੱਗ ਕੇ ਮਨੁੱਖ ਮਾੜੇ ਕਰਮ ਹੀ ਕਰਦਾ ਹੈ, ਝੂਠ ਦਾ, ਵਿਕਾਰਾਂ ਦਾ ਆਸਰਾ ਲੈਂਦਾ ਹੈ ਜਿਸ ਦੁਆਰਾ ਉਹ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਦਾ ਹੈ। ਮਨੁੱਖ ਦੀ ਮਾੜੀ ਕਮਾਈ ਮਨੁੱਖ ਦਾ ਨਾਸ਼ ਕਰਦੀ ਹੈ ਪਰ ਮਨੁੱਖ ਇਸ ਦੇ ਨਾਲ ਆਪਣੀ ਦੋਸਤੀ ਨਹੀਂ ਛੱਡਦਾ ਭਾਵ ਉਹ ਮਨਮਤਿ ਪਿੱਛੇ ਲੱਗ ਕੇ ਆਪਣਾ ਜੀਵਨ ਬਰਬਾਦ ਕਰਦਾ ਹੈ ਪਰ ਗੁਰਮਤਿ ਨੂੰ ਨਹੀਂ ਅਪਣਾਉਂਦਾ ਜੋ ਉਸ ਪ੍ਰਮਾਤਮਾ ਨੂੰ ਜਪਣ ਦਾ ਅਸਲ

27/3018

ਤਰੀਕਾ ਹੈ। ਪ੍ਰਮਾਤਮਾ ਦੀ ਭਗਤੀ ਅਸੀਂ ਆਪਣੀ ਕਿਰਤ ਦੁਆਰਾ ਕਰਨੀ ਹੈ ਨਾ ਕਿ ਕਿਸੇ ਖਾਸ ਸਮੇਂ ਦੇ ਜੁੜਨ ਦੁਆਰਾ ਜਿਸ ਸਮੇਂ ਦੀ ਸੰਭਾਲ ਕਰਕੇ ਸਾਰਾ ਦਿਨ ਆਪਣੇ ਕਾਰ ਵਿਹਾਰ ਵਿੱਚ ਅਸੀਂ ਗੁਰਮਤਿ ਵੱਲੋਂ ਨਿਸ਼ਚਿਤ ਰਹਿੰਦੇ ਹਾਂ ਭਾਵ ਸਾਨੂੰ ਗੁਰਮਤਿ ਤੇ ਚੱਲਣ ਦੀ ਚਿੰਤਾ ਨਹੀਂ ਹੁੰਦੀ ਜੋ ਪ੍ਰਮਾਤਮਾ ਦੀ ਭਗਤੀ ਕਰਨ ਦਾ ਅਸਲ ਤਰੀਕਾ ਹੈ। **(ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥ ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥ ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥ ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥)**

ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥

ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ॥

ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥

ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥੧॥”

ਦਿਨ ਦਾ ਆਖਰੀ ਪਹਿਰ ਸ਼ਾਮ ਵੇਲੇ ਦਾ ਪਹਿਰ ਹੈ ਜਿਸ ਤੋਂ ਬਾਅਦ ਮਨੁੱਖ ਸੌਣ ਲਈ ਚਲਾ ਜਾਂਦਾ ਹੈ। ਮਨੁੱਖ ਮਾਇਆ ਮੋਹ ਵਾਲੀ ਬਿਰਤੀ ਵਿੱਚ ਸੌਂਦਾ ਹੈ ਤੇ ਮਨ ਦੀ ਉਸੇ ਬਿਰਤੀ ਵਿੱਚ ਅਗਲੇ ਦਿਨ ਸਵੇਰੇ ਉੱਠ ਪੈਂਦਾ ਹੈ। ਅਗਲੇ ਦਿਨ ਸਵੇਰ ਵੇਲੇ ਉੱਠ ਕੇ ਸਾਡੀ ਜਿਹੋ ਜਿਹੀ ਬਿਰਤੀ ਹੁੰਦੀ ਹੈ ਭਾਵ ਜਿਹੋ ਜਿਹੇ ਮਨ ਦੇ ਵਿਚਾਰ ਹਨ ਉਨ੍ਹਾਂ ਵਿਚਾਰਾਂ ਦੇ ਰਹਿੰਦੇ ਹੋਏ ਹੀ ਅਸੀਂ ਅਗਲੇ ਦਿਨ ਦੇ ਸਵੇਰ ਵੇਲੇ ਦੀ ਸੰਭਾਲ ਕਰਦੇ ਹਾਂ ਜਿਸਨੂੰ ਅਸੀਂ ਅੰਮ੍ਰਿਤ ਵੇਲਾ ਸਮਝਦੇ ਹਾਂ। ਹੁਣ ਧਿਆਨ ਨਾਲ ਸੋਚੋ ਕਿ ਸਾਡੀ ਬਿਰਤੀ ਵਿੱਚ ਕੀ ਫਰਕ ਪਿਆ, ਸਾਡੇ ਮਨ ਦੀ ਨੀਅਤ ਵਿੱਚ ਕੀ ਫਰਕ ਪਿਆ। ਅੱਠੇ ਪਹਿਰ ਸਾਡੀ ਬਿਰਤੀ ਤਾਂ ਮਾਇਆ ਮੋਹ ਵਾਲੀ ਰਹਿੰਦੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਵਾਦੁ ਭਾਵ ਸਾਡਾ ਝਗੜਾ ਸਾਡੀ ਹਉਮੈ ਕਰਕੇ ਹੈ, ਸਾਡੀ ਮਨਮਤਿ ਕਰਕੇ ਹੈ, ਸਾਡੀ ਮਾੜੀ ਬਿਰਤੀ ਕਰਕੇ ਹੈ, ਸਾਡੇ ਮਾਇਆ ਮੋਹ ਕਰਕੇ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਭਗਤੀ ਦਾ ਮਕਸਦ ਪ੍ਰਮਾਤਮਾ ਨਾਲ ਝਗੜਾ ਮਿਟਾਉਣ ਦਾ ਹੈ ਤੇ ਜਦ ਤੱਕ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਨਿਬੜਦਾ ਸਾਡਾ ਆਵਾਗਉਣ ਤੋਂ ਛੁਟਕਾਰਾ ਨਹੀਂ ਹੁੰਦਾ, ਅਸੀਂ ਸੈਂਕੜੇ ਵਰ੍ਹਿਆਂ ਲਈ ਇਹ ਸੰਸਾਰ ਰੂਪ ਪਿੜ ਮੱਲਿਆ ਹੋਇਆ ਹੈ ਭਾਵ ਸਾਡਾ ਇੱਥੇ ਹੀ ਆਵਾਗਉਣ ਬਣਿਆ ਹੋਇਆ ਹੈ। **(ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥ ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ॥)**

{ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ॥}

(ਅੰਗ ੧੨੪੪)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡਾ ਵੇਲੇ ਬਾਰੇ ਹੀ ਭਰਮ ਕੱਢਿਆ ਹੋਇਆ ਹੈ ਤਾਂ ਜੋ ਅਸੀਂ ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਨਾ ਚੱਲੀਏ ਤੇ ਹਰ ਵੇਲੇ

27/3019

ਨੂੰ ਇੱਕੋ ਜਿਹਾ ਸਮਝੀਏ। ਅਸੀਂ ਕਿਸੇ ਖਾਸ ਵੇਲੇ ਨਾਲ ਜੁੜਨ ਦੀ ਬਜਾਇ ਵੇਲੇ ਦੇ ਮਕਸਦ ਨਾਲ ਜੁੜੀਏ। ਹਰ ਵੇਲੇ ਦਾ ਮਕਸਦ ਇੱਕੋ ਹੀ ਹੈ।

“ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥

ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥੧॥”

ਸਾਡੇ ਲਈ ਦਿਨ ਦਾ ਹਰ ਵੇਲਾ, ਹਰ ਪਹਿਰ ਭਾਵ ਅੱਠੇ ਪਹਿਰ ਇੱਕੋ ਜਿਹੇ ਚੰਗੇ ਹਨ ਜੇਕਰ ਅੱਠੇ ਪਹਿਰ ਸਾਡੇ ਅੰਦਰ ਗੁਰੂ ਪ੍ਰਮਾਤਮਾ ਦਾ “ਭਉ” ਵੱਸਿਆ ਹੋਵੇ। ਸਾਡੇ ਅੰਦਰ ਭਉ ਦਾ ਵੱਸਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਚੁੱਕੇ ਹਾਂ। ਇਹ ਸਾਡੇ ਅੰਦਰ ਗੁਰਮਤਿ ਦੇ ਭਉ ਦਾ ਵੱਸਣਾ ਹੈ, ਸੱਚ ਦੇ ਭਉ ਦਾ ਵੱਸਣਾ ਹੈ, ਨਾਮ ਦੇ ਭਉ ਦਾ ਵੱਸਣਾ ਹੈ ਜੋ ਭਉ ਮਾਇਆ ਮੋਹ ਦੇ ਭਉ ਵਿੱਚੋਂ ਨਿਕਲਕੇ ਵੱਸ ਸਕਦਾ ਹੈ। ਜੇਕਰ ਸਾਡੇ ਅੰਦਰ ਇਹ ਭਉ ਵੱਸ ਜਾਵੇ, ਸੱਚ ਤੇ ਚੱਲਣ ਦਾ ਭਉ ਵੱਸ ਜਾਵੇ ਫਿਰ ਇਹ ਭਉ ਸਾਡੇ ਅੰਦਰ ਵੱਸਿਆ ਹੀ ਰਹਿੰਦਾ ਹੈ, ਅੱਠੇ ਪਹਿਰ ਵੱਸਿਆ ਹੀ ਰਹਿੰਦਾ ਹੈ ਭਾਵ ਮਨੁੱਖ ਦੀ ਬਿਰਤੀ ਅੱਠੇ ਪਹਿਰ ਇੱਕੋ ਜਿਹੀ ਬਣੀ ਹੀ ਰਹਿੰਦੀ ਹੈ। ਮਨੁੱਖ ਚੰਗੀ ਬਿਰਤੀ ਵਿੱਚ ਉੱਠਦਾ ਹੈ, ਚੰਗੀ ਬਿਰਤੀ ਦੁਆਰਾ ਸਾਰਾ ਦਿਨ ਕਾਰ ਵਿਹਾਰ ਕਰਦਾ ਹੈ ਤੇ ਚੰਗੀ ਬਿਰਤੀ ਵਿੱਚ ਹੀ ਸੌਂ ਜਾਂਦਾ ਹੈ ਕਿਉਂਕਿ ਉਸਦੇ ਅੰਦਰ ਹਰ ਵੇਲੇ ਗੁਰੂ ਦੀ ਸਿੱਖਿਆ ਹੀ ਵਸੀ ਰਹਿੰਦੀ ਹੈ, ਉਹ ਹਰ ਵੇਲੇ ਔਗੁਣਾਂ ਤੋਂ ਰਹਿਤ ਹੁੰਦਾ ਹੈ ਤੇ ਉਸਦੀ ਹਰ ਕਰਨੀ ਗੁਣਾਂ ਵਾਲੀ ਹੁੰਦੀ ਹੈ। ਅਸੀਂ ਇਹੋ ਜਿਹੀ ਬਿਰਤੀ ਬਣਾਉਣ ਲਈ ਉੱਦਮ ਹੀ ਕਰਨਾ ਹੈ ਤੇ ਸਾਡੇ ਅੰਦਰ ਪੂਰੀ ਗੁਰਮਤਿ ਪ੍ਰਮਾਤਮਾ ਆਪ ਹੀ ਵਸਾਉਂਦਾ ਹੈ, ਅੱਠੇ ਪਹਿਰ ਆਪਣਾ ਭਉ, ਸੱਚ ਤੇ ਚੱਲਣ ਦਾ ਭਉ ਆਪ ਹੀ ਵਸਾਉਂਦਾ ਹੈ, ਮਨ ਦੇ ਵਿੱਚ ਵੱਸ ਕੇ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਵਸਾਉਂਦਾ ਹੈ ਜਿਵੇਂ ਉਸਨੇ ਆਪਣਾ ਭਉ ਬਾਣੀ ਦੀ ਰਚਨਾ ਕਰਨ ਵਾਲਿਆਂ ਵਿੱਚ ਵਸਾਇਆ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣਾ ਇਹ ਭਉ ਵਸਾਉਂਦਾ ਹੈ, ਜਿਸਦੇ ਅੰਦਰ ਪ੍ਰਮਾਤਮਾ ਆਪਣੀ ਗੁਰਮਤਿ ਦੀ ਸਿੱਖਿਆ ਵਸਾਉਂਦਾ ਹੈ, ਜਿਸਦੇ ਅੰਦਰ ਪ੍ਰਮਾਤਮਾ ਆਪਣਾ ਇਹ ਸੱਚਾ ਗਿਆਨ ਵਸਾਉਂਦਾ ਹੈ ਉਸ ਨੂੰ ਮਨ ਦੇ ਵਿੱਚੋਂ ਹੀ ਆਪਣੇ ਗਿਆਨ ਦਾ ਇਸ਼ਨਾਨ ਕਰਵਾਉਂਦਾ ਹੈ, ਆਪਣੇ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਕਰਵਾਉਂਦਾ ਹੈ, ਆਪਣੇ ਸੱਚੇ ਤੀਰਥ ਦਾ ਇਸ਼ਨਾਨ ਕਰਵਾਉਂਦਾ ਹੈ। ਪ੍ਰਮਾਤਮਾ ਦਾ ਤੀਰਥ ਸਾਡੇ ਅੰਦਰ ਹੀ ਹੈ। **(ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥੧॥)**

{ਅਗਨਿ ਪਾਣੀ ਬੋਲੈ ਭੜਵਾਉ॥ ਜਿਹਵਾ ਇੰਦ੍ਰੀ ਏਕੁ ਸੁਆਉ॥
ਦਿਸਟਿ ਵਿਕਾਰੀ ਨਾਹੀ ਭਉ ਭਾਉ॥ ਆਪੁ ਮਾਰੇ ਤਾ ਪਾਏ ਨਾਉ॥੨॥}

(ਅੰਗ ੧੫੩)

{ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ॥
ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ॥੧॥}

(ਅੰਗ ੧੦੯੯)

27/3020

ਧਨਾਸਰੀ ਮਹਲਾ ੧ ਛੰਤ
ੴ ਸਤਿਗੁਰ ਪ੍ਰਸਾਦਿ॥
{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥}

(ਅੰਗ ੬੮੭)

ਆਸਾ ਮਹਲਾ ੧ ਚਉਪਦੇ॥
{ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥੧॥}

(ਅੰਗ ੩੫੬)

ਮਾਰੂ ਮਹਲਾ ੧॥
{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥}

(ਅੰਗ ੧੦੧੦)

{ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ॥੪॥੨॥੧੬॥੩੬॥}

(ਅੰਗ ੧੬੨)

ਪਿੱਛੇ ਅਸੀਂ ਦੋ ਸਲੋਕਾਂ ਰਾਹੀਂ ਵੇਲੇ ਦੀ ਸੰਭਾਲ ਬਾਰੇ ਸਿੱਖਿਆ ਹੈ ਕਿ ਅਸੀਂ ਵੇਲੇ ਦੀ ਸੰਭਾਲ ਕਿਵੇਂ ਕਰਨੀ ਹੈ ਤਾਂ ਜੋ ਅਸੀਂ ਇਸ ਜੀਵਨ ਦੀ ਸੰਭਾਲ ਕਰ ਸਕੀਏ। ਅੱਠੇ ਪਹਿਰ ਸਾਡੇ ਲਈ ਇੱਕੋ ਜਿਹੇ ਹਨ ਜਿੰਨ੍ਹਾਂ ਦੀ ਸੰਭਾਲ ਅਸੀਂ ਆਪਣੇ ਆਪ ਨੂੰ ਸੱਚੇ ਬਣਾਉਣ ਦੁਆਰਾ ਕਰਨੀ ਹੈ। ਆਓ ਹੁਣ ਦੋਨਾਂ ਸਲੋਕਾਂ ਦੇ ਨਾਲ ਜੁੜੀ ਹੋਈ ਪਉੜੀ ਨੂੰ ਸਮਝੀਏ ਜਿੱਥੇ ਸਾਨੂੰ ਸਲੋਕਾਂ ਦਾ ਮਕਸਦ ਸਮਝਾਇਆ ਹੁੰਦਾ ਹੈ।

ਪਉੜੀ॥

"ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ॥ ਮੁਠੀ ਧੰਧੈ ਚੋਰਿ ਮਹਲੁ ਨ ਪਾਈਐ॥

ਏਨੈ ਚਿਤਿ ਕਠੋਰਿ ਸੇਵ ਗਵਾਈਐ॥ ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ॥
ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ॥ ਕੋਇ ਨ ਆਖੈ ਘਟਿ ਹਉਮੈ ਜਾਈਐ॥
ਲਈਅਨਿ ਖਰੇ ਪਰਖਿ ਦਰਿ ਬੀਨਾਈਐ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ॥੧੭॥"

(ਅੰਗ ੧੪੬)

ਵੇਲੇ ਦੀ ਸੰਭਾਲ ਤਾਂ ਸੱਚ ਤੇ ਚੱਲ ਕੇ ਹੀ ਹੋਣੀ ਹੈ। ਪੂਰਾ ਮਨੁੱਖਾ ਜੀਵਨ ਪ੍ਰਮਾਤਮਾ ਨੂੰ ਪਾਉਣ ਦਾ ਵੇਲਾ ਹੀ ਹੈ ਤੇ ਸਾਡੇ ਜੀਵਨ ਦਾ ਹਰ ਵੇਲਾ, ਹਰ ਪਲ ਸੱਚ ਤੇ ਚੱਲਣ ਲਈ ਹੈ। ਅਸੀਂ ਜੀਵਨ ਦੇ ਹਰ ਪਲ ਦੀ ਸੰਭਾਲ ਕਰਨੀ ਹੈ ਜੋ ਕਿ ਕੇਵਲ ਸੱਚ ਤੇ ਚੱਲਣ ਦੁਆਰਾ ਹੋ ਸਕਦੀ ਹੈ। ਉੱਪਰ ਪਉੜੀ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਸੱਚ ਸਾਨੂੰ ਕਿਸ ਦੇ ਕੋਲੋਂ ਸਮਝਣਾ ਚਾਹੀਦਾ ਹੈ। ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਲੋਕਾਂ ਦੇ ਮਕਸਦ ਨੂੰ ਸਮਝ ਸਕੀਏ। ਅਸੀਂ ਪ੍ਰਮਾਤਮਾ ਦੀ ਭਗਤੀ ਦਾ ਵੇਲਾ ਕੋਈ ਖਾਸ ਸਮਾਂ ਸਮਝਿਆ ਹੋਇਆ ਹੈ ਭਾਵ ਸਬਾਹ ਵੇਲਾ ਭਾਵ ਪ੍ਰਭਾਤ ਵੇਲਾ ਸਮਝਿਆ ਹੋਇਆ ਹੈ ਤੇ ਉਸ ਵੇਲੇ ਦੀ

27/3021

ਸੰਭਾਲ ਨੂੰ ਅਸੀਂ ਸੱਚ ਸਮਝਿਆ ਹੋਇਆ ਹੈ ਭਾਵ ਇਸ ਵੇਲੇ ਨੂੰ ਸੰਭਾਲਣਾ ਸੱਚੀ ਗੱਲ ਹੈ ਭਾਵ ਚੰਗੀ ਗੱਲ ਹੈ, ਠੀਕ ਗੱਲ ਹੈ। ਇਹ ਗੱਲ ਅਸੀਂ ਜਿੰਨ੍ਹਾਂ ਦੇ ਕੋਲੋਂ ਸਿੱਖੀ ਹੈ ਸੱਚ ਜਾਣਕੇ ਹੀ ਸਿੱਖੀ ਹੈ, ਉਨ੍ਹਾਂ ਨੂੰ ਸੱਚੇ ਸਮਝ ਕੇ ਹੀ ਸਿੱਖੀ ਹੈ ਪਰ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਸੱਚ ਸਾਨੂੰ ਕੇਵਲ ਗੁਰੂ ਦੇ ਕੋਲੋਂ ਸਮਝਣਾ ਚਾਹੀਦਾ ਹੈ ਕਿਉਂਕਿ ਸੱਚ ਦੀ ਸਮਝ ਹੀ ਕੇਵਲ ਗੁਰੂ ਦੇ ਕੋਲ ਹੈ। ਪਉੜੀ ਦੀਆਂ ਪਹਿਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ॥ ਮੁਠੀ ਧੰਧੈ ਚੋਰਿ ਮਹਲੁ ਨ ਪਾਈਐ॥"

ਜਿੰਨ੍ਹਾਂ ਨੂੰ ਸੱਚ ਦੀ ਸੋਝੀ ਪਈ ਹੈ ਉਨ੍ਹਾਂ ਨੂੰ ਇਹ ਸੋਝੀ ਆਪਣੇ ਅੰਦਰੋਂ ਹੀ ਪਈ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ। ਜੋ ਪ੍ਰਮਾਤਮਾ ਦੇ ਕੋਲੋਂ, ਉਸ ਸੱਚ ਦੇ ਮਾਲਕ ਦੇ ਕੋਲੋਂ ਭਗਤੀ ਕਰਨ ਦਾ ਤਰੀਕਾ ਜਾਣ ਲੈਂਦੇ ਹਨ, ਉਸਦੇ ਕੋਲੋਂ ਗੁਰਮਤਿ ਦੀ ਸਿੱਖਿਆ ਜਾਣ ਲੈਂਦੇ ਹਨ ਉਸ ਤੋਂ ਉੱਚਾ ਹੋਰ ਕੌਣ ਰਹਿ ਜਾਂਦਾ ਹੈ ਜੋ ਉਨ੍ਹਾਂ ਨੂੰ ਕੋਈ ਸੱਚ ਸਮਝਾ ਸਕੇ ਭਾਵ ਸੱਚ ਦੀ ਸਿੱਖਿਆ, ਸੱਚੀ ਸਿੱਖਿਆ ਕੇਵਲ ਗੁਰੂ ਦੇ ਕੋਲ ਹੈ ਜਿਸ ਨੂੰ ਇਹ ਸਿੱਖਿਆ ਆਪ ਪ੍ਰਮਾਤਮਾ ਨੇ ਦਿੱਤੀ ਹੈ। **(ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ॥)**

ਹੁਣ ਧਿਆਨ ਨਾਲ ਸੋਚੋ ਕਿ ਕੀ ਪੂਰੀ ਗੁਰਬਾਣੀ ਵਿੱਚ ਇਹ ਗੱਲ ਲਿਖੀ ਹੋਈ ਹੈ ਕਿ ਪ੍ਰਭਾਤ ਵੇਲਾ ਅੰਮ੍ਰਿਤ ਵੇਲਾ ਹੈ ਜਾਂ ਕੋਈ ਖਾਸ ਵੇਲਾ ਭਗਤੀ ਲਈ ਉੱਚਾ ਵੇਲਾ ਹੈ ਤੇ ਸਾਨੂੰ ਕਿਸੇ ਖਾਸ ਵੇਲੇ ਨਾਲ ਜੁੜਨ ਦੀ ਲੋੜ ਹੈ। ਗੁਰਬਾਣੀ ਵਿੱਚ ਇਹੋ ਜਿਹੀ ਕੋਈ ਗੱਲ ਨਹੀਂ ਲਿਖੀ ਹੋਈ ਬਲਕਿ ਸਾਨੂੰ ਵਾਰ-ਵਾਰ ਇਹ ਸਮਝਾਇਆ ਹੈ ਕਿ ਹਰ ਵੇਲਾ ਇੱਕੋ ਜਿਹਾ ਹੈ, ਹਰ ਵੇਲਾ ਚੰਗਾ ਵੇਲਾ ਹੈ ਪਰ ਫਿਰ ਵੀ ਅਸੀਂ ਕਿਸੇ ਖਾਸ ਵੇਲੇ ਨੂੰ ਉੱਚਾ ਮੰਨਿਆ ਹੋਇਆ ਹੈ, ਅੰਮ੍ਰਿਤ ਵੇਲਾ ਮੰਨਿਆ ਹੋਇਆ ਹੈ। ਇਹੋ ਜਿਹੀਆਂ ਗੱਲਾਂ ਸਾਨੂੰ ਕਿਸੇ ਨਾ ਕਿਸੇ ਨੇ ਜਰੂਰ ਸੁਣਾਈਆਂ ਹਨ ਤੇ ਤਾਂ ਹੀ ਅਸੀਂ ਭਰਮ ਵਿੱਚ ਪਏ ਹਾਂ। ਜਿੰਨ੍ਹਾਂ ਕੋਲੋਂ ਅਸੀਂ ਇਹ ਕੁੱਝ ਸਿੱਖਿਆ ਹੈ, ਅੰਮ੍ਰਿਤ ਵੇਲਾ ਸਿੱਖਿਆ ਹੈ ਉਨ੍ਹਾਂ ਕੋਲੋਂ ਹੀ ਅਸੀਂ ਆਪਣੀ ਭਗਤੀ ਦੇ ਹੋਰ ਤਰੀਕੇ ਸਿੱਖੇ ਹੋਏ ਹਨ, ਸਰੀਰਕ ਜਪ ਤਪ ਆਦਿ ਸਿੱਖੇ ਹੋਏ ਹਨ, ਕਿਸੇ ਅੱਖਰ ਦਾ ਜਪ ਕਰਨਾ ਸਿੱਖਿਆ ਹੋਇਆ ਹੈ, ਕਥਨੀ ਦਾ ਮਾਰਗ ਸਿੱਖਿਆ ਹੋਇਆ ਹੈ ਭਾਵ ਧਰਮ ਗ੍ਰੰਥਾਂ ਨੂੰ ਵਾਰ-ਵਾਰ ਪੜ੍ਹੀ ਜਾਣ ਦਾ ਮਾਰਗ ਸਿੱਖਿਆ ਹੈ, ਸਵੇਰੇ ਸ਼ਾਮ ਕੇਵਲ ਗੁਰੂ ਅੱਗੇ ਮੱਥੇ ਟੇਕੀ ਜਾਣੇ ਸਿੱਖਿਆ ਹੋਇਆ ਹੈ, ਤੀਰਥਾਂ ਆਦਿ ਤੇ ਭਵੀ ਜਾਣਾ ਸਿੱਖਿਆ ਹੋਇਆ ਹੈ, ਖਾਣੇ ਦੀ ਸੁੱਚ ਨਾਲ ਜੁੜਨਾ ਸਿੱਖਿਆ ਹੋਇਆ ਹੈ, ਕਿਸੇ ਖਾਸ ਬਾਣੇ ਨਾਲ ਜੁੜਨਾ ਸਿੱਖਿਆ ਹੋਇਆ ਹੈ ਭਾਵ ਅਸੀਂ ਅਨੇਕਾਂ ਹੀ ਇਹੋ ਜਿਹੀਆਂ ਮਰਿਆਦਾਵਾਂ ਨਾਲ ਜੁੜੇ ਹੋਏ ਹਾਂ ਜੋ ਗੱਲਾਂ ਗੁਰਮਤਿ ਤੇ ਪੂਰੀਆਂ ਨਹੀਂ ਉਤਰਦੀਆਂ।

27/3022

ਸਾਨੂੰ ਇਹੋ ਜਿਹੀ ਭਗਤੀ ਨਾਲ ਜੋੜਨ ਵਾਲੇ ਸਾਨੂੰ ਉਸ ਭਗਤੀ ਨਾਲ ਨਹੀਂ ਜੋੜਦੇ ਜੋ ਭਗਤੀ ਦਾ ਅਸਲ ਤਰੀਕਾ ਹੈ। ਭਗਤੀ ਦਾ ਅਸਲ ਤਰੀਕਾ ਗੁਰਮਤਿ ਨੂੰ ਅਪਣਾਉਣ ਦਾ ਹੈ, ਸੱਚ ਨੂੰ ਅਪਣਾਉਣ ਦਾ ਹੈ ਭਾਵ ਮਾਇਆ ਮੋਹ ਤੋਂ ਨਿਰਲੇਪ ਹੋਣ ਦਾ

ਹੈ, ਤ੍ਰਿਸ਼ਨਾਵਾਂ ਤੋਂ ਮੁਕਤ ਹੋਣ ਦਾ ਹੈ, ਔਗੁਣਾਂ ਤੋਂ ਭਾਵ ਪੰਜੇ ਚੋਰਾਂ ਤੋਂ ਮੁਕਤ ਹੋਣ ਦਾ ਹੈ ਭਾਵ ਮਾੜੀ ਬਿਰਤੀ ਤੋਂ ਮੁਕਤ ਹੋਣ ਦਾ ਹੈ ਜਿੰਨ੍ਹਾਂ ਕਰਕੇ ਅਸੀਂ ਪ੍ਰਮਾਤਮਾ ਦੇ ਮਹਿਲ ਨੂੰ ਪਾਉਣ ਤੋਂ ਦੂਰ ਹਾਂ। **(ਮੁਠੀ ਧੰਧੈ ਚੋਰਿ ਮਹਲੁ ਨ ਪਾਈਐ॥)** ਭਾਵੇਂ ਸਾਰੀ ਉਮਰ ਪ੍ਰਭਾਤ ਵੇਲੇ ਦੇ ਜਾਗਣੇ ਦੇ ਨਾਲ ਜੁੜੇ ਰਹੀਏ ਪਰ ਜੇਕਰ ਅੰਦਰੋਂ ਮਾਇਆ ਮੋਹ ਨਹੀਂ ਜਾਂਦਾ, ਤ੍ਰਿਸ਼ਨਾ ਨਹੀਂ ਜਾਂਦੀ, ਮਨ ਦੇ ਵਿਕਾਰ ਨਹੀਂ ਜਾਂਦੇ, ਲੋਭ ਲਾਲਚ ਨਹੀ ਨਿਕਲਦਾ, "ਮੈਂ" ਨਹੀਂ ਨਿਕਲਦੀ ਫਿਰ ਸਵੇਰੇ ਉੱਠਣ ਦਾ ਕੀ ਲਾਭ। ਕਿਸੇ ਵੇਲੇ ਦੀ ਸੰਭਾਲ ਨੇ ਸਾਡਾ ਕੁੱਝ ਨਹੀਂ ਸੰਵਾਰਨਾ। ਜਦ ਤੱਕ ਸਾਡੇ ਅੰਦਰ ਮਨਮਤਿ ਹੈ, ਮਨਹਠਿ ਹੈ ਤਦ ਤੱਕ ਸਾਡਾ ਚਿੱਤ ਕਠੋਰ ਹੈ। ਸਾਡਾ ਕਠੋਰ ਮਨ ਗੁਰਮਤਿ ਵੱਸਣ ਦੁਆਰਾ ਹੀ ਨਿਰਮਲ ਹੁੰਦਾ ਹੈ, ਗੁਣ ਵੱਸਣ ਦੁਆਰਾ ਹੀ ਨਿਰਮਲ ਹੁੰਦਾ ਹੈ ਤੇ ਮਨ ਦੇ ਨਿਰਮਲ ਹੋਏ ਬਿਨ੍ਹਾਂ ਗੁਰੂ ਪ੍ਰਮਾਤਮਾ ਦੀ ਸੇਵਾ ਨਹੀਂ ਹੋ ਸਕਦੀ। **(ਏਨੈ ਚਿਤਿ ਕਠੋਰਿ ਸੇਵ ਗਵਾਈਐ॥ ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ॥)** ਪ੍ਰਮਾਤਮਾ ਨੇ ਮੂਲ ਰੂਪ ਵਿੱਚ ਹੀ ਸਭ ਨੂੰ ਹਉਮੈ ਵਿੱਚ ਰੱਖਿਆ ਹੋਇਆ ਹੈ ਤੇ ਸੱਚ ਦੀ ਸੋਝੀ ਤੋਂ ਦੂਰ ਰੱਖਿਆ ਹੋਇਆ ਹੈ। ਸੱਚ ਕੇਵਲ ਗੁਰੂ ਦੇ ਕੋਲ ਹੈ ਤੇ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਇਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਆਪਣੀ ਮਤਿ ਛੱਡ ਕੇ, ਆਪਣੀ ਮਤਿ ਨੂੰ ਭੰਨ ਕੇ ਗੁਰੂ ਕੋਲੋਂ ਆਪਣੀ ਮਤਿ ਘੜਵਾਉਣੀ ਚਾਹੀਦੀ ਹੈ ਭਾਵ ਮਨਮਤਿ ਤਿਆਗ ਕੇ ਗੁਰਮਤਿ ਅਪਣਾਉਣੀ ਚਾਹੀਦੀ ਹੈ, ਹਉਮੈ ਛੱਡ ਕੇ ਸੱਚ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ, ਨਾਮ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਸਾਡੀ ਕਠੋਰ ਮਤਿ ਪਿਘਲ ਸਕੇ, ਨਿਰਮਲ ਹੋ ਸਕੇ। ਆਪਣੀ ਮਤਿ ਛੱਡੇ ਬਿਨ੍ਹਾਂ, ਹਉਮੈ ਛੱਡੇ ਬਿਨ੍ਹਾਂ ਉਸ ਪ੍ਰਮਾਤਮਾ ਦੀ ਪਰਖ ਵਿੱਚੋਂ ਕੋਈ ਵੀ ਨਹੀਂ ਨਿਕਲ ਸਕਦਾ, ਸੱਚ ਦੀ ਪਰਖ ਵਿੱਚੋਂ ਕੋਈ ਨਹੀਂ ਨਿਕਲ ਸਕਦਾ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ॥ ਕੋਇ ਨ ਆਧੈ ਘਟਿ ਹਉਮੈ ਜਾਈਐ॥
ਲਈਅਨਿ ਖਰੇ ਪਰਖਿ ਦਰਿ ਬੀਨਾਈਐ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ॥੧੭॥"

ਸਾਡੇ ਜੀਵਨ ਦਾ ਮਕਸਦ ਤਾਂ ਹੀ ਪੂਰਾ ਹੋਣਾ ਹੈ, ਸਾਡਾ ਮਨੁੱਖਾ ਵੇਲਾ ਤਾਂ ਹੀ ਸਫ਼ਲ ਹੋਣਾ ਹੈ ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਤੋਲ ਤੁਲ ਸਕੀਏ। ਉਸਦਾ ਤੋਲ ਤੁਲਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਸਮਝਿਆ ਹੈ। ਤੋਲ

ਅਸੀਂ ਸੱਚ ਦਾ ਹੀ ਤੁਲਣਾ ਹੈ, ਤੋਲ ਅਸੀਂ ਨਾਮ ਦਾ ਹੀ ਤੁਲਣਾ ਹੈ ਤੇ ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਅਸੀਂ ਸੱਚ ਦਾ ਤੋਲ ਨਹੀਂ ਤੁਲ ਸਕਦੇ, ਨਾਮ ਤੇ ਪੂਰੇ ਉਤਰਨ ਦਾ ਤੋਲ ਨਹੀਂ ਤੁਲ ਸਕਦੇ। ਉਸ ਪ੍ਰਮਾਤਮਾ ਦਾ ਤੋਲ ਤੁਲਣ ਲਈ ਪਿੱਛੇ ਪੂਰੇ ਵੱਟੇ ਪਾਉਣ ਦੀ ਲੋੜ ਹੈ। ਅਗਰ ਇੱਕ ਵੀ ਵੱਟਾ ਘੱਟ ਹੈ ਤਾਂ ਵੀ ਤੋਲ ਨਹੀਂ ਤੁਲਿਆ ਜਾ ਸਕਦਾ। ਤੋਲ ਪੂਰੇ ਵੱਟੇ ਪੈਣ ਨਾਲ ਹੀ ਤੁਲਿਆ ਜਾ ਸਕਦਾ ਹੈ। ਸਾਡੇ ਅੰਦਰ ਹੀ ਹਉਮੈ ਸਾਨੂੰ ਇਹ ਤੋਲ ਨਹੀਂ ਤੁਲਣ ਦਿੰਦੀ। ਹਉਮੈ ਸਾਡੀ ਮਨਮਤਿ ਹੈ ਤੇ ਤੋਲ ਅਸੀਂ ਗੁਰਮਤਿ ਦਾ ਤੁਲਣਾ ਹੈ, ਨਾਮ ਦਾ ਤੁਲਣਾ ਹੈ। ਗੁਰੂ ਦਾ ਹਰ ਬੋਲ ਉਸਦੀ ਮਤਿ ਹੈ ਤੇ ਗੁਰੂ ਦੇ ਹਰ ਬੋਲ ਤੇ ਪੂਰਾ ਉਤਰਨਾ ਉਸਦਾ ਤੋਲ ਤੁਲਣਾ ਹੈ। ਜਿਤਨੀ ਹੀ ਜਿਸ ਦੇ ਅੰਦਰ ਹਉਮੈ ਜਿਆਦਾ ਹੈ, ਮਨਹਠਿ ਜਿਆਦਾ ਹੈ, ਮੈਂ ਜਿਆਦਾ ਹੈ ਉਤਨੇ ਹੀ ਉਸਦੇ ਵੱਟੇ ਥੋੜ੍ਹੇ ਹਨ ਭਾਵ ਉਤਨੇ ਹੀ ਉਸਦੇ ਅੰਦਰ ਗੁਣ ਥੋੜ੍ਹੇ ਹਨ। ਗੁਰੂ ਦਾ ਹਰ ਬੋਲ ਉਸਦਾ ਗੁਣ ਹੈ, ਸੱਚ ਹੈ, ਨਾਮ ਹੈ। ਆਪਣੀ ਮਤਿ ਨੂੰ ਕੋਈ ਘੱਟ ਨਹੀਂ ਸਮਝਦਾ, ਆਪਣੀ ਭਗਤੀ ਦੇ ਤਰੀਕਿਆਂ ਨੂੰ ਕੋਈ ਘੱਟ ਨਹੀਂ ਸਮਝਦਾ ਭਾਵੇਂ ਉਹ ਤਰੀਕਾ ਗੁਰਮਤਿ ਤੇ ਪੂਰਾ ਉਤਰੇ ਜਾਂ ਨਾ ਉਤਰੇ। ਕਿਸੇ ਖਾਸ ਵੇਲੇ ਨੂੰ ਭਗਤੀ ਦਾ ਵੇਲਾ ਸਮਝਣਾ, ਕਿਸੇ ਅੱਖਰ ਦੇ ਜਪ ਨੂੰ ਨਾਮ ਜਪਣਾ ਸਮਝਣਾ ਕੇਵਲ ਸਾਡੀ ਮਨਮਤਿ ਹੈ, ਮਨਹਠਿ ਹੈ, ਹਉਮੈ ਹੈ ਪਰ ਇਹੋ ਜਿਹੀ ਭਗਤੀ ਨਾਲ ਜੁੜੇ ਹੋਏ ਆਪਣੇ ਆਪ ਨੂੰ ਘੱਟ ਨਹੀਂ ਸਮਝਦੇ ਬਲਕਿ ਉੱਚਾ ਸਮਝਦੇ ਹਨ ਕਿ ਅਸੀਂ ਬਿਲਕੁਲ ਠੀਕ ਹਾਂ। ਭਗਤੀ ਦੇ ਅਸਲ ਮਾਰਗ ਤੋਂ ਉਹ ਭੁੱਲੇ ਹੋਏ ਹੀ ਹਨ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਇਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੁੜੇ ਹੋਏ ਗੁਰਮਤਿ ਦਾ ਤੋਲ ਨਹੀਂ ਤੁਲ ਸਕਦੇ, ਗੁਣਾਂ ਦਾ, ਸੱਚ ਦਾ ਤੋਲ ਨਹੀਂ ਤੁਲ ਸਕਦੇ ਤੇ ਕਦੇ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਜੋ ਕਿ ਕੇਵਲ ਗੁਣਾਂ ਦੁਆਰਾ ਵਿਚਰਕੇ ਮਿਲਦਾ ਹੈ। **(ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ॥ ਕੋਇ ਨ ਆਧੈ ਘਟਿ ਹਉਮੈ ਜਾਈਐ॥)**

ਜਿਵੇਂ ਕਿ ਅਸੀਂ ਪਉੜੀ ਦੀ ਪਹਿਲੀ ਪੰਗਤੀ ਰਾਹੀਂ ਸਮਝਿਆ ਹੈ ਕਿ ਸੱਚ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਦੂਸਰਿਆਂ ਨੂੰ ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਉਨ੍ਹਾਂ ਨੂੰ ਸੱਚ ਦੀ ਭਾਵ ਗੁਰਮਤਿ ਦੀ ਸੱਚੀ ਸੋਝੀ ਨਹੀਂ ਹੈ। ਤੋਲ ਅਸੀਂ ਸੱਚ ਦਾ ਤੁਲਨਾ ਹੈ ਤੇ ਜਦ ਤੱਕ ਸੱਚ ਦੀ ਹੀ ਸਮਝ ਨਹੀਂ ਹੈ ਅਸੀਂ ਤੋਲ ਕਿਸ ਦਾ ਤੁਲਨਾ ਹੈ ਤੇ ਕਿਵੇਂ ਤੁਲਣਾ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਹੈ। ਜਿਸ ਤਰੀਕੇ ਹਰ ਕੋਈ ਤੋਲ ਤੁਲਣ ਲੱਗਾ ਹੋਇਆ ਹੈ ਉਸ ਦੁਆਰਾ ਹਰ ਕੋਈ ਹਉਮੈ ਨੂੰ ਘਟਾਉਣ ਦੀ ਬਜਾਇ ਉਲਟਾ ਹਉਮੈ ਨੂੰ ਵਧਾਉਣ ਵਿੱਚ ਲੱਗਾ ਹੋਇਆ ਹੈ ਭਾਵ ਗੁਰਮਤਿ ਦੇ ਉਲਟ ਹਉਮੈ ਦਾ ਤੋਲ ਭਾਰਾ ਕਰ ਰਿਹਾ ਹੈ, ਮਨਮਤਿ ਦਾ ਤੋਲ ਉੱਚਾ ਕਰ ਰਿਹਾ ਹੈ। ਤੋਲ ਅਸੀਂ ਆਪਣੀ ਨੀਅਤ ਦਾ ਹੀ ਤੁਲਣਾ ਹੈ, ਆਪਣੇ ਮਨ ਦੇ ਵਿਚਾਰਾਂ ਦਾ ਹੀ ਤੁਲਣਾ ਹੈ ਕਿ

27/3024

ਸਾਡੇ ਵਿਚਾਰਾਂ ਵਿੱਚ ਕਿਤਨਾ ਕੁ ਸੱਚ ਹੈ, ਸਾਡੀ ਨੀਅਤ ਕਿਤਨੀ ਕੁ ਸਾਫ ਹੈ ਭਾਵ ਅਸੀਂ ਕਿਤਨਾ ਕੁ ਲੋਭ ਲਾਲਚ ਵਿੱਚੋਂ ਨਿਕਲੇ ਹੋਏ ਹਾਂ। ਸਾਡੇ ਖਰੇ ਖੋਟੇ ਦੀ ਪਹਿਚਾਣ ਸਾਡੀ ਕਰਨੀ ਦੁਆਰਾ ਹੁੰਦੀ ਹੈ ਭਾਵ ਸਾਡੇ ਚੰਗੇ ਮਾੜੇ ਕਰਮਾਂ ਦੁਆਰਾ ਹੁੰਦੀ ਹੈ। ਉਹ ਪ੍ਰਮਾਤਮਾ ਬਹੁਤ ਸਿਆਣਾ ਹੈ ਜੋ ਸਾਡੇ ਅੰਦਰ ਨੂੰ ਜਾਣਦਾ ਹੈ, ਸਾਡੇ ਹਰ ਕਰਮ ਨੂੰ ਜਾਣਦਾ ਹੈ। ਆਪਣੇ ਝੂਠੇ ਭਗਤੀ ਦੇ ਦਿਖਾਵਿਆਂ ਦੁਆਰਾ ਅਸੀਂ ਉਸ ਦੀ ਪਰਖ ਵਿੱਚੋਂ ਨਹੀਂ ਨਿਕਲ ਸਕਦੇ ਤੇ ਉਸਦੀ ਪਰਖ ਵਿੱਚੋਂ ਨਿਕਲਣ ਦਾ ਸਾਧਨ ਸਾਡੇ ਅੰਦਰ ਦਾ ਸੱਚ ਹੈ, ਸਾਡੀ ਨੀਅਤ ਹੈ ਨਾ ਕਿ ਭਗਤੀ ਦੇ ਦਿਖਾਵੇ ਜੋ ਅਸੀਂ ਕਿਸੇ ਖਾਸ ਸਮੇਂ ਨੂੰ ਉੱਚਾ ਥਾਪ ਕੇ ਕਰਦੇ ਹਾਂ, ਕਿਸੇ ਅੱਖਰ ਨੂੰ ਜਪੀ ਜਾਣ ਦੁਆਰਾ ਕਰਦੇ ਹਾਂ। ਜੋ ਸੌਦਾ ਅਸੀਂ ਇਸ ਸੰਸਾਰ ਵਿੱਚ ਲੈਣ ਲਈ ਆਏ ਹਾਂ ਉਹ ਸੌਦਾ ਮਿਲਣ ਦੀ ਜਗ੍ਹਾ ਕੇਵਲ ਇੱਕੋ ਹੀ ਹੈ ਭਾਵ ਇੱਕੋ ਹੀ ਹੱਟੀ ਹੈ, ਦੁਕਾਨ ਹੈ ਜਿੱਥੋਂ ਸਾਨੂੰ ਇਹ ਸੌਦਾ ਮਿਲ ਸਕਦਾ ਹੈ। ਉਹ ਹੱਟੀ ਗੁਰਮਤਿ ਦਾ ਘਰ ਹੈ, ਗੁਰਬਾਣੀ ਦਾ ਘਰ ਹੈ, ਸੱਚ ਦਾ ਘਰ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ। ਆਪਣੀਆਂ-ਆਪਣੀਆਂ ਹੱਟੀਆਂ ਖੋਲ੍ਹ ਕੇ ਅਨੇਕਾਂ ਹੀ ਬੈਠੇ ਹਨ ਜਿੰਨ੍ਹਾਂ ਦੇ ਪਿੱਛੇ ਅਸੀਂ ਲੱਗੇ ਹੋਏ ਹਾਂ। ਜਦ ਤੱਕ ਅਸੀਂ ਗੁਰਮਤਿ ਰੂਪ ਹੱਟੀ ਨਾਲ ਨਹੀਂ ਜੁੜਦੇ ਤਦ ਤੱਕ ਸਾਨੂੰ ਉਹ ਸੌਦਾ ਨਹੀਂ ਮਿਲ ਸਕਦਾ ਜੋ ਸਾਡੇ ਜੀਵਨ ਦਾ ਮਕਸਦ ਹੈ। ਇਹ ਸੌਦਾ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੈ, ਨਾਮ ਦੀ ਪ੍ਰਾਪਤੀ ਦੇ ਰੂਪ ਵਿੱਚ ਹੈ ਤੇ ਇਹ ਸੌਦਾ ਸਾਨੂੰ ਤਾਂ ਹੀ ਮਿਲ ਸਕਦਾ ਹੈ ਜਦੋਂ ਅਸੀਂ ਇਸ ਸੌਦੇ ਦੇ ਮਾਲਕ ਦੀ ਹੱਟੀ ਨਾਲ ਜੁੜਾਂਗੇ ਭਾਵ ਦੂਜਿਆਂ ਦੀ ਹੱਟੀ ਤੇ ਜਾਣਾ ਛੱਡਾਂਗੇ ਭਾਵ ਉਹੋ ਜਿਹੇ ਭਗਤੀ ਦੇ ਉੱਦਮ ਨਾਲ ਜੁੜਾਂਗੇ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਦੀ ਪਰਖ ਵਿੱਚੋਂ ਨਿਕਲ ਸਕੀਏ ਭਾਵ ਕੇਵਲ ਗੁਰੂ ਦੇ ਦੱਸੇ ਹੋਏ ਗੁਣਾਂ ਦੁਆਰਾ ਵਿਚਰਨ ਦਾ ਉੱਦਮ ਕਰੀਏ ਤੇ ਭਗਤੀ ਦੇ ਦਿਖਾਵਿਆਂ ਤੋਂ ਬਚੀਏ ਤੇ ਦੂਸਰਿਆਂ ਨੂੰ ਝੂਠੀ ਭਗਤੀ ਦਾ ਪ੍ਰਚਾਰ ਨਾ ਕਰੀਏ, ਮਨਮਤਿ ਦਾ ਪ੍ਰਚਾਰ ਨਾ ਕਰੀਏ। **(ਲਈਅਨਿ ਖਰੇ ਪਰਖਿ ਦਰਿ ਬੀਨਾਈਐ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ॥੧੭॥)**

"ਗੁਰਮਤਿ" ਦਾ ਤੋਲ ਤੁਲਣਾ ਹੀ "ਰਾਮ ਨਾਮੁ" ਦਾ ਤੋਲ ਤੁਲਣਾ ਹੈ ਭਾਵ ਰਾਮ ਨਾਮੁ ਜਪਣਾ ਹੈ ਤੇ ਇਸ ਤੋਲ ਤੇ ਤੁਲਣਾ ਬਹੁਤ ਔਖਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤੇ ਅਸੀਂ ਇਸ ਗੱਲ ਨੂੰ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

"ਸਭਿ ਤੀਰਥ ਬਰਤ ਜਗੁ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ॥
ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੂਜੈ ਨ ਤੋਲ ਤੁਲੀਜੈ॥੭॥"

(ਅੰਗ - ੧੩੨੫)

27/3025

ਪਹਿਲੀ ਪੰਗਤੀ ਰਾਹੀਂ ਸਾਨੂੰ ਭਗਤੀ ਦੇ ਤਰੀਕੇ ਹੀ ਦੱਸੇ ਹੋਏ ਹਨ ਜਿੰਨ੍ਹਾਂ ਦਾ ਖੰਡਨ ਕੀਤਾ ਹੋਇਆ ਹੈ। ਇਸੇ ਤਰ੍ਹਾਂ ਅਸੀਂ ਹੋਰ ਵੀ ਭਗਤੀ ਦੇ ਅਨੇਕਾਂ ਤਰੀਕੇ ਵਰਤਦੇ ਹਾਂ ਜਿੰਨ੍ਹਾਂ ਦਾ ਬਾਣੀ ਵਿੱਚ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਕਿਸੇ ਵੀ ਸਰੀਰਕ ਤਰੀਕਿਆਂ ਦੇ ਨਾਲ ਭਾਵ ਸਰੀਰਕ ਜਪਾਂ-ਤਪਾਂ ਆਦਿ ਦੇ ਨਾਲ, ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਸੁਣੀ ਜਾਣ ਦੇ ਨਾਲ ਗੁਰਮਤਿ ਦਾ ਤੋਲ ਨਹੀਂ ਤੁਲਿਆ ਜਾ ਸਕਦਾ। ਗੁਰਮਤਿ ਦਾ ਤੋਲ ਗੁਰਮਤਿ ਤੇ ਪੂਰਾ ਉਤਰਕੇ ਹੀ ਤੁਲਿਆ ਜਾ ਸਕਦਾ ਹੈ ਤੇ ਗੁਰਮਤਿ ਤੇ ਪੂਰਾ ਉਤਰਨਾ ਕੀ ਹੈ ਇਸ ਗੱਲ ਨੂੰ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ।

{ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

ਗੁਰਮਤਿ ਦਾ ਤੋਲ ਕੇਵਲ ਗੁਣਾਂ ਦੁਆਰਾ ਤੁਲਿਆ ਜਾ ਸਕਦਾ ਹੈ ਭਾਵ ਔਗੁਣ ਤਿਆਗ ਕੇ, ਮਾਇਆ ਮੋਹ ਤਿਆਗ ਕੇ ਗੁਣੀ ਬਣ ਕੇ ਵਿਚਰਨ ਦੁਆਰਾ ਤੁਲਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਪਰ ਹਰ ਕੋਈ ਆਪਣੇ-ਆਪਣੇ ਤਰੀਕੇ ਨਾਲ ਆਪ ਹੀ ਆਪਣੇ ਆਪ ਨੂੰ ਗੁਰਮਤਿ ਵਾਲਾ ਸਮਝੀ ਬੈਠਾ ਹੈ ਤੇ ਕਿਸੇ ਖਾਸ ਵੇਲੇ ਨੂੰ ਉੱਚਾ ਕਰਨ ਵਾਲੇ ਵੀ ਇਸ ਵਿੱਚ ਗੁਰਮਤਿ ਹੀ ਸਮਝਦੇ ਹਨ। ਗੁਰਮਤਿ ਸਾਨੂੰ ਕਿਸੇ ਖਾਸ ਵੇਲੇ ਨਾਲ ਜੋੜਨ ਦੀ ਬਜਾਇ ਹਰ ਵੇਲੇ ਸੱਚ ਨਾਲ ਜੋੜਦੀ ਹੈ ਤੇ ਵੇਲੇ-ਵੇਲੇ ਵਿੱਚ ਫਰਕ ਕਰਨ ਤੋਂ ਦੂਰ ਕਰਦੀ ਹੈ। ਔਗੁਣ ਸਾਡੇ ਲਈ ਹਰ ਵੇਲੇ ਮਾੜੇ ਹਨ, ਪ੍ਰਭਾਤ ਵੇਲੇ ਵੀ ਮਾੜੇ ਹਨ ਤੇ ਗੁਣ ਸਾਡੇ ਲਈ ਹਰ ਵੇਲੇ ਚੰਗੇ ਹਨ, ਅੱਠੇ ਪਹਿਰ ਚੰਗੇ ਹਨ ਜਿਸ ਦੁਆਰਾ ਅਸੀਂ ਗੁਰਮਤਿ ਦਾ ਤੋਲ ਤੁਲ ਸਕਦੇ ਹਾਂ। ਉੱਪਰ ਪਹਿਲੇ ਸ਼ਬਦ ਰਾਹੀਂ ਸਾਨੂੰ ਗੁਰਮਤਿ ਦਾ ਤੋਲ ਤੁਲਣਾ ਹੀ ਰਾਮ ਨਾਮੁ ਦਾ ਤੋਲ ਕਹਿ ਕੇ ਸਮਝਾਇਆ ਹੋਇਆ ਹੈ ਜਿਸ ਨੂੰ ਅਤੁਲਾ ਤੋਲੁ ਕਿਹਾ ਹੈ ਭਾਵ ਸਾਡੇ ਲਈ ਇਹ ਤੋਲ ਤੁਲਣਾ ਬਹੁਤ ਔਖਾ ਹੈ। ਅਸੀਂ ਕੇਵਲ ਗੁਰਮਤਿ ਤੇ ਚੱਲਣ ਦਾ, ਰਾਮ ਨਾਮੁ ਜਪਣ ਦਾ ਉੱਦਮ ਹੀ ਕਰਨਾ ਹੈ ਭਾਵ ਔਗੁਣ ਛੱਡ ਕੇ ਗੁਣੀ ਬਣਨ ਦਾ ਉੱਦਮ ਹੀ ਕਰਨਾ ਹੈ ਤੇ ਆਪਣਾ ਤੋਲ ਪ੍ਰਮਾਤਮਾ ਆਪ ਹੀ ਕ੍ਰਿਪਾ ਕਰਕੇ ਤੁਲਵਾਉਂਦਾ ਹੈ। **(ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ ਤੁਲੀਜੈ॥੭॥)**

ਅਸੀਂ ਪ੍ਰਮਾਤਮਾ ਦਾ ਤੋਲ ਕਿਸ ਤਰੀਕੇ ਨਾਲ ਤੁਲਣਾ ਸਮਝਦੇ ਹਾਂ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸ਼ਬਦ ਦੁਆਰਾ ਸਮਝਿਆ ਸੀ ਤੇ ਉਸ ਸ਼ਬਦ ਦੁਆਰਾ ਫਿਰ ਤੋਂ ਇਸ ਗੱਲ ਨੂੰ ਸਮਝਦੇ ਹਾਂ ਕਿ ਅਸਲ ਤੋਲ ਤੁਲਣ ਵਿੱਚ ਤੇ ਸਾਡੇ ਤੋਲ ਤੁਲਣ ਵਿੱਚ ਕੀ ਫਰਕ ਹੈ।

27/3026

ਇਸ ਪੂਰੇ ਸ਼ਬਦ ਦੇ ਅਰਥ ਪਿੱਛੇ ਅਸੀਂ ਬਰੀਕੀ ਨਾਲ ਸਮਝ ਚੁੱਕੇ ਹਾਂ ਤੇ ਹੁਣ ਬਹੁਤੀ ਵਿਆਖਿਆ ਦੀ ਲੋੜ ਨਹੀਂ ਹੈ ਤੇ ਕੇਵਲ ਆਪਣੇ ਮਨ ਨੂੰ ਦ੍ਰਿੜ ਕਰਨ ਦੀ ਲੋੜ ਹੈ ਕਿ ਅਸੀਂ ਭਰਮ ਵਿੱਚੋਂ ਨਿਕਲੀਏ ਤੇ ਗੁਰਮਤਿ ਦਾ ਉਹੋ ਜਿਹਾ ਤੋਲ ਤੁਲਣ ਦੇ ਨਾਲ ਜੁੜੀਏ ਜਿਸ ਨਾਲ ਸਾਨੂੰ ਕੋਈ ਲਾਭ ਮਿਲਣਾ ਹੈ। ਸਾਡੇ ਅੱਖਰ ਦੇ ਜਪ ਨੂੰ ਸਾਡੇ ਹਉਲੇ ਬੋਲ ਕਹੇ ਹਨ ਜਿਸਦਾ ਨਤੀਜਾ ਸਾਡੀ ਹਉਲੀ ਮਤਿ ਹੈ। ਸਾਡੇ ਜੋ ਵੀ ਬੋਲ ਗੁਰਮਤਿ ਤੇ ਪੂਰੇ ਨਹੀਂ ਉਤਰਦੇ ਉਹ ਸਾਡੇ ਹਉਲੇ ਬੋਲ ਹੀ ਹਨ ਭਾਵੇਂ ਉਹ ਕਿਸ ਰੂਪ ਵਿੱਚ ਵੀ ਹਨ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਸਾਡੇ ਪ੍ਰਮਾਤਮਾ ਅੱਗੇ ਅਸਲ ਬੋਲ ਉਹੀ ਹਨ ਭਾਵ ਸਾਡਾ ਭਗਤੀ ਦਾ ਅਸਲ ਤਰੀਕਾ ਉਹੀ ਹੈ ਜੋ ਗੁਰਮਤਿ ਅਨੁਸਾਰ ਹੈ। ਅਸੀਂ ਆਪਣੇ ਮਨਮਤਿ ਵਾਲੇ ਬੋਲਾਂ ਨਾਲ, ਹਉਲੇ ਬੋਲਾਂ ਨਾਲ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਭਾਵ ਉਸਦਾ ਤੋਲ ਤੁਲਣ ਦੀ ਕੋਸ਼ਿਸ਼ ਕਰਦੇ ਹਾਂ ਜਦਕਿ ਤੋਲ ਉਸਦੇ ਅਸੀਂ ਬਚਨਾਂ ਦਾ ਤੁਲਣਾ ਹੈ ਭਾਵ ਗੁਰੂ ਦੇ ਬਚਨਾਂ ਤੇ ਪੂਰਾ ਉਤਰਨਾ ਹੈ, ਗੁਰਮਤਿ ਤੇ ਪੂਰਾ ਉਤਰਨਾ ਹੈ ਜੋ ਕਿ ਬਹੁਤ ਔਖਾ ਹੈ। ਸਾਡੇ ਹਉਲੇ ਬੋਲਾਂ ਨੂੰ ਇੱਕ ਸੁਨਿਆਰੇ ਦੇ ਵੱਟਿਆਂ ਦੀ ਤਰ੍ਹਾਂ ਹਉਲੇ ਦੱਸਿਆ ਹੈ, ਤੋਲੇ ਮਾਸੇ ਰਤਕ ਦੀ ਤਰ੍ਹਾਂ ਹਉਲੇ ਦੱਸਿਆ ਹੈ ਜਿੰਨ੍ਹਾਂ ਤੇ ਸੁਨਿਆਰਾ ਬਹੁਤ ਛੋਟਾ ਤੋਲ ਤੁਲਦਾ ਹੈ। ਅਸੀਂ ਆਪਣੇ ਇਹੋ ਜਿਹੇ ਛੋਟੇ ਵੱਟਿਆਂ ਦੁਆਰਾ ਬਹੁਤ ਵੱਡਾ ਤੋਲ ਤੋਲਣਾ ਚਾਹੁੰਦੇ ਹਾਂ, ਪੂਰੀ ਧਰਤੀ, ਪਾਣੀ, ਪਰਬਤ ਦਾ ਭਾਰ ਤੋਲਣਾ ਚਾਹੁੰਦੇ ਹਾਂ ਭਾਵ ਇਹ ਨਾਮੁਮਕਿਨ ਹੈ। ਗੁਰਮਤਿ ਦੇ ਤੋਲ ਤੇ ਤੁਲਣਾ ਇਤਨਾ ਹੀ ਔਖਾ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦੇ ਤੋਲ ਤੇ ਤੁਲਣਾ ਬਹੁਤ ਔਖਾ ਹੈ ਜੋ ਕਿ ਪੂਰੀ ਤਰ੍ਹਾਂ ਮਾਇਆ ਮੋਹ ਤੋਂ ਰਹਿਤ ਹੋਣ ਦਾ ਹੈ, ਮਨਮਤਿ ਤੋਂ, ਹਉਮੈ ਤੋਂ ਰਹਿਤ ਹੋਣ ਦਾ ਹੈ। ਅਸੀਂ ਭਰਮ ਵਿੱਚ ਆਪਣੇ ਹਉਲੇ ਬੋਲਾਂ ਨੂੰ ਹੀ, ਕਿਸੇ ਅੱਖਰ ਦਾ ਜਪ ਕਰੀ ਜਾਣ ਨੂੰ ਹੀ ਪ੍ਰਮਾਤਮਾ ਦਾ ਤੋਲ ਤੁਲਣਾ ਸਮਝਿਆ ਹੋਇਆ ਹੈ। ਜੇ ਕੋਈ ਇਹੋ ਜਿਹੇ ਭਰਮਿਆਂ ਹੋਇਆ ਨੂੰ ਪੁੱਛੇ ਭਾਵ ਸਮਝਾਉਣਾ ਚਾਹੇ ਕਿ ਇਸ ਤਰੀਕੇ ਨਾਲ ਕੀ ਕਦੇ ਪ੍ਰਮਾਤਮਾ ਮਿਲ ਸਕਦਾ ਹੈ ਤੇ ਇਨ੍ਹਾਂ ਦਾ ਅੱਗੋਂ ਜਵਾਬ ਇਹੀ ਮਿਲਦਾ ਹੈ ਕਿ ਹਾਂ ਅਸੀਂ ਪੂੱਜ ਜਾਵਾਂਗੇ, ਅਸੀਂ ਸੁਨਿਆਰੇ ਦੇ ਕੰਡੇ ਤੇ ਹੀ ਪੂਰੀ ਧਰਤੀ ਦਾ, ਪਾਣੀ ਦਾ, ਪਰਬਤ ਦਾ ਭਾਰ ਤੋਲ ਲਵਾਂਗੇ। ਸਾਨੂੰ ਇਹੀ ਸਮਝਾਇਆ ਹੈ ਕਿ ਇਸ ਭਰਮ ਵਿੱਚੋਂ ਨਿਕਲੋ ਤੇ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਮਝੋ। **(ਵਡਾ ਆਖਣੁ ਭਾਰਾ ਤੋਲੁ॥ ਹੋਰ ਹਉਲੀ ਮਤੀ ਹਉਲੇ ਬੋਲ॥ ਧਰਤੀ**

ਪਾਣੀ ਪਰਬਤ ਭਾਰੁ॥ ਕਿਉ ਕੰਡੈ ਤੋਲੈ ਸੁਨਿਆਰੁ॥ ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥)

27/3027

ਸਾਡੇ ਇਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਸਾਡੀ ਮੂਰਖਤਾ ਹੀ ਦੱਸਿਆ ਹੈ, ਸਾਡੀ ਅਗਿਆਨਤਾ ਹੀ ਦੱਸਿਆ ਹੈ ਤੇ ਹਰ ਕੋਈ ਇਹੋ ਜਿਹੀ ਅੰਨ੍ਹੀ ਦੌੜ ਵਿੱਚ ਲੱਗਾ ਹੋਇਆ ਹੈ ਭਾਵ ਵਿਅਰਥ ਦੀ ਦੌੜ ਵਿੱਚ ਲੱਗਾ ਹੋਇਆ ਹੈ ਜਿਸ ਨਾਲ ਪ੍ਰਮਾਤਮਾ ਦੀ ਕੋਈ ਸਿਫ਼ਤ ਤਾਂ ਨਹੀਂ ਹੁੰਦੀ ਪਰ ਆਪਣੀ ਸਿਫਰ ਜਰੂਰ ਹੋਣ ਲੱਗ ਪੈਂਦੀ ਹੈ, ਆਪਣੀ ਹਉਮੈ ਜਰੂਰ ਵੱਧ ਜਾਂਦੀ ਹੈ। ਬੋਲ ਬੋਲ ਕੇ ਉੱਚਾ ਅਸੀਂ ਪ੍ਰਮਾਤਮਾ ਨੂੰ ਕਰਨਾ ਚਾਹੁੰਦੇ ਹਾਂ ਪਰ ਅਸਲ ਵਿੱਚ ਉੱਚਾ ਹਰ ਕੋਈ ਆਪਣੇ ਆਪ ਨੂੰ ਕਰੀ ਜਾਂਦਾ ਹੈ। ਸਭ ਪਾਸੇ ਇਹੀ ਕੁੱਝ ਹੋ ਰਿਹਾ ਹੈ। **(ਮੂਰਖ ਅੰਧਿਆ ਅੰਧੀ ਧਾਤੁ॥ ਕਹਿ ਕਹਿ ਕਹਣੁ ਕਹਾਇਨਿ ਆਪੁ॥੧॥)**

ਹੁਣ ਧਿਆਨ ਨਾਲ ਸਮਝੋ ਕਿ ਜਿੱਥੇ ਕਿਤੇ ਕੁੱਝ ਸੱਜਣ ਇਕੱਠੇ ਹੋ ਕੇ ਆਪੋ ਆਪਣੇ ਸੁਨਿਆਰੇ ਦੇ ਕੰਡੇ ਲਗਾ ਕੇ ਬੈਠ ਜਾਂਦੇ ਹਨ, ਜਦੋਂ ਵੀ ਸਮਾਂ ਲੱਗੇ ਬੈਠ ਜਾਂਦੇ ਹਨ ਜਾਂ ਇਕੱਲੇ ਵੀ ਜਦੋਂ ਸਮਾਂ ਮਿਲੇ ਆਪਣਾ ਕੰਡਾ ਲਗਾ ਲੈਂਦੇ ਹਨ ਤੇ ਆਪਣੇ ਹਉਲੇ ਜਿਹੇ ਵੱਟਿਆਂ ਨਾਲ ਧਰਤੀ, ਪਾਣੀ ਤੇ ਪਰਬਤ ਦਾ ਭਾਰ ਤੋਲਣਾ ਸ਼ੁਰੂ ਕਰ ਦਿੰਦੇ ਹਨ ਤੇ ਇਹ ਉਮੀਦ ਲਗਾਈ ਬੈਠੇ ਹਨ ਕਿ ਅਸੀਂ ਇਹ ਭਾਰ ਤੋਲ ਲੈਣਾ ਹੈ। ਜੋ ਗੱਲ ਨਾਮੁਮਕਿਨ ਹੈ ਭਾਵ ਜਿਸ ਗੱਲ ਨੂੰ ਗੁਰੂ ਨਾਮੁਮਕਿਨ ਕਹਿ ਰਿਹਾ ਹੈ ਉਹ ਗੱਲ ਫਿਰ ਸਾਰੇ ਸੰਸਾਰ ਲਈ ਨਾਮੁਮਕਿਨ ਹੀ ਹੈ। ਆਓ ਨਾਮੁਮਕਿਨ ਨੂੰ ਮੁਮਕਿਨ ਬਣਾਉਣ ਦੀ ਕੋਸ਼ਿਸ਼ ਨਾ ਕਰੀਏ, ਆਪਣੀ ਝੂਠੀ ਜਿੱਦ ਤੇ ਨਾ ਅੜੇ ਰਹੀਏ ਤੇ ਗੁਰੂ ਦੀ ਗੱਲ ਨੂੰ ਮੰਨ ਲਈਏ। ਗੁਰੂ ਦੀ ਗੱਲ ਨੂੰ ਮੰਨਣ ਵਿੱਚ ਹੀ ਭਲਾਈ ਹੈ।

ਅਸੀਂ ਪਿੱਛੇ ਦੋ ਸਲੋਕਾਂ ਤੇ ਨਾਲ ਜੁੜਦੀ ਪਉੜੀ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਪ੍ਰਭਾਤ ਵੇਲੇ ਦਾ ਸਲਾਹੁਣਾ ਕੀ ਹੈ ਭਾਵ ਪ੍ਰਮਾਤਮਾ ਦੇ ਬਣਾਏ ਹੋਏ ਅੱਠੇ ਪਹਿਰ ਇੱਕੋ ਜਿਹੇ ਹੀ ਹਨ ਤੇ ਉਸਦੀ ਸਿਫ਼ਤ ਸਾਲਾਹ ਕਰਨ ਲਈ ਮਨ ਦੇ ਵਿੱਚ ਪ੍ਰਭਾਤ ਦੀ ਲੋੜ ਹੈ, ਮਨ ਦੇ ਵਿੱਚ ਗੁਰੂ ਦੇ ਗਿਆਨ ਦੇ ਪ੍ਰਕਾਸ਼ ਦੀ ਲੋੜ ਹੈ। ਹੁਣ ਅਸੀਂ ਉਸ ਤੋਂ ਬਾਅਦ ਦੇ ਸਲੋਕ ਤੇ ਪਉੜੀ ਨੂੰ ਵਿਚਾਰਨਾ ਹੈ ਤਾਂ ਜੋ ਅਸੀਂ ਕਿਸੇ ਸਮੇਂ ਨੂੰ ਛੋਟਾ-ਵੱਡਾ ਨਾ ਸਮਝੀਏ ਤੇ ਪ੍ਰਮਾਤਮਾ ਦੀ ਭਗਤੀ ਦੇ ਅਸਲ ਮਨੋਰਥ ਨੂੰ ਸਮਝੀਏ ਜੋ ਕਿ ਕੇਵਲ ਸੱਚ ਤੇ ਚੱਲਣ ਦਾ ਹੈ ਤੇ ਆਪਣੇ ਜੀਵਨ ਵਿੱਚ ਉਸ ‘‘ਸਚੁ’’ ਰੂਪ ਪ੍ਰਮਾਤਮਾ ਨੂੰ ਪਾਉਣ ਦਾ ਹੈ।

ਸਲੋਕ ਮਃ ੨॥

“ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥ ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥ ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥”

(ਅੰਗ ੧੪੬)

27/3028

ਸਲੋਕ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ।

“ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥”

ਇਨ੍ਹਾਂ ਪੰਗਤੀਆਂ ਰਾਹੀਂ ਸਾਡਾ ਭਰਮ ਹੀ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਕਿਸੇ ਸਮੇਂ ਦੇ ਨਾਲ ਜੋੜਕੇ ਨਹੀਂ ਪਾਇਆ ਜਾ ਸਕਦਾ ਬਲਕਿ ਗੁਣੀ ਬਣਕੇ ਪਾਇਆ ਜਾ ਸਕਦਾ ਹੈ। **“ਅਠੀ ਪਹਰੀ ਅਠ ਖੰਡ”** ਤੋਂ ਭਾਵ ਹੈ ਕਿ ਅੱਠ

ਪਹਿਰ ਸਮੇਂ ਦੀ ਵੰਡ ਕਰਨ ਦਾ ਤਰੀਕਾ ਹੈ। ਪੂਰੇ ਦਿਨ ਰਾਤ ਨੂੰ ਅਸੀਂ ਅੱਠ ਪਹਿਰਾਂ ਵਿੱਚ ਵੰਡਿਆ ਹੋਇਆ ਹੈ ਭਾਵ ਸਮੇਂ ਦੀ ਪਹਿਚਾਣ ਕਰਨ ਲਈ ਅਸੀਂ ਆਪਣੀ ਇੱਕ ਸਹੂਲਤ ਦਾ ਸਾਧਨ ਬਣਾਇਆ ਹੋਇਆ ਹੈ ਜਿਸ ਦੁਆਰਾ ਕਿਸੇ ਸਮੇਂ ਦੀ ਪਹਿਚਾਣ ਕਰਨ ਵਿੱਚ ਮਦਦ ਮਿਲਦੀ ਹੈ। ਖੰਡ ਤੋਂ ਭਾਵ ‘‘ਹਿੱਸੇ’’ ਦੇ ਨਾਲ ਹੈ। ਅੱਠ ਪਹਿਰ ਦਿਨ ਤੇ ਰਾਤ ਦੇ ਅੱਠ ਖੰਡ ਹਨ, ਅੱਠ ਹਿੱਸੇ ਹਨ ਤੇ ਹਰ ਹਿੱਸਾ ਇੱਕੋ ਜਿਹਾ ਹੀ ਹੈ। ਕਿਸੇ ਹਿੱਸੇ ਦੀ ਅਹਿਮੀਅਤ ਕੋਈ ਘੱਟ-ਵੱਧ ਨਹੀਂ ਹੈ ਬਲਕਿ ਇਹ ਕੇਵਲ ਸਮੇਂ ਦੀ ਵੰਡ ਕਰਨ ਦਾ ਤਰੀਕਾ ਹੈ ਜੋ ਕਿ ਸਾਡਾ ਆਪਣਾ ਹੀ ਬਣਾਇਆ ਹੋਇਆ ਹੈ, ਸਮੇਂ ਦੀ ਪਹਿਚਾਣ ਕਰਨ ਲਈ ਬਣਾਇਆ ਹੋਇਆ ਹੈ। ਕਿਸ ਪਹਿਰ ਨੂੰ ਕੋਈ ਪਹਿਲਾ ਪਹਿਰ ਕਹਿੰਦਾ ਹੈ ਜਾਂ ਮੰਨਦਾ ਹੈ ਇਸ ਦੇ ਲਈ ਪ੍ਰਮਾਤਮਾ ਵੱਲੋਂ ਬਣਾਇਆ ਹੋਇਆ ਕੋਈ ਵੱਖਰਾ ਅਸੂਲ ਨਹੀਂ ਹੈ। ਧਰਤੀ ਦੇ ਵੱਖਰੇ-ਵੱਖਰੇ ਹਿੱਸਿਆਂ ਤੇ ਵੱਖਰੇ-ਵੱਖਰੇ ਪਹਿਰ ਬਣਦੇ ਰਹਿੰਦੇ ਹਨ ਤੇ ਸਭ ਨੇ ਆਪਣੀ ਆਪਣੀ ਸਹੂਲਤ ਅਨੁਸਾਰ ਉਸ ਦੀ ਵੰਡ ਕੀਤੀ ਹੋਈ ਹੈ। ਸਮਾਂ ਧਰਤੀ ਦੇ ਚੱਕਰ ਨਾਲ ਜੁੜਿਆ ਹੋਇਆ ਹੈ ਜੋ ਕਿ ਕਦੇ ਰੁਕਦਾ ਨਹੀਂ। ਅਸੀਂ ਪ੍ਰਮਾਤਮਾ ਨੂੰ ਕਿਸੇ ਸਮੇਂ ਦੇ ਨਾਲ ਜੁੜਕੇ ਪਾਉਣਾ ਚਾਹੁੰਦੇ ਹਾਂ ਜੋ ਕਿ ਖੁਦ ਆਉਣ ਜਾਣ ਵਿੱਚ ਹੈ ਭਾਵ ਥਿਰ ਨਹੀਂ ਹੈ ਤੇ ਨਾ ਹੀ ਪ੍ਰਮਾਤਮਾ ਕਿਸੇ ਖਾਸ ਵੇਲੇ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਹਰ ਵੇਲੇ, ਹਰ ਜਗ੍ਹਾ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਨੂੰ ਜੇਕਰ ਅਸੀਂ ਪਾਉਣਾ ਚਾਹੁੰਦੇ ਹਾਂ ਉਹ ਕੇਵਲ ਸਾਨੂੰ ਸਾਡੇ ਅੰਦਰੋਂ ਮਿਲ ਸਕਦਾ ਹੈ। ‘‘ਨਾਵਾ ਖੰਡ’’ ਤੋਂ ਭਾਵ ਹੈ ਪ੍ਰਮਾਤਮਾ ਦਾ ਖੰਡ। ਨਾਮ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦਾ ਖੰਡ ਸਾਡਾ ਸਰੀਰ ਹੈ ਜਿੱਥੇ ਉਹ ਸਾਡੇ ਮਨ ਦੇ ਰਾਹੀਂ ਸਦਾ ਹੀ ਬਿਰਾਜਮਾਨ ਹੈ। ਸਾਡੇ ਸਰੀਰ ਵਿੱਚ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਇਸਨੂੰ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

27/3029

“ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥”

ਪ੍ਰਮਾਤਮਾ ਸਾਡੇ ਸਭ ਦੇ ਅੰਦਰ ‘‘ਨਾਮੁ’’ ਦੇ ਰੂਪ ਵਿੱਚ ਹੈ ਤੇ ਇੱਕੋ ਇੱਕ ਸਾਡੇ ਅੰਦਰ ਉਹ ਆਪ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। **(ਤਿਸੁ ਵਿਚਿ ਨਉ ਨਿਧਿ ਨਾਮੁ ਏਕੁ)** ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਭਾਲਣਾ ਹੈ ਕਿਉਂਕਿ ਪ੍ਰਮਾਤਮਾ ਦਾ ਖੰਡ ਸਾਡਾ ਸਰੀਰ ਹੀ ਹੈ। ਸਾਡਾ ਮਨ ਹੀ ਉਸਦਾ ਸਚੁਖੰਡ ਹੈ, ਉਸਦਾ ਮਹਿਲ ਹੈ ਜਿੱਥੋਂ ਅਸੀਂ ਉਸ ਨੂੰ ਭਾਲਣਾ ਹੈ। ਕਿਸੇ ਸਮੇਂ ਨਾਲ ਜੁੜਨ ਦੀ ਬਜਾਇ ਸਾਨੂੰ ਪ੍ਰਮਾਤਮਾ ਨੂੰ ਪਾਉਣ ਲਈ ਗੁਰੂ ਦੇ ਗੁਣਾਂ ਨਾਲ ਜੁੜਨਾ ਚਾਹੀਦਾ ਹੈ। ਪ੍ਰਮਾਤਮਾ ਨੂੰ ਗੁਰੂ ਦੇ ਗਹਿਰੇ ਗੁਣਾਂ ਨਾਲ ਜੁੜਕੇ ਹੀ ਆਪਣੇ ਅੰਦਰੋਂ ਭਾਲਿਆ ਜਾ ਸਕਦਾ ਹੈ। ਗੁਰੂ ਦੇ ਗੁਣਾਂ ਦੀ ਗਹਿਰਾਈ ਨੂੰ ਸਮਝਣ ਦੀ ਲੋੜ ਹੈ ਭਾਵ ਗੁਰਮਤਿ ਦੇ ਬੋਲਾਂ ਨੂੰ ਗੁਰੂ ਦੀ ਮਤਿ ਨੂੰ ਗਹਿਰਾਈ ਨਾਲ ਵਿਚਾਰਨ ਦੀ ਲੋੜ ਹੈ ਤੇ ਉਨ੍ਹਾਂ ਨੂੰ ਸਮਝ ਕੇ ਉਨ੍ਹਾਂ ਤੇ ਚੱਲਣ ਦੀ ਲੋੜ ਹੈ ਜਿਸ ਦੁਆਰਾ ਆਪਣੇ ਅੰਦਰੋਂ ਹੀ ਉਸ ਪ੍ਰਮਾਤਮਾ ਨੂੰ ਭਾਲਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਰੀ ਗੁਰਬਾਣੀ ਰਾਹੀਂ ਇੱਕੋ ਇੱਕ ਹੀ ਦੱਸਿਆ ਹੈ ਜੋ ਕਿ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਤੇ ਹਰ ਕੋਈ ਭਰਮ ਵਿੱਚ ਹੀ ਭਗਤੀ ਦੇ ਉਹੋ ਜਿਹੇ ਤਰੀਕਿਆਂ ਨਾਲ ਜੁੜਿਆ ਹੋਇਆ ਹੈ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ। ਕਿਸੇ ਸਮੇ ਨੂੰ ਉੱਚਾ ਮੰਨ ਕੇ ਉਸ ਨਾਲ ਜੁੜਨਾ, ਕਿਸੇ ਦੁਨਿਆਵੀ ਸਮੇਂ ਦੀ ਸੰਭਾਲ ਕਰਨੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ ਬਲਕਿ ਕੇਵਲ ਸਾਡਾ ਭਰਮ ਹੈ। **(ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥ ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥)**

ਪ੍ਰਮਾਤਮਾ ਦੀ ਸਿਫ਼ਤ ਸਾਲਾਹ ਗੁਣੀ ਬਣਕੇ ਹੀ ਹੁੰਦੀ ਹੈ, ਸਾਡੇ ਕਰਮਾਂ ਦੁਆਰਾ ਹੀ ਹੁੰਦੀ ਹੈ। ਜੋ ਮਨੁੱਖ ਚੰਗੇ ਕਰਮ ਕਰਦਾ ਹੈ ਉਹੀ ਮਨੁੱਖ ਕਰਮਵੰਤ ਹੈ ਤੇ ਚੰਗੇ ਕਰਮ ਗੁਣੀ ਬਣਕੇ ਹੀ ਹੁੰਦੇ ਹਨ। ਗੁਣ ਸਾਡੇ ਉਹੀ ਹਨ ਜੋ ਸਾਨੂੰ ਗੁਰੂ ਸਿਖਾਉਂਦਾ ਹੈ। ਗੁਰੂ ਦੀ ਸਿਖਾਈ ਹੋਈ ਹਰ ਗੱਲ ਵਿੱਚ ਗੁਣ ਹੈ ਤੇ ਗੁਰੂ ਕੋਲੋਂ ਗੁਣ ਲੈ ਕੇ ਕਰਮ ਕਰਨ ਵਾਲਾ ਮਨੁੱਖ ਆਪਣੇ ਚੰਗੇ ਕਰਮਾਂ ਦੁਆਰਾ ਹੀ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਦਾ ਹੈ ਜੋ ਕਿ ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। **(ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥)**

ਜਿਹੜੇ ਮਨੁੱਖ ਗੁਣੀ ਬਣਕੇ ਵਿਚਰਦੇ ਹਨ ਉਨ੍ਹਾਂ ਦੇ ਅੰਦਰ ਹੀ ਸਬਾਹ ਭਾਵ ਸਵੇਰ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਸ ਦੇ ਲਈ ਕੋਈ ਖਾਸ ਸਮਾਂ ਤੈਅ ਨਹੀਂ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

27/3030

“ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥”

ਅਸੀਂ ਉੱਪਰ ਵਾਲੇ ਸ਼ਬਦ ਨੂੰ ਸਮਝਣ ਤੋਂ ਪਹਿਲਾਂ ਸਵੇਰ ਦੇ ਨਾਲ ਜੁੜੇ ਹੋਏ ਭਾਵ ਸਵੇਰ ਦੇ ਪਹਿਰਾਂ ਦੇ ਨਾਲ ਜੁੜੇ ਹੋਏ ਦੋ ਸਲੋਕ ਸਮਝੇ ਹਨ ਤਾਂ ਜੋ ਅਸੀਂ ਉੱਪਰ ਵਾਲੇ ਸਲੋਕ ਨੂੰ ਸਮਝ ਸਕੀਏ। ਉੱਪਰ ਵਾਲਾ ਸਲੋਕ ਉਨ੍ਹਾਂ ਸਲੋਕਾਂ ਤੋਂ ਬਾਅਦ ਵਾਲਾ ਸਲੋਕ ਹੈ ਜਿੰਨ੍ਹਾਂ ਰਾਹੀਂ ਸਾਨੂੰ ਸਵੇਰ ਵੇਲੇ ਦੀ ਸਿਫ਼ਤ ਸਾਲਾਹ ਹੀ ਸਮਝਾਈ ਹੋਈ ਹੈ। ਸਲੋਕਾਂ ਨੂੰ ਆਪਸ ਵਿੱਚ ਜੋੜ ਕੇ ਲਿਖਣ ਦਾ ਮਕਸਦ ਇਹੀ ਹੈ ਕਿ ਅਸੀਂ ਗੱਲ ਦੀ ਗਹਿਰਾਈ ਤੱਕ ਜਾ ਸਕੀਏ ਤੇ ਇੱਕ ਸਲੋਕ ਨੂੰ ਦੂਸਰੇ ਸਲੋਕ ਦੇ ਨਾਲ ਜੋੜ ਕੇ ਸਮਝੀਏ। ਪਿਛਲੇ ਸਲੋਕ ਰਾਹੀਂ ਅਸੀਂ ਸਵੇਰ ਦੇ ਚਾਰ ਪਹਿਰ ਸਮਝੇ ਹਨ ਤੇ ਚੌਥੇ ਪਹਿਰ ਨੂੰ ਸ਼ਾਮ ਦਾ ਪਹਿਰ ਭਾਵ ਰਾਤ ਦੇ ਨਾਲ ਜੁੜਿਆ ਹੋਇਆ ਪਹਿਰ ਕਹਿ ਕੇ ਸਮਝਾਇਆ ਹੈ ਜੋ ਵੇਲਾ ਸਾਡੇ ਲਈ ਸੌਣ ਦਾ ਵੇਲਾ ਹੁੰਦਾ ਹੈ।

{ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥}

(ਅੰਗ ੧੪੬)

ਜਿਸ ਸਲੋਕ ਨੂੰ ਅਸੀਂ ਹੁਣ ਸਮਝ ਰਹੇ ਹਾਂ ਉੱਥੇ ਚੌਥੇ ਪਹਿਰ ਨੂੰ ਹੋਰ ਤਰੀਕੇ ਨਾਲ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਆਮ ਕਰਕੇ ਪ੍ਰਭਾਤ ਵੇਲੇ ਦਾ ਸਮਾਂ ਸਮਝਿਆ ਜਾਂਦਾ ਹੈ। ਗੁਰੂ ਸਾਹਿਬ ਨਾਸਮਝੀ ਵਿੱਚ, ਭਰਮ ਵਿੱਚ ਨਹੀਂ ਹਨ। ਭਰਮ ਸਾਡੇ ਸਮਝਣ ਵਿੱਚ ਹੀ ਹੈ। ਪ੍ਰਮਾਤਮਾ ਦੇ ਬਣਾਏ ਹੋਏ ਅੱਠੇ ਪਹਿਰ ਇੱਕੋ ਜਿਹੇ ਹੀ ਹਨ ਜੋ ਕਿ ਕੇਵਲ ਸਮੇਂ ਦੀ ਵੰਡ ਲਈ ਹਨ ਜਿਵੇਂ ਕਿ ਅਸੀਂ ਸਲੋਕ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਜੋ ਪ੍ਰਮਾਤਮਾ ਦਾ ਸੁਰਤਾ ਹੈ ਭਾਵ ਜੋ ਗੁਰਮਤਿ ਦਾ ਸੁਰਤਾ ਹੈ ਉਹ ਹਰ ਪਹਿਰ ਵਿੱਚ ਹੀ ਸੁਰਤਾ ਹੈ, ਜਾਗਦਾ ਹੋਇਆ ਵੀ ਸੁਰਤਾ ਹੈ ਤੇ ਸੁੱਤਾ ਹੋਇਆ ਵੀ ਸੁਰਤਾ ਹੈ ਭਾਵ ਹਰ ਵੇਲੇ ਜਾਗਦਾ ਹੈ, ਗੁਰਮਤਿ ਵਿੱਚ ਜਾਗਦਾ ਹੈ, ਹਰ ਪਹਿਰ ਵਿੱਚ ਇੱਕੋ ਜਿਹਾ ਜਾਗਦਾ ਹੈ, ਸੱਚ ਵਿੱਚ ਜਾਗਦਾ ਹੈ ਜਿਵੇਂ ਕਿ ਇਸ ਸਲੋਕ ਵਿੱਚ ਅੱਗੇ ਚੱਲ ਕੇ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਸੁਰਤੇ ਉਹ ਹਨ ਜਿਨ੍ਹਾਂ ਦੇ ਅੰਦਰ ਉਸਦੀ ਗੁਰਮਤਿ ਤੇ ਚੱਲਣ ਤੇ ਚਾਉ ਉਪਜਦਾ ਹੈ, ਇਹ ਚਾਉ ਮਨ ਦੇ ਅੰਦਰ ਉਹ ਆਪ ਹੀ ਉਪਜਾਉਂਦਾ ਹੈ। ਪ੍ਰਮਾਤਮਾ ਦੇ ਨਾਲ ਪਿਆਰ ਉਸਦੀ ਗੁਰਮਤਿ ਦੇ ਨਾਲ ਪਿਆਰ ਹੈ, ਉਸਦੀ ਗੁਰਮਤਿ ਦੇ ਨਾਲ ਦੋਸਤੀ ਹੈ। **“ਦਰੀਆਵਾ ਸਿਉ ਦੋਸਤੀ”** ਤੋਂ ਭਾਵ ਹੈ ਪ੍ਰਮਾਤਮਾ ਦੇ ਨਾਲ ਦੋਸਤੀ, ਪ੍ਰਮਾਤਮਾ ਦੇ ਨਾਲ ਪਿਆਰ, ਪ੍ਰਮਾਤਮਾ ਦੇ ਨਾਲ ਸਾਡੀ ਖਿੱਚ। ਪ੍ਰਮਾਤਮਾ ਦੇ ਨਾਮ ਦੇ ਨਾਲ, ਗੁਰਮਤਿ ਦੇ ਨਾਲ ਦੋਸਤੀ ਪ੍ਰਮਾਤਮਾ ਦੇ ਨਾਲ

27/3031

ਦੋਸਤੀ ਹੈ। ਜਿਸਦੇ ਮਨ ਦੇ ਵਿੱਚ ਨਾਮ ਦੀ ਸੋਝੀ ਪੈਂਦੀ ਹੈ ਉਸਦੇ ਮੁਖਿ ਤੇ ਹੀ ਨਾਮ ਹੁੰਦਾ ਹੈ ਭਾਵ ਉਹੀ ਨਾਮ ਤੇ ਚੱਲਣ ਵਾਲਾ ਹੁੰਦਾ ਹੈ, ਗੁਰਮਤਿ ਦੇ ਸੱਚੇ ਮਾਰਗ ਤੇ ਚੱਲਣ ਵਾਲਾ ਹੁੰਦਾ ਹੈ। **(ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥)**

ਮਹਲਾ ੪॥

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ॥}

(ਅੰਗ ੧੪੦)

ਨਾਮ ਜਪਣ ਵਾਲਾ ਗੁਰੂ ਆਪ ਹੀ ਹੈ ਤੇ ਗੁਰੂ ਦੀ ਦੋਸਤੀ ਹੀ ਪ੍ਰਮਾਤਮਾ ਦੇ ਨਾਲ ਹੈ ਜੋ ਹਰ ਵੇਲੇ ਉਸਦੀ ਗੁਰਮਤਿ ਦੇ ਨਾਲ ਜੁੜਿਆ ਹੋਇਆ ਹੈ, ਨਾਮ ਦੇ ਨਾਲ ਜੁੜਿਆ ਹੋਇਆ ਹੈ ਤੇ ਅੱਠੇ ਪਹਿਰ ਨਾਮ ਦੁਆਰਾ ਵਿਚਰਦਾ ਹੈ। ਅੰਮ੍ਰਿਤ ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ, ਪ੍ਰਮਾਤਮਾ ਦੇ ਕੋਲੋਂ ਹੀ ਹੁੰਦੀ ਹੈ ਤੇ ਗੁਰੂ ਨੂੰ ਇਹ ਅੰਮ੍ਰਿਤ ਦੀ ਪ੍ਰਾਪਤੀ ਹੋਈ ਹੋਈ ਹੈ। ਨਾਮ ਦੀ ਪ੍ਰਾਪਤੀ, ਸੱਚੀ ਗੁਰਮਤਿ ਦੀ ਪ੍ਰਾਪਤੀ ਜਾਂ ਅੰਮ੍ਰਿਤ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ ਜੋ ਕਿ ਵੱਡੇ ਭਾਗਾਂ ਨਾਲ ਹੀ ਹੁੰਦੀ ਹੈ, ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੁੰਦੀ ਹੈ। ਜਦੋਂ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਇਹ ਅੰਮ੍ਰਿਤ ਪੀਂਦਾ ਹੈ ਇਹ ਅੰਮ੍ਰਿਤ

ਮਨੁੱਖ ਮਨ ਦੇ ਵਿਚਾਰਾਂ ਰਾਹੀਂ ਪੀਂਦਾ ਹੈ, ਮਨ ਦੀ ਸੋਝੀ ਦੇ ਰਾਹੀਂ ਪੀਂਦਾ ਹੈ। ਇਹ ਸੱਚੀ ਸੋਝੀ ਰੂਪ ਅੰਮ੍ਰਿਤ ਮਨੁੱਖ ਦੇ ਵਿਚਾਰਾਂ ਨੂੰ ਸੋਨੇ ਦੀ ਤਰ੍ਹਾਂ ਖਰਾ ਬਣਾ ਦਿੰਦਾ ਹੈ, ਉਸ ਮਨੁੱਖ ਨੂੰ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਨਾਲ ਰੰਗ ਦਿੰਦਾ ਹੈ। ਇਸ ਅਵੱਸਥਾ ਦੁਆਰਾ ਮਨੁੱਖ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ, ਮਾਇਆ ਮੋਹ ਤੋਂ, ਹਉਮੈ ਤੋਂ ਰਹਿਤ ਹੋ ਜਾਂਦਾ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ ਤੇ ਮਨ ਦੀ ਇਹ ਅਵੱਸਥਾ ਹੀ ਉਸਦਾ ਨਾਮ ਜਪਣ ਵਾਲੀ ਅਵੱਸਥਾ ਹੈ, ਅੱਠੇ ਪਹਿਰ ਉਸਦਾ ਨਾਮ ਜਪਣ ਵਾਲੀ ਅਵੱਸਥਾ ਹੈ, ਇਹ ਗੁਰੂ ਦੀ ਆਪਣੀ ਅਵੱਸਥਾ ਹੈ। **(ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥ ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥)**

ਇੱਕ ਵਾਰੀ ਮਨੁੱਖ ਨੂੰ ਜਦੋਂ ਸੋਨੇ ਦੀ ਤਰ੍ਹਾਂ ਖਰਾ ਬਣਾਉਂਦਾ ਹੈ ਭਾਵ ਸੋਨੇ ਦੀ ਤਰ੍ਹਾਂ ਖਰ੍ਹਾ ਬਣਨ ਲਈ ਮਨੁੱਖ ਨੂੰ ਤਪਣਾ ਪੈਂਦਾ ਹੈ, ਔਖਾ ਹੋਣਾ ਪੈਂਦਾ ਹੈ, ਮਾਇਆ ਮੋਹ ਛੱਡਣ ਲਈ ਔਖਾ ਹੋਣਾ ਪੈਂਦਾ ਹੈ, ਗੁਰਮਤਿ ਦਾ ਵਿਚਾਰੀ ਬਣਨ ਲਈ ਔਖਾ ਹੋਣਾ ਪੈਂਦਾ ਹੈ ਕਿਉਂਕਿ ਸੱਚ ਦਾ ਮਾਰਗ ਔਖਾ ਹੈ ਪਰ ਇਹ ਔਖਾ ਪਨ ਸਹੇ ਬਿਨ੍ਹਾਂ ਇਸ ਜੀਵਨ ਮਰਨ ਦੇ ਗੇੜ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ ਜਿਸ ਲਈ ਸਾਨੂੰ ਵਾਰ-ਵਾਰ ਜਨਮ ਮਰਨ ਦੇ ਦੁੱਖ ਸਹਿਣੇ ਪੈਂਦੇ ਹਨ। ਉਸਦਾ ਨਾਮ ਜਪਣਾ ਔਖਾ ਹੈ ਤੇ ਉਸਦੀ ਕ੍ਰਿਪਾ ਤੋਂ ਬਿਨ੍ਹਾਂ ਜਪਿਆ ਵੀ ਨਹੀਂ ਜਾ ਸਕਦਾ ਤੇ ਜਨਮ ਮਰਨ ਤੋਂ ਛੁਟਕਾਰਾ

ਵੀ ਨਹੀਂ ਹੋ ਸਕਦਾ। **(ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥)** ਸਲੋਕ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਨ੍ਹਾਂ ਪੰਗਤੀਆਂ ਰਾਹੀਂ ਗੁਰੂ ਦੇ ਮਨ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜੋ ਮਨ ਦੇ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੈ, ਅੱਠੇ ਪਹਿਰ ਉਸਦੇ ਨਾਲ ਇੱਕ ਹੈ।

“ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥”

ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਿਸੇ ਇੱਕ ਪਹਿਰ ਨਾਲ ਜੁੜਨ ਦਾ ਮਾਰਗ ਨਹੀਂ ਹੈ। ਜੇਕਰ ਅਸੀਂ ਕਿਸੇ ਇੱਕ ਪਹਿਰ ਨੂੰ ਆਪਣੀ ਭਗਤੀ ਕਰਨ ਦਾ ਸਮਾਂ ਮੰਨ ਲੈਂਦੇ ਹਾਂ ਤਾਂ ਫਿਰ ਬਾਕੀ ਦੇ ਸੱਤ ਪਹਿਰਾਂ ਦੀ ਸੰਭਾਲ ਕਿਸ ਨੇ ਕਰਨੀ ਹੈ। ਅੱਠੇ ਪਹਿਰ ਸਤੁ ਭਲਾ ਹੈ ਭਾਵ ਭਗਤੀ ਦਾ ਮਾਰਗ ਅੱਠੇ ਪਹਿਰ ਸੱਚ ਤੇ ਚੱਲਣ ਦਾ ਮਾਰਗ ਹੈ। ਇਸ ਗੱਲ ਦੀ ਸਮਝ ਉਸ ਨੂੰ ਹੀ ਪੈਂਦੀ ਹੈ ਜਿਸਨੂੰ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪੜ੍ਹਾਉਂਦਾ ਹੈ। ਗੁਰੂ ਨੂੰ ਪੜ੍ਹਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਗੁਰੂ ਹਰ ਵੇਲੇ ਮਨ ਦੇ ਵਿਚਾਰਾਂ ਦੇ ਰਾਹੀਂ ਪ੍ਰਮਾਤਮਾ ਦੇ ਨਾਲ ਹੀ ਬੈਠਾ ਹੁੰਦਾ ਹੈ ਭਾਵ ਉਸਦੇ ਨਾਲ ਹੀ ਜੁੜਿਆ ਹੁੰਦਾ ਹੈ ਜੋ ਆਪ ਹੀ ਮਨ ਦੇ ਵਿੱਚ ਗੁਰਮਤਿ ਦੀ ਸਿੱਖਿਆ ਪੜ੍ਹਾਉਂਦਾ ਹੈ। ਜਿੱਥੇ ਪ੍ਰਮਾਤਮਾ ਆਪ ਪੜ੍ਹਾਉਂਦਾ ਹੈ ਉੱਥੇ ਉਹ ਮਨੁੱਖ ਨੂੰ ਪਾਪ ਪੁੰਨ ਦੀ ਵਿਚਾਰ ਤੋਂ ਉੱਤੇ ਚੁੱਕ ਦਿੰਦਾ ਹੈ ਕਿਉਂਕਿ ਪਾਪ ਪੁੰਨ ਦੀ ਵਿਚਾਰ ਅਸੀਂ ਆਪਣੀ ਮਤਿ ਦੁਆਰਾ ਬਣਾਈ ਹੋਈ ਹੈ ਤੇ ਅਸੀਂ ਆਪਣੀ ਭਗਤੀ ਦੇ ਤਰੀਕੇ ਪਾਪ ਪੁੰਨ ਦੇ ਨਾਲ ਜੋੜੇ ਹੋਏ ਹਨ, ਆਪਣੀ ਮਤਿ ਅਨੁਸਾਰ ਪਾਪ ਪੁੰਨ ਬਣਾਏ ਹੋਏ ਹਨ। ਅਸੀਂ ਜਿਸ ਵੇਲੇ ਨੂੰ ਅੰਮ੍ਰਿਤ ਵੇਲਾ ਕਹਿੰਦੇ ਹਾਂ ਉਸ ਵੇਲੇ ਦੂਸਰਿਆਂ ਨੂੰ ਇਕੱਠਾ ਕਰਨ ਵਿੱਚ ਵੀ ਅਸੀਂ ਪੁੰਨ ਸਮਝਦੇ ਹਾਂ, ਉਸ ਵੇਲੇ ਦੀ ਸੰਭਾਲ ਨੂੰ ਪੁੰਨ ਦੀ ਗੱਲ ਸਮਝਦੇ ਹਾਂ ਤੇ ਵੇਲੇ ਦੀ ਸੰਭਾਲ ਨਾ ਕਰਨ ਵਾਲਿਆਂ ਨੂੰ ਗੁਰਮਤਿ ਦੇ ਦੋਖੀ ਸਮਝਦੇ ਹਾਂ, ਪਾਪੀ ਸਮਝਦੇ ਹਾਂ, ਮਾੜੇ ਸਮਝਦੇ ਹਾਂ। ਇਸੇ ਤਰੀਕੇ ਅਸੀਂ ਹੋਰ ਵੀ ਆਪਣੇ ਅਨੇਕਾਂ ਕਰਮ ਪਾਪ ਪੁੰਨ ਨਾਲ ਜੋੜੇ ਹੋਏ ਹਨ ਜਿੰਨ੍ਹਾਂ ਵਿੱਚ ਗੁਰਮਤਿ ਨਹੀਂ ਹੈ। ਗੁਰਮਤਿ ਦੀ ਸੱਚੀ ਸੋਝੀ ਪੈਣ ਨਾਲ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਇਹੋ ਜਿਹੀਆਂ ਵਿਚਾਰਾਂ ਕਰਨੀਆਂ ਝੂਠ ਹਨ, ਕੂੜ ਹਨ ਭਾਵ ਸਾਡੀ ਮਨਮਤਿ ਹੈ ਜਿਸ ਦੇ ਨਾਲ ਸਾਡੀ ਸੱਚੀ ਰਾਸਿ ਘੱਟਦੀ ਹੈ ਭਾਵ ਸਾਡੇ ਅੰਦਰੋਂ ਗੁਰਮਤਿ ਦੀ ਸੱਚੀ ਰਾਸਿ ਘੱਟਦੀ ਹੈ। ਸੱਚੀ ਸੋਝੀ ਪੈਣ ਦੁਆਰਾ ਮਨੁੱਖ ਦੀ ਇਹੋ ਜਿਹੀ ਖੋਟ ਨਿਕਲ ਜਾਂਦੀ ਹੈ ਤੇ ਮਨੁੱਖ ਗੁਰਮਤਿ ਤੇ ਖਰਾ ਹੋ ਕੇ ਵਿਚਰਦਾ ਹੈ। ਜੋ ਗੱਲ ਗੁਰਮਤਿ ਤੇ ਖਰੀ ਨਹੀਂ ਉਤਰਦੀ ਉਹ ਗੱਲ ਖੋਟੀ ਹੈ ਤੇ ਖੋਟਿਆਂ ਲਈ ਪ੍ਰਮਾਤਮਾ ਕੋਲ ਕੋਈ ਜਗ੍ਹਾ ਨਹੀਂ ਹੈ। ਅਸੀਂ ਮੁੱਖੋਂ ਬੋਲ ਬੋਲ

ਕੇ ਪ੍ਰਮਾਤਮਾ ਦਾ ਜਪ ਕਰਦੇ ਹਾਂ ਜਾਂ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣ ਨੂੰ ਹੀ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ ਪਰ ਕੇਵਲ ਬੋਲੀ ਜਾਣ ਨਾਲ ਅਸੀਂ ਗੁਰਮਤਿ ਤੇ ਖਰੇ ਨਹੀਂ ਉਤਰ ਸਕਦੇ ਭਾਵ ਇਸ ਵਿੱਚ ਕੇਵਲ ਸਾਡੀ ਮਨਮਤਿ ਹੈ। ਮਨਮਤਿ ਵਿੱਚ "ਦੁਖੁ" ਹੈ ਤੇ ਗੁਰਮਤਿ ਵਿੱਚ "ਸੁਖੁ" ਹੈ। ਪ੍ਰਮਾਤਮਾ ਸਾਨੂੰ ਦੁੱਖ ਵਿੱਚ ਰੱਖਦਾ ਹੈ ਜਾਂ ਸੁੱਖ ਵਿੱਚ ਰੱਖਦਾ ਹੈ ਇਹ ਉਸਦੀ ਰਜ਼ਾ ਹੈ। "ਦੁਖੁ" ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ "ਸੁਖੁ" ਪ੍ਰਮਾਤਮਾ ਦੇ ਨਾਲ ਮੇਲ ਹੈ। ਸਾਡੇ ਅੰਦਰ "ਦੁਖੁ" ਦਾ ਕਾਰਨ ਗੁਰਮਤਿ ਦਾ ਨਾ ਵਸਣਾ ਹੀ ਹੈ। ਖਾਲੀ ਬੋਲੀ ਜਾਣ ਨਾਲ ਜਾਂ ਕਿਸੇ ਵੇਲੇ ਦੀ ਸੰਭਾਲ ਕਰਨ ਵਿੱਚ ਗੁਰਮਤਿ ਨਹੀਂ ਹੈ, ਕੇਵਲ ਸਾਡਾ ਭਰਮ ਹੈ, ਮਨਮਤਿ ਹੈ ਜਿਸ ਦੇ ਰਹਿੰਦਿਆਂ ਅਸੀਂ "ਦੁਖੁ" ਵਾਲੀ ਅਵਸਥਾ ਵਿੱਚੋਂ ਨਹੀਂ ਨਿਕਲ ਸਕਦੇ ਤੇ "ਸੁਖੁ" ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦੇ। ਸਾਡੇ ਲਈ ਉੱਦਮ ਇਹੀ ਹੈ ਕਿ ਅਸੀਂ ਭਗਤੀ ਦੇ ਦਿਖਾਵਿਆਂ ਵਿੱਚੋਂ ਨਿਕਲੀਏ, ਕਥਨੀ ਵਿੱਚੋਂ ਨਿਕਲੀਏ ਤੇ ਗੁਰਮਤਿ ਅਨੁਸਾਰ ਕਰਨੀ ਨਾਲ ਜੁੜੀਏ ਜੋ "ਸੁਖੁ" ਦੀ ਪ੍ਰਾਪਤੀ ਕਰਨ ਦਾ ਸਾਧਨ ਹੈ। **(ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥)**

ਜੋ ਭਗਤੀ ਦਾ ਤਰੀਕਾ ਅਸੀਂ ਉਪਰਲੇ ਤਿੰਨ ਸਲੋਕਾਂ ਦੇ ਰਾਹੀਂ ਸਮਝਿਆ ਹੈ ਉਹੀ ਗੱਲ ਸਾਨੂੰ ਚੌਥੇ ਸਲੋਕ ਰਾਹੀਂ ਸਮਝਾਈ ਹੋਈ ਹੈ। ਸਮਾਂ ਤਾਂ ਕੇਵਲ ਸੰਸਾਰਿਕ ਖੇਡ ਚਲਾਉਣ ਲਈ ਪ੍ਰਮਾਤਮਾ ਦਾ ਬਣਾਇਆ ਹੋਇਆ ਇੱਕ ਸਾਧਨ ਹੈ ਜਦਕਿ ਉਸਦੀ ਭਗਤੀ ਕਰਨ ਦਾ ਤਰੀਕਾ ਸਾਡੇ ਕਰਮ ਹਨ ਜਿਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਦੇ ਨੇੜੇ ਲਗ ਸਕਦੇ ਹਾਂ। ਹੇਠ ਦਿੱਤੇ ਅਗਲੇ ਸਲੋਕ ਦੁਆਰਾ ਇਸ ਗੱਲ ਨੂੰ ਬੜੇ ਹੀ ਗਹਿਰੇ ਢੰਗ ਨਾਲ ਸਮਝਾਇਆ ਹੋਇਆ ਹੈ।

ਮਃ ੨॥

"ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥"

(ਅੰਗ ੧੪੬)

ਇਸ ਪੂਰੇ ਸਲੋਕ ਦੇ ਅਰਥ ਜਪੁਜੀ ਬਾਣੀ ਵਿੱਚ ਬਰੀਕੀ ਨਾਲ ਕੀਤੇ ਹੋਏ ਹਨ ਜੋ ਕਿ ਅੱਗੇ ਚੱਲ ਕੇ ਸਮਝੇ ਜਾ ਸਕਦੇ ਹਨ। ਇਸ ਸਲੋਕ ਰਾਹੀਂ ਸਾਨੂੰ ਪੰਜਾਂ ਤੱਤਾਂ ਬਾਰੇ ਚਾਨਣਾ ਪਾਇਆ ਹੋਇਆ ਹੈ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਨੇ ਸੰਸਾਰ ਦੀ ਰਚਨਾ ਕੀਤੀ ਹੈ। ਇਹ ਸੰਸਾਰਿਕ ਰਚਨਾ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ। ਧਰਤੀ ਦੇ ਉੱਤੇ ਦਿਨ ਤੇ ਰਾਤ ਦਾ ਬਣਨਾ ਪ੍ਰਮਾਤਮਾ ਦੀ ਖੇਡ ਦਾ ਹਿੱਸਾ ਹੈ ਜਿਸ ਦੁਆਰਾ ਧਰਤੀ ਦੇ ਉੱਤੇ ਜੀਵਨ ਦੀ ਉਤਪਤੀ ਹੁੰਦੀ ਹੈ

27/3034

ਤੇ ਜੀਵਨ ਦੀ ਸੰਭਾਲ ਹੁੰਦੀ ਹੈ। ਧਰਤੀ ਹਰ ਵੇਲੇ ਘੁੰਮ ਰਹੀ ਹੈ ਜਿਸ ਦੁਆਰਾ ਧਰਤੀ ਟਿਕੀ ਹੋਈ ਹੈ। ਧਰਤੀ ਹਰ ਵੇਲੇ ਦੋ ਤਰੀਕਿਆਂ ਨਾਲ ਘੁੰਮ ਰਹੀ ਹੈ ਭਾਵ ਹਰ ਵੇਲੇ ਦੋ ਤਰੀਕੇ ਨਾਲ ਚੱਕਰ ਲਗਾ ਰਹੀ ਹੈ। ਇੱਕ ਚੱਕਰ ਧਰਤੀ ਸੂਰਜ ਤੇ ਆਲੇ ਦੁਆਲੇ ਲਗਾਉਂਦੀ ਹੈ ਤੇ ਧਰਤੀ ਦਾ ਇੱਕ ਚੱਕਰ ਪੂਰਾ ਹੋਣ ਨੂੰ ਇੱਕ ਸਾਲ ਦਾ ਸਮਾਂ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਧਰਤੀ ਦੂਸਰਾ ਚੱਕਰ ਆਪਣੇ ਹੀ ਐਕਸਸ ਦੇ ਉੱਤੇ ਗੋਲਾਈ ਵਿੱਚ ਘੁੰਮਦੀ ਰਹਿੰਦੀ ਹੈ ਜੋ ਚੱਕਰ ਪੂਰਾ ਹੋਣ ਤੇ ਉਸਨੂੰ ਇੱਕ ਦਿਨ ਦਾ ਸਮਾਂ ਕਿਹਾ ਜਾਂਦਾ ਹੈ ਜਿਸ ਵਿੱਚ ਕੁੱਝ ਸਮਾਂ ਦਿਨ ਦਾ ਤੇ ਕੁੱਝ ਸਮਾਂ ਰਾਤ ਦਾ ਹੁੰਦਾ ਹੈ ਭਾਵ ਧਰਤੀ ਦੇ ਉੱਤੇ ਸਮਾਂ ਧਰਤੀ ਦੇ ਚੱਕਰਾਂ ਦੇ ਨਾਲ ਜੁੜਿਆ ਹੋਇਆ ਹੈ। ਦਿਨ ਤੇ ਰਾਤ ਦੀ ਪਹਿਚਾਣ ਧਰਤੀ ਦੇ ਚੱਕਰ ਦੇ ਨਾਲ ਜੁੜੀ ਹੋਈ ਹੈ। ਧਰਤੀ ਹਰ ਵੇਲੇ ਇੱਕੋ ਜਿਹਾ ਚੱਕਰ ਲਗਾ ਰਹੀ ਹੈ ਤੇ ਦੋ ਤਰੀਕਿਆਂ ਨਾਲ ਲਗਾ ਰਹੀ ਹੈ। **(ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥)** "ਦੁਇ ਦਾਈ" ਤੋਂ ਭਾਵ ਹੈ ਦੋ ਤਰੀਕਿਆਂ ਦੇ ਨਾਲ। ਇਹ ਮਾਝੇ ਦੇ ਇਲਾਕੇ ਦੀ ਭਾਵ ਅੰਮ੍ਰਿਤਸਰ, ਲਾਹੌਰ ਆਦਿ ਦੇ ਇਲਾਕੇ ਦੀ ਠੇਠ ਪੇਂਡੂ ਬੋਲੀ ਹੈ। "ਦਾਇਆ" ਤੋਂ ਭਾਵ ਹੈ ਚੱਕਰ ਭਾਵ ਦਾਇਰਾ ਜਿਸ ਵਿੱਚ ਧਰਤੀ ਹਰ ਵੇਲੇ ਘੁੰਮ ਰਹੀ ਹੈ। ਧਰਤੀ ਦੇ ਉੱਤੇ ਜੀਵਨ ਬਣਾਉਣ ਲਈ ਤੇ ਉਸਨੂੰ ਚਲਾਉਣ ਲਈ ਧਰਤੀ ਦਾ ਦੋ ਤਰੀਕੇ ਘੁੰਮਣਾ, ਉਸ ਦੇ ਉੱਤੇ ਦਿਨ ਤੇ ਰਾਤ ਦਾ ਬਣਨਾ ਸੰਸਾਰ ਨੂੰ ਚਲਾਉਣ ਲਈ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ। ਧਰਤੀ ਸਪੇਸ ਦੇ ਵਿੱਚ ਭਾਵ ਪੰਜਵੇਂ ਤੱਤ ਦੇ ਵਿੱਚ ਹੀ ਘੁੰਮਦੀ ਰਹਿੰਦੀ ਹੈ ਬਾਕੀ ਦੇ ਤੱਤ ਭਾਵ ਪਉਣੁ, ਪਾਣੀ ਤੇ ਅਗਨੀ ਧਰਤੀ ਤੇ

ਮੌਜੂਦ ਹਨ। "ਮਹਤੁ" ਤੋਂ ਭਾਵ ਹੈ ਮਹੱਤਤਾ। ਪੰਜਾਂ ਤੱਤਾਂ ਦੀ ਰਚਨਾ ਦੁਆਰਾ ਪ੍ਰਮਾਤਮਾ ਇਹ ਸੰਸਾਰਿਕ ਖੇਡ ਚਲਾ ਰਿਹਾ ਹੈ, ਉਸਦੀ ਇਸ ਖੇਡ ਵਿੱਚ ਅਸਲ ਮਹੱਤਤਾ ਕਿਸ ਦੀ ਹੈ ਤੇ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਜਪੁਜੀ ਬਾਣੀ ਵਿੱਚ ਇਸ ਸਲੋਕ ਦੀ ਵਿਆਖਿਆ ਦੁਆਰਾ ਅੱਗੇ ਚੱਲਕੇ ਸਮਝਾਇਆ ਹੋਇਆ ਹੈ। ਉਸ ਦੀ ਇਸ ਖੇਡ ਵਿੱਚ ਅਸਲ ਮਹੱਤਤਾ ਕਿਸ ਦੀ ਹੈ ਤੇ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਜਪੁਜੀ ਬਾਣੀ ਵਿੱਚ ਇਸ ਸਲੋਕ ਦੀ ਵਿਆਖਿਆ ਦੁਆਰਾ ਅਗੇ ਚਲਕੇ ਸਮਝਾਇਆ ਹੋਇਆ ਹੈ। **(ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥)**

"ਸਮਾਂ" ਕੇਵਲ ਪ੍ਰਮਾਤਮਾ ਦੀ ਇਹ ਬਣਾਈ ਹੋਈ ਖੇਡ ਨੂੰ ਚਲਾਉਣ ਲਈ ਇੱਕ ਸਾਧਨ ਹੈ ਜੋ ਕਿ ਧਰਤੀ ਦੇ ਘੁੰਮਣ ਦੁਆਰਾ ਬਦਲਦਾ ਰਹਿੰਦਾ ਹੈ। ਸਮੇਂ ਨਾਲ ਸਾਡੀ ਭਗਤੀ ਦਾ ਕੋਈ ਸੰਬੰਧ ਨਹੀਂ ਹੈ। ਸਾਡੀ ਭਗਤੀ ਦਾ ਸੰਬੰਧ, ਪ੍ਰਮਾਤਮਾ ਦਾ ਨਾਮ ਜਪਣ ਦਾ ਸੰਬੰਧ ਸਾਡੀ ਇਸ ਸੰਸਾਰ ਦੇ ਵਿੱਚ ਸਾਡੀ ਸੰਸਾਰਿਕ ਵਿਚਰਨ ਦੇ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥"

27/3035

ਪ੍ਰਮਾਤਮਾ ਦੀ ਇਸ ਸੰਸਾਰਿਕ ਖੇਡ ਦੇ ਵਿੱਚ ਸਾਡੀ ਪਰਖ ਸਾਡੇ ਕਰਮਾਂ ਦੁਆਰਾ ਹੁੰਦੀ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਦੁਆਰਾ ਹੁੰਦੀ ਹੈ। ਆਪਣੀ ਵਿਚਰਨ ਦੁਆਰਾ ਮਨੁੱਖ ਜਾਂ ਚੰਗੇ ਕਰਮ ਕਰਦਾ ਹੈ ਜਾਂ ਮਾੜੇ ਕਰਮ ਕਰਦਾ ਹੈ। ਚੰਗੇ ਕਰਮ ਕਰਨ ਵਾਲਾ ਪ੍ਰਮਾਤਮਾ ਦੇ ਨੇੜੇ ਲੱਗਦਾ ਹੈ ਤੇ ਮਾੜੇ ਕਰਮ ਕਰਨ ਵਾਲਾ ਪ੍ਰਮਾਤਮਾ ਤੋਂ ਦੂਰ ਹੋ ਜਾਂਦਾ ਹੈ ਭਾਵ ਸਾਰੀ ਖੇਡ ਸਾਡੇ ਕਰਮਾਂ ਦੀ ਹੈ ਜਿਸਦਾ ਸੰਸਾਰਿਕ ਸਮੇਂ ਦੇ ਨਾਲ ਕੋਈ ਸੰਬੰਧ ਨਹੀਂ ਹੈ, ਕਿਸੇ ਖਾਸ ਵੇਲੇ ਦੇ ਨਾਲ ਸੰਬੰਧ ਨਹੀਂ ਹੈ ਜਿਸ ਨੂੰ ਅਸੀਂ ਅੰਮ੍ਰਿਤ ਵੇਲਾ ਬਣਾਇਆ ਹੋਇਆ ਹੈ। ਸਮਾਂ ਤਾਂ ਕੇਵਲ ਧਰਤੀ ਦੇ ਗੇੜ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਦਿਨ ਰਾਤ ਬਣਦੇ ਰਹਿੰਦੇ ਹਨ ਜਿੰਨ੍ਹਾਂ ਦਾ ਸਾਡੀ ਭਗਤੀ ਨਾਲ ਕੋਈ ਸੰਬੰਧ ਨਹੀਂ ਹੈ। ਜੋ ਮਨੁੱਖ ਚੰਗੇ ਕਰਮ ਕਰਦਾ ਹੈ ਉਹ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ ਤੇ ਸੰਸਾਰ ਤੋਂ ਆਪਣੀ ਸੇਵਾ ਦੀ ਘਾਲਣਾ ਘਾਲ ਕੇ ਜਾਂਦਾ ਹੈ। ਇਹ ਅਵੱਸਥਾ ਗੁਰੂ ਦੀ ਆਪਣੀ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ, ਜਿਸਦਾ ਮੁੱਖ ਉਸ ਪ੍ਰਮਾਤਮਾ ਦੇ ਦਰਬਾਰ ਵਿੱਚ ਉੱਜਲਾ ਹੈ ਤੇ ਗੁਰੂ ਆਪਣੀ ਸਿੱਖਿਆ ਦੁਆਰਾ ਆਪਣੇ ਨਾਲ ਜੋੜ ਕੇ ਹੋਰ ਵੀ ਅਨੇਕਾਂ ਨੂੰ ਸੰਸਾਰਿਕ ਆਵਾਗਉਣ ਤੋਂ ਛੁਡਾ ਲੈਂਦਾ ਹੈ। ਗੁਰੂ ਆਪ ਮੁਕਤ ਹੈ ਤੇ ਹੋਰ ਅਨੇਕਾਂ ਗੁਰੂ ਦੇ ਨਾਲ ਭਾਵ ਗੁਰੂ ਦੀ ਸਿੱਖਿਆ ਦੇ ਨਾਲ ਜੁੜਕੇ ਮੁਕਤ ਹੋ ਜਾਂਦੇ ਹਨ। **(ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥੨॥)** ਮਸਕਤਿ ਤੋਂ ਭਾਵ ਸੇਵਾ ਹੈ। "ਸ" ਦੇ ਥੱਲੇ ਬਿੰਦੀ ਲਗਾ ਕੇ ਨਹੀਂ ਪੜ੍ਹਨਾ ਚਾਹੀਦਾ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ॥ ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ॥}

(ਅੰਗ ੪੩)

ਪਿਛਲੇ ਸਲੋਕਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੀ ਭਗਤੀ ਦਾ ਕਿਸੇ ਖਾਸ ਵੇਲੇ ਨਾਲ ਜੁੜਨ ਦਾ ਮਾਰਗ ਨਹੀਂ ਹੈ ਬਲਕਿ ਅੱਠੇ ਪਹਿਰ ਸੱਚ ਨਾਲ ਜੁੜਨ ਦਾ ਮਾਰਗ ਹੈ। ਇਹੀ ਗੱਲ ਸਲੋਕਾਂ ਦੀ ਪਉੜੀ ਦੁਆਰਾ ਸਪੱਸ਼ਟ ਕੀਤੀ ਗਈ ਹੈ ਭਾਵ ਸਲੋਕਾਂ ਦਾ ਮਕਸਦ ਸਪੱਸ਼ਟ ਕੀਤਾ ਹੋਇਆ ਹੈ।

ਪਉੜੀ॥

“ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥ ਸਚੇ ਹੀ ਪਤੀਆਇ ਸਚਿ ਵਿਗਸਿਆ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥”

(ਅੰਗ ੧੪੬)

27/3036

ਉੱਪਰ ਵਾਲੀ ਪਉੜੀ ਦੇ ਅਰਥ ਲੇਖ ਵਿੱਚ ਕਾਫੀ ਪਿੱਛੇ ਅਸੀਂ ਪਹਿਲੇ ਹੀ ਜਾਣ ਚੁੱਕੇ ਹਾਂ । ਪਉੜੀ ਦੇ ਭਾਵ ਨੂੰ ਬੜੀ ਆਸਾਨੀ ਦੇ ਨਾਲ ਸਮਝਿਆ ਜਾ ਸਕਦਾ ਹੈ। ਉਹ ਪ੍ਰਮਾਤਮਾ ਆਪ “ਸਚੁ” ਰੂਪ ਹੈ ਤੇ ਉਸਨੂੰ ਸੱਚ ਹੀ ਚੰਗਾ ਲੱਗਦਾ ਹੈ। ਪੂਰੀ ਗੁਰਬਾਣੀ ਰਾਹੀਂ ਆਪਣੇ ਗੁਰੂ ਰੂਪ ਰਾਹੀਂ ਪ੍ਰਮਾਤਮਾ ਨੇ ਸਾਨੂੰ ਸੱਚ ਹੀ ਸਮਝਾਇਆ ਹੈ, ਆਪਣੇ ਉਪਦੇਸ਼ ਰਾਹੀਂ ਸੱਚ ਹੀ ਸਮਝਾਇਆ ਹੈ। ਗੁਰੂ ਦਾ ਸਮਝਾਇਆ ਹੋਇਆ ਸੱਚ ਹੀ ਉਸ ਪ੍ਰਮਾਤਮਾ ਦਾ ਭੋਜਨ ਹੈ ਜੋ ਸਾਡੇ ਛਕਣ ਦੇ ਲਈ ਹੈ। ਪ੍ਰਮਾਤਮਾ ਦਾ ਇਹ ਸੱਚ ਰੂਪ ਭੋਜਨ ਪ੍ਰਮਾਤਮਾ ਦਾ ਅੰਮ੍ਰਿਤ ਭੋਜਨ ਹੈ, ਨਾਮ ਭੋਜਨ ਹੈ। ਪ੍ਰਮਾਤਮਾ ਦੇ ਨਾਲ ਪਿਆਰ ਉਸਦਾ ਇਹ ਸੱਚ ਰੂਪ ਭੋਜਨ ਗੁਰਬਾਣੀ ਵਿੱਚੋਂ ਛਕਣ ਦੇ ਨਾਲ ਹੀ ਜੁੜਦਾ ਹੈ। ਪ੍ਰਮਾਤਮਾ ਸੱਚ ਦੇ ਨਾਲ ਹੀ ਭਾਵ ਉਸਦੇ ਸੱਚ ਦੇ ਨਾਲ ਜੁੜਨ ਦੇ ਨਾਲ ਹੀ, ਉਸਦੀ ਗੁਰਮਤਿ ਦੇ ਨਾਲ ਜੁੜਨ ਦੁਆਰਾ ਹੀ ਪਤੀਜਦਾ ਹੈ ਤੇ ਉਸਨੂੰ ਸੱਚ ਦੁਆਰਾ ਹੀ ਪ੍ਰਸੰਨਤਾ ਹੈ। ਆਪਣੇ ਗੁਰੂ ਰੂਪ ਵਿੱਚ ਪ੍ਰਮਾਤਮਾ ਨੂੰ ਆਪਣੇ ਸੱਚ ਰੂਪ ਦੁਆਰਾ ਹੀ ਪ੍ਰਸੰਨਤਾ ਹੈ। ਪੂਰੀ ਗੁਰਬਾਣੀ ਵਿੱਚ ਸੱਚ ਦੀ ਸੋਝੀ ਪ੍ਰਮਾਤਮਾ ਨੇ ਆਪਣੇ ਇਸ ਰੂਪ ਦੁਆਰਾ ਹੀ ਪਾਈ ਹੈ। **(ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥ ਸਚੇ ਹੀ ਪਤੀਆਇ ਸਚਿ ਵਿਗਸਿਆ॥)**

ਗੁਰੂ ਨਿਜ ਘਰ ਵਿੱਚ ਵੱਸਿਆ ਹੋਇਆ ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚ ਵੱਸਿਆ ਹੋਇਆ ਹੈ। ਨਿਜ ਘਰ ਦੇ ਵਿੱਚੋਂ ਸੱਚ ਦੀ ਸੋਝੀ ਹੀ ਪੈਂਦੀ ਹੈ ਜੋ ਕਿ ਉਹ ਸਚੁ ਰੂਪ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਆਪਣੇ ਸੱਚ ਦੀ ਸੋਝੀ ਪਾ ਕੇ ਭਾਵ ਆਪਣੀ ਸੱਚੀ ਗੁਰਮਤਿ ਸਮਝਾ ਕੇ ਆਪ ਹੀ ਉਸ ਤੇ ਚਲਾਉਂਦਾ ਹੈ। ਮਨੁੱਖ ਜੋ ਕੁੱਝ ਵੀ ਸੱਚ ਦੁਆਰਾ ਕਰਦਾ ਹੈ ਉਸ ਰਾਹੀਂ ਉਹ ਸੱਚ ਦਾ ਭੋਜਨ ਛਕਦਾ ਹੈ। ਪ੍ਰਮਾਤਮਾ ਦੀ ਸੇਵਾ ਇਹੋ ਜਿਹਾ ਸੱਚਾ ਭੋਜਨ ਛਕਣ ਦੁਆਰਾ ਹੁੰਦੀ ਹੈ। ਇਹ ਸੱਚ ਦਾ ਭੋਜਨ ਜੋ ਮਨੁੱਖ ਛਕਦਾ ਹੈ ਇਹ ਭੋਜਨ ਪ੍ਰਮਾਤਮਾ ਨੂੰ ਛਕਾਉਣ ਵਾਲੀ ਗੱਲ ਹੈ ਤੇ ਪ੍ਰਮਾਤਮਾ ਇਹੋ ਜਿਹਾ ਭੋਜਨ ਛਕਣ ਦੁਆਰਾ ਪ੍ਰਸੰਨ ਹੁੰਦਾ ਹੈ। ਪ੍ਰਮਾਤਮਾ ਸਾਡੇ ਕੋਲੋਂ ਸੱਚ ਦੀਆਂ ਕਰੋੜਾਂ ਗਿਰਾਹਾਂ ਮੰਗਦਾ ਹੈ ਭਾਵ ਸਵਾਸ ਸਵਾਸ ਸੱਚ ਤੇ ਚੱਲਣ ਦੇ ਨਾਲ ਖੁਸ਼ ਹੁੰਦਾ ਹੈ। ਸੱਚ ਤੇ ਚੱਲਣਾ ਹੀ ਉਸਦਾ ਨਾਮ ਜਪਣਾ ਹੈ, ਉਸ ਪ੍ਰਮਾਤਮਾ ਦੇ ਨਾਲ ਆਪਣਾ ਪ੍ਰੇਮ ਦਿਖਾਉਣਾ ਹੈ ਭਾਵ ਗੁਰੂ ਪ੍ਰਮਾਤਮਾ ਨੂੰ ਸੱਚ ਤੇ ਚੱਲਣ ਤੋਂ ਬਿਨ੍ਹਾਂ ਕਿਸੇ ਹੋਰ ਗੱਲ ਨਾਲ ਖੁਸ਼ੀ ਨਹੀਂ ਮਿਲਦੀ ਤੇ ਉਸਨੂੰ ਕੇਵਲ ਸੱਚ ਤੇ ਚੱਲ ਕੇ ਹੀ, ਉਸਦੀ ਗੁਰਮਤਿ ਤੇ ਚੱਲ ਕੇ ਹੀ ਖੁਸ਼ ਕੀਤਾ ਜਾ ਸਕਦਾ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ

27/3037

ਸਾਨੂੰ ਜੋ ਸੱਚ ਦਾ ਭੋਜਨ ਛਕਣ ਲਈ ਦਿੱਤਾ ਹੈ ਉਸ ਭੋਜਨ ਨੂੰ ਉਸਦੇ ਸਹੀ ਰੂਪ ਵਿੱਚ ਛਕੇ ਬਿਨ੍ਹਾਂ ਭਾਵ ਉਸਦੀ ਸਹੀ ਮਤਿ ਨੂੰ ਸਮਝਕੇ ਉਸ ਤੇ ਚੱਲੇ ਬਿਨ੍ਹਾਂ ਪ੍ਰਮਾਤਮਾ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। **(ਸਚਾ ਭੋਜਨੁ ਭਾਉ ਸਤਿਗੁਰਿ ਦਸਿਆ॥ ਸਚੇ ਹੀ ਪਤੀਆਇ ਸਚਿ ਵਿਗਸਿਆ॥ ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ॥)**

ਸੱਚ ਤੋਂ ਦੂਜਾ ਪਾਸਾ ਕੂੜਿ ਦਾ ਹੈ, ਝੂਠ ਦਾ ਹੈ ਤੇ ਸਾਡੇ ਅੰਦਰ ਝੂਠ ਦੇ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥

ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥”

ਸਭ ਤੋਂ ਪਹਿਲਾਂ ਤਾਂ ਸਾਡੇ ਅੰਦਰ ਇਸ ਗੱਲ ਦਾ ਦ੍ਰਿੜ ਹੋਣਾ ਜਰੂਰੀ ਹੈ ਕਿ ਸੱਚ ਤੇ ਕੂੜਿ ਵਿੱਚ ਫਰਕ ਕੀ ਹੈ। ਸੱਚ ਕੇਵਲ ਉਹ ਹੈ ਜੋ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਗਿਆ ਹੈ, ਗੁਰਮਤਿ ਰਾਹੀਂ ਸਮਝਾਇਆ ਗਿਆ ਹੈ। ਜੋ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਸ ਵਿੱਚ ਕੂੜਿ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਦੇ ਆਏ ਹਾਂ। ਕਿਸੇ ਵੇਲੇ ਨੂੰ ਉੱਚਾ ਮੰਨਣਾ, ਭਗਤੀ ਦਾ ਵੇਲਾ ਮੰਨਣਾ ਸੱਚ ਨਹੀਂ ਹੈ ਕਿਉਂਕਿ ਇਸ ਵਿੱਚ ਗੁਰਮਤਿ ਨਹੀਂ ਹੈ ਭਾਵ ਅਸੀਂ ਝੂਠੀ ਮਤਿ ਦੇ ਨਾਲ ਜੁੜੇ ਹੋਏ ਹਾਂ, ਮਨਮਤਿ ਦੇ ਨਾਲ ਜੁੜੇ ਹੋਏ ਹਾਂ, ਭਰਮ ਦੇ ਨਾਲ ਜੁੜੇ ਹੋਏ ਹਾਂ। ਗੁਰਮਤਿ ਸੱਚ ਹੈ, ਮਨਮਤਿ ਝੂਠ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ ਉਸ ਵਿੱਚ ਸੱਚ ਹੁੰਦਾ ਹੈ ਜਾਂ ਝੂਠ ਹੁੰਦਾ ਹੈ, ਤੀਜੀ ਗੱਲ ਨਹੀਂ ਹੁੰਦੀ ਭਾਵ ਅਸੀਂ ਜੋ ਵੀ ਕਰਮ ਕਰਦੇ ਹਾਂ ਉਸ ਵਿੱਚ ਗੁਰਮਤਿ ਹੁੰਦੀ ਹੈ ਜਾਂ ਮਨਮਤਿ ਹੁੰਦੀ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਤਾਂ ਉਸਦਾ ਰਸਤਾ ਕੇਵਲ ਸੱਚ ਦੇ ਨਾਲ ਜੁੜਨ ਦਾ ਹੈ, ਗੁਰਮਤਿ ਦੇ ਨਾਲ ਜੁੜਨ ਦਾ ਹੈ, ਮਨਮਤਿ ਦੇ ਨਾਲ ਜੁੜਕੇ ਉਸ ਪ੍ਰਮਾਤਮਾ ਦੇ ਦਰ ਤੇ ਕੋਈ ਨਹੀਂ ਜਾ ਸਕਦਾ। **(ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥)**

ਸਾਨੂੰ ਸੱਚ ਕਿੱਥੋਂ ਮਿਲਣਾ ਹੈ, ਗੁਰਮਤਿ ਸਾਨੂੰ ਕਿੱਥੋਂ ਮਿਲਣੀ ਹੈ ਇਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਗਿਆ ਹੈ।

“ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥”

27/3038

ਪ੍ਰਮਾਤਮਾ ਦੇ ਮਹਿਲ ਵਿੱਚ ਜਾਣ ਦਾ ਸਾਨੂੰ ਬੜਾ ਹੀ ਸਿੱਧਾ ਤੇ ਸਪੱਸ਼ਟ ਤਰੀਕਾ ਸਮਝਾਇਆ ਹੋਇਆ ਹੈ। ਤਰੀਕਾ ਉਹੀ ਹੈ ਜੋ ਅਸੀਂ ਪੂਰੀ ਗੁਰਬਾਣੀ ਵਿੱਚੋਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੇ ਮਹਿਲ ਵਿੱਚ ਜਾਣ ਦੀ ਰੁਕਾਵਟ ਸਾਡਾ ਝੂਠ ਹੈ ਭਾਵ ਸਾਡੀ ਝੂਠੀ ਮਤਿ ਹੈ। ਸੱਚੀ ਮਤਿ ਕੇਵਲ ਸ਼ਬਦ ਦੇ ਕੋਲ ਹੈ, ਗੁਰੂ ਦੇ ਕੋਲ ਹੈ। ਪੂਰੀ ਗੁਰਬਾਣੀ ਵਿੱਚ ਸ਼ਬਦਾਂ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੈ। ਜਿਸ ਦੇ ਉੱਤੇ ਪ੍ਰਮਾਤਮਾ ਦੀ ਸੱਚੀ ਮਤਿ ਦਾ ਨਿਸ਼ਾਨ ਲੱਗ ਜਾਂਦਾ ਹੈ ਉਸਦੀ ਪ੍ਰਮਾਤਮਾ ਦੇ ਮਹਿਲ ਵਿੱਚ ਜਾਣ ਦੀ ਰੁਕਾਵਟ ਰੁਕ ਜਾਂਦੀ ਹੈ, ਝੂਠ ਦੀ ਰੁਕਾਵਟ ਮੁੱਕ ਜਾਂਦੀ ਹੈ, ਮਨਮਤਿ ਦੀ ਰੁਕਾਵਟ ਮੁੱਕ ਜਾਂਦੀ ਹੈ। ਗੁਰਬਾਣੀ ਦੁਆਰਾ ਸਮਝਾਏ ਹੋਏ ਸੱਚ ਨੂੰ, ਸ਼ਬਦਾਂ ਦੁਆਰਾ ਸਮਝਾਏ ਹੋਏ ਸੱਚ ਨੂੰ ਅਸੀਂ ਸੁਣਨਾ ਵੀ ਹੈ, ਸੱਚੇ ਵਿਚਾਰਾਂ ਨੂੰ ਬੁੱਝਣਾ ਵੀ ਹੈ ਭਾਵ ਗੁਰੂ ਦੀ ਗੱਲ ਨੂੰ ਸੁਣ ਕੇ ਸਮਝਣਾ ਵੀ ਹੈ ਜੋ ਕਿ ਸਾਡੇ ਲਈ ਭਗਤੀ ਦੇ ਮਾਰਗ ਤੇ ਚੱਲਣ ਲਈ ਪਹਿਲੇ ਦੋ ਉੱਦਮ ਹਨ ਭਾਵ ਜਰੂਰੀ ਹਨ ਕਿ ਅਸੀਂ ਗੁਰੂ ਦੀ ਗੱਲ ਨੂੰ ਸੁਣੀਏ ਤੇ ਉਸ ਨੂੰ ਸਮਝੀਏ, ਸੱਚ ਨੂੰ ਸੁਣੀਏ ਤੇ ਉਸ ਨੂੰ ਸਮਝੀਏ, ਪ੍ਰਮਾਤਮਾ ਦੀ ਗੱਲ ਨੂੰ ਸੁਣੀਏ ਤੇ ਉਸ ਨੂੰ ਸਮਝੀਏ। ਅਸਲ ਗੱਲ ਸਾਡਾ ਤੀਜਾ ਉੱਦਮ ਹੈ ਜੋ ਸੱਚ ਨੂੰ “ਵਖਾਣਿ” ਦਾ ਹੈ ਭਾਵ ਉਸ ਤੇ ਅਮਲ ਕਰਨ ਦਾ ਹੈ, ਸ਼ਬਦ ਦੀ ਸੱਚੀ ਮਤਿ ਤੇ ਅਮਲ ਕਰਨ ਦਾ ਹੈ ਜਿਸ ਨੇ ਸਾਨੂੰ ਮਨਮਤਿ ਵਿੱਚੋਂ, ਭਰਮ ਵਿੱਚੋਂ ਕੱਢਣਾ ਹੈ, ਉਸਦੇ ਮਹਿਲ ਵਿੱਚ ਜਾਣ ਦੀ ਰੁਕਾਵਟ ਵਿੱਚੋਂ ਕੱਢਣਾ ਹੈ। ਜੇਕਰ ਗੁਰੂ ਦੀ ਗੱਲ ਨੂੰ ਸੁਣੀ ਵੀ ਜਾਈਏ, ਸਮਝੀ ਵੀ ਜਾਈਏ ਪਰ ਉਸ ਤੇ ਅਮਲ ਨਾ ਕਰੀਏ ਫਿਰ ਸਾਡਾ ਸੁਣਿਆ ਤੇ ਬੁੱਝਿਆ ਕਿਸ ਲੇਖੇ ਭਾਵ ਕਿਸੇ ਲੇਖੇ ਨਹੀਂ। ਭਗਤੀ ਦਾ ਮਾਰਗ ਸੱਚ ਨੂੰ ਅਪਣਾਉਣ ਦਾ ਹੈ, ਮਨਮਤਿ ਨੂੰ ਛੱਡਣ ਦਾ ਹੈ, ਆਪਣੇ ਜੀਵਨ ਨੂੰ ਸੁਧਾਰਨ ਦਾ ਹੈ, ਆਪਣੀ ਸੰਸਾਰਿਕ ਵਿਚਰਨ ਸੁਧਾਰਨ ਦਾ ਹੈ ਨਾ ਕਿ ਸਵੇਰੇ ਸ਼ਾਮ ਮੱਥੇ ਟੇਕੀ ਜਾਣ ਦਾ ਹੈ, ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਸੁਣੀ ਜਾਣ ਦਾ ਹੈ ਤੇ ਕਿਸੇ ਖਾਸ ਵੇਲੇ ਦੀ ਸੰਭਾਲ ਕਰੀ ਜਾਣ ਦਾ ਹੈ, ਸਰੀਰਕ ਜਪ ਤਪ ਆਦਿ ਕਰੀ ਜਾਣ ਦਾ ਹੈ, ਸਮਾਧੀਆਂ ਸੁਰਤੀਆਂ ਜੋੜ ਕੇ ਬੈਠੇ ਰਹਿਣ ਦਾ ਹੈ, ਕਿਸੇ ਅੱਖਰ ਨੂੰ ਜਪੀ ਜਾਣ ਦਾ ਹੈ, ਤੀਰਥਾਂ ਤੇ ਭਵੀ ਜਾਣ ਦਾ ਹੈ, ਕਿਸੇ ਖਾਣੇ ਦੀ ਸੁੱਚ ਨਾਲ ਜੁੜਨ ਦਾ ਹੈ। ਗੁਰੂ ਦੀ ਮਤਿ ਸਾਨੂੰ ਇਨ੍ਹਾਂ ਗੱਲਾਂ ਨਾਲ ਨਹੀਂ ਜੋੜਦੀ, ਸੱਚ ਸਾਨੂੰ ਇਨ੍ਹਾਂ ਗੱਲਾਂ ਨਾਲ ਨਹੀਂ ਜੋੜਦਾ ਬਲਕਿ ਸੱਚ ਨੂੰ ਸੁਣ ਕੇ, ਸੱਚ ਨੂੰ ਸਮਝਕੇ ਤੇ ਸੱਚ ਨੂੰ ਅਪਣਾਉਣ ਵਿੱਚ ਹੀ ਸੱਚ ਦੇ ਨਾਲ

27/3039

ਜੁੜਨਾ ਹੈ, ਗੁਰੂ ਪ੍ਰਮਾਤਮਾ ਦੇ ਨਾਲ ਜੁੜਨਾ ਹੈ, ਉਸਦੇ ਨਾਮ ਦੇ ਨਾਲ ਜੁੜਨਾ ਹੈ। **(ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥ ਸਚੈ ਸਬਦਿ ਨੀਸਾਣਿ ਠਾਕ ਨ ਪਾਈਐ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ॥੧੮॥)**

ਸੱਚ ਨੂੰ ਆਪਣੇ ਅੰਦਰ ਵਸਾ ਕੇ ਹੀ ਸੱਚ ਦੇ ਨਾਲ ਜੁੜਿਆ ਜਾ ਸਕਦਾ ਹੈ ਤੇ ਕੇਵਲ ਸੱਚ ਦੀਆਂ ਗੱਲਾਂ ਕਰੀ ਜਾਣ ਨਾਲ ਸੱਚ ਨਾਲ ਨਹੀਂ ਜੁੜਿਆ ਜਾ ਸਕਦਾ। ਸੱਚ ਦਾ ਸਾਡੇ ਅੰਦਰ ਵੱਸਣਾ ਕੀ ਹੈ, ਸੱਚ ਨਾਲ ਜੁੜਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵਾਰ ਵਾਰ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੀਆਂ ਕੁੱਝ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ।

{ਐਸਾ ਜੋਗੀ ਜੁਗਤਿ ਬੀਚਾਰੈ॥ ਪੰਚ ਮਾਰਿ ਸਾਚੁ ਉਰਿ ਧਾਰੈ॥੧॥ਰਹਾਉ॥}

(ਅੰਗ ੨੨੩)

{ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ॥੨॥}

(ਅੰਗ ੧੩੩੦)

{ਨਿਰਮਲ ਜਲਿ ਨ੍ਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥}

(ਅੰਗ ੪੩੭)

ਗਉੜੀ ਮਹਲਾ ੫॥
{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥
ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥੧॥}

(ਅੰਗ ੨੩੬)

{ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ॥ ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ॥੨॥}

(ਅੰਗ ੭੮੬)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

27/3040

ਹੁਣ ਤੱਕ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੀ ਵਿਚਾਰ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੀ ਭਗਤੀ, ਉਸਦਾ ਨਾਮ, ਉਸਦਾ ਜੱਸ, ਉਸਦੀ ਵਡਿਆਈ ਸਾਡੀ ਸੰਸਾਰਿਕ ਵਿਚਰਨ ਦੇ ਨਾਲ ਜੁੜੀ ਹੋਈ ਹੈ ਭਾਵ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਦੇ ਨਾਲ ਜੁੜੀ ਹੋਈ ਹੈ। ਆਪਣੀ ਵਿਚਰਨ ਕਰਕੇ ਅਸੀਂ ਗੁਰੂ ਪ੍ਰਮਾਤਮਾ ਤੋਂ ਦੂਰ ਹਾਂ ਤੇ ਸਾਡੀ ਚੰਗੀ ਵਿਚਰਨ ਸਾਨੂੰ ਗੁਰੂ ਪ੍ਰਮਾਤਮਾ ਦੇ ਨੇੜੇ ਲਗਾਉਂਦੀ ਹੈ। ਸਾਡੀ ਚੰਗੀ ਵਿਚਰਨ ਵਿੱਚ ਪ੍ਰਮਾਤਮਾ ਦੀ ਉਸਤਤਿ ਹੈ ਤੇ ਸਾਡੀ ਮਾੜੀ ਵਿਚਰਨ ਵਿੱਚ ਗੁਰੂ ਪ੍ਰਮਾਤਮਾ ਦੀ ਨਿੰਦਾ ਹੈ। ਸਾਡੀ ਚੰਗੀ ਵਿਚਰਨ ਵਿੱਚ ਪ੍ਰਮਾਤਮਾ ਨਾਲ ਪਿਆਰ ਦਿਖਾਉਣਾ ਹੈ ਤੇ ਸਾਡੀ ਮਾੜੀ ਵਿਚਰਨ ਵਿੱਚ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਹੈ। ਸਾਰੀ ਗੱਲ ਸਾਡੇ ਅੰਦਰ ਮਨਮਤਿ ਜਾਂ ਗੁਰਮਤਿ ਦੇ ਭੇਦ ਦੀ ਹੈ, ਸਾਡੇ ਅੰਦਰ ਅਗਿਆਨਤਾ ਜਾਂ ਸੱਚੇ ਗਿਆਨ ਦੇ ਭੇਦ ਦੀ ਹੈ, ਮਨ ਦੀ ਮਾੜੀ ਸੋਝੀ ਜਾਂ ਚੰਗੀ ਸੋਝੀ ਦੇ ਭੇਦ ਦੀ ਹੈ। ਮਨ ਦੀ ਮਾੜੀ ਸੋਝੀ ਦੁਆਰਾ ਸਾਨੂੰ ਸੱਚ ਝੂਠ ਦੀ ਪਰਖ ਨਹੀਂ ਹੁੰਦੀ ਕਿ ਕਿਸ ਗੱਲ ਵਿੱਚ ਸੱਚ ਹੈ ਭਾਵ ਗੁਰਮਤਿ ਹੈ ਤੇ ਕਿਸ ਗੱਲ ਵਿੱਚ ਝੂਠ ਹੈ ਭਾਵ ਜੋ ਗੱਲ ਗੁਰਮਤਿ ਤੇ ਖਰੀ ਨਹੀਂ ਹੈ ਉਸ ਵਿੱਚ ਝੂਠ ਹੈ। ਸੱਚ ਤੇ ਉਲਟ ਚੱਲਣਾ, ਸੱਚ ਦੀ ਨਿੰਦਾ ਹੈ, ਗੁਰਮਤਿ ਦੀ ਨਿੰਦਾ ਹੈ, ਗੁਰੂ ਦੀ ਨਿੰਦਾ ਹੈ, ਗੁਰੂ ਦੇ ਨਾਲ ਝਗੜਾ ਹੈ, ਨਾਮ ਦੇ ਨਾਲ ਝਗੜਾ ਹੈ, ਵਿਰੋਧ ਹੈ। ਇਸ ਗੱਲ ਨੂੰ

ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਣਾ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਗੁਰੂ ਦੀ ਨਿੰਦਾ ਕਰਨੀ ਕੀ ਹੈ, ਸੰਤ ਦੀ ਨਿੰਦਾ ਕੀ ਹੈ ਤੇ ਉਸ ਤੋਂ ਬਚਣ ਦਾ ਤਰੀਕਾ ਕੀ ਹੈ ਤਾਂ ਜੋ ਅਸੀਂ ਆਪਣੇ ਜੀਵਨ ਨੂੰ ਖੁਆਰ ਹੋਣ ਤੋਂ ਬਚਾ ਸਕੀਏ। ਅਸੀਂ ਅਨੇਕਾਂ ਹੀ ਆਪਣੇ ਭਗਤੀ ਦੇ ਤਰੀਕਿਆਂ ਦੁਆਰਾ ਆਪਣੇ ਵੱਲੋਂ ਗੁਰੂ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਪਰ ਮਨ ਦੀ ਅਗਿਆਨਤਾ ਦੇ ਕਾਰਨ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ। ਸਾਡਾ ਜੋ ਵੀ ਕਰਮ ਗੁਰਮਤਿ ਦੇ ਉਲਟ ਹੈ ਉਸ ਵਿੱਚ ਗੁਰਮਤਿ ਦੀ ਨਿੰਦਾ ਹੈ ਤੇ ਗੁਰਮਤਿ ਦੀ ਨਿੰਦਾ ਗੁਰੂ ਦੀ ਨਿੰਦਾ ਹੈ, ਪ੍ਰਮਾਤਮਾ ਦੀ ਨਿੰਦਾ ਹੈ, ਉਸਦੇ ਨਾਲ ਸਾਡੇ ਝਗੜੇ ਦਾ ਕਾਰਨ ਹੈ। ਝਗੜਾ ਅਸਲ ਵਿੱਚ ਹਉਮੈ ਤੇ ਨਾਮ ਦਾ ਹੀ ਹੈ ਭਾਵ ਮਨਮਤਿ ਤੇ ਗੁਰਮਤਿ ਦਾ ਹੀ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਹੈ। ਜਿਉਂ ਜਿਉਂ ਅਸੀਂ ਭਰਮ ਵਿੱਚੋਂ ਨਿਕਲਦੇ ਜਾਵਾਂਗੇ ਤਿਉਂ ਤਿਉਂ ਅਸੀਂ ਗੁਰਮਤਿ ਦੇ ਨੇੜੇ ਲੱਗਦੇ ਜਾਵਾਂਗੇ, ਗੁਰੂ ਦੇ, ਨਾਮ ਦੇ, ਪ੍ਰਮਾਤਮਾ ਦੇ ਨੇੜੇ ਲੱਗਦੇ ਜਾਵਾਂਗੇ। ਗੁਰਬਾਣੀ ਦੀ ਸੱਚੀ ਸੋਝੀ ਨਾਲ ਜੁੜੇ ਬਿਨ੍ਹਾਂ ਅਸੀਂ ਭਰਮ ਵਾਲੀ ਸੋਝੀ ਵਿੱਚੋਂ ਨਹੀਂ ਨਿਕਲ ਸਕਦੇ, ਉਨ੍ਹਾਂ ਦੀ ਦੱਸੀ ਹੋਈ ਮਤਿ ਵਿੱਚੋਂ ਨਹੀਂ ਨਿਕਲ ਸਕਦੇ ਜਿੰਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਭਰਮ ਵਿੱਚ ਪਏ ਹੋਏ ਹਾਂ ਤੇ ਪ੍ਰਮਾਤਮਾ ਦੀ ਭਗਤੀ ਉਨ੍ਹਾਂ ਗੱਲਾਂ ਵਿੱਚ ਸਮਝਦੇ ਹਾਂ ਜਿੰਨ੍ਹਾਂ ਵਿੱਚ ਭਗਤੀ ਦਾ ਮੂਲ ਹੀ ਨਹੀਂ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ।

27/3041

ਨਿਬੇੜਨਾ ਤਾਂ ਅਸੀਂ ਪ੍ਰਮਾਤਮਾ ਦੇ ਨਾਲ ਆਪਣੇ ਝਗੜੇ ਨੂੰ ਹੈ ਤੇ ਜਦ ਤੱਕ ਸਾਨੂੰ ਆਪਣੇ ਝਗੜੇ ਦਾ ਮੂਲ ਹੀ ਨਹੀਂ ਪਤਾ, ਗੁਰੂ ਦੀ ਨਿੰਦਾ ਦਾ ਮੂਲ ਹੀ ਨਹੀਂ ਪਤਾ ਤਦ ਤੱਕ ਅਸੀਂ ਪ੍ਰਮਾਤਮਾ ਦੇ ਨਾਲ ਨਿਬੇੜਾ ਕਿਵੇਂ ਕਰ ਸਕਦੇ ਹਾਂ। ਇਹ ਨਿਬੇੜਾ ਅਸੀਂ ਇਸ ਸੰਸਾਰ ਵਿੱਚ ਰਹਿੰਦੇ ਹੋਏ ਹੀ ਕਰਨਾ ਹੈ ਜੋ ਕਿ ਇਸ ਜੀਵਨ ਦਾ ਮਕਸਦ ਹੈ। ਇਹ ਵੇਲਾ ਹੱਥੋਂ ਨਿਕਲ ਗਿਆ ਤਾਂ ਫਿਰ ਪਛਤਾਉਣਾ ਹੀ ਪੈਣਾ ਹੈ, ਆਵਾਗਉਣ ਵਿੱਚ ਹੀ ਰਹਿਣਾ ਪੈਣਾ ਹੈ। ਗੁਰੂ ਦੀ ਗੁਰਬਾਣੀ ਦੀ ਹਰ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਸੱਚ ਉਹੀ ਹੈ ਜੋ ਸਾਨੂੰ ਗੁਰੂ ਸਮਝਾ ਰਿਹਾ ਹੈ, ਆਪ ਪ੍ਰਮਾਤਮਾ ਸਮਝਾ ਰਿਹਾ ਹੈ ਜੋ ਖੁਦ ਸਚੁ ਰੂਪ ਹੈ। ਅਸੀਂ ਨਿਬੇੜਾ ਸਚੁ ਰੂਪ ਪ੍ਰਮਾਤਮਾ ਨਾਲ ਹੀ ਕਰਨਾ ਹੈ ਤੇ ਉਸਦੇ ਨਾਲ ਨਿਬੇੜਾ ਸੱਚ ਤੇ ਚੱਲ ਕੇ ਹੀ ਹੋਣਾ ਹੈ ਭਾਵ ਗੁਰੂ ਦੀ ਮਤਿ ਤੇ ਚੱਲ ਕੇ ਹੀ ਹੋਣਾ ਹੈ। ਸਾਡੇ ਲਈ ਇਹ ਬਹੁਤ ਹੀ ਜਰੂਰੀ ਹੈ ਕਿ ਅਸੀਂ ਗੁਰੂ ਦੇ ਦੱਸੇ ਹੋਏ ਸੱਚ ਨੂੰ ਗਹਿਰਾਈ ਨਾਲ ਸਮਝੀਏ ਤਾਂ ਜੋ ਅਸੀਂ ਉਸ ਤੇ ਚੱਲ ਸਕੀਏ ਤੇ ਗੁਰੂ ਦੀ ਨਿੰਦਾ ਤੋਂ ਬਚ ਸਕੀਏ, ਗੁਰਮਤਿ ਦੀ ਨਿੰਦਾ ਤੋਂ ਬਚ ਸਕੀਏ। ਅਗਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਹੀ ਸਮਝਣਾ ਹੈ।

ਨਿੰਦਾ ਕੀ ਹੈ ਇਸ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਕੁੱਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੋਰ ਵੀ ਬਰੀਕੀ ਨਾਲ ਸਮਝਣ ਦੀ ਲੋੜ ਹੈ। ਗੁਰਬਾਣੀ ਰਾਹੀਂ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਨਿੰਦਿਆ ਹੈ। ਸਾਡੇ ਲਈ ਮਾੜੇ ਲਫ਼ਜ਼ ਵਰਤ ਕੇ ਨਿੰਦਿਆ ਹੈ। ਸਾਨੂੰ ਨਿੰਦਣ ਲਈ ਕੁੱਤਾ, ਗਧਾ, ਹਰਾਮਖੋਰ, ਬੇਸ਼ਰਮ ਆਦਿ ਅੱਖਰਾਂ ਦੀ ਵਰਤੋਂ ਕੀਤੀ ਹੈ ਜਿਸ ਦੁਆਰਾ ਸਾਨੂੰ ਨਿੰਦ ਕੇ ਕੁੱਝ ਸਮਝਾਇਆ ਹੈ ਭਾਵ ਸਾਨੂੰ ਗੁਰਮਤਿ ਹੀ ਸਮਝਾਈ ਹੈ। ਸਾਨੂੰ ਉਨ੍ਹਾਂ ਗੱਲਾਂ ਲਈ ਨਿੰਦਿਆ ਹੈ ਜੋ ਕੰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ। ਜੋ ਵੀ ਮਨੁੱਖ ਗੁਰਮਤਿ ਦੇ ਉਲਟ ਚੱਲਦਾ ਹੈ ਉਹ ਨਿੰਦਣ ਦੇ ਯੋਗ ਹੀ ਹੈ। ਜੋ ਆਪਣੀ ਇਸ ਨਿੰਦਾ ਨੂੰ ਕਬੂਲ ਕਰ ਲੈਂਦਾ ਹੈ ਭਾਵ ਮੰਨ ਲੈਂਦਾ ਹੈ ਕਿ ਗੁਰੂ ਨੇ ਮੈਨੂੰ ਸੱਚੀ ਗੱਲ ਲਈ ਨਿੰਦਿਆ ਹੈ ਉਹ ਫਿਰ ਉਹੋ ਜਿਹਾ ਕੰਮ ਨਹੀਂ ਕਰਦਾ ਜਿਸ ਕੰਮ ਦੇ ਲਈ ਗੁਰੂ ਨੇ ਨਿੰਦਿਆ ਹੈ। ਸਾਡੀ ਸੱਚੀ ਨਿੰਦਾ ਉਹੀ ਕਰ ਸਕਦਾ ਹੈ ਜਿਸ ਨੂੰ ਸੱਚ ਦੀ ਸਮਝ ਹੈ। ਗੁਰੂ ਨੂੰ ਸੱਚ ਦੀ ਸਮਝ ਹੈ ਤੇ ਗੁਰੂ ਸਾਡੀ ਸੱਚੀ ਨਿੰਦਿਆ ਦੁਆਰਾ ਸਾਡਾ ਭਲਾ ਕਰਨਾ ਚਾਹੁੰਦਾ ਹੈ ਭਾਵ ਸਾਡੇ ਕੱਪੜੇ ਧੋਣੇ ਚਾਹੁੰਦਾ ਹੈ। ਸਾਡੇ ਕੱਪੜੇ ਉਹੀ ਧੋ ਸਕਦਾ ਹੈ ਜਿਸਦੇ ਆਪਣੇ ਕੱਪੜੇ ਧੁਲੇ ਹੋਏ ਹੋਣ। ਗੁਰੂ ਦੇ ਕੱਪੜੇ

27/3042

ਪਹਿਲਾਂ ਆਪ ਪ੍ਰਮਾਤਮਾ ਨੇ ਧੋਏ ਹੋਏ ਹਨ ਭਾਵ ਗੁਰੂ ਰੂਪ ਵਿੱਚ ਪ੍ਰਮਾਤਮਾ ਨੇ ਆਪਣਾ ਪੂਰਨ ਸੱਚ ਵਸਾਇਆ ਹੋਇਆ ਹੈ, ਉਸਦੇ ਅੰਦਰ ਸੱਚ ਝੂਠ ਦੀ ਪੂਰਨ ਰੂਪ ਵਿੱਚ ਸੋਝੀ ਪਾਈ ਹੋਈ ਹੈ। ਜੇ ਕੋਈ ਸਾਨੂੰ ਇਹੋ ਜਿਹੀ ਅਵੱਸਥਾ ਦੁਆਰਾ ਨਿੰਦਦਾ ਹੈ, ਪੂਰਨ ਸੱਚ ਵਾਲੀ ਸੋਝੀ ਦੁਆਰਾ ਨਿੰਦਦਾ ਹੈ ਫਿਰ ਉਹ ਸਾਡੀ ਸੱਚੀ ਨਿੰਦਿਆ ਕਰਦਾ ਹੈ, ਸਾਡੇ ਕੱਪੜੇ ਧੋਂਦਾ ਹੈ ਭਾਵ ਸਾਡਾ ਭਲਾ ਕਰਦਾ ਹੈ। ਭਲਾ ਉਸ ਦਾ ਹੀ ਹੁੰਦਾ ਹੈ ਜੋ ਆਪਣੀ ਸੱਚੀ ਨਿੰਦਾ ਨੂੰ ਕਬੂਲ ਕਰ ਲੈਂਦਾ ਹੈ ਭਾਵ ਜੋ ਗੁਰੂ ਦੀ ਗੱਲ

ਤੇ ਅਮਲ ਕਰ ਲੈਂਦਾ ਹੈ, ਜੋ ਆਪਣੀ ਸੱਚੀ ਨਿੰਦਾ ਨੂੰ ਕਬੂਲ ਕਰ ਲੈਂਦਾ ਹੈ ਭਾਵ ਜੋ ਗੁਰੂ ਦੀ ਗੱਲ ਤੇ ਅਮਲ ਕਰ ਲੈਂਦਾ ਹੈ, ਜੋ ਆਪਣੀ ਗਲਤੀ ਨੂੰ ਸੁਧਾਰ ਲੈਂਦਾ ਹੈ। ਆਓ ਇਹੀ ਗੱਲ ਹੇਠ ਦਿੱਤੇ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਰਾਹੀਂ ਸਮਝੀਏ।

ਗਉੜੀ॥

“ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥ ਨਿੰਦਾ ਜਨ ਕਉ ਖਰੀ ਪਿਆਰੀ॥
ਨਿੰਦਾ ਬਾਪੁ ਨਿੰਦਾ ਮਹਤਾਰੀ॥੧॥ਰਹਾਉ॥
ਨਿੰਦਾ ਹੋਇ ਤ ਬੈਕੁੰਠਿ ਜਾਈਐ॥ ਨਾਮੁ ਪਦਾਰਥੁ ਮਨਹਿ ਬਸਾਈਐ॥
ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥੧॥
ਨਿੰਦਾ ਕਰੈ ਸੁ ਹਮਰਾ ਮੀਤੁ॥ ਨਿੰਦਕ ਮਾਹਿ ਹਮਾਰਾ ਚੀਤੁ॥
ਨਿੰਦਕੁ ਸੋ ਜੋ ਨਿੰਦਾ ਹੋਰੈ॥ ਹਮਰਾ ਜੀਵਨੁ ਨਿੰਦਕੁ ਲੋਰੈ॥੨॥
ਨਿੰਦਾ ਹਮਰੀ ਪ੍ਰੇਮ ਪਿਆਰੁ॥ ਨਿੰਦਾ ਹਮਰਾ ਕਰੈ ਉਧਾਰੁ॥
ਜਨ ਕਬੀਰ ਕਉ ਨਿੰਦਾ ਸਾਰੁ॥ ਨਿੰਦਕੁ ਡੂਬਾ ਹਮ ਉਤਰੇ ਪਾਰਿ॥੩॥੨੦॥੭੧॥”

(ਅੰਗ ੩੩੯)

ਸ਼ਬਦ ਦੀਆਂ ਪਹਿਲੀਆ ਪੰਗਤੀਆਂ ਰਾਹੀਂ ਨਿੰਦਾ ਨੂੰ ਚੰਗੀ ਗੱਲ ਦੱਸਿਆ ਹੈ ਭਾਵ ਜਿਸ ਦੀ ਨਿੰਦਿਆ ਹੁੰਦੀ ਹੈ ਉਸਦੇ ਲਈ ਚੰਗੀ ਗੱਲ ਦੱਸਿਆ ਹੈ। ਨਿੰਦਾ ਉਹੋ ਜਿਹੀ ਪਿਆਰੀ ਦੱਸੀ ਹੈ ਜਿਵੇਂ ਕਿ ਸਾਨੂੰ ਮਾਂ ਬਾਪ ਪਿਆਰੇ ਲੱਗਦੇ ਹਨ। ਜਿਵੇਂ ਮਾਂ ਬਾਪ ਸਾਡਾ ਸਦਾ ਭਲਾ ਚਾਹੁੰਦੇ ਹਨ ਇਸੇ ਤਰ੍ਹਾਂ ਸਾਡੀ ਸੱਚੀ ਨਿੰਦਾ ਸਾਡਾ ਭਲਾ ਹੀ ਕਰਦੀ ਹੈ। **(ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥ ਨਿੰਦਾ ਜਨ ਕਉ ਖਰੀ ਪਿਆਰੀ॥ ਨਿੰਦਾ ਬਾਪੁ ਨਿੰਦਾ ਮਹਤਾਰੀ॥੧॥ਰਹਾਉ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਨਿੰਦਾ ਹੋਇ ਤ ਬੈਕੁੰਠਿ ਜਾਈਐ॥ ਨਾਮੁ ਪਦਾਰਥੁ ਮਨਹਿ ਬਸਾਈਐ॥
ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਨਿੰਦਾ ਕਰਨੀ ਕਿਸ ਨੂੰ ਆਉਂਦੀ ਹੈ ਭਾਵ ਸਾਡੀ ਨਿੰਦਾ ਕਰਨ ਦੀ ਸਮਝ ਕਿਸ ਦੇ ਕੋਲ ਹੈ। ਸਾਡੀ ਨਿੰਦਾ ਉਹੀ ਕਰ ਸਕਦਾ ਹੈ ਜਿਸ ਨੂੰ ਸੱਚ-ਝੂਠ ਦੀ ਸੋਝੀ ਹੈ, ਜਿਸਨੂੰ ਨਿੰਦਾ-ਉਸਤਤਿ ਦੀ ਸੋਝੀ ਹੈ। ਸਾਡੇ ਜੀਵਨ ਦਾ ਮਕਸਦ “ਬੈਕੁੰਠਿ” ਜਾਣ ਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਅਸੀਂ ਉਸਦੀ ਉਸਤਤਿ ਦੁਆਰਾ ਹੀ ਕਰ ਸਕਦੇ ਹਾਂ। ਉਸਤਿਤ ਅਸੀਂ ਤਾਂ ਹੀ ਕਰ

ਸਕਾਂਗੇ ਜਦੋਂ ਸਾਨੂੰ ਪ੍ਰਮਾਤਮਾ ਦੀ ਉਸਤਤਿ ਕਰਨੀ ਆ ਜਾਵੇਗੀ। ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਤੇ ਜਦ ਤੱਕ ਅਸੀਂ ਮਾੜੇ ਕਰਮ ਕਰਦੇ ਹਾਂ ਉਸ ਵਿੱਚ ਪ੍ਰਮਾਤਮਾ ਦੀ ਉਸਤਤਿ ਨਹੀਂ ਹੋ ਸਕਦੀ। ਗੁਰੂ ਨੂੰ ਪ੍ਰਮਾਤਮਾ ਦੀ ਉਸਤਤਿ ਕਰਨ ਦੀ ਸੋਝੀ ਹੈ ਤੇ ਇਸੇ ਲਈ ਗੁਰੂ ਸਾਡੀ ਉਨ੍ਹਾਂ ਗੱਲਾਂ ਲਈ ਨਿੰਦਾ ਕਰਦਾ ਹੈ ਜਿੰਨ੍ਹਾਂ ਗੱਲਾਂ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ, ਗੁਰਮਤਿ ਦੇ ਉਲਟ ਚੱਲਦੇ ਹਾਂ। ਗੁਰਮਤਿ ਦੀ ਸੱਚੀ ਸੋਝੀ ਪ੍ਰਮਾਤਮਾ ਦਾ ਨਾਮ ਪਦਾਰਥ ਹੈ। ਇਹ ਨਾਮ ਪਦਾਰਥ ਭਾਵ ਸੱਚ ਤੇ ਚੱਲਣ ਦਾ ਮਾਰਗ ਸਾਡੇ ਅੰਦਰ ਤਾਂ ਹੀ ਵੱਸ ਸਕਦਾ ਹੈ ਜਦੋਂ ਅਸੀਂ ਗੁਰੂ ਦੁਆਰਾ ਸਾਡੀ ਕੀਤੀ ਗਈ ਨਿੰਦਾ ਨੂੰ ਕਬੂਲ ਕਰ ਲਈਏ ਭਾਵ ਆਪਣੀ ਨਿੰਦਾ ਨੂੰ ਮੰਨ ਕੇ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾ ਲਈਏ। **(ਨਿੰਦਾ ਹੋਇ ਤ ਬੈਕੁੰਠਿ ਜਾਈਐ॥ ਨਾਮੁ ਪਦਾਰਥੁ ਮਨਹਿ ਬਸਾਈਐ॥)** ਸਾਡੀ ਨਿੰਦਾ ਕਰਨ ਦੁਆਰਾ ਭਾਵ ਸਾਨੂੰ ਮਾੜਾ ਆਖਣ ਦੁਆਰਾ ਗੁਰੂ ਸਾਨੂੰ ਸੱਚਾ ਮਾਰਗ ਹੀ ਸਮਝਾਉਂਦਾ ਹੈ ਭਾਵ ਗੁਰੂ ਦੁਆਰਾ ਕੀਤੀ ਗਈ ਸਾਡੀ ਨਿੰਦਾ ਸਾਡੇ ਲਈ ਗੁਰੂ ਦੀ ਸਿੱਖਿਆ ਹੀ ਹੈ। ਗੁਰੂ ਦੁਆਰਾ

ਕੀਤੀ ਗਈ ਨਿੰਦਾ ਨੂੰ ਕਬੂਲ ਕਰਨਾ ਗੁਰੂ ਦੀ ਸਿੱਖਿਆ ਨੂੰ ਕਬੂਲ ਕਰਨਾ ਹੈ, ਉਸਦੇ ਨਾਮ ਪਦਾਰਥ ਨੂੰ ਕਬੂਲ ਕਰਨਾ ਹੈ, ਆਪਣੇ ਮਨ ਵਿੱਚ ਵਸਾਉਣਾ ਹੈ।

ਸਾਡੀ ਨਿੰਦਾ ਕਰਨ ਦੀ ਸੋਝੀ ਕਿਸ ਨੂੰ ਹੈ, ਸਾਡੀ ਨਿੰਦਾ ਕਰਨ ਦਾ ਹੱਕ ਕਿਸ ਨੂੰ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥੧॥”

ਨਿੰਦਾ ਕਰਨ ਦੀ ਸਮਝ ਉਸਦੇ ਕੋਲ ਹੈ ਜਿਸ ਦਾ ਆਪਣਾ ਹਿਰਦਾ ਸ਼ੁੱਧ ਹੈ, ਜਿਸਦੇ ਆਪਣੇ ਅੰਦਰ ਸੱਚ ਹੈ। ਦੂਸਰਿਆਂ ਨੂੰ ਸੱਚ ਉਹੀ ਸਿਖਾ ਸਕਦਾ ਹੈ ਜਿਸਨੂੰ ਆਪ ਸੱਚ ਦੀ ਸਮਝ ਹੈ। ਇਹ ਅਵੱਸਥਾ ਗੁਰੂ ਦੀ ਹੈ ਜਿਸ ਨੂੰ ਸੱਚ ਦੀ ਸਮਝ ਹੈ, ਜਿਸਦਾ ਹਿਰਦਾ ਸ਼ੁੱਧ ਹੈ ਭਾਵ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਜਿਸ ਨੂੰ ਪ੍ਰਮਾਤਮਾ ਦੀ ਉਸਤਤਿ ਕਰਨ ਦੀ ਸੋਝੀ ਹੈ। ਦੂਸਰੇ ਦੀ ਨਿੰਦਾ ਕਰਕੇ ਸੋਝੀ ਉਹੀ ਪਾ ਸਕਦਾ ਹੈ ਜਿਸਨੇ ਪਹਿਲੇ ਆਪ ਉਹ ਮਾੜੇ ਕਰਮ ਛੱਡੇ ਹੋਏ ਹਨ ਜਿੰਨ੍ਹਾਂ ਲਈ ਉਹ ਦੂਸਰਿਆਂ ਦੀ ਨਿੰਦਾ ਕਰਦਾ ਹੈ। ਦੂਸਰਿਆਂ ਦੀ ਨਿੰਦਾ ਕਰਨ ਦਾ ਮਕਸਦ ਦੂਸਰਿਆਂ ਦੇ ਹਿਰਦੇ ਦੀ ਸ਼ੁੱਧੀ ਕਰਨ ਦੇ ਨਾਲ ਹੁੰਦਾ ਹੈ। ਸਾਡੇ ਮੈਲੇ ਕੱਪੜੇ ਭਾਵ ਸਾਡੇ ਮਨ ਦਾ ਮੈਲਾ ਰੂਪ ਸਾਡੇ ਮਨ ਦੀ ਅਸ਼ੁੱਧੀ ਕਰਕੇ ਹੀ ਹੈ, ਮਨ ਦੀ ਮੈਲ ਕਰਕੇ ਹੀ ਹੈ,

27/3044

ਮਨ ਦੀ ਅਗਿਆਨਤਾ ਕਰਕੇ, ਮਨਮਤਿ ਕਰਕੇ, ਮਾਇਆ ਮੋਹ ਕਰਕੇ ਹੀ ਹੈ, ਤ੍ਰਿਸ਼ਨਾ ਕਰਕੇ ਹੀ ਹੈ ਜਿੰਨ੍ਹਾਂ ਦੇ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ। ਗੁਰੂ ਸਾਡੀ ਨਿੰਦਾ ਇਨ੍ਹਾਂ ਗੱਲਾਂ ਕਰਕੇ ਹੀ ਕਰਦਾ ਹੈ, ਸਾਡੇ ਮਨ ਦੀ ਅਸ਼ੁੱਧੀ ਕਰ ਕੇ ਹੀ ਕਰਦਾ ਹੈ ਤਾਂ ਜੋ ਅਸੀਂ ਆਪਣੇ ਮਨ ਦੀ ਮੈਲ ਨੂੰ ਧੋ ਸਕੀਏ, ਆਪਣੇ ਮੈਲੇ ਕੱਪੜੇ ਧੋ ਸਕੀਏ। ਗੁਰੂ ਦੇ ਆਪਣੇ ਕੱਪੜੇ ਧੁਪੇ ਹੋਏ ਹਨ ਤੇ ਇਸੇ ਲਈ ਉਹ ਸਾਡੀ ਨਿੰਦਾ ਕਰਕੇ ਸਾਡੇ ਕੱਪੜੇ ਧੋਂਦਾ ਹੈ ਤੇ ਸਾਡੇ ਕੱਪੜੇ ਤਾਂ ਹੀ ਧੁਪਣਗੇ ਜੇਕਰ ਅਸੀਂ ਨਿੰਦਾ ਨੂੰ ਕਬੂਲ ਕਰ ਲਈਏ ਭਾਵ ਆਪਣੀ ਗਲਤੀ ਨੂੰ ਕਬੂਲ ਕਰ ਲਈਏ ਜਿਸ ਗਲਤੀ ਲਈ ਗੁਰੂ ਸਾਨੂੰ ਨਿੰਦਦਾ ਹੈ, ਸਾਨੂੰ ਨਿੰਦਣ ਦੁਆਰਾ ਸਾਡੀ ਗਲਤੀ ਸਮਝਾਉਂਦਾ ਹੈ। **(ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥੧॥)**

ਗੁਰੂ ਸਾਡੀ ਸੱਚੀ ਨਿੰਦਾ ਕਰਦਾ ਹੈ ਤੇ ਇਸੇ ਲਈ ਗੁਰੂ ਸਾਡਾ ਮਿੱਤਰ ਹੈ, ਉਹ ਸਾਡੇ ਜੀਵਨ ਨੂੰ ਚੰਗਾ ਬਣਾਉਣਾ ਚਾਹੁੰਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਨਿੰਦਾ ਕਰੈ ਸੁ ਹਮਰਾ ਮੀਤੁ॥ ਨਿੰਦਕ ਮਾਹਿ ਹਮਾਰਾ ਚੀਤੁ॥

ਨਿੰਦਕੁ ਸੋ ਜੋ ਨਿੰਦਾ ਹੋਰੈ॥ ਹਮਰਾ ਜੀਵਨੁ ਨਿੰਦਕੁ ਲੋਰੈ॥੨॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਭਗਤ ਕਬੀਰ ਜੀ ਸਾਨੂੰ ਸਮਝਾ ਰਹੇ ਹਨ ਕਿ ਉਨ੍ਹਾਂ ਦਾ ਚਿੱਤ ਉਨ੍ਹਾਂ ਦੇ ਨਿੰਦਕ ਨਾਲ ਜੁੜਿਆ ਹੋਇਆ ਹੈ ਤੇ ਉਹ ਉਨ੍ਹਾਂ ਦਾ ਮੀਤ ਹੈ। ਭਗਤ ਜੀ ਦਾ ਚਿੱਤ ਪ੍ਰਮਾਤਮਾ ਦੇ ਨਾਲ ਜੁੜਿਆ ਹੋਇਆ ਹੈ ਤੇ ਪ੍ਰਮਾਤਮਾ ਹੀ ਉਨ੍ਹਾਂ ਦਾ ਮੀਤ ਹੈ। ਜਿਸਦੇ ਉੱਪਰ ਪ੍ਰਮਾਤਮਾ ਆਪਣੇ ਮੇਲ ਦੀ ਕ੍ਰਿਪਾ ਕਰਦਾ ਹੈ ਉਸਨੂੰ ਮਨ ਦੇ ਰਾਹੀਂ ਸੱਚ ਹੀ ਸਮਝਾਉਂਦਾ ਹੈ, ਸੱਚੀ ਮਤਿ ਹੀ ਸਮਝਾਉਂਦਾ ਹੈ ਜੋ ਮਤਿ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੈ। ਪ੍ਰਮਾਤਮਾ ਦੀ ਉਸਤਤਿ ਕਰਨੀ ਕੀ ਹੈ ਇਸ ਗੱਲ ਦੀ ਸੋਝੀ ਉਸਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸ ਨੂੰ ਔਗੁਣਾਂ ਵਿੱਚੋਂ ਕੱਢ ਲੈਂਦਾ ਹੈ, ਮਾੜੇ ਕਰਮਾਂ ਵਿੱਚੋਂ ਕੱਢ ਲੈਂਦਾ ਹੈ ਭਾਵ ਉਹ ਮਾੜੇ ਕਰਮਾਂ ਦੀ ਨਿੰਦਾ ਕਰਦਾ ਹੈ ਤੇ ਜਿਸ ਤੇ ਉਸਦੀ ਕਿਰਪਾ ਹੁੰਦੀ ਹੈ ਉਹ ਇਸ ਨਿੰਦਾ ਨੂੰ ਕਬੂਲ ਕਰ ਲੈਂਦਾ ਹੈ। ਮਾੜੇ ਕਰਮਾਂ ਤੋਂ ਨਿੰਦਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਪੂਰੀ ਗੁਰਬਾਣੀ ਰਾਹੀਂ ਸਾਨੂੰ ਮਾੜੇ ਕਰਨ ਲਈ ਉਸ ਨੇ ਆਪ ਹੀ ਨਿੰਦਿਆ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਉਸ ਨੇ ਸਾਨੂੰ ਨਿੰਦਿਆ

27/3045

ਹੈ ਉਨ੍ਹਾਂ ਨੇ ਪਹਿਲਾਂ ਆਪ ਨਿੰਦਾ ਨੂੰ ਕਬੂਲ ਕੀਤਾ ਹੈ ਭਾਵ ਪ੍ਰਮਾਤਮਾ ਦੀ ਸਿੱਖਿਆ ਨੂੰ ਕਬੂਲ ਕੀਤਾ ਹੈ, ਉਨ੍ਹਾਂ ਨੇ ਔਗੁਣ ਤਿਆਗੇ ਹਨ ਤੇ ਤਾਂ ਹੀ ਉਨ੍ਹਾਂ ਦਾ ਹਿਰਦਾ ਸ਼ੁੱਧ ਹੋਇਆ ਹੈ। ਪ੍ਰਮਾਤਮਾ ਜਿਸ ਦਾ ਮੀਤ ਬਣਦਾ ਹੈ ਉਸ ਨੂੰ ਔਗੁਣਾਂ ਵਿੱਚੋਂ

ਕੱਢ ਲੈਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ ਕੱਢਿਆ ਹੈ, ਉਨ੍ਹਾਂ ਨੂੰ ਕੱਢਿਆ ਹੈ ਜਿੰਨ੍ਹਾਂ ਨੂੰ ਉਸਨੇ ਆਪਣੇ ਦਰਸ਼ਨ ਦਿੱਤੇ ਹਨ। **(ਨਿੰਦਾ ਕਰੈ ਸੁ ਹਮਰਾ ਮੀਤੁ॥ ਨਿੰਦਕ ਮਾਹਿ ਹਮਾਰਾ ਚੀਤੁ॥)**

{ਜਿਸ ਦਾ ਕਰਤਾ ਮਿਤ੍ਰ ਸਭਿ ਕਾਜ ਸਵਾਰਿਆ॥}

(ਅੰਗ ੯੬੦)

ਸਲੋਕ ਮਃ ੫॥

{ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ॥

ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ॥੧॥}

(ਅੰਗ ੩੧੭)

ਮਃ ੫॥

{ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ॥

ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ॥੨॥}

(ਅੰਗ ੩੧੮)

{ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ॥ ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ॥

ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ॥ ਹਉ ਨਾਮ ਵਿਟਹੁ ਕੁਰਬਾਣੁ ਜੀਉ॥੨॥}

(ਅੰਗ ੧੭੫)

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸਾਡੀ ਸੱਚੀ ਨਿੰਦਾ ਕਰਨ ਵਾਲਾ ਕੌਣ ਹੈ ਭਾਵ ਗੁਰੂ ਹੈ ਜਿਸ ਨੇ ਇਹ ਨਿੰਦਿਆ ਕਰਨੀ ਪ੍ਰਮਾਤਮਾ ਕੋਲੋਂ ਸਿੱਖੀ ਹੈ, ਆਪਣੇ ਸੱਚੇ ਮਿੱਤਰ ਕੋਲੋਂ ਸਿੱਖੀ ਹੈ।

“ਨਿੰਦਕੁ ਸੋ ਜੋ ਨਿੰਦਾ ਹੋਰੈ॥ ਹਮਰਾ ਜੀਵਨੁ ਨਿੰਦਕੁ ਲੋਰੈ॥੨॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸੱਚੇ ਨਿੰਦਕ ਦੀ ਨਿਸ਼ਾਨੀ ਹੀ ਸਮਝਾਈ ਹੋਈ ਹੈ। ਦੂਸਰੇ ਦੀ ਨਿੰਦਾ ਉਹੀ ਕਰ ਸਕਦਾ ਹੈ ਭਾਵ ਦੂਸਰੇ ਨੂੰ ਨਿੰਦਣ ਦੁਆਰਾ ਉਹੀ ਸੱਚੀ ਗੱਲ ਸਮਝਾ ਸਕਦਾ ਹੈ ਜੋ ਪਹਿਲਾਂ ਆਪਣੀ ਨਿੰਦਾ ਵਿੱਚੋਂ ਨਿਕਲਿਆ ਹੋਇਆ ਹੈ ਭਾਵ ਜੋ ਖੁਦ ਨਿੰਦਾ ਤੋਂ ਬਾਹਰ ਹੈ। ਨਿੰਦਾ ਤੋਂ ਬਾਹਰ ਉਹੀ ਹੈ ਜਿਸ ਨੇ ਸੱਚੀ ਸਿੱਖਿਆ ਨੂੰ ਮੰਨਿਆ ਹੋਇਆ ਹੈ ਭਾਵ ਉਸ ਗੱਲ ਨੂੰ ਮੰਨਿਆ ਹੋਇਆ ਹੈ ਜਿਸ ਗੱਲ ਕਰ ਕੇ

ਸਾਡੀ ਨਿੰਦਾ ਹੁੰਦੀ ਹੈ। “ਨਿੰਦਾ ਹੋਰੈ” ਤੋਂ ਭਾਵ ਹੈ ਜੋ ਆਪਣੇ ਆਪ ਨੂੰ ਨਿੰਦਾ ਤੋਂ ਬਚਾਉਂਦਾ ਹੈ, ਆਪਣੀ ਨਿੰਦਾ ਹੋਣ ਤੋਂ ਆਪਣੇ ਆਪ ਨੂੰ ਰੋਕਦਾ ਹੈ। ਨਿੰਦਾ ਉਸਦੀ ਹੀ ਰੁਕ ਸਕਦੀ ਹੈ ਜਿਸ ਨੇ ਆਪਣੇ ਆਪ ਨੂੰ ਮਾੜੇ ਕਰਮ ਕਰਨ ਤੋਂ ਰੋਕ ਲਿਆ ਹੈ ਭਾਵ ਉਸ ਗੱਲ ਨੂੰ ਮੰਨ ਲਿਆ ਹੈ ਜਿਸ ਨੂੰ ਨਾ ਮੰਨਣ ਕਰਕੇ ਸਾਡੀ ਨਿੰਦਾ ਹੁੰਦੀ ਹੈ। ਸਾਡੀ ਨਿੰਦਾ ਗੁਰੂ ਸਾਡੇ ਮਾੜੇ ਕਰਮਾਂ ਲਈ ਕਰਦਾ ਹੈ, ਗੁਰਮਤਿ ਦੇ ਉਲਟ ਚੱਲਣ ਕਰਕੇ ਕਰਦਾ ਹੈ। ਗੁਰੂ ਆਪ ਇਸ ਨਿੰਦਾ ਵਿੱਚੋਂ ਨਿਕਲਿਆ ਹੋਇਆ ਹੈ ਕਿਉਂਕਿ ਉਸ ਨੂੰ ਗੁਰਮਤਿ ਦੀ ਸੱਚੀ ਸੋਝੀ ਹੈ ਜੋ ਉਸ ਨੂੰ ਪ੍ਰਮਾਤਮਾ ਦੇ ਕੋਲੋਂ ਮਿਲੀ ਹੈ ਤੇ ਗੁਰੂ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੀ ਵਿਚਰਦਾ ਹੈ, ਗੁਰੂ ਮਾਇਆ ਮੋਹ ਵਿੱਚੋਂ ਨਿਕਲਿਆ ਹੋਇਆ ਹੈ ਤੇ ਇਸੇ ਲਈ ਗੁਰੂ ਸਾਨੂੰ ਨਿੰਦਣ ਲਈ ਹੱਕਦਾਰ ਹੈ, ਗੁਰੂ ਸਾਡਾ ਸੱਚਾ ਨਿੰਦਕ ਹੈ। ਗੁਰੂ ਸਾਡਾ ਜੀਵਨ ਸੁਧਾਰਨਾ ਚਾਹੁੰਦਾ ਹੈ ਤੇ ਇਸੇ ਲਈ ਗੁਰੂ ਸਾਨੂੰ ਨਿੰਦਣ ਦੁਆਰਾ ਸੱਚੀ ਸੋਝੀ ਪਾਉਂਦਾ ਹੈ, ਸਾਡੇ ਲਈ ਮਾੜੇ ਲਫ਼ਜ਼ ਵਰਤ ਕੇ ਸਾਨੂੰ ਸੱਚ ਤੇ ਚਲਾਉਣਾ ਚਾਹੁੰਦਾ ਹੈ, ਸਾਨੂੰ ਮਨਮਤਿ ਵਿੱਚੋਂ ਕੱਢ ਕੇ ਗੁਰਮਤਿ ਨਾਲ ਜੋੜਨਾ ਚਾਹੁੰਦਾ ਹੈ, ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢ ਕੇ, ਮਾਇਆ ਮੋਹ ਵਿੱਚੋਂ ਕੱਢ ਕੇ ਸਾਡੇ ਕੋਲੋਂ ਸੱਚੇ ਸੁੱਚੇ ਕਰਮ ਕਰਾਉਣੇ ਚਾਹੁੰਦਾ ਹੈ। ਗੁਰੂ ਨੂੰ ਸਾਡੇ ਸਭ ਦੇ ਨਾਲ ਪਿਆਰ ਹੈ, ਉਸਦੀ ਨਿੰਦਾ ਦੇ ਵਿੱਚ ਵੀ ਪਿਆਰ ਹੈ। **(ਨਿੰਦਕੁ ਸੋ ਜੋ ਨਿੰਦਾ ਹੋਰੈ॥ ਹਮਰਾ ਜੀਵਨੁ ਨਿੰਦਕੁ ਲੋਰੈ॥੨॥)**

ਸਾਡੀ ਨਿੰਦਾ ਦੁਆਰਾ ਗੁਰੂ ਸਾਡਾ ਉਧਾਰ ਹੀ ਕਰਨਾ ਚਾਹੁੰਦਾ ਹੈ ਜੋ ਕਿ ਗੁਰੂ ਦਾ ਮਕਸਦ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਨਿੰਦਾ ਹਮਰੀ ਪ੍ਰੇਮ ਪਿਆਰੁ॥ ਨਿੰਦਾ ਹਮਰਾ ਕਰੈ ਉਧਾਰੁ॥

ਜਨ ਕਬੀਰ ਕਉ ਨਿੰਦਾ ਸਾਰੁ॥ ਨਿੰਦਕੁ ਡੂਬਾ ਹਮ ਉਤਰੇ ਪਾਰਿ॥੩॥੨੦॥੭੧॥"

ਗੁਰੂ ਸਾਡੀ ਸੱਚੀ ਨਿੰਦਾ ਕਰਦਾ ਹੈ ਕਿਉਂਕਿ ਗੁਰੂ ਨੂੰ ਸਾਡੇ ਨਾਲ ਪ੍ਰੇਮ ਪਿਆਰ ਹੈ। ਗੁਰੂ ਸਾਡੀ ਨਿੰਦਾ ਰਾਹੀਂ ਸਾਨੂੰ ਸਮਝਾਉਣ ਦੁਆਰਾ ਸਾਡੇ ਜੀਵਨ ਦਾ ਉਧਾਰ ਹੀ ਕਰਨਾ ਚਾਹੁੰਦਾ ਹੈ। ਜੋ ਗੁਰੂ ਦੀ ਨਿੰਦਾ ਦੇ ਮਨੋਰਥ ਨੂੰ ਸਮਝ ਲੈਂਦਾ ਹੈ ਭਾਵ ਇਹ ਸਮਝ ਲੈਂਦਾ ਹੈ ਕਿ ਗੁਰੂ ਨੇ ਸਾਡੀ ਨਿੰਦਾ ਕਿਸ ਮਨੋਰਥ ਲਈ ਕੀਤੀ ਹੈ ਤੇ ਉਹ ਨਿੰਦਾ ਦੇ ਮਨੋਰਥ ਨੂੰ ਜੇਕਰ ਪੂਰਾ ਕਰਦਾ ਹੈ ਉਸ ਵਿੱਚ ਮਨੁੱਖ ਦਾ ਉਧਾਰ ਹੀ ਹੁੰਦਾ ਹੈ। ਗੁਰਬਾਣੀ ਰਾਹੀਂ ਗੁਰੂ ਨੇ ਸਾਨੂੰ ਵਾਰ-ਵਾਰ ਅਨੇਕਾਂ ਸ਼ਬਦਾਂ ਰਾਹੀਂ ਨਿੰਦਿਆ ਹੈ ਤੇ ਜੇਕਰ ਅਸੀਂ ਗੁਰੂ ਦੇ ਮਨੋਰਥ ਤੇ ਪੂਰਾ ਉਤਰਦੇ ਹਾਂ ਭਾਵ ਆਪਣੀ ਨਿੰਦਾ ਨੂੰ ਕਬੂਲ ਕਰ ਲੈਂਦੇ ਹਾਂ ਉਸ ਨਾਲ ਹੀ ਸਾਡਾ ਉਧਾਰ ਹੋਣਾ ਹੈ। ਜੇਕਰ ਅਸੀਂ ਹਰ ਰੋਜ਼ ਗੁਰੂ ਦੀਆਂ ਇਨ੍ਹਾਂ ਗੱਲਾਂ ਨੂੰ ਪੜ੍ਹੀ ਜਾਈਏ ਕਿ ਔਗੁਣ ਮਨੁੱਖ ਲਈ ਮਾੜੇ ਹਨ ਭਾਵ

ਔਗੁਣ ਕਰਨ ਵਾਲੇ ਮਨੁੱਖ ਮਾੜੇ ਹਨ ਤੇ ਗੁਰੂ ਦੀ ਇਹ ਗੱਲ ਮੰਨਣ ਤੋਂ ਬਿਨ੍ਹਾਂ ਫਿਰ ਅਸੀਂ ਮਾੜੇ ਹੀ ਬਣੇ ਰਹਾਂਗੇ ਭਾਵ ਨਿੰਦਣਯੋਗ ਹੀ ਬਣੇ ਰਹਾਂਗੇ। ਸਾਡੀ ਲੋਭ ਲਾਲਚ ਵਾਲੀ ਬਿਰਤੀ ਨੂੰ ਅਨੇਕਾਂ ਹੀ ਵਾਰ ਕੁੱਤਿਆਂ ਵਾਲੀ ਬਿਰਤੀ ਕਹਿ ਕੇ ਸਮਝਾਇਆ ਹੋਇਆ ਹੈ ਭਾਵ ਸਾਡੀ ਤੁਲਨਾ ਕੁੱਤਿਆਂ ਦੇ ਨਾਲ ਕੀਤੀ ਹੈ ਭਾਵ ਸਾਨੂੰ ਸਾਡੇ ਲੋਭ ਲਾਲਚ ਕਰਕੇ ਨਿੰਦਿਆ ਹੈ। ਜੇਕਰ ਅਸੀਂ ਇਹ ਆਪਣੀ ਨਿੰਦਿਆ ਕਬੂਲ ਕਰਦੇ ਹਾਂ ਤਾਂ ਫਿਰ ਅਸੀਂ ਲੋਭ ਲਾਲਚ ਵਿੱਚੋਂ ਨਿਕਲ ਜਾਵਾਂਗੇ, ਮਾੜੇ ਕਰਮ ਕਰਨ ਵਿੱਚੋਂ ਨਿਕਲ ਜਾਵਾਂਗੇ ਜਿਸ ਦੁਆਰਾ ਸਾਡੇ ਜੀਵਨ ਦਾ ਉਧਾਰ ਹੋਣਾ ਹੈ। ਇਸੇ ਤਰ੍ਹਾਂ ਸਾਨੂੰ ਗੁਰਬਾਣੀ ਰਾਹੀਂ ਅਨੇਕਾਂ ਹੀ ਅਨੇਕਾਂ ਗੱਲਾਂ ਲਈ ਮਾੜਾ ਕਿਹਾ ਗਿਆ ਹੈ, ਸਾਡੀ ਭਗਤੀ ਦੇ ਦਿਖਾਵਿਆਂ ਨੂੰ ਵੀ ਮਾੜਾ ਕਿਹਾ ਗਿਆ ਹੈ ਜਿੰਨ੍ਹਾਂ ਲਈ ਅਸੀਂ ਗੁਰੂ ਦੀਆਂ ਨਜ਼ਰਾਂ ਵਿੱਚ ਮਾੜੇ ਹੀ ਬਣਦੇ ਹਾਂ ਭਾਵ ਸਾਡੇ ਭਗਤੀ ਦੇ ਦਿਖਾਵਿਆਂ ਨੂੰ ਨਿੰਦਿਆ ਹੋਇਆ ਹੈ। ਜੇਕਰ ਅਸੀਂ ਇਸ ਨਿੰਦਿਆ ਤੋਂ ਬਚਣਾ ਚਾਹੁੰਦੇ ਹਾਂ ਫਿਰ ਸਾਨੂੰ ਆਪਣੀ ਨਿੰਦਾ ਕਬੂਲ ਕਰਨੀ ਪਵੇਗੀ ਭਾਵ ਉਹ ਕੰਮ ਛੱਡਣੇ ਪੈਣਗੇ ਜਿੰਨ੍ਹਾਂ ਲਈ ਗੁਰੂ ਸਾਨੂੰ ਨਿੰਦਦਾ ਹੈ। ਸਾਡੇ ਜੀਵਨ ਦਾ ਉਧਾਰ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਹੋਣਾ ਹੈ ਭਾਵ ਗੁਰਮਤਿ ਨੂੰ ਆਪਣੀ ਕਰਨੀ ਵਿੱਚ ਲਿਆ ਕੇ ਹੋਣਾ ਹੈ ਨਾ ਕਿ ਕਥਨੀ ਕਰੀ ਜਾਣ ਨਾਲ। **(ਨਿੰਦਾ ਹਮਰੀ ਪ੍ਰੇਮ ਪਿਆਰੁ॥ ਨਿੰਦਾ ਹਮਰਾ ਕਰੈ ਉਧਾਰੁ॥)**

ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਾਨੂੰ ਸੱਚੇ ਨਿੰਦਕ ਵਿੱਚ ਤੇ ਝੂਠੇ ਨਿੰਦਕ ਵਿੱਚ ਫਰਕ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਜਨ ਕਬੀਰ ਕਉ ਨਿੰਦਾ ਸਾਰੁ॥ ਨਿੰਦਕੁ ਡੂਬਾ ਹਮ ਉਤਰੇ ਪਾਰਿ॥੩॥੨੦॥੭੧॥"

ਭਗਤ ਕਬੀਰ ਜੀ ਸਮਝਾ ਰਹੇ ਹਨ ਕਿ ਉਨ੍ਹਾਂ ਨੇ ਨਿੰਦਾ ਨੂੰ ਅਪਣਾਇਆ ਹੋਇਆ ਹੈ ਭਾਵ ਜਿਸ ਗੱਲ ਲਈ ਉਨ੍ਹਾਂ ਨੇ ਦੂਸਰਿਆਂ ਨੂੰ ਨਿੰਦਿਆ ਹੈ ਉਸ ਨਿੰਦਿਆਂ ਰਾਹੀਂ ਉਨ੍ਹਾਂ ਨੇ ਆਪਣੇ ਆਪ ਨੂੰ ਉੱਤਮ ਬਣਾਇਆ ਹੋਇਆ ਹੈ ਭਾਵ ਉਹ ਮਾੜੇ ਕਰਮਾਂ ਵਿੱਚੋਂ, ਔਗੁਣਾਂ ਵਿੱਚੋਂ ਨਿਕਲੇ ਹੋਏ ਹਨ। ਜੋ ਸੱਚੀ ਨਿੰਦਿਆ ਨੂੰ ਕਬੂਲ ਕਰ ਲੈਂਦਾ ਹੈ ਉਹ ਮਾਇਆ ਮੋਹ ਦੇ ਸਾਗਰ ਵਿੱਚੋਂ ਪਾਰ ਹੋ ਜਾਂਦਾ ਹੈ ਤੇ ਭਗਤ ਕਬੀਰ ਜੀ ਨੇ ਇਸ ਮਾਇਆ ਮੋਹ ਦੇ ਸਾਗਰ ਨੂੰ ਤਰਿਆ ਹੋਇਆ ਹੈ, ਉਹ ਇਸ ਵਿੱਚੋਂ ਪਾਰ ਨਿਕਲੇ ਹੋਏ ਹਨ। ਅਸਲ ਨਿੰਦਣਯੋਗ ਮਨੁੱਖ ਉਹ ਹੈ ਜੋ ਗੁਰੂ ਦੀ ਨਿੰਦਿਆ ਨੂੰ ਕਬੂਲ ਨਹੀਂ ਕਰਦਾ। ਇਹੋ ਜਿਹਾ ਮਨੁੱਖ ਗੁਰੂ ਦਾ ਨਿੰਦਕ ਹੈ, ਗੁਰੂ ਦੀ ਸਿੱਖਿਆ ਦਾ ਨਿੰਦਕ ਹੈ, ਸੱਚ ਦਾ ਨਿੰਦਕ ਹੈ। ਇਹੋ ਜਿਹੇ ਨਿੰਦਕ ਮਾਇਆ ਮੋਹ ਦੇ ਸਾਗਰ ਵਿੱਚ ਡੁੱਬਦੇ ਹਨ। ਗੁਰਮਤਿ ਦੀ ਨਿੰਦਾ ਗੁਰੂ ਦੀ ਨਿੰਦਾ ਹੈ ਤੇ ਇਸ ਗੱਲ ਨੂੰ ਅਸੀਂ ਅੱਗੇ ਕੁੱਝ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਂਗੇ। **(ਜਨ ਕਬੀਰ ਕਉ ਨਿੰਦਾ ਸਾਰੁ॥ ਨਿੰਦਕੁ ਡੂਬਾ ਹਮ ਉਤਰੇ ਪਾਰਿ॥੩॥੨੦॥੭੧॥)**

27/3048

ਅਸੀਂ ਪਿੱਛੇ ਵਾਰ-ਵਾਰ ਇਸ ਗੱਲ ਨੂੰ ਸਮਝਿਆ ਹੈ ਕਿ ਨਾਮ ਤੇ ਹਉਮੈ ਦਾ ਵਿਰੋਧ ਕਿਸ ਗੱਲ ਦਾ ਹੈ ਭਾਵ ਝਗੜਾ ਕਿਸ ਗੱਲ ਦਾ ਹੈ। ਨਾਮ ਗੁਰੂ ਦੀ ਮਤਿ ਹੈ ਤੇ ਹਉਮੈ ਸਾਡੀ ਮਤਿ ਹੈ। ਨਾਮ ਸ਼ਬਦ ਦੇ ਵਿਚਾਰ ਹਨ ਭਾਵ ਗੁਰੂ ਦੇ ਵਿਚਾਰ ਹਨ ਤੇ ਹਉਮੈ ਸਾਡੇ ਵਿਚਾਰ ਹਨ, ਸਾਡੀ ਮਤਿ ਦੇ ਵਿਚਾਰ ਹਨ। ਗੁਰੂ ਦਾ ਤੇ ਮਨੁੱਖ ਦਾ ਆਪਸ ਵਿੱਚ ਝਗੜਾ ਵਿਚਾਰਾਂ ਦਾ ਮੇਲ ਨਾ ਹੋਣ ਦਾ ਹੀ ਹੈ। ਸੰਸਾਰ ਵਿੱਚ ਜੋ ਕੋਈ ਵੀ ਝਗੜਾ ਹੁੰਦਾ ਹੈ ਉਹ ਇੱਕ ਦੂਜੇ ਨਾਲ ਵਿਚਾਰ ਨਾ ਰਲਣ ਦੁਆਰਾ ਹੀ ਹੁੰਦਾ ਹੈ। ਝਗੜੇ ਦਾ ਨਿਬੇੜਾ ਵਿਚਾਰਾਂ ਵਿੱਚ ਸਾਂਝ ਪੈਣ ਦੁਆਰਾ ਹੀ ਹੁੰਦਾ ਹੈ। ਜਦ ਤੱਕ ਸਾਡੇ ਵਿਚਾਰ ਇੱਕ ਦੂਸਰੇ ਨਾਲ ਨਹੀਂ ਰਲਦੇ ਤਦ ਤੱਕ ਅਸੀਂ ਇੱਕ ਦੂਸਰੇ ਦੀ ਨਿੰਦਾ ਕਰਦੇ ਹਾਂ ਭਾਵ ਇੱਕ ਦੂਸਰੇ ਦੇ ਵਿਚਾਰਾਂ ਨੂੰ ਨਿੰਦਦੇ ਹਾਂ। ਜੋ ਗੱਲ ਅਸੀਂ ਗੁਰੂ ਦੀ ਨਹੀਂ ਮੰਨਦੇ ਭਾਵ ਜਿਸ ਗੱਲ ਵਿੱਚ ਸਾਡੇ ਵਿਚਾਰ ਗੁਰੂ ਨਾਲ ਮੇਲ ਨਹੀਂ ਖਾਂਦੇ ਉਸ ਗੱਲ ਕਰਕੇ ਗੁਰੂ ਸਾਡੀ ਨਿੰਦਾ ਕਰਦਾ ਹੈ, ਸ਼ਬਦ ਦੇ ਵਿਚਾਰ ਸੁਰਤਿ ਦੇ ਵਿਚਾਰਾਂ ਦੀ ਨਿੰਦਾ ਕਰਦੇ ਹਨ। ਗੁਰੂ ਸਿਆਣਾ ਹੈ, ਉਸ ਨੂੰ ਸੱਚ ਦੀ ਸਮਝ ਹੈ ਜਿਸ ਕਰਕੇ ਉਹ ਸਾਨੂੰ ਨਿੰਦਦਾ ਹੈ ਭਾਵ ਸਾਡੇ ਮਾੜੇ ਵਿਚਾਰਾਂ ਨੂੰ ਨਿੰਦਦਾ ਹੈ। ਸ਼ਬਦ ਦੇ ਵਿਚਾਰ, ਗੁਰੂ ਦੇ ਵਿਚਾਰ ਸਦਾ ਥਿਰ ਰਹਿਣ ਵਾਲੇ ਹਨ, ਅਡੋਲ ਹਨ ਜੋ ਕਦੇ ਬਦਲ ਨਹੀਂ ਸਕਦੇ ਕਿਉਂਕਿ ਉਨ੍ਹਾਂ ਅੰਦਰ ਪੂਰਨ ਸੱਚ ਹੈ। ਸਾਡੇ ਵਿਚਾਰਾਂ ਨੂੰ ਗੁਰੂ ਨਿੰਦ ਸਕਦਾ ਹੈ ਕਿਉਂਕਿ ਸਾਡੇ ਜੋ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ ਉਹ ਨਿੰਦਣਯੋਗ ਹੀ ਹਨ ਕਿਉਂਕਿ ਉਨ੍ਹਾਂ ਵਿੱਚ ਸੱਚ ਨਹੀਂ ਹੈ। ਕੋਈ ਗੁਰੂ ਦੇ ਵਿਚਾਰਾਂ ਨੂੰ ਨਿੰਦ ਨਹੀਂ ਸਕਦਾ ਭਾਵ ਮਾੜਾ ਨਹੀਂ ਕਹਿ ਸਕਦਾ ਪਰ ਧਿਆਨ ਨਾਲ ਸਮਝੋ ਕਿ ਜੇਕਰ ਅਸੀਂ ਗੁਰੂ ਦੇ ਵਿਚਾਰਾਂ ਨੂੰ ਨਹੀਂ ਮੰਨਦੇ ਗੁਰੂ ਦੇ ਵਿਚਾਰ ਆਪੇ ਹੀ ਨਿੰਦੇ ਜਾਂਦੇ ਹਨ। ਜਿਹੜੇ ਵਿਚਾਰਾਂ ਦਾ ਸਾਡੇ ਉੱਤੇ ਕੋਈ ਅਸਰ ਨਹੀਂ ਹੁੰਦਾ ਇਸ ਦਾ ਮਤਲਬ ਸਿੱਧਾ ਹੈ ਕਿ ਅਸੀਂ ਉਨ੍ਹਾਂ ਵਿਚਾਰਾਂ ਨੂੰ ਕਬੂਲ ਨਹੀਂ ਕੀਤਾ। ਆਪਣੀ ਕਥਨੀ ਦੁਆਰਾ ਅਸੀਂ ਭਾਵੇਂ ਗੁਰੂ ਨੂੰ ਸੱਚੇ ਵਿਚਾਰਾਂ ਵਾਲਾ ਕਹਿੰਦੇ ਹਾਂ ਪਰ ਆਪਣੀ ਕਰਨੀ ਵਿੱਚ ਅਸੀਂ ਗੁਰੂ ਦੇ ਵਿਚਾਰਾਂ ਨੂੰ ਨਿੰਦਦੇ ਹਾਂ ਕਿਉਂਕਿ ਅਸੀਂ ਉਨ੍ਹਾਂ ਤੇ ਅਮਲ ਨਹੀਂ ਕਰਦੇ। ਗੁਰੂ ਦੇ ਵਿਚਾਰਾਂ ਨੂੰ ਮੰਨਣਾ ਜਾਂ ਨਾ ਮੰਨਣਾ ਸਾਡੀ ਕਰਨੀ ਦੁਆਰਾ ਤਹਿ ਹੁੰਦਾ ਹੈ ਭਾਵ ਨਿੰਦਣਾ ਜਾਂ ਨਾ ਨਿੰਦਣਾ ਸਾਡੀ ਕਰਨੀ ਦੁਆਰਾ ਤਹਿ ਹੁੰਦਾ ਹੈ। ਜੇਕਰ ਸਾਡੇ ਮਾਂ ਬਾਪ ਸਾਡੇ ਕੋਲੋਂ ਕੁੱਝ ਮੰਗਦੇ ਹਨ ਭਾਵ ਸੇਵਾ ਮੰਗਦੇ ਹਨ ਜੇਕਰ ਅਸੀਂ ਉਨ੍ਹਾਂ ਦੀ ਸੇਵਾ ਕਰਦੇ ਹਾਂ ਫਿਰ ਅਸੀਂ ਉਨ੍ਹਾਂ ਦੇ ਵਿਚਾਰਾਂ ਨੂੰ ਪ੍ਰਵਾਨ ਕਰਦੇ ਹਾਂ ਜਿਸ ਦੁਆਰਾ ਉਹ ਖੁਸ਼ ਹੁੰਦੇ ਹਨ ਭਾਵ ਸਾਡੇ ਵਿਚਾਰ ਆਪਸ ਵਿੱਚ ਮੇਲ ਖਾਂਦੇ ਹਨ ਤੇ ਸਾਡਾ ਆਪਸ ਵਿੱਚ ਪਿਆਰ ਬਣਿਆ ਰਹਿੰਦਾ ਹੈ ਤੇ ਕੋਈ ਝਗੜਾ ਨਹੀਂ ਹੁੰਦਾ ਤੇ ਜੇਕਰ ਇਸ ਤੋਂ ਉਲਟ ਅਸੀਂ ਗੱਲਾਂ ਨਾਲ ਭਾਵੇਂ ਮਾਂ ਬਾਪ ਨੂੰ ਚੰਗੇ ਕਹੀ ਜਾਈਏ ਪਰ ਉਨ੍ਹਾਂ ਦੀ ਸੇਵਾ ਨਾ ਕਰੀਏ, ਉਨ੍ਹਾਂ ਦੀ ਇੱਛਾ ਪੂਰੀ ਨਾ ਕਰੀਏ ਭਾਵ ਉਨ੍ਹਾਂ ਦੇ ਵਿਚਾਰਾਂ ਨੂੰ ਆਪਣੀ ਕਰਨੀ ਵਿੱਚ ਨਾ ਲਿਆਈਏ ਫਿਰ ਇਹ ਉਨ੍ਹਾਂ ਦੇ ਵਿਚਾਰਾਂ ਨੂੰ ਨਿੰਦਣ ਵਾਲੀ ਗੱਲ ਹੈ,

27/3049

ਘਰ ਵਿੱਚ ਝਗੜਾ ਪਾਉਣ ਵਾਲੀ ਗੱਲ ਹੈ। ਗੁਰੂ ਦੇ ਨਾਲ ਸਾਡਾ ਰਿਸ਼ਤਾ ਇਹੋ ਜਿਹਾ ਹੀ ਹੈ। ਗੁਰੂ ਸਾਨੂੰ ਮਾੜੇ ਕਰਮ ਕਰਨ ਤੋਂ ਮਨ੍ਹਾ ਕਰਦਾ ਹੈ, ਲੋਭ ਲਾਲਚ ਛੱਡਣ ਲਈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਭਲੇ ਬਣ ਕੇ ਵਿਚਰੀਏ ਤੇ ਕਿਸੇ ਦਾ ਮਾੜਾ ਨਾ ਕਰੀਏ, ਕਿਸੇ ਦਾ ਹੱਕ ਨਾ ਖਾਈਏ ਭਾਵ ਹਰ ਗੱਲ ਵਿੱਚ ਪੂਰੀ ਇਮਾਨਦਾਰੀ ਵਰਤੀਏ। ਅਸੀਂ ਗੱਲਾਂ ਨਾਲ ਤੇ ਗੁਰੂ ਗੁਰੂ ਕਰੀ ਜਾਂਦੇ ਹਾਂ, ਸਵੇਰੇ ਸ਼ਾਮ ਪਾਠ ਕਰੀ ਜਾਂਦੇ ਹਾਂ ਪਰ ਗੁਰੂ ਦੀ ਗੱਲ ਦਾ ਅਸਰ ਸਾਡੇ ਤੇ ਨਹੀਂ ਹੁੰਦਾ ਭਾਵ ਸਾਡੇ ਵਿਚਾਰ ਆਪਸ ਵਿੱਚ ਮੇਲ ਨਹੀਂ ਖਾਂਦੇ। ਗੁਰੂ ਸਾਨੂੰ ਸਰੀਰਕ ਜਪਾਂ ਤਪਾਂ ਤੋਂ ਮਨ੍ਹਾ ਕਰਦਾ ਹੈ ਕਿ ਇਹ ਕੇਵਲ ਚਤੁਰਾਈਆਂ ਹਨ, ਭਗਤੀ ਦੇ ਦੁਨਿਆਵੀ ਦਿਖਾਵੇ ਹਨ ਪਰ ਸਾਡੇ ਤੇ ਗੁਰੂ ਦੀ ਗੱਲ ਦਾ ਅਸਰ ਨਹੀਂ ਹੁੰਦਾ ਭਾਵ ਸਾਡੇ ਵਿਚਾਰ ਆਪਸ ਵਿੱਚ ਮੇਲ ਨਹੀਂ ਖਾਂਦੇ। ਸਾਡਾ ਝਗੜਾ ਵਿਚਾਰਾਂ ਦਾ ਹੀ ਹੈ ਕਿਉਂਕਿ ਗੁਰੂ ਦੇ ਵਿਚਾਰਾਂ ਨੂੰ ਪ੍ਰਵਾਨ ਨਾ ਕਰਨਾ ਗੁਰੂ ਦੇ ਵਿਚਾਰਾਂ ਨੂੰ ਨਿੰਦਣ ਵਾਲੀ ਗੱਲ ਹੈ ਜੋ ਕਿ ਅਸੀਂ ਆਪਣੀ ਕਰਨੀ ਦੁਆਰਾ ਨਿੰਦਦੇ ਹਾਂ। ਅੱਗੇ ਦਿੱਤੇ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਹੀ ਸਮਝਣਾ ਹੈ ਕਿ ਅਸੀਂ ਗੁਰੂ ਦੀ ਨਿੰਦਾ ਕਿਸ ਰੂਪ ਵਿੱਚ ਕਰਦੇ ਹਾਂ ਜਿਸ ਤੋਂ ਕਿ ਅਸੀਂ ਬੇਖ਼ਬਰ ਹਾਂ, ਵੱਡੇ ਭਰਮ ਵਿੱਚ ਹਾਂ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੀ ਨਿੰਦਾ ਤੋਂ, ਸੰਤ ਦੀ ਨਿੰਦਾ ਤੋਂ ਬਚ ਸਕੀਏ। ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਅਸੀਂ ਗੁਰੂ ਦੀ ਨਿੰਦਾ ਕਿਸ ਰੂਪ ਵਿੱਚ ਕਰਦੇ ਹਾਂ।

ਸਿਰੀਰਾਗੁ ਮਹਲਾ ੧॥

“ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥
ਮਨ ਰੇ ਹਉਮੈ ਛੋਡਿ ਗੁਮਾਨੁ॥
ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥੧॥ਰਹਾਉ॥
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥੨॥
ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥
ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥੩॥
ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥
ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ॥੪॥੧੯॥”

(ਅੰਗ ੨੧)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਹੀ ਇਸ ਗੱਲ ਨੂੰ ਸਮਝੋ ਕਿ ਗੁਰੂ ਦੇ ਸ਼ਬਦ ਨਾਲ ਭਿੱਜਣਾ ਕੀ ਹੈ, ਸਾਕਤ ਕੌਣ ਹੈ ਤੇ ਦੁਰਮਤਿ ਕੀ ਹੈ।

“ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥”

ਸਾਨੂੰ ਮੂਰਖ ਸਾਡੇ ਲੋਭੀ ਹੋਣ ਕਰਕੇ ਕਿਹਾ ਹੈ ਤੇ ਨਾਲ ਹੀ ਮੂਰਖ ਇਸ ਗੱਲੋਂ ਕਿਹਾ ਹੈ ਕਿ ਅਸੀਂ ਲੋਭ ਲਾਲਚ ਵਾਲੀ ਬਿਰਤੀ ਵਿੱਚ ਹੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਉਸਨੂੰ ਆਪਣੀ ਭਗਤੀ ਦੇ ਦਿਖਾਵਿਆਂ ਦੁਆਰਾ ਲੁਭਾਉਣਾ ਚਾਹੁੰਦੇ ਹਾਂ ਭਾਵ ਪ੍ਰਮਾਤਮਾ ਨੂੰ ਖੁਸ਼ ਕਰਨਾ ਚਾਹੁੰਦੇ ਹਾਂ। ਜਦ ਤੱਕ ਸਾਡੇ ਅੰਦਰ ਲੋਭ ਲਾਲਚ

ਵਾਲੀ ਬਿਰਤੀ ਹੈ, ਇਹੋ ਜਿਹੀ ਬਿਰਤੀ ਵਿੱਚ ਰਹਿੰਦਿਆਂ ਭਾਵ ਲੋਭ ਲਾਲਚ ਛੱਡੇ ਬਿਨ੍ਹਾਂ ਅਸੀਂ ਪ੍ਰਮਾਤਮਾ ਨੂੰ ਨਹੀਂ ਲੁਭਾ ਸਕਦੇ ਭਾਵ ਲੋਭ ਲਾਲਚ ਵਾਲੀ ਬਿਰਤੀ ਵਿੱਚ ਰਹਿੰਦੇ ਹੋਏ, ਔਗੁਣਾਂ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਭਾਵ ਜੇਕਰ ਇਹੋ ਜਿਹੀ ਬਿਰਤੀ ਵਿੱਚ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਉਹ ਕੇਵਲ ਸਾਡੀ ਮੂਰਖਤਾ ਹੈ। **(ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ॥)** ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ
ੴ ਸੇਤਿਗੁਰ ਪ੍ਰਸਾਦਿ॥

{ਸੁਖੁ ਮਾਂਗਤ ਦੁਖੁ ਆਗੈ ਆਵੈ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥੧॥ਰਹਾਉ॥}

(ਅੰਗ ੩੩੦)

ਜਦ ਤੱਕ ਸਾਡੇ ਅੰਦਰ ਬਿਖ ਹੈ, ਲੋਭ ਲਾਲਚ ਹੈ ਤਦ ਤੱਕ ਅਸੀਂ ਗੁਰੂ ਦੇ ਸ਼ਬਦ ਨਾਲ ਨਹੀਂ ਭਿੱਜੇ ਹੋਏ ਭਾਵ ਤਦ ਤੱਕ ਸਾਡੇ ਅੰਦਰ ਸ਼ਬਦ ਦੀ ਮਤਿ ਨਹੀਂ ਹੈ, ਗੁਰੂ ਦੀ ਮਤਿ ਨਹੀਂ ਹੈ ਭਾਵ ਸਾਡੇ ਅੰਦਰ ਦੁਰਮਤਿ ਹੈ ਜਿਸ ਕਰਕੇ ਹਰ ਕੋਈ ਸਾਕਤ ਹੈ ਤੇ ਆਵਾਗਉਣ ਵਿੱਚ ਹੈ ਭਾਵ ਗੁਰੂ ਨਾਲੋਂ ਸਾਡੀ ਦੂਰੀ, ਗੁਰਮਤਿ ਨਾਲੋਂ ਸਾਡੀ ਦੂਰੀ ਮਨ ਦੀ ਮਾੜੀ ਬਿਰਤੀ ਕਰਕੇ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। **(ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥)**

ਗੁਰੂ ਦੇ ਸ਼ਬਦ ਨਾਲ ਭਿੱਜੇ ਬਿਨ੍ਹਾਂ ਭਾਵ ਮਾੜੀ ਬਿਰਤੀ ਛੱਡੇ ਬਿਨ੍ਹਾਂ, ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਗੁਣਾਂ ਦਾ ਖਜ਼ਾਨਾ ਹੈ ਤੇ ਔਗੁਣਾਂ ਵਿੱਚ ਰਹਿੰਦੇ ਹੋਏ ਉਸ ਗੁਣਾਂ ਦੇ ਮਾਲਕ ਨਾਲ ਨਹੀਂ ਮਿਲਿਆ ਜਾ ਸਕਦਾ। ਪ੍ਰਮਾਤਮਾ ਦੇ ਸਾਧੂ ਰੂਪ ਨਾਲ, ਗੁਰੂ ਰੂਪ ਨਾਲ ਜੁੜੇ ਬਿਨ੍ਹਾਂ ਭਾਵ ਉਸਦੇ ਸ਼ਬਦ ਦੀ ਮਤਿ ਨਾਲ ਜੁੜੇ ਬਿਨ੍ਹਾਂ ਉਸ ਗੁਣਾਂ ਦੇ ਖਜ਼ਾਨੇ ਨਾਲ ਨਹੀਂ ਮਿਲਿਆ ਜਾ ਸਕਦਾ। **(ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥)**

ਸ਼ਬਦ ਦੇ ਨਾਲ ਭਿੱਜਣ ਦਾ ਤਰੀਕਾ, ਗੁਰੂ ਦੀ ਮਤਿ ਦੇ ਨਾਲ ਭਿੱਜਣ ਦਾ ਤਰੀਕਾ ਕੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜੋ ਕਿ ਰਹਾਉ ਵਾਲੀ ਪੰਗਤੀ ਹੈ।

“ਮਨ ਰੇ ਹਉਮੈ ਛੋਡਿ ਗੁਮਾਨੁ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥੧॥ਰਹਾਉ॥”

27/3051

ਆਪਣੀ ਹਉਮੈ ਵਿੱਚ ਰਹਿੰਦਿਆਂ ਭਾਵ ਆਪਣੀ ਮਤਿ ਵਿੱਚ ਰਹਿੰਦਿਆਂ, ਆਪਣੀ ਮਤਿ ਦੇ ਘੁਮੰਡ ਵਿੱਚ, ਆਪਣੀ ਮਤਿ ਦੀ ਸਿਆਣਪ ਵਿੱਚ ਰਹਿੰਦਿਆਂ ਅਸੀਂ ਗੁਰੂ ਦੀ ਮਤਿ ਨਾਲ ਨਹੀਂ ਜੁੜ ਸਕਦੇ, ਸ਼ਬਦ ਦੀ ਮਤਿ ਨਾਲ ਨਹੀਂ ਜੁੜ ਸਕਦੇ। ਪ੍ਰਮਾਤਮਾ ਗੁਰੂ ਰੂਪ ਹੈ ਤੇ ਉਸਦਾ ਗੁਰੂ ਰੂਪ ਅੰਮ੍ਰਿਤ ਸਰੋਵਰ ਦੀ ਤਰ੍ਹਾਂ ਪਵਿੱਤਰ ਹੈ ਭਾਵ ਉਸਦੀ ਮਤਿ ਗੁਣਾਂ ਦੁਆਰਾ ਪਵਿੱਤਰ ਹੈ ਜਿਸਦੇ ਨਾਲ ਜੁੜਿਆਂ ਉਹ ਮਨੁੱਖ ਨੂੰ ਆਪਣੇ ਗੁਣਾਂ ਨਾਲ ਜੋੜਦੀ ਹੈ ਭਾਵ ਔਗੁਣਾਂ ਵਿੱਚੋਂ ਕੱਢਦੀ ਹੈ, ਮਨਮਤਿ ਵਿੱਚੋਂ ਕੱਢਦੀ ਹੈ, ਹਉਮੈ ਵਿੱਚੋਂ ਕੱਢਦੀ ਹੈ, ਮਾਇਆ ਮੋਹ ਵਿੱਚੋਂ, ਲੋਭ ਲਾਲਚ ਵਿੱਚੋਂ ਕੱਢਦੀ ਹੈ। ਗੁਰਮਤਿ ਨੂੰ ਅਪਣਾਉਣਾ ਹੀ ਸ਼ਬਦ ਨਾਲ ਭਿੱਜਣਾ ਹੈ, ਦੁਰਮਤਿ ਵਿੱਚੋਂ ਨਿਕਲਣਾ ਹੈ ਜਿਸ ਦੁਆਰਾ ਮਨੁੱਖ ਔਗੁਣ ਰਹਿਤ ਹੋ ਕੇ ਵਿਚਰਦਾ ਹੈ ਤੇ ਇਹੀ ਗੁਰੂ ਦੀ ਸੇਵਾ ਹੈ ਜਿਸ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਦੇ ਦਰ ਤੇ ਮਾਣ ਮਿਲਦਾ ਹੈ। ਪ੍ਰਮਾਤਮਾ ਦੇ ਦਰ ਤੋਂ ਮਾਣ ਸੱਚੀ ਸੁੱਚੀ ਵਿਚਰਨ ਦੁਆਰਾ ਹੀ ਮਿਲਦਾ ਹੈ। **(ਮਨ ਰੇ ਹਉਮੈ ਛੋਡਿ ਗੁਮਾਨੁ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥੧॥ਰਹਾਉ॥)**

ਆਪਣੀ ਹਉਮੈ ਨੂੰ ਛੱਡਣਾ ਹੀ, ਮਨਮਤਿ ਨੂੰ ਛੱਡ ਕੇ ਗੁਰਮਤਿ ਨਾਲ ਜੁੜਨਾ ਹੀ ਰਾਮ ਨਾਮ ਨਾਲ ਜੁੜਨਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਪੂਰੇ ਸ਼ਬਦ ਵਿੱਚ ਰਹਾਉ ਵਾਲੀ ਪੰਗਤੀ ਦੀ ਵਿਆਖਿਆ ਹੀ ਹੁੰਦੀ ਹੈ ਭਾਵ ਸਾਨੂੰ ਹਉਮੈ ਵਿੱਚੋਂ ਨਿਕਲਣਾ ਹੀ ਸਿਖਾਇਆ ਹੋਇਆ ਹੈ।

“ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ॥

ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥

ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥੨॥”

ਦਿਨ ਰਾਤ ਕੋਈ ਰਾਮ ਨਾਮ ਤਾਂ ਹੀ ਜਪ ਸਕਦਾ ਹੈ ਜਦੋਂ ਉਹ ਆਪਣੀ ਹਉਮੈ ਛੱਡ ਦਿੰਦਾ ਹੈ, ਆਪਣੀ ਮਤਿ ਛੱਡ ਦਿੰਦਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਰਾਮ ਨਾਮ ਜਪਣਾ ਹੀ ਸਿਖਾਇਆ ਹੈ ਤੇ ਇਹ ਸਮਝਾਇਆ ਹੈ ਕਿ ਗੁਰੂ ਦੀ ਮਤਿ ਨੂੰ ਹੀ ਹਰਿ ਧਨੁ ਜਾਣੋਂ ਭਾਵ ਗੁਰੂ ਦੀ ਮਤਿ ਹੀ ਹਰਿ ਧਨੁ ਹੈ, ਪ੍ਰਮਾਤਮਾ ਦਾ ਸੱਚਾ ਧਨ ਹੈ। ਪ੍ਰਮਾਤਮਾ ਦਾ ਦਿਨ ਰਾਤ ਨਾਮ ਗੁਰਮਤਿ ਦੇ ਸੱਚੇ ਧਨ ਨੂੰ ਗ੍ਰਹਿਣ ਕਰਕੇ ਹੀ ਜਪਿਆ ਜਾ ਸਕਦਾ ਹੈ, ਮਨਮਤਿ ਵਿੱਚੋਂ ਨਿਕਲਕੇ ਹੀ ਜਪਿਆ ਜਾ ਸਕਦਾ ਹੈ, ਬਿਖਿਆ ਦੇ ਧਨ ਵਿੱਚੋਂ ਨਿਕਲਕੇ ਹੀ ਜਪਿਆ ਜਾ ਸਕਦਾ ਹੈ। **(ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ॥)**

ਇਹ ਹਰਿ ਧਨੁ ਅਸੀਂ ਕਿੱਥੋਂ ਜਾਨਣਾ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥”

27/3052

ਸਾਰੇ ਸੁੱਖ ਰਾਮ ਨਾਮ ਜਪਣ ਦੁਆਰਾ ਹੀ ਹਨ ਭਾਵ ਪ੍ਰਮਾਤਮਾ ਨੂੰ ਪਾਉਣ ਵਿੱਚ ਹੀ ਹਨ, ਹਰਿ ਧਨੁ ਦੀ ਪ੍ਰਾਪਤੀ ਵਿੱਚ ਹੀ ਹਨ। ਹਰਿ ਧਨੁ ਦੀ ਪ੍ਰਾਪਤੀ ਬਿਨ੍ਹਾਂ ਭਾਵ ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਜੁੜੇ ਬਿਨ੍ਹਾਂ ਰਾਮ ਨਾਮ ਨਹੀਂ ਜਪਿਆ ਜਾ ਸਕਦਾ ਤੇ ਸਾਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਹਰਿ ਧਨੁ ਸਾਡੇ ਜਾਨਣ ਦੀ ਵਸਤੂ ਹੈ ਜੋ ਕਿ ਗੁਰਮਤਿ ਦੀ ਸੋਝੀ ਦੇ ਰੂਪ ਵਿੱਚ ਹੈ। ਇਸ ਦੀ ਸੋਝੀ "ਸੰਤ ਸਭਾ" ਵਿੱਚ ਮਿਲਦੀ ਹੈ ਭਾਵ ਗੁਰੂ ਪ੍ਰਮਾਤਮਾ ਦੀ ਸਭਾ ਵਿੱਚੋਂ ਮਿਲਦੀ ਹੈ। ਪੂਰੀ ਗੁਰਬਾਣੀ ਦੇ ਵਿੱਚ ਸੰਤ ਸਭਾ ਹੈ, ਪ੍ਰਮਾਤਮਾ ਦੀ ਆਪਣੀ ਸਭਾ ਹੈ ਜਿਸ ਰਾਹੀਂ ਉਹ ਸਭ ਨੂੰ ਗਿਆਨ ਵੰਡ ਰਿਹਾ ਹੈ। ਉਸਦਾ ਹਰਿ ਧਨੁ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਮਿਲਦਾ ਹੈ, ਗੁਰਮਤਿ ਦੀ ਸੋਝੀ ਦੇ ਰੂਪ ਵਿੱਚ ਹੀ ਮਿਲਦਾ ਹੈ। ਪ੍ਰਮਾਤਮਾ ਦੇ ਸਾਰੇ ਸੁੱਖ ਤੇ ਉਸਦੇ ਰਸ ਮਨ ਦੇ ਗਿਆਨ ਦੁਆਰਾ ਹੀ ਸਮਝ ਆਉਂਦੇ ਹਨ। ਜਦੋਂ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਇਹ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ ਜਿੱਥੇ ਹਰ ਵੇਲੇ ਉਸਦੀ ਸਾਡੇ ਅੰਦਰ ਸੰਤ ਸਭਾ ਲੱਗੀ ਹੋਈ ਹੈ। ਉਸਦਾ ਹਰਿ ਰਸ ਮਨ ਦੇ ਅੰਦਰੋਂ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਮਿਲਦਾ ਹੈ, ਗੁਰਮਤਿ ਦੇ ਵਿਚਾਰਾਂ ਦੇ ਰੂਪ ਵਿੱਚ ਮਿਲਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਉਸਦੀ ਗੁਰਮਤਿ ਵਸਦੀ ਹੈ ਤੇ ਮਨੁੱਖ ਉਸਦੇ ਸੱਚੇ ਵਿਚਾਰਾਂ ਨੂੰ ਹੀ ਭੋਗਦਾ ਹੈ ਭਾਵ ਉਨ੍ਹਾਂ ਅਨੁਸਾਰ ਹੀ ਵਿਚਰਦਾ ਹੈ ਤੇ ਉਨ੍ਹਾਂ ਦੇ ਵਿੱਚ ਹੀ ਮਨੁੱਖ ਨੂੰ ਸਾਰੇ ਸੁੱਖ ਮਹਿਸੂਸ ਹੁੰਦੇ ਹਨ। ਮਨ ਦੇ ਵਿੱਚ ਪ੍ਰਮਾਤਮਾ ਦੁਆਰਾ ਪਾਈ ਹੋਈ ਸੱਚੀ ਸੋਝੀ ਮਨੁੱਖ ਨੂੰ ਦੁੱਖਾਂ ਕਲੇਸ਼ਾਂ ਵਿੱਚੋਂ ਕੱਢ ਲੈਂਦੀ ਹੈ ਮਾਇਆ ਮੋਹ ਦੇ ਭਉ ਵਿੱਚੋਂ ਕੱਢ ਲੈਂਦੀ ਹੈ, ਜਨਮ ਮਰਨ ਦੇ ਭਉ ਵਿੱਚੋਂ ਕੱਢ ਲੈਂਦੀ ਹੈ ਤੇ ਮਨੁੱਖ ਚਿੰਤਾ ਮੁਕਤ ਹੋ ਕੇ ਵਿਚਰਦਾ ਹੈ, ਗੁਰਮਤਿ ਤੇ ਚੱਲਣ ਵਿੱਚ ਹੀ, ਸੱਚ ਤੇ ਚੱਲਣ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦਾ ਦਿਨ ਰਾਤ ਨਾਮ ਜਪਿਆ ਜਾ ਸਕਦਾ ਹੈ। **(ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ॥ ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥)**

ਪ੍ਰਮਾਤਮਾ ਦੀ ਭਗਤੀ, ਉਸਦੀ ਦਿਨ ਰਾਤ ਸੇਵਾ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦੀ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ। ਇਹ ਅਵੱਸਥਾ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਬਣ ਸਕਦੀ ਹੈ, ਪ੍ਰਮਾਤਮਾ ਦਾ ਨਾਮ ਮਿਲਣ ਦੁਆਰਾ ਬਣ ਸਕਦੀ ਹੈ ਤੇ ਗੁਰੂ ਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਮਿਲਿਆ ਹੋਇਆ ਹੈ ਭਾਵ ਹਰਿ ਧਨੁ ਮਿਲਿਆ ਹੋਇਆ ਹੈ, ਪ੍ਰਮਾਤਮਾ ਕੋਲੋਂ ਗੁਰਮਤਿ ਦਾ ਸੱਚਾ ਗਿਆਨ ਮਿਲਿਆ ਹੋਇਆ ਹੈ। **(ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥੨॥)**

ਉੱਪਰ ਅਸੀਂ ਗੁਰੂ ਦੀ ਅਵੱਸਥਾ ਸਮਝੀ ਹੈ ਜਿਸਨੂੰ ਨਾਮ ਦੀ ਪ੍ਰਾਪਤੀ ਹੋਈ ਹੋਈ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਈ ਹੋਈ ਹੈ ਜਿਸ

27/3053

ਕਰਕੇ ਉਸਦੇ ਕੋਲ ਗੁਰਮਤਿ ਦੀ ਪੂਰਨ ਸੋਝੀ ਹੈ ਜਿਸ ਕਰਕੇ ਗੁਰੂ ਕੇਵਲ ਗੁਰਮਤਿ ਦੁਆਰਾ ਹੀ ਵਿਚਰਦਾ ਹੈ, ਗੁਣਾਂ ਦੁਆਰਾ ਹੀ ਵਿਚਰਦਾ ਹੈ ਭਾਵ ਉਸਦਾ ਹਰ ਕਰਮ ਸੱਚਾ-ਸੁੱਚਾ ਹੈ ਤੇ ਉਹ ਆਪਣੀ ਹਰ ਕਰਨੀ ਵਿੱਚ ਗੁਰਮਤਿ ਨੂੰ ਹੀ ਉੱਚਾ ਰੱਖਦਾ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਉਨ੍ਹਾਂ ਦੀ ਅਵੱਸਥਾ ਸਮਝਾਈ ਹੋਈ ਹੈ ਜੋ ਗੁਰਮਤਿ ਅਨੁਸਾਰ ਨਹੀਂ ਵਿਚਰਦੇ ਭਾਵ ਜੋ ਨਾਮ ਜਪਣ ਵਾਲੇ ਨਹੀਂ ਹਨ। ਗੁਰਮਤਿ ਦੇ ਉਲਟ ਚੱਲਣ ਵਾਲੇ ਮਨੁੱਖ ਗੁਰੂ ਦੀ ਨਿੰਦਾ ਹੀ ਕਰਦੇ ਹਨ ਭਾਵ ਗੁਰੂ ਦੇ ਵਿਚਾਰਾਂ ਨੂੰ ਨਿੰਦਦੇ ਹਨ। ਗੁਰੂ ਦੇ ਵਿਚਾਰਾਂ ਨੂੰ ਨਿੰਦਣਾ ਗੁਰੂ ਨੂੰ ਨਿੰਦਣਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ।

"ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥
ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥੩॥"

ਉੱਪਰ ਸਾਰੀ ਗੱਲ ਸਾਨੂੰ ਮਨ ਦੀ ਮਾੜੀ ਜਾਂ ਚੰਗੀ ਬਿਰਤੀ ਦੀ ਸਮਝਾਈ ਹੋਈ ਹੈ। ਇੱਕ ਮਨਮੁਖਿ ਵਾਲੀ ਬਿਰਤੀ ਹੈ ਤੇ ਇੱਕ ਗੁਰਮੁਖਿ ਵਾਲੀ ਬਿਰਤੀ ਹੈ। ਇੱਕ ਭਰਮ ਵਾਲੀ ਬਿਰਤੀ ਹੈ ਤੇ ਦੂਸਰੀ ਭਰਮ ਰਹਿਤ ਬਿਰਤੀ ਹੈ। ਇੱਕ ਬਿਰਤੀ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਦੂਸਰੀ ਬਿਰਤੀ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ। ਸਾਰਾ ਭੇਦ ਹਉਮੈ ਤੇ ਨਾਮ

ਵਾਲੀ ਬਿਰਤੀ ਦਾ ਹੈ, ਮਨਮਤਿ ਤੇ ਗੁਰਮਤਿ ਵਾਲੀ ਬਿਰਤੀ ਦਾ ਹੈ। ਇਸ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਾਨੂੰ ਮਨ ਦੇ ਲੋਭ ਕਰਕੇ ਮਾੜਾ ਕਿਹਾ ਗਿਆ ਹੈ।

{ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥}

(ਅੰਗ - ੨੧)

ਉਪਰਲੇ ਪਦੇ ਰਾਹੀਂ ਵੀ ਸਾਨੂੰ ਮਨ ਦੇ ਲੋਭ ਕਰਕੇ ਹੀ ਮਾੜਾ ਕਿਹਾ ਗਿਆ ਹੈ। ਮਨ ਦੇ ਲੋਭ ਵਾਲੀ ਬਿਰਤੀ ਕਰਕੇ ਅਸੀਂ ਮਾੜੇ ਕਰਮ ਹੀ ਕਰਦੇ ਹਾਂ, ਆਪਣੇ ਜੀਵਨ ਵਿੱਚ ਕੂੜ ਕਮਾਉਂਦੇ ਹਾਂ ਤੇ ਜੋ ਵੀ ਮਨੁੱਖ ਝੂਠ ਤੇ ਚੱਲਦਾ ਹੈ ਭਾਵ ਗੁਰਮਤਿ ਦੇ ਉਲਟ ਚੱਲਦਾ ਹੈ ਉਹ ਗੁਰੂ ਦੀ ਨਿੰਦਾ ਕਰਦਾ ਹੈ, ਪ੍ਰਮਾਤਮਾ ਦੀ ਨਿੰਦਾ ਕਰਦਾ ਹੈ, ਸੰਤ ਦੀ ਨਿੰਦਾ ਕਰਦਾ ਹੈ ਭਾਵ ਗੁਰਬਾਣੀ ਦੀ ਨਿੰਦਾ ਕਰਦਾ ਹੈ ਕਿਉਂਕਿ ਉਸਨੂੰ ਗੁਰਬਾਣੀ ਦੀ ਸਮਝਾਈ ਹੋਈ ਗੱਲ ਚੰਗੀ ਨਹੀਂ ਲੱਗਦੀ। ਉਸਨੂੰ ਚੰਗੀ ਮਨਮਤਿ ਹੀ ਲੱਗਦੀ ਹੈ, ਚੰਗਾ ਮਾਇਆ ਮੋਹ ਹੀ ਲੱਗਦਾ ਹੈ, ਚੰਗਾ ਆਪਣਾ ਮਾਣ ਹੀ ਲੱਗਦਾ ਹੈ। ਗੁਰੂ ਦਾ ਮਾਣ ਅਸੀਂ ਤਾਂ ਹੀ ਕਰ ਸਕਦੇ ਹਾਂ ਜਦੋਂ ਅਸੀਂ ਗੁਰੂ ਦੀ ਗੱਲ ਨੂੰ ਮੰਨਦੇ ਹਾਂ। ਗੁਰੂ ਦੀ ਗੱਲ ਨਾ ਮੰਨ ਕੇ ਅਸੀਂ ਗੁਰੂ ਨੂੰ ਮਾਣ ਦੇਣ ਦੀ ਬਜਾਇ ਉਸਦੀ ਨਿੰਦਾ ਕਰਦੇ ਹਾਂ, ਉਸਦਾ ਆਦਰ ਕਰਨ ਦੀ ਬਜਾਇ ਉਸਦਾ ਨਿਰਾਦਰ ਕਰਦੇ ਹਾਂ। ਅਸੀਂ ਮਾਇਆ ਮੋਹ ਵਿੱਚ ਆਪਣੇ ਸੁੱਖਾਂ ਕਰਕੇ ਪੈਂਦੇ ਹਾਂ ਪਰ ਅਸਲ ਵਿੱਚ ਸਾਡੇ ਮਾੜੇ ਕਰਮ ਹੀ ਦੁੱਖਾਂ ਦਾ ਕਾਰਨ ਹਨ, ਸਾਡੀ ਖੁਆਰੀ ਦਾ ਕਾਰਨ ਹਨ ਜਿੰਨ੍ਹਾਂ ਦੀ ਕਿ ਸਾਨੂੰ ਸਮਝ

27/3054

ਨਹੀਂ ਹੈ। ਸਾਡੇ ਮਨੁੱਖੀ ਜੀਵਨ ਵਿੱਚ ਸਾਡੇ ਮਾੜੇ ਕਰਮਾਂ ਨੇ ਹੀ ਸਾਨੂੰ ਦੁੱਖਾਂ ਵਿੱਚ ਪਾਉਣਾ ਹੈ। ਅਸਲ ਸੁੱਖ ਦੀ ਪ੍ਰਾਪਤੀ ਮਾਇਆ ਦੇ ਝੂਠੇ ਸੁੱਖਾਂ ਵਿੱਚੋਂ ਨਿਕਲਣ ਦੁਆਰਾ ਹੈ, ਗੁਰਮਤਿ ਤੇ ਚੱਲਣ ਵਿੱਚ ਹੈ ਜੋ ਕਿ ਸਭ ਤੋਂ ਉੱਚਾ ਸੁੱਖ ਹੈ, ਅਸਚਰਜ ਸੁੱਖ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਸੁੱਖ ਹੈ ਜੋ ਕਿ ਮਨਮਤਿ ਛੱਡਕੇ, ਹਉਮੈ ਛੱਡ ਕੇ, ਆਪਣੀ ਮੈਂ ਛੱਡ ਕੇ ਹੀ ਮਿਲਦਾ ਹੈ। ਪ੍ਰਮਾਤਮਾ ਨਾਲ ਮੇਲ ਦਾ ਸਾਧਨ ਆਪਣੀ ਹਉਮੈ ਛੱਡਣ ਦਾ ਹੀ ਹੈ ਕਿਉਂਕਿ ਆਪਣੀ ਹਉਮੈ ਛੱਡ ਕੇ ਹੀ, ਮਨਮਤਿ ਛੱਡ ਕੇ ਹੀ ਗੁਰੂ ਦੀ ਨਿੰਦਾ ਤੋਂ ਬਚ ਸਕਦੇ ਹਾਂ ਤੇ ਉਸਦੀ ਉਸਤਤਿ ਕਰ ਸਕਦੇ ਹਾਂ। ਅਸੀਂ ਹਰ ਵੇਲੇ ਗੁਰਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ। **(ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥ ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥੩॥)**

ਜੇਕਰ ਅਸੀਂ ਗੁਰੂ ਦੀ ਨਿੰਦਾ ਤੋਂ ਬਚਣਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਇੱਕੋ ਇੱਕ ਸਾਧਨ ਸੱਚ ਤੇ ਚੱਲਣ ਦਾ ਹੈ ਭਾਵ ਗੁਰਮਤਿ ਤੇ ਚੱਲਣ ਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

"ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥

ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥

ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਨੁ॥੪॥੧੯॥"

ਇਸ ਸੰਸਾਰ ਵਿੱਚ ਅਸੀਂ ਆਪਣੀ ਆਪਣੀ "ਲਿਖਤੁ" ਹੀ ਲਿਖ ਰਹੇ ਹਾਂ, ਹਰ ਕੋਈ ਆਪਣੀ-ਆਪਣੀ "ਲਿਖਤੁ" ਲਿਖ ਰਿਹਾ ਹੈ। ਇਹ "ਲਿਖਤੁ" ਸਾਡੇ "ਕਰਮ" ਹਨ ਭਾਵ ਜਿਹੋ ਜਿਹੇ ਅਸੀਂ ਕਰਮ ਕਰਦੇ ਹਾਂ ਉਹੋ ਜਿਹੀ ਅਸੀਂ ਆਪਣੀ ਲਿਖਤ ਲਿਖਦੇ ਹਾਂ। ਪ੍ਰਮਾਤਮਾ ਦੇ ਦਰ ਤੇ ਅਸੀਂ ਆਪਣੀ ਇਸ ਲਿਖਤ ਦੁਆਰਾ ਹੀ ਚੰਗੇ ਮਾੜੇ ਬਣਦੇ ਹਾਂ ਭਾਵ ਆਪਣੇ ਕਰਮਾਂ ਦੁਆਰਾ ਹੀ ਮਾੜੇ ਚੰਗੇ ਬਣਦੇ ਹਾਂ। ਆਪਣੀ ਚੰਗੀ ਲਿਖਤ ਦੁਆਰਾ ਅਸੀਂ ਗੁਰੂ ਦੀਆਂ ਨਜ਼ਰਾਂ ਵਿੱਚ ਉੱਚੇ ਹੁੰਦੇ ਹਾਂ ਭਾਵ ਉਸਦੀ ਉਸਤਤਿ ਕਰਦੇ ਹਾਂ ਤੇ ਮਾੜੀ ਲਿਖਤ ਦੁਆਰਾ ਅਸੀਂ ਉਸਦੀ ਨਿੰਦਾ ਕਰਦੇ ਹਾਂ ਜਿਸ ਕਰਕੇ ਅਸੀਂ ਮਾੜੇ ਬਣਦੇ ਹਾਂ। ਮਾਇਆ ਮੋਹ ਦੇ ਜਾਲ ਵਿੱਚ ਫਸੇ ਹੋਏ ਅਸੀਂ ਸੱਚ ਤੇ ਨਹੀਂ ਚੱਲ ਸਕਦੇ ਭਾਵ ਗੁਰੂ ਦੇ ਦੱਸੇ ਹੋਏ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਉਹੋ ਜਿਹੇ ਕਰਮ ਨਹੀਂ ਕਰ ਸਕਦੇ ਜਿਹੋ ਜਿਹੇ ਕਰਮ ਸਾਨੂੰ ਗੁਰੂ ਸਿਖਾਉਂਦਾ ਹੈ। ਪ੍ਰਮਾਤਮਾ ਦੇ ਦਰ ਤੇ ਸਾਡੇ ਉਹ ਕਰਮ ਪ੍ਰਵਾਨ ਹੁੰਦੇ ਹਨ ਜੋ ਸੱਚ ਅਨੁਸਾਰ ਹੁੰਦੇ ਹਨ ਭਾਵ ਗੁਰਮਤਿ ਅਨੁਸਾਰ ਹੁੰਦੇ ਹਨ ਤੇ ਸੱਚ ਤੋਂ ਬਿਨ੍ਹਾਂ ਸਭ ਮਾਇਆ ਮੋਹ ਹੈ, ਭਰਮ ਹੈ, ਹਉਮੈ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੇ ਉਲਟ ਚੱਲਦੇ ਹਾਂ ਭਾਵ

27/3055

ਮਾੜੇ ਕਰਮ ਕਰਦੇ ਹਾਂ, ਆਪਣੀ ਮਾੜੀ ਲਿਖਤ ਲਿਖਦੇ ਹਾਂ। **(ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥)**

ਸੱਚ ਤੇ ਉਹੀ ਚੱਲ ਸਕਦਾ ਹੈ ਜਿਸ ਨੂੰ ਸੱਚ ਦੀ ਸਮਝ ਹੈ। ਇਹ ਸਮਝ ਗੁਰੂ ਦੇ ਕੋਲ ਹੈ ਤੇ ਇਸੇ ਲਈ ਗੁਰੂ ਦੀ ਕਰਨੀ ਹੀ ਉੱਤਮ ਹੈ ਭਾਵ ਗੁਰੂ ਆਪਣੀ ਲਿਖਤ ਸੱਚ ਵਾਲੀ ਲਿਖਦਾ ਹੈ ਜਿਵੇਂ ਕਿ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥”

ਪ੍ਰਮਾਤਮਾ ਦੀ ਸੇਵਾ ਸਾਡੀ ਕਰਨੀ ਦੁਆਰਾ ਹੀ ਹੁੰਦੀ ਹੈ ਭਾਵ ਸੱਚ ਤੇ ਚੱਲਣ ਦੁਆਰਾ ਹੀ ਹੁੰਦੀ ਹੈ, ਚੰਗੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਵਾਰ-ਵਾਰ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੀ ਸੇਵਾ ਕਰਨ ਵਾਲਾ ਗੁਰੂ ਹੀ ਹੈ ਜੋ ਕਿ ਗੁਰੂ ਰੂਪ ਵਿੱਚ ਆਪ ਹੀ ਆਪਣਾ ਸੇਵਕ ਹੈ। ਗੁਰੂ ਪ੍ਰਮਾਤਮਾ ਦਾ ਸੱਜਣ ਰੂਪ ਹੈ ਕਿਉਂਕਿ ਉਸਨੂੰ ਪ੍ਰਮਾਤਮਾ ਨੇ ਆਪ ਹੀ ਸੱਜਣ ਬਣਾਇਆ ਹੈ, ਸੱਚ ਸਮਝਾਉਣ ਦੁਆਰਾ ਸੱਜਣ ਬਣਾਇਆ ਹੈ। ਗੁਰੂ ਦੀ ਹਰ ਕਰਨੀ ਸੱਚੀ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਸੇਵਾ ਕਰਦਾ ਹੈ। ਪ੍ਰਮਾਤਮਾ ਦੇ ਦਰ ਤੇ ਜੋ ਵੀ ਪ੍ਰਧਾਨ ਬਣਦਾ ਹੈ ਉਹ ਆਪਣੀ ਕਰਨੀ ਦੁਆਰਾ ਹੀ ਬਣਦਾ ਹੈ ਤੇ ਪ੍ਰਮਾਤਮਾ ਦੇ ਦਰ ਤੇ ਗੁਰੂ ਆਪਣੀ ਚੰਗੀ ਕਰਨੀ ਦੁਆਰਾ ਹੀ ਪ੍ਰਧਾਨ ਹੈ। ਜੇਕਰ ਅਸੀਂ ਪ੍ਰਮਾਤਮਾ ਦੀ ਸੇਵਾ ਕਰਨਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਇੱਕੋ ਇੱਕ ਸਾਧਨ ਇਹੀ ਹੈ ਕਿ ਅਸੀਂ ਆਪਣੀ ਕਰਨੀ ਗੁਰੂ ਵਰਗੀ ਬਣਾਈਏ ਭਾਵ ਗੁਰੂ ਦੇ ਸੱਚ ਨਾਲ ਜੁੜੀਏ, ਗੁਰਮਤਿ ਨਾਲ ਜੁੜੀਏ ਤੇ ਆਪਣੀ ਕਰਨੀ ਦੁਆਰਾ ਚੰਗੀ ਲਿਖਤ ਲਿਖੀਏ, ਸੱਚੀ ਲਿਖਤ ਲਿਖੀਏ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੀ ਉਸਤਤਿ ਕਰ ਸਕਦੇ ਹਾਂ ਤੇ ਉਸਦੀ ਨਿੰਦਾ ਤੋਂ ਬਚ ਸਕਦੇ ਹਾਂ, ਮਾੜੇ ਕਰਮਾਂ ਤੋਂ ਬਚ ਸਕਦੇ ਹਾਂ। **(ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥ ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥)**

ਗੁਰੂ ਦੀ ਕਰਨੀ ਇਸ ਲਈ ਸੱਚੀ ਹੈ ਕਿਉਂਕਿ ਗੁਰੂ ਨੂੰ ‘‘ਨਾਮੁ’’ ਦੀ ਪ੍ਰਾਪਤੀ ਹੋਈ ਹੋਈ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਈ ਹੋਈ ਹੈ, ਗੁਰਮਤਿ ਦੀ ਸੱਚੀ ਸੋਝੀ ਦੀ ਪ੍ਰਾਪਤੀ ਹੋਈ ਹੋਈ ਹੈ ਤੇ ਇਸੇ ਲਈ ਗੁਰੂ ਨੂੰ ਕਦੇ ਨਾਮ ਨਹੀਂ ਵਿਸਰਦਾ ਤੇ ਉਹ ਹਰ ਵੇਲੇ, ਅੱਠੇ ਪਹਿਰ ਨਾਮ ਦੁਆਰਾ ਹੀ ਵਿਚਰਦਾ ਹੈ। ਗੁਰੂ ਵੱਡੇ ਭਾਗਾਂ ਵਾਲਾ ਹੈ ਜਿਸ ਦੇ ਉੱਤੇ ਪ੍ਰਮਾਤਮਾ ਨੇ ਆਪਣਾ ‘‘ਨੀਸਾਣੁ’’ ਲਾਇਆ ਹੋਇਆ ਹੈ ਭਾਵ ਆਪਣੀ ਮੋਹਰ ਲਗਾਈ ਹੋਈ ਹੈ, ਸੱਚ ਦੀ ਮੋਹਰ ਲਗਾਈ ਹੋਈ ਹੈ, ਆਪਣੇ ਨਾਮ ਦੀ ਮੋਹਰ ਲਗਾਈ ਹੋਈ ਹੈ ਭਾਵ ਸਾਨੂੰ ਸੱਚ ਦੀ ਸੋਝੀ ਕੇਵਲ ਗੁਰੂ ਦੇ ਕੋਲੋਂ ਹੀ ਮਿਲ ਸਕਦੀ ਹੈ ਤੇ ਹੋਰ

27/3056

ਇੱਧਰੋਂ ਉਧਰੋਂ ਸਾਨੂੰ ਸੱਚ ਦੀ ਸੋਝੀ ਨਹੀਂ ਪੈ ਸਕਦੀ ਭਾਵ ਸਾਨੂੰ ਸੱਚ ਸਮਝਣ ਲਈ ਕੇਵਲ ਗੁਰੂ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ ਨਾ ਕਿ ਕਿਸੇ ਹੋਰ ਦੇ ਨਾਲ। **(ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ॥੪॥੧੯॥)** ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਪ੍ਰਮਾਤਮਾ ਨੂੰ ਤਾਂ ਹੀ ਪਾਇਆ ਜਾ ਸਕਦਾ ਹੈ ਜੇਕਰ ਅਸੀਂ ਉਸਦੇ ਸੱਚੇ ਰੂਪ ਨਾਲ ਜੁੜਾਂਗੇ। ਪ੍ਰਮਾਤਮਾ ਦਾ ਝੂਠਾ ਰੂਪ ਅਨੇਕਾਂ ਹੀ ਬਣਾ ਕੇ ਬੈਠੇ ਹੋਏ ਹਨ ਜੋ ਆਪਣੇ ਆਪ ਨੂੰ ਪ੍ਰਮਾਤਮਾ ਦੇ ਨੀਸਾਣੁ ਵਾਲਾ ਅਖਵਾਉਂਦੇ ਹਨ ਤੇ ਅਸੀਂ ਭਰਮ ਵਿੱਚ ਹੀ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ ਤੇ ਉਹੋ ਜਿਹੀ ਭਗਤੀ ਦੇ ਮਾਰਗ ਤੇ ਲੱਗੇ ਹੋਏ ਹਾਂ ਜਿਸ ਵਿੱਚ ਪ੍ਰਮਾਤਮਾ ਦੀ ਉਸਤਤਿ ਦੀ ਬਜਾਇ ਉਸਦੀ ਨਿੰਦਾ ਕਰੀ ਜਾਂਦੇ ਹਾਂ ਭਾਵ ਗੁਰਮਤਿ ਤੇ ਚੱਲਣ ਦੀ ਬਜਾਇ ਗੁਰਮਤਿ ਦੇ ਉਲਟ ਚੱਲੀ ਜਾਂਦੇ ਹਾਂ ਜਿਸ ਤੋਂ ਕਿ ਬਚਣ ਦੀ ਲੋੜ ਹੈ।

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਗੁਰੂ ਪ੍ਰਮਾਤਮਾ ਦੇ ਨਾਲ ਸਾਡੀ ਵਿਰੋਧਤਾ ਵਿਚਾਰਾਂ ਦੇ ਕਾਰਨ ਹੈ। ਇਹ ਵਿਰੋਧਤਾ ਮਾੜੇ ਤੇ ਚੰਗੇ ਵਿਚਾਰਾਂ ਦੇ ਵਿੱਚ ਹੈ। ਸਾਡੇ ਵਿਚਾਰ ਔਗੁਣਾਂ ਵਾਲੇ ਹਨ ਤੇ ਗੁਰੂ ਦੇ ਵਿਚਾਰ ਗੁਣਾਂ ਵਾਲੇ ਹਨ ਤੇ ਅਸਲ ਵਿੱਚ ਇਹ ਝਗੜਾ ਗੁਣਾਂ ਦਾ ਤੇ ਔਗੁਣਾਂ ਦਾ ਹੀ ਹੈ। ਨਿੰਦਕ ਸਾਡੇ ਮਨ ਦੇ ਔਗੁਣ ਹੀ ਹਨ ਜੋ ਗੁਣਾਂ ਨੂੰ ਨਿੰਦਦੇ ਹਨ ਭਾਵ ਔਗੁਣ ਗੁਣਾਂ ਦੇ ਨਿੰਦਕ ਹਨ। ਔਗੁਣਾਂ ਦਾ ਕਾਰਨ ਸਾਡੇ ਅੰਦਰ ਮਾਇਆ ਮੋਹ ਹੈ ਤੇ ਮਾਇਆ ਮੋਹ ਦਾ ਕਾਰਨ ਸਾਡੀ ਮਨਮਤਿ ਹੈ, ਛੋਟੀ ਮਤਿ ਹੈ ਜਿਸ ਦੇ ਕਾਰਨ ਅਸੀਂ ਭੁੱਲ ਵਿੱਚ ਮਾਇਆ ਮੋਹ ਵਿੱਚ ਰਹਿੰਦੇ ਹਾਂ ਤੇ ਗੁਰਮਤਿ ਤੋਂ ਦੂਰ ਰਹਿੰਦੇ ਹਾਂ ਭਾਵ ਗੁਰਮਤਿ ਨੂੰ ਵਾਰ-ਵਾਰ ਨਿੰਦਦੇ ਹਾਂ। ਆਓ ਇਸ ਗੱਲ ਨੂੰ ਹੇਠ ਦਿੱਤੇ ਸਲੋਕ ਦੁਆਰਾ ਤੇ ਨਾਲ ਲੱਗਦੀ ਪਉੜੀ ਦੁਆਰਾ

ਸਮਝੀਏ ਕਿ ਸਾਡੇ ਔਗੁਣ ਗੁਣਾਂ ਦੇ ਨਿੰਦਕ ਹਨ ਤੇ ਆਪਣੇ ਇਨ੍ਹਾਂ ਨਿੰਦਕਾਂ ਤੋਂ ਛੁੱਟੇ ਬਿਨ੍ਹਾਂ ਗੁਰੂ ਦੇ ਗੁਣ ਨਹੀਂ ਗਾਏ ਜਾ ਸਕਦੇ।

ਸਲੋਕੁ॥

"ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥੧॥"

ਪਉੜੀ॥

"ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ॥ ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥ ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥ ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥੫੨॥"

(ਅੰਗ ੨੬੧)

27/3057

ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਲੇਖ ਸਾਡੇ ਕਰਮਾਂ ਦੁਆਰਾ ਲਿਖੇ ਜਾ ਰਹੇ ਹਨ। ਅਸੀਂ ਅਨੇਕਾਂ ਹੀ ਅਨੇਕਾਂ ਮਾੜੇ ਕਰਮ ਕਰਦੇ ਹਾਂ ਜਿੰਨ੍ਹਾਂ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ ਜਿਸ ਕਰਕੇ ਸਾਨੂੰ ਸੱਚ ਦੀ ਸੋਝੀ ਨਹੀਂ ਪੈਂਦੀ ਤੇ ਅਸੀਂ ਭੁੱਲ ਵਿੱਚ ਹੀ ਉਹੋ ਜਿਹੇ ਕਰਮ ਕਰਦੇ ਹਾਂ ਜਿਹੋ ਜਿਹੇ ਕਰਮਾਂ ਦੁਆਰਾ ਅਸੀਂ ਸੰਸਾਰ ਦੇ ਆਵਾਗਉਣ ਤੋਂ ਨਹੀਂ ਛੁੱਟ ਸਕਦੇ, ਮਾਇਆ ਮੋਹ ਦੇ ਸਾਗਰ ਤੋਂ ਪਾਰ ਨਹੀਂ ਉਤਰ ਸਕਦੇ। ਜੋ ਵੀ ਮਨੁੱਖ ਭਰਮ ਵਿੱਚ ਹੈ, ਮਾਇਆ ਮੋਹ ਵਿੱਚ ਹੈ, ਮਾੜੇ ਕਰਮ ਕਰਨ ਵਿੱਚ ਹੈ ਉਸ ਉੱਤੇ ਪ੍ਰਮਾਤਮਾ ਦੀ ਬਖ਼ਸ਼ਿਸ ਨਹੀਂ ਹੈ। ਜਿਸ ਤੇ ਪ੍ਰਮਾਤਮਾ ਆਪਣੀ ਬਖ਼ਸ਼ਿਸ਼ ਕਰਦਾ ਹੈ ਉਸਨੂੰ ਭੁੱਲ ਵਿੱਚੋਂ, ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਹੀ ਕੱਢਦਾ ਹੈ ਜਿਸ ਦੁਆਰਾ ਮਨੁੱਖ ਨੂੰ ਸੱਚ ਦੀ ਸਮਝ ਪੈਂਦੀ ਹੈ, ਗੁਰਮਤਿ ਦੀ ਸਮਝ ਪੈਂਦੀ ਹੈ ਤੇ ਫਿਰ ਉਹ ਸੱਚੇ-ਸੁੱਚੇ ਕਰਮ ਹੀ ਕਰਦਾ ਹੈ, ਚੰਗੇ ਲੇਖ ਲਿਖਦਾ ਹੈ ਜਿਸ ਦੁਆਰਾ ਪਾਰ ਉਤਾਰਾ ਹੁੰਦਾ ਹੈ। **(ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥੧॥)**

ਪ੍ਰਮਾਤਮਾ ਦੇ ਨਾਲ ਸਾਡੇ ਝਗੜੇ ਦੀ ਵਜ੍ਹਾ ਸਾਡੇ ਮਨ ਦੀ ਮਾੜੀ ਮਤਿ ਹੈ, ਥੋੜ੍ਹੀ ਮਤਿ ਹੈ ਜਿਸ ਦੇ ਰਹਿੰਦਿਆਂ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ, ਔਗੁਣਾਂ ਵਿੱਚ ਰਹਿੰਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ ਜਿਸ ਦੁਆਰਾ ਅਸੀਂ ਗੁਰੂ ਦੀ ਮਤਿ ਨੂੰ ਨਿੰਦਦੇ ਹਾਂ। ਇਹੀ ਗੱਲ ਸਾਨੂੰ ਪਉੜੀ ਰਾਹੀਂ ਸਮਝਾਈ ਹੋਈ ਹੈ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸਾਡੇ ਅੰਦਰ ਗੁਰੂ ਦੀ ਨਿੰਦਾ, ਸੰਤ ਦੀ ਨਿੰਦਾ ਕਿਸ ਰੂਪ ਵਿੱਚ ਹੈ ਤਾਂ ਜੋ ਅਸੀਂ ਸੰਤ ਦੀ ਨਿੰਦਾ ਤੋਂ ਬਚ ਸਕੀਏ ਤੇ ਪ੍ਰਮਾਤਮਾ ਦੀਆਂ ਸਜ਼ਾਵਾਂ ਤੋਂ ਬਚ ਸਕੀਏ, ਜੂਨਾਂ ਭੁਗਤਣ ਤੋਂ ਬਚ ਸਕੀਏ, ਆਵਾਗਉਣ ਤੋਂ ਬਚ ਸਕੀਏ।

"ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ॥"

ਜਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦਾ, ਆਪਣੇ ਅੰਦਰੋਂ ਉਸ "ਤਤ" ਦੀ ਪਹਿਚਾਣ ਨਹੀਂ ਕਰ ਲੈਂਦਾ ਭਾਵ ਜਦ ਤੱਕ ਸਾਨੂੰ ਆਪਣੀ ਅਸਲੀਅਤ ਦੀ ਸੋਝੀ ਨਹੀਂ ਪੈਂਦੀ ਕਿ ਸਾਡੇ ਅੰਦਰ "ਜੀਉ" ਦੇ ਰੂਪ ਵਿੱਚ ਕੌਣ ਹੈ, ਇਸ "ਪਿੰਡੁ" ਦੇ ਰੂਪ ਵਿੱਚ, ਸਰੀਰ ਦੇ ਰੂਪ ਵਿੱਚ ਕੌਣ ਹੈ ਭਾਵ ਸਾਡੇ ਸਰੀਰ ਨੂੰ ਬਣਾ ਕੇ ਕੌਣ ਚਲਾ ਰਿਹਾ ਹੈ, ਸਾਡੇ ਸਰਗੁਣ ਰੂਪ ਵਿੱਚ ਕੌਣ ਹੈ ਤੇ ਅੰਦਰ ਨਿਰਗੁਣ ਰੂਪ ਵਿੱਚ ਕੌਣ ਹੈ ਤੇ ਸਾਨੂੰ ਸਾਰੇ ਸੁੱਖ ਦੇਣ ਵਾਲਾ ਭਾਵ ਮਾਇਆ ਦੀਆਂ ਦਾਤਾਂ ਬਣਾਉਣ ਵਾਲਾ ਕੌਣ ਹੈ ਤੇ ਕਿਸ ਰੂਪ ਵਿੱਚ ਹੈ ਤਦ ਤੱਕ ਮਨੁੱਖ ਭਰਮ ਵਿੱਚ ਹੈ, ਅਲਪ ਮਤਿ ਵਿੱਚ ਹੈ ਭਾਵ ਨਾ ਸਮਝੀ ਵਿੱਚ ਹੈ ਕਿ ਪ੍ਰਮਾਤਮਾ ਕੀ ਹੈ ਤੇ ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਕੀ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ

27/3058

ਹਰ ਕੋਈ ਲੂਣ ਹਰਾਮੀ ਹੈ, ਪ੍ਰਮਾਤਮਾ ਦਾ ਗੁਨਹਗਾਰ ਹੈ ਤੇ ਪ੍ਰਮਾਤਮਾ ਨਾਲੋਂ ਬੇਗਾਨਾ ਹੈ ਭਾਵ ਉਸ ਤੋਂ ਵੱਖਰਾ ਹੈ। **(ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ॥)**

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਨਣ ਦਾ ਕਾਰਨ ਕੀ ਹੈ ਭਾਵ ਸਾਨੂੰ ਅਲਪ ਮਤਿ ਵਾਲਾ ਕਿਸ ਲਈ ਕਿਹਾ ਗਿਆ ਹੈ, ਲੂਣ ਹਰਾਮੀ, ਗੁਨਹਗਾਰ ਤੇ ਬੇਗਾਨਾ ਕਿਸ ਲਈ ਕਿਹਾ ਗਿਆ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥

ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥”

ਅਸੀਂ ਸੁੱਖ ਦੀ ਪ੍ਰਾਪਤੀ ਮਾਇਆ ਵਿੱਚ ਸਮਝਦੇ ਹਾਂ, ਮਾਇਆ ਦੇ ਲਾਭ ਵਿੱਚ ਸਮਝਦੇ ਹਾਂ ਜਿਸ ਨੂੰ ਕਮਾਉਣ ਲਈ ਅਸੀਂ ਸਭ ਪਾਸੇ ਦੌੜਦੇ ਫਿਰਦੇ ਹਾਂ। ਜੋ ਸਾਰੀਆਂ ਦਾਤਾਂ ਦਾ ਮਾਲਕ ਹੈ ਉਹ ਸਾਨੂੰ ਭੁੱਲਿਆ ਰਹਿੰਦਾ ਹੈ ਭਾਵ ਉਸਨੂੰ ਅਸੀਂ ਯਾਦ ਨਹੀਂ ਰੱਖਦੇ। ਪ੍ਰਮਾਤਮਾ ਨੂੰ ਯਾਦ ਰੱਖਣਾ ਪ੍ਰਮਾਤਮਾ ਦੀ ਮਤਿ ਨੂੰ ਯਾਦ ਰੱਖਣਾ ਹੈ ਜੋ ਮਤਿ ਉਸਨੇ ਸਾਨੂੰ ਧਰਮ ਗ੍ਰੰਥਾਂ ਰਾਹੀਂ ਦਿੱਤੀ ਹੈ, ਨਾਮ ਰਾਹੀਂ ਦਿੱਤੀ ਹੈ, ਸੱਚ ਰਾਹੀਂ ਦਿੱਤੀ ਹੈ। ਅਸੀਂ ਉਸ ਦੇ ਸਮਝਾਏ ਹੋਏ ਸੱਚ ਨੂੰ ਯਾਦ ਨਹੀਂ ਰੱਖਦੇ, ਉਸਦੀ ਸਮਝਾਈ ਹੋਈ ਮਤਿ ਨੂੰ ਯਾਦ ਨਹੀਂ ਰੱਖਦੇ ਤੇ ਮਾਇਆ ਨੂੰ ਕਮਾਉਣ ਲਈ ਅਨੇਕਾਂ ਹੀ ਔਗੁਣ ਕਰਦੇ ਹਾਂ। **(ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥)**

ਅਗਲੀਆਂ ਪੰਗਤੀਆਂ ਰਾਹੀਂ ਸਾਡੇ ਔਗੁਣ ਹੀ ਗਿਣਾਏ ਹੋਏ ਹਨ ਜੋ ਅਸੀਂ ਮਾਇਆ ਕਮਾਉਣ ਲਈ ਵਰਤਦੇ ਹਾਂ ਤੇ ਗੁਰੂ ਪ੍ਰਮਾਤਮਾ ਦੇ ਨਿੰਦਕ ਬਣਦੇ ਹਾਂ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥

ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥”

ਉੱਪਰ ਪਹਿਲੀ ਪੰਗਤੀ ਰਾਹੀਂ ਸਾਡੇ ਔਗੁਣਾਂ ਨੂੰ ਸਾਡਾ ਧਨ ਦੱਸਿਆ ਹੈ, ਸਾਡਾ ਮਾਇਆ ਧਨ ਦੱਸਿਆ ਹੈ ਜੋ ਸਾਡੇ ਮਨ ਦੇ ਅੰਦਰ ਦਾ ਧਨ ਹੈ ਜੋ ਕਿ ਸਾਡਾ ਮਾੜਾ ਧਨ ਹੈ। ਜੇਕਰ ਲਾਲਚ, ਝੂਠ, ਬਿਕਾਰ, ਮੋਹ ਆਦਿ ਮਾਇਆ ਧਨ ਹੈ ਫਿਰ ਸਮਝੋ ਕਿ ਨਾਮ ਧਨ ਕੀ ਹੈ। ਨਾਮ ਸਾਡਾ ਗੁਣਾਂ ਦਾ ਧਨ ਹੈ, ਗੁਰਮਤਿ ਦਾ ਧਨ ਹੈ ਜੋ ਧਨ ਸਾਨੂੰ ਗੁਰਮਤਿ ਇਕੱਠਾ ਕਰਨ ਲਈ ਸਮਝਾਉਂਦੀ ਹੈ। ਸਾਡੇ ਮਨ ਦੇ ਇਹ ਵਿਕਾਰ

ਹੀ ਸਾਡੇ ਅੰਦਰ ਦੇ ਚੋਰ ਹਨ ਜੋ ਗੁਣਾਂ ਦੇ ਧਨ ਨੂੰ ਚੁਰਾਉਂਦੇ ਹਨ, ਨਾਮ ਦੇ ਧਨ ਨੂੰ, ਸੱਚ ਦੇ ਧਨ ਨੂੰ ਚੁਰਾਉਂਦੇ ਹਨ। ਇਨ੍ਹਾਂ ਔਗੁਣ ਰੂਪ ਚੋਰਾਂ ਨੂੰ ਹੀ ਮਹਾ ਨਿੰਦਕ ਕਿਹਾ ਗਿਆ ਹੈ ਜੋ ਸਾਡੇ ਮਨ ਦੇ ਅੰਦਰ ਵੱਸੇ ਰਹਿੰਦੇ ਹਨ ਜਿੰਨ੍ਹਾਂ ਦੇ ਨਾਲ ਅਸੀਂ ਆਪਣਾ ਪੂਰਨ ਜੀਵਨ ਬਿਤਾ ਦਿੰਦੇ ਹਾਂ। ਸਾਡੇ ਅੰਦਰ ਦੇ ਇਹ ਨਿੰਦਕ ਕਿਸ ਦੀ ਨਿੰਦਾ ਕਰਦੇ ਹਨ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਇਹ ਔਗੁਣ ਰੂਪ ਨਿੰਦਕ ਗੁਣਾਂ ਦੀ ਨਿੰਦਾ ਕਰਦੇ ਹਨ, ਗੁਰੂ ਦੇ ਵਿਚਾਰਾਂ ਦੀ ਨਿੰਦਾ ਕਰਦੇ ਹਨ ਭਾਵ ਇਨ੍ਹਾਂ ਨੂੰ ਗੁਰੂ ਦੇ ਵਿਚਾਰ ਚੰਗੇ ਨਹੀਂ ਲੱਗਦੇ। ਇਹ ਔਗੁਣ ਸਾਡੇ ਅੰਦਰ ਦੇ ਮਾੜੇ ਵਿਚਾਰ ਹਨ ਜੋ ਗੁਰੂ ਦੇ ਚੰਗੇ ਵਿਚਾਰਾਂ ਦੀ ਨਿੰਦਾ ਕਰਦੇ ਹਨ, ਸੱਚੇ ਵਿਚਾਰਾਂ ਦੀ ਨਿੰਦਾ ਕਰਦੇ ਹਨ। ਅਸੀਂ ਖਿਨ ਖਿਨ ਗੁਰੂ ਦੇ ਨਿੰਦਕ ਹਾਂ, ਅਸੀਂ ਖਿਨ ਖਿਨ ਭੁੱਲਣਹਾਰ ਹਾਂ ਭਾਵ ਅਲਪ ਮਤਿ ਵਾਲੇ ਹਾਂ ਕਿਉਂਕਿ ਸਾਡੇ ਅੰਦਰ ਗੁਰੂ ਦੀ ਮਤਿ ਨਹੀਂ ਵਸੀ ਹੋਈ, ਗੁਰੂ ਦੇ ਵਿਚਾਰ, ਸ਼ਬਦ ਦੇ ਵਿਚਾਰ ਸਾਡੇ ਅੰਦਰ ਨਹੀਂ ਵੱਸੇ ਹੋਏ। ਗੁਰੂ ਦੀ ਉੱਚੀ ਮਤਿ ਸਾਡੇ ਅੰਦਰ ਨਹੀਂ ਵਸੀ ਹੋਈ ਜਿਸ ਕਰਕੇ ਅਸੀਂ ਅਲਪ ਮਤਿ ਹਾਂ ਤੇ ਮਾਇਆ ਮੋਹ ਵਿੱਚ ਫਸੇ ਹੋਏ ਹਾਂ। ਜਦ ਤੱਕ ਗੁਰੂ ਦੀ ਮਤਿ ਨੂੰ ਮੰਨਕੇ, ਉਸਦੀ ਪੂਰੀ ਮਤਿ ਨੂੰ ਅਸੀਂ ਆਪਣੇ ਅੰਦਰ ਨਹੀਂ ਵਸਾਉਂਦੇ ਤਦ ਤੱਕ ਸਾਡੀ ਅਲਪ ਮਤਿ ਨਹੀਂ ਨਿਕਲ ਸਕਦੀ, ਮਨਮਤਿ ਨਹੀਂ ਨਿਕਲ ਸਕਦੀ, ਹਉਮੈ ਨਹੀਂ ਨਿਕਲ ਸਕਦੀ ਤੇ ਅਸੀਂ ਗੁਰੂ ਦੇ ਨਿੰਦਕ ਹੀ ਬਣੇ ਰਹਾਂਗੇ। ਗੁਰੂ ਦੀ ਨਿੰਦਾ ਕਰਨ ਦੁਆਰਾ ਹੀ ਅਸੀਂ ਲੂਣ ਹਰਾਮੀ ਹਾਂ, ਪ੍ਰਮਾਤਮਾ ਦੇ ਗੁਨਹਗਾਰ ਹਾਂ ਤੇ ਉਸ ਤੋਂ ਬੇਗਾਨੇ ਬਣੇ ਹੋਏ ਹਾਂ ਤੇ ਉਸਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਜਾਣ ਨਹੀਂ ਸਕਦੇ। ਅਸੀਂ ਪ੍ਰਮਾਤਮਾ ਦਾ ਲੂਣ ਖਾਂਦੇ ਹਾਂ ਪਰ ਉਸ ਨੂੰ ਹਰਾਮ ਕਰਦੇ ਹਾਂ। ਉਸਦੇ ਲੂਣ ਦੀ ਕੀਮਤ ਕੇਵਲ ਸੱਚ ਦੁਆਰਾ ਚੁਕਾਈ ਜਾ ਸਕਦੀ ਹੈ, ਗੁਰਮਤਿ ਤੇ ਪੂਰਾ ਉਤਰ ਕੇ ਚੁਕਾਈ ਜਾ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜੋ ਪ੍ਰਮਾਤਮਾ ਦਾ ਗੁਨਹਗਾਰ ਹੈ ਉਹ ਆਪਣੇ ਗੁਨਾਹਾਂ ਦੀ ਸਜ਼ਾ ਵੀ ਭੁਗਤਦਾ ਹੈ। ਜੋ ਗੁਰੂ ਪ੍ਰਮਾਤਮਾ ਦਾ ਨਿੰਦਕ ਹੈ ਉਹ ਨਿੰਦਾ ਕਰਨ ਦੀ ਸਜ਼ਾ ਵੀ ਭੁਗਤਦਾ ਹੈ। ਉਸ ਦੀਆਂ ਸਜ਼ਾਵਾਂ ਕਿਸ ਰੂਪ ਵਿੱਚ ਮਿਲਦੀਆਂ ਹਨ ਇਹ

ਵੀ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਪਰ ਹਰ ਕੋਈ ਇਨ੍ਹਾਂ ਗੱਲਾਂ ਵੱਲੋਂ ਅਵੇਸਲਾ ਹੈ ਕਿ ਕਿਸੇ ਅੱਖਰ ਦਾ ਜਪ ਕਰੀ ਜਾਣ ਨਾਲ ਹੀ ਸਜਾਵਾਂ ਤੋਂ ਬਚ ਜਾਈਦਾ ਹੈ। ਉਹ ਅੱਖਰ ਦੇ ਜਪ ਨੂੰ ਹੀ ਨਾਮ ਧਨ ਸਮਝੀ ਬੈਠੇ ਹਨ ਤੇ ਅੰਦਰ ਦੇ ਚੋਰਾਂ ਨੂੰ ਭੁੱਲੀ ਬੈਠੇ ਹਨ ਜੋ ਸਾਡੇ ਅੰਦਰ ਨਾਮ ਧਨ ਨੂੰ ਟਿਕਣ ਨਹੀਂ ਦਿੰਦੇ। ਸਾਡੇ ਅੰਦਰ ਦੇ ਇਹ ਚੋਰ ਹੀ ਗੁਰੂ ਦੇ ਨਿੰਦਕ ਹਨ ਜੋ ਸਾਨੂੰ ਅੱਠੇ ਪਹਿਰ ਮਾੜੀ ਬਿਰਤੀ ਵਿੱਚ ਰੱਖ ਕੇ ਗੁਰੂ ਦੀ ਨਿੰਦਾ ਵਿੱਚ ਰੱਖਦੇ ਹਨ। ਜੇਕਰ ਗੁਰੂ ਦੀ ਨਿੰਦਾ ਤੋਂ ਬਚਣਾ ਚਾਹੁੰਦੇ ਹੋ ਫਿਰ ਆਪਣੇ ਅੰਦਰ ਦੇ ਨਿੰਦਕਾਂ ਨੂੰ ਸੰਜਮ ਵਿੱਚ ਲਿਆਓ ਜਿਸ ਦੁਆਰਾ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ ਤੇ ਆਪਣੀ ਝੂਠੀ ਮਤਿ ਵਿੱਚੋਂ, ਅਲਪ ਮਤਿ ਵਿੱਚੋਂ ਭਾਵ ਭਰਮ ਵਿੱਚੋਂ ਨਿਕਲੋ ਤੇ

27/3060

ਆਪਣੇ ਨਸ਼ਟ ਹੋ ਰਹੇ ਜੀਵਨ ਨੂੰ ਬਚਾਓ ਤੇ ਪ੍ਰਮਾਤਮਾ ਦੀਆ ਸਜ਼ਾਵਾਂ ਤੋਂ ਬਚਣ ਦਾ ਉਪਰਾਲਾ ਕਰੋ। **(ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥)**

ਜੋ ਵੀ ਮਨੁੱਖ ਮਾਇਆ ਮੋਹ ਵਿੱਚ ਹੈ, ਅਲਪ ਮਤਿ ਵਿੱਚ ਹੈ, ਵਿਕਾਰਾਂ ਵਿੱਚ ਹੈ ਉਹ ਪ੍ਰਮਾਤਮਾ ਦੀ ਕ੍ਰਿਪਾ ਤੋਂ ਵਾਂਝਾ ਹੈ। ਇਨ੍ਹਾਂ ਔਗੁਣਾਂ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਸਿਰ ਲਾਇਆ ਹੈ ਜੋ ਕਿ ਸਾਨੂੰ ਉਸਦਾ ਹੁਕਮ ਮੰਨ ਕੇ ਇਹ ਉੱਦਮ ਕਰਨਾ ਚਾਹੀਦਾ ਹੈ। ਉਹ ਕਿਸ ਦੇ ਉੱਤੇ ਆਪਣੀ ਬਖ਼ਸ਼ਿਸ਼ ਕਦੋਂ ਕਰ ਦੇਵੇ ਇਹ ਉਹੀ ਜਾਣਦਾ ਹੈ। ਸਾਨੂੰ ਪਹਿਲਾਂ ਇਸ ਗੱਲ ਦੀ ਸਮਝ ਜਰੂਰ ਹੋਣੀ ਚਾਹੀਦੀ ਹੈ ਕਿ ਅਸੀਂ ਖੋਟੇ ਕਿਸ ਗੱਲ ਕਰਕੇ ਹਾਂ ਤੇ ਖਰੇ ਕਿਵੇਂ ਬਣ ਸਕਦੇ ਹਾਂ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥੫੨॥”

ਧਿਆਨ ਨਾਲ ਸਮਝੋ ਕਿ ਸਾਡੇ ਤੇ ਪ੍ਰਮਾਤਮਾ ਦੀ ਬਖਸ਼ਿਸ਼ ਕਿਸ ਰੂਪ ਵਿੱਚ ਹੁੰਦੀ ਹੈ। ਉਪਰਲੀ ਪੰਗਤੀ ਰਾਹੀਂ ਸਮਝੋ ਕਿ ਖੋਟੇ ਕਿਸ ਨੂੰ ਕਿਹਾ ਹੈ ਤੇ ਖਰੇ ਕਿਸ ਨੂੰ ਕਿਹਾ ਹੈ। ਖੋਟੇ ਵੀ ਸਾਡੇ ਵਿਚਾਰ ਹਨ ਤੇ ਖਰੇ ਵੀ ਸਾਡੇ ਵਿਚਾਰ ਹਨ। ਸਾਡੇ ਵਿਚਾਰ ਤਦ ਤੱਕ ਖੋਟੇ ਹਨ ਜਦ ਤੱਕ ਇਹ ਔਗੁਣਾਂ ਵਾਲੇ ਹਨ, ਮਾਇਆ ਮੋਹ ਵਾਲੇ ਹਨ ਜਿਵੇਂ ਕਿ ਇਨ੍ਹਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੈ। ਸਾਡੀ ਅਲਪ ਮਤਿ ਦੇ ਵਿਚਾਰ ਖੋਟੇ ਹਨ ਤੇ ਗੁਰੂ ਦੇ ਵਿਚਾਰ ਖਰੇ ਹਨ, ਸ਼ਬਦ ਦੇ ਵਿਚਾਰ ਖਰੇ ਹਨ। ਜਦੋਂ ਪ੍ਰਮਾਤਮਾ ਆਪਣੀ ਬਖ਼ਸ਼ਿਸ਼ ਕਰਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਤੇ ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਹੀ ਹੈ, ਮਨ ਦੀ ਸੋਚ ਦੇ ਰੂਪ ਵਿੱਚ ਹੀ ਹੈ। ਸਾਡੇ ਮਨ ਦੇ ਵਿੱਚ ਪ੍ਰਮਾਤਮਾ ਸਾਨੂੰ ਆਪਣੇ ਖਰੇ ਵਿਚਾਰਾਂ ਦੀ ਸੰਗਤ ਹੀ ਬਖ਼ਸ਼ਦਾ ਹੈ ਜਿਸ ਦੁਆਰਾ ਸਾਡੇ ਮਨ ਦੇ ਵਿਚਾਰਾਂ ਦੀ ਖੋਟ ਨਿਕਲ ਜਾਂਦੀ ਹੈ ਤੇ ਗੁਰਮਤਿ ਦੀ ਸੱਚੀ ਸੋਝੀ ਪੈ ਜਾਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਤਾਰਦਾ ਹੈ ਉਸ ਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਤਾਰਦਾ ਹੈ। ਸਾਡੇ ਖੋਟੇ ਵਿਚਾਰ, ਮਾੜੇ ਵਿਚਾਰ ਸਾਡੇ ਵਿਚਾਰਾਂ ਦਾ ਪਾਹਨ ਰੂਪ ਹਨ, ਪੱਥਰ ਰੂਪ ਹਨ ਜੋ ਪਾਣੀ ਦੇ ਉੱਪਰ ਨਹੀਂ ਤਰ ਸਕਦੇ ਭਾਵ ਮਾਇਆ ਮੋਹ ਦੇ ਸਾਗਰ ਵਿੱਚੋਂ ਨਹੀਂ ਤਰ ਸਕਦੇ। ਪ੍ਰਮਾਤਮਾ ਮਨ ਦੇ ਵਿਚਾਰਾਂ ਨੂੰ ਖਰਾ ਬਣਾ ਕੇ ਮਾਇਆ ਮੋਹ ਦੇ ਸਾਗਰ ਤੋਂ ਤਾਰ ਦਿੰਦਾ ਹੈ ਤੇ ਉਸ ਦੀ ਬਖ਼ਸ਼ਿਸ਼ ਕਰਨ ਦਾ ਤਰੀਕਾ ਇਹੀ ਹੈ। ਉਸਦੀ ਇਸ ਬਖ਼ਸ਼ਿਸ਼ ਦੁਆਰਾ ਹੀ ਮਨ ਦੇ ਵਿੱਚੋਂ ਉਸਦੇ ਦਰਸ਼ਨ ਹੁੰਦੇ ਹਨ ਤੇ ਸਮਝ ਪੈਂਦੀ ਹੈ ਕਿ ਮਨ ਦੇ ਵਿਚਾਰਾਂ

27/3061

ਰਾਹੀਂ ਪ੍ਰਮਾਤਮਾ ਆਪ ਹੀ ਸਭ ਦੇ ਅੰਦਰ ਵਿਚਰ ਰਿਹਾ ਹੈ। ਮਨ ਦੇ ਵਿਚਾਰਾਂ ਰਾਹੀਂ ਸਾਨੂੰ ਗਿਆਨ ਹੀ ਮਿਲਦਾ ਹੈ ਤੇ ਪ੍ਰਮਾਤਮਾ ਆਪਣੇ ਇਸ ਗਿਆਨ ਰੂਪ ਵਿੱਚ, ਨਿਰਗੁਣ ਰੂਪ ਵਿੱਚ, ਨਿਰੰਕਾਰ ਰੂਪ ਵਿੱਚ, ਜੋਤਿ ਰੂਪ ਵਿੱਚ, ਸ਼ਬਦ ਰੂਪ ਵਿੱਚ, ਸੱਚ ਰੂਪ ਵਿੱਚ ਹੀ ਸਭ ਜਗ੍ਹਾ ਵਿਚਰ ਰਿਹਾ ਹੈ, ਸਭ ਦੇ ਵਿੱਚ ਵਿਚਰ ਰਿਹਾ ਹੈ। ਇਹ ਸੋਝੀ ਮਨ ਦੇ ਵਿੱਚੋਂ ਉਸਦੀ ਬਖ਼ਸ਼ਿਸ਼ ਦੁਆਰਾ ਹੀ ਪੈਂਦੀ ਹੈ ਜੋ ਕਿ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਪਾਉਂਦਾ ਹੈ ਤੇ ਸਾਡਾ ਇਸ ਭਵਸਾਗਰ ਤੋਂ ਪਾਰ ਉਤਾਰਾ ਕਰਦਾ ਹੈ, ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਾਰਾ ਕਰਦਾ ਹੈ, ਸੰਸਾਰ ਦੇ ਇਸ ਆਵਾਗਉਣ ਤੋਂ ਮੁਕਤ ਕਰਦਾ ਹੈ। ਸਾਡੇ ਲਈ ਇਹੀ ਉੱਦਮ ਹੈ ਕਿ ਅਸੀਂ ਮਨ ਦੀ ਖੋਟ ਕੱਢਣ ਦਾ ਉੱਦਮ ਕਰੀਏ ਭਾਵ ਆਪਣੇ ਵਿਕਾਰਾਂ ਤੋਂ ਬਚਣ ਦਾ ਉੱਦਮ ਕਰੀਏ। ਅਸੀਂ ਇੱਕ ਅੱਖਰ ਦੇ ਜਪ ਕਰਨ ਨਾਲ ਹੀ ਆਪਣੇ ਆਪ ਨੂੰ ਖਰਾ ਬਣਾਈ ਬੈਠੇ ਹਾਂ ਜੋ ਕਿ ਸਾਡੀ ਅਲਪ ਮਤਿ ਦਾ ਨਤੀਜਾ ਹੀ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਅਸਲੀਅਤ ਨੂੰ ਮੰਨਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਜੀਵਨ ਨੂੰ

ਸਫ਼ਲ ਕਰ ਸਕੀਏ, ਮਾਇਆ ਮੋਹ ਦੇ ਸਾਗਰ ਤੋਂ ਪਾਰ ਹੋ ਸਕੀਏ, ਅਗਿਆਨਤਾ ਦੇ ਸਾਗਰ ਵਿੱਚੋਂ ਪਾਰ ਹੋ ਸਕੀਏ। **(ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥ ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥੫੨॥)**

ਅਸੀਂ ਪ੍ਰਮਾਤਮਾ ਦੀ ਉਸਤਿਤ ਕਰਦੇ ਹਾਂ ਜਾਂ ਨਿੰਦਾ ਕਰਦੇ ਹਾਂ ਇਹ ਸਾਡੀ ਮਨ ਦੀ ਬਿਰਤੀ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਕਿ ਸਾਡੇ ਅੰਦਰ ਵਿਚਾਰ ਕਿਹੋ ਜਿਹੇ ਹਨ ਭਾਵ ਸਾਡੀ ਲਗਨ ਕਿਸ ਪਾਸੇ ਹੈ ਭਾਵ ਸਾਡੀ ਲਗਨ ਮਾਇਆ ਵਿੱਚ ਹੈ ਜਾਂ ਮਾਇਆ ਮੋਹ ਵਿੱਚੋਂ ਨਿਕਲ ਕੇ ਸਾਡੀ ਲਗਨ ਗੁਰਮਤਿ ਨਾਲ ਲੱਗੀ ਹੋਈ ਹੈ, ਗੁਣਾਂ ਨਾਲ ਲੱਗੀ ਹੋਈ ਹੈ। ਜੇਕਰ ਸਾਡੇ ਮਨ ਦੀ ਬਿਰਤੀ ਅੱਠੇ ਪਹਿਰ ਚੰਗੀ ਹੈ, ਸਾਡੇ ਅੰਦਰ ਹਰ ਵੇਲੇ ਗੁਣਾਂ ਦੁਆਰਾ ਵਿਚਰਨ ਦੀ ਲਗਨ ਹੈ ਤਾਂ ਫਿਰ ਅਸੀਂ ਦਿਨ ਰਾਤ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਤੇ ਜੇਕਰ ਲਗਨ ਮਾਇਆ ਦੇ ਵਿੱਚ ਹੈ ਤੇ ਮਾਇਆ ਕਮਾਉਣ ਲਈ ਜੇਕਰ ਮਾੜੇ ਕਰਮ ਕਰਦੇ ਹਾਂ ਫਿਰ ਸਾਡੇ ਮੁੱਖ ਤੇ ਹਰ ਵੇਲੇ ਗੁਰੂ ਦੀ ਨਿੰਦਾ ਹੈ ਭਾਵ ਸਾਡੇ ਮੁੱਖ ਤੇ ਨਾਮ ਨਹੀਂ ਹੈ। ਇਹ ਸਭ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

“ਮੁਖਿ ਨਿੰਦਾ ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ ਨੀਚ ਸਨਾਤਿ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ ਕਰਤਾਰ॥੨॥”

(ਅੰਗ ੨੪)

27/3062

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ ਤੇ ਹੁਣ ਅਸੀਂ ਇਹ ਦ੍ਰਿੜ ਕਰ ਰਹੇ ਹਾਂ ਕਿ ਗੁਰੂ ਪ੍ਰਮਾਤਮਾ ਦੀ ਦਿਨ ਰਾਤ ਨਿੰਦਾ ਕਰਨੀ ਕੀ ਹੈ। ਅਸੀਂ ਮੁੱਖੋਂ ਦਿਨ ਰਾਤ ਕਿਸੇ ਦੀ ਨਿੰਦਾ ਨਹੀਂ ਕਰਦੇ ਭਾਵ ਇਹ ਕੋਈ ਮੁੱਖੋਂ ਬੋਲਣ ਵਾਲੀ ਨਿੰਦਾ ਨਹੀਂ ਹੈ। ਨਿੰਦਾ ਸਾਡੇ ਮਨ ਦੇ ਵਿਚਾਰ ਕਰਦੇ ਹਨ ਜੋ ਕਿ ਅੱਠੇ ਪਹਿਰ ਗੁਰਮਤਿ ਦੇ ਵਿਚਾਰਾਂ ਦੀ ਨਿੰਦਾ ਕਰਦੇ ਹਨ। ਅੱਠੇ ਪਹਿਰ ਮਾੜੀ ਬਿਰਤੀ ਵਿੱਚ ਰਹਿਣਾ, ਔਗੁਣਾਂ ਵਾਲੀ ਬਿਰਤੀ ਵਿੱਚ ਰਹਿਣਾ ਸਾਨੂੰ ਨੀਚ ਬਣਾਉਂਦਾ ਹੈ, ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਨੀਚ ਬਣਾਉਂਦਾ ਹੈ ਕਿਉਂਕਿ ਆਪਣੇ ਮਾੜੇ ਵਿਚਾਰਾਂ ਦੁਆਰਾ ਅਸੀਂ ਦੂਸਰਿਆਂ ਦਾ ਘਰ ਖਰਾਬ ਕਰਦੇ ਹਾਂ ਭਾਵ ਦੂਸਰਿਆਂ ਦਾ ਜੀਵਨ ਖਰਾਬ ਕਰਦੇ ਹਾਂ। ਔਗੁਣਾਂ ਰਾਹੀਂ, ਮਾੜੇ ਕਰਮਾਂ ਰਾਹੀਂ ਅਸੀਂ ਦੂਸਰਿਆਂ ਦਾ ਨੁਕਸਾਨ ਹੀ ਕਰਦੇ ਹਾਂ ਜਿਸ ਕਰਕੇ ਸਾਨੂੰ ਨੀਚ ਕਿਹਾ ਹੈ। ਮਾੜੇ ਕਰਮਾਂ ਦੁਆਰਾ ਅਸੀਂ ਹਰ ਵੇਲੇ ਗੁਰੂ ਦੀ ਨਿੰਦਾ ਕਰਦੇ ਹਾਂ। ਸਾਡਾ ਧਾਣਕ ਰੂਪ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਜਾਣ ਚੁੱਕੇ ਹਾਂ। **(ਮੁਖਿ ਨਿੰਦਾ ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ ਨੀਚ ਸਨਾਤਿ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ ਕਰਤਾਰ॥੨॥)**

ਜਿਹੜਾ ਤਰੀਕਾ ਮੁੱਖੋਂ ਦਿਨ ਰਾਤ ਗੁਰੂ ਦੀ ਨਿੰਦਾ ਕਰਨ ਦਾ ਹੈ ਉਹੀ ਤਰੀਕਾ ਮੁੱਖੋਂ ਦਿਨ ਰਾਤ ਪ੍ਰਮਾਤਮਾ ਦਾ ਨਾਮ ਜਪਣ ਦਾ ਹੈ। ਅਸੀਂ ਕੋਈ ਮੁੱਖੋਂ ਬੋਲ ਬੋਲ ਕੇ ਦਿਨ ਰਾਤ ਗੁਰੂ ਦੀ ਨਿੰਦਾ ਨਹੀਂ ਆਖਦੇ ਬਲਕਿ ਆਪਣੇ ਕਰਮਾਂ ਦੁਆਰਾ ਉਸਦੀ ਨਿੰਦਾ ਕਰਦੇ ਹਾਂ। ਇਸੇ ਤਰ੍ਹਾਂ ਔਗੁਣਾਂ ਤੋਂ ਮੁਕਤ ਹੋ ਕੇ ਜਦੋਂ ਅਸੀਂ ਚੰਗੇ ਕਰਮ ਕਰਦੇ ਹਾਂ ਫਿਰ ਅਸੀਂ ਦਿਨ ਰਾਤ ਮੁੱਖੋਂ ਪ੍ਰਮਾਤਮਾ ਦਾ ਨਾਮ ਜਪਦੇ ਹਾਂ ਭਾਵ ਪ੍ਰਮਾਤਮਾ ਦੀ ਭਗਤੀ ਕੋਈ ਮੁੱਖੋਂ ਬੋਲਣ ਦਾ ਮਾਰਗ ਨਹੀਂ ਹੈ, ਪ੍ਰਮਾਤਮਾ ਦਾ ਨਾਮ ਜਪਣਾ ਕੋਈ ਮੁੱਖੋਂ ਬੋਲਣ ਦਾ ਮਾਰਗ ਨਹੀਂ ਹੈ। ਜੇਕਰ ਸਾਡੇ ਮਨ ਦੀ ਬਿਰਤੀ ਦਿਨ ਰਾਤ ਸੱਚੀ ਹੈ ਫਿਰ ਦਿਨ ਰਾਤ ਅਸੀਂ ਪ੍ਰਮਾਤਮਾ ਦਾ ਨਾਮ ਜਪਣ ਵਾਲੇ ਹਾਂ ਕਿਉਂਕਿ ਫਿਰ ਸਾਡੇ ਹਰ ਕਰਮ ਵਿੱਚ ਸੱਚ ਹੁੰਦਾ ਹੈ, ਗੁਰਮਤਿ ਹੁੰਦੀ ਹੈ।

ਗੁਰੂ ਦੇ ਨਿੰਦਕ ਕਿਹੋ ਜਿਹੇ ਹੁੰਦੇ ਹਨ ਭਾਵ ਸਾਨੂੰ ਗੁਰੂ ਦੇ ਨਿੰਦਕ ਕਿਸ ਲਈ ਕਿਹਾ ਗਿਆ ਹੈ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਜਿਸਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਗੁਰੂ ਪ੍ਰਮਾਤਮਾ ਦੀ ਨਿੰਦਾ ਤੋਂ ਉਹੀ ਬਚਦਾ ਹੈ ਜਿਸ ਨੂੰ ਉਹ ਆਪ ਆਪਣੇ ਨਾਲ ਮੇਲ ਲੈਂਦਾ ਹੈ, ਜਿਸ ਨੂੰ ਉਹ ਆਪਣਾ ਜਨ ਬਣਾ ਲੈਂਦਾ ਹੈ।

ਭੈਰਉ ਮਹਲਾ ੫॥

“ਨਿੰਦਕ ਕਉ ਫਿਟਕੇ ਸੰਸਾਰੁ॥ ਨਿੰਦਕ ਕਾ ਝੂਠਾ ਬਿਉਹਾਰੁ॥
ਨਿੰਦਕ ਕਾ ਮੈਲਾ ਆਚਾਰੁ॥ ਦਾਸ ਅਪੁਨੇ ਕਉ ਰਾਖਨਹਾਰੁ॥੧॥
ਨਿੰਦਕੁ ਮੁਆ ਨਿੰਦਕ ਕੈ ਨਾਲਿ॥
ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ॥੧॥ਰਹਾਉ॥
ਨਿੰਦਕ ਕਾ ਕਹਿਆ ਕੋਇ ਨ ਮਾਨੈ॥ ਨਿੰਦਕ ਝੂਠੁ ਬੋਲਿ ਪਛੁਤਾਨੇ॥
ਹਾਥ ਪਛੋਰਹਿ ਸਿਰੁ ਧਰਨਿ ਲਗਾਹਿ॥ ਨਿੰਦਕ ਕਉ ਦਈ ਛੋਡੈ ਨਾਹਿ॥੨॥
ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ॥ ਨਿੰਦਕ ਕਉ ਲਾਗੈ ਦੁਖ ਸਾਂਗੈ॥
ਬਗੁਲੇ ਜਿਉ ਰਹਿਆ ਪੰਖ ਪਸਾਰਿ॥ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ॥੩॥
ਅੰਤਰਜਾਮੀ ਕਰਤਾ ਸੋਇ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ॥
ਹਰਿ ਕਾ ਦਾਸੁ ਸਾਚਾ ਦਰਬਾਰਿ॥
ਜਨ ਨਾਨਕ ਕਹਿਆ ਤਤੁ ਬੀਚਾਰਿ॥੪॥੪੧॥੫੪॥”

(ਅੰਗ ੧੧੫੧)

28/3063

ਸ਼ਬਦ ਦੇ ਪਹਿਲੇ ਪਦੇ ਨੂੰ ਧਿਆਨ ਨਾਲ ਸਮਝੋ ਕਿ ਨਿੰਦਕ ਕੌਣ ਹੈ, ਗੁਰੂ ਦਾ, ਸੰਤ ਦਾ, ਪ੍ਰਮਾਤਮਾ ਦਾ ਨਿੰਦਕ ਕੌਣ ਹੈ।

“ਨਿੰਦਕ ਕਉ ਫਿਟਕੇ ਸੰਸਾਰੁ॥ ਨਿੰਦਕ ਕਾ ਝੂਠਾ ਬਿਉਹਾਰੁ॥
ਨਿੰਦਕ ਕਾ ਮੈਲਾ ਆਚਾਰੁ॥ ਦਾਸ ਅਪੁਨੇ ਕਉ ਰਾਖਨਹਾਰੁ॥੧॥”

ਸੰਸਾਰ ਦੇ ਵਿੱਚ ਮਨੁੱਖ ਚੰਗਾ ਮਾੜਾ ਆਪਣੇ ਕਰਮਾਂ ਦੁਆਰਾ ਹੀ ਅਖਾਉਂਦਾ ਹੈ ਜੋ ਕਿ ਕਿਸੇ ਨੂੰ ਜਾਨਣ ਦਾ ਅਸਲ ਤਰੀਕਾ ਹੈ। ਮਨੁੱਖ ਦੀ ਕਰਨੀ ਮਨੁੱਖ ਦੇ “ਬਿਉਹਾਰੁ” ਨੂੰ ਪ੍ਰਗਟ ਕਰਦੀ ਹੈ। ਜਿਸਦੀ ਕਰਨੀ ਚੰਗੀ ਹੈ ਉਸਦਾ ਬਿਉਹਾਰ ਚੰਗਾ ਹੈ ਭਾਵ ਉਸਦੀ ਸੰਸਾਰਿਕ ਵਿਚਰਨ ਚੰਗੀ ਹੈ। ਜਿਸਦੀ ਕਰਨੀ ਮਾੜੀ ਹੈ ਉਸਦਾ ਬਿਉਹਾਰ ਝੂਠਾ ਹੈ ਭਾਵ ਮਾੜਾ ਹੈ। ਜਿਸ ਮਨੁੱਖ ਦੀ ਕਰਨੀ ਮਾੜੀ ਹੈ, ਜਿਸ ਦਾ ਬਿਉਹਾਰ ਝੂਠਾ ਹੈ ਭਾਵ ਜਿਸਦਾ ਬਿਉਹਾਰ ਗੰਦਾ ਹੈ ਉਸਨੂੰ ਸੰਸਾਰ ਫਿਟਕਦਾ ਹੈ ਭਾਵ ਮਾੜਾ ਆਖਦਾ ਹੈ। ਇਹੋ ਜਿਹਾ ਮਨੁੱਖ ਨਿੰਦਕ ਹੈ ਭਾਵ ਗੁਰੂ ਦਾ ਨਿੰਦਕ ਹੈ ਜੋ ਆਪਣੀ ਕਰਨੀ ਵਿੱਚ ਗੁਰੂ ਦੀ ਮਤਿ ਨੂੰ ਨਿੰਦਦਾ ਹੈ ਭਾਵ ਗੁਰੂ ਦਾ ਨਿੰਦਕ ਹੈ ਜੋ ਆਪਣੀ ਕਰਨੀ ਵਿੱਚ ਗੁਰੂ ਦੀ ਮਤਿ ਨੂੰ ਨਿੰਦਦਾ ਹੈ ਭਾਵ ਗੁਰੂ ਦੀ ਮਤਿ ਨੂੰ ਨਹੀਂ ਮੰਨਦਾ। ਜਿਸ ਮਨੁੱਖ ਦਾ ਬਿਉਹਾਰ ਮਾੜਾ ਹੈ ਉਸਦਾ ਆਚਾਰ ਮਾੜਾ ਹੈ, ਉਸ ਮਨੁੱਖ ਦੀ ਰਹਿਣੀ ਮਾੜੀ ਹੈ। ਇਹੋ ਜਿਹਾ ਮਨੁੱਖ ਗੁਰੂ ਦਾ ਨਿੰਦਕ ਹੈ। ਗੁਰੂ ਦੀ ਨਿੰਦਾ ਕਰਨੀ ਜਾਂ ਉਸਤਤਿ ਕਰਨੀ ਸਾਡੀ ਕਰਨੀ ਦਾ ਮਾਰਗ ਹੈ ਜਿਸ ਦਾ ਸੰਬੰਧ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਹੈ। ਜਿਸ ਮਨੁੱਖ ਦੇ ਵਿਚਾਰ ਮਾੜੇ ਹਨ ਉਸਦੇ ਆਚਾਰ ਮਾੜੇ ਹਨ, ਉਸਦਾ ਬਿਉਹਾਰ ਮਾੜਾ ਹੈ ਜਿਸ ਲਈ ਉਹ ਗੁਰੂ ਦਾ ਨਿੰਦਕ ਹੈ। ਇਸੇ ਤਰ੍ਹਾਂ ਜਿਸ ਮਨੁੱਖ ਦੇ ਵਿਚਾਰ ਚੰਗੇ ਹਨ ਉਸਦੀ ਕਰਨੀ ਚੰਗੀ ਹੈ, ਉਹ ਮਨੁੱਖ ਆਪਣੇ ਕਾਰ ਵਿਹਾਰ ਵਿੱਚ ਚੰਗਾ ਹੈ, ਆਪਣੇ ਆਚਾਰ ਵਿੱਚ ਚੰਗਾ ਹੈ, ਉਸਦੀ ਸੰਸਾਰਿਕ ਵਿਚਰਨ ਚੰਗੀ ਹੈ ਤੇ ਉਹ ਆਪਣੀ ਹਰ ਕਰਨੀ ਵਿੱਚ ਚੰਗੇ ਕਰਮ ਕਰਨ ਵਾਲਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਉਸਤਤਿ ਕਰਦਾ ਹੈ ਭਾਵ ਉਸਦਾ ਨਾਮ ਜਪਦਾ ਹੈ। ਆਪਣੀ ਕਰਨੀ ਦੁਆਰਾ ਹੀ ਅਸੀਂ ਗੁਰੂ ਦੇ ਨਾਮ ਵਾਲੇ ਹਾਂ ਤੇ ਆਪਣੀ ਕਰਨੀ ਦੁਆਰਾ ਹੀ ਅਸੀਂ ਗੁਰੂ ਦੇ ਨਿੰਦਕ ਹਾਂ। ਸਾਡੀ

ਚੰਗੀ ਕਰਨੀ ਸਾਨੂੰ ਗੁਰੂ ਦੇ ਨੇੜੇ ਲਗਾਉਂਦੀ ਹੈ ਤੇ ਮਾੜੀ ਕਰਨੀ ਗੁਰੂ ਤੋਂ ਦੂਰ ਕਰਦੀ ਹੈ। ਅਸੀਂ ਆਪਣੀ ਕਥਨੀ ਨੂੰ ਹੀ ਗੁਰੂ ਦੇ ਨੇੜੇ ਲੱਗਣ ਦਾ ਤਰੀਕਾ ਬਣਾਇਆ ਹੋਇਆ ਹੈ ਜਦਕਿ ਆਪਣੀ ਕਰਨੀ ਦੁਆਰਾ, ਆਪਣੇ ਕਾਰ ਵਿਹਾਰ ਵਿੱਚ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਦੇ ਉਲਟ ਹਨ ਤੇ ਅਸਲ ਵਿੱਚ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ। ਆਪਣੀ ਕਥਨੀ ਨਾਲ ਅਸੀਂ ਉਸਤਤਿ ਕਰਨੀ ਸਮਝਦੇ ਹਾਂ ਜਦਕਿ ਅਸਲ ਗੱਲ ਸਾਡੀ ਕਰਨੀ ਦੀ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਨਿੰਦਾ ਕਰੀ ਜਾਂਦੇ ਹਾਂ। ਆਪਣੀ ਨਿੰਦਾ ਤੋਂ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਬਚਾਉਂਦਾ ਹੈ,

28/3064

ਆਪਣਾ ਦਾਸ ਬਣਾ ਕੇ ਬਚਾਉਂਦਾ ਹੈ। ਗੁਰੂ ਪ੍ਰਮਾਤਮਾ ਦਾ ਦਾਸ ਹੈ ਤੇ ਇਸੇ ਲਈ ਗੁਰੂ ਆਪਣੀ ਹਰ ਕਰਨੀ ਵਿੱਚ ਪ੍ਰਮਾਤਮਾ ਦੀ ਉਸਤਤਿ ਕਰਦਾ ਹੈ। ਗੁਰੂ ਆਪਣੀ ਗੁਰਮਤਿ ਤੇ ਆਪ ਹੀ ਚੱਲ ਕੇ ਦਿਖਾਉਂਦਾ ਹੈ। ਗੁਰੂ ਮਾਇਆ ਮੋਹ ਤੋਂ ਮੁਕਤ ਹੈ ਜਿਸ ਨੂੰ ਪ੍ਰਮਾਤਮਾ ਨੇ ਆਪ ਹੀ ਇਹ ਅਵੱਸਥਾ ਬਖ਼ਸ਼ੀ ਹੋਈ ਹੈ, ਸੱਚ ਦੀ ਅਵੱਸਥਾ ਬਖ਼ਸ਼ੀ ਹੋਈ ਹੈ। **(ਨਿੰਦਕ ਕਉ ਫਿਟਕੇ ਸੰਸਾਰੁ॥ ਨਿੰਦਕ ਕਾ ਝੂਠਾ ਬਿਉਹਾਰੁ॥ ਨਿੰਦਕ ਕਾ ਮੈਲਾ ਆਚਾਰੁ॥ ਦਾਸ ਅਪੁਨੇ ਕਉ ਰਾਖਨਹਾਰੁ॥੧॥)**

ਜਿੰਨ੍ਹਾਂ ਨੂੰ ਪ੍ਰਮਾਤਮਾ ਰੱਖਦਾ ਹੈ ਉਸ ਨੂੰ ਔਗੁਣਾਂ ਤੋਂ ਬਚਾ ਲੈਂਦਾ ਹੈ ਜਿਵੇਂ ਕਿ ਉਸਨੇ ਆਪਣੇ ਜਨਾਂ ਨੂੰ ਬਚਾਇਆ ਹੈ, ਆਪਣੇ ਭਗਤਾਂ ਨੂੰ ਬਚਾਇਆ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਿੰਦਕੁ ਮੁਆ ਨਿੰਦਕ ਕੈ ਨਾਲਿ॥

ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ॥੧॥ਰਹਾਉ॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਨਿੰਦਾ ਦਾ ਅਸਲ ਰੂਪ ਸਮਝ ਲੱਗ ਸਕੇ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਹਰ ਕੋਈ ਪ੍ਰਮਾਤਮਾ ਦਾ “ਨਿੰਦਕੁ” ਹੀ ਹੈ। ਸਾਡੇ ਕੋਲੋਂ ਪ੍ਰਮਾਤਮਾ ਦੀ ਨਿੰਦਾ ਕਰਾਉਣ ਵਾਲੇ ਸਾਡੇ ਅੰਦਰ ਦੇ ਔਗੁਣ ਹਨ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ। ਸਾਡੇ ਅੰਦਰ ਦੇ ਨਿੰਦਕ ਮਰਨ ਦੇ ਨਾਲ ਭਾਵ ਔਗੁਣ ਮਰਨ ਦੇ ਨਾਲ ਮਨੁੱਖ ਦਾ “ਨਿੰਦਕੁ” ਰੂਪ ਮਰ ਜਾਂਦਾ ਹੈ ਭਾਵ ਮਨੁੱਖ ਨਿੰਦਾ ਤੋਂ ਮੁਕਤ ਹੋ ਜਾਂਦਾ ਹੈ। ਇਹ ਮਨੁੱਖ ਦਾ ਜਿਉਂਦੇ ਹੋਏ ਮਰਨਾ ਹੈ ਭਾਵ ਅਸਲ ਮਰਨਾ ਹੈ ਜਿਹੋ ਜਿਹਾ ਮਰਨਾ ਮਰਨ ਦੇ ਨਾਲ ਫਿਰ ਮਨੁੱਖ ਸਦਾ ਹੀ ਜਿਉਂਦਾ ਹੈ, ਮਨ ਦੇ ਸੱਚੇ ਗਿਆਨ ਰਾਹੀਂ ਜਿਉਂਦਾ ਹੈ, ਆਪਣਾ ਅਸਲ ਆਤਮਿਕ ਜੀਵਨ ਜਿਉਂਦਾ ਹੈ। ਇਹ ਗੁਰੂ ਦੀ ਅਵੱਸਥਾ ਹੈ ਜਿਸ ਦੁਆਰਾ ਉਹ ਆਪਣੇ ਭਗਤਾਂ ਨੂੰ ਔਗੁਣਾਂ ਤੋਂ ਬਚਾਉਂਦਾ ਹੈ ਤੇ ਉਨ੍ਹਾਂ ਨੂੰ ਸੱਚਾ ਆਤਮਿਕ ਜੀਵਨ ਬਖ਼ਸ਼ਦਾ ਹੈ। **“ਨਿੰਦਕ ਕੈ ਸਿਰਿ ਕੜਕਿਓ ਕਾਲੁ॥੧॥ਰਹਾਉ॥”** ਤੋਂ ਭਾਵ ਹੈ ਔਗੁਣਾਂ ਦੇ ਸਿਰ ਤੇ ਪ੍ਰਮਾਤਮਾ ਕਾਲ ਕੜਕਾ ਦਿੰਦਾ ਹੈ ਭਾਵ ਔਗੁਣਾਂ ਨੂੰ ਮਾਰ ਦਿੰਦਾ ਹੈ। ਸਾਡੇ ਔਗੁਣਾਂ ਨੂੰ ਪੂਰਨ ਰੂਪ ਵਿੱਚ ਪ੍ਰਮਾਤਮਾ ਆਪ ਹੀ ਮਾਰਦਾ ਹੈ ਜਿਸ ਦੁਆਰਾ ਮਨੁੱਖ ਦਾ ਨਿੰਦਕ ਰੂਪ ਮਰਦਾ ਹੈ ਭਾਵ ਖ਼ਤਮ ਹੁੰਦਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਫਿਰ ਮਨੁੱਖ ਪ੍ਰਮਾਤਮਾ ਦੀ ਨਿੰਦਾ ਵਿੱਚੋਂ ਨਿਕਲ ਕੇ ਕੇਵਲ ਉਸਦਾ ਨਾਮ ਹੀ ਜਪਦਾ ਹੈ ਭਾਵ ਸੱਚ ਦੁਆਰਾ ਹੀ ਵਿਚਰਦਾ ਹੈ, ਅੱਠੇ ਪਹਿਰ ਗੁਰਮਤਿ ਦੁਆਰਾ ਹੀ ਵਿਚਰਦਾ ਹੈ, ਉਸਦੇ ਹਰ ਕਰਮ ਵਿੱਚ ਸੱਚੀ ਕਰਣੀ,

28/3065

ਹੁੰਦੀ ਹੈ। **(ਨਿੰਦਕੁ ਮੁਆ ਨਿੰਦਕ ਕੈ ਨਾਲਿ॥ ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ॥੧॥ਰਹਾਉ॥)**

ਜਦ ਤੱਕ ਸਾਡੇ ਤੇ ਪ੍ਰਮਾਤਮਾ ਦੀ ਕ੍ਰਿਪਾ ਨਹੀਂ ਹੁੰਦੀ ਭਾਵ ਜਦ ਤੱਕ ਸਾਡੀ ਪੂਰੀ ਤਰ੍ਹਾਂ ਔਗੁਣਾਂ ਤੋਂ ਮੁਕਤੀ ਨਹੀਂ ਹੁੰਦੀ, ਮਨ ਦੇ ਨਿੰਦਕਾਂ ਤੋਂ ਮੁਕਤੀ ਨਹੀਂ ਹੁੰਦੀ ਅਸੀਂ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਮਾਤਮਾ ਦੇ ਨਿੰਦਕ ਬਣੇ ਹੀ ਰਹਿੰਦੇ ਹਾਂ। ਕੋਈ ਛੋਟਾ ਨਿੰਦਕ ਹੈ, ਕੋਈ ਵੱਡਾ ਨਿੰਦਕ ਹੈ ਪਰ ਗੁਰੂ ਦੀ ਨਿੰਦਾ ਤੋਂ ਬਾਹਰ ਕੋਈ ਨਹੀਂ ਹੈ ਤੇ ਗੁਰੂ ਦੀ ਨਿੰਦਾ ਦੀ ਸਜ਼ਾ ਤੋਂ ਬਾਹਰ ਕੋਈ ਨਹੀਂ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਿੰਦਕ ਕਾ ਕਹਿਆ ਕੋਇ ਨ ਮਾਨੈ॥ ਨਿੰਦਕ ਝੂਠੁ ਬੋਲਿ ਪਛੁਤਾਨੇ॥

ਹਾਥ ਪਛੋਰਹਿ ਸਿਰੁ ਧਰਨਿ ਲਗਾਹਿ॥ ਨਿੰਦਕ ਕਉ ਦਈ ਛੋਡੈ ਨਾਹਿ॥੨॥”

ਉਪਰਲੇ ਪਦੇ ਰਾਹੀਂ ਸਾਨੂੰ ਸਾਡੀਆਂ ਸਜ਼ਾਵਾਂ ਲਈ ਸੁਚੇਤ ਕੀਤਾ ਹੋਇਆ ਹੈ ਕਿ ਮਨੁੱਖੀ ਜੀਵਨ ਵਿੱਚ ਸਾਨੂੰ ਮਾੜੇ ਕਰਮਾਂ ਦੀਆਂ ਸਜ਼ਾਵਾਂ ਭੁਗਤਣੀਆਂ ਹੀ ਪੈਣੀਆਂ ਹਨ। ਮਨੁੱਖੀ ਜੀਵਨ ਵਿੱਚ ਨਿੰਦਕ ਦੀ ਕੋਈ ਸੁਣਵਾਈ ਨਹੀਂ ਹੈ। ਇਸੇ ਜੀਵਨ ਵਿੱਚ ਸਾਨੂੰ ਆਪਣੇ ਮਾੜੇ ਕਰਮਾਂ ਲਈ ਪਛਤਾਉਣਾ ਹੀ ਪੈਣਾ ਹੈ, ਆਪਣੇ ਝੂਠੇ ਬੋਲਾਂ ਲਈ ਪਛਤਾਉਣਾ ਹੀ ਪੈਣਾ ਹੈ। ਸੱਚ ਉਹ ਹੈ ਜੋ ਗੁਰਮਤਿ ਹੈ ਤੇ ਗੁਰਮਤਿ ਤੋਂ ਬਾਹਰ ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਸਾਡੇ ਝੂਠੇ ਬੋਲ ਹਨ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਹ ਸਾਡਾ ਝੂਠਾ ਬੋਲ ਹੈ ਜਿਸ ਦੁਆਰਾ ਅਸੀਂ ਗੁਰੂ ਦੇ ਨਿੰਦਕ ਬਣਦੇ ਹਾਂ। ਆਪਣੇ ਮਾੜੇ ਕਰਮਾਂ ਲਈ ਸਾਨੂੰ ਇਸੇ ਜੀਵਨ ਵਿੱਚ ਕਿਤਨਾ ਕੁ ਪਛਤਾਉਣਾ ਪੈਣਾ ਹੈ ਇਹ ਗੱਲ ਸਾਨੂੰ ਇਨ੍ਹਾਂ ਪੰਗਤੀਆਂ ਰਾਹੀਂ ਸਮਝਾਈ ਹੈ। **(ਹਾਥ ਪਛੋਰਹਿ ਸਿਰੁ ਧਰਨਿ ਲਗਾਹਿ॥ ਨਿੰਦਕ ਕਉ ਦਈ ਛੋਡੈ ਨਾਹਿ॥੨॥)** "ਦਈ" ਤੋਂ ਭਾਵ ਹੈ ਪ੍ਰਮਾਤਮਾ। ਗੁਰਮਤਿ ਦੇ ਉਲਟ ਚੱਲ ਕੇ, ਮਾੜੇ ਕਰਮ ਕਰਕੇ, ਝੂਠ ਦਾ ਆਸਰਾ ਲੈ ਕੇ, ਔਗੁਣਾਂ ਦਾ ਆਸਰਾ ਲੈ ਕੇ ਇਸ ਜੀਵਨ ਵਿੱਚ ਕੋਈ ਪ੍ਰਮਾਤਮਾ ਦੀਆਂ ਸਜ਼ਾਵਾਂ ਤੋਂ ਬਚ ਜਾਵੇ ਇਹ ਨਾਮੁਮਕਿਨ ਹੈ, ਇਹ ਉਸਦਾ ਆਪਣਾ ਫੁਰਮਾਨ ਹੈ, ਮਾੜੇ ਕਰਮਾਂ ਦਾ ਇਸੇ ਜੀਵਨ ਵਿੱਚ ਲੇਖਾ ਦੇਣਾ ਬਹੁਤ ਹੀ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਜਿਸ ਨੂੰ ਕਿ ਸਦਾ ਹੀ ਆਪਣੇ ਧਿਆਨ ਵਿੱਚ ਰੱਖਣ ਦੀ ਲੋੜ ਹੈ। ਅਸੀਂ ਆਪਣੇ ਛੋਟੇ ਜਿਹੇ ਜੀਵਨ ਲਈ ਮਾਇਆ ਮੋਹ ਦੇ ਸੁੱਖਾਂ ਵਿੱਚ ਫਸ ਜਾਂਦੇ ਹਾਂ ਤੇ ਗੁਰਮਤਿ ਨੂੰ ਭੁੱਲ ਜਾਂਦੇ ਹਾਂ। ਸਾਡੀਆਂ ਤ੍ਰਿਸ਼ਨਾਵਾਂ ਸਾਨੂੰ ਗੁਰਮਤਿ ਦੇ ਉਲਟ ਹੀ ਤੋਰਦੀਆਂ ਹਨ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ

28/3066

ਉੱਚਾ ਅਖਵਾਉਣਾ ਵੀ, ਸੰਤ ਆਦਿ ਅਖਵਾਉਣਾ ਵੀ ਕੇਵਲ ਸਾਡੀ ਤ੍ਰਿਸ਼ਨਾ ਹੈ, ਸਾਡੇ ਅੰਦਰ ਮਾਇਆ ਦਾ ਛਲ ਹੈ ਜਿਸ ਕਰਕੇ ਅਸੀਂ ਗੁਰਮਤਿ ਤੋਂ ਵਿਛੁੜੇ ਹੋਏ ਹਾਂ ਤੇ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹੋਏ ਹਾਂ। ਆਪਣੇ ਆਪ ਨੂੰ ਇਹ ਵੱਡਾ ਅਖਵਾਉਣ ਵਾਲੇ ਮਾਇਆ ਦੇ ਸੁੱਖਾਂ ਵਿੱਚ ਲਿਬੜੇ ਪਏ ਹਨ, ਵੱਡੀਆਂ-ਵੱਡੀਆਂ ਗੱਡੀਆਂ ਦੇ ਤੇ ਹੋਰ ਅਨੇਕਾਂ ਹੀ ਮਾਇਆ ਦੇ ਸੁੱਖਾਂ ਵਿੱਚ ਲਿਬੜੇ ਹੋਏ ਹਨ, ਉੱਚੇ-ਉੱਚੇ ਸਿਆਸੀ ਨੇਤਾਵਾਂ ਦੀ ਨੇੜਤਾ ਦੇ ਦੁਨਿਆਵੀ ਸੁੱਖਾਂ ਵਿੱਚ ਲਿਬੜੇ ਹੋਏ ਹਨ ਤੇ ਸੱਚ ਤੋਂ ਭਟਕੇ ਹੋਏ ਹਨ, ਗੁਰਮਤਿ ਤੋਂ ਭਟਕੇ ਹੋਏ ਹਨ। ਇਸ ਗੱਲ ਲਈ ਕਿਤਨਾ ਕੁ ਪਛਤਾਉਣਾ ਪੈਂਦਾ ਹੈ ਇਸ ਗੱਲ ਤੋਂ ਇਹ ਬੇਖ਼ਬਰ ਹਨ, ਭਰਮ ਵਿੱਚ ਹਨ ਤੇ ਹੋਰਨਾਂ ਨੂੰ ਭਰਮ ਵਿੱਚ ਪਾਉਣ ਵਿੱਚ ਲੱਗੇ ਹੋਏ ਹਨ ਭਾਵ ਦੂਸਰਿਆਂ ਦਾ ਭਾਰ ਵੀ ਆਪਣੇ ਸਿਰ ਚੜਾਉਣ ਵਿੱਚ ਲੱਗੇ ਹੋਏ ਹਨ। ਇਹ ਸਭ ਮਾਇਆ ਮੋਹ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ ਤੇ ਆਪਣੇ ਆਪ ਨੂੰ ਸਜ਼ਾਵਾਂ ਦੇ ਭਾਗੀਦਾਰ ਬਣਾਉਂਦੇ ਹਾਂ। **(ਨਿੰਦਕ ਕਾ ਕਹਿਆ ਕੋਇ ਨ ਮਾਨੈ॥ ਨਿੰਦਕ ਝੂਠੁ ਬੋਲਿ ਪਛੁਤਾਨੇ॥ ਹਾਥ ਪਛੋਰਹਿ ਸਿਰੁ ਧਰਨਿ ਲਗਾਹਿ॥ ਨਿੰਦਕ ਕਉ ਦਈ ਛੋਡੈ ਨਾਹਿ॥੨॥)**

ਜੋ ਗੁਰੂ ਪ੍ਰਮਾਤਮਾ ਦੇ ਨਿੰਦਕ ਹਨ ਭਾਵ ਮਾੜੇ ਕਰਮ ਕਰਨ ਵਾਲੇ ਹਨ, ਗੁਰਮਤਿ ਦੀ ਸੋਝੀ ਦੇ ਉਲਟ ਚੱਲਣ ਵਾਲੇ ਹਨ ਉਨ੍ਹਾਂ ਨੂੰ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਦੀ ਭਗਤੀ ਸਾਡੀ ਸੱਚੀ-ਸੁੱਚੀ ਸੰਸਾਰਿਕ ਵਿਚਰਨ ਹੈ ਤੇ ਉਹ ਅਨੇਕਾਂ ਤਰੀਕਿਆਂ ਦੁਆਰਾ ਭਗਤੀ ਦਾ ਦਿਖਾਵਾ ਹੀ ਕਰਦੇ ਹਨ। ਪ੍ਰਮਾਤਮਾ ਦੀ ਭਗਤੀ ਪਰਉਪਕਾਰ ਦਾ ਮਾਰਗ ਹੈ ਨਾ ਕਿ ਭਗਤੀ ਦੇ ਦਿਖਾਵਿਆਂ ਦਾ। ਭਗਤੀ ਦੀ ਸੋਝੀ ਗੁਰੂ ਨੂੰ ਹੀ ਹੈ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ॥ ਨਿੰਦਕ ਕਉ ਲਾਗੈ ਦੁਖ ਸਾਂਗੈ॥

ਬਗੁਲੇ ਜਿਉ ਰਹਿਆ ਪੰਖ ਪਸਾਰਿ॥ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ॥੩॥"

ਪ੍ਰਮਾਤਮਾ ਦਾ ਦਾਸ ਗੁਰੂ ਹੈ ਜਿਸ ਨੂੰ ਭਗਤੀ ਦੀ ਸੋਝੀ ਹੈ, ਨਾਮ ਦੀ ਸੋਝੀ ਹੈ। ਜੋ ਭਗਤੀ ਕਰਨ ਵਾਲਾ ਮਨੁੱਖ ਹੈ ਉਹ ਕਦੇ ਦੂਸਰੇ ਦਾ ਬੁਰਾ ਕਰ ਹੀ ਨਹੀਂ ਸਕਦਾ, ਕਿਸੇ ਦਾ ਮਾੜਾ ਕਰ ਹੀ ਨਹੀਂ ਸਕਦਾ। ਕਿਸੇ ਦਾ ਮਾੜਾ ਸਾਡੇ ਕੋਲੋਂ ਮਨ ਦਾ ਲੋਭ ਲਾਲਚ ਕਰਵਾਉਂਦਾ ਹੈ, ਸਾਡੇ ਮਨ ਦੇ ਮਾੜੇ ਵਿਚਾਰ ਕਰਵਾਉਂਦੇ ਹਨ, ਸਾਡੇ ਮਾੜੇ ਕਰਮ ਕਰਵਾਉਂਦੇ ਹਨ। ਆਪਣੇ ਚੰਗੇ ਕਰਮਾਂ ਦੁਆਰਾ ਅਸੀਂ ਕਿਸੇ ਦਾ ਮਾੜਾ

28/3067

ਨਹੀਂ ਕਰਦੇ ਤੇ ਇਸ ਤਰੀਕੇ ਅਸੀਂ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ। ਇਸ ਤੋਂ ਉਲਟ ਮਾੜੇ ਕਰਮਾਂ ਦੁਆਰਾ ਅਸੀਂ ਪ੍ਰਮਾਤਮਾ ਦੀ ਨਿੰਦਾ ਕਰਦੇ ਹਾਂ, ਗੁਰੂ ਦੀ ਨਿੰਦਾ ਕਰਦੇ ਹਾਂ। ਸੰਸਾਰ ਵਿੱਚ ਅਸੀਂ ਜੋ ਦੂਸਰਿਆਂ ਨੂੰ ਦੁੱਖ ਪਹੁੰਚਾਉਂਦੇ ਹਾਂ, ਮਾੜੇ ਕਰਮ ਕਰਨ ਦੁਆਰਾ ਜੋ ਦੂਸਰਿਆਂ ਨੂੰ ਦੁੱਖ ਪਹੁੰਚਾਉਂਦੇ ਹਾਂ, ਦੂਸਰਿਆਂ ਦਾ ਹੱਕ ਖਾਂਦੇ ਹਾਂ, ਦੂਸਰਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਾਂ, ਦੂਸਰਿਆਂ ਨੂੰ ਪ੍ਰੇਸ਼ਾਨ ਕਰਦੇ ਹਾਂ ਇਨ੍ਹਾਂ ਗੱਲਾਂ ਕਰਕੇ ਸਾਨੂੰ ਭਾਵ ਇਨ੍ਹਾਂ ਦੁੱਖਾਂ ਦੇ ਬਦਲੇ ਸਾਨੂੰ ਇਸੇ ਮਨੁੱਖੀ ਜੀਵਨ ਵਿੱਚ ਭਾਰੇ ਦੁੱਖ ਸਹਿਣੇ ਪੈਂਦੇ ਹਨ। ਉਹੋ ਜਿਹਾ ਦੁੱਖ ਸਹਿਣਾ ਪੈਂਦਾ ਹੈ, ਉਹੋ ਜਿਹੀ ਪੀੜਾ ਸਹਿਣੀ ਪੈਂਦੀ ਹੈ ਜੋ ਪੀੜਾ ਮਨ ਦੀਆਂ ਤ੍ਰਿਸ਼ਨਾਵਾਂ ਦੀਆਂ ਪੂਰਤੀਆਂ ਨਾ ਹੋਣ ਕਰਕੇ ਸਹਿਣੀਆਂ ਪੈਂਦੀਆਂ ਹਨ, ਮਾਇਆ ਮੋਹ ਦੀਆਂ ਇੱਛਾਵਾਂ ਦੀਆਂ ਪੂਰਤੀਆਂ ਨਾ ਹੋਣ ਕਰਕੇ ਸਹਿਣੀਆਂ ਪੈਂਦੀਆਂ ਹਨ ਭਾਵ ਮਨ ਦੀਆਂ ਟੈਂਨਸ਼ਨਾਂ ਦੇ ਰੂਪ ਵਿੱਚ ਸਹਿਣੀਆਂ ਪੈਂਦੀਆਂ ਹਨ ਜਿਹੋ ਜਿਹੀ ਪੀੜ ਸਰੀਰ ਨੂੰ ਬਰਛੀ ਲੱਗਣ ਨਾਲ ਹੁੰਦੀ ਹੈ, ਤੇਜਧਾਰ ਹਥਿਆਰ ਦੇ ਨਾਲ ਹੁੰਦੀ ਹੈ। ਉਸ ਸਰੀਰ ਦਾ ਇਲਾਜ ਤਾਂ ਦੁਨਿਆਵੀ ਦਾਰੂ ਭਾਵ ਡਾਕਟਰਾਂ ਦੀ ਦਵਾਈ ਰੂਪ ਦਾਰੂ ਨਾਲ ਹੀ ਹੋ ਸਕਦਾ ਹੈ ਪਰ ਮਨ ਦੀਆਂ ਟੈਨਸ਼ਨਾਂ ਦਾ ਦਾਰੂ ਕੇਵਲ ਮਨ ਦਾ ਸੰਤੋਖ ਹੈ ਜੋ ਕਿ ਗੁਰੂ ਦੇ ਨਾਮ ਦਾ ਦਾਰੂ ਪੀਣ ਦੁਆਰਾ ਹੀ ਆ ਸਕਦਾ ਹੈ ਭਾਵ ਮਾਇਆ ਮੋਹ ਦਾ ਤਿਆਗ ਕਰਕੇ ਹੀ ਆ ਸਕਦਾ ਹੈ। ਇਹ ਸਜ਼ਾਵਾਂ ਪ੍ਰਮਾਤਮਾ ਭਾਵ ਸ੍ਰਿਸ਼ਟੀ ਦਾ ਕਰਤਾ ਸਭ ਨੂੰ ਆਪ ਹੀ ਦਿੰਦਾ ਹੈ ਜੋ ਕਿ ਮਾਇਆ ਮੋਹ ਨਾ ਤਿਆਗਣ ਕਰਕੇ ਦਿੰਦਾ ਹੈ ਭਾਵ ਮਾੜੇ ਕਰਮ ਕਰਨ ਕਰਕੇ ਦਿੰਦਾ ਹੈ ਭਾਵ ਇਹ ਸਰੀਰ ਦੇ ਰਹਿੰਦੇ ਹੋਏ ਹੀ ਦਿੰਦਾ ਹੈ ਭਾਵੇਂ ਇਸ ਸਰੀਰ ਵਿੱਚ ਰਹਿੰਦੇ ਹੋਏ ਉਹ ਆਪਣੀ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਕਿਉਂਕਿ ਧਾਰਮਿਕ ਜੀਵਨ ਨੂੰ ਅਪਣਾਉਣ ਦਾ ਮਾਰਗ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਪਿਆਰ ਜਿਤਾਉਣ ਦਾ ਮਾਰਗ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਆਪਣੀ ਆਪਣੀ ਸਮਝ ਅਨੁਸਾਰ ਧਾਰਮਿਕ ਆਸਥਾ ਰੱਖਦਾ ਹੋਵੇ। ਸ੍ਰਿਸ਼ਟੀ ਦੇ ਕਰਤੇ ਦੀਆਂ ਇਹ ਸਜਾਵਾਂ ਭਾਵ ਮਨ ਦੀਆਂ ਟੈਨਸ਼ਨਾਂ ਮਾਇਆ ਮੋਹ ਨਾ ਛੱਡਣ ਦੀਆਂ ਹੀ ਹਨ ਜਿਸ ਮਾਇਆ ਮੋਹ ਦੀ ਪੂਰਤੀ ਕਰਨ ਲਈ ਹਰ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ। ਮਾਇਆ ਮੋਹ ਛੱਡਣਾ ਹੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹੀ ਹੀ ਔਖਾ ਹੈ ਤੇ ਸ੍ਰਿਸ਼ਟੀ ਦੇ ਕਰਤੇ ਦੀਆਂ ਸਜਾਵਾਂ ਤੋਂ ਬਚਣਾ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਔਖਾ ਹੈ, ਜਿਸ ਨੇ ਆਪ ਹੀ ਹਰ ਮਨੁੱਖ ਨੂੰ ਬਣਾਇਆ ਹੈ ਤੇ ਆਪ ਹੀ ਸਭ ਦੇ ਅੰਦਰ ਤ੍ਰਿਸ਼ਨਾਵਾਂ ਪਾਈਆਂ ਹਨ, ਇੱਕੋ ਜਿਹਾ ਮਾਇਆ ਮੋਹ ਪਾਇਆ ਹੈ ਜਿਸ ਮਾਇਆ ਮੋਹ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਭ ਲਈ ਇੱਕੋ ਜਿਹਾ ਹੀ ਬਣਾਇਆ ਹੈ ਜੋ ਕਿ ਮਨ ਦੀਆਂ ਉਹੋ ਜਿਹੀਆਂ ਇੱਛਾਵਾਂ ਨੂੰ ਮਾਰਨ ਦਾ ਹੀ ਹੈ ਭਾਵ ਛੱਡਣ ਦਾ ਹੀ ਹੈ ਜਿਹੋ ਜਿਹੀਆਂ ਇੱਛਾਵਾਂ ਸਾਨੂੰ ਸੱਚ ਦੇ ਮਾਰਗ ਤੋਂ ਉਲਟ ਚਲਾਉਂਦੀਆਂ ਹਨ ਭਾਵ ਸਾਡੇ ਕੋਲੋਂ ਆਪਣੀ ਇੱਛਾਵਾਂ ਦੀ ਪੂਰਤੀ ਕਰਨ ਲਈ ਮਾੜੇ ਕਰਮ ਕਰਨ ਲਈ ਪ੍ਰੇਰਦੀਆਂ ਹਨ ਜਿਹੋ ਜਿਹੇ ਮਾੜੇ ਕਰਮ ਕਰਨ ਲਈ ਅਸੀਂ ਕੇਵਲ ਇਸ ਗੱਲ ਨੂੰ ਵਿਚਾਰਦੇ ਹਾਂ ਕਿ ਇਸ ਵਿੱਚ ਕੇਵਲ ਮੈਨੂੰ ਕੁੱਝ ਲਾਭ ਮਿਲਣਾ ਚਾਹੀਦਾ ਹੈ ਭਾਵੇਂ ਉਸ ਦੇ ਨਾਲ ਕਿਸੇ ਨੂੰ ਨੁਕਸਾਨ ਹੁੰਦਾ ਹੋਵੇ ਭਾਵ ਉਹ ਨੁਕਸਾਨ ਸਹਿਣ ਵਾਲਾ ਕੋਈ ਵੀ ਹੋਵੇ ਭਾਵ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਹਰ ਮਨੁੱਖੀ ਰੂਪ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਤੇ ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਸੰਸਾਰ ਦੇ ਕਿਸੇ ਵੀ ਮਨੁੱਖ ਦਾ ਮਾੜਾ ਕਰਨਾ ਸ੍ਰਿਸ਼ਟੀ ਦੇ ਕਰਤੇ ਦੀਆਂ ਸਜਾਵਾਂ ਭੁਗਤਣ ਲਈ ਆਪਣੇ ਆਪ ਨੂੰ ਉਸ ਦੀਆਂ ਸਜਾਵਾਂ ਸਹਿਣ ਦਾ ਪਾਤਰ ਬਣਾਉਣ ਦੀ ਗੱਲ ਹੀ ਹੈ। ਇਹ ਸਜਾਵਾਂ ਪ੍ਰਮਾਤਮਾ ਭਾਵ ਸ੍ਰਿਸ਼ਟੀ ਦਾ ਕਰਤਾ ਸਭ ਨੂੰ ਆਪ ਹੀ ਦਿੰਦਾ ਹੈ ਜੋ ਕਿ ਮਾਇਆ ਮੋਹ ਨਾ ਤਿਆਗਣ ਕਰਕੇ ਦਿੰਦਾ ਹੈ ਭਾਵ ਮਾੜੇ ਕਰਮ ਕਰਨ ਕਰਕੇ ਦਿੰਦਾ ਹੈ ਭਾਵ ਇਹ ਸਰੀਰ ਦੇ ਰਹਿੰਦੇ ਧਾਰਮਿਕ ਸੱਚ ਦੇ ਮਾਰਗ ਦੇ ਉਲਟ ਚੱਲਣ ਦੀਆਂ ਸਜਾਵਾਂ ਉਹ ਆਪ ਹੀ ਦਿੰਦਾ ਹੈ ਭਾਵੇਂ ਉਹ ਕੋਈ ਵੀ ਹੋਵੇ। ਸੱਚ ਤੇ ਚੱਲਣ ਦਾ ਮਾਰਗ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਤੇ ਭਾਵੇਂ ਜਿਹੋ ਜਿਹੇ ਵੀ ਸੱਚੇ ਧਰਮ ਗ੍ਰੰਥਾਂ ਨਾਲ ਜੁੜਿਆ ਹੋਵੇ। ਸੱਚ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਜੋ ਵੀ ਉਸਦੇ ਸੱਚੇ ਧਰਮ ਗ੍ਰੰਥਾਂ ਵਿੱਚ ਸਮਝਾਏ ਹੋਏ ਸੱਚ ਦੇ ਮਾਰਗ ਦੇ ਭਾਵ ਉਸਦਾ ਨਾਮ ਜਪਣ ਦੇ ਮਾਰਗ ਦੇ ਉਲਟ ਚੱਲਦਾ ਹੈ ਉਸਨੂੰ ਉਹ ਸੱਚ ਦਾ ਮਾਲਕ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਪਾ ਕੇ ਭਾਵ ਉਸ ਮਨੁੱਖ ਨੂੰ ਔਖਾ ਕਰਨ ਦੁਆਰਾ ਸਜਾਵਾਂ ਦਿੰਦਾ ਹੀ ਹੈ ਜੋ ਸਭ ਦੀ ਸਮਝ ਦਾ ਇੱਕੋ ਇੱਕ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸ ਨੇ ਹਰ ਮਨੁੱਖੀ ਸਰੀਰ ਦੀ ਰਚਨਾ ਆਪ ਹੀ ਕੀਤੀ ਹੋਈ ਹੈ, ਇੱਕੋ ਜਿਹੇ ਤਰੀਕੇ ਨਾਲ ਕੀਤੀ ਹੋਈ ਹੈ ਭਾਵੇਂ ਕੋਈ ਮਨੁੱਖੀ ਰੂਪ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ ਤੇ ਜਿਹੋ ਜਿਹੇ ਮਰਜੀ ਨਾਮ ਨਾਲ ਸ੍ਰਿਸ਼ਟੀ ਦੇ ਕਰਤੇ ਨੂੰ ਪੁਕਾਰਦਾ ਹੋਵੇ। ਮਨ ਦੀਆਂ ਤ੍ਰਿਸ਼ਨਾਵਾਂ

ਰੂਪ ਸਜਾਵਾਂ ਸਹਿਣਾ ਸ੍ਰਿਸ਼ਟੀ ਦੇ ਹਰ ਮੁਨੱਖ ਲਈ ਇੱਕੋ ਜਿਹਾ ਹੀ ਹੈ। **(ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ॥ ਨਿੰਦਕ ਕਉ ਲਾਗੈ ਦੁਖ ਸਾਂਗੈ॥)** ਸਾਂਗੈ ਤੋਂ ਭਾਵ ਹੈ ਬਰਛੀ, ਕਟਾਰੀ ਭਾਵ ਤੇਜਧਾਰ ਹਥਿਆਰ।

ਅਸੀਂ ਆਪਣੀ ਭਗਤੀ ਨੂੰ ਭਾਵ ਗੁਰੂ ਪ੍ਰਮਾਤਮਾ ਦਾ ਨਾਮ ਜਪਣ ਨੂੰ ਆਪਣੀ ਸੰਸਾਰਿਕ ਵਿਚਰਨ ਦੀ ਬਜਾਇ ਸਰੀਰਕ ਜਪ ਤਪ ਆਦਿ ਸਮਝਿਆ ਹੋਇਆ ਹੈ, ਕਿਸੇ ਅੱਖਰ ਦਾ ਜਪ ਸਮਝਿਆ ਹੋਇਆ ਹੈ, ਸਵੇਰੇ ਸ਼ਾਮ ਗੁਰੂ ਨੂੰ ਮੱਥੇ ਟੇਕੀ ਜਾਣਾ ਸਮਝਿਆ ਹੋਇਆ ਹੈ ਜਦਕਿ ਭਗਤੀ ਦਾ ਅਸਲ ਤਰੀਕਾ ਸਾਡੇ ਸੱਚੇ-ਸੁੱਚੇ ਕਰਮ ਹਨ ਜਿਸ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੀ ਨਿੰਦਾ ਤੋਂ ਬਚ ਸਕਦੇ ਹਾਂ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਬਗੁਲੇ ਜਿਉ ਰਹਿਆ ਪੰਖ ਪਸਾਰਿ॥ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ॥੩॥”

ਸੰਸਾਰ ਵਿੱਚ ਅਸੀਂ ਜਿੱਥੇ ਕਿੱਥੇ ਵੀ ਦੇਖਦੇ ਹਾਂ ਸਮਾਧੀਆਂ ਲਗਾ ਕੇ ਬੈਠੇ ਹੋਏ, ਸੁਰਤੀਆਂ ਜੋੜ ਕੇ ਬੈਠੇ ਹੋਏ ਆਪਣੇ ਆਪ ਨੂੰ ਭਗਤੀ ਵਾਲਾ ਕਹਿੰਦੇ ਹਨ ਤੇ ਹਰ ਕੋਈ ਇਹੋ ਜਿਹਿਆਂ ਨੂੰ ਹੀ ਭਗਤੀ ਵਾਲਾ ਸਮਝਦਾ ਹੈ। ਇਹੋ ਜਿਹਿਆਂ ਨੂੰ ਬਗੁਲੇ ਕਹਿ ਕੇ ਸੰਬੋਧਨ ਕੀਤਾ ਹੈ ਜੋ ਕਿ ਆਪਣੇ ਖੰਭ ਪਸਾਰ ਕੇ ਦਿਖਾਵਾ ਹੀ ਕਰਦੇ ਹਨ, ਹੰਸ ਦਿੱਸਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਇਨ੍ਹਾਂ ਦੀ ਕਰਣੀ ਸਾਹਮਣੇ ਆਉਂਦੀ ਹੈ ਤੇ ਤਾਂ ਹੀ ਪਤਾ ਚੱਲਦਾ ਹੈ ਕਿ ਇਨ੍ਹਾਂ ਦੇ ਅੰਦਰ ਕੀ ਹੈ ਭਾਵ ਇਹ ਕਿਹੋ ਜਿਹੇ ਵਿਚਾਰਾਂ ਵਾਲੇ ਹਨ। ਪ੍ਰਮਾਤਮਾ ਸਾਡੇ ਕਰਮਾਂ ਨੂੰ ਹੀ ਵਿਚਾਰਦਾ ਹੈ ਤੇ ਜਿਸ ਦੇ ਕਰਮ ਮਾੜੇ ਹਨ ਉਸਨੂੰ ਪ੍ਰਮਾਤਮਾ ਆਪਣੇ ਨੇੜੇ ਨਹੀਂ ਲਗਾਉਂਦਾ। **(ਬਗੁਲੇ ਜਿਉ ਰਹਿਆ ਪੰਖ ਪਸਾਰਿ॥ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ॥੩॥)** “**ਮੁਖ ਤੇ ਬੋਲਿਆ**” ਤੋਂ ਭਾਵ ਹੈ ਜਦੋਂ ਮਨੁੱਖ ਦੀ ਕਰਨੀ ਸਾਹਮਣੇ ਆਉਂਦੀ ਹੈ, ਜਦੋਂ ਮਨੁੱਖ ਦੇ ਵਿਚਾਰ ਸਾਹਮਣੇ ਆਉਂਦੇ ਹਨ, ਜਦੋਂ ਮਨੁੱਖ ਦੀ ਨੀਅਤ ਸਾਹਮਣੇ ਆਉਂਦੀ ਹੈ।

28/3068

ਮਾੜੀ ਨੀਅਤ ਵਾਲਾ ਮਨੁੱਖ, ਗੁਰਮਤਿ ਦੇ ਉਲਟ ਚੱਲਣ ਵਾਲਾ ਮਨੱਖ ਪ੍ਰਮਾਤਮਾ ਦੀ ਕਸਵੱਟੀ ਤੇ ਕਦੇ ਪੂਰਾ ਨਹੀਂ ਉਤਰ ਸਕਦਾ ਤੇ ਉਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਣ ਤੋਂ ਬਾਹਰ ਕਰ ਦਿੰਦਾ ਹੈ ਭਾਵ ਖੋਟੇ ਮਨੁੱਖਾਂ ਲਈ ਪ੍ਰਮਾਤਮਾ ਦੇ ਕੋਲ ਕੋਈ ਜਗ੍ਹਾ ਨਹੀਂ ਹੈ ਤੇ ਉਹ ਆਪਣੇ ਮਾੜੇ ਕਰਮਾਂ ਲਈ ਉਸਦੀਆਂ ਸਜ਼ਾਵਾਂ ਦੇ ਭਾਗੀਦਾਰ ਹੀ ਬਣਦੇ ਹਨ।

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਦੀ ਜਾਣਦਾ ਹੈ। ਉਸਦੀ ਭਗਤੀ ਸਾਡੇ ਮਨ ਦੇ ਨਿਹਚਲ ਹੋਣ ਦੁਆਰਾ ਹੁੰਦੀ ਹੈ ਜਦੋਂ ਸਾਡਾ ਮਨ ਮਾਇਆ ਮੋਹ ਵਿੱਚੋਂ ਡੋਲਣੋਂ ਹੱਟ ਜਾਂਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸ ਮਨੁੱਖ ਨੂੰ ਮਾਇਆ ਮੋਹ ਵਿੱਚੋਂ ਕੱਢ ਕੇ ਨਿਹਚਲ ਅਵੱਸਥਾ ਵਾਲਾ ਬਣਾਉਂਦਾ ਹੈ ਜੋ ਅਵੱਸਥਾ ਉਸਨੇ ਆਪਣਿਆਂ ਭਗਤਾਂ ਨੂੰ ਬਖ਼ਸ਼ੀ ਹੈ। ਪ੍ਰਮਾਤਮਾ ਦੀ ਸੇਵਾ, ਉਸਦੀ ਭਗਤੀ ਮਾਇਆ ਮੋਹ ਤੋਂ ਰਹਿਤ ਹੋ ਕੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਅੰਤਰਜਾਮੀ ਕਰਤਾ ਸੋਇ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ॥

ਹਰਿ ਕਾ ਦਾਸੁ ਸਾਚਾ ਦਰਬਾਰਿ॥ ਜਨ ਨਾਨਕ ਕਹਿਆ ਤਤੁ ਬੀਚਾਰਿ॥੪॥੪੧॥੫੪॥”

ਸਾਡੀ ਭਗਤੀ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ ਭਾਵ ਮਨ ਦੇ ਵਿਚਾਰਾਂ ਦੇ ਨਾਲ ਜੁੜੀ ਹੋਈ ਹੈ। ਪ੍ਰਮਾਤਮਾ ਅੰਤਰਜਾਮੀ ਹੈ ਭਾਵ ਉਹ ਆਪ ਹੀ ਸਾਡੇ ਵਿਚਾਰਾਂ ਦਾ ਮਾਲਕ ਹੈ। ਕਿਸ ਮਨੁੱਖ ਨੂੰ ਉਹ ਕਿਹੋ ਜਿਹੇ ਵਿਚਾਰ ਦਿੰਦਾ ਹੈ, ਕਿਹੋ ਜਿਹੀ ਸੋਝੀ ਪਾਉਂਦਾ ਹੈ ਇਹ ਉਸਦੇ ਆਪਣੇ ਹੱਥ ਹੈ। ਜਿਸ ਨੂੰ ਉਹ ਆਪਣਾ “ਜਨੁ” ਬਣਾਉਂਦਾ ਹੈ, ਆਪਣਾ “ਦਾਸੁ”, ਭਗਤ ਬਣਾਉਂਦਾ ਹੈ ਉਸਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਬਣਾਉਂਦਾ ਹੈ, ਮਨ ਦੀ ਸੋਝੀ ਰਾਹੀਂ ਹੀ ਬਣਾਉਂਦਾ ਹੈ। ਜਿਸ ਨੂੰ ਉਹ ਆਪਣਾ ਭਗਤ ਬਣਾਉਂਦਾ ਹੈ ਉਸਨੂੰ ਨਿਹਚਲੁ ਮਤਿ ਬਖ਼ਸ਼ਦਾ ਹੈ ਭਾਵ ਮਨ ਦੇ ਉਹੋ ਜਿਹੇ ਵਿਚਾਰ ਬਖ਼ਸ਼ਦਾ ਹੈ ਜੋ ਕਦੇ ਡੋਲ ਨਹੀਂ ਸਕਦੇ। ਕਦੇ ਨਾ ਡੋਲਣ ਵਾਲਾ ਕੇਵਲ ਸੱਚ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਭਗਤਾਂ ਦੇ ਪਾਏ ਹੋਏ ਨਿਹਚਲੁ ਵਿਚਾਰ ਹਨ ਜੋ ਕਦੇ ਡੋਲ ਨਹੀਂ ਸਕਦੇ ਭਾਵ ਸਦਾ ਥਿਰ ਰਹਿਣ ਵਾਲੇ ਹਨ। ਪ੍ਰਮਾਤਮਾ ਦੇ ਭਗਤ ਇਹੋ ਜਿਹੇ ਵਿਚਾਰਾਂ ਦੁਆਰਾ ਵਿਚਰਦੇ ਹਨ, ਗੁਰਮਤਿ ਰੂਪ ਸੱਚੇ ਵਿਚਾਰਾਂ ਦੁਆਰਾ ਵਿਚਰਦੇ ਹਨ ਜਿਹੋ ਜਿਹੇ ਵਿਚਾਰਾਂ ਦੁਆਰਾ ਉਹ ਕਦੇ ਕਿਸੇ ਦਾ ਮਾੜਾ ਨਹੀਂ ਕਰਦੇ ਤੇ ਨਾ ਹੀ ਕਿਸੇ ਨੂੰ ਮਾੜੀ ਗੱਲ ਸਮਝਾਉਂਦੇ ਹਨ। ਉਹ ਸਭ ਦੇ ਭਲੇ ਲਈ ਹੀ ਗੱਲ ਕਰਦੇ ਹਨ ਜਿਸ ਦੁਆਰਾ ਸਾਰੇ ਸੰਸਾਰ ਦਾ

28/3069

ਭਲਾ ਹੁੰਦਾ ਹੈ। **(ਅੰਤਰਜਾਮੀ ਕਰਤਾ ਸੋਇ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ॥)**

ਪ੍ਰਮਾਤਮਾ ਦੀ ਸੱਚੀ ਮਤਿ, ਮਨ ਨੂੰ ਨਿਹਚਲੁ ਕਰਨ ਵਾਲੀ ਮਤਿ ਉਸ ਅੰਤਰਜਾਮੀ ਪ੍ਰਮਾਤਮਾ ਕੋਲੋਂ ਮਨ ਦੇ ਵਿੱਚੋਂ ਹੀ ਮਿਲਦੀ ਹੈ ਤੇ ਉਸਦਾ ਸੱਚਾ ਦਰਬਾਰ ਸਾਡੇ ਅੰਦਰ ਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਰਿ ਕਾ ਦਾਸੁ ਸਾਚਾ ਦਰਬਾਰਿ॥ ਜਨ ਨਾਨਕ ਕਹਿਆ ਤਤੁ ਬੀਚਾਰਿ॥੪॥੪੧॥੫੪॥”

ਪ੍ਰਮਾਤਮਾ ਦੇ ਦਰਬਾਰ ਵਿੱਚੋਂ ਸੱਚ ਦੀ ਸੋਝੀ ਹੀ ਪੈਂਦੀ ਹੈ, ‘‘ਤਤੁ’’ ਦੀ ਸੋਝੀ ਹੀ ਪੈਂਦੀ ਹੈ ਭਾਵ ਅਸਲੀਅਤ ਦੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ, ਇਹ ਸੰਸਾਰ ਕੀ ਹੈ, ਇਹ ਮਾਇਆ ਕੀ ਹੈ, ਇਹ ਮਾਇਆ ਮੋਹ ਕੀ ਹੈ ਤੇ ਇਸ ਵਿੱਚੋਂ ਨਿਕਲਣਾ ਕੀ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਸਾਧਨ ਕੀ ਹੈ, ਉਸਦੀ ਭਗਤੀ ਕੀ ਹੈ, ਉਸਦਾ ਨਾਮ ਜਪਣਾ ਕੀ ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਇਹ ਗੱਲਾਂ ਸਮਝਾਈਆਂ ਹੋਈਆਂ ਹਨ ਜੋ ਕਿ ਤਤੁ ਹੈ ਭਾਵ ਪ੍ਰਮਾਤਮਾ ਦੀ ਅਸਲੀਅਤ ਹੈ। ਗੁਰਬਾਣੀ ਰਾਹੀਂ ਸਾਨੂੰ ਤਤੁ ਉਨ੍ਹਾਂ ਨੇ ਹੀ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਇਆ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਸੱਚੇ ਦਰਬਾਰ ਦੀ ਪ੍ਰਾਪਤੀ ਹੋਈ ਹੈ। ਤਤੁ ਦੀ ਸਮਝ ਉਸੇ ਨੂੰ ਲੱਗਦੀ ਹੈ ਜਿਸ ਨੂੰ ਪਹਿਲਾਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਬਾਰ ਦੀ ਸਮਝ ਲੱਗਦੀ ਹੈ ਭਾਵ ਮਨ ਦੀ ਸਮਝ ਲੱਗਦੀ ਹੈ ਕਿ ਇਹ ਮਨ ਕੀ ਹੈ। ਸਾਨੂੰ ਜੋ ਵੀ ਸੋਝੀ ਪੈਂਦੀ ਹੈ ਉਹ ਮਨ ਦੇ ਰਾਹੀਂ ਹੀ ਪੈਂਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਤਤੁ ਸਮਝਾਇਆ ਹੈ ਉਨ੍ਹਾਂ ਨੇ ਹੀ ਉਸਦੇ ਤਤੁ ਨੂੰ ਬੀਚਾਰਿਆ ਹੈ ਭਾਵ ਆਪਣੇ ਅੰਦਰ ਵਸਾਇਆ ਹੈ ਤੇ ਗੁਰਬਾਣੀ ਰਾਹੀਂ ਸਾਰੇ ਜਗ ਨੂੰ ਤਤੁ ਸਮਝਾਇਆ ਹੈ। **(ਹਰਿ ਕਾ ਦਾਸੁ ਸਾਚਾ ਦਰਬਾਰਿ॥ ਜਨ ਨਾਨਕ ਕਹਿਆ ਤਤੁ ਬੀਚਾਰਿ॥੪॥੪੧॥੫੪॥)**

ਪ੍ਰਮਾਤਮਾ ਦੀ ਨਿੰਦਾ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ ਜੇਕਰ ਅਸੀਂ ਗੁਰਬਾਣੀ ਦੇ ਤਤੁ ਨਾਲ ਜੁੜਦੇ ਹਾਂ ਭਾਵ ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਦੇ ਹਾਂ। ਹਰ ਸ਼ਬਦ ਦੀ ਵਿਚਾਰ ਸਾਨੂੰ ਪ੍ਰਮਾਤਮਾ ਦਾ ਤਤੁ ਹੀ ਸਮਝਾ ਰਹੀ ਹੈ। ਸਾਡੇ ਜੀਵਨ ਦਾ ਮਨੋਰਥ ਉਸ ‘‘ਤਤੁ’’ ਨੂੰ ਪ੍ਰਾਪਤ ਕਰਨ ਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਤਤੁ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜਿਸ ਗਿਆਨ ਨੂੰ ਆਪਣੇ ਅੰਦਰ ਵਸਾ ਕੇ ਅਸੀਂ ਆਪਣੀ ਮਤਿ ਨੂੰ ਨਿਹਚਲੁ ਕਰ ਸਕਦੇ ਹਾਂ, ਆਪਣੇ ਮਨ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਵਾਲਾ ਬਣਾ ਕੇ ਨਿਹਚਲੁ ਬਣਾ ਸਕਦੇ ਹਾਂ, ਅਡੋਲ ਬਣਾ ਸਕਦੇ ਹਾਂ, ਮਾਇਆ ਮੋਹ ਵਿੱਚ ਨਾ ਡੋਲਣ ਵਾਲੇ ਬਣਾ ਸਕਦੇ ਹਾਂ।

28/3070

ਮਨ ਦੇ ਇਹੋ ਜਿਹੇ ਵਿਚਾਰਾਂ ਦੁਆਰਾ ਫਿਰ ਅਸੀਂ ਕਿਸੇ ਦਾ ਮਾੜਾ ਨਹੀਂ ਕਰ ਸਕਦੇ, ਮਾੜੇ ਕਰਮ ਨਹੀਂ ਕਰ ਸਕਦੇ ਜਿਸ ਦੁਆਰਾ ਪ੍ਰਮਾਤਮਾ ਦੀ, ਗੁਰੂ ਦੀ, ਸੰਤ ਦੀ ਨਿੰਦਾ ਤੋਂ ਬਚਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਦੀਆਂ ਸਜ਼ਾਵਾਂ ਤੋਂ ਬਚਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ। ਗੁਰਮਤਿ ਨੂੰ ਅਪਣਾਏ ਬਿਨ੍ਹਾਂ ਗੁਰੂ ਦੀ ਨਿੰਦਾ ਤੋਂ ਨਹੀਂ ਬਚਿਆ ਜਾ ਸਕਦਾ। ਗੁਰੂ ਪ੍ਰਮਾਤਮਾ ਦੀਆਂ ਸਜ਼ਾਵਾਂ ਤੋਂ ਸਾਨੂੰ ਸਾਡੀ ਸੱਚੀ-ਸੁੱਚੀ ਕਰਨੀ ਨੇ ਬਚਾਉਣਾ ਹੈ ਨਾ ਕਿ ਸਾਡੀ ਕਥਨੀ ਨੇ ਜਿਸ ਦੇ ਪਿੱਛੇ ਹਰ ਕੋਈ ਲੱਗਾ ਹੋਇਆ ਹੈ।

ਗੁਰੂ ਦੀ, ਸੰਤ ਦੀ ਅਸੀਂ ਪੂਜਾ ਕਰਦੇ ਹਾਂ ਜਾਂ ਨਿੰਦਾ ਕਰਦੇ ਹਾਂ ਇਹ ਸਾਡੇ ਮਨ ਦੀ ਬਿਰਤੀ ਨਾਲ ਹੀ ਜੁੜਿਆ ਹੋਇਆ ਹੈ ਜਿਸ ਦਾ ਕਾਰਨ ਸਾਡੇ ਮਨ ਦੇ ਵਿੱਚ ਸੱਚੀ ਸੋਝੀ ਦਾ ਹੋਣਾ ਜਾਂ ਨਾ ਹੋਣਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਧਨਾਸਰੀ ਮਹਲਾ ੫॥

“ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥
ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥੧॥
ਮਾਇਆ ਮੋਹ ਭੂਲੋ ਅਵਰੈ ਹੀਤ॥
ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ॥੧॥ਰਹਾਉ॥

ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ॥
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ॥੨॥
ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ॥
ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ॥੩॥
ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ॥
ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ॥੪॥੯॥"

(ਅੰਗ ੬੭੩)

ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਮਨੁੱਖ ਮਾੜਾ ਜਾਂ ਚੰਗਾ ਆਪਣੀ ਕਰਨੀ ਦੁਆਰਾ ਹੀ ਹੈ। ਮਾੜੀ ਕਰਨੀ ਨਾਲ ਸਾਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ ਤੇ ਚੰਗੀ ਕਰਨੀ ਕਰਕੇ ਸਾਨੂੰ ਸ਼ੋਭਾ ਮਿਲਦੀ ਹੈ। ਇਹ ਸਮਾਜ ਦਾ ਅਸੂਲ ਹੈ, ਸੰਸਾਰ ਦੀ ਮਰਿਆਦਾ ਹੈ। ਗੁਰੂ ਦੇ ਦਰ ਤੇ, ਪ੍ਰਮਾਤਮਾ ਦੇ ਦਰ ਤੇ ਸਾਡੀ ਸ਼ਰਮਿੰਦਗੀ ਜਾਂ ਸ਼ੋਭਾ ਦਾ ਕਾਰਨ ਸਾਡੀ ਮਾੜੀ ਚੰਗੀ ਕਰਨੀ ਹੈ। ਸਾਡੀ ਮਾੜੀ ਕਰਨੀ ਦੀ ਵਜ੍ਹਾ ਸਾਡੇ ਅੰਦਰ ਦਾ ਮਾਇਆ ਮੋਹ ਹੈ ਜਿਸ ਨੇ ਸਾਨੂੰ ਭੁਲਾਇਆ ਹੋਇਆ ਹੈ ਭਾਵ ਸਾਡੀ ਅਸਲ ਮਰਿਆਦਾ ਤੋਂ ਭੁਲਾਇਆ ਹੋਇਆ ਹੈ ਜੋ ਕਿ ਚੰਗੀ ਕਰਣੀ ਹੈ। ਮਾਇਆ ਮੋਹ ਨੇ ਸਾਨੂੰ ਪੁੱਠੇ ਪਾਸੇ ਲਾਇਆ ਹੋਇਆ ਹੈ ਭਾਵ ਮਾੜੀ ਕਰਣੀ ਵਿੱਚ ਲਾਇਆ ਹੋਇਆ ਹੈ ਜਿਸ ਦੇ ਰਹਿੰਦਿਆਂ ਅਸੀਂ ਆਪਣੇ ਕਰਮਾਂ ਦੁਆਰਾ ਗੁਰੂ ਦੀ, ਸੰਤ ਦੀ ਨਿੰਦਾ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ। ਸਾਡੇ ਜੀਵਨ ਦਾ ਸਹੀ ਮਾਰਗ ਸੰਤ ਦੀ, ਗੁਰੂ ਦੀ ਪੂਜਾ ਦਾ ਹੈ ਜੋ ਕਿ ਗੁਣਾਂ ਦੁਆਰਾ ਹੁੰਦੀ ਹੈ ਭਾਵ ਗੁਣਾਂ ਦੁਆਰਾ ਵਿਚਰ ਕੇ ਹੁੰਦੀ ਹੈ ਪਰ ਅਸੀਂ ਆਪਣੀ ਮਾੜੀ ਕਰਣੀ ਦੁਆਰਾ ਆਪਣੇ ਅੰਦਰ ਦੇ ਔਗੁਣਾਂ ਦੀ ਪੂਜਾ ਕਰਦੇ ਹਾਂ ਜਿੰਨ੍ਹਾਂ ਕਰਕੇ ਹਰ ਕੋਈ ਸਾਕਤ ਹੈ, ਗੁਰੂ ਪ੍ਰਮਾਤਮਾ ਨਾਲੋਂ ਟੁੱਟਿਆ ਹੋਇਆ ਹੈ। **(ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥੧॥)**

{ਸਾਕਤ ਕੂੜ ਕਪਟ ਮਹਿ ਟੇਕਾ ॥ ਅਹਿਨਿਸਿ ਨਿੰਦਾ ਕਰਹਿ ਅਨੇਕਾ ॥}

(ਅੰਗ - ੧੦੩੦)

28/3071

ਸਾਡੀ ਜਿਹੜੀ ਕਰਨੀ ਵਿੱਚ ਕੂੜ ਕਪਟ ਹੈ ਉਸ ਦੁਆਰਾ ਅਸੀਂ ਸੰਤ ਦੀ ਨਿੰਦਾ ਹੀ ਕਰਦੇ ਹਾਂ, ਗੁਰੂ ਪ੍ਰਮਾਤਮਾ ਦੀ ਨਿੰਦਾ ਹੀ ਕਰਦੇ ਹਾਂ ਤੇ ਇਹੋ ਜਿਹੀ ਬਿਰਤੀ ਵਾਲੇ ਮਨੁੱਖ ਦਿਨ ਰਾਤ ਪ੍ਰਮਾਤਮਾ ਦੀ ਨਿੰਦਾ ਹੀ ਕਰਦੇ ਹਨ, ਅਨੇਕਾਂ ਹੀ ਨਿੰਦਾ ਕਰਨ ਵਾਲੇ ਕਰਮ ਕਰਦੇ ਹਨ, ਗੁਰਮਤਿ ਦੇ ਉਲਟ ਕਰਮ ਕਰਦੇ ਹਨ।

{ਛੋਡਹੁ ਪ੍ਰਾਣੀ ਕੂੜ ਕਬਾੜਾ॥ ਕੂੜੁ ਮਾਰੇ ਕਾਲੁ ਉਛਾਹਾੜਾ॥
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ॥੬॥

(ਅੰਗ ੧੦੨੫)

{ਸਾਕਤ ਮਾਇਆ ਕਉ ਬਹੁ ਧਾਵਹਿ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ॥੧੪॥}

(ਅੰਗ ੧੦੨੯)

{ਇਕਿ ਭਰਮਿ ਭੂਲੇ ਸਾਕਤਾ ਬਿਨੁ ਗੁਰ ਅੰਧ ਅੰਧਾਰ॥
ਧੁਰਿ ਹੋਵਨਾ ਸੁ ਹੋਇਆ ਕੋ ਨ ਮੇਟਣਹਾਰ॥੩॥}

(ਅੰਗ ੯੮੬)

{ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ॥

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ॥੨॥}

(ਅੰਗ ੯੮੨)

{ਸੁਖ ਸੰਪਤਿ ਕਉ ਆਵਤ ਦੇਖੈ ਸਾਕਤ ਮਨਿ ਅਭਿਮਾਨੁ ਭਇਆ॥
ਜਿਸ ਕਾ ਇਹੁ ਤਨੁ ਧਨੁ ਸੋ ਫਿਰਿ ਲੇਵੈ ਅੰਤਰਿ ਸਹਸਾ ਦੂਖੁ ਪਇਆ॥੭॥}

(ਅੰਗ ੯੦੬)

{ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ॥ ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥}

(ਅੰਗ ੮੫੪)

{ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥੨॥}

(ਅੰਗ ੮੧੧)

{ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ॥
ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ॥੨॥}

(ਅੰਗ ੭੩੪)

ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ, ਵਿਕਾਰ ਹਨ, ਅਗਿਆਨਤਾ ਹੈ ਤਦ ਤੱਕ ਹਰ ਕੋਈ ਸਾਕਤ ਹੈ ਤੇ ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਅਸੀਂ ਅਨੇਕਾਂ ਹੀ ਅਨੇਕਾਂ

ਕਰਮ ਉਹੋ ਜਿਹੇ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ, ਗੁਰੂ ਦੇ ਦੱਸੇ ਹੋਏ ਗੁਣਾਂ ਅਨੁਸਾਰ ਨਹੀਂ ਹੁੰਦੇ ਜਿੰਨ੍ਹਾਂ ਰਾਹੀਂ ਅਸੀਂ ਸੰਤ ਦੀ ਨਿੰਦਾ ਕਰਦੇ ਹਾਂ, ਗੁਰੂ ਦੀ ਨਿੰਦਾ ਕਰਦੇ ਹਾਂ। ਮਨ ਦੀ ਇਹੋ ਜਿਹੀ ਬਿਰਤੀ ਵਿੱਚ ਰਹਿੰਦੇ ਹੋਏ ਆਪਣੇ ਵੱਲੋਂ ਅਸੀਂ ਅਨੇਕਾਂ ਹੀ ਭਗਤੀ ਦੇ ਦਿਖਾਵੇ ਕਰਦੇ ਹਾਂ ਜੋ ਕਿ ਵਿਅਰਥ ਜਾਂਦੇ ਹਨ ਭਾਵ ਪਾਣੀ ਰਿੜਕਣ ਵਾਲੀ ਗੱਲ ਹੈ ਜਿਸ ਵਿੱਚ ਪ੍ਰਾਪਤੀ ਕੁੱਝ ਵੀ ਨਹੀਂ ਹੁੰਦੀ। ਪ੍ਰਾਪਤੀ ਕੇਵਲ ਸਾਡੀ ਚੰਗੀ ਕਰਨੀ ਦੁਆਰਾ ਹੁੰਦੀ ਹੈ, ਸੱਚ ਤੇ ਚੱਲਣ ਦੁਆਰਾ ਹੋਣੀ ਹੈ, ਗੁਰਮਤਿ ਅਨੁਸਾਰ ਵਿਚਰਨ ਨਾਲ ਹੋਣੀ ਹੈ। ਅਸੀਂ ਆਪਣੀ ਹਰ ਕਰਣੀ ਵਿੱਚ ਜਾਂ ਗੁਣਾਂ ਦੀ ਪੂਜਾ ਕਰਦੇ ਹਾਂ ਜਾਂ ਔਗੁਣਾਂ ਦੀ ਪੂਜਾ ਕਰਦੇ ਹਾਂ। ਪ੍ਰਮਾਤਮਾ ਦੀ ਭਗਤੀ ਕੇਵਲ ਗੁਣਾਂ ਦੀ ਪੂਜਾ ਵਿੱਚ ਹੈ ਭਾਵ ਗੁਣਾਂ ਦੁਆਰਾ ਵਿਚਰ ਕੇ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਸਮਝਦੇ ਆਏ ਹਾਂ।

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ॥੪॥}

ਅੰਗ ੧੮੭)

ਗੁਣਾਂ ਦੀ ਪੂਜਾ ਦੇ ਉਲਟ ਸਾਕਤ ਦੀ ਪੂਜਾ ਹੈ ਜੋ ਕਿ ਔਗੁਣਾਂ ਦੀ ਪੂਜਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੁਆਰਾ ਸਮਝਿਆ ਹੈ। **(ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ॥ ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥੧॥)**

ਗੁਣਾਂ ਦੀ ਪੂਜਾ ਸਾਡੀ ਸਿੱਧੀ ਮਤਿ ਹੈ ਤੇ ਔਗੁਣਾਂ ਦੀ ਪੂਜਾ ਸਾਡੀ ਪੁੱਠੀ ਮਤਿ ਹੈ। ਸਿੱਧੀ ਮਤਿ ਦੁਆਰਾ ਅਸੀਂ ਸੰਤ ਦੀ ਉਸਤਤਿ ਕਰਦੇ ਹਾਂ ਤੇ ਪੁੱਠੀ ਮਤਿ ਦੁਆਰਾ ਅਸੀਂ ਸੰਤ ਦੀ ਨਿੰਦਾ ਕਰਦੇ ਹਾਂ। ਗੁਰਮਤਿ ਨਾਲ ਜੁੜੀ ਹੋਈ ਮਤਿ ਸਾਡੀ ਸਿੱਧੀ ਮਤਿ ਹੈ ਤੇ ਗੁਰਮਤਿ ਨਾਲੋਂ ਵਿਛੁੜੀ ਹੋਈ ਮਤਿ ਸਾਡੀ ਪੁੱਠੀ ਮਤਿ ਹੈ ਭਾਵ ਮਨਮਤਿ ਹੈ, ਦੁਰਮਤਿ ਹੈ, ਹਉਮੈ ਹੈ, ਸਾਡੇ ਅੰਦਰ ਮਾਇਆ ਦਾ ਛਲ ਹੈ ਜੋ ਸਾਨੂੰ ਭਰਮ ਵਿੱਚ ਰੱਖਦਾ ਹੈ, ਮਾਇਆ ਮੋਹ ਵਿੱਚ ਰੱਖਦਾ ਹੈ, ਸੰਤ ਦੀ ਨਿੰਦਾ ਵਿੱਚ ਰੱਖਦਾ ਹੈ। ਹਰ ਕੋਈ ਮਾਇਆ ਮੋਹ ਵਿੱਚ ਭੁੱਲਿਆ ਹੋਇਆ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਮਾਇਆ ਮੋਹ ਭੂਲੋ ਅਵਰੈ ਹੀਤ॥

ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ॥੧॥ਰਹਾਉ॥"

ਸਾਡੇ ਅੰਦਰ ਦਾ ਮਾਇਆ ਮੋਹ ਸਾਡਾ ਗੁਰੂ ਨਾਲ ਭਾਵ ਗੁਰਮਤਿ ਨਾਲ ਪਿਆਰ ਨਹੀਂ ਜੁੜਨ ਦਿੰਦਾ। ਇਹ ਮਾਇਆ ਮੋਹ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਕਰਕੇ ਕੋਈ ਇਸ ਦੇ ਵਿੱਚੋਂ ਨਿਕਲ ਨਹੀਂ ਸਕਦਾ। ਇਸ ਵਿੱਚੋਂ ਪ੍ਰਮਾਤਮਾ ਦੀ ਕ੍ਰਿਪਾ ਬਿਨ੍ਹਾਂ ਨਹੀਂ ਨਿਕਲਿਆ ਜਾ ਸਕਦਾ। ਇਸ ਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ, ਮਾਇਆ ਦਾ ਛਲ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ

28/3073

ਪਾਇਆ ਹੋਇਆ ਹੈ, ਉਸਦੀ ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਹੈ। ਇਹ ਪ੍ਰਮਾਤਮਾ ਦਾ ਸਾਡੇ ਅੰਦਰ ਪਾਇਆ ਹੋਇਆ ਬੰਧਨ ਹੈ, "ਬੀਤ" ਹੈ ਭਾਵ ਇੱਕ ਸੀਮਾ ਹੈ ਜਿਸ ਤੋਂ ਬਾਹਰ ਸਾਡੇ ਮਨ ਦੀ ਸੋਝੀ ਨਹੀਂ ਨਿਕਲ ਸਕਦੀ ਭਾਵ ਇਹ ਸਾਡੇ ਅੰਦਰ ਪਾਇਆ ਹੋਇਆ ਭਰਮ ਰੂਪ ਬੰਧਨ ਹੈ ਜਿਸ ਵਿੱਚੋਂ ਮਨੁੱਖ ਆਪਣੇ ਆਪ ਨਹੀਂ ਨਿਕਲ ਸਕਦਾ, ਮਾਇਆ ਮੋਹ ਦੇ ਬੰਧਨ ਵਿੱਚੋਂ ਨਹੀਂ ਨਿਕਲ ਸਕਦਾ, ਪ੍ਰਮਾਤਮਾ ਨੇ ਇਸ ਵਿਧੀ ਦੁਆਰਾ ਹੀ ਸਭ ਨੂੰ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਚੌਥੇ ਪਦ ਤੋਂ ਦੂਰ ਰੱਖਿਆ ਹੋਇਆ ਹੈ, ਸੱਚ ਨੂੰ, ਤੱਤ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਆਪਣੀ ਅਸਲੀਅਤ ਬੁੱਝਣ ਤੋਂ ਦੂਰ ਰੱਖਿਆ ਹੋਇਆ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਮਾਇਆ ਮੋਹ ਵਿੱਚ ਹੀ ਫਸਿਆ ਰਹਿੰਦਾ ਹੈ। **(ਮਾਇਆ ਮੋਹ ਭੂਲੋ ਅਵਰੈ ਹੀਤ॥ ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ॥੧॥ਰਹਾਉ॥)** ਜਿਵੇਂ ਹਵਾਈ ਕਿਲੇ ਦੀ ਕੋਈ ਬੁਨਿਆਦ ਨਹੀਂ ਹੁੰਦੀ ਉਸੇ ਤਰ੍ਹਾਂ ਸਾਡੀ ਇਸ ਤ੍ਰੈ-ਗੁਣਾਂ ਵਾਲੀ ਮਤਿ "ਹਰਿਚੰਦਉਰੀ" ਦੀ ਤਰ੍ਹਾਂ ਹੈ ਜਿਸ ਦੀ ਆਪਣੀ ਕੋਈ ਬੁਨਿਆਦ ਨਹੀਂ ਹੈ ਭਾਵ ਇਹ ਟਿਕਣ ਵਾਲੀ ਮਤਿ ਨਹੀਂ ਹੈ ਤੇ ਸਾਡੀ ਇਹ ਮਤਿ ਮਾਇਆ ਮੋਹ ਵਿੱਚ ਦੌੜਦੀ ਰਹਿੰਦੀ ਹੈ। ਇਸ ਮਤਿ ਨੂੰ ਪ੍ਰਮਾਤਮਾ ਆਪ ਹੀ ਟਿਕਾ ਸਕਦਾ ਹੈ, ਆਪ ਅੰਦਰ ਪ੍ਰਗਟ ਹੋ ਕੇ ਟਿਕਾ ਸਕਦਾ ਹੈ, ਸੱਚ ਦੀ ਸੋਝੀ ਪਾ ਕੇ, ਗੁਰਮਤਿ ਦੀ ਸੋਝੀ ਪਾ ਕੇ ਆਪ ਹੀ ਉਸ ਤੇ ਟਿਕਾ ਸਕਦਾ ਹੈ ਭਾਵ ਇਸ ਮਨ ਨੂੰ ਅਡੋਲ ਬਣਾ ਸਕਦਾ ਹੈ, ਇਸ ਮਨ ਦੀ ਬੁਨਿਆਦ ਬਣਾ ਸਕਦਾ ਹੈ ਜਿਸ ਉੱਪਰ ਇਹ ਮਨ ਟਿਕਦਾ ਹੈ। ਜਿਹੋ ਜਿਹੀ ਅਵੱਸਥਾ ਸਾਡੇ ਮਨ ਦੀ ਪ੍ਰਮਾਤਮਾ ਨੇ ਬਣਾਈ ਹੈ ਉਸ ਦੇ ਰਹਿੰਦਿਆਂ ਸਾਡੀ ਗੁਰਮਤਿ ਦੇ ਨਾਲ ਪ੍ਰੀਤ ਨਹੀਂ ਜੁੜਦੀ ਭਾਵ ਮਾਇਆ ਮੋਹ ਵਿੱਚੋਂ ਨਹੀਂ ਨਿਕਲਿਆ ਜਾਂਦਾ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ॥

ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ॥੨॥"

ਮਨੁੱਖ ਨੂੰ ਉਹੀ ਕੁੱਝ ਕਰਨਾ ਚੰਗਾ ਲੱਗਦਾ ਹੈ ਜਿਸ ਵਿੱਚ ਉਸਨੂੰ ਸੁੱਖ ਮਹਿਸੂਸ ਹੁੰਦਾ ਹੈ। ਮਨੁੱਖ ਦੀ ਤੁਲਨਾ ਖੋਤੇ ਦੀ ਬਿਰਤੀ ਨਾਲ ਕੀਤੀ ਹੋਈ ਹੈ। ਖੋਤੇ ਨੂੰ ਚੰਦਨ ਦਾ ਲੇਪ ਨਹੀਂ ਭਾਉਂਦਾ ਜਿਸ ਨੂੰ ਕਿ ਚੰਗਾ ਮੰਨਿਆ ਜਾਂਦਾ ਹੈ ਭਾਵ ਖੋਤਾ ਚੰਦਨ ਲੇਪ ਵਿੱਚ ਸੁੱਖ ਮਹਿਸੂਸ ਨਹੀਂ ਕਰਦਾ, ਉਸ ਨੂੰ ਚੰਗੀ ਚੀਜ਼ ਵਿੱਚ ਰੁਚੀ ਨਹੀਂ ਹੈ। ਉਸਦੀ ਰੁਚੀ ਮਿੱਟੀ ਦੇ ਨਾਲ ਹੈ ਤੇ ਉਸੇ ਵਿੱਚ ਸੁੱਖ ਮਹਿਸੂਸ ਕਰਦਾ ਹੈ। ਇਸੇ ਤਰ੍ਹਾਂ ਮਨੁੱਖ ਮਾਇਆ ਵਿੱਚ ਸੁੱਖ ਮਹਿਸੂਸ ਕਰਦਾ ਹੈ ਭਾਵ ਮਾਇਆ ਦੇ ਪਦਾਰਥਾਂ ਵਿੱਚ ਸੁੱਖ ਮਹਿਸੂਸ ਕਰਦਾ ਹੈ ਤੇ ਮਾਇਆ ਦੇ ਪਦਾਰਥਾਂ ਲਈ ਮਾੜੇ ਕਰਮ ਵੀ ਕਰਦਾ ਹੈ।

28/3074

ਗੁਰੂ ਦੀ ਮਤਿ ਮਨੁੱਖ ਲਈ ਚੰਦਨ ਦਾ ਲੇਪ ਹੈ ਜੋ ਸਾਨੂੰ ਠੰਡਕ ਪਹੁੰਚਾਉਣ ਲਈ ਹੈ, ਸਾਡੀ ਤ੍ਰਿਸ਼ਨਾ ਦੀ ਅਗਨਿ ਨੂੰ ਠੰਡਾ ਕਰਨ ਲਈ ਹੈ ਪਰ ਮਨੁੱਖ ਤ੍ਰਿਸ਼ਨਾ ਵਿੱਚੋਂ ਨਿਕਲਣਾ ਨਹੀਂ ਚਾਹੁੰਦਾ ਭਾਵ ਮਾਇਆ ਮੋਹ ਦੇ ਚਿੱਕੜ ਨੂੰ ਛੱਡਣਾ ਨਹੀਂ ਚਾਹੁੰਦਾ ਤੇ ਉਸੇ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ। ਮਨੁੱਖ ਨੂੰ ਅੰਮ੍ਰਿਤ ਦੇ ਨਾਲ ਰੁਚੀ ਨਹੀਂ ਹੈ ਭਾਵ ਨਾਮ ਦੇ ਨਾਲ, ਗੁਰਮਤਿ ਦੇ ਨਾਲ ਰੁਚੀ ਨਹੀਂ ਹੈ ਤੇ ਰੁਚੀ ਆਪਣੀ ਮਤਿ ਦੇ ਨਾਲ ਹੈ ਜੋ ਸਾਡੇ ਅੰਦਰ ਠਗਉਰੀ ਦੇ ਰੂਪ ਵਿੱਚ ਹੈ। ਆਪਣੀ ਮਾੜੀ ਮਤਿ ਸਾਨੂੰ ਔਗੁਣਾਂ ਵਿੱਚ ਹੀ ਪਾਉਂਦੀ ਹੈ, ਬਿਖ ਦੇ ਨਾਲ ਹੀ ਜੋੜਦੀ ਹੈ ਭਾਵ ਮਾੜੇ ਕਰਮਾਂ ਨਾਲ ਜੋੜਦੀ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੀ ਨਿੰਦਾ ਕਰਦੇ ਹਾਂ, ਸੰਤ ਦੀ ਨਿੰਦਾ ਕਰਦੇ ਹਾਂ। **(ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ॥ ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ॥੨॥)**

{ਰਤਨੁ ਤਿਆਗਿ ਕਉਡੀ ਸੰਗਿ ਰਚੈ॥

ਸਾਚੁ ਛੋਡਿ ਝੂਠ ਸੰਗਿ ਮਚੈ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ॥
ਜੋ ਹੋਵਨੁ ਸੋ ਦੂਰਿ ਪਰਾਨੈ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥
ਸੰਗਿ ਸਹਾਈ ਤਿਸੁ ਪਰਹਰੈ॥
ਚੰਦਨ ਲੇਪੁ ਉਤਾਰੈ ਧੋਇ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ॥
ਅੰਧ ਕੂਪ ਮਹਿ ਪਤਿਤ ਬਿਕਰਾਲ॥
ਨਾਨਕ ਕਾਢਿ ਲੇਹੁ ਪ੍ਰਭ ਦਇਆਲ॥੪॥}

(ਅੰਗ ੨੬੭)

ਬਿਖੈ ਠਗਉਰੀ ਵਿੱਚੋਂ ਉਹੀ ਨਿਕਲਦਾ ਹੈ ਭਾਵ ਮਾਇਆ ਦੀ ਜੁਗਤਿ ਵਿੱਚੋਂ ਉਹੀ ਨਿਕਲਦਾ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚੋਂ ਉਹੀ ਨਿਕਲਦਾ ਹੈ ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ ਤੇ ਉਸੇ ਦਾ ਜੀਵਨ ਹੀ ਸਫ਼ਲ ਹੁੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ॥
ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ॥੩॥"

ਜਿਸ ਨੂੰ ਪ੍ਰਮਾਤਮਾ ਮਾਇਆ ਦੀ ਜੁਗਤਿ ਵਿੱਚੋਂ ਕੱਢ ਲੈਂਦਾ ਹੈ ਉਹੀ ਉਸਦਾ ਸੰਤ ਰੂਪ ਬਣਦਾ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ ਸੰਜੋਗ ਹੋ ਜਾਂਦਾ ਹੈ ਭਾਵ ਮੇਲ ਹੋ ਜਾਂਦਾ ਹੈ। ਉਨ੍ਹਾਂ ਦੇ ਅੰਦਰੋਂ ਮਾਇਆ ਮੋਹ ਕੱਢ ਕੇ ਪ੍ਰਮਾਤਮਾ ਆਪ ਹੀ ਉਨ੍ਹਾਂ ਨੂੰ ਪਵਿੱਤਰ, ਪੁਨੀਤ ਕਰਦਾ ਹੈ ਜਿਸ ਦੁਆਰਾ ਉਨ੍ਹਾਂ ਦਾ ਜਨਮ ਸਫ਼ਲ ਹੁੰਦਾ ਹੈ। ਜੋ ਮਾਇਆ ਮੋਹ ਵਿੱਚ ਹੀ ਰਹਿੰਦੇ ਹਨ ਉਨ੍ਹਾਂ ਦਾ ਜੀਵਨ ਮਾਇਆ ਦੇ ਪਿੱਛੇ ਲੱਗ ਕੇ ਵਿਅਰਥ ਹੀ ਜਾਂਦਾ ਹੈ।

ਜਿਸ ਨੂੰ ਪ੍ਰਮਾਤਮਾ ਆਪਣਾ ਸੰਤ ਰੂਪ ਬਣਾਉਂਦਾ ਹੈ, ਜਿਸ ਦੇ ਨਾਲ ਪ੍ਰਮਾਤਮਾ ਸੰਜੋਗ ਕਰਦਾ ਹੈ ਤੇ ਪਵਿੱਤਰ, ਪੁਨੀਤ ਬਣਾਉਂਦਾ ਹੈ ਉਹ ਕਿਸ ਵਿਧੀ ਦੁਆਰਾ

28/3075

ਬਣਾਉਂਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ॥
ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ॥੪॥੯॥"

ਜਨਮਾਂ-ਜਨਮਾਂ ਤੋਂ ਸਾਡੇ ਅੰਦਰ ਦੀ ਮੈਲ ਸਾਡੀ ਅਗਿਆਨਤਾ ਦੇ ਰੂਪ ਵਿੱਚ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ ਹੈ, ਮਾਇਆ ਮੋਹ ਦੀ ਜੁਗਤਿ ਦੇ ਰੂਪ ਵਿੱਚ ਹੈ, ਹਉਮੈ ਦੇ ਰੂਪ ਵਿੱਚ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਾਨੂੰ ਸਭ ਨੂੰ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ, ਆਪਣਾ ਸੰਤ ਰੂਪ, ਸਾਧ ਰੂਪ, ਗੁਰੂ ਰੂਪ ਬਣਾਉਂਦਾ ਹੈ ਉਸਦੀ ਮੈਲ ਮਨ ਦੇ ਵਿੱਚ ਸੱਚਾ ਗਿਆਨ ਪਾ ਕੇ ਧੋਂਦਾ ਹੈ ਜੋ ਕਿ ਉਹ ਬ੍ਰਹਮਗਿਆਨ ਦੇ ਨਾਲ, ਆਪਣੀ ਕ੍ਰਿਪਾ ਦੁਆਰਾ ਧੋਂਦਾ ਹੈ। ਮਨ ਦੇ ਵਿੱਚ ਉਸ ਦੇ ਮੇਲ ਦੁਆਰਾ ਹੀ ਸਾਡੀ "ਸਾਧਸੰਗਿ" ਵਾਲੀ ਅਵੱਸਥਾ ਬਣਦੀ ਹੈ ਜਿਸ ਦੁਆਰਾ ਮਨੁੱਖ ਦੁੱਖਾਂ ਵਾਲੀ ਬਿਰਤੀ ਵਿੱਚੋਂ ਨਿਕਲਦਾ ਹੈ, ਪਾਪਾਂ ਵਾਲੀ ਬਿਰਤੀ ਵਿੱਚੋਂ ਨਿਕਲਦਾ ਹੈ, ਪ੍ਰਮਾਤਮਾ ਦੇ ਵਿਛੋੜੇ ਦੇ ਦੁੱਖ ਵਿੱਚੋਂ ਨਿਕਲਦਾ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਮਨੁੱਖ ਦੀ ਪ੍ਰੀਤ ਜੁੜਦੀ ਹੈ। **(ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ॥ ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ॥੪॥੯॥)**

ਸਾਡੇ ਅੰਦਰ ਅਗਿਆਨਤਾ ਦੀ ਅਵੱਸਥਾ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਜਿਸ ਦੇ ਰਹਿੰਦਿਆਂ ਕੋਈ ਵੀ ਪੂਰਨ ਰੂਪ ਵਿੱਚ ਸੱਚ ਤੇ ਨਹੀਂ ਚੱਲ ਸਕਦਾ ਤੇ ਪਾਪ ਕਰਨ ਤੋਂ ਨਹੀਂ ਬਚ ਸਕਦਾ ਭਾਵ ਸੱਚ ਦੇ ਉਲਟ ਚੱਲਣ ਤੋਂ ਕੋਈ ਨਹੀਂ ਬਚ ਸਕਦਾ। ਸੱਚ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਸ਼ਰਨ ਵਿੱਚ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਿਆ ਹੋਇਆ ਹੈ। ਜਦ ਤੱਕ ਸਾਨੂੰ ਪੂਰਨ ਸੱਚ ਦੀ ਸਮਝ ਨਹੀਂ ਪੈਂਦੀ ਅਸੀਂ ਕਿਸੇ ਨਾ ਕਿਸੇ ਰੂਪ ਵਿੱਚ ਗੁਰੂ ਪ੍ਰਮਾਤਮਾ ਦੀ ਨਿੰਦਾ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ। ਸਾਡੇ ਸਰੀਰਕ ਜਪ ਤਪ ਆਦਿ ਗੁਰਮਤਿ ਦੇ ਉਲਟ ਚੱਲਣ ਵਾਲੀ ਗੱਲ ਹੈ ਜਿੰਨ੍ਹਾਂ ਦਾ ਬਾਣੀ ਵਿੱਚ ਸਾਡੀਆਂ ਚਤੁਰਾਈਆਂ ਕਹਿ ਕੇ ਖੰਡਨ ਕੀਤਾ ਹੋਇਆ ਹੈ, ਸਾਡੇ ਔਗੁਣ ਕਹਿ ਕੇ ਖੰਡਨ ਕੀਤਾ ਹੋਇਆ ਹੈ ਤੇ ਇਨ੍ਹਾਂ ਨੂੰ ਤਿਆਗਣ ਲਈ ਸਮਝਾਇਆ ਹੈ ਪਰ ਫਿਰ ਵੀ ਅਸੀਂ ਇਨ੍ਹਾਂ ਗੱਲਾਂ ਨੂੰ ਹੀ ਆਪਣੀ ਭਗਤੀ ਸਮਝਦੇ ਹਾਂ ਤੇ ਇਨ੍ਹਾਂ ਨੂੰ ਨਾ ਛੱਡਣ ਦੁਆਰਾ ਅਸੀਂ ਗੁਰੂ ਦੀ ਮਤਿ ਨੂੰ ਨਿੰਦਦੇ ਹਾਂ। ਪੂਰਨ ਸੱਚ ਦੀ ਸੋਝੀ ਪਏ ਬਿਨ੍ਹਾਂ ਅਸੀਂ ਗੁਰਮਤਿ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ। ਪ੍ਰਮਾਤਮਾ ਦੀ ਨਿੰਦਾ ਵਿੱਚੋਂ ਉਸਦੀ ਸ਼ਰਨ ਵਿੱਚ ਆਉਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਭਾਵ

28/3076

ਉਸਦੇ ਨਾਲ ਮੇਲ ਹੋਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਜਿਵੇਂ ਕਿ ਗੁਰੂ ਆਪ ਨਿਕਲਿਆ ਹੋਇਆ ਹੈ। ਇਸ ਗੱਲ ਨੂੰ ਹੇਠ ਦਿੱਤੀ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ ੫॥

“ਨਾਰਾਇਣਿ ਲਇਆ ਨਾਠੂੰਗੜਾ ਪੈਰ ਕਿਥੈ ਰਖੈ॥
ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ॥
ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ॥
ਸਚੈ ਸਾਹਿਬ ਮਾਰਿਆ ਕਉਣੁ ਤਿਸ ਨੋ ਰਖੈ॥
ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ॥੨੯॥”

(ਅੰਗ ੩੧੫)

ਪ੍ਰਮਾਤਮਾ ਨੇ ਸਭ ਨੂੰ ਆਪ ਹੀ ਸੱਚੇ ਮਾਰਗ ਤੋਂ ਭਟਕਾਇਆ ਹੋਇਆ ਹੈ, ਮਨ ਦੀ ਅਗਿਆਨਤਾ ਦੁਆਰਾ, ਮਨਮਤਿ ਦੁਆਰਾ, ਮਨ ਵਿੱਚ ਪੁੱਠੇ ਕਮਲ ਦੀ ਅਵੱਸਥਾ ਦੁਆਰਾ, ਭਰਮ ਵਿੱਚ ਰੱਖ ਕੇ ਸਭ ਨੂੰ ਭਟਕਣਾ ਵਿੱਚ ਪਾਇਆ ਹੋਇਆ ਹੈ ਤੇ ਪੂਰਨ ਸੱਚ ਦੀ ਸੋਝੀ, ਗੁਰੂ ਬਿਨ੍ਹਾਂ ਕਿਸੇ ਦੇ ਕੋਲ ਨਹੀਂ ਹੈ। “ਨਾਠੂੰਗੜਾ” ਤੋਂ ਭਾਵ ਹੈ ਠੁੱਡਾ ਭਾਵ ਧੱਕਾ। ਪ੍ਰਮਾਤਮਾ ਨੇ ਸਭ ਨੂੰ ਆਪ ਹੀ ਆਪਣੇ ਤੋਂ ਦੂਰ ਰੱਖਣ ਲਈ, ਆਪਣੇ ਆਪ ਦੀ ਸੋਝੀ ਨਾ ਪਾਉਣ ਲਈ ਸਭ ਨੂੰ ਮਨ ਦੇ ਰਾਹੀਂ ਧੱਕਾ ਮਾਰਿਆ ਹੋਇਆ ਹੈ, ਆਪਣੇ ਦਰ ਤੋਂ ਦੂਰ ਰੱਖਿਆ ਹੋਇਆ ਹੈ। ਪ੍ਰਮਾਤਮਾ ਨੇ ਇਹ ਧੱਕਾ ਮਨ ਦੇ ਭਰਮ ਰਾਹੀਂ ਮਾਰਿਆ ਹੋਇਆ ਹੈ ਜਿਸ ਰਾਹੀਂ ਸਾਨੂੰ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਕਿ ਅਸੀਂ ਆਪਣੇ ਪੈਰ ਕਿੱਥੇ ਰੱਖੀਏ ਭਾਵ ਸੱਚੇ ਮਾਰਗ ਤੇ ਕਿਵੇਂ ਚੱਲੀਏ। ਇਹ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਜੁਗਤਿ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਸੱਚੇ ਮਾਰਗ ਦੀ ਸੋਝੀ ਪਾਈ ਹੋਈ ਹੈ ਜਿਸ ਨੂੰ ਪਤਾ ਹੈ ਕਿ ਅਸੀਂ ਪੈਰ ਕਿਵੇਂ ਰੱਖਣਾ ਹੈ ਤੇ ਸਾਨੂੰ ਗੁਰਬਾਣੀ ਰਾਹੀਂ ਉਸਨੇ ਪੈਰ ਰੱਖਣੇ ਸਿਖਾਏ ਹਨ। **(ਨਾਰਾਇਣਿ ਲਇਆ ਨਾਠੂੰਗੜਾ ਪੈਰ ਕਿਥੈ ਰਖੈ॥)** ਜਦ ਤੱਕ ਸਾਨੂੰ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ, ਪ੍ਰਮਾਤਮਾ ਦੀ ਭਗਤੀ ਕਰਨ ਦੀ ਸੋਝੀ ਨਹੀਂ ਪੈਂਦੀ, ਗੁਰਮਤਿ ਦੀ, ਨਾਮ ਦੀ ਸੱਚੀ ਸੋਝੀ ਨਹੀਂ ਪੈਂਦੀ ਤਦ ਤੱਕ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ, ਮਾਇਆ ਮੋਹ ਵਾਲੇ ਕਰਮ ਕਰਦੇ ਹਾਂ, ਅਗਿਆਨਤਾ ਵਾਲੇ ਕਰਮ ਕਰਦੇ ਹਾਂ ਜੋ ਸਾਡੇ ਜੀਵਨ ਨੂੰ ਖਰਾਬ ਕਰਦੇ ਹਨ, ਜ਼ਹਿਰ ਦੀ ਤਰ੍ਹਾਂ ਖਰਾਬ ਕਰਦੇ ਹਨ। ਸਾਡਾ ਜੋ ਵੀ ਕਰਮ ਗੁਰਮਤਿ ਦੇ ਉਲਟ ਹੈ ਉਸ ਵਿੱਚ ਬਿਖ ਹੈ ਤੇ ਸਾਡਾ ਜੋ ਕਰਮ ਗੁਰਮਤਿ ਅਨੁਸਾਰ ਹੈ ਉਸ ਵਿੱਚ ਅੰਮ੍ਰਿਤ ਹੈ। **(ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ॥)** ਜੋ ਵੀ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਭਾਵ ਮਾੜੇ

28/3077

ਕਰਮ ਕਰਦੇ ਹਾਂ ਉਸ ਵਿੱਚ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ ਜਿਸ ਦੁਆਰਾ ਅਸੀਂ ਆਪਣਾ ਜੀਵਨ ਖੁਆਰ ਕਰਦੇ ਹਾਂ, ਵਿਅਰਥ ਕਰਦੇ ਹਾਂ ਤੇ ਪ੍ਰਮਾਤਮਾ ਨੂੰ ਪਾਉਣ ਤੋਂ ਦੂਰ ਹੀ ਰਹਿੰਦੇ ਹਾਂ। **(ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ॥)** ਜਦ ਤੱਕ ਪ੍ਰਮਾਤਮਾ ਆਪ ਕਿਸੇ ਨੂੰ ਮਨ ਦੀ ਮਾੜੀ ਸੋਝੀ ਵਿੱਚੋਂ ਨਹੀਂ ਕੱਢਦਾ ਭਾਵ ਸੱਚ ਦਾ ਮਾਰਗ ਨਹੀਂ ਸਮਝਾਉਂਦਾ ਤਦ ਤੱਕ ਕੋਈ ਉਸਦੀ ਨਿੰਦਾ ਤੋਂ ਨਹੀਂ ਬਚ ਸਕਦਾ, ਕਿਸੇ ਦਾ ਜੀਵਨ ਵਿਅਰਥ ਹੋਣ ਤੋਂ ਨਹੀਂ ਬਚ ਸਕਦਾ। **(ਸਚੈ ਸਾਹਿਬ ਮਾਰਿਆ ਕਉਨੁ ਤਿਸ ਨੋ ਰਖੈ॥)**

ਪ੍ਰਮਾਤਮਾ ਨੇ ਕਿਸ ਨੂੰ ਰੱਖਿਆ ਹੋਇਆ ਹੈ ਭਾਵ ਉਸਦੀ ਨਿੰਦਾ ਤੋਂ ਕੌਣ ਬਚਿਆ ਹੋਇਆ ਹੈ ਭਾਵ ਸੱਚੇ ਮਾਰਗ ਦੀ ਸੋਝੀ ਕਿਸ ਨੂੰ ਹੈ ਤੇ ਸੱਚੇ ਮਾਰਗ ਤੇ ਚੱਲਣ ਵਾਲਾ ਕੌਣ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ॥੨੮॥”

ਉਸ ਨੇ ਗੁਰੂ ਨੂੰ ਰੱਖਿਆ ਹੋਇਆ ਹੈ। ਜਿਸ ਨੂੰ ਉਹ ਪ੍ਰਮਾਤਮਾ ਆਪਣੀ ਸ਼ਰਨ ਬਖ਼ਸ਼ਦਾ ਹੈ ਉਸ ਨੂੰ ਹੀ ਰੱਖਦਾ ਹੈ ਭਾਵ ਬਚਾ ਕੇ ਰੱਖਦਾ ਹੈ। ਗੁਰੂ ਨੂੰ ਉਸ ਨੇ ਆਪਣਾ ਸੱਚਾ ਗਿਆਨ ਦੇ ਕੇ ਰੱਖਿਆ ਹੋਇਆ ਹੈ, ਬ੍ਰਹਮਗਿਆਨ ਦੇ ਕੇ ਰੱਖਿਆ ਹੋਇਆ ਹੈ, ਨਾਮ ਸਮਝਾ ਕੇ ਰੱਖਿਆ ਹੋਇਆ ਹੈ, ਸੱਚੀ ਗੁਰਮਤਿ ਸਮਝਾ ਕੇ ਰੱਖਿਆ ਹੋਇਆ ਹੈ ਭਾਵ ਆਪਣਾ ਸੱਚਾ ਮਾਰਗ ਸਮਝਾਕੇ ਰੱਖਿਆ ਹੋਇਆ ਹੈ ਜਿਸ ਦੁਆਰਾ ਗੁਰੂ ਆਪ ਸੱਚੇ ਮਾਰਗ ਤੇ ਚੱਲਦਾ ਹੈ ਤੇ ਸਭ ਨੂੰ ਸੱਚੇ ਮਾਰਗ ਤੇ ਚੱਲਣਾ ਸਮਝਾਉਂਦਾ ਹੈ। ਗੁਰੂ ਨੇ ਉਸ ਅਲਖ ਨੂੰ ਆਪਣੇ ਅੰਦਰੋਂ ਲਖਿਆ ਹੋਇਆ ਹੈ ਜਿਸ ਦੁਆਰਾ ਗੁਰੂ ਸਦਾ ਹੀ ਪ੍ਰਮਾਤਮਾ ਦੀ ਸ਼ਰਨ ਵਿੱਚ ਹੈ, ਸੱਚ ਦੀ ਸ਼ਰਨ ਵਿੱਚ ਹੈ। ਅਸੀਂ ਆਪਣੇ ਆਪ ਸੱਚ ਦੇ ਮਾਰਗ ਨੂੰ ਨਹੀਂ ਜਾਣ ਸਕਦੇ ਕਿਉਂਕਿ ਸਾਨੂੰ ਆਪ ਹੀ ਪ੍ਰਮਾਤਮਾ ਨੇ ਭਰਮ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਇਸੇ ਲਈ ਕੀਤੀ ਹੈ ਕਿ ਅਸੀਂ ਸੱਚ ਦਾ ਮਾਰਗ ਕੇਵਲ ਗੁਰਬਾਣੀ ਕੋਲੋਂ ਭਾਵ ਗੁਰੂ ਕੋਲੋਂ ਸਮਝੀਏ ਜਿਸ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਹੈ ਪਰ ਅਸੀਂ ਜਿਹੋ ਜਿਹੇ ਮਾਰਗ ਤੇ ਚੱਲਦੇ ਹਾਂ ਉਸ ਰਾਹੀਂ ਅਸੀਂ ਅਨੇਕਾਂ ਹੀ ਕਰਮ ਇਹੋ ਜਿਹੇ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ ਤੇ ਗੁਰਮਤਿ ਦੇ ਉਲਟ ਚੱਲ ਕੇ ਅਸੀਂ ਗੁਰਮਤਿ ਦੀ, ਗੁਰੂ ਦੀ, ਸੰਤ ਦੀ ਨਿੰਦਾ ਕਰਦੇ ਹਾਂ। ਗੁਰੂ ਦੀ ਨਿੰਦਾ ਤੋਂ ਬਚਣ ਦਾ ਸਾਧਨ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਭਾਵ ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੈ। ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੀ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ, ਨਾਮ ਦੀ ਸ਼ਰਨ ਵਿੱਚ ਆਉਣਾ ਹੈ। ਪੂਰੀ

28/3078

ਗੁਰਬਾਣੀ ਵਿੱਚ ਪ੍ਰਮਾਤਮਾ ਗੁਰਮਤਿ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ, ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ ਜੋ ਕਿ ਉਸਦਾ ਸ਼ਬਦ ਰੂਪ ਹੈ। **(ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ॥੨੮॥)**

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

{ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ॥ ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ॥
ਸੰਸਾਰੁ ਸਾਗਰੁ ਤਿਨੀ ਤਰਿਆ ਜਿਨੀ ਏਕੁ ਧਿਆਇਆ॥
ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ॥}

(ਅੰਗ ੪੬੧)

ਉੱਪਰ ਵਾਲੇ ਸ਼ਬਦ ਦੀ ਆਖਰੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ। ਔਗੁਣਾਂ ਦੇ ਰਹਿੰਦਿਆਂ ਕੋਈ ਪ੍ਰਮਾਤਮਾ ਦੀ ਸ਼ਰਨ ਵਿੱਚ ਨਹੀਂ ਆ ਸਕਦਾ। ਆਪਣੇ ਔਗੁਣਾਂ ਦੁਆਰਾ, ਮਾੜੇ ਕਰਮਾਂ ਦੁਆਰਾ ਅਸੀਂ ਉਸ ਨੂੰ ਨਿੰਦਦੇ ਹਾਂ ਜੋ "**ਅਨਿੰਦ**" ਹੈ। ਅਨਿੰਦ ਕੇਵਲ ਗੁਰੂ ਹੈ ਜਿਸ ਨੂੰ ਕਦੇ ਨਿੰਦਿਆ ਨਹੀਂ ਜਾ ਸਕਦਾ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਨੇ ਪ੍ਰਮਾਤਮਾ ਨੂੰ ਆਪਣੇ ਅੰਦਰ ਧਿਆਇਆ ਹੋਇਆ ਹੈ। ਮਾੜੇ ਕਰਮ ਕਰਨ ਦੁਆਰਾ ਅਸੀਂ ਉਸ "**ਅਨਿੰਦ**" ਰੂਪ ਗੁਰੂ ਨੂੰ ਨਿੰਦਦੇ ਹਾਂ ਭਾਵ ਉਸ ਦੀ ਸਿੱਖਿਆ ਦੇ ਉਲਟ ਚੱਲਦੇ ਹਾਂ, ਉਸਦੀ ਸਿੱਖਿਆ ਨੂੰ ਨਿੰਦਦੇ ਹਾਂ। ਮਾੜੇ ਕਰਮ ਛੱਡੇ ਬਿਨ੍ਹਾਂ ਅਸੀਂ ਉਸ ਅਨਿੰਦ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ ਤੇ ਪ੍ਰਮਾਤਮਾ ਦੀ ਸ਼ਰਨ ਵਿੱਚ ਨਹੀਂ ਆ ਸਕਦੇ। ਗੁਰੂ ਦੀ ਸਿੱਖਿਆ ਦੀ ਸ਼ਰਣ ਵਿੱਚ ਆਉਣਾ, ਔਗੁਣ ਛੱਡ ਕੇ ਗੁਣਾਂ ਦੀ ਸ਼ਰਨ ਵਿੱਚ ਆਉਣਾ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ ਜਿਸ ਦੁਆਰਾ ਅਸੀਂ ਉਸ ਦੀ ਨਿੰਦਾ ਤੋਂ ਬਚ ਸਕਦੇ ਹਾਂ, ਸੰਤ ਦੀ ਨਿੰਦਾ ਤੋਂ ਬਚ ਸਕਦੇ ਹਾਂ। **(ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ॥)**

ਅਸੀਂ ਆਪਣੇ ਅਨੇਕਾਂ ਹੀ ਤਰੀਕਿਆਂ ਦੁਆਰਾ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਾਂ ਪਰ ਗੁਰੂ ਦੀ ਸਿੱਖਿਆ ਦੇ ਨਾਲ ਜੁੜਨ ਨੂੰ ਭਗਤੀ ਨਹੀਂ ਸਮਝਦੇ ਭਾਵ ਔਗੁਣਾਂ ਵਿੱਚੋਂ ਨਿਕਲਕੇ ਗੁਣਾਂ ਦੁਆਰਾ ਵਿਚਰਨ ਨੂੰ ਅਸੀਂ ਭਗਤੀ ਨਹੀਂ ਸਮਝਦੇ। ਅਸੀਂ ਆਪਣੇ ਭਗਤੀ ਦੇ ਹੋਰ ਤਰੀਕਿਆਂ ਨੂੰ ਆਪਣੇ ਗੁਣ ਸਮਝਦੇ ਹਾਂ ਜਦਕਿ ਅਸਲ ਗੁਣ ਔਗੁਣਾਂ ਨੂੰ ਛੱਡਣਾ ਹੈ, ਆਪਣੀ ਪਾਪਾਂ ਵਾਲੀ ਬਿਰਤੀ ਨੂੰ ਛੱਡਣਾ ਹੈ ਭਾਵ ਮਾੜੇ ਕਰਮਾਂ ਨੂੰ ਛੱਡਣਾ ਹੈ ਜਿਸ ਕਰਕੇ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ, ਸਾਧ ਦੀ ਨਿੰਦਾ ਕਰਦੇ ਹਾਂ। ਆਓ ਇਸ ਗੱਲ ਨੂੰ ਧੰਨ ਧੰਨ ਭਗਤ ਰਵਿਦਾਸ ਜੀ

28/3079

ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਦੁਆਰਾ ਸਮਝੀਏ।

ਗੌਂਡ॥

"ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥੧॥
ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥੧॥ਰਹਾਉ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ ਅਰਪੈ ਨਾਰਿ ਸੀਗਾਰ ਸਮੇਤਿ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ ਭੂਮਿ ਦਾਨ ਸੋਭਾ ਮੰਡਪਿ ਪਾਵੈ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ॥੩॥
ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥
ਨਿੰਦਕੁ ਸੋਧਿ ਸਾਧਿ ਬੀਚਾਰਿਆ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥੪॥੨॥੧੧॥੭॥੨॥੪੯॥ਜੋੜੁ॥"

(ਅੰਗ ੮੭੫)

ਉੱਪਰ ਸ਼ਬਦ ਰਾਹੀਂ ਸਾਡੇ ਭਗਤੀ ਦੇ ਤਰੀਕੇ ਹੀ ਸਮਝਾਏ ਹੋਏ ਹਨ ਪਰ ਜਦ ਤੱਕ ਸਾਡੇ ਅੰਦਰ ਮਾੜੇ ਕਰਮਾਂ ਵਾਲੀ ਬਿਰਤੀ ਹੈ ਤਦ ਤੱਕ ਇਹ ਸਾਡੇ ਸਾਰੇ ਉਪਰਾਲੇ ਬਿਰਥਾ ਹੀ ਹਨ ਭਾਵ ਵਿਅਰਥ ਹੀ ਹਨ ਭਾਵ ਕਿਸੇ ਲੇਖੇ ਨਹੀਂ ਹਨ। ਉੱਪਰ ਸ਼ਬਦ ਰਾਹੀਂ ਸਾਨੂੰ ਕਿਸੇ ਮਨੁੱਖ ਦੀ ਨਿੰਦਾ ਨਹੀਂ ਸਮਝਾਈ ਹੋਈ ਬਲਕਿ ਗੁਰੂ ਦੀ ਨਿੰਦਾ ਸਮਝਾਈ ਹੋਈ ਹੈ। **(ਸਾਧ ਕਾ ਨਿੰਦਕੁ ਕੈਸੇ ਤਰੈ॥)** ਸਾਧ ਆਪ ਹੀ ਗੁਰੂ ਹੈ, ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਸਾਧ ਜਾਂ ਸੰਤ ਇੱਕੋ ਹੀ ਗੱਲ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਭਗਤ ਰੂਪ ਹੈ, ਗੁਰੂ ਰੂਪ ਹੈ। ਆਪਣੇ ਭਗਤੀ ਦੇ ਤਰੀਕਿਆਂ ਦੁਆਰਾ ਆਪਣੇ ਵੱਲੋਂ ਤਾਂ ਅਸੀਂ ਉਸ ਗੁਰੂ ਪ੍ਰਮਾਤਮਾ ਨੂੰ ਖੁਸ਼ ਕਰਦੇ ਹਾਂ ਪਰ ਜੇਕਰ ਅੰਦਰ ਬਿਰਤੀ ਮਾੜੀ ਹੈ ਭਾਵ ਜੇਕਰ ਸਾਡੀ ਦੁਨਿਆਵੀ ਵਿਚਰਨ ਮਾੜੀ ਹੈ ਫਿਰ ਅਸੀਂ ਸਾਧ ਦੀ ਨਿੰਦਾ ਹੀ ਕਰਦੇ ਹਾਂ ਕਿਉਂਕਿ ਭਗਤੀ ਦਾ ਸਾਰ ਹੀ ਸਾਡੀ ਕਰਨੀ ਹੈ। **(ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥੨॥)** ਧਰਮ ਗ੍ਰੰਥਾਂ ਦੇ ਸੁਣਨ ਜਾਂ ਪੜ੍ਹਨ ਨੂੰ ਅਸੀਂ ਆਪਣਾ ਗੁਣ ਸਮਝਦੇ ਹਾਂ ਪਰ ਜੇਕਰ ਉਨ੍ਹਾਂ ਦੇ ਵਿੱਚੋਂ ਸਿੱਖਿਆ ਨਹੀਂ ਲਈ ਭਾਵ ਜੇਕਰ ਮਾੜੇ ਕਰਮ ਨਹੀਂ ਛੱਡੇ ਫਿਰ ਸਾਡੇ ਅੰਦਰ ਕੋਈ ਗੁਣ ਨਹੀਂ ਹੈ ਭਾਵ ਧਰਮ ਗ੍ਰੰਥਾਂ ਨੂੰ ਪੜ੍ਹੀ ਸੁਣੀ ਜਾਣਾ, ਗੁਰਬਾਣੀ ਨੂੰ ਪੜ੍ਹੀ ਸੁਣੀ ਜਾਣਾ ਗੁਣ ਨਹੀਂ ਹੈ ਬਲਕਿ ਗੁਣ ਗੁਰੂ ਦੀ ਸਿੱਖਿਆ ਵਿੱਚ ਹੈ, ਔਗੁਣ ਛੱਡਣ ਵਿੱਚ ਹੈ ਜਿਸ ਦੁਆਰਾ ਗੁਰੂ ਦੀ ਨਿੰਦਾ ਤੋਂ ਬਚਿਆ ਜਾ ਸਕਦਾ ਹੈ। ਇਸੇ ਤਰ੍ਹਾਂ ਸ਼ਬਦ ਵਿੱਚ ਸਾਡੇ ਹੋਰ ਵੀ ਭਗਤੀ ਦੇ ਤਰੀਕੇ ਗਿਣਾਏ ਹੋਏ ਹਨ ਜਿੰਨ੍ਹਾਂ ਨੂੰ ਕਿ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਪਰ ਜੇਕਰ ਸਾਡੇ ਕਰਮ ਮਾੜੇ ਹਨ ਤਾਂ ਫਿਰ ਉਹ ਕਿਸੇ ਲੇਖੇ ਨਹੀਂ ਹਨ। ਸਾਧ ਦਾ ਨਿੰਦਕ ਕੌਣ ਹੈ, ਗੁਰੂ ਪ੍ਰਮਾਤਮਾ ਦਾ ਨਿੰਦਕ ਮਨੁੱਖ ਕਿਸ ਲਈ ਹੈ ਇਸ ਗੱਲ ਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ।

“ਨਿੰਦਕੁ ਸੋਧਿ ਸਾਧਿ ਬੀਚਾਰਿਆ॥

ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥੪॥੨॥੧੧॥੭॥੨॥੪੯॥ਜੋੜੁ॥”

ਨਿੰਦਕ ਉਹ ਹੈ ਜਿਸਦੀ ਬਿਰਤੀ ਪਾਪਾਂ ਵਾਲੀ ਹੈ ਭਾਵ ਮਾੜੇ ਕਰਮ ਕਰਨ ਵਾਲੀ ਹੈ।

28/3080

ਇਹੋ ਜਿਹਾ ਮਨੁੱਖ ਭਾਵੇਂ ਭਗਤੀ ਦੇ ਜਿਤਨੇ ਮਰਜ਼ੀ ਦਿਖਾਵੇ ਕਰ ਲਵੇ ਪਰ ਅਖੀਰ ਨਰਕ ਵਿੱਚ ਹੀ ਪੈਂਦਾ ਹੈ, ਆਪਣਾ ਜੀਵਨ ਵਿਅਰਥ ਗਵਾਉਂਦਾ ਹੈ ਤੇ ਆਪਣੇ ਆਪ ਨੂੰ ਪ੍ਰਮਾਤਮਾ ਦੀਆਂ ਸਜ਼ਾਵਾਂ ਵਿੱਚ ਪਾਉਂਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ, ਪੂਰਨ ਸੱਚ ਦੀ ਸੋਝੀ ਪਏ ਬਿਨ੍ਹਾਂ ਹਰ ਕਿਸੇ ਦੀ ਅਵੱਸਥਾ “ਨਿੰਦਕੁ” ਵਾਲੀ ਹੀ ਹੈ ਕਿਉਂਕਿ ਭਰਮ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ ਤੇ ਸਾਨੂੰ ਗੁਰੂ ਦਾ ਨਿੰਦਕੁ ਬਣਾਉਂਦੇ ਹਨ। ਜਿਸ ਨੂੰ ਪ੍ਰਮਾਤਮਾ ਆਪਣਾ ਸਾਧ ਰੂਪ ਬਣਾਉਂਦਾ ਹੈ, ਗੁਰੂ ਰੂਪ ਬਣਾਉਂਦਾ ਹੈ ਉਹੀ ਉਸ ਦੀ ਨਿੰਦਾ ਵਿੱਚੋਂ ਨਿਕਲਦਾ ਹੈ। ਉਹ ਨਿੰਦਕ ਨੂੰ ਆਪ ਹੀ ਸੋਧਦਾ ਹੈ ਜਿਸ ਦੁਆਰਾ ਕੋਈ ਉਸਦਾ ਸਾਧ ਬਣਦਾ ਹੈ ਤੇ ਉਸ ਨੂੰ ਸੱਚ ਦੀ ਸਮਝ ਪੈਂਦੀ ਹੈ ਕਿ ਅਸੀਂ ਪ੍ਰਮਾਤਮਾ ਦੀ ਨਿੰਦਾ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ ਭਾਵ ਉਸਦੀ ਨਿੰਦਾ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਉਸਦਾ ਸਾਧ ਆਪ ਨਿੰਦਾ ਤੋਂ ਬਚਦਾ ਹੈ ਭਾਵ ਆਪ ਸੱਚ ਦੇ ਉਲਟ ਚੱਲਣ ਤੋਂ ਬਚਦਾ ਹੈ, ਪ੍ਰਮਾਤਮਾ ਦੇ ਸਮਝਾਏ ਹੋਏ ਸੱਚੇ ਮਾਰਗ ਤੋਂ ਉਲਟ ਚੱਲਣ ਤੋਂ ਬਚਦਾ ਹੈ ਤੇ ਦੂਸਰਿਆਂ ਨੂੰ ਨਿੰਦਾ ਤੋਂ ਬਚਣ ਦਾ ਤਰੀਕਾ ਸਮਝਾਉਂਦਾ ਹੈ। ਪ੍ਰਮਾਤਮਾ ਕੋਲੋਂ ਜਾਣ ਕੇ, ਸਮਝ ਕੇ ਉਸਦਾ ਸਾਧ ਸਾਨੂੰ ਪਾਪਾਂ ਵਾਲੀ ਬਿਰਤੀ ਵਿੱਚੋਂ ਨਿਕਲਣਾ ਸਿਖਾਉਂਦਾ ਹੈ, ਮਾੜੇ ਕਰਮਾਂ ਵਿੱਚੋਂ ਨਿਕਲ ਕੇ ਚੰਗੇ ਕਰਮ ਸਮਝਾਉਂਦਾ ਹੈ ਜੋ ਕਿ ਪ੍ਰਮਾਤਮਾ ਦੀ ਨਿੰਦਾ ਤੋਂ ਬਚਣ ਦਾ ਤਰੀਕਾ ਹੈ ਤੇ ਉਸਦੀ ਭਗਤੀ ਕਰਨ ਦਾ ਤਰੀਕਾ ਹੈ। ਪ੍ਰਮਾਤਮਾ ਦਾ ਸਾਧ ਸਾਨੂੰ ਵਿਖਾਵੇ ਵਾਲੀ ਭਗਤੀ ਵਿੱਚੋਂ ਕੱਢਦਾ ਹੈ ਤੇ ਸੱਚ ਦੇ ਮਾਰਗ ਨਾਲ ਜੋੜਦਾ ਹੈ। ਉੱਪਰ ਵਾਲੇ ਸ਼ਬਦ ਦੁਆਰਾ ਸਾਨੂੰ ਦਿਖਾਵੇ ਵਾਲੀ ਭਗਤੀ ਵਿੱਚੋਂ ਹੀ ਕੱਢਿਆ ਹੋਇਆ ਹੈ ਤੇ ਸਾਡੇ ਜੀਵਨ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ ਜੋ ਕਿ ਮਾੜੇ ਕਰਮਾਂ ਤੋਂ ਬਚਣ ਦਾ ਹੈ ਜਿੰਨ੍ਹਾਂ ਦੁਆਰਾ ਅਸੀਂ ਸਾਧ ਦੀ, ਗੁਰੂ ਦੀ, ਸੰਤ ਦੀ ਨਿੰਦਾ ਕਰਦੇ ਹਾਂ। **(ਨਿੰਦਕੁ ਸੋਧਿ ਸਾਧਿ ਬੀਚਾਰਿਆ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥੪॥੨॥੧੧॥੭॥੨॥੪੯॥ਜੋੜੁ॥)**

ਜੋ ਗੱਲ ਅਸੀਂ ਉੱਪਰ ਭਗਤ ਰਵਿਦਾਸ ਜੀ ਦੇ ਸ਼ਬਦ ਦੁਆਰਾ ਜਾਣੀ ਹੈ ਆਓ ਉਹੀ ਗੱਲ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਸ਼ਬਦ ਦੁਆਰਾ ਜਾਣੀਏ ਤੇ ਸਮਝੀਏ ਕਿ ਸੰਤ ਦੀ ਨਿੰਦਾ ਕਰਨੀ ਕੀ ਹੈ।

ਸਾਰਗ ਮਹਲਾ ੫॥

“ਹਰਿ ਜੀਉ ਅੰਤਰਜਾਮੀ ਜਾਨ॥
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ॥੧॥ਰਹਾਉ॥
ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ॥੧॥
ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ॥
ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ॥੨॥
ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ॥੩॥
ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ॥
ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ॥੪॥
ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੁਲਾਨ॥
ਸਾਧਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ॥੫॥੨॥”

(ਅੰਗ ੧੨੦੨)

28/3081

ਸ਼ਬਦ ਦੇ ਪਹਿਲੇ ਪਦੇ ਰਾਹੀਂ ਹੀ ਧਿਆਨ ਨਾਲ ਸਮਝੋ ਕਿ ਸੰਤ ਦੀ ਨਿੰਦਾ ਕੀ ਹੈ।

“ਹਰਿ ਜੀਉ ਅੰਤਰਜਾਮੀ ਜਾਨ॥
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ॥੧॥ਰਹਾਉ॥
ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਸਾਡੇ ਚੰਗੇ ਮਾੜੇ ਕਰਮ ਹੀ ਸਮਝਾਏ ਹੋਏ ਹਨ ਤੇ ਪ੍ਰਮਾਤਮਾ ਕੋਲੋਂ ਸਾਡਾ ਕੋਈ ਮਾੜਾ ਕਰਮ ਛੁਪਿਆ ਹੋਇਆ ਨਹੀਂ ਹੈ। ਅਸੀਂ ਸੰਸਾਰ ਵਿੱਚ ਆਪਣੀਆਂ ਬੁਰਿਆਈਆਂ ਨੂੰ ਛੁਪਾ ਸਕਦੇ ਹਾਂ ਪਰ ਉਸ ਪ੍ਰਮਾਤਮਾ ਕੋਲੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ ਜੋ ਕਿ ਸਾਡੇ ਅੰਦਰ ਹੀ ਹੈ, ਸਾਡੇ ਵਿਚਾਰਾਂ ਦੇ ਵਿੱਚ ਹੀ ਹੈ। ਅਸੀਂ ਆਪਣੇ ਭੂਤ ਕਾਲ ਵਿੱਚ ਭਾਵ ਪਿਛਲੇ ਸਮੇਂ ਵਿੱਚ ਜੋ ਕੁੱਝ ਕੀਤਾ ਹੈ ਉਹ ਵੀ ਪ੍ਰਮਾਤਮਾ ਜਾਣਦਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਅਸੀਂ ਜੋ ਕੁੱਝ ਕਰਨਾ ਹੈ ਉਹ ਵੀ ਉਸ ਤੋਂ ਨਹੀਂ ਛੁਪ ਸਕਦਾ ਭਾਵ ਪ੍ਰਮਾਤਮਾ ਕੋਲੋਂ ਸਾਡੀ ਕੋਈ ਵੀ ਬੁਰਿਆਈ ਛੁਪਾਈ ਨਹੀਂ ਜਾ ਸਕਦੀ ਭਾਵ ਪ੍ਰਮਾਤਮਾ ਨੂੰ ਸਾਡੀ ਬੁਰਿਆਈ ਚੰਗੀ ਨਹੀਂ ਲੱਗਦੀ ਤੇ ਅਸੀਂ ਬੁਰੇ ਕਰਮ ਕਰਕੇ ਬਚ ਨਹੀਂ ਸਕਦੇ, ਪ੍ਰਮਾਤਮਾ ਨੂੰ ਕਦੇ ਚੰਗੇ ਨਹੀਂ ਲੱਗ ਸਕਦੇ। **(ਹਰਿ ਜੀਉ ਅੰਤਰਜਾਮੀ ਜਾਨ॥ ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ॥੧॥ਰਹਾਉ॥)**

ਅਸੀਂ ਪ੍ਰਮਾਤਮਾ ਨੂੰ ਕਿਸ ਤਰੀਕੇ ਖੁਸ਼ ਕਰਦੇ ਹਾਂ, ਉਸਦੀ ਭਗਤੀ ਕਿਸ ਤਰੀਕੇ ਕਰਦੇ ਹਾਂ ਪਰ ਅਸਲ ਵਿੱਚ ਉਸ ਦਾ ਨਤੀਜਾ ਕੀ ਨਿਕਲਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ॥ ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ॥੧॥”

“ਬੈਸਨੌ” ਆਪਣੇ ਆਪ ਨੂੰ ਉੱਚਾ ਭਗਤ ਅਖਵਾਉਂਦੇ ਹਨ ਤੇ ਆਪਣੇ ਆਪ ਨੂੰ ਧਰਮ ਸ਼ਾਸਤਰਾਂ ਤੇ ਚੱਲਣ ਵਾਲਾ ਸਮਝਦੇ ਹਨ, ਆਪਣੇ ਆਪ ਨੂੰ ਸੱਚੇ ਸੁੱਚੇ ਸਮਝਦੇ ਹਨ ਭਾਵ ਸਰੀਰਕ ਸੁੱਚ ਦੇ ਨਾਲ ਜੁੜਦੇ ਹਨ। ਉਹ ਆਪਣੇ ਅੰਦਰ ਦੀ ਜੂਠ ਨੂੰ ਨਹੀਂ ਸਮਝਦੇ ਜੋ ਕਿ ਲੋਭ ਦੇ ਰੂਪ ਵਿੱਚ ਹੈ। ਮਨੁੱਖ ਨੂੰ ਜੂਠਾ ਮਨ ਦਾ ਲੋਭ ਬਣਾਉਂਦਾ ਹੈ ਪਰ ਉਸਦੇ ਭਗਤ ਅਖਵਾਉਣ ਵਾਲੇ ਆਪਣੀਆਂ ਸਰੀਰਕ ਕਿਰਿਆਵਾਂ ਦੁਆਰਾ ਤੇ

28/3082

ਸਰੀਰਕ ਸੁੱਚ ਦੁਆਰਾ ਆਪਣੇ ਆਪ ਨੂੰ ਸੱਚੇ ਸੁੱਚੇ ਸਮਝਦੇ ਹਨ। ਜਦ ਤੱਕ ਸਾਡਾ ਮਨ ਜੂਠਾ ਹੈ, ਮਨ ਦੇ ਅੰਦਰ ਝੂਠ ਹੈ ਫਿਰ ਸਾਡਾ ਹਰ ਭਗਤੀ ਦਾ ਦਿਖਾਵਾ ਝੂਠ ਹੈ। ਆਪਣੇ ਭਗਤੀ ਦੇ ਦਿਖਾਵਿਆਂ ਦੁਆਰਾ ਆਪਣੇ ਵੱਲੋਂ ਅਸੀਂ ਉਸ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਪਰ ਅਸਲ ਵਿੱਚ ਇਹ “ਸੰਤ ਸਭਾ” ਦੀ ਨਿੰਦਾ ਹੈ ਜਿਸ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਨਾਸਮਝੀ ਹੈ ਭਾਵ ਭਗਤੀ ਦੀ ਸੋਝੀ ਦਾ ਨਾ ਹੋਣਾ ਹੈ ਕਿ ਪ੍ਰਮਾਤਮਾ ਦੀ ਭਗਤੀ ਕਿਸ ਤਰੀਕੇ ਹੁੰਦੀ ਹੈ। ਜਦ ਤੱਕ ਸਾਡੇ ਮਨ ਦੇ ਅੰਦਰ ਲੋਭ ਲਾਲਚ ਹੈ ਤਦ ਤੱਕ ਅਸੀਂ ਸੱਚ ਤੇ ਨਹੀਂ ਚੱਲ ਸਕਦੇ ਤੇ ਸੱਚ ਦੇ ਉਲਟ ਚੱਲਣਾ ਭਾਵ ਮਾੜੇ ਕਰਮ ਕਰਨੇ ਸੰਤ ਸਭਾ ਦੀ ਨਿੰਦਾ ਹੈ। “ਸੰਤ ਸਭਾ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ। ਸੰਤ ਸਭਾ ਉਸ ਪ੍ਰਮਾਤਮਾ ਦੀ ਸਭਾ ਹੈ ਜਿਸ ਰਾਹੀਂ ਉਹ ਆਪਣਾ ਉਪਦੇਸ਼ ਸੁਣਾਉਂਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਉਸਦਾ ਉਪਦੇਸ਼ ਸੁਣਿਆ ਹੈ ਉਸਦੀ ਸਭਾ ਵਿੱਚੋਂ ਹੀ ਸੁਣਿਆ ਹੈ। ਉਸਦੀ ਸਭਾ ਸਾਡੇ ਮਨ ਦੇ ਅੰਦਰ ਹੀ ਲੱਗਦੀ ਹੈ ਜੋ ਕਿ ਉਹ ਆਪ ਹੀ ਪ੍ਰਗਟ ਹੋ ਕੇ ਲਗਾਉਂਦਾ ਹੈ। ਜਿੰਨ੍ਹਾਂ ਨੇ ਉਸਦੀ ਸਭਾ ਵਿੱਚੋਂ ਉਪਦੇਸ਼ ਸੁਣਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦੀ ਸਭਾ ਹੈ ਜਿਸ ਰਾਹੀਂ ਉਹ ਸੰਤ ਰੂਪ ਪ੍ਰਮਾਤਮਾ ਆਪਣੀ ਸਭਾ ਵਿੱਚੋਂ ਸਭ ਨੂੰ ਇੱਕੋ ਜਿਹਾ ਉਪਦੇਸ਼ ਸੁਣਾ ਰਿਹਾ ਹੈ, ਮਾਇਆ ਮੋਹ ਛੱਡ ਕੇ, ਲੋਭ ਲਾਲਚ ਛੱਡ ਕੇ, ਝੂਠ ਵਿਕਾਰ ਛੱਡ ਕੇ ਸੱਚਾ ਸੁੱਚਾ ਜੀਵਨ ਅਪਣਾਉਣ ਲਈ ਉਪਦੇਸ਼ ਸੁਣਾ ਰਿਹਾ ਹੈ। ਜੋ ਉਸਦੀ ਸਭਾ ਦੇ ਉਪਦੇਸ਼ ਨੂੰ ਮੰਨਦਾ ਹੈ ਉਹ ਸੰਤ ਦੀ ਉਸਤਤਿ ਕਰਦਾ ਹੈ ਤੇ ਜੋ ਉਸਦੀ ਸਭਾ ਦੇ ਉਪਦੇਸ਼ ਨੂੰ ਨਹੀਂ ਮੰਨਦਾ ਉਹ ਉਸਦੀ ਨਿੰਦਾ ਕਰਦਾ ਹੈ ਤੇ ਇਸੇ ਲਈ ਉਹ ਅਗਿਆਨਤਾ ਵਿੱਚ ਹੈ ਭਾਵ ਉਸਨੂੰ ਗੁਰਮਤਿ ਦਾ ਗਿਆਨ ਨਹੀਂ ਹੈ, ਸੰਤ ਸਭਾ ਦਾ ਗਿਆਨ ਨਹੀਂ ਹੈ। ਹਰ ਕੋਈ ਇਸ ਅਗਿਆਨਤਾ ਵਿੱਚ ਹੀ ਡੁੱਬਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਸੰਤ ਸਭਾ ਦੀ ਨਿੰਦਾ ਕਰਦਾ ਹੈ। ਵੇਦਾਂ ਸ਼ਾਸਤਰਾਂ ਦੇ ਵਿੱਚ, ਕੁਰਾਨ ਦੇ ਵਿੱਚ ਵੀ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੱਤੀ ਹੋਈ ਹੈ ਕਿਉਂਕਿ ਉਨ੍ਹਾਂ ਵਿੱਚ ਸੱਚ ਲਿਖਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵੇਂ ਉਨ੍ਹਾਂ ਧਰਮ ਗ੍ਰੰਥਾਂ ਦੇ ਰਚਣ ਵਾਲਿਆਂ ਨੂੰ ਇਸਦੀ ਸਮਝ ਨਹੀਂ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉੱਥੇ ਭਰਮ ਵੀ ਨਾਲ ਹੀ ਚੱਲਦਾ ਹੈ। ਜਿਸਦੀ ਵਜ੍ਹਾ ਕਰਕੇ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸਮਝ ਨਹੀਂ ਪੈਂਦੀ ਤੇ ਅਸੀਂ ਦੇਹ ਨੂੰ ਉੱਚਾ ਮੰਨ ਕੇ ਉਨ੍ਹਾਂ ਦੀ ਪੂਜਾ ਵਿੱਚ ਲੱਗ

28/3083

ਜਾਂਦੇ ਹਾਂ ਤੇ ਹੋਰ ਵੀ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੁੰਦਾ। ਭਾਵੇਂ ਕੋਈ ਕਿਹੜੇ ਵੀ ਧਰਮ ਗ੍ਰੰਥ ਨੂੰ ਮੰਨਦਾ ਹੈ ਗੱਲ ਕੇਵਲ ਆਪਣੇ ਮਨ ਨੂੰ ਸ਼ੁੱਧ ਬਣਾਉਣ ਦੀ ਹੈ, ਲੋਭ ਲਾਲਚ ਵਿਕਾਰਾਂ ਵਿੱਚੋਂ ਨਿਕਲਣ ਦੀ ਹੈ ਤੇ ਸੱਚੇ ਸੁੱਚੇ ਕਰਮ ਕਰਨ ਦੀ ਹੈ ਜਿਸ ਦੁਆਰਾ ਸੰਤ ਦੀ ਨਿੰਦਾ ਤੋਂ ਬਚਿਆ ਜਾ ਸਕਦਾ ਹੈ, ਪ੍ਰਮਾਤਮਾ ਦੀ ਨਿੰਦਾ ਤੋਂ ਬਚਿਆ ਜਾ ਸਕਦਾ ਹੈ। **(ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ॥ ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ॥੧॥)**

ਆਪਣੇ ਮਨ ਦੀ ਸੁੱਚ ਨਾਲ ਜੁੜਨ ਦੀ ਬਜਾਇ ਅਸੀਂ ਸਰੀਰਕ ਸੁੱਚ ਦੇ ਨਾਲ ਜੁੜਦੇ ਹਾਂ, ਖਾਣੇ ਦੀ ਸੁੱਚ ਦੇ ਨਾਲ ਜੁੜਦੇ ਹਾਂ ਜਿਸ ਨੂੰ ਕਿ ਅਸੀਂ ਆਪਣੀ ਭਗਤੀ ਦਾ ਮਾਰਗ ਸਮਝਦੇ ਹਾਂ ਪਰ ਇਹ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਨਹੀਂ ਹੈ ਕਿਉਂਕਿ ਸਾਨੂੰ ਆਪਣੇ ਅੰਦਰ ਦੀ ਸੁੱਚ ਦੀ ਚਿੰਤਾ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਤੇ ਸੰਤ ਦੀ ਨਿੰਦਾ ਤੋਂ ਬਚਿਆ ਜਾ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ॥

ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ॥੨॥

ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ॥

ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ॥੩॥"

ਖਾਣੇ ਦੀ ਸੁੱਚ ਨਾਲ ਜੁੜਨ ਨੂੰ ਭਗਤੀ ਦਾ ਮਾਰਗ ਸਮਝਣ ਵਾਲਿਆਂ ਦੀ ਕਮੀ ਨਹੀਂ ਹੈ। ਸਦੀਆਂ ਤੋਂ ਇਹ ਪ੍ਰਥਾ ਚੱਲਦੀ ਆ ਰਹੀ ਹੈ ਜਿਸ ਦੁਆਰਾ ਸਮਾਜ ਵਿੱਚ ਉੱਚ ਨੀਚ ਦਾ ਭੇਦ ਵੱਧਦਾ ਹੈ। ਸਿੱਖ ਜਗਤ ਵੀ ਇਸ ਪ੍ਰਥਾ ਤੋਂ ਬਾਹਰ ਨਹੀਂ ਹੈ ਬਲਕਿ ਖਾਸ ਕਿਸਮ ਦੇ ਖਾਣੇ ਨਾਲ ਜੁੜਕੇ ਉਹ ਫਖਰ ਮਹਿਸੂਸ ਕਰਦੇ ਹਨ ਭਾਵ ਉਸ ਵਿੱਚ ਆਪਣੀ ਸ਼ੋਭਾ ਸਮਝਦੇ ਹਨ ਤੇ ਇਸ ਗੱਲ ਨੂੰ ਆਪਣੀ ਜੱਥੇਬੰਦੀ ਦੀ ਉੱਚੀ ਮਰਿਆਦਾ ਸਮਝਦੇ ਹਨ ਜਿਸ ਦਾ ਉਹ ਖੁੱਲ੍ਹ ਕੇ ਮਾਣ ਕਰਦੇ ਹਨ ਤੇ ਪ੍ਰਚਾਰ ਕਰਦੇ ਹਨ ਜਿਸ ਦੁਆਰਾ ਉਹ ਆਪਣੇ ਆਪ ਨੂੰ ਸਮਾਜ ਵਿੱਚ ਉੱਚਾ ਥਾਪਦੇ ਹਨ ਤੇ ਦੂਸਰਿਆਂ ਨੂੰ ਨੀਵਾਂ ਦਿਖਾਉਂਦੇ ਹਨ। ਉਹ ਖਾਣੇ ਵਿੱਚ ਸੁੱਚ ਜਾਂ ਜੂਠ ਨੂੰ ਦੇਖਦੇ ਹਨ ਜਦਕਿ ਇਹ ਸਾਡੇ ਅੰਦਰ ਦੀ ਜੂਠ ਹੈ ਜਿਸਦਾ ਅਸੀਂ ਘੁਮੰਡ ਕਰਦੇ ਹਾਂ। ਜਿਸ ਦੇ ਅੰਦਰ ਮਨ ਦੀ ਸੁੱਚ ਹੈ ਉਹ ਕਦੇ ਮਾੜੇ ਕਰਮ ਨਹੀਂ ਕਰਦਾ, ਕਿਸੇ ਦਾ ਹੱਕ ਨਹੀਂ ਮਾਰਦਾ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਅਸਲ ਤਰੀਕਾ ਹੈ। ਇਹ ਤਰੀਕਾ ਸਾਰੇ ਜਗਤ ਲਈ ਇੱਕੋ ਜਿਹਾ ਹੀ ਹੈ ਜਿਸ ਵਿੱਚ ਸਿੱਖ ਜਗਤ ਵੀ ਆਉਂਦਾ ਹੈ। ਖਾਣੇ ਵਿੱਚ ਸੁੱਚ

28/3084

ਸਮਝਣਾ ਭਾਵ ਉਸਨੂੰ ਧਾਰਮਿਕ ਸੁੱਚ ਸਮਝਣਾ ਤੇ ਮਨ ਦੀ ਸੁੱਚ ਵੱਲ ਧਿਆਨ ਨਾ ਦੇਣਾ ਧਰਮ ਗ੍ਰੰਥਾਂ ਦੀ ਮਤਿ ਨੂੰ ਨਾ ਸਮਝਣ ਵਾਲੀ ਗੱਲ ਹੈ ਭਾਵ ਉਨ੍ਹਾਂ ਦੇ ਉਲਟ ਚੱਲਣ ਵਾਲੀ ਗੱਲ ਹੈ ਜੋ ਕਿ ਕੇਵਲ ਮਨਮਤਿ ਹੈ, ਆਪਣੀ ਮਤਿ ਦਾ ਮਾਣ ਹੈ। **(ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ॥ ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ॥੨॥)** ਇਹੋ ਜਿਹੀ ਭਗਤੀ ਨਾਲ ਜੁੜੇ ਹੋਏ, ਖਾਣੇ ਦੀ ਸੁੱਚ ਨਾਲ ਜੁੜੇ ਹੋਏ, ਖਾਸ ਵੇਲੇ ਨੂੰ ਉੱਚਾ ਮੰਨ ਕੇ ਪੂਜਾ, ਵਰਤ ਆਦਿ ਕਰਨ ਵਾਲੇ ਭਾਵੇਂ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਸਮਝਦੇ ਹਨ ਤੇ ਹੋਰ ਵੀ ਅਨੇਕਾਂ ਭਗਤੀ ਦੇ ਤਰੀਕੇ ਅਪਣਾਉਂਦੇ ਹਨ ਪਰ ਮਨ ਦੀ ਸੁੱਚ ਨਾਲ ਨਹੀਂ ਜੁੜਦੇ। ਇਹੋ ਜਿਹੇ ਮਨੁੱਖ ਪ੍ਰਮਾਤਮਾ ਦੇ ਆਪਣੇ ਹੀ ਭੁਲਾਏ ਹੋਏ ਹਨ ਜਿਹੜੇ ਭਗਤੀ ਦੇ ਅਸਲ ਮਾਰਗ ਤੋਂ ਉਝੜੇ ਹੋਏ ਹਨ ਭਾਵ ਭਟਕੇ ਹੋਏ ਹਨ ਤੇ ਉਨ੍ਹਾਂ ਦੇ ਇਹੋ ਜਿਹੇ ਸਭ ਕਰਮ ਵਿਅਰਥ ਹੀ ਜਾਂਦੇ ਹਨ ਭਾਵ ਕਿਸੇ ਲੇਖੇ ਨਹੀਂ ਲੱਗਦੇ। ਇਹੋ ਜਿਹੇ ਭਗਤੀ ਦੇ ਤਰੀਕੇ ਕੇਵਲ ਇੱਕ ਮਦਾਰੀ ਦੇ ਤਮਾਸ਼ੇ ਦੀ ਤਰ੍ਹਾਂ ਹਨ ਜਿਸ ਦੁਆਰਾ ਉਹ ਦੁਨੀਆਂ ਨੂੰ ਰਿਝਾਉਂਦੇ ਹਨ, ਸਮਾਜ ਵਿੱਚੋਂ ਵਾਹ-ਵਾਹ ਖੱਟਦੇ ਹਨ ਤੇ ਖੁਸ਼ ਹੁੰਦੇ ਹਨ ਜਦਕਿ ਤਮਾਸ਼ੇ ਵਿੱਚ ਕੋਈ ਅਸਲੀਅਤ ਨਹੀਂ ਹੁੰਦੀ ਭਾਵ ਸਾਡੇ ਇਹੋ ਜਿਹੇ ਤਰੀਕਿਆਂ ਨੂੰ ਬੁਰੀ ਤਰ੍ਹਾਂ ਭੰਡਿਆ ਹੋਇਆ ਹੈ ਜਿੰਨ੍ਹਾਂ ਤਰੀਕਿਆਂ ਨੂੰ ਅਸੀਂ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ, ਭਗਤੀ ਦੇ ਮਾਰਗ ਤੇ ਚੱਲਣਾ ਸਮਝਿਆ ਹੋਇਆ ਹੈ। **(ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ॥ ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ॥੨॥ ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ॥ ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ॥੩॥)** "ਸਫਰੀ" ਤੋਂ ਭਾਵ ਹੈ ਮਦਾਰੀ, ਤਮਾਸ਼ਾ ਦਿਖਾਉਣ ਵਾਲਾ। "ਦੰਫਾਨ" ਤੋਂ ਭਾਵ ਹੈ ਤਮਾਸ਼ਾ।

ਆਸਾ ਮਹਲਾ ੧॥

{ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥

ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ॥੧॥}

(ਅੰਗ ੪੧੨)

ਉਪਰਲੀਆਂ ਪੰਗਤੀਆਂ ਰਾਹੀਂ ਸਰੀਰਕ ਜਪ ਤਪ ਕਰਨ ਵਾਲਿਆਂ ਨੂੰ ਆਪਣੇ ਮਾਰਗ ਤੋਂ ਉਝੜੇ, ਭਰਮੇ ਕਿਹਾ ਹੈ, ਚਾਤੁਰ ਕਿਹਾ ਹੈ। ਆਪਣੇ ਸਰੀਰਕ ਜਪ ਤਪ ਨੂੰ ਉਹ ਨਾਮ ਜਪਣਾ ਸਮਝਦੇ ਹਨ ਪਰ ਅਸਲ ਵਿੱਚ ਉਨ੍ਹਾਂ ਨੂੰ ਨਾਮ ਵਿਹੂਣੇ ਕਿਹਾ ਗਿਆ ਹੈ ਭਾਵ ਉਨ੍ਹਾਂ ਨੂੰ ਨਾਮ ਦੀ ਸਮਝ ਹੀ ਨਹੀਂ ਹੈ ਕਿ ਨਾਮ ਜਪਣਾ ਕੀ ਹੈ। ਸਰੀਰਕ ਜਪ ਤਪ ਕਰਨੇ ਆਪਣੇ ਸਿਰ ਸੁਆਹ ਪਾਉਣ ਵਾਲੀ ਗੱਲ ਦੱਸਿਆ ਹੈ, ਮੂੰਹ ਤੇ ਸੁਆਹ ਪਾਉਣ ਵਾਲੀ ਗੱਲ ਦੱਸਿਆ ਹੈ ਭਾਵ ਬਹੁਤ ਮਾੜੀ ਗੱਲ ਦੱਸਿਆ ਹੈ। ਆਪਣੀਆਂ ਇਹੋ ਜਿਹੀਆਂ ਕਿਰਿਆਵਾਂ ਨੂੰ ਅਸੀਂ

28/3085

ਪ੍ਰਮਾਤਮਾ ਦੀ ਉਸਤਤਿ ਕਰਨੀ ਸਮਝਦੇ ਹਾਂ ਪਰ ਅਸਲ ਵਿੱਚ ਅਸੀਂ ਉਸ ਗੁਰੂ ਦੀ ਨਿੰਦਾ ਕਰਦੇ ਹਾਂ, ਸੰਤ ਦੀ ਨਿੰਦਾ ਕਰਦੇ ਹਾਂ ਭਾਵ ਗੁਰੂ ਰੂਪ ਸੰਤ ਦੀ ਸਿੱਖਿਆ ਦੀ ਨਿੰਦਾ ਕਰਦੇ ਹਾਂ।

ਪ੍ਰਮਾਤਮਾ ਦੀ ਭਗਤੀ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜਿਸਦੇ ਪਿੱਛੇ ਲੱਗ ਕੇ ਅਸੀਂ ਉਸ ਦੀ ਨਿੰਦਾ ਤੋਂ ਬਚ ਸਕਦੇ ਹਾਂ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ॥

ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ॥੪॥

ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੁੋਲਾਨ॥

ਸਾਧਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ॥੫॥੨॥”

ਗਿਆਨੀ ਰੂਪ, ਬੈਸਨੌ ਰੂਪ ਤੇ ਪੜ੍ਹਿਆ ਹੋਇਆ ਉਹੀ ਹੈ ਜਿਸ ਤੇ ਪ੍ਰਮਾਤਮਾ ਨੇ ਆਪਣੀ ਕ੍ਰਿਪਾ ਕਰ ਕੇ ਆਪਣੇ ਨਾਲ ਮਿਲਾ ਲਿਆ ਹੈ, ਜਿਸਨੇ ਪਰਮਪਦ ਪਾ ਲਿਆ ਹੈ। ਇਹ ਪ੍ਰਮਾਤਮਾ ਦਾ ਗੁਰੂ ਰੂਪ, ਸੰਤ ਰੂਪ, ਸਾਧ ਰੂਪ, ਭਗਤ ਰੂਪ, ਦਾਸ ਰੂਪ, ਸੇਵਕ ਰੂਪ, ਜਨ ਰੂਪ ਹੈ ਜਿਸ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਦੇ ਇਸ ਰੂਪ ਨੂੰ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਹੈ ਜਿਸ ਦੁਆਰਾ ਉਹ ਆਪ ਤਰਿਆ ਹੋਇਆ ਹੈ ਤੇ ਸਾਰੇ ਜਗਤ ਨੂੰ ਤਾਰਦਾ ਹੈ। ਪ੍ਰਮਾਤਮਾ ਨੇ ਆਮ ਮਨੁੱਖ ਨੂੰ ਉਹੋ ਜਿਹੀ ਬੁਧਿ ਨਹੀਂ ਦਿੱਤੀ ਜਿਸ ਦੁਆਰਾ ਉਹ ਭਗਤੀ ਦੇ ਸਹੀ ਮਾਰਗ ਨੂੰ ਜਾਣ ਸਕੇ ਤੇ ਗੁਰੂ ਦੀ ਨਿੰਦਾ ਤੋਂ ਬਚ ਸਕੇ। ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਏ ਬਿਨ੍ਹਾਂ ਭਾਵ ਗੁਰਮਤਿ ਦੀ ਸ਼ਰਨ ਵਿੱਚ ਆਏ ਬਿਨ੍ਹਾਂ ਅਸੀਂ ਭਗਤੀ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ। ਅਸੀਂ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਤਦ ਹੀ ਆ ਸਕਦੇ ਹਾਂ ਜਦੋਂ ਸਾਨੂੰ ਸਾਧਸੰਗਤਿ ਦੀ ਧੂੜੀ ਮਿਲ ਜਾਵੇ ਤੇ ਸਾਨੂੰ ਇਹ ਸਾਧਸੰਗਤਿ ਦੀ ਧੂਰਿ ਹੀ ਮੰਗਣੀ ਚਾਹੀਦੀ ਹੈ। ਪੂਰੀ ਗੁਰਬਾਣੀ ਵਿੱਚ ਸਾਧਸੰਗਤਿ ਦੀ ਧੂਰਿ ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ। ਜਿੰਨ੍ਹਾਂ ਦੀ ਪ੍ਰਮਾਤਮਾ ਦੇ ਨਾਲ ਸੰਗਤਿ ਹੋਈ ਹੈ ਭਾਵ ਸਾਧਸੰਗਤਿ ਹੋਈ ਹੈ ਉਨ੍ਹਾਂ ਨੂੰ ਹੀ ਪ੍ਰਮਾਤਮਾ ਦੇ ਕੋਲੋਂ ਇਹ ਧੂਰਿ ਮਿਲੀ ਹੈ ਭਾਵ ਸੱਚ ਦੀ ਸੋਝੀ ਮਿਲੀ ਹੈ, ਗੁਰਮਤਿ ਦੀ ਸੱਚੀ ਸੋਝੀ ਮਿਲੀ ਹੈ ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਸਾਡੇ ਲਈ ਇਹ ਸੱਚੀ ਸੋਝੀ ਪਾਈ ਹੈ। ਸਾਨੂੰ ਪ੍ਰਮਾਤਮਾ ਕੋਲੋਂ ਇਹੀ ਮੰਗਣਾ ਚਾਹੀਦਾ ਹੈ ਕਿ ਉਹ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਜੋੜ ਲਵੇ ਜੋ ਕਿ ਸਾਡਾ ਸੱਚਾ ਉੱਦਮ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਸ਼ਰਨ ਵਿੱਚ ਆ ਸਕਦੇ ਹਾਂ ਤੇ ਸੱਚ ਦੇ ਮਾਰਗ ਤੇ ਚੱਲ ਸਕਦੇ ਹਾਂ।

ਸਾਧਸੰਗਤਿ ਕੀ ਹੈ, ਉਸਦਾ ਗਿਆਨੀ ਬਣਨਾ ਕੀ ਹੈ, ਬੈਸਨੌ ਬਣਨਾ ਕੀ ਹੈ, ਪੜ੍ਹਿਆ ਹੋਇਆ ਬਣਨਾ ਕੀ ਹੈ ਇਨ੍ਹਾਂ ਗੱਲਾਂ ਨੂੰ

28/3086

ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਜਾਣ ਚੁੱਕੇ ਹਾਂ, ਇਹ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਹੀ ਹਨ।

{ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਬੂਝੈ ਸੋਇ॥

ਗੁਰ ਪਰਸਾਦਿ ਕਰੇ ਬੀਚਾਰੁ॥ ਸੋ ਗਿਆਨੀ ਦਰਗਹ ਪਰਵਾਣੁ॥੪॥੩੦॥}

(ਅੰਗ ੨੫)

ਗਉੜੀ ਮਹਲਾ ੧॥

{ਪਉਣੈ ਪਾਣੀ ਅਗਨੀ ਕਾ ਮੇਲੁ॥ ਚੰਚਲ ਚਪਲ ਬੁਧਿ ਕਾ ਖੇਲੁ॥

ਨਉ ਦਰਵਾਜੇ ਦਸਵਾ ਦੁਆਰੁ॥ ਬੁਝੁ ਰੇ ਗਿਆਨੀ ਏਹੁ ਬੀਚਾਰੁ॥੧॥

ਕਥਤਾ ਬਕਤਾ ਸੁਨਤਾ ਸੋਈ॥ ਆਪੁ ਬੀਚਾਰੇ ਸੁ ਗਿਆਨੀ ਹੋਈ॥੧॥ਰਹਾਉ॥

ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥

ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥੨॥}

(ਅੰਗ ੧੫੨)

{ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ॥
ਸਾਚੁ ਨ ਛਪੈ ਜੇ ਕੋ ਰਖੈ ਛਪਾਏ॥
ਗਿਆਨੀ ਬੂਝਹਿ ਸਹਜਿ ਸੁਭਾਏ॥੫॥}

(ਅੰਗ ੨੩੨)

{ਜਉ ਜਾਨੈ ਹਉ ਭਗਤੁ ਗਿਆਨੀ॥ਆਗੈ ਠਾਕੁਰਿ ਤਿਲੁ ਨਹੀ ਮਾਨੀ॥}

(ਅੰਗ ੨੫੫)

{ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ॥
ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ॥}

(ਅੰਗ ੨੫੪)

{ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥
ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥
ਕਾਹੂ ਫਲ ਕੀ ਇਛਾ ਨਹੀ ਬਾਛੈ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ॥
ਮਨ ਤਨ ਅੰਤਰਿ ਸਿਮਰਨ ਗੋਪਾਲ॥ ਸਭ ਊਪਰਿ ਹੋਵਤ ਕਿਰਪਾਲ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥੨॥}

(ਅੰਗ ੨੭੪)

ਆਪਣੇ ਅੰਦਰ ਔਗੁਣਾਂ ਦੇ ਰਹਿੰਦੇ ਹੋਏ ਅਸੀਂ ਆਪਣੇ ਵੱਲੋਂ ਨਾਮ ਜਪਦੇ ਹਾਂ ਜੋ ਕਿ ਅਸੀਂ ਇੱਕ ਅੱਖਰ ਦੇ ਜਪ ਨੂੰ ਸਮਝਿਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਔਗੁਣ ਹਨ ਅਸੀਂ ਨਾਮ ਨਹੀਂ ਜਪਦੇ ਬਲਕਿ ਆਪਣੇ ਮਾੜੇ ਕਰਮਾਂ ਦੁਆਰਾ ਗੁਰੂ ਦੀ ਨਿੰਦਾ ਕਰਦੇ ਹਾਂ। ਜਿੱਥੇ ਨਿੰਦਾ ਹੈ ਉੱਥੇ ਉਸਤਤਿ ਨਹੀਂ ਹੈ, ਉੱਥੇ ਨਾਮ ਸਿਮਰਨ ਨਹੀਂ ਹੈ। ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

28/3087

ਮਾਰੂ ਕਬੀਰ ਜੀਉ॥

“ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ॥
ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ॥੧॥ਰਹਾਉ॥
ਸਾਧਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ॥
ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ॥੧॥
ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ॥
ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ॥੨॥
ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ॥
ਨਿੰਦਾ ਕਰਤੇ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ॥੩॥
ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ॥

ਰਾਮੁ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ॥੪॥੧॥"

(ਅੰਗ ੧੧੦੫)

ਉੱਪਰ ਸ਼ਬਦ ਰਾਹੀਂ ਸਾਨੂੰ ਪਸ਼ੂਆਂ ਵਾਲੀ ਬਿਰਤੀ ਨਾਲ ਜੋੜਕੇ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਮਾਇਆ ਨਾਲ ਜੁੜ ਕੇ ਝੂਠੇ ਧੰਦਿਆਂ ਵਿੱਚ ਲੱਗੇ ਹੋਏ ਹਾਂ, ਔਗੁਣਾਂ ਵਿੱਚ ਲੱਗ ਕੇ ਮਾਇਆ ਦੇ ਪਿੱਛੇ ਲੱਗੇ ਹੋਏ ਹਾਂ ਤੇ ਸਾਨੂੰ ਗੁਰੂ ਦੀ ਮਤਿ ਭੁੱਲੀ ਹੋਈ ਹੈ। ਔਗੁਣਾਂ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਨਾਮ ਜਪਣ ਵਾਲੇ ਸਮਝਣਾ ਕੇਵਲ ਸਾਡੀ ਚਤੁਰਾਈ ਹੈ, ਗੁਰੂ ਦੇ ਨਾਲ ਠੱਗੀ ਹੈ ਤੇ ਸਾਡਾ ਨਿਕੰਮਾ ਧਨ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ ਭਾਵ ਉਸਦੀ ਮਤਿ ਦੇ ਉਲਟ ਚੱਲਦੇ ਹਾਂ। ਇਹੋ ਜਿਹੇ ਮਨੁੱਖ ਕਦੇ ਰਾਮ ਨਾਮ ਸਿਮਰਨ ਵਾਲੇ ਨਹੀਂ ਹੁੰਦੇ ਤੇ ਆਪਣਾ ਪੂਰਾ ਜੀਵਨ ਮਾਇਆ ਮੋਹ ਵਿੱਚ ਗੁਜ਼ਾਰ ਦਿੰਦੇ ਹਨ। **(ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ॥ ਨਿੰਦਾ ਕਰਤੇ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ॥੩॥)**

"ਰਾਮ ਨਾਮੁ" ਜਾਣੇ ਬਿਨ੍ਹਾਂ ਕੋਈ ਇਸ ਸੰਸਾਰ ਸਾਗਰ ਤੋਂ ਪਾਰ ਨਹੀਂ ਉਤਰ ਸਕਦਾ। ਸਾਡੇ ਜੀਵਨ ਦਾ ਮਨੋਰਥ "ਰਾਮੁ ਨਾਮੁ" ਜਾਣਨ ਦਾ ਹੀ ਹੈ। ਇਹ ਪ੍ਰਮਾਤਮਾ ਦਾ ਆਪਣਾ ਰੂਪ ਹੈ, ਉਸਦਾ "ਸਚੁ" ਰੂਪ ਹੈ, "ਬ੍ਰਹਮਗਿਆਨ" ਰੂਪ ਹੈ ਜਿਸ ਰੂਪ ਵਿੱਚ ਉਹ ਸਾਡੇ ਅੰਦਰ ਵੱਸਿਆ ਹੋਇਆ ਹੈ ਤੇ ਸਭ ਜਗ੍ਹਾ ਵੱਸਿਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ "ਰਾਮੁ ਨਾਮੁ" ਹੀ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪਾਈ ਹੋਈ ਹੈ, ਗੁਰਮਤਿ ਦੀ ਸੋਝੀ ਪਾਈ ਹੋਈ ਹੈ। ਅਸੀਂ ਇਸ "ਰਾਮੁ ਨਾਮੁ" ਨੂੰ ਆਪਣੇ ਅੰਦਰ ਚੇਤਨਾ ਹੈ ਭਾਵ ਵਸਾਉਣਾ ਹੈ ਭਾਵ ਉਸ ਤੇ ਅਮਲ ਕਰਨਾ ਹੈ ਜਿਸ ਦੁਆਰਾ ਅਸੀਂ ਉਸ "ਰਾਮੁ ਨਾਮੁ" ਨੂੰ ਭਾਵ ਨਾਮ ਦੇ ਮਾਲਕ ਨੂੰ, ਰਾਮ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਭਾਵ ਉਸ ਨੂੰ ਪਾ ਸਕਦੇ ਹਾਂ ਤੇ ਭਵਸਾਗਰ ਤੋਂ ਪਾਰ ਲੰਘ ਸਕਦੇ ਹਾਂ। ਜੋ ਰਾਮੁ ਨਾਮੁ ਨੂੰ ਚੇਤੇ ਰੱਖਣ ਵਾਲਾ ਹੈ ਭਾਵ ਸੱਚ ਨੂੰ ਚੇਤੇ ਰੱਖਣ ਵਾਲਾ ਹੈ ਉਹ ਫਿਰ ਔਗੁਣਾਂ ਨੂੰ ਤਿਆਗ ਕੇ, ਮਾਇਆ ਮੋਹ ਤਿਆਗ ਕੇ ਮਾੜੇ ਕਰਮ ਨਹੀਂ ਕਰਦਾ, ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਨਿੰਦਾ ਹੁੰਦੀ ਹੈ ਭਾਵ ਰਾਮੁ ਨਾਮੁ ਚੇਤਨ ਦਾ ਮਕਸਦ ਸਾਡੀ ਸੱਚੀ ਕਰਨੀ ਦੇ ਨਾਲ ਹੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੀ ਉਸਤਤਿ ਕਰ ਸਕਦੇ ਹਾਂ ਤੇ ਉਸਦੀ ਨਿੰਦਾ ਤੋਂ ਬਚ ਸਕਦੇ ਹਾਂ। **(ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ॥ ਨਿੰਦਾ ਕਰਤੇ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ॥੩॥ ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ॥ ਰਾਮੁ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ॥੪॥੧॥)**

28/3088

{ਲਿਖੁ ਲੇਖਣਿ ਕਾਗਦਿ ਮਸਵਾਣੀ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ॥੧॥ਰਹਾਉ॥}

(ਅੰਗ ੧੮੫)

{ਨਿਜ ਪਦ ਊਪਰਿ ਲਾਗੋ ਧਿਆਨੁ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੧੫੯)

ਪੂਰੀ ਗੁਰਬਾਣੀ ਵਿੱਚ ਰਾਮ ਨਾਮ ਹੈ ਭਾਵ ਬ੍ਰਹਮਗਿਆਨ ਹੈ, ਪ੍ਰਮਾਤਮਾ ਦਾ ਦਿੱਤਾ ਹੋਇਆ ਗਿਆਨ ਹੈ ਤੇ ਇਸ ਗਿਆਨ ਦੇ ਨਾਲ ਜੁੜਕੇ ਅਸੀਂ ਉਸ ਬ੍ਰਹਮਗਿਆਨ ਦੇ ਮਾਲਕ ਨਾਲ ਜੁੜਨਾ ਹੈ ਭਾਵ ਮੇਲ ਕਰਨਾ ਹੈ ਤੇ ਉਸ ਦੇ ਕੋਲੋਂ ਮਨ ਦੇ ਵਿੱਚ ਹੀ ਬ੍ਰਹਮਗਿਆਨ ਦੀ ਪ੍ਰਾਪਤੀ ਕਰਨੀ ਹੈ ਜਿਸ ਦੁਆਰਾ ਇਹ ਸਾਡਾ ਜੀਵਨ ਸਫ਼ਲ ਹੋਣਾ ਹੈ। ਗੁਰਬਾਣੀ ਦੇ ਦੱਸੇ ਹੋਏ ਸੱਚ ਦੇ ਨਾਲ ਜੁੜ ਕੇ ਅਸੀਂ ਉਸ ਸੱਚ ਦੇ ਮਾਲਕ ਤੱਕ ਪਹੁੰਚਣਾ ਹੈ ਤੇ ਉਸ ਤੋਂ ਬਾਅਦ ਹੀ ਭਾਵ ਪੂਰਨ ਸੱਚ ਦੀ ਸੋਝੀ ਪੈਣ ਤੋਂ ਬਾਅਦ ਹੀ ਅਸੀਂ ਨਿੰਦਾ ਤੋਂ ਮੁਕਤ ਹੋ ਸਕਦੇ ਹਾਂ ਜੋ ਕਿ ਉਹ ਆਪ ਹੀ ਕਰਦਾ ਹੈ। ਸਾਡਾ ਸੱਚਾ ਉੱਦਮ ਕੇਵਲ ਇਹੀ ਹੈ ਕਿ ਅਸੀਂ ਸੱਚ ਨਾਲ ਜੁੜਨ ਦਾ ਸੱਚਾ ਉੱਦਮ ਕਰੀਏ ਭਾਵ ਗੁਰਮਤਿ ਨਾਲ ਜੁੜਨ ਦਾ ਸੱਚਾ ਉੱਦਮ ਕਰੀਏ, ਮਨਮਤਿ ਵਿੱਚੋਂ ਨਿਕਲਣ ਦਾ, ਭਰਮ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰੀਏ। ਗੁਰਬਾਣੀ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਸਾਨੂੰ ਸੱਚ ਸਮਝਾਉਣ ਦਾ ਹੀ ਹੈ ਤਾਂ ਜੋ ਅਸੀਂ ਸੱਚ ਨਾਲ ਜੁੜਕੇ ਉਸ ਸੱਚ ਦੇ ਮਾਲਕ ਨਾਲ ਮੇਲ ਕਰ ਸਕੀਏ, ਨਾਮ ਦੇ ਨਾਲ ਜੁੜਕੇ ਨਾਮ ਦੇ ਮਾਲਕ ਨਾਲ ਮੇਲ ਕਰ ਸਕੀਏ ਜੋ ਸੱਚ ਦਾ ਸ੍ਰੋਤ ਹੈ, ਨਾਮ ਦਾ ਸ੍ਰੋਤ ਹੈ, ਗੁਰਮਤਿ ਦਾ ਸ੍ਰੋਤ ਹੈ, ਬ੍ਰਹਮਗਿਆਨ ਦਾ ਸ੍ਰੋਤ ਹੈ। ਉਹ ਸ੍ਰੋਤ ਸਾਡੇ ਅੰਦਰ ਹੀ ਹੈ ਜੋ ਕਿ ਮਨ ਦੇ ਰੂਪ ਵਿੱਚ ਹੈ ਜਿੱਥੋਂ ਸਾਨੂੰ ਸਾਰੀ ਸੋਝੀ ਪੈਂਦੀ ਹੈ। ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਅਸੀਂ ਸਾਰੇ ਕਰਮ ਕਰਦੇ ਹਾਂ। ਸਾਨੂੰ

ਭਰਮ ਵਿੱਚ ਰੱਖਣ ਵਾਲੀ ਮਨ ਦੀ ਸੋਝੀ ਹੈ ਤੇ ਭਰਮ ਵਿੱਚੋਂ ਨਿਕਲਣ ਦਾ ਸਾਧਨ ਵੀ ਮਨ ਦੀ ਸੋਝੀ ਹੈ। ਆਓ ਸਰੀਰਕ ਕਿਰਿਆਵਾਂ ਵਿੱਚੋਂ ਨਿਕਲਕੇ, ਸਰੀਰਕ ਜਪਾਂ ਤਪਾਂ ਵਿੱਚੋਂ ਨਿਕਲਕੇ ਆਪਣੇ ਮਨ ਦੀ ਸੋਝੀ ਨੂੰ ਗੁਰਮਤਿ ਦੀ ਸੋਝੀ ਦੇ ਨਾਲ ਜੋੜੀਏ ਜਿਸ ਦੁਆਰਾ ਸਾਡੇ ਜੀਵਨ ਦਾ ਉਧਾਰ ਹੋ ਸਕਦਾ ਹੈ ਤੇ ਸੰਤ ਦੀ ਨਿੰਦਾ ਤੋਂ ਬਚਿਆ ਜਾ ਸਕਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ।

ਗੁਰਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਨੇ ਸਾਨੂੰ ਬਹੁਤ ਵੱਡੀ ਦਾਤਿ ਬਖ਼ਸ਼ੀ ਹੈ ਤੇ ਜੋ ਮਨੁੱਖ ਗੁਰਬਾਣੀ ਗੁਰੂ ਨਾਲ ਜੁੜਿਆ ਹੋਇਆ ਹੈ ਉਹ ਹਰ ਕੋਈ ਇਸ ਗੱਲ ਨੂੰ ਸਮਝਦਾ ਹੈ ਤੇ ਮੰਨਦਾ ਹੈ। ਇਸ ਜਗ ਨੂੰ ਗੁਰਬਾਣੀ ਬਖ਼ਸ਼ ਕੇ ਪ੍ਰਮਾਤਮਾ ਨੇ ਬਹੁਤ ਵੱਡੀ ਕ੍ਰਿਪਾ ਕੀਤੀ ਹੈ ਤੇ ਸੰਸਾਰ ਨੂੰ ਬਹੁਤ ਵੱਡੀ ਦਾਤਿ ਬਖ਼ਸ਼ੀ ਹੈ ਜਿਸ ਦੁਆਰਾ

28/3089

ਸਾਨੂੰ ਪ੍ਰਮਾਤਮਾ ਦਾ ਤੱਤ ਸਾਰ ਸਮਝਾਇਆ ਗਿਆ ਹੈ, ਉਸਦਾ ਨਿਰਗੁਣ ਰੂਪ ਸਮਝਾਇਆ ਗਿਆ ਹੈ ਜਿਸ ਨੂੰ ਜਾਨਣ ਤੋਂ ਹਰ ਕੋਈ ਵਾਂਝਾ ਸੀ ਤੇ ਅਸੀਂ ਦੇਹ ਰੂਪ ਦੇ ਨਾਲ ਹੀ ਜੁੜੇ ਹੋਏ ਸੀ ਭਾਵ ਦੇਹ ਨੂੰ ਹੀ ਪ੍ਰਮਾਤਮਾ ਦਾ ਰੂਪ ਸਮਝਕੇ ਪੂਜਦੇ ਰਹੇ ਹਾਂ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਦੇਹ ਵਿੱਚੋਂ ਕੱਢ ਕੇ ਭਾਵ ਆਕਾਰ ਰੂਪ ਵਿੱਚੋਂ ਕੱਢ ਕੇ ਸ਼ਬਦ ਰੂਪ ਦੇ ਨਾਲ ਜੋੜਿਆ ਹੈ, ਨਿਰਗੁਣ ਰੂਪ ਦੇ ਨਾਲ ਜੋੜਿਆ ਹੈ, ਗਿਆਨ ਰੂਪ ਦੇ ਨਾਲ ਜੋੜਿਆ ਹੈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਜੋ ਸਾਨੂੰ ਦਾਤਿ ਬਖ਼ਸ਼ੀ ਹੈ ਉਹ ਨਿਰਗੁਣ ਰੂਪ ਵਿੱਚ ਬਖ਼ਸ਼ੀ ਹੈ, ਸ਼ਬਦ ਰੂਪ ਵਿੱਚ ਬਖ਼ਸ਼ੀ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਬਖ਼ਸ਼ੀ ਹੈ ਭਾਵ ਸੱਚੀ ਮਤਿ ਦੇ ਰੂਪ ਵਿੱਚ ਬਖ਼ਸ਼ੀ ਹੈ। ਪ੍ਰਮਾਤਮਾ ਦੀ ਇਹ ਦਾਤਿ ਸਾਡੇ ਕੋਲ ਗੁਰਮਤਿ ਦੇ ਰੂਪ ਵਿੱਚ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ, ਪ੍ਰਮਾਤਮਾ ਦੀ ਅਸਲੀਅਤ ਦੀ ਸੋਝੀ ਪੈਂਦੀ ਹੈ ਤੇ ਪ੍ਰਮਾਤਮਾ ਨੂੰ ਪਾਉਣ ਦੀ ਵਿਧੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਉਸਨੂੰ ਅਸੀਂ ਕਿਸ ਰੂਪ ਵਿੱਚ ਜਾਨਣਾ ਹੈ ਤੇ ਕਿਸ ਜਗ੍ਹਾ ਤੋਂ ਜਾਣਨਾ ਹੈ। ਪ੍ਰਮਾਤਮਾ ਦੀ ਇਹ ਦਾਤਿ ਸਾਡੀ ਸੋਝੀ ਦੇ ਨਾਲ ਜੁੜੀ ਹੋਈ ਹੈ ਭਾਵ ਮਨ ਦੇ ਗਿਆਨ ਨਾਲ ਜੁੜੀ ਹੋਈ ਹੈ। ਜੋ ਗੁਰਮਤਿ ਦੀ ਸੋਝੀ ਦੇ ਨਾਲ ਜੁੜਦਾ ਹੈ ਉਹੀ ਪ੍ਰਮਾਤਮਾ ਦੀ ਦਾਤਿ ਦੇ ਨਾਲ ਜੁੜਦਾ ਹੈ ਤੇ ਉਸ ਦਾਤਿ ਦੇ ਮਾਲਕ ਤੱਕ ਪਹੁੰਚ ਸਕਦਾ ਹੈ ਤੇ ਜੋ ਪ੍ਰਮਾਤਮਾ ਦੀ ਇਸ ਦਾਤਿ ਨਾਲ ਨਹੀਂ ਜੁੜਦੇ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਦੀ ਇਹ ਦਾਤਿ ਨਹੀਂ ਭਾਉਂਦੀ ਉਹ ਆਪਣੀ ਮਤਿ ਦੇ ਨਾਲ ਹੀ ਜੁੜੇ ਰਹਿੰਦੇ ਹਨ, ਭਰਮ ਨਾਲ ਹੀ ਜੁੜੇ ਰਹਿੰਦੇ ਹਨ ਜਿਸ ਕਰਕੇ ਉਹ ਗੁਰੂ ਦੀ ਨਿੰਦਾ ਕਰਦੇ ਹਨ। ਜਿਸ ਨੂੰ ਗੁਰੂ ਦੀ ਦਾਤਿ ਨਹੀਂ ਭਾਉਂਦੀ ਉਹ ਉਸਦਾ ਨਿੰਦਕ ਹੈ ਭਾਵ ਗੁਰਮਤਿ ਦਾ ਨਿੰਦਕ, ਗੁਰੂ ਦਾ ਨਿੰਦਕ ਹੈ। ਆਓ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਦੁਆਰਾ ਸਮਝੀਏ ਤੇ ਗੁਰੂ ਦੀ ਨਿੰਦਾ ਤੋਂ ਬਚਣ ਦਾ ਉਪਰਾਲਾ ਕਰੀਏ।

ਗੂਜਰੀ ਮਹਲਾ ੧॥

“ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ॥
ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥੧॥
ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥
ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ॥੧॥ਰਹਾਉ॥
ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ॥
ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ॥੨॥
ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ॥
ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ॥੩॥
ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ॥
ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ॥੪॥
ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ॥
ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ॥੫॥
ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ॥
ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥੬॥
ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ॥

ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ॥੭॥

ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ॥

ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ॥੮॥੪॥"

(ਅੰਗ ੫੦੪)

ਉੱਪਰ ਸ਼ਬਦ ਵਿੱਚ ਪਹਿਲਾਂ ਗੁਰੂ ਦੀ ਆਪਣੀ ਅਵੱਸਥਾ ਸਮਝਾਈ ਹੋਈ ਹੈ ਜਿਸਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ, ਜਿਸ ਨੂੰ ਨਾਮ ਦੀ ਪ੍ਰਾਪਤੀ ਹੋਈ ਹੋਈ ਹੈ ਭਾਵ ਜਿਸ ਨੂੰ ਪ੍ਰਮਾਤਮਾ ਦੇ ਕੋਲੋਂ ਸੱਚੀ ਗੁਰਮਤਿ ਦੀ ਸੋਝੀ ਮਿਲੀ ਹੋਈ ਹੈ ਜਿਸ ਦੁਆਰਾ ਉਹ ਹਰ ਵੇਲੇ ਪ੍ਰਮਾਤਮਾ ਦੇ ਗੁਣਾਂ ਵਿੱਚ ਵਿਚਰਦਾ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ। ਗੁਰੂ ਮਨ ਦੀ ਖੋਟ ਵਿੱਚੋਂ ਨਿਕਲਿਆ ਹੋਇਆ ਹੈ ਕਿਉਂਕਿ ਗੁਰੂ ਦੇ ਮਨ ਦੇ ਅੰਦਰ ਸੱਚ ਹੈ। ਜਿਸਦੇ ਅੰਦਰ ਸੱਚ ਨਹੀਂ ਹੈ ਭਾਵ ਜਿਸ ਦੇ ਮਨ ਵਿੱਚ ਖੋਟ ਹੈ ਉਹ

28/3090

ਗੁਰੂ ਪ੍ਰਮਾਤਮਾ ਦਾ ਨਿੰਦਕ ਹੈ।

"ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ॥

ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥੧॥

ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥

ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ॥੧॥ਰਹਾਉ॥"

ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਹੈ ਤੇ ਜੋ ਪ੍ਰਮਾਤਮਾ ਦੀ ਸ਼ਰਨ ਵਿੱਚ ਆ ਜਾਂਦੇ ਹਨ ਉਹ ਪ੍ਰਮਾਤਮਾ ਦੇ ਜਨ ਬਣ ਜਾਂਦੇ ਹਨ ਭਾਵ ਉਸਦੀ ਮਤਿ ਵਾਲੇ ਬਣ ਜਾਂਦੇ ਹਨ ਤੇ ਸੰਸਾਰਿਕ ਉੱਚ ਨੀਚ ਤੋਂ ਨਿਕਲ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਵਿੱਚ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ। **(ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ॥)** ਜੋ ਪ੍ਰਮਾਤਮਾ ਦੇ ਲੋਗ, ਪ੍ਰਮਾਤਮਾ ਦੇ ਜਨ ਭਾਵ ਉਸਦੇ ਭਗਤ ਬਣ ਜਾਂਦੇ ਹਨ ਉਹੀ "ਨਾਮ ਰਤੇ" ਬਣ ਜਾਂਦੇ ਹਨ ਕਿਉਂਕਿ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਸਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਹੀ ਮਿਲਦਾ ਹੈ ਭਾਵ ਬ੍ਰਹਮਗਿਆਨ ਹੀ ਮਿਲਦਾ ਹੈ, ਗੁਰਮਤਿ ਦਾ ਸੱਚਾ ਗਿਆਨ ਹੀ ਮਿਲਦਾ ਹੈ ਤੇ ਕੇਵਲ ਉਸਦੇ ਭਗਤ ਹੀ ਉਸ ਪ੍ਰਮਾਤਮਾ ਦੇ ਬੈਰਾਗੀ ਬਣਦੇ ਹਨ ਜੋ ਹਰ ਵੇਲੇ ਉਸਦੇ ਬੈਰਾਗ ਵਿੱਚ ਰਹਿੰਦੇ ਹਨ, ਸੱਚ ਦੇ ਬੈਰਾਗ ਵਿੱਚ ਰਹਿੰਦੇ ਹਨ ਭਾਵ ਉਨ੍ਹਾਂ ਦੇ ਅੰਦਰ ਹਰ ਵੇਲੇ ਸੱਚ ਤੇ ਚੱਲਣ ਦੀ, ਗੁਰਮਤਿ ਦੁਆਰਾ ਵਿਚਰਨ ਦੀ ਹੀ ਚਾਹਨਾ ਬਣੀ ਰਹਿੰਦੀ ਹੈ, ਤਾਂਘ ਬਣੀ ਰਹਿੰਦੀ ਹੈ ਤੇ ਉਹ ਸੱਚ ਤੋਂ ਕਦੇ ਨਹੀਂ ਡੋਲਦੇ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਸੰਜੋਗ ਵਿਯੋਗ ਦੇ ਰੋਗ ਵਿੱਚੋਂ ਨਿਕਲਦਾ ਹੈ ਭਾਵ ਮਾਇਆ ਦੇ ਵਿਛੋੜੇ ਦਾ, ਮਾਇਆ ਦੇ ਵਿਯੋਗ ਦਾ ਉਸ ਨੂੰ ਸੋਗ ਨਹੀਂ ਰਹਿੰਦਾ, ਚਿੰਤਾ ਨਹੀਂ ਰਹਿੰਦੀ। ਪ੍ਰਮਾਤਮਾ ਦਾ ਜਨ ਇਸ ਰੋਗ ਵਿੱਚੋਂ ਨਿਕਲ ਜਾਂਦਾ ਹੈ, ਮਾਇਆ ਮੋਹ ਦੇ, ਤ੍ਰਿਸ਼ਨਾ ਦੇ ਰੋਗ ਵਿੱਚੋਂ ਨਿਕਲ ਜਾਂਦਾ ਹੈ ਕਿਉਂਕਿ ਉਹ ਨਾਮ ਦੇ ਨਾਲ ਰੱਤਿਆ ਜਾਂਦਾ ਹੈ, ਗੁਰਮਤਿ ਰੂਪ ਸੱਚੀ ਮਤਿ ਦੇ ਨਾਲ ਰੱਤਿਆ ਜਾਂਦਾ ਹੈ ਤੇ ਜਦੋਂ ਸੱਚ ਤੇ ਚੱਲਣ ਦਾ ਬੈਰਾਗ ਪੈਦਾ ਹੋ ਜਾਂਦਾ ਹੈ ਫਿਰ ਸੱਚ ਤੋਂ ਬਿਨ੍ਹਾਂ ਕੁੱਝ ਵੀ ਚੰਗਾ ਨਹੀਂ ਲੱਗਦਾ ਤੇ ਤਾਂ ਹੀ ਮਨੁੱਖ ਮਾਇਆ ਮੋਹ ਦੀ ਚਿੰਤਾ ਵਿੱਚੋਂ ਨਿਕਲਦਾ ਹੈ, ਤ੍ਰਿਸ਼ਨਾ ਦੇ ਰੋਗ ਵਿੱਚੋਂ ਨਿਕਲਦਾ ਹੈ। **(ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥੧॥)**

ਨਾਮ ਰੱਤੇ ਅਖਵਾਉਣ ਵਾਲੇ ਤਾਂ ਭਰੇ ਪਏ ਹਨ, ਕ੍ਰੋੜਾਂ ਹੀ ਹਨ ਪਰ ਕੀ ਉਨ੍ਹਾਂ ਵਿੱਚੋਂ ਕੋਈ ਇਹੋ ਜਿਹੀ ਅਵੱਸਥਾ ਵਾਲਾ ਵੀ ਹੈ ਜੋ ਅਵੱਸਥਾ ਉੱਪਰ ਸਮਝਾਈ ਹੋਈ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ। ਨਾਮ ਦੇ ਨਾਲ ਰੱਤੇ ਜਾਣਾ, ਗੁਰੂ ਦੀ ਮਤਿ ਦੇ ਨਾਲ ਰੱਤੇ ਜਾਣਾ ਹੈ ਜੋ ਕਿ ਸਾਡੇ ਮਨ ਦੀ ਸੋਝੀ ਨੇ

28/3091

ਰੱਤਣਾ ਹੈ, ਮਨ ਦੇ ਵਿਚਾਰਾਂ ਨੇ ਗੁਰੂ ਦੇ ਵਿਚਾਰਾਂ ਨਾਲ ਰੱਤਣਾ ਹੈ ਤੇ ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਸੋਝੀ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥

ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ॥੧॥ਰਹਾਉ॥”

ਉਸ ਪ੍ਰਮਾਤਮਾ ਦੀ ਭਗਤੀ ਉਸਦੀ ਕ੍ਰਿਪਾ ਤੋਂ ਬਿਨ੍ਹਾਂ ਨਹੀਂ ਹੋ ਸਕਦੀ। ਉਹ ਆਪਣੀ ਕ੍ਰਿਪਾ ਕਿਸ ਰੂਪ ਵਿੱਚ ਕਰਦਾ ਹੈ ਇਹੀ ਗੱਲ ਅਸੀਂ ਸ਼ਬਦ ਦੀਆਂ ਪਿਛਲੀਆਂ ਪੰਗਤੀਆਂ ਦੁਆਰਾ ਸਮਝੀ ਹੈ। ਜਿਸ ਤੇ ਉਹ ਕ੍ਰਿਪਾ ਕਰਦਾ ਹੈ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਕਰਦਾ ਹੈ ਜੋ ਕ੍ਰਿਪਾ ਉਸਨੇ ਗੁਰੂ ਤੇ ਕੀਤੀ ਹੋਈ ਹੈ। ਗੁਰੂ ਨੇ ਉਸਨੂੰ ਆਪਣੇ ਨਾਮ ਨਾਲ ਰੱਤਿਆ ਹੋਇਆ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਰੱਤਿਆ ਹੋਇਆ ਹੈ ਜਿਸ ਦੁਆਰਾ ਗੁਰੂ ਮਾਇਆ ਮੋਹ ਵਿੱਚੋਂ ਨਿਕਲਿਆ ਹੋਇਆ ਹੈ, ਤ੍ਰਿਸ਼ਨਾ ਦੇ ਰੋਗ ਵਿੱਚੋਂ ਨਿਕਲਿਆ ਹੋਇਆ ਹੈ ਤੇ ਉਸਨੂੰ ਸਮਝ ਹੈ ਕਿ ਕੋਈ ਉੱਤਮ ਨੀਚ ਨਹੀਂ ਹੈ ਭਾਵ ਸਭ ਵਿੱਚ ਪ੍ਰਮਾਤਮਾ ਆਪ ਹੀ ਵਰਤਦਾ ਹੈ। ਪ੍ਰਮਾਤਮਾ ਦੀ ਭਗਤੀ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਹੁੰਦੀ ਹੈ ਜੋ ਕਿ ਆਪ ਹੀ ਗੁਰੂ ਹੈ ਭਾਵ ਮਨ ਦੇ ਵਿੱਚ ਗਿਆਨ ਦੇਣ ਵਾਲਾ ਹੈ। **(ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥)** ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਭਗਤੀ ਕਰਨ ਵਾਲਿਆਂ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ।

“ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ॥੧॥ਰਹਾਉ॥”

ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਵਿਚਰਦਾ ਹੈ ਇਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਗੁਰੂ ਦੇ ਅੰਦਰ ਪ੍ਰਮਾਤਮਾ ਇਸ ਰੂਪ ਵਿੱਚ ਹੀ ਹੈ। ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। “ਸਤਿਗੁਰ” ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਆਪਣੇ ਵਾਕਿ ਦੁਆਰਾ ਭਾਵ ਆਪਣੇ ਬੋਲਾਂ ਦੁਆਰਾ ਸਾਡੇ ਹਿਰਦੇ ਦੇ ਅੰਦਰ ਹੈ, ਸਾਡੇ ਮਨ ਦੇ ਅੰਦਰ ਹੈ। ਪ੍ਰਮਾਤਮਾ ਦੇ ਵਾਕਿ ਭਾਵ ਉਸਦੇ ਬੋਲ ਸਾਡੇ ਅੰਦਰ ਗਿਆਨ ਦੇ ਰੂਪ ਵਿੱਚ ਹਨ ਜੋ ਬੋਲ ਮਨ ਦੇ ਅੰਦਰ ਹੀ ਖਾਮੋਸ਼ ਅਵੱਸਥਾ ਵਿੱਚ ਸੁਣੇ ਜਾਂਦੇ ਹਨ, ਮਨ ਦੀ ਸੋਚ ਰਾਹੀਂ ਸੁਣੇ ਜਾਂਦੇ ਹਨ। ਮਨੁੱਖ ਨੂੰ ਜੋ ਵੀ ਸੋਝੀ ਪੈਂਦੀ ਹੈ ਉਹ ਮਨ ਦੀ ਸੋਚ ਰਾਹੀਂ ਹੀ ਪੈਂਦੀ ਹੈ। ਜਦੋਂ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਉਹ ਮਨ ਦੀ ਸੋਚ ਰਾਹੀਂ ਹੀ ਪ੍ਰਗਟ ਹੁੰਦਾ ਹੈ ਤੇ ਉਸ ਦਾ ਆਪਣੇ ਆਪ ਨੂੰ ਪ੍ਰਗਟ ਕਰਨ ਦਾ ਤਰੀਕਾ ਕੀ ਹੈ ਇਹ ਸੰਸਾਰ ਦੀ ਸਭ ਤੋਂ ਵੱਡੀ

ਅਸਚਰਜਤਾ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਜਿਸ ਤੇ ਪ੍ਰਮਾਤਮਾ ਆਪਣੀ ਇਹ ਕ੍ਰਿਪਾ ਕਰਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ। ਉਹ ਮਨੁੱਖ ਨੂੰ ਹਕੀਕਤ ਵਿੱਚ ਕਠਪੁਤਲੀ ਬਣਾ ਕੇ ਦਿਖਾਉਂਦਾ ਹੈ ਜਿਸ ਨੂੰ ਸਮਝਾਇਆ ਨਹੀਂ ਜਾ ਸਕਦਾ, ਇਹ ਪ੍ਰਮਾਤਮਾ ਦੀ ਬਹੁਤ ਹੀ ਵਚਿੱਤਰ ਖੇਡ ਹੈ। ਪ੍ਰਮਾਤਮਾ ਆਪਣੇ ਗਿਆਨ ਦੁਆਰਾ ਭਾਵ ਉੱਚੇ ਗਿਆਨ ਦੁਆਰਾ ਨਿਰਮਲ ਹੈ ਜਿਸ ਦੁਆਰਾ ਉਸਨੂੰ ਪੂਰਨ ਸੱਚ ਦੀ ਸੋਝੀ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਵਾਕਿ ਦੁਆਰਾ ਭਾਵ ਬੋਲਾਂ ਦੁਆਰਾ ਪੂਰਨ ਸੱਚ ਦੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਦਾ ਮਨ ਪੂਰਨ ਸੱਚ ਦੀ ਸੋਝੀ ਵਾਲਾ ਬਣ ਜਾਂਦਾ ਹੈ ਭਾਵ “ਨਿਰਮਲੁ” ਬਣ ਜਾਂਦਾ ਹੈ। ਮਨ ਦਾ ਇਹ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ। ਨਿਰਮਲ ਉਹ ਪ੍ਰਮਾਤਮਾ ਆਪ ਹੈ ਤੇ ਜਿੱਥੇ ਉਹ ਆਪਣੇ ਇਸ ਰੂਪ ਦੁਆਰਾ ਪ੍ਰਗਟ ਹੋ ਜਾਂਦਾ ਹੈ ਉਸ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ ਭਾਵ ਪੂਰਨ ਸੱਚ ਦੀ ਸੋਝੀ ਵਾਲਾ ਹੋ ਜਾਂਦਾ ਹੈ। **(ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ)** ਗੁਰੂ ਮਨ ਦੀ ਇਸ ਅਵੱਸਥਾ ਦੁਆਰਾ ਨਿਰਮਲ ਹੈ ਜਿਸ ਦੁਆਰਾ ਉਹ ਆਪ ਸੱਚ ਤੇ ਚੱਲਦਾ ਹੈ ਤੇ ਸਭ ਨੂੰ ਸੱਚ ਸਮਝਾਉਂਦਾ ਹੈ, ਉਹ ਆਪ ਅਗਿਆਨਤਾ ਵਿੱਚੋਂ ਨਿਕਲਿਆ ਹੋਇਆ ਹੈ ਤੇ ਸਭ ਨੂੰ ਅਗਿਆਨਤਾ ਵਿੱਚੋਂ ਕੱਢ ਰਿਹਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਕੋਈ ਜਮਾ ਦੀ ਮੁਥਾਜੀ ਵਿੱਚੋਂ ਨਿਕਲਦਾ ਹੈ ਭਾਵ ਲੇਖਾ ਦੇਣ ਤੋਂ ਨਿਕਲਦਾ ਹੈ ਕਿਉਂਕਿ ਇਹ ਅਵੱਸਥਾ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਮਨੁੱਖ ਔਗੁਣ ਰਹਿਤ ਹੋ ਕੇ ਵਿਚਰਦਾ ਹੈ ਕਿਉਂਕਿ ਉਹ ਹਰ ਵੇਲੇ ਪ੍ਰਮਾਤਮਾ ਦੇ ਨਾਮ ਵਿੱਚ ਰੱਤਿਆ ਹੋਇਆ ਹੈ। **(ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ॥ ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥੧॥ ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥ ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ॥੧॥ਰਹਾਉ॥)**

ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ॥

ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ॥੨॥”

ਸਾਡੀ ਰਸਨਾ ਪ੍ਰਮਾਤਮਾ ਦੇ ਗੁਣ ਉਦੋਂ ਹੀ ਗਾ ਸਕਦੀ ਹੈ ਜਦੋਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ, ਜਦੋਂ ਉਸ ਦਾ ਨਿਰਮਲ ਰੂਪ ਸਾਡੇ ਅੰਦਰ ਪ੍ਰਗਟ ਹੋ ਜਾਂਦਾ ਹੈ ਜੋ ਰੂਪ ਉਸਦਾ ਗੁਰੂ ਦੇ ਅੰਦਰ ਪ੍ਰਗਟ ਹੋਇਆ ਹੋਇਆ ਹੈ। ਜੇਕਰ ਸਾਡਾ ਮਨ ਨਿਰਮਲ ਹੈ ਤਾਂ ਹੀ ਫਿਰ ਸਾਡੀ ਰਸਨਾ ਨਿਰਮਲ ਹੈ। ਪ੍ਰਮਾਤਮਾ ਦੇ ਗੁਣ ਮਨ ਦੀ ਸੋਝੀ ਦੁਆਰਾ ਹੀ ਗਾਏ ਜਾ ਸਕਦੇ ਹਨ ਤੇ ਸਾਡੀ ਰਸਨਾ ਕੇਵਲ ਉਹੀ ਕੁੱਝ ਬੋਲਦੀ ਹੈ ਜੋ ਮਨ ਉਸਦੇ ਕੋਲੋਂ ਬੁਲਵਾਉਂਦਾ ਹੈ। ਜਿਸ ਦਾ ਮਨ ਪਵਿੱਤਰ ਹੈ ਉਸਦੀ

ਰਸਨਾ ਪਵਿੱਤਰ ਹੈ, ਉਸਦਾ ਤਨ ਪਵਿੱਤਰ ਹੈ। ਜਦੋਂ ਪ੍ਰਮਾਤਮਾ ਦੇ ਨਾਲ ਸੰਗ ਬਣ ਜਾਂਦਾ ਹੈ, ਉਦੋਂ ਪ੍ਰਮਾਤਮਾ ਨੂੰ ਜੋ ਕੁੱਝ ਭਾਉਂਦਾ ਹੈ ਉਹ ਮਨ ਦੀ ਸੋਝੀ ਰਾਹੀਂ ਆਪ ਹੀ ਕਰਵਾਉਂਦਾ ਹੈ, ਆਪਣੇ ਵਾਕਿ ਰਾਹੀਂ ਆਪ ਹੀ ਕਰਵਾਉਂਦਾ ਹੈ ਭਾਵ ਆਪਣੇ ਭਾਣੇ ਵਿੱਚ ਆਪ ਹੀ ਚਲਾਉਂਦਾ ਹੈ। ਉਸਦੇ ਭਾਣੇ ਵਿੱਚ ਚੱਲਣਾ ਹੀ ਉਸ ਪ੍ਰਮਾਤਮਾ ਦੇ ਗੁਣ ਗਾਉਣੇ ਹਨ, ਰਸਨਾ ਨਾਲ ਉਸਦੇ ਗੁਣ ਗਾਉਣੇ ਹਨ। ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਸੋਝੀ ਮਿਲਣਾ ਸਾਡੇ ਅੰਦਰ ਸਹਜ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ ਭਾਵ ਪ੍ਰਮਾਤਮਾ ਨਾਲ ਸੰਗ ਦੀ ਅਵੱਸਥਾ ਹੈ। ਆਪਣੇ ਗੁਣ ਉਹ ਆਪ ਹੀ ਗਵਾਉਂਦਾ ਹੈ, ਆਪਣਾ ਨਾਮ ਉਹ ਆਪ ਹੀ ਜਪਵਾਉਂਦਾ ਹੈ ਭਾਵ ਮਨ ਦੇ ਵਿੱਚ ਸੱਚੀ ਸੋਝੀ ਦੁਆਰਾ ਆਪਣੇ ਸੱਚ ਤੇ ਉਹ ਆਪ ਹੀ ਚਲਾਉਂਦਾ ਹੈ। ਇਹੋ ਜਿਹੀ ਸੱਚੀ ਸੁੱਚੀ ਵਿਚਰਨ ਤੋਂ ਬਿਨ੍ਹਾਂ, ਨਾਮ ਵਾਲੀ ਵਿਚਰਨ ਤੋਂ ਬਿਨ੍ਹਾਂ ਜਗ ਦੇ ਵਿੱਚ ਮਨੁੱਖ ਦਾ ਜੀਵਨ ਵਿਅਰਥ ਹੈ, ਹਰ ਘੜੀ ਨਿਹਫਲ ਹੈ ਭਾਵ ਕਿਸੇ ਲੇਖੇ ਨਹੀਂ ਹੈ। ਮਨ ਦੀ ਇਸ ਅਵੱਸਥਾ ਦੁਆਰਾ ਗੁਰੂ ਦੀ ਹਰ ਘੜੀ ਸਫ਼ਲ ਹੈ। **(ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ॥ ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ॥੨॥)**

ਮਨ ਦੀ ਇਸ ਅਵੱਸਥਾ ਦੁਆਰਾ ਭਾਵ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਗੁਰੂ ਦੇ ਮਨ ਦੀ ਖੋਟ ਨਿਕਲੀ ਹੋਈ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਉਸਦੀ ਉਸਤਤਿ ਕਰਦਾ ਹੈ। ਇਸ ਤੋਂ ਉਲਟ ਜਿਸਦੇ ਮਨ ਵਿੱਚ ਖੋਟ ਹੈ ਉਹ ਗੁਰੂ ਪ੍ਰਮਾਤਮਾ ਦਾ ਨਿੰਦਕ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ॥

ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ॥੩॥

ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ॥

ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ॥੪॥”

ਗੁਰੂ ਦੇ ਵਿੱਚ ਤੇ ਆਮ ਮਨੁੱਖ ਦੇ ਵਿੱਚ ਮਨ ਦੀ ਸੋਝੀ ਦਾ ਹੀ ਫਰਕ ਹੈ, ਮਨ ਦੇ ਗਿਆਨ ਦਾ ਹੀ ਫਰਕ ਹੈ। ਇੱਕ ਪਾਸੇ ਗੁਰਮਤਿ ਹੈ ਤੇ ਦੂਜੇ ਪਾਸੇ ਦੁਰਮਤਿ ਹੈ, ਮਨਮਤਿ ਹੈ। ਇੱਕ ਪਾਸੇ ਨਾਮ ਹੈ ਦੂਜੇ ਪਾਸੇ ਹਉਮੈ ਹੈ। ਇੱਕ ਪਾਸੇ ਚੌਥਾ ਪਦ ਹੈ ਤੇ ਦੂਜੇ ਪਾਸੇ ਤ੍ਰੈਗੁਣ ਹੈ। ਇੱਕ ਪਾਸੇ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਦੂਜੇ ਪਾਸੇ ਪ੍ਰਮਾਤਮਾ ਨਾਲੋਂ ਵਿਛੋੜਾ ਹੈ, ਸੱਚੀ ਸੋਝੀ ਦੇ ਨਾਲ ਵਿਛੋੜਾ ਹੈ। ਸਾਡੇ ਅੰਦਰ ਸੱਚੀ ਸੋਝੀ ਦਾ ਨਾ ਹੋਣਾ ਹੀ ਸਾਡੇ ਅੰਦਰ ਖੋਟ ਹੈ ਜੋ ਸਾਨੂੰ ਗੁਰਮਤਿ ਤੋਂ ਦੂਰ ਰੱਖਦੀ ਹੈ, ਮਾਇਆ ਮੋਹ ਵਿੱਚ ਰੱਖਦੀ ਹੈ। ਮਨ ਦੀ ਖੋਟ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੇ ਨਿੰਦਕ ਬਣਦੇ ਹਾਂ ਭਾਵ ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹਨ। ਜਿਸਦੇ ਘਰ ਦੇ ਵਿੱਚ ਖੋਟ ਹੈ ਭਾਵ ਮਨ ਦੇ ਵਿੱਚ ਖੋਟ ਹੈ

ਉਸਨੂੰ ਪ੍ਰਮਾਤਮਾ ਦੇ ਘਰ ਵਿੱਚ ਜਗ੍ਹਾ ਨਹੀਂ ਮਿਲਦੀ, ਠਉਰ ਨਹੀਂ ਮਿਲਦੀ ਤੇ ਆਪਣੀ ਬਾਹਰੀ ਵਿਚਰਨ ਵਿੱਚ, ਸੰਸਾਰਿਕ ਵਿਚਰਨ ਵਿੱਚ ਗੁਰੂ ਦਾ ਨਿੰਦਕ ਬਣ ਕੇ ਵਿਚਰਦਾ ਹੈ ਜਿਸ ਦੁਆਰਾ ਮਨੁੱਖ ਦੀ ਕਦੇ ਗਤੀ ਨਹੀਂ ਹੋ ਸਕਦੀ ਭਾਵ ਇਹੋ ਜਿਹਾ ਮਨੁੱਖ ਕਦੇ ਮੁਕਤ ਨਹੀਂ ਹੋ ਸਕਦਾ। ਮੁਕਤ ਅਸੀਂ ਮਾਇਆ ਮੋਹ ਤੋਂ ਹੀ ਹੋਣਾ ਹੈ, ਮਨ ਦੀ ਖੋਟ ਤੋਂ ਹੀ ਹੋਣਾ ਹੈ ਜਿਸ ਦਾ

ਕਾਰਨ ਸਾਡੇ ਅੰਦਰ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ, ਨਾਮ ਦੀ ਸੋਝੀ ਦਾ ਨਾ ਹੋਣਾ ਹੈ। **(ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ॥)**

ਜੋ ਮਨੁੱਖ ਗੁਰੂ ਦੇ ਨਿੰਦਕ ਹਨ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਨ ਗੁਰੂ ਉਨ੍ਹਾਂ ਨੂੰ ਹੀ ਨਿੰਦਦਾ ਹੈ। ਗੁਰਬਾਣੀ ਰਾਹੀਂ ਸਾਨੂੰ ਵਾਰ-ਵਾਰ ਇਸੇ ਲਈ ਨਿੰਦਿਆ ਗਿਆ ਹੈ ਕਿਉਂਕਿ ਅਸੀਂ ਗੁਰੂ ਦੇ ਨਿੰਦਕ ਹਾਂ ਭਾਵ ਅਸੀਂ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ। ਗੁਰੂ ਨੇ ਸਾਡੇ ਲਈ ਗੁਰਬਾਣੀ ਰਾਹੀਂ ਅਨੇਕਾਂ ਹੀ ਮਾੜੇ ਸ਼ਬਦ ਵਰਤੇ ਹਨ, ਸਾਡੇ ਤੇ ਆਪਣਾ ਰੋਸ ਦਿਖਾਇਆ ਹੈ, ਗੁੱਸਾ ਦਿਖਾਇਆ ਹੈ ਪਰ ਗੁਰੂ ਦੇ ਇਸ ਰੋਸ ਵਿੱਚ ਸੱਚ ਹੈ ਜੋ ਰੋਸ ਗੁਰੂ ਨੇ ਸਾਡੇ ਭਲੇ ਲਈ ਦਿਖਾਇਆ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਸਾਨੂੰ ਰੋਸ ਦਿਖਾਉਣ ਵਾਲਾ ਵੀ ਪ੍ਰਮਾਤਮਾ ਆਪ ਹੀ ਹੈ। ਆਪਣਾ ਇਹ ਰੋਸ ਪ੍ਰਮਾਤਮਾ ਨੇ ਸਾਨੂੰ ਆਪਣੇ ਗੁਰੂ ਰੂਪ ਰਾਹੀਂ ਦਿਖਾਇਆ ਹੈ ਭਾਵ ਉਨ੍ਹਾਂ ਸਰੀਰਾਂ ਰਾਹੀਂ ਦਿਖਾਇਆ ਹੈ, ਉਨ੍ਹਾਂ ਸਰੀਰਾਂ ਦੀ ਬਾਣੀ ਰਾਹੀਂ ਦਿਖਾਇਆ ਹੈ, ਸ਼ਬਦਾਂ ਰਾਹੀਂ ਦਿਖਾਇਆ ਹੈ ਜਿੱਥੇ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਉਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੀ ਬਖ਼ਸ਼ਿਸ਼ ਮਨ ਦੇ ਗਿਆਨ ਰਾਹੀਂ ਹੀ ਕੀਤੀ ਹੈ ਜਿਸਦਾ ਮਕਸਦ ਸੰਸਾਰ ਨੂੰ ਸੱਚ ਸਮਝਾਉਣ ਲਈ ਹੈ ਤੇ ਉਨ੍ਹਾਂ ਨੂੰ ਮਾੜੇ ਕਰਮਾਂ ਤੋਂ ਹਟਾਉਣ ਲਈ ਹੈ। ਪ੍ਰਮਾਤਮਾ ਦਾ ਇਹ ਰੋਸ ਸਾਡੇ ਲਈ ਉਸਦੀ ਗੁਰਮਤਿ ਦੇ ਰੂਪ ਵਿੱਚ ਹੈ। ਪ੍ਰਮਾਤਮਾ ਆਪਣੀ ਗੁਰਮਤਿ ਹਰ ਦਿਨ ਸਮਝਾਉਂਦਾ ਹੀ ਰਹਿੰਦਾ ਹੈ, ਆਪਣਾ ਗਿਆਨ ਵਧਾਉਂਦਾ ਹੀ ਰਹਿੰਦਾ ਹੈ ਭਾਵ ਜਿੰਨ੍ਹਾਂ ਸਰੀਰਾਂ ਨੇ ਗੁਰਬਾਣੀ ਰਾਹੀਂ ਸਾਡੇ ਲਈ ਮਾੜੇ ਬੋਲ ਬੋਲੇ ਹਨ ਇਹ ਉਨ੍ਹਾਂ ਤੇ ਪ੍ਰਮਾਤਮਾ ਦੀ ਬਖਸ਼ਿਸ਼ ਦਾ ਨਤੀਜਾ ਹੈ ਜਿਸ ਦੁਆਰਾ ਉਨ੍ਹਾਂ ਨੇ ਸਾਨੂੰ ਗੁੱਸੇ ਵਾਲੇ ਬੋਲ ਬੋਲਕੇ ਸੱਚ ਦੀ ਨਸੀਹਤ ਦਿੱਤੀ ਹੈ, ਮਾੜੇ ਕਰਮ ਛੱਡਣ ਦੀ ਨਸੀਹਤ ਦਿੱਤੀ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੀ ਨਿੰਦਾ ਤੋਂ ਬਚ ਸਕੀਏ ਤੇ ਇਸ ਜੀਵਨ ਵਿੱਚ ਸਜ਼ਾਵਾਂ ਤੋਂ ਬਚ ਸਕੀਏ ਜੋ ਕਿ ਭੁਗਤਣੀਆਂ ਬਹੁਤ ਔਖੀਆਂ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੇ ਗੁੱਸੇ ਵਾਲੇ ਬੋਲਾਂ ਰਾਹੀਂ ਗੁਰੂ ਸਾਨੂੰ ਵਾਰ-ਵਾਰ ਮਾੜੇ ਕਰਮਾਂ ਤੋਂ ਬਚਣ ਲਈ, ਮਾਇਆ ਮੋਹ ਤੋਂ ਬਚਣ ਲਈ ਸੁਚੇਤ ਹੀ ਕਰਦਾ ਹੈ। **(ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ॥੩॥)**

ਗੁਰੂ ਨੂੰ ਪ੍ਰਮਾਤਮਾ ਕੋਲੋਂ ਇਹ ਬਖ਼ਸ਼ਿਸ਼ ਕਿਸ ਰੂਪ ਵਿੱਚ ਮਿਲੀ ਹੋਈ ਹੈ।

28/3095

ਭਾਵ ਉਸਦੀ ਦਾਤਿ ਕਿਸ ਰੂਪ ਵਿੱਚ ਮਿਲੀ ਹੋਈ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ॥

ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ॥੪॥”

ਪ੍ਰਮਾਤਮਾ ਦੀ ਇਹ ਉਹ ਦਾਤਿ ਹੈ, ਉਹ ਬਖ਼ਸ਼ ਹੈ ਜੋ ਨਿਤ ਨਿਤ ਚੜ੍ਹਦੀ ਰਹਿੰਦੀ ਹੈ, ਸਵਾਈ ਹੁੰਦੀ ਰਹਿੰਦੀ ਹੈ। ਇਹ ਕੋਈ ਮਾਇਆ ਦੀ ਦਾਤਿ ਨਹੀਂ ਹੈ ਇਹ ਉਹ ਦਾਤਿ ਹੈ ਜੋ ਦਾਤਿ ਪ੍ਰਮਾਤਮਾ ਨੇ ਗੁਰੂ ਨੂੰ ਬਖ਼ਸ਼ੀ ਹੋਈ ਹੈ ਤੇ ਗੁਰੂ ਨੇ ਅੱਗੋਂ ਇਹ ਦਾਤਿ ਸਾਰੇ ਸੰਸਾਰ ਨੂੰ ਬਖ਼ਸ਼ੀ ਹੈ, ਗੁਰਬਾਣੀ ਰਾਹੀਂ ਬਖ਼ਸ਼ੀ ਹੈ। ਪ੍ਰਮਾਤਮਾ ਦੀ ਇਹ ਦਾਤਿ ਸੱਚ ਰੂਪ ਦਾਤਿ ਹੈ, ਸੱਚੇ ਗਿਆਨ ਦੀ ਦਾਤਿ ਹੈ, ਗੁਰਮਤਿ ਰੂਪ ਦਾਤਿ ਹੈ, ਨਾਮ ਦੀ ਦਾਤਿ ਹੈ, ਬ੍ਰਹਮਗਿਆਨ ਰੂਪ ਦਾਤਿ ਹੈ, ਜਿਸ ਦਾਤਿ ਦੁਆਰਾ ਪ੍ਰਮਾਤਮਾ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਆਪਣੇ ਸੱਚ ਦੀ ਸੋਝੀ ਪਾਈ ਹੈ, ਤਤੁ ਸਾਰ ਦੀ ਸੋਝੀ ਪਾਈ ਹੈ, ਆਪਣੇ ਸ਼ਬਦ ਰੂਪ ਦੀ ਸੋਝੀ ਪਾਈ ਹੈ, ਆਪਣੇ ਨਿਰਗੁਣ ਰੂਪ ਦੀ ਸੋਝੀ ਪਾਈ ਹੈ ਕਿ ਪ੍ਰਮਾਤਮਾ ਸਭ ਜਗ੍ਹਾ ਕਿਸ ਰੂਪ ਵਿੱਚ ਵਿਚਰ ਰਿਹਾ ਹੈ ਤੇ ਉਸ ਨੂੰ ਕਿੱਥੋਂ ਪਾਇਆ ਜਾ ਸਕਦਾ ਹੈ। ਉਸ ਪ੍ਰਮਾਤਮਾ ਨੂੰ ਪਾਉਣ ਲਈ ਸਦੀਆਂ ਸਦੀਆਂ ਤੋਂ ਮਨੁੱਖ ਭਟਕਦੇ ਰਹੇ ਹਨ ਪਰ ਉਸਦੇ ਨਿਰਗੁਣ ਰੂਪ ਨੂੰ ਕੋਈ ਜਾਣ ਨਹੀਂ ਸਕਿਆ। ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸਨੂੰ ਜਾਨਣ ਦਾ ਤਰੀਕਾ ਕੀ ਹੈ ਇਹ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ। ਜਿਸ ਤਰੀਕੇ ਉਸਨੂੰ ਅਨੇਕਾਂ ਹੀ ਖੋਜਦੇ ਰਹੇ ਹਨ ਉਨ੍ਹਾਂ ਨੂੰ ਭਰਮ ਵਿੱਚੋਂ ਕੱਢ ਕੇ ਸੱਚ ਦਾ ਮਾਰਗ ਸਮਝਾਇਆ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਉਹ ਉਪਰਾਲਾ ਕਰੀਏ ਜਿਸ ਦੁਆਰਾ ਉਹ ਮਿਲਦਾ ਹੈ ਤੇ ਉਨ੍ਹਾਂ ਤਰੀਕਿਆਂ ਤੋਂ ਬਚੀਏ ਜੋ ਤਰੀਕੇ ਪ੍ਰਮਾਤਮਾ ਨੂੰ ਪਾਉਣ ਦੇ ਨਹੀਂ ਹਨ ਤੇ ਹਰ ਕੋਈ ਵਿਅਰਥ ਵਿੱਚ ਹੀ ਖੁਆਰ ਹੋ ਰਿਹਾ ਹੈ। ਗੁਰਬਾਣੀ ਦੀ ਮਤਿ ਸਾਨੂੰ ਇਹੋ ਜਿਹੀ ਖੁਆਰੀ ਵਿੱਚੋਂ ਕੱਢ ਰਹੀ ਹੈ ਤੇ ਪ੍ਰਮਾਤਮਾ

ਨੂੰ ਪਾਉਣ ਦਾ ਸੱਚਾ ਮਾਰਗ ਸਮਝਾ ਰਹੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਇਹ ਦਾਤਿ ਸੱਚੀ ਸੋਝੀ ਦੇ ਰੂਪ ਵਿੱਚ ਹੈ, ਗੁਰਮਤਿ ਦੇ ਰੂਪ ਵਿੱਚ ਹੈ ਜਿਸ ਦਾਤਿ ਦੇ ਨਾਲ ਜੁੜ ਕੇ ਅਸੀਂ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ। ਪ੍ਰਮਾਤਮਾ ਦੀ ਇਹ ਦਾਤਿ ਸਦਾ ਥਿਰ ਰਹਿਣ ਵਾਲੀ ਹੈ ਜੋ ਕਦੇ ਮਿਟ ਨਹੀਂ ਸਕਦੀ ਭਾਵ ਗੁਰਬਾਣੀ ਦੀ ਮਤਿ ਰਾਹੀਂ ਜੋ ਗੱਲ ਸਾਨੂੰ ਪ੍ਰਮਾਤਮਾ ਨੇ ਸਮਝਾਈ ਹੈ ਉਹ ਸਦਾ ਅਟੱਲ ਰਹਿਣ ਵਾਲੀ ਗੱਲ ਹੈ ਭਾਵ ਉਸਦੇ ਬੋਲ ਸਦਾ ਅਟੱਲ ਰਹਿਣ ਵਾਲੇ ਹਨ ਜੋ ਕਦੇ ਬਦਲ ਨਹੀਂ ਸਕਦੇ ਭਾਵ ਮਿਟ ਨਹੀਂ ਸਕਦੇ ਕਿਉਂਕਿ ਉਨ੍ਹਾਂ ਵਿੱਚ ਪੂਰਨ ਸੱਚ ਹੈ, ਪ੍ਰਮਾਤਮਾ ਦਾ ਆਪਣਾ ਬਿਆਨ ਕੀਤਾ ਹੋਇਆ ਸੱਚ ਹੈ। ਗੁਰੂ ਪ੍ਰਮਾਤਮਾ ਦੇ ਬਚਨ ਉਸਦੀ ਸੱਚੀ ਦਾਤਿ ਹੈ ਜੋ ਦਾਤਿ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ। ਗੁਰਬਾਣੀ ਦੀ ਮਤਿ ਨਾਲ ਜੁੜਕੇ ਹਰ ਕੋਈ ਪ੍ਰਮਾਤਮਾ ਦੀ ਇਹ ਦਾਤਿ

28/3096

ਨਾਲ ਜੁੜ ਸਕਦਾ ਹੈ ਭਾਵ ਸੱਚ ਦੇ ਨਾਲ ਜੁੜ ਸਕਦਾ ਹੈ ਜਿਸ ਦੁਆਰਾ ਸਾਨੂੰ ਆਪਣੇ ਜੀਵਨ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ। ਗੁਰਬਾਣੀ ਦੇ ਦੱਸੇ ਹੋਏ ਸੱਚ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਦੀ ਉਸਤਤਿ ਹੁੰਦੀ ਹੈ। ਗੁਰਬਾਣੀ ਦੀ ਮਤਿ ਸਾਨੂੰ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨਾ ਹੀ ਸਮਝਾਉਂਦੀ ਹੈ ਭਾਵ ਕੇਵਲ ਸੱਚੇ ਸੁੱਚੇ ਕਰਮ ਕਰਨ ਲਈ ਸਮਝਾਉਂਦੀ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਉਸਤਤਿ ਹੁੰਦੀ ਹੈ, ਉਸਦੇ ਗੁਣ ਗਾਏ ਜਾ ਸਕਦੇ ਹਨ। ਪ੍ਰਮਾਤਮਾ ਦੀ ਇਹ ਸੱਚ ਰੂਪ ਦਾਤਿ, ਗੁਰਮਤਿ ਰੂਪ ਦਾਤਿ ਸਾਨੂੰ ਨਹੀਂ ਭਾਉਂਦੀ ਕਿਉਂਕਿ ਅਸੀਂ ਮਾਇਆ ਮੋਹ ਵਿੱਚੋਂ ਨਿਕਲਣਾ ਨਹੀਂ ਚਾਹੁੰਦੇ, ਤ੍ਰਿਸ਼ਨਾ ਵਿੱਚੋਂ ਨਿਕਲਣਾ ਨਹੀਂ ਚਾਹੁੰਦੇ ਕਿਉਂਕਿ ਮਾਇਆ ਮੋਹ ਛੱਡਣਾ ਬਹੁਤ ਔਖਾ ਹੈ, ਮਾਇਆ ਸਾਨੂੰ ਬਹੁਤ ਪਿਆਰੀ ਲੱਗਦੀ ਹੈ। ਮਾਇਆ ਦੇ ਅਨੇਕਾਂ ਹੀ ਰੂਪ ਹਨ ਜਿਸ ਦੁਆਰਾ ਇਹ ਸਾਨੂੰ ਮੋਂਹਦੀ ਹੈ। ਸਾਡਾ ਉੱਚਾ ਮਾਣ ਵੀ ਮਾਇਆ ਮੋਹ ਹੈ ਜੋ ਸਾਨੂੰ ਬਹੁਤ ਮੋਂਹਦਾ ਹੈ ਪਰ ਇਹ ਸਭ ਛੱਡੇ ਬਿਨ੍ਹਾਂ ਅਸੀਂ ਗੁਰੂ ਦੀ ਦਾਤਿ ਨਾਲ ਨਹੀਂ ਜੁੜ ਸਕਦੇ, ਮਨਮਤਿ ਨੂੰ ਪੂਰਨ ਰੂਪ ਵਿੱਚ ਤਿਆਗੇ ਬਿਨ੍ਹਾਂ ਗੁਰਮਤਿ ਰੂਪ ਦਾਤਿ ਨਾਲ ਨਹੀਂ ਜੁੜ ਸਕਦੇ। ਜਿਸਨੂੰ ਗੁਰੂ ਦੀ ਇਹ ਦਾਤਿ ਨਹੀਂ ਭਾਉਂਦੀ ਉਹ ਗੁਰੂ ਦਾ ਨਿੰਦਕ ਹੈ ਜਿਸ ਕਰਕੇ ਉਸਨੂੰ ਕਾਲੇ ਮੁੱਖ ਵਾਲਾ ਕਿਹਾ ਹੈ ਭਾਵ ਮਾੜੇ ਆਚਰਨ ਵਾਲਾ ਕਿਹਾ ਹੈ। **(ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ॥ ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ॥੪॥)**

ਪ੍ਰਮਾਤਮਾ ਨੇ ਗੁਰੂ ਦੇ ਸ਼ਬਦਾਂ ਦੁਆਰਾ ਆਪਣੇ ਨਿੰਦਕਾਂ ਨੂੰ ਹੀ ਵਾਰ ਵਾਰ ਮਾੜਾ ਕਿਹਾ ਹੈ, ਉਨ੍ਹਾਂ ਲਈ ਮਾੜੇ ਅੱਖਰਾਂ ਦੀ ਵਰਤੋਂ ਕੀਤੀ ਹੈ, ਕੁੱਤਾ, ਗਧਾ, ਹਰਾਮਖੋਰ ਆਦਿ ਕਿਹਾ ਹੈ, ਕਾਲੇ ਮੂੰਹ ਵਾਲੇ ਕਿਹਾ ਹੈ ਭਾਵ ਉਨ੍ਹਾਂ ਉੱਪਰ ਆਪਣਾ ਰੋਸ ਦਿਖਾਇਆ ਹੈ। ਪ੍ਰਮਾਤਮਾ ਦਾ ਇਹ ਰੋਸ, ਇਹ ਗੁੱਸਾ ਸਾਡੇ ਭਲੇ ਲਈ ਹੈ ਤਾਂ ਜੋ ਅਸੀਂ ਉਸਦੀ ਦਾਤਿ ਦੇ ਨਾਲ ਜੁੜ ਸਕੀਏ, ਉਸਦੀ ਮਤਿ ਦੇ ਨਾਲ ਜੁੜ ਸਕੀਏ ਭਾਵ ਗੁਰੂ ਦੀ ਮਤਿ ਦੀ ਸ਼ਰਨ ਵਿੱਚ ਆ ਸਕੀਏ। ਗੁਰੂ ਦੀ ਸ਼ਰਨ ਵਿੱਚ ਉਹੀ ਆਉਂਦਾ ਹੈ ਜੋ ਆਪਣੀ ਮਤਿ ਤਿਆਗਦਾ ਹੈ ਭਾਵ ਜਿਸਨੂੰ ਗੁਰੂ ਦੀ ਦਾਤਿ ਚੰਗੀ ਲੱਗਣ ਲੱਗ ਜਾਂਦੀ ਹੈ। ਜੋ ਗੁਰਮਤਿ ਦੀ ਸ਼ਰਨ ਨਾਲ ਜੁੜ ਜਾਂਦਾ ਹੈ ਭਾਵ ਜੋ ਆਪਣੀ ਨਿੰਦਾ ਨੂੰ ਕਬੂਲ ਕਰ ਲੈਂਦਾ ਹੈ, ਗੁਰੂ ਦੇ ਰੋਸ ਨੂੰ ਮੰਨ ਲੈਂਦਾ ਹੈ ਪ੍ਰਮਾਤਮਾ ਉਸਤੇ ਆਪਣੀ ਬਖ਼ਸਿਸ਼ ਕਰਦੇ ਦੇਰ ਨਹੀਂ ਲਗਾਉਂਦਾ ਭਾਵ ਪ੍ਰਮਾਤਮਾ ਸਾਡਾ ਭਲਾ ਹੀ ਚਾਹੁੰਦਾ ਹੈ, ਆਪਣੇ ਨਾਲ ਮਿਲਾਉਣਾ ਹੀ ਚਾਹੁੰਦਾ ਹੈ ਤੇ ਕੇਵਲ ਉਸਦੀ ਗੱਲ ਨੂੰ ਸਮਝਕੇ ਗੁਰੂ ਦੀ ਨਿੰਦਾ ਵਿੱਚੋਂ ਨਿਕਲਣ ਦੀ ਲੋੜ ਹੈ। **(ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ॥ ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ॥੫॥)** ਗੁਰੂ ਦੀ ਸ਼ਰਨ ਵਿੱਚ ਆਉਣਾ ਜਾਂ ਗੁਰਮਤਿ ਦੀ ਸ਼ਰਨ ਵਿੱਚ ਆਉਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ॥

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥੬॥”

28/3097

ਸਾਡਾ ਜੀਵਨ ਕੇਵਲ ਗੁਰਮਤਿ ਨਾਲ ਜੁੜਕੇ ਸਫ਼ਲ ਹੋ ਸਕਦਾ ਹੈ, ਇਸ ਸੰਸਾਰ ਦੇ “ਭ੍ਰਮਨਿ” ਤੋਂ ਭਾਵ ਆਵਾਗਉਣ ਤੋਂ ਸਾਨੂੰ ਗੁਰਮਤਿ ਹੀ ਕੱਢ ਸਕਦੀ ਹੈ ਜਿਸ ਦੇ ਸਾਡੇ ਅੰਦਰ ਵੱਸਣ ਦੇ ਨਾਲ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਗੁਰਮਤਿ

ਰੂਪ ਹੀ ਭਾਵ ਸੱਚ ਰੂਪ ਹੀ, ਬ੍ਰਹਮਗਿਆਨ ਰੂਪ ਹੀ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦਾ ਇਹ "ਪਾਰਸੁ" ਰੂਪ ਹੈ ਭਾਵ ਸੰਸਾਰ ਦਾ ਸਭ ਤੋਂ ਪਵਿੱਤਰ ਰੂਪ ਹੈ ਜੋ ਹਰ ਕਿਸਮ ਦੀ ਖੋਟ ਤੋਂ ਰਹਿਤ ਹੈ, ਹਰ ਭਰਮ ਤੋਂ ਰਹਿਤ ਹੈ ਭਾਵ ਜੋ ਪਰਫੈਕਟ ਹੈ। ਸਾਡੇ ਮਨ ਦੀ ਸ਼ੁੱਧੀ ਇਸ ਪਾਰਸੁ ਰੂਪ ਦੇ ਨਾਲ ਜੁੜਕੇ ਹੁੰਦੀ ਹੈ ਜੋ ਸਾਡੇ ਲੋਹੇ ਵਰਗੇ ਅਸ਼ੁੱਧ ਮਨ ਨੂੰ ਕੰਚਨ ਰੂਪ ਬਣਾ ਦਿੰਦਾ ਹੈ ਭਾਵ ਪੂਰਨ ਸ਼ੁੱਧੀ ਵਾਲਾ ਬਣਾ ਦਿੰਦਾ ਹੈ। ਗੁਰਮਤਿ ਦੇ ਨਾਲ ਜੁੜਕੇ ਹੀ ਅਸੀਂ ਮਨ ਦੀ ਇਸ ਅਵੱਸਥਾ ਤੱਕ ਪਹੁੰਚ ਸਕਦੇ ਹਾਂ ਭਾਵ ਸਾਡਾ ਸੱਚਾ ਉੱਦਮ ਗੁਰਮਤਿ ਦੇ ਨਾਲ ਜੁੜਨ ਦਾ ਹੋਣਾ ਚਾਹੀਦਾ ਹੈ। ਗੁਰਮਤਿ ਦੀ ਸੰਗਤਿ "ਸਤਸੰਗਤਿ" ਹੈ ਤੇ ਅਸੀਂ ਗੁਰਬਾਣੀ ਦੇ ਵਿੱਚੋਂ ਸਤਸੰਗਤਿ ਨਾਲ ਹੀ ਜੁੜਨਾ ਹੈ ਜਿਸ ਦੇ ਨਾਲ ਜੁੜਨ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਹੀ ਸਾਨੂੰ ਆਪਣੀ ਸਤਸੰਗਤਿ ਬਖ਼ਸ਼ਦਾ ਹੈ, ਆਪਣੇ ਮੇਲ ਦੁਆਰਾ ਬਖ਼ਸ਼ਦਾ ਹੈ। ਸਾਰੀ ਵਡਿਆਈ ਗੁਰਮਤਿ ਦੀ ਹੈ, ਗੁਰੂ ਦੀ ਮਤਿ ਦੀ ਹੈ ਜਿਸ ਦੇ ਨਾਲ ਜੁੜਕੇ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਗੁਰਮਤਿ ਦੇ ਨਾਲ ਜੁੜਨਾ ਕੀ ਹੈ ਇਸ ਨੂੰ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ, ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ ਜਿਸ ਦੇ ਨਾਲ ਜੁੜਕੇ ਅਸੀਂ ਗੁਰੂ ਪ੍ਰਮਾਤਮਾ ਦੀ ਨਿੰਦਾ ਵਿੱਚੋਂ ਨਿਕਲ ਸਕਦੇ ਹਾਂ, ਸੰਤ ਦੀ ਨਿੰਦਾ ਤੋਂ ਬਚ ਸਕਦੇ ਹਾਂ ਤੇ ਉਸ ਸੰਤ ਰੂਪ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਤੇ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੋ ਸਕਦੇ ਹਾਂ। **(ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ॥ ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥੬॥)**

ਪ੍ਰਮਾਤਮਾ ਸਦਾ ਦਇਆਲ ਹੈ, ਸਭ ਤੇ ਦਇਆ ਕਰਨ ਵਾਲਾ ਹੈ ਤੇ ਉਸ ਦੀ ਦਇਆ ਉਸ ਤੇ ਹੀ ਹੁੰਦੀ ਹੈ ਜੋ ਉਸ ਦੇ ਰੋਸ ਨੂੰ ਕਬੂਲ ਕਰਦਾ ਹੈ ਭਾਵ ਉਸਦੀ ਗੁਰਮਤਿ ਨੂੰ ਕਬੂਲ ਕਰਦਾ ਹੈ। ਗੁਰੂ ਆਪਣੇ ਰੋਸ ਰਾਹੀਂ ਸਾਡੇ ਤੇ ਆਪਣੀ ਦਇਆ ਹੀ ਦਿਖਾ ਰਿਹਾ ਹੈ ਤੇ ਉਸਦੀ ਦਇਆ ਦਾ ਪਾਤਰ ਬਣਨ ਲਈ ਸਾਨੂੰ ਖਿੜੇ ਮੱਥੇ ਉਸਦਾ ਰੋਸ ਕਬੂਲ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਉਸ ਦੇ ਰੋਸ ਤੋਂ ਬਚ ਸਕੀਏ, ਗੁੱਸੇ ਤੋਂ ਬਚ ਸਕੀਏ, ਸਜ਼ਾਵਾਂ ਦੇ ਭਾਗੀਦਾਰ ਬਣਨ ਤੋਂ ਬਚ ਸਕੀਏ। ਗੁਰਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ, ਗੁਰੂ ਦੀ ਸ਼ਰਨ ਵਿੱਚ ਆਉਣਾ ਬਹੁਤ ਔਖਾ ਹੈ ਪਰ ਉਸਦੇ ਲਈ ਉੱਦਮ ਅਸੀਂ ਹੀ ਕਰਨਾ ਹੈ, ਮਨ ਦੀ ਦ੍ਰਿੜਤਾ ਨਾਲ ਕਰਨਾ ਹੈ।

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

28/3098

{ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥}

(ਅੰਗ ੧੧੮੮)

{ਸੰਸਾਰੁ ਸਾਗਰੁ ਤਿਨੀ ਤਰਿਆ ਜਿਨੀ ਏਕੁ ਧਿਆਇਆ॥
ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ॥}

(ਅੰਗ ੪੬੧)

ਆਪਣੀ ਪੂਰਨ ਗੁਰਮਤਿ ਦੀ ਸੋਝੀ ਮਨ ਦੇ ਮੇਲ ਰਾਹੀਂ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਉਸ ਤੋਂ ਬਾਅਦ ਹੀ ਗੁਰਮਤਿ ਉੱਤੇ ਪੂਰਨ ਰੂਪ ਵਿੱਚ ਵਿਚਰਿਆ ਜਾ ਸਕਦਾ ਹੈ ਤੇ ਗੁਰਬਾਣੀ ਦਾ ਮਕਸਦ ਸਾਡੇ ਲਈ ਇਹੀ ਹੈ ਕਿ ਅਸੀਂ ਉਸ ਵਿੱਚੋਂ ਗੁਰਮਤਿ ਦੇ ਇਸ਼ਨਾਨ ਨਾਲ ਜੁੜੀਏ ਜੋ ਇਸ਼ਨਾਨ ਸਾਡੇ ਮਨ ਨੇ ਕਰਨਾ ਹੈ ਤਾਂ ਜੋ ਅਸੀਂ ਉਸ ਪ੍ਰਮਾਤਮਾ ਦੀ ਸੰਗਤਿ ਮਨ ਦੇ ਵਿੱਚ ਹੀ ਪਾ ਸਕੀਏ ਤੇ ਆਵਾਗਉਣ ਤੋਂ ਮੁਕਤਿ ਹੋ ਸਕੀਏ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ॥
ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ॥੭॥"

ਗੁਰੂ ਦਾ ਮਨ "ਨਿਰਮਲੁ" ਹੈ ਭਾਵ ਪਵਿੱਤਰ ਹੈ। ਗੁਰੂ ਦਾ ਮਨ ਨਿਰਮਲੁ ਇਸ ਲਈ ਹੈ ਕਿਉਂਕਿ ਉਸਦੇ ਅੰਦਰ "ਹਰਿ ਜਲੁ" ਹੈ ਭਾਵ ਪ੍ਰਮਾਤਮਾ ਦਾ ਪਾਇਆ ਹੋਇਆ ਜਲ ਹੈ। ਇਹ ਜਲੁ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਜਲ ਹੈ ਭਾਵ ਬ੍ਰਹਮਗਿਆਨ ਰੂਪ ਜਲ ਹੈ, ਪੂਰਨ ਗੁਰਮਤਿ ਰੂਪ ਸੋਝੀ ਦਾ ਜਲ ਹੈ। ਇਹ ਜਲ ਮਨ ਦੇ ਇਸ਼ਨਾਨ ਕਰਨ ਦਾ ਜਲ ਹੈ ਤੇ ਗੁਰੂ ਨੇ ਮਨ ਦੇ ਇਸ ਹਰਿ ਜਲੁ ਦਾ ਇਸ਼ਨਾਨ ਕੀਤਾ ਹੋਇਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਇਸ ਹਰਿ ਜਲੁ ਦਾ ਇਸ਼ਨਾਨ ਕਰਵਾਇਆ ਹੋਇਆ ਹੈ ਭਾਵ ਬ੍ਰਹਮਗਿਆਨ ਦਾ ਇਸ਼ਨਾਨ ਕਰਵਾਇਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਇਹ ਹਰਿ ਜਲੁ ਪਾਇਆ ਹੈ, ਗੁਰਮਤਿ ਰੂਪ ਹਰਿ ਜਲੁ ਪਾਇਆ ਹੈ ਜਿਸ ਦੇ ਨਾਲ ਜੁੜਕੇ ਅਸੀਂ ਆਪਣੇ ਮਨ ਨੂੰ ਨਿਰਮਲ ਕਰ ਸਕਦੇ ਹਾਂ। ਗੁਰੂ ਗਿਆਨ ਦਾ ਤੀਰਥ ਹੈ ਤੇ ਉਸ ਦੇ ਵਿੱਚੋਂ ਗਿਆਨ ਦਾ ਇਸ਼ਨਾਨ ਕਰਨਾ ਗੁਰੂ ਰੂਪ ਤੀਰਥ ਤੇ ਇਸ਼ਨਾਨ ਕਰਨਾ ਹੈ ਜਿਸ ਦੁਆਰਾ ਸਾਡੇ ਮਨ ਦੀ ਸੋਝੀ ਅੰਦਰ ਗੁਰਮਤਿ ਰੂਪ ਗਿਆਨ ਵੱਸ ਸਕਦਾ ਹੈ ਤੇ ਸਾਡਾ ਮਨ ਨਿਰਮਲ ਹੋ ਸਕਦਾ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਸਕਦਾ ਹੈ। ਇਹ ਜਲ ਮਨ ਦੇ ਵਿੱਚ ਪ੍ਰਮਾਤਮਾ ਦੀ ਸੰਗਤਿ ਦੁਆਰਾ ਹੀ ਮਿਲਦਾ ਹੈ, ਮਨ ਦੇ ਵਿੱਚ ਉਸਦੀ ਜੋਤਿ ਰਾਹੀਂ ਮਿਲਦਾ ਹੈ ਜਿਸ ਦੁਆਰਾ ਮਨੁੱਖ ਦੀ ਤ੍ਰੈਗੁਣਾਂ ਵਾਲੀ ਮਤਿ ਗੁਰਮਤਿ ਵਿੱਚ ਸਮਾਅ ਜਾਂਦੀ ਹੈ, ਚੌਥੇ ਪਦ ਵਿੱਚ ਸਮਾਅ ਜਾਂਦੀ ਹੈ ਜੋ ਸਾਡੇ ਅੰਦਰ ਜੋਤਿ ਦਾ ਜੋਤਿ

28/3099

ਅੰਦਰ ਰਲਣਾ ਹੈ। ਜਿੰਨ੍ਹਾਂ ਦੀ ਜੋਤਿ ਪ੍ਰਮਾਤਮਾ ਦੇ ਨਾਲ ਰਲੀ ਹੈ ਉਨ੍ਹਾਂ ਨੂੰ ਹੀ ਹਰਿ ਜਲੁ ਦੀ ਪ੍ਰਾਪਤੀ ਹੋਈ ਹੈ ਤੇ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਹੋਈ ਹੈ। ਮੁਕਤੀ ਦਾ ਸਾਧਨ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਗੁਰਮਤਿ ਦੇ ਸੱਚੇ ਗਿਆਨ ਨਾਲ ਜੁੜਨ ਦਾ ਹੈ, ਗੁਰੂ ਪ੍ਰਮਾਤਮਾ ਦੇ ਹਰਿ ਜਲੁ ਦਾ ਇਸ਼ਨਾਨ ਕਰਨ ਦਾ ਹੈ ਭਾਵ ਸਾਡਾ ਸੱਚਾ ਉੱਦਮ ਮਨਮਤਿ ਵਿੱਚੋਂ ਨਿਕਲਕੇ ਗੁਰਮਤਿ ਨਾਲ ਜੁੜਨ ਦਾ ਹੈ। **(ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ॥ ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ॥੭॥)**

ਧਨਾਸਰੀ ਮਹਲਾ ੧ ਛੰਤ ੴ ਸਤਿਗੁਰ ਪ੍ਰਸਾਦਿ॥

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥

ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ॥

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥

ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥

ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥

ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥੨॥}

(ਅੰਗ ੬੮੭)

ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਹਰਿ ਜਲੁ ਦੀ ਪ੍ਰਾਪਤੀ, ਹਰਿ ਜਲੁ ਦਾ ਇਸ਼ਨਾਨ ਜਾਂ ਨਾਮ ਦਾ ਇਸ਼ਨਾਨ ਇੱਕੋ ਹੀ ਗੱਲ ਹੈ ਤੇ ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ॥

ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ॥੮॥੪॥"

ਪ੍ਰਮਾਤਮਾ ਆਪ ਤਰਵਰ ਦੀ ਤਰ੍ਹਾਂ ਅਡੋਲ ਹੈ ਭਾਵ ਉਸਦਾ ਸੱਚਾ ਗਿਆਨ ਅਡੋਲ ਹੈ ਜਿਸ ਦੀ ਪ੍ਰਾਪਤੀ ਸਾਡੇ ਮਨ ਨੂੰ ਅਡੋਲ ਬਣਾ ਸਕਦੀ ਹੈ। ਸਾਡੀ ਮਤਿ ਪੰਖੀਆਂ ਦੀ ਤਰ੍ਹਾਂ ਹੈ ਜੋ ਮਾਇਆ ਮੋਹ ਵਿੱਚ ਉੜਦੀ ਰਹਿੰਦੀ ਹੈ। ਸਾਡੇ ਮਨ ਨੂੰ ਟਿਕਾਓ ਦੇ ਵਿੱਚ ਪ੍ਰਮਾਤਮਾ ਆਪ ਹੀ ਲਿਆ ਸਕਦਾ ਹੈ, ਪ੍ਰਮਾਤਮਾ ਦਾ ਨਾਮ ਲਿਆ ਸਕਦਾ ਹੈ ਭਾਵ ਉਸਦਾ ਸੱਚਾ ਗਿਆਨ ਲਿਆ ਸਕਦਾ ਹੈ ਜਿਸ ਦੇ ਨਾਲ ਜੁੜਕੇ ਪ੍ਰਮਾਤਮਾ ਦੀ ਸਦਾ ਹੀ ਸਿਫ਼ਤ ਸਾਲਾਹ ਹੋ ਸਕਦੀ ਹੈ। ਗੁਰੂ ਦੇ ਸ਼ਬਦ ਦਾ ਗਿਆਨ ਹੀ ਪ੍ਰਮਾਤਮਾ ਦਾ ਨਾਮ ਹੈ ਜਿਸ ਦੀ ਉਸਦੇ ਕੋਲੋਂ ਮੰਗ ਕੀਤੀ ਗਈ ਹੈ ਤਾਂ ਜੋ ਸਾਡਾ

28/3100

ਮਨ ਟਿਕ ਸਕੇ ਤੇ ਸਦਾ ਲਈ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰ ਸਕੇ ਜਿਹੋ ਜਿਹੀ ਸਿਫ਼ਤ ਸਾਲਾਹ ਉਸਦੇ ਭਗਤਾਂ ਨੇ ਕੀਤੀ ਹੈ ਤੇ ਹੁਣ ਵੀ ਗੁਰਬਾਣੀ ਰਾਹੀਂ ਭਾਵ ਗੁਰਬਾਣੀ ਦੇ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰ ਰਹੇ ਹਨ। ਗੁਰਬਾਣੀ ਜੁਗਾਂ ਜੁਗਾਂ ਲਈ ਹੈ ਭਾਵ ਜੁਗਾਂ ਜੁਗਾਂ ਤੱਕ ਸੱਚ ਹੈ ਜੋ ਸੱਚ ਕਦੇ ਬਦਲ ਨਹੀਂ ਸਕਦਾ, ਜੋ ਨਾਮ ਕਦੇ ਬਦਲ ਨਹੀਂ ਸਕਦਾ, ਜੋ ਸ਼ਬਦ ਦੀ ਵਿਚਾਰ ਕਦੇ ਬਦਲ ਨਹੀਂ ਸਕਦੀ। ਪ੍ਰਮਾਤਮਾ ਸਾਡੇ ਸਰੀਰ ਦੇ ਰੂਪ ਵਿੱਚ ਆਪ ਹੈ ਜੋ ਮਨ ਦੇ ਰਾਹੀਂ ਸਾਨੂੰ ਚਲਾ ਰਿਹਾ ਹੈ ਤੇ ਇਹ ਉਸਦੀ ਆਪਣੀ ਰਜ਼ਾ ਹੈ ਕਿ ਉਹ ਸਾਨੂੰ ਆਪਣਾ ਨਾਮ ਬਖ਼ਸ਼ ਦੇਵੇ, ਆਪਣੀ ਸੱਚੀ ਮਤਿ ਬਖ਼ਸ਼ ਦੇਵੇ, ਗੁਰਮਤਿ ਦਾ ਸੱਚਾ ਗਿਆਨ ਬਖ਼ਸ਼ ਦੇਵੇ ਤਾਂ ਜੋ ਅਸੀਂ ਗੁਰਮਤਿ ਦੁਆਰਾ ਅਡੋਲ ਹੋ ਸਕੀਏ, ਮਾਇਆ ਮੋਹ ਵਿੱਚੋਂ ਡੋਲਣੋ ਰੁਕ ਜਾਈਏ ਤੇ ਆਪਣੇ ਚੰਗੇ ਕਰਮਾਂ ਦੁਆਰਾ ਉਸ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰ ਸਕੀਏ ਤੇ ਉਸ ਦੀ ਨਿੰਦਾ ਤੋਂ ਬਚ ਸਕੀਏ, ਗੁਰਮਤਿ ਦੀ ਨਿੰਦਾ ਤੋਂ ਬਚ ਸਕੀਏ, ਮਨਮਤਿ ਤੋਂ, ਹਉਮੈ ਤੋਂ ਬਚ ਸਕੀਏ। **(ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ॥ ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ॥੮॥੪॥)**

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਗੁਰੂ ਦੀ ਨਿੰਦਾ ਜਾਂ ਉਸਤਤਿ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ। ਪ੍ਰਮਾਤਮਾ ਦੀ ਉਸਤਤਿ ਦੀ ਸਮਝ ਕੇਵਲ ਉਸਦੇ ਭਗਤਾਂ ਨੂੰ ਹੀ ਹੈ ਜਿੰਨ੍ਹਾਂ ਦੀ ਸੋਝੀ ਦੇ ਅੰਦਰ ਪੂਰਨ ਸੱਚ ਹੈ, ਸ਼ਬਦ ਦੀ ਵਿਚਾਰ ਹੈ। ਸ਼ਬਦ ਦੀ ਵਿਚਾਰ ਵੱਸੇ ਬਿਨ੍ਹਾਂ ਅਸੀਂ ਸ਼ਬਦ ਦੀ ਵਿਚਾਰ ਤੇ ਨਹੀਂ ਚੱਲਦੇ ਤੇ ਸ਼ਬਦ ਦੇ ਵਿਚਾਰ ਦੀ ਹੀ ਨਿੰਦਾ ਕਰਦੇ ਹਾਂ, ਸੱਚ ਦੀ ਨਿੰਦਾ ਕਰਦੇ ਹਾਂ ਜਿਸ ਵਿੱਚ ਗੁਰੂ ਦੀ ਨਿੰਦਾ ਹੈ, ਪ੍ਰਮਾਤਮਾ ਦੇ ਭਗਤਾਂ ਦੀ ਨਿੰਦਾ ਹੈ। ਸ਼ਬਦ ਦੇ ਵਿਚਾਰ ਸਾਨੂੰ ਪ੍ਰਮਾਤਮਾ ਦੇ ਭਗਤਾਂ ਨੇ ਦਿੱਤੇ ਹਨ ਜੋ ਗੁਰੂ ਰੂਪ ਹਨ ਤੇ ਉਨ੍ਹਾਂ ਦੇ ਵਿਚਾਰਾਂ ਦੀ ਨਿੰਦਾ ਭਗਤਾਂ ਦੀ ਨਿੰਦਾ ਹੈ। ਭਗਤਾਂ ਦੇ ਰੂਪ ਵਿੱਚ ਪ੍ਰਮਾਤਮਾ ਆਪ ਵਿਚਰਦਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕਰ ਕੇ ਵਿਚਰਦਾ ਹੈ ਤੇ ਉਸਦੇ ਭਗਤਾਂ ਦੀ ਨਿੰਦਾ ਪ੍ਰਮਾਤਮਾ ਦੀ ਨਿੰਦਾ ਹੈ, ਪ੍ਰਮਾਤਮਾ ਦੇ ਦਿੱਤੇ ਹੋਏ ਵਿਚਾਰਾਂ ਦੀ ਨਿੰਦਾ ਹੈ, ਪ੍ਰਮਾਤਮਾ ਦੇ ਸਮਝਾਏ ਹੋਏ ਸੱਚ ਦੀ ਨਿੰਦਾ ਹੈ ਜੇਕਰ ਅਸੀਂ ਉਨ੍ਹਾਂ ਦੀ ਸਮਝਾਈ ਹੋਈ ਗੱਲ ਨੂੰ ਨਹੀਂ ਮੰਨਦੇ। ਉਨ੍ਹਾਂ ਦੀ ਦੱਸੀ ਹੋਈ ਗੱਲ ਨੂੰ ਮੰਨਣਾ ਉਨ੍ਹਾਂ ਦੀ ਉਸਤਤਿ ਹੈ ਤੇ ਉਨ੍ਹਾਂ ਦੀ ਦੱਸੀ ਹੋਈ ਗੱਲ ਦੇ ਉਲਟ ਚੱਲਣਾ, ਉਨ੍ਹਾਂ ਦੇ ਵਿਚਾਰਾਂ ਦੇ ਉਲਟ ਚੱਲਣਾ ਉਨ੍ਹਾਂ ਦੀ ਨਿੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਸੋਰਠਿ ਮਹਲਾ ੩॥

“ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ॥
ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ॥
ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ॥੧॥
ਮਨ ਮੇਰੇ ਹਰਿ ਜੀਉ ਸਦਾ ਸਮਾਲਿ॥
ਅੰਤ ਕਾਲਿ ਤੇਰਾ ਬੇਲੀ ਹੋਵੈ ਸਦਾ ਨਿਬਹੈ ਤੇਰੈ ਨਾਲਿ॥ਰਹਾਉ॥
ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥
ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥
ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥੨॥
ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ॥
ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥
ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ॥੩॥
ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥
ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥
ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ॥੪॥੫॥”

(ਅੰਗ ੬੦੧)

28/3101

ਉੱਪਰ ਪਹਿਲੇ ਪਦੇ ਰਾਹੀਂ ਸਾਨੂੰ ਪ੍ਰਮਾਤਮਾ ਦੇ ਭਗਤਾਂ ਦੀ ਅਵੱਸਥਾ ਸਮਝਾਈ ਹੋਈ ਹੈ ਜੋ ਅਨਦਿਨ ਭਾਵ ਹਰ ਵੇਲੇ ਪ੍ਰਮਾਤਮਾ ਦੇ ਨਾਮ ਦੁਆਰਾ ਵਿਚਰਦੇ ਹਨ, ਹਰ ਵੇਲੇ ਉਸਦੇ ਨਾਮ ਦਾ ਵਖਾਣ ਕਰਦੇ ਹਨ। ਉਨ੍ਹਾਂ ਨੂੰ ਇਹ ਮਨ ਦੀ ਅਵੱਸਥਾ ਪ੍ਰਮਾਤਮਾ ਨੇ ਆਪ ਬਖ਼ਸ਼ੀ ਹੋਈ ਹੈ ਜਿੰਨ੍ਹਾਂ ਨੇ ਗੁਣਾਂ ਦੇ ਦਾਤੇ ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣਿਆ ਹੋਇਆ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦਾ ਹੈ ਉਸਨੂੰ ਉਹ ਸ਼ਬਦ ਦੁਆਰਾ ਹੀ ਪਹਿਚਾਣਦਾ ਹੈ ਭਾਵ ਪ੍ਰਮਾਤਮਾ ਆਪਣੇ ਅੰਦਰ ਆਪਣੀ ਸ਼ਬਦ ਦੀ ਵਿਚਾਰ ਹੀ ਦਿੰਦਾ ਹੈ ਜਿਸ ਦੁਆਰਾ ਉਨ੍ਹਾਂ ਨੂੰ ਮਨ ਦੇ ਵਿੱਚ ਹੀ ਗੁਣੀ ਬਣਾਉਂਦਾ ਹੈ। ਮਨ ਦੇ ਵਿੱਚ ਗੁਣ ਵੱਸਣ ਦੁਆਰਾ ਹੀ ਮਨੁੱਖ ਔਗੁਣਾਂ ਵਿੱਚੋਂ ਨਿਕਲਦਾ ਹੈ, ਪੂਰੀ ਤਰ੍ਹਾਂ ਔਗੁਣਾਂ ਵਿੱਚੋਂ ਨਿਕਲਦਾ ਹੈ ਤੇ ਮਨ ਦੀ ਸੱਚੀ ਸੋਝੀ ਦੁਆਰਾ ਵਿਚਰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਭਾਵ ਗੁਣਾਂ ਵਾਲੀ ਅਵੱਸਥਾ ਦੁਆਰਾ ਉਸਦੇ ਭਗਤ ਹਰ ਵੇਲੇ ਉਸਦਾ

ਨਾਮ ਜਪਦੇ ਹਨ ਭਾਵ ਗੁਣਾਂ ਦੁਆਰਾ ਵਿਚਰਦੇ ਹਨ। ਪ੍ਰਮਾਤਮਾ ਆਪਣੇ ਭਗਤਾਂ ਦੀ ਸਾਰ ਉਨ੍ਹਾਂ ਨੂੰ ਗੁਣੀ ਬਣਾ ਕੇ ਹੀ ਕਰਦਾ ਹੈ, ਔਗੁਣਾਂ ਵਿੱਚੋਂ ਕੱਢ ਕੇ ਹੀ ਕਰਦਾ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਉਸਦੇ ਭਗਤ ਭਾਉਂਦੇ ਹਨ। ਉਹ ਆਪਣੇ ਭਗਤਾਂ ਦੀ ਸੋਝੀ ਹੀ ਉੱਚੀ ਕਰਦਾ ਹੈ, ਸੱਚੇ ਗਿਆਨ ਵਾਲੀ ਕਰਦਾ ਹੈ, ਸ਼ਬਦ ਦੇ ਵਿਚਾਰ ਵਾਲੀ ਕਰਦਾ ਹੈ। **(ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ॥ ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ॥ ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ॥੧॥)**

ਉਸਦੇ ਭਗਤਾਂ ਨੇ ਆਪਣੇ ਅੰਦਰ ਪ੍ਰਮਾਤਮਾ ਦੀ ਸੰਭਾਲ ਕੀਤੀ ਹੈ। ਜਿਹੋ ਜਿਹੀ ਪ੍ਰਮਾਤਮਾ ਦੀ ਸੰਭਾਲ ਉਨ੍ਹਾਂ ਨੇ ਆਪਣੇ ਅੰਦਰ ਕੀਤੀ ਹੈ ਉਹੋ ਜਿਹੀ ਸੰਭਾਲ ਕਰਨੀ ਹੀ ਸਾਨੂੰ ਸਮਝਾਈ ਹੈ। ਉਨ੍ਹਾਂ ਨੇ ਪ੍ਰਮਾਤਮਾ ਦੀ ਸੰਭਾਲ ਆਪਣੇ ਅੰਦਰ ਗੁਣਾਂ ਦੀ ਸੰਭਾਲ ਕਰਨੀ ਹੀ ਸਾਨੂੰ ਸਮਝਾਈ ਹੈ। ਉਨ੍ਹਾਂ ਨੇ ਪ੍ਰਮਾਤਮਾ ਦੀ ਸੰਭਾਲ ਆਪਣੇ ਅੰਦਰ ਗੁਣਾਂ ਦੀ ਸੰਭਾਲ ਦੁਆਰਾ ਕੀਤੀ ਹੈ, ਨਾਮ ਦੀ ਸੰਭਾਲ ਦੁਆਰਾ ਕੀਤੀ ਹੈ ਤੇ ਇਹੋ ਜਿਹੀ ਸੰਭਾਲ ਕਰਨੀ ਹੀ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੈ। ਪ੍ਰਮਾਤਮਾ ਨੇ ਸਾਡਾ ਬੇਲੀ, ਸਾਡਾ ਮਦਦਗਾਰ, ਸਾਡਾ ਰਾਖਾ ਗੁਣਾਂ ਦੀ ਸੰਭਾਲ ਦੁਆਰਾ ਹੀ ਬਣਨਾ ਹੈ। ਗੁਣਾਂ ਦੁਆਰਾ ਮਨੁੱਖ ਚੰਗੇ ਕਰਮ ਹੀ ਕਰਦਾ ਹੈ ਤੇ ਸਾਡੇ ਰਾਖੇ ਸਾਡੇ ਚੰਗੇ ਕਰਮਾਂ ਨੇ ਹੀ ਬਣਨਾ ਹੈ, ਸਾਡਾ ਸਾਥ ਸਾਡੇ ਚੰਗੇ ਕਰਮਾਂ ਨੇ ਹੀ ਦੇਣਾ ਹੈ ਜੋ ਸਾਡੇ ਗੁਣਾਂ ਦਾ ਰੂਪ ਹਨ। **(ਮਨ ਮੇਰੇ ਹਰਿ ਜੀਉ ਸਦਾ ਸਮਾਲਿ॥ ਅੰਤ ਕਾਲਿ ਤੇਰਾ ਬੇਲੀ ਹੋਵੈ ਸਦਾ ਨਿਬਹੈ ਤੇਰੈ ਨਾਲਿ॥ਰਹਾਉ॥)** ।

ਆਪਣੇ ਅੰਦਰ ਪ੍ਰਮਾਤਮਾ ਦੀ ਸੰਭਾਲ ਕਰਨੀ, ਨਾਮ ਦੀ ਸੰਭਾਲ ਕਰਨੀ ਜਾਂ ਗੁਣਾਂ ਦੀ ਸੰਭਾਲ ਕਰਨੀ ਇੱਕੋ ਹੀ ਗੱਲ ਹੈ, ਸਾਰੀ ਗੱਲ ਆਪਣੇ ਅੰਦਰ ਆਪਣੇ ਹਿਰਦੇ ਵਿੱਚ ਗੁਰੂ ਦੀ ਮਤਿ ਨੂੰ ਵਸਾਉਣ ਦੀ ਹੈ, ਸ਼ਬਦ ਦੀ ਵਿਚਾਰ ਨੂੰ ਵਸਾਉਣ ਦੀ ਹੈ, ਨਾਮ ਨੂੰ ਵਸਾਉਣ ਦੀ ਹੈ ਭਾਵ ਔਗੁਣਾਂ ਤੋਂ ਮੁਕਤ ਹੋਣ ਦੀ ਹੈ ਤਾਂ ਜੋ ਅਸੀਂ ਸੱਚੀ ਸੁੱਚੀ ਸੰਸਾਰਿਕ ਵਿਚਰਨ ਨਾਲ ਜੁੜ ਸਕੀਏ।

28/3102

ਆਸਾ ਮਹਲਾ ੫॥

{ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ॥
ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ॥੧॥}

(ਅੰਗ ੩੮੧)

{ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ॥}

(ਅੰਗ ੪੩੭)

ਗਉੜੀ ਮਹਲਾ ੫॥

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥}

(ਅੰਗ ੨੩੬)

{ਆਸਨੁ ਪਵਨ ਦੂਰਿ ਕਰਿ ਬਵਰੇ॥ ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥੧॥ਰਹਾਉ॥}

(ਅੰਗ ੮੫੭)

{ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ॥੫॥}

(ਅੰਗ ੧੦੮੬)

{ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ॥
ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ॥}

(ਅੰਗ ੫੪੩)

ਸਾਡੇ ਅੰਦਰ ਦੇ ਗੁਣ ਸਾਨੂੰ ਸੱਚਾ ਬਣਾਉਂਦੇ ਹਨ ਤੇ ਸੱਚ ਦੇ ਨਾਲ ਜੋੜਦੇ ਹਨ ਤੇ ਇਹੀ ਸ਼ਬਦ ਦੀ ਵਿਚਾਰ ਦਾ ਮਕਸਦ ਹੈ ਕਿ ਅਸੀਂ ਸੱਚ ਦੁਆਰਾ ਵਿਚਰੀਏ, ਗੁਣੀ ਬਣਕੇ ਵਿਚਰੀਏ। ਜੋ ਸ਼ਬਦ ਦੀ ਵਿਚਾਰ ਨੂੰ ਨਹੀਂ ਬੁਝਦੇ, ਨਹੀਂ ਸਮਝਦੇ ਤੇ ਸ਼ਬਦ ਦੀ ਵਿਚਾਰ ਦੇ ਨਾਲ ਨਹੀਂ ਜੁੜਦੇ ਉਹ ਔਗੁਣਾਂ ਦੇ ਨਾਲ ਹੀ ਜੁੜੇ ਰਹਿੰਦੇ ਹਨ। ਇਹ ਔਗੁਣ ਸਾਡੇ ਅੰਦਰ ਦੇ ਦੁਸ਼ਟ ਹਨ, ਨਾਮ ਦੇ ਚੋਰ ਹਨ ਜੋ ਸਾਨੂੰ ਗੁਣਾਂ ਤੋਂ ਦੂਰ ਰੱਖਦੇ ਹਨ, ਪ੍ਰਮਾਤਮਾ ਦੀ ਉਸਤਤਿ ਤੋਂ ਦੂਰ ਰੱਖਦੇ ਹਨ ਤੇ ਗੁਰੂ ਪ੍ਰਮਾਤਮਾ ਦੀ ਨਿੰਦਾ ਦੇ ਨਾਲ ਜੋੜਦੇ ਹਨ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥

ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥

ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥੨॥”

ਸਾਡੇ ਅੰਦਰ ਔਗੁਣਾਂ ਦੀ ਚੌਂਕੜੀ ਸਾਡੇ ਅੰਦਰ ਦੁਸ਼ਟਾਂ ਦੀ ਚੌਂਕੜੀ ਹੈ ਜੋ ਸਾਨੂੰ ਗੁਣਾਂ ਤੋਂ ਦੂਰ ਰੱਖਦੀ ਹੈ, ਸੱਚ ਤੋਂ ਦੂਰ ਰੱਖਦੀ ਹੈ ਤੇ ਸਾਨੂੰ ਕੂੜ ਦੇ ਨਾਲ ਜੋੜਦੀ ਹੈ, ਝੂਠ ਦੇ ਨਾਲ ਜੋੜਦੀ ਹੈ ਭਾਵ ਝੂਠੇ ਜੀਵਨ ਦੇ ਨਾਲ ਜੋੜਦੀ ਹੈ, ਮਾੜੇ ਜੀਵਨ ਦੇ ਨਾਲ ਜੋੜਦੀ ਹੈ ਜਿਸ ਦਾ ਕਾਰਨ ਸ਼ਬਦ ਦੇ ਵਿਚਾਰਾਂ ਨੂੰ ਨਾ ਬੁਝਣ ਦਾ ਹੈ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਨਾ ਵਸਾਉਣ ਦਾ ਹੈ।

28/3103

(ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥)

ਸਾਡੇ ਅੰਦਰ ਦੇ ਇਹ ਦੁਸ਼ਟ ਹੀ, ਔਗੁਣ ਹੀ ਭਾਵ ਸਾਡੇ ਮਾੜੇ ਵਿਚਾਰ ਹੀ ਸਾਡੇ ਅੰਦਰ ਦੀ ਨਿੰਦਾ ਦਾ ਰੂਪ ਹਨ ਜਿਸ ਕਰਕੇ ਨਿੰਦਾ ਨੂੰ ਦੁਸ਼ਟੀ ਕਿਹਾ ਗਿਆ ਹੈ, ਸਾਡੇ ਅੰਦਰ ਦੇ ਦੁਸ਼ਟਾਂ ਦੀ ਉਪਜ ਕਿਹਾ ਗਿਆ ਹੈ, ਮਨ ਦੇ ਮਾੜੇ ਵਿਚਾਰਾਂ ਦੀ ਉਪਜ ਕਿਹਾ ਗਿਆ ਹੈ। ਜਿਸ ਦੇ ਅੰਦਰ ਸ਼ਬਦ ਦੇ ਵਿਚਾਰ ਨਹੀਂ ਹਨ ਉਸ ਮਨੁੱਖ ਦੇ ਵਿਚਾਰ ਮਾੜੇ ਹਨ। ਸ਼ਬਦ ਦੇ ਵਿਚਾਰ ਗੁਰਮਤਿ ਦੇ ਵਿਚਾਰ ਹਨ ਤੇ ਮਾੜੇ ਵਿਚਾਰ ਮਨਮਤਿ ਦੇ ਵਿਚਾਰ ਹਨ, ਦੁਰਮਤਿ ਵਾਲੇ ਵਿਚਾਰ ਹਨ। ਸਾਡੇ ਅੰਦਰ ਦੀ ਦੁਰਮਤਿ ਹੀ ਅਸਲ ਵਿੱਚ ਦੁਸ਼ਟੀ ਨਿੰਦਾ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੀ ਨਿੰਦਾ ਕਰਦੇ ਹਾਂ, ਸ਼ਬਦ ਦੇ ਵਿਚਾਰਾਂ ਦੀ ਨਿੰਦਾ ਕਰਦੇ ਹਾਂ ਤੇ ਮਨ ਦੇ ਇਹੋ ਜਿਹੇ ਮਾੜੇ ਵਿਚਾਰਾਂ ਦੇ ਰਹਿੰਦੇ ਹੋਏ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ, “ਫਲੁ” ਦੀ ਪ੍ਰਾਪਤੀ ਨਹੀਂ ਕਰ ਸਕਦਾ। “ਹਰਣਾਖਸ” ਨੇ ਭਗਤ ਪ੍ਰਹਿਲਾਦੁ ਦੀ ਨਿੰਦਾ ਮਨ ਦੇ ਮਾੜੇ ਵਿਚਾਰਾਂ ਦੁਆਰਾ ਹੀ ਕੀਤੀ ਹੈ, ਆਪਣੀ ਦੁਰਮਤਿ ਦੁਆਰਾ ਹੀ ਕੀਤੀ ਹੈ। ਮਨ ਦੇ ਇਹ ਮਾੜੇ ਵਿਚਾਰ ਹੀ ਸਾਡੇ ਅੰਦਰ ਦੇ ਨਾਖੁਨ ਹਨ ਜੋ ਸਾਡੇ ਮਨ ਨੂੰ ਦੁੱਖ ਦਿੰਦੇ ਰਹਿੰਦੇ ਹਨ ਭਾਵ ਸਾਡੇ ਮਨ ਦੇ ਦੁੱਖ ਦਾ ਕਾਰਨ ਹਨ, ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹਨ। **(ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥)**

ਹਰਣਾਖਸ ਹਰਿ ਗੁਣ ਗਾਉਣ ਵਾਲਾ ਨਹੀਂ ਸੀ ਕਿਉਂਕਿ ਉਸਦੇ ਅੰਦਰ ਔਗੁਣ ਭਰੇ ਪਏ ਸਨ, ਦੁਰਮਤਿ ਭਰੀ ਹੋਈ ਸੀ ਤੇ “ਪ੍ਰਹਿਲਾਦੁ” ਭਗਤ ਜੀ ਪ੍ਰਮਾਤਮਾ ਦੇ ਜਨ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੋਇਆ ਹੈ ਤੇ ਸਦਾ ਹੀ ਉਸਦੇ ਵਿੱਚ ਸਮਾਏ ਹੋਏ ਹਨ ਤੇ ਇਸੇ ਲਈ ਉਹ ਪ੍ਰਮਾਤਮਾ ਦੇ “ਜਨੁ” ਹਨ। ਉਨ੍ਹਾਂ ਦੇ ਅੰਦਰ ਪ੍ਰਮਾਤਮਾ ਦੇ ਗੁਣ ਵੱਸੇ ਹੋਏ ਹਨ ਜਿਸ ਦੁਆਰਾ ਉਨ੍ਹਾਂ ਨੇ ਗੁਣ ਗਾਏ ਹਨ ਭਾਵ ਸੱਚ ਦੇ ਮਾਰਗ ਤੇ ਚੱਲੇ ਹਨ। ਪ੍ਰਮਾਤਮਾ ਨੇ ਉਨ੍ਹਾਂ ਦੇ ਜੀਵਨ ਨੂੰ ਉਬਾਰਿਆ ਹੈ ਭਾਵ ਉੱਚਾ ਕੀਤਾ ਹੈ, ਉਨ੍ਹਾਂ ਦਾ ਰੁਤਬਾ ਉੱਚਾ ਕੀਤਾ ਹੈ ਤੇ ਹਰਣਾਖਸ ਨੂੰ ਨੀਵਾਂ ਕੀਤਾ ਹੈ ਭਾਵ ਪ੍ਰਮਾਤਮਾ ਸੱਚ ਦਾ ਸਾਥ ਦਿੰਦਾ ਹੈ, ਗੁਣਾਂ ਦਾ ਸਾਥ ਦਿੰਦਾ ਹੈ ਤੇ ਉਨ੍ਹਾਂ ਦੀ ਰੱਖਿਆ ਕਰਦਾ ਹੈ ਜੋ ਉਸਦੇ ਸੱਚ ਦੇ ਨਾਲ ਜੁੜ ਜਾਂਦੇ ਹਨ। ਸੱਚੇ ਦੇ ਨਾਲ ਜੋੜਨ ਵਾਲਾ ਵੀ ਉਹ ਆਪ ਹੈ ਤੇ ਸੱਚ ਤੋਂ ਦੂਜੇ ਪਾਸੇ ਚਲਾਉਣ ਵਾਲਾ ਵੀ ਉਹ ਆਪ ਹੈ। ਇਹ ਕੇਵਲ ਉਸਦੀ ਖੇਡ ਹੈ, ਇਹ ਸੰਸਾਰ ਨੂੰ ਚਲਾਉਣ ਦਾ ਬਣਾਇਆ ਹੋਇਆ ਤਰੀਕਾ ਹੈ। **(ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥ ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥ ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥੨॥)**

ਜਦ ਤੱਕ ਪ੍ਰਮਾਤਮਾ ਨੇ ਸਾਨੂੰ ਮਨਮਤਿ ਵਿੱਚ ਰੱਖਿਆ ਹੋਇਆ ਹੈ ਤਦ ਤੱਕ ਅਸੀਂ ਗੁਰੂ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ। ਆਪਣੀ ਮਤਿ ਨੂੰ ਹਰ ਕੋਈ ਚੰਗਾ ਹੀ ਸਮਝਦਾ ਹੈ ਤੇ ਤਾਂ ਹੀ ਆਪਣੀ ਮਤਿ ਦੇ ਪਿੱਛੇ ਲੱਗਦਾ ਹੈ ਜਿਸ

28/3104

ਕਰਕੇ ਹਰ ਕੋਈ ਮਨਮੁਖਿ ਹੈ। ਜਿਸ ਦੇ ਅੰਦਰ ਮਨਮਤਿ ਹੈ ਉਸਦੇ ਅੰਦਰ ਰਾਮ ਨਾਮ ਨਹੀਂ ਹੈ ਭਾਵ ਗੁਰੂ ਦੀ ਮਤਿ ਨਹੀਂ ਹੈ ਜਿਸ ਕਰਕੇ ਅਸੀਂ ਰਾਮ ਨਾਮ ਦੀ ਹੀ ਨਿੰਦਾ ਕਰਦੇ ਹਾਂ ਭਾਵ ਗੁਰਮਤਿ ਦੀ ਹੀ ਨਿੰਦਾ ਕਰਦੇ ਹਾਂ। ਮੁੱਖੋਂ ਕਿਸੇ ਅੱਖਰ ਨੂੰ ਜਪੀ ਜਾਣਾ ਤੇ ਉਸਨੂੰ ਨਾਮ ਜਪਣਾ ਸਮਝਣਾ ਰਾਮ ਨਾਮ ਦੀ ਨਿੰਦਾ ਹੈ। ਰਾਮ ਨਾਮ ਦੀ ਨਿੰਦਾ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ ਜਦੋਂ ਰਾਮ ਨਾਮ ਦੀ ਮਤਿ ਸਾਡੇ ਅੰਦਰ ਵੱਸ ਜਾਵੇਗੀ, ਰਾਮ ਨਾਮ ਦੀ ਵਿਚਾਰ ਸਾਡੇ ਅੰਦਰ ਵੱਸ ਜਾਵੇਗੀ ਕਿਉਂਕਿ ਸ਼ਬਦ ਦੀ ਵਿਚਾਰ ਹੀ "ਰਾਮ ਨਾਮੁ" ਹੈ, "ਸਚੁ ਨਾਮੁ" ਹੈ। **(ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ॥ ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥ ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ॥੩॥)**

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

ਸਾਡਾ ਜਨਮ ਵਿਅਰਥ ਜਾਂਦਾ ਹੈ ਜਾਂ ਸਫ਼ਲ ਹੁੰਦਾ ਹੈ ਇਹ ਕੇਵਲ ਉਸ ਪ੍ਰਮਾਤਮਾ ਦੀ ਰਜ਼ਾ ਹੈ ਜੋ ਆਪਣੀ ਇਸ ਸੰਸਾਰ ਦੀ ਖੇਡ ਨੂੰ ਆਪਣੇ ਅਨੁਸਾਰ ਚਲਾ ਰਿਹਾ ਹੈ, ਜਿਵੇਂ ਉਸਨੂੰ ਭਾਉਂਦਾ ਹੈ ਉਵੇਂ ਉਸ ਨੂੰ ਚਲਾ ਰਿਹਾ ਹੈ। ਸਾਡਾ ਜੀਵਨ ਤਾਂ ਹੀ ਸਫ਼ਲ ਹੋ ਸਕਦਾ ਹੈ ਜਦੋਂ ਉਹ ਸਾਨੂੰ ਸ਼ਬਦ ਦੀ ਵਿਚਾਰ ਨਾਲ ਜੋੜ ਲਵੇ, ਆਪਣੀ ਸੱਚੀ ਮਤਿ ਦੇ ਨਾਲ ਜੋੜ ਲਵੇ ਜੋ ਕਿ ਉਸਦੇ ਆਪਣੇ ਹੱਥ ਹੈ, ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਸ਼ਬਦ ਦੀ ਵਿਚਾਰ ਨਾਲ ਜੁੜਨ ਦਾ ਉੱਦਮ ਉਸਨੇ ਸਾਡੇ ਸਿਰ ਲਾਇਆ ਹੈ ਤੇ ਇਸ ਉੱਦਮ ਨਾਲ ਜੁੜੇ ਬਿਨ੍ਹਾਂ ਭਾਵ ਗੁਰਮਤਿ ਦੀ ਵਿਚਾਰ ਦੇ ਨਾਲ ਜੁੜੇ ਬਿਨ੍ਹਾਂ ਭਾਵ ਮਨਮਤਿ ਛੱਡੇ ਬਿਨ੍ਹਾਂ ਸਾਡਾ ਜੀਵਨ ਸਫ਼ਲ ਨਹੀਂ ਹੋ ਸਕਦਾ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

"ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥

ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥

ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ॥੪॥੫॥"

28/3105

ਪ੍ਰਮਾਤਮਾ ਦੀ ਸੇਵਾ ਉਹੀ ਕਰ ਸਕਦਾ ਹੈ ਜਿੰਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਆਪ ਆਪਣੀ ਸੇਵਾ ਕਰਨੀ ਸਮਝਾਉਂਦਾ ਹੈ। ਆਪਣੇ ਗੁਰੂ ਰੂਪ ਵਿੱਚ, ਭਗਤ ਰੂਪ ਵਿੱਚ ਪ੍ਰਮਾਤਮਾ ਆਪ ਹੀ ਆਪਣਾ ਸੇਵਕ ਬਣਕੇ ਦਿਖਾਉਂਦਾ ਹੈ। ਪ੍ਰਮਾਤਮਾ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਦੇ ਅੰਦਰ ਸ਼ਬਦ ਦੀ ਵਿਚਾਰ ਵਸੀ ਹੋਈ ਹੈ ਭਾਵ ਜਿਸ ਦੇ ਅੰਦਰ ਸ਼ਬਦ ਦੀ ਸੱਚੀ ਸੋਝੀ ਵਸੀ ਹੋਈ ਹੈ ਉਹੀ ਪ੍ਰਮਾਤਮਾ ਦੀ ਸੇਵਾ ਵਿੱਚ ਲੱਗ ਸਕਦਾ ਹੈ। ਜਿਸ ਦੇ ਅੰਦਰ ਸ਼ਬਦ ਦੀ ਵਿਚਾਰ ਹੈ ਉਸਦੀ ਵਿਚਰਨ ਸ਼ਬਦ ਦੀ ਵਿਚਾਰ ਅਨੁਸਾਰ ਹੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੇਵਾ ਕੀਤੀ ਜਾ ਸਕਦੀ ਹੈ ਭਾਵ ਪ੍ਰਮਾਤਮਾ ਦੀ ਸੇਵਾ ਮਨ ਦੇ ਵਿੱਚ ਗੁਰਮਤਿ ਦੀ ਪੂਰਨ ਸੋਝੀ ਦੁਆਰਾ ਹੀ ਹੁੰਦੀ ਹੈ। ਆਪਣੇ ਭਗਤਾਂ ਨੂੰ ਮਨ ਦੇ ਵਿੱਚ ਪੂਰਨ ਰੂਪ ਵਿੱਚ ਸੱਚੀ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਭਾਵ ਆਪਣੀ ਸੇਵਾ ਵਿੱਚ ਲਾਉਣ ਵਾਲਾ ਉਹ ਆਪ ਹੈ ਜਿਸ ਦੁਆਰਾ ਉਹ ਆਪਣਿਆਂ ਭਗਤਾਂ ਦਾ ਜਨਮ ਸਫ਼ਲ ਕਰਦਾ ਹੈ। (**ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥**)

ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਦੇ ਆਏ ਹਾਂ ਤੇ ਹੇਠ ਦਿੱਤੀਆਂ ਕੁੱਝ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ - ੨੨੩)

ਗੁਰੂ ਪ੍ਰਮਾਤਮਾ ਦੀ ਸੇਵਾ ਸਾਡੀ ਉੱਤਮ ਕਰਣੀ ਦੁਆਰਾ ਹੁੰਦੀ ਹੈ ਤੇ ਉੱਤਮ ਕਰਣੀ ਸਾਡੀ ਤਾਂ ਹੀ ਹੋ ਸਕਦੀ ਹੈ ਜਦੋਂ ਸਾਡੇ ਅੰਦਰ ਸ਼ਬਦ ਦੀ ਵਿਚਾਰ ਵੱਸ ਜਾਵੇ ਤੇ ਸਾਡੇ ਅੰਦਰ ਸ਼ਬਦ ਦੀ ਵਿਚਾਰ ਵੱਸਣ ਨਾਲ ਹੀ ਸਾਡੀ ਹਉਮੈ ਖ਼ਤਮ ਹੁੰਦੀ

ਹੈ ਭਾਵ ਗੁਰੂ ਦੀ ਮਤਿ ਸਾਡੇ ਅੰਦਰ ਵੱਸਣ ਨਾਲ ਹੀ ਸਾਡੀ ਮਨਮਤਿ ਖ਼ਤਮ ਹੁੰਦੀ ਹੈ। ਸਾਡੀ ਮਾੜੀ ਮਤਿ ਸਾਨੂੰ ਚੰਗੀ ਕਰਨੀ ਤੋਂ ਦੂਰ ਕਰਦੀ ਹੈ ਤੇ ਗੁਰੂ ਦੀ ਮਤਿ ਸਾਨੂੰ ਚੰਗੀ ਕਰਨੀ ਨਾਲ ਜੋੜਦੀ ਹੈ। ਚੰਗੀ ਕਰਣੀ ਔਗੁਣਾਂ ਤੋਂ ਰਹਿਤ ਹੋ ਕੇ ਹੀ ਹੁੰਦੀ ਹੈ ਤੇ ਜੋ ਮਨੁੱਖ ਸ਼ਬਦ ਦਾ ਵਿਚਾਰੀ ਹੈ, ਗੁਰੂ ਦੀ ਸੇਵਾ ਕਰਨ ਵਾਲਾ ਹੈ ਉਹ ਪੰਜਾਂ ਔਗੁਣਾਂ ਤੋਂ ਬਾਹਰ ਹੁੰਦਾ ਹੈ ਭਾਵ ਉਸਦੇ ਔਗੁਣ ਵੱਸ ਵਿੱਚ ਆਏ ਹੁੰਦੇ ਹਨ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥
ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥}

(ਅੰਗ - ੧੦੬੮)

ਗੁਰੂ ਦੀ ਸੇਵਾ ਵਾਲਾ ਬਣਨਾ, ਸ਼ਬਦ ਦਾ ਵਿਚਾਰੀ ਬਣਨਾ ਇੱਕੋ ਹੀ ਗੱਲ ਹੈ ਜਿਸ ਦਾ ਮਕਸਦ ਆਪਣੇ ਆਪ ਨੂੰ ਮਾਇਆ ਮੋਹ ਤੋਂ ਮੁਕਤਿ ਕਰਨ ਦਾ ਹੈ,

28/3106

ਔਗੁਣਾਂ ਤੋਂ ਮੁਕਤਿ ਹੋ ਕੇ ਸੱਚੇ-ਸੁੱਚੇ ਕਰਮ ਕਰਨ ਦਾ ਹੈ।

{ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥}

(ਅੰਗ - ੩੬੧)

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥}

(ਅੰਗ - ੯੯੪)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ - ੨੩੦)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥ ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥}

(ਅੰਗ - ੨੬)

ਪ੍ਰਮਾਤਮਾ ਦੀ ਭਗਤੀ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ, ਸ਼ਬਦ ਵਿਚਾਰ ਦੇ ਨਾਲ ਜੁੜੀ ਹੋਈ ਹੈ। ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੀ ਭਗਤੀ ਨੂੰ ਸਮਝ ਸਕੀਏ, ਪ੍ਰਮਾਤਮਾ ਦੀ ਸੇਵਾ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਵਿਚਰ ਸਕੀਏ ਜੋ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥

ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ - ੮੮)

{ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥}

(ਅੰਗ - ੨੯)

28/3107

ਪ੍ਰਮਾਤਮਾ ਦੀ ਭਗਤੀ ਸ਼ਬਦ ਦੇ ਗਿਆਨ ਦੁਆਰਾ ਹੁੰਦੀ ਹੈ, ਸ਼ਬਦ ਦੀ ਵਿਚਾਰ ਦੁਆਰਾ ਹੁੰਦੀ ਹੈ ਨਾ ਕਿ ਕਿਸੇ ਸ਼ਬਦ ਨੂੰ ਰਟੀ ਜਾਣ ਨਾਲ ਹੁੰਦੀ ਹੈ ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ, ਇਹ ਕੇਵਲ ਮਨ ਦੀ ਅਗਿਆਨਤਾ ਹੈ, ਮਨਮਤਿ ਹੈ ਤੇ ਹੋਰ ਕੁੱਝ ਵੀ ਨਹੀਂ ਜਿਸ ਰਾਹੀਂ ਅਸੀਂ ਆਪਣੇ ਜੀਵਨ ਨੂੰ ਸਫ਼ਲ ਕਰਨ ਦੀ ਬਜਾਇ ਵਿਅਰਥ ਕਰ ਰਹੇ ਹਾਂ ਤੇ ਐਵੇਂ ਝੂਠੀ ਆਸ ਲਗਾਈ ਬੈਠੇ ਹਾਂ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਹੋਏ ਹਾਂ, ਉਸਦਾ ਨਾਮ ਜਪਣ ਵਿੱਚ ਲੱਗੇ ਹੋਏ ਹਾਂ। ਪ੍ਰਮਾਤਮਾ ਦਾ ਨਾਮ ਮਨ ਦੇ ਗਿਆਨ ਦੁਆਰਾ ਹੀ ਜਪਿਆ ਜਾ ਸਕਦਾ ਹੈ, ਸ਼ਬਦ ਦੀ ਵਿਚਾਰ ਵੱਸਣ ਦੁਆਰਾ ਹੀ ਜਪਿਆ ਜਾ ਸਕਦਾ ਹੈ ਤੇ ਇਸੇ ਲਈ ਗੁਰੂ ਆਪ ਹੀ ਪ੍ਰਮਾਤਮਾ ਦਾ ਨਾਮ ਜਪਣ ਵਾਲਾ ਹੈ, ਉਸਦੀ ਸੇਵਾ ਕਰਨ ਵਾਲਾ ਹੈ ਜਿਵੇਂ ਕਿ ਮੁੱਖ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। **(ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ ॥)**

ਆਪਣੇ ਭਗਤਾਂ ਨੂੰ ਉਹ ਆਪਣੀ ਸੇਵਾ ਵਿੱਚ ਕਿਵੇਂ ਲਗਾਉਂਦਾ ਹੈ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥”

ਜਿਸ ਨੂੰ ਪ੍ਰਮਾਤਮਾ ਆਪਣਾ ਭਗਤ ਬਣਾਉਂਦਾ ਹੈ ਉਸਨੂੰ ਸਹਜ ਦੀ ਅਵੱਸਥਾ ਬਖ਼ਸ਼ਦਾ ਹੈ ਭਾਵ ਚੌਥੇ ਪਦ ਦੀ ਅਵੱਸਥਾ ਬਖ਼ਸ਼ਦਾ ਹੈ। ਇਹ ਅਵੱਸਥਾ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਬਖ਼ਸ਼ਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਤ੍ਰੈਗੁਣਾਂ ਵਿੱਚੋਂ, ਹਉਮੈ ਵਿੱਚੋਂ, ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਮਾਇਆ ਦੀ ਜੁਗਤਿ ਵਿੱਚੋਂ ਕੱਢਦਾ ਹੈ ਤੇ ਮਨ ਦੇ ਅੰਦਰ ਹੀ ਉਨ੍ਹਾਂ ਨੂੰ ਆਪਣੇ ਸ਼ਬਦ ਦੇ ਗਿਆਨ ਨਾਲ ਰੱਤਦਾ ਹੈ ਭਾਵ ਸ਼ਬਦ ਦੀ ਵਿਚਾਰ ਦੇ ਨਾਲ ਰੱਤਦਾ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਰੱਤਦਾ ਹੈ ਜੋ ਸੋਝੀ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਪਾਈ ਹੈ। ਮਨ ਦੀ ਇਸ ਸੋਝੀ ਦੁਆਰਾ ਹੀ ਮਨੁੱਖ ਹਰ ਵੇਲੇ ਉਸ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਭਾਵ ਅੱਠੇ ਪਹਿਰ ਸੱਚ ਦੁਆਰਾ ਵਿਚਰਦਾ ਹੈ, ਸ਼ਬਦ ਦਾ ਵਿਚਾਰੀ ਬਣ ਕੇ ਵਿਚਰਦਾ ਹੈ। **(ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥)**

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥}

(ਅੰਗ ੫੮)

28/3108

ਜੋ ਮਨੁੱਖ ਸ਼ਬਦ ਦੀ ਮਤਿ ਦੇ ਨਾਲ ਰੱਤਿਆ ਹੋਇਆ ਹੈ ਉਹੀ ਸ਼ਬਦ ਨਾਲ ਰੱਤਿਆ ਹੋਇਆ ਹੈ। ਸ਼ਬਦ ਨਾਲ ਰੱਤਿਆ ਹੋਇਆ ਉਹੀ ਹੈ ਜਿਸ ਦੇ ਅੰਦਰੋਂ ਸਾਰੇ ਵਿਕਾਰ ਨਿਕਲੇ ਹੋਏ ਹਨ, ਹਉਮੈ ਨਿਕਲੀ ਹੋਈ ਹੈ।

ਗੁਰੂ ਪ੍ਰਮਾਤਮਾ ਦਾ "ਦਾਸੁ" ਹੈ, ਉਸਦਾ ਸੇਵਕ ਹੈ ਜੋ ਹਰ ਵੇਲੇ ਪ੍ਰਮਾਤਮਾ ਦੇ ਚਰਨਾਂ ਵਿੱਚ ਬੇਨਤੀ ਕਰਦਾ ਹੈ। ਪ੍ਰਮਾਤਮਾ ਦੇ ਚਰਨਾਂ ਵਿੱਚ ਬੇਨਤੀ ਉਹੀ ਕਰਦਾ ਹੈ ਜੋ ਅੱਠੇ ਪਹਿਰ ਸੱਚ ਦੁਆਰਾ ਵਿਚਰਦਾ ਹੈ, ਸ਼ਬਦ ਦਾ ਵਿਚਾਰੀ ਬਣ ਕੇ ਵਿਚਰਦਾ ਹੈ। ਜੋ ਸੱਚ ਦੁਆਰਾ ਵਿਚਰਨ ਵਾਲਾ ਹੈ ਉਹੀ ਪ੍ਰਮਾਤਮਾ ਦੇ ਭਗਤਾਂ ਦੇ ਚਰਨੀ ਪੈਂਦਾ ਹੈ। ਗੁਰੂ ਦੀ ਮਤਿ ਤੇ ਭਗਤਾਂ ਦੀ ਮਤਿ ਵਿੱਚ ਕੋਈ ਭੇਦ ਨਹੀਂ ਹੈ ਤੇ ਇਸੇ ਲਈ ਭਗਤਾਂ ਦੇ ਪੈਰੀ ਪੈਣਾ ਜਾਂ ਪ੍ਰਮਾਤਮਾ ਦੇ ਚਰਨੀ ਪੈਣਾ ਇੱਕੋ ਹੀ ਗੱਲ ਹੈ ਕਿਉਂਕਿ ਮਤਿ ਦਾ ਸ੍ਰੋਤ ਇੱਕੋ ਹੀ ਹੈ ਭਾਵ ਕੇਵਲ ਪ੍ਰਮਾਤਮਾ ਆਪ ਹੀ ਹੈ। ਭਗਤ ਰੂਪ ਵਿੱਚ, ਗੁਰੂ ਰੂਪ ਵਿੱਚ ਉਹ ਆਪ ਹੀ ਹੈ। **(ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥ ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥ ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ॥੪॥੫॥)**

ਉੱਪਰ ਪੰਗਤੀਆਂ ਰਾਹੀਂ ਸਾਨੂੰ ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਉਹ ਪ੍ਰਮਾਤਮਾ ਦੇ ਭਗਤਾਂ ਦੇ ਪੈਰੀ ਪੈਂਦੇ ਹਨ। ਕੁੱਝ ਇਹੋ ਜਿਹੀ ਵਿਚਾਰਧਾਰਾ ਰੱਖਣ ਵਾਲੇ ਵੀ ਹਨ ਜੋ ਭਗਤਾਂ ਵਿੱਚ ਤੇ ਗੁਰੂ ਸਾਹਿਬਾਨ ਵਿੱਚ ਫਰਕ ਸਮਝਦੇ ਹਨ ਭਾਵ ਉਹ ਗੁਰੂ ਸਾਹਿਬਾਨ ਦਾ ਰੁਤਬਾ ਭਗਤਾਂ ਨਾਲੋਂ ਉੱਚਾ ਸਮਝਦੇ ਹਨ। ਉਪਰਲੀਆਂ ਪੰਗਤੀਆਂ ਨੂੰ ਸਮਝਕੇ ਸਾਡੇ ਅੰਦਰ ਇਹ ਭੇਦਭਾਵ ਕਦੇ ਵੀ ਨਹੀਂ ਰਹਿਣਾ ਚਾਹੀਦਾ। ਇਹੋ ਜਿਹਾ ਭੇਦ ਉਹੀ ਸਮਝ ਸਕਦੇ ਹਨ ਜਿੰਨ੍ਹਾਂ ਨੂੰ ਇਹ ਰੱਤੀ ਭਰ ਵੀ ਸਮਝ ਨਹੀਂ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੁੰਦਾ ਹੈ। ਪ੍ਰਮਾਤਮਾ ਜਦੋਂ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ ਉਹ ਸਭ ਨੂੰ ਇੱਕੋ ਜਿਹੀ ਅਵੱਸਥਾ ਹੀ ਬਖ਼ਸ਼ਦਾ ਹੈ ਜੋ ਕਿ ਸਹਜ ਦੀ ਅਵੱਸਥਾ ਹੈ, ਚੌਥੇ ਪਦ ਦੀ ਅਵੱਸਥਾ ਹੈ ਜਿਸ ਦੁਆਰਾ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਰੂਪ ਕੇਵਲ ਭਰਮ ਹੈ। ਭਰਮ ਵਿੱਚ ਰਹਿੰਦੇ ਹੋਏ ਕੋਈ ਵੀ ਪ੍ਰਮਾਤਮਾ ਨੂੰ ਨਹੀ ਜਾਣ ਸਕਦਾ ਕਿ ਉਸਦਾ ਨਿਰਗੁਣ ਰੂਪ ਕੀ ਹੈ ਜਿਸ ਦੁਆਰਾ ਉਹ ਸਭ ਵਿੱਚ ਵੱਸਿਆ ਹੋਇਆ ਹੈ। ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ, ਨਿਰਗੁਣ ਰੂਪ ਵਿੱਚ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਮਨ ਦੇ ਰਾਹੀਂ ਪ੍ਰਗਟ ਕਰਦਾ ਹੈ ਤੇ ਉਸ ਤੋਂ ਬਾਅਦ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦਿੰਦਾ ਹੈ, ਬ੍ਰਹਮਗਿਆਨ ਦਿੰਦਾ ਹੈ, ਬ੍ਰਹਮ ਬੀਚਾਰ ਦਿੰਦਾ ਹੈ। ਜਿੱਥੇ ਵੀ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉੱਥੇ ਉਸ ਨੇ ਇੱਕੋ ਜਿਹੀ ਬ੍ਰਹਮ ਬੀਚਾਰ ਹੀ ਦਿੱਤੀ ਹੈ। ਬ੍ਰਹਮ ਬੀਚਾਰ ਛੋਟੀ ਜਾਂ ਵੱਡੀ ਨਹੀਂ ਹੋ

ਸਕਦੀ, ਸ਼ਬਦ ਦੀ ਵਿਚਾਰ ਛੋਟੀ ਜਾਂ ਵੱਡੀ ਨਹੀਂ ਹੋ ਸਕਦੀ, ਪ੍ਰਮਾਤਮਾ ਦੀ ਪਾਈ ਹੋਈ ਸੋਝੀ ਛੋਟੀ ਜਾਂ ਵੱਡੀ ਨਹੀਂ ਹੋ ਸਕਦੀ, ਪ੍ਰਮਾਤਮਾ ਦਾ ਸਮਝਾਇਆ ਹੋਇਆ ਸੱਚ ਛੋਟਾ ਜਾਂ ਵੱਡਾ ਨਹੀਂ ਹੋ ਸਕਦਾ ਤੇ ਇਸੇ ਲਈ ਭਗਤਾਂ ਦੇ ਗਿਆਨ ਵਿੱਚ ਜਾਂ ਗੁਰੂ ਸਾਹਿਬਾਨ ਦੇ ਗਿਆਨ ਵਿੱਚ ਕੋਈ ਫਰਕ ਨਹੀਂ ਹੋ ਸਕਦਾ ਭਾਵ ਸਭ ਦਾ ਦਰਜਾ ਇੱਕੋ ਜਿਹਾ ਹੀ ਹੈ ਕਿਉਂਕਿ ਸਭ ਦੀ ਮਤਿ ਇੱਕੋ ਦੀ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਮਤਿ ਹੈ ਜਿਸ ਵਿੱਚ ਕੋਈ ਭੇਦ ਨਹੀਂ ਹੈ, ਸਭ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੈ ਤੇ ਇਸੇ ਲਈ ਸਾਨੂੰ ਇਸ ਗੱਲ ਦਾ ਭੇਦ ਕਦੇ ਨਹੀਂ ਸਮਝਣਾ ਚਾਹੀਦਾ ਕਿ ਭਗਤਾਂ ਵਿੱਚ ਤੇ ਗੁਰੂ ਸਾਹਿਬਾਨ ਵਿੱਚ ਕੋਈ ਫਰਕ ਹੋ ਸਕਦਾ ਹੈ। ਭੱਟ ਸਾਹਿਬਾਨਾਂ ਦੇ ਵਿੱਚ ਵੀ ਪ੍ਰਮਾਤਮਾ ਨੇ ਆਪ ਹੀ ਪ੍ਰਗਟ ਹੋ ਕੇ ਉਨ੍ਹਾਂ ਦਾ ਉੱਚਾ ਦਰਜਾ ਸਮਝਾਇਆ ਹੈ, ਗੁਰੂ ਰੂਪ ਦਾ ਉੱਚਾ ਦਰਜਾ ਸਮਝਾਇਆ ਹੈ। ਗੁਰੂ ਰੂਪ ਵਿੱਚ ਗੁਰੂ ਆਪ ਹੀ ਪ੍ਰਮਾਤਮਾ ਦਾ ਦਾਸ ਹੈ ਤੇ ਆਪਣੀ ਵਡਿਆਈ ਦਾਸ ਆਪਣੇ ਮੁੱਖੋਂ ਨਹੀਂ ਕਰ ਸਕਦਾ ਪਰ ਗੁਰੂ ਦਾ ਰੁਤਬਾ ਬਹੁਤ ਉੱਚਾ ਹੈ ਜੋ ਰੁਤਬਾ ਸਮਝਾਉਣ ਲਈ ਪ੍ਰਮਾਤਮਾ ਨੇ ਆਪਣੇ ਆਪ ਨੂੰ ਭੱਟ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਕੀਤਾ ਹੈ ਤਾਂ ਜੋ ਗੁਰੂ ਦੀ ਵਡਿਆਈ ਸਮਝਾਈ ਜਾ ਸਕੇ। ਗੁਰੂ ਦੀ ਵਡਿਆਈ ਅਸਲ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਵਡਿਆਈ ਹੈ ਕਿਉਂਕਿ ਗੁਰੂ ਰੂਪ ਵਿੱਚ ਵੀ ਉਹ ਆਪ ਹੀ ਹੈ ਤੇ ਇਹੀ ਗੱਲ ਸਾਨੂੰ ਭੱਟ ਸਾਹਿਬਾਨ ਦੇ ਸਵੱਈਆਂ ਰਾਹੀਂ ਸਮਝਾਈ ਹੋਈ ਹੈ ਕਿ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ।

ਭੱਟ ਸਾਹਿਬਾਨ ਦੇ ਰਾਹੀਂ ਪ੍ਰਮਾਤਮਾ ਦੇ ਪ੍ਰਗਟ ਹੋਣ ਦੀ ਦੂਸਰੀ ਵਜ੍ਹਾ ਇਹ ਹੈ ਕਿ ਉਨ੍ਹਾਂ ਨੂੰ ਗੁਰੂ ਘਰ ਦੇ ਕੀਰਤਨੀਏ ਕਿਹਾ ਗਿਆ ਹੈ, ਗੁਰੂ ਸਾਹਿਬਾਨ ਦੇ ਸਮੇਂ ਵਿੱਚ ਕਿਹਾ ਗਿਆ ਹੈ। ਪ੍ਰਮਾਤਮਾ ਦਾ ਕੀਰਤਨੀਆਂ ਬਣਨਾ ਕੀ ਹੈ, ਪ੍ਰਮਾਤਮਾ ਦਾ ਜੱਸ ਗਾਉਣ ਵਾਲਾ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਉਸਦਾ ਕੀਰਤਨੀਆਂ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਭਾਵ ਸੱਚ ਦੀ ਸੋਝੀ ਪੈਣ ਦੁਆਰਾ ਹੀ ਬਣਿਆ ਜਾ ਸਕਦਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਹੀ ਬਣਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਆਪਣੇ ਮੁੱਖੋਂ

ਗੁਰੂ ਘਰ ਦੇ ਕੀਰਤਨੀਏ ਕਿਹਾ ਸੀ ਤੇ ਗੁਰੂ ਦੀ ਕਹੀ ਹੋਈ ਗੱਲ ਸੱਚ ਤੇ ਖਰੀ ਉਤਰਦੀ ਹੈ ਭਾਵ ਗੁਰੂ ਦੇ ਕਹੇ ਹੋਏ ਬੋਲ ਅਡੋਲ ਹੁੰਦੇ ਹਨ ਜੋ ਕਦੇ ਖਾਲੀ ਨਹੀਂ ਜਾ ਸਕਦੇ। ਪ੍ਰਮਾਤਮਾ ਨੇ ਭੱਟ ਸਾਹਿਬਾਨ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਗੁਰੂ ਦੇ ਬੋਲਾਂ ਤੇ ਹੀ ਫੁੱਲ ਚੜ੍ਹਾਏ ਹਨ ਭਾਵ ਆਪਣੇ ਕਹੇ ਹੋਏ ਬੋਲ ਹੀ ਪੂਰੇ ਕੀਤੇ ਹਨ ਤੇ ਉਨ੍ਹਾਂ ਦੇ ਰਾਹੀਂ ਪ੍ਰਮਾਤਮਾ ਦਾ ਉਹੋ ਜਿਹਾ ਜੱਸ ਗਵਾਇਆ ਹੈ ਜੋ ਜੱਸ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ

28/3110

ਹੀ ਗਾਇਆ ਜਾ ਸਕਦਾ ਹੈ। ਭੱਟ ਸਾਹਿਬਾਨ ਨੇ ਗੁਰੂ ਸਾਹਿਬਾਨ ਦੀ ਅਵੱਸਥਾ ਤਾਂ ਹੀ ਸਮਝਾਈ ਹੈ, ਉਨ੍ਹਾਂ ਦੀ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਤਾਂ ਹੀ ਸਮਝਾਈ ਹੈ ਜੇਕਰ ਪਹਿਲੇ ਉਨ੍ਹਾਂ ਨੂੰ ਆਪ ਇਹ ਅਵੱਸਥਾ ਸਮਝ ਆਈ ਹੈ ਕਿ ਮਨ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਕਿਸ ਰੂਪ ਵਿੱਚ ਵਿਚਰਦੀ ਹੈ, ਪ੍ਰਮਾਤਮਾ ਆਪਣੇ ਨਿਰਗੁਣ ਰੂਪ ਦੁਆਰਾ ਕਿਵੇਂ ਵਿਚਰਦਾ ਹੈ। ਭੱਟ ਸਾਹਿਬਾਨ ਦੁਆਰਾ ਉਚਾਰੇ ਹੋਏ ਸਵੱਈਏ ਪੂਰਨ ਗੁਰਮਤਿ ਦੀ ਗਹਿਰਾਈ ਦੇ ਅਨੁਸਾਰ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਗਹਿਰਾਈ ਪਾਉਣ ਵਾਲਾ ਉਹ ਆਪ ਹੀ ਹੈ ਜਿਸ ਕਰਕੇ ਉਨ੍ਹਾਂ ਦੀ ਹਰ ਗੱਲ ਗੁਰਬਾਣੀ ਦੇ ਦੂਜੇ ਸ਼ਬਦਾਂ ਅਨੁਸਾਰ ਪੂਰੀ ਉਤਰਦੀ ਹੈ। ਗੁਰਬਾਣੀ ਰਾਹੀਂ ਕਿਸ ਸਰੀਰ ਦੁਆਰਾ ਕਿਤਨੀ ਬਾਣੀ ਉਚਾਰੀ ਗਈ ਹੈ ਇਸ ਗੱਲ ਦਾ ਫਰਕ ਨਹੀਂ ਹੈ। ਜਿਸ ਦੀ ਵੀ ਬਾਣੀ ਗੁਰਬਾਣੀ ਵਿੱਚ ਦਰਜ ਹੋਈ ਹੈ ਉਹ ਤਾਂ ਹੀ ਹੋਈ ਹੈ ਕਿਉਂਕਿ ਉੱਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਜਿਸ ਕਰਕੇ ਸਾਰਿਆਂ ਦਾ ਸ੍ਰੋਤ ਇੱਕੋ ਹੀ ਹੈ ਤੇ ਕਿਸੇ ਦੀ ਉਚਾਰੀ ਹੋਈ ਬਾਣੀ ਦਾ ਦੂਸਰੇ ਸਰੀਰ ਰਾਹੀਂ ਉਚਾਰੀ ਹੋਈ ਬਾਣੀ ਨਾਲ ਭੇਦ ਨਹੀਂ ਹੈ ਭਾਵ ਜੋ ਵੀ ਬਾਣੀ ਗੁਰਬਾਣੀ ਵਿੱਚ ਦਰਜ ਹੈ ਉਹ ਸੱਚੀ ਬਾਣੀ ਹੈ ਭਾਵ ਇੱਕੋ ਸ੍ਰੋਤ ਤੋਂ ਆਈ ਹੈ, ਸੱਚ ਦੇ ਸ੍ਰੋਤ ਤੋਂ ਆਈ ਹੈ। ਇਹ ਸੱਚੀ ਬਾਣੀ ਹੀ ਸਾਡਾ ਗੁਰੂ ਹੈ, ਸੱਚਾ ਗਿਆਨ ਹੀ ਸਾਡਾ ਗੁਰੂ ਹੈ ਤੇ ਸੱਚੇ ਗਿਆਨ ਦਾ ਮਾਲਕ, ਸੱਚੇ ਗਿਆਨ ਦਾ ਸ੍ਰੋਤ ਇੱਕੋ ਇੱਕ ਪ੍ਰਮਾਤਮਾ ਆਪ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ।

ਸੱਚੀ ਬਾਣੀ ਵਿੱਚ ਤੇ ਕੱਚੀ ਬਾਣੀ ਵਿੱਚ ਸਾਡੇ ਲਈ ਭੇਦ ਸਮਝਣਾ ਬਹੁਤ ਜਰੂਰੀ ਹੈ। ਕੱਚੀ ਬਾਣੀ ਕਦੇ ਸੱਚੀ ਬਾਣੀ ਤੇ ਪੂਰੀ ਨਹੀਂ ਉਤਰ ਸਕਦੀ। ਕੱਚੀ ਬਾਣੀ ਦੇ ਵਿੱਚ ਸੱਚ ਦੇ ਨਾਲ ਨਾਲ ਭਰਮ ਵੀ ਹੁੰਦਾ ਹੈ ਜੋ ਸਾਨੂੰ ਦੁਬਿਧਾ ਵਿੱਚ ਰੱਖਦਾ ਹੈ, ਅਸਲੀਅਤ ਸਮਝਣ ਤੋਂ ਦੂਰ ਰੱਖਦਾ ਹੈ। ਅਸੀਂ ਅਨੇਕਾਂ ਹੀ ਉਹੋ ਜਿਹਿਆਂ ਨੂੰ ਸੱਚੇ ਮੰਨਿਆ ਹੋਇਆ ਹੈ ਜੋ ਅਸਲ ਵਿੱਚ ਵੱਡੇ ਭਰਮ ਵਿੱਚ ਰਹੇ ਹਨ ਤੇ ਅੱਜ ਵੀ ਉਨਾਂ ਦਾ ਦੱਸਿਆ ਹੋਇਆ ਭਰਮ ਪੂਰੇ ਪ੍ਰਚਾਰ ਵਿੱਚ ਹੈ ਤੇ ਜਿਹੋ ਜਿਹੇ ਜਪ ਤਪ ਵਿੱਚ ਹਰ ਕੋਈ ਲੱਗਾ ਹੋਇਆ ਹੈ ਇਹ ਕੇਵਲ ਭਰਮ ਦਾ ਨਤੀਜਾ ਹੀ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚੀ ਬਾਣੀ ਨਾਲ ਨਹੀਂ ਜੁੜ ਸਕਦੇ। ਸੱਚੀ ਬਾਣੀ ਨਾਲ ਜੁੜੇ ਬਿਨ੍ਹਾਂ ਅਸੀਂ ਸੱਚੀ ਬਾਣੀ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ, ਗੁਰੂ ਦੀ, ਗੁਰਮਤਿ ਦੀ, ਪ੍ਰਮਾਤਮਾ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ, ਸੱਚ ਦੀ ਨਿੰਦਾ ਵਿੱਚ ਨਹੀਂ ਨਿਕਲ ਸਕਦੇ। ਗੁਰੂ ਸੱਚ ਹੈ ਭਾਵ ਉਸਦੇ ਕੋਲ ਸੱਚ ਦੀ ਪੂਰਨ ਸੋਝੀ ਹੈ ਜਿਸ ਕਰਕੇ ਉਹ ਸਾਡੀ ਨਿੰਦਾ ਕਰਦਾ ਹੈ ਜਿਸਦਾ ਕਾਰਨ ਸਾਡਾ ਭਰਮ ਹੈ। ਆਪਣੇ ਭਰਮ ਦੇ ਕਾਰਨ ਅਸੀਂ ਸੱਚ ਦੀ ਨਿੰਦਾ ਕਰਦੇ ਹਾਂ। ਭਰਮ ਦਾ ਤੇ ਸੱਚ ਦਾ ਆਪਸ ਵਿੱਚ ਵਿਰੋਧ ਹੈ ਜੋ ਕਿ ਹਉਮੈ ਤੇ ਨਾਮ ਦਾ ਆਪਸ ਵਿੱਚ ਵਿਰੋਧ ਹੈ। ਸੱਚ ਅਟੱਲ ਹੈ, ਨਾਮ ਅਟੱਲ ਹੈ, ਗੁਰਮਤਿ ਅਟੱਲ ਹੈ,

28/3111

ਸ਼ਬਦ ਦੀ ਵਿਚਾਰ ਅਟੱਲ ਹੈ ਭਾਵ ਥਿਰ ਹੈ ਜੋ ਕਦੇ ਬਦਲ ਨਹੀਂ ਸਕਦੀ। ਥਿਰ ਹੋਏ ਬਿਨ੍ਹਾਂ ਅਸੀਂ ਗੁਰਮਤਿ ਦੀ ਨਿੰਦਾ ਵਿੱਚੋਂ, ਗੁਰੂ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ। ਮਨ ਦਾ ਭਰਮ ਸਾਡੀ ਮਤਿ ਨੂੰ ਥਿਰ ਨਹੀਂ ਹੋਣ ਦਿੰਦਾ ਜੋ ਕਿ ਮਾਇਆ ਮੋਹ ਵਿੱਚ ਡੋਲਦੀ ਰਹਿੰਦੀ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੀ ਨਿੰਦਾ ਕਰਦੇ ਹਾਂ। ਜਿੰਨ੍ਹਾਂ ਨੇ ਸਾਨੂੰ ਭਰਮ ਵਿੱਚ ਪਾਇਆ ਹੋਇਆ ਹੈ ਭਾਵ ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ ਹੋਇਆ ਹੈ ਜਦ ਤੱਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਉਹ ਖੁਦ ਭਰਮ ਵਿੱਚ ਸਨ ਤੇ ਉਨ੍ਹਾਂ ਦੇ ਪਿੱਛੇ ਲੱਗਣਾ ਭਰਮ ਹੈ ਤਦ ਤੱਕ ਸਾਡਾ ਭਰਮ ਵਿੱਚੋਂ ਨਿਕਲਣਾ ਸੌਖਾ ਨਹੀਂ ਹੈ। ਭਰਮ ਵਿੱਚੋਂ ਸਾਨੂੰ ਗੁਰੂ ਦੀ ਮਤਿ ਨੇ ਕੱਢਣਾ ਹੈ ਤੇ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਹੀ ਸੱਚਾ ਨਹੀਂ ਮੰਨਦੇ ਭਾਵ ਉਸ ਤੇ ਵਿਸ਼ਵਾਸ ਨਹੀਂ ਕਰਦੇ ਫਿਰ ਅਸੀਂ ਗੁਰਮਤਿ ਦੀ ਨਿੰਦਾ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ। ਜੇਕਰ ਅਸੀਂ ਆਪਣੇ ਅੰਦਰ ਦੇ ਭਰਮ ਨੂੰ ਨਿੰਦਾਂਗੇ ਤੇ ਤਾਂ ਹੀ ਗੁਰਮਤਿ ਦੀ ਨਿੰਦਾ ਤੋਂ ਬਚਾਂਗੇ ਜਿਸ ਦੁਆਰਾ ਸਾਡਾ ਇਹ ਜੀਵਨ ਵਿਅਰਥ ਜਾ ਰਿਹਾ ਹੈ ਜਿਸਦਾ ਕਾਰਨ ਸਾਡੇ ਮਨ ਦਾ ਭਰਮ ਹੈ ਤੇ ਇਸ ਵਿੱਚੋਂ ਨਿਕਲਣ ਦੀ ਲੋੜ ਹੈ। ਭਗਤੀ ਦਾ ਦਿਖਾਵਾ ਸਾਡਾ ਬਹੁਤ ਵੱਡਾ ਭਰਮ ਹੈ ਤੇ ਸਭ ਤੋਂ ਪਹਿਲਾਂ ਭਗਤੀ ਦੇ ਦਿਖਾਵਿਆਂ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਇਹ ਵੀ ਗੁਰੂ ਦੀ ਮਤਿ ਨੂੰ ਮੰਨਣ ਵਾਲੀ ਗੱਲ ਹੈ ਭਾਵ

ਸਿੱਧਾ ਰਸਤਾ ਸਮਝਣ ਵਾਲੀ ਗੱਲ ਹੈ। ਸਿੱਧਾ ਰਸਤਾ ਸਮਝਣਾ ਵੀ ਸੱਚ ਦਾ ਹਿੱਸਾ ਹੈ ਭਾਵ ਸਿੱਧੇ ਰਸਤੇ ਤੁਰਨ ਵਾਲੀ ਗੱਲ ਹੈ ਕਿਉਂਕਿ ਆਪਣੇ ਦਿਖਾਵਿਆਂ ਦੁਆਰਾ ਵੀ ਅਸੀਂ ਗੁਰਮਤਿ ਦੀ ਨਿੰਦਾ ਹੀ ਕਰਦੇ ਹਾਂ। ਗੁਰਮਤਿ ਦੀ ਨਿੰਦਾ ਤੋਂ ਜਿਤਨਾ ਕੁ ਬਚਿਆ ਜਾ ਸਕੇ ਉਤਨਾ ਹੀ ਚੰਗਾ ਹੈ। ਪੂਰੀ ਤਰ੍ਹਾਂ ਔਗੁਣ ਰਹਿਤ ਹੋ ਕੇ ਵਿਚਰਨਾ, ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਨਾ ਬਹੁਤ ਔਖਾ ਹੈ, ਮਨੁੱਖੀ ਸਮਰੱਥਾ ਤੋਂ ਬਾਹਰ ਹੈ ਜਿਸ ਨੂੰ ਕਿ ਪ੍ਰਮਾਤਮਾ ਜਾਣਦਾ ਹੈ ਤੇ ਉਸਨੇ ਆਪ ਹੀ ਸਾਨੂੰ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ। ਅਸੀਂ ਜਿਤਨਾ ਕੁ ਵੀ ਉੱਦਮ ਕਰ ਸਕੀਏ ਉਹ ਸਾਡੇ ਲਈ ਚੰਗਾ ਹੈ ਭਾਵ ਮਾੜੇ ਕਰਮਾਂ ਤੋਂ ਜਿਤਨਾ ਬਚ ਸਕੀਏ, ਮਾਇਆ ਮੋਹ ਵਿੱਚੋਂ ਜਿਤਨਾ ਨਿਕਲ ਸਕੀਏ ਉਤਨਾ ਹੀ ਚੰਗਾ ਹੈ ਪਰ ਸਾਡੇ ਵੱਲੋਂ ਉੱਦਮ ਜਰੂਰ ਹੋਣਾ ਚਾਹੀਦਾ ਹੈ। ਭਗਤੀ ਦੇ ਦਿਖਾਵੇ ਛੱਡਣ ਲਈ ਵੀ ਅਸੀਂ ਤਿਆਰ ਨਹੀਂ ਹੁੰਦੇ ਕਿਉਂਕਿ ਸਾਨੂੰ ਗੁਰੂ ਦੀ ਮਤਿ ਤੇ ਵਿਸ਼ਵਾਸ ਨਹੀਂ ਹੈ। ਅਸੀਂ ਝੂਠੇ ਮਾਣ ਨਾਲ ਜੁੜੇ ਰਹਿਣਾ ਹੀ ਚੰਗਾ ਸਮਝਦੇ ਹਾਂ। ਘੱਟੋ ਘੱਟ ਝੂਠੇ ਮਾਣ ਵਿੱਚ ਫਸ ਕੇ ਗੁਰੂ ਦੀ ਨਿੰਦਾ ਤੇ ਨਾ ਕਰੀਏ ਜਿਸ ਲਈ ਸਾਨੂੰ ਵਾਰ ਵਾਰ ਸਮਝਾਇਆ ਗਿਆ ਹੈ ਕਿ ਇਹ ਭਗਤੀ ਦਾ ਮਾਰਗ ਨਹੀਂ ਹੈ ਜਿੰਨ੍ਹਾਂ ਪਿੱਛੇ ਲੱਗ ਕੇ ਅਸੀਂ ਝੂਠਾ ਸੰਸਾਰਿਕ ਮਾਣ ਇਕੱਠਾ ਕਰਦੇ ਹਾਂ ਤੇ ਗੁਰੂ ਦਾ ਮਾਣ ਘਟਾਉਂਦੇ ਹਾਂ ਭਾਵ ਗੁਰਮਤਿ ਦਾ ਮਾਣ ਘਟਾਉਂਦੇ ਹਾਂ।

28/3112

ਆਪਣੇ ਵੱਲੋਂ ਆਪਣੇ ਭਗਤੀ ਦੇ ਦਿਖਾਵਿਆਂ ਨੂੰ ਭਾਵ ਸਰੀਰਕ ਜਪਾਂ ਤਪਾਂ ਆਦਿ ਨੂੰ ਅਸੀਂ ਭਗਤੀ ਦਾ ਮਾਰਗ ਸਮਝਦੇ ਹਾਂ, ਆਪਣੀ ਮਲ ਧੋਣ ਦਾ, ਮੈਲ ਧੋਣ ਦਾ ਮਾਰਗ ਸਮਝਦੇ ਹਾਂ ਪਰ ਅਸਲ ਵਿੱਚ ਇਸ ਤਰੀਕੇ ਭਾਵ ਇਹੋ ਜਿਹੇ ਭਗਤੀ ਦੇ ਤਰੀਕਿਆਂ ਦੁਆਰਾ ਅਸੀਂ ਆਪਣੀ ਮੈਲ ਵਧਾਉਂਦੇ ਹਾਂ ਤੇ ਉਲਟਾ ਗੁਰੂ ਦੇ ਨਿੰਦਕ ਬਣਦੇ ਹਾਂ। ਇਸ ਗੱਲ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਅਸੀਂ ਇਹੋ ਜਿਹੀ ਨਿੰਦਾ ਕਰਨ ਤੋਂ ਬਚ ਸਕੀਏ। ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਗੂਜਰੀ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ॥

“ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ॥
ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ॥੧॥
ਮਨ ਰੇ ਹਰਿ ਕੀਰਤਿ ਤਰੁ ਤਾਰੀ॥
ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ ਜਿਨ ਕਉ ਕ੍ਰਿਪਾ ਤੁਮਾਰੀ॥ਰਹਾਉ॥
ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ॥
ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ॥੨॥
ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ॥
ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ॥੩॥
ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ॥
ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ॥੪॥
ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥੫॥
ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਣਿਆਧਾਰੀ॥
ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ॥੬॥
ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ॥
ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ॥੭॥
ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ॥
ਨਾਨਕ ਹਰਿ ਬਿਨੁ ਅਵਰੁ ਨ ਮਾਗਉ ਹਰਿ ਰਸ ਪ੍ਰੀਤਿ ਪਿਆਰੀ॥੮॥੧॥੭॥”

(ਅੰਗ ੫੦੬)

ਸ਼ਬਦ ਦੇ ਪਹਿਲੇ ਪਦੇ ਦੁਆਰਾ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਗੁਰੂ ਦੀ ਮਤਿ ਦੁਆਰਾ ਹੀ ਪਾਇਆ ਜਾ ਸਕਦਾ ਹੈ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਸ ਲਈ ਗੁਰੂ ਦੀ ਮਤਿ ਇਸ ਤਰ੍ਹਾਂ ਬਣ ਜਾਂਦੀ ਹੈ ਜਿਵੇਂ ਕਿ ਇੱਕ ਬੱਚੇ ਲਈ ਦੁੱਧ ਹੁੰਦਾ ਹੈ। ਜਿਵੇਂ ਬੱਚੇ ਦੇ ਜੀਵਨ ਦਾ ਦੁੱਧ ਆਸਰਾ ਹੈ ਇਸੇ ਤਰ੍ਹਾਂ ਪ੍ਰਮਾਤਮਾ ਦੇ ਭਗਤਾਂ ਦਾ ਆਸਰਾ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਹੈ, ਉਸਦਾ ਦਿੱਤਾ ਹੋਇਆ ਸੱਚਾ ਗਿਆਨ ਹੈ ਜਿਸ ਦੁਆਰਾ ਉਹ ਵਿਚਰਦੇ ਹਨ। **(ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ॥ ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ॥੧॥)**

ਮਾਇਆ ਮੋਹ ਦੇ ਸਾਗਰ ਤੋਂ ਮਨ ਦੀ ਸੱਚੀ ਸੋਝੀ ਦੁਆਰਾ ਹੀ ਤਰਿਆ ਜਾ ਸਕਦਾ ਹੈ ਜਿਸ ਦੁਆਰਾ ਮਨੁੱਖ ਸੱਚੇ ਸੁੱਚੇ ਕਰਮ ਹੀ ਕਰਦਾ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦਾ ਹੈ। ਮਨ ਦੀ ਇਹ ਅਵੱਸਥਾ ਉਨ੍ਹਾਂ ਦੀ ਹੀ ਬਣਦੀ ਹੈ ਜੋ ਪ੍ਰਮਾਤਮਾ ਨੂੰ ਪਾ ਲੈਂਦੇ ਹਨ, ਜਿੰਨ੍ਹਾਂ ਤੇ ਉਸਦੀ ਕ੍ਰਿਪਾ ਹੋ ਜਾਂਦੀ ਹੈ। ਮਨ ਦੇ ਵਿੱਚ ਸੱਚੀ ਸੋਝੀ ਦਾ ਪੈਣਾ ਹੀ "ਨਾਮੁ" ਦੀ ਪ੍ਰਾਪਤੀ ਹੈ, "ਅੰਮ੍ਰਿਤ ਜਲੁ" ਦੀ ਪ੍ਰਾਪਤੀ ਹੈ ਜੋ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਬਣਦੀ ਹੈ, ਉਸਦੀ ਕ੍ਰਿਪਾ ਦੁਆਰਾ ਹੀ ਬਣਦੀ ਹੈ ਜਿਸ ਦੁਆਰਾ ਮਨੁੱਖ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਹੁੰਦਾ ਹੈ, ਅਗਿਆਨਤਾ ਦੇ ਸਾਗਰ ਤੋਂ ਪਾਰ ਹੁੰਦਾ ਹੈ। **(ਮਨ ਰੇ ਹਰਿ ਕੀਰਤਿ ਤਰੁ ਤਾਰੀ॥ ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ ਜਿਨ ਕਉ ਕ੍ਰਿਪਾ ਤੁਮਾਰੀ॥ਰਹਾਉ॥)**

ਪ੍ਰਮਾਤਮਾ ਨੂੰ ਪਾਉਣਾ ਤਾਂ ਬਹੁਤ ਚਾਹੁੰਦੇ ਹਨ ਤੇ ਆਪਣੇ ਵੱਲੋਂ ਉਸਦੀ ਭਗਤੀ ਕਰਨ ਵਾਲੇ ਬਹੁਤ ਹਨ ਪਰ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਗਿਆ ਹੈ।

28/3113

"ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ॥

ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ॥੨॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਨਾ ਸਮਝੀ ਵਾਲੀ ਭਗਤੀ ਤੇ ਅਸਲ ਭਗਤੀ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਆਏ ਬਿਨ੍ਹਾਂ ਉਸ ਦੀ ਭਗਤੀ ਨਹੀਂ ਹੋ ਸਕਦੀ। ਉਸਦੀ ਸ਼ਰਨ ਵਿੱਚ ਉਸਦੇ ਨਾਲ ਮੇਲ ਦੁਆਰਾ ਹੀ ਆਇਆ ਜਾ ਸਕਦਾ ਹੈ ਜਿਵੇਂ ਕਿ ਇਸ ਗੱਲ ਨੂੰ ਪਿੱਛੇ ਬਰੀਕੀ ਨਾਲ ਸਮਝਿਆ ਹੈ। ਗੁਰਮਤਿ ਦੀ ਸੱਚੀ ਸੋਝੀ ਦੀ ਸ਼ਰਨ ਵਿੱਚ ਆਉਣਾ ਹੀ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੀ ਸ਼ਰਨ, ਬ੍ਰਹਮਗਿਆਨ ਦੀ ਸ਼ਰਨ ਵਿੱਚ ਆਉਣਾ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਣਾ ਹੈ। ਪ੍ਰਮਾਤਮਾ ਦੀ ਰਜ਼ਾ ਤੋਂ ਬਿਨ੍ਹਾਂ ਕੋਈ ਵੀ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਨਹੀਂ ਆ ਸਕਦਾ। ਆਪਣੇ ਮਨ ਨੂੰ ਜਾਣੇ ਬਿਨ੍ਹਾਂ ਕਿ ਇਹ ਮਨ ਕੀ ਹੈ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਉਸਦੇ ਨਿਰਗੁਣ ਰੂਪ ਨੂੰ ਨਹੀਂ ਜਾਣ ਸਕਦਾ, ਉਸਦੇ ਗਿਆਨ ਰੂਪ ਨੂੰ ਨਹੀਂ ਜਾਣ ਸਕਦਾ ਭਾਵ ਉਸ ਗਿਆਨ ਦੇ ਮਾਲਕ ਨੂੰ ਨਹੀਂ ਜਾਣ ਸਕਦਾ ਤੇ ਨਾ ਹੀ ਬ੍ਰਹਮਗਿਆਨ ਦੀ ਪ੍ਰਾਪਤੀ ਕਰ ਸਕਦਾ ਹੈ, ਸੱਚ ਦੀ ਪ੍ਰਾਪਤੀ ਕਰ ਸਕਦਾ ਹੈ ਤੇ ਨਾ ਹੀ "ਸਚੁ" ਦੀ ਸ਼ਰਨ ਵਿੱਚ ਆ ਸਕਦਾ ਹੈ ਭਾਵ ਪ੍ਰਮਾਤਮਾ ਦੀ ਸ਼ਰਨ ਵਿੱਚ ਆ ਸਕਦਾ ਹੈ। ਸਨਕ ਸਨੰਦਨ ਨਾਰਦ ਮੁਨਿ ਆਦਿ ਆਪਣੇ ਵੱਲੋਂ ਪ੍ਰਮਾਤਮਾ ਨੂੰ ਜਪਦੇ ਰਹੇ ਹਨ ਭਾਵ ਸਰੀਰਕ ਜਪ ਤਪ ਕਰਦੇ ਰਹੇ ਹਨ ਪਰ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕੇ ਕਿ ਪ੍ਰਮਾਤਮਾ ਕੀ ਹੈ ਤੇ ਉਸਦੇ ਨਾਲ ਮੇਲ ਕੀ ਹੈ। ਇਸ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਸਨਕਾਦਿਕ ਨਾਰਦ ਮੁਨਿ ਸੇਖਾ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥

ਇਸੁ ਮਨ ਕਉ ਕੋਈ ਖੋਜਹੁ ਭਾਈ॥ ਤਨ ਛੂਟੇ ਮਨੁ ਕਹਾ ਸਮਾਈ॥੪॥

ਗੁਰ ਪਰਸਾਦੀ ਜੈਦੇਉ ਨਾਮਾਂ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥੫॥

ਇਸੁ ਮਨ ਕਉ ਨਹੀ ਆਵਨ ਜਾਨਾ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥੬॥

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ॥੭॥}

(ਅੰਗ ੩੩੦)

ਜਦ ਤੱਕ ਮਨ ਦੀ ਸਮਝ ਨਹੀਂ ਪੈਂਦੀ ਤਦ ਤੱਕ ਨਾ ਹੀ ਕੋਈ ਪ੍ਰਮਾਤਮਾ ਦਾ ਭਗਤ ਹੈ ਤੇ ਨਾ ਹੀ ਕੋਈ ਉਸਨੂੰ ਜਾਨਣ ਵਾਲਾ ਹੈ ਤੇ ਨਾ ਹੀ ਕੋਈ ਉਸਦੀ ਸ਼ਰਨ ਵਿੱਚ ਆ ਸਕਦਾ ਹੈ। ਉਸਦੀ ਸ਼ਰਨ ਵਿੱਚ ਉਸਦੇ ਭਗਤ ਹੀ ਆਏ ਹਨ ਜਿੰਨ੍ਹਾਂ ਨੇ ਆਪਣੇ ਅੰਦਰੋਂ ਮਨ ਨੂੰ ਦੇਖਿਆ ਹੈ, ਮਨ ਨੂੰ ਜਾਣਿਆ ਹੈ ਭਾਵ ਜਿੰਨ੍ਹਾਂ ਦਾ ਪ੍ਰਮਾਤਮਾ ਨੇ ਭਰਮ ਕੱਢਿਆ ਹੈ, ਹਉਮੈ ਕੱਢੀ ਹੈ। ਭਰਮ ਮਨ ਦੇ ਵਿੱਚੋਂ ਹੀ ਨਿਕਲਦਾ ਹੈ ਤੇ ਭਰਮ ਨਿਕਲਣ ਦੁਆਰਾ ਹੀ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ,

28/3114

ਮਨ ਦੇ ਵਿੱਚ ਹੀ ਹੁੰਦੇ ਹਨ ਜਿਸ ਦੁਆਰਾ ਉਹ ਸੱਚ ਦੀ ਸੋਝੀ ਪਾਉਂਦਾ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਵਾਲਾ ਸੱਚ ਦੀ ਸ਼ਰਨ ਵਿੱਚ ਆਉਂਦਾ ਹੈ, ਸੱਚੀ ਗੁਰਮਤਿ ਦੀ ਸ਼ਰਨ ਵਿੱਚ ਆਉਂਦਾ ਹੈ, ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਂਦਾ ਹੈ ਜਿਸ ਦੁਆਰਾ ਉਸ ਨੂੰ ਭਗਤੀ ਦੀ ਸਹੀ ਸੋਝੀ ਪੈਂਦੀ ਹੈ। ਜਿਸ ਨੂੰ ਸੱਚੀ ਸੋਝੀ ਪੈ ਜਾਂਦੀ ਹੈ ਉਹ ਫਿਰ ਸਰੀਰਕ ਜਪਾਂ ਤਪਾਂ ਵਿੱਚੋਂ ਨਿਕਲ ਜਾਂਦਾ ਹੈ ਕਿਉਂਕਿ ਇਹ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਨਹੀਂ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਹੀ ਸਾਨੂੰ ਸਰੀਰਕ ਜਪਾਂ ਤਪਾਂ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਤੇ ਕੇਵਲ ਸੱਚ ਦੁਆਰਾ ਵਿਚਰਨਾ ਸਮਝਾਇਆ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਅਸਲ ਮਾਰਗ ਹੈ। ਭਗਤੀ ਦਾ ਮਾਰਗ ਮਨ ਦੀ ਸੋਝੀ ਦੁਆਰਾ ਹੀ ਸਮਝ ਆਉਂਦਾ ਹੈ। ਆਮ ਮਨੁੱਖਾਂ ਵਿੱਚ ਤੇ ਪ੍ਰਮਾਤਮਾ ਦੇ ਭਗਤਾਂ ਵਿੱਚ ਮਨ ਦੀ ਸੋਝੀ ਦਾ ਹੀ ਫਰਕ ਹੈ। ਆਮ ਮਨੁੱਖ ਦੀ ਮਤਿ ਪ੍ਰਮਾਤਮਾ ਨੇ ਬਹੁਤ ਨੀਵੀਂ ਰੱਖੀ ਹੋਈ ਹੈ ਭਾਵ ਧਰਮ ਨੂੰ ਸਮਝਣ ਵਿੱਚ ਨੀਵੀਂ ਰੱਖੀ ਹੋਈ ਹੈ ਤੇ ਭਗਤਾਂ ਦੀ ਮਤਿ ਨੂੰ ਉਹ ਉੱਚੀ ਮਤਿ ਵਿੱਚ ਬਦਲ ਦਿੰਦਾ ਹੈ ਭਾਵ ਪੁੱਠੇ ਕਮਲ ਵਾਲੀ ਮਤਿ ਨੂੰ ਸਿੱਧੇ ਕਮਲ ਵਾਲੀ ਮਤਿ ਵਿੱਚ ਬਦਲ ਦਿੰਦਾ ਹੈ। ਸਾਡੀ ਮਤਿ ਸਾਡੇ ਵੱਸ ਨਹੀਂ ਹੈ, ਪ੍ਰਮਾਤਮਾ ਦੇ ਵੱਸ ਹੈ। **(ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ॥ ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ॥੨॥)**

{ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥ ਅੰਧਕਾਰ ਮਹਿ ਭਇਆ ਪ੍ਰਗਾਸ॥

ਜਿਨਿ ਕੀਆ ਸੋ ਗੁਰ ਤੇ ਜਾਨਿਆ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ॥੩॥}

(ਅੰਗ - ੮੬੪)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ, ਆਪਣੇ ਅੰਦਰੋਂ ਉਸਦੀ ਜੋਤਿ ਨੂੰ ਜਾਣਿਆ ਹੈ ਉਨ੍ਹਾਂ ਨੂੰ ਹੀ ਪ੍ਰਮਾਤਮਾ ਦਾ ਜੋਤਿ ਰੂਪ ਸਮਝ ਆਇਆ ਹੈ ਜੋ ਕਿ ਉਸਦਾ "ਅਲਖ" ਰੂਪ ਹੈ ਭਾਵ ਨਾ ਦਿੱਸਣ ਵਾਲਾ ਰੂਪ ਹੈ, ਨਿਰਗੁਣ ਰੂਪ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਸਭ ਜਗ੍ਹਾ ਵਿਚਰ ਰਿਹਾ ਹੈ। ਪ੍ਰਮਾਤਮਾ ਦਾ ਮੇਲ ਮੰਗਣ ਵਾਲੇ ਬਹੁਤ ਹਨ ਭਾਵ ਅਨੇਕਾਂ ਹੀ ਜਪਾਂ ਤਪਾਂ ਵਿੱਚ ਲੱਗੇ ਹੋਏ ਹਨ ਪਰ ਉਸ ਨੂੰ ਕਿਵੇਂ ਪਾਇਆ ਜਾ ਸਕਦਾ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ। ਆਪਣੇ ਮੇਲ ਦੀ ਦਾਤਿ ਕੇਵਲ ਉਹ ਆਪ ਹੀ ਬਖ਼ਸ਼ ਸਕਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ। ਉਸ ਨੂੰ ਪਾਉਣ ਦਾ ਤਰੀਕਾ ਕੀ ਹੈ ਇਸ ਗੱਲ ਦੀ ਸਮਝ ਕੇਵਲ ਉਸਦੇ ਭਗਤਾਂ ਦੇ ਕੋਲ ਹੈ ਜੋ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੈ। **(ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ॥ ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ॥੩॥)**

ਪ੍ਰਮਾਤਮਾ ਦੇ ਭਗਤ ਜਨਾਂ ਵਿੱਚ ਤੇ ਆਮ ਮਨੁੱਖ ਵਿੱਚ ਮਨ ਦੀ ਸੋਝੀ ਦਾ ਫਰਕ ਹੈ, ਆਮ ਮਨੁੱਖ ਦੀ ਬਾਣੀ ਵਿੱਚ ਤੇ ਭਗਤਾਂ ਦੀ ਬਾਣੀ

ਵਿੱਚ ਹੀ ਫਰਕ ਹੈ ਜਿਸ ਕਰਕੇ ਉਨ੍ਹਾਂ ਦਾ ਜਨਮ ਸਫ਼ਲ ਹੋਇਆ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਕੀਤਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ॥

ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ॥੪॥

ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥

ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥੫॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਕਿ ਗੁਰਮੁਖਿ ਵਾਲੀ ਅਵੱਸਥਾ ਤੇ ਮਨਮੁਖਿ ਵਾਲੀ ਅਵੱਸਥਾ ਵਿੱਚ ਕੀ ਭੇਦ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਤੇ ਉਹੋ ਜਿਹੀ ਭਗਤੀ ਦਾ ਉਪਰਾਲਾ ਕਰੀਏ ਜਿਸ ਦੁਆਰਾ ਅਸੀਂ ਗੁਰੂ ਦੀ ਨਿੰਦਾ ਤੋਂ, ਸੰਤ ਦੀ ਨਿੰਦਾ ਤੋਂ ਬਚ ਸਕੀਏ। ਸਾਰੀ ਗੁਰਬਾਣੀ ਦੇ ਵਿੱਚ ਭਗਤ ਜਨਾਂ ਦੀ ਬਾਣੀ ਹੈ ਤੇ ਉਨ੍ਹਾਂ ਦੀ ਬਾਣੀ ਸਭ ਤੋਂ ਉੱਤਮ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਭਗਤ ਜਨ ਸੰਸਾਰ ਤੋਂ ਨਿਆਰੀ ਗੱਲ ਕਰਦੇ ਹਨ ਭਾਵ ਵੱਖਰੀ ਗੱਲ ਕਰਦੇ ਹਨ ਭਾਵ ਉਨ੍ਹਾਂ ਦੀ ਸੋਝੀ ਬਹੁਤ ਉੱਚੀ ਹੈ ਜਿਸ ਕਰਕੇ ਉਨ੍ਹਾਂ ਦੀ ਬਾਣੀ ਉੱਚੀ ਹੈ, ਉੱਤਮ

ਹੈ। ਆਪਣੀ ਬਾਣੀ ਦੁਆਰਾ ਪ੍ਰਮਾਤਮਾ ਦੇ ਭਗਤ ਅਕਥ ਕਥਾ ਗਾਉਂਦੇ ਹਨ ਭਾਵ ਪ੍ਰਮਾਤਮਾ ਦੀ ਅਕਥ ਕਥਾ ਦਾ ਬਿਆਨ ਕਰਦੇ ਹਨ ਭਾਵ ਪ੍ਰਮਾਤਮਾ ਦੀ ਨਾ ਕਥੀ ਜਾਣ ਵਾਲੀ, ਨਾ ਸਮਝ ਆਉਣ ਵਾਲੀ ਕਥਾ ਦਾ ਬਿਆਨ ਕਰਦੇ ਹਨ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਅਕਥ ਕਥਾ ਹੈ ਜਿਸ ਦੁਆਰਾ ਉਸਦੇ ਭਗਤਾਂ ਨੇ ਪ੍ਰਮਾਤਮਾ ਨੂੰ ਕਥਿਆ ਹੈ, ਉਸ ਅਕਥ ਨੂੰ ਕਥਿਆ ਹੈ ਕਿ ਪ੍ਰਮਾਤਮਾ ਕੀ ਹੈ, ਉਹ ਕਿਵੇਂ ਮਿਲਦਾ ਹੈ, ਕਿੱਥੇ ਮਿਲਦਾ ਹੈ, ਕਿਸ ਰੂਪ ਵਿੱਚ ਮਿਲਦਾ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਕੀ ਹੈ। ਪ੍ਰਮਾਤਮਾ ਦੀ ਅਕਥ ਕਥਾ ਦਾ ਬਿਆਨ ਉਹੀ ਕਰ ਸਕਦਾ ਹੈ ਜਿਸ ਨੂੰ ਉਹ ਅਕਥ ਰੂਪ ਪ੍ਰਮਾਤਮਾ ਆਪ ਹੀ ਆਪਣੀ ਕਥਾ ਸਮਝਾਉਂਦਾ ਹੈ ਤੇ ਇਸੇ ਕਰਕੇ ਉਹ ਸੰਸਾਰ ਤੋਂ ਵੱਖਰੀ ਗੱਲ ਕਰਦੇ ਹਨ, ਉੱਤਮ ਗੱਲ ਕਰਦੇ ਹਨ, ਉੱਚੀ ਗੱਲ ਕਰਦੇ ਹਨ ਜਿਸ ਦੁਆਰਾ ਉਨ੍ਹਾਂ ਨੂੰ ਆਪ ਪ੍ਰਮਾਤਮਾ ਦੀ ਭਗਤੀ ਦੀ ਸਮਝ ਲੱਗਦੀ ਹੈ ਤੇ ਸਾਰੇ ਸੰਸਾਰ ਨੂੰ ਉਹ ਭਗਤੀ ਦਾ ਮਾਰਗ ਸਮਝਾਉਂਦੇ ਹਨ। ਉਨ੍ਹਾਂ ਦਾ ਆਪਣਾ ਜਨਮ ਪ੍ਰਮਾਤਮਾ ਦੇ ਮੇਲ ਦੁਆਰਾ ਸਫ਼ਲ ਹੋਇਆ ਹੈ, ਮਨ ਦੇ ਵਿੱਚ ਉੱਚਾ ਗਿਆਨ ਮਿਲਣ ਦੁਆਰਾ ਸਫ਼ਲ ਹੋਇਆ ਹੈ ਜਿਸ ਦੁਆਰਾ ਉਹ ਮਾਇਆ ਮੋਹ ਦੇ ਸਾਗਰ ਤੋਂ ਤਰੇ ਹਨ ਤੇ ਸਾਰੇ ਸੰਸਾਰ ਨੂੰ ਤਰਨਾ ਸਮਝਾਇਆ ਹੈ। ਤਰਦਾ ਉਹੀ ਹੈ ਜੋ ਭਗਤਾਂ ਦੇ ਕੁਲ ਵਾਲਾ ਬਣਦਾ ਹੈ, ਨਾਮ ਦੇ ਕੁਲ ਵਾਲਾ ਬਣਦਾ ਹੈ, ਬ੍ਰਹਮਗਿਆਨ ਦੇ ਕੁਲ ਵਾਲਾ ਬਣਦਾ ਹੈ ਭਾਵ ਗੁਰਮਤਿ ਦੇ ਕੁਲ ਵਾਲਾ ਬਣਦਾ ਹੈ ਭਾਵ ਗੁਰੂ ਦੇ ਕੁਲ ਵਾਲਾ ਬਣਦਾ ਹੈ, ਗੁਰੂ ਦੇ ਪਰਿਵਾਰ ਵਾਲਾ ਬਣਦਾ ਹੈ।

28/3116

ਗੁਰਮਤਿ ਦੇ ਪਰਿਵਾਰ ਵਾਲਾ ਬਣਨਾ ਗੁਰੂ ਦੇ ਪਰਿਵਾਰ ਵਾਲਾ ਬਣਨਾ ਹੈ। **(ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ॥ ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ॥੪॥)**

ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਭਗਤਾਂ ਦੇ ਮਨ ਦੀ ਅਵੱਸਥਾ ਸਮਝੀ ਹੈ ਜਿੰਨ੍ਹਾਂ ਦੀ ਅਵੱਸਥਾ ਗੁਰਮੁਖਿ ਵਾਲੀ ਅਵੱਸਥਾ ਹੈ ਜਿੰਨ੍ਹਾਂ ਨੇ ਮਨ ਦੇ ਗਿਆਨ ਰਾਹੀਂ ਉਸ ਪ੍ਰਮਾਤਮਾ ਨੂੰ ਕਥਿਆ ਹੈ। ਆਪਣੇ ਕਥਨ ਦੁਆਰਾ ਭਾਵ ਆਪਣੀ ਕਥਾ ਦੁਆਰਾ, ਆਪਣੀ ਬਾਣੀ ਦੁਆਰਾ ਜੋ ਕੁਝ ਉਨ੍ਹਾਂ ਨੇ ਸੰਸਾਰ ਨੂੰ ਸਮਝਾਇਆ ਹੈ ਭਾਵ ਜਿਹੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ ਉਸ ਤੇ ਆਪ ਅਮਲ ਵੀ ਕੀਤਾ ਹੈ। ਜਿਹੋ ਜਿਹੀ ਗੁਰਮਤਿ ਉਨ੍ਹਾਂ ਨੇ ਆਪਣੀ ਕਥਾ ਦੁਆਰਾ ਗੁਰਬਾਣੀ ਰਾਹੀਂ ਸਮਝਾਈ ਹੈ ਉਸ ਗੁਰਮਤਿ ਤੇ ਉਨ੍ਹਾਂ ਨੇ ਆਪ ਵੀ ਅਮਲ ਕੀਤਾ ਹੈ। ਆਮ ਮਨੁੱਖ ਦੀ ਅਵਸਥਾ ਗੁਰਮਤਿ ਵਾਲੀ ਨਹੀਂ ਹੈ ਭਾਵ ਗੁਰੂ ਦੀ ਸੋਝੀ ਵਰਗੀ ਨਹੀਂ ਹੈ ਕਿਉਂਕਿ ਆਮ ਮਨੁੱਖ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਨਹੀਂ ਹੈ ਜਿਸ ਕਰਕੇ ਹਰ ਕੋਈ ਮਨਮੁਖਿ ਹੈ ਭਾਵ ਮਾਇਆ ਮੋਹ ਵਿੱਚ ਹੈ, ਤ੍ਰੈਗੁਣਾਂ ਵਾਲੀ ਅਵਸਥਾ ਵਿੱਚ ਹੈ ਜਿਸ ਕਰਕੇ ਉਹ ਗੁਰੂ ਦੇ ਪਰਿਵਾਰ ਵਾਲੇ ਨਹੀਂ ਹਨ, ਗੁਰਮਤਿ ਦੇ ਪਰਿਵਾਰ ਵਾਲੇ, ਨਾਮ ਦੇ ਪਰਿਵਾਰ ਵਾਲੇ ਨਹੀਂ ਹਨ ਬਲਕਿ ਮਨਮਤਿ ਦੇ ਪਰਿਵਾਰ ਵਾਲੇ ਹਨ, ਹਉਮੈ ਦੇ ਪਰਿਵਾਰ ਵਾਲੇ ਹਨ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥੫॥”

ਧਰਮ ਦੇ ਮਾਰਗ ਤੇ ਮਨੁੱਖ ਦੀਆਂ ਦੋ ਹੀ ਜਾਤਾਂ ਹਨ ਜਿੰਨ੍ਹਾਂ ਦਾ ਸੰਬੰਧ ਸਾਡੇ ਮਨ ਦੀ ਅਵੱਸਥਾ ਦੇ ਨਾਲ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਵੀ ਸਮਝਿਆ ਹੈ। ਇੱਕ ਨਾਮ ਦੀ ਜਾਤਿ ਹੈ ਤੇ ਦੂਸਰੀ ਹਉਮੈ ਦੀ ਜਾਤਿ ਹੈ। ਨਾਮ ਦੀ ਜਾਤਿ ਚੌਥੇ ਪਦ ਵਾਲੀ ਅਵੱਸਥਾ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ, ਉਸਦੇ ਭਗਤਾਂ ਦੀ ਅਵੱਸਥਾ ਹੈ ਭਾਵ ਉਨ੍ਹਾਂ ਦੀ ਅਵੱਸਥਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਨ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੈ ਜਿਸ ਕਰਕੇ ਹਰ ਕੋਈ ਹਉਮੈ ਦੀ ਜਾਤਿ ਵਾਲਾ ਹੈ। ਪ੍ਰਮਾਤਮਾ ਨੂੰ ਜਾਨਣ ਵਾਲੇ ਗੁਰੂ ਦੇ ਕੁਲ ਵਾਲੇ, ਪਰਿਵਾਰ ਵਾਲੇ ਹਨ ਤੇ ਪ੍ਰਮਾਤਮਾ ਨੂੰ ਨਾ ਜਾਨਣ ਵਾਲੇ ਮਨਮਤਿ ਦੇ, ਦੁਰਮਤਿ ਦੇ, ਹਉਮੈ ਦੇ ਕੁਲ ਵਾਲੇ, ਪਰਿਵਾਰ ਵਾਲੇ ਹਨ। ਸਾਡੇ ਅੰਦਰ ਦੁਰਮਤਿ ਵਾਲੀ, ਦੁਬਿਧਾ ਵਾਲੀ ਅਵੱਸਥਾ ਦਾ ਕਾਰਨ ਸਾਡੇ ਅੰਦਰ ਮਾਇਆ ਮੋਹ ਦੀ ਜੁਗਤਿ ਹੈ ਜਿਸ ਦਾ ਮਨੋਰਥ ਸਾਨੂੰ ਗੁਬਾਰ ਵਿੱਚ ਭਾਵ ਅਗਿਆਨਤਾ ਵਿੱਚ ਰੱਖਣ ਦਾ ਹੈ ਭਾਵ ਸੱਚੇ ਗਿਆਨ ਨਾਲੋਂ ਦੂਰ ਰੱਖਣ ਦਾ ਹੈ। ਗੁਰੂ ਇਸ ਅਗਿਆਨਤਾ ਦੀ ਅਵੱਸਥਾ

28/3117

ਵਿੱਚੋਂ ਨਿਕਲਿਆ ਹੋਇਆ ਹੈ ਕਿਉਂਕਿ ਉਸ ਨੂੰ ਚੌਥੇ ਪਦ ਦੀ ਪ੍ਰਾਪਤੀ ਹੋਈ ਹੋਈ ਹੈ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੈ, ਬ੍ਰਹਮਗਿਆਨ ਦੀ ਪ੍ਰਾਪਤੀ ਹੈ। ਆਮ ਮਨੁੱਖ ਵਿੱਚ ਤੇ ਗੁਰੂ ਵਿੱਚ ਇਹੀ ਭੇਦ ਹੈ, ਗੁਰਮੁਖਿ ਦੀ ਤੇ ਮਨਮੁਖਿ ਦੀ ਅਵੱਸਥਾ ਵਿੱਚ ਇਹੀ ਭੇਦ ਹੈ, ਨਾਮ ਤੇ ਹਉਮੈ ਦੀ ਅਵੱਸਥਾ ਵਿੱਚ ਇਹੀ ਭੇਦ ਹੈ। **(ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥)**

ਜਦ ਤੱਕ ਮਨੁੱਖ ਮਾਇਆ ਮੋਹ ਦੀ ਜੁਗਤਿ ਵਿੱਚ ਹੈ, ਦੁਬਿਧਾ ਵਿੱਚ ਹੈ, ਅਗਿਆਨਤਾ ਵਿਚ ਹੈ ਉਸ ਨੂੰ ਭਗਤੀ ਦੇ ਮਾਰਗ ਦੀ ਸਹੀ ਸੋਝੀ ਨਹੀਂ ਪੈਂਦੀ ਤੇ ਮਨੁੱਖ ਉਹੋ ਜਿਹੇ ਭਗਤੀ ਦੇ ਤਰੀਕੇ ਅਪਣਾਉਂਦਾ ਹੈ ਜੋ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਨਹੀਂ ਹਨ। ਇਸ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਨਕ, ਸਨੰਦਨ, ਨਾਰਦ, ਮੁਨਿ ਆਦਿ ਦੀ ਭਗਤੀ ਨੂੰ ਵਿਅਰਥ ਦੀ ਭਗਤੀ ਦੱਸਿਆ ਹੋਇਆ ਹੈ ਕਿਉਂਕਿ ਉਹ ਵੀ ਦੁਬਿਧਾ ਵਿੱਚ ਰਹੇ ਹਨ, ਤ੍ਰੈਗੁਣਾਂ ਵਿੱਚ ਹੀ ਰਹੇ ਹਨ, ਅਗਿਆਨਤਾ ਵਿੱਚ ਹੀ ਰਹੇ ਹਨ। ਪ੍ਰਮਾਤਮਾ ਦੀ ਭਗਤੀ ਦੀ ਸੋਝੀ ਉਨ੍ਹਾਂ ਨੂੰ ਹੀ ਪਈ ਹੈ ਜਿੰਨ੍ਹਾਂ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਭਗਤੀ ਦੀ ਸੋਝੀ ਪ੍ਰਮਾਤਮਾ ਨੇ ਆਪ ਪਾਈ ਹੈ। ਭਗਤੀ ਦੀ ਸੋਝੀ ਸੰਤ ਜਨਾਂ ਦੇ ਕੋਲ ਹੈ ਭਾਵ ਪ੍ਰਮਾਤਮਾ ਦੇ ਭਗਤਾਂ ਦੇ ਕੋਲ ਹੈ ਜਿੰਨ੍ਹਾਂ ਨੂੰ ਉਸਨੇ ਆਪਣੀ ਅਕਥ ਕਥਾ ਸਮਝਾਈ ਹੈ ਤੇ ਆਪਣੀ ਭਗਤੀ ਦਾ ਮਾਰਗ ਸਮਝਾਇਆ ਹੈ, ਗੁਰਮਤਿ ਸਮਝਾਈ ਹੈ, ਸ਼ਬਦ ਦੀ ਵਿਚਾਰ ਦਿੱਤੀ ਹੈ। ਜਿੰਨ੍ਹਾਂ ਨੂੰ ਉਨ੍ਹਾਂ ਦੀ ਕਥਾ ਨਹੀਂ ਭਾਉਂਦੀ ਭਾਵ ਉਨ੍ਹਾਂ ਦੇ ਦਿੱਤੇ ਹੋਏ ਵਿਚਾਰ ਨਹੀਂ ਭਾਉਂਦੇ ਉਹ ਮਾਇਆ ਮੋਹ ਦੇ ਸਾਗਰ ਤੋਂ ਨਹੀਂ ਤਰ ਸਕਦੇ। ਤਾਰਨਾ ਸਾਨੂੰ ਗੁਰੂ ਦੇ ਵਿਚਾਰਾਂ ਨੇ ਹੈ ਤੇ ਡੁੱਬਦੇ ਅਸੀਂ ਆਪਣੇ ਵਿਚਾਰਾਂ ਕਰਕੇ ਹਾਂ। ਸਾਨੂੰ ਆਪਣੇ ਵਿਚਾਰ ਹੀ ਭਾਉਂਦੇ ਹਨ, ਮਨਮਤਿ ਹੀ ਭਾਉਂਦੀ ਹੈ, ਮਾਇਆ ਮੋਹ ਹੀ ਭਾਉਂਦਾ ਹੈ ਜੋ ਸਾਡੇ ਡੁੱਬਣ ਦਾ ਕਾਰਨ ਹੈ। ਇਹ ਡੁੱਬਣ ਵਾਲੇ ਭਾਵ ਮਾਇਆ ਮੋਹ ਵਿੱਚ ਡੁੱਬਣ ਵਾਲੇ ਸਾਰੇ ਇੱਕੋ ਪਰਿਵਾਰ ਦੇ ਹੀ ਬਣੇ ਰਹਿੰਦੇ ਹਨ। ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ ਹੈ ਭਾਵ ਸਰੀਰਕ ਜਪ ਤਪ ਆਦਿ ਸਿੱਖੇ ਹਨ, ਕਿਸੇ ਅੱਖਰ ਦਾ ਜਪ ਕਰਨਾ ਸਿੱਖਿਆ ਹੈ, ਉਹ ਆਪ ਮਨਮਤਿ ਵਿੱਚ ਰਹੇ ਹਨ, ਦੁਬਿਧਾ ਵਿੱਚ, ਅਗਿਆਨਤਾ ਵਿੱਚ, ਹਉਮੈ ਵਿੱਚ ਭਾਵ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹੇ ਹਨ ਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਵੀ ਉਨ੍ਹਾਂ ਦੇ ਪਰਿਵਾਰ ਵਾਲੇ ਬਣੇ ਰਹਿੰਦੇ ਹਾਂ ਭਾਵ ਉਹ ਆਪ ਤਾਂ ਤਰ ਨਹੀਂ ਸਕੇ, ਪ੍ਰਮਾਤਮਾ ਨੂੰ ਪਾ ਨਹੀਂ ਸਕੇ ਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਵੀ ਡੁੱਬ ਜਾਂਦੇ ਹਾਂ। ਤਰਨ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਦੇ ਵਿਚਾਰਾਂ ਨਾਲ ਜੁੜਨ ਦਾ ਹੈ, ਗੁਰੂ ਦੀ ਕਥਾ ਦੇ ਨਾਲ ਜੁੜਨ ਦਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਜੁੜਨ ਦਾ ਹੈ ਜਿਸ ਦੇ ਨਾਲ ਜੁੜਕੇ ਅਸੀਂ ਮਾਇਆ ਮੋਹ ਦੇ ਸਾਗਰ ਤੋਂ ਤਰ ਸਕਦੇ ਹਾਂ ਭਾਵ ਪ੍ਰਮਾਤਮਾ ਨੂੰ

ਪਾ ਸਕਦੇ ਹਾਂ ਤੇ ਆਪਣੇ ਇਸ ਜੀਵਨ ਨੂੰ ਸਫ਼ਲ ਕਰ ਸਕਦੇ ਹਾਂ ਤੇ ਗੁਰੂ ਪ੍ਰਮਾਤਮਾ ਦੇ ਕੁਲ, ਪਰਿਵਾਰ, ਜਾਤਿ ਵਾਲੇ ਬਣ ਸਕਦੇ ਹਾਂ। **(ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ॥ ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ॥੪॥ ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥ ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥੫॥)**

ਸੰਤ ਜਨਾਂ ਦੀ ਕਥਾ ਜਿੰਨ੍ਹਾਂ ਨੂੰ ਨਹੀਂ ਭਾਉਂਦੀ ਭਾਵ ਜਿੰਨ੍ਹਾਂ ਨੂੰ ਉਨ੍ਹਾਂ ਦੇ ਵਿਚਾਰ ਨਹੀਂ ਭਾਉਂਦੇ ਭਾਵ ਜਿੰਨ੍ਹਾਂ ਨੂੰ ਗਰੂ ਦੇ ਵਿਚਾਰ ਨਹੀਂ ਭਾਉਂਦੇ ਭਾਵ ਜੋ ਆਪਣੀ ਮਤਿ ਅਨੁਸਾਰ ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਹਨ ਉਸਦਾ ਨਤੀਜਾ ਕੀ ਨਿਕਲਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸੰਤ ਦੀ ਨਿੰਦਾ ਕਰਨੀ ਕੀ ਹੈ ਤੇ ਉਸ ਤੋਂ ਬਚਣ ਦਾ ਤਰੀਕਾ ਕੀ ਹੈ।

“ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ॥

ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ॥੬॥”

ਭਗਤੀ ਦੇ ਮਾਰਗ ਦਾ ਮਕਸਦ ਆਪਣੀ ਮਲ ਧੋਣ ਨਾਲ ਹੀ ਹੈ, ਆਪਣੇ ਮਨ ਦੀ ਮੈਲ ਧੋਣ ਨਾਲ ਹੀ ਹੈ ਤੇ ਜੋ ਕੋਈ ਪ੍ਰਮਾਤਮਾ ਦੀ ਭਗਤੀ ਵਿੱਚ ਲੱਗਾ ਹੋਇਆ ਸਮਝਦਾ ਹੈ ਜਿਸ ਲਈ ਅਸੀਂ ਅਨੇਕਾਂ ਹੀ ਤਰੀਕੇ ਬਣਾਏ ਹੋਏ ਹਨ ਉਨ੍ਹਾਂ ਦੁਆਰਾ ਅਸੀਂ ਆਪਣੀ ਮਲ ਧੋਣਾ ਹੀ ਸਮਝਦੇ ਹਾਂ ਭਾਵ ਆਪਣੇ ਆਪਣੇ ਭਗਤੀ ਦੇ ਤਰੀਕਿਆਂ ਨੂੰ ਠੀਕ ਹੀ ਸਮਝਦੇ ਹਾਂ। ਜਿੰਨ੍ਹਾਂ

ਤਰੀਕਿਆਂ ਨੂੰ ਅਸੀਂ ਮਲ ਧੋਣਾ ਸਮਝਦੇ ਹਾਂ ਉਹ ਤਰੀਕੇ ਮਲ ਧੋਣ ਦੇ ਨਹੀਂ ਹਨ। ਮਲ ਸਾਡੇ ਮਨ ਦੀ ਮੈਲ ਹੈ, ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੀ ਤ੍ਰਿਸ਼ਨਾ ਹੈ, ਸਾਡੇ ਅੰਦਰ ਦੇ ਵਿਕਾਰ ਹਨ ਜਿੰਨ੍ਹਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਹਉਮੈ ਹੈ ਭਾਵ ਮਨ ਦੀ ਮਾੜੀ ਸੋਝੀ ਹੈ। ਇਹ ਆਪਣੇ ਅੰਦਰ ਦੀ ਹਉਮੈ ਨੂੰ ਤਿਆਗਣ ਦਾ ਮਾਰਗ ਹੈ, ਮਨਮਤਿ ਨੂੰ ਤਿਆਗਣ ਦਾ ਮਾਰਗ ਹੈ, ਮਾਇਆ ਮੋਹ ਤਿਆਗਣ ਦਾ ਮਾਰਗ ਹੈ। ਅਸੀਂ ਮਾਇਆ ਮੋਹ ਛੱਡਣ ਦੀ ਬਜਾਇ ਆਪਣੇ ਭਗਤੀ ਦੇ ਤਰੀਕਿਆਂ ਦੁਆਰਾ ਉਲਟੀ ਆਪਣੀ ਹਉਮੈ ਵਧਾਉਂਦੇ ਹਾਂ, ਆਪਣਾ ਝੂਠਾ ਮਾਣ ਵਧਾਉਂਦੇ ਹਾਂ ਭਾਵ ਭਗਤੀ ਦੇ ਦਿਖਾਵਿਆਂ ਦੁਆਰਾ ਮਲ ਧੋਣ ਦੀ ਬਜਾਇ ਉਲਟੀ ਮੈਲ ਖਾਂਦੇ ਹਾਂ, ਮਨ ਦੀ ਮੈਲ ਵਧਾਉਂਦੇ ਹਾਂ ਕਿਉਂਕਿ ਅਸੀਂ ਮਾਇਆ ਮੋਹ ਵਿੱਚ ਹਾਂ, ਅਗਿਆਨਤਾ ਵਿੱਚ ਹਾਂ। ਭਗਤੀ

28/3119

ਦਾ ਮਾਰਗ ਮਨਮਤਿ ਨੂੰ ਛੱਡ ਕੇ ਗੁਰਮਤਿ ਦੁਆਰਾ ਵਿਚਰਨ ਦਾ ਹੈ ਪਰ ਮਨ ਦੀ ਨਾਸਮਝੀ ਕਰਕੇ ਅਸੀਂ ਆਪਣੀ ਮਨਮਤਿ ਨੂੰ ਹੀ ਗੁਰਮਤਿ ਸਮਝਦੇ ਹਾਂ ਜਦਕਿ ਆਪਣੀ ਮਨਮਤਿ ਦੁਆਰਾ ਭਗਤੀ ਕਰਕੇ ਅਸੀਂ ਪ੍ਰਮਾਤਮਾ ਦੀ ਉਸਤਤਿ ਕਰਨ ਦੀ ਬਜਾਇ ਉਲਟਾ ਗੁਰੂ ਦੀ ਗੱਲ ਨੂੰ ਨਿੰਦਦੇ ਹਾਂ, ਗੁਰੂ ਨੂੰ ਨਿੰਦਦੇ ਹਾਂ, ਸੰਤ ਨੂੰ ਨਿੰਦਦੇ ਹਾਂ। ਸਾਨੂੰ ਸੰਤ ਦੀ ਕਥਾ ਭਾਵ ਉਸਦੀ ਮਤਿ ਨਹੀਂ ਭਾਉਂਦੀ ਤੇ ਆਪਣੀ ਮਤਿ ਦੁਆਰਾ ਵਿਚਰਕੇ ਅਸੀਂ ਗੁਰਮਤਿ ਦੀ ਨਿੰਦਾ ਕਰਦੇ ਹਾਂ ਤੇ ਉਲਟਾ ਆਪਣੀ ਹਉਮੈ ਦੀ ਮੈਲ ਵਧਾਉਂਦੇ ਹਾਂ। **(ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਣਿਆਧਾਰੀ॥ ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ॥੬॥)** ਇਹੋ ਜਿਹੀ ਮਨਮਤਿ ਦੀ ਭਗਤੀ ਨਾਲ ਜੁੜੇ ਹੋਏ ਕਦੇ ਭਵਸਾਗਰ ਤੋਂ ਪਾਰ ਨਹੀਂ ਪਾ ਸਕਦੇ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੈ ਕਿ ਭਵਸਾਗਰ ਦਾ ਉਰਵਾਰ ਕੀ ਹੈ ਤੇ ਉਸਦਾ ਪਾਰ ਕੀ ਹੈ ਭਾਵ ਉਹ ਅਗਿਆਨਤਾ ਵਿੱਚ ਹੀ ਹਨ ਤੇ ਉਨ੍ਹਾਂ ਨੂੰ ਮਾਇਆ ਮੋਹ ਦੇ ਸਾਗਰ ਤੋਂ ਪਾਰ ਪਾਉਣਾ ਕੀ ਹੈ ਇਸ ਗੱਲ ਦੀ ਸੋਝੀ ਹੀ ਨਹੀਂ ਹੈ, ਗੁਰਮਤਿ ਦੀ ਸੋਝੀ ਹੀ ਨਹੀਂ ਹੈ। ਭਉਜਲ ਸਾਗਰ ਨੂੰ ਤਰਨ ਦਾ ਤਰੀਕਾ ਕੀ ਹੈ, ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ, ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

{ਛੋਡਹੁ ਕਾਮ ਕ੍ਰੋਧੁ ਬੁਰਿਆਈ॥ ਹਉਮੈ ਧੰਧੁ ਛੋਡਹੁ ਲੰਪਟਾਈ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ॥੮॥}

(ਅੰਗ ੧੦੨੬)

ਜਿਹੋ ਜਿਹੇ ਅਸੀਂ ਭਗਤੀ ਦੇ ਤਰੀਕੇ ਵਰਤਦੇ ਹਾਂ ਉਸਦੇ ਨਾਲ ਅਸੀਂ ਆਪਣੀ ਹਉਮੈ ਹੀ ਵਧਾਉਂਦੇ ਹਾਂ ਜਿਵੇਂ ਕਿ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

ਮਲਾਰ ਮਹਲਾ ੩ ਅਸਟਪਦੀ ਘਰੁ ੨॥
ੴ ਸਤਿਗੁਰ ਪ੍ਰਸਾਦਿ॥

“ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ॥ ਦੁਖੁ ਪਲ੍ਰਿ ਹਰਿ ਨਾਮੁ ਵਸਾਏ॥
ਸਾਚੀ ਗਤਿ ਸਾਚੈ ਚਿਤੁ ਲਾਏ॥ ਗੁਰ ਕੀ ਬਾਣੀ ਸਬਦਿ ਸੁਣਾਏ॥੧॥
ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ॥
ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ ਲਾਗੈ ਸਹਜਿ ਧਿਆਨੁ॥੧॥ਰਹਾਉ॥
ਬਿਨੁ ਪਿਰ ਕਾਮਣਿ ਕਰੇ ਸੀਗਾਰੁ॥ ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ॥
ਮਨਮੁਖ ਕਾ ਇਹੁ ਬਾਦਿ ਆਚਾਰੁ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ॥੨॥
ਗੁਰਮੁਖਿ ਕਾਮਣਿ ਬਣਿਆ ਸੀਗਾਰੁ॥ ਸਬਦੇ ਪਿਰੁ ਰਾਖਿਆ ਉਰ ਧਾਰਿ॥
ਏਕੁ ਪਛਾਣੈ ਹਉਮੈ ਮਾਰਿ॥ ਸੋਭਾਵੰਤੀ ਕਹੀਐ ਨਾਰਿ॥੩॥

ਬਿਨੁ ਗੁਰ ਦਾਤੇ ਕਿਨੈ ਨ ਪਾਇਆ॥ ਮਨਮੁਖ ਲੋਭਿ ਦੂਜੈ ਲੋਭਾਇਆ॥
ਐਸੇ ਗਿਆਨੀ ਬੂਝਹੁ ਕੋਇ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ॥੪॥
ਕਹਿ ਕਹਿ ਕਹਣੁ ਕਹੈ ਸਭੁ ਕੋਇ॥ ਬਿਨੁ ਮਨ ਮੂਏ ਭਗਤਿ ਨ ਹੋਇ॥
ਗਿਆਨ ਮਤੀ ਕਮਲ ਪਰਗਾਸੁ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ॥੫॥
ਹਉਮੈ ਭਗਤਿ ਕਰੇ ਸਭੁ ਕੋਇ॥ ਨਾ ਮਨੁ ਭੀਜੈ ਨਾ ਸੁਖੁ ਹੋਇ॥
ਕਹਿ ਕਹਿ ਕਹਣੁ ਆਪੁ ਜਾਣਾਏ॥ ਬਿਰਥੀ ਭਗਤਿ ਸਭੁ ਜਨਮੁ ਗਵਾਏ॥੬॥
ਸੇ ਭਗਤ ਸਤਿਗੁਰ ਮਨਿ ਭਾਏ॥ ਅਨਦਿਨੁ ਨਾਮਿ ਰਹੇ ਲਿਵ ਲਾਏ॥
ਸਦ ਹੀ ਨਾਮੁ ਵੇਖਹਿ ਹਜੂਰਿ॥ ਗੁਰ ਕੈ ਸਬਦਿ ਰਹਿਆ ਭਰਪੂਰਿ॥੭॥
ਆਪੇ ਬਖਸੇ ਦੇਇ ਪਿਆਰੁ॥ ਹਉਮੈ ਰੋਗੁ ਵਡਾ ਸੰਸਾਰਿ॥
ਗੁਰ ਕਿਰਪਾ ਤੇ ਏਹੁ ਰੋਗੁ ਜਾਇ॥ ਨਾਨਕ ਸਾਚੇ ਸਾਚਿ ਸਮਾਇ॥੮॥੧॥੩॥੫॥੮॥"

(ਅੰਗ ੧੨੭੭)

ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਵਾਰ ਵਾਰ ਸਮਝਦੇ ਆ ਰਹੇ ਹਾਂ। ਭਗਤੀ ਦੀ ਸਮਝ ਕੇਵਲ ਉਨ੍ਹਾਂ ਨੂੰ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਭਗਤੀ ਦਾ ਤਰੀਕਾ ਸਮਝਾਇਆ ਹੋਇਆ ਹੈ। ਭਗਤੀ ਦਾ ਸ਼ਿੰਗਾਰਿਆ ਉਹ ਮਨੁੱਖ ਹੀ ਹੈ ਜਿਸ ਦੇ ਮਨ ਨੂੰ ਪ੍ਰਮਾਤਮਾ ਨੇ ਪਹਿਲਾਂ ਆਪ ਭਗਤੀ ਦੀ ਸੋਝੀ ਦੇ ਨਾਲ ਸ਼ਿੰਗਾਰਿਆ ਹੈ, ਨਾਮ ਦੇ ਨਾਲ ਸ਼ਿੰਗਾਰਿਆ ਹੈ, ਸੱਚ ਦੇ ਨਾਲ ਸ਼ਿੰਗਾਰਿਆ ਹੈ। ਜੋ ਭਗਤੀ ਅਸੀਂ ਨਾਮ ਦੀ ਸੋਝੀ ਦੁਆਰਾ ਕਰਦੇ ਹਾਂ ਭਾਵ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਕਰਦੇ ਹਾਂ ਉਸ ਵਿੱਚ ਸਾਡੀ ਭਗਤੀ ਦਾ ਸ਼ਿੰਗਾਰ ਹੈ। ਗੁਰਮਤਿ ਦੀ ਸੱਚੀ ਸੋਝੀ ਦੁਆਰਾ ਵਿਚਰਨਾ ਗੁਰੂ ਦੀ ਕਾਰੈ ਲੱਗਣਾ ਹੈ ਤੇ ਆਪਣੀ ਕਾਰੈ ਪ੍ਰਮਾਤਮਾ ਕਿਸੇ ਨੂੰ ਆਪਣੀ ਕ੍ਰਿਪਾ ਦੁਆਰਾ ਹੀ ਲਗਾਉਂਦਾ ਹੈ।

28/3120

ਭਾਵ ਆਪਣੇ ਮੇਲ ਦੁਆਰਾ ਹੀ ਲਗਾਉਂਦਾ ਹੈ। ਉਸਦੀ ਕਾਰੇ ਉਹੀ ਲੱਗਦਾ ਹੈ ਜਿਸ ਦੇ ਅੰਦਰੋਂ ਉਹ ਹਉਮੈ ਦਾ ਦੁੱਖ ਕੱਢ ਦਿੰਦਾ ਹੈ ਭਾਵ ਆਪਣੇ ਵਿਛੋੜੇ ਦਾ "ਦੁਖੁ" ਕੱਢ ਦਿੰਦਾ ਹੈ ਤੇ ਉਸਦੇ ਅੰਦਰ ਆਪਣਾ "ਨਾਮੁ" ਵਸਾ ਦਿੰਦਾ ਹੈ ਭਾਵ ਆਪਣਾ ਆਪ ਵਸਾ ਦਿੰਦਾ ਹੈ। **(ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ॥ ਦੁਖੁ ਪਲ੍ਰਿ ਹਰਿ ਨਾਮੁ ਵਸਾਏ॥)**

ਗੁਰੂ ਦੀ ਕਾਰੇ ਲੱਗਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

{ਮਨ ਰੇ ਗੁਰ ਕੀ ਕਾਰ ਕਮਾਇ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ॥੧॥ਰਹਾਉ॥}

(ਅੰਗ ੬੬)

ਹਰ ਵੇਲੇ ਗੁਰੂ ਪ੍ਰਮਾਤਮਾ ਦੇ ਭਾਣੇ ਵਿੱਚ ਰਹਿਣਾ ਭਾਵ ਗੁਰਮਤਿ ਦੇ ਅਨੁਸਾਰ ਚੱਲਣਾ ਗੁਰੂ ਦੀ ਕਾਰ ਕਮਾਉਣਾ ਹੈ। ਗੁਰੂ ਦੇ ਭਾਣੇ ਵਿੱਚ ਸੱਚੇ-ਸੁੱਚੇ ਬਣਕੇ ਹੀ ਚੱਲਿਆ ਜਾ ਸਕਦਾ ਹੈ, ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰ ਕੇ ਹੀ ਚੱਲਿਆ ਜਾ ਸਕਦਾ ਹੈ।

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ॥੫॥}

(ਅੰਗ ੬੫)

ਗੁਰ ਦੀ ਕਾਰੇ ਲੱਗਣਾ ਹੀ ਸੱਚੀ ਕਾਰੇ ਲੱਗਣਾ ਹੈ ਤੇ ਸੱਚੀ ਕਾਰੇ ਲੱਗਣਾ ਕੀ ਹੈ ਭਾਵ ਸਾਡੇ ਜੀਵਨ ਦੀ ਅਸਲੀ ਕਾਰ ਕੀ ਹੈ ਇਸ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ॥ ਅਵਗਣ ਛੋਡਿ ਗੁਣ ਮਾਹਿ ਸਮਾਏ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ॥੬॥}

(ਅੰਗ ੧੦੫੧)

ਸਾਡੇ ਜੀਵਨ ਦਾ ਮਨੋਰਥ ਕੇਵਲ ਸੱਚ ਦੁਆਰਾ ਵਿਚਰਨ ਦਾ ਹੈ, ਜਿਸ ਵਿੱਚ ਪ੍ਰਮਾਤਮਾ ਦਾ ਨਾਮ ਹੈ, ਉਸਦੀ ਭਗਤੀ ਹੈ ਤੇ ਉਸਦਾ ਭਾਣਾ ਹੈ। ਸੱਚ ਕੇਵਲ ਉਹ ਹੈ ਜੋ ਸਾਨੂੰ ਗੁਰਮਤਿ ਸਮਝਾਉਂਦੀ ਹੈ। ਆਪਣੇ ਸੱਚ ਨਾਲ ਪ੍ਰਮਾਤਮਾ ਸਾਨੂੰ ਕਿਵੇਂ ਜੋੜਦਾ ਹੈ ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਾਚੀ ਗਤਿ ਸਾਚੈ ਚਿਤੁ ਲਾਏ॥ ਗੁਰ ਕੀ ਬਾਣੀ ਸਬਦਿ ਸੁਣਾਏ॥੧॥”

28/3121

ਇਹ ਗੁਰੂ ਦੇ ਮਨ ਦੀ ਅਵੱਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜਿਸ ਦੇ ਅੰਦਰੋਂ ਦੁੱਖ ਕੱਢ ਕੇ ਆਪਣਾ ਨਾਮੁ ਵਸਾਇਆ ਹੋਇਆ ਹੈ ਜਿਵੇਂ ਕਿ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ।

ਜਿਸ ਦੀ ਪ੍ਰਮਾਤਮਾ ਗਤਿ ਕਰਦਾ ਹੈ ਉਹ ਮਨ ਦੇ ਅੰਦਰ ਹੀ ਕਰਦਾ ਹੈ। ਸਾਡੀ ਗਤਿ ਨਾ ਹੋਣ ਦਾ ਕਾਰਨ ਸਾਡੇ ਅੰਦਰ ਦੀ ਮਾੜੀ ਸੋਝੀ ਹੈ ਭਾਵ ਮਨ ਦਾ ਭਰਮ ਹੈ, ਦੁਬਿਧਾ ਹੈ। ਗਤਿ ਸਾਡੀ ਸੋਝੀ ਦੀ ਹੀ ਹੁੰਦੀ ਹੈ, ਮਾੜੀ ਸੋਝੀ ਦੀ ਹੀ ਹੁੰਦੀ ਹੈ। ਪ੍ਰਮਾਤਮਾ ਸਾਡੀ ਮਾੜੀ ਸੋਝੀ ਦੀ ਗਤਿ ਕਰਕੇ ਉਸ ਨੂੰ ਸੱਚੀ ਸੋਝੀ ਵਿੱਚ ਬਦਲ ਦਿੰਦਾ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਮਤਿ ਨੂੰ ਚੌਥੇ ਪਦ ਵਾਲੀ ਸੱਚੀ ਮਤਿ ਵਿੱਚ ਬਦਲ ਦਿੰਦਾ ਹੈ। ਸਾਡੇ ਮਨ ਦੀ ਇਹੋ ਜਿਹੀ ਸੋਝੀ ਨਾਲ ਸਾਡਾ ਪ੍ਰਮਾਤਮਾ ਦੇ ਨਾਲ ਚਿੱਤ ਜੁੜ ਜਾਂਦਾ ਹੈ। ਪ੍ਰਮਾਤਮਾ ਦੇ ਸੱਚੇ ਵਿਚਾਰਾਂ ਦੇ ਨਾਲ ਜੁੜਕੇ ਸਾਡੇ ਮਾੜੇ ਵਿਚਾਰ ਸੱਚੇ ਵਿਚਾਰ ਬਣ ਜਾਂਦੇ ਹਨ। ਮਨ ਦੇ ਵਿੱਚ ਪ੍ਰਮਾਤਮਾ ਦਾ ਆਪਣੀ ਕ੍ਰਿਪਾ ਕਰਨ ਦਾ ਇਹੀ ਤਰੀਕਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਆਪਣਾ ਸੱਚ ਉਹ ਆਪ ਹੀ ਸਮਝਾਉਂਦਾ ਹੈ ਜਿਵੇਂ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। **(ਸਾਚੀ ਗਤਿ ਸਾਚੈ ਚਿਤੁ ਲਾਏ॥)** ਪ੍ਰਮਾਤਮਾ ਸਾਡੀ ਸੋਝੀ ਦੀ ਗਤਿ ਕਿਵੇਂ ਕਰਦਾ ਹੈ, ਆਪਣਾ ਸੱਚ ਕਿਵੇਂ ਸਮਝਾਉਂਦਾ ਹੈ, ਆਪਣੇ ਨਾਲ ਚਿੱਤ ਕਿਵੇਂ ਜੋੜਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਗੁਰਬਾਣੀ ਦੀ ਰਚਨਾ ਕਿਵੇਂ ਹੋਈ ਹੈ।

“ਗੁਰ ਕੀ ਬਾਣੀ ਸਬਦਿ ਸੁਣਾਏ॥੧॥”

ਗੁਰਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ। ਮਨ ਦੇ ਵਿੱਚ ਉਹ ਪ੍ਰਮਾਤਮਾ ਆਪਣੀ ਬਾਣੀ ਆਪ ਹੀ ਸੁਣਾਉਂਦਾ ਹੈ। ਜਿਸ ਮਨ ਦੇ ਵਿੱਚ ਉਹ ਪ੍ਰਗਟ ਹੁੰਦਾ ਹੈ ਉੱਥੇ ਉਸਦਾ ਆਪਣਾ ਹੀ ਗੁਰੂ ਰੂਪ ਹੈ, ਭਗਤ ਰੂਪ ਹੈ। ਗੁਰਬਾਣੀ ਦੇ ਗਿਆਨ ਦਾ ਮਾਲਕ ਉਹ ਆਪ ਹੈ ਤੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਤਾਂ ਹੀ ਸਾਨੂੰ ਇਹ ਗੱਲ ਸਮਝਾਈ ਹੈ ਕਿ ਇਹ ਗੁਰਬਾਣੀ ਖਸਮ ਦੀ ਬਾਣੀ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ। ਉਸਦਾ ਗੁਰੂ ਰੂਪ ਉਸਨੂੰ ਹੀ ਸਮਝ ਆਉਂਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉਸ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ ਤੇ ਇਸੇ ਲਈ ਵੇਦਾਂ, ਸ਼ਾਸਤਰਾਂ ਆਦਿ ਦੇ ਰਚਣ ਵਾਲਿਆਂ ਨੇ ਉਸਨੂੰ ਆਪਣਾ ਗਿਆਨ ਦੱਸਿਆ ਹੈ ਜਿਸ ਕਰਕੇ ਉਨ੍ਹਾਂ ਦੀ ਅਵੱਸਥਾ ਤ੍ਰੈਗੁਣਾਂ ਵਿੱਚ ਹੀ ਰਹੀ ਹੈ, ਮਾਇਆ ਮੋਹ ਵਿੱਚ, ਭਰਮ ਵਿੱਚ, ਹਉਮੈ ਵਿੱਚ ਹੀ ਰਹੀ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੀ ਬਾਣੀ ਸ਼ਬਦ ਦੁਆਰਾ ਸੁਣਾਉਂਦਾ ਹੈ,

28/3122

ਸ਼ਬਦਾਂ ਦੇ ਰੂਪ ਵਿੱਚ ਸੁਣਾਉਂਦਾ ਹੈ ਜਿਸ ਦੁਆਰਾ ਸਾਨੂੰ ਉਹ ਸੱਚ ਦੀ ਸੋਝੀ ਪਾਉਂਦਾ ਹੈ। ਗੁਰੂ ਦੇ ਹਰ ਸ਼ਬਦ ਵਿੱਚ ਪੂਰਨ ਸੱਚ ਹੈ, ਬ੍ਰਹਮਗਿਆਨ ਹੈ ਕਿਉਂਕਿ ਇਹ ਗਿਆਨ ਉਸ ਬ੍ਰਹਮ ਦੇ ਕੋਲੋਂ ਆਇਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਸੁਣਾਏ ਹੋਏ ਸ਼ਬਦ ਹੀ ਹਨ। ਜਿੰਨ੍ਹਾਂ ਨਾਲ ਪ੍ਰਮਾਤਮਾ ਨੇ ਆਪਣਾ ਚਿੱਤ ਜੋੜਿਆ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਸ਼ਬਦਾਂ ਰਾਹੀਂ ਆਪਣੀ ਬਾਣੀ ਸੁਣਾਈ ਹੈ ਤੇ ਉਸ ਦੀ ਬਾਣੀ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਸ਼ਬਦ ਦੇ ਰੂਪ ਵਿੱਚ ਬਿਰਾਜਮਾਨ ਹੈ, ਸੱਚ ਦੇ ਰੂਪ ਵਿੱਚ, ਨਾਮੁ ਦੇ ਰੂਪ ਵਿੱਚ, ਬ੍ਰਹਮਗਿਆਨ ਦੇ ਰੂਪ ਵਿੱਚ, ਨਿਰਗੁਣ ਰੂਪ

ਵਿੱਚ ਬਿਰਾਜਮਾਨ ਹੈ। **(ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ॥ ਦੁਖੁ ਪਲ੍ਰਿ ਹਰਿ ਨਾਮੁ ਵਸਾਏ॥ ਸਾਚੀ ਗਤਿ ਸਾਚੈ ਚਿਤੁ ਲਾਏ॥ ਗੁਰ ਕੀ ਬਾਣੀ ਸਬਦਿ ਸੁਣਾਏ॥੧॥)**

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥}

(ਅੰਗ ੮੫੨)

{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥੧੭॥}

(ਅੰਗ ੯੦੯)

ਪਉੜੀ॥

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ॥੧॥}

(ਅੰਗ ੧੦੯੪)

{ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥੨॥}

(ਅੰਗ ੫੫੯)

{ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ॥੨॥
ਗੁਰ ਸੇਵਾ ਤੇ ਕਰਣੀ ਸਾਰ॥ ਰਾਮ ਨਾਮੁ ਰਾਖਹੁ ਉਰਿ ਧਾਰ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥੩॥}

(ਅੰਗ ੧੦੬੬)

ਆਪਣੇ ਆਪ ਨੂੰ ਉੱਚਾ ਕੋਈ ਤਦ ਤੱਕ ਹੀ ਅਖਵਾ ਸਕਦਾ ਹੈ, ਗਿਆਨਵਾਨ ਤਦ ਤੱਕ ਹੀ ਅਖਵਾ ਸਕਦਾ ਹੈ ਜਦ ਤੱਕ ਉਹ ਤ੍ਰੈਗੁਣਾਂ ਵਿੱਚ ਹੈ, ਮਾਇਆ ਦੀ ਜੁਗਤਿ ਵਿੱਚ ਹੈ। ਤ੍ਰੈਗੁਣਾਂ ਵਿੱਚੋਂ ਨਿਕਲੇ ਬਿਨ੍ਹਾਂ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਮਨੁੱਖ ਦਾ ਆਪਣਾ ਕੋਈ ਮਾਣ ਨਹੀਂ ਹੈ, ਕੋਈ ਗਿਆਨਵਾਨ ਨਹੀਂ

ਹੈ ਤੇ ਜੇ ਕੋਈ ਸਮਝਦਾ ਹੈ ਤੇ ਉਹ ਕੇਵਲ ਉਸ ਦਾ ਭਰਮ ਹੈ, ਹਉਮੈ ਹੈ।

ਆਪਣੇ ਉੱਚੇ ਮਾਣ ਦੁਆਰਾ ਅਸੀਂ ਇਸ ਸੰਸਾਰ ਵਿੱਚ ਤਾਂ ਸ਼ੋਭਾ ਪਾ ਲੈਂਦੇ ਹੈ ਪਰ ਅੱਗੇ ਜਾ ਕੇ ਪ੍ਰਮਾਤਮਾ ਦੇ ਦਰ ਤੇ ਸਾਡੀ ਕੀ ਕਦਰ ਪੈਂਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣਾ ਕੇਵਲ ਸਾਡੀ ਹਉਮੈ ਹੈ ਜੋ ਕਿ ਗੁਰਮਤਿ ਦੇ ਉਲਟ ਹੈ।

ਪਉੜੀ ॥

“ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥
ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥
ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥
ਸਾਧਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾ ਕਉ ਮਿਲੇ ਮੁਰਾਰੀ ॥੨੪॥”

(ਅੰਗ ੨੫੫)

ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਆਪਣੀ ਹਉਮੈ ਛੱਡਣ ਦਾ ਮਾਰਗ ਹੈ ਪਰ ਆਪਣੀ ਭਗਤੀ ਦੇ ਤਰੀਕਿਆਂ ਨਾਲ ਅਸੀਂ ਆਪਣੇ ਆਪ ਨੂੰ ਕੇਵਲ ਉੱਚਾ ਹੀ ਕਰਦੇ ਹਾਂ ਭਾਵ ਹਉਮੈ ਹੀ ਵਧਾਉਂਦੇ ਹਾਂ ਤੇ ਇਹੀ ਗੱਲ ਸਾਨੂੰ ਉਪਰਲੀ ਪਉੜੀ ਦੁਆਰਾ ਸਮਝਾਈ ਹੋਈ ਹੈ। ਪਹਿਲਾਂ ਇਹਨਾਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ।

“ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥”

ਉੱਪਰ ਵਾਲੀ ਪੰਗਤੀ ਦੇ ਅਰਥ ਹਰ ਕੋਈ ਬੜੀ ਆਸਾਨੀ ਨਾਲ ਸਮਝ ਸਕਦਾ ਹੈ, ਥੋੜਾ ਵੱਡਾ ਬੱਚਾ ਵੀ ਸਮਝ ਸਕਦਾ ਹੈ। ਆਪਣੇ ਆਪ ਨੂੰ “ਭਗਤੁ” ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ ਤੇ ਉਹਨਾਂ ਦੇ ਪਿੱਛੇ ਲੱਗਣ ਵਾਲਿਆਂ ਦੀ ਵੀ ਕਮੀ ਨਹੀਂ ਹੈ। ਇਸੇ ਤਰ੍ਹਾਂ ਅਨੇਕਾਂ ਹੀ ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ ਹਨ, ਗਿਆਨੀ ਅਖਵਾਉਣ ਵਾਲੇ ਹਨ ਭਾਵ ਧਰਮ ਦੇ ਗਿਆਤਾ ਅਖਵਾਉਣ ਵਾਲੇ ਹਨ, ਬ੍ਰਹਮ ਗਿਆਨੀ ਅਖਵਾਉਣ ਵਾਲੇ ਹਨ ਜੋ ਆਪਣੇ ਆਪ ਨੂੰ ਹੋਰ ਵੀ ਉੱਚਾ ਧਰਮ ਦਾ ਗਿਆਤਾ ਸਮਝਦੇ ਹਨ। ਸਮਾਜ ਵਿੱਚ ਇਹਨਾਂ ਦੀ ਕਿਤਨੀ ਕੁ ਇੱਜਤ ਬਣੀ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਇਹਨਾਂ ਦੀ ਇੱਜਤ ਇਹਨਾਂ ਦੇ ਪਿੱਛੇ ਲੱਗਣ ਵਾਲਿਆਂ ਕਰਕੇ ਹੀ ਬਣਦੀ ਹੈ। ਜਿਸ ਦੇ ਪਿੱਛੇ ਜਿਤਨੇ ਜਿਆਦਾ ਲੱਗ ਜਾਂਦੇ ਹਨ ਉਤਨੀ ਹੀ ਉਸਦੀ ਇੱਜਤ ਵੱਧਦੀ ਜਾਂਦੀ ਹੈ। ਇਹਨਾਂ ਨੂੰ ਅਸੀਂ ਭਗਤੀ ਵਾਲਾ ਕਿਸ ਕਾਰਣ ਸਮਝਦੇ ਹਾਂ ਇਸ ਗੱਲ ਨੂੰ ਵੀ ਹਰ ਕੋਈ ਜਾਣਦਾ ਹੈ। ਇਹ ਲੋਗ ਸਰੀਰਕ ਜਪ ਤਪ ਕਰਨ ਵਾਲੇ ਹਨ, ਕੋਈ ਕਿਸੇ ਅੱਖਰ ਦਾ ਜਪ ਕਰਨ ਵਾਲਾ ਹੈ ਤੇ ਕੋਈ ਕਿਸੇ ਹੋਰ ਅੱਖਰ ਦਾ ਜਪ ਕਰਨ ਵਾਲਾ ਹੈ, ਇਹ ਲੋਗ ਧਰਮ ਗ੍ਰੰਥਾਂ ਦੀ ਕਥਨੀ ਨਾਲ ਆਪ ਜੁੜੇ ਹੋਏ ਹੁੰਦੇ ਹਨ ਤੇ ਸਭ ਨੂੰ ਕਥਨੀ ਦੇ ਨਾਲ ਹੀ ਜੋੜਦੇ ਹਨ। ਕੋਈ ਖਾਣੇ ਦੀ ਸੁੱਚ ਨੂੰ ਉੱਚਾ ਸਮਝਦਾ ਹੈ, ਕੋਈ ਕਿਸੇ ਖਾਸ ਸਰੀਰਕ ਪਹਿਰਾਵੇ ਨੂੰ ਉੱਚਾ ਸਮਝਦਾ ਹੈ ਤੇ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਸਰੀਰਕ ਕਿਰਿਆਵਾਂ

ਨਾਲ ਇਹ ਆਪ ਜੁੜੇ ਹੁੰਦੇ ਹਨ ਤੇ ਇਹਨਾਂ ਗੱਲਾਂ ਦਾ ਹੀ ਪ੍ਰਚਾਰ ਕਰਦੇ ਹਨ। ਇਹ ਸਭ ਨੂੰ ਮਾਇਆ ਦੀਆਂ ਦਾਤਾਂ ਦੇ ਮੋਹ ਵਿੱਚ ਪਾਉਂਦੇ ਹਨ ਕਿ ਉਹਨਾਂ ਦੀ ਮਰਿਆਦਾ ਵਿੱਚ ਆਉਣ ਨਾਲ ਦਾਤਾਂ ਦੀ ਪ੍ਰਾਪਤੀ ਹੁੰਦੀ ਹੈ। ਸਭ ਦੇ ਅੰਦਰ ਦਾਤਾਂ ਦਾ ਮੋਹ ਹੈ ਜਿਸ ਕਰਕੇ ਬਹੁਤੇ ਇਹਨਾਂ ਦੇ ਪਿੱਛੇ ਲੱਗਦੇ ਹਨ। ਜਿੰਨ੍ਹਾਂ ਗੱਲਾਂ ਦਾ ਗੁਰਬਾਣੀ ਵਿੱਚ ਵਾਰ ਵਾਰ ਖੰਡਨ ਕੀਤਾ ਹੋਇਆ ਹੈ ਉਹਨਾਂ ਗੱਲਾਂ ਨਾਲ ਇਹ ਆਪ ਜੁੜੇ ਹੋਏ ਹੁੰਦੇ ਹਨ ਤੇ ਦੂਸਰਿਆਂ ਨੂੰ ਇਹਨਾਂ ਨਾਲ ਜੋੜਦੇ ਹਨ, ਮਾਇਆ ਮੋਹ ਵਿੱਚ ਪਾਉਂਦੇ ਹਨ। ਸਮਾਜ ਵਿੱਚ ਇਹ ਵਾਹ ਵਾਹ ਖੱਟਦੇ ਹਨ ਪਰ ਪ੍ਰਮਾਤਮਾ ਦੇ ਦਰ ਤੇ ਇਹਨਾਂ ਨੂੰ ਕਿਤਨੀ ਕੁ ਇੱਜਤ ਮਿਲਦੀ ਹੈ ਇਹੀ ਗੱਲ ਸਾਨੂੰ ਉੱਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਹਨਾਂ ਦੀ ਤਿਲ ਜਿਤਨੀ ਕਦਰ ਵੀ ਨਹੀਂ ਹੈ ਕਿਉਂਕਿ ਆਪਣੇ ਆਪ ਨੂੰ ਉੱਚਾ ਅਖਵਾਉਣਾ ਕੇਵਲ ਹਉਮੈ ਹੈ। ਹਉਮੈ ਦਾ ਨਾਮ ਦੇ ਨਾਲ ਵਿਰੋਧ ਹੈ। ਜਿਤਨੀ ਕਿਸੇ ਦੀ ਹਉਮੈ ਵੱਧਦੀ ਹੈ ਉਤਨਾ ਹੀ ਉਸ ਦਾ ਪ੍ਰਮਾਤਮਾ ਦੇ ਨਾਲ ਵਿਰੋਧ ਵੱਧਦਾ ਹੈ। **(ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥)**

ਇਹ ਕੇਵਲ ਸਾਡੇ ਮਨ ਦਾ ਭਰਮ ਹੈ ਜਿਸ ਕਰਕੇ ਅਸੀਂ ਮਾਇਆ ਮੋਹ ਵਿੱਚ ਫੱਸਦੇ ਹਾਂ। ਜਿਸ ਗੱਲ ਨੂੰ ਅਸੀਂ ਚੰਗਾ ਸਮਝਦੇ ਹਾਂ, ਆਪਣੀ ਸਿਆਣਪ ਸਮਝਦੇ ਹਾਂ ਅਸਲ ਵਿੱਚ ਸਾਡੀ ਇਹ ਝੂਠੀ ਸਿਆਣਪ ਹੀ ਸਾਨੂੰ ਬੰਧਨ ਵਿੱਚ ਪਾਉਂਦੀ ਹੈ ਜਿਵੇਂ ਕਿ ਸਾਨੂੰ ਪਹਿਲੀਆਂ ਪੰਗਤੀਆਂ ਰਾਹੀਂ ਤੋਤੇ ਦਾ ਪ੍ਰਮਾਣ ਦੇ ਕੇ ਸਮਝਾਇਆ ਹੋਇਆ ਹੈ। (**ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥ ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥**) ਜਿੰਨ੍ਹਾਂ ਦੇ ਮਨ ਵਿੱਚੋਂ ਪ੍ਰਮਾਤਮਾ ਭਰਮ ਕੱਢ ਦਿੰਦਾ ਹੈ ਤੇ ਉਹਨਾਂ ਨੂੰ ਫਿਰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਭਗਤ, ਗਿਆਨੀ, ਸੰਤ, ਬ੍ਰਹਮ ਗਿਆਨੀ ਪ੍ਰਮਾਤਮਾ ਆਪ ਹੀ ਹੈ ਜੋ ਸੋਝੀ ਪ੍ਰਮਾਤਮਾ ਨੇ ਬਾਣੀ ਦੀ ਰਚਨਾ

ਕਰਨ ਵਾਲਿਆਂ ਨੂੰ ਪਾਈ ਹੈ।

ਸਾਰੀ ਗੱਲ ਆਪਣੇ ਅੰਦਰੋਂ ਹਉਮੈ ਮਾਰਨ ਦੀ ਹੈ ਭਾਵ ਮਨਮਤਿ ਛੱਡਣ ਦੀ ਹੈ। ਹਉਮੈ "ਸਾਧਸੰਗਿ" ਦੁਆਰਾ ਹੀ ਮਰਦੀ ਹੈ ਭਾਵ ਉਸ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਮਰਦੀ ਹੈ, ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ ਮਰਦੀ ਹੈ। ਪੂਰੀ ਗੁਰਬਾਣੀ ਸਾਡੇ ਕੋਲ ਸੱਚੀ ਸੋਝੀ ਦਾ ਸ੍ਰੋਤਿ ਹੈ, ਸਾਧਸੰਗਿ ਕਰਨ ਦਾ ਸ੍ਰੋਤਿ ਹੈ ਜਿਸ ਸ੍ਰੋਤਿ ਨਾਲ ਜੁੜਕੇ ਅਸੀਂ ਹਉਮੈ ਵਿੱਚੋਂ ਨਿਕਲ ਸਕਦੇ ਹਾਂ, ਮਨਮਤਿ ਵਿੱਚੋਂ ਨਿਕਲ ਸਕਦੇ ਹਾਂ। ਹਉਮੈ ਛੱਡੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ। ਆਪਣੇ ਆਪ ਨੂੰ ਉੱਚਾ ਅਖਵਾਕੇ, ਆਪਣੀ ਮਨਹਠਿ ਵੱਧਾਕੇ ਭਾਵ ਗੁਰਮਤਿ ਦੇ ਉਲਟ ਚੱਲਕੇ ਅਸੀਂ ਆਪਣੀ ਹਉਮੈ ਹੀ ਵਧਾਉਂਦੇ ਹਾਂ, ਪ੍ਰਮਾਤਮਾ ਨਾਲੋਂ

28/3125

ਆਪਣੀ ਦੂਰੀ ਹੀ ਵਧਾਉਂਦੇ ਹਾਂ। ਅਸੀਂ ਆਪਣੀ ਕਥਨੀ ਦੁਆਰਾ ਜਿਸ ਰਾਹੀਂ ਅਸੀਂ ਗੁਰਮਤਿ ਦੇ ਉਲਟ ਪ੍ਰਚਾਰ ਕਰਦੇ ਹਾਂ, ਮਨਮਤਿ ਦੀ ਭਗਤੀ ਵਾਲਾ ਪ੍ਰਚਾਰ ਕਰਦੇ ਹਾਂ ਭਾਵ ਸਰੀਰਕ ਜਪਾਂ ਤਪਾਂ ਆਦਿ ਦਾ ਪ੍ਰਚਾਰ ਕਰਦੇ ਹਾਂ, ਕਿਸੇ ਅੱਖਰ ਦੇ ਜਪ ਦਾ ਪ੍ਰਚਾਰ ਕਰਦੇ ਹਾਂ ਤੇ ਹੋਰ ਵੀ ਭਗਤੀ ਦੇ ਇਹੋ ਜਿਹੇ ਤਰੀਕਿਆਂ ਦਾ ਪ੍ਰਚਾਰ ਕਰਦੇ ਹਾਂ ਜਿੰਨ੍ਹਾਂ ਦਾ ਗੁਰਮਤਿ ਖੰਡਨ ਕਰਦੀ ਹੈ ਉਸ ਵਿੱਚ ਕੇਵਲ ਸਾਡੀ ਸਿਆਣਪ ਹੈ ਤੇ ਕੇਵਲ ਇੱਕ ਮਾਇਆ ਦੇ ਵਾਪਾਰ ਦੀ ਤਰ੍ਹਾਂ ਹੈ ਜਿਸ ਦੁਆਰਾ ਅਸੀਂ ਮਾਇਆ ਕਮਾਉਂਦੇ ਹਾਂ ਤੇ ਇਹੋ ਜਿਹੇ ਮਾਣ ਦੁਆਰਾ ਕੇਵਲ ਆਪਣੀ ਹਉਮੈ ਵਧਾਉਂਦੇ ਹਾਂ। ਆਪਣੇ ਆਪ ਨੂੰ ਧਰਮ ਦਾ ਵਿਦਵਾਨ ਸਮਝਣਾ ਜਾਂ ਅਖਵਾਉਣਾ ਆਪਣੀ ਹਉਮੈ ਵਧਾਉਣ ਵਾਲੀ ਗੱਲ ਹੈ, ਝੂਠਾ ਮਾਣ ਵਧਾਉਣ ਵਾਲੀ ਗੱਲ ਹੀ ਹੈ। ਸੱਚਾ ਮਾਣ ਕੇਵਲ ਗੁਰੂ ਦਾ ਹੈ ਜੋ ਸੱਚ ਦਾ ਪ੍ਰਚਾਰ ਕਰਦਾ ਹੈ, ਸੱਚੀ ਭਗਤੀ ਕਰਨ ਦੇ ਤਰੀਕਿਆਂ ਦਾ ਪ੍ਰਚਾਰ ਕਰਦਾ ਹੈ ਕਿਉਂਕਿ ਗੁਰੂ ਭਰਮਾਂ ਵਿੱਚੋਂ ਨਿਕਲਿਆ ਹੋਇਆ ਹੈ, ਤ੍ਰੈਗੁਣਾਂ ਵਿੱਚੋਂ ਨਿਕਲਿਆ ਹੋਇਆ ਹੈ। (**ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥ ਸਾਧਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾ ਕਉ ਮਿਲੇ ਮੁਰਾਰੀ ॥24॥**)

ਪਿੱਛੇ ਅਸੀਂ ਜਿਸ ਮੁੱਖ ਸ਼ਬਦ ਨੂੰ ਸਮਝ ਰਹੇ ਹਾਂ ਉਸ ਸ਼ਬਦ ਵਿੱਚ ਸਾਨੂੰ ਗੁਰੂ ਵਾਲੀ ਕਰਣੀ ਤੇ ਹਉਮੈ ਵਾਲੀ ਕਰਣੀ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਸ਼ਬਦ ਦੇ ਪਹਿਲੇ ਪਦੇ ਨੂੰ ਅਸੀਂ ਸਮਝਿਆ ਹੈ ਜਿਸ ਰਾਹੀਂ ਅਸੀਂ ਗੁਰੂ ਦੀ ਕਾਰੇ ਲੱਗਣਾ ਸਮਝਿਆ ਹੈ ਜਿਸ ਦੀ ਸੋਝੀ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਗੁਰੂ ਰੂਪ ਵਿੱਚ ਪਾਉਂਦਾ ਹੈ। (**ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ ॥ ਦੁਖੁ ਪਲ੍ਰਿ ਹਰਿ ਨਾਮੁ ਵਸਾਏ ॥ ਸਾਚੀ ਗਤਿ ਸਾਚੈ ਚਿਤੁ ਲਾਏ ॥ ਗੁਰ ਕੀ ਬਾਣੀ ਸਬਦਿ ਸੁਣਾਏ ॥1॥**)

{ਮਨ ਰੇ ਗੁਰ ਕੀ ਕਾਰ ਕਮਾਇ ॥ ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥}

(ਅੰਗ - ੬੬)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ - ੬੫)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥}

(ਅੰਗ - ੧੦੫੧)

ਗੁਰਮਤਿ ਅਨੁਸਾਰ ਵਿਚਰਨਾ ਗੁਰੂ ਦੀ ਕਾਰੇ ਲੱਗਣਾ ਹੈ ਭਾਵ ਅਵਗਣ ਛੱਡਕੇ

28/3126

ਗੁਣਾਂ ਦੁਆਰਾ ਵਿਚਰਨਾ ਗੁਰੂ ਦੀ ਕਾਰੇ ਲੱਗਣਾ ਹੈ, ਗੁਰੂ ਦੇ ਭਾਣੇ ਵਿੱਚ ਰਹਿਣਾ ਗੁਰੂ ਦੀ ਕਾਰੇ ਲੱਗਣਾ ਹੈ। ਗੁਰੂ ਦੀ ਕਾਰੇ ਲੱਗਣਾ ਹੀ ਸੱਚੀ ਕਾਰੇ ਲੱਗਣਾ ਹੈ ਜਿਸ ਦਾ ਮੂਲ ਸਾਡੇ ਮਨ ਦੀ ਸੱਚੀ ਸੋਝੀ ਹੈ ਭਾਵ ਗੁਰਮਤਿ ਵਾਲੀ ਸੋਝੀ ਹੈ, ਗੁਰੂ ਵਾਲੀ ਸੋਝੀ ਹੈ। ਸਾਨੂੰ ਮਾੜੀ ਕਾਰੇ ਮਨ ਦੀ ਮਾੜੀ ਸੋਝੀ ਲਾਉਂਦੀ ਹੈ ਤੇ ਸੱਚੀ ਕਾਰੇ ਮਨ ਦੀ ਸੱਚੀ ਸੋਝੀ ਲਾਉਂਦੀ ਹੈ। ਕਿਸੇ ਅੱਖਰ ਦਾ ਜਪ ਕਰੀ ਜਾਣ ਨੂੰ ਅਸੀਂ ਗੁਰੂ ਦੀ ਕਾਰੇ ਲੱਗਣਾ ਸਮਝਦੇ ਹਾਂ ਜਿਸਦਾ ਮੂਲ ਕਾਰਣ ਸਾਡੇ ਮਨ ਦੀ ਮਾੜੀ ਸੋਝੀ ਹੈ ਭਾਵ ਸਾਡੇ ਅੰਦਰ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ, ਗੁਰਮਤਿ ਦੀ ਸੱਚੀ ਸੋਝੀ ਦੀ ਸਮਝ ਨਾ ਆਉਣਾ ਹੈ। ਗੁਰੂ ਦੀ ਸੱਚੀ ਕਾਰੇ ਲੱਗਣਾ ਹੀ ਹਰਿ ਹਰਿ ਕਰਨਾ ਹੈ ਜਿਹੋ ਜਿਹਾ ਹਰਿ ਹਰਿ ਕਰਨਾ ਸਾਨੂੰ ਗੁਰਬਾਣੀ ਸਮਝਾ ਰਹੀ ਹੈ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਹਰਿ ਹਰਿ ਕਰਨਾ ਹੀ ਸਮਝਾਇਆ ਹੋਇਆ ਹੈ ਜਿਸ ਦਾ ਮੂਲ ਮਨ ਦੀ ਸੋਝੀ ਹੈ, ਗੁਰੂ ਵਾਲੀ ਸੋਝੀ ਹੈ।

“ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ ॥

ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ ਲਾਗੈ ਸਹਜਿ ਧਿਆਨੁ ॥੧॥ ਰਹਾਉ ॥”

“**ਨਿਧਾਨੁ**” ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਗੁਣਾਂ ਦਾ ਖਜ਼ਾਨਾ ਹੈ, ਗੁਰਮਤਿ ਰੂਪ ਖਜ਼ਾਨਾ ਹੈ, ਬ੍ਰਹਮ ਗਿਆਨ ਰੂਪ ਖਜ਼ਾਨਾ ਹੈ, ਨਾਮ ਰੂਪ ਖਜ਼ਾਨਾ ਹੈ, ਸੱਚ ਰੂਪ ਖਜ਼ਾਨਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਇਹ ਖਜ਼ਾਨਾ ਹੀ ਹੈ ਜੋ ਕਿ ਸੱਚੇ ਗਿਆਨ ਦਾ ਖਜ਼ਾਨਾ ਹੈ ਤੇ ਪ੍ਰਮਾਤਮਾ ਗੁਰਬਾਣੀ ਦੇ ਅੰਦਰ ਇਸ ਖਜ਼ਾਨੇ ਦੇ ਰੂਪ ਵਿੱਚ ਹੀ ਹੈ। ਅਸੀਂ ਪ੍ਰਮਾਤਮਾ ਦੇ ਇਸ ਖਜ਼ਾਨੇ ਦੀ ਸੇਵਾ ਕਰਨੀ ਹੈ ਭਾਵ ਗੁਰਮਤਿ ਰੂਪ ਖਜ਼ਾਨੇ ਦੀ ਸੇਵਾ ਕਰਨੀ ਹੈ। ਜੋ ਪ੍ਰਮਾਤਮਾ ਦੇ ਇਸ ਖਜ਼ਾਨੇ ਦੀ ਸੇਵਾ ਕਰਦਾ ਹੈ ਉਸ ਨੂੰ ਪ੍ਰਮਾਤਮਾ ਆਪਣੇ ਖਜ਼ਾਨੇ ਵਿੱਚ ਰਲਾ ਲੈਂਦਾ ਹੈ। ਅਸੀਂ ਇਸ ਖਜ਼ਾਨੇ ਦੀ ਸੇਵਾ ਦਾ ਉੱਦਮ ਹੀ ਕਰਨਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨ ਦਾ ਉੱਦਮ ਹੀ ਕਰਨਾ ਹੈ, ਸੱਚ ਅਨੁਸਾਰ, ਨਾਮ ਅਨੁਸਾਰ ਵਿਚਰਨ ਦਾ ਉੱਦਮ ਹੀ ਕਰਨਾ ਹੈ ਤਾਂ ਜੋ ਸਾਡੇ ਤੇ ਪ੍ਰਮਾਤਮਾ ਦੀ ਕਿਰਪਾ ਹੋ ਸਕੇ ਤੇ ਸਾਨੂੰ ਉਹ ਆਪਣੇ ਖਜ਼ਾਨੇ ਵਿੱਚ ਰਲਾ ਲਵੇ, ਬ੍ਰਹਮ ਗਿਆਨ ਰੂਪ ਖਜ਼ਾਨੇ ਵਿੱਚ ਰਲਾ ਲਵੇ। ਪ੍ਰਮਾਤਮਾ ਦੇ ਇਸ ਖਜ਼ਾਨੇ ਦੀ ਸੇਵਾ

ਕਰਨੀ ਹੀ ਹਰਿ ਹਰਿ ਕਰਨਾ ਹੈ। ਪ੍ਰਮਾਤਮਾ ਦਾ ਇਹ ਖਜ਼ਾਨਾ ਹੀ ਉਸਦਾ "ਹਰਿ ਹਰਿ" ਰੂਪ ਹੈ ਭਾਵ ਸੱਚੇ ਗਿਆਨ ਵਾਲਾ ਰੂਪ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਇਸ "**ਨਿਧਾਨੁ**" ਵਿੱਚ ਰਲਾਉਂਦਾ ਹੈ ਉਸਨੂੰ ਆਪਣਾ "**ਹਰਿ ਧਨੁ**" ਸੌਂਪਕੇ ਹੀ ਰਲਾਉਂਦਾ ਹੈ। ਪ੍ਰਮਾਤਮਾ ਦਾ ਇਹ ਨਿਧਾਨੁ ਹਰਿ ਧਨੁ ਦੇ ਰੂਪ ਵਿੱਚ ਹੀ ਹੈ ਭਾਵ ਸੱਚੇ ਗਿਆਨ ਦੇ ਧਨ ਦੇ ਰੂਪ ਵਿੱਚ ਹੀ ਹੈ। ਇਸ "**ਹਰਿ ਧਨੁ**" ਦੀ ਪ੍ਰਾਪਤੀ ਮਨ ਦੇ ਵਿੱਚੋਂ ਹੀ ਹੁੰਦੀ ਹੈ, ਮਨ ਦੇ "**ਧਿਆਨੁ**" ਰਾਹੀਂ ਹੀ ਹੁੰਦੀ ਹੈ। ਜਦੋਂ ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਸਹਜ ਦੀ ਅਵੱਸਥਾ ਬਖਸ਼ਦਾ ਹੈ ਭਾਵ ਚੌਥੇ ਪਦ ਦੀ ਅਵੱਸਥਾ ਬਖਸ਼ਦਾ ਹੈ। ਚੌਥੇ ਪਦ ਦੇ

28/3127

ਨਾਲ ਜਦੋਂ ਮਨੁੱਖ ਦਾ ਧਿਆਨ ਜੁੜ ਜਾਂਦਾ ਹੈ ਉਸ ਧਿਆਨ ਦੇ ਰਾਹੀਂ "ਹਰਿ ਧਨੁ" ਦੀ ਪ੍ਰਾਪਤੀ ਹੁੰਦੀ ਹੈ, ਨਾਮ ਨਿਧਾਨੁ ਦੀ ਪ੍ਰਾਪਤੀ ਹੁੰਦੀ ਹੈ। ਮਨ ਦੇ ਵਿੱਚ ਕੇਵਲ ਗਿਆਨ ਦੀ ਪ੍ਰਾਪਤੀ ਹੀ ਹੁੰਦੀ ਹੈ ਤੇ ਹੋਰ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਸਹਜ ਦੀ ਅਵੱਸਥਾ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਵਿਚਾਰਾਂ ਰਾਹੀਂ, ਸਾਡੇ ਧਿਆਨ ਰਾਹੀਂ ਜੋ ਗਿਆਨ ਦਿੰਦਾ ਹੈ ਉਹ ਬ੍ਰਹਮ ਗਿਆਨ ਹੈ, ਨਾਮ ਨਿਧਾਨ ਹੈ, ਹਰਿ ਧਨੁ ਹੈ। ਜਿੰਨ੍ਹਾਂ ਨੂੰ ਮਨ ਦੀ ਇਸ ਅਵੱਸਥਾ ਦੁਆਰਾ ਹਰਿ ਧਨੁ ਦੀ ਪ੍ਰਾਪਤੀ ਹੋਈ ਹੈ ਉਨ੍ਹਾਂ ਨੂੰ ਹੀ ਇਸ ਧਨ ਰਾਹੀਂ ਪ੍ਰਮਾਤਮਾ ਨੇ ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਦਿੱਤੀ ਹੈ, ਸੱਚੀ ਬਾਣੀ ਦੀ ਸੋਝੀ ਪਾਈ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ ਤੇ ਆਪਣਾ ਸੱਚ ਉਹ ਆਪ ਹੀ ਸਮਝਾਉਂਦਾ ਹੈ ਜਿਸ ਦੁਆਰਾ ਮਨੁੱਖ ਉਸ ਦੇ ਦੱਸੇ ਹੋਏ ਸੱਚ ਅਨੁਸਾਰ ਚੱਲਦਾ ਹੈ ਤੇ ਅਨਦਿਨ ਹਰਿ ਹਰਿ ਜਪਦਾ ਹੈ ਕਿਉਂਕਿ ਉਸ ਦਾ ਹਰ ਵੇਲੇ ਧਿਆਨ ਪ੍ਰਮਾਤਮਾ ਦੇ ਨਾਲ ਜੁੜਿਆ ਰਹਿੰਦਾ ਹੈ, ਚੌਥੇ ਪਦ ਨਾਲ ਜੁੜਿਆ ਰਹਿੰਦਾ ਹੈ, ਉਸ ਦੀ ਅੱਠੇ ਪਹਿਰ ਲਿਵ ਪ੍ਰਮਾਤਮਾ ਦੇ ਨਾਲ ਲੱਗੀ ਰਹਿੰਦੀ ਹੈ ਤੇ ਪ੍ਰਮਾਤਮਾ ਆਪ ਹੀ ਹਰ ਵੇਲੇ ਮਨੁੱਖ ਨੂੰ ਆਪਣੀ ਮਤਿ ਦੇ ਨਾਲ ਜੋੜ ਕੇ ਰੱਖਦਾ ਹੈ। (**ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ ॥ ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ ਲਾਗੈ ਸਹਜਿ ਧਿਆਨੁ ॥1॥ ਰਹਾਉ ॥**)

ਪ੍ਰਮਾਤਮਾ ਦੀ ਭਗਤੀ ਦਾ ਸ਼ਿੰਗਾਰ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਜਾਨਣ ਤੋਂ ਬਾਅਦ ਹੀ ਹੁੰਦਾ ਹੈ, ਉਸ ਪ੍ਰਮਾਤਮਾ ਦੀ ਕਾਮਣਿ, ਇਸਤਰੀ, ਪਤਨੀ, ਸੁਹਾਗਣ ਬਣਕੇ ਹੀ ਹੁੰਦਾ ਹੈ ਭਾਵ ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ ਹੁੰਦਾ ਹੈ। ਪ੍ਰਮਾਤਮਾ ਦੀ ਕਾਮਣਿ ਸਾਡੇ ਮਨ ਦੀ ਸੋਚ ਹੀ ਹੈ ਭਾਵ ਮਨ ਦੀ ਸੋਝੀ ਹੀ ਹੈ ਤੇ ਸਾਡੇ ਮਨ ਦੀ ਸੋਝੀ ਨੂੰ ਸੱਚਾ ਗਿਆਨ ਬਖਸ਼ਕੇ, ਬ੍ਰਹਮ ਗਿਆਨ ਬਖਸ਼ਕੇ, ਸਹਜ ਗਿਆਨ ਬਖਸ਼ਕੇ ਆਪਣੀ ਕਾਮਣਿ ਉਹ ਆਪ ਹੀ ਬਣਾਉਂਦਾ ਹੈ। ਸਾਡੀ ਮਾੜੀ ਮਤਿ, ਕੱਚੀ ਮਤਿ, ਤ੍ਰੈ ਗੁਣਾਂ ਵਾਲੀ ਮਤਿ, ਪੁੱਠੇ ਕਮਲ ਵਾਲੀ ਮਤਿ ਪ੍ਰਮਾਤਮਾ ਦੀ ਦੁਹਾਗਣ ਹੈ ਜਿਸਨੂੰ ਆਪਣੀ ਸੱਚੀ ਮਤਿ ਬਖਸ਼ਕੇ ਭਾਵ ਸੱਚੀ ਮਤਿ ਵਿੱਚ ਬਦਲਕੇ, ਭਰਮ ਵਿੱਚੋਂ ਕੱਢਕੇ, ਅਗਿਆਨਤਾ ਵਿੱਚੋਂ ਕੱਢਕੇ ਉਹ ਆਪ ਹੀ ਆਪਣੀ ਸੁਹਾਗਣ ਬਣਾਉਂਦਾ ਹੈ। ਨਿਰਗੁਣ ਰੂਪ ਵਿੱਚ ਹੀ ਅਸੀਂ ਪ੍ਰਮਾਤਮਾ ਦੀ ਦੁਹਾਗਣ ਹਾਂ ਤੇ ਨਿਰਗੁਣ ਰੂਪ ਵਿੱਚ ਹੀ ਉਹ ਸਾਨੂੰ ਆਪਣੀ ਸੁਹਾਗਣ ਬਣਾਉਂਦਾ ਹੈ। ਉਸ ਪ੍ਰਮਾਤਮਾ ਦਾ ਸੱਚਾ ਸ਼ਿੰਗਾਰ ਉਸ ਦੀ ਸੁਹਾਗਣ ਬਣਕੇ ਹੀ ਹੁੰਦਾ ਹੈ, ਗੁਰਮੁਖਿ ਰੂਪ ਬਣਕੇ ਹੀ ਹੁੰਦਾ ਹੈ, ਹਉਮੈ ਵਿੱਚੋਂ ਨਿਕਲਕੇ ਹੀ ਹੁੰਦਾ ਹੈ ਪਰ ਉਸ ਦਾ ਸ਼ਿੰਗਾਰ ਭਾਵ ਉਸ ਨੂੰ ਚੰਗੇ ਲੱਗਣ ਦਾ ਸ਼ਿੰਗਾਰ ਹਰ ਕੋਈ ਕਰਦਾ ਹੈ, ਆਪਣੇ ਅਨੇਕਾਂ ਹੀ ਭਗਤੀ ਦੇ ਤਰੀਕਿਆਂ ਦੁਆਰਾ ਕਰਦਾ ਹੈ, ਮਨਮਤਿ ਵਾਲੀ ਸੋਝੀ ਦੁਆਰਾ ਕਰਦਾ ਹੈ ਜੋ ਕਿ ਸਾਡਾ ਕੇਵਲ ਬਨਾਵਟੀ ਸ਼ਿੰਗਾਰ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਅਸੀਂ ਉਸ ਦਾ ਸੱਚਾ ਸ਼ਿੰਗਾਰ ਕਰਨ ਦਾ ਉੱਦਮ ਹੀ ਕਰ ਸਕਦੇ ਹਾਂ ਜੋ ਕਿ ਗੁਰਮਤਿ ਦੇ ਨਾਲ ਜੁੜਨ ਦਾ ਹੈ ਤੇ ਆਪਣਾ ਸੱਚਾ ਸ਼ਿੰਗਾਰ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ

28/3128

ਕਰਵਾਉਂਦਾ ਹੈ, ਮਨ ਦੇ ਵਿੱਚ ਆਪਣੀ ਗੁਰਮਤਿ ਦੀ ਸੱਚੀ ਸੋਝੀ ਬਖਸ਼ਕੇ ਆਪ ਹੀ ਚਲਾਉਂਦਾ ਹੈ। ਗੁਰਮਤਿ ਅਨੁਸਾਰ ਚੱਲਣਾ ਹੀ ਉਸਦਾ ਸ਼ਿੰਗਾਰ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

"ਬਿਨੁ ਪਿਰ ਕਾਮਣਿ ਕਰੇ ਸੰਗੀਗਾਰੁ ॥ ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥
ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥
ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰ ਧਾਰਿ ॥

ਏਕੁ ਪਛਾਣੈ ਹਉਮੈ ਮਾਰਿ ॥ ਸੋਭਾਵੰਤੀ ਕਹੀਐ ਨਾਰਿ ॥੩॥"

(ਅੰਗ - ੧੨੨੨)

ਉੱਪਰ ਪਦਿਆਂ ਰਾਹੀਂ ਮਨਮੁਖਿ ਦੀ ਤੇ ਗੁਰਮੁਖਿ ਦੀ ਅਵੱਸਥਾ ਦਾ ਫਰਕ ਹੀ ਸਮਝਾਇਆ ਹੋਇਆ ਹੈ। ਗੁਰਮੁਖਿ ਕੇਵਲ ਉਹੀ ਹੈ ਜਿਸ ਨੇ ਉਸ "**ਏਕੁ**" ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣਿਆ ਹੋਇਆ ਹੈ ਭਾਵ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ, ਜਿਸ ਦੀ ਹਉਮੈ ਮਰੀ ਹੋਈ ਹੈ, ਮਨ ਦਾ ਭਰਮ, ਮਨ ਦੀ ਅਗਿਆਨਤਾ ਮਰੀ ਹੋਈ ਹੈ। ਇਹ ਅਵੱਸਥਾ ਗੁਰੂ ਦੀ ਹੈ ਜੋ ਪ੍ਰਮਾਤਮਾ ਦੀ ਨਾਰਿ ਹੈ, ਸੁਹਾਗਣ ਹੈ, ਸੋਭਾਵੰਤੀ ਹੈ। ਗੁਰੂ ਨੇ ਪ੍ਰਮਾਤਮਾ ਨੂੰ ਭਾਵ ਉਸਦੀ ਕਾਮਣਿ ਨੇ ਆਪਣੇ ਪਿਰੁ ਨੂੰ, ਪਤੀ ਨੂੰ ਆਪਣੇ ਹਿਰਦੇ ਵਿੱਚ ਵਸਾਇਆ ਹੋਇਆ ਹੈ, ਸ਼ਬਦ ਦੇ ਰੂਪ ਵਿੱਚ ਵਸਾਇਆ ਹੋਇਆ ਹੈ ਭਾਵ ਸ਼ਬਦ ਦੇ ਸੱਚੇ ਗਿਆਨ ਦੇ ਰੂਪ ਵਿੱਚ ਵਸਾਇਆ ਹੋਇਆ ਹੈ। ਪ੍ਰਮਾਤਮਾ ਸ਼ਬਦ ਦੇ ਰੂਪ ਵਿੱਚ ਹੀ ਹੈ ਤੇ ਆਪਣੇ ਸ਼ਬਦ ਰੂਪ ਦੁਆਰਾ ਹੀ ਪ੍ਰਮਾਤਮਾ ਗੁਰੂ ਰੂਪ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ। ਜਿਸ ਦੇ ਅੰਦਰ ਪ੍ਰਮਾਤਮਾ ਸ਼ਬਦ ਰੂਪ ਵਿੱਚ ਵੱਸ ਜਾਂਦਾ ਹੈ ਉਹੀ ਉਸਦੀ ਕਾਮਣਿ ਬਣਦੀ ਹੈ ਤੇ ਸ਼ਬਦ ਦੀ ਸੱਚੀ ਸੋਝੀ ਉਸਦਾ ਸ਼ਿੰਗਾਰ ਹੈ ਜਿਸ ਦੁਆਰਾ ਉਸ ਨੂੰ ਗੁਰਮਤਿ ਦੀ ਸੋਝੀ ਹੈ ਤੇ ਉਹ ਗੁਰਮਤਿ ਦੁਆਰਾ ਵਿਚਰਦਾ ਹੈ ਤੇ ਸਭ ਨੂੰ ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ, ਭਗਤੀ ਦਾ ਸ਼ਿੰਗਾਰ ਕਰਨਾ ਸਮਝਾਉਂਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸ਼ਿੰਗਾਰ ਸਮਝਾਉਂਦਾ ਹੈ, ਪ੍ਰਮਾਤਮਾ ਨੂੰ ਚੰਗੇ ਲੱਗਣ ਦਾ ਸ਼ਿੰਗਾਰ ਕਰਨਾ ਸਮਝਾਉਂਦਾ ਹੈ ਜੋ ਗੁਰੂ ਕੋਲੋਂ ਇਹ ਸ਼ਿੰਗਾਰ ਕਰਨਾ ਨਹੀਂ ਸਿਖਦੇ ਉਹ ਆਪਣੀ ਮਤਿ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਰਹਿੰਦੇ ਹਨ ਜੋ ਕਿ ਉਹਨਾਂ ਦਾ ਝੂਠਾ ਸ਼ਿੰਗਾਰ ਹੈ ਜਿਸ ਲਈ ਉਹਨਾਂ ਨੂੰ ਦੁਹਾਗਣੀ ਕਿਹਾ ਹੈ, ਭੈੜੇ ਆਚਰਨ ਵਾਲੇ ਕਿਹਾ ਹੈ ਕਿਉਂਕਿ ਉਹ ਔਗੁਣਾਂ ਵਿੱਚ ਹੀ ਵਿਚਰਦੇ ਹਨ ਭਾਵ ਗੁਣਾਂ ਦੁਆਰਾ ਨਹੀਂ ਵਿਚਰਦੇ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਅਸਲ ਸ਼ਿੰਗਾਰ ਹੈ। ਉਹ ਆਪਣੇ ਭਗਤੀ ਦੇ ਤਰੀਕਿਆਂ ਨੂੰ ਹੀ ਭਾਵ ਸਰੀਰਕ ਜਪਾਂ ਤਪਾਂ ਆਦਿ ਨੂੰ ਹੀ ਆਪਣੇ ਗੁਣ ਸਮਝਦੇ ਹਨ, ਆਪਣੇ ਚੰਗੇ ਆਚਾਰ ਸਮਝਦੇ ਹਨ ਪਰ ਜਦ ਤੱਕ ਉਹ ਨਾਮ ਤੋਂ ਭੁੱਲੇ ਹੋਏ ਹਨ ਭਾਵ ਗੁਰਮਤਿ ਤੋਂ ਭੁੱਲੇ ਹੋਏ ਹਨ ਉਹਨਾਂ ਦੇ ਇਹੋ ਜਿਹੇ ਆਚਰਨ

28/3129

ਵਿਅਰਥ ਹੀ ਜਾਂਦੇ ਹਨ ਤੇ ਉਹ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਨ। ਜਿਹੋ ਜਿਹੇ ਕਰਮ ਕਰਨੇ ਉਹ ਆਪਣੇ ਵੱਲੋਂ ਭਗਤੀ ਦੇ ਸਮਝਦੇ ਹਨ ਉਹਨਾਂ ਵਿੱਚ ਕੇਵਲ ਭਗਤੀ ਦਾ ਦਿਖਾਵਾ ਹੈ ਭਾਵ ਉਸ ਵਿੱਚ ਨਾਮ ਨਹੀਂ ਹੈ, ਗੁਰਮਤਿ ਨਹੀਂ ਹੈ। (**ਬਿਨੁ ਪਿਰ ਕਾਮਣਿ ਕਰੇ ਸੀਗਾਰੁ ॥ ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥ ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥2॥ ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰ ਧਾਰਿ ॥ ਏਕੁ ਪਛਾਣੈ ਹਉਮੈ ਮਾਰਿ ॥ ਸੋਭਾਵੰਤੀ ਕਹੀਐ ਨਾਰਿ ॥3॥**)

ਪ੍ਰਮਾਤਮਾ ਨੂੰ ਮਨ ਦੇ ਗਿਆਨ ਦੁਆਰਾ ਹੀ ਪਾਇਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ। ਭਗਤੀ ਦੀ ਸੋਝੀ ਇਸੇ ਲਈ ਕੇਵਲ ਗੁਰੂ ਦੇ ਕੋਲ ਹੈ ਜੋ ਪ੍ਰਮਾਤਮਾ ਦਾ ਹੀ ਗਿਆਨੀ ਰੂਪ ਹੈ ਕਿਉਂਕਿ ਉਸ ਦੇ ਅੰਦਰ ਪ੍ਰਮਾਤਮਾ ਗਿਆਨ ਰੂਪ ਵਿੱਚ ਵੱਸਿਆ ਹੁੰਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਵੱਸਿਆ ਹੁੰਦਾ ਹੈ। ਆਪਣੇ ਆਪ ਨੂੰ ਪ੍ਰਮਾਤਮਾ ਨੂੰ ਪਾਉਣ ਵਾਲੇ ਭਾਵ ਉਸਦੇ ਨਾਲ ਮਿਲੇ ਹੋਏ ਦੱਸਣ ਵਾਲੇ ਅਨੇਕਾਂ ਹਨ ਪਰ ਇਸ ਦੀ ਸਮਝ ਕਿਸੇ ਨੂੰ ਨਹੀਂ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਭੇਦ ਕੀ ਹੈ ਤੇ ਇਸੇ ਲਈ ਉਹਨਾਂ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਹੀ ਸੋਝੀ ਨਹੀਂ ਹੈ ਤੇ ਉਹ ਆਪਣੀ ਕਥਨੀ ਨੂੰ ਹੀ ਪ੍ਰਮਾਤਮਾ ਦੀ ਭਗਤੀ ਸਮਝਦੇ ਹਨ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਪ੍ਰਮਾਤਮਾ ਦੀ ਭਗਤੀ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ ਤੇ ਇਹ ਸੋਝੀ ਕੇਵਲ ਗੁਰੂ ਦੇ ਕੋਲ ਹੈ ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

"ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥
ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥
ਕਹਿ ਕਹਿ ਕਹਣੁ ਕਹੈ ਸਭੁ ਕੋਇ ॥ ਬਿਨੁ ਮਨ ਮੂਏ ਭਗਤਿ ਨ ਹੋਇ ॥

ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥"

ਗੁਰੂ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਤੇ ਉਹੀ ਸਾਨੂੰ ਸਮਝਾ ਸਕਦਾ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਲੋਭ ਲਾਲਚ ਵਿੱਚੋਂ ਨਿਕਲਕੇ ਭਾਵ ਮਾਇਆ ਮੋਹ ਵਿੱਚੋਂ ਨਿਕਲਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ ਪਰ ਜਿੰਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਹੈ ਉਹ ਲੋਭ ਲਾਲਚ ਵਿੱਚੋਂ ਨਿਕਲਣ ਦੀ ਬਜਾਇ ਕਥਨੀ ਨੂੰ ਹੀ ਆਪਣੀ ਭਗਤੀ ਸਮਝਦੇ ਹਨ, ਸਰੀਰਕ ਜਪਾ ਤਪਾਂ ਆਦਿ ਨੂੰ ਆਪਣੀ ਭਗਤੀ ਸਮਝਦੇ ਹਨ। (**ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥**) ਭਗਤੀ ਦੇ ਗਿਆਤਾ ਅਖਵਾਉਣ ਵਾਲੇ, ਗਿਆਨੀ

28/3130

ਅਖਵਾਉਣ ਵਾਲੇ, ਪੰਡਿਤ ਅਖਵਾਉਣ ਵਾਲੇ ਬਹੁਤ ਹਨ ਜੋ ਸਾਨੂੰ ਕਥਨੀ ਦੇ ਨਾਲ ਜੋੜਦੇ ਹਨ ਭਾਵ ਉਹੋ ਜਿਹੀ ਭਗਤੀ ਦੇ ਨਾਲ ਜੋੜਦੇ ਹਨ ਜਿਹੋ ਜਿਹੀ ਭਗਤੀ ਵਿੱਚ ਸੰਸਾਰ ਲੱਗਾ ਹੋਇਆ ਹੈ ਪਰ ਉਹਨਾਂ ਨੂੰ ਭਗਤੀ ਦੀ ਸਮਝ ਨਹੀਂ ਹੈ ਜੋ ਕਿ ਕੇਵਲ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੁੰਦੀ ਹੈ, ਸੱਚ ਤੇ ਚੱਲਣ ਦੁਆਰਾ ਹੁੰਦੀ ਹੈ। ਭਗਤੀ ਨੂੰ ਜਾਨਣ ਵਾਲੇ ਗਿਆਨੀ ਵਿਰਲੇ ਹੀ ਹੁੰਦੇ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਆਪ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਕੇ ਗਿਆਨੀ ਬਣਾਉਂਦਾ ਹੈ, ਆਪਣਾ ਬ੍ਰਹਮ ਗਿਆਨ ਬਖਸ਼ ਕੇ ਬਣਾਉਂਦਾ ਹੈ ਜਿਵੇਂ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਜਿਸ ਨੂੰ ਉਹ ਮਨ ਦੀ ਅਗਿਆਨਤਾ ਤੋਂ ਮੁਕਤਿ ਕਰਦਾ ਹੈ, ਭਰਮ ਤੋਂ ਮੁਕਤਿ ਕਰਦਾ ਹੈ, ਹਉਮੈ ਤੋਂ ਮੁਕਤਿ ਕਰਦਾ ਹੈ ਉਸ ਨੂੰ ਹੀ ਉਹ ਆਪਣਾ ਗਿਆਨੀ ਰੂਪ ਬਣਾਉਂਦਾ ਹੈ। ਕਿਸੇ ਵਿਰਲੇ ਨੂੰ ਹੀ ਸਾਨੂੰ ਪ੍ਰਮਾਤਮਾ ਦੇ ਗਿਆਨੀ ਰੂਪ ਸਮਝਣਾ ਚਾਹੀਦਾ ਹੈ। ਜਿੰਨ੍ਹਾਂ ਸਰੀਰਾਂ ਦੁਆਰਾ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਜਿੰਨ੍ਹਾਂ ਨੇ ਉਸ ਗੁਰੂ ਰੂਪ ਪ੍ਰਮਾਤਮਾ ਨੂੰ ਭੇਟਿਆ ਹੈ ਉਹ ਵਿਰਲੇ ਹੀ ਹਨ ਜੋ ਉਸਦਾ ਗਿਆਨੀ ਰੂਪ ਹਨ ਜਿੰਨ੍ਹਾਂ ਰਾਹੀਂ ਪ੍ਰਮਾਤਮਾ ਨੇ ਸਾਨੂੰ ਬ੍ਰਹਮ ਗਿਆਨ ਸਮਝਾਇਆ ਹੈ, ਪ੍ਰਮਾਤਮਾ ਦਾ ਅਸਲ ਰੂਪ ਸਮਝਾਇਆ ਹੈ, ਉਸਦਾ ਨਿਰਗੁਣ ਰੂਪ ਸਮਝਾਇਆ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੈ। (**ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥4॥**)

ਗੁਰੂ ਸਾਨੂੰ ਕਰਣੀ ਦੇ ਨਾਲ ਜੋੜਦਾ ਹੈ ਪਰ ਜਿੰਨ੍ਹਾਂ ਨੂੰ ਭਗਤੀ ਦੇ ਮਾਰਗ ਦੀ ਸਮਝ ਨਹੀਂ ਹੈ ਉਹ ਸਾਨੂੰ ਕਥਨੀ ਦੇ ਨਾਲ ਜੋੜਦੇ ਹਨ ਪਰ ਆਪਣੇ ਆਪ ਨੂੰ ਉਹ ਗਿਆਨਵਾਨ ਹੀ ਅਖਵਾਉਂਦੇ ਹਨ। ਭਗਤੀ ਦਾ ਮਾਰਗ ਇਸ ਮਨ ਨੂੰ ਮਾਰਨ ਦਾ ਮਾਰਗ ਹੈ ਪਰ ਆਪਣੇ ਆਪ ਨੂੰ ਗਿਆਨਵਾਨ ਅਖਵਾਉਣ ਵਾਲੇ ਇਸ ਗੱਲ ਨੂੰ ਨਹੀਂ ਸਮਝਦੇ ਹਨ ਕਿ ਮਨ ਦਾ ਮਾਰਨਾ ਕੀ ਹੈ ਤੇ ਕਥਨੀ ਨਾਲ ਜੁੜੇ ਰਹਿਣ ਨੂੰ ਹੀ, ਸਰੀਰਕ ਕਿਰਿਆਵਾਂ ਕਰਨ ਨੂੰ ਹੀ ਮਨ ਦਾ ਮਾਰਨ ਸਮਝਦੇ ਹਨ ਜੋ ਕਿ ਭਗਤੀ ਦਾ ਮਾਰਗ ਨਹੀਂ ਹੈ। ਸੰਸਾਰ ਇਹੋ ਜਿਹੀ ਭਗਤੀ ਵਿੱਚ ਹੀ ਭਰਮਿਆ ਹੋਇਆ ਹੈ। (**ਕਹਿ ਕਹਿ ਕਹਣੁ ਕਹੈ ਸਭੁ ਕੋਇ ॥ ਬਿਨੁ ਮਨ ਮੂਏ ਭਗਤਿ ਨ ਹੋਇ ॥**)

ਮਨ ਨੂੰ ਮਾਰਨ ਦਾ ਮਾਰਗ ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨ ਦਾ ਹੈ, ਮਨ ਦੇ ਔਗੁਣਾਂ ਨੂੰ ਮਾਰਨ ਦਾ ਹੈ, ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦਾ ਹੈ, ਮਾਇਆ ਮੋਹ ਨੂੰ ਮਾਰਨ ਦਾ ਹੈ, ਲੋਭ ਲਾਲਚ ਨੂੰ ਮਾਰਨ ਦਾ ਹੈ ਤਾਂ ਜੋ ਅਸੀਂ ਚੰਗੀ ਕਰਣੀ ਕਰ ਸਕੀਏ ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਮਨ ਦਾ ਮਾਰਨ ਕੀ ਹੈ ਇਸ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

{ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥੪॥
ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥
ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥}

(ਅੰਗ - ੧੧੪੦)

28/3131

ਆਪਣੇ ਆਪ ਨੂੰ ਗਿਆਨਵਾਨ ਅਖਵਾਉਣਾ ਬਹੁਤ ਸੌਖਾ ਹੈ ਭਾਵ ਧਰਮ ਦੇ ਗਿਆਨੀ ਅਖਵਾਉਣਾ, ਪੰਡਿਤ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਣਾ ਭਾਵ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਜਾਨਣ ਵਾਲੇ ਅਖਵਾਉਣਾ ਬਹੁਤ ਸੌਖਾ ਹੈ ਪਰ ਅਸਲ

ਵਿੱਚ ਭਗਤੀ ਦੇ ਗਿਆਨ ਵਾਲੀ ਮਤਿ ਕਿਹੜੀ ਹੁੰਦੀ ਹੈ, ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥"

ਗਿਆਨਵਾਨ ਅਖਵਾਉਣ ਵਾਲੇ ਬਹੁਤ ਹਨ ਪਰ ਸਾਡੇ ਅੰਦਰ ਕਮਲ ਦਾ ਪਰਗਾਸ ਕੀ ਹੈ ਇਸ ਦੀ ਸੋਝੀ ਕਿਸੇ ਨੂੰ ਰੱਤੀ ਭਰ ਵੀ ਨਹੀਂ ਹੈ। ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਮਨ ਦੇ ਪੁੱਠੇ ਕਮਲ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਹੈ, ਪੁੱਠੀ ਮਤਿ ਵਾਲੀ ਅਵੱਸਥਾ ਹੈ, ਅਗਿਆਨਤਾ ਵਾਲੀ ਅਵੱਸਥਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਕਮਲ ਦਾ ਪ੍ਰਗਾਸ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਕਰਦਾ ਹੈ, ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਕਰਦਾ ਹੈ, ਬ੍ਰਹਮ ਗਿਆਨ ਦੇਣ ਦੁਆਰਾ ਕਰਦਾ ਹੈ। ਸਾਡੇ ਅੰਦਰ ਨਾਮ ਦਾ ਵੱਸਣਾ, ਬ੍ਰਹਮ ਗਿਆਨ ਦਾ ਵੱਸਣਾ ਜਾਂ ਕਮਲ ਦਾ ਪ੍ਰਗਾਸ ਹੋਣਾ ਇੱਕੋ ਹੀ ਗੱਲ ਹੈ ਸਭ ਤੋਂ ਭਾਵ ਸਾਡੇ ਅੰਦਰ ਪ੍ਰਮਾਤਮਾ ਦੇ ਆਪਣੇ ਵੱਸਣ ਦੇ ਨਾਲ ਹੀ ਹੈ। ਸਾਡੇ ਅੰਦਰ ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਵੱਸਦਾ ਹੈ ਭਾਵ ਬ੍ਰਹਮ ਗਿਆਨ ਦੁਆਰਾ ਹੀ ਵੱਸਦਾ ਹੈ ਤੇ ਆਪਣਾ ਨਾਮ ਭਾਵ ਆਪਣਾ ਬ੍ਰਹਮ ਗਿਆਨ ਉਹ ਆਪ ਹੀ ਦੇ ਸਕਦਾ ਹੈ ਜਿਸ ਦੁਆਰਾ ਸਾਡੀ ਮਤਿ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਜੋ ਕਿ ਸਾਡੇ ਅੰਦਰ ਕਮਲ ਦਾ ਪਰਗਾਸ ਹੋਣਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਕਿਸੇ ਨੂੰ ਆਪਣਾ ਗਿਆਨੀ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਬ੍ਰਹਮ ਗਿਆਨ ਦਾ ਮਾਲਕ ਆਪ ਨਿਰੰਕਾਰ ਹੈ ਤੇ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਹੀ ਉਹ ਆਪਣੇ ਨਿਰੰਕਾਰ ਰੂਪ ਵਿੱਚ ਸਭ ਦੇ ਅੰਦਰ ਵਿਚਰ ਰਿਹਾ ਹੈ, ਹਰ ਵਸਤੂ ਦੇ ਅੰਦਰ ਵਿਚਰ ਰਿਹਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਇਹ ਰੂਪ ਦੇਖਣ ਦੁਆਰਾ ਹੀ ਸਭ ਵਿੱਚ ਉਸਦਾ ਇਹ ਰੂਪ, ਨਿਰਗੁਣ ਰੂਪ, ਨਿਰੰਕਾਰ ਰੂਪ, ਬ੍ਰਹਮ ਗਿਆਨ ਰੂਪ ਨਜ਼ਰ ਆਉਂਦਾ ਹੈ, ਸਭ ਵਿੱਚ ਪ੍ਰਮਾਤਮਾ ਦਾ ਨਾਮ ਹੀ ਨਜ਼ਰ ਆਉਂਦਾ ਹੈ। (**ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥5॥**)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

28/3132

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ - ੨੨੫)

{ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥}

(ਅੰਗ - ੮੬੪)

ਸਾਡੇ ਅੰਦਰ ਨਾਮ ਦੇ ਵੱਸਣ ਦਾ ਮਕਸਦ ਜਾਂ ਕਮਲ ਪਰਗਾਸ ਹੋਣ ਦਾ ਮਕਸਦ ਇੱਕੋ ਹੀ ਹੈ ਜੋ ਕਿ ਮਨ ਦੇ ਵਿੱਚੋਂ ਅਗਿਆਨਤਾ ਦੇ ਦੂਰ ਹੋਣ ਦਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਨਾਲ ਸਾਡੇ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੀ ਹੁੰਦਾ ਹੈ ਜੋ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਦਾ ਹੈ, ਹਉਮੈ ਵਿੱਚੋਂ ਕੱਢਦਾ ਹੈ, ਤ੍ਰੈਗੁਣਾਂ ਵਿੱਚੋਂ ਕੱਢਦਾ ਹੈ ਤੇ ਸਾਨੂੰ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਸੱਚ ਦੀ ਸੋਝੀ ਪਾਉਂਦਾ ਹੈ, ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸਹੀ ਭਗਤੀ ਦੀ ਸੋਝੀ ਪੈਂਦੀ ਹੈ। ਹਉਮੈ ਵਿੱਚ, ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਦਾ ਚਾਰਾ ਜ਼ਰੂਰ ਕਰਦੇ ਹਾਂ, ਅਨੇਕਾਂ ਤਰੀਕੇ ਅਪਣਾਉਂਦੇ ਹਾਂ ਪਰ ਉਹ ਵਿਅਰਥ ਹੀ ਜਾਂਦੇ ਹਨ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥

ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥”

ਬੜੇ ਹੀ ਧਿਆਨ ਨਾਲ ਸਮਝੋ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਕੀ ਸਮਝਾਇਆ ਹੋਇਆ ਹੈ। ਹਰ ਕਿਸੇ ਨੂੰ, ਸਭ ਨੂੰ ਹਉਮੈ ਵਾਲੀ ਭਗਤੀ ਵਿੱਚ ਦੱਸਿਆ ਹੈ ਜਿਸ ਵਿੱਚ ਸਿੱਖ ਜਗਤ ਵੀ ਆਉਂਦਾ ਹੈ। ਆਪਣੇ ਵੱਲੋਂ ਅਸੀਂ ਬੋਲ ਬੋਲ ਕੇ ਪ੍ਰਮਾਤਮਾ ਦਾ “**ਕਹਣੁ**” ਕਹਿੰਦੇ ਹਾਂ। ਅਸੀਂ ਜੋ ਵੀ ਕਥਨੀ ਕਰਦੇ ਹਾਂ ਉਹ ਪ੍ਰਮਾਤਮਾ ਦਾ ਕਹਣੁ ਹੀ ਸਮਝਦੇ ਹਾਂ ਕਿ ਅਸੀਂ ਪ੍ਰਮਾਤਮਾ ਨੂੰ ਕਥ ਰਹੇ ਹਾਂ, ਉਸਦੀ ਭਗਤੀ ਕਰ ਰਹੇ ਹਾਂ। ਇਸੇ ਤਰ੍ਹਾਂ ਅਸੀਂ ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਦਾ ਜਪ ਕਰੀ ਜਾਂਦੇ ਹਾਂ ਜਿਸ ਨੂੰ ਅਸੀਂ ਪ੍ਰਮਾਤਮਾ ਦਾ ਕਹਣੁ ਸਮਝਦੇ ਹਾਂ ਪਰ ਸਾਡੇ ਇਹੋ ਜਿਹੇ ਕਹਣੁ ਦਾ ਸਾਨੂੰ ਕੋਈ ਫਲ ਨਹੀਂ ਮਿਲਦਾ। ਆਪਣੇ ਇਹੋ ਜਿਹੇ ਕਹਣੁ ਨਾਲ ਅਸੀਂ ਗੁਰੂ ਪ੍ਰਮਾਤਮਾ ਨੂੰ ਉੱਚਾ ਨਹੀਂ ਕਰਦੇ ਭਾਵ ਉਸਦੀ ਗੁਰਮਤਿ ਨੂੰ ਉੱਚਾ ਨਹੀਂ ਕਰਦੇ, ਸੱਚ ਨੂੰ ਉੱਚਾ ਨਹੀਂ ਕਰਦੇ, ਨਾਮ ਨੂੰ ਉੱਚਾ ਨਹੀਂ ਕਰਦੇ। ਆਪਣੇ ਇਹੋ ਜਿਹੇ ਕਹਣੁ ਦੁਆਰਾ ਅਸੀਂ ਆਪਣੇ ਆਪ ਨੂੰ ਹੀ ਜਣਾਉਂਦੇ ਹਾਂ ਭਾਵ ਆਪਣੇ ਆਪ ਨੂੰ ਹੀ ਉੱਚਾ ਕਰਦੇ ਹਾਂ, ਸਮਾਜ ਵਿੱਚ ਆਪਣਾ ਮਾਣ ਵਧਾਉਂਦੇ ਹਾਂ,

28/3133

ਆਪਣੀ ਹਉਮੈ ਵਧਾਉਂਦੇ ਹਾਂ, ਆਪਣਾ ਰੁਤਬਾ ਵਧਾਉਂਦੇ ਹਾਂ। ਸਾਡੀ ਇਹੋ ਜਿਹੀ ਭਗਤੀ ਕਿਸੇ ਲੇਖੇ ਨਹੀਂ ਹੈ, ਵਿਅਰਥ ਜਾਣ ਵਾਲੀ ਭਗਤੀ ਹੈ ਜਿਸ ਦੁਆਰਾ ਅਸੀਂ ਆਪਣੇ ਇਸ ਜਨਮ ਨੂੰ ਗਵਾ ਰਹੇ ਹਾਂ ਜਿਸ ਦੇ ਨਾਲ ਸਾਨੂੰ ਕਦੇ “ਸੁਖੁ” ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਥਨੀ ਕਰੀ ਜਾਣ ਨਾਲ ਸਾਡਾ ਗੁਰੂ ਦੇ ਨਾਲ ਮਨ ਨਹੀਂ ਭਿੱਜਦਾ ਭਾਵ ਗੁਰਮਤਿ ਦੇ ਨਾਲ ਮਨ ਨਹੀਂ ਭਿੱਜਦਾ। ਗੁਰਮਤਿ ਦੇ ਨਾਲ ਸਾਡਾ ਮਨ ਗੁਰਮਤਿ ਦੇ ਵਿਚਾਰਾਂ ਨੂੰ ਮੰਨ ਕੇ ਹੀ ਭਿੱਜ ਸਕਦਾ ਹੈ ਭਾਵ ਸ਼ਬਦ ਦਾ ਵਿਚਾਰੀ ਬਣਕੇ ਹੀ ਭਿੱਜ ਸਕਦਾ ਹੈ ਭਾਵ ਔਗੁਣ ਛੱਡਕੇ ਗੁਣਾਂ ਦੁਆਰਾ ਵਿਚਰਕੇ ਹੀ ਭਿੱਜ ਸਕਦਾ ਹੈ ਜੋ ਕਿ ਸਾਡੀ ਕਰਣੀ ਦਾ ਮਾਰਗ ਹੈ। ਹਰ ਕੋਈ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝੀ ਬੈਠਾ ਹੈ, ਭਗਤੀ ਦੇ ਦਿਖਾਵਿਆਂ ਨੂੰ ਹੀ ਭਗਤੀ ਦਾ ਮਾਰਗ ਸਮਝੀ ਬੈਠਾ ਹੈ ਜਿਸ ਵਿੱਚ ਕੇਵਲ ਸਾਡੀ ਹਉਮੈ ਹੈ, ਮਨਮਤਿ ਹੈ ਤੇ ਉਸ ਦੇ ਰਾਹੀਂ ਅਸੀਂ ਆਪਣਾ ਝੂਠਾ ਮਾਣ ਵਧਾਉਂਦੇ ਹਾਂ ਜਿਸ ਵਿੱਚ ਗੁਰੂ ਦਾ ਮਾਣ ਨਹੀਂ ਹੈ, ਸੱਚ ਦਾ ਮਾਣ ਨਹੀਂ ਹੈ। (**ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥ ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥6॥**)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥

ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ - ੫੮)

{ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ - ੧੨੩੯)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥

ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ - ੯)

ਭਗਤੀ ਦੀ ਸਮਝ ਉਸੇ ਨੂੰ ਹੈ ਜਿਸਨੇ ਪ੍ਰਮਾਤਮਾ ਨੂੰ ਪਾ ਲਿਆ ਹੈ ਭਾਵ ਭਗਤੀ ਦੀ ਸਮਝ ਕੇਵਲ ਗੁਰੂ ਨੂੰ ਹੈ ਜਿਸ ਨੂੰ ਨਾਮੁ ਦੀ ਪ੍ਰਾਪਤੀ ਹੈ ਭਾਵ ਜੋ ਹਉਮੈ ਤੋਂ ਮੁਕਤਿ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੇ ਭਗਤ ਸਤਿਗੁਰ ਮਨਿ ਭਾਏ ॥ ਅਨਦਿਨੁ ਨਾਮਿ ਰਹੇ ਲਿਵ ਲਾਏ ॥

ਸਦ ਹੀ ਨਾਮੁ ਵੇਖਹਿ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥"

ਪ੍ਰਮਾਤਮਾ ਦਾ ਭਗਤ ਉਹੀ ਹੈ ਜੋ ਹਰ ਵੇਲੇ ਪ੍ਰਮਾਤਮਾ ਨੂੰ ਆਪਣੇ ਹਜੂਰਿ ਵੇਖਦਾ ਹੈ, ਆਪਣੇ ਨਾਲ ਵੇਖਦਾ ਹੈ, ਅੰਗਸੰਗਿ ਵੇਖਦਾ ਹੈ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਜਿਸ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ। ਹਰ ਵੇਲੇ

"**ਨਾਮੁ**" ਨੂੰ ਆਪਣੇ ਹਜੂਰਿ ਵੇਖਣਾ ਜਾਂ ਪ੍ਰਮਾਤਮਾ ਨੂੰ ਹਰ ਵੇਲੇ ਆਪਣੇ ਹਜੂਰਿ ਵੇਖਣਾ ਇੱਕੋ ਹੀ ਗੱਲ ਹੈ ਕਿਉਂਕਿ "**ਨਾਮੁ**" ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ। ਸਾਡੇ ਅੰਦਰ ਉਹ "**ਨਾਮੁ**" ਦੇ ਰੂਪ ਵਿੱਚ ਹੀ ਵਿਚਰਦਾ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ "**ਨਾਮੁ**" ਰੂਪ ਵਿੱਚ ਹੀ ਭਰਪੂਰ ਹੈ। "**ਨਾਮੁ**" ਰੂਪ ਪ੍ਰਮਾਤਮਾ ਦਾ ਗਿਆਨ ਰੂਪ ਹੈ। ਗੁਰੂ ਦੇ ਸ਼ਬਦ ਦੁਆਰਾ ਜੋ ਸਾਨੂੰ ਸੋਝੀ ਪੈਂਦੀ ਹੈ ਉਹ "**ਨਾਮੁ**" ਹੈ, ਬ੍ਰਹਮ ਗਿਆਨ ਹੈ ਤੇ ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਸਭ ਜਗ੍ਹਾ ਭਰਪੂਰ ਹੈ। ਸਾਡੇ ਅੰਦਰ ਪ੍ਰਮਾਤਮਾ ਇਸ ਰੂਪ ਵਿੱਚ ਹੀ ਹੈ ਤੇ ਪ੍ਰਮਾਤਮਾ ਦੇ ਇਸ ਰੂਪ ਦੀ ਸੋਝੀ ਉਸਦੇ ਭਗਤਾਂ ਨੂੰ ਹੀ ਹੈ ਤੇ ਇਸੇ ਲਈ ਉਸ ਦੇ ਭਗਤ ਪ੍ਰਮਾਤਮਾ ਨੂੰ ਭਾਉਂਦੇ ਹਨ ਕਿਉਂਕਿ ਉਹਨਾਂ ਦੇ ਅੰਦਰ ਸੱਚ ਵੱਸ ਜਾਂਦਾ ਹੈ, ਸੱਚਾ ਗਿਆਨ ਵੱਸ ਜਾਂਦਾ ਹੈ। ਉਸਦੇ ਭਗਤਾਂ ਦੀ ਹਰ ਵੇਲੇ ਨਾਮ ਦੇ ਨਾਲ ਲਿਵ ਜੁੜੀ ਰਹਿੰਦੀ ਹੈ, ਗੁਰਮਤਿ ਦੇ ਨਾਲ ਲਿਵ ਜੁੜੀ ਰਹਿੰਦੀ ਹੈ। ਜਿਸ ਦੇ ਅੰਦਰ ਪ੍ਰਮਾਤਮਾ "ਨਾਮੁ" ਰੂਪ ਵਿੱਚ ਪ੍ਰਗਟ ਹੁੰਦਾ ਹੈ ਉਸਦੀ ਹੀ ਨਾਮ ਦੇ ਨਾਲ ਲਿਵ ਲੱਗਦੀ ਹੈ ਜੋ ਲਿਵ ਪ੍ਰਮਾਤਮਾ ਆਪ ਹੀ ਲਾਉਂਦਾ ਹੈ ਭਾਵ ਆਪਣੀ ਸੱਚੀ ਮਤਿ ਉਹ ਹਰ ਵੇਲੇ ਮਨ ਦੇ ਵਿੱਚ ਆਪ ਹੀ ਦਿੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਭਗਤੀ ਦੀ ਸੱਚੀ ਸੋਝੀ ਪੈਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਭਗਤਾਂ ਨੇ ਸਾਨੂੰ ਗੁਰਬਾਣੀ ਰਾਹੀਂ ਭਗਤੀ ਦੀ ਸੱਚੀ ਸੋਝੀ ਪਾਈ ਹੈ। (**ਸੇ ਭਗਤ ਸਤਿਗੁਰ ਮਨਿ ਭਾਏ ॥ ਅਨਦਿਨੁ ਨਾਮਿ ਰਹੇ ਲਿਵ ਲਾਏ ॥ ਸਦ ਹੀ ਨਾਮੁ ਵੇਖਹਿ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥7॥**)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥

ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥

ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ - ੪੫੬)

ਆਮ ਮਨੁੱਖ ਦੀ ਬਿਰਤੀ ਵਿੱਚ, ਅਵੱਸਥਾ ਵਿੱਚ ਤੇ ਗੁਰੂ ਦੀ, ਭਗਤਾਂ ਦੀ ਅਵੱਸਥਾ ਵਿੱਚ ਹਉਮੈ ਤੇ ਨਾਮ ਦਾ ਹੀ ਫਰਕ ਹੈ। ਆਮ ਮਨੁੱਖ ਹਉਮੈ ਵਾਲੀ ਅਵੱਸਥਾ ਵਿੱਚ ਹੈ ਤੇ ਪ੍ਰਮਾਤਮਾ ਦਾ ਗੁਰੂ ਰੂਪ ਨਾਮ ਵਾਲੀ ਅਵੱਸਥਾ ਵਿੱਚ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਹਉਮੈ ਦਾ ਰੋਗ ਲਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਅਗਿਆਨਤਾ ਦਾ ਰੋਗ ਹੈ ਜਿਸ ਵਿੱਚੋਂ ਪ੍ਰਮਾਤਮਾ ਸਾਨੂੰ ਆਪ ਹੀ ਕੱਢ ਸਕਦਾ ਹੈ ਤੇ ਆਪਣੇ ਨਾਮ ਨਾਲ ਜੋੜ ਸਕਦਾ ਹੈ ਤੇ ਇਹੀ ਗੱਲ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

"ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥

ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੧॥੩॥੫॥੮॥"

ਪ੍ਰਮਾਤਮਾ ਦਾ "**ਪਿਆਰੁ**" ਪਾਉਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਜਿਸ ਨੂੰ ਪ੍ਰਮਾਤਮਾ ਬਖਸ਼ ਲੈਂਦਾ ਹੈ ਉਸ ਨੂੰ ਹੀ ਉਸਦਾ "**ਪਿਆਰੁ**" ਮਿਲਦਾ ਹੈ। ਪ੍ਰਮਾਤਮਾ ਦਾ "**ਪਿਆਰੁ**" ਮਿਲਣਾ ਪ੍ਰਮਾਤਮਾ ਦੇ ਨਾਲ ਮੇਲ ਹੈ। ਜਿਸ ਨੂੰ

ਪ੍ਰਮਾਤਮਾ ਆਪਣਾ "**ਪਿਆਰੁ**" ਦਿੰਦਾ ਹੈ ਉਸ ਨੂੰ ਉਹ ਆਪਣਾ ਨਾਮ ਦਿੰਦਾ ਹੈ ਭਾਵ ਬ੍ਰਹਮ ਗਿਆਨ ਦਿੰਦਾ ਹੈ। ਪ੍ਰਮਾਤਮਾ ਦਾ ਪਿਆਰ ਪਾਉਣ ਦਾ ਤਰੀਕਾ ਉਸਦੀ ਗੁਰਮਤਿ ਦੇ ਨਾਲ ਪਿਆਰ ਕਰਨਾ ਹੈ, ਨਾਮ ਦੀ ਸੋਝੀ ਦੇ ਨਾਲ ਪਿਆਰ ਕਰਨਾ ਹੈ, ਸੱਚ ਦੇ ਨਾਲ ਪਿਆਰ ਕਰਨਾ ਹੈ ਜੋ ਕਿ ਸਾਡਾ ਸੱਚਾ ਉੱਦਮ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ, ਪਿਆਰ ਦਿੰਦਾ ਹੈ ਉਸ ਨੂੰ ਹਉਮੈ ਦੇ ਵਿੱਚੋਂ ਕੱਢ ਲੈਂਦਾ ਹੈ ਭਾਵ ਹਉਮੈ ਦੇ ਪੜਦੇ ਦੇ ਵਿੱਚੋਂ ਕੱਢ ਲੈਂਦਾ ਹੈ, ਮਨ ਦੇ ਗਿਆਨ ਰਾਹੀਂ ਭਰਮ ਦੇ ਪੜਦੇ ਵਿੱਚੋਂ ਕੱਢ ਲੈਂਦਾ ਹੈ। ਹਉਮੈ ਨੂੰ ਸੰਸਾਰ ਦਾ ਵੱਡਾ ਰੋਗ ਦੱਸਿਆ ਹੈ ਕਿਉਂਕਿ ਇਸੇ ਦੇ ਕਾਰਣ ਹੀ ਸਾਡਾ ਪ੍ਰਮਾਤਮਾ

ਦੇ ਨਾਲੋਂ ਵਿਛੋੜਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਭਗਤ ਬਣਾਉਂਦਾ ਹੈ ਉਸ ਨੂੰ ਇਸ ਰੋਗ ਵਿੱਚੋ ਕੱਢਕੇ ਹੀ ਬਣਾਉਂਦਾ ਹੈ। ਇਹ ਹਉਮੈ ਦਾ ਰੋਗ ਸਾਨੂੰ ਭਰਮ ਵਿੱਚ ਰੱਖ ਕੇ ਸੱਚ ਸਮਝਣ ਤੋਂ ਦੂਰ ਰੱਖਦਾ ਹੈ। ਸੱਚ ਦੀ ਸਮਝ ਉਸੇ ਨੂੰ ਹੀ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਇਸ ਹਉਮੈ ਦੇ ਰੋਗ ਵਿੱਚੋਂ ਕੱਢ ਲੈਂਦਾ ਹੈ। ਉਹ ਪ੍ਰਮਾਤਮਾ ਆਪ ਸੱਚ ਰੂਪ ਹੈ, ਸੱਚ ਦਾ ਮਾਲਕ ਹੈ ਤੇ ਉਸ ਦੇ ਸੱਚ ਦੇ ਵਿੱਚ ਉਸ ਦੀ ਕਿਰਪਾ ਦੁਆਰਾ ਹੀ ਸਮਾਇਆ ਜਾ ਸਕਦਾ ਹੈ। ਜੋ ਉਸਦੇ ਸੱਚ ਦੇ ਵਿੱਚ ਸਮਾਏ ਹਨ ਉਹਨਾਂ ਨੇ ਹੀ ਸਾਨੂੰ ਪੂਰੀ ਗੁਰਬਾਣੀ ਰਾਹੀਂ ਸੱਚ ਦੀ ਸੋਝੀ ਪਾਈ ਹੈ, ਨਾਮ ਦੀ ਸੋਝੀ ਪਾਈ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਆਪਣੇ ਬ੍ਰਹਮ ਗਿਆਨ ਦੇ ਰਾਹੀਂ ਪ੍ਰਮਾਤਮਾ ਜੋ ਵੀ ਸੋਝੀ ਪਾਉਂਦਾ ਹੈ ਉਹ ਸੱਚ ਹੈ, ਨਾਮ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਉਸਦਾ ਪਿਆਰ ਪਾਉਣਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰਬਾਣੀ ਦੇ ਸਮਝਾਏ ਹੋਏ ਸੱਚ ਨਾਲ ਜੁੜੀਏ। ਸੱਚ ਉਹੀ ਹੈ ਜੋ ਭਰਮ ਤੋਂ ਰਹਿਤ ਹੈ। ਆਪਣੇ ਅੰਦਰ ਹਉਮੈ ਦੇ ਰਹਿੰਦੇ ਹੋਏ ਕੋਈ ਵੀ ਭਰਮ ਤੋਂ ਰਹਿਤ ਨਹੀਂ ਹੈ। ਪੂਰਨ ਸੱਚ ਦੀ ਸੋਝੀ ਭਰਮ ਰਹਿਤ ਹੋ ਕੇ ਹੀ ਪੈਂਦੀ ਹੈ ਜੋ ਸੋਝੀ ਗੁਰੂ ਦੇ ਕੋਲ ਹੈ। ਸਾਡੀ ਕਥਨੀ ਵਾਲੀ ਭਗਤੀ ਵਿੱਚ ਭਾਵ ਆਪਣੀ ਕਥਨੀ ਨੂੰ ਭਗਤੀ ਸਮਝਣਾ ਸੱਚ ਨਹੀਂ ਹੈ, ਗੁਰਮਤਿ ਨਹੀਂ ਹੈ, ਨਾਮ ਨਹੀਂ ਹੈ ਬਲਕਿ ਇਸ ਵਿੱਚ ਕੇਵਲ ਸਾਡੀ ਹਉਮੈ ਹੈ, ਅਗਿਆਨਤਾ ਹੈ ਜਿਸ ਰਾਹੀਂ ਅਸੀਂ ਗੁਰਮਤਿ ਦੇ ਉਲਟ ਚੱਲਕੇ ਆਪਣੀ ਹਉਮੈ ਹੋਰ ਪੱਕੀ ਕਰਦੇ ਹਾਂ ਭਾਵ ਨਾਮ ਨਾਲੋਂ ਆਪਣੀ ਦੂਰੀ ਹੋਰ ਵਧਾਉਂਦੇ ਹਾਂ, ਨਾਮ ਦੇ ਨਾਲ ਆਪਣੀ ਵਿਰੋਧਤਾ ਹੋਰ ਵਧਾਉਂਦੇ ਹਾਂ, ਆਪਣਾ ਰੋਗ ਹੋਰ ਵਧਾਉਂਦੇ ਹਾਂ। ਸਾਡਾ ਇਹ ਰੋਗ ਕੇਵਲ ਗੁਰੂ ਦੀ ਕਿਰਪਾ ਦੁਆਰਾ ਜਾ ਸਕਦਾ ਹੈ ਤੇ ਗੁਰੂ ਦੀ ਕਿਰਪਾ ਉਸੇ ਤੇ ਹੀ ਹੁੰਦੀ ਹੈ ਜੋ ਉਸਦੀ ਮਤਿ ਦੇ ਨਾਲ ਜੁੜਦਾ ਹੈ ਭਾਵ ਆਪਣੀ ਮਤਿ ਛੱਡਦਾ ਹੈ, ਹਉਮੈ ਛੱਡਦਾ ਹੈ। (**ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥ ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥8॥1॥3॥5॥8॥**)

28/3136

ਜਦ ਤੱਕ ਅਸੀਂ ਕਥਨੀ ਵਾਲੀ ਭਗਤੀ ਦੇ ਨਾਲ ਜੁੜੇ ਹੋਏ ਹਾਂ ਇਹ ਕੇਵਲ ਸਾਡੀ ਹਉਮੈ ਦੀ ਉਪਜ ਹੈ, ਮਨਮਤਿ ਦੀ, ਅਗਿਆਨਤਾ ਦੀ ਉਪਜ ਹੈ। ਕਥਨੀ ਵਿੱਚ ਰਹਿੰਦਿਆਂ ਅਸੀਂ ਕੇਵਲ ਗਿਣਤੀਆਂ ਮਿਣਤੀਆਂ ਵਿੱਚ ਹੀ ਪਏ ਰਹਿੰਦੇ ਹਾਂ ਭਾਵ ਅਸੀਂ ਕਿਤਨੇ ਪਾਠ ਪੜੇ ਹਨ ਜਾਂ ਸੁਣੇ ਹਨ, ਕਿਤਨਾ ਸਮਾਂ ਅਸੀਂ ਪੜ੍ਹਨ, ਸੁਣਨ ਵਿੱਚ ਬਤੀਤ ਕੀਤਾ ਹੈ, ਕਿਤਨਾ ਸਮਾਂ ਅਸੀਂ ਕਿਸੇ ਅੱਖਰ ਦੇ ਜਪ ਵਿੱਚ ਲਗਾਇਆ ਹੈ, ਕਿਤਨਾ ਸਮਾਂ ਅਸੀਂ ਸੁਰਤੀਆਂ ਜੋੜਕੇ ਬੈਠੇ ਹਾਂ, ਕਿਤਨਾ ਸਮਾਂ ਅਸੀਂ ਸਮਾਧੀਆਂ ਵਿੱਚ ਬੈਠੇ ਹਾਂ, ਕਿਤਨਾ ਸਮਾਂ ਅਸੀਂ ਤੀਰਥਾਂ ਆਦਿ ਤੇ ਲਗਾਇਆ ਹੈ ਭਾਵ ਜਿਤਨਾ ਸਮਾਂ ਜਿਆਦਾ ਅਸੀਂ ਇਹਨਾਂ ਗੱਲਾਂ ਲਈ ਬਤੀਤ ਕਰਦੇ ਹਾਂ ਉਤਨਾ ਹੀ ਅਸੀਂ ਭਗਤੀ ਦੀ ਗਿਣਤੀ ਵਿੱਚ ਆਪਣੇ ਆਪ ਨੂੰ ਗਿਣਾਉਂਦੇ ਹਾਂ। ਜਿਤਨਾ ਕੋਈ ਜਿਆਦਾ ਗਿਣਤੀਆਂ ਮਿਣਤੀਆਂ ਵਿੱਚ ਹੈ ਉਸ ਨੂੰ ਉਤਨਾ ਹੀ ਭਗਤੀ ਦੇ ਮਾਰਗ ਵਿੱਚ ਅੱਗੇ ਸਮਝਿਆ ਜਾਂਦਾ ਹੈ, ਉੱਚਾ ਸਮਝਿਆ ਜਾਂਦਾ ਹੈ। ਇਹੋ ਜਿਹੀ ਭਗਤੀ ਸਾਡੀ ਲੇਖੇ ਨਹੀਂ ਪੈਂਦੀ ਕਿਉਂਕਿ ਇਹੋ ਜਿਹੀ ਭਗਤੀ ਵਿੱਚ ਕੇਵਲ ਸਾਡੀ ਕਥਨੀ ਹੈ, ਦਿਖਾਵਾ ਹੈ, ਹਉਮੈ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੀਆਂ ਕੁੱਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਗਿਣਤੀਆਂ ਮਿਣਤੀਆਂ ਵਿੱਚੋਂ ਨਿਕਲਕੇ ਭਗਤੀ ਦੇ ਅਸਲ ਮਾਰਗ ਤੇ ਚੱਲ ਸਕੀਏ ਜੋ ਕਿ ਕੇਵਲ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ, ਪਰਉਪਕਾਰੀ ਬਣਕੇ ਵਿਚਰਨ ਦਾ ਮਾਰਗ ਹੈ।

“ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥
ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥ ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥”

(ਅੰਗ – ੩੬)

ਭਗਤੀ ਦਾ ਮਾਰਗ ਸਾਡੀ ਕਾਰ ਦੇ ਨਾਲ ਜੁੜਿਆ ਹੋਇਆ ਹੈ ਭਾਵ ਸਾਡੇ ਕਾਰ ਵਿਹਾਰ ਦੇ ਨਾਲ ਜੁੜਿਆ ਹੋਇਆ ਹੈ ਕਿ ਅਸੀਂ ਚੰਗੀ ਕਾਰ ਕਰਦੇ ਹਾਂ ਜਾਂ ਮਾੜੀ ਕਾਰ ਕਰਦੇ ਹਾਂ। ਇੱਕ ਪਾਸੇ ਨਾਮ ਵਾਲੀ ਕਾਰ ਹੈ ਭਾਵ ਅੰਮ੍ਰਿਤ ਵਾਲੀ ਕਾਰ ਹੈ ਤੇ ਦੂਸਰੇ ਪਾਸੇ ਬਿਖ ਵਾਲੀ ਕਾਰ ਹੈ ਭਾਵ ਮਾਇਆ ਮੋਹ ਦੇ ਜਹਿਰ ਵਾਲੀ ਕਾਰ ਹੈ। ਮਾੜੀ ਕਾਰ ਸਾਨੂੰ ਦੁੱਖਾਂ ਵਿੱਚ ਪਾਉਂਦੀ ਹੈ ਤੇ ਚੰਗੀ ਕਾਰ ਸਾਨੂੰ “ਸੁਖੁ” ਦੀ ਪ੍ਰਾਪਤੀ ਵੱਲ ਤੋਰਦੀ ਹੈ। ਅਸੀਂ ਸੁਖੁ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ

ਗਿਣਤੀਆਂ ਮਿਣਤੀਆਂ ਵਿੱਚ ਪੈ ਕੇ ਕਰਨੀ ਚਾਹੁੰਦੇ ਹਾਂ ਜਿਸ ਨਾਲ ਕਦੇ ਸੁਖੁ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ। ਗਿਣਤੀਆਂ ਮਿਣਤੀਆਂ ਦੀ ਵਜ੍ਹਾ ਸਾਡੀ ਹਉਮੈ ਹੈ ਭਾਵ ਮਨਮਤਿ ਹੈ, ਅਗਿਆਨਤਾ ਹੈ ਭਾਵ ਸੱਚੀ ਸੋਝੀ ਦਾ

28/3137

ਨਾ ਹੋਣਾ ਹੈ, ਨਾਮ ਦੀ ਸੋਝੀ ਦਾ ਨਾ ਹੋਣਾ ਹੈ, ਗੁਰਮਤਿ ਦੀ ਸੋਝੀ ਦਾ ਨਾ ਹੋਣਾ ਹੈ। ਗਿਣਤੀਆਂ ਮਿਣਤੀਆਂ ਵਿੱਚ ਪੈ ਕੇ ਸਾਡਾ ਕਾਰ ਵਿਹਾਰ ਚੰਗਾ ਨਹੀਂ ਹੁੰਦਾ। ਸਾਡਾ ਕਾਰ ਵਿਹਾਰ ਮਨ ਦੀ ਚੰਗੀ ਸੋਝੀ ਨਾਲ ਹੀ ਚੰਗਾ ਹੋ ਸਕਦਾ ਹੈ, ਗੁਰਮਤਿ ਵਾਲੀ ਸੋਝੀ ਦੁਆਰਾ ਹੀ ਹੋ ਸਕਦਾ ਹੈ ਜੋ ਸਾਨੂੰ ਮਾਇਆ ਮੋਹ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ, ਬਿਖ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ। ਸਾਡੇ ਮਨ ਦੀ ਮਾੜੀ ਸੋਝੀ ਸਾਨੂੰ ਬਿਖ ਨਾਲ ਜੋੜਦੀ ਹੈ ਤੇ ਗੁਰਮਤਿ ਵਾਲੀ ਸੋਝੀ ਅੰਮ੍ਰਿਤ ਨਾਲ ਜੋੜਦੀ ਹੈ। **(ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ॥ ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ॥)**

ਪਉੜੀ॥

“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥ ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥ ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ॥੬॥”

(ਅੰਗ ੧੪੦)

ਉੱਪਰ ਵਾਲੇ ਸ਼ਬਦ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਇਸ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਕੁੱਝ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਗਿਣਤੀਆਂ ਮਿਣਤੀਆਂ ਦਾ ਮਾਰਗ ਨਹੀਂ ਹੈ। ਧਿਆਨ ਨਾਲ ਸਮਝੋ ਕਿ “ਮੂਰਖੁ” ਕਿਸ ਨੂੰ ਕਿਹਾ ਹੈ ਤੇ ਕਿਸ ਲਈ ਕਿਹਾ ਹੈ। ਜਿਹੜੇ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਂਦੇ ਹਨ ਪਰ ਉਨ੍ਹਾਂ ਦੀ ਸਮਝਾਈ ਹੋਈ ਗੱਲ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਮੂਰਖ ਕਿਹਾ ਗਿਆ ਹੈ। ਅਸੀਂ ਕਿਹੜੇ ਧਰਮ ਗ੍ਰੰਥਾਂ ਨੂੰ ਪੜ੍ਹਦੇ ਹਾਂ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ। ਸਾਰੇ ਧਰਮ ਗ੍ਰੰਥ ਸਾਨੂੰ ਲਬ, ਲੋਭ, ਅਹੰਕਾਰ ਆਦਿ ਛੱਡਣ ਲਈ ਸਮਝਾਉਂਦੇ ਹਨ ਭਾਵ ਔਗੁਣ ਛੱਡਣ ਲਈ ਸਮਝਾਉਂਦੇ ਹਨ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਤੇ ਚੰਗੇ ਕਰਮ ਕਰੀਏ ਜੋ ਕਿ ਧਰਮ ਗ੍ਰੰਥਾਂ ਦਾ ਮਕਸਦ ਹੈ। ਗੁਰਬਾਣੀ ਪੜ੍ਹਨ ਵਾਲਿਆਂ ਲਈ ਵੀ ਮਕਸਦ ਇਹੋ ਹੀ ਸਮਝਾਇਆ ਹੈ ਜੋ ਵੇਦਾਂ, ਸ਼ਾਸਤਰਾਂ ਨੂੰ ਤੇ ਕੁਰਾਨ ਪੜ੍ਹਨ ਵਾਲਿਆਂ ਨੂੰ ਸਮਝਾਇਆ ਹੈ। ਜੇਕਰ ਅਸੀਂ ਸਾਰੀ ਜ਼ਿੰਦਗੀ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਂਦੇ ਹਾਂ ਜਾਂ ਸੁਣੀ ਜਾਂਦੇ ਹਾਂ ਉਸ ਵਿੱਚ ਕੇਵਲ ਸਾਡੀ ਕਥਨੀ ਹੈ ਤੇ ਕਥਨ ਕਰਨ ਦੀ ਹੀ ਗਿਣਤੀ ਹੈ। ਜੋ ਜਿਤਨਾ ਜਿਆਦਾ ਕਥਨ

28/3138

ਕਰਦਾ ਹੈ ਉਸਦੀ ਉਤਨੀ ਗਿਣਤੀ ਜਿਆਦਾ ਹੈ। ਜੇਕਰ ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹ ਕੇ ਆਪਣੇ ਔਗੁਣ ਨਹੀਂ ਛੱਡੇ ਫਿਰ ਅਸੀਂ ਜਿਤਨਾ ਮਰਜ਼ੀ ਧਰਮ ਗ੍ਰੰਥਾਂ ਨੂੰ ਪੜ੍ਹਿਆ ਹੈ ਭਾਵੇਂ ਜਿਹੜੇ ਮਰਜ਼ੀ ਧਰਮ ਗ੍ਰੰਥ ਨੂੰ ਪੜ੍ਹਿਆ ਹੈ ਅਸੀਂ ਮੂਰਖ ਹੀ ਹਾਂ। ਮੂਰਖ ਅਸੀਂ ਮਨ ਦੇ ਮਾੜੇ ਵਿਚਾਰਾਂ ਕਰਕੇ ਹੀ ਹਾਂ ਤੇ ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਇਸ ਮੂਰਖਤਾ ਵਿੱਚੋਂ ਕੱਢਣ ਦਾ ਹੈ। ਅਸੀਂ ਮੂਰਖ ਹੁੰਦੇ ਹੋਏ ਵੀ ਆਪਣੀਆਂ ਗਿਣਤੀਆਂ ਮਿਣਤੀਆਂ ਦੁਆਰਾ ਸਿਆਣੇ ਅਖਵਾਉਂਦੇ ਹਾਂ ਤੇ ਹੋਰਨਾਂ ਨੂੰ ਵੀ ਇਹੋ ਜਿਹੀ ਸਿਆਣਪ ਹੀ ਸਿਖਾਉਂਦੇ ਹਾਂ। ਸਭ ਪਾਸੇ ਇਹੋ ਜਿਹਾ ਪ੍ਰਚਾਰ ਹੀ ਹੈ। ਸਿੱਖ ਜਗਤ ਵਿੱਚ ਇਹ ਪ੍ਰਚਾਰ ਕਰਨ ਵਾਲਿਆਂ ਦੀ ਗਿਣਤੀ ਆਪਣੀ ਹੀ ਬਹੁਤ ਵੱਧ ਚੁੱਕੀ ਹੈ। ਇਹੋ ਜਿਹੀਆਂ ਗਿਣਤੀਆਂ ਮਿਣਤੀਆਂ ਵਿੱਚ ਪੈਣ ਵਾਲੇ ਹੀ ਸਾਨੂੰ ਥਿਤਾਂ, ਵਾਰਾਂ, ਨਾਲ ਜੋੜਦੇ ਹਨ, ਕਿਸੇ ਖਾਸ ਸਮੇਂ ਨੂੰ ਉੱਚਾ ਸਮਝਣ ਦੀ ਵਿਚਾਰ ਨਾਲ ਜੋੜਦੇ ਹਨ। **(ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥)**

ਅਗਲੀ ਪੰਗਤੀ ਰਾਹੀਂ ਸਾਨੂੰ ਧਰਮ ਗ੍ਰੰਥਾਂ ਦੇ ਪੜ੍ਹਨ ਦਾ ਅਸਲ ਮਕਸਦ ਸਮਝਾਇਆ ਹੋਇਆ ਹੈ।

“ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥”

ਧਰਮ ਗ੍ਰੰਥਾਂ ਰਾਹੀਂ ਜੋ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਦਿੱਤੀ ਗਈ ਹੈ ਭਾਵ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਦੀ ਸਿੱਖਿਆ ਦਿੱਤੀ ਗਈ ਹੈ ਉਹ ਨਾਮ ਹੈ। ਅਸੀਂ ਗੁਰੂ ਦੀ ਸਿੱਖਿਆ ਨੂੰ ਪੜ੍ਹਨਾ ਹੈ, ਉਸ ਨੂੰ ਬੁੱਝਣਾ ਹੈ, ਸਮਝਣਾ ਹੈ ਤੇ ਉਸ ਨੂੰ ਆਪਣੇ ਅੰਦਰ ਵਿਚਾਰਨਾ ਹੈ। ਗੁਰੂ ਦੀ ਦਿੱਤੀ ਹੋਈ ਮਤਿ ਨੂੰ, ਸਿੱਖਿਆ ਨੂੰ ਪੜ੍ਹਨਾ ਹੈ, ਸਮਝਣਾ ਹੈ ਤੇ ਉਸ ਨੂੰ ਆਪਣੇ ਅੰਦਰ ਵਿਚਾਰਨਾ ਹੈ ਭਾਵ ਆਪਣੇ ਵਿਚਾਰਾਂ ਵਿੱਚ ਵਸਾਉਣਾ ਹੈ ਤਾਂ ਜੋ ਅਸੀਂ ਗੁਰੂ ਦੀ ਮਤਿ ਤੇ ਅਮਲ ਕਰ ਸਕੀਏ, ਗੁਰੂ ਦੀ ਸਿੱਖਿਆ ਦੇ ਮਕਸਦ ਨੂੰ ਪੂਰਾ ਕਰ ਸਕੀਏ ਭਾਵ ਆਪਣੀ ਕਥਨੀ ਨੂੰ ਕਰਨੀ ਵਿੱਚ ਬਦਲ ਸਕੀਏ। **(ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥)**

ਜੋ ਗੁਰਮਤਿ ਦੀ ਵਿਚਾਰ ਹੈ ਭਾਵ ਗੁਰਮਤਿ ਦੀ ਸਿੱਖਿਆ ਰਾਹੀਂ ਜੋ ਸਾਨੂੰ ਸੋਝੀ ਪੈਂਦੀ ਹੈ, ਜੋ ਸਾਨੂੰ ਗਿਆਨ ਮਿਲਦਾ ਹੈ ਉਹ ‘‘ਨਾਮੁ ਧਨੁ’’ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸ ਨੂੰ ਆਪਣਾ ਇਹ ਨਾਮੁ ਧਨੁ ਹੀ ਸੌਂਪਦਾ ਹੈ। ਪ੍ਰਮਾਤਮਾ ਦੇ ਭਗਤਾਂ ਕੋਲ ਇਸ ਨਾਮੁ ਧਨੁ ਦਾ ਭੰਡਾਰ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਭੰਡਾਰ ਹੈ, ਸੱਚੇ ਗਿਆਨ ਦਾ ਭੰਡਾਰ ਹੈ ਜਿਸ ਦੁਆਰਾ ਉਹ

28/3139

ਪ੍ਰਮਾਤਮਾ ਦੀ ਭਗਤੀ ਕਰਦੇ ਹਨ, ਔਗੁਣ ਰਹਿਤ ਹੋ ਕੇ ਵਿਚਰਦੇ ਹਨ। ਉਨ੍ਹਾਂ ਨੇ ਪ੍ਰਮਾਤਮਾ ਦੇ ਨਾਮੁ ਨੂੰ ਭਾਵ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਸਿੱਖਿਆ ਨੂੰ ਮੰਨਿਆ ਹੋਇਆ ਹੈ, ਆਪਣੇ ਅੰਦਰ ਵਸਾਇਆ ਹੋਇਆ ਹੈ। ਪ੍ਰਮਾਤਮਾ ਦਾ ਇਹ ਨਾਮੁ ਨਿਰਮਲੁ ਹੈ, ਪਵਿੱਤਰ ਹੈ ਜੋ ਸਾਨੂੰ ਅਪਵਿੱਤਰਤਾ ਤੋਂ ਦੂਰ ਕਰਦਾ ਹੈ, ਮਨ ਦੇ ਮਾੜੇ ਵਿਚਾਰਾਂ ਤੋਂ, ਹਉਮੈ ਤੋਂ ਦੂਰ ਕਰਦਾ ਹੈ। ਪ੍ਰਮਾਤਮਾ ਦੇ ਦਰ ਤੇ ਮਨ ਦੀ ਇਹੋ ਜਿਹੀ ਸੋਝੀ ਦੁਆਰਾ ਸੱਚਾ ਬਣ ਕੇ ਹੀ ਪਹੁੰਚਿਆ ਜਾਂਦਾ ਹੈ ਜੋ ਕਿ ਉਹ ਆਪ ਹੀ ਕਿਸੇ ਨੂੰ ਸੱਚਾ ਬਣਾ ਕੇ ਆਪਣੇ ਦਰ ਤੇ ਪ੍ਰਵਾਨ ਕਰਦਾ ਹੈ। **(ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ॥ ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥)**

ਜਿਸ ਨੂੰ ਪ੍ਰਮਾਤਮਾ ਆਪਣੇ ਸੱਚ ਨਾਲ ਜੋੜਦਾ ਹੈ ਉਸ ਨੂੰ ਆਪਣੀ ਜੋਤਿ ਰਾਹੀਂ ਜੋੜਦਾ ਹੈ। ਸਭ ਦੇ ਅੰਦਰ ਉਹ ਆਪਣੀ ਜੋਤਿ ਰਾਹੀਂ ਹੀ ਵਿਚਰਦਾ ਹੈ। ਸਭ ਨੂੰ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੈ ਜੋ ਗਿਆਨ ਉਹ ਮਨ ਦੀ ਜੋਤਿ ਰਾਹੀਂ ਦਿੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਦਿੰਦਾ ਹੈ। ਮਨ ਦੇ ਅੰਦਰ ਪ੍ਰਮਾਤਮਾ ਦੀ ਸੋਝੀ ਪੈਣ ਨਾਲ, ਉਸਦੀ ਜੋਤਿ ਰੂਪ ਦੀ ਸੋਝੀ ਪੈਣ ਨਾਲ ਹੀ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ, ਇਹ ਸਰਗੁਣ ਰੂਪ ਸਰੀਰ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਜਿਸ ਨੂੰ ਉਹ ਨਿਰਗੁਣ ਰੂਪ ਜੋਤਿ ਰਾਹੀਂ, ਮਨ ਦੇ ਗਿਆਨ ਰਾਹੀਂ, ਮਨ ਦੇ ਵਿਚਾਰਾਂ ਰਾਹੀਂ ਆਪ ਹੀ ਚਲਾ ਰਿਹਾ ਹੈ ਪਰ ਉਸਦੇ ਪ੍ਰਗਟ ਹੋਏ ਬਿਨ੍ਹਾਂ ਕੋਈ ਇਸ ਗੱਲ ਨੂੰ ਸਮਝ ਨਹੀਂ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਹਰ ਵਸਤੂ ਵਿੱਚ, ਹਰ ਰੂਪ ਵਿੱਚ ਉਹ ਆਪ ਹੀ ਹੈ। ਸੱਚੀ ਹੋਂਦ ਕੇਵਲ ਉਸਦੀ ਆਪਣੀ ਹੀ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ ਜੋ ਕਦੇ ਬਿਨਸ ਨਹੀਂ ਸਕਦੀ। ਉਹ ਗਿਆਨ ਦਾ ਭੰਡਾਰ ਹੈ ਜਿਸ ਦੁਆਰਾ ਉਹ ਸਦਾ ਹੀ ਸੱਚਾ ਸ਼ਾਹ ਹੈ, ਸਭ ਨੂੰ ਗਿਆਨ ਵੰਡਣ ਵਾਲਾ ਹੈ ਤੇ ਹੋਰ ਹਰ ਕੋਈ ਉਸ ਕੋਲੋਂ ਗਿਆਨ ਲੈਣ ਵਾਲਾ ਹੈ ਜਿਸ ਦੁਆਰਾ ਹਰ ਕੋਈ ਵਿਚਰਦਾ ਹੈ ਤੇ ਜਗਤ ਵਿੱਚ ਆ ਜਾ ਰਿਹਾ ਹੈ। **(ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ॥੬॥)**

ਪ੍ਰਮਾਤਮਾ ਨੂੰ ਪਾਉਣ ਦਾ ਮਾਰਗ, ਭਗਤੀ ਦਾ ਮਾਰਗ ਸਾਡੀਆਂ ਗਿਣਤੀਆਂ ਮਿਣਤੀਆਂ ਦਾ ਨਹੀਂ ਹੈ। ਪ੍ਰਮਾਤਮਾ ਨਾਲੋਂ ਸਾਡੇ ਵਿਛੋੜੇ ਦਾ ਕਾਰਨ ਸਾਡੇ ਮਨ ਦੇ ਮਾੜੇ ਵਿਚਾਰ ਹਨ, ਸਾਡੇ ਅੰਦਰ ਦੇ ਵਿਕਾਰ ਹਨ ਜਿੰਨ੍ਹਾਂ ਦਾ ਕਾਰਨ ਸਾਡੇ ਮਨ ਦੀ ਸਹਸਾ ਹੈ, ਭਰਮ ਹੈ। ਆਪਣੀਆਂ ਗਿਣਤੀਆਂ ਮਿਣਤੀਆਂ ਦੁਆਰਾ ਨਾ ਸਾਡੇ ਅੰਦਰ ਦਾ ਭਰਮ ਦੂਰ ਹੋ ਸਕਦਾ ਹੈ ਤੇ ਨਾ ਹੀ ਅਸੀਂ ਵਿਕਾਰਾਂ ਤੋਂ ਰਹਿਤ ਹੋ ਸਕਦੇ

28/3140

ਹਾਂ ਤੇ ਤ੍ਰਿਸ਼ਨਾ ਵਿੱਚ ਹੀ ਜਲਦੇ ਰਹਿੰਦੇ ਹਾਂ। ਭਗਤੀ ਦਾ ਮਾਰਗ ਤ੍ਰਿਸ਼ਨਾ ਤੋਂ ਮੁਕਤਿ ਹੋਣ ਦਾ ਹੈ ਤੇ ਸਾਡੀ ਗਿਣਤੀਆਂ ਮਿਣਤੀਆਂ ਵਾਲੀ ਭਗਤੀ ਸਾਨੂੰ ਤ੍ਰਿਸ਼ਨਾ ਤੋਂ ਮੁਕਤਿ ਨਹੀਂ ਕਰ ਸਕਦੀ ਭਾਵ ਭਗਤੀ ਦਾ ਮਨੋਰਥ ਪੂਰਾ ਨਹੀਂ ਹੋ ਸਕਦਾ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਗਣਤ ਗਣੈ ਸੋ ਜਲੈ ਸੰਸਾਰਾ॥ ਸਹਸਾ ਮੂਲਿ ਨ ਚੁਕੈ ਵਿਕਾਰਾ॥
ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ॥੯॥”

(ਅੰਗ ੧੦੬੨)

ਜਿਹੋ ਜਿਹੀ ਭਗਤੀ ਅਸੀਂ ਕਰਦੇ ਹਾਂ ਭਾਵ ਭਗਤੀ ਦੇ ਵਿਖਾਵੇ ਕਰਦੇ ਹਾਂ ਉਨ੍ਹਾਂ ਰਾਹੀਂ ਅਸੀਂ ਆਪਣੇ ਆਪ ਨੂੰ ਉੱਚਾ ਕਰਦੇ ਹਾਂ ਭਾਵ ਉਸਦੇ ਨਾਲ ਸਾਡੀ ਗਣਤ ਹੁੰਦੀ ਹੈ, ਸਾਡਾ ਰੁਤਬਾ ਉੱਚਾ ਹੁੰਦਾ ਹੈ। ਪ੍ਰਮਾਤਮਾ ਦੀ ਭਗਤੀ ਤ੍ਰਿਸ਼ਨਾ ਵਿੱਚੋਂ ਨਿਕਲਣ ਦਾ ਮਾਰਗ ਹੈ, ਵਿਕਾਰਾਂ ਵਿੱਚੋਂ ਨਿਕਲਣ ਦਾ ਮਾਰਗ ਹੈ ਨਾ ਕਿ ਭਗਤੀ ਦੇ ਦਿਖਾਵਿਆਂ ਦੁਆਰਾ ਆਪਣੇ ਆਪ ਨੂੰ ਉੱਚਾ ਕਰਨ ਦਾ ਹੈ। ਸੱਚ ਦੇ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਜੇਕਰ ਅਸੀਂ ਸੱਚ ਨੂੰ ਉੱਚਾ ਕਰਾਂਗੇ, ਗੁਰਮਤਿ ਨੂੰ ਉੱਚਾ ਕਰਾਂਗੇ ਭਾਵ ਆਪਣੀ ਮਨਮਤਿ ਛੱਡਾਂਗੇ, ਆਪਣੀ ਹਉਮੈ ਛੱਡਾਂਗੇ, ਮਨ ਦੇ ਵਿਕਾਰ ਛੱਡਾਂਗੇ ਤੇ ਉਹੋ ਜਿਹੇ ਕਰਮ ਕਰਾਂਗੇ ਜੋ ਸਾਨੂੰ ਸੱਚ ਸਮਝਾਉਂਦਾ ਹੈ, ਗੁਰੂ ਦੀ ਮਤਿ ਸਮਝਾਉਂਦੀ ਹੈ। ਅਸੀਂ ਮੇਲ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਕਰਨਾ ਹੈ ਤੇ ਉਸ ਦੇ ਵਿੱਚ ਸੱਚੇ ਬਣਕੇ ਹੀ ਸਮਾਇਆ ਜਾ ਸਕਦਾ ਹੈ, ਆਪਣੀ ਗਣਤ ਛੱਡਕੇ ਹੀ ਸਮਾਇਆ ਜਾ ਸਕਦਾ ਹੈ। ਜਿਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ, ਗਿਣਤੀਆਂ ਮਿਣਤੀਆਂ ਨਾਲ ਅਸੀਂ ਆਪਣੇ ਆਪ ਨੂੰ ਉੱਚਾ ਕਰਦੇ ਹਾਂ ਉਨ੍ਹਾਂ ਨੂੰ ਛੱਡਣ ਦੀ ਲੋੜ ਹੈ ਤੇ ਤਾਂ ਹੀ ਸੱਚ ਦੇ ਨਾਲ ਜੁੜਿਆ ਜਾ ਸਕਦਾ ਹੈ।

ਗਿਣਤੀਆਂ ਮਿਣਤੀਆਂ ਦੁਆਰਾ ਆਪਣੇ ਆਪ ਨੂੰ ਉੱਚਾ ਕਰਕੇ ਅਸੀਂ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਣ ਦੀ ਬਜਾਇ ਉਲਟਾ ਉਸ ਤੋਂ ਦੂਰ ਜਾਂਦੇ ਹਾਂ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਸਮਝਿਆ ਹੈ ਤੇ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ।

ਮਃ ੪॥

{“ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥
ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ॥
ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ॥
ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ॥
ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ॥
ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ॥
ਨਾਨਕ ਤਿਨ੍ਹਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ॥੨॥”}

(ਅੰਗ ੧੨੪੬)

ਭਗਤੀ ਦਾ ਮਾਰਗ ਆਪਾ ਛੱਡਣ ਦਾ ਮਾਰਗ ਹੈ, ਆਪਣੀ ਮਤਿ, ਹਉਮੈ ਛੱਡਣ ਦਾ ਮਾਰਗ ਹੈ ਤੇ ਹਉਮੈ ਵਿੱਚ ਰਹਿੰਦਿਆਂ ਜਿਹੋ ਜਿਹੀ ਭਗਤੀ ਅਸੀਂ ਕਰਦੇ

28/3141

ਹਾਂ ਉਸਦੇ ਨਾਲ ਅਸੀਂ ਉਲਟੀ ਹਉਮੈ ਵਧਾਉਂਦੇ ਹਾਂ, ਆਪਣਾ ਝੂਠਾ ਮਾਣ ਵਧਾਉਂਦੇ ਹਾਂ ਤੇ ਗੁਰੂ ਦੇ ਨੇੜੇ ਲੱਗਣ ਦੀ ਬਜਾਇ ਉਲਟਾ ਉਸ ਤੋਂ ਦੂਰ ਜਾਂਦੇ ਹਾਂ। ਇਹ ਹਉਮੈ ਤੇ ਨਾਮ ਦਾ ਵਿਰੋਧ ਹੀ ਹੈ, ਸਾਡੇ ਅੰਦਰ ਹਉਮੈ ਵੱਧਣ ਦੇ ਨਾਲ ਸਾਡੀ ਨਾਮ ਤੋਂ ਦੂਰੀ ਵੱਧਦੀ ਹੈ। **(ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ॥)**

ਜਦ ਤੱਕ ਸਾਡੇ ਅੰਦਰ ਸੱਚ ਨਹੀਂ ਹੈ ਭਾਵ ਗੁਰਮਤਿ ਨਹੀਂ ਹੈ ਤਦ ਤੱਕ ਜੋ ਵੀ ਅਸੀਂ ਆਪਣੇ ਵੱਲੋਂ ਭਗਤੀ ਦੇ ਸ਼ਿੰਗਾਰ ਕਰਦੇ ਹਾਂ ਉਨ੍ਹਾਂ ਨਾਲ ਅਸੀਂ ਆਪਣੀ ਗਣਤ ਹੀ ਗਿਣਾਉਂਦੇ ਹਾਂ। ਜਿਤਨਾ ਕੋਈ ਜਿਆਦਾ ਗਿਣਤੀਆਂ ਮਿਣਤੀਆਂ ਵਿੱਚ ਪੈਂਦਾ ਹੈ ਭਾਵ ਜਿਤਨੇ ਕੋਈ ਜਿਆਦਾ ਭਗਤੀ ਦੇ ਦਿਖਾਵੇ ਕਰਦਾ ਹੈ ਉਹ ਸਭ ਸਾਡਾ ਸੂਹਾ ਵੇਸ ਹੈ ਭਾਵ ਮਾੜਾ ਵੇਸ ਹੈ, ਮਨਮਤਿ ਵਾਲਾ ਵੇਸ ਹੈ ਜੋ ਕਿ ਕੇਵਲ ਸਾਡਾ ਇੱਕ ਵਿਕਾਰ ਹੈ, ਪਾਖੰਡ ਹੈ ਤੇ ਆਪਣੀ ਹਉਮੈ ਵਧਾਉਣ ਵਾਲੀ ਗੱਲ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਅਸੀਂ ਪਹਿਲੇ ਵੀ ਇਸ ਗੱਲ ਨੂੰ ਸਮਝਿਆ ਹੈ।

ਮਹਲਾ ੧॥

{"ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥
ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥੧॥
ਹਰਿ ਜੀਉ ਇਉ ਪਿਰੁ ਰਾਵੈ ਨਾਰਿ॥
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ॥੧॥ਰਹਾਉ॥
ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ॥
ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ॥੨॥
ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ॥
ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ॥
ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ॥੩॥
ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ॥
ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ॥
ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ॥੪॥
ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ॥
ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ॥੫॥
ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ॥
ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ॥
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ॥੬॥
ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ॥
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ॥

ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ॥੭॥

ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ॥

ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ॥

ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ॥੮॥੨॥"}

(ਅੰਗ ੫੩)

ਉੱਪਰ ਸ਼ਬਦ ਵਿੱਚ ਪਹਿਲੇ ਸਾਡੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜੋ ਬਿਨ੍ਹਾਂ ਭਗਤੀ ਦੀ ਸੋਝੀ ਤੋਂ ਆਪਣੇ ਆਪ ਨੂੰ ਭਗਤੀ ਵਾਲਾ ਸਮਝਦੇ ਹਨ ਜਿਸ ਵਿੱਚ ਕੇਵਲ ਪਾਖੰਡ ਹੈ ਤੇ ਆਪਣੇ ਆਪ ਨੂੰ ਉੱਚਾ ਕਰਨ ਵਾਲੀ ਗੱਲ ਹੈ। ਅਗਲੇ ਪਦਿਆਂ ਰਾਹੀਂ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਨੂੰ ਭਗਤੀ ਦੀ ਸੋਝੀ ਹੈ ਤੇ ਸਾਨੂੰ ਭਗਤੀ ਕਰਨੀ ਸਿਖਾਈ ਹੋਈ ਹੈ। ਮਨਮਤਿ ਦੀ ਸੋਝੀ ਦਾ ਰੰਗ ਸੂਹਾ ਹੈ ਤੇ ਗੁਰਮਤਿ ਦੀ ਸੋਝੀ ਦਾ ਰੰਗ ਲਾਲ ਹੈ ਜੋ ਸਦਾ ਹੀ ਸੱਚ ਦੇ ਭੈ ਵਿੱਚ ਰਹਿੰਦੀ ਹੈ ਭਾਵ ਜਿਸ ਦੇ ਅੰਦਰ ਗੁਰੂ ਦਾ ਸੱਚਾ ਰੰਗ ਹੈ ਉਹ ਸੱਚ ਦੇ ਭੈ ਦੁਆਰਾ ਵਿਚਰਦਾ ਹੈ। ਪ੍ਰਮਾਤਮਾ ਦੀ ਲਾਲੀ ਉਹ ਹੈ, ਚੇਲੀ ਉਹ ਹੈ, ਦਾਸੀ ਉਹ ਹੈ ਜੋ ਗੁਰੂ ਦੇ ਨਾਮ ਨੂੰ ਮੰਨਦੀ ਹੈ ਭਾਵ ਜੋ ਗੁਰੂ ਦੀ ਦੱਸੀ ਹੋਈ ਗੱਲ ਤੇ ਅਮਲ ਕਰਦੀ ਹੈ ਤੇ ਇਹੀ ਸੱਚ ਦੇ ਭੈ ਵਿੱਚ ਰਹਿਣਾ ਹੈ। ਜੋ ਨਾਮ ਨੂੰ ਕੇਵਲ ਇੱਕ ਅੱਖਰ ਸਮਝਕੇ ਜਪੀ ਜਾਂਦੇ ਹਨ ਉਨ੍ਹਾਂ ਦੀ ਸੋਝੀ ਦਾ ਰੰਗ ਸੂਹਾ ਹੈ ਭਾਵ ਉਨ੍ਹਾਂ ਨੂੰ ਸੱਚੀ ਸੋਝੀ ਨਹੀਂ ਹੈ ਜਿਸ ਕਰਕੇ ਉਨ੍ਹਾਂ ਦਾ ਸ਼ਿੰਗਾਰ ਝੂਠਾ ਹੈ, ਦਿਖਾਵੇ ਵਾਲਾ ਹੈ, ਪਾਖੰਡ ਵਾਲਾ ਹੈ।

ਪ੍ਰਮਾਤਮਾ ਦੀ ਭਗਤੀ ਉਸਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਕਿਉਂਕਿ ਉਸਦੀ ਭਗਤੀ ਦੀ ਸੋਝੀ ਉਸਦੇ ਨਾਲ ਮੇਲ ਤੋਂ ਬਾਅਦ ਹੀ ਪੈਂਦੀ ਹੈ। ਜਿਸ ਨੂੰ ਉਹ ਆਪਣੀ ਦਾਸੀ ਬਣਾਉਂਦਾ ਹੈ, ਸੁਹਾਗਣ ਬਣਾਉਂਦਾ ਹੈ ਆਪਣੇ ਨਾਲ ਮੇਲ ਦੁਆਰਾ ਹੀ ਬਣਾਉਂਦਾ ਹੈ, ਮਨ ਦੇ ਵਿੱਚ ਹੀ ਬਣਾਉਂਦਾ ਹੈ ਤੇ ਆਪਣੀ ਭਗਤੀ ਕਰਨ ਦਾ ਤਰੀਕਾ ਆਪ ਹੀ ਸਮਝਾਉਂਦਾ ਹੈ। ਉਸਦੇ ਨਾਲ ਮੇਲ ਤੋਂ ਬਿਨ੍ਹਾਂ ਸਭ ਦਾ ਜੀਵਨ

28/3142

ਵਿਅਰਥ ਹੀ ਜਾਂਦਾ ਹੈ। ਇਸ ਗੱਲ ਨੂੰ ਸ਼ਬਦ ਦੇ ਆਖਰੀ ਪਦਿਆਂ ਦੁਆਰਾ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

"ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ॥

ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ॥

ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ॥੭॥

ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ॥

ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ॥੮॥੨॥"

ਉੱਪਰ ਪਹਿਲੇ ਪਦੇ ਰਾਹੀਂ ਸਾਨੂੰ ਸੁਚੇਤ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਦਾ ਵਿਛੋੜਾ ਸਾਡੇ ਲਈ ਕਿਤਨਾ ਮਾੜਾ ਹੈ। ਜਿਵੇਂ ਕਿਸੇ ਇਸਤਰੀ ਦਾ ਵਿਆਹ ਨਾ ਹੋਵੇ ਤਾਂ ਉਸਦਾ ਜੋਬਨ ਵਿਅਰਥ ਚਲਾ ਜਾਂਦਾ ਹੈ ਭਾਵ ਉਸਦੇ ਜੀਵਨ ਦਾ ਮਨੋਰਥ ਪੂਰਾ ਨਹੀਂ ਹੁੰਦਾ, ਉਸਨੂੰ ਇਸ ਜੀਵਨ ਦੀ ਖੁਸ਼ੀ ਨਹੀਂ ਮਿਲਦੀ ਇਸੇ ਤਰ੍ਹਾਂ ਪ੍ਰਮਾਤਮਾ ਨਾਲ ਮੇਲ ਹੋਏ ਬਿਨ੍ਹਾਂ ਸਾਡੇ ਇਸ ਜੀਵਨ ਦਾ ਮਨੋਰਥ ਵਿਅਰਥ ਜਾਂਦਾ ਹੈ। ਜੀਵਨ ਦੇ ਵਿੱਚ ਅਸਲ ਖੁਸ਼ੀ ਮਿਲੇ ਬਿਨ੍ਹਾਂ ਸਾਡਾ ਮਨ ਜਲਦਾ ਰਹਿੰਦਾ ਹੈ ਤੇ ਧਨ ਵੀ ਕਿਸੇ ਕੰਮ ਨਹੀਂ ਆਉਂਦਾ ਭਾਵ ਮਨ ਦੀ ਅਸਲ ਖੁਸ਼ੀ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ। ਸਾਡਾ ਉਸ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਇਸ ਗੱਲ ਨੂੰ ਜਾਨਣ ਵਿੱਚ ਅਸੀਂ ਅਗਿਆਨਤਾ ਵਿੱਚ ਸੁੱਤੇ ਹੋਏ ਹਾਂ, ਮਨ ਦੇ ਹਨ੍ਹੇਰੇ ਕਰਕੇ ਸੁੱਤੇ ਹੋਏ ਹਾਂ ਭਾਵ ਸਾਨੂੰ ਸੁਚੇਤ ਕੀਤਾ ਹੈ ਕਿ ਸਾਨੂੰ ਇਸ ਅਗਿਆਨਤਾ ਵਿੱਚੋਂ ਜਾਗਣ ਦੀ ਲੋੜ ਹੈ ਕਿਉਂਕਿ ਇਸ ਅਗਿਆਨਤਾ ਵਿੱਚੋਂ ਜਾਗੇ ਬਿਨ੍ਹਾਂ, ਮਨ ਦੇ ਹਨ੍ਹੇਰੇ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਪਤੀ ਰੂਪ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। **(ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ॥ ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ॥ ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ॥੭॥)** ਉਹ ਪਤੀ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਉਸ ਨੂੰ ਆਪਣੇ ਅੰਦਰੋਂ ਜਾਣ ਨਹੀਂ ਸਕਦੇ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ

ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਪ੍ਰਮਾਤਮਾ ਨੇ ਸਭ ਨੂੰ ਆਪ ਹੀ ਅਗਿਆਨਤਾ ਦੀ ਨੀਂਦ ਸੁਆਇਆ ਹੋਇਆ ਹੈ ਤੇ ਇਸ ਨੀਂਦ ਵਿੱਚੋਂ ਜਾਗੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਜਾਣ ਨਹੀਂ ਸਕਦਾ, ਕੋਈ ਉਸ ਪਤੀ ਨੂੰ ਪਾ ਨਹੀਂ ਸਕਦਾ ਭਾਵ ਕੋਈ ਉਸਦੀ ਸੁਹਾਗਣ ਨਹੀਂ ਬਣ ਸਕਦਾ। ਪ੍ਰਮਾਤਮਾ ਨੂੰ ਜਾਨਣ ਦਾ ਮਾਰਗ, ਉਸਨੂੰ ਪਾਉਣ ਦਾ ਮਾਰਗ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ, ਭਰਮ ਵਿੱਚੋਂ ਨਿਕਲਣ ਦਾ ਹੈ ਤੇ ਜਿਹੋ ਜਿਹੇ ਭਗਤੀ ਦੇ ਤਰੀਕੇ ਅਸੀਂ ਅਪਣਾਏ

28/3143

ਹੋਏ ਹਨ ਉਨ੍ਹਾਂ ਦੁਆਰਾ ਅਸੀਂ ਭਰਮ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ, ਹਉਮੈ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ। ਭਗਤੀ ਦਾ ਮਾਰਗ ਮਨ ਦੇ ਗਿਆਨ ਦਾ ਮਾਰਗ ਹੈ, ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਨਾਲ ਜੁੜਨ ਦਾ ਮਾਰਗ ਹੈ ਤੇ ਸਰੀਰਕ ਜਪਾਂ-ਤਪਾਂ ਆਦਿ ਨਾਲ, ਕਿਸੇ ਅੱਖਰ ਦਾ ਜਪ ਕਰੀ ਜਾਣ ਨਾਲ, ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਣ ਨਾਲ, ਕੇਵਲ ਗਿਣਤੀਆਂ ਗਿਣੀ ਜਾਣ ਨਾਲ, ਤੀਰਥਾਂ ਆਦਿ ਤੇ ਭਵੀ ਜਾਣ ਨਾਲ, ਖਾਣੇ ਦੀ ਸੁੱਚ ਦੇ ਨਾਲ ਜੁੜਣ ਦੁਆਰਾ ਸਾਡੇ ਮਨ ਦੀ ਸੋਝੀ ਨੂੰ ਕੀ ਫਰਕ ਪੈਂਦਾ ਹੈ, ਮਨ ਦੇ ਵਿਕਾਰਾਂ ਨੂੰ ਕੀ ਫਰਕ ਪੈਂਦਾ ਹੈ, ਸਾਡੀ ਸੰਸਾਰਿਕ ਵਿਚਰਨ ਵਿੱਚ ਕੀ ਫਰਕ ਪੈਂਦਾ ਹੈ ਭਾਵ ਕੋਈ ਫਰਕ ਨਹੀਂ ਪੈਂਦਾ। ਭਗਤੀ ਦਾ ਮਾਰਗ ਮਨਮਤਿ ਛੱਡਣ ਦਾ ਮਾਰਗ ਹੈ, ਗੁਰੂ ਦੇ ਸੱਚੇ ਗਿਆਨ ਨੂੰ ਮਨ ਵਿੱਚ ਵਸਾਉਣ ਦਾ ਮਾਰਗ ਹੈ, ਅਗਿਆਨਤਾ ਵਿੱਚੋਂ ਗੁਰੂ ਦੇ ਗਿਆਨ ਰਾਹੀਂ ਜਾਗਣ ਦਾ ਮਾਰਗ ਹੈ। ਜਿਹੋ ਜਿਹੇ ਭਗਤੀ ਦੇ ਮਾਰਗ ਤੇ ਅਸੀਂ ਲੱਗੇ ਹੋਏ ਹਾਂ ਉਹ ਅਸੀਂ ਗੁਰੂ ਕੋਲੋਂ ਨਹੀਂ ਪੁੱਛਿਆ ਭਾਵ ਉਨ੍ਹਾਂ ਕੋਲੋਂ ਪੁੱਛਿਆ ਹੋਇਆ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਭਾਵ ਜਿੰਨ੍ਹਾਂ ਨੂੰ ਭਗਤੀ ਦੀ ਸਹੀ ਸੋਝੀ ਨਹੀਂ ਹੈ। ਜਿਸ ਪ੍ਰਮਾਤਮਾ ਨਾਲ ਅਸੀਂ ਮੇਲ ਕਰਨਾ ਚਾਹੁੰਦੇ ਹਾਂ ਉਸਨੇ ਹੀ ਸਾਡੇ ਲਈ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ, ਉਸ ਨੂੰ ਨਿਰਗੁਣ ਰੂਪ ਵਿੱਚ ਪਾਉਣ ਦਾ ਤਰੀਕਾ ਉਸਨੇ ਆਪ ਹੀ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਤੇ ਗੁਰਬਾਣੀ ਦੀ ਮਤਿ ਨਾਲ ਜੁੜਕੇ ਹੀ ਭਾਵ ਭਰਮਿਆਂ ਹੋਇਆ ਦੀ ਮਤਿ ਵਿੱਚੋਂ ਨਿਕਲ ਕੇ ਹੀ ਉਸ ਪ੍ਰਮਾਤਮਾ ਨੂੰ ਅਸੀਂ ਪਾ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ॥
ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ॥੮॥੨॥”

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਅਸੀਂ ਮਨ ਰੂਪ ਸੇਜ ਦੇ ਉੱਤੇ ਪ੍ਰਮਾਤਮਾ ਦੇ ਨਾਲ ਹੀ ਹਾਂ ਪਰ ਪ੍ਰਮਾਤਮਾ ਨੇ ਸਾਨੂੰ “ਮਹੇਲੜੀ” ਰੂਪ ਵਿੱਚ ਰੱਖਿਆ ਹੋਇਆ ਹੈ, “ਅਣਜਾਣ” ਇਸਤਰੀ ਦੇ ਰੂਪ ਵਿੱਚ ਰੱਖਿਆ ਹੋਇਆ ਹੈ, ਸੁੱਤੀ ਹੋਈ ਅਵੱਸਥਾ ਵਿੱਚ ਭਾਵ ਅਗਿਆਨਤਾ ਦੀ ਨੀਂਦ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਅਸੀਂ ਉਸ ਪ੍ਰਮਾਤਮਾ ਨੂੰ ਸੇਜ ਦੇ ਉੱਤੇ ਹੁੰਦੇ ਹੋਏ ਵੀ ਬੁੱਝ ਨਹੀਂ ਸਕਦੇ, ਜਾਣ ਨਹੀਂ ਸਕਦੇ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ। **(ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ॥)**

ਸਾਨੂੰ ਪ੍ਰਮਾਤਮਾ ਨੇ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਪਰ ਆਪ ਉਹ ਸਦਾ ਹੀ ਜਾਗਦਾ ਹੈ। ਉਹ ਆਪਣੇ ਉੱਚੇ ਗਿਆਨ ਦੀ

28/3144

ਅਵੱਸਥਾ ਦੁਆਰਾ ਜਾਗਦਾ ਹੈ, ਚੌਥੇ ਪਦ ਦੁਆਰਾ ਜਾਗਦਾ ਹੈ, ਨਾਮ ਦੁਆਰਾ, ਬ੍ਰਹਮਗਿਆਨ ਦੁਆਰਾ ਜਾਗਦਾ ਹੈ ਤੇ ਸਾਨੂੰ ਸਭ ਨੂੰ ਉਸਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਸਵਾਇਆ ਹੋਇਆ ਹੈ। ਸਾਡੇ ਅੰਦਰ ਦੀ ਬਿਖ ਕੀ ਹੈ ਭਾਵ ਪ੍ਰਮਾਤਮਾ ਨੇ ਸਾਨੂੰ ਕਿਸ ਤਰੀਕੇ ਸਵਾਇਆ ਹੋਇਆ ਹੈ ਉਹ ਕਿਸ ਤਰੀਕੇ ਜਾਗਦਾ ਹੈ ਇਹ ਗੱਲ ਸਾਨੂੰ ਕੋਈ ਹੋਰ ਨਹੀਂ ਸਮਝਾ ਸਕਦਾ ਭਾਵ ਇਸ ਗੱਲ ਨੂੰ ਕੇਵਲ ਉਹੀ ਜਾਣਦਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾ ਲੈਂਦਾ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਤੇ ਉਹੀ ਸਾਨੂੰ ਇਹ ਗੱਲ ਸਮਝਾ ਸਕਦਾ ਹੈ। **(ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ॥)** ਗੁਰੂ ਪ੍ਰਮਾਤਮਾ ਦੀ ਸੁਹਾਗਣ ਹੈ ਜਿਸਨੂੰ ਉਸਨੇ ਆਪਣੇ ਨਾਲ ਮੇਲਿਆ ਹੋਇਆ ਹੈ ਤੇ ਇਸੇ ਲਈ ਗੁਰੂ ਨੂੰ ਸਮਝ ਹੈ ਕਿ ਪ੍ਰਮਾਤਮਾ ਦੇ ਭੈ ਵਿੱਚ ਰਹਿਣਾ ਕੀ ਹੈ। ਸੱਚ ਦੇ ਭੈ ਵਿੱਚ ਰਹਿਣਾ ਪ੍ਰਮਾਤਮਾ ਦੇ ਭੈ ਵਿੱਚ ਰਹਿਣਾ ਹੈ

ਤੇ ਇਹ ਹੀ ਪ੍ਰਮਾਤਮਾ ਦੇ ਨਾਲ ਆਪਣਾ ਪ੍ਰੇਮ ਦਿਖਾਉਣਾ ਹੈ। ਆਪਣੇ ਨਾਲ ਪ੍ਰੇਮ ਪਾਉਣਾ, ਸੱਚ ਨਾਲ ਪ੍ਰੇਮ ਪਾਉਣਾ ਪ੍ਰਮਾਤਮਾ ਆਪ ਹੀ ਸਿਖਾਉਂਦਾ ਹੈ। ਉਸਦੇ ਭੈਅ ਵਿੱਚ ਰਹਿ ਕੇ ਹੀ, ਗੁਰਮਤਿ ਦੇ ਸੱਚ ਵਿੱਚ ਰਹਿ ਕੇ ਹੀ, ਨਾਮ ਦੇ ਭੈਅ ਵਿੱਚ ਰਹਿ ਕੇ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਮਨ ਦੀ ਅਗਿਆਨਤਾ ਵਿੱਚੋਂ ਜਾਗ ਕੇ, ਮਨ ਦੇ ਵਿੱਚ ਸੱਚਾ ਗਿਆਨ ਵੱਸਣ ਦੁਆਰਾ, ਸੱਚ ਵੱਸਣ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਤਾਂ ਹੀ ਉਸਦੀ ਅਸਲ ਭਗਤੀ ਹੁੰਦੀ ਹੈ। ਉਸਦੇ ਨਾਲ ਮੇਲ ਤੋਂ ਪਹਿਲਾਂ ਕੇਵਲ ਸਾਡੇ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰਮਤਿ ਅਨੁਸਾਰ ਚੱਲਣ ਦਾ ਉੱਦਮ ਕਰੀਏ ਤੇ ਵਿਖਾਵੇ ਵਾਲੀ ਭਗਤੀ ਤੋਂ ਬਚੀਏ, ਪਾਖੰਡ ਵਾਲੀ ਭਗਤੀ ਤੋਂ ਬਚੀਏ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਾਲੇ ਪਦਿਆਂ ਰਾਹੀਂ ਸਮਝਾਇਆ ਹੋਇਆ ਹੈ। **(ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ॥ ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ॥੮॥੨॥)**

ਪਿਛਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਆਪਣੀ ਨਾਸਮਝੀ ਦੁਆਰਾ ਜਿੰਨ੍ਹਾਂ ਗੱਲਾਂ ਨੂੰ ਅਸੀਂ ਆਪਣੀ ਭਗਤੀ ਸਮਝਦੇ ਹਾਂ ਉਹ ਅਸਲ ਵਿੱਚ ਸਾਡੀ ਭਗਤੀ ਨਹੀਂ ਬਲਕਿ ਅਸੀਂ ਆਪਣੀ ਹਉਮੈ ਹੀ ਵਧਾਉਂਦੇ ਹਾਂ, ਆਪਣਾ ਝੂਠਾ ਮਾਣ ਹੀ ਵਧਾਉਂਦੇ ਹਾਂ ਜਿਸ ਨੂੰ ਕਿ ਸਾਡਾ ਔਗੁਣ ਦੱਸਿਆ ਹੈ, ਆਪਣੀ ਮੈਂ ਉੱਚੀ ਕਰਨੀ, ਮਨਮਤਿ ਉੱਚੀ ਕਰਨੀ ਸਾਡਾ ਔਗੁਣ ਹੀ ਹੈ। ਜਿੱਥੇ ਸਾਡਾ ਔਗੁਣ ਹੈ ਉੱਥੇ ਗੁਰੂ ਦੀ ਭਾਵ ਗੁਰਮਤਿ ਦੀ ਨਿੰਦਾ ਹੈ। ਆਪਣੇ ਵੱਲੋਂ ਅਸੀਂ ਆਪਣੇ ਭਗਤੀ ਦੇ ਦਿਖਾਵਿਆਂ ਦੁਆਰਾ ਆਪਣੀ ਮਲ ਧੋਣੀ ਸਮਝਦੇ ਹਾਂ ਪਰ ਮਲ ਧੋਣ ਦੀ ਬਜਾਇ ਅਸੀਂ ਉਲਟਾ ਆਪਣੀ ਮਲ ਵਧਾਉਂਦੇ ਹਾਂ ਤੇ ਗੁਰੂ ਦੇ ਨਿੰਦਕ ਬਣਦੇ ਹਾਂ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੈ।

28/3145

{ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ॥
ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ॥੪॥
ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥੫॥
ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ॥
ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ॥੬॥}

(ਅੰਗ ੫੦੭)

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਨਿੰਦਾ ਕੀ ਹੈ ਭਾਵ ਅਸੀਂ ਜੋ ਵੀ ਕੰਮ ਗੁਰੂ ਦੀ ਮਤਿ ਦੇ ਉਲਟ ਕਰਦੇ ਹਾਂ, ਉਸਦੇ ਰਾਹੀਂ ਅਸੀਂ ਗੁਰਮਤਿ ਦੀ ਨਿੰਦਾ ਕਰਦੇ ਹਾਂ, ਗੁਰੂ ਦੇ ਬਚਨਾਂ ਦੀ ਨਿੰਦਾ ਕਰਦੇ ਹਾਂ। ਸਾਡਾ ਗੁਰੂ ਗੁਰੂ ਦੇ ਬਚਨ ਹੀ ਹਨ, ਗੁਰੂ ਦੇ ਸ਼ਬਦ ਹੀ ਹਨ ਜਿਸ ਦੁਆਰਾ ਗੁਰੂ ਸਾਨੂੰ ਸਿੱਖਿਆ ਦਿੰਦਾ ਹੈ। ਗੁਰੂ ਦੀ ਸਿੱਖਿਆ ਨੂੰ ਨਾ ਮੰਨਣਾ ਗੁਰੂ ਦੀ ਨਿੰਦਾ ਹੈ ਤੇ ਇਹੋ ਜਿਹੀ ਨਿੰਦਾ ਅਸੀਂ ਦਿਨ ਵਿੱਚ ਅਨੇਕਾਂ ਹੀ ਵਾਰੀ ਕਰਦੇ ਹਾਂ। ਜਿੱਥੇ ਵੀ ਸਾਡੀ ਮਨਮਤਿ ਹੈ ਉੱਥੇ ਗੁਰਮਤਿ ਦੀ ਨਿੰਦਾ ਹੈ। ਪ੍ਰਮਾਤਮਾ ਦੀ ਭਗਤੀ ਔਗੁਣ ਰਹਿਤ ਹੋ ਕੇ ਵਿਚਰਨ ਦਾ ਮਾਰਗ ਹੈ ਤਾਂ ਜੋ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਭਾਵ ਪਰਉਪਕਾਰੀ ਹੋ ਕੇ ਵਿਚਰੀਏ। ਕੋਈ ਵੀ ਮਨੁੱਖ ਇਹ ਨਹੀਂ ਚਾਹੁੰਦਾ ਕਿ ਕੋਈ ਉਸਦਾ ਮਾੜਾ ਕਰੇ, ਕੋਈ ਉਸਦਾ ਹੱਕ ਮਾਰੇ, ਕੋਈ ਉਸਦਾ ਝੂਠਾ ਅਪਮਾਨ ਕਰੇ ਭਾਵ ਹਰ ਕੋਈ ਇਹੀ ਚਾਹੁੰਦਾ ਹੈ ਕਿ ਦੂਸਰੇ ਸੱਚ ਨਾਲ ਚੱਲਣ ਤਾਂ ਜੋ ਮੇਰਾ ਕੋਈ ਮਾੜਾ ਨਾ ਕਰੇ। ਅਸੀਂ ਆਪ ਕਿਤਨਾ ਕੁ ਸੱਚ ਤੇ ਚੱਲਦੇ ਹਾਂ ਇਸਦੀ ਸਾਨੂੰ ਚਿੰਤਾ ਨਹੀਂ ਹੈ। ਸਮਾਜ ਤਾਂ ਹੀ ਸੁਖੀ ਰਹਿ ਸਕਦਾ ਹੈ ਜਦੋਂ ਹਰ ਕੋਈ ਸੱਚ ਦੁਆਰਾ ਵਿਚਰੇ ਭਾਵ ਨਾਮ ਦੁਆਰਾ ਵਿਚਰੇ ਭਾਵ ਆਪੋ ਆਪਣੀ ਕਰਨੀ ਵਿੱਚ ਨਾਮ ਜਪੇ।

ਸਾਨੂੰ ਗੁਰੂ ਨੇ ਮਤਿ ਇਸੇ ਲਈ ਦਿੱਤੀ ਹੈ ਕਿ ਅਸੀਂ ਸਮਾਜ ਵਿੱਚ ਸੱਚੇ ਸੁੱਚੇ ਹੋ ਕੇ ਵਿਚਰੀਏ ਤਾਂ ਜੋ ਸਭ ਦਾ ਹੀ ਭਲਾ ਹੋਵੇ। ਗੁਰੂ ਸਭ ਦਾ ਭਲਾ ਹੀ ਚਾਹੁੰਦਾ ਹੈ। ਜਦੋਂ ਵੀ ਅਸੀਂ ਕੋਈ ਮਾੜਾ ਕਰਮ ਕਰਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੁਆਰਾ ਵਿਚਰਦੇ ਹਾਂ ਭਾਵ ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਦੇ ਹਾਂ ਉਸਦੇ ਰਾਹੀਂ ਅਸੀਂ ਕਿਸੇ ਨਾ ਕਿਸੇ

ਨੂੰ ਨੁਕਸਾਨ ਜਰੂਰ ਪਹੁੰਚਾਉਂਦੇ ਹਾਂ। ਸਾਡੀ ਇਹੋ ਜਿਹੀ ਕਰਨੀ ਵਿੱਚ ਗੁਰੂ ਦੀ ਨਿੰਦਾ ਹੈ ਪਰ ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਸਾਡੀ ਇਹੋ ਜਿਹੀ ਨਿੰਦਾ ਨਾਲ ਫਰਕ ਕਿਸ ਨੂੰ ਪੈਂਦਾ ਹੈ ਭਾਵ ਅਸਰ ਕਿਸ ਤੇ ਹੁੰਦਾ ਹੈ। ਮਾੜਾ ਅਸਰ ਤਾਂ ਕਿਸੇ ਮਨੁੱਖ ਤੇ ਹੀ ਪੈਂਦਾ ਹੈ ਪਰ ਨਿੰਦਾ ਇਸ ਵਿੱਚ ਗੁਰੂ ਦੀ ਹੁੰਦੀ ਹੈ। ਗੁਰੂ ਸਭ ਦਾ ਸਾਂਝਾ ਹੈ ਜੋ ਸਭ ਦੇ ਲਈ ਇੱਕੋ ਜਿਹਾ ਭਲਾ ਚਾਹੁੰਦਾ ਹੈ। ਜਦੋਂ ਅਸੀਂ ਕਿਸੇ ਮਨੁੱਖ ਨਾਲ ਮਾੜਾ ਕਰਦੇ ਹਾਂ ਕੀ ਕਦੇ ਉਹ ਮਨੁੱਖ ਇਸ ਗੱਲ ਨਾਲ ਖੁਸ਼ ਹੁੰਦਾ ਹੈ ਭਾਵ ਨਹੀਂ ਹੁੰਦਾ। ਮਨੁੱਖ ਦੀ ਖੁਸ਼ੀ ਗਮੀ ਮਨੁੱਖ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ। ਅਸੀਂ ਜੋ ਵੀ

28/3146

ਕੰਮ ਦੂਸਰੇ ਮਨੁੱਖ ਦੇ ਵਿਚਾਰਾਂ ਦੇ ਉਲਟ ਕਰਦੇ ਹਾਂ, ਦੂਸਰੇ ਦੀ ਖੁਸ਼ੀ ਦੇ ਉਲਟ ਕਰਦੇ ਹਾਂ ਜਿਸ ਵਿੱਚ ਸੱਚ ਨਹੀਂ ਹੈ ਉਸ ਦੁਆਰਾ ਅਸੀਂ ਸੱਚ ਨੂੰ ਨਿੰਦਦੇ ਹਾਂ ਭਾਵ ਦੂਸਰੇ ਮਨੁੱਖ ਦੇ ਸੱਚੇ ਵਿਚਾਰਾਂ ਨੂੰ ਨਿੰਦਦੇ ਹਾਂ ਭਾਵ ਆਪਣੇ ਮਾੜੇ ਵਿਚਾਰਾਂ ਦੁਆਰਾ ਦੂਸਰੇ ਦੇ ਚੰਗੇ ਵਿਚਾਰਾਂ ਨੂੰ, ਸੱਚੇ ਵਿਚਾਰਾਂ ਨੂੰ ਨਿੰਦਦੇ ਹਾਂ। ਇਹ ਪਰਾਈ ਨਿੰਦਾ ਹੈ। ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਆਪਣੀ ਨਿੰਦਾ ਕਬੂਲ ਕਰਨੀ ਕੀ ਹੈ। ਜਿਸ ਗੱਲ ਲਈ ਗੁਰੂ ਸਾਨੂੰ ਸਭ ਨੂੰ ਨਿੰਦਦਾ ਹੈ ਭਾਵ ਮਾੜੇ ਕਰਮਾਂ ਲਈ ਨਿੰਦਦਾ ਹੈ ਜੋ ਮਨੁੱਖ ਇਸ ਨਿੰਦਾ ਨੂੰ ਕਬੂਲ ਕਰ ਲੈਂਦਾ ਹੈ ਉਹ ਫਿਰ ਦੂਸਰਿਆਂ ਦੀ ਨਿੰਦਾ ਨਹੀਂ ਕਰ ਸਕਦਾ ਭਾਵ ਪਰਾਈ ਨਿੰਦਾ ਨਹੀਂ ਕਰ ਸਕਦਾ। ਗੁਰੂ ਸਾਨੂੰ ਕੁਝ ਸਮਝਾਉਣ ਲਈ ਨਿੰਦਦਾ ਹੈ ਤੇ ਜੇਕਰ ਹਰ ਕੋਈ ਉਸ ਨਿੰਦਾ ਨੂੰ ਕਬੂਲ ਕਰ ਲਵੇ ਤਾਂ ਫਿਰ ਕੋਈ ਦੂਸਰਿਆਂ ਨੂੰ ਨਹੀਂ ਨਿੰਦ ਸਕਦਾ ਭਾਵ ਦੂਸਰਿਆਂ ਦਾ ਮਾੜਾ ਨਹੀਂ ਕਰ ਸਕਦਾ। ਗੁਰੂ ਦੇ ਦੱਸੇ ਹੋਏ ਸੱਚ ਦੇ ਉਲਟ ਚੱਲਣਾ ਹੀ ਗੁਰੂ ਦੀ ਨਿੰਦਾ ਹੈ, ਸੰਤ ਦੀ ਨਿੰਦਾ ਹੈ, ਪਰਾਈ ਨਿੰਦਾ ਹੈ। ਅਸੀਂ ਹਰ ਗੱਲ ਵਿੱਚ ਸੱਚ ਦਾ ਪੱਖ ਲੈਣਾ ਹੈ ਕਿ ਸੱਚ ਕਿਸ ਪਾਸੇ ਹੈ। ਜੇਕਰ ਕੋਈ ਚੋਰ ਹੈ, ਉਸਨੇ ਚੋਰੀ ਕੀਤੀ ਹੈ ਤਾਂ ਫਿਰ ਇਹ ਗੁਰਮਤਿ ਦੇ ਉਲਟ ਹੈ। ਇੱਕ ਚੋਰ ਨੂੰ ਚੋਰ ਕਹਿਣਾ ਜਾਂ ਉਸਨੂੰ ਸਜ਼ਾ ਦੇਣਾ ਸੱਚ ਦਾ ਪੱਖ ਲੈਣ ਵਾਲੀ ਗੱਲ ਹੈ। ਚੋਰ ਦੀ ਨਿੰਦਾ ਕਰਨੀ ਚੰਗੀ ਗੱਲ ਹੈ ਕਿਉਂਕਿ ਗੁਰਮਤਿ ਸਾਨੂੰ ਇਨ੍ਹਾਂ ਕੰਮਾਂ ਤੋਂ ਰੋਕਦੀ ਹੈ। ਚੋਰ ਦਾ ਸਾਥ ਦੇਣਾ ਗੁਰਮਤਿ ਦੀ ਨਿੰਦਾ ਹੈ ਕਿਉਂਕਿ ਉਸ ਵਿੱਚ ਸੱਚ ਨਹੀਂ ਹੈ।

ਗੁਰੂ ਦੀ ਨਿੰਦਾ ਤੋਂ, ਪਰਾਈ ਨਿੰਦਾ ਤੋਂ ਉਹੀ ਬਚ ਸਕਦਾ ਹੈ ਜੋ ਆਪਣੇ ਅੰਦਰ ਸੱਚ ਨੂੰ ਕਬੂਲ ਕਰ ਲੈਂਦਾ ਹੈ। ਜਦੋਂ ਵੀ ਅਸੀਂ ਸੱਚ ਦੇ ਉਲਟ ਚੱਲਦੇ ਹਾਂ ਉਸ ਰਾਹੀਂ ਅਸੀਂ ਦੂਸਰਿਆਂ ਦੇ ਸੱਚੇ ਵਿਚਾਰਾਂ ਨੂੰ ਨਿੰਦਦੇ ਹਾਂ ਭਾਵ ਕਿਸੇ ਨਾ ਕਿਸੇ ਦਾ ਮਾੜਾ ਕਰਦੇ ਹਾਂ ਤੇ ਇਹੀ ਗੁਰੂ ਦੀ ਨਿੰਦਾ ਹੈ, ਸੰਤ ਦੀ ਨਿੰਦਾ ਹੈ। ਆਪਣੀ ਭਗਤੀ ਦੇ ਝੂਠੇ ਦਿਖਾਵਿਆਂ ਦੁਆਰਾ ਅਸੀਂ ਆਪਣੇ ਆਪ ਨੂੰ ਉੱਚਾ ਅਖਵਾ ਕੇ ਝੂਠਾ ਮਾਣ ਲੈਂਦੇ ਹਾਂ, ਆਪਣੀ ਝੂਠੀ ਸੇਵਾ ਕਰਵਾਉਂਦੇ ਹਾਂ, ਦੂਸਰਿਆਂ ਕੋਲੋਂ ਮਾਇਆ ਲੈਂਦੇ ਹਾਂ ਤੇ ਹੋਰ ਅਨੇਕਾਂ ਲਾਭ ਲੈਂਦੇ ਹਾਂ ਜਿਸ ਵਿੱਚ ਸੱਚ ਨਹੀਂ ਹੈ ਤੇ ਦੂਸਰਿਆਂ ਨੂੰ ਭਰਮ ਵਿੱਚ ਪਾਉਂਦੇ ਹਾਂ ਭਾਵ ਉਹੋ ਜਿਹੀ ਭਗਤੀ ਨਾਲ ਜੋੜਦੇ ਹਾਂ ਜਿਸ ਦੁਆਰਾ ਅਸੀਂ ਉਨ੍ਹਾਂ ਨੂੰ ਸੱਚੇ ਮਾਰਗ ਤੋਂ ਦੂਰ ਕਰਦੇ ਹਾਂ ਜਿਹੜਾ ਕਿ ਮਾਇਆ ਮੋਹ ਛੱਡਣ ਦਾ ਹੈ, ਮਾੜੇ ਕਰਮ ਛੱਡਣ ਦਾ ਹੈ। ਕਿਸੇ ਨੂੰ ਇੱਕ ਅੱਖਰ ਨੂੰ ਜਪੀ ਜਾਣਾ ਸਮਝਾ ਕੇ ਅਸੀਂ ਉਸ ਨੂੰ ਅਸਲ ਮਾਰਗ ਤੋਂ ਦੂਰ ਕਰਦੇ ਹਾਂ ਕਿ ਅੱਖਰ ਜਪੀ ਜਾਣ ਨਾਲ ਆਪੇ ਹੀ ਔਗੁਣ ਦੂਰ ਹੋ ਜਾਂਦੇ ਹਨ ਭਾਵ ਔਗੁਣ ਛੱਡਣ ਲਈ ਉਪਰਾਲਾ ਕਰਨ ਦੀ ਲੋੜ ਨਹੀਂ ਹੈ। ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਅੱਖਰ ਨੂੰ ਜਪੀ ਜਾਣਾ ਹੀ ਅਸਲ ਭਗਤੀ ਹੈ ਜਿਸ ਨਾਲ ਆਪੇ ਹੀ ਪਾਪ ਦੂਰ ਹੋ ਜਾਂਦੇ ਹਨ। ਇਹ ਸਮਾਜ ਨੂੰ ਕੁਰਾਹੇ ਪਾਉਣ ਵਾਲੀ ਗੱਲ ਹੈ ਤੇ ਮਾੜੇ ਕਰਮਾਂ ਨੂੰ ਉਤਸ਼ਾਹ ਦੇਣ ਵਾਲੀ ਗੱਲ ਹੈ। ਇਹੋ ਜਿਹੇ ਸਮਝਾਉਣ ਵਾਲੇ

28/3147

ਵੀ ਬਹੁਤ ਹਨ ਕਿ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣ ਨਾਲ, ਵਾਰ ਵਾਰ ਪੜ੍ਹੀ ਜਾਣ ਨਾਲ ਮਨੁੱਖ ਆਪੇ ਹੀ ਪਵਿੱਤਰ ਹੋ ਜਾਂਦਾ ਹੈ ਭਾਵ ਸ਼ਬਦਾਂ ਨੂੰ ਵਿਚਾਰਨ ਦੀ ਲੋੜ ਨਹੀਂ ਹੈ ਕਿ ਸ਼ਬਦਾਂ ਰਾਹੀਂ ਸਾਨੂੰ ਕੀ ਸਮਝਾਇਆ ਹੋਇਆ ਹੈ ਤੇ ਸਾਨੂੰ ਕੀ ਕੁੱਝ ਕਰਨ ਦੀ ਲੋੜ ਹੈ। ਇਹੋ ਜਿਹੀਆਂ ਮਤਾਂ ਦੇਣ ਵਾਲੇ ਗੁਰੂ ਦੇ ਮਕਸਦ ਤੇ ਹੀ ਪਾਣੀ ਫੇਰੀ ਜਾ ਰਹੇ ਹਨ ਕਿ ਧਰਮ ਗ੍ਰੰਥਾਂ ਦੇ ਲਿਖਣ ਦਾ ਮਕਸਦ ਕੀ ਹੈ ਇਸ ਨੂੰ ਸਮਝਣ ਦੀ ਲੋੜ ਹੀ ਨਹੀਂ ਹੈ। ਇਹ ਤਾਂ ਗੁਰੂ ਦੇ ਮਕਸਦ ਦੀ ਹੀ ਨਿੰਦਾ ਕਰਨ ਵਾਲੀ ਗੱਲ ਹੈ। ਇਹੋ ਜਿਹਿਆਂ ਦੇ ਨਾਲ ਜੁੜਕੇ ਅਸੀਂ ਗੁਰੂ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ। ਜੋ ਆਪ ਗੁਰੂ ਦੇ ਨਿੰਦਕ ਹਨ ਉਨ੍ਹਾਂ ਨੇ ਦੂਸਰਿਆਂ ਨੂੰ ਗੁਰੂ ਦੀ ਉਸਤਤਿ ਕਰਨੀ ਕੀ ਸਿਖਾਉਣੀ ਹੈ। ਜੋ ਆਪ ਗੁਰੂ ਦੇ ਬੋਲਾਂ ਨੂੰ ਵਿਗਾੜਨ ਵਾਲੇ ਹਨ ਉਨ੍ਹਾਂ ਨੇ ਦੂਸਰਿਆਂ ਨੂੰ ਗੁਰੂ ਦੇ ਬੋਲਾਂ ਤੇ ਚੱਲਣਾ ਕੀ ਸਿਖਾਉਣਾ ਹੈ।

ਜੇਕਰ ਅਸੀਂ ਗੁਰੂ ਦੀ ਨਿੰਦਾ ਤੋਂ, ਪਰਾਈ ਨਿੰਦਾ ਤੋਂ, ਗੁਰੂ ਦੇ ਨਾਲ ਝਗੜੇ ਤੋਂ ਬਚਣਾ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਇੱਕੋ ਇੱਕ ਮਾਰਗ ਇਹੀ ਹੈ ਕਿ ਅਸੀਂ ਕੇਵਲ ਤੇ ਕੇਵਲ ਗੁਰੂ ਦੀ ਮਤਿ ਨਾਲ ਜੁੜੀਏ, ਨਾਮ ਦੀ ਮਤਿ ਨਾਲ ਜੁੜੀਏ। ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਗੁਰੂ ਦੀ ਨਿੰਦਾ ਕੀ ਹੈ, ਸੰਤ ਦੀ ਨਿੰਦਾ ਕੀ ਹੈ ਇਸ ਗੱਲ ਨੂੰ ਸਮਝਿਆ ਹੈ। ਜਿਸ ਵਿੱਚ ਗੁਰੂ ਦੀ ਨਿੰਦਾ ਹੈ ਉਸੇ ਵਿੱਚ ਹੀ ਪਰਾਈ ਨਿੰਦਾ ਹੈ ਕਿਉਂਕਿ ਜੋ ਵੀ ਅਸੀਂ ਦੂਸਰਿਆਂ ਦਾ ਨੁਕਸਾਨ ਕਰਦੇ ਹਾਂ, ਮਾੜਾ ਕਰਦੇ ਹਾਂ ਉਸ ਵਿੱਚ ਗੁਰੂ ਦੀ ਨਿੰਦਾ ਹੀ ਕਰਦੇ ਹਾਂ। ਪਰਾਈ ਨਿੰਦਾ ਕੀ ਹੈ ਇਸ ਨੂੰ ਅੱਗੇ ਦਿੱਤੇ ਕੁੱਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

“ਕਾਮਿ ਕ੍ਰੋਧਿ ਭਰੇ ਹਮ ਅਪਰਾਧੀ॥ ਕਿਆ ਮੁਹੁ ਲੈ ਬੋਲਹ ਨਾ ਹਮ ਗੁਣ ਨ ਸੇਵਾ ਸਾਧੀ॥
ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ ਸਾਚੁ ਨਾਮੁ ਅਬਿਨਾਸੀ ਹੇ॥੯॥
ਨਾ ਕੋਈ ਕਰੇ ਨ ਕਰਣੈ ਜੋਗਾ॥ ਆਪੇ ਕਰਹਿ ਕਰਾਵਹਿ ਸੁ ਹੋਇਗਾ॥
ਆਪੇ ਬਖਸਿ ਲੈਹਿ ਸੁਖੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥੧੦॥
ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ॥
ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ॥੧੧॥
ਹਰਿ ਜੀਉ ਅਵਗਣਿਆਰੇ ਨੋ ਗੁਣੁ ਕੀਜੈ॥ ਆਪੇ ਬਖਸਿ ਲੈਹਿ ਨਾਮੁ ਦੀਜੈ॥
ਗੁਰਮੁਖਿ ਹੋਵੈ ਸੋ ਪਤਿ ਪਾਏ ਇਕਤੁ ਨਾਮਿ ਨਿਵਾਸੀ ਹੇ॥੧੨॥
ਅੰਤਰਿ ਹਰਿ ਧਨੁ ਸਮਝ ਨ ਹੋਈ॥ ਗੁਰ ਪਰਸਾਦੀ ਬੂਝੈ ਕੋਈ॥
ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥੧੩॥
ਅਨਲ ਵਾਉ ਭਰਮਿ ਭੁਲਾਈ॥ ਮਾਇਆ ਮੋਹਿ ਸੁਧਿ ਨ ਕਾਈ॥
ਮਨਮੁਖ ਅੰਧੇ ਕਿਛੁ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ॥੧੪॥
ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ॥੧੫॥
ਆਪੇ ਕਰਤੈ ਕਾਰ ਕਰਾਈ॥ ਆਪੇ ਗੁਰਮੁਖਿ ਦੇਇ ਬੁਝਾਈ॥
ਨਾਨਕ ਨਾਮਿ ਰਤੇ ਮਨੁ ਨਿਰਮਲੁ ਨਾਮੇ ਨਾਮਿ ਨਿਵਾਸੀ ਹੇ॥੧੬॥੫॥”

(ਅੰਗ ੧੦੪੮)

28/3148

ਸਭ ਤੋਂ ਪਹਿਲਾਂ ਉੱਪਰ ਪਹਿਲੇ ਪਦੇ ਰਾਹੀਂ ਇਹ ਸਮਝੋ ਕਿ ਨਾਮ ਕੀ ਹੈ ਤੇ ਨਾਮ ਦਾ ਮਕਸਦ ਕੀ ਹੈ। ਅਸੀਂ ਅਪਰਾਧੀ ਕਿਸ ਲਈ ਹਾਂ ਤੇ ਅਪਰਾਧ ਵਿੱਚੋਂ ਨਿਕਲਣ ਦਾ ਸਾਧਨ ਕੀ ਹੈ। ਜਿਸ ਵੀ ਮਨੁੱਖ ਦੇ ਅੰਦਰ ਔਗੁਣ ਹਨ ਉਹ ਗੁਰੂ ਪ੍ਰਮਾਤਮਾ ਦਾ ਅਪਰਾਧੀ ਹੈ ਭਾਵ ਜੋ ਵੀ ਅਸੀਂ ਮਾੜੇ ਕਰਮ ਕਰਦੇ ਹਾਂ ਉਹ ਸਾਨੂੰ ਪ੍ਰਮਾਤਮਾ ਦੇ ਦਰਬਾਰ ਵਿੱਚ ਅਪਰਾਧੀ ਬਣਾਉਂਦੇ ਹਨ। ਇਹੋ ਜਿਹੀ ਅਵੱਸਥਾ ਵਾਲਾ ਮਨੁੱਖ ਗੁਣ ਵਿਹੂਣਾ ਹੈ ਤੇ ਗੁਰੂ ਦੀ ਸੇਵਾ ਕਰਨ ਵਾਲਾ ਨਹੀਂ ਹੈ। ਗੁਰੂ ਦੀ ਸੇਵਾ ਗੁਣਾਂ ਦੁਆਰਾ ਵਿਚਰਕੇ ਹੀ ਹੁੰਦੀ ਹੈ। ਆਪਣੇ ਵੱਲੋਂ ਅਸੀਂ ਆਪਣੇ ਦਿਖਾਵਿਆਂ ਦੁਆਰਾ ਗੁਰੂ ਦੀ ਸੇਵਾ ਵਾਲਾ ਸਮਝਦੇ ਹਾਂ ਪਰ ਅਸਲ ਵਿੱਚ ਗੁਰੂ ਦੀ ਸੇਵਾ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰ ਕੇ ਹੀ ਹੁੰਦੀ ਹੈ ਭਾਵ ਸਾਡੇ ਚੰਗੇ ਕਰਮ ਕਰਨਾ ਹੀ ਗੁਰੂ ਦੀ ਸੇਵਾ ਹੈ। ਮਾੜੇ ਕਰਮ ਕਰਨ ਵਾਲਾ ਮਨੁੱਖ ਗੁਰੂ ਦਾ ਅਪਰਾਧੀ ਹੈ ਤੇ ਪ੍ਰਮਾਤਮਾ ਅੱਗੇ ਕੁੱਝ ਬੋਲਣ ਜੋਗਾ ਨਹੀਂ ਹੈ ਭਾਵ ਇਹੋ ਜਿਹਿਆਂ ਦੀ ਪ੍ਰਮਾਤਮਾ ਭਗਤੀ ਕਬੂਲ ਨਹੀਂ ਕਰਦਾ ਭਾਵੇਂ ਉਹ ਆਪਣੇ ਵੱਲੋਂ ਭਗਤੀ ਦੇ ਦਿਖਾਵੇ ਅਨੇਕਾਂ ਤਰੀਕਿਆਂ ਨਾਲ ਕਰਦੇ ਹਨ। **(ਕਾਮਿ ਕ੍ਰੋਧਿ ਭਰੇ ਹਮ ਅਪਰਾਧੀ॥ ਕਿਆ ਮੁਹੁ ਲੈ ਬੋਲਹ ਨਾ ਹਮ ਗੁਣ ਨ ਸੇਵਾ ਸਾਧੀ॥)** ਮਨੁੱਖ ਦੇ ਔਗੁਣ ਮਨੁੱਖ ਦੇ ਪੱਥਰ ਹਨ ਜਿੰਨ੍ਹਾਂ ਦੇ ਭਾਰ ਨਾਲ ਮਨੁੱਖ ਮਾਇਆ ਮੋਹ ਦੇ ਸਾਗਰ ਵਿੱਚ ਡੁੱਬਦਾ ਹੈ। ਮਨ ਦੀ ਮਾੜੀ ਬਿਰਤੀ ਸਾਡਾ

ਜੀਵਨ ਵਿਅਰਥ ਕਰਦੀ ਹੈ ਭਾਵ ਸਾਨੂੰ ਨਾਸ਼ਵਾਨ ਬਣਾਉਂਦੀ ਹੈ। "ਸਾਚੁ ਨਾਮੁ" ਦਾ ਮਕਸਦ ਸਾਨੂੰ ਮਨ ਦੀ ਮਾੜੀ ਬਿਰਤੀ ਵਿੱਚੋਂ ਕੱਢਣ ਦਾ ਹੈ ਭਾਵ ਔਗੁਣਾਂ ਵਿੱਚੋਂ ਕੱਢਣ ਦਾ ਹੈ ਭਾਵ ਸਾਡੇ ਜੀਵਨ ਨੂੰ ਨਾਸ਼ ਹੋਣ ਤੋਂ ਬਚਾਉਣ ਦਾ ਹੈ। ਸਾਡੇ ਜੀਵਨ ਦਾ ਸਫ਼ਲ ਹੋਣਾ ਜਾਂ ਵਿਅਰਥ ਜਾਣਾ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ ਜਿਸ ਰਾਹੀਂ ਅਸੀਂ ਆਪਣੇ ਇਸ ਜੀਵਨ ਨੂੰ ਜਿਉਂਦੇ ਹਾਂ।

28/3149

"ਸਾਚੁ ਨਾਮ" ਅਬਿਨਾਸੀ ਹੈ ਤੇ ਅਬਿਨਾਸੀ ਕੇਵਲ ਪ੍ਰਮਾਤਮਾ ਆਪ ਹੈ ਭਾਵ ਸਾਚੁ ਨਾਮੁ ਆਪ ਪ੍ਰਮਾਤਮਾ ਹੈ ਜੋ ਬ੍ਰਹਮਗਿਆਨ ਰੂਪ ਹੈ ਤੇ ਇਹੀ ਉਸਦਾ ਸੱਚ ਰੂਪ ਹੈ। ਸਾਡਾ ਜੀਵਨ ਵਿਅਰਥ ਜਾਣ ਤੋਂ ਤਾਂ ਹੀ ਬਚ ਸਕਦਾ ਹੈ ਜਦੋਂ ਅਸੀਂ ਪ੍ਰਮਾਤਮਾ ਦੇ ਅਬਿਨਾਸੀ ਰੂਪ ਨਾਲ ਮਿਲ ਜਾਂਦੇ ਹਾਂ, ਉਸਦੇ ਸੱਚ ਰੂਪ, ਬ੍ਰਹਮਗਿਆਨ ਰੂਪ ਨਾਲ ਮਿਲ ਜਾਂਦੇ ਹਾਂ। ਪ੍ਰਮਾਤਮਾ ਦੇ ਇਸ ਰੂਪ ਦੇ ਵਿੱਚ ਮਿਲਣ ਦੇ ਨਾਲ ਮਨੁੱਖ ਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਉਹ ਪੂਰੀ ਤਰ੍ਹਾਂ ਔਗੁਣ ਰਹਿਤ ਹੁੰਦਾ ਹੈ ਤੇ ਉਸਦਾ ਆਤਮਿਕ ਜੀਵਨ ਸੱਚਾ-ਸੁੱਚਾ ਬਣ ਜਾਂਦਾ ਹੈ, ਪੂਰੀ ਤਰ੍ਹਾਂ ਗੁਰਮਤਿ ਵਾਲਾ ਬਣ ਜਾਂਦਾ ਹੈ। ਪ੍ਰਮਾਤਮਾ ਦੇ ਸੱਚੇ ਗਿਆਨ ਰੂਪ ਵਿੱਚ ਮਿਲ ਕੇ ਹੀ, ਉਸਦੇ ਨਿਰਗੁਣ ਰੂਪ ਵਿੱਚ ਮਿਲਕੇ ਹੀ ਅਸੀਂ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਤਰ ਸਕਦੇ ਹਾਂ ਤੇ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ, ਆਵਾਗਉਣ ਵਿੱਚੋਂ ਨਿਕਲ ਸਕਦੇ ਹਾਂ। ਪ੍ਰਮਾਤਮਾ ਦੇ ਸਾਚੁ ਨਾਮੁ ਵਿੱਚ ਸਮਾਅ ਕੇ ਹੀ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ ਤੇ ਇਹੀ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਪ੍ਰਮਾਤਮਾ ਕੋਲੋਂ ਮੰਗ ਕੀਤੀ ਹੋਈ ਹੈ ਕਿ ਉਹ ਆਪਣਾ ਸਾਚੁ ਨਾਮੁ ਦੇ ਕੇ ਸਾਨੂੰ ਆਪਣੇ ਨਾਲ ਮੇਲ ਲਵੇ ਤੇ ਔਗੁਣਾਂ ਵਿੱਚੋਂ ਕੱਢ ਲਵੇ। **(ਕਾਮਿ ਕ੍ਰੋਧਿ ਭਰੇ ਹਮ ਅਪਰਾਧੀ॥ ਕਿਆ ਮੁਹੁ ਲੈ ਬੋਲਹ ਨਾ ਹਮ ਗੁਣ ਨ ਸੇਵਾ ਸਾਧੀ॥ ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ ਸਾਚੁ ਨਾਮੁ ਅਬਿਨਾਸੀ ਹੇ॥੯॥)** ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸਾਚੁ ਨਾਮੁ ਹੀ ਹੈ ਜੋ ਕਿ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਹੈ ਜਿਸ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ ਪ੍ਰਮਾਤਮਾ ਨਾਲ ਮਿਲਾਉਣ ਦਾ ਹੈ, ਉਸ ਅਬਿਨਾਸੀ ਦੇ ਨਾਲ ਮਿਲਾਉਣ ਦਾ ਹੈ, ਸਾਚੁ ਨਾਮੁ ਦੇ ਨਾਲ ਮਿਲਾਉਣ ਦਾ ਹੈ।

ਜਿਸ ਨੂੰ ਸਾਚੁ ਨਾਮੁ ਦੀ ਪ੍ਰਾਪਤੀ ਹੋ ਜਾਂਦੀ ਹੈ, ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਫਿਰ ਸਦਾ ਹੀ ਪ੍ਰਮਾਤਮਾ ਦੇ ਵਿੱਚ ਸਮਾਇਆ ਰਹਿੰਦਾ ਹੈ, ਨਾਮ ਦੇ ਵਿੱਚ ਸਮਾਇਆ ਰਹਿੰਦਾ ਹੈ ਤੇ ਇਹ ਕੇਵਲ ਉਸਦੀ ਆਪਣੀ ਕਿਰਪਾ ਹੈ ਕਿ ਉਹ ਸਾਨੂੰ ਚੰਗੀ ਸੋਝੀ ਬਖ਼ਸ਼ਕੇ, ਗੁਣਾਂ ਵਾਲਾ ਜੀਵਨ ਬਖ਼ਸ਼ ਕੇ ਆਪਣੇ ਨਾਲ ਮਿਲਾ ਲਵੇ। **(ਨਾ ਕੋਈ ਕਰੇ ਨ ਕਰਣੈ ਜੋਗਾ॥ ਆਪੇ ਕਰਹਿ ਕਰਾਵਹਿ ਸੁ ਹੋਇਗਾ॥ ਆਪੇ ਬਖਸਿ ਲੈਹਿ ਸੁਖੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥੧੦॥)**

ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ॥
ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ॥੧੧॥"

ਉੱਪਰ ਸਾਨੂੰ ਗੁਰੂ ਵਾਲੀ ਅਵੱਸਥਾ ਸਮਝਾਈ ਹੋਈ ਹੈ ਜੋ ਪ੍ਰਮਾਤਮਾ ਦੇ

28/3150

ਨਾਮ ਵਿੱਚ ਸਮਾਇਆ ਹੋਇਆ ਹੈ। ਗੁਰੂ "ਸਬਦੁ ਰੂਪ" ਵਿੱਚ ਗੁਰੂ ਹੈ, ਸੱਚੇ ਗਿਆਨ ਦੇ ਰੂਪ ਵਿੱਚ ਗੁਰੂ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਗੁਰੂ ਹੈ। ਗੁਰੂ ਦੇ ਅੰਦਰ "ਸਬਦੁ" ਰੂਪ ਬੀਜ ਬੀਜਣ ਵਾਲਾ ਆਪ "ਅਪਾਰਾ" ਹੈ ਭਾਵ ਪ੍ਰਮਾਤਮਾ ਹੈ। ਜੋ ਸਬਦੁ ਰੂਪ ਬੀਜ ਦਾ ਮਾਲਕ ਹੈ ਭਾਵ ਜੋ ਇਹ ਬੀਜ ਬੀਜਣ ਵਾਲਾ ਹੈ ਉਹੀ ਅਸਲ ਵਿੱਚ ਗੁਰੂ ਹੈ, ਸਬਦੁ ਰੂਪ ਵਿੱਚ ਗੁਰੂ ਹੈ। ਇਹ ਤਨ ਸਾਡੀ ਧਰਤੀ ਹੈ ਜੋ ਕਿ ਸਾਰਿਆਂ ਦੇ ਲਈ ਇੱਕੋ ਜਿਹੀ ਹੀ ਹੈ। ਸਾਡੇ ਸਭ ਦੇ ਅੰਦਰ ਬੀਜ ਬੀਜਣ ਵਾਲਾ ਭਾਵ ਮਨ ਦੇ ਵਿੱਚ ਗਿਆਨ ਦੇਣ ਵਾਲਾ, ਬੀਜ ਰੂਪ ਵਿੱਚ ਵਿਚਾਰ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਪਰ ਸਾਨੂੰ ਸਭ ਨੂੰ ਉਸਨੇ ਆਪਣੇ ਸਬਦੁ ਰੂਪ ਬੀਜ ਤੋਂ ਦੂਰ ਰੱਖਿਆ ਹੋਇਆ ਹੈ। ਪ੍ਰਮਾਤਮਾ ਦਾ ਇਹ ਸ਼ਬਦ ਰੂਪ ਬੀਜ ਚੌਥੇ ਪਦ ਵਾਲੇ ਗਿਆਨ ਦਾ ਬੀਜ ਹੈ, ਬ੍ਰਹਮਗਿਆਨ ਦੇ ਪਦ ਦਾ ਬੀਜ ਹੈ ਜੋ ਪਦ ਉਹ ਆਪਣੇ ਗੁਰੂ ਰੂਪ ਵਿੱਚ ਬਖ਼ਸ਼ਦਾ ਹੈ, ਭਗਤ ਰੂਪ ਵਿੱਚ ਬਖ਼ਸ਼ਦਾ ਹੈ। ਸਭ ਨੂੰ ਪ੍ਰਮਾਤਮਾ ਨੇ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਡੇ ਅੰਦਰ ਸੱਚ ਦੇ ਨਾਲ ਨਾਲ ਭਰਮ

ਰੂਪ ਬੀਜ ਵੀ ਉਹ ਆਪ ਹੀ ਬੀਜਦਾ ਹੈ ਜਿਸ ਰਾਹੀਂ ਉਸਨੇ ਸਭ ਦੇ ਅੰਦਰ ਪੜਦਾ ਪਾਇਆ ਹੋਇਆ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣਾ ਸਬਦੁ ਰੂਪ ਬੀਜ ਬੀਜਦਾ ਹੈ ਉਸਨੂੰ ਹੀ ਆਪਣੇ ਅੰਦਰੋਂ ਇਹ ਸੋਝੀ ਪੈਂਦੀ ਹੈ ਕਿ ਸਾਡੇ ਅੰਦਰ ਗਿਆਨ ਰੂਪ ਦੇ ਬੀਜ ਬੀਜਣ ਵਾਲਾ ਕੌਣ ਹੈ ਜਿਸ ਰਾਹੀਂ ਮਨੁੱਖ ਨੂੰ ਸਾਰੀ ਸੋਝੀ ਪੈਂਦੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਸਬਦੁ ਰੂਪ ਜਾਣ ਕੇ ਹੀ ਇਹ ਸਮਝ ਪੈਂਦੀ ਹੈ ਕਿ ਸਭ ਦੇ ਵਿੱਚ, ਹਰ ਵਸਤੂ ਦੇ ਵਿੱਚ ਪ੍ਰਮਾਤਮਾ ਆਪਣੇ ਸਬਦੁ ਰੂਪ ਦੁਆਰਾ ਹੀ ਸਮਾਇਆ ਹੋਇਆ ਹੈ, ਗਿਆਨ ਰੂਪ ਦੁਆਰਾ ਹੀ ਸਮਾਇਆ ਹੋਇਆ ਹੈ। **(ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ॥)**

ਸਾਡੀ ਸੰਸਾਰਿਕ ਵਿਚਰਨ ਮਨ ਦੀ ਸੋਝੀ ਦੇ ਨਾਲ ਹੀ ਜੁੜੀ ਹੋਈ ਹੈ, ਮਨ ਦੇ ਗਿਆਨ ਦੇ ਨਾਲ ਹੀ ਜੁੜੀ ਹੋਈ ਹੈ। ਜਦੋਂ ਮਨ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ ਮਨ ਦੇ ਅੰਦਰ ਉਹ ਸਾਨੂੰ ਉਹੋ ਜਿਹੇ ਵਿਚਾਰ ਦਿੰਦਾ ਹੈ ਜਿੰਨ੍ਹਾਂ ਦੁਆਰਾ ਅਸੀਂ ਸੱਚੀ ਵਣਜ ਕਰਦੇ ਹਾਂ, ਸੱਚਾ ਵਾਪਾਰ ਕਰਦੇ ਹਾਂ ਭਾਵ ਸੱਚ ਦੁਆਰਾ ਹੀ ਵਿਚਰਦੇ ਹਾਂ। ਇਹ ਵਾਪਾਰ "ਸਚੁ ਧਨੁ" ਦੇ ਨਾਲ ਹੁੰਦਾ ਹੈ। ਪ੍ਰਮਾਤਮਾ ਨਾਲ ਮੇਲ ਤੋਂ ਬਾਅਦ "ਸਚੁ ਧਨੁ" ਸਾਡੇ ਅੰਦਰੋਂ ਹੀ ਜੰਮਦਾ ਹੈ, ਉਪਜਦਾ ਹੈ। ਇਹ ਸਾਡੇ ਅੰਦਰ ਸੱਚੀ ਸੋਝੀ ਦਾ ਧਨ ਹੈ, ਸੱਚੇ ਗਿਆਨ ਦਾ ਧਨ ਹੈ ਜਿਸ ਦਾ ਬੀਜ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਬੀਜਦਾ ਹੈ। ਸਬਦੁ ਰੂਪ ਬੀਜ ਬੀਜਣ ਦੇ ਨਾਲ ਸਚੁ ਧਨੁ ਹੀ ਉਪਜਦਾ ਹੈ। ਇਹ ਸ਼ਬਦ ਦੀ ਵਿਚਾਰ ਦਾ ਧਨ ਹੈ ਜਿਸ ਰਾਹੀਂ ਮਨ ਦੇ ਵਿੱਚ ਸੱਚ ਦੀ ਸੋਝੀ ਪੈਂਦੀ ਹੈ। ਮਨ ਦੇ ਅੰਦਰ ਪ੍ਰਮਾਤਮਾ ਇਸ ਸਚੁ ਧਨੁ ਦੀ ਤੋਟਿ ਨਹੀਂ ਆਉਣ ਦਿੰਦਾ ਕਿਉਂਕਿ ਅੰਦਰ ਉਹ "ਨਾਮੁ" ਰੂਪ ਪ੍ਰਮਾਤਮਾ ਆਪ ਹੀ ਪ੍ਰਗਟ ਹੁੰਦਾ ਹੈ। **(ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ॥ ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ॥੧੧॥)**

28/3151

ਜਿਸ ਨੂੰ ਪ੍ਰਮਾਤਮਾ ਦਾ ਨਾਮ ਮਿਲ ਜਾਂਦਾ ਹੈ ਜਿਵੇਂ ਕਿ ਗੁਰੂ ਨੂੰ ਮਿਲਿਆ ਹੋਇਆ ਹੈ ਉਸ ਨੂੰ ਹੀ ਸਚੁ ਧੁਨ ਦੀ ਪ੍ਰਾਪਤੀ ਹੁੰਦੀ ਹੈ, ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਔਗੁਣਾਂ ਤੋਂ ਮੁਕਤੀ ਮਿਲਦੀ ਹੈ। ਅਗਲੇ ਪਦੇ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਔਗੁਣਾਂ ਵਿੱਚੋਂ ਨਿਕਲੇ ਬਿਨ੍ਹਾਂ ਨਾਮ ਨਹੀਂ ਹੈ। ਸਾਡੇ ਲਈ ਪ੍ਰਮਾਤਮਾ ਅੱਗੇ ਬੇਨਤੀ ਕੀਤੀ ਹੋਈ ਹੈ ਕਿ ਔਗੁਣਿਆਰੇ ਮਨੁੱਖਾਂ ਨੂੰ ਪ੍ਰਮਾਤਮਾ ਗੁਣਾਂ ਦੀ ਦਾਤਿ ਦੇ ਭਾਵ ਆਪਣਾ ਨਾਮ ਦੇ। ਨਾਮ ਦੀ ਪ੍ਰਾਪਤੀ ਦੁਆਰਾ ਹੀ ਕੋਈ ਗੁਰਮੁਖਿ ਬਣ ਸਕਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਦਰ ਤੋਂ ਪਤਿ ਪੈਂਦੀ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ ਤੇ ਸਭ ਦੇ ਅੰਦਰ ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਨਿਵਾਸ ਕਰਦਾ ਹੈ, ਆਪਣੇ ਗਿਆਨ ਦੁਆਰਾ ਹੀ ਨਿਵਾਸ ਕਰਦਾ ਹੈ। ਸਭ ਦੇ ਅੰਦਰ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਤੇ ਆਪਣਾ ਨਾਮ ਉਹ ਆਪ ਹੀ ਦੇ ਸਕਦਾ ਹੈ। **(ਹਰਿ ਜੀਉ ਅਵਗਣਿਆਰੇ ਨੋ ਗੁਣੁ ਕੀਜੈ॥ ਆਪੇ ਬਖਸਿ ਲੈਹਿ ਨਾਮੁ ਦੀਜੈ॥ ਗੁਰਮੁਖਿ ਹੋਵੈ ਸੋ ਪਤਿ ਪਾਏ ਇਕਤੁ ਨਾਮਿ ਨਿਵਾਸੀ ਹੇ॥੧੨॥)** ਇਨ੍ਹਾਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਕੋਲੋਂ ਨਾਮ ਮੰਗਣ ਦਾ ਤਰੀਕਾ ਕੀ ਹੈ। ਆਪਣੇ ਔਗੁਣਾਂ ਨੂੰ ਛੱਡ ਕੇ ਗੁਣ ਮੰਗਣੇ ਹੀ ਪ੍ਰਮਾਤਮਾ ਦਾ "ਨਾਮੁ" ਮੰਗਣ ਦਾ ਤਰੀਕਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਮੰਗਣ ਦਾ ਤਰੀਕਾ ਹੈ। ਹਰ ਕੋਈ ਪਹਿਲਾਂ ਹੀ ਨਾਮ ਲਈਂ ਬੈਠਾ ਹੈ ਫਿਰ ਮੰਗਣਾ ਪ੍ਰਮਾਤਮਾ ਕੋਲੋਂ ਕੀ ਹੈ। ਨਾਮ ਤਾਂ ਕਿਸੇ ਦੇ ਕੋਲ ਨਹੀਂ ਤੇ ਭਰਮ ਹਰ ਕੋਈ ਲਈ ਬੈਠਾ ਹੈ ਤੇ ਹਰ ਕੋਈ ਭਰਮ ਨੂੰ ਹੀ ਜਪ ਰਿਹਾ ਹੈ। ਉਹ ਆਪਣੇ ਇੱਕ ਅੱਖਰ ਦੇ ਜਪ ਨੂੰ ਹੀ ਹਰਿ ਧਨ ਸਮਝੀ ਬੈਠੇ ਹਨ। ਜਿੱਥੇ ਨਾਮੁ ਹੈ ਉੱਥੇ ਹੀ ਹਰਿ ਧਨੁ ਹੈ। ਜਿਸ ਰੂਪ ਵਿੱਚ ਨਾਮੁ ਹੈ ਉਸੇ ਰੂਪ ਵਿੱਚ ਹਰਿ ਧਨੁ ਹੈ। ਨਾਮੁ ਸਾਡੇ ਅੰਦਰ ਹੈ ਤੇ ਹਰਿ ਧਨੁ ਵੀ ਸਾਡੇ ਅੰਦਰ ਹੈ ਭਾਵ ਹਰਿ ਧਨੁ ਦੀ ਪ੍ਰਾਪਤੀ ਸਾਨੂੰ ਆਪਣੇ ਅੰਦਰੋਂ ਹੀ ਹੋਣੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਅੰਤਰਿ ਹਰਿ ਧਨੁ ਸਮਝ ਨ ਹੋਈ॥ ਗੁਰ ਪਰਸਾਦੀ ਬੂਝੈ ਕੋਈ॥
ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥੧੩॥"

ਧਿਆਨ ਨਾਲ ਸਮਝੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। ਹਰਿ ਧਨੁ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ, ਹਰਿ ਧਨੁ ਇਕੱਠਾ ਕਰਕੇ ਬੈਠੇ ਵੀ ਬਹੁਤ ਹਨ। ਉਹ ਇੱਕ ਅੱਖਰ ਦਾ ਜਪ ਕਰੀ ਜਾਣ ਨੂੰ ਹੀ ਹਰਿ ਧਨੁ ਸਮਝੀ ਬੈਠੇ ਹਨ। ਜਿਤਨਾ

ਕੋਈ ਜਿਆਦਾ ਅੱਖਰ ਦਾ ਜਪ ਕਰਨ ਵਾਲਾ ਹੈ ਉਹ ਉਤਨਾ ਹੀ ਆਪਣੇ ਆਪ ਨੂੰ ਜਿਆਦਾ ਹਰਿ ਧਨੁ ਵਾਲਾ ਸਮਝਦਾ ਹੈ। ਜਿੰਨ੍ਹਾਂ ਦੇ ਕੋਲੋਂ ਉਨ੍ਹਾਂ ਨੇ ਹਰਿ ਧਨ ਇਕੱਠਾ ਕਰਨਾ ਸਮਝਿਆ ਹੈ ਜਾਂ ਤਾਂ ਉਨ੍ਹਾਂ ਨੂੰ ਹਰਿ ਧਨੁ ਦੀ ਸਮਝ ਨਹੀਂ ਤੇ ਜਾਂ

28/3152

ਫਿਰ ਗੁਰੂ ਨੂੰ ਹਰਿ ਧਨੁ ਦੀ ਸਮਝ ਨਹੀਂ ਹੈ। ਕੀ ਕਿਸੇ ਵਿੱਚ ਇਤਨੀ ਹਿੰਮਤ ਹੈ ਕਿ ਗੁਰੂ ਨੂੰ ਗਲਤ ਕਹਿ ਸਕੇ। ਆਪਣੇ ਮੁੱਖੋਂ ਬੋਲਕੇ ਤੇ ਇਹੋ ਜਿਹੀ ਹਿੰਮਤ ਕੋਈ ਨਹੀਂ ਕਰ ਸਕਦਾ ਪਰ ਉਨ੍ਹਾਂ ਨੂੰ ਵੀ ਗਲਤ ਮੰਨਣ ਨੂੰ ਤਿਆਰ ਨਹੀਂ ਹੁੰਦੇ ਜਿੰਨ੍ਹਾਂ ਨੂੰ ਹਰ ਕੋਈ ਬੜਾ ਹੀ ਉੱਚਾ ਮੰਨ ਚੁੱਕਾ ਹੈ ਭਾਵ ਜਿੰਨ੍ਹਾਂ ਨੇ ਸਾਨੂੰ ਇਹ ਸਭ ਕੁੱਝ ਸਿਖਾਇਆ ਹੋਇਆ ਹੈ। ਗੁਰੂ ਦੀ ਗੱਲ ਨੂੰ ਸੱਚੀ ਨਾ ਮੰਨਣਾ ਤੇ ਉਸਦੇ ਉਲਟ ਦੂਸਰਿਆਂ ਦੀ ਗੱਲ ਨੂੰ ਠੀਕ ਮੰਨਣਾ ਗੁਰੂ ਦੀ ਨਿੰਦਾ ਕਰਨਾ ਹੀ ਹੈ, ਗੁਰੂ ਦੇ ਬੋਲਾਂ ਨੂੰ ਵਿਗਾੜਨਾ ਹੀ ਹੈ। ਅਸੀਂ ਆਪਣੇ ਅਨੇਕਾਂ ਹੀ ਭਗਤੀ ਦੇ ਤਰੀਕਿਆਂ ਦੁਆਰਾ ਜੋ ਗੁਰਮਤਿ ਤੇ ਪੂਰੇ ਨਹੀਂ ਉਤਰਦੇ ਉਨ੍ਹਾਂ ਦੁਆਰਾ ਗੁਰੂ ਦੇ ਬੋਲਾਂ ਨੂੰ ਵਿਗਾੜਦੇ ਹਾਂ ਤੇ ਗੁਰੂ ਦੇ ਬਚਨਾਂ ਦੀ ਨਿੰਦਾ ਕਰਦੇ ਹਾਂ।

"ਹਰਿ ਧਨੁ" ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ ਤੇ ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨ੍ਹਾਂ ਇਸ ਗੱਲ ਦੀ ਸਮਝ ਕਦੇ ਆ ਵੀ ਨਹੀਂ ਸਕਦੀ। ਹਰਿ ਧਨੁ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਬ੍ਰਹਮਗਿਆਨ ਰੂਪ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਬੜਾ ਸਪੱਸ਼ਟ ਹੈ ਕਿ ਜਿਸ ਨੂੰ ਆਪਣੇ ਅੰਦਰੋਂ ਹਰਿ ਧਨੁ ਦੀ ਸਮਝ ਨਹੀਂ ਲੱਗੀ ਤੇ ਨਾ ਹੀ ਉਨ੍ਹਾਂ ਨੂੰ ਸਮਝ ਆਈ ਹੈ ਕਿ ਸਾਡੇ ਅੰਦਰ ਕੀ ਹੈ ਭਾਵ ਸਾਡਾ ਮਨ ਕੀ ਹੈ ਤੇ ਨਾ ਹੀ ਉਨ੍ਹਾਂ ਤੇ ਪ੍ਰਮਾਤਮਾ ਦੀ ਕ੍ਰਿਪਾ ਹੋਈ ਹੈ ਭਾਵ ਜੋ ਅੱਖਰ ਦੇ ਜਪ ਨੂੰ ਹਰਿ ਧਨ ਸਮਝਦੇ ਹਨ ਉਹ ਕੇਵਲ ਭਰਮ ਵਿੱਚ ਰਹੇ ਹਨ ਤੇ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਸਭ ਭਰਮ ਵਿੱਚ ਹਨ। ਹਰਿ ਧਨੁ ਆਪਣੇ ਅੰਦਰ ਬੁੱਝਣ ਦੀ ਵਸਤੂ ਹੈ, ਸਮਝਣ ਦੀ ਵਸਤੂ ਹੈ, ਜਾਨਣ ਦੀ ਵਸਤੂ ਹੈ। ਜਿਸਨੂੰ ਪ੍ਰਮਾਤਮਾ ਗੁਰਮੁਖਿ ਵਾਲੀ ਅਵੱਸਥਾ ਬਖ਼ਸ਼ਦਾ ਹੈ ਭਾਵ ਚੌਥੇ ਪਦ ਵਾਲੀ ਅਵੱਸਥਾ ਬਖ਼ਸ਼ਦਾ ਹੈ, ਆਪਣੇ ਨਾਲ ਮੇਲ ਵਾਲੀ ਅਵੱਸਥਾ ਬਖਸ਼ਦਾ ਹੈ ਉਹੀ ਇਸ ਧਨ ਦੀ ਪ੍ਰਾਪਤੀ ਕਰਦਾ ਹੈ। ਇਸ ਧਨ ਦੀ ਪ੍ਰਾਪਤੀ ਹੀ ਨਾਮ ਧਨ ਦੀ ਪ੍ਰਾਪਤੀ ਹੈ ਜਿਸ ਦੁਆਰਾ ਮਨੁੱਖ ਨਾਮ ਦਾ ਨਿਵਾਸੀ ਬਣ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਵਿੱਚ, ਨਾਮ ਦੇ ਵਿੱਚ ਸਮਾਅ ਜਾਂਦਾ ਹੈ। **(ਅੰਤਰਿ ਹਰਿ ਧਨੁ ਸਮਝ ਨ ਹੋਈ॥ ਗੁਰ ਪਰਸਾਦੀ ਬੂਝੈ ਕੋਈ॥ ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ॥੧੩॥)**

ਸਾਨੂੰ ਮਨ ਦੀ ਅਗਿਆਨਤਾ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਆਪਣੀ ਗੁਰਮਤਿ ਰਾਹੀਂ, ਨਾਮ ਰਾਹੀਂ ਸਾਨੂੰ ਸੋਝੀ ਪਾਉਣ ਵਾਲਾ ਵੀ ਉਹ ਆਪ ਹੀ ਹੈ ਜਿਸ ਮਕਸਦ ਲਈ ਉਸਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਜੇਕਰ ਅਸੀਂ ਗੁਰਬਾਣੀ ਦੀ ਮਤਿ ਨਾਲ ਨਹੀਂ ਜੁੜਦੇ ਤਾਂ ਫਿਰ ਨਾ ਹੀ ਗੁਰਬਾਣੀ ਦੀ ਰਚਨਾ ਦਾ ਮਕਸਦ ਪੂਰਾ ਹੋ ਸਕਦਾ ਹੈ ਤੇ ਨਾ ਹੀ ਸਾਡੀ ਅਗਿਆਨਤਾ ਦੂਰ ਹੋ ਸਕਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

28/3153

“ਅਨਲ ਵਾਉ ਭਰਮਿ ਭੁਲਾਈ॥ ਮਾਇਆ ਮੋਹਿ ਸੁਧਿ ਨ ਕਾਈ॥
ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ॥੧੪॥
ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ॥੧੫॥”

ਹਰ ਕੋਈ ਅਗਿਆਨਤਾ ਦੀ ਅਗਨਿ ਵਿੱਚ, ਮਾਇਆ ਮੋਹ ਦੀ ਅਗਨਿ ਵਿੱਚ ਜਲ ਰਿਹਾ ਹੈ ਜਿਸ ਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ ਜਿਸ ਕਰਕੇ ਸਾਨੂੰ ਆਪਣੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ। ਸਾਨੂੰ ਮਨ ਦੇ ਅੰਦਰ ਸਹੀ ਸੋਝੀ ਨਾਮ ਦੇ ਪ੍ਰਕਾਸ਼ ਦੁਆਰਾ ਪੈਂਦੀ ਹੈ ਭਾਵ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਪੈਂਦੀ ਹੈ। ਜਿਸ ਨੂੰ ਵੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਉਸਨੂੰ ਮਨ ਦੇ ਵਿੱਚ ਨਾਮ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਭਰਮ ਵਿੱਚੋਂ ਨਿਕਲਦਾ ਹੈ, ਮਾਇਆ ਮੋਹ ਵਿੱਚੋਂ ਨਿਕਲਦਾ ਹੈ, ਮਨ ਦੇ ਅੰਧੇਪਨ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲਦਾ ਹੈ ਤੇ ਸਾਨੂੰ ਆਪਣੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ, ਗੁਰਮਤਿ ਦੀ ਸੋਝੀ ਪੈਂਦੀ ਹੈ। ਸਾਡੇ ਅੰਦਰ ਗੁਰਮਤਿ ਦਾ ਪ੍ਰਕਾਸ਼ ਹੋਣਾ ਜਾਂ ਨਾਮ ਦਾ ਪ੍ਰਗਾਸ ਹੋਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਪ੍ਰਕਾਸ਼ ਹੋਣ ਦੁਆਰਾ ਹੀ ਹੁੰਦਾ ਹੈ। ਜਿਹੋ ਜਿਹਾ ਪ੍ਰਕਾਸ਼ ਮਨ ਦੇ ਵਿੱਚ ਹੁੰਦਾ ਹੈ, ਉਹੋ ਜਿਹਾ ਪ੍ਰਕਾਸ਼ ਹੀ ਪੂਰੀ ਗੁਰਬਾਣੀ ਦੇ ਵਿੱਚ ਹੈ। ਪੂਰੀ ਗੁਰਬਾਣੀ ਦੇ ਵਿੱਚ “ਗੁਰਮਤਿ ਨਾਮੁ” ਹੈ। ਗੁਰਬਾਣੀ ਵਿੱਚ ਇਹ ਗੁਰਮਤਿ ਨਾਮੁ ਦਾ ਪ੍ਰਕਾਸ਼ ਉਨ੍ਹਾਂ ਸਰੀਰਾਂ ਰਾਹੀਂ ਹੋਇਆ ਹੈ ਜਿੰਨ੍ਹਾਂ ਦੇ ਮਨ ਦੇ ਅੰਦਰ ਪਹਿਲਾਂ ਪ੍ਰਮਾਤਮਾ ਨੇ ਇਹ ਸੱਚੇ ਗਿਆਨ ਦਾ ਪ੍ਰਕਾਸ਼ ਕੀਤਾ ਹੈ, ਬ੍ਰਹਮਗਿਆਨ ਦਾ ਪ੍ਰਕਾਸ਼ ਕੀਤਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਹੀ ਹੁੰਦੀ ਹੈ ਤੇ ਸਾਡਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੀ ਮਨਮਤਿ ਛੱਡੀਏ, ਭਰਮ ਛੱਡੀਏ ਤੇ ਆਪਣੇ ਅੰਦਰ ਗੁਰਮਤਿ ਦਾ, ਨਾਮ ਦਾ ਪ੍ਰਕਾਸ਼ ਕਰਨ ਦਾ ਉੱਦਮ ਕਰੀਏ ਭਾਵ ਗੁਰਮਤਿ ਨਾਮ ਨੂੰ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਭਰਮ ਵਿੱਚੋਂ ਨਿਕਲੀਏ ਤੇ ਉਹੋ ਜਿਹਾ ਜੀਵਨ ਅਪਣਾਈਏ ਜਿਹੋ ਜਿਹਾ ਸਾਨੂੰ ਗੁਰਮਤਿ ਸਮਝਾਉਂਦੀ ਹੈ। ਗੁਰਮਤਿ ਅਨੁਸਾਰ ਵਿਚਰਨਾ ਹੀ ਨਾਮ ਜਪਣਾ ਹੈ। ਗੁਰਮਤਿ ਸਾਨੂੰ ਸੱਚ ਤੇ ਚੱਲਣਾ ਸਿਖਾਉਂਦੀ ਹੈ ਤੇ ਸੱਚ ਤੇ ਚੱਲਣਾ ਹੀ ਨਾਮ ਜਪਣਾ ਹੈ। **(ਅਨਲ ਵਾਉ ਭਰਮਿ ਭੁਲਾਈ॥ ਮਾਇਆ ਮੋਹਿ ਸੁਧਿ ਨ ਕਾਈ॥ ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ॥੧੪॥)**

28/3154

ਗੁਰਮਤਿ ਦਾ, ਨਾਮ ਦਾ ਮਕਸਦ ਸਾਨੂੰ ਮਨਮੁਖਿ ਵਾਲੀ ਬਿਰਤੀ ਵਿੱਚੋਂ, ਹਉਮੈ ਵਾਲੀ ਬਿਰਤੀ ਵਿੱਚੋਂ, ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੈ ਕਿਉਂਕਿ ਹਰ ਕੋਈ ਅਗਿਆਨਤਾ ਕਰਕੇ ਇਹੋ ਜਿਹੀ ਬਿਰਤੀ ਵਿੱਚ ਸੁੱਤਾ ਹੋਇਆ ਹੈ। ਗੁਰੂ ਦੇ ਗਿਆਨ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਇਹੋ ਜਿਹੀ ਬਿਰਤੀ ਵਿੱਚੋਂ ਜਗਾਉਣ ਦਾ ਹੀ ਹੈ, ਅਗਿਆਨਤਾ ਵਿੱਚੋਂ ਜਗਾਉਣ ਦਾ ਹੀ ਹੈ। ਜਦ ਤੱਕ ਅਸੀਂ ਅਗਿਆਨਤਾ ਵਿੱਚ, ਮਾਇਆ ਮੋਹ ਵਿੱਚ ਸੁੱਤੇ ਰਹਿੰਦੇ ਹਾਂ ਤਦ ਤੱਕ ਅਸੀਂ ਆਪਣੇ ਘਰ ਨੂੰ ਨਹੀਂ ਸੰਭਾਲ ਸਕਦੇ ਜਿਸ ਨੂੰ ਕਿ ਚੋਰ ਲੁੱਟਦੇ ਰਹਿੰਦੇ ਹਨ, ਮਨ ਦੇ ਵਿੱਚ ਔਗੁਣ ਰੂਪ ਚੋਰ ਲੁੱਟਦੇ ਰਹਿੰਦੇ ਹਨ ਜੋ ਕਿ ਸਾਡੀ ਖੁਆਰੀ ਦਾ ਕਾਰਨ ਹੈ। ਗੁਰਮਤਿ ਨਾਮ ਦਾ ਮਕਸਦ ਸਾਨੂੰ ਮਨ ਦੇ ਗਿਆਨ ਰਾਹੀਂ ਜਗਾ ਕੇ ਇਨ੍ਹਾਂ ਚੋਰਾਂ ਕੋਲੋਂ ਬਚਾਉਣ ਦਾ ਹੈ। ਜਦ ਤੱਕ ਸਾਡੇ ਅੰਦਰ ਇਹ ਚੋਰ ਲੱਗੇ ਹੋਏ ਹਨ ਭਾਵ ਜਦ ਤੱਕ ਅਸੀਂ ਸੁੱਤੇ ਹੋਏ ਹਾਂ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੀ ਟੇਕ ਲੈਂਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ। ਮਾੜੇ ਕਰਮ ਕਰਨੇ ਭਾਵ ਗੁਰਮਤਿ ਦੇ ਉਲਟ ਕਰਮ ਕਰਨ ਦੁਆਰਾ ਅਸੀਂ ਪਰ ਨਿੰਦਾ ਕਰਦੇ ਹਾਂ ਭਾਵ ਦੂਸਰਿਆਂ ਦੀ ਨਿੰਦਾ ਕਰਦੇ ਹਾਂ ਭਾਵ ਦੂਸਰਿਆਂ ਦੇ ਵਿਚਾਰਾਂ ਦੇ ਉਲਟ ਚੱਲਦੇ ਹਾਂ। ਮਾੜੇ ਕਰਮ ਕਰਨ ਦੁਆਰਾ ਅਸੀਂ ਜਿਸ ਦਾ ਮਾੜਾ ਕਰਦੇ

ਹਾਂ ਉਸਦੇ ਵਿਚਾਰਾਂ ਦੇ ਉਲਟ ਚੱਲਦੇ ਹਾਂ ਭਾਵ ਉਸਦੇ ਵਿਚਾਰਾਂ ਨੂੰ ਨਿੰਦਦੇ ਹਾਂ ਭਾਵ ਸੱਚ ਨੂੰ ਨਿੰਦਦੇ ਹਾਂ। ਆਪਣੇ ਝੂਠੇ ਸੁੱਖ ਲਈ ਅਸੀਂ ਦੂਸਰੇ ਦੇ ਮਨ ਨੂੰ ਦੁੱਖ ਦਿੰਦੇ ਹਾਂ। ਦੂਸਰਿਆਂ ਦੇ ਸੱਚੇ ਵਿਚਾਰਾਂ ਨੂੰ ਨਿੰਦਣਾ ਪਰ ਨਿੰਦਾ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੇ ਵਿਚਾਰਾਂ ਦੀ ਵੀ ਨਾਲ ਹੀ ਨਿੰਦਿਆ ਕਰਦੇ ਹਾਂ ਕਿਉਂਕਿ ਆਪਣੇ ਲੋਭ ਲਈ ਦੂਸਰੇ ਦਾ ਮਾੜਾ ਕਰਨਾ ਗੁਰਮਤਿ ਦੇ ਉਲਟ ਹੈ। ਗੁਰਮਤਿ ਸਾਰਿਆਂ ਦੇ ਭਲੇ ਲਈ ਹੈ ਤਾਂ ਜੋ ਕੋਈ ਆਪਣੇ ਸੁਆਰਥ ਕਰਕੇ ਦੂਸਰੇ ਦਾ ਮਾੜਾ ਨਾ ਕਰੇ। ਗੁਰੂ ਦੀ ਨਿੰਦਾ ਤੋਂ, ਪਰ ਨਿੰਦਾ ਤੋਂ ਉਹੀ ਬਚ ਸਕਦਾ ਹੈ ਜੋ ਪਹਿਲਾਂ ਆਪਣੇ ਮਾੜੇ ਵਿਚਾਰਾਂ ਨੂੰ ਨਿੰਦਦਾ ਹੈ ਭਾਵ ਆਪਣੇ ਉਹੋ ਜਿਹੇ ਵਿਚਾਰਾਂ ਨੂੰ ਨਿੰਦਦਾ ਹੈ ਜੋ ਗੁਰੂ ਨੂੰ ਚੰਗੇ ਨਹੀਂ ਲੱਗਦੇ। ਗੁਰੂ ਸਾਨੂੰ ਸਾਡੇ ਮਾੜੇ ਵਿਚਾਰਾਂ ਲਈ ਹੀ ਨਿੰਦਦਾ ਹੈ ਤੇ ਜੇਕਰ ਅਸੀਂ ਆਪਣੀ ਇਹ ਨਿੰਦਾ ਕਬੂਲ ਕਰ ਲੈਂਦੇ ਹਾਂ ਭਾਵ ਆਪਣੇ ਵਿਚਾਰਾਂ ਨੂੰ ਸ਼ੁੱਧ ਕਰ ਲੈਂਦੇ ਹਾਂ ਫਿਰ ਅਸੀਂ ਮਾੜਾ ਕਰਮ ਨਹੀਂ ਕਰ ਸਕਦੇ ਤੇ ਤਾਂ ਹੀ ਸੰਤ ਦੀ ਨਿੰਦਾ ਤੋਂ ਬਚ ਸਕਦੇ ਹਾਂ, ਪਰਾਈ ਨਿੰਦਾ ਤੋਂ ਬਚ ਸਕਦੇ ਹਾਂ। ਸਾਡੇ ਚੰਗੇ ਕਰਮ ਸਾਨੂੰ ਨਾਮ ਦਾ ਨਿਵਾਸੀ ਬਣਾਉਂਦੇ ਹਨ ਤੇ ਮਾੜੇ ਕਰਮ ਸਾਨੂੰ ਦੁੱਖ ਦਾ ਨਿਵਾਸੀ ਬਣਾਉਂਦੇ ਹਨ, ਸਾਨੂੰ ਚਿੰਤਾ ਦੀ ਅਗਨਿ ਵਿੱਚ ਪਾਉਂਦੇ ਹਨ।

28/3155

(ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥ ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੂਖੇ ਦੂਖਿ ਨਿਵਾਸੀ ਹੇ॥੧੫॥)

ਆਪਣਾ ਘਰ ਸੰਭਾਲਣਾ, ਆਪਣਾ ਘਰ ਰੱਖਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ। ਆਪਣਾ ਘਰ ਰੱਖਣਾ ਉਨ੍ਹਾਂ ਨੂੰ ਹੀ ਆਉਂਦਾ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਅਗਿਆਨਤਾ ਦੀ ਨੀਂਦ ਵਿੱਚੋਂ ਜਗਾ ਦਿੰਦਾ ਹੈ, ਆਪਣੇ ਨਾਮ ਨਾਲ, ਗੁਰਮਤਿ ਨਾਲ ਜਗਾ ਦਿੰਦਾ ਹੈ।

ਪ੍ਰਭਾਤੀ ਮਹਲਾ ੩॥

{ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ॥

ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ॥੧॥}

(ਅੰਗ ੧੩੪੬)

ੴ ਸਤਿਗੁਰ ਪ੍ਰਸਾਦਿ॥

ਰਾਗੁ ਆਸਾ ਮਹਲਾ ੫ ਛੰਤ ਘਰੁ ੧॥

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥

ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥

ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥

ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ॥

ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ॥

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ॥੧॥}

(ਅੰਗ ੪੫੨)

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ॥

ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ॥੬॥

ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ॥

ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ॥੭॥

ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ॥੮॥੧॥}

(ਅੰਗ ੧੩੦੮)

{ਗਿਆਨ ਰਤਨਿ ਸਭ ਸੋਝੀ ਹੋਇ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ॥੧॥ਰਹਾਉ॥}

(ਅੰਗ ੩੬੪)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਉਣ ਵਿੱਚ ਆਪਣੀ ਕੋਈ ਵਡਿਆਈ ਨਹੀਂ ਸਮਝੀ ਕਿ ਉਨ੍ਹਾਂ ਨੇ ਆਪਣੀ ਕਿਸੇ ਸਿਆਣਪ ਦੁਆਰਾ ਜਾਂ ਆਪਣੇ ਕਿਸੇ ਜਪ ਤਪ ਦੁਆਰਾ ਪ੍ਰਮਾਤਮਾ ਨੂੰ ਪਾਇਆ ਹੈ। ਜਿਸ ਨੂੰ ਪ੍ਰਮਾਤਮਾ ਸੱਚ ਦੇ ਮਾਰਗ ਤੇ ਪਾਉਂਦਾ ਹੈ, ਆਪਣੇ ਨਾਮ ਦੇ ਨਾਲ ਜੋੜਦਾ ਹੈ ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਤੇ ਇਹ ਕਿਸੇ ਮਨੁੱਖੀ ਸਿਆਣਪ ਦਾ ਮਾਰਗ ਨਹੀਂ ਹੈ। ਸਾਨੂੰ ਇਹੀ ਗੱਲ ਬਾਣੀ ਵਾਰ-ਵਾਰ ਸਮਝਾ ਰਹੀ ਹੈ ਕਿ ਸਾਨੂੰ ਕੇਵਲ ਗੁਰਮਤਿ ਤੇ ਭਰੋਸਾ ਰੱਖ ਕੇ ਚੱਲਣਾ ਚਾਹੀਦਾ ਹੈ ਤੇ ਆਪਣੀ ਕੋਈ ਭਗਤੀ ਦੀ ਸਿਆਣਪ ਨਹੀਂ

ਦਿਖਾਉਣੀ ਚਾਹੀਦੀ। ਪ੍ਰਮਾਤਮਾ ਦੇ ਨਾਲ ਮੇਲ ਕੇਵਲ ਉਸਦੀ ਰਜ਼ਾ ਦਾ ਮਾਰਗ ਹੈ ਤੇ ਪ੍ਰਮਾਤਮਾ ਦੀ ਜੋ ਰਜ਼ਾ ਹੈ ਉਹ ਉਸਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੋਈ ਹੈ। ਮੁੱਖ ਸ਼ਬਦ ਦੇ ਆਖਰੀ ਪਦੇ ਰਾਹੀਂ ਸਾਨੂੰ ਗੁਰੂ ਸਾਹਿਬ ਇਹੀ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਮਨ ਦੀ ਸੋਝੀ ਦਾ ਮਾਰਗ ਹੈ ਜੋ ਕਿ ਉਸ ਪ੍ਰਮਾਤਮਾ ਦੇ ਹੱਥ ਹੈ ਤੇ ਇਸ ਵਿੱਚ ਮਨੁੱਖ ਦੀ ਕੋਈ ਸਿਆਣਪ ਨਹੀਂ ਹੈ।

“ਆਪੇ ਕਰਤੈ ਕਾਰ ਕਰਾਈ॥ ਆਪੇ ਗੁਰਮੁਖਿ ਦੇਇ ਬੁਝਾਈ॥
ਨਾਨਕ ਨਾਮਿ ਰਤੇ ਮਨੁ ਨਿਰਮਲੁ ਨਾਮੇ ਨਾਮਿ ਨਿਵਾਸੀ ਹੇ॥੧੬॥੫॥”

ਸੱਚੀ ਕਾਰੇ ਲੱਗਣਾ, ਗੁਰੂ ਦੀ ਕਾਰੇ ਲੱਗਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਔਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨਾ, ਗੁਰਮਤਿ ਦੁਆਰਾ ਵਿਚਰਨਾ, ਸੱਚ ਦੁਆਰਾ ਵਿਚਰਨਾ ਸੱਚੀ ਕਾਰ ਕਰਨਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੇ ਉਨ੍ਹਾਂ ਕੋਲੋਂ ਆਪ ਹੀ ਕਾਰ ਕਰਵਾਈ ਹੈ। ਜਿਹੋ ਜਿਹੀ ਕਾਰ ਉਨ੍ਹਾਂ ਨੇ ਆਪ ਕੀਤੀ ਹੈ ਭਾਵ ਜਿਹੋ ਜਿਹੀ ਕਾਰ ਕਰਨੀ ਪ੍ਰਮਾਤਮਾ ਨੇ ਉਨ੍ਹਾਂ ਨੂੰ ਸਿਖਾਈ ਹੈ ਉਹੋ ਜਿਹੀ ਕਾਰ ਹੀ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਕਰਨੀ ਸਿਖਾਈ ਹੈ। ਉਨ੍ਹਾਂ ਨੂੰ ਬੁਝਾਉਣ ਵਾਲਾ ਆਪ “ਗੁਰਮੁਖਿ” ਰੂਪ ਪ੍ਰਮਾਤਮਾ ਹੈ ਤੇ ਜਿਸ ਨੂੰ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਸਮਝਾਉਂਦਾ ਹੈ ਉਹ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣ ਜਾਂਦਾ ਹੈ, ਗੁਰੂ ਰੂਪ, ਭਗਤ ਰੂਪ ਬਣ ਜਾਂਦਾ ਹੈ। **(ਆਪੇ ਕਰਤੈ ਕਾਰ ਕਰਾਈ॥ ਆਪੇ ਗੁਰਮੁਖਿ ਦੇਇ ਬੁਝਾਈ॥)** ਜਿਸ ਨੂੰ ਪ੍ਰਮਾਤਮਾ ਬੁਝਾਉਂਦਾ ਹੈ ਭਾਵ ਮਨ ਦੇ ਵਿੱਚ ਸਮਝਾਉਂਦਾ ਹੈ ਉਸਨੂੰ ਆਪਣੇ ਨਾਮ ਦੁਆਰਾ ਸਮਝਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਸਮਝਾਉਂਦਾ ਹੈ ਤੇ ਫਿਰ ਉਹ ਮਨੁੱਖ ਪ੍ਰਮਾਤਮਾ ਦੇ ਨਾਮ ਵਿੱਚ ਰੱਤਿਆ ਜਾਂਦਾ ਹੈ, ਉਸਦੀ ਸੱਚੀ ਮਤਿ ਵਿੱਚ, ਗੁਰਮਤਿ ਵਿੱਚ ਰੱਤਿਆ ਜਾਂਦਾ ਹੈ। ਮਨ ਦੇ ਵਿੱਚ ਇਹੋ ਜਿਹੀ ਸੋਝੀ ਪੈਣ ਦੇ ਨਾਲ ਹੀ ਭਾਵ ਪ੍ਰਮਾਤਮਾ ਦੇ ਰਾਹੀਂ ਸੋਝੀ ਪੈਣ ਨਾਲ ਹੀ ਮਨ ਨਿਰਮਲ ਰੂਪ ਬਣਦਾ ਹੈ, ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ, ਪਵਿੱਤਰ ਬਣਦਾ ਹੈ, ਭਰਮ ਰਹਿਤ, ਮਾਇਆ ਮੋਹ ਰਹਿਤ, ਔਗੁਣ ਰਹਿਤ ਬਣਦਾ ਹੈ। ਨਾਮ ਦਾ ਮਾਲਕ ਆਪ ਪ੍ਰਮਾਤਮਾ ਹੈ ਜੋ ਆਪਣੇ ਨਾਮ ਦੁਆਰਾ ਵਿਚਰਦਾ ਹੈ ਭਾਵ ਬ੍ਰਹਮਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ, ਬ੍ਰਹਮਗਿਆਨੀ ਉਹ ਆਪ ਹੈ ਤੇ ਉਹ ਆਪਣੇ ਬ੍ਰਹਮਗਿਆਨ ਦੁਆਰਾ ਵਿਚਰਦਾ ਹੈ। ਮਨ ਦੇ ਵਿੱਚ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਜੋ ਨਾਮ ਦਾ ਮਾਲਕ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਨਾਮ ਦੀ ਪ੍ਰਾਪਤੀ

ਦੁਆਰਾ ਹੀ ਮਨੁੱਖ ਦਾ ਨਾਮ ਦੇ ਵਿੱਚ ਨਿਵਾਸ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਵਿੱਚ ਨਿਵਾਸ ਹੁੰਦਾ ਹੈ, ਸੱਚੇ ਗਿਆਨ ਦੇ ਵਿੱਚ, ਬ੍ਰਹਮਗਿਆਨ ਦੇ ਵਿੱਚ ਭਾਵ ਪ੍ਰਮਾਤਮਾ ਦੇ ਨਿਰਗੁਣ ਰੂਪ ਵਿੱਚ ਨਿਵਾਸ ਹੁੰਦਾ ਹੈ। **(ਆਪੇ ਕਰਤੈ ਕਾਰ ਕਰਾਈ॥ ਆਪੇ ਗੁਰਮੁਖਿ ਦੇਇ ਬੁਝਾਈ॥ ਨਾਨਕ ਨਾਮਿ ਰਤੇ ਮਨੁ ਨਿਰਮਲੁ ਨਾਮੇ ਨਾਮਿ ਨਿਵਾਸੀ ਹੇ॥੧੬॥੫॥)**

ਉੱਪਰ ਸ਼ਬਦ ਰਾਹੀਂ ਅਸੀਂ ਸਮਝਿਆ ਹੈ ਕਿ ਜੋ ਵੀ ਅਸੀਂ ਮਾੜੇ ਕਰਮ ਕਰਦੇ ਹਾਂ ਉਨ੍ਹਾਂ ਰਾਹੀਂ ਅਸੀਂ ਪਰ ਨਿੰਦਾ ਕਰਦੇ ਹਾਂ ਭਾਵ ਦੂਸਰਿਆਂ ਦੇ ਵਿਚਾਰਾਂ ਦੀ ਨਿੰਦਾ ਕਰਦੇ ਹਾਂ। ਆਓ ਇਸੇ ਗੱਲ ਨੂੰ ਅਗਲੇ ਸ਼ਬਦ ਦੁਆਰਾ ਸਮਝੀਏ ਤੇ ਪਰ ਨਿੰਦਾ ਦੇ ਵਿੱਚੋਂ ਨਿਕਲੀਏ ਕਿਉਂਕਿ ਇਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚ ਦੇ ਮਾਰਗ ਤੇ ਨਹੀਂ ਚੱਲ ਸਕਦੇ।

“ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥
ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥
ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ ॥੨॥”

(ਅੰਗ ੯੫੧)

ਪਹਿਲੀ ਪੰਗਤੀ ਰਾਹੀਂ ਸਮਝੋ ਕਿ ਅੰਧੇ ਕਰਮ ਕਰਨੇ ਕੀ ਹਨ ਤੇ ਸਿੱਖ ਬਣਨਾ ਕੀ ਹੈ, ਗੁਰੂ ਦਾ ਸਿੱਖ ਬਣਨਾ ਕੀ ਹੈ। ਜੋ ਆਪਣੀ ਮਤਿ ਦੁਆਰਾ ਵਿਚਰਦੇ ਹਨ ਭਾਵ ਜੋ ਆਪਣੇ ਭਾਣੇ ਵਿੱਚ ਚੱਲਦੇ ਹਨ ਉਹ ਝੂਠ ਬੋਲਦੇ ਰਹਿੰਦੇ ਹਨ ਭਾਵ ਝੂਠ ਬੋਲਣ ਵਾਲਾ ਮਨੁੱਖ ਅੰਧੇ ਕਰਮ ਕਰਦਾ ਹੈ ਭਾਵ ਮਾੜੇ ਕਰਮ ਕਰਦਾ ਹੈ ਤੇ ਉਹ ਮਨੁੱਖ ਸੱਚੇ ਗੁਰੂ ਦੀ ਸਿੱਖਿਆ ਵਾਲਾ ਨਹੀਂ ਹੈ। ਗੁਰਬਾਣੀ ਸਾਡਾ ਸੱਚਾ ਗੁਰੂ ਹੈ ਤੇ ਸੱਚੇ ਗੁਰੂ ਦਾ ਸਿੱਖ ਝੂਠ ਬੋਲਣ ਵਾਲਾ ਨਹੀਂ ਹੋ ਸਕਦਾ, ਮਾੜੇ ਕਰਮ ਕਰਨ ਵਾਲਾ ਨਹੀਂ ਹੋ ਸਕਦਾ। ਜੇਕਰ ਅਸੀਂ ਗੁਰਬਾਣੀ ਦਾ ਸਿੱਖ ਅਖਵਾਉਂਦੇ ਹੋਏ ਮਾੜੇ ਕਰਮ ਕਰਦੇ ਹਾਂ ਤਾਂ ਫਿਰ ਅਸੀਂ ਗੁਰੂ ਨੂੰ ਬਦਨਾਮ ਕਰਦੇ ਹਾਂ ਕਿਉਂਕਿ ਮਾੜੇ ਕਰਮ ਉਹੀ ਕਰਦਾ ਹੈ, ਅੰਧੇ ਕਰਮ ਉਹੀ ਕਰਦਾ ਹੈ ਜਿਸਦਾ ਗੁਰੂ ਅੰਧੁਲਾ ਹੈ ਭਾਵ ਅਗਿਆਨੀ ਹੈ ਭਾਵ ਜਿਸਨੂੰ ਧਰਮ ਦੀ ਸੋਝੀ ਨਹੀਂ ਹੈ। ਸੱਚੇ ਗੁਰੂ ਦੇ ਸਿੱਖ ਅਖਵਾਉਣਾ ਬਹੁਤ ਔਖਾ ਹੈ ਤੇ ਝੂਠ ਬੋਲਣ ਵਾਲੇ ਮਨੁੱਖ, ਮਾੜੇ ਕਰਮ ਕਰਨ ਵਾਲੇ ਮਨੁੱਖ ਗੁਰੂ ਨੂੰ ਬਦਨਾਮ ਕਰਦੇ ਹਨ। ਗੁਰੂ ਦੀ ਸਿੱਖਿਆ ਨੂੰ ਨਾ ਮੰਨਣਾ ਗੁਰੂ ਨੂੰ ਬਦਨਾਮ ਕਰਨ ਵਾਲੀ ਗੱਲ ਹੈ ਭਾਵ ਗੁਰੂ ਦੀ ਨਿੰਦਾ ਕਰਨ ਵਾਲੀ ਗੱਲ ਹੈ। ਝੂਠ ਬੋਲਣ ਦੁਆਰਾ ਅਸੀਂ ਦੂਸਰਿਆਂ ਨਾਲ ਠੱਗੀ ਹੀ ਮਾਰਦੇ ਹਾਂ ਭਾਵ ਦੂਸਰਿਆਂ ਦਾ ਹੱਕ ਮਾਰਦੇ ਹਾਂ ਜਿਸ ਦੁਆਰਾ ਅਸੀਂ ਪਰ ਨਿੰਦਾ ਕਰਦੇ ਹਾਂ। ਇਹੋ ਜਿਹੇ ਮਾੜੇ ਕਰਮ ਕਰਨ ਵਾਲੇ ਆਪ ਤਾਂ ਡੁੱਬਦੇ ਹੀ ਹਨ ਤੇ ਇਨ੍ਹਾਂ ਅਨੁਸਾਰ ਵਿਚਰਨ ਵਾਲੇ, ਇਹੋ ਜਿਹਿਆਂ ਦਾ ਪਰਿਵਾਰ ਬਣਨ ਵਾਲੇ ਦੂਸਰੇ ਵੀ ਡੁੱਬਦੇ ਹਨ। ਹੁਣ ਧਿਆਨ ਨਾਲ ਸਮਝੋ ਜਿੰਨ੍ਹਾਂ ਕੋਲੋਂ ਅਸੀਂ ਨਾਮ ਦੀ ਸਿੱਖਿਆ ਸਮਝੀ ਹੈ

28/3158

ਉਨ੍ਹਾਂ ਨੇ ਸਾਨੂੰ ਕਿਹੋ ਜਿਹੀ ਸਿੱਖਿਆ ਦਿੱਤੀ ਹੈ। ਉਹ ਸਾਨੂੰ ਇੱਕ ਅੱਖਰ ਦਾ ਜਪ ਕਰੀ ਜਾਣ ਨੂੰ ਹੀ ਗੁਰੂ ਦੀ ਸੱਚੀ ਸਿੱਖਿਆ ਸਮਝਾਉਂਦੇ ਹਨ ਤੇ ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ ਇਸ ਦੇ ਨਾਲ ਉਨ੍ਹਾਂ ਨੂੰ ਕੋਈ ਬਹੁਤਾ ਵਾਸਤਾ ਨਹੀਂ ਹੈ ਬਲਕਿ ਇਹ ਸਮਝਾਉਂਦੇ ਹਨ ਅੱਖਰ ਦਾ ਜਪ ਕਰੀ ਜਾਣ ਨਾਲ ਆਪੇ ਹੀ ਔਗੁਣ ਖ਼ਤਮ ਹੋ ਜਾਂਦੇ ਹਨ ਭਾਵ ਉਨ੍ਹਾਂ ਨੂੰ ਛੱਡਣ ਦੀ ਲੋੜ ਨਹੀਂ ਹੈ ਭਾਵ ਇਹ ਸਾਨੂੰ ਗੁਰੂ ਦੀ ਸੱਚੀ ਸਿੱਖਿਆ ਤੋਂ ਉਲਟ ਤੋਰਦੇ ਹਨ ਤੇ ਸਮਾਜ ਦੇ ਵਿੱਚ ਬੁਰਿਆਈਆਂ ਫੈਲਾਉਣ ਲਈ, ਮਾੜੇ ਕਰਮਾਂ ਤੋਂ ਨਾ ਰੋਕਣ ਲਈ ਇਨ੍ਹਾਂ ਦਾ ਵੱਡਾ ਯੋਗਦਾਨ ਹੈ ਕਿਉਂਕਿ ਇਨ੍ਹਾਂ ਦੇ ਪਿੱਛੇ ਲੱਗਕੇ ਕੋਈ ਮਾਇਆ ਮੋਹ ਦੇ ਵਿੱਚੋਂ ਨਿਕਲਣ ਦਾ ਉਪਰਾਲਾ ਹੀ ਨਹੀਂ ਕਰਦਾ ਬਲਕਿ ਇੱਕ ਅੱਖਰ ਦੇ ਜਪ ਨੂੰ ਹੀ ਸੱਚ ਸਮਝਿਆ ਹੋਇਆ ਹੈ, ਗੁਣ ਸਮਝਿਆ ਹੋਇਆ ਹੈ। ਗੁਰੂ ਸਾਡਾ ਉਹੀ ਹੈ ਜਿਸਦੀ ਅਸੀਂ ਸਿੱਖਿਆ ਨੂੰ ਮੰਨਦੇ ਹਾਂ। ਅਸੀਂ ਅੰਨ੍ਹਿਆਂ ਦੀ, ਅਗਿਆਨੀਆਂ ਦੀ ਸਿੱਖਿਆ ਨੂੰ ਮੰਨਿਆ ਹੋਇਆ ਹੈ ਤੇ ਅਸੀਂ ਉਨ੍ਹਾਂ ਦੇ ਹੀ ਸਿੱਖ ਬਣੇ ਹੋਏ ਹਾਂ। ਜੋ ਸੱਚੇ ਗੁਰੂ ਦਾ ਸਿੱਖ ਹੈ, ਗੁਰਬਾਣੀ ਦਾ ਸਿੱਖ ਹੈ ਉਹ ਝੂਠ ਨਹੀਂ ਬੋਲ ਸਕਦਾ, ਮਾੜੇ ਕਰਮ ਨਹੀਂ ਕਰ ਸਕਦਾ, ਪਰ ਨਿੰਦਾ ਨਹੀਂ ਕਰ ਸਕਦਾ। ਅਸਲ ਵਿੱਚ ਆਪਣੇ ਕਿਸੇ ਦੇ ਵੱਸ ਵੀ ਕੁੱਝ ਨਹੀਂ ਹੈ ਕਿਉਂਕਿ ਸਭ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਤ੍ਰੈਗੁਣਾਂ ਵਾਲੀ ਅਵੱਸਥਾ ਪਾਈ ਹੋਈ ਹੈ, ਸਭ ਦੇ ਅੰਦਰ

ਆਪ ਹੀ ਮਾਇਆ ਮੋਹ ਪਾਇਆ ਹੋਇਆ ਹੈ, ਸਭ ਦੇ ਅੰਦਰ ਆਪ ਹੀ ਅਗਿਆਨਤਾ ਪਾਈ ਹੋਈ ਹੈ, ਦੁਚਿੱਤੀ, ਦੁਬਿਧਾ ਪਾਈ ਹੋਈ ਹੈ ਜਿਸ ਦੇ ਵਿੱਚ ਰਹਿੰਦਿਆਂ ਸਾਨੂੰ ਸੱਚ ਦੀ ਸਮਝ ਹੀ ਨਹੀਂ ਲੱਗਦੀ ਤੇ ਅਗਿਆਨਤਾ ਵਿੱਚ ਹੀ ਅਸੀਂ ਉਹੋ ਜਿਹੀ ਭਗਤੀ ਵਿੱਚ ਲੱਗੇ ਹੋਏ ਹਾਂ ਜਿਸ ਰਾਹੀਂ ਸਾਡਾ ਜੀਵਨ ਵਿਅਰਥ ਹੀ ਜਾਣਾ ਹੈ। ਸਾਨੂੰ ਸੁਚੇਤ ਕੀਤਾ ਹੈ ਕਿ ਅੰਧਲਿਆਂ ਨੂੰ, ਅਗਿਆਨੀਆਂ ਨੂੰ ਛੱਡਕੇ ਅਸੀਂ ਸੱਚੇ ਗੁਰੂ ਦੀ ਮਤਿ ਦੇ ਨਾਲ ਜੁੜੀਏ ਤੇ ਆਪਣੇ ਜੀਵਨ ਦੇ ਅਸਲ ਮਾਰਗ ਨੂੰ ਸਮਝੀਏ। **(ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥ ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥ ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥ ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥ ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ॥੨॥)**

ਗੁਰੂ ਦੀ ਨਿੰਦਾ ਦਾ, ਪਰ ਨਿੰਦਾ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਭਾਵ ਸੱਚੀ ਸੋਝੀ ਦਾ ਨਾ ਹੋਣਾ ਹੈ, ਗੁਰਮਤਿ ਦੀ ਸੋਝੀ ਦਾ ਨਾ ਹੋਣਾ ਹੈ ਜਿਸ ਦੇ ਰਹਿੰਦਿਆਂ ਅਸੀਂ ਮਾਇਆ ਮੋਹ ਵਿੱਚ ਫਸ ਕੇ ਮਾੜੇ ਕਰਮ ਕਰਦੇ ਹਾਂ ਜਿਸ ਦੁਆਰਾ ਅਸੀਂ ਪਰ ਨਿੰਦਾ ਕਰਦੇ ਹਾਂ। ਮਨ ਦੀ ਅਗਿਆਨਤਾ ਦੂਰ ਹੋਏ ਬਿਨ੍ਹਾਂ, ਭਗਤੀ ਦੀ ਸਹੀ ਸੋਝੀ ਪਏ ਬਿਨ੍ਹਾਂ ਨਿੰਦਾ ਵਿੱਚੋਂ ਨਹੀਂ ਨਿਕਲਿਆ ਜਾ

ਸਕਦਾ। ਆਓ ਇਸ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਦੁਆਰਾ ਸਮਝੀਏ।

ਆਸਾ ਮਹਲਾ ੩॥

“ਗੁਰੁ ਸਾਇਰੁ ਸਤਿਗੁਰੁ ਸਚੁ ਸੋਇ॥ ਪੂਰੈ ਭਾਗਿ ਗੁਰ ਸੇਵਾ ਹੋਇ॥
ਸੋ ਬੂਝੈ ਜਿਸੁ ਆਪਿ ਬੁਝਾਏ॥ ਗੁਰ ਪਰਸਾਦੀ ਸੇਵ ਕਰਾਏ॥੧॥
ਗਿਆਨ ਰਤਨਿ ਸਭ ਸੋਝੀ ਹੋਇ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ॥੧॥ਰਹਾਉ॥
ਮੋਹੁ ਗੁਮਾਨੁ ਗੁਰ ਸਬਦਿ ਜਲਾਏ॥ ਪੂਰੇ ਗੁਰ ਤੇ ਸੋਝੀ ਪਾਏ॥
ਅੰਤਰਿ ਮਹਲੁ ਗੁਰ ਸਬਦਿ ਪਛਾਣੈ॥ ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ॥੨॥
ਜੰਮਣੁ ਮਰਣਾ ਹੈ ਸੰਸਾਰੁ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ॥
ਪਰ ਨਿੰਦਾ ਬਹੁ ਕੂੜੁ ਕਮਾਵੈ॥ ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ॥੩॥
ਸਤਸੰਗਤਿ ਮਿਲਿ ਸਭ ਸੋਝੀ ਪਾਏ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ॥
ਭਾਣਾ ਮੰਨੇ ਸਦਾ ਸੁਖੁ ਹੋਇ॥ ਨਾਨਕ ਸਚਿ ਸਮਾਵੈ ਸੋਇ॥੪॥੧੦॥੪੯॥”

(ਅੰਗ ੩੬੩)

ਸ਼ਬਦ ਦੇ ਪਹਿਲੇ ਪਦੇ ਨੂੰ ਹੀ ਧਿਆਨ ਨਾਲ ਸਮਝੋ ਕਿ ਉਸ ਪ੍ਰਮਾਤਮਾ ਦੀ ਸੇਵਾ ਕਿਵੇਂ ਹੁੰਦੀ ਹੈ ਤੇ ਉਸਦੀ ਸੇਵਾ ਕਰਨ ਵਾਲਾ ਕੌਣ ਹੈ। ਪ੍ਰਮਾਤਮਾ ਦੀ ਸੇਵਾ ਉਹੀ ਕਰਦਾ ਹੈ ਜਿਸ ਨੂੰ ਪਹਿਲਾਂ ਉਹ ਸੇਵਕ ਬਣਾਉਂਦਾ ਹੈ, ਜਿਸਨੂੰ ਉਹ ਆਪਣੀ ਸੇਵਾ ਬਖ਼ਸ਼ਦਾ ਹੈ। ਉਸਦੀ ਸੇਵਾ ਉਸ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ, ਗੁਰਮਤਿ ਦੀ ਪੂਰਨ ਸੋਝੀ ਦੁਆਰਾ ਹੀ ਹੁੰਦੀ ਹੈ। ਗੁਰੂ ਰੂਪ ਵਿੱਚ ਗੁਰੂ ਆਪ ਹੀ ਪ੍ਰਮਾਤਮਾ ਦਾ ਸੇਵਕ ਹੈ ਜੋ ਉਸਦੇ ਭਾਣੇ ਵਿੱਚ ਵਿਚਰਦਾ ਹੈ। ਜਿਵੇਂ ਕਿ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੈ ਗੁਰੂ ਗਿਆਨ ਦਾ ਸਮੁੰਦਰ ਹੈ, ਗਿਆਨ ਦਾ ਸਾਗਰ ਹੈ। ਗੁਰੂ ਰੂਪ ਵਿੱਚ, ਸਤਿਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਰੂਪ ਵਿੱਚ ਉਹ ਆਪਣਾ ਪੂਰਨ ਸੱਚ ਸਮਝਾਉਂਦਾ ਹੈ। “ਸਚੁ” ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਗੁਰੂ ਰੂਪ ਵਿੱਚ ਪ੍ਰਗਟ ਕਰਦਾ ਹੈ ਉਹ ਮਨ ਦੇ ਵਿੱਚ ਪੂਰਨ ਸੱਚ ਦੀ ਸੋਝੀ ਦੇ ਰੂਪ ਵਿੱਚ ਕਰਦਾ ਹੈ। ਪ੍ਰਮਾਤਮਾ ਆਪਣਾ ਇਹ ਰੂਪ ਪੂਰੇ ਭਾਗਾਂ ਵਾਲੇ ਦੇ ਅੰਦਰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ

ਦੇ ਅੰਦਰ ਕੀਤਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਪ੍ਰਮਾਤਮਾ ਦੀ ਸੇਵਾ ਹੁੰਦੀ ਹੈ। ਜਿਸ ਨੂੰ ਪ੍ਰਮਾਤਮਾ ਭਾਗਾਂ ਵਾਲਾ ਬਣਾਉਂਦਾ ਹੈ ਉਸਦੇ ਅੰਦਰ ਉਹ ਆਪ ਹੀ ਆਪਣੇ ਆਪ ਦੀ ਸੋਝੀ ਪਾਉਂਦਾ ਹੈ, ਆਪ ਹੀ ਆਪਣਾ ਆਪ ਬੁਝਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਬੁਝਾਉਂਦਾ ਹੈ। ਇਹ ਕੇਵਲ ਗੁਰਪ੍ਰਸਾਦਿ ਹੈ, ਕੇਵਲ ਉਸਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਆਪਣਾ ਆਪ ਬੁਝਾ ਦੇਵੇ ਤੇ ਆਪਣੀ ਸੇਵਾ ਕਰਵਾ ਲਵੇ। ਉਸਦੀ ਸੇਵਾ ਕਰਨੀ ਜਾਂ ਉਸਦਾ ਨਾਮ ਜਪਣਾ ਇੱਕੋ ਹੀ ਗੱਲ ਹੈ ਜੋ ਕਿ ਮਨ ਦੀ ਸੱਚੀ ਸੋਝੀ ਦੁਆਰਾ ਵਿਚਰਨਾ ਹੈ, ਸ਼ਬਦ ਦੀ ਵਿਚਾਰ ਦੁਆਰਾ ਵਿਚਰਨਾ ਹੈ। ਮਨ ਦੇ ਵਿੱਚ ਸ਼ਬਦ ਦੀ ਵਿਚਾਰ ਉਹ ਆਪ ਹੀ ਦਿੰਦਾ ਹੈ ਤੇ ਆਪ ਹੀ ਉਸ ਉੱਤੇ ਚਲਾਉਂਦਾ ਹੈ। **(ਗੁਰੁ ਸਾਇਰੁ ਸਤਿਗੁਰੁ ਸਚੁ ਸੋਇ॥ ਪੂਰੈ ਭਾਗਿ ਗੁਰ ਸੇਵਾ ਹੋਇ॥ ਸੋ ਬੂਝੈ ਜਿਸੁ ਆਪਿ ਬੁਝਾਏ॥ ਗੁਰ ਪਰਸਾਦੀ ਸੇਵ ਕਰਾਏ॥੧॥)**

{ਆਪੇ ਮੇਲੇ ਭਰਮੁ ਚੁਕਾਏ॥ ਗੁਰ ਪਰਸਾਦਿ ਪਰਮ ਪਦੁ ਪਾਏ॥੬॥

ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥੭॥}

(ਅੰਗ ੨੨੩)

28/3160

{ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

{ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥

ਇਸ ਤੇ ਊਪਰਿ ਨਹੀ ਬੀਚਾਰੁ॥ ਜਾ ਕੈ ਮਨਿ ਬਸਿਆ ਨਿਰੰਕਾਰੁ॥}

(ਅੰਗ ੨੯੨)

ਆਪਣੀ ਸੇਵਾ ਪ੍ਰਮਾਤਮਾ ਕਿਵੇਂ ਬਖ਼ਸ਼ਦਾ ਹੈ, ਆਪਣਾ ਮੇਲ ਪ੍ਰਮਾਤਮਾ ਕਿਵੇਂ ਬਖ਼ਸ਼ਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਕਿ ਰਹਾਉ ਵਾਲੀਆਂ ਪੰਗਤੀਆਂ ਹਨ।

“ਗਿਆਨ ਰਤਨਿ ਸਭ ਸੋਝੀ ਹੋਇ॥

ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ॥੧॥ਰਹਾਉ॥”

ਸ਼ਬਦ ਦੇ ਪਹਿਲੇ ਪਦੇ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਪ੍ਰਮਾਤਮਾ ਆਪਣਾ ਆਪ ਆਪ ਹੀ ਬੁਝਾਉਂਦਾ ਹੈ, ਆਪਣੇ ਅੰਦਰ ਹੋਣ ਦੀ ਸੋਝੀ ਆਪ ਹੀ ਪਾਉਂਦਾ ਹੈ। ਆਪਣੇ ਆਪ ਦੀ ਉਹ ਸੋਝੀ ਕਿਵੇਂ ਪਾਉਂਦਾ ਹੈ, ਸਾਨੂੰ ਪ੍ਰਮਾਤਮਾ ਕਿਸ ਵਿਧੀ ਦੁਆਰਾ ਬੁਝਾਉਂਦਾ ਹੈ ਕਿ ਉਹ ਸਾਡੇ ਅੰਦਰ ਹੀ ਹੈ ਇਹੀ ਗੱਲ ਸਾਨੂੰ ਉੱਪਰ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਵਿਸ਼ਵਾਸ ਹੋ ਸਕੇ ਕਿ ਪ੍ਰਮਾਤਮਾ ਦੇ ਨਾਲ ਮਨ ਦੇ ਅੰਦਰ ਮੇਲ ਕਿਵੇਂ ਹੁੰਦਾ ਹੈ। ਜਿੰਨ੍ਹਾਂ ਦਾ ਪ੍ਰਮਾਤਮਾ ਨਾਲ ਮੇਲ ਹੋਇਆ ਹੈ, ਨਿਰਗੁਣ ਰੂਪ ਵਿੱਚ ਮੇਲ ਹੋਇਆ ਹੈ ਉਨ੍ਹਾਂ ਸਭ ਨੇ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਇਹੀ ਸਮਝਾਇਆ ਹੈ ਜੋ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਦੱਸਿਆ ਹੋਇਆ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਦਾ ਇਹੀ ਤਰੀਕਾ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ ਕਿਉਂਕਿ ਪ੍ਰਮਾਤਮਾ ਨਿਰਗੁਣ ਰੂਪ ਹੈ, ਉਹ ਪੰਜਾਂ ਤੱਤਾਂ ਤੋਂ ਬਾਹਰ ਹੈ ਤੇ ਸਾਡੇ ਮਨ ਦਾ ਗਿਆਨ ਨਿਰਗੁਣ ਰੂਪ ਹੈ, ਪੰਜਾਂ ਤੱਤਾਂ ਤੋਂ ਬਾਹਰ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਤੇ ਗਿਆਨ ਦਾ ਕੋਈ ਅੰਤ ਨਹੀਂ ਹੈ। ਉਸ ਗਿਆਨ ਰੂਪ ਪ੍ਰਮਾਤਮਾ ਦੀ ਸੋਝੀ ਮਨ ਦੇ ਵਿੱਚੋਂ ਗਿਆਨ ਰਾਹੀਂ ਹੀ ਪੈਂਦੀ ਹੈ ਤੇ ਗਿਆਨ ਰਾਹੀਂ ਹੀ ਮਨੁੱਖ ਉਸਦੇ ਸੱਚੇ ਗਿਆਨ ਵਿੱਚ ਸਮਾਅ ਜਾਂਦਾ ਹੈ, ਬ੍ਰਹਮਗਿਆਨ ਰਾਹੀਂ ਉਸ ਬ੍ਰਹਮਗਿਆਨ ਦੇ ਮਾਲਕ ਵਿੱਚ ਸਮਾਅ ਜਾਂਦਾ ਹੈ ਭਾਵ

28/3161

ਮਨ ਦੇ ਵਿੱਚ ਬ੍ਰਹਮਗਿਆਨ ਦੇ ਮਾਲਕ ਬ੍ਰਹਮਗਿਆਨੀ ਦੇ ਨਾਲ ਮੇਲ ਹੋ ਜਾਂਦਾ ਹੈ।

ਜਿਵੇਂ ਕਿ ਅਸੀਂ ਪਿੱਛੇ ਵਾਰ-ਵਾਰ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੀ ਅਗਿਆਨਤਾ ਕਰਕੇ ਹੈ, ਭਰਮ ਕਰਕੇ ਹੈ। ਜਦੋਂ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਹ ਮਨ ਦੇ ਵਿੱਚੋਂ ਮਨੁੱਖ ਦਾ ਇਹ ਭਰਮ ਰੂਪ ਪੜਦਾ ਹੀ ਕੱਢਦਾ ਹੈ, ਕੂੜੇ ਦੀ ਪਾਲਿ ਹੀ ਕੱਢਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਸ਼ਬਦ ਦੇ ਰੂਪ ਵਿੱਚ ਹੈ ਤੇ ਪ੍ਰਮਾਤਮਾ ਦਾ ਸ਼ਬਦ ਰੂਪ ਹੀ ਉਸਦਾ ਰਤਨ ਰੂਪ ਹੈ ਜਿਸ ਦੁਆਰਾ ਉਹ ਆਪਣੀ ਉੱਚੀ ਸੋਝੀ ਪਾਉਂਦਾ ਹੈ। ਪ੍ਰਮਾਤਮਾ ਦਾ ਇਹ ਰਤਨ ਰੂਪ, ਸ਼ਬਦ ਰੂਪ ਗਿਆਨ ਰੂਪ ਹੈ ਜਿਸ ਦੁਆਰਾ ਉਹ ਸਭ ਦੇ ਅੰਦਰ ਸੋਝੀ ਪਾਉਂਦਾ ਹੈ। ਸਭ ਦੇ ਅੰਦਰ ਸੋਝੀ ਪਾਉਣ ਵਾਲਾ, ਆਪਣਾ ਗਿਆਨ ਪਾਉਣ ਵਾਲਾ ਪ੍ਰਮਾਤਮਾ ਆਪ ਹੈ। ਸਾਡੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਗਿਆਨ ਰਤਨ ਦੁਆਰਾ ਹੀ ਪ੍ਰਗਟ ਕਰਦਾ ਹੈ ਤੇ ਮਨ ਦੇ ਵਿੱਚ ਆਪ ਹੀ ਆਪਣੇ ਹੋਣ ਦੀ ਸੋਝੀ ਪਾਉਂਦਾ ਹੈ ਤੇ ਆਪਣੇ ਸੱਚੇ ਗਿਆਨ ਦੇ ਨਾਲ ਜੋੜਦਾ ਹੈ। ਇਹ ਕੇਵਲ ਗੁਰਪ੍ਰਸਾਦਿ ਹੈ ਭਾਵ ਉਸਦੀ ਆਪਣੀ ਕ੍ਰਿਪਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਅਗਿਆਨਤਾ ਦੇ ਪੜਦੇ ਵਿੱਚੋਂ ਕੱਢਦਾ ਹੈ, ਤ੍ਰੈਗੁਣਾਂ ਵਿੱਚੋਂ, ਮਾਇਆ ਮੋਹ ਦੀ ਜੁਗਤਿ ਵਿੱਚੋਂ ਕੱਢਦਾ ਹੈ ਤੇ ਮਨ ਦੇ ਗਿਆਨ ਦੁਆਰਾ ਉਹ ਸਾਨੂੰ ਜਗਾਉਂਦਾ ਹੈ ਜਿਸ ਦੁਆਰਾ ਮਨੁੱਖ ਸਦਾ ਹੀ ਜਾਗਦਾ ਰਹਿੰਦਾ ਹੈ ਤੇ ਆਪਣੇ ਘਰ ਨੂੰ ਚੋਰਾਂ ਤੋਂ ਭਾਵ ਔਗੁਣਾਂ ਤੋਂ ਬਚਾ ਕੇ ਰੱਖਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਭਾਵ ਮਨ ਦੇ ਵਿੱਚੋਂ ਅਗਿਆਨਤਾ ਨਿਕਲਣ ਦੁਆਰਾ ਉਸ ਸਚੁ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਆਪਣਾ ਸੱਚ ਆਪ ਹੀ ਸਮਝਾਉਂਦਾ ਹੈ ਤੇ ਉਸ ਉੱਤੇ ਚਲਾਉਂਦਾ ਹੈ। ਪ੍ਰਮਾਤਮਾ ਦੀ ਸੇਵਾ, ਉਸਦੀ ਭਗਤੀ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦੀ ਹੈ, ਉਸਦਾ ਨਾਮ ਮਨ ਦੀ ਇਸ ਅਵੱਸਥਾ ਦੁਆਰਾ ਹੀ ਜਪਿਆ ਜਾਂਦਾ ਹੈ **(ਗਿਆਨ ਰਤਨਿ ਸਭ ਸੋਝੀ ਹੋਇ॥ ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ॥੧॥ਰਹਾਉ॥)**

ਸਾਡੇ ਅੰਦਰ ਗਿਆਨ ਰਤਨ ਦਾ ਪ੍ਰਗਟ ਹੋਣਾ ਜਾਂ ਨਾਮ ਦੀ ਪ੍ਰਾਪਤੀ ਹੋਣਾ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਮਨ ਦੇ ਵਿੱਚ ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੈ, ਚੌਥੇ ਪਦ ਦੀ ਪ੍ਰਾਪਤੀ ਹੈ, ਬ੍ਰਹਮਗਿਆਨ ਦੀ ਪ੍ਰਾਪਤੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਆਪਣਾ ਨਾਮ ਕਿਸੇ ਨੂੰ ਉਹ ਪ੍ਰਮਾਤਮਾ ਆਪ ਹੀ ਦਿੰਦਾ ਹੈ, ਆਪਣੇ ਮੇਲ ਦੁਆਰਾ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ।

28/3162

{ਜਿਸੁ ਭਾਵੈ ਤਿਸੁ ਆਪੇ ਦੇਇ॥ ਗੁਰਮੁਖਿ ਨਾਮੁ ਪਦਾਰਥੁ ਲੇਇ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥੧੦॥}

(ਅੰਗ ੧੦੬੯)

{ਅਹਿਨਿਸਿ ਅੰਧੁਲੇ ਦੀਪਕੁ ਦੇਇ॥ ਭਉਜਲ ਡੂਬਤ ਚਿੰਤ ਕਰੇਇ॥
ਕਹਹਿ ਸੁਣਹਿ ਜੋ ਮਾਨਹਿ ਨਾਉ॥ ਹਉ ਬਲਿਹਾਰੈ ਤਾ ਕੈ ਜਾਉ॥
ਨਾਨਕੁ ਏਕ ਕਹੈ ਅਰਦਾਸਿ॥ ਜੀਉ ਪਿੰਡੁ ਸਭੁ ਤੇਰੈ ਪਾਸਿ॥੩॥
ਜਾਂ ਤੂੰ ਦੇਹਿ ਜਪੀ ਤੇਰਾ ਨਾਉ॥ ਦਰਗਹ ਬੈਸਣ ਹੋਵੈ ਥਾਉ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ॥ ਗਿਆਨ ਰਤਨੁ ਮਨਿ ਵਸੈ ਆਇ॥
ਨਦਰਿ ਕਰੇ ਤਾ ਸਤਿਗੁਰੁ ਮਿਲੈ॥ ਪ੍ਰਣਵਤਿ ਨਾਨਕੁ ਭਵਜਲੁ ਤਰੈ॥੪॥੧੮॥}

(ਅੰਗ ੩੫੪)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ॥

ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ॥੪॥੧੦॥}

(ਅੰਗ ੯੯੨)

ਸਲੋਕ ਮਃ ੩॥
{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ॥
ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ॥
ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ॥
ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ॥੧॥}

(ਅੰਗ ੫੯੯)

ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਜੋ ‘‘ਰਤਨੁ’’ ਹੈ ਉਹੀ ‘‘ਸਬਦੁ’’ ਹੈ ਭਾਵ ਇੱਕੋ ਹੀ ਗੱਲ ਹੈ। ਸ਼ਬਦ ਦੇ ਅੰਦਰ ਦੀ ਸੋਝੀ ਸ਼ਬਦ ਦਾ ਰਤਨ ਹੈ ਜਿਸ ਦੀ ਕੀਮਤ ਬਹੁਤ ਉੱਚੀ ਹੈ, ਜੋ ਰਤਨ ਦੀ ਤਰ੍ਹਾਂ ਖਰੀ ਹੈ ਭਾਵ ਜੋ ਬਿਲਕੁਲ ਖੋਟ ਤੋਂ ਰਹਿਤ ਹੈ। ਸ਼ਬਦ ਦੇ ਅੰਦਰ ਦੀ ਵਿਚਾਰ ਸ਼ਬਦ ਦੁਆਰਾ ਪਾਈ ਹੋਈ ਸੋਝੀ ਹੈ ਜੋ ਕਿ ਸ਼ਬਦ ਦਾ ਰਤਨ ਹੈ। ਪ੍ਰਮਾਤਮਾ ਇਸ ‘‘ਰਤਨੁ’’ ਦੇ ਰੂਪ ਵਿੱਚ ਹੈ, ਸ਼ਬਦ ਦੇ ਰਤਨ ਦੇ ਰੂਪ ਵਿੱਚ ਹੈ ਭਾਵ ਸ਼ਬਦ ਦੁਆਰਾ ਪਾਈ ਹੋਈ ਸੋਝੀ ਦੇ ਰੂਪ ਵਿੱਚ ਹੈ, ਸ਼ਬਦ ਦੁਆਰਾ ਦਿੱਤੇ ਹੋਏ ਗਿਆਨ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥}

(ਅੰਗ ੧੨੦)

ਗੁਰੂ ਦੇ ਸ਼ਬਦ ਦੁਆਰਾ ਸਾਨੂੰ ਜੋ ਵੀ ਸੋਝੀ ਪਾਈ ਗਈ ਹੈ ਉਹ ਸ਼ਬਦ ਦਾ ਰਤਨ ਹੈ ਤੇ ਪ੍ਰਮਾਤਮਾ ਇਸ ਰਤਨ ਦੇ ਰੂਪ ਵਿੱਚ ਹੈ। ਸ਼ਬਦ ਦੀ ਸੋਝੀ ਹੀ

ਨਾਮ ਰਤਨ ਹੈ। ਸ਼ਬਦ ਦੁਆਰਾ ਸਾਨੂੰ ਜੋ ਸੋਝੀ ਪਾਈ ਗਈ ਹੈ ਉਹ ਬ੍ਰਹਮਗਿਆਨ ਹੈ ਜੋ ਕਿ ਨਾਮ ਰਤਨ ਹੈ। ਪ੍ਰਮਾਤਮਾ ਆਪਣੇ ਸ਼ਬਦ ਰਤਨ ਦੇ ਰੂਪ ਵਿੱਚ ਹੀ ਵਿਚਰਦਾ ਹੈ ਭਾਵ ਆਪਣੇ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਗਿਆਨ ਰਤਨ ਰੂਪ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਬਣਾ ਕੇ ਉਸ ਨੂੰ ਚਲਾ ਰਿਹਾ ਹੈ। ਹਰ ਵਸਤੂ ਵਿੱਚ ਗਿਆਨ ਰੂਪ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ। ਸਾਡੇ ਅੰਦਰ ਸੋਝੀ ਪਾਉਣ ਵਾਲਾ ਉਹ ਆਪ ਹੀ ਹੈ ਪਰ ਜਦ ਤੱਕ ਕਿਸੇ ਦੇ ਅੰਦਰ ਉਹ ਆਪਣਾ ਗਿਆਨ ਰਤਨ ਰੂਪ ਪ੍ਰਗਟ ਨਹੀਂ ਕਰਦਾ ਕੋਈ ਵੀ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਗਿਆਨ ਦਾ ਮਾਲਕ ਕੌਣ ਹੈ, ਗਿਆਨ ਰੂਪ ਸੋਝੀ ਦਾ ਸ੍ਰੋਤ ਕੌਣ ਹੈ।

{ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥}

(ਅੰਗ ੧੦੬੯)

{ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ॥}

(ਅੰਗ ੫੯੯)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਮੂਰਖ ਕਿਸ ਲਈ ਕਿਹਾ ਹੈ ਤੇ ਸਾਡਾ ਜੰਮਣ ਮਰਨ ਕਿਸ ਕਾਰਨ ਹੈ, ਸਾਡੀ ਖੁਆਰੀ ਕਿਸ ਕਾਰਨ ਹੈ। "ਰਤਨੁ" ਸਾਡੇ ਸਭ ਦੇ ਅੰਦਰ ਹੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵਿਚਰਦਾ ਹੈ ਭਾਵ ਗਿਆਨ ਦੀ ਸੋਝੀ ਦੇ ਰੂਪ ਵਿੱਚ ਵਿਚਰਦਾ ਹੈ। ਉਸ "ਰਤਨੁ" ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ ਇਹ ਕੋਈ ਨਹੀਂ ਜਾਣ ਸਕਦਾ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ ਭਾਵ ਸਾਡੇ ਅੰਦਰੋਂ ਸੋਚ ਕਿਵੇਂ ਉਪਜਦੀ ਹੈ, ਸਾਡੇ ਅੰਦਰ ਵਿਚਾਰ ਪਾਉਣ ਵਾਲਾ ਕੌਣ ਹੈ ਭਾਵ ਸਾਨੂੰ ਮਨ ਦੇ ਗਿਆਨ ਰਾਹੀਂ, ਮਨ ਦੀ ਸੋਝੀ ਰਾਹੀਂ ਚਲਾਉਣ ਵਾਲਾ ਕੌਣ ਹੈ। ਇਸ ਗੱਲ ਨੂੰ ਕੋਈ ਤਾਂ ਹੀ ਸਮਝ ਸਕਦਾ ਹੈ ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਆਪਣਾ ਗਿਆਨ ਰਤਨ ਰੂਪ ਪ੍ਰਗਟ ਕਰ ਦਿੰਦਾ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਸਾਡੇ ਮਨ ਦੇ ਵਿੱਚ ਭਾਵ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਭਾਵ ਮਨੁੱਖੀ ਰੂਪ ਵਿੱਚ ਉਹ ਆਪ ਹੀ ਵਿਚਰ ਰਿਹਾ ਹੈ ਤੇ ਇਸ ਗੱਲ ਦੀ ਸਮਝ ਲੱਗੇ ਬਿਨ੍ਹਾਂ ਹਰ ਕੋਈ ਮਨੁੱਖੀ ਰੂਪ ਵਿੱਚ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਦਾ ਹੈ, ਆਪਣੀ ਵੱਖਰੀ ਹੋਂਦ ਸਮਝਦਾ ਹੈ। ਇਹ ਸਾਡੀ "ਮੈਂ" ਹੈ, ਹਉਮੈ ਹੈ ਜਿਸ ਦਾ ਕਾਰਨ ਸਾਡੇ ਮਨ ਦਾ ਭਰਮ ਹੈ, ਅਗਿਆਨਤਾ ਹੈ। ਮਨ ਦੇ ਵਿੱਚ ਗਿਆਨ ਰਤਨ ਦੇ ਪ੍ਰਗਟ ਹੋਏ ਬਿਨ੍ਹਾਂ ਕਿਸੇ ਦੀ ਅਗਿਆਨਤਾ ਨਹੀਂ ਨਿਕਲ ਸਕਦੀ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ ਅਗਿਆਨਤਾ ਨਹੀਂ ਨਿਕਲ ਸਕਦੀ, "ਮੈਂ" ਨਹੀਂ ਨਿਕਲ ਸਕਦੀ, ਹਉਮੈ ਨਹੀਂ ਨਿਕਲ ਸਕਦੀ। ਉੱਪਰ ਪੰਗਤੀਆਂ

28/3164

ਰਾਹੀਂ ਸਾਨੂੰ ਇਸੇ ਲਈ ਮੂਰਖ ਕਿਹਾ ਹੈ ਕਿ ਅਸੀਂ ਆਪਣਾ ਆਪ ਗਿਣਾਉਂਦੇ ਹਾਂ ਭਾਵ ਆਪਣੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਸਮਝਦੇ ਹਾਂ ਜਦਕਿ ਸਾਡੀ ਕੋਈ ਵੱਖਰੀ ਹੋਂਦ ਨਹੀਂ ਹੈ, ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਹਰ ਸਰਗੁਣ ਰੂਪ ਹੋਂਦ ਵਿੱਚ ਉਹ ਆਪ ਹੀ ਹੈ ਪਰ ਮਨ ਦੀ ਅਗਿਆਨਤਾ ਦੇ ਕਾਰਨ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ। **(ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ॥) (ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥)**

ਸਾਨੂੰ ਸੱਚੀ ਸੋਝੀ ਕੇਵਲ ਗੁਰੂ ਦੇ ਸ਼ਬਦ ਦੁਆਰਾ ਪੈ ਸਕਦੀ ਹੈ, ਸ਼ਬਦ ਰਤਨ ਦੁਆਰਾ ਪੈ ਸਕਦੀ ਹੈ। ਜਿਸਨੂੰ ਗੁਰੂ ਦੇ ਸ਼ਬਦ ਦੀ ਕਦਰ ਹੈ ਭਾਵ ਜਿਸ ਨੂੰ ਗੁਰੂ ਦੇ ਗਿਆਨ ਦੀ ਕਦਰ ਹੈ ਉਹ ਸ਼ਬਦ ਦੀ ਵਿਚਾਰ ਦੇ ਨਾਲ ਜੁੜਦਾ ਹੈ ਭਾਵ ਸ਼ਬਦ ਦੀ ਦਿੱਤੀ ਹੋਈ ਮਤਿ ਦੇ ਨਾਲ ਜੁੜਦਾ ਹੈ। ਜੋ ਕੇਵਲ ਸ਼ਬਦ ਰੂਪ ਅੱਖਰ ਨੂੰ ਹੀ ਰਟੀ ਜਾਂਦੇ ਹਨ ਉਨ੍ਹਾਂ ਨੂੰ ਸ਼ਬਦ ਰਤਨ ਦੀ ਕਦਰ ਨਹੀਂ ਹੈ, ਸਾਰ ਨਹੀਂ ਹੈ ਭਾਵ ਉਸਦੇ ਮਕਸਦ ਦੀ ਸਮਝ ਨਹੀਂ ਹੈ ਤੇ ਇਸੇ ਲਈ ਉਨ੍ਹਾਂ ਨੂੰ ਅਗਿਆਨੀ ਕਿਹਾ ਹੈ, ਅੰਧੇ ਕਿਹਾ ਹੈ, ਅਗਿਆਨਤਾ ਦੇ ਭਰੇ ਹੋਏ ਕਿਹਾ ਹੈ ਕਿਉਂਕਿ ਉਨ੍ਹਾਂ ਨੂੰ ਇਹ ਸਮਝ ਹੀ ਨਹੀਂ ਕਿ ਸ਼ਬਦ ਦਾ ਮਕਸਦ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਵਿਚਾਰਨ ਦਾ ਹੈ ਭਾਵ ਸ਼ਬਦ ਕੋਲੋਂ ਸੋਝੀ ਲੈ ਕੇ ਉਸ ਦੁਆਰਾ ਆਪਣੀ ਸੋਝੀ ਨੂੰ ਸੁਧਾਰਨ ਦਾ ਹੈ। **(ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ॥)** ਜੇਕਰ ਧਿਆਨ ਨਾਲ ਦੇਖੋ ਤਾਂ ਸਾਰੇ ਪਾਸੇ ਇਹੋ ਜਿਹੀ ਅਗਿਆਨਤਾ ਦਾ ਪ੍ਰਚਾਰ ਹੀ ਹੋ ਰਿਹਾ ਹੈ। ਜੋ ਆਪ ਅਗਿਆਨੀ ਹਨ ਭਾਵ ਜੋ ਆਪ ਸ਼ਬਦਾਂ ਨੂੰ ਰਟਣ ਵਾਲੇ ਹਨ ਉਹ ਪ੍ਰਚਾਰ ਵੀ ਇਹੋ ਜਿਹੀ ਅਗਿਆਨਤਾ ਦਾ ਕਰਦੇ ਹਨ ਜਿਸ ਨਾਲ ਗੁਰੂ ਦੇ ਸ਼ਬਦ ਦਾ ਮਕਸਦ ਪੂਰਾ ਨਹੀਂ ਹੋ ਸਕਦਾ ਕਿ ਗੁਰੂ ਨੇ ਸ਼ਬਦ ਰਾਹੀਂ ਸਾਨੂੰ ਕੀ ਸਮਝਾਇਆ ਹੈ ਭਾਵ ਗੁਰੂ ਦੁਆਰਾ ਉਸ ਸ਼ਬਦ ਨੂੰ ਲਿਖਣ ਦਾ ਮਕਸਦ ਕੀ ਹੈ। ਜੇ ਮਕਸਦ ਰਟੀ ਜਾਣ ਨਾਲ ਹੀ ਹੈ ਫਿਰ ਸ਼ਬਦ ਵਿੱਚ ਜੋ ਕੁੱਝ ਮਰਜ਼ੀ ਲਿਖਿਆ ਹੋਵੇ ਉਸ ਨਾਲ ਕੀ ਫਰਕ ਪੈਂਦਾ ਹੈ। ਗੁਰੂ ਦੁਆਰਾ ਸਾਨੂੰ ਇਤਨਾ ਗਹਿਰਾ ਗਿਆਨ ਦੇਣ ਦਾ ਮਕਸਦ ਹੀ ਕੀ ਰਹਿ ਗਿਆ ਜੇਕਰ ਅਸੀਂ ਉਸਨੂੰ ਪੜ੍ਹ ਕੇ ਸਮਝਿਆ ਹੀ ਨਹੀਂ ਤੇ ਮੰਨਿਆ ਹੀ ਨਹੀਂ ਭਾਵ ਕੇਵਲ ਕਥਨੀ ਨਾਲ ਜੁੜੇ ਰਹਿਣ ਦੁਆਰਾ ਗੁਰੂ ਦੇ ਸ਼ਬਦ ਦਾ ਮਕਸਦ ਪੂਰਾ ਨਹੀਂ ਹੋ ਸਕਦਾ ਤੇ ਇਹੀ ਗੱਲ ਅਸੀਂ ਪਿੱਛੇ ਮੁੱਖ ਸ਼ਬਦ ਦੁਆਰਾ ਸਮਝੀ ਹੈ। **(ਗਿਆਨ ਰਤਨਿ ਸਭ ਸੋਝੀ ਹੋਇ॥ ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ॥੧॥ਰਹਾਉ॥)** ਇਨ੍ਹਾਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ ਕਿਉਂਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਸੋਝੀ ਦੁਆਰਾ ਹੀ ਹੁੰਦਾ ਹੈ। ਸ਼ਬਦ ਦੀ ਸੋਝੀ ਦੁਆਰਾ ਸਾਡੇ ਮਨ ਦੀ ਅਵੱਸਥਾ ਤੇ ਕੀ ਫਰਕ ਪੈਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

28/3165

“ਮੋਹੁ ਗੁਮਾਨੁ ਗੁਰ ਸਬਦਿ ਜਲਾਏ॥ ਪੂਰੇ ਗੁਰ ਤੇ ਸੋਝੀ ਪਾਏ॥

ਅੰਤਰਿ ਮਹਲੁ ਗੁਰ ਸਬਦਿ ਪਛਾਣੈ॥ ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ॥੨॥”

ਉੱਪਰ ਪਹਿਲੀ ਪੰਗਤੀ ਰਾਹੀਂ ਹੀ ਸ਼ਬਦ ਦਾ ਮਕਸਦ ਸਮਝਾਇਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਸ਼ਬਦ ਦੁਆਰਾ ਸੋਝੀ ਪਾਉਂਦਾ ਹੈ, ਆਪਣੇ ਮੇਲ ਦੁਆਰਾ ਸੋਝੀ ਪਾਉਂਦਾ ਹੈ ਉਸਨੂੰ ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ, ਹਉਮੈ ਵਿੱਚੋਂ ਕੱਢ ਲੈਂਦਾ ਹੈ ਕਿਉਂਕਿ ਉਸਦੇ ਅੰਦਰ ਫਿਰ ਸ਼ਬਦ ਦੀ ਮਤਿ ਵੱਸ ਜਾਂਦੀ ਹੈ ਜਿਸ ਦੁਆਰਾ ਉਹ ਧਰਮ ਦੇ ਮਾਰਗ ਤੇ ਚੱਲਦਾ ਹੈ ਤੇ ਉਸਦੀ ਆਪਣੀ ਮਤਿ ਖ਼ਤਮ ਹੋ ਜਾਂਦੀ ਹੈ। ਸ਼ਬਦ ਦੁਆਰਾ ਸੋਝੀ ਮਨ ਦੇ ਵਿੱਚ ਉਹ ਪੂਰਾ ਗੁਰੂ ਭਾਵ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਦਾ “ਮਹਲੁ” ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਮਨ ਦੇ ਰੂਪ ਵਿੱਚ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਲੁ ਦੀ ਪਛਾਣ ਸ਼ਬਦ ਦੀ ਸੋਝੀ ਦੁਆਰਾ ਹੀ ਪੈਂਦੀ ਹੈ, ਸ਼ਬਦ ਦੇ ਗਿਆਨ ਦੁਆਰਾ ਹੀ ਪੈਂਦੀ ਹੈ ਭਾਵ ਉਸ ਗਿਆਨ ਦੁਆਰਾ ਪੈਂਦੀ ਹੈ ਜੋ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਪਾਉਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸ ਦੇ ਸ਼ਬਦ ਦੁਆਰਾ ਉਸਦਾ ਸੱਚਾ ਗਿਆਨ ਹੀ ਮਿਲਦਾ ਹੈ ਜੋ ਸਾਡੇ ਮਨ ਨੂੰ ਅਡੋਲਤਾ ਵਿੱਚ ਲਿਆਉਂਦਾ ਹੈ ਕਿਉਂਕਿ ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਮਾਇਆ ਮੋਹ ਵਿੱਚੋਂ, ਔਗੁਣਾਂ ਵਿੱਚੋਂ ਨਿਕਲ ਜਾਂਦਾ ਹੈ ਤੇ ਉਸਦਾ ਮਨ ਫਿਰ ਮਾਇਆ ਮੋਹ ਵਿੱਚ ਨਹੀਂ ਡੋਲਦਾ। ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਫਿਰ ਮਨੁੱਖ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਭਾਵ ਬ੍ਰਹਮਗਿਆਨ ਵਿੱਚ ਸਮਾਇਆ ਰਹਿੰਦਾ ਹੈ ਤੇ ਇਹੀ ਉਸਦੇ ਨਾਮ ਵਿੱਚ ਸਮਾਉਣਾ ਹੈ ਭਾਵ ਪ੍ਰਮਾਤਮਾ ਨੂੰ ਪਾਉਣਾ ਸਾਡੇ ਮਨ ਦੀ ਸੋਝੀ ਦੇ ਨਾਲ, ਮਨ ਦੇ ਗਿਆਨ ਦੇ ਨਾਲ ਜੁੜਿਆ ਹੋਇਆ ਹੈ ਤੇ ਇਸੇ ਲਈ ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਫਿਰ ਸਾਨੂੰ ਸ਼ਬਦ ਦੀ ਸੋਝੀ ਦੇ ਨਾਲ ਜੁੜਨ ਦੀ ਲੋੜ ਹੈ ਤਾਂ ਜੋ ਅਸੀਂ ਉਸ ਸੋਝੀ ਦੇ ਮਾਲਕ ਤੱਕ ਪਹੁੰਚ ਸਕੀਏ, ਉਸਦੇ ਮਹਲੁ ਤੱਕ ਪਹੁੰਚ ਸਕੀਏ ਜੋ ਕਿ ਸਾਡੇ ਅੰਦਰ ਹੀ ਹੈ, ਮਨ ਦੇ ਰੂਪ ਵਿੱਚ ਹੀ ਹੈ। ਸਾਡਾ ਆਵਾਗਉਣ ਤਾਂ ਹੀ ਮੁੱਕਣਾ ਹੈ ਜਦੋਂ ਅਸੀਂ ਪ੍ਰਮਾਤਮਾ ਦੇ “ਮਹਲੁ” ਨੂੰ ਆਪਣੇ ਅੰਦਰੋਂ ਪਹਿਚਾਣ ਲਵਾਂਗੇ, ਮਨ ਦੀ ਸੋਝੀ ਦੁਆਰਾ ਪਹਿਚਾਣ ਲਵਾਂਗੇ, ਮਨ ਦੇ ਗਿਆਨ ਦੁਆਰਾ ਪਹਿਚਾਣ ਲਵਾਂਗੇ, ਮਨ ਦੀਆਂ ਅੱਖਾਂ ਦੁਆਰਾ ਪਹਿਚਾਣ ਲਵਾਂਗੇ, ਦਿਬ ਦ੍ਰਿਸ਼ਟਿ ਦੁਆਰਾ ਪਹਿਚਾਣ ਲਵਾਂਗੇ। **(ਮੋਹੁ ਗੁਮਾਨੁ ਗੁਰ ਸਬਦਿ ਜਲਾਏ॥ ਪੂਰੇ ਗੁਰ ਤੇ ਸੋਝੀ ਪਾਏ॥ ਅੰਤਰਿ ਮਹਲੁ ਗੁਰ ਸਬਦਿ ਪਛਾਣੈ॥ ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ॥੨॥)**

28/3166

ਅਸੀਂ ਜੰਮਣ ਮਰਨ ਵਿੱਚ ਕਿਸ ਲਈ ਹਾਂ, ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਕਿਸ ਲਈ ਹਾਂ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜੰਮਣੁ ਮਰਣਾ ਹੈ ਸੰਸਾਰੁ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ॥

ਪਰ ਨਿੰਦਾ ਬਹੁ ਕੂੜੁ ਕਮਾਵੈ॥ ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ॥੩॥”

ਸਾਡੇ ਜਨਮ ਮਰਨ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਮਾਇਆ ਮੋਹ ਹੈ ਜਿਸ ਕਰਕੇ ਹਰ ਕੋਈ ਮਨਮੁਖ ਹੈ। ਮਾਇਆ ਮੋਹ ਵਿੱਚ ਰਹਿਣ ਕਰਕੇ ਹੀ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹਨ, ਸ਼ਬਦ ਦੀ ਸੋਝੀ ਅਨੁਸਾਰ ਨਹੀਂ ਹਨ, ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹਨ ਭਾਵ ਸੱਚ ਅਨੁਸਾਰ ਨਹੀਂ ਹਨ ਤੇ ਇਹੋ ਜਿਹੇ ਕਰਮਾਂ ਦੁਆਰਾ ਅਸੀਂ ਅਨੇਕਾਂ ਦਾ ਮਾੜਾ ਕਰਦੇ ਹਾਂ ਜੋ ਕਿ ਪਰ ਨਿੰਦਾ ਹੈ ਕਿਸੇ ਨੂੰ ਭਗਤੀ ਦੀ ਗਲਤ ਸੋਝੀ ਪਾਉਣਾ ਵੀ ਸਾਡਾ ਮਾੜਾ ਕਰਮ ਹੈ, ਸਾਡੇ ਅੰਦਰ ਦਾ ਮਾਇਆ ਮੋਹ ਹੈ, ਅਗਿਆਨਤਾ ਹੈ। ਸਾਡੇ ਅੰਦਰ ਦੀ ਇਹ ਅਗਿਆਨਤਾ ਹੀ, ਮਾਇਆ ਮੋਹ, ਹਉਮੈ ਹੀ ਸਾਡੇ ਅੰਦਰ ਦੀ ਵਿਸ਼ਟਾ ਹੈ ਤੇ ਇਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਫਿਰ ਤੋਂ ਇਸ ਵਿਸ਼ਟਾ ਵਿੱਚ ਪੈ ਜਾਂਦੇ ਹਾਂ, ਆਵਾਗਉਣ ਵਿੱਚ ਪੈ ਜਾਂਦੇ ਹਾਂ। ਇਸ ਵਿਸ਼ਟਾ ਵਿੱਚੋਂ ਨਿਕਲਣ ਦਾ ਰਸਤਾ ਸ਼ਬਦ ਦੀ ਵਿਚਾਰ ਹੈ, ਸ਼ਬਦ ਦੀ ਸੋਝੀ ਹੈ ਜਿਸ ਨੂੰ ਆਪਣੇ ਅੰਦਰ ਵਸਾ ਕੇ ਅਸੀਂ ਇਸ ਦੇ ਵਿੱਚੋਂ ਨਿਕਲ ਸਕਦੇ ਹਾਂ। ਅਸੀਂ ਉੱਦਮ ਹੀ ਕਰਨਾ ਹੈ, ਸੱਚਾ ਉੱਦਮ ਕਰਨਾ ਹੈ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਦੁਆਰਾ ਆਪ ਹੀ ਇਸ ਵਿੱਚੋਂ ਕੱਢਦਾ ਹੈ। **(ਜੰਮਣੁ ਮਰਣਾ ਹੈ**

ਸੰਸਾਰੁ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ॥ ਪਰ ਨਿੰਦਾ ਬਹੁ ਕੂੜੁ ਕਮਾਵੈ॥ ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ॥੩॥)

ਸਿਰੀਰਾਗੁ ਮਹਲਾ ੩॥

{ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ॥

ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ॥੧॥}

(ਅੰਗ ੨੬)

ਇਸ ਵਿਸ਼ਟਾ ਵਿੱਚੋਂ, ਅਗਿਆਨਤਾ ਵਿੱਚੋਂ, ਆਵਾਗਉਣ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਤਸੰਗਤਿ ਮਿਲਿ ਸਭ ਸੋਝੀ ਪਾਏ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ॥

ਭਾਣਾ ਮੰਨੇ ਸਦਾ ਸੁਖੁ ਹੋਇ॥ ਨਾਨਕ ਸਚਿ ਸਮਾਵੈ ਸੋਇ॥੪॥੧੦॥੪੬॥"

ਉੱਪਰ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਹੀ ਇਹ ਸਮਝੋ ਕਿ ਸਤਸੰਗਤਿ

28/3167

ਦਾ ਮਕਸਦ ਕੀ ਹੈ। ਸਤਸੰਗਤਿ ਦਾ ਮਕਸਦ ਸੋਝੀ ਲੈਣ ਦੇ ਨਾਲ ਹੈ। ਸਾਨੂੰ ਸਭ ਸੋਝੀ ਭਾਵ ਸਾਰੀ ਸੋਝੀ ਭਾਵ ਧਰਮ ਦੇ ਮਾਰਗ ਤੇ ਚੱਲਣ ਦੀ ਹਰ ਸੋਝੀ ਭਾਵ ਪੂਰਨ ਸੋਝੀ ਸਤਸੰਗਤਿ ਰਾਹੀਂ ਲੈਣ ਲਈ ਸਮਝਾਇਆ ਹੋਇਆ ਹੈ ਭਾਵ ਇਸ ਤੋਂ ਬਾਹਰੋਂ ਸਾਨੂੰ ਧਰਮ ਦੇ ਮਾਰਗ ਦੀ ਸੋਝੀ, ਸੱਚੀ ਸੋਝੀ, ਇਹੋ ਜਿਹੀ ਸੋਝੀ ਨਹੀਂ ਮਿਲ ਸਕਦੀ। ਸਮਝਣ ਦੀ ਲੋੜ ਇਹ ਹੈ ਕਿ ਸਤਸੰਗਤਿ ਕੀ ਹੈ। ਸਤਸੰਗਤਿ ਸੱਚ ਦੀ ਸੰਗਤ ਹੈ ਜਿਸ ਦੀ ਸੰਗਤਿ ਕਰਕੇ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਪੂਰੀ ਗੁਰਬਾਣੀ ਵਿੱਚ ਸਤਸੰਗਤਿ ਹੈ। ਇਹ ਸੱਚੇ ਵਿਚਾਰਾਂ ਦੀ ਸੰਗਤਿ ਹੈ, ਸ਼ਬਦ ਦੇ ਵਿਚਾਰਾਂ ਦੀ ਸੰਗਤਿ ਹੈ। ਜਿੰਨ੍ਹਾਂ ਨੂੰ ਪਹਿਲੇ ਮਨ ਦੇ ਵਿੱਚ ਸਤਸੰਗਤਿ ਦੀ ਪ੍ਰਾਪਤੀ ਹੋਈ ਹੈ ਭਾਵ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਹੋਈ ਹੈ, ਮਨ ਦੇ ਵਿੱਚ ਸੱਚੇ ਵਿਚਾਰਾਂ ਦੇ ਨਾਲ ਸੰਗਤਿ ਹੋਈ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਤਸੰਗਤਿ ਦੀ ਰਚਨਾ ਕੀਤੀ ਹੈ, ਸੱਚੇ ਵਿਚਾਰਾਂ ਦੀ ਰਚਨਾ ਕੀਤੀ ਹੈ ਭਾਵ ਪ੍ਰਮਾਤਮਾ ਦੇ ਦਿੱਤੇ ਹੋਏ ਸੱਚੇ ਵਿਚਾਰਾਂ ਨੂੰ ਇੱਕ ਜਗ੍ਹਾ ਇਕੱਠਾ ਕੀਤਾ ਹੈ। ਅਸੀਂ ਇਸ ਸਤਸੰਗਤਿ ਦੇ ਨਾਲ ਮੇਲ ਕਰਨਾ ਹੈ ਤੇ ਇਸ ਸਤਸੰਗਤਿ ਦਾ ਮਕਸਦ ਉਸ ਵਿੱਚੋਂ ਸੋਝੀ ਲੈਣ ਦਾ ਹੈ, ਧਰਮ ਦੇ ਮਾਰਗ ਦੀ ਸਭ ਸੋਝੀ ਸਤਸੰਗਤਿ ਰਾਹੀਂ ਲੈਣ ਦਾ ਹੈ। **(ਸਤਸੰਗਤਿ ਮਿਲਿ ਸਭ ਸੋਝੀ ਪਾਏ॥)**

ਗੁਰਬਾਣੀ ਰਾਹੀਂ ਸਤਸੰਗਤਿ ਕਿਸ ਨੂੰ ਕਿਹਾ ਹੈ ਇਸ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ॥੪॥੪॥}

(ਅੰਗ ੧੦)

ਸਤਸੰਗਤਿ ਹੋਣ ਦੇ ਨਾਲ ਸਾਡੇ ਅੰਦਰ ਨਾਮ ਦਾ ਪ੍ਰਗਾਸ ਹੁੰਦਾ ਹੈ ਭਾਵ ਸੱਚੇ ਗਿਆਨ ਦਾ, ਬ੍ਰਹਮਗਿਆਨ ਦਾ ਪ੍ਰਗਾਸ ਹੁੰਦਾ ਹੈ ਤੇ ਇਹੀ ਸਤਸੰਗਤਿ ਦਾ ਮਕਸਦ ਹੈ।

{ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥੧॥ਰਹਾਉ॥}

(ਅੰਗ ੧੦)

{ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ॥

ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ॥}

(ਅੰਗ ੨੨)

{ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ॥
ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ॥੨॥}

(ਅੰਗ ੨੯)

28/3168

ਸਿਰੀਰਾਗੁ ਮਹਲਾ ੩॥
{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ॥੧॥}

(ਅੰਗ ੩੦)

{ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ॥ ਦੂਜਾ ਭਾਉ ਗੁਰ ਸਬਦਿ ਜਲਾਇਆ॥
ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ॥੬॥}

(ਅੰਗ ੧੨੯)

ਆਸਾ ਮਹਲਾ ੪॥
{ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ॥੧॥}

(ਅੰਗ ੩੬੮)

"ਸਤਸੰਗਤਿ" ਉਸ ਸੱਚੇ ਪ੍ਰਮਾਤਮਾ ਦੀ ਸੰਗਤਿ ਹੈ, ਉਸਦੀ ਨਿਰਗੁਣ ਰੂਪ ਸੰਗਤਿ ਹੈ ਤੇ ਉਸਦੀ ਸੰਗਤਿ ਹੋਣ ਨਾਲ ਉਸ ਕੋਲੋਂ ਗਿਆਨ ਹੀ ਮਿਲਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤੇ ਮਨ ਦੇ ਵਿੱਚੋਂ ਅਗਿਆਨਤਾ ਦਾ ਹਨ੍ਹੇਰਾ ਦੂਰ ਹੁੰਦਾ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

ਅਸੀਂ ਗੁਰਬਾਣੀ ਵਿੱਚੋਂ ਸਤਸੰਗਤਿ ਕਰਨ ਰਾਹੀਂ ਉਸ ਵਿੱਚੋਂ ਗਿਆਨ ਹੀ ਲੈਣਾ ਹੈ ਭਾਵ ਸੋਝੀ ਹੀ ਲੈਣੀ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੁਆਰਾ ਸਮਝਿਆ ਹੈ। **(ਸਤਸੰਗਤਿ ਮਿਲਿ ਸਭ ਸੋਝੀ ਪਾਏ॥)** ਗੁਰਬਾਣੀ ਵਿੱਚੋਂ ਸੋਝੀ ਅਸੀਂ ਗੁਰੂ ਦੇ ਸ਼ਬਦਾਂ ਰਾਹੀਂ ਲੈਣੀ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ॥"

ਉੱਪਰ ਸਾਨੂੰ ਗੁਰੂ ਦੇ ਸ਼ਬਦ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਕਿ ਅਸੀਂ ਸ਼ਬਦ ਨੂੰ ਆਪਣੇ ਅੰਦਰ ਕਿਸ ਤਰੀਕੇ ਦ੍ਰਿੜਾਉਣਾ ਹੈ। ਗੁਰੂ ਦੇ ਸ਼ਬਦਾਂ ਰਾਹੀਂ ਸਾਨੂੰ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੀ ਭਗਤੀ ਕਿਵੇਂ ਕਰਨੀ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ। ਅਸੀਂ ਗੁਰੂ ਦੀ ਭਗਤੀ ਨੂੰ ਆਪਣੇ ਅੰਦਰ ਦ੍ਰਿੜ ਕਰਨਾ ਹੈ ਭਾਵ ਸ਼ਬਦਾਂ ਦੁਆਰਾ ਪਾਈ ਹੋਈ ਸੋਝੀ ਨੂੰ ਆਪਣੇ ਅੰਦਰ ਦ੍ਰਿੜ ਕਰਨਾ ਹੈ ਭਾਵ ਆਪਣੇ ਅੰਦਰ ਟਿਕਾਉਣਾ ਹੈ ਤਾਂ ਜੋ ਸ਼ਬਦਾਂ ਦੀ ਸੋਝੀ ਦੁਆਰਾ ਅਸੀਂ ਵਿਚਰ ਸਕੀਏ। "ਸਤਸੰਗਤਿ" ਸ਼ਬਦਾਂ ਦੀ ਸੋਝੀ ਨੂੰ ਆਪਣੇ ਅੰਦਰੋਂ ਦ੍ਰਿੜ ਕਰਕੇ ਹੀ ਹੋਣੀ ਹੈ। ਜੇਕਰ ਕਿਸੇ ਸ਼ਬਦ ਨੂੰ ਵਾਰ-ਵਾਰ ਬੋਲੀ ਜਾਵਾਂਗੇ ਉਸਦਾ ਕੋਈ ਲਾਭ ਨਹੀਂ ਹੈ। ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਸੋਝੀ ਪਾਉਣ ਨਾਲ ਹੀ ਹੈ ਤੇ ਅਸੀਂ ਗੁਰੂ ਦੀ ਪਾਈ ਹੋਈ ਸੋਝੀ ਨੂੰ ਹੀ

28/3169

ਆਪਣੇ ਅੰਦਰ ਦ੍ਰਿੜ ਕਰਨਾ ਹੈ ਤਾਂ ਜੋ ਅਸੀਂ ਭਗਤੀ ਦੇ ਮਾਰਗ ਤੇ ਚੱਲ ਸਕੀਏ। ਸ਼ਬਦ ਦੀ ਸੋਝੀ ਨੂੰ ਆਪਣੇ ਅੰਦਰ ਦ੍ਰਿੜ ਕਰਨਾ ਹੀ ਆਪਣੇ ਅੰਦਰ ਨਾਮ ਨੂੰ ਦ੍ਰਿੜ ਕਰਨਾ ਹੈ। ਸ਼ਬਦਾਂ ਦੁਆਰਾ ਪਾਈ ਹੋਈ ਸੋਝੀ ਹੀ ਨਾਮ ਹੈ। **(ਸਤਸੰਗਤਿ ਮਿਲਿ ਸਭ ਸੋਝੀ ਪਾਏ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ॥)**

ਸ਼ਬਦਾਂ ਦੀ ਸੋਝੀ ਦੁਆਰਾ, ਸਤਸੰਗਤਿ ਦੁਆਰਾ ਸਾਨੂੰ ਭਗਤੀ ਦੀ ਕਿਹੋ ਜਿਹੀ ਸੋਝੀ ਪੈਂਦੀ ਹੈ ਭਾਵ ਭਗਤੀ ਦਾ ਮਾਰਗ ਕੀ ਹੈ, ਨਾਮ ਦ੍ਰਿੜ ਕਰਨ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਭਾਣਾ ਮੰਨੇ ਸਦਾ ਸੁਖੁ ਹੋਇ॥ ਨਾਨਕ ਸਚਿ ਸਮਾਵੈ ਸੋਇ॥੪॥੧੦॥੪੬॥”

ਗੁਰਬਾਣੀ ਰਾਹੀਂ ਸਾਨੂੰ ਵਾਰ-ਵਾਰ ਗੁਰੂ ਦੇ, ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣ ਲਈ ਹੀ ਸਮਝਾਇਆ ਹੈ ਤੇ ਇਹੀ ਉਸਦੀ ਭਗਤੀ ਹੈ, ਨਾਮ ਜਪਣਾ ਹੈ। ਜੋ ਗੁਰੂ ਨੂੰ ਭਾਉਂਦਾ ਹੈ, ਪ੍ਰਮਾਤਮਾ ਨੂੰ ਭਾਉਂਦਾ ਹੈ ਉਹ ਉਸਦਾ ਭਾਣਾ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਉਹੀ ਕੁੱਝ ਸਮਝਾਇਆ ਹੈ ਜੋ ਉਸਨੂੰ ਭਾਉਂਦਾ ਹੈ, ਜੋ ਉਸਨੂੰ ਚੰਗਾ ਲੱਗਦਾ ਹੈ ਭਾਵ ਜੋ ਉਸਦੀ ਰਜ਼ਾ ਹੈ। ਗੁਰਬਾਣੀ ਰਾਹੀਂ ਜੋ ਸਾਨੂੰ ਸਿੱਖਿਆ ਦਿੱਤੀ ਗਈ ਹੈ ਉਹ ਕੁੱਝ ਹੀ ਪ੍ਰਮਾਤਮਾ ਨੂੰ ਭਾਉਂਦਾ ਹੈ ਤੇ ਉਸਦੀ ਸਿੱਖਿਆ ਵਿੱਚ ਚੱਲਣਾ ਉਸਦੇ ਭਾਣੇ ਵਿੱਚ ਚੱਲਣਾ ਹੈ, ਉਸਦੇ ਭਾਣੇ ਨੂੰ ਮੰਨਣਾ ਹੈ। “ਸਦਾ ਸੁਖੁ” ਦੀ, ਸਦੀਵੀਂ ਸੁੱਖ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਤੇ ਇਹ ਪ੍ਰਾਪਤੀ ਉਸਦਾ ਭਾਣਾ ਮੰਨਣ ਦੁਆਰਾ ਹੀ ਹੁੰਦੀ ਹੈ ਭਾਵ ਉਸਦੀ ਸਿੱਖਿਆ ਅਨੁਸਾਰ ਵਿਚਰਨ ਵਿੱਚ ਹੀ ਹੁੰਦੀ ਹੈ। ਪ੍ਰਮਾਤਮਾ ਦਾ ਭਾਣਾ ਮੰਨਣ ਵਾਲਾ ਮਨੁੱਖ ਕਦੇ ਵੀ ਗੁਰੂ ਦੀ ਮਤਿ ਤੋਂ ਬਾਹਰ ਨਹੀਂ ਜਾ ਸਕਦਾ, ਕਦੇ ਮਾੜਾ ਕਰਮ ਨਹੀਂ ਕਰ ਸਕਦਾ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਸਿੱਖਿਆ ਸਾਨੂੰ ਸੱਚ ਤੇ ਚੱਲਣਾ ਸਿਖਾਉਂਦੀ ਹੈ ਤੇ ਸੱਚ ਤੇ ਚੱਲਣਾ ਹੀ ਉਸਦੇ ਭਾਣੇ ਵਿੱਚ ਚੱਲਣਾ ਹੈ। ਪ੍ਰਮਾਤਮਾ ਦੇ ਦੱਸੇ ਹੋਏ ਸੱਚ ਤੇ ਚੱਲ ਕੇ ਹੀ ਮਨੁੱਖ ਉਸ ਸਚੁ ਰੂਪ ਪ੍ਰਮਾਤਮਾ ਵਿੱਚ ਸਮਾਅ ਜਾਂਦਾ ਹੈ ਭਾਵ ਉਸਦੇ ਨਾਲ ਮੇਲ ਹੋ ਜਾਂਦਾ ਹੈ। ਮੇਲ ਉਸਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ ਪਰ ਸਾਡੇ ਲਈ ਉੱਦਮ ਇਹੀ ਹੈ ਕਿ ਅਸੀਂ ਸ਼ਬਦ ਦੀ ਸੋਝੀ ਅਨੁਸਾਰ ਵਿਚਰੀਏ, ਆਪਣੀ ਪੂਰੀ ਸੋਝੀ ਸਤਸੰਗਤਿ ਰਾਹੀਂ ਲਈਏ ਭਾਵ ਕਿਸੇ ਬਾਹਰ ਦੀ ਸੋਝੀ ਨਾਲ ਨਾ ਜੁੜੀਏ ਜਿੰਨ੍ਹਾਂ ਦੇ ਕੋਲ ਗੁਰਮਤਿ ਦੀ ਸੱਚੀ ਸੋਝੀ ਨਹੀਂ ਹੈ। **(ਸਤਸੰਗਤਿ ਮਿਲਿ ਸਭ ਸੋਝੀ ਪਾਏ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ॥ ਭਾਣਾ ਮੰਨੇ ਸਦਾ ਸੁਖੁ ਹੋਇ॥ ਨਾਨਕ ਸਚਿ ਸਮਾਵੈ ਸੋਇ॥੪॥੧੦॥੪੬॥)**

28/3170

ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਇਹ ਸਮਝਿਆ ਹੈ ਕਿ ਗੁਰੂ ਦੀ ਨਿੰਦਾ, ਸੰਤ ਦੀ ਨਿੰਦਾ ਕੀ ਹੈ, ਪਰ ਨਿੰਦਾ ਕੀ ਹੈ। ਜੋ ਵੀ ਕਰਮ ਅਸੀਂ ਗੁਰੂ ਦੀ ਮਤਿ ਦੇ ਉਲਟ ਕਰਦੇ ਹਾਂ ਉਹ ਸਾਡਾ ਮਾੜਾ ਕਰਮ ਹੈ ਜਿਸ ਦੁਆਰਾ ਅਸੀਂ ਆਪਣੀ ਮਨਮਤਿ ਨੂੰ ਉੱਚਾ ਕਰਦੇ ਹਾਂ, ਹਉਮੈ ਨੂੰ ਉੱਚਾ ਕਰਦੇ ਹਾਂ ਤੇ ਨਾਮ ਨੂੰ ਨੀਵਾਂ ਕਰਦੇ ਹਾਂ। ਆਪਣੇ ਇਹੋ ਜਿਹੇ ਕਰਮਾਂ ਦੁਆਰਾ ਅਸੀਂ ਗੁਰੂ ਦੀ ਨਿੰਦਾ ਕਰਨ ਦੇ ਨਾਲ ਉਸਦੇ ਨਾਲ ਵੈਰ ਕਮਾਉਂਦੇ ਹਾਂ, ਉਸਦੇ ਨਾਲ ਆਪਣਾ ਝਗੜਾ ਪਾਉਂਦੇ ਹਾਂ। ਗੁਰੂ ਨੂੰ ਕਿਸੇ ਨਾਲ ਵੈਰ ਨਹੀਂ ਹੈ ਤੇ ਉਹ ਸਭ ਦਾ ਭਲਾ ਹੀ ਚਾਹੁੰਦਾ ਹੈ। ਸਭ ਦਾ ਭਲਾ ਤਾਂ ਹੀ ਹੁੰਦਾ ਹੈ ਜੇ ਹਰ ਕੋਈ ਚੰਗੇ ਕਰਮ ਕਰੇ ਭਾਵ ਗੁਰੂ ਨੇ ਸਾਡੇ ਸਿਰ ਚੰਗੇ ਕਰਮ ਕਰਨ ਦੀ ਜਿੰਮੇਵਾਰੀ ਲਾਈ ਹੋਈ ਹੈ ਜੋ ਕਿ ਸਾਡੇ ਲਈ ਉਸਦਾ ਹੁਕਮ ਹੈ। ਜੇਕਰ ਅਸੀਂ ਉਸ ਦੇ ਹੁਕਮ ਨੂੰ ਮੰਨਦੇ ਹਾਂ ਫਿਰ ਸੰਸਾਰ ਵਿੱਚ ਸਭ ਦਾ ਭਲਾ ਹੀ ਹੁੰਦਾ ਹੈ ਤੇ ਜਦੋਂ ਅਸੀਂ ਗੁਰੂ ਦੇ ਹੁਕਮ ਦੇ ਉਲਟ ਚੱਲਦੇ ਹਾਂ ਫਿਰ ਅਸੀਂ ਸੰਸਾਰ ਵਿੱਚ ਅਨੇਕਾਂ ਦਾ ਮਾੜਾ ਕਰਦੇ ਹਾਂ ਤੇ ਗੁਰੂ ਨਾਲ ਆਪਣਾ ਵੈਰ ਦਿਖਾਉਂਦੇ ਹਾਂ ਭਾਵ ਗੁਰੂ ਦੀ ਗੱਲ ਨਾਲ ਆਪਣਾ ਵਿਰੋਧ ਦਿਖਾਉਂਦੇ ਹਾਂ, ਗੁਰੂ ਦੇ ਹੁਕਮ ਦਾ ਵਿਰੋਧ ਕਰਦੇ ਹਾਂ ਜੋ ਸਾਡਾ ਗੁਰੂ ਦੇ ਨਾਲ ਵੈਰ ਦਾ ਕਾਰਨ ਹੈ, ਉਸਦੇ ਨਾਲ ਝਗੜੇ ਦਾ ਕਾਰਨ ਹੈ। ਇਹ ਝਗੜਾ ਹਉਮੈ ਦਾ ਨਾਮ ਦੇ ਨਾਲ ਹੀ ਹੈ ਭਾਵ ਮਨਮਤਿ ਦਾ ਝਗੜਾ ਗੁਰਮਤਿ ਦੇ ਨਾਲ ਹੀ ਹੈ। ਇਹ ਝਗੜਾ ਮਾਇਆ ਮੋਹ ਦਾ ਸੱਚ ਦੇ ਨਾਲ ਹੀ ਹੈ। ਗੁਰੂ ਦੇ ਨਾਲ ਵੈਰ ਕਮਾਉਣਾ ਪ੍ਰਮਾਤਮਾ ਦੇ ਨਾਲ ਵੈਰ ਕਮਾਉਣਾ ਹੈ ਕਿਉਂਕਿ ਗੁਰੂ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਗੁਰੂ ਦੇ ਹੁਕਮ ਦੀ ਉਲੰਘਣਾ ਪ੍ਰਮਾਤਮਾ ਦੇ ਹੁਕਮ ਦੀ ਉਲੰਘਣਾ ਹੈ। ਸਾਡੇ ਇਸ ਝਗੜੇ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਮਨ ਦੀ ਮਾੜੀ ਸੋਝੀ ਹੈ ਜਿਸ ਦੇ ਰਹਿੰਦਿਆਂ ਅਸੀਂ ਗੁਰੂ ਦੇ ਹੁਕਮ ਅਨੁਸਾਰ ਨਹੀਂ ਵਿਚਰਦੇ ਤੇ ਉਸਦੇ ਨਾਲ ਵੈਰ ਕਮਾਉਂਦੇ ਹਾਂ। ਇਸ ਗੱਲ ਨੂੰ ਅਸੀਂ ਅਗਲੇ ਕੁੱਝ ਸ਼ਬਦਾਂ ਦੁਆਰਾ ਸਮਝਣਾ ਹੈ ਤੇ ਪਿੱਛੇ ਵੀ ਅਸੀਂ ਇਸ ਗੱਲ ਨੂੰ ਸਮਝਿਆ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੇ ਨਾਲ ਵੈਰ ਕਮਾਉਣ ਤੋਂ ਬਚ ਸਕੀਏ ਤੇ ਉਸ ਦੀਆਂ ਸਜ਼ਾਵਾ ਤੋਂ ਬਚ ਸਕੀਏ।

ਪਉੜੀ॥

“ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ॥
ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ॥
ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ॥੧੫॥”

(ਅੰਗ ੧੦੯੯)

29/3171

ਸਭ ਤੋਂ ਪਹਿਲੀ ਪੰਗਤੀ ਰਾਹੀਂ ਪਹਿਲੇ ਤਾਂ ਇਸ ਗੱਲ ਨੂੰ ਦ੍ਰਿੜ ਕਰੋ ਕਿ “ਨਾਮੁ” ਵਿਸਾਰਨਾ ਕੀ ਹੈ। ਜੋ ਮਨੁੱਖ ਮਾਇਆ ਨਾਲ ਰਚਿਆ ਹੋਇਆ ਹੈ ਭਾਵ ਮਾਇਆ ਮੋਹ ਵਿੱਚ ਫਸ ਕੇ ਮਾੜੇ ਕਰਮ ਕਰਦਾ ਹੈ ਉਸਨੂੰ ਨਾਮ ਵਿਸਰਿਆ ਹੋਇਆ ਹੈ, ਉਸ ਨੂੰ ਗੁਰੂ ਪ੍ਰਮਾਤਮਾ ਵਿਸਰਿਆ ਹੋਇਆ ਹੈ, ਉਸਨੂੰ ਸੱਚ ਵਿਸਰਿਆ ਹੋਇਆ ਹੈ ਭਾਵ ਗੁਰੂ ਦੀ ਮਤਿ ਵਿਸਰੀ ਹੋਈ ਹੈ। ਜਿਸਦੇ ਅੰਦਰ ਨਾਮੁ ਹੈ ਉਸਦੇ ਅੰਦਰ ਫਿਰ ਮਾਇਆ ਮੋਹ ਦਾ ਭਉ ਨਹੀਂ ਹੋ ਸਕਦਾ ਭਾਵ ਉਹ ਮਾਇਆ ਵੱਲੋਂ ਨਿਰਭਉ ਹੋ ਜਾਂਦਾ ਹੈ ਤੇ ਉਸਦੇ ਅੰਦਰ ਤਾਂ ਹੀ ਗੁਰਮਤਿ ਦਾ ਭਉ ਵੱਸਦਾ ਹੈ, ਸੱਚ ਤੇ ਚੱਲਣ ਦਾ ਭਉ ਵੱਸਦਾ ਹੈ ਭਾਵ ਨਾਮ ਦਾ ਭਉ ਵੱਸਦਾ ਹੈ। **(ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ॥)**

ਜਿਸ ਨੂੰ ਨਾਮ ਵਿਸਰਿਆ ਹੋਇਆ ਹੈ, ਜਿਸ ਨੂੰ ਗੁਰੂ ਦਾ, ਗੁਰਮਤਿ ਦਾ ਭਉ ਵਿਸਰਿਆ ਹੋਇਆ ਹੈ ਭਾਵ ਜੋ ਮਨੁੱਖ ਮਾਇਆ ਮੋਹ ਵਿੱਚ ਰਚਿਆ ਹੋਇਆ ਹੈ ਉਹੋ ਜਿਹੇ ਮਨੁੱਖ ਦੇ ਮਨ ਦੀ ਅਵੱਸਥਾ ਹੀ ਅੱਗੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਮਨੁੱਖਾਂ ਦੇ ਜੂਨਾਂ ਵਿੱਚ ਪੈਣ ਦਾ ਕਾਰਨ ਉਸਦੇ ਅੰਦਰ ਦਾ ਮਾਇਆ ਮੋਹ ਹੈ ਭਾਵ ਮਾੜੇ ਕਰਮ ਹਨ ਭਾਵ ਗੁਰਮਤਿ ਦਾ ਨਾ ਹੋਣਾ ਹੈ। ਮਾਇਆ ਮੋਹ ਵਿੱਚ ਫਸੇ ਹੋਏ ਮਨੁੱਖ ਆਪਣੇ ਲੋਭ ਲਾਲਚ ਕਰਕੇ ਕਿਸੇ ਦੇ ਨਾਲ ਬਚਨ ਕਰਕੇ ਉਸ ਤੋਂ ਖਿਸਕ ਜਾਂਦੇ ਹਨ ਭਾਵ ਆਪਣੀ ਗੱਲ ਤੋਂ ਮੁਕਰ ਜਾਂਦੇ ਹਨ, ਆਪਣੀ ਗੱਲ ਤੇ ਪੂਰਾ ਨਹੀਂ ਉਤਰਦੇ। ਇਹੋ ਜਿਹੇ ਮਨੁੱਖਾਂ ਦੇ ਬੋਲ ਕੱਚੇ ਹਨ ਤੇ ਇਹੀ ਇਨ੍ਹਾਂ ਨੂੰ ਗੁਰਮਤਿ ਦੇ ਕੱਚੇ ਬਣਾਉਂਦਾ ਹੈ ਜੋ ਸੱਚ ਤੋਂ ਮੁਕਰ ਜਾਂਦੇ ਹਨ, ਸੱਚ ਤੋਂ ਪਿੱਛੇ ਹੱਟ ਜਾਂਦੇ ਹਨ। ਜਿੱਥੇ

ਸੱਚ ਹੈ ਉੱਥੇ ਗੁਰਮਤਿ ਹੈ ਤੇ ਸੱਚ ਤੇ ਪੂਰਾ ਨਾ ਉਤਰਨਾ ਗੁਰਮਤਿ ਤੇ ਪੂਰਾ ਨਾ ਉਤਰਨਾ ਹੈ। ਸਾਡੇ ਜੋ ਬੋਲ ਗੁਰਮਤਿ ਤੇ ਪੂਰੇ ਨਹੀਂ ਉਤਰਦੇ ਉਹ ਸਾਡੇ ਕੱਚੇ ਬੋਲ ਹਨ। ਸਾਡੇ ਜਿੰਨ੍ਹਾਂ ਬੋਲਾਂ ਵਿੱਚ ਸੱਚ ਹੈ ਉਹ ਸਾਡੇ ਨਾਮ ਵਾਲੇ ਬੋਲ ਹਨ, ਸੱਚੇ ਬੋਲ ਹਨ। **(ਆਵੈ ਜਾਇ ਭਵਾਈਐ ਬਹੁ ਜੋਨੀ ਨਚਾ॥ ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ॥)** ਕੱਚੇ ਬੋਲ ਬੋਲਣ ਵਾਲੇ ਉਹੀ ਹਨ ਜਿੰਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ। ਇਹੋ ਜਿਹੇ ਮਨੁੱਖ ਅੰਦਰੋਂ ਥੋਥੇ ਹਨ ਭਾਵ ਨਾਮ ਵੱਲੋਂ ਖਾਲੀ ਹਨ, ਸੱਚ ਵੱਲੋਂ, ਗੁਰਮਤਿ ਵੱਲੋਂ ਖਾਲੀ ਹਨ ਜਿਸ ਕਰਕੇ ਇਹ ''ਕੂੜਿਆਰੁ'' ਹਨ ਭਾਵ ਝੂਠ ਤੇ ਚੱਲਣ ਵਾਲੇ ਹਨ ਤੇ ਕੂੜ ਵਿੱਚ ਹੀ ਖੱਚਤ ਰਹਿੰਦੇ ਹਨ। ਝੂਠ ਤੇ ਚੱਲਣ ਵਾਲਾ ਮਨੁੱਖ, ਨਾਮ ਵਿਸਾਰਨ ਵਾਲਾ ਮਨੁੱਖ, ਗੁਰਮਤਿ ਦੇ ਉਲਟ ਚੱਲਣ ਵਾਲਾ ਮਨੁੱਖ ਗੁਰੂ ਪ੍ਰਮਾਤਮਾ ਦੇ ਨਾਲ ਵੈਰ ਕਮਾਉਂਦਾ ਹੈ ਜੋ ਕਿ ਆਪ ਨਿਰਵੈਰ ਹੈ। ਅਸੀਂ ਆਪਣੇ ਝੂਠੇ ਲਾਲਚਾਂ ਵਿੱਚ ਫਸ ਕੇ ਭਾਵ ਮਾੜੇ ਕਰਮ ਕਰਨ ਦੁਆਰਾ ਉਸ ਪ੍ਰਮਾਤਮਾ ਦੇ ਨਾਲ ਵੈਰ ਕਮਾਉਂਦੇ ਹਾਂ ਜਿਸ ਦਾ ਕਾਰਨ ਸਾਡੇ ਅੰਦਰ ਨਾਮ ਨੂੰ ਵਿਸਰਨਾ ਹੈ ਤੇ ਮਾਇਆ ਮੋਹ ਦੇ ਨਾਲ ਰਚਨਾ ਹੈ। **(ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ॥ ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ॥)** ਉਪਰਲੀਆਂ ਪੰਗਤੀਆਂ ਨੂੰ ਪੜ੍ਹ ਕੇ ਕੀ ਕੋਈ ਇਹ ਗੱਲ ਕਹਿ ਸਕਦਾ ਹੈ ਕਿ

29/3172

ਸਾਨੂੰ ਇਹ ਗੱਲ ਸਮਝ ਨਹੀਂ ਲੱਗੀ ਕਿ ਉਸ ਪ੍ਰਮਾਤਮਾ ਦੇ ਨਾਲ ਵੈਰ ਕਮਾਉਣਾ ਕੀ ਹੈ ਤੇ ਪਉੜੀ ਦੀ ਪਹਿਲੀ ਪੰਗਤੀ ਨੂੰ ਪੜ੍ਹ ਕੇ ਕੀ ਕੋਈ ਇਹ ਕਹਿ ਸਕਦਾ ਹੈ ਕਿ ਨਾਮ ਵਿਸਾਰਨਾ ਕੀ ਹੈ। ਪੂਰੀ ਪਉੜੀ ਵਿੱਚ ਉਨ੍ਹਾਂ ਮਨੁੱਖਾਂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿੰਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਭਾਵ ਜੋ ਮਾਇਆ ਮੋਹ ਵਿੱਚ ਹਨ। ਗੁਰੂ ਪ੍ਰਮਾਤਮਾ ਦੇ ਸਮਝਾਉਣ ਵੱਲੋਂ ਤਾਂ ਕਸਰ ਨਹੀਂ ਹੈ ਪਰ ਸਾਨੂੰ ਉਨ੍ਹਾਂ ਦੀਆਂ ਗੱਲਾਂ ਤੇ ਵਿਸ਼ਵਾਸ ਆਇਆ ਹੋਇਆ ਹੈ ਜਿੰਨ੍ਹਾਂ ਕੋਲੋਂ ਅਸੀਂ ਨਾਮ ਜਪਣਾ ਸਿੱਖਿਆ ਹੈ। ਕੀ ਉਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਪ੍ਰਮਾਤਮਾ ਦੇ ਨਾਲ ਵੈਰ ਕਮਾਉਣ ਤੋਂ ਬਚ ਸਕਦੇ ਹਾਂ, ਕੀ ਅਸੀਂ ਮਾੜੇ ਕਰਮ ਛੱਡੇ ਬਿਨ੍ਹਾਂ, ਮਾਇਆ ਮੋਹ ਛੱਡੇ ਬਿਨ੍ਹਾਂ, ਝੂਠ, ਲੋਭ, ਲਾਲਚ ਛੱਡੇ ਬਿਨ੍ਹਾਂ ਉਸ ਪ੍ਰਮਾਤਮਾ ਦੇ ਨਾਲ ਵੈਰ ਕਮਾਉਣ ਤੋਂ ਬਚ ਸਕਦੇ ਹਾਂ ਭਾਵ ਕਦੇ ਨਹੀਂ ਬਚ ਸਕਦੇ। ਇੱਕ ਅੱਖਰ ਦੇ ਜਪ ਦੇ ਪਿੱਛੇ ਲੱਗ ਕੇ ਸਾਨੂੰ ਅਸਲੀਅਤ ਭੁੱਲੀ ਹੋਈ ਹੈ ਤੇ ਅਸੀਂ ਭਰਮ ਵਿੱਚ ਹੀ ਝੂਠੀ ਉਮੀਦ ਲਾਈ ਬੈਠੇ ਹਾਂ ਕਿ ਅਸੀਂ ਇਹੋ ਜਿਹੇ ਜਪ ਤਪ ਦੁਆਰਾ ਪ੍ਰਮਾਤਮਾ ਨੂੰ ਖੁਸ਼ ਕਰ ਰਹੇ ਹਾਂ ਤੇ ਉਸ ਨਾਲ ਆਪਣਾ ਪਿਆਰ ਜਤਾ ਰਹੇ ਹਾਂ। ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਜਤਾਉਣ ਦਾ ਤਰੀਕਾ ਕੇਵਲ ਤੇ ਕੇਵਲ ਸਾਡੇ ਸੱਚੇ ਸੁੱਚੇ ਕਰਮ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਅਸੀਂ ਭਰਮ ਵਿੱਚ ਉਹੋ ਜਿਹੇ ਤਰੀਕਿਆਂ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨੂੰ ਗੁਰਬਾਣੀ ਰਾਹੀਂ ਸਾਡੇ ਵਿਖਾਵੇ ਤੇ ਚਤੁਰਾਈਆਂ ਦੱਸਿਆ ਹੈ ਤੇ ਉਨ੍ਹਾਂ ਵਿੱਚੋਂ ਨਿਕਲਣ ਲਈ ਸਮਝਾਇਆ ਹੈ। ਜੋ ਮਨੁੱਖ ਕੇਵਲ ਸੱਚੇ ਸੁੱਚੇ ਕਰਮ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ ਉਨ੍ਹਾਂ ਨੂੰ ਧਰਮੀ ਨਾ ਅਖਵਾਉਂਦੇ ਹੋਏ ਵੀ, ਭਗਤੀ ਵਾਲੇ ਨਾ ਅਖਵਾਉਂਦੇ ਹੋਏ ਵੀ ਧਰਮ ਦੀ ਜਿਆਦਾ ਸੋਝੀ ਹੈ। ਦਿਖਾਵੇ ਕਰਨ ਵਾਲੇ, ਚਤੁਰਾਈਆਂ ਦਿਖਾਉਣ ਵਾਲੇ ਅਸਲ ਧਰਮ ਦੇ ਮਾਰਗ ਤੋਂ ਭਟਕੇ ਹੋਏ ਹਨ ਜਿਸਦਾ ਕਾਰਨ ਮਨ ਦਾ ਭਰਮ ਹੈ। ਮਨੁੱਖੀ ਜੀਵਨ ਵਿੱਚ ਸਜ਼ਾਵਾਂ ਸਾਨੂੰ ਮਾੜੇ ਕਰਮਾਂ ਦੀਆਂ ਭੁਗਤਣੀਆਂ ਪੈਦੀਆਂ ਹਨ ਕਿਉਂਕਿ ਮਨੁੱਖੀ ਜੀਵਨ ਵਿੱਚ ਸਾਡੇ ਨਾਲ ਨਿਆਂ ਧਰਮ ਉੱਤੇ ਚੱਲਣ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ॥

ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ॥

ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ॥੧੫॥”

ਪ੍ਰਮਾਤਮਾ ਸਾਡੇ ਮਾੜੇ ਚੰਗੇ ਕਰਮ ਹੀ ਦੇਖਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਦੀ ਮਾਰ ਪੈਂਦੀ ਹੈ ਉਹ ਮਾੜੇ ਕਰਮਾਂ ਕਰਕੇ ਹੀ ਪੈਂਦੀ ਹੈ ਤੇ ਮਨੁੱਖ ਨੂੰ ਉਹ ਸਜ਼ਾਵਾਂ ਵਿੱਚ ਪਾਉਂਦਾ ਹੈ। ਸਾਡੇ ਮਾੜੇ ਕਰਮਾਂ ਦਾ

29/3173

ਕਾਰਨ ਸਾਡੇ ਅੰਦਰ ਦੇ ਜਮਦੂਤ ਹਨ, ਔਗੁਣ ਹਨ ਜੋ ਸਾਨੂੰ ਦੁੱਖਾਂ ਵਿੱਚ ਪਾਉਂਦੇ ਹਨ ਤੇ ਦੁੱਖਾਂ ਵਿੱਚ ਰੱਖਦੇ ਹਨ ਭਾਵ ਇਨ੍ਹਾਂ ਔਗੁਣਾਂ ਵਿੱਚੋਂ ਨਿਕਲੇ ਬਿਨ੍ਹਾਂ ਸੁੱਖ ਦੀ ਪ੍ਰਾਪਤੀ ਨਹੀਂ ਹੈ, ਅਸਲ ਸੁੱਖ ਦੀ ਪ੍ਰਾਪਤੀ ਨਹੀਂ ਹੈ ਜਿਸ ਦੁਆਰਾ ਸਾਡਾ ਇਸ ਮਨ ਦੀ ਸਮਝ ਦਾ ਆਵਾਗਉਣ ਤੋਂ ਛੁਟਕਾਰਾ ਹੋਣਾ ਹੈ ਭਾਵ ਮਨ ਦੀ ਨਾ ਸਮਝੀ ਤੋਂ ਛੁਟਕਾਰਾ ਹੋਣਾ ਹੈ ਜੋ ਮਨ ਦੀ ਨਾ ਸਮਝੀ

ਆਵਾਗਉਣ ਨਾਲ ਜੋੜਦੀ ਹੈ। ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਣਾ ਸਾਡਾ ਭਰਮ ਹੈ। ਮਨ ਦੇ ਭਰਮ ਵਿੱਚੋਂ ਨਿਕਲਕੇ ਹੀ ਇਹ ਸਮਝ ਪੈਂਦੀ ਹੈ ਕਿ ਹਰ ਰੂਪ ਵਿੱਚ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਕਿ ਆਵਾਗਉਣ ਤੋਂ ਰਹਿਤ ਹੈ। ਆਪਣੇ ਆਪ ਨੂੰ ਅਕਾਲਪੁਰਖ ਤੋਂ ਆਪਣਾ ਵੱਖਰਾ ਰੂਪ ਸਮਝਣਾ ਹੀ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਣਾ ਹੈ ਜੋ ਕਿ ਕੇਵਲ ਸਾਡਾ ਭਰਮ ਹੈ ਭਾਵ ਮਨ ਦੀ ਅਗਿਆਨਤਾ ਹੈ, ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਸਮਝ ਹੈ, ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਮਾਇਆ ਦੀ ਜੁਗਤਿ ਹੈ, ਸਾਡੇ ਅੰਦਰ ਪੁੱਠੇ ਕਮਲ ਵਾਲੀ ਅਵੱਸਥਾ ਹੈ ਇਸ ਦਾ ਮਕਸਦ ਹੀ ਸਾਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਣ ਦਾ ਹੈ। ਇਸ ਭਰਮਾਂ ਵਾਲੀ ਸਮਝ ਕਰਕੇ ਹੀ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝਦੇ ਹਾਂ ਤੇ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਲੇਖ ਵਿੱਚ ਜਾਣਿਆ ਹੀ ਹੈ ਕਿ ਸੰਸਾਰ ਦੀ ਅਸਲੀਅਤ ਕੀ ਹੈ ਭਾਵ ਸਭ ਕੁੱਝ ਪ੍ਰਮਾਤਮਾ ਆਪ ਹੈ ਜਿਸ ਗੱਲ ਦੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਪੈਂਦੀ ਹੈ, ਚੌਥੇ ਪਦ ਦੇ ਗਿਆਨ ਵਿੱਚ ਰਲਣ ਦੁਆਰਾ ਹੀ ਪੈਂਦੀ ਹੈ ਜਿਸ ਆਪਣੇ ਚੌਥੇ ਪਦ ਦੇ ਗਿਆਨ ਵਿੱਚ ਭਾਵ ਆਪਣੇ ਨਾਮ ਵਾਲੇ ਗਿਆਨ ਵਿੱਚ ਭਾਵ ਬ੍ਰਹਮ ਗਿਆਨ ਵਾਲੀ ਸਮਝ ਵਿੱਚ ਪ੍ਰਮਾਤਮਾ ਕਿਸੇ ਦੇ ਅੰਦਰ ਭਾਵ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਰਲਾਉਂਦਾ ਹੈ ਤੇ ਤਾਂ ਹੀ ਕੋਈ ਭਰਮਾਂ ਵਾਲੀ ਸਮਝ ਵਿੱਚੋਂ ਮੁਕਤ ਹੋ ਸਕਦਾ ਹੈ ਤੇ ਇਸ ਸ੍ਰਿਸ਼ਟੀ ਦੀ ਅਸਲੀਅਤ, ਸ੍ਰਿਸ਼ਟੀ ਦੇ ਕਰਤੇ ਦੀ ਅਸਲੀਅਤ ਸਮਝ ਸਕਦਾ ਹੈ।

ਸਾਡੇ ਇਸ ਜੀਵਨ ਦਾ ਮਨੋਰਥ ਧਰਮ ਤੇ ਚੱਲਣ ਦਾ ਹੈ ਭਾਵ ਸੱਚ ਤੇ ਚੱਲਣ ਦਾ ਹੈ ਜਿਵੇਂ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪ ਸੱਚਾ ਹੈ, ਸਚੁ ਰੂਪ ਹੈ ਤੇ ਉਸਦੇ ਦਰ ਤੇ "ਤਪਾਵਸੁ" ਭਾਵ ਨਿਆਉਂ, ਇਨਸਾਫ ਸੱਚ ਦੀ ਪਰਖ ਦੁਆਰਾ ਹੀ ਹੁੰਦਾ ਹੈ, ਧਰਮ ਦੀ ਪਰਖ ਦੁਆਰਾ, ਨਾਮ ਦੀ ਪਰਖ ਦੁਆਰਾ ਹੀ ਹੁੰਦਾ ਹੈ ਭਾਵ ਸੱਚ ਨੂੰ ਅਪਣਾਏ ਬਿਨ੍ਹਾਂ, ਧਰਮ ਦਾ ਮਾਰਗ ਅਪਣਾਏ ਬਿਨ੍ਹਾਂ, ਸੱਚੇ ਸੁੱਚੇ ਜੀਵਨ ਦਾ ਮਾਰਗ ਅਪਣਾਏ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਇਨਸਾਫ ਵਿੱਚੋਂ ਨਹੀਂ ਨਿਕਲ ਸਕਦੇ ਕਿਉਂਕਿ ਉਸਦੇ ਦਰ ਤੇ ਨਿਆਉਂ ਸਾਡੇ ਅੰਦਰ ਸੱਚ ਦੀ ਪਰਖ ਦੁਆਰਾ ਹੁੰਦਾ ਹੈ, ਸਾਡੇ ਕਰਮਾਂ ਦੀ ਪਰਖ ਦੁਆਰਾ ਹੀ ਹੁੰਦਾ ਹੈ ਕਿ ਸਾਡੇ ਕਰਮਾਂ ਵਿੱਚ, ਸਾਡੀ ਕਰਨੀ ਵਿੱਚ ਕਿਤਨਾ ਕੁ ਸੱਚ ਹੈ। ਉਸਦੇ ਦਰ ਤੇ ਭਗਤੀ ਦੇ ਦਿਖਾਵਿਆਂ ਦਾ, ਚਤੁਰਾਈਆਂ ਦਾ ਕੋਈ ਮੁੱਲ ਨਹੀਂ ਹੈ ਬਲਕਿ ਉਨ੍ਹਾਂ ਦੁਆਰਾ ਅਸੀਂ ਸੱਚ ਤੋਂ ਆਪਣੀ ਦੂਰੀ ਵਧਾਉਂਦੇ ਹਾਂ, ਗੁਰਮਤਿ ਦੇ ਉਲਟ ਚੱਲ ਕੇ ਗੁਰਮਤਿ ਤੋਂ ਆਪਣੀ ਦੂਰੀ ਵਧਾਉਂਦੇ ਹਾਂ, ਆਪਣੀ ਹਉਮੈ ਉੱਚੀ ਕਰਕੇ ਨਾਮ ਤੋਂ ਆਪਣੀ ਦੂਰੀ ਵਧਾਉਂਦੇ ਹਾਂ। ਕੇਵਲ ਸੱਚ ਨੂੰ ਆਪਣੇ ਜੀਵਨ ਵਿੱਚ ਵਸਾਉਣਾ, ਗੁਰਮਤਿ ਨੂੰ ਆਪਣੇ ਜੀਵਨ ਵਿੱਚ ਵਸਾਉਣਾ ਹੀ ਧਰਮ ਦਾ ਮਾਰਗ ਹੈ। **(ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ॥ ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ॥੧੫॥)**

{ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥}

(ਅੰਗ ੧੧੮੮)

ਸਿਰੀਰਾਗੁ ਮਹਲਾ ੧॥

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ॥

ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ॥

ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥੧॥

ਮੁੰਧੇ ਗੁਣ ਦਾਸੀ ਸੁਖੁ ਹੋਇ॥

ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

ਉੱਪਰ ਵਾਲੀਆਂ ਪੰਗਤੀਆਂ ਨੂੰ ਅਗਰ ਸਦਾ ਚੇਤੇ ਰੱਖੋਗੇ ਤਾਂ ਫਿਰ ਭਗਤੀ ਦੇ ਅਸਲ ਮਾਰਗ ਤੋਂ ਕਦੇ ਨਹੀਂ ਭਟਕੋਗੇ। ਇਨ੍ਹਾਂ ਪੰਗਤੀਆਂ ਰਾਹੀਂ

ਸਾਨੂੰ ਸਾਰੀ ਗੁਰਬਾਣੀ ਦਾ ਸਾਰ ਪਤਾ ਲੱਗ ਜਾਂਦਾ ਹੈ, ਆਪਣੇ ਜੀਵਨ ਦੇ ਸਹੀ ਮਾਰਗ ਦੀ ਸਮਝ ਲੱਗ ਜਾਂਦੀ ਹੈ ਤੇ ਹਰ ਕਿਸੇ ਨੂੰ ਆਸਾਨੀ ਨਾਲ ਸਮਝ ਲੱਗ ਜਾਂਦੀ ਹੈ। ਔਗੁਣਾਂ ਦੁਆਰਾ ਸਾਡਾ ਜੀਵਨ ਨਾਸ਼ ਹੋ ਰਿਹਾ ਹੈ ਤੇ ਗੁਣਾਂ ਨੂੰ ਅਪਣਾਕੇ ਭਾਵ ਔਗੁਣਾਂ ਨੂੰ ਤਿਆਗ ਕੇ ਸਾਡੇ ਜੀਵਨ ਦੀ ਰੱਖਿਆ ਹੋਣੀ ਹੈ, ''ਸੁਖੁ'' ਦੀ ਪ੍ਰਾਪਤੀ ਹੋਣੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਣੀ ਹੈ। ਔਗੁਣਾਂ ਨੂੰ ਛੱਡੇ ਬਿਨ੍ਹਾਂ ਕੋਈ ਵੀ ਗੁਰਮਤਿ ਤੇ ਪੂਰਾ ਨਹੀਂ ਉਤਰ ਸਕਦਾ ਤੇ ਗੁਰਮਤਿ ਤੇ ਪੂਰਾ ਉਤਰੇ ਬਿਨ੍ਹਾਂ ਕੋਈ ਸੱਚ ਤੇ ਪੂਰਾ ਨਹੀਂ ਉਤਰ ਸਕਦਾ ਤੇ ਸੱਚ ਤੇ ਪੂਰਾ ਉਤਰੇ ਬਿਨ੍ਹਾਂ ਕੋਈ ਧਰਮ ਤੇ ਪੂਰਾ ਨਹੀਂ ਉਤਰ ਸਕਦਾ। ਸਾਡੇ ਸਰੀਰਕ ਜਪ ਤਪ, ਸੰਜਮ ਕਿਸੇ ਲੇਖੇ ਨਹੀਂ ਹਨ ਤੇ ਭਾਵੇਂ ਸਾਰੀ ਜਿੰਦਗੀ ਤੀਰਥਾਂ ਤੇ ਨਿਵਾਸ ਕਰ ਲਈਏ ਉਹ ਵੀ ਕਿਸੇ ਲੇਖੇ ਨਹੀਂ ਹੈ ਤੇ ਭਾਵੇਂ ਜਿਤਨੇ ਮਰਜ਼ੀ ਪੁੰਨ ਦਾਨ ਕਰਕੇ ਚੰਗੇ ਅਖਵਾ ਲਈਏ ਉਨ੍ਹਾਂ ਨਾਲ ਵੀ ਕੋਈ ਲਾਭ ਨਹੀਂ ਹੈ। ਲਾਭ ਕੇਵਲ ਸੱਚੇ ਬਣਨ ਵਿੱਚ ਹੈ ਭਾਵ ਸੱਚ ਨੂੰ ਅਪਣਾਉਣ ਵਿੱਚ ਹੈ ਜਿਸ ਦੁਆਰਾ ਅਸੀਂ ਇਸ ਸੰਸਾਰ ਵਿੱਚ ਆਪਣਾ ਧਰਮ ਕਮਾ ਸਕਦੇ ਹਾਂ ਤੇ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰ ਸਕਦੇ ਹਾਂ। ਸਾਡਾ ਹੋਰ ਕੋਈ ਵੀ ਤਰੀਕਾ ਕਿਸੇ ਲੇਖੇ ਨਹੀਂ ਹੈ ਇਹ ਗੁਰਬਾਣੀ ਦਾ ਫੁਰਮਾਨ ਹੈ, ਗੁਰੂ ਦਾ, ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ ਤੇ ਉਸਦੇ ਫੁਰਮਾਨ ਦੀ ਉਲੰਘਣਾ ਕਰਨਾ, ਆਪਣੇ ਸਰੀਰਕ ਜਪਾਂ ਤਪਾਂ ਦੁਆਰਾ, ਭਗਤੀ ਦੇ ਦਿਖਾਵਿਆਂ ਦੁਆਰਾ ਆਪਣੇ ਆਪ ਨੂੰ ਉੱਚਾ ਕਰਨਾ ਆਪਣਾ ਝੂਠਾ ਮਾਣ ਵਧਾਉਣ ਵਾਲੀ ਗੱਲ ਹੈ, ਸੰਸਾਰਿਕ ਮਾਣ ਵਧਾਉਣ ਵਾਲੀ ਗੱਲ ਹੈ ਜੋ ਉਸ ਸੱਚੇ ਦੇ ਦਰ ਤੇ ਆਪਣਾ ਮਾਣ ਗਵਾਉਣ ਵਾਲੀ ਗੱਲ ਹੈ। ਆਪਣਾ ਝੂਠਾ ਮਾਣ ਵਧਾਉਣ ਦੁਆਰਾ ਅਸੀਂ ਗੁਰੂ ਦਾ ਮਾਣ ਘਟਾਉਂਦੇ ਹਾਂ, ਗੁਰਮਤਿ ਦਾ ਮਾਣ ਘਟਾਉਂਦੇ ਹਾਂ। ਪ੍ਰਮਾਤਮਾ ਦੇ ਦਰ ਤੇ ਨਿਆਉਂ ਕੇਵਲ ਸੱਚ ਦੁਆਰਾ ਹੁੰਦਾ ਹੈ ਭਾਵ ਸਾਡੀ ਸੱਚੀ ਕਰਨੀ ਦੁਆਰਾ ਹੁੰਦਾ ਹੈ, ਗੁਣਾਂ ਦੁਆਰਾ ਵਿਚਰਨ ਨਾਲ ਹੁੰਦਾ ਹੈ ਤੇ ਤਨੋ ਮਨੋ ਸੱਚ ਦੇ ਨਾਲ ਜੁੜਨਾ ਹੀ ਗੁਰੂ ਦੇ ਨਾਲ ਜੁੜਨਾ ਹੈ, ਨਾਮ ਦੇ ਨਾਲ ਜੁੜਨਾ ਹੈ।

{ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ॥੨॥}

(ਅੰਗ ੧੨੩੯)

ਸਾਡੇ ਜੀਵਨ ਦੀ ਜਿੱਤ ਹਾਰ ਸਾਡੇ ਕਰਮਾਂ ਨਾਲ ਹੀ ਜੁੜੀ ਹੋਈ ਹੈ। ਜੋ ਆਪਣੇ ਜੀਵਨ ਨੂੰ ਜਿੱਤਦਾ ਹੈ ਉਹ ਆਪਣੀ ਸੱਚੀ ਕਰਨੀ ਦੁਆਰਾ ਹੀ ਜਿੱਤਦਾ ਹੈ ਤੇ ਜੋ ਆਪਣੇ ਜੀਵਨ ਨੂੰ ਹਾਰਦਾ ਹੈ ਉਹ ਆਪਣੀ ਮਾੜੀ ਕਰਨੀ ਕਰਕੇ ਹਾਰਦਾ ਹੈ ਭਾਵ ਮਾਇਆ ਮੋਹ ਕਰਕੇ ਹਾਰਦਾ ਹੈ। ਜੋ ਆਪਣੇ ਮਨ ਦੇ ਵਿਚਾਰਾਂ ਨੂੰ ਜਿੱਤਦਾ

ਹੈ ਭਾਵ ਮਾੜੇ ਵਿਚਾਰਾਂ ਨੂੰ ਜਿੱਤਦਾ ਹੈ ਭਾਵ ਮਨ ਨੂੰ ਜਿੱਤਦਾ ਹੈ ਉਹੀ ਮਾਇਆ ਮੋਹ ਵਿੱਚੋਂ ਨਿਕਲਦਾ ਹੈ ਤੇ ਆਪਣੇ ਜੀਵਨ ਨੂੰ ਜਿੱਤਦਾ ਹੈ। ਜਦ ਤੱਕ ਸਾਡੇ ਅੰਦਰ ਕਪਟ ਵਾਲੀ ਬਿਰਤੀ ਹੈ, ਮਾਇਆ ਦੇ ਛਲ ਵਾਲੀ ਬਿਰਤੀ ਹੈ ਤਦ ਤੱਕ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਵੈਰ ਨਹੀਂ ਮੁੱਕ ਸਕਦਾ ਤੇ ਸਾਡਾ ਇਹ ਜੀਵਨ ਸਫ਼ਲ ਨਹੀਂ ਹੋ ਸਕਦਾ। ਆਪਣੇ ਮਾੜੇ ਕਰਮਾਂ ਦੁਆਰਾ ਅਸੀਂ ਪ੍ਰਮਾਤਮਾ ਨਾਲ ਵੈਰ ਹੀ ਕਮਾਉਂਦੇ ਹਾਂ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀ ਜਾ ਸਕਦੀ ਹੈ।

“ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥

ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ॥੧॥”

(ਅੰਗ ੧੨੨੦)

ਅਸੀਂ ਜੋ ਕੁੱਝ ਵੀ ਕਰਦੇ ਹਾਂ ਉਹ ਮਨ ਦੀ ਬਿਰਤੀ ਦੁਆਰਾ ਕਰਦੇ ਹਾਂ ਤੇ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਸਭ ਕੁੱਝ ਦੇਖ ਰਿਹਾ ਹੈ। ਮਨ ਦੇ ਕਪਟ ਦੁਆਰਾ ਅਸੀਂ ਮਾੜੇ ਕਰਮ ਹੀ ਕਰਦੇ ਹਾਂ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਨਾਲ ਵੈਰ ਕਮਾਉਂਦੇ ਹਾਂ ਤੇ ਪ੍ਰਮਾਤਮਾ ਦੇ ਨਾਲ ਆਪਣਾ ਵੈਰ, ਝਗੜਾ ਮੁਕਾਉਣ ਲਈ ਸਾਡੇ ਲਈ ਇਹੀ ਰਸਤਾ ਹੈ ਕਿ ਅਸੀਂ ਕਪਟ ਵਾਲੀ ਬਿਰਤੀ ਛੱਡੀਏ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਵੱਸ ਵਿੱਚ ਕਰੀਏ ਭਾਵ ਔਗੁਣਾਂ ਤੋਂ ਰਹਿਤ ਹੋਈਏ। ਔਗੁਣਾਂ ਤੋਂ ਰਹਿਤ ਹੋਣ ਦਾ ਸਾਧਨ ਗੁਰੂ ਦੀ ਮਤਿ ਹੈ ਜਿਸਨੂੰ ਆਪਣੇ ਅੰਦਰ ਵਸਾ ਕੇ ਅਸੀਂ ਕਪਟ ਵਾਲੀ ਬਿਰਤੀ ਵਿੱਚੋਂ ਨਿਕਲ ਸਕਦੇ ਹਾਂ। ਗੁਰਮਤਿ ਰੂਪ ਧਨ ਪ੍ਰਮਾਤਮਾ ਦਾ ਸਚੁ ਧਨੁ ਹੈ, ਨਾਮ ਧਨ ਹੈ ਜਿਸ ਦਾ ਮਕਸਦ ਸਾਨੂੰ ਕਪਟ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੈ। ਸਚੁ ਧਨੁ ਦੀ ਵਣਜ ਕਰਨਾ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਵਿਚਰਨਾ ਹੈ ਤੇ ਇਸ ਸੱਚ ਦੇ ਧਨ ਨੂੰ ਅਸੀਂ ਆਪਣੇ

ਅੰਦਰ ਇਕੱਠਾ ਕਰਕੇ ਰੱਖਣਾ ਹੈ ਭਾਵ ਗੁਰੂ ਦੇ ਹਰ ਸ਼ਬਦ ਦੁਆਰਾ ਪਾਈ ਹੋਈ ਸੋਝੀ ਨੂੰ ਸਮਝਕੇ ਆਪਣੇ ਅੰਦਰ ਉਸਦਾ ਭੰਡਾਰ ਇਕੱਠਾ ਕਰਨਾ ਹੈ ਇਹ ਸਾਡੇ ਅੰਦਰ ਗੁਰਮਤਿ ਦੇ ਸੱਚੇ ਵਿਚਾਰਾਂ ਦਾ ਭੰਡਾਰ ਹੈ ਜਿਸ ਦੁਆਰਾ ਸਾਡੇ ਮਾੜੇ ਵਿਚਾਰ ਮਰਦੇ ਹਨ, ਸਾਡੀ ਕਪਟ ਵਾਲੀ ਬਿਰਤੀ ਦੂਰ ਹੁੰਦੀ ਹੈ। ਸਚੁ ਧਨੁ ਦੀ ਵਣਜ ਕਰਨ ਦੁਆਰਾ ਫਿਰ ਅਸੀਂ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿੰਨ੍ਹਾਂ ਦੇ ਅੰਦਰ ਗੁਰਮਤਿ ਰੂਪ ਸੱਚਾ ਧਨ ਹੈ, ਸੱਚੀ ਸੋਝੀ ਦਾ ਧਨ ਹੈ ਉਹ ਫਿਰ ਆਪਣੀ ਚੰਗੀ ਕਰਨੀ ਦੁਆਰਾ ਆਪਣਾ ਜੀਵਨ ਹਾਰ ਕੇ ਨਹੀਂ ਜਾਂਦੇ ਕਿਉਂਕਿ ਇਸ ਜੀਵਨ ਨੂੰ ਜਿੱਤਣ ਦਾ ਮਾਰਗ ਸੱਚ ਦੁਆਰਾ ਵਿਚਰਨ ਦਾ ਹੀ ਹੈ, ਕਪਟ ਰਹਿਤ ਹੋ ਕੇ ਵਿਚਰਨ ਦਾ

29/3176

ਹੀ ਹੈ ਜਿਸ ਦੁਆਰਾ ਮਨੁੱਖ ਦਾ ਪ੍ਰਮਾਤਮਾ ਨਾਲ ਝਗੜਾ ਦੂਰ ਹੁੰਦਾ ਹੈ, ਵੈਰ ਦੂਰ ਹੁੰਦਾ ਹੈ ਤੇ ਉਸਦੇ ਨਾਲ ਨਿਬੇੜਾ ਹੁੰਦਾ ਹੈ। ਨਿਬੇੜਾ ਸਾਡੀ ਸੱਚੀ ਕਰਨੀ ਦੁਆਰਾ ਹੁੰਦਾ ਹੈ ਨਾ ਕਿ ਕਥਨੀ ਦੁਆਰਾ ਜਿਸ ਨੂੰ ਹਰ ਕੋਈ ਭਗਤੀ ਦਾ ਮਾਰਗ ਸਮਝੀ ਬੈਠਾ ਹੈ ਤੇ ਕਿਸੇ ਅੱਖਰ ਦੇ ਜਪ ਨੂੰ ਹੀ ਸੱਚ ਧਨ ਸਮਝੀ ਬੈਠਾ ਹੈ। ਸਚੁ ਧਨੁ ਸੱਚੇ ਗਿਆਨ ਦਾ ਧਨ ਹੈ ਜਿਸ ਨੇ ਸਾਨੂੰ ਮਾੜੀ ਬਿਰਤੀ ਵਿੱਚੋਂ ਕੱਢਣਾ ਹੈ। **(ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥ ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ॥੧॥)**

ਮਾਇਆ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਸਾਡਾ ਗੁਰੂ ਪ੍ਰਮਾਤਮਾ ਨਾਲੋਂ ਵੈਰ ਨਹੀਂ ਮੁਕਦਾ। ਪ੍ਰਮਾਤਮਾ ਨੇ ਸਾਡੇ ਸਭ ਦੀ, ਸਾਰੇ ਸੰਸਾਰ ਦੀ ਬਿਰਤੀ ਹੀ ਮਾਇਆ ਮੋਹ ਵਾਲੀ ਬਣਾਈ ਹੈ ਜਿਸ ਕਰਕੇ ਸਾਨੂੰ ਮਾਇਆ ਬਹੁਤ ਪਿਆਰੀ ਲੱਗਦੀ ਹੈ ਤੇ ਇਸ ਵਿੱਚੋਂ ਨਿਕਲਣਾ ਬਹੁਤ ਹੀ ਜਿਆਦਾ ਔਖਾ ਹੈ ਤੇ ਇਸੇ ਲਈ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਨਹੀਂ ਨਿਬੜਦਾ। ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨ੍ਹਾਂ ਇਹ ਝਗੜਾ ਨਹੀਂ ਨਿਬੜ ਸਕਦਾ ਪਰ ਇਸ ਝਗੜੇ ਨੂੰ ਨਿਬੇੜਨ ਦੀ ਜਿੰਮੇਵਾਰੀ ਸਾਡੇ ਸਿਰ ਹੈ ਭਾਵ ਉੱਦਮ ਸਾਡੇ ਸਿਰ ਹੈ। ਜਿਹੋ ਜਿਹੇ ਉੱਦਮ ਅਸੀਂ ਕਰਨੇ ਸਮਝੇ ਹੋਏ ਹਨ ਉਹੋ ਜਿਹੇ ਉੱਦਮ ਕਰਨ ਦਾ ਕੋਈ ਲਾਭ ਨਹੀਂ ਹੈ ਤੇ ਅਸਲ ਉੱਦਮ ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਨਿਕਲਣ ਦਾ ਹੈ, ਲੋਭ ਲਾਲਚ ਵਿੱਚੋਂ, ਤ੍ਰਿਸ਼ਨਾ ਵਿੱਚੋਂ ਨਿਕਲਣ ਦਾ ਹੀ ਹੈ, ਸਾਡਾ ਝੂਠਾ ਮਾਣ ਸਾਡੀ ਤ੍ਰਿਸ਼ਨਾ ਹੈ, ਮਾਇਆ ਮੋਹ ਹੈ ਜਿਸ ਕਰਕੇ ਅਸੀਂ ਭਗਤੀ ਦੇ ਉਹੋ ਜਿਹੇ ਤਰੀਕੇ ਅਪਣਾਉਂਦੇ ਹਾਂ ਜਿੰਨ੍ਹਾਂ ਨਾਲ ਸਾਨੂੰ ਸਮਾਜ ਵਿੱਚੋਂ ਮਾਣ ਮਿਲਦਾ ਹੈ। ਮਾਇਆ ਮੋਹ ਛੱਡੇ ਬਿਨ੍ਹਾਂ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਨਿਬੜਾ ਸਕਦਾ ਤੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਆਸਾ ਮਹਲਾ ੫॥

“ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥੧॥
ਅੰਧੇ ਚੇਤਿ ਹਰਿ ਹਰਿ ਰਾਇਆ॥ ਤੇਰਾ ਸੋ ਦਿਨੁ ਨੇੜੈ ਆਇਆ॥੧॥ਰਹਾਉ॥
ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ॥
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥੨॥
ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ॥
ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ॥੩॥
ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ॥
ਕਹੁ ਨਾਨਕ ਭਵ ਸਾਗਰੁ ਤਰਿਓ ਭਏ ਪੁਨੀਤ ਸਰੀਰਾ॥੪॥੫॥੧੨੭॥”

(ਅੰਗ ੪੦੩)

ਸ਼ਬਦ ਦੇ ਪਹਿਲੇ ਪਦੇ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਡੇ ਜਨਮਾਂ ਜਨਮਾਂ ਦੇ ਦੁੱਖਾਂ ਦਾ ਕਾਰਨ ਕੀ ਹੈ ਆਪਣੀ ਇੱਕ ਘੜੀ ਭਰ ਦੀ ਤ੍ਰਿਸ਼ਨਾ ਪੂਰੀ ਕਰਨ ਲਈ ਜੋ ਔਗੁਣ ਅਸੀਂ ਕਰਦੇ ਹਾਂ ਉਸਦੇ ਲਈ ਸਾਨੂੰ ਵਾਰ ਵਾਰ ਮਨ ਦੀਆਂ ਜੂਨਾਂ ਦੇ ਗੇੜ ਵਿੱਚ ਪੈ ਕੇ ਪਛਤਾਉਣਾ ਪੈਂਦਾ ਹੈ। ਸਾਡੇ ਅੰਦਰ ਦੇ ਜੋ ਵਿਚਾਰ ਸਾਨੂੰ ਇਹ ਸਮਝਾਉਂਦੇ ਹਨ ਕਿ ਅਸੀਂ ਇੱਕ ਮਨੁੱਖੀ

ਰੂਪ ਹਾਂ ਤੇ ਸਾਡੇ ਅੰਦਰ ਦੇ ਇਹ ਵਿਚਾਰ ਹੀ ਸਾਡੀਆਂ ਜੂਨਾਂ ਹਨ। ਜਦ ਤੱਕ ਮਨੁੱਖ ਮਨ ਦੇ ਇਹ ਨਾ ਸਮਝ ਵਿਚਾਰਾਂ ਵਿੱਚੋਂ ਨਹੀਂ ਨਿਕਲਦਾ ਉਹ ਜੂਨਾਂ ਵਿੱਚ ਹੀ ਰਹਿੰਦਾ ਹੈ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਕੇ ਜੂਨ ਭੋਗਦਾ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਕਿਸੇ ਵੀ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਦੂਸਰਾ ਰੂਪ ਸਮਝਣਾ ਇਹ ਉਸਦੀ ਜੂਨ ਹੈ। ਸਾਡੇ ਅੰਦਰ ਦੇ ਜੋ ਵੀ ਵਿਚਾਰ ਸਾਨੂੰ ਗੁਰਮਤਿ ਦੇ ਸੱਚੇ ਵਿਚਾਰਾਂ ਤੋਂ ਦੂਰ ਰੱਖਦੇ ਹਨ ਉਹ ਵਿਚਾਰ ਸਾਨੂੰ ਜੂਨ ਵਿੱਚ ਪਾ ਕੇ ਰੱਖਦੇ ਹਨ। ਗੁਰਮਤਿ ਦੀ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਸਭ ਕੁੱਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਆਕਾਰ ਰੂਪ ਉਸਦਾ ਆਪਣਾ ਹੀ ਰੂਪ ਹੈ ਜਿਸ ਆਪਣੇ ਹਰ ਆਕਾਰ ਰੂਪ ਨੂੰ ਬਣਾਕੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਿਹਾ ਹੈ। ਅਕਾਲਪੁਰਖ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨ੍ਹਾਂ ਅਸੀਂ ਆਕਾਰ ਰੂਪ ਨੂੰ ਨਹੀਂ ਸਮਝ ਸਕਦੇ ਕਿ ਹਰ ਆਕਾਰ ਰੂਪ ਨੂੰ ਪ੍ਰਮਾਤਮਾ ਨੇ ਕਿਸ ਤਰੀਕੇ ਬਣਾਇਆ ਹੈ ਤੇ ਕਿਸ ਤਰੀਕੇ ਆਪ ਹੀ ਉਸਨੂੰ ਚਲਾ ਰਿਹਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨ੍ਹਾਂ ਕੋਈ ਆਪਣੀ ਜੂਨ ਵਿੱਚੋਂ ਨਹੀਂ ਨਿਕਲ ਸਕਦਾ ਭਾਵ ਆਪਣੇ ਆਪ ਨੂੰ ਮਨੁੱਖੀ ਰੂਪ ਵਿੱਚ ਸਮਝਣਾ ਆਪਣੇ ਆਪ ਨੂੰ ਮਨੁੱਖੀ ਜੂਨ ਵਿੱਚ ਸਮਝਣ ਵਾਲੀ ਗੱਲ ਹੈ। ਜੂਨਾਂ ਬਾਰੇ ਲੇਖ ਵਿੱਚ ਅੱਗੇ ਚਲਕੇ ਹੋਰ ਵੀ ਬਾਰੀਕੀ ਨਾਲ ਸਮਝਾਂਗੇ। ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਔਗੁਣ ਕਰਦੇ ਹਾਂ ਤੇ ਅਸੀਂ ਮਾਇਆ ਦੇ ਸੁੱਖਾਂ ਦੇ ਸੁਆਦ ਲਈ ਆਪਣੇ ਆਪ ਨੂੰ ਦੁੱਖਾਂ ਵਿੱਚ ਪਾਉਂਦੇ ਹਾਂ, ਪ੍ਰਮਾਤਮਾਂ ਦੀਆਂ ਸਜ਼ਾਵਾਂ ਦੇ ਭਾਗੀਦਾਰ

29/3177

ਬਣਦੇ ਹਾਂ ਭਾਵ ਦੁੱਖਾਂ ਤੋਂ ਬਚਣ ਦਾ ਤਰੀਕਾ, ਆਵਾਗਉਣ ਦੇ ਗੇੜ ਤੋਂ ਬਚਣ ਦਾ ਤਰੀਕਾ ਭਾਵ ਮਨ ਦੀ ਜੂਨ ਵਿੱਚੋਂ ਨਿਕਲਣ ਦਾ ਤਰੀਕਾ ਔਗੁਣਾਂ ਵਿੱਚੋਂ ਨਿਕਲਕੇ ਗੁਣੀ ਬਣਨ ਦਾ ਹੈ, ਆਪਣੇ ਅੰਦਰ ਗੁਰੂ ਦੀ ਮਤਿ ਨੂੰ ਵਸਾਉਣ ਦਾ ਹੈ ਤੇ ਆਪਣੀ ਮਨਮਤਿ ਵਿੱਚੋਂ ਨਿਕਲਣ ਦਾ ਹੈ ਭਾਵ ਮਨ ਦੀ ਅਗਿਆਨਤਾ ਜੋ ਅਗਿਆਨਤਾ ਸਾਨੂੰ ਇਹ ਸਮਝਾਉਂਦੀ ਹੈ ਕਿ ਇਸ ਮਨੁੱਖੀ ਰੂਪ ਵਿੱਚ ਮੈਂ ਹਾਂ। **(ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥੧॥)**

ਅਗਲੀ ਰਹਾਉ ਵਾਲੀ ਪੰਗਤੀ ਵਿੱਚ ਸਾਨੂੰ ਮਨ ਦੀ ਮਾੜੀ ਬਿਰਤੀ ਵਿੱਚੋਂ ਨਿਕਲਣਾ ਹੀ ਸਿਖਾਇਆ ਹੋਇਆ ਹੈ।

“ਅੰਧੇ ਚੇਤਿ ਹਰਿ ਹਰਿ ਰਾਇਆ॥ ਤੇਰਾ ਸੋ ਦਿਨੁ ਨੇੜੈ ਆਇਆ॥੧॥ਰਹਾਉ॥”

ਹੁਣ ਧਿਆਨ ਨਾਲ ਸਮਝੋ ਕਿ ਹਰਿ ਹਰਿ ਚੇਤਣਾ ਕੀ ਹੈ ਭਾਵ ਹਰਿ ਹਰਿ ਚੇਤੇ ਰੱਖਣ ਵਾਲੇ ਕੌਣ ਹਨ, ਗੁਰੂ ਨੂੰ ਚੇਤੇ ਰੱਖਣ ਵਾਲੇ ਕੌਣ ਹਨ। ਔਗੁਣ ਕਰਨ ਵਾਲਿਆਂ ਨੂੰ ਹੀ ਇਹ ਸਮਝਾਇਆ ਹੈ ਕਿ ਹੇ ਅਕਲ ਦੇ ਅੰਨ੍ਹਿਓ ਤੁਸੀਂ ਆਪਣੇ ਅੰਦਰ ਹਰਿ ਹਰਿ ਨੂੰ ਚੇਤੋ, ਪ੍ਰਮਾਤਮਾ ਨੂੰ ਚੇਤੋ ਕਿਉਂਕਿ ਤੁਹਾਨੂੰ ਹਰਿ ਹਰਿ ਭੁੱਲਿਆ ਹੋਇਆ ਹੈ ਭਾਵ ਗੁਰੂ ਦੀ ਮਤਿ ਭੁੱਲੀ ਹੋਈ ਹੈ। ਜਿਸਨੂੰ ਗੁਰੂ ਦੀ ਮਤਿ ਭੁੱਲੀ ਹੋਈ ਹੈ ਉਸਨੂੰ ਪ੍ਰਮਾਤਮਾ ਭੁੱਲਿਆ ਹੋਇਆ ਹੈ। ਜਿਸ ਨੂੰ ਹਰਿ ਹਰਿ ਚੇਤੇ ਹੈ ਉਸਦੇ ਅੰਦਰ ਫਿਰ ਔਗੁਣ ਨਹੀਂ ਹੋ ਸਕਦੇ। ਉਹ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿੱਚੋਂ ਨਿਕਲਿਆ ਹੁੰਦਾ ਹੈ ਤੇ ਗੁਣੀ ਬਣਕੇ ਵਿਚਰਦਾ ਹੈ ਭਾਵ ਉਹ ਆਪਣੀ ਕਰਨੀ ਦੁਆਰਾ ਹਰਿ ਹਰਿ ਕਰਦਾ ਹੈ, ਨਾਮ ਜਪਦਾ ਹੈ। ਜਿਸਨੂੰ ਹਰਿ ਦੀ ਮਤਿ ਚੇਤੇ ਹੈ ਉਹੀ ਹਰਿ ਹਰਿ ਕਰਨ ਵਾਲਾ ਹੈ। ਜੇਕਰ ਅਸੀਂ ਹਰਿ ਦੀ ਬਜਾਇ ਵਾਹਿਗੁਰੂ ਵਾਹਿਗੁਰੂ ਕਰੀ ਜਾਂਦੇ ਹਾਂ ਤਾਂ ਕੀ ਫਿਰ ਸਾਨੂੰ ਔਗੁਣ ਛੱਡਣ ਦੀ ਲੋੜ ਨਹੀਂ ਹੈ। ਆਓ ਇਸ ਅੰਧੇਪਨ ਵਿੱਚੋਂ ਨਿਕਲੀਏ ਕਿਉਂਕਿ ਜਦੋਂ ਸਾਨੂੰ ਲੇਖਾ ਭੁਗਤਣਾ ਪੈਣਾ ਹੈ ਤੇ ਫਿਰ ਤੋਂ ਮਨ ਦੀਆਂ ਜੂਨਾਂ ਦੇ ਗੇੜ ਵਿੱਚ, ਦੁੱਖਾਂ ਵਿੱਚ ਫਸਣਾ ਪੈਣਾ ਹੈ। **(ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥੧॥ ਅੰਧੇ ਚੇਤਿ ਹਰਿ ਹਰਿ ਰਾਇਆ॥ ਤੇਰਾ ਸੋ ਦਿਨੁ ਨੇੜੈ ਆਇਆ॥੧॥ਰਹਾਉ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਹੁਣ ਇਸ ਗੱਲ ਨੂੰ ਸਮਝੋ ਕਿ ਮਨ ਦੀ ਮਾੜੀ ਬਿਰਤੀ ਵਿੱਚ ਰਹਿੰਦਿਆਂ, ਔਗੁਣਾਂ ਵਿੱਚ ਰਹਿੰਦਿਆਂ ਸਾਡਾ ਪਿਆਰ ਕਿਸ ਦੇ ਨਾਲ ਹੈ ਤੇ ਵੈਰ ਕਿਸ ਦੇ ਨਾਲ ਹੈ।

29/3178

“ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ॥

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥੨॥

ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ॥

ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ॥੩॥"

ਅਸੀਂ ਇਸ ਸੰਸਾਰ ਵਿੱਚ ਕੋਈ ਲੰਬੇ ਸਮੇਂ ਲਈ ਰਹਿਣ ਵਾਸਤੇ ਨਹੀਂ ਆਏ। ਜੇਕਰ ਅਸੀਂ ਆਪਣੀ ਜੂਨਾਂ ਦੇ ਹਿਸਾਬ ਨਾਲ ਦੇਖੀਏ ਤੇ ਸਾਡਾ ਮਨੁੱਖਾ ਜੀਵਨ ਇੱਕ "ਪਲਕ ਦ੍ਰਿਸਟਿ" ਦੇ ਬਰਾਬਰ ਹੈ ਭਾਵ ਬਹੁਤ ਛੋਟਾ ਜਿਹਾ ਸਮਾਂ ਹੈ ਤੇ ਅਸੀਂ ਆਪਣੇ ਇਸ ਛੋਟੇ ਜਿਹੇ ਸਮੇਂ ਵਿੱਚ ਮਾਇਆ ਦੇ ਸੁੱਖਾਂ ਵਿੱਚ ਪੈ ਜਾਂਦੇ ਹਾਂ ਜੋ ਸੁੱਖ ਸਾਡੇ ਲਈ ਜ਼ਹਿਰ ਦੀ ਤਰ੍ਹਾਂ ਹਨ ਕਿਉਂਕਿ ਉਨ੍ਹਾਂ ਸੁੱਖਾਂ ਦੀ ਪ੍ਰਾਪਤੀ ਲਈ ਅਸੀਂ ਔਗੁਣਾਂ ਦਾ ਆਸਰਾ ਲੈਂਦੇ ਹਾਂ। ਆਪਣੀ ਔਗੁਣਾਂ ਵਾਲੀ ਬਿਰਤੀ ਵਿੱਚ ਰਹਿਣਾ, ਮਾਇਆ ਮੋਹ ਵਿੱਚ ਰਹਿਣਾ ਇੱਕ ਜ਼ਹਿਰੀਲੇ ਸੱਪ ਦੇ ਨਾਲ ਰਹਿਣ ਵਾਲੀ ਗੱਲ ਹੈ ਜੋ ਕਿਸੇ ਵੇਲੇ ਵੀ ਸਾਨੂੰ ਡੰਗ ਮਾਰ ਸਕਦਾ ਹੈ। ਸਾਡੇ ਅੰਦਰ ਮਾੜੀ ਬਿਰਤੀ ਦਾ ਘਰ, ਸਾਡੇ ਅੰਦਰ ਅਗਿਆਨਤਾ ਦਾ ਘਰ, ਮਨਮਤਿ ਦਾ ਘਰ ਭਾਵ ਮਾੜੇ ਵਿਚਾਰਾਂ ਦਾ ਘਰ ਸਾਡਾ "ਪਰ ਗ੍ਰਿਹੁ" ਹੈ ਭਾਵ ਬਿਗਾਨਾ ਘਰ ਹੈ। ਸਾਡਾ ਨਿਜ ਘਰ, ਅਸਲ ਘਰ ਗੁਰਮਤਿ ਦਾ ਘਰ ਹੈ, ਸੱਚੇ ਵਿਚਾਰਾਂ ਦਾ, ਸੱਚੀ ਸੋਝੀ ਦਾ ਘਰ ਹੈ ਜਿਸ ਘਰ ਵਿੱਚ ਜਾ ਕੇ ਅਸੀਂ ਮਾਇਆ ਮੋਹ ਦੇ ਘਰ ਵਿੱਚੋਂ ਨਿਕਲਦੇ ਹਾਂ ਭਾਵ ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਅਸੀਂ ਆਪਣੇ ਅਸਲ ਘਰ ਨੂੰ ਭੁੱਲੇ ਹੋਏ ਹਾਂ, ਨਿਜ ਘਰ ਤੋਂ ਵਿਛੁੜੇ ਹੋਏ ਹਾਂ, ਗੁਰਮਤਿ ਦੇ ਸੱਚੇ ਗਿਆਨ ਤੋਂ ਵਿਛੁੜੇ ਹੋਏ ਹਾਂ, ਨਾਮ ਦੇ ਘਰ ਤੋਂ ਵਿਛੁੜੇ ਹੋਏ ਹਾਂ, ਹਰਿ ਹਰਿ ਦੇ ਘਰ ਤੋਂ ਵਿਛੁੜੇ ਹੋਏ ਹਾਂ। **(ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ॥ ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥੨॥)**

ਇਹ ਮਾਇਆ ਸਾਡੀ ਵੈਰਣ ਹੈ, ਮਾਇਆ ਮੋਹ ਸਾਡਾ ਵੈਰੀ ਹੈ, ਮਨ ਦੀ ਮਾੜੀ ਬਿਰਤੀ ਸਾਡੀ ਵੈਰਣ ਹੈ। ਮਾਇਆ ਕਮਾਉਣ ਲਈ ਅਸੀਂ ਔਗੁਣ ਕਰਦੇ ਹਾਂ ਭਾਵ ਪਾਪ ਕਰਦੇ ਹਾਂ ਤੇ ਜਿਸ "ਬਸਤੁ" ਨੂੰ ਅਸੀਂ ਲੈਣ ਆਏ ਹਾਂ, ਜਿਸ ਵਸਤੂ ਦੀ ਪ੍ਰਾਪਤੀ ਲਈ ਸਾਨੂੰ ਇਹ ਜੀਵਨ ਮਿਲਿਆ ਹੈ ਭਾਵ ਪ੍ਰਮਾਤਮਾ ਰੂਪ ਬਸਤੁ ਦੀ ਪ੍ਰਾਪਤੀ ਲਈ ਜੋ ਸਾਨੂੰ ਜੀਵਨ ਮਿਲਿਆ ਹੈ ਉਸ ਵਸਤੂ ਦੀ ਪ੍ਰਾਪਤੀ ਅਸੀਂ ਨਹੀਂ ਕਰ ਸਕਦੇ। ਬਸਤੁ ਦੀ ਨਾ ਪ੍ਰਾਪਤੀ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਔਗੁਣ ਹਨ। ਜਿਸ ਵਸਤੂ ਨੂੰ ਅਸੀਂ ਲੈਣ ਆਏ ਹਾਂ ਉਹ ਵਸਤੂ ਸਾਡੇ ਤੋਂ ਲਾਂਭੇ ਹੀ ਰਹਿੰਦੀ ਹੈ ਭਾਵ ਸਾਡੀ ਪਹੁੰਚ ਤੋਂ ਦੂਰ ਹੀ ਰਹਿੰਦੀ ਹੈ ਭਾਵ ਔਗੁਣਾਂ

ਵਿੱਚ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। **(ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ॥)**

{ਸਾਧਸੰਗਿ ਬਸਤੁ ਅਗੋਚਰ ਲਹੈ॥ ਸਾਧੂ ਕੈ ਸੰਗਿ ਅਜਰੁ ਸਹੈ॥

ਸਾਧ ਕੈ ਸੰਗਿ ਬਸੈ ਥਾਨਿ ਊਚੈ॥ ਸਾਧੂ ਕੈ ਸੰਗਿ ਮਹਲਿ ਪਹੂਚੈ॥}

(ਅੰਗ ੨੭੧)

ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਡਾ ਗੁਰੂ ਪ੍ਰਮਾਤਮਾ ਨਾਲ ਵੈਰ ਕਿਸ ਗੱਲ ਕਰਕੇ ਹੈ।

"ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ॥੩॥"

ਜਿਸ ਮਾਇਆ ਨੂੰ ਕਮਾਉਣ ਲਈ ਅਸੀਂ ਮਾੜੇ ਕਰਮ ਕਰਦੇ ਹਾਂ ਉਸ ਮਾਇਆ ਨੂੰ ਆਖੀਰ ਅਸੀਂ ਇੱਥੇ ਹੀ ਛੱਡ ਕੇ ਜਾਣਾ ਹੈ ਭਾਵ ਜਿਸ ਮਾਇਆ ਨੇ ਅੱਗੇ ਚੱਲ ਕੇ ਸਾਡਾ ਸਾਥ ਨਹੀਂ ਦੇਣਾ ਅਸੀਂ ਉਸਦੇ ਨਾਲ ਆਪਣਾ ਸੰਗ ਕੀਤਾ ਹੋਇਆ ਹੈ, ਮਾਇਆ ਦੇ ਨਾਲ ਆਪਣਾ ਪਿਆਰ ਪਾਇਆ ਹੋਇਆ ਹੈ। ਮਾਇਆ ਦੇ ਨਾਲ ਪਿਆਰ ਪਾ ਕੇ, ਸੰਗ ਕਰਕੇ ਅਸੀਂ ਆਪਣੀ ਉਸ ਸੱਚੇ ਸਾਜਨ ਤੋਂ ਭਾਵ ਗੁਰੂ ਪ੍ਰਮਾਤਮਾ ਤੋਂ ਆਪਣਾ ਸੰਗ ਤੋੜਿਆ ਹੋਇਆ ਹੈ ਭਾਵ ਉਸਦੀ ਗੁਰਮਤਿ ਤੋਂ ਸੰਗ ਤੋੜਿਆ ਹੋਇਆ ਹੈ ਤੇ ਉਸਦੇ ਨਾਲ ਅਸੀਂ ਵੈਰ ਪਾਇਆ ਹੋਇਆ ਹੈ। ਸਾਨੂੰ ਮਾਇਆ ਮੋਹ ਨਾਲ ਵੈਰ ਪਾਉਣਾ ਮਨਜ਼ੂਰ ਨਹੀਂ ਹੈ ਭਾਵ ਉਸਦੇ ਨਾਲ ਸੰਗ ਤੋੜਨਾ ਮਨਜ਼ੂਰ ਨਹੀਂ ਹੈ ਪਰ ਅਸੀਂ ਆਪਣੇ ਸਾਜਨ ਨਾਲੋਂ ਸੰਗ ਤੋੜ ਕੇ ਉਸਦੇ ਨਾਲ ਆਪਣਾ ਵੈਰ ਦਿਖਾਉਂਦੇ ਹਾਂ ਜਿਸ ਕਰਕੇ ਉਹ ਵਾਰ ਵਾਰ ਸਾਨੂੰ ਜੂਨਾਂ ਵਿੱਚ ਪਾਉਂਦਾ ਹੈ, ਸਜ਼ਾਵਾਂ ਵਿੱਚ ਪਾਉਂਦਾ ਹੈ, ਦੁੱਖਾਂ ਵਿੱਚ ਪਾਉਂਦਾ

ਭਾਵ ਸਾਡੇ ਮਾੜੇ ਕਰਮ ਹੀ ਸਾਡੇ ਆਵਾਗਉਣ ਦਾ ਕਾਰਨ ਹਨ, ਦੁੱਖਾਂ ਦਾ ਕਾਰਨ ਹਨ। **(ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ॥ ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ॥੩॥)**

ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਵਿੱਚ ਹੀ ਰੱਖਿਆ ਹੋਇਆ ਹੈ ਤੇ ਇਹੀ ਸਭ ਦਾ ਵਾਰ ਵਾਰ ਮਨ ਦੀਆਂ ਜੂਨਾਂ ਵਿੱਚ ਪੈਣ ਦਾ ਕਾਰਨ ਹੈ। ਹਰ ਕੋਈ ਮਾਇਆ ਮੋਹ ਦੇ ਸਾਗਰ ਵਿੱਚ ਡੁੱਬਿਆ ਹੋਇਆ ਹੈ। ਇਸ ਮਾਇਆ ਮੋਹ ਦੇ ਸਾਗਰ ਵਿੱਚੋਂ, ਭਵਸਾਗਰ ਵਿੱਚੋਂ ਉਹੀ ਤਰਦਾ ਹੈ ਜੋ ਉਸ ਪੂਰੇ ਗੁਰੂ ਨੂੰ, ਪ੍ਰਮਾਤਮਾ ਨੂੰ ਪਾ ਲੈਂਦਾ ਹੈ ਭਾਵ ਜਿਸ ਦੇ

ਸਰੀਰ ਰਾਹੀਂ ਉਹ ਪ੍ਰਗਟ ਹੋ ਜਾਂਦਾ ਹੈ, ਉਸਦੇ ਮਨ ਦੀ ਸੋਝੀ ਨੂੰ ਉਹ ਪੁਨੀਤ ਕਰ ਦਿੰਦਾ ਹੈ ਭਾਵ ਸਭ ਤੋਂ ਪਵਿੱਤਰ ਕਰ ਦਿੰਦਾ ਹੈ, ਆਪਣੀ ਸੱਚੀ ਸੋਝੀ ਪਾ ਕੇ ਪੂਰੀ ਤਰ੍ਹਾਂ ਔਗੁਣਾਂ ਤੋਂ, ਮਾਇਆ ਮੋਹ ਤੋਂ ਰਹਿਤ ਕਰ ਦਿੰਦਾ ਹੈ। ਉਸ ਨੂੰ ਕਿਵੇਂ ਪਾਇਆ ਜਾ ਸਕਦਾ ਹੈ ਭਾਵ ਇਸ ਭਵਸਾਗਰ ਨੂੰ ਕਿਵੇਂ ਤਰਿਆ ਜਾ ਸਕਦਾ ਹੈ ਇਹ ਗੱਲ ਉਸਨੇ ਆਪ ਹੀ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੈ ਜੋ ਕਿ ਉਸ ਦੀ ਗੁਰਮਤਿ ਦੇ ਨਾਲ ਜੁੜਨ ਦਾ ਹੈ, ਸਾਡਾ ਸੱਚਾ ਉੱਦਮ ਹੈ। ਆਪਣੇ ਨਾਲ ਉਹ ਮੇਲ ਦੀ ਕਿਰਪਾ ਫਿਰ ਉਹ ਆਪ ਹੀ ਕਰਦਾ ਹੈ। (**ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ ॥ ਕਹੁ ਨਾਨਕ ਭਵ ਸਾਗਰੁ ਤਰਿਓ ਭਏ ਪੁਨੀਤ ਸਰੀਰਾ ॥4॥5॥127॥**)

ਜਿਵੇਂ ਕਿ ਅਸੀਂ ਉਪਰਲੇ ਸ਼ਬਦ ਰਾਹੀਂ ਸਮਝਿਆ ਹੈ ਗੁਰੂ ਪ੍ਰਮਾਤਮਾ ਨਾਲ ਸਾਡੇ ਵੈਰ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ, ਲੋਭ, ਲਾਲਚ ਹੈ ਜਿੰਨ੍ਹਾਂ ਕਰਕੇ ਅਸੀਂ ਆਪਣੇ ਅੰਦਰ ਦੁਸ਼ਟਾਂ ਨੂੰ ਪਾਲਦੇ ਹਾਂ ਭਾਵ ਔਗੁਣਾਂ ਨੂੰ ਪਾਲਦੇ ਹਾਂ, ਮਾੜੇ ਵਿਚਾਰਾਂ ਨੂੰ ਪਾਲਦੇ ਹਾਂ। ਜਦ ਤੱਕ ਸਾਡਾ ਇਹਨਾਂ ਦੁਸ਼ਟਾਂ ਦੇ ਨਾਲ ਮੋਹ ਹੈ ਤਦ ਤੱਕ ਸਾਡਾ ਸੰਤਾਂ ਦੇ ਨਾਲ ਵੈਰ ਹੈ ਭਾਵ ਉਹਨਾਂ ਦੇ ਨਾਲ ਵੈਰ ਹੈ ਜਿੰਨ੍ਹਾਂ ਨੇ ਸਾਨੂੰ ਸੱਚ ਤੇ ਚੱਲਣਾ ਸਮਝਾਇਆ ਹੈ, ਔਗੁਣਾਂ ਨੂੰ ਛੱਡਣਾ ਸਮਝਾਇਆ ਹੈ। ਪੂਰੀ ਗੁਰਬਾਣੀ ਸੰਤਾਂ ਦੀ ਰਚੀ ਹੋਈ ਬਾਣੀ ਹੈ ਜੋ ਪ੍ਰਮਾਤਮਾ ਦਾ ਰੂਪ ਹਨ ਤੇ ਉਹਨਾਂ ਦੀ ਮਤਿ ਦੇ ਉਲਟ ਚੱਲਣਾ, ਉਹਨਾਂ ਦੇ ਸਮਝਾਏ ਹੋਏ ਗੁਣਾਂ ਦੇ ਉਲਟ ਚੱਲਣਾ ਉਹਨਾਂ ਦੇ ਨਾਲ ਵੈਰ ਕਮਾਉਣ ਵਾਲੀ ਗੱਲ ਹੈ। ਅਸਲ ਵਿੱਚ ਇਹ ਔਗੁਣਾਂ ਦਾ ਗੁਣਾਂ ਦੇ ਨਾਲ ਵੈਰ ਹੈ, ਮਨ ਦੇ ਮਾੜੇ ਵਿਚਾਰਾਂ ਦਾ ਗੁਰਮਤਿ ਰੂਪ ਸੱਚੇ ਵਿਚਾਰਾਂ ਦੇ ਨਾਲ ਵੈਰ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਮਃ ੩ ॥

“ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥
ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥ ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥੨॥”

(ਅੰਗ - ੬੪੯)

ਸਾਡੇ ਅੰਦਰ ਦੁਸ਼ਟਾਂ ਨਾਲ ਭਾਵ ਔਗੁਣਾਂ ਨਾਲ ਮੋਹ ਪਿਆਰ ਦਾ ਕਾਰਣ ਸਾਡੇ ਅੰਦਰ ਦੀ ਤ੍ਰਿਸ਼ਨਾ ਹੈ ਜੋ ਕਿ ਕਦੇ ਬੁਝਦੀ ਨਹੀਂ ਬਲਕਿ ਵੱਧਦੀ ਹੀ ਰਹਿੰਦੀ ਹੈ। ਆਪਣੀਆਂ ਤ੍ਰਿਸ਼ਨਾਵਾਂ ਦੀ, ਆਸ਼ਾਵਾਂ ਦੀ, ਇੱਛਾਵਾਂ

ਦੀ ਪੂਰਤੀ ਕਰਨ ਲਈ ਹੀ ਅਸੀਂ ਔਗੁਣਾਂ ਦਾ ਆਸਰਾ ਲੈਂਦੇ ਹਾਂ। ਤ੍ਰਿਸ਼ਨਾ ਸਾਡੇ ਲਈ ਇੱਕੋ ਇੱਕ ਚੰਗੀ ਹੈ ਜੋ ਕਿ ਸੱਚ ਤੇ ਚੱਲਣ ਦੀ ਹੈ, ਨਾਮ ਤੇ ਚੱਲਣ ਦੀ ਹੈ ਤੇ ਇਸ ਤੋਂ ਬਿਨ੍ਹਾਂ ਸਾਡੀ ਹਰ ਤ੍ਰਿਸ਼ਨਾ ਦੇ ਅੰਦਰ ਮਾਇਆ ਮੋਹ ਹੈ ਭਾਵੇਂ ਉਹ ਤ੍ਰਿਸ਼ਨਾ ਕਿਸ ਰੂਪ ਵਿੱਚ ਵੀ ਹੋਵੇ। ਸਾਡੇ ਅੰਦਰ ਮਾੜੀ ਤ੍ਰਿਸ਼ਨਾ ਦਾ ਕਾਰਨ ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਦੁਚਿੱਤੀ ਹੈ, ਸਹਸਾ ਹੈ, ਭਰਮ ਹੈ, ਅਗਿਆਨਤਾ ਹੈ, ਮਨਮਤਿ ਹੈ ਜਿਸ ਦੇ ਰਹਿੰਦਿਆਂ ਅਸੀਂ ਪੂਰਨ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ, ਮਾਇਆ ਮੋਹ ਵਿੱਚੋਂ ਨਿਕਲਣ ਤੋਂ ਦੂਰ ਰਹਿੰਦੇ ਹਾਂ। ਆਪਣੀ ਦੁਬਿਧਾ ਦੇ ਕਾਰਨ ਅਸੀਂ ਮਾੜੀਆਂ ਇੱਛਾਵਾਂ ਵਿੱਚ ਫਸ ਕੇ ਔਗੁਣਾਂ ਨਾਲ ਮੋਹ ਪਿਆਰ ਪਾਉਂਦੇ ਹਾਂ ਜਿਸ ਕਰਕੇ ਅਸੀਂ ਪ੍ਰਮਾਤਮਾ ਦੇ ਸੰਤਾਂ ਨਾਲ ਵੈਰ ਕਮਾਉਂਦੇ ਹਾਂ ਭਾਵ ਜਿੰਨ੍ਹਾਂ ਸੰਤਾਂ ਦੇ ਸਰੀਰਾਂ ਰਾਹੀਂ

ਪ੍ਰਗਟ ਹੋ ਕੇ ਅਕਾਲਪੁਰਖ ਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ ਦੀ ਸਿੱਖਿਆ ਨੂੰ ਨਾ ਮੰਨ ਕੇ ਉਨ੍ਹਾਂ ਸੰਤਾਂ ਨਾਲ ਵੈਰ ਕਮਾਉਂਦੇ ਹਾਂ। ਪ੍ਰਮਾਤਮਾ ਦਾ ਸੱਚਾ ਸੰਤ ਉਹੀ ਹੁੰਦਾ ਹੈ ਜਿਸ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਪੂਰੀ ਗੁਰਬਾਣੀ ਵਿੱਚ ਜਿੰਨ੍ਹਾਂ ਭਗਤਾਂ ਤੇ ਗੁਰਸਾਹਿਬਾਨ ਦੀ ਬਾਣੀ ਦਰਜ ਹੈ ਉਹ ਸਭ ਪ੍ਰਮਾਤਮਾ ਦੇ ਸੰਤ ਰੂਪ ਹੀ ਹਨ। ਜਿੰਨ੍ਹਾਂ ਗੁਰੂ ਸਾਹਿਬਾਨ ਰਾਹੀਂ ਭਾਵੇਂ ਅਕਾਲਪੁਰਖ ਨੇ ਬਾਣੀ ਦੀ ਰਚਨਾ ਨਹੀਂ ਕਰਵਾਈ ਉਹ ਵੀ ਪ੍ਰਮਾਤਮਾ ਦੇ ਸੰਤ ਹੀ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਆਪ ਪ੍ਰਮਾਤਮਾ ਪ੍ਰਗਟ ਹੀ ਸੀ ਤੇ ਅੰਦਰ ਸੱਚੀ ਸਿੱਖਿਆ ਦੇਣ ਵਾਲਾ ਉਹ ਆਪ ਹੀ ਸੀ ਜਿਸ ਆਪਣੀ ਸੱਚੀ ਸਿੱਖਿਆ ਦੁਆਰਾ ਉਸਨੇ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਸੱਚ ਤੇ ਹੀ ਚਲਾਇਆ ਹੈ ਭਾਵ ਆਪਣੇ ਸੰਤ ਰੂਪ ਵਿੱਚ ਹੀ ਉਨ੍ਹਾਂ ਦਾ ਜੀਵਨ ਬਤੀਤ ਕਰਵਾਇਆ ਹੈ ਜੋ ਮਨੁੱਖ ਸੰਤ ਰੂਪ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਭਾਵ ਗੁਰੂ ਦੀ ਸਮਝਾਈ ਹੋਈ ਸਿੱਖਿਆ ਨੂੰ ਨਹੀਂ ਮੰਨਦੇ ਉਹ ਸੰਤ ਰੂਪ ਗੁਰੂ ਦੇ ਨਾਲ ਵੈਰ ਕਮਾਉਂਦੇ ਹਨ। ਗੁਰੂ ਦੀ ਸਿੱਖਿਆ ਨੂੰ ਨਾ ਮੰਨਣ ਦਾ ਕਾਰਣ ਸਾਡੇ ਅੰਦਰ ਦੁਬਿਧਾ ਵਾਲੀ ਸਮਝ ਦਾ ਹੋਣਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਮਨ ਦੀ ਦੁਬਿਧਾ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਸੱਚ ਦੀ ਸੋਝੀ ਪਏ ਬਿਨ੍ਹਾਂ ਨਾ ਸਾਡੇ ਚੱਲ ਰਹੇ ਜੀਵਨ ਵਿੱਚ ਸੁੱਖ ਹੈ ਤੇ ਨਾ ਸਾਡੇ ਰਹਿੰਦੇ ਹੋਏ ਮਨੁੱਖੀ ਜੀਵਨ ਵਿੱਚ ਸੁੱਖ ਹੈ। ਰਹਿੰਦੇ ਹੋਏ ਜੀਵਨ ਵਿੱਚ ਸੁੱਖ ਦੀ ਪ੍ਰਾਪਤੀ ਅਸੀਂ ਕਰ ਸਕਦੇ ਹਾਂ, ਆਪਣੇ ਅਗਲੇ ਘਰ ਵਿੱਚ ਪਹੁੰਚ ਕੇ ਕਰ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਕਰ ਸਕਦੇ ਹਾਂ ਜੋ ਉਸਦਾ ਘਰ ਸਾਡੇ ਅੰਦਰ ਹੀ ਹੈ। ਉਸਦੇ ਘਰ ਵਿੱਚ ਪਹੁੰਚਣ ਲਈ ਸਾਡੇ ਲਈ ਸੱਚਾ ਉੱਦਮ ਇਹੋ ਹੀ ਹੈ ਕਿ ਅਸੀਂ ਆਪਣੇ ਬਾਕੀ ਦੇ ਜੀਵਨ ਵਿੱਚ ਉਹ ਕੁੱਝ ਕਰੀਏ ਜੋ ਸਾਨੂੰ ਸੰਤ ਰੂਪ ਗੁਰੂ ਸਮਝਾਉਂਦਾ ਹੈ ਭਾਵ ਉਸਦੀ ਸੱਚੀ ਸਿੱਖਿਆ ਅਨੁਸਾਰ ਵਿਚਰਨ ਦਾ ਉੱਦਮ ਕਰੀਏ ਤੇ ਉਸਦੇ ਦੋਖੀ ਨਾ ਬਣੀਏ ਭਾਵ ਗੁਰੂ ਰੂਪ ਸੰਤ ਦੇ ਨਾਲ ਵੈਰ ਨਾ ਕਮਾਈਏ। ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਏ ਬਿਨ੍ਹਾਂ ਭਾਵ ਉਸਦੇ ਘਰ ਵਿੱਚ ਪਹੁੰਚੇ ਬਿਨ੍ਹਾਂ ਸਾਨੂੰ ਸੱਚੇ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਤੇ ਸੱਚੇ ਸੁੱਖ ਦੀ ਪ੍ਰਾਪਤੀ ਨਾ ਹੋਣ ਕਰਕੇ ਅਸੀਂ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦੇ ਹਾਂ ਜਿਸ ਦੁਆਰਾ ਸਾਡੀ ਖੁਆਰੀ ਹੁੰਦੀ ਹੈ, ਸਾਡਾ ਜੀਵਨ ਵਿਅਰਥ ਜਾਂਦਾ ਹੈ। **(ਮਃ ੩॥ ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥ ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥ ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥)**

ਪ੍ਰਮਾਤਮਾ ਦੇ ਸੱਚੇ ਦਰਬਾਰ ਵਿੱਚ ਸਾਡਾ ਮੂੰਹ ਕਾਲਾ ਕਰਨ ਵਾਲੇ ਸਾਡੇ ਔਗੁਣ ਹਨ ਜੋ ਸਾਨੂੰ ਪ੍ਰਮਾਤਮਾ ਦੇ ਨਿੰਦਕ ਬਣਾਉਂਦੇ ਹਨ। ਗੁਣੀ ਬਣ ਕੇ ਪ੍ਰਮਾਤਮਾ ਦੇ ਦਰਬਾਰ ਵਿੱਚ ਸਾਡਾ ਮੁੱਖ ਉੱਜਲਾ ਹੁੰਦਾ ਹੈ ਤੇ ਗੁਣਾਂ ਦੇ ਉਲਟ ਚੱਲ ਕੇ ਔਗੁਣਾਂ ਦੁਆਰਾ ਸਾਡਾ ਮੂੰਹ ਕਾਲਾ ਹੁੰਦਾ ਹੈ। ਪ੍ਰਮਾਤਮਾ ਦੇ ਦਰਬਾਰ ਵਿੱਚ ਸਾਡੀ ਇੱਜ਼ਤ ਜਾਂ ਬੇਇੱਜ਼ਤੀ ਸਾਡੇ ਕਰਮਾਂ ਦੁਆਰਾ ਹੀ ਹੈ ਭਾਵ ਕਰਮਾਂ ਦੀ ਪਰਖ ਦੁਆਰਾ ਹੀ ਹੈ। ਔਗੁਣਾਂ ਨਾਲ ਅਸੀਂ ਮਾੜੇ ਕਰਮ ਕਰਦੇ ਹਾਂ ਜਿਸ ਕਾਰਨ ਅਸੀਂ ਪ੍ਰਮਾਤਮਾ ਦੇ ਦਰਬਾਰ ਵਿੱਚ ਬੇਇੱਜ਼ਤ ਹੁੰਦੇ ਹਾਂ। ਗੁਣਾਂ ਦੁਆਰਾ ਵਿਚਰ ਕੇ ਅਸੀਂ ਚੰਗੇ ਕਰਮ ਕਰਦੇ ਹਾਂ ਜਿਸ ਦੁਆਰਾ ਪ੍ਰਮਾਤਮਾ ਦੇ ਦਰਬਾਰ ਵਿੱਚ ਸਾਡਾ ਮੁੱਖ ਉੱਜਲ ਹੁੰਦਾ ਹੈ ਤੇ ਅਸੀਂ ਸ਼ੋਭਾ ਪਾਉਂਦੇ ਹਾਂ। ਜੋ ਨਿੰਦਕ ਹੈ ਭਾਵ ਮਾੜੇ ਕਰਮ ਕਰਨ ਵਾਲਾ ਹੈ ਉਹ ਨਾਮ ਵਿਹੂਣਾ ਹੈ, ਸੱਚ ਵਿਹੂਣਾ ਹੈ ਭਾਵ ਗੁਰੂ ਦੀ ਸਿੱਖਿਆ ਤੋਂ ਵਿਹੂਣਾ ਹੈ ਜਿੰਨ੍ਹਾਂ ਨੂੰ ਨਾ ਇਸ ਸੰਸਾਰ ਵਿੱਚ ਕੁੱਝ ਪੱਲੇ ਪੈਂਦਾ ਹੈ ਤੇ ਨਾ ਹੀ ਇਸ ਮਨੁੱਖੀ ਜੀਵਨ ਵਿੱਚ ਇਹੋ ਜਿਹਿਆਂ ਦਾ ਕੁੱਝ ਸੰਵਰਨਾ ਹੈ ਭਾਵ ਇਹੋ ਜਿਹੇ ਮਨੁੱਖ ਕੇਵਲ ਖੁਆਰ ਹੀ ਹੁੰਦੇ ਹਨ। **(ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥ ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥੨॥)**

29/3182

{ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥}

(ਅੰਗ ੮)

{ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ॥
ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ॥
ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ॥੬॥}

(ਅੰਗ ੬੩)

{ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥੩॥}

(ਅੰਗ ੪੮੯)

{ਮਨ ਰੇ ਸਮਝੁ ਕਵਨ ਮਤਿ ਲਾਗਾ॥ ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ॥ਰਹਾਉ॥}

(ਅੰਗ ੫੯੮)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ॥
ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ॥੩॥}

(ਅੰਗ ੧੧੫)

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ॥
ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ
ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ॥੧॥}

(ਅੰਗ ੧੧੧੮)

ਅਸੀਂ ਪਿਛਲੇ ਸ਼ਬਦਾਂ ਦੁਆਰਾ ਇਹ ਸਮਝਿਆ ਹੈ ਕਿ ਜਿੰਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਉਨ੍ਹਾਂ ਦੇ ਅੰਦਰ ਦੁਸ਼ਟਾਂ ਦਾ ਵਾਸਾ ਹੈ ਭਾਵ ਔਗੁਣਾਂ ਦਾ ਵਾਸਾ ਹੈ। ਜਿੰਨ੍ਹਾਂ ਨੂੰ ਔਗੁਣਾਂ ਨਾਲ ਪਿਆਰ ਹੈ, ਦੁਸ਼ਟਾਂ ਨਾਲ ਪਿਆਰ ਹੈ ਉਨ੍ਹਾਂ ਨੂੰ ਨਾਮ ਦੇ ਨਾਲ ਪਿਆਰ ਨਹੀਂ ਹੈ, ਗੁਰੂ ਦੀ ਸਿੱਖਿਆ ਦੇ ਨਾਲ ਪਿਆਰ ਨਹੀਂ ਹੈ ਤੇ ਇਹੋ ਜਿਹੇ ਮਨੁੱਖ ਗੁਰੂ ਪ੍ਰਮਾਤਮਾ ਨਾਲ ਆਪਣਾ ਵੈਰ ਪਾਉਂਦੇ ਹਨ, ਝਗੜਾ ਪਾਉਂਦੇ ਹਨ। ਆਓ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਵੀ ਸਮਝੀਏ ਤੇ ਗੁਰੂ ਦੀ ਨਿੰਦਾ ਤੋਂ ਬਚੀਏ। ਇਸ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਕੁੱਝ ਸਮਝਿਆ ਹੈ।

ਸਲੋਕ ਮਃ ੩॥

“ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ॥
ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥
ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ॥੧॥”

(ਅੰਗ ੮੫੪)

29/3183

ਨਾਮ ਵਿਸਾਰਨਾ ਕੀ ਹੈ ਇਸ ਨੂੰ ਗੁਰਬਾਣੀ ਰਾਹੀਂ ਬਹੁਤ ਹੀ ਸਪੱਸ਼ਟ ਸਮਝਾਇਆ ਹੋਇਆ ਹੈ ਤੇ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਕਿਸੇ ਵਿਆਖਿਆ ਦੀ ਲੋੜ ਵੀ ਮਹਿਸੂਸ ਨਹੀਂ ਹੁੰਦੀ। ਜਿਸ ਦੇ ਅੰਦਰ ਭਰਮ ਦ੍ਰਿੜ ਹੈ ਤੇ ਆਪਣੇ ਸਿਰਮੌਰਾਂ ਦਾ ਮਾਣ ਦ੍ਰਿੜ ਹੈ ਜਿੰਨ੍ਹਾਂ ਕੋਲੋਂ ਨਾਮ ਦੀ ਸਿੱਖਿਆ ਲਈ ਹੋਈ ਹੈ ਕੇਵਲ ਉਹ ਹੀ ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਕਰਨ ਵਾਲੇ ਹੋ ਸਕਦੇ ਹਨ। ਜਿੰਨ੍ਹਾਂ ਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਉਨ੍ਹਾਂ ਨੂੰ ਇਸ ਗੱਲ ਨੂੰ ਸਮਝਣਾ ਬਿਲਕੁਲ ਵੀ ਮੁਸ਼ਕਿਲ ਨਹੀਂ ਹੈ ਕਿ ਨਾਮ ਵਿਸਾਰਨਾ ਕੀ ਹੈ। ਪੰਜ ਚੋਰ ਕੀ ਹਨ ਇਸ ਬਾਰੇ ਕਿਸੇ ਨੂੰ ਭਰਮ ਨਹੀਂ ਹੈ, ਇਸ ਗੱਲ ਦਾ ਭਰਮ ਅੱਖਰ ਦਾ ਜਪ ਕਰਨ ਵਾਲਿਆਂ ਨੂੰ ਵੀ ਨਹੀਂ ਹੋ ਸਕਦਾ ਕਿਉਂਕਿ ਵਾਰ-ਵਾਰ ਗੁਰਬਾਣੀ ਰਾਹੀਂ ਸਾਨੂੰ ਇਹ ਸਮਝਾਇਆ ਗਿਆ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੇ ਅੰਦਰ ਪੰਜ ਚੋਰ ਹਨ ਜੋ ਸਾਡੇ ਅੰਦਰ ਔਗੁਣਾਂ ਦਾ ਰੂਪ ਹਨ। ਇਹ ਚੋਰ ਹਰ ਵੇਲੇ ਸਾਡੇ ਘਰ ਨੂੰ ਲੁੱਟਦੇ ਰਹਿੰਦੇ ਹਨ ਜਿਸ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਅਗਿਆਨਤਾ ਹੈ, ਨਾ ਸਮਝੀ ਹੈ ਕਿ ਸਾਨੂੰ ਕਿਹੋ ਜਿਹਾ ਜੀਵਨ ਜਿਉਂਣਾ ਚਾਹੀਦਾ ਹੈ। ਇਹ ਔਗੁਣ ਸਾਡੇ ਜੀਵਨ ਨੂੰ ਬਰਬਾਦ ਕਰਦੇ ਹਨ ਪਰ ਮਨ ਦੀ ਅਗਿਆਨਤਾ ਕਰਕੇ, ਨਾ ਸਮਝੀ ਕਰਕੇ, ਹਉਮੈ ਕਰਕੇ ਇਨ੍ਹਾਂ ਵੱਲੋਂ ਬੇਖ਼ਬਰ ਹਾਂ। ਜਿੰਨ੍ਹਾਂ ਦੇ ਅੰਦਰ ਇਹ ਔਗੁਣ ਵਸੇ ਹੋਏ ਹਨ ਉਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਭਾਵ ਗੁਰੂ ਦੀ ਮਤਿ, ਗੁਰੂ ਦੀ ਸਿੱਖਿਆ ਵਿਸਰੀ ਹੋਈ ਹੈ ਜੋ ਸਾਨੂੰ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦੀ ਹੈ। ਮਾੜੇ ਕਰਮ ਕਰਨ ਵਾਲੇ ਨੂੰ ਹਰ ਕੋਈ ਮਾੜਾ ਕਹਿੰਦਾ ਹੈ ਜੋ ਕਿ ਮਾੜੇ ਕਰਮ ਕਰਨ ਦੁਆਰਾ ਉਹ ਆਪ ਹੀ ਆਪਣੇ ਆਪ ਨੂੰ ਮਾੜਾ ਕਹਾਉਂਦੇ ਹਨ। ਮਾੜੇ ਕਰਮ ਉਹੀ ਕਰਦਾ ਹੈ, ਮਾੜਾ ਉਹੀ ਅਖਵਾਉਂਦਾ ਹੈ ਜਿਸ ਨੂੰ ਨਾਮ ਵਿਸਰਿਆ ਹੋਇਆ ਹੈ, ਗੁਰੂ ਦੀ ਸਿੱਖਿਆ ਵਿਸਰੀ ਹੋਈ ਹੈ ਤੇ ਉਹ ਔਗੁਣਾਂ ਦੁਆਰਾ ਵਿਚਰਦਾ ਹੈ। **(ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ॥ ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ॥)**

ਹਉਮੈ ਦਾ ਨਾਮ ਦੇ ਨਾਲ ਇਹੀ ਵਿਰੋਧ ਹੈ ਕਿ ਸਾਡੇ ਅੰਦਰ ਦੀ ਹਉਮੈ ਸਾਨੂੰ ਨਾਮ ਦੇ ਉਲਟ ਤੋਰਦੀ ਹੈ, ਸਾਨੂੰ ਦੁਰਮਤਿ ਵਿੱਚ ਰੱਖਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

29/3184

“ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥

ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥

ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥"

ਜਿੰਨ੍ਹਾਂ ਦੇ ਅੰਦਰ ਔਗੁਣ ਹਨ ਭਾਵ ਜੋ ਔਗੁਣਾਂ ਦੁਆਰਾ ਠੱਗੇ ਜਾ ਰਹੇ ਹਨ ਉਹੀ ਮਨੁੱਖ ਸਾਕਤ ਹਨ ਤੇ ਉਹੀ ਦੁਰਮਤਿ ਵਾਲੇ ਹਨ ਭਾਵ ਮਾੜੀ ਮਤਿ ਵਾਲੇ ਹਨ। ਇਹੋ ਜਿਹੇ ਮਨੁੱਖ "ਹਰਿ ਰਸੁ" ਨੂੰ ਜਾਨਣ ਵਾਲੇ ਨਹੀਂ ਹਨ ਭਾਵ ਗੁਰੂ ਦੀ ਮਤਿ ਨੂੰ ਜਾਨਣ ਵਾਲੇ ਨਹੀਂ ਹਨ। "ਹਰਿ ਰਸੁ" ਹੀ "ਅੰਮ੍ਰਿਤੁ" ਹੈ ਭਾਵ ਗੁਰਮਤਿ ਰੂਪ ਗਿਆਨ ਹੈ, ਗੁਰਮਤਿ ਰੂਪ ਸੱਚੀ ਮਤਿ ਹੈ, ਗੁਣਾਂ ਵਾਲੀ ਮਤਿ ਹੈ ਜਿਸ ਨੂੰ ਮਨੁੱਖ ਭਰਮ ਵਿੱਚ ਹੀ ਲੁਟਾਉਂਦਾ ਰਹਿੰਦਾ ਹੈ, ਮਨ ਦੇ ਚੋਰਾਂ ਰਾਹੀਂ, ਔਗੁਣਾਂ ਰਾਹੀਂ ਲੁਟਾਉਂਦਾ ਰਹਿੰਦਾ ਹੈ ਜਿਸ ਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ, ਹਉਮੈ ਹੈ। ਜਿਸ ਦੇ ਅੰਦਰੋਂ ਗੁਰੂ ਦੀ ਅੰਮ੍ਰਿਤੁ ਰੂਪ ਸਿੱਖਿਆ ਲੁੱਟੀ ਜਾਂਦੀ ਹੈ ਉਹ ਮਨੁੱਖ ਫਿਰ ਬਿਖ ਨਾਲ ਰਚ ਜਾਂਦਾ ਹੈ ਭਾਵ ਮਾਇਆ ਦੇ ਸੁੱਖਾਂ ਵਿੱਚ ਰਚ ਜਾਂਦਾ ਹੈ ਜਿਸ ਕਰਕੇ ਉਹ ਔਗੁਣ ਕਰਦਾ ਹੈ। **(ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥ ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥)** ਇਹ ਪੰਜੇ ਚੋਰ, ਅੰਮ੍ਰਿਤ ਦੇ ਚੋਰ ਸਾਡੇ ਦੁਸ਼ਟ ਹਨ ਭਾਵ ਔਗੁਣ ਸਾਡੇ ਦੁਸ਼ਟ ਹਨ ਤੇ ਇਨ੍ਹਾਂ ਦੇ ਨਾਲ "ਪਿਰਹੜੀ" ਭਾਵ ਪਿਆਰ ਪਾਉਣ ਦੇ ਨਾਲ ਅਸੀਂ ਪ੍ਰਮਾਤਮਾ ਦੇ ਜਨ ਦੇ ਨਾਲ ਭਾਵ ਗੁਰੂ ਦੇ ਨਾਲ ਆਪਣਾ ਝਗੜਾ ਕਰਦੇ ਹਾਂ ਜਿਸਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ, ਹਉਮੈ ਹੈ। ਆਪਣੇ ਅੰਦਰ ਦੀ ਹਉਮੈ ਕਰਕੇ ਸਾਡੇ ਅੰਦਰ ਨਾਮ ਦੀ ਮਤਿ ਨਹੀਂ ਵੱਸਦੀ ਭਾਵ ਸਾਨੂੰ ਨਾਮ ਵਿਸਰਿਆ ਰਹਿੰਦਾ ਹੈ, ਇਹ ਔਗੁਣ ਸਾਡੇ ਅੰਦਰੋਂ ਅੰਮ੍ਰਿਤ ਨਾਮ ਲੁੱਟਦੇ ਰਹਿੰਦੇ ਹਨ ਜਿਸ ਕਰਕੇ ਸਾਡਾ ਨਾਮ ਦੇ ਨਾਲ ਝਗੜਾ ਹੈ, ਪ੍ਰਮਾਤਮਾ ਦੇ ਨਾਲ ਝਗੜਾ ਹੈ। ਪ੍ਰਮਾਤਮਾ ਨਾਮੁ ਰੂਪ ਹੈ, ਅੰਮ੍ਰਿਤ ਰੂਪ ਹੈ ਤੇ ਨਾਮ ਦੀ ਮਤਿ ਦੇ ਨਾਲ ਝਗੜਾ ਪ੍ਰਮਾਤਮਾ ਦੇ ਨਾਲ ਝਗੜਾ ਹੈ। ਪ੍ਰਮਾਤਮਾ ਦਾ ਜਨ ਸਾਨੂੰ ਪ੍ਰਮਾਤਮਾ ਦੀ ਮਤਿ ਹੀ ਦਿੰਦਾ ਹੈ, ਨਾਮ ਦੀ ਮਤਿ ਦਿੰਦਾ ਹੈ ਜਿਸ ਕਰਕੇ ਪ੍ਰਮਾਤਮਾ ਦਾ ਜਨ ਪ੍ਰਮਾਤਮਾ ਦਾ ਹੀ ਰੂਪ ਹੈ, ਉਸਦਾ ਗੁਰੂ ਰੂਪ ਹੈ, ਉਸਦਾ ਭਗਤ ਰੂਪ ਹੈ। ਪ੍ਰਮਾਤਮਾ ਦੇ ਜਨ ਦੇ ਨਾਲ ਝਗੜਾ ਪ੍ਰਮਾਤਮਾ ਦੇ ਨਾਲ ਝਗੜਾ ਹੈ। **(ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ॥ ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥ ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥)**

ਸਾਡਾ ਨਰਕ, ਜੂਨਾਂ ਵਿੱਚ ਪੈਣ ਦਾ ਕਾਰਨ, ਦੁੱਖਾਂ ਵਿੱਚ ਪੈਣ ਦਾ ਕਾਰਨ ਸਾਡੇ ਅੰਦਰ ਔਗੁਣਾਂ ਦਾ ਹੋਣਾ ਹੀ ਹੈ, ਗੁਰਮਤਿ ਦਾ ਨਾ ਵੱਸਣਾ ਹੀ ਹੈ ਭਾਵ ਸਾਡੇ ਮਾੜੇ ਕਰਮ ਹਨ ਤੇ ਸਾਡੇ ਕਰਮਾਂ ਅਨੁਸਾਰ ਪ੍ਰਮਾਤਮਾ ਨੇ ਆਪ ਹੀ ਸਾਨੂੰ ਇਹੋ ਜਿਹੀ ਕਿਰਤ ਵਿੱਚ ਰੱਖਿਆ ਹੋਇਆ ਹੈ। ਇਨ੍ਹਾਂ ਵਿੱਚੋਂ ਨਿਕਲਣ

29/3185

ਦਾ ਸਾਧਨ ਕੇਵਲ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦਾ ਉੱਦਮ ਕਰਨਾ ਹੀ ਹੈ, ਹਉਮੈ ਵਿੱਚੋਂ, ਔਗੁਣਾਂ ਵਿੱਚੋਂ ਨਿਕਲਣਾ ਹੀ ਹੈ ਭਾਵ ਮਾੜੇ ਕਰਮਾਂ ਵਿੱਚੋਂ ਨਿਕਲਣ ਦਾ ਉੱਦਮ ਕਰਨਾ ਹੀ ਸਾਡਾ ਸੱਚਾ ਉੱਦਮ ਹੈ ਤੇ ਜਿਹੋ ਜਿਹੇ ਭਗਤੀ ਦੇ ਉੱਦਮ ਅਸੀਂ ਕਰਨੇ ਸਮਝੇ ਹੋਏ ਹਨ ਉਹ ਵਿਅਰਥ ਹੀ ਹਨ। ਗੁਰੂ ਦੀ ਗੱਲ ਨੂੰ ਪੜ੍ਹਨਾ, ਸਮਝਣਾ, ਉਸਦੇ ਸੱਚ ਨੂੰ ਸਮਝਣਾ ਤੇ ਉਸਨੂੰ ਆਪਣੇ ਅੰਦਰ ਵਸਾਉਣਾ ਹੀ ਸਾਡਾ ਕੇਵਲ ਇੱਕੋ ਇੱਕ ਸੱਚਾ ਉੱਦਮ ਹੈ ਜੋ ਸਾਨੂੰ ਆਵਾਗਉਣ ਦੇ ਦੁੱਖ ਵਿੱਚੋਂ ਕੱਢ ਸਕਦਾ ਹੈ। **(ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ॥ ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ॥੧॥)**

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥

ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥੨॥

ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ॥

ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ॥

ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ॥੩॥

ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ॥੪॥੨॥}

(ਅੰਗ ੬੦੦)

"ਅੰਮ੍ਰਿਤੁ" ਵੀ ਸਾਡੇ ਅੰਦਰ ਹੈ ਤੇ "ਬਿਖਿਆ" ਵੀ ਸਾਡੇ ਅੰਦਰ ਹੈ ਭਾਵ ਮਨ ਦੇ ਅੰਦਰ ਹੈ। ਅੰਮ੍ਰਿਤ ਵੀ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਤੇ ਬਿਖਿਆ ਵੀ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਅੰਮ੍ਰਿਤੁ ਰੂਪ ਵਿਚਾਰ ਸਾਡੇ ਨਾਮੁ ਵਾਲੇ ਵਿਚਾਰ ਹਨ ਤੇ ਬਿਖਿਆ ਰੂਪ ਵਿਚਾਰ ਸਾਡੇ ਹਉਮੈ ਵਾਲੇ ਵਿਚਾਰ ਹਨ। ਜਦੋਂ ਸਾਡੇ ਅੰਦਰੋਂ ਅੰਮ੍ਰਿਤ ਲੁੱਟਿਆ ਜਾਂਦਾ ਹੈ ਭਾਵ ਨਾਮ ਧਨ ਲੁੱਟਿਆ ਜਾਂਦਾ ਹੈ ਉਸ ਰਾਹੀਂ ਅਸੀਂ ਆਪਣੇ ਅੰਦਰ ਬਿਖਿਆ ਦਾ ਧਨ ਇਕੱਠਾ ਕਰਦੇ ਹਾਂ ਭਾਵ ਬਿਖਿਆ ਵਾਲੇ ਵਿਚਾਰਾਂ ਦਾ, ਔਗੁਣਾਂ ਵਾਲੇ ਵਿਚਾਰਾਂ ਦਾ ਧਨ ਇਕੱਠਾ ਕਰਦੇ ਹਾਂ। ਨਾਮ ਧਨ ਰਾਹੀਂ ਭਾਵ ਸੱਚੇ ਵਿਚਾਰਾਂ ਦੇ ਧਨ ਰਾਹੀਂ ਅਸੀਂ ਚੰਗੇ ਕਰਮ ਕਰਦੇ ਹਾਂ ਤੇ ਬਿਖਿਆ ਦੇ ਧਨ ਰਾਹੀਂ ਭਾਵ ਔਗੁਣਾਂ ਵਾਲੇ ਵਿਚਾਰਾਂ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ। ਸੱਚੇ ਕਰਮਾਂ ਰਾਹੀਂ ਅਸੀਂ ਸੱਚ ਧਨ ਨਾਲ ਜੁੜਦੇ ਹਾਂ ਜਿਸ ਧਨ ਨੇ ਸਾਨੂੰ ਇਸੇ ਮਨੁੱਖੀ ਜੀਵਨ ਵਿੱਚ ਬਚਾਉਣਾ ਹੈ। ਇਹ ਧਨ ਸਾਡੇ ਗੁਣਾਂ ਦਾ ਧਨ ਹੈ ਜਿਸਨੇ ਸਾਡੇ ਕੰਮ ਆਉਣਾ ਹੈ। ਮਾੜੇ ਕਰਮਾਂ ਰਾਹੀਂ ਅਸੀਂ ਮਾਇਆ ਦਾ ਧਨ ਇਕੱਠਾ ਕਰਦੇ ਹਾਂ ਜੋ ਧਨ ਇੱਥੇ ਹੀ ਰਹਿ ਜਾਣਾ ਹੈ ਜਿਸ ਨੇ ਸਾਨੂੰ ਇਸੇ ਮਨੁੱਖੀ ਜੀਵਨ ਵਿੱਚ ਦੁੱਖਾਂ ਵਿੱਚ ਪਾਉਣਾ ਹੈ। ਜੋ ਅੱਜ ਦੇ ਦੁਨਿਆਵੀ ਸੁੱਖਾਂ ਨਾਲ ਜੁੜਿਆ ਹੋਇਆ ਹੈ ਭਾਵ ਮਾਇਆ ਦੇ ਸੁੱਖਾਂ ਵਿੱਚ ਉਲਝ ਕੇ ਮਾੜੇ ਕਰਮ ਕਰਦਾ ਹੈ ਉਹ ਕਦੇ ਸਦੀਵੀਂ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦਾ ਤੇ ਆਪਣੇ ਆਪ ਨੂੰ ਵਾਰ-ਵਾਰ ਦੁੱਖਾਂ ਵਿੱਚ ਹੀ ਪਾਉਂਦਾ ਹੈ। ਇਸ ਉਲਝਣ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਆਪਣੇ ਜੀਵਨ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ। ਬਿਖਿਆ ਦੇ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਕਰ ਸਕਦੇ ਕਿਉਂਕਿ ਇਹ ਦੋਨੋਂ ਇੱਕ ਦੂਜੇ

ਤੋਂ ਵੱਖਰੇ ਮਾਰਗ ਹਨ ਜਿੰਨ੍ਹਾਂ ਦਾ ਸੰਬੰਧ ਸਾਡੇ ਮਨ ਦੀ ਸੋਝੀ ਦੇ ਨਾਲ ਹੈ, ਮਨ ਦੇ ਵਿਚਾਰਾਂ ਦੇ ਨਾਲ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ॥੧॥"

(ਅੰਗ ੮੨੨)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਬਿਖਿਆ ਰਸ ਅਤੇ ਅੰਮ੍ਰਿਤ ਰਸ ਵਿੱਚ ਭਾਵ ਬਿਖਿਆ ਰਸੁ ਤੇ ਨਾਮ ਰਸ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਇਹ ਸਾਡੇ ਮਨ ਦੇ ਪੀਣ ਦੇ ਰਸ ਹਨ। ਜਿਹੋ ਜਿਹਾ ਰਸ ਸਾਨੂੰ ਚੰਗਾ ਲੱਗਦਾ ਹੈ ਅਸੀਂ ਉਹ ਰਸ ਪੀਂਦੇ ਹਾਂ ਭਾਵ ਅਸੀਂ ਉਸ ਰਸ ਦੇ ਨਾਲ ਜੁੜਦੇ ਹਾਂ। ਬਿਖਿਆ ਦੇ ਰਸਾਂ ਦੁਆਰਾ ਭਾਵ ਔਗੁਣਾਂ ਦੇ ਰਸਾਂ ਦੁਆਰਾ ਅਸੀਂ ਆਪਣੀ ਤ੍ਰਿਸ਼ਨਾਵਾਂ ਦੀ ਪੂਰਤੀ ਕਰਦੇ ਹਾਂ ਤੇ ਇਸੇ ਲਈ ਇਹ ਰਸ ਸਭ ਨੂੰ ਚੰਗੇ ਲੱਗਦੇ ਹਨ। ਇਹ ਰਸ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹਨ। ਮਨ ਦੇ ਮਾੜੇ ਵਿਚਾਰ ਸਾਡੇ ਬਿਖਿਆ ਰਸ ਹਨ ਤੇ ਮਨ ਦੇ ਚੰਗੇ ਵਿਚਾਰ ਅੰਮ੍ਰਿਤ ਰਸ ਹਨ, ਨਾਮ ਰਸ ਹਨ ਜੋ ਕਿ ਸਾਡੇ ਅੰਦਰ ਸਤੁ ਸੰਤੋਖ ਦੇ ਰੂਪ ਵਿੱਚ ਹਨ। ਮਨ ਦੇ ਇਹ ਚੰਗੇ ਵਿਚਾਰ ਸਾਨੂੰ ਗੁਰੂ ਦੀ ਮਤਿ ਦੇ ਨਾਲ ਜੋੜਦੇ ਹਨ, ਸੱਚ ਦੇ ਨਾਲ ਜੋੜਦੇ ਹਨ, ਗੁਣਾਂ ਦੇ ਨਾਲ ਜੋੜਦੇ ਹਨ ਭਾਵ ਚੰਗੇ ਕਰਮ ਕਰਨ ਦੇ ਨਾਲ ਜੋੜਦੇ ਹਨ, ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢਦੇ ਹਨ, ਮਾੜੇ ਵਿਚਾਰਾਂ ਵਿੱਚੋਂ ਕੱਢਦੇ ਹਨ, ਔਗੁਣਾਂ ਵਿੱਚੋਂ ਕੱਢਦੇ ਹਨ, ਮਨਮਤਿ ਵਿੱਚੋਂ ਕੱਢਦੇ ਹਨ। ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਸਾਡੇ ਮਨ ਦੀ ਬਿਰਤੀ ਤਹਿ ਹੁੰਦੀ ਹੈ, ਸਾਡੀ ਨੀਅਤ ਤਹਿ ਹੁੰਦੀ ਹੈ। ਸਾਡੀ ਮਾੜੀ ਨੀਅਤ ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚ ਡੋਬਦੀ ਹੈ ਤੇ ਸਾਡੀ ਚੰਗੀ ਨੀਅਤ ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚੋਂ ਤਾਰਦੀ ਹੈ। ਗੁਰੂ ਦਾ ਗਿਆਨ ਸਾਨੂੰ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਤਾਰਨ ਲਈ ਹੀ ਹੈ ਜਿਸ ਵਿੱਚ ਅਸੀਂ ਮਨ ਦੀ ਮਾੜੀ ਸੋਝੀ ਕਰਕੇ ਭਾਵ ਅਗਿਆਨਤਾ ਕਰਕੇ ਡੁੱਬੇ ਹੋਏ ਹਾਂ। ਇਸ ਅਗਿਆਨਤਾ ਵਿੱਚੋਂ ਉਹੀ ਨਿਕਲ ਸਕਦਾ ਹੈ ਜੋ ਗੁਰੂ ਦੇ ਸੱਚੇ ਗਿਆਨ ਨਾਲ ਜੁੜਦਾ ਹੈ ਭਾਵ ਗੁਰੂ ਦੇ

ਗਿਆਨ ਨੂੰ ਆਪਣੇ ਅੰਦਰ ਵਸਾਉਂਦਾ ਹੈ ਤੇ ਮਾਇਆ ਮੋਹ ਵਾਲੇ, ਮਨਮਤਿ ਵਾਲੇ, ਅਗਿਆਨਤਾ ਵਾਲੇ ਮਾੜੇ ਵਿਚਾਰਾਂ ਵਿੱਚੋਂ ਨਿਕਲਕੇ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਜੁੜਦਾ ਹੈ ਜਿਸ ਦੁਆਰਾ ਸਾਡੇ ਮਨ ਦੀ ਮਾੜੀ ਸੋਝੀ ਚੰਗੀ ਸੋਝੀ ਵਿੱਚ ਬਦਲ ਜਾਂਦੀ ਹੈ, ਸਾਡੇ ਮਾੜੇ ਵਿਚਾਰ ਚੰਗੇ ਵਿਚਾਰਾਂ ਵਿੱਚ

29/3187

ਬਦਲ ਜਾਂਦੇ ਹਨ ਭਾਵ ਸਾਡੇ ਮਾੜੇ ਕਰਮ ਚੰਗੇ ਕਰਮਾਂ ਵਿੱਚ ਬਦਲ ਜਾਂਦੇ ਹਨ ਭਾਵ ਗੁਰੂ ਪ੍ਰਮਾਤਮਾ ਦੀ ਨਿੰਦਾ ਗੁਰੂ ਪ੍ਰਮਾਤਮਾ ਦੀ ਉਸਤਤਿ ਵਿੱਚ ਬਦਲ ਜਾਂਦੀ ਹੈ ਭਾਵ ਹਉਮੈ ਵਾਲੀ ਮਤਿ ਦਾ ਨਾਮ ਵਾਲੀ ਮਤਿ ਵਿੱਚ ਬਦਲਣ ਦੇ ਨਾਲ ਹਉਮੈ ਦਾ ਨਾਮ ਦੇ ਨਾਲ ਵਿਰੋਧ ਮੁੱਕ ਜਾਂਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਨਿਬੇੜਨ ਦਾ ਇਹੀ ਤਰੀਕਾ ਸਮਝਾਇਆ ਹੈ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ ਪਰ ਹਰ ਕੋਈ ਆਪਣੀ ਕਥਨੀ ਨੂੰ ਹੀ ਉੱਚਾ ਸਮਝੀ ਬੈਠਾ ਹੈ ਜਿਸ ਨਾਲ ਹਰ ਕੋਈ ਆਪਣੀ ਹਉਮੈ ਵਧਾਉਣ ਵਿੱਚ ਹੀ ਲੱਗਾ ਹੋਇਆ ਹੈ ਭਾਵ ਨਾਮ ਦੇ ਨਾਲ ਆਪਣੀ ਵਿਰੋਧਤਾ ਵਧਾਉਣ ਵਿੱਚ ਹੀ ਲੱਗਾ ਹੋਇਆ ਹੈ। ਪ੍ਰਮਾਤਮਾ ਅੱਗੇ ਸਾਡੀ ਇਹੀ ਬੇਨਤੀ ਹੋਣੀ ਚਾਹੀਦੀ ਹੈ ਕਿ ਉਹ ਸਾਨੂੰ ਔਗੁਣਾਂ ਵਿੱਚੋਂ ਕੱਢ ਲਵੇ ਤੇ ਆਪਣੀ ਸੰਗਤ ਬਖ਼ਸ਼ ਦੇਵੇ ਭਾਵ ਸਾਧਸੰਗਿ ਬਖ਼ਸ਼ ਦੇਵੇ, ਆਪਣੀ ਸੱਚੀ ਮਤਿ ਦੀ ਸੰਗਤਿ ਬਖ਼ਸ਼ ਦੇਵੇ ਤਾਂ ਜੋ ਅਸੀਂ ਉਸਦੀ ਸੱਚੀ ਮਤਿ ਦੇ ਨਾਲ ਜੁੜਕੇ, ਔਗੁਣਾਂ ਵਿੱਚੋਂ ਨਿਕਲ ਕੇ ਇਸ ਮਾਇਆ ਮੋਹ ਦੇ ਸਾਗਰ ਤੋਂ ਤਰ ਸਕੀਏ। ਸਾਡੀ ਸੱਚੀ ਅਰਦਾਸ ਤਾਂ ਹੀ ਹੁੰਦੀ ਹੈ ਜਦੋਂ ਅਸੀਂ ਸੱਚੇ ਦਿਲੋਂ ਔਗੁਣਾਂ ਨੂੰ ਛੱਡਣ ਦਾ ਉਪਰਾਲਾ ਕਰੀਏ। **(ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ॥ ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ॥੧॥ ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ॥ ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ॥੨॥੩॥੯੩॥)**

ਬਿਖਿਆ ਰਸ ਸਾਡੇ ਅੰਦਰ ਕਿਸ ਰੂਪ ਵਿੱਚ ਹਨ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

“ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ॥
ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ
ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ॥੧॥”

(ਅੰਗ ੧੧੧੮)

“ਬਿਖ” ਮਾਇਆ ਮੋਹ ਹੈ ਤੇ ਬਿਖ ਦੇ ਰਸ ਮਾਇਆ ਦੇ ਸੁੱਖ ਹਨ ਜਿੰਨ੍ਹਾਂ ਦੀ ਪ੍ਰਾਪਤੀ ਲਈ ਅਸੀਂ ਔਗੁਣਾਂ ਦਾ ਸਹਾਰਾ ਲੈਂਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਵਰਤੋਂ ਕਰਦੇ ਹਾਂ ਤੇ ਇਸੇ ਲਈ ਇਨ੍ਹਾਂ ਔਗੁਣਾਂ ਨੂੰ ਸਾਡੇ ਬਿਖੈ ਰਸ ਕਿਹਾ ਗਿਆ ਹੈ। ਸਾਡੇ ਅੰਦਰ ਔਗੁਣਾਂ ਦਾ ਰੂਪ ਸਾਡੇ ਮਾੜੇ ਵਿਚਾਰ ਹਨ ਤੇ ਸਾਡੇ ਇਹ ਮਾੜੇ ਵਿਚਾਰ ਹੀ ਸਾਡੇ ਦੁਸ਼ਟ ਹਨ।

29/3188

ਜਦ ਤੱਕ ਸਾਨੂੰ ਮਾਇਆ ਨਾਲ ਪਿਆਰ ਹੈ ਤਦ ਤੱਕ ਸਾਨੂੰ ਇਨ੍ਹਾਂ ਦੁਸ਼ਟਾਂ ਨਾਲ ਪਿਆਰ ਹੈ ਭਾਵ ਸਾਡਾ ਦੁਸ਼ਟਾਂ ਦੇ ਨਾਲ ਪਿਆਰ ਦਾ ਮੂਲ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਦੀ ਤ੍ਰਿਸ਼ਨਾ ਹੈ। ਸਾਡਾ ਪ੍ਰਮਾਤਮਾ ਦੇ ਨਾਲ ਵੈਰ ਦਾ ਕਾਰਨ, ਉਸਦੇ ਨਾਲ ਝਗੜੇ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੀ ਹੈ। ਜਿੱਥੇ ਮਾਇਆ ਮੋਹ ਹੈ ਉੱਥੇ ਮਨਮਤਿ ਹੈ ਤੇ ਜਿੱਥੇ ਗੁਰਮਤਿ ਵੱਸ ਜਾਂਦੀ ਹੈ ਉੱਥੇ ਮਾਇਆ ਮੋਹ ਨਹੀਂ ਰਹਿੰਦਾ ਭਾਵ ਉੱਥੇ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਰਹਿੰਦਾ। ਇਹ ਝਗੜਾ ਮਨਮਤਿ ਦਾ ਗੁਰਮਤਿ ਦੇ ਨਾਲ ਹੈ, ਝੂਠ ਦਾ ਸੱਚ ਦੇ ਨਾਲ ਹੈ, ਹਉਮੈ ਦਾ ਨਾਮ ਦੇ ਨਾਲ ਹੈ। ਨਾਮ ਦੀ ਮਤਿ ਥਿਰ ਹੈ, ਸੱਚ ਹੈ, ਅਡੋਲ ਹੈ ਜੋ ਕਦੇ ਬਦਲ ਨਹੀਂ ਸਕਦੀ। ਸੱਚ ਦੇ ਨਾਲ ਝਗੜਾ ਸੱਚ ਨੂੰ ਅਪਣਾ ਕੇ ਹੀ ਨਿੱਬੜ ਸਕਦਾ ਹੈ ਤੇ ਉਸਦੇ ਲਈ ਬਦਲਣ ਦੀ ਲੋੜ ਹਉਮੈ ਵਾਲੀ ਮਤਿ ਦੀ ਹੈ, ਮਾਇਆ ਮੋਹ ਵਾਲੀ ਮਤਿ ਦੀ ਹੈ ਭਾਵ ਮਾੜੇ ਵਿਚਾਰਾਂ ਵਾਲੀ ਮਤਿ ਨੂੰ ਬਦਲਣ ਦੀ ਲੋੜ ਹੈ ਤੇ ਸ਼ਬਦ ਦੇ, ਗੁਰੂ ਦੇ ਸੱਚੇ ਵਿਚਾਰਾਂ ਨੂੰ ਅਪਣਾਉਣ ਦੀ ਲੋੜ ਹੈ ਜਿਸ ਦੁਆਰਾ ਹਉਮੈ ਦੀ ਨਾਮ ਦੇ ਨਾਲ ਵਿਰੋਧਤਾ ਮੁੱਕ ਸਕਦੀ ਹੈ। ਆਪਣੇ ਅੰਦਰੋਂ ਦੁਸ਼ਟਾਂ ਨਾਲ ਪਿਆਰ ਛੱਡੇ ਬਿਨ੍ਹਾਂ ਸਾਡਾ ਗੁਰੂ ਦੀ ਮਤਿ ਦੇ

ਨਾਲ ਪਿਆਰ ਨਹੀਂ ਜੁੜ ਸਕਦਾ। ਸਾਰੀ ਗੱਲ ਆਪਣੇ ਅੰਦਰੋਂ ਦੁਸ਼ਟਾਂ ਨੂੰ ਵੱਸ ਕਰਨ ਦੀ ਹੀ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦੀ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

ਆਪਣੇ ਅੰਦਰੋਂ ਇਨ੍ਹਾਂ ਦੁਸ਼ਟਾਂ ਨੂੰ ਵਸ ਕਰਨ ਦਾ ਇੱਕੋ ਇੱਕ ਤਰੀਕਾ ਸਾਡੇ ਅੰਦਰ ਸਾਧਸੰਗਤਿ ਦਾ ਹੋਣਾ ਹੈ ਜੋ ਕਿ ਸਾਡੇ ਅੰਦਰ ਸ਼ਬਦ ਦੇ ਵਿਚਾਰਾਂ ਦੇ ਨਾਲ ਸੰਗਤਿ ਹੈ, ਨਿਰਗੁਣ ਰੂਪ ਸੰਗਤਿ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰਨ ਰੂਪ ਵਿੱਚ ਸਾਡੇ ਇਹ ਔਗੁਣ ਮਨ ਦੇ ਵਿੱਚ ਸਾਧਸੰਗਤਿ ਵਾਲੀ ਅਵੱਸਥਾ ਦੁਆਰਾ ਹੀ ਵੱਸ ਆਉਂਦੇ ਹਨ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਆਪਣੇ ਸ਼ਬਦ ਦੇ ਵਿਚਾਰਾਂ ਦੀ ਸਮਝ ਬਖ਼ਸ਼ਦਾ ਹੈ, ਸੱਚੇ ਗਿਆਨ ਦੀ ਸੰਗਤਿ ਬਖ਼ਸ਼ਦਾ ਹੈ, ਸੱਚ ਦੀ, ਪੂਰਨ ਗੁਰਮਤਿ ਦੀ ਸੰਗਤਿ ਬਖ਼ਸ਼ਦਾ ਹੈ ਤੇ ਮਨੁੱਖ ਨੂੰ ਪੂਰਨ ਰੂਪ ਵਿੱਚ ਔਗੁਣਾਂ ਤੋਂ, ਮਾਇਆ ਮੋਹ ਤੋਂ, ਹਉਮੈ ਤੋਂ ਮੁਕਤਿ ਕਰਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਨਾਲ ਨਿਬੇੜਾ ਹੁੰਦਾ ਹੈ ਭਾਵ ਝਗੜਾ ਨਿਬੜਦਾ ਹੈ। ਪ੍ਰਮਾਤਮਾ ਦੇ ਨਾਲ ਇਹ ਝਗੜਾ ਨਿਬੇੜਨ ਦਾ ਸਾਡੇ ਲਈ ਇੱਕੋ ਇੱਕ ਉੱਦਮ ਗੁਰੂ ਦੀ ਮਤਿ ਨੂੰ ਅਪਣਾਉਣ ਦਾ ਹੈ ਤੇ ਔਗੁਣਾਂ ਵਿੱਚੋਂ ਨਿਕਲਣ ਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ

29/3189

ਝਗੜਾ ਨਿਬੇੜਨ ਦਾ ਇੱਕੋ ਇੱਕ ਸੱਚਾ ਉੱਦਮ ਹੈ। ਝਗੜਾ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਨਿਬੜਦਾ ਹੈ, ਉਸਦੇ ਨਾਲ ਮੇਲ ਦੁਆਰਾ ਹੀ ਨਿਬੜਦਾ ਹੈ, ਸਾਧਸੰਗਤਿ ਦੀ ਅਵੱਸਥਾ ਦੁਆਰਾ ਹੀ ਨਿਬੜਦਾ ਹੈ ਜਿਸ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਆਪਣੇ ਸੱਚੇ ਵਿਚਾਰਾਂ ਦੇ ਨਾਲ ਜੋੜ ਕੇ ਸਾਨੂੰ ਔਗੁਣ ਮੁਕਤ ਕਰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਗੁਆਰੇਰੀ ਮਹਲਾ ੫॥

{“ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥
ਰਸਨਾ ਸੋਈ ਲੋਭਿ ਮੀਠੈ ਸਾਦਿ॥ ਮਨੁ ਸੋਇਆ ਮਾਇਆ ਬਿਸਮਾਦਿ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਓਹੁ ਅਪਨੀ ਲਹੈ॥੧॥ਰਹਾਉ॥
ਸਗਲ ਸਹੇਲੀ ਅਪਨੈ ਰਸ ਮਾਤੀ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥
ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥੨॥
ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥
ਦਰਬਿ ਸਿਆਣਪ ਨਾ ਓਇ ਰਹਤੇ॥ ਸਾਧਸੰਗਿ ਓਇ ਦੁਸਟ ਵਸਿ ਹੋਤੇ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ॥ ਸੰਤਨ ਧੂਰਿ ਸਰਬ ਨਿਧਾਨ॥
ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ॥੧॥ਰਹਾਉ ਦੂਜਾ॥੨੦॥੯੯॥”}

(ਅੰਗ ੧੯੨)

ਉੱਪਰ ਸ਼ਬਦ ਰਾਹੀਂ ਸਾਨੂੰ ਸਾਡੇ ਮਨ ਦਾ ਸੌਣਾ ਤੇ ਜਾਗਣਾ ਹੀ ਸਮਝਾਇਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਗੁਰੂ ਦਾ ਸੱਚਾ ਗਿਆਨ ਨਹੀਂ ਹੈ ਤਦ ਤੱਕ ਹਰ ਕੋਈ ਸੁੱਤਾ ਹੋਇਆ ਹੈ। ਧਿਆਨ ਨਾਲ ਸਮਝੋ ਕਿ ਮਨ ਦੇ ਵਿੱਚ ਸੁੱਤੇ ਹੋਣ ਦਾ ਜਾਂ ਜਾਗਦੇ ਹੋਣ ਦਾ ਭੇਦ ਕੀ ਹੈ। ਜਦੋਂ ਸਾਡੇ ਅੰਦਰ ਦਾ ਸੱਚ ਸੁੱਤਾ ਹੁੰਦਾ ਹੈ ਤੇ ਝੂਠ ਜਾਗਦਾ ਹੈ, ਜਦੋਂ ਗੁਰਮਤਿ ਸੁੱਤੀ ਹੁੰਦੀ ਹੈ ਤੇ ਮਨਮਤਿ ਜਾਗਦੀ ਹੈ, ਜਦੋਂ ਗੁਣ ਸੁੱਤੇ ਹੁੰਦੇ ਹਨ ਤੇ ਔਗੁਣ ਜਾਗਦੇ ਹਨ, ਜਦੋਂ ਨਾਮ ਸੁੱਤਾ ਹੁੰਦਾ ਹੈ ਤਾਂ ਹਉਮੈ ਜਾਗਦੀ ਹੈ। ਇਹ ਸਭ ਕੁੱਝ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ, ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਸਾਡੇ ਮਨ ਦੇ ਵਿਚਾਰਾਂ ਨੂੰ ਮਾੜਾ ਜਾਂ ਚੰਗਾ ਮਨ ਦੀ ਸੋਝੀ ਹੀ ਬਣਾਉਂਦੀ ਹੈ। ਜੇਕਰ ਸਾਡੇ ਅੰਦਰ ਗੁਰਮਤਿ ਵਾਲੀ ਸੋਝੀ ਹੈ ਫਿਰ ਸਾਡੇ ਵਿਚਾਰ ਚੰਗੇ ਹਨ ਭਾਵ ਸਾਡੇ ਵਿਚਾਰ ਸੱਚੇ ਹਨ, ਨਾਮ ਵਾਲੇ ਹਨ ਤੇ ਜੇਕਰ ਸਾਡੇ ਅੰਦਰ ਗੁਰਮਤਿ ਵਾਲੀ ਸੋਝੀ

ਨਹੀਂ ਹੈ ਫਿਰ ਸਾਡੇ ਵਿਚਾਰ ਮਾੜੇ ਹਨ, ਔਗੁਣਾਂ ਵਾਲੇ ਹਨ, ਹਉਮੈ ਵਾਲੇ ਹਨ। ਸਾਰਾ ਭੇਦ ਸਾਡੇ ਅੰਦਰ ਸੱਚੇ ਗਿਆਨ ਦਾ ਹੋਣਾ ਜਾਂ ਨਾ ਹੋਣਾ ਹੈ। ਜਦ ਤੱਕ ਸਾਡੇ ਅੰਦਰ ਗੁਰਮਤਿ ਰੂਪ ਸੱਚਾ ਗਿਆਨ ਨਹੀਂ ਹੈ ਸਾਡੇ ਆਪਣੇ ਮਾੜੇ ਵਿਚਾਰ ਹੀ ਸਾਨੂੰ ਲੁੱਟਦੇ ਹਨ, ਆਪਣੇ ਘਰ ਨੂੰ ਲੁੱਟਦੇ ਹਨ ਭਾਵ ਤਦ ਤੱਕ ਅਸੀਂ ਆਪਣੇ ਘਰ ਦੀ ਸੰਭਾਲ ਨਹੀਂ ਕਰ ਸਕਦੇ। ਆਪਣੇ ਘਰ ਦੀ ਸੰਭਾਲ ਉਹੀ ਕਰਦਾ ਹੈ ਜੋ ਆਪਣੇ ਅੰਦਰ ਨਾਮ ਦੀ ਸੰਭਾਲ ਕਰਦਾ ਹੈ ਭਾਵ ਆਪਣੇ ਘਰ ਨੂੰ ਔਗੁਣਾਂ ਤੋਂ ਬਚਾ ਕੇ ਰੱਖਦਾ ਹੈ, ਆਪਣੇ ਅੰਦਰ ਗੁਣਾਂ ਦੀ ਸੰਭਾਲ ਕਰਦਾ ਹੈ। ਸਾਰੀ ਗੱਲ ਸਾਡੀ ਵਿਚਰਨ ਤੇ ਆ ਕੇ ਮੁੱਕਦੀ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਬੱਝੀ ਹੋਈ ਹੈ ਤੇ ਸਾਡੇ ਮਨ ਦੇ ਵਿਚਾਰ ਸਾਡੀ ਸੋਝੀ ਨਾਲ ਬੱਝੇ ਹੋਏ ਹਨ ਭਾਵ ਭਗਤੀ

29/3190

ਦਾ ਮਾਰਗ, ਨਾਮ ਜਪਣ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ, ਸਾਡੇ ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ। ਮਨ ਦੇ ਮਾੜੇ ਵਿਚਾਰਾਂ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਮਨ ਦੇ ਚੰਗੇ ਵਿਚਾਰਾਂ ਰਾਹੀਂ ਅਸੀਂ ਚੰਗੇ ਕਰਮ ਕਰਦੇ ਹਾਂ ਤੇ ਸਾਡੇ ਕਰਮਾਂ ਦੇ ਨਾਲ ਹੀ ਸਾਡੀ ਭਗਤੀ ਦਾ ਮਾਰਗ ਜੁੜਿਆ ਹੋਇਆ ਹੈ। ਗੁਣਾਂ ਦੁਆਰਾ ਵਿਚਰਕੇ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਤੇ ਉਸਦੇ ਨਾਲ ਸਾਡਾ ਝਗੜਾ ਨਹੀਂ ਹੁੰਦਾ। ਸਾਡੇ ਔਗੁਣ ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਨ ਹਨ ਤੇ ਸਾਡੇ ਗੁਣ ਝਗੜਾ ਨਿਬੇੜਨ ਦਾ ਕੰਮ ਕਰਦੇ ਹਨ।

ਸਾਡੇ ਮਨ ਦੀ ਸੋਝੀ ਹੀ ਸਾਡੀ ਪੂੰਜੀ ਹੈ, ਸਾਡੀ ਰਾਸਿ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ। ਜਦ ਤੱਕ ਅਸੀਂ ਆਪਣੀ ਮਨਮਤਿ ਵਾਲੀ ਪੂੰਜੀ ਵਰਤਦੇ ਹਾਂ ਤਦ ਤੱਕ ਸਾਡੇ ਦੁਸ਼ਟ ਸਾਡੇ ਨਾਲ ਹੀ ਰਹਿੰਦੇ ਹਨ। ਜਦੋਂ ਅਸੀਂ ਗੁਰਮਤਿ ਰੂਪ ਪੂੰਜੀ ਨਾਲ ਜੁੜ ਜਾਂਦੇ ਹਾਂ ਤਾਂ ਹੀ ਫਿਰ ਇਹ ਦੁਸ਼ਟ ਵੱਸ ਹੁੰਦੇ ਹਨ। ਗੁਰੂ ਦੀ ਚਰਨ ਧੂੜ ਗੁਰਮਤਿ ਰੂਪ ਪੂੰਜੀ ਹੈ ਜਿਸ ਦੇ ਨਾਲ ਜੁੜਨ ਦੁਆਰਾ ਸਾਨੂੰ ਉਸ ਸਾਰੇ ਖਜ਼ਾਨਿਆਂ ਦੇ ਮਾਲਕ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਦਾ ਖਜ਼ਾਨਾ ਗੁਣਾਂ ਦਾ ਖਜ਼ਾਨਾ ਹੈ ਤੇ ਆਪਣੇ ਨਾਲ ਮੇਲ ਦੁਆਰਾ ਉਹ ਆਪਣੇ ਗੁਣ ਹੀ ਦਿੰਦਾ ਹੈ, ਸੱਚੇ ਵਿਚਾਰਾਂ ਦੇ ਰੂਪ ਵਿੱਚ ਆਪਣੇ ਗੁਣਾਂ ਦੇ ਨਾਲ ਜੋੜਦਾ ਹੈ। ਆਪਣੀ ਸੱਚੀ ਗੁਰਮਤਿ ਦਾ ਖਜ਼ਾਨਾ ਉਹ ਮਨ ਦੇ ਵਿੱਚ ਆਪ ਹੀ ਬਖ਼ਸ਼ਦਾ ਹੈ। ਗੁਰਮਤਿ ਦੀ ਪੂਰਨ ਸੋਝੀ ਸਾਡੀ ਸਾਬਤ ਪੂੰਜੀ ਹੈ ਜੋ ਉਸਦਾ ਸੰਗ ਹੋਣ ਦੁਆਰਾ ਮਿਲਦੀ ਹੈ। ਜਿਸਨੂੰ ਪ੍ਰਮਾਤਮਾ ਨੀਂਦ ਵਿੱਚੋਂ ਜਗਾਉਂਦਾ ਹੈ, ਅਗਿਆਨਤਾ ਵਿੱਚੋਂ, ਮਾਇਆ ਮੋਹ ਵਿੱਚੋਂ ਜਗਾਉਂਦਾ ਹੈ ਉਸਨੂੰ ਮਨ ਦੇ ਵਿੱਚ ਆਪਣੀ ਇਹ ਗਿਆਨ ਰੂਪ ਪੂੰਜੀ ਬਖ਼ਸ਼ਕੇ ਹੀ ਮਿਲਾਉਂਦਾ ਹੈ ਕਿਉਂਕਿ ਪ੍ਰਮਾਤਮਾ ਆਪ ਹੀ ਇਸ ਪੂੰਜੀ ਦਾ ਮਾਲਕ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਇਹ ਸੱਚੀ ਪੂੰਜੀ, ਇਹ ਸੱਚੀ ਰਾਸਿ ਹੀ ਹੈ ਜੋ ਕਿ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਦੇ ਨਾਲ ਜੁੜਕੇ ਅਸੀਂ ਆਪਣੀ ਅਗਿਆਨਤਾ ਦੀ ਨੀਂਦ ਵਿੱਚੋਂ ਨਿਕਲਣ ਦਾ ਉਪਰਾਲਾ ਕਰ ਸਕਦੇ ਹਾਂ ਤੇ ਉਸ ਸੱਚੀ ਪੂੰਜੀ ਦੇ ਮਾਲਕ ਤੱਕ ਪਹੁੰਚ ਸਕਦੇ ਹਾਂ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਇਹ ਸਾਬਤ ਪੂੰਜੀ ਬਖ਼ਸ਼ ਕੇ ਜਗਾਇਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਸਾਡੇ ਲਈ ਇਹ ਪੂੰਜੀ ਪਾਈ ਹੈ, ਆਪਣੀ ਚਰਣ ਧੂੜਿ ਪਾਈ ਹੈ ਜਿਸਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਜਗਾਉਣ ਦਾ ਹੈ, ਭਰਮ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਸੱਚ ਨੂੰ ਸਮਝ ਸਕੀਏ ਤੇ ਉਸ ਨਾਲ ਜੁੜਕੇ ਭਰਮ ਵਿੱਚੋਂ ਨਿਕਲ ਸਕੀਏ, ਅਗਿਆਨਤਾ ਦੀ ਨੀਂਦ ਵਿੱਚੋਂ ਜਾਗ ਸਕੀਏ ਤੇ ਭਗਤੀ ਦੀ

29/3191

ਸਹੀ ਸੋਝੀ ਲੈ ਕੇ ਵਿਚਰ ਸਕੀਏ। ਭਗਤੀ ਦੀ ਸੱਚੀ ਸੋਝੀ ਹੀ ਸਾਡੀ ਸੱਚੀ ਰਾਸਿ ਹੈ, ਸੱਚੀ ਪੂੰਜੀ ਹੈ। **(ਕਰਿ ਕਿਰਪਾ ਮੋਹਿ ਸਾਰਿੰਗਪਾਣਿ॥ ਸੰਤਨ ਧੂਰਿ ਸਰਬ ਨਿਧਾਨ॥ ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥)**

ਗੁਰਮਤਿ ਰੂਪ ਸੱਚੀ ਸੋਝੀ ਹੀ ਸਾਡਾ ਸੱਚਾ ਧਨ ਹੈ, ਨਾਮ ਧਨ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਪੂਰੀ ਤਰ੍ਹਾਂ ਔਗੁਣ ਰਹਿਤ ਹੋ ਕੇ ਗੁਰੂ ਦੇ ਦੱਸੇ ਹੋਏ ਗੁਣਾਂ ਦੁਆਰਾ ਵਿਚਰਿਆ ਜਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਜਗਾਉਂਦਾ ਹੈ ਉਸ ਨੂੰ ਮਨ ਦੇ ਵਿੱਚ ਆਪਣੇ ਇਸ ਸੱਚੇ ਧਨ ਦੁਆਰਾ ਹੀ ਜਗਾਉਂਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਦਾ ਧਨ ਹੈ। **(ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ॥੧॥ਰਹਾਉ ਦੂਜਾ॥੨੦॥੯੬॥)**

ਜੋ ਸੌਦਾ ਅਸੀਂ ਆਪਣੇ ਇਸ ਜੀਵਨ ਦੁਆਰਾ ਲੈਣ ਲਈ ਆਏ ਹਾਂ ਉਹ ਗਿਆਨ ਰੂਪ ਪੂੰਜੀ ਦੁਆਰਾ ਹੀ ਮਿਲਦਾ ਹੈ ਤੇ ਗਿਆਨ ਰੂਪ ਪੂੰਜੀ ਹੀ ਨਾਮ ਧਨ ਹੈ ਜੋ ਪੂਰੀ ਗੁਰਬਾਣੀ ਦੇ ਵਿੱਚ ਹੈ ਤੇ ਅਸੀਂ ਗੁਰਬਾਣੀ ਦੇ ਇਸ ਗਿਆਨ ਧਨ ਨਾਲ ਜੁੜ ਕੇ ਹੀ ਉਸ ਸੌਦੇ ਦੀ ਪ੍ਰਾਪਤੀ ਕਰਨੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੈ ਜੋ ਇਸ ਧਨ ਦਾ ਮਾਲਕ ਹੈ, ਗਿਆਨ ਰਾਸਿ ਦਾ ਮਾਲਕ ਹੈ।

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥੨੧॥}

(੧੧੦੨)

ਪ੍ਰਮਾਤਮਾ ਆਪਣੀ ਇਹ ਗਿਆਨ ਦੀ ਰਾਸਿ, ਆਪਣਾ ਇਹ ਨਾਮ ਧਨ ਸਾਧਸੰਗਿ ਵਾਲੀ ਅਵੱਸਥਾ ਦੁਆਰਾ ਹੀ ਬਖ਼ਸ਼ਦਾ ਹੈ ਭਾਵ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਹੀ ਬਖ਼ਸ਼ਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਨਾਲ ਸਾਧਸੰਗ ਦੀ ਅਵੱਸਥਾ ਬਖ਼ਸ਼ੀ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਸਾਨੂੰ ਗਿਆਨ ਰਾਸਿ ਦਿੱਤੀ ਹੈ, ਨਾਮ ਧਨ ਦਿੱਤਾ ਹੈ ਜੋ ਕਿ ਬ੍ਰਹਮਗਿਆਨ ਦੇ ਰੂਪ ਵਿੱਚ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਗੁਰੂ ਦੀ ਅਵੱਸਥਾ, ਗੁਰਬਾਣੀ ਦੀ ਅਵੱਸਥਾ ਸਾਧਸੰਗ ਵਾਲੀ ਅਵੱਸਥਾ ਹੈ, ਬ੍ਰਹਮਗਿਆਨ ਵਾਲੀ ਅਵੱਸਥਾ ਹੈ ਜਿਸ ਕਰਕੇ ਉਹ ਆਪ ਪ੍ਰਮਾਤਮਾ ਦੇ ਗੁਣ ਗਾ ਰਹੀ ਹੈ ਤੇ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਾ ਰਹੀ ਹੈ। ਅਸੀਂ ਗੁਰਬਾਣੀ

ਦੇ ਸੱਚੇ ਗਿਆਨ ਨਾਲ ਜੁੜਕੇ, ਗਿਆਨ ਰਾਸਿ ਨਾਲ ਜੁੜਕੇ, ਨਾਮ ਨਾਲ ਜੁੜਕੇ ਹੀ ਪ੍ਰਮਾਤਮਾ ਦੇ ਗੁਣ ਗਾ ਸਕਦੇ ਹਾਂ ਜਿਸਦਾ ਸੰਬੰਧ ਸਾਡੇ ਮਨ ਦੀ ਸੋਝੀ ਦੇ ਨਾਲ ਹੈ। ਗੁਰੂ ਆਪਣੇ ਸੱਚੇ ਗਿਆਨ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ।

ਸਾਰਗ ਮਹਲਾ ੫॥

{ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥}

(ਅੰਗ ੧੨੨੬)

ਸਾਡੇ ਅੰਦਰ ਦੇ ਵਿਕਾਰ, ਦੁਸਟ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਵੱਸ ਵਿੱਚ ਆਉਂਦੇ ਹਨ ਜਿਵੇਂ ਕਿ ਸਾਨੂੰ ਮੁੱਖ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। **(ਸਗਲ ਸਹੇਲੀ ਅਪਨੈ ਰਸ ਮਾਤੀ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥ ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥੨॥ ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥ ਦਰਬਿ ਸਿਆਣਪ ਨਾ ਓਇ ਰਹਤੇ॥ ਸਾਧਸੰਗਿ ਓਇ ਦੁਸਟ ਵਸਿ ਹੋਤੇ॥੩॥)**

"ਸਾਧ" ਗੁਰੂ ਹੈ ਤੇ "ਗੁਰੂ" ਗੁਰੂ ਦੇ ਬਚਨ ਹਨ। ਗੁਰੂ ਦੇ ਬਚਨਾਂ ਦੀ ਸੰਗਤਿ ਕਰਨੀ ਗੁਰੂ ਦੀ ਸੰਗਤਿ ਹੈ, ਸਾਧਸੰਗਤਿ ਹੈ। ਗੁਰੂ ਦੇ ਬਚਨ ਸਾਨੂੰ ਗੁਣਾਂ ਨਾਲ ਹੀ ਜੋੜਦੇ ਹਨ ਭਾਵ ਔਗੁਣ ਛੱਡਣ ਲਈ ਸਮਝਾਉਂਦੇ ਹਨ। ਗੁਣਾਂ ਦੀ ਸੰਗਤ ਸਾਧਸੰਗਤਿ ਹੈ, ਸ਼ਬਦ ਦੇ ਵਿਚਾਰਾਂ ਦੀ ਸੰਗਤ ਹੈ ਜਿਸ ਦੁਆਰਾ ਅਸੀਂ ਮਾੜੇ ਵਿਚਾਰਾਂ ਦੀ ਸੰਗਤ ਵਿੱਚੋਂ ਨਿਕਲਦੇ ਹਾਂ, ਔਗੁਣਾਂ ਦੀ ਸੰਗਤ ਵਿੱਚੋਂ ਨਿਕਲਦੇ ਹਾਂ, ਬਿਖ ਦੀ ਸੰਗਤਿ ਵਿੱਚੋਂ ਨਿਕਲਦੇ ਹਾਂ ਤੇ ਅੰਮ੍ਰਿਤ ਰੂਪ ਸੰਗਤ ਦੇ ਨਾਲ ਜੁੜਦੇ ਹਾਂ ਜੋ ਕਿ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਸੰਗਤ ਹੈ। ਸਾਧਸੰਗਤਿ ਦਾ ਮਕਸਦ ਹੀ ਸਾਨੂੰ ਮਾੜੇ ਵਿਚਾਰਾਂ ਵਿੱਚੋਂ, ਵਿਕਾਰਾਂ ਵਿੱਚੋਂ ਕੱਢਣ ਦਾ ਹੈ ਤਾਂ ਜੋ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਝਗੜਾ ਨਿਬੜ ਸਕੇ, ਉਸ ਨਿਰਵੈਰ ਦੇ ਨਾਲ ਸਾਡਾ ਵੈਰ ਖ਼ਤਮ ਹੋ ਸਕੇ। ਔਗੁਣਾਂ ਤੋਂ ਰਹਿਤ ਹੋ ਕੇ ਹੀ ਭਾਵ ਸਾਧਸੰਗਤਿ ਵਾਲੀ ਅਵੱਸਥਾ ਦੁਆਰਾ ਹੀ ਮਾਇਆ ਮੋਹ ਦੇ ਸਾਗਰ ਤੋਂ ਤਰਿਆ ਜਾ ਸਕਦਾ ਹੈ ਤੇ ਭਗਤੀ ਦੇ ਸਹੀ ਮਾਰਗ ਦੀ ਸੋਝੀ ਪੈ ਸਕਦੀ ਹੈ। ਅੱਠੇ ਪਹਿਰ ਪ੍ਰਮਾਤਮਾ ਨੂੰ ਮਨੁੱਖ ਤਾਂ ਹੀ ਜਪ ਸਕਦਾ ਹੈ, ਅੱਠੇ ਪਹਿਰ ਹਰਿ ਹਰਿ ਤਾਂ ਹੀ ਕਰ ਸਕਦਾ ਹੈ ਜਦੋਂ ਮਨੁੱਖ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ ਭਾਵ ਜਦੋਂ ਉਸਦੀ ਸਾਧਸੰਗਤਿ ਹੋ ਜਾਂਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਸੱਚ ਨੂੰ ਸਮਝ ਸਕੀਏ ਤੇ

29/3193

ਸੱਚ ਨਾਲ ਜੁੜ ਸਕੀਏ ਤੇ ਗੁਰੂ ਪ੍ਰਮਾਤਮਾ ਦੀ ਨਿੰਦਾ ਤੋਂ ਬਚ ਸਕੀਏ। ਪ੍ਰਮਾਤਮਾ ਦੀ ਭਗਤੀ ਸਾਡੀ ਕਥਨੀ ਦਾ ਨਹੀਂ ਬਲਕਿ ਕਰਨੀ ਦਾ ਮਾਰਗ ਹੈ ਤੇ ਕੇਵਲ ਕਥਨੀ ਦੁਆਰਾ ਗੁਰੂ ਦੀ ਨਿੰਦਾ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ ਬਲਕਿ ਉਸ ਦੁਆਰਾ ਅਸੀਂ ਗੁਰਮਤਿ ਦਾ ਝੂਠਾ ਪ੍ਰਚਾਰ ਕਰਦੇ ਹਾਂ, ਸੱਚ ਦੇ ਉਲਟ ਪ੍ਰਚਾਰ ਕਰਦੇ ਹਾਂ ਤੇ ਆਪ ਵੀ ਸੱਚ ਦੇ ਉਲਟ ਹੀ ਚੱਲਦੇ ਹਾਂ। ਬਾਣੀ ਵਾਰ-ਵਾਰ ਸਾਨੂੰ ਹਰਿ ਹਰਿ ਕਰਨਾ ਹੀ ਸਮਝਾ ਰਹੀ ਹੈ ਪਰ ਉਸ ਗੱਲ ਨੂੰ ਸਮਝਣ ਦੀ ਬਜਾਇ ਕਿ ਹਰਿ ਹਰਿ ਕਰਨਾ ਕੀ ਹੈ, ਰਾਮ ਰਾਮ ਕਰਨਾ ਕੀ ਹੈ ਅਸੀਂ ਅੱਖਰ ਦਾ ਨਾਮ ਬਦਲ ਕੇ ਵਾਹਿਗੁਰੂ ਬਣਾ ਲਿਆ ਹੈ ਭਾਵ ਗੁਰੂ ਦੇ ਬੋਲਾਂ ਨੂੰ ਵਿਗਾੜ ਲਿਆ ਹੈ ਜੋ ਕਿ ਗੁਰੂ ਦੀ ਘੋਰ ਨਿੰਦਾ ਕਰਨ ਵਾਲੀ ਗੱਲ ਹੈ ਤੇ ਉਸ ਦੀ ਨਿੰਦਾ ਦਾ ਪ੍ਰਚਾਰ ਕਰਨ ਵਾਲੀ ਗੱਲ ਹੈ ਭਾਵ ਦੂਸਰਿਆਂ ਨੂੰ ਨਿੰਦਾ ਸਿਖਾਉਣ ਵਾਲੀ ਗੱਲ ਹੈ।

ਬਿਲਾਵਲੁ ਮਹਲਾ ੫॥

“ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ॥
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ॥੧॥
ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥੧॥ਰਹਾਉ॥
ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥
ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ॥
ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥੩॥
ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ॥
ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ॥੪॥੯॥੩੯॥”

(ਅੰਗ ੮੧੦)

ਸ਼ਬਦ ਦੀ ਹਰ ਪੰਗਤੀ ਨੂੰ ਪੂਰੀ ਗਹਿਰਾਈ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸ਼ਬਦ ਵਿੱਚ ਸਮਝਾਏ ਹੋਏ ਅਸਲ ਭਾਵ ਨੂੰ ਸਮਝ ਸਕੀਏ। ਉੱਪਰ ਵਾਲੇ ਸ਼ਬਦ ਰਾਹੀਂ ਸਾਨੂੰ ਹਰਿ ਹਰਿ ਕਰਨਾ ਕੀ ਹੈ ਇਸ ਗੱਲ ਦੀ ਸੋਝੀ ਪਾਈ ਹੋਈ ਹੈ ਕਿ ਅੱਠੇ ਪਹਿਰ ਹਰਿ ਹਰਿ ਕਿਵੇਂ ਧਿਆਇਆ ਜਾ ਸਕਦਾ ਹੈ ਜਿਵੇਂ ਕਿ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਹੈ। **(ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥ ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥੧॥ਰਹਾਉ॥)** ਸ਼ਬਦ ਵਿੱਚ ਬਾਕੀ ਦੇ ਪਦਿਆਂ ਰਾਹੀਂ ਸਾਨੂੰ ਹਰਿ ਹਰਿ ਕਰਨਾ ਹੀ ਸਮਝਾਇਆ ਹੋਇਆ ਹੈ ਜਿਸਨੂੰ ਕਿ ਬਰੀਕੀ ਨਾਲ ਸਮਝਣ ਦੀ ਲੋੜ ਹੈ।

“ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ॥
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਹਰਿ ਹਰਿ ਕਰਨ ਦਾ ਮਾਰਗ ਹੀ ਸਮਝਾਇਆ ਹੋਇਆ ਹੈ। ਮਾਇਆ ਮੋਹ ਦਾ ਸਾਗਰ ਤਰੇ ਬਿਨ੍ਹਾਂ ਭਾਵ ਮਾਇਆ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਹਰਿ ਹਰਿ ਨਹੀਂ ਜਪਿਆ ਜਾ ਸਕਦਾ ਭਾਵ ਔਗੁਣਾਂ ਦੇ ਰਹਿੰਦੇ ਹੋਏ, ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਚੰਗੇ ਕਰਮ ਨਹੀਂ ਕਰ ਸਕਦੇ ਤੇ ਇਸੇ ਲਈ ਅਸੀਂ ਹਰਿ ਹਰਿ ਨਹੀਂ

29/3194

ਜਪ ਸਕਦੇ ਹਾਂ ਜੋ ਕਿ ਅਸੀਂ ਆਪਣੀ ਕਰਨੀ ਦੁਆਰਾ ਜਪਣਾ ਹੈ। ਮਾਇਆ ਮੋਹ ਦੇ ਸਾਗਰ ਵਿੱਚੋਂ ਸਾਨੂੰ ਸੰਤ ਦਾ ਬੋਹਿਥ ਭਾਵ ਗੁਰੂ ਦਾ ਬੋਹਿਥ ਤਾਰ ਸਕਦਾ ਹੈ। ਗੁਰੂ ਦੇ ਚਰਨ ਹੀ ਉਸਦੇ ਬੋਹਿਥ ਹਨ। ਗੁਰੂ ਦੇ ਚਰਨ ਗੁਰੂ ਦੀ ਸਿੱਖਿਆ ਹੈ ਜਿਵੇਂ

ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਗੁਰੂ ਦੇ ਚਰਨਾਂ ਨੂੰ ਆਪਣੇ ਅੰਦਰ ਧਿਆਉਣਾ ਭਾਵ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਧਿਆਉਣਾ ਗੁਰੂ ਦੇ ਬੋਹਿਥ ਤੇ ਬੈਠਣਾ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਦੇ ਸਾਗਰ ਤੋਂ ਤਰ ਸਕਦੇ ਹਾਂ। ਗੁਰੂ ਆਪਣੇ ਚਰਨਾਂ ਦੁਆਰਾ ਭਾਵ ਆਪਣੀ ਸਿੱਖਿਆ ਦੁਆਰਾ ਸਾਨੂੰ ਸੱਚਾ ਮਾਰਗ ਹੀ ਦਿਖਾਉਂਦਾ ਹੈ, ਭਟਕਿਆਂ ਹੋਇਆ ਨੂੰ ਮਾਰਗ ਹੀ ਦਿਖਾਉਂਦਾ ਹੈ ਜਿਵੇਂ ਕਿ ਜੰਗਲ ਵਿੱਚ ਭਟਕੇ ਹੋਏ ਮੁਸਾਫਿਰ ਨੂੰ ਰਾਹ ਦਿਖਾਉਣ ਵਾਲੀ ਗੱਲ ਹੈ। ਗੁਰੂ ਦਾ ਬੋਹਿਥ ਸਾਨੂੰ ਸੋਝੀ ਪਾਉਣ ਲਈ ਹੀ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਦੇ ਸਾਗਰ ਵਿੱਚੋਂ ਤਰ ਸਕਦੇ ਹਾਂ ਤੇ ਹਰਿ ਹਰਿ ਕਰ ਸਕਦੇ ਹਾਂ ਜਿਵੇਂ ਕਿ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। **(ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ॥ ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ॥੧॥ ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ॥ ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥੧॥ਰਹਾਉ॥)**

ਗੁਰੂ ਦੀ ਸਿੱਖਿਆ ਰੂਪ ਬੋਹਿਥ ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚੋਂ ਕਿਵੇਂ ਤਾਰਦਾ ਹੈ, ਗੁਰੂ ਸਾਨੂੰ ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਕਿਸ ਰੂਪ ਵਿੱਚ ਸਮਝਾਉਂਦਾ ਹੈ ਭਾਵ ਸਾਨੂੰ ਹਰਿ ਹਰਿ ਕਰਨ ਦਾ ਤਰੀਕਾ ਕਿਸ ਰੂਪ ਵਿੱਚ ਸਮਝਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਮਾਇਆ ਮੋਹ ਦਾ ਸਾਗਰ ਤਰਨ ਦਾ ਤਰੀਕਾ ਸਾਧਸੰਗਤਿ ਹੈ ਤੇ ਸਾਡੀ ਸਾਧਸੰਗਤਿ ਕਰਨ ਦਾ ਤਰੀਕਾ ਕੀ ਹੈ ਇਸੇ ਗੱਲ ਨੂੰ ਸਪੱਸ਼ਟ ਕੀਤਾ ਹੋਇਆ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸਾਧਸੰਗਤ ਦੁਆਰਾ ਹਰਿ ਹਰਿ ਕਰਨਾ ਕੀ ਹੈ, ਨਾਮ ਜਪਣਾ ਕੀ ਹੈ।

“ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥

ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥”

ਹੁਣ ਧਿਆਨ ਨਾਲ ਸਮਝੋ ਕਿ ਸਾਧਸੰਗਤ ਕਰਨੀ ਕੀ ਹੈ, ਉਹ ਕਿਵੇਂ ਹੁੰਦੀ ਹੈ, ਕਿੱਥੇ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ। ਸਭ ਤੋਂ ਪਹਿਲਾਂ ਤੇ ਸਾਧਸੰਗਤ ਦਾ ਮਕਸਦ ਸਮਝਣਾ ਜਰੂਰੀ ਹੈ। ਉੱਪਰ ਸਾਨੂੰ ਬੜਾ ਸਪੱਸ਼ਟ ਸਮਝਾਇਆ ਹੈ ਜਦੋਂ ਕਿਸੇ ਦੀ ਸਾਧਸੰਗਤ ਹੋ ਜਾਂਦੀ ਹੈ ਉਸ ਦੇ ਅੰਦਰੋਂ ਫਿਰ ਪੰਜੇ ਚੋਰ ਭੱਜ ਜਾਂਦੇ ਹਨ ਭਾਵ ਨਿਕਲ ਜਾਂਦੇ ਹਨ ਭਾਵ ਉਸ ਮਨੁੱਖ

ਦੇ ਅੰਦਰ ਗੁਣ ਵੱਸ ਜਾਂਦੇ ਹਨ। ਇਹ ਸਾਧਸੰਗਤ ਕੋਈ ਮਨੁੱਖੀ ਸੰਗਤ ਨਹੀਂ ਹੈ ਜਿਸਦਾ ਭੁਲੇਖਾ ਸਭ ਦੇ ਅੰਦਰ ਬਣਿਆ ਹੋਇਆ ਹੈ। ਇਹ ਸਾਧਸੰਗਤ ਸਾਡੇ ਮਨ ਦੇ ਅੰਦਰ ਦੀ ਸੰਗਤ ਹੈ, ਸਾਡੇ ਮਨ ਦੇ ਵਿੱਚ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਸੰਗਤ ਹੈ, ਸਾਡੀ ਸੁਰਤਿ ਦੇ ਵਿੱਚ ਸ਼ਬਦ ਦੇ ਵਿਚਾਰਾਂ ਦੇ ਨਾਲ ਸੰਗਤ ਹੈ ਭਾਵ ਸ਼ਬਦ ਸੁਰਤਿ ਦਾ ਮੇਲ ਹੈ, ਇਹ ਗੁਰੂ ਦੇ ਗੁਣਾਂ ਦੀ ਸੰਗਤ ਹੈ ਜਿਸ ਸੰਗਤ ਦੁਆਰਾ ਸਾਡੇ ਅੰਦਰੋਂ ਔਗੁਣ ਨਿਕਲ ਜਾਂਦੇ ਹਨ, ਇਹ ਸਾਡੇ ਅੰਦਰ ਗੁਰਮਤਿ ਦੀ ਸੰਗਤ ਹੈ ਜਿਸ ਦੁਆਰਾ ਅਸੀਂ ਮਨਮਤਿ ਦੀ ਸੰਗਤ ਵਿੱਚੋਂ ਨਿਕਲ ਜਾਂਦੇ ਹਾਂ, ਬਿਖਿਆ ਦੇ ਰਸਾਂ ਦੀ ਸੰਗਤ ਵਿੱਚੋਂ ਨਿਕਲ ਜਾਂਦੇ ਹਾਂ। **(ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥)**

ਹੁਣ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਦੀ ਪੂੰਜੀ ਕੀ ਹੈ ਤੇ ਉਹ “ਸਾਬਤੁ” ਕਿਵੇਂ ਬਚਦੀ ਹੈ।

“ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥”

ਸਾਡੇ ਅੰਦਰ ਦੀ ਪੂੰਜੀ ਗੁਰੂ ਦੀ ਸੱਚੀ ਸਿੱਖਿਆ ਹੈ, ਸ਼ਬਦ ਦੇ ਸੱਚੇ ਵਿਚਾਰਾਂ ਦੀ ਪੂੰਜੀ ਹੈ, ਗੁਣਾਂ ਦੀ ਪੂੰਜੀ ਹੈ। ਜਦ ਤੱਕ ਸਾਡੇ ਅੰਦਰ ਪੰਜ ਚੋਰ ਹਨ ਇਹ ਸਾਡੀ ਪੂੰਜੀ ਨੂੰ ਲੁੱਟਦੇ ਰਹਿੰਦੇ ਹਨ, ਸਾਡੇ ਅੰਦਰੋਂ ਗੁਣਾਂ ਨੂੰ ਲੁੱਟਦੇ ਰਹਿੰਦੇ ਹਨ ਭਾਵ ਸਾਡੇ ਅੰਦਰ ਗੁਰੂ ਦੀ ਸੱਚੀ ਸਿੱਖਿਆ ਨੂੰ ਵੱਸਣ ਨਹੀਂ ਦਿੰਦੇ। “ਲਾਭੁ” ਸਾਨੂੰ ਮਨ ਦੀ ਇਹੋ ਜਿਹੀ ਪੂੰਜੀ ਦੁਆਰਾ ਮਿਲਦਾ ਹੈ ਭਾਵ ਮਨ ਦੇ ਵਿੱਚ ਸੱਚੇ ਵਿਚਾਰਾਂ ਦੇ ਵੱਸਣ ਦੁਆਰਾ ਮਿਲਦਾ ਹੈ। ਇਹ “ਲਾਭੁ” ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਮਿਲਦਾ ਹੈ ਜਿਸ ਦੁਆਰਾ ਅਸੀਂ ਮਨ ਦੇ ਵਿੱਚ ਹੀ ਆਪਣੇ ਅਸਲ ਗ੍ਰਿਹ ਵਿੱਚ, ਪ੍ਰਮਾਤਮਾ ਦੇ ਗ੍ਰਿਹ ਵਿੱਚ ਭਾਵ ਪ੍ਰਮਾਤਮਾ ਦੇ ਘਰ ਵਿੱਚ, ਨਿਜ ਘਰ ਵਿੱਚ ਪਹੁੰਚਦੇ ਹਾਂ ਤੇ ਸਾਨੂੰ ਉੱਥੇ ਸ਼ੋਭਾ ਮਿਲਦੀ ਹੈ। ਜਦ ਤੱਕ ਸਾਡੇ ਅੰਦਰ ਔਗੁਣ ਵਸੇ ਹੋਏ ਹਨ ਤਦ ਤੱਕ ਨਾ ਹੀ ਸਾਡੀ ਪੂੰਜੀ ਸਾਬਤ ਹੈ ਤੇ ਨਾ ਹੀ ਅਸੀਂ ਸਾਧਸੰਗਤ ਦੀ ਪ੍ਰਾਪਤੀ ਕਰ ਸਕਦੇ ਹਾਂ। ਸਾਧਸੰਗਤ ਦੀ ਪ੍ਰਾਪਤੀ ਹੀ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਣ ਦੀ ਪ੍ਰਾਪਤੀ ਹੈ ਜਿੱਥੇ ਪਹੁੰਚ ਕੇ ਉਹ ਆਪ ਹੀ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਸਾਡੀ ਪੂੰਜੀ ਨੂੰ ਸਾਬਤ ਬਣਾਉਂਦਾ ਹੈ ਭਾਵ ਔਗੁਣ ਮੁਕਤ ਕਰਦਾ ਹੈ ਤੇ ਆਪਣੇ ਸੱਚੇ ਮਾਰਗ ਤੇ ਚਲਾਉਂਦਾ ਹੈ। ਇੱਕ ਵਾਰੀ ਮਨ

ਦੇ ਵਿੱਚ ਸੱਚ ਵੱਸ ਜਾਵੇ ਤਾਂ ਫਿਰ ਉਹ ਹਰ ਵੇਲੇ ਵੱਸਿਆ ਹੀ ਰਹਿੰਦਾ ਹੈ ਤੇ ਮਨ ਦੀ ਇਹੋ ਜਿਹੀ ਸੋਝੀ ਦੁਆਰਾ ਮਨੁੱਖ ਹਰ ਵੇਲੇ, ਉੱਠਦੇ, ਬੈਠਦੇ, ਸੁੱਤੇ ਹੋਏ ਸੱਚੀ ਅਵੱਸਥਾ ਵਾਲਾ ਹੀ ਰਹਿੰਦਾ ਹੈ ਤੇ ਸੱਚ ਦੁਆਰਾ ਹੀ ਵਿਚਰਦਾ ਹੈ ਤੇ ਇਹੀ ਉਸਦਾ

29/3196

ਹਰ ਵੇਲੇ, ਅੱਠੇ ਪਹਿਰ ਹਰਿ ਹਰਿ ਕਰਨਾ ਹੈ ਜਿਵੇਂ ਕਿ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਹਰਿ ਹਰਿ ਕਰਨਾ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਕਥਨੀ ਦਾ ਭਾਵ ਮੁੱਖੋਂ ਬੋਲੀ ਜਾਣ ਦਾ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। **(ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥)**

ਸਾਡੇ ਅੰਦਰ ਦੀ ਸਾਬਤ ਪੂੰਜੀ ਹੀ ਸਾਡੇ ਅੰਦਰ ਦਾ ਨਿਹਚਲ ਆਸਣ ਹੈ। ਇਹ ਸਾਡੇ ਮਨ ਦੇ ਵਿਚਾਰਾਂ ਦਾ ਆਸਣ ਹੈ ਜੋ ਕਿ ਮਾਇਆ ਮੋਹ ਵਿੱਚ ਡੋਲਦਾ ਰਹਿੰਦਾ ਹੈ ਭਾਵ ਸਾਡੇ ਮਨ ਦੇ ਵਿਚਾਰ ਮਾਇਆ ਮੋਹ ਵਿੱਚ ਡੋਲ ਜਾਂਦੇ ਹਨ ਜਿਸ ਕਰਕੇ ਮਨੁੱਖ ਔਗੁਣ ਕਰਦਾ ਹੈ। ਇਹ ਔਗੁਣ ਹੀ ਸਾਡੀ ਚਿੰਤਾ ਦਾ ਕਾਰਨ ਹਨ ਤੇ ਮਨ ਦੀ ਅਡੋਲਤਾ ਦੁਆਰਾ ਭਾਵ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਸਾਨੂੰ ਫਿਰ ਮਾਇਆ ਮੋਹ ਦੀ ਚਿੰਤਾ ਨਹੀਂ ਸਤਾਉਂਦੀ। ਜਦ ਤੱਕ ਅਸੀਂ ਭਰਮ ਵਿੱਚ ਹਾਂ ਤਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤੇ ਗੁਰੂ ਦਾ ਸੱਚਾ ਗਿਆਨ ਸਾਨੂੰ ਇਸ ਭਰਮ ਵਿੱਚੋਂ ਹੀ ਕੱਢਦਾ ਹੈ ਕਿ ਮਾਇਆ ਮੋਹ ਮਨੁੱਖ ਲਈ ਚੰਗਾ ਨਹੀਂ ਹੈ ਤੇ ਉਸਦਾ ਅਸਲ ਮਾਰਗ ਸੱਚ ਦੁਆਰਾ ਵਿਚਰਨ ਦਾ ਹੈ, ਸੱਚੀ ਸੁੱਚੀ ਕਰਨੀ ਦਾ ਹੈ। ਇਸ ਭਰਮ ਵਿੱਚੋਂ ਪ੍ਰਮਾਤਮਾ ਮਨੁੱਖ ਨੂੰ ਆਪ ਹੀ ਕੱਢਦਾ ਹੈ, ਆਪਣੀ ਸਾਧਸੰਗਤ ਦੁਆਰਾ ਕੱਢਦਾ ਹੈ ਜਦੋਂ ਮਨੁੱਖ ਉਸ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ, ਮਨ ਦੀਆਂ ਅੱਖਾਂ ਦੁਆਰਾ ਭਾਵ ਗਿਆਨ ਰੂਪ ਅੱਖਾਂ ਦੁਆਰਾ ਦੇਖ ਲੈਂਦਾ ਹੈ, ਆਪਣੇ ਅੰਦਰੋਂ ਉਸਦੇ ਨਿਰਗੁਣ ਰੂਪ ਨੂੰ ਦੇਖ ਲੈਂਦਾ ਹੈ, ਨਿਰੰਕਾਰ ਰੂਪ ਨੂੰ ਦੇਖ ਲੈਂਦਾ ਹੈ। **(ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ॥੩॥)**

ਬਿਨ੍ਹਾਂ ਸਾਧਸੰਗ ਹੋਏ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਅਸੀਂ ਹਰਿ ਹਰਿ ਨਹੀਂ ਕਰ ਸਕਦੇ ਭਾਵ ਅਸੀਂ ਗੁਣਾਂ ਦੁਆਰਾ ਨਹੀਂ ਵਿਚਰ ਸਕਦੇ, ਪੂਰਨ ਸੱਚ ਦੁਆਰਾ ਨਹੀਂ ਵਿਚਰ ਸਕਦੇ ਕਿਉਂਕਿ ਆਪਣੇ ਗੁਣਾਂ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਸਾਧਸੰਗ ਦੀ ਅਵੱਸਥਾ ਦੁਆਰਾ ਪਾਉਂਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਦੁਆਰਾ ਸਮਝਾਈ ਹੋਈ ਹੈ।

“ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ॥

ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ॥੪॥੯॥੩੯॥”

ਪ੍ਰਮਾਤਮਾ ਗੁਣਾਂ ਦਾ ਖਜ਼ਾਨਾ ਹੈ, ਗੁਣਾਂ ਦਾ ਮਾਲਕ ਹੈ ਤੇ ਉਸਨੂੰ ਜਾਣੇ ਬਿਨ੍ਹਾਂ ਉਸਦੇ ਗੁਣਾਂ ਨੂੰ ਨਹੀਂ ਜਾਣਿਆ ਜਾ ਸਕਦਾ। ਹਰ ਵਸਤੂ ਗੁਣਾਂ

29/3197

ਨਾਲ ਭਰਪੂਰ ਹੈ ਤੇ ਹਰ ਵਸਤੂ ਵਿੱਚ ਗੁਣ ਪਾਉਣ ਵਾਲਾ ਉਹ ਆਪ ਹੈ। ਹਰ ਗੁਣ ਦੀ ਉਪਜ ਗਿਆਨ ਦੁਆਰਾ ਹੀ ਹੁੰਦੀ ਹੈ ਭਾਵ ਹਰ ਗੁਣ ਦਾ ਮੂਲ ਗਿਆਨ ਹੈ ਤੇ ਇਸ ਗੱਲ ਦੀ ਸੋਝੀ ਉਸ ਗਿਆਨ ਦੇ ਮਾਲਕ ਨੂੰ ਆਪਣੇ ਅੰਦਰ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਸਾਡੇ ਅੰਦਰ ਗੁਣ ਪ੍ਰਮਾਤਮਾ ਆਪਣੇ ਗਿਆਨ ਦੁਆਰਾ ਹੀ ਪਾਉਂਦਾ ਹੈ। ਮਨ ਦੇ ਵਿੱਚ ਸਾਧਸੰਗਤ ਦੁਆਰਾ ਉਹ ਆਪਣੇ ਗੁਣਾਂ ਦੀ ਸਿੱਖਿਆ ਹੀ ਦਿੰਦਾ ਹੈ। **“ਹਰਿ ਹਰਿ ਅੰਮ੍ਰੇਤ”** ਮਨ ਦੇ ਪੀਣ ਦਾ ਅੰਮ੍ਰਿਤ ਹੈ ਭਾਵ ਗਿਆਨ ਦਾ ਅੰਮ੍ਰਿਤ ਹੈ ਜਿਸ ਦੁਆਰਾ ਪ੍ਰਮਾਤਮਾ ਸੱਚ ਤੇ ਚੱਲਣ ਦੀ ਸੋਝੀ ਪਾਉਂਦਾ ਹੈ। ਮਨ ਦੀ ਇਹੋ ਜਿਹੀ ਸੋਝੀ ਦੁਆਰਾ, ਗੁਣਾਂ ਵਾਲੀ ਸੋਝੀ ਦੁਆਰਾ ਭਾਵ ਜਦੋਂ ਮਨੁੱਖ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ ਤਾਂ ਹੀ ਉਹ ਹਰਿ ਹਰਿ ਜਪਦਾ ਹੈ, ਅੰਮ੍ਰਿਤ ਨਾਮ ਜਪਦਾ ਹੈ, ਉੱਠਦੇ ਬੈਠਦੇ, ਹਰ ਵੇਲੇ ਹਰਿ ਹਰਿ ਕਰਦਾ ਹੈ। **(ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ॥ ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ॥੪॥੯॥੩੯॥)**

ਸੂਹੀ ਮਹਲਾ ੪॥

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ॥੧॥}

(ਅੰਗ ੭੩੨)

{ਆਸਨੁ ਪਵਨ ਦੂਰਿ ਕਰਿ ਬਵਰੇ॥ ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥੧॥ਰਹਾਉ॥}

(ਅੰਗ ੮੫੭)

{ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ॥
ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ॥੩॥}

(ਅੰਗ ੧੨੬੪)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ॥੪॥}

(ਅੰਗ ੧੧੯੯)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥}

(ਅੰਗ ੫੭੮)

ਆਸਾ ਮਹਲਾ ੫॥

{ਕਾਮੁ ਕ੍ਰੋਧੁ ਲੋਭੁ ਤਿਆਗੁ॥ ਮਨਿ ਸਿਮਰਿ ਗੋਬਿੰਦ ਨਾਮ॥ ਹਰਿ ਭਜਨ ਸਫਲ ਕਾਮ॥੧॥ਰਹਾਉ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥ ਮਨ ਸੰਤਨਾ ਕੈ ਚਰਨਿ ਲਾਗੁ॥੧॥}

(ਅੰਗ ੪੦੮)

29/3198

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ॥੮॥੨॥}

(ਅੰਗ ੫੬੫)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ॥}

(ਅੰਗ ੨੬)

{ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ॥ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ॥੨॥}

(ਅੰਗ ੩੩)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ॥੧॥}

(ਅੰਗ ੪੫੩)

{ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ॥੨॥}

(ਅੰਗ ੨੯)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥੧੬॥}

(ਅੰਗ ੧੪੧੪)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

ਹਰਿ ਹਰਿ ਕਰਨਾ ਬਹੁਤ ਔਖਾ ਹੈ ਜੋ ਕਿ ਸਾਡੀ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ। ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਕੇ ਹੀ ਹਰਿ ਹਰਿ ਕੀਤਾ ਜਾ ਸਕਦਾ ਹੈ ਭਾਵ ਸੱਚ ਦੁਆਰਾ ਵਿਚਰਿਆ ਜਾ ਸਕਦਾ ਹੈ। ਅਸੀਂ ਹਰਿ ਹਰਿ ਕਰਨਾ ਕੀ ਹੈ, ਰਾਮ ਰਾਮ ਕਰਨਾ ਕੀ ਹੈ ਇਸ ਗੱਲ ਨੂੰ ਸਮਝਣ ਦੀ ਬਜਾਇ ਆਪਣੀ ਕਥਨੀ ਦਾ ਤਰੀਕਾ ਹੀ ਬਦਲ ਲਿਆ ਹੈ ਭਾਵ ਅੱਖਰ ਦਾ ਨਾਮ ਹੀ ਬਦਲ ਲਿਆ ਹੈ ਜਿਸ ਦਾ ਕਾਰਨ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵੱਸਥਾ ਹੈ। ਨਾਮ ਕੀ ਹੈ, ਨਾਮ ਜਪਣਾ ਕੀ ਹੈ, ਨਾਮ ਦੀ ਪ੍ਰਾਪਤੀ ਕੀ

ਹੈ ਇਸ ਗੱਲ ਦੀ ਸਮਝ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ, ਦਸਵੇਂ ਦੁਆਰ ਰਾਹੀਂ ਹੀ ਪੈਂਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਨਾਮ ਕੀ ਹੈ ਤੇ ਨਾਮ ਦਾ ਮਿਲਣਾ ਕੀ ਹੈ, ਸਹਜ ਕੀ ਹੈ ਭਾਵ ਚੌਥਾ ਪਦ ਕੀ ਹੈ ਤੇ ਦਸਵੇਂ ਦੁਆਰ ਦਾ ਖੁੱਲ੍ਹਣਾ ਕੀ ਹੈ। ਮਨ ਦੇ ਵਿੱਚ ਦਸਵੇਂ ਦੁਆਰ ਰਾਹੀਂ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਬਖ਼ਸ਼ਦਾ ਹੈ ਜਿਸ ਦੁਆਰਾ ਨਾਮ ਦੀ ਸੋਝੀ ਪੈਂਦੀ ਹੈ ਤੇ ਨਾਮ ਦੇ ਮਾਲਕ ਦੀ ਸੋਝੀ ਪੈਂਦੀ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਗੁਰਮੁਖਿ ਵਾਲੀ ਅਵੱਸਥਾ ਬਖ਼ਸ਼ਦਾ ਹੈ ਜੋ ਅਵੱਸਥਾ ਉਸਨੇ ਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖ਼ਸ਼ੀ ਹੈ, ਨਾਮ ਦੀ ਰਚਨਾ ਕਰਨ ਵਾਲਿਆਂ ਨੂੰ ਬਖ਼ਸ਼ੀ ਹੈ। **(ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥ ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥ ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥੧੬॥)**

ਇਸੇ ਗੱਲ ਨੂੰ ਅਸੀਂ ਹੋਰ ਵੀ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਚੌਥੇ ਪਦ ਦੀ ਪ੍ਰਾਪਤੀ ਹੋਏ ਬਿਨ੍ਹਾਂ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਨਿਰਗੁਣ ਰੂਪ ਵਿੱਚ ਮੇਲ ਹੋਏ ਬਿਨ੍ਹਾਂ ਹਰ ਕੋਈ ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ, ਭਰਮ ਵਾਲੀ ਅਵੱਸਥਾ ਵਿੱਚ ਹੀ ਹੈ ਜਿਸ ਵਿੱਚ ਰਹਿੰਦਿਆਂ ਨਾਮ ਦੀ ਸੋਝੀ ਨਹੀਂ ਪੈਂਦੀ ਕਿ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਬ੍ਰਹਮਗਿਆਨ ਰੂਪ ਹੈ। ਜੋ ਸੋਝੀ ਪ੍ਰਮਾਤਮਾ ਨੇ ਸਾਨੂੰ ਆਪਣੇ ਬ੍ਰਹਮਗਿਆਨ ਰਾਹੀਂ ਪਾਈ ਹੈ, ਗੁਰਬਾਣੀ ਰਾਹੀਂ ਪਾਈ ਹੈ ਉਹ ਉਸਦਾ ਨਾਮ ਹੈ ਜਿਸਨੂੰ ਜਪ ਕੇ ਅਸੀਂ ਨਾਮ ਦੀ ਹੀ ਪ੍ਰਾਪਤੀ ਕਰਨੀ ਹੈ, ਬ੍ਰਹਮਗਿਆਨ ਦੀ ਹੀ ਪ੍ਰਾਪਤੀ ਕਰਨੀ ਹੈ ਜੋ ਕਿ ਉਸ ਬ੍ਰਹਮਗਿਆਨੀ ਦੇ ਨਾਲ ਮੇਲ ਦੁਆਰਾ ਹੁੰਦੀ ਹੈ, ਬ੍ਰਹਮਗਿਆਨ ਦੇ ਮਾਲਕ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੁੰਦੀ ਹੈ। ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦਿਆਂ ਹੋਇਆਂ ਕੋਈ ਵੀ ਇਸ ਗੱਲ ਨੂੰ ਨਹੀਂ ਸਮਝ ਸਕਦਾ ਤੇ ਨਾਮ ਨੂੰ ਕੋਈ ਅੱਖਰ ਸਮਝਣਾ ਕੇਵਲ ਸਾਡੇ ਅੰਦਰ ਦੇ ਭਰਮ ਦੀ ਉਪਜ ਹੈ। ਜਿੰਨ੍ਹਾਂ ਕੋਲੋਂ ਅਸੀਂ ਨਾਮ ਸਮਝਿਆ ਹੈ ਉਹ ਆਪ

ਭਰਮ ਵਿੱਚ ਰਹੇ ਹਨ ਤੇ ਸਾਨੂੰ ਭਰਮ ਵਿੱਚ ਹੀ ਪਾਇਆ ਹੈ ਤੇ ਇਸੇ ਲਈ ਇਹੋ ਜਿਹਿਆਂ ਦੀ ਬਾਣੀ ਵਿੱਚ ਵਾਰ ਵਾਰ ਨਿਖੇਧੀ ਕੀਤੀ ਹੋਈ ਹੈ ਜਿੰਨ੍ਹਾਂ ਨੇ ਆਪਣੀਆਂ ਝੂਠੀਆਂ ਗੱਲਾਂ ਦੁਆਰਾ ਆਪਣੇ ਆਪ ਨੂੰ ਉੱਚਾ ਕੀਤਾ ਹੈ ਤੇ ਝੂਠੀ ਸ਼ੋਭਾ ਲਈ ਹੈ। ਉਹ ਆਪ ਸੱਚ ਸਮਝਣ ਤੋਂ ਦੂਰ ਰਹੇ ਹਨ ਤੇ ਸਾਨੂੰ ਵੀ ਸੱਚ ਸਮਝਣ ਤੋਂ ਦੂਰ ਕੀਤਾ ਹੈ। ਸੱਚ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਚੌਥੇ ਪਦ ਵਿੱਚ ਹੈ ਤੇ ਪ੍ਰਮਾਤਮਾ ਦਾ ਆਪਣਾ ਹੀ ਗੁਰਮੁਖਿ

29/3200

ਰੂਪ ਹੈ। ਇਸ ਗੱਲ ਨੂੰ ਹੇਠ ਦਿੱਤੇ ਪੂਰੇ ਸ਼ਬਦ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਤ੍ਰੈਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਕੀ ਭੇਦ ਹੈ। ਤ੍ਰੈਗੁਣਾਂ ਰਾਹੀਂ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਚੌਥੇ ਪਦ ਰਾਹੀਂ ਭਾਵ ਸਹਜ ਦੀ ਅਵੱਸਥਾ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੈ ਜਿਸ ਦੁਆਰਾ ਸਾਨੂੰ ਉਹ ਭਰਮ ਵਿੱਚੋਂ ਕੱਢ ਕੇ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ ਭਾਵ ਹਉਮੈ ਵਿੱਚੋਂ ਕੱਢ ਕੇ ਆਪਣੇ ਨਾਮ ਨਾਲ ਜੋੜਦਾ ਹੈ। ਇਸ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਪਹਿਲਾਂ ਹੀ ਜਾਣ ਚੁੱਕੇ ਹਾਂ।

ਸਿਰੀਰਾਗੁ ਮਹਲਾ ੩ ॥

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥
ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥

ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ - ੬੮)

ਪ੍ਰਮਾਤਮਾ ਦੀ ਭਗਤੀ, ਉਸਦਾ ਨਾਮ ਜਪਣਾ ਭਾਵ ਹਰਿ ਹਰਿ ਕਰਨਾ ਜਾਂ ਰਾਮ ਰਾਮ ਕਰਨਾ ਇੱਕੋ ਹੀ ਗੱਲ ਹੈ ਜੋ ਕਿ ਔਗੁਣ ਰਹਿਤ ਹੋ ਕੇ ਸਾਡੀ ਵਿਚਰਨ ਹੈ ਤੇ ਕਥਨੀ ਨਾਲ ਜੁੜੇ ਰਹਿਣਾ ਕੇਵਲ ਸਾਡਾ ਭਰਮ ਹੈ, ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵੱਸਥਾ ਦਾ ਨਤੀਜਾ ਹੈ ਤੇ ਹੋਰ ਕੁੱਝ ਵੀ ਨਹੀਂ। ਸਾਰੀ ਗੱਲ ਔਗੁਣਾਂ ਵਿੱਚੋਂ ਨਿਕਲਣ ਦੀ ਹੈ, ਦੁਸ਼ਟਾਂ ਦਾ ਸਾਥ ਛੱਡਣ ਦੀ ਹੈ, ਬਿਖਿਆ ਰਸ ਛੱਡਣ ਦੀ ਹੈ ਤਾਂ ਜੋ ਅਸੀਂ ਗੁਰੂ ਪ੍ਰਮਾਤਮਾ ਦੀ ਨਿੰਦਾ ਤੋਂ ਬਚ ਸਕੀਏ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ।

ਸਲੋਕ ਮਃ ੩ ॥

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥
ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥
ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ ॥੧॥}

(ਅੰਗ ੮੫੪)

{ਸਗਲ ਸਹੇਲੀ ਅਪਨੈ ਰਸ ਮਾਤੀ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥
ਮੁਸਨਹਾਰ ਪੰਚ ਬਟਵਾਰੇ॥ ਸੂਨੇ ਨਗਰਿ ਪਰੇ ਠਗਹਾਰੇ॥੨॥
ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥
ਦਰਬਿ ਸਿਆਣਪ ਨਾ ਓਇ ਰਹਤੇ॥ ਸਾਧਸੰਗਿ ਓਇ ਦੁਸਟ ਵਸਿ ਹੋਤੇ॥੩॥}

(ਅੰਗ ੧੮੨)

29/3201

{ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥੨॥}

(ਅੰਗ ੮੧੦)

ਜਿਵੇਂ ਕਿ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡਾ ਪਿਆਰ ਇੱਕ ਪਾਸੇ ਹੀ ਜੁੜ ਸਕਦਾ ਹੈ ਭਾਵੇਂ ਮਾਇਆ ਨਾਲ ਜੋੜ ਲਈਏ ਭਾਵੇਂ ਗੁਰੂ ਨਾਲ ਜੋੜ ਲਈਏ, ਭਾਵੇਂ ਮਨਮਤਿ ਨਾਲ ਜੋੜ ਲਈਏ ਭਾਵੇਂ ਗੁਰਮਤਿ ਨਾਲ ਜੋੜ ਲਈਏ, ਭਾਵੇਂ ਹਉਮੈ ਨਾਲ ਜੋੜ ਲਈਏ ਭਾਵੇਂ ਨਾਮ ਨਾਲ ਜੋੜ ਲਈਏ, ਭਾਵੇਂ ਝੂਠ ਨਾਲ ਜੋੜ ਲਈਏ ਭਾਵੇਂ ਸੱਚ ਨਾਲ ਜੋੜ ਲਈਏ। ਜਦੋਂ ਸਾਡਾ ਮਾਇਆ ਨਾਲ ਪਿਆਰ ਹੈ ਭਾਵ ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ ਫਿਰ ਸਾਡਾ ਗੁਰੂ ਨਾਲ ਭਾਵ ਗੁਰੂ ਦੀ ਮਤਿ ਨਾਲ ਪਿਆਰ ਨਹੀਂ ਪੈ ਸਕਦਾ। ਜਦੋਂ ਅਸੀਂ ਮਾਇਆ ਨਾਲ ਆਪਣਾ ਮੋਹ ਪਾਉਂਦੇ ਹਾਂ, ਪਿਆਰ ਪਾਉਂਦੇ ਹਾਂ ਤਾਂ ਹੀ ਸਾਡੇ ਅੰਦਰ ਦੁਸ਼ਟਾਂ ਦਾ ਵਾਸਾ ਹੁੰਦਾ ਹੈ ਭਾਵ ਔਗੁਣਾਂ ਦਾ ਵਾਸਾ ਹੁੰਦਾ ਹੈ ਤੇ ਜਿੱਥੇ ਔਗੁਣ ਹਨ ਉੱਥੇ ਗੁਰੂ ਨਾਲ ਪਿਆਰ ਨਹੀਂ ਹੈ ਕਿਉਂਕਿ ਅਸੀਂ ਮਾਇਆ ਮੋਹ ਵਿੱਚ ਪੈ ਕੇ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ ਜਿਸ ਕਰਕੇ ਅਸੀਂ ਗੁਰੂ ਦੀ ਨਿੰਦਾ ਕਰਦੇ ਹਾਂ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥੧੧॥
ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥
ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥੧੨॥”

(ਅੰਗ ੧੦੬੮)

ਸੱਚਾ ਪਾਸਾ ਗੁਰਮਤਿ ਦਾ ਹੈ, ਗੁਰੂ ਦਾ ਹੈ ਤੇ ਗੁਰੂ ਦੀ ਮਤਿ ਤੋਂ ਬਿਨ ਹਰ ਕੋਈ ਦੂਜਾ ਪਾਸਾ ਹੈ। ਜੋ ਗੁਰੂ ਦੇ ਪਾਸੇ ਰਹਿੰਦਾ ਹੈ ਉਹ ਫਿਰ ਉਸੇ ਦੀ ਮਤਿ ਨਾਲ ਪਿਆਰ ਕਰਦਾ ਹੈ ਤੇ ਉਸਦੀ ਮਤਿ ਦੇ ਨਾਲ ਪਿਆਰ ਕਰਨ ਵਾਲਿਆਂ ਦੇ ਅੰਦਰ ਦੁਸ਼ਟਾਂ ਦਾ ਵਾਸਾ ਨਹੀਂ ਹੋ ਸਕਦਾ, ਅਉਗਣਾਂ ਦਾ

ਵਾਸਾ ਨਹੀਂ ਹੋ ਸਕਦਾ ਜਿੰਨ੍ਹਾਂ ਅਉਗਣਾਂ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ ਜਿਸ ਦੇ ਕਾਰਣ ਅਸੀਂ ਜਗ੍ਹਾ ਜਗ੍ਹਾ ਭਟਕਦੇ ਰਹਿੰਦੇ ਹਾਂ, ਆਪਣੀ ਤ੍ਰਿਸ਼ਨਾ ਦੀ ਪੂਰਤੀ ਲਈ ਅਸੀਂ ਭਟਕਦੇ ਰਹਿੰਦੇ ਹਾਂ। ਇਹਨਾਂ ਦੁਸ਼ਟਾਂ ਦੀ ਸੰਗਤਿ ਸਾਡੀ ਕੁਸੰਗਤਿ ਹੈ ਜਿਸਦੇ ਕਾਰਣ ਅਸੀਂ ਆਪਣੇ ਆਪ ਨੂੰ ਦੁਖਾਂ ਵਿੱਚ ਪਾਉਂਦੇ ਹਾਂ, ਦੁੱਖ ਕਮਾਉਂਦੇ ਹਾਂ ਭਾਵ ਗੁਰੂ ਪ੍ਰਮਾਤਮਾ ਦੇ ਦੋਖੀ ਬਣਦੇ ਹਾਂ, ਉਸਦੀਆਂ ਸਜਾਵਾਂ ਦੇ ਭਾਗੀਦਾਰ ਬਣਦੇ ਹਾਂ। **(ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥ ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥11॥)**

ਅਉਗਣਾਂ ਦੀ ਸੰਗਤਿ ਸਾਡੀ ਮਾੜੀ ਸੰਗਤਿ ਹੈ ਤੇ ਸਾਡੀ ਚੰਗੀ ਸੰਗਤਿ ਕੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਤਿਗੁਰ ਬਾਝਹੁ ਸੰਗਤਿ ਨ ਹੋਈ॥ ਬਿਨੁ ਸਬਦੇ ਪਾਰੁ ਨ ਪਾਏ ਕੋਈ॥
ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ॥”

ਸਤਿਗੁਰ ਦੀ ਸੰਗਤਿ ਸਤਗੁਰ ਦੀ ਮਤਿ ਦੀ ਸੰਗਤਿ ਹੈ ਜਿਸ ਦਾ ਬਿਨ੍ਹਾਂ ਮਕਸਦ ਹੀ ਸਾਨੂੰ ਕੁਸੰਗਤਿ ਵਿੱਚੋਂ ਕੱਢਣ ਦਾ ਹੈ, ਔਗੁਣਾਂ ਦੀ ਸੰਗਤਿ ਵਿੱਚੋਂ ਕੱਢਣ ਦਾ ਹੈ, ਬਿਖਿਆ ਦੇ ਰਸਾਂ ਵਿੱਚੋਂ ਕੱਢਣ ਦਾ ਹੈ। ਗੁਰੂ ਹੀ ਸਾਧ ਹੈ ਗੁਰੂ ਦੀ ਸੰਗਤਿ ਜਾਂ ਸਾਧਸੰਗਤਿ ਇੱਕੋ ਹੀ ਗੱਲ ਹੈ ਜਿਸ ਦੁਆਰਾ ਸਾਡੇ ਇਹ ਦੁਸ਼ਟ ਵੱਸ ਵਿੱਚ ਆਉਂਦੇ ਹਨ। ਗੁਰੂ ਦੇ ਸ਼ਬਦ ਦੀ ਸੰਗਤਿ, ਗੁਰੂ ਦੇ ਬਚਨਾਂ ਦੀ ਸੰਗਤਿ ਗੁਰੂ ਦੀ ਸੰਗਤਿ ਹੈ ਜਿਸ ਰਾਹੀਂ ਗੁਰੂ ਸਾਨੂੰ ਸੱਚ ਤੇ ਚੱਲਣਾ ਸਿਖਾਉਂਦਾ ਹੈ, ਔਗੁਣਾਂ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ। ਪਾਰ ਅਸੀਂ ਮਾਇਆ ਮੋਹ ਦੇ ਸਾਗਰ ਨੂੰ ਹੀ ਕਰਨਾ ਹੈ ਭਾਵ ਮਾਇਆ ਮੋਹ ਦੇ ਸਾਗਰ ਤੋਂ ਪਾਰ ਪਾਉਣਾ ਹੈ ਤੇ ਉਹ ਤਾਂ ਹੀ ਪਾ ਸਕਦੇ ਹਾਂ ਜੇਕਰ ਅਸੀਂ ਗੁਰੂ ਦੀ ਮਤਿ ਦੀ ਸੰਗਤਿ ਕਰਾਂਗੇ, ਸ਼ਬਦ ਦੀ ਮਤਿ ਦੀ ਸੰਗਤਿ ਕਰਾਂਗੇ ਤੇ ਮਾਇਆ ਮੋਹ ਵਿੱਚੋਂ ਨਿਕਲਾਂਗੇ ਜੋ ਸਾਡੇ ਅੰਦਰ ਔਗੁਣਾਂ ਦਾ ਕਾਰਣ ਹੈ, ਦੁਸ਼ਟਾਂ ਦਾ ਸਾਡੇ ਅੰਦਰ ਵੱਸਣ ਦਾ ਕਾਰਣ ਹੈ। ਜਿਸ ਨੂੰ ਪ੍ਰਮਾਤਮਾ ਮਾਇਆ ਮੋਹ ਦੇ ਸਾਗਰ ਵਿੱਚੋਂ ਕੱਢਦਾ ਹੈ ਉਸਦੇ ਅੰਦਰ ਆਪਣੇ ਸ਼ਬਦ ਦੀ ਮਤਿ ਹੀ ਵਸਾਉਂਦਾ ਹੈ, ਆਪਣੇ

ਮੇਲ ਦੁਆਰਾ ਵਸਾਉਂਦਾ ਹੈ, ਸਹਜ ਦੀ ਅਵੱਸਥਾ ਬਖਸ਼ ਕੇ ਵਸਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਔਗੁਣਾਂ ਵਿੱਚੋਂ ਕੱਢਕੇ ਗੁਣਾਂ ਵਾਲੀ ਅਵੱਸਥਾ ਬਖਸ਼ਦਾ ਹੈ ਤੇ ਤਾਂ ਹੀ ਮਨੁੱਖ ਦਿਨ ਰਾਤ ਭਾਵ ਅੱਠੇ ਪਹਿਰ ਗੁਣਾਂ ਦੁਆਰਾ ਵਿਚਰਦਾ ਹੈ। ਇਹੀ ਅੱਠੇ ਪਹਿਰ ਨਾਮ ਜਪਣਾ ਹੈ,

29/3203

ਹਰਿ ਹਰਿ ਕਰਣਾ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਉਸ ਦੀ ਜੋਤਿ ਵਿੱਚ ਰਲਣ ਦੁਆਰਾ ਹੀ ਹੁੰਦਾ ਹੈ ਤੇ ਆਪਣੇ ਗੁਣਾਂ ਦਾ ਗਿਆਨ ਉਹ ਆਪਣੀ ਜੋਤਿ ਰਾਹੀਂ ਹੀ ਦਿੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਅੱਠੇ ਪਹਿਰ ਨਹੀਂ ਜਪ ਸਕਦਾ ਕਿਉਂਕਿ ਉਸ ਨੂੰ ਜਪਣ ਦੀ ਸੋਝੀ ਹੀ ਉਸ ਦੇ ਨਾਲ ਮੇਲ ਦੁਆਰਾ ਪੈਂਦੀ ਹੈ ਤੇ ਮਨ ਦੇ ਗਿਆਨ ਦੁਆਰਾ ਉਹ ਆਪ ਹੀ ਮਨੁੱਖ ਨੂੰ ਪੂਰੀ ਤਰ੍ਹਾਂ ਔਗੁਣ ਮੁਕਤਿ ਕਰਦਾ ਹੈ ਤੇ ਮਨੁੱਖ ਉਸ ਦੇ ਗੁਣਾਂ ਦੁਆਰਾ ਵਿਚਰਦਾ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦਾ ਹੈ, ਔਗੁਣਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ ਜੋ ਉਸ ਦੇ ਗੁਣ ਗਾਉਣ ਦਾ ਤਰੀਕਾ ਹੈ, ਨਾਮ ਜਪਣ ਦਾ ਤਰੀਕਾ ਹੈ ਜਦ ਤੱਕ ਮਨੁੱਖ ਦੇ ਅੰਦਰ ਇਹ ਗੁਣ ਨਹੀਂ ਆਉਂਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਸਭ ਦੇ ਅੰਦਰ ਉਹ ਆਪ ਹੀ ਨਿਰਗੁਣ ਰੂਪ ਵਿੱਚ ਵਿਚਰ ਰਿਹਾ ਹੈ ਤਦ ਤੱਕ ਉਸਦੇ ਗੁਣ ਨਹੀਂ ਗਾਏ ਜਾ ਸਕਦੇ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ। ਜਿਸ ਦਾ ਵੀ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ ਉਹ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਨਿਬੜਦਾ ਹੈ ਜਦੋਂ ਉਹ ਮਨੁੱਖ ਨੂੰ ਆਪਣੀ ਗੁਰਮਤਿ, ਸਮਝਾ ਕੇ ਔਗੁਣਾਂ ਤੋਂ ਮੁਕਤਿ ਕਰਦਾ ਹੈ ਕਿਉਂਕਿ ਜੋ ਵੀ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਸ ਦੁਆਰਾ ਗੁਰਮਤਿ ਦੀ ਨਿੰਦਾ ਕਰਦੇ ਹਾਂ। ਪ੍ਰਮਾਤਮਾ ਦੇ ਨਾਲ ਝਗੜਾ ਮੁਕਾਉਣ ਲਈ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਭਗਤੀ ਦੇ ਝੂਠੇ ਦਿਖਾਵਿਆਂ ਵਿੱਚੋਂ ਨਿਕਲੀਏ, ਕਿਸੇ ਅੱਖਰ ਦੇ ਜਪ ਵਿੱਚੋਂ ਨਿਕਲੀਏ ਤੇ ਗੁਰਮਤਿ ਦੁਆਰਾ ਸਮਝਾਏ ਹੋਏ ਸੱਚ ਨੂੰ ਅਪਣਾਈਏ। ਭਰਮ ਵਿੱਚੋਂ ਸਾਨੂੰ ਸੱਚ ਨੇ ਹੀ ਕੱਢਣਾ ਹੈ ਤੇ ਭਰਮ ਵਿੱਚੋਂ ਨਿਕਲੇ ਬਿਨ੍ਹਾਂ ਗੁਰੂ ਪ੍ਰਮਾਤਮਾ ਦੀ ਨਿੰਦਾ ਤੋਂ ਨਹੀਂ ਬਚਿਆ ਜਾ ਸਕਦਾ। ਗੁਰਮਤਿ ਦੀ ਸੰਗਤਿ ਕਰਕੇ ਹੀ, ਸਾਧ ਸੰਗਤਿ ਕਰਕੇ ਹੀ ਅਸੀਂ ਮਾਇਆ ਮੋਹ ਦੇ ਸਾਗਰ ਤੋਂ ਪਾਰ ਪਾ ਸਕਦੇ ਹਾਂ, ਕੁਸੰਗਤਿ ਭਾਵ ਵਿਕਾਰਾਂ ਦੀ ਸੰਗਤਿ ਛੱਡ ਕੇ ਮਾਇਆ ਮੋਹ ਦੇ ਸਾਗਰ ਤੋਂ ਪਾਰ ਪਾ ਸਕਦੇ ਹਾਂ। (**ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥ ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥11॥ ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥ ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥12॥**)

{ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥}

(ਅੰਗ 182)

{ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥}

(ਅੰਗ ੮੧੦)

29/3204

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥}

(ਅੰਗ ੧੧੧੮)

{ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥ ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ ॥
ਜੈਸਾ ਬੀਜੈ ਤੈਸਾ ਖਾਵੈ ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥}

(ਅੰਗ ੩੬੬)

ਆਸਾ ਮਹਲਾ ੩ ॥

{ਅਨ ਰਸ ਮਹਿ ਭੋਲਾਇਆ ਬਿਨੁ ਨਾਮੈ ਦੁਖ ਪਾਇ ॥
ਸਤਿਗੁਰੁ ਪੁਰਖੁ ਨ ਭੇਟਿਓ ਜਿ ਸਚੀ ਬੂਝ ਬੁਝਾਇ ॥੧॥
ਏ ਮਨ ਮੇਰੇ ਬਾਵਲੇ ਹਰਿ ਰਸੁ ਚਖਿ ਸਾਦੁ ਪਾਇ ॥
ਅਨ ਰਸਿ ਲਾਗਾ ਤੂੰ ਫਿਰਹਿ ਬਿਰਥਾ ਜਨਮੁ ਗਵਾਇ ॥੧॥ ਰਹਾਉ ॥
ਇਸੁ ਜੁਗ ਮਹਿ ਗੁਰਮੁਖ ਨਿਰਮਲੇ ਸਚਿ ਨਾਮਿ ਰਹਹਿ ਲਿਵ ਲਾਇ ॥
ਵਿਣੁ ਕਰਮਾ ਕਿਛੁ ਪਾਈਐ ਨਹੀ ਕਿਆ ਕਰਿ ਕਹਿਆ ਜਾਇ ॥੨॥
ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ ॥
ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ ॥੩॥
ਬਿਨੁ ਨਾਵੈ ਸੁਖੁ ਨ ਪਾਈਐ ਨਾ ਦੁਖੁ ਵਿਚਹੁ ਜਾਇ ॥
ਇਹੁ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਰਮਿ ਭੁਲਾਇ ॥੪॥
ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ ॥
ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ ॥੫॥
ਸੋਹਾਗਣੀ ਮਹਲੁ ਪਾਇਆ ਵਿਚਹੁ ਆਪੁ ਗਵਾਇ ॥
ਗੁਰ ਸਬਦੀ ਸੀਗਾਰੀਆ ਅਪਣੇ ਸਹਿ ਲਈਆ ਮਿਲਾਇ ॥੬॥
ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥
ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ ॥੭॥
ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ ॥
ਨਾਨਕ ਨਾਮਿ ਸਮਾਣੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥੮॥੨੨॥੧੫॥੩੭॥}

(ਅੰਗ ੪੩੦)

ਕਾਨੜਾ ਮਹਲਾ ੫ ॥

{ਜੀਅ ਪ੍ਰਾਨ ਮਾਨ ਦਾਤਾ ॥ ਹਰਿ ਬਿਸਰਤੇ ਹੀ ਹਾਨਿ ॥੧॥ ਰਹਾਉ ॥
ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥
ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥੧॥
ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥
ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥}

(ਅੰਗ ੧੩੦੩)

{ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥
ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥1॥
ਅੰਮ੍ਰਿਤੁ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥1॥ ਰਹਾਉ ॥}

(ਅੰਗ ੧੮੦)

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥}

(ਅੰਗ ੪੫੨)

29/3205

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥
ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥
ਜਨਮੁ ਜੀਤਿ ਮਰਣਿ ਮਨੁ ਮਾਨਿਆ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥
ਨਜਰਿ ਭਈ ਘਰੁ ਘਰ ਤੇ ਜਾਨਿਆ॥੨॥}

(ਅੰਗ ੧੫੩)

{ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥
ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥
ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥}

(ਅੰਗ ੨੪੧)

{ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥}

(ਅੰਗ ੨੪੧)

ਉਪਰਲੇ ਸ਼ਬਦਾਂ ਦੀਆਂ ਪੰਗਤੀਆਂ ਨੂੰ ਵਿਚਾਰਕੇ ਸਾਨੂੰ ਸਭ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਕੇਵਲ ਤੇ ਕੇਵਲ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਤੇ ਸਾਡੀ ਸੰਸਾਰਿਕ ਵਿਚਰਨ ਸਾਡੀ ਚੰਗੀ ਸੋਝੀ ਦੇ ਨਾਲ ਹੀ ਚੰਗੀ ਹੋ ਸਕਦੀ ਹੈ। ਸਾਡੀ ਮਾੜੀ ਸੋਝੀ ਦੀ ਉਪਜ ਸਾਡੇ ਬਿਖਿਆ ਰਸ ਹਨ ਤੇ ਸਾਡੀ ਚੰਗੀ ਸੋਝੀ ਦੀ ਉਪਜ ਸਾਨੂੰ ਹਰਿ ਰਸ ਦੇ ਨਾਲ ਜੋੜਦੀ ਹੈ ਭਾਵ ਬਿਖਿਆ ਦੇ ਰਸਾਂ ਵਿੱਚੋਂ ਕੱਢਦੀ ਹੈ ਤੇ ਗੁਰੂ ਦੇ ਗੁਣਾਂ ਨਾਲ ਜੋੜਦੀ ਹੈ, ਨਾਮ ਜਪਣ ਦੇ ਨਾਲ ਜੋੜਦੀ ਹੈ। ਗੁਰੂ ਪ੍ਰਮਾਤਮਾ ਦੀ ਨਿੰਦਾ ਜਾ ਉਸਤਤਿ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ, ਮਨ ਦੇ ਵਿਚਾਰਾਂ ਦੇ ਨਾਲ ਜੁੜੀ ਹੋਈ ਹੈ। ਮਨ ਦੇ ਮਾੜੇ ਵਿਚਾਰਾਂ ਰਾਹੀਂ ਅਸੀਂ ਗੁਰੂ ਦੇ ਸੱਚੇ ਵਿਚਾਰਾਂ ਦੀ ਨਿੰਦਾ ਕਰਦੇ ਹਾਂ ਤੇ ਮਨ ਦੇ ਸੱਚੇ ਵਿਚਾਰਾਂ ਰਾਹੀਂ ਅਸੀਂ ਸੱਚ ਤੇ ਚੱਲਣ ਦੁਆਰਾ, ਗੁਰਮਤਿ ਤੇ ਚੱਲਣ ਦੁਆਰਾ

29/3206

ਅਸੀਂ ਗੁਰੂ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਭਾਵ ਆਪਣੀ ਚੰਗੀ ਕਰਣੀ ਦੁਆਰਾ ਉਸ ਦਾ ਨਾਮ ਜਪਦੇ ਹਾਂ। ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਸਾਡੇ ਮਾੜੇ ਕਰਮਾਂ ਦੁਆਰਾ ਹੈ ਜਿਸ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜਦੋਂ ਅਸੀਂ ਗੁਰੂ ਦੇ ਸ਼ਬਦ ਦੇ ਵਿਚਾਰ ਨੂੰ ਆਪਣੇ ਅੰਦਰ ਵਸਾਉਂਦੇ ਹਾਂ । ਸ਼ਬਦ ਦੀ ਕਥਨੀ ਕਰੀ ਜਾਣ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ ਜੋ ਕਿ ਆਪਣੇ ਅੰਦਰ ਭਰਮ ਪਾਲਣ ਵਾਲੀ ਗੱਲ ਹੈ ਤੇ ਉਸ ਵਿੱਚੋਂ ਨਿਕਲਣ ਦੀ ਲੋੜ ਹੈ। ਗੁਰੂ ਪ੍ਰਮਾਤਮਾ ਨਾਲ ਸਾਡੇ ਝਗੜੇ ਦਾ ਕਾਰਣ ਸਾਡੇ ਵਿਕਾਰ ਹਨ, ਮਾੜੇ ਕਰਮ ਹਨ ਜਿਵੇਂ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ

ਹੈ ਤੇ ਆਉ ਇਸੇ ਗੱਲ ਨੂੰ ਧੰਨ ਧੰਨ ਗੁਰੂ ਰਾਮਦਾਸ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਸ਼ਬਦ ਦੁਆਰਾ ਸਮਝੀਏ ਤੇ ਉਹਨਾਂ ਦੇ ਬਚਨਾਂ ਨੂੰ ਮੰਨ ਕੇ ਉਹਨਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਸਲੋਕ ਮਃ ੪ ॥

{ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥
ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਹਾਰੁ ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥}

(ਅੰਗ ੩੧੬)

ਇਸ ਸ਼ਬਦ ਦੇ ਭਾਵ ਨੂੰ ਅਸੀਂ ਕੁੱਝ ਪਿੱਛੇ ਵੀ ਸਮਝਿਆ ਹੈ ਤੇ ਪ੍ਰਮਾਤਮਾ ਦੇ ਨਾਲ ਆਪਣੇ ਝਗੜੇ ਦਾ ਕਾਰਣ ਸਮਝਣ ਲਈ ਫਿਰ ਤੋਂ ਸਮਝਿਆ ਜਾ ਸਕਦਾ ਹੈ। ਸ਼ਬਦ ਦੇ ਭਾਵ ਨੂੰ ਬਹੁਤ ਸਰਲ ਤਰੀਕੇ ਨਾਲ ਸਮਝਾਇਆ ਹੋਇਆ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਸ਼ਬਦ ਨੂੰ ਰਟੀ ਜਾਣ ਵਾਲੇ ਵੀ, ਕਿਸੇ ਅੱਖਰ ਨੂੰ ਰਟੀ ਜਾਣ ਵਾਲੇ ਵੀ ਇਸ ਗੱਲ ਨੂੰ ਬਿਨ੍ਹਾਂ ਝਿਝਕ ਸਮਝ ਸਕਦੇ ਹਨ। ਮਨਮੁਖਿ ਕੌਣ ਹੈ, ਮੂਲੋਂ ਭੁੱਲਿਆ ਹੋਇਆ ਕੌਣ ਹੈ, ਸ਼ਬਦ ਨੂੰ ਨਾ ਵਿਚਾਰਨ ਵਾਲਾ ਕੌਣ ਹੈ, ਪ੍ਰਮਾਤਮਾ ਦੇ ਨਾਲ ਝਗੜਾ ਕਰਨ ਵਾਲਾ ਕੌਣ ਹੈ, ਮਤਿਹੀਣ, ਸੁਧਿਹੀਣ ਕੌਣ ਹੈ ਭਾਵ ਪ੍ਰਮਾਤਮਾ ਦਾ ਭੁਲਾਇਆ ਹੋਇਆ ਕੌਣ ਹੈ, ਬਿਨ੍ਹਾਂ ਸੰਤੋਖ ਵਾਲਾ ਕੌਣ ਹੈ, ਤ੍ਰਿਸ਼ਨਾ ਵਾਲਾ ਕੌਣ ਹੈ, ਅਗਿਆਨਤਾ ਦੇ ਹਨ੍ਹੇਰੇ ਵਾਲਾ ਕੌਣ ਹੈ, ਮਾਇਆ ਮੋਹ ਦੇ ਨਾਲ ਪਿਆਰ ਕਰਨ ਵਾਲਾ ਕੌਣ ਹੈ, ਮਾੜੇ ਬੋਲ ਬੋਲਣ ਵਾਲਾ ਕੌਣ ਹੈ ਇਸ ਗੱਲ ਨੂੰ ਬੜੇ ਹੀ ਸਿੱਧੇ ਤੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਇਹੋ ਜਿਹੀ ਅਵੱਸਥਾ ਵਾਲਾ ਮਨੁੱਖ ਉਹ ਹੈ ਜਿਸ ਦੇ ਅੰਦਰ ਲਬੁ, ਲੋਭੁ, ਅਹੰਕਾਰ ਹੈ ਭਾਵ ਜੋ ਮਨੁੱਖ ਵਿਕਾਰੀ ਹੈ, ਮਾੜੇ ਕਰਮ ਕਰਨ ਵਾਲਾ ਹੈ। ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਹੈ ਉਹ ਆਪਣੇ ਮਾੜੇ ਕਰਮਾਂ ਦੁਆਰਾ ਪ੍ਰਮਾਤਮਾ

ਨਾਲ ਆਪਣਾ ਝਗੜਾ ਹੀ ਦਿਖਾਉਂਦਾ ਹੈ ਭਾਵ ਅੱਠੇ ਪਹਿਰ, ਅਨਦਿਨੁ ਪ੍ਰਮਾਤਮਾ ਨਾਲ ਆਪਣਾ ਝਗੜਾ ਹੀ ਦਿਖਾਉਂਦਾ ਹੈ। ਇਹੋ ਜਿਹਾ ਮਨੁੱਖ ਸ਼ਬਦ ਦਾ ਵਿਚਾਰੀ ਨਹੀਂ ਹੈ ਭਾਵ ਸ਼ਬਦ ਦੀ ਗੱਲ ਨੂੰ, ਗੁਰੂ ਦੀ ਗੱਲ ਨੂੰ, ਗੁਰੂ ਦੇ ਬਚਨਾਂ ਨੂੰ ਮੰਨਣ ਵਾਲਾ ਨਹੀਂ ਹੈ ਕਿਉਂਕਿ ਸ਼ਬਦ ਦੇ ਵਿਚਾਰ ਸਾਨੂੰ ਔਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨ ਲਈ ਹੀ ਸਮਝਾਉਂਦੇ ਹਨ ਜੋ ਕਿ ਸ਼ਬਦ ਦਾ ਮਕਸਦ ਹੈ। ਜੋ ਕੇਵਲ ਸ਼ਬਦ ਨੂੰ ਰਟੀ ਹੀ ਜਾਂਦੇ ਹਨ ਆਪਣੇ ਵੱਲੋਂ ਉਹ ਇਸਨੂੰ ਆਪਣੇ ਚੰਗੇ ਬੋਲ ਬੋਲਣਾ ਸਮਝਦੇ ਹਨ ਜਿਸ ਨੂੰ ਉਹ ਗੁਰੂ ਨਾਲ ਆਪਣਾ ਪਿਆਰ ਦਿਖਾਉਣਾ ਸਮਝਦੇ ਹਨ ਪਰ ਉਹਨਾਂ ਦੇ ਬੋਲੇ ਹੋਏ ਬੋਲ ਕੇਵਲ ਉਹਨਾਂ ਦਾ ਦਿਖਾਵਾ ਹਨ ਜਿਸਨੂੰ ਕਿ ਉਹਨਾਂ ਦਾ ਵਿਕਾਰ ਦੱਸਿਆ ਹੈ ਕਿਉਂਕਿ ਆਪਣੀ ਇਸ ਕਿਰਿਆ ਦੁਆਰਾ ਗੁਰਮਤਿ ਦੇ ਭਾਵ ਦੇ ਉਲਟ ਚੱਲਦੇ ਹਨ ਭਾਵ ਸ਼ਬਦ ਦੇ ਮਕਸਦ ਦੇ ਉਲਟ ਚੱਲਦੇ ਹਨ ਤੇ ਆਪਣੀ ਕਰਣੀ ਨੂੰ ਚੰਗਾ ਨਹੀਂ ਬਣਾਉਂਦੇ ਜੋ ਕਿ ਸ਼ਬਦ ਦੀ ਵਿਚਾਰ ਦਾ ਮਕਸਦ ਹੈ। ਇਹੋ ਜਿਹੀ ਕਥਨੀ ਦੁਆਰਾ ਉਹ ਆਪਣੀ ਹਉਮੈ ਹੀ ਵਧਾਉਂਦੇ ਹਨ, ਸਮਾਜ ਵਿੱਚ ਆਪਣਾ ਝੂਠਾ ਮਾਣ ਹੀ ਵਧਾਉਂਦੇ ਹਨ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਕਥਨੀ ਕਰਨ ਵਾਲਿਆਂ ਦਾ ਖੰਡਨ ਕੀਤਾ ਹੋਇਆ ਹੈ। ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਮਨ ਦੀ ਮਾੜੀ ਸੋਝੀ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨ ਕੇ ਆਪਣੇ ਵਿਚਾਰਾਂ ਨੂੰ ਛੱਡੀਏ ਭਾਵ ਮਨਮਤਿ ਛੱਡੀਏ ਤੇ ਗੁਰਮਤਿ ਦੇ ਵਿਚਾਰਾਂ ਵਾਲੇ ਬਣੀਏ। ਸ਼ਬਦ ਦਾ ਵਿਚਾਰੀ ਬਣਨਾ ਬਹੁਤ ਔਖਾ ਹੈ, ਗੁਰਮਤਿ ਦਾ ਵਿਚਾਰੀ ਬਣਨਾ ਬਹੁਤ ਔਖਾ ਹੈ ਕਿਉਂਕਿ ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਝੂਠੇ ਮਾਣ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਪਰ ਇਸ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਨਹੀਂ ਮਿਟਾ ਸਕਦਾ। ਭਗਤੀ ਦਾ ਮਾਰਗ ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨ ਦਾ ਮਾਰਗ ਹੈ, ਹਉਮੈ ਛੱਡਣ ਦਾ ਮਾਰਗ ਹੈ ਤੇ ਨਾਮ ਦੀ ਮਤਿ ਨੂੰ ਅਪਣਾਉਣ ਦਾ ਮਾਰਗ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ

ਨਿਬੇੜ ਸਕਦੇ ਹਾਂ। ਝਗੜਾ ਸੱਚ ਤੇ ਚੱਲਣ ਦੁਆਰਾ ਹੀ ਨਿਬੜਨਾ ਹੈ ਤੇ ਸੱਚ ਉਹ ਹੈ ਜੋ ਸਾਨੂੰ ਸ਼ਬਦ ਦੀ ਵਿਚਾਰ ਸਮਝਾਉਂਦੀ ਹੈ। ਅਸੀਂ ਸੱਚ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਨਾਮ ਦੀ ਮਤਿ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਗੁਰੂ ਦੀ ਸਿੱਖਿਆ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਭਾਵ ਹਉਮੈ ਛੱਡਣ ਦਾ ਉੱਦਮ ਹੀ ਕਰਨਾ ਹੈ, ਭਰਮ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਝਗੜਾ ਨਿਬੇੜਨ ਦਾ ਇੱਕੋ ਇੱਕ ਸਾਧਨ ਹੈ ਜੋ ਕਿ ਸੱਚੀ ਸੁੱਚੀ ਕਰਣੀ ਦਾ ਮਾਰਗ ਹੈ। ਕਥਨੀ ਦੁਆਰਾ ਇਹ ਝਗੜਾ ਨਹੀਂ ਨਿਬੜ ਸਕਦਾ ਜਿਵੇਂ ਹਰ ਕੋਈ ਨਿਬੇੜਨ ਵਿੱਚ ਲੱਗਾ ਹੋਇਆ ਹੈ ਤੇ ਉਲਟਾ ਆਪਣੀ ਹਉਮੈ ਵਧਾਕੇ ਅਸੀਂ ਨਾਮ ਦੇ ਨਾਲ ਆਪਣੀ ਵਿਰੋਧਤਾ ਹੀ ਵਧਾਉਂਦੇ ਹਾਂ। **(ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥ ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥ ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥ ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥ ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥1॥)**

29/3208

ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਝਗੜਾ ਹੈ ਤੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਪ੍ਰਮਾਤਮਾ ਦੀ ਉਸਤਤਿ ਹੈ ਕਿਉਂਕਿ ਮਨੁੱਖ ਜੋ ਕੁੱਝ ਵੀ ਕਰਦਾ ਹੈ ਉਹ ਮਨ ਦੇ ਵਿਚਾਰਾਂ ਦੇ ਰਾਹੀਂ ਹੀ ਕਰਦਾ ਹੈ। ਜੇਕਰ ਅਸੀਂ ਸ਼ਬਦ ਦੀ ਵਿਚਾਰ ਨੂੰ ਭੁੱਲੇ ਹੋਏ ਹਾਂ ਤਾਂ ਫਿਰ ਅਸੀਂ ਅਨਦਿਨੁ ਭਾਵ ਹਰ ਵੇਲੇ, ਅੱਠੇ ਪਹਿਰ ਪ੍ਰਮਾਤਮਾ ਦੇ ਨਾਲ ਝਗੜੇ ਵਾਲੀ ਬਿਰਤੀ ਵਿੱਚ ਰਹਿੰਦੇ ਹਾਂ, ਹਉਮੈ ਵਿੱਚ ਰਹਿੰਦੇ ਹਾਂ ਤੇ ਜੇਕਰ ਸਾਡੇ ਅੰਦਰ ਸ਼ਬਦ ਦੀ ਵਿਚਾਰ ਵਸੀ ਹੋਈ ਹੈ, ਸ਼ਬਦ ਦੀ ਸੱਚੀ ਮਤਿ ਵਸੀ ਹੋਈ ਹੈ ਤਾਂ ਫਿਰ ਅਸੀਂ ਅਨਦਿਨੁ, ਹਰ ਵੇਲੇ, ਅੱਠੇ ਪਹਿਰ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ, ਨਾਮ ਦੁਆਰਾ ਵਿਚਰਦੇ ਹਾਂ ਭਾਵ ਆਪਣੀ ਚੰਗੀ ਕਰਣੀ ਦੁਆਰਾ ਨਾਮ ਜਪਦੇ ਹਾਂ। ਮਨ ਦੀ ਮਾੜੀ ਬਿਰਤੀ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਝਗੜਾ ਕਰਦੇ ਹਾਂ ਜੋ ਸਾਡੇ ਅੰਦਰ ਦੀ ਹਉਮੈ ਹੈ ਤੇ ਮਨ ਦੀ ਚੰਗੀ ਬਿਰਤੀ ਦੁਆਰਾ ਅਸੀਂ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ ਭਾਵ ਪ੍ਰਮਾਤਮਾ ਦੀ ਨਿੰਦਾ ਜਾਂ ਉਸਤਤਿ ਸਾਡੇ ਮਨ ਦੀ ਨੀਅਤ ਦੇ ਨਾਲ ਜੁੜਿਆ ਹੋਇਆ ਹੈ ਤੇ ਸਾਰੀ ਗੁਰਬਾਣੀ ਸਾਨੂੰ ਇਹੀ ਗੱਲ ਸਮਝਾ ਰਹੀ ਹੈ ਕਿ ਅਸੀਂ ਸ਼ਬਦ ਦੀ ਮਤਿ ਲੈ ਕੇ ਆਪਣੇ ਅੰਦਰ ਇਨਸਾਨੀਅਤ ਵਾਲੇ ਅਸੂਲ ਬਣਾਈਏ ਤੇ ਸੱਚੇ ਸੁੱਚੇ ਇਨਸਾਨ ਬਣਕੇ ਵਿਚਰੀਏ। ਸਾਨੂੰ ਸਾਡੇ ਸੱਚੇ ਮਾਰਗ ਤੋਂ ਉਲਝਾਉਣ ਵਾਲੇ ਉਹ ਹਨ ਜਿੰਨ੍ਹਾਂ ਨੇ ਸਾਨੂੰ ਸ਼ਬਦ ਦੀ ਕਥਨੀ ਦੇ ਨਾਲ ਜੋੜਿਆ ਹੋਇਆ ਹੈ, ਕਿਸੇ ਅੱਖਰ ਦੇ ਜਪ ਨਾਲ ਜੋੜਿਆ ਹੋਇਆ ਹੈ, ਸਰੀਰਕ ਜਪਾਂ ਤਪਾਂ ਦੇ ਨਾਲ ਜੋੜਿਆ ਹੋਇਆ ਹੈ, ਸੁਰਤੀਆਂ ਸਮਾਧੀਆਂ ਲਗਾਉਣ ਦੇ ਨਾਲ ਜੋੜਿਆ ਹੋਇਆ ਹੈ, ਸਵਾਸਾਂ, ਨਾੜੀਆਂ ਆਦਿ ਦੀਆਂ ਕਿਰਿਆਵਾਂ ਦੇ ਨਾਲ ਜੋੜਿਆ ਹੋਇਆ ਹੈ, ਕੇਵਲ ਤੀਰਥਾਂ ਆਦਿ ਦੇ ਘੁੰਮੀ ਜਾਣ ਦੇ ਨਾਲ ਜੋੜਿਆ ਹੋਇਆ ਹੈ, ਖਾਣੇ ਆਦਿ ਦੀ ਸੁੱਚ ਦੇ ਨਾਲ ਜੋੜਿਆ ਹੋਇਆ ਹੈ, ਸਰੀਰਕ ਸੁੱਚ ਦੇ ਨਾਲ ਜੋੜਿਆ ਹੋਇਆ ਹੈ ਪਰ ਇਹੋ ਜਿਹੇ ਸਾਰੇ ਤਰੀਕੇ ਸਾਨੂੰ ਮਨ ਦੀ ਸੁੱਚ ਦੇ ਨਾਲ ਨਹੀਂ ਜੋੜ ਸਕਦੇ ਤੇ ਇਸੇ ਲਈ ਇਹੋ ਜਿਹੇ ਸਾਰੇ ਤਰੀਕਿਆਂ ਦਾ ਬਾਣੀ ਵਿੱਚ ਵਾਰ ਵਾਰ ਖੰਡਨ ਕੀਤਾ ਹੋਇਆ ਹੈ ਜੋ ਕਿ ਕੇਵਲ ਸਾਡੇ ਮਨ ਦੇ ਭਰਮ ਦੀ ਉਪਜ ਹੈ ਜਿਸ ਦੁਆਰਾ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਕਰਦੇ ਹਾਂ ਤੇ ਆਪਣੇ ਝੂਠੇ ਮਾਣ ਦੁਆਰਾ ਆਪਣੀ ਹਉਮੈ ਵਧਾਉਂਦੇ ਹਾਂ ਜਿਸ ਦੁਆਰਾ ਅਸੀਂ ਆਪਣਾ ਸੱਚ ਦੇ ਨਾਲ, ਨਾਮ ਦੇ ਨਾਲ ਝਗੜਾ ਹੀ ਵਧਾਉਂਦੇ ਹਾਂ, ਗੁਰੂ ਪ੍ਰਮਾਤਮਾ ਦੇ ਨਾਲ ਝਗੜਾ ਹੀ ਵਧਾਉਂਦੇ ਹਾਂ। ਸ਼ਬਦ ਦੇ ਮਕਸਦ ਨੂੰ ਸਮਝੇ ਬਿਨ੍ਹਾਂ ਅਸੀਂ ਕਦੇ ਇਸ ਝਗੜੇ ਵਿੱਚੋਂ ਨਹੀਂ ਛੁੱਟ ਸਕਦੇ, ਹਉਮੈ ਵਿੱਚੋਂ ਨਹੀਂ ਨਿਕਲ ਸਕਦੇ ਤੇ ਨਾਮ ਨਾਲ ਨਹੀਂ ਜੁੜ ਸਕਦੇ, ਗੁਰੂ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੇ। ਗੁਰੂ ਦੇ ਸ਼ਬਦ ਦਾ ਮਕਸਦ ਕੀ ਹੈ, ਨਾਮ ਦਾ ਮਕਸਦ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ

29/3209

ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕਰਦੇ ਹਾਂ ਕਿ ਸ਼ਬਦ ਨੂੰ ਪੜ੍ਹਨ ਸੁਣਨ ਦਾ ਮਕਸਦ ਕੀ ਹੈ।

ਸਿਰੀਰਾਗੁ ਮਹਲਾ ੩ ॥

“ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥

ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥

ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥
ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥
ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥
ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥
ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥
ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥
ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ ॥
ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥੪॥
ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥"

(ਅੰਗ ੨੭)

ਉੱਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਗੁਰੂ ਦੀ ਅਵੱਸਥਾ ਸਮਝਾਈ ਹੋਈ ਹੈ, ਪ੍ਰਮਾਤਮਾ ਦੇ ਭਗਤਾਂ ਦੀ ਅਵੱਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਤੇ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੋਇਆ ਹੈ।

"ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥"

ਪ੍ਰਮਾਤਮਾ ਜਿਸਨੂੰ ਆਪਣਾ ਭਗਤ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਬਣਾਉਂਦਾ ਹੈ। ਆਪਣੀ ਸੱਚੀ ਸਿੱਖਿਆ ਉਹ ਮਨ ਦੇ ਵਿੱਚ ਆਪ ਹੀ ਸੁਣਾਉਂਦਾ ਹੈ, ਆਪਣੇ ਸ਼ਬਦਾਂ ਰਾਹੀ ਸੁਣਾਉਂਦਾ ਹੈ ਜਿਸ ਰਾਹੀਂ ਉਹ ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ, ਆਪਣਾ ਪੂਰਨ ਸੱਚ ਸਮਝਾਉਂਦਾ ਹੈ। ਉਸਦੇ ਭਗਤ ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਜੋ ਕੁੱਝ ਸੁਣਦੇ ਹਨ ਉਸਨੂੰ ਉਹ ਪੂਰਨ ਰੂਪ ਵਿੱਚ ਮੰਨਦੇ ਹਨ ਭਾਵ ਉਸ ਤੇ ਅਮਲ ਕਰਦੇ ਹਨ। ਜਿਸ ਗੱਲ ਨੂੰ ਪਹਿਲਾਂ ਉਹਨਾਂ ਨੇ ਆਪ

ਮੰਨਿਆ ਹੈ ਉਹੀ ਗੱਲ ਉਹਨਾਂ ਨੇ ਸਾਨੂੰ ਗੁਰਬਾਣੀ ਰਾਹੀਂ ਆਪਣੇ ਸ਼ਬਦਾਂ ਦੁਆਰਾ ਸਮਝਾਈ ਹੈ। ਉਹਨਾਂ ਨੇ ‘‘ਸੱਚ’’ ਰੂਪ ਪ੍ਰਮਾਤਮਾ ਕੋਲੋਂ ਉਸਦਾ ਸੱਚ ਸੁਣਿਆ ਹੈ, ਗੁਰਮਤਿ ਰੂਪ ਸੱਚੀ ਮਤਿ ਸੁਣੀ ਹੈ ਤੇ ਉਸ ਮਤਿ ਰਾਹੀਂ ਉਹਨਾਂ ਨੇ ‘‘ਸੱਚੁ’’ ਨੂੰ ਸਾਲਾਹਿਆ ਹੈ ਭਾਵ ਪ੍ਰਮਾਤਮਾ ਨੂੰ ਸਾਲਾਹਿਆ ਹੈ। ਜਿਹੜਾ ਉਸਦੀ ਸੱਚੀ ਮਤਿ ਦੇ ਵਿੱਚ ਰਤਿਆ ਜਾਂਦਾ ਹੈ ਉਹ ਉਸਦੇ ਸ਼ਬਦ ਦੇ ਨਾਲ ਰਤਿਆ ਜਾਂਦਾ ਹੈ ਭਾਵ ਸ਼ਬਦ ਦੀ ਸੋਝੀ ਦੇ ਨਾਲ ਰਤਿਆ ਜਾਂਦਾ ਹੈ ਜਿਸ ਦੁਆਰਾ ਉਹਨਾਂ ਦੀ ਸੋਝੀ ਨਿਰਮਲ ਬਣ ਜਾਂਦੀ ਹੈ ਭਾਵ ਸ਼ਬਦ ਦੇ ਗਿਆਨ ਰਾਹੀਂ ਉਹਨਾਂ ਦਾ ਮਨ ਨਿਰਮਲ ਬਣ ਜਾਂਦਾ ਹੈ, ਉਹਨਾਂ ਦੇ ਵਿਚਾਰ ਨਿਰਮਲ ਬਣ ਜਾਂਦੇ ਹਨ ਭਾਵ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਕੇ ਪਵਿੱਤਰ

29/3210

ਬਣ ਜਾਂਦੇ ਹਨ ਭਾਵ ਉਹਨਾਂ ਦੇ ਮਨ ਦੀ ਮੈਲ, ਮਨ ਦੀ ਖੋਟ ਪੂਰੀ ਤਰ੍ਹਾਂ ਨਿਕਲ ਜਾਂਦੀ ਹੈ। ਜਿੱਥੇ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਉਸ ਮਨੁੱਖ ਦੀ ਹੀ ਇਹ ਅਵੱਸਥਾ ਬਣ ਸਕਦੀ ਹੈ। ਜਿੱਥੇ ਪ੍ਰਮਾਤਮਾ ਆਪਣੀ ਸੱਚੀ ਸਤਿ ਦਾ ਪ੍ਰਗਾਸ ਕਰਦਾ ਹੈ, ਗੁਰਮਤਿ ਦਾ ਪ੍ਰਗਾਸ ਕਰਦਾ ਹੈ, ਸੱਚ ਦਾ ਭਾਵ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਉਸਦੇ ਅੰਦਰ ਹੀ ਪ੍ਰਮਾਤਮਾ ਦਾ ਆਪਣਾ ਪਰਗਾਸ ਹੁੰਦਾ ਹੈ ਭਾਵ ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਮਨ ਦੇ ਅੰਦਰ ਸ਼ਬਦ ਦੇ ਗਿਆਨ ਦਾ ਪਰਗਾਸ ਹੀ ਕਰਦਾ ਹੈ ਕਿਉਂਕਿ ਉਹ ਆਪ ਆਪਣੇ ਇਸ ਰੂਪ ਦੁਆਰਾ ਹੀ ਵਿਚਰਦਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਆਪਣੀ ਇਸ ਵਿਧੀ ਦੁਆਰਾ ਹੀ ‘‘ਪ੍ਰਗਾਸ’’ ਕਰਦਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਗੁਰੂ ਇਹੋ ਜਿਹੀ ਅਵੱਸਥਾ ਵਾਲੇ ਮਨੁੱਖਾਂ ਤੋਂ ਭਾਵ ਆਪਣੇ ਭਗਤਾਂ ਤੋਂ ਬਲਿਹਾਰੇ ਜਾਂਦਾ ਹੈ, ਕੁਰਬਾਨ ਜਾਂਦਾ ਹੈ ਜਿੱਥੇ ਪ੍ਰਮਾਤਮਾ ਆਪ ਪ੍ਰਗਟ ਹੈ ਤੇ ਉਹ ਗੁਰਮਤਿ ਰੂਪ ਸੱਚੀ ਸੋਝੀ ਦੁਆਰਾ ਵਿਚਰਦੇ ਹਨ, ਸਚੁ ਰੂਪ ਪ੍ਰਮਾਤਮਾ ਨੂੰ ਸਲਾਹੁੰਦੇ ਹਨ। ਪ੍ਰਮਾਤਮਾ ਦੀ ਸੱਚੀ ਸਿਫ਼ਤ ਸਾਲਾਹ ਉਦੋਂ ਹੀ ਹੁੰਦੀ ਹੈ ਜਦੋਂ ਉਹ ਆਪ ਹੀ ਆਪਣੀ ਸਿਫ਼ਤ ਕਰਨੀ ਸਿਖਾਉਂਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀਤੀ ਹੈ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਸਿਖਾਈ ਹੈ ਜੋ ਕਿ ਗੁਰਮਤਿ ਅਨੁਸਾਰ ਵਿਚਰਨ ਦੀ ਹੈ, ਔਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦੀ ਹੈ। **(ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥1॥)**

ਜਿਸ ਦੇ ਭਾਗਾਂ ਵਿੱਚ ਪ੍ਰਮਾਤਮਾ ਨੇ ਧੁਰੋਂ ਹੀ ਆਪਣੀ ਕਿਰਪਾ ਕਰਨੀ ਲਿਖੀ ਹੋਈ ਹੈ, ਮੇਲ ਲਿਖਿਆ ਹੋਇਆ ਹੈ ਉਹੀ ਉਸਦਾ ਭਗਤ ਬਣ ਸਕਦਾ ਹੈ ਤੇ ਉਸ ਦੀ ਸੱਚੀ ਸਿਫ਼ਤ ਸਾਲਾਹ ਕਰ ਸਕਦਾ ਹੈ ਭਾਵ ਉਸ ਨੂੰ ਹੀ ਹਰਿ ਹਰਿ ਧਿਆਉਣ ਦੀ, ਹਰਿ ਹਰਿ ਜਪਣ ਦੀ, ਨਾਮ ਜਪਣ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਹਰਿ ਹਰਿ ਦੇ ਰੂਪ ਵਿੱਚ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਉਹ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ "ਨਿਰਮਲ" ਰੂਪ ਹੈ, ਪਵਿੱਤਰ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਸੱਚ ਰੂਪ ਹੈ। ਪ੍ਰਮਾਤਮਾ ਦੇ ਸੱਚੇ ਰੂਪ ਨੂੰ ਆਪਣੇ ਅੰਦਰ ਧਿਆਉਣਾ ਹੀ ਹਰਿ ਹਰਿ ਧਿਆਉਣਾ ਹੈ ਭਾਵ ਆਪਣੇ ਧਿਆਨ ਵਿੱਚ ਵਸਾਉਣਾ ਹੈ

29/3211

ਜਿਸ ਦੁਆਰਾ ਉਸਦੇ ਭਗਤ ਉਸਦਾ ਗੁਰਮੁਖਿ ਰੂਪ ਬਣਦੇ ਹਨ ਤੇ ਉਹਨਾਂ ਦੀ ਲਿਵ ਪ੍ਰਮਾਤਮਾ ਦੇ ਨਾਲ ਜੁੜੀ ਰਹਿੰਦੀ ਹੈ, ਉਸਦੇ ਸ਼ਬਦ ਦੇ ਵਿਚਾਰਾਂ ਦੇ ਨਾਲ ਜੁੜੀ ਰਹਿੰਦੀ ਹੈ ਜੋ ਵਿਚਾਰ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਰਾਹੀਂ ਉਹ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ। (**ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥ ਰਹਾਉ ॥**)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੈ, ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਸੱਚ ਦੀ ਸੋਝੀ ਪਾਈ ਹੈ, ਗੁਰਮਤਿ ਦੀ ਸੋਝੀ ਪਾਈ ਹੈ, ਜਿੰਨ੍ਹਾਂ ਨੇ ਆਪ ਪ੍ਰਮਾਤਮਾ ਨੂੰ ਸਾਲਾਹਿਆ ਹੈ ਉਹਨਾਂ ਨੇ ਸਾਨੂੰ ਪ੍ਰਮਾਤਮਾ ਦੀ ਕਿਸ ਤਰੀਕੇ ਸਿਫ਼ਤ ਸਾਲਾਹ ਕਰਨੀ ਸਮਝਾਈ ਹੈ। ਇਸੇ ਗੱਲ ਦੀ ਸੋਝੀ ਸਾਨੂੰ ਅਗਲੇ ਪਦੇ ਰਾਹੀਂ ਪਾਈ ਹੋਈ ਹੈ।

"ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥
ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥"

ਉਸ ਪ੍ਰਮਾਤਮਾ ਦੇ ਸੰਤ ਅਖਵਾਉਣ ਵਾਲੇ ਭਾਵ ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਕਹਿਣ ਵਾਲੇ, ਆਪਣੇ ਆਪ ਨੂੰ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਕਹਿਣ ਵਾਲੇ ਬਹੁਤ ਹਨ ਤੇ ਇਹੋ ਜਿਹਿਆਂ ਨੂੰ ਹੀ ਉੱਪਰ ਪਹਿਲੀ ਪੰਗਤੀ ਦੁਆਰਾ ਇਹ ਸਮਝਾਇਆ ਹੈ ਕਿ ਤੁਸੀਂ ਆਪਣੇ ਆਪ ਨੂੰ ਉੱਚਾ ਤਾਂ ਅਖਵਾ ਰਹੇ ਹੋ ਪਰ ਤੁਹਾਨੂੰ ਇਹ ਨਹੀਂ ਪਤਾ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਜਿਸ ਰੂਪ ਦੁਆਰਾ ਉਹ ਸਭ ਦੇ ਨਾਲ ਹੀ ਹੈ ਤੇ ਸਭ ਜਗ੍ਹਾ ਆਪਣੇ ਨਿਰਗੁਣ ਰੂਪ ਵਿੱਚ ਵੱਸਿਆ ਹੋਇਆ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਜੋ ਉਸਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਉਹ ਕਦੇ ਆਪਣੇ ਆਪ ਨੂੰ ਉੱਚਾ ਨਹੀਂ ਅਖਵਾ ਸਕਦਾ, ਸੰਤ ਆਦਿ ਨਹੀਂ ਅਖਵਾ ਸਕਦਾ। ਜਦ ਤੱਕ ਅਸੀਂ ਉਸ ਉੱਚੇ ਨੂੰ ਆਪਣੇ ਅੰਦਰੋਂ ਨਹੀਂ ਦੇਖਦੇ ਤਦ ਤੱਕ ਹੀ ਕੋਈ ਆਪਣੇ ਆਪ ਨੂੰ ਉੱਚਾ ਅਖਵਾ ਸਕਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਗੁਰਮਤਿ ਦੁਆਰਾ ਹੀ ਪਛਾਣਿਆ ਜਾ ਸਕਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ

29/3212

ਪਛਾਣਿਆ ਜਾ ਸਕਦਾ ਹੈ ਕਿਉਂਕਿ ਪ੍ਰਮਾਤਮਾ ਸਾਡੇ ਅੰਦਰ ਗੁਰਮਤਿ ਦੇ ਰੂਪ ਵਿੱਚ ਹੀ ਵਿਚਰਦਾ ਹੈ। ਜਿਸ ਦੇ ਨਾਲ ਮਨ ਦੇ ਵਿੱਚ ਮੇਲ ਕਰਦਾ ਹੈ ਉਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਗੁਰਮਤਿ ਹੀ ਸਮਝਾਉਂਦਾ ਹੈ, ਗੁਰਮਤਿ ਰੂਪ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ, ਸੰਤ ਹੈ, ਸਾਧ ਹੈ, ਭਗਤ ਹੈ। ਪ੍ਰਮਾਤਮਾ ਦਾ ਆਪਣੇ ਅੰਦਰੋਂ ਇਹ ਸੰਤ ਰੂਪ ਦੇਖੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਸੰਤ ਅਖਵਾ ਸਕਦਾ ਹੈ। ਇਸੇ ਲਈ ਸੰਤ ਅਖਵਾਉਣ ਵਾਲਿਆਂ ਨੂੰ ਸਮਝਾਇਆ ਹੈ ਕਿ ਤੁਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਪਛਾਣਿਆ ਤੇ ਤੁਹਾਨੂੰ ਗੁਰਮਤਿ ਦੀ ਸੋਝੀ ਨਹੀਂ ਹੈ। ਜਿਸ ਨੂੰ ਗੁਰਮਤਿ ਦੀ ਸੋਝੀ ਹੈ ਉਹ ਕਦੇ ਆਪਣੇ ਆਪ ਨੂੰ ਸੰਤ ਅਖਵਾ ਹੀ ਨਹੀਂ ਸਕਦਾ ਤੇ ਆਪਣੇ ਆਪ ਨੂੰ ਸੰਤ ਅਖਵਾਉਣ ਵਾਲਿਆਂ ਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਗੁਰਮਤਿ ਦਾ ਮਾਲਕ ਕੌਣ ਹੈ, ਗੁਰਮਤਿ ਦੀ ਸੋਝੀ ਪਾਉਣ ਵਾਲਾ ਕੌਣ ਹੈ। ਇਸ ਗੱਲ ਦੀ ਸੋਝੀ ਉਹਨਾਂ ਨੂੰ ਹੀ ਪਈ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣਿਆ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ, ਸੰਤ ਕਿਹਾ ਹੈ, ਸਾਧ ਕਿਹਾ ਹੈ, ਭਗਤ ਕਿਹਾ ਹੈ ਜੋ ਗਿਆਨ ਦਾ ਮਾਲਕ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ

ਗਿਆਨ ਰੂਪ ਵਿੱਚ ਹੀ ਹੈ, ਗੁਰਮਤਿ ਰੂਪ ਵਿੱਚ ਹੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਗੁਰੂ ਰੂਪ ਹੈ, ਸੰਤ ਰੂਪ ਹੈ, ਸਾਧ ਰੂਪ ਹੈ, ਭਗਤ ਰੂਪ ਹੈ। **(ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥)**

ਜਿਹੜਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਗੁਰਮਤਿ ਦੇ ਰੂਪ ਵਿੱਚ ਪਹਿਚਾਣਦਾ ਹੈ ਭਾਵ ਗੁਰਮਤਿ ਦੇ ਮਾਲਕ ਦੇ ਰੂਪ ਵਿੱਚ ਪਹਿਚਾਣਦਾ ਹੈ ਉਸਨੂੰ ਹੀ ਪ੍ਰਮਾਤਮਾ ਦੀ ਭਗਤੀ ਦੀ ਸਮਝ ਆਉਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਣ ਦਾ ਤਰੀਕਾ ਕੀ ਹੈ ਜੋ ਤਰੀਕਾ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥

ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥”

ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੀ ਭਗਤੀ ਕਰਨ ਦੀ ਇਹੋ ਇੱਕੋ ਇੱਕ ਤਰੀਕਾ ਸਮਝਾਇਆ ਹੋਇਆ ਹੈ ਜੋ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਜੀਵਨ ਦਾ ਮਕਸਦ ਉਸ ਪ੍ਰਮਾਤਮਾ ਦੇ ਨਾਲ ਮੇਲ ਦਾ ਹੈ, ਉਸਨੂੰ ਆਪਣੇ ਮਨ ਦੇ ਅੰਦਰ

29/3213

ਵਸਾਉਣ ਦਾ ਹੈ ਤੇ ਇਹ ਤਰੀਕਾ ਬਿਲਕੁਲ ਸਪੱਸ਼ਟ ਹੈ ਜੋ ਕਿ ਗੁਰੂ ਦੇ ਦੱਸੇ ਹੋਏ, ਸਮਝਾਏ ਹੋਏ ਗੁਣਾਂ ਨੂੰ ਆਪਣੇ ਅੰਦਰ ਵਸਾਉਣ ਦਾ ਹੈ ਭਾਵ ਔਗੁਣਾਂ ਤੋਂ ਮੁਕਤਿ ਹੋਣ ਦਾ ਹੈ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਣ ਸਾਡੇ ਔਗੁਣ ਹਨ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੀ ਔਗੁਣਾਂ ਵਿੱਚੋਂ ਨਿਕਲਣ ਦਾ ਹੈ ਜਿਸ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ, ਤ੍ਰਿਸ਼ਨਾ ਹੈ ਜਿਸ ਦੇ ਪਿੱਛੇ ਅਸੀਂ ਭਰਮ ਵਿੱਚ ਹੀ ਲੱਗੇ ਹੋਏ ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਅਸਲ ਮਾਰਗ ਕੀ ਹੈ ਅਸੀਂ ਇਸ ਗੱਲ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹਾਂ। ਆਪਣੇ ਅੰਦਰ ਗੁਣ ਵਸਾਉਣ ਲਈ ਭਾਵ ਔਗੁਣ ਛੱਡਣ ਲਈ ਕੇਵਲ ਤੇ ਕੇਵਲ ਗੁਰੂ ਦੀ ਗੱਲ ਨੂੰ ਸਮਝਕੇ ਆਪਣੇ ਮਨ ਨੂੰ ਸਮਝਾਉਣ ਦੀ ਹੈ, ਗੁਰੂ ਦੀ ਗੱਲ ਤੇ ਚੱਲਣ ਦਾ ਨਿਸ਼ਚਾ ਬਣਾਉਣ ਦੀ ਹੈ ਕਿ ਮੈਂ ਗੁਰੂ ਦੀ ਮਤਿ ਤੋਂ ਬਾਹਰ ਨਹੀਂ ਜਾਵਾਂਗਾ ਪਰ ਅਸੀਂ ਭਗਤੀ ਦਾ ਮਾਰਗ ਕੁੱਝ ਹੋਰ ਵੀ ਸਮਝਿਆ ਹੋਇਆ ਹੈ ਭਾਵ ਸਰੀਰਕ ਜਪਾਂ ਤਪਾਂ ਆਦਿ ਨੂੰ ਤੇ ਹੋਰ ਵੀ ਅਨੇਕਾਂ ਹੀ ਤਰੀਕੇ ਅਪਣਾਏ ਹੋਏ ਹਨ ਜਿੰਨ੍ਹਾਂ ਦਾ ਬਾਣੀ ਵਿੱਚ ਵਾਰ ਵਾਰ ਖੰਡਨ ਕੀਤਾ ਹੋਇਆ ਹੈ। ਇਹ ਕੇਵਲ ਸਾਡੇ ਭਰਮ ਦਾ ਨਤੀਜਾ ਹੈ ਤੇ ਇਹੋ ਜਿਹੇ ਭਰਮਾਂ ਵਿੱਚ ਪੈ ਕੇ ਸਰੀਰਕ ਜਪਾਂ ਤਪਾਂ ਆਦਿ ਵਿੱਚ ਪੈ ਕੇ ਹੀ ਆਪਣੇ ਆਪ ਨੂੰ ਸੰਤ ਆਦਿ ਅਖਵਾਉਂਦੇ ਹਨ ਜੋ ਕਿ ਭਗਤੀ ਦੇ ਮੂਲ ਦੇ ਹੀ ਉਲਟ ਹੈ। ਜੋ ਮਨੁੱਖ ਔਗੁਣਾ ਵਾਲਾ ਹੈ ਭਾਵ ਗੁਣਾਂ ਤੋਂ ਬਾਹਰਾ ਹੈ ਉਹ ਮਨਮੁਖਿ ਹੈ, ਬਿਨ੍ਹਾਂ ਨਾਮ ਵਾਲਾ ਹੈ ਭਾਵ ਜਿੱਥੇ ਔਗੁਣ ਹਨ ਉੱਥੇ ਨਾਮ ਨਹੀਂ ਹੈ ਤੇ ਔਗੁਣਾਂ ਦੇ ਰਹਿੰਦੇ ਹੋਏ ਆਪਣੇ ਆਪ ਨੂੰ ਨਾਮ ਵਾਲਾ ਸਮਝੀ ਜਾਣਾ, ਕਿਸੇ ਅੱਖਰ ਦਾ ਜਪ ਕਰਨ ਨੂੰ ਹੀ ਆਪਣਾ ਗੁਣ ਸਮਝੀ ਜਾਣਾ ਕੇਵਲ ਸਾਡਾ ਭਰਮ ਹੈ ਜਿਸ ਵਿੱਚ ਗੁਰਮਤਿ ਨਹੀਂ ਹੈ, ਸੱਚ ਨਹੀਂ ਹੈ। (**ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥2॥**) ਕਿਸੇ ਅੱਖਰ ਦਾ ਜਪ ਕਰੀ ਜਾਣਾ ਨਾਮ ਨਹੀਂ ਹੈ, ਗੁਣ ਨਹੀਂ ਹੈ ਬਲਕਿ ਗੁਰੂ ਦੇ ਗੁਣਾਂ ਨੂੰ ਆਪਣੇ ਅੰਦਰ ਜਪਣਾ ਨਾਮ ਜਪਣਾ ਹੈ, ਸਾਡਾ ਗੁਣ ਹੈ। ਆਉ ਗੁਣੀ ਬਣਨ ਦਾ ਅਸਲ ਤਰੀਕਾ ਸਮਝੀਏ ਜੋ ਤਰੀਕਾ ਸਾਨੂੰ ਗੁਰਮਤਿ ਵਾਰ ਵਾਰ ਸਮਝਾ ਰਹੀ ਹੈ। ਨਾਮ ਧਿਆਉਣਾ ਕੀ ਹੈ, ਆਪਣੇ ਅੰਦਰ ਗੁਣਾਂ ਨੂੰ ਧਿਆਉਣਾ ਕੀ ਹੈ ਭਾਵ ਧਿਆਉਣ ਦਾ ਤਰੀਕਾ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

29/3214

“ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥

ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥

ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥”

ਸ਼ਬਦ ਵਿੱਚ ਇਸ ਤੋਂ ਪਿਛਲੇ ਪਦੇ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਗੁਰਮਤਿ ਰਾਹੀਂ, ਗੁਣਾਂ ਰਾਹੀਂ ਵੱਸਦਾ ਹੈ। ਗੁਰਮਤਿ ਸਾਨੂੰ ਕਿੱਥੋਂ ਮਿਲਣੀ ਹੈ, ਗੁਣ ਸਾਨੂੰ ਕਿੱਥੋਂ ਮਿਲਣੇ ਹਨ ਤੇ ਕਿਵੇਂ ਮਿਲਣੇ ਹਨ ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਪਦੇ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੇ ਸ਼ਬਦ ਦਾ ਮਕਸਦ ਸਮਝ ਸਕੀਏ ਕਿ ਗੁਰੂ ਨੇ ਸ਼ਬਦ ਕਿਸ ਮਕਸਦ ਲਈ ਉਚਾਰੇ ਹਨ ਤੇ ਪ੍ਰਮਾਤਮਾ ਦੇ ਨਾਮ ਨੂੰ ਆਪਣੇ ਅੰਦਰ ਧਿਆਉਣਾ ਕੀ ਹੈ। ਗੁਰੂ ਨੇ ਜੋ ਵੀ ਸ਼ਬਦ ਉਚਾਰੇ ਹਨ ਉਹਨਾਂ ਨੂੰ ਅਸੀਂ ਸੁਣਨਾ ਹੈ ਭਾਵ ਗੁਰੂ ਦੀ ਬਾਣੀ ਨੂੰ ਅਸੀਂ ਸੁਣਨਾ ਹੈ ਤੇ ਗੁਰੂ ਦੀ ਗੱਲ ਨੂੰ ਸੁਣ ਕੇ ਉਸਨੂੰ ਮੰਨਣਾ ਹੈ ਭਾਵ ਗੁਰੂ ਦੀ ਗੱਲ ਨੂੰ ਸਮਝਕੇ ਕਿ ਗੁਰੂ ਨੇ ਸਾਨੂੰ ਕੀ ਸਿੱਖਿਆ ਦਿੱਤੀ ਹੈ ਉਸ ਦੀ ਸਿੱਖਿਆ ਨੂੰ ਅਸੀਂ ਮੰਨਣਾ ਹੈ। ਜੋ ਗੁਰੂ ਦੀ ਗੱਲ ਨੂੰ ਸੁਣਕੇ ਮੰਨ ਲੈਂਦੇ ਹਨ ਇਹੀ ਪ੍ਰਮਾਤਮਾ ਨੂੰ, ਨਾਮ ਨੂੰ ਆਪਣੇ ਅੰਦਰ ਧਿਆਉਣਾ ਹੈ ਭਾਵ ਜੋ ਸ਼ਬਦ ਦੀ ਵਿਚਾਰ ਅਸੀਂ ਮੰਨ ਲੈਂਦੇ ਹਾਂ ਉਹ ਫਿਰ ਸਾਡੇ ਵਿਚਾਰਾਂ ਵਿੱਚ ਵੱਸ ਜਾਂਦੀ ਹੈ ਭਾਵ ਸਾਡੇ ਧਿਆਨ ਵਿੱਚ ਵੱਸ ਜਾਂਦੀ ਹੈ, ਸਾਡੇ ਧਿਆਨ ਦਾ ਹਿੱਸਾ ਬਣ ਜਾਂਦੀ ਹੈ, ਸਾਡੇ ਵਿਚਾਰਾਂ ਦਾ ਹਿੱਸਾ ਬਣ ਜਾਂਦੀ ਹੈ, ਸਾਡੇ ਮਨ ਦੀ ਸੋਝੀ ਦਾ ਹਿੱਸਾ ਬਣ ਜਾਂਦੀ ਹੈ । ਜਦੋ ਅਸੀਂ ਇਸ ਸੋਝੀ ਤੇ ਦ੍ਰਿੜ ਹੋ ਜਾਂਦੇ ਹਾਂ ਭਾਵ ਜਦੋਂ ਗੁਰੂ ਦੀ ਗੱਲ ਸਾਡੇ ਮਨ ਦੇ ਵਿੱਚ ਦ੍ਰਿੜ ਹੋ ਜਾਂਦੀ ਹੈ, ਸਾਡੇ ਵਿਚਾਰਾਂ ਦੇ ਵਿੱਚ, ਧਿਆਨ ਦੇ ਵਿੱਚ ਦ੍ਰਿੜ ਹੋ ਜਾਂਦੀ ਹੈ, ਪੱਕੀ ਹੋ ਜਾਂਦੀ ਹੈ ਇਹ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ। ਜਦੋਂ ਮਨੁੱਖ ਗੁਰੂ ਦੇ ਵਿਚਾਰਾਂ ਦੇ ਨਾਲ ਪੱਕੀ ਤਰ੍ਹਾਂ ਜੁੜ ਜਾਂਦਾ ਹੈ। ਉਹ ਫਿਰ ਹਰ ਵੇਲੇ, ਅੱਠੇ ਪਹਿਰ ਉਨ੍ਹਾਂ ਵਿਚਾਰਾਂ ਦੇ ਨਾਲ ਜੁੜਿਆ ਹੀ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਇਹੋ ਜਿਹੇ ਵਿਚਾਰਾਂ ਨਾਲ ਰਤੇ ਜਾਣ ਦੁਆਰਾ ਹੁੰਦੀ ਹੈ ਤੇ ਇਹੀ ਸਾਡਾ ਨਾਮ ਦੇ ਨਾਲ ਰਤੇ ਜਾਣਾ ਹੈ। ਸ਼ਬਦ ਦੇ ਵਿਚਾਰਾਂ ਦਾ ਮਕਸਦ ਸਾਨੂੰ ਗੁਰਮਤਿ ਸਮਝਾਉਣ ਨਾਲ ਹੀ ਹੈ, ਗੁਰੂ ਦੇ ਗੁਣ ਸਮਝਾਉਣ ਲਈ ਹੀ ਹੈ, ਔਗੁਣਾਂ ਵਿੱਚੋਂ ਕੱਢਣ ਲਈ ਹੀ ਹੈ ਤਾਂ ਜੋ ਸਾਡਾ ਮਨੁ ਤਨੁ "ਨਿਰਮਲ" ਹੋ ਸਕੇ ਭਾਵ ਪੂਰੀ ਤਰ੍ਹਾਂ ਪਵਿੱਤਰ ਹੋ ਸਕੇ, ਔਗੁਣਾਂ ਤੋਂ ਰਹਿਤ ਹੋ ਸਕੇ। ਪ੍ਰਮਾਤਮਾ ਦੀ ਭਗਤੀ ਔਗੁਣਾਂ ਤੋਂ ਰਹਿਤ ਹੋ ਕੇ ਹੀ ਹੁੰਦੀ ਹੈ ਭਾਵ ਗੁਣਾਂ ਦੁਆਰਾ ਵਿਚਰਕੇ

29/3215

ਹੀ ਹੁੰਦੀ ਹੈ। ਜਿਸ ਦਾ ਮਨ ਨਿਰਮਲ ਹੈ ਉਸੇ ਦਾ ਹੀ ਤਨ ਨਿਰਮਲ ਹੈ ਜੋ ਤਨ ਮਾੜੇ ਕਰਮਾਂ ਵੱਲ ਨਹੀਂ ਤੁਰਦਾ ਉਹ ਤਨ ਭਗਤੀ ਵਾਲਾ ਤਨ ਹੈ ਕਿਉਂਕਿ ਉਸ ਤਨ ਦਾ ਮਨ ਸੱਚੇ ਗਿਆਨ ਵਾਲਾ ਹੈ ਭਾਵ ਭਗਤੀ ਵਾਲਾ ਮਨੁੱਖ ਉਹੀ ਹੈ, ਭਗਤੀ ਵਾਲਾ ਸਰੀਰ ਉਹੀ ਹੈ ਜੋ ਔਗੁਣਾਂ ਤੋਂ ਰਹਿਤ ਹੈ ਜਿਸਨੇ ਗੁਰੂ ਦੇ ਸ਼ਬਦ ਨੂੰ ਸੁਣਕੇ ਮੰਨਿਆ ਹੋਇਆ ਹੈ ਭਾਵ ਆਪਣੇ ਅੰਦਰ ਧਿਆਇਆ ਹੋਇਆ ਹੈ। ਪ੍ਰਮਾਤਮਾ ਸ਼ਬਦ ਦੀ ਵਿਚਾਰ ਦੁਆਰਾ ਹੀ ਵਿਚਰਦਾ ਹੈ ਤੇ ਉਸਦੇ ਵਿਚਾਰ ਨੂੰ ਆਪਣੇ ਅੰਦਰ ਧਿਆਉਣਾ ਪ੍ਰਮਾਤਮਾ ਨੂੰ ਆਪਣੇ ਅੰਦਰ ਧਿਆਉਣਾ ਹੈ। **(ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥)**

ਇਹਨਾਂ ਉਪਰਲੀਆਂ ਪੰਗਤੀਆਂ ਨੂੰ ਸਦਾ ਹੀ ਆਪਣੇ ਧਿਆਨ ਵਿੱਚ ਰੱਖੋ ਤਾਂ ਜੋ ਅਸੀਂ ਇਸ ਗੱਲ ਕਰਕੇ ਕਦੇ ਨਾ ਉਲਝੀਏ ਕਿ ਪ੍ਰਮਾਤਮਾ ਨੂੰ ਆਪਣੇ ਅੰਦਰ ਧਿਆਉਣਾ ਕੀ ਹੈ, ਹਰਿ ਨੂੰ ਆਪਣੇ ਅੰਦਰ ਧਿਆਉਣਾ ਕੀ ਹੈ, ਨਾਮ ਨੂੰ ਆਪਣੇ ਅੰਦਰ ਧਿਆਉਣਾ ਕੀ ਹੈ। ਪ੍ਰਮਾਤਮਾ ਗਿਆਨ ਰੂਪ ਵਿੱਚ ਵਿਚਰਦਾ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੈ, ਸ਼ਬਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਕਰਕੇ ਉਹ ਸ਼ਬਦ ਰੂਪ ਵਿੱਚ ਉਹ ਆਪ ਹੀ ਗੁਰੂ ਹੈ ਭਾਵ ਸ਼ਬਦ ਦੇ ਗਿਆਨ ਦਾ ਮਾਲਕ ਹੈ। ਸ਼ਬਦ ਦੇ ਗਿਆਨ ਨੂੰ ਆਪਣੇ ਅੰਦਰ ਧਿਆਉਣਾ, ਭਜਨਾ, ਸਿਮਰਨਾ ਭਾਵ ਆਪਣੇ ਵਿਚਾਰਾਂ ਨੂੰ, ਆਪਣੇ ਧਿਆਨ ਨੂੰ ਸ਼ਬਦ ਦੀ ਮਤਿ ਅਨੁਸਾਰ ਬਣਾਉਣਾ ਆਪਣੇ ਅੰਦਰ ਪ੍ਰਮਾਤਮਾ ਨੂੰ ਧਿਆਉਣਾ ਹੈ, ਆਪਣੇ ਧਿਆਨ ਦੇ ਅੰਦਰ ਵਸਾ ਕੇ ਰੱਖਣਾ ਹੈ, ਪ੍ਰਮਾਤਮਾ ਨੂੰ, ਗੁਰੂ ਨੂੰ ਸਦਾ ਚੇਤੇ ਰੱਖਣਾ ਹੈ ਜਿਸ ਦੁਆਰਾ ਸਾਡੇ ਮਨ ਦੇ ਰਾਹੀਂ, ਮਨ ਦੇ ਗਿਆਨ ਰਾਹੀਂ ਭਗਤੀ ਦਾ ਮਾਰਗ ਦਰਸ਼ਨ ਹੁੰਦਾ ਹੈ ਤੇ ਅੱਠੇ ਪਹਿਰ ਅਸੀਂ ਸ਼ਬਦ ਦੀ ਮਤਿ ਅਨੁਸਾਰ ਵਿਚਰਦੇ ਹਾਂ ਜੋ ਕਿ ਅੱਠੇ ਪਹਿਰ ਉਸ ਪ੍ਰਮਾਤਮਾ ਦਾ ਨਾਮ ਧਿਆਉਣਾ ਹੈ। ਸਾਡੇ ਅੰਦਰ ਸਭ ਤੋਂ ਜਿਆਦਾ ਇਸ ਗੱਲ ਦੀ ਦ੍ਰਿੜਤਾ ਦੀ ਲੋੜ ਹੈ ਕਿ ਅਸੀਂ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਸਮਝੀਏ ਭਾਵ ਆਪਣੇ ਅੰਦਰ ਵਿਸ਼ਵਾਸ ਟਿਕਾਈਏ ਕਿ ਪ੍ਰਮਾਤਮਾ ਸਭ ਜਗ੍ਹਾਂ ਆਪਣੇ ਇਸ ਗਿਆਨ ਰੂਪ ਦੁਆਰਾ ਹੀ ਵਿਚਰ ਰਿਹਾ ਹੈ ਤੇ ਅਸੀਂ ਉਸਨੂੰ ਪਾਉਣ ਦਾ ਉਹੋ ਜਿਹਾ ਉਪਰਾਲਾ ਕਰੀਏ ਜਿਸ ਰੂਪ ਵਿੱਚ ਉਸਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਗਿਆਨ ਦੇ ਰੂਪ ਵਿੱਚ ਹੈ ਤੇ ਉਸਦੇ ਗਿਆਨ ਨੂੰ ਜਪਣਾ ਹੀ, ਗੁਰੂ ਦੀ ਸੋਝੀ ਨੂੰ ਆਪਣੇ ਅੰਦਰ ਜਪਣਾ ਹੀ ਪ੍ਰਮਾਤਮਾ ਨੂੰ ਜਪਣਾ ਹੈ, ਉਸਦੇ ਨਾਮ ਨੂੰ ਜਪਣਾ ਹੈ ਤਾਂ ਜੋ ਅਸੀਂ

29/3216

ਉਸ ਦੀ ਸੱਚੀ ਮਤਿ ਦੁਆਰਾ ਵਿਚਰ ਸਕੀਏ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ ੧੨੦)

{ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥1॥}

(ਅੰਗ ੨੪੧)

{ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥
ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥
ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥
ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥
ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥੧॥}

(ਅੰਗ ੪੪੫)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥10॥}

(ਅੰਗ ੭੫੯)

{ਐਸਾ ਗਿਆਨ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥ ਰਹਾਉ ॥}

(ਅੰਗ ੮੩੧)

ਜੋ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਨਾਲ ਰੰਗਿਆ ਜਾਂਦਾ ਹੈ, ਉਸਦੇ ਨਾਮ ਨਾਲ ਰੰਗਿਆ ਜਾਂਦਾ ਹੈ ਜੋ ਕਿ ਪ੍ਰਮਾਤਮਾ ਦਾ ਲਾਲ ਰੰਗ ਹੈ। ਸਾਡੇ ਮਨ ਨੂੰ ਪ੍ਰਮਾਤਮਾ ਦਾ ਇਹ ਨਾਮ ਰੰਗ ਹੀ ਥਿਰ ਕਰਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥”

ਸਾਡੇ ਅੰਦਰ ਮਨਮਤਿ ਵਾਲਾ ਗਿਆਨ, ਭਰਮ ਰੂਪ ਗਿਆਨ ਸਾਡੇ ਅੰਦਰ ਦਾ ਕੂੜਾ ਰੰਗ ਹੈ, ਝੂਠਾ ਰੰਗ ਹੈ ਜੋ ਸਾਨੂੰ ਸੱਚ ਤੋਂ ਦੂਰ ਰੱਖਦਾ ਹੈ ਤੇ ਮਾਇਆ ਮੋਹ ਵਿੱਚ ਪਾਉਂਦਾ ਹੈ ਭਾਵ ਸਾਡੇ ਮਨ ਨੂੰ ਇਹ ਰੰਗ ਥਿਰ ਨਹੀਂ ਰਹਿਣ ਦਿੰਦਾ, ਸੱਚ ਤੇ, ਗੁਰਮਤਿ ਤੇ ਟਿਕਣ ਨਹੀਂ ਦਿੰਦਾ ਭਾਵ ਸਾਡਾ

29/3217

ਮਨ ਮਾਇਆ ਮੋਹ ਵਿੱਚ ਡੋਲਦਾ ਰਹਿੰਦਾ ਹੈ। ਜਿਵੇਂ ਕਸੁੰਭ ਦੇ ਫੁੱਲ ਦਾ ਰੰਗ ਜਲਦੀ ਬਿਨਸ ਜਾਂਦਾ ਹੈ ਭਾਵ ਟਿਕਣ ਵਾਲਾ ਨਹੀਂ ਹੈ ਇਸੇ ਤਰ੍ਹਾਂ ਮਨਮਤਿ ਦੇ ਕੱਚੇ ਰੰਗੁ ਨਾਲ ਜੁੜਕੇ ਭਾਵ ਕੱਚੀ ਮਤਿ ਨਾਲ ਜੁੜਕੇ ਅਸੀਂ ਆਪਣਾ ਜੀਵਨ ਖਰਾਬ ਕਰ ਲੈਂਦੇ ਹਾਂ ਤੇ ਆਪਣੇ ਆਪ ਨੂੰ ਦੁੱਖ ਵਿੱਚ ਪਾਉਂਦੇ ਹਾਂ ਭਾਵ ਜਨਮ ਮਰਨ ਦੇ ਗੇੜ ਵਿੱਚ ਪਾਉਂਦੇ ਹਾਂ ਜਿਸ ਲਈ ਸਾਨੂੰ ਰੋਣਾ ਹੀ ਪੈਂਦਾ ਹੈ ਭਾਵ ਪਛਤਾਣਾ ਹੀ ਪੈਂਦਾ ਹੈ। ਨਾਮ ਦੀ ਮਤਿ ਸੱਚੀ ਮਤਿ ਹੈ, ਸਦਾ ਥਿਰ ਰਹਿਣ ਵਾਲੀ ਮਤਿ ਹੈ ਜੋ ਕਦੇ ਮਾਇਆ

ਮੋਹ ਵਿੱਚ ਨਹੀਂ ਡੋਲਦੀ। ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਨਾਮ ਦਾ "ਪ੍ਰਗਾਸੁ" ਕਰ ਦਿੰਦਾ ਹੈ ਭਾਵ ਸੱਚੇ ਗਿਆਨ ਦਾ ਪ੍ਰਗਾਸ ਕਰ ਦਿੰਦਾ ਹੈ ਉਸ ਦੀ ਮਤਿ ਨੂੰ ਅਡੋਲ ਕਰ ਦਿੰਦਾ ਹੈ ਜੋ ਮਾਇਆ ਮੋਹ ਵਿੱਚ ਨਹੀਂ ਡੋਲਦੀ ਭਾਵ ਉਹਨਾਂ ਦੇ ਧਿਆਨ ਵਿੱਚ ਆਪਣੇ ਸ਼ਬਦ ਦਾ ਗਿਆਨ ਦ੍ਰਿੜ ਕਰ ਦਿੰਦਾ ਹੈ ਜਿਸ ਦੁਆਰਾ ਉਹ ਹਰ ਵੇਲੇ ਪ੍ਰਮਾਤਮਾ ਦਾ ਨਾਮ ਜਪਦੇ ਹਨ ਭਾਵ ਸੱਚ ਦੁਆਰਾ ਵਿਚਰਦੇ ਹਨ। (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥3॥**)

ਸ਼ਬਦ ਦੇ ਅਗਲੇ ਪਦੇ ਰਾਹੀਂ ਇਹੀ ਸਮਝਾਇਆ ਹੋਇਆ ਹੈ ਕਿ ਜੋ ਨਾਮ ਦੀ ਮਤਿ ਨੂੰ ਛੱਡ ਕੇ ਆਪਣੀ ਮਤਿ ਨਾਲ ਜੁੜੇ ਰਹਿੰਦੇ ਹਨ ਭਾਵ ਪੱਕੇ ਰੰਗ ਨੂੰ ਛੱਡਕੇ ਕੱਚੇ ਰੰਗ ਨਾਲ ਜੁੜੇ ਰਹਿੰਦੇ ਹਨ ਭਾਵ ਜੋ ਸ਼ਬਦ ਦੀ ਗੱਲ ਨੂੰ ਸੁਣਕੇ ਉਸ ਨੂੰ ਮੰਨਦੇ ਨਹੀਂ ਉਹ ਆਪਣਾ ਜੀਵਨ ਵਿਅਰਥ ਗਵਾ ਕੇ ਜਾਂਦੇ ਹਨ ਤੇ ਇਸੇ ਮਨੁੱਖੀ ਜੀਵਨ ਵਿੱਚ ਉਹਨਾਂ ਨੂੰ ਪਛਤਾਣਾ ਹੀ ਪੈਂਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਹੀ ਕੱਚੀ ਮਤਿ ਵਿੱਚੋਂ ਉਬਾਰਦਾ ਹੈ ਭਾਵ ਮਨਮਤਿ ਵਿੱਚੋਂ ਕੱਢਕੇ ਨਾਮ ਦੀ ਮਤਿ ਨਾਲ ਜੋੜਦਾ ਹੈ, ਸੱਚ ਦੇ ਨਾਲ ਜੋੜਦਾ ਹੈ ਜਿਸ ਦੁਆਰਾ ਕਿਸੇ ਦਾ ਜੀਵਨ ਸਫ਼ਲ ਹੋ ਸਕਦਾ ਹੈ। (**ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥ ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥ ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ ॥ ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥4॥**)

ਆਪਣੀ ਮਨਮਤਿ ਵਿੱਚ ਰਹਿੰਦਿਆ ਆਪਣੇ ਵੱਲੋਂ ਭਗਤੀ ਦਾ ਉਪਰਾਲਾ ਹਰ ਕੋਈ ਕਰਦਾ ਹੈ ਜੋ ਕਿ ਕੇਵਲ ਸਾਡੀ ਕੱਚੀ ਮਤਿ ਦਾ ਨਤੀਜਾ ਹੈ। ਗੁਰੂ ਬਿਨ੍ਹਾਂ ਹਰ ਕਿਸੇ ਦੀ ਮਤਿ ਕੱਚੀ ਹੀ ਹੈ ਤੇ ਗੁਰੂ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਕੋਲੋਂ ਭਗਤੀ ਦਾ ਮਾਰਗ ਸਿੱਖਦੇ ਹਾਂ ਉਸ ਦੁਆਰਾ ਅਸੀਂ ਭਗਤੀ ਦੇ ਸਹੀ ਮਾਰਗ ਤੋਂ ਭਟਕ ਜਾਂਦੇ ਹਾਂ ਜਿਸ ਕਰਕੇ

ਅਸੀਂ ਆਪਣਾ ਜੀਵਨ ਵਿਅਰਥ ਗਵਾਉਂਦੇ ਹਾਂ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਦੁਆਰਾ ਸਮਝਾਈ ਹੋਈ ਹੈ।

"ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥"

ਉਪਰਲੇ ਪਦੇ ਰਾਹੀਂ ਸਾਨੂੰ ਮਨਮੁਖਿ ਵਾਲੀ ਅਵੱਸਥਾ ਦਾ ਤੇ ਗੁਰਮੁਖਿ ਵਾਲੀ ਅਵੱਸਥਾ ਦਾ ਫਰਕ ਹੀ ਸਮਝਾਇਆ ਹੋਇਆ ਹੈ। ਗੁਰਮੁਖਿ ਵਾਲੀ ਅਵੱਸਥਾ ਗੁਰੂ ਦੀ ਹੈ। ਗੁਰਮੁਖਿ ਵਿੱਚ ਤੇ ਮਨਮੁਖਿ ਵਿੱਚ "ਬਾਣੀ" ਦਾ ਹੀ ਫਰਕ ਹੈ। ਜਿਸ ਦੀ ਬਾਣੀ "ਸਦਾ ਸਚੁ" ਰਹਿਣ ਵਾਲੀ ਹੈ ਉਸਦੀ ਅਵੱਸਥਾ ਗੁਰਮੁਖਿ ਵਾਲੀ ਹੈ। ਪੂਰੀ ਗੁਰਬਾਣੀ ਸੱਚੀ ਬਾਣੀ ਹੈ ਜੋ "ਸਦਾ ਸਚੁ" ਰਹਿਣ ਵਾਲੀ ਹੈ। ਪੂਰੀ ਗੁਰਬਾਣੀ ਉਹਨਾਂ ਗੁਰਮੁਖਾਂ ਨੇ ਉਚਾਰੀ ਹੈ ਜਿੰਨ੍ਹਾਂ ਦੀ ਨਾਮ ਦੇ ਨਾਲ ਲਿਵ ਜੁੜੀ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਨਾਲ, ਉਸਦੇ ਬ੍ਰਹਮ ਗਿਆਨ ਦੇ ਨਾਲ ਲਿਵ ਜੁੜੀ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਉਹਨਾਂ ਨੂੰ ਆਪਣੀ ਸੱਚੀ ਬਾਣੀ ਸਮਝਾਈ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾਂਦੇ ਹਨ ਜਿਵੇਂ ਕਿ ਉਹਨਾਂ ਨੇ ਗਾਏ ਹਨ। ਹਰਿ ਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਅਸੀਂ ਹਰਿ ਦੀ ਮਤਿ ਨੂੰ ਨਿਤ ਆਪਣੇ ਅੰਦਰ ਪੜਦੇ ਹਾਂ ਭਾਵ ਉਸ ਨੂੰ ਆਪਣੇ ਧਿਆਨ ਵਿੱਚ ਰੱਖਦੇ ਹਾਂ ਤੇ ਪ੍ਰਮਾਤਮਾ ਦੇ ਇਹੋ ਜਿਹੇ ਗੁਣ ਗਾਉਣ ਵਾਲੇ ਉਸ ਵਿੱਚ ਸਮਾਅ ਜਾਂਦੇ ਹਨ। ਮਨ ਦੇ ਵਿੱਚ ਪ੍ਰਮਾਤਮਾ ਆਪਣੇ ਗੁਣ ਆਪ ਹੀ ਪੜਾਉਂਦਾ ਹੈ, ਆਪ ਹੀ ਆਪਣੇ ਗੁਣਾਂ ਤੇ ਚਲਾਉਂਦਾ ਹੈ ਭਾਵ ਆਪ ਹੀ ਆਪਣੇ ਗੁਣ ਗਵਾਉਂਦਾ ਹੈ ਜਿਵੇਂ ਉਸ ਨੇ ਸੱਚੀ ਬਾਣੀ ਦੀ ਰਚਨਾ ਕਰਨ ਵਾਲਿਆਂ ਰਾਹੀਂ ਆਪਣੇ ਗੁਣ ਗਵਾਏ ਹਨ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਗੁਣ ਗਾ ਰਹੀ ਹੈ ਕਿਉਂਕਿ ਉਸ ਦੀ ਬਾਣੀ ਸੱਚੀ ਹੈ ਜੋ ਸਦਾ ਲਈ ਸੱਚ ਹੀ ਰਹਿਣੀ ਹੈ। ਜਿਸ ਦੀ ਬਾਣੀ ਸੱਚੀ ਹੈ ਉਹੀ ਗੁਰਮੁਖਿ ਹੈ ਤੇ ਉਸਦਾ ਹਿਰਦਾ "ਸੁਧੁ" ਹੈ ਭਾਵ ਪੂਰੀ ਤਰ੍ਹਾਂ ਵਿਕਾਰਾਂ ਤੋਂ ਰਹਿਤ ਹੈ। ਪ੍ਰਮਾਤਮਾ ਦੀ ਸੇਵਾ ਮਨ ਦੀ

ਇਹੋ ਜਿਹੀ ਅਵੱਸਥਾ ਦੁਆਰਾ ਹੁੰਦੀ ਹੈ। ਸੱਚੀ ਬਾਣੀ ਦੀ ਰਚਨਾ ਕਰਨ ਵਾਲੇ ਗੁਰਮੁਖਾਂ ਨੇ ਮਨ ਦੇ ਸ਼ੁੱਧ ਹਿਰਦੇ ਦੁਆਰਾ ਹੀ ਪ੍ਰਮਾਤਮਾ ਦੀ ਸੇਵਾ ਘਾਲਣਾ ਕੀਤੀ ਹੈ। ਜਿਸ ਦਾ ਹਿਰਦਾ ਪ੍ਰਮਾਤਮਾ ਸ਼ੁੱਧ ਕਰਦਾ ਹੈ ਭਾਵ ਜਿਸ ਨੂੰ ਆਪਣਾ ਸੱਚਾ ਗਿਆਨ

29/3219

ਬਖਸ਼ਦਾ ਹੈ, ਜਿਸਨੂੰ ਆਪਣਾ ਨਾਮ ਬਖਸ਼ਦਾ ਹੈ ਉਸ ਦੀ ਬਾਣੀ ਹੀ ਸੱਚੀ ਹੁੰਦੀ ਹੈ ਭਾਵ ਉਸਦੇ ਵਿੱਚ ਪੂਰਨ ਰੂਪ ਵਿੱਚ ਸੱਚ ਹੁੰਦਾ ਹੈ। ਭਗਤੀ ਦੀ ਸੋਝੀ ਉੱਥੇ ਹੈ ਜਿਸ ਦੀ ਬਾਣੀ ਵਿੱਚ ਪੂਰਨ ਸੱਚ ਹੈ ਭਾਵ ਜਿਸ ਦੀ ਅਵੱਸਥਾ ਗੁਰਮੁਖਿ ਵਾਲੀ ਹੈ। ਹੁਣ ਧਿਆਨ ਨਾਲ ਸਮਝੋ ਕਿ ਸਾਨੂੰ ਭਗਤੀ ਦੀ ਸਿੱਖਿਆ, ਨਾਮ ਦੀ ਸਿੱਖਿਆ ਕਿੱਥੋਂ ਲੈਣੀ ਚਾਹੀਦੀ ਹੈ। ਜਿੱਥੋਂ ਅਸੀਂ ਨਾਮ ਦੀ ਸਿੱਖਿਆ ਲਈ ਹੋਈ ਹੈ, ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਿਆ ਹੋਇਆ ਹੈ ਭਾਵ ਜਿੰਨ੍ਹਾਂ ਨੇ ਸਾਨੂੰ ਕਿਸੇ ਅੱਖਰ ਦੇ ਜਪ ਨਾਲ ਜੋੜਿਆ ਹੈ, ਸਰੀਰਕ ਜਪਾਂ-ਤਪਾਂ, ਸੁਆਸਾਂ ਦੀਆਂ ਕਿਰਿਆਵਾਂ ਆਦਿ ਦੇ ਨਾਲ ਜੋੜਿਆ ਹੈ, ਕੇਵਲ ਧਰਮ ਗ੍ਰੰਥਾਂ ਨੂੰ ਪੜੀ ਜਾਣ ਦੇ ਨਾਲ ਹੀ ਜੋੜਿਆ ਹੈ, ਸਰੀਰਕ ਸੁੱਚ ਦੇ ਨਾਲ, ਖਾਣੇ ਆਦਿ ਦੀ ਸੁੱਚ ਦੇ ਨਾਲ ਜੋੜਿਆ ਹੈ ਕੀ ਉਹ ਗੁਰਮਤਿ ਤੇ ਪੂਰਾ ਉਤਰਦੇ ਹਨ। ਬੱਸ ਇਸੇ ਗੱਲ ਨੂੰ ਧਿਆਨ ਨਾਲ ਸਮਝਣ ਤੇ ਵਿਚਾਰਨ ਦੀ ਲੋੜ ਹੈ। ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਾ ਹੋਇਆ ਹੈ ਉਹ ਦੇਖਾ ਦੇਖੀ ਵਿੱਚ ਹੀ ਲੱਗਾ ਹੋਇਆ ਹੈ ਭਾਵ ਜਿਸ ਨੂੰ ਸਮਾਜ ਨੇ ਭਗਤੀ ਦੇ ਪ੍ਰਚਲਿਤ ਤਰੀਕੇ ਮੰਨਿਆ ਹੋਇਆ ਹੈ, ਸਦੀਆਂ ਤੋਂ ਮੰਨਿਆ ਹੋਇਆ ਹੈ ਉਹਨਾਂ ਵਿੱਚ ਹੀ ਹਰ ਕੋਈ ਦੇਖਾ ਦੇਖੀ ਉਲਝਿਆ ਹੋਇਆ ਹੈ ਤੇ ਪ੍ਰਚਾਰ ਕਰਨ ਵਿੱਚ ਲੱਗਾ ਹੋਇਆ ਹੈ। ਇਹੋ ਜਿਹੇ ਸਭ ਮਨਮੁਖਿ ਹੀ ਹਨ ਜਿੰਨ੍ਹਾਂ ਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਨਹੀਂ ਹੈ ਤੇ ਇਸੇ ਲਈ ਬਾਣੀ ਵਿੱਚ ਵਾਰ ਵਾਰ ਇਹੋ ਜਿਹੇ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਤੇ ਉਹਨਾਂ ਦੇ ਪਿੱਛੇ ਨਾ ਲੱਗਣ ਲਈ ਸਮਝਾਇਆ ਹੈ, ਜਿੰਨ੍ਹਾਂ ਨੂੰ ਗੁਰਮਤਿ ਦੀ ਸੋਝੀ ਨਹੀਂ ਹੈ। ਗੁਰਮਤਿ ਦੀ ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੀ ਸੋਝੀ ਨੂੰ ਛੱਡਕੇ, ਗੁਰਮੁਖਿ ਦੀ ਸੋਝੀ ਨੂੰ ਛੱਡਕੇ ਸਾਨੂੰ ਮਨਮੁਖਾਂ ਦੀ ਸੋਝੀ ਨਾਲ ਨਹੀਂ ਜੁੜਨਾ ਚਾਹੀਦਾ ਜੋ ਕਿ ਇਸ ਪੂਰੇ ਸ਼ਬਦ ਦਾ ਮਕਸਦ ਹੈ। (**ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥ ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥5॥4॥37॥**)

ਗੁਰੂ ਪ੍ਰਮਾਤਮਾ ਦੇ ਨਾਲ ਸਾਡੇ ਝਗੜੇ ਦਾ ਕਾਰਣ ਸਾਡੀ ਮਨਮਤਿ ਹੀ ਹੈ ਭਾਵ ਮਨਮਤਿ ਦੇ ਪਿੱਛੇ ਲੱਗਕੇ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਨਹੀਂ ਪੈਂਦੀ ਕਿਉਂਕਿ ਅਸੀਂ ਆਪਣੇ ਸੱਚੇ ਸੁੱਚੇ ਕਰਮਾਂ ਨੂੰ ਭਗਤੀ

29/3220

ਸਮਝਣ ਦੀ ਬਜਾਇ ਉਹਨਾਂ ਗੱਲਾਂ ਵਿੱਚ ਭਗਤੀ ਸਮਝਦੇ ਹਾਂ ਜੋ ਅਸੀਂ ਇੱਧਰੋਂ ਉਧਰੋਂ ਸੁਣੀਆਂ ਹੋਈਆਂ ਹਨ ਪਰ ਗੁਰਮਤਿ ਇਹੋ ਜਿਹੇ ਸਭ ਤਰੀਕਿਆਂ ਦਾ ਖੰਡਨ ਕਰਦੀ ਹੈ। ਗੁਰਮਤਿ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮਤਿ ਦੇ ਉਲਟ ਵਿਚਰਨਾ ਕੇਵਲ ਸਾਡੀ ਹਉਮੈ ਹੈ ਜੋ ਪ੍ਰਮਾਤਮਾ ਨੂੰ ਨਹੀਂ ਭਾਉਂਦੀ ਤੇ ਇਹੀ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਅਸੀਂ ਇਸ ਗੱਲ ਨੂੰ ਫਿਰ ਤੋਂ ਸਮਝ ਸਕਦੇ ਹਾਂ ਕਿ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਕਿਸ ਰੂਪ ਵਿੱਚ ਹੈ। ਪੂਰੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲਾਂ ਹੀ ਸਮਝ ਚੁੱਕੇ ਹਾਂ ਤੇ ਬਹੁਤੀ ਵਿਆਖਿਆ ਦੀ ਲੋੜ ਨਹੀਂ ਹੈ ਪਰ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਸਾਡਾ ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਣ ਕੀ ਹੈ।

ਪ੍ਰਭਾਤੀ ਮਹਲਾ ੧ ॥

“ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥

ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥
ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥
ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥
ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥”

(ਅੰਗ ੧੩੪੩)

ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਡੀਆਂ ਸਰੀਰਕ ਕਿਰਿਆਵਾਂ, ਸਵਾਸਾਂ ਨਾਲ, ਨਾੜੀਆਂ ਨਾਲ ਜੁੜੀਆਂ ਹੋਈਆਂ ਕਿਰਿਆਵਾਂ ਦਾ ਖੰਡਨ ਕੀਤਾ ਹੋਇਆ ਹੈ, ਸਾਡਾ ਭਰਮ ਦੱਸਿਆ ਹੋਇਆ ਹੈ ਜਿਸ ਨੂੰ ਅਸੀਂ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ। ਇਹ ਪੁਰਾਤਨ ਸਮੇਂ ਤੋਂ ਚੱਲਦੇ ਆ ਰਹੇ ਜੋਗੀਆਂ ਆਦਿ ਦੇ ਬਣਾਏ ਹੋਏ ਤਰੀਕੇ ਹਨ ਜਿੰਨ੍ਹਾਂ ਦੁਆਰਾ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜਣ ਦਾ ਤਰੀਕਾ ਸਮਝਦੇ ਹਨ। ਸਿੱਖ ਜਗਤ ਵਿੱਚ ਵੀ ਇਹੋ ਜਿਹੀ ਮਤਿ ਸਮਝਾਉਣ ਵਾਲੇ ਬਹੁਤ ਹਨ ਜੋ ਸਾਨੂੰ ਸਵਾਸਾਂ ਦੀਆਂ, ਨਾੜੀਆਂ ਦੀਆਂ ਸਰੀਰਕ ਕਿਰਿਆਵਾਂ ਨਾਲ ਜੋੜਦੇ ਹਨ ਤੇ ਆਪਣੇ ਸਵਾਸਾਂ ਦੀਆਂ, ਨਾੜੀਆਂ ਦੀਆਂ ਸਰੀਰਕ ਕਿਰਿਆਵਾਂ ਨਾਲ ਜੋੜਦੇ ਹਨ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਲੱਭਣ ਦਾ ਸਾਧਨ ਸਮਝਾਉਂਦੇ ਹਨ। ਕਿ ਇਹੋ ਜਿਹੀ ਮਤਿ ਸਮਝਾਉਣ ਵਾਲੇ ਕਦੇ ਗੁਰਮਤਿ ਤੇ ਪੂਰਾ ਉਤਰ ਸਕਦੇ ਹਨ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਸੇ ਇਹੋ ਜਿਹੇ ਤਰੀਕੇ ਦੁਆਰਾ ਪਾਇਆ ਜਾ ਸਕਦਾ ਹੈ ਪਰ ਫਿਰ ਵੀ ਇਹੋ ਜਿਹਿਆਂ ਨੂੰ ਸਮਾਜ ਵਿੱਚ ਉੱਚਾ ਰੁਤਬਾ ਦੇਣ ਵਾਲੇ ਬਹੁਤ ਹਨ ਤੇ ਉਹਨਾਂ ਦੇ ਪਿੱਛੇ ਲੱਗਣ ਵਾਲੇ ਵੀ ਬਹੁਤ ਹਨ। ਇਹੋ ਜਿਹਿਆਂ ਨੂੰ ਉਪਰਲੇ ਪਦੇ ਰਾਹੀਂ ਸੋਝੀ ਹੀਣ ਕਿਹਾ ਗਿਆ ਹੈ, ਭਰਮੇ ਹੋਏ ਕਿਹਾ ਗਿਆ ਹੈ, ਅੰਧੇ ਕਿਹਾ ਗਿਆ ਹੈ ਭਾਵ ਧਰਮ ਦੇ ਮਾਰਗ ਦੇ ਅੰਧੇ ਕਿਹਾ ਗਿਆ ਹੈ, ਡੁੱਬ ਮਰਨ ਵਾਲੇ ਕਿਹਾ ਹੈ ਭਾਵ ਇਹੋ ਜਿਹਿਆਂ ਦੀ ਘੋਰ ਨਿੰਦਾ ਕੀਤੀ ਹੋਈ ਹੈ ਪਰ ਫਿਰ ਵੀ ਇਹੋ ਜਿਹਾ ਪ੍ਰਚਾਰ ਕਰਨ ਵਾਲਿਆਂ ਨੂੰ ਪੂਰੇ ਇੱਜਤ ਮਾਣ ਨਾਲ ਨਿਵਾਜਿਆ ਜਾਂਦਾ ਹੈ। (**ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥ ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥**)

29/3221

ਇਹੋ ਜਿਹੀਆਂ ਸਰੀਰਕ ਕਿਰਿਆਵਾਂ ਦੁਆਰਾ ਅਸੀਂ ਆਪਣੇ ਅੰਦਰੋਂ ਆਪਣੀ ਮਲ ਧੋਣ ਦਾ ਸਾਧਨ ਸਮਝਦੇ ਹਾਂ ਜੋ ਕਿ ਕੇਵਲ ਸਾਡੀ ਅਗਿਆਨਤਾ ਹੈ ਜਿਵੇਂ ਕਿ ਅਗਲੀ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥”

ਭਗਤੀ ਦਾ ਮਾਰਗ ਆਪਣੀ ਹਉਮੈ ਛੱਡਣ ਦਾ ਮਾਰਗ ਹੈ, ਮਨਮਤਿ, ਅਗਿਆਨਤਾ ਛੱਡਣ ਦਾ ਮਾਰਗ ਹੈ ਤਾਂ ਜੋ ਅਸੀਂ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾ ਸਕੀਏ। ਅਸੀਂ ਆਪਣੇ ਅੰਦਰ ਦੀ ਮੈਲ ਭਾਵ ਹਉਮੈ ਦੀ ਮੈਲ ਧੋਣ ਦੀ ਬਜਾਇ ਆਪਣੀਆਂ ਸਰੀਰਕ ਕਿਰਿਆਵਾਂ ਦੁਆਰਾ ਉਲਟਾਂ ਹਉਮੈ ਦੀ ਮੈਲ ਨੂੰ ਵਧਾ ਲੈਂਦੇ ਹਾਂ ਕਿਉਂਕਿ ਇਹਨਾਂ ਕਿਰਿਆਵਾਂ ਦੁਆਰਾ ਸਾਨੂੰ ਮਾਣ ਮਿਲਦਾ ਹੈ, ਝੂਠਾ ਮਾਣ ਮਿਲਦਾ ਹੈ ਕਿਉਂਕਿ ਇਹਨਾਂ ਕਿਰਿਆਵਾਂ ਵਿੱਚ ਕੋਈ ਭਗਤੀ ਨਹੀਂ ਹੈ। ਆਪਣੀ ਝੂਠੀ ਭਗਤੀ ਦੁਆਰਾ ਅਸੀਂ ਜਿਸ ਚੀਜ਼ ਨਾਲ ਭਾਵ ਹਉਮੈ ਨਾਲ ਪਹਿਲੇ ਹੀ ਭਰੇ ਹੋਏ ਹਾਂ ਉਸ ਹਉਮੈ ਨੂੰ ਹੋਰ ਭਰੀ ਜਾਣ ਨਾਲ ਹਉਮੈ ਨੂੰ ਧੋਣਾ ਸਮਝਦੇ ਹਾਂ, ਹਉਮੈ ਦੀ ਮੈਲ ਨੂੰ ਧੋਣਾ ਸਮਝਦੇ ਹਾਂ ਜੋ ਕਿ ਇਸ ਤਰੀਕੇ ਕਦੇ ਲਹਿ ਨਹੀਂ ਸਕਦੀ, ਉਤਰ ਨਹੀਂ ਸਕਦੀ ਬਲਕਿ ਉਸ ਨੂੰ ਅਸੀਂ ਆਪਣੇ ਅੰਦਰ ਹੋਰ ਭਰੀ ਜਾਂਦੇ ਹਾਂ ਭਾਵ ਭਗਤੀ ਦੇ ਮਾਰਗ ਤੋਂ ਉਲਟ ਚੱਲੀ ਜਾਂਦੇ ਹਾਂ। ਜਿੱਥੇ ਹਉਮੈ ਹੈ ਉੱਥੇ ਨਾਮ ਨਹੀਂ ਹੈ ਤੇ ਸਾਡੇ ਇਹੋ ਜਿਹੇ ਕਰਮ ਜੋ ਨਾਮ ਅਨੁਸਾਰ ਨਹੀਂ ਹਨ ਉਹ ਸਭ ਫੋਕਟ ਹੀ ਹਨ ਜਿਵੇਂ ਕਿ ਕੋਈ ਬਾਜੀਗਰ ਆਪਣੀ ਝੂਠੀ ਖੇਡ ਦਿਖਾਉਣ ਦੁਆਰਾ ਇਸ ਭਰਮ ਵਿੱਚ ਭੁੱਲਿਆ ਰਹੇ ਕਿ ਉਸ ਨੂੰ ਸੱਚੀ ਸ਼ੋਭਾ ਮਿਲ ਰਹੀ ਹੈ। ਉਸ ਨੂੰ ਸ਼ੋਭਾ ਇਸੇ ਗੱਲ ਦੀ ਮਿਲਦੀ ਹੈ ਕਿ ਦੂਸਰਿਆਂ ਨੂੰ ਖੇਡ ਦੀ ਸਮਝ ਨਹੀਂ ਹੈ ਭਾਵ ਉਹਨਾਂ ਨੂੰ ਭਗਤੀ ਦੇ ਮਾਰਗ ਦੀ ਸਮਝ ਨਹੀਂ ਹੈ। ਪ੍ਰਮਾਤਮਾ ਦੀਆਂ ਨਜਰਾਂ ਵਿੱਚ ਇਹੋ ਜਿਹੇ ਸ਼ੋਭਾ ਨਹੀਂ ਪਾ ਸਕਦੇ ਕਿਉਂਕਿ ਉਹ ਸਭ ਕੁੱਝ ਜਾਣਦਾ ਹੈ। (**ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥ ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥1॥**) ਮਨੁੱਖ ਕਿਹੋ ਜਿਹੀ ਸਮਝ ਦਾ ਭਰਿਆ ਹੋਇਆ ਸੰਸਾਰ ਵਿੱਚ ਆਉਂਦਾ ਹੈ ਤੇ ਕਿਹੋ ਜਿਹੀ ਸਮਝ ਆਪਣੇ ਅੰਦਰ ਹੋਰ ਭਰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਲਿਖੇ ਸ਼ਬਦ ਦੇ ਪ੍ਰਮਾਣ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕ ਮਃ ੩ ॥

{ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥੧॥}

(ਅੰਗ ੫੫੪)

ਹਉਮੈ ਸਾਡਾ ਝੂਠਾ ਮਦ ਹੈ ਜੋ ਸਾਨੂੰ ਮਾਇਆ ਮੋਹ ਵਿੱਚ ਰੱਖਦਾ ਹੈ ਪਰ ਇਸ ਹਉਮੈ ਵਿੱਚੋਂ ਨਿਕਲਣਾ ਸਾਡੇ ਵੱਸ ਨਹੀਂ ਹੈ। ਸੱਚਾ ਮਦ ਭਾਵ "ਸਚੁ ਮਦੁ" ਨਾਮ ਦਾ ਮਦ ਹੈ, ਗੁਰੂ ਦੇ ਸੱਚੇ ਗਿਆਨ ਦਾ ਮਦ ਹੈ ਜੋ ਪ੍ਰਮਾਤਮਾ ਦੀ ਕਿਰਪਾ ਦੁਆਰਾ ਸਾਨੂੰ ਉਸ ਦੇ ਨਾਲ ਮੇਲ ਦੁਆਰਾ ਮਿਲਦਾ ਹੈ ਜਿਸ ਦੁਆਰਾ ਮਨੁੱਖ ਹਉਮੈ ਦੇ ਮਦ ਵਿੱਚੋਂ ਨਿਕਲਦਾ ਹੈ, ਮਾਇਆ ਮੋਹ ਦੇ ਮਦ ਵਿੱਚੋਂ ਨਿਕਲਦਾ ਹੈ ਤੇ ਫਿਰ ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ ਰਹਿੰਦਾ ਹੈ ਜਿਵੇਂ ਕਿ ਇਸ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਵੀ ਜਾਣਿਆ ਹੈ। ਹਉਮੈ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਦੀ ਪਹਿਚਾਣ ਨਹੀਂ ਕਰ ਸਕਦੇ ਤੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਪਰਾਇਆ ਹੀ ਸਮਝਦੇ ਹਾਂ। ਸਾਡੇ ਅੰਦਰ "ਬਰਲੁ" ਦਾ ਕਾਰਣ ਭਾਵ ਮਾਇਆ ਮੋਹ ਦਾ ਕਾਰਣ ਸਾਡੇ ਅੰਦਰ ਦੀ ਹਉਮੈ ਹੀ ਹੈ, ਮਨਮਤਿ ਹੀ ਹੈ ਜਿਸ ਦੇ ਰਹਿੰਦਿਆ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਬਣੀ ਰਹਿੰਦੀ ਹੈ।

{ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥
ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ ॥
ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ ॥

ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ ॥
ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ ॥
ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ ॥੨॥}

(ਅੰਗ ੫੭੧)

29/3222

ਭਗਤੀ ਦੇ ਮਾਰਗ ਨੂੰ ਸ਼ਾਸਤਰਾਂ ਅਨੁਸਾਰ "ਖਟੁ ਕਰਮ" ਕਰਨਾ ਸਮਝਿਆ ਜਾਂਦਾ ਹੈ। ਗੁਰਬਾਣੀ ਰਾਹੀਂ ਸਾਨੂੰ "ਖਟ ਲਖ੍ਹਣ" ਸਮਝਾਏ ਹੋਏ ਹਨ ਜਿਸਨੂੰ ਨਾਮ ਮੰਤ੍ਰ ਕਿਹਾ ਹੈ, ਪ੍ਰਮਾਤਮਾ ਦਾ ਨਾਮ ਕਿਹਾ ਗਿਆ ਹੈ ਜੋ ਕਿ ਅਸਲ ਭਗਤੀ ਦਾ ਮਾਰਗ ਹੈ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੈ। ਪ੍ਰਮਾਤਮਾ ਦਾ ਨਾਮ ਸਾਨੂੰ ਉਸ ਗੁਣਾਂ ਦੇ ਸਾਗਰ ਦੇ ਨਾਲ ਜੋੜਦਾ ਹੈ, ਪ੍ਰਮਾਤਮਾ ਦੇ ਨਾਲ ਜੋੜਦਾ ਹੈ ਪਰ ਮਨੁੱਖ ਨੂੰ ਔਗੁਣ ਮੋਂਹਦੇ ਹਨ ਭਾਵ ਪ੍ਰਮਾਤਮਾ ਦਾ ਨਾਮ ਨਹੀਂ ਮੋਂਹਦਾ। (**ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥1॥ ਰਹਾਉ ॥**) ਖਟ ਲਖ੍ਹਣ ਕੀ ਹਨ ਇਸ ਗੱਲ ਨੂੰ ਅਸੀਂ ਲੇਖ ਵਿੱਚ ਬਹੁਤ ਪਿੱਛੇ ਪਹਿਲੇ ਹੀ ਸਮਝਾਇਆ ਹੈ ਜੋ ਕਿ ਸਾਡੇ ਕਰਮ ਕਰਨ ਦਾ ਮਾਰਗ ਹੈ, ਸੰਸਾਰਿਕ ਵਿਚਰਨ ਦਾ ਮਾਰਗ ਹੈ ਜਿਸ ਨੂੰ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

{ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਾਗਿ ਸਗਲ ਰੇਣੁਕਹ ॥
ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਮ੍ਰਿਜਨਹ ॥੪੦॥}

(ਅੰਗ ੧੩੫੭)

ਉੱਪਰ ਸ਼ਬਦ ਰਾਹੀਂ ਸਾਨੂੰ ਰਾਮ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ ਨਾਮ ਦਾ ਮੰਤ੍ਰ, ਗੁਰੂ ਦਾ ਮੰਤ੍ਰ ਜਪਣਾ ਹੀ ਸਿਖਾਇਆ ਹੋਇਆ ਹੈ ਜੋ ਅਸੀਂ ਆਪਣੇ ਸੱਚੇ ਸੁੱਚੇ ਕਰਮ ਕਰਣ ਦੁਆਰਾ ਜਪਣਾ ਹੈ। ਇਹ ਖਟ ਲਖ੍ਹਣ ਭਾਵ ਛੇ ਲੱਛਣ ਹਨ ਜਿਸ ਦੁਆਰਾ ਪ੍ਰਮਾਤਮਾ ਕਿਸੇ ਨੂੰ ਪੂਰਨ ਬਣਾਉਂਦਾ ਹੈ। ਇਹ ਗੁਰੂ ਦੀ ਅਵੱਸਥਾ ਹੈ ਜੋ ਆਪ ਹੀ ਆਪਣੇ ਸੇਵਕ ਰੂਪ ਵਿੱਚ ਇਹਨਾਂ ਤੇ ਪੂਰਾ ਉਤਰਦਾ ਹੈ। ਮੰਤ੍ਰ ਜਪਣ ਦੀਆਂ ਗੱਲਾਂ ਕਰਨ ਵਾਲੇ, ਮੰਤ੍ਰ ਦਾ ਜਾਪ ਕਰਨ ਵਾਲੇ ਕਿਸੇ ਅੱਖਰ ਨੂੰ ਜਪਣਾ ਹੀ ਮੰਤ੍ਰ ਦਾ ਜਪਣਾ ਸਮਝਦੇ ਹਨ ਪਰ ਨਾਮ ਮੰਤ੍ਰ ਜਪਣਾ ਬਹੁਤ ਔਖਾ ਹੈ ਜਿਸ ਲਈ ਆਪਣੇ ਆਪ ਦਾ ਤਿਆਗ ਕਰਨਾ ਪੈਂਦਾ ਹੈ, ਆਪਣੀਆਂ ਇੱਛਾਵਾਂ ਦਾ, ਤ੍ਰਿਸ਼ਨਾਵਾਂ ਦਾ ਮਾਇਆ ਮੋਹ ਦਾ ਤਿਆਗ ਕਰਨਾ ਪੈਂਦਾ ਹੈ। ਇਸੇ ਲਈ ਬਾਣੀ ਵਿੱਚ ਕਿਸੇ ਅੱਖਰ ਦਾ ਜਪ

29/3223

ਕਰਨ ਵਾਲਿਆਂ ਨੂੰ ਉਹਨਾਂ ਦੀ ਮੂਰਖਤਾ ਕਹਿ ਕੇ ਸਮਝਾਇਆ ਹੈ ਭਾਵ ਅੱਖਰ ਦੇ ਜਪ ਵਿੱਚੋਂ ਨਿਕਲਣ ਲਈ ਸਮਝਾਇਆ ਹੈ, ਮਨਮਤਿ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਕਿਉਂਕਿ ਮਨਮਤਿ ਦੁਆਰਾ, ਦੁਰਮਤਿ ਦੁਆਰਾ ਅਸੀਂ ਮਾੜੀ ਕਾਰ ਹੀ ਕਰਦੇ ਹਾਂ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"**ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥**
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥"

ਉਪਰਲੀਆਂ ਪੰਗਤੀਆਂ ਦੇ ਸਹੀ ਭਾਵ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਝੂਠਾ "ਮਜਨੁ" ਕੀ ਹੈ। ਮਜਨੁ ਸਾਡਾ ਇਸ਼ਨਾਨ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ। ਸਾਡੇ ਮਨ ਦੀ ਬਿਰਤੀ ਕਿਹੋ ਜਿਹੀ ਹੈ ਇਹ ਸਾਡੇ ਮਨ ਦੇ ਮਜਨੁ ਤੇ ਨਿਰਭਰ ਕਰਦੀ ਹੈ। ਜਦ ਤੱਕ ਅਸੀਂ ਹਉਮੈ ਵਿੱਚ ਹਾਂ, ਮਨਮਤਿ ਵਿੱਚ ਹਾਂ, ਅਗਿਆਨਤਾ ਵਿੱਚ ਹਾਂ, ਤਦ ਤੱਕ ਸਾਡਾ ਮਜਨੁ ਵੀ ਝੂਠਾ ਹੈ ਭਾਵ ਸਾਡੇ ਮਨ ਦੀ ਸੋਝੀ ਵੀ ਮਾੜੀ ਹੈ ਜਿਸ ਕਰਕੇ ਸਾਨੂੰ ਚੰਡਾਲ ਕਿਹਾ ਗਿਆ ਹੈ ਭਾਵ ਮਾੜੇ ਕਿਹਾ ਗਿਆ ਹੈ ਭਾਵ ਸਾਨੂੰ ਸੁਚੇਤ ਕੀਤਾ ਗਿਆ ਹੈ ਕਿ ਮਨਮਤਿ ਦੇ ਨਾਲ ਜੁੜਕੇ ਅਸੀਂ ਪ੍ਰਮਾਤਮਾ ਦੀ ਭਗਤੀ ਨਹੀਂ ਕਰ ਸਕਦੇ। ਆਪਣੇ ਵੱਲੋਂ ਭਗਤੀ ਤਾਂ ਹਰ ਕੋਈ ਕਰਦਾ ਹੈ ਭਾਵ ਭਗਤੀ ਦੇ ਅਨੇਕਾਂ ਤਰੀਕੇ ਅਪਣਾਉਂਦਾ ਹੈ, ਅਨੇਕਾਂ ਸਰੀਰਕ ਜਪ ਤਪ ਆਦਿ ਕਰਦਾ ਹੈ ਜਿੰਨ੍ਹਾਂ ਨੂੰ ਉਹ ਆਪਣੇ ਚੰਗੇ ਸ਼ਿੰਗਾਰ ਸਮਝਦਾ ਹੈ ਪਰ ਇਹੋ ਜਿਹੇ ਸਾਡੇ ਸਾਰੇ ਸ਼ਿੰਗਾਰ ਫੋਕਟ ਹਨ ਭਾਵ ਵਿਅਰਥ ਹਨ। (**ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥**) ਸਾਡਾ ਸੱਚਾ ਮਜਨੁ ਉਹ ਹੈ ਜੋ ਇਸ਼ਨਾਨ ਅਸੀਂ ਗੁਰੂ ਦੇ ਤੀਰਥ ਤੋਂ ਕਰਦੇ ਹਾਂ ਭਾਵ ਗੁਰਮਤਿ ਰੂਪ ਮਜਨੁ ਕਰਦੇ ਹਾਂ, ਸੱਚੇ ਗਿਆਨ ਦਾ ਮਜਨੁ ਕਰਦੇ ਹਾਂ ਜਿਸ ਦੁਆਰਾ ਸਾਡੀ ਸੋਝੀ ਸੱਚੀ ਬਣਦੀ ਹੈ ਤੇ ਸਾਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ।

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥}

(ਅੰਗ ੬੮੭)

29/3224

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥}

(ਅੰਗ ੧੩੨੮)

{ਸੰਤ ਰੇਨੁ ਨਿਤਿ ਮਜਨੁ ਕਰੈ ॥ ਜਨਮ ਜਨਮ ਕੇ ਕਿਲਬਿਖ ਹਰੈ ॥੧॥}

(ਅੰਗ ੧੩੦੦)

{ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ ॥ ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥
ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ ॥੪॥੧੧॥੧੮॥}

(ਅੰਗ ੧੦੦)

{ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ ॥
ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ ॥੧॥}

(ਅੰਗ ੧੨੧੮)

{ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥}

(ਅੰਗ ੪੯੯)

{ਨਿਤ ਚਰਨ ਸੇਵਹੁ ਸਾਧ ਕੇ ਤਜਿ ਲੋਭ ਮੋਹ ਬਿਕਾਰ ॥
ਸਭ ਤਜਹੁ ਦੂਜੀ ਆਸਡ਼ੀ ਰਖੁ ਆਸ ਇਕ ਨਿਰੰਕਾਰ ॥੨॥}

(ਅੰਗ ੯੮੬)

{ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥}

(ਅੰਗ ੨੨੪)

{ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥}

(ਅੰਗ ੨੬੨)

{ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥}

(ਅੰਗ ੨੯੮)

ਉਪਰਲੇ ਕੁੱਝ ਸ਼ਬਦਾਂ ਦੁਆਰਾ ਸਾਨੂੰ ਸੱਚਾ ਇਸ਼ਨਾਨ ਹੀ ਸਮਝਾਇਆ ਹੋਇਆ ਹੈ ਜੋ ਕਿ ਗੁਰੂ ਦੇ ਸੱਚੇ ਗਿਆਨ ਦਾ ਇਸ਼ਨਾਨ ਹੈ, ਗੁਰੂ ਦੀ ਚਰਨ ਧੂੜਿ ਦਾ ਇਸ਼ਨਾਨ ਹੈ, ਸੰਤ ਰੇਨ ਦਾ ਇਸ਼ਨਾਨ ਹੈ ਜੋ ਕਿ ਸਾਡੇ ਮਨ ਦਾ ਇਸ਼ਨਾਨ ਹੈ, ਸਾਡੀ ਮਤਿ ਦਾ ਇਸ਼ਨਾਨ ਹੈ ਜੋ ਇਸ਼ਨਾਨ ਕਰਨ ਤੋਂ ਬਾਅਦ ਅਸੀਂ ਮਨਮਤਿ ਰੂਪ, ਹਉਮੈ ਰੂਪ ਇਸ਼ਨਾਨ ਵਿੱਚੋਂ ਨਿਕਲ ਜਾਂਦੇ ਹਾਂ। ਗੁਰੂ ਦੇ ਸੱਚੇ ਗਿਆਨ ਦਾ ਇਸ਼ਨਾਨ ਨਾਮ ਦਾ ਇਸ਼ਨਾਨ ਹੈ ਜੋ ਸਾਨੂੰ ਹਉਮੈ ਵਾਲੀ ਮਤਿ ਵਿੱਚੋਂ ਕੱਢਦਾ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਅਸੀਂ ਹਉਮੈ ਵਾਲੀ ਮਤਿ ਕਰਕੇ ਹੀ ਮਾੜੇ ਹਾਂ ਕਿਉਂਕਿ ਮਾੜੇ ਕਰਮ ਅਸੀਂ ਮਾੜੀ ਮਤਿ ਹੋਣ ਕਰਕੇ ਹੀ ਕਰਦੇ

ਹਾਂ ਜਿਵੇਂ ਕਿ ਸਾਨੂੰ ਮੁੱਖ ਸ਼ਬਦ ਦੇ ਪਦੇ ਦੁਆਰਾ ਸਮਝਾਇਆ ਹੋਇਆ ਹੈ।

“ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥”

ਮਨ ਦੇ ਵਿੱਚ ਝੂਠੇ ਮਜਨ ਦੁਆਰਾ ਹੀ ਅਸੀਂ ਮਾਇਆ ਮੋਹ ਵਿੱਚ ਹਾਂ, ਦੁਰਮਤਿ ਵਿੱਚ ਹਾਂ ਜਿਸ ਦੁਆਰਾ ਅਸੀਂ ਮਾੜੀ ਕਾਰ ਕਰਦੇ ਹਾਂ। ਹਉਮੈ ਰੂਪ ਮਤਿ ਦਾ ਮਜਨ ਕਰਨ ਦੁਆਰਾ ਅਸੀਂ ਆਪਣੇ ਆਪ ਨੂੰ ਗਣਾਉਂਦੇ ਹਾਂ ਭਾਵ ਆਪਣੇ ਆਪ ਨੂੰ ਸਿਆਣਾ ਸਮਝਦੇ ਹਾਂ ਜਿਸ ਕਰਕੇ ਸਾਨੂੰ ਮੂਰਖ ਕਿਹਾ ਹੈ ਤੇ ਮਨ ਦੀ ਇਹੋ ਜਿਹੀ ਮਾੜੀ ਸੋਝੀ ਕਰਕੇ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਸਾਡੇ ਲਈ ਸੱਚੀ ਕਾਰ ਕੀ ਹੈ ਭਾਵ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਮਾਇਆ ਮੋਹ ਸਾਡੇ ਲਈ ਮਾੜਾ ਹੈ ਜੋ ਸਾਨੂੰ ਸੱਚੀ ਕਾਰ ਤੋਂ ਦੂਰ ਰੱਖਦਾ ਹੈ, ਗੁਰਮਤਿ ਵਾਲੀ ਕਰਣੀ ਤੋਂ ਦੂਰ ਰੱਖਦਾ ਹੈ। (**ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥**)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥}

(ਅੰਗ ੧੦੫੧)

ਸਾਡੇ ਮਨ ਦਾ ਝੂਠਾ ਮਜਨ ਸਾਨੂੰ ਸੱਚੀ ਕਾਰ ਸਮਝਣ ਤੋਂ ਦੂਰ ਰੱਖਦਾ ਹੈ ਭਾਵ ਸਾਡੀ ਅਸਲ ਭਗਤੀ ਕਿਸ ਵਿੱਚ ਹੈ ਇਸ ਗੱਲ ਨੂੰ ਸਮਝਣ ਤੋਂ ਦੂਰ ਰੱਖਦਾ ਹੈ। ਪ੍ਰਮਾਤਮਾ ਦੀ ਭਗਤੀ ਗੁਣਾਂ ਵਿੱਚ ਵਿਚਰ ਕੇ ਹੁੰਦੀ ਹੈ, ਔਗੁਣਾਂ ਵਿੱਚੋਂ ਨਿਕਲਕੇ ਹੁੰਦੀ ਹੈ, ਮਨਸਾ ਵਿੱਚੋਂ, ਤ੍ਰਿਸ਼ਨਾ ਵਿੱਚੋਂ, ਮਾਇਆ ਮੋਹ ਵਿੱਚੋਂ ਨਿਕਲਕੇ ਹੁੰਦੀ ਹੈ ਪਰ ਇਸ ਵਿੱਚੋਂ ਨਿਕਲੇ ਬਿਨ੍ਹਾਂ ਹੀ ਅਸੀਂ ਆਪਣੇ ਸਰੀਰਕ ਜਪਾਂ-ਤਪਾਂ ਆਦਿ ਦੁਆਰਾ, ਕਿਸੇ ਅੱਖਰ ਨੂੰ ਜਪਣ ਦੁਆਰਾ ਆਪਣੀ ਭਗਤੀ ਸਮਝਦੇ ਹਾਂ, ਆਪਣੀ ਸੱਚੀ ਕਾਰ

ਸਮਝਦੇ ਹਾਂ, ਆਪਣੇ ਗੁਣ ਸਮਝਦੇ ਹਾਂ ਤੇ ਸਾਡੇ ਇਹੋ ਜਿਹੇ ਭਗਤੀ ਦੇ ਬੋਲ ਕੇਵਲ ਮਨਮੁਖਿ ਵਾਲੇ ਬੋਲ ਹਨ ਭਾਵ ਮਨਮਤਿ ਵਾਲੇ ਬੋਲ ਹਨ, ਸਾਡਾ ਝੂਠਾ ਮਜਨ ਹੈ ਤੇ ਆਪਣੀ ਇਹੋ ਜਿਹੀ ਭਗਤੀ ਦੁਆਰਾ ਜਿਸ ਨੂੰ ਕਿ ਅਸੀਂ ਆਪਣਾ ਚੰਗਾ ਸ਼ਿੰਗਾਰ ਸਮਝਦੇ ਹਾਂ ਉਹ ਸਾਡੇ ਵਿਅਰਥ ਦੇ ਸ਼ਿੰਗਾਰ ਹਨ ਜਿੰਨ੍ਹਾਂ ਦੁਆਰਾ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ ਭਾਵ ਉਸ ਵਿੱਚ ਪ੍ਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ। ਪ੍ਰਮਾਤਮਾ ਦੀ ਭਗਤੀ ਤਾਂ ਹੀ ਹੁੰਦੀ ਹੈ

29/3226

ਜਦੋਂ ਸਾਡੇ ਮਨ ਦਾ ਮਜਨ ਬਦਲ ਜਾਂਦਾ ਹੈ ਭਾਵ ਜਦੋਂ ਅਸੀਂ ਮਨਮਤਿ ਰੂਪ ਮਜਨ ਵਿੱਚੋਂ ਨਿਕਲਕੇ ਗੁਰੂ ਦੇ ਤੀਰਥ ਤੋਂ ਮਜਨ ਕਰਦੇ ਹਾਂ, ਉਸਦੇ ਸੱਚੇ ਗਿਆਨ ਦਾ ਮਜਨ ਕਰਦੇ ਹਾਂ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸੋਝੀ ਪੈਂਦੀ ਹੈ।
(**ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥2॥**)

ਸਾਡੇ ਅੰਦਰ ਇਹ ਝੂਠਾ ਮਜਨ ਕਿਸ ਰੂਪ ਵਿੱਚ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥
ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥
ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥"

ਸਾਡਾ ਝੂਠਾ ਮਜਨ ਕੀ ਹੈ ਤੇ ਉਸਦਾ ਸਾਡੇ ਤੇ ਕੀ ਅਸਰ ਪੈਂਦਾ ਹੈ ਇਹੀ ਗੱਲ ਉਪਰਲੇ ਪਦੇ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਤੇ ਨਾਲ ਹੀ ਸਾਨੂੰ ਇਸ ਗੱਲ ਦੀ ਸੋਝੀ ਪਾਈ ਹੋਈ ਹੈ ਕਿ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਣ ਕੀ ਹੈ। ਝਗੜੇ ਦਾ ਕਾਰਣ ਉਹੀ ਹੈ ਜਿਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਝਗੜਾ ਹਉਮੈ ਦਾ ਨਾਮ ਦੇ ਨਾਲ ਹੀ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਝਗੜੇ ਦਾ ਕਾਰਣ ਸਾਡੀ ਝੂਠੀ ਮਨ ਦੀ ਮਤਿ ਸਮਝਾਈ ਹੋਈ ਹੈ ਭਾਵ ਸਾਡੀ ਹਉਮੈ ਸਮਝਾਈ ਹੋਈ ਹੈ। ਸੱਚੀ ਮਤਿ ਕੇਵਲ ਗੁਰੂ ਦੇ ਕੋਲ ਹੈ ਤੇ ਇਹੀ ਨਾਮ ਹੈ। ਝਗੜਾ ਝੂਠੀ ਮਤਿ ਦਾ ਸੱਚੀ ਮਤਿ ਦੇ ਨਾਲ ਹੀ ਹੈ। ਜਦ ਤੱਕ ਅਸੀਂ ਆਪਣੇ ਅੰਦਰ ਦੀ ਮਤਿ ਨਾਲ ਜੁੜੇ ਹੋਏ ਹਾਂ, ਤ੍ਰੈ-ਗਣਾਂ ਵਾਲੀ ਮਤਿ ਦੇ ਨਾਲ ਜੁੜੇ ਹੋਏ ਹਾਂ ਤਦ ਤੱਕ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਝੂਠੀ ਮਤਿ ਦੇ ਨਾਲ ਜੁੜਨਾ ਸਾਡਾ ਝੂਠਾ ਮਜਨ ਹੈ ਤੇ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨਾ ਸਾਡਾ ਸੱਚਾ ਮਜਨ ਹੈ। ਝੂਠੀ ਮਤਿ ਦਾ ਜਾਂ ਸੱਚੀ ਮਤਿ ਦਾ ਅਸਰ ਸਾਡੀ ਕਰਣੀ ਤੇ ਪੈਂਦਾ ਹੈ। ਆਪਣੀ ਝੂਠੀ ਮਤਿ ਨਾਲ ਜੁੜਕੇ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ, ਤ੍ਰਿਸ਼ਨਾ ਵਿੱਚ ਰਹਿੰਦੇ ਹਾਂ ਜਿਸ ਕਰਕੇ ਅਸੀਂ ਔਗੁਣਾਂ ਨਾਲ ਜੁੜਦੇ ਹਾਂ ਤੇ ਸਾਡੀ ਕਰਣੀ ਮਾੜੀ ਬਣਦੀ ਹੈ ਤੇ ਇਹੀ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਣ ਹੈ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ, ਗੁਰਮਤਿ ਦੇ ਨਾਲ ਝਗੜੇ ਦਾ ਕਾਰਣ ਹੈ। (**ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥**)

29/3227

{ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥
ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥}

(ਅੰਗ ੨੨੨)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਹਉਮੈ ਵਿੱਚ ਤੇ ਮਨਮਤਿ ਵਿੱਚ ਕੀ ਫਰਕ ਹੈ ਭਾਵ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਸਾਡੇ ਅੰਦਰ ਸੱਚ ਦੀ ਸੋਝੀ ਦਾ ਨਾ ਹੋਣਾ ਹੈ, ਨਾਮ ਦਾ ਨਾ ਹੋਣਾ ਹੈ। ਹਉਮੈ, ਮਨਮਤਿ ਸਾਡੇ ਅੰਦਰ ਦਾ ਦੂਜਾ ਭਾਵ ਹੈ ਜਿਸ ਰਾਹੀਂ ਸਾਨੂੰ ਮਾਇਆ ਪਿਆਰੀ ਲੱਗਦੀ ਹੈ ਤੇ ਸਾਡਾ ਸੱਚ ਤੇ ਪਿਆਰ ਨਹੀਂ ਟਿਕਦਾ, ਗੁਰੂ ਦੀ ਮਤਿ ਦੇ ਨਾਲ, ਨਾਮ ਦੀ ਮਤਿ ਦੇ ਨਾਲ ਪਿਆਰ ਨਹੀਂ ਜੁੜਦਾ ਤੇ ਪ੍ਰਮਾਤਮਾ ਨੇ ਸਭ ਨੂੰ ਮਨ ਦੀ ਇਹੋ ਜਿਹੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ, ਭਰਮ ਵਾਲੀ ਅਵੱਸਥਾ ਵਿੱਚ, ਦੁਚਿੱਤੀ ਵਿੱਚ, ਸਹਿਸਾ ਵਿੱਚ ਰੱਖਿਆ ਹੋਇਆ ਹੈ ਜਿਸ ਦੇ ਰਹਿੰਦਿਆਂ ਅਸੀਂ ਨਾਮ ਦੀ ਸੱਚੀ ਮਤਿ ਨੂੰ ਸਮਝਣ ਤੋਂ ਤੇ ਨਾਮ ਜਪਣ ਤੋਂ ਦੂਰ ਰਹਿੰਦੇ ਹਾਂ।

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਹਉਮੈ ਵਿੱਚ ਤੇ ਨਾਮ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਜਦ ਤੱਕ ਅਸੀਂ ਆਪਣੀ ਝੂਠੀ ਮਤਿ ਦੇ ਨਾਲ ਜੁੜੇ ਹੋਏ ਹਾਂ ਭਾਵ ਜਦ ਤੱਕ ਸਾਡਾ ਮਜਨ ਝੂਠਾ ਹੈ ਉਹ ਸਾਨੂੰ ਝੂਠੇ ਬਣਾਉਂਦਾ ਹੈ ਤੇ ਇਸ ਝੂਠ ਦੇ ਨਾਲ ਜੁੜਨ ਵਾਲਾ ਮਨੁੱਖ "ਅਹੰਕਰਣੁ" ਵਿੱਚ ਹੈ ਭਾਵ "ਹਉਮੈ" ਵਿੱਚ ਹੈ, "ਮੈਂ" ਵਿੱਚ ਹੈ। ਜਦ ਤੱਕ ਅਸੀਂ ਇਹੋ-ਜਿਹੀ ਮਤਿ ਵਿੱਚ ਹਾਂ ਭਾਵ ਜਦ ਤੱਕ ਅਸੀਂ ਇਸ ਮਤਿ ਨੂੰ ਨਹੀਂ ਛੱਡਦੇ ਭਾਵ ਆਪਣੀ ਕਰਣੀ ਚੰਗੀ ਨਹੀਂ ਬਣਾਉਂਦੇ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਚੰਗੇ ਨਹੀਂ ਲੱਗਦੇ ਭਾਵ ਜੋ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਦਿਖਾਉਂਦਾ ਹੈ ਉਹ ਮਨੁੱਖ ਪ੍ਰਮਾਤਮਾ ਨੂੰ ਨਹੀਂ ਭਾਉਂਦਾ ਤੇ ਇਸੇ ਲਈ ਉਹ ਸਾਨੂੰ ਸਜਾਵਾਂ ਵਿੱਚ ਪਾਉਂਦਾ ਹੈ। (**ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥**)

ਜਿੱਥੇ ਮਨਮਤਿ ਹੈ, ਝੂਠੀ ਮਤਿ ਹੈ, ਹਉਮੈ ਹੈ, ਮੈਂ ਹੈ ਉੱਥੇ ਨਾਮ ਨਹੀਂ ਹੈ ਭਾਵ ਉਸ ਮਨੁੱਖ ਦੀ ਮਤਿ ਨਾਮ ਵਾਲੀ ਨਹੀਂ ਹੈ, ਗੁਰਮਤਿ ਦੇ ਗਿਆਨ ਵਾਲੀ ਨਹੀਂ ਹੈ, ਗੁਰੂ ਦੇ ਸੱਚੇ ਗਿਆਨ ਵਾਲੀ ਨਹੀਂ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥

ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥”

ਸੱਚੀ ਮਤਿ ਕੇਵਲ ਗੁਰੂ ਦੀ ਹੈ ਤੇ ਜਿੱਥੇ ਗੁਰੂ ਦੀ ਮਤਿ ਨਹੀਂ ਹੈ ਉਹ ਮਤਿ “ਹੋਰ” ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਕਾਫੀ ਪਿੱਛੇ ਵੀ ਸਮਝਿਆ ਹੈ। ਜਦੋਂ ਸਾਡੇ ਅੰਦਰ ਨਾਮ ਦੀ ਮਤਿ ਹੈ ਭਾਵ ਗੁਰੂ ਦੀ ਸੱਚੀ ਮਤਿ ਹੈ ਤਾਂ ਫਿਰ ਅਸੀਂ ਸੱਚੀ ਕਮਾਈ ਕਰਦੇ ਹਾਂ ਭਾਵ ਸੱਚੇ ਸੁੱਚੇ ਕਰਮ ਕਰਦੇ ਹਾਂ ਤੇ ਜਦੋਂ ਸਾਡੇ ਅੰਦਰ ਗੁਰਮਤਿ ਨਹੀਂ ਹੈ ਭਾਵ ਮਨਮਤਿ ਹੈ ਅਸੀਂ ਫਿਰ ਮਾੜੀ ਕਾਰ ਕਮਾਉਂਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਜਿਸ ਦਾ ਸੁਆਦ ਪ੍ਰਮਾਤਮਾ ਨੂੰ ਨਹੀਂ ਭਾਉਂਦਾ ਭਾਵ ਉਸਨੂੰ ਸਾਡੇ ਇਹੋ ਜਿਹੇ ਮਾੜੇ ਕਰਮ ਨਹੀਂ ਭਾਉਂਦੇ ਭਾਵ ਫਿੱਕੇ ਲੱਗਦੇ ਹਨ ਜਿਸ ਕਰਕੇ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਪੈਂਦਾ ਹੈ। (**ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥**)

ਜਦੋਂ ਅਸੀਂ ਗੁਰੂ ਦੇ ਕੋਲੋਂ ਗਿਆਨ ਲੈਂਦੇ ਹਾਂ ਉਹ ਗਿਆਨ ਅਸੀਂ ਸੰਤ ਸਭਾ ਤੋਂ ਲੈਂਦੇ ਹਾਂ। ਪੂਰੀ ਗੁਰਬਾਣੀ ਗੁਰੂ ਦੀ ਸਭਾ ਹੈ, ਸੰਤ ਸਭਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਸਾਡੇ ਅੰਦਰ ਮਨਮਤਿ ਵਾਲੇ ਵਿਚਾਰ, ਸਾਡੇ ਮਾੜੇ ਵਿਚਾਰ, ਮਾਇਆ ਮੋਹ

29/3228

ਵਾਲੇ ਵਿਚਾਰ ਜੋ ਸਾਨੂੰ ਮਾੜੇ ਪਾਸੇ ਤੋਰਦੇ ਹਨ, ਮਾੜੇ ਕਰਮਾਂ ਵੱਲ ਤੋਰਦੇ ਹਨ ਉਹ ਸਾਡੇ ਅੰਦਰ ਦੀ ਦੁਸ਼ਟੀ ਸਭਾ ਹੈ ਜਿਸ ਦੇ ਅੰਦਰ ਦੁਸ਼ਟਾਂ ਦਾ ਵਾਸਾ ਹੈ ਭਾਵ ਔਗੁਣਾਂ ਦਾ ਵਾਸਾ ਹੈ। ਆਪਣੀ ਦੁਸ਼ਟੀ ਸਭਾ ਵਿੱਚੋਂ ਵਿਚਾਰ ਲੈ ਕੇ ਭਾਵ ਇਹ ਝੂਠਾ ਮਜਨ ਕਰਕੇ ਅਸੀਂ ਗੁਰਮਤਿ ਦੇ ਉਲਟ ਚੱਲਦੇ ਹਾਂ, ਸੰਤ ਸਭਾ ਦੇ, ਨਾਮ ਦੀ ਸਭਾ ਦੇ ਉਲਟ ਚੱਲਦੇ ਹਾਂ ਤੇ ਮਾਇਆ ਦੇ ਝੂਠੇ ਸੁੱਖਾਂ ਦਾ ਜਹਿਰ ਆਪਣੇ ਅੰਦਰ ਪਾਉਂਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਜੀਵਨ ਨੂੰ ਵਿਅਰਥ ਗਵਾਉਂਦੇ ਹਾਂ ਤੇ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਦਿਖਾਉਂਦੇ ਹਾਂ। ਜਦ ਤੱਕ ਅਸੀਂ ਹਉਮੈ ਵਿੱਚ ਹਾਂ ਭਾਵ ਮਨਮਤਿ ਵਿੱਚ ਹਾਂ ਤਦ ਤੱਕ ਸਾਡਾ ਨਾਮ ਦੇ ਨਾਲ ਝਗੜਾ, ਪ੍ਰਮਾਤਮਾ ਦੇ ਨਾਲ ਝਗੜਾ ਕਦੇ ਵੀ ਨਹੀਂ ਨਿਬੜ ਸਕਦਾ। ਇਸ ਝਗੜੇ ਵਿੱਚੋਂ ਨਿਕਲਣ ਦਾ ਭਾਵ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਨਿਬੇੜਨ ਦਾ ਇੱਕੋ ਇੱਕ ਤਰੀਕਾ ਹਉਮੈ ਛੱਡਣ ਦਾ ਹੈ, ਆਪਣੀ ਮਤਿ ਛੱਡਣ ਦਾ ਹੈ ਭਾਵ ਗੁਰੂ ਦੀ ਮਤਿ ਨੂੰ ਅਪਣਾਉਣ ਦਾ ਹੈ, ਸੱਚ ਨੂੰ ਅਪਣਾਉਣ ਦਾ ਹੈ, ਨਾਮ ਨੂੰ ਮੰਨਣ ਦਾ ਹੈ ਭਾਵ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੈ, ਉਹਨਾਂ ਦੀ ਸਿੱਖਿਆ ਵਿੱਚੋਂ ਨਿਕਲਣ ਦਾ ਹੈ ਜਿੰਨ੍ਹਾਂ ਕੋਲੋਂ ਸਿੱਖਿਆ ਲੈ ਕੇ ਅਸੀਂ ਉਹੋ ਜਿਹੇ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਜਿੰਨ੍ਹਾਂ ਦੁਆਰਾ ਸਾਡਾ ਇਹ ਝਗੜਾ ਕਦੇ ਨਹੀਂ ਨਿਬੜ ਸਕਦਾ ਤੇ ਅਸੀਂ ਅਣਗਉਣ ਤੋਂ ਮੁਕਤਿ ਨਹੀਂ ਹੋ ਸਕਦੇ, ਪ੍ਰਮਾਤਮਾ ਦੀਆਂ ਸਜਾਵਾਂ ਤੋਂ ਮੁਕਤਿ ਨਹੀਂ ਹੋ ਸਕਦੇ। ਜਿੰਨ੍ਹਾਂ ਦਾ ਆਪਣਾ ਝਗੜਾ ਨਹੀਂ ਨਿਬੜਿਆ ਭਾਵ ਜਿੰਨ੍ਹਾਂ ਨੂੰ ਆਪਣੇ ਅੰਦਰੋਂ ਉਸ ਨਿਰਗੁਣ ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ, ਨਾਮ ਰੂਪ ਪ੍ਰਮਾਤਮਾ ਦੇ, ਗਿਆਨ ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ ਉਹਨਾਂ ਪਿੱਛੇ ਲੱਗਕੇ ਅਸੀਂ ਆਪਣਾ ਝਗੜਾ ਨਿਬੇੜਨ ਵਿੱਚ ਲੱਗੇ ਹੋਏ ਹਾਂ। ਇਹ ਝਗੜਾ ਹਉਮੈ ਖਤਮ ਹੋਣ ਨਾਲ ਨਿਬੜਨਾ ਹੈ। ਪਰ ਜਿਹੋ ਜਿਹੀ ਭਗਤੀ ਵਿੱਚ ਹਰ ਕੋਈ ਲੱਗਿਆ ਹੋਇਆ ਹੈ ਉਸ ਦੁਆਰਾ ਉਹ ਉਲਟਾ ਹਉਮੈ ਵਧਾਉਣ ਵਿੱਚ ਲੱਗੇ ਹੋਏ ਹਨ, ਨਾਮ ਦੇ ਨਾਲ ਝਗੜਾ ਵਧਾਉਣ ਵਿੱਚ ਲੱਗੇ ਹੋਏ ਹਨ, ਝੂਠੀ ਮਤਿ ਵਿੱਚ ਰਹਿੰਦੇ ਹੋਏ ਸੱਚ ਨਾਲ ਆਪਣਾ ਝਗੜਾ ਵਧਾਉਣ ਵਿੱਚ ਲੱਗੇ ਹੋਏ ਹਨ। (**ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥ ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥3॥**)

ਸਾਡੀ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਣ ਸਾਡੀ ਮਨਮਤਿ ਹੈ, ਝੂਠੀ ਮਤਿ ਹੈ, ਹਉਮੈ ਹੈ ਜਿਸ ਦੁਆਰਾ ਅਸੀਂ ਭਰਮ ਵਿੱਚ ਰਹਿੰਦੇ ਹਾਂ ਭਾਵ ਗੁਰਮਤਿ ਨੂੰ ਸਮਝਣ ਤੇ ਅਪਣਾਉਣ ਤੋਂ ਦੂਰ ਰਹਿੰਦੇ ਹਾਂ

29/3229

ਤੇ ਗੁਰੂ ਪ੍ਰਮਾਤਮਾ ਦੀ ਸੇਵਾ ਤੋਂ, ਭਗਤੀ ਤੋਂ, ਨਾਮ ਜਪਣ ਤੋਂ ਦੂਰ ਰਹਿੰਦੇ ਹਾਂ ਤੇ ਪ੍ਰਮਾਤਮਾ ਨੂੰ ਪਾਉਣ ਤੋਂ ਦੂਰ ਰਹਿੰਦੇ ਹਾਂ। ਅਸੀਂ ਆਪਣੇ ਆਪ ਨੂੰ ਮਨ ਦੇ ਭਰਮ ਤੋਂ ਹੀ ਦੂਰ ਕਰਨਾ ਹੈ ਭਾਵ ਆਪਣੀ ਹਉਮੈ ਤੋਂ ਹੀ ਮੁਕਤਿ ਹੋਣਾ ਹੈ ਜੋ ਕਿ ਗੁਰੂ ਦੀ ਮਤਿ ਨੂੰ ਅਪਣਾਕੇ ਹੀ ਹੋਇਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥

ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥”

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਅਸੀਂ ਮੁਕਤੀ ਕਿਸ ਗੱਲ ਤੋਂ ਪਾਉਣੀ ਹੈ ਤੇ ਸਾਨੂੰ ਮੁਕਤਿ ਕਿਸ ਨੇ ਕਰਨਾ ਹੈ। ਇਹ ਗੱਲ ਤਾਂ ਹਰ ਕੋਈ ਕਹਿ ਦਿੰਦਾ ਹੈ ਕਿ ਸਾਨੂੰ ਗੁਰੂ ਨੇ ਹੀ ਮੁਕਤਿ ਕਰਨਾ ਹੈ ਪਰ ਗੁਰੂ ਸਾਨੂੰ ਕਿਸ ਰੂਪ ਵਿੱਚ ਮੁਕਤਿ ਕਰਦਾ ਹੈ ਤੇ ਅਸੀਂ ਮੁਕਤੀ ਪਾਉਣੀ ਕਿਸ ਚੀਜ਼ ਤੋਂ ਹੈ ਇਸ ਨੂੰ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮੁਕਤਿ ਹੋਣ ਦੁਆਰਾ ਹੀ ਹੁੰਦਾ ਹੈ ਤੇ ਤਾਂ ਹੀ ਅਸੀਂ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਹੁੰਦੇ ਹਾਂ। ਜਦ ਤੱਕ ਅਸੀਂ ਭਰਮ ਵਾਲੀ ਮਤਿ ਦੇ ਵਿੱਚ ਹਾਂ, ਦੁਬਿਧਾ ਵਿੱਚ ਹਾਂ, ਹਉਮੈ ਵਿੱਚ ਹਾਂ ਤਦ ਤੱਕ ਸਾਡਾ ਮੋਹ ਮਾਇਆ ਦੇ ਨਾਲ ਹੀ ਰਹਿੰਦਾ ਹੈ। ਮਾਇਆ ਮੋਹ ਉਹ ਹੈ ਜਿਸ ਵਿੱਚ ਗੁਰਮਤਿ ਨਹੀਂ ਹੈ ਭਾਵ ਜੋ ਗੱਲ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਉਹ ਮਾਇਆ ਮੋਹ ਹੈ, ਹਉਮੈ ਹੈ। ਭਰਮ ਵਿੱਚੋਂ ਨਿਕਲਣ ਦਾ ਸਾਧਨ, ਮਨਮਤਿ ਵਿੱਚੋਂ, ਹਉਮੈ ਵਿੱਚੋਂ ਨਿਕਲਣ ਦਾ ਸਾਧਨ ਇੱਕੋ ਇੱਕ ਗੁਰੂ ਦੀ ਮਤਿ ਹੈ ਜਿਸ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੀ ਸੇਵਾ ਵਿੱਚ ਲੱਗ ਸਕਦੇ ਹਾਂ ਭਾਵ ਮਾਇਆ ਮੋਹ ਤੋਂ ਰਹਿਤ ਹੋ ਕੇ ਸੇਵਾ ਕਰ ਸਕਦੇ ਹਾਂ, ਭਗਤੀ ਕਰ ਸਕਦੇ ਹਾਂ, ਨਾਮ ਜਪ ਸਕਦੇ ਹਾਂ। ਭਰਮ ਤੋਂ ਮੁਕਤਿ ਹੋਣ ਨਾਲ ਹੀ ਅਸੀਂ ਮਾਇਆ ਮੋਹ ਤੋਂ ਮੁਕਤਿ ਹੁੰਦੇ ਹਾਂ, ਔਗੁਣਾਂ ਤੋਂ, ਆਪਣੇ ਮਾੜੇ ਵਿਚਾਰਾਂ ਤੋਂ ਮੁਕਤਿ ਹੁੰਦੇ ਹਾਂ ਜਿਸ ਦੁਆਰਾ ਗੁਰੂ ਦੀ ਸੇਵਾ ਹੁੰਦੀ ਹੈ ਤੇ ਸਦੀਵੀਂ “ਸੁਖੁ” ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਹ ਮੁਕਤੀ ਸਾਡੀ ਮਨ ਦੇ ਵਿੱਚ ਹੀ ਹੁੰਦੀ ਹੈ ਭਾਵ ਮਨ ਦੇ ਵਿਚਾਰਾਂ ਦੇ ਰਾਹੀਂ ਹੀ ਹੁੰਦੀ ਹੈ, ਮਨ ਦੇ ਵਿੱਚ ਸੱਚਾ ਗਿਆਨ ਵੱਸਣ ਦੁਆਰਾ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕਰਦਾ ਹੈ, ਆਪਣੇ ਸੱਚੇ ਗਿਆਨ ਨਾਲ ਜੋੜਕੇ ਕਰਦਾ ਹੈ ਤੇ ਤਾਂ ਹੀ ਮਨੁੱਖ ਸੰਸਾਰ ਦੇ ਆਵਾਗਉਣ

ਤੋਂ ਮੁਕਤਿ ਹੁੰਦਾ ਹੈ। ਸਾਡਾ ਉੱਦਮ ਕੇਵਲ ਇਹੀ ਹੈ ਕਿ ਅਸੀਂ ਗੁਰੂ ਦੀ, ਸ਼ਬਦ ਦੀ ਮਤਿ ਦੇ ਨਾਲ ਜੁੜੀਏ, ਸ਼ਬਦ ਦੀ ਵਿਚਾਰ ਦੇ ਨਾਲ ਜੁੜੀਏ ਜੋ ਮਤਿ ਭਰਮ ਤੋਂ ਰਹਿਤ ਹੈ ਤੇ ਪ੍ਰਮਾਤਮਾ ਦੀ ਸੇਵਾ ਇਹੋ ਜਿਹੀ ਮਤਿ ਦੁਆਰਾ ਹੀ ਹੁੰਦੀ ਹੈ, ਸੱਚੀ ਮਤਿ ਦੁਆਰਾ ਹੀ ਹੁੰਦੀ ਹੈ। (**ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥4॥**)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ ੨੨੩)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥

ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥}

(ਅੰਗ ੧੨੭੯)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥}

(ਅੰਗ ੨੩੦)

ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜਿਸ ਨੂੰ ਵੀ ਪ੍ਰਮਾਤਮਾ ਮੁਕਤਿ ਕਰਦਾ ਹੈ ਉਸ ਨੂੰ ਮਨ ਦੇ ਵਿੱਚ ਹੀ ਮੁਕਤਿ ਕਰਦਾ ਹੈ, ਮਨ ਦੇ ਧਿਆਨ ਰਾਹੀਂ, ਮਨ ਦੇ ਵਿਚਾਰਾਂ ਰਾਹੀਂ ਮੁਕਤਿ ਕਰਦਾ ਹੈ, ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਮੁਕਤਿ ਕਰਦਾ ਹੈ। ਮੁਕਤਿ ਅਸੀਂ ਆਪਣੀ ਹਉਮੈ ਤੋਂ ਹੀ ਹੋਣਾ ਹੈ, ਅਗਿਆਨਤਾ ਤੋਂ ਹੀ ਹੋਣਾ ਹੈ ਤੇ ਮੁਕਤਿ ਸਾਨੂੰ ਸੱਚੇ ਗਿਆਨ ਨੇ ਕਰਨਾ ਹੈ, ਨਾਮ ਨੇ ਕਰਨਾ ਹੈ ਤੇ ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਭਾਵ ਮਨੁੱਖ ਦਾ ਇਹ ਭਰਮ ਨਿਕਲਦਾ ਹੈ ਕਿ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਤੇ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਇਹੀ ਹਉਮੈ ਤੋਂ ਮੁਕਤਿ ਹੋਣਾ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਤੋਂ ਮੁਕਤਿ ਹੁੰਦਾ ਹੈ, ਭਰਮ ਤੋਂ ਮੁਕਤਿ ਹੁੰਦਾ ਹੈ ਤੇ ਸੰਸਾਰ ਦੇ ਆਣਾਗਉਣ ਤੋਂ ਮੁਕਤਿ ਹੁੰਦਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ।

29/3231

“ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥”

(ਅੰਗ ੫੯੩)

“ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥”

(ਅੰਗ ੧੦੬੯)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥}

(ਅੰਗ ੩੫੪)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

{ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥}

(ਅੰਗ ੫੭)

“ਗਿਆਨ ਰਤਨੁ” ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਵਾਰ ਸਮਝਿਆ ਹੈ। ਜਦੋਂ ਵੀ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਇਸ ਰੂਪ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਆਪਣੇ ਹੋਣ ਦੀ ਸੋਝੀ ਪਾਉਂਦਾ ਹੈ ਕਿ ਇਹ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿੱਥੋਂ ਮਨੁੱਖ ਨੂੰ ਵਿਚਾਰ ਮਿਲਦੇ ਹਨ, ਗਿਆਨ ਰੂਪ ਸੋਝੀ ਪੈਂਦੀ ਹੈ ਤੇ ਮਨ ਦੇ ਵਿੱਚੋਂ ਇਸ ਗੱਲ ਨੂੰ ਜਾਨਣ ਤੋਂ ਬਾਅਦ ਹੀ ਮਨੁੱਖ

ਦਾ ਇਹ ਭੁਲੇਖਾ ਨਿਕਲਦਾ ਹੈ, ਭਰਮ ਨਿਕਲਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਨਹੀਂ ਹਾਂ ਬਲਕਿ ਆਪ ਪ੍ਰਮਾਤਮਾ ਹੈ ਜਿਸ ਦੁਆਰਾ ਮਨੁੱਖ ਭਰਮ ਤੋਂ, ਹਉਮੈ ਤੋਂ ਮੁਕਤਿ ਹੁੰਦਾ ਹੈ। ਇਹ ਹਉਮੈ ਹੀ ਸਾਡਾ ਬੰਧਨ ਹੈ ਜਿਸ ਤੋਂ ਪ੍ਰਮਾਤਮਾ ਆਪ ਹੀ ਸਾਨੂੰ ਮੁਕਤਿ ਕਰਦਾ ਹੈ, ਆਪਣਾ ਨਾਮ ਬਖਸ਼ ਕੇ ਮੁਕਤਿ

29/3232

ਕਰਦਾ ਹੈ, ਬ੍ਰਹਮ ਗਿਆਨ ਬਖਸ਼ ਕੇ ਅਗਿਆਨਤਾ ਤੋਂ ਮੁਕਤਿ ਕਰਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਰੂਪ ਇਹ "ਗਿਆਨ ਰਤਨੁ" ਰੂਪ ਹੀ ਹੈ, ਉਸਦਾ ਸ਼ਬਦ ਰੂਪ ਹੀ ਹੈ, ਨਾਮ ਰੂਪ ਹੀ ਹੈ, ਬ੍ਰਹਮ ਗਿਆਨ ਰੂਪ ਹੀ ਹੈ ਜੋ ਉਸਦੀ ਸੱਚੀ ਮਤਿ ਦੇ ਰੂਪ ਵਿੱਚ ਹੈ ਜਿਸਦਾ ਮਕਸਦ ਸਾਨੂੰ ਭਰਮ ਤੋਂ, ਮੈਂ ਤੋਂ, ਹਉਮੈ ਤੋਂ, ਮੁਕਤ ਕਰਨ ਦਾ ਹੀ ਹੈ। ਜਿਹੜੀ ਜਿਹੜੀ ਗੱਲ ਅਸੀਂ ਗੁਰ ਦੀ ਮੰਨਦੇ ਜਾਂਦੇ ਹਾਂ ਉਤਨਾ ਉਤਨਾ ਅਸੀਂ ਭਰਮ ਵਿੱਚੋਂ ਨਿਕਲਦੇ ਜਾਂਦੇ ਹਾਂ ਭਾਵ ਬੰਧਨ ਦੇ ਵਿੱਚੋਂ ਨਿਕਲਦੇ ਜਾਂਦੇ ਹਾਂ। ਅਸੀਂ ਇਸ ਬੰਧਨ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਜੋ ਕਿ ਸਾਡਾ ਫਰਜ ਹੈ ਤੇ ਕਿਸੇ ਨੂੰ ਬੰਧਨ ਤੋਂ ਪੂਰੀ ਤਰ੍ਹਾਂ ਮੁਕਤਿ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਕਰਦਾ ਹੈ, ਆਪਣਾ ਸੱਚਾ ਗਿਆਨ ਬਖਸ਼ਕੇ, ਆਪਣਾ ਨਾਮ ਬਖਸ਼ਕੇ ਕਰਦਾ ਹੈ।

(ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥)

(ਅੰਗ ੫੯੩)

(ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥)

(ਅੰਗ ੧੦੬੯)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

ਮੁਕਤੀ ਸਾਨੂੰ ਸਹਜ ਦੀ ਅਵੱਸਥਾ ਦੁਆਰਾ ਹੀ ਮਿਲਦੀ ਹੈ ਭਾਵ ਚਉਥੇ ਪਦ ਦੁਆਰਾ ਮਿਲਦੀ ਹੈ ਜੋ ਸਾਨੂੰ ਭਰਮ ਵਿੱਚੋਂ, ਤ੍ਰੈ ਗੁਣਾਂ ਵਿੱਚੋਂ ਮੁਕਤਿ ਕਰਦਾ ਹੈ। ਨਾਮ ਦੀ ਪ੍ਰਾਪਤੀ ਸਾਨੂੰ ਸਹਜ ਦੀ ਅਵੱਸਥਾ ਦੁਆਰਾ ਹੀ ਹੁੰਦੀ ਹੈ ਭਾਵ ਚਉਥੈ ਪਦ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਨਾਮ ਸਾਨੂੰ ਹਉਮੈ ਤੋਂ ਮੁਕਤਿ ਕਰਦਾ ਹੈ। ਚਉਥਾ ਪਦ ਗੁਰਮਤਿ ਦਾ ਪਦ ਹੈ ਸਾਨੂੰ ਮਨਮਤਿ ਤੋਂ ਮੁਕਤਿ ਕਰਦਾ ਹੈ।

ਨਾਮ ਦਾ ਮਕਸਦ, ਗਿਆਨ ਰਤਨ ਦਾ ਮਕਸਦ ਆਪਣੇ ਮਨ ਦੀ ਮੈਲ ਨੂੰ ਮਾਂਜਣ ਦਾ ਹੈ ਭਾਵ ਹਉਮੈ ਦੀ, ਅਗਿਆਨਤਾ ਦੀ ਮੈਲ ਨੂੰ ਮਾਂਜਣ ਦਾ ਹੈ ਭਾਵ ਆਪਣੇ ਅੰਦਰੋਂ ਵਿਕਾਰਾਂ ਦੀ ਮੈਲ ਨੂੰ ਕੱਢਣ ਦਾ ਹੈ, ਔਗੁਣਾਂ ਦੀ ਮੈਲ ਨੂੰ ਕੱਢਣ ਦਾ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ ਜੋ ਸਾਡੇ ਮਨ ਦੇ ਬੰਧਨ ਦਾ ਮੂਲ ਹੈ। ਨਾਮੁ ਦੀ ਸਿਫ਼ਤ ਸਾਲਾਹ ਮਨ ਨੂੰ ਮਾਂਜਣ ਦੁਆਰਾ ਹੀ ਹੁੰਦੀ ਹੈ। (**ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥**)

ਜਦ ਤੱਕ ਸਾਡੇ ਅੰਦਰ ਭਰਮ ਹੈ, ਅਗਿਆਨਤਾ ਹੈ,

29/3233

ਹਉਮੈ ਹੈ ਤਦ ਤੱਕ ਹਰ ਕੋਈ ਜਾਗਦਾ ਹੋਇਆ ਵੀ ਸੁੱਤਾ ਹੋਇਆ ਹੈ ਭਾਵ ਅਸਲੀਅਤ ਵੱਲੋਂ ਸੁੱਤਾ ਹੋਇਆ ਹੈ। ਭਰਮ ਵਿੱਚੋਂ ਨਿਕਲੇ ਬਿਨ੍ਹਾਂ ਨਾ ਕੋਈ ਜਾਗ ਸਕਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ। ਗੁਰੂ ਦੇ ਗਿਆਨ ਦਾ

ਮਕਸਦ ਸਾਨੂੰ ਇਸ ਭਰਮ ਦੀ ਨੀਂਦ ਵਿੱਚੋਂ ਜਗਾਉਣ ਦਾ ਹੀ ਹੈ ਜੋ ਕਿ ਸਾਡੇ ਮਨ ਦਾ ਬੰਧਨ ਹੈ। ਬੰਧਨ ਤੋਂ ਮੁਕਤ ਸਾਨੂੰ ਗੁਰੂ ਨੇ ਹੀ ਕਰਨਾ ਹੈ ਤੇ ਉਹ ਮੁਕਤੀ ਸਾਨੂੰ ਤਾਂ ਹੀ ਮਿਲ ਸਕਦੀ ਹੈ ਜਦੋਂ ਅਸੀਂ ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਸਾਵਾਂਗੇ, ਗੁਰੂ ਦੇ ਨਾਮ ਨੂੰ ਆਪਣੇ ਅੰਦਰ ਵਸਾਵਾਂਗੇ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥}

(ਅੰਗ ੧੦੧੯)

ਉੱਪਰ ਸਾਨੂੰ ‘‘ਹਉ’’ ਦਾ ਬੰਧਨ ਸਾਡੇ ਅੰਦਰ ਕਿਸ ਕਰਕੇ ਹੈ ਭਾਵ ਹਉਮੈ ਦਾ ਬੰਧਨ ਕਿਸ ਕਰਕੇ ਹੈ ਇਹੀ ਗੱਲ ਸਮਝਾਈ ਹੋਈ ਹੈ। ਇਸ ਬੰਧਨ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ ਭਾਵ ਭਰਮ ਦਾ ਬੰਧਨ ਜਾ ਹਉਮੈ ਦਾ ਬੰਧਨ ਇੱਕੋ ਹੀ ਗੱਲ ਹੈ ਤੇ ਅਸੀਂ ਮੁਕਤੀ ਇਸ ਬੰਧਨ ਤੋਂ ਹੀ ਲੈਣੀ ਹੈ। ਇਹ ਮੁਕਤੀ ਸਾਨੂੰ ਗੁਰੂ ਦੇ ਕੋਲੋਂ ਹੀ ਮਿਲਦੀ ਹੈ ਜੋ ਸਾਨੂੰ ਭਰਮ ਦੀ ਨੀਂਦ ਵਿੱਚੋਂ ਜਗਾਉਂਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਜਗਾਉਂਦਾ ਹੈ। ਪੂਰੀ ਗੁਰਬਾਣੀ ਸਾਨੂੰ ਆਪਣੇ ਸੱਚੇ ਗਿਆਨ ਦੁਆਰਾ ਇਸ ਨੀਂਦ ਵਿੱਚੋਂ ਹੀ ਜਗਾ ਰਹੀ ਹੈ ਤਾਂ ਜੋ ਅਸੀਂ ਅਗਿਆਨਤਾ ਦੇ ਬੰਧਨ ਵਿੱਚੋਂ ਨਿਕਲੀਏ। ਅਗਿਆਨਤਾ ਵਿੱਚੋਂ ਸਾਨੂੰ ਸਾਧਸੰਗਿ ਨੇ ਕੱਢਣਾ ਹੈ ਭਾਵ ਗੁਰਮਤਿ ਦੀ ਸੰਗਤਿ ਨੇ ਕੱਢਣਾ ਹੈ, ਗੁਰੂ ਦੇ ਗੁਣਾਂ ਨੇ ਕੱਢਣਾ ਹੈ। ਜਿਤਨਾ ਅਸੀਂ ਗੁਰਮਤਿ ਦਾ ਸੰਗਿ ਕਰਦੇ ਜਾਵਾਂਗੇ ਉਤਨਾ ਅਸੀਂ ਭਰਮ ਵਿੱਚੋਂ ਨਿਕਲਦੇ ਜਾਵਾਂਗੇ, ਭਰਮ ਤੋਂ ਮੁਕਤਿ ਹੁੰਦੇ ਜਾਵਾਂਗੇ ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥}

(ਅੰਗ ੮੮੫)

29/3234

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥}

(ਅੰਗ ੧੦੦੨)

ਹੁਣ ਅਸੀਂ ਮੁੱਖ ਸ਼ਬਦ ਦੇ ਉਸ ਪਦੇ ਨੂੰ ਹੋਰ ਆਸਾਨੀ ਨਾਲ ਸਮਝ ਸਕਦੇ ਹਾਂ ਜਿਸ ਨੂੰ ਅਸੀਂ ਪਿੱਛੇ ਸਮਝਿਆ ਹੈ। (**ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥4॥**)

ਸਾਡੇ ਅੰਦਰ ਭਰਮ ਦਾ ਕਾਰਣ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਖੇਡ ਨੂੰ ਚਲਾ ਰਿਹਾ ਹੈ ਤੇ ਇਸ ਅਵੱਸਥਾ ਵਿੱਚੋਂ ਨਿਕਲਣ ਦਾ ਸਾਧਨ ਗੁਰੂ ਦਾ ਸੱਚਾ ਗਿਆਨ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥”

ਜਦ ਤੱਕ ਮਨੁੱਖ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹੈ ਉਹ ਮਾਇਆ ਮੋਹ ਵਿੱਚ ਹੀ ਹੈ, ਭਰਮ ਵਿੱਚ ਹੀ ਹੈ ਕਿਉਂਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਦਾ ਮਕਸਦ ਹੀ ਸਭ ਨੂੰ ਭਰਮ ਵਿੱਚ, ਮਾਇਆ ਮੋਹ ਵਿੱਚ, ਹਉਮੈ ਵਿੱਚ ਰੱਖਣ ਦਾ ਹੈ ਤੇ ਇਹੀ ਸਾਡੇ ਸਭ ਦੇ ਦੁੱਖਾਂ ਕਲੇਸ਼ਾਂ ਦਾ ਕਾਰਣ ਹੈ ਭਾਵ ਇਸ ਅਵੱਸਥਾ ਵਿੱਚੋਂ ਨਿਕਲਣਾ ਹੀ ਦੁੱਖਾਂ ਕਲੇਸ਼ਾਂ ਵਿੱਚੋਂ ਨਿਕਲਣਾ ਹੈ, ਆਵਾ ਗਉਣ ਵਿੱਚੋਂ ਨਿਕਲਣਾ ਹੈ, ਬੰਧਨ ਵਿੱਚੋਂ ਨਿਕਲਣਾ ਹੈ । (**ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥**) ਇਸ ਵਿੱਚੋਂ ਨਿਕਲਣ ਦਾ ਸਾਧਨ ਕੇਵਲ ਉਸ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਭਾਵ ਉਸਦੇ ਸ਼ਬਦ ਦਾ ਵਿਚਾਰੀ ਬਣਨਾ ਹੈ ਜੋ ਤ੍ਰੈ ਗੁਣਾਂ ਤੋਂ ਰਹਿਤ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਰੂਪ ਹੈ ਜੋ ਕਿ ਨਿਰਗੁਣ ਰੂਪ ਹੈ, ਆਵਾਗਉਣ ਤੋਂ ਰਹਿਤ ਹੈ । ਆਵਾਗਉਣ ਤੋਂ ਰਹਿਤ ਕੇਵਲ ਪ੍ਰਮਾਤਮਾ ਆਪ ਹੈ ਜੋ ਕਿ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ, ਬ੍ਰਹਮ ਗਿਆਨ ਦੇ ਰੂਪ

29/3235

ਵਿੱਚ, ਨਾਮ ਦੇ ਰੂਪ ਵਿੱਚ ਵਿਚਰਦਾ ਹੈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪਣੇ ਬ੍ਰਹਮ ਗਿਆਨ ਰਾਹੀਂ ਜੋ ਸਿੱਖਿਆ ਦਿੱਤੀ ਹੈ, ਸ਼ਬਦ ਦੀ ਵਿਚਾਰ ਦਿੱਤੀ ਹੈ ਅਸੀਂ ਉਸ ਦੀ ਵਿਚਾਰਧਾਰਾ ਨੂੰ ਹੀ ਮੰਨਣਾ ਹੈ ਭਾਵ ਉਸ ਤੇ ਅਮਲ ਕਰਨਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਸੇਵਾ ਹੁੰਦੀ ਹੈ। ਸ਼ਬਦ ਦੀ ਵਿਚਾਰ ਸਾਨੂੰ ਤ੍ਰਿਸ਼ਨਾ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ, ਹਉਮੈ ਵਿੱਚੋਂ, ਆਪਣੀ ਮਤਿ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ ਤਾਂ ਜੋ ਅਸੀਂ ਉਹੋ ਜਿਹੇ ਸੱਚੇ ਸੁੱਚੇ ਕਰਮ ਕਰ ਸਕੀਏ ਜਿਹੋ ਜਿਹੀ ਗੁਰੂ ਦੀ ਮਤਿ ਸਾਨੂੰ ਸਮਝਾਉਂਦੀ ਹੈ ਤੇ ਇਹੀ ਉਸ ਪ੍ਰਮਾਤਮਾ ਦੀ ਸੇਵਾ ਕਰਨਾ ਹੈ। (**ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥5॥**)

{ਸੇਵ ਕੀਤੀ ਸੰਤੋਖੀਏਂ ਜਿਨ੍ੀ ਸਚੋ ਸਚੁ ਧਿਆਇਆ ॥

ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥}

(ਅੰਗ ੪੬੬-੪੬੭)

ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਨਿਕਲਣਾ ਹੀ ਸਾਡੀ ਮੁਕਤੀ ਹੈ ਜਿਸ ਦੁਆਰਾ ਅਸੀਂ ਸੱਚ ਦੇ ਨਾਲ ਜੁੜਦੇ ਹਾਂ। ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੈ, ਗੁਰੂ ਦੇ ਗਿਆਨ ਦੇ ਰੂਪ ਵਿੱਚ ਹੈ ਤੇ ਇਹੀ ਗੁਰੂ ਦਾ ਮੰਤ੍ਰ ਹੈ ਜਿਸ ਨੂੰ ਅਸੀਂ ਜਪਕੇ ਤ੍ਰੈ ਗੁਣਾਂ ਵਿੱਚੋਂ ਨਿਕਲਣਾ ਹੈ ਭਾਵ ਮੁਕਤਿ ਹੋਣਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥

ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤ੍ਰੂਟੇ ਭ੍ਰਮ ਸੰਗਾ ॥੩॥”

(ਅੰਗ ੧੨੦੬)

29/3236

ਮੁਕਤੀ ਅਸੀਂ ਮਨ ਦੀ ਮਾੜੀ ਬਿਰਤੀ ਤੋਂ ਹੀ ਪਾਉਣੀ ਹੈ, ਮਨ ਦੀ ਮਾੜੀ ਸੋਝੀ ਤੋਂ ਹੀ ਪਾਉਣੀ ਹੈ ਜਿਸ ਦਾ ਕਾਰਣ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ, ਹਉਮੈ ਹੈ ਜੋ ਮੂਲ ਰੂਪ ਵਿੱਚ ਸਭ ਦੇ ਅੰਦਰ ਪੈ ਕੇ ਹੀ ਆਉਂਦੀ ਹੈ ਜਿਸਦੇ ਰਹਿੰਦਿਆ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਹੀ ਰਹਿੰਦੇ ਹਾਂ ਤੇ ਉਸ ਤੇ ਚੱਲਣ ਤੋਂ ਦੂਰ ਰਹਿੰਦੇ ਹਾਂ ਜਿਸ ਦੁਆਰਾ ਅਸੀਂ ਅਨੇਕਾਂ ਹੀ ਉਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਅੰਦਰ ਸੱਚ ਨਹੀਂ ਹੁੰਦਾ, ਨਾਮ ਨਹੀਂ ਹੁੰਦਾ ਭਾਵ ਗੁਰਮਤਿ ਨਹੀਂ ਹੁੰਦੀ ਭਾਵ ਅਸੀਂ ਭਰਮ ਵਿੱਚ ਹੀ ਰਹਿੰਦੇ ਹਾਂ। ਤ੍ਰੈ ਗੁਣਾਂ ਵਿੱਚੋਂ ਸਾਨੂੰ ਕੇਵਲ ਚੌਥੇ ਪਦ ਦਾ ਗਿਆਨ ਮੁਕਤਿ ਕਰ ਸਕਦਾ ਹੈ ਭਾਵ ਗੁਰੂ ਦਾ ਗਿਆਨ ਮੁਕਤਿ ਕਰ ਸਕਦਾ ਹੈ, ਗੁਰੂ ਦਾ ਮੰਤ੍ਰ ਮੁਕਤਿ ਕਰ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦਾ ਮੰਤ੍ਰ ਹੈ, ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਮੰਤ੍ਰ ਹੈ, “ਸਾਧਹ ਮੰਤ੍ਰ” ਹੈ ਜਿਸ ਰਾਹੀਂ ਗੁਰੂ ਨੇ ਆਪਣੀ ਸਿੱਖਿਆ ਸੁਣਾਈ ਹੈ, ਆਪਣਾ ਉਪਦੇਸ਼ ਸੁਣਾਇਆ ਹੈ। ਅਸੀਂ ਆਪਣੇ ਮਨ ਨੂੰ ਗੁਰੂ ਦੇ ਉਪਦੇਸ਼ ਅਨੁਸਾਰ ਮੋੜਨਾ ਹੈ ਭਾਵ ਬਦਲਣਾ ਹੈ ਭਾਵ ਆਪਣੀ ਮਤਿ ਨੂੰ ਛੱਡ ਕੇ, ਆਪਣੀ ਮਾੜੀ ਮਤਿ ਨੂੰ ਛੱਡ ਕੇ ਗੁਰੂ ਦੀ ਚੰਗੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ ਭਾਵ ਆਪਣੀ ਤ੍ਰੈ ਗੁਣਾਂ ਵਾਲੀ ਮਤਿ ਨੂੰ ਛੱਡ

ਕੇ ਚੌਥੇ ਪਦ ਵਾਲੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੈ ਜਿਸ ਦੁਆਰਾ ਸਾਡੀ ਗਤਿ ਹੋਣੀ ਹੈ ਭਾਵ ਬੰਧਨ ਤੋਂ ਮੁਕਤੀ ਹੋਣੀ ਹੈ। ਇਹ ਗਤਿ ਸਾਡੇ ਅੰਦਰ ਵਿਚਾਰਾਂ ਦੇ ਵਿੱਚ ਹੀ ਹੁੰਦੀ ਹੈ। (**ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥2॥**) ਇਹ ਗਤਿ ਸਾਡੇ ਮਨ ਦੇ ਅੰਦਰ ਹੀ ਹੁੰਦੀ ਹੈ ਜਿਸ ਦੁਆਰਾ ਸਾਨੂੰ ਤ੍ਰੈ ਗੁਣਾਂ ਵਾਲੀ ਅਵੱਸਥਾ ਤੋਂ ਮੁਕਤੀ ਮਿਲਦੀ ਹੈ॥ ਆਪਣੇ ਆਪ ਨੂੰ ਕੋਈ ਆਪ ਮੁਕਤਿ ਕਰ ਲਵੇ ਜਾਂ ਸਮਝ ਲਵੇ ਇਹ ਨਾਮੁਮਕਿਨ ਹੈ। ਇਸ ਮਨ ਨੂੰ ਜਾਣੇ ਬਿਨ੍ਹਾਂ ਕੋਈ ਮੁਕਤਿ ਨਹੀਂ ਹੋ ਸਕਦਾ ਤੇ ਨਾ ਹੀ ਕਿਸੇ ਨੂੰ ਕੁੱਝ ਸਮਝ ਲੱਗ ਸਕਦੀ ਹੈ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਕੀ ਹੈ, ਚੌਥਾ ਪਦ ਕੀ ਹੈ ਤੇ ਮੁਕਤੀ ਕੀ ਹੈ। ਉਹ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਤੇ ਉਸਦੇ ਦਰਸ਼ਨ ਮਨ ਦੇ ਵਿੱਚੋਂ ਹੀ ਹੁੰਦੇ ਹਨ, ਮਨ ਦੇ ਵਿੱਚ ਸੋਝੀ ਪੈਣ ਦੁਆਰਾ ਹੀ ਹੁੰਦੇ ਹਨ ਕਿ ਸਾਡੇ ਅੰਦਰ ਇਹ ਵਿਚਾਰ ਕਿੱਥੋਂ ਆਉਂਦੇ ਹਨ। ਆਪਣੇ ਦਰਸ਼ਨ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕਰਵਾਉਂਦਾ ਹੈ ਤੇ ਜੋ ਮਨ ਦੇ ਅੰਦਰੋਂ ਉਸਦੇ ਦਰਸ਼ਨ ਕਰ ਲੈਂਦਾ ਹੈ ਉਹੀ ਉਸਦਾ ਭਗਤ ਹੈ ਭਾਵ ਜਿਸ ਨੂੰ ਪ੍ਰਮਾਤਮਾ ਪਹਿਲਾਂ ਮੁਕਤਿ ਕਰਦਾ ਹੈ, ਭਰਮ ਦੇ ਬੰਧਨ ਤੋਂ ਮੁਕਤਿ ਕਰਦਾ ਹੈ ਤਾਂ ਹੀ ਉਸਦਾ ਭਗਤ ਬਣਿਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਸਨੇ ਆਪਣੇ ਦਰਸ਼ਨ ਦੇ ਕੇ ਆਪਣਾ ਭਗਤ ਬਣਾਇਆ ਹੈ ਤੇ ਉਹਨਾਂ ਨੂੰ ਹੀ ਇਹ ਸਮਝ ਲੱਗੀ ਹੈ ਕਿ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਸਾਨੂੰ ਅਗਿਆਨਤਾ ਵਿੱਚ ਰੱਖਣ ਵਾਲਾ, ਤ੍ਰੈ ਗੁਣਾਂ ਵਿੱਚ

29/3237

ਰੱਖਣ ਵਾਲਾ ਉਹ ਆਪ ਹੀ ਹੈ। ਇਸੇ ਲਈ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਗਿਆਨ ਦਾ ਮਾਲਕ ਹੈ। ਜਿਸਨੂੰ ਪ੍ਰਮਾਤਮਾ ਆਪਣੇ ਰੰਗ ਵਿੱਚ ਰੰਗਦਾ ਹੈ ਉਸ ਨੂੰ ਮਨ ਦੇ ਵਿੱਚ ਆਪਣੇ ਦਰਸ਼ਨ ਦੇਣ ਦੁਆਰਾ ਹੀ ਰੰਗਦਾ ਹੈ। ਜਿਸ ਦਾ ਪ੍ਰਮਾਤਮਾ ਭਰਮ ਦੇ ਨਾਲੋਂ ਸੰਗਿ ਤੋੜਦਾ ਹੈ ਉਸ ਨੂੰ ਹੀ ਫਿਰ ਆਪਣੀ ਭਗਤੀ ਦੀ ਸੱਚੀ ਸੋਝੀ ਪਾਉਂਦਾ ਹੈ ਤੇ ਉਹਨਾਂ ਨੂੰ ਲੋਭ ਵਿੱਚੋਂ, ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ ਕਿਉਂਕਿ ਉਸ ਦੀ ਭਗਤੀ ਸੱਚ ਤੋਂ ਚੱਲਣ ਦੁਆਰਾ ਹੀ ਹੁੰਦੀ ਹੈ, ਔਗੁਣ ਮੁਕਤਿ ਹੋਣ ਦੁਆਰਾ ਹੀ ਹੁੰਦੀ ਹੈ, ਮਾਇਆ ਮੋਹ ਤੋਂ, ਭਰਮ ਤੋਂ ਰਹਿਤ ਹੋਣ ਦੁਆਰਾ ਹੀ ਹੁੰਦੀ ਹੈ ਭਾਵ ਤ੍ਰੈ ਗੁਣਾਂ ਵਿੱਚੋਂ ਨਿਕਲਕੇ ਚੌਥੇ ਪਦ ਵਿੱਚ ਪਹੁੰਚ ਕੇ ਹੀ ਹੁੰਦੀ ਹੈ ਕਿਉਂਕਿ ਆਪਣੀ ਭਗਤੀ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਉਸ ਸੋਝੀ ਤੇ ਦ੍ਰਿੜ ਕਰਕੇ ਚਲਾਉਂਦਾ ਹੈ, ਆਪਣੇ ਨਾਮ ਦੀ ਸਿੱਖਿਆ ਆਪ ਦੇ ਕੇ ਆਪ ਹੀ ਆਪਣੀ ਸਿੱਖਿਆ ਤੇ ਦ੍ਰਿੜ ਕਰਕੇ ਚਲਾਉਂਦਾ ਹੈ ਕਿਉਂਕਿ ਮਨ ਦੇ ਵਿਚਾਰਾਂ ਦਾ ਮਾਲਕ ਉਹ ਆਪ ਹੈ ਪਰ ਇਸ ਦੀ ਸੋਝੀ ਉਸੇ ਨੂੰ ਹੀ ਪੈਂਦੀ ਹੈ ਜਿਸ ਨੂੰ ਉਹ ਆਪ ਪਾਉਂਦਾ ਹੈ। ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ। ਸਾਡੇ ਲਈ ਮੁਕਤਿ ਹੋਣ ਦਾ ਉਦਮ ਇਹੀ ਹੈ ਕਿ ਅਸੀਂ ਆਪਣੀ ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ, ਮਨਮਤਿ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲਣ ਦਾ ਉੱਦਮ ਕਰੀਏ ਭਾਵ ਗੁਰੂ ਦੀ ਮਤਿ ਨੂੰ ਮੰਨੀਏ ਤੇ ਮਾਇਆ ਮੋਹ ਵਿੱਚੋਂ ਨਿਕਲਣ ਦਾ ਉੱਦਮ ਕਰੀਏ। (**ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥2॥ ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥3॥**)

{ਘਰਿ ਰਹੁ ਰੇ ਮਨ ਮੁਗਧ ਇਆਨੇ ॥ ਰਾਮੁ ਜਪਹੁ ਅੰਤਰਗਤਿ ਧਿਆਨੇ ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥}

(ਅੰਗ ੧੦੩੦)

{ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥}

(ਅੰਗ ੧੦੧੯)

{ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਸਾਰਿਓ ॥
ਮਾਇਆ ਬੰਧ ਕਾਟੇ ਕਿਰਪਾ ਨਿਧਿ ਨਾਨਕ ਆਪਿ ਉਧਾਰਿਓ ॥੨॥੬॥}

(ਅੰਗ ੫੨੯)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥}

(ਅੰਗ ੮੦੪)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥ ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥}

(ਅੰਗ ੧੦੦੨)

29/3238

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥
ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ ੩੩)

ਸਾਡੇ ਅੰਦਰ ਇਹ ਭਰਮ ਰੂਪ ਦੀਵਾਰ ਹੀ ਹੈ ਜਿਸ ਕਾਰਣ ਸਾਡਾ ਪ੍ਰਮਾਤਮਾ ਦੇ ਨਾਲ ਪੜਦਾ ਹੈ। ਪੜਦੇ ਦੇ ਅੰਦਰ ਰਹਿੰਦਿਆਂ ਅਸੀਂ ਤ੍ਰੈ ਗੁਣਾਂ ਵਿੱਚ ਹਾਂ ਤੇ ਪੜਦਾ ਖੁੱਲਣ ਤੋਂ ਬਾਅਦ ਸਾਨੂੰ ਚਉਥੇ ਪਦ ਦੀ ਪ੍ਰਾਪਤੀ ਹੁੰਦੀ ਹੈ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। (**ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥4॥14॥**)

{ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

{ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥}

(ਅੰਗ ੧੦੪੧)

ਸਾਡੇ ਜੀਵਨ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਿਰਗੁਣ ਰੂਪ ਦੇ ਨਾਲ ਮੇਲ ਤਾਂ ਹੀ ਹੋ ਸਕਦਾ ਹੈ ਜਦੋਂ ਅਸੀਂ ਤ੍ਰੈ-ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਜਾਈਏ ਭਾਵ ਭਰਮ ਦੇ ਬੰਧਨ ਵਿੱਚੋਂ ਨਿਕਲ ਜਾਈਏ ਜਿਵੇਂ ਕਿ ਅਸੀਂ ਇਸ ਗੱਲ ਨੂੰ ਮੁੱਖ ਸ਼ਬਦ ਦੁਆਰਾ ਸਮਝਿਆ ਹੈ। ਸਾਡੇ ਜੀਵਨ ਦਾ ਮਾਰਗ ਆਪਣਾ ਆਪ ਮੁਕਾਉਣ ਦਾ ਹੈ ਭਾਵ ਆਪਣੀ ਹੋਂਦ ਮਿਟਾਉਣ ਦਾ ਹੈ, ਝੂਠੀ ਹੋਂਦ ਮਿਟਾਉਣ ਦਾ ਹੈ ਜਿਸ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ, ਹਉਮੈ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਇੱਕੋ ਇੱਕ ਸੱਚੀ ਹੋਂਦ ਪ੍ਰਮਾਤਮਾ ਦੀ ਹੈ ਤੇ ਉਹ ਆਪਣੀ ਹਰ ਸਰਗੁਣ ਰੂਪ ਹੋਂਦ ਨੂੰ ਬਣਾਕੇ ਆਪ ਹੀ ਉਸਨੂੰ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਮਨ ਦੇ ਵਿੱਚ ਇਹ ਸੋਝੀ ਪਏ ਬਿਨ੍ਹਾਂ ਭਾਵ ਇਹ ਭਰਮ ਨਿਕਲੇ ਬਿਨ੍ਹਾਂ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ

29/3239

ਰੂਪ ਵਿੱਚ ਵੀ ਉਹ ਆਪ ਹੀ ਹੈ ਤਦ ਤੱਕ ਕੋਈ ਮੁਕਤਿ ਨਹੀਂ ਹੈ ਤੇ ਭਰਮ ਵਿੱਚੋਂ ਨਿਕਲਣ ਦਾ ਸਾਧਨ ਕੇਵਲ ਗੁਰੂ ਦੀ ਮਤਿ ਨਾਲ ਜੁੜਕੇ ਆਪਣੇ ਹਰ ਭਰਮ ਵਿੱਚੋਂ ਨਿਕਲਣ ਦਾ ਹੈ ਕਿਉਂਕਿ ਮਨੁੱਖ ਤ੍ਰੈ ਗੁਣਾਂ ਦੀ ਅਵੱਸਥਾ ਦੁਆਰਾ ਅਨੇਕਾਂ ਹੀ ਅਨੇਕਾਂ ਭਰਮਾਂ ਦਾ ਭਰਿਆ ਰਹਿੰਦਾ ਹੈ। ਗੁਰੂ ਸਾਨੂੰ ਹਰ ਭਰਮ ਵਿੱਚੋਂ ਕੱਢ ਰਿਹਾ ਹੈ। ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਗੁਰੂ ਨਾਲੋਂ ਦੂਰੀ ਸਾਡੇ ਅੰਦਰ ਦੇ ਭਰਮ ਕਰਕੇ ਹੈ। ਜੋ ਗੱਲ ਅਸੀਂ ਗੁਰੂ ਦੀ ਕਬੂਲ ਨਹੀਂ ਕਰਦੇ ਉਸ ਗੱਲ ਦਾ ਭਰਮ ਸਾਡੇ ਅੰਦਰ ਵੱਸਿਆ

ਹੀ ਰਹਿੰਦਾ ਹੈ ਭਾਵ ਜਿਸ ਗੱਲ ਦੁਆਰਾ ਅਸੀਂ ਗੁਰੂ ਦੀ ਮਤਿ ਤੇ ਪੂਰੇ ਨਹੀਂ ਉਤਰਦੇ ਉਹ ਸਾਡੇ ਅੰਦਰ ਤੇ ਗੁਰੂ ਦੇ ਅੰਦਰ ਵਿਚਾਰਾਂ ਦਾ ਭੇਦ ਹੈ ਭਾਵ ਅਸੀਂ ਵਿਚਾਰਾਂ ਰਾਹੀਂ ਇੱਕ ਦੂਸਰੇ ਤੋਂ ਵੱਖਰੇ ਹਾਂ, ਦੂਰ ਹਾਂ। ਜਿਤਨੀ ਸਾਡੇ ਅੰਦਰ ਵਿਚਾਰਾਂ ਦੀ ਦੂਰੀ ਹੈ ਉਤਨਾ ਹੀ ਸਾਡੇ ਅੰਦਰ ਭਰਮ ਹੈ। ਜਿਤਨਾ ਕੋਈ ਗੁਰੂ ਦੇ ਵਿਚਾਰਾਂ ਦੇ ਨੇੜੇ ਹੈ ਉਤਨਾ ਹੀ ਉਹ ਗੁਰੂ ਦੇ ਨੇੜੇ ਹੈ ਭਾਵ ਉਤਨਾ ਉਹ ਭਰਮ ਵਿੱਚੋਂ ਨਿਕਲਿਆ ਹੋਇਆ ਹੈ ਤੇ ਜਿਤਨਾ ਕੋਈ ਗੁਰੂ ਦੇ ਵਿਚਾਰਾਂ ਤੋਂ ਦੂਰ ਹੈ ਉਤਨਾ ਹੀ ਉਹ ਗੁਰੂ ਤੋਂ ਦੂਰ ਹੈ ਭਾਵ ਉਸਦੇ ਅੰਦਰ ਉਤਨੀ ਹੀ ਹਉਮੈ ਜਿਆਦਾ ਹੈ। ਸਾਡੀ ਹਉਮੈ ਨੂੰ ਨਾਪਣ ਦਾ ਤਰੀਕਾ ਗੁਰੂ ਦੇ ਵਿਚਾਰਾਂ ਦੇ ਨਾਲ ਭਾਵ ਨਾਮ ਦੇ ਵਿਚਾਰਾਂ ਦੇ ਨਾਲ ਦੂਰੀ ਜਾਂ ਨੇੜਤਾ ਦਾ ਹੈ। ਜਿਤਨੀ ਜਿਸ ਦੇ ਅੰਦਰ ਹਉਮੈ ਜਿਆਦਾ ਹੈ ਭਾਵ ਮਨਮਤਿ ਜਿਆਦਾ ਹੈ ਉਤਨਾ ਹੀ ਉਹ ਗੁਰਮਤਿ ਤੋਂ ਦੂਰ ਹੈ ਭਾਵ ਉਸਦੇ ਅੰਦਰ ਗੁਰੂ ਪ੍ਰਮਾਤਮਾ ਦੇ ਵਿਚਾਰਾਂ ਨਾਲੋਂ ਦੂਰੀ ਹੈ। ਸਾਡੇ ਜੀਵਨ ਦਾ ਮਕਸਦ ਇਸ ਦੂਰੀ ਨੂੰ ਮਿਟਾਉਣ ਦਾ ਹੀ ਹੈ ਭਾਵ ਹਉਮੈ ਨੂੰ ਮਿਟਾਉਣ ਦਾ ਹੀ ਹੈ, ਭਰਮ ਨੂੰ ਮਿਟਾਉਣ ਦਾ ਹੀ ਹੈ ਆਪਣੀ ਮਤਿ ਨੂੰ ਗੁਰੂ ਦੀ ਮਤਿ ਦੇ ਨਾਲ ਇੱਕ ਕਰਨ ਦਾ ਹੀ ਹੈ ਤੇ ਇਹੀ ਇੱਕ ਮਨ ਇੱਕ ਚਿੱਤ ਹੋਣਾ ਹੈ ਜਦੋਂ ਨਾਮ ਦੀ ਤੇ ਹਉਮੈ ਦੀ ਦੂਰੀ ਮਿਟ ਜਾਂਦੀ ਹੈ ਭਾਵ ਜਦੋਂ ਹਉਮੈ ਖ਼ਤਮ ਹੋ ਕੇ ਨਾਮ ਦੇ ਵਿਚਾਰਾਂ ਵਿੱਚ ਸਮਾਅ ਜਾਂਦੀ ਹੈ। ਇਹੀ ਸ਼ਬਦ ਸੁਰਤਿ ਦਾ ਮੇਲ ਹੈ। ਸ਼ਬਦ ਦੇ ਵਿਚਾਰ ਗੁਰੂ ਦੇ ਵਿਚਾਰ ਹਨ, ਨਾਮ ਦੇ ਵਿਚਾਰ ਹਨ ਤੇ ਸੁਰਤਿ ਦੇ ਵਿਚਾਰ ਸਾਡੇ ਵਿਚਾਰ ਹਨ, ਸਾਡੀ ਮਤਿ ਦੇ ਵਿਚਾਰ ਹਨ, ਹਉਮੈ ਵਾਲੇ ਵਿਚਾਰ ਹਨ। ਜਦੋਂ ਸਾਡੀ ਸੁਰਤਿ ਦੇ ਵਿਚਾਰ ਆਪਣੀ ਮਤਿ ਛੱਡ ਕੇ ਸ਼ਬਦ ਦੇ ਵਿਚਾਰਾਂ ਨੂੰ ਅਪਣਾ ਲੈਂਦੇ ਹਨ ਭਾਵ ਜਦੋਂ ਸਾਡੇ ਅੰਦਰ ਸ਼ਬਦ ਦੇ ਵਿਚਾਰ ਰਹਿ ਜਾਂਦੇ ਹਨ ਇਹ ਸਾਡੇ ਹਉਮੈ ਦੇ ਵਿਚਾਰਾਂ ਦਾ ਖ਼ਤਮ ਹੋਣਾ ਹੈ, ਭਰਮ ਵਾਲੇ ਵਿਚਾਰਾਂ ਦਾ ਖ਼ਤਮ ਹੋਣਾ ਹੈ। ਇਹ ਸਾਡੇ ਅੰਦਰ ਕੇਵਲ ਨਾਮ ਦੇ ਵਿਚਾਰਾਂ ਦਾ ਰਹਿ ਜਾਣਾ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ। ਮਨ ਦੀ ਇਹ ਅਵੱਸਥਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਬਖਸ਼ਦਾ ਹੈ, ਮਨ ਦੇ ਵਿੱਚ ਭਰਮ ਗੜ ਤੋੜ ਕੇ ਬਖਸ਼ਦਾ ਹੈ। ਸਾਡੇ ਅੰਦਰ ਦਾ ਭਰਮ ਗੜ ਭਰਮ ਵਾਲੇ ਵਿਚਾਰਾਂ ਦਾ ਗੜ ਹੈ ਜਿਸ ਗੜ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣੇ

29/3240

ਸੱਚੇ ਵਿਚਾਰ ਬਖਸ਼ ਕੇ ਤੋੜਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੇ ਨਾਲ ਜੋੜਕੇ ਤੋੜਦਾ ਹੈ। ਸਾਡੇ ਮਨ ਦਾ ਗਿਆਨ ਹੀ ਭਰਮ ਹੈ ਤੇ ਮਨ ਦਾ ਗਿਆਨ ਹੀ ਭਰਮ ਵਿੱਚੋਂ ਨਿਕਲਣ ਦਾ ਸਾਧਨ ਹੈ। ਫਰਕ ਕੇਵਲ ਇਸ ਗੱਲ ਦਾ ਹੈ ਕਿ ਸਾਡੇ ਗਿਆਨ ਦਾ ਸ੍ਰੋਤ ਕੀ ਹੈ। ਜਦ ਤੱਕ ਸਾਡੇ ਗਿਆਨ ਦਾ ਸ੍ਰੋਤ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ ਤਦ ਤੱਕ ਅਸੀਂ ਭਰਮ ਵਿੱਚ ਹਾਂ, ਅਗਿਆਨਤਾ ਵਿੱਚ ਹਾਂ, ਹਉਮੈ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ। ਮਨ ਦੀ ਇਸ ਅਵੱਸਥਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਚੌਥਾ ਪਦ ਹੇ, ਸਹਜ ਦੀ ਅਵੱਸਥਾ ਹੈ, ਨਾਮ ਵਾਲੀ ਅਵੱਸਥਾ ਹੈ ਜੋ ਕਿ ਬ੍ਰਹਮ ਗਿਆਨ ਦਾ ਪਦ ਹੈ, ਸੱਚੇ ਗਿਆਨ ਦਾ ਪਦ ਹੈ, ਗੁਰਮਤਿ ਦਾ ਪਦ ਹੈ। ਪੂਰੀ ਗੁਰਬਾਣੀ ਸਾਨੂੰ ਚੌਥੇ ਪਦ ਰਾਹੀਂ ਸੱਚੀ ਗੁਰਮਤਿ ਸਮਝਾ ਰਹੀ ਹੈ ਜੋ ਕਿ ਭਰਮ ਵਿੱਚੋਂ ਨਿਕਲਣ ਦਾ ਸਾਧਨ ਹੈ। ਗੁਰਮਤਿ ਦੇ ਸੱਚ ਨਾਲ ਜੁੜੇ ਬਿਨ੍ਹਾਂ ਅਸੀਂ ਭਰਮ ਵਿੱਚੋਂ ਨਹੀਂ ਨਿਕਲ ਸਕਦੇ ਤੇ ਸਾਡੇ ਲਈ ਇਸ ਗੱਲ ਨੂੰ ਸਮਝਣਾ ਬਹੁਤ ਜਰੂਰੀ ਹੈ ਕਿ ਭਰਮ ਉਹ ਹੈ ਜਿੱਥੇ ਸੱਚ ਨਹੀਂ ਹੈ ਤੇ ਸੱਚ ਉਹ ਹੈ ਜਿੱਥੇ ਭਰਮ ਨਹੀਂ ਹੈ। ਚਉਥੇ ਪਦ ਵਿੱਚ ਕੇਵਲ ਸੱਚ ਹੈ ਤੇ ਤ੍ਰੈ ਗੁਣਾਂ ਵਿੱਚ ਰਹਿੰਦੇ ਹੋਏ ਭਰਮ ਵੀ ਸੱਚ ਦੇ ਨਾਲ ਹੀ ਚੱਲਦਾ ਹੈ ਜੋ ਕਿ ਸਾਡੀ ਦੁਚਿੱਤੀ ਹੈ, ਸਹਸਾ ਹੈ, ਦੁਬਿਧਾ ਹੈ। ਪੂਰਨ ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਸਾਨੂੰ ਉਹ ਆਪਣੀ ਗੁਰਮਤਿ ਰਾਹੀਂ ਸਮਝਾ ਰਿਹਾ ਹੈ। ਗੁਰਮਤਿ ਨਾਲ ਜੁੜਨਾ ਕੀ ਹੈ, ਸੱਚ ਨਾਲ ਜੁੜਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਕੇਵਲ ਸੱਚ ਦੇ ਨਾਲ ਜੁੜੀਏ ਤੇ ਉਹੋ ਜਿਹੀ ਕਰਨੀ ਕਰੀਏ ਜੋ ਗੁਰਮਤਿ ਸਾਨੂੰ ਸਮਝਾਉਂਦੀ ਹੈ। ਗੁਰਮਤਿ ਰਾਹੀਂ ਸਾਨੂੰ ਉਹਨਾਂ ਨੇ ਹੀ ਸੱਚ ਤੇ ਚੱਲਣਾ ਸਿਖਾਇਆ ਹੈ ਜੋ ਪਹਿਲੇ ਆਪ ਭਰਮ ਤੋਂ ਮੁਕਤਿ ਹੋ ਚੁੱਕੇ ਹਨ। ਸੱਚ ਦੀ ਸੋਝੀ ਮੁਕਤਿ ਹੋਣ ਤੋਂ ਬਾਅਦ ਹੀ ਪੈਂਦੀ ਹੈ।

“ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥”

(ਅੰਗ - ੧੩੪੩)

29/3241

ਉੱਪਰ ਵਾਲੇ ਪਦਿਆਂ ਰਾਹੀਂ ਪਹਿਲੀਆਂ ਪੰਗਤੀਆਂ ਨੂੰ ਹੀ ਸਮਝੋ ਕਿ ਮੁਕਤਿ ਹੋਣਾ ਕੀ ਹੈ।

“ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥”

ਜਦ ਤੱਕ ਅਸੀਂ ਭਰਮ ਵਿੱਚ ਹਾਂ ਤਦ ਤੱਕ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੋਣ ਦੀ ਸਮਝ ਨਹੀਂ ਪੈ ਸਕਦੀ । ਸਾਡਾ ਭਰਮ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਨਿਕਲਦਾ ਹੈ ਭਾਵ ਸਤਿਗੁਰ ਰੂਪ ਪ੍ਰਮਾਤਮਾ ਨੂੰ ਮਨ ਦੇ ਵਿੱਚ ਭੇਟਣ ਦੁਆਰਾ ਹੀ ਨਿਕਲਦਾ ਹੈ ਜਿਸ ਦੁਆਰਾ ਮਨੁੱਖ ਭਰਮ ਤੋਂ ਮੁਕਤਿ ਹੁੰਦਾ ਹੈ ਤੇ ਸਮਝ ਲੱਗਦੀ ਹੈ ਕਿ ਸਭ ਵਿੱਚ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ, ਆਪਣੇ ਨਿਰਗੁਣ ਰੂਪ ਵਿੱਚ, ਗਿਆਨ ਰੂਪ ਵਿੱਚ ਵਿਚਰ ਰਿਹਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਨਿਰਗੁਣ ਰੂਪ ਦੇਖ ਕੇ ਉਸਦਾ ਇਹ ਰੂਪ ਫਿਰ ਤਾਂ ਹੀ ਸਭ ਵਿੱਚ ਨਜ਼ਰ ਆਉਂਦਾ ਹੈ ਕਿ ਹਰ ਜਗ੍ਹਾ ਪ੍ਰਮਾਤਮਾ ਆਪ ਹੀ ਆਪਣੇ ਨਿਰਗੁਣ ਰੂਪ ਵਿੱਚ ਵਿਚਰ ਰਿਹਾ ਹੈ, ਨਾਮ ਰੂਪ ਵਿੱਚ ਵਿਚਰ ਰਿਹਾ ਹੈ, ਬ੍ਰਹਮ ਗਿਆਨ ਰੂਪ ਵਿੱਚ ਵਿਚਰ ਰਿਹਾ ਹੈ, ਸਾਇੰਟਿਫਿਕਲੀ ਵਿਚਰ ਰਿਹਾ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਚਲਾ ਰਿਹਾ ਹੈ। ਜਦ ਤੱਕ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਤੇ ਸਭ ਵਿੱਚ ਪ੍ਰਮਾਤਮਾ ਦੀ ਹੋਂਦ ਨਜ਼ਰ ਨਹੀਂ ਆਉਂਦੀ ਤਦ ਤੱਕ ਅਸੀਂ ਮੁਕਤਿ ਨਹੀਂ ਹਾਂ ਭਾਵ ਹਉਮੈ ਵਿੱਚ, ਭਰਮ ਵਿੱਚ, ਸਹਸਾ ਵਿੱਚ ਹੀ ਹਾਂ। (**ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥**)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥3॥}

(ਅੰਗ ੧੧੫੨)

ਜਿਸਨੂੰ ਪ੍ਰਮਾਤਮਾ ਭਰਮ ਤੋਂ ਮੁਕਤਿ ਕਰਦਾ ਹੈ ਉਸ ਨੂੰ ਪੂਰਨ

29/3242

ਸੱਚ ਦੀ ਸਮਝ ਪੈਂਦੀ ਹੈ ਜੋ ਕਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਕਿਉਂਕਿ ਉਹ ਆਪ ‘‘ਸਚੁ’’ ਰੂਪ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥”

ਜਦ ਤੱਕ ਪ੍ਰਮਾਤਮਾ ਸਾਨੂੰ ਭਰਮ ਵਿੱਚੋਂ ਕੱਢ ਕੇ ਆਪ ਅੰਦਰ ਨਹੀਂ ਵੱਸਦਾ ਤਦ ਤੱਕ ਕੋਈ ਪੂਰਨ ਸੱਚ ਨੂੰ ਨਹੀਂ ਜਾਣ ਸਕਦਾ ਕਿ ਇਸ ਸੰਸਾਰ ਦਾ ਪੂਰਨ ਸੱਚ ਕੀ ਹੈ। ਪ੍ਰਮਾਤਮਾ ਦੇ ਅੰਦਰ ਵੱਸਣ ਨਾਲ ਸਭ ਤੋਂ ਪਹਿਲਾ ਸੱਚ ਤੇ ਵੱਡਾ ਸੱਚ ਇਹ ਸਮਝ ਆਉਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਭਾਵ ਕੇਵਲ ਉਸਦੀ ਆਪਣੀ ਹੋਂਦ ਸੱਚੀ ਹੈ ਤੇ ਇਸ ਸੰਸਾਰ ਵਿੱਚ ਕੋਈ ਵੀ ਹੋਰ ਹੋਂਦ ਸਮਝਣਾ ਝੂਠ ਹੈ ਭਾਵ ਸਾਡਾ ਭਰਮ ਹੈ ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਸੱਚ ਸਾਨੂੰ ਹਰ ਭਰਮ ਤੋਂ ਮੁਕਤਿ ਕਰਦਾ ਹੈ। ਪ੍ਰਮਾਤਮਾ ਦੀ ਭਗਤੀ ਕਿਵੇਂ ਹੁੰਦੀ ਹੈ ਇਹ ਸੱਚ ਵੀ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸਮਝਾਉਂਦਾ ਹੈ। ਸਾਡੀ ਕਰਣੀ ਭਾਵ ਚੰਗੀ ਕਰਣੀ ਦਾ ਮੂਲ, ਤੱਤ ਸਾਡੇ ਅੰਦਰ ਸੱਚ ਦਾ ਹੋਣਾ ਹੈ ਕਿ

ਸੱਚ ਤੇ ਚੱਲਣਾ ਕੀ ਹੈ। ਸੱਚ ਤੇ ਮਨੁੱਖ ਉਦੋਂ ਹੀ ਚੱਲ ਸਕਦਾ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਝੂਠ ਤੋਂ ਮੁਕਤਿ ਕਰਦਾ ਹੈ, ਔਗੁਣਾਂ ਤੋਂ ਮੁਕਤਿ ਕਰਦਾ ਹੈ, ਤ੍ਰਿਸ਼ਨਾ ਤੋਂ ਮੁਕਤਿ ਕਰਦਾ ਹੈ, ਮਾਇਆ ਮੋਹ ਤੋਂ ਮੁਕਤਿ ਕਰਦਾ ਹੈ ਭਾਵ ਮਨ ਦੀ ਉਹੋ ਜਿਹੀ ਬਿਰਤੀ ਤੋਂ ਮੁਕਤਿ ਕਰਦਾ ਹੈ ਜੋ ਸੱਚ ਤੋਂ ਦੂਸਰਾ ਪਾਸਾ ਹੈ। ਸੱਚ ਕੇਵਲ ਉਹ ਹੈ ਜੋ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਸਮਝਾਇਆ ਹੈ। ਜੋ ਕਰਣੀ ਸਾਡੀ ਸੱਚ ਦੁਆਰਾ ਹੁੰਦੀ ਹੈ ਭਾਵ ਗੁਰਮਤਿ ਦੇ ਦਾਅਰੇ ਵਿੱਚ ਰਹਿ ਕੇ ਹੁੰਦੀ ਹੈ ਉਹ ਸਾਡੀ ਉੱਤਮ ਕਰਣੀ ਹੈ ਤੇ ਗੁਰਮਤਿ ਤੋਂ ਬਾਹਰ ਅਸੀਂ ਜੋ ਵੀ ਕਰਣੀ ਕਰਦੇ ਹਾਂ ਉਹ ਕਰਣੀ ਸਾਡੀ ਸੱਚੀ ਕਰਣੀ ਨਹੀਂ ਹੈ। ਪ੍ਰਮਾਤਮਾ ਦੀ ਭਗਤੀ, ਪੂਜਾ ਸਾਡੀ ਉਸ ਕਰਣੀ ਦੁਆਰਾ ਹੀ ਹੁੰਦੀ ਹੈ ਜੋ ਪੂਰੀ ਤਰ੍ਹਾਂ ਗੁਰਮਤਿ ਦੇ ਅਨੁਸਾਰ ਹੈ, ਸੱਚ ਦੇ ਅਨੁਸਾਰ ਹੈ ਜੋ ਕਿ ਸਾਡੇ ਸੱਚੇ-ਸੁੱਚੇ ਜੀਵਨ ਦੇ ਨਾਲ ਜੁੜੀ ਹੋਈ ਹੈ। ਅਸੀਂ ਭਗਤੀ ਦੇ ਅਨੇਕਾਂ ਹੀ ਤਰੀਕੇ ਬਣਾਏ ਹੋਏ ਹਨ, ਸਰੀਰਕ ਕਿਰਿਆਵਾਂ ਆਦਿ ਨੂੰ, ਅੱਖਰ ਦੇ ਜਪ ਆਦਿ ਨੂੰ, ਕਿਸੇ ਖਾਸ ਵੇਲੇ ਨੂੰ ਉੱਚਾ ਸਮਝਣ ਨੂੰ, ਖਾਣੇ ਦੀ ਸੁੱਚ ਨੂੰ ਉੱਚਾ ਸਮਝਣ ਨੂੰ ਤੇ ਹੋਰ ਵੀ ਅਨੇਕਾਂ ਤਰੀਕਿਆਂ ਨੂੰ ਭਾਵ ਮਾਲਾ ਜਪਣ ਆਦਿ ਨੂੰ ਆਪਣੀ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ, ਮੂਰਤੀਆਂ ਦੀ ਪੂਜਾ ਆਦਿ ਕਰਨ ਨੂੰ, ਉਹਨਾਂ ਮੂਰਤੀਆਂ ਭਾਵ ਫੋਟੋ ਆਦਿ ਦੇ ਅੱਗੇ ਮੱਥੇ ਟੇਕਣ ਨੂੰ ਆਪਣੀ ਭਗਤੀ ਦੀ ਸ਼ਰਧਾ ਸਮਝਿਆ

29/3243

ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਮੰਨ ਕੇ, ਸੰਤ, ਬ੍ਰਹਮਗਿਆਨੀ ਆਦਿ ਮੰਨ ਕੇ ਉਹਨਾਂ ਨੂੰ ਮੱਥੇ ਟੇਕਦੇ ਹਾਂ, ਉਹਨਾਂ ਨੂੰ ਬਾਬੇ ਆਦਿ ਮੰਨ ਕੇ ਉਹਨਾਂ ਦੀਆਂ ਫੋਟੋਆਂ ਨੂੰ ਮੱਥੇ ਟੇਕਦੇ ਹਾਂ ਤੇ ਉਹਨਾਂ ਦੀਆਂ ਬਰਸੀਆਂ ਆਦਿ ਮਨਾਉਂਦੇ ਹਾਂ। ਇਹੋ ਜਿਹੇ ਸਾਡੇ ਸਾਰੇ ਤਰੀਕਿਆਂ ਦਾ ਗੁਰਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ ਭਾਵ ਇਹਨਾਂ ਵਿੱਚ ਸੱਚ ਨਹੀਂ ਹੈ ਤੇ ਇਹੋ ਜਿਹੇ ਤਰੀਕੇ ਅਪਣਾਉਣ ਦੁਆਰਾ ਕੇਵਲ ਅਸੀਂ ਭਗਤੀ ਦਾ, ਪ੍ਰਮਾਤਮਾ ਦੀ ਪੂਜਾ ਦਾ ਪਾਖੰਡ ਕਰਦੇ ਹਾਂ ਭਾਵ ਕੇਵਲ ਝੂਠਾ ਦਿਖਾਵਾ ਕਰਦੇ ਹਾਂ ਜੋ ਕਿ ਸਾਡੇ ਮਨ ਦਾ ਭਰਮ ਹੈ ਤੇ ਅਸੀਂ ਆਪਣੇ ਆਪ ਨੂੰ ਇਹੋ ਜਿਹੇ ਤਰੀਕਿਆਂ ਦੁਆਰਾ ਖੁਆਰ ਹੀ ਕਰਦੇ ਹਾਂ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ, ਨਾਮ ਦੀ ਮਤਿ ਨਹੀਂ ਹੈ ਬਲਕਿ ਸਾਡੀ ਦੁਬਿਧਾ ਹੈ, ਸਹਸਾ ਹੈ, ਨਾਸਮਝੀ ਹੈ। (**ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥6॥**)

ਜਦ ਤੱਕ ਅਸੀਂ ਭਰਮ ਵਿੱਚ ਹਾਂ, ਦੁਬਿਧਾ ਵਿੱਚ ਹਾਂ ਤਦ ਤੱਕ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਇੱਕੋ ਇੱਕ ਮਾਰਗ ਦੁਬਿਧਾ ਵਿੱਚੋਂ ਨਿਕਲਣ ਦਾ ਹੈ ਕਿਉਂਕਿ ਦੁਬਿਧਾ ਵਿੱਚ ਰਹਿੰਦੇ ਹੋਏ ਭਾਵ ਆਪਣੀ ਮਤਿ ਦੁਆਰਾ ਵਿਚਰਦੇ ਹੋਏ ਅਸੀਂ ਸ਼ਬਦ ਦੀ ਮਤਿ ਤੋਂ ਦੂਰ ਰਹਿੰਦੇ ਹਾਂ। ਸ਼ਬਦ ਦੀ ਮਤਿ ਨੂੰ ਅਪਣਾਏ ਬਿਨ੍ਹਾਂ ਨਾ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਅਸੀਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਕਿ ਸਾਡੇ ਅੰਦਰ ਤੇ ਸਭ ਜਗ੍ਹਾ ਪ੍ਰਮਾਤਮਾ ਆਪ ਹੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥

ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥”

“ਸਬਦੁ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। “ਸਬਦੁ” ਰੂਪ ਆਪ ਪ੍ਰਮਾਤਮਾ ਹੈ ਜਿਸ ਰਾਹੀਂ ਉਹ ਆਪ ਹੀ ਗੁਰੂ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸਬਦੁ ਰੂਪ ਹੈ, ਨਾਮ ਰੂਪ ਹੈ, ਉਸਦੇ ਸੱਚੇ ਗਿਆਨ ਦਾ ਰੂਪ ਹੈ, ਚੌਥੇ ਪਦ ਦੇ ਗਿਆਨ ਦਾ ਰੂਪ ਹੈ, “ਸਹਜੁ” ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਪ੍ਰਮਾਤਮਾ ਦਾ “ਸਬਦੁ” ਰੂਪ ਸਾਡੇ ਅੰਦਰ ਹੀ ਹੈ ਜਿਸ ਦੁਆਰਾ ਉਹ ਸਾਡੇ ਸਭ ਦੇ ਅੰਦਰ ਗੁਪਤ ਰੂਪ ਵਿੱਚ

29/3244

ਵਰਤ ਰਿਹਾ ਹੈ ਪਰ ਜਦ ਤੱਕ ਸਾਡੇ ਅੰਦਰ ਦੁਬਿਧਾ ਵਾਲੀ ਅਵੱਸਥਾ ਹੈ, ਭਰਮ ਵਾਲੀ, ਸਹਿਸਾ ਵਾਲੀ, ਅਗਿਆਨਤਾ ਵਾਲੀ, ਤ੍ਰੈ ਗੁਣਾਂ ਵਾਲੀ ਅਵੱਸਥਾ ਹੈ ਤਦ ਤੱਕ ਅਸੀਂ ਉਸ “ਸਬਦੁ” ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਪਹਿਚਾਣ ਸਕਦੇ ਕਿਉਂਕਿ ਸਾਡੇ ਮਨ ਦੀ ਦੁਬਿਧਾ ਹੀ ਸਾਡੇ ਅੰਦਰ ਉਹ ਭਰਮ ਦਾ ਪੜਦਾ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸਦਾ ਮਕਸਦ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ

ਦਾ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਦੁਬਿਧਾ ਵਿੱਚੋਂ ਨਿਕਲੀਏ, ਭਰਮ ਵਿੱਚੋਂ ਨਿਕਲੀਏ। ਭਰਮ ਵਿੱਚੋਂ, ਦੁਬਿਧਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਇਹ ਹੈ ਕਿ ਅਸੀਂ ਗੁਰੂ ਦੀ ਮਤਿ ਦੇ ਨਾਲ ਜੁੜੀਏ ਜੋ ਭਰਮ ਤੋਂ ਰਹਿਤ ਹੈ, ਤ੍ਰੈ ਗੁਣਾਂ ਤੋਂ ਰਹਿਤ ਹੈ ਭਾਵ ਚੌਥੇ ਪਦ ਵਿੱਚ ਹੈ ਜਿਸ ਪਦ ਵਿੱਚ ਪ੍ਰਮਾਤਮਾ ਆਪ ਵਾਸ ਕਰਦਾ ਹੈ। ਚੌਥੇ ਪਦ ਵਿੱਚ ਕੇਵਲ ਸੱਚ ਹੈ, ਕੇਵਲ ਨਾਮ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਇਹ ਰੂਪ ਪ੍ਰਮਾਤਮਾ ਦਾ "ਸਬਦੁ" ਰੂਪ ਹੈ ਜਿਸ ਦੁਆਰਾ ਉਹ ਆਪ ਹੀ ਗੁਰੂ ਹੈ। ਅਸੀਂ ਗੁਰੂ ਰੂਪ ਪ੍ਰਮਾਤਮਾ ਨੂੰ, ਸ਼ਬਦ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹੀ ਪਹਿਚਾਨਣਾ ਹੈ ਜਿਸ ਲਈ ਸਾਨੂੰ ਦੁਬਿਧਾ ਵਿੱਚੋਂ ਭਾਵ ਆਪਣੀ ਮਤਿ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਉਹਨਾਂ ਦੀ ਦਿੱਤੀ ਹੋਈ ਮਤਿ ਵਿੱਚੋਂ ਨਿਕਲਣ ਦੀ ਲੋੜ ਹੈ ਜੋ ਆਪ ਦੁਬਿਧਾ ਵਿੱਚ ਰਹੇ ਹਨ ਤੇ ਉਹਨਾਂ ਪਿੱਛੇ ਲੱਗ ਕੇ ਅਸੀਂ ਵੀ ਦੁਬਿਧਾ ਵਿੱਚ ਫਸੇ ਹੋਏ ਹਾਂ ਤੇ ਭਗਤੀ ਦੇ ਉਹੋ ਜਿਹੇ ਤਰੀਕਿਆਂ ਪਿੱਛੇ ਲੱਗੇ ਹੋਏ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਕੇਵਲ ਪਾਖੰਡ ਹੈ। ਅਸੀਂ ਜੋ ਵੀ ਪਾਖੰਡ ਕਰਦੇ ਹਾਂ ਉਸਦਾ ਕਾਰਣ ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਸੱਚ ਦੀ ਸੋਝੀ ਨਾ ਹੋਣਾ ਹੈ। ਸਭ ਜਗ੍ਹਾ, ਹਰ ਕਿਸੇ ਦੇ ਵਿੱਚ ਸਾਨੂੰ ਪ੍ਰਮਾਤਮਾ ਤਾਂ ਹੀ ਨਜ਼ਰ ਆ ਸਕਦਾ ਹੈ ਜਦੋਂ ਅਸੀਂ ਦੁਬਿਧਾ ਵਿੱਚੋਂ ਨਿਕਲਕੇ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ, ਗਿਆਨ ਰੂਪ ਨੂੰ, ਸ਼ਬਦ ਰੂਪ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦੇ ਹਾਂ । ਸਭ ਜਗ੍ਹਾ ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿੱਚ ਹੀ ਵੱਸਿਆ ਹੋਇਆ ਹੈ। (**ਦੁਬਿਧਾ ਚੂਕੈ ਤਾਂ ਸਬਦੁ ਪਛਾਨੁ ॥ ਘਰਿ ਬਾਹਰਿ ਏਕੋ ਕਰਿ ਜਾਨੁ ॥**)

{ਸਚੁ ਸਾਲਾਹੀ ਸਦਾ ਹਜੂਰੇ ॥ ਗੁਰ ਕੈ ਸਬਦਿ ਰਹਿਆ ਭਰਪੂਰੇ ॥
ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥}

(ਅੰਗ - ੧੨੦)

{ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ ॥
ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ ॥}

(ਅੰਗ - ੯੩੪)

29/3245

{ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥
ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ ਰਹਾਉ ॥}

(ਅੰਗ - ੭੫੩)

{ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥
ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥
ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥
ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥}

(ਅੰਗ - ੩੪)

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥
ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}

(ਅੰਗ - ੯੩੭)

ਬਿਨ੍ਹਾਂ ਦੁਬਿਧਾ ਵਿੱਚੋਂ ਨਿਕਲੇ ਹੋਏ ਕੋਈ ਪ੍ਰਮਾਤਮਾ ਨੂੰ ਪਾ ਲਵੇ ਭਾਵ ਆਪਣੇ ਅੰਦਰੋਂ ਉਸ ਸ਼ਬਦ ਰੂਪ ਪ੍ਰਮਾਤਮਾ ਨੂੰ ਜਾਣ ਲਵੇ, ਉਸਦੇ ਨਿਰਗੁਣ ਰੂਪ ਨੂੰ ਆਪਣੇ ਅੰਦਰੋਂ ਜਾਣ ਲਵੇ ਜਿਸ ਰੂਪ ਦੁਆਰਾ ਪ੍ਰਮਾਤਮਾ ਸਭ ਜਗ੍ਹਾ ਵਿਚਰ ਰਿਹਾ ਹੈ ਇਹ

ਨਾਮੁਮਕਿਨ ਹੈ ਕਿਉਂਕਿ ਪ੍ਰਮਾਤਮਾ ਵਿੱਚ ਤੇ ਮਨੁੱਖ ਵਿੱਚ ਇਹ ਦੁਬਿਧਾ ਰੂਪ ਪੜਦਾ ਹੀ ਹੈ ਜਿਸ ਕਰਕੇ ਹਰ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਨਹੀਂ ਜਾਣ ਸਕਦਾ ਭਾਵ ਸਾਡੇ ਜੀਵਨ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਭਰਮ ਵਿੱਚੋਂ, ਦੁਬਿਧਾ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ ਭਾਵ ਸ਼ਬਦ ਦੀ ਮਤਿ ਨੂੰ ਅਪਣਾਉਣ ਦਾ ਉਪਰਾਲਾ ਕਰੀਏ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਇੱਕ ਤਰੀਕਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥”

ਸ਼ਬਦ ਦੀ ਮਤਿ ਦਾ ਭਾਵ ਗੁਰੂ ਦੀ ਮਤਿ ਦਾ, ਗੁਰਬਾਣੀ ਦੀ ਮਤਿ ਦਾ ਏਹੋ ‘‘ਸਾਰੁ’’ ਹੈ ਭਾਵ ਤੱਤ ਹੈ, ਨਿਚੋੜ ਹੈ ਕਿ ਸਾਡੀਆਂ ਸਾਰੀਆਂ ਤਕਲੀਫਾਂ ਦੀ ਜੜ੍ਹ, ਦੁੱਖਾਂ ਦੀ ਜੜ੍ਹ ਭਾਵ ਸਾਡੇ ਸਿਰ ਸੁਆਹ ਪੈਣ ਦੀ ਜੜ੍ਹ ਸਾਡਾ ਜੀਵਨ ਬਰਬਾਦ ਹੋਣ ਦੀ ਜੜ੍ਹ ਸਾਡੇ ਅੰਦਰ ਦੀ ਦੁਬਿਧਾ ਹੈ, ਭਰਮ ਹੈ, ਅਗਿਆਨਤਾ ਹੈ। ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਕਾਰਣ, ਦੁੱਖਾਂ

ਦਾ ਕਾਰਣ, ਸਾਡਾ ਜੂਨਾਂ ਵਿੱਚ ਪੈਣ ਦਾ ਕਾਰਣ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਵਿਛੋੜੇ ਦਾ ਕਾਰਣ ਸਾਡੇ ਅੰਦਰ ਦੀ ਦੁਬਿਧਾ ਹੈ ਜਿਸ ਦੇ ਰਹਿੰਦਿਆ ਸਾਡੇ ਸਿਰ ਸੁਆਹ ਪੈਂਦੀ ਹੈ ਭਾਵ ਅਸੀਂ ਪ੍ਰਮਾਤਮਾ ਦੇ ਦਰ ਤੇ ਬੇਇੱਜਤ ਹੁੰਦੇ ਹਾਂ ਕਿਉਂਕਿ ਦੁਬਿਧਾ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਅੰਦਰ ਸੱਚ ਨਹੀਂ ਹੈ, ਗੁਰਮਤਿ ਨਹੀਂ ਹੈ, ਸ਼ਬਦ ਦੀ ਵਿਚਾਰ ਨਹੀਂ ਹੈ ਭਾਵ ਅਸੀਂ ਮਨਮਤਿ ਦੁਆਰਾ ਵਿਚਰਦੇ ਹਾਂ ਕਿਉਂਕਿ ਮਨਮਤਿ ਝੂਠੀ ਹੈ ਤੇ ਸ਼ਬਦ ਦੀ ਵਿਚਾਰ ਸੱਚੀ ਹੈ। ਸੱਚ ਦੇ ਉਲਟ ਚੱਲਕੇ ਝੂਠੇ ਦੇ ਸਿਰ ਸੁਆਹ ਹੀ ਪੈਂਦੀ ਹੈ। ‘‘ਸਚੁ’’ ਰੂਪ ਪ੍ਰਮਾਤਮਾ ਆਪ ਹੈ ਤੇ ਸੱਚ ਦੇ ਉਲਟ ਚੱਲਕੇ ਉਸਦੇ ਦਰਬਾਰ ਵਿੱਚ ਸਾਡੇ ਸਿਰ ਸੁਆਹ ਹੀ ਪੈਂਦੀ ਹੈ ਭਾਵੇਂ ਅਸੀਂ ਜਿਤਨਾ ਮਰਜੀ ਦੁਨਿਆਵੀ ਮਾਣ ਇਕੱਠਾ ਕਰ ਲਈਏ। ਸੱਚ ਦੇ ਉਲਟ ਚੱਲਕੇ ਹਉਮੈ ਹੀ ਵੱਧਦੀ ਹੈ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਜਿਤਨਾ ਮਰਜੀ ਉੱਚਾ ਅਖਵਾ ਲਈਏ ਉਸ ਵਿੱਚ ਕੇਵਲ ਸਾਡੀ ਦੁਬਿਧਾ ਹੈ, ਭਰਮ ਹੈ, ਸਾਡੇ ਪਾਖੰਡ ਵਾਲੇ ਕਰਮ ਹਨ ਜਿੰਨ੍ਹਾਂ ਨੂੰ ਅਸੀਂ ਆਪਣੀ ਭਗਤੀ ਵਾਲੇ ਕਰਮ ਸਮਝਿਆ ਹੋਇਆ ਹੈ। (**ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥6॥ ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥7॥**)

{ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥

ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥}

(ਅੰਗ ੪੧੯)

ਦੁਬਿਧਾ ਵਿੱਚੋਂ ਨਿਕਲਣ ਦਾ ਸਾਧਨ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਸਾਧਨ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਰਾਹੀਂ ਸਪੱਸ਼ਟ ਕੀਤੀ ਹੋਈ ਹੈ ਜਿਸ ਰਾਹੀਂ ਸਾਨੂੰ ਸਾਡੇ ਜੀਵਨ ਦਾ ਮਨੋਰਥ ਸਮਝਾਇਆ ਹੋਇਆ ਹੈ, ਸਾਡਾ ਭਗਤੀ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ, ਗੁਰਮਤਿ ਦਾ ਸਾਰ ਸਮਝਾਇਆ ਹੋਇਆ ਹੈ।

“ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥

ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥”

ਉੱਪਰ ਪਦੇ ਦੀ ਪਹਿਲੀ ਪੰਗਤੀ ਰਾਹੀਂ ਹੀ ਸਾਨੂੰ ਸਾਡੇ ਜੀਵਨ ਦਾ ਮਨੋਰਥ ਤੇ ਪ੍ਰਮਾਤਮਾ ਦਾ ਜੱਸ ਗਾਉਣਾ ਕੀ ਹੈ ਇਹ ਗੱਲ ਸਪੱਸ਼ਟ ਕਰਕੇ ਸਮਝਾਈ ਹੋਈ ਹੈ। ਅਸੀਂ ਆਪਣੇ ਇਸ ਜੀਵਨ ਵਿੱਚ ਪ੍ਰਮਾਤਮਾ ਦੀ ‘‘ਕੀਰਤਿ’’ ਕਰਣੀ ਹੈ ਭਾਵ ਉਸਦਾ ਜਸ ਗਾਉਣਾ ਹੈ ਭਾਵ ਉਸ ਦਾ

ਨਾਮ ਜਪਣਾ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਜੱਸ ਗਾਇਆ ਜਾਂਦਾ ਹੈ। ਪ੍ਰਮਾਤਮਾ ਦਾ ਜੱਸ ਅਸੀਂ ਆਪਣੀ ਕਰਣੀ ਦੁਆਰਾ ਗਾਉਣਾ ਹੈ ਭਾਵ ਆਪਣੀ ਰਹਿਣੀ ਦੁਆਰਾ, ਆਪਣੇ ਕਰਮਾਂ ਦੁਆਰਾ ਭਾਵ ਆਪਣੀ ਸੰਸਾਰਿਕ ਵਿਚਰਨ ਦੁਆਰਾ ਗਾਉਣਾ

ਹੈ ਭਾਵ ਪ੍ਰਮਾਤਮਾ ਦਾ ਜੱਸ ਗਾਉਣਾ ਸਾਡੀ ਕਥਨੀ ਦਾ ਨਹੀਂ ਕਰਣੀ ਦਾ ਮਾਰਗ ਹੈ। ਕਥਨੀ ਦਾ ਮਕਸਦ ਆਪਣੀ ਕਰਣੀ ਸਮਝਣ ਦੇ ਨਾਲ ਹੈ ਤੇ ਸਾਡੇ ਕੰਮ ਸਾਡੀ ਕਰਣੀ ਹੀ ਆਉਣੀ ਹੈ ਜਿਸ ਤਰੀਕੇ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ, ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਦਿੱਤੀ ਹੋਈ ਗੁਰਮਤਿ ਹੈ ਜਿਸ ਮਤਿ ਰਾਹੀਂ ਪ੍ਰਮਾਤਮਾ ਨੇ ਸਾਨੂੰ ਆਪਣਾ ਜੱਸ ਗਾਉਣਾ ਸਮਝਾਇਆ ਹੈ, ਆਪਣੇ ਗੁਰੂ ਰੂਪ ਰਾਹੀਂ ਉਸਨੇ ਸਾਨੂੰ ਆਪਣੀ ਵਡਿਆਈ ਕਰਨੀ ਸਮਝਾਈ ਹੈ। ਪੂਰੀ ਗੁਰਮਤਿ ਦਾ ਤੱਤ, "ਸਾਰ", ਨਿਚੋੜ ਇਹੀ ਹੈ ਕਿ ਅਸੀਂ ਪ੍ਰਮਾਤਮਾ ਦਾ ਜੱਸ ਆਪਣੀ ਕਰਣੀ ਦੁਆਰਾ ਗਾਈਏ। (**ਕਰਣੀ ਕੀਰਤਿ ਗੁਰਮਤਿ ਸਾਰੁ ॥**) ਸਾਡੀ ਕਰਣੀ ਕਿਹੋ ਜਿਹੀ ਹੋਵੇ, ਗੁਰਮਤਿ ਸਾਨੂੰ ਕਿਹੋ ਜਿਹੀ ਕਰਣੀ ਸਮਝਾਉਂਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੰਤ ਸਭਾ ਗੁਣ ਗਿਆਨੁ ਬੀਚਾਰੁ ॥"

ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੰਤ ਰੂਪ ਹੈ, ਸਾਧ ਰੂਪ ਹੈ, ਗੁਰੂ ਰੂਪ ਹੈ ਜਿਸ ਵਿੱਚ ਉਸ ਪ੍ਰਮਾਤਮਾ ਦੀ ਸਦਾ ਹੀ ਸਭਾ ਲੱਗੀ ਹੋਈ ਹੈ, ਉਸਦਾ ਦੀਵਾਨ ਸਜਿਆ ਹੋਇਆ ਹੈ ਜਿਸ ਰਾਹੀਂ ਪ੍ਰਮਾਤਮਾ ਸਾਨੂੰ ਹਰ ਵੇਲੇ ਆਪਣਾ ਉਪਦੇਸ਼ ਸੁਣਾ ਰਿਹਾ ਹੈ। ਇਸ ਸਭਾ ਰਾਹੀਂ ਪ੍ਰਮਾਤਮਾ ਸਾਨੂੰ ਗੁਣਾਂ ਦੀ ਸਿੱਖਿਆ ਦਿੰਦਾ ਹੈ ਜਿੰਨ੍ਹਾਂ ਰਾਹੀਂ ਅਸੀਂ ਪ੍ਰਮਾਤਮਾ ਦਾ ਜੱਸ ਗਾਉਣਾ ਹੈ, ਆਪਣੀ ਕਰਣੀ ਵਿੱਚ ਉਹਨਾਂ ਗੁਣਾਂ ਨੂੰ ਅਪਣਾਉਣਾ ਹੈ। ਆਪਣੀ ਸੰਤ ਸਭਾ ਵਿੱਚੋਂ ਪ੍ਰਮਾਤਮਾ ਸਾਨੂੰ ਇਹ ਗੁਣ "ਗਿਆਨੁ" ਦੇ ਰੂਪ ਵਿੱਚ ਦੇ ਰਿਹਾ ਹੈ, "ਬੀਚਾਰੁ" ਦੇ ਰੂਪ ਵਿੱਚ ਦੇ ਰਿਹਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਇਹ ਗਿਆਨ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਜਿਸ ਰਾਹੀਂ ਪ੍ਰਮਾਤਮਾ ਸਾਨੂੰ ਗੁਣਾਂ ਦੀ ਸਿੱਖਿਆ ਦਿੰਦਾ ਹੈ, ਔਗੁਣ ਛੱਡਣ ਦੀ ਸਿੱਖਿਆ ਦਿੰਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦੀ ਸਿੱਖਿਆ ਦਿੰਦਾ ਹੈ ਤਾਂ ਜੋ ਸਾਡੀ ਕਰਣੀ ਗੁਣਾਂ ਵਾਲੀ ਹੋਵੇ, ਸੱਚੀ ਸੁੱਚੀ ਹੋਵੇ, ਗੁਰਮਤਿ ਅਨੁਸਾਰ ਹੋਵੇ ਭਾਵ ਅਸੀਂ ਇਸ ਸੰਸਾਰ ਵਿੱਚ ਸੱਚੇ ਸੁੱਚੇ ਜੀਵਨ ਦੁਆਰਾ ਵਿਚਰੀਏ। (**ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥**)

29/3248

{ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥}

(ਅੰਗ ੧੮੭)

{ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥}

(ਅੰਗ ੭੬੫)

{ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥}

(ਅੰਗ ੫੯੫)

{ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥}

(ਅੰਗ ੭੨੯)

{ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥੧॥}

(ਅੰਗ ੧੦੮੮)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ ੪੧੮)

{ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥}

(ਅੰਗ ੫੯੮)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥}

(ਅੰਗ ੧੦੫੧)

29/3249

{ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ ੧੧੮੮)

{ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ ੧੧੬)

{ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥}

(ਅੰਗ ੬੧)

ਸਾਡੀ ਚੰਗੀ ਕਰਣੀ ਕੇਵਲ ਤੇ ਕੇਵਲ ਗੁਣਾਂ ਦੁਆਰਾ ਹੀ ਹੋ ਸਕਦੀ ਹੈ ਭਾਵ ਔਗੁਣਾਂ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ ਤੇ ਪ੍ਰਮਾਤਮਾ ਦਾ ਜੱਸ ਗਾਉਣ ਦਾ ਇਹੀ ਤਰੀਕਾ ਸਾਨੂੰ ਵਾਰ-ਵਾਰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ। ਗੁਣਾਂ ਦੁਆਰਾ ਵਿਚਰਨ ਲਈ ਭਾਵ ਔਗੁਣਾਂ ਵਿੱਚੋਂ ਨਿਕਲਣ ਲਈ, ਮਾਇਆ ਮੋਹ ਵਿੱਚੋਂ, ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਲਈ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ। ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨਾ ਹੀ ਮਨ ਨੂੰ ਮਾਰਨਾ ਹੈ ਜਿਸ ਦੁਆਰਾ ਅਸੀਂ ਜਿਉਂਦੇ ਹੋਏ ਹੀ ਆਪਣੇ ਆਪ ਨੂੰ ਮਾਰਨਾ ਹੈ। ਗੁਰਮਤਿ ਦੇ ਸੱਚੇ ਵਿਚਾਰਾਂ ਰਾਹੀਂ ਆਪਣੇ ਮਾੜੇ ਵਿਚਾਰਾਂ ਨੂੰ ਮਾਰਨਾ ਆਪਣੇ ਮਨ ਨੂੰ ਮਾਰਨਾ ਹੈ। ਅਸੀਂ ਇਸ ਗੱਲ ਦਾ ਉੱਦਮ ਹੀ ਕਰਨਾ ਹੈ, ਪੂਰੇ ਮਨੋਂ ਉੱਦਮ ਹੀ ਕਰਨਾ ਹੈ ਤੇ ਇਹ ਮਨ ਕੇਵਲ ਉਸ ਪ੍ਰਮਾਤਮਾ ਦੇ ਮਾਰਨ ਦੁਆਰਾ ਹੀ ਮਰਦਾ ਹੈ, ਮਨ ਦੇ ਵਿੱਚ ਉਸਦੇ ਪ੍ਰਗਟ ਹੋਣ ਦੁਆਰਾ ਹੀ ਮਰਦਾ ਹੈ, ਉਸਦੀ ਕ੍ਰਿਪਾ ਹੋਣ ਦੁਆਰਾ ਹੀ ਮਰਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਉਸ ਪ੍ਰਮਾਤਮਾ ਦੀ ਆਪਣੇ ਅੰਦਰੋਂ ਪਹਿਚਾਣ ਹੁੰਦੀ ਹੈ, "ਸ਼ਬਦ" ਰੂਪ ਪ੍ਰਮਾਤਮਾ ਦੀ ਆਪਣੇ ਅੰਦਰੋਂ ਪਹਿਚਾਣ ਹੁੰਦੀ ਹੈ ਭਾਵ ਉਸਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਸਾਡੇ ਅੰਦਰੋਂ ਹਉਮੈ ਦਾ ਮਰ ਜਾਣਾ, ਭਰਮ ਦਾ, ਦੁਬਿਧਾ ਦਾ, ਅਗਿਆਨਤਾ ਦਾ ਮਰ ਜਾਣਾ ਹੀ ਸਾਡਾ

ਜਿਉਂਦੇ ਹੋਏ ਮਰਨਾ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਹੈ ਹੀ ਨਹੀਂ ਤੇ ਅੰਦਰ ਆਪ ਪ੍ਰਮਾਤਮਾ ਹੀ ਹੈ ਜੋ ਸਾਡੀ ਮਨੁੱਖੀ ਹੋਂਦ ਬਣਾ ਕੇ ਆਪ ਹੀ ਇਸ ਨੂੰ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ, ਹਰ ਵਸਤੂ ਨੂੰ ਆਪਣੇ ਗਿਆਨ ਰਾਹੀ ਚਲਾ ਰਿਹਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਸਾਧਨ ਦੁਬਿਧਾ ਵਿੱਚੋਂ ਨਿਕਲਣ ਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨ ਦਾ ਹੈ, ਇਸ ਮਨ ਨੂੰ ਮਾਰਨ ਦਾ ਉੱਦਮ ਕਰਨ ਦਾ ਹੈ ਜਿਸ ਦੁਆਰਾ ਸਾਨੂੰ ਉਸ ਪ੍ਰਮਾਤਮਾ ਦੇ ਦਰਸ਼ਨਾ ਦੀ ਕਿਰਪਾ ਹੁੰਦੀ ਹੈ ਜਿਵੇਂ ਕਿ ਸ਼ਬਦ ਦੀਆਂ ਆਖਰੀ

29/3250

ਪੰਗਤੀਆਂ ਦੁਆਰਾ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਜੋ ਕਿ ਉਸਨੂੰ ਆਪਣੇ ਅੰਦਰੋਂ ਪਹਿਚਾਨਣ ਦਾ ਹੈ। ਜਦੋਂ ਵੀ ਸਾਨੂੰ ਪ੍ਰਮਾਤਮਾ ਨੇ ਮਿਲਣਾ ਹੈ ਆਪਣੇ ਅੰਦਰੋਂ ਹੀ ਮਿਲਣਾ ਹੈ, ਨਿਰਗੁਣ ਰੂਪ ਵਿੱਚ ਮਿਲਣਾ ਹੈ, ਸ਼ਬਦ ਰੂਪ ਵਿੱਚ, ਨਾਮ ਰੂਪ ਵਿੱਚ, ਸੱਚ ਰੂਪ ਵਿੱਚ ਸਹਜ ਰੂਪ ਵਿੱਚ, ਬ੍ਰਹਮ ਗਿਆਨ ਰੂਪ ਵਿੱਚ ਮਿਲਣਾ ਹੈ ਜਿਸ ਲਈ ਸਾਨੂੰ ਪ੍ਰਮਾਤਮਾ ਦੇ ਬ੍ਰਹਮ ਗਿਆਨ ਰੂਪ ਨਾਲ ਜੁੜਨ ਦੀ ਲੋੜ ਹੈ, ਸ਼ਬਦ ਰੂਪ ਨਾਲ, ਜੁੜਨ ਦੀ ਲੋੜ ਹੈ, ਨਾਮ ਰੂਪ ਨਾਲ, ਸੱਚ ਰੂਪ ਨਾਲ ਜੁੜਨ ਦੀ ਲੋੜ ਹੈ ਭਾਵ ਗੁਰਬਾਣੀ ਦੀ ਸੱਚੀ ਸਿੱਖਿਆ ਦੇ ਨਾਲ ਜੁੜਨ ਦੀ ਲੋੜ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਵੱਸਿਆ ਹੋਇਆ ਹੈ ਤੇ ਉਸਦੇ ਦਰਸ਼ਨ ਵੀ ਮਨ ਦੇ ਵਿੱਚੋਂ ਇਸੇ ਰੂਪ ਵਿੱਚ ਹੁੰਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਹੋਏ ਹਨ, ਸਾਨੂੰ ਸੱਚ ਸਮਝਾਉਣ ਵਾਲਿਆਂ ਨੂੰ ਹੋਏ ਹਨ। (**ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥8॥3॥**)

ਮਨ ਦਾ ਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਮਨ ਗੁਰੂ ਦੇ ਸ਼ਬਦ ਦੁਆਰਾ ਹੀ ਮਰਦਾ ਹੈ ਭਾਵ ਗੁਰ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਮਰਦਾ ਹੈ ਜਿਸ ਦੁਆਰਾ ਮਨੁੱਖ ਆਪਣੇ ਉੱਗਣਾਂ ਤੋਂ ਪੂਰੀ ਤਰ੍ਹਾਂ ਮੁਕਤਿ ਹੁੰਦਾ ਹੈ ਤੇ ਤਾਂ ਹੀ ਕੋਈ ਗੁਣੀ ਬਣਦਾ ਹੈ ਤੇ ਇਹੀ ਜਿਉਂਦੇ ਹੋਏ ਮਰਨ ਵਾਲੀ ਅਵੱਸਥਾ ਹੈ।

{ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥
ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥
ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥}

(ਅੰਗ ੫੮੦)

{ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ ੧੬੨)

{ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ ॥
ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ ॥੩॥}

(ਅੰਗ ੪੩੦)

{ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥੪॥}

(ਅੰਗ ੧੧੪੦)

29/3251

{ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥

ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥}

(ਅੰਗ ੧੨੯)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥}

(ਅੰਗ ੨੩੦)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥}

(ਅੰਗ ੨੬)

{ਗੁਰਮੁਖਿ ਜੀਵੈ ਮਰੈ ਪਰਵਾਣੁ ॥ ਆਰਜਾ ਨ ਛੀਜੈ ਸਬਦੁ ਪਛਾਣੁ ॥
ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥}

(ਅੰਗ ੧੨੫)

ਪਿੱਛੇ ਵਾਲੇ ਮੁੱਖ ਸ਼ਬਦ ਤੇ ਉਸ ਤੋਂ ਪਹਿਲੇ ਵਾਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਖਾਸ ਕਰਕੇ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਪ੍ਰਮਾਤਮਾ ਨਾਲ ਸਾਡਾ ਝਗੜਾ ਕਿਸ ਕਰਕੇ ਹੈ। ਝਗੜੇ ਦਾ ਕਾਰਣ ਸਾਡੀ ਮਾੜੀ ਕਰਨੀ ਹੈ ਭਾਵ ਉਹ ਕਰਨੀ ਹੈ ਜੋ ਕਰਨੀ ਗੁਰਮਤਿ ਦੇ ਅਨੁਸਾਰ ਨਹੀਂ ਹੈ। ਸਾਡੀ ਸੱਚੀ ਕਰਣੀ ਉਹ ਹੈ ਜੋ ਗੁਰਮਤਿ ਅਨੁਸਾਰ ਹੈ। ਗੁਰਮਤਿ ਸੱਚੀ ਹੈ ਤੇ ਮਨਮਤਿ ਝੂਠੀ ਹੈ ਜਿਸ ਕਰਕੇ ਅਸੀਂ ਆਪਣੇ ਮਨ ਦੇ ਝੂਠ ਦੁਆਰਾ ਸੱਚ ਦੇ ਨਾਲ ਝਗੜਾ ਕਰਦੇ ਹਾਂ, ਪ੍ਰਮਾਤਮਾ ਦੇ ਨਾਲ ਝਗੜਾ ਕਰਦੇ ਹਾਂ, ਗੁਰੂ ਦੇ ਨਾਲ ਆਪਣਾ ਝਗੜਾ ਦਿਖਾਉਂਦੇ ਹਾਂ। (**ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥**)

ਗੁਰੂ ਰੂਪ ਪ੍ਰਮਾਤਮਾ ਨੂੰ ਕਿਸੇ ਦੇ ਨਾਲ ਵੈਰ ਨਹੀਂ ਹੈ, ਕਿਸੇ ਦੇ ਨਾਲ ਝਗੜਾ ਨਹੀਂ ਹੈ ਕਿਉਂਕਿ ਉਸ ਦੀਆਂ ਨਜਰਾਂ ਵਿੱਚ ਹਰ ਕੋਈ ਇੱਕੋ ਜਿਹਾ ਹੀ ਹੈ ਤੇ ਉਹ ਸਭ ਦਾ ਭਲਾ ਹੀ ਚਾਹੁੰਦਾ ਹੈ। ਸਾਡਾ ਭਲਾ ਕਿਵੇਂ ਹੋ ਸਕਦਾ ਹੈ ਤੇ ਸਭ ਦਾ ਭਲਾ ਕਿਸ ਵਿੱਚ ਹੈ, ਇਹੀ ਧਰਮ ਗ੍ਰੰਥਾਂ ਦੇ ਰਚਨ ਦਾ ਮਕਸਦ ਹੈ। ਧਰਮ ਗ੍ਰੰਥਾਂ ਰਾਹੀਂ ਸਾਨੂੰ ਗੁਰੂ ਰੂਪ ਵਿੱਚ ਪ੍ਰਮਾਤਮਾ ਸੱਚੀ ਮਤਿ ਹੀ ਦਿੰਦਾ ਹੈ ਜਿਸ ਨੂੰ ਮੰਨ ਕੇ ਅਸੀਂ ਆਪਣਾ ਭਲਾ ਕਰ ਸਕਦੇ ਹਾਂ ਤੇ ਦੂਸਰਿਆਂ ਦਾ ਭਲਾ ਕਰ ਸਕਦੇ ਹਾਂ। ਭਲਾਈ ਦਾ ਮਾਰਗ ਕਥਨੀ ਦਾ ਨਹੀਂ ਬਲਕਿ ਕਰਨੀ ਦਾ ਹੈ। ਸਾਰਾ ਦਿਨ ਬੈਠੇ ਕਥਨੀ ਕਰੀ ਜਾਈਏ ਤੇ ਦੂਸਰਿਆਂ ਨੂੰ ਕਥਨੀ ਕਰਨੀ ਸਿਖਾਈ ਜਾਈਏ, ਇਸ ਵਿੱਚ ਕਿਸੇ ਦਾ ਭਲਾ ਨਹੀਂ ਹੋ ਸਕਦਾ। ਆਪਣੀ ਜਿਹੜੀ ਕਰਣੀ ਦੁਆਰਾ ਅਸੀਂ ਦੂਸਰਿਆਂ ਦਾ ਭਲਾ ਕਰਦੇ ਹਾਂ ਸਾਡੀ ਉਸ ਕਰਣੀ ਦੁਆਰਾ ਪ੍ਰਮਾਤਮਾ ਸਾਡਾ

ਭਲਾ ਕਰਦਾ ਹੈ ਭਾਵ ਸਾਨੂੰ ਆਪਣੇ ਨਾਲ ਮੇਲਣ ਦਾ ਫਲ ਬਖਸ਼ਦਾ ਹੈ ਤੇ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਕਰਦਾ ਹੈ ਜਿਸ ਨਾਲ ਸਾਡਾ ਪ੍ਰਮਾਤਮਾ ਦੇ ਨਾਲ ਸਦਾ ਲਈ ਝਗੜਾ ਨਿਬੜ ਜਾਂਦਾ ਹੈ। ਜਦ ਤੱਕ ਸਾਨੂੰ ਮਨੁੱਖੀ ਦੇਹ ਰਾਹੀਂ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਤਦ ਤੱਕ ਅਸੀਂ ਕਿਸੇ ਨ ਕਿਸੇ ਰੂਪ ਵਿੱਚ ਉਸਦੀ ਸੱਚੀ ਮਤਿ ਨੂੰ ਨ ਸਮਝਣ ਦੁਆਰਾ ਉਸ ਦੇ ਉਲਟ ਚੱਲਦੇ ਹਾਂ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਬਣਿਆ ਹੀ ਰਹਿੰਦਾ ਹੈ। ਇਹ ਝਗੜਾ ਨਿਬੇੜਨ ਦਾ ਉੱਦਮ ਸਾਡੇ ਸਿਰ ਹੈ ਜਿਸ ਦਾ ਤਰੀਕਾ ਪੂਰੀ ਤਰ੍ਹਾਂ ਗੁਰੂ ਪ੍ਰਮਾਤਮਾ ਦੀ ਸਮਝਾਈ ਹੋਈ ਮਤਿ ਨੂੰ ਅਪਣਾਉਣ ਦਾ ਹੈ। ਅਸੀਂ ਸੱਚੇ ਦਿਲੋਂ ਉੱਦਮ ਹੀ ਕਰਨਾ ਹੈ ਤੇ ਝਗੜਾ ਉਸ ਦੀ ਕਿਰਪਾ ਦੁਆਰਾ ਹੀ ਨਿਬੜਦਾ ਹੈ ਜਦੋਂ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣਾ ਪੂਰਨ ਸੱਚ ਸਮਝਾਕੇ ਉਸ ਅਨੁਸਾਰ ਕਿਸੇ ਨੂੰ ਚਲਾਉਂਦਾ ਹੈ।

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਦੇ ਨਾਲ ਝਗੜਾ ਸਾਡੇ ਅੰਦਰ ਦੀ ਬਿਖਿਆ ਕਰਦੀ ਹੈ ਭਾਵ ਮਾਇਆ ਮੋਹ ਵਾਲੀ, ਅਗਿਆਨਤਾ ਵਾਲੀ ਮਾੜੀ ਬਿਰਤੀ ਕਰਦੀ ਹੈ, ਇਹ ਬਿਖਿਆ ਦਾ ਝਗੜਾ ਅੰਮ੍ਰਿਤ ਦੇ ਨਾਲ

ਝਗੜਾ ਹੈ। ਅੰਮ੍ਰਿਤ ਨਾਮ ਹੈ, ਗੁਰੂ ਦੀ ਮਤਿ ਹੈ ਤੇ ਬਿਖਿਆ ਸਾਡੀ ਮਾੜੀ ਮਤਿ ਹੈ। ਆਉ ਇਸ ਗੱਲ ਨੂੰ ਅਕਾਲ ਪੁਰਖ ਦੇ, ਪ੍ਰਮਾਤਮਾ ਦੇ, ਰਾਮ ਦੇ, ਖੁਦਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਸ ਦੇ ਨਾਲ ਵੈਰ ਅਸੀਂ ਕਿਵੇਂ ਕਮਾਉਂਦੇ ਹਾਂ ਤੇ ਉਸ ਦੀ ਨਿੰਦਾ ਤੋਂ ਬਚਣ ਦਾ, ਉਸ ਦੇ ਨਾਲ ਝਗੜਾ ਨਿਬੇੜਨ ਦਾ ਤਰੀਕਾ ਕੀ ਹੈ।

ਸਾਰਗ ਮਹਲਾ ੫ ॥

“ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥
ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥੧॥ ਰਹਾਉ ॥
ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥
ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥੧॥
ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥
ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ ॥੨॥
ਕਾਟੈ ਪੇਡੁ ਡਾਲ ਪਰਿ ਠਾਢੋ ਖਾਇ ਖਾਇ ਮੁਸਕਾਰੈ ॥
ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥੩॥
ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥
ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥੪॥੧੦॥”

(ਅੰਗ ੧੨੦੫)

ਪਹਿਲਾਂ ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਨੂੰ ਵਿਚਾਰੀਏ ਜੋ ਕਿ ਰਹਾਉ ਵਾਲੀਆਂ ਪੰਗਤੀਆਂ ਹਨ।

“ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥ ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥੧॥ ਰਹਾਉ ॥”

ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਪ੍ਰਮਾਤਮਾ ਨੂੰ ਦਿਨ ਰਾਤ ਭਜਣਾ ਜਾਂ ਨਾ ਭਜਣਾ ਕੀ ਹੈ। ਬੜਾ ਸਪੱਸ਼ਟ ਹੈ ਕਿ ਜੋ ਵਿਕਾਰੀ ਮਨੁੱਖ ਹੈ ਉਹ ਦਿਨ ਰਾਤ ਭਾਵ ਅੱਠੇ ਪਹਿਰ, ਸੁੱਤੇ ਜਾਗਦੇ ਮਾੜੀ ਬਿਰਤੀ ਵਿੱਚ ਹੀ

ਰਹਿੰਦਾ ਹੈ, ਮਾੜੇ ਵਿਚਾਰਾਂ ਵਾਲਾ ਬਣਿਆ ਰਹਿੰਦਾ ਹੈ। ਮਾੜੇ ਵਿਚਾਰਾਂ ਵਾਲਾ ਮਨੁੱਖ ਪ੍ਰਮਾਤਮਾ ਦਾ ਭਜਨ ਕਰਨ ਵਾਲਾ ਨਹੀਂ ਹੈ। ਪ੍ਰਮਾਤਮਾ ਦਾ ਭਜਨ ਉਹ ਕਰਦਾ ਹੈ ਜਿਸ ਦੇ ਅੰਦਰ ਬਿਖਿਆ ਵਾਲੀ ਬਿਰਤੀ ਨਹੀਂ ਹੈ ਭਾਵ ਜਿਸ ਦੇ ਅੰਦਰ ਗੁਰਮਤਿ ਵਾਲੇ ਵਿਚਾਰ ਹਨ, ਜਿਸਦੇ ਵਿਚਾਰ ਸੱਚੇ ਹਨ। ਜਿਸਦੀ ਬਿਰਤੀ ਮਾੜੀ ਹੈ, ਵਿਕਾਰਾਂ ਵਾਲੀ ਹੈ ਉਹ “ਅਹੰਬੁਧਿ ਮਾਤਾ” ਹੈ ਭਾਵ ਉਹ ਆਪਣੀ ਹਉਮੈ ਦੁਆਰਾ ਵਿਚਰਦਾ ਹੈ, ਮਨਮਤਿ ਦੁਆਰਾ ਵਿਚਰਦਾ ਹੈ ਤੇ ਦਿਨ ਰਾਤ ਮਾੜੀ ਬਿਰਤੀ ਵਿੱਚ ਰਹਿੰਦਾ ਹੈ। ਇਸ ਦੇ ਉਲਟ ਜੋ ਆਪਣੀ ਹਉਮੈ ਵਾਲੀ ਬਿਰਤੀ ਤਿਆਗਦਾ ਹੈ, ਬਿਖਿਆ ਵਾਲੀ ਬਿਰਤੀ ਤਿਆਗਦਾ ਹੈ ਭਾਵ ਜੋ ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਲੈ ਲੈਂਦਾ ਹੈ ਉਹ ਫਿਰ ਦਿਨ ਰਾਤ ਸੱਚੀ ਮਤਿ ਦੁਆਰਾ ਵਿਚਰਦਾ ਹੈ ਭਾਵ ਉਹ ਅੱਠੇ ਪਹਿਰ ਪ੍ਰਮਾਤਮਾ ਦਾ ਭਜਨ ਕਰਦਾ ਹੈ। ਮਨ ਦੀ ਮਾੜੀ ਬਿਰਤੀ ਦੁਆਰਾ ਅਸੀਂ ਦਿਨ ਰਾਤ ਮਾੜੇ ਕਰਮ ਕਰਦੇ ਹਾਂ ਭਾਵ ਸਾਡੇ ਅੰਦਰ ਮਾੜੇ ਕਰਮ ਕਰਨ ਵਾਲੀ ਬਿਰਤੀ ਵਸੀ ਰਹਿੰਦੀ ਹੈ ਤੇ ਮਨ ਦੇ ਵਿੱਚ ਸੱਚੇ ਵਿਚਾਰ ਵੱਸਣ ਦੁਆਰਾ, ਗੁਰਮਤਿ ਵੱਸਣ ਦੁਆਰਾ ਅੱਠੇ ਪਹਿਰ ਚੰਗੇ ਕਰਮ ਕਰਨ ਵਾਲੀ ਬਿਰਤੀ ਵਸੀ ਰਹਿੰਦੀ ਹੈ ਭਾਵ ਆਪਣੇ ਮਾੜੇ ਕਰਮ ਕਰਨ ਦੁਆਰਾ ਅਸੀਂ ਪ੍ਰਮਾਤਮਾ ਦਾ ਭਜਨ ਨਹੀਂ ਕਰਦੇ ਤੇ ਚੰਗੇ ਕਰਮ ਕਰਨਾ ਪ੍ਰਮਾਤਮਾ ਦਾ ਭਜਨ ਕਰਨਾ ਹੈ। ਆਪਣੇ ਇਸ ਜਨਮ ਨੂੰ ਅਸੀਂ ਇਸ ਜੂਏ ਦੀ ਖੇਡ ਵਿੱਚ ਆਪਣੇ ਮਾੜੇ ਕਰਮਾਂ ਦੁਆਰਾ ਹੀ ਹਾਰਦੇ ਹਾਂ ਤੇ ਇਸ ਜਨਮ ਨੂੰ ਜਿੱਤਣ ਦਾ ਸਾਧਨ ਸਾਡੇ ਚੰਗੇ ਕਰਮ ਹਨ। (**ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥ ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥1॥ ਰਹਾਉ ॥**)

ਜੋ ਮਨੁੱਖ ਬਿਖਿਆ ਦੀ ਬਿਰਤੀ ਵਾਲੇ ਹਨ, ਹਉਮੈ ਵਿੱਚ, ਮਨਮਤਿ ਵਿੱਚ ਰਹਿਣ ਵਾਲੇ ਮਨੁੱਖ ਹਨ ਉਹਨਾਂ ਨੂੰ ਨਾਮ ਦੇ ਨਾਲ ਪ੍ਰੀਤ ਨਹੀਂ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਪ੍ਰੀਤ ਨਹੀਂ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਅਰਥ ਗਹਿਰਾਈ ਵਿੱਚ ਹਨ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ।

“ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥

ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥੧॥”

ਜੋ ਨਾਮ ਦੇ ਨਾਲ ਪ੍ਰੀਤ ਕਰਨ ਵਾਲੇ ਹਨ ਉਹ ਫਿਰ ਕਦੇ ਮਾੜੀ ਬਿਰਤੀ ਵਾਲੇ ਨਹੀਂ ਹੋ ਸਕਦੇ, ਔਗੁਣਾਂ ਵਾਲੀ ਬਿਰਤੀ ਵਾਲੇ ਮਨੁੱਖ ਨਹੀਂ ਹੋ ਸਕਦੇ, ਹਉਮੈ ਵਾਲੀ, ਮਨਮਤਿ ਵਾਲੀ ਬਿਰਤੀ ਵਾਲੇ ਨਹੀਂ ਹੋ ਸਕਦੇ, ਸੱਚ ਦੇ ਉਲਟ ਚੱਲਣ ਵਾਲੇ ਨਹੀਂ ਹੋ ਸਕਦੇ ਭਾਵ ਮਾੜੇ ਕਰਮ ਕਰਨ ਵਾਲੇ

29/3254

ਨਹੀਂ ਹੋ ਸਕਦੇ । ਮਾੜੇ ਕਰਮ ਕਰਨਾ ਹੀ ਸਾਡੀ ਪਰ ਨਿੰਦਾ ਵਾਲੀ ਬਿਰਤੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੇ ਮਾੜੇ ਵਿਚਾਰਾਂ ਦੁਆਰਾ ਅਸੀਂ ਦੂਸਰਿਆਂ ਦੇ ਵਿਚਾਰਾਂ ਨੂੰ ਨਿੰਦਦੇ ਹਾਂ, ਗੁਰੂ ਦੇ ਚੰਗੇ ਵਿਚਾਰਾਂ ਨੂੰ ਨਿੰਦਦੇ ਹਾਂ। ਜਦ ਤੱਕ ਅਸੀਂ ਆਪਣੇ ਮਾੜੇ ਵਿਚਾਰਾਂ ਨੂੰ ਨਹੀਂ ਨਿੰਦਦੇ ਭਾਵ ਆਪਣੇ ਮਾੜੇ ਵਿਚਾਰਾਂ ਵਿੱਚੋਂ ਨਹੀਂ ਨਿਕਲਦੇ ਤਦ ਤੱਕ ਅਸੀਂ ਪਰ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ, ਨਾਮ ਦੀ ਨਿੰਦਾ ਵਿੱਚੋਂ, ਗੁਰਮਤਿ ਦੀ ਨਿੰਦਾ ਵਿੱਚੋਂ ਨਹੀਂ ਨਿਕਲ ਸਕਦੇ। ਜਦ ਤੱਕ ਸਾਨੂੰ ਆਪਣੇ ਵਿਚਾਰਾਂ ਨਾਲ ਪ੍ਰੀਤ ਹੈ ਤਦ ਤੱਕ ਸਾਡੀ ਗੁਰੂ ਦੇ ਵਿਚਾਰਾਂ ਨਾਲ ਪ੍ਰੀਤ ਨਹੀਂ ਜੁੜਦੀ । ਸਾਡੇ ਮਨਮਤਿ ਵਾਲੇ ਵਿਚਾਰ, ਬਿਖਿਆ ਵਾਲੇ ਭਾਵ ਮਾੜੇ ਵਿਚਾਰ ਸੁੱਕੇ ਤਿਣਕਿਆਂ ਦੀ ਤਰ੍ਹਾਂ ਹਨ ਜਿੰਨ੍ਹਾਂ ਨੂੰ ਅਸੀਂ ਆਪਣੇ ਜੀਵਨ ਦਾ ਆਸਰਾ ਬਣਾਇਆ ਹੋਇਆ ਹੈ ਤੇ ਆਪਣੇ ਮਨਮਤਿ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਵੀ ਭਾਵ ਮਾੜੇ ਕਰਮ ਕਰਦੇ ਹੋਏ ਵੀ ਅਸੀਂ ਇਹ ਸਮਝਦੇ ਹਾਂ ਕਿ ਅਸੀਂ ਆਪਣੇ ਜਪ ਤਪ ਦੁਆਰਾ, ਆਪਣੀ ਭਗਤੀ ਦੇ ਤਰੀਕਿਆਂ ਦੁਆਰਾ ਆਪਣੇ ਜੀਵਨ ਨੂੰ ਸਵਾਰ ਰਹੇ ਹਾਂ ਪਰ ਅਸਲ ਵਿੱਚ ਇਹ ਸਾਡਾ ਵੱਡਾ ਭਰਮ ਹੈ ਕਿ ਇਸ ਤਰੀਕੇ ਸਾਡਾ ਜੀਵਨ ਸਵਰ ਸਕਦਾ ਹੈ। ਮਨਮਤਿ ਵਿੱਚ ਰਹਿੰਦਿਆ ਭਾਵ ਗੁਰਮਤਿ ਦੇ ਉਲਟ ਚੱਲਦੇ ਹੋਏ ਭਾਵ ਮਾੜੇ ਕਰਮ ਕਰਦੇ ਹੋਏ ਆਪਣੇ ਤੀਲਿਆਂ ਵਾਲੇ ਘਰ ਦੇ ਦੁਆਲੇ ਅੱਗ ਬਾਲਣ ਵਾਲੀ ਗੱਲ ਹੈ ਭਾਵ ਆਪਣੇ ਜੀਵਨ ਨੂੰ ਸਾੜਨ ਵਾਲੀ ਗੱਲ ਹੈ, ਤਬਾਹ ਕਰਨ ਵਾਲੀ ਗੱਲ ਹੈ। ਮਨਮਤਿ ਛੱਡੇ ਬਿਨ੍ਹਾਂ, ਮਾੜੇ ਕਰਮ ਛੱਡੇ ਬਿਨ੍ਹਾਂ ਨਾ ਹੀ ਕਿਸੇ ਨੂੰ ਨਾਮ ਨਾਲ ਪ੍ਰੀਤ ਹੈ ਤੇ ਨਾ ਹੀ ਸਾਡੇ ਕਿਸੇ ਦਿਖਾਵਿਆਂ ਵਿੱਚ ਪ੍ਰਮਾਤਮਾ ਦੀ ਭਗਤੀ ਹੈ ਭਾਵ ਕੇਵਲ ਸਾਡਾ ਭਰਮ ਹੈ ਕਿ ਅਸੀਂ ਭਗਤੀ ਦੇ ਦਿਖਾਵਿਆਂ ਦੁਆਰਾ ਆਪਣੇ ਜੀਵਨ ਨੂੰ ਸਵਾਰ ਰਹੇ ਹਾਂ ਪਰ ਅਸਲ ਵਿੱਚ ਆਪਣੇ ਮਾੜੇ ਕਰਮਾਂ ਦੁਆਰਾ ਅਸੀਂ ਆਪਣੇ ਜੀਵਨ ਨੂੰ ਤਬਾਹ ਕਰ ਰਹੇ ਹਾਂ। (**ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥ ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥1॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਵੀ ਸਾਡਾ ਇਹ ਭਰਮ ਕੱਢਿਆ ਹੋਇਆ ਹੈ ਕਿ ਜਿਹੋ ਜਿਹੀ ਭਗਤੀ ਵਿੱਚ ਅਸੀਂ ਲੱਗੇ ਹੋਏ ਹਾਂ ਉਸ ਦੁਆਰਾ ਅਸੀਂ ਗੁਰਮਤਿ ਦੀ ਨਿੰਦਾ ਹੀ ਕਰਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਹੀ ਵਧਾਉਂਦੇ ਹਾਂ, ਉਸ ਨਿਰਵੈਰ ਦੇ ਨਾਲ ਆਪਣਾ ਵੈਰ ਕਮਾਉਂਦੇ ਹਾਂ ।

“ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ॥ ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ॥੨॥

ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥ ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥੩॥

ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥ ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥੪॥੧੦॥”

29/3255

“ਕਾਲਰ” ਭਾਵ ਕੱਲਰ ਸਾਡੇ ਮਨ ਦੀ ਉਹ ਬਿਰਤੀ ਹੈ ਜਿਸ ਵਿੱਚ ਫਸਲ ਨਹੀਂ ਉੱਗ ਸਕਦੀ ਭਾਵ ਉਹ ਫਸਲ ਨਹੀਂ ਉੱਗ ਸਕਦੀ ਜਿਸ ਫਲ ਦੀ ਅਸੀਂ ਚਾਹਨਾ ਕਰਦੇ ਹਾਂ। ਫਲ ਦੇ ਰੂਪ ਵਿੱਚ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਚਾਹੁੰਦੇ ਹਾਂ ਭਾਵ ਮਨ ਦੀ ਮਾੜੀ ਬਿਰਤੀ ਵਿੱਚ ਰਹਿੰਦੇ ਹੋਏ, ਮਨ ਦੇ ਮਾੜੇ ਵਿਚਾਰਾਂ ਦੇ ਰਹਿੰਦੇ ਹੋਏ, ਹਉਮੈ ਵਿੱਚ, ਮਨਮਤਿ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਸਾਨੂੰ ਉਸ ਫਲ ਦੀ ਪ੍ਰਾਪਤੀ ਨਹੀਂ ਹੋ ਸਕਦੀ । ਜਦ ਤੱਕ ਸਾਡੇ ਅੰਦਰ ਹਉਮੈ ਵਾਲੇ ਵਿਚਾਰ ਹਨ ਤਦ ਤੱਕ ਸਾਡੇ ਅੰਦਰ “ਅੰਮ੍ਰਿਤੁ” ਰੂਪ ਪ੍ਰਮਾਤਮਾ ਨਹੀਂ ਵੱਸ ਸਕਦਾ। ਅੰਮ੍ਰਿਤ ਦੀ ਪ੍ਰਾਪਤੀ ਉਸ ਮਨ ਵਿੱਚ ਹੁੰਦੀ ਹੈ ਜੋ ਆਪਣੇ ਅੰਦਰੋਂ “ਕਲਰ ਰੂਪ”ਵਿਚਾਰਾਂ ਨੂੰ ਕੱਢ ਦਿੰਦਾ ਹੈ। ਕਲਰ ਰੂਪ ਵਿਚਾਰ ਸਾਡੇ ਬਿਖਿਆ ਰੂਪ ਵਿਚਾਰ ਹਨ ਭਾਵ ਔਗੁਣਾਂ ਵਾਲੇ ਵਿਚਾਰ ਹਨ ਜਿੰਨ੍ਹਾਂ ਦੇ ਰਹਿੰਦਿਆ ਅਸੀਂ ਅੰਮ੍ਰਿਤ ਰੂਪ ਵਿਚਾਰਾਂ ਨੂੰ ਆਪਣੇ ਅੰਦਰੋਂ ਕੱਢਿਆ ਹੋਇਆ ਹੈ ਭਾਵ ਗੁਰਮਤਿ ਰੂਪ ਸੱਚੇ ਵਿਚਾਰਾਂ ਨੂੰ, ਨਾਮ ਵਾਲੇ ਵਿਚਾਰਾਂ ਨੂੰ ਅਸੀਂ ਤਿਆਗਿਆ ਹੋਇਆ ਹੈ। (**ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥**) ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

{ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥}

(ਅੰਗ ੮੨੦)

{ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥}

(ਅੰਗ ੪੧੯)

{ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ ॥
ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ ॥੬॥}

(ਅੰਗ ੯੮੧)

{ਮਹਾ ਬਜਰ ਬਿਖ ਬਿਆਧੀ ਸਿਰਿ ਉਠਾਈ ਪੋਟ ॥
ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ ॥੧॥}

(ਅੰਗ ੧੨੨੪)

29/3256

ਸਾਡੇ ਮਨ ਦੇ ਅੰਦਰ ਬਿਖਿਆ ਵਾਲੇ ਵਿਚਾਰ, ਮਾੜੇ ਵਿਚਾਰ ਸਾਡੇ ਮਨ ਦੇ ਉਹ ਬਸਤ੍ਰ ਹਨ, ਉਹ ਕੱਪੜੇ ਹਨ ਜਿੰਨ੍ਹਾਂ ਕਰਕੇ ਅਸੀਂ “ਕਾਜਰ” ਵਿੱਚ ਭਾਵ ਮਨ ਦੀ ਕਾਲਖ ਵਿੱਚ ਭਾਵ ਮਨ ਦੀ ਅਗਿਆਨਤਾ ਵਿੱਚ ਪਏ ਰਹਿੰਦੇ ਹਾਂ ਭਾਵ ਸਾਡੇ ਮਾੜੇ ਵਿਚਾਰਾਂ ਦਾ ਕਾਰਣ ਸਾਡੇ ਮਨ ਦੇ ਅੰਦਰ ਦੀ ਅਗਿਆਨਤਾ ਹੈ ਜਿਸਦੇ ਰਹਿੰਦਿਆ ਅਸੀਂ ਗੁਰੂ ਦੇ ਸੱਚੇ ਵਿਚਾਰਾਂ ਨਾਲ ਨਹੀਂ ਜੁੜਦੇ। ਮਨ ਦੇ ਇਹੋ ਜਿਹੇ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਇਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਦੀ ਭਗਤੀ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਉਹਨਾਂ ਨੂੰ ਅਸੀਂ ਆਪਣੇ ਸੱਚੇ ਵਿਚਾਰ ਹੀ ਸਮਝਦੇ ਹਾਂ, ਗੁਰਮਤਿ ਅਨੁਸਾਰ ਵਿਚਰਨਾ ਹੀ ਸਮਝਦੇ ਹਾਂ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਇਹੋ ਤਰੀਕਾ ਹੀ ਬਣਿਆ ਹੋਇਆ ਹੈ ਭਾਵ ਅਸੀਂ ਆਪਣੀ ਅਗਿਆਨਤਾ ਵਾਲੀ ਮਤਿ ਨੂੰ, ਮਾੜੇ ਵਿਚਾਰਾਂ ਵਾਲੀ ਮਤਿ ਨੂੰ ਹੀ ਸੱਚੀ ਮਤਿ ਸਮਝਦੇ ਹਾਂ ਤੇ ਆਪਣੇ ਇਹੋ ਜਿਹੇ ਵਿਚਾਰਾਂ ਦਾ ਵਾਰ ਵਾਰ ਪ੍ਰਚਾਰ ਕਰਦੇ ਹਾਂ ਭਾਵ ਆਪਣੀ ਇਹ ਮਨ ਦੀ ਕਾਲਖ ਦੂਸਰਿਆਂ ਦੇ ਉੱਪਰ ਝਾੜਦੇ ਹਾਂ, ਦੂਸਰਿਆਂ ਨੂੰ ਆਪਣੇ ਵਿਚਾਰਾਂ ਦੇ ਨਾਲ ਜੋੜਦੇ ਹਾਂ ਭਾਵ ਅਗਿਆਨਤਾ ਵਾਲੀ ਭਗਤੀ ਦਾ ਹੀ ਵਾਰ ਵਾਰ ਪ੍ਰਚਾਰ ਕਰਦੇ ਹਾਂ ਭਾਵ ਜਿੰਨ੍ਹਾਂ ਨੂੰ ਸੱਚੀ ਭਗਤੀ ਦੀ ਸੋਝੀ ਨਹੀਂ ਹੈ ਉਹ ਦੂਸਰਿਆਂ ਨੂੰ ਵੀ ਸੱਚ ਤੋਂ ਦੂਰ ਕਰਦੇ ਹਨ, ਅੰਮ੍ਰਿਤ ਨਾਮ ਤੋਂ ਦੂਰ ਕਰਦੇ ਹਨ। (**ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥ ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ**

॥2॥) ਇਹੋ ਜਿਹੀ ਭਗਤੀ ਦੀ ਸਿੱਖਿਆ ਦੇਣ ਵਾਲੇ, ਝੂਠੀ ਭਗਤੀ ਸਿਖਾਉਣ ਵਾਲੇ ਆਪ ਵੀ ਗੁਰਮਤਿ ਦੀ ਨਿੰਦਾ ਕਰਦੇ ਹਨ ਤੇ ਦੂਸਰਿਆਂ ਨੂੰ ਵੀ ਗੁਰਮਤਿ ਦੀ ਨਿੰਦਾ ਕਰਨੀ ਸਿਖਾਉਂਦੇ ਹਨ।

ਗੁਰਮਤਿ ਰੂਪ ਪੇੜ ਸਾਡੇ ਜੀਵਨ ਦਾ ਆਸਰਾ ਹੈ ਜਿਸਦੀ ਮਤਿ ਦੇ ਨਾਲ ਜੁੜਕੇ ਅਸੀਂ ਇਸ ਜੀਵਨ ਦੇ ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਸਦਕੇ ਹਾਂ, ਪ੍ਰਮਾਤਮਾ ਦੇ ਵਿਛੋੜੇ ਦੇ ਦੁੱਖ ਵਿੱਚੋਂ ਨਿਕਲ ਸਦਕੇ ਹਾਂ ਭਾਵ ਸੁੱਖ ਦੀ ਪ੍ਰਾਪਤੀ ਸਾਨੂੰ ਗੁਰਮਤਿ ਰੂਪ ਪੇੜ ਕੋਲੋਂ ਹੋਣੀ ਹੈ। ਜਿਹੋ ਜਿਹੀ ਭਗਤੀ ਵਿੱਚ ਅਸੀਂ ਲੱਗੇ ਹੋਏ ਹਾਂ ਭਾਵ ਮਨ ਦੇ ਵਿੱਚ ਬਿਖਿਆ ਦੇ ਰਹਿੰਦੇ ਹੋਏ, ਮਨ ਦੇ ਵਿੱਚ ਵਿਕਾਰਾਂ ਦੇ ਰਹਿੰਦੇ ਹੋਏ, ਦਿਨ ਰਾਤ ਮਾੜੇ ਕਰਮ ਕਰਦੇ ਹੋਏ ਅਸੀਂ ਅਸਲ ਵਿੱਚ ਗੁਰਮਤਿ ਰੂਪ ਪੇੜ ਨੂੰ ਕੱਟਣ ਵਿੱਚ ਲੱਗੇ ਹੋਏ ਹਾਂ ਪਰ ਸਮਝੀ ਇਹ ਬੈਠੇ ਹਾਂ ਕਿ ਅਸੀਂ ਇਸ ਪੇੜ ਦੇ ਫਲ ਖਾਂ ਰਹੇ ਹਾਂ ਤੇ ਇਸੇ ਗੱਲ ਦਾ ਮਾਣ ਕਰਕੇ ਖੁਸ਼ ਹੁੰਦੇ ਹਾਂ ਪਰ ਇਸਦੇ ਨਤੀਜੇ ਤੋਂ ਅਸੀਂ ਬੇਖ਼ਬਰ ਹਾਂ । ਅਸੀਂ ਆਪਣੇ ਜੀਵਨ ਨੂੰ ਆਪ ਹੀ ਬਰਬਾਦ ਕਰਨ ਵਿੱਚ ਲੱਗੇ ਹੋਏ ਹਾਂ। ਜਦ ਤੱਕ ਸਾਡੇ ਅੰਦਰ ਬਿਖਿਆ ਹੈ, ਮਨਮਤਿ ਹੈ, ਹਉਮੈ ਹੈ ਜਿਵੇਂ ਕਿ ਅਸੀਂ ਪਹਿਲਾਂ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਤਦ ਤੱਕ ਕੋਈ ਵੀ ਪ੍ਰਮਾਤਮਾ

29/3257

ਦਾ ਭਜਨ ਕਰਨ ਵਾਲਾ ਨਹੀਂ ਹੈ ਭਾਵੇਂ ਆਪਣੇ ਵੱਲੋਂ ਹਰ ਕੋਈ ਆਪਣੀ ਝੂਠੀ ਭਗਤੀ ਨੂੰ ਹੀ ਸੱਚ ਸਮਝਕੇ ਖੁਸ ਹੋ ਰਿਹਾ ਹੈ। ਜਦ ਤੱਕ ਸਾਡੇ ਮਨ ਦੇ ਵਿਚਾਰ ਮੈਲੇ ਹਨ ਅਸੀਂ ਆਪਣੇ ਜੀਵਨ ਦੇ ਆਸਰੇ ਨੂੰ, ਗੁਰਮਤਿ ਵਾਲੇ ਵਿਚਾਰਾਂ ਦੇ ਆਸਰੇ ਨੂੰ ਆਪ ਹੀ ਕੱਟ ਰਹੇ ਹਾਂ ਤੇ ਆਪਣਾ ਜੀਵਨ ਬਰਬਾਦ ਕਰ ਰਹੇ ਹਾਂ ਤੇ ਵਿਅਰਥ ਵਿੱਚ ਹੀ ਖੁਸ਼ ਹੋ ਰਹੇ ਹਾਂ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਹੋਏ ਹਾਂ । **(ਕਾਟੈ ਪੇਡੁ ਡਾਲ ਪਰਿ ਠਾਢੋ ਖਾਇ ਖਾਇ ਮੁਸਕਾਰੈ ॥ ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥3॥**)

ਆਪਣੇ ਵੱਲੋਂ ਭਾਵੇਂ ਅਸੀਂ ਮਨ ਦੇ ਵਿੱਚ ਮਾੜੇ ਵਿਚਾਰ ਰਹਿੰਦੇ ਹੋਏ ਵੀ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਸਮਝਦੇ ਹਾਂ, ਆਪਣੇ ਸਰੀਰਕ ਜਪਾਂ ਤਪਾਂ ਦੁਆਰਾ, ਸ਼ਬਦਾਂ ਨੂੰ ਰਟੀ ਜਾਣ ਦੁਆਰਾ, ਕਿਸੇ ਅੱਖਰ ਦਾ ਜਪ ਕਰੀ ਜਾਣ ਦੁਆਰਾ ਉਸਦੇ ਗੁਣ ਗਾਉਣੇ ਸਮਝਦੇ ਹਾਂ ਪਰ ਅਸਲ ਵਿੱਚ ਅਸੀਂ ਮਨ ਦੀ ਮਾੜੀ ਬਿਰਤੀ ਦੁਆਰਾ ਗੁਰਮਤਿ ਦੇ ਵਿਚਾਰਾਂ ਦੇ ਉਲਟ ਚੱਲਕੇ ਉਸ ਗੁਰੂ ਪ੍ਰਮਾਤਮਾ ਨਾਲ ਆਪਣਾ ਵੈਰ ਹੀ ਕਮਾਉਂਦੇ ਹਾਂ ਜਿਵੇਂ ਕਿ ਸ਼ਬਦ ਦੀਆਂ ਆਖਰੀਆਂ ਪੰਗਤੀਆਂ ਦੁਆਰਾ ਸਾਨੂੰ ਸੁਚੇਤ ਕੀਤਾ ਹੋਇਆ ਹੈ ਤਾਂ ਜੋ ਅਸੀਂ ਭਗਤੀ ਦਾ ਸਹੀ ਮਾਰਗ ਸਮਝ ਸਕੀਏ ਜੋ ਕਿ ਬਿਖਿਆ ਵਾਲੀ ਬਿਰਤੀ ਨੂੰ ਛੱਡਣ ਦਾ ਹੈ ਜਿਵੇਂ ਕਿ ਅਸੀਂ ਰਹਾਉ ਵਾਲੀ ਪੰਗਤੀ ਦੁਆਰਾ ਤੇ ਉਸ ਤੋਂ ਬਾਅਦ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ।

“ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥ ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥੪॥੧੦॥”

ਸਾਡੇ ਜੀਵਨ ਦਾ ਮਕਸਦ ਉਸ ਪ੍ਰਮਾਤਮਾ ਤੱਕ ਆਪਣੀ ਪਹੁੰਚ ਕਰਨ ਦਾ ਹੈ ਭਾਵ ਉਸ ਨੂੰ ਪਾਉਣ ਦਾ ਹੈ ਪਰ ਆਪਣੇ ਮਨ ਦੀ ਮਾੜੀ ਬਿਰਤੀ ਦੁਆਰਾ ਗੁਰਮਤਿ ਦੇ ਉਲਟ ਚੱਲਕੇ ਅਸੀਂ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਆਪਣਾ ਵੈਰ ਕਮਾਉਂਦੇ ਹਾਂ ਜੋ ਆਪ ਨਿਰਵੈਰ ਹੈ ਭਾਵ ਜੋ ਸਭ ਦਾ ਭਲਾ ਚਾਹੁੰਦਾ ਹੈ ਤੇ ਉਸ ਦੇ ਨਾਲ ਵੈਰ ਕਮਾਕੇ ਭਾਵ ਮਾੜੇ ਕਰਮ ਕਰਨ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਤੇ ਜੇਕਰ ਕੋਈ ਇਹ ਉਮੀਦ ਲਾਈ ਬੈਠਾ ਹੈ ਕਿ ਵਿਕਾਰਾਂ ਦੇ ਰਹਿੰਦੇ ਉਹ ਆਪਣੀ ਕਿਸੇ ਚਤੁਰਾਈ ਦੁਆਰਾ ਭਾਵ ਕਿਸੇ ਸਰੀਰਕ ਜਪ ਤਪ ਦੁਆਰਾ ਉਸ ਪ੍ਰਮਾਤਮਾ ਤੱਕ ਆਪਣੀ ਪਹੁੰਚ ਕਰ ਲਵੇਗਾ ਇਹ ਫਿਰ ਉਸਦੀ ਮੂਰਖਤਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਸੱਚੀ ਕਿਰਪਾ ਕਰਦਾ ਹੈ ਉਸ ਨੂੰ ਮਨ ਦੇ ਵਿੱਚ ਸੱਚੀ ਸੋਝੀ ਪਾ ਕੇ ਗੁਰਮਤਿ ਦੇ ਨਾਲ ਹੀ ਜੋੜਦਾ

29/3258

ਹੈ ਤੇ ਉਸਦੇ ਅੰਦਰੋਂ ਔਗੁਣ ਮਾਰਕੇ ਉਸਦੀ ਔਗੁਣਾਂ ਤੋਂ ਰੱਖਿਆ ਕਰਦਾ ਹੈ, ਜਮਾਂ ਤੋਂ ਰੱਖਿਆ ਕਰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਸੰਤ ਰੂਪ ਬਣਾਉਂਦਾ ਹੈ ਉਸ ਨੂੰ ਔਗੁਣਾਂ ਤੋਂ ਪੂਰੀ ਤਰ੍ਹਾਂ ਮੁਕਤਿ ਕਰ ਦਿੰਦਾ ਹੈ। ਪ੍ਰਮਾਤਮਾ ਤੱਕ ਪਹੁੰਚ ਕਰਣ ਦਾ ਸਾਧਨ ਔਗੁਣਾਂ ਤੋਂ ਮੁਕਤਿ ਹੋਣਾ ਹੀ ਹੈ, ਔਗੁਣਾਂ ਨੂੰ ਤਿਆਗਣਾ ਹੀ ਹੈ ਤੇ ਸਾਡਾ ਸੱਚਾ ਉੱਦਮ ਇਹੀ ਹੈ ਕਿ

ਅਸੀਂ ਮਨ ਦੀ ਮਾੜੀ ਬਿਰਤੀ ਨੂੰ ਛੱਡਕੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਪ੍ਰਮਾਤਮਾ ਦੀ ਭਗਤੀ ਕਰਨ ਦਾ ਉਪਰਾਲਾ ਕਰੀਏ, ਉਸਦਾ ਨਾਮ ਜਪਣ ਦਾ ਉਪਰਾਲਾ ਕਰੀਏ । (**ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥ ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥4॥10॥**)

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥}

(ਅੰਗ ੧੧੯੩)

ਪ੍ਰਮਾਤਮਾ ਦੇ ਨਾਲ ਸਾਡਾ ਵੈਰ ਪਵਾਉਣ ਵਾਲੇ ਸਾਡੇ ਔਗੁਣ ਹਨ ਤੇ ਅਸਲ ਵਿੱਚ ਸਾਡੇ ਔਗੁਣ ਸਾਡੇ ਹੀ ਵੈਰੀ ਹਨ ਜਿੰਨ੍ਹਾਂ ਦੇ ਰਹਿੰਦਿਆ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਵੈਰ ਵਿਰੋਧ ਨਹੀਂ ਮੁਕਦਾ । ਇਹ ਵੈਰੀ ਸਾਡੇ ਸਭ ਦੇ ਅੰਦਰ ਕਿਸੇ ਨ ਕਿਸੇ ਰੂਪ ਵਿੱਚ ਵੱਸੇ ਹੋਏ ਹਨ। ਪ੍ਰਮਾਤਮਾ ਜਿਸ ਤੇ ਆਪਣੀ ਸੱਚੀ ਕਿਰਪਾ ਕਰਦਾ ਹੈ ਉਹ ਇਹਨਾਂ ਵੈਰੀਆਂ ਨੂੰ ਹੀ ਮਨ ਦੇ ਵਿੱਚੋਂ ਕੱਢਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਕੇ ਇਹਨਾਂ ਵੈਰੀਆਂ ਤੋਂ ਸੁਚੇਤ ਕਰਦਾ ਹੈ ਜੋ ਸਾਡੇ ਧਰਮ ਦੇ ਮਾਰਗ ਵਿੱਚ ਰੁਕਾਵਟ ਹਨ। ਪ੍ਰਮਾਤਮਾ ਦੇ ਨਾਲ ਵਿਰੋਧ ਨਿਬੇੜਨ ਦਾ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਉਸ ਹਰ ਔਗੁਣ ਤੋਂ ਬਚੀਏ ਜੋ ਔਗੁਣ ਪੂਰੀ ਗੁਰਬਾਣੀ ਰਾਹੀਂ ਸਾਨੂੰ ਗੁਰੂ ਨੇ ਛੱਡਣ ਲਈ ਸਮਝਾਏ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਗੁਣ ਉਹ ਹੈ ਜਿਸ ਵਿੱਚ ਗੁਰੂ ਦੀ ਮਤਿ ਹੈ ਤੇ ਸਾਡੇ ਜਿਹੜੇ ਕਰਮ ਵਿੱਚ ਗੁਰੂ ਦੀ ਮਤਿ ਨਹੀਂ ਹੈ ਉਹ ਸਾਡਾ ਔਗੁਣ ਹੈ। ਸਾਡੇ ਭਗਤੀ ਦੇ ਦਿਖਾਵੇ ਜਿੰਨ੍ਹਾਂ ਨੂੰ ਗੁਰੂ ਸਾਹਿਬ ਵਾਰ ਵਾਰ ਛੱਡਣ ਲਈ ਪਰੇਰ ਰਹੇ ਹਨ ਉਹ ਸਾਡੇ ਔਗੁਣ ਹਨ ਜੋ ਸਾਨੂੰ ਝੂਠੇ ਮਾਣ ਦੇ ਨਾਲ ਜੋੜਦੇ ਹਨ। ਇਹਨਾਂ ਸਾਰੀਆਂ ਗੱਲਾਂ ਨੂੰ ਬਰੀਕੀ ਨਾਲ ਸਮਝੇ ਬਿਨ੍ਹਾਂ ਅਸੀਂ ਗੁਰੂ ਪ੍ਰਮਾਤਮਾ ਨਾਲ ਆਪਣਾ ਝਗੜਾ ਨਹੀਂ ਨਿਬੇੜ ਸਕਦੇ ਬਲਕਿ ਗੁਰਮਤਿ ਦੇ ਉਲਟ ਚੱਲਕੇ ਅਸੀਂ ਆਪਣੀ ਮਤਿ ਨੂੰ ਉੱਚਾ ਕਰਦੇ ਹਾਂ ਤੇ ਗੁਰਮਤਿ ਨੂੰ ਨੀਵਾਂ ਕਰਦੇ ਹਾਂ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ

29/3259

ਹੈ। ਸਾਡਾ ਜੀਵਨ ਤਾਂ ਹੀ ਸਫ਼ਲ ਹੋਣਾ ਹੈ ਜਦੋਂ ਅਸੀਂ ਗੁਰਮਤਿ ਰੂਪ ਘਰ ਦੀ ਰੱਖਿਆ ਕਰਾਂਗੇ ਜਿਸ ਨੂੰ ਕਿ ਸਾਡੇ ਮਨਮਤਿ ਰੂਪ ਔਗੁਣ ਦਿਨ ਰਾਤ ਲੁੱਟਣ ਵਿੱਚ ਲਗੇ ਹੋਏ ਹਨ। ਜਦ ਤੱਕ ਸਾਡੇ ਅੰਦਰ ਮਨਮਤਿ ਰੂਪ ਔਗੁਣ ਹਨ, ਇਹੀ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਣ ਹੈ। ਜਦੋਂ ਪ੍ਰਮਾਤਮਾ ਨਾਲੋਂ ਦੂਰੀ ਮਿਟਦੀ ਹੈ ਫਿਰ ਇਹਨਾਂ ਔਗੁਣਾਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਹੋ ਜਾਂਦਾ ਹੈ ਜੋ ਕਿ ਉਸ ਪ੍ਰਮਾਤਮਾ ਦੇ ਮਨ ਵਿੱਚ ਪ੍ਰਗਟ ਹੋਣ ਦੁਆਰਾ ਹੀ ਹੁੰਦਾ ਹੈ ਤੇ ਇਸੇ ਲਈ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਉਸ ਹਰ ਔਗੁਣ ਤੋਂ ਬਚਣ ਦਾ ਉਪਰਾਲਾ ਕਰੀਏ ਜੋ ਸਾਡਾ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਣ ਹਨ ਤੇ ਉਸਦੇ ਨਾਲ ਸਾਡੇ ਵੈਰ ਵਿਰੋਧ ਦਾ ਕਾਰਣ ਹਨ। ਅਸਲ ਵਿੱਚ ਸਾਡੇ ਔਗੁਣ ਸਾਡੇ ਹੀ ਵੈਰੀ ਹਨ ਜਿੰਨ੍ਹਾਂ ਨੇ ਸਾਨੂੰ ਪ੍ਰਮਾਤਮਾ ਦੇ ਨਾਲੋਂ ਮੇਲ ਤੋਂ ਦੂਰ ਰੱਖਿਆ ਹੋਇਆ ਹੈ ਜਿਸ ਦਾ ਕਾਰਣ ਸਾਡੇ ਮਨ ਦੀ ਮਾੜੀ ਸੋਝੀ ਹੈ, ਅਗਿਆਨਤਾ ਹੈ, ਮਨਮਤਿ ਹੈ ਜਿਸ ਦੇ ਰਹਿੰਦਿਆ ਸਾਨੂੰ ਪ੍ਰਮਾਤਮਾ ਨਾਲ ਮੇਲ ਕਰਨਾ ਕੀ ਹੈ ਇਸ ਦੀ ਸਮਝ ਹੀ ਨਹੀਂ ਪੈਂਦੀ ਤੇ ਅਸੀਂ ਉਹੋ ਜਿਹੇ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਜਿੰਨ੍ਹਾਂ ਰਾਹੀਂ ਅਸੀਂ ਆਪਣੀ ਮਤਿ ਨੂੰ ਸੋਧਣ ਦੀ ਬਜਾਇ ਤਨ ਦੀਆਂ ਕਿਰਿਆਵਾਂ ਵਿੱਚ ਉਲਝੇ ਹੋਏ ਹਾਂ, ਕੇਵਲ ਸ਼ਬਦਾਂ ਦੇ ਵਾਰ ਵਾਰ ਰਟੀ ਜਾਣ ਵਿੱਚ ਲੱਗੇ ਹੋਏ ਹਾਂ ਜਿਸ ਦੁਆਰਾ ਸਾਡੇ ਵੈਰੀ ਭਾਵ ਮਨ ਦੇ ਵਿਕਾਰ ਉਸੇ ਤਰ੍ਹਾਂ ਹੀ ਸਾਡੇ ਅੰਦਰ ਲੱਗੇ ਰਹਿੰਦੇ ਹਨ ਤੇ ਪ੍ਰਮਾਤਮਾ ਦੇ ਨਾਲ ਸਾਡਾ ਵੈਰ ਵਿਰੋਧ ਬਣਾਈ ਰੱਖਦੇ ਹਨ। ਜਦ ਤੱਕ ਅਸੀਂ ਆਪਣੇ ਵੈਰੀਆਂ ਨੂੰ ਸੋਧਣ ਦਾ ਉਪਰਾਲਾ ਨਹੀਂ ਕਰਦੇ ਤਦ ਤੱਕ ਸਾਡੇ ਅੰਦਰ ਨਾਂ ਭਗਤੀ ਦਾ ਸੱਚਾ ਉੱਦਮ ਹੈ ਤੇ ਨਾਹੀ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਮਿਟ ਸਕਦੀ ਹੈ ਬਲਕਿ ਆਪਣਾ ਝੂਠਾ ਮਾਣ ਵਧਾਉਣ ਦੁਆਰਾ, ਗੁਰਮਤਿ ਦੇ ਉਲਟ ਚੱਲਣ ਦੁਆਰਾ, ਦੂਜਿਆਂ ਦੀ ਮਤਿ ਤੇ ਚੱਲਣ ਦੁਆਰਾ ਅਸੀਂ ਆਪਣੀ ਹਉਮੈ ਨੂੰ ਹੋਰ ਉੱਚਾ ਕਰਦੇ ਹਾਂ ਤੇ ਸੱਚੇ ਨਾਮ ਦੇ ਨਾਲੋਂ ਆਪਣੀ ਦੂਰੀ ਵਧਾਉਂਦੇ ਹਾਂ। ਆਪਣੇ ਔਗੁਣਾਂ ਕਰਕੇ ਹੀ ਅਸੀਂ ਪਤਿਤ ਹਾਂ ਤੇ ਇਹਨਾਂ ਦੇ ਦੂਰ ਹੋਣ ਨਾਲ ਹੀ ਕੋਈ ਪਵਿੱਤਰ ਬਣ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਵਾਰੀ ਸਮਝਿਆ ਹੈ। ਆਪਣੇ ਇਹਨਾਂ ਵੈਰੀਆਂ ਨੂੰ ਸੋਧੇ ਬਿਨ੍ਹਾਂ ਅਸੀਂ ਪਵਿੱਤਰ ਨਹੀਂ ਹੋ ਸਕਦੇ ਤੇ ਨਾ ਹੀ ਅਸੀਂ ਪ੍ਰਮਾਤਮਾ ਦਾ ਜੱਸ ਗਾ ਸਕਦੇ ਹਾਂ। ਜਦੋਂ ਸਾਡੇ ਅੰਦਰੋਂ ਇਹ ਵੈਰੀ ਨਿਕਲ ਜਾਂਦੇ ਹਨ ਤਾਂ ਹੀ ਸਾਡੀ ਉਸ ਪ੍ਰਮਾਤਮਾ ਦੇ ਨਾਲ ਦਿਨ ਰਾਤ ਲਿਵ ਜੁੜੀ ਰਹਿੰਦੀ ਹੈ। ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਆਉ

ਉਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਆਪਣੇ ਅਸਲ ਨਿਰਗੁਣ ਰੂਪ ਵੈਰੀਆਂ ਨੂੰ ਸਮਝੀਏ ਤੇ ਉਹਨਾਂ ਨੂੰ ਫੜਨ ਦਾ ਤੇ ਮਾਰਨ ਦਾ ਉਪਰਾਲਾ ਕਰੀਏ ਤਾਂ ਜੋ ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਵੈਰ ਕਮਾਉਣ ਤੋਂ ਬਚ ਸਕੀਏ।

3260

ਮਾਰੂ ਮਹਲਾ ੫ ॥

“ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥੧॥
ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥
ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥੩॥
ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥
ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥੬॥”

(ਅੰਗ ੧੦੦੦)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਤੇ “ਰਹਾਉ” ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ। ਜਿਸ ਦੇ ਪ੍ਰਮਾਤਮਾ “ਕਰਮੁ” ਖੋਲਦਾ ਹੈ, ਭਾਗ ਖੋਲਦਾ ਹੈ ਉਸਦਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਉਸਦੇ ਮੇਲ ਤੋਂ ਬਾਅਦ ਹੀ ਕੋਈ ਪ੍ਰਮਾਤਮਾ ਦਾ ਜੱਸ ਗਾ ਸਕਦਾ ਹੈ, ਹਰਿ ਹਰਿ ਕਰ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਮਨੁੱਖ ਮਾਇਆ ਮੋਹ ਵਿੱਚ ਹੀ ਫਸਿਆ ਰਹਿੰਦਾ ਹੈ ਤੇ ਉਸ ਨੂੰ ਪ੍ਰਮਾਤਮਾ ਦਾ ਜੱਸ ਗਾਉਣਾ ਕੀ ਹੈ ਇਸ ਗੱਲ ਦੀ ਸੋਝੀ ਹੀ ਨਹੀਂ ਪੈਂਦੀ ਕਿ ਅਸਲ ਵਿੱਚ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਵਿਚਰਨਾ ਹੀ ਪ੍ਰਮਾਤਮਾ ਦਾ ਜੱਸ ਗਾਉਣਾ ਹੈ। ਜਦ ਤੱਕ ਸਾਡਾ ਮਨ ਮਾਇਆ ਮੋਹ ਵਿੱਚੋਂ ਭਟਕਣ ਤੋਂ ਨਹੀਂ ਹਟਦਾ ਤਦ ਤੱਕ ਅਸੀਂ ਉਹੋ ਜਿਹੇ ਕਰਮ ਨਹੀਂ ਕਰ ਸਕਦੇ ਜਿਹੋ ਜਿਹੇ ਕਰਮਾਂ ਦੁਆਰਾ ਕਰਣੀ ਦੁਆਰਾ ਪ੍ਰਮਾਤਮਾ ਦਾ “ਕੀਰਤਨੁ” ਕੀਤਾ ਜਾਂਦਾ ਹੈ, ਹਰਿ ਹਰਿ ਕੀਤਾ ਜਾਂਦਾ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਮਾਇਆ ਮੋਹ ਵਿੱਚੋਂ ਕੱਢ ਕੇ ਆਪਣਾ ਜੱਸ ਕਰਵਾਉਣਾ ਸਿਖਾਉਂਦਾ ਹੈ। ਪ੍ਰਮਾਤਮਾ ਦੇ ਮਨ ਵਿੱਚ ਵੱਸਣ ਦੁਆਰਾ ਹੀ ਮਨੁੱਖ ਉਸ ਦੀ ਸ਼ਰਨ ਵਿੱਚ ਆਉਂਦਾ ਹੈ, ਉਸਦੀ ਸੱਚੀ ਮਤਿ ਦੀ ਸ਼ਰਨ ਵਿੱਚ ਆਉਂਦਾ ਹੈ ਜੋ ਮਤਿ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਦਿੰਦਾ ਹੈ। (**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥ ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥1॥ ਅਬ ਮੋਹਿ ਜੀਵਨ ਪਦਵੀ ਪਾਈ ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥1॥ ਰਹਾਉ ॥**)

ਪ੍ਰਮਾਤਮਾ ਦਾ ਜੱਸ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਮਨ ਦੀ ਸ਼ੁੱਧੀ ਦੁਆਰਾ ਹੀ ਗਾਇਆ ਜਾਂਦਾ ਹੈ ਭਾਵ ਮਨੁੱਖ ਦੀ ਸੱਚੀ ਸੁੱਚੀ ਕਿਰਤ ਜਿਸ ਦੁਆਰਾ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ ਉਹ ਔਗੁਣਾਂ ਤੋਂ ਰਹਿਤ ਹੋ ਕੇ ਹੀ ਗਾਇਆ ਜਾ ਸਕਦਾ ਹੈ, ਆਪਣੇ ਮਨ ਦੇ ਵੈਰੀਆਂ ਤੋਂ ਰਹਿਤ ਹੋ ਕੇ ਹੀ ਗਾਇਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਇਹਨਾਂ ਵੈਰੀਆਂ ਤੋਂ ਸਾਡੀ ਰੱਖਿਆ ਪ੍ਰਮਾਤਮਾ ਆਪ ਹੀ ਕਰਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਕਰਦਾ ਹੈ।

29/3261

“ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥

ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥”

ਪ੍ਰਮਾਤਮਾ ਦੇ ਨਾਲ ਸਾਡਾ ਵੈਰ ਸਾਡਾ ਝਗੜਾ ਮਨ ਦੇ ਵਿਕਾਰਾਂ ਕਰਕੇ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਇਹ ਔਗੁਣ ਰੂਪ ਵੈਰੀ ਸਾਡੇ ਅੰਦਰ ਵੱਸੇ ਹੋਏ ਹਨ ਤਦ ਤੱਕ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਵੈਰ ਨਹੀਂ ਮੁਕ ਸਕਦਾ। ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਸੱਚ ਦੁਆਰਾ ਨਿਬੜਦਾ ਹੈ, ਨਾਮ ਦੁਆਰਾ ਨਿਬੜਦਾ ਹੈ ਤੇ ਇਹੀ ਨਾਮ ਜਪਣ ਦਾ ਮਕਸਦ ਹੈ ਕਿ ਅਸੀਂ ਆਪਣੇ ਵੈਰੀਆਂ ਨੂੰ ਮਾਰੀਏ॥ ਸਾਡੇ ਅੰਦਰ ਵੈਰੀਆਂ ਦੇ ਵੱਸਣ ਦਾ ਕਾਰਣ ਸਾਡੀ ਮਨਮਤਿ ਹੈ, ਮਾੜੀ ਮਤਿ ਹੈ, ਹਉਮੈ ਹੈ ਜਿਸਦੇ ਰਹਿੰਦਿਆ ਅਸੀਂ ਗੁਰਮਤਿ ਵਾਲੀ ਸੋਝੀ ਤੋਂ ਦੂਰ ਰਹਿੰਦੇ ਹਾਂ। ਗੁਰਮਤਿ ਵਾਲੀ ਸੋਝੀ ਹੀ ਨਾਮ ਹੈ ਤੇ ਜਿਸਦੇ ਅੰਦਰ ਗੁਰਮਤਿ ਦੀ ਸੋਝੀ ਵੱਸ ਜਾਂਦੀ ਹੈ, “ਸਚੁ” ਰੂਪ ਸੋਝੀ ਵੱਸ ਜਾਂਦੀ ਹੈ ਉਹ ਫਿਰ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ ਭਾਵ ਔਗੁਣ ਰਹਿਤ ਹੋ ਕੇ ਹੀ ਵਿਚਰਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਵੈਰ ਉਸਦੀ ਕਿਰਪਾ ਦੁਆਰਾ ਹੀ ਮੁਕਦਾ ਹੈ ਭਾਵ ਸਾਡੇ ਅੰਦਰ ਜਦੋਂ ਉਹ ਗੁਰਮਤਿ ਦੀ ਸੋਝੀ ਦ੍ਰਿੜ ਕਰਦਾ ਹੈ, ਆਪਣਾ ਨਾਮ ਦ੍ਰਿੜ ਕਰਦਾ ਹੈ, ਤਾਂ ਹੀ ਮੁਕਦਾ ਹੈ ਪਰ ਇਸ ਲਈ ਉੱਦਮ ਅਸੀਂ ਹੀ ਕਰਨਾ ਹੈ ਕਿ ਅਸੀਂ ਮਾਇਆ ਮੋਹ ਵਿੱਚੋਂ, ਤ੍ਰਿਸਨਾ ਵਿੱਚੋਂ, ਲੋਭ ਲਾਲਚ ਵਿੱਚੋਂ, ਝੂਠੇ ਮਾਣ ਵਿੱਚੋਂ ਨਿਕਲੀਏ ਭਾਵ ਨਾਮ ਦੀ ਮਤਿ ਦੁਆਰਾ ਵਿਚਰਨ ਦਾ ਉੱਦਮ ਕਰੀਏ ਜੋ ਕਿ ਉਸ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਣ ਦਾ ਤਰੀਕਾ ਹੈ। ਜਦੋਂ ਪ੍ਰਮਾਤਮਾ ਆਪਣੇ ਨਾਲੋਂ ਦੂਰੀ ਮਿਟਾ ਦਿੰਦਾ ਹੈ ਉਹ ਮਨ ਦੇ ਵਿੱਚ ਦੂਰੀ ਦਾ ਕਾਰਣ ਵੀ ਮਿਟਾ ਦਿੰਦਾ ਹੈ ਭਾਵ ਸਾਡੇ ਸਾਰੇ ਵਿਕਾਰ ਮਿਟਾ ਦਿੰਦਾ ਹੈ ਜੋ ਸਾਨੂੰ ਗੁਰਮਤਿ ਤੋਂ ਦੂਰ ਰੱਖਦੇ ਹਨ ਕਿਉਂਕਿ ਗੁਰਮਤਿ ਦੇ ਨਾਲ ਝਗੜਾ ਹੀ ਸਾਡਾ ਅਸਲ ਵਿੱਚ ਪ੍ਰਮਾਤਮਾ ਦੇ ਨਾਲ ਝਗੜਾ ਹੈ। ਇਹ ਸਾਡੀ ਹਉਮੈ ਦਾ ਨਾਮ ਦੇ ਨਾਲ ਝਗੜਾ ਹੈ ਜੋ ਝਗੜਾ ਸਾਡੀ ਹਉਮੈ ਮਿੱਟਣ ਦੁਆਰਾ ਹੀ ਦੂਰ ਹੁੰਦਾ ਹੈ, ਮਨਮਤਿ ਵਾਲੀ ਬਿਰਤੀ ਮਿੱਟਣ ਦੁਆਰਾ ਹੀ ਦੂਰ ਹੁੰਦਾ ਹੈ। (**ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥ ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥2॥**)

ਜਦੋਂ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜ ਜਾਂਦਾ ਹੈ, ਉਸ ਦੇ ਨਾਲ ਦੂਰੀ ਮਿੱਟ ਜਾਂਦੀ ਹੈ ਭਾਵ ਜਦੋਂ ਉਸ ਦੇ ਨਾਲ ਮਨ ਦੇ ਵਿੱਚ ਮੇਲ ਹੋ ਜਾਂਦਾ ਹੈ ਤਾਂ ਹੀ ਸਾਨੂੰ ਅਸਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੁਆਰਾ ਸਾਡਾ ਮਨ ਸੰਤੋਖ ਵਿੱਚ ਆਉਂਦਾ ਹੈ ਭਾਵ ਔਗੁਣ ਰਹਿਤ ਹੁੰਦਾ ਹੈ, ਤ੍ਰਿਸ਼ਨਾ ਤੋਂ ਰਹਿਤ ਹੁੰਦਾ ਹੈ।

29/3262

ਜਿਸ ਦਾ ਪ੍ਰਮਾਤਮਾ, ਸੰਤ ਰੂਪ ਗੁਰੂ ਸਹਾਈ ਬਣਦਾ ਹੈ ਉਸ ਨੂੰ ਮਨ ਦੇ ਵਿਕਾਰਾਂ ਵਿੱਚੋਂ ਪੂਰੀ ਤਰ੍ਹਾਂ ਕੱਢਕੇ ਹੀ ਬਣਦਾ ਹੈ ਤੇ ਸਾਡੀ ਸ਼ਰਧਾ ਪੂਰੀ ਕਰਦਾ ਹੈ ਭਾਵ ਆਪਣੇ ਨਾਲ ਮੇਲ ਦੀ ਸ਼ਰਧਾ ਪੂਰੀ ਕਰਦਾ ਹੈ। ਹਰ ਕੋਈ ਮਨ ਦੇ ਔਗੁਣਾਂ ਕਰਕੇ ਪਤਿਤ ਹੈ ਤੇ ਔਗੁਣਾਂ ਵਿੱਚੋਂ ਕੱਢਕੇ ਪ੍ਰਮਾਤਮਾ ਮਨੁੱਖ ਨੂੰ ਪਵਿੱਤਰ ਮਨ ਵਾਲਾ ਬਣਾ ਦਿੰਦਾ ਹੈ। ਪ੍ਰਮਾਤਮਾ ਕਿਸੇ ਨੂੰ ਵੀ ਇੱਕ ਖਿਨ ਵਿੱਚ ਪਾਵਨ ਕਰ ਸਕਦਾ ਹੈ ਕਿਉਂਕਿ ਉਹ ਖਿਨ ਦੇ ਵਿੱਚ ਮਨ ਦੇ ਵਿੱਚ ਪ੍ਰਗਟ ਹੋ ਸਕਦਾ ਹੈ ਤੇ ਉਸਦੀ ਇਸ ਮਹਿਮਾ ਨੂੰ ਉਹੀ ਸਮਝ ਸਕਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜੋ ਕਿ ਕਥਨ ਤੋਂ ਬਾਹਰ ਹੈ ਕਿ ਪ੍ਰਮਾਤਮਾ ਕਿਵੇਂ ਆਪਣੇ ਆਪ ਨੂੰ ਮਨ ਦੇ ਵਿੱਚ ਖਿਨ ਦੇ ਵਿੱਚ ਹੀ ਪ੍ਰਗਟ ਕਰ ਲੈਂਦਾ ਹੈ ਜਿਸ ਦੁਆਰਾ ਉਹ ਮਨੁੱਖ ਦੀ ਹਰ ਸ਼ਰਧਾ ਪੂਰੀ ਕਰ ਦਿੰਦਾ ਹੈ। **(ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥ ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥3॥)**

ਜਿਸਨੂੰ ਪ੍ਰਮਾਤਮਾ ਨਿਰਭਉ ਕਰਦਾ ਹੈ ਭਾਵ ਮਾਇਆ ਮੋਹ ਦੇ ਭਉ ਵਿੱਚੋਂ ਕੱਢਦਾ ਹੈ ਉਹ ਮਨ ਦੇ ਵਿੱਚ ਮੇਲ ਦੁਆਰਾ ਹੀ ਕਰਦਾ ਹੈ ਜਦੋਂ ਮਨੁੱਖ ਕੇਵਲ ਸੱਚ ਦੇ ਭਉ ਵਿੱਚ ਹੀ ਰਹਿੰਦਾ ਹੈ, ਗੁਰਮਤਿ ਦੇ ਭਉ ਵਿੱਚ ਹੀ ਰਹਿੰਦਾ ਹੈ ਤੇ ਉਸ ਨੂੰ ਹੋਰ ਕੋਈ ਭੈ ਨਹੀਂ ਰਹਿ ਜਾਂਦਾ ਕਿਉਂਕਿ ਉਹ ਜਨਮ ਮਰਨ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ, ਦੁੱਖ ਸੁੱਖ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ, ਮਾਨ ਅਭਿਮਾਨ ਦੇ ਵਿੱਚੋਂ ਨਿਕਲ ਜਾਂਦਾ ਹੈ। ਮਨ ਦੀ ਇਹ ਅਵੱਸਥਾ ਹੀ ਗੁਰੂ ਪ੍ਰਮਾਤਮਾ ਦੇ ਚਰਨਾਂ ਦੀ ਓਟ ਵਿੱਚ ਰਹਿਣਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਭਾਵ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋਣ ਦੁਆਰਾ, ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ ਦੁਆਰਾ, ਸੱਚ ਦੀ ਪੂਰਨ ਸੋਝੀ ਵਾਲੀ ਅਵੱਸਥਾ ਦੁਆਰਾ ਫਿਰ ਮਨੁੱਖ ਆਪਣੀ ਹਰ ਕਰਣੀ ਦੁਆਰਾ ਪ੍ਰਮਾਤਮਾ ਦਾ ਜੱਸ ਗਾਉਂਦਾ ਹੈ ਜਿਵੇਂ ਕਿ ਉਸ ਦੇ ਭਗਤਾਂ ਨੇ ਗਾਇਆ ਹੈ। ਇਹ ਅਵੱਸਥਾ ਹੀ ਪ੍ਰਮਾਤਮਾ ਦੇ ਨਾਲ ਦਿਨ ਰਾਤ ਲਿਵ ਜੁੜੀ ਰਹਿਣ ਵਾਲੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਆਪਣਾ ਸੱਚ ਗਿਆਨ ਬਖਸ਼ਦਾ

ਰਹਿੰਦਾ ਹੈ ਤੇ ਉਸ ਦੇ ਅਨੁਸਾਰ ਹੀ ਮਨੁੱਖ ਨੂੰ ਚਲਾਉਂਦਾ ਹੈ। (**ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥ ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥4॥6॥**)

ਅਸੀ ਪਿੱਛੇ ਅਨੇਕਾਂ ਹੀ ਸ਼ਬਦਾ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਕਿ ਸਾਡਾ ਪ੍ਰਮਾਤਮਾ ਦੇ ਨਾਲ ਵੈਰ ਵਿਰੋਧ, ਝਗੜਾ ਕਿਸ ਕਰਕੇ ਹੈ ਜੋ ਝਗੜਾ ਸਾਡੀ ਹਉਮੈ ਦੇ ਕਾਰਣ ਹੈ, ਮਨਮਤਿ ਵਾਲੇ ਵਿਚਾਰਾਂ ਦੇ

29/3263

ਕਾਰਣ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੇ ਵਿਚਾਰਾਂ ਦੀ ਨਿੰਦਾ ਕਰਦੇ ਹਾਂ ਭਾਵ ਗੁਰਮਤਿ ਦੇ ਵਿਚਾਰਾਂ ਦੀ, ਗੁਰੂ ਦੇ ਵਿਚਾਰਾਂ ਦੀ, ਸ਼ਬਦ ਦੇ ਵਿਚਾਰਾਂ ਦੀ, ਸੱਚ ਦੇ ਵਿਚਾਰਾਂ ਦੀ, ਪ੍ਰਮਾਤਮਾ ਦੇ ਦਿੱਤੇ ਹੋਏ ਵਿਚਾਰਾਂ ਦੇ ਉਲਟ ਚੱਲਦੇ ਹਾਂ। ਸਾਡੇ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ ਜਿਸ ਦੇ ਕਾਰਣ ਅਸੀਂ ਆਪਣੇ ਆਪ ਆਪਣੀ ਮਤਿ ਦੁਆਰਾ ਸੱਚ ਨੂੰ ਸਮਝਣ ਵਿੱਚ ਅਸਮਰੱਥ ਰਹਿੰਦੇ ਹਾਂ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਆਪਣੇ ਸੱਚੇ ਵਿਚਾਰਾਂ ਰਾਹੀਂ ਸੱਚ ਸਮਝਾਇਆ ਹੈ, ਸਾਡੇ ਜੀਵਨ ਦਾ ਸੱਚਾ ਮਾਰਗ ਸਮਝਾਇਆ ਹੈ ਜਿਸ ਦੇ ਉੱਤੇ ਚੱਲਕੇ ਅਸੀਂ ਉਸ ਪ੍ਰਮਾਤਮਾ ਦੇ ਨਾਲ ਝਗੜਾ ਨਿਬੇੜ ਸਕਦੇ ਹਾਂ ਭਾਵ ਹਉਮੈ ਵਾਲੇ ਵਿਚਾਰਾਂ ਵਿੱਚੋਂ ਨਿਕਲਕੇ ਨਾਮ ਦੇ ਵਿਚਾਰਾਂ ਨਾਲ ਜੁੜ ਸਕਦੇ ਹਾਂ। ਜੇਕਰ ਸਾਨੂੰ ਝਗੜੇ ਦਾ ਮੂਲ ਸਮਝ ਆ ਜਾਵੇ ਫਿਰ ਤਾਂ ਹੀ ਅਸੀਂ ਇਹ ਝਗੜਾ ਨਿਬੇੜ ਸਕਦੇ ਹਾਂ। ਝਗੜੇ ਦਾ ਮੂਲ ਸਾਡੇ ਅੰਦਰ ਦੀ ਮਾੜੀ ਮਤਿ ਹੈ, ਤ੍ਰੈ ਗੁਣਾਂ ਵਾਲੀ ਮਤਿ ਹੈ, ਪੁੱਠੇ ਕਮਲ ਵਾਲੀ ਮਤਿ ਹੈ। ਜੇਕਰ ਅਸੀਂ ਗੁਰੂ ਕੋਲੋਂ ਮਤਿ ਲਵਾਂਗੇ ਫਿਰ ਤਾਂ ਹੀ ਸਾਨੂੰ ਸੱਚੀ ਮਤਿ ਮਿਲ ਸਕਦੀ ਹੈ ਤੇ ਉਸ ਅਨੁਸਾਰ ਵਿਚਰਕੇ ਸਾਡਾ ਝਗੜਾ ਨਿਬੜ ਸਕਦਾ ਹੈ। ਅਸੀਂ ਆਪਣਾ ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਜਪਣ ਦਾ ਮਾਰਗ ਭਾਵ ਝਗੜਾ ਨਿਬੇੜਨ ਦਾ ਮਾਰਗ ਕਿਸ ਦੇ ਕੋਲੋਂ ਸਿੱਖਿਆ ਹੈ ਇਸੇ ਗੱਲ ਨੂੰ ਵਿਚਾਰਨ ਦੀ ਲੋੜ ਹੈ। ਅਸੀਂ ਨਾਮ ਜਪਣਾ ਉਹਨਾਂ ਕੋਲੋਂ ਸਿੱਖਿਆ ਹੈ ਜੋ ਆਪ ਤ੍ਰੈ ਗੁਣਾਂ ਵਾਲੀ ਮਤਿ ਵਿੱਚ ਹਨ, ਹਉਮੈ ਵਾਲੀ ਮਤਿ ਦੇ ਵਿੱਚ ਹਨ, ਪੁੱਠੇ ਕਮਲ ਵਾਲੀ ਮਤਿ ਦੇ ਵਿੱਚ ਹਨ ਤੇ ਉਹਨਾਂ ਦੀ ਮਤਿ ਦੇ ਪਿੱਛੇ ਲੱਗਕੇ ਅਸੀਂ ਕਦੇ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਨਹੀਂ ਨਿਬੇੜ ਸਕਦੇ। ਜਿੰਨ੍ਹਾਂ ਦਾ ਆਪਣਾ ਝਗੜਾ ਨਹੀਂ ਨਿਬੜਿਆ, ਜੋ ਆਪ ਹਉਮੈ ਵਿੱਚ ਹਨ ਭਾਵ ਜਿੰਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋਈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋਈ ਉਹ ਕਿਸੇ ਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਕੀ ਸਮਝਾ ਸਕਦੇ ਹਨ। ਪ੍ਰਮਾਤਮਾ ਦੇ ਨਾਲ ਝਗੜਾ ਉਸ ਦੇ ਨਾਲ ਮੇਲ ਦੁਆਰਾ ਹੀ ਨਿਬੜਦਾ ਹੈ, ਮਨ ਦੇ ਵਿੱਚ ਉਸ ਦੇ ਨਿਰਗੁਣ ਰੂਪ ਵਿੱਚ ਸਮਾਉਣ ਦੁਆਰਾ ਹੀ ਨਿਬੜਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਉਸਦੇ ਨਿਰਗੁਣ ਰੂਪ ਵਿੱਚ, ਗਿਆਨ ਰੂਪ ਵਿੱਚ ਸਮਾਇਆ ਹੋਇਆ ਹੈ ਤੇ ਸਾਡੇ ਕੋਲ ਪ੍ਰਮਾਤਮਾ ਦੇ ਨਾਲ ਝਗੜਾ ਨਿਬੇੜਨ ਦਾ ਸਾਧਨ ਕੇਵਲ ਇਹੀ ਹੈ ਕਿ ਅਸੀਂ ਕੇਵਲ ਤੇ ਕੇਵਲ, ਗੁਰੂ ਦੀ ਮਤਿ ਦੇ ਨਾਲ ਜੁੜੀਏ, ਨਾਮ ਦੀ ਮਤਿ ਦੇ ਨਾਲ ਜੁੜੀਏ ਤੇ ਆਪਣੀ ਹਉਮੈ ਛੱਡੀਏ, ਮਨਮਤਿ ਛੱਡੀਏ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ ਗੁਰੂ ਦੇ ਵਿਚਾਰਾਂ ਨਾਲ ਜੋੜੀਏ ਤੇ ਉਹੋ ਜਿਹਿਆਂ ਦੇ ਵਿਚਾਰਾਂ ਦੇ ਨਾਲ ਨਾ ਜੁੜੀਏ ਜੋ ਖੁਦ ਗੁਰਮਤਿ ਦੇ ਵਿਚਾਰਾਂ ਤੋਂ ਵਿਛੋੜੇ ਹੋਏ ਹਨ, ਨਾਮ ਵਿਹੁਣੇ ਹਨ। ਝੂਠੀ ਮਤਿ ਵਾਲਿਆਂ ਦੇ ਪਿੱਛੇ ਲੱਗ ਕੇ ਅਸੀਂ ਕਦੇ ਆਪਣੇ ਇਸ ਜੀਵਨ ਨੂੰ ਸਫ਼ਲ ਨਹੀਂ ਕਰ ਸਕਦੇ। ਆਉ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਭਰਮ ਵਿੱਚੋਂ ਨਿਕਲੀਏ, ਮਨਮਤਿ ਵਿੱਚੋਂ ਨਿਕਲੀਏ ਤੇ ਕੇਵਲ

29/3264

ਗੁਰੂ ਦੀ ਮਤਿ ਦੀ ਟੇਕ ਲਈਏ ਜਿਸਨੇ ਸਾਡੇ ਜੀਵਨ ਨੂੰ ਸਵਾਰਨਾ ਹੈ, ਜਿਸ ਦੁਆਰਾ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ।

ਆਸਾ ਮਹਲਾ ੫ ॥

“ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥
ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥
ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹ ਅਛਾਦਿਓ ਪ੍ਰਾਨੀ ॥੨॥
ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥ ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥੩॥
ਕਹੁ ਨਾਨਕ ਪ੍ਰਭ ਦੀਨ ਦਇਆਲਾ ॥ ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥੪॥੨੨॥”

ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਉਹੀ ਗੱਲ ਰਹਾਉ ਵਾਲੀ ਪੰਗਤੀ ਦੁਆਰਾ ਸਪੱਸ਼ਟ ਕੀਤੀ ਹੋਈ ਹੈ।

"ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥

ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥"

ਇਹਨਾਂ ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝ ਲਵੋਗੇ ਤਾਂ ਤੁਹਾਨੂੰ ਸਮਝ ਪੈ ਜਾਵੇਗੀ ਕਿ ਸਾਡਾ ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਣ ਕੀ ਹੈ । ਸਾਰੀ ਗੱਲ ਗੁਰਮਤਿ ਨੂੰ ਨਾ ਅਪਣਾਉਣ ਦੀ ਹੈ, ਗੁਰੂ ਦੀ ਗੱਲ ਨਾ ਮੰਨਣ ਦੀ ਹੈ। "ਹਰਿ ਰਸੁ" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। "ਹਰਿ ਰਸੁ" ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਸ਼ਬਦ ਦੀ ਦਿੱਤੀ ਹੋਈ ਸੱਚੀ ਮਤਿ ਹੈ, ਸ਼ਬਦ ਦੁਆਰਾ ਪਾਈ ਹੋਈ ਸ਼ਬਦ ਦੀ ਸੱਚੀ ਸੋਝੀ ਹੈ, ਪ੍ਰਮਾਤਮਾ ਦਾ ਦਿੱਤਾ ਹੋਇਆ ਆਪਣਾ ਬ੍ਰਹਮ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਰਾਹੀਂ ਸਚੁ ਰੂਪ ਸੋਝੀ ਪਾਈ ਹੈ। ਇਸਦੇ ਉਲਟ "ਹੋਛਾ ਰਸਿ" ਹੈ ਜਿਸ ਤੋਂ ਭਾਵ ਸਾਡੀ ਮਨਮਤਿ ਹੈ, ਸਾਡੇ ਅੰਦਰ ਦੀ ਮਾੜੀ ਸੋਝੀ ਹੈ, ਸਾਡੀ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ ਜਿਸ ਵਿੱਚ ਹਰ ਕੋਈ ਵਿਚਰਦਾ ਹੈ। ਜਦ ਤੱਕ ਅਸੀਂ ਹੋਛੇ ਰਸ ਨਾਲ ਜੁੜੇ ਹੋਏ ਹਾਂ ਤਦ ਤੱਕ ਅਸੀਂ ਹਰਿ ਰਸ ਨੂੰ ਛੱਡਿਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ, ਉਸਨੂੰ ਜਪਣ ਦਾ ਤਰੀਕਾ ਕੀ ਹੈ ਇਹ ਅਸੀਂ ਉਹਨਾਂ ਕੋਲੋਂ ਸਿੱਖਿਆ ਹੈ ਜੋ ਆਪ ਹਰਿ ਰਸ ਨਾਲੋਂ ਵਿਛੁੜੇ ਹੋਏ ਹਨ ਭਾਵ ਆਪਣੀ ਮਤਿ ਨਾਲ ਜੁੜੇ ਹੋਏ ਹਨ, ਹੋਛੇ ਰਸ ਵਿੱਚ ਮੱਤੇ ਹੋਏ ਹਨ, ਹਉਮੈ ਵਿੱਚ ਮੱਤੇ ਹੋਏ ਹਨ। ਇਹੋ ਜਿਹੀ ਮਤਿ ਨਾਲ ਜੁੜੇ ਹੋਏ ਮਨੁੱਖ, ਇਹੋ ਜਿਹੇ ਨਾ ਸਮਝ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣ ਦੀ ਬਜਾਇ ਉਸ ਨੂੰ ਕਿੱਧਰੋਂ ਬਾਹਰੋਂ ਖੋਜਣ ਦੀਆਂ ਗੱਲਾਂ ਕਰਦੇ ਹਨ, ਕਿੱਧਰੇ ਖੰਡਾ ਬ੍ਰਹਿਮੰਡਾਂ ਵਿੱਚੋਂ ਖੋਜਣ ਦੀਆਂ

29/3265

ਗੱਲਾਂ ਕਰਦੇ ਹਨ, ਜੰਗਲਾਂ ਬਨਾਂ ਆਦਿ ਵਿੱਚ ਭਟਕਦੇ ਹਨ, ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਹੋਣਾ ਸਮਝਦੇ ਹਨ ਤੇ ਉਸਨੂੰ ਪਾਉਣ ਦੇ ਲਈ ਸਰਗੁਣ ਰੂਪ ਕਿਰਿਆਵਾਂ ਆਦਿ ਕਰਦੇ ਹਨ, ਸਰੀਰਕ ਜਪ ਤਪ ਆਦਿ ਕਰਦੇ ਹਨ। ਇਹੋ ਜਿਹੇ ਸਭ ਮਨੁੱਖ ਗੁਰੂ ਦੀ ਮਤਿ ਤੋਂ ਭੁੱਲੇ ਹੋਏ ਹਨ ਤੇ ਜਿਹੜੇ ਇਹਨਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਕੇ ਇਹਨਾਂ ਦੀ ਮਤਿ ਦੇ ਨਾਲ ਜੁੜ ਜਾਂਦੇ ਹਨ ਉਹ ਵੀ ਗੁਰਮਤਿ ਤੋਂ ਦੂਰ ਹੋ ਜਾਂਦੇ ਹਨ ਤੇ ਹੋਛੇ ਰਸ ਨਾਲ ਜੁੜ ਜਾਂਦੇ ਹਨ। (**ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥1॥**)

ਹਰਿ ਰਸ ਨਾਲੋ ਵਿਛੜਨਾ ਭਾਵ ਹਰਿ ਰਸ ਨੂੰ ਛੱਡਣਾ ਗੁਰੂ ਦੀ ਮਤਿ ਨੂੰ ਛੱਡਣਾ ਹੈ, ਗੁਰੂ ਦੀ ਅੰਮ੍ਰਿਤ ਬਾਣੀ ਨੂੰ ਛੱਡਣਾ ਹੈ ਜਿਵੇਂ ਕਿ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਗੁਰੂ ਦੀ ਮਤਿ ਨੂੰ ਨਾ ਅਪਣਾਉਣਾ ਹੀ ਭਾਵ ਉਸਨੂੰ ਛੱਡਕੇ ਝੂਠੀ ਮਤਿ ਨਾਲ ਜੁੜਨਾ ਹੀ, ਹੋਛੇ ਰਸ ਨਾਲ ਜੁੜਨਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਣ ਹੈ ਜਿਸ ਨੂੰ ਕਿ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥"

"ਅੰਮ੍ਰਿਤ ਕਾਥਾ" ਉਸ ਪ੍ਰਮਾਤਮਾ ਦੀ ਕਥਾ ਹੈ ਜੋ ਸਾਨੂੰ ਗੁਰਬਾਣੀ ਆਪਣੇ ਹਰ ਸ਼ਬਦ ਰਾਹੀਂ ਸੁਣਾ ਰਹੀ ਹੈ ਜਿਸ ਕਥਾ ਵਿੱਚ ਪੂਰਨ ਸੱਚ ਹੈ ਭਾਵ ਉਹ ਪ੍ਰਮਾਤਮਾ ਦਾ ਪੂਰਨ ਸੱਚ ਬਿਆਨ ਕਰਦੀ ਹੈ ਤੇ ਉਸਨੂੰ ਪਾਉਣ ਦਾ ਸੱਚਾ ਮਾਰਗ ਸਮਝਾਉਂਦੀ ਹੈ। ਜੋ ਅੰਮ੍ਰਿਤ ਕਥਾ ਸਾਨੂੰ ਸਮਝਾਉਂਦੀ ਹੈ, "ਸੱਚ" ਸਮਝਾਉਂਦੀ ਹੈ ਉਹ ਹਰਿ ਰਸ ਹੈ। ਜੋ ਗੁਰੂ ਦੀ ਗੱਲ ਨੂੰ ਸੁਣਦਾ ਹੈ ਭਾਵ ਉਸਨੂੰ ਮੰਨਦਾ ਹੈ ਭਾਵ ਜੋ ਗੁਰੂ ਦੀ ਗੱਲ ਨੂੰ ਸੁਣਕੇ ਅਣਸੁਣੀ ਨਹੀਂ ਕਰਦਾ, ਜੋ ਗੁਰੂ ਦੀ ਗੱਲ ਨੂੰ ਸੁਣਕੇ ਆਪਣੇ ਅੰਦਰ ਵਸਾਉਂਦਾ ਹੈ ਉਹ ਗੁਰਬਾਣੀ ਦੇ ਵਿੱਚੋਂ ਹਰਿ ਰਸ ਨੂੰ ਪੀਂਦਾ ਹੈ, ਉਸਦੀ ਸੱਚੀ ਮਤਿ ਨੂੰ ਪੀਂਦਾ ਹੈ, ਉਸਦਾ ਅੰਮ੍ਰਿਤ ਪੀਂਦਾ ਹੇ। ਜੋ ਪ੍ਰਮਾਤਮਾ ਦੀ ਗੱਲ ਨੂੰ ਨਹੀਂ ਸੁਣਦੇ ਭਾਵ ਨਹੀਂ ਮੰਨਦੇ ਉਹ ਫਿਰ ਝੂਠੀ ਮਤਿ ਦੇ ਪਿੱਛੇ ਲੱਗ ਜਾਂਦੇ ਹਨ, ਹੋਛੇ ਰਸ ਦੇ ਪਿੱਛੇ, ਹੋਛੀ ਮਤਿ ਦੇ ਪਿੱਛੇ ਲੱਗ ਜਾਂਦੇ ਹਨ, ਉਹਨਾਂ ਦੀ ਮਤਿ ਦੇ ਪਿੱਛੇ ਲੱਗ ਜਾਂਦੇ ਹਨ ਜਿੰਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ,

ਪ੍ਰਮਾਤਮਾ ਨੂੰ ਪਾਉਣ ਦੀ ਸਮਝ ਨਹੀਂ ਹੈ। ਝੂਠੀ ਮਤਿ ਦੇ ਪਿੱਛੇ ਲੱਗਕੇ ਅਸੀਂ ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਤੇ ਖਰੇ ਨਹੀਂ ਉਤਰਦੇ ਤੇ ਸਾਡਾ ਜੋ ਵੀ ਕਰਮ ਗੁਰੂ ਦੀ

29/3266

ਕਥਾ ਦੇ ਉਲਟ ਹੈ ਉਸਦੇ ਰਾਹੀਂ ਅਸੀਂ ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਪਾਉਂਦੇ ਹਾਂ, ਗੁਰੂ ਦੀ ਮਤਿ ਦੇ ਨਾਲ ਆਪਣੀ ਵਿਰੋਧਤਾ ਦਿਖਾਉਂਦੇ ਹਾਂ, "ਰਾਰਿ" ਦਿਖਾਉਂਦੇ ਹਾਂ । "ਰਾਰਿ" ਤੋਂ ਭਾਵ ਹੈ ਝਗੜਾ । ਇਹ ਝਗੜਾ ਮਨਮਤਿ ਦਾ ਗੁਰਮਤਿ ਦੇ ਨਾਲ ਹੀ ਹੈ, ਝੂਠ ਦਾ ਸੱਚ ਦੇ ਨਾਲ ਹੀ ਹੈ ਝੂਠੀ ਮਤਿ ਦਾ ਸੱਚੀ ਮਤਿ ਦੇ ਨਾਲ ਹੀ ਹੈ, ਹਉਮੈ ਦਾ ਨਾਮ ਦੇ ਨਾਲ ਹੀ ਹੈ, ਹੋਛੇ ਰਸ ਦਾ ਹਰਿ ਰਸ ਦੇ ਨਾਲ ਹੀ ਹੈ। ਜਦ ਤੱਕ ਅਸੀਂ ਇਸ ਝਗੜੇ ਵਿੱਚੋਂ ਨਿਕਲਣ ਦਾ ਉਪਰਾਲਾ ਨਹੀਂ ਕਰਦੇ ਭਾਵ ਮਨਮਤਿ ਨੂੰ ਛੱਡਕੇ, ਝੂਠਿਆਂ ਦੀ ਮਤਿ ਨੂੰ ਛੱਡਕੇ ਗੁਰੂ ਦੀ ਸੱਚੀ ਮਤਿ ਦੇ ਪਿੱਛੇ ਲੱਗਣ ਦਾ ਉਪਰਾਲਾ ਨਹੀਂ ਕਰਦੇ ਤਦ ਤੱਕ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੇੜਨ ਦਾ ਉਪਰਾਲਾ ਸੱਚਾ ਨਹੀਂ ਹੈ। (**ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥1॥ ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥1॥ ਰਹਾਉ ॥**)

ਹੋਛਾ ਰਸ ਸਾਡੀ ਹੋਛੀ ਮਤਿ ਹੈ, ਸਾਡਾ ਹੋਛਾ ਮਦ ਹੈ ਜਿਸਦੇ ਰਾਹੀਂ ਅਸੀਂ ਅਗਿਆਨਤਾ ਵਿੱਚ ਰਹਿੰਦੇ ਹਾਂ, ਗੁਰਮਤਿ ਦੀ ਸੱਚੀ ਸੋਝੀ ਤੋਂ ਦੂਰ ਰਹਿੰਦੇ ਹਾਂ ਜਿਸਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਸਾਡੀ ਹੋਛੀ ਮਤਿ ਸਾਨੂੰ ਮਾਇਆ ਮੋਹ ਨਾਲ ਹੀ ਜੋੜਦੀ ਹੈ, ਗੁਰਮਤਿ ਨੂੰ ਮੰਨਣ ਤੋਂ ਦੂਰ ਰੱਖਦੀ ਹੈ।

{ਪ੍ਰਾਨ ਸੁਖਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਬ ॥
ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥੧॥
ਰੇ ਨਰ ਐਸੀ ਕਰਹਿ ਇਆਨਬ ॥
ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਬ ॥੧॥ ਰਹਾਉ ॥}

(ਅੰਗ ੧੦੦੧)

{ਸਾਕਤ ਨਰ ਹੋਛੀ ਮਤਿ ਮਧਿਮ ਜਿਨ੍ ਹਰਿ ਹਰਿ ਸੇਵ ਨ ਕਰਾ ॥
ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ ॥੩॥}

(ਅੰਗ ੭੯੯)

{ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ ॥
ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥੨॥}

(ਅੰਗ ੧੧੨੬)

{ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ ॥
ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥੨॥}

(ਅੰਗ ੧੧੯੭)

29/3267

{ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥
ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥}

(ਅੰਗ ੧੧੯੮)

{ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ ॥
ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥੩॥}

(ਅੰਗ ੫੮੨)

{ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥
ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥}

(ਅੰਗ ੭੬੭)

ਝੂਠਿਆਂ ਦੀ ਮਤਿ ਦੇ ਪਿੱਛੇ ਲੱਗਕੇ ਭਾਵ ਜਿੰਨ੍ਹਾਂ ਨੂੰ ਗੁਰਮਤਿ ਦੀ ਸਮਝ ਨਹੀਂ ਹੈ ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗਕੇ, ਉਨ੍ਹਾਂ ਦੀ ਗਾਥਾ ਦੇ ਪਿੱਛੇ ਲੱਗ ਕੇ ਅਸੀਂ ਆਪਣੇ ਵੱਲੋਂ ਜੋ ਭਗਤੀ ਦੇ ਉਪਰਾਲੇ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ, ਕਿਸੇ ਅੱਖਰ ਦਾ ਜਪ ਕਰਦੇ ਹਾਂ ਉਹਨਾਂ ਰਾਹੀਂ ਅਸੀਂ ਗੁਰੂ ਪ੍ਰਮਾਤਮਾ ਦੀ ਸੇਵਾ ਕਰਨੀ ਸਮਝਦੇ ਹਾਂ ਪਰ ਅਸਲ ਵਿੱਚ ਸੇਵਾ ਕਿਸ ਦੀ ਹੁੰਦੀ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹ ਅਛਾਦਿਓ ਪ੍ਰਾਨੀ ॥੨॥"

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਸੇਵਾ ਅਸੀਂ ਉਸਦੀ ਕਰਦੇ ਹਾਂ ਜਿਸ ਦੇ ਵਿਚਾਰਾਂ ਨੂੰ ਅਸੀਂ ਮੰਨਦੇ ਹਾਂ। ਗੁਰੂ ਦੀ ਸੇਵਾ ਵਿੱਚ ਅਸੀਂ ਤਾਂ ਹੀ ਲੱਗਦੇ ਹਾਂ ਜਦੋਂ ਅਸੀਂ ਗੁਰੂ ਦੇ ਸ਼ਬਦ ਦੇ ਵਿਚਾਰੀ ਬਣਦੇ ਹਾਂ ਭਾਵ ਜਦੋਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਅਪਣਾਉਂਦੇ ਹਾਂ, ਸ਼ਬਦ ਦੀ ਵਿਚਾਰ ਨੂੰ ਮੰਨਦੇ ਹਾਂ ਤੇ ਆਪਣੀ ਹਉਮੈ ਵਾਲੀ ਮਤਿ ਨੂੰ ਦੂਰ ਕਰਦੇ ਹਾਂ ਤੇ ਉਹੋ ਜਿਹੀ ਉੱਤਮ ਕਰਨੀ ਕਰਦੇ ਹਾਂ ਜਿਹੋ ਜਿਹੀ ਸ਼ਬਦ ਦੀ ਵਿਚਾਰ ਸਾਨੂੰ ਕਰਨੀ ਕਰਨਾ ਸਮਝਾਉਂਦੀ ਹੈ।

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ ੨੨੩)

ਜੇਕਰ ਅਸੀਂ ਸ਼ਬਦ ਦੀ ਵਿਚਾਰ ਨੂੰ ਮੰਨਣ ਦੀ ਬਜਾਇ ਕਿਸੇ ਹੋਰ ਦੀ

ਵਿਚਾਰ ਨੂੰ ਮੰਨਦੇ ਹਾਂ ਤਾਂ ਫਿਰ ਅਸੀਂ ਉਸਦੀ ਸੇਵਾ ਕਰਦੇ ਹਾਂ ਜਿਸ ਕੋਲੋਂ ਅਸੀਂ ਉਹ ਵਿਚਾਰ ਲਈ ਹੈ ਭਾਵ ਜਿਸ ਨੂੰ ਅਸੀਂ ਆਪਣਾ ਸਿਰਮੌਰ ਮੰਨਿਆ ਹੋਇਆ ਹੈ, ਭਗਤੀ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ। ਕਿਸੇ ਹੋਰ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਜਿਹੋ ਜਿਹੇ ਭਗਤੀ ਦੇ ਉਪਰਾਲੇ ਕਰਦੇ ਹਾਂ ਭਾਵ ਜਪ ਤਪ ਆਦਿ ਕਰਦੇ ਹਾਂ ਉਹਨਾਂ ਰਾਹੀਂ ਅਸੀਂ ਗੁਰੂ ਦੀ ਸੇਵਾ ਵਿੱਚ ਲੱਗਣਾ ਹੀ ਸਮਝਦੇ ਹਾਂ ਪਰ ਅਸਲ ਵਿੱਚ ਸੇਵਾ ਅਸੀਂ ਉਸ ਦੀ ਕਰਦੇ ਹਾਂ ਜਿਸਦੇ ਅਸੀਂ ਵਿਚਾਰਾਂ ਨੂੰ ਮੰਨਿਆ ਹੋਇਆ ਹੈ। ਦਿਖਾਵਾ ਅਸੀਂ ਪ੍ਰਮਾਤਮਾ ਦੀ ਸੇਵਾ ਦਾ ਕਰਦੇ ਹਾਂ ਪਰ ਸੇਵਾ ਬੇਗਾਨੇ ਦੀ ਕਰਦੇ ਹਾਂ ਜਿਸ ਕੋਲੋਂ ਅਸੀਂ ਮਤਿ ਲਈ ਹੋਈ ਹੈ ਜੋ ਗੁਰਮਤਿ ਤੇ ਪੂਰੀ ਨਹੀਂ ਉਤਰਦੀ । (**ਵਜਹੁ ਸਾਹਿਬ ਕਾ ਸੇਵ ਬਿਰਾਨੀ ॥**) ਦੋਸਤੀ ਤਾਂ ਅਸੀਂ ਉਹਨਾਂ ਇਆਣਿਆ ਨਾਲ ਪਾਈ ਹੋਈ ਹੈ ਭਾਵ ਨਾਸਮਝਾਂ ਨਾਲ ਪਾਈ ਹੋਈ ਹੈ ਜਿੰਨ੍ਹਾਂ ਨੂੰ ਅਸੀਂ ਆਪਣਾ ਸਿਰਮੌਰ ਸਮਝਿਆ ਹੋਇਆ ਹੈ ਪਰ ਅਸੀਂ ਉਹਨਾਂ ਦੀ ਗੱਲ ਪਿੱਛੇ ਲੱਗਕੇ ਆਪਣਾ ਪਿਆਰ ਗੁਰੂ ਨਾਲ ਦਿਖਾਉਂਦੇ ਹਾਂ ਜਿਸ ਪਿਆਰ ਦੀ ਕੋਈ ਬੁਨਿਆਦ ਨਹੀਂ ਹੈ ਭਾਵ ਸਾਡਾ ਇਹੋ ਜਿਹਾ ਝੂਠਾ ਪਿਆਰ ਪ੍ਰਮਾਤਮਾ ਨੂੰ ਕਬੂਲ਼ ਨਹੀਂ ਹੁੰਦਾ ਹੈ।

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥}

ਆਪਣੇ ਇਹੋ ਜਿਹੇ ਕਰਮ ਕਾਂਡਾਂ ਦੁਆਰਾ ਭਾਵ ਭਗਤੀ ਦੇ ਦਿਖਾਵਿਆਂ ਦੁਆਰਾ ਅਸੀਂ ਆਪਣੀ ਨਕਲੀ ਭਗਤੀ ਦਾ ਪ੍ਰਗਟਾਵਾ ਕਰਦੇ ਹਾਂ ਜੋ ਅਸੀਂ ਉਹਨਾਂ ਨਾਸਮਝਾਂ ਦੇ ਕੋਲੋਂ ਸਿੱਖੇ ਹੋਏ ਹਨ । ਅਸੀਂ ਅਨੇਕਾਂ ਹੀ ਗੁਨਾਹ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ ਤੇ ਆਪਣੇ ਝੂਠੇ ਭਗਤੀ ਦੇ ਦਿਖਾਵਿਆਂ ਦੁਆਰਾ ਆਪਣੇ ਗੁਨਾਹਾਂ ਨੂੰ, ਮਾੜੇ ਕਰਮਾਂ ਨੂੰ ਢਕਣ ਦੀ ਕੋਸ਼ਿਸ਼ ਹੀ ਕਰਦੇ ਹਾਂ। ਜੇਕਰ ਸਭ ਜਗ੍ਹਾ ਦੇਖੀਏ ਤਾਂ ਇਹੀ ਕੁੱਝ ਹੋ ਰਿਹਾ ਹੈ। ਸਾਨੂੰ ਸਮਾਜ ਵਿੱਚੋਂ ਇੱਜਤ, ਮਾਣ ਭਗਤੀ ਦੇ ਦਿਖਾਵਿਆਂ ਦੁਆਰਾ ਮਿਲਦਾ ਹੈ, ਸੁਰਤੀਆਂ ਸਮਾਧੀਆਂ ਲਗਾਉਣ ਵਾਲਿਆਂ ਨੂੰ ਮਿਲਦਾ ਹੈ, ਸਵੇਰੇ ਸ਼ਾਮ ਗੁਰੂ ਦੇ ਦਰ ਤੇ ਮੱਥੇ ਟੇਕਣ ਵਾਲਿਆਂ ਨੂੰ ਮਿਲਦਾ ਹੈ ਜਿੰਨ੍ਹਾਂ ਦੁਆਰਾ ਉਹਨਾਂ ਦੇ ਮਾੜੇ ਕਰਮ ਛਿਪ ਜਾਂਦੇ ਹਨ, ਢਕੇ ਜਾਂਦੇ ਹਨ। (**ਐਸੇ ਗੁਨਹ ਅਛਾਦਿਓ ਪ੍ਰਾਨੀ ॥2॥**) ਆਪਣੇ ਭਗਤੀ ਦੇ ਦਿਖਾਵਿਆਂ ਦੁਆਰਾ ਅਸੀਂ ਸਮਾਜ ਦੀਆਂ ਨਜ਼ਰਾਂ ਵਿੱਚ ਤਾਂ ਚੰਗੇ ਬਣ ਜਾਂਦੇ ਹਾਂ ਪਰ ਉਸ ਪ੍ਰਮਾਤਮਾ ਕੋਲੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ ਜੋ ਹਰ ਵੇਲੇ ਸਾਡੇ ਅੰਦਰ ਹੀ ਵਰਤ ਰਿਹਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

29/3269

ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥ ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥੩॥”

ਅਸੀਂ ਭਾਵੇ ਜਿਤਨਾ ਮਰਜੀ ਕਹੀ ਜਾਈਏ ਕਿ ਪ੍ਰਮਾਤਮਾ ਸਭ ਦੇ ਅੰਦਰ ਹੀ ਹੈ, ਉਹ ਸਭ ਕੁੱਝ ਦੇਖ ਰਿਹਾ ਹੈ ਪਰ ਇਸ ਗੱਲ ਤੇ ਵਿਸ਼ਵਾਸ ਕਿਸੇ ਨੂੰ ਨਹੀਂ ਆਉਂਦਾ। ਅਸੀਂ ਇਹ ਸਮਝਦੇ ਹਾਂ ਕਿ ਸਾਡੇ ਗੁਨਾਹ ਪ੍ਰਮਾਤਮਾ ਕੋਲੋਂ ਛੁਪੇ ਰਹਿਣਗੇ ਪਰ ਉਸਦੇ ਕੋਲੋਂ ਕੁੱਝ ਵੀ ਛੁਪਿਆ ਹੋਇਆ ਨਹੀਂ ਹੈ, ਉਹ ਹਰ ਵੇਲੇ ਸਾਡੇ ਨਾਲ ਹੀ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਅਸੀਂ ਚੰਗੇ ਜਾਂ ਮਾੜੇ ਆਪਣੇ ਕਰਮਾਂ ਕਰਕੇ ਹੀ ਬਣਦੇ ਹਾਂ। ਸਾਡੇ ਭਗਤੀ ਦੇ ਦਿਖਾਵਿਆਂ ਦਾ ਸਮਾਜ ਵਾਲਿਆ ਤੇ ਅਸਰ ਹੋ ਸਕਦਾ ਹੈ ਪਰ ਪ੍ਰਮਾਤਮਾ ਤੇ ਇਹਨਾਂ ਦਾ ਅਸਰ ਨਹੀਂ ਹੈ। ਸਾਡੇ ਭਗਤੀ ਦੇ ਦਿਖਾਵੇ ਕਿਸੇ ਕੰਮ ਨਹੀਂ ਆਉਣੇ, ਜਪ ਤਪ ਆਦਿ ਕਿਸੇ ਕੰਮ ਨਹੀਂ ਆਉਂਦੇ ਪਰ ਭਰਮ ਵਿੱਚ ਰਹਿੰਦੇ ਹੋਏ, ਝੂਠਿਆਂ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਵਾਰ ਵਾਰ ਉਹੋ ਜਿਹਾ ਜਪ ਤਪ ਕਰਨਾ ਹੀ ਮੰਗਦੇ ਹਾਂ ਕਿਉਂਕਿ ਸਾਡੇ ਅੰਦਰ ਇਹ ਝੂਠਾ ਵਿਸ਼ਵਾਸ ਬਣਿਆ ਹੋਇਆ ਹੈ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਚੰਗਾ ਬਣਨ ਦਾ, ਉਸਨੂੰ ਪ੍ਰਸੰਨ ਕਰਨ ਦਾ, ਉਸਨੂੰ ਪਾਉਣ ਦਾ ਇਹੀ ਤਰੀਕਾ ਹੈ। ਸਾਡੇ ਭਗਤੀ ਦੇ ਦਿਖਾਵੇ ਕਿਸੇ ਕੰਮ ਨਹੀਂ ਆਉਣੇ। ਸਾਡੇ ਕੰਮ ਕੇਵਲ ਸਾਡੇ ਚੰਗੇ ਕਰਮ ਆਉਣੇ ਹਨ। ਆਪਣੇ ਭਗਤੀ ਦੇ ਦਿਖਾਵਿਆਂ ਦੁਆਰਾ ਅਸੀਂ ਕੇਵਲ ਆਪਣੇ ਮਾੜੇ ਕਰਮਾਂ ਨੂੰ ਛੁਪਾਉਣਾ ਹੀ ਚਾਹੁੰਦੇ ਹਾਂ ਜੋ ਕਿ ਪ੍ਰਮਾਤਮਾ ਦੀਆਂ ਨਜ਼ਰਾਂ ਤੋਂ ਕਦੇ ਲੁਕ ਨਹੀਂ ਸਕਦਾ ਕਿਉਂਕਿ ਉਹ ਹਰ ਵੇਲੇ ਸਾਡੇ ਅੰਦਰ ਹੀ ਵਿਚਰ ਰਿਹਾ ਹੈ। (**ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥ ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥3॥**)

ਪ੍ਰਮਾਤਮਾ ਦੀ ਭਗਤੀ ਉਸ ਤਰੀਕੇ ਹੁੰਦੀ ਹੈ ਜੋ ਤਰੀਕਾ ਪ੍ਰਮਾਤਮਾ ਨੂੰ ਭਾਉਂਦਾ ਹੈ। ਪ੍ਰਮਾਤਮਾ ਨੂੰ ਕੀ ਭਾਉਂਦਾ ਹੈ ਇਸ ਗੱਲ ਨੂੰ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਨੂੰ ਗੁਰੂ ਦੀ ਮਤਿ ਤੇ ਚੱਲਣ ਵਾਲਾ ਭਾਉਂਦਾ ਹੈ, ਉਸ ਦੀ ਆਪਣੀ ਦਿੱਤੀ ਹੋਈ ਮਤਿ ਤੇ ਚੱਲਣ ਵਾਲਾ ਭਾਉਂਦਾ ਹੈ, ਸੱਚ ਤੇ ਚੱਲਣ ਵਾਲਾ ਭਾਉਂਦਾ ਹੈ, ਨਾਮ ਤੇ ਚੱਲਣ ਵਾਲਾ ਭਾਉਂਦਾ ਹੈ, ਸੱਚੀ ਸੁੱਚੀ ਕਿਰਤ ਕਰਨ ਵਾਲਾ ਭਾਉਂਦਾ ਹੈ ਜੋ ਕਿਸੇ ਦਾ ਮਾੜਾ ਨਹੀਂ ਕਰਦਾ, ਉਸ ਨੂੰ ਪਰਉਪਕਾਰੀ ਮਨੁੱਖ ਭਾਉਂਦਾ ਹੈ, ਉਸ ਨੂੰ ਆਪਣੀ ਮਤਿ ਛੱਡਣ ਵਾਲਾ ਭਾਉਂਦਾ ਹੈ, ਝੂਠੀ ਮਤਿ ਦੇ ਪਿੱਛੇ ਨਾ ਲੱਗਣ ਵਾਲਾ ਭਾਉਂਦਾ ਹੈ। ਸਾਨੂੰ ਕੇਵਲ ਇਸ ਗੱਲ ਤੇ ਵਿਸ਼ਵਾਸ ਕਰਕੇ ਸੱਚ ਤੇ ਚੱਲਣ ਦਾ ਉੱਦਮ ਹੀ ਕਰਨਾ ਚਾਹੀਦਾ ਹੈ ਤੇ ਇਹੀ ਪ੍ਰਮਾਤਮਾ ਅੱਗੇ ਸੱਚੀ ਅਰਦਾਸ ਹੈ ਕਿ ਪ੍ਰਮਾਤਮਾ ਨੂੰ ਜੋ

29/3270

ਕੁੱਝ ਭਾਉਂਦਾ ਹੈ ਸਾਡੇ ਕੋਲੋਂ ਉਹੀ ਕੁੱਝ ਕਰਵਾਏ ਤੇ ਸਾਡੀ ਇਸ ਸੰਸਾਰ ਵਿੱਚ ਪਾਲਣਾ ਕਰੇ। ਆਪਣੇ ਆਪ ਮਾਇਆ ਮੋਹ ਛੱਡਣਾ ਬਹੁਤ ਔਖਾ ਹੈ, ਮਨਮਤਿ ਛੱਡਣੀ ਬਹੁਤ ਔਖੀ ਹੈ ਪਰ ਇਸ ਲਈ ਉੱਦਮ ਅਸੀਂ ਹੀ ਕਰਨਾ ਹੈ ਤਾਂ ਜੋ ਉਸਦੀ ਕਿਰਪਾ

ਦੇ ਪਾਤਰ ਬਣ ਸਕੀਏ। ਚਤੁਰਾਈਆਂ ਨਾਲ ਜੁੜਕੇ, ਭਗਤੀ ਦੇ ਝੂਠੇ ਦਿਖਾਵਿਆਂ ਨਾਲ ਜੁੜਕੇ ਉਸ ਪ੍ਰਮਾਤਮਾ ਨੂੰ ਨਾ ਕਦੇ ਅੱਜ ਤੱਕ ਪਾਇਆ ਹੈ ਭਾਵ ਝੂਠੇ ਦਿਖਾਵੇ ਨਾ ਅੱਜ ਤੱਕ ਕਿਸੇ ਦੇ ਕੰਮ ਆਏ ਹਨ ਤੇ ਨਾ ਹੀ ਕਿਸੇ ਦੇ ਕੰਮ ਆ ਸਕਦੇ ਹਨ। ਪ੍ਰਮਾਤਮਾ ਕੋਲੋਂ ਸਿਰਫ ਸੱਚੇ ਸੁੱਚੇ ਕਰਮ ਕਰਨ ਦਾ ਦਾਨ ਮੰਗੋ ਕਿਉਂਕਿ ਪ੍ਰਮਾਤਮਾ ਨੂੰ ਸਾਡਾ ਇਹੋ ਜਿਹਾ ਰੂਪ ਹੀ ਭਾਉਂਦਾ ਹੈ। (**ਕਹੁ ਨਾਨਕ ਪ੍ਰਭ ਦੀਨ ਦਇਆਲਾ ॥ ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥4॥22॥**)

ਮਨੁੱਖਤਾ ਦੇ ਉੱਤੇ ਪ੍ਰਮਾਤਮਾ ਨੇ ਆਪਣਾ ਬਹੁਤ ਵੱਡਾ ਪਰਉਪਕਾਰ ਕਰਕੇ ਸਾਨੂੰ ਗੁਰਬਾਣੀ ਰੂਪ ਦਾਤਿ ਬਖਸ਼ੀ ਹੈ ਜੋ ਕਿ ਉਸਦਾ ਆਪਣਾ ਹੀ ਰੂਪ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣ ਦਾ ਸੱਚਾ ਮਾਰਗ ਸਮਝਾ ਰਹੀ ਹੈ। ਸਾਡਾ ਸੱਚਾ ਆਗੂ ਕੇਵਲ ਗੁਰਬਾਣੀ ਦੀ ਮਤਿ ਹੈ, ਉਸਦਾ ਨਾਮ ਹੈ। ਜਿਸਦੇ ਅੰਦਰ ਪੂਰਨ ਗੁਰਬਾਣੀ ਵਾਲੀ ਮਤਿ ਨਹੀਂ ਹੈ ਉਹ ਸਾਨੂੰ ਕਦੇ ਸੱਚਾ ਮਾਰਗ ਨਹੀਂ ਦਿਖਾ ਸਕਦਾ। ਸਾਨੂੰ ਰਸਤਾ ਦਿਖਾਉਣ ਵਾਲੇ ਬਹੁਤ ਹਨ ਜੋ ਆਪ ਹੀ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ ਪਰ ਉਹਨਾਂ ਨੂੰ ਪੂਰਨ ਸੱਚ ਦੀ ਸੋਝੀ ਨਹੀਂ ਹੈ। ਇਹੋ ਜਿਹੇ ਆਗੂਆਂ ਨੂੰ ਗੁਰੂ ਸਾਹਿਬ ਨੇ ਅੰਧੇ ਆਗੂ ਦੱਸਿਆ ਹੈ ਜੋ ਸਾਨੂੰ ਅਸਲ ਵਿੱਚ ਗੁੰਮਰਾਹ ਹੀ ਕਰਦੇ ਹਨ। ਗੁਰਬਾਣੀ ਦੇ ਰੂਪ ਵਿੱਚ ਇਤਨਾ ਵੱਡਾ, ਸੱਚਾ ਤੇ ਸੁੱਚਾ ਆਗੂ ਹੁੰਦੇ ਹੋਏ ਵੀ ਜੇਕਰ ਅਸੀਂ ਉਹੋ ਜਿਹਿਆਂ ਦੇ ਪਿੱਛੇ ਲੱਗਦੇ ਹਾਂ, ਅੰਨੇ ਆਗੂਆਂ ਦੇ ਪਿੱਛੇ ਲੱਗਦੇ ਹਾਂ ਫਿਰ ਅਸੀਂ ਉਸ ਪ੍ਰਮਾਤਮਾ ਤੱਕ ਆਪਣੀ ਪਹੁੰਚ ਨਹੀਂ ਕਰ ਸਕਦੇ ਜੋ ਸਾਡੇ ਜੀਵਨ ਦਾ ਅਸਲ ਮਨੋਰਥ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥
ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥
ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥੬॥”

(ਅੰਗ ੭੬੭)

29/3271

ਜੋ ਆਪਣੇ ਵੱਲੋਂ ਆਗੂ ਬਣਕੇ ਸਾਨੂੰ ਗੁਰੂ ਦੀ ਸਿੱਖਿਆ ਸਮਝਾਉਂਦੇ ਹਨ ਉਹ ਜਾਣ ਬੁੱਝ ਕੇ ਸਾਨੂੰ ਪੁੱਠੀ ਮਤਿ ਦੇ ਨਾਲ ਨਹੀਂ ਜੋੜਦੇ । ਉਹ ਆਪਣੇ ਵੱਲੋਂ ਸਾਨੂੰ ਸੱਚ ਹੀ ਸਮਝਾਉਂਦੇ ਹਨ ਕਿਉਂਕਿ ਇਸ ਗੱਲ ਨੂੰ ਉਹ ਕਦੇ ਨਹੀਂ ਸਮਝ ਸਕਦੇ ਕਿ ਅਸਲ ਵਿੱਚ ਉਹ ਆਪ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਉਂਦੇ ਹਨ। ਸਾਡੇ ਮਨ ਦਾ ਇਹ ਭਰਮ ਹੀ ਸਾਡਾ ਅੰਧਾਪਨ ਹੈ ਜੋ ਸਾਨੂੰ ਸੱਚ ਤੇ ਝੂਠ ਵਿੱਚ ਫਰਕ ਨਹੀਂ ਸਮਝਣ ਦਿੰਦਾ। ਭਰਮ ਉਹ ਹੈ ਜਦੋਂ ਸਾਨੂੰ ਸੱਚੀ ਗੱਲ ਝੂਠੀ ਲੱਗਦੀ ਹੈ ਤੇ ਝੂਠੀ ਗੱਲ ਸੱਚੀ ਲੱਗਦੀ ਹੈ। ਪ੍ਰਮਾਤਮਾ ਨੇ ਸਭ ਨੂੰ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਮਾਇਆ ਦੇ ਛਲ ਵਾਲੀ ਜੁਗਤਿ ਵਿੱਚ ਰੱਖਿਆ ਹੋਇਆ ਹੈ ਜਿਸਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ। ਜਿਵੇਂ ਕਿ ਅਸੀਂ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਸਾਡੀ ਤ੍ਰੈ ਗੁਣਾਂ ਵਾਲੀ ਅਵੱਸਥਾ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਦੂਰ ਹੁੰਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਪਰਕਾਸ਼ ਦੁਆਰਾ ਹੀ ਦੂਰ ਹੁੰਦੀ ਹੈ, ਬ੍ਰਹਮ ਗਿਆਨ ਦੇ ਪਰਕਾਸ਼ ਦੁਆਰਾ, ਨਾਮ ਦੇ ਪਰਕਾਸ਼ ਦੁਆਰਾ ਹੀ ਦੂਰ ਹੁੰਦੀ ਹੈ ਤੇ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ, ਮਨ ਦੇ ਅੰਧੇਪਨ ਦੇ ਵਿੱਚੋਂ ਨਿਕਲਣ ਦਾ ਹੋਰ ਕੋਈ ਸਾਧਨ ਨਹੀਂ ਹੈ, ਤ੍ਰੈਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਹਰ ਕੋਈ ਅੰਧਾ ਹੈ, ਹੋਛੀ ਮਤਿ ਵਾਲਾ ਹੈ ਜਿਸ ਦੇ ਰਹਿੰਦਿਆਂ ਕਿਸੇ ਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈ ਸਕਦੀ ਤੇ ਪੂਰਨ ਸੱਚ ਜਾਣੇ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਪਾਉਣ ਦੇ ਸਹੀ ਮਾਰਗ ਨੂੰ ਨਹੀਂ ਸਮਝ ਸਕਦਾ। ਗੁਰਬਾਣੀ ਸਾਡਾ ਸੱਚਾ ਆਗੂ ਹੈ ਜਿਸ ਦੇ ਕੋਲ ਧਰਮ ਦੇ ਮਾਰਗ ਦੀ ਸੱਚੀ ਸੋਝੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਾਉਣ ਦੀ ਸੱਚੀ ਸੋਝੀ ਹੈ ਪਰ ਫਿਰ ਵੀ ਅਸੀਂ ਗੁਰਬਾਣੀ ਦੀ ਸੱਚੀ ਮਤਿ ਨੂੰ ਛੱਡ ਕੇ ਉਹਨਾਂ ਦੀ ਮਤਿ ਪਿੱਛੇ ਲੱਗੇ ਹੋਏ ਹਾਂ

ਜਿੰਨ੍ਹਾਂ ਨੂੰ ਸਿੱਧੇ ਮਾਰਗ ਦੀ ਸੋਝੀ ਨਹੀਂ ਹੈ ਤੇ ਨਾ ਹੀ ਉਹਨਾਂ ਦੇ ਕੋਲੋਂ ਸਾਨੂੰ ਸੱਚੇ ਮਾਰਗ ਦੀ ਸੋਝੀ ਪੈ ਸਕਦੀ ਹੈ। (**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥**) ਸੱਚੀ ਸੋਝੀ ਕੇਵਲ ਨਾਮ ਦੇ ਰੂਪ ਵਿੱਚ ਹੈ, ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੈ ਭਾਵ ਗੁਰੂ ਦੇ ਕੋਲ ਹੈ ਜਿਸ ਦੇ ਅੰਦਰ ਨਾਮ ਸਦਾ ਹੀ ਪ੍ਰਗਟ ਹੈ, ਪ੍ਰਮਾਤਮਾ ਆਪ ਪ੍ਰਗਟ ਹੈ। ਜਿਸ ਨੇ ਪ੍ਰਮਾਤਮਾ ਦੇ ਮਹਿਲ ਨੂੰ ਪਾਇਆ ਹੋਇਆ ਹੈ, ਉਹੀ ਸਾਨੂੰ ਪ੍ਰਮਾਤਮਾ ਦੇ ਮਹਿਲ ਦਾ ਰਸਤਾ ਦਿਖਾ ਸਕਦਾ ਹੈ। ਜੋ ਆਪ ਚੌਥੇ ਪਦ ਵਿੱਚ ਹੈ ਭਾਵ ਜੋ ਆਪ ਤ੍ਰੈ ਗੁਣਾਂ ਵਾਲੀ ਅਵੱਸਥਾ

29/3272

ਵਿੱਚੋਂ ਨਿਕਲਿਆ ਹੋਇਆ ਹੈ ਉਹੀ ਸਾਨੂੰ ਚੌਥੇ ਪਦ ਵਿੱਚ ਪਹੁੰਚਣ ਦਾ ਮਾਰਗ ਦਿਖਾ ਸਕਦਾ ਹੈ। (**ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥**)

ਸਾਡੇ ਅੰਦਰ ਦੀ ਅੰਨੀ ਮਤਿ, ਹੋਛੀ ਮਤਿ ਨਾਮ ਦੇ ਦੁਆਰਾ ਹੀ ਨਿਕਲਦੀ ਹੈ ਭਾਵ ਨਾਮ ਦੀ ਸੋਝੀ ਦੁਆਰਾ ਹੀ ਨਿਕਲਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀ ਸਮਝਾਇਆ ਹੋਇਆ ਹੈ।

“ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥੬॥”

ਨਾਮ ਦਾ ਮਕਸਦ, ਗੁਰੂ ਦੇ ਸ਼ਬਦ ਦਾ ਮਕਸਦ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਦੇ ਨਾਲ ਹੀ ਹੈ ਜਿਸ ਦੁਆਰਾ ਸਾਡੇ ਅੰਦਰੋਂ ਸਾਡਾ ਅੰਧਾਪਨ ਦੂਰ ਹੁੰਦਾ ਹੈ। ਗੁਰੂ ਦੇ ਅੰਦਰ ਦਿਨ ਰਾਤ ਭਾਵ ਹਰ ਵੇਲੇ ਗਿਆਨ ਦਾ ਪ੍ਰਕਾਸ਼ ਹੈ। ਜਿਸ ਦੁਆਰਾ ਉਹ ਤ੍ਰੈ ਗੁਣਾਂ ਤੋਂ ਬਾਹਰ ਹੈ ਤੇ ਉਸਦੇ ਕੋਲ ਧਰਮ ਦੇ ਮਾਰਗ ਦੀ ਸੱਚੀ ਸੋਝੀ ਹੈ। ਗੁਰੂ ਦੇ ਅੰਦਰ “ਸ਼ਬਦ” ਸਦਾ ਹੀ ਵੱਸਿਆ ਹੋਇਆ ਹੈ, ਪ੍ਰਮਾਤਮਾ ਸਦਾ ਹੀ ਵੱਸਿਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਮਨ ਦੇ ਅੰਦਰ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਦਿਨ ਰਾਤ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ, ਧਰਮ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਭਗਤੀ ਦਾ ਮਾਰਗ ਪੁੱਛਣ ਲਈ, ਸਿੱਧਾ ਰਸਤਾ ਪੁੱਛਣ ਲਈ ਸਾਡੇ ਲਈ ਇਹ ਹੁਕਮ ਸੁਣਾਇਆ ਹੈ ਕਿ ਅਸੀਂ ਇਹ ਭਗਤੀ ਦਾ ਮਾਰਗ ਪੁੱਛਣ ਲਈ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਪੁੱਛਣ ਲਈ ਕੇਵਲ ਗੁਰੂ ਅੱਗੇ ਬੇਨਤੀ ਕਰੀਏ ਭਾਵ ਗੁਰੂ ਦੀ ਮਤਿ ਰਾਹੀਂ ਆਪਣੇ ਜੀਵਨ ਦਾ ਮਾਰਗ ਜਾਣੀਏ। ਸਿੱਧਾ ਮਾਰਗ ਕੇਵਲ ਗੁਰੂ ਨੂੰ ਪਤਾ ਹੈ ਤੇ ਉਹੀ ਸਾਨੂੰ ਸਹੀ ਮਾਰਗ ਸਮਝਾ ਸਕਦਾ ਹੈ ਭਾਵ ਸਾਨੂੰ ਕਿਸੇ ਹੋਰ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਜਿੰਨ੍ਹਾਂ ਦੀ ਮਤਿ ਗੁਰੂ ਦੀ ਮਤਿ ਅੱਗੇ ਬਹੁਤ ਨੀਂਵੀ ਹੈ। (**ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥ ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥6॥**)

ਸ਼ਬਦ ਦੇ ਅਗਲੇ ਪਦੇ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਛੱਡਕੇ ਅਸੀਂ ਕਿਸੇ ਹੋਰ ਦੀ ਮਤਿ ਦੇ ਨਾਲ ਨਾ ਜੁੜੀਏ।

29/3273

“ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥
ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥
ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥
ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥੭॥”

(ਅੰਗ ੭੬੭)

ਸਾਡੇ ਅੰਦਰ ਹੀ ਆਪਣਾ ਦੇਸ਼ ਹੈ ਤੇ ਅੰਦਰ ਹੀ ਪਰਦੇਸ ਹੈ ਜਿਵੇਂ ਕਿ ਅਸੀਂ ਕਾਫ਼ੀ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਸਾਡੇ ਅੰਦਰ ਚੌਥਾ ਪਦ ਸਾਡਾ ਆਪਣਾ ਦੇਸ਼ ਹੈ, ਨਿਜ ਘਰ ਹੈ ਜਿਸ ਘਰ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਗੁਰੂ ਮਨ ਦੇ ਵਿੱਚ ਹੀ ਨਿਜ ਘਰ ਵਿੱਚ ਭਾਵ ਪ੍ਰਮਾਤਮਾ ਦੇ ਦੇਸ਼ ਵਿੱਚ ਵੱਸਦਾ ਹੈ ਤੇ ਜਿਸਨੇ ਇਸ ਘਰ ਨੂੰ ਨਹੀਂ ਦੇਖਿਆ, ਮਨ ਦੇ ਵਿੱਚ ਪ੍ਰਮਾਤਮਾ ਦੇ ਘਰ ਨੂੰ ਨਹੀਂ ਦੇਖਿਆ ਉਹ ਹਰ ਕੋਈ ਪਰਦੇਸੀ ਹੈ ਭਾਵ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹਾਂ ਭਾਵ ਜਦ ਤੱਕ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦੇਸ਼ ਦੀ ਸੋਝੀ ਨਹੀਂ ਪੈਂਦੀ, ਆਪਣੇ ਅੰਦਰੋਂ ਪ੍ਰਮਾਤਮਾ ਦਾ ਦੇਸ਼ ਨਜ਼ਰ ਨਹੀਂ ਆਉਂਦਾ ਤਦ ਤੱਕ ਸਾਨੂੰ ਕਿਸੇ ਹੋਰ ਦੇ ਅੰਦਰ ਪ੍ਰਮਾਤਮਾ ਦੇ ਹੋਣ ਦਾ ਵਿਸ਼ਵਾਸ ਨਹੀਂ ਆਉਂਦਾ ਭਾਵ ਜਦ ਤੱਕ ਅਸੀਂ ਆਪ ਪਰਦੇਸੀ ਹਾਂ, ਜਦ ਤੱਕ ਸਾਡਾ ਆਪਣਾ ਮਨ ਪਰਦੇਸੀ ਹੈ ਸਾਨੂੰ ਹਰ ਕੋਈ ਪਰਦੇਸੀ ਹੀ ਨਜ਼ਰ ਆਉਂਦਾ ਹੈ, ਪਰਾਏ ਦੇਸ ਵਾਲਾ ਹੀ ਨਜ਼ਰ ਆਉਂਦਾ ਹੈ ਭਾਵ ਕਿਸੇ ਵਿੱਚ ਪ੍ਰਮਾਤਮਾ ਦਾ ਰੂਪ ਨਜ਼ਰ ਨਹੀਂ ਆਉਂਦਾ। ਆਪਣੇ ਅੰਦਰੋ ਪ੍ਰਮਾਤਮਾ ਦੇ ਦਰਸ਼ਨ ਕੀਤੇ ਬਿਨਾ, ਆਪਣੇ ਮਨ ਨੂੰ ਜਾਣੇ ਬਿਨਾ ਸਾਨੂੰ ਇਹ ਸਮਝ ਨਹੀਂ ਲਗ ਸਕਦੀ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ, ਨਿਰਗੁਣ ਰੂਪ ਵਿੱਚ, ਸ਼ਬਦ ਰੂਪ ਵਿੱਚ, ਗਿਆਨ ਰੂਪ ਵਿੱਚ ਆਪ ਹੀ ਵਿਚਰ ਰਿਹਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਦੁੱਖ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ, ਭਰਮ ਵਿੱਚ ਹੀ ਹੈ ਜਿਸ ਦੇ ਰਹਿੰਦਿਆ ਸਾਨੂੰ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਜੋ ਸੋਝੀ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜੋ ਆਪ ਦੁੱਖ ਵਾਲੀ ਅਵੱਸਥਾ ਵਿੱਚ ਹਨ, ਪ੍ਰਮਾਤਮਾ ਦੇ ਨਾਲੋਂ ਵਿਛੁੜੇ ਹੋਏ ਹਨ ਭਾਵ ਜਿੰਨ੍ਹਾਂ ਨੂੰ ਖੁਦ ਪ੍ਰਮਾਤਮਾ ਨੇ ਆਪਣਾ ਸੱਚ ਨਹੀਂ ਸਮਝਾਇਆ ਜਿੰਨ੍ਹਾਂ ਨੂੰ ਖੁਦ ਮਨ ਦੀ ਸੋਝੀ ਨਹੀ ਹੈ, ਸੱਚੇ ਮਾਰਗ ਦੀ ਸੋਝੀ ਨਹੀਂ ਹੈ। ਉਹਨਾਂ ਕੋਲੋਂ ਅਸੀਂ ਆਪਣੇ ਜੀਵਨ ਦਾ ਸਹੀ ਮਾਰਗ ਕਿਵੇਂ ਜਾਣ ਸਕਦੇ ਹਾਂ ਭਾਵ ਜੋ ਖੁਦ ਭਰਮ ਵਿੱਚ ਹੈ ਉਹ ਸਾਨੂੰ ਭਰਮ ਵਿੱਚੋਂ ਨਿਕਲਣ

29/3274

ਦਾ ਮਾਰਗ ਕਿਵੇਂ ਸਮਝਾ ਸਕਦਾ ਹੈ ਭਾਵ ਜਿਸਦਾ ਖੁਦ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਕਿਵੇਂ ਸਮਝਾ ਸਕਦਾ ਹੈ। ਸਾਰੇ ਜਗਤ ਨੂੰ ਪ੍ਰਮਾਤਮਾ ਨੇ ਭਰਮ ਵਾਲੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ, ਮਾਇਆ ਦੀ ਜੁਗਤਿ ਵਿੱਚ, ਤ੍ਰੈ ਗੁਣਾ ਵਾਲੀ ਅਵੱਸਥਾ ਵਿੱਚ ਹੀ ਰੱਖਿਆ ਹੋਇਆ ਹੈ। (**ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥ ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥ ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥**)

ਜਦ ਤੱਕ ਮਨੁੱਖ ਪਰਦੇਸ ਵਾਲੀ ਅਵੱਸਥਾ ਵਿੱਚ ਹੈ ਭਾਵ ਜਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦੇ ਉਸ ਦੇਸ ਨੂੰ ਨਹੀਂ ਜਾਣਦਾ ਤਦ ਤੱਕ ਮਨੁੱਖ ਦਾ ਆਵਾਗਉਣ ਨਹੀਂ ਮੁੱਕ ਸਕਦਾ। ਜੋ ਆਪ ਪਰਦੇਸੀ ਹਨ, ਉਹਨਾਂ ਦੀ ਮਤਿ ਨਾਲ ਜੁੜਕੇ ਅਸੀਂ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ। (**ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥**)

ਜਦ ਤੱਕ ਸਾਡਾ ਮਨ ਪਰਦੇਸੀ ਹੈ ਤਦ ਤੱਕ ਹਰ ਕੋਈ ਨਾਮ ਵਿਹੂਣਾ ਹੈ ਭਾਵ ਉਸਨੂੰ ਨਾਮ ਦੀ ਪ੍ਰਾਪਤੀ ਨਹੀਂ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥੭॥”

ਉੱਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਨਾਮ ਵਾਲਾ ਕੌਣ ਬਣਦਾ ਹੈ। ਜਦ ਤੱਕ ਪ੍ਰਮਾਤਮਾ ਕਿਸੇ ਨੂੰ ਆਪਣਾ ਨਾਮ ਆਪ ਨਹੀਂ ਦਿੰਦਾ, ਮਨ ਦੇ ਵਿੱਚ ਆਪਣਾ ਦੇਸ ਨਹੀਂ ਦਿਖਾਉਂਦਾ ਤਦ ਤੱਕ ਹਰ ਕੋਈ ਨਾਮ ਵਿਹੂਣਾ ਹੀ ਹੈ, ਨਾਮ ਵੱਲੋਂ ਖਾਲੀ ਹੀ ਹੈ ਭਾਵ ਗੁਰਮਤਿ ਦੀ ਪੂਰਨ ਸੋਝੀ ਤੋਂ ਖਾਲੀ ਹੀ ਹੈ, ਸ਼ਬਦ ਦੀ ਸੱਚੀ ਤੇ ਪੂਰਨ ਸੋਝੀ ਤੋਂ ਖਾਲੀ ਹੀ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਮਨ ਦੇ ਵਿੱਚ ਹੀ ਪ੍ਰਗਟ ਹੋ ਕੇ ਦਿੰਦਾ ਹੈ, ਆਪਣੇ ਦੇਸ ਦੇ ਵਿੱਚ ਹੀ ਦਿੰਦਾ ਹੈ। ਨਾਮ ਵਿਹੂਣਾ ਉਹ ਹੈ ਜਿੰਨ੍ਹਾਂ ਨੇ ਗੁਰੂ ਦੇ ਕੋਲੋਂ ਉਸ ਦਾ ਸ਼ਬਦ ਨਹੀਂ ਸੁਣਿਆ। ਦੁਨਿਆਵੀ ਤੌਰ ਤੇ ਭਾਵ ਆਕਾਰ ਰੂਪ ਵਿੱਚ, ਸਰਗੁਣ ਰੂਪ ਵਿੱਚ ਹਰ ਕੋਈ ਗੁਰੂ ਦਾ ਸ਼ਬਦ ਸੁਣਦਾ ਹੈ ਪਰ ਨਾਮ ਸਾਨੂੰ ਮਨ ਦੇ ਵਿੱਚ ਹੀ ਮਿਲਦਾ ਹੈ, ਨਿਰਗੁਣ ਰੂਪ ਵਿੱਚ, ਗਿਆਨ ਰੂਪ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ। ਗੁਰੂ ਪ੍ਰਮਾਤਮਾ ਆਪ ਹੈ ਤੇ ਆਪਣਾ

29/3275

‘‘ਸਬਦੁ’’ ਰੂਪ ਗਿਆਨ, ‘‘ਸਬਦੁ’’ ਰੂਪ ਵਿਚਾਰ ਮਨ ਦੇ ਵਿੱਚ ਆਪਣੇ ਸ਼ਬਦਾਂ ਰਾਹੀ ਆਪ ਹੀ ਸੁਣਾਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਹੀ ਉਹ ਆਪਣੀ ਗੁਰਮਤਿ ਸੁਣਾਉਂਦਾ ਹੈ। ਉਸਦੇ ਭਗਤ ਪ੍ਰਮਾਤਮਾ ਦੇ ਕੋਲੋਂ ਉਸ ਨੂੰ ਮਨ ਦੇ ਵਿੱਚ ਹੀ ਸੁਣਦੇ ਹਨ ਜਿਸ ਰਾਹੀਂ ਉਹ ਆਪਣਾ ਨਾਮ ਦਿੰਦਾ ਹੈ ਤੇ ਆਪਣੇ ਦੇਸ ਵਿੱਚ ਵਸਾਉਂਦਾ ਹੈ। (**ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥ ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥7॥**)

ਜਿਹੜਾ ਆਪਣੇ ਅੰਦਰੋ ਨਿਰੰਕਾਰ ਦੇ ਦੇਸ ਵਿੱਚ ਵੱਸਦਾ ਹੈ ਭਾਵ ਉਸਦੇ ਆਕਾਰ ਰਹਿਤ ਰੂਪ ਦੇਸ ਵਿੱਚ, ਨਿਰਗੁਣ ਰੂਪ ਦੇਸ ਵਿੱਚ ਵੱਸਦਾ ਹੈ ਜੋ ਕਿ ਗੁਰੂ ਦੀ ਅਵੱਸਥਾ ਹੈ ਉਸਦੇ ਦੇਸ ਦੇ ਵਿੱਚੋਂ ਭਾਵ ਮਨ ਰੂਪ ਦੇਸ ਦੇ ਵਿੱਚੋਂ ਪ੍ਰਮਾਤਮਾ ਦੇ ਕੋਲੋਂ ਉਸਦੇ ਵਿਚਾਰ ਹੀ ਮਿਲਦੇ ਹਨ, ਸ਼ਬਦ ਰੂਪ ਵਿਚਾਰ ਹੀ ਮਿਲਦੇ ਹਨ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਇਹ ਵਿਚਾਰ ਸੁਣੇ ਹਨ, ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਸ਼ਬਦ ਦੇ ਵਿਚਾਰ ਦਿੱਤੇ ਹਨ। ਪ੍ਰਮਾਤਮਾ ਦਾ ਹੁਕਮ, ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਚੱਲ ਰਿਹਾ ਹੈ ਤੇ ਪ੍ਰਮਾਤਮਾ ਕੋਲੋਂ ਜੋ ਹੁਕਮ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਮਿਲਦਾ ਹੈ ਅਸੀਂ ਉਹੋ ਕੁੱਝ ਕਰਦੇ ਹਾਂ ਭਾਵ ਸਾਨੂੰ ਸਭ ਨੂੰ ਉਹ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ, ਮਨ ਦੇ ਗਿਆਨ ਰਾਹੀਂ ਚਲਾ ਰਿਹਾ ਹੈ ਪਰ ਜਦ ਤੱਕ ਅਸੀਂ ਆਪਣੇ ਅੰਦਰੋਂ ਉਸ ਦੇ ਇਸ ਹੁਕਮ ਨੂੰ ਨਹੀਂ ਬੁੱਝਦੇ ਤਦ ਤੱਕ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਨੇ ਕਿਸ ਤਰ੍ਹਾਂ ਸਭ ਨੂੰ ਆਪਣੇ ਹੁਕਮ ਵਿੱਚ ਰੱਖਿਆ ਹੋਇਆ ਹੈ, ਸਭ ਨੂੰ ਉਸਨੇ ਕਿਵੇਂ ਆਪਣੀ ਗਿਆਨ ਦੀ ਨੱਥ ਪਾਈ ਹੋਈ ਹੈ ਤੇ ਮਨੁੱਖ ਉਹੀ ਕੁੱਝ ਕਰਦਾ ਹੈ ਜਿਹੋ ਜਿਹਾ ਗਿਆਨ ਭਾਵ ਜਿਹੋ ਜਿਹੇ ਵਿਚਾਰ, ਜਿਹੋ ਜਿਹੀ ਸੋਚ ਮਨ ਦੇ ਵਿੱਚ ਉਪਜਦੀ ਹੈ। ਪ੍ਰਮਾਤਮਾ ਦੇ ਦੇਸ ਦੇ ਵਿੱਚੋਂ ਵਿਚਾਰ ਹੀ ਮਿਲਦੇ ਹਨ ਜਿਵੇਂ ਕਿ ਅਸੀਂ ਕਾਫੀ ਪਿੱਛੇ ਹੇਠ ਦਿੱਤੇ ਸ਼ਬਦ ਨੂੰ ਸਮਝਿਆ ਹੈ।

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧॥੧੯॥}

(ਅੰਗ ੧੩੯੫)

ਸਾਡੇ ਅੰਦਰ ਪ੍ਰਮਾਤਮਾ ਦਾ ਦੇਸ ਸੱਚੇ ਵਿਚਾਰਾਂ ਦੇ ਰੂਪ ਵਿੱਚ ਹੈ,

29/3276

ਮਨ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜਦ ਤੱਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦੇਸ ਨੂੰ ਨਹੀਂ ਜਾਣਦੇ ਤਦ ਤੱਕ ਹਰ ਕੋਈ ਭਰਮ ਵਿੱਚ ਹੈ, ਹਉਮੈ ਵਿੱਚ ਹੈ ਭਾਵ ਉਸ ਨੂੰ ਆਪਣੇ ਜੀਵਨ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਹੈ। ਭਰਮ ਦੇ ਰਹਿੰਦਿਆਂ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਤੇ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ, ਜਿਸ ਵਿੱਚ ਸਾਡੀ ਹਉਮੈ ਹੁੰਦੀ ਹੈ ਭਾਵ ਆਪਣੀ ਮਤਿ ਹੁੰਦੀ ਹੈ। ਸਾਡੀ ਹਉਮੈ ਖ਼ਤਮ ਹੋਏ ਬਿਨ੍ਹਾਂ ਸਾਡਾ ਪ੍ਰਮਾਤਮਾ ਦੇ ਨਾਲ, ਨਾਮ ਦੇ ਨਾਲ ਵਿਰੋਧ ਨਹੀਂ ਮੁੱਕ ਸਕਦਾ ਤੇ ਇਸ ਅਵੱਸਥਾ ਵਿੱਚ ਰਹਿੰਦੇ ਹੋਏ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਨਾਮ ਦੇ ਨਾਲ ਵਿਰੋਧ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਕਿਉਂਕਿ ਇਸ ਵਿਰੋਧ ਵਿੱਚੋਂ ਉਹੀ ਨਿਕਲਦਾ ਹੈ ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਦਾ ਹੈ। ਉਹ ਸੰਸਾਰ ਵਿੱਚ ਕਦੇ ਹੀ ਕਿਸੇ ਸਰੀਰ ਰਾਹੀਂ ਪ੍ਰਗਟ ਹੁੰਦਾ ਹੈ ਤੇ ਤਾਂ ਹੀ ਉਸ ਮਨੁੱਖ ਦੀ ਨਾਮ ਦੇ ਨਾਲ ਵਿਰੋਧਤਾ ਖ਼ਤਮ ਹੁੰਦੀ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਬਹੁਤ ਹਨ ਪਰ ਅਸਲ ਵਿੱਚ ਉਹ ਪ੍ਰਮਾਤਮਾ ਦੇ ਨਾਲ ਆਪਣਾ ਵਿਰੋਧ ਹੀ ਦਿਖਾਉਂਦੇ ਹਨ। ਸੱਚੀ ਵਡਿਆਈ ਕੇਵਲ ਗੁਰੂ ਦੀ ਹੈ, ਉਸਦੇ ਭਗਤ ਦੀ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਬਾਕੀ ਕੇਵਲ ਭਰਮ ਵਿੱਚ ਹੀ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਤੇ ਗੁਰੂ ਪ੍ਰਮਾਤਮਾ ਦੇ ਨਾਲ ਭਾਵ ਗੁਰਮਤਿ ਦੇ ਨਾਲ ਆਪਣੀ ਵਿਰੋਧਤਾ ਤੋਂ ਬਚੀਏ, ਨਾਮ ਦੀ ਵਿਰੋਧਤਾ ਤੋਂ ਬਚੀਏ ਭਾਵ ਆਪਣੀ ਹਉਮੈ ਤੋਂ ਬਚੀਏ ਤੇ ਸੱਚ ਨੂੰ ਸਮਝੀਏ, ਮਨਮਤਿ ਤੋਂ ਬਚੀਏ ਤੇ ਗੁਰਮਤਿ ਤੇ ਚੱਲੀਏ।

“ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥
ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥

ਨਾਵਹੁ ਭੁਲੀ ਚੋਟਾ ਖਾਏ ॥ ਬਹੁਤੁ ਸਿਆਣਪ ਭਰਮੁ ਨ ਜਾਏ ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥੮॥
ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥ ਮੈ ਦੇਖਾਲਿਹੁ ਤਿਸੁ ਸਾਲਾਹੀ ॥
ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ ॥੯॥
ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ ॥ ਜੇ ਕੋ ਵਡਾ ਕਹਾਇ ਵਡਾਈ ਖਾਵੈ ॥
ਸਾਚੇ ਸਾਹਿਬ ਤੋਟਿ ਨ ਦਾਤੀ ਸਗਲੀ ਤਿਨਹਿ ਉਪਾਈ ਹੇ ॥੧੦॥
ਵਡੀ ਵਡਿਆਈ ਵੇਪਰਵਾਹੇ ॥ ਆਪਿ ਉਪਾਏ ਦਾਨੁ ਸਮਾਹੇ ॥
ਆਪਿ ਦਇਆਲੁ ਦੂਰਿ ਨਹੀ ਦਾਤਾ ਮਿਲਿਆ ਸਹਜਿ ਰਜਾਈ ਹੇ ॥੧੧॥"

(ਅੰਗ ੧੦੨੪-੧੦੨੫)

29/3277

ਉੱਪਰ ਪਹਿਲੇ ਪਦੇ ਰਾਹੀਂ ਹੀ ਸਮਝੋ ਕਿ ਸੱਚੀ ਵਡਿਆਈ ਕਿਸ ਦੀ ਹੈ। ਸੱਚੀ ਵਡਿਆਈ ਕੇਵਲ ਉਸ ਦੀ ਹੈ ਜਿਸ ਦੇ ਅੰਦਰ "ਨਾਮ ਰਤਨੁ" ਹੈ ਭਾਵ ਜਿਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੈ। "ਨਾਮ ਰਤਨੁ" ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਦੁਆਰਾ ਉਹ ਸਭ ਦੇ ਅੰਦਰ ਵਿਚਰਦਾ ਹੈ ਪਰ ਇਸ ਗਲ ਨੂੰ ਸਮਝ ਉਹੀ ਸਕਦਾ ਹੈ ਜਿਸ ਦੇ ਅੰਦਰ ਉਹ ਪ੍ਰਗਟ ਹੋ ਜਾਂਦਾ ਹੈ। ਪ੍ਰਮਾਤਮਾ ਦੀ ਜੋਤਿ ਵਿੱਚ ਸਮਾਉਣਾ ਜਾਂ ਨਾਮ ਰਤਨੁ ਦੀ ਪ੍ਰਾਪਤੀ ਹੋਣੀ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਮਨ ਦੇ ਅੰਦਰ ਸੱਚੇ ਭੋਜਨ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਦੀ ਪ੍ਰਾਪਤੀ ਹੈ। ਪ੍ਰਮਾਤਮਾ ਦਾ ਇਹ ਭੋਜਨ ਉਸਦਾ ਸਚੁ ਰੂਪ ਭੋਜਨ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਹੀ ਆਪਣੀ ਸੱਚੀ ਗੁਰਮਤਿ ਦੀ ਸੋਝੀ ਪਾਉਂਦਾ ਹੈ। ਮਨੁੱਖ ਦੀ ਤ੍ਰਿਪਤੀ ਮਨ ਦਾ ਇਹ ਭੋਜਨ ਛਕ ਕੇ ਹੀ ਹੁੰਦੀ ਹੈ ਜਿਸ ਦੁਆਰਾ ਮਨ ਦੇ ਵਿੱਚ ਸੰਤੋਖ ਆਉਂਦਾ ਹੈ ਤੇ ਮਨੁੱਖ ਮਾਇਆ ਤੋਂ ਮੁਕਤਿ ਹੁੰਦਾ ਹੈ। ਮਨ ਦੇ ਇਸ ਭੋਜਨ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਤ੍ਰਿਸ਼ਨਾ ਪੂਰੀ ਹੁੰਦੀ ਹੈ, ਮਨੁੱਖ ਦੀ ਆਸ ਪੂਰਨ ਹੁੰਦੀ ਹੈ। ਮਨ ਦੇ ਵਿੱਚੋਂ ਇਹ ਸਚੁ ਰੂਪ ਭੋਜਨ ਛਕ ਕੇ ਹੀ, ਇਹ ਅੰਮ੍ਰਿਤ ਨਾਮ ਰੂਪ ਭੋਜਨ ਛਕ ਕੇ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮੈਂ ਕੀ ਹਾਂ, ਮੇਰਾ ਵਜੂਦ ਕੀ ਹੈ ਭਾਵ ਇਹ ਸਮਝ ਲੱਗ ਜਾਂਦੀ ਹੈ ਕਿ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਪਰ ਉਸਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ। ਮਨ ਦੇ ਵਿੱਚ ਉਸਦੇ "ਨਾਮ ਰਤਨੁ" ਦੁਆਰਾ ਮਨੁੱਖ ਨੂੰ ਸੱਚ ਦੀ ਸੋਝੀ ਹੀ ਪੈਂਦੀ ਹੈ ਕਿ ਸੰਸਾਰ ਦਾ ਸੱਚ ਕੀ ਹੈ, ਮਨੁੱਖਤਾ ਦਾ ਸੱਚ ਕੀ ਹੈ ਭਾਵ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤੀ ਹੈ ਤੇ ਉਹਨਾਂ ਦੀ ਆਪਣੀ ਸੱਚੀ ਵਡਿਆਈ ਵੀ ਇਸੇ ਗੱਲ ਵਿੱਚ ਹੈ ਕਿ ਉਹਨਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ, ਉਹਨਾਂ ਦੇ ਅੰਦਰ ਪ੍ਰਮਾਤਮਾ ਨੇ ਆਪਣਾ "ਨਾਮ ਰਤਨੁ" ਰੂਪ ਪ੍ਰਗਟ ਕੀਤਾ ਹੈ ਤੇ ਉਹਨਾਂ ਨੂੰ ਪੂਰਨ ਸੱਚ ਦੀ ਸੋਝੀ ਪਾਈ ਹੈ। (**ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥ ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥7॥**)

30/3278

ਜਦ ਤੱਕ ਕਿਸੇ ਦੇ ਅੰਦਰ "ਨਾਮ ਰਤਨੁ" ਨਹੀਂ ਵੱਸਦਾ ਭਾਵ ਪ੍ਰਮਾਤਮਾ ਆਪ ਪ੍ਰਗਟ ਨਹੀਂ ਹੁੰਦਾ ਕਿਸੇ ਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ ਤੇ ਉਸ ਨੂੰ ਇਹ ਸਮਝ ਨਹੀਂ ਲੱਗਦੀ ਕਿ ਨਾਮ ਕੀ ਹੈ, ਗੁਰਮਤਿ ਕੀ ਹੈ ਭਾਵ ਗੁਰਮਤਿ ਦੀ ਸੱਚੀ ਸਿੱਖਿਆ ਕੀ ਹੈ। ਸੱਚੀ ਸਿੱਖਿਆ ਜਾਣੇ ਬਿਨ੍ਹਾਂ ਮਨੁੱਖ ਸੱਚੇ ਸੁੱਚੇ ਕਰਮ ਨਹੀਂ ਕਰ ਸਕਦਾ ਤੇ ਮਨੁੱਖ ਉਹੋ ਜਿਹੇ ਕਰਮ ਕਰਦਾ ਹੈ ਜਿੰਨ੍ਹਾਂ ਦੁਆਰਾ ਉਸ ਨੂੰ ਦੁੱਖ ਸਹਿਣੇ ਪੈਂਦੇ ਹਨ, ਪ੍ਰਮਾਤਮਾ ਦੇ ਦਰ ਤੋਂ ਸਜਾਵਾਂ ਮਿਲਦੀਆਂ ਹਨ। ਨਾਮ ਦੀ ਸੱਚੀ ਸੋਝੀ ਬਿਨ੍ਹਾਂ ਮਨੁੱਖ ਆਪਣੀ ਮਤਿ ਦੁਆਰਾ ਵਿਚਰਦਾ ਹੈ ਜੋ ਕਿ ਕੇਵਲ ਉਸ ਦੀਆਂ ਸਿਆਣਪਾਂ ਹਨ। ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਅਨੇਕਾਂ ਹੀ ਸਿਆਣਪਾਂ ਵਰਤਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਪਰ ਇਹ ਕੇਵਲ ਸਾਡਾ ਭਰਮ ਹੈ ਕਿ ਪ੍ਰਮਾਤਮਾ ਇਹਨਾਂ ਤਰੀਕਿਆਂ ਨਾਲ ਮਿਲ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਵਿਧੀ ਉਹੀ ਜਾਣ ਸਕਦਾ ਹੈ ਜਿਸ ਨੂੰ ਨਾਮ ਦੀ ਪ੍ਰਾਪਤੀ

ਹੋ ਜਾਂਦੀ ਹੈ, ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਭਰਮ ਵਿੱਚੋਂ ਕੱਢ ਲੈਂਦਾ ਹੈ, ਮਨਮਤਿ ਵਿੱਚੋਂ ਕੱਢ ਲੈਂਦਾ ਹੈ। ਭਰਮ ਨਿਕਲੇ ਬਿਨ੍ਹਾਂ ਹਰ ਕੋਈ ਆਪਣੀਆਂ ਅਨੇਕਾਂ ਤਰੀਕੇ ਦੀਆਂ ਸਿਆਣਪਾ ਨਾਲ ਜੁੜਿਆ ਰਹਿੰਦਾ ਹੈ ਤੇ ਆਪਣੀਆਂ ਇਹੋ ਜਿਹੀਆਂ ਸਿਆਣਪਾਂ ਦੁਆਰਾ ਸਭ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਨ ਭਾਵ ਇਹ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ। ਆਪਣੇ ਭਗਤੀ ਦੇ ਦਿਖਾਵਿਆਂ ਦੁਆਰਾ ਉਹ ਆਪਣੇ ਆਪ ਨੂੰ ਉੱਚਾ ਕਰਕੇ "ਅਜਗਰਿ ਭਾਰਿ" ਭਾਵ ਹਉਮੈ ਦਾ ਝੂਠਾ ਭਾਰ ਹੀ ਲੱਦਦੇ ਹਨ ਭਾਵ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਨ। (**ਨਾਵਹੁ ਭੁਲੀ ਚੋਟਾ ਖਾਏ ॥ ਬਹੁਤੁ ਸਿਆਣਪ ਭਰਮੁ ਨ ਜਾਏ ॥ ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥8॥**)

ਸਾਡੇ ਇਹੋ ਜਿਹੇ ਭਗਤੀ ਦੇ ਦਿਖਾਵਿਆਂ ਦੁਆਰਾ ਭਾਵ ਸੱਚੀ ਸੋਝੀ ਪਏ ਬਿਨ੍ਹਾਂ, "ਨਾਮ ਰਤਨੁ" ਦੀ ਪ੍ਰਾਪਤੀ ਹੋਏ ਬਿਨ੍ਹਾਂ, ਪ੍ਰਮਾਤਮਾ ਦੇ ਕੋਲੋਂ ਗੁਰਮਤਿ ਦੀ ਸੱਚੀ ਸੋਝੀ ਪਏ ਬਿਨ੍ਹਾਂ ਕੋਈ ਵੀ ਪੂਰਨ ਰੂਪ ਵਿੱਚ ਗੁਰਮਤਿ ਤੇ ਨਹੀਂ ਚੱਲ ਸਕਦਾ ਤੇ ਸਾਡਾ ਪ੍ਰਮਾਤਮਾ ਦੇ ਨਾਲ, ਨਾਮ ਦੇ ਨਾਲ ਵੈਰ ਵਿਰੋਧ ਨਹੀਂ ਮੁੱਕ ਸਕਦਾ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥ ਮੈ ਦੇਖਾਲਿਹੁ ਤਿਸੁ ਸਾਲਾਹੀ ॥
ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ ॥੯॥"

30/3279

ਉੱਪਰ ਵਾਲੀਆਂ ਪੰਗਤੀਆ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਗੱਲ ਨੂੰ ਪੱਕੀ ਤਰ੍ਹਾਂ ਜਾਣ ਲਵੋ ਕਿ ਜਦ ਤੱਕ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਨਹੀਂ ਲੈਂਦਾ, ਆਪਣੇ ਅੰਦਰੋਂ ਉਸਦੇ ਨਿਰਗੁਣ ਰੂਪ ਨੂੰ ਜਾਣ ਨਹੀਂ ਲੈਂਦਾ ਤਦ ਤੱਕ ਕਿਸੇ ਦਾ ਵੀ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਨਿਬੜ ਸਕਦਾ। ਇਹ ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ ਕਿ ਸੰਸਾਰ ਵਿੱਚ ਕੋਈ ਐਸਾ ਨਹੀਂ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਹੈ। (**ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥**) ਅਸੀਂ ਅਨੇਕਾਂ ਨੂੰ ਹੀ ਆਪਣੀ ਮਤਿ ਅਨੁਸਾਰ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ, ਉਹਨਾਂ ਦੇ ਸਰੀਰਕ ਜਪਾਂ ਨੂੰ ਦੇਖ ਕੇ ਉਹਨਾਂ ਨੂੰ ਉੱਚਾ ਥਾਪ ਲੈਂਦੇ ਹਾਂ, ਕਿਸੇ ਦੇ ਅੰਦਰ ਕਿਸੇ ਰਿਧੀ ਸਿਧੀ ਨੂੰ ਦੇਖ ਕੇ ਉਸ ਨੂੰ ਉੱਚਾ ਥਾਪ ਲੈਂਦੇ ਹਾਂ ਤੇ ਅਨੇਕਾਂ ਨੂੰ ਹੀ ਪ੍ਰਮਾਤਮਾ ਦਾ ਰੂਪ ਸਮਝ ਲੈਂਦੇ ਹਾਂ, ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝ ਲੈਂਦੇ ਹਾਂ ਪਰ ਇਹ ਕੇਵਲ ਸਾਡਾ ਭਰਮ ਹੈ। ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਕਦੇ ਹੀ ਆਪਣੇ ਆਪ ਨੂੰ ਅਰਬਾਂ ਖਰਬਾਂ ਦੇ ਵਿੱਚੋਂ ਪ੍ਰਗਟ ਕਰਦਾ ਹੈ ਜਿਸ ਰਾਹੀਂ ਉਹ ਆਪਣਾ ਸੱਚਾ ਗਿਆਨ ਸਮਝਾਉਂਦਾ ਹੈ। ਪ੍ਰਮਾਤਮਾ ਨੂੰ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਨੇ ਵੀ ਨਹੀਂ ਜਾਣਿਆ, ਦੇਵੀ ਦੇਵਤਿਆਂ ਆਦਿ ਨੇ ਵੀ ਨਹੀਂ ਜਾਣਿਆ, ਵੱਡੇ ਵੱਡੇ ਰਿਸ਼ੀ ਮੁਨੀ ਆਦਿ ਨੇ ਵੀ ਨਹੀਂ ਜਾਣਿਆ ਪਰ ਫਿਰ ਵੀ ਉਹਨਾਂ ਨੂੰ ਰੱਬ ਦਾ ਰੂਪ ਸਮਝਕੇ ਉਹਨਾਂ ਦੀ ਪੂਜਾ ਹੁੰਦੀ ਹੈ ਭਾਵ ਹਰ ਕੋਈ ਇਸ ਗੱਲ ਨੂੰ ਜਾਣਨ ਵਿੱਚ ਭਰਮ ਵਿੱਚ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਕੀ ਹੈ ਤੇ ਇਸ ਵਿੱਚੋ ਨਿਕਲਣਾ ਕੀ ਹੈ ਭਾਵ ਚੌਥਾ ਪਦ ਕੀ ਹੈ, ਸਹਜ ਦੀ ਅਵੱਸਥਾ ਕੀ ਹੈ, ਪ੍ਰਮਾਤਮਾ ਦਾ ਆਪਣਾ ਗੁਰੂ ਰੂਪ ਕੀ ਹੈ ਭਾਵ ਪ੍ਰਮਾਤਮਾ ਆਪ ਹੀ ਆਪਣੇ ਕਿਸ ਰੂਪ ਦੁਆਰਾ ਗੁਰੂ ਹੈ, ਉਸਦਾ ਸ਼ਬਦ ਰੂਪ ਕੀ ਹੈ, ਨਾਮ ਕੀ ਹੈ, ਨਾਮ ਦੀ ਪ੍ਰਾਪਤੀ ਕੀ ਹੈ, ਹਉਮੈ ਕੀ ਹੈ ਤੇ ਇਸ ਵਿੱਚੋਂ ਨਿਕਲਣਾ ਕੀ ਹੈ, ਸੁੰਨ ਕੀ ਹੈ ਤੇ ਸੁੰਨ ਸਮਾਧ ਕੀ ਹੈ, ਜੋਤਿ ਕੀ ਹੈ ਤੇ ਜੋਤਿ ਵਿੱਚ ਜੋਤਿ ਰੱਲਣਾ ਕੀ ਹੈ। ਇਸੇ ਤਰ੍ਹਾਂ ਹੋਰ ਵੀ ਗੁਰਬਾਣੀ ਰਾਹੀਂ ਸਾਨੂੰ ਅਨੇਕਾਂ ਤਰੀਕਿਆ ਨਾਲ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਜਿੰਨ੍ਹਾਂ ਦੀ ਸੋਝੀ ਪਏ ਬਿਨ੍ਹਾਂ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ। ਜਦ ਤੱਕ ਮਨੁੱਖ ਨੂੰ ਆਪਣੇ ਮਨ ਦੀ ਸਮਝ ਨਹੀਂ ਪੈਂਦੀ ਤਦ ਤੱਕ ਕੋਈ ਵੀ ਇਸ ਭਰਮ ਵਿੱਚੋਂ ਨਹੀਂ ਨਿਕਲ ਸਕਦਾ ਕਿ ਪ੍ਰਮਾਤਮਾ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ ਤੇ ਉਹ ਕਿਸ ਤਰ੍ਹਾਂ ਹਰ ਵਸਤੂ ਨੂੰ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ, ਗਿਆਨ ਰੂਪ ਦੁਆਰਾ ਚਲਾ ਰਿਹਾ ਹੈ ਤੇ

30/3280

ਹਰ ਵਸਤੂ ਦਾ ਮਾਲਕ ਕਿਸ ਰੂਪ ਵਿੱਚ ਹੈ, ਪ੍ਰਮਾਤਮਾ ਦਾ ਸਾਇੰਟਿਫਿਕ ਰੂਪ ਕੀ ਹੈ ਤੇ ਉਹ ਹਰ ਜਗ੍ਹਾ ਆਪਣੇ ਸਾਇੰਟਿਫਿਕ ਰੂਪ ਦੁਆਰਾ ਭਾਵ ਆਪਣੀ ਰਚੀ ਹੋਈ ਸਾਇੰਸ ਦੁਆਰਾ ਕਿਸ ਤਰ੍ਹਾਂ ਉਸ ਵਿੱਚ ਸਮਾਇਆ ਹੋਇਆ ਹੈ ਤੇ ਕਿਸ ਤਰ੍ਹਾਂ ਉਹ

ਆਪਣੀ ਰਚਨਾ ਨੂੰ ਸਾਇੰਟਿਫਿਕਲੀ ਰਚ ਕੇ ਸਾਇੰਟਿਫਿਕਲੀ ਹੀ ਚਲਾ ਰਿਹਾ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਸਮਝੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕੀ ਹੈ, ਉਸਦਾ ਸਾਡੇ ਅੰਦਰ ਪ੍ਰਗਟ ਹੋਣਾ ਕੀ ਹੈ ਭਾਵ ਉਸਦੇ ਨਾਲ ਮੇਲ ਕੀ ਹੈ। ਆਪਣੇ ਆਪ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਉਸ ਨੂੰ ਜਾਨਣ ਦਾ ਕੋਈ ਹੋਰ ਤਰੀਕਾ ਨਹੀਂ ਹੈ। ਸਾਡੇ ਸਰੀਰਕ ਜਪ ਤਪ ਆਦਿ ਪ੍ਰਮਾਤਮਾ ਨੂੰ ਜਾਨਣ ਲਈ ਕੇਵਲ ਸਾਡੀਆਂ ਝੂਠੀਆਂ ਸਿਆਣਪਾਂ ਹਨ ਤੇ ਜਿਤਨੀ ਕੋਈ ਇਹੋ ਜਿਹੀ ਸਿਆਣਪ ਦਿਖਾਉਂਦਾ ਹੈ ਉਸ ਨੂੰ ਅਸੀਂ ਉਤਨਾ ਹੀ ਉੱਚਾ ਥਾਪ ਲੈਂਦੇ ਹਾਂ, ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਥਾਪ ਲੈਂਦੇ ਹਾਂ। ਗੁਰੂ ਸਾਹਿਬ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾ ਰਹੇ ਹਨ ਕਿ ਮੈਨੂੰ ਕੋਈ ਸੰਸਾਰ ਵਿੱਚ ਇਹੋ ਜਿਹਾ ਮਨੁੱਖ ਦਿਖਾਉ ਜਿਸਦਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਿਆ ਹੋਇਆ ਹੈ ਤੇ ਮੈ ਫਿਰ ਉਸ ਮਨੁੱਖ ਨੂੰ ਸਲਾਘਾ, ਉਸਦੀ ਸਿਫ਼ਤ ਕਰਾਂਗਾ ਭਾਵ ਪ੍ਰਮਾਤਮਾ ਕਦੇ ਹੀ ਸੰਸਾਰ ਵਿੱਚ ਕਿਸੇ ਵਿਰਲੇ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਕਿਸੇ ਨੂੰ ਆਪਣਾ ਸੱਚਾ ਰੂਪ ਸਮਝਾਂਦਾ ਹੈ। (**ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥ ਮੈ ਦੇਖਾਲਿਹੁ ਤਿਸੁ ਸਾਲਾਹੀ ॥**) ਸਾਨੂੰ ਸਮਝਾਇਆ ਇਹ ਹੈ ਕਿ ਅਸੀਂ ਜਿਸ ਕਿਸੇ ਨੂੰ ਵੀ ਉਸਦੇ ਜਪ ਤਪ ਦੇਖਕੇ ਉਸ ਨੂੰ ਉੱਚਾ ਥਾਪ ਲੈਂਦੇ ਹਾਂ ਤੇ ਉਸ ਦੀਆਂ ਸਿਫ਼ਤਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਾਂ, ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ ਤੇ ਉਹਨਾਂ ਦੀ ਮਤਿ ਦੇ ਨਾਲ ਜੁੜ ਜਾਂਦੇ ਹਾਂ ਜਿਸ ਦੁਆਰਾ ਅਸੀਂ ਗੁਰੂ ਦੀ ਸੱਚੀ ਸਿਫ਼ਤ ਸਾਲਾਹ ਤੋਂ ਦੂਰ ਹੋ ਜਾਂਦੇ ਹਾਂ ਭਾਵ ਗੁਰਮਤਿ ਦੀ ਸਿਫ਼ਤ ਸਾਲਾਹ ਤੋਂ ਦੂਰ ਹੋ ਜਾਂਦੇ ਹਾਂ। ਸਾਨੂੰ ਇਹੋ ਜਿਹਿਆਂ ਦੀ ਸਿਫ਼ਤ ਸਾਲਾਹ ਕਰਨ ਤੋਂ ਭਾਵ ਉਹਨਾਂ ਦੇ ਪਿੱਛੇ ਲੱਗਣ ਤੋਂ ਮਨ੍ਹਾ ਕੀਤਾ ਗਿਆ ਹੈ ਕਿਉਂਕਿ ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਬਾਅਦ ਵਿਰੋਧ ਗੁਰਮਤਿ ਦੇ ਉਲਟ ਚੱਲਣ ਦੁਆਰਾ ਹੀ ਹੈ। ਜਿੰਨ੍ਹਾਂ ਨੂੰ ਅਸੀਂ ਉੱਚਾ ਥਾਪਿਆ ਹੋਇਆ ਹੈ ਉਹ ਆਪ ਹੀ ਮਨਮਤਿ ਨਾਲ ਜੁੜੇ ਹੋਏ ਹਨ ਭਾਵ ਗੁਰਮਤਿ ਤੋਂ ਵਿਛੁੜੇ ਹੋਏ ਹਨ ਜਿਸ ਕਰਕੇ ਉਹਨਾਂ ਦਾ ਆਪਣਾ ਝਗੜਾ ਪ੍ਰਮਾਤਮਾ ਦੇ ਨਾਲ ਨਹੀਂ ਨਿਬੜਿਆ ਤੇ ਉਹਨਾਂ ਦੀ ਮਤਿ ਪਿੱਛੇ ਲੱਗ ਕੇ, ਉਹਨਾਂ ਦੀ ਸਿਫ਼ਤ ਸਾਲਾਹ ਕਰਕੇ ਅਸੀਂ ਗੁਰੂ ਦੇ ਨਾਲ ਆਪਣਾ ਝਗੜਾ ਹੀ ਦਿਖਾਉਂਦੇ ਹਾਂ। ਪ੍ਰਮਾਤਮਾ ਦੇ ਨਾਲ ਝਗੜਾ ਉਸ ਦਾ ਹੀ ਨਿਬੜਦਾ ਹੈ ਜੋ ਪ੍ਰਮਾਤਮਾ ਨੂੰ ਅਸਲ ਰੂਪ ਵਿੱਚ ਪਾ ਲੈਂਦਾ ਹੈ ਤੇ ਉਹੀ

30/3281

ਸੱਚੀ ਸਿਫ਼ਤ ਦਾ ਹੱਕਦਾਰ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ ॥੯॥”

ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਉਹ ਅਵੱਸਥਾ ਹੈ ਜਦੋਂ ਮਨੁੱਖ ਦਾ ਆਪਾ ਮਿਟ ਜਾਂਦਾ ਹੈ ਭਾਵ ਜਦੋਂ ਇਹ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਹੀ ਵਰਤਦਾ ਹੈ ਤੇ ਉਸ ਦੇ ਨਾਲ ਮਨ ਦੇ ਵਿੱਚ ਹੀ ਸਾਂਝ ਪੈਂਦੀ ਹੈ, ਮਨ ਦੀ ਮਤਿ ਦੁਆਰਾ, ਮਨ ਦੇ ਗਿਆਨ ਦੁਆਰਾ ਸਾਂਝ ਪੈਂਦੀ ਹੈ ਭਾਵ ਮਨੁੱਖ ਦੀ ਭਰਮ ਵਾਲੀ ਅਵੱਸਥਾ ਮਿਟ ਕੇ ਪ੍ਰਮਾਤਮਾ ਦੇ ਚੌਥੇ ਪਦ ਵਿੱਚ ਰਲ ਜਾਂਦੀ ਹੈ ਤੇ ਇਹੀ ਉਸਦੇ ਨਾਲ ਬਣਤ ਬਣਾਉਣ ਦਾ ਭਾਵ ਸਾਂਝ ਬਣਾਉਣ ਦਾ ਤਰੀਕਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਸਾਂਝ ਪੈਣ ਦੇ ਨਾਲ ਹੀ ਪਤਾ ਲੱਗਦਾ ਹੈ ਕਿ ਪ੍ਰਮਾਤਮਾ ਦੀ ਵਡਿਆਈ ਕਿਤਨੀ ਉੱਚੀ ਹੈ ਤੇ ਉਸ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਉਸਦੇ ਨਾਲ ਝਗੜਾ ਨਿਬੜਦਾ ਹੈ ਭਾਵ ਉਸ ਦਾ ਰੂਪ ਬਣਕੇ ਹੀ ਉਸਦੇ ਨਾਲ ਝਗੜਾ ਨਿਬੜਦਾ ਹੈ। ਸੱਚੀ ਵਡਿਆਈ ਉਸ ਮਨੁੱਖ ਦੀ ਹੈ ਜਿਸ ਸਰੀਰ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੈ, ਜਿਹੜਾ ਮਨੁੱਖ ਉਸ ਦੇ ਸੱਚ ਵਿੱਚ ਸਮਾਇਆ ਹੋਇਆ ਹੈ, ਉਸ ਦੇ ਨਾਮ ਵਿੱਚ ਸਮਾਇਆ ਹੋਇਆ ਹੈ ਭਾਵ ਜਿਸ ਦੀ ਹਉਮੈ ਮਿੱਟੀ ਹੋਈ ਹੈ। ਇਹ ਗੁਰੂ ਦੀ ਅਵੱਸਥਾ ਹੈ, ਉਸਦੇ ਭਗਤਾਂ ਦੀ ਅਵੱਸਥਾ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਸਾਂਝ ਪਾਈ ਹੈ। (**ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ ॥9॥**)

ਪ੍ਰਮਾਤਮਾ ਨੂੰ ਜਾਨਣਾ ਬਹੁਤ ਵੱਡੀ ਗੱਲ ਹੈ ਕਿਉਂਕਿ ਉਹ ਕਦੇ ਹੀ ਕਿਸੇ ਵਿਰਲੇ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਤਾਂ ਹੀ ਕਿਸੇ ਨੂੰ ਇਸ ਮਨ ਦੀ ਸੋਝੀ ਪੈਂਦੀ ਹੈ ਤੇ ਪ੍ਰਮਾਤਮਾ ਦੀ ਵਡਿਆਈ, ਉਸਦਾ ਵੱਡਾਪਨ ਸਮਝ ਆਉਂਦਾ ਹੈ। ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਕੇਵਲ ਉਸਨੂੰ ਵਡਿਆਈ ਦੇਣਾ ਹੀ ਸੱਚੀ ਵਡਿਆਈ ਹੈ ਪਰ ਅਸੀਂ ਅਨੇਕਾਂ ਹੀ ਉਹੋ ਜਿਹਿਆਂ ਨੂੰ ਵਡਿਆਈ ਦਿੰਦੇ ਹਾਂ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲਿਆਂ ਨੂੰ ਵਡਿਆਈ ਦਿੰਦੇ ਹਾਂ ਜਿੰਨ੍ਹਾਂ ਨੂੰ ਆਪਣੇ ਮਨ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ ਭਾਵ ਉਨ੍ਹਾਂ ਦੀ ਵਡਿਆਈ ਝੂਠੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ ॥ ਜੇ ਕੋ ਵਡਾ ਕਹਾਇ ਵਡਾਈ ਖਾਵੈ ॥੦
ਸਾਚੇ ਸਾਹਿਬ ਤੋਟਿ ਨ ਦਾਤੀ ਸਗਲੀ ਤਿਨਹਿ ਉਪਾਈ ਹੇ ॥੧੦॥”

30/3282

ਪ੍ਰਮਾਤਮਾ ਦੀ “ਗਤਿ ਮਿਤਿ” ਜਾਨਣ ਵਾਲਾ ਕੋਈ ਨਹੀਂ ਹੈ ਭਾਵ ਪ੍ਰਮਾਤਮਾ ਦੀ ਗਤਿ ਮਿਤਿ ਉਹੀ ਜਾਣ ਸਕਦਾ ਹੈ, ਉਸਦੇ ਨਿਰਗੁਣ ਰੂਪ ਨੂੰ ਉਹੀ ਜਾਣ ਸਕਦਾ ਹੈ, ਪ੍ਰਮਾਤਮਾ ਦੇ ਬ੍ਰਹਮ ਗਿਆਨ ਰੂਪ ਨੂੰ ਉਹੀ ਜਾਣ ਸਕਦਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ। ਪ੍ਰਮਾਤਮਾ ਦੀ ਗਤਿ ਮਿਤਿ ਨੂੰ ਤਾਂ ਵੇਦਾਂ ਸ਼ਾਸਤਰਾਂ ਦੇ ਤੇ ਕੁਰਾਨ ਦੇ ਰਚਨ ਵਾਲੇ ਵੀ ਨਹੀਂ ਜਾਣ ਸਕੇ ਭਾਵ ਉਸਦੇ ਨਿਰਗੁਣ ਰੂਪ ਨੂੰ ਉਨ੍ਹਾਂ ਨੇ ਵੀ ਨਹੀਂ ਜਾਣਿਆ। ਸਾਰੇ ਧਰਮ ਸ਼ਾਸਤਰ ਲਿਖਵਾਉਣ ਵਾਲਾ ਉਹ ਅੱਲ੍ਹਾ ਆਪ ਹੀ ਹੈ, ਪ੍ਰਮਾਤਮਾ ਆਪ ਹੀ ਹੈ, ਵਾਹਿਗੁਰੂ ਆਪ ਹੀ ਹੈ, ਸਾਰੇ ਧਰਮ ਗ੍ਰੰਥਾਂ ਵਿੱਚ ਨਾਮ ਪਾਉਣ ਵਾਲਾ ਆਪ ਹੀ ਹੈ ਭਾਵ ਸੱਚਾ ਮਾਰਗ ਦਿਖਾਉਣ ਵਾਲਾ ਆਪ ਹੀ ਹੈ ਪਰ ਉੱਥੇ ਵੀ ਪ੍ਰਮਾਤਮਾ ਨੇ ਆਪਣਾ ਨਿਰਗੁਣ ਰੂਪ ਪ੍ਰਗਟ ਨਹੀਂ ਕੀਤਾ। ਪ੍ਰਮਾਤਮਾ ਸਭ ਦੇ ਅੰਦਰ, ਅੱਲ੍ਹਾ ਸਭ ਦੇ ਅੰਦਰ, ਗਾਡ ਸਭ ਦੇ ਅੰਦਰ, ਵਾਹਿਗੁਰੂ ਸਭ ਦੇ ਅੰਦਰ ਆਪਣੇ ਨਿਰਗੁਣ ਰੂਪ ਦੁਆਰਾ ਹੀ ਹੈ, ਬ੍ਰਹਮ ਗਿਆਨ ਰੂਪ ਦੁਆਰਾ ਹੀ ਹੈ, ਨਾਮ ਰੂਪ ਦੁਆਰਾ ਹੀ ਹੈ ਪਰ ਜਦ ਤੱਕ ਉਹ ਆਪ ਕਿਸੇ ਨੂੰ ਆਪਣਾ ਇਹ ਰੂਪ ਨਹੀਂ ਦਿਖਾਉਂਦਾ ਉਸਦੇ ਨਿਰਗੁਣ ਰੂਪ ਨੂੰ ਕੋਈ ਨਹੀਂ ਜਾਣ ਸਕਦਾ ਤੇ ਉਸਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ। ਪ੍ਰਮਾਤਮਾ ਜਿਸ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਕੇ ਆਪ ਵਡਿਆਈ ਦਿੰਦਾ ਹੈ ਉਸ ਦੀ ਵਡਿਆਈ ਸੱਚੀ ਹੈ। ਵਡਿਆਈ ਲੈਣ ਵਾਲੇ ਬਹੁਤ ਹਨ ਜੋ ਆਪਣੇ ਆਪ ਨੂੰ ਜਗ੍ਹਾ-ਜਗ੍ਹਾ ਉੱਚਾ ਥਾਪਕੇ ਬੈਠੇ ਹਨ। ਸਿੱਖ ਜਗਤ ਵਿੱਚ ਇਹੋ ਜਿਹਿਆਂ ਦੀ ਭਰਮਾਰ ਹੈ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ। ਇਸ ਤਰੀਕੇ ਵੱਡਾ ਅਖਵਾਉਣ ਨਾਲ ਅਸੀਂ ਸਮਾਜ ਦੇ ਵਿੱਚੋਂ ਵਡਿਆਈ ਲੈ ਲੈਂਦੇ ਹਾਂ ਪਰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਇਸ ਦਾ ਅਸਰ ਪੁਠਾ ਪੈਂਦਾ ਹੈ। ਇਹੋ ਜਿਹੀ ਝੂਠੀ ਵਡਿਆਈ ਉਹਨਾਂ ਨੂੰ ਹੀ ਖਾਂਦੀ ਹੈ ਭਾਵ ਉਹਨਾਂ ਦੇ ਜੀਵਨ ਨੂੰ ਹੀ ਖਾਂਦੀ ਹੈ, ਉਹਨਾ ਦੇ ਇਸ ਜੀਵਨ ਨੂੰ ਬਰਬਾਦ ਕਰਦੀ ਹੈ ਤੇ ਉਹ ਆਵਾਗਉਣ ਵਿੱਚ ਹੀ ਰਹਿੰਦੇ ਹਨ। (**ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ ॥ ਜੇ ਕੋ ਵਡਾ ਕਹਾਇ ਵਡਾਈ ਖਾਵੈ ॥**)

{ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥
ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥}

(ਅੰਗ ੧੦੨੧)

30/3283

ਸੱਚੀ ਵਡਿਆਈ ਕੇਵਲ ਪ੍ਰਮਾਤਮਾ ਦੀ ਹੈ ਜੋ ਹਰ ਵਡਿਆਈ ਦਾ ਮਾਲਕ ਹੈ। ਜਦ ਤੱਕ ਪ੍ਰਮਾਤਮਾ ਕਿਸੇ ਨੂੰ ਆਪ ਵਡਿਆਈ ਦੀ ਦਾਤਿ ਨਹੀਂ ਬਖਸ਼ਦਾ ਤਦ ਤੱਕ ਜੋ ਵੀ ਮਨੁੱਖ ਆਪਣੇ ਆਪ ਵਡਿਆਈਆਂ ਲੈਂਦਾ ਹੈ ਇਹ ਉਸਦੀ ਝੂਠੀ ਵਡਿਆਈ ਹੈ। (**ਸਾਚੇ ਸਾਹਿਬ ਤੋਟਿ ਨ ਦਾਤੀ ਸਗਲੀ ਤਿਨਹਿ ਉਪਾਈ ਹੇ ॥10॥**) ਜਿਸ ਨੂੰ ਪ੍ਰਮਾਤਮਾ ਆਪ ਵਡਿਆਈ ਬਖਸ਼ਦਾ ਹੈ ਉਹੀ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਦਾ ਹੈ ਕਿਉਂਕਿ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਜਿਸ ਮਨੁੱਖ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉਹ ਪ੍ਰਮਾਤਮਾ ਦਾ ਹੀ ਰੂਪ ਹੁੰਦਾ ਹੈ ਤੇ ਉਸਨੂੰ ਵਡਿਆਈ ਦੇਣਾ ਅਸਲ ਵਿੱਚ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ। ਗੁਰੂ ਦੀ ਵਡਿਆਈ ਕਰਨਾ, ਭਗਤ ਦੀ ਵਡਿਆਈ ਕਰਨਾ ਪ੍ਰਮਾਤਮਾ ਦੀ ਵਡਿਆਈ ਕਰਨਾ ਹੀ ਹੈ। (**ਵਡੀ ਵਡਿਆਈ ਵੇਪਰਵਾਹੇ ॥ ਆਪਿ ਉਪਾਏ ਦਾਨੁ ਸਮਾਹੇ ॥ ਆਪਿ ਦਇਆਲੁ ਦੂਰਿ ਨਹੀ ਦਾਤਾ ਮਿਲਿਆ ਸਹਜਿ ਰਜਾਈ ਹੇ ॥11॥**)

ਅਗਰ ਧਿਆਨ ਨਾਲ ਸਮਝੋਗੇ ਤਾਂ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਮਨ ਦੇ ਵਿੱਚ ਹੀ ਹੈ ਭਾਵ ਮਨ ਦੇ ਵਿਚਾਰਾਂ ਦੇ ਰਾਹੀ ਹੀ ਹੈ। ਇਹ ਝਗੜਾ ਸਾਡੇ ਮਨ ਦੀ ਖੋਟੀ ਰਾਸਿ ਦਾ ਗੁਰੂ ਦੀ ਸੱਚੀ ਰਾਸਿ ਦੇ ਨਾਲ ਹੈ। ਸਾਡੀ ਮਨਮਤਿ ਵਾਲੀ ਸੋਝੀ ਸਾਡੀ ਖੋਟੀ ਰਾਸਿ ਹੈ ਤੇ ਗੁਰਮਤਿ ਦੀ ਉੱਚੀ ਸੋਝੀ ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਰਾਸਿ ਹੈ। ਪ੍ਰਮਾਤਮਾ ਆਪਣੀ ਇਹ ਸੱਚੀ ਰਾਸਿ ਉਸੇ ਮਨ ਵਿੱਚ ਬਖਸ਼ਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਪ੍ਰਮਾਤਮਾ ਦੀ ਦਿੱਤੀ ਹੋਈ ਇਸ ਸੱਚੀ

ਰਾਸਿ ਦੇ ਨਾਲ ਹੀ ਸਾਡੇ ਅੰਦਰੋਂ ਸਾਡੀ ਖੋਟੀ ਰਾਸਿ ਬਿਨਸਦੀ ਹੈ ਭਾਵ ਖ਼ਤਮ ਹੁੰਦੀ ਹੈ ਜਿਸ ਦੁਆਰਾ ਮਨੁੱਖ ਮਨਮਤਿ ਵਿੱਚੋਂ ਨਿਕਲਦਾ ਹੈ ਭਰਮ, ਮੋਹ ਦੇ ਵਿੱਚੋਂ ਨਿਕਲਦਾ ਹੈ ਤੇ ਉਸ ਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਾਡੇ ਅੰਦਰ ਝੂਠੀ ਰਾਸਿ ਸਾਡੀ ਹਉਮੈ ਭਾਵ ਹਉਮੈ ਵਾਲੀ ਅਵੱਸਥਾ ਹੈ ਤੇ ਸੱਚੀ ਰਾਸਿ ਨਾਮ ਦੀ ਰਾਸਿ ਹੈ, ਸੱਚੇ ਗਿਆਨ ਦੀ ਰਾਸਿ ਹੈ। ਪ੍ਰਮਾਤਮਾ ਦੀ ਇਸ ਸੱਚੇ ਗਿਆਨ ਰੂਪ ਰਾਸਿ ਦੇ ਨਾਲ ਜੁੜਕੇ ਹੀ ਸਾਡੇ ਅੰਦਰੋਂ ਖੋਟੀ ਰਾਸਿ ਦੂਰ ਹੋ ਸਕਦੀ ਹੈ ਜਿਸ ਦੁਆਰਾ ਨਾਮ ਦੇ ਨਾਲ ਹਉਮੈ ਦਾ ਝਗੜਾ ਨਿਬੜ ਸਕਦਾ ਹੈ। ਝਗੜਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਨਿਬੜਦਾ ਹੈ ਪਰ ਇਹ ਝਗੜਾ ਨਿਬੇੜਨ ਦਾ ਉੱਦਮ ਅਸੀਂ ਹੀ ਕਰਨਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਸੱਚੀ ਰਾਸਿ ਹੈ, ਗੁਰਮਤਿ ਰੂਪ ਰਾਸਿ ਹੈ, ਨਾਮ ਧਨ ਰੂਪ ਰਾਸਿ ਹੈ ਜਿਸ ਦੇ ਨਾਲ ਅਸੀਂ ਜੁੜਨਾ ਹੈ ਤੇ

30/3284

ਆਪਣੇ ਮਨ ਦੀ ਖੋਟੀ ਰਾਸਿ ਵਿੱਚੋਂ ਨਿਕਲਣਾ ਹੈ, ਹਉਮੈ ਵਾਲੀ ਰਾਸਿ ਦੇ ਵਿੱਚੋ ਨਿਕਲਣਾ ਹੈ। ਜਿਉਂ-ਜਿਉਂ ਅਸੀ ਆਪਣੀ ਖੋਟੀ ਰਾਸਿ ਤਿਆਗਦੇ ਜਾਵਾਂਗੇ ਤਿਉਂ-ਤਿਉਂ ਅਸੀਂ ਗੁਰਮਤਿ ਰੂਪ ਸੱਚੀ ਰਾਸਿ ਦੇ ਨਾਲ ਜੁੜਦੇ ਜਾਵਾਂਗੇ। ਪ੍ਰਮਾਤਮਾ ਆਪਣੀ ਇਸ ਸੱਚੀ ਰਾਸਿ ਦੁਆਰਾ ਵਿਚਰਦਾ ਹੈ, ਨਾਮ ਧਨ ਦੀ ਰਾਸਿ ਦੁਆਰਾ ਵਿਚਰਦਾ ਹੈ, ਬ੍ਰਹਮ ਗਿਆਨ ਰੂਪ ਰਾਸਿ ਦੁਆਰਾ ਵਿਚਰਦਾ ਹੈ ਤੇ ਇਸੇ ਲਈ ਸਾਡੇ ਅੰਦਰ ਖੋਟੀ ਰਾਸਿ ਦੇ ਰਹਿੰਦੇ ਹੋਏ ਸੱਚੀ ਰਾਸਿ ਦੇ ਨਾਲ ਝਗੜਾ ਹੈ, ਗੁਰੂ ਪ੍ਰਮਾਤਮਾ ਦੇ ਨਾਲ ਝਗੜਾ ਹੈ। ਜਦ ਤਕ ਸਾਡੇ ਅੰਦਰ ਖੋਟੀ ਰਾਸਿ ਹੈ ਤਦ ਤੱਕ ਅਸੀਂ ਮਨਮੁਖਿ ਰੂਪ ਹਾਂ ਤੇ ਆਪਣੀ ਇਸ ਖੋਟੀ ਰਾਸਿ ਵਿੱਚੋਂ ਨਿਕਲਕੇ ਹੀ ਕੋਈ ਗੁਰਮੁਖਿ ਰੂਪ ਬਣ ਸਕਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ। ਜਦ ਤੱਕ ਸਾਡੇ ਅੰਦਰ ਖੋਟੀ ਰਾਸਿ ਹੈ ਤਦ ਤੱਕ ਅਸੀਂ ਮਨਮਤਿ ਦੀ ਸ਼ਰਨ ਵਿੱਚ ਰਹਿੰਦੇ ਹਾਂ ਤੇ ਆਪਣੀ ਇਸ ਖੋਟੀ ਰਾਸਿ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰੂ ਦੀ ਸ਼ਰਨ ਵਿੱਚ ਨਹੀਂ ਆ ਸਕਦੇ ਭਾਵ ਗੁਰਮਤਿ ਦੀ ਸ਼ਰਨ ਵਿੱਚ ਨਹੀਂ ਆ ਸਕਦੇ, ਗੁਰੂ ਦੀ ਸੱਚੀ ਰਾਸਿ ਦੀ ਸ਼ਰਨ ਵਿੱਚ ਨਹੀਂ ਆ ਸਕਦੇ। ਸਾਡਾ ਝਗੜਾ ਗੁਰਮਤਿ ਦੀ ਸ਼ਰਨ ਵਿੱਚ ਆਕੇ ਹੀ ਨਿਬੜਨਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

“ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥
ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥
ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥
ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥
ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥
ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥
ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥
ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥
ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥”

(ਅੰਗ ੬੧)

ਸਾਡਾ ਸਰੀਰ ਸਰਗੁਣ ਸਰੂਪ ਹੈ, ਮਾਇਆ ਰੂਪ ਹੈ, ਮਾਇਆ ਦੀਆਂ ਧਾਂਤਾ ਤੋਂ ਬਣਿਆ ਹੋਇਆ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਸ ਮਾਇਆ ਰੂਪ ਸਰੀਰ ਦੀ ਕਦਰ

30/3285

ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ ਕਿ ਇਹ ਸਰੀਰ ਕੀ ਹੈ ਤੇ ਕਿਤਨਾ ਕੀਮਤੀ ਹੈ। ਸਾਡਾ ਮਨ ਦਾ ਗਿਆਨ ਹੀ ਸਾਡੇ ਅੰਦਰ ਦੀ ਰਾਸਿ ਹੈ ਜਿਸ ਦੁਆਰਾ ਸਾਨੂੰ ਹਰ ਵਸਤੂ ਦੀ ਪਹਿਚਾਣ ਹੁੰਦੀ ਹੈ, ਉਸਦੀ ਅਸਲੀਅਤ ਦੀ ਸੋਝੀ ਪੈਂਦੀ ਹੈ। ਸਾਡੇ ਮਨ ਦੀ ਖੋਟੀ ਰਾਸਿ ਸਾਡੇ ਮਨ ਦੀ ਖੋਟੀ ਸੋਝੀ ਹੈ, ਅਗਿਆਨਤਾ ਵਾਲੀ, ਮਾਇਆ ਮੋਹ ਵਾਲੀ ਭਾਵ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ ਜਿਸਦੇ ਰਹਿੰਦਿਆ ਸਾਨੂੰ ਆਪਣੇ ਆਪ ਦੀ ਸੋਝੀ ਨਹੀਂ ਪੈਂਦੀ ਕਿ ਅਸੀ ਕੀ ਹਾਂ ਭਾਵ ਸਾਡੀ ਅਸਲੀਅਤ ਕੀ ਹੈ ਭਾਵ ਅਸੀ ਪ੍ਰਮਾਤਮਾ ਦਾ ਰੂਪ ਹੁੰਦੇ ਹੋਏ ਵੀ ਆਪਣੇ ਆਪ ਨੂੰ ਉਸ ਤੋਂ ਵੱਖਰਾ ਸਮਝਦੇ ਹਾਂ। ਇਸੇ ਤਰ੍ਹਾਂ ਹਰ ਵਸਤੂ ਵਿੱਚ ਪ੍ਰਮਾਤਮਾ ਆਪ ਹੀ ਵੱਸਿਆ ਹੋਇਆ ਹੈ, ਆਪਣੇ ਨਿਰਗੁਣ ਰੂਪ ਦੁਆਰਾ ਵੱਸਿਆ ਹੋਇਆ ਹੈ ਪਰ ਸਾਡੇ ਮਨ ਦੇ ਵਿੱਚ ਖੋਟੀ ਰਾਸਿ ਦੇ ਹੁੰਦਿਆਂ ਸਾਨੂੰ ਅਸਲੀਅਤ ਦੀ ਸੋਝੀ ਨਹੀਂ ਪੈਂਦੀ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਭਾਵ ਹਰ ਵਸਤੂ ਨੂੰ ਆਪ ਬਣਾਕੇ ਉਹ ਆਪ ਹੀ ਉਸ ਨੂੰ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਨੂੰ ਜਾਨਣ ਲਈ ਸਾਨੂੰ ਸੱਚੀ ਰਾਸਿ ਦੀ ਲੋੜ ਹੈ ਭਾਵ ਸੱਚੇ ਗਿਆਨ ਦੀ ਲੋੜ ਹੈ, ਬ੍ਰਹਮ ਗਿਆਨ ਦੀ ਲੋੜ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਨਿਰਗੁਣ ਰੂਪ ਮਨ ਦੇ ਵਿੱਚੋਂ ਹੀ ਨਜ਼ਰ ਆਉਂਦਾ ਹੈ ਤੇ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦਾ ਬੰਧਨ ਸਾਡੇ ਅੰਦਰ ਖੋਟੀ ਰਾਸਿ ਦੇ ਰੂਪ ਵਿੱਚ ਹੀ ਹੈ ਭਾਵ ਅਗਿਆਨਤਾ ਵਾਲੀ, ਦੁਬਿਧਾ ਵਾਲੀ, ਭਰਮ ਵਾਲੀ ਅਵੱਸਥਾ ਦੇ ਰੂਪ ਵਿੱਚ ਹੀ ਹੈ। ਮਨ ਦੀ ਇਸ ਖੋਟੀ ਰਾਸਿ ਦੇ ਵਿੱਚੋਂ, ਮਨ ਦੇ ਇਸ ਬੰਧਨ ਦੇ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜਦੋਂ ਸਾਡੇ ਅੰਦਰ ਸ਼ਬਦ ਦੀ ਮਤਿ ਵੱਸ ਜਾਵੇ, ਗੁਰੂ ਦੀ ਮਤਿ ਵੱਸ ਜਾਵੇ ਭਾਵ ਸਾਡੇ ਮਨ ਦੀ ਮਾੜੀ ਮਤਿ ਸ਼ਬਦ ਦੀ ਮਤਿ ਦੁਆਰਾ ਘੜੀ ਜਾਵੇ। ਜਿਸ ਦੇ ਅੰਦਰ ਗੁਰੂ ਦੀ ਮਤਿ ਦਾ ਪਰਕਾਸ਼ ਹੋ ਜਾਂਦਾ ਹੈ ਉਸ ਨੂੰ ਫਿਰ ਆਪਣੇ ਆਪ ਦੀ ਪਰਖ ਹੋ ਜਾਂਦੀ ਹੈ ਕਿ ਮੈ ਕੀ ਹਾਂ, ਮੇਰੀ ਅਸਲੀਅਤ ਕੀ ਹੈ ਭਾਵ ਇਹ ਸਮਝ ਲੱਗ ਜਾਂਦੀ ਹੈ ਕਿ ਇਹ ਸਰੀਰ, ਇਹ ਮਨੁੱਖੀ ਦੇਹ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਇਸ ਨੂੰ ਮਨ ਦੇ ਗਿਆਨ ਰਾਹੀਂ ਚਲਾ ਰਿਹਾ ਹੈ। ਜਿਸਨੂੰ ਪ੍ਰਮਾਤਮਾ ਪਾਰਖੂ ਬਣਾਉਂਦਾ ਹੈ ਭਾਵ ਪ੍ਰਮਾਤਮਾ ਦੀ ਅਸਲੀਅਤ ਜਾਣਨ ਵਾਲਾ ਬਣਾਉਂਦਾ ਹੈ ਉਸ ਦੇ ਅੰਦਰ ਆਪਣੀ ਸੱਚੀ ਮਤਿ ਦਾ ਪਰਕਾਸ਼ ਹੀ ਕਰਦਾ ਹੈ, ਸ਼ਬਦ ਦੇ ਗਿਆਨ ਦਾ ਪ੍ਰਕਾਸ਼ ਹੀ ਕਰਦਾ ਹੈ ਜੋ ਮਨੁੱਖ ਦੀ ਸੱਚੀ ਰਾਸਿ ਹੈ। ਸਾਡੇ ਅੰਦਰ ਦੀ ਮਤਿ ਹੀ, ਸਾਡੇ ਸੱਚੇ ਵਿਚਾਰ ਹੀ, ਮਨ ਦਾ ਸੱਚਾ ਗਿਆਨ ਹੀ, ਸਾਡਾ ਸੱਚਾ ਖਜ਼ਾਨਾ ਹੈ, ਨਾਮ ਰੂਪ ਖਜ਼ਾਨਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਦੀ ਖੋਟੀ ਰਾਸਿ ਇਹ ਸੱਚੀ ਰਾਸਿ ਵੱਸਣ ਦੁਆਰਾ ਹੀ ਨਿਕਲਦੀ ਹੈ ਜੋ ਸਾਨੂੰ ਖੋਟੀ ਰਾਸਿ ਦੇ ਬੰਧਨ ਤੋਂ ਮੁਕਤ ਕਰਦੀ ਹੈ,

30/3286

ਅਗਿਆਨਤਾ ਤੋਂ, ਭਰਮ ਤੋਂ ਮੁਕਤ ਕਰਦੀ ਹੈ। ਮਨ ਦੀ ਇਸ ਸੱਚੀ ਰਾਸਿ ਦੀ ਸ਼ਰਨ ਵਿੱਚ ਰਹਿਣਾ ਹੀ ਹਰ ਵੇਲੇ ਗੁਰੂ ਦੀ ਸ਼ਰਨ ਵਿੱਚ ਰਹਿਣਾ ਹੈ। ਸਾਡੇ ਅੰਦਰ ਦੀ ਸੱਚੀ ਰਾਸਿ ਹੀ ਗੁਰੂ ਦੀ ਸੱਚੀ ਮਤਿ ਹੈ ਕਿਉਂਕਿ ਗੁਰਮਤਿ ਦੀ ਸ਼ਰਨ ਹੀ ਗੁਰੂ ਦੀ ਸ਼ਰਨ ਹੈ, ਪ੍ਰਮਾਤਮਾ ਦੀ ਸ਼ਰਨ ਹੈ। ਮਨੁੱਖ ਜੋ ਕੁੱਝ ਵੀ ਕਰਦਾ ਹੈ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ ਤੇ ਮਨ ਦੀ ਸੋਝੀ ਹੀ ਸਾਡੀ ਰਾਸਿ ਹੈ। ਮਨ ਦੀ ਮਾੜੀ ਸੋਝੀ ਸਾਡੀ ਖੋਟੀ ਰਾਸਿ ਹੈ ਤੇ ਗੁਰਮਤਿ ਰੂਪ ਸੱਚੀ ਸੋਝੀ ਸਾਡੀ ਸੱਚੀ ਰਾਸਿ ਹੈ ਜਿਸ ਦੁਆਰਾ ਸਾਡਾ ਇਸ ਆਵਾਗਉਣ ਤੋਂ ਛੁਟਕਾਰਾ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ। (**ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥ ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥4॥**)

ਜਦ ਤੱਕ ਸਾਡੇ ਅੰਦਰ ਦੀ ਰਾਸਿ ਖੋਟੀ ਹੈ ਭਾਵ ਜਦ ਤੱਕ ਸਾਡੇ ਅੰਦਰ ਮਨਮਤਿ ਵੱਸੀ ਹੋਈ ਹੈ ਤਦ ਤੱਕ ਕੋਈ ਵੀ ਉਸ ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਨਹੀਂ ਚੁਕਾ ਸਕਦਾ। ਆਪਣੀ ਖੋਟੀ ਰਾਸਿ ਨੂੰ ਸੱਚੀ ਰਾਸਿ ਵਿੱਚ ਬਦਲਣਾ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਕੀਮਤ ਚੁਕਾਉਣਾ ਹੈ। ਇਹ ਕੀਮਤ ਚੁਕਾਉਣੀ ਹੀ ਅਸਲ ਵਿੱਚ ਸਭ ਤੋਂ ਔਖੀ ਹੈ। ਇਹ ਕੀਮਤ ਮਨਮਤਿ ਛੱਡਣ ਦੀ ਹੈ ਭਾਵ ਗੁਰਮਤਿ ਨੂੰ ਅਪਣਾਉਣ ਦੀ ਹੈ, ਗੁਰੂ ਦੇ ਦੱਸੇ ਹੋਏ ਸੱਚ ਨੂੰ ਅਪਣਾਉਣ ਦੀ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਕੇ, ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ, ਔਗੁਣਾਂ ਵਿੱਚੋਂ ਨਿਕਲਕੇ ਗੁਣੀ ਬਣਨ ਦੀ ਹੈ, ਗੁਰੂ ਵਾਲੀ ਮਤਿ ਵਾਲੇ ਬਣਨ ਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਹੋ ਜਿਹਾ ਉੱਦਮ ਕਰੀਏ ਜਿਸ ਦੁਆਰਾ ਉਸ ਕੀਮਤੀ ਰੱਬ ਨੂੰ ਪਾਇਆ ਜਾ ਸਕਦਾ ਹੈ।

“ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥

ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥

ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥”

ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਗੁਰੂ ਦੇ ਰੂਪ ਵਿੱਚ ਆਪ ਹੀ ਆਪਣੀ ਕੀਮਤ ਪਾਉਣ ਦਾ ਤਰੀਕਾ ਸਮਝਾ ਰਿਹਾ ਹੈ ਤੇ ਬੜਾ ਖੁੱਲ੍ਹ ਕੇ ਸਮਝਾਇਆ ਹੈ ਕਿ ਪ੍ਰਮਾਤਮਾ ਦੀ ਕੀਮਤ ਪਾਉਣ ਦਾ ਤਰੀਕਾ ਕੇਵਲ ਇੱਕੋ ਹੀ ਹੈ। ਜਿਹੜੇ ਤਰੀਕੇ ਹਰ ਕੋਈ ਪ੍ਰਮਾਤਮਾ ਨੂੰ ਲੱਭਣ ਵਿੱਚ ਲੱਗਾ ਹੋਇਆ ਹੈ, ਉਸਦੀ ਕੀਮਤ ਪਾਉਣ ਵਿੱਚ ਲੱਗਾ ਹੋਇਆ ਹੈ ਉਸੇ ਗੱਲ ਦਾ ਹੀ ਉੱਪਰ ਖੰਡਨ ਕੀਤਾ ਹੋਇਆ ਹੈ। ਹਰ ਕੋਈ ਪ੍ਰਮਾਤਮਾ ਨੂੰ ਕਥਨੀ ਵਾਲੀ ਭਗਤੀ ਵਿੱਚ ਲੱਭਣਾ ਚਾਹੁੰਦਾ ਹੈ,

30/3287

ਬੋਲ-ਬੋਲ ਕੇ ਜਪ ਕਰਣ ਦੁਆਰਾ ਲੱਭਣਾ ਚਾਹੁੰਦਾ ਹੈ। ਕਥਨੀ ਕਰਨ ਦੁਆਰਾ ਕਦੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਭਗਤੀ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਸਾਡੇ ਮਨ ਦੀ ਰਾਸਿ ਦੇ ਨਾਲ ਜੁੜਿਆ ਹੋਇਆ ਹੈ। ਮਨ ਦੀ ਖੋਟੀ ਰਾਸਿ ਸਾਨੂੰ ਸੱਚ ਤੋਂ ਦੂਰ ਕਰਦੀ ਹੈ ਭਾਵ ਭਰਮ ਵਿੱਚ ਪਾਉਂਦੀ ਹੈ ਤੇ ਸੱਚੀ ਰਾਸਿ ਸਾਨੂੰ ਸੱਚ ਦੇ ਨਾਲ ਜੋੜਦੀ ਹੈ, ਗੁਰੂ ਦੇ ਦੱਸੇ ਹੋਏ ਗੁਣਾਂ ਦੇ ਨਾਲ ਜੋੜਦੀ ਹੈ, ਸੱਚੇ ਸੁੱਚੇ ਕਰਮ ਕਰਨ ਦੇ ਨਾਲ ਜੋੜਦੀ ਹੈ ਤੇ ਸਾਨੂੰ ਪਤਿ ਸੱਚ ਤੇ ਚੱਲਣ ਦੁਆਰਾ ਹੀ ਮਿਲਦੀ ਹੈ। ਜਦੋਂ ਸਾਡੀ ਮਤਿ ਗੁਰੂ ਦੇ ਦੱਸੇ ਹੋਏ ਸੱਚ ਤੇ ਟਿਕ ਜਾਂਦੀ ਹੈ ਤਾਂ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਮਨ ਦੀ ਸੱਚੀ ਰਾਸਿ ਦੁਆਰਾ ਹੁੰਦੀ ਹੈ, ਗੁਣਾਂ ਦੁਆਰਾ ਹੁੰਦੀ ਹੈ। ਇਹ ਸੱਚੀ ਰਾਸਿ ਹੀ ਸਾਡਾ ਸੱਚਾ ਧਨ ਹੈ ਜਿਸ ਨੂੰ ਅਸੀਂ ਆਪਣੇ ਜੀਵਨ ਵਿੱਚ ਦਿਨ ਰਾਤ ਹਰ ਰੋਜ ਖਰਚਣਾ ਹੈ। ਜਿਹੜਾ ਸੌਦਾ ਲੈਣ ਲਈ ਅਸੀ ਸੰਸਾਰ ਵਿੱਚ ਆਏ ਹਾਂ ਉਸਦੀ ਕੀਮਤ ਚੁਕਾਉਣ ਦਾ ਇਹੀ ਤਰੀਕਾ ਹੈ ਭਾਵ ਪ੍ਰਮਾਤਮਾ ਗੁਣਾਂ ਦੀ ਰਾਸਿ ਖਰਚਣ ਦੁਆਰਾ ਹੀ ਮਿਲਦਾ ਹੈ, ਗੁਣਾਂ ਦਾ ਧਨ, ਨਾਮ ਧਨ ਖਰਚਣ ਦੁਆਰਾ ਹੀ ਮਿਲਦਾ ਹੈ। (**ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥ ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥**)

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥

ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥}

(ਅੰਗ ੧੧੦੨)

ਇਹ ਸੱਚਾ ਧਨ ਗੁਰੂ ਦੇ ਕੋਲੋਂ ਹੀ ਮਿਲਦਾ ਹੈ ਜਿਸਦੇ ਰਾਹੀ ਸਾਨੂੰ ਆਪਣਾ ਸੱਚ ਸਮਝਾਉਂਦਾ ਹੈ, ਆਪਣੀ ਗੁਰਮਤਿ ਸਮਝਾਉਂਦਾ ਹੈ। ਇਹ ਗੁਰਮਤਿ ਰੂਪ ਸੱਚਾ ਧਨ ਹੈ, ਸੱਚੀ ਰਾਸਿ ਹੈ ਜਿਸਦੇ ਸਾਡੇ ਅੰਦਰ ਵੱਸਣ ਦੁਆਰਾ ਸਾਡੀ ਮਨਮਤਿ ਰੂਪ ਖੋਟੀ ਰਾਸਿ ਬਾਹਰ ਨਿਕਲਦੀ ਹੈ ਤੇ ਮਨ ਦੀ ਇਹੋ ਜਿਹੀ ਸੱਚੀ ਮਤਿ ਦੁਆਰਾ ਹੀ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀਤੀ ਜਾ ਸਕਦੀ ਹੈ। ਗੁਰੂ ਦੀ ਸੱਚੀ ਮਤਿ ਸਾਨੂੰ ਕਥਨੀ ਦੀ ਬਜਾਏ ਕਰਨੀ ਨਾਲ ਜੋੜਦੀ ਹੈ ਜੋ ਕਿ ਉਸ ਪ੍ਰਮਾਤਮਾ ਦੀ ਕੀਮਤ ਪਾਉਣ ਦਾ ਅਸਲ ਤਰੀਕਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀ ਸਮਝਾਈ ਹੋਈ ਹੈ। (**ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥5॥**)

ਸੱਚ ਨੂੰ ਆਪਣੇ ਅੰਦਰ ਟਿਕਾਉਣਾ ਬਹੁਤ ਔਖਾ ਹੈ, ਗੁਰਮਤਿ ਨੂੰ ਆਪਣੇ ਅੰਦਰ ਵਸਾਉਣਾ ਬਹੁਤ ਔਖਾ ਹੈ, ਪ੍ਰਮਾਤਮਾ ਦੇ ਨਾਲ ਜੋਗ ਕਰਣ ਦੀ ਕੀਮਤ ਚੁਕਾਉਣਾ ਬਹੁਤ ਔਖਾ ਹੈ, ਭਗਤੀ ਦਾ ਮਾਰਗ

30/3288

ਬਹੁਤ ਔਖਾ ਹੈ, ਨਾਮ ਜਪਣ ਦਾ ਮਾਰਗ ਬਹੁਤ ਔਖਾ ਹੈ ਤੇ ਇਸੇ ਲਈ ਕੋਈ ਵਿਰਲਾ ਹੀ ਪ੍ਰਮਾਤਮਾ ਦੀ ਕਿਰਪਾ ਹੋਣ ਦੁਆਰਾ ਇਹ ਕੀਮਤ ਚੁਕਾ ਸਕਦਾ ਹੈ ਭਾਵ ਆਪਣੇ ਅੰਦਰ ਗੁਰੂ ਦੀ ਸੱਚੀ ਰਾਸਿ ਨੂੰ ਵਸਾ ਸਕਦਾ ਹੈ ਤੇ ਗੁਰੂ ਦੇ ਦੱਸੇ ਹੋਏ ਸੱਚ ਦੇ ਮਾਰਗ ਤੇ ਚੱਲ ਸਕਦਾ ਹੈ। ਮਾਇਆ ਮੋਹ ਦਾ ਤਿਆਗ ਕਰਨਾ ਬਹੁਤ ਔਖਾ ਹੈ, ਗੁਰਮਤਿ ਨੂੰ ਅਪਣਾਉਣਾ ਬਹੁਤ ਔਖਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਕੀਮਤ ਚੁਕਾਉਣਾ ਬਹੁਤ ਔਖਾ ਹੈ।

{ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥}

(ਅੰਗ ੨੨੩)

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥}

(ਅੰਗ ੧੧੮੯)

ਸਾਡੀ ਮਨਮਤਿ, ਸਾਡੀ ਅਗਿਆਨਤਾ, ਸਾਡਾ ਭਰਮ ਹੀ ਸਾਡੇ ਅੰਦਰ ਦੀ ਹਉਮੈ ਹੈ ਜੋ ਸਾਡੇ ਅੰਦਰ ਦੀ ਖੋਟੀ ਰਾਸਿ ਦਾ ਕਾਰਣ ਹੈ। ਅਸੀਂ ਇਸ ਖੋਟੀ ਰਾਸਿ ਤੋਂ ਹੀ ਮੁਕਤ ਹੋਣਾ ਹੈ ਤੇ ਇਸ ਦੇ ਵਿੱਚੋਂ ਮੁਕਤਿ ਸਾਨੂੰ ਨਾਮ ਨੇ ਕਰਨਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੇ ਕਰਨਾ ਹੈ, ਜੋ ਸਾਡੀ ਸੱਚੀ ਰਾਸਿ ਹੈ। ਸਾਡੇ ਅੰਦਰ ਦੀ ਹਉਮੈ ਸਾਨੂੰ ਕਥਨੀ ਦੇ ਨਾਲ ਜੋੜ ਕੇ ਰੱਖਦੀ ਹੈ, ਔਗੁਣਾਂ ਦੇ ਨਾਲ ਜੋੜਕੇ ਰੱਖਦੀ ਹੈ ਜਦਕਿ ਗੁਰੂ ਦੀ ਮਤਿ ਸਾਨੂੰ ਇਹਨਾਂ ਵਿੱਚੋਂ ਨਿਕਲਕੇ ਗੁਣਾਂ ਨਾਲ ਜੁੜਨਾ ਸਮਝਾਉਂਦੀ ਹੈ। ਗੁਰੂ ਦੀ ਮਤਿ ਨੂੰ ਮੰਨਣਾ ਔਖਾ ਹੈ ਤੇ ਇਹੀ ਸਾਡਾ ਗੁਰੂ ਦੇ ਨਾਲ ਝਗੜੇ ਦਾ ਕਾਰਣ ਹੈ ਭਾਵ ਹਉਮੈ ਦਾ ਨਾਮ ਦੇ ਨਾਲ ਝਗੜੇ ਦਾ ਕਾਰਣ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀ ਸਮਝਾਈ ਹੋਈ ਹੈ।

“ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥”

ਧਿਆਨ ਨਾਲ ਸਮਝੋ ਕਿ ਹਉਮੈ ਦਾ ਨਾਮ ਦੇ ਨਾਲ ਝਗੜੇ ਦਾ ਕਾਰਣ ਕੀ ਹੈ ਤੇ ਇਹ ਦੂਰ ਕਿਵੇਂ ਹੁੰਦਾ ਹੈ। ਇਹ ਝਗੜਾ ਸਾਡੀ ਮਾੜੀ ਮਤਿ ਦਾ ਗੁਰੂ ਦੀ ਚੰਗੀ ਮਤਿ ਦੇ ਨਾਲ ਹੀ ਹੈ, ਇਹ ਝਗੜਾ ਔਗੁਣਾਂ

ਦਾ ਗੁਣਾਂ ਦੇ ਨਾਲ ਹੈ, ਇਹ ਝਗੜਾ ਬਿਖ ਦਾ ਅੰਮ੍ਰਿਤ ਦੇ ਨਾਲ ਹੈ। ਮਨ ਦੀ ਹਉਮੈ ਦੇ ਵਿੱਚੋਂ ਕੇਵਲ ਤੇ ਕੇਵਲ ਸਾਨੂੰ ਗੁਰੂ ਦਾ ਗਿਆਨ ਕੱਢ ਸਕਦਾ ਹੈ ਭਾਵ ਉਸ ਦਾ ਨਾਮ ਕੱਢ ਸਕਦਾ ਹੈ। ਜਦ ਤੱਕ ਸਾਨੂੰ ਗੁਰੂ ਦਾ ਗਿਆਨ ਨਹੀਂ ਭਾਉਂਦਾ, ਉਸ ਦਾ ਨਾਮ ਨਹੀਂ ਭਾਉਂਦਾ, ਉਸਦੀ ਦਿੱਤੀ ਹੋਈ ਮਤਿ ਨਹੀਂ ਭਾਉਂਦੀ, ਉਸਦਾ ਦੱਸਿਆ ਹੋਇਆ ਸੱਚ ਨਹੀਂ ਭਾਉਂਦਾ ਭਾਵ ਜਦ ਤੱਕ ਸਾਡਾ ਮਨ ਗੁਰੂ ਦੇ ਗਿਆਨ ਦੇ ਨਾਲ ਇੱਕ ਨਹੀਂ ਹੁੰਦਾ, ਗੁਰੂ ਦੀ ਮਤਿ ਦੇ ਨਾਲ ਇੱਕ ਨਹੀਂ ਹੁੰਦਾ ਭਾਵ ਜਦ ਤੱਕ ਸਾਡੇ ਮਨ ਦੇ ਵਿਚਾਰ ਗੁਰੂ ਦੇ ਵਿਚਾਰਾਂ ਦੇ ਨਾਲ ਇੱਕ ਨਹੀਂ ਹੁੰਦੇ ਤਦ ਤੱਕ ਨਾ ਸਾਡੇ ਅੰਦਰ ਦੀ ਹਉਮੈ ਨਿਬੜ ਸਕਦੀ ਹੈ ਤੇ ਨਾ ਹੀ ਸਾਡਾ ਨਾਮ ਦੇ ਨਾਲ, ਗੁਰੂ ਪ੍ਰਮਾਤਮਾ ਦੇ ਨਾਲ ਝਗੜਾ ਨਿਬੜ ਸਕਦਾ ਹੈ। (**ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥**) ਜਦ ਤੱਕ ਸਾਡੇ ਅੰਦਰ ਹਉਮੈ ਵਾਲੀ ਮਤਿ ਹੈ ਇਹ ਸਾਨੂੰ ਬਿਖ ਦੇ ਨਾਲ ਜੋੜਦੀ ਹੈ, ਮਾਇਆ ਮੋਹ ਦੇ ਨਾਲ ਜੋੜਦੀ ਹੈ ਜੋ ਕਿ “ਦੂਜਾ ਸਾਦੁ” ਹੈ ਭਾਵ ਤਦ ਤੱਕ ਸਾਡੇ ਅੰਦਰ ਗੁਰਮਤਿ ਦਾ ਸਾਦੁ ਨਹੀਂ ਹੈ, ਨਾਮ ਦਾ ਸਾਦੁ ਨਹੀਂ ਹੈ ਭਾਵ ਤਦ ਤੱਕ ਸਾਨੂੰ ਗੁਰੂ ਦੀ ਮਤਿ ਨਹੀਂ ਭਾਉਂਦੀ, ਗੁਰਮਤਿ ਨੂੰ ਅਪਣਾਉਣਾ ਸਾਨੂੰ ਚੰਗਾ ਨਹੀਂ ਲੱਗਦਾ। ਸਾਡੀ ਮਾੜੀ ਮਤਿ ਸਾਨੂੰ ਮਾਇਆ ਮੋਹ ਵਿੱਚ ਪਾ ਕੇ ਔਗੁਣਾਂ ਵਿੱਚ ਜੋੜਦੀ ਹੈ ਭਾਵ ਸਾਨੂੰ ਗੁਣੀ ਬਣਨ ਤੋਂ ਦੂਰ ਰੱਖਦੀ ਹੈ ਤੇ ਨਾਮ ਦੀ ਮਤਿ ਸਾਨੂੰ ਗੁਣਾਂ ਨਾਲ ਜੋੜਦੀ ਹੈ। ਪ੍ਰਮਾਤਮਾ ਦੀ ਕੀਮਤ ਪਾਉਣ ਦਾ ਤਰੀਕਾ ਗੁਣੀ ਬਣਨਾ ਹੈ ਤੇ ਗੁਣਾਂ ਤੋਂ ਬਿਨ੍ਹਾਂ ਹੋਰ ਕੁੱਝ ਸਾਡੇ ਕੰਮ ਨਹੀਂ ਆਉਂਦਾ, ਕੋਈ ਕਥਨੀ, ਸਰੀਰਕ ਜਪ ਤਪ ਆਦਿ ਕੰਮ ਨਹੀਂ ਆਉਂਦੇ। ਗੁਰੂ ਦੇ ਗੁਣਾਂ ਨੂੰ ਅਪਣਾਏ ਬਿਨ੍ਹਾਂ ਸਭ ਮਾਇਆ ਮੋਹ ਹੀ ਹੈ, ਸਭ ਫਿੱਕਾ ਸੁਆਦ ਹੈ ਭਾਵੇਂ ਉਹ ਸਾਨੂੰ ਮਿੱਠਾ ਲੱਗਦਾ ਹੈ ਪਰ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਫਿੱਕਾ ਬਣਾਉਂਦਾ ਹੈ, ਮਾੜਾ ਬਣਾਉਂਦਾ ਹੈ। ਹਉਮੈ ਦਾ ਨਾਮ ਦੇ ਨਾਲ ਝਗੜਾ ਔਗੁਣਾਂ ਵਿੱਚੋਂ ਨਿਕਲਕੇ ਹੀ ਨਿਬੜ ਸਕਦਾ ਹੈ, ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਅਪਣਾਕੇ ਹੀ ਨਿਬੜ ਸਕਦਾ ਹੈ। ਸਾਡਾ ਜੋ ਵੀ ਕੰਮ ਗੁਰਮਤਿ ਅਨੁਸਾਰ ਹੈ ਉਹ ਗੁਣ ਹੈ ਤੇ ਉਹ ਗੁਰੂ ਨੂੰ ਮਿੱਠਾ ਲੱਗਦਾ ਹੈ ਤੇ ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਹ ਸਾਡਾ ਔਗੁਣ ਹੈ, ਇਸ ਵਿੱਚ ਮਾਇਆ ਮੋਹ ਹੈ, ਸਾਡੀ ਹਉਮੈ ਹੈ, ਸਾਡੀ ਮਨਮਤਿ ਹੈ ਜਿਸ ਦਾ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਸੁਆਦ ਫਿੱਕਾ ਹੈ। ਸਾਡੇ ਸਰੀਰਕ ਜਪਾਂ ਤਪਾਂ ਵਿੱਚ ਕੇਵਲ ਮਾਇਆ ਮੋਹ ਹੈ, ਮਨਮਤਿ ਹੈ ਜੋ ਸਭ ਫਿੱਕੇ ਸੁਆਦ ਹਨ ਤੇ ਸਾਡੇ ਕਿਸੇ ਕੰਮ ਨਹੀਂ ਆਉਣੇ ਭਾਵ ਸਾਡੇ ਉਸ ਮਨੋਰਥ ਦੇ ਕੰਮ ਨਹੀਂ ਆਉਣੇ ਜੋ ਸਾਡੇ

30/3290

ਜੀਵਨ ਦਾ ਅਸਲ ਮਨੋਰਥ ਹੈ। ਇਹਨਾਂ ਨਾਲ ਕੇਵਲ ਸਾਡੀ ਮੈਂ ਵੱਧਦੀ ਹੈ, ਸਾਡੀ ਮਨਹਠਿ ਦ੍ਰਿੜ ਹੁੰਦੀ ਹੈ ਜਿਸ ਦੁਆਰਾ ਸਾਡੀ ਨਾਮ ਨਾਲੋ ਦੂਰੀ ਵੱਧਦੀ ਹੈ, ਗੁਰਮਤਿ ਨਾਲੋਂ ਦੂਰੀ ਵੱਧਦੀ ਹੈ, ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਵੱਧਦਾ ਹੈ, ਹਉਮੈ ਦਾ ਨਾਮ ਦੇ ਨਾਲ ਝਗੜਾ ਵੱਧਦਾ ਹੈ। (**ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥ ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥6॥**)

ਨਾਮ ਦਾ ਮਕਸਦ ਸਾਨੂੰ ਗੁਣੀ ਬਣਾਉਣ ਨਾਲ ਹੀ ਹੈ ਭਾਵ ਸਾਨੂੰ ਔਗੁਣਾ ਵਿੱਚੋਂ ਕੱਢਣ ਨਾਲ ਹੀ ਹੈ ਤੇ ਉਹ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਨਾਮ ਦੀ ਮਤਿ ਨੂੰ ਮੰਨਾਗੇ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਾਗੇ। ਨਾਮ ਹੈ ਹੀ "ਸ਼ਬਦ ਦੀ ਵਿਚਾਰ" ਤੇ ਸ਼ਬਦ ਦੀ ਵਿਚਾਰ ਨੂੰ ਜਪਣ ਦਾ ਤਰੀਕਾ ਕੀ ਹੋ ਸਕਦਾ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਸਾਰਾ ਦਿਨ ਬੈਠੇ "ਸ਼ਬਦ ਵੀਚਾਰ", "ਸ਼ਬਦ ਵੀਚਾਰ" ਰਟੀ ਜਾਈਏ ਤਾਂ ਕੀ ਸ਼ਬਦ ਦੀ ਵਿਚਾਰ ਸਾਡੇ ਅੰਦਰ ਵੱਸ ਜਾਵੇਗੀ ਭਾਵ ਕਦੇ ਨਹੀਂ ਵੱਸ ਸਕਦੀ। ਜਦ ਤੱਕ ਸਾਡੇ ਮਨ ਦੇ ਵਿਚਾਰ ਸ਼ਬਦ ਦੀ ਵਿਚਾਰ ਨੂੰ ਕਬੂਲ ਨਹੀਂ ਕਰਦੇ ਤਦ ਤੱਕ ਅਸੀ ਸ਼ਬਦ ਦੇ ਵਿਚਾਰੀ ਨਹੀਂ ਬਣ ਸਕਦੇ ਭਾਵ ਸ਼ਬਦ ਦੀ ਮਤਿ ਵਾਲੇ ਨਹੀਂ ਬਣ ਸਕਦੇ, ਨਾਮ ਦੀ ਮਤਿ ਵਾਲੇ, ਗੁਰੂ ਦੀ ਮਤਿ ਵਾਲੇ ਨਹੀਂ ਬਣ ਸਕਦੇ। ਸ਼ਬਦ ਦੀ ਵਿਚਾਰ ਸਾਨੂੰ ਆਪਣੀਆਂ ਆਸ਼ਾਵਾਂ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦੀ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦੀ ਹੈ ਜਿੰਨ੍ਹਾਂ ਦੇ ਰਹਿੰਦਿਆ ਅਸੀਂ ਔਗੁਣ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ। ਗੁਰਮਤਿ ਨੂੰ ਅਪਣਾਏ ਬਿਨ੍ਹਾਂ, ਨਾਮ ਦੇ ਵਿਚਾਰ ਨੂੰ ਅਪਣਾਏ ਬਿਨ੍ਹਾਂ ਅਸੀਂ ਔਗੁਣ ਮੁਕਤਿ ਨਹੀਂ ਹੋ ਸਕਦੇ, ਹਉਮੈ ਤੋਂ ਮੁਕਤਿ ਨਹੀਂ ਹੋ ਸਕਦੇ, ਜੀਵਨ ਮੁਕਤਿ ਨਹੀਂ ਹੋ ਸਕਦੇ, ਪ੍ਰਮਾਤਮਾ ਦੇ ਨਾਲ ਝਗੜੇ ਤੋਂ ਮੁਕਤਿ ਨਹੀਂ ਹੋ ਸਕਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥

ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥"

ਜੇਕਰ ਅਸੀਂ ਸੱਚੇ ਦਿਲੋਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਸੱਚਾ ਉੱਦਮ ਕਰਨਾ ਚਾਹੁੰਦੇ ਹਾਂ ਤੇ ਉਸ ਲਈ ਤਰੀਕਾ ਇੱਕੋ ਹੀ ਹੈ ਜਿਸਨੂੰ

30/3291

ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਆਪਣੀਆਂ ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣ ਦਾ ਹੈ ਜੋ ਸਾਡੇ ਅੰਦਰ ਔਗੁਣਾਂ ਦਾ ਮੂਲ ਹੈ। ਤ੍ਰਿਸ਼ਨਾਵਾਂ ਦਾ ਮੂਲ ਸਾਡੇ ਮਨ ਦੀ ਸੋਝੀ ਹੈ, ਮਾਇਆ ਮੋਹ ਹੈ, ਜਿਸ ਵਿੱਚੋਂ ਨਿਕਲੇ ਬਿਨ੍ਹਾਂ ਨਾ ਕੋਈ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸਿਵਾਏ ਗੁਰੂ ਦੀ ਗੱਲ ਨੂੰ ਮੰਨਣ ਦੇ ਹੋਰ ਕੋਈ ਐਸਾ ਤਰੀਕਾ ਨਹੀਂ ਹੈ ਜੋ ਸਾਡੇ ਅੰਦਰ ਦੀ ਸੋਝੀ ਨੂੰ ਬਦਲ ਸਕੇ ਸਾਨੂੰ ਭਰਮ ਵਿੱਚੋਂ, ਹਉਮੈ ਵਾਲੀ ਬਿਰਤੀ ਵਿੱਚੋਂ, ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਕਢ ਸਕੇ। ਸਰੀਰਕ ਜਪ ਤਪ ਆਦਿ ਕਰੀ ਜਾਣ ਨਾਲ, ਕਥਨੀ ਕਰੀ ਜਾਣ ਨਾਲ ਕਦੇ ਕੋਈ ਭਰਮ ਮੁਕਤਿ ਨਹੀਂ ਹੋ ਸਕਦਾ। ਭਰਮ ਵਿੱਚੋਂ ਨਿਕਲੇ ਬਿਨ੍ਹਾਂ ਸਾਨੂੰ ਕਦੇ ਸੱਚ ਦੀ ਸਮਝ ਨਹੀਂ ਲੱਗ ਸਕਦੀ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ। ਗੁਰਮਤਿ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਮਨ ਦੇ ਭਰਮ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਸਾਨੂੰ ਸੱਚ ਦੀ ਸਮਝ ਲੱਗ ਸਕੇ ਤੇ ਅਸੀਂ ਮਾਇਆ ਦੇ ਰਸ ਕਸ ਵਿੱਚੋਂ ਨਿਕਲਕੇ, ਔਗੁਣਾਂ ਵਿੱਚੋਂ ਨਿਕਲਕੇ ਗੁਣੀ ਬਣਕੇ ਵਿਚਰੀਏ ਜੋ ਪ੍ਰਮਾਤਮਾ ਨੂੰ ਪਾਉਣ ਦਾ ਅਸਲ ਮਾਰਗ ਹੈ, ਨਾਮ ਦੇ ਨਾਲ ਝਗੜਾ ਨਿਬੇੜਨ ਦਾ ਅਸਲ ਮਾਰਗ ਹੈ। ਪ੍ਰਮਾਤਮਾ ਦੀ ਭਗਤੀ ਗੁਣੀ ਬਣਕੇ ਵਿਚਰਨ ਦਾ ਹੈ, ਨਾ ਕਿ ਦਿਖਾਵੇ ਕਰਨ ਦਾ। (**ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥ ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥ ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥7॥**)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ ੨੨੯)

ਸਾਡੇ ਅੰਦਰੋਂ ਹਉਮੈ ਭਾਵ ਸਾਡੀ ਮਨਮਤਿ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਿਚਾਰਨ ਦੁਆਰਾ ਹੀ ਨਿਕਲ ਸਕਦੀ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਅਸੀਂ ਨਾਮ ਦੇ ਨਾਲ ਆਪਣਾ ਝਗੜਾ ਨਿਬੇੜ ਸਕਦੇ ਹਾਂ। ਹਉਮੈ ਦਾ ਨਿਕਲਣਾ ਕੀ ਹੈ ਤੇ

30/3292

ਸ਼ਬਦ ਦਾ ਵਿਚਾਰੀ ਬਣਨਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਇਸ ਭਰਮ ਵਿੱਚੋਂ ਮੁਕਤਿ ਹੋਈਏ ਕਿ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਕਿਵੇਂ ਨਿਬੜਨਾ ਹੈ। ਪ੍ਰਮਾਤਮਾ ਦੇ ਨਾਲ ਝਗੜਾ ਸਾਡਾ ਉਸ ਦੇ ਨਾਲ ਮੇਲ ਦੁਆਰਾ ਹੀ ਨਿਬੜਨਾ ਹੈ ਤੇ ਇਹ ਝਗੜਾ ਨਿਬੇੜਨ ਦਾ ਮਾਰਗ ਕੇਵਲ ਸ਼ਬਦ ਦਾ ਵਿਚਾਰੀ ਬਣਨਾ ਹੀ ਹੈ।

“ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥
ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥
ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥”

(ਅੰਗ ੨੨੬)

ਹਉਮੈ ਸਾਡੀ ਮਤਿ ਹੈ ਭਾਵ ਸਾਡੇ ਮਨ ਦੇ ਵਿਚਾਰ ਹਨ ਤੇ ਨਾਮ ਸ਼ਬਦ ਦੇ ਵਿਚਾਰ ਹਨ ਭਾਵ ਗੁਰੂ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ। ਇਹ ਝਗੜਾ ਵਿਚਾਰਾਂ ਦਾ ਹੀ ਹੈ। ਜਦ ਤੱਕ ਸਾਡੇ ਵਿਚਾਰ ਗੁਰੂ ਦੇ ਵਿਚਾਰਾਂ ਦੇ ਨਾਲ ਇੱਕ ਨਹੀਂ ਹੁੰਦੇ ਭਾਵ ਸਾਡੀ ਸੁਰਤਿ ਦੇ ਵਿਚਾਰ ਸ਼ਬਦ ਦੀ ਵਿਚਾਰ ਦੇ ਨਾਲ ਇੱਕ ਨਹੀਂ ਹੁੰਦੇ ਸਾਡਾ ਗੁਰੂ ਪ੍ਰਮਾਤਮਾ ਨਾਲ ਝਗੜਾ ਨਹੀਂ ਨਿਬੜ ਸਕਦਾ। ਸਾਨੂੰ ਆਪਣੀ ਮਤਿ ਤਿਆਗਣੀ, ਛੱਡਣੀ ਬਹੁਤ ਔਖੀ ਲੱਗਦੀ ਹੈ ਕਿਉਂਕਿ ਗੁਰੂ ਦੀ ਮਤਿ ਨੂੰ ਕਬੂਲ ਕਰਨਾ ਬਹੁਤ ਔਖਾ ਹੈ। ਇਹੀ ਗੱਲ ਸਾਨੂੰ ਉੱਪਰ ਸ਼ਬਦ ਵਿੱਚ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

“ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥”

ਉਪਰਲੀਆਂ ਇਹਨਾਂ ਪੰਗਤੀਆਂ ਦੁਆਰਾ ਸਾਨੂੰ ਪੂਰੀ ਗੁਰਬਾਣੀ ਦਾ ਤੱਤ ਸਾਰ ਤੇ ਆਪਣੇ ਜੀਵਨ ਦੇ ਮਨੋਰਥ ਦੀ ਸਮਝ ਲੱਗ ਜਾਂਦੀ ਹੈ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਹੈ। ਪ੍ਰਮਾਤਮਾ ਦੇ ਨਾਲੋਂ ਸਾਡਾ ਵਿਛੋੜਾ ਮਨ ਦੇ ਵਿੱਚ ਹੀ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ। ਸਾਡੀ ਸੁਰਤਿ ਦੇ ਵਿਚਾਰ ਸਾਨੂੰ ਹਉਮੈ ਵਾਲੀ ਅਵੱਸਥਾ ਵਿੱਚ ਰੱਖਦੇ ਹਨ ਭਾਵ ਸਾਨੂੰ ਗੁਰੂ ਦੇ ਵਿਚਾਰਾਂ ਤੋਂ ਦੂਰ ਰੱਖਦੇ ਹਨ। ਸਾਡੀ “ਚੰਚਲ ਮਤਿ” ਸਾਡੇ ਹਉਮੈ ਵਾਲੇ ਵਿਚਾਰਾਂ ਦੇ ਕਰਕੇ ਹੀ ਹੈ ਜਿਸ ਦੇ ਦੁਆਰਾ ਅਸੀ ਮਾਇਆ ਮੋਹ ਵਿੱਚ ਰਹਿੰਦੇ ਹਾਂ, ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਤੇ ਆਪਣੀਆਂ ਤ੍ਰਿਸ਼ਨਾਵਾਂ

30/3293

ਦੀ ਪ੍ਰਾਪਤੀ ਦੇ ਲਈ ਔਗੁਣਾਂ ਦਾ ਆਸਰਾ ਲੈਂਦੇ ਹਾਂ ਭਾਵ ਸ਼ਬਦ ਦੇ ਵਿਚਾਰਾਂ ਦੇ ਉਲਟ ਚੱਲਦੇ ਹਾਂ, ਗੁਰੂ ਦੇ ਵਿਚਾਰਾਂ ਦੇ ਉਲਟ ਚੱਲਦੇ ਹਾਂ। ਸਾਡੇ ਔਗੁਣ ਸਾਡੀ ਚੰਚਲ ਮਤਿ ਦੇ ਨਾਲ ਜੁੜੇ ਹੋਏ ਹਨ ਜਿੰਨ੍ਹਾਂ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਵਿਛੁੜੇ ਹੋਏ ਹਾਂ। ਜਦ ਤੱਕ ਸਾਡੇ ਵਿਚਾਰ ਗੁਰੂ ਦੇ ਵਿਚਾਰਾਂ ਦੇ ਨਾਲ ਇੱਕ ਨਹੀਂ ਹੁੰਦੇ ਤਦ ਤੱਕ ਸਾਡੇ ਵਿਚਾਰ ਸੱਚੇ ਨਹੀਂ ਬਣ ਸਕਦੇ ਕਿਉਂਕਿ ਸੱਚ ਉਹੀ ਹੈ ਜੋ ਗੱਲ ਸਾਨੂੰ ਸ਼ਬਦ ਆਪਣੀ ਵਿਚਾਰ ਰਾਹੀਂ ਸਮਝਾਉਂਦੇ ਹਨ। ਗੁਰੂ ਦੇ ਸ਼ਬਦਾਂ ਦਾ ਮਕਸਦ ਸਾਨੂੰ ਸਾਡੇ ਔਗੁਣਾਂ ਵਿੱਚੋਂ ਕੱਢਣ ਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੇ ਵਿੱਚੋਂ ਕੱਢਣ ਦਾ ਹੈ, ਝੂਠੇ ਮਾਣ ਅਭਿਮਾਨ ਦੇ ਵਿੱਚੋਂ ਕੱਢਣ ਦਾ ਹੈ ਤੇ ਹਰ ਉਸ ਵਿਚਾਰ ਵਿੱਚੋਂ ਕੱਢਣ ਦਾ ਹੈ ਜੋ ਵਿਚਾਰ ਸ਼ਬਦ ਦੇ ਵਿਚਾਰਾਂ ਤੇ ਖਰਾ ਨਹੀਂ ਉਤਰਦਾ। ਪ੍ਰਮਾਤਮਾ ਸੱਚ ਦੁਆਰਾ ਵਿਚਰਦਾ ਹੈ ਤੇ ਸੱਚ ਕੇਵਲ ਉੱਥੇ ਹੈ ਜਿੱਥੇ ਸ਼ਬਦ ਦੇ ਵਿਚਾਰ ਵੱਸ ਜਾਂਦੇ ਹਨ। ਪੂਰੀ ਗੁਰਬਾਣੀ ਸ਼ਬਦ ਦੇ ਵਿਚਾਰਾਂ ਰਾਹੀ ਹੀ ਸੱਚੀ ਹੈ ਜਿਸ ਕਰਕੇ ਪੂਰੀ ਗੁਰਬਾਣੀ ਦੇ ਵਿੱਚ ਸੱਚ ਹੈ, ਨਾਮ ਹੈ। ਸਾਡੇ ਮਨ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰ ਹੀ ਸੱਚਾ ਬਣਾ ਸਕਦੇ ਹਨ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ। ਅਸੀਂ ਸੱਚ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ, ਸ਼ਬਦ ਦੇ ਵਿਚਾਰੀ ਬਣਨ ਦਾ ਉੱਦਮ ਹੀ ਕਰਨਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ, ਔਗੁਣਾਂ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਪ੍ਰਸੰਨ ਹੋ ਕੇ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਸਾਨੂੰ ਆਪਣੇ ਸੱਚ ਦੇ ਨਾਲ ਜੋੜਦਾ ਹੈ, ਆਪਣੇ ਸੱਚੇ ਵਿਚਾਰਾਂ ਦੇ ਨਾਲ ਜੋੜਦਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਹੀ ਭਾਵ ਆਪਣੇ ਘਰ ਦੇ ਵਿੱਚ ਹੀ ਸਹਜ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ, ਚੌਥੇ ਪਦ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ, ਪੂਰਨ ਸੱਚ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ, ਨਾਮ ਵਾਲੀ ਅਵੱਸਥਾ ਪ੍ਰਾਪਤ ਹੁੰਦੀ ਹੈ। ਪ੍ਰਮਾਤਮਾ ਨੂੰ ਮਨ ਦੀ ਇਸ ਅਵੱਸਥਾ ਦੁਆਰਾ ਹੀ ਜਾਣਿਆ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਇਸ ਅਵੱਸਥਾ ਦੁਆਰਾ ਹੀ ਹੁੰਦੇ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣਕੇ ਹੀ "ਪਰਮ ਗਤਿ" ਦੀ ਪ੍ਰਾਪਤੀ ਹੁੰਦੀ ਹੈ। "ਗਤਿ" ਸਾਡੇ ਵਿਚਾਰਾਂ ਦੀ ਹੀ ਹੁੰਦੀ ਹੈ ਭਾਵ ਸਾਡੇ ਤ੍ਰੈ ਗੁਣਾਂ ਵਾਲੇ ਵਿਚਾਰ, ਹਉਮੈ ਵਾਲੇ ਵਿਚਾਰ ਚਉਥੇ ਪਦ ਵਾਲੇ ਵਿਚਾਰਾਂ ਦੇ ਵਿੱਚ ਬਦਲ ਜਾਂਦੇ ਹਨ, ਸ਼ਬਦ ਦੇ ਵਿਚਾਰਾਂ ਵਾਲੇ ਬਣ ਜਾਂਦੇ ਹਨ। ਸਾਡੀ ਹਉਮੈ ਨੂੰ ਸ਼ਬਦ ਹੀ ਮੇਟ ਸਕਦਾ ਹੈ, ਨਾਮ ਹੀ ਮੇਟ ਸਕਦਾ ਹੈ,

30/3294

ਗੁਰੂ ਰੂਪ ਪ੍ਰਮਾਤਮਾ ਆਪ ਹੀ ਮੇਟ ਸਕਦਾ ਹੈ। ਪ੍ਰਮਾਤਮਾ ਆਪ ਸ਼ਬਦ ਰੂਪ ਹੈ, ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਤੇ ਉਹ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਵਿਚਰਦਾ ਹੈ। ਸਾਡੇ ਅੰਦਰ ਦੀ ਹਉਮੈ ਸ਼ਬਦ ਦਾ ਵਿਚਾਰੀ ਬਣਕੇ ਹੀ ਨਿਕਲਦੀ ਹੈ ਤੇ ਇਹੋ ਜਿਹੀ ਮਤਿ ਸਾਨੂੰ ਭਰਮ ਵਿੱਚੋਂ ਕੱਢਕੇ ਸੱਚ ਦੇ ਨਾਲ ਜੋੜਦੀ ਹੈ। (**ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥3॥ ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥4॥**)

ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਨਿਬੜਦਾ ਹੈ ਭਾਵ ਭਰਮ ਦੇ ਵਿੱਚੋਂ ਨਿਕਲਕੇ ਸੱਚ ਦੀ ਸੋਝੀ ਪੈਣ ਦੁਆਰਾ ਨਿਬੜਦਾ ਹੈ। ਮਨ ਦੀ ਇਹੋ ਜਿਹੀ ਸੋਝੀ ਦੁਆਰਾ ਮਨੁੱਖ ਫਿਰ ਔਗੁਣ ਰਹਿਤ ਹੋ ਕੇ ਮਾੜੇ ਕਰਮ ਨਹੀਂ ਕਰਦਾ ਤੇ ਸੱਚੀ ਕਰਣੀ ਕਰਦਾ ਹੈ ਭਾਵ ਝਗੜੇ ਦਾ ਕਾਰਨ ਦੂਰ ਹੋ ਜਾਂਦਾ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

"ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥

ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥"

ਸ਼ਬਦ ਦੇ ਵਿਚਾਰੀ ਬਣਕੇ ਅਸੀਂ ਭਰਮ ਦੇ ਵਿੱਚੋਂ ਹੀ ਨਿਕਲਦੇ ਹਾਂ ਤੇ ਇਹੀ ਸ਼ਬਦ ਦੀ ਵਿਚਾਰ ਦਾ ਮਕਸਦ ਹੈ ਕਿ ਅਸੀਂ ਸੱਚ ਦੇ ਨਾਲ ਜੁੜੀਏ ਭਾਵ ਸ਼ਬਦ ਦੀ ਅਸਲੀਅਤ ਦੇ ਨਾਲ ਜੁੜੀਏ ਜੋ ਗੁਰੂ ਦੇ ਸ਼ਬਦ ਦਾ ਮਕਸਦ ਹੈ। ਮਨ ਦੇ ਵਿੱਚ ਭਰਮ ਦੇ ਰਹਿੰਦਿਆ, ਹਉਮੈ ਦੇ ਰਹਿੰਦਿਆ ਅਸੀਂ ਸ਼ਬਦ ਦਾ ਸੱਚ ਸਮਝਣ ਤੋਂ ਤੇ ਉਸਨੂੰ ਅਪਣਾਉਣ ਤੋਂ ਦੂਰ ਰਹਿੰਦੇ ਹਾਂ ਤੇ ਆਪਣੇ ਵੱਲੋਂ ਧਰਮ ਦੇ ਮਾਰਗ ਤੇ ਚੱਲਦੇ ਹਾਂ ਜੋ ਕਿ ਅਸਲ ਵਿੱਚ ਧਰਮ ਦਾ ਮਾਰਗ ਨਹੀਂ ਹੈ। ਸ਼ਬਦ ਦੇ ਵਿਚਾਰ ਦਾ ਮਕਸਦ ਸਾਨੂੰ ਭਰਮ ਦੇ ਵਿੱਚੋਂ ਕੱਢਕੇ ਧਰਮ ਦੇ ਸੱਚੇ ਮਾਰਗ ਦੇ ਨਾਲ ਜੋੜਨ ਦਾ ਹੀ ਹੈ ਜਦੋਂ ਸੱਚ ਦੀ ਸਮਝ ਲੱਗ ਜਾਂਦੀ ਹੈ ਭਾਵ ਸੱਚੇ ਮਾਰਗ

ਦੀ ਸਮਝ ਲੱਗ ਜਾਂਦੀ ਹੈ, ਧਰਮ ਦੇ ਮਾਰਗ ਦੀ ਸਮਝ ਲੱਗ ਜਾਂਦੀ ਹੈ, ਸੱਚੇ ਨਾਮ ਦੀ ਸਮਝ ਲੱਗ ਜਾਂਦੀ ਹੈ ਫਿਰ ਮਨੁੱਖ ਦੀ ਸਾਰੀ ਕਰਣੀ ਸੱਚ ਤੇ ਚੱਲਣ ਦੁਆਰਾ ਹੀ ਹੁੰਦੀ ਹੈ ਭਾਵ

30/3295

ਗੁਰਮਤਿ ਅਨੁਸਾਰ ਚੱਲਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੀ ਇਸ ਅਵੱਸਥਾ ਦੁਆਰਾ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦਾ ਤੇ ਆਪਣੇ ਸੱਚੇ ਸੁੱਚੇ ਜੀਵਨ ਨੂੰ ਹੀ ਧਰਮ ਦਾ ਮਾਰਗ ਸਮਝਦਾ ਹੈ, ਨਾਮ ਜਪਣ ਦਾ ਮਾਰਗ ਸਮਝਦਾ ਹੈ। ਇਹ ਪੂਰਨ ਸੱਚ ਵਾਲੀ ਅਵੱਸਥਾ ਉਦੋਂ ਹੀ ਆਉਂਦੀ ਹੈ ਜਦੋਂ ਮਨ ਦੇ ਵਿੱਚ ਹੀ ਮਨੁੱਖ ਪ੍ਰਮਾਤਮਾ ਦੇ ਘਰ ਦੇ ਵਿੱਚ ਪਹੁੰਚ ਜਾਂਦਾ ਹੈ, ਸਹਜ ਦੇ ਘਰ ਵਿੱਚ ਪਹੁੰਚ ਜਾਂਦਾ ਹੈ ਤੇ ਮਨੁੱਖ ਦੀ ਸੁਰਤਿ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਨਾਲ ਜੁੜੀ ਰਹਿੰਦੀ ਹੈ, ਮਨ ਦੇ ਵਿੱਚ ਹੀ ਸਮਾਧੀ ਲੱਗੀ ਰਹਿੰਦੀ ਹੈ ਜਿਸ ਰਾਹੀਂ ਮਨੁੱਖ ਨੂੰ ਪ੍ਰਮਾਤਮਾ ਦੇ ਕੋਲੋ ਸੱਚੀ ਮਤਿ ਮਿਲਦੀ ਰਹਿੰਦੀ ਹੈ। ਇਹ ਸਮਾਧੀ ਨਿਰਗੁਣ ਰੂਪ ਵਿੱਚ ਲੱਗੀ ਰਹਿੰਦੀ ਹੈ ਜਿਸ ਦਾ ਸਾਡੀਆਂ ਸਰੀਰਕ ਸਮਾਧੀਆਂ ਨਾਲ ਕੋਈ ਵਾਸਤਾ ਨਹੀਂ ਹੈ। (**ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥5॥**)

ਜਦ ਤੱਕ ਸਾਨੂੰ ਮਨ ਦੇ ਵਿੱਚੋਂ ਸੱਚ ਦੀ ਸੋਝੀ ਨਹੀਂ ਪੈਂਦੀ, ਸਾਡੀ ਹਉਮੈ ਵਾਲੀ ਅਵੱਸਥਾ ਦੂਰ ਨਹੀਂ ਹੁੰਦੀ ਭਾਵ ਜਦ ਤੱਕ ਸਾਡੇ ਅੰਦਰ ਸ਼ਬਦ ਦੀ ਵਿਚਾਰ ਨਹੀਂ ਵੱਸਦੀ ਤਦ ਤੱਕ ਅਸੀਂ ਭਰਮ ਵਾਲੇ ਵਿਚਾਰਾਂ ਵਿੱਚ ਹੀ ਰਹਿੰਦੇ ਹਾਂ, ਮੈਂ ਵਾਲੇ ਵਿਚਾਰਾਂ ਦੇ ਵਿੱਚ ਹੀ ਰਹਿੰਦੇ ਹਾਂ ਤੇ ਆਪਣੇ ਵੱਲੋਂ ਭਗਤੀ ਦੇ ਅਨੇਕਾਂ ਤਰੀਕੇ ਅਪਣਾਉਂਦੇ ਹਾਂ ਸਰੀਰਕ ਜਪ ਤਪ ਆਦਿ ਕਰਦੇ ਹਾਂ, ਸਮਾਧੀਆਂ ਸੁਰਤੀਆਂ ਜੋੜਕੇ ਬੈਠਦੇ ਹਾਂ ਪਰ ਸਾਡੀ ਕਰਣੀ ਸੱਚ ਅਨੁਸਾਰ ਨਹੀਂ ਹੁੰਦੀ, ਗੁਰਮਤਿ ਅਨੁਸਾਰ ਨਹੀਂ ਹੁੰਦੀ । ਸਾਡੇ ਇਹੋ ਜਿਹੇ ਭਗਤੀ ਦੇ ਉਪਰਾਲਿਆਂ ਦੇ ਨਾਲ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਨਿਬੜ ਸਕਦਾ ਭਾਵ ਅਸੀਂ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਨਹੀਂ ਹੋ ਸਕਦੇ। ਪ੍ਰਮਾਤਮਾ ਦੇ ਨਾਲ ਝਗੜਾ ਨਿਬੇੜਨ ਦਾ ਇੱਕੋ ਇੱਕ ਸਾਧਨ ਹਉਮੈ ਵਾਲੀ ਮਤਿ ਨੂੰ ਛੱਡਣ ਦਾ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਅਪਣਾਉਣ ਦਾ ਹੈ, ਸੱਚ ਦੁਆਰਾ ਵਿਚਰਨ ਦਾ ਹੈ ਜਿਸ ਦੁਆਰਾ ਅਸੀਂ ਉਸ ਪੂਰੇ ਗੁਰੂ ਨੂੰ ਭਾਵ ਪ੍ਰਮਾਤਮਾ ਨੂੰ ਭੇਟ ਸਕਦੇ ਹਾਂ ਭਾਵ ਉਸ ਦੇ ਨਾਲ ਮੇਲ ਕਰ ਸਕਦੇ ਹਾਂ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ, ਸਾਨੂੰ ਹਉਮੈ ਤੋਂ ਮੁਕਤੀ ਮਿਲਦੀ ਹੈ, ਮਾੜੇ ਕਰਮ ਨਾ ਕਰਨ ਦੀ ਸੋਝੀ ਪੈਂਦੀ ਹੈ ਭਾਵ ਔਗੁਣਾਂ ਤੋਂ ਮੁਕਤੀ ਮਿਲਦੀ ਹੈ, ਭਰਮਾਂ ਵਾਲੀ ਸਮਝ ਤੋਂ ਮੁਕਤੀ ਮਿਲਦੀ ਹੈ, ਜਿਸ ਭਰਮਾਂ ਵਾਲੀ ਸਮਝ ਕਰਕੇ ਹੀ ਅਸੀਂ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦੇ ਹਾਂ। ਭਰਮਾਂ ਵਾਲੀ ਸਮਝ ਤੋਂ ਮੁਕਤ ਹੋ ਕੇ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਸਰੀਰ ਵਿੱਚ ਉਹ ਆਪ ਹੀ ਹੈ ਤੇ ਉਸਨੇ ਆਪ ਹੀ ਸਭ ਨੂੰ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ ਜਿਸ ਮਨ ਦੇ ਭਰਮ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਮਨ ਦੇ ਭਰਮ ਤੋਂ ਕਿਸੇ ਨੂੰ ਪ੍ਰਮਾਤਮਾ ਆਪ ਹੀ ਕੱਢਦਾ ਹੈ ਜੋ ਕਿ ਮਨੁੱਖ ਦੇ ਉੱਤੇ ਉਸ ਦਾ ਸਭ ਤੋਂ ਵੱਡਾ ਕਰਮ ਹੈ। ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਣ ਸਾਡੀ ਮਨ ਦੀ ਅਗਿਆਨਤਾ ਹੀ ਹੈ, ਧਰਮ ਦੇ ਸੱਚੇ ਮਾਰਗ ਦੀ ਸਮਝ ਦਾ ਨਾ ਹੋਣਾ ਹੈ ਜਿਸ ਕਰਕੇ ਅਸੀਂ ਜੋ ਵੀ ਕਰਮ ਗੁਰੂ ਦੀ ਮਤਿ ਤੋਂ ਉਲਟ ਕਰਦੇ ਹਾਂ ਉਸ ਨਾਲ ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਹੀ ਦਿਖਾਉਂਦੇ ਹਾਂ। ਇਹ ਝਗੜਾ ਪ੍ਰਮਾਤਮਾ ਆਪ ਹੀ ਨਿਬੇੜ ਸਕਦਾ ਹੈ ਜੋ ਕਿ ਉਹ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਕੇ ਨਿਬੇੜਦਾ ਹੈ ਭਾਵ ਮਨ ਦੇ ਵਿੱਚ ਮੇਲ ਕਰਨ ਦੁਆਰਾ ਨਿਬੇੜਦਾ ਹੈ ਜਿਵੇਂ ਕਿ ਉਸਨੇ ਆਪਣਾ ਇਹ ਝਗੜਾ ਭਗਤਾਂ ਦੇ, ਗੁਰੂ ਸਾਹਿਬਾਨ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਨਿਬੇੜਿਆ ਹੈ।

{ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥
ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥
ਬੁਨਿ ਬੁਨਿ ਆਪ ਆਪੁ ਪਹਿਰਾਵਉ ॥ ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥
ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥}

(ਅੰਗ - ੧੧੫੮)

{ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥
ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਹਾਰੁ ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥}

(ਅੰਗ - ੩੧੬)

{ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥}

(ਅੰਗ - ੩੬੬)

ਪਵੜੀ ॥

{ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥
ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ ਮੂਰਖ ਗਣਤ ਗਣਾਇ ਝਗੜਾ ਪਾਇਆ ॥
ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥}

(ਅੰਗ - ੧੩੯)

ਮਃ ੪ ॥

{ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥
ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ ॥
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੁਹਾਗਣਿ ਓਸੁ ਨਾਲਿ ਮੁਹੁ ਜੋੜੈ ਓਸੁ ਭੀ ਲਛਣੁ ਲਾਇਆ ॥
ਗੁਰਮੁਖਿ ਹੋਇ ਸੁ ਅਲਿਪਤੋ ਵਰਤੈ ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ ॥
ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥
ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥
ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ ॥੨॥}

(ਅੰਗ - ੩੦੩)

ਸਲੋਕ ਮਃ ੩ ॥

{ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥
ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥
ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥
ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥
ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥}

(ਅੰਗ - ੫੪੮)

ਪਉੜੀ ॥
{ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥
ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥
ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥
ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥}

(ਅੰਗ - ੭੯੦)

{ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ ਸਹਜਿ ਸਮਾਵੈ ॥
ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥੫॥
ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥
ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ ਠਾਕਿ ਰਹਾਵੈ ॥੬॥
ਭਉ ਖਾਣਾ ਪੀਣਾ ਸੁਖੁ ਸਾਰੁ ॥ ਹਰਿ ਜਨ ਸੰਗਤਿ ਪਾਵੈ ਪਾਰੁ ॥
ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥
ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥
ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥}

(ਅੰਗ - ੧੩੪੪)

(ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥6॥)

ਪੂਰੇ ਗੁਰੂ ਦੇ ਨਾਲ ਭੇਟ ਹੋਣ ਨਾਲ, ਮੇਲ ਹੋਣ ਨਾਲ ਸਾਡੀ ਉਸਦੇ ਨਾਲ ਗਿਆਨ ਰੂਪ ਵਿੱਚ ਹੀ ਭੇਟ ਹੁੰਦੀ ਹੈ

30/3296

ਜਿਸ ਦੁਆਰਾ ਮਨੁੱਖ ਭਰਮ ਦੇ ਬੰਧਨ ਤੋਂ, ਹਉਮੈ ਦੇ ਬੰਧਨ ਤੋਂ ਮੁਕਤਿ ਹੁੰਦਾ ਹੈ ਤੇ ਇਸ ਸੰਸਾਰ ਦੀ ਅਸਲੀਅਤ ਦੀ ਸੋਝੀ ਪੈਂਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

"ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥"

ਜਦ ਤੱਕ ਅਸੀਂ ਭਰਮ ਵਿੱਚ ਹਾਂ, ਹਉਮੈ ਵਾਲੀ ਅਵੱਸਥਾ ਵਿੱਚ ਹਾਂ ਤਦ ਤੱਕ ਅਸੀਂ ਪ੍ਰਮਾਤਮਾ ਦੀ ਅਸਲੀਅਤ ਨੂੰ ਜਾਨਣ ਵਿੱਚ ਬਿਲਕੁਲ ਹੀ ਅਸਮਰੱਥ ਹਾਂ ਕਿ ਪ੍ਰਮਾਤਮਾ ਕੀ ਹੈ, ਉਹ ਆਪਣੀ ਸ੍ਰਿਸ਼ਟੀ ਨੂੰ ਕਿਸ ਰੂਪ ਵਿੱਚ ਚਲਾ ਰਿਹਾ ਹੈ। ਮਨ ਦਾ ਭਰਮ ਨਿਕਲਣ ਦੇ ਨਾਲ ਹੀ ਸਾਡੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਭੇਟ ਹੁੰਦੀ ਹੈ ਜੋ ਕਿ ਮਨ ਦੇ ਗਿਆਨ ਦੇ ਰੂਪ ਵਿੱਚ ਹੁੰਦੀ ਹੈ। ਪ੍ਰਮਾਤਮਾ ਸਾਡੇ ਅੰਦਰ ਗਿਆਨ ਦੇ ਰੂਪ ਵਿੱਚ ਹੀ ਵਿਚਰਦਾ ਹੈ ਤੇ ਆਪਣੇ ਨਾਲ ਮੇਲ ਤੋਂ ਬਾਅਦ ਮਨ ਦੇ ਵਿੱਚ

ਉਹ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਉਸ ਦਾ ਗੁਰਮੁਖਿ ਰੂਪ ਬਣਦਾ ਹੈ, ਉਸਦਾ ਆਪਣਾ ਹੀ ਰੂਪ ਬਣ ਜਾਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਗਿਆਨ ਮਿਲਣ ਦੁਆਰਾ ਹੀ ਇਹ ਸੋਝੀ ਪੈਂਦੀ ਹੈ ਕਿ ਜੋ ਵੀ ਇਸ ਸੰਸਾਰ ਦੀ ਰਚਨਾ ਅਸੀਂ ਦੇਖ ਰਹੇ ਹਾਂ, ਸਮਝ ਰਹੇ ਹਾਂ ਉਹ ਅਸਲੀਅਤ ਨਹੀਂ ਹੈ। ਅਸਲੀਅਤ ਇਹ ਹੈ ਕਿ ਹਰ ਸਰਗੁਣ ਰੂਪ, ਮਾਇਆ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਨੂੰ ਉਸਨੇ ਆਪਣੇ ਨਿਰਗੁਣ ਰੂਪ ਦੁਆਰਾ ਬਣਾਇਆ ਹੈ ਤੇ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਭਾਵ ਗਿਆਨ ਰੂਪ ਦੁਆਰਾ ਚਲਾ ਰਿਹਾ ਹੈ। ਮਨੁੱਖ ਵੀ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਸਰਗੁਣ ਰੂਪ ਹੈ ਜਿਸਨੂੰ ਉਹ ਮਨ ਦੇ ਗਿਆਨ ਰਾਹੀਂ, ਮਨ ਦੇ ਵਿਚਾਰਾਂ ਰਾਹੀਂ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਦੀ ਇਹ ਅਸਲੀਅਤ ਮਨ ਦੇ ਵਿੱਚ ਜਾਨਣ ਤੋਂ ਬਾਅਦ ਹੀ ਇਹ ਯਕੀਨ ਆਉਂਦਾ ਹੈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ, ਕਿਤਨੇ ਵੱਡੇ ਗਿਆਨ ਦਾ ਮਾਲਕ ਹੈ ਜਿਸ ਦੁਆਰਾ ਉਹ ਹਰ ਵਸਤੂ ਦਾ ਆਪ ਹੀ ਮਾਲਕ ਹੈ। ਹਰ ਪਾਸੇ ਪ੍ਰਮਾਤਮਾ ਦੇ ਪਾਏ ਹੋਏ ਗੁਣ ਹੀ ਹਨ, ਹਰ ਵਸਤੂ ਵਿੱਚ

30/3297

ਉਸਦੇ ਪਾਏ ਹੋਏ ਗੁਣ ਹੀ ਸਮਾਏ ਹੋਏ ਹਨ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪ੍ਰਮਾਤਮਾ ਦੇ ਗੁਣਾਂ ਨੂੰ ਸਮਝਕੇ ਉਸਦੇ ਗੁਣ ਗਾਏ ਜਾ ਸਕਦੇ ਹਨ ਭਾਵ ਜਦੋਂ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸਨੇ ਆਪ ਹੀ ਸਭ ਦੇ ਅੰਦਰ ਹਉਮੈ ਰੂਪ ਪੜਦਾ ਪਾ ਕੇ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਸਭ ਦੇ ਅੰਦਰ ਇਹ ਬੰਧਨ ਹਉਮੈ ਦੇ ਰੂਪ ਵਿੱਚ ਹੀ ਹੈ ਤੇ ਇਹ ਬੰਧਨ ਨਿਕਲੇ ਬਿਨ੍ਹਾਂ ਕਿਸੇ ਦਾ ਆਵਾਗਉਣ ਨਹੀਂ ਮਿੱਟ ਸਕਦਾ। ਜਿਸ ਨੂੰ ਪ੍ਰਮਾਤਮਾ ਆਪਣੀ ਭਗਤੀ ਬਖਸ਼ਦਾ ਹੈ ਭਾਵ ਆਪਣਾ ਭਗਤ ਰੂਪ ਬਣਾਉਂਦਾ ਹੈ ਉਸਨੂੰ ਹੀ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਉਸਨੂੰ ਪ੍ਰਮਾਤਮਾ ਆਪ ਹੀ ਹਉਮੈ ਦੇ ਬੰਧਨ ਤੋਂ ਮੁਕਤਿ ਕਰਦਾ ਹੈ, ਭਰਮ ਤੋਂ ਮੁਕਤਿ ਕਰਦਾ ਹੈ। ਜਿਸਨੂੰ ਪ੍ਰਮਾਤਮਾ ਇਸ ਬੰਧਨ ਤੋਂ ਮੁਕਤਿ ਕਰਦਾ ਹੈ ਉਸਨੂੰ ਆਪਣੇ ਸ਼ਬਦ ਦੀ ਵਿਚਾਰ ਦੇ ਨਾਲ ਹੀ ਜੋੜਦਾ ਹੈ ਜਿਸ ਦੁਆਰਾ ਮਨੁੱਖ ਦਾ ਭਰਮ ਦਾ ਪੜਦਾ, ਹਉਮੈ ਦਾ ਪੜਦਾ ਦੂਰ ਹੁੰਦਾ ਹੈ ਤੇ ਕਿਸੇ ਦਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਦਾ ਹੈ (**ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥7॥ ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥8॥13॥**)

ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਨਿਬੇੜਨਾ ਚਾਹੁੰਦੇ ਹਾਂ ਤਾਂ ਉਸ ਲਈ ਸਭ ਤੋਂ ਜਰੂਰੀ ਗੱਲ ਇਹ ਹੈ ਕਿ ਅਸੀਂ ਆਪਣੇ ਅੰਦਰ ਇਸ ਗੱਲ ਨੂੰ ਦ੍ਰਿੜ ਕਰੀਏ ਕਿ ਝਗੜੇ ਦਾ ਕਾਰਣ ਕੀ ਹੈ ਤੇ ਇਸ ਨੂੰ ਨਿਬੇੜਨ ਦਾ ਰਸਤਾ ਕੀ ਹੈ। ਝਗੜਾ ਨਾਮ ਦੇ ਨਾਲ ਹੀ ਨਿਬੜਨਾ ਹੈ ਪਰ ਨਾਮ ਦੀ ਸੋਝੀ ਹੋਏ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਨਾਲ ਇਹ ਝਗੜਾ ਕਦੇ ਵੀ ਨਹੀਂ ਨਿਬੇੜ ਸਕਦੇ। ਜਿੰਨ੍ਹਾਂ ਕੋਲੋਂ ਮਤਿ ਲੈ ਕੇ ਅਸੀਂ ਨਾਮ ਜਪਣਾ ਸਿੱਖਿਆ ਹੈ ਉਹਨਾਂ ਦੀ ਮਤਿ ਦੇ ਪਿੱਛੇ ਲੱਗ ਕੇ ਨਾ ਸਾਨੂੰ ਨਾਮ ਜਪਣ ਦੀ ਸਮਝ ਲੱਗੀ ਹੈ ਤੇ ਨਾ ਹੀ ਕਿਸੇ ਦਾ ਝਗੜਾ ਨਿਬੜ ਸਕਦਾ ਹੈ। ਨਾਮ ਆਪ ਪ੍ਰਮਾਤਮਾ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਉਸਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ ਸਾਡਾ ਨਾਮ ਦੇ ਨਾਲ ਝਗੜਾ ਨਹੀਂ ਨਿਬੜ ਸਕਦਾ। ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਉਸ ਦੇ ਸ਼ਬਦ ਦਾ ਵਿਚਾਰੀ ਬਣਕੇ ਹੀ ਨਿਬੜਦਾ ਹੈ, ਸਾਡੀ ਅਗਿਆਨਤਾ ਨਿਕਲਣ ਦੁਆਰਾ, ਹਉਮੈ ਨਿਕਲਣ ਦੁਆਰਾ ਹੀ ਨਿਬੜਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸੱਚੇ ਗੁਰੂ ਦੇ ਗਿਆਨ ਨੂੰ ਛੱਡਕੇ, ਅਗਿਆਨੀਆਂ ਦੇ ਪਿੱਛੇ ਲੱਗਕੇ ਭਾਵ

30/3298

ਉਹਨਾਂ ਦੇ ਪਿੱਛੇ ਲੱਗ ਕੇ ਜਿੰਨ੍ਹਾਂ ਨੂੰ ਅਸੀਂ ਉੱਚੇ ਗਿਆਨ ਵਾਲੇ ਸਮਝਿਆ ਹੋਇਆ ਹੈ, ਨਾ ਸਾਨੂੰ ਝਗੜੇ ਦੀ ਸਮਝ ਆ ਸਕਦੀ ਹੈ ਤੇ ਨਾ ਹੀ ਝਗੜਾ ਨਿਬੇੜਨ ਦਾ ਤਰੀਕਾ ਸਮਝ ਆ ਸਕਦਾ ਹੈ। ਝਗੜਾ ਨਿਬੇੜਨ ਦਾ ਇੱਕੋ ਇੱਕ ਤਰੀਕਾ ਇਹੀ ਹੈ ਕਿ ਅਸੀਂ ਗੁਰੂ ਦੇ ਸੱਚੇ ਗਿਆਨ ਨਾਲ ਜੁੜੀਏ ਤੇ ਉਹ ਕੁੱਝ ਕਰੀਏ ਜੋ ਸੱਚਾ ਗੁਰੂ ਸਾਨੂੰ ਸਮਝਾਉਂਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ।

"ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥
ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥
ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥

ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥
ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥"

(ਅੰਗ ੨੨੯)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਡਾ ਨਿਬੇੜਾ ਕਿਵੇਂ ਹੋਣਾ ਹੈ। ਨਿਬੇੜਾ ਅਸੀਂ ਪ੍ਰਮਾਤਮਾ ਦੇ ਨਾਲ ਹੀ ਕਰਨਾ ਹੈ ਤੇ ਇਹ ਨਿਬੇੜਾ ਤਾਂ ਹੀ ਹੁੰਦਾ ਹੈ ਜਦੋਂ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜ ਜਾਵੇ। ਝਗੜਾ ਸੱਚ ਦੁਆਰਾ ਹੀ ਨਿਬੜਦਾ ਹੈ। ਸੱਚ ਹੀ ਨਾਮ ਹੈ ਤੇ ਝਗੜਾ ਨਾਮ ਦੁਆਰਾ ਹੀ ਨਿਬੜਦਾ ਹੈ। ਇਹ ਝਗੜਾ "ਨਾਮੁ" ਦੀ ਪ੍ਰਾਪਤੀ ਦੁਆਰਾ ਨਿਬੜਦਾ ਹੈ। "ਨਾਮੁ" ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਸਾਡੇ ਅੰਦਰ ਹੀ ਹੈ। "ਨਾਮੁ" ਨੂੰ ਭਾਵ ਪ੍ਰਮਾਤਮਾ ਨੂੰ ਅਸੀਂ ਆਪਣੇ ਅੰਦਰੋਂ ਹੀ ਬੁੱਝਣਾ ਹੈ ਭਾਵ ਜਾਣਨਾ ਹੈ ਜੋ ਕਿ ਕੇਵਲ ਉਸ ਦੀ ਕਿਰਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਉਸਦੀ ਕਿਰਪਾ ਉਸ ਤੇ ਹੀ ਹੁੰਦੀ ਹੈ ਜੋ ਉਸ ਦੀ ਦੱਸੀ ਹੋਈ ਮਤਿ ਅਨੁਸਾਰ ਵਿਚਰਦਾ ਹੈ ਭਾਵ ਉਸਦੇ ਸਮਝਾਏ ਹੋਏ ਸੱਚ ਦੁਆਰਾ ਵਿਚਰਦਾ ਹੈ। "ਨਾਮੁ" ਦੀ ਪ੍ਰਾਪਤੀ ਕੇਵਲ ਤੇ ਕੇਵਲ ਮਨ ਦੇ ਵਿੱਚੋਂ ਹੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੁੰਦੀ ਹੈ ਕਿਉਂਕਿ ਪ੍ਰਮਾਤਮਾ ਆਪ ਹੀ ਨਾਮੁ ਰੂਪ ਹੈ। ਨਾਮੁ ਦਾ ਮਿਲਣਾ ਜਾਂ ਪ੍ਰਮਾਤਮਾ ਦਾ ਮਿਲਣਾ ਇੱਕੋ ਹੀ ਗੱਲ ਹੈ। (**ਗੁਰ ਪਰਸਾਦੀ ਬੂਝਿ ਲੈ ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥1॥**)

ਆਪਣੇ ਅੰਦਰੋ ਨਾਮੁ ਨੂੰ, ਪ੍ਰਮਾਤਮਾ ਨੂੰ ਕੇਵਲ ਮਨ ਦੀ ਸੋਝੀ ਦੁਆਰਾ ਜਾਣਿਆ ਜਾ ਸਕਦਾ ਹੈ, ਮਨ ਦੇ ਗਿਆਨ ਦੁਆਰਾ

ਜਾਣਿਆ ਜਾ ਸਕਦਾ ਹੈ, ਮਨ ਦੇ ਵਿੱਚ ਹੀ ਮਨ ਦੇ ਵਿਚਾਰਾਂ ਦੁਆਰਾ ਜਾਣਿਆ ਜਾ ਸਕਦਾ ਹੈ। ਮਨ ਦੇ ਅੰਦਰ ਸੋਝੀ ਸਾਨੂੰ ਭਾਵ ਸੱਚੀ ਸੋਝੀ ਸਾਨੂੰ ਗੁਰੂ ਹੀ ਪਾ ਸਕਦਾ ਹੈ, ਗੁਰੂ ਦਾ ਸ਼ਬਦ ਹੀ ਪਾ ਸਕਦਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਅੰਦਰੋਂ ਹੀ ਨਾਮੁ ਦੇ ਦਰਸ਼ਨ ਹੁੰਦੇ ਹਨ, ਮਨ ਦੀ ਅਗਿਆਨਤਾ ਦੂਰ ਹੋਣ ਨਾਲ ਹੀ ਦਰਸ਼ਨ ਹੁੰਦੇ ਹਨ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥
ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥"

ਪ੍ਰਮਾਤਮਾ ਦੇ ਨਾਲ ਸਾਡਾ ਨਿਬੇੜਾ, ਬੰਧਨ ਤੋਂ ਛੁਟਕਾਰਾ ਮਨ ਦੇ ਵਿੱਚ ਹੀ ਹੋਣਾ ਹੈ। ਛੁਟਕਾਰਾ ਗੁਰੂ ਦੇ ਸ਼ਬਦ ਦੁਆਰਾ ਹੀ ਹੋਣਾ ਹੈ ਤੇ ਛੁਟਕਾਰਾ ਤਾਂ ਹੀ ਹੋਵੇਗਾ ਜੇਕਰ ਅਸੀਂ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਿਚਾਰਾਂਗੇ। ਉਸ ਪ੍ਰਮਾਤਮਾ ਨੂੰ ਅਸੀਂ ਆਪਣੇ ਅੰਦਰ ਤਾਂ ਹੀ ਦੇਖਾਂਗੇ ਜਦੋਂ ਅਸੀਂ ਉਸਦੇ ਸ਼ਬਦ ਨੂੰ ਆਪਣੇ ਅੰਦਰ ਵਿਚਾਰਾਂਗੇ। ਸ਼ਬਦ ਦੀ ਵਿਚਾਰ ਨੇ ਸਾਨੂੰ ਮਨ ਦੇ ਅੰਧੇਰੇ ਵਿੱਚੋਂ ਹੀ ਕੱਢਣਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਣਾ ਹੈ ਜੋ ਕਿ ਸ਼ਬਦ ਦਾ ਮਕਸਦ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸਮਝ ਪੈਂਦੀ ਹੈ ਭਾਵ ਸੱਚੀ ਸੋਝੀ ਪੈਂਦੀ ਹੈ ਜੋ ਸਾਨੂੰ ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਹਉਮੈ ਵਿੱਚੋਂ, ਮਨਮਤਿ ਵਿੱਚੋਂ ਕੱਢਦੀ ਹੈ ਤੇ ਗੁਰੂ ਦੇ ਨਾਲ ਸੱਚੀ ਮਤਿ ਨਾਲ ਜੋੜਦੀ ਹੈ। ਸ਼ਬਦ ਦੀ ਵਿਚਾਰ ਦੇ ਨਾਲ ਜੁੜਕੇ ਹੀ ਅਸੀਂ ਸ਼ਬਦ ਦੀ ਵਿਚਾਰ ਦੇਣ ਵਾਲੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਮਿਲ ਸਕਦੇ ਹਾਂ, ਨਾਮ ਦੇ ਨਾਲ ਮਿਲ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ, ਗਿਆਨ ਦੇ ਮਾਲਕ ਦੇ ਰੂਪ ਵਿੱਚ ਹੈ, ਸਾਡੇ ਮਨ ਦੇ ਵਿਚਾਰਾਂ ਦੇ ਮਾਲਕ ਦੇ ਰੂਪ ਵਿੱਚ ਹੈ। ਸ਼ਬਦ ਦੀ ਵਿਚਾਰ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਭਾਵੇਂ ਜਿਤਨੇ ਮਰਜੀ ਕਰਮ ਕਰ ਲਈਏ ਉਹਨਾਂ ਵਿੱਚ ਕੇਵਲ ਸਾਡੀ ਅਗਿਆਨਤਾ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਉਸ "ਨਾਮੁ" ਨੂੰ, ਪ੍ਰਮਾਤਮਾ ਨੂੰ ਆਪਣੇ ਅੰਦਰੋ ਨਹੀਂ ਜਾਣ ਸਕਦੇ। (**ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥1॥ ਰਹਾਉ ॥**)

ਪ੍ਰਮਾਤਮਾ ਦੇ ਨਾਲ ਸਾਡਾ ਨਿਬੇੜਾ ਪ੍ਰਮਾਤਮਾ ਦੇ ਦਿੱਤੇ ਹੋਏ ਵਿਚਾਰਾਂ ਦੇ ਨਾਲ ਜੁੜਕੇ ਹੋਣਾ ਹੈ ਭਾਵ ਸ਼ਬਦ ਦੇ ਵਿਚਾਰਾਂ ਦੇ ਨਾਲ ਜੁੜਕੇ ਹੋਣਾ ਹੈ ਜਿੰਨ੍ਹਾਂ ਦੁਆਰਾ ਸਾਨੂੰ ਸਾਡੇ ਜੀਵਨ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ। ਗੁਰੂ ਤੋਂ ਬਿਨ੍ਹਾਂ ਭਾਵ ਜਿਸ ਦੇ ਅੰਦਰ ਸ਼ਬਦ ਦੇ ਵਿਚਾਰ ਨਹੀਂ ਹਨ ਉਹ ਹਰ ਕੋਈ

30/3300

ਅਗਿਆਨਤਾ ਦੇ ਵਿੱਚ ਹੈ ਤੇ ਅਗਿਆਨਤਾ ਵਿੱਚ ਰਹਿੰਦੇ ਹੋਏ ਉਹ ਉਹੋ ਜਿਹੇ ਕਰਮ ਕਰਦੇ ਹਨ ਜੋ ਸ਼ਬਦ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੇ । ਜਿੱਥੇ ਸ਼ਬਦ ਦੀ ਵਿਚਾਰ ਨਹੀਂ ਹੈ ਭਾਵ ਜਿੰਨ੍ਹਾਂ ਵਿਚਾਰਾਂ ਵਿੱਚ ਨਾਮ ਨਹੀਂ ਹੈ ਉੱਥੇ ਕੇਵਲ ਹਉਮੈ ਹੈ, ਮਨਮਤਿ ਹੈ। ਇਹੋ ਜਿਹੇ ਵਿਚਾਰਾਂ ਵਾਲੇ ਮਨੁੱਖ ਜਿਹੋ ਜਿਹੀ ਪ੍ਰਮਾਤਮਾ ਦੀ ਭਗਤੀ ਕਰਨ ਦੇ ਤਰੀਕੇ ਅਪਣਾਉਂਦੇ ਹਨ ਉਹ ਉਹਨਾਂ ਨੂੰ ਹੀ ਆਪਣੇ ਸੱਚੇ ਤਰੀਕੇ ਸਮਝਦੇ ਹਨ। ਇਹੋ ਜਿਹਿਆਂ ਨੂੰ ਨਾ ਨਾਮ ਦੀ ਸਮਝ ਹੈ, ਨਾ ਹਉਮੈ ਦੀ ਸਮਝ ਹੈ, ਨਾ ਝਗੜੇ ਦੀ ਸਮਝ ਹੈ ਤੇ ਨਾ ਹੀ ਝਗੜਾ ਨਿਬੇੜਨ ਦੀ ਸਮਝ ਹੈ। ਇਹੋ ਜਿਹੇ ਮਨੁੱਖ ਸਰੀਰਕ ਜਪਾਂ ਤਪਾਂ ਆਦਿ ਵਿੱਚ ਹੀ ਲੱਗੇ ਰਹਿੰਦੇ ਹਨ, ਧਰਮ ਗ੍ਰੰਥਾਂ ਦੀ ਕਥਨੀ ਕਰਨ ਵਿੱਚ ਹੀ ਲੱਗੇ ਰਹਿੰਦੇ ਹਨ, ਕਿਸੇ ਅੱਖਰ ਦੇ ਜਪ ਨਾਲ ਹੀ ਜੁੜੇ ਰਹਿੰਦੇ ਹਨ ਤੇ ਹੋਰ ਵੀ ਇਹੋ ਜਿਹੇ ਅਨੇਕਾਂ ਤਰੀਕੇ ਅਪਣਾਉਂਦੇ ਹਨ ਜਿੰਨ੍ਹਾਂ ਦਾ ਸ਼ਬਦਾਂ ਦੀ ਵਿਚਾਰ ਰਾਹੀਂ ਖੰਡਨ ਕੀਤਾ ਹੋਇਆ ਹੈ ਭਾਵ ਉਹਨਾਂ ਦੇ ਸਾਰੇ ਇਹੋ ਜਿਹੇ ਤਰੀਕੇ ਸ਼ਬਦ ਦੀ ਵਿਚਾਰ ਤੋਂ ਉਲਟ ਹਨ, ਨਾਮ ਤੋਂ ਉਲਟ ਹਨ, ਗੁਰੂ ਦੀ ਮਤਿ ਤੋਂ ਉਲਟ ਹਨ ਤੇ ਉਹ ਆਪਣੇ ਇਹੋ ਜਿਹੇ ਤਰੀਕਿਆਂ ਕਾਰਣ ਹੀ ਉੱਚੇ ਜਾਣੇ ਜਾਂਦੇ ਹਨ ਤੇ ਅਸੀਂ ਉਹਨਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਕੇ ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ। ਇਹੋ ਜਿਹਿਆਂ ਦੇ ਕੋਲੋਂ ਹੀ ਅਸੀਂ ਨਾਮ ਜਪਣਾ ਸਿੱਖਿਆ ਹੈ, ਸਰੀਰਕ ਜਪ ਤਪ ਆਦਿ ਸਿੱਖੇ ਹਨ ਤੇ ਸਭ ਪਾਸੇ ਇਹੋ ਕੁੱਝ ਹੀ ਹੋ ਰਿਹਾ ਹੈ। ਸਭ ਪਾਸੇ ਅਗਿਆਨਤਾ ਹੀ ਵਰਤ ਰਹੀ ਹੈ ਭਾਵ ਧਰਮ ਦੇ ਸੱਚੇ ਮਾਰਗ ਦੀ ਸੋਝੀ, ਨਾਮ ਜਪਣ ਦੀ ਸੱਚੀ ਸੋਝੀ ਗੁਰੂ ਬਿਨ੍ਹਾਂ ਕਿਸੇ ਕੋਲ ਨਹੀਂ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

“ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥”

ਜਿਸ ਦੇ ਅੰਦਰ ਸ਼ਬਦ ਦੀ ਵਿਚਾਰ ਨਹੀਂ ਹੈ ਉਹ ਹਰ ਕੋਈ ਅੰਧਾ ਹੈ ਭਾਵ ਅਗਿਆਨਤਾ ਵਿੱਚ ਹੈ। ਇਹੋ ਜਿਹੇ ਮਨੁੱਖ ਸੱਚੀ ਅਕਲ ਤੋਂ ਬਾਹਰੇ ਹਨ ਭਾਵ ਇਹ ਗੁਰੂ ਦੀ ਮਤਿ ਵਾਲੇ ਨਹੀਂ ਹਨ ਕਿਉਂਕਿ ਇਹ ਆਪਣੀ ਮਨ ਦੀ ਮਰਜੀ ਦੁਆਰਾ ਭਾਵ ਮਨ ਦੀ ਮਤਿ ਦੁਆਰਾ ਹੀ ਵਿਚਰਦੇ ਹਨ ਤੇ ਉਸਨੂੰ ਹੀ ਠੀਕ ਸਮਝਦੇ ਹਨ ਭਾਵ ਗੁਰੂ ਦੀ ਸਿੱਖਿਆ ਦਾ, ਸ਼ਬਦ ਦੀ ਵਿਚਾਰ ਦਾ ਇਹਨਾਂ ਉੱਤੇ ਅਸਰ ਨਹੀਂ ਹੁੰਦਾ । ਇਹੋ ਜਿਹਿਆਂ ਦੀ ਮਨਹਠਿ ਇਤਨੀ ਉੱਚੀ ਹੁੰਦੀ ਹੈ ਕਿ ਇਹਨਾਂ ਨੂੰ ਸਮਝਾਉਣ ਦਾ ਵੀ ਕੋਈ ਲਾਭ ਨਹੀਂ ਹੁੰਦਾ। (**ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥**)

30/3301

ਇਹੋ ਜਿਹਿਆਂ ਦੀ ਅਕਲ ਦੇ ਨਾਲ ਜੁੜਕੇ ਸਾਨੂੰ ਆਪਣੇ ਜੀਵਨ ਦਾ ਸਹੀ ਮਾਰਗ ਸਮਝ ਨਹੀਂ ਆ ਸਕਦਾ ਜਿਸ ਦੁਆਰਾ ਅਸੀਂ ਆਪਣੇ ਇਸ ਜੀਵਨ ਦਾ ਨਿਰਬਾਹ ਕਰਨਾ ਹੈ ਭਾਵ ਇਸ ਸੰਸਾਰ ਵਿੱਚ ਵਿਚਰਨਾ ਹੈ ਭਾਵ ਜਿਸ ਤਰੀਕੇ ਅਸੀਂ ਆਪਣੇ ਧਰਮ ਦਾ ਨਿਰਬਾਹ ਕਰਨਾ ਹੈ। ਸਾਨੂੰ ਆਪਣੇ ਜੀਵਨ ਦਾ ਸਹੀ ਮਾਰਗ ਕੇਵਲ ਗੁਰੂ ਕੋਲੋਂ ਹੀ ਪਤਾ ਲਗ ਸਕਦਾ ਹੈ, ਸ਼ਬਦ ਦੀ ਵੀਚਾਰ ਦੁਆਰਾ ਹੀ ਪਤਾ ਲਗ ਸਕਦਾ ਹੈ ਭਾਵ ਸਾਨੂੰ ਉਹਨਾਂ ਦੀ ਮਤਿ ਨਾਲ ਨਹੀਂ ਜੁੜਨਾ ਚਾਹੀਦਾ ਹੈ ਜੋ ਸਾਨੂੰ ਦੇਖਣ ਨੂੰ ਧਰਮ ਦੇ ਮਾਰਗ ਤੇ ਉੱਚੇ ਲੱਗਦੇ ਹਨ ਪਰ ਅਸਲ ਵਿੱਚ ਉਹਨਾਂ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਹੈ। **(ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥)**

ਮਨੁੱਖ ਖੋਟਾ ਜਾਂ ਖਰਾ ਆਪਣੀ ਮਤਿ ਦੁਆਰਾ ਹੀ ਬਣਦਾ ਹੈ। ਜਿੰਨ੍ਹਾਂ ਦੇ ਅੰਦਰ ਸ਼ਬਦ ਦੀ ਵਿਚਾਰ ਨਹੀਂ ਹੈ ਉਹ ਖੋਟੇ ਹਨ ਭਾਵ ਉਹਨਾਂ ਦੀ ਮਤਿ ਖੋਟੀ ਹੈ। ਇਹੋ ਜਿਹੇ ਮਨੁੱਖ, ਭਰਮੇ ਹੋਏ ਮਨੁੱਖ ਜਿੰਨ੍ਹਾਂ ਨੇ ਆਪਣੇ ਆਪ ਨੂੰ ਉੱਚਾ ਥਾਪਿਆ ਹੋਇਆ ਹੈ ਇਹ ਆਪਣੀ ਖੋਟੀ ਮਤਿ ਨੂੰ ਹੀ ਖਰਾ ਸਮਝਦੇ ਹਨ ਭਾਵ ਆਪਣੇ ਆਪ ਨੂੰ ਸੱਚੀ ਭਗਤੀ ਵਾਲੇ ਸਮਝਦੇ ਹਨ

ਕਿਉਂਕਿ ਇਹਨਾਂ ਨੂੰ ਖਰੇ ਦੀ ਪਹਿਚਾਣ ਕਰਨੀ ਹੀ ਨਹੀਂ ਆਉਂਦੀ। ਖਰਾ ਕੇਵਲ ਗੁਰੂ ਦਾ ਸ਼ਬਦ ਹੈ, ਖਰੀ ਕੇਵਲ ਸ਼ਬਦ ਦੀ ਵਿਚਾਰ ਹੈ, ਗੁਰੂ ਦੀ ਮਤਿ ਹੈ ਪਰ ਸ਼ਬਦ ਦੀ ਵਿਚਾਰ ਦਾ ਮਕਸਦ ਕੀ ਹੈ ਭਾਵ ਉਸਦੇ ਅੰਦਰ ਦਾ ਖਰਾਪਨ ਕੀ ਹੈ ਭਾਵ ਸ਼ਬਦ ਦੇ ਅੰਦਰ ਦੀ ਸੋਝੀ ਕੀ ਹੈ ਉਸਦੀ ਇਹੋ ਜਿਹਿਆਂ ਨੂੰ ਸਮਝ ਹੀ ਨਹੀਂ ਹੈ, ਉਸਦੀ ਕਦਰ ਹੀ ਨਹੀਂ ਹੈ ਭਾਵ ਇਹ ਮਨ ਦੀ ਅਗਿਆਨਤਾ ਦੁਆਰਾ ਆਪਣੀ ਖੋਟੀ ਮਤਿ ਨੂੰ ਹੀ ਖਰੀ ਸਮਝਕੇ ਉਸਦੇ ਪਿੱਛੇ ਲੱਗੇ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਆਪਣੇ ਪਿੱਛੇ ਲਗਾ ਲੈਂਦੇ ਹਨ। **(ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥)** ਇਹੋ ਜਿਹੇ ਮਨ ਦੇ ਅੰਧਿਆਂ ਨੂੰ, ਅਗਿਆਨੀਆਂ ਨੂੰ ਅਸੀਂ ਪਾਰਖੂ ਸਮਝਦੇ ਹਾਂ ਕਿ ਇਹਨਾਂ ਨੂੰ ਧਰਮ ਦੀ ਬੜੀ ਉੱਚੀ ਸਮਝ ਹੈ ਤੇ ਤਾਂਹੀ ਅਸੀਂ ਇਹਨਾਂ ਦੇ ਪਿੱਛੇ ਲੱਗਦੇ ਹਾਂ। ਅਸਲ ਵਿੱਚ ਹਰ ਕੋਈ ਅਗਿਆਨਤਾ ਵਿੱਚ ਹੀ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ, ਉਸਦੀ ਬਣਾਈ ਹੋਈ ਖੇਡ ਹੈ ਜਿਸ ਦੁਆਰਾ ਉਹ ਸਭ ਨੂੰ ਭਰਮ ਵਿੱਚ ਰੱਖਕੇ ਹੀ ਆਪਣੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਸਭ ਨੂੰ ਪ੍ਰਮਾਤਮਾ ਨੇ **"ਕਲਿ"**ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੇ ਹਨ੍ਹੇਰੇ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਸਨੇ ਸਭ ਨੂੰ ਕਾਲ ਦੇ ਨਾਲ ਜੋੜਿਆ ਹੋਇਆ ਹੈ ਭਾਵ ਬਿਨਸਨ ਵਾਲੀ ਅਵੱਸਥਾ ਦੇ ਨਾਲ ਜੋੜਿਆ ਹੋਇਆ ਹੈ। ਇਹ ਪ੍ਰਮਾਤਮਾ ਦਾ ਆਪਣਾ ਹੀ ਰਚਿਆ ਹੋਇਆ ਵਿਡਾਣ ਹੈ,

30/3302

ਅਸਚਰਜ ਤਮਾਸ਼ਾ ਹੈ ਜਿਸਦਾ ਹਰ ਕੋਈ ਬੱਝਿਆ ਹੋਇਆ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਅੰਧੇ ਅਗਿਆਨੀ ਆਪਣੇ ਆਪ ਨੂੰ ਪਾਰਖੂ ਸਮਝਦੇ ਹਨ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਹਰ ਕੋਈ ਉਹਨਾਂ ਦੇ ਪਿੱਛੇ ਲੱਗ ਜਾਂਦਾ ਹੈ। **(ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ॥੨॥ ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ॥੩॥)**

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

{ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥}

(ਅੰਗ ੨੧੦)

{ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥
ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥}

(ਅੰਗ ੨੨੯)

{ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥
ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥੫॥}

(ਅੰਗ ੭੬੨)

ਪ੍ਰਮਾਤਮਾ ਦੇ ਨਾਲ ਸਾਡਾ ਝਗੜੇ ਦਾ ਕਾਰਣ ਸਾਡੇ ਮਨ ਦੇ ਵਿੱਚ ਹੈ ਤੇ ਮਨ ਦੇ ਵਿੱਚੋਂ ਹੀ ਨਿਕਲਣਾ ਹੈ। ਝਗੜੇ ਦਾ ਕਾਰਣ ਮਨ ਦੀ ਅਗਿਆਨਤਾ ਹੈ ਤੇ ਝਗੜਾ ਨਿਬੇੜਨ ਦਾ ਸਾਧਨ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਨੂੰ ਅਪਣਾਉਣ ਦਾ ਹੈ। ਗੁਰੂ ਦੇ ਸੱਚੇ ਗਿਆਨ ਦਾ ਮਕਸਦ ਸਾਡੇ ਮਾਇਆ ਮੋਹ ਵਿੱਚ ਭਟਕਦੇ ਹੋਏ ਮਨ ਨੂੰ ਠਹਿਰਾਉ ਦੇ ਵਿੱਚ ਲਿਆਉਣ ਦੇ ਨਾਲ ਹੈ ਤਾਂ ਜੋ ਸਾਡੇ ਮਨ ਦੀ ਇੱਛਾ ਮਾੜੇ ਕਰਮਾਂ ਵੱਲ ਨਾ ਜਾਵੇ ਭਾਵ ਚੰਗੇ ਕਰਮਾਂ ਵੱਲ ਜਾਵੇ ਭਾਵ ਗੁਰੂ ਦੀ ਮਤਿ ਦੇ ਉਲਟ ਨਾ ਜਾਵੇ

ਜਿਸ ਦੁਆਰਾ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਝਗੜਾ ਪੈਂਦਾ ਹੈ, ਅਸੀਂ ਆਪਣੀ ਕਥਨੀ ਦੁਆਰਾ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦੇ ਹਾਂ, ਪ੍ਰਮਾਤਮਾ ਨੂੰ ਰਿਝਾਉਣ ਦਾ ਮਾਰਗ ਸਮਝਦੇ ਹਾਂ, ਉਸਦੇ ਨਾਲ ਪਿਆਰ ਪਾਉਣ ਦਾ ਮਾਰਗ ਸਮਝਦੇ ਹਾਂ ਪਰ ਇਹ ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦਾ ਮਾਰਗ ਨਹੀਂ ਹੈ। ਜਦ ਤੱਕ ਅਸੀਂ ਆਪਣੇ ਅੰਦਰ ਸੱਚ ਦੇ ਭੈ ਨੂੰ

30/3303

ਭਾਵ ਨਾਮ ਦੁਆਰਾ ਵਿਚਰਨ ਦੇ ਭੈ ਨੂੰ ਕਬੂਲ ਨਹੀਂ ਕਰਦੇ, ਸ਼ਬਦ ਦੀ ਵਿਚਾਰ ਨੂੰ ਮੰਨਣ ਦੇ ਭੈ ਨੂੰ ਕਬੂਲ ਨਹੀਂ ਕਰਦੇ ਤਦ ਤੱਕ ਸਾਡਾ ਉਹ ਹਰ ਕਰਮ ਸਾਡਾ ਵਿਕਾਰ ਹੈ ਜੋ ਗੁਰੂ ਦੀ ਵਿਚਾਰ ਤੇ ਪੂਰਾ ਨਹੀਂ ਉਤਰਦਾ। ਸ਼ਬਦ ਦਾ ਵਿਚਾਰ ਸਾਨੂੰ ਕਥਨੀ ਦੀ ਬਜਾਇ ਸਾਡੀ ਕਰਣੀ ਦੇ ਨਾਲ ਜੋੜਦਾ ਹੈ ਤੇ ਜੇਕਰ ਅਸੀਂ ਕਥਨੀ ਨੂੰ ਹੀ ਧਰਮ ਦਾ ਮਾਰਗ ਸਮਝੀ ਬੈਠੇ ਹਾਂ ਫਿਰ ਉਹ ਵੀ ਸਾਡਾ ਵਿਕਾਰ ਹੀ ਹੈ ਕਿਉਂਕਿ ਉਸ ਦੁਆਰਾ ਕੇਵਲ ਸਾਡੀ ਹਉਮੈ ਹੀ ਵੱਧਦੀ ਹੈ ਭਾਵ ਜਿਸ ਵਿੱਚ ਭਗਤੀ ਨਹੀਂ ਬਲਕਿ ਭਗਤੀ ਦਾ ਦਿਖਾਵਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰ ਬੁੱਝੇ ਬਿਨ੍ਹਾਂ ਨਾ ਹੀ ਸਾਨੂੰ ਸੱਚੀ ਭਗਤੀ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਉਸ ਅਨੁਸਾਰ ਵਿਚਰਿਆ ਜਾ ਸਕਦਾ ਹੈ ਤੇ ਨਾਹੀ ਸਾਡਾ ਝਗੜਾ ਨਿਬੜ ਸਕਦਾ ਹੈ। ਜਦ ਤੱਕ ਅਸੀਂ ਆਪਣੀ ਕਥਨੀ ਨੂੰ ਕਰਨੀ ਵਿੱਚ ਨਹੀਂ ਬਦਲਦੇ ਤਦ ਤੱਕ ਕੇਵਲ ਅਸੀ ਭਰਮ ਵਿੱਚ ਹੀ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਜਿਤਾਉਣ ਵਿੱਚ ਲੱਗੇ ਹੋਏ ਹਾਂ ਜੋ ਕਿ ਅਸਲ ਵਿੱਚ ਕੇਵਲ ਭਗਤੀ ਨੂੰ ਸਮਝਣ ਦਾ ਮਾਰਗ ਹੈ ਪਰ ਉਸ ਵਿੱਚ ਭਗਤੀ ਨਹੀਂ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ ਤੇ ਪ੍ਰਮਾਤਮਾ ਨੂੰ ਪਾਉਣ ਦਾ ਉਹੋ ਜਿਹਾ ਉੱਦਮ ਕਰੀਏ ਜਿਸ ਦੁਆਰਾ ਸਾਡਾ ਮਨ ਟਿਕਾ ਵਿੱਚ ਆਵੇ, ਅਡੋਲਤਾ ਵਿੱਚ ਆਵੇ ਭਾਵ ਮਾਇਆ ਮੋਹ ਵਿੱਚ ਨਾ ਡੋਲੇ।

“ਬਿਨੁ ਬੂਝੇ ਕਹਾ ਮਨੁ ਠਹਰਾਨਾ ॥ ਨਾਮ ਬਿਨਾ ਸਭੁ ਜਗੁ ਬਉਰਾਨਾ ॥੩॥
ਬਿਨੁ ਬੈਰਾਗ ਕਹਾ ਬੈਰਾਗੀ ॥ ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥
ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥੪॥
ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥
ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥”

(ਅੰਗ ੧੧੪੦)

ਉੱਪਰ ਵਾਲੀਆਂ ਦੋ ਪੰਗਤੀਆਂ ਨੂੰ ਸਮਝੋ ਕਿ ਬੁੱਝਣਾ ਕਿਸ ਨੂੰ ਹੈ ਤੇ ਬੁੱਝਣ ਦਾ ਮਕਸਦ ਕੀ ਹੈ। ਬਿਨ੍ਹਾਂ ਬੁੱਝਣ ਤੋਂ ਸਾਰੇ ਜਗ ਨੂੰ ਹੀ ਬਉਰਾਨਾ ਦੱਸਿਆ ਹੈ ਭਾਵ ਭਰਮਿਆ ਹੋਇਆ ਦੱਸਿਆ ਹੈ, ਨਾਸਮਝ ਦੱਸਿਆ ਹੈ। ਬੁੱਝਣਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਹੀ ਹੈ ਜੋ ਕਿ ਸਾਡੇ ਅੰਦਰ ਨਾਮ ਦੇ

30/3304

ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ। ਸਾਨੂੰ ਬਉਰੇਪਨ ਦੇ ਵਿੱਚ ਬ੍ਰਹਮ ਗਿਆਨ ਨੇ ਹੀ ਕੱਢਣਾ ਹੈ ਜਿਸ ਦੁਆਰਾ ਸਾਨੂੰ ਇਸ ਸੰਸਾਰ ਦੀ ਅਸਲੀਅਤ ਦੀ ਸੋਝੀ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਸਾਡਾ ਮਾਇਆ ਮੋਹ ਵਿੱਚ ਉੱਡਦਾ ਹੋਇਆ ਮਨ, ਮਾਇਆ ਮੋਹ ਵਿੱਚ ਡੋਲਦਾ ਹੋਇਆ ਮਨ, ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ ਅਡੋਲਤਾ ਵਿੱਚ ਆਉਂਦਾ ਹੈ ਜਿਸ ਦੁਆਰਾ ਮਨੁੱਖ ਨਾਮ ਦੁਆਰਾ ਵਿਚਰਦਾ ਹੈ। **(ਬਿਨੁ ਬੂਝੇ ਕਹਾ ਮਨੁ ਠਹਰਾਨਾ॥ ਨਾਮ ਬਿਨਾ ਸਭੁ ਜਗੁ ਬਉਰਾਨਾ ॥੩॥)**

ਮਨ ਦੇ ਵਿੱਚ ਸੱਚੀ ਸੋਝੀ ਪੈਣ ਦੁਆਰਾ ਹੀ, ਗੁਰਮਤਿ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਮਨੁੱਖ ਦਾ ਮਨ ਪ੍ਰਮਾਤਮਾ ਦੇ **“ਬੈਰਾਗ”** ਵਿੱਚ ਆਉਂਦਾ ਹੈ ਭਾਵ ਗੁਰਮਤਿ ਦੇ ਬੈਰਾਗ ਵਿੱਚ ਆਉਂਦਾ ਹੈ, ਨਾਮ ਦੇ ਬੈਰਾਗ ਵਿੱਚ ਆਉਂਦਾ ਹੈ ਜਦੋਂ ਮਨੁੱਖ ਨੂੰ ਕੇਵਲ ਸੱਚ ਤੇ ਚੱਲਣਾ ਹੀ ਭਾਉਂਦਾ ਹੈ ਤੇ ਗੁਰੂ ਦੀ ਸੱਚੀ ਮਤਿ ਤੋਂ ਬਿਨ੍ਹਾਂ ਉਹ ਹੋਰ ਕਿਸੇ ਪਾਸੇ ਨਹੀਂ ਜਾਂਦਾ, ਇਹੀ ਸਾਡੇ ਮਨ ਦਾ ਟਿਕਾਉ ਹੈ, ਠਹਿਰਾਉ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਗੁਰੂ ਪ੍ਰਮਾਤਮਾ ਦਾ ਸੱਚਾ ਬੈਰਾਗੀ ਬਣਦਾ ਹੈ। **(ਬਿਨੁ ਬੈਰਾਗ ਕਹਾ ਬੈਰਾਗੀ॥)** ਮਨ ਦੇ ਵਿੱਚ ਨਾਮ ਦੀ ਪ੍ਰਾਪਤੀ ਦੁਆਰਾ, ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ, ਮਨੁੱਖ ਦਾ ਆਪਾ ਮਿਟਦਾ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਸੱਚਾ ਤਿਆਗੀ ਬਣਦਾ ਹੈ ਜਦੋਂ ਉਸਦੇ ਅੰਦਰੋਂ ਆਪਣੀ ਮਤਿ ਪੂਰੀ ਤਰ੍ਹਾਂ ਨਿਕਲ ਜਾਂਦੀ

ਹੈ ਤੇ ਉਸਨੂੰ ਪੂਰਨ ਰੂਪ ਵਿੱਚ ਗੁਰਮਤਿ ਦੀ ਸੋਝੀ ਪੈ ਜਾਂਦੀ ਹੈ **(ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥)** ਜਦੋਂ ਮਨੁੱਖ ਆਪਣੀ ਹਉ ਤਿਆਗ ਦਿੰਦਾ ਹੈ, ਆਪਣੀ ਮਤਿ ਤਿਆਗ ਦਿੰਦਾ ਹੈ ਭਾਵ ਜਦੋਂ ਅੰਦਰ ਕੇਵਲ ਗੁਰੂ ਦੀ ਮਤਿ ਰਹਿ ਜਾਂਦੀ ਹੈ, ਕੇਵਲ ਨਾਮ ਰਹਿ ਜਾਂਦਾ ਹੈ ਫਿਰ ਮਨੁੱਖ ਔਗੁਣਾਂ ਤੋਂ ਰਹਿਤ ਹੋ ਜਾਂਦਾ ਹੈ ਭਾਵ ਉਸਦਾ ਮਨ ਮਰ ਜਾਂਦਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਇਸ ਅਵੱਸਥਾ ਦੁਆਰਾ ਹੁੰਦੀ ਹੈ, ਉਸਦਾ ਨਾਮ ਮਨ ਦੀ ਇਸ ਅਵੱਸਥਾ ਦੁਆਰਾ ਹੀ ਜਪਿਆ ਜਾਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਦਾ ਝੋਰਾ ਮੁੱਕਦਾ ਹੈ, ਮਨੁੱਖ ਚਿੰਤਾ ਮੁਕਤਿ ਹੁੰਦਾ ਹੈ। **(ਬਿਨੁ ਬਸਿ ਪੰਚ ਕਹਾ ਮਨ ਚੂਰੇ॥ ਨਾਮ ਬਿਨਾ ਸਦ ਸਦ ਹੀ ਝੂਰੇ॥)**

ਗਿਆਨ ਉਹੀ ਹੈ ਭਾਵ ਧਰਮ ਦੇ ਮਾਰਗ ਦਾ ਸੱਚਾ ਗਿਆਨ ਉਹੀ ਹੈ ਜੋ ਗੁਰੂ ਦੇ ਕੋਲੋਂ ਦੀਖਿਆ ਦੇ ਰੂਪ ਵਿੱਚ ਮਿਲਦਾ ਹੈ, ਸਿੱਖਿਆ ਦੇ ਰੂਪ ਵਿੱਚ ਮਿਲਦਾ ਹੈ। ਜਦੋਂ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ

30/3305

ਹੋ ਜਾਂਦੀ ਹੈ ਫਿਰ ਮਨ ਦੇ ਵਿੱਚ ਉਹ ਗੁਰੂ ਰੂਪ ਪ੍ਰਮਾਤਮਾ ਆਪ ਹੀ ਆਪਣੀ ਦੀਖਿਆ ਦਿੰਦਾ ਹੈ, ਆਪ ਹੀ ਆਪਣਾ ਸੱਚਾ ਗਿਆਨ ਦਿੰਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਧਿਆਨ ਮਨ ਦੀ ਇਸ ਅਵੱਸਥਾ ਦੁਆਰਾ ਹੀ ਜੁੜਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਮਨ ਦੇ ਵਿੱਚ ਵੇਖਣ ਦੁਆਰਾ ਹੀ ਜੁੜਦਾ ਹੈ। ਪ੍ਰਮਾਤਮਾ ਦੇ ਨਾਲ ਧਿਆਨ ਉਸਦੇ ਗਿਆਨ ਰਾਹੀਂ ਹੀ ਜੁੜਦਾ ਹੈ ਭਾਵ ਮਨੁੱਖ ਦਾ ਧਿਆਨ ਮਨ ਦੇ ਵਿੱਚ ਪ੍ਰਮਾਤਮਾ ਦੇ ਗਿਆਨ ਨਾਲ ਹੀ ਜੁੜਿਆ ਰਹਿੰਦਾ ਹੈ ਜੋ ਗਿਆਨ ਉਹ ਆਪ ਹੀ ਦਿੰਦਾ ਰਹਿੰਦਾ ਹੈ, ਆਪਣੇ ਸ਼ਬਦਾਂ ਰਾਹੀਂ ਦਿੰਦਾ ਰਹਿੰਦਾ ਹੈ, ਸ਼ਬਦਾਂ ਦੀ ਵਿਚਾਰ ਦਿੰਦਾ ਰਹਿੰਦਾ ਹੈ, ਆਪਣਾ ਸੱਚ ਸਮਝਾਉਂਦਾ ਰਹਿੰਦਾ ਹੈ, ਆਪਣੀ ਸੱਚੀ ਮਤਿ ਸਮਝਾਉਂਦਾ ਰਹਿੰਦਾ ਹੈ। ਜੋ ਗਿਆਨ ਪ੍ਰਮਾਤਮਾ ਆਪ ਦਿੰਦਾ ਹੈ ਉਹ ਬ੍ਰਹਮ ਗਿਆਨ ਹੈ, ਉਸ ਵਿੱਚ ਉਸਦਾ ਨਾਮ ਹੈ। **(ਬਿਨੁ ਗੁਰ ਦੀਖਿਆ ਕੈਸੇ ਗਿਆਨੁ॥ ਬਿਨ ਪੇਖੇ ਕਹੁ ਕੈਸੋ ਧਿਆਨੁ॥)** ਇਹਨਾਂ ਪੰਗਤੀਆਂ ਨੂੰ ਅਗਰ ਧਿਆਨ ਨਾਲ ਸਮਝੋਗੇ ਤੇ ਤਾਂਹੀ ਤੁਹਾਨੂੰ ਇਸ ਗੱਲ ਦੀ ਸਮਝ ਪਵੇਗੀ ਕਿ ਗੁਰਬਾਣੀ ਦੀ ਰਚਨਾ ਕਿਵੇਂ ਹੋਈ ਹੈ। ਗੁਰਬਾਣੀ ਦੀ ਰਚਨਾ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੋਈ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੈ ਉਨ੍ਹਾਂ ਨੇ ਮਨ ਦੇ ਧਿਆਨ ਰਾਹੀਂ ਹੀ ਦੇਖਿਆ ਹੈ ਜਿਸ ਰਾਹੀਂ ਉਹਨਾਂ ਨੂੰ ਦੀਖਿਆ ਦੇ ਰੂਪ ਵਿੱਚ ਪ੍ਰਮਾਤਮਾ ਦੇ ਕੋਲੋਂ ਸੱਚਾ ਗਿਆਨ ਮਿਲਿਆ ਹੈ। ਜੋ ਦੀਖਿਆ ਉਹਨਾਂ ਨੂੰ ਪ੍ਰਮਾਤਮਾ ਦੇ ਕੋਲੋਂ ਮਿਲੀ ਹੈ ਉਹੀ ਦੀਖਿਆ ਉਹਨਾਂ ਨੇ ਸਾਨੂੰ ਪੂਰੀ ਗੁਰਬਾਣੀ ਰਾਹੀਂ ਦਿੱਤੀ ਹੈ ਤੇ ਇਸੇ ਲਈ ਜਿੰਨ੍ਹਾਂ ਜਿੰਨ੍ਹਾਂ ਸਰੀਰਾਂ ਨੇ ਵੀ ਗੁਰਬਾਣੀ ਉਚਾਰੀ ਹੈ ਉਹਨਾਂ ਸਭ ਨੇ ਸਾਨੂੰ, ਭਗਤੀ ਦਾ ਇੱਕੋ ਜਿਹਾ ਮਾਰਗ ਹੀ ਸਮਝਾਇਆ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਇੱਕੋ ਜਿਹਾ ਮਾਰਗ ਹੀ ਸਮਝਾਇਆ ਹੈ, ਪ੍ਰਮਾਤਮਾ ਦੀ ਪ੍ਰਾਪਤੀ ਕਰਨ ਦਾ ਇੱਕੋ ਇੱਕ ਅਸਥਾਨ ਸਾਡਾ ਮਨ ਹੀ ਸਮਝਾਇਆ ਹੈ, ਉਸਦਾ ਇੱਕੋ ਇੱਕ ਨਿਰਗੁਣ ਰੂਪ ਭਾਵ ਗਿਆਨ ਰੂਪ ਹੀ ਸਮਝਾਇਆ ਹੈ ਜਿਸ ਦੁਆਰਾ ਉਹ ਸਾਡੇ ਸਭ ਦੇ ਅੰਦਰ ਵਿਚਰ ਰਿਹਾ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ॥}

(ਅੰਗ ੧੨੪੩)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ॥੨॥}

(ਅੰਗ ੫੯)

30/3306

ਜਿਸ ਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਉਸਨੇ ਮਨ ਦੇ ਵਿੱਚੋਂ ਹੀ ਜਾਣਿਆ ਹੈ। ਪ੍ਰਮਾਤਮਾ ਨੂੰ ਮਨ ਦੀ ਧੁਨਿ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਮਨ ਦੇ ਵਿਚਾਰਾਂ ਦੀ ਧੁਨਿ ਦੁਆਰਾ, ਲਗਨ ਦੁਆਰਾ ਹੀ ਜਾਣਿਆ ਹੈ। ਜਦੋਂ ਸਾਡੇ ਅੰਦਰ ਸਾਡੇ ਮਨ ਦੀ ਲਗਨ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜ ਜਾਂਦੀ ਹੈ, ਸਾਡੇ ਮਨ ਦੀ ਧੁਨਿ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜ

ਜਾਂਦੀ ਹੈ, ਸਾਡੇ ਮਨ ਦੀ ਲਿਵ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜ ਜਾਂਦੀ ਹੈ, ਸਾਡੇ ਮਨ ਦੀ ਧੁਨਿ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜ ਜਾਂਦੀ ਹੈ ਫਿਰ ਮਨ ਦੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਇਹੀ ਤਰੀਕਾ ਹੈ। ਸਾਡੇ ਮਨ ਦੀ ਧੁਨਿ ਨੂੰ, ਧਿਆਨ ਦੀ ਧੁਨਿ ਨੂੰ, ਸਾਡੇ ਮਨ ਦੇ ਵਿਚਾਰਾਂ ਦੀ ਧੁਨਿ ਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣੇ ਗਿਆਨ ਦੀ ਧੁਨਿ ਵਿੱਚ ਜੋੜ ਲੈਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਹੀ ਉਹ ਆਪਣੇ ਸੱਚੇ ਗਿਆਨ ਨਾਲ ਜੋੜੀ ਰੱਖਦਾ ਹੈ ਤੇ ਆਪਣੀ ਅਕਥ ਕਥਾ ਆਪ ਹੀ ਸਮਝਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਅਕਥ ਕਥਾ ਹੈ ਜੋ ਕਿ ਪ੍ਰਮਾਤਮਾ ਨੇ ਗਿਆਨ ਧਿਆਨ ਦੀ ਧੁਨਿ ਦੁਆਰਾ ਆਪ ਹੀ ਮਨ ਦੇ ਅੰਦਰ ਪ੍ਰਗਟ ਹੋ ਕੇ ਕਹਾਈ ਹੈ, ਸਮਝਾਈ ਹੈ, ਅਖਵਾਈ ਹੈ, ਲਿਖਵਾਈ ਹੈ।

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥}

{ਬਿਨੁ ਗੁਰ ਦੀਖਿਆ ਕੈਸੇ ਗਿਆਨੁ॥ ਬਿਨੁ ਪੇਖੇ ਕਹੁ ਕੈਸੋ ਧਿਆਨੁ॥}

ਪ੍ਰਮਾਤਮਾ ਦੇ ਨਾਲ ਧਿਆਨ ਉਸ ਦਾ ਹੀ ਜੁੜਦਾ ਹੈ ਜੋ ਉਸ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ। ਭਰਮ ਵਿੱਚ ਨਾਸਮਝੀ ਵਿੱਚ ਅਸੀਂ ਸੁਰਤੀਆਂ ਸਮਾਧੀਆਂ ਜੋੜਕੇ ਬੈਠੇ ਰਹਿੰਦੇ ਹਾਂ ਭਾਵ ਸਰੀਰਕ ਕਿਰਿਆਵਾਂ ਦੁਆਰਾ ਪ੍ਰਮਾਤਮਾ ਦੇ ਨਾਲ ਧਿਆਨ ਜੋੜਨ ਦੇ ਉਪਰਾਲੇ ਕਰਦੇ ਹਾਂ ਤੇ ਕਥਨੀ ਦੁਆਰਾ, ਕਿਸੇ ਅੱਖਰ ਦਾ ਜਪ ਕਰਨ ਦੁਆਰਾ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਾਂ ਜੋ ਕਿ ਭਗਤੀ ਦਾ ਮਾਰਗ ਨਹੀਂ ਹੈ ਤੇ ਨਾ ਹੀ ਇਹਨਾਂ ਤਰੀਕਿਆਂ ਨਾਲ ਕਦੇ ਕਿਸੇ ਦਾ ਧਿਆਨ ਪ੍ਰਮਾਤਮਾ ਦੇ ਵਿੱਚ ਜੁੜ ਸਕਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਿਨੁ ਭੈ ਕਥਨੀ ਸਰਬ ਬਿਕਾਰ॥ ਕਹੁ ਨਾਨਕ ਦਰ ਕਾ ਬੀਚਾਰ॥"

30/3307

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ, ਪ੍ਰਮਾਤਮਾ ਦਾ ਨਾਮ ਜਪਣ ਦਾ ਤਰੀਕਾ, ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਇੱਕੋ ਇੱਕ ਇਹੀ ਹੈ ਕਿ ਅਸੀਂ ਗੁਰੂ ਪ੍ਰਮਾਤਮਾ ਦੇ **"ਭੈ"** ਵਿੱਚ ਰਹੀਏ। ਭੈ ਵਿੱਚ ਰਹਿਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝਿਆ ਹੈ। ਇਹ ਭੈ ਸ਼ਬਦ ਦੀ ਵਿਚਾਰ ਨੂੰ ਕਬੂਲ ਕਰਨ ਦਾ ਹੈ, ਗੁਰੂ ਦੀ ਮਤਿ ਨੂੰ ਕਬੂਲ ਕਰਨ ਦਾ ਹੈ ਭਾਵ ਆਪਣੀ ਮਤਿ ਨੂੰ ਪੂਰੀ ਤਰ੍ਹਾਂ ਤਿਆਗਣ ਦਾ ਹੈ, ਮਾਇਆ ਮੋਹ ਤਿਆਗਣ ਦਾ ਹੈ ਜਿਸ ਤੋਂ ਹਰ ਕੋਈ ਦੌੜਦਾ ਹੈ। ਸਾਡੀ ਕਰਣੀ ਤਾਂਹੀ ਚੰਗੀ ਹੋ ਸਕਦੀ ਹੈ ਜੇਕਰ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦੇ ਭਉ ਨੂੰ ਕਬੂਲ ਕਰੀਏ। ਭਗਤੀ ਦਾ ਮਾਰਗ ਸਾਡੀ ਕਰਣੀ ਦਾ ਮਾਰਗ ਹੈ। ਅਸੀਂ ਕਥਨੀ ਨੂੰ ਹੀ ਆਪਣੀ ਭਗਤੀ ਦਾ ਤਰੀਕਾ ਬਣਾਇਆ ਹੋਇਆ ਹੈ। ਅਸੀਂ ਧਰਮ ਗ੍ਰੰਥਾਂ ਨੂੰ ਕੇਵਲ ਕਥੀ ਜਾਂਦੇ ਹਾਂ, ਸੁਣੀ ਜਾਂਦੇ ਹਾਂ ਜਾਂ ਕਿਸੇ ਅੱਖਰ ਨੂੰ ਕਥੀ ਜਾਂਦੇ ਹਾਂ ਜਿਸਨੂੰ ਕਿ ਵਾਰ-ਵਾਰ ਗੁਰਬਾਣੀ ਰਾਹੀਂ ਖੰਡਿਆ ਹੋਇਆ ਹੈ ਕਿਉਂਕਿ ਏਹ ਕੇਵਲ ਸਾਡੇ ਭਗਤੀ ਦੇ ਦਿਖਾਵੇ ਹਨ। ਸਾਡੀ ਕਥਨੀ ਨੂੰ ਭਾਵੇਂ ਉਹ ਕਿਸ ਰੂਪ ਵਿੱਚ ਵੀ ਹੈ ਉਹ ਸਭ ਸਾਡੇ ਵਿਕਾਰ ਹੀ ਹਨ ਭਾਵ ਉਹਨਾਂ ਵਿੱਚ ਕੋਈ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਭਗਤੀ ਸਾਡੇ ਅਮਲਾਂ ਦੇ ਵਿੱਚ ਹੈ ਲੇਕਿਨ ਸਭ ਪਾਸੇ ਹਰ ਕੋਈ ਕਥਨੀ ਦੇ ਨਾਲ ਹੀ ਜੁੜਿਆ ਹੋਇਆ ਹੈ, ਵਿਕਾਰਾਂ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਆਪਣੀ ਹਉਮੈ ਉੱਚੀ ਕਰਨ ਵਿੱਚ ਹੀ ਲੱਗਾ ਹੋਇਆ ਹੈ, ਆਪਣਾ ਝੂਠਾ ਮਾਣ ਵਧਾਉਣ ਵਿੱਚ ਹੀ ਲੱਗਾ ਹੋਇਆ ਹੈ। ਸਾਡਾ ਜੋ ਕਰਮ ਵੀ ਗੁਰਮਤਿ ਦੇ ਉਲਟ ਹੈ, ਉਹ ਸੱਚ ਦੇ ਉਲਟ ਹੈ ਭਾਵ ਉਸਦੇ ਅੰਦਰ ਝੂਠੀ ਮਤਿ ਹੈ ਤੇ ਉਹ ਸਾਡਾ ਵਿਕਾਰ ਹੈ ਜਿਸਦੇ ਨਾਲ ਅਸੀਂ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਨਿਬੇੜਨ ਦੀ ਬਜਾਇ ਉਲਟਾ ਝਗੜਾ ਵਧਾਉਂਦੇ ਹਾਂ। ਇਹ ਕੇਵਲ ਸਾਡੀ ਅਗਿਆਨਤਾ ਦਾ ਨਤੀਜਾ ਹੈ, ਭਰਮ ਦਾ ਨਤੀਜਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਭਰਮ ਰਹਿਤ ਕੀਤਾ ਹੈ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਭਗਤੀ ਦਾ ਸਹੀ ਮਾਰਗ ਸਮਝਾਇਆ ਹੈ, ਪ੍ਰਮਾਤਮਾ ਦੇ ਦਰ ਦਾ ਵਿਚਾਰ ਸਮਝਾਇਆ ਹੈ। ਜਿਸ ਪ੍ਰਮਾਤਮਾ ਦੇ ਕੋਲ ਅਸੀਂ ਜਾਣਾ ਹੈ, ਜਿਸਦੇ ਨਾਲ ਅਸੀਂ ਆਪਣਾ ਝਗੜਾ ਨਿਬੇੜਨਾ ਹੈ ਜੇਕਰ ਉਸਦਾ ਵਿਚਾਰ ਹੀ ਅਸੀਂ ਨਹੀਂ ਮੰਨਾਂਗੇ ਫਿਰ ਇਹ ਝਗੜਾ ਨਿਬੜ ਵੀ ਕਿਵੇਂ ਸਕਦਾ ਹੈ। ਇਹ ਝਗੜਾ ਹਉਮੈ ਵਾਲੇ ਵਿਚਾਰਾਂ ਦਾ ਨਾਮ ਦੇ ਵਿਚਾਰਾਂ ਦੇ ਨਾਲ ਹੈ। ਪ੍ਰਮਾਤਮਾ ਦੇ ਵਿਚਾਰਾਂ ਦੇ ਨਾਲ ਹੈ, ਸ਼ਬਦ ਦੇ ਵਿਚਾਰਾਂ ਦੇ ਨਾਲ ਹੈ।

30/3308

ਪ੍ਰਮਾਤਮਾ ਦੇ ਦਰ ਦਾ ਵਿਚਾਰ, ਨਾਮ ਦਾ ਵਿਚਾਰ ਜੋ ਪ੍ਰਮਾਤਮਾ ਦੇ ਕੋਲੋਂ ਸੁਣ ਕੇ ਸਾਨੂੰ ਸੁਣਾ ਰਹੇ ਹਨ ਉਹ ਇਹੀ ਹੈ ਕਿ ਅਸੀਂ ਕਥਨੀ ਵਿੱਚੋਂ ਨਿਕਲਕੇ ਗੁਰੂ ਦੇ ਦੱਸੇ ਹੋਏ ਸੱਚ ਦੇ ਭੈ ਨੂੰ ਕਬੂਲ ਕਰੀਏ ਭਾਵ ਸ਼ਬਦ ਦੇ ਵਿਚਾਰੀ ਬਣੀਏ, ਸ਼ਬਦ ਦੀ ਵਿਚਾਰ

ਅਨੁਸਾਰ ਆਪਣੇ ਮਨ ਨੂੰ ਮਾਰੀਏ, ਔਗੁਣਾਂ ਤੋਂ ਮੁਕਤਿ ਹੋਈਏ ਤੇ ਸੱਚੀ ਸੁੱਚੀ ਕਰਨੀ ਦੇ ਨਾਲ ਜੁੜੀਏ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਅਸਲ ਮਾਰਗ ਹੈ, ਉਸਦੇ ਨਾਲ ਝਗੜਾ ਨਿਬੇੜਨ ਦਾ ਅਸਲ ਮਾਰਗ ਹੈ। **(ਬਿਨੁ ਭੈ ਕਥਨੀ ਸਰਬ ਬਿਕਾਰ॥ ਕਹੁ ਨਾਨਕ ਦਰ ਕਾ ਬੀਚਾਰ॥)**

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ॥
ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ॥੧॥}

(ਅੰਗ ੧੦੧੦)

{ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ॥}

(ਅੰਗ ੧੬੨)

{ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ॥
ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ॥੩॥}

(ਅੰਗ ੪੩੦)

{ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ॥}

(ਅੰਗ ੧੨੮੦)

{ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥ ਪੂਰੇ ਗੁਰ ਕੈ ਸਬਦਿ ਸਮਾਹਿ॥੧॥ਰਹਾਉ ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ ਅੰਮ੍ਰਿਤ ਸਬਦਿ ਨਾਮੁ ਵਖਾਣੈ॥
ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥੨॥}

(ਅੰਗ ੩੬੧)

{ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥}

(ਅੰਗ ੧੨੭੯)

30/3309

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ॥੧॥ਰਹਾਉ॥}

(ਅੰਗ ੯੯੪)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ॥}

(ਅੰਗ ੫੯)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥}

(ਅੰਗ ੨੩੦)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥}

(ਅੰਗ ੩੬)

{ਹਉਮੈ ਵਿਚਿ ਸਦ ਜਲੈ ਸਰੀਰਾ ॥ ਕਰਮੁ ਹੋਵੈ ਭੇਟੇ ਗੁਰੁ ਪੂਰਾ ॥
ਅੰਤਰਿ ਅਗਿਆਨੁ ਸਬਦਿ ਬੁਝਾਏ ਸਤਿਗੁਰ ਤੇ ਸੁਖੁ ਪਾਇਆ ॥੩॥}

(ਅੰਗ ੧੦੬੮)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥}

(ਅੰਗ ੮੮)

ਗੁਰੂ ਰੂਪ ਸੰਤ ਦੀ ਨਿੰਦਾ ਕਰਨੀ ਕੀ ਹੈ, ਉਸਦੇ ਨਾਲ ਵੈਰ ਕਮਾਉਣਾ ਕੀ ਹੈ, ਉਸਦੇ ਨਾਲ ਝਗੜਾ ਕਰਨਾ ਕੀ ਹੈ ਤੇ ਉਸ ਵਿੱਚੋਂ ਨਿਕਲਣ ਦਾ ਤਰੀਕਾ ਭਾਵ ਝਗੜਾ ਨਿਬੇੜਨ ਦਾ ਤਰੀਕਾ ਕੀ ਹੈ ਭਾਵ ਨਿੰਦਾ ਤੋਂ ਬਚਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਅਸੀਂ ਆਪਣੇ ਇਸ ਜੀਵਨ ਨੂੰ ਸਵਾਰ ਸਕੀਏ ਤੇ ਉਹਨਾਂ ਸਜਾਵਾਂ ਤੋਂ ਬਚ ਸਕੀਏ ਜੋ ਸਜਾਵਾਂ ਸਾਨੂੰ ਗੁਰੂ ਦੀ ਨਿੰਦਾ ਕਰਨ ਦੁਆਰਾ ਪ੍ਰਮਾਤਮਾ ਦਿੰਦਾ ਹੈ। ਇਹ ਸਜਾਵਾਂ ਕਿਤਨੀਆਂ ਕੁ ਜਿਆਦਾ ਹਨ ਇਸ ਗੱਲ ਦਾ ਅੰਦਾਜਾ ਹੇਠ ਦਿੱਤੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਲਗਾ ਸਕਦਾ ਹੈ।

30/3310

ਸਲੋਕੁ॥

"ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥"

ਅਸਟਪਦੀ ॥

"ਸੰਤ ਕੈ ਦੂਖਨਿ ਆਰਜਾ ਘਟੈ ॥ ਸੰਤ ਕੈ ਦੂਖਨਿ ਜਮ ਤੇ ਨਹੀ ਛੂਟੈ ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ ਨਰਕ ਮਹਿ ਪਾਇ ॥
ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ ਸੋਭਾ ਤੇ ਹੀਨ ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥ ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥੧॥"

(ਅੰਗ ੨੭੯)

ਉੱਪਰ ਸ਼ਬਦ ਰਾਹੀਂ ਸਾਨੂੰ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਨੂੰ ਭਾਵ ਆਪਣੇ ਦੋਖੀਆਂ ਨੂੰ ਵੀ ਆਪਣੇ ਨਾਲ ਮਿਲਾ ਲੈਂਦਾ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ। ਪ੍ਰਮਾਤਮਾ ਦੀ ਕਿਰਪਾ ਦੇ ਪਾਤਰ ਬਣਨ ਲਈ ਉੱਦਮ ਅਸੀਂ ਹੀ ਕਰਨਾ ਹੈ ਜੋ ਕਿ ਆਪਣੀ ਝੂਠੀ ਮਤਿ ਨੂੰ ਤਿਆਗਣ ਦਾ ਹੈ, ਹਉਮੈ ਨੂੰ ਤਿਆਗਣ ਦਾ ਹੈ ਤਾਂ

ਜੋ ਅਸੀਂ ਗੁਰੂ ਦੀ ਮਤਿ ਦੇ ਨਾਲ ਜੁੜ ਸਕੀਏ, ਉਸਦੇ ਨਾਮ ਦੇ ਨਾਲ ਜੁੜ ਸਕੀਏ ਤੇ ਉਹ ਕੁੱਝ ਕਰੀਏ ਜਿਸ ਨਾਲ ਗੁਰੂ ਪ੍ਰਸੰਨ ਹੁੰਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਆਪਣਾ ਨਾਮ ਹੀ ਬਖਸ਼ਦਾ ਹੈ ਭਾਵ ਆਪਣਾ ਸੱਚਾ ਗਿਆਨ, ਸੱਚੀ ਮਤਿ ਹੀ ਬਖਸ਼ਦਾ ਹੈ, ਆਪਣੀ ਬ੍ਰਹਮ ਗਿਆਨ ਰੂਪ ਮਤਿ ਹੀ ਬਖਸ਼ਦਾ ਹੈ ਜਿਸ ਦੁਆਰਾ ਮਨੁੱਖ ਫਿਰ ਉਸ ਦੀ ਸੱਚੀ ਮਤਿ ਵਿੱਚ ਸਮਾਅ ਜਾਂਦਾ ਹੈ ਤੇ ਉਹ ਸਦਾ ਲਈ ਦੋਖ ਤੋਂ ਮੁਕਤਿ ਹੋ ਜਾਂਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਉਹ ਆਪ ਹੀ ਹੈ ਤੇ ਜਿਸਨੂੰ ਉਹ ਆਪਣਾ ਨਾਮ ਬਖਸ਼ਦਾ ਹੈ ਮਨ ਦੇ ਵਿੱਚ ਮਨ ਦੇ ਵਿਚਾਰਾਂ ਰਾਹੀਂ ਹੀ ਬਖਸ਼ਦਾ ਹੈ।

“ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ ਕਹੈ ਬੀਚਾਰੁ ॥
ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥ ਬਡਭਾਗੀ ਨਾਨਕ ਜਨ ਸੇਇ ॥”

(ਅੰਗ ੨੮੦-੨੮੧)

ਇਸ ਲੇਖ ਦੇ ਸ਼ੁਰੂ ਵਿੱਚ ਅਸੀਂ ਅਨੇਕਾਂ ਹੀ ਗੱਲਾਂ ਦਾ ਜ਼ਿਕਰ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਲੇਖ ਵਿੱਚ ਸਮਝਦੇ ਆ ਰਹੇ ਹਾਂ। ਅਸੀਂ ਬਹੁਤ ਸਾਰੀਆਂ ਗੱਲਾਂ ਨੂੰ ਸਮਝਿਆ ਹੈ ਤੇ ਬਾਕੀ ਕੁੱਝ ਰਹਿੰਦੀਆਂ ਗੱਲਾਂ ਨੂੰ ਵੀ ਅਸੀਂ ਸਮਝਦੇ ਚੱਲਾਂਗੇ। ਇੱਕ ਬਹੁਤ ਵੱਡੀ ਗੱਲ ਮਾਸ ਦੇ ਸੇਵਨ ਨੂੰ ਲੈਕੇ ਹੈ ਜੋ ਸਿੱਖ ਜਗਤ ਵਿੱਚ ਬਹੁਤ ਵੱਡੀ ਚਰਚਾ ਦਾ ਵਿਸ਼ਾ ਹੈ। ਕੁੱਝ ਸੰਸਥਾਵਾਂ ਮਾਸ ਦੇ ਸੇਵਨ ਤੋਂ ਮਨਾਹੀ ਨਹੀਂ ਕਰਦੀਆਂ ਤੇ ਬਹੁਤੀਆਂ ਇਸਦੇ ਸੇਵਨ ਨੂੰ ਲੈ ਕੇ ਵੱਡਾ ਮੁੱਦਾ ਬਣਾਉਂਦੀਆਂ ਹਨ ਕਿ ਗੁਰਬਾਣੀ ਦੇ ਉਪਦੇਸ਼ ਅਨੁਸਾਰ ਮਾਸ ਖਾਣਾ ਮਨ੍ਹਾ ਹੈ। ਮਾਸ

30/3311

ਖਾਣ ਨੂੰ ਜਾਂ ਨਾ ਖਾਣ ਨੂੰ ਧਰਮ ਦਾ ਬਹੁਤ ਵੱਡਾ ਮੁੱਦਾ ਮੰਨਿਆ ਹੋਇਆ ਹੈ, ਬਣਾਇਆ ਹੋਇਆ ਹੈ। ਗੁਰਬਾਣੀ ਨੇ ਸਾਨੂੰ ਹਰ ਤਰੀਕੇ ਦੇ ਭਰਮ ਵਿੱਚੋਂ ਕੱਢਿਆ ਹੋਇਆ ਹੈ, ਹਰ ਗੱਲ ਬਰੀਕੀ ਨਾਲ ਸਮਝਾਈ ਹੋਈ ਹੈ। ਗੁਰਬਾਣੀ ਦੇ ਸ਼ਬਦਾਂ ਦੀ ਸਹੀ ਸੋਝੀ ਪੈਣ ਦੁਆਰਾ ਸਾਡਾ ਹਰ ਭਰਮ ਪੂਰੀ ਤਰਾਂ ਮਿੱਟ ਜਾਂਦਾ ਹੈ। ਅਸੀਂ ਇਸ ਲੇਖ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਆਪਣੇ ਅਨੇਕਾਂ ਭਰਮ ਹੀ ਕੱਢੇ ਹਨ। ਗੱਲ ਕੇਵਲ ਗੁਰੂ ਦੇ ਸ਼ਬਦ ਦੀ ਸਮਝ ਆਉਣ ਦੀ ਹੈ। ਮਾਸ ਬਾਰੇ ਵੀ ਗੁਰਬਾਣੀ ਵਿੱਚ ਸਾਨੂੰ ਬੜਾ ਸਪੱਸ਼ਟ ਕਰਕੇ ਸਮਝਾਇਆ ਹੋਇਆ ਹੈ, ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਜੋ ਕਿ ਸਭ ਨੂੰ ਆਸਾਨੀ ਨਾਲ ਸਮਝ ਆ ਜਾਵੇਗਾ ਤੇ ਸਾਡਾ ਮਾਸ ਬਾਰੇ ਭਰਮ ਨਿਕਲ ਜਾਵੇਗਾ। ਮਾਸ ਨੂੰ ਲੈ ਕੇ ਜੋ ਵੱਖਰੀਆਂ ਵੱਖਰੀਆਂ ਸੰਸਥਾਵਾਂ ਵਿੱਚ ਕੋਈ ਝਗੜੇ ਦਾ ਕਾਰਣ ਹੈ ਤਾਂ ਉਹ ਦੂਰ ਹੋ ਜਾਵੇਗਾ ਕੇਵਲ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਗੁਰੂ ਦੀ ਗੱਲ ਤੇ ਪੂਰਨ ਰੂਪ ਵਿੱਚ ਵਿਸ਼ਵਾਸ ਰੱਖਣ ਦੀ ਗੱਲ ਹੈ ਜੋ ਕਿ ਸਭ ਤੋਂ ਜਰੂਰੀ ਗੱਲ ਹੈ। ਗੁਰਬਾਣੀ ਦੇ ਸ਼ਬਦਾਂ ਰਾਹੀਂ ਜੋ ਗੱਲ ਸਾਨੂੰ ਇੱਕ ਸ਼ਬਦ ਰਾਹੀਂ ਸਮਝਾਈ ਹੁੰਦੀ ਹੈ ਉਹ ਕਿਸੇ ਹੋਰ ਸ਼ਬਦ ਵਿੱਚ ਜਾ ਕੇ ਬਦਲ ਨਹੀਂ ਸਕਦੀ ਕਿਉਂਕਿ ਗੁਰਬਾਣੀ ਲਿਖਣ ਵਾਲਿਆਂ ਦੇ ਗਿਆਨ ਦਾ ਸ੍ਰੋਤ ਇੱਕੋ ਹੀ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਸਭ ਦੇ ਮਨ ਵਿੱਚ ਪ੍ਰਗਟ ਹੋ ਕੇ ਲਿਖਵਾਈ ਹੈ। ਅਗਰ ਸਾਨੂੰ ਵੱਖਰੇ ਵੱਖਰੇ ਸ਼ਬਦਾਂ ਰਾਹੀਂ ਗੱਲ ਨੂੰ ਸਮਝਣ ਵਿੱਚ ਕੋਈ ਫਰਕ ਲੱਗਦਾ ਹੈ ਤਾਂ ਉਹ ਸਾਡੇ ਮਨ ਦੇ ਭਰਮ ਦੀ ਅਵੱਸਥਾ ਹੈ। ਗੁਰੂ ਭਰਮ ਤੋਂ ਰਹਿਤ ਹੈ ਜਿਸ ਦੀ ਗੱਲ ਵਿੱਚ ਬਹੁਤ ਗਹਿਰਾਈ ਹੁੰਦੀ ਹੈ, ਡੂੰਘਾਈ ਹੁੰਦੀ ਹੈ। ਜਦੋਂ ਧਿਆਨ ਨਾਲ ਹਰ ਸ਼ਬਦ ਨੂੰ ਸਮਝਾਂਗੇ ਤਾਂ ਫਿਰ ਅਸੀਂ ਭਰਮ ਵਿੱਚੋਂ ਨਿਕਲ ਜਾਵਾਂਗੇ ਤੇ ਸਾਨੂੰ ਗੁਰੂ ਦੇ ਹਰ ਸ਼ਬਦ ਵਿੱਚ ਇੱਕੋ ਜਿਹਾ ਫੁਰਮਾਨ ਹੀ ਨਜ਼ਰ ਆਵੇਗਾ। ਅੱਗੇ ਦਿੱਤੇ ਹੋਏ ਕੁੱਝ ਸ਼ਬਦਾਂ ਦੁਆਰਾ ਹੁਣ ਅਸੀਂ ਮਾਸ ਬਾਰੇ ਹੀ ਆਪਣਾ ਭਰਮ ਦੂਰ ਕਰਨਾ ਹੈ ਤਾਂ ਜੋ ਗੁਰਬਾਣੀ ਦੇ ਨਾਲ ਜੁੜਿਆ ਹੋਇਆ, ਗੁਰਬਾਣੀ ਦੀ ਮਤਿ ਨਾਲ ਜੁੜਿਆ ਹੋਇਆ ਮਾਸ ਬਾਰੇ ਉਹੀ ਕੁੱਝ ਸਮਝੇ ਤੇ ਕਿਸੇ ਨੂੰ ਭਰਮ ਵਿੱਚ ਨਾ ਪਾਵੇ, ਝਗੜੇ ਦਾ ਕਾਰਣ ਨਾ ਬਣੇ।

ਸਭ ਤੋਂ ਪਹਿਲਾਂ ਅਸੀਂ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਉਹਨਾਂ ਬਚਨਾਂ ਦੁਆਰਾ ਮਾਸ ਦੀ ਗੱਲ ਸਮਝਦੇ ਹਾਂ ਜੋ ਖਾਸ ਕਰਕੇ ਸਾਰੇ ਜਗਤ ਨੂੰ ਮਾਸ ਦੀ ਵਰਤੋਂ ਕਰਨ ਬਾਰੇ ਸਮਝਾਏ ਹੋਏ ਹਨ ਤਾਂ ਜੋ ਮਾਸ ਦੀ ਵਰਤੋਂ ਨੂੰ ਲੈ ਕੇ ਕੋਈ ਝਗੜੇ ਦਾ ਕਾਰਣ ਨਾ ਬਣੇ। ਹੇਠ ਦਿੱਤੇ ਦੋ ਸਲੋਕਾਂ ਤੇ ਪਉੜੀ ਰਾਹੀਂ ਸਾਨੂੰ ਮਾਸ ਦੀ ਵਰਤੋਂ ਬਾਰੇ ਹੀ ਸਮਝਾਇਆ ਹੋਇਆ ਹੈ, ਮਾਸ ਬਾਰੇ ਸਾਡਾ ਭਰਮ ਕੱਢਿਆ ਹੋਇਆ ਹੈ। ਜਿਵੇਂ ਕਿ

30/3312

ਅਸੀਂ ਹੁਣ ਤੱਕ ਅਨੇਕਾਂ ਹੀ ਸ਼ਬਦਾਂ ਦੁਆਰਾ ਇਹ ਸਮਝਦੇ ਆਏ ਹਾਂ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੇ ਮਨ ਦੀ ਸੋਝੀ

ਦੇ ਨਾਲ ਜੁੜਿਆ ਹੋਇਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਇਹ ਸੋਝੀ ਪਾਈ ਹੈ ਉਨ੍ਹਾਂ ਨੇ ਹੀ ਸਾਨੂੰ ਮਾਸ ਬਾਰੇ ਭਾਵ ਮਾਸ ਦੇ ਸੇਵਨ ਬਾਰੇ ਸ਼ਬਦਾਂ ਦੁਆਰਾ ਸੱਚੀ ਸੋਝੀ ਪਾਈ ਹੈ ਤਾਂ ਜੋ ਸਮਾਜ ਵਿੱਚ ਮਾਸ ਦੀ ਵਰਤੋਂ ਨੂੰ ਲੈ ਕੇ ਕਿਸੇ ਦੇ ਅੰਦਰ ਭਰਮ ਨਾ ਰਹੇ ਤੇ ਆਪਸ ਵਿੱਚ ਕੋਈ ਝਗੜੇ ਦਾ ਕਾਰਣ ਨਾ ਬਣੇ।

ਸਲੋਕ ਮਃ ੧ ॥

“ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥੧॥”

(ਅੰਗ ੧੨੮੯)

ਮਃ ੧ ॥

“ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥

ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਥੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥”

(ਅੰਗ ੧੨੮੯-੧੨੯੦)

ਪਉੜੀ ॥
“ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥
ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥”

(ਅੰਗ ੧੨੯੦)

ਉੱਪਰ ਵਾਲੇ ਦੋਨਾਂ ਸਲੋਕਾਂ ਨੂੰ ਤੇ ਪਉੜੀ ਨੂੰ ਅਗਰ ਧਿਆਨ ਨਾਲ ਵਿਚਾਰੋਗੇ ਤਾਂ ਸਾਨੂੰ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ, ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਹੋਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ। ਭਗਤੀ ਦਾ ਤਰੀਕਾ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਭਗਤੀ ਦਾ ਮਕਸਦ ਸਾਡੇ ਕਰਮਾਂ ਦੇ ਨਾਲ ਜੁੜਿਆ ਹੋਇਆ ਹੈ ਭਾਵ ਸਾਡੇ ਚੰਗੇ ਕਰਮਾਂ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਸੱਚੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਉਪਰਲੇ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ। ਅਸੀਂ ਭਗਤੀ ਦੇ ਮਾਰਗ ਨੂੰ ਆਪਣੇ ਖਾਣੇ ਦੇ ਨਾਲ ਜੋੜਿਆ ਹੋਇਆ ਹੈ ਕਿ ਸਾਡਾ ਖਾਣਾ ਕਿਹੋ ਜਿਹਾ ਹੈ ਭਾਵ ਸਾਡਾ ਖਾਣਾ ਸਾਗ ਦੇ ਨਾਲ ਜੁੜਿਆ ਹੋਇਆ ਹੈ ਜਾਂ ਮਾਸ ਦੇ ਨਾਲ ਜੁੜਿਆ ਹੋਇਆ ਹੈ ਭਾਵ ਅਸੀਂ ਸ਼ਾਕਾਹਾਰੀ ਖਾਣਾ ਖਾਉਂਦੇ ਹਾਂ ਜਾਂ ਮਾਸਾਹਾਰੀ ਖਾਣਾ ਖਾਉਂਦੇ ਹਾਂ। ਇਹ ਗੱਲ ਪੁਰਾਤਨ ਸਮੇਂ ਤੋਂ ਹਿੰਦੂ ਮਤਿ ਦੇ ਨਾਲ ਜੁੜੀ ਹੋਈ ਹੈ ਤੇ ਸਿੱਖ ਜਗਤ ਵਿੱਚ ਵੀ ਜਿਆਦਾਤਰ ਇਹ ਮਤਿ ਹੀ ਪ੍ਰਚਲਿਤ ਹੈ ਕਿਉਂਕਿ ਸਾਡਾ ਪਿਛੋਕੜ ਇਸੇ ਮਤਿ ਦੇ ਨਾਲ ਰਲਦਾ ਹੈ। ਉੱਪਰ ਸ਼ਬਦਾਂ ਰਾਹੀਂ ਸਾਡਾ ਇਹ ਭਰਮ ਕੱਢਿਆ ਹੋਇਆ ਹੈ ਕਿ ਖਾਣੇ ਦਾ ਸਬੰਧ ਮਨੁੱਖ ਦੀ ਆਪਣੀ ਰੁਚੀ ਦੇ ਨਾਲ ਹੈ ਨਾ ਕਿ ਧਰਮ ਦੇ ਨਾਲ। ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ, ਔਗੁਣ ਰਹਿਤ ਹੋ ਕੇ ਗੁਣਾਂ ਨਾਲ ਵਿਚਰਨ ਦਾ ਹੈ ਜੋ ਕਿ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਕਿ ਅਸੀਂ ਸੱਚ ਦੁਆਰਾ ਵਿਚਰਨਾ ਹੈ ਜਾਂ ਝੂਠ ਦੁਆਰਾ

ਵਿਚਰਨਾ ਹੈ। ਸੱਚ ਝੂਠ ਦੀ ਸੋਝੀ ਸਾਨੂੰ ਮਨ ਦੇ ਗਿਆਨ ਨਾਲ ਪੈਣੀ ਹੈ, ਮਨ ਦੇ ਵਿੱਚ ਵਿਚਾਰ ਉਪਜਣ ਦੁਆਰਾ ਪੈਣੀ ਹੈ।

ਜੇਕਰ ਅਸੀਂ **"ਸਾਗ"** ਖਾਣਾ ਚੰਗਾ ਸਮਝਦੇ ਹਾਂ ਤਾਂ ਫਿਰ **"ਸਾਗ"** ਖਾਣ ਨਾਲ ਸਾਡੇ ਅੰਦਰ ਸੋਝੀ ਵੀ ਚੰਗੀ ਉਪਜਣੀ ਚਾਹੀਦੀ ਹੈ ਤੇ ਜੇਕਰ ਸਾਗ ਖਾਣ ਨਾਲ ਸਾਡੇ ਵਿਚਾਰ ਮਾੜੇ ਬਣੇ ਰਹਿੰਦੇ ਹਨ ਫਿਰ ਇਹ ਗੱਲ ਧਰਮ ਦੀ ਕਸਵੱਟੀ ਤੇ ਖਰੀ ਨਹੀਂ ਉਤਰ ਸਕਦੀ। ਭਗਤੀ ਦਾ ਮਾਰਗ ਮਨ ਦੀ ਤ੍ਰਿਸ਼ਨਾ ਨੂੰ ਮਾਰਨ ਦਾ ਹੈ ਜਿਸ ਦਾ ਸਾਡੇ ਖਾਣੇ ਦੇ ਨਾਲ ਸੰਬੰਧ ਨਹੀਂ ਹੈ। ਅਗਰ ਕੋਈ ਮਾਸ ਖਾਣ ਵਾਲਾ ਤ੍ਰਿਸ਼ਨਾ ਨੂੰ ਮਾਰ ਕੇ ਸੱਚ ਤੇ ਚੱਲਣ ਵਾਲਾ ਹੈ ਤਾਂ ਫਿਰ ਉਹ ਸਾਗ ਖਾਣ ਵਾਲੇ ਨਾਲੋਂ ਚੰਗਾ ਹੈ। ਜੇ ਕੋਈ ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਦੂਸਰਿਆਂ ਦਾ ਮਾੜਾ ਕਰਦਾ ਹੈ ਭਾਵ ਦੂਸਰਿਆਂ ਦਾ ਹੱਕ ਖਾਂਦਾ ਹੈ, ਇਸੇ ਲਈ ਬਾਣੀ ਵਿੱਚ ਇਹੋ ਜਿਹੇ ਝੂਠ ਬੋਲਣ ਵਾਲਿਆਂ ਨੂੰ, ਦੂਸਰਿਆਂ ਦਾ ਹੱਕ ਖਾਣ ਵਾਲਿਆਂ ਨੂੰ, ਮੁਰਦਾਰ ਖਾਣ ਵਾਲੇ ਕਿਹਾ ਹੈ ਜੋ ਮੁਰਦਾਰ ਨੂੰ ਮਾੜਾ ਦੱਸਦੇ ਹਨ। ਅਸਲ ਬੁਰਾਈ ਸਾਡੇ ਮਨ ਦੇ ਵਿੱਚ ਹੈ ਜੋ ਕਿ ਮਨ ਦੇ ਔਗੁਣਾਂ ਦੇ ਰੂਪ ਵਿੱਚ ਹੈ। ਇਹੀ ਗੱਲ ਸਾਨੂੰ ਉੱਪਰ ਸ਼ਬਦਾਂ ਰਾਹੀਂ ਸਮਝਾਈ ਹੋਈ ਹੈ।

ਪਹਿਲੇ ਸਲੋਕ ਰਾਹੀਂ ਸਾਨੂੰ ਸਾਡੇ ਜੀਵਨ ਵਿੱਚ ਮਾਸ ਦੀ ਮਹੱਤਤਾ ਸਮਝਾਈ ਹੋਈ ਹੈ ਕਿ ਮਨੁੱਖ ਮਾਸ ਤੋਂ ਪੈਦਾ ਹੋਇਆ ਹੈ ਤੇ ਮਨੁੱਖ ਦਾ ਸਰੀਰ ਸਭ ਮਾਸ ਦਾ ਹੀ ਬਣਿਆ ਹੈ। ਮਾਸ ਦੇ ਵਿੱਚੋਂ ਨਿਕਲਣ ਤੋਂ ਬਾਅਦ ਭਾਵ ਮਾਂ ਦੇ ਗਰਭ ਵਿੱਚੋਂ ਨਿਕਲਣ ਤੋਂ ਬਾਅਦ ਸਭ ਤੋਂ ਪਹਿਲਾਂ ਬੱਚਾ ਮਾਸ ਹੀ ਆਪਣੇ ਮੂੰਹ ਵਿੱਚ ਪਾਉਂਦਾ ਹੈ ਜਿਸ ਰਾਹੀਂ ਉਸਨੂੰ ਮਾਂ ਦੇ ਕੋਲੋਂ ਭੋਜਨ ਮਿਲਦਾ ਹੈ। ਉਹ ਦੁੱਧ ਰੂਪ ਭੋਜਨ ਮਾਂ ਦੇ ਮਾਸ ਵਿੱਚੋਂ ਹੀ ਤਿਆਰ ਹੁੰਦਾ ਹੈ। ਸਾਡਾ ਆਪਣਾ ਮੂੰਹ ਮਾਸ ਦਾ ਬਣਿਆ ਹੋਇਆ ਹੈ ਤੇ ਜੀਭ ਵੀ ਮਾਸ ਦੀ ਬਣੀ ਹੋਈ ਹੈ। ਜਿਸ ਦੁਆਰਾ ਅਸੀਂ ਭੋਜਨ ਖਾਂਦੇ ਹਾਂ ਭਾਵ ਸਾਡੇ ਤਨ ਦਾ ਮਾਸ ਹੀ ਭੋਜਨ ਨੂੰ ਖਾਣ ਵਿੱਚ ਸਹਾਈ ਹੁੰਦਾ ਹੈ। ਸਾਡੇ ਅੰਦਰ ਦੇ ਸੁਵਾਸ ਵੀ ਮਾਸ ਦੇ ਰਾਹੀਂ ਹੀ ਆਉਂਦੇ ਹਨ ਭਾਵ ਸਾਡੇ ਸੁਵਾਸ ਵੀ ਮਾਸ ਦੇ ਨਾਲ ਜੁੜੇ ਹੋਏ ਹਨ। ਇਸਤਰੀ-ਪੁਰਸ਼ ਦਾ ਮੇਲ ਮਾਸ ਦੇ ਰੂਪ ਵਿੱਚ ਹੀ ਹੁੰਦਾ ਹੈ ਤੇ ਉਹਨਾਂ ਦੇ ਮੇਲ ਦੁਆਰਾ ਅੱਗੋਂ ਬੱਚਿਆਂ ਦੇ ਰੂਪ ਵਿੱਚ ਮਾਸ ਹੀ ਉਪਜਦਾ ਹੈ ਤੇ ਸਾਡੇ ਸਾਰੇ ਦੁਨਿਆਵੀ ਰਿਸ਼ਤੇ ਮਾਸ ਦੀ ਉਪਜ ਦੁਆਰਾ ਹੀ ਬਣੇ ਹਨ। **(ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥ ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ॥ ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥ ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥)**

ਉਪਰਲੀਆਂ ਇਹਨਾਂ ਪੰਗਤੀਆਂ ਦੁਆਰਾ ਸਾਨੂੰ ਮਾਸ ਦਾ ਪੁਤਲਾ

30/3314

ਦੱਸਕੇ ਸਾਡੇ ਜੀਵਨ ਵਿੱਚ ਮਾਸ ਦੀ ਮਹੱਤਤਾ ਸਮਝਾਈ ਹੈ ਤਾਂ ਜੋ ਅਸੀਂ ਮਾਸ ਤੋਂ ਨਫ਼ਰਤ ਨਾ ਕਰੀਏ। ਅਸੀਂ ਮਾਸ ਖਾਣ ਜਾਂ ਨਾ ਖਾਣ ਨੂੰ ਧਰਮ ਦੇ ਨਾਲ ਜੋੜਿਆ ਹੋਇਆ ਹੈ। ਇਸ ਗੱਲ ਦਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਮਾਸ ਨਾ ਖਾਣ ਵਾਲੇ ਧਰਮ ਦੇ ਮਾਰਗ ਤੇ ਚੱਲਣ ਵਾਲੇ ਹੁੰਦੇ ਹਨ ਤੇ ਉਹ ਇਸ ਤਰੀਕੇ ਸੰਸਾਰ ਦੇ ਆਵਾਗਉਣ ਦੇ ਤਰੀਕੇ ਤੋਂ ਬਚ ਜਾਂਦੇ ਹਨ ਤੇ ਮਾਸ ਖਾਣ ਵਾਲਿਆਂ ਨੂੰ ਅਧਰਮੀ ਸਮਝਿਆ ਜਾਂਦਾ ਹੈ ਕਿ ਉਹ ਇਸੇ ਕਰਕੇ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਨਹੀਂ ਹੁੰਦੇ। ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਇਸ ਸੰਸਾਰ ਤੋਂ ਛੁੱਟਣ ਦਾ ਮੁਕਤੀ ਪਾਉਣ ਦਾ ਅਸਲ ਤਰੀਕਾ ਕੀ ਹੈ।

"ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ॥

ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ॥੧॥"

ਧਰਮ ਦਾ ਮਾਰਗ ਮਨ ਦੀ ਸੱਚੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਜੀਵਨ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਕਿ ਇਸ ਸੰਸਾਰ ਦੇ ਆਵਾਗਉਣ ਤੋਂ ਛੁਟਣ ਦਾ ਅਸਲ ਮਾਰਗ ਕੀ ਹੈ। ਸਾਰਾ ਭੇਦ ਮਨਮਤਿ ਤੇ ਗੁਰਮਤਿ ਦਾ ਹੈ ਤੇ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਦ ਤੱਕ ਅਸੀਂ ਆਪਣੀ ਮਤਿ ਦੇ ਨਾਲ ਜੁੜੇ ਹੋਏ ਹਾਂ ਭਾਵ ਆਪਣੀ ਮਤਿ ਦੁਆਰਾ ਭਗਤੀ ਦਾ ਮਾਰਗ ਸਮਝਦੇ ਹਾਂ ਉਹੋ ਜਿਹੇ ਤਰੀਕਿਆਂ ਨਾਲ ਅਸੀਂ ਇਸ ਸੰਸਾਰ ਦੇ ਆਵਾਗਉਣ ਤੋਂ ਨਹੀਂ ਛੁਟ ਸਕਦੇ। ਮਨਮਤਿ ਵਾਲੇ ਬਚਨਾਂ ਦੇ ਪਿੱਛੇ ਲੱਗਕੇ ਅਸੀਂ ਆਪਣੇ ਇਸ ਜੀਵਨ ਦਾ ਨਾਸ ਕਰਦੇ ਹਾਂ। ਜੋ ਵੀ ਬਚਨ ਸਤਿਗੁਰ ਦੀ ਮਤਿ ਤੇ ਪੂਰਾ ਨਹੀਂ ਉਤਰਦਾ ਉਹਨਾਂ ਬਚਨਾਂ ਪਿੱਛੇ ਲੱਗਕੇ ਅਸੀਂ ਆਪਣੇ ਜੀਵਨ ਨੂੰ ਗੁਆ ਕੇ ਜਾਂਦੇ ਹਾਂ। ਜਿੰਨ੍ਹਾਂ ਦੇ ਬਚਨ ਸੁਣਕੇ ਅਸੀਂ ਧਰਮ ਦਾ ਮਾਰਗ ਸਿੱਖਿਆ ਹੈ ਉਹਨਾਂ ਨੇ ਹੀ ਸਾਨੂੰ ਮਾਸ ਬਾਰੇ ਸੋਝੀ ਪਾਈ ਹੈ ਕਿ ਮਾਸ ਖਾਣਾ ਅਧਰਮ ਹੈ ਤੇ ਇਸੇ ਲਈ ਇਹੋ ਜਿਹੇ ਮਾਸ ਖਾਣ ਤੋਂ ਨਫ਼ਰਤ ਕਰਦੇ ਹਨ ਤੇ ਇਸੇ ਗੱਲ ਦਾ ਪ੍ਰਚਾਰ ਵੀ ਕਰਦੇ ਹਨ। ਸੱਚ ਦੀ ਸੋਝੀ ਸਾਨੂੰ ਕੇਵਲ ਗੁਰੂ ਪ੍ਰਮਾਤਮਾ ਦੇ ਕੋਲੋਂ ਪੈਂਦੀ ਹੈ, ਉਸਦਾ **"ਹੁਕਮ"** ਬੁੱਝਣ ਦੁਆਰਾ ਪੈਂਦੀ ਹੈ ਜਿਸਨੂੰ ਕਿ

ਆਪਣੇ ਅੰਦਰੋਂ ਹੀ ਬੁੱਝਿਆ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਆਪਣੇ ਅੰਦਰੋਂ ਉਸਦਾ ਹੁਕਮ ਬੁੱਝਕੇ ਹੀ ਹੁੰਦਾ ਹੈ। ਮਨੁੱਖਾ ਜੀਵਨ ਉਸੇ ਦਾ ਹੀ ਸਫ਼ਲ ਹੁੰਦਾ ਹੈ, **"ਰਾਸਿ"** ਹੁੰਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਬੁੱਝਿਆ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਇਹ ਕਿਸੇ ਜਗ੍ਹਾ ਨਹੀਂ ਸਮਝਾਇਆ ਗਿਆ ਕਿ ਮਾਸ

30/3315

ਦਾ ਸਾਡੇ ਧਰਮ ਨਾਲ ਕੋਈ ਸਬੰਧ ਹੈ। ਸਾਨੂੰ ਗੁਰਬਾਣੀ ਰਾਹੀਂ ਅਨੇਕਾਂ ਹੀ ਗੱਲਾਂ ਦਾ, ਔਗੁਣਾਂ ਦਾ ਤਿਆਗ ਕਰਨ ਲਈ ਸਮਝਾਇਆ ਹੈ। ਜਿੰਨ੍ਹਾਂ ਦਾ ਮਕਸਦ ਸਾਡੇ ਧਰਮ ਦੇ ਨਾਲ ਜੁੜਿਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਕਿਸੇ ਵੀ ਸ਼ਬਦ ਦੁਆਰਾ ਸਾਨੂੰ ਮਾਸ ਤਿਆਗਣ ਬਾਰੇ ਨਹੀਂ ਸਮਝਾਇਆ ਹੋਇਆ ਜਦਕਿ ਸਾਡੇ ਔਗੁਣ ਵਾਰ-ਵਾਰ ਗਿਣਾਏ ਹੋਏ ਹਨ ਜਿੰਨ੍ਹਾਂ ਦੇ ਤਿਆਗ ਲਈ ਸਾਨੂੰ ਸਮਝਾਇਆ ਹੈ ਭਾਵ ਜੋ ਸਾਡਾ ਸੱਚਾ ਤਿਆਗ ਹੈ, ਅਸਲ ਤਿਆਗ ਹੈ ਜਿੰਨ੍ਹਾਂ ਦੇ ਤਿਆਗ ਦੁਆਰਾ ਅਸੀਂ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ ਤੇ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਹੋ ਸਕਦੇ ਹਾਂ। ਜਿੰਨ੍ਹਾਂ ਨੂੰ ਭਗਤੀ ਦਾ ਸੱਚਾ ਮਾਰਗ ਸਮਝ ਨਹੀਂ ਆਇਆ, ਧਰਮ ਦਾ ਸੱਚਾ ਮਾਰਗ ਸਮਝ ਨਹੀਂ ਆਇਆ ਉਨ੍ਹਾਂ ਨੇ ਸਾਨੂੰ ਸਾਡੇ ਖਾਣੇ ਦੇ ਵਿੱਚ ਹੀ ਧਰਮ ਸਮਝਾਇਆ ਹੈ ਜੋ ਕਿ ਸਦੀਆਂ ਪੁਰਾਣੀ ਚੱਲਦੀ ਆ ਰਹੀ ਮਤਿ ਹੈ ਤੇ ਸਿੱਖ ਜਗਤ ਵਿੱਚ ਵੀ ਸੰਸਥਾਵਾਂ ਇਹੋ ਜਿਹਾ ਪ੍ਰਚਾਰ ਹੀ ਕਰਦੀਆਂ ਹਨ ਭਾਵ ਖਾਣੇ ਨੂੰ ਧਰਮ ਦੇ ਮਾਰਗ ਨਾਲ ਜੋੜਦੀਆਂ ਹਨ। ਇਹੋ ਜਿਹਿਆਂ ਦੇ ਬਚਨਾਂ ਦੇ ਨਾਲ ਜੁੜਕੇ ਅਸੀਂ ਆਪਣੇ ਜੀਵਨ ਨੂੰ ਸਫ਼ਲ ਨਹੀਂ ਕਰ ਸਕਦੇ। **(ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ॥੧॥)**

ਧਰਮ ਦੇ ਸੱਚੇ ਮਾਰਗ ਦੀ ਸੋਝੀ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ ਤੇ ਇਹ ਸੋਝੀ ਉਨ੍ਹਾਂ ਨੂੰ ਹੀ ਪਈ ਹੈ ਜਿੰਨ੍ਹਾਂ ਦੇ ਮਨ ਵਿੱਚ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਇਹ ਸੋਝੀ ਪਾਈ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਵਿਅਰਥ ਹੀ ਮਾਸ ਨੂੰ ਧਰਮ ਦੇ ਨਾਲ ਜੋੜ ਕੇ ਅਸੀਂ ਮਾਸ ਖਾਉਣ ਨੂੰ ਸਮਾਜ ਦੇ ਵਿੱਚ ਝਗੜੇ ਦਾ ਕਾਰਣ ਬਣਾਉਂਦੇ ਹਾਂ। ਇਹੀ ਗੱਲ ਸਾਨੂੰ ਧੰਨ ਧੰਨ ਗੁਰੂ ਨਾਨਕ ਦੇਵ ਜੀ ਨੇ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ ਜਿੰਨ੍ਹਾਂ ਦੇ ਨਾਲ ਪਾਂਡਿਆਂ ਨੇ ਝਗੜਾ ਕੀਤਾ ਸੀ। ਗੁਰੂ ਸਾਹਿਬ ਦੇ ਨਾਲ ਪਾਂਡਿਆਂ ਨੇ ਇਹ ਝਗੜਾ, ਹਿੰਦੂ ਮਤਿ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਨੇ ਇਹ ਝਗੜਾ ਗੁਰੂ ਸਾਹਿਬ ਦੇ ਨਾਲ ਕੁਰੂਕਸ਼ੇਤਰ ਦੀ ਧਰਤੀ ਤੇ ਕੀਤਾ ਸੀ ਜਿੱਥੇ ਉਹਨਾਂ ਦਾ ਵੱਡਾ ਧਾਰਮਿਕ ਇਕੱਠ ਹੁੰਦਾ ਹੈ। ਗੁਰੂ ਸਾਹਿਬ ਨੇ ਇਸ ਇਕੱਠ ਉੱਤੇ ਜਾ ਕੇ ਉਹਨਾਂ ਦੇ ਨੇੜੇ ਹੀ ਇੱਕ ਅਸਥਾਨ ਤੇ ਬੈਠ ਕੇ ਮਾਸ ਬਣਾਇਆ ਸੀ ਜਿਸਦਾ ਮਕਸਦ ਉਹਨਾਂ ਨੂੰ ਭਰਮ ਵਿੱਚੋਂ ਕੱਢਣ ਦਾ ਹੀ ਸੀ ਕਿ ਮਾਸ ਖਾਉਣਾ ਜਾਂ ਨਾ ਖਾਉਣਾ ਧਰਮ ਦੇ ਮਾਰਗ ਦੇ ਨਾਲ ਜੁੜਿਆ ਹੋਇਆ ਨਹੀਂ ਹੈ। ਪਾਂਡਿਆਂ ਨੇ ਗੁਰੂ ਸਾਹਿਬ ਜੀ ਦੇ ਕੋਲ ਆ ਕੇ ਉਹਨਾਂ ਨਾਲ ਇਹ ਝਗੜਾ ਕੀਤਾ ਸੀ ਕਿ ਤੁਸੀਂ ਸਾਡੇ ਧਰਮ ਅਸਥਾਨ ਤੇ ਮਾਸ ਕਿਉਂ ਬਣਾਇਆ ਹੈ। ਗੁਰੂ ਸਾਹਿਬ ਨੇ ਜੋ ਕੁੱਝ ਉਨ੍ਹਾਂ ਨੂੰ ਸਮਝਾਇਆ ਸੀ, ਝਗੜਾ ਕਰਨ ਵਾਲਿਆਂ ਨੂੰ ਸਮਝਾਇਆ ਸੀ ਭਾਵ ਪਾਂਡਿਆਂ, ਸੰਨਿਆਸੀਆਂ ਨੂੰ ਸਮਝਾਇਆ ਸੀ ਉਹੀ ਕੁੱਝ ਉਹਨਾਂ ਨੇ ਅਗਲੇ ਸਲੋਕ

30/3316

ਰਾਹੀਂ ਤੇ ਪਉੜੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਇਆ ਹੋਇਆ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਤੇ ਬਹੁਤੇ ਇਸ ਇਤਿਹਾਸ ਤੋਂ ਵਾਕਿਫ ਹਨ। ਪਹਿਲੀ ਪਾਤਸ਼ਾਹੀ ਦੀ ਯਾਦ ਵਿੱਚ ਜਿੱਥੇ ਉਹਨਾਂ ਨੇ ਡੇਰਾ ਲਗਾ ਕੇ ਮਾਸ ਰਿੰਨਿਆ ਸੀ ਉੱਥੇ ਅੱਜ ਗੁਰਦੁਆਰਾ ਮੌਜੂਦ ਹੈ, ਕੁਰੂਕਸ਼ੇਤਰ ਦੀ ਧਰਤੀ ਤੇ ਮੌਜੂਦ ਹੈ ਜੋ ਕਿ ਹਿੰਦੂ ਮਤਿ ਦੇ ਧਰਮ ਅਸਥਾਨਾਂ ਦੇ ਬਿਲਕੁਲ ਨਜ਼ਦੀਕ ਹੀ ਥੋੜੀ ਉੱਚਾਈ ਵਾਲੀ ਜਗ੍ਹਾ ਤੇ ਬਣਿਆ ਹੋਇਆ ਹੈ। ਆਉ ਹੇਠ ਦਿੱਤੇ ਸਲੋਕ ਨੂੰ ਬਰੀਕੀ ਨਾਲ ਵਿਚਾਰੀਏ ਜਿੱਥੇ ਸਾਡਾ ਮਾਸ ਬਾਰੇ ਬੜੇ ਹੀ ਸਪਸ਼ੱਟ ਤਰੀਕੇ ਨਾਲ ਭਰਮ ਕੱਢਿਆ ਹੋਇਆ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਆਪਣੀ ਸਦੀਆਂ ਪੁਰਾਣੀ ਮਤਿ ਨੂੰ, ਭਰਮ ਨੂੰ ਤਿਆਗਣ ਦੀ ਲੋੜ ਹੈ ਤਾਂ ਜੋ ਅਸੀਂ ਝਗੜੇ ਦਾ ਕਾਰਣ ਨਾ ਬਣੀਏ।

ਮਃ ੧ ॥

"ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥

ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥

ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਥੈ ਹਉ ਬਹੁ ਬਿਧਿ ਹਢਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥"

(ਅੰਗ ੧੨੮੯-੧੨੯੦)

ਸਲੋਕ ਦੀ ਪਹਿਲੀ ਪੰਗਤੀ ਦੁਆਰਾ ਇਸ ਗੱਲ ਨੂੰ ਸਮਝੋ ਕਿ **"ਮੂਰਖ"** ਕਿਸ ਨੂੰ ਕਿਹਾ ਹੈ ਭਾਵ ਮਾਸ ਖਾਣ ਵਾਲੇ ਨੂੰ ਕਿਹਾ ਹੈ, ਮਾਸ ਬਣਾਉਣ ਵਾਲੇ ਨੂੰ ਕਿਹਾ ਹੈ ਜਾਂ ਉਹਨਾਂ ਨੂੰ ਰੋਕਣ ਵਾਲੇ ਨੂੰ, ਮਨ੍ਹਾ ਕਰਨ ਵਾਲੇ ਨੂੰ ਕਿਹਾ ਹੈ। ਬੜਾ ਸਪੱਸ਼ਟ ਹੈ ਕਿ ਮੂਰਖ ਉਹਨਾਂ ਪਾਂਡਿਆਂ ਨੂੰ ਕਿਹਾ ਹੈ ਜਿਹੜੇ ਗੁਰੂ ਸਾਹਿਬ ਨਾਲ ਝਗੜੇ ਸਨ, ਮਾਸ ਬਣਾਉਣ ਕਰਕੇ ਝਗੜੇ ਸਨ। ਮਾਸ ਖਾਣ ਵਾਲੇ ਨੂੰ ਜਾਂ ਬਣਾਉਣ ਵਾਲੇ ਨੂੰ ਕਿਸੇ ਨਾਲ ਝਗੜਨ ਦੀ ਲੋੜ ਨਹੀਂ ਪੈਂਦੀ। ਝਗੜਦੇ ਉਹੀ ਹਨ ਜਿੰਨ੍ਹਾਂ ਨੂੰ ਮਾਸ ਖਾਉਣਾ ਪਸੰਦ ਨਹੀਂ ਹੈ ਭਾਵ ਜੋ ਮਾਸ ਨੂੰ ਧਰਮ ਦੇ ਨਾਲ ਜੋੜ ਕੇ ਦੇਖਦੇ ਹਨ। ਉਹਨਾਂ ਦੀ ਮੂਰਖਤਾ ਦਾ ਕਾਰਣ ਵੀ ਨਾਲ ਹੀ ਸਮਝਾਇਆ ਹੋਇਆ ਹੈ ਜੋ ਕਿ ਉਹਨਾਂ ਦੇ ਅੰਦਰ **"ਗਿਆਨੁ ਧਿਆਨੁ"** ਵਾਲੀ ਅਵੱਸਥਾ ਦਾ ਨਾ ਹੋਣਾ ਹੈ ਭਾਵ ਉਹਨਾਂ ਦੇ ਅੰਦਰ ਸੱਚੇ ਗਿਆਨ ਦੀ ਸੋਝੀ ਦਾ ਨਾ ਹੋਣਾ ਹੈ। **"ਗਿਆਨੁ ਧਿਆਨੁ"** ਵਾਲੀ ਅਵੱਸਥਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਇਹ ਮਨ ਦੀ ਉਹ ਅਵੱਸਥਾ ਹੈ ਜੋ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਬਖਸ਼ਦਾ ਹੈ। ਮਨ ਦੇ ਵਿੱਚ ਇਹ ਅਵੱਸਥਾ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਹੈ ਜੋ ਪ੍ਰਮਾਤਮਾ ਦੇ ਭਗਤਾਂ ਦੀ, ਗੁਰੂ ਸਾਹਿਬਾਨ ਦੀ ਅਵੱਸਥਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਅਕਥ ਕਥਾ ਸਮਝਾਉਂਦਾ

ਹੈ, ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਰੂਪ ਅੰਮ੍ਰਿਤ ਪੀਆਉਂਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਪੂਰੀ ਗੁਰਬਾਣੀ ਦੀ ਰਚਨਾ

30/3317

ਹੋਈ ਹੈ। ਮਨ ਦੀ ਇਹ ਅਵੱਸਥਾ ਪੂਰਨ ਸੱਚ ਵਾਲੀ ਅਵੱਸਥਾ ਹੈ ਜਿਸ ਦੁਆਰਾ ਭਗਤੀ ਦੇ ਸਹੀ ਮਾਰਗ ਦੀ, ਧਰਮ ਦੇ ਸਹੀ ਮਾਰਗ ਦੀ ਸੋਝੀ ਪੈਂਦੀ ਹੈ। ਮਨ ਦੇ ਵਿੱਚ ਇਹੋ ਜਿਹੀ ਸੋਝੀ ਪਏ ਬਿਨ੍ਹਾਂ ਹਰ ਕੋਈ ਧਰਮ ਦਾ ਸਹੀ ਮਾਰਗ ਸਮਝਣ ਵਿੱਚ ਅਗਿਆਨਤਾ ਵਿੱਚ ਹੀ ਹੈ। ਮਨ ਦੀ ਇਹੋ ਜਿਹੀ ਅਗਿਆਨਤਾ ਕਰਕੇ ਹੀ ਮਾਸ ਬਾਰੇ ਝਗੜਨ ਵਾਲਿਆਂ ਨੂੰ, ਗੁਰੂ ਸਾਹਿਬ ਨਾਲ ਝਗੜਨ ਵਾਲਿਆਂ ਨੂੰ ਗੁਰੂ ਸਾਹਿਬ ਨੇ ਮੂਰਖ ਆਖਿਆ ਹੈ। (**ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨ ਨਹੀ ਜਾਣੈ॥**)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥}

(ਅੰਗ ੫੯)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਨੀ ਕਰਮਿ ਧਿਆਈ ॥}

(ਅੰਗ ੧੨੪੩)

{ਗਿਆਨੁ ਧਿਆਨੁ ਲੇ ਸਮਸਰਿ ਰਹੈ ॥ ਗੁਰਮੁਖਿ ਏਕੁ ਵਿਰਲਾ ਕੋ ਲਹੈ ॥}

(ਅੰਗ ੯੩੦)

{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥
ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥}

(ਅੰਗ ੪੧੪)

{ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥}

(ਅੰਗ ੮੩੧)

{ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥
ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥}

(ਅੰਗ ੧੨੭੪)

ਸਲੋਕ ਮਃ ੧ ॥
{ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥}

(ਅੰਗ ੧੨੪੫)

30/3318

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥}

(ਅੰਗ ੧੩੯੫)

{ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ॥

ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ ॥੧॥}

(ਅੰਗ ੯੬੯)

{ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥
ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥}

(ਅੰਗ ੧੬੨)

{ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥
ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥
ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥}

(ਅੰਗ ੧੦੦)

{ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ ॥
ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥੩॥}

(ਅੰਗ ੧੩੩੨)

{ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥
ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥
ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥
ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥੨੬॥}

(ਅੰਗ ੧੫੦)

{ਏਕ ਸਬਦ ਇਕ ਭਿਖਿਆ ਮਾਗੈ ॥
ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥}

(ਅੰਗ ੨੨੩)

{ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥}

(ਅੰਗ ੫੦੩)

{ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥
ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥
ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥
ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ॥}

(ਅੰਗ ੪੬੦)

{ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ॥
ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ॥}

(ਅੰਗ ੧੨੧)

{ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥}

(ਅੰਗ ੭੫)

{ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥
ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ ॥
ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ ॥੭॥}

(ਅੰਗ ੬੪੧)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥
ਏਕੁ ਨਿਰਾਲਮੁ ਅਕਥ ਕਹਾਣੀ ॥}

(ਅੰਗ ੧੧੮੮)

{ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥
ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥੧॥}

(ਅੰਗ ੧੦੫੮)

{ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥
ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥
ਜਨਮਿ ਮਰੈ ਫਿਰਿ ਆਵੈ ਜਾਏ ॥}

(ਅੰਗ ੨੮੪)

{ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥}

(ਅੰਗ ੨੬੨)

{ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥}

(ਅੰਗ ੧੧੦੯)

{ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥}

(ਅੰਗ ੭੫੦)

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥}

(ਅੰਗ ੧੮੭)

30/3320

{ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥
ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥

ਸਗਲ ਸਰੋਵਰ ਜੋਤਿ ਸਮਾਣੀ ॥
ਆਨਦ ਰੂਪ ਵਿਟਹੁ ਕੁਰਬਾਣੀ ॥੩॥}

(ਅੰਗ ੧੩੪੨)

{ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥
ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥}

(ਅੰਗ ੧੦੩੪)

"ਗਿਆਨ ਧਿਆਨੁ" ਵਾਲੀ ਅਵੱਸਥਾ ਕੀ ਹੈ ਇਸਦੀ ਸੋਝੀ ਇਸ ਅਵੱਸਥਾ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ। ਸਾਡੇ ਅੰਦਰ ਪ੍ਰਮਾਤਮਾ "ਗਿਆਨੁ ਧਿਆਨੁ" ਦੀ ਅਵੱਸਥਾ ਦੁਆਰਾ ਵੀ ਵਿਚਰਦਾ ਹੈ। ਇਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਵੇਂ ਕਿ ਉੱਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਇਸ ਅਵੱਸਥਾ ਦੀ ਪ੍ਰਾਪਤੀ ਹੋਏ ਬਿਨ੍ਹਾਂ ਕੋਈ ਮਨ ਦੇ ਭਰਮ ਵਿੱਚੋਂ ਨਹੀਂ ਨਿਕਲ ਸਕਦਾ, ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦਾ ਤੇ ਧਰਮ ਦੇ, ਸੱਚ ਦੇ ਮਾਰਗ ਨੂੰ ਨਹੀਂ ਸਮਝ ਸਕਦਾ ਤੇ ਅਸੀਂ ਉਹਨਾਂ ਗੱਲਾਂ ਵਿੱਚ ਧਰਮ ਸਮਝੀ ਜਾਂਦੇ ਹਾਂ ਜਿੰਨ੍ਹਾਂ ਦਾ ਧਰਮ ਦੇ ਮਾਰਗ ਨਾਲ ਸੰਬੰਧ ਨਹੀਂ ਹੁੰਦਾ। ਇਸੇ ਤਰ੍ਹਾਂ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਹੀ ਅਸੀਂ ਆਪਣੇ ਅਨੇਕਾਂ ਕਰਮਾਂ ਨੂੰ ਧਰਮ ਦੇ ਕਰਮਾਂ ਨਾਲ ਜੋੜਿਆ ਹੋਇਆ ਹੈ ਜਿੰਨ੍ਹਾਂ ਦਾ ਅਸਲ ਦੇ ਵਿੱਚ ਧਰਮ ਦੇ ਨਾਲ ਵਾਸਤਾ ਨਹੀਂ ਹੈ। ਮੂਰਤੀਆਂ ਦੀ ਪੂਜਾ ਆਦਿ ਕਰਨਾ, ਸਰੀਰਕ ਜਪ ਤਪ ਆਦਿ ਕਰਨਾ, ਤੀਰਥਾਂ ਤੇ ਭੌਂਣਾ ਆਦਿ ਅਸੀਂ ਧਰਮ ਵਾਲੇ ਕਰਮ ਹੀ ਸਮਝਦੇ ਹਾਂ ਜਿੰਨ੍ਹਾਂ ਦਾ ਕਿ ਗੁਰਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ। ਧਰਮ ਦਾ ਮਾਰਗ ਕੇਵਲ ਮਨ ਦੀ ਸੁੱਚ ਦੇ ਨਾਲ ਜੁੜਿਆ ਹੋਇਆ ਹੈ ਅਸੀਂ ਉਸਨੂੰ ਸਰੀਰਕ ਸੁੱਚ ਦੇ ਨਾਲ ਜੋੜਿਆ ਹੋਇਆ ਹੈ, ਬਾਹਰੀ ਦਿਖਾਵਿਆ ਦੇ ਨਾਲ ਜੋੜਿਆ ਹੋਇਆ ਹੈ ਜੋ ਕਿ ਕੇਵਲ ਸਾਡੀ ਅਗਿਆਨਤਾ ਹੈ। ਸਾਡੇ ਮਨ ਦੀ ਪਾਪਾਂ ਵਾਲੀ ਬਿਰਤੀ ਸਾਨੂੰ ਸਾਡੇ ਧਰਮ ਵਾਲੇ ਮਾਰਗ ਤੋਂ ਦੂਰ ਕਰਦੀ ਹੈ। ਸਾਡੇ ਮਨ ਦੀ ਬਿਰਤੀ ਦਾ ਸਾਡੇ ਖਾਣ ਦੇ ਨਾਲ ਸੰਬੰਧ ਨਹੀਂ ਹੈ ਕਿ ਅਸੀਂ ਕਿਹੋ ਜਿਹਾ ਖਾਂਦੇ ਹਾਂ। ਮਨ ਦੇ ਵਿੱਚ ਜੇਕਰ ਪਾਪਾਂ ਵਾਲੀ ਬਿਰਤੀ ਹੈ ਜਿਸ ਰਾਹੀਂ ਅਸੀ ਦੂਸਰਿਆਂ ਦਾ ਹੱਕ ਖਾਂਦੇ ਹਾਂ ਉਹੋ ਜਿਹੀ ਕਮਾਈ ਨਾਲ ਭਾਵ ਪਾਪਾ ਵਾਲੀ ਕਮਾਈ ਨਾਲ ਅਸੀਂ ਜੋ ਕੁੱਝ ਵੀ ਖਰੀਦਦੇ ਹਾਂ ਉਹੋ ਜਿਹੀ ਵਸਤੂ ਖਾਣਾ ਪਾਪ ਹੈ ਭਾਵੇਂ ਉਹ ਸਾਗ ਹੈ ਤੇ ਭਾਵੇਂ ਉਹ ਮਾਸ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। (**ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪੁ ਸਮਾਣੇ॥**)

30/3321

ਪਾਪ ਕਿਸੇ ਵਸਤੂ ਵਿੱਚ ਨਹੀਂ ਹੈ ਬਲਕਿ ਸਾਡੇ ਮਨ ਦੇ ਵਿੱਚ ਹੈ ਜਿਸ ਦੁਆਰਾ ਅਸੀਂ ਉਸ ਵਸਤੂ ਦੀ ਪ੍ਰਾਪਤੀ ਕਰਦੇ ਹਾਂ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਧਾਰਮਿਕ ਪਾਖੰਡ ਹੀ ਸਮਝਾਇਆ ਹੋਇਆ ਹੈ। ਇੱਕ ਪਾਸੇ ਤਾਂ ਝਗੜਾ ਕਰਨ ਵਾਲੇ ਆਪਣੀ ਧਾਰਮਿਕ ਮਾਨਤਾ ਅਨੁਸਾਰ "ਹੋਮ ਜਗ" ਕਰਨ ਲਈ ਗੈਂਡੇ ਨੂੰ ਮਾਰਦੇ ਹਨ, ਜੀਵ ਨੂੰ ਮਾਰਦੇ ਹਨ ਤੇ ਉਸਦਾ ਮਾਸ ਖਾਂਦੇ ਹਨ ਜਿਸ ਦੁਆਰਾ ਉਹ ਦੇਵਤਿਆਂ ਨੂੰ ਪ੍ਰਸੰਨ ਕਰਨਾ ਸਮਝਦੇ ਹਨ ਭਾਵ ਧਰਮ ਦਾ ਮਾਰਗ ਸਮਝਦੇ ਹਨ ਤੇ ਦੂਸਰੇ ਪਾਸੇ ਆਪਣੇ ਸਮਾਜਿਕ ਜੀਵਨ ਵਿੱਚ ਮਾਸ ਨਾ ਖਾਣ ਨੂੰ ਧਰਮ ਦਾ ਮਾਰਗ ਸਮਝਦੇ ਹਨ ਤੇ ਮਾਸ ਦਾ ਸੇਵਨ ਕਰਨ ਵਾਲਿਆਂ ਨਾਲ ਝਗੜਾ ਪਾਉਂਦੇ ਹਨ ਭਾਵ ਉਹਨਾਂ ਨੂੰ ਮਨ੍ਹਾਂ ਕਰਦੇ ਹਨ। ਕਿਸੇ ਦੂਸਰੇ ਨੂੰ ਮਾਸ ਖਾਂਦਾ ਦੇਖਕੇ ਉਸ ਵਿੱਚੋਂ ਬਦਬੂ ਮਹਿਸੂਸ ਕਰਦੇ ਹਨ ਜਦਕਿ ਗੈਂਡਾ ਮਾਰਨ ਤੋਂ ਬਾਅਦ ਉਹਨਾਂ ਨੂੰ ਬਦਬੂ ਮਹਿਸੂਸ ਨਹੀਂ ਹੁੰਦੀ ਬਲਕਿ ਧਰਮ ਨਜ਼ਰ ਆਉਂਦਾ ਹੈ। ਅਧਰਮ ਕਿਸ ਵਿੱਚ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਜੋ ਕਿ ਮਨੁੱਖਾਂ ਨੂੰ ਖਾਣ ਦੇ ਵਿੱਚ ਹੈ। ਇਹੋ ਜਿਹੇ ਧਰਮੀ ਅਖਵਾਉਣ ਵਾਲੇ ਜੋ ਮਾੜੇ ਕਰਮ ਕਰਦੇ ਹਨ, ਝੂਠ ਬੋਲਣ ਦੁਆਰਾ ਠੱਗੀਆਂ ਮਾਰਦੇ ਹਨ, ਕਿਸੇ ਦਾ ਹੱਕ ਖਾਂਦੇ ਹਨ ਉਹ ਦੂਸਰਿਆਂ ਦਾ ਖੂਨ ਪੀਣ ਵਾਲੀ ਗੱਲ ਹੈ ਭਾਵ ਮਨੁੱਖਾਂ ਨੂੰ ਖਾਣ ਵਾਲੀ ਗੱਲ ਹੈ। ਕਿਸੇ ਮਨੁੱਖ ਦਾ ਨੁਕਸਾਨ ਕਰਨਾ, ਆਪਣੀਆਂ ਚਤੁਰਾਈਆਂ ਦੁਆਰਾ ਕਿਸੇ ਦਾ ਹੱਕ ਖਾਣਾ ਉਸ ਮਨੁੱਖ ਨੂੰ ਖਾਣ ਦੇ ਬਰਾਬਰ ਹੈ ਜੋ ਕਿ ਸਾਡਾ ਅਸਲ ਪਾਪ ਹੈ। ਇਹੋ ਜਿਹੀ

ਪਾਪ ਦੀ ਕਮਾਈ ਦੁਆਰਾ ਅਸੀ ਜੋ ਕੁੱਝ ਵੀ ਖਰੀਦਦੇ ਹਾਂ ਭਾਵੇਂ ਉਹ ਸਾਗ ਹੈ ਜਾਂ ਮਾਸ ਹੈ, ਉਸ ਵਿੱਚ ਪਾਪ ਹੈ। ਪਾਪ ਸਾਡੇ ਮਨ ਦੀ ਬਿਰਤੀ ਨਾਲ ਜੁੜਿਆ ਹੋਇਆ ਹੈ, ਸਾਡੇ ਮਨ ਦੇ ਝੂਠ ਨਾਲ ਜੁੜਿਆ ਹੋਇਆ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ, ਮਨ ਦੇ ਵਿੱਚ ਸੱਚ ਦੀ ਸੋਝੀ ਦਾ ਨਾ ਹੋਣਾ ਹੈ, ਸਾਡੇ ਧਿਆਨ ਵਿੱਚ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ। ਸਾਡੇ ਮਨ ਦੀ ਅਗਿਆਨਤਾ ਸਾਡੇ ਮਨ ਦੀ ਰਾਤ ਹੈ, ਮਨ ਦਾ ਹਨ੍ਹੇਰਾ ਹੈ ਜਿਸ ਦੁਆਰਾ ਅਸੀਂ ਸੱਚ ਦੇ ਉਲਟ ਚੱਲਕੇ ਮਾੜੇ ਕਰਮ ਕਰਦੇ ਹਾਂ, ਪਾਪ ਕਰਦੇ ਹਾਂ ਭਾਵ ਦੂਸਰਿਆਂ ਦਾ ਹੱਕ ਖਾਂਦੇ ਹਾਂ ਤੇ ਮਾਸ ਦੇ ਸੇਵਨ ਨੂੰ ਲੈ ਕੇ ਕੇਵਲ ਪਾਖੰਡ ਦਾ ਪ੍ਰਗਟਾਵਾ ਕਰਦੇ ਹਾਂ। **(ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥)**

30/3322

ਸਾਡੇ ਇਹੋ ਜਿਹੇ ਪਾਖੰਡ ਕੇਵਲ ਇੱਕ ਦੁਨਿਆਵੀ ਦਿਖਾਵਾ ਹੈ, ਸੱਚ ਦੀ ਸੋਝੀ ਦਾ ਨਾ ਹੋਣਾ ਹੈ ਭਾਵ ਕੇਵਲ ਸਾਡੀ ਅਗਿਆਨਤਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਹੋਰ ਦ੍ਰਿੜ ਕਰਵਾਈ ਹੋਈ ਹੈ।

"ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ॥

ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥"

ਜੋ ਮਾਸ ਖਾਣ ਨੂੰ ਮਾੜਾ ਕਹਿੰਦੇ ਹਨ ਭਾਵ ਆਪਣਾ ਨੱਕ ਫੜਕੇ ਮਾਸ ਤੋਂ ਨਫ਼ਰਤ ਕਰਨ ਦਾ ਪ੍ਰਗਟਾਵਾ ਕਰਦੇ ਹਨ ਇਸ ਵਿੱਚ ਧਰਮ ਨਹੀਂ ਕੇਵਲ ਇੱਕ ਸਮਾਜਿਕ ਦਿਖਾਵਾ ਹੈ ਜਿਸ ਦੁਆਰਾ ਉਹਨਾਂ ਨੂੰ ਧਾਰਮਿਕ ਵਡਿਆਈ ਮਿਲਦੀ ਹੈ, ਸਮਾਜ ਵਿੱਚੋਂ ਸ਼ੋਭਾ ਮਿਲਦੀ ਹੈ ਪਰ ਅਸਲ ਵਿੱਚ ਉਹ ਅਗਿਆਨੀ ਹਨ, ਅਕਲ ਦੇ ਅੰਧੇ ਹਨ ਕਿਉਂਕਿ ਉਹਨਾਂ ਦੇ ਅੰਦਰ "ਗਿਆਨੁ ਧਿਆਨੁ" ਵਾਲੀ ਸੋਝੀ ਨਹੀਂ ਹੈ, ਸੱਚ ਦੀ ਸੋਝੀ ਨਹੀਂ ਹੈ, ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਹੈ। ਇਹੋ ਜਿਹੇ ਅਕਲ ਦੇ ਅੰਧਿਆਂ ਨੂੰ ਕੋਈ ਸਮਝਾਉਣ ਦੀ ਕੋਸ਼ਿਸ਼ ਵੀ ਕਰੇ ਤਾਂ ਇਹ ਗੱਲ ਨੂੰ ਸਮਝਦੇ ਨਹੀਂ ਕਿਉਂਕਿ ਇਹਨਾਂ ਦੇ ਅੰਦਰ ਅਗਿਆਨਤਾ ਹੀ ਦ੍ਰਿੜ ਹੈ ਕਿ ਧਰਮ ਦੇ ਅਨੁਸਾਰ ਮਾਸ ਖਾਣਾ ਮਨ੍ਹਾਂ ਹੈ ਜੋ ਕਿ ਕੇਵਲ ਇਹਨਾਂ ਦੀ ਆਪਣੀ ਮਤਿ ਦਾ ਨਤੀਜਾ ਹੈ ਭਾਵ ਉਸ ਵਿੱਚ ਗੁਰਮਤਿ ਨਹੀਂ ਹੈ, ਗੁਰੂ ਦਾ ਸੱਚਾ ਗਿਆਨ ਨਹੀਂ ਹੈ। **(ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿੰਨ੍ਹਾਂ ਰਾਹੀਂ ਮਾਸ ਦੇ ਸੇਵਨ ਬਾਰੇ ਸਾਡਾ ਸਭ ਦਾ ਭਰਮ ਬੜਾ ਹੀ ਸਪੱਸ਼ਟ ਕਰਕੇ ਕੱਢਿਆ ਹੋਇਆ ਹੈ ਤਾਂ ਜੋ ਕੋਈ ਕਿਸੇ ਨਾਲ ਝਗੜੇ ਵਿੱਚ ਨਾ ਪਵੇ। ਝਗੜੇ ਦਾ ਕਾਰਣ ਸਾਡੇ ਮਨ ਦੀ ਅਗਿਆਨਤਾ ਹੈ ਤੇ ਇਸ ਅਗਿਆਨਤਾ ਵਿੱਚੋਂ ਹੀ ਅਸੀਂ ਨਿਕਲਣਾ ਹੈ। ਕੇਵਲ ਗੁਰੂ ਦੀ ਗੱਲ ਤੇ ਪੂਰਨ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਪੂਰਨ ਰੂਪ ਵਿੱਚ ਸੱਚਾ ਹੈ ਤੇ ਉਸ ਤੋਂ ਜਿਆਦਾ ਸਮਝ ਕਿਸੇ ਕੋਲ ਨਹੀਂ ਹੈ ਭਾਵੇਂ ਅਸੀਂ ਕਿਸੇ ਨੂੰ ਮਨ ਦੀ ਅਗਿਆਨਤਾ ਕਰਕੇ ਜਿਤਨਾ ਮਰਜੀ ਧਰਮ ਦੇ ਮਾਰਗ ਤੇ ਉੱਚਾ ਸਮਝਿਆ ਹੋਇਆ ਹੈ।

"ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥

ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥"

30/3323

ਜਿੰਨ੍ਹਾਂ ਨੇ ਮਾਸ ਦੇ ਸੇਵਨ ਨੂੰ ਧਰਮ ਦੇ ਨਾਲ ਜੋੜਿਆ ਹੋਇਆ ਹੈ ਉਹ ਇਸ ਵਿੱਚ ਆਪਣੀ ਵੱਡੀ ਸਿਆਣਪ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਆਪਣੀ ਇਸ ਸਿਆਣਪ ਨਾਲ ਜੋੜਦੇ ਹਨ। ਧਰਮ ਦਾ ਮਾਰਗ ਸਮਝਾਉਣ ਵਾਲੇ ਮਾਸ ਖਾਣ ਨੂੰ ਜਾਂ ਨਾ ਖਾਣ ਨੂੰ ਹੀ ਧਰਮ ਦੇ ਮਾਰਗ ਤੇ ਉੱਚਾ ਜਾਂ ਨੀਵਾਂ ਹੋਣਾ ਸਮਝਦੇ ਹਨ, ਮਾਸ ਖਾਣ ਵਾਲੇ ਨੂੰ ਅਧਰਮੀ ਕਿਹਾ ਜਾਂਦਾ ਹੈ ਤੇ ਮਾਸ ਨਾ ਖਾਣ ਵਾਲੇ ਨੂੰ ਧਰਮੀ ਕਿਹਾ ਜਾਂਦਾ ਹੈ ਭਾਵ ਇਸੇ ਗੱਲ ਨੂੰ ਧਰਮ ਦਾ ਵੱਡਾ ਮੁੱਦਾ ਬਣਾ ਕੇ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਹੈ। ਮਾਸ ਨਾ ਖਾਣ ਵਾਲਿਆਂ ਨੂੰ, ਮਾਸ ਛੁਡਾਉਣ ਵਾਲਿਆਂ ਨੂੰ ਗਿਆਨਵਾਨ ਸਮਝਿਆ ਜਾਂਦਾ ਹੈ ਤੇ ਮਾਸ ਖਾਣ ਵਾਲਿਆਂ ਨੂੰ ਅਗਿਆਨੀ ਸਮਝਿਆ ਜਾਂਦਾ ਹੈ ਕਿ ਇਹਨਾਂ ਨੂੰ ਧਰਮ ਦੀ ਸੋਝੀ ਨਹੀਂ ਹੈ। ਧਰਮ ਦੇ ਮਾਰਗ ਤੇ ਅਗਿਆਨੀ ਉਹ ਹੈ ਜੋ **"ਅੰਧੁ"** ਕਮਾਉਂਦਾ ਹੈ ਭਾਵ ਆਪਣੀ ਸੰਸਾਰਿਕ ਵਿਚਰਨ ਵਿੱਚ ਮਾੜੇ ਕਰਮ ਕਰਦਾ ਹੈ। ਇਹੋ ਜਿਹੇ ਮਨੁੱਖਾਂ ਦੇ ਅੰਦਰ ਉਹ ਅੱਖਾਂ ਨਹੀਂ ਹਨ ਜਿੰਨ੍ਹਾਂ ਦੁਆਰਾ ਸਾਨੂੰ ਸੱਚ ਨਜ਼ਰ ਆਉਂਦਾ ਹੈ। ਸਾਡੇ ਮਨ ਦੀ ਸੋਝੀ ਸਾਡੀਆਂ ਅੱਖਾਂ ਹਨ ਜੋ ਸਾਨੂੰ ਸਾਡਾ ਸੱਚਾ ਮਾਰਗ ਦਿਖਾਉਂਦੀਆਂ ਹਨ। ਜਿਸ ਮਨੁੱਖ ਦੇ ਅੰਦਰ ਗੁਰਮਤਿ ਦੀ ਸੱਚੀ ਸੋਝੀ ਨਹੀਂ ਹੈ, ਗਿਆਨ ਧਿਆਨ ਵਾਲੀ ਸੋਝੀ ਨਹੀਂ ਹੈ ਉਸ ਮਨੁੱਖ ਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਨਹੀਂ ਹੈ ਤੇ ਉਹ ਧਰਮ ਦੇ ਮਾਰਗ ਨੂੰ ਮਾਸ ਦੇ ਨਾਲ ਜੋੜਕੇ ਮਾਸ ਦੇ ਸੇਵਨ ਤੋਂ ਨਫ਼ਰਤ ਕਰਦਾ ਹੈ ਤੇ ਦੂਸਰਿਆਂ ਨੂੰ ਇਹੋ ਕੁੱਝ ਹੀ ਸਮਝਾਉਂਦਾ ਹੈ। ਸੰਸਾਰ ਵਿੱਚ ਜੋ ਵੀ ਮਨੁੱਖ ਆਇਆ ਹੈ, ਜੋ ਵੀ ਮਨੁੱਖ ਪੈਦਾ ਹੋਇਆ ਹੈ ਉਹ ਸਭ ਮਾਸ ਦਾ ਸੇਵਨ ਕਰਕੇ ਹੀ ਪੈਦਾ ਹੋਏ ਹਨ ਭਾਵ ਮਾਸ ਦਾ ਸੇਵਨ ਕੀਤੇ ਬਿਨ੍ਹਾਂ ਕੋਈ ਪੈਦਾ ਹੀ ਨਹੀਂ ਹੋ ਸਕਦਾ। ਮਨੁੱਖ ਦਾ ਜਨਮ ਮਾਂ ਦੇ ਪੇਟ ਵਿੱਚੋਂ ਹੁੰਦਾ ਹੈ ਜਿੱਥੇ ਉਹ ਪਲਦਾ ਹੈ। ਮਨੁੱਖ ਦਾ ਜਨਮ ਮਾਤਾ ਪਿਤਾ ਦੇ ਮੇਲ ਦੁਆਰਾ ਹੁੰਦਾ ਹੈ ਜਿਸ ਦੁਆਰਾ ਦੋਨਾਂ ਦਾ ਖੂਨ ਇੱਕ ਹੁੰਦਾ ਹੈ ਜੋ ਕਿ ਮਾਸ ਰੂਪ ਹੈ। ਗਰਭ ਵਿੱਚ ਪਲਣ ਦੇ ਸਮੇਂ ਬੱਚੇ ਦੀ ਖੁਰਾਕ ਉਸਨੂੰ ਮਾਂ ਦੇ ਸਰੀਰ ਰਾਹੀਂ ਹੀ ਮਿਲਦੀ ਹੈ ਜੋ ਕਿ ਖੂਨ ਦੇ ਰੂਪ ਵਿੱਚ ਹੁੰਦੀ ਹੈ, ਮਾਸ ਦੇ ਰੂਪ ਵਿੱਚ ਹੁੰਦੀ ਹੈ, ਮਾਸਾਹਾਰੀ ਦੇ ਰੂਪ ਵਿੱਚ ਹੁੰਦੀ ਹੈ ਭਾਵ ਮਨੁੱਖ ਦਾ ਜਨਮ ਮਾਂ ਦੇ ਪੇਟ ਅੰਦਰੋਂ ਮਾਸ ਦਾ ਸੇਵਨ ਕਰਨ ਦੁਆਰਾ ਹੀ ਹੁੰਦਾ ਹੈ ਜਿਸ ਦੁਆਰਾ ਉਹ ਸੰਸਾਰ ਵਿੱਚ ਆਉਂਦਾ ਹੈ। ਮਾਂ ਦੇ ਪੇਟ ਵਿੱਚ ਰਹਿੰਦਿਆਂ ਬੱਚੇ ਦੀ ਆਪਣੀ ਕੋਈ ਮਤਿ ਨਹੀਂ ਹੁੰਦੀ। ਸੰਸਾਰ ਵਿੱਚ ਆਉਣ ਤੋਂ ਬਾਅਦ ਉਹ ਮਨੁੱਖੀ ਮਤਿ ਦੇ ਨਾਲ ਜੁੜ ਜਾਂਦਾ ਹੈ ਜੋ ਕਿ ਇਸ ਸੰਸਾਰ ਨੂੰ ਚਲਾਉਣ ਲਈ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਨੀਯਮ ਹੈ। ਆਪਣੀ ਮਤਿ ਨਾਲ ਜੁੜਕੇ ਸਾਨੂੰ ਪੂਰਨ ਸੱਚ ਦੀ ਸੋਝੀ

30/3324

ਨਹੀਂ ਪੈਂਦੀ ਤੇ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਵਿੱਚ ਧਰਮ ਦੇ ਮਾਰਗ ਦੀ ਸੱਚਾਈ ਨਹੀਂ ਹੁੰਦੀ। ਮਾਸ ਨੂੰ ਧਰਮ ਦੇ ਨਾਲ ਜੋੜਕੇ ਅਸੀਂ ਮੱਛੀ, ਮਾਸ ਆਦਿ ਖਾਣ ਤੋਂ ਨਫ਼ਰਤ ਕਰਦੇ ਹਾਂ ਭਾਵ ਸਾਗ ਖਾਣ ਵਿੱਚ ਤੇ ਮਾਸ ਖਾਣ ਵਿੱਚ ਭੇਦ ਕਰਦੇ ਹਾਂ। ਜਿਹੜੇ ਮਾਸ ਦਾ ਸੇਵਨ ਅਸੀਂ ਮਾਂ ਦੇ ਪੇਟ ਅੰਦਰ ਕੀਤਾ ਹੈ, ਗਰਭ ਵਿੱਚ ਰਹਿੰਦਿਆਂ ਕੀਤਾ ਹੈ ਉਸੇ ਮਾਸ ਨੂੰ ਖਾਣਾ ਫਿਰ ਅਸੀਂ ਚੰਗਾ ਨਹੀਂ ਸਮਝਦੇ ਜੋ ਕਿ ਸਾਡੀ ਕੇਵਲ ਅਗਿਆਨਤਾ ਹੈ ਤੇ ਕੇਵਲ ਇੱਕ ਦੁਨਿਆਵੀ ਸਿਆਣਪ ਹੈ ਜਿਸਦਾ ਸਾਡੇ ਧਰਮ ਦੇ ਨਾਲ ਕੋਈ ਸੰਬੰਧ ਨਹੀਂ ਹੈ। ਧਰਮ ਦਾ ਸੰਬੰਧ ਕੇਵਲ ਸਾਡੇ ਅੰਦਰ ਸੱਚ ਦੇ ਹੋਣ ਦਾ ਹੈ ਤਾਂ ਜੋ ਅਸੀਂ ਸੰਸਾਰ ਵਿੱਚ **"ਅੰਧੁ"** ਨ ਕਮਾਈਏ ਭਾਵ ਮਾੜੇ ਕਰਮ ਨਾ ਕਰੀਏ। (**ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ॥**)

ਇਸਤਰੀ ਪੁਰਸ਼ ਦਾ ਆਪਸ ਵਿੱਚ ਮੇਲ, ਆਪਸ ਵਿੱਚ ਭੋਗ ਮਾਸ ਦਾ ਭੋਗ ਹੀ ਹੈ ਭਾਵ ਮਾਸ ਦਾ ਭੋਗ ਸਾਡੇ ਜੀਵਨ ਦਾ

ਅੰਗ ਹੈ। ਮਨੁੱਖ ਆਪ ਮਾਸ ਦੇ ਭੋਗ ਨਾਲ ਹੀ ਪੈਦਾ ਹੋਇਆ ਹੈ ਤੇ ਆਪਣੀ ਨਾਸਮਝੀ ਕਰਕੇ ਮਾਸ ਦੇ ਸੇਵਨ ਤੋਂ ਨਫ਼ਰਤ ਕਰਦਾ ਹੈ। ਇਹੋ ਜਿਹੇ ਮਨੁੱਖ ਭਾਵ ਮਾਸ ਨੂੰ ਧਰਮ ਦੇ ਨਾਲ ਜੋੜਨ ਵਾਲੇ ਮਨੁੱਖ ਆਪਣੇ ਆਪ ਨੂੰ ਸਿਆਣਾ ਅਖਵਾਉਂਦੇ ਹਨ ਪਰ ਇਸ ਦੀ ਅਸਲ ਵਜ੍ਹਾ ਉਹਨਾਂ ਦੇ ਅੰਦਰ ਸੱਚੇ ਗਿਆਨ ਦਾ ਨਾ ਹੋਣਾ ਹੈ, **"ਗਿਆਨੁ ਧਿਆਨੁ"** ਵਾਲੀ ਅਵੱਸਥਾ ਦਾ ਨਾ ਹੋਣਾ ਹੈ। ਪਾਂਡਿਆਂ ਨੇ ਗੁਰੂ ਸਾਹਿਬ ਦੇ ਨਾਲ ਬਹਿਸ ਕਰਕੇ ਭਾਵੇਂ ਆਪਣੇ ਆਪ ਨੂੰ ਸਿਆਣਾ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਅਸਲ ਵਿੱਚ ਗੁਰੂ ਸਾਹਿਬ ਨੇ ਉਹਨਾਂ ਨੂੰ ਮੂਰਖ ਆਖਿਆ ਹੈ, ਧਰਮ ਦੇ ਮਾਰਗ ਵੱਲੋਂ ਨਾਸਮਝ ਆਖਿਆ ਹੈ। **(ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥)**

ਮਾਸ ਤੋਂ ਬਿਨ੍ਹਾਂ ਸਾਡੀ ਹੋਂਦ ਨਹੀਂ ਬਣ ਸਕਦੀ। ਸਾਡਾ ਸਰਗੁਣ ਰੂਪ ਪੂਰੀ ਤਰ੍ਹਾਂ ਮਾਸ ਦਾ ਬਣਿਆ ਹੋਇਆ ਹੈ ਤੇ ਸਾਡੇ ਅੰਦਰ ਪ੍ਰਮਾਤਮਾ ਦਾ ਨਿਰਗੁਣ ਰੂਪ ਸਾਡੇ ਅੰਦਰ ਦਾ ਜੋਤਿ ਰੂਪ, **"ਜੀਇ"** ਰੂਪ ਸਾਡਾ ਸਰਗੁਣ ਰੂਪ ਬਣਨ ਦੁਆਰਾ ਹੀ ਟਿਕਦਾ ਹੈ ਜਿਸ ਦੁਆਰਾ ਸਾਡੀ ਸੰਭਾਲ ਹੁੰਦੀ ਹੈ। ਆਪਣਾ ਸਰੀਰ ਰੂਪ, ਮਾਸ ਰੂਪ ਸਾਨੂੰ ਚੰਗਾ ਲੱਗਦਾ ਹੈ ਪਰ ਬਾਹਰ ਦੇ ਮਾਸ ਨੂੰ ਅਸੀਂ ਮਾੜਾ ਸਮਝਦੇ ਹਾਂ। ਹਰ ਮਾਸ ਰੂਪ ਦੇ ਅੰਦਰ ਉਸਦਾ ਮਾਲਕ ਉਸਦੇ ਅੰਦਰ ਦਾ ਨਿਰਗੁਣ ਰੂਪ ਹੈ, ਜੋਤਿ ਰੂਪ ਹੈ ਜੋ ਕਿ ਪ੍ਰਮਾਤਮਾ ਆਪ ਹੈ। ਮਾਸ ਮਾਸ ਵਿੱਚ ਕੋਈ ਫਰਕ ਨਹੀਂ ਹੈ ਭਾਵ ਸਭ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਇਸਦੀ ਸਮਝ ਉਦੋਂ ਹੀ ਲੱਗਦੀ ਹੈ ਜਦੋਂ ਮਨੁੱਖ ਨੂੰ **"ਗਿਆਨੁ ਧਿਆਨੁ"** ਵਾਲੀ ਅਵੱਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਜਦੋਂ ਆਪਣੇ ਅੰਦਰ ਵਰਤ ਰਹੇ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਸਾਡੇ ਅੰਦਰ ਦਾ

30/3325

"ਜੀਇ" ਰੂਪ ਪ੍ਰਮਾਤਮਾ ਆਪ ਹੈ ਜੋ ਸਰੀਰ ਦੇ ਮਰਨ ਨਾਲ ਕਦੇ ਮਰ ਨਹੀਂ ਸਕਦਾ ਭਾਵ ਮਾਸ ਨੂੰ ਖਾਣਾ ਅਸਲ ਵਿੱਚ ਕਿਸੇ **"ਜੀਇ"** ਨੂੰ ਖਾਣਾ ਨਹੀਂ ਹੈ। ਮਾਸ ਕੇਵਲ ਪੰਜ ਤੱਤਾਂ ਦਾ ਪੁਤਲਾ ਹੈ, ਮਿੱਟੀ ਦਾ ਪੁਤਲਾ ਹੈ ਜੋ ਭੋਜਨ ਦੇ ਰੂਪ ਵਿੱਚ ਕੰਮ ਆਉਂਦਾ ਹੈ। ਇਸ ਗੱਲ ਨੂੰ ਅਗਲੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਾਂਗੇ। ਮਾਸ ਖਾਣ ਵਾਲੀ ਵਸਤੂ ਹੈ ਤੇ ਨਾ ਖਾਣ ਵਾਲੀ ਵਸਤੂ ਭਾਵ **"ਅਭਖੁ"** ਵਸਤੂ ਉਹ ਹੈ ਜੋ ਕਿਸੇ ਮਨੁੱਖ ਦਾ ਹੱਕ ਖਾਣਾ ਹੈ ਜਿਵੇਂ ਕਿ ਅਸੀਂ ਪਿੱਛੇ ਪੰਗਤੀਆਂ ਦੁਆਰਾ ਸਮਝਿਆ ਹੈ। ਸੱਚ ਨੂੰ ਨਾ-ਸਮਝਣ ਵਾਲੇ **"ਅਭਖੁ"** ਵਸਤੂ ਨੂੰ ਖਾਂਦੇ ਹਨ ਤੇ "ਭਖੁ" ਵਸਤੂ ਭਾਵ ਖਾਣ ਵਾਲੀ ਵਸਤੂ ਭਾਵ ਮਾਸ ਮੱਛੀ ਦੀ ਵਰਤੋਂ ਨਹੀਂ ਕਰਦੇ। ਇਹ ਕੇਵਲ ਸਾਡੀ ਅਗਿਆਨਤਾ ਹੈ। ਇਹੋ ਜਿਹੀ ਮਤਿ ਉਹੀ ਲੈਂਦੇ ਹਨ ਜਿੰਨ੍ਹਾਂ ਦਾ ਗੁਰੂ ਅਗਿਆਨੀ ਹੈ ਭਾਵ ਇਹੋ ਜਿਹੀ ਮਤਿ ਅਸੀਂ ਉਹਨਾਂ ਦੇ ਕੋਲੋਂ ਲਈ ਹੋਈ ਹੈ ਜੋ ਖੁਦ ਅਗਿਆਨਤਾ ਵਿੱਚ ਰਹੇ ਹਨ ਤੇ ਉਹਨਾਂ ਨੇ ਅਗਿਆਨਤਾ ਹੀ ਸਿਖਾਈ ਹੈ। **(ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਧਾਰਮਿਕ ਗ੍ਰੰਥਾਂ ਅਨੁਸਾਰ ਵੀ ਮਾਸ ਦੀ ਵਰਤੋਂ ਦੀ ਮਨਾਹੀ ਨਹੀਂ ਹੈ ਤੇ ਮਾਸ ਸਦਾ ਤੋਂ ਹਰ ਜੁਗ ਵਿੱਚ ਵਰਤਦਾ ਆਇਆ ਹੈ।

"ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥"

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਸਪੱਸ਼ਟ ਕਰਕੇ ਸਮਝਾ ਰਹੇ ਹਨ ਕਿ ਹਿੰਦੂ ਮਾਨਤਾ ਵਾਲੇ ਧਰਮ ਗ੍ਰੰਥ **"ਪੁਰਾਨ"** ਅਨੁਸਾਰ ਮਾਸ ਦੇ ਸੇਵਨ ਬਾਰੇ ਮਨਾਹੀ ਨਹੀਂ ਹੈ ਤੇ ਮੁਸਲਿਮ ਅਤੇ ਇਸਾਈ ਭਾਈਚਾਰੇ ਦੀ ਮਾਨਤਾ ਵਾਲੇ ਧਰਮ ਗ੍ਰੰਥ **"ਕਤੇਬ"** ਰਾਹੀਂ ਵੀ ਮਾਸ ਦੇ ਸੇਵਨ ਬਾਰੇ ਕੋਈ ਮਨਾਹੀ ਨਹੀਂ ਹੈ ਭਾਵ ਮਾਸ ਖਾਣ ਜਾਂ ਨਾ ਖਾਣ ਦਾ ਧਰਮ ਨਾਲ ਕੋਈ ਸੰਬੰਧ ਨਹੀਂ ਹੈ। ਹਰ ਜੁਗ ਵਿੱਚ ਮਾਸ ਦੀ ਵਰਤੋਂ ਹੁੰਦੀ ਰਹੀ ਹੈ ਤੇ ਹੁਣ ਵੀ ਹੋ ਰਹੀ ਹੈ। ਵਿਆਹ ਸ਼ਾਦੀਆਂ ਆਦਿ ਦੇ ਕਾਰਜਾਂ ਵਿੱਚ ਸਦਾ ਤੋਂ ਮਾਸ ਦੀ ਵਰਤੋਂ ਹੁੰਦੀ ਆਈ ਹੈ ਤੇ ਇਹੋ ਜਿਹੇ ਕਾਰਜ ਮਾਸ ਦੀ ਵਰਤੋਂ ਨਾਲ ਸੁਹਾਉਂਦੇ ਹਨ ਭਾਵ ਮਾਸ ਦੀ ਵਰਤੋਂ ਨੂੰ ਪਸੰਦ ਕੀਤਾ ਜਾਂਦਾ ਹੈ ਭਾਵ ਮਾਸ ਮਨੁੱਖ ਦੇ ਖਾਣੇ ਦਾ ਸਦਾ ਤੋਂ ਹੀ ਹਿੱਸਾ ਬਣਿਆ ਹੋਇਆ ਹੈ। ਗੁਰਬਾਣੀ ਸਾਡਾ ਸਭ ਦਾ ਧਰਮ ਗ੍ਰੰਥ

30/3326

ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾ ਰਿਹਾ ਹੈ। ਗੁਰਬਾਣੀ ਸਾਰੇ ਸੰਸਾਰ ਨੂੰ ਸਪੱਸ਼ਟ ਕਰਕੇ ਸਮਝਾ ਰਹੀ ਹੈ ਕਿ ਧਰਮ ਅਨੁਸਾਰ ਮਾਸ ਖਾਣਾ ਮਨ੍ਹਾ ਨਹੀਂ ਹੈ। ਕੋਈ ਮਾਸ ਖਾਂਦਾ ਹੈ ਜਾਂ ਨਹੀਂ ਖਾਂਦਾ ਹੈ ਇਹ ਸਭ ਦੀ ਆਪਣੀ ਆਪਣੀ ਰੁਚੀ ਹੈ ਪਰ ਇਹ ਧਰਮ ਨੂੰ ਲੈ ਕੇ ਸਾਡੇ ਝਗੜੇ ਦਾ ਕਾਰਣ ਨਹੀਂ ਬਣਨਾ ਚਾਹੀਦਾ। **(ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ॥)**

ਜਿਹੜੇ ਮਾਸ ਖਾਣ ਨੂੰ ਧਰਮ ਦੇ ਨਾਲ ਜੋੜਦੇ ਹਨ ਉਹਨਾਂ ਦੀ ਮੂਰਖਤਾ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਹਰ ਮਨੁੱਖ ਮਾਸ ਦੀ ਵਰਤੋਂ ਦੁਆਰਾ ਹੀ ਪੈਦਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਪੰਗਤੀਆਂ ਦੁਆਰਾ ਸਮਝਿਆ ਹੈ ਕਿਉਂਕਿ ਮਾਂ ਦੇ ਗਰਭ ਵਿੱਚ ਹਰ ਕੋਈ ਮਾਸ ਦੇ ਨਾਲ ਹੀ ਪਲਦਾ ਹੈ। ਨਾਸਮਝ ਪਾਂਡੇ ਮਾਸ ਦੀ ਵਰਤੋਂ ਕਰਣ ਵਾਲਿਆਂ ਨੂੰ ਧਰਮ ਦੇ ਨਾਲ ਜੋੜਕੇ ਇਹ ਸਮਝਾਉਂਦੇ ਹਨ ਕਿ ਮਾਸ ਦੀ ਵਰਤੋਂ ਕਰਣ ਵਾਲੇ ਨਰਕ ਵਿੱਚ ਜਾਂਦੇ ਹਨ। ਇਸ ਗੱਲ ਨੂੰ ਅਗਰ ਸਮਝੀਏ ਤਾਂ ਹਰ ਕੋਈ ਨਰਕ ਵਿੱਚ ਜਾਂਦੇ ਹਨ। ਪਾਂਡੇ, ਸੰਨਿਆਸੀ ਆਦਿ ਦਾਨ ਤਾਂ ਸਾਰਿਆਂ ਕੋਲੋਂ ਲੈ ਲੈਂਦੇ ਹਨ, ਮਾਸ ਦੀ ਵਰਤੋਂ ਕਰਣ ਵਾਲਿਆਂ ਤੋਂ ਵੀ ਲੈ ਲੈਂਦੇ ਹਨ। ਜੇਕਰ ਦਾਨ ਦੇਣ ਵਾਲਾ ਨਰਕ ਵਿੱਚ ਜਾਂਦਾ ਹੈ ਤੇ ਉਹਨਾਂ ਤੋਂ ਦਾਨ ਲੈਣ ਵਾਲਾ ਵੀ ਫਿਰ ਨਰਕ ਵਿੱਚ ਹੀ ਜਾਂਦਾ ਹੈ ਕਿਉਂਕਿ ਜਿਸਨੂੰ ਅਸੀਂ ਮਾਸ ਖਾਣ ਕਰਕੇ ਅਧਰਮੀ ਸਮਝਦੇ ਹਾਂ ਉਸ ਕੋਲੋਂ ਦਾਨ ਲੈਣ ਵਾਲਾ ਵੀ ਅਧਰਮੀ ਹੈ। ਅਧਰਮੀ ਕੋਲੋਂ ਉਹ ਦਾਨ ਲੈਣਾ ਮਾੜਾ ਨਹੀਂ ਸਮਝਦੇ ਭਾਵ ਕੇਵਲ ਉਹਨਾਂ ਦੀ ਸਿਆਣਪ ਹੈ, ਧਰਮ ਨੂੰ ਸਮਝਣ ਬਾਰੇ ਨਾਸਮਝੀ ਹੈ। ਜੇਕਰ ਮਾਸ ਖਾਣ ਕਰਕੇ ਕੋਈ ਅਧਰਮੀ ਬਣਦਾ ਹੈ ਤਾਂ ਫਿਰ ਹਰ ਕੋਈ ਮਾਂ ਦੇ ਪੇਟ ਵਿੱਚ ਹੀ ਅਧਰਮੀ ਬਣ ਜਾਂਦਾ ਹੈ, ਪਾਂਡੇ ਆਪ ਵੀ ਅਧਰਮੀ ਬਣ ਜਾਂਦੇ ਹਨ ਤੇ ਦੂਸਰਿਆਂ ਨੂੰ ਉਹੋ ਜਿਹਾ ਧਰਮ ਸਿਖਾਉਂਦੇ ਹਨ ਜਿਸ ਵਿੱਚ ਕੇਵਲ ਸਾਡਾ ਭਰਮ ਹੈ। **(ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥)**

ਮਾਸ ਤੇ ਸਾਗ ਵਿੱਚ ਭੇਦ ਅਸੀਂ ਇਸ ਕਰਕੇ ਸਮਝਦੇ ਹਾਂ ਕਿਉਂਕਿ ਇਹਨਾਂ ਦੀ ਉਤਪਤੀ ਦੇ ਮੂਲ ਨੂੰ ਅਸੀਂ ਨਹੀਂ ਸਮਝਦੇ। ਜਿਸ ਤਰੀਕੇ ਸਾਗ ਦੀ ਉਤਪਤੀ ਹੁੰਦੀ ਹੈ ਉਸੇ ਤਰੀਕੇ ਹੀ ਮਾਸ ਦੀ ਉਤਪਤੀ ਹੁੰਦੀ ਹੈ। ਹਰ ਵਸਤੂ ਦੀ ਉਤਪਤੀ ਦਾ ਮੂਲ ਪ੍ਰਮਾਤਮਾ ਦੇ ਬਣਾਏ ਹੋਏ ਪੰਜ ਤੱਤ ਹਨ ਭਾਵ ਹਰ ਆਕਾਰ ਰੂਪ ਪੰਜਾਂ ਤੱਤਾਂ ਤੋਂ ਹੀ ਬਣਿਆ

30/3327

ਹੋਇਆ ਹੈ। ਜੋ ਤੱਤ ਸਾਗ ਦੇ ਵਿੱਚ ਹਨ, ਉਹੀ ਤੱਤ ਮਾਸ ਦੇ ਵਿੱਚ ਹਨ। ਪੰਜ ਤੱਤਾਂ ਨੂੰ ਅਸੀਂ ਵੈਜ ਕਹਾਂਗੇ ਜਾਂ ਨੋਨ ਵੈਜ ਕਹਾਂਗੇ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

"ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥
ਤੋਆ ਆਥੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥੨॥"

ਪੰਜੇ ਤੱਤਾਂ ਦੀ ਰਚਨਾ ਕਰਨ ਵਾਲਾ ਇੱਕੋ ਇੱਕ ਪ੍ਰਮਾਤਮਾ ਆਪ ਹੈ ਹਰ ਇੱਕ ਵਸਤੂ, ਹਰ ਆਕਾਰ ਰੂਪ ਚਾਰ ਤੱਤਾਂ ਵਿੱਚ ਹੀ ਹੈ ਤੇ ਪੰਜਵਾਂ ਤੱਤ ਸਪੇਸ ਹੈ ਜਿਸ ਵਿੱਚ ਹਰ ਵਸਤੂ ਟਿੱਕੀ ਹੋਈ ਹੈ। ਜੋ ਚਾਰ ਤੱਤ ਸਾਗ ਵਿੱਚ ਹਨ ਉਹੀ ਚਾਰ ਤੱਤ ਮਾਸ ਵਿੱਚ ਹਨ। ਸਾਗ ਤੇ ਮਾਸ ਦਾ ਮਕਸਦ ਆਕਾਰ ਰੂਪ ਬਣਨ ਨਾਲ ਹੈ ਤੇ ਉਸ ਬਣਤਰ ਨੂੰ ਬਣਾਈ ਰੱਖਣ ਨਾਲ ਹੈ ਭਾਵ ਉਸ ਦੇ ਵਿੱਚ ਐਨਰਜੀ ਦਾ ਪ੍ਰਵਾਹ ਕਰਨ ਦੇ ਨਾਲ ਹੈ, ਤਾਕਤ ਦਾ ਪ੍ਰਵਾਹ ਕਰਨ ਦੇ ਨਾਲ ਹੈ। ਸਾਗ ਦੇ ਵਿੱਚ ਵੀ ਐਨਰਜੀ ਹੈ ਤੇ ਮਾਸ ਦੇ ਵਿੱਚ ਵੀ ਐਨਰਜੀ ਹੈ ਕੇਵਲ ਸਵਾਦ ਦਾ ਫ਼ਰਕ ਹੈ। ਸਾਗ ਦੀ ਉਪਜ ਦਾ ਮੂਲ ਵੀ ਗਿਆਨ ਹੈ ਤੇ ਮਾਸ ਦੀ ਉਪਜ ਦਾ ਮੂਲ ਵੀ ਗਿਆਨ ਹੈ ਭਾਵ ਹਰ ਆਕਾਰ ਰੂਪ ਦੀ ਉਪਜ ਦਾ ਮੂਲ ਇੱਕੋ ਇੱਕ ਸਭ ਦੇ ਅੰਦਰ ਪ੍ਰਮਾਤਮਾ ਦਾ ਪਾਇਆ ਹੋਇਆ ਗਿਆਨ ਹੈ ਜਿਸਨੂੰ ਵਾਰ-ਵਾਰ ਪ੍ਰਮਾਤਮਾ ਦਾ ਜੋਤਿ ਰੂਪ ਕਹਿ ਕੇ ਸਮਝਾਇਆ ਹੋਇਆ ਹੈ ਕਿ ਹਰ ਵਸਤੂ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਰਤਦੀ ਹੈ, ਉਸਦਾ ਸ਼ਬਦ ਹੀ ਵਰਤ ਰਿਹਾ ਹੈ। ਇਹ ਜੋਤਿ ਪੰਜਾਂ ਤੱਤਾਂ ਤੋਂ ਬਾਹਰ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪਣੀ ਸ੍ਰਿਸ਼ਟੀ ਦੀ ਰਚਨਾ ਰਚੀ ਹੈ। ਜੋ ਜੋਤਿ ਮਾਸ ਦੇ ਅੰਦਰ ਵਰਤਦੀ ਹੈ ਉਹੀ ਜੋਤਿ ਪ੍ਰਮਾਤਮਾ ਦੀ ਸਾਗ ਦੇ ਅੰਦਰ ਵਰਤਦੀ ਹੈ ਸਿਰਫ਼ ਜੋਤਿ ਦੇ ਵਰਤਣ ਦਾ ਢੰਗ ਵੱਖਰਾ ਹੈ। ਮਾਸ ਵਾਲੇ ਜੀਵਾਂ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਮਨ ਦੀ ਸੋਚ ਰਾਹੀਂ ਵਰਤਦੀ ਹੈ ਜੋ ਮਾਸ ਦੇ ਪੁਤਲੇ ਨੂੰ ਚਲਾਉਂਦੀ ਹੈ ਜਿਸ ਦੁਆਰਾ ਮਾਸ ਦਾ ਪੁਤਲਾ

ਤੁਰਦਾ ਫਿਰਦਾ ਹੈ, ਸੁਣਦਾ ਤੇ ਬੋਲਦਾ ਹੈ ਤੇ ਦੂਸਰਿਆਂ ਦੇ ਵਿਚਾਰਾਂ ਨੂੰ ਸਮਝਣ ਦੀ ਸਮਰੱਥਾ ਰੱਖਦਾ ਹੈ ਭਾਵ ਮਾਸ ਵਾਲੇ ਜੀਵਾਂ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਮਨ ਦੀ ਸੋਝੀ ਦੇ ਰੂਪ ਵਿੱਚ ਵਿਚਰਦੀ ਹੈ। ਸਾਗ ਦੀ ਉਤਪਤੀ, ਬਨਸਪਤੀ ਦੀ ਉਤਪਤੀ

30/3328

ਦਾ ਮੂਲ ਪ੍ਰਮਾਤਮਾ ਦਾ ਗਿਆਨ ਹੀ ਹੈ ਤੇ ਉਹਨਾਂ ਦੇ ਅੰਦਰ ਪ੍ਰਮਾਤਮਾ ਨੇ ਗਿਆਨ ਮੂਲ ਰੂਪ ਵਿੱਚ ਉਹਨਾਂ ਦੇ ਅੰਦਰ ਬੀਜ ਦੇ ਵਿੱਚ ਹੀ ਪਾਇਆ ਹੋਇਆ ਹੈ ਭਾਵ ਜਿਹੋ ਜਿਹਾ ਗਿਆਨ ਪ੍ਰਮਾਤਮਾ ਨੇ ਬਨਸਪਤੀ ਵਿੱਚ ਪਾਇਆ ਹੈ ਉਹ ਉਸੇ ਤਰ੍ਹਾਂ ਉਪਜਦੀ ਤੇ ਬਿਨਸਦੀ ਰਹਿੰਦੀ ਹੈ ਜਿਵੇਂ ਕਿ ਲੇਖ ਵਿੱਚ ਕਾਫੀ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦੀ ਪੂਰੀ ਰਚਨਾ ਸਾਇੰਟਿਫਿਕ ਹੈ ਤੇ ਉਹ ਹਰ ਵਸਤੂ ਨੂੰ ਸਾਇੰਟਿਫਿਕਲੀ ਹੀ ਚਲਾ ਰਿਹਾ ਹੈ। ਜਦ ਤੱਕ ਸਾਨੂੰ ਪ੍ਰਮਾਤਮਾ ਦਾ ਆਪਣਾ ਰੂਪ ਸਮਝ ਨਹੀਂ ਆਉਂਦਾ, ਉਸਦਾ ਨਿਰਗੁਣ ਰੂਪ, ਜੋਤਿ ਰੂਪ, ਨਾਮ ਰੂਪ, ਸ਼ਬਦ ਰੂਪ ਭਾਵ ਬ੍ਰਹਮ ਗਿਆਨ ਰੂਪ ਸਮਝ ਨਹੀਂ ਆਉਂਦਾ ਤਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਨੇ ਹਰ ਵਸਤੂ ਦੀ ਰਚਨਾ ਬ੍ਰਹਮ ਗਿਆਨ ਦੁਆਰਾ ਕੀਤੀ ਹੈ ਭਾਵ ਸਾਇੰਟਿਫਿਕਲੀ ਕੀਤੀ ਹੈ ਤੇ ਸਾਇੰਟਿਫਿਕਲੀ ਹੀ ਭਾਵ ਬ੍ਰਹਮ ਗਿਆਨ ਦੁਆਰਾ ਹੀ ਉਹ ਸਭ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਦਾ ਆਪਣਾ ਰੂਪ ਬ੍ਰਹਮ ਗਿਆਨ ਰੂਪ ਹੈ। **"ਤੋਇਅਹੁ"** ਤੋਂ ਭਾਵ ਹੈ ਤੂੰ ਆਪ ਹੀ ਭਾਵ ਪ੍ਰਮਾਤਮਾ ਆਪ ਹੀ। ਸਭ ਕੁੱਝ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੈ ਭਾਵੇਂ ਉਹ ਸਾਨੂੰ ਦਿੱਸਣ ਵਿੱਚ ਬਨਸਪਤੀ ਰੂਪ ਲੱਗਦਾ ਹੈ ਜਾਂ ਮਾਸ ਰੂਪ ਲੱਗਦਾ ਹੈ ਸਭ ਦਾ ਮੂਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। **(ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥)**

ਹਰ ਵਸਤੂ ਵਿੱਚ ਪ੍ਰਮਾਤਮਾ ਜੋਤਿ ਦੇ ਰੂਪ ਵਿੱਚ ਆਪ ਹੀ ਹੈ ਸਭ ਕੁੱਝ ਉਹ ਆਪ ਹੀ ਹੈ ਤੇ ਸਾਡੇ ਅੰਦਰ ਉਹ ਜੋਤਿ ਦੇ ਰੂਪ ਵਿੱਚ ਆਪ ਹੀ ਹੈ ਜੋ ਸਾਨੂੰ ਚਲਾ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਨੇ ਆਪ ਹੀ ਸਾਡੇ ਸਭ ਦੇ ਅੰਦਰ ਭਰਮ ਰੂਪ ਪੜਦਾ ਪਾਇਆ ਹੋਇਆ ਹੈ, ਹਉਮੈ ਰੂਪ ਪੜਦਾ ਪਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਇਸ ਸਰੀਰ ਨੂੰ ਆਪਣਾ ਮਨੁੱਖੀ ਰੂਪ ਸਮਝਦੇ ਹਾਂ ਭਾਵ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਭਾਵ ਆਪਣੇ ਆਪ ਨੂੰ **"ਮੈਂ"** ਸਮਝਦੇ ਹਾਂ ਕਿ ਇਸ ਸਰੀਰ ਰੂਪ ਵਿੱਚ **"ਮੈਂ"** ਹਾਂ। ਆਪਣੇ ਅੰਦਰੋਂ ਪ੍ਰਮਾਤਮਾ ਦੇ ਜੋਤਿ ਰੂਪ ਨੂੰ ਜਾਣੇ ਬਿਨ੍ਹਾਂ, ਉਸਦੇ ਨਾਮ ਰੂਪ ਨੂੰ, ਸ਼ਬਦ ਰੂਪ ਨੂੰ, ਬ੍ਰਹਮ ਗਿਆਨ ਰੂਪ ਨੂੰ ਜਾਣੇ ਬਿਨ੍ਹਾਂ ਭਾਵ ਉਸਦੇ ਨਿਰਗੁਣ ਰੂਪ ਨੂੰ ਜਾਣੇ ਬਿਨ੍ਹਾਂ ਹਰ ਕੋਈ "ਮੈ" ਵਿੱਚ ਹੀ ਹੈ। ਅਗਲੀਆਂ ਪੰਗਤੀਆਂ ਰਾਹੀਂ ਗੁਰੂ

30/3329

ਸਾਹਿਬ ਪਾਂਡਿਆਂ ਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਪਾਂਡੇ ਕਿਉਂਕਿ ਤੈਨੂੰ **"ਗਿਆਨੁ ਧਿਆਨੁ"** ਦੀ ਸੋਝੀ ਨਹੀਂ ਹੈ ਇਸ ਕਰਕੇ ਤੂੰ ਆਪਣੀ **"ਮੈਂ"** ਵਿੱਚ ਹੈਂ ਭਾਵ ਹਉਮੈ ਵਿੱਚ ਹੈਂ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥੨॥"

"ਤੋਆ ਆਖੈ" ਤੋਂ ਭਾਵ ਹੈ ਕਿ ਤੂੰ ਆਪਣੀ ਹੋਂਦ ਸਮਝਕੇ ਆਖਦਾ ਹੈ ਭਾਵ ਤੂੰ ਹਉਮੈ ਵਿੱਚ ਹੈ ਭਾਵ ਤੈਨੂੰ ਆਪਣੇ ਆਪ ਦੀ ਸੋਝੀ ਨਹੀਂ ਹੈ ਕਿ ਤੇਰੀ ਅਸਲੀਅਤ ਕੀ ਹੈ ਭਾਵ ਤੂੰ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਦੇਖਿਆ। ਤੂੰ ਇਸੇ ਕਰਕੇ ਆਪਣੇ ਆਪ ਨੂੰ ਆਪਣੀਆਂ ਅਨੇਕਾਂ ਹੀ ਸਿਆਣਪਾਂ ਦੁਆਰਾ "ਹਛਾ" ਆਖਦਾ ਹੈ, ਸਮਝਦਾ ਹੈਂ ਕਿ ਅਸੀ ਮਾਸ ਨਾ ਖਾਣ ਕਰਕੇ ਹਛੇ ਹਾਂ, ਧਰਮ ਦੀ ਸੋਝੀ ਵਾਲੇ ਹਾਂ (**ਤੋਆ ਆਖੈ ਹਉ ਬਹੁ ਬਿਧਿ ਹਛਾ**) ਲੇਕਿਨ ਹਉਮੈ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਸੱਚ ਦੀ ਸਮਝ ਨਹੀਂ ਹੁੰਦੀ, ਧਰਮ ਦੀ ਪੂਰਨ ਸੱਚਾਈ ਦੀ ਸਮਝ ਨਹੀਂ ਹੁੰਦੀ, ਗੁਰਮਤਿ ਦੀ ਪੂਰਨ ਸਮਝ ਨਹੀਂ ਹੁੰਦੀ ਜਿਸ ਕਰਕੇ ਉਹ ਆਪਣੀ ਮਨਮਤਿ ਨੂੰ ਹੀ ਚੰਗਾ ਸਮਝਦਾ ਹੈ। ਹਉਮੈ ਵਿੱਚ, ਮਨਮਤਿ ਵਿੱਚ ਰਹਿੰਦੇ ਹੋਏ ਮਨੁੱਖ ਵਿਕਾਰਾਂ ਦਾ ਭਰਿਆ ਹੋਇਆ ਹੁੰਦਾ ਹੈ ਜਿਸ ਦੀ ਕਿ ਉਸਨੂੰ ਸਮਝ ਨਹੀਂ ਹੁੰਦੀ ਤੇ ਉਹਨਾਂ ਗੱਲਾਂ ਨੂੰ ਸੱਚ ਸਮਝਦਾ ਹੈ, ਧਰਮ ਸਮਝਦਾ ਹੈ ਜਿੰਨ੍ਹਾਂ ਵਿੱਚ ਧਰਮ ਨਹੀਂ ਹੁੰਦਾ। **(ਤੋਐ ਬਹੁਤੁ ਬਿਕਾਰਾ॥) "ਤੋਐ"** ਤੋਂ ਭਾਵ ਹੈ ਮੈ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ, ਹਉਮੈ ਵਾਲੀ, ਭਰਮ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ। **(ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥)**

ਧਰਮ ਦਾ ਮਾਰਗ ਅਸਲ ਵਿੱਚ ਆਪਣੀ ਮੈਂ ਨੂੰ ਛੱਡਣ ਦਾ ਹੈ, ਮਨਮਤਿ ਨੂੰ, ਭਰਮ ਨੂੰ ਛੱਡਣ ਦਾ ਹੈ ਜੋ ਸਾਡੇ ਅੰਦਰ ਵਿਕਾਰਾਂ ਦਾ ਮੂਲ ਹੈ ਕਿਉਂਕਿ ਪ੍ਰਮਾਤਮਾ ਦੀ ਭਗਤੀ ਵਿਕਾਰ ਰਹਿਤ ਹੋ ਕੇ ਹੀ ਹੋ ਸਕਦੀ ਹੈ ਕਿਉਂਕਿ ਮਨ ਦੇ ਵਿਕਾਰ ਸਾਨੂੰ ਉਹਨਾਂ ਰਸਾਂ ਦੇ ਨਾਲ ਜੋੜਦੇ ਹਨ ਜੋ ਕਿ ਸਭ ਮਾਇਆ ਦੇ ਰਸ ਹਨ। ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ

ਸਾਰੇ ਮਾਇਆ ਦੇ ਰਸ ਹਨ, ਬਿਖਿਆ ਦੇ ਰਸ ਹਨ ਜਿੰਨ੍ਹਾਂ ਵਿੱਚੋਂ ਨਿਕਲਣ ਦੁਆਰਾ ਹੀ ਧਰਮ ਦੇ ਮਾਰਗ ਤੇ, ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਇਹੀ ਗੱਲ ਗੁਰੂ ਸਾਹਿਬ ਜੀ ਨੇ ਪਾਂਡਿਆਂ ਨੂੰ ਸੰਨਿਆਸੀਆਂ ਨੂੰ ਸਮਝਾਈ ਹੈ ਕਿ ਸੰਨਿਆਸੀ

30/3330

ਬਣਨ ਦਾ ਮਾਰਗ ਵਿਕਾਰਾਂ ਤੋਂ ਮੁਕਤਿ ਹੋਣ ਦਾ ਮਾਰਗ ਹੈ। ਜਦੋਂ ਮਨੁੱਖ ਨੂੰ ਧਰਮ ਦੇ ਮਾਰਗ ਦੀ ਸੋਝੀ ਪੈਂਦੀ ਹੈ ਉਹ ਮਨ ਦੇ ਵਿੱਚ ਵਿਚਾਰਾਂ ਰਾਹੀਂ ਹੀ ਪੈਂਦੀ ਹੈ, **"ਗਿਆਨੁ ਧਿਆਨੁ"** ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਮਨੁੱਖ ਨੂੰ ਸੱਚੇ ਵਿਚਾਰਾਂ ਵਾਲਾ ਬਣਾਦਾ ਹੈ। ਗੁਰੂ ਸਾਹਿਬ ਨੇ ਪਾਂਡਿਆਂ ਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਇਹ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਅਸਲ ਵਿੱਚ ਮਨ ਦੇ ਵਿਕਾਰਾਂ ਤੋਂ ਮੁਕਤਿ ਹੋਣ ਦਾ ਹੈ, ਭਰਮ ਤੋਂ, ਹਉਮੈ ਤੋਂ ਮੁਕਤਿ ਹੋਣ ਦਾ ਹੈ ਜਿਸ ਦਾ ਕਿ ਮਨੁੱਖ ਦੇ ਖਾਣੇ ਦੇ ਨਾਲ ਸੰਬੰਧ ਨਹੀਂ ਹੈ। (**ਤੋਆ ਆਧੈ ਹਉ ਬਹੁ ਬਿਧਿ ਹਛਾ ਤੋਐ ਬਹੁਤ ਬਿਕਾਰਾ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥**)

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥}

(ਅੰਗ ੧੧੧੮)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥}

(ਅੰਗ ੧੧੫)

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥
ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥}

(ਅੰਗ ੧੫)

ਸਾਡੀ ਜਿਹੜੀ ਵੀ ਕਰਨੀ ਵਿੱਚ ਸੱਚ ਨਹੀਂ ਹੈ ਭਾਵ ਸਾਡੀ ਜੋ ਵੀ ਕਰਨੀ ਗੁਰਮਤਿ ਅਨੁਸਾਰ ਨਹੀਂ ਹੈ ਉਹ ਸਭ ਮਾਇਆ ਰਸ ਹੈ ਜੋ ਸਾਨੂੰ ਚੰਗਾ ਲੱਗਦਾ ਹੈ। ਸਾਡੀ ਝੂਠ ਬੋਲਣ ਦੁਆਰਾ ਕੀਤੀ ਹੋਈ ਕਮਾਈ ਵਿੱਚ ਸੱਚ ਨਹੀਂ ਹੈ ਤੇ ਆਪਣੀ ਇਹੋ ਜਿਹੀ ਕਮਾਈ ਨਾਲ ਅਸੀਂ ਜੋ ਕੁੱਝ ਵੀ ਖਰੀਦਦੇ ਹਾਂ, ਉਸਦੀ ਵਰਤੋਂ ਵਿੱਚ ਅਸੀਂ ਜੋ ਵੀ ਸੁੱਖ ਮਹਿਸੂਸ ਕਰਦੇ ਹਾਂ ਉਹ ਸਭ ਮਾਇਆ ਰਸ ਹੈ। ਆਪਣੀ ਮਾੜੀ ਕਮਾਈ ਦੁਆਰਾ ਭਾਵੇਂ ਅਸੀਂ ਕੋਈ ਮਿੱਠੀ ਵਸਤੂ ਖਰੀਦ ਕੇ ਖਾਂਦੇ ਹਾਂ, ਘਿਉਂ, ਮੈਦਾ ਆਦਿ ਖਾਂਦੇ ਹਾਂ, ਸਾਗ ਆਦਿ ਖਾਂਦੇ ਹਾਂ ਜਾਂ ਮਾਸ ਆਦਿ ਖਾਂਦੇ ਹਾਂ ਭਾਵ ਆਪਣੀ ਸਮਝ ਅਨੁਸਾਰ ਵੈਜ ਖਾਂਦੇ ਹਾਂ ਜਾਂ ਨਾਨ ਵੈਜ ਖਾਂਦੇ ਹਾਂ ਉਹ ਸਭ ਮਾਇਆ ਰਸ

30/3331

ਹੀ ਹੈ ਭਾਵ ਉਸ ਵਿੱਚ ਨਾਮ ਵਾਲੀ ਕਮਾਈ ਨਹੀਂ ਹੈ ਤੇ ਇਹੋ ਜਿਹੇ ਮਨੁੱਖਾਂ ਦੇ ਅੰਦਰ ਨਾ ਹੀ ਕਦੇ "ਨਾਮ ਨਿਵਾਸੁ" ਭਾਵ ਪ੍ਰਮਾਤਮਾ ਦਾ ਨਿਵਾਸ ਹੋ ਸਕਦਾ ਹੈ। (**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥**)

ਮਃ ੧ ॥

{ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥

ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੨॥}

(ਅੰਗ ੧੪੨)

{ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
ਰਾਜਿ ਰੰਗੁ ਮਾਲਿ ਰੰਗੁ ॥ ਰੰਗਿ ਰਤਾ ਨਚੈ ਨੰਗੁ ॥
ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥੧॥}

(ਅੰਗ ੧੪੨)

ਅਸੀਂ ਕਿਹੋ ਜਿਹਾ ਖਾਂਦੇ ਹਾਂ, ਕਿਹੋ ਜਿਹਾ ਪਹਿਨਦੇ ਹਾਂ ਇਸ ਦਾ ਧਰਮ ਦੇ ਮਾਰਗ ਨਾਲ ਕੋਈ ਸੰਬੰਧ ਨਹੀਂ ਹੈ। ਧਰਮ ਦਾ ਸੰਬੰਧ ਕੇਵਲ ਮਨ ਦੇ ਸੱਚ ਦੇ ਨਾਲ ਹੈ ਤੇ ਪੂਰਨ ਸੱਚ ਦੀ ਸੋਝੀ ਕੇਵਲ ਉਸਨੂੰ ਹੀ ਪੈਂਦੀ ਹੈ ਜਿਸਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਇਹ ਸੋਝੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਆਪਣੇ ਸੱਚ ਦੀ ਸੋਝੀ ਪ੍ਰਮਾਤਮਾ ਮਨ ਦੇ ਵਿੱਚ ਸ਼ਬਦ ਦੇ ਵਿਚਾਰਾਂ ਦੁਆਰਾ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਸ਼ਬਦ ਦੇ ਵਿਚਾਰਾਂ ਵਿੱਚ ਸਮਾਇਆ ਰਹਿੰਦਾ ਹੈ, ਗੁਰੂ ਪ੍ਰਮਾਤਮਾ ਦੇ ਵਿਚਾਰਾਂ ਵਿੱਚ ਸਮਾਇਆ ਰਹਿੰਦਾ ਹੈ ਜਿਸ ਦੁਆਰਾ ਮਨੁੱਖ ਦੇ ਧਿਆਨ ਦੇ ਅੰਦਰ ਪ੍ਰਮਾਤਮਾ ਦਾ ਸੱਚਾ ਗਿਆਨ ਵੱਸਿਆ ਰਹਿੰਦਾ ਹੈ, ਮਨੁੱਖ ਦਾ ਧਿਆਨ ਮਨ ਦੇ ਵਿੱਚ ਪ੍ਰਮਾਤਮਾ ਦੇ ਗਿਆਨ ਦੇ ਨਾਲ ਜੁੜਿਆ ਰਹਿੰਦਾ ਹੈ ਤੇ ਮਨੁੱਖ ਦੇ ਮਨ ਦੇ ਵਿੱਚੋਂ ਹੀ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ। ਮਨ ਦੇ ਵਿੱਚੋਂ ਇਹੋ ਜਿਹੀ ਸੋਝੀ ਪਏ ਬਿਨ੍ਹਾਂ ਹਰ ਕੋਈ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ ਤੇ ਇਹੀ ਗੱਲ ਸਾਨੂੰ ਦੋਨਾਂ ਸਲੋਕਾਂ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ। ਕਿਉਂਕਿ

30/3332

ਪਾਂਡਿਆਂ ਨੇ ਗੁਰੂ ਸਾਹਿਬ ਨਾਲ ਜੋ ਮਾਸ ਨੂੰ ਲੈ ਕੇ ਝਗੜਾ ਪਾਇਆ ਸੀ ਉਹ ਮਨ ਦੇ ਵਿੱਚ ਧਰਮ ਦੀ ਸੋਝੀ ਨਾ ਹੋਣ ਕਰਕੇ ਹੀ ਪਾਇਆ ਸੀ ਭਾਵ **"ਗਿਆਨੁ ਧਿਆਨੁ"** ਦੀ ਸੋਝੀ ਨਾ ਹੋਣ ਕਰਕੇ ਹੀ ਪਾਇਆ ਸੀ।

ਪਉੜੀ ॥

“ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥
ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥”

(ਅੰਗ - ੧੨੯੦)

ਉੱਪਰ ਵਾਲੀਆਂ ਪਹਿਲੀਆਂ ਪੰਗਤੀਆਂ ਨੂੰ ਸਮਝੋ ਕਿ ਪ੍ਰਮਾਤਮਾ ਨੂੰ ਜਾਨਣਾ ਤੇ ਉਸ ਵਿੱਚ ਸਮਾਉਣਾ ਕੀ ਹੈ। ਪ੍ਰਮਾਤਮਾ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੀ ਵਿਚਰਦਾ ਹੈ ਭਾਵ ਸ਼ਬਦ ਦੇ ਅੰਦਰ ਦਾ ਜੋ ਗਿਆਨ ਹੈ ਪ੍ਰਮਾਤਮਾ ਆਪਣੇ ਉਸ ਰੂਪ ਦੁਆਰਾ ਹੀ ਸਭ ਵਿੱਚ ਵਰਤ ਰਿਹਾ ਹੈ। ਪ੍ਰਮਾਤਮਾ ਦਾ ਸੱਚ ਉੱਥੇ ਹੈ ਜਿੱਥੇ ਉਸ ਦੇ ਸ਼ਬਦ ਦੀ ਵਿਚਾਰ ਹੈ। ਜਿੱਥੇ ਪ੍ਰਮਾਤਮਾ ਆਪਣਾ ਸੱਚ ਸਮਝਾਉਂਦਾ ਹੈ ਉਹ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੀ ਸਮਝਾਉਂਦਾ ਹੈ। ਜੋ ਮਨ ਦੇ ਵਿੱਚ ਸ਼ਬਦ ਦੀ ਵਿਚਾਰ ਦੇ ਵਿੱਚ ਸਮਾਅ ਜਾਂਦਾ ਹੈ ਉਹ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦਾ ਹੈ। ਗੁਰੂ ਸਾਹਿਬ ਸ਼ਬਦ ਦੀ ਵਿਚਾਰ ਰਾਹੀਂ ਹੀ ਪ੍ਰਮਾਤਮਾ

ਦੇ ਵਿੱਚ ਸਮਾਏ ਹੋਏ ਹਨ ਜਿਸ ਰਾਹੀਂ ਉਹਨਾਂ ਨੇ ਪਾਂਡਿਆਂ ਨੂੰ ਭਰਮ ਵਿੱਚੋਂ ਕੱਢਿਆ ਹੈ। ਜਿੰਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਮਨ ਦੀ ਇਸ ਅਵੱਸਥਾ ਦੁਆਰਾ ਹੀ ਜਾਣਿਆ ਹੈ। ਪ੍ਰਮਾਤਮਾ ਦੇ ਗੁਣ ਜੀਭ ਦੁਆਰਾ ਨਹੀਂ ਗਾਏ ਜਾ ਸਕਦੇ ਭਾਵ ਮੁੱਖੋਂ ਬਿਆਨ ਨਹੀਂ ਕੀਤੇ ਜਾ ਸਕਦੇ। ਪ੍ਰਮਾਤਮਾ ਦੇ ਵੱਡੇਪਨ ਨੂੰ ਕੇਵਲ ਮਨ ਦੇ ਵਿੱਚੋਂ ਹੀ ਸਮਝਿਆ ਜਾ ਸਕਦਾ ਹੈ ਕਿ ਉਹ ਕਿਤਨਾ ਕੁ ਵੱਡਾ ਹੈ ਭਾਵ ਪ੍ਰਮਾਤਮਾ ਨੂੰ ਜਾਨਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ ਤੇ ਉਸ ਨੂੰ ਜਾਣੇ ਬਿਨ੍ਹਾਂ ਕਿਸੇ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈ ਸਕਦੀ ਜੋ ਸੋਝੀ ਉਹ ਆਪ ਹੀ ਪਾਉਂਦਾ ਹੈ। **(ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ॥ ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ॥)**

30/3333

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੀ ਹੈ, ਸ਼ਬਦਾਂ ਦੁਆਰਾ ਪਾਈ ਹੋਈ ਸੋਝੀ ਦੇ ਰੂਪ ਵਿੱਚ ਹੀ ਹੈ। ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪਣਾ ਇਹ ਰੂਪ ਪ੍ਰਗਟ ਕੀਤਾ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ ਇਹ ਰੂਪ ਸਾਰੇ ਸੰਸਾਰ ਲਈ ਪ੍ਰਗਟ ਕੀਤਾ ਹੈ ਜਿਸ ਰੂਪ ਦੇ ਨਾਲ ਜੁੜਕੇ ਅਸੀਂ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ। ਪ੍ਰਮਾਤਮਾ ਦੇ ਇਸ ਰੂਪ ਦੇ ਨਾਲ ਜੁੜ ਕੇ ਹੀ ਸਾਨੂੰ ਸੱਚ ਦੀ ਸੋਝੀ ਪੈ ਸਕਦੀ ਹੈ ਜਿਸ ਦੁਆਰਾ ਅਸੀਂ ਸੱਚ ਦੇ ਨਾਲ ਜੁੜ ਸਕਦੇ ਹਾਂ। ਇਹ "ਸਚੁ" ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਸ਼ਬਦਾਂ ਦੀ ਵਿਚਾਰਾਂ ਦੇ ਰੂਪ ਵਿੱਚ ਹੈ ਤੇ ਪ੍ਰਮਾਤਮਾ ਦਾ ਇਹ ਰੂਪ ਹੀ ਉਸ ਦਾ ਨਾਮ ਰੂਪ ਹੈ ਜਿਸਦੇ ਨਾਲ ਜੁੜਕੇ ਉਸਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਸੱਚ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਜਿੰਨ੍ਹਾਂ ਨੂੰ ਇਹੋ ਜਿਹੇ ਸੱਚ ਦੀ ਸਮਝ ਨਹੀਂ ਹੈ ਉਹ ਫਿਰ ਆਪਣੀ ਆਪਣੀ ਮਤਿ ਦੁਆਰਾ ਵਿਚਰਦੇ ਹਨ, ਇੱਧਰੋਂ ਉਧਰੋਂ ਲਈਆਂ ਹੋਈਆਂ ਮੱਤਾਂ ਦੁਆਰਾ ਵਿਚਰਦੇ ਹਨ ਜਿਸ ਨੂੰ ਉਹ ਧਰਮ ਦਾ ਮਾਰਗ ਸਮਝਦੇ ਹਨ ਪਰ ਇਹੋ ਜਿਹੀਆਂ ਮੱਤਾਂ ਦੇ ਪਿੱਛੇ ਲੱਗ ਕੇ ਨਾ ਹੀ ਕੋਈ ਧਰਮ ਦੇ ਮਾਰਗ ਤੇ ਚੱਲ ਸਕਦਾ ਹੈ ਤੇ ਨਾ ਹੀ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ॥"

ਉੱਪਰ ਪਾਂਡਿਆਂ, ਸੰਨਿਆਸੀਆਂ ਆਦਿ ਦਾ ਵੇਸ ਹੀ ਸਮਝਾਇਆ ਹੋਇਆ ਹੈ ਜੋ ਜਗ੍ਹਾ ਜਗ੍ਹਾ ਧਰਮ ਦਾ ਮਾਰਗ ਸਮਝਕੇ ਭਾਉਂਦੇ ਰਹਿੰਦੇ ਹਨ, ਤੀਰਥਾਂ ਆਦਿ ਤੇ ਜਾਂਦੇ ਹਨ ਤੇ ਧਰਮ ਦਾ ਪ੍ਰਚਾਰ ਕਰਦੇ ਹਨ। ਗੁਰੂ ਸਾਹਿਬ ਦੇ ਨਾਲ ਮਾਸ ਬਾਰੇ ਝਗੜਾ ਇਹਨਾਂ ਨੇ ਧਰਮ ਅਸਥਾਨ ਉੱਤੇ ਹੀ ਪਾਇਆ ਸੀ ਜਿੱਥੇ ਗੁਰੂ ਸਾਹਿਬ ਦਾ ਮਕਸਦ ਭਰਮ ਵਿੱਚੋਂ ਕੱਢਣ ਦਾ ਹੀ ਸੀ ਕਿਉਂਕਿ ਮਾਸ ਨੂੰ ਧਰਮ ਦੇ ਮਾਰਗ ਨਾਲ ਉਹੀ ਜੋੜਦੇ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ। ਸਿੱਖ ਜਗਤ ਵਿੱਚ ਵੀ ਅਨੇਕਾਂ ਜੱਥੇਬੰਦੀਆਂ ਮਾਸ ਨੂੰ ਧਰਮ ਦੇ ਮਾਰਗ ਨਾਲ ਹੀ ਜੋੜਦੀਆਂ ਹਨ। ਇਹੋ ਜਿਹੀ ਸੋਝੀ ਅਸੀਂ ਉਹਨਾਂ ਕੋਲੋਂ ਲਈ ਹੈ ਜਿੰਨ੍ਹਾਂ ਨੂੰ ਪਾਂਡਿਆਂ ਤੇ ਸੰਨਿਆਸੀਆਂ ਦੀ ਤਰ੍ਹਾਂ ਧਰਮ ਦੀ ਸੱਚੀ ਸੋਝੀ ਨਹੀਂ ਪਈ ਭਾਵ ਉਹਨਾਂ ਨੇ ਆਪਣੇ ਅੰਦਰੋਂ

30/3334

ਪ੍ਰਮਾਤਮਾ ਨੂੰ ਨਹੀਂ ਜਾਣਿਆ ਜੋ ਕਿ ਸਭ ਦੇ ਅੰਦਰ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ, ਉਸ ਨੇ ਆਪ ਹੀ ਆਪਣੇ ਆਪ ਨੂੰ ਸਭ ਦੇ ਅੰਦਰ ਲੁਕਾਇਆ ਹੋਇਆ ਹੈ। ਪ੍ਰਮਾਤਮਾ ਨੂੰ ਗੁਰੂ ਤੋਂ ਬਿਨ੍ਹਾਂ ਕਿਸੇ ਨੇ ਵੀ ਨਹੀਂ ਪਾਇਆ ਤੇ ਇਸੇ ਲਈ ਗੁਰੂ ਤੋਂ ਬਿਨ੍ਹਾਂ ਕਿਸੇ ਨੂੰ ਧਰਮ ਦੀ ਸੱਚੀ ਸੋਝੀ ਨਹੀਂ ਹੈ। ਧਰਮ ਦਾ ਸੱਚਾ ਮਾਰਗ ਸਾਨੂੰ ਕੇਵਲ ਗੁਰੂ ਹੀ ਸਮਝਾ ਸਕਦਾ ਹੈ ਤੇ ਇਸੇ ਲਈ ਸਾਨੂੰ ਕੇਵਲ ਗੁਰੂ ਦੀ ਮਤਿ ਦੇ ਨਾਲ ਹੀ ਜੁੜਨਾ ਚਾਹੀਦਾ ਹੈ। ਗੁਰੂ ਦੀ ਮਤਿ ਦੇ ਨਾਲ ਜੁੜਨ ਵਾਲੇ ਮਾਸ ਨੂੰ ਧਰਮ ਦੇ ਨਾਲ ਨਹੀਂ ਜੋੜ ਸਕਦੇ ਤੇ ਨਾ ਹੀ ਗੁਰਮਤਿ ਦੇ ਉਲਟ ਪ੍ਰਚਾਰ ਕਰ ਸਕਦੇ ਹਨ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ, ਸੱਚ ਨੂੰ ਸਮਝਣ ਵਿੱਚ ਦੂਰ ਹੀ ਹੈ, ਨਾਮ ਨੂੰ ਸਮਝਣ ਤੋਂ ਦੂਰ ਹੀ ਹੈ, ਸ਼ਬਦ ਦਾ ਵਿਚਾਰੀ ਬਣਨ ਤੋਂ ਦੂਰ ਹੀ ਹੈ। **(ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ॥ ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ॥ ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ॥ ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ॥)**

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ ॥}

(ਅੰਗ ੩੫੫)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥}

(ਅੰਗ ੧੨੦)

ਸਾਨੂੰ ਧਰਮ ਦੀ ਸੋਝੀ ਗੁਰੂ ਦੇ ਗਿਆਨ ਦੁਆਰਾ ਹੀ ਪੈਂਦੀ ਹੈ, ਸ਼ਬਦ ਦੀ ਵਿਚਾਰ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ। ਪਹਿਲੇ ਪ੍ਰਮਾਤਮਾ ਆਪ ਮਨ ਦੇ ਗਿਆਨ ਰਾਹੀਂ ਹੀ ਪ੍ਰਗਟ ਹੁੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਪ੍ਰਗਟ ਹੁੰਦਾ ਹੈ। ਜਿਸ ਰੂਪ ਦੁਆਰਾ ਉਹ ਸਾਡੇ ਮਨ ਦੇ ਅੰਦਰ ਵਿਚਰਦਾ ਹੈ ਤੇ ਉਸ ਤੋਂ ਬਾਅਦ ਮਨ ਦੇ ਵਿੱਚ ਉਹ ਆਪਣੇ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ, ਗੁਰਮਤਿ ਰੂਪ, ਸੱਚ ਰੂਪ ਵਿਚਾਰ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਉਸ ਦੇ ਸੱਚੇ ਵਿਚਾਰਾਂ ਵਿੱਚ ਹੀ ਸਮਾਅ ਜਾਂਦਾ ਹੈ। ਗੁਰੂ ਸਾਹਿਬ ਨੇ ਪਾਂਡਿਆਂ ਨੂੰ ਮਨ ਦੀ ਇਹੋ ਜਿਹੀ ਸੋਝੀ ਦੁਆਰਾ ਹੀ ਧਰਮ ਦਾ ਮਾਰਗ ਸਮਝਾਇਆ ਹੈ ਤੇ ਗੁਰੂ ਸਾਹਿਬ ਨੇ ਆਪਣੇ ਮਨ ਦੀ ਅਵੱਸਥਾ ਹੀ ਅਗਲੀਆਂ ਪੰਗਤੀਆਂ

30/3335

ਦੁਆਰਾ ਸਮਝਾਈ ਹੋਈ ਹੈ।

"ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ॥

ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਦੇ ਸ਼ਬਦ ਦਾ ਮਕਸਦ ਕੀ ਹੈ। ਸ਼ਬਦ ਦਾ ਮਕਸਦ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਣ ਦਾ ਹੈ, ਹਉਮੈ ਦੇ, ਭਰਮ ਦੇ, ਦੁਬਿਧਾ ਦੇ ਪੜ੍ਹਦੇ ਵਿੱਚੋਂ ਕੱਢਣ ਦਾ ਹੈ। ਪ੍ਰਮਾਤਮਾ ਨਾਲ ਸਾਡਾ ਵਿਛੋੜਾ ਮਨ ਦੇ ਵਿੱਚ ਇਸ ਅਗਿਆਨਤਾ ਦੇ ਪੜਦੇ ਕਾਰਣ ਹੀ ਹੈ, ਹਉਮੈ ਰੂਪ ਪੜਦੇ ਕਾਰਣ ਹੀ ਹੈ। ਜਦੋਂ ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਕਰਦਾ ਹੈ ਉਸਨੂੰ ਮਨ ਦੀ ਅਗਿਆਨਤਾ ਦੇ ਪੜਦੇ ਵਿੱਚੋਂ ਕੱਢਕੇ ਹੀ ਆਪਣਾ ਆਪ ਦਿਖਾਉਂਦਾ ਹੈ, ਆਪਣੇ ਸੱਚੇ ਗਿਆਨ ਦਾ ਪਰਕਾਸ਼ ਕਰਕੇ ਮਨ ਦੇ ਵਿਚਾਰਾਂ ਰਾਹੀਂ ਹੀ ਆਪਣਾ ਆਪ ਦਿਖਾਉਂਦਾ ਹੈ। ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਮਨੁੱਖ ਨੂੰ ਆਪਣੇ ਆਪ ਦੀ ਪਹਿਚਾਣ ਹੁੰਦੀ ਹੈ ਕਿ ਮੇਰੀ ਅਸਲੀਅਤ ਕੀ ਹੈ ਭਾਵ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ, ਅਗਿਆਨਤਾ ਰੂਪ ਪੜਦਾ ਪਾ ਕੇ ਵਿਚਰ ਰਿਹਾ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ ਜਿਸ ਕਰਕੇ ਉਸਦੇ ਅੰਦਰ ਹੁੰਦੇ ਹੋਏ ਵੀ ਕਿਸੇ ਨੂੰ ਉਸਦੀ ਸਮਝ ਨਹੀਂ ਪੈਂਦੀ। ਮਨ ਦੇ ਵਿੱਚ ਸ਼ਬਦ ਦੇ ਪ੍ਰਕਾਸ਼ ਦੁਆਰਾ ਪ੍ਰਮਾਤਮਾ ਸ਼ਬਦ ਦੀ ਵਿਚਾਰ ਹੀ ਦਿੰਦਾ ਹੈ, ਗੁਰਮਤਿ ਰੂਪ ਸੱਚੀ ਵਿਚਾਰ ਹੀ ਦਿੰਦਾ ਹੈ ਜੋ ਮਨੁੱਖ ਦੇ ਵਿਚਾਰਾਂ ਨੂੰ **"ਰਤੰਨ"** ਵਰਗੇ ਖਰੇ ਬਣਾ ਦਿੰਦਾ ਹੈ, ਕੀਮਤੀ ਬਣਾ ਦਿੰਦਾ ਹੈ ਜਿੰਨ੍ਹਾਂ ਤੋਂ ਉੱਚੀ ਕੀਮਤ ਵਾਲਾ ਹੋਰ ਕੋਈ ਵਿਚਾਰ ਨਹੀਂ ਹੁੰਦਾ। ਗੁਰੂ ਆਪਣੇ ਇਹੋ ਜਿਹੇ ਗੁਰਮਤਿ ਰੂਪ ਸੱਚੇ ਵਿਚਾਰਾਂ ਦੁਆਰਾ ਹੀ ਕੀਮਤੀ ਹੈ, ਨਾਮ ਰੂਪ ਵਿਚਾਰਾਂ ਦੁਆਰਾ ਹੀ ਕੀਮਤੀ ਹੈ। ਧਰਮ ਦੇ ਮਾਰਗ ਦੀ ਸੱਚੀ ਸੋਝੀ ਮਨ ਦੇ ਵਿੱਚ ਇਹੋ ਜਿਹੇ ਵਿਚਾਰਾਂ ਦੁਆਰਾ ਹੀ ਪੈਂਦੀ ਹੈ ਜਿਹੋ ਜਿਹੇ ਉੱਚੇ ਤੇ ਸੁੱਚੇ ਵਿਚਾਰਾਂ ਦੁਆਰਾ ਗੁਰੂ ਸਾਹਿਬ ਨੇ ਪਾਂਡਿਆਂ ਨੂੰ ਉਹਨਾਂ ਦਾ ਮਾਰਗ ਸਮਝਾਇਆ ਹੈ ਤੇ ਸਾਰੇ ਸੰਸਾਰ ਨੂੰ ਸੱਚ ਦਾ ਮਾਰਗ ਸਮਝਾਇਆ ਹੈ। ਗੁਰੂ ਸਾਹਿਬ ਪ੍ਰਮਾਤਮਾ ਵਿੱਚ ਸਮਾਏ ਹੋਏ ਹਨ ਤੇ ਜੋ ਪ੍ਰਮਾਤਮਾ ਵਿੱਚ ਸਮਾਉਂਦਾ ਹੈ ਉਹ ਮਨ ਦੇ ਵਿੱਚ ਗੁਰਮਤਿ ਰੂਪ ਸੱਚੇ ਵਿਚਾਰਾਂ ਦੇ ਰਾਹੀਂ ਹੀ ਸਮਾਉਂਦਾ ਹੈ ਤੇ ਸਦਾ ਸਮਾਇਆ

30/3336

ਰਹਿੰਦਾ ਹੈ। ਪ੍ਰਮਾਤਮਾ ਦੇ ਵਿੱਚ ਨਿਰਗੁਣ ਰੂਪ ਵਿੱਚ ਹੀ ਸਮਾਇਆ ਜਾ ਸਕਦਾ ਹੈ ਤੇ ਉਸ ਵਿੱਚ ਸਮਾਉਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਸ਼ਬਦ ਦੀ ਵਿਚਾਰ ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਰੂਪ ਹੈ, ਉਸਦਾ ਸ਼ਬਦ ਰੂਪ ਹੈ ਤੇ ਉਸਦੇ ਅੰਦਰ ਇਸ ਰੂਪ ਦੁਆਰਾ ਹੀ ਸਮਾਇਆ ਜਾ ਸਕਦਾ ਹੈ ਭਾਵ ਗਿਆਨ ਰੂਪ, ਬ੍ਰਹਮ ਗਿਆਨ ਰੂਪ ਵਿੱਚ ਹੀ ਸਮਾਇਆ ਜਾ ਸਕਦਾ ਹੈ, ਨਾਮ ਰੂਪ ਵਿੱਚ ਹੀ ਸਮਾਇਆ ਜਾ ਸਕਦਾ ਹੈ ਭਾਵ ਮਨ ਦੀ ਸੋਝੀ ਦੁਆਰਾ ਹੀ ਉਸ ਸੋਝੀ ਦੇ ਮਾਲਕ ਵਿੱਚ ਸਮਾਇਆ ਜਾ ਸਕਦਾ ਹੈ, ਮਨ ਦੀ ਸੋਚ ਦੁਆਰਾ ਹੀ ਉਸ ਸੋਚ ਦੇ ਮਾਲਕ ਵਿੱਚ ਸਮਾਇਆ ਜਾ ਸਕਦਾ ਹੈ, ਮਨ ਦੇ ਅੰਦਰ ਸੱਚ ਦੇ ਪ੍ਰਕਾਸ਼ ਦੁਆਰਾ ਹੀ ਉਸ ਸਚੁ ਰੂਪ ਪ੍ਰਮਾਤਮਾ ਵਿੱਚ ਸਮਾਇਆ ਜਾ ਸਕਦਾ ਹੈ। **(ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ॥ ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥)**

{ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ ॥

ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ॥੯॥

ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥

ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥੧੦॥}

(ਅੰਗ ੧੦੬੯)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ ੫੯੩)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥}

(ਅੰਗ ੨੯੩)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ॥ਗੁਰਮਤਿ ਹੋਇ ਤ ਹੁਕਮੁ ਪਛਾਣੈ॥੧॥
ਝੂਠੁ ਨ ਬੋਲਿ ਪਾਡੇ ਸਚੁ ਕਹੀਐ॥ ਹਉਮੈ ਜਾਇ ਸਬਦਿ ਘਰੁ ਲਹੀਐ॥੧॥ਰਹਾਉ॥
ਗਣਿ ਗਣਿ ਜੋਤਕੁ ਕਾਂਡੀ ਕੀਨੀ॥ ਪੜੈ ਸੁਣਾਵੈ ਤਤੁ ਨ ਚੀਨੀ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥੨॥}

(ਅੰਗ ੯੦੪)

30/3337

ਮੁੱਖ ਸ਼ਬਦ ਦੀਆਂ ਪਿਛਲੀਆਂ ਪੰਗਤੀਆਂ ਦੁਆਰਾ ਅਸੀਂ ਗੁਰੂ ਦੀ ਅਵੱਸਥਾ ਸਮਝੀ ਹੈ ਕਿ ਉਹ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ, ਸ਼ਬਦ ਦੇ ਵਿਚਾਰਾਂ ਰਾਹੀਂ ਮਿਲਿਆ ਹੋਇਆ ਹੈ ਜਿਸ ਕਰਕੇ ਉਸਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਹੈ ਤੇ ਉਸਨੇ ਪਾਂਡਿਆਂ ਨੂੰ ਮਾਸ ਬਾਰੇ ਝਗੜਨ ਕਰਕੇ ਮੂਰਖ ਆਖਿਆ ਹੈ। ਸਾਡੇ ਅੰਦਰ ਮੂਰਖਤਾ ਦਾ ਕਾਰਣ ਸ਼ਬਦ ਦੀ ਵਿਚਾਰ ਦਾ ਨਾ ਹੋਣਾ ਹੈ। ਜਿੰਨ੍ਹਾਂ ਦੇ ਅੰਦਰ ਸ਼ਬਦ ਦੀ ਵਿਚਾਰ ਨਹੀਂ ਹੈ ਭਾਵ ਜਿੰਨ੍ਹਾਂ ਦੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਨਹੀਂ ਹੈ ਉਹਨਾਂ ਦੀ ਅਵੱਸਥਾ ਪਉੜੀ ਦੀ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਹੀ ਇਸ ਗੱਲ ਦੀ ਸੋਝੀ ਪਾਈ ਹੋਈ ਹੈ ਕਿ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਿਸ ਤਰੀਕੇ ਹੁੰਦੀ ਹੈ।

"ਆਵਾ ਗਉਨੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥

ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ॥"

ਧਰਮ ਦਾ ਸੱਚਾ ਪ੍ਰਗਟਾਵਾ ਉਹੀ ਕਰਦਾ ਹੈ ਜਿਸਨੂੰ ਸੱਚੇ ਧਰਮ ਦੇ ਮਾਰਗ ਦੀ ਸੋਝੀ ਪੈ ਜਾਂਦੀ ਹੈ ਭਾਵ ਜਿਸ ਨੂੰ ਪ੍ਰਮਾਤਮਾ ਸੱਚ ਸਮਝਾ ਦਿੰਦਾ ਹੈ ਕਿ ਸੱਚ ਤੇ ਚੱਲਣਾ ਕੀ ਹੈ, ਸੱਚ ਦਾ ਮਾਰਗ ਕੀ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਸੱਚ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਧਰਮ ਤੇ ਚੱਲਣ ਦਾ ਮਾਰਗ ਹੈ। ਸੱਚੇ ਮਾਰਗ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਧਰਮ ਦੇ ਦਿਖਾਵੇ ਤੇ ਹੀ ਲੱਗਾ ਹੋਇਆ ਹੈ। ਕਿਸੇ ਨੇ ਧਰਮ ਦੇ ਮਾਰਗ ਨੂੰ ਧਰਮ ਗ੍ਰੰਥਾਂ ਦੇ ਕੇਵਲ ਪੜ੍ਹਨ ਸੁਣਨ ਨਾਲ ਜੋੜਿਆ ਹੋਇਆ ਹੈ, ਸਵੇਰੇ ਸ਼ਾਮ ਮੱਥੇ ਟੇਕਣ ਨਾਲ ਜੋੜਿਆ ਹੋਇਆ ਹੈ, ਕਿਸੇ ਨੇ ਧਰਮ ਦੇ ਮਾਰਗ ਨੂੰ ਸਰੀਰਕ ਜਪਾਂ ਤਪਾਂ ਆਦਿ ਦੇ ਨਾਲ ਜੋੜਿਆ ਹੋਇਆ ਹੈ, ਕਿਸੇ ਅੱਖਰ ਦੇ ਜਪ ਨਾਲ ਜੋੜਿਆ ਹੋਇਆ ਹੈ ਜਿਸਨੂੰ ਕਿ ਉਹ ਨਾਮ ਦਾ ਜਪ ਸਮਝਦੇ ਹਨ। ਕਿਸੇ ਨੇ ਧਰਮ ਦੇ ਮਾਰਗ ਨੂੰ ਤੀਰਥ ਦੇ ਦਰਸ਼ਨਾਂ ਨਾਲ ਜੋੜਿਆ ਹੋਇਆ ਹੈ ਤੇ ਕਿਸੇ ਨੇ ਧਰਮ ਦੇ ਮਾਰਗ ਨੂੰ ਆਪਣੇ ਖਾਣ-ਪੀਣ ਦੇ ਨਾਲ ਜੋੜਿਆ ਹੋਇਆ ਹੈ, ਸਰੀਰਕ ਸੁੱਚ, ਸੰਜਮ ਆਦਿ ਦੇ ਨਾਲ ਜੋੜਿਆ ਹੋਇਆ ਹੈ। ਇਸੇ ਤਰ੍ਹਾਂ ਕਈਆਂ ਨੇ ਧਰਮ ਦੇ ਮਾਰਗ ਨੂੰ ਸਰੀਰ ਨੂੰ ਕਸ਼ਟ ਦੇਣ ਦੇ ਨਾਲ ਜੋੜਿਆ ਹੋਇਆ ਹੈ, ਵਰਤ ਆਦਿ ਰੱਖਣ ਦੇ ਨਾਲ ਜੋੜਿਆ ਹੋਇਆ ਹੈ ਤੇ ਇਸੇ ਤਰ੍ਹਾਂ ਆਪਣੀ-ਆਪਣੀ ਮਤਿ ਅਨੁਸਾਰ ਧਰਮ ਦੇ ਮਾਰਗ ਤੇ ਚੱਲਣ ਦੇ ਹੋਰ ਤਰੀਕੇ ਬਣਾਏ ਹੋਏ

30/3338

ਹਨ ਜਿੰਨ੍ਹਾਂ ਦਾ ਗੁਰਬਾਣੀ ਰਾਹੀਂ ਵਾਰ-ਵਾਰ ਖੰਡਨ ਕੀਤਾ ਹੋਇਆ ਹੈ ਭਾਵ ਸਾਡੇ ਇਹ ਸਾਰੇ ਤਰੀਕੇ ਸੱਚ ਤੇ ਚੱਲਣ ਦਾ ਮਾਰਗ ਨਹੀਂ ਹੈ, ਸੱਚਾ ਧਰਮ ਅਪਣਾਉਣ ਦਾ ਮਾਰਗ ਨਹੀਂ ਹੈ। ਇਹਨਾਂ ਨੂੰ ਕੇਵਲ ਸਾਡੇ ਦਿਖਾਵੇ ਦੱਸਿਆ ਹੈ ਜਿੰਨ੍ਹਾਂ ਨੂੰ ਅਪਣਾ ਕੇ ਅਸੀਂ ਸੰਸਾਰ ਦੇ ਆਵਾ-ਗਉਣ ਤੋਂ ਮੁਕਤਿ ਨਹੀਂ ਹੋ ਸਕਦੇ ਜੋ ਕਿ ਸਾਡੇ ਜੀਵਨ ਦਾ ਅਸਲ ਮਕਸਦ ਹੈ। (**ਆਵਾ ਗਉਣ ਬਜਾਰੀਆ ਬਾਜਾਰੁ ਜਿਨੀ ਰਚਾਇਆ॥**)

{ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥}

(ਅੰਗ ੧੧੯੮)

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ਰਹਾਉ॥}

(ਅੰਗ ੫੬)

{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥੬॥}

(ਅੰਗ ੧੩੪੩)

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥}

(ਅੰਗ ੧੦੧੩)

{ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ॥}

(ਅੰਗ ੪੧੨)

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥}

(ਅੰਗ ੩੫੬)

{ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥੧॥}

(ਅੰਗ ੫੯੮)

ਧਰਮ ਦਾ ਸੱਚਾ ਮਾਰਗ ਕੀ ਹੈ, ਪ੍ਰਮਾਤਮਾ ਦੀ ਸਿਫ਼ਤ ਸਾਲਾਹ

30/3339

ਕਰਨ ਦਾ ਤਰੀਕਾ ਕੀ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਆਖਰੀ ਪੰਗਤੀ ਰਾਹੀਂ

ਸਮਝਾਈ ਹੋਈ ਹੈ।

"ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ॥"

ਉਪਰਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ, ਸਾਡਾ ਧਰਮ ਦਾ ਮਾਰਗ, ਸੱਚ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਅਸੀ ਆਪਣੇ ਜੀਵਨ ਵਿੱਚ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰ ਸਕਦੇ ਹਾਂ, ਉਸਦੇ ਗੁਣ ਗਾ ਸਕਦੇ ਹਾਂ। ਮਾਰਗ ਉਹੀ ਹੈ ਜੋ ਮਾਰਗ ਸਾਨੂੰ ਗੁਰਬਾਣੀ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਆਪਣੇ ਮਨ ਨੂੰ ਸੱਚਾ ਬਣਾ ਕੇ ਉਸ ਅਨੁਸਾਰ ਵਿਚਰਨ ਦਾ ਹੈ। **"ਇਕੁ ਥਿਰੁ"** ਸਾਡੇ ਮਨ ਦੀ ਉਹ ਅਵੱਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀਤੀ ਜਾ ਸਕਦੀ ਹੈ। "ਇਕੁ ਥਿਰੁ" ਸਾਡੇ ਮਨ ਦੀ ਪੂਰਨ ਅਡੋਲਤਾ ਵਾਲੀ ਅਵੱਸਥਾ ਹੈ ਜਦੋਂ ਸਾਡਾ ਮਨ ਮਾਇਆ ਮੋਹ ਵਿੱਚੋਂ ਡੋਲਣੋਂ ਹੱਟ ਜਾਂਦਾ ਹੈ। ਸਾਡਾ ਮਨ, ਮਨ ਦੀ ਦੁਚਿੱਤੀ ਕਰਕੇ ਡੋਲਦਾ ਹੈ, ਮਨ ਦੇ ਵਿੱਚ ਸੱਚੀ ਸੋਝੀ ਨਾ ਹੋਣ ਕਰਕੇ ਡੋਲਦਾ ਹੈ, ਧਰਮ ਦੀ ਸੱਚੀ ਸਿੱਖਿਆ ਨਾ ਵੱਸਣ ਕਰਕੇ ਡੋਲਦਾ ਹੈ। ਗੁਰੂ ਦੀ ਸੱਚੀ ਸਿੱਖਿਆ ਤੇ ਅਡੋਲ ਹੋਣਾ ਹੀ ਮਨ ਦਾ ਅਡੋਲਤਾ ਵਿੱਚ ਆਉਣਾ ਹੈ। **"ਇਕੁ ਥਿਰੁ"** ਦੀ ਅਵੱਸਥਾ ਸਾਡੇ ਅੰਦਰ ਉਦੋਂ ਹੀ ਆਉਂਦੀ ਹੈ ਜਦੋਂ ਉਹ **"ਇਕੁ"** ਪ੍ਰਮਾਤਮਾ ਸਾਡੇ ਅੰਦਰ ਵੱਸ ਜਾਂਦਾ ਹੈ ਤੇ ਆਪਣੀ ਸੱਚੀ ਸਿੱਖਿਆ ਸਾਡੇ ਅੰਦਰ ਵਸਾਕੇ ਉਸ ਉੱਤੇ ਚੱਲਣ ਲਈ ਅਡੋਲ ਕਰ ਦਿੰਦਾ ਹੈ, **"ਥਿਰੁ"** ਕਰ ਦਿੰਦਾ ਹੈ ਭਾਵ ਆਪਣੀ ਮਤਿ ਸਾਡੇ ਅੰਦਰ ਵਸਾਕੇ ਉਸ ਉੱਤੇ ਦ੍ਰਿੜ ਕਰ ਦਿੰਦਾ ਹੈ, ਆਪਣੇ ਨਾਮ ਦਾ ਗਿਆਨ ਦੇ ਕੇ ਨਾਮ ਅਨੁਸਾਰ ਚੱਲਣ ਲਈ ਦ੍ਰਿੜਤਾ ਬਖਸ਼ ਦਿੰਦਾ ਹੈ ਭਾਵ ਸਾਡੇ ਅੰਦਰ ਆਪਣਾ ਨਾਮ ਦ੍ਰਿੜ ਕਰ ਦਿੰਦਾ ਹੈ। ਮਨ ਦੀ ਇਸ ਅਵੱਸਥਾ ਤੋਂ ਬਾਅਦ ਫਿਰ ਮਨੁੱਖ ਦਾ ਮਨ ਮਾਇਆ ਮੋਹ ਵਿੱਚ ਨਹੀਂ ਡੋਲਦਾ ਤੇ ਮਨੁੱਖ ਗੁਰੂ ਦੀ ਸਿੱਖਿਆ ਅਨੁਸਾਰ ਅਡੋਲ ਹੋ ਕੇ ਵਿਚਰਦਾ ਹੈ। ਜਿੱਥੇ ਗੁਰੂ ਦੀ ਸਿੱਖਿਆ ਹੈ ਉੱਥੇ ਪੂਰਨ ਸੱਚ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਮਨੁੱਖ ਔਗੁਣਾਂ ਤੋਂ ਪੂਰੀ ਤਰ੍ਹਾਂ ਰਹਿਤ ਹੁੰਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਤੋਂ ਰਹਿਤ ਹੁੰਦਾ ਹੈ, ਮਾਇਆ ਮੋਹ ਤੋਂ ਰਹਿਤ ਹੁੰਦਾ ਹੈ ਤੇ ਗੁਣੀ ਬਣਕੇ ਸੰਸਾਰ ਵਿੱਚ ਵਿਚਰਦਾ ਹੈ ਤੇ ਕੋਈ ਮਾੜਾ ਕਰਮ ਨਹੀਂ ਕਰਦਾ ਭਾਵ ਇਹੋ ਜਿਹਾ ਕਰਮ ਨਹੀਂ ਕਰਦਾ ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦਾ। ਸਾਡਾ ਜੋ ਵੀ ਕਰਮ

30/3340

ਗੁਰਮਤਿ ਅਨੁਸਾਰ ਹੈ ਉਹ ਸਾਡਾ ਗੁਣ ਹੈ ਤੇ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਹ ਸਾਡਾ ਔਗੁਣ ਹੈ। ਪ੍ਰਮਾਤਮਾ ਆਪ ਗੁਰਮਤਿ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ ਤੇ ਪ੍ਰਮਾਤਮਾ ਦੀ ਗੁਰਮਤਿ ਭਾਉਣੀ ਪ੍ਰਮਾਤਮਾ ਨੂੰ ਭਾਉਣਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਦੀ ਗੁਰਮਤਿ ਚੰਗੀ ਲੱਗਦੀ ਹੈ, ਗੁਰਮਤਿ ਤੇ ਚੱਲਣਾ ਚੰਗਾ ਲੱਗਦਾ ਹੈ ਉਹਨਾਂ ਨੂੰ ਹੀ ਪ੍ਰਮਾਤਮਾ ਚੰਗਾ ਲੱਗਦਾ ਹੈ। **(ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ॥)** ਗੁਰੂ ਦੀ ਮਤਿ ਸਾਨੂੰ ਮਾਸ ਖਾਣ ਜਾ ਨਾ ਖਾਣ ਨਾਲ ਨਹੀਂ ਜੋੜਦੀ ਕਿਉਂਕਿ ਇਹ ਧਰਮ ਦਾ ਮੁੱਦਾ ਨਹੀਂ ਹੈ। ਮਾਸ ਨੂੰ ਧਰਮ ਦੇ ਨਾਲ ਜੋੜਨਾ ਗੁਰਮਤਿ ਦੇ ਉਲਟ ਹੈ ਜਿਸ ਕਰਕੇ ਅਸੀ ਬੇਵਜ੍ਹਾ ਹੀ ਝਗੜੇ ਦਾ ਕਾਰਣ ਬਣਦੇ ਹਾਂ ਜਿਸ ਤੋਂ ਕਿ ਬਚਣ ਦੀ ਲੋੜ ਹੈ ਤੇ ਇਹੀ ਪਿਛਲੇ ਸਲੋਕਾਂ ਦਾ ਤੇ ਉਨ੍ਹਾਂ ਦੇ ਨਾਲ ਜੁੜੀ ਪਉੜੀ ਦਾ ਮਕਸਦ ਹੈ ਕਿ ਅਸੀਂ ਧਰਮ ਦੇ ਸਹੀ ਮਾਰਗ ਨੂੰ ਪਹਿਚਾਣੀਏ ਜੋ ਕਿ ਆਪਣੇ ਮਨ ਨੂੰ ਗੁਰਮਤਿ ਤੇ ਅਡੋਲ ਕਰਨ ਦਾ ਹੈ, ਸੱਚ ਤੇ ਅਡੋਲ ਕਰਨ ਦਾ ਹੈ ਜਿਸ ਦੁਆਰਾ ਅਸੀ ਆਪਣਾ ਧਰਮ ਨਿਭਾ ਸਕਦੇ ਹਾਂ।

ਮਨ ਨੂੰ ਥਿਰ ਰੱਖਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੀਆਂ ਕੁੱਝ ਪੰਗਤੀਆਂ ਦੁਆਰਾ ਫਿਰ ਸਮਝਿਆ ਜਾ ਸਕਦਾ ਹੈ।

{ਪੰਚ ਮਾਰਿ ਚਿਤੁ ਰਖਹੁ ਥਾਇ॥ ਜੋਗ ਜੁਗਤਿ ਕੀ ਇਹੈ ਪਾਂਇ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ॥੬॥}

(ਅੰਗ ੧੧੮੯)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥}

(ਅੰਗ ੨੨੩)

{ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ॥੧॥}

(ਅੰਗ ੧੩੪੬)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥}

(ਅੰਗ ੨੩੦)

30/3341

{ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥
ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥
ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥
ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥}

(ਅੰਗ ੫੭)

{ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥}

(ਅੰਗ ੮੩੨)

{ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥
ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਣੀ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ ੪੧੯)

ਪਿਛਲੇ ਸ਼ਬਦਾਂ ਰਾਹੀਂ ਧੰਨ ਧੰਨ ਪਹਿਲੀ ਪਾਤਸ਼ਾਹੀ ਨੇ ਪਾਂਡਿਆਂ ਨੂੰ ਅਗਿਆਨੀ ਕਿਹਾ ਹੈ ਕਿ ਉਹ ਮਾਸ ਨੂੰ ਧਰਮ ਦੇ ਨਾਲ ਜੋੜਕੇ ਦੇਖਦੇ ਹਨ ਤੇ ਕੇਵਲ ਪਾਖੰਡ ਕਰਦੇ ਹਨ ਕਿਉਂਕਿ ਗੈਂਡੇ ਨੂੰ ਮਾਰ ਕੇ ਜੇ ਉਹ ਜਗ ਕਰਦੇ ਹਨ ਉਸ ਵਿੱਚ ਉਹ ਧਰਮ ਸਮਝਦੇ ਹਨ ਤੇ ਦੂਸਰਿਆਂ ਨੂੰ ਭਾਵ ਮਾਸ ਦਾ ਸੇਵਨ ਕਰਨ ਵਾਲਿਆਂ ਨੂੰ ਉਹ ਇਸੇ ਗੱਲ ਲਈ ਅਧਰਮੀ ਸਮਝਦੇ ਹਨ। ਪਾਂਡਿਆਂ ਦੇ ਇਸੇ ਕਰਮ ਲਈ ਧੰਨ ਧੰਨ ਭਗਤ ਕਬੀਰ ਜੀ ਨੇ ਵੀ ਹੇਠ ਦਿੱਤੇ ਸ਼ਬਦ ਰਾਹੀਂ ਪਾਂਡਿਆਂ ਨੂੰ ਅਗਿਆਨੀ ਕਿਹਾ ਹੈ ਕਿਉਂਕਿ ਧਰਮ ਦਾ ਸੱਚਾ ਮਾਰਗ ਸਿਖਾਉਣ ਵਾਲਾ ਉਹ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪ ਹੀ ਗੁਰਬਾਣੀ ਰਾਹੀਂ ਸਭ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ।

"ਪਡੀਆ ਕਵਨ ਕੁਮਤਿ ਤੁਮ ਲਾਗੇ ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ਰਹਾਉ ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥

ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥੧॥
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥੨॥
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥੩॥"

(ਅੰਗ ੧੧੦੨-੧੧੦੩)

30/3342

ਪਾਂਡੇ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਧਰਮ ਦਾ ਮਾਰਗ ਸਮਝਾਉਂਦੇ ਹਨ। ਜਿਹੋ ਜਿਹੇ ਧਰਮ ਨਾਲ ਉਹ ਦੂਸਰਿਆਂ ਨੂੰ ਜੋੜਦੇ ਹਨ ਉਸ ਵਿੱਚ ਉਹਨਾਂ ਦੀ ਕੁਮਤਿ ਦੱਸੀ ਹੈ ਭਾਵ ਉਨ੍ਹਾਂ ਨੂੰ ਮਾੜੀ ਮਤਿ ਵਾਲੇ ਕਿਹਾ ਹੈ। ਮਾੜੀ ਮਤਿ ਵਾਲਾ ਉਹ ਹੈ ਜੋ "ਰਾਮੁ" ਜਪਣ ਵਾਲਾ ਨਹੀਂ ਹੈ ਭਾਵ ਜਿਸਨੇ ਧਰਮ ਗ੍ਰੰਥਾਂ ਵਿੱਚੋਂ ਸੱਚੀ ਮਤਿ ਨਹੀਂ ਲਈ ਹੈ, ਧਰਮ ਸ਼ਾਸਤਰਾਂ ਵਿੱਚੋਂ ਗੁਣ ਨਹੀਂ ਲਏ ਜੋ ਕਿ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਮਕਸਦ ਹੈ। ਧਰਮ ਗ੍ਰੰਥਾਂ ਦੀ ਮਤਿ ਨੂੰ ਪੜ੍ਹੀ ਜਾਣਾ ਪਰ ਉਹਨਾਂ ਵਿੱਚੋਂ ਗੁਣ ਨਾ ਲੈਣਾ ਉਹੋ ਜਿਹੀ ਗੱਲ ਹੈ ਜਿਵੇਂ ਖੋਤੇ ਦੇ ਉੱਤੇ ਚੰਦਨ ਲੱਦਿਆ ਹੋਵੇ। ਵੇਖਣ ਨੂੰ ਤਾਂ ਚੰਦਨ ਚੰਗਾ ਲੱਗਦਾ ਹੈ ਪਰ ਖੋਤੇ ਲਈ ਉਹ ਕੇਵਲ ਭਾਰ ਹੀ ਹੈ ਕਿਉਂਕਿ ਖੋਤੇ ਨੂੰ ਉਸਦੀ ਕਦਰ ਨਹੀਂ ਹੈ। ਪਾਂਡੇ ਧਰਮ ਗ੍ਰੰਥਾਂ ਦੇ ਗੁਣਾਂ ਦੀ ਗੱਲ ਕਰਦੇ ਹਨ, ਉਹਨਾਂ ਨੂੰ ਪੜ੍ਹਨ ਵਿੱਚ ਹੀ ਆਪਣਾ ਗੁਣ ਸਮਝਦੇ ਹਨ ਪਰ ਉਹਨਾਂ ਨੂੰ ਗੁਣਾਂ ਦੀ ਕਦਰ ਨਹੀਂ ਹੈ ਤੇ ਕੇਵਲ ਦਿਖਾਵੇ ਨਾਲ ਹੀ ਆਪਣੇ ਆਪ ਨੂੰ ਉੱਚਾ ਬਣਾਉਂਦੇ ਹਨ, ਆਪਣੇ ਆਪ ਨੂੰ ਰੱਬ ਦਾ ਵੱਡਾ ਜੱਸ ਕਰਨ ਵਾਲਾ ਸਮਝਦੇ ਹਨ। ਇਹੋ ਜਿਹੇ ਆਪਣਾ ਜੀਵਨ ਵੀ ਡੁਬੋਉਂਦੇ ਹਨ ਭਾਵ ਵਿਅਰਥ ਗਵਾਉਂਦੇ ਹਨ ਤੇ ਇਹਨਾਂ ਦੇ ਪਰਿਵਾਰ ਵਾਲੇ ਭਾਵ ਇਹਨਾਂ ਦੀ ਮਤਿ ਪਿੱਛੇ ਲੱਗਣ ਵਾਲੇ ਵੀ ਇਹਨਾਂ ਦੀ ਤਰ੍ਹਾਂ ਆਪਣਾ ਜੀਵਨ ਵਿਅਰਥ ਗਵਾਉਂਦੇ ਹਨ। **(ਪਡੀਆ ਕਵਨ ਕੁਮਤਿ ਤੁਮ ਲਾਗੇ॥ ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ ਰਹਾਉ॥ ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥ ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥੧॥)**

ਜਿਹੜੇ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਂਦੇ ਹਨ ਪਰ ਉਹਨਾਂ ਵਿੱਚੋਂ ਗੁਣ ਨਹੀਂ ਲੈਂਦੇ ਭਾਵ ਔਗੁਣ ਨਹੀਂ ਤਿਆਗਦੇ, ਮਾੜੇ ਕਰਮ ਨਹੀਂ ਛੱਡਦੇ ਤੇ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣਾ ਹੀ ਗੁਣ ਸਮਝਦੇ ਹਨ ਉਹਨਾਂ ਦੀ ਤੁਲਨਾ ਖੋਤਿਆਂ ਦੇ ਨਾਲ ਕੀਤੀ ਹੋਈ ਹੈ ਤੇ ਸਮਝਾਇਆ ਹੈ ਕਿ ਇਹਨਾਂ ਨੂੰ ਰਾਮ-ਨਾਮ ਦੀ ਸਮਝ ਨਹੀਂ ਹੈ, ਰਾਮ-ਨਾਮ ਦੇ ਮਕਸਦ ਦੀ ਸਮਝ ਨਹੀਂ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਰ ਸਕਦੇ ਹਾਂ। ਸਾਡਾ ਅਸਲ ਧਰਮ, ਧਰਮ ਗ੍ਰੰਥਾਂ

30/3343

ਅਨੁਸਾਰ ਗੁਣੀ ਬਣਨ ਦਾ ਹੈ ਜਿਸ ਦੁਆਰਾ ਅਸੀਂ ਧਰਮ ਦੇ ਮਾਰਗ ਤੇ ਚੱਲ ਸਕਦੇ ਹਾਂ, ਸੱਚ ਦੇ ਮਾਰਗ ਤੇ ਚੱਲ ਸਕਦੇ ਹਾਂ ਭਾਵ ਸੱਚੇ ਸੁੱਚੇ ਇਨਸਾਨ ਬਣਕੇ ਵਿਚਰ ਸਕਦੇ ਹਾਂ। ਇਹੋ ਜਿਹੇ ਭਰਮੇ ਹੋਏ ਧਰਮ ਦੇ ਮਾਰਗ ਨੂੰ ਮਾਸ ਖਾਣ ਜਾਂ ਨਾ ਖਾਣ ਦੇ ਨਾਲ ਜੋੜਦੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥੨॥"

ਉਪਰਲੀਆਂ ਪੰਗਤੀਆਂ ਰਾਹੀਂ ਵੀ ਪਾਂਡਿਆਂ ਦਾ ਪਾਖੰਡ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀ ਪਿੱਛੇ ਸ਼ਬਦ ਰਾਹੀਂ ਸਮਝਿਆ ਹੈ। ਇਹ ਧਾਰਮਿਕ ਪਾਖੰਡ ਹੀ ਹੈ ਕਿ ਖੁਦ ਉਹ ਜੀਵ ਨੂੰ ਮਾਰ ਕੇ, ਉਸਦੀ ਕੁਰਬਾਨੀ ਦੇ ਕੇ ਧਰਮ ਦਾ ਕਾਰਜ ਕਰਦੇ ਹਨ, ਜਗ ਆਦਿ ਕਰਦੇ ਹਨ ਜਿਸ ਕਰਮ ਨਾਲ ਉਹ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਹਨ ਭਾਵ ਉਸ ਵਿੱਚ ਧਰਮ ਦਾ ਮਾਰਗ ਸਮਝਦੇ ਹਨ ਪਰ ਜੇਕਰ ਹੋਰ ਕੋਈ ਜੀਵ ਨੂੰ ਮਾਸ ਖਾਣ ਲਈ ਮਾਰਦਾ ਹੈ ਉਸਨੂੰ ਉਹ ਅਧਰਮੀ ਕਹਿੰਦੇ ਹਨ ਭਾਵ ਉਸ ਵਿੱਚ ਧਰਮ ਤੋਂ ਉਲਟ ਮਾਰਗ ਸਮਝਦੇ ਹਨ। ਜਿਹੜੇ ਕਰਮ ਲਈ ਉਹ ਆਪਣੇ ਆਪ ਨੂੰ ਉੱਚਾ ਥਾਪਦੇ ਹਨ ਤੇ ਦੂਸਰਿਆਂ ਨੂੰ ਇਸੇ ਕਰਮ ਲਈ ਨੀਂਵਾਂ ਥਾਪਦੇ ਹਨ ਭਾਵ ਕਸਾਈ ਕਹਿ ਕੇ ਉਸਨੂੰ ਮਾੜਾ ਸਮਝਦੇ ਹਨ ਭਾਵ ਇਸ ਵਿੱਚ ਕੇਵਲ ਉਨ੍ਹਾਂ ਦਾ ਪਾਖੰਡ ਹੈ ਤੇ ਧਰਮ ਵਾਲੀ ਗੱਲ ਨਹੀਂ ਹੈ। ਧਰਮ ਕੇਵਲ ਗੁਣੀ ਬਣਨ ਵਿੱਚ ਹੈ ਜਿਵੇਂ ਕਿ ਇਹਨਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। (**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥ ਆਪਸ**

ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥੨॥) ਪਾਂਡਿਆਂ ਦੇ ਇਸ ਪਾਖੰਡ ਦਾ ਕਾਰਣ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮੰਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥"

ਪਾਂਡਿਆਂ ਦੇ ਇਸ ਪਾਖੰਡ ਦਾ ਕਾਰਣ ਉਹੀ ਹੈ ਭਾਵ ਮਨ ਦੀ ਅਗਿਆਨਤਾ ਹੈ ਜੋ ਅਸੀਂ ਪਿਛਲੇ ਸ਼ਬਦਾਂ ਰਾਹੀਂ ਸਮਝਿਆ ਹੈ। ਕਾਰਣ ਮਨ ਦੀ ਅਗਿਆਨਤਾ ਹੈ, ਮਨ ਦੇ ਵਿੱਚ ਧਰਮ ਦੀ

30/3344

ਸੱਚੀ ਸੋਝੀ ਦਾ ਨਾ ਹੋਣਾ ਹੈ ਜੋ ਕਿ ਮਨ ਦੇ ਵਿੱਚ "ਗਿਆਨੁ ਧਿਆਨੁ" ਦੀ ਅਵੱਸਥਾ ਦੁਆਰਾ ਪੈਂਦੀ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਮੇਲ ਦੁਆਰਾ ਪੈਂਦੀ ਹੈ ਜੋ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ।

{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥}

(ਅੰਗ ੧੨੯੯)

ਪਾਂਡੇ ਖੁਦ ਅਗਿਆਨਤਾ ਵਿੱਚ ਹਨ ਭਾਵ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹਨ ਪਰ ਉਹ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਹੀ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਧਰਮ ਦਾ ਮਾਰਗ ਸਮਝਾਉਂਦੇ ਹਨ ਜਿਸ ਲਈ ਉਹਨਾਂ ਨੂੰ ਨਿੰਦਿਆ ਹੋਇਆ ਹੈ ਤੇ ਉਹਨਾਂ ਨੂੰ ਵੀ ਸੁਚੇਤ ਕੀਤਾ ਹੋਇਆ ਹੈ ਜੋ ਇਹੋ ਜਿਹਿਆਂ ਦੇ ਪਿੱਛੇ ਲੱਗਕੇ ਉਹਨਾਂ ਦੀ ਮਤਿ ਲੈਂਦੇ ਹਨ। ਆਪਣੇ ਆਪ ਨੂੰ ਉੱਚਾ ਥਾਪਣ ਦੁਆਰਾ ਉਹ ਆਪਣੀ ਕਮਾਈ ਦਾ ਸਾਧਨ ਬਣਾਉਂਦੇ ਹਨ ਭਾਵ ਆਪਣੀ ਵਿੱਦਿਆ ਦਾ ਵਾਪਾਰ ਕਰਦੇ ਹਨ, ਝੂਠੀ ਕਮਾਈ ਕਰਦੇ ਹਨ ਜਿਸ ਕਰਕੇ ਉਹ ਆਪਣਾ ਜੀਵਨ ਵਿਅਰਥ ਗੁਵਾਉਂਦੇ ਹਨ ਤੇ ਉਹਨਾਂ ਦੇ ਪਿੱਛੇ ਲੱਗਣ ਵਾਲੇ ਵੀ ਧਰਮ ਦਾ ਸਹੀ ਮਾਰਗ ਨਾ ਸਮਝਕੇ ਆਪਣਾ ਜੀਵਨ ਵਿਅਰਥ ਗਵਾਉਂਦੇ ਹਨ। **(ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ॥ ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥੩॥)**

ਪਿਛਲੇ ਸ਼ਬਦਾਂ ਰਾਹੀਂ ਅਸੀ ਇਸ ਗੱਲ ਨੂੰ ਸਮਝਿਆ ਹੈ ਕਿ ਮਾਸ ਦਾ ਸੇਵਨ ਕਰਨਾ ਜਾਂ ਨਾ ਕਰਨਾ ਧਰਮ ਦਾ ਮੁੱਦਾ ਨਹੀਂ ਹੈ ਭਾਵ ਇਸ ਗੱਲ ਦਾ ਧਰਮ ਨਾਲ ਸੰਬੰਧ ਨਹੀਂ ਹੈ। ਪਹਿਲੀ ਪਾਤਸ਼ਾਹੀ ਦੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਿਆ ਹੈ ਕਿ ਜੋ ਮੱਛੀ ਮਾਸ ਖਾਣ ਆਦਿ ਤੋਂ ਨਫ਼ਰਤ ਕਰਦੇ ਹਨ ਭਾਵ ਜੋ ਮੱਛੀ ਮਾਸ ਖਾਣ ਨੂੰ ਧਰਮ ਤੋਂ ਉਲਟ ਸਮਝਦੇ ਹਨ ਉਹ ਕੇਵਲ ਭਰਮ ਵਿੱਚ ਹਨ ਕਿਉਂਕਿ ਮਨੁੱਖ ਦਾ ਜਨਮ ਹੀ ਮਾਸ ਦੀ ਵਰਤੋਂ ਦੁਆਰਾ ਹੁੰਦਾ ਹੈ ਭਾਵ ਮਾਸ ਦੀ ਵਰਤੋਂ ਕੀਤੇ ਬਿਨ੍ਹਾਂ ਕੋਈ ਪੈਦਾ ਹੀ ਨਹੀਂ ਹੋ ਸਕਦਾ। **(ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਹੀ॥ ਇਸਤ੍ਰੀ ਪੁਰਖੈ ਜਾ ਨਿਸਿ ਮੇਲਾ ਓਥੈ ਮੰਧੁ ਕਮਾਹੀ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥ ਗਿਆਨੁ ਧਿਆਨੁ ਕਛੁ ਸੂਝੇ ਨਾਹੀ ਚਤੁਰੁ ਕਹਾਵੈ ਪਾਂਡੇ॥)**

30/3345

ਅਸੀਂ ਮਾਸ ਖਾਣ ਨੂੰ ਧਰਮ ਦੇ ਨਾਲ ਵੀ ਜੋੜਦੇ ਹਾਂ ਪਰ ਜਗ ਆਦਿ ਕਰਨ ਦੇ ਬਹਾਨੇ ਮਾਸ ਦੀ ਵਰਤੋਂ ਵੀ ਕਰਦੇ ਹਾਂ। ਇਸੇ ਤਰ੍ਹਾਂ ਭਾਰਤ ਵਰਸ਼ ਵਿੱਚ ਅਨੇਕਾਂ ਹੀ ਐਸੇ ਧਾਰਮਿਕ ਅਸਥਾਨ ਹਨ ਜਿੰਨ੍ਹਾਂ ਨੂੰ ਅਸੀਂ ਜੀਵਾਂ ਦੀ ਬਲੀ ਦੇ ਨਾਲ ਜੋੜਿਆ ਹੋਇਆ ਹੈ ਭਾਵ ਇਹਨਾਂ ਅਸਥਾਨਾਂ ਉੱਤੇ ਮਾਸ, ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਵਿੱਚ ਅਸੀਂ ਆਪਣਾ ਧਰਮ ਸਮਝਦੇ ਹਾਂ। ਇਹੋ ਜਿਹੇ ਤੀਰਥ ਅਸਥਾਨਾਂ ਤੇ ਜੋ ਪੁਜਾਰੀ ਆਦਿ ਬੈਠਦੇ ਹਨ, ਸੇਵਾਦਾਰ ਬੈਠਦੇ ਹਨ ਉਹ ਇਹਨਾਂ ਮੌਕਿਆਂ ਤੇ ਮਾਸ, ਸ਼ਰਾਬ ਆਦਿ ਦਾ ਸੇਵਨ ਕਰਦੇ ਹਨ ਭਾਵ ਉਸ ਵਿੱਚ ਧਰਮ ਸਮਝਦੇ ਹਨ। ਇਹ ਇਹੋ ਜਿਹੇ ਧਾਰਮਿਕ ਪੁਜਾਰੀਆਂ ਆਦਿ ਦੇ ਆਪਣੇ ਬਣਾਏ ਹੋਏ ਉਹ ਤਰੀਕੇ ਹਨ ਜਿੰਨ੍ਹਾਂ ਦੁਆਰਾ ਸ਼ਰਧਾਲੂ ਉੱਥੇ ਆ ਕੇ ਮਾਸ, ਸ਼ਰਾਬ ਆਦਿ ਦਾ ਚੜ੍ਹਾਵਾ

ਚੜਾਉਂਦੇ ਹਨ। ਇਹ ਪ੍ਰਥਾ ਸਦੀਆਂ ਤੋਂ ਚੱਲਦੀ ਆ ਰਹੀ ਹੈ ਤੇ ਅੱਜ ਵੀ ਅਨੇਕਾਂ ਧਾਰਮਿਕ ਅਸਥਾਨਾਂ ਤੇ ਇਹ ਪ੍ਰਥਾ ਚੱਲ ਰਹੀ ਹੈ। ਇਹੋ ਜਿਹੇ ਧਾਰਮਿਕ ਪੁਜਾਰੀ ਆਪ ਤਾਂ ਸਿੱਧੇ ਤੌਰ ਤੇ ਮਾਸ, ਸ਼ਰਾਬ ਦੀ ਵਰਤੋਂ ਕਰਨ ਤੋਂ ਪਰਹੇਜ ਕਰਦੇ ਹਨ ਕਿਉਂਕਿ ਇਸ ਨੂੰ ਉਹ ਧਰਮ ਦੇ ਉਲਟ ਸਮਝਦੇ ਹਨ ਪਰ ਉਹਨਾਂ ਨੇ ਇਸ ਦਾ ਸੇਵਨ ਕਰਨ ਦੇ ਤਰੀਕੇ ਵੀ ਬਣਾਏ ਹੋਏ ਹਨ। ਉਨ੍ਹਾਂ ਦੇ ਇਹ ਤਰੀਕੇ ਧਾਰਮਿਕ ਅਸਥਾਨਾਂ ਤੇ ਚੜਾਵੇ ਦੁਆਰਾ ਭਾਵ ਮਾਸ, ਸ਼ਰਾਬ ਦੇ ਚੜਾਵੇ ਦੁਆਰਾ ਮੰਗ ਕੇ ਖਾਉਣ ਦਾ ਤਰੀਕਾ ਹੈ ਕਿਉਂਕਿ ਇਹੋ ਜਿਹਾ ਚੜਾਵਾ ਚੜਾਉਣ ਲਈ ਉਹ ਆਪ ਹੀ ਦੂਸਰਿਆਂ ਨੂੰ ਪ੍ਰੇਰਦੇ ਹਨ ਜਿਸ ਵਿੱਚ ਉਹ ਧਰਮ ਸਮਝਦੇ ਹਨ ਤੇ ਸਮਝਾਉਂਦੇ ਹਨ। ਇਸ ਗੱਲ ਨੂੰ ਧੰਨ ਧੰਨ ਗੁਰੂ ਕਬੀਰ ਸਾਹਿਬ ਜੀ ਦੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥੨੩੩॥"

(ਅੰਗ ੧੩੭)

ਉਪਰਲੇ ਸ਼ਬਦ ਨੂੰ ਸਮਝਣ ਲਈ ਸਭ ਤੋਂ ਜਰੂਰੀ ਇਹ ਸਮਝਣਾ ਹੈ ਕਿ **"ਭਾਂਗ"** ਤੋਂ ਭਾਵ ਕੀ ਹੈ। **"ਭਾਂਗ"** ਕਿਸ ਨੂੰ ਕਹਿੰਦੇ ਹਨ ਇਸ ਗੱਲ ਨੂੰ ਅਸੀਂ ਇਸ ਲੇਖ ਵਿੱਚ ਕਾਫੀ ਪਿੱਛੇ ਧੰਨ ਧੰਨ ਪਹਿਲੀ ਪਾਤਸ਼ਾਹੀ ਜੀ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੈ। **"ਭਾਂਗ"** ਮੰਗਣ ਨੂੰ ਕਹਿੰਦੇ ਹਨ, ਦਾਨ ਮੰਗਣ ਨੂੰ ਕਹਿੰਦੇ ਹਨ।

30/3346

ਤਿਲੰਗ ਮਹਲਾ ੧ ਘਰੁ ੨
ੴ ਸਤਿਗੁਰ ਪ੍ਰਸਾਦਿ ॥
“ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥
ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥
ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ॥੧॥ ਰਹਾਉ ॥”

(ਅੰਗ ੭੨੧)

ਇਸ ਪੂਰੇ ਸ਼ਬਦ ਰਾਹੀਂ ਪ੍ਰਮਾਤਮਾ ਕੋਲੋਂ ਉਸ ਦੇ "ਭਉ" ਦਾ ਦਾਨ ਮੰਗਣਾ ਸਿਖਾਇਆ ਹੋਇਆ ਹੈ ਭਾਵ ਗੁਰੂ ਪ੍ਰਮਾਤਮਾ ਦੇ ਭਉ ਵਿੱਚ ਰਹਿਣ ਦਾ, ਸੱਚ ਵਿੱਚ ਰਹਿਣ ਦਾ ਦਾਨ ਮੰਗਣਾ ਸਿਖਾਇਆ ਹੋਇਆ ਹੈ। ਪ੍ਰਮਾਤਮਾ ਦੇ ਭਉ ਦਾ ਦਾਨ ਮਿਲਣਾ ਹੀ ਉਸਦੇ ਨਾਮ ਦਾ ਦਾਨ ਮਿਲਣਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣਾ ਇਹ ਦਾਨ ਦਿੰਦਾ ਹੈ ਉਹਨਾਂ ਦੇ ਮਨ ਦੀ ਅਵੱਸਥਾ ਹੀ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ ਦਾਨ ਬਖਸ਼ਦਾ ਹੈ ਉਹੀ ਪ੍ਰਮਾਤਮਾ ਦਾ ਭਗਤ ਬਣਦਾ ਹੈ ਜੋ ਕਿ ਪੂਰੀ ਤਰ੍ਹਾਂ ਔਗੁਣ ਰਹਿਤ ਹੁੰਦਾ ਹੈ ਤੇ ਗੁਣਾਂ ਨਾਲ ਭਰਪੂਰ ਹੁੰਦਾ ਹੈ। ਪ੍ਰਮਾਤਮਾ ਦੇ ਭਗਤ ਦੀ ਤੁਲਨਾ ਕੇਸਰ ਦੇ ਨਾਲ, ਫੁੱਲਾਂ ਦੇ ਨਾਲ, ਕਸਤੂਰੀ ਦੇ ਨਾਲ, ਸੋਨੇ ਦੇ ਨਾਲ, ਚੰਦਨ ਦੇ ਨਾਲ, ਘਿਉਂ ਦੇ ਨਾਲ, ਰੇਸ਼ਮ ਦੇ ਨਾਲ ਭਾਵ ਉਹਨਾਂ ਵਸਤੂਆਂ ਦੇ ਨਾਲ ਕੀਤੀ ਹੋਈ ਹੈ ਜੋ ਗੁਣਾਂ ਨਾਲ ਭਰਪੂਰ ਹਨ ਜਿੰਨ੍ਹਾਂ ਵਸਤੂਆਂ ਨੂੰ ਹਰ ਕੋਈ ਪਸੰਦ ਕਰਦਾ ਹੈ।

"ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥" ਤੋਂ ਭਾਵ ਹੈ ਕਿ ਪ੍ਰਮਾਤਮਾ ਮੈਂ ਆਪਣੇ ਤਨੋਂ ਮਨੋਂ ਤੇਰੇ ਭਉਂ ਦਾ ਦਾਨ ਮੰਗਦਾ ਹਾਂ। **"ਖਲੜੀ"** ਤੋਂ ਭਾਵ ਹੈ ਸਾਡਾ ਤਨ ਤੇ **"ਚੀਤੁ"** ਤੋਂ ਭਾਵ ਹੈ ਸਾਡਾ ਮਨ। ਸ਼ਬਦ ਦੀ ਰਹਾਉ ਵਾਲੀ ਪੰਗਤੀ ਰਾਹੀਂ ਸਾਨੂੰ ਦਾਨ ਮੰਗਣਾ ਹੀ ਸਿਖਾਇਆ ਹੋਇਆ ਹੈ ਭਾਵ ਇਸ ਸ਼ਬਦ ਦਾ ਮਕਸਦ ਪ੍ਰਮਾਤਮਾ ਕੋਲੋਂ ਉਸਦੇ ਭਉ ਦਾ, ਨਾਮ ਦਾ, ਗੁਰਮਤਿ ਦੇ ਸੱਚ ਤੇ ਚੱਲਣ ਦਾ, ਗੁਣੀ ਬਣਨ ਦਾ ਦਾਨ ਮੰਗਣਾ ਹੀ ਸਿਖਾਇਆ ਹੈ। ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਪ੍ਰਮਾਤਮਾ ਕੋਲੋਂ "ਭੀਖਿਆ" ਮਿਲਣੀ ਹੀ ਸਮਝਾਈ ਹੋਈ ਹੈ ਜੋ ਭੀਖਿਆ ਮਿਲਣ ਦੁਆਰਾ ਪ੍ਰਮਾਤਮਾ ਦੇ ਨਾਮ ਵਿੱਚ ਲਿਵ ਲੱਗੀ ਰਹਿੰਦੀ ਹੈ। ਗੁਰੂ ਦੀ ਸੱਚੀ ਮਤਿ ਵਿੱਚ ਲਿਵ ਜੁੜੀ ਰਹਿੰਦੀ ਹੈ ਜਿਸ ਦੁਆਰਾ ਮਨੁੱਖ ਗੁਰੂ ਦੇ ਗੁਣਾਂ ਨਾਲ ਜੁੜਿਆ ਰਹਿੰਦਾ ਹੈ, ਉਸਦੀ ਭਗਤੀ ਨਾਲ ਜੁੜਿਆ ਰਹਿੰਦਾ ਹੈ ਭਾਵ ਉਸਦੀ ਸਾਰੀ ਕਰਨੀ ਗੁਰੂ ਦੀ ਮਤਿ ਅਨੁਸਾਰ ਹੁੰਦੀ ਹੈ, ਗੁਣਾਂ ਦੁਆਰਾ ਵਿਚਰ ਕੇ ਹੁੰਦੀ ਹੈ।

ਭਾਂਗ ਤੋਂ ਭਾਵ ਕੀ ਹੈ, ਇਸਦੀ ਸਮਝ ਲੱਗਣ ਦੁਆਰਾ

30/3347

ਹੀ ਅਸੀਂ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਪ੍ਰਮਾਤਮਾ ਦੇ ਇਸ ਸ਼ਬਦ ਨੂੰ ਸਮਝ ਸਕਦੇ ਹਾਂ।

"ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥"

ਧਰਮ ਅਸਥਾਨਾਂ ਤੇ ਮਾਸ ਸ਼ਰਾਬ ਦਾ ਚੜਾਵਾ ਆਦਿ ਚੜਾਉਣ ਲਈ ਜੋ ਸਾਨੂੰ ਪ੍ਰੇਰਦੇ ਹਨ ਉਹ ਅਸਲ ਵਿੱਚ ਦੂਸਰਿਆਂ ਕੋਲੋਂ ਮੰਗ ਕੇ ਖਾਣ ਵਾਲੀ ਗੱਲ ਹੀ ਹੈ, ਧਾਰਮਿਕ ਚਤੁਰਾਈਆਂ ਦੁਆਰਾ ਮੰਗ ਕੇ ਖਾਉਣ ਵਾਲੀ ਗੱਲ ਹੀ ਹੈ ਕਿਉਂਕਿ ਉਹਨਾਂ ਨੂੰ ਖੁਦ ਇਹਨਾਂ ਚੀਜਾਂ ਦਾ ਸੇਵਨ ਚੰਗਾ ਲੱਗਦਾ ਹੈ ਤੇ ਵੈਸੇ ਉਹ ਇਹਨਾਂ ਗੱਲਾਂ ਨੂੰ ਭਾਵ ਮਾਸ, ਸ਼ਰਾਬ ਦੇ ਸੇਵਨ ਨੂੰ ਧਰਮ ਦੇ ਉਲਟ ਸਮਝਾਉਂਦੇ ਹਨ। ਇਹ ਸਭ ਧਾਰਮਿਕ ਪਾਖੰਡ ਹੀ ਹਨ। ਇਹੋ ਜਿਹਾ ਸਮਝਾਉਣ ਵਾਲੇ ਹੋਰ ਵੀ ਧਰਮ ਦੇ ਅਨੇਕਾਂ ਕਰਮ ਕਰਦੇ ਹਨ, ਤੀਰਥ, ਬਰਤ, ਨੇਮ ਆਦਿ ਕਰਦੇ ਹਨ ਇਹੋ ਜਿਹੇ ਉਹਨਾਂ ਦੇ ਸਾਰੇ ਕਰਮ ਵਿਅਰਥ ਹੀ ਜਾਂਦੇ ਹਨ ਭਾਵ ਉਹਨਾਂ ਨੂੰ ਧਰਮ ਦੇ ਸਹੀ ਮਾਰਗ ਦੀ ਸੋਝੀ ਹੀ ਨਹੀਂ ਹੈ। ਉਹ ਆਪਣੇ ਸੁਆਦਾਂ ਦੀ ਪੂਰਤੀ ਧਰਮ ਦੀ ਝੂਠੀ ਓਟ ਲੈ ਕੇ ਕਰਦੇ ਹਨ ਕਿਉਂਕਿ ਅਸਲ ਵਿੱਚ ਉਹਨਾਂ ਨੂੰ ਧਰਮ ਦੀ ਸਮਝ ਨਹੀਂ ਹੈ ਕਿ ਮਾਸ ਖਾਣਾ ਜਾਂ ਨਾ ਖਾਣਾ ਧਰਮ ਦਾ ਮੁੱਦਾ ਨਹੀਂ ਹੈ। ਇਹ ਸਭ ਦੀ ਆਪਣੀ ਆਪਣੀ ਰੁਚੀ ਹੈ ਭਾਵ ਜਿਸ ਨੂੰ ਜੋ ਚੰਗਾ ਲੱਗਦਾ ਹੈ ਉਹ ਉਹੋ ਜਿਹਾ ਖਾਂਦਾ ਹੈ। ਧਰਮ ਦਾ ਮਾਰਗ ਕੇਵਲ ਸਾਡੇ ਮਨ ਦੇ ਸੱਚ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿੱਚ ਸੱਚ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਕਿ ਮਾੜਾ ਕਰਮ ਕੀ ਹੈ ਤੇ ਚੰਗਾ ਕਰਮ ਕੀ ਹੈ।

ਜਿਵੇਂ ਕਿ ਅਸੀਂ ਪਿੱਛੇ ਵੀ ਜਾਣਿਆ ਹੈ ਪੂਰੀ ਗੁਰਬਾਣੀ ਰਾਹੀਂ ਸਾਨੂੰ ਸਾਡੇ ਔਗੁਣ ਵਾਰ-ਵਾਰ ਗਿਣਾਏ ਹੋਏ ਹਨ ਜੋ ਕਿ ਹਉਮੈ ਦੇ ਰੂਪ ਵਿੱਚ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੇ ਰੂਪ ਵਿੱਚ ਹਨ। ਮਨੁੱਖ ਦਾ ਖਾਣਾ ਕਿਹੋ ਜਿਹਾ ਹੈ ਇਸਨੂੰ ਸਾਡੇ ਔਗੁਣਾਂ ਨਾਲ ਨਹੀਂ ਜੋੜਿਆ ਹੋਇਆ। ਔਗੁਣ ਸਾਡੀ ਮਾਇਆ ਦੀ ਕਮਾਈ ਵਿੱਚ ਹੈ ਨਾਕਿ ਕਿਸੇ ਵਸਤੂ ਵਿੱਚ। ਸਾਡੀ ਮਾੜੀ ਕਮਾਈ ਦੁਆਰਾ ਸਭ ਕੁੱਝ ਖਾਣਾ ਮਾੜਾ ਹੈ ਤੇ ਚੰਗੀ ਮਾਇਆ ਦੀ ਕਮਾਈ ਦੁਆਰਾ ਸਭ ਕੁੱਝ ਖਾਣਾ ਚੰਗਾ ਹੈ ਭਾਵੇਂ ਉਹ ਮਾਸ ਹੈ ਜਾਂ ਸਾਗ ਹੈ। ਆਉ ਇਸ ਗੱਲ ਨੂੰ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ਤੇ ਭਰਮ ਵਿੱਚੋਂ ਨਿਕਲੀਏ।

30/3348

"ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥ ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥"

(ਅੰਗ ੧੩੭੪)

"ਖੂਬੁ ਖਾਨਾ" ਤੋਂ ਭਾਵ ਹੈ ਕਿ ਚੰਗਾ ਖਾਣਾ। **"ਖੀਚਰੀ"** ਨੂੰ ਸਾਡੇ ਸਭ ਲਈ, ਪੂਰੇ ਸੰਸਾਰ ਲਈ ਚੰਗਾ ਖਾਣਾ ਦੱਸਿਆ ਹੈ। **"ਖੀਚਰੀ"** ਦੇ ਭਾਵ ਨੂੰ ਸਮਝਣ ਦੀ ਲੋੜ ਹੈ। ਭਗਤ ਕਬੀਰ ਜੀ ਨੇ ਸਾਰੇ ਸੰਸਾਰ ਨੂੰ ਇਹ ਨਹੀਂ ਸਮਝਾਇਆ ਕਿ ਸਭ ਨੂੰ ਖੀਚਰੀ ਹੀ ਖਾਣੀ ਚਾਹੀਦੀ ਹੈ ਤੇ ਹੋਰ ਕੁੱਝ ਖਾਣਾ ਚੰਗਾ ਨਹੀਂ ਹੈ। ਪ੍ਰਮਾਤਮਾ ਨੇ ਸੰਸਾਰ ਵਿੱਚ ਸਾਡੇ ਲਈ ਬਹੁਤ ਕੁੱਝ ਪੈਦਾ ਕੀਤਾ ਹੈ, ਸਾਡੇ ਖਾਣ-ਪੀਣ ਲਈ ਹੀ ਪੈਦਾ ਕੀਤਾ ਹੈ ਤੇ ਹਰ ਕੋਈ ਸਭ ਕੁੱਝ ਖਾ-ਪੀ ਰਿਹਾ ਹੈ। ਖਾਲੀ ਖੀਚਰੀ ਖਾਣਾ ਕੋਈ ਵੀ ਚੰਗਾ ਨਹੀਂ ਸਮਝਦਾ ਤੇ ਨਾ ਹੀ ਭਗਤ ਕਬੀਰ ਜੀ ਦਾ ਇਸ ਤੋਂ ਇਹ ਭਾਵ ਹੈ ਤੇ ਨਾ ਹੀ ਸੰਸਾਰ ਇਸ ਗੱਲ ਨੂੰ ਮੰਨ ਸਕਦਾ ਹੈ। "ਖੀਚਰੀ" ਤੋਂ ਭਾਵ ਰਲਿਆ ਮਿਲਿਆ ਸਭ ਕੁੱਝ। ਜਿਵੇਂ ਕਿ ਕੁੱਝ ਸੱਜਣ ਜਦੋਂ ਰਲ ਮਿਲ ਕੇ ਬੈਠਕੇ ਵਿਚਾਰਾਂ ਕਰਦੇ ਹਨ ਤਾਂ ਇਹ ਕਿਹਾ ਜਾਂਦਾ ਹੈ ਕਿ ਇਹ ਕੀ ਖੀਚਰੀ ਪਕਾ ਰਹੇ ਹਨ ਭਾਵ ਕਿਹੋ ਜਿਹੀ ਵਿਚਾਰਾਂ ਦੀ ਸਾਂਝ ਕਰ ਰਹੇ ਹਨ, ਵੱਖਰੇ-ਵੱਖਰੇ ਵਿਚਾਰਾਂ ਨੂੰ ਆਪਸ ਵਿੱਚ ਰਲਾਮਿਲਾ ਰਹੇ ਹਨ। ਇਸੇ ਤਰ੍ਹਾਂ "ਖੀਚਰੀ" ਖਾਣ ਤੋਂ ਭਾਵ ਹੈ ਕਿ ਰਲਿਆ-ਮਿਲਿਆ ਭਾਵ ਹਰ ਵਸਤੂ ਜੋ ਸਾਡੇ ਖਾਣ ਲਈ ਬਣੀ ਹੈ ਉਹ ਸਭ ਚੰਗੀ ਹੈ ਪਰ ਉਹ ਚੰਗੀ ਕਿਸ ਤਰੀਕੇ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਡਾ ਸਭ ਕੁੱਝ ਖਾਣਾ ਚੰਗਾ ਹੈ ਜੇਕਰ ਉਸ ਖਾਣੇ ਵਿੱਚ **"ਅੰਮ੍ਰਿਤ ਲੋਨੁ"** ਹੈ ਭਾਵ ਉਸ ਖਾਣੇ ਵਿੱਚ ਸਾਡਾ ਪਾਇਆ ਹੋਇਆ ਲੂਣ ਵੀ, ਨਮਕ ਵੀ ਅੰਮ੍ਰਿਤ ਦੀ ਤਰ੍ਹਾਂ ਪਵਿੱਤਰ ਹੋਵੇ ਭਾਵ ਸਾਡੀ ਕਮਾਈ ਇਤਨੀ ਨੇਕ ਹੋਵੇ ਕਿ ਉਸ ਵਿੱਚ ਪਾਈ ਹੋਈ ਛੋਟੀ ਤੋਂ ਛੋਟੀ ਚੀਜ ਭਾਵ ਨਮਕ ਵੀ ਹਰਾਮ ਦੀ ਕਮਾਈ ਦਾ ਨਾ ਹੋਵੇ ਭਾਵ ਸਾਡੀ ਪਵਿੱਤਰ ਕਮਾਈ ਦਾ ਹੋਵੇ। ਪੂਰੀ ਪੰਗਤੀ ਤੋਂ ਭਾਵ ਹੈ ਕਿ ਸੰਸਾਰ ਵਿੱਚ ਸਭ ਕੁੱਝ ਖਾਣਾ ਸਾਡੇ ਲਈ ਚੰਗਾ ਹੈ ਜੇਕਰ ਉਸਨੂੰ ਅਸੀਂ ਆਪਣੀ ਪਵਿੱਤਰ ਕਮਾਈ ਦੇ ਨਾਲ ਪ੍ਰਾਪਤ ਕੀਤਾ ਹੈ ਤੇ ਬਣਾਇਆ ਹੈ ਭਾਵ ਸਾਡੀ ਕਮਾਈ ਹਰਾਮ ਦੀ ਨਹੀਂ ਹੈ, ਮਾੜੇ ਕਰਮਾਂ ਦੁਆਰਾ ਕੀਤੀ ਹੋਈ ਕਮਾਈ ਨਹੀਂ ਹੈ, ਕਿਸੇ ਦਾ ਹੱਕ ਮਾਰਕੇ ਕੀਤੀ ਹੋਈ ਕਮਾਈ

ਨਹੀਂ ਹੈ ਭਾਵ ਪੂਰੀ ਤਰ੍ਹਾਂ ਸਾਡੀ ਪਵਿੱਤਰ ਕਮਾਈ ਹੈ, ਨੇਕ ਕਮਾਈ ਹੈ। **(ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥)** ਖਾਣਾ ਸਾਡੇ ਲਈ ਸਭ ਕੁੱਝ ਚੰਗਾ ਹੈ ਜੇਕਰ ਸਾਡੀ ਕਮਾਈ ਚੰਗੀ ਹੈ। ਸਭ ਕੁੱਝ ਖਾਣ ਵਿੱਚ ਸਾਗ

30/3349

ਵੀ ਆਉਂਦਾ ਹੈ ਤੇ ਮਾਸ ਵੀ ਆਉਂਦਾ ਹੈ ਭਾਵ ਜਿਸ ਨੂੰ ਅਸੀਂ ਵੈਜ ਜਾਂ ਨਾਨ-ਵੈਜ ਸਮਝਦੇ ਹਾਂ ਉਹ ਸਭ ਕੁੱਝ ਆਉਂਦਾ ਹੈ। ਅਗਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਪੱਸ਼ਟ ਕੀਤੀ ਹੋਈ ਹੈ ਕਿ ਸਭ ਕੁੱਝ ਖਾਣ ਵਿੱਚ ਮਾਸ ਵੀ ਆਉਂਦਾ ਹੈ ਜਿਸ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥੧੯੮॥"

"ਹੇਰਾ" ਤੋਂ ਭਾਵ ਹੈ ਕਿਸੇ ਚੀਜ਼ ਨੂੰ ਹੇਰ ਕੇ ਲਿਆਉਣਾ ਭਾਵ ਪਕੜ ਕੇ ਲਿਆਉਣਾ ਜਿਵੇਂ ਕਿ ਸ਼ਿਕਾਰ ਫੜਨ ਦੇ ਵੇਲੇ ਉਸ ਨੂੰ ਸਾਰੇ ਪਾਸਿਉ ਹੇਰਕੇ ਪਕੜਿਆ ਜਾਂਦਾ ਹੈ। ਪ੍ਰਮਾਤਮਾ ਨੇ ਮਾਸ ਦਾ ਭੋਜਨ ਆਪ ਹੀ ਬਣਾਇਆ ਹੈ। ਜਿਸ ਨੂੰ ਪ੍ਰਮਾਤਮਾ ਨੇ ਸੰਸਾਰ ਵਿੱਚ ਭੋਜਨ ਬਣਨ ਲਈ ਰੋਟੀ ਬਣਨ ਲਈ ਪਕੜ ਕੇ ਲਿਆਂਦਾ ਹੈ, ਹੇਰ ਕੇ ਲਿਆਂਦਾ ਹੈ ਉਹ ਫਿਰ ਇਸ ਸੰਸਾਰ ਵਿੱਚ ਭੋਜਨ ਹੀ ਬਣਦੀ ਹੈ। ਭੋਜਨ ਬਣਾਉਣ ਲਈ ਜੀਵ ਦਾ ਗਲਾ ਕੱਟਿਆ ਜਾਂਦਾ ਹੈ ਪਰ ਗਲਾ ਕੱਟੇ ਬਿਨ੍ਹਾਂ ਭਾਵ ਜੀਵ ਨੂੰ ਮਾਰੇ ਬਿਨ੍ਹਾਂ ਉਹ ਭੋਜਨ ਨਹੀਂ ਬਣ ਸਕਦਾ ਭਾਵ ਜਿਸਨੇ ਭੋਜਨ ਬਣਨਾ ਹੈ ਉਸਦਾ ਗਲਾ ਕੱਟਿਆ ਹੀ ਜਾਣਾ ਹੈ ਕਿਉਂਕਿ ਪ੍ਰਮਾਤਮਾ ਨੇ ਉਸਨੂੰ ਇਸ ਧਰਤੀ ਤੇ ਹੇਰ ਕੇ ਲਿਆਂਦਾ ਹੀ ਇਸ ਮਕਸਦ ਲਈ ਹੈ ਕਿ ਉਹ ਦੂਸਰਿਆਂ ਲਈ ਭੋਜਨ ਬਣੇ। (**ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥**)

{ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥੧॥}

(ਅੰਗ ੯੫੫)

ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਆਪਣੀ ਉਪਾਈ ਹੋਈ ਹੈ, ਹਰ ਜੀਵ ਉਸਦਾ ਆਪਣਾ ਹੀ ਬਣਾਇਆ ਹੋਇਆ ਹੈ। ਸਭ ਨੂੰ ਖਾਣਾ ਦੇਣ ਦੀ ਚਿੰਤਾ ਵੀ ਪ੍ਰਮਾਤਮਾ ਦੀ ਆਪਣੀ ਹੀ ਹੈ ਭਾਵ ਸਭ ਨੂੰ ਰੋਜੀ ਦੇਣਾ ਉਸਦਾ ਆਪਣਾ ਹੀ ਫਰਜ਼ ਹੈ। ਪ੍ਰਮਾਤਮਾ ਆਪਣਾ ਇਹ ਫਰਜ਼ ਕਿਵੇਂ ਨਿਭਾਉਂਦਾ ਹੈ ਇਸਦੀ ਸਮਝ ਉਸਨੂੰ ਆਪ ਹੀ ਹੈ। ਇੱਕ ਜੀਵ ਨੂੰ ਉਸਨੇ ਆਪ ਹੀ ਦੂਜੇ ਜੀਵ ਦਾ ਆਹਾਰ ਬਣਾਇਆ ਹੈ ਭਾਵ ਇਹ ਉਸਦੀ ਆਪਣੀ ਹੀ ਰਜਾ ਵਰਤਦੀ ਹੈ ਜਿਸ ਦੀ ਸਮਝ ਮਨ ਦੇ ਵਿੱਚ ਉਸਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ ਕਿ ਇਹ ਪ੍ਰਮਾਤਮਾ ਦੀ

30/3350

ਬਣਾਈ ਹੋਈ ਆਪਣੀ ਖੇਡ ਹੈ ਜਿਸਨੂੰ ਉਹ ਬਣਾਕੇ ਆਪ ਹੀ ਚਲਾ ਰਿਹਾ ਹੈ। ਅਸਲ ਵਿੱਚ ਜੀਅ ਦੇ ਰੂਪ ਵਿੱਚ ਉਹ ਸਭ ਦੇ ਅੰਦਰ ਆਪ ਹੀ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ, ਜੋਤਿ ਰੂਪ ਹੈ, ਗਿਆਨ ਰੂਪ ਹੈ ਜੋ ਕਦੇ ਮਰ ਨਹੀਂ ਸਕਦਾ। ਮਰਦੀ ਇਹ ਸਰਗੁਣ ਰੂਪ ਮਿੱਟੀ ਹੈ ਜਿਸ ਦੁਆਰਾ ਉਹ ਫਿਰ ਉਸੇ ਤਰ੍ਹਾਂ ਦੇ ਜੀਵ ਬਣਾ ਲੈਂਦਾ ਹੈ ਤੇ ਆਪਣੀ ਖੇਡ ਨੂੰ ਚਲਾਉਂਦਾ ਰਹਿੰਦਾ ਹੈ। ਕਿਸੇ ਦਾ ਗਲਾ ਕੱਟਿਆ ਜਾਣਾ, ਭੋਜਨ ਲਈ ਗਲਾ ਕੱਟਿਆ ਜਾਣਾ ਸਾਡੇ ਲਈ ਬਹੁਤ ਵੱਡੀ ਗੱਲ ਹੈ ਤੇ ਪ੍ਰਮਾਤਮਾ ਦੇ ਲਈ ਇਹ ਕੇਵਲ ਉਸਦੀ ਖੇਡ ਹੈ, ਆਪਣੀ ਸ੍ਰਿਸ਼ਟੀ ਨੂੰ ਚਲਾਉਣ ਦਾ ਤਰੀਕਾ ਹੈ। ਜਿਸਨੂੰ ਪ੍ਰਮਾਤਮਾ ਦੀ ਇਹ ਖੇਡ ਦੀ ਸਮਝ ਲੱਗ ਜਾਂਦੀ ਹੈ ਉਸਨੂੰ ਫਿਰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਮਰਦਾ ਅਸਲ ਵਿੱਚ ਕੋਈ ਵੀ ਨਹੀਂ ਹੈ। ਧੰਨ ਧੰਨ ਭਗਤ ਸਧਨਾ ਜੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਨ ਜਿੰਨ੍ਹਾਂ ਦੀ ਬਾਣੀ ਗੁਰਬਾਣੀ ਵਿੱਚ ਦਰਜ ਹੈ। ਹਰ ਕੋਈ ਇਸ ਗੱਲ ਨੂੰ ਸਮਝਦਾ ਹੈ ਕਿ ਭਗਤ ਸਧਨਾ ਜੀ ਨੇ ਆਪਣੇ ਜੀਵਨ ਕਾਲ ਵਿੱਚ ਕਿਹੋ ਜਿਹਾ ਕਾਰ ਵਿਹਾਰ ਕੀਤਾ ਹੈ, ਕਿਹੋ ਜਿਹੀ ਕਿਰਤ ਕੀਤੀ ਹੈ ਜਿਸ ਦੁਆਰਾ ਉਹਨਾਂ ਨੇ ਮਾਇਆ ਕਮਾਈ ਹੈ ਤੇ ਆਪਣਾ ਗੁਜਾਰਾ ਕੀਤਾ ਹੈ। ਭਗਤ ਸਧਨਾ ਜੀ ਨੇ ਇੱਕ ਕਸਾਈ ਵਾਲੀ ਕਿਰਤ ਕੀਤੀ ਹੈ ਜਿੰਨ੍ਹਾਂ ਨੇ ਆਪਣੀ ਕਿਰਤ ਰਾਹੀਂ ਭਗਤ ਹੁੰਦੇ ਹੋਏ ਅਨੇਕਾਂ ਹੀ ਜੀਵਾਂ ਦੇ ਗਲੇ ਵੱਢੇ ਹਨ। ਪ੍ਰਮਾਤਮਾ ਜਿਸਨੂੰ ਜਿਹੋ ਜਿਹੀ ਕਿਰਤ ਕਰਨੀ ਬਖਸ਼ਦਾ ਹੈ ਉਹੀ ਚੰਗੀ ਹੈ। ਕਿਰਤ ਕੋਈ ਵੀ ਮਾੜੀ ਨਹੀਂ ਹੈ ਪਰ ਉਹ ਕਿਰਤ ਅਸੀਂ ਕਿਸ ਤਰੀਕੇ ਨਾਲ ਕਰਦੇ ਹਾਂ, ਅਸੀਂ ਮਾੜੇ ਜਾਂ ਚੰਗੇ ਉਸ ਕਰਕੇ ਬਣਦੇ ਹਾਂ। ਜੇਕਰ ਅਸੀਂ ਆਪਣੀ ਕਿਰਤ ਵਿੱਚ ਸੱਚੇ ਹਾਂ

ਫਿਰ ਅਸੀਂ ਉਸ ਦੁਆਰਾ ਸੱਚੀ ਕਮਾਈ ਕਰਦੇ ਹਾਂ, ਨੇਕ ਕਮਾਈ ਕਰਦੇ ਹਾਂ ਜਿਸ ਨਾਲ ਅਸੀਂ ਆਪਣਾ ਤੇ ਪਰਿਵਾਰ ਦਾ ਪੇਟ ਪਾਲਦੇ ਹਾਂ। ਇੱਕ ਕਸਾਈ ਬਣਕੇ ਵੀ ਸੱਚੀ ਕਿਰਤ ਕਰ ਸਕਦਾ ਹੈ ਤੇ ਇੱਕ ਦੁੱਧ ਵਰਗੀ ਪਵਿੱਤਰ ਚੀਜ਼ ਵੇਚਣ ਵਿੱਚ ਵੀ ਮਾੜੀ ਕਿਰਤ ਕਰ ਸਕਦਾ ਹੈ, ਦੂਸਰਿਆਂ ਨਾਲ ਠੱਗੀ ਕਰ ਸਕਦਾ ਹੈ। ਕਿਰਤ ਕੋਈ ਵੀ ਮਾੜੀ ਨਹੀਂ ਹੈ, ਮਾੜਾ ਜਾਂ ਚੰਗਾ ਕਿਰਤ ਕਰਨ ਵਾਲਾ ਹੈ। ਮਨ ਦਾ ਲੋਭ, ਮਾਇਆ ਮੋਹ ਸਾਡੇ ਕੋਲੋਂ ਮਾੜੀ ਕਿਰਤ ਕਰਵਾਂਦਾ ਹੈ ਤੇ ਜੋ ਮਨੁੱਖ ਇਹੋ ਜਿਹੀ ਬਿਰਤੀ ਵਿੱਚੋਂ ਨਿਕਲਿਆ ਹੁੰਦਾ ਹੈ ਉਸਦੀ ਕਿਰਤ ਸੱਚੀ ਸੁੱਚੀ ਹੁੰਦੀ ਹੈ। ਭਗਤ ਸਧਨਾ ਜੀ ਨੇ ਆਪਣੇ ਜੀਵਨ ਕਾਲ ਵਿੱਚ ਸੱਚੀ ਸੁੱਚੀ ਕਿਰਤ ਹੀ ਕੀਤੀ ਹੈ ਭਾਵੇਂ ਜਿਹੜੀ ਵੀ ਕਿਰਤ ਕੀਤੀ ਹੈ। ਉਹਨਾਂ ਨੇ ਆਪਣੀ ਕਿਰਤ ਮਨ ਦੇ ਵਿੱਚ ਪੂਰਨ ਸੋਝੀ ਦੁਆਰਾ ਕੀਤੀ ਹੈ, ਗੁਰਮਤਿ ਦੀ ਪੂਰਨ ਸੋਝੀ ਦੁਆਰਾ ਕੀਤੀ ਹੈ, **"ਗਿਆਨੁ ਧਿਆਨੁ"**

30/3351

ਦੀ ਅਵੱਸਥਾ ਦੁਆਰਾ ਕੀਤੀ ਹੈ ਜਿਸ ਕਰਕੇ ਉਹਨਾਂ ਨੂੰ ਪਤਾ ਸੀ ਕਿ ਚੰਗੀ ਜਾਂ ਮਾੜੀ ਕਿਰਤ ਕੀ ਹੈ, ਧਰਮ ਕੀ ਹੈ। ਉਹਨਾਂ ਨੇ ਆਪਣੇ ਜੀਵਨ ਵਿੱਚ ਆਪਣਾ ਧਰਮ ਹੀ ਨਿਭਾਇਆ ਹੈ ਤੇ ਅਕਾਲ ਪੁਰਖ ਦੀ ਬਾਣੀ ਰਾਹੀਂ ਸਾਨੂੰ ਗੁਰਬਾਣੀ ਰਾਹੀਂ ਸੱਚੀ ਸਿੱਖਿਆ ਸਮਝਾਈ ਹੈ।

ਗੁਰਬਾਣੀ ਰਾਹੀਂ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਇਆ ਹੋਇਆ ਹੈ ਕਿ ਨਿਰਗੁਣ ਰੂਪ ਵਿੱਚ, ਨਿਰੰਕਾਰ ਰੂਪ ਵਿੱਚ ਭਾਵ ਜੋਤਿ ਰੂਪ ਵਿੱਚ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਇਸੇ ਲਈ ਅਸਲ ਵਿੱਚ ਮਰਦਾ ਕੋਈ ਵੀ ਨਹੀਂ ਹੈ ਜਿਵੇਂ ਕਿ ਲੇਖ ਵਿੱਚ ਕਾਫੀ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੈ ਪਰ ਸਾਡੇ ਸਭ ਦੇ ਅੰਦਰ ਹਉਮੈ ਰੂਪ ਪੜਦਾ ਹੈ, ਭਰਮ ਰੂਪ, ਦੁਬਿਧਾ ਰੂਪ, ਸਹਸਾ ਰੂਪ ਪੜਦਾ ਹੈ ਜਿਸ ਕਰਕੇ ਸਾਨੂੰ ਆਪਣੇ ਆਪ ਦੀ ਅਸਲੀਅਤ ਸਮਝ ਨਹੀਂ ਆਉਂਦੀ ਤੇ ਜਦੋਂ ਕੋਈ ਮਰਦਾ ਹੈ ਭਾਵ ਸਰੀਰ ਤਿਆਗਦਾ ਹੈ ਅਸੀਂ ਉਸਨੂੰ ਕਿਸੇ ਜੀਵ ਦੀ ਮੌਤ ਸਮਝਦੇ ਹਾਂ। ਜੀਵ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਸਾਡੇ ਅੰਦਰ ਦਾ ਨਿਰਗੁਣ ਰੂਪ ਹੈ ਜੋ ਕਦੇ ਵੀ ਮਰ ਨਹੀਂ ਸਕਦਾ, ਜੋਤਿ ਰੂਪ ਦੀ ਕਦੇ ਮੌਤ ਨਹੀਂ ਹੋ ਸਕਦੀ। ਇਸੇ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਕਿ ਹਉਮੈ ਹੀ ਆਉਂਦੀ ਜਾਂਦੀ ਹੈ, ਸਹਸਾ ਹੀ ਆਉਂਦੀ ਜਾਂਦੀ ਹੈ ਕਿਉਂਕਿ ਜਦ ਤੱਕ ਮਨੁੱਖ ਦਾ ਇਸ ਸਰੀਰ ਵਿੱਚ ਰਹਿੰਦੇ ਹੋਏ ਭਰਮ ਦਾ ਪੜਦਾ ਨਹੀਂ ਨਿਕਲਦਾ ਤਦ ਤੱਕ ਹਰ ਕੋਈ ਆਪਣੇ ਆਪ ਨੂੰ ਆਵਾਗਉਣ ਵਿੱਚ ਹੀ ਸਮਝਦਾ ਹੈ ਜੋ ਕਿ ਇੱਕ ਝੂਠ ਹੈ। ਸਾਡਾ ਸੰਸਾਰ ਵਿੱਚ ਆਵਾਗਉਣ ਦਾ ਗੇੜ ਨਹੀਂ ਮੁੱਕਦਾ। ਭਰਮ ਦਾ ਪੜਦਾ ਉਸੇ ਦਾ ਹੀ ਨਿਕਲਦਾ ਹੈ ਜਿਸਦਾ ਮਨ ਵਿੱਚ ਪ੍ਰਮਾਤਮਾ ਦੇ ਜੋਤਿ ਸਰੂਪ ਦੇ ਨਾਲ ਮੇਲ ਹੋ ਜਾਂਦਾ ਹੈ, ਪ੍ਰਮਾਤਮਾ ਦੇ ਨਿਰਗੁਣ ਰੂਪ ਦੇ ਨਾਲ, ਗਿਆਨ ਰੂਪ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ ਜਿਸਨੂੰ ਉਹ ਭਰਮ ਰੂਪ ਪੜਦੇ ਦੁਆਰਾ, ਹਉਮੈ ਰੂਪ ਪੜਦੇ ਦੁਆਰਾ, ਅਗਿਆਨਤਾ ਰੂਪ ਪੜਦੇ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਦਾ ਇਹ ਪਾਇਆ ਹੋਇਆ ਪੜਦਾ ਸਾਡੇ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ ਹੈ, ਪੁੱਠੇ ਕਮਲ ਵਾਲੀ ਅਵੱਸਥਾ ਦੇ ਰੂਪ ਵਿੱਚ ਹੈ, ਮਨ ਦੀ ਦੁਚਿੱਤੀ ਦੇ, ਦੁਬਿਧਾ ਦੇ, ਸਹਿਸਾ ਦੇ ਰੂਪ ਵਿੱਚ ਹੈ ਜੋ ਪੜਦਾ ਕੇਵਲ ਚੌਥੇ ਪਦ ਦੀ ਅਵੱਸਥਾ ਦੁਆਰਾ,

30/3352

"ਸਹਜੁ" ਦੀ ਅਵੱਸਥਾ ਦੁਆਰਾ ਨਿਕਲਦਾ ਹੈ, ਮਨ ਦੇ ਵਿੱਚ "ਗਿਆਨੁ ਧਿਆਨੁ" ਦੀ ਅਵੱਸਥਾ ਦੁਆਰਾ ਨਿਕਲਦਾ ਹੈ, ਨਾਮ ਦੀ ਅਵੱਸਥਾ ਦੁਆਰਾ ਨਿਕਲਦਾ ਹੈ ਭਾਵ ਬ੍ਰਹਮ ਗਿਆਨ ਦੀ ਅਵੱਸਥਾ ਦੁਆਰਾ ਨਿਕਲਦਾ ਹੈ ਜਿਸ ਅਵੱਸਥਾ ਦੁਆਰਾ ਮਨ ਦੇ ਵਿੱਚ ਹੀ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਜੋਤਿ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਜੀਵ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਕਿ ਜੀਵ ਰੂਪ ਵਿੱਚ ਸਭ ਦੇ ਅੰਦਰ ਆਪ ਹੀ ਹੈ ਜਿਸ ਦੁਆਰਾ ਉਹ ਆਪਣੇ ਬਣਾਏ ਹੋਏ ਸਰਗੁਣ ਆਕਾਰ ਰੂਪ ਨੂੰ ਚਲਾਉਂਦਾ ਹੈ। ਮਨ ਦੇ ਵਿੱਚ ਇਹ ਸੋਝੀ ਪਏ ਬਿਨ੍ਹਾਂ ਅਸੀ ਜੀਵ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ, ਹਰ ਸਰਗੁਣ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ। ਇਹੀ ਸਾਡਾ ਭਰਮ ਹੈ, ਭਰਮ ਰੂਪ ਪੜਦਾ ਹੈ ਜੋ ਸਾਨੂੰ ਆਪਣੇ ਆਪ ਦੀ ਅਸਲੀਅਤ ਜਾਨਣ ਤੋਂ, ਪ੍ਰਮਾਤਮਾ ਦੀ ਅਸਲੀਅਤ ਜਾਨਣ ਤੋਂ ਦੂਰ ਰੱਖਦਾ ਹੈ। ਧਰਮ ਗ੍ਰੰਥ ਸਾਨੂੰ ਇਹ ਸਮਝਾਉਂਦੇ ਹਨ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਪਰ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤੇ ਅਸੀ ਜੀਵ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਤੇ ਜੀਵ ਰੂਪ ਦੇ ਮਾਰਨ ਵਿੱਚ ਕਿਸੇ ਜੀਵ ਦੀ ਹੱਤਿਆ ਸਮਝਦੇ ਹਾਂ ਪਰ ਜੀਵ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਸਦੀ ਹੱਤਿਆ ਨਹੀਂ ਹੋ ਸਕਦੀ ਭਾਵ ਉਹ ਕਦੇ ਮਰ ਨਹੀਂ ਸਕਦਾ, ਉਹ ਮਰਨ ਤੋਂ ਰਹਿਤ ਹੈ। ਆਉ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ

ਸ਼ਬਦ ਦੁਆਰਾ ਸਮਝੀਏ।

ਪ੍ਰਭਾਤੀ ॥

“ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥
ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥”

(ਅੰਗ ੧੩੫੦)

ਇਸ ਸ਼ਬਦ ਰਾਹੀਂ ਸਾਡੇ ਪ੍ਰਮਾਤਮਾ ਨੂੰ ਸਮਝਣ ਬਾਰੇ, ਜੀਵ ਰੂਪ ਨੂੰ ਸਮਝਣ ਬਾਰੇ ਸਾਡਾ ਭਰਮ ਹੀ ਕੱਢਿਆ ਹੋਇਆ ਹੈ ਤੇ ਬੜੇ ਗਹਿਰੇ ਤਰੀਕੇ ਨਾਲ ਇਹ ਗੱਲ ਸਮਝਾਈ ਹੋਈ ਹੈ ਕਿ ਮਰਦਾ ਕੋਈ ਵੀ ਜੀਵ ਨਹੀਂ ਹੈ ਕਿਉਂਕਿ ਸਭ ਦੇ ਅੰਦਰ ਜੋਤਿ ਪ੍ਰਮਾਤਮਾ ਦੀ ਹੀ ਹੈ ਅਤੇ ਜੋਤਿ ਕਦੇ ਮਰ ਨਹੀਂ ਸਕਦੀ ਕਿਉਂਕਿ ਜੋਤਿ ਰੂਪ ਵਿੱਚ ਪ੍ਰਮਾਤਮਾ

30/3353

ਆਪ ਹੀ ਹੈ।

ਇੱਥੇ ਭਗਤ ਕਬੀਰ ਜੀ ਨੇ ਸਾਨੂੰ ਇਹ ਸਮਝਾਇਆ ਹੈ ਕਿ ਸਾਰੇ ਹੀ ਧਰਮ ਸ਼ਾਸਤਰ ਸਾਨੂੰ ਇਹ ਸਮਝਾਉਂਦੇ ਹਨ ਕਿ ਸਭ ਵਿੱਚ ਪ੍ਰਮਾਤਮਾ ਹੀ ਵਰਤਦਾ ਹੈ ਪਰ ਅਸੀਂ ਇਸ ਗੱਲ ਨੂੰ ਮੰਨਦੇ ਨਹੀਂ ਹਾਂ। ਅਸੀਂ ਕੇਵਲ ਉੱਪਰੋਂ ਉੱਪਰੋਂ ਇਹ ਗੱਲ ਕਹਿ ਦਿੰਦੇ ਹਾਂ ਕਿ ਸਭ ਵਿੱਚ ਪ੍ਰਮਾਤਮਾ ਹੀ ਵੱਸਦਾ ਹੈ ਪਰ ਅਸੀਂ ਦਿਲੋਂ ਇਸ ਗੱਲ ਤੇ ਵਿਸ਼ਵਾਸ ਨਹੀਂ ਰੱਖਦੇ। ਸਾਰੇ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾ ਰਹੇ ਹਨ ਕਿ ਸਭ ਵਿੱਚ ਆਪ ਪ੍ਰਮਾਤਮਾ ਹੀ ਹੈ ਪਰ ਮਨੁੱਖ ਤ੍ਰੈ ਗੁਣਾਂ ਵਾਲੀ ਮਾਇਆ ਦੀ ਅਵੱਸਥਾ ਵਿੱਚ, ਮਾਇਆ ਦੀ ਜੁਗਤਿ ਵਿੱਚ ਵਿਚਰਦਾ ਹੋਇਆ ਇਸ ਗੱਲ ਨੂੰ ਸਮਝ ਨਹੀਂ ਸਕਦਾ। ਜੇ ਮਨੁੱਖ ਆਪਣੇ ਦਿਲੋਂ ਇਸ ਗੱਲ ਨੂੰ ਮੰਨਦਾ ਹੋਵੇ ਕਿ ਸਭ ਵਿੱਚ ਪ੍ਰਮਾਤਮਾ ਹੀ ਹੈ ਤਾਂ ਫਿਰ ਉਹ ਮੁਰਗੀ ਨੂੰ ਨਾ ਮਾਰੇ। **(ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥੧॥)**

ਉਹ ਮੁਰਗੀ ਨੂੰ ਕੇਵਲ ਇਹ ਸੋਚ ਕੇ ਹੀ ਮਾਰਦਾ ਹੈ ਕਿ ਇਸ ਵਿੱਚ ਕਿਹੜਾ ਖੁਦਾ ਹੈ, ਇਹ ਕੇਵਲ ਇੱਕ ਮੁਰਗੀ ਹੀ ਹੈ। ਉਹ ਇਹ ਸੋਚ ਕੇ ਹੀ ਮੁਰਗੀ ਨੂੰ ਮਾਰਦਾ ਹੈ ਭਾਵ ਉਸਨੂੰ ਆਪਣੇ ਅੰਦਰ ਯਕੀਨ ਹੀ ਨਹੀਂ ਹੈ ਕਿ ਮੁਰਗੀ ਦੇ ਵਿੱਚ ਰੱਬ, ਖੁਦਾ ਹੀ ਹੈ। ਹੁਣ ਅੱਗੇ ਮਨੁੱਖ ਦਾ, ਮੁੱਲਾਂ ਦਾ ਇਹ ਭਰਮ ਦੂਰ ਕੀਤਾ ਹੋਇਆ ਹੈ ਜਿਸ ਨੂੰ ਕਿ ਖੁਦਾ ਦਾ ਨਿਆਉ ਕਹਿ ਕੇ ਸਮਝਾਇਆ ਹੋਇਆ ਹੈ ਭਾਵ ਮੁਰਗੀ ਮਾਰਨ ਬਾਰੇ ਪ੍ਰਮਾਤਮਾ ਦਾ ਕੀ ਫੈਸਲਾ ਹੈ, ਇਹ ਸੁਣਾਇਆ ਹੋਇਆ ਹੈ। ਪ੍ਰਮਾਤਮਾ ਦੇ, ਖੁਦਾ ਦੇ ਇਸ ਫੈਸਲੇ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਮਾਸ ਦੀ ਵਰਤੋਂ ਬਾਰੇ ਪ੍ਰਮਾਤਮਾ ਦਾ ਕੀ ਫੈਸਲਾ ਹੈ।

"ਮੁਲਾਂ ਕਹਹੁ ਨਿਆਉ ਖੁਦਾਈ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ਰਹਾਉ ॥
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ॥੨॥"

ਖੁਦਾ, ਪ੍ਰਮਾਤਮਾ ਦਾ ਫੈਸਲਾ ਇਹ ਸਮਝਾਇਆ ਹੈ ਕਿ ਮਨੁੱਖ ਭਰਮ ਵਿੱਚ ਹੈ। ਉਸਨੇ ਮੁਰਗੀ ਇਸ ਭਰਮ ਵਿੱਚ, ਅਗਿਆਨਤਾ ਵਿੱਚ ਮਾਰੀ ਹੈ ਕਿ ਮੁਰਗੀ ਵਿੱਚ ਕਿਹੜਾ ਖੁਦਾ ਬੈਠਾ ਹੈ ਭਾਵ ਇਹ ਮਨੁੱਖ ਦਾ ਭਰਮ, ਭੁਲੇਖਾ ਹੀ ਹੈ ਕਿ ਮੁਰਗੀ ਵਿੱਚ ਖੁਦਾ ਨਹੀਂ ਹੈ। ਅਸਲ ਵਿੱਚ ਮੁਰਗੀ ਦੇ ਵਿੱਚ ਖੁਦਾ ਹੀ ਹੈ ਜੋ ਉਸਦੇ ਅੰਦਰ ਦਾ ਜੀਵ ਰੂਪ ਹੈ, ਜੋਤਿ ਰੂਪ ਹੈ।

30/3354

(ਮੁਲਾਂ ਕਹਹੁ ਨਿਆਉ ਖੁਦਾਈ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ਰਹਾਉ ॥)

ਮੁਰਗੀ ਮਾਰਨ ਬਾਰੇ ਭੁਲੇਖਾ ਅਗਲੀਆਂ ਪੰਗਤੀਆਂ ਰਾਹੀਂ ਬੜੇ ਹੀ ਸਪੱਸ਼ਟ ਤਰੀਕੇ ਨਾਲ ਕੱਢਿਆ ਹੋਇਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਟਿਕਾਉਣ ਦੀ ਲੋੜ ਹੈ। ਮਨੁੱਖ ਨੇ

ਮੁਰਗੀ ਨੂੰ ਪਕੜ ਕੇ ਲਿਆਂਦਾ (**ਪਕਰਿ ਜੀਉ ਆਨਿਆ**) ਫਿਰ ਪਕੜਨ ਤੋਂ ਬਾਅਦ ਮੁਰਗੀ ਨੂੰ ਮਾਰਿਆ (**ਦੇਹ ਬਿਨਾਸੀ**) ਲੇਕਿਨ ਇਸ ਤਰੀਕੇ ਨਾਲ ਮਨੁੱਖ ਨੇ ਕੇਵਲ ਮਿੱਟੀ ਨੂੰ ਹੀ ਮਾਰਿਆ (**ਮਾਟੀ ਕਉ ਬਿਸਮਿਲ ਕੀਆ॥**) ਸਮਝਾਇਆ ਇਹ ਹੋਇਆ ਹੈ ਕਿ ਮਨੁੱਖ ਨੇ ਕੇਵਲ ਮਿੱਟੀ ਨੂੰ ਹੀ ਮਾਰਿਆ, ਜੀਵ ਨੂੰ ਨਹੀਂ ਮਾਰਿਆ ਕਿਉਂਕਿ ਉਸਦੇ ਅੰਦਰ ਜੋ ਜੀਵ, "**ਜੀਉ**" ਹੈ ਉਹ ਤਾ ਪ੍ਰਮਾਤਮਾ ਦੀ ਜੋਤਿ ਹੈ ਭਾਵ ਜੋ ਵੀ ਇਸ ਦੁਨੀਆ ਦੇ ਵਿੱਚ ਜੀਵ ਹੈ ਉਹ ਪ੍ਰਮਾਤਮਾ ਦੀ ਜੋਤਿ ਹੀ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੀ ਹੈ ਜੋ ਕਿ ਸਭ ਦੇ ਅੰਦਰ ਉਸਦਾ ਨਿਰਗੁਣ ਰੂਪ ਹੈ। ਪ੍ਰਮਾਤਮਾ ਸਭ ਵਿੱਚ ਆਪਣੀ ਜੋਤਿ ਦੁਆਰਾ ਹੀ ਵਰਤਦਾ ਹੈ ਤੇ **"ਜੋਤਿ"** ਭਾਵ ਪ੍ਰਮਾਤਮਾ ਕਦੇ ਮਰ ਨਹੀਂ ਸਕਦਾ। ਜੋਤਿ ਤਾਂ ਸਰੀਰ ਵਿੱਚੋਂ ਨਿਕਲ ਕੇ ਜੋਤਿ ਵਿੱਚ ਹੀ ਰਲ ਜਾਂਦੀ ਹੈ **(ਜੋਤਿ ਸਰੂਪ ਅਨਾਹਤ ਲਾਗੀ)**। ਇਸ ਕਰਕੇ ਮਰਦਾ ਕੇਵਲ ਸਰੀਰ ਹੀ ਹੈ ਜੋ ਕਿ ਕੇਵਲ ਮਿੱਟੀ ਦਾ ਪੁਤਲਾ ਹੀ ਹੈ। ਇਹ ਸਰੀਰ ਦੁਨਿਆਵੀ ਤੱਤਾਂ ਤੋਂ ਬਣਿਆ ਹੈ ਤੇ ਉਹਨਾਂ ਤੱਤਾਂ ਵਿੱਚ ਹੀ ਮਿਲ ਜਾਂਦਾ ਹੈ ਭਾਵ ਮਿੱਟੀ ਤੋਂ ਪੈਦਾ ਹੋ ਕੇ ਮਿੱਟੀ ਵਿੱਚ ਹੀ ਰਲ ਜਾਂਦਾ ਹੈ। ਜੋ ਸਾਡੇ ਅੰਦਰ ਜੋਤਿ ਹੈ, ਜਿਸਦੀ ਵਜ੍ਹਾ ਨਾਲ ਸਾਡੇ ਅੰਦਰ ਜੀਵਨ ਹੈ, ਉਹ ਜੋਤਿ ਜਿਸਦੀ ਹੈ ਉਸ ਵਿੱਚ ਹੀ ਰਲ ਜਾਂਦੀ ਹੈ ਭਾਵ ਪ੍ਰਮਾਤਮਾ ਦੀ ਜੋਤਿ ਪ੍ਰਮਾਤਮਾ ਵਿੱਚ ਹੀ ਮਿਲ ਜਾਂਦੀ ਹੈ। ਫਿਰ ਮਰਿਆ ਕੌਣ? ਭਾਵ ਮਰਿਆ ਕਿਹੜਾ ਜੀਵ? ਭਾਵ ਮਨੁੱਖ ਨੇ ਮਾਰਿਆ ਕਿਸ ਜੀਵ ਨੂੰ? **(ਕਹੁ ਹਲਾਲੁ ਕਿਆ ਕੀਆ॥)** ਭਾਵ ਸਭ ਵਿੱਚ ਪ੍ਰਮਾਤਮਾ ਆਪ ਹੀ ਵਰਤਦਾ ਹੈ ਜਿਵੇਂ ਕਿ ਗੁਰਬਾਣੀ ਵਿੱਚ ਵਾਰ-ਵਾਰ ਸਮਝਾਇਆ ਗਿਆ ਹੈ ਲੇਕਿਨ ਇਸ ਗੱਲ ਤੇ ਵਿਸ਼ਵਾਸ ਆਉਣਾ ਮਨੁੱਖ ਦੀ ਸਮਰਥਾ ਤੋਂ ਬਾਹਰ ਹੈ। ਇਹ ਵਿਸ਼ਵਾਸ ਮਨੁੱਖ ਨੂੰ ਤਾਂ ਹੀ ਆ ਸਕਦਾ ਹੈ ਜਦੋਂ ਉਸ ਪ੍ਰਮਾਤਮਾ ਦੀ ਕਿਰਪਾ ਹੋ ਜਾਵੇ, ਮਨੁੱਖ ਆਪਣੇ ਆਪ ਨੂੰ ਪਹਿਚਾਣ ਲਵੇ ਅਤੇ ਸਮਝ ਲੱਗ ਜਾਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਹੈ **(ਸਭ ਕਿਛੁ ਆਪੇ ਆਪਿ)**। **"ਹਲਾਲੁ"** ਕਰਨ ਦੀ ਕਿਰਿਆ ਦੁਆਰਾ ਇਹ ਸਮਝਿਆ ਜਾਂਦਾ ਹੈ ਕਿ ਅੱਲ੍ਹਾ, ਪ੍ਰਮਾਤਮਾ ਇਸ ਕਿਰਿਆ ਦੁਆਰਾ ਪ੍ਰਸੰਨ ਹੁੰਦਾ ਹੈ ਪਰ ਹਲਾਲ ਤਾਂ ਅਸਲ ਵਿੱਚ ਕੋਈ ਹੁੰਦਾ ਹੀ ਨਹੀਂ ਭਾਵ ਕੇਵਲ ਸਾਡਾ

30/3355

ਭਰਮ ਹੈ। ਪ੍ਰਮਾਤਮਾ ਕੇਵਲ ਹੱਕ ਹਲਾਲ ਦੀ ਕਮਾਈ ਦੁਆਰਾ ਹੀ ਪ੍ਰਸੰਨ ਹੁੰਦਾ ਹੈ। ਅਸੀਂ ਜੋ ਕੁੱਝ ਹੱਕ ਹਲਾਲ ਦੀ ਕਮਾਈ ਨਾਲ ਖਾਂਦੇ ਹਾਂ ਉਹ ਸਭ ਕੁੱਝ ਚੰਗਾ ਹੈ ਤੇ ਜੋ ਹਰਾਮ ਦੀ ਕਮਾਈ ਨਾਲ ਖਾਂਦੇ ਹਾਂ ਉਹ ਸਭ ਹਰਾਮ ਹੈ।

{ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥}

(ਅੰਗ ੧੪੧)

ਆਉ ਹੁਣ ਅਗਲੇ ਸ਼ਬਦ ਦੁਆਰਾ ਇਸੇ ਗੱਲ ਨੂੰ ਹੋਰ ਦ੍ਰਿੜ ਕਰੀਏ ਕਿ ਮਰਦਾ ਅਸਲ ਵਿੱਚ ਕੋਈ ਵੀ ਨਹੀਂ ਹੈ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜਿਸਨੂੰ ਪ੍ਰਮਾਤਮਾ ਭਰਮ ਦੇ ਪੜਦੇ ਵਿੱਚੋਂ ਕੱਢ ਲੈਂਦਾ ਹੈ। ਭਰਮ ਦੇ ਵਿੱਚ ਰਹਿੰਦੇ ਹੋਏ ਕੋਈ ਵੀ ਇਸ ਗੱਲ ਨੂੰ ਨਾ ਸਮਝ ਸਕਦਾ ਹੈ, ਨਾ ਵਿਸ਼ਵਾਸ ਕਰ ਸਕਦਾ ਹੈ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਹੀ ਰਚਿਆ ਹੋਇਆ ਅਸੂਲ ਹੈ ਜਿਸ ਦੁਆਰਾ ਉਹ ਆਪਣੀ ਖੇਡ ਚਲਾ ਰਿਹਾ ਹੈ ਤੇ ਉਸਦੇ ਇਸ ਅਸੂਲ ਤੋਂ ਬਾਹਰ ਕੋਈ ਵੀ ਨਹੀਂ ਹੈ। ਉਹ ਕਦੇ ਹੀ ਆਪਣੀ ਵੱਡੀ ਕਿਰਪਾ ਦੁਆਰਾ ਕਿਸੇ ਨੂੰ ਇਹ ਆਪਣੀ ਖੇਡ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਈ ਹੈ ਤੇ ਉਹਨਾਂ ਨੇ ਸੰਸਾਰ ਨੂੰ ਇਸ ਭਰਮ ਵਿੱਚੋਂ ਕੱਢਣ ਦਾ ਉਪਰਾਲਾ ਕੀਤਾ ਹੈ। ਜੇਕਰ ਸਾਨੂੰ ਗੁਰੂ ਦੀ ਦੱਸੀ ਹੋਈ ਗੱਲ ਤੇ ਪੂਰਨ ਵਿਸ਼ਵਾਸ ਹੈ ਫਿਰ ਤਾਂ ਹੀ ਅਸੀ ਅਸਲੀਅਤ ਨੂੰ ਸਮਝ ਸਕਦੇ ਹਾਂ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਅਸਲ ਵਿੱਚ ਮਰਦਾ ਕੋਈ ਵੀ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ।

ਰਾਮਕਲੀ ਮਹਲਾ ੫ ॥

“ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥”

(ਅੰਗ ੮੮੫)

ਇਸ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਜਦੋਂ ਮਨੁੱਖ ਸਰੀਰ ਤਿਆਗਦਾ ਹੈ ਉਹ ਅਸਲ ਵਿੱਚ ਮੌਤ ਨਹੀਂ ਹੁੰਦੀ ਕਿਉਂਕਿ ਮਨੁੱਖ ਦੀ ਜਾਂ ਕਿਸੇ ਵੀ ਜੀਵ ਦੀ ਅਸਲ ਵਿੱਚ ਆਪਣੀ ਕੋਈ ਹੋਂਦ ਨਹੀਂ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖ ਦਾ ਜਾਂ ਕਿਸੇ ਹੋਰ ਦਾ ਹੋਣਾ ਇੱਕ ਭੁਲੇਖਾ ਹੀ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਕੇਵਲ ਇੱਕ ਖੇਡ ਹੀ ਹੈ।

ਜਦੋਂ ਮਨੁੱਖ ਜਾਂ ਕੋਈ ਜੀਵ ਸਰੀਰ ਤਿਆਗਦਾ ਹੈ ਸਾਡੇ ਅੰਦਰ ਜੋ ਸਵਾਸ ਰੂਪੀ ਪਵਨ ਹੈ ਉਹ ਪਵਨ ਵਿੱਚ ਸਮਾਅ ਜਾਂਦੀ ਹੈ ਤੇ ਜੋ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੈ, ਉਹ ਆਪਣੀ ਹੀ ਜੋਤਿ ਵਿੱਚ ਮਿਲ ਜਾਂਦੀ ਹੈ। ਮਨੁੱਖ ਜੋ ਕੁੱਝ ਵੀ ਹੈ ਇਸ ਜੋਤਿ ਦੁਆਰਾ ਹੀ ਹੈ, ਬਾਕੀ ਤਾਂ ਸਭ ਕੁੱਝ ਮਿੱਟੀ ਹੀ ਹੈ ਜੋ ਕਿ ਦੁਨਿਆਵੀ ਤੱਤਾਂ ਤੋਂ ਬਣਿਆ ਹੋਇਆ ਹੈ। ਮਿੱਟੀ ਦੇ ਤੱਤ ਮਿੱਟੀ ਵਿੱਚ ਰਲ ਜਾਂਦੇ ਹਨ। ਮਨੁੱਖ ਦੇ ਜਾਣ ਤੋਂ ਬਾਅਦ ਜੋ ਉਸਦੇ ਵਿਯੋਗ ਵਿੱਚ ਰੋਂਦੇ ਹਨ ਉਨ੍ਹਾਂ ਦਾ ਵੀ ਇਸ ਦੁਨੀਆਂ ਵਿੱਚ ਰਹਿਣਾ ਕਿਹੜਾ ਪੱਕਾ ਹੈ? ਹਰ ਕੋਈ ਪ੍ਰਮਾਤਮਾ ਦੀ ਇਸ ਖੇਡ ਦਾ ਹਿੱਸਾ ਹੈ। **(ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥ ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥੧॥)** ਅਸਲ ਵਿੱਚ ਮਰਦਾ ਕੋਈ ਵੀ ਨਹੀਂ ਹੈ ਕਿਉਂਕਿ ਜੋ ਸਾਡੇ ਅੰਦਰ ਜੋਤ ਹੈ, ਜੀਵਨ ਹੈ, ਉਹ ਪ੍ਰਮਾਤਮਾ ਆਪ ਹੀ ਹੈ **{ਸਭ ਮਹਿ ਜੋਤਿ ਜੋਤਿ ਹੈ ਸੋਇ॥}** ਅਤੇ ਪ੍ਰਮਾਤਮਾ ਕਦੇ ਮਰ ਨਹੀਂ ਸਕਦਾ। ਇਹ ਕੇਵਲ ਮਨੁੱਖ ਦਾ ਭੁਲੇਖਾ ਹੀ ਹੈ ਜਿਵੇਂ ਕਿ ਪਿੱਛੇ ਵੀ ਸ਼ਬਦ ਵਿੱਚ ਸਮਝਾਇਆ ਹੋਇਆ ਹੈ। ਇਸ ਗੱਲ ਦੀ ਸੋਝੀ ਸਾਨੂੰ ਗੁਰੂ, ਪ੍ਰਮਾਤਮਾ ਜੋ ਕਿ ਆਪ ਬ੍ਰਹਮ ਗਿਆਨੀ ਹੈ ਉਸਦੇ ਨਾਲ ਮੇਲ ਦੁਆਰਾ ਹੀ ਪੈ ਸਕਦੀ ਹੈ, ਆਪਣੇ ਅੰਦਰੋਂ ਉਸ ਦੀ ਜੋਤਿ ਨੂੰ ਜਾਨਣ ਦੁਆਰਾ ਹੀ ਪੈ ਸਕਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦੀ ਆਪਣੀ ਹੋਂਦ ਕੇਵਲ ਭਰਮ ਹੀ ਹੈ। **(ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ)** ਬ੍ਰਹਮ ਗਿਆਨੀ ਆਪ ਪ੍ਰਮਾਤਮਾ

ਹੈ ਜੋ ਸਾਡੇ ਅੰਦਰ ਆਪਣੇ ਬ੍ਰਹਮ ਗਿਆਨ ਦੁਆਰਾ ਵਿਚਰ ਰਿਹਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਇਹ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੀ ਹੈ ਤੇ ਅਸਲ ਵਿੱਚ ਮਨੁੱਖ ਦਾ ਆਪਣਾ ਕੋਈ ਵੱਖਰਾ ਵਜੂਦ ਨਹੀਂ ਹੈ, ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਹ ਖੇਡ ਮਨੁੱਖ ਨੂੰ ਤਾਂ ਹੀ ਸਮਝ ਆ ਸਕਦੀ ਹੈ ਜਦੋਂ ਉਸ ਪ੍ਰਮਾਤਮਾ ਦੀ ਕਿਰਪਾ ਦੁਆਰਾ ਮਨੁੱਖ ਆਪਣੇ ਅੰਦਰੋਂ ਆਪਣੇ ਆਪ ਨੂੰ ਬੁੱਝ ਲੈਂਦਾ ਹੈ, ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਭਾਵ ਜਦੋਂ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਮਨੁੱਖ ਦੀ ਆਪਣੀ ਹੋਂਦ (**ਹਉਮੈ**) ਮਿਟ ਜਾਂਦੀ ਹੈ, ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਹੀ ਹੈ ਤੇ ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੀ ਹੈ ਜੋ ਕਿ ਉਹ ਸਭ ਨੂੰ ਭਰਮ ਵਿੱਚ ਰੱਖ ਕੇ ਚਲਾ ਰਿਹਾ ਹੈ।

{ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥}

(ਅੰਗ ੯੨੨)

ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁੱਝਣ ਤੋਂ ਬਿਨ੍ਹਾਂ ਮਨੁੱਖ ਨੂੰ ਕਦੇ ਵੀ ਇਸ ਗੱਲ ਤੇ ਵਿਸ਼ਵਾਸ ਨਹੀਂ ਆ ਸਕਦਾ ਕਿ ਇਹ ਦੁਨੀਆਂ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ। ਇਸ ਖੇਡ ਦੀ ਸਮਝ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਲੱਗ ਸਕਦੀ ਹੈ, ਮਨੁੱਖ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ। (**ਇਹੁ ਤਉ ਚਲਤੁ ਭਇਆ॥੧॥ਰਹਾਉ॥**)

(ਅਗਲੀ ਕਿਛੁ ਖਬਰਿ ਨ ਪਾਈ॥ ਰੋਵਨਹਾਰੁ ਭਿ ਊਠਿ ਸਿਧਾਈ॥
ਭਰਮ ਮੋਹ ਕੇ ਬਾਂਧੇ ਬੰਧ॥ ਸੁਪਨੁ ਭਇਆ ਭਖਲਾਏ ਅੰਧ॥੨॥)

ਪ੍ਰਮਾਤਮਾ ਨੇ ਇਸ ਗੱਲ ਦੀ ਸੋਝੀ ਕਿਸੇ ਨੂੰ ਵੀ ਨਹੀਂ ਪਾਈ ਕਿ ਸਰੀਰਕ ਰੂਪ ਮਰਨ ਤੋਂ ਬਾਅਦ ਅੱਗੇ ਮਨੁੱਖ ਕਿੱਥੇ ਜਾਂਦਾ ਹੈ, ਕਿਵੇਂ ਜਾਂਦਾ ਹੈ। ਪ੍ਰਮਾਤਮਾ ਦਾ ਘਰ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ ਇਸ ਗੱਲ ਦੀ ਸੋਝੀ ਕੇਵਲ ਜਿਉਂਦੇ ਹੋਏ ਉਸਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੀ ਪੈ ਸਕਦੀ ਹੈ। ਜਿਸਨੂੰ ਪ੍ਰਮਾਤਮਾ ਦਾ ਰੂਪ ਪਤਾ ਚੱਲ ਜਾਂਦਾ ਹੈ ਉਹ ਫਿਰ ਮਰਨ ਤੋਂ ਰਹਿਤ ਹੋ ਜਾਂਦਾ ਹੈ ਤੇ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਮਰਦਾ ਅਸਲ ਵਿੱਚ ਕੋਈ ਵੀ ਨਹੀਂ ਹੈ। ਜਿਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਉਹ ਭਰਮ ਵਿੱਚ ਹੀ ਆਪਣੀ ਹੋਂਦ ਨੂੰ ਸੱਚੀ ਸਮਝ ਕੇ ਇਸ ਦੁਨੀਆਂ ਵਿੱਚੋਂ ਜਾਣ ਨੂੰ ਮਰਨਾ ਸਮਝਦੇ ਹਨ ਕਿ ਅਸੀਂ ਵੀ ਇਸੇ ਤਰ੍ਹਾਂ ਇਸ ਸੰਸਾਰ ਤੋਂ ਚਲੇ ਜਾਣਾ ਹੈ ਭਾਵ ਸੱਚਾਈ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ ਤੇ ਹਰ ਕੋਈ ਭਰਮ ਵਿੱਚ ਹੀ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਆਪਣੀ ਖੇਡ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਸਾਡੇ ਅੰਦਰ ਬੰਧਨ ਇਸ ਭਰਮ ਮੋਹ ਦਾ ਹੀ ਹੈ ਤੇ ਇਹ ਭਰਮ ਦਾ ਬੰਧਨ, ਭਰਮ ਦੀ ਦੀਵਾਰ ਨਿਕਲੇ ਬਿਨ੍ਹਾਂ ਸਾਨੂੰ ਸੱਚਾਈ ਦੀ ਸਮਝ ਨਹੀਂ ਲੱਗ ਸਕਦੀ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ, ਇਹ ਸੰਸਾਰ ਇੱਕ ਸੁਪਨੇ ਦੀ ਤਰ੍ਹਾਂ ਹੈ। ਸੁਪਨਾ ਦੇਖਦੇ ਹੋਏ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਜੋ ਕੁੱਝ ਅਸੀਂ ਦੇਖ ਰਹੇ ਹਾਂ ਉਹ ਬਿਲਕੁਲ ਸੱਚ ਹੈ ਪਰ ਸੁਪਨਾ ਟੁੱਟਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਸਭ ਝੂਠ ਹੀ ਸੀ। ਇਸੇ ਤਰ੍ਹਾਂ ਜੋ ਕੁੱਝ ਸਾਨੂੰ ਜਾਗਦੇ ਹੋਏ ਨਜ਼ਰ ਆ ਰਿਹਾ ਹੈ, ਇਹ ਵੀ ਸੁਪਨੇ ਦੀ ਤਰ੍ਹਾਂ ਹੀ ਝੂਠ ਹੈ। ਸਾਨੂੰ ਹਰ ਹੋਂਦ ਵੱਖਰੀ ਨਜ਼ਰ ਆਉਂਦੀ ਹੈ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ। ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਭਾਵ ਪ੍ਰਮਾਤਮਾ ਨਾਲੋਂ ਵੱਖਰਾ ਸਮਝਦੇ ਹਾਂ ਪਰ ਇਹ ਹਕੀਕਤ ਨਹੀਂ ਹੈ। ਇਹ ਇੱਕ ਸੁਪਨੇ ਦੀ ਤਰ੍ਹਾਂ ਝੂਠੀ ਗੱਲ ਹੈ। ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਹਰ ਹੋਂਦ ਨੂੰ ਉਹ ਆਪ ਬਣਾ ਕੇ ਆਪ ਹੀ ਚਲਾ ਰਿਹਾ ਹੈ। ਹਰ ਵਸਤੂ ਦਾ ਮਾਲਕ ਉਹ ਆਪ ਹੀ ਹੈ, ਸਾਡੇ ਅੰਦਰ ਵੀ ਉਹ ਆਪ ਹੀ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ। ਇਹ ਹੀ ਸਾਡੇ ਅੰਦਰ ਭਰਮ ਦਾ ਬੰਧਨ ਹੈ, ਮਾਇਆ ਮੋਹ ਦਾ ਬੰਧਨ ਹੈ, ਅਗਿਆਨਤਾ ਦਾ ਬੰਧਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਭਰਮ ਵਿੱਚ ਰਹਿੰਦੇ ਸਾਨੂੰ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਤੇ ਭਰਮ ਵਿੱਚੋਂ ਨਿਕਲਣ ਤੋਂ ਬਾਅਦ ਸਿਵਾਇ ਪ੍ਰਮਾਤਮਾ ਦੇ ਕੋਈ ਨਜ਼ਰ ਨਹੀਂ ਆਉਂਦਾ।

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥}

(ਅੰਗ - ੧੪੨੭)

ਇਸ ਸੰਸਾਰ ਦੀ ਸੱਚਾਈ ਨੂੰ ਸਮਝਣ ਵਿੱਚ ਹਰ ਕੋਈ ਸੁਪਨਾ ਹੀ ਦੇਖ ਰਿਹਾ ਹੈ ਤੇ ਜੋ ਕੁੱਝ ਹਰ ਕੋਈ ਸਮਝੀ ਬੈਠਾ ਹੈ ਉਹ ਝੂਠ ਹੈ। ਜਿਉਂਦੇ ਜੀ ਇਹ ਭੁਲੇਖਾ ਨਾ ਨਿਕਲਣ ਕਰਕੇ ਹੀ ਅਸੀਂ ਆਪਣੇ ਆਪ ਨੂੰ ਆਵਾਗਉਣ ਵਿੱਚ, ਜੂਨਾਂ ਵਿੱਚ ਸਮਝਦੇ

ਹਾਂ। ਇਹ ਭੁਲੇਖਾ ਹੀ ਸਾਡੀ "ਹਉਮੈ" ਹੈ ਭਾਵ ਸਾਡੀ "ਹਉਮੈ" ਦਾ, ਸਾਡੀ "ਮੈਂ" ਦਾ ਕਾਰਨ ਮਨ ਦਾ ਭਰਮ ਹੈ। ਇਹ ਭਰਮ ਕਿਸੇ ਦਾ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਜੋ ਮਨ ਦੀ ਸਮਝ ਦੇ ਵਿੱਚ ਹੀ ਬੈਠਾ ਹੈ। ਅਸਲ ਵਿੱਚ ਮਨੁੱਖੀ ਸਰੀਰ ਦੇ ਰੂਪ ਵਿੱਚ ਹਉਮੈ ਜੰਮਦੀ ਹੈ ਤੇ ਹਉਮੈ ਹੀ ਮਰਦੀ ਹੈ, ਸਹਸਾ ਹੀ ਜੰਮਦੀ ਹੈ ਤੇ ਸਹਸਾ ਹੀ ਮਰਦੀ ਹੈ। ਜੇਕਰ ਮਨ ਦੀ ਇਹ ਸਹਸਾ, ਹਉਮੈ, ਭਰਮ ਅਗਰ ਜਿਉਂਦੇ ਜੀਅ ਅਸੀਂ ਨਹੀਂ ਮਾਰ ਸਕਦੇ ਫਿਰ ਸਾਨੂੰ ਇਸੇ ਭਰਮ ਰੂਪ ਚੋਲੇ ਵਿੱਚ, ਹਉਮੈ ਰੂਪ ਚੋਲੇ ਵਿੱਚ ਹੀ ਰਹਿਣਾ ਪੈਂਦਾ ਹੈ ਭਾਵ ਭਰਮ ਰੂਪ ਜੂਨਾਂ ਵਿੱਚ, ਭਰਮ ਰੂਪ ਆਵਾਗਉਣ ਵਿੱਚ ਹੀ ਰਹਿਣਾ ਪੈਂਦਾ ਹੈ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਹੀ ਸਾਡੀ ਜੂਨ ਹੈ, ਝੂਠਾ ਆਵਾਗਉਣ ਹੈ। ਜਦ ਤੱਕ ਸਾਡੀ ਮਨ ਦੇ ਭਰਮ ਤੋਂ ਮੁਕਤੀ ਨਹੀਂ ਹੁੰਦੀ, ਮਨ ਦੇ ਇਸ ਬੰਧਨ ਤੋਂ ਮੁਕਤੀ ਨਹੀਂ ਹੁੰਦੀ ਤਦ ਤੱਕ ਸਾਡੀ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਨਹੀਂ ਹੁੰਦੀ। ਇਸ ਗੱਲ ਨੂੰ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ।

ਇਹ ਸਾਰੀ ਖੇਡ, ਸਾਰੀ ਰਚਨਾ ਪ੍ਰਮਾਤਮਾ ਦੀ ਆਪਣੀ ਹੀ ਰਚੀ ਹੋਈ ਹੈ ਅਤੇ ਹਰ ਕੋਈ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਇਸ ਦੁਨੀਆਂ ਵਿੱਚ ਆ ਜਾ ਰਿਹਾ ਹੈ। ਨਾ ਹੀ ਅੱਜ ਤੱਕ ਕੋਈ ਜੀਵ ਮਰਿਆ ਹੈ ਅਤੇ ਨਾ ਹੀ ਕੋਈ ਜੀਵ ਮਰ ਸਕਦਾ ਹੈ। ਸਾਡੇ ਅੰਦਰ ਜੀਵ ਰੂਪ, ਜੋਤਿ ਰੂਪ ਪ੍ਰਮਾਤਮਾ ਆਪ ਹੀ ਹੈ ਜੋ ਕਿ ਨਿਰਗੁਣ ਰੂਪ ਹੈ ਤੇ ਨਿਰਗੁਣ ਰੂਪ ਕਦੇ ਬਿਨਸ ਨਹੀਂ ਸਕਦਾ। ਨਾਸ਼ਵਾਨ ਚੀਜ਼ ਕੇਵਲ ਸਰਗੁਣ ਰੂਪ ਹੈ, ਜੋ ਕਿ ਸਰੀਰ ਰੂਪ ਹੈ **(ਇਹੁ ਤਉ ਰਚਨੁ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ॥ ਨਹ ਕੋ ਮੂਆ ਨ ਮਰਣੈ ਜੋਗੁ॥ ਨਹ ਬਿਨਸੈ ਅਬਿਨਾਸੀ ਹੋਗੁ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥)** ਅਸੀਂ ਜੋ ਕੁੱਝ ਆਪਣੇ ਆਪ ਨੂੰ ਜਾਣਦੇ ਹਾਂ, ਸਮਝੀ ਬੈਠੇ ਹਾਂ ਭਾਵ ਅਸੀਂ ਆਪਣੇ ਸਰੀਰ ਨੂੰ ਆਪਣਾ ਸਮਝਿਆ ਹੋਇਆ ਹੈ ਪਰ ਅਸਲ ਵਿੱਚ ਇਹ ਠੀਕ ਨਹੀਂ ਹੈ ਭਾਵ ਸਾਨੂੰ ਆਪਣੇ ਆਪ ਦੀ ਪਹਿਚਾਣ ਨਹੀਂ ਹੈ। ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਸ ਲਈ ਸਾਨੂੰ ਉਸ ਗੁਰੂ ਤੋਂ ਹੀ ਸਦਕੇ ਜਾਣਾ ਚਾਹੀਦਾ ਹੈ ਕਿਉਂਕਿ ਉਹ ਹੀ ਇਹ ਸਭ ਕੁੱਝ ਜਾਣਦਾ ਹੈ, ਪ੍ਰਮਾਤਮਾ ਦੀ ਖੇਡ ਨੂੰ ਜਾਣਦਾ ਹੈ। ਜਦੋਂ ਕਿਸੇ ਮਨੁੱਖ ਦਾ ਪ੍ਰਮਾਤਮਾ ਇਹ ਭਰਮ ਦੂਰ ਕਰ ਦਿੰਦਾ ਹੈ ਕਿ ਮੇਰੀ ਆਪਣੀ ਵੱਖਰੀ ਹੋਂਦ ਨਹੀਂ ਹੈ ਤੇ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤਾਂ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਅਸਲ ਵਿੱਚ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਕੇਵਲ ਇੱਕ ਖੇਡ ਹੀ ਹੈ ਕਿਉਂਕਿ ਪ੍ਰਮਾਤਮਾ ਜੰਮਣ ਮਰਨ ਤੋਂ ਰਹਿਤ ਹੈ। ਸਰਗੁਣ ਸਰੂਪ ਵੀ ਉਸਦਾ ਆਪਣਾ ਹੀ ਬਣਾਇਆ ਹੋਇਆ ਹੈ, ਸਰੀਰ ਦਾ ਮਾਲਕ ਵੀ ਉਹ ਆਪ ਹੀ ਹੈ। ਮਨੁੱਖ ਆਪਣੇ ਆਪ ਵਿੱਚ ਕੇਵਲ ਇੱਕ ਭੁਲੇਖਾ ਹੀ ਹੈ। ਭੁਲੇਖਾ ਹੀ ਵਾਰ-ਵਾਰ ਆ ਜਾ ਰਿਹਾ ਹੈ। ਇਹ ਬਿਲਕੁਲ ਹਕੀਕਤ ਹੈ। **(ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥)** ਪ੍ਰਮਾਤਮਾ ਦੀ ਸੋਝੀ ਪਏ ਬਿਨ੍ਹਾਂ ਸਭ ਕੁੱਝ ਭਰਮ ਹੀ ਭਰਮ ਹੈ। ਹਰ ਕੋਈ ਭਰਮ ਵਿੱਚ ਹੀ ਹੈ।

30/3356

ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਹਰ ਸਰਗੁਣ ਰੂਪ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਮਾਇਆ ਰੂਪ ਹੈ ਜੋ ਬਿਨਸਨਹਾਰ ਰੂਪ ਹੈ ਤੇ ਪ੍ਰਮਾਤਮਾ ਦਾ ਨਾਬਿਨਸਹਾਰ ਰੂਪ ਉਸਦਾ ਨਿਰਗੁਣ ਰੂਪ ਹੈ, ਉਸਦਾ ਜੋਤਿ ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੇ ਸਰਗੁਣ ਰੂਪ ਪਸਾਰੇ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਨੇ ਹਰ ਸਰਗੁਣ ਸਰੂਪ ਵਿੱਚ ਆਪਣੇ ਆਪ ਨੂੰ ਨਿਰਗੁਣ ਰੂਪ ਵਿੱਚ ਟਿਕਾਇਆ ਹੋਇਆ ਹੈ ਜੋ ਕਿਸੇ ਨੂੰ ਨਜ਼ਰ ਨਹੀਂ ਆਉਂਦਾ ਕਿਉਂਕਿ ਪ੍ਰਮਾਤਮਾ ਦਾ ਉਹ ਰੂਪ ਪੰਜਾਂ ਤੱਤਾਂ ਤੋਂ ਬਾਹਰ ਹੈ। ਜੋ ਰੂਪ ਸਾਨੂੰ ਨਜ਼ਰ ਆਉਂਦਾ ਹੈ ਉਹ ਕੇਵਲ ਸਰਗੁਣ ਰੂਪ ਹੈ ਤੇ ਸਰਗੁਣ ਰੂਪ ਦੇ ਬਿਨਸਨ ਨੂੰ ਹੀ ਅਸੀਂ ਉਸਦਾ ਬਿਨਸਨਾ ਸਮਝਦੇ ਹਾਂ ਕਿਉਂਕਿ ਸਾਨੂੰ ਉਸਦੇ ਅੰਦਰ ਦੇ ਨਿਰਗੁਣ ਰੂਪ ਦੀ ਸਮਝ ਨਹੀਂ ਹੈ, ਪ੍ਰਮਾਤਮਾ ਦੇ ਅਸਲ ਰੂਪ ਦੀ ਸਮਝ ਨਹੀਂ ਹੈ, ਉਸਦੇ ਜੀਵ ਰੂਪ ਦੀ ਸਮਝ ਨਹੀਂ ਹੈ ਜਿਸ ਰੂਪ ਦੁਆਰਾ ਉਹ ਹਰ ਸਰਗੁਣ ਰੂਪ ਨੂੰ ਜੀਵਨ ਬਖਸ਼ਦਾ ਹੈ। ਸਾਡੇ ਸਭ ਦਾ ਜੀਵਨ ਰੂਪ ਨਿਰਗੁਣ ਰੂਪ ਹੈ ਜੋ ਕਦੇ ਬਿਨਸ ਨਹੀਂ ਸਕਦਾ। ਜੀਵ ਰੂਪ ਕਦੇ ਨਹੀਂ ਬਿਨਸਦਾ ਤੇ ਇਸੇ ਲਈ ਪ੍ਰਮਾਤਮਾ ਕਦੇ ਨਹੀਂ ਬਿਨਸਦਾ, ਜੋਤਿ ਰੂਪ ਕਦੇ ਨਹੀਂ ਬਿਨਸਦਾ।

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ॥
ਵਿਚਿ ਮਨ ਕੋਟਵਰੀਆ॥ ਨਿਜ ਮੰਦਰਿ ਪਿਰੀਆ॥
ਤਹਾ ਆਨਦ ਕਰੀਆ॥ ਨਹ ਮਰੀਆ ਨਹ ਜਰੀਆ॥੧॥}

(ਅੰਗ ੭੪੬)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥}

(ਅੰਗ ੨੮੭)

{ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ॥ ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ॥}

(ਅੰਗ ੯੬੫)

{ਜਹ ਦੇਖਾ ਤਹ ਦੀਨ ਦਇਆਲਾ॥ ਆਇ ਨ ਜਾਈ ਪ੍ਰਭੁ ਕਿਰਪਾਲਾ॥
ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥}

(ਅੰਗ ੧੦੩੮)

{ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ॥
ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ॥}

(ਅੰਗ ੧੨੫੦)

{ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥}

(ਅੰਗ ੧੧੧੧)

30/3357

ਜਦ ਤੱਕ ਸਾਨੂੰ ਆਪਣੇ ਆਪ ਦੀ ਸਮਝ ਨਹੀਂ ਲੱਗਦੀ ਕਿ ਸਾਡੀ ਅਸਲੀਅਤ ਕੀ ਹੈ ਤਦ ਤੱਕ ਅਸੀਂ ਮਨੁੱਖੀ ਰੂਪ ਵਿੱਚ ਮਨ ਦੀ ਸਮਝ ਦੇ ਅੰਦਰ ਭਰਮ ਰੂਪ ਚੋਲਾ, ਹਉਮੈ ਰੂਪ ਚੋਲਾ ਹੀ ਪਾਇਆ ਹੋਇਆ ਹੈ। ਵਾਰ-ਵਾਰ ਸਾਡਾ ਇਹ ਭਰਮ ਰੂਪ ਚੋਲਾ, ਸਹਸਾ ਰੂਪ ਚੋਲਾ, ਹਉਮੈ ਰੂਪ ਚੋਲਾ ਹੀ ਸੰਸਾਰ ਵਿੱਚ ਆ ਜਾ ਰਿਹਾ ਹੈ ਭਾਵ ਅਸੀਂ ਝੂਠੇ ਆਵਾਗਉਣ ਵਿੱਚ ਹੀ ਹਾਂ। ਜਦ ਤੱਕ ਅਸੀਂ ਆਪਣੇ ਜੀਵਨ ਦੇ ਅੰਦਰ ਇਸ ਭਰਮ ਰੂਪ ਚੋਲੇ ਵਿੱਚੋਂ ਨਹੀਂ ਨਿਕਲਦੇ ਭਾਵ ਸਚੁ ਰੂਪ ਚੋਲਾ ਨਹੀਂ ਪਾਉਂਦੇ ਅਸੀਂ ਇਸ ਝੂਠੇ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ। ਆਪਣਾ ਸਚੁ ਰੂਪ ਚੋਲਾ ਭਾਵ ਆਪਣੇ ਸੱਚੇ ਗਿਆਨ ਵਾਲੀ, ਬ੍ਰਹਮ ਗਿਆਨ ਵਾਲੀ ਸਮਝ ਦਾ ਚੋਲਾ, ਆਪਣਾ ਨਾਮ ਰੂਪ ਚੋਲਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਆਪਣੀ ਜੋਤਿ ਰਾਹੀਂ ਪ੍ਰਗਟ ਹੋ ਕੇ ਪਾਉਂਦਾ ਹੈ ਤੇ ਤਾਂਹੀ ਕਿਸੇ ਵਿਰਲੇ ਮਨੁੱਖ ਨੂੰ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਕਿ ਮਰਦਾ ਅਸਲ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਇਹ ਉੱਚੀ ਸਮਝ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਉਨਾਂ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਪਾਈ ਹੈ। ਭਰਮ ਰੂਪ ਚੋਲੇ ਵਿੱਚ ਸਾਡਾ ਝੂਠਾ ਆਵਾਗਉਣ ਹੀ ਚੱਲਦਾ ਰਹਿੰਦਾ ਹੈ। ਜੀਵ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਹੈ ਜੋ ਕਦੇ ਮਰ ਨਹੀਂ ਸਕਦਾ ਤੇ ਇਸੇ ਲਈ ਸਾਨੂੰ ਅਨੇਕਾਂ ਸ਼ਬਦਾਂ ਰਾਹੀਂ ਇਹ ਗੱਲ ਸਮਝਾਈ ਹੈ ਕਿ ਸਹਸਾ ਹੀ ਜੰਮਦੀ ਮਰਦੀ ਹੈ, ਹਉਮੈ ਹੀ ਮਰਦੀ ਜੰਮਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥}

(ਅੰਗ ੧੩੮)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥}

(ਅੰਗ ੯੯੯)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ॥ ਮਨੁ ਟਿਕਣੁ ਨ ਪਾਵੈ ਰਾਈ॥
ਬਾਝੁ ਗੁਰੂ ਗੁਬਾਰਾ॥ ਮਿਲਿ ਸਤਿਗੁਰ ਨਿਸਤਾਰਾ॥੨॥}

(ਅੰਗ ੧੦੦੩)

{ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ ॥
ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ ॥
ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ ॥੨॥}

(ਅੰਗ ੪੭)

30/3358

{ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥}

(ਅੰਗ ੫੬੦)

ਜੋ ਵੀ ਸੰਸਾਰ ਵਿੱਚ ਪੈਦਾ ਹੁੰਦਾ ਹੈ ਉਹ ਹਉਮੈ ਰੂਪ ਚੋਲਾ ਪਾ ਕੇ ਹੀ ਪੈਦਾ ਹੁੰਦਾ ਹੈ, ਸਹਸਾ ਰੂਪ ਚੋਲਾ, ਮਾਇਆ ਦੀ ਜੁਗਤਿ ਰੂਪ ਚੋਲਾ, ਤ੍ਰੈ ਗੁਣਾਂ ਵਾਲੀ ਅਵੱਸਥਾ ਰੂਪ ਚੋਲਾ ਪਾ ਕੇ ਹੀ ਪੈਦਾ ਹੁੰਦਾ ਹੈ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਜਿਸ ਆਪਣੀ ਉੱਚੀ ਸਮਝ ਦੁਆਰਾ ਉਸਨੇ ਆਪ ਹੀ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਹ ਆਪਣੀ ਇਸ ਸੰਸਾਰ ਦੀ ਰਚਨਾ ਨੂੰ ਚਲਾ ਰਿਹਾ ਹੈ। ਸਾਡੀ ਸੰਸਾਰਿਕ ਆਵਾਗਉਣ ਵਾਲੀ ਸਮਝ ਇਸ ਭਰਮ ਰੂਪ ਚੋਲੇ ਦੇ ਕਾਰਣ ਹੀ ਹੈ ਤੇ ਇਸ ਚੋਲੇ ਵਿੱਚੋਂ ਨਿਕਲੇ ਬਿਨ੍ਹਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਨਾ ਹੀ ਆਪਣੇ ਅੰਦਰ ਦੇ ਜੀਵ ਨੂੰ ਜਾਣ ਸਕਦਾ ਹੈ ਤੇ ਨਾ ਹੀ ਉਸਨੂੰ ਇਸ ਜਨਮ ਮਰਨ ਦੀ ਸੋਝੀ ਪੈ ਸਕਦੀ ਹੈ, ਆਵਾਗਉਣ ਦੀ ਸੋਝੀ ਪੈ ਸਕਦੀ ਹੈ। ਜਿਸਨੂੰ ਪ੍ਰਮਾਤਮਾ ਇਸ ਹਉਮੈ ਰੂਪ ਚੋਲੇ ਵਿੱਚੋਂ ਕੱਢਦਾ ਹੈ ਉਸਨੂੰ ਆਪਣਾ ਨਾਮ ਰੂਪ ਚੋਲਾ ਪਵਾਉਂਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣੇ ਨਾਲ ਮੇਲਦਾ ਹੈ ਤੇ ਕਿਸੇ ਨੂੰ ਝੂਠੇ ਆਵਾਗਉਣ ਵਾਲੀ ਸਮਝ ਤੋਂ ਮੁਕਤਿ ਕਰਦਾ ਹੈ। ਆਉ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝੀਏ।

"ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥
ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥
ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ ॥
ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ ॥੨॥"

(ਅੰਗ ੭੫੨)

ਜਿਵੇਂ ਕਿ ਅਸੀਂ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਸਭ ਕੁੱਝ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹਰ ਕਿਸੇ ਨੂੰ ਉਸਨੇ ਆਪ ਹੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਤੇ ਹਰ ਆਕਾਰ ਰੂਪ ਨੂੰ ਵੀ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ। ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਰੂਪ ਸਮਝਣ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ ਜੋ ਕਿ ਸੱਚ ਨਹੀਂ ਹੈ। ਇਸੇ ਤਰ੍ਹਾਂ ਮਨੁੱਖ ਹਰ ਆਕਾਰ ਰੂਪ ਨੂੰ ਵੀ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਤੇ ਪ੍ਰਮਾਤਮਾ ਨਾਲੋਂ ਕਿਸੇ ਨੂੰ ਵੀ ਉਸ ਤੋਂ ਵੱਖਰਾ ਰੂਪ ਸਮਝਣਾ ਉਸਨੂੰ ਜੂਨ ਵਿੱਚ ਸਮਝਣਾ ਹੈ। ਅਸੀਂ ਆਪਣੇ ਮਨੁੱਖੀ ਰੂਪ ਨੂੰ ਆਪਣੀ ਜੂਨ ਹੀ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੀ ਹੈ। ਸ੍ਰਿਸ਼ਟੀ ਵਿੱਚ ਲੱਖਾਂ ਹੀ ਜੀਵ ਜੰਤੂ ਹਨ ਜੋ ਧਰਤੀ ਦੇ ਉੱਤੇ ਵੀ ਹਨ ਤੇ ਪਾਣੀ ਵਿੱਚ, ਸਮੁੰਦਰਾਂ ਵਿੱਚ ਵੀ ਹਨ ਜਿੰਨ੍ਹਾਂ ਦੀ ਮਨੁੱਖ ਪੂਰੀ ਤਰ੍ਹਾਂ ਗਿਣਤੀ ਵੀ ਨਹੀਂ ਕਰ ਸਕਦਾ। ਇਨ੍ਹਾਂ ਜੂਨਾਂ ਨੂੰ ਬਾਣੀ ਵਿੱਚ ਚੌਰਾਸੀ ਲੱਖ ਦਾ ਗੇੜ ਵੀ ਕਿਹਾ ਹੈ ਭਾਵ ਅਨੇਕਾਂ ਹੀ ਜੀਵ ਜੰਤੂਆਂ ਦੀ ਗੱਲ ਕੀਤੀ ਹੋਈ ਹੈ ਜਿੰਨ੍ਹਾਂ ਦੀ ਗਿਣਤੀ ਬਹੁਤ ਹੀ ਜਿਆਦਾ ਹੈ। ਅਸੀਂ ਹਰ ਜੀਵ ਜੰਤੂ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਜਿਵੇਂ ਕਿ ਹਰ ਜੀਵ ਜੰਤੂ ਵੀ ਆਪਣੇ ਆਪ ਨੂੰ ਵੱਖਰਾ ਸਮਝਦਾ ਹੈ। ਪ੍ਰਮਾਤਮਾ ਨਾਲ ਵੱਖਰਾਪਨ ਹੀ ਅਸਲ ਵਿੱਚ ਸਭ ਦੀ ਜੂਨ ਹੈ। ਇੱਕ ਕੇਵਲ ਮਨੁੱਖੀ ਰੂਪ ਹੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜਿਸ ਦੁਆਰਾ ਉਸਦੀ ਜੂਨ ਕੱਟੀ ਜਾਂਦੀ ਹੈ ਭਾਵ ਉਸਨੂੰ ਆਪਣੇ ਅੰਦਰੋਂ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਕਦੇ ਜੂਨ ਵਿੱਚ ਪੈ ਹੀ ਨਹੀਂ ਸਕਦਾ। ਜਿਹੜਾ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਹਰ ਜੀਵ ਰੂਪ ਵੀ ਜੋ ਕਿ ਲੱਖਾਂ

ਦੀ ਭਾਰੀ ਗਿਣਤੀ ਵਿੱਚ ਹਨ ਉਹ ਵੀ ਪ੍ਰਮਾਤਮਾ ਦਾ ਹੀ ਰੂਪ ਹਨ ਭਾਵ ਜੂਨਾਂ ਵਿੱਚ ਕੋਈ ਵੀ ਨਹੀਂ ਹੈ। ਇਸ ਗੱਲ ਦੀ ਸੋਝੀ ਪੈ ਜਾਣੀ ਹੀ ਮਨੁੱਖ ਦੀ ਚੋਰਾਸੀ ਕੱਟੀ ਜਾਣ ਵਾਲੀ ਗੱਲ ਹੈ ਕਿ ਕਿਸੇ ਨੂੰ ਜੂਨ ਵਿੱਚ ਸਮਝਣਾ ਅਸਲ ਵਿੱਚ ਸਾਡਾ ਭਰਮ ਹੈ। ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦੇ ਹਾਂ ਤੇ ਮਨ ਦੇ ਭਰਮ ਕਰਕੇ ਹੀ ਆਪਣੇ ਆਪ ਨੂੰ ਜੂਨਾਂ ਵਿੱਚ ਸਮਝਦੇ ਹਾਂ ਜਦ ਕਿ ਜੂਨਾਂ ਵਿੱਚ ਸਾਰੇ ਸੰਸਾਰ ਵਿੱਚ ਕੋਈ ਵੀ ਨਹੀਂ ਹੈ, ਆਵਾਗਉਣ ਵਿੱਚ ਕੋਈ ਵੀ ਨਹੀਂ ਹੈ। ਹਰ ਜੀਵ ਪੰਜਾਂ ਤੱਤਾਂ ਦੇ ਮੇਲ ਨਾਲ ਪੈਦਾ ਹੁੰਦਾ ਹੈ ਤੇ ਸਰੀਰ ਦੇ ਬਿਨਸਨ ਨਾਲ ਪੰਜਾਂ ਤਤਾਂ ਵਿੱਚ ਹੀ ਉਹ ਸਮਾਅ ਜਾਂਦਾ ਹੈ ਭਾਵ ਸਭ ਕੁੱਝ ਧਰਤੀ ਤੇ ਹੀ ਉਪਜਦਾ ਹੈ, ਪੈਦਾ ਹੁੰਦਾ ਹੈ ਤੇ ਧਰਤੀ ਵਿੱਚ ਹੀ ਸਮਾਅ ਜਾਂਦਾ ਹੈ ਤੇ ਸਦੀਆਂ ਤੋਂ ਜਦ ਦੀ ਇਸ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਇਸੇ ਤਰਾਂ ਹੀ ਇੱਥੇ ਜੀਵ ਪੈਦਾ ਹੁੰਦੇ ਰਹੇ ਹਨ ਤੇ ਬਿਨਸਦੇ ਰਹੇ ਹਨ ਜੋ ਕੁਦਰਤ ਦਾ ਅਸੂਲ, ਉਸਦੀ ਸੱਚੀ ਸਾਇੰਸ ਦਾ ਅਸੂਲ, ਉਸਦੇ ਨਾਮ ਦਾ ਅਸੂਲ ਸਦਾ ਤੋਂ ਇੱਕੋ ਤਰੀਕੇ ਹੀ ਵਰਤਦਾ ਆ ਰਹਿਆ ਹੈ ਜਿਸ ਤਰੀਕੇ ਸ੍ਰਿਸ਼ਟੀ ਦਾ ਕਰਤਾ ਆਪਣੀ ਇਸ ਰਚਨਾ ਨੂੰ ਚਲਾ ਰਹਿਆ ਹੈ, ਆਪਣੀ ਬਣਾਈ ਹੋਈ ਇਸ ਖੇਡ ਨੂੰ ਚਲਾ ਰਹਿਆ ਹੈ। ਆਪਣੇ ਹਰ ਆਕਾਰ ਰੂਪ ਨੂੰ ਆਪਣੇ ਨਿਰੰਕਾਰ ਰੂਪ ਨਾਲ ਬਣਾ ਕੇ ਉਸਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਬ੍ਰਹਮ ਗਿਆਨ ਰੂਪ ਦੁਆਰਾ ਹੀ ਚਲਾ ਰਹਿਆ ਹੈ ਤੇ ਸੰਸਾਰ ਦੇ ਹਰ ਜੀਵ ਨੂੰ ਉਸਨੇ ਭਰਮਾਂ ਵਾਲੀ ਸਮਝ ਵਿੱਚ ਆਪ ਹੀ ਰੱਖਿਆ ਹੋਇਆ ਹੈ ਤਾਂ ਜੋ ਕੋਈ ਉਸਦੀ ਇਸ ਖੇਡ ਨੂੰ ਸਮਝ ਨਾ ਸਕੇ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉੱਪਰ ਵਾਲੇ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਭ ਨੂੰ ਕਿਸ ਤਰੀਕੇ ਭਰਮਾਂ ਵਾਲੀ ਸਮਝ ਵਿੱਚ ਰੱਖਦਾ ਹੈ ਜਿਸ ਤਰੀਕੇ ਹਰ ਕੋਈ ਆਪਣੇ ਆਪ ਨੂੰ ਜੂਨਾਂ ਵਿੱਚ ਸਮਝਦਾ ਹੈ, ਸੰਸਾਰਿਕ ਆਵਾਗਉਣ ਵਿੱਚ ਸਮਝਦਾ ਹੈ। ਭਰਮਾਂ ਵਾਲੀ ਸਮਝ ਦਾ ਕਾਰਨ ਸਾਡੇ ਅੰਦਰ ਹਉਮੈ ਵਾਲੀ ਸਮਝ ਦਾ ਹੋਣਾ ਹੈ ਤੇ ਹਉਮੈ ਵਾਲੀ ਸਮਝ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦਾ ਨਾਮ ਹੈ ਭਾਵ ਉਸਦਾ ਬ੍ਰਹਮ ਗਿਆਨ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਅਸਲ ਵਿੱਚ ਪ੍ਰਮਾਤਮਾ ਸਭ ਕੁੱਝ ਆਪ ਹੀ ਹੈ ਤੇ ਮਨੁੱਖ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਭਾਵ ਭਰਮਾਂ ਵਾਲੇ ਵਿਚਾਰ ਸਾਡੇ ਅੰਦਰ ਹੋਣ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਦਾ ਹੈ। ਸ਼ਬਦ ਦੇ ਅਰਥ ਕੁੱਝ ਗਹਿਰਾਈ ਵਿੱਚ ਹਨ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ। ਉੱਪਰ ਸ਼ਬਦ ਵਿੱਚ ਸਾਡੇ ਮਨ ਦੀ ਸਮਝ ਕਿਸ ਦੇ ਹੱਥ ਵਿੱਚ ਹੈ ਜੋ ਸਮਝ ਸਾਨੂੰ ਭਰਮਾਂ ਵਿੱਚ ਪਾਉਂਦੀ ਹੈ ਇਹੀ ਗੱਲ ਸਮਝਾਈ ਹੋਈ ਹੈ ਜੋ ਕਿ ਇੱਕ ਭੱਠੀ ਦਾ ਪ੍ਰਮਾਣ ਦੇਣ ਦੁਆਰਾ ਸਮਝਾਈ ਹੋਈ ਹੈ ਜਿਸ ਭੱਠੀ ਵਿੱਚ ਲੋਹੇ ਨੂੰ ਢਾਲ ਕੇ ਲੋਹੇ ਦਾ ਰੂਪ ਬਦਲਿਆ ਜਾਂਦਾ ਹੈ। ਜਿਹੜੇ ਭੱਠੀਆਂ ਦੇ ਵਿੱਚ ਲੋਹਾ ਪਾਉਂਦੇ ਹਨ ਉਹ ਉਸਨੂੰ ਢਾਲਣ ਲਈ ਹੀ ਪਾਉਂਦੇ ਹਨ ਤੇ ਲੋਹੇ ਨੂੰ ਉਸ ਤਰੀਕੇ ਢਾਲਦੇ ਹਨ ਜਿਹੋ ਜਿਹੇ ਲੋਹੇ ਦੀ ਉਨਾਂ ਨੂੰ ਲੋੜ ਹੁੰਦੀ ਹੈ ਭਾਵ ਇਹ ਭੱਠੀ ਦੇ ਮਾਲਕ ਦੀ ਮਰਜੀ ਹੁੰਦੀ ਹੈ ਕਿ ਉਹ ਲੋਹੇ ਨੂੰ ਢਾਲ ਕੇ ਉਸਨੂੰ ਜਿਹੋ ਜਿਹੀ ਮਰਜੀ ਬਨਾਵਟ ਦੇਵੇ। ਲੋਹੇ ਦੇ ਆਪਣੇ ਵੱਸ ਕੁੱਝ ਨਹੀਂ ਹੈ ਕਿ ਉਹ ਕਿਹੋ ਜਿਹੇ ਰੂਪ ਵਿੱਚ ਰਹਿਣਾ ਚਾਹੁੰਦਾ ਹੈ। ਬਸ ਇਹੀ ਗੱਲ ਸਾਡੇ ਮਨ ਦੇ ਵਿਚਾਰਾਂ ਦੀ ਹੈ ਜਿੰਨ੍ਹਾਂ ਵਿਚਾਰਾਂ ਦੇ ਆਪਣੇ ਵੱਸ ਕੁੱਝ ਵੀ ਨਹੀਂ ਹੈ। ਵਿਚਾਰਾਂ ਨੂੰ ਢਾਲਣ ਦੀ ਭੱਠੀ ਸਾਡਾ ਮਨ ਹੈ ਜਿੱਥੋਂ ਸਾਡੇ ਅੰਦਰ ਵਿਚਾਰ ਉਪਜਦੇ ਹਨ, ਸਮਝ ਉਪਜਦੀ ਹੈ। ਸਾਡੇ ਮਨ ਦੇ ਵਿਚਾਰਾਂ ਨੂੰ ਮਨ ਰੂਪ ਭੱਠੀ ਦੇ ਵਿੱਚ ਪ੍ਰਮਾਤਮਾ ਆਪ ਹੀ ਢਾਲਦਾ ਹੈ ਜੋ ਸਾਡੀ ਮਨ ਰੂਪ ਭੱਠੀ ਦਾ ਮਾਲਕ ਹੈ। ਉਸ ਸਾਡੇ ਅੰਦਰ ਜਿਹੋ ਜਿਹੇ ਵਿਚਾਰ ਉਸਨੂੰ ਭਾਉਂਦੇ ਹਨ ਉਹੋ ਜਿਹੇ ਵਿਚਾਰ ਪਾਉਂਦਾ ਹੈ ਭਾਵ ਸਾਡੀ ਮਤਿ ਨੂੰ ਉਸੇ ਤਰੀਕੇ ਨਾਲ ਘੜਦਾ ਹੈ ਜੋ ਉਸਨੂੰ ਭਾਉਂਦਾ ਹੈ ਭਾਵ ਚੰਗਾ ਲੱਗਦਾ ਹੈ। ਪ੍ਰਮਾਤਮਾ ਨੂੰ ਹਰ ਮਨੁੱਖ ਨੂੰ ਭਰਮ ਰੂਪ ਪੜਦੇ ਵਿੱਚ ਰੱਖਣਾ, ਤ੍ਰੈਗੁਣਾਂ ਵਾਲੀ ਸਮਝ ਵਿੱਚ ਰਖਣਾ, ਹਉਮੈ ਵਿੱਚ ਰਖਣਾ, ਮਾਇਆ ਦੀ ਜੁਗਤਿ ਵਿੱਚ ਰੱਖਣਾ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਣਾ ਹੀ ਭਾਉਂਦਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਕੋਈ ਨਾ ਆਪਣੇ ਆਪ ਦੀ ਅਸਲੀਅਤ ਨੂੰ ਜਾਣ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਉਸਦੇ ਨਾਮ ਰੂਪ ਨੂੰ ਜਾਣ ਸਕਦਾ ਹੈ ਭਾਵ ਉਸਦੇ ਨਿਰੰਕਾਰ ਰੂਪ ਨੂੰ ਜਾਣ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਜਦ ਤੱਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ, ਆਪਣੇ ਆਪ ਦੀ ਅਸਲੀਅਤ ਨੂੰ, ਇਸ ਸ੍ਰਿਸ਼ਟੀ ਦੀ ਅਸਲੀਅਤ ਨੂੰ ਜਾਣ ਨਹੀਂ ਲੈਂਦਾ ਤਦ ਤੱਕ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਹੀ ਸਮਝਦਾ ਹੈ, ਆਪਣੀ ਵੱਖਰੀ ਹੋਂਦ ਹੀ ਸਮਝਦਾ ਹੈ ਜਿਸ ਮਨ ਦੀ ਨਾਸਮਝੀ ਕਰਕੇ ਹੀ ਹਰ ਕੋਈ ਗੁਰੂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਤਦ ਤੱਕ "ਸਾਕਤ" ਹੀ ਬਣਿਆ ਰਹਿੰਦਾ ਹੈ। ਸਾਕਤ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਾ ਜਾਨਣ ਕਰਕੇ ਹੀ ਆਪਣੇ ਆਪ ਨੂੰ ਜੂਨੀ ਵਿੱਚ ਸਮਝਦਾ ਹੈ। ਉਹ ਆਪਣੇ ਮਨੁੱਖੀ ਰੂਪ ਨੂੰ ਵੀ ਜੂਨ ਸਮਝਦਾ ਹੈ ਤੇ ਇਹ ਵੀ ਸਮਝਦਾ ਹੈ ਕਿ ਹਰ ਕੋਈ ਜੀਵ, ਲੱਖਾਂ ਜੀਵ ਜੂਨਾਂ ਵਿੱਚ ਹੀ ਹਨ ਤੇ ਮੈਂ ਵੀ ਮਨੁੱਖੀ ਰੂਪ ਤੋਂ ਬਾਅਦ ਕਿਸੇ ਹੋਰ ਜੂਨ ਵਿੱਚ ਪੈ ਜਾਣਾ ਹੈ।

ਇਹ ਸਭ ਮਨ ਦਾ ਭਰਮ ਹੈ ਜੋ ਭਰਮਾਂ ਵਾਲੀ ਸਮਝ ਸਾਡੇ ਅੰਦਰ ਸਾਡੇ ਮਨ ਦੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਰੂਪ ਭੱਠੀ ਦੇ ਵਿੱਚ ਸਾਡੀ ਸਮਝ ਨੂੰ ਆਪਣੀ ਇੱਛਾ ਅਨੁਸਾਰ ਢਾਲਣ ਦੁਆਰਾ ਪਾਉਂਦਾ ਹੈ ਜਿਸ ਮਨ ਦੀ ਨਾਸਮਝੀ ਦੁਆਰਾ ਮਨੁੱਖ ਧਰਮ ਦੇ ਸੱਚੇ ਮਾਰਗ ਨੂੰ ਨਾ ਸਮਝਣ ਕਰਕੇ ਸਾਰਾ ਜੀਵਨ ਭਟਕਦਾ ਰਹਿੰਦਾ ਹੈ ਤੇ ਪ੍ਰਮਾਤਮਾ ਨੂੰ ਪਾਉਣ ਦੇ ਉਹੋ ਜਿਹੇ ਉਪਰਾਲੇ ਕਰਦਾ ਹੈ ਜੋ ਕਿਸੇ ਲੇਖੇ ਨਹੀਂ ਪੈਂਦੇ ਬਲਕਿ ਉਲਟਾ ਮਨੁੱਖ ਖੁਆਰ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਬਰੀਕੀ ਨਾਲ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਸੱਚੇ ਧਰਮ ਦਾ ਮਾਰਗ ਤਾਂ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਸੱਚ ਅਨੁਸਾਰ ਵਿਚਰਨ ਦਾ ਹੈ, ਗੁਰੂ ਦੇ ਨਾਮ ਵਾਲੀ ਸੱਚੀ ਸਮਝ ਦੁਆਰਾ ਵਿਚਰਨ ਦਾ ਹੈ ਤੇ ਜਦ ਤੱਕ ਪ੍ਰਮਾਤਮਾ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਦਾ ਹੈ ਤਦ ਤੱਕ ਉਸਨੂੰ ਸੱਚ ਦੀ ਸਮਝ ਹੀ ਨਹੀਂ ਪੈਂਦੀ। ਧਰਮ ਦੇ ਮਾਰਗ ਦੇ ਪੂਰਨ ਸੱਚ ਦੀ ਸਮਝ ਪੈਣਾ ਜਾਂ ਆਪਣੇ ਅੰਦਰੋਂ ਸੱਚ ਰੂਪ ਪ੍ਰਮਾਤਮਾ ਦੀ ਸਮਝ ਪੈਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਆਪ ਹੀ ਆਪਣਾ ਸੱਚ ਰੂਪ ਕਿਸੇ ਨੂੰ ਸਮਝਣ ਨਹੀਂ ਦਿੰਦਾ, ਆਪਣਾ ਨਾਮ ਰੂਪ ਕਿਸੇ ਨੂੰ ਸਮਝਣ ਨਹੀਂ ਦਿੰਦਾ ਜਿਸ ਕਰਕੇ ਉਹ ਹਰ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਦਾ ਹੈ, ਮਨ ਦੀ ਭਟਕਣਾ ਵਿੱਚ ਪਾ ਕੇ ਰੱਖਦਾ ਹੈ। (**ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥ ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥੧॥**)

ਸਾਡੀ ਇਹ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦੀ ਹਉਮੈ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਬੁਝ ਸਕਦੇ ਜੋ ਹਰ ਵੇਲੇ ਮਨ ਦੀ ਸਮਝ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ ਤੇ ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਆਪ ਨੂੰ ਸੰਸਾਰਿਕ ਆਵਾਗਉਣ ਵਿੱਚ ਸਮਝਦੇ ਹਾਂ ਜਿਵੇਂ ਕਿ ਨਾਲ ਹੀ ਸ਼ਬਦ ਦੀਆਂ ਅਗਲੀਆਂ "ਰਹਾਉ" ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥"

ਪ੍ਰਮਾਤਮਾ ਨੂੰ ਜਦੋਂ ਵੀ ਕਿਸੇ ਨੇ ਬੁੱਝਿਆ ਹੈ ਭਾਵ ਜਾਣਿਆ ਹੈ ਉਸ ਨੇ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਹੀ ਜਾਣਿਆ ਹੈ, ਮਨ ਦੇ ਵਿੱਚੋਂ ਮਨ ਦੀ ਸਮਝ ਰਾਹੀਂ ਹੀ ਜਾਣਿਆ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ ਜਾਣਿਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ, ਬੁੱਝਣ ਤੋਂ ਪਹਿਲਾਂ ਹਰ ਕੋਈ ਮਨ ਦੇ ਭਰਮਾਂ ਵਾਲੀ ਸਮਝ ਦੇ ਵਿੱਚ ਹੀ ਹੁੰਦਾ ਹੈ, ਮਨ ਦੀ ਹਉਮੈ ਵਾਲੀ ਸਮਝ ਦੇ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਦੁਆਰਾ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ ਹਰ ਕੋਈ ਮੈਂ ਵਿੱਚ ਰਹਿੰਦਾ ਹੈ ਕਿ ਇਹ ਮਨੁੱਖੀ ਸਰੀਰ ਮੇਰਾ ਹੈ ਤੇ ਅਨੇਕਾਂ ਹੀ ਤ੍ਰਿਸ਼ਨਾਵਾਂ ਨਾਲ ਜੁੜਿਆ ਰਹਿੰਦਾ ਹੈ, ਮਾਇਆ ਮੋਹ ਵਾਲੀ ਸਮਝ ਵਿੱਚ ਰਹਿੰਦਾ ਹੈ ਜਿੰਨ੍ਹਾਂ ਦੀ ਪੂਰਤੀ ਲਈ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ ਜਿਸ ਲਈ ਉਸਨੂੰ ਅਨੇਕਾਂ ਹੀ ਦੁੱਖ ਭੋਗਣੇ ਪੈਂਦੇ ਹਨ, ਦੁਖੀ ਹੋਣਾ ਪੈਂਦਾ ਹੈ ਤੇ ਆਪਣੇ ਲਈ ਇਹ ਦੁੱਖ ਮਨੁੱਖ ਆਪ ਹੀ ਕਮਾਉਂਦਾ ਹੈ, ਮਨ ਦੀ ਨਾਸਮਝੀ ਕਰਕੇ ਕਮਾਉਂਦਾ ਹੈ, ਗੁਰਮਤਿ ਦੀ, ਭਗਤੀ ਦੀ ਸੱਚੀ ਸਮਝ ਨਾ ਹੋਣ ਕਰਕੇ ਕਮਾਉਂਦਾ ਹੈ ਭਾਵ ਗੁਰਮਤਿ ਤੋਂ, ਸੱਚ ਤੋਂ, ਉਲਟ ਚੱਲਣ ਦੁਆਰਾ ਕਮਾਉਂਦਾ ਹੈ, ਆਪਣੀ ਹਉਮੈ ਕਰਕੇ ਕਮਾਉਂਦਾ ਹੈ ਜਿਸ ਹਉਮੈ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਮਨ ਦੀ ਹਉਮੈ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਆਪਣੇ ਆਪ ਨੂੰ ਸੰਸਾਰਿਕ ਆਵਾਗਉਣ ਵਿੱਚ ਸਮਝਦਾ ਹੈ ਜੋ ਕਿ ਸੱਚ ਨਹੀਂ ਹੈ ਭਾਵ ਮਨੁੱਖ ਦਾ ਭਰਮ ਹੈ ਕਿਉਂਕਿ ਅਸਲ ਵਿੱਚ ਤਾਂ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਨਾ ਕੋਈ ਸੰਸਾਰ ਵਿੱਚ ਕਿਤੋਂ ਆਉਂਦਾ ਹੈ ਤੇ ਨਾ ਹੀ ਕੋਈ ਕਿਤੇ ਜਾਂਦਾ ਹੈ ਭਾਵ ਸਭ ਕੁੱਝ ਪੰਜਾਂ ਤੱਤਾਂ ਤੋਂ ਇੱਥੇ ਹੀ ਬਣਦਾ ਹੈ ਤੇ ਸਰੀਰ ਬਿਨਸਨ ਤੋਂ ਬਾਅਦ ਇੱਥੇ ਹੀ ਪੰਜਾਂ ਤੱਤਾਂ ਵਿੱਚ ਫਿਰ ਤੋਂ ਰਲ ਜਾਂਦਾ ਹੈ। ਇਸ ਸਰੀਰ ਨੂੰ ਚਲਾਉਣ ਵਾਲੀ ਤਾਂ ਅਸਲ ਵਿੱਚ ਮਨ ਰੂਪ ਜੋਤਿ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਜੋਤਿ ਜੋਤਿ ਵਿੱਚ ਹੀ ਸਮਾਈ ਰਹਿੰਦੀ ਹੈ ਜੋ ਕਦੇ ਬਿਨਸ ਹੀ ਨਹੀਂ ਸਕਦੀ ਭਾਵ ਮਨੁੱਖ ਦਾ ਇਹ ਸਮਝਣਾ ਕਿ ਉਹ ਪਤਾ ਨਹੀਂ ਕਿੱਥੋਂ ਆਇਆ ਹੈ ਤੇ ਸਰੀਰ ਤਿਆਗਣ ਤੋਂ ਬਾਅਦ ਕਿਤੇ ਹੋਰ ਜਗ੍ਹਾ ਚਲਾ ਜਾਣਾ ਹੈ ਇਹ ਕੇਵਲ ਉਸ ਦਾ ਭਰਮ ਹੈ ਭਾਵ ਮਨ ਦੀ ਹਉਮੈ ਹੈ। ਅਸਲ ਵਿੱਚ ਇਹ ਹਉਮੈ ਹੀ ਆਉਂਦੀ ਹੈ, ਜਾਂਦੀ ਹੈ ਜੋ ਮਨੁੱਖ ਨੂੰ ਇਹ ਸਿਖਾਉਂਦੀ ਹੈ ਕਿ ਮਨੁੱਖੀ ਰੂਪ ਪ੍ਰਮਾਤਮਾ ਨਾਲੋਂ ਕੋਈ ਵੱਖਰਾ ਰੂਪ ਹੈ। **(ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥ ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥੧॥ ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ॥੧॥ ਰਹਾਉ॥)**

ਆਵਾਗਉਣ ਤੋਂ ਖਲਾਸੀ ਉਸ ਦੀ ਹੀ ਹੁੰਦੀ ਹੈ ਜਿਸਨੂੰ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਹਉਮੈ ਦੇ, ਭਰਮ ਦੇ, ਮਾਇਆ ਮੋਹ ਦੇ, ਅਗਿਆਨਤਾ ਦੇ ਬੰਧਨ ਵਿੱਚੋਂ ਕੱਢ ਲੈਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਅੰਦਰੋਂ ਹੀ ਸੱਚ ਦੀ ਸੋਝੀ ਪੈਂਦੀ ਹੈ, ਤੱਤ ਦੀ ਸੋਝੀ ਪੈਂਦੀ ਹੈ, ਇਸ ਸੰਸਾਰ ਦੀ ਅਸਲੀਅਤ ਦੀ ਸੋਝੀ ਪੈਂਦੀ ਹੈ, ਆਪਣੇ ਆਪ ਦੀ ਸੋਝੀ ਪੈਂਦੀ ਹੈ, ਆਪਣੇ ਅੰਦਰ ਵਰਤ ਰਹੇ ਪ੍ਰਮਾਤਮਾ ਦੀ ਸੋਝੀ ਪੈਂਦੀ ਹੈ, ਉਸਦੇ ਨਿਰਗੁਣ ਰੂਪ ਦੀ, ਜੋਤਿ ਰੂਪ ਦੀ, ਗਿਆਨ ਰੂਪ ਦੀ ਸੋਝੀ ਪੈਂਦੀ ਹੈ ਜੋ ਰੂਪ ਪ੍ਰਮਾਤਮਾ ਦਾ ਮਰਣ ਤੋਂ, ਬਿਨਸਨ ਤੋਂ ਰਹਿਤ ਹੈ, ਆਵਾਗਉਣ ਤੋਂ ਰਹਿਤ ਹੈ। ਪ੍ਰਮਾਤਮਾ ਦੇ ਇਸ ਰੂਪ ਦੇ ਨਾਲ ਜੁੜਕੇ, ਪ੍ਰਮਾਤਮਾ ਦੇ ਇਸ ਰੂਪ ਵਿੱਚ ਸਮਾਅ ਕੇ ਮਨੁੱਖ ਦੀ ਆਵਾਗਉਣ ਦੇ ਭਰਮ ਤੋਂ ਮੁਕਤੀ ਹੁੰਦੀ ਹੈ ਭਾਵ ਜਦੋਂ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪਣੀ ਇਸ ਸੰਸਾਰਿਕ ਰਚਨਾ ਨੂੰ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਜੀਵ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਦੁਆਰਾ ਉਸਨੇ ਆਪਣੀ ਇਹ ਖੇਡ ਬਣਾਈ ਹੋਈ ਹੈ। ਇਸ ਖੇਡ ਨੂੰ

30/3360

ਬੁੱਝੇ ਬਿਨ੍ਹਾਂ ਅਸੀਂ ਹਰ ਜੀਵ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ, ਜੋ ਭਰਮ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹਉਮੈ ਰੂਪ ਪੜਦਾ ਹੈ। ਜਿਸਨੂੰ ਪ੍ਰਮਾਤਮਾ ਇਸ ਪੜਦੇ ਵਿੱਚੋਂ ਕੱਢਦਾ ਹੈ ਉਸਨੂੰ ਉਹ ਆਪਣੇ ਮੇਲ ਦੁਆਰਾ ਹੀ ਕੱਢਦਾ ਹੈ, ਆਪਣੇ ਨਾਮ ਦੀ ਸੋਝੀ ਦੁਆਰਾ ਕੱਢਦਾ ਹੈ। ਹਉਮੈ ਨੂੰ ਸਮਝਣ ਵਿੱਚ ਸਭ ਦੇ ਅੰਦਰ ਵੱਡਾ ਭਰਮ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਦ੍ਰਿੜ ਕੀਤਾ ਜਾ ਸਕਦਾ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੁੰਦੀ ਹੈ ਕਿ ਗੁਰੂ ਦੀ ਸਮਝਾਈ ਹੋਈ ਗੱਲ ਕਦੇ ਗਲਤ ਨਹੀਂ ਹੁੰਦੀ ਭਾਵ ਉਸ ਵਿੱਚ ਪੂਰਨ ਸੱਚ ਹੁੰਦਾ ਹੈ।

{ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥}

(ਅੰਗ - ੫੬੦)

{ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥}

(ਅੰਗ - ੪੬੬)

{ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ - ੩੨੭)

{ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥}

(ਅੰਗ - ੧੮੮)

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ - ੮੮੫)

ਉੱਪਰ ਮੁੱਖ ਸ਼ਬਦ ਰਾਹੀਂ ਅਸੀਂ ਜੂਨਾਂ ਨੂੰ ਵੀ ਸਮਝਿਆ ਹੈ ਕਿ ਜੂਨਾਂ ਕੀ ਹਨ ਜਿੰਨ੍ਹਾਂ ਨੂੰ ਸਮਝਣ ਵਿੱਚ ਹਰ ਕੋਈ ਵੱਡੇ ਭਰਮ ਵਿੱਚ ਹੈ। ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਹੋਰ ਬਰੀਕੀ ਨਾਲ ਸਮਝ ਸਕਾਂਗੇ ਕਿ ਜੂਨਾਂ ਕੀ ਹਨ।

{ਖਾਦਾ ਪੈਨਦਾ ਮੂਕਰਿ ਪਾਇ ॥ ਤਿਸ ਨੋ ਜੋਹਹਿ ਦੂਤ ਧਰਮਰਾਇ ॥੧॥
ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥
ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥
ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥ ਸੋਈ ਠਾਕੁਰੁ ਮਨਹੁ ਬਿਸਾਰਿਆ ॥੩॥
ਬਧੇ ਬਿਕਾਰ ਲਿਖੇ ਬਹੁ ਕਾਗਰ ॥ ਨਾਨਕ ਉਧਰੁ ਕ੍ਰਿਪਾ ਸੁਖ ਸਾਗਰ ॥੪॥
ਪਾਰਬ੍ਰਹਮ ਤੇਰੀ ਸਰਣਾਇ ॥ ਬੰਧਨ ਕਾਟਿ ਤਰੈ ਹਰਿ ਨਾਇ ॥੧॥ ਰਹਾਉ ਦੂਜਾ ॥੭੮॥੧੪੭॥}

(ਅੰਗ - ੧੯੫)

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥
ਆਵਹੁ ਸੰਤ ਮੈ ਗਲਿ ਮੇਲਾਈਐ ॥ ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥
ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ ॥੨॥
ਵਡਭਾਗੀ ਹਰਿ ਸੰਤੁ ਮਿਲਾਇਆ ॥ ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥
ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥੩॥
ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਮਲੁ ਹਉਮੈ ਬਿਖਿਆ ਸਭ ਨਿਵਾਰੀ ॥
ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥}

(ਅੰਗ - ੯੫)

{ਕਹਿਆ ਕਰਣਾ ਦਿਤਾ ਲੈਣਾ ॥ ਗਰੀਬਾ ਅਨਾਥਾ ਤੇਰਾ ਮਾਣਾ ॥
ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥੧॥}

(ਅੰਗ - ੯੮)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੂ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥}

(ਅੰਗ - ੧੨੯)

{ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥
ਜੋ ਜਨ ਰਾਮ ਭਗਤਿ ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥੩॥
ਜਿਨ ਕੈ ਹਿਰਦੈ ਹਰਿ ਹਰਿ ਸੋਈ ॥ ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥੪॥
ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥
ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥੬॥}

(ਅੰਗ - ੨੨੮)

{ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥
ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥
ਹਰਿ ਪ੍ਰਭੁ ਆਪਿ ਦਇਆਲ ਹੋਹਿ ਤਾਂ ਸਤਿਗੁਰੁ ਮਿਲਿਆ ਆਇ ॥
ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥੧॥}

(ਅੰਗ - ੩੧੩)

{ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥
ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥
ਸਚੁ ਨਾਮੁ ਜਾ ਨਵ ਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥੨॥
ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥
ਨਦਰਿ ਕਰੇ ਤਾ ਏਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥੬॥੨੩॥}

(ਅੰਗ - ੩੫੬)

{ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥
ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥}

(ਅੰਗ - ੪੩੪)

{ਆਵਹਿ ਸਚੇ ਜਾਵਹਿ ਸਚੇ ਫਿਰਿ ਜੂਨੀ ਮੂਲਿ ਨ ਪਾਹਿ ॥
ਗੁਰਮੁਖਿ ਦਰਿ ਸਾਚੈ ਸਚਿਆਰ ਹਹਿ ਸਾਚੇ ਮਾਹਿ ਸਮਾਹਿ ॥੫॥

ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ ॥
ਸਚੈ ਥਾਨਿ ਸਚੁ ਸਾਲਾਹਣਾ ਸਤਿਗੁਰ ਬਲਿਹਾਰੈ ਜਾਉ ॥੬॥
ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ ॥
ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ ॥੭॥
ਨਾਨਕ ਸਚੈ ਮੇਲੇ ਤਾ ਮਿਲੇ ਆਪੇ ਲਏ ਮਿਲਾਇ ॥
ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ ॥੮॥੧॥}

(ਅੰਗ - ੫੬੫)

{ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥
ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥੧॥
ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥
ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥੧॥ ਰਹਾਉ ॥}

(ਅੰਗ - ੬੮੬)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}

(ਅੰਗ - ੭੩੨)

{ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥
ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥}

(ਅੰਗ - ੭੬੯)

ਲੇਖ ਵਿੱਚ ਅੱਗੇ ਚੱਲਕੇ ਜੂਨਾਂ ਨੂੰ ਸ਼ਬਦਾਂ ਦੁਆਰਾ ਹੋਰ ਵੀ ਸਮਝਾਂਗੇ। ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਜਿਸ ਸ਼ਬਦ ਰਾਹੀਂ ਸਾਨੂੰ ਜੂਨਾਂ ਤੇ ਆਵਾਗਉਣ ਬਾਰੇ ਸਮਝਾਇਆ ਹੋਇਆ ਹੈ। ਸ਼ਬਦ ਨੂੰ ਅਸੀਂ ਪਹਿਲੇ "ਰਹਾਉ" ਵਾਲੀ ਪੰਗਤੀ ਤੱਕ ਸਮਝਿਆ ਹੈ ਤੇ ਹੁਣ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਮਨ ਦੇ ਭਰਮ ਵਿੱਚੋਂ ਗੁਰੂ ਦੇ ਨਾਮ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ।

"ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ ॥ ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ ॥੨॥"

ਨਾਮ ਧਿਆਉਣਾ ਕੀ ਹੈ, ਸ਼ਬਦ ਨੂੰ ਕਮਾਉਣਾ ਕੀ ਹੈ ਇਹਨਾਂ ਗੱਲਾਂ ਨੂੰ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਜਾਣ ਚੁੱਕੇ ਹਾਂ ਤੇ ਅੱਗੇ ਸ਼ਬਦਾਂ ਦੁਆਰਾ ਹੋਰ ਵੀ ਜਾਣਾਗੇ। ਸਾਨੂੰ "ਰਖਣਹਾਰੁ" ਉਹ ਪ੍ਰਮਾਤਮਾ ਆਪ ਹੈ ਭਾਵ ਹਉਮੈ ਵਿੱਚੋਂ ਕੱਢਣ ਵਾਲਾ ਉਹ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਉਸਦੇ ਨਾਲ ਮੇਲ ਹੁੰਦਾ ਹੈ। ਪ੍ਰਮਾਤਮਾ ਉਸਨੂੰ ਹੀ ਰੱਖਦਾ ਹੈ ਜੋ ਉਸਦੀ ਮਤਿ ਨੂੰ ਆਪਣੇ ਅੰਦਰ ਧਿਆਉਂਦਾ ਹੈ ਭਾਵ ਉਸ ਦੀ ਮਤਿ ਅਨੁਸਾਰ ਵਿਚਰਦਾ ਹੈ। ਆਪਣੀ "ਸਬਦੁ" ਦੀ ਸੋਝੀ ਦੁਆਰਾ ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਰਾਹੀਂ ਆਪਣੀ ਮਤਿ ਹੀ ਸਮਝਾਈ ਹੈ ਤੇ ਉਸਦੀ ਮਤਿ ਅਨੁਸਾਰ ਵਿਚਰਨਾ ਹੀ "ਸਬਦੁ" ਦੀ ਕਮਾਈ ਕਰਨੀ ਹੈ ਭਾਵ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਕਮਾਉਣਾ ਹੈ, ਉਸਦੇ ਨਾਮ ਨੂੰ ਆਪਣੇ ਅੰਦਰ ਧਿਆਉਣਾ ਹੈ। ਨਾਮ ਦੁਆਰਾ, ਸ਼ਬਦ ਦੁਆਰਾ ਸਾਨੂੰ ਗੁਰੂ ਕੋਲੋਂ ਗਿਆਨ ਹੀ ਮਿਲਦਾ ਹੈ ਜਿਸਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ ਹਉਮੈ ਵਿੱਚੋਂ, ਮਨਮਤਿ ਵਿਚੋਂ, ਅਗਿਆਨਤਾ ਵਿੱਚੋਂ, ਮਾਇਆ ਦੇ ਛਲ ਵਿੱਚੋਂ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਗੁਰੂ ਦੇ ਸਮਝਾਏ ਹੋਏ ਚੌਥੇ ਪਦ ਦੇ ਗਿਆਨ ਨਾਲ ਜੁੜੀਏ ਜਿਸ ਦੁਆਰਾ ਪ੍ਰਮਾਤਮਾ ਨੇ ਗੁਰਬਾਣੀ ਰਾਹੀਂ ਸਾਨੂੰ ਆਪਣਾ ਸੱਚ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਚੌਥੇ ਪਦ ਦੇ ਗਿਆਨ ਦੁਆਰਾ ਹੁੰਦਾ ਹੈ, ਚੌਥੇ ਪਦ ਦੇ ਗਿਆਨ ਨੂੰ ਆਪਣੇ ਅੰਦਰ ਧਾਰਨ ਕਰਣ ਦੁਆਰਾ ਹੁੰਦਾ ਹੈ ਜਿਸਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ, ਹਉਮੈ ਵਿੱਚੋਂ ਕੱਢਣਾ ਹੈ। ਜਿਹੋ ਜਿਹਾ ਨਾਮ ਹਰ ਕੋਈ ਧਿਆਉਣ ਵਿੱਚ ਲੱਗਾ ਹੋਇਆ ਹੈ, ਸ਼ਬਦ ਦੀ ਕਮਾਈ ਕਰਨ ਵਿੱਚ ਲੱਗਾ ਹੋਇਆ ਹੈ ਉਸ ਤਰੀਕੇ ਨਾਲ ਕਦੇ ਕੋਈ ਭਰਮ ਵਿੱਚੋਂ ਨਹੀਂ ਨਿਕਲ ਸਕਦਾ, ਹਉਮੈ ਵਿੱਚੋਂ ਨਹੀਂ ਨਿਕਲ ਸਕਦਾ ਬਲਕਿ ਉਲਟਾ ਸਾਡੇ ਅੰਦਰ ਹਉਮੈ ਵੱਧਦੀ ਹੈ, ਭਰਮ ਦ੍ਰਿੜ ਹੁੰਦਾ ਹੈ

30/3361

ਜਿਸ ਦੁਆਰਾ ਸਾਡੀ ਨਾਮ ਨਾਲੋਂ ਦੂਰੀ ਵੱਧਦੀ ਹੈ। ਜਦ ਤੱਕ ਸਾਡੇ ਅੰਦਰ ਨਾਮ ਦੀ ਸੱਚੀ ਸੋਝੀ ਦ੍ਰਿੜ ਨਹੀਂ ਹੁੰਦੀ ਅਸੀਂ ਕਦੇ ਪ੍ਰਮਾਤਮਾ ਨੂੰ ਪਾਉਣ ਵਾਲੇ ਪਾਸੇ ਤੁਰ ਹੀ ਨਹੀਂ ਸਕਦੇ ਕਿਉਂਕਿ ਅਸੀਂ ਮਾਰਗ ਹੀ ਪੁੱਠਾ ਫੜਿਆ ਹੋਇਆ ਹੈ, ਹਉਮੈ ਵਾਲਾ ਮਾਰਗ ਫੜਿਆ ਹੋਇਆ ਹੈ, ਆਵਾਗਉਣ ਵਿੱਚ ਫਸੇ ਰਹਿਣ ਵਾਲਾ ਮਾਰਗ ਫੜਿਆ ਹੋਇਆ ਹੈ। ਜਿਸ ਤੇ ਪ੍ਰਮਾਤਮਾ ਦੀ ਕਿਰਪਾ ਹੁੰਦੀ ਹੈ ਉਸਨੂੰ ਆਪਣੇ ਸੱਚੇ ਮਾਰਗ ਤੇ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਸਾਡਾ ਰੱਖਣਹਾਰ ਬਣਦਾ ਹੈ। **(ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ॥ ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ॥੨॥)**

ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਤੋਂ ਬਾਅਦ ਹੀ ਕੋਈ ਇਸ ਗੱਲ ਤੇ ਯਕੀਨ ਕਰ ਸਕਦਾ ਹੈ ਕਿ ਸਰੀਰਕ ਜੀਵਨ ਮਰਨ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ। ਜੀਵ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਦੇ ਬਿਨਸ ਨਹੀਂ ਸਕਦਾ ਤੇ ਇਸੇ ਲਈ ਸੰਸਾਰ ਵਿੱਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ। ਇਸ ਗੱਲ ਦੀ ਸੋਝੀ ਉਸੇ ਨੂੰ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਹਉਮੈ ਵਿੱਚੋਂ, ਭਰਮ ਵਿੱਚੋਂ ਕੱਢ ਲੈਂਦਾ ਹੈ। ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਜਿਵੇਂ ਕਿ ਅਸੀ ਪਿੱਛੇ ਵੀ ਇਸ ਗੱਲ ਨੂੰ ਸਮਝਦੇ ਆਏ ਹਾਂ।

"ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥"

(ਅੰਗ ੭੩੬)

ਉੱਪਰ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਘੜਿਆਂ ਦੇ ਵਿੱਚ ਪਾਣੀ ਦਾ ਪ੍ਰਮਾਣ ਦੇ ਕੇ ਇਹ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਹੀ ਹੈ ਜੋ ਇਸ ਸਰੀਰ ਦੇ ਨਾਸ ਹੋਣ ਤੋਂ ਬਾਅਦ ਆਪ ਨਹੀਂ ਮਰਦਾ ਭਾਵ ਉਹ ਨਿਰਗੁਣ ਰੂਪ

ਵਿੱਚ ਉਸੇ ਤਰ੍ਹਾਂ ਹੀ ਰਹਿੰਦਾ ਹੈ, ਉਸਨੂੰ ਕੋਈ ਫਰਕ ਨਹੀਂ ਪੈਂਦਾ। ਜਦੋਂ ਹਜ਼ਾਰਾਂ ਘੜਿਆਂ ਵਿੱਚ ਪਾਣੀ ਭਰਿਆ ਹੋਵੇ ਤੇ ਉਹਨਾਂ ਸਭ ਦੇ ਅੰਦਰ ਆਕਾਸ ਦਾ ਪਰਛਾਵਾਂ ਨਜ਼ਰ ਆਉਂਦਾ ਹੈ, ਵੱਖਰੇ-ਵੱਖਰੇ ਘੜੇ ਵਿੱਚ ਇੱਕੋ ਆਕਾਸ਼ ਦਾ

30/3362

ਪਰਛਾਵਾਂ ਹੀ ਨਜ਼ਰ ਆਉਂਦਾ ਹੈ ਕਿਉਂਕਿ ਆਕਾਸ਼ ਇੱਕ ਹੀ ਹੈ। ਘੜੇ ਟੁੱਟਣ ਦੇ ਨਾਲ ਆਕਾਸ਼ ਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਸਭ ਘੜਿਆਂ ਦੇ ਅੰਦਰ ਉਹ ਪਰਛਾਵਾਂ ਮਾਤਰ ਹੀ ਦਿੱਸਦਾ ਹੈ ਜਿਸਨੂੰ ਕਿ ਘੜਾ ਟੁੱਟਣ ਨਾਲ ਕੋਈ ਫਰਕ ਨਹੀਂ ਪੈਂਦਾ। ਪਰਛਾਵਾਂ ਤਾਂ ਅਸਲ ਵਿੱਚ ਆਕਾਸ਼ ਦਾ ਹੈ ਜੋ ਥਿਰ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਸਾਡੇ ਸਭ ਦੇ ਅੰਦਰ, ਹਰ ਘੱਟ ਦੇ ਅੰਦਰ ਪ੍ਰਮਾਤਮਾ ਜੋਤਿ ਰੂਪ ਦੇ ਵਿੱਚ ਹੈ ਜੋ ਉਸਦਾ ਸਦਾ ਕਾਇਮ ਰਹਿਣ ਵਾਲਾ ਰੂਪ ਹੈ। ਹਰ ਘੱਟ ਦੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਵਾਲਾ, ਗਿਆਨ ਦਾ ਪਰਛਾਵਾਂ ਕਰਨ ਵਾਲਾ ਇੱਕੋ ਇਕ ਮੂਲ ਰੂਪ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਜੋ ਕਦੇ ਬਿਨਸ ਨਹੀਂ ਸਕਦਾ। ਆਪਣੇ ਮੂਲ ਰੂਪ ਗਿਆਨ ਕਰਕੇ ਪ੍ਰਮਾਤਮਾ ਹਰ ਵਸਤੂ ਵਿੱਚ ਆਪਣੇ ਇਸ ਰੂਪ ਦੁਆਰਾ ਸਮਾਇਆ ਹੋਇਆ ਹੈ ਜਿਸ ਦੁਆਰਾ ਹਰ ਵਸਤੂ ਦਾ ਆਕਾਰ ਬਣਿਆ ਹੈ ਤੇ ਉਸਦੇ ਅੰਦਰ ਜੀਵਨ ਪੈਂਦਾ ਹੈ। ਜਿਵੇਂ ਘੜੇ ਟੁੱਟਣ ਦੁਆਰਾ ਆਕਾਸ਼ ਨੂੰ ਕੋਈ ਫਰਕ ਨਹੀਂ ਪੈਂਦਾ, ਆਕਾਸ਼ ਦੀ ਹੋਂਦ ਨੂੰ ਕੋਈ ਫਰਕ ਨਹੀਂ ਪੈਂਦਾ ਇਸੇ ਤਰ੍ਹਾਂ ਜਦੋਂ ਮਨੁੱਖ ਦਾ ਇਹ ਸਰੀਰ ਰੂਪ ਘੜਾ ਟੁੱਟਦਾ ਹੈ ਉਸਦੇ ਨਾਲ ਸਾਡੇ ਅੰਦਰ ਦੀ ਜੋਤਿ ਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਹ ਮੂਲ ਰੂਪ ਪ੍ਰਮਾਤਮਾ ਦੀ ਜੋਤਿ ਹੈ। ਇਸ ਗੱਲ ਦੀ ਸਮਝ ਮਨੁੱਖ ਨੂੰ ਜਿਉਂਦੇ ਹੋਏ ਸਰੀਰ ਦੇ ਮਾਲਕ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਪੈਂਦੀ ਹੈ। **(ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥)** ਆਪਣੇ ਜਿਉਂਦੇ ਹੋਏ ਸਾਨੂੰ ਪ੍ਰਮਾਤਮਾ ਦੀ ਸਮਝ ਕਿਉਂ ਨਹੀਂ ਲੱਗਦੀ, ਮਨ ਦੇ ਵਿੱਚ ਉਸਦੇ ਪਰਗਾਸ ਦੀ ਸਮਝ ਕਿਉਂ ਨਹੀਂ ਲੱਗਦੀ, ਇਹ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥"

ਸਾਡੇ ਜਨਮ ਤੋਂ ਹੀ ਪ੍ਰਮਾਤਮਾ ਨੇ ਸਭ ਦੇ ਅੰਦਰ ਭਰਮ ਵਾਲੀ, ਹਉਮੈ ਵਾਲੀ ਅਵੱਸਥਾ ਪਾਈ ਹੋਈ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ। ਸਾਡੇ ਸਭ ਦੇ ਅੰਦਰ ਇਹ ਭਰਮ ਰੂਪ ਪੜਦਾ ਹੈ ਜਿਸਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਦੇ ਨਹੀਂ ਜਾਣ ਸਕਦੇ ਕਿਉਂਕਿ ਭਰਮ ਵਿੱਚ ਰਹਿੰਦੇ ਹੋਏ ਅਸੀ ਲੋਭ, ਮੋਹ, ਵਿਕਾਰਾਂ ਵਿੱਚ ਫਸੇ ਰਹਿੰਦੇ ਹਾਂ, ਮਾਇਆ ਮੋਹ ਵਿੱਚ ਫਸੇ ਰਹਿੰਦੇ ਹਾਂ ਤੇ ਇਹਨਾਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰੂ ਦੇ ਦੱਸੇ ਹੋਏ ਮਾਰਗ ਤੇ ਨਹੀਂ ਚੱਲ ਸਕਦੇ, ਨਾਮ ਦੇ ਮਾਰਗ ਤੇ ਨਹੀਂ ਚੱਲ ਸਕਦੇ, ਗੁਰਮਤਿ ਦੇ ਮਾਰਗ ਤੇ ਨਹੀਂ ਚੱਲ ਸਕਦੇ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। ਭਰਮ ਵਿੱਚ ਰਹਿੰਦੇ ਹੋਏ

30/3363

ਸਾਨੂੰ ਭਗਤੀ ਦੀ ਸਹੀ ਸੋਝੀ ਹੀ ਨਹੀਂ ਪੈਂਦੀ, ਨਾਮ ਜਪਣ ਦੀ ਸਹੀ ਸੋਝੀ ਹੀ ਨਹੀਂ ਪੈਂਦੀ ਕਿਉਂਕਿ ਪ੍ਰਮਾਤਮਾ ਦੀ ਇਹ ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਹੈ, ਮਾਇਆ ਦਾ ਛਲ ਹੈ ਜਿਸਦਾ ਮਕਸਦ ਹੀ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ। ਜਿਉਂਦੇ ਜੀਅ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਇਸ ਭਰਮ ਵਿੱਚੋਂ ਕੱਢਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕੱਢਿਆ ਹੈ ਤੇ ਤਾਂ ਹੀ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ, ਉਸਦੇ ਨਿਰਗੁਣ ਰੂਪ ਨੂੰ, ਜੋਤਿ ਰੂਪ ਨੂੰ, ਗਿਆਨ ਰੂਪ ਨੂੰ ਜਾਣਿਆ ਹੈ ਕਿ ਉਹ ਸਭ ਦੇ ਅੰਦਰ ਜੀਵ ਰੂਪ ਵਿੱਚ ਵੱਸ ਰਿਹਾ ਹੈ ਤੇ ਕਦੇ ਬਿਨਸ ਨਹੀਂ ਸਕਦਾ। (**ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਉਹੀ ਪ੍ਰਗਾਸੁ॥ ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥**)

ਸਭ ਦੇ ਅੰਦਰ ਜੀਵ ਰੂਪ ਦੇ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਕਦੇ ਬਿਨਸ ਨਹੀਂ ਸਕਦਾ ਤੇ ਇਸੇ ਲਈ ਨਾ ਕੋਈ ਸੰਸਾਰ ਵਿੱਚ ਆਉਂਦਾ ਹੈ ਤੇ ਨਾ ਹੀ ਕੋਈ ਜਾਂਦਾ ਹੈ ਭਾਵ ਭਰਮ ਰੂਪ ਜੀਵ ਆਉਂਦਾ ਹੈ ਤੇ ਭਰਮ ਰੂਪ ਜੀਵ ਹੀ ਜਾਂਦਾ ਹੈ, ਹਉਮੈ ਰੂਪ ਜੀਵ ਆਉਂਦਾ ਹੈ ਤੇ ਹਉਮੈ ਰੂਪ ਜੀਵ ਹੀ ਜਾਂਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਇਸ ਗੱਲ ਦੀ ਸੋਝੀ ਉਸਨੂੰ ਹੀ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਹਉਮੈ ਤੋਂ ਮੁਕਤਿ ਕਰ ਦਿੰਦਾ ਹੈ, ਭਰਮ ਵਿੱਚੋਂ ਕੱਢ ਲੈਂਦਾ ਹੈ।

"ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥

ਜੋ ਗੱਲ ਅਸੀਂ ਸ਼ਬਦਾਂ ਦੁਆਰਾ ਸਮਝੀ ਹੈ ਉਹੀ ਗੱਲ ਸਾਨੂੰ ਉੱਪਰ ਪੰਗਤੀਆਂ ਰਾਹੀਂ ਸਪੱਸ਼ਟ ਕਰਕੇ ਸਮਝਾਈ ਹੋਈ ਹੈ। ਸਭ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਹਰ ਜੀਵ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਨਿਰਗੁਣ ਰੂਪ ਹੈ, ਅਬਿਨਾਸੀ ਰੂਪ ਹੈ ਭਾਵ ਬਿਨਸਨ ਤੋਂ ਰਹਿਤ ਹੈ, ਮਰਨ ਤੋਂ ਰਹਿਤ ਹੈ ਇਸੇ ਲਈ ਫਿਰ ਨਾ ਕੋਈ ਜੀਵ ਇਸ ਸੰਸਾਰ ਵਿੱਚ ਆਉਂਦਾ ਹੈ ਤੇ ਨਾ ਹੀ ਕੋਈ ਜੀਵ ਇਸ ਸੰਸਾਰ ਵਿੱਚੋਂ ਜਾਂਦਾ ਹੈ ਕਿਉਂਕਿ ਸਿਵਾਇ ਪ੍ਰਮਾਤਮਾ ਤੋਂ ਹੋਰ ਕੋਈ ਹੈ ਹੀ ਨਹੀਂ ਪ੍ਰਮਾਤਮਾ ਤੋਂ

30/3364

ਵੱਖਰੀ ਹੋਰ ਕਿਸੇ ਦੀ ਹੋਂਦ ਹੈ ਹੀ ਨਹੀਂ। **(ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ॥)**

ਹਉਮੈ ਦੀ ਅਵੱਸਥਾ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਪ੍ਰਮਾਤਮਾ ਹੀ ਵਰਤ ਰਿਹਾ ਹੈ, ਹਰ ਵੇਸ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ। ਜਿਸਨੂੰ ਪ੍ਰਮਾਤਮਾ ਹਉਮੈ ਵਿੱਚੋਂ ਕੱਢਦਾ ਹੈ ਕੇਵਲ ਉਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ, ਉਸ ਪੂਰੇ ਗੁਰੂ ਦੀ, ਪ੍ਰਮਾਤਮਾ ਦੀ ਆਪਣੀ ਰਜ਼ਾ ਹੈ, ਗੁਰ ਪ੍ਰਸਾਦਿ ਹੈ ਕਿ ਉਹ ਕਿਸੇ ਨੂੰ ਹਉਮੈ ਵਿੱਚੋਂ ਕੱਢੇ ਤੇ ਮਨ ਦੇ ਵਿੱਚ ਹੀ ਕਿਸੇ ਨੂੰ ਆਪਣੇ ਦਰਸ਼ਨ ਕਰਾਵੇ। ਗਤਿ ਉਸ ਦੀ ਹੀ ਹੁੰਦੀ ਹੈ, ਸੰਸਾਰਿਕ ਆਵਾਗਉਣ ਤੋਂ ਮੁਕਤੀ ਉਸਦੀ ਹੀ ਹੁੰਦੀ ਹੈ ਜਿਸਦੀ ਪਹਿਲੇ ਮਨ ਦੇ ਵਿੱਚ ਹੀ ਪ੍ਰਮਾਤਮਾ **"ਪਰਮ ਗਤਿ"** ਕਰਦਾ ਹੈ ਭਾਵ ਮਨ ਦੀ ਸੋਝੀ ਉੱਚੀ ਕਰਦਾ ਹੈ, ਚੌਥੇ ਪਦ ਵਾਲੀ ਸੋਝੀ ਕਰਦਾ ਹੈ, ਬ੍ਰਹਮ ਗਿਆਨ ਵਾਲੀ ਸੋਝੀ ਕਰਦਾ ਹੈ ਜਿਸ ਦੁਆਰਾ ਮਨੁੱਖ ਦੀ ਹਉਮੈ ਦੀ ਮੈਲ ਧੁਪਦੀ ਹੈ। ਜਿੰਨ੍ਹਾਂ ਦੀ ਪ੍ਰਮਾਤਮਾ ਨੇ ਪਰਮ ਗਤਿ ਕੀਤੀ ਹੈ ਉਹਨਾਂ ਨੂੰ ਹੀ ਇਸ ਗੱਲ ਦੀ ਸੋਝੀ ਪਈ ਹੈ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਜੋ ਕਦੇ ਬਿਨਸ ਨਹੀਂ ਸਕਦਾ ਤੇ ਮਨੁੱਖ ਦਾ ਭਰਮ ਰੂਪ ਪੁਤਲਾ ਹੀ ਸੰਸਾਰ ਵਿੱਚ ਆਉਂਦਾ ਜਾਂਦਾ ਹੈ। **(ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥ ਗੁਰਿ ਪੂਰੈ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥੪॥੧॥)**

ਜਿਵੇਂ ਕਿ ਅਸੀਂ ਹੁਣ ਤੱਕ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਖੇਡ ਹੈ। ਇਹ ਖੇਡ ਪ੍ਰਮਾਤਮਾ ਨੇ ਸਰਗੁਣ ਰੂਪ ਨੂੰ ਤੇ ਨਿਰਗੁਣ ਰੂਪ ਨੂੰ ਜੋੜ ਕੇ ਬਣਾਈ ਹੈ। ਇਸ ਖੇਡ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਨਿਰਗੁਣ ਰੂਪ ਹੈ ਤੇ ਸਰਗੁਣ ਰੂਪ ਕੇਵਲ ਪੰਜ ਤੱਤਾਂ ਦਾ ਪੁਤਲਾ ਹੈ ਤੇ ਹੋਰ ਕੁੱਝ ਵੀ ਨਹੀਂ। ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਸਮਝੇ ਬਿਨ੍ਹਾਂ ਕੋਈ ਇਸ ਸੰਸਾਰ ਦੀ ਖੇਡ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਆਪ ਹੀ ਸਭ ਨੂੰ ਬਣਾ ਕੇ ਆਪ ਹੀ ਚਲਾ ਰਿਹਾ ਹੈ ਤੇ ਆਪਣੀ ਖੇਡ, ਖੇਡ ਰਹਿਆ ਹੈ, ਆਪਣੀ ਖੇਡ ਦਾ ਆਨੰਦ ਮਾਣ ਰਿਹਾ ਹੈ। ਸਾਡੇ ਅੰਦਰ ਪ੍ਰਮਾਤਮਾ ਇਹ ਆਪਣੀ ਖੇਡ ਮਨ ਦੇ ਦੁਆਰਾ ਖੇਡ ਰਿਹਾ ਹੈ ਤੇ ਮਨ ਦੇ ਵਿੱਚੋਂ ਹੀ ਉਸਦੀ ਖੇਡ ਨੂੰ ਜਾਣਿਆ ਜਾ ਸਕਦਾ ਹੈ ਜੋ ਕਿ ਕੇਵਲ ਉਸਦੀ ਆਪਣੀ ਕਿਰਪਾ ਹੈ। ਜੇਕਰ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਫਿਰ ਨਾ ਕੋਈ ਇਸ ਸੰਸਾਰ ਵਿੱਚ ਆਉਂਦਾ ਹੈ ਤੇ ਨਾ ਜਾਂਦਾ ਹੈ ਤੇ ਕੇਵਲ ਵਿਸ਼ਵਾਸ ਇਸ ਗੱਲ ਦਾ ਆਉਣਾ ਜਰੂਰੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ

30/3365

ਇਸ ਗੱਲ ਦਾ ਵਿਸ਼ਵਾਸ ਕਿਸੇ ਨੂੰ ਕੇਵਲ ਪ੍ਰਮਾਤਮਾ ਆਪ ਹੀ ਦਿਵਾ ਸਕਦਾ ਹੈ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਵਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਦ੍ਰਿੜ ਕਰੀਏ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਭਾਵ ਕੇਵਲ ਇੱਕ ਉਸੇ ਦੀ ਹੋਂਦ ਸੱਚੀ ਹੈ ਤੇ ਬਾਕੀ ਸਭ ਹੋਂਦ ਝੂਠੀ ਹੈ ਭਾਵ ਕੇਵਲ ਨਾਮ ਸੱਚ ਹੈ ਤੇ ਹਉਮੈ ਝੂਠ ਹੈ।

ਗਉੜੀ ਮਹਲਾ ੧ ॥

“ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥

ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥"

(ਅੰਗ - ੧੫੨)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਪ੍ਰਮਾਤਮਾ ਦੀ ਇਹ ਖੇਡ ਕਿਵੇਂ ਚੱਲ ਰਹੀ ਹੈ। ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ ਇਹ ਖੇਡ ਪ੍ਰਮਾਤਮਾ ਆਪ ਹੀ ਚਲਾ ਰਿਹਾ ਹੈ ਤੇ ਸਮਝਣ ਦੀ ਲੋੜ ਇਸ ਗੱਲ ਦੀ ਹੈ ਕਿ ਉਹ ਸਾਡੇ ਅੰਦਰ ਖੇਡ ਕਿਸ ਰੂਪ ਵਿੱਚ ਚਲਾ ਰਿਹਾ ਹੈ। ਇਸ ਖੇਡ ਦੁਆਰਾ ਪ੍ਰਮਾਤਮਾ ਆਪਣੇ ਨਿਰਗੁਣ ਰੂਪ ਰਾਹੀਂ ਸਾਡੇ ਸਰਗੁਣ ਸਰੂਪ ਸਰੀਰ ਨੂੰ ਆਪਣੀ ਮਰਜ਼ੀ ਅਨੁਸਾਰ ਖਿਡਾ ਰਿਹਾ ਹੈ ਭਾਵ ਜੋ ਉਸ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਉਸੇ ਤਰ੍ਹਾਂ ਆਪਣੀ ਕਠਪੁਤਲੀ ਨੂੰ ਨਚਾ ਰਿਹਾ ਹੈ। ਸਾਡੇ ਸਰਗੁਣ ਸਰੂਪ ਸਰੀਰ ਨੂੰ ਪ੍ਰਮਾਤਮਾ ਨੇ ਪੰਜਾਂ ਤੱਤਾਂ ਦੁਆਰਾ ਜੋੜਿਆ ਹੋਇਆ ਹੈ ਭਾਵ ਪੰਜਾਂ ਤੱਤਾਂ ਨੂੰ ਆਪਸ ਵਿੱਚ ਮਿਲਾਇਆ ਹੋਇਆ ਹੈ, ਆਪਣੇ ਗਿਆਨ ਦੁਆਰਾ ਮਿਲਾਇਆ ਹੋਇਆ ਹੈ ਕਿਉਂਕਿ ਉਹ ਆਪ ਹੀ ਗਿਆਨ ਦਾ ਸ੍ਰੋਤ ਹੈ, ਗਿਆਨ ਦਾ ਮੂਲ ਹੈ। ਇਸ ਸਰੀਰ ਦੇ ਵਿੱਚ ਜਾਨ ਪ੍ਰਮਾਤਮਾ ਆਪਣੀ ਜੋਤਿ ਦੇ ਰੂਪ ਵਿੱਚ ਪਾਉਂਦਾ ਹੈ ਜਿਸ ਦੁਆਰਾ ਇਹ ਸਰੀਰ ਉਸ ਜੋਤਿ ਦੇ ਹੁਕਮ ਵਿੱਚ ਚੱਲਦਾ ਹੈ। ਪ੍ਰਮਾਤਮਾ ਦੀ ਜੋਤਿ ਸਾਡੇ ਸਭ ਦੇ ਅੰਦਰ ਸਾਡੀ **"ਬੁਧਿ"** ਦੇ ਰੂਪ ਵਿੱਚ ਹੈ ਜਿਸ ਰਾਹੀਂ ਮਨੁੱਖ ਨੂੰ ਆਪਣੇ ਅੰਦਰੋਂ ਵਿਚਾਰ ਮਿਲਦੇ ਹਨ, ਗਿਆਨ ਮਿਲਦਾ ਹੈ। ਇਹ ਮਨੁੱਖ ਦਾ ਮਨ ਹੈ ਜਿਸ ਰਾਹੀਂ ਅੰਦਰੋਂ ਵਿਚਾਰ ਉਪਜਦੇ ਰਹਿੰਦੇ ਹਨ। ਪ੍ਰਮਾਤਮਾ ਆਪਣੀ ਖੇਡ ਇਸ "ਬੁਧਿ" ਦੁਆਰਾ ਹੀ ਖੇਡਦਾ ਹੈ ਜੋ ਸਾਡੇ ਸਰੀਰ ਨੂੰ ਚਲਾਉਂਦੀ ਹੈ, ਮਨ ਦੇ ਵਿਚਾਰਾਂ ਦੁਆਰਾ ਸਾਨੂੰ ਚਲਾਉਂਦੀ ਹੈ ਜਿਸ ਵਿੱਚੋਂ ਸੋਚਾਂ ਉਪਜਦੀਆਂ ਰਹਿੰਦੀਆਂ ਹਨ ਤੇ ਮਨੁੱਖ ਉਹੀ ਕੁੱਝ ਕਰਦਾ ਹੈ ਜੋ ਉਸਦੀ ਸੋਚਿ ਉਸ ਕੋਲੋਂ ਕਰਵਾਉਂਦੀ ਹੈ। ਇਹ ਸੋਚਾਂ ਸਾਡੇ ਵੱਸ ਵਿੱਚ ਨਹੀਂ ਹਨ। ਸਾਡੇ ਮਨ ਦੀ ਚੰਚਲਤਾ ਮਨ ਦੀਆਂ ਸੋਚਾਂ ਕਰਕੇ ਹੀ ਹੈ ਜਿੰਨ੍ਹਾਂ ਦੁਆਰਾ ਮਨ ਦੌੜਦਾ ਰਹਿੰਦਾ ਹੈ ਭਾਵ ਇਹ ਮਨ ਸਾਡੇ ਵੱਸ ਵਿੱਚ ਨਹੀਂ ਹੈ। ਪ੍ਰਮਾਤਮਾ ਆਪਣੀ ਇਹ ਖੇਡ ਮਨ ਦੇ ਰਾਹੀਂ ਖੇਡ ਰਿਹਾ ਹੈ, ਆਪਣੀ

ਜੋਤਿ ਦੇ ਰਾਹੀਂ ਖੇਡ ਰਿਹਾ ਹੈ। ਪ੍ਰਮਾਤਮਾ ਦੀ ਇਹ ਖੇਡ ਸਾਡੇ ਅੰਦਰ ਉਸ ਦੇ ਪਾਏ ਹੋਏ ਪੜਦੇ ਦੁਆਰਾ ਚੱਲਦੀ ਹੈ ਜੋ ਪੜਦਾ ਉਸਨੇ ਆਪਣੀ ਜੋਤਿ ਰਾਹੀਂ ਹੀ ਪਾਇਆ ਹੋਇਆ ਹੈ, ਮਨ ਦੀਆਂ ਸੋਚਾਂ ਰਾਹੀਂ ਹੀ ਪਾਇਆ ਹੋਇਆ ਹੈ ਜਿੰਨ੍ਹਾਂ ਦੁਆਰਾ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ, ਇਹ ਸਰੀਰ ਮੇਰਾ ਹੈ ਭਾਵ ਮੇਰੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਹੈ। ਇਹ ਸਾਡੀ ਹਉਮੈ ਹੈ ਜੋ ਸਾਨੂੰ ਮਨ ਦੇ ਵਿੱਚੋਂ ਹੀ ਸਿਖਾਈ ਜਾਂਦੀ ਹੈ, ਮਨ ਦੇ ਵਿੱਚ ਉਪਜਣ ਵਾਲੇ ਵਿਚਾਰਾਂ ਰਾਹੀਂ ਸਮਝਾਈ ਜਾਂਦੀ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਨੂੰ ਜਾਨਣ ਤੋਂ ਪੜਦਾ ਬਣਿਆ ਰਹਿੰਦਾ ਹੈ ਭਾਵ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਸਾਡੇ ਅੰਦਰ ਇਹ ਮਨ ਦੇ ਵਿਚਾਰ ਕਿੱਥੋਂ ਆ ਰਹੇ ਹਨ, ਸਾਡੇ ਅੰਦਰ ਇਹ ਵਿਚਾਰ ਪਾਉਣ ਵਾਲਾ ਕੌਣ ਹੈ। ਮਨ ਦੇ ਵਿੱਚ ਇਸ ਜੁਗਤਿ ਦੁਆਰਾ ਪ੍ਰਮਾਤਮਾ ਨੇ ਸਭ ਨੂੰ, ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ, ਹਉਮੈਂ ਵਿੱਚ ਰੱਖਿਆ ਹੋਇਆ ਹੈ, ਭਰਮ ਰੂਪ ਪੜਦੇ ਵਿੱਚ ਰੱਖਿਆ ਹੈ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਸਾਡੇ ਅੰਦਰ ਬੈਠਾ ਹੋਇਆ ਹੀ ਸਾਨੂੰ ਪੜਦੇ ਵਿੱਚ ਰੱਖਕੇ ਆਪਣੀ ਖੇਡ ਚਲਾ ਰਿਹਾ ਹੈ ਤੇ ਆਪਣੀ ਮਰਜ਼ੀ ਅਨੁਸਾਰ ਸਾਡੇ ਸਰੀਰ ਨੂੰ ਚਲਾ ਰਿਹਾ ਹੈ। **(ਪਉਣੈ ਪਾਣੀ ਅਗਨੀ ਕਾ ਮੇਲੁ॥ ਚੰਚਲ ਚਪਲ ਬੁਧਿ ਕਾ ਖੇਲੁ॥)**

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥}

(ਅੰਗ ੧੩੫੧)

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥

ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥}

(ਅੰਗ ੨੦੫)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥}

(ਅੰਗ ੬)

30/3367

{ਊਂਧੋ ਕਵਲੁ ਸਗਲ ਸੰਸਾਰੈ ॥
ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ ੨੨੫)

{ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥}

(ਅੰਗ ੯੨੦)

{ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥}

(ਅੰਗ ੯੨੨)

{ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥}

(ਅੰਗ ੯੨੧)

ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਖੇਡ ਪਾਈ ਹੋਈ ਹੈ ਤੇ ਉਸਦੀ ਆਪਣੀ ਮਰਜੀ ਤੋਂ ਬਿਨ੍ਹਾਂ ਕੋਈ ਵੀ ਇਸ ਖੇਡ ਨੂੰ ਨਹੀਂ ਬੁੱਝ ਸਕਦਾ। ਆਪਣੇ ਅੰਦਰੋਂ ਉਸਦੀ ਖੇਡ ਨੂੰ ਬੁੱਝਣਾ ਜਾਂ ਖੇਡ ਦੇ ਮਾਲਕ ਨੂੰ ਬੁੱਝਣਾ ਭਾਵ ਪ੍ਰਮਾਤਮਾ ਨੂੰ ਬੁੱਝਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਦਾ ਥਾਪਿਆ ਹੋਇਆ ਸੱਚਾ ਗਿਆਨੀ ਉਹੀ ਹੈ ਜੋ ਉਸਦੀ ਇਸ ਖੇਡ ਨੂੰ ਬੁੱਝ ਲੈਂਦਾ ਹੈ। ਆਪਣੀ ਖੇਡ ਉਹ ਆਪ ਹੀ ਬੁਝਾਉਂਦਾ ਹੈ ਭਾਵ ਕਿਸੇ ਨੂੰ ਉਹ ਸੱਚਾ ਗਿਆਨੀ ਆਪ ਹੀ ਬਣਾਉਂਦਾ ਹੈ। ਕਿਉਂਕਿ ਉਸਦੀ ਖੇਡ ਦੀ ਸੋਝੀ ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ। ਮਨ ਦੇ ਵਿੱਚ ਗਿਆਨ ਦਾ ਮਾਲਕ ਉਹ ਆਪ ਹੈ ਤੇ ਜਿਸ ਨੂੰ ਉਹ ਮਨ ਦੇ ਵਿਚਾਰਾਂ ਰਾਹੀਂ ਆਪਣੇ ਗਿਆਨ ਨਾਲ ਰਲਾ ਲੈਂਦਾ ਹੈ ਉਸਨੂੰ ਉਹ ਗਿਆਨੀ ਬਣਾ ਦਿੰਦਾ ਹੈ। ਗੁਰੂ ਪ੍ਰਮਾਤਮਾ ਦਾ ਥਾਪਿਆ ਹੋਇਆ ਗਿਆਨੀ ਹੈ ਜਿਸ ਨੂੰ ਇਸ ਖੇਡ ਦੀ ਸਮਝ ਹੈ। ਇਸੇ ਲਈ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਗਿਆਨ ਦਾ ਸ੍ਰੋਤ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਅਸਲ ਗਿਆਨੀ ਕੌਣ ਹੈ ਭਾਵ ਜੋ ਉਸ ਦੀ ਖੇਡ ਨੂੰ ਬੁੱਝ ਲੈਂਦਾ ਹੈ, ਜਿਸਨੂੰ ਆਪਣੇ ਆਪ ਦੀ ਸਮਝ ਲੱਗ ਜਾਂਦੀ ਹੈ ਉਹੀ ਅਸਲ ਵਿੱਚ ਗਿਆਨੀ

ਹੈ ਭਾਵ ਬ੍ਰਹਮ ਗਿਆਨੀ ਹੈ ਜਿਸਨੇ ਉਸ ਬ੍ਰਹਮ ਨੂੰ ਆਪਣੇ ਅੰਦਰੋਂ ਜਾਣਿਆ ਹੈ।

"ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥

ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥"

30/3368

ਨੌਂ ਦਰਵਾਜੇ ਸਾਡੇ ਸਰੀਰ ਦੇ ਅੰਗ ਹਨ ਜਿੰਨ੍ਹਾਂ ਦੀ ਚਰਚਾ ਅਸੀਂ ਪਿੱਛੇ ਵੀ ਕੀਤੀ ਹੈ ਇਹਨਾਂ ਦਰਵਾਜਿਆਂ ਨੂੰ ਹਰ ਕੋਈ ਸਮਝ ਸਕਦਾ ਹੈ ਕਿਉਂਕਿ ਇਹ ਦਰਵਾਜੇ ਆਕਾਰ ਰੂਪ ਵਿੱਚ ਹਨ ਜਿੰਨ੍ਹਾਂ ਨੂੰ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਤੇ ਸਮਝਿਆ ਜਾ ਸਕਦਾ ਹੈ ਕਿ ਇਹ ਦਰਵਾਜੇ ਕੀ ਹਨ। ਇਹਨਾਂ ਨੌ ਦਰਵਾਜਿਆਂ ਨਾਲ ਸਾਨੂੰ ਇਹ ਸਮਝ ਨਹੀਂ ਲੱਗ ਸਕਦੀ ਕਿ ਸਾਡੀ ਅਸਲੀਅਤ ਕੀ ਹੈ, ਸਾਡੇ ਸਰੀਰ ਦੀ ਅਸਲੀਅਤ ਕੀ ਹੈ ਭਾਵ ਇਹ ਸਰੀਰ ਕਿਸ ਦਾ ਹੈ ਤੇ ਇਸ ਨੂੰ ਚਲਾਉਣ ਵਾਲਾ ਕੌਣ ਹੈ। ਇਸ ਗੱਲ ਦੀ ਸੋਝੀ ਸਾਨੂੰ ਦਸਵੇਂ ਦੁਆਰ ਵਿੱਚੋਂ ਪੈਂਦੀ ਹੈ ਜਿੱਥੋਂ ਸਾਡੇ ਅੰਦਰ ਵਿਚਾਰ ਉਪਜਦੇ ਹਨ ਤੇ ਸਾਡੇ ਸਰੀਰ ਨੂੰ ਚਲਾਉਂਦੇ ਹਨ। ਇਹ ਦਸਵਾਂ ਦੁਆਰ ਸਾਡਾ ਮਨ ਹੈ ਜੋ ਨਿਰਗੁਣ ਰੂਪ ਹੈ ਜਿਸਨੂੰ ਸਰੀਰਕ ਅੱਖਾਂ ਰਾਹੀਂ ਨਹੀਂ ਦੇਖਿਆ ਜਾ ਸਕਦਾ, ਇਹ ਮਨ ਕੀ ਹੈ, ਦਸਵਾਂ ਦੁਆਰ ਕੀ ਹੈ ਇਸਨੂੰ ਮਨ ਦੇ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ, ਮਨ ਦੇ ਵਿਚਾਰਾਂ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਕਿ ਇਹ ਮਨ ਕੀ ਹੈ। ਮਨ ਦੇ ਵਿੱਚ ਸਾਨੂੰ ਸੋਝੀ ਉਹੀ ਪਾ ਸਕਦਾ ਹੈ ਜੋ ਇਸ ਸੋਝੀ ਦਾ ਮਾਲਕ ਹੈ, ਵਿਚਾਰਾਂ ਦਾ ਮਾਲਕ ਹੈ। ਜਿਸਨੂੰ ਪ੍ਰਮਾਤਮਾ ਦਸਵੇਂ ਦੁਆਰ ਦੀ ਸੋਝੀ ਪਾਉਂਦਾ ਹੈ ਉਸਨੂੰ ਹੀ ਇਸ ਮਨ ਦੀ ਸਮਝ ਲੱਗਦੀ ਹੈ ਤੇ ਆਪਣੇ ਅੰਦਰੋਂ ਇਸ ਨਿਰਗੁਣ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਮਨ ਦੇ ਵਿੱਚ ਵਿਚਾਰਾਂ ਦੇ ਮਾਲਕ ਦੇ ਦਰਸ਼ਨ ਹੁੰਦੇ ਹਨ। ਉਹ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਵਿਚਰਦਾ ਹੈ ਤੇ ਅਸਲ ਵਿੱਚ ਸਾਡੇ ਮਨ ਦੇ ਵਿੱਚ ਹੀ ਸਾਡੇ ਮਾਲਕ ਹਨ ਜੋ ਸਾਨੂੰ ਆਪਣੀ ਰਜਾ ਅਨੁਸਾਰ ਚਲਾਉਂਦੇ ਹਨ। ਦਸਵੇਂ ਦੁਆਰ ਦੇ ਵਿੱਚੋਂ ਹੀ ਸਾਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਸਾਡੀ ਅਸਲੀਅਤ ਕੀ ਹੈ ਭਾਵ ਸਾਡੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਭਾਵ ਹਰ ਹੋਂਦ ਉਸੇ ਦੀ ਹੈ ਤੇ ਉਹ ਆਪ ਹੀ ਹਰ ਹੋਂਦ ਨੂੰ ਚਲਾ ਰਿਹਾ ਹੈ। ਜਿਹੜਾ ਇਹੋ ਜਿਹੇ ਵਿਚਾਰਾਂ ਵਾਲਾ ਹੋ ਜਾਂਦਾ ਹੈ ਭਾਵ ਜੋ ਆਪਣੇ ਅੰਦਰੋਂ ਦਸਵੇਂ ਦੁਆਰ ਨੂੰ ਜਾਣ ਲੈਂਦਾ ਹੈ ਉਹੀ ਅਸਲ ਵਿੱਚ ਸੱਚੇ ਗਿਆਨ ਵਾਲਾ ਹੈ। ਦਸਵੇਂ ਦੁਆਰ ਵਿੱਚ ਪ੍ਰਮਾਤਮਾ ਕੋਲੋਂ ਗਿਆਨ ਹੀ ਮਿਲਦਾ ਹੈ ਜਿਸ ਗਿਆਨ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ, ਬ੍ਰਹਮ ਗਿਆਨ ਦੀ ਰਚਨਾ ਹੋਈ ਹੈ ਜੋ ਕਿ ਉਸ ਬ੍ਰਹਮ ਗਿਆਨੀ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ। (**ਨਾਉ ਦਰਵਾਜੇ ਦਸਵਾ ਦੁਆਰੁ॥ ਬੁਝੁ ਰੇ ਗਿਆਨੀ ਏਹੁ ਬੀਚਾਰੁ॥**)

ਜਿਸਨੂੰ ਪ੍ਰਮਾਤਮਾ ਆਪਣਾ ਗਿਆਨੀ ਰੂਪ ਬਣਾ ਲੈਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ, ਮਨੁੱਖੀ ਰੂਪ ਵਿੱਚ, ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ

30/3369

ਕਹਿਣ ਵਾਲਾ, ਬੋਲਣ ਵਾਲਾ ਅਤੇ ਸੁਣਨ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਭਰਮ ਵਿੱਚ ਹੀ ਆਪਣੀ ਹੋਂਦ ਸਮਝੀ ਰੱਖਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪਣੀ ਖੇਡ ਰਚਾਈ ਹੋਈ ਹੈ, ਮਨ ਦੇ ਪੜਦੇ ਰਾਹੀਂ ਆਪਣੀ ਖੇਡ, ਖੇਡ ਰਿਹਾ ਹੈ। ਮਨ ਦਾ ਇਹ ਪੜਦਾ ਦਸਵੇਂ ਦੁਆਰ ਦੀ ਸੋਝੀ ਪੈਣ ਦੁਆਰਾ ਹੀ ਖੁੱਲਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਖੋਲਦਾ ਹੈ। ਜਦ ਤੱਕ ਮਨੁੱਖ ਨੂੰ ਆਪਣੇ ਆਪ ਦੀ ਸਮਝ ਨਹੀਂ ਪੈਂਦੀ, ਆਪਣੇ ਆਪ ਦੀ ਅਸਲੀਅਤ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਕੋਈ ਪ੍ਰਮਾਤਮਾ ਦਾ ਸੱਚਾ ਗਿਆਨੀ ਨਹੀਂ ਹੈ ਕਿਉਂਕਿ ਗਿਆਨੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਸਾਹਿਬਾਨ ਦੇ ਰੂਪ ਵਿੱਚ, ਭਗਤਾਂ ਦੇ ਰੂਪ ਵਿੱਚ ਉਹ ਆਪ ਹੀ ਗੁਰੂ ਹੈ, ਗਿਆਨੀ ਹੈ ਜਿਸਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਆਪਣੇ ਆਪ ਨੂੰ ਗਿਆਨੀ, ਬ੍ਰਹਮ ਗਿਆਨੀ ਕੋਈ ਉਹ ਹੀ ਕਹਿ ਸਕਦਾ ਹੈ, ਸਮਝ ਸਕਦਾ ਹੈ ਜਿਸਨੇ ਉਸ ਬ੍ਰਹਮ ਗਿਆਨੀ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਤੇ ਆਪਣੀ ਹੋਂਦ ਨੂੰ ਨਹੀਂ ਪਹਿਚਾਣਿਆ ਕਿ ਇਹ ਮਨੁੱਖੀ ਹੋਂਦ ਵਿੱਚ ਅਸੀਂ ਨਹੀਂ ਹਾਂ ਬਲਕਿ ਉਹ ਆਪ ਪ੍ਰਮਾਤਮਾ ਹੀ ਹੈ ਜੋ ਇਸ ਮਨੁੱਖੀ ਹੋਂਦ ਰਾਹੀਂ ਵਿਚਰ ਰਿਹਾ ਹੈ। **(ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥ ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥)**

ਜਿਸਨੂੰ ਪ੍ਰਮਾਤਮਾ ਆਪਣੇ ਸੱਚੇ ਗਿਆਨ ਨਾਲ ਜੋੜ ਲੈਂਦਾ ਹੈ ਭਾਵ ਜਿਸਦੇ ਅੰਦਰ ਪ੍ਰਮਾਤਮਾ ਆਪਣਾ ਗਿਆਨੀ ਰੂਪ ਪ੍ਰਗਟ ਕਰ ਲੈਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਲੱਗਦੀ ਹੈ ਕਿ ਅਸਲ ਵਿੱਚ ਮਰਦਾ ਕੋਈ ਵੀ ਨਹੀਂ ਹੈ ਕਿਉਂਕਿ ਸਭ ਵਿੱਚ ਪ੍ਰਮਾਤਮਾ ਹੀ ਹੈ ਜੋ ਕਦੇ ਮਰ ਹੀ ਨਹੀਂ ਸਕਦਾ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ

ਹੋਈ ਹੈ।

"ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੁਆ ਹੈ ਕਉਣੁ॥
ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰ॥"

ਸਾਡਾ ਇਹ ਸਰੀਰ ਕੇਵਲ ਮਿੱਟੀ ਦਾ ਪੁਤਲਾ ਹੈ ਤੇ ਇਸਦੇ ਅੰਦਰ ਬੋਲਣ ਵਾਲਾ ਭਾਵ ਇਸਨੂੰ ਚਲਾਉਣ ਵਾਲਾ ਭਾਵ ਮਨ ਦੇ ਵਿੱਚ ਬੋਲਣ ਵਾਲਾ ਆਪ ਪ੍ਰਮਾਤਮਾ ਹੈ ਜੋ ਕਿ ਜੋਤਿ ਦੇ ਰੂਪ ਵਿੱਚ ਹੈ, ਗਿਆਨ ਦੇ ਰੂਪ ਵਿੱਚ ਹੈ। ਸਾਡੇ ਅੰਦਰ ਸੁਆਸ ਉਤਨੀ ਦੇਰ ਹੀ ਚੱਲਦੇ ਹਨ ਜਦ ਤੱਕ ਪ੍ਰਮਾਤਮਾ ਆਪਣੀ ਜੋਤਿ ਸਾਡੇ ਅੰਦਰ ਟਿਕਾਈ ਰੱਖਦਾ ਹੈ ਭਾਵ ਸਾਡੇ ਅੰਦਰ ਵਿਚਾਰ ਪਾਈ ਰੱਖਦਾ ਹੈ। ਜਦੋਂ ਉਹ

30/3370

ਸਾਡੇ ਅੰਦਰ ਬੋਲਣਾ ਬੰਦ ਕਰ ਦਿੰਦਾ ਹੈ, ਆਪਣੀ ਜੋਤਿ ਵਿੱਚੋਂ ਕੱਢ ਲੈਂਦਾ ਹੈ ਫਿਰ ਮਨੁੱਖ ਦੇ ਸੁਆਸ ਮੁੱਕ ਜਾਂਦੇ ਹਨ ਭਾਵ ਸਾਡੇ ਅੰਦਰ ਜੀਵਨ ਪਾਉਣ ਵਾਲਾ ਜੀਵਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ। ਇਸ ਗੱਲ ਦੀ ਸੋਝੀ ਉਸ ਨੂੰ ਹੀ ਪੈਂਦੀ ਹੈ ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ, ਉਸ ਦੇ ਚੱਲ ਰਹੇ ਹੁਕਮ ਨੂੰ ਬੁੱਝ ਲੈਂਦਾ ਹੈ ਕਿ ਇਸ ਸਰੀਰ ਦਾ ਮਾਲਕ ਕੌਣ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ ਗਿਆਨ ਦੇ ਦਿੰਦਾ ਹੈ ਉਸਨੂੰ ਫਿਰ ਸਮਝ ਲੱਗ ਜਾਂਦੀ ਹੈ ਕਿ ਮਰਦਾ ਅਸਲ ਵਿੱਚ ਕੋਈ ਵੀ ਨਹੀਂ ਹੈ ਕਿਉਂਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਜੋ ਕਿ ਕਦੇ ਮਰ ਨਹੀਂ ਸਕਦਾ। ਮਰਦੀ ਕੇਵਲ ਇਹ ਸਰਗੁਣ ਰੂਪ ਮਿੱਟੀ ਹੈ ਕਿਉਂਕਿ ਅੰਦਰ ਦੇ ਜੀਵ ਰੂਪ ਵਿੱਚ ਪ੍ਰਮਾਤਮਾ ਆਪ ਹੈ। (**ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੁਆ ਹੈ ਕਉਣੁ॥**)

{ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ॥੨॥}

(ਅੰਗ ੧੩੫੦)

ਜਿਉਂਦੇ ਹੋਏ ਮਨੁੱਖ ਆਪਣੇ ਅੰਦਰ ਭਰਮ ਕਰਕੇ ਆਪਣੇ ਆਪ ਨੂੰ ਜੀਵ ਰੂਪ ਸਮਝਦਾ ਹੈ ਤੇ ਮਨੁੱਖ ਦਾ ਇਹ ਭੁਲੇਖਾ ਮਨ ਦੇ ਵਿੱਚ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਨਿਕਲਦਾ ਹੈ ਕਿ ਅਸਲ ਵਿੱਚ ਉਹ ਪ੍ਰਮਾਤਮਾ ਦਾ ਹੀ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥"

ਸਾਡਾ **"ਦੇਖਣਹਾਰੁ"** ਭਾਵ ਸਾਡੀ ਸੰਭਾਲ ਕਰਨ ਵਾਲਾ, ਸਾਨੂੰ ਚਲਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਜੋ ਸਾਨੂੰ ਮਨ ਦੇ ਰਾਹੀਂ, ਦਸਵੇਂ ਦੁਆਰ ਰਾਹੀਂ, ਸਾਡੀ ਸੁਰਤਿ ਦੇ ਵਿਚਾਰਾ ਰਾਹੀਂ ਸਾਨੂੰ ਚਲਾ ਰਿਹਾ ਹੈ। ਸਾਡੇ ਸਭ ਦੀ ਸੁਰਤਿ ਦੇ ਵਿੱਚ ਪ੍ਰਮਾਤਮਾ ਨੇ ਆਪਣੀ ਮਾਇਆ ਦੀ ਜੁਗਤਿ ਪਾਈ ਹੋਈ ਹੈ, ਹਉਮੈ ਰੂਪ ਪੜ੍ਹਦਾ ਪਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ। ਮਨੁੱਖ ਦੇ ਮਰਨ ਦੇ ਨਾਲ ਮਨੁੱਖ ਦਾ ਇਹ ਭੁਲੇਖਾ ਹੀ ਦੂਰ ਹੁੰਦਾ ਹੈ ਜਿਸ ਦੁਆਰਾ ਉਹ ਆਪਣੇ ਜੀਵਨ ਵਿੱਚ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਦਿਖਾਉਂਦਾ ਰਹਿੰਦਾ ਹੈ, ਉਸਦੀ ਸੱਚੀ ਮਤਿ ਦੇ ਉਲਟ ਚੱਲਦਾ ਰਹਿੰਦਾ ਹੈ। ਮਨੁੱਖ ਨੇ ਪ੍ਰਮਾਤਮਾ ਨਾਲ ਇਹ ਝਗੜਾ ਆਪਣੇ ਜੀਵਨ ਦੇ

30/3371

ਰਹਿੰਦਿਆਂ ਨਿਬੇੜਨਾ ਹੈ ਜੋ ਕਿ ਉਹ ਨਹੀਂ ਨਿਬੇੜਦਾ ਤੇ ਇਹ ਝਗੜਾ ਮਨੁੱਖ ਦੀ ਭਰਮਾਂ ਵਾਲੀ ਸੁਰਤ ਭਾਵ ਭਰਮਾਂ ਵਾਲੀ ਸਮਝ ਮਰਨ ਤੋਂ ਬਾਅਦ ਹੀ ਨਿਬੜਦਾ ਹੈ ਤੇ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੈ ਹੁਣ ਤੱਕ ਜੀਵਨ ਵਿੱਚ ਭਰਮ ਵਿੱਚ ਹੀ ਰਿਹਾ ਕਿ ਇਹ ਸਰੀਰ ਮੇਰਾ ਹੈ। ਮਨੁੱਖ ਦੀ ਭਰਮਾਂ ਵਾਲੀ ਸਮਝ ਦੇ ਮਰਨ ਨਾਲ ਮਨੁੱਖ ਦਾ ਇਹ ਭਲੇਖਾ ਹੀ ਮਰਦਾ ਹੈ ਕਿ ਅਸਲ ਵਿੱਚ ਮੇਰੇ ਅੰਦਰ ਇਹ ਪ੍ਰਮਾਤਮਾ ਹੀ ਹੈ ਜਿਸਦੀ ਮੈਨੂੰ ਹੁਣ ਤੱਕ ਸਮਝ ਨਹੀਂ ਸੀ ਲੱਗੀ ਤੇ ਉਹ ਪ੍ਰਮਾਤਮਾ ਕਦੇ ਮਰ ਨਹੀਂ ਸਕਦਾ ਜੋ ਮੇਰੇ ਅੰਦਰ ਨਿਰਗੁਣ ਰੂਪ ਵਿੱਚ, ਜੋਤਿ ਰੂਪ ਵਿੱਚ ਵਿਚਰ ਰਿਹਾ ਹੈ ਤੇ ਮੇਰੇ ਸਰੀਰ ਨੂੰ ਚਲਾ ਰਿਹਾ ਹੈ। **(ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੁਆ ਹੈ ਕਉਣੁ॥ ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰ॥)**

ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਤਾਂ ਹੀ ਨਿਬੜਦਾ ਹੈ ਜੇਕਰ ਅਸੀਂ ਆਪਣੇ ਜਿਉਂਦੇ ਜੀਅ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੀਏ ਤਾਂ ਜੋ ਸਾਨੂੰ ਫਿਰ ਤੋਂ ਆਵਾਗਉਣ ਵਿੱਚ ਨਾ ਪੈਣਾ ਪਵੇ ਭਾਵ ਭਰਮ ਰੂਪ ਚੋਲਾ, ਹਉਮੈ ਰੂਪ ਚੋਲਾ, ਝੂਠੀ ਹੋਂਦ ਰੂਪ ਚੋਲਾ ਨਾ ਪਾਣਾ ਪਵੇ। ਅਸੀਂ ਪ੍ਰਮਾਤਮਾ ਨੂੰ ਲੱਭਣ ਲਈ, ਉਸਨੂੰ ਜਾਣਨ ਲਈ ਜਿਹੋ ਜਿਹੇ ਤਰੀਕੇ ਅਪਣਾਉਂਦੇ ਹਾਂ, ਜਿਸਨੂੰ ਅਸੀਂ ਆਪਣੀ ਭਗਤੀ ਦੇ ਤਰੀਕੇ ਸਮਝਦੇ ਹਾਂ, ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਉਹਨਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਕਿਉਂਕਿ ਪ੍ਰਮਾਤਮਾ ਨੇ ਸਾਨੂੰ ਜਦੋਂ ਵੀ ਮਿਲਣਾ ਹੈ ਮਨ ਦੇ ਅੰਦਰੋਂ ਹੀ ਮਿਲਣਾ ਹੈ, ਮਨ ਦੇ ਗਿਆਨ ਰਾਹੀਂ ਮਿਲਣਾ ਹੈ।

"ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥

ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥"

ਹਰ ਕਿਸੇ ਨੂੰ ਪ੍ਰਮਾਤਮਾ ਨੇ ਆਗਿਆਨਤਾ ਵਿੱਚ, ਭਰਮ ਵਿੱਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ ਵਿੱਚ ਰੱਖਿਆ ਹੋਇਆ ਹੈ ਜਿਸਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਕਿੱਥੇ ਮਿਲਣਾ ਹੈ, ਕਿਵੇਂ ਮਿਲਣਾ ਹੈ ਤੇ ਕਿਸ ਰੂਪ ਵਿੱਚ ਮਿਲਣਾ ਹੈ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ। ਅਸੀਂ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਹੋਣਾ ਸਮਝਦੇ ਹਾਂ ਜਿਸ ਕਰਕੇ ਅਸੀਂ ਉਸਨੂੰ ਆਪਣੇ ਅੰਦਰੋਂ ਖੋਜਣ ਦੀ ਬਜਾਏ ਬਾਹਰੋਂ ਕਿਤੋਂ ਖੋਜਣਾ ਸਮਝਦੇ ਹਾਂ। ਇਹ ਮਨੁੱਖ ਦਾ ਸਭ ਤੋਂ ਵੱਡਾ ਭਰਮ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਦੁਆਰਾ ਉਹ ਆਪਣੀ ਖੇਡ ਚਲਾ ਰਿਹਾ ਹੈ। ਪ੍ਰਮਾਤਮਾ ਦਾ ਗੁਰਬਾਣੀ ਨੂੰ ਰਚਨ ਦਾ ਮਕਸਦ ਮਨੁੱਖ ਨੂੰ ਇਸ ਭਰਮ ਵਿੱਚੋਂ ਤੇ ਹੋਰ ਅਨੇਕਾਂ ਭਰਮਾਂ ਵਿੱਚੋਂ

30/3372

ਕੱਢਣ ਦਾ ਹੀ ਹੈ ਤਾਂ ਜੋ ਸੰਸਾਰ ਸਮਝ ਸਕੇ ਕਿ ਪ੍ਰਮਾਤਮਾ ਦਾ ਨਿਰਗੁਣ ਰੂਪ ਕੀ ਹੈ ਭਾਵ ਅਸਲ ਰੂਪ ਕੀ ਹੈ ਤੇ ਉਸਨੇ ਕਿੱਥੋਂ ਤੇ ਕਿਵੇਂ ਮਿਲਣਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਇਹ ਗੱਲ ਵਾਰ-ਵਾਰ ਸਮਝਾਈ ਹੋਈ ਹੈ ਪਰ ਅੱਜ ਵੀ ਹਰ ਕੋਈ ਖਾਸ ਕਰਕੇ ਭਾਰਤ ਵਰਸ਼ ਵਿੱਚ ਉਹੋ ਜਿਹੀ ਭਗਤੀ ਵਿੱਚ ਲੱਗਾ ਹੋਇਆ ਹੈ ਜੋ ਧਾਰਨਾ ਸਾਡੇ ਅੰਦਰ ਸਦੀਆਂ ਤੋਂ ਬਣੀ ਹੋਈ ਹੈ। ਅਸੀਂ ਕੇਵਲ ਧਰਮ ਗ੍ਰੰਥਾਂ ਦੇ ਪੜਨ ਤੱਕ ਸੀਮਿਤ ਹਾਂ। ਪਰ ਉਹਨਾਂ ਦੇ ਸਮਝਾਏ ਹੋਏ ਸੱਚ ਨੂੰ ਨਹੀਂ ਸਮਝਦੇ ਤੇ ਉਸ ਤੇ ਅਮਲ ਨਹੀਂ ਕਰਦੇ। ਹਰ ਕੋਈ ਤੀਰਥਾਂ ਆਦਿ ਤੇ ਜਾਣ ਨੂੰ ਹੀ, ਤੀਰਥਾਂ ਤੇ ਇਸ਼ਨਾਨ ਕਰਨ ਨੂੰ ਹੀ, ਸਰੀਰਕ ਜਪਾਂ ਤਪਾਂ ਆਦਿ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ, ਜਿਸ ਦੁਆਰਾ ਸਾਨੂੰ ਆਪਣੇ ਮਨ ਦੀ ਸੋਝੀ ਨਹੀਂ ਪੈ ਸਕਦੀ ਜਿੱਥੇ ਸਾਡੇ ਅੰਦਰ ਪ੍ਰਮਾਤਮਾ ਦਾ ਟਿਕਾਣਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਾਇਆ ਹੈ ਕਿ ਉਹ ਕੇਵਲ ਸੱਚ ਦੇ ਮਾਰਗ ਤੇ ਚੱਲਣ ਦੁਆਰਾ ਮਿਲਦਾ ਹੈ ਭਾਵ ਉਸ ਤਰੀਕੇ ਮਿਲਦਾ ਹੈ ਜਿਵੇਂ ਗੁਰੂ ਕਹਿੰਦਾ ਹੈ ਕਿਉਂਕਿ ਸੱਚ ਕੇਵਲ ਉਹੀ ਹੈ ਜੋ ਗੁਰੂ ਕਹਿੰਦਾ ਹੈ ਤੇ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਦ ਤੱਕ ਅਸੀਂ ਗੁਰੂ ਦੀ ਮਤਿ ਨੂੰ ਮੂਲ ਰੂਪ ਵਿੱਚ ਨਹੀਂ ਅਪਣਾਉਂਦੇ ਤਦ ਤੱਕ ਅਸੀਂ ਭਰਮ ਵਿੱਚ ਹੀ ਭਟਕਦੇ ਰਹਾਂਗੇ ਤੇ ਉਹੋ ਜਿਹੇ ਤਰੀਕਿਆਂ ਦੇ ਪਿੱਛੇ ਲੱਗੇ ਰਹਾਂਗੇ ਜਿੰਨ੍ਹਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਉਸਦੇ ਨਾਲ ਝਗੜਾ ਨਹੀਂ ਨਿਬੜ ਸਕਦਾ। **(ਜੈ ਕਾਰਣਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ॥)**

ਜਦ ਤੱਕ ਅਸੀਂ ਪ੍ਰਮਾਤਮਾ ਨੂੰ ਜਿਉਂਦੇ ਜੀਅ ਆਪਣੇ ਅੰਦਰੋਂ ਨਹੀਂ ਦੇਖਦੇ, ਉਸਦੇ ਦਰਸ਼ਨ ਨਹੀਂ ਕਰਦੇ ਤਦ ਤੱਕ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆ ਸਕਦਾ ਕਿ ਮਰਦਾ ਅਸਲ ਵਿੱਚ ਕੋਈ ਵੀ ਨਹੀਂ ਹੈ ਕਿਉਂਕਿ ਸਭ ਦੇ ਅੰਦਰ ਜੀਅ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜਿਵੇਂ ਅਸੀਂ ਪਿੱਛੇ ਪੰਗਤੀਆਂ ਦੁਆਰਾ ਸਮਝਿਆ ਹੈ ਉਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਦ੍ਰਿੜ ਕਰਵਾਈ ਹੋਈ ਹੈ ਤਾਂ ਜੋ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਸਕੇ ਕਿ ਅਸਲੀਅਤ ਕੀ ਹੈ, ਜਨਮ ਮਰਨ ਦੀ ਅਸਲੀਅਤ ਕੀ ਹੈ।

"ਹਉ ਨ ਮੂਆ ਮੇਰੀ ਮੁਈ ਬਲਾਇ॥ ਓਹੁ ਨ ਮੂਆ ਜੋ ਰਹਿਆ ਸਮਾਇ॥

ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥ ਮਰਤਾ ਜਾਤਾ ਨਦਰਿ ਨ ਆਇਆ॥"

30/3373

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਜਦੋਂ ਮਨੁੱਖ ਮਰਦਾ ਹੈ, ਸਰੀਰਕ ਰੂਪ ਵਿੱਚ ਮਰਦਾ ਹੈ ਉਦੋਂ ਅਸਲ ਵਿੱਚ ਮੌਤ ਕਿਸਦੀ ਹੁੰਦੀ ਹੈ ਕਿਉਂਕਿ ਸਭ ਦੇ ਅੰਦਰ ਆਪ ਪ੍ਰਮਾਤਮਾ ਹੀ ਹੈ। ਇੱਥੇ ਸਾਨੂੰ ਉਹੋ ਜਿਹਾ ਮਰਨਾ

ਹੀ ਸਮਝਾਇਆ ਹੋਇਆ ਹੈ ਜਿਹੋ ਜਿਹਾ ਮਰਨਾ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਦੇ ਮਰਨ ਦੇ ਨਾਲ ਅਸਲ ਵਿੱਚ ਜੀਵ ਰੂਪ ਦੀ ਮੌਤ ਨਹੀਂ ਹੁੰਦੀ ਬਲਕਿ ਮੌਤ ਸਾਡੇ ਅੰਦਰ ਦੇ ਭਰਮ ਦੀ ਹੁੰਦੀ ਹੈ, ਸਾਡੇ ਅੰਦਰ ਦੀ ਹਉਮੈ ਵਾਲੀ ਅਵੱਸਥਾ ਦੀ ਹੁੰਦੀ ਹੈ ਜਿਸ ਨੂੰ ਕਿ ਸਾਡੀ "ਬਲਾਇ" ਕਹਿ ਕੇ ਸਮਝਾਇਆ ਹੋਇਆ ਹੈ। ਇਹ ਹਉਮੈ ਰੂਪ ਬਲਾਇ ਪ੍ਰਮਾਤਮਾ ਨੇ ਸਭ ਦੇ ਅੰਦਰ ਜਨਮ ਤੋਂ ਹੀ ਪਾਈ ਹੋਈ ਹੈ ਜੋ ਕਿ ਸਾਡੇ ਅੰਦਰ ਮਾਇਆ ਮੋਹ ਦੀ ਜੁਗਤਿ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ ਜਿਸਨੇ ਸਾਨੂੰ ਪ੍ਰਮਾਤਮਾ ਦੇ ਮੇਲ ਨਾਲੋਂ ਦੂਰ ਰੱਖਿਆ ਹੋਇਆ ਹੈ, **"ਦੁੱਖ"** ਵਿੱਚ ਰੱਖਿਆ ਹੋਇਆ ਹੈ। ਇਹ ਬਲਾਇ ਮਨ ਦਾ ਭਰਮ ਨਿਕਲਣ ਤੋਂ ਬਾਅਦ ਹੀ ਦੂਰ ਹੁੰਦੀ ਹੈ ਜਦੋਂ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਇਸਦੇ ਰਹਿੰਦੇ ਹੋਏ ਮੈਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਨਹੀਂ ਸਕਿਆ, ਸੰਸਾਰ ਦੇ ਸੱਚ ਨੂੰ ਜਾਣ ਨਹੀਂ ਸਕਿਆ। ਜਦ ਤੱਕ ਇਹ ਬਲਾਅ ਸਾਡੇ ਜਿਉਂਦੇ ਹੋਏ ਨਹੀਂ ਮਰਦੀ ਤਦ ਤੱਕ ਪ੍ਰਮਾਤਮਾ ਸਾਨੂੰ ਨਾਸਮਝੀ ਵਿੱਚ ਪਾਈ ਰੱਖਦਾ ਹੈ ਤੇ ਇਹ ਹਉਮੈ ਰੂਪ ਬਲਾਅ ਨਾਲ ਹੀ ਜਨਮ ਤੋਂ ਸਾਡੇ ਗਲ ਪਾ ਦਿੰਦਾ ਹੈ। ਇਸ ਬਲਾਅ ਨੂੰ ਜਿਉਂਦੇ ਜੀਅ ਆਪਣੇ ਗਲੋਂ ਲਾਹੇ ਬਿਨ੍ਹਾਂ ਅਸੀ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ। ਇਹ ਕੇਵਲ ਉਸ ਪ੍ਰਮਾਤਮਾ ਦੀ ਰਜ਼ਾ ਹੈ ਕਿ ਉਹ ਇਸ ਬਲਾ ਨੂੰ ਸਾਡੇ ਗਲੋਂ ਲਾਹ ਦੇਵੇ, ਹਉਮੈ ਨੂੰ ਸਾਡੇ ਗਲੋਂ ਲਾਹ ਦੇਵੇ। ਇਹ ਹਉਮੈ ਰੂਪ ਬਲਾਅ ਸਾਡੇ ਗਲੋਂ ਨਾਮ ਨੇ ਹੀ ਉਤਾਰਨੀ ਹੈ, ਪ੍ਰਮਾਤਮਾ ਨੇ ਹੀ ਉਤਾਰਨੀ ਹੈ ਤੇ ਉਹ ਤਾਂਹੀ ਉਤਰ ਸਕੇਗੀ ਜੇਕਰ ਅਸੀਂ ਨਾਮ ਦੀ ਸਿੱਖਿਆ ਅਨੁਸਾਰ ਚੱਲਾਂਗੇ ਜਿਵੇਂ ਕਿ ਬਾਣੀ ਰਾਹੀਂ ਸਾਨੂੰ ਵਾਰ-ਵਾਰ ਹਉਮੈ ਵਿੱਚੋਂ ਨਿਕਲਣਾ ਸਿਖਾਇਆ ਹੋਇਆ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਸਿਖਾਇਆ ਹੋਇਆ ਹੈ। ਇਸ ਅਗਿਆਨਤਾ ਰੂਪ ਬਲਾਅ ਤੋਂ ਛੁਟਕਾਰਾ ਗੁਰੂ ਦੇ ਸੱਚੇ ਗਿਆਨ ਰਾਹੀਂ ਹੋਣਾ ਹੈ ਜੋ ਕਿ ਨਾਮ ਦਾ ਮਕਸਦ ਹੈ। ਜੇਕਰ ਅਸੀਂ ਨਾਮ ਦੀ ਸੱਚੀ ਮਤਿ ਨਾਲ ਜੁੜਨ ਦੀ ਬਜਾਇ ਇੱਕ ਅੱਖਰ ਦੇ ਜਪ ਨਾਲ ਜੁੜੇ ਰਹਾਂਗੇ, ਸ਼ਬਦਾਂ ਨੂੰ ਪੜਨ ਸੁਣਨ ਦੇ ਨਾਲ ਹੀ ਜੁੜੇ ਰਹਾਂਗੇ, ਫਿਰ ਇਹ ਬਲਾਅ ਸਾਡੇ ਗਲੋਂ ਨਹੀਂ ਲੈ ਸਕਦੀ ਬਲਕਿ ਜਿਤਨੀ ਅਸੀਂ ਮਨਹਠਿ ਵਧਾਉਂਦੇ ਹਾਂ, ਆਪਣਾ ਝੂਠਾ ਮਾਣ ਵਧਾਉਂਦੇ ਹਾਂ ਉਤਨੀ ਹੀ ਇਹ ਹਉਮੈ ਰੂਪ ਬਲਾਅ ਹੋਰ ਆਪਣੇ ਗੱਲ ਚਮੇੜਦੇ ਹਾਂ। ਨਾਮ ਦੀ ਸਹੀ ਸੋਝੀ ਨਾ ਹੋਣ ਕਰਕੇ ਹਰ ਕੋਈ ਇਸ ਬਲਾ ਦੇ ਚੁੰਗਲ ਵਿਚ ਹੋਰ ਫੱਸਦਾ ਜਾਂਦਾ ਹੈ।

30/3374

ਸਰੀਰ ਰੂਪ ਵਿੱਚ ਤਾਂ ਸਭ ਨੇ ਇੱਕ ਦਿਨ ਮਰ ਹੀ ਜਾਣਾ ਹੈ ਤਾਂ ਫਿਰ ਕਿਉਂ ਨਾ ਜਿਉਂਦੇ ਜੀਅ ਗੁਰਮਤਿ ਦੀ ਸੱਚਾਈ ਨੂੰ ਸਮਝੀਏ ਤੇ ਉਹੋ ਜਿਹਾ ਨਾਮ ਜਪੀਏ, ਉਹੋ ਜਿਹੀ ਸ਼ਬਦ ਦੀ ਕਮਾਈ ਕਰੀਏ ਜਿਸ ਦੁਆਰਾ ਇਹ ਹਉਮੈ ਰੂਪ ਬਲਾ ਸਾਡਾ ਪਿੱਛਾ ਛੱਡ ਦੇਵੇ ਤੇ ਸਾਨੂੰ ਸਮਝ ਲੱਗ ਸਕੇ ਕਿ ਇਹ ਸਰੀਰ ਮੇਰਾ ਨਹੀਂ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਸਾਰੀ ਗੱਲ ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਜੁੜੀ ਹੋਈ ਹੈ ਜਿਸਦੀ ਕਿ ਸਾਨੂੰ ਕਦਰ ਨਹੀਂ ਹੈ। ਅਸੀਂ ਉਹਨਾਂ ਦੀ ਸੋਝੀ ਦੇ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨੂੰ ਅਸੀਂ ਆਪਣੀ ਅਗਿਆਨਤਾ ਕਰਕੇ ਗੁਰੂ ਵਰਗੇ ਸਿਆਣੇ ਸਮਝ ਬੈਠੇ ਹਾਂ ਬਲਕਿ ਉਸ ਤੋਂ ਵੀ ਸਿਆਣੇ ਸਮਝ ਬੈਠੇ ਹਾਂ। ਆਉ ਜਿਉਂਦੇ ਜੀਅ ਗੁਰੂ ਦੀ ਮਤਿ ਨਾਲ ਜੁੜੀਏ, ਸੱਚ ਨਾਲ ਜੁੜੀਏ ਤੇ ਭਰਮ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ ਤਾਂ ਜੋ ਅਸੀਂ ਉਸ ਪ੍ਰਮਾਤਮਾ ਨੂੰ ਜਿਉਂਦੇ ਜੀਅ ਜਾਣ ਸਕੀਏ ਕਿ ਉਹ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਹੈ ਜੋ ਕਿ ਕਦੇ ਮਰ ਨਹੀਂ ਸਕਦਾ ਤੇ ਇਸੇ ਕਰਕੇ ਮੌਤ ਅਸਲ ਵਿੱਚ ਕਿਸੇ ਦੀ ਨਹੀਂ ਹੁੰਦੀ ਤੇ ਕੇਵਲ ਭਰਮ ਹੀ ਸੰਸਾਰ ਵਿੱਚ ਆ ਜਾ ਰਿਹਾ ਹੈ, ਹਉਮੈ ਹੀ ਆ ਜਾ ਰਹੀ ਹੈ। **(ਹਉ ਨ ਮੂਆ ਮੇਰੀ ਮੁਈ ਬਲਾਇ॥ ਓਹੁ ਨ ਮੂਆ ਜੋ ਰਹਿਆ ਸਮਾਇ॥)**

ਇਸ ਗੱਲ ਦੀ ਸਮਝ ਉਸਨੂੰ ਹੀ ਆਉਂਦੀ ਹੈ ਜੋ ਜਿਉਂਦੇ ਜੀਅ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ।

"ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥ ਮਰਤਾ ਜਾਤਾ ਨਦਰਿ ਨ ਆਇਆ॥"

ਬਹੁਤ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਸਾਨੂੰ ਇਸ ਗੱਲ ਦੀ ਸੋਝੀ ਕਿਵੇਂ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਦਾ ਵਿਸ਼ਵਾਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖੇ ਬਿਨ੍ਹਾਂ ਕਦੇ ਕਿਸੇ ਨੂੰ ਆ ਹੀ ਨਹੀਂ ਸਕਦਾ ਤੇ ਇਸੇ ਲਈ ਪ੍ਰਮਾਤਮਾ ਨੂੰ ਜਾਨਣ ਤੇ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੈ, ਉਸਦੇ ਨਿਰਗੁਣ ਰੂਪ ਨੂੰ, ਜੋਤਿ ਰੂਪ ਨੂੰ ਸਮਝਣ ਵਿੱਚ ਭਰਮ ਵਿੱਚ ਹੈ। ਅਸੀਂ ਉਹਨਾਂ ਦੀ ਮਤਿ ਦੇ ਪਿੱਛੇ ਲੱਗੇ ਹੋਏ ਹਾਂ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਨਿਰਗੁਣ ਸਰੂਪ ਦੀ,

ਸ਼ਬਦ ਰੂਪ ਦੀ, ਨਾਮ ਰੂਪ ਦੀ, ਬ੍ਰਹਮ ਗਿਆਨ ਰੂਪ ਦੀ, ਜੋਤਿ ਰੂਪ ਦੀ ਰੱਤੀ ਭਰ ਵੀ ਸਮਝ ਨਹੀਂ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਇਹ ਸੱਚਾ ਰੂਪ ਜਾਣੇ ਬਿਨ੍ਹਾਂ ਨਾ ਹੀ ਕਿਸੇ ਨੂੰ ਉਸਦੇ ਨਾਮ ਰੂਪ ਦੀ ਸਮਝ ਲੱਗ ਸਕਦੀ ਹੈ, ਉਸਦੇ ਗੁਰਮਤਿ ਰੂਪ ਦੀ ਸਮਝ ਲੱਗ

30/3375

ਸਕਦੀ ਹੈ ਤੇ ਨਾ ਹੀ ਕੋਈ ਕਿਸੇ ਨੂੰ ਨਾਮ ਬਾਰੇ ਸਮਝਾ ਸਕਦਾ ਹੈ। ਪ੍ਰਮਾਤਮਾ ਦੇ ਨਾਮ ਬਾਰੇ ਸਾਨੂੰ ਉਹਨਾਂ ਨੇ ਹੀ ਭਰਮਾਂ ਵਿੱਚ ਪਾਇਆ ਹੈ ਤੇ ਹੋਰ ਅਨੇਕਾਂ ਭਰਮਾਂ ਵਿੱਚ ਪਾਇਆ ਹੈ, ਸਰੀਰਕ ਜਪਾਂ-ਤਪਾਂ ਆਦਿ ਵਿੱਚ ਪਾਇਆ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਬਾਰੇ ਅਸਲ ਵਿੱਚ ਰੱਤੀ ਭਰ ਵੀ ਨਹੀਂ ਜਾਣਿਆ ਇਸੇ ਲਈ ਇਹੋ ਜਿਹੇ ਸਾਰੇ ਨਾਮ ਦੀ ਗੱਲ ਕਰਨ ਬਾਰੇ ਇੱਕੋ ਜਿਹੀ ਗੱਲ ਕਰਦੇ ਹਨ ਭਾਵ ਸਭ ਕਿਸੇ ਨ ਕਿਸੇ ਅੱਖਰ ਦੇ ਜਪ ਨਾਲ ਹੀ ਜੋੜਦੇ ਹਨ। ਜੇਕਰ ਅਸੀਂ ਹਕੀਕਤ ਵਿੱਚ ਉਸ ਬ੍ਰਹਮ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾਡ ਨੂੰ ਆਪਣੇ ਅੰਦਰੋਂ ਦੇਖਣ ਦੇ ਇਛੁਕ ਹਾਂ ਤੇ ਆਓ ਫਿਰ ਆਪਣਾ ਭਰੋਸਾ ਉੱਥੇ ਜੋੜੀਏ ਭਾਵ ਗੁਰਬਾਣੀ ਦੇ ਨਾਲ ਜੋੜੀਏ ਜਿਸਦੇ ਅੰਦਰ ਹਰ ਵੇਲੇ ਬ੍ਰਹਮ ਵੱਸਿਆ ਹੋਇਆ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖੇ ਬਿਨ੍ਹਾਂ ਸਾਨੂੰ ਜਦੋਂ ਕਿਸੇ ਦੀ ਸੰਸਾਰਿਕ ਮੌਤ ਹੁੰਦੀ ਹੈ ਉਸ ਵਿੱਚ ਕਿਸੇ ਜੀਵ ਦੀ ਮੌਤ ਨਜ਼ਰ ਆਉਂਦੀ ਹੈ ਪਰ ਅਸਲ ਵਿੱਚ ਇਹ ਸੱਚਾਈ ਨਹੀਂ ਹੈ। ਹਰ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਦੇ ਮਰ ਸਕਦਾ ਹੀ ਨਹੀਂ ਕਿਉਂਕਿ ਉਹ ਨਿਰਗੁਣ ਰੂਪ ਹੈ ਜੋ ਪੰਜਾਂ ਤੱਤਾਂ ਤੋਂ ਬਾਹਰ ਹੈ। **(ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥ ਮਰਤਾ ਜਾਤਾ ਨਦਰਿ ਨ ਆਇਆ॥)**

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥}

(ਅੰਗ ੧੩੮)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥}

(ਅੰਗ ੯੯੯)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ ੧੦੦੩)

{ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ ॥
ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ ॥
ਹਉਮੈ ਰੋਗੁ ਖ੍ਮੁ ਕਟੀਐ ਨਾ ਆਵੈ ਨਾ ਜਾਗੁ ॥੨॥}

(ਅੰਗ ੪੭)

{ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥}

(ਅੰਗ ੫੬੦)

30/3376

{ਕਉਨੁ ਮੂਆ ਰੇ ਕਉਨੁ ਮੂਆ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥੧॥ ਰਹਾਉ ॥}

(ਅੰਗ ੮੮੫)

{ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥}

(ਅੰਗ ੮੮੫)

{ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੮੮੫)

{ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥}

(ਅੰਗ ੭੩੬)

ਪੀਪਾ ॥

{ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥}

(ਅੰਗ ੬੯੫)

ਹਰ ਜੀਵ ਰੂਪ ਦੇ ਵਿੱਚ ਭਾਵੇਂ ਉਹ ਚੱਲਣ ਫਿਰਨ ਵਾਲਾ ਜੀਵ ਹੈ, ਸੁਣਨ ਬੋਲਣ ਵਾਲਾ ਜੀਵ ਹੈ ਭਾਵ ਮਾਸ ਰੂਪ ਜੀਵ ਹੈ ਤੇ ਭਾਵੇਂ ਉਹ ਬਨਸਪਤੀ ਹੈ ਉਸ ਵਿੱਚ ਵੀ ਜੀਵ ਹੈ। ਸਾਇੰਸ ਨੇ ਇਸ ਗੱਲ ਨੂੰ ਕੁੱਝ ਦਹਾਕੇ ਪਹਿਲੇ ਕਬੂਲਿਆ ਹੈ ਕਿ ਹਰ ਬਨਸਪਤੀ ਜੀਵ ਰੂਪ ਹੈ ਪਰ ਗੁਰਬਾਣੀ ਵਿੱਚ ਇਹ ਗੱਲ ਸੈਂਕੜੇ ਸਾਲਾਂ ਤੋਂ ਦਰਜ ਹੈ ਕਿ ਹਰ ਬਨਸਪਤੀ ਜੀਵ ਰੂਪ ਹੈ। ਜੋ "ਜੀਵ ਰੂਪ" ਪ੍ਰਮਾਤਮਾ ਦਾ ਮਾਸ ਰੂਪ ਦੇ ਵਿੱਚ ਹੈ ਉਹੀ "ਜੀਵ ਰੂਪ" ਪ੍ਰਮਾਤਮਾ ਦਾ ਸਾਗ ਰੂਪ ਵਿੱਚ ਹੈ ਜੋ ਕਿ ਉਸਦਾ ਜੋਤਿ ਰੂਪ ਹੈ, ਗਿਆਨ ਰੂਪ ਹੈ। ਕੇਵਲ ਆਪਣੇ ਜੋਤਿ ਰੂਪ ਨੂੰ ਟਿਕਾਉਣ ਦਾ ਤਰੀਕਾ ਪ੍ਰਮਾਤਮਾ ਨੇ ਵੱਖਰਾ-ਵੱਖਰਾ ਬਣਾਇਆ ਹੋਇਆ ਹੈ ਜਿਸ ਦੁਆਰਾ ਉਹ ਸਭ ਦੀ ਸੰਭਾਲ ਕਰਦਾ ਹੈ। ਬਨਸਪਤੀ ਵਾਲੇ ਜੀਵਾਂ ਵਿੱਚ ਉਸਨੇ ਬੀਜ ਰੂਪ ਦੁਆਰਾ ਉਹਨਾਂ ਵਿੱਚ ਜੋਤਿ ਰੂਪ ਗਿਆਨ ਪਾਇਆ ਹੋਇਆ ਹੈ ਤੇ ਮਾਸ ਵਾਲੇ ਜੀਵਾਂ ਵਿੱਚ ਇੰਦਰੀਆਂ ਰਾਹੀਂ, ਮਨ ਰਾਹੀਂ ਗਿਆਨ ਪਾਇਆ ਹੋਇਆ ਹੈ ਜਿਸ ਦੁਆਰਾ ਹਰ ਵਸਤੂ ਆਪਣਾ-ਆਪਣਾ ਮਕਸਦ ਪੂਰਾ ਕਰਦੀ ਹੈ। ਅਸੀ ਕੇਵਲ ਮਾਸ ਰੂਪ ਨੂੰ ਹੀ ਜੀਵ ਰੂਪ ਸਮਝਦੇ ਹਾਂ ਜਦਕਿ ਸਾਗ ਵੀ ਜੀਵ ਰੂਪ ਹੈ, ਕੇਵਲ ਸਮਝਣ ਦਾ ਫਰਕ ਹੈ ਜੋ ਭੇਦ ਪ੍ਰਮਾਤਮਾ ਨੂੰ ਮਨ ਦੇ ਅੰਦਰੋਂ ਜਾਨਣ ਤੋਂ ਬਾਅਦ ਹੀ ਸਮਝਿਆ ਜਾ

30/3377

ਸਕਦਾ ਹੈ ਕਿ ਸਭ ਦੇ ਅੰਦਰ ਜੋਤਿ ਇੱਕੋ ਇੱਕ ਪ੍ਰਮਾਤਮਾ ਦੀ ਹੀ ਵਰਤਦੀ ਹੈ ਤੇ ਰੂਪ ਸਭ ਦਾ ਵੱਖਰਾ-ਵੱਖਰਾ ਹੈ। ਆਪ ਹੀ ਉਹ ਮਾਸ ਰੂਪ ਹੈ ਤੇ ਆਪ ਹੀ ਉਹ ਸਾਗ ਰੂਪ ਹੈ। ਸਾਗ ਰੂਪ ਨੂੰ ਪੈਦਾ ਕਰਨ ਦਾ ਉਸਦਾ ਮਕਸਦ ਹੋਰ ਹੈ ਤੇ ਮਾਸ ਰੂਪ ਨੂੰ ਪੈਦਾ ਕਰਨ ਦਾ ਮਕਸਦ ਹੋਰ ਹੈ। ਮਾਸ ਰੂਪ ਵਿੱਚ ਕੇਵਲ ਇੱਕ ਮਨੁੱਖੀ ਸਰੀਰ ਉਸਨੇ ਇਹੋ ਜਿਹਾ ਬਣਾਇਆ ਹੈ ਜਿਸ ਰਾਹੀਂ ਉਸ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸਮਝ ਗਿਆਨ ਰੂਪ ਵਿੱਚ ਪੈਂਦੀ ਹੈ ਤੇ ਉਹ ਸੋਝੀ ਦਾ ਤਰੀਕਾ ਪ੍ਰਮਾਤਮਾ ਨੇ ਕੇਵਲ ਮਨੁੱਖ ਦੇ ਅੰਦਰ ਪਾਇਆ ਹੋਇਆ ਹੈ ਜਿਸ ਦੁਆਰਾ ਉਸਨੂੰ ਜਾਣਿਆ ਜਾ ਸਕਦਾ ਹੈ। ਕਿਉਂਕਿ ਇਹ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਖੇਡ ਹੈ ਇਸ ਲਈ ਮਨੁੱਖ ਨੂੰ ਉਸਨੇ ਆਪਣੇ ਤੋਂ ਵੱਖਰਾ ਰੱਖਣ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਭਾਵ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਤੇ ਚਉਥਾ ਪਦ ਕੇਵਲ ਮਨੁੱਖੀ ਅਵੱਸਥਾ ਵਿੱਚ ਹੀ ਮਿਲ ਸਕਦਾ ਹੈ ਜਿਸ ਰਾਹੀਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ।

ਭਾਵੇਂ ਕਿਸੇ ਵਸਤੂ ਦਾ ਸਾਗ ਰੂਪ ਹੈ ਭਾਵੇਂ ਕਿਸੇ ਵਸਤੂ ਦਾ ਮਾਸ ਰੂਪ ਹੈ ਇਹ ਸਾਰੇ ਰੂਪ ਪੰਜਾਂ ਤੱਤਾਂ ਦੇ ਹੀ ਬਣੇ ਹੋਏ ਹਨ ਤੇ ਪੰਜਾਂ ਤੱਤਾਂ ਦੀ ਅਸੀ ਇਸ ਗੱਲੋਂ ਪਹਿਚਾਣ ਨਹੀਂ ਕਰ ਸਕਦੇ ਭਾਵ ਪੰਜਾਂ ਤੱਤਾਂ ਨੂੰ ਇਸ ਗੱਲੋਂ ਵੱਖਰਾ ਨਹੀਂ ਕਰ ਸਕਦੇ ਕਿ ਕਿਹੜਾ ਤੱਤ ਵੇਜ ਹੈ ਤੇ ਕਿਹੜਾ ਤੱਤ ਨਾਨ-ਵੇਜ ਹੈ। ਜੇ ਕੋਈ ਸਾਗ ਖਾਂਦਾ ਹੈ ਉਸ ਦੁਆਰਾ ਸਾਡੇ ਅੰਦਰ ਮਾਸ ਬਣ ਜਾਂਦਾ ਹੈ ਭਾਵ ਮਾਸ ਤੇ ਸਾਗ ਵਿੱਚ ਮੂਲ ਰੂਪ ਵਿੱਚ ਕੋਈ ਫਰਕ ਨਹੀਂ ਹੈ। ਮਾਸ ਵਾਲੇ ਸਰੀਰ ਵਿੱਚੋਂ ਵੀ ਦੁੱਧ ਨਿਕਲਦਾ ਹੈ ਜਿਸ ਨੂੰ ਅਸੀਂ ਵੈਸ਼ਨੋ ਕਹਿੰਦੇ ਹਾਂ। ਸਾਡੇ ਅੰਦਰ ਖੂਨ ਵੀ ਬਣਦਾ ਹੈ ਤੇ ਦੁੱਧ ਵੀ ਬਣਦਾ ਹੈ ਜੋ ਕਿ ਮਾਸ ਦੇ ਅੰਦਰ ਹੀ ਬਣਦਾ ਹੈ। ਖੂਨ ਤੇ ਮਾਸ ਦੇ ਵਿੱਚ ਕੇਵਲ ਕੈਮੀਕਲ ਕੰਪੋਜੀਸ਼ਨ ਦਾ ਫਰਕ ਹੈ ਭਾਵ ਤੱਤਾਂ ਦੀ ਮਿਲਾਵਟ ਦਾ, ਮਿਕਦਾਰ ਦਾ ਫਰਕ ਹੈ ਭਾਵ ਮੂਲ ਰੂਪ ਸਭ ਦਾ ਇਕੋ ਹੀ ਹੈ ਤੇ ਕੇਵਲ ਸਾਡੀ ਸਮਝ ਵਿੱਚ ਫਰਕ ਹੈ। ਜੋ ਜੀਵ ਦੁੱਧ ਦਿੰਦੇ ਹਨ ਭਾਵੇਂ ਸਾਗ ਖਾਂਦੇ ਹਨ ਤੇ ਭਾਵੇਂ ਉਹ ਮਾਸ ਖਾਂਦੇ ਹਨ ਦੁੱਧ ਨੂੰ ਕੋਈ ਫਰਕ ਨਹੀਂ ਪੈਂਦਾ। ਸ਼ੇਰਨੀ ਦਾ ਪੂਰਾ ਜੀਵਨ ਮਾਸ ਖਾਣ ਨਾਲ ਬੀਤਦਾ ਹੈ। ਉਹ ਮਾਸ ਦਾ ਪੁਤਲਾ ਹੈ ਤੇ ਮਾਸ ਹੀ ਖਾਂਦੀ ਹੈ ਤੇ ਉਹ ਦੁੱਧ ਵੀ ਦਿੰਦੀ ਹੈ ਜੋ ਕਿ ਉਸਦੇ ਬੱਚੇ ਪੀਂਦੇ ਹਨ। ਫਿਰ ਸ਼ੇਰਨੀ ਦਾ ਦੁੱਧ ਵੈਜ ਹੈ ਜਾਂ ਨਾਨ-ਵੈਜ ਹੈ ਇਸ ਦਾ ਫੈਸਲਾ ਕਰਕੇ ਦੇਖੋ ਤੇ ਆਪੇ ਹੀ ਸਮਝ ਲੱਗ ਜਾਵੇਗੀ ਕਿ ਇਸ ਗੱਲ ਵਿੱਚ ਭੇਦ ਨਹੀਂ ਹੈ ਭਾਵ ਸਾਇੰਟਿਫਿਕਲੀ ਕੋਈ ਭੇਦ ਨਹੀਂ ਕੀਤਾ ਜਾ ਸਕਦਾ। ਭੇਦ ਸਾਰਾ ਜੋਤਿ ਰੂਪ ਨੂੰ ਨਾ ਸਮਝਣ ਦਾ ਹੈ, ਨਿਰਗੁਣ ਰੂਪ ਨੂੰ ਨਾ ਸਮਝਣ ਦਾ ਹੈ ਜਿਸ ਦੁਆਰਾ ਇਹ ਸਰਗੁਣ ਰੂਪ ਬਣਦਾ ਹੈ ਤੇ ਚੱਲ ਰਿਹਾ ਹੈ। ਨਿਰਗੁਣ ਰੂਪ ਵਿੱਚ ਪ੍ਰਮਾਤਮਾ

30/3378

ਆਪ ਹੈ ਜੋ ਕਦੇ ਬਿਨਸ ਨਹੀਂ ਸਕਦਾ ਤੇ ਉਹ ਸਰਗੁਣ ਰੂਪ ਨੂੰ ਬਣਾਕੇ ਆਪਣੇ ਨਿਰਗੁਣ ਰੂਪ ਦੁਆਰਾ ਆਪਣੀ ਖੇਡ, ਖੇਡ ਰਿਹਾ ਹੈ। ਅਸਲ ਵਿੱਚ ਮਰਦਾ ਕੋਈ ਵੀ ਨਹੀਂ ਹੈ ਕੇਵਲ ਭਰਮ ਦੇ ਰਹਿੰਦਿਆਂ ਅਸੀਂ ਇਸ ਗੱਲ ਨੂੰ ਸਮਝ ਨਹੀਂ ਸਕਦੇ ਤੇ ਇਸੇ ਲਈ ਜਦ ਤੱਕ ਮਨੁੱਖ ਇਸ ਗੱਲ ਨੂੰ ਨਹੀਂ ਸਮਝਦਾ, ਆਪਣੇ ਜਿਉਂਦੇ ਹੋਏ ਇਸ ਭਰਮ ਵਿੱਚੋਂ ਨਹੀਂ ਨਿਕਲਦਾ ਤਦ ਤੱਕ ਪ੍ਰਮਾਤਮਾ ਇਹ ਭਰਮ ਵਾਲੀ ਸਮਝ ਮਨੁੱਖ ਦੇ ਵਿੱਚ ਪਾ ਕੇ ਮਨੁੱਖ ਨੂੰ ਆਪਣੇ ਇਸ ਮਨੁੱਖੀ ਜੀਵਨ ਵਿੱਚ ਝੂਠੇ ਆਵਾਗਉਣ ਵਿੱਚ ਪਾਈ ਰੱਖਦਾ ਹੈ, ਆਵਾਗਉਣ ਉਸੇ ਦਾ ਹੀ ਨਿਬੜਦਾ ਹੈ ਜੋ ਆਪਣੇ ਜੀਵਨ ਵਿੱਚ ਇਸ ਭਰਮ ਤੋਂ ਮੁਕਤਿ ਹੋ ਜਾਂਦਾ

ਹੈ।

ਅਨੇਕਾ ਹੀ ਇਸ ਸੰਸਾਰ ਵਿੱਚ ਆਪਣੇ ਆਪ ਨੂੰ ਵੱਡਾ ਅਖਵਾ ਕੇ ਗਏ ਹਨ ਪਰ ਭਰਮ ਦੇ ਵਿੱਚ ਹੀ ਗਏ ਹਨ। ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਵੀ ਗੁਰਬਾਣੀ ਰਾਹੀਂ ਆਵਾਗਉਣ ਵਿੱਚ ਦੱਸਿਆ ਹੈ ਕਿਉਂਕਿ ਇਸ ਭਰਮ ਵਿੱਚੋਂ ਪ੍ਰਮਾਤਮਾ ਨੇ ਉਹਨਾਂ ਨੂੰ ਵੀ ਮੁਕਤਿ ਨਹੀਂ ਕੀਤਾ ਤੇ ਉਹ ਵੀ ਇਸ ਸੰਸਾਰ ਵਿੱਚੋਂ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹੀ ਗਏ ਹਨ, ਹਉਮੈ ਵਿੱਚ ਹੀ ਗਏ ਹਨ। ਜਿੰਨ੍ਹਾਂ ਕੋਲੋਂ ਅਸੀਂ ਮਾਸ, ਸਾਗ ਦੇ ਭੇਦ ਸਮਝੇ ਹਨ ਭਾਵ ਸਿੱਖੇ ਹਨ ਉਹ ਆਪ ਭਰਮ ਵਿੱਚ ਰਹੇ ਹਨ ਭਾਵ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਪਹਿਚਾਣਿਆ, ਉਸਦੇ ਨਿਰਗੁਣ ਰੂਪ ਨੂੰ, ਜੋਤਿ ਰੂਪ ਨੂੰ ਨਹੀਂ ਪਹਿਚਾਣਿਆ। ਬਨਸਪਤੀ ਵੀ ਜੀਵ ਰੂਪ ਹੈ ਤੇ ਇਸ ਕਰਕੇ ਫਿਰ ਬਨਸਪਤੀ ਨੂੰ ਕੱਟਣਾ ਵੀ ਜੀਵ ਹੱਤਿਆ ਹੈ ਤੇ ਫਿਰ ਇਸ ਤਰੀਕੇ ਜੀਵ ਹੱਤਿਆ ਤੋਂ ਬਾਹਰ ਕੋਈ ਵੀ ਨਹੀਂ ਹੈ। ਇਸ ਗੱਲ ਨੂੰ ਅਗਲੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫

ੴ ਸਤਿਗੁਰ ਪ੍ਰਸਾਦਿ ॥

"ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥
ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥
ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥"

(ਅੰਗ ੪੭੯)

"ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥
ਏਕੁ ਪੁਰਖੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥"

(ਅੰਗ ੫੯੬)

ਜਿੰਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ ਭਾਵ ਉਸਦੇ ਜੋਤਿ ਰੂਪ ਨੂੰ ਜਾਣਿਆ ਹੈ ਉਹਨਾਂ ਨੂੰ ਹੀ ਇਸ ਗੱਲ ਦੀ ਸਮਝ ਲੱਗੀ ਹੈ ਕਿ ਪ੍ਰਮਾਤਮਾ ਦੀ ਜੋਤਿ ਸਭ ਵਿੱਚ ਇੱਕੋ ਜਿਹੀ ਹੀ ਵਿਚਰਦੀ ਹੈ। ਜੋ ਜੋਤਿ ਪ੍ਰਮਾਤਮਾ ਦੀ ਮਨੁੱਖ ਦੇ ਅੰਦਰ ਹੈ ਉਹੀ ਜੋਤਿ ਪ੍ਰਮਾਤਮਾ ਦੀ ਬਨਸਪਤੀ ਵਿੱਚ ਹੈ। ਜਿਸ ਜੋਤਿ ਦੁਆਰਾ ਮਨੁੱਖ ਪ੍ਰਮਾਤਮਾ ਦਾ ਜੀਵ ਹੈ ਭਾਵ ਉਸਦਾ ਜੀਵ ਰੂਪ ਹੈ ਉਸੇ ਜੋਤਿ ਦੁਆਰਾ ਬਨਸਪਤੀ ਉਸਦਾ ਜੀਵ ਰੂਪ ਹੈ। ਅਸੀਂ ਦੇਹ ਨੂੰ ਉੱਚਾ ਸਮਝ ਬੈਠਦੇ ਹਾਂ ਕਿ ਇਹ ਦੇਹ ਹੀ ਪ੍ਰਮਾਤਮਾ ਦਾ ਰੂਪ ਹੈ। ਇਹੀ ਸਾਡਾ ਸਭ ਤੋਂ ਵੱਡਾ ਭਰਮ ਹੈ। ਦੇਹ ਉੱਚੀ ਨਹੀਂ ਹੈ ਬਲਕਿ ਉੱਚਾ ਉਸਦੇ ਅੰਦਰ ਦਾ ਨਿਰਗੁਣ ਰੂਪ ਹੈ, ਜੋਤਿ ਰੂਪ ਹੈ। ਜਿਸਨੇ ਆਪਣੇ ਅੰਦਰੋਂ ਜੋਤਿ ਰੂਪ ਦੇ ਦਰਸ਼ਨ

ਨਹੀਂ ਕੀਤੇ ਉਹਨਾਂ ਨੇ ਫਿਰ ਆਪਣੇ ਆਪ ਨੂੰ ਉੱਚਾ ਮੰਨਿਆ ਹੈ ਤੇ ਵੱਡਾ ਅਖਵਾਇਆ ਹੈ। ਜੋ ਭਰਮ ਉਹਨਾਂ ਦੇ ਅੰਦਰ ਵਰਤਿਆ ਹੈ ਉਹੀ ਭਰਮ ਉਹਨਾਂ ਨੂੰ ਮੰਨਣ ਵਾਲਿਆਂ ਵਿੱਚ ਵਰਤਿਆ ਹੈ ਤੇ ਹੁਣ ਵੀ ਵਰਤ ਰਿਹਾ ਹੈ ਕਿਉਂਕਿ ਪ੍ਰਮਾਤਮਾ

ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਹ ਆਪਣੀ ਖੇਡ ਚਲਾ ਰਿਹਾ ਹੈ। ਹਿੰਦੂ ਮਤਿ ਅਨੁਸਾਰ ਮਨੁੱਖੀ ਦੇਹਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ, ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਪ੍ਰਮਾਤਮਾ ਦਾ ਰੂਪ ਮੰਨਿਆ ਜਾਂਦਾ ਹੈ ਤੇ ਇਸੇ ਲਈ ਉਹਨਾਂ ਦੀ ਮੂਰਤੀ ਰੂਪ ਵਿੱਚ ਪੂਜਾ ਕੀਤੀ ਜਾਂਦੀ ਹੈ ਜਿਸਨੂੰ ਕਿ ਸਾਡਾ ਭਰਮ ਦੱਸਿਆ ਹੈ। ਜੋ ਦੇਹ ਬਿਨਸਨਹਾਰ ਹੈ ਉਹ ਗੁਰੂ ਕਿਵੇਂ ਹੋ ਸਕਦੀ ਹੈ, ਪ੍ਰਮਾਤਮਾ ਦਾ ਰੂਪ ਕਿਵੇਂ ਹੋ ਸਕਦੀ ਹੈ। ਪ੍ਰਮਾਤਮਾ ਤਾਂ ਕਦੇ ਮਰ ਹੀ ਨਹੀਂ ਸਕਦਾ, ਉਹ ਸਦਾ ਜਾਗਦਾ ਹੈ ਭਾਵ ਸਭ ਜਗ੍ਹਾ, ਸਭ ਵਿੱਚ ਹਰ ਵੇਲੇ ਮੌਜੂਦ ਹੈ। ਮੂਰਤੀਆਂ ਦੀ ਪੂਜਾ ਕਰਨ ਲਈ ਅਸੀਂ ਪੱਤਿਆਂ ਨੂੰ ਤੋੜਦੇ ਹਾਂ, ਫੁੱਲਾਂ ਆਦਿ ਨੂੰ ਤੋੜਦੇ ਹਾਂ। ਜਿੰਨ੍ਹਾਂ ਚੀਜਾਂ ਨੂੰ ਅਸੀਂ ਤੋੜਦੇ ਹਾਂ ਭਾਵ ਬਨਸਪਤੀ ਨੂੰ ਤੋੜਦੇ ਹਾਂ, ਪ੍ਰਮਾਤਮਾ ਦਾ ਅਸਲ ਰੂਪ, ਜੋਤਿ ਰੂਪ, ਗਿਆਨ ਰੂਪ, ਨਿਰਗੁਣ ਰੂਪ ਤਾਂ ਉਹਨਾਂ ਦੇ ਵਿੱਚ ਹੀ ਵੱਸਿਆ ਹੋਇਆ ਹੈ ਭਾਵ ਉਹਨਾਂ ਦੇ ਵਿੱਚ ਵੀ ਜੀਵ ਰੂਪ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ ਭਾਵ ਸਾਨੂੰ ਪ੍ਰਮਾਤਮਾ ਦੇ ਜੀਵ ਰੂਪ ਦੀ ਸੋਝੀ ਨਹੀਂ ਹੈ। ਉਸਦੇ ਜੀਵ ਰੂਪ ਨੂੰ ਤੋੜਕੇ ਅਸੀਂ ਨਿਰਜੀਵ ਰੂਪ ਦੀ ਪੂਜਾ ਕਰਦੇ ਹਾਂ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਜਿੰਨ੍ਹਾਂ ਨੂੰ ਅਸੀਂ ਪ੍ਰਮਾਤਮਾ ਦਾ ਰੂਪ ਸਮਝਕੇ ਉਹਨਾਂ ਦੇ ਨਿਰਜੀਵ ਰੂਪ ਨੂੰ ਪੂਜਦੇ ਹਾਂ ਪਰ ਪ੍ਰਮਾਤਮਾ ਦਾ ਉਹ ਅਸਲ ਰੂਪ ਤਾਂ ਉਹਨਾਂ ਫੁੱਲਾਂ, ਪੱਤਿਆਂ ਦੇ ਅੰਦਰ ਹੈ ਜਿਸਨੂੰ ਅਸੀਂ ਤੋੜਦੇ ਹਾਂ। ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਪੂਜਾ, ਸ਼ਬਦ ਰੂਪ ਦੀ ਪੂਜਾ, ਗਿਆਨ ਰੂਪ ਦੀ ਪੂਜਾ ਉਸਦੀ ਸੱਚੀ ਪੂਜਾ ਹੈ ਭਾਵੇਂ ਉਸਦੀ ਆਸਥਾ ਕਿਸੇ ਨਾਲ ਵੀ ਜੁੜੀ ਹੋਈ ਹੈ। **(ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥ ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥ ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥ ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥)**

ਪ੍ਰਮਾਤਮਾ ਦੇ ਜੀਵ ਰੂਪ ਦੀ ਸੋਝੀ ਕਿਸੇ ਨੂੰ ਨਹੀਂ ਹੈ ਜਿਸ ਕਰਕੇ ਮੂਰਤੀਆਂ ਆਦਿ ਦੀ ਪੂਜਾ ਹੁੰਦੀ ਹੈ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡੇ ਇਹ ਭੁਲੇਖੇ ਹੀ ਕੱਢੇ ਹੋਏ ਹਨ ਜਿੰਨ੍ਹਾਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਾਡੀ ਇਹੋ ਜਿਹੀ ਪੂਜਾ ਦਾ ਕਾਰਣ ਕੀ ਹੈ ਭਾਵ ਜੀਵ, ਨਿਰਜੀਵ ਵਿੱਚ ਭੇਦ ਨਾ ਸਮਝਣ ਦਾ ਕਾਰਣ ਕੀ ਹੈ ਇਹੀ ਗਲ ਸਾਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮਾਲਿਨਿ ਭੂਲੀ ਜਗੁ ਭੂਲਾਨਾ ਹਮ ਭੂਲਾਨੇ ਨਾਹਿ ॥

ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥"

30/3380

ਜਿਸ ਨੂੰ ਪ੍ਰਮਾਤਮਾ ਰੱਖਦਾ ਹੈ, ਜਿਸ ਤੇ ਆਪਣੀ ਕਿਰਪਾ ਕਰਦਾ ਹੈ ਭਾਵ ਜਿਸ ਨੂੰ ਆਪਣੇ ਦਰਸ਼ਨ ਕਰਵਾਉਂਦਾ ਹੈ, ਮਨ ਦੇ ਵਿੱਚ ਆਪਣਾ ਜੀਵ ਰੂਪ ਦਿਖਾਉਂਦਾ ਹੈ, ਜੋਤਿ ਰੂਪ ਦਿਖਾਉਂਦਾ ਹੈ ਉਸਨੂੰ ਮਨ ਦੇ ਭਰਮ ਵਿੱਚੋਂ ਹੀ ਕੱਢਦਾ ਹੈ, ਅਗਿਆਨਤਾ ਦੇ, ਹਉਮੈ ਦੇ ਪੜਦੇ ਵਿੱਚੋਂ ਹੀ ਕੱਢਦਾ ਹੈ। ਸਾਰੇ ਜੱਗ ਨੂੰ ਭੁੱਲਿਆ ਹੋਇਆ ਦੱਸਿਆ ਹੈ, ਭਗਤੀ ਦੀ ਸਹੀ ਸੋਝੀ ਨਾ ਹੋਣ ਕਰਕੇ ਭੁੱਲਿਆ ਹੋਇਆ ਦੱਸਿਆ ਹੈ ਪਰ ਉਸਦੀ ਭਗਤੀ ਕਰਨ ਵਾਲੇ ਕਦੇ ਇਸ ਗੱਲ ਨੂੰ ਮੰਨ ਨਹੀਂ ਸਕਦੇ ਕਿ ਉਹ ਭੁੱਲੇ ਹੋਏ ਹਨ ਕਿਉਂਕਿ ਹਰ ਕੋਈ ਆਪਣੀ ਆਪਣੀ ਭਗਤੀ ਕਰਨ ਦੇ ਤਰੀਕੇ ਨੂੰ ਠੀਕ ਹੀ ਸਮਝਦਾ ਹੈ। ਸਾਨੂੰ ਸਾਗ-ਮਾਸ ਵਿੱਚ ਭੇਦ ਦੱਸਣ ਵਾਲੇ ਅਸਲ ਵਿੱਚ ਭੁੱਲੇ ਹੋਏ ਹੀ ਹਨ ਕਿ ਪ੍ਰਮਾਤਮਾ ਦਾ ਜੀਵ ਰੂਪ ਕੀ ਹੈ। ਜੋ ਪ੍ਰਮਾਤਮਾ ਦੇ ਜੀਵ ਰੂਪ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਉਸਨੂੰ ਫਿਰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਦੇ ਅੰਦਰ ਜੀਵ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਭਰਮ ਤੋਂ ਮੁਕਤੀ ਬਖਸ਼ਦਾ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪ੍ਰਮਾਤਮਾ ਨੇ ਮਨ ਦੇ ਭਰਮ ਤੋਂ ਹੀ ਮੁਕਤਿ ਕੀਤਾ ਹੈ ਜਿਸ ਦੁਆਰਾ ਉਹਨਾਂ ਨੇ ਸੰਸਾਰ ਨੂੰ ਸੱਚ ਸਮਝਾਇਆ ਹੈ। **(ਮਾਲਿਨਿ ਭੂਲੀ ਜਗੁ ਭੂਲਾਨਾ ਹਮ ਭੂਲਾਨੇ ਨਾਹਿ ॥ ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥)**

ਮਨ ਦੇ ਵਿੱਚ ਭਰਮ ਦੇ ਕਾਰਣ ਹੀ ਅਸੀ ਸਾਗ ਖਾਣ ਨੂੰ ਪਵਿੱਤਰ ਖਾਣਾ ਸਮਝਦੇ ਹਾਂ ਤੇ ਮਾਸ ਖਾਣ ਨੂੰ ਅਪਵਿੱਤਰ ਸਮਝਦੇ ਹਾਂ ਕਿਉਂਕਿ ਮਾਸ ਨੂੰ ਖਾਣਾ ਅਸੀ ਜੀਵ ਨੂੰ ਖਾਣਾ ਸਮਝਦੇ ਹਾਂ ਇਸ ਕਰਕੇ ਮਾਸ ਦੇ ਖਾਣੇ ਨੂੰ ਅਪਵਿੱਤਰ ਸਮਝਦੇ ਹਾਂ ਤੇ ਸਾਗ ਦੇ ਖਾਣੇ ਨੂੰ ਪਵਿੱਤਰ ਸਮਝਦੇ ਹਾਂ ਕਿ ਉਸ ਵਿੱਚ ਜੀਵ ਨਹੀਂ ਹੈ। ਅਗਲੇ ਸ਼ਬਦ ਰਾਹੀਂ ਅਕਾਲ ਪੁਰਖ ਨੇ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਰਾਹੀਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਾਡਾ ਇਹ ਭਰਮ ਕੱਢਿਆ ਹੋਇਆ ਹੈ।

ਸਲੋਕੁ ਮਃ ੧ ॥

"ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥"

(ਅੰਗ ੪੭੨)

"ਸੂਤਕੁ" ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਵੀ ਕੁੱਝ ਸਮਝਿਆ ਹੈ। **"ਸੂਤਕੁ"** ਤੋਂ ਭਾਵ ਹੈ ਅਪਵਿੱਤਰਤਾ। ਪਹਿਲੀ ਹੀ ਪੰਗਤੀ ਨੂੰ

30/3381

ਧਿਆਨ ਨਾਲ ਸਮਝੋ ਕਿ "ਸੂਤਕੁ" ਸਾਡੇ ਮੰਨਣ ਜਾਂ ਨਾ ਮੰਨਣ ਦੀ ਗੱਲ ਹੈ। ਅਸਲ ਵਿੱਚ ਸੂਤਕ ਉਸ ਵਸਤੂ ਵਿੱਚ ਹੈ ਜਿਸਦੇ ਅੰਦਰ ਸਾਨੂੰ ਪ੍ਰਮਾਤਮਾ ਦਾ ਰੂਪ ਨਜ਼ਰ ਨਹੀਂ ਆਉਂਦਾ। ਜਦ ਤੱਕ ਕਿਸੇ ਵੀ ਵਸਤੂ ਨੂੰ ਅਸੀਂ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਦੇ ਹਾਂ ਫਿਰ ਉਹ ਵਸਤੂ ਅਪਵਿਤੱਰ ਹੈ। ਹਰ ਵਸਤੂ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਹੈ ਤੇ ਉਸਦੇ ਅੰਦਰ ਜੋਤਿ ਰੂਪ ਦੇ ਵਿੱਚ ਉਹ ਆਪ ਹੀ ਹੈ ਜਿਸ ਕਰਕੇ ਉਸ ਦੀ ਹਰ ਵਸਤੂ ਪਵਿੱਤਰ ਹੈ, ਉਸਦਾ ਹਰ ਮਾਇਆ ਰੂਪ ਪਵਿੱਤਰ ਹੈ। ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਹਰ ਵੇਸ ਵਿੱਚ ਪ੍ਰਮਾਤਮਾ ਆਪ ਹੀ ਹੈ ਫਿਰ ਸਾਨੂੰ ਕਿਸੇ ਵਸਤੂ ਵਿੱਚ ਸੂਤਕ ਨਜ਼ਰ ਨਹੀਂ ਆਵੇਗਾ ਕਿਉਂਕਿ ਸੰਸਾਰ ਵਿੱਚ ਕੁੱਝ ਵੀ ਅਪਵਿੱਤਰ ਨਹੀਂ ਹੈ। ਜੇਕਰ ਅਸੀਂ ਕਿਸੇ ਚੀਜ਼ ਨੂੰ ਪਵਿੱਤਰ ਮੰਨਦੇ ਹਾਂ ਜਾਂ ਅਪਵਿੱਤਰ ਮੰਨਦੇ ਹਾਂ ਇਸ ਵਿੱਚ ਸਾਡੀ ਨਾਸਮਝੀ ਹੈ। ਜਿਸ ਤਰੀਕੇ ਨਾਲ ਅਸੀਂ ਕਿਸੇ ਵਸਤੂ ਨੂੰ ਅਪਵਿੱਤਰ ਸਮਝਦੇ ਹਾਂ ਭਾਵ ਆਪਣੀ ਮਤਿ ਵਰਤਦੇ ਹਾਂ ਫਿਰ ਹਰ ਕੋਈ ਚੀਜ਼ ਅਪਵਿੱਤਰ ਹੈ ਭਾਵ ਸਾਨੂੰ ਪਵਿੱਤਰ-ਅਪਵਿੱਤਰ ਦੀ ਸਮਝ ਨਹੀਂ ਹੈ। **(ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥)**

{ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥੧॥
ਕਹੁ ਰੇ ਪੰਡੀਆ ਕਉਨ ਪਵੀਤਾ ॥ ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥}

(ਅੰਗ ੩੩੧)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜੋ ਵੀ ਇਸ ਸੰਸਾਰ ਵਿੱਚ ਉਤਪਤੀ ਹੁੰਦੀ ਹੈ ਉਸ ਸਭ ਦੇ ਅੰਦਰ ਸੂਤਕ ਹੈ ਭਾਵ ਕੋਈ ਵੀ ਚੀਜ ਪਵਿੱਤਰ ਨਹੀਂ ਹੈ। ਹਰ ਚੀਜ਼ ਤਦ ਤੱਕ ਅਪਵਿੱਤਰ ਹੈ ਜਦ ਤੱਕ ਸਾਨੂੰ ਉਸ ਵਿੱਚ ਪ੍ਰਮਾਤਮਾ ਦਾ ਰੂਪ ਨਜ਼ਰ ਨਹੀਂ ਆਉਂਦਾ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਇਸ ਗੱਲ ਦੀ ਸੋਝੀ ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ ਭਾਵ **"ਗਿਆਨੁ"** ਨੂੰ ਆਪਣੇ ਅੰਦਰ ਜਪਣ ਦੁਆਰਾ ਹੀ ਪੈਂਦੀ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਨ ਦੁਆਰਾ ਹੀ ਪੈਂਦੀ ਹੈ ਕਿ ਹਰ ਵੇਸ ਵਿੱਚ ਪ੍ਰਮਾਤਮਾ ਆਪ ਹੀ ਹੈ।

{ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥੩॥੪੧॥}

(ਅੰਗ ੩੩੧)

ਪਵਿੱਤਰਤਾ, ਅਪਵਿੱਤਰਤਾ ਜਾਨਣ ਦਾ ਭੇਦ ਸਾਡੇ ਅੰਦਰ ਹੀ ਹੈ। ਜਦ ਤੱਕ ਆਪਣੇ ਅੰਦਰੋਂ ਅਸੀਂ ਇਸ ਭੇਦ ਨੂੰ ਨਹੀਂ ਸਮਝਦੇ ਤਦ ਤੱਕ ਅਸੀਂ

30/3382

ਇਸ ਭੇਦ ਵਿੱਚੋਂ ਨਹੀਂ ਨਿਕਲ ਸਕਦੇ। ਅਸੀਂ ਜੋ ਕੁੱਝ ਵੀ ਜਾਣਦੇ ਹਾਂ ਉਹ ਮਨ ਦੇ ਵਿੱਚੋਂ ਹੀ ਜਾਣਦੇ ਹਾਂ, ਮਨ ਦੇ ਵਿਚਾਰਾਂ ਰਾਹੀਂ ਹੀ ਜਾਣਦੇ ਹਾਂ। ਆਪਣੇ ਅੰਦਰੋਂ ਇਸ ਭੇਦ ਨੂੰ ਜਾਣੇ ਬਿਨ੍ਹਾਂ ਕਿ ਹਰ ਰੂਪ ਪ੍ਰਮਾਤਮਾ ਦਾ ਹੀ ਹੈ ਤਦ ਤੱਕ ਅਸੀਂ ਇਸ

ਸੰਸਾਰ ਦੇ ਆਵਾਗਉਣ ਵਿੱਚ ਹੀ ਫਸੇ ਰਹਿੰਦੇ ਹਾਂ। ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਅੰਦਰੋਂ ਗਿਆਨ ਹੀ ਇਹੋ ਜਿਹਾ ਮਿਲਦਾ ਹੈ ਜੋ ਸਾਨੂੰ ਭਰਮ ਵਿੱਚ ਰੱਖਦਾ ਹੈ ਜਿਸ ਦੁਆਰਾ ਅਸੀ ਇਸ ਸੰਸਾਰ ਵਿੱਚ ਮਾਇਆ ਮੋਹ ਵਿੱਚ ਹੀ ਫਸੇ ਰਹਿੰਦੇ ਹਾਂ। ਇਸ ਬੰਧਨ ਤੋਂ ਉਹੀ ਛੁੱਟ ਸਕਦਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਭਾਵ ਜਿਸਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਉਸ ਮਨੁੱਖ ਨੂੰ ਫਿਰ ਕਿਸੇ ਵਿੱਚ ਸੂਤਕ ਨਜ਼ਰ ਨਹੀਂ ਆਉਂਦਾ ਭਾਵ ਕੋਈ ਵਸਤੂ ਅਪਵਿੱਤਰ ਨਜ਼ਰ ਨਹੀਂ ਆਉਂਦੀ ਕਿਉਂਕਿ ਸਭ ਦੇ ਵਿੱਚ ਪ੍ਰਮਾਤਮਾ ਆਪ ਹੈ ਤੇ ਉਹ ਪਵਿੱਤਰ ਹੈ। (**ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥ ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥੩॥੪੧॥**) ਸਾਡੇ ਅੰਦਰ ਇਹ ਸੂਤਕ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ, ਭਰਮ ਦੇ ਰੂਪ ਵਿੱਚ ਹੈ ਜਿਸ ਦੁਆਰਾ ਸਾਨੂੰ ਕਿਸੇ ਵਿੱਚ ਪ੍ਰਮਾਤਮਾ ਦੀ ਸੱਚੀ ਹੋਂਦ ਨਜ਼ਰ ਨਹੀਂ ਆਉਂਦੀ। ਆਪਣੇ ਅੰਦਰੋਂ ਸੂਤਕ ਦੂਰ ਹੋਣ ਦੇ ਨਾਲ ਫਿਰ ਸਮਝ ਲੱਗ ਜਾਂਦੀ ਹੈ ਕਿ ਸੂਤਕ ਕੁਛ ਵੀ ਨਹੀਂ ਹੈ ਭਾਵ ਸਭ ਕੁੱਝ ਪਵਿੱਤਰ ਹੈ।

{ਮਨ ਕਾ ਸੂਤਕੁ ਦੂਜਾ ਭਾਉ॥ ਭਰਮੇ ਭੂਲੇ ਆਵਉ ਜਾਉ ॥੧॥
ਮਨਮੁਖਿ ਸੂਤਕੁ ਕਬਹਿ ਨ ਜਾਇ॥ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥
ਸਭੋ ਸੂਤਕੁ ਜੇਤਾ ਮੋਹੁ ਆਕਾਰੁ॥ ਮਰਿ ਮਰਿ ਜੰਮੈ ਵਾਰੋ ਵਾਰ ॥੨॥
ਸੂਤਕੁ ਅਗਨਿ ਪਉਣੈ ਪਾਣੀ ਮਾਹਿ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥}

(ਅੰਗ ੨੨੯)

{ਨਿਰਭਉ ਆਪਿ ਨਿਰੰਤਰਿ ਜੋਤਿ॥ ਬਿਨੁ ਨਾਵੈ ਸੂਤਕੁ ਜਗਿ ਛੋਤਿ॥
ਦੁਰਮਤਿ ਬਿਨਸੈ ਕਿਆ ਕਹਿ ਰੋਤਿ॥ ਜਨਮਿ ਮੂਏ ਬਿਨੁ ਭਗਤਿ ਸਰੋਤਿ॥੪॥}

(ਅੰਗ ੪੧੩)

{ਸੂਤਕੁ ਅਗਨਿ ਭਖੈ ਜਗੁ ਖਾਇ॥ ਸੂਤਕੁ ਜਲਿ ਥਲਿ ਸਭ ਹੀ ਥਾਇ॥
ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥੯॥੪॥}

(ਅੰਗ ੪੧੩)

30/3383

"**ਸੂਤਕ**" ਨੂੰ ਸਮਝੇ ਬਿਨ੍ਹਾਂ ਅਸੀ ਮੁੱਖ ਸ਼ਬਦ ਨੂੰ ਉਸ ਭਾਵ ਵਿੱਚ ਨਹੀਂ ਸਮਝ ਸਕਦੇ ਜੋ ਭਾਵ ਸਾਨੂੰ ਸਮਝਾਉਣ ਲਈ ਸ਼ਬਦ ਦਾ ਮਕਸਦ ਹੈ। (**ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥**) ਇਸ ਸ਼ਬਦ ਰਾਹੀਂ ਸਾਨੂੰ ਖਾਣੇ ਦੀ ਪਵਿੱਤਰਤਾ, ਅਪਵਿੱਤਰਤਾ ਬਾਰੇ ਸਮਝਾਇਆ ਹੋਇਆ ਹੈ, ਸਾਗ ਜਾਂ ਮਾਸ ਵਾਲੇ ਖਾਣੇ ਦਾ ਭੇਦ ਸਮਝਾਇਆ ਹੋਇਆ ਹੈ ਕਿਉਂਕਿ ਅਸੀਂ ਸਾਗ ਵਾਲੇ ਖਾਣੇ ਵਿੱਚ ਪਵਿੱਤਰਤਾ ਸਮਝਦੇ ਹਾਂ ਤੇ ਮਾਸ ਦੇ ਖਾਣੇ ਬਾਰੇ ਅਪਵਿੱਤਰਤਾ ਸਮਝਦੇ ਹਾਂ।

ਖਾਣਾ ਬਣਾਉਣ ਲਈ ਪੁਰਾਤਨ ਸਮੇਂ ਤੋਂ ਗੋਹੇ ਅਤੇ ਲੱਕੜੀ ਦੀ ਵਰਤੋਂ ਹੁੰਦੀ ਆਈ ਹੈ ਤੇ ਹੁਣ ਵੀ ਭਾਰਤ ਦੇ ਦਿਹਾਤ ਵਿੱਚ ਇਸ ਦੀ ਵਰਤੋਂ ਖੁੱਲ ਕੇ ਕੀਤੀ ਜਾਂਦੀ ਹੈ ਜਿਸ ਦੁਆਰਾ ਖਾਣਾ ਪਕਾਇਆ ਜਾਂਦਾ ਹੈ, ਜਦੋਂ ਅਸੀਂ ਖਾਣੇ ਵਿੱਚ ਸਾਗ ਪਕਾਉਂਦੇ ਹਾਂ, ਆਪਣੇ ਵੱਲੋਂ ਪਵਿੱਤਰ ਖਾਣਾ ਸਮਝਦੇ ਹਾਂ, ਉਸ ਖਾਣੇ ਨੂੰ ਅਸੀਂ ਇਸ ਲਈ ਪਵਿੱਤਰ ਸਮਝਦੇ ਹਾਂ ਕਿ ਸਾਗ ਵਿੱਚ ਜੀਵ ਨਹੀਂ ਹੈ ਭਾਵ ਉਸ ਵਿੱਚ ਕੋਈ ਜੀਵ ਹੱਤਿਆ ਨਹੀਂ ਹੋਈ। ਗੋਹੇ ਅਤੇ ਲੱਕੜੀ ਦੀ ਵਰਤੋਂ ਕਰਕੇ ਜੋ ਖਾਣਾ ਬਣਾਇਆ ਜਾਂਦਾ ਹੈ ਉਹਨਾਂ ਦੇ ਅੰਦਰ ਕੀੜੇ ਹੁੰਦੇ ਹਨ ਭਾਵ ਜੀਵ ਹੁੰਦੇ ਹਨ ਜੋ ਕਿ ਖਾਣਾ ਬਣਾਉਣ ਲਈ ਵਿੱਚੇ ਹੀ ਸੜਦੇ ਹਨ ਭਾਵ ਉੱਥੇ ਅਸੀ ਜੀਵ ਹੱਤਿਆ ਹੀ ਕਰਦੇ ਹਾਂ ਕਿਉਂਕਿ ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੀ ਹੈ ਕਿ ਕੀੜੇ ਜੀਵ ਹਨ ਭਾਵੇਂ ਇਸ ਗੱਲ ਦੀ ਸਮਝ ਨਾ ਵੀ ਹੋਵੇ ਕਿ ਜੀਵ ਸਾਗ ਵਿੱਚ ਵੀ ਹੈ। (**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥**)

ਅਗਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਜੋ ਵੀ ਦਾਣੇ ਭਾਵ ਅਨਾਜ ਅਸੀਂ ਆਪਣੇ ਖਾਣੇ ਵਿੱਚ ਵਰਤਦੇ ਹਾਂ ਉਹ ਸਾਰੇ ਜੀਵ ਰੂਪ ਹਨ ਭਾਵ ਉਹਨਾਂ ਵਿੱਚ ਵੀ ਜੀਵ ਹੱਤਿਆ ਹੈ। ਪ੍ਰਮਾਤਮਾ ਹਰ ਵਸਤੂ ਦੇ ਅੰਦਰ, ਹਰ ਖਾਣ ਵਾਲੀ ਵਸਤੂ ਦੇ ਵਿੱਚ ਜੀਵ ਰੂਪ ਵਿੱਚ ਵਿਚਰਦਾ ਹੈ। ਭਾਵੇਂ ਅਸੀਂ ਉਹਨਾਂ ਨੂੰ ਜੀਵ ਰੂਪ ਨਹੀਂ ਸਮਝਦੇ ਭਾਵ ਅਸੀਂ ਭਰਮ ਵਿੱਚ ਹਾਂ (**ਜੇਤੇ ਦਾਣੇ ਅੰਨ ਕੇ ਜੀਆ ਬਾਝ ਨ ਕੋਇ॥**) ਦਾਣੇ ਬਨਸਪਤੀ ਨੂੰ ਉਪਜਾਉਣ ਦਾ ਮੂਲ ਹਨ ਭਾਵ ਜੀਵ ਰੂਪ ਉਹਨਾਂ ਦੇ ਅੰਦਰੋਂ ਹੀ ਉਪਜਦਾ ਹੈ, ਪ੍ਰਮਾਤਮਾ ਦੀ ਉਹਨਾਂ ਦੇ ਅੰਦਰ ਪਾਈ ਹੋਈ ਆਪਣੀ ਜੋਤਿ ਦੁਆਰਾ ਉਪਜਦਾ ਹੈ।

ਅਗਲੀ ਪੰਗਤੀ ਰਾਹੀਂ ਪਾਣੀ ਨੂੰ ਵੀ ਜੀਵ ਰੂਪ ਕਹਿ ਕੇ ਸਮਝਾਇਆ ਹੈ ਕਿਉਂਕਿ ਜੋਤਿ ਉਸਦੇ ਅੰਦਰ ਵੀ ਪ੍ਰਮਾਤਮਾ ਦੀ ਹੈ ਭਾਵ ਪਾਣੀ ਦੇ ਅੰਦਰ ਦਾ ਜੀਵਨ, ਪਾਣੀ ਦੀ ਰਚਨਾ ਵਿੱਚ ਪ੍ਰਮਾਤਮਾ ਦੀ ਹੀ ਜੋਤਿ ਹੈ ਤੇ ਪਾਣੀ ਦੀ ਵਰਤੋਂ ਬਿਨ੍ਹਾਂ ਕੋਈ ਵੀ ਬਨਸਪਤੀ ਨਹੀਂ ਪਨਪਦੀ, ਕਿਸੇ ਦਾ ਵੀ ਜੀਵਨ ਨਹੀਂ ਚੱਲਦਾ ਕਿਉਂਕਿ ਪਾਣੀ ਨਾਲ ਸਾਡੀ ਉਤਪਤੀ ਹੁੰਦੀ ਹੈ। ਪਾਣੀ ਭਾਵੇਂ ਬਨਸਪਤੀ ਵਿੱਚ ਹੈ ਭਾਵ ਸਾਗ ਵਿੱਚ ਹੈ ਜਾਂ ਮਾਸ ਵਿੱਚ ਹੈ ਜਾਂ ਮੂਲ ਰੂਪ ਵਿੱਚ ਹੈ ਜਾਂ ਹੋਰ ਕਿਸੇ ਰੂਪ

30/3384

ਵਿੱਚ ਹੈ ਇਸ ਦੀ ਵਰਤੋਂ ਹਰ ਕੋਈ ਕਰਦਾ ਹੈ ਭਾਵ ਇਸਦੀ ਵਰਤੋਂ ਬਿਨ੍ਹਾਂ ਜੀਵਨ ਹੀ ਨਹੀਂ ਹੈ ਭਾਵ ਪਾਣੀ ਰੂਪ ਜੀਵ ਨੂੰ ਵਰਤੇ ਬਿਨ੍ਹਾਂ ਸਾਡਾ ਜੀਵਨ ਹੀ ਨਹੀਂ ਹੈ। **(ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥)**

ਜੇਕਰ ਅਸੀਂ ਜੀਵ ਰੂਪ ਖਾਣੇ ਨੂੰ ਅਪਵਿੱਤਰ ਸਮਝਦੇ ਹਾਂ ਤਾਂ ਫਿਰ ਇਸ ਅਪਵਿੱਤਰਤਾ ਵਿੱਚੋਂ ਕੋਈ ਵੀ ਨਹੀਂ ਬਚ ਸਕਦਾ। ਸਾਡੀ ਪੂਰੀ ਰਸੋਈ ਹੀ ਅਪਵਿੱਤਰ ਹੈ ਜਿੱਥੇ ਅਸੀਂ ਆਪਣਾ ਖਾਣਾ ਰੱਖਦੇ ਹਾਂ, ਖਾਣਾ ਬਣਾਉਣ ਦੀਆਂ ਵਸਤੂਆਂ ਰੱਖਦੇ ਹਾਂ ਪਰ ਰਸੋਈ ਬਿਨਾ ਭਾਵ ਖਾਣੇ ਬਿਨ੍ਹਾਂ ਕੋਈ ਨਹੀਂ ਰਹਿ ਸਕਦਾ, ਸੂਤਕ ਤੋਂ ਕੋਈ ਨਹੀਂ ਬਚ ਸਕਦਾ। **(ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥)**

"ਸੂਤਕੁ" ਦਾ ਮੂਲ ਕੀ ਹੈ ਭਾਵ ਇਸਦਾ ਮੂਲ ਰੂਪ ਕੀ ਹੈ ਭਾਵ ਅਪਵਿੱਤਰਤਾ ਦਾ ਮੂਲ ਰੂਪ ਕੀ ਹੈ ਤੇ ਇਹ ਅਪਵਿੱਤਰਤਾ ਦੂਰ ਕਿਵੇਂ ਹੁੰਦੀ ਹੈ ਇਹੀ ਗੱਲ ਸਾਨੂੰ ਸਲੋਕ ਦੀ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਸਦਾ ਹੀ ਧਿਆਨ ਵਿੱਚ ਰੱਖਣ ਦੀ ਲੋੜ ਹੈ ਤਾਂ ਜੋ ਅਸੀਂ ਖੁਦ ਪਵਿੱਤਰ ਬਣ ਸਕੀਏ, ਉਸ ਪਵਿੱਤਰ ਪ੍ਰਮਾਤਮਾ ਦਾ ਰੂਪ ਬਣ ਸਕੀਏ ਤੇ ਸਾਨੂੰ ਸਭ ਵਿੱਚ ਪ੍ਰਮਾਤਮਾ ਦਾ ਪਵਿੱਤਰ ਰੂਪ ਹੀ ਨਜ਼ਰ ਆਵੇ ਭਾਵ ਸਾਨੂੰ ਕੋਈ ਵਸਤੂ ਅਪਵਿੱਤਰ ਨਜ਼ਰ ਨਾ ਆਵੇ।

"ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥"

ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਇਸ ਸੰਸਾਰ ਦੇ ਸੱਚ ਨੂੰ ਜਾਨਣ ਦਾ ਮੂਲ ਸਾਡਾ ਮਨ ਹੈ ਤੇ ਇਸ ਮਨ ਦੀ ਸੋਝੀ ਪ੍ਰਮਾਤਮਾ ਕਦੇ ਹੀ ਕਿਸੇ ਵਿਰਲੇ ਨੂੰ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੇ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਸਾਡਾ ਮਨ ਪਵਿੱਤਰ ਜਾਂ ਅਪਵਿੱਤਰ ਮਨ ਦੀ ਸੋਝੀ ਦੇ ਕਾਰਣ ਹੈ। ਜਦ ਤੱਕ ਅਸੀਂ ਆਪਣੇ ਮਨ ਦੇ ਅੰਦਰੋਂ ਉਸ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਨਹੀਂ ਜਾਣਦੇ ਤਦ ਤੱਕ ਕਿਸੇ ਮਨੁੱਖ ਦੀ ਸੋਚ ਵੀ ਪਵਿੱਤਰ ਨਹੀਂ ਹੈ, ਕੋਈ ਵੀ ਸੰਸਾਰ ਵਿੱਚ ਤਦ ਤੱਕ ਪਵਿੱਤਰ ਸੋਝੀ ਵਾਲਾ ਨਹੀਂ ਹੈ। ਜਦ ਤੱਕ ਮਨ ਦੀ ਸੋਝੀ ਦੁਆਰਾ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਤਦ ਤੱਕ ਉਹ ਆਪ ਹੀ ਅਪਵਿੱਤਰ ਹੈ ਤੇ ਹਰ ਵਸਤੂ ਵਿੱਚ ਉਸਨੂੰ ਅਪਵਿੱਤਰਤਾ ਹੀ ਨਜ਼ਰ ਆਉਂਦੀ ਹੈ ਭਾਵ ਪ੍ਰਮਾਤਮਾ ਦਾ ਪਵਿੱਤਰ ਰੂਪ ਨਜ਼ਰ ਨਹੀਂ ਆਉਂਦਾ ਜੋ ਕਿ ਹਰ ਵਸਤੂ ਦਾ ਅਸਲ ਰੂਪ ਹੈ ਕਿਉਂਕਿ ਹਕੀਕਤ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਮਨ ਦੀ ਛੋਟੀ ਸੋਝੀ ਕਰਕੇ, ਛੋਟੀ ਮਤਿ ਕਰਕੇ, ਹੌਲੀ ਮਤਿ ਹੋਣ ਕਰਕੇ ਭਾਵ ਤ੍ਰੈ ਗੁਣਾਂ ਦੀ ਮਤਿ ਹੋਣ ਕਰਕੇ ਨਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਆਉਂਦਾ ਹੈ ਤੇ ਨਾ ਹੀ ਬਾਹਰ। ਹਰ ਵਸਤੂ ਵਿੱਚ ਪ੍ਰਮਾਤਮਾ ਨਜ਼ਰ ਆ ਸਕਦਾ ਹੈ ਜੇਕਰ ਉਹ ਆਪਣਾ ਆਲਖ ਰੂਪ ਭਾਵ ਸਰੀਰਕ ਅੱਖਾਂ ਨਾਲ ਨਾ ਦੇਖ ਸਕਣ ਵਾਲਾ ਭਾਵ ਨਮ ਦੀਆਂ ਸੱਚੇ ਗਿਆਨ ਰੂਪ, ਚੌਥੇ ਪਦ ਵਾਲੇ ਗਿਆਨ ਰੂਪ ਸਮਝ ਦੁਆਰਾ ਕਿਸੇ ਦੇ ਅੰਦਰ ਭਾਵ ਆਪਣੇ ਸੱਚੇ ਨਾਮ ਰੂਪ ਵਾਲੀ ਸਮਝ ਦੁਆਰਾ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ, ਜਿਸ ਰੂਪ ਦੁਆਰਾ ਭਾਵ ਗਿਆਨ ਰੂਪ ਦੁਆਰਾ ਉਸ ਨੇ ਆਪ ਹੀ ਸਭ ਕੁੱਝ ਬਣਾਇਆ ਹੈ ਤੇ ਆਪ ਹੀ ਆਪਣੇ ਹਰ

30/3385

ਸਰਗੁਣ ਰੂਪ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਹਰ ਵਸਤੂ ਦੇ ਅੰਦਰ ਆਪਣੀ ਜੋਤਿ ਰੂਪ ਦੇ ਵਿੱਚ ਹੈ, ਗਿਆਨ ਰੂਪ ਦੇ ਵਿੱਚ ਹੈ ਜੋ ਕਿ ਕਦੇ ਮਰ ਨਹੀਂ ਸਕਦਾ ਭਾਵੇਂ ਕੋਈ ਵਸਤੂ ਮਾਸ ਰੂਪ ਵਿੱਚ ਹੈ, ਭਾਵੇਂ ਕੋਈ ਵਸਤੂ ਸਾਗ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦਾ "ਸੂਤਕੁ", ਸਾਡੇ ਅੰਦਰ ਦਾ ਭਰਮ ਹੈ ਜੋ ਕਿ ਕੇਵਲ ਤੇ ਕੇਵਲ ਗਿਆਨ ਦੁਆਰਾ ਦੂਰ ਹੋ ਸਕਦਾ ਹੈ ਭਾਵ ਉਹ ਕਿਸੇ ਵੀ ਹੋਰ ਤਰੀਕੇ ਦੂਰ ਨਹੀਂ ਹੋ ਸਕਦਾ। "ਗਿਆਨੁ" ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਸਾਡੇ ਅੰਦਰ ਹੀ ਵਰਤ ਰਿਹਾ ਹੈ ਤੇ ਜਿਸਨੂੰ ਉਹ ਭਰਮ ਦੇ ਵਿੱਚੋਂ, ਸੂਤਕ ਦੇ ਵਿੱਚੋਂ ਕੱਢਦਾ ਹੈ ਭਾਵ ਜਿਸਦੇ ਵੀ ਮਨ ਦੀ ਅਗਿਆਨਤਾ ਧੋਂਦਾ ਹੈ ਉਹ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਧੋਂਦਾ ਹੈ, ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ਕੇ ਧੋਂਦਾ ਹੈ, ਆਪਣਾ ਬ੍ਰਹਮ ਗਿਆਨ ਬਖਸ਼ਕੇ ਧੋਂਦਾ ਹੈ, ਮਨ ਦੀ ਜੋਤਿ ਰਾਹੀਂ ਧੋਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਉਸਦੇ ਜੋਤਿ

ਰੂਪ ਦੀ ਸਮਝ ਪੈਂਦੀ ਹੈ ਤੇ ਫਿਰ ਉਹ ਮਨੁੱਖ ਆਪਣੇ ਜਿਉਂਦੇ ਹੋਏ ਉਸਦੀ ਜੋਤਿ ਵਿੱਚ ਹੀ ਸਮਾਅ ਜਾਂਦਾ ਹੈ, ਉਸਦੇ ਗਿਆਨ ਰੂਪ ਵਿੱਚ, ਨਿਰਗੁਣ ਰੂਪ ਵਿੱਚ ਸਮਾਅ ਜਾਂਦਾ ਹੈ ਤੇ ਤਾਂ ਹੀ ਸਭ ਦੇ ਵਿੱਚ ਕੇਵਲ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ, ਉਸਦੀ ਹਰ ਹੋਂਦ ਪਵਿੱਤਰ ਨਜ਼ਰ ਆਉਂਦੀ ਹੈ। **(ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥)**

{ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥}

(ਅੰਗ ੪੬੪)

{ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ ਵਿਸਮਾਦੁ ਸਾਦਿ ਲਗਹਿ ਪਰਾਣੀ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ ਵਿਸਮਾਦੁ ਭੁਖ ਵਿਸਮਾਦੁ ਭੋਗੁ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥੧॥}

(ਅੰਗ ੪੬੩-੪੬੪)

ਜਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਦੇ ਨਹੀਂ ਤਦ ਤੱਕ ਸਾਡੇ ਲਈ ਸਭ ਕੁੱਝ ਵਿਸਮਾਦ ਹੀ ਹੈ, ਅਸਚਰਜਤਾ ਹੀ ਹੈ ਕਿ ਇਹ ਸੰਸਾਰ ਦਾ ਪਸਾਰਾ ਕਿਵੇਂ ਬਣਿਆ ਹੈ ਤੇ ਕਿਵੇਂ ਸਭ ਕੁੱਝ ਚੱਲ ਰਿਹਾ ਹੈ। ਜਦ ਤੱਕ ਕੋਈ ਪ੍ਰਮਾਤਮਾ ਦੇ ਇਸ ਕੌਤਕ ਨੂੰ, ਤਮਾਸ਼ੇ ਨੂੰ "ਵਿਡਾਣੁ" ਨੂੰ ਆਪਣੇ ਅੰਦਰੋਂ ਬੁੱਝ ਨਹੀਂ ਲੈਂਦਾ, ਵੇਖ ਨਹੀਂ ਲੈਂਦਾ ਤਦ ਤੱਕ ਕਿਸੇ ਦੀ ਅਸਚਰਜਤਾ ਦੂਰ ਨਹੀਂ ਹੋ ਸਕਦੀ ਤੇ ਆਪਣੀ ਇਹ ਖੇਡ ਪ੍ਰਮਾਤਮਾ ਬਹੁਤ ਹੀ ਵੱਡੇ ਭਾਗਾਂ ਵਾਲੇ ਕਿਸੇ ਵਿਰਲੇ ਨੂੰ ਦਿਖਾਉਂਦਾ ਹੈ, ਮਨ ਦੇ ਵਿੱਚੋਂ ਹੀ ਦਿਖਾਉਂਦਾ ਹੈ, ਮਨ ਦੇ ਗਿਆਨ ਰਾਹੀਂ ਹੀ ਦਿਖਾਉਂਦਾ ਹੈ ਤੇ ਸਭ ਵਿੱਚੋਂ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਉਸ ਦੀ ਸਾਰੀ ਕੁਦਰਤਿ ਪਵਿੱਤਰ ਹੈ ਕਿਉਂਕਿ ਸਭ ਕੁੱਝ ਉਸਦਾ ਆਪਣਾ ਹੀ ਰੂਪ ਹੈ, ਉਹ ਇੱਕੋ ਇੱਕ

30/3386

ਆਪ ਹੀ ਹੈ ਜੋ ਆਪਣੀ ਖੇਡ ਨੂੰ ਬਣਾਕੇ ਆਪ ਹੀ ਚਲਾ ਰਿਹਾ ਹੈ। ਮਨ ਦੇ ਵਿੱਚ "ਸੂਤਕੁ" ਦੇ ਰਹਿੰਦਿਆਂ, ਭਰਮ ਵਿੱਚ ਰਹਿੰਦਿਆਂ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਸਾਡੇ ਅੰਦਰ ਦਾ ਭਰਮ ਸਾਨੂੰ ਕਿਸ ਤਰੀਕੇ ਨਾਲ ਅਪਵਿੱਤਰ ਬਣਾਉਂਦਾ ਹੈ ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਖੁਦ ਅਪਵਿੱਤਰਤਾ ਵਿੱਚੋਂ ਨਿਕਲੀਏ ਤੇ ਉਹਨਾਂ ਵਸਤੂਆਂ ਨੂੰ ਅਪਵਿੱਤਰ ਨਾ ਸਮਝੀਏ ਜਿੰਨ੍ਹਾਂ ਨੂੰ ਅਸੀਂ ਖਾਣੇ ਦੇ ਰੂਪ ਵਿੱਚ ਵਰਤਦੇ ਹਾਂ। ਖਾਣਾ ਕੋਈ ਵੀ ਅਪਵਿੱਤਰ ਨਹੀਂ ਹੈ ਬਲਕਿ ਅਪਵਿੱਤਰ ਸਾਡੇ ਵਿਚਾਰ ਹਨ ਜੋ ਸਾਡੀ ਕਮਾਈ ਨੂੰ ਅਪਵਿੱਤਰ ਬਣਾਉਂਦੇ ਹਨ, ਸਾਡੀ ਸੰਸਾਰਿਕ ਵਿਚਰਨ ਨੂੰ ਅਪਵਿੱਤਰ ਬਣਾਉਂਦੇ ਹਨ ਜਿਸ ਨੂੰ ਅਸਲ ਵਿੱਚ ਪਵਿੱਤਰ ਬਣਾਉਣ ਦੀ ਲੋੜ ਹੈ।

ਮਃ ੧॥

“ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥੨॥”

(ਅੰਗ ੪੭੨)

ਭਰਮ ਕੀ ਹੈ ਇਸ ਗੱਲ ਨੂੰ ਸਮਝਣ ਵਿੱਚ ਹੀ ਅਸਲ ਵਿੱਚ ਸਾਨੂੰ ਸਭ ਨੂੰ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ। ਭਰਮ

ਨੂੰ ਸਭ ਨੇ ਬੜੀ ਹੀ ਮਾਮੂਲੀ ਜਿਹੀ ਗੱਲ ਸਮਝਿਆ ਹੋਇਆ ਹੈ ਜਦ ਕਿ ਸਾਡੇ ਜੀਵਨ ਦਾ ਮਨੋਰਥ ਹੀ ਭਰਮ ਦੇ ਵਿੱਚੋਂ ਨਿਕਲਣ ਦੇ ਨਾਲ ਜੁੜਿਆ ਹੋਇਆ ਹੈ। ਗੁਰੂ ਵਿੱਚ ਤੇ ਮਨੁੱਖ ਵਿੱਚ ਭੇਦ ਹੀ ਇਸੇ ਗੱਲ ਦਾ ਹੈ, ਸੱਚ ਵਿੱਚ ਤੇ ਝੂਠ ਵਿੱਚ ਭੇਦ ਵੀ ਇਸੇ ਗੱਲ ਦਾ ਹੈ, ਨਾਮ ਵਿੱਚ ਤੇ ਹਉਮੈ ਵਿੱਚ ਭੇਦ ਹੀ ਇਸੇ ਗੱਲ ਦਾ ਹੈ, ਪ੍ਰਮਾਤਮਾ ਨੂੰ ਪਾਉਣ ਵਿੱਚ ਜਾਂ ਨਾ ਪਾਉਣ ਵਿੱਚ ਭੇਦ ਹੀ ਇਸੇ ਗੱਲ ਦਾ ਹੈ। ਸਾਡੇ ਜੀਵਨ ਦਾ ਮਨੋਰਥ ਇਸ ਭਰਮ ਦੇ ਪੜਦੇ ਵਿੱਚੋਂ ਨਿਕਲਣ ਦਾ ਹੀ ਹੈ ਜਿਸ ਵਿੱਚੋਂ ਨਿਕਲਕੇ ਹੀ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਮਨ ਦੇ ਵਿੱਚੋਂ ਹੀ ਹੁੰਦੇ ਹਨ। ਭਰਮ ਸਾਨੂੰ ਅਪਵਿੱਤਰ ਕਰਦਾ ਹੈ ਤੇ ਭਰਮ ਵਿੱਚੋਂ ਨਿਕਲਕੇ ਅਸੀਂ ਪਵਿੱਤਰ ਹੁੰਦੇ ਹਾਂ। ਅਪਵਿੱਤਰ ਜਾਂ ਪਵਿੱਤਰ ਸਾਡੇ ਮਨ ਦੇ ਵਿਚਾਰ ਹਨ। ਮਨ ਦੇ ਅਪਵਿੱਤਰ ਵਿਚਾਰਾਂ ਰਾਹੀਂ ਅਸੀਂ ਉਹ ਕੁੱਝ ਕਰਦੇ ਹਾਂ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਪ੍ਰਮਾਤਮਾ ਦੀ ਭਗਤੀ ਕੇਵਲ ਮਨ ਦੇ ਪਵਿੱਤਰ ਵਿਚਾਰਾਂ ਦੁਆਰਾ ਹੀ ਹੁੰਦੀ ਹੈ। ਅਪਵਿੱਤਰ ਵਿਚਾਰ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਤੇ ਪਵਿੱਤਰ ਵਿਚਾਰ ਸਾਡੇ ਕੋਲੋਂ ਚੰਗੇ ਕੰਮ ਕਰਾਉਂਦੇ ਹਨ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਹੈ ਉਸਦਾ ਨਾਮ ਹੈ, ਉਸਦੀ ਸੇਵਾ ਹੈ। ਮਨ ਦੇ ਵਿੱਚ ਭਰਮ ਵਾਲੇ ਵਿਚਾਰ ਸਾਨੂੰ ਗੁਰਮਤਿ ਤੋਂ ਦੂਜੇ ਪਾਸੇ ਤੋਰਦੇ ਹਨ। ਸਾਡੇ ਜਿਹੜੇ ਵਿਚਾਰਾਂ ਦੇ ਅੰਦਰ

30/3387

ਲੋਭ ਹੈ ਉਹ ਸਾਡੇ ਅਪਵਿੱਤਰ ਵਿਚਾਰ ਹਨ, ਜਿਸਦਾ ਕਾਰਨ ਸਾਡੇ ਮਨ ਦਾ ਸੂਤਕੁ ਹੈ ਭਾਵ ਭਰਮ ਹੈ, ਅਗਿਆਨਤਾ ਹੈ। ਇਸੇ ਤਰ੍ਹਾਂ ਮਨ ਦੇ ਮਾੜੇ ਵਿਚਾਰਾਂ ਦੁਆਰਾ ਅਸੀਂ ਝੂਠ ਬੋਲਦੇ ਹਾਂ ਜਿਸ ਦੁਆਰਾ ਅਸੀਂ ਕਿਸੇ ਨਾਲ ਠੱਗੀ ਮਾਰਦੇ ਹਾਂ, ਕਿਸੇ ਦਾ ਮਾੜਾ ਕਰਦੇ ਹਾਂ ਜੋ ਸਾਡੀ ਜੀਭ ਨੂੰ ਅਪਵਿੱਤਰ ਬਣਾਉਂਦੇ ਹਨ। ਸੱਚ ਬੋਲਣ ਵਾਲੀ ਰਸਨਾ ਪਵਿੱਤਰ ਰਸਨਾ ਹੈ ਤੇ ਝੂਠ ਬੋਲਣ ਵਾਲੀ ਰਸਨਾ ਅਪਵਿੱਤਰ ਰਸਨਾ ਹੈ। ਇਸੇ ਤਰ੍ਹਾਂ ਸਾਡੀਆਂ ਅੱਖਾਂ ਜਾਂ ਕੰਨ ਮਾੜੇ ਕਿਸ ਕਰਕੇ ਹਨ ਇਹ ਗੱਲ ਵੀ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਪਹਿਲਾਂ ਅਪਵਿੱਤਰਤਾ ਦੇ ਮੂਲ ਨੂੰ ਸਮਝਣ ਦੀ ਲੋੜ ਹੈ ਜੋ ਕਿ ਮਨ ਦਾ ਭਰਮ ਹੈ ਭਾਵ ਮਨ ਦੇ ਵਿੱਚ ਗੁਰਮਤਿ ਵਾਲੀ ਸੋਝੀ ਦਾ ਨਾ ਹੋਣਾ ਹੈ, ਸੱਚੀ ਸੋਝੀ ਦਾ ਨਾ ਹੋਣਾ ਹੈ ਜੋ ਸਾਨੂੰ ਗੁਣਾਂ ਦੀ ਬਜਾਇ ਔਗੁਣਾਂ ਨਾਲ ਜੋੜਦੀ ਹੈ। ਸਾਡੀ ਹਰ ਇੰਦਰੀ ਪਵਿੱਤਰ ਹੈ, ਪਰ ਉਹਨਾਂ ਨੂੰ ਮੈਲਾ ਕਰਨ ਵਾਲਾ ਸਾਡੇ ਮਨ ਦਾ ਭਰਮ ਹੈ। ਸਾਡਾ ਮਨੁੱਖੀ ਸਰੀਰ **"ਹੰਸਾ"** ਰੂਪ ਹੈ ਭਾਵ ਪ੍ਰਮਾਤਮਾ ਦਾ ਆਪਣਾ ਰੂਪ ਹੈ, ਉਸਦਾ ਪਵਿੱਤਰ ਰੂਪ ਹੈ ਪਰ ਮਨ ਦੇ ਭਰਮ ਨੇ, ਮਨ ਦੀ ਅਗਿਆਨਤਾ ਨੇ ਇਸ ਨੂੰ ਅਪਵਿੱਤਰ ਕੀਤਾ ਹੋਇਆ ਹੈ ਕਿਉਂਕਿ ਮਨ ਦੇ ਮਾੜੇ ਵਿਚਾਰ ਮਨੁੱਖੀ ਸਰੀਰ ਕੋਲੋਂ ਮਾੜੇ ਕਰਮ ਕਰਾਉਂਦੇ ਹਨ। ਇਹ ਮਨ ਦੇ ਮਾੜੇ ਵਿਚਾਰ ਸਾਨੂੰ ਜਮਾਂ ਦੇ ਵੱਸ ਪਾਉਂਦੇ ਹਨ ਭਾਵ ਮਨ ਦਾ ਭਰਮ ਸਾਨੂੰ ਜਮਾਂ ਦੇ ਵੱਸ ਪਾਉਂਦਾ ਹੈ, ਆਵਾਗਉਣ ਵਿੱਚ ਪਾਉਂਦਾ ਹੈ। **(ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥੨॥)**

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥
ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ਰਹਾਉ॥}

(ਅੰਗ ੫੫)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥}

(ਅੰਗ ੧੪੦)

ਅਸਲ ਸੱਚ ਨੂੰ ਸਮਝੇ ਬਿਨ੍ਹਾਂ ਕਿ ਸੱਚ ਕਿਸ ਵਿੱਚ ਹੈ, ਨਾਮ ਕਿਸ ਵਿੱਚ ਹੈ, ਨਾਮ ਕੀ ਹੈ ਤੇ ਕਿਸੇ ਅੱਖਰ ਦੇ ਜਪ ਨੂੰ ਹੀ ਸਚੁ ਰੂਪ ਸਮਝੀ

30/3388

ਜਾਣਾ ਸਾਡਾ ਸਭ ਤੋਂ ਵੱਡਾ ਭਰਮ ਹੈ ਭਾਵ ਮੁੱਖੋਂ ਝੂਠ ਬੋਲਦੇ ਹੋਏ ਵੀ ਆਪਣੇ ਆਪ ਨੂੰ ਨਾਮ ਵਾਲੇ ਕਹੀ ਜਾਣਾ ਸਾਡਾ ਬਹੁਤ

ਹੀ ਵੱਡਾ ਭਰਮ ਹੈ ਭਾਵ ਸਾਡੇ ਅੰਦਰ ਸੱਚ ਦੀ ਸੋਝੀ ਦਾ ਨਾ ਹੋਣਾ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਨਾ ਪੈਣਾ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਸਾਨੂੰ ਵਾਰ-ਵਾਰ ਨਾਮ ਦੀ ਸੋਝੀ ਪਾਈ ਹੈ ਪਰ ਸਾਡੇ ਮਨ ਦਾ ਭਰਮ ਉਸ ਸੱਚੀ ਸੋਝੀ ਨੂੰ ਮੰਨਣ ਹੀ ਨਹੀਂ ਦਿੰਦਾ ਭਾਵ ਭਰਮ ਵਿੱਚ ਰਹਿੰਦੇ ਹੋਏ ਅਸੀਂ ਸੱਚ ਝੂਠ ਦੀ ਪਹਿਚਾਣ ਨਹੀਂ ਕਰ ਸਕਦੇ। ਅਸੀਂ ਸੱਚੀ ਗੱਲ ਨੂੰ ਝੂਠੀ ਸਮਝੀ ਜਾਂਦੇ ਹਾਂ ਤੇ ਝੂਠੀ ਗੱਲ ਨੂੰ ਸੱਚੀ ਸਮਝੀ ਜਾਂਦੇ ਹਾਂ। ਇਹ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਜੁਗਤਿ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ। ਸਾਡੇ ਭਾਗ ਮਨ ਦੀ ਸੱਚੀ ਸੋਝੀ ਨਾਲ ਹੀ ਖੁੱਲਦੇ ਹਨ ਜੋ ਸਾਨੂੰ ਭਰਮ ਵਿੱਚੋਂ ਕੱਢਦੀ ਹੈ ਤੇ ਇਹ ਭਾਗ ਕਿਸੇ ਦੇ ਪ੍ਰਮਾਤਮਾ ਆਪ ਹੀ ਖੋਲਦਾ ਹੈ ਪਰ ਸਾਡੇ ਲਈ ਤਰੀਕਾ ਇਹੀ ਹੈ ਕਿ ਅਸੀ ਗੁਰੂ ਦੀ ਗੱਲ ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰੀਏ ਤੇ ਉਹਨਾਂ ਕੋਲੋਂ ਲਈ ਹੋਈ ਸੋਝੀ ਵਿੱਚੋਂ ਨਿਕਲੀਏ ਜੋ ਆਪ ਭਰਮ ਵਿੱਚ ਰਹੇ ਹਨ ਤੇ ਸਾਨੂੰ ਵੀ ਭਰਮ ਵਿੱਚ ਪਾਇਆ ਹੈ। ਮਨ ਦਾ ਭਰਮ ਹੀ ਸਾਨੂੰ, ਮਨ ਦਾ ਸੂਤਕੁ ਹੀ ਸਾਨੂੰ ਗੁਰਮਤਿ ਤੋਂ ਦੂਜੇ ਪਾਸੇ ਲਗਾਉਂਦਾ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ।

ਮਃ ੧ ॥

“ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥

ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥

ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ॥੩॥”

ਇਸ ਸੰਸਾਰ ਵਿੱਚ ਜੋ ਕੁੱਝ ਵੀ ਸੂਤਕੁ ਹੈ, ਜੋ ਕੁੱਝ ਵੀ ਅਪਵਿੱਤਰ ਹੈ ਉਸਦਾ ਮੂਲ ਸਾਡੇ ਅੰਦਰ ਦਾ ਭਰਮ ਹੈ, ਸਾਡੇ ਅੰਦਰ ਸੱਚੀ ਸੋਝੀ ਦਾ ਨਾ ਹੋਣਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ। ਭਰਮ ਤੋਂ ਰਹਿਤ ਕੇਵਲ ਤੇ ਕੇਵਲ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਨਾਮ ਹੈ ਜਿਸ ਦੇ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਤੇ ਸੰਸਾਰ ਨੂੰ ਪ੍ਰਮਾਤਮਾ ਨੇ ਗੁਰਮਤਿ ਸਮਝਾਈ ਹੈ ਭਾਵ ਸੱਚ ਦੀ ਸੋਝੀ ਪਾਈ ਹੈ ਕਿ ਸੱਚ ਕੀ ਹੈ। ਸੱਚ ਉਹ ਹੈ ਜੋ ਭਰਮ ਤੋਂ ਰਹਿਤ ਹੈ। ਸੱਚਾ ਪਾਸਾ ਕੇਵਲ ਸੱਚ ਦਾ ਹੈ ਜੋ ਕਿ ਇੱਕੋ ਇੱਕ ਸੱਚ ਦਾ ਮਾਰਗ ਹੈ ਜਿਸਦੀ ਸੋਝੀ ਸਾਨੂੰ ਗੁਰਬਾਣੀ ਹਰ ਸ਼ਬਦ ਦੇ ਰਾਹੀਂ ਪਾ ਰਹੀ ਹੈ। ਇਸ ਸੱਚੀ ਸੋਝੀ ਤੋਂ ਬਿਨ੍ਹਾਂ ਪ੍ਰਮਾਤਮਾ ਨੂੰ ਜਾਨਣ ਲਈ ਤੇ ਉਸ ਨੂੰ ਪਾਉਣ ਲਈ ਦੂਜਾ ਪਾਸਾ ਹੈ ਜੋ ਕਿ ਭਰਮ ਵਾਲਾ ਪਾਸਾ ਹੈ। ਮਨੁੱਖ ਦੀ ਮਤਿ ਨੂੰ ਪ੍ਰਮਾਤਮਾ ਨੇ ਦੋ ਹਿੱਸਿਆ ਵਿੱਚ ਵੰਡਿਆ ਹੋਇਆ ਹੈ।

31/3389

ਮਤਿ ਦਾ ਇੱਕ ਹਿੱਸਾ ਸਾਨੂੰ ਸੱਚ ਸਮਝਾਉਂਦਾ ਹੈ ਤੇ ਦੂਸਰਾ ਹਿੱਸਾ ਸਾਨੂੰ ਭਰਮ ਵਿੱਚ ਰੱਖਦਾ ਹੈ। ਸੱਚ ਵਾਲੇ ਪਾਸੇ ਗੁਰਮਤਿ ਹੈ ਤੇ ਭਰਮ ਵਾਲੇ ਪਾਸੇ ਮਨਮਤਿ ਹੈ। ਸੱਚ ਵਾਲੇ ਪਾਸੇ ਨਾਮ ਹੈ ਤੇ ਭਰਮ ਵਾਲੇ ਪਾਸੇ ਹਉਮੈ ਹੈ ਭਾਵ ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਜਿਉਂ ਜਿਉਂ ਗੁਰਮਤਿ ਵਾਲੀ ਸੋਝੀ ਸਾਡੇ ਅੰਦਰ ਵੱਸਦੀ ਜਾਂਦੀ ਹੈ ਤਿਉਂ ਤਿਉਂ ਅਸੀਂ ਭਰਮ ਵਿੱਚੋਂ ਨਿਕਲੀ ਜਾਂਦੇ ਹਾਂ ਭਾਵ ਅਸੀਂ ਸੱਚ ਦੇ ਨਾਲ ਜੁੜਦੇ ਜਾਂਦੇ ਹਾਂ ਭਾਵ ਪ੍ਰਮਾਤਮਾ ਦੀ ਮਤਿ ਦੇ ਨਾਲ ਜੁੜਦੇ ਜਾਂਦੇ ਹਾਂ, ਉਸਦੇ ਹੁਕਮ ਦੇ ਨਾਲ ਜੁੜਦੇ ਜਾਂਦੇ ਹਾਂ, ਉਸਦੇ ਭਾਣੇ ਦੇ ਨਾਲ ਜੁੜਦੇ ਜਾਂਦੇ ਹਾਂ। ਅਸੀਂ ਇਸ ਭਰਮ ਵਿੱਚੋਂ ਨਿਕਲਣ ਦਾ ਹੀ ਉੱਦਮ ਕਰਨਾ ਹੈ ਤੇ ਜਦੋਂ ਪ੍ਰਮਾਤਮਾ ਸਾਡੇ ਤੇ ਕਿਰਪਾ ਕਰਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦੇ ਇਸ ਭਰਮ ਵਿੱਚੋਂ ਹੀ ਕੱਢਦਾ ਹੈ ਜੋ ਕਿ ਸਾਡੇ ਸਭ ਦੇ ਅੰਦਰ ਇਹ ਭਰਮ ਦਾ ਪੜਦਾ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸਦੇ ਰਹਿੰਦਿਆਂ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ।

ਜਦ ਤੱਕ ਅਸੀਂ ਭਰਮ ਵਿੱਚ ਹਾਂ ਉਹ ਸਾਡੇ ਮਨ ਨੂੰ ਅਪਵਿੱਤਰ ਬਣਾਈ ਰੱਖਦਾ ਹੈ ਤੇ ਉਸ ਪਵਿੱਤਰ ਰੂਪ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਸਾਡੀ ਭਰਮ ਵਾਲੀ ਮਤਿ ਸਾਨੂੰ ਗੁਰਮਤਿ ਤੋਂ ਦੂਜੇ ਪਾਸੇ ਰੱਖਦੀ ਹੈ ਜਿਸ ਕਰਕੇ ਨਾ ਅਸੀਂ ਆਪਣੇ ਅਸਲ ਧਰਮ ਦੇ ਮਾਰਗ ਤੇ ਚੱਲ ਸਕਦੇ ਹਾਂ ਤੇ ਨਾ ਹੀ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਸਾਨੂੰ ਕਿਸੇ ਦੇ ਅੰਦਰ ਪ੍ਰਮਾਤਮਾ ਦਾ ਰੂਪ ਨਜ਼ਰ ਨਹੀਂ ਆ ਸਕਦਾ, ਉਸਦਾ ਜੋਤਿ ਰੂਪ, ਨਿਰਗੁਣ ਰੂਪ ਨਜ਼ਰ ਨਹੀਂ ਆ ਸਕਦਾ ਜਿਸ ਕਰਕੇ ਸਾਨੂੰ ਹਰ ਵਸਤੂ ਪ੍ਰਮਾਤਮਾ ਤੋਂ ਵੱਖਰਾ ਰੂਪ ਨਜਰ ਆਉਂਦੀ ਹੈ ਭਾਵ **"ਸੂਤਕੁ"** ਰੂਪ ਨਜ਼ਰ ਆਉਂਦੀ ਹੈ, ਅਪਵਿੱਤਰ ਰੂਪ ਨਜ਼ਰ ਆਉਂਦੀ ਹੈ। ਵਸਤੂ ਕੋਈ ਵੀ ਅਪਵਿੱਤਰ ਨਹੀਂ

ਹੈ, ਹਰ ਵਸਤੂ ਪ੍ਰਮਾਤਮਾ ਦਾ ਹੀ ਰੂਪ ਹੈ ਪਰ ਉਸਦਾ ਇਹ ਰੂਪ ਜਾਣੇ ਬਿਨ੍ਹਾਂ ਸਭ ਕੁੱਝ ਅਪਵਿੱਤਰ ਹੈ। ਜਦੋਂ ਸਾਨੂੰ ਹਰ ਵਸਤੂ ਵਿੱਚ ਪ੍ਰਮਾਤਮਾ ਨਜ਼ਰ ਆਵੇਗਾ ਇਹ ਹਰ ਵਸਤੂ ਦਾ ਅਸਲ ਰੂਪ ਹੈ, ਉਸਦਾ ਪਵਿੱਤਰ ਰੂਪ ਹੈ। ਮਨ ਦਾ ਸੂਤਕ ਨਿਕਲੇ ਬਿਨ੍ਹਾਂ ਸੂਤਕ ਕੀ ਹੈ ਸਾਨੂੰ ਇਸਦੀ ਸਮਝ ਨਹੀਂ ਪੈ ਸਕਦੀ। **(ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥)**

ਸਾਗ-ਮਾਸ ਦਾ ਭੇਦ ਸਾਨੂੰ ਤਾਂ ਹੀ ਸਮਝ ਲੱਗ ਸਕਦਾ ਹੈ ਜਦੋਂ ਅਸੀਂ ਮਨ ਦੇ ਸੂਤਕ ਵਿੱਚੋਂ ਨਿਕਲ ਜਾਈਏ ਭਾਵ ਭਰਮ ਵਿੱਚੋਂ ਨਿਕਲ ਜਾਈਏ। ਜੀਵ ਰੂਪ ਕੀ ਹੈ, ਜੰਮਣ-ਮਰਨ ਦੀ ਅਸਲੀਅਤ ਕੀ ਹੈ ਇਸ ਗੱਲ ਦੀ ਸੋਝੀ ਭਰਮ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਤੇ ਇਹੀ ਗੱਲ ਸਾਨੂੰ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

31/3390

ਮਃ ੧ ॥

“ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥”

ਨਾ ਕਿਸੇ ਜੀਵ ਦਾ ਜੰਮਣਾ ਆਪਣੇ ਵੱਸ ਹੈ ਤੇ ਨਾ ਹੀ ਕਿਸੇ ਜੀਵ ਦਾ ਮਰਨਾ ਆਪਣੇ ਵੱਸ ਹੈ ਕਿਉਂਕਿ ਇਹ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ। ਅਸੀ ਜੀਵ ਦੇ ਮਰਨ ਨੂੰ ਉਸ ਦੀ ਹੱਤਿਆ ਦੇ ਨਾਲ ਜੋੜਦੇ ਹਾਂ ਭਾਵ ਮਾਸ ਖਾਣ ਨੂੰ ਹੱਤਿਆ ਦੇ ਨਾਲ ਜੋੜਦੇ ਹਾਂ ਪਰ ਕਿਸੇ ਵੀ ਜੀਵ ਦਾ ਮਰਨਾ ਉਸ ਪ੍ਰਮਾਤਮਾ ਦਾ ਆਪਣਾ ਹੁਕਮ ਹੈ ਕਿਉਂਕਿ ਅਸਲ ਵਿੱਚ ਮਰਦਾ ਕੋਈ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜੋ ਕੁੱਝ ਵੀ ਹੁੰਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ ਭਾਵ ਉਸਦੀ ਇੱਛਾ ਅਨੁਸਾਰ ਹੀ ਹੁੰਦਾ ਹੈ, ਇਸ ਸੰਸਾਰ ਵਿੱਚ ਜੀਵਾਂ ਦਾ ਆਣਾ ਜਾਣਾ ਪ੍ਰਮਾਤਮਾ ਦੀ ਇੱਛਾ ਅਨੁਸਾਰ ਹੀ ਹੁੰਦਾ ਹੈ। ਜੀਵਾਂ ਦੇ ਰੂਪ ਵਿੱਚ ਹੀ ਪ੍ਰਮਾਤਮਾ ਨੇ ਕਿਸੇ ਜੀਵ ਨੂੰ ਦੂਸਰੇ ਜੀਵ ਦਾ ਭੋਜਨ ਬਣਾਇਆ ਹੋਇਆ ਹੈ। ਪ੍ਰਮਾਤਮਾ ਦੀ ਬਣਾਈ ਹੋਈ ਹਰ ਚੀਜ਼ ਪਵਿੱਤਰ ਹੈ ਕਿਉਂਕਿ ਹਰ ਵਸਤੂ ਵਿੱਚ ਉਹ ਆਪ ਹੀ ਵਿਚਰ ਰਿਹਾ ਹੈ, ਆਪਣੀ ਜੋਤਿ ਰੂਪ ਵਿੱਚ ਵਿਚਰ ਰਿਹਾ ਹੈ। ਪਵਿੱਤਰਤਾ, ਅਪਵਿੱਤਰਤਾ ਦਾ ਭੇਦ ਸਾਡੇ ਮਨ ਦੇ ਅੰਦਰ ਹੀ ਹੈ ਜਿਸ ਕਰਕੇ ਅਸੀਂ ਕਿਸੇ ਖਾਣੇ ਨੂੰ ਪਵਿੱਤਰ ਸਮਝਦੇ ਹਾਂ ਤੇ ਕਿਸੇ ਖਾਣੇ ਨੂੰ ਅਪਵਿੱਤਰ ਸਮਝਦੇ ਹਾਂ ਭਾਵ ਸਾਗ ਖਾਣ ਨੂੰ ਪਵਿੱਤਰ ਸਮਝਦੇ ਹਾਂ ਤੇ ਮਾਸ ਖਾਣ ਨੂੰ ਅਪਵਿੱਤਰ ਸਮਝਦੇ ਹਾਂ। ਪ੍ਰਮਾਤਮਾ ਦੀ ਬਣਾਈ ਹੋਈ ਹਰ ਚੀਜ਼ ਪਵਿੱਤਰ ਹੈ ਤੇ ਉਸਨੇ ਆਪ ਹੀ ਸਭ ਲਈ ਇਸ ਸੰਸਾਰ ਵਿੱਚ ਰਿਜਕ ਇਕੱਠਾ ਕੀਤਾ ਹੋਇਆ ਹੈ, ਭੋਜਨ ਦਾ ਭੰਡਾਰ ਇਕੱਠਾ ਕੀਤਾ ਹੋਇਆ ਹੈ ਭਾਵੇਂ ਉਹ ਰਿਜਕ ਸਾਗ ਦੇ ਰੂਪ ਵਿੱਚ ਹੈ ਜਾਂ ਜੀਵਾਂ ਦੇ ਰੂਪ ਵਿੱਚ ਹੈ ਭਾਵ ਮਾਸ ਰੂਪ ਵਿੱਚ ਹੈ। ਸਾਨੂੰ ਇਹਨਾਂ ਗੱਲਾਂ ਵਿੱਚ ਪਵਿੱਤਰਤਾ, ਅਪਵਿੱਤਰਤਾ ਤਦ ਤੱਕ ਹੀ ਨਜ਼ਰ ਆਉਂਦੀ ਹੈ ਜਦ ਤੱਕ ਸਾਡੇ ਆਪਣੇ ਅੰਦਰ ਸੂਤਕ ਹੈ ਭਾਵ ਸਾਡਾ ਆਪਣਾ ਮਨ ਭਰਮ ਕਰਕੇ ਅਪਵਿੱਤਰ ਹੈ। ਜਦੋਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ ਉਹੀ ਸੂਤਕ ਦੇ ਵਿੱਚੋਂ ਨਿਕਲਦਾ ਹੈ, ਭਰਮ ਦੇ ਵਿੱਚੋਂ ਨਿਕਲਦਾ ਹੈ ਤੇ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਹਰ ਵਸਤੂ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਕਿਸੇ ਖਾਣੇ ਵਿੱਚ ਪਵਿੱਤਰਤਾ ਜਾਂ ਅਪਵਿੱਤਰਤਾ ਸਮਝਣੀ, ਸਾਗ-ਮਾਸ ਵਿੱਚ ਭੇਦ ਸਮਝਣਾ ਕੇਵਲ ਸਾਡਾ ਭਰਮ ਹੀ ਹੈ। **(ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ॥੩॥)**

ਜਿਵੇਂ ਕਿ ਅਸੀਂ ਵਾਰ-ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਜਦ ਤੱਕ ਸਾਡੇ ਅੰਦਰ ਪ੍ਰਮਾਤਮਾ ਨੇ ਭਰਮ ਦੀ ਜੁਗਤਿ ਪਾਈ ਹੋਈ ਹੈ ਤਦ ਤੱਕ ਸਾਡਾ ਜੀਵਨ ਇੱਕ ਸੁਪਨੇ

31/3391

ਦੀ ਤਰ੍ਹਾਂ ਹੀ ਹੈ। ਜਿਸ ਤਰੀਕੇ ਸੁਪਨੇ ਦੇ ਅੰਦਰ ਅਸੀਂ ਝੂਠੀ ਗੱਲ ਨੂੰ ਸੱਚੀ ਸਮਝ ਲੈਂਦੇ ਹਾਂ ਬੱਸ ਇਸੇ ਤਰ੍ਹਾਂ ਹੀ ਜੋ ਕੁੱਝ ਅਸੀਂ ਸੰਸਾਰ ਵਿੱਚ ਦੇਖ ਰਹੇ ਹਾਂ ਭਾਵ ਜੋ ਕੁੱਝ ਸਾਨੂੰ ਨਜ਼ਰ ਆ ਰਿਹਾ ਹੈ ਉਹ ਸੁਪਨੇ ਦੀ ਤਰ੍ਹਾਂ ਝੂਠ ਹੈ। ਸੱਚਾਈ ਇਹ ਹੈ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੁੱਝ ਵੀ ਨਹੀਂ ਹੈ। ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਸ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ, ਜੀਵਨ ਦੀ ਸੱਚਾਈ ਨੂੰ ਸਮਝਿਆ ਜਾ ਸਕਦਾ ਹੈ।

ਆਸਾ॥

“ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ॥
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ॥੧॥
ਬਾਬਾ ਮਾਇਆ ਮੋਹ ਹਿਤੁ ਕੀਨ੍॥
ਜਿਨਿ ਗਿਆਨੁ ਰਤਨੁ ਹਿਰਿ ਲੀਨ੍॥੧॥ ਰਹਾਉ ॥
ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ॥
ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ॥੨॥
ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ॥
ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ॥੩॥”

(ਅੰਗ ੪੮੨)

ਅਸੀਂ ਇਸ ਸੰਸਾਰ ਵਿੱਚ ਜੋ ਦੇਖਦੇ ਹਾਂ ਉਸਨੂੰ ਉਸੇ ਤਰ੍ਹਾਂ ਸੱਚ ਸਮਝਦੇ ਹਾਂ ਭਾਵ ਅਸੀਂ ਉਸ ਗੱਲ ਨੂੰ ਆਪਣੇ ਅੰਦਰ ਪੱਕੀ ਤਰ੍ਹਾਂ ਦ੍ਰਿੜ ਕੀਤਾ ਹੋਇਆ ਹੈ ਕਿ ਜੋ ਕੁੱਝ ਅਸੀਂ ਦੇਖ ਰਹੇ ਹਾਂ ਉਹ ਸਭ ਉਸੇ ਤਰ੍ਹਾਂ ਸੱਚ ਹੈ ਭਾਵ ਜੇਕਰ ਅਸੀਂ ਪਾਣੀ ਨੂੰ ਦੇਖਦੇ ਹਾਂ ਤਾਂ ਉਸਨੂੰ ਅਸੀਂ ਪਾਣੀ ਹੀ ਸਮਝਦੇ ਹਾਂ, ਕਿਸੇ ਜੀਵ ਨੂੰ ਦੇਖਦੇ ਹਾਂ ਤਾਂ ਉਸਨੂੰ ਕੋਈ ਜੀਵ ਹੀ ਸਮਝਦੇ ਹਾਂ, ਮਨੁੱਖ ਨੂੰ ਮਨੁੱਖ ਹੀ ਸਮਝਦੇ ਹਾਂ ਭਾਵ ਜਿਹੋ ਜਿਹੀ ਕੋਈ ਸਰਗੁਣ ਰੂਪ ਹੋਂਦ ਬਣੀ ਹੋਈ ਹੈ ਉਸਨੂੰ ਉਹੀ ਕੁੱਝ ਸਮਝਦੇ ਹਾਂ। ਇਹ ਬਿਲਕੁਲ ਸਾਡੇ ਸੁਪਨੇ ਦੀ ਤਰ੍ਹਾਂ ਹੈ ਜਿਸ ਵਿੱਚ ਸੱਚਾਈ ਨਹੀਂ ਹੁੰਦੀ। ਸੱਚਾਈ ਸੁਪਨਾ ਖੁੱਲਣ ਤੋਂ ਬਾਅਦ ਹੀ ਸਮਝ ਆਉਂਦੀ ਹੈ। ਸੰਸਾਰ ਦੀ ਸੱਚਾਈ ਜਾਨਣ ਲਈ ਉਸ ਗਿਆਨ ਦੀ ਲੋੜ ਹੈ ਜੋ ਇਸ ਸੰਸਾਰ ਦਾ ਸਭ ਤੋਂ ਵੱਡਾ ਖਜ਼ਾਨਾ ਹੈ, ਪਰਮ ਨਿਧਾਨ ਹੈ। ਇਹ ਪਰਮ ਨਿਧਾਨ ਪ੍ਰਮਾਤਮਾ ਦਾ ਆਪਣਾ ਨਿਧਾਨ ਹੈ, ਆਪਣਾ ਖਜ਼ਾਨਾ ਹੈ ਤੇ ਉਸਦੀ ਮਰਜੀ ਤੋਂ ਬਿਨ੍ਹਾਂ ਕੋਈ ਇਸ ਖਜ਼ਾਨੇ ਦੀ ਪ੍ਰਾਪਤੀ ਨਹੀਂ ਕਰ ਸਕਦਾ ਤੇ ਨਾ ਹੀ ਕੋਈ ਇਸ ਭਰਮ ਰੂਪ ਸੁਪਨੇ ਵਿੱਚੋਂ ਜਾਗ ਸਕਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਜਾਗ ਸਕਦਾ ਹੈ। ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਆਪਣੀ ਮਾਇਆ ਮੋਹ ਦੀ ਜੁਗਤਿ ਪਾਈ ਹੋਈ ਹੈ, ਤ੍ਰੈ ਗੁਣਾਂ ਵਾਲੀ ਜੁਗਤਿ ਪਾਈ ਹੋਈ ਹੈ ਤੇ ਸਾਰੇ ਸੰਸਾਰ ਨੂੰ ਮਾਇਆ ਮੋਹ ਦੇ ਪਿਆਰ ਵਿੱਚ ਹੀ ਪਾਇਆ ਹੋਇਆ ਹੈ। ਪ੍ਰਮਾਤਮਾ ਦਾ ਇਹ ਪਰਮ ਨਿਧਾਨ ਉਸਦਾ **"ਗਿਆਨੁ ਰਤਨੁ"** ਹੈ ਜਿਸਦੀ ਪ੍ਰਾਪਤੀ ਤੋਂ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਇਸ ਤੋਂ ਵਾਂਝਾ ਰੱਖਿਆ ਹੋਇਆ ਹੈ, ਆਪਣੀ ਮਾਇਆ ਮੋਹ ਦੀ ਜੁਗਤਿ ਦੁਆਰਾ ਇਸ

31/3392

ਦੀ ਪ੍ਰਾਪਤੀ ਤੋਂ ਦੂਰ ਰੱਖਿਆ ਹੋਇਆ ਹੈ। ਪ੍ਰਮਾਤਮਾ ਨੇ ਆਪਣਾ ਇਹ **"ਗਿਆਨੁ ਰਤਨੁ"** ਆਪ ਹੀ ਪੂਰੀ ਗੁਰਬਾਣੀ ਵਿੱਚ ਪਾਇਆ ਹੋਇਆ ਹੈ ਜਿਸ ਰਾਹੀਂ ਗੁਰਬਾਣੀ ਸਾਰੇ ਸੰਸਾਰ ਵਿੱਚ ਆਪਣੇ ਗਿਆਨ ਦਾ ਚਾਨਣ ਕਰ ਰਹੀ ਹੈ, ਗਿਆਨ ਦਾ ਪ੍ਰਕਾਸ਼ ਕਰ ਰਹੀ ਹੈ। ਜਿੰਨ੍ਹਾਂ ਸਰੀਰਾਂ ਵਿੱਚ ਪ੍ਰਮਾਤਮਾ ਨੇ ਪਹਿਲਾਂ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕੀਤਾ ਹੈ, ਆਪਣਾ ਪਰਮ ਨਿਧਾਨ ਬਖਸ਼ਿਆ ਹੈ ਉਹੀ ਇਸ ਮਨ ਦੇ ਸੁਪਨੇ ਵਿੱਚੋਂ ਜਾਗੇ ਹਨ, ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਜਾਗੇ ਹਨ ਤੇ ਉਹਨਾਂ ਨੂੰ

ਫਿਰ ਹਰ ਵਸਤੂ ਵਿੱਚ ਕੇਵਲ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਈ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਗਿਆਨ ਰਾਹੀਂ ਹੀ ਹੁੰਦੇ ਹਨ ਜੋ ਕਿ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਤੇ ਉਸਦੇ ਮਨ ਦੇ ਵਿੱਚੋਂ ਦਰਸ਼ਨ ਕੀਤੇ ਬਿਨ੍ਹਾਂ ਕੋਈ ਵੀ ਭਰਮ ਵਿੱਚੋਂ ਨਿਕਲ ਨਹੀਂ ਸਕਦਾ, **"ਸੂਤਕੁ"** ਰੂਪ ਦੂਰ ਨਹੀਂ ਹੋ ਸਕਦਾ। (**ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨ ਸੁਪਨ ਸਮਾਨੰ॥ ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ॥ ਬਾਬਾ ਮਾਣਿਆ ਮੋਹ ਹਿਤੁ ਕੀਨ੍॥ ਜਿਨਿ ਗਿਆਨੁ ਰਤਨ ਹਿਰਿ ਲੀਨ੍॥ਰਹਾਉ॥**)

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥}

(ਅੰਗ ੧੪੨੭)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਅੰਦਰਿ ਪਰਗਾਸੁ ਗੁਰੂ ਤੇ ਪਾਏ॥
ਨਾਮੁ ਪਦਾਰਥੁ ਮੰਨਿ ਵਸਾਏ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ॥੧੨॥}

(ਅੰਗ ੧੦੬੩)

{ਜਲਿ ਥਲਿ ਮਹੀਅਲਿ ਰਹਿਆ ਭਰਪੂਰਿ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰਿ॥
ਲੋਕ ਪਤੀਆਰੈ ਕਛੂ ਨ ਪਾਈਐ॥ ਸਾਚਿ ਲਗੈ ਤਾ ਹਉਮੈ ਜਾਈਐ॥੨॥
ਜਿਸ ਨੋ ਲਾਇ ਲਏ ਸੋ ਲਾਗੈ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ॥ ਗੁਰ ਪਰਸਾਦੀ ਨਾਮੁ ਧਿਆਏ ॥੩॥
ਦੁਇ ਕਰ ਜੋੜਿ ਕਰਉ ਅਰਦਾਸਿ॥ ਤੁਧੁ ਭਾਵੈ ਤਾ ਆਣਹਿ ਰਾਸਿ॥
ਕਰਿ ਕਿਰਪਾ ਅਪਨੀ ਭਗਤੀ ਲਾਇ॥ ਜਨ ਨਾਨਕ ਪ੍ਰਭੁ ਸਦਾ ਧਿਆਇ॥੪॥}

(ਅੰਗ ੭੩੬-੭੩੭)

{ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥}

(ਅੰਗ ੫੯੮)

31/3393

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ ੭੮)

{ਵਾਜੈ ਪਉਣੁ ਤੈ ਆਪਿ ਵਜਾਏ॥ ਸਿਵ ਸਕਤੀ ਦੇਹੀ ਮਹਿ ਪਾਏ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ॥੨॥

ਅੰਧੇਰਾ ਚਾਨਣੁ ਆਪੇ ਕੀਆ॥ ਏਕੋ ਵਰਤੈ ਅਵਰੁ ਨ ਬੀਆ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ॥੩॥}

(ਅੰਗ ੧੦੫੬)

{ਗੁਰ ਤੇ ਗਿਆਨੁ ਨਾਮ ਰਤਨੁ ਪਾਇਆ॥
ਮਨਸਾ ਮਾਰਿ ਮਨ ਮਾਹਿ ਸਮਾਇਆ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ॥}

(ਅੰਗ ੧੦੪੪)

{ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ॥੧॥
ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ॥੨॥}

(ਅੰਗ ੭੦੨-੭੦੩)

{ਕਰਮੁ ਹੋਵੈ ਤਾ ਸਤਿਗੁਰੁ ਪਾਏ॥ ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥}

(ਅੰਗ ੧੦੬੭)

{ਨਾਮ ਰਤਨੁ ਜਿਨਿ ਗੁਰਮੁਖਿ ਪਾਇਆ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ॥}

(ਅੰਗ ੨੮੬)

{ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ॥}

(ਅੰਗ ੭੭੫)

313394

{ਜੈ ਕਾਰਣਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥}

(ਅੰਗ ੧੫੨)

{ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ॥੩॥}

(ਅੰਗ ੧੦੬੯)

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ॥੬॥}

(ਅੰਗ ੫੦੫)

{ਗਿਆਨ ਰਤਨੁ ਮਨਿ ਪਰਗਟੁ ਭਇਆ॥ ਨਾਮੁ ਪਦਾਰਥੁ ਸਹਜੇ ਲਇਆ॥}

(ਅੰਗ ੧੦੬੯)

{ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥੧॥}

(ਅੰਗ ੨੧੯)

{ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥

ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥੨॥}

(ਅੰਗ ੧੧੮੬)

{ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ॥
ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ॥੪॥
ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥
ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ॥੫॥
ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ॥੮॥}

(ਅੰਗ ੨੩੪-੨੩੫)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ॥੨॥}

(ਅੰਗ ੫੯੩)

{ਅੰਤਰਿ ਰਤਨੁ ਮਿਲੈ ਮਿਲਾਇਆ॥
ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ॥੫॥}

(ਅੰਗ ੧੧੭)

31/3395

ਜਿਹੋ ਜਿਹੇ ਸੁਪਨੇ ਵਿੱਚ, ਭਰਮ ਵਿੱਚ ਹਰ ਕੋਈ ਜੀ ਰਿਹਾ ਹੈ ਉਹ ਸੁਪਨਾ ਸਾਡਾ ਮਨ ਦੇ ਗਿਆਨ ਦੁਆਰਾ ਟੁੱਟਦਾ ਹੈ ਜਿਵੇਂ ਕਿ ਉੱਪਰ ਦਿੱਤੇ ਹੋਏ ਅਨੇਕਾਂ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਸਾਡੇ ਅੰਦਰ ਦੀ ਹਉਮੈ ਰੂਪ ਅਵੱਸਥਾ ਸਾਡੇ ਅੰਦਰ ਦਾ ਸੁਪਨਾ ਰੂਪ ਹੈ ਜਿਸਨੇ ਸਾਨੂੰ ਸਾਡੇ ਅੰਦਰੋਂ ਸੱਚ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ, ਨਾਮ ਨੂੰ ਸਮਝਣ ਤੋਂ, ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਸਾਡਾ ਇਹ ਸੁਪਨਾ ਨਾਮ ਦੀ ਪ੍ਰਾਪਤੀ ਦੁਆਰਾ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਹੀ ਟੁੱਟਦਾ ਹੈ। ਸਾਡੇ ਅੰਦਰ ਪ੍ਰਮਾਤਮਾ "ਗਿਆਨੁ ਰਤਨੁ" ਦੇ ਰੂਪ ਵਿੱਚ ਹੀ ਵਿਚਰਦਾ ਹੈ ਭਾਵ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ ਤੇ ਪ੍ਰਮਾਤਮਾ ਆਪਣੇ ਆਪ ਨੂੰ ਸਾਡੇ ਅੰਦਰ "ਗਿਆਨੁ ਰਤਨੁ" ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ। ਜਦ ਤੱਕ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੇ ਆਪ ਨੂੰ ਇਸ ਰੂਪ ਵਿੱਚ ਪ੍ਰਗਟ ਨਹੀਂ ਕਰਦਾ ਤਦ ਤੱਕ ਉਸਨੇ ਆਪ ਹੀ ਸਭ ਨੂੰ "ਗਿਆਨੁ ਰਤਨੁ" ਤੋਂ ਵਾਂਝਾ ਰੱਖਿਆ ਹੋਇਆ ਹੈ ਭਾਵ ਆਪਣੇ ਆਪ ਦੀ ਅਸਲੀਅਤ ਸਮਝਾਉਣ ਤੋਂ ਦੂਰ ਰੱਖਿਆ ਹੋਇਆ ਹੈ, ਮਾਇਆ ਮੋਹ ਦੀ ਜੁਗਤਿ ਪਾਕੇ ਦੂਰ ਰੱਖਿਆ ਹੋਇਆ ਹੈ ਜਿਸ ਦੇ ਰਹਿੰਦਿਆਂ ਸਾਨੂੰ ਉਹ ਕੁੱਝ ਸੱਚ ਲੱਗਦਾ ਹੈ, ਸੁਪਨੇ ਦੀ ਤਰ੍ਹਾਂ ਸੱਚ ਲੱਗਦਾ ਹੈ ਜੋ ਕਿ ਅਸਲੀਅਤ ਨਹੀਂ ਹੈ। (**ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨ ਸੁਪਨ ਸਮਾਨੰ॥ ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ॥ ਬਾਬਾ ਮਾਇਆ ਮੋਹ ਹਿਤੁ ਕੀਨ੍॥ ਜਿਨਿ ਗਿਆਨੁ ਰਤਨ ਹਿਰਿ ਲੀਨ੍॥ਰਹਾਉ॥**)

{**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥**
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥}

(ਅੰਗ ੧੪੨੭)

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਗਿਆਨੁ ਰਤਨੁ ਦੀ ਪ੍ਰਾਪਤੀ

ਹੋਏ ਬਿਨ੍ਹਾਂ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ, ਬ੍ਰਹਮ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ ਸਾਨੂੰ ਆਪਣੀ ਭਗਤੀ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ ਕਿ ਸਾਡਾ ਇਸ ਸੰਸਾਰ ਤੋਂ ਛੁਟਕਾਰਾ ਕਿਵੇਂ ਹੋਣਾ ਹੈ। ਭਗਤੀ ਦੀ ਸਹੀ ਸੋਝੀ ਨਾਲ ਜੁੜੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਕਿ ਸਭ ਕੁੱਝ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੁੱਝ ਵੀ ਨਹੀਂ ਹੈ।

"ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥
ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥੨॥
ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ ॥
ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ ॥੩॥"

31/3396

ਸਾਡੇ ਅੰਦਰ ਦੀ ਅਗਿਆਨਤਾ ਸਾਨੂੰ ਭਗਤੀ ਦੇ ਮਾਰਗ ਤੋਂ ਕਿਵੇਂ ਭਟਕਾਉਂਦੀ ਹੈ ਇਹ ਉੱਪਰ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡੀ ਅਗਿਆਨਤਾ ਨੂੰ ਸਾਡੀ ਪਸ਼ੂਆਂ ਵਾਲੀ ਬਿਰਤੀ ਨਾਲ ਜੋੜ ਕੇ ਸਮਝਾਇਆ ਹੋਇਆ ਹੈ ਜਿਸ ਕਰਕੇ ਸਾਨੂੰ ਆਪਣੇ ਸਹੀ ਮਾਰਗ ਦੀ ਸਮਝ ਨਹੀਂ ਪੈਂਦੀ। ਪਤੰਗਾ ਅੱਗ ਦੀ ਲਾਟ ਦੇ ਦੁਆਲੇ ਜਾਂਦਾ ਹੈ, ਦੀਵੇ ਦੀ ਲਾਟ ਦੇ ਦੁਆਲੇ ਜਾਂਦਾ ਹੈ ਜਿਸਦੇ ਨਾਲ ਲੱਗ ਕੇ ਉਹ ਸੜ ਕੇ ਮਰ ਜਾਂਦਾ ਹੈ। ਇਸੇ ਤਰ੍ਹਾਂ ਅਸੀਂ ਮਾਇਆ ਰੂਪ ਅਗਨੀ ਦੇ ਨਾਲ ਚਮੜੇ ਰਹਿੰਦੇ ਹਾਂ ਜੋ ਸਾਨੂੰ ਵਿਕਾਰਾਂ ਵਿੱਚ ਪਾਉਂਦੀ ਹੈ। ਜਿਵੇਂ ਪਤੰਗਾ ਅਗਨੀ ਨੂੰ ਵੇਖ ਕੇ ਭਰਮਦਾ ਹੈ ਉਸੇ ਤਰ੍ਹਾਂ ਅਸੀਂ ਮਨ ਦੀ ਅਗਿਆਨਤਾ ਦੁਆਰਾ ਭਰਮੇ ਹੋਏ ਭਾਵ ਪਸ਼ੂਆਂ ਵਾਲੀ ਬਿਰਤੀ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਉਸ ਤਰੀਕੇ ਕਾਲ ਵਿੱਚ ਫਸਾ ਰਹੇ ਹਾਂ, ਮੌਤ ਦੇ ਮੂੰਹ ਵਿੱਚ ਪਾ ਰਹੇ ਹਾਂ ਕਿਉਂਕਿ ਮਨ ਦੀ ਅਗਿਆਨਤਾ ਨੇ ਸਾਨੂੰ ਮਾਇਆ ਮੋਹ ਵਿੱਚ ਫਸਾਇਆ ਹੈ ਜਿਸ ਦਾ ਕਾਰਣ ਸਾਡੇ ਅੰਦਰ **"ਗਿਆਨੁ ਰਤਨੁ"** ਦਾ ਨਾ ਹੋਣਾ ਹੈ, ਨਾਮ ਰਤਨ ਦਾ ਨਾ ਹੋਣਾ ਹੈ ਭਾਵ ਸੱਚੇ ਗਿਆਨ ਦਾ ਨਾ ਹੋਣਾ ਹੈ, ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ। ਇਸੇ ਕਰਕੇ ਸਾਨੂੰ ਮੁਗਧ ਕਿਹਾ ਹੈ, ਮੂਰਖ ਕਿਹਾ ਹੈ।
(ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ॥ ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ॥)

ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨ੍ਹਾਂ, ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਨਿਕਲੇ ਬਿਨ੍ਹਾਂ ਇਸ ਮਾਇਆ ਮੋਹ ਦੇ ਸਾਗਰ ਤੋਂ ਨਹੀਂ ਤਰਿਆ ਜਾ ਸਕਦਾ ਤੇ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਕਿ ਸਭ ਕੁੱਝ ਆਪ ਹੀ ਹੈ, ਸਾਡੇ ਅੰਦਰ ਹੀ ਹੈ, ਗਿਆਨੁ ਰਤਨੁ ਦੇ ਰੂਪ ਵਿੱਚ ਹੈ ਤੇ ਹਰ ਵਸਤੂ ਵਿੱਚ ਪ੍ਰਮਾਤਮਾ ਆਪਣੇ ਇਸ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਜੋਤਿ ਰੂਪ ਹੈ। ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਅਗਿਆਨਤਾ ਵਿੱਚੋਂ ਨਿਕਲਣਾ ਹੀ ਸਿਖਾਇਆ ਹੋਇਆ ਹੈ ਤਾਂ ਜੋ ਅਸੀਂ ਉਸ ਪ੍ਰਮਾਤਮਾ ਨੂੰ ਜਾਣ ਸਕੀਏ ਕਿ ਸਭ ਕੁੱਝ ਉਹ ਇੱਕੋ ਇੱਕ ਆਪ ਹੀ ਹੈ।

"ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ ॥
ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ ॥੩॥"

ਅਗਿਆਨਤਾ ਵਿੱਚੋਂ ਨਿਕਲਣ ਦਾ ਸਾਧਨ ਉਹੀ ਹੈ ਜੋ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਅਗਿਆਨਤਾ ਵਿੱਚੋਂ ਸਾਨੂੰ ਗੁਰੂ ਦੇ ਗਿਆਨ ਨੇ ਹੀ ਕੱਢਣਾ ਹੈ ਤੇ ਅਗਿਆਨਤਾ, ਭਰਮ ਤਾਂ ਹੀ ਨਿਕਲੇਗਾ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਆਪਣੇ ਅੰਦਰ ਵਿਚਾਰਾਂਗੇ ਭਾਵ ਗੁਰੂ ਦੀ ਮਤਿ ਨੂੰ ਆਪਣੇ ਵਿਚਾਰਾਂ ਵਿੱਚ ਲਿਆਵਾਂਗੇ, ਆਪਣੇ ਮਨ ਦੇ ਵਿੱਚ ਧਿਆਵਾਂਗੇ ਭਾਵ ਮਨ ਦੇ ਧਿਆਨ ਦੇ ਵਿੱਚ ਲਿਆਵਾਂਗੇ ਭਾਵ ਗੁਰੂ ਦੀ ਕਹੀ ਹੋਈ ਗੱਲ ਨੂੰ ਮੰਨਾਗੇ, ਉਸਤੇ ਅਮਲ ਕਰਾਂਗੇ। ਜੋ ਗੁਰੂ ਦੇ ਸ਼ਬਦ ਦਾ ਵਿਚਾਰੀ ਹੈ

31/3397

ਭਾਵ ਗੁਰੂ ਦੀ ਗੱਲ ਨੂੰ ਵਿਚਾਰਨ ਵਾਲਾ ਹੈ ਉਹ ਫਿਰ ਆਪਣੇ ਅੰਦਰੋਂ ਵਿਕਾਰਾਂ ਨੂੰ ਤਿਆਗ ਦੇਵੇਗਾ ਜੋ ਕਿ ਸ਼ਬਦ ਦੀ ਵਿਚਾਰ ਦਾ ਮਕਸਦ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ ਤੇ ਜੋ ਨਾਮ ਤੇ ਚੱਲਣ ਵਾਲਾ ਹੈ ਉਹ ਸ਼ਬਦ ਦਾ ਵਿਚਾਰੀ ਹੈ ਭਾਵ ਉਸਦੇ ਅੰਦਰ ਔਗੁਣ ਨਹੀਂ ਰਹਿ ਸਕਦੇ, ਵਿਕਾਰ ਨਹੀਂ ਰਹਿ ਸਕਦੇ। ਇਸ ਮਾਇਆ ਮੋਹ ਦੇ ਸਾਗਰ ਤੋਂ ਤਰਨ ਦਾ ਤਰੀਕਾ ਇਹੀ ਹੈ ਕਿ ਅਸੀਂ ਗੁਰਮਤਿ ਦੇ ਵੀਚਾਰੀ ਬਣੀਏ ਤੇ ਵਿਕਾਰਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰੀਏ ਜੋ ਕਿ ਮਾਇਆ ਮੋਹ ਦੇ

ਸਾਗਰ ਤੋਂ ਤਰਨ ਦਾ ਤਰੀਕਾ ਹੈ। ਜਦੋਂ ਸਾਡੇ ਅੰਦਰ ਗੁਰੂ ਦਾ ਗਿਆਨ ਵੱਸ ਜਾਵੇਗਾ ਫਿਰ ਤਾਂ ਹੀ ਅਸੀਂ ਆਪਣੀ ਅਗਿਆਨਤਾ ਵਾਲੀ ਬਿਰਤੀ ਵਿੱਚੋਂ ਨਿਕਲਕੇ ਉਹੋ ਜਿਹੇ ਕਰਮ ਕਰਾਂਗੇ ਜੋ ਗੁਰੂ ਨੂੰ ਭਾਉਂਦੇ ਹਨ ਤੇ ਗੁਰੂ ਪ੍ਰਮਾਤਮਾ ਉਸਨੂੰ ਹੀ ਤਾਰਦਾ ਹੈ ਜਿਸਨੂੰ ਉਸਦੇ ਵਿਚਾਰ ਭਾਉਂਦੇ ਹਨ ਭਾਵ ਜੋ ਉਸਦੇ ਵਿਚਾਰਾਂ ਨੂੰ ਮੰਨਦਾ ਹੈ। ਜਿਸਤੇ ਪ੍ਰਮਾਤਮਾ ਦੀ ਕਿਰਪਾ ਹੁੰਦੀ ਹੈ ਉਹ ਮਨ ਦੀ ਸੋਝੀ ਦੁਆਰਾ ਹੀ ਹੁੰਦੀ ਹੈ ਤੇ ਉਹੀ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਕਰਦਾ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਵੀ ਨਹੀਂ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈਣ ਨਾਲ ਹੀ ਮਨੁੱਖ ਨੂੰ ਇਹ ਵਿਸ਼ਵਾਸ ਆ ਸਕਦਾ ਹੈ ਤੇ ਕੋਈ ਹੋਰ ਤਰੀਕਾ ਨਹੀਂ ਹੈ। ਜਿੰਨ੍ਹਾਂ ਨੂੰ ਇਹ ਵਿਸ਼ਵਾਸ ਆਇਆ ਹੈ ਉਹਨਾਂ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਕੇ ਹੀ ਵਿਸ਼ਵਾਸ ਆਇਆ ਹੈ ਤੇ ਤਾਂਹੀ ਉਹਨਾਂ ਨੇ ਪੂਰੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਇਹ ਗੱਲ ਸਮਝਾਈ ਹੈ। ਸਾਗ ਮਾਸ ਦਾ ਭੇਦ ਮਨ ਦੇ ਇਹੋ ਜਿਹੇ ਵਿਸ਼ਵਾਸ ਦੁਆਰਾ ਹੀ ਸਮਝ ਆ ਸਕਦਾ ਹੈ, "ਗਿਆਨੁ ਧਿਆਨੁ" ਵਾਲੀ ਅਵੱਸਥਾ ਦੁਆਰਾ ਆ ਸਕਦਾ ਹੈ, ‘‘ਗਿਆਨ ਰਤਨ’’ ਦੀ ਪ੍ਰਾਪਤੀ ਵਾਲੀ ਅਵੱਸਥਾ ਦੁਆਰਾ ਆ ਸਕਦਾ ਹੈ ਤੇ ਇਹੋ ਜਿਹੀ ਅਵੱਸਥਾ ਦੀ ਪ੍ਰਾਪਤੀ ਹੋਏ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਹੈ। ਭਰਮ ਵਾਲੀ ਅਵੱਸਥਾ ਵਿੱਚ ਹੀ ਪਾਂਡਿਆਂ ਨੇ ਗੁਰੂ ਸਾਹਿਬ ਨਾਲ ਝਗੜਾ ਕੀਤਾ ਸੀ। **(ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ॥ ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ॥)**

ਸਾਡੇ ਜੀਵਨ ਦਾ ਮਕਸਦ ਭਰਮ ਵਿੱਚੋਂ ਨਿਕਲਣ ਦਾ ਹੈ ਜੋ ਕਿ ਸ਼ਬਦ ਦਾ ਵਿਚਾਰੀ ਬਣ ਕੇ ਨਿਕਲਿਆ ਜਾ ਸਕਦਾ ਹੈ। ਸਾਨੂੰ ਹਉਮੈ ਵਿੱਚੋਂ ਕੇਵਲ ਸ਼ਬਦ ਦੀ ਵਿਚਾਰ ਹੀ ਕੱਢ ਸਕਦੀ ਹੈ, ਨਾਮ ਹੀ ਕੱਢ ਸਕਦਾ ਹੈ ਪਰ ਨਾਮ ਨੂੰ ਸਮਝੇ ਬਿਨ੍ਹਾਂ ਕੋਈ ਵੀ ਭਰਮ ਵਿੱਚੋਂ ਨਹੀਂ ਨਿਕਲ ਸਕਦਾ। ਨਾਮ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਪਰ ਕੇਵਲ ਇੱਕ ਸ਼ਬਦ ਨੂੰ ਰਟੀ ਜਾਣ ਨਾਲ ਭਰਮ ਵਿੱਚੋਂ ਨਿਕਲਣ ਦੀ ਬਜਾਏ ਅਸੀ ਉਲਟਾ ਭਰਮ ਨੂੰ ਹੀ ਹੋਰ ਆਪਣੇ ਅੰਦਰ ਦ੍ਰਿੜ ਕਰੀ ਜਾਂਦੇ ਹਾਂ, ਆਪਣੀ ਹਉਮੈ ਤੇ ਹੋਰ ਪੱਕਾ ਹੋਈ ਜਾਂਦੇ ਹਾਂ। ਹਉਮੈ ਉਸਦੀ ਹੀ ਨਿਕਲਦੀ ਹੈ ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ

31/3398

ਬੜੀ ਹੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ, ਹਰ ਕੋਈ ਸਮਝ ਸਕਦਾ ਹੈ ਕਿ ਹਉਮੈ ਛੱਡਣਾ ਕੀ ਹੈ ਤੇ ਨਾ ਛੱਡਣਾ ਕੀ ਹੈ।

{ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥
ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥}

(ਅੰਗ ੯੪੮)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਅਸੀਂ ਮੁਕਤੀ ਕਿਸ ਤੋਂ ਪਾਉਣੀ ਹੈ। ਸਾਡੇ ਅੰਦਰ ਦਾ ਬੰਧਨ ਸਾਡੀ ਹਉਮੈ ਹੈ ਜਿਸ ਤੋਂ ਅਸੀਂ ਮੁਕਤਿ ਹੋਣਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਹਉਮੈ ਸਾਡੀ ਮਨਹਠਿ ਹੈ ਜਿਸਨੇ ਸਾਨੂੰ ਬੰਧਨ ਵਿੱਚ ਰੱਖਿਆ ਹੋਇਆ ਹੈ। ਹਉਮੈ ਵਿੱਚੋਂ ਉਹੀ ਨਿਕਲ ਸਕਦਾ ਹੈ ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ ਭਾਵ ਉਹੀ ਕੁੱਝ ਕਰਦਾ ਹੈ ਜੋ ਗੁਰੂ ਦਾ ਸ਼ਬਦ ਸਾਨੂੰ ਸਮਝਾਉਂਦਾ ਹੈ ਜੋ ਸ਼ਬਦ ਦੀ ਵਿਚਾਰ ਸਾਨੂੰ ਸਮਝਾਉਂਦੀ ਹੈ। ਸ਼ਬਦ ਦੀ ਵਿਚਾਰ ਸਾਨੂੰ ਸੱਚਾ ਸੁੱਚਾ ਇਨਸਾਨ ਬਣਾਉਣਾ ਹੀ ਸਿਖਾਉਂਦੀ ਹੈ ਤੇ ਜੋ ਗੁਰੂ ਦੀ ਗੱਲ ਤੇ ਅਮਲ ਕਰਦਾ ਹੈ ਉਹੀ ਹਉਮੈ ਤੋਂ, ਮਨ ਦੀ ਅਗਿਆਨਤਾ ਤੋਂ, ਮਨ ਦੇ ਭਰਮ ਤੋਂ ਮੁਕਤਿ ਹੁੰਦਾ ਹੈ ਭਾਵ ਆਪਣੀ ਉਸ ਅਗਿਆਨਤਾ ਵਾਲੀ ਸੋਝੀ ਤੋਂ ਮੁਕਤਿ ਹੁੰਦਾ ਹੈ ਜੋ ਸੋਝੀ ਅਸੀਂ ਗੁਰੂ ਦੀ ਬਜਾਏ ਕਿਸੇ ਹੋਰ ਕੋਲੋਂ ਲਈ ਹੋਈ ਹੈ ਜਿੰਨ੍ਹਾਂ ਦੇ ਪਿੱਛੇ ਲੱਗਕੇ ਅਸੀਂ ਭਰਮ ਵਿੱਚ ਹੀ ਉਹ ਕੁਝ ਕਰ ਰਹੇ ਹਾਂ ਜਿਸ ਵਿੱਚ ਸੱਚ ਨਹੀਂ ਹੈ। ਕਿਸੇ ਸ਼ਬਦ ਨੂੰ ਰਟੀ ਜਾਣਾ ਸੱਚ ਨਹੀਂ ਹੈ ਬਲਕਿ ਸ਼ਬਦ ਦੁਆਰਾ ਜੋ ਸਾਨੂੰ ਸਮਝਾਇਆ ਗਿਆ ਹੈ ਉਹ ਸੱਚ ਹੈ, ਉਹ ਨਾਮ ਹੈ ਭਾਵ ਸ਼ਬਦ ਨੇ ਜੋ ਸਾਨੂੰ ਵਿਚਾਰ ਦਿੱਤੀ ਹੈ ਉਹ ਸੱਚ ਹੈ, ਨਾਮ ਹੈ, ਜਿਸ ਗੱਲ ਨੂੰ ਫਿਰ ਤੋਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥੧॥ਰਹਾਉ॥}

(ਅੰਗ ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥

ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥੭॥}

(ਅੰਗ ੨੨੯)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ॥}

(ਅੰਗ ੯੦੪)

{ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥੨੪॥}

(ਅੰਗ ੫)

31/3399

ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਉਸਦਾ ਸ਼ਬਦ ਰੂਪ ਹੈ। ਸ਼ਬਦ ਨੂੰ ਉੱਚਾ ਕਰਨ ਵਾਲਾ ਸ਼ਬਦ ਦੇ ਅੰਦਰ ਦਾ ਵਿਚਾਰ ਹੈ ਜੋ ਕਿ ਉਸਦਾ ਨਾਮ ਹੈ। ਸਭ ਤੋਂ ਉੱਚਾ ਨਾਮ ਹੈ, ਸਭ ਤੋਂ ਉੱਚੀ ਸ਼ਬਦ ਦੀ ਵਿਚਾਰ ਹੈ। ਪ੍ਰਮਾਤਮਾ ਆਪਣੇ ਇਸ ਗਿਆਨ ਦੁਆਰਾ ਉੱਚਾ ਹੈ, ਬ੍ਰਹਮ ਗਿਆਨ ਦੁਆਰਾ ਉੱਚਾ ਹੈ ਭਾਵ ਪ੍ਰਮਾਤਮਾ ਨੂੰ ਉੱਚਾ ਕਰਨ ਵਾਲਾ, ਉਸ ਬ੍ਰਹਮ ਗਿਆਨੀ ਨੂੰ ਉੱਚਾ ਕਰਨ ਵਾਲਾ ਉਸ ਦਾ ਬ੍ਰਹਮ ਗਿਆਨ ਹੈ ਜਿਸ ਕਰਕੇ ਪ੍ਰਮਾਤਮਾ ਉੱਚਾ ਹੈ। ਸ਼ਬਦ ਦੀ ਵਿਚਾਰ ਰਾਹੀਂ ਸਾਨੂੰ ਬ੍ਰਹਮ ਗਿਆਨ ਹੀ ਮਿਲਦਾ ਹੈ ਜਿਸ ਤੋਂ ਉੱਪਰ ਹੋਰ ਕੋਈ ਗਿਆਨ ਨਹੀਂ ਹੋ ਸਕਦਾ। ਜਿਸ ਨੂੰ ਵੀ ਪ੍ਰਮਾਤਮਾ ਨੇ ਭਰਮ ਤੋਂ ਪੂਰੀ ਤਰ੍ਹਾਂ ਮੁਕਤਿ ਕੀਤਾ ਹੈ, ਹਉਮੈ ਤੋਂ ਮੁਕਤਿ ਕੀਤਾ ਹੈ ਉਸਨੂੰ ਆਪ ਉਸਦੇ ਅੰਦਰ ਪ੍ਰਗਟ ਹੋ ਕੇ ਭਰਮ ਤੋਂ ਮੁਕਤਿ ਕੀਤਾ ਹੈ ਤੇ ਉਸਨੂੰ ਸਮਝ ਲੱਗੀ ਹੈ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ। ਆਉ ਆਪਣੇ ਜੀਵਨ ਦਾ ਮਨੋਰਥ ਭਰਮ ਵਿੱਚੋਂ ਨਿਕਲਣ ਦਾ ਬਣਾਈਏ ਭਾਵ ਨਾਮ ਦੇ ਨਾਲ ਉਸ ਰੂਪ ਵਿੱਚ ਜੁੜੀਏ, ਨਾਮ ਨੂੰ ਉਸ ਰੂਪ ਵਿੱਚ ਜਪੀਏ ਜੋ ਕਿ ਨਾਮ ਨੂੰ ਜਪਣ ਦਾ ਮਨੋਰਥ ਹੈ। ਨਾਮ ਨੂੰ ਜਪਣ ਵਾਲਾ, ਨਾਮ ਨੂੰ ਧਿਆਉਣ ਵਾਲਾ ਉਹੀ ਹੈ ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ ਭਾਵ ਗੁਰੂ ਦੀ ਗੱਲ ਨੂੰ ਆਪਣੇ ਧਿਆਨ ਵਿੱਚ ਵਸਾਉਂਦਾ ਹੈ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਗੱਲ ਉਹੀ ਹੈ ਜਿਸਨੂੰ ਅਸੀਂ ਵਾਰ-ਵਾਰ ਸਮਝਦੇ ਆ ਰਹੇ ਹਾਂ।

"ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ॥੩॥"

(ਅੰਗ ੨੭)

ਇਸ ਤੋਂ ਸਪੱਸ਼ਟ ਗੁਰੂ ਸਾਹਿਬ ਸਾਨੂੰ ਹੋਰ ਕੀ ਸਮਝਾਉਣ ਕਿ "ਹਰਿ" ਧਿਆਉਣਾ ਕੀ ਹੈ ਭਾਵ ਹਰਿ ਹਰਿ ਕਰਨਾ ਕੀ ਹੈ, ਨਾਮ ਧਿਆਉਣਾ ਕੀ ਹੈ? ਗੁਰੂ ਦਾ ਹਰ ਸ਼ਬਦ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ ਤਾਂ ਜੋ ਅਸੀਂ ਗੁਰੂ ਦੀ ਗੱਲ ਨੂੰ ਸਮਝਕੇ ਉਸ ਨੂੰ ਮੰਨੀਏ ਭਾਵ ਉਸਤੇ ਅਮਲ ਕਰੀਏ। ਅਸੀਂ ਗੁਰੂ ਦੀ ਜਿਹੜੀ ਗੱਲ ਨੂੰ ਮੰਨ ਲੈਂਦੇ ਹਾਂ ਉਹ ਸਾਡੇ ਧਿਆਨ ਵਿੱਚ ਵੱਸ ਜਾਂਦੀ ਹੈ ਭਾਵ ਗੁਰੂ ਦਾ ਉਹ ਉਪਦੇਸ਼ ਸਾਡੇ ਧਿਆਨ ਦਾ ਹਿੱਸਾ ਬਣ ਜਾਂਦਾ ਹੈ, ਅਸੀਂ ਉਸ ਗੱਲ ਦੇ ਵਿਚਾਰੀ ਬਣ ਜਾਂਦੇ ਹਾਂ ਤੇ ਫਿਰ ਉਹਨਾਂ ਵਿਚਾਰਾਂ ਅਨੁਸਾਰ ਹੀ ਵਿਚਰਦੇ ਹਾਂ ਭਾਵ ਸਾਡੇ ਧਿਆਨ ਵਿੱਚ ਗੁਰੂ ਦੇ ਵਿਚਾਰ ਸਦਾ ਹੀ ਵੱਸੇ ਰਹਿੰਦੇ ਹਨ। ਆਪਣੇ ਅੰਦਰੋਂ "ਹਰਿ" ਨੂੰ ਧਿਆਉਣਾ ਹਰਿ ਦੀ ਮਤਿ ਨੂੰ ਧਿਆਉਣਾ ਹੈ, ਗੁਰੂ ਦੀ ਮਤਿ ਨੂੰ ਧਿਆਉਣਾ ਹੈ ਕਿਉਂਕਿ ਹਰਿ ਆਪ ਹੀ ਗੁਰੂ ਹੈ ਜਿਸਨੇ ਪੂਰੀ ਗੁਰਬਾਣੀ ਰਾਹੀਂ ਸਾਨੂੰ ਆਪਣੀ ਮਤਿ ਦਿੱਤੀ ਹੈ, ਆਪਣਾ ਸੱਚਾ ਗਿਆਨ ਦਿੱਤਾ

31/3400

ਹੈ, ਆਪਣਾ ਨਾਮ ਰੂਪ ਉਪਦੇਸ਼ ਦਿੱਤਾ ਹੈ ਜਿਸ ਨੂੰ ਆਪਣੇ ਅੰਦਰ ਧਿਆ ਕੇ, ਆਪਣੇ ਧਿਆਨ ਵਿੱਚ ਵਸਾਕੇ ਅਸੀਂ ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਹਉਮੈ ਵਿੱਚੋਂ, ਮਨਮਤਿ ਵਿੱਚੋਂ ਨਿਕਲਦੇ ਹਾਂ, ਮਾਇਆ ਮੋਹ ਵਿੱਚੋਂ ਨਿਕਲਦੇ ਹਾਂ ਭਾਵ ਉਹ ਕੁੱਝ ਕਰਦੇ ਹਾਂ ਜੋ ਗੁਰੂ ਨੂੰ ਭਾਉਂਦਾ ਹੈ। **(ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥)**

ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੁੰਦੀ ਹੈ ਜਦੋਂ ਮਨੁੱਖ ਗੁਰੂ ਦੇ ਸ਼ਬਦ ਦੀ ਗੱਲ ਨੂੰ ਸੁਣਕੇ ਉਸਨੂੰ ਮੰਨ ਲੈਂਦਾ ਹੈ। ਸਾਡਾ ਮਨ ਮਨਮਤਿ ਕਰਕੇ ਹੀ ਮੈਲਾ ਹੈ, ਅਗਿਆਨਤਾ ਕਰਕੇ ਮੈਲਾ ਹੈ, ਵਿਕਾਰਾਂ ਕਰਕੇ ਹੀ ਮੈਲਾ ਹੈ ਤੇ ਜੋ ਗੁਰੂ ਦੀ ਗੱਲ ਨੂੰ ਮੰਨ ਲੈਂਦਾ ਹੈ ਭਾਵ ਜੋ ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਨਿਕਲ ਜਾਂਦਾ ਹੈ ਉਸਦਾ ਫਿਰ ਮਨ ਤਨ ਨਿਰਮਲ ਹੋ ਜਾਂਦਾ ਹੈ, ਸੱਚਾ ਸੁੱਚਾ ਹੋ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਦਾ ਰੂਪ ਹੋ ਜਾਂਦਾ ਹੈ। ਇਹੋ ਜਿਹੀ ਅਵੱਸਥਾ ਦੁਆਰਾ ਹਰ ਵੇਲੇ ਸੱਚਾ ਸੁੱਚਾ ਹੋ ਕੇ ਹੀ ਵਿਚਰਦਾ ਹੈ ਭਾਵ ਹਰ ਵੇਲੇ ਉਸ ਦੇ ਅੰਦਰ ਗੁਰੂ ਦੀ ਭਗਤੀ ਵਾਲੀ ਬਿਰਤੀ ਬਣੀ ਰਹਿੰਦੀ ਹੈ। (**ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥**)

ਗੁਰੂ ਦੀ ਗੱਲ ਨੂੰ ਮੰਨਣ ਤੋਂ ਬਿਨ੍ਹਾਂ ਭਾਵ ਗੁਰੂ ਦੇ ਗਿਆਨ ਨੂੰ ਅਪਣਾਏ ਬਿਨ੍ਹਾਂ ਸਾਡੀ ਮਤਿ ਮੈਲੀ ਹੈ ਭਾਵ ਅਗਿਆਨਤਾ ਵਾਲੀ ਹੈ। ਇਹ ਸਾਡੇ ਅੰਦਰ ਦਾ ਕੂੜਾ ਰੰਗ ਹੈ ਜਿਸ ਦੁਆਰਾ ਸਾਡਾ ਮਨ ਥਿਰ ਨਹੀਂ ਰਹਿ ਸਕਦਾ ਭਾਵ ਮਾਇਆ ਮੋਹ ਵਿੱਚ ਡੋਲਦਾ ਰਹਿੰਦਾ ਹੈ। ਇਹ ਰੰਗ ਸਾਡੇ ਮਨ ਨੂੰ ਟਿਕਣ ਨਹੀਂ ਦਿੰਦਾ ਭਾਵ ਉਹੋ ਜਿਹਾ ਰੰਗ ਹੈ ਜਿਵੇਂ "ਕੁਸੰਭ" ਦੇ ਫੁੱਲ ਦਾ ਰੰਗ ਹੁੰਦਾ ਹੈ ਜੋ ਟਿਕਦਾ ਨਹੀਂ। ਇਸੇ ਤਰ੍ਹਾਂ ਆਪਣੇ ਅੰਦਰ ਅਗਿਆਨਤਾ ਵਾਲੀ ਮਤਿ ਦੇ ਰਹਿੰਦੇ ਹੋਏ, ਮਾਇਆ ਮੋਹ ਵਾਲੀ ਮਤਿ ਦੇ ਰਹਿੰਦੇ ਹੋਏ ਸਾਡਾ ਜੀਵਨ ਬਿਨਸ ਜਾਂਦਾ ਹੈ ਕਿਉਂਕਿ ਇਹੋ ਜਿਹੀ ਮਤਿ ਦੁਆਰਾ ਅਸੀਂ ਸੰਸਾਰ ਵਿੱਚ ਥਿਰ ਹੋ ਕੇ ਨਹੀਂ ਵਿਚਰਦੇ। ਸਾਡੀ ਮਤਿ ਨੂੰ ਥਿਰ ਕੇਵਲ ਗੁਰੂ ਦੀ ਮਤਿ ਹੀ ਕਰ ਸਕਦੀ ਹੈ ਜਿਸ ਨੂੰ ਆਪਣੇ ਅੰਦਰ ਧਿਆਉਣ ਨਾਲ ਅਸੀਂ ਗੁਰਮਤਿ ਤੇ ਦ੍ਰਿੜ ਹੋ ਕੇ ਵਿਚਰਦੇ ਹਾਂ, ਨਾਮ ਤੇ ਦ੍ਰਿੜ ਹੋ ਕੇ ਵਿਚਰਦੇ ਹਾਂ। ਜਿਸ ਨੂੰ ਪ੍ਰਮਾਤਮਾ ਭਰਮ ਵਾਲੀ ਮਤਿ ਵਿੱਚੋਂ ਕੱਢਦਾ ਹੈ, ਅਗਿਆਨਤਾ ਵਿੱਚੋਂ ਕੱਢਦਾ ਹੈ ਉਸਦੇ ਅੰਦਰ ਆਪਣੇ ਨਾਮ ਦਾ ਪਰਗਾਸ ਕਰਦਾ ਹੈ ਭਾਵ ਸੱਚੇ ਗਿਆਨ ਦਾ ਪ੍ਰਗਾਸ ਕਰਦਾ ਹੈ ਜਿਸ ਦੁਆਰਾ ਉਹ ਆਪਣੀ ਗੁਰਮਤਿ ਦੀ ਸੱਚੀ ਸੋਝੀ ਪਾ ਕੇ ਉਸਦੀ ਮਤਿ ਨੂੰ ਸਦਾ ਲਈ ਥਿਰ ਕਰ ਦਿੰਦਾ ਹੈ, ਉਸਦੀ ਮਤਿ ਨੂੰ ਅਡੋਲ ਕਰ ਦਿੰਦਾ ਹੈ। ਪ੍ਰਮਾਤਮਾ ਨੂੰ ਜਾਨਣ ਲਈ ਇੱਕੋ ਇੱਕ ਤਰੀਕਾ ਭਰਮ ਵਿੱਚੋਂ ਨਿਕਲਣ ਦਾ ਹੈ, ਗੁਰੂ ਦੀ ਗੱਲ ਨੂੰ ਸੁਣਕੇ ਮੰਨਣ ਦਾ ਹੈ ਜੋ ਕਿ ਸਾਡਾ ਉੱਦਮ ਹੈ, ਜੋ ਪ੍ਰਮਾਤਮਾ ਨੂੰ ਧਿਆਉਣ ਦਾ ਉੱਦਮ ਹੈ। ਆਪਣੇ ਨਾਮ ਦਾ ਪ੍ਰਗਾਸ ਕਿਸੇ ਦੇ ਅੰਦਰ ਉਹ ਆਪ ਹੀ ਆਪਣੀ ਕਿਰਪਾ ਦੁਆਰਾ ਕਰਦਾ ਹੈ ਜਿਸ ਰਾਹੀਂ ਮਨ ਦੇ ਅੰਦਰੋਂ ਹੀ ਉਸਦੇ ਦਰਸ਼ਨ ਹੁੰਦੇ ਹਨ ਤੇ ਮਨੁੱਖ ਭਰਮ ਮੁਕਤਿ ਹੁੰਦਾ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

31/3401

(**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ॥**)

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੇਵਲ ਇਸ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੈ ਜੋ ਭਰਮ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਪ੍ਰਮਾਤਮਾ ਇਸ ਭਰਮ ਵਿੱਚੋਂ ਕਦੇ ਹੀ ਕਿਸੇ ਵਿਰਲੇ ਨੂੰ ਕੱਢਦਾ ਹੈ ਜੋ ਕਿ ਉਸਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ ਜਿਸ ਦੁਆਰਾ ਉਹ ਆਪਣੀ ਇਸ ਖੇਡ ਨੂੰ ਚਲਾ ਰਿਹਾ ਹੈ। ਗੁਰਬਾਣੀ ਦੀ ਰਚਨਾ ਕਰਨ ਦਾ ਮਨੋਰਥ ਪ੍ਰਮਾਤਮਾ ਦਾ ਇਹੀ ਹੈ ਕਿ ਉਹ ਗੁਰਬਾਣੀ ਰਾਹੀਂ ਪ੍ਰਮਾਤਮਾ ਦੇ ਸੱਚ ਨੂੰ ਸਮਝਣ ਤੇ ਭਰਮ ਤੋਂ ਛੁਟਕਾਰਾ ਪਾਉਣ। ਸਾਡੇ ਸਮਾਜ ਦੇ ਅੰਦਰ ਅਨੇਕਾਂ ਹੀ ਝਗੜੇ ਧਰਮ ਦੀ ਸਹੀ ਸੋਝੀ ਨਾ ਹੋਣ ਕਰਕੇ ਹਨ ਜਿਵੇਂ ਕਿ ਅਸੀਂ ਆਪਣੇ ਰੋਜ ਦੇ ਜੀਵਨ ਵਿੱਚ ਇਹਨਾਂ ਗੱਲਾਂ ਨੂੰ ਦੇਖਦੇ ਹਾਂ। ਸਾਡੇ ਅੰਦਰ ਧਾਰਮਿਕ ਕੱਟੜਤਾ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੀ ਹੈ ਜੋ ਅਨੇਕਾਂ ਹੀ ਝਗੜਿਆਂ ਨੂੰ ਜਨਮ ਦਿੰਦਾ ਹੈ। ਜਦ ਤੱਕ ਸਾਨੂੰ ਸਭ ਦੇ ਅੰਦਰ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਅਸੀਂ ਇੰਨ੍ਹਾਂ ਝਗੜਿਆਂ ਵਿੱਚੋਂ ਨਹੀਂ ਨਿਕਲ ਸਕਦੇ ਕਿਉਂਕਿ ਪ੍ਰਮਾਤਮਾ ਸਭ ਦੇ ਅੰਦਰ ਹੁੰਦੇ ਹੋਏ ਵੀ ਸਭ ਦੇ ਅੰਦਰ ਪ੍ਰਗਟ ਨਹੀਂ ਹੁੰਦਾ ਜੋ ਕਿ ਉਹ ਕਿਸੇ ਵਿਰਲੇ ਦੀ ਸਮਝ ਦੇ ਅੰਦਰ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਆਪ ਨੂੰ ਗੁਰਬਾਣੀ ਗ੍ਰੰਥ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਦੀ ਆਪਣੀ ਮਨ ਰੂਪ ਜੋਤਿ ਰਾਹੀਂ ਪ੍ਰਗਟ ਹੋ ਕੇ ਸਾਰੇ ਗੁਰਬਾਣੀ ਗ੍ਰੰਥ ਦੀ ਰਚਨਾ ਕਰਵਾਈ ਹੈ ਭਾਵੇਂ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਗਾਡ ਕਹਿ ਕੇ ਜਾਣੇ, ਪ੍ਰਮਾਤਮਾ ਕਹਿ ਕੇ ਜਾਣੇ, ਅਲ੍ਹਾ ਬੋਲ ਕੇ ਜਾਣੇ, ਅਕਾਲਪੁਰਖ ਕਹਿ ਕੇ ਜਾਣੇ ਜਾਂ ਕਿਸੇ ਵੀ ਹੋਰ ਨਾਮ ਨਾਲ ਪੁਕਾਰ ਕੇ ਜਾਣੇ ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਸਭ ਲਈ ਤੇ ਸਭ ਵਿੱਚ ਆਪਣੇ ਇੱਕੋ ਜਿਹੇ ਰੂਪ ਵਿੱਚ ਹੀ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ , ਮਨ ਦੇ ਵਿੱਚ ਉਪਜਣ ਵਾਲੇ

ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਕਿਉਂਕਿ ਉਹ ਸਭ ਦੇ ਅੰਦਰ ਪ੍ਰਗਟ ਨਹੀਂ ਹੁੰਦਾ ਇਸੇ ਲਈ ਅਸੀਂ ਇਹਨਾਂ ਝਗੜਿਆਂ ਵਿੱਚੋਂ ਨਹੀਂ ਨਿਕਲ ਸਕਦੇ। ਸਾਡੇ ਸਭ ਲਈ ਇਹੀ ਗੱਲ ਸਭ ਤੋਂ ਜਰੂਰੀ ਹੈ ਕਿ ਅਸੀਂ ਗੁਰਬਾਣੀ ਦੀ ਦਿੱਤੀ ਹੋਈ ਸਿੱਖਿਆ ਨੂੰ, ਉਸ ਦੁਆਰਾ ਸਮਝਾਈ ਹੋਈ ਹਰ ਗੱਲ ਨੂੰ ਸੱਚ ਕਰਕੇ ਜਾਣੀਏ, ਪੂਰਾ ਵਿਸ਼ਵਾਸ ਕਰਕੇ ਜਾਣੀਏ ਕਿ ਗੁਰਬਾਣੀ ਪੂਰਨ ਰੂਪ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਸਦਾ ਹੀ ਪ੍ਰਗਟ ਹੈ। ਗੁਰਬਾਣੀ ਦੀ ਮਤਿ ਤੇ ਭਰੋਸਾ ਕਰਨਾ ਪੂਰੀ ਤਰ੍ਹਾਂ ਪ੍ਰਮਾਤਮਾ ਤੇ ਭਰੋਸਾ ਕਰਨ ਵਾਲੀ ਗੱਲ ਹੈ। ਪ੍ਰਮਾਤਮਾ ਸਾਨੂੰ ਕਿਸੇ ਵੱਖਰੀ ਵੱਖਰੀ ਧਾਰਮਿਕ ਆਸਥਾ ਨਾਲ ਨਹੀਂ ਜੋੜਦਾ। ਭਾਵੇਂ ਜਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਣ ਵਾਲੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਹਨਾਂ ਸਭ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦਾ ਇੱਕੋ ਜਿਹਾ ਰੂਪ ਹੀ ਨਜ਼ਰ ਆਇਆ ਹੈ ਜੋ ਕਿ ਉਸਦਾ ਜੋਤਿ ਰੂਪ ਹੈ, ਨਿਰਗੁਣ ਰੂਪ ਹੈ ਜਿਸ ਰਾਹੀਂ ਪ੍ਰਮਾਤਮਾ ਸਭ ਦੇ ਅੰਦਰ ਆਪਣੇ ਇੱਕੋ ਉਸੇ ਰੂਪ ਵਿੱਚ ਸਮਾਇਆ ਹੋਇਆ ਹੈ। ਸਭ ਦੇ ਅੰਦਰ ਪ੍ਰਮਾਤਮਾ ਨੇ ਭਰਮ ਰੂਪ ਪੜਦਾ ਵੀ ਇੱਕੋ ਜਿਹਿਆ ਪਾਇਆ ਹੋਇਆ ਹੈ ਭਾਵ ਇੱਕੋ ਜਿਹੀ ਜੁਗਤਿ ਦੁਆਰਾ ਪਾਇਆ ਹੋਇਆ ਹੈ। ਭਰਮ ਵਿੱਚ ਰਹਿੰਦੇ ਹੋਏ ਅਸੀਂ ਵੱਖਰੀ ਵੱਖਰੀ ਮਤਿ ਨਾਲ ਜੁੜੇ ਰਹਿੰਦੇ ਹਾਂ ਜੋ ਕਿ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਮਾਸ ਖਾਣਾ ਜਾਂ ਨਾ ਖਾਣਾ ਸਭ ਦੀ ਆਪਣੀ ਆਪਣੀ ਮਤਿ ਹੈ ਭਾਵ ਕੋਈ ਉਸਨੂੰ ਠੀਕ ਸਮਝਦਾ ਹੈ ਕਿ ਕੋਈ ਉਸਨੂੰ ਗਲਤ ਸਮਝਦਾ ਹੈ। ਗੁਰਬਾਣੀ ਪੂਰਾ ਗੁਰੂ ਹੈ ਜਿਸਦੇ ਵਿੱਚ ਸਾਡੀ ਹਰ

31/3402

ਗੱਲ ਦਾ ਜਵਾਬ ਹੈ, ਸਾਡੇ ਹਰ ਭਰਮ ਦਾ ਜਵਾਬ ਹੈ ਤੇ ਗੁਰਬਾਣੀ ਦਾ ਫੁਰਮਾਨ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ ਕਿ ਕਿਸੇ ਨੂੰ ਮਾਸ ਖਾਣ ਤੋਂ ਰੋਕਣਾ ਕੇਵਲ ਸਾਡੀ ਅਗਿਆਨਤਾ ਹੈ ਜਿਸ ਕਰਕੇ ਅਸੀਂ ਝਗੜੇ ਵਿੱਚ ਪੈਂਦੇ ਹਾਂ ਭਾਵ ਸਾਨੂੰ ਇਸ ਝਗੜੇ ਵਿੱਚੋਂ ਨਿਕਲਣ ਲਈ ਸਮਝਾਇਆ ਹੈ। ਆਪਣੇ ਖਾਣ-ਪਾਨ ਨੂੰ ਧਰਮ ਦੇ ਨਾਲ ਜੋੜਨਾ ਸਾਡੀ ਅਗਿਆਨਤਾ ਦੱਸਿਆ ਹੈ ਤੇ ਇਸ ਬਾਰੇ ਗੁਰਬਾਣੀ ਰਾਹੀਂ ਸਾਨੂੰ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਪਰ ਫਿਰ ਵੀ ਸਾਡੇ ਅਨੇਕਾਂ ਧਾਰਮਿਕ ਆਗੂ ਮਾਸ ਖਾਉਣ ਨੂੰ ਧਰਮ ਦੇ ਵਿਰੁੱਧ ਸਮਝਦੇ ਹਨ ਤੇ ਇਸੇ ਗੱਲ ਦਾ ਪ੍ਰਚਾਰ ਕਰਕੇ ਵਡਿਆਈਆਂ ਲੈਂਦੇ ਹਨ ਕਿ ਉਹ ਧਰਮ ਦੀ ਉੱਚੀ ਸੋਝੀ ਵਾਲੇ ਹਨ। ਸਾਡਾ ਅਸਲ ਧਰਮ ਸਮਝਾਉਣ ਦੀ ਬਜਾਇ ਜੋ ਕਿ ਸੱਚੀ ਸੁੱਚੀ ਕਿਰਤ ਹੈ ਸਾਨੂੰ ਸਾਡੇ ਖਾਣੇ ਨਾਲ ਧਰਮ ਜੋੜ ਕੇ ਸਿਖਾਉਂਦੇ ਹਨ। ਇਹੋ ਜਿਹਾ ਪ੍ਰਚਾਰ ਕਰਨ ਵਾਲਿਆਂ ਦੀ ਮਤਿ ਦਾ ਗੁਰਬਾਣੀ ਰਾਹੀਂ ਖੰਡਣ ਕੀਤਾ ਹੋਇਆ ਹੈ ਕਿ ਉਹਨਾਂ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਹੈ। ਆਉ ਇਸ ਗੱਲ ਨੂੰ ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਃ ੧ ॥

“ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥
ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥੨॥”

(ਅੰਗ ੧੨੪੩)

ਉੱਪਰ ਵਾਲੇ ਸ਼ਬਦ ਨੂੰ ਬੜੀ ਹੀ ਬਰੀਕੀ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਡਾ ਧਰਮ ਨੂੰ ਸਮਝਣ ਦੇ ਮਾਰਗ ਦੀ ਸੱਚੀ ਸੋਝੀ ਪਾਈ ਹੋਈ ਹੈ ਕਿ ਅਸਲ ਵਿੱਚ ਧਰਮ ਕੀ ਹੈ ਪਰ ਅਸੀਂ ਧਰਮ ਦਾ ਪ੍ਰਚਾਰ ਕਿਸ ਤਰੀਕੇ ਦਾ ਕਰਦੇ ਹਾਂ ਜੋ ਪ੍ਰਚਾਰ ਭਾਰਤ ਵਰਸ਼ ਵਿੱਚ ਸਦੀਆਂ ਤੋਂ ਹੁੰਦਾ ਆ ਰਿਹਾ ਹੈ, ਹਿੰਦੂ ਮਤਿ ਅਨੁਸਾਰ ਹੁੰਦਾ ਆ ਰਿਹਾ ਹੈ ਤੇ ਅੱਜ ਵੀ ਹੋ ਰਿਹਾ ਹੈ ਤੇ ਸਿੱਖ ਜਗਤ ਵੀ ਭਾਵ ਸਿੱਖ ਜਗਤ ਵਿੱਚ ਵੀ ਇਹੋ ਜਿਹੀਆਂ ਕਈ ਸੰਸਥਾਵਾਂ ਹਨ ਜੋ ਇਹੋ ਜਿਹੇ ਪ੍ਰਚਾਰ ਨਾਲ ਜੁੜੀਆਂ ਹੋਈਆਂ ਹਨ ਭਾਵ ਸਦੀਆਂ ਪੁਰਾਣੀ ਮਤਿ ਦੇ ਨਾਲ ਜੁੜੀਆਂ ਹੋਈਆਂ ਹਨ। ਅਸੀਂ ਮਾਸ ਖਾਣ ਨੂੰ ਜਾਂ ਨਾ ਖਾਣ ਨੂੰ ਧਰਮ ਦੇ ਨਾਲ ਇਸੇ ਕਰਕੇ ਜੋੜਿਆ ਹੋਇਆ ਹੈ ਕਿਉਂਕਿ ਇਸ ਗੱਲ ਦਾ ਪ੍ਰਚਾਰ ਕੀਤਾ ਜਾਂਦਾ ਹੈ ਤੇ ਅਸੀਂ ਉਹਨਾਂ ਦੀ ਗੱਲ ਮੰਨਕੇ ਧਰਮ ਨੂੰ ਮਾਸ ਦੇ ਨਾਲ ਜੋੜਿਆ ਹੋਇਆ ਹੈ।

ਇਹੋ ਜਿਹਾ ਪ੍ਰਚਾਰ ਕਰਨ ਵਿੱਚ ਔਰਤਾਂ ਵੀ ਪਿੱਛੇ ਨਹੀਂ ਹਨ ਤੇ ਪੁਰਸ਼ਾਂ ਦਾ ਇਸ ਪ੍ਰਚਾਰ ਵਿੱਚ ਹਿੱਸਾ ਵੰਡਾਉਂਦੀਆਂ ਹਨ ਕਿਉਂਕਿ ਉਹਨਾਂ ਦੇ ਅੰਦਰ ਇਹ ਵਿਚਾਰ ਪ੍ਰਬਲ ਹਨ ਕਿ ਮਾਸ ਖਾਣਾ ਧਰਮ ਦੇ ਵਿਰੁੱਧ ਹੈ ਜਿਵੇਂ ਕਿ

31/3403

ਸਮਾਜ ਵਿੱਚ ਇਸਨੂੰ ਮਹਿਸੂਸ ਕੀਤਾ ਜਾ ਸਕਦਾ ਹੈ। **"ਬੋਧੀਆਂ"** ਤੋਂ ਭਾਵ ਹੈ ਵਿਚਾਰਵਾਨ, ਧਰਮ ਦੀ ਗਿਆਤ ਰੱਖਣ ਵਾਲੇ, ਧਰਮ ਦੀ ਸੋਝੀ ਰੱਖਣ ਵਾਲੇ ਜੋ ਆਪਣੇ ਆਪ ਨੂੰ ਧਰਮ ਦਾ ਪ੍ਰਚਾਰ ਕਰਨ ਦੇ ਸਮਰੱਥ ਸਮਝਦੇ ਹਨ, ਸਿਆਣਾ ਸਮਝਦੇ ਹਨ। ਪੁਰਸ਼ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਘੱਟ ਨਹੀਂ ਸਮਝਦੇ ਬਹੁਤ ਸਿਆਣਾ ਸਮਝਦੇ ਹਨ ਪਰ ਧਰਮ ਦੀ ਸੱਚੀ ਸੋਝੀ ਹੋਣਾ ਬਹੁਤ ਵੱਡੀ ਗੱਲ ਹੈ ਜੋ ਸਮਝ ਕੇਵਲ ਗੁਰੂ ਦੇ ਕੋਲ ਹੈ। ਗੁਰਮਤਿ ਦੀ ਸੱਚੀ ਸੋਝੀ ਪਏ ਬਿਨ੍ਹਾਂ ਕਿਸੇ ਨੂੰ ਧਰਮ ਦੀ ਸੋਝੀ ਨਹੀਂ ਪੈਂਦੀ ਪਰ ਫਿਰ ਵੀ ਪ੍ਰਚਾਰ ਕਰਨ ਵਾਲਿਆਂ ਦੀ ਕਮੀ ਨਹੀਂ ਹੈ ਜਿਵੇਂ ਕਿ ਅਸੀਂ ਰੋਜਾਨਾ ਦੇ ਜੀਵਨ ਵਿੱਚ ਦੇਖਦੇ ਹਾਂ। ਅਨੇਕਾਂ ਹੀ ਇਹੋ ਜਿਹੀਆਂ ਧਾਰਮਿਕ ਸੰਸਥਾਵਾਂ ਹਨ ਜੋ ਆਪਣੀ ਆਪਣੀ ਮਤਿ ਸਿਖਾਉਂਦੇ ਹਨ, ਆਪਣੀ ਆਪਣੀ ਥਾਪੀ ਹੋਈ ਮਰਿਆਦਾ ਦੇ ਨਾਲ ਜੋੜਦੇ ਹਨ ਕਿ ਉਹਨਾਂ ਦੀ ਮਰਿਆਦਾ ਉੱਚੀ ਹੈ। ਆਪਣੇ ਇਹੋ ਜਿਹੇ ਤਰੀਕਿਆਂ ਨਾਲ ਉਹ ਆਮ ਜਨਤਾ ਨੂੰ ਆਪਣੇ ਧਰਮ ਦਾ ਸ਼ਿਕਾਰ ਬਣਾਉਂਦੇ ਹਨ, ਆਪਣੀ ਆਪਣੀ ਮਤਿ ਦੇ, ਆਪਣੀ ਆਪਣੀ ਮਰਿਆਦਾ ਦੇ ਜਾਲ ਵਿੱਚ ਫਸਾਉਂਦੇ ਹਨ ਭਾਵ ਆਪਣੀ ਆਪਣੀ ਮਤਿ ਨੂੰ ਉੱਚਾ ਸਾਬਿਤ ਕਰਕੇ ਉਸ ਵਿੱਚ ਆਮ ਲੋਕਾਂ ਨੂੰ ਫਸਾਉਂਦੇ ਹਨ ਕਿ ਜੋ ਧਰਮ ਦਾ ਮਾਰਗ ਉਹ ਸਿਖਾ ਰਹੇ ਹਨ ਉਹੀ ਸੱਚਾ ਮਾਰਗ ਹੈ। **(ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥) "ਸਈਆਦ"** ਤੋਂ ਭਾਵ ਹੈ ਸ਼ਿਕਾਰੀ ਭਾਵ ਜੋ ਆਪਣੇ ਪ੍ਰਚਾਰ ਰਾਹੀਂ ਉਹ ਦੂਸਰਿਆਂ ਨੂੰ ਧਰਮ ਦੇ ਜਾਲ ਵਿੱਚ ਫਸਾਉਂਦੇ ਹਨ।

ਉਹ ਧਰਮ ਦਾ ਸ਼ਿਕਾਰ ਕਿਸ ਰੂਪ ਵਿੱਚ ਕਰਦੇ ਹਨ ਭਾਵ ਕਿਹੋ ਜਿਹਾ ਪ੍ਰਚਾਰ ਕਰਕੇ ਦੂਸਰਿਆਂ ਨੂੰ ਆਪਣੇ ਨਾਲ ਜੋੜਦੇ ਹਨ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥"

ਇਹਨਾਂ ਨੂੰ ਧਰਮ ਦੀ ਸੱਚੀ ਸੋਝੀ ਨਾ ਹੋਣ ਕਰਕੇ ਸਾਨੂੰ ਧਰਮ ਦੇ ਅਸਲ ਮਾਰਗ ਤੋਂ ਦੂਰ ਕਰਦੇ ਹਨ ਜੋ ਕਿ ਸੱਚੀ ਸੁੱਚੀ ਕਿਰਤ ਕਰਨ ਦਾ ਹੈ ਜਿਵੇਂ ਕਿ ਅਸੀਂ ਵਾਰ-ਵਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਸੱਚੀ ਸੁੱਚੀ ਕਿਰਤ ਮਨ ਦੀ ਸੁੱਚ ਦੁਆਰਾ ਹੁੰਦੀ ਹੈ ਤੇ ਮਨ ਦੀ ਸੁੱਚ ਉਸ ਮਨੁੱਖ ਵਿੱਚ ਹੁੰਦੀ ਹੈ ਜਿਸਦੇ ਅੰਦਰ "ਸੀਲੁ" ਹੈ "ਸੰਜਮੁ" ਹੈ ਭਾਵ ਜਿਸ ਮਨੁੱਖ ਨੇ ਆਪਣੇ ਆਪ ਨੂੰ ਵਿਕਾਰਾਂ ਤੋਂ ਦੂਰ ਕੀਤਾ ਹੋਇਆ ਹੈ, ਵਿਕਾਰਾਂ ਨੂੰ ਸੰਜਮ ਵਿੱਚ ਲਿਆਂਦਾ ਹੋਇਆ ਹੈ। ਸਾਡੇ ਮਨ ਦਾ ਸੀਲ ਸਾਡੇ ਅੰਦਰ

31/3404

ਮਨ ਦੇ ਸੰਤੋਖ ਵਾਲੀ ਅਵੱਸਥਾ ਹੈ, ਸਹਿਣਸ਼ੀਲਤਾ ਵਾਲੀ ਅਵੱਸਥਾ ਹੈ ਜਦੋਂ ਮਨੁੱਖ ਦਾ ਮਨ ਵਿਕਾਰਾਂ ਵਿੱਚ ਨਹੀਂ ਦੌੜਦਾ, ਮਾਇਆ ਮੋਹ ਵਿੱਚ ਨਹੀਂ ਦੌੜਦਾ ਤੇ ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੁੰਦੀ ਹੈ ਜੋ ਕਿ ਸਾਡੀ ਸੱਚੀ ਸੁੱਚੀ ਕਿਰਤ ਹੈ ਜੋ ਔਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰ ਕੇ ਹੁੰਦੀ ਹੈ। ਜਿੰਨ੍ਹਾਂ ਨੂੰ ਧਰਮ ਦੇ ਇਸ ਸੱਚੇ ਮਾਰਗ ਦੀ ਸੋਝੀ ਨਹੀਂ ਹੈ ਉਹਨਾਂ ਨੇ ਆਪਣੇ ਪ੍ਰਚਾਰ ਦੁਆਰਾ ਸਾਡੇ ਅੰਦਰੋਂ ਇਹੋ ਜਿਹੀ ਮਤਿ "ਭੰਨੀ" ਹੋਈ ਹੈ ਭਾਵ ਇਹੋ ਜਿਹੀ ਮਤਿ ਤੋਂ ਦੂਰ ਕੀਤਾ ਹੋਇਆ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਅਸਲ ਮਾਰਗ ਹੈ, ਧਰਮ ਨਿਭਾਉਣ ਦਾ ਅਸਲ ਮਾਰਗ ਹੈ। ਭਗਤੀ ਦੇ ਸੱਚੇ ਮਾਰਗ ਨਾਲ ਜੋੜਨ ਦੀ ਬਜਾਇ ਉਹ ਸਾਨੂੰ ਇਸ ਗੱਲ ਨਾਲ ਜੋੜਦੇ ਹਨ ਕਿ ਸਾਡੇ ਲਈ ਖਾਣਾ ਕਿਹੋ ਜਿਹਾ ਚੰਗਾ ਹੈ ਤੇ ਕਿਹੇ ਜਿਹਾ ਖਾਣਾ ਮਾੜਾ ਹੈ। "ਖਾਜੁ" ਤੋਂ ਭਾਵ ਹੈ ਚੰਗਾ ਖਾਣਾ ਤੇ "ਅਹਾਜੁ" ਤੋਂ ਭਾਵ ਹੈ ਮਾੜਾ ਖਾਣਾ, ਨਾ ਖਾਣ ਯੋਗ ਖਾਣਾ, ਹਰਾਮ ਵਾਲਾ ਖਾਣਾ। ਸਾਗ ਵਾਲੇ ਖਾਣੇ ਨੂੰ ਉਹ ਖਾਣ ਯੋਗ ਖਾਣਾ ਮੰਨਦੇ ਹਨ ਤੇ ਅਹਾਜੁ ਨੂੰ ਉਹ ਮਾਸ ਵਾਲਾ ਖਾਣਾ ਸਮਝਾਉਂਦੇ ਹਨ ਭਾਵ ਖਾਣੇ ਨੂੰ ਧਰਮ ਦੇ ਨਾਲ ਜੋੜਦੇ ਹਨ ਭਾਵ ਸਾਨੂੰ ਧਰਮ ਦੇ ਅਸਲ ਮਾਰਗ ਤੋਂ ਦੂਰ ਕਰਕੇ ਉਸ ਵਿੱਚ ਧਰਮ ਸਮਝਾਉਂਦੇ ਹਨ ਜਿਸ ਵਿੱਚ ਧਰਮ ਨਹੀਂ ਹੈ। (**ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥**)

ਸਾਡੇ ਅੰਦਰ ਸੀਲ, ਸੰਜਮ, ਸੁੱਚ ਦਾ ਮਕਸਦ ਸਾਡੇ ਕਾਰ ਵਿਹਾਰ ਨਾਲ ਹੈ ਭਾਵ ਸਾਡੇ "ਸਰਮੁ" ਨਾਲ ਹੈ,ਸਾਡੀ ਮਿਹਨਤ

ਨਾਲ ਹੈ ਜਿਸ ਦੁਆਰਾ ਅਸੀਂ ਆਪਣਾ ਕਾਰ ਵਿਹਾਰ ਕਰਦੇ ਹਾਂ, ਰੋਟੀ, ਰੋਜ਼ੀ ਕਮਾਉਂਦੇ ਹਾਂ। ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।ਜਿੱਥੇ ਮਨ ਦੀ ਸੁੱਚ ਨਹੀਂ ਹੈ ਉੱਥੇ ਅਸੀਂ ਉਹੋ ਜਿਹਾ ਸਰਮੁ ਨਹੀਂ ਕਰ ਸਕਦੇ ਭਾਵ ਉਹੋ ਜਿਹੀ ਕਿਰਤ ਨਹੀਂ ਕਰ ਸਕਦੇ ਭਾਵ ਸੱਚੀ ਸੁੱਚੀ ਕਿਰਤ ਨਹੀਂ ਕਰ ਸਕਦੇ ਜਿਸ ਦੁਆਰਾ ਸਾਡੇ ਲੇਖੇ ਵਿੱਚ ਪਤਿ ਪੈਂਦੀ ਹੈ, ਪ੍ਰਮਾਤਮਾ ਦੇ ਦਰ ਤੇ ਸਾਨੂੰ ਇੱਜਤ ਮਿਲਦੀ ਹੈ।ਜਿੱਥੇ ਸੱਚੀ ਸੁੱਚੀ **"ਸਰਮੁ"** ਨਹੀਂ ਹੈ ਉੱਥੇ ਪਤਿ ਨਹੀਂ ਹੈ ਭਾਵ ਜਦੋਂ ਸਰਮੁ ਚਲਾ ਗਿਆ ਪਤਿ ਵੀ ਨਾਲ ਹੀ ਚਲੀ ਗਈ ਭਾਵ ਇਹੋ ਜਿਹੇ ਮਨੁੱਖ ਨੂੰ ਫਿਰ ਪ੍ਰਮਾਤਮਾ ਦੇ ਦਰ ਤੋਂ ਪਤਿ ਨਹੀਂ ਮਿਲਦੀ। ਪਤਿ ਸਾਡੀ ਕਿਰਤ ਦੇ ਨਾਲ ਜੁੜੀ ਹੋਈ ਹੈ ਭਾਵ ਮਨ ਦੀ ਸੁੱਚ ਦੇ ਨਾਲ ਜੁੜੀ ਹੋਈ ਹੈ ਕਿ ਅਸੀਂ ਮਾਇਆ ਨੂੰ ਕਮਾਉਂਦੇ ਕਿਹੜੇ ਤਰੀਕੇ ਨਾਲ ਹਾਂ ਨਾ ਕਿ ਇਸ ਗੱਲ ਨਾਲ ਕਿ ਅਸੀ ਖਾਂਦੇ ਕੀ ਕੁੱਝ ਹਾਂ। ਜੇਕਰ ਸਾਡੀ ਕਿਰਤ ਚੰਗੀ ਹੈ, ਕਮਾਈ ਸੱਚੀ ਸੁੱਚੀ ਹੈ ਫਿਰ ਸਾਡੇ ਲਈ ਸਭ ਕੁੱਝ **"ਖਾਜੁ"** ਹੈ ਜੇਕਰ ਕਿਰਤ ਮਾੜੀ ਹੈ ਫਿਰ ਸਭ ਕੁੱਝ **"ਅਹਾਜੁ"** ਹੈ। **(ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥ ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥)**

ਸ਼ਬਦ ਦੀ ਆਖਿਰ ਵਾਲੀ ਪੰਗਤੀ ਨੂੰ ਧਿਆਨ ਨਾਲ

31/3405

ਸਮਝੋ ਕਿ ਸਾਨੂੰ ਕਿਸ ਗੱਲ ਲਈ ਸੁਚੇਤ ਕੀਤਾ ਹੋਇਆ ਹੈ ਕਿਉਂਕਿ ਇਸ ਗੱਲ ਨੂੰ ਮੰਨੇ ਬਿਨ੍ਹਾਂ ਅਸੀਂ ਧਰਮ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ।

"ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥"

ਸੱਚਾ ਇੱਕੋ ਇੱਕ ਗੁਰੂ ਦਾ ਦਰ ਹੈ ਜੋ ਸਾਨੂੰ ਧਰਮ ਦੀ ਸਹੀ ਸੋਝੀ ਪਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਰਾਹੀਂ ਸਾਨੂੰ ਵਾਰ ਵਾਰ ਸਾਡਾ ਧਰਮ ਦਾ ਮਾਰਗ ਸਮਝਾਇਆ ਹੋਇਆ ਹੈ। ਅਸੀਂ ਧਰਮ ਦਾ ਮਾਰਗ ਸਿੱਖਣ ਲਈ ਉਹੋ ਜਿਹੇ ਪ੍ਰਚਾਰਕਾਂ ਦੇ ਪਿੱਛੇ ਲੱਗ ਜਾਂਦੇ ਹਾਂ ਜਿੰਨ੍ਹਾਂ ਨੂੰ ਧਰਮ ਦੇ ਸਹੀ ਮਾਰਗ ਦੀ ਸੋਝੀ ਨਹੀਂ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਅਸੀਂ ਉਹਨਾਂ ਨੂੰ ਸੱਚਾ ਸਮਝ ਕੇ ਹੀ, ਧਰਮ ਦੀ ਸੱਚੀ ਸੋਝੀ ਵਾਲੇ ਸਮਝਕੇ ਹੀ ਉਹਨਾਂ ਦੇ ਪਿੱਛੇ ਲੱਗਦੇ ਹਾਂ ਪਰ ਸਾਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਕਿ ਸਾਨੂੰ ਇਹੋ ਜਿਹਿਆਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਭਾਵ ਕੇਵਲ ਗੁਰੂ ਦੀ ਮਤਿ ਪਿੱਛੇ ਲੱਗਣਾ ਚਾਹੀਦਾ ਹੈ। (**ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥**)

ਸਾਡੇ ਅੰਦਰ ਦਾ ਸੀਲ, ਸੰਜਮ, ਸੁੱਚ ਕੀ ਹੈ ਇਸਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਜਾਣਿਆ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ। ਮਨ ਦੇ "ਸੀਲ" ਵਿੱਚ ਰਹਿਣਾ ਹੀ ਸਾਡਾ ਧਰਮ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਤੇ ਇਹੀ ਸਾਡਾ ਅਸਲ ਜਪ ਹੈ ਜੋ ਕਿ ਮਨ ਦੀ ਇਸ ਅਵੱਸਥਾ ਦੁਆਰਾ ਸੱਚੇ ਸੁੱਚੇ ਕਰਮ ਕਰਨ ਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਭਗਤੀ ਦੇ ਸਹੀ ਮਾਰਗ ਤੇ ਚੱਲਦਾ ਹੈ, ਹਉਮੈ ਵਿੱਚੋਂ ਨਿਕਲਕੇ, ਮਨਮਤਿ ਵਿੱਚੋਂ ਨਿਕਲ ਕੇ ਗੁਰਮਤਿ ਦੇ ਮਾਰਗ ਤੇ ਚੱਲਦਾ ਹੈ।

{ਰਾਖਿ ਲੇਹੁ ਹਮ ਤੇ ਬਿਗਰੀ ॥
ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ ॥੧॥ਰਹਾਉ॥}

(ਅੰਗ ੮੫੬)

{ਨਿਜ ਭਗਤੀ ਸੀਲਵੰਤੀ ਨਾਰਿ॥ ਰੂਪਿ ਅਨੂਪ ਪੂਰੀ ਆਚਾਰਿ॥
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ॥ ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ ॥੧॥}

(ਅੰਗ ੩੭੦)

{ਸੀਲ ਸੰਜਮਿ ਪ੍ਰਿਅ ਆਗਿਆ ਮਾਨੈ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ॥੩॥}

(ਅੰਗ ੧੮੫)

31/3406

{ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥੨॥}

(ਅੰਗ ੭੮੭)

{ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ॥
ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ ॥੨॥}

(ਅੰਗ ੧੦੯੮)

{ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ॥
ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ॥}

(ਅੰਗ ੧੩੯੭)

{ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥}

(ਅੰਗ ੭੮੬)

{ਸਚੁ ਸੰਜਮੁ ਸਤਿਗੁਰੂ ਦੁਆਰੈ॥ ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ॥੫॥}

(ਅੰਗ ੧੦੫੭)

{ਮਜਨੁ ਸੀਲੁ ਸਚੁ ਰਿਦੈ ਵੀਚਾਰਿ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ॥
ਮਨਿ ਸਾਚਾ ਮੁਖਿ ਸਾਚਉ ਭਾਇ॥ਸਚੁ ਨੀਸਾਣੈ ਠਾਕ ਨ ਪਾਇ॥੯॥}

(ਅੰਗ ੮੩੯)

{ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ॥
ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥}

(ਅੰਗ ੧੦੩੨)

ਧਰਮ ਦਾ ਮਾਰਗ ਸਾਡੀ ਮਨ ਦੀ ਸੁੱਚ ਦੇ ਨਾਲ ਜੁੜਿਆ ਹੋਇਆ ਹੈ ਨਾ ਕਿ ਕਿਸੇ ਖਾਣੇ ਦੀ ਸੁੱਚ ਦੇ ਨਾਲ। ਕਿਸੇ ਖਾਸ

ਕਿਸਮ ਦੇ ਖਾਣੇ ਨੇ ਸਾਡੇ ਮਨ ਨੂੰ ਸੁੱਚਿਆਂ ਨਹੀਂ ਕਰਨਾ।ਮਾਸ ਕੇਵਲ ਇੱਕ ਭੋਜਨ ਹੈ ਜਿਸ ਨਾਲ ਸਾਡੇ ਸਰੀਰ ਵਿੱਚ ਅਨਰਜੀ ਮਿਲਦੀ ਹੈ ਤੇ ਇਹੀ ਮਕਸਦ ਸਾਗ ਦਾ ਹੈ। ਸਾਡੇ ਮਨ ਵਿੱਚ ਗਿਆਨ ਕਿਹੋ ਜਿਹਾ ਉਪਜਦਾ ਹੈ ਉਸਦਾ ਸਾਡੇ ਖਾਣੇ ਨਾਲ ਸੰਬੰਧ ਨਹੀਂ ਹੈ।ਮਨ ਨੂੰ ਸੁੱਚਾ ਕਰਨ ਲਈ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਨੂੰ ਅਪਣਾਉਣ ਦੀ ਲੋੜ ਹੈ,ਆਪਣੇ ਮਨ ਨੂੰ ਮਾਰਨ ਦੀ ਲੋੜ ਹੈ ਭਾਵ ਮਨ ਦੇ ਵਿਕਾਰਾਂ ਨੂੰ ਮਾਰਨ ਦੀ ਲੋੜ ਹੈ ਜਿਸ ਦੁਆਰਾ ਸਾਡੇ ਅੰਦਰ ਸੀਲ, ਸੰਜਮ, ਸੁੱਚ ਵਾਲੀ ਅਵੱਸਥਾ ਆਉਂਦੀ

31/3407

ਹੈ ਜਿਸ ਦੁਆਰਾ ਅਸੀਂ ਆਪਣਾ ਧਰਮ ਨਿਭਾ ਸਕਦੇ ਹਾਂ, ਸਾਡੇ ਮਨ ਨੂੰ ਗਿਆਨ ਰੂਪ ਭੋਜਨ ਚਾਹੀਦਾ ਹੈ ਜਿਸ ਦੁਆਰਾ ਸਾਡਾ ਮਨ ਵਿਕਾਰਾਂ ਤੋਂ ਮੁਕਤਿ ਹੁੰਦਾ ਹੈ, ਗੁਣਾਂ ਵਾਲਾ ਬਣਦਾ ਹੈ। ਸਰੀਰ ਦਾ ਆਹਾਰ ਕਿਹੋ ਜਿਹਾ ਹੈ, ਭੋਜਨ ਕਿਹੋ ਜਿਹਾ ਹੈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ। ਆਉ ਇਸ ਗੱਲ ਨੂੰ ਧੰਨ ਧੰਨ ਬਾਬਾ ਮਰਦਾਨਾ ਜੀ ਦੇ ਮੁੱਖੋਂ ਉਚਾਰੇ ਹੋਏ ਸ਼ਬਦਾਂ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝੀਏ।

"ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥"

(ਅੰਗ ੫੫੩)

ਮਨੁੱਖੀ ਖਾਣੇ ਵਿੱਚ ਰੋਟੀ ਦੀ,ਘਿਉਂ ਦੀ ਤੇ ਮਾਸ ਦੀ ਵਰਤੋਂ ਆਮ ਕਰਕੇ ਕੀਤੀ ਜਾਂਦੀ ਹੈ ਤੇ ਉਸੇ ਦਾ ਪ੍ਰਮਾਣ ਦੇ ਕੇ ਸਾਨੂੰ ਇਹ ਸਮਝਾਇਆ ਹੈ ਕਿ ਸਾਡੇ ਮਨ ਨੂੰ ਕਿਹੋ ਜਿਹੇ ਭੋਜਨ ਦੀ ਲੋੜ ਹੈ ਜਿਸ ਦੁਆਰਾ ਸਾਡੇ ਮਨ ਦੇ ਵਿਕਾਰ ਦੂਰ ਹੋ ਸਕਣ।ਸਾਡੇ ਮਨ ਦੀ ਰੋਟੀ ਭਾਵ ਮਨ ਦਾ ਭੋਜਨ ਸਾਡੇ ਗੁਣ ਹਨ,ਉਸ ਵਿੱਚ ਘਿਉਂ ਨੂੰ ਪਾਉਣਾ ਮਨ ਨੂੰ "ਸੀਲੁ" ਵਿੱਚ ਲਿਆਉਣਾ ਹੈ ਤੇ ਮਾਸ ਦੇ ਆਹਾਰ ਨੂੰ ਆਪਣਾ **"ਸਰਮੁ"** ਬਣਾਉਣ ਲਈ ਕਿਹਾ ਹੈ ਭਾਵ ਕਿਰਤ ਕਰਨ ਦਾ ਮਾਰਗ ਸਮਝਾਇਆ ਹੈ।ਸਾਡੀ ਸੱਚੀ ਸੁੱਚੀ ਕਿਰਤ ਮਨ ਦੇ ਸੱਚੇ ਸੁੱਚੇ ਵਿਚਾਰਾਂ ਦੁਆਰਾ ਹੀ ਹੁੰਦੀ ਹੈ।ਇਹੋ ਜਿਹੇ ਵਿਚਾਰ ਸਾਨੂੰ ਗੁਰੂ ਕੋਲੋਂ ਹੀ ਮਿਲਦੇ ਹਨ ਜਿਸ ਨੂੰ ਧਰਮ ਦੀ ਸੱਚੀ ਸੋਝੀ ਹੈ, ਗੁਰੂ ਕੋਲੋਂ ਉਸਦੇ ਸੱਚੇ ਵਿਚਾਰਾਂ ਦਾ ਭੋਜਨ ਛਕਣ ਨਾਲ ਭਾਵ ਉਹਨਾਂ ਨੂੰ ਮੰਨਣ ਨਾਲ ਸਾਡੇ ਵਿਕਾਰ ਦੂਰ ਹੁੰਦੇ ਹਨ ਜਿਸ ਦੁਆਰਾ ਅਸੀਂ ਆਪਣੇ ਧਰਮ ਦੇ ਮਾਰਗ ਤੇ ਚੱਲਦੇ ਹਾਂ।ਧਰਮ ਦੇ ਮਾਰਗ ਤੇ ਚੱਲਣ ਲਈ ਸਾਨੂੰ ਸੱਚੇ ਭੋਜਨ ਦੀ ਲੋੜ ਹੈ ਜੋ ਭੋਜਨ ਕੇਵਲ ਗੁਰੂ ਦੇ ਕੋਲ ਹੈ ਜਿਸਨੂੰ ਇਸ ਗੱਲ ਦੀ ਸੋਝੀ ਹੈ ਕਿ ਸਰੀਰ ਦੇ ਭੋਜਨ ਵਿੱਚ ਤੇ ਮਨ ਦੇ ਭੋਜਨ ਵਿੱਚ ਕੀ ਫਰਕ ਹੈ।ਜੇਕਰ ਅਸੀਂ ਮਨ ਦਾ ਭੋਜਨ ਉਹਨਾਂ ਕੋਲੋਂ ਛਕਾਂਗੇ ਜਿੰਨ੍ਹਾਂ ਨੂੰ ਸੱਚੀ ਸੋਝੀ ਨਹੀਂ ਹੈ,ਉਹ ਫਿਰ ਸਾਨੂੰ ਵਿਕਾਰ ਛੱਡਣ ਦੀ ਬਜਾਇ ਭਾਵ ਅਸਲ ਧਰਮ ਦਾ ਮਾਰਗ ਸਮਝਾਉਣ ਦੀ ਬਜਾਇ ਸਾਡੇ ਖਾਣੇ ਦੇ ਨਾਲ ਹੀ ਧਰਮ ਦਾ ਮਾਰਗ ਸਮਝਾਉਂਦੇ ਹਨ।ਸਾਰੀ ਗੱਲ ਮਨ ਦੇ ਵਿਕਾਰਾਂ ਨੂੰ ਤਿਆਗਣ ਦੀ ਹੈ,ਮਾਇਆ ਮੋਹ ਵਿੱਚੋਂ ਨਿਕਲਣ ਦੀ ਹੈ ਜੋ ਕਿ ਬਹੁਤ ਔਖਾ ਹੈ ਤੇ ਉਸ ਵਿੱਚੋਂ ਨਿਕਲਣ ਦਾ ਉੱਦਮ ਕਰਨ ਦੀ ਬਜਾਇ,ਆਪਣੇ ਆਪ ਨੂੰ ਔਖਿਆ ਕਰਨ ਦੀ ਬਜਾਇ ਅਸੀਂ ਧਰਮ ਦੇ ਮਾਰਗ ਨੂੰ ਉਹਨਾਂ ਗੱਲਾਂ ਨਾਲ ਜੋੜਿਆ ਹੈ,ਜਿੰਨ੍ਹਾਂ ਦਾ ਮਨ ਦੇ ਗਿਆਨ ਨਾਲ ਕੋਈ ਵਾਸਤਾ ਨਹੀਂ ਹੈ।ਨਾ ਕੋਈ ਖਾਣਾ-ਖਾਣ ਨਾਲ ਸਾਡੇ ਮਨ ਦੇ ਗਿਆਨ ਨੂੰ ਕੋਈ ਫਰਕ ਪੈਂਦਾ ਹੈ,ਨਾ ਹੀ ਧਰਮ ਗ੍ਰੰਥਾਂ ਦੇ ਕੇਵਲ ਪੜ੍ਹੀ ਜਾਣ ਨਾਲ ਕੋਈ ਫਰਕ ਪੈਂਦਾ ਹੈ ਭਾਵ ਕੇਵਲ ਪੜ੍ਹੀ ਜਾਣ ਨਾਲ ਕੋਈ ਗਿਆਨ ਮਨ ਵਿੱਚ ਨਹੀਂ ਟਿਕਦਾ,ਨਾ ਹੀ ਕਿਸੇ ਅੱਖਰ ਦਾ ਜਪ ਕਰੀ

31/3408

ਜਾਣ ਨਾਲ ਸਾਡੇ ਮਨ ਦੇ ਗਿਆਨ ਨੂੰ ਕੋਈ ਫਰਕ ਪੈਂਦਾ ਹੈ, ਨਾ ਹੀ ਸਰੀਰਕ ਜਪ ਤਪ ਕਰੀ ਜਾਣ ਨਾਲ ਸਰੀਰਕ ਕਿਰਿਆਵਾਂ ਕਰੀ ਜਾਣ ਨਾਲ ਕੋਈ ਮਨ ਦੇ ਗਿਆਨ ਨੂੰ ਕੋਈ ਫਰਕ ਪੈਂਦਾ ਹੈ ਨਾ ਹੀ ਤੀਰਥਾਂ ਉੱਤੇ ਟੁੱਬੀਆਂ ਲਾਈ ਜਾਣ ਨਾਲ ਮਨ ਦੇ ਗਿਆਨ ਨੂੰ ਕੋਈ ਫਰਕ ਪੈਂਦਾ ਹੈ ਪਰ ਭਰਮਿਆਂ ਹੋਇਆਂ ਨੇ ਇਸੇ ਨੂੰ ਧਰਮ ਦਾ ਮਾਰਗ ਸਮਝਿਆ ਹੋਇਆ ਹੈ ਤੇ ਇਸੇ ਗੱਲ ਦਾ ਪ੍ਰਚਾਰ ਹੀ ਕਰੀ ਜਾਂਦੇ ਹਨ। ਵਿਕਾਰ ਛੱਡਣ ਦੀ ਕਿਸੇ ਨੂੰ ਚਿੰਤਾ ਨਹੀਂ ਹੈ ਤੇ ਇਹੋ ਜਿਹਾ ਪ੍ਰਚਾਰ ਕਰਦੇ ਹਨ ਕਿ ਵਿਕਾਰ ਆਪੇ ਹੀ ਨਿਕਲ ਜਾਣਗੇ ਤੇ ਛੱਡਣ ਦੀ ਕੀ ਲੋੜ ਹੈ ਬਸ ਇੱਕ ਅੱਖਰ ਨੂੰ ਜਪੀ ਜਾਵੋ ਤੇ ਭਰਮ ਵਿੱਚ ਪਏ ਰਹੋ। ਜਦ ਕਿ ਗੁਰੂ ਦੀ ਮਤਿ ਦਾ ਮਕਸਦ ਹੀ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ ਜੋ ਕਿ ਗੁਰੂ ਦੇ ਸੱਚੇ ਗਿਆਨ ਨਾਲ ਜੁੜਕੇ ਹੀ ਨਿਕਲ ਸਕਦਾ ਹੈ। **(ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥ ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ॥)**

{ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥

ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥}

(ਅੰਗ ੫੫੩)

ਉਪਰਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਸਮਝੋ ਕਿ ਸਾਡਾ ਸੱਚਾ ਭੋਜਨ ਕੀ ਹੈ? ਮਨ ਦੇ ਅੰਦਰ "ਸਚੁ" ਦਾ ਵੱਸਣਾ, ਸੱਚੇ ਗਿਆਨ ਦਾ ਵੱਸਣਾ ਸਾਡਾ ਸੱਚਾ ਭੋਜਨ ਹੈ ਤੇ ਇਹੀ **"ਸਚੁ ਨਾਮੁ"** ਹੈ ਜੋ ਗੁਰਬਾਣੀ ਸਾਨੂੰ ਵਾਰ-ਵਾਰ ਸਮਝਾ ਰਹੀ ਹੈ। ਸਾਰੀ ਗੱਲ ਗੁਰਮਤਿ ਦੇ ਸਮਝਾਏ ਹੋਏ ਭਉ ਨੂੰ ਕਬੂਲ ਕਰਨ ਦੀ ਹੈ ਜਿਸ ਦੁਆਰਾ ਗੁਰੂ ਆਪਣਾ ਸੱਚ ਸਮਝਾਉਂਦਾ ਹੈ ਜਿਸ ਵਿੱਚ ਉਸਦਾ ਸੱਚਾ ਗਿਆਨ ਹੈ। ਸਾਨੂੰ ਪ੍ਰਮਾਤਮਾ ਦੇ ਨਾਲ ਇਹੋ ਜਿਹੇ ਸੱਚ ਦੇ ਭੋਜਨ ਨੇ ਮਿਲਾਉਣਾ ਹੈ ਨਾ ਕਿ ਕਿਸੇ ਸਰੀਰਕ ਭੋਜਨ ਨੇ ਭਾਵੇਂ ਉਹ ਸਾਗ ਦੇ ਰੂਪ ਵਿੱਚ ਹੈ ਜਾਂ ਮਾਸ ਦੇ ਰੂਪ ਵਿੱਚ ਹੈ। ਸਾਡਾ ਸਰੀਰਕ ਭੋਜਨ ਸਾਰੇ ਸੰਸਾਰ ਲਈ ਵੱਖਰਾ ਵੱਖਰਾ ਹੋ ਸਕਦਾ ਹੈ, ਆਪਣੀ ਆਪਣੀ ਰੁਚੀ ਅਨੁਸਾਰ ਹੋ ਸਕਦਾ ਹੈ ਪਰ ਮਨ ਦਾ ਭੋਜਨ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਗੁਰੂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਭੋਜਨ ਨੂੰ ਛਕਣ ਦੁਆਰਾ ਮਨੁੱਖ ਔਗੁਣਾਂ ਤੋਂ ਮੁਕਤਿ ਹੁੰਦਾ ਹੈ, ਮਾਇਆ ਮੋਹ ਤੋਂ ਮੁਕਤਿ ਹੁੰਦਾ ਹੈ ਤੇ ਸੱਚ ਦੁਆਰਾ ਵਿਚਰਦਾ ਹੈ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ।

{ਹਿਰਦੈ ਸਚੁ ਏਹ ਕਰਣੀ ਸਾਰੁ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ॥}

(ਅੰਗ ੧੩੪੩)

{ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥}

(ਅੰਗ ੧੧੮੮)

31/3409

{ਮੁੰਧੇ ਗੁਣ ਦਾਸੀ ਸੁਖੁ ਹੋਇ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ਰਹਾਉ॥}

(ਅੰਗ ੫੬)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥੧॥
ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ॥੧॥ ਰਹਾਉ॥}

(ਅੰਗ ੫੫-੫੬)

ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਾਏ ਬਿਨ੍ਹਾਂ ਭਾਵ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਨੂੰ ਜਾਣੇ ਬਿਨ੍ਹਾਂ ਸਾਡਾ ਭਰਮ ਦੂਰ ਨਹੀਂ ਹੁੰਦਾ ਕਿ ਪ੍ਰਮਾਤਮਾ ਦੀ ਭਗਤੀ ਕਿਸ ਵਿੱਚ ਹੈ ਭਾਵ ਅਸੀਂ ਉਹਨਾਂ ਤਰੀਕਿਆਂ ਨੂੰ ਭਗਤੀ ਦਾ ਮਾਰਗ ਸਮਝਦੇ ਹਾਂ ਜੋ ਅਸਲ ਵਿੱਚ ਭਗਤੀ ਦਾ ਮਾਰਗ ਨਹੀਂ ਹੈ। ਸੱਚੀ ਸੋਝੀ ਪਏ ਬਿਨ੍ਹਾਂ ਅਸੀਂ ਖਾਣੇ ਦੀ ਸੁੱਚ ਨੂੰ ਆਪਣੀ ਭਗਤੀ ਸਮਝਦੇ ਹਾਂ ਤੇ ਆਪਣੇ ਬਾਣੇ ਵਿੱਚ ਭਗਤੀ ਸਮਝਦੇ ਹਾਂ ਕਿ ਸਾਨੂੰ ਕਿਹੋ ਜਿਹਾ ਖਾਣਾ ਖਾਣਾ ਚਾਹੀਦਾ ਹੈ ਤੇ ਕਿਹੋ ਜਿਹਾ ਬਾਣਾ ਪਾਉਣਾ ਚਾਹੀਦਾ ਹੈ। ਇਹੋ ਜਿਹੀ ਵਿਚਾਰਧਾਰਾ ਸਦੀਆਂ ਤੋਂ ਚੱਲਦੀ ਆ ਰਹੀ ਹੈ ਤੇ ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਕਰਮਾਂ ਵਿੱਚ ਭਗਤੀ ਦਾ ਮਾਰਗ ਸਮਝਦੇ ਹਾਂ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਹ ਫਿਰ ਇਹੋ ਜਿਹੀ ਵਿਚਾਰਧਾਰਾ ਵਿੱਚੋਂ ਨਿਕਲ ਜਾਂਦਾ ਹੈ ਕਿਉਂਕਿ ਉਸ ਨੂੰ ਆਪਣੇ ਅੰਦਰੋਂ ਭਗਤੀ ਦਾ ਮਾਰਗ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਧਰਮ ਦੇ ਸੱਚੇ ਮਾਰਗ ਤੇ ਆਪ ਹੀ ਚਲਾਉਂਦਾ ਹੈ ਜੋ ਅੰਦਰ ਸਾਡੇ ਵਿਚਾਰਾਂ ਦਾ ਮਾਲਕ ਹੈ। ਇਹੋ ਜਿਹੇ ਮਨੁੱਖ ਨੂੰ ਪ੍ਰਮਾਤਮਾ ਆਪਣੀ ਸੱਚੀ ਮਤਿ ਅਨੁਸਾਰ ਹੀ ਚਲਾਉਂਦਾ ਹੈ ਜਿਸ ਦੁਆਰਾ ਉਹ ਸੱਚੇ ਸੁੱਚੇ ਕਰਮ ਕਰਨ ਦੁਆਰਾ ਪ੍ਰਮਾਤਮਾ ਦਾ ਜੱਸ ਗਾਉਂਦਾ ਹੈ ਜੋ ਕਿ ਧਰਮ ਤੇ ਚੱਲਣ ਦਾ ਅਸਲ ਮਾਰਗ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਗੀਤ ਨਾਦ ਹਰਖ ਚਤੁਰਾਈ ॥ ਰਹਸ ਰੰਗ ਫੁਰਮਾਇਸਿ ਕਾਈ ॥

ਪੈਨ੍ਹਣੁ ਖਾਣਾ ਚੀਤਿ ਨ ਪਾਈ ॥ ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥
ਕਿਆ ਜਾਨਾਂ ਕਿਆ ਕਰੈ ਕਰਾਵੈ ॥ ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥੧॥ ਰਹਾਉ ॥
ਜੋਗ ਬਿਨੋਦ ਸ੍ਵਾਦ ਆਨੰਦਾ ॥ ਮਤਿ ਸਤ ਭਾਇ ਭਗਤਿ ਗੋਬਿੰਦਾ ॥
ਕੀਰਤਿ ਕਰਮ ਕਾਰ ਨਿਜ ਸੰਦਾ ॥ ਅੰਤਰਿ ਰਵਤੋ ਰਾਜ ਰਵਿੰਦਾ ॥੨॥"

(ਅੰਗ - ੧੩੩੧)

31/3410

ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਵਾਲੀ ਅਵੱਸਥਾ ਹੀ ਸਮਝਾਈ ਹੋਈ ਹੈ ਜਿਸ ਦੀ ਅਵੱਸਥਾ "ਸਹਜੁ" ਵਾਲੀ ਹੈ, ਨਾਮ ਵਾਲੀ ਹੈ ਜਿਸਨੂੰ ਸੁਖੁ ਰੂਪ ਪ੍ਰਮਾਤਮਾ ਦੀ ਪ੍ਰਾਪਤੀ ਹੋਈ ਹੋਈ ਹੈ ਭਾਵ ਉਸਦੇ ਨਾਲ ਮੇਲ ਹੋਇਆ ਹੋਇਆ ਹੈ। ਸ਼ਬਦ ਦੇ ਪਹਿਲੇ ਪਦੇ ਦੁਆਰਾ ਹੀ ਸਮਝੋ ਕਿ ਜੋ ਪ੍ਰਮਾਤਮਾ ਨੂੰ ਪਾ ਲੈਂਦੇ ਹਨ ਉਹਨਾਂ ਦੇ ਮਨ ਦੀ ਅਵੱਸਥਾ ਕਿਹੋ ਜਿਹੀ ਹੁੰਦੀ ਹੈ, ਜਿੰਨ੍ਹਾਂ ਗੱਲਾਂ ਵਿੱਚ ਦੂਸਰੇ ਭਾਵ ਆਮ ਮਨੁੱਖ ਭਗਤੀ ਸਮਝਦੇ ਹਨ ਉਹ ਉਸ ਅਵੱਸਥਾ ਵਿੱਚੋਂ ਨਿਕਲ ਜਾਂਦੇ ਹਨ। ਭਗਤੀ ਕਰਨ ਵਾਲੇ ਆਮ ਮਨੁੱਖ ਭਗਤੀ ਦੇ ਗੀਤ ਗਾਉਂਦੇ ਹਨ, ਉਸਦਾ ਨਾਦ ਗਾਉਂਦੇ ਹਨ ਜਿਸ ਵਿੱਚ ਉਹ ਖੁਸ਼ੀ ਮਹਿਸੂਸ ਕਰਦੇ ਹਨ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਹੋਏ ਹਾਂ ਪਰ ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਕੇਵਲ ਭਗਤੀ ਦੇ ਗੀਤ ਗਾਈ ਜਾਣ ਵਿੱਚ ਉਸ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਜੋ ਕਿ ਕੇਵਲ ਸਾਡੀ ਚਤੁਰਾਈ ਹੈ, ਸਿਆਣਪ ਹੈ। (**ਗੀਤ ਨਾਦ ਹਰਖ ਚਤੁਰਾਈ॥**)

{ਸਭਿ ਜਪ ਸਭਿ ਤਪ ਸਭ ਚਤੁਰਾਈ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ॥੧॥}

(ਅੰਗ ੪੧੨)

ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ, ਪਾ ਲੈਂਦਾ ਹੈ ਉਸਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਹਰ ਕੋਈ ਮਾਇਆ ਮੋਹ ਵਿੱਚ ਹੀ ਹੈ ਤੇ ਉਹ ਮਾਇਆ ਦੀਆਂ ਦਾਤਾਂ ਵਿੱਚ ਹੀ ਆਨੰਦ ਮਾਣਦਾ ਹੈ ਤੇ ਉੱਚੇ ਰੁਤਬੇ ਉਸਨੂੰ ਚੰਗੇ ਲੱਗਦੇ ਹਨ। ਭਗਤੀ ਦੀ ਸੋਝੀ ਵਾਲਾ ਇਹੋ ਜਿਹੀ ਅਵੱਸਥਾ ਵਿੱਚੋਂ ਨਿਕਲ ਜਾਂਦਾ ਹੈ ਭਾਵ ਇਹਨਾਂ ਨਾਲ ਮੋਹ ਨਹੀਂ ਜੋੜਦਾ। ਭਗਤੀ ਦੀ ਸਹੀ ਸੋਝੀ ਬਿਨ੍ਹਾਂ ਆਮ ਮਨੁੱਖ ਧਰਮ ਦੇ ਮਾਰਗ ਨੂੰ ਖਾਣੇ ਦੇ ਨਾਲ ਜੋੜਦੇ ਹਨ ਕਿ ਸਾਡੇ ਲਈ ਕਿਹੋ ਜਿਹਾ ਖਾਣਾ ਚੰਗਾ ਹੈ ਤੇ ਕਿਹੋ ਜਿਹਾ ਮਾੜਾ ਹੈ। ਇਸੇ ਤਰ੍ਹਾਂ ਉਹ ਆਪਣੇ ਪਹਿਰਾਵੇ ਨੂੰ ਵੀ ਭਗਤੀ ਦੇ ਮਾਰਗ ਨਾਲ ਜੋੜਦੇ ਹਨ ਤੇ ਆਪਣੀ ਆਪਣੀ ਮਤਿ ਅਨੁਸਾਰ, ਮਰਿਆਦਾ ਅਨੁਸਾਰ ਆਪਣੇ-ਆਪਣੇ ਢੰਗ ਦੀਆਂ, ਕਿਸੇ ਖਾਸ ਖਾਸ ਰੰਗ ਦੀਆਂ ਪੁਸ਼ਾਕਾ ਪਹਿਨਦੇ ਹਨ। ਇਹੋ ਜਿਹੀ ਪ੍ਰਥਾ ਸਦੀਆਂ ਤੋਂ ਚੱਲਦੀ ਆ ਰਹੀ ਹੈ ਤੇ ਸਿੱਖ ਜਗਤ ਵਿੱਚ ਵੀ ਕਈ

31/3411

ਸੰਸਥਾਵਾਂ ਇਹੋ ਜਿਹਾ ਪ੍ਰਚਾਰ ਹੀ ਕਰਦੀਆਂ ਹਨ ਭਾਵ ਆਪਣੀ-ਆਪਣੀ ਮਤਿ ਅਨੁਸਾਰ ਸਾਨੂੰ ਖਾਣ, ਪਹਿਨਣ ਦੇ ਨਾਲ ਜੋੜਦੀਆਂ ਹਨ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਫਿਰ ਇਹੋ ਜਿਹੀਆਂ ਗੱਲਾਂ ਨੂੰ ਨਹੀਂ ਵਿਚਾਰਦਾ ਭਾਵ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਸਾਡੇ ਪਹਿਨਣ ਦਾ ਤੇ ਖਾਣ ਦਾ ਧਰਮ ਦੇ ਨਾਲ ਸੰਬੰਧ ਨਹੀਂ ਹੈ, ਪ੍ਰਮਾਤਮਾ ਦੀ ਭਗਤੀ ਦੇ ਨਾਲ ਸੰਬੰਧ ਨਹੀਂ ਹੈ। **(ਰਹਸ ਰੰਗ ਫੁਰਮਾਇਸਿ ਕਾਈ॥ ਪੈਨ੍ਹਣੁ ਖਾਣਾ ਚੀਤਿ ਨ ਪਾਈ॥)**

ਇਹੋ ਜਿਹੀ ਮਨ ਦੀ ਅਵੱਸਥਾ ਗੁਰੂ ਦੀ ਆਪਣੀ ਅਵੱਸਥਾ ਹੈ ਜਿਸਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਪੱਸ਼ਟ ਕੀਤਾ ਹੋਇਆ ਹੈ। ਧਰਮ ਦੇ ਮਾਰਗ ਦੀ ਸੱਚੀ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ, "ਸਹਜੁ" ਦੀ ਅਵੱਸਥਾ ਵਿੱਚ ਪਹੁੰਚ ਕੇ ਪੈਂਦੀ ਹੈ, ਚਉਥੇ ਪਦ ਦੇ ਗਿਆਨ ਦੁਆਰਾ ਪੈਂਦੀ ਹੈ ਜੋ ਗਿਆਨ ਪ੍ਰਮਾਤਮਾ ਮਨ ਦੇ ਅੰਦਰ ਆਪ ਹੀ ਦਿੰਦਾ ਹੈ ਤੇ ਸਾਨੂੰ ਭਰਮ ਦੇ ਵਿੱਚੋਂ ਕੱਢਦਾ ਹੈ। **(ਸਾਚੁ ਸਹਜੁ ਸੁਖੁ ਨਾਮਿ ਵਸਾਈ॥)**

ਮਨ ਦੀ ਇਸ ਅਵੱਸਥਾ ਦੁਆਰਾ ਹੀ ਇਹ ਸਮਝ ਲੱਗਦੀ ਹੈ ਕਿ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਤੇ ਮਨ ਦੇ ਵਿਚਾਰਾਂ ਰਾਹੀਂ ਜੋ ਕੁੱਝ ਸਾਡੇ ਕੋਲੋਂ ਕਰਵਾ ਰਿਹਾ ਹੈ ਉਹ ਪ੍ਰਮਾਤਮਾ ਆਪ ਹੀ ਕਰਵਾ ਰਿਹਾ ਹੈ। ਮਨ ਦੇ ਵਿੱਚ ਸੱਚੀ ਸੋਝੀ, ਨਾਮ ਵਾਲੀ ਸੋਝੀ, ਗੁਰਮਤਿ ਰੂਪ ਸੋਝੀ ਉਹ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਪਾਉਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ

ਰਾਹੀਂ ਸਮਝਾਇਆ ਹੋਇਆ ਹੈ।

"ਕਿਆ ਜਾਨਾਂ ਕਿਆ ਕਰੈ ਕਰਾਵੈ॥ ਨਾਮ ਬਿਨਾ ਤਨਿ ਕਿਛੁ ਨ ਸੁਖਾਵੈ॥੧॥ਰਹਾਉ ॥"

ਸਾਡੇ ਕੋਲੋਂ ਪ੍ਰਮਾਤਮਾ ਉਹੀ ਕੁੱਝ ਕਰਵਾਉਂਦਾ ਹੈ ਜੋ ਉਸ ਨੂੰ ਭਾਉਂਦਾ ਹੈ ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਇਸ ਗੱਲ ਨੂੰ ਉਹ ਤਾਂ ਹੀ ਸਮਝ ਸਕਦਾ ਹੈ ਕਿ ਪ੍ਰਮਾਤਮਾ ਕਿਸ ਤਰੀਕੇ ਆਪ ਹੀ ਮਨੁੱਖ ਕੋਲੋਂ ਸਭ ਕੁੱਝ ਕਰਵਾ ਰਿਹਾ ਹੈ। ਕਰਦਾ ਹਰ ਮਨੁੱਖ ਉਹੀ ਕੁੱਝ ਹੈ ਜਿਹੋ ਜਿਹੇ ਵਿਚਾਰ ਉਸਦੇ ਅੰਦਰ ਉਪਜਦੇ ਹਨ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਇਹੀ ਸਮਝ ਲੱਗਦੀ ਹੈ ਕਿ ਇਹ ਵਿਚਾਰ ਸਾਡੇ ਵੱਸ ਨਹੀਂ ਹਨ। ਜਿਹੋ ਜਿਹੇ ਵਿਚਾਰ ਮਨ ਦੇ ਵਿੱਚ ਉਪਜਦੇ ਹਨ ਮਨੁੱਖ ਉਹੀ ਕੁੱਝ ਕਰਨ ਨੂੰ ਮਜਬੂਰ ਹੁੰਦਾ ਹੈ ਕਿਉਂਕਿ ਆਪਣੇ ਵਿਚਾਰਾਂ ਦੇ ਉੱਪਰ ਉਸਦਾ ਵੱਸ ਨਹੀਂ ਹੈ, ਮਨੁੱਖ ਪੂਰੀ ਤਰ੍ਹਾਂ ਬੇਵੱਸ ਹੈ ਜਿਸ ਤਰੀਕੇ ਪ੍ਰਮਾਤਮਾ ਨੇ ਸਭ ਨੂੰ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਤੇ ਆਪਣੀ ਸ੍ਰਿਸ਼ਟੀ ਦੀ ਖੇਡ ਨੂੰ ਚਲਾ ਰਿਹਾ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ, ਉਸਦੇ ਨਾਲ ਮੇਲ ਹੋਏ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਜੋ ਕੁੱਝ ਅਸੀਂ ਕਰਦੇ ਹਾਂ ਉਹ ਸਾਡੇ ਕੋਲੋਂ ਕੌਣ ਕਰਵਾ ਰਿਹਾ ਹੈ। ਜਦੋਂ ਮਨੁੱਖ ਉਸ ਨੂੰ

31/3412

ਆਪਣੇ ਅੰਦਰੋਂ ਜਾਣ ਲੈਂਦਾ ਹੈ ਕਿ ਅੰਦਰ ਬੈਠਾ ਪ੍ਰਮਾਤਮਾ ਆਪ ਹੀ ਸਭ ਕੁੱਝ ਕਰਵਾ ਰਿਹਾ ਹੈ। ਆਪਣੀ ਸੱਚੀ ਮਤਿ ਉਹ ਆਪ ਹੀ ਸਮਝਾਉਂਦਾ ਹੈ ਤੇ ਮਨੁੱਖ ਨੂੰ ਇਹ ਵਿਸ਼ਵਾਸ ਆ ਜਾਂਦਾ ਹੈ ਕਿ ਇਹੀ ਮੇਰੇ ਜੀਵਨ ਦਾ ਸੱਚਾ ਮਾਰਗ ਹੈ ਤੇ ਫਿਰ ਉਹ ਇਸੇ ਮਾਰਗ ਦੁਆਰਾ ਵਿਚਰਨ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ ਕਿਉਂਕਿ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਮੇਰੇ ਕੋਲੋਂ ਉਹ ਕੁੱਝ ਕਰਵਾ ਰਿਹਾ ਹੈ ਜੋ ਉਸਨੂੰ ਭਾਉਂਦਾ ਹੈ। ਪ੍ਰਮਾਤਮਾ ਨੂੰ ਆਪਣੀ ਦਿੱਤੀ ਹੋਈ ਸੱਚੀ ਮਤਿ ਹੀ ਭਾਉਂਦੀ ਹੈ ਜੋ ਉਸਦਾ ਆਪਣਾ ਹੀ ਸਾਰੇ ਸੰਸਾਰ ਲਈ ਬਣਾਇਆ ਹੋਇਆ ਧਰਮ ਦਾ ਮਾਰਗ ਹੈ, ਸੱਚ ਦਾ ਮਾਰਗ ਹੈ, ਭਗਤੀ ਦਾ ਮਾਰਗ ਹੈ। ਅਸਲ ਵਿੱਚ ਉਸ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੇਰਾ ਪ੍ਰਮਾਤਮਾ ਨਾਲੋਂ ਕੋਈ ਵੱਖਰਾ ਰੂਪ ਹੈ ਹੀ ਨਹੀਂ। ਦੁਨੀਆਂ ਨੂੰ ਉਹ ਇੱਕ ਮਨੁੱਖ ਹੀ ਨਜ਼ਰ ਆਉਂਦਾ ਹੈ ਪਰ ਅਸਲ ਵਿੱਚ ਉਹ ਪ੍ਰਮਾਤਮਾ ਦਾ ਹੀ ਰੂਪ ਹੁੰਦਾ ਹੈ ਜਿਸ ਰੂਪ ਨੂੰ ਪ੍ਰਮਾਤਮਾ ਉਸ ਤਰੀਕੇ ਚਲਾ ਰਿਹਾ ਹੁੰਦਾ ਹੈ ਜੋ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਧਰਮ ਦਾ ਮਾਰਗ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪ ਹੀ ਆਪਣੇ ਧਰਮ ਦੇ ਮਾਰਗ ਤੇ ਚੱਲ ਕੇ ਦਿਖਾਇਆ ਹੈ ਉਹਨਾਂ ਸਰੀਰਾਂ ਰਾਹੀਂ ਹੀ ਉਸਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਧਰਮ ਦਾ ਸੱਚਾ ਮਾਰਗ ਸਮਝਾਇਆ ਹੈ। ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ, ਮਨ ਦੇ ਭਰਮ ਵਿੱਚ ਰਹਿੰਦੇ ਹੋਏ ਕਦੇ ਇਸ ਗੱਲ ਨੂੰ ਨਹੀਂ ਜਾਣਿਆ ਜਾ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਸਾਡੇ ਕੋਲੋਂ ਕਿਵੇਂ ਕਰਵਾ ਰਿਹਾ ਹੈ। ਇਹ ਗੱਲ ਕਹਿਣੀ ਤਾਂ ਬਹੁਤ ਸੌਖੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ, ਉਹ ਕਰਨ ਕਰਾਵਣਹਾਰ ਹੈ ਪਰ ਇਸ ਗੱਲ ਦੀ ਸਮਝ ਲੱਗਣੀ ਕਿ ਉਹ ਕਿਸ ਤਰੀਕੇ ਸਭ ਕੁੱਝ ਕਰਵਾਉਂਦਾ ਹੈ ਇਹ ਮਨੁੱਖ ਲਈ ਜਾਨਣਾ ਅਸੰਭਵ ਹੈ ਭਾਵ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਜਿਸ ਗੱਲ ਦੀ ਸਮਝ ਉਸਦਾ ਪ੍ਰਸਾਦਿ ਮਿਲਣ ਦੁਆਰਾ ਹੀ ਪੈ ਸਕਦੀ ਹੈ। **(ਕਿਆ ਜਾਨਾਂ ਕਿਆ ਕਰੈ ਕਰਾਵੈ॥ ਨਾਮ ਬਿਨਾ ਤਨਿ ਕਿਛੁ ਨ ਸੁਖਾਵੈ॥੧॥ਰਹਾਉ॥)**

ਜਦੋਂ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਮਤਿ ਦਿੰਦਾ ਹੈ, ਆਪਣਾ ਸੱਚ ਸਮਝਾਉਂਦਾ ਹੈ ਫਿਰ ਉਹ ਕੁੱਝ ਮਨੁੱਖ ਨੂੰ ਚੰਗਾ ਲੱਗਦਾ ਹੈ ਤੇ ਮਨੁੱਖ ਆਪਣੇ ਕਾਰ ਵਿਹਾਰ ਦੁਆਰਾ ਭਾਵ ਸੱਚੀ ਸੁੱਚੀ ਕਿਰਤ ਦੁਆਰਾ ਹੀ ਪ੍ਰਮਾਤਮਾ ਦਾ ਜੱਸ ਗਾਉਣਾ ਸਮਝਦਾ ਹੈ ਕਿਉਂਕਿ ਮਨ ਦੇ ਅੰਦਰ ਆਪਣੀ ਮਤਿ ਦਾ ਰਾਜ ਖ਼ਤਮ ਹੋ ਜਾਂਦਾ ਹੈ, ਮਾਇਆ ਮੋਹ ਦਾ ਰਾਜ ਖ਼ਤਮ ਹੋ ਜਾਂਦਾ ਹੈ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦ ਰਾਹੀਂ ਸਮਝਾਇਆ ਹੋਇਆ ਹੈ।

"ਜੋਗ ਬਿਨੋਦ ਸ੍ਵਾਦ ਆਨੰਦਾ॥ ਮਤਿ ਸਤ ਭਾਇ ਭਗਤਿ ਗੋਬਿੰਦਾ॥
ਕੀਰਤਿ ਕਰਮ ਕਾਰ ਨਿਜ ਸੰਦਾ॥ ਅੰਤਰਿ ਰਵਤੋ ਰਾਜ ਰਵਿੰਦਾ॥"

31/3413

ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਵਿੱਚ ਅਸੀਂ ਪਿੱਛੇ ਇਹ ਸਮਝਿਆ ਹੈ ਕਿ ਭਗਤੀ ਦੀ ਨਾ ਸਮਝੀ ਵਿੱਚ ਅਸੀਂ ਆਪਣੇ ਕਿਹੋ ਜਿਹੇ ਭਗਤੀ ਦੇ ਤਰੀਕਿਆਂ ਵਿੱਚ, ਮਾਇਆ ਮੋਹ ਵਿੱਚ ਅਨੰਦ ਮਾਨਣਾ ਸਮਝਦੇ ਹਾਂ, ਖੁਸ਼ੀ ਸਮਝਦੇ ਹਾਂ। ਅਸਲ ਭਗਤੀ ਦਾ ਆਨੰਦ ਕੀ ਹੈ ਇਹ ਸਾਨੂੰ ਉੱਪਰ ਵਾਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਭਗਤੀ ਦਾ ਆਨੰਦ ਉਸ ਵਿੱਚ

ਹੈ ਜਦੋਂ ਸਾਨੂੰ ਆਪਣੀ ਮਤਿ ਦੇ ਅੰਦਰ ਸੱਚ ਭਾਉਂਦਾ ਹੈ ਭਾਵ ਗੁਰੂ ਦੀ ਦਿੱਤੀ ਹੋਈ ਮਤਿ ਭਾਉਂਦੀ ਹੈ। ਮਤਿ ਦੇ ਵਿੱਚ ਇਹੋ ਜਿਹਾ ਸੱਚ ਚੰਗਾ ਲੱਗਣ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ। ਇਹੋ ਜਿਹੇ ਸੱਚ ਤੇ ਚੱਲਣ ਵਿੱਚ ਜਦੋਂ ਸਾਨੂੰ ਚੰਗਾ ਲੱਗੇਗਾ, ਉਸ ਵਿੱਚ ਖੁਸ਼ੀ ਮਹਿਸੂਸ ਹੋਵੇਗੀ, ਆਨੰਦ ਮਹਿਸੂਸ ਹੋਵੇਗਾ ਇਹ ਸਾਡੇ ਲਈ ਅਸਲ ਆਨੰਦ ਹੈ ਤੇ ਮਨ ਦੀ ਇਹ ਅਵੱਸਥਾ ਉਦੋਂ ਹੀ ਬਣਦੀ ਹੈ ਜਦੋਂ ਉਸ ਪ੍ਰਮਾਤਮਾ ਦੇ ਨਾਲ ਸਾਡਾ ਜੋਗ ਹੋ ਜਾਂਦਾ ਹੈ, ਉਸਦੇ ਨਾਲ ਮੇਲ ਹੋ ਜਾਂਦਾ ਹੈ। (**ਜੋਗ ਬਿਨੋਦ ਸ੍ਵਾਦ ਆਨੰਦਾ॥ ਮਤਿ ਸਤ ਭਾਇ ਭਗਤਿ ਗੋਬਿੰਦਾ॥**) ਇਹੋ ਜਿਹੀ ਮਨ ਦੀ ਅਵੱਸਥਾ ਵਾਲੇ ਆਪਣੀ ਭਗਤੀ ਕਿਸ ਰੂਪ ਵਿੱਚ ਕਰਦੇ ਹਨ ਤੇ ਇਹੋ ਜਿਹੀ ਭਗਤੀ ਉਹਨਾਂ ਕੋਲੋਂ ਕੌਣ ਕਰਵਾਉਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕੀਰਤਿ ਕਰਮ ਕਾਰ ਨਿਜ ਸੰਦਾ॥ ਅੰਤਰਿ ਰਵਤੌ ਰਾਜ ਰਵਿੰਦਾ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਭਗਤੀ ਦਾ ਤੱਤ ਸਾਰ ਹੀ ਸਮਝਾਇਆ ਹੋਇਆ ਹੈ। ਤਰੀਕਾ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੀ ਭਗਤੀ ਦਾ ਮਕਸਦ ਪ੍ਰਮਾਤਮਾ ਦਾ ਜੱਸ ਗਾਉਣ ਦੇ ਨਾਲ ਹੈ, ਉਸਦੀ "ਕੀਰਤਿ" ਗਾਉਣ ਦਾ ਹੈ। ਪ੍ਰਮਾਤਮਾ ਦਾ ਇਹ ਜੱਸ ਅਸੀ ਆਪਣੇ ਕਰਮ ਕਰਣ ਦੁਆਰਾ ਗਾਉਣਾ ਹੈ ਭਾਵ ਕਾਰ ਵਿਹਾਰ ਕਰਨ ਦੁਆਰਾ ਗਾਉਣਾ ਹੈ, ਨਿਤ ਕਾਰ ਵਿਹਾਰ ਕਰਨ ਦੁਆਰਾ ਗਾਉਣਾ ਹੈ। ਜੇਕਰ ਸਾਡੇ ਅੰਦਰ ਸੱਚੀ ਮਤਿ ਵਸੀ ਹੋਈ ਹੈ ਭਾਵ ਸਾਨੂੰ ਸੱਚ ਤੇ ਚੱਲਣਾ ਭਾਉਂਦਾ ਹੈ ਫਿਰ ਸਾਡੇ ਸਾਰੇ ਕਾਰ ਵਿਹਾਰ ਚੰਗੇ ਹੋਣਗੇ, ਗੁਣਾਂ ਵਾਲੇ ਹੋਣਗੇ, ਔਗੁਣਾਂ ਤੋਂ ਰਹਿਤ ਹੋ ਕੇ ਹੋਣਗੇ ਭਾਵ ਆਪਣੇ ਕਾਰ ਵਿਹਾਰ ਰਾਹੀਂ, ਆਪਣੀ ਸੰਸਾਰਿਕ ਵਿਚਰਨ ਰਾਹੀਂ ਜੋ ਕੁੱਝ ਕਰਾਂਗੇ ਉਹ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਹੀ ਕਰਾਂਗੇ। ਗੁਰਮਤਿ ਦੀ ਸੱਚੀ ਸੋਝੀ ਸਾਨੂੰ ਮਨਮਤਿ ਵਿੱਚੋਂ ਨਿਕਲਕੇ ਹੀ ਪੈਂਦੀ ਹੈ,

31/3414

ਮਨ ਦੀ ਅਗਿਆਨਤਾ ਵਾਲੀ, ਭਰਮ ਵਾਲੀ, ਤ੍ਰੈ ਗੁਣਾਂ ਵਾਲੀ, ਪੁੱਠੇ ਕਮਲ ਵਾਲੀ, ਮਾਹਿਆ ਮੋਹ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਹੀ ਪੈਂਦੀ ਹੈ। ਜਦੋਂ ਮਨੁੱਖ ਇਹੋ ਜਿਹੀ ਅਵੱਸਥਾ ਵਿੱਚੋਂ ਨਿਕਲ ਜਾਂਦਾ ਹੈ ਉਦੋਂ ਫਿਰ ਸਾਡੇ ਅੰਦਰ ਸੱਚ ਦਾ ਰਾਜ ਚੱਲਦਾ ਹੈ, ਸੱਚੇ ਗਿਆਨ ਦੇ ਪਰਕਾਸ਼ ਦਾ ਰਾਜ ਚੱਲਦਾ ਹੈ, ਗੁਰਮਤਿ ਦਾ ਰਾਜ ਚੱਲਦਾ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਤੇ ਆਪ ਹੀ ਆਪਣੀ ਸੱਚੀ ਮਤਿ ਦੇ ਕੇ ਉਸ ਤੇ ਚਲਾਉਂਦਾ ਹੈ ਜਿਸ ਦੁਆਰਾ ਮਨੁੱਖ ਆਪਣਾ ਹਰ ਕਰਮ ਗੁਰਮਤਿ ਅਨੁਸਾਰ ਹੀ ਕਰਦਾ ਹੈ, ਆਪਣੀ ਸੱਚੀ ਸੁੱਚੀ ਕਰਣੀ ਦੁਆਰਾ, ਸੱਚੀ ਸੁੱਚੀ ਕਿਰਤ ਦੁਆਰਾ ਪ੍ਰਮਾਤਮਾ ਦਾ ਜੱਸ ਗਾਉਂਦਾ ਹੈ ਤੇ ਇਹੀ ਉਸਦੀ ਸੱਚੀ ਭਗਤੀ ਕਰਨ ਦਾ ਤਰੀਕਾ ਹੈ, ਧਰਮ ਦੇ ਮਾਰਗ ਤੇ ਚੱਲਣ ਦਾ ਤਰੀਕਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੇ ਵਿੱਚ ਪ੍ਰਮਾਤਮਾ ਆਪ ਹੀ ਇਹ ਸੋਝੀ ਪਾਉਂਦਾ ਹੈ ਕਿ ਅਸੀਂ ਕਿਹੋ ਜਿਹਾ ਪਹਿਨਦੇ ਹਾਂ, ਖਾਣਾ ਖਾਂਦੇ ਹਾਂ ਇਸਦਾ ਭਗਤੀ ਨਾਲ, ਧਰਮ ਨਾਲ ਸੰਬੰਧ ਨਹੀਂ ਹੈ ਜਿਵੇਂ ਕਿ ਅਸੀਂ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਸਾਰੇ ਸੰਸਾਰ ਲਈ ਇੱਕੋ ਇੱਕ ਭਗਤੀ ਦਾ ਮਾਰਗ ਸੱਚ ਦੁਆਰਾ ਵਿਚਰਨ ਦਾ ਹੈ ਜੋ ਕਿ ਸੱਚ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਸਮਝ ਆ ਸਕਦਾ ਹੈ। ਸੱਚ ਉਹ ਹੈ ਜੋ ਪੂਰੀ ਗੁਰਬਾਣੀ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ। ਗੁਰੂ ਦਾ ਬੋਲਿਆ ਹੋਇਆ ਹਰ ਬੋਲ ਸੱਚ ਹੈ ਜਿਸ ਦੁਆਰਾ ਉਸਨੇ ਸਾਰੇ ਸੰਸਾਰ ਨੂੰ ਸੱਚ ਦਾ ਮਾਰਗ ਸਮਝਾਇਆ ਹੈ। ਪ੍ਰਮਾਤਮਾ ਦੀ ਭਗਤੀ ਸਾਡੀ ਮਤਿ ਦੇ ਵਿੱਚ ਇਹੋ ਜਿਹਾ ਸੱਚ ਵੱਸਣ ਦੁਆਰਾ ਹੁੰਦੀ ਹੈ ਜਦੋਂ ਸਾਨੂੰ ਇਹੋ ਜਿਹੇ ਸੱਚ ਤੇ ਚੱਲਣਾ ਹੀ ਭਾਉਂਦਾ ਹੈ। (**ਜੋਗ ਬਿਨੋਦ ਸ੍ਵਾਦ ਆਨੰਦਾ॥ ਮਤਿ ਸਤ ਭਾਇ ਭਗਤਿ ਗੋਬਿੰਦਾ॥ ਕੀਰਤਿ ਕਰਮ ਕਾਰ ਨਿਜ ਸੰਦਾ॥ ਅੰਤਰਿ ਰਵਤੌ ਰਾਜ ਰਵਿੰਦਾ॥**)

ਗੁਰੂ ਦੇ ਦੱਸੇ ਹੋਏ ਸੱਚ ਅਨੁਸਾਰ ਵਿਚਰਨਾ, ਗੁਰਮਤਿ ਅਨੁਸਾਰ ਵਿਚਰਨਾ ਗੁਰੂ ਪ੍ਰਮਾਤਮਾ ਦੇ ਅੱਗੇ ਸਾਡੇ ਸੱਚੇ ਬੋਲ ਹਨ ਭਾਵ ਸਾਡੇ ਸੱਚੇ ਸੁੱਚੇ ਕਰਮ ਹੀ ਸਾਡੇ ਪ੍ਰਮਾਤਮਾ ਦੇ ਅਗੇ ਸੱਚੇ ਬੋਲ ਹਨ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਪ੍ਰਮਾਤਮਾ ਦਾ ਭਾਖਣ ਭਾਵ ਪ੍ਰਮਾਤਮਾ ਦੀ ਉਸਤਤਿ ਦੇ ਬੋਲ ਸਾਡੇ ਕਰਮ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੈ। "ਭਾਖਿਆ" ਕੀ ਹੈ ਇਸ ਗੱਲ ਨੂੰ ਅਸੀਂ ਜਪੁਜੀ ਬਾਣੀ ਵਿੱਚ ਵੀ ਸਮਝਾਂਗੇ। ਸਾਡੇ ਜਿਹੜੇ ਵੀ ਕਰਮ ਵਿੱਚ ਗੁਰਮਤਿ ਹੈ ਉਹ ਸਾਡੀ ਸੱਚੀ ਭਾਖਿਆ ਹੈ, ਸਾਡੇ ਸੱਚੇ ਬੋਲ ਹਨ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਪਿਆਰ ਦਾ ਪ੍ਰਗਟਾਵਾ ਹੁੰਦਾ ਹੈ। ਪ੍ਰਮਾਤਮਾ ਦਾ ਭਾਖਣ ਉਸਦੀ ਕਿਰਪਾ ਤੋਂ ਬਿਨ੍ਹਾਂ ਨਹੀਂ ਹੁੰਦਾ। ਸਾਡੀ ਭਾਖਿਆ ਉੱਥੇ ਹੈ, ਸਾਡੇ ਸੱਚੇ ਬੋਲ ਉੱਥੇ ਹਨ, ਜਿੱਥੇ ਪ੍ਰਮਾਤਮਾ ਦੀ ਆਪਣੀ ਕਿਰਪਾ ਹੁੰਦੀ ਹੈ। ਜਦੋਂ ਮਨੁੱਖ ਦੇ ਉੱਤੇ ਪ੍ਰਮਾਤਮਾ ਦੀ ਇਹੋ ਜਿਹੀ ਕਿਰਪਾ ਹੁੰਦੀ

ਹੈ ਫਿਰ ਉਹ

31/3415

ਮਨੁੱਖ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਚਲਾਉਂਦਾ ਹੈ। ਪ੍ਰਮਾਤਮਾ ਸਾਨੂੰ ਆਪਣੀ ਦਾਤਿ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਬਖਸ਼ਦਾ ਹੈ, ਆਪਣੇ ਨਾਮ ਦੀ ਦਾਤਿ ਉਹ ਇਸ ਤਰੀਕੇ ਹੀ ਬਖਸ਼ਦਾ ਹੈ।

(ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥)

(ਅੰਗ ੨)

{**ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ਰਹਾਉ ॥**}

(ਅੰਗ ੧੫)

ਸਾਡੀ ਸੱਚੀ ਭਾਖਿਆ, ਸਾਡੇ ਸੱਚੇ ਬੋਲ ਸਾਡੇ ਚੰਗੇ ਕਰਮ ਹਨ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਪਤਿ ਮਿਲਦੀ ਹੈ ਤੇ ਸਾਡੇ ਮਾੜੇ ਕਰਮ ਸਾਡੀ ਮੰਦੀ ਭਾਖਿਆ ਹੈ, ਸਾਡੇ ਮਾੜੇ ਬੋਲ ਹਨ। ਸਾਡੇ ਚੰਗੇ ਜਾਂ ਮਾੜੇ ਬੋਲ ਭਾਵ ਚੰਗੇ ਜਾਂ ਮਾੜੇ ਕਰਮਾਂ ਦੇ ਪਿੱਛੇ ਸਾਡੀ ਸਮਝ ਹੀ ਹੁੰਦੀ ਹੈ। ਮਨੁੱਖ ਗੁਰਮਤਿ ਅਨੁਸਾਰ ਪੂਰੀ ਤਰ੍ਹਾਂ ਚੰਗੇ ਕਰਮ ਉਦੋਂ ਹੀ ਕਰਦਾ ਹੈ ਜਦੋਂ ਉਸਨੂੰ ਗੁਰਮਤਿ ਦੀ ਸੱਚੀ ਸਮਝ ਪੈ ਜਾਂਦੀ ਹੈ ਜੋ ਸੱਚੀ ਸਮਝ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਨਾਮ ਬਖਸ਼ਣ ਦੁਆਰਾ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਮਨ ਦੀ ਸੱਚੀ ਸਮਝ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਮਨ ਦੀ ਨਾਸਮਝੀ ਕਰਕੇ ਹੀ ਆਪਣੀ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਦਾ ਹੈ ਤੇ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ ਤੇ ਔਖਾ ਹੁੰਦਾ ਹੈ। ਜਿੱਥੇ ਸਾਡੀ ਸੱਚੀ ਭਾਖਿਆ ਹੈ ਉਸ ਵਿੱਚ ਹੀ ਸਾਡੇ ਤੇ ਪ੍ਰਮਾਤਮਾ ਦੀ ਕਿਰਪਾ ਹੁੰਦੀ ਹੈ ਭਾਵ ਅਸੀਂ ਪ੍ਰਮਾਤਮਾ ਦੀ ਕਿਰਪਾ ਦੇ ਪਾਤਰ ਬਣਦੇ ਹਾਂ, ਉਸਦੇ ਪਿਆਰੇ ਬਣਦੇ ਹਾਂ। ਸਾਡੇ ਜਿਸ ਕਰਮ ਵਿੱਚ ਭਾਖਿਆ ਨਹੀਂ ਹੈ ਉਸ ਵਿੱਚ ਅਭਾਖਿਆ ਹੈ ਭਾਵ ਉਹ ਭਾਖਿਆ ਤੋਂ ਦੂਸਰਾ ਪਾਸਾ ਹੈ। ਭਾਖਿਆ ਵਿੱਚ ਰਹਿੰਦੇ ਹੋਏ ਭਾਵ ਸੱਚੇ ਸੁੱਚੇ ਕਰਮ ਕਰਦੇ ਹੋਏ ਅਸੀਂ ਜੋ ਕੁੱਝ ਵੀ ਖਾਂਦੇ ਪਹਿਨਦੇ ਹਾਂ ਉਸ ਵਿੱਚ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿਉਂਕਿ ਉਸ ਦੀ ਰਜਾ ਉੱਥੇ ਹੀ ਹੁੰਦੀ ਹੈ ਸਾਡੇ ਜਿਹੜੇ ਕਰਮ ਵਿੱਚ ਗੁਰੂ ਦੀ ਮਤਿ ਹੁੰਦੀ ਹੈ ਭਾਵ ਸਾਡੀ ਉਸ ਵਿੱਚ ਸੱਚੀ ਸੁੱਚੀ ਕਿਰਤ ਹੁੰਦੀ ਹੈ। ਸਾਡੇ ਜਿਹੜੇ ਕਰਮਾਂ ਵਿੱਚ ਸੱਚੀ ਸੁੱਚੀ ਕਿਰਤ ਨਹੀਂ ਹੈ ਭਾਵ ਸਾਡੀ ਜੋ ਵੀ ਕਿਰਤ ਗੁਰਮਤਿ ਅਨੁਸਾਰ ਨਹੀਂ ਹੈ ਉਸ ਵਿੱਚ "ਅਭਾਖਿਆ" ਹੈ ਭਾਵ ਉਸ ਵਿੱਚ ਸਾਡੇ ਮਾੜੇ ਬੋਲ ਹਨ ਸਾਡੇ ਮਾੜੇ ਕਰਮ ਹਨ, ਜਿਸ ਰਾਹੀਂ ਅਸੀਂ ਭਾਵੇਂ ਜਿਤਨੀ ਮਰਜੀ ਖਾਣੇ ਵਿੱਚ ਸੁੱਚ ਦਿਖਾ ਲਈਏ ਉਸ ਨਾਲ ਪ੍ਰਮਾਤਮਾ ਨੂੰ ਖੁਸ਼ੀ ਨਹੀਂ ਮਿਲਦੀ, ਅਸੀਂ ਪ੍ਰਮਾਤਮਾ ਦੀ ਕ੍ਰਿਪਾ ਦੇ ਪਾਤਰ ਨਹੀਂ ਬਣਦੇ ਬਲਕਿ ਪ੍ਰਮਾਤਮਾ ਨਾਲ ਆਪਣਾ ਝਗੜਾ ਹੀ ਦਿਖਾਉਂਦੇ ਹਾਂ। ਸਾਰੀ ਗੱਲ ਸਾਡੇ ਮਨ ਦੀ ਸੁਚਿ ਜਾਂ ਜੂਠ ਨਾਲ ਜੁੜੀ ਹੋਈ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਨਾ ਕਿ ਕਿਸੇ ਖਾਣੇ ਦੀ ਸੁਚਿ ਜਾਂ ਜੂਠ ਦੇ ਨਾਲ ਭਾਵੇਂ ਉਹ ਖਾਣਾ ਕਿਹੋ ਜਿਹਾ ਵੀ ਹੋਵੇ। ਆਉ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

"ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥
ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥
ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ ॥ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥੨॥"

31/3416

ਅਸੀਂ ਆਪਣੇ ਬਾਹਰੀ ਦਿਖਾਵਿਆਂ ਦੁਆਰਾ ਤੇ ਖਾਣੇ ਆਦਿ ਵਿੱਚ ਸੁਚਿ ਵਰਤਾਉਣ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀ ਵਿਧੀ ਸਮਝਦੇ ਹਾਂ ਕਿ ਪ੍ਰਮਾਤਮਾ ਸਾਡੀਆਂ ਇਹੋ ਜਿਹੀਆਂ ਗੱਲਾਂ ਨਾਲ ਖੁਸ਼ ਹੁੰਦਾ ਹੈ। ਉੱਪਰ ਸ਼ਬਦ ਰਾਹੀਂ ਸਾਡੇ ਇਹੋ ਜਿਹੇ ਭਰਮ ਦਾ ਖੰਡਨ ਕੀਤਾ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਦੇ ਨਾਲ ਜੁੜਿਆ ਹੋਇਆ ਹੈ।

ਸਾਰਿਆਂ ਲਈ ਧਰਮ ਦਾ ਮਾਰਗ ਇੱਕੋ ਜਿਹਾ ਹੀ ਹੈ ਜੋ ਕਿ ਸੱਚੀ ਸੁੱਚੀ ਕਿਰਤ ਕਰਣ ਦਾ ਹੈ। ਜੋ ਦੂਸਰਿਆਂ ਦਾ ਹੱਕ ਖਾਂਦਾ ਹੈ, ਦੂਸਰਿਆਂ ਦਾ ਮਾੜਾ ਕਰਦਾ ਹੈ ਉਸ ਨੂੰ ਮਨੁੱਖੀ ਮਾਸ ਖਾਣ ਵਾਲਾ ਦੱਸਿਆ ਹੈ ਕਿਉਂਕਿ ਇਸ ਦੁਆਰਾ ਉਹ ਦੂਸਰਿਆਂ ਦਾ ਖੂਨ ਹੀ ਪੀਂਦੇ ਹਨ ਭਾਵ ਦੂਸਰਿਆਂ ਨੂੰ ਪਰੇਸ਼ਾਨ ਕਰਦੇ ਹਨ ਭਾਵ ਮਨੁੱਖਤਾ ਦਾ ਮਾੜਾ ਕਰਦੇ ਹਨ। ਭਾਵੇਂ ਕੋਈ ਨਮਾਜ ਪੜ੍ਹਨ ਵਾਲਾ ਹੈ ਭਾਵ ਮੁਸਲਿਮ ਭਾਈਚਾਰੇ ਵਿੱਚੋਂ ਹੈ ਤੇ ਭਾਵੇਂ ਕੋਈ ਹਿੰਦੂ ਮਤਿ ਦੇ ਨਾਲ ਜੁੜਿਆ ਹੋਇਆ ਹੈ, ਕਿਸੇ ਦਾ ਮਾੜਾ ਕਰਨਾ ਇੱਕੋ ਜਿਹੀ ਗੱਲ ਹੀ ਹੈ। (**ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥**) ਸਿੱਖ ਜਗਤ ਲਈ ਵੀ ਅਸੂਲ ਇਹੋ ਹੀ ਹੈ ਭਾਵੇਂ ਕੋਈ ਅੰਮ੍ਰਿਤਧਾਰੀ ਬਾਣੇ ਵਿੱਚ ਹੈ, ਸਾਰੇ ਸੰਸਾਰ ਲਈ ਪ੍ਰਮਾਤਮਾ ਦਾ ਅਸੂਲ ਇੱਕੋ ਜਿਹਾ ਹੀ ਹੈ।

ਜੋ ਮਨੁੱਖ ਮਾੜੇ ਕਰਮ ਕਰਦੇ ਹਨ ਭਾਵ ਦੂਸਰਿਆਂ ਦਾ ਹੱਕ ਖਾਂਦੇ ਹਨ ਉਹ ਆਪਣੇ ਦਿਖਾਵੇ ਵੱਜੋਂ ਘਰਾਂ ਦੇ ਵਿੱਚ ਪਾਠ ਪੂਜਾ ਆਦਿ ਕਰਵਾਉਂਦੇ ਹਨ, ਆਪਣੇ ਆਪ ਨੂੰ ਭਗਤੀ ਵਾਲਾ ਦਿਖਾਉਂਦੇ ਹਨ ਤੇ ਬ੍ਰਾਹਮਣਾ ਆਦਿ ਨੂੰ ਭਾਵ ਪੂਜਾ ਕਰਨ ਵਾਲਿਆਂ ਨੂੰ ਘਰਾਂ ਵਿੱਚ ਬੁਲਾਉਂਦੇ ਹਨ ਤੇ ਉਹ ਪੂਜਾ ਕਰਨ ਵਾਲੇ ਵੀ ਮਾਇਆ ਮੋਹ ਵਿੱਚ ਹੀ ਫਸੇ ਹੁੰਦੇ ਹਨ ਜੋ ਮਾਇਆ ਦੀ ਖਾਤਰ ਪੂਜਾ ਕਰਦੇ ਹਨ ਤੇ ਉਹਨਾਂ ਨੂੰ ਵਡਿਆਉਂਦੇ ਹਨ ਜੋ ਉਹਨਾਂ ਕੋਲੋਂ ਪੂਜਾ ਕਰਵਾਉਂਦੇ ਹਨ ਭਾਵ ਪੂਜਾ ਕਰਨ ਵਾਲਿਆਂ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿਸਨੇ ਕਿਵੇਂ ਮਾਇਆ ਕਮਾਈ ਹੈ। ਉਹਨਾਂ ਨੂੰ ਸਮਝਾਉਣ ਦੀ ਬਜਾਇ ਭਾਵ ਚੰਗਾ ਮਾਰਗ ਸਮਝਾਉਣ ਦੀ ਬਜਾਇ ਆਪ ਹੀ ਮਾਇਆ ਮੋਹ ਵਿੱਚ ਹੁੰਦੇ ਹਨ ਤੇ ਪੂਜਾ ਆਦਿ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ ਤੇ ਦੂਸਰਿਆਂ ਨੂੰ ਇਹਨਾਂ ਗੱਲਾਂ ਦੇ ਨਾਲ ਹੀ ਜੋੜਦੇ ਹਨ। ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ, ਮਾਇਆ ਦੀ ਪ੍ਰਾਪਤੀ ਸਭ ਨੂੰ ਚੰਗੀ ਲੱਗਦੀ ਹੈ ਭਾਵੇਂ ਉਹ ਮਾਇਆ ਜਿਹੋ ਜਿਹੇ ਵੀ ਮਾੜੇ ਕਰਮਾਂ ਦੁਆਰਾ ਕਮਾਈ ਜਾਵੇ। (**ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਾ ਭਿ ਆਵਹਿ ਉਈ ਸਾਦ॥**) ਸਿੱਖ ਜਗਤ ਵਿੱਚ ਵੀ ਜਿਆਦਾਤਰ ਇਹੋ ਕੁੱਝ ਹੀ ਹੁੰਦਾ ਹੈ ਤੇ ਘਰਾਂ ਵਿੱਚ ਪਾਠ ਪੂਜਾ ਕਰਵਾਉਣ ਆਦਿ ਨੂੰ ਹੀ ਭਗਤੀ ਦਾ ਮਾਰਗ ਸਮਝਿਆ ਜਾਂਦਾ ਹੈ ਕਿ ਇਹੋ ਜਿਹਾ ਕਰਨ ਨਾਲ ਪਾਪਾਂ ਦੁਆਰਾ ਕਮਾਈ ਹੋਈ ਮਾਇਆ ਆਪੇ ਹੀ ਸਫ਼ਲ ਹੋ ਜਾਂਦੀ ਹੈ ਭਾਵ ਮਾੜੇ ਕਰਮ ਛੱਡਣ ਦੀ ਲੋੜ ਨਹੀਂ ਜੋ ਕਿ ਦੂਸਰਿਆਂ ਦਾ ਖੂਨ ਪੀਣ ਦੇ ਬਰਾਬਰ ਹੈ।

ਸਾਡੇ ਇਹੋ ਜਿਹੇ ਮਾੜੇ ਕਰਮ ਕਰਨ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ

31/3417

ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥"

ਉੱਪਰ ਪਹਿਲੀ ਪੰਗਤੀ ਰਾਹੀਂ ਸਮਝੋ ਕਿ ਝੂਠੀ ਰਾਸਿ ਕੀ ਹੈ ਤੇ ਝੂਠਾ ਵਾਪਾਰ ਕਰਨਾ ਕੀ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੀ ਸੱਚੀ ਰਾਸਿ ਸਾਡੇ ਅੰਦਰ ਗੁਰਮਤਿ ਦੀ ਸੋਝੀ ਹੈ ਜੋ ਕਿ ਸੱਚੇ ਗਿਆਨ ਦੀ ਰਾਸਿ ਹੈ ਜਿਸ ਦੁਆਰਾ ਅਸੀਂ ਇਸ ਸੰਸਾਰ ਵਿੱਚ ਸੱਚਾ ਵਾਪਾਰ ਕਰ ਸਕਦੇ ਹਾਂ, ਨਾਮ ਦਾ ਵਾਪਾਰ ਕਰ ਸਕਦੇ ਹਾਂ ਭਾਵ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਉਸ ਪ੍ਰਮਾਤਮਾ ਨੂੰ ਪਾਉਣ ਲਈ ਅਸੀਂ ਉਸ ਦੀ ਦਿੱਤੀ ਹੋਈ ਸੱਚੀ ਰਾਸਿ ਦੁਆਰਾ ਵਿਚਰਨਾ ਹੈ। ਵਾਪਾਰ ਅਸੀਂ ਆਪਣੀ ਸੱਚੀ ਵਿਚਰਨ ਦੁਆਰਾ ਕਰਨਾ ਹੈ ਤੇ ਸਾਡੀ ਸੱਚੀ ਵਿਚਰਨ ਤਾਂ ਹੀ ਹੋ ਸਕਦੀ ਹੈ ਜੇਕਰ ਸਾਡੀ ਮਤਿ ਦੇ ਅੰਦਰ ਗੁਰਮਤਿ ਹੈ ਜਿਸ ਦੁਆਰਾ ਅਸੀਂ ਕੇਵਲ ਸੱਚ ਤੇ ਹੀ ਚੱਲਾਂਗੇ ਤੇ ਮਾੜੇ ਕਰਮ ਨਹੀਂ ਕਰਾਂਗੇ। ਜਦ ਤੱਕ ਸਾਡੇ ਅੰਦਰ ਮਨਮਤਿ ਹੈ ਇਹ ਸਾਡੀ ਕੂੜੀ ਰਾਸਿ ਹੈ, ਝੂਠੀ ਰਾਸਿ ਹੈ ਜਿਸਦੇ ਰਹਿੰਦਿਆਂ ਅਸੀਂ ਵਾਪਾਰ ਵੀ ਝੂਠਾ ਹੀ ਕਰਦੇ ਹਾਂ ਭਾਵ ਸਾਡੀ ਸੰਸਾਰਿਕ ਵਿਚਰਨ ਝੂਠੀ ਹੈ। ਝੂਠੀ ਰਾਸਿ ਦੇ ਨਾਲ ਅਸੀਂ ਝੂਠ ਬੋਲਦੇ ਹਾਂ ਜਿਸ ਦੁਆਰਾ ਅਸੀਂ ਦੂਸਰਿਆਂ ਦਾ ਹੱਕ ਖਾਂਦੇ

ਹਾਂ, ਝੂਠ ਬੋਲਣ ਦੁਆਰਾ ਮਾਇਆ ਕਮਾਉਂਦੇ ਹਾਂ, ਪਾਪ ਕਰਨ ਦੁਆਰਾ ਮਾਇਆ ਕਮਾਉਂਦੇ ਹਾਂ। ਇਹੋ ਜਿਹੀ ਮਾੜੀ ਕਮਾਈ ਕਰਨ ਦੁਆਰਾ, ਝੂਠੇ ਤਰੀਕੇ ਨਾਲ ਮਾਇਆ ਕਮਾਉਣ ਦੁਆਰਾ ਅਸੀਂ ਜੋ ਕੁੱਝ ਵੀ **"ਆਹਾਰੁ"** ਕਰਦੇ ਹਾਂ ਭਾਵ ਆਪਣੀ ਮਾੜੀ ਕਮਾਈ ਦੁਆਰਾ ਆਪਣੇ ਲਈ ਜੋ ਵੀ ਖਰੀਦ ਕੇ ਲਿਆਉਂਦੇ ਹਾਂ, ਇਹੋ ਜਿਹਾ ਆਹਾਰ ਸਾਡਾ ਸੱਚਾ ਖਾਣਾ ਨਹੀਂ ਹੈ ਕਿਉਂਕਿ ਇਸ ਵਿੱਚ ਅਸੀਂ ਦੂਸਰਿਆਂ ਦਾ ਹੱਕ ਮਾਰਿਆ ਹੋਇਆ ਹੈ ਜਿਵੇਂ ਕਿ ਅਸੀਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਅਸੀਂ ਸੰਸਾਰ ਵਿੱਚ ਸੱਚ ਦਾ ਵਾਪਾਰ ਕਰਨ ਲਈ ਆਏ ਹਾਂ ਜੋ ਸੱਚ ਦੁਆਰਾ ਵਿਚਰਕੇ ਹੀ ਹੁੰਦਾ ਹੈ, ਸੱਚੇ ਸੁੱਚੇ ਕਰਮ ਕਰਨ ਦੁਆਰਾਂ ਹੀ ਹੁੰਦਾ ਹੈ, ਸੱਚੀ ਸੁੱਚੀ ਕਿਰਤ ਕਰਨ ਦੁਆਰਾ ਹੀ ਹੁੰਦਾ ਹੈ ਜਿਸਦੇ ਲਈ ਸਾਡੇ ਅੰਦਰ ਸੱਚੀ ਰਾਸਿ ਦਾ ਹੋਣਾ ਜਰੂਰੀ ਹੈ ਭਾਵ ਗੁਰਮਤਿ ਵਾਲੀ ਸੋਝੀ ਦਾ ਹੋਣਾ ਜਰੂਰੀ ਹੈ, ਮਨਮਤਿ ਵਾਲੀ ਖੋਟੀ ਰਾਸਿ ਵਿੱਚੋਂ ਨਿਕਲਣਾ ਜਰੂਰੀ ਹੈ, ਔਗੁਣਾਂ ਵਿੱਚੋਂ, ਝੂਠ ਵਿੱਚੋਂ, ਵਿਕਾਰਾਂ ਵਿੱਚੋਂ ਨਿਕਲਣਾ ਜਰੂਰੀ ਹੈ। ਸਾਡੇ ਸਾਰੇ ਮਾੜੇ ਕਰਮਾਂ ਦਾ ਮੂਲ ਸਾਡੇ ਅੰਦਰ ਦੀ ਮਾੜੀ ਮਤਿ ਹੈ ਜਿਸ ਦੁਆਰਾ ਸਾਨੂੰ ਆਪਣੀ ਸੱਚੀ ਰਾਸਿ ਦੀ ਸੋਝੀ ਹੀ ਨਹੀਂ ਪੈਂਦੀ ਤੇ ਅਸੀਂ ਉਹੋ ਜਿਹਾ ਵਾਪਾਰ ਕਰਨ ਵਿੱਚ ਲੱਗੇ ਹੋਏ ਹਾਂ ਭਾਵ ਕਿਸੇ ਅੱਖਰ ਦੇ ਜਪ ਵਿੱਚ ਲੱਗੇ ਹੋਏ ਹਾਂ ਜਿਸਦਾ ਕਾਰਣ ਸਾਡੇ ਅੰਦਰ ਦੀ ਖੋਟੀ ਰਾਸਿ ਹੈ ਤੇ ਆਪਣੇ ਅਸਲ ਜੀਵਨ ਦੇ ਮਾਰਗ ਦੀ

31/3418

ਸੋਝੀ ਹੀ ਨਹੀਂ ਹੈ। **(ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥)**

{ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ॥੭॥}

(ਅੰਗ ੧੧੬)

{ਸਚੁ ਵਾਪਾਰੁ ਕਰਹੁ ਵਾਪਾਰੀ॥ ਦਰਗਹ ਨਿਬਹੈ ਖੇਪ ਤੁਮਾਰੀ॥
ਏਕਾ ਟੇਕ ਰਖਹੁ ਮਨ ਮਾਹਿ॥ ਨਾਨਕ ਬਹੁਰਿ ਨ ਆਵਹਿ ਜਾਹਿ॥}

(ਅੰਗ ੨੯੩)

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥}

(ਅੰਗ ੧੧੦੨)

{ਹਰਿ ਰਾਸਿ ਮੇਰੀ ਮਨੁ ਵਣਜਾਰਾ॥
ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ॥
ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ॥
ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ॥
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ॥੩੧॥}

(ਅੰਗ ੯੨੧)

{ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥
ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥
ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥
ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥
ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥੫॥}

(ਅੰਗ ੨੯੩)

ਸਾਡੇ ਅੰਦਰ ਦੀ ਰਾਸਿ ਦਾ ਮਕਸਦ ਸਾਨੂੰ ਸੱਚੀ ਸੁੱਚੀ ਕਿਰਤ ਦੇ ਨਾਲ ਜੋੜਨ ਦਾ ਮਕਸਦ ਹੀ ਹੈ ਜੋ ਕਿ ਸਾਡਾ ਧਰਮ ਤੇ ਚੱਲਣ ਦਾ ਮਾਰਗ ਹੈ। ਜੇਕਰ ਸਾਡੇ ਅੰਦਰ ਰਾਸਿ ਮਾੜੀ ਹੈ ਫਿਰ ਨਾ ਸਾਡੀ ਕਿਰਤ ਚੰਗੀ ਹੋ ਸਕਦੀ ਹੈ ਤੇ ਨਾ ਹੀ ਅਸੀਂ ਆਪਣੇ ਧਰਮ ਦੇ ਮਾਰਗ ਤੇ ਚੱਲ ਸਕਦੇ ਹਾਂ ਤੇ ਇਹੀ ਗੱਲ ਸਾਨੂੰ ਮੁੱਖ

31/3419

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥"

"ਸਰਮ" ਤੋਂ ਭਾਵ ਹੈ ਸਾਡੀ ਮਿਹਨਤ ਜਿਸ ਦੁਆਰਾ ਅਸੀਂ ਆਪਣਾ ਕਾਰ ਵਿਹਾਰ ਕਰਦੇ ਹਾਂ ਜੋ ਕਿ ਸਾਡਾ ਧਰਮ ਤੇ ਚੱਲਣ ਦਾ ਮਾਰਗ ਹੈ। ਜਿੱਥੇ ਕੂੜਿ ਹੈ ਭਾਵ ਜਿੱਥੇ ਸਾਡੇ ਮਨ ਦੀ ਬਿਰਤੀ ਮਾੜੀ ਹੈ, ਜਿਸਦੇ ਅੰਦਰ ਸੱਚੀ ਰਾਸਿ ਨਹੀਂ ਹੈ ਉਸ ਮਨੁੱਖ ਦੇ ਅੰਦਰੋਂ ਸਰਮ ਧਰਮ ਨੇ ਆਪਣਾ ਡੇਰਾ ਚੁੱਕਿਆ ਹੋਇਆ ਹੈ ਭਾਵ ਉਹ ਮਨੁੱਖ ਆਪਣੇ ਧਰਮ ਦੇ ਮਾਰਗ ਤੋਂ ਵਿਛੁੜਿਆ ਹੋਇਆ ਹੈ। ਝੂਠ ਤੇ ਚੱਲਣ ਵਾਲਾ ਮਨੁੱਖ ਨਾ ਹੀ ਚੰਗੀ ਕਿਰਤ ਕਰਦਾ ਹੈ ਤੇ ਨਾ ਹੀ ਉਸਦੇ ਵਿੱਚ ਧਰਮ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਸਮਝਾਇਆ ਹੈ ਕਿ ਸੱਚ ਦਾ ਵਾਪਾਰ ਕੋਈ ਵਿਰਲਾ ਹੀ ਕਰਦਾ ਹੈ ਭਾਵ ਸੱਚੇ ਮਾਰਗ ਤੇ ਕੋਈ ਵਿਰਲਾ ਹੀ ਚੱਲਦਾ ਹੈ, ਜਿਸ ਨੂੰ ਪ੍ਰਮਾਤਮਾ ਸੱਚ ਦੀ ਸੋਝੀ ਪਾ ਦਿੰਦਾ ਹੈ ਉਹੀ ਸੱਚ ਤੇ ਚੱਲਦਾ ਹੈ ਤੇ ਸੱਚਾ ਵਾਪਾਰ ਕਰਦਾ ਹੈ। ਸਭ ਦੇ ਅੰਦਰ ਕੂੜਿ ਹੀ ਭਰਪੂਰ ਹੈ ਭਾਵ ਮਨਮਤਿ ਵਾਲੀ ਖੋਟੀ ਰਾਸਿ ਹੀ ਭਰਪੂਰ ਹੈ, ਭਰਮ ਵਾਲੀ ਮਾੜੀ ਸੋਝੀ ਹੀ ਭਰਪੂਰ ਹੈ ਜੋ ਸਾਨੂੰ ਸੱਚੇ ਮਾਰਗ ਤੋਂ ਦੂਰ ਰੱਖਦੀ ਹੈ। **(ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥ ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥)**

ਧਰਮ ਦੇ ਮਾਰਗ ਤੇ ਚੱਲਣਾ ਬਹੁਤ ਔਖਾ ਹੈ ਕਿਉਂਕਿ ਸਾਡੇ ਅੰਦਰ ਦੀ ਰਾਸਿ ਹੀ ਖੋਟੀ ਹੈ ਪਰ ਅਸੀਂ ਧਰਮੀ ਹੋਣ ਦਾ ਵਿਖਾਵਾ ਆਪਣੀ ਆਪਣੀ ਮਤਿ ਅਨੁਸਾਰ ਕਰਦੇ ਹਾਂ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਧਰਮ ਦਾ ਦਿਖਾਵਾ ਕਰਨ ਵਾਲਿਆਂ ਦੀ ਬਿਰਤੀ ਹੀ ਸਮਝਾਈ ਹੋਈ ਹੈ। ਕਿਸੇ ਦਾ ਪਹਿਰਾਵਾ ਕਿਹੋ ਜਿਹਾ ਹੈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਭਾਵ ਕਿਸੇ ਦੀ ਧਾਰਮਿਕ ਆਸਥਾ ਕਿਹੋ ਜਿਹੀ ਹੈ, ਉਹ ਕਿਹੋ ਜਿਹੇ ਪਹਿਰਾਵੇ ਵਿੱਚ ਆਪਣੇ ਆਪ ਨੂੰ ਧਰਮੀ ਸਮਝਦਾ ਹੈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ। ਸਮਝਣ ਦੀ ਗੱਲ ਇਹ ਹੈ ਕਿ ਸਾਰੇ ਜਗਤ ਨੂੰ ਭਾਵ ਜਗਤ ਦੇ ਸਾਰੇ ਮਨੁੱਖਾਂ ਨੂੰ ਕਸਾਈ ਕਿਸ ਲਈ ਕਿਹਾ ਗਿਆ ਹੈ। ਜੋ ਵੀ ਮਨੁੱਖ ਦੂਸਰਿਆਂ ਦਾ ਹੱਕ ਖਾਂਦਾ ਹੈ ਉਹ ਦੂਸਰਿਆਂ ਦੇ ਉੱਤੇ ਜੁਲਮ ਕਰਦਾ ਹੈ, ਉਹਨਾਂ ਦੇ ਹੱਕ ਦੇ ਉੱਤੇ ਆਪਣੀ ਛੁਰੀ ਚਲਾਉਂਦਾ ਹੈ, ਉਹ ਸੱਚ ਦੇ ਉੱਤੇ ਝੂਠ ਦੀ ਛੁਰੀ ਚਲਾਉਂਦਾ ਹੈ। ਇਹ ਸਾਡੇ

31/3420

ਅੰਦਰ ਖੋਟੀ ਰਾਸਿ ਦਾ ਨਤੀਜਾ ਹੈ, ਕੂੜੀ ਰਾਸਿ ਦਾ ਨਤੀਜਾ ਹੈ ਜਿਸ ਦੁਆਰਾ ਕੂੜੀ ਰਾਸਿ ਸੱਚੀ ਰਾਸਿ ਦੇ ਉੱਪਰ ਆਪਣੀ ਛੁਰੀ ਚਲਾਉਂਦੀ ਹੈ, ਸਾਡੀ ਮਨਮਤਿ ਵਾਲੀ ਬਿਰਤੀ ਗੁਰਮਤਿ ਵਾਲੀ ਬਿਰਤੀ ਨੂੰ ਮਾਰਦੀ ਹੈ, ਸਾਡੇ ਮਨ ਦੇ ਮਾੜੇ ਵਿਚਾਰ ਚੰਗੇ ਵਿਚਾਰਾਂ ਦਾ ਕਤਲ ਕਰਦੇ ਹਨ ਸਾਡੇ ਮਾੜੇ ਵਿਚਾਰ ਹੀ ਅਸਲ ਵਿੱਚ ਕਸਾਈ ਹਨ ਤੇ ਸਾਰੇ ਜਗਤ ਵਿੱਚ ਜੋ ਵੀ ਮਾੜੇ ਕਰਮ ਕਰਦਾ ਹੈ ਉਹ ਕਸਾਈ ਹੈ। (**ਮਥੈ ਟਿਕਾ ਤੋੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥**)

ਜੇ ਮਨੁੱਖ ਭਾਵ ਹਿੰਦੂ ਮਤਿ ਅਨੁਸਾਰ ਜੋ ਮੱਥੇ ਤੇ ਟਿਕਾ ਲਗਾਉਂਦੇ ਹਨ ਤੇ ਆਪਣੀ ਮਰਿਆਦਾ ਅਨੁਸਾਰ ਧੋਤੀ ਪਹਿਨਦੇ ਹਨ ਉਹ ਉਸ ਵਿੱਚ ਆਪਣਾ ਧਰਮ ਸਮਝਦੇ ਹਨ ਤੇ ਆਪਣੇ ਦਿਖਾਵੇ ਦੁਆਰਾ ਦੂਸਰਿਆਂ ਨੂੰ ਧਰਮੀ ਬਣਕੇ ਦਿਖਾਉਂਦੇ ਹਨ। ਮਾਇਆ ਦੇ ਲੋਭ ਵਿੱਚ ਆ ਕੇ ਫਿਰ ਉਹ ਆਪਣਾ ਪਹਿਰਾਵਾ ਵੀ ਬਦਲਣਾ ਪਵੇ ਤਾਂ ਬਦਲ ਲੈਂਦੇ ਹਨ ਜਿਵੇਂ ਕਿ ਪਿਛਲੇ ਸਮੇਂ ਵਿੱਚ ਹੁੰਦਾ ਆਇਆ ਹੈ। ਜਦੋਂ ਪਹਿਲੇ ਭਾਰਤ ਵਰਸ਼ ਵਿੱਚ ਮੁਸਲਿਮ ਰਾਜ ਚੱਲਦਾ ਸੀ ਉਦੋਂ ਮਾਇਆ ਦੇ ਲਾਲਚ ਵਿੱਚ ਆ ਕੇ ਮੁਸਲਿਮ ਮਤਿ ਅਨੁਸਾਰ ਨੀਲੇ ਵਸਤਰ ਵੀ ਪਹਿਨ ਲੈਂਦੇ ਸਨ ਭਾਵ ਆਪਣਾ ਪਹਿਰਾਵਾ ਤੱਕ ਵੀ ਛੱਡ ਦਿੰਦੇ ਸਨ ਕਿਉਂਕਿ ਉਹਨਾਂ ਦੇ ਦਰਬਾਰ ਵਿੱਚ ਪ੍ਰਵਾਨ ਹੋਣ ਲਈ ਉਹਨਾਂ ਅਨੁਸਾਰ ਪਹਿਰਾਵਾ ਬਣਾ ਲੈਂਦੇ ਸਨ। ਜੇਕਰ ਧੋਤੀ ਟਿੱਕੇ ਵਾਲਾ ਪਹਿਰਾਵਾ ਧਾਰਮਿਕ ਪਹਿਰਾਵਾ ਹੈ ਫਿਰ ਨੀਲੇ ਰੰਗ ਦੇ ਪਹਿਰਾਵੇ ਨਾਲ ਉਹ ਆਪਣੇ ਆਪ ਨੂੰ ਧਰਮੀ ਕਿਵੇਂ ਮੰਨਦੇ ਰਹੇ ਹਨ। ਸਾਰੀ ਗੱਲ ਮਾਇਆ ਕਮਾਉਣ ਦੀ ਹੈ। ਜਿੰਨ੍ਹਾਂ ਨੂੰ ਉਹ ਮਲੇਛ ਮੰਨਦੇ ਹਨ ਭਾਵ ਅਧਰਮੀ ਮੰਨਦੇ ਹਨ ਉਹਨਾਂ ਵਾਲੀ ਪੋਸ਼ਾਕ ਪਹਿਨਕੇ ਉਹਨਾਂ ਕੋਲੋਂ ਹੀ ਫਿਰ ਆਪਣੇ ਖਾਣ ਪੀਣ ਦਾ ਸਾਮਾਨ ਇਕੱਠਾ ਕਰਦੇ ਹਨ। ਪੂਜਾ ਉਹ ਪੁਰਾਣ ਦੀ ਕਰਦੇ ਹਨ ਪਰ ਧਰਮ ਦਾ ਦਿਖਾਵਾ ਉਹ ਦੂਸਰਿਆਂ ਨੂੰ ਖੁਸ਼ ਕਰਨ ਲਈ ਕਰਦੇ ਹਨ ਭਾਵ ਕੇਵਲ ਧਰਮ ਦਾ ਝੂਠਾ ਦਿਖਾਵਾ ਕਰਦੇ ਹਨ। ਮਾਇਆ ਲਈ ਉਹਨਾਂ ਨੂੰ ਧਰਮ ਦੀ ਚਿੰਤਾ ਨਹੀਂ ਹੈ, ਮਾਇਆ ਜਿਸ ਤਰੀਕੇ ਵੀ ਆਵੇ ਉਹ ਚੰਗੀ ਲੱਗਦੀ ਹੈ ਤੇ ਧਰਮ ਕੇਵਲ ਦਿਖਾਵੇ ਦੇ ਲਈ ਹੀ ਹੈ। **(ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਸਾਨੂੰ ਭਾਖਿਆ ਤੇ ਅਭਾਖਿਆ ਵਿੱਚ ਸਮਝ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਸ਼ਬਦ ਦੀ ਵਿਆਖਿਆ ਤੋਂ ਪਹਿਲੇ ਸਮਝਿਆ ਹੈ। ਸਾਡੀ ਭਾਖਿਆ ਉਹੀ ਹੈ ਜਿੱਥੇ ਸਾਡੇ ਸੱਚੇ ਬੋਲ ਹਨ ਭਾਵ ਪ੍ਰਮਾਤਮਾ ਨੂੰ ਆਖਣ ਦੇ ਸੱਚੇ ਬੋਲ ਹਨ ਜੋ ਕਿ ਸਾਡੇ ਸੱਚੇ ਸੁੱਚੇ ਕਰਮ ਹਨ ਜੋ ਕਿ ਪ੍ਰਮਾਤਮਾ ਨੂੰ ਜਪਣ ਦਾ ਅਸਲ ਮਾਰਗ ਹੈ। ਉੱਪਰ ਸ਼ਬਦ ਰਾਹੀਂ ਅਸੀਂ ਪ੍ਰਮਾਤਮਾ ਦੀ ਭਗਤੀ ਕਰਨ ਵਾਲਿਆਂ ਦੀ ਗੱਲ ਹੀ ਸਮਝੀ ਹੈ ਜੋ ਕਿ ਆਪਣੇ ਦਿਖਾਵਿਆਂ ਦੁਆਰਾ ਭਗਤੀ ਕਰਦੇ ਹਨ ਪਰ ਉਹਨਾਂ ਦੇ ਮਨ ਦੇ ਅੰਦਰ ਕੂੜਿ ਭਰਿਆ ਹੁੰਦਾ ਹੈ, ਮਾਇਆ ਮੋਹ ਭਰਿਆ ਹੁੰਦਾ ਹੈ ਜਿਸ ਕਰਕੇ ਉਹਨਾਂ ਦੀ ਰੁਚੀ ਮਾਇਆ ਨੂੰ ਕਮਾਉਣ ਵਿੱਚ ਹੀ ਰਹਿੰਦੀ ਹੈ ਜਿਸ ਲਈ ਉਹ ਮਾੜੇ ਕਰਮ

31/3421

ਕਰਦੇ ਹਨ, ਦੂਸਰਿਆਂ ਦੇ ਹੱਕ ਦੇ ਉੱਤੇ ਛੁਰੀ ਚਲਾਉਂਦੇ ਹਨ। ਉਹਨਾਂ ਦੇ ਇਹੋ ਜਿਹੇ ਭਗਤੀ ਦੇ ਦਿਖਾਵਿਆਂ ਵਿੱਚ ਭਾਖਿਆ ਨਹੀਂ ਹੈ ਭਾਵ ਪ੍ਰਮਾਤਮਾ ਦਾ ਆਖਣ ਨਹੀਂ ਹੈ, ਪ੍ਰਮਾਤਮਾ ਦਾ ਜਪ ਨਹੀਂ ਹੈ ਬਲਕਿ ਇਸ ਵਿੱਚ ਅਭਾਖਿਆ ਹੈ ਭਾਵ ਭਾਖਿਆ ਦੇ ਉਲਟ ਚੱਲਣ ਵਾਲੀ ਗੱਲ ਹੈ, ਗੁਰੂ ਦੀ ਮਤਿ ਤੇ ਚੱਲਣ ਦੀ ਬਜਾਇ ਗੁਰੂ ਦੀ ਮਤਿ ਦੀ ਨਿੰਦਾ ਕਰਨ ਵਾਲੀ ਗੱਲ ਹੈ। ਜਿੱਥੇ ਸਾਡੀ ਸੱਚੀ ਭਾਖਿਆ ਹੈ ਉੱਥੇ ਗੁਰੂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੈ ਜੋ ਕਿ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੁੰਦੀ ਹੈ। ਜਿਸ

ਉੱਤੇ ਪ੍ਰਮਾਤਮਾ ਦੀ ਕਿਰਪਾ ਨਹੀਂ ਹੁੰਦੀ ਉੱਥੇ ਅਭਾਖਿਆ ਹੈ ਭਾਵ ਸਾਡੇ ਚੰਗੇ ਕਰਮਾਂ ਦੁਆਰਾ ਭਾਖਿਆ ਹੈ ਤੇ ਮਾੜੇ ਕਰਮਾਂ ਦੁਆਰਾ ਅਭਾਖਿਆ ਹੈ। ਆਪਣੀ ਅਭਾਖਿਆ ਦੁਆਰਾ ਅਸੀਂ ਮਾੜੀ ਕਮਾਈ ਹੀ ਕਰਦੇ ਹਾਂ ਤੇ ਇਹੋ ਜਿਹੀ ਕਮਾਈ ਦੁਆਰਾ ਅਸੀਂ ਜੋ ਕੁੱਝ ਵੀ ਖਾਂਦੇ ਹਾਂ, ਉਹ ਸਾਡਾ ਮਾੜਾ ਖਾਣਾ ਹੈ ਪਰ ਇਸ ਗੱਲ ਨੂੰ ਸਮਝਣ ਦੀ ਬਜਾਇ ਕਿ ਮਾੜੇ ਖਾਣੇ ਜਾਂ ਚੰਗੇ ਖਾਣੇ ਵਿੱਚ ਫਰਕ ਕੀ ਹੈ, ਅਸੀਂ ਆਪਣੇ ਚਉਕੇ ਸੁੱਚੇ ਬਣਾਉਂਦੇ ਹਾਂ, ਖਾਣਾ ਪਕਾਉਣ ਦੀ ਜਗ੍ਹਾ ਨੂੰ ਸੁੱਚੀ ਬਣਾਉਂਦੇ ਹਾਂ ਤੇ ਉਸ ਤਰੀਕੇ ਬਣੇ ਹੋਏ ਖਾਣੇ ਨੂੰ ਸੁੱਚਾ ਸਮਝਦੇ ਹਾਂ ਜਿਸਨੂੰ ਕਿ ਸਾਡਾ ਪਾਖੰਡ ਕਹਿ ਕੇ ਸਮਝਾਇਆ ਹੋਇਆ ਹੈ ਤੇ ਅਗਲੀਆਂ ਪੰਗਤੀਆਂ ਰਾਹੀਂ ਸਾਡੇ ਇਹੋ ਜਿਹੇ ਪਾਖੰਡ ਨੂੰ ਹੀ ਨਿੰਦਿਆ ਹੋਇਆ ਹੈ। ਇਸ ਪੂਰੇ ਸ਼ਬਦ ਰਾਹੀਂ ਸਾਡੇ ਭਗਤੀ ਦੇ ਪਾਖੰਡ ਹੀ ਨੰਗੇ ਕੀਤੇ ਹੋਏ ਹਨ। ਪਹਿਲੀਆਂ ਪੰਗਤੀਆਂ ਰਾਹੀਂ ਸਾਡੇ ਬਾਹਰੀ ਸਰੀਰਕ ਪਾਖੰਡ ਸਮਝਾਏ ਹੋਏ ਹਨ, ਪੁਸ਼ਾਕਾਂ ਪਹਿਨਣ ਬਾਰੇ ਪਾਖੰਡ ਸਮਝਾਏ ਹੋਏ ਹਨ ਤੇ ਅਗਲੀਆਂ ਪੰਗਤੀਆਂ ਰਾਹੀਂ ਸਾਡਾ ਖਾਣਾ ਬਣਾਉਣ ਦੇ ਤਰੀਕਿਆਂ ਦੇ ਪਾਖੰਡ ਦਾ ਖੰਡਨ ਕੀਤਾ ਹੋਇਆ ਹੈ ਤੇ ਨਾਲ ਹੀ ਸੁੱਚੇ ਬਣਨ ਦਾ ਅਸਲ ਤਰੀਕਾ ਵੀ ਸਮਝਾਇਆ ਹੋਇਆ ਹੈ ਜੋ ਕਿ ਧਰਮ ਦਾ ਅਸਲ ਮਾਰਗ ਹੈ। ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥੨॥"

ਅਸੀਂ ਜੋ ਭੋਜਨ ਬਣਾਉਂਦੇ ਹਾਂ ਭਾਵ ਜੇਕਰ ਬੱਕਰੇ ਦਾ ਖਾਣਾ

31/3422

ਬਣਾਉਂਦੇ ਹਾਂ ਉਹ ਬੱਕਰੇ ਨੂੰ ਮਾਰ ਕੇ ਹੀ ਬਣਦਾ ਹੈ ਭਾਵੇਂ ਉਸਨੂੰ ਕੋਈ ਵੀ ਮਾਰਦਾ ਹੈ ਤੇ ਕਿਸੇ ਵੀ ਵਿਧੀ ਦੁਆਰਾ ਮਾਰਦਾ ਹੈ। **"ਕੁਠਾ"** ਤੋਂ ਭਾਵ ਮਾਰਨ ਨਾਲ ਹੀ ਹੈ। ਗੱਲ ਸਮਝਣ ਦੀ ਕੇਵਲ ਇਹ ਹੈ ਕਿ ਉਹ ਖਾਣਾ ਖਾਣ ਵਿੱਚ ਸਾਡੀ ਭਾਖਿਆ ਹੈ ਜਾਂ ਅਭਾਖਿਆ ਹੈ ਭਾਵ ਉਸ ਵਿੱਚ ਸਾਡੀ ਸੱਚੀ ਸੁੱਚੀ ਕਮਾਈ ਹੈ ਜਾਂ ਮਾੜੀ ਕਮਾਈ। ਭਾਖਿਆ ਰਾਹੀਂ ਅਸੀਂ ਜੋ ਕੁੱਝ ਵੀ ਖਾਂਦੇ ਹਾਂ ਭਾਵ ਸਾਗ ਖਾਂਦੇ ਹਾਂ ਜਾਂ ਮਾਸ ਖਾਂਦੇ ਹਾਂ ਉਹ ਸਭ ਕੁੱਝ ਚੰਗਾ ਹੈ ਤੇ ਅਭਾਖਿਆ ਰਾਹੀਂ ਅਸੀਂ ਜੋ ਕੁੱਝ ਵੀ ਖਾਂਦੇ ਹਾਂ ਉਹ ਸਭ ਕੁੱਝ ਮਾੜਾ ਹੈ। ਬਜਾਇ ਅਸੀਂ ਇਸ ਗੱਲ ਨੂੰ ਵਿਚਾਰੀਏ ਕਿ ਆਪਣੇ ਖਾਣੇ ਦੀ ਪ੍ਰਾਪਤੀ ਅਸੀਂ ਕਿਵੇਂ ਕੀਤੀ ਹੈ ਅਸੀਂ ਆਪਣੇ ਚਉਂਕੇ ਨੂੰ ਸੁੱਚਾ ਬਣਾਉਂਦੇ ਹਾਂ ਜਿਸ ਉੱਤੇ ਬਣੇ ਹੋਏ ਖਾਣੇ ਨੂੰ ਅਸੀਂ ਸੁੱਚਾ ਸਮਝਦੇ ਹਾਂ। ਅਸਲ ਸੁੱਚ ਦੀ ਲੋੜ ਸਾਡੇ ਮਨ ਨੂੰ ਹੈ ਤਾਂ ਜੋ ਸਾਡੀ ਕਿਰਤ ਸੁੱਚੀ ਹੋਵੇ ਭਾਵ ਅਸੀਂ ਦੂਸਰਿਆਂ ਦੇ ਮਨ ਤੇ ਛੁਰੀ ਨਾ ਚੱਲਾਈਏ ਭਾਵ ਮਾੜੀ ਕਮਾਈ ਕਰਨ ਤੋਂ ਬਚੀਏ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡਾ ਖਾਣਾ ਸੁੱਚਾ ਉਹੀ ਹੈ ਜੋ ਅਸੀਂ ਆਪਣੀ ਸੱਚੀ ਸੁੱਚੀ ਕਿਰਤ ਦੁਆਰਾ ਕਮਾ ਕੇ ਖਾਂਦੇ ਹਾਂ ਪਰ ਇਸ ਦੀ ਬਜਾਇ ਅਸੀਂ ਆਪਣੇ ਚਉਂਕੇ ਦੀ ਸੁੱਚ ਨਾਲ ਜੁੜੇ ਹੋਏ ਹਾਂ ਕਿ ਸੁੱਚੇ ਚਉਂਕੇ ਦਾ ਖਾਣਾ ਸਾਨੂੰ ਧਰਮ ਨਾਲ ਜੋੜਦਾ ਹੈ। ਹਿੰਦੂ ਮਤਿ ਅਨੁਸਾਰ ਪੁਰਾਣੇ ਸਮੇਂ ਤੋਂ ਇਹ ਪ੍ਰਥਾ ਚੱਲਦੀ ਆ ਰਹੀ ਹੈ। ਜਿਸ ਚਉਕੇ ਤੇ ਉਹ ਖਾਣਾ ਬਣਾਉਂਦੇ ਹਨ ਉਸ ਚਉਕੇ ਦੇ ਚਾਰੇ ਪਾਸੇ ਉਹ ਕਾਰੀ ਕੱਢ ਲੈਂਦੇ ਹਨ ਤਾਂ ਜੋ ਉਸਦੇ ਅੰਦਰ ਕੋਈ ਨਾ ਵੜੇ। ਉਹ ਆਪਣੇ ਆਪ ਨੂੰ ਸੱਚੇ ਸੁੱਚੇ ਸਮਝਦੇ ਹਨ, ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਨ, ਆਪਣੇ ਭਗਤੀ ਦੇ ਦਿਖਾਵਿਆਂ ਦੁਆਰਾ ਹੀ ਉੱਚਾ ਸਮਝਦੇ ਹਨ ਪਰ ਮਨ ਦੇ ਅੰਦਰ ਮੈਲ ਹੀ ਹੁੰਦੀ ਹੈ, ਮਾਇਆ ਮੋਹ ਹੀ ਹੁੰਦਾ ਹੈ ਭਾਵ ਕਿਰਤ ਚੰਗੀ ਨਹੀਂ ਹੁੰਦੀ ਜੋ ਕਿ ਆਪਣੇ ਖਾਣੇ ਨੂੰ ਸੁੱਚਾ ਬਣਾਉਣ ਦਾ ਅਸਲ ਤਰੀਕਾ ਹੈ। **(ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥ ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥)**

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥}

(ਅੰਗ ੫੫੯)

{ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥
ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥

ਕਹੁ ਪੰਡਿਤ ਸੂਚਾ ਕਵਨੁ ਠਾਉ ॥
ਜਹਾਂ ਬੈਸਿ ਹਉ ਭੋਜਨੁ ਖਾਉ ॥੧॥ਰਹਾਉ॥
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ॥
ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥੨॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ॥
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ॥੩॥
ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥੪॥੧॥੭॥}

(ਅੰਗ ੧੧੯੫)

ਚਉਂਕੇ ਦੇ ਉੱਤੇ ਸੁੱਚ ਵਰਤਾ ਕੇ ਆਪਣੇ ਆਪ ਨੂੰ ਸੁੱਚਾ ਕਰਨਾ ਕੇਵਲ ਸਾਡੇ ਮਨ ਦਾ ਭਰਮ ਹੈ, ਆਪਣੇ ਅੰਦਰ ਗੁਰੂ ਦੇ ਸ਼ਬਦ ਦੀ ਸੱਚੀ ਵਿਚਾਰ ਦਾ ਨਾ ਹੋਣਾ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ।

31/3423

ਜੋ ਸਾਨੂੰ ਮਨ ਦੀ ਸੁੱਚ ਦੀ ਬਜਾਇ ਬਾਹਰਲੀ ਸੁੱਚ ਦੇ ਨਾਲ ਜੋੜਦੀ ਹੈ। ਇਹੋ ਜਿਹੀ ਬਾਹਰਲੀ ਸੁੱਚ ਦੇ ਨਾਲ ਜੁੜਕੇ ਮਨੁੱਖ ਆਪਣੇ ਅੰਦਰ ਦੀ ਸੁੱਚ ਨੂੰ ਹੀ ਲੁਕਾਉਂਦਾ ਹੈ ਭਾਵ ਸਮਾਜ ਵਿੱਚੋਂ ਝੂਠਾ ਮਾਣ ਲੈਂਦਾ ਹੈ ਤੇ ਆਪਣੇ ਆਪ ਨੂੰ ਝੂਠੇ ਤੌਰ ਤੇ ਸੁੱਚਾ ਸਾਬਿਤ ਕਰਦਾ ਹੈ, ਧਰਮੀ ਸਾਬਿਤ ਕਰਦਾ ਹੈ। ਇਹੋ ਜਿਹੇ ਸਾਡੇ ਝੂਠੇ ਦਿਖਾਵੇ ਸਮਾਜ ਦੇ ਵਿੱਚ ਕਿਤਨਾ ਮਾੜਾ ਅਸਰ ਪਾਉਂਦੇ ਹਨ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਸਿੱਖ ਜਗਤ ਵਿੱਚ ਵੀ ਕੁੱਝ ਜੱਥੇਬੰਦੀਆਂ ਨੇ ਅਜੇ ਇਹ ਪ੍ਰਥਾ ਚਲਾਈ ਹੋਈ ਹੈ ਜਿਸ ਕਰਕੇ ਉਹਨਾਂ ਨੇ ਆਪਣੇ ਆਪ ਨੂੰ ਸਮਾਜ ਵਿੱਚ ਉੱਚਾ ਥਾਪਿਆ ਹੋਇਆ ਹੈ, ਉੱਚੇ ਮਾਣ ਵਾਲੇ ਥਾਪਿਆ ਹੋਇਆ ਹੈ ਜੋ ਕਿ ਕੇਵਲ ਉਹਨਾਂ ਦੀ ਨਾਸਮਝੀ ਹੈ, ਭਰਮ ਹੈ, ਗੁਰਮਤਿ ਦੀ ਘੋਰ ਉਲੰਘਣਾ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ।

"ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥"

ਜਿੱਥੇ ਖਾਣਾ ਬਣਾਇਆ ਜਾਂਦਾ ਹੈ ਉਸ ਚਉਂਕੇ ਦੇ ਚਾਰੇ ਪਾਸੇ ਕਾਰੀ ਕੱਢੀ ਜਾਂਦੀ ਹੈ ਭਾਵ ਦੂਸਰਿਆਂ ਨੂੰ ਇਹ ਸੁਚੇਤ ਕੀਤਾ ਜਾਂਦਾ ਹੈ ਕਿ ਇਸ ਚਉਕੇ ਦੇ ਉੱਪਰ ਜਾਣ ਦੀ ਇਜਾਜਤ ਕੇਵਲ ਉਹਨਾਂ ਨੂੰ ਹੈ ਜੋ ਕਿਸੇ ਖਾਸ ਤਹਿ ਕੀਤੀ ਹੋਈ ਮਰਿਆਦਾ ਨੂੰ ਅਪਣਾਉਂਦੇ ਹਨ, ਸਰੀਰਕ ਮਰਿਆਦਾ ਨੂੰ ਅਪਣਾਉਂਦੇ ਹਨ ਜਿਸਨੂੰ ਬਹੁਤ ਵੱਡੀ ਧਾਰਮਿਕ ਮਰਿਆਦਾ ਮੰਨਿਆ ਜਾਂਦਾ ਹੈ। ਇਹੋ ਜਿਹੇ ਮਨੁੱਖ ਆਪਣੀ ਕਿਰਤ ਦੁਆਰਾ ਕਿਤਨੇ ਕੁ ਸੱਚੇ ਹਨ ਭਾਵ ਉਹ ਕਿਤਨੇ ਕੁ ਮਾਇਆ ਮੋਹ ਵਿੱਚ ਫਸੇ ਹੋਏ ਹਨ ਇਸ ਗੱਲ ਨਾਲ ਫਰਕ ਨਹੀਂ ਪੈਂਦਾ ਭਾਵ ਸਾਰਾ ਜੋਰ ਸਰੀਰਕ ਸੁੱਚ ਉੱਪਰ ਦਿੱਤਾ ਜਾਂਦਾ ਹੈ। ਉਹਨਾਂ ਦੀ ਆਪਣੀ ਬਣਾਈ ਹੋਈ ਮਰਿਆਦਾ ਤੇ ਜੋ ਪੂਰਾ ਨਹੀਂ ਉਤਰਦੇ, ਜੇਕਰ ਉਹਨਾਂ ਵਿੱਚੋਂ ਕੋਈ ਕਾਰੀ ਦੇ ਅੰਦਰ ਆ ਜਾਂਦਾ ਹੈ ਭਾਵੇਂ ਪੈਰ ਵੀ ਰੱਖ ਦਿੰਦਾ ਹੈ, ਪੂਰੀ ਤਰ੍ਹਾਂ ਪੈਰ ਧੋ ਕੇ ਵੀ ਰੱਖ ਦਿੰਦਾ ਹੈ, ਫਿਰ ਵੀ ਉਸਨੂੰ ਇਹ ਕਿਹਾ ਜਾਂਦਾ ਹੈ ਕਿ ਉਸਨੇ ਸਾਡੇ ਖਾਣੇ ਨੂੰ ਭਿੱਟ ਦਿੱਤਾ ਹੈ ਭਾਵ ਖਰਾਬ ਕਰ ਦਿੱਤਾ ਹੈ, ਚਉਂਕੇ ਦੀ ਸੁੱਚ ਨੂੰ ਖਰਾਬ ਕਰ ਦਿੱਤਾ ਹੈ ਤੇ ਹੁਣ ਇਸ ਚਉਂਕੇ ਤੇ ਬਣਿਆ ਹੋਇਆ ਖਾਣਾ ਫਿੱਟ ਗਿਆ ਹੈ ਭਾਵ ਖਰਾਬ ਹੋ ਗਿਆ ਹੈ ਜੋ ਹੁਣ ਸਾਡੇ ਖਾਣ ਲਾਇਕ ਨਹੀਂ ਰਹਿਆ। **(ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥)**

31/3424

ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝੋ ਕਿ ਫਿੱਟਿਆ ਹੋਇਆ ਅਸਲ ਵਿੱਚ ਕਿਸ ਨੂੰ ਕਿਹਾ ਹੈ ਭਾਵ ਫਿੱਟਦਾ ਕੌਣ ਹੈ ਭਾਵ ਇਹੋ ਜਿਹੀ ਵਿਧੀ ਦੁਆਰਾ ਖਾਣਾ ਫਿੱਟਦਾ ਹੈ ਜਾਂ ਉਹ ਫਿੱਟੇ ਹੋਏ ਹਨ ਜੋ ਚਉਂਕੇ ਉੱਤੇ ਇਹੋ ਜਿਹੀ ਸੁੱਚ ਵਰਤਾਉਂਦੇ ਹਨ।

"ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥"

ਖਾਣਾ ਤਾਂ ਆਪਣੇ ਵਿੱਚ ਇੱਕ ਸੁੱਚੀ ਵਸਤੂ ਹੈ, ਪਵਿੱਤਰ ਵਸਤੂ ਹੈ ਜਿਸਦੀ ਤੁਲਨਾ ਦੇਵਤਿਆਂ ਦੇ ਨਾਲ ਕੀਤੀ ਹੈ। ਜਿਵੇਂ ਕਿ ਦੇਵਤੇ ਕਿਸੇ ਦਾ ਹੱਥ ਲੱਗਣ ਨਾਲ ਜੂਠੇ ਨਹੀਂ ਹੋ ਜਾਂਦੇ ਇਸੇ ਤਰ੍ਹਾਂ ਖਾਣਾ ਕਿਸੇ ਦਾ ਹੱਥ ਲੱਗਣ ਨਾਲ ਜੂਠਾ ਨਹੀਂ ਹੋ ਜਾਂਦਾ। ਖਾਣਾ ਮੂਲ ਰੂਪ ਵਿੱਚ ਪਵਿੱਤਰ ਹੈ, ਦੇਵਤਿਆਂ ਦੇ ਮੂਲ ਰੂਪ ਦੀ ਤਰ੍ਹਾਂ ਪਵਿੱਤਰ ਹੈ। ਖਾਣਾ ਅਗਰ ਖਰਾਬ ਹੁੰਦਾ ਹੈ ਤਾਂ ਉਹ ਕੇਵਲ ਸਾਇੰਟਿਫਿਕ ਵਿਧੀ ਦੁਆਰਾ ਹੁੰਦਾ ਹੈ, ਅਨਹਾਈਜੈਨਿਕ ਵਿਧੀ ਦੁਆਰਾ ਹੁੰਦਾ ਹੈ ਭਾਵੇਂ ਉਸ ਖਾਣੇ ਨੂੰ ਕੋਈ ਵੀ ਬਣਾਉਂਦਾ ਹੈ, ਖਾਣਾ ਘਰ ਵਿੱਚ ਬਣਦਾ ਹੈ ਜਾਂ ਬਾਹਰ ਬਣਦਾ ਹੈ। ਖਾਸ ਕਿਸਮ ਦਾ ਪਾਠ ਕਰਨ ਨਾਲ, ਖਾਸ ਕਿਸਮ ਦੇ ਮੰਤ੍ਰਾਂ ਦਾ ਜਾਪ ਕਰਨ ਨਾਲ, ਖਾਸ ਕਿਸਮ ਦੇ ਬਸਤਰ ਜਾਂ ਖਾਸ ਰੰਗ ਦੇ ਬਸਤ੍ਰ ਪਾਉਣ ਨਾਲ, ਕਿਸੇ ਉੱਚੀ ਜੱਥੇਬੰਦੀ ਦੇ ਨਾਲ ਸੰਬੰਧ ਰੱਖਣ ਨਾਲ ਖਾਣੇ ਵਿੱਚ ਕੋਈ ਵੱਖਰੀ ਸੁੱਚ ਨਹੀਂ ਆ ਜਾਂਦੀ ਜਿਸਨੇ ਸਾਡੇ ਮਨ ਨੂੰ ਪਵਿੱਤਰ ਕਰ ਦੇਣਾ ਹੈ। ਪਵਿੱਤਰ ਤਾਂ ਸਾਨੂੰ ਗੁਰੂ ਦੀ ਮਤਿ ਨੇ ਕਰਨਾ ਹੈ, ਗੁਰੂ ਦੇ ਸਮਝਾਏ ਹੋਏ ਸੱਚ ਨੇ ਕਰਨਾ ਹੈ ਜਿਸਨੇ ਸਾਡੇ ਮਨ ਦੀ ਜੂਠ ਕੱਢਣੀ ਹੈ। ਖਾਣੇ ਦੀ ਸੁੱਚ ਨਾਲ ਜੁੜਕੇ ਭਾਵ ਚਉਂਕੇ ਵਿੱਚ ਕਾਰੀਆਂ ਕੱਢਕੇ ਕੇਵਲ ਆਪਣੇ ਆਪ ਨੂੰ ਉੱਚਾ ਕਰਕੇ ਸਮਾਜ ਦੇ ਵਿੱਚ **"ਫੇੜ"** ਪਾਉਂਦੇ ਹਨ, ਸਮਾਜ ਦੇ ਵਿੱਚ **"ਦਰਾਰ"** ਪਾਉਂਦੇ ਹਨ ਭਾਵ ਊਚ ਨੀਚ ਦਾ ਭੇਦ ਕਰਦੇ ਹਨ ਭਾਵ ਆਪਣੇ ਆਪ ਨੂੰ ਉੱਚਾ ਸਾਬਿਤ ਕਰਕੇ ਦੂਸਰਿਆਂ ਨੂੰ ਨੀਵਾਂ ਸਾਬਿਤ ਕਰਦੇ ਹਨ, ਆਪਣੇ ਆਪ ਨੂੰ ਧਰਮੀ ਸਿਆਣਾ ਸਾਬਿਤ ਕਰਕੇ ਦੂਸਰਿਆਂ ਨੂੰ ਅਧਰਮੀ ਸਾਬਿਤ ਕਰਦੇ ਹਨ, ਆਪਣੇ ਆਪ ਨੂੰ ਸਿਆਣਾ ਸਾਬਿਤ ਕਰਕੇ ਦੂਸਰਿਆਂ ਨੂੰ ਮੂਰਖ ਸਾਬਿਤ ਕਰਦੇ ਹਨ। ਇਹ ਸਮਾਜ ਵਿੱਚ ਫੇੜ ਪਾਉਣ ਵਾਲੀ ਗੱਲ ਹੈ। ਆਪਣੀ ਇਹੋ ਜਿਹੀ ਝੂਠੀ ਸਿਆਣਪ ਦੁਆਰਾ ਜਿਸ ਦੁਆਰਾ ਉਹ ਖਾਣੇ ਦੇ ਫਿੱਟਣ ਦੀ ਗੱਲ ਕਰਦੇ ਹਨ, ਖਾਣੇ ਦੇ ਖਰਾਬ ਹੋਣ ਦੀ ਗੱਲ ਕਰਦੇ ਹਨ ਇਹਨਾਂ ਗੱਲਾਂ ਨਾਲ ਖਾਣਾ ਤਾਂ ਨਹੀਂ ਫਿੱਟਦਾ ਭਾਵ ਉਹਨਾਂ ਦੀ ਕੱਢੀ ਹੋਈ ਕਾਰੀ ਦੇ ਅੰਦਰ ਅਗਰ ਕੋਈ ਚਲਾ ਜਾਂਦਾ ਹੈ ਉਸਦੇ ਨਾਲ ਖਾਣਾ ਤਾਂ ਨਹੀਂ ਫਿੱਟਦਾ ਪਰ ਅਸਲ ਵਿੱਚ ਇਹੋ ਜਿਹੀਆਂ ਕਾਰੀਆਂ ਕੱਢਣ ਵਾਲੇ ਆਪ ਹੀ ਫਿੱਟੇ ਹੋਏ ਹਨ,

31/3425

ਆਪਣੇ ਅਹੰਕਾਰ ਨਾਲ ਫਿੱਟੇ ਹੋਏ ਹਨ, ਝੂਠੇ ਮਾਣ ਵਿੱਚ, ਹਉਮੇ ਵਿੱਚ ਫਿੱਟੇ ਹੋਏ ਹਨ ਭਾਵ ਮਾੜੀ ਸੋਚ ਕਰਕੇ ਫਿੱਟੇ ਹੋਏ ਹਨ, ਮਨ ਦੀ ਅਗਿਆਨਤਾ ਕਰਕੇ ਫਿਟੇ ਹੋਏ ਹਨ, ਸੱਚ ਦੀ ਸਮਝ ਨਾ ਹੋਣ ਕਰਕੇ ਫਿੱਟੇ ਹੋਏ ਹਨ। ਮਨ ਦੀ ਜੂਠ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜਦੋਂ ਅਸੀਂ "ਸਚੁ" ਧਿਆਈਏ, ਗੁਰਮਤਿ ਨੂੰ ਆਪਣੇ ਅੰਦਰ ਧਿਆਈਏ, ਨਾਮ ਨੂੰ ਆਪਣੇ ਅੰਦਰ ਧਿਆਈਏ ਤਾਂ ਜੋ ਸਾਨੂੰ ਸਮਝ ਲੱਗ ਸਕੇ ਧਰਮ ਦਾ ਅਸਲ ਮਾਰਗ ਕੀ ਹੈ ਜੋ ਕਿ ਮਨ ਦੀ ਸੁਚਿ ਦੇ ਨਾਲ ਜੁੜਿਆ ਹੋਇਆ ਹੈ ਨਾ ਕਿ ਖਾਣੇ ਦੀ ਸੁਚਿ ਦੇ ਨਾਲ। ਸਾਡੇ ਜੀਵਨ ਦਾ ਮਕਸਦ ਤਾਂ ਪ੍ਰਮਾਤਮਾ ਨੂੰ ਪਾਉਣ ਦਾ ਹੈ, **"ਸਚੁ"** ਰੂਪ ਪ੍ਰਮਾਤਮਾ ਨੂੰ ਪਾਉਣ ਦਾ ਹੈ ਜੋ ਕਿ ਕੇਵਲ ਮਨ ਦੀ ਸੁਚਿ ਨਾਲ ਜੁੜਨ ਦੁਆਰਾ ਹੀ ਪਾਇਆ ਜਾ ਸਕਦਾ ਹੈ। (**ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥ ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥ ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥**)

ਲੇਖ ਵਿੱਚ ਕਾਫੀ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਸੀ ਜਿੱਥੇ ਸਾਨੂੰ ਇਹੀ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਈ ਹੋਈ ਹੈ ਜਿਸ ਨੂੰ ਕਿ ਹੁਣ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਖਾਣੇ ਦੀ ਸੁਚਿ ਨਾਲ ਜੁੜਨ ਦੁਆਰਾ ਅਸੀਂ ਕੇਵਲ ਸਮਾਜ ਵਿੱਚ ਵਿਤਕਰਾ ਹੀ ਪਾਉਂਦੇ ਹਾਂ, ਉੱਚ ਨੀਚ ਦਾ ਭੇਦ ਵਧਾਉਂਦੇ ਹਾਂ ਜਿਸ ਵਿੱਚੋਂ ਕਿ ਸਭ ਨੂੰ ਹੀ ਨਿਕਲਣ ਦੀ ਲੋੜ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਜਿਸ ਵਿਧੀ ਦੁਆਰਾ ਸਵਰਣ ਬ੍ਰਾਹਮਣ ਅਖਵਾਉਂਣਾ ਮਾੜਾ ਹੈ, ਉਸੇ ਵਿਧੀ ਦੁਆਰਾ ਸਵਰਣ ਸਿੰਘ ਅਖਵਾਉਣਾ ਵੀ ਉਤਨਾ ਮਾੜਾ ਹੈ। ਗੁਰਬਾਣੀ ਸਾਰੇ ਸੰਸਾਰ ਲਈ ਇੱਕੋ ਜਿਹੀ ਹੈ ਤੇ ਸਭ ਨੂੰ ਇੱਕੋ ਜਿਹੀ ਗੱਲ ਹੀ ਸਮਝਾਉਂਦੀ ਹੈ। ਸਮਾਜ ਵਿੱਚ ਫੇੜ ਪਾਉਣਾ ਸਭ ਲਈ ਇੱਕੋ ਜਿਹਾ ਹੀ ਮਾੜਾ ਹੈ। ਖਾਣੇ ਦੀ ਸੁਚਿ ਨਾਲ ਜੁੜਕੇ ਜੇ ਪ੍ਰਮਾਤਮਾ ਨਹੀਂ ਮਿਲਦਾ ਫਿਰ ਉਹ ਕਿਸੇ ਨੂੰ ਨਹੀਂ ਮਿਲ ਸਕਦਾ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਕੇਵਲ ਤੇ ਕੇਵਲ ਸੱਚ ਤੇ ਚੱਲਣ ਦੁਆਰਾ ਮਿਲਦਾ ਹੈ, ਮਨ ਨੂੰ ਸੁੱਚਿਆਂ ਕਰਨ ਨਾਲ ਮਿਲਦਾ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਕਿਸੇ ਲਈ ਕੋਈ ਵੱਖਰਾ ਨਹੀਂ ਹੈ।

{ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ॥
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥
ਤਾ ਹੋਆ ਪਾਕੁ ਪਵਿਤੁ॥
ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥
ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ॥੧॥}

(ਅੰਗ ੪੭੩)

ਸਾਡੇ ਚੰਗੇ ਖਾਣੇ ਤੇ ਮਾੜੇ ਖਾਣੇ ਦਾ ਭੇਤ ਕੀ ਹੈ ਇਹ ਗੱਲ ਸਾਨੂੰ

3426

ਉਪਰਲੇ ਸ਼ਬਦ ਰਾਹੀਂ ਬੜੀ ਸਪੱਸ਼ਟ ਕਰਕੇ ਸਮਝਾਈ ਹੋਈ ਹੈ ਜਿਸ ਨੂੰ ਕਿ ਅਸੀਂ ਪੂਰੇ ਸ਼ਬਦ ਦੀ ਵਿਆਖਿਆ ਰਾਹੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ।

"ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥
ਤਾ ਹੋਆ ਪਾਕੁ ਪਵਿਤੁ॥
ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥"

ਹਰ ਖਾਣਾ ਹੀ ਪਵਿੱਤਰ ਹੈ ਪਰ ਸਾਰੀ ਗੱਲ ਇਸ ਤੇ ਮੁੱਕਦੀ ਹੈ ਕਿ ਅਸੀਂ ਆਪਣੇ ਖਾਣ ਦੀ ਵਸਤੂ ਦੀ ਪ੍ਰਾਪਤੀ ਕਿਵੇਂ ਕੀਤੀ ਹੈ। ਪਵਿੱਤਰਤਾ ਅਪਵਿੱਤਰਤਾ ਸਾਡੇ ਮਨ ਦੇ ਵਿੱਚ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੈ ਮਨ ਦੀ ਸੋਝੀ ਦੇ ਵਿੱਚ ਹੈ ਭਾਵ ਸੱਚ ਝੂਠ ਦੀ ਪਹਿਚਾਣ ਦੇ ਵਿੱਚ ਹੈ। ਸਾਡੇ ਤਨ ਨੂੰ ਚਲਾਉਣ ਵਾਲਾ ਸਾਡਾ ਮਨ ਹੈ ਤੇ ਜੇਕਰ ਸਾਡਾ ਮਨ ਪਾਪੀ ਹੈ ਤਾਂ ਫਿਰ ਅਸੀਂ ਮਾੜੀ ਕਮਾਈ ਹੀ ਕਰਾਂਗੇ ਤੇ ਆਪਣੀ ਮਾੜੀ ਕਮਾਈ ਨਾਲ ਅਸੀਂ ਜੋ ਕੁੱਝ ਵੀ ਖਰੀਦ ਕੇ ਖਾਂਦੇ ਹਾਂ ਇਸ ਖਾਣੇ ਵਿੱਚ ਥੁੱਕਣ ਵਾਲੀ ਗੱਲ ਹੈ ਭਾਵ ਆਪਣੇ ਖਾਣੇ ਵਿੱਚ ਆਪ ਹੀ ਥੁੱਕ ਕੇ ਉਸਨੂੰ ਖਾਣ ਵਾਲੀ ਗੱਲ ਹੈ ਜਿਸ ਦੁਆਰਾ ਉਹ ਖਾਣਾ ਅਪਵਿੱਤਰ ਬਣਦਾ ਹੈ। ਆਪਣੇ ਆਪ ਵਿੱਚ ਹਰ ਖਾਣਾ ਪਵਿੱਤਰ ਹੈ ਤੇ ਉਸਨੂੰ ਅਪਵਿੱਤਰ ਸਾਡਾ ਮਨ ਬਣਾਉਂਦਾ ਹੈ ਜੋ ਮਨ ਦੇ ਵਿੱਚ ਪਾਪਾਂ ਵਾਲੀ ਬਿਰਤੀ ਦੁਆਰਾ ਆਪ ਅਪਵਿੱਤਰ ਹੈ। ਜੇਕਰ ਮਨ ਸੁੱਚਾ ਹੈ ਤਾਂ ਫਿਰ ਸਾਡਾ ਸਭ ਕੁੱਝ ਖਾਣਾ ਸੁੱਚਾ ਹੈ ਭਾਵੇਂ ਅਸੀਂ ਜੋ ਕੁੱਝ ਵੀ ਖਾਉਂਦੇ ਹਾਂ ਤੇ ਜੇਕਰ ਮਨ ਜੂਠਾ ਹੈ ਫਿਰ ਉਹ ਹਰ ਵਸਤੂ ਜੂਠੀ ਹੈ ਜੋ ਅਸੀਂ ਖਾਂਦੇ ਹਾਂ, ਖਿਚੜੀ ਖਾਂਦੇ ਹਾਂ, ਸਾਗ ਖਾਂਦੇ ਹਾਂ ਜਾਂ ਮਾਸ ਖਾਂਦੇ ਹਾਂ। **(ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥ ਤਾ ਹੋਆ ਪਾਕੁ ਪਵਿਤੁ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥)**

31/3427

ਜੋ ਲੋਗ ਖਾਣੇ ਆਦਿ ਦੀ ਸੁਚਿ ਦੇ ਨਾਲ, ਚਉਂਕੇ ਆਦਿ ਦੀ ਸੁਚਿ ਦੇ ਨਾਲ ਜੁੜੇ ਹੋਏ ਹਨ। ਉਹ ਇਸ ਨੂੰ ਧਰਮ ਦੇ ਮਾਰਗ ਤੇ ਚੱਲਣ ਦਾ ਹਿੱਸਾ ਹੀ ਸਮਝਦੇ ਹਨ ਭਾਵ ਆਪਣੀ ਚੰਗੀ ਕਰਣੀ ਸਮਝਦੇ ਹਨ ਜਿਸ ਦਾ ਕਿ ਗੁਰਬਾਣੀ ਰਾਹੀਂ ਵਾਰ ਵਾਰ ਖੰਡਨ ਕੀਤਾ ਹੋਇਆ ਹੈ ਕਿਉਂਕਿ ਸਾਡੀ ਇਹੋ ਜਿਹੀ ਸੋਚ ਕੇਵਲ ਸਾਡੇ ਅੰਦਰ ਦਾ ਭਰਮ ਹੈ ਜਿਸਨੇ ਸਦੀਆਂ ਤੋਂ ਸਾਡੇ ਅੰਦਰ ਘਰ ਕੀਤਾ ਹੋਇਆ ਹੈ। ਸਾਡੇ ਇਹੋ ਜਿਹੇ ਵਿਚਾਰ ਸਾਨੂੰ ਸਮਾਜ ਤੋਂ ਵੱਖਰਾ ਕਰਦੇ ਹਨ ਜਦਕਿ ਧਰਮ ਦਾ ਮਾਰਗ ਸਾਰੇ ਸੰਸਾਰ ਨੂੰ ਆਪਸ ਵਿੱਚ ਜੋੜਨ ਦਾ ਹੈ, ਉਚ ਨੀਚ ਵਿੱਚੋਂ ਕੱਢਣ ਦਾ ਹੈ। ਚਉਂਕੇ ਨੂੰ ਜਿਤਨਾ ਮਰਜੀ ਜਿਆਦਾ ਸੁੱਚਾ ਬਣਾ ਲਓ ਭਾਵ ਉਨ੍ਹਾਂ ਚੀਜਾਂ ਦੀ ਵਰਤੋਂ ਕਰ ਲਵੋ ਜੋ ਸਭ ਤੋਂ ਜਿਆਦਾ ਸੁੱਚੀਆਂ ਮੰਨੀਆਂ ਜਾਂਦੀਆਂ ਹਨ ਤੇ ਇਹੋ ਜਿਹੇ ਚਉਂਕੇ ਉੱਤੇ ਆਪਣੀ ਮਤਿ ਅਨੁਸਾਰ ਜਿਤਨਾ ਮਰਜੀ ਸੁੱਚਾ ਖਾਣਾ ਬਣਾ ਲਵੋ ਉਸ ਵਿੱਚ ਰੱਤੀ ਭਰ ਵੀ ਧਰਮ ਨਹੀਂ ਹੈ ਬਲਕਿ ਕੇਵਲ ਸਾਡੀ ਨਾ ਸਮਝੀ ਹੈ। ਧਰਮ ਦਾ ਮਾਰਗ ਕੇਵਲ ਸਾਡੀ ਸੱਚੀ ਸੁੱਚੀ ਕਿਰਤ ਹੈ, ਸਾਡੀ ਚੰਗੀ ਕਰਣੀ ਹੈ, ਸੱਚੀ ਸੁੱਚੀ ਜੀਵਨ ਦੀ ਵਿਚਰਨ ਹੈ ਜਿਸ ਦੁਆਰਾ ਪ੍ਰਮਾਤਮਾ ਇਹ ਫੈਸਲਾ ਕਰਦਾ ਹੈ ਕਿ ਕੌਣ ਧਰਮ ਦੇ ਮਾਰਗ ਤੇ ਚੱਲਣ ਵਾਲਾ ਹੈ ਭਾਵ ਖਾਣੇ ਦੀ, ਚਉਂਕੇ ਦੀ ਸੁਚਿ ਨਾਲ ਜੁੜਨਾ ਕੇਵਲ ਸਾਡੀ ਮੂਰਖਤਾ ਹੈ ਤੇ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ, ਬੜੀ ਸਪੱਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ, ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਉਹ ਭਰਮੇ ਹੋਏ ਵੀ ਸਮਝ ਸਕਦੇ ਹਨ ਕਿ ਖਾਣੇ, ਚਉਂਕੇ ਦੀ ਸੁਚਿ ਨਾਲ ਜੁੜਨ ਵਾਲਿਆਂ

ਨੂੰ ਗੁਰੂ ਸਾਹਿਬ ਨੇ ਅਕਾਲ ਪੁਰਖ ਨੇ ਮੂਰਖ ਗਾਵਾਰ ਹੀ ਦੱਸਿਆ ਹੈ ਭਾਵ ਸਾਨੂੰ ਇਹੋ ਜਿਹੇ ਭਰਮ ਵਿੱਚੋਂ ਨਿਕਲਣ ਲਈ ਸਮਝਾਇਆ ਹੈ।

ਬਸੰਤੁ ਮਹਲਾ ੧ ॥

"ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥
ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥
ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥
ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥
ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥"

(ਅੰਗ ੧੧੬੮)

ਸ਼ਬਦ ਦੇ ਪਹਿਲੇ ਪਦੇ ਨੂੰ ਤੇ ਰਹਾਉ ਵਾਲੀਆਂ ਪੰਗਤੀਆਂ ਨੂੰ ਸਮਝਣ ਦੇ ਨਾਲ ਹੀ ਇਹ ਗੱਲ ਆਸਾਨੀ ਨਾਲ ਸਮਝ ਆ ਜਾਂਦੀ ਹੈ ਕਿ ਜੋ ਲੋਗ ਖਾਣੇ ਦੀ ਸੁਚਿ ਨਾਲ ਜੁੜੇ ਹੋਏ ਹਨ ਉਹਨਾਂ ਦੇ ਅੰਦਰ ਨਾਮ ਵਾਲੀ ਸੋਝੀ ਨਹੀਂ ਹੈ, ਉਹਨਾਂ ਨੂੰ ਗੁਰਮਤਿ ਦੀ ਸੋਝੀ ਨਹੀਂ ਹੈ। ਸੋਨੇ, ਚਾਂਦੀ ਨੂੰ ਸਭ ਤੋਂ ਸੁੱਚੀਆਂ ਧਾਤਾਂ ਮੰਨਿਆ ਜਾਂਦਾ ਹੈ ਤੇ ਸਾਨੂੰ ਇਹ ਸਮਝਾਇਆ ਹੈ ਕਿ ਆਪਣੇ ਚਉਂਕੇ ਨੂੰ ਭਾਵੇਂ ਸੋਨੇ ਦਾ ਬਣਾ ਲਵੋ ਤੇ ਉਸ ਵਿੱਚ ਵਰਤਣ ਵਾਲੇ ਭਾਂਡੇ ਵੀ ਸੋਨੇ ਦੇ ਬਣਾ ਲਵੋ ਭਾਵ ਅਤਿ ਦੀ ਸੁਚਿ ਵਰਤ ਲਵੋ

31/3428

ਜਿਸ ਤੋਂ ਜਿਆਦਾ ਹੋਰ ਸੁਚਿ ਦੀ ਗੁੰਜਾਇਸ਼ ਨਹੀਂ ਬਚਦੀ। ਚਉਂਕੇ ਦੇ ਚਾਰੋਂ ਤਰਫ਼ ਜਿਹੜੀ ਕਾਰੀ ਕੱਢੀ ਜਾਂਦੀ ਹੈ ਉਸ ਵਿੱਚ ਚਾਂਦੀ ਦੀ ਵਰਤੋਂ ਕਰ ਲਵੋ ਭਾਵ ਕਾਰੀ ਕੱਢਣ ਵਿੱਚ ਵੀ ਆਪਣੇ ਵੱਲੋਂ ਪੂਰੀ ਸੁਚਿ ਵਰਤ ਲਵੋ ਤੇ ਹੋਰ ਵੀ ਭਾਵੇਂ ਜਿਤਨੀ ਮਰਜੀ ਆਪਣੀ ਮਤਿ ਅਨੁਸਾਰ ਸੁਚਿ ਵਰਤ ਲਵੋ। ਧਾਰਮਿਕ ਆਸਥਾ ਅਨੁਸਾਰ ਗੰਗਾ ਦੇ ਪਾਣੀ ਨੂੰ ਜੋ ਸਭ ਤੋਂ ਪਵਿੱਤਰ ਪਾਣੀ ਮੰਨਦੇ ਹਨ ਉਸ ਦੇ ਜਲ ਵਿੱਚ ਖਾਣਾ ਬਣਾਉਣ ਲਈ ਉਸ ਜਲ ਦਾ ਪ੍ਰਯੋਗ ਕਰ ਲੈਣ। ਇਸੇ ਤਰ੍ਹਾਂ ਧਾਰਮਿਕ ਆਸਥਾ ਅਨੁਸਾਰ "ਕਰੰਤੇ" ਰੁੱਖ ਦੀਆਂ ਲੱਕੜੀਆਂ ਦੁਆਰਾ ਅੱਗ ਜਲਾਉਣ ਨੂੰ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ ਤੇ ਉਹਨਾਂ ਲੱਕੜੀਆਂ ਦੀ ਵਰਤੋਂ ਵੀ ਕਰ ਲੈਣ ਭਾਵ ਹਰ ਤਰੀਕੇ ਦੀ ਸੁਚਿ ਵਰਤਕੇ ਦੇਖ ਲੈਣ। "ਗਰੁੜਾ" ਖਾਣਾ ਪਵਿੱਤਰ ਮੰਨਿਆ ਜਾਂਦਾ ਹੈ ਤੇ ਉਸ ਦੇ ਨਾਲ ਦੁੱਧ ਮਿਲਾਇਆ ਜਾਂਦਾ ਹੈ ਤਾਂ ਜੋ ਸਭ ਤੋਂ ਪਵਿੱਤਰ ਭੋਜਨ ਬਣ ਜਾਵੇ। ਸਾਨੂੰ ਆਪਣਾ ਚਉਂਕਾ ਪਵਿੱਤਰ ਬਣਾਉਣ ਲਈ ਤੇ ਉਸ ਉੱਤੇ ਭੋਜਨ ਬਣਾਉਣ ਲਈ ਸੁਚਿ ਵਰਤਣ ਦੀ ਅਖੀਰ ਸਮਝਾਈ ਗਈ ਹੈ ਤਾਂ ਜੋ ਅਸੀਂ ਇਹੋ ਜਿਹੀ ਸੁਚਿ ਦੇ ਭਰਮ ਵਿੱਚੋਂ ਨਿਕਲ ਸਕੀਏ। ਇਹੋ ਜਿਹੀ ਸੁਚਿ ਵਰਤਾਕੇ ਅਸੀਂ ਪ੍ਰਮਾਤਮਾ ਦੇ ਦਰ ਤੇ ਪਰਵਾਣ ਨਹੀਂ ਹੁੰਦੇ, ਕਦੇ ਵੀ ਨਹੀਂ ਹੋ ਸਕਦੇ ਕਿਉਂਕਿ ਆਪਣੇ ਆਪ ਨੂੰ ਸੁੱਚਾ ਕਰਨ ਦੇ ਸਾਡੇ ਇਹੋ ਜਿਹੇ ਤਰੀਕੇ ਨਾਮ ਦੇ ਅਨੁਸਾਰ ਨਹੀਂ ਹਨ, ਗੁਰਮਤਿ ਦੇ ਅਨੁਸਾਰ ਨਹੀਂ ਹਨ ਭਾਵ ਇਹਨਾਂ ਵਿੱਚ ਧਰਮ ਦਾ ਮਾਰਗ ਨਹੀਂ ਹੈ। ਜੋ ਮਨੁੱਖ ਸੱਚੇ ਨਾਮ ਦੇ ਨਾਲ ਭਿੱਜਣ ਵਾਲੇ ਹਨ, ਗੁਰਮਤਿ ਦੇ ਨਾਲ ਸਾਂਝ ਪਾਉਣ ਵਾਲੇ ਹਨ ਉਹ ਫਿਰ ਇਹੋ ਜਿਹੀ ਚਉਂਕੇ ਦੀ, ਖਾਣੇ ਦੀ ਸੁਚਿ ਨਾਲ ਨਹੀਂ ਜੁੜਦੇ ਕਿਉਂਕਿ ਉਹਨਾਂ ਨੂੰ ਸਮਝ ਲੱਗ ਜਾਂਦੀ ਹੈ ਕਿ ਇਹ ਧਰਮ ਤੇ ਚੱਲਣ ਦਾ ਮਾਰਗ ਨਹੀਂ ਹੈ ਭਾਵ ਇਹੋ ਜਿਹੀ ਸੁਚਿ ਦਾ ਮਨ ਦੀ ਸੁਚਿ ਦੇ ਨਾਲ ਕੋਈ ਜੋੜ ਨਹੀਂ ਹੈ ਭਾਵ ਇਹ ਕੇਵਲ ਇੱਕ ਭਰਮ ਹੈ ਜਿਸ ਵਿੱਚ ਸੱਚ ਨਹੀਂ ਹੈ, ਨਾਮ ਨਹੀਂ ਹੈ। (**ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ**

ਖਾਣਾ ਦੁਧ ਸਿਉ ਗਾਡਿ ॥1॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥1॥ ਰਹਾਉ ॥)

ਜਿਵੇਂ ਅਸੀਂ ਚਉਂਕੇ, ਖਾਣੇ ਦੀ ਸੁਚਿ ਨੂੰ ਧਰਮ ਦੇ ਨਾਲ ਜੋੜਿਆ ਹੋਇਆ ਹੈ ਇਸੇ ਤਰ੍ਹਾਂ ਅਸੀਂ ਧਰਮ ਗ੍ਰੰਥਾਂ ਦੇ ਪੜ੍ਹੀ ਜਾਣ ਨੂੰ ਹੀ ਧਰਮ ਦਾ ਮਾਰਗ ਸਮਝਿਆ ਹੋਇਆ ਹੈ ਜਦਕਿ ਅਸਲ ਗੱਲ ਧਰਮ ਗ੍ਰੰਥਾਂ ਦੇ ਅੰਦਰ ਸਮਝਾਈ ਹੋਈ ਮਤਿ ਦੇ ਨਾਲ ਜੁੜਨ ਦੀ ਹੈ। ਧਰਮ ਦੇ ਮਾਰਗ ਤੇ ਅਸੀਂ ਤਾਂ ਹੀ ਚੱਲ ਸਕਦੇ ਹਾਂ ਜੇਕਰ ਅਸੀਂ ਉਹਨਾਂ ਦੀ ਗੱਲ ਨੂੰ ਬੁੱਝੀਏ, ਸਮਝੀਏ ਭਾਵ ਆਪਣੇ ਜੀਵਨ ਨੂੰ ਉਸ ਅਨੁਸਾਰ ਬਣਾਈਏ ਤਾਂ ਜੋ ਉਸ ਪ੍ਰਮਾਤਮਾ ਨੂੰ ਪਾ ਸਕੀਏ ਜਿਸ ਦੁਆਰਾ ਸਾਡੇ ਜੀਵਨ ਦਾ ਮਨੋਰਥ ਪੂਰਾ ਹੋਣਾ ਹੈ ਤੇ ਸਾਡਾ ਆਵਾਗਉਣ ਤੋਂ ਛੁਟਕਾਰਾ ਹੋਣਾ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸਨੂੰ ਆਪਣੇ

31/3429

ਅੰਦਰੋਂ ਬੁੱਝਣ ਦਾ ਤਰੀਕਾ ਗੁਰੂ ਦੀ ਮਤਿ ਅਨੁਸਾਰ ਚੱਲਣ ਦਾ ਹੀ ਹੈ ਤੇ ਬਾਕੀ ਸਭ ਭਗਤੀ ਦੇ ਦਿਖਾਵੇ ਹੀ ਹਨ ਜਿਵੇਂ ਕਿ ਅਗਲਿਆਂ ਪਦਿਆਂ ਰਾਹੀਂ ਖੰਡਨ ਕੀਤ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। (**ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥2॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥3॥**)

ਸ਼ਬਦ ਦੇ ਆਖਰੀ ਪਦੇ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਜੀਵਨ ਦਾ ਮਕਸਦ ਕਿਵੇਂ ਪੂਰਾ ਹੋਣਾ ਹੈ ਭਾਵ ਧਰਮ ਤੇ ਚੱਲਣ ਦਾ ਅਸਲ ਮਾਰਗ ਕੀ ਹੈ, ਧਰਮ ਗ੍ਰੰਥਾਂ ਦੀ ਮਤਿ ਅਨੁਸਾਰ ਚੱਲਣਾ ਕੀ ਹੈ।

“ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥

ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥”

ਜਿਤਨੇ ਵੀ ਮਨੁੱਖੀ ਜੀਵ ਹਨ ਉਨ੍ਹਾਂ ਦਾ ਇਸ ਸੰਸਾਰ ਵਿੱਚ ਆਉਣ ਦਾ ਮਕਸਦ ਕੀ ਹੈ ਭਾਵ ਉਨ੍ਹਾਂ ਨੂੰ ਇਸ ਸੰਸਾਰ ਵਿੱਚ ਭੇਜਣ ਦਾ ਪ੍ਰਮਾਤਮਾ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆ ਰਾਹੀਂ ਸਮਝਾਈ ਹੋਈ ਹੈ। ਸਾਡੇ ਜੀਵਨ ਦਾ ਮਕਸਦ ਸੰਸਾਰ ਵਿੱਚ ਕਾਰ ਵਿਹਾਰ ਕਰਨ ਦਾ ਹੈ, ਜਿਸ ਦੁਆਰਾ ਅਸੀਂ ਆਪਣੇ ਮਨੁੱਖੀ ਸਰੀਰ ਨੂੰ ਪਾਲਣਾ ਹੈ, ਆਪਣੇ ਕੁਟੰਬ ਨੂੰ ਪਾਲਣਾ ਹੈ। ਅਸੀਂ ਕਿਹੋ ਜਿਹੀ ਕਾਰ ਵਿਹਾਰ ਕਰਨੀ ਹੈ ਇਹ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਲਿਖਦਾ ਹੈ, ਮਨ ਦੇ ਵਿਚਾਰਾਂ ਰਾਹੀ ਲਿਖਦਾ ਹੈ। ਸਾਡੇ ਲਈ ਕੀ ਕੁੱਝ ਕਰਨਾ ਚੰਗਾ ਹੈ ਤੇ ਕੀ ਕੁੱਝ ਕਰਨਾ ਮਾੜਾ ਹੈ ਇਸ ਦੀ ਸੋਝੀ ਵੀ ਸਾਨੂੰ, ਮਨ ਦੇ ਵਿੱਚੋਂ ਹੀ ਪੈਂਦੀ ਹੈ। ਚੰਗੇ ਮਾੜੇ ਕਰਮਾਂ ਦੀ ਸੋਝੀ ਪ੍ਰਮਾਤਮਾ ਸਭ ਨੂੰ ਪਾਉਂਦਾ ਹੈ ਪਰ ਨਾਲ ਹੀ ਉਸਨੇ ਸਭ ਨੂੰ ਮਾਇਆ ਮੋਹ ਦੀ ਜੁਗਤਿ ਵਿੱਚ ਵੀ ਆਪ ਹੀ ਰੱਖਿਆ ਹੋਇਆ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਸਭ ਲਈ ਇਹੀ ਹੈ ਕਿ ਅਸੀਂ ਉਹੋ ਜਿਹੀ ਕਰਣੀ ਕਰੀਏ ਜਿਸ ਦੁਆਰਾ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਭਾਵ ਸੱਚੀ ਸੁੱਚੀ ਕਿਰਤ ਕਰੀਏ। ਪ੍ਰਮਾਤਮਾ ਆਪਣਾ ਇਹ ਹੁਕਮ ਮਨ ਦੇ ਵਿੱਚ ਹੀ ਸਭ ਨੂੰ ਸਮਝਾਉਂਦਾ ਹੈ ਤੇ ਧਰਮ ਗ੍ਰੰਥਾਂ ਰਾਹੀਂ ਵੀ ਇਹ ਗੱਲ ਸਮਝਾਈ ਹੋਈ ਹੈ ਕਿ ਸਭ ਨੂੰ ਸੱਚੀ ਸੁੱਚੀ ਕਿਰਤ ਹੀ ਕਰਨੀ ਚਾਹੀਦੀ ਹੈ ਜੋ ਕਿ ਉਸਦਾ ਨਾਮ ਜਪਣ ਦਾ ਅਸਲ ਮਾਰਗ ਹੈ। ਅਸੀਂ ਮਾਇਆ ਮੋਹ ਵਿੱਚੋਂ ਨਿਕਲਣ ਦੀ ਬਜਾਇ ਭਾਵ ਸੱਚੀ ਸੁੱਚੀ ਕਿਰਤ ਨੂੰ ਆਪਣਾ ਧਰਮ ਦਾ ਮਾਰਗ ਮੰਨਣ ਦੀ ਬਜਾਇ ਭਾਵ ਉਸ

31/3430

ਪ੍ਰਮਾਤਮਾ ਦਾ ਹੁਕਮ ਮੰਨਣ ਦੀ ਬਜਾਇ ਧਰਮ ਦੇ ਮਾਰਗ ਨੂੰ ਆਪਣੇ ਹੁਕਮ ਅਨੁਸਾਰ ਚੱਲਣ ਦਾ ਮਾਰਗ ਸਮਝਿਆ ਹੋਇਆ ਹੈ। ਸਾਡੀ ਜਿਸ ਕਰਣੀ ਵਿੱਚ ਗੁਰੂ ਦੀ ਮਤਿ ਹੈ, ਉਸ ਵਿੱਚ ਗੁਰੂ ਦਾ ਹੁਕਮ ਹੈ ਤੇ ਸਾਡੀ ਜਿਸ ਕਰਣੀ ਵਿੱਚ ਆਪਣੀ ਮਤਿ ਹੈ ਉਸ ਵਿੱਚ ਸਾਡਾ ਆਪਣਾ ਹੁਕਮ ਵਰਤਦਾ ਹੈ। ਜੋ ਮਨੁੱਖ ਗੁਰੂ ਦੇ ਹੁਕਮ ਨੂੰ ਛੱਡ ਕੇ ਮਨਮਤਿ ਦੇ ਹੁਕਮ ਵਿੱਚ ਵਿਚਰਦਾ ਹੈ, ਉਹਨਾਂ ਦੀ ਮਤਿ ਪਿੱਛੇ ਲੱਗਦਾ ਹੈ ਜਿੰਨ੍ਹਾਂ ਵਿੱਚ ਗੁਰਮਤਿ ਵਾਲੀ ਸੋਝੀ ਨਹੀਂ ਹੈ ਫਿਰ ਇਹੋ ਜਿਹੀ ਮਤਿ ਦੇ ਪਿੱਛੇ ਲੱਗਣ ਨੂੰ ਸਾਡੀ ਮੂਰਖਤਾ ਦੱਸਿਆ ਹੈ, ਗਾਵਾਰ ਪੁਣਾ ਦੱਸਿਆ ਹੈ। ਅਸੀਂ ਧਰਮ ਦੇ ਮਾਰਗ ਨੂੰ ਆਪਣੀ ਚੰਗੀ ਕਰਨੀ ਨਾਲ ਜੋੜਨ ਦੀ ਬਜਾਇ, ਸੱਚੇ ਸੁੱਚੇ ਕਾਰ ਵਿਹਾਰ ਨਾਲ ਜੋੜਨ ਦੀ ਬਜਾਇ ਉਹਨਾਂ ਗੱਲਾਂ ਨਾਲ ਜੋੜਿਆ ਹੋਇਆ ਹੈ ਜਿੰਨ੍ਹਾਂ ਰਾਹੀਂ ਅਸੀਂ ਕੇਵਲ ਧਰਮ ਦੇ ਦਿਖਾਵੇ ਹੀ ਕਰਦੇ ਹਾਂ ਜਿਵੇਂ ਕਿ ਸਾਨੂੰ ਸ਼ਬਦ ਦੇ ਪਹਿਲੇ ਵਾਲੇ ਸਾਰੇ ਪਦਿਆਂ ਰਾਹੀਂ ਵੀ ਸਮਝਾਇਆ

ਹੋਇਆ ਹੈ ਭਾਵੇਂ ਉਹ ਦਿਖਾਵੇ ਸਾਡੇ ਖਾਣੇ ਦੀ ਸੁਚਿ ਨਾਲ ਜੁੜੇ ਹੋਏ ਹਨ, ਭਾਵੇਂ ਕੇਵਲ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਣ ਦੇ ਨਾਲ ਜੁੜੇ ਹੋਏ ਹਨ, ਸਾਰੇ ਧਰਮ ਗ੍ਰੰਥਾਂ ਨੂੰ ਜੁਬਾਨੀ ਯਾਦ ਰੱਖਣ ਵਿੱਚ ਜੁੜੇ ਹੋਏ ਹਨ ਭਾਵੇਂ ਤੀਰਥਾਂ ਦੇ ਇਸ਼ਨਾਨਾਂ ਨਾਲ ਜੁੜੇ ਹੋਏ ਹਨ, ਭਾਵੇਂ ਵਰਤ ਨੇਮ ਨਾਲ ਜੁੜੇ ਹੋਏ ਹਨ ਤੇ ਭਾਵੇਂ ਸਾਡੇ ਚੋਲਿਆਂ ਦੇ ਪਹਿਰਾਵੇ ਨਾਲ ਜੁੜੇ ਹੋਏ ਹਨ ਭਾਵ ਸਾਡੇ ਇਹੋ ਜਿਹੇ ਕਰਮ ਜਿੰਨ੍ਹਾਂ ਨੂੰ ਅਸੀਂ ਆਪਣੇ ਧਰਮ ਨਾਲ ਜੋੜਿਆ ਹੋਇਆ ਹੈ ਉਹਨਾਂ ਵਿੱਚ ਕੋਈ ਧਰਮ ਨਹੀਂ ਹੈ ਬਲਕਿ ਕੇਵਲ ਧਰਮ ਦਾ ਪ੍ਰਗਟਾਵਾ ਹੈ। ਪ੍ਰਮਾਤਮਾ ਨੇ ਸਾਡੀ ਭਗਤੀ ਦਾ ਫੈਸਲਾ ਸਾਡੀ ਕਰਣੀ ਦੇ ਉੱਪਰ ਕਰਨਾ ਹੈ। ਜਿਸ ਦੁਆਰਾ ਅਸੀਂ ਸੰਸਾਰ ਵਿੱਚ ਕਾਰ ਵਿਹਾਰ ਕਰਦੇ ਹਾਂ, ਕਿਰਤ ਕਰਦੇ ਹਾਂ। ਸਾਡੀ ਚੰਗੀ ਕਰਣੀ, ਸੱਚੀ ਕਰਣੀ ਕੇਵਲ ਗੁਣਾਂ ਦੁਆਰਾ ਹੁੰਦੀ ਹੈ ਭਾਵ ਅਵਗੁਣ ਰਹਿਤ ਹੋ ਕੇ ਹੁੰਦੀ ਹੈ। ਗੁਰੂ ਦੇ ਸ਼ਬਦ ਸਾਨੂੰ ਸੱਚ ਤੇ ਚੱਲਣ ਦੀ ਸਿੱਖਿਆ ਹੀ ਦਿੰਦੇ ਹਨ, ਗੁਣਾਂ ਨੂੰ ਗ੍ਰਹਿਣ ਕਰਨ ਦੀ ਸਿੱਖਿਆ ਹੀ ਦਿੰਦੇ ਹਨ ਜੋ ਕਿ ਪ੍ਰਮਾਤਮਾ ਦੀ ਸਿਫ਼ਤ ਕਰਨ ਦਾ ਭੰਡਾਰ ਹਨ, ਪ੍ਰਮਾਤਮਾ ਦੇ ਗੁਣ ਗਾਉਣ ਦੇ ਭੰਡਾਰ ਹਨ, ਉਸਦੀ ਭਗਤੀ ਕਰਨ ਦੀ ਸਿੱਖਿਆ ਦਾ ਭੰਡਾਰ ਹਨ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਸਿਫ਼ਤ ਕਰਨ ਦਾ ਭੰਡਾਰ ਭਰਿਆ ਹੋਇਆ ਹੈ ਜਿਸ ਦੁਆਰਾ ਗੁਰੂ ਸਾਹਿਬ ਨੇ ਸਾਨੂੰ ਆਪਣੇ ਸੱਚੇ ਗਿਆਨ ਰਾਹੀਂ ਆਪਣੀ ਮਤਿ ਦਿੱਤੀ ਹੈ, ਆਪਣਾ ਹੁਕਮ ਸੁਣਾਇਆ ਹੈ। ਅਸੀਂ ਗੁਰੂ ਦਾ ਇਹ ਹੁਕਮ ਮੰਨਣ ਦੀ ਬਜਾਇ ਆਪਣੀ ਮਤਿ ਅਨੁਸਾਰ ਵਿਚਰਦੇ ਹਾਂ, ਆਪਣੇ ਹੁਕਮ ਅਨੁਸਾਰ ਵਿਚਰਦੇ ਹਾਂ ਜਿਸ ਦੁਆਰਾ ਅਸੀਂ ਗੁਰੂ ਦੇ ਹੁਕਮ ਦੀ ਉਲੰਘਣਾ ਕਰਦੇ ਹਾਂ ਭਾਵ ਧਰਮ ਦੇ ਮਾਰਗ ਨੂੰ ਉਨ੍ਹਾਂ ਗੱਲਾਂ ਦੇ ਨਾਲ ਜੋੜਦੇ ਹਾਂ ਜਿੰਨ੍ਹਾਂ ਵਿੱਚ ਧਰਮ ਨਹੀਂ ਹੈ ਤੇ ਇਸੇ ਲਈ ਸਾਨੂੰ ਮੂਰਖ ਗਾਵਾਰ ਆਖਿਆ ਹੈ।

31/3431

(ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਣਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥)

ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਤੇ ਮੰਨਦਾ ਹੈ ਕਿ ਧਰਮ ਦਾ ਮਾਰਗ, ਭਗਤੀ ਦਾ ਮਾਰਗ ਆਪਣੇ ਆਪ ਨੂੰ ਪਵਿੱਤਰ ਕਰਨ ਦਾ ਮਾਰਗ ਹੈ ਕਿਉਂਕਿ ਪ੍ਰਮਾਤਮਾ ਦੀ ਭਗਤੀ ਪਵਿੱਤਰ ਬਣਕੇ ਹੀ ਹੁੰਦੀ ਹੈ। ਸਾਡੇ ਅੰਦਰ ਵੱਡਾ ਭਰਮ ਇਹ ਹੈ ਕਿ ਅਸੀਂ ਪਵਿੱਤਰ ਕਿਵੇਂ ਬਣਨਾ ਹੈ ਭਾਵ ਸਰਗੁਣ ਰੂਪ ਵਿੱਚ ਪਵਿੱਤਰ ਬਣਨਾ ਹੈ ਜਾ ਨਿਰਗੁਣ ਰੂਪ ਵਿੱਚ ਪਵਿੱਤਰ ਬਣਨਾ ਹੈ। ਪਵਿੱਤਰ ਬਣਨ ਦਾ ਸਾਰਾ ਭੇਦ ਇਸੇ ਗੱਲ ਨਾਲ ਹੀ ਜੁੜਿਆ ਹੋਇਆ ਹੈ। ਜਿਸ ਚੀਜ ਨੂੰ, ਜਿਸ ਸਰਗੁਣ ਰੂਪ ਨੂੰ, ਜਿਸ ਆਕਾਰ ਰੂਪ ਨੂੰ ਅਸੀਂ ਪਵਿੱਤਰ ਸਮਝਦੇ ਹਾਂ ਉਸ ਚੀਜ਼ ਦੇ ਨਾਲ ਜੁੜਕੇ ਅਸੀਂ ਇਹ ਸਮਝਦੇ ਹਾਂ ਕਿ ਅਸੀਂ ਵੀ ਪਵਿੱਤਰ ਬਣ ਜਾਵਾਂਗੇ। ਅਸੀਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਪਵਿੱਤਰ ਸਮਝਦੇ ਹਾਂ ਤੇ ਉਨ੍ਹਾਂ ਦੇ ਦਰਸ਼ਨ ਕਰਨ ਦੁਆਰਾ, ਉਨ੍ਹਾਂ ਨੂੰ ਪੂਜਣ ਦੁਆਰਾ ਅਸੀਂ ਇਹ ਸਮਝਦੇ ਹਾਂ ਕਿ ਅਸੀਂ ਪਵਿੱਤਰ ਬਣ ਜਾਵਾਂਗੇ। ਕਿਸੇ ਮਨੁੱਖ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਅਸੀਂ ਉਹਨਾਂ ਦੀ ਸਿੱਖਿਆ ਦੇ ਪਿੱਛੇ ਲੱਗ ਜਾਂਦੇ ਹਾਂ ਤੇ ਮਨ ਦੇ ਵਿੱਚ ਉਹਨਾਂ ਨੂੰ ਉੱਚਾ ਮੰਨ ਕੇ ਉਹਨਾਂ ਦੀ ਪੂਜਾ ਕਰਦੇ ਹਾਂ, ਉਨ੍ਹਾਂ ਦੇ ਦਰਸ਼ਨਾਂ ਲਈ ਜਾਂਦੇ ਹਾਂ ਕਿ ਉਹਨਾਂ ਦੇ ਦਰਸ਼ਨ ਕਰਕੇ ਅਸੀਂ ਪਵਿੱਤਰ ਬਣ ਜਾਵਾਂਗੇ ਕਿਉਂਕਿ ਉਹਨਾਂ ਨੂੰ ਅਸੀਂ ਪਵਿੱਤਰ ਪੁਰਸ਼ ਦਾ ਦਰਜਾ ਦੇ ਦਿੰਦੇ ਹਾਂ, ਦੇਵੀ ਦੇਵਤਿਆਂ ਦੀ ਤਰ੍ਹਾਂ ਪਵਿੱਤਰ ਦਰਜਾ ਦੇ ਦਿੰਦੇ ਹਾਂ ਤੇ ਉਹਨਾਂ ਦੇ ਸਰੀਰ ਬਿਨਸਨ ਉਪਰੰਤ ਉਹਨਾਂ ਦੀਆਂ ਬਰਸੀਆਂ ਆਦਿ ਮਨਾ ਕੇ ਉਹਨਾਂ ਨੂੰ ਪੂਜਦੇ ਹਾਂ ਕਿ ਅਸੀਂ ਕਿਸੇ ਪਵਿੱਤਰ ਦੇਹ ਨੂੰ ਪੂਜ ਰਹੇ ਹਾਂ। ਗੰਗਾ ਆਦਿ ਨਦੀਆਂ ਦੇ ਜਲ ਨੂੰ, ਸਰੋਵਰਾਂ ਆਦਿ ਦੇ ਜਲ ਨੂੰ ਵੀ ਪੂਜਿਆ ਜਾਂਦਾ ਹੈ ਕਿਉਂਕਿ ਉਸ ਜਲ ਨੂੰ ਪਵਿੱਤਰ ਮੰਨਦੇ ਹਾਂ ਤੇ ਅਸੀਂ ਇਹ ਸਮਝਦੇ ਹਾਂ ਕਿ ਪਵਿੱਤਰ ਜਲ ਦਾ ਇਸ਼ਨਾਨ ਕਰਕੇ ਅਸੀਂ ਵੀ ਪਵਿੱਤਰ ਹੋ ਜਾਵਾਂਗੇ। ਧਰਮ ਗ੍ਰੰਥਾਂ ਨੂੰ ਸਭ ਤੋਂ ਪਵਿੱਤਰ ਮੰਨਿਆਂ ਜਾਂਦਾ ਹੈ ਜੋ ਕਿ ਬਿਲਕੁਲ ਸੱਚ ਹੈ। ਸਮਝਣ ਦੀ ਕੇਵਲ ਇਹ ਲੋੜ ਹੈ ਕਿ ਉਹਨਾਂ ਦੀ ਪਵਿੱਤਰਤਾ ਜੋ ਉਹਨਾਂ ਨੂੰ ਪਵਿੱਤਰ ਬਣਾਉਂਦੀ ਹੈ ਕਿ ਉਹ ਸਰਗੁਣ ਰੂਪ ਹੈ ਜਾਂ ਨਿਰਗੁਣ ਰੂਪ ਹੈ। ਧਰਮ ਗ੍ਰੰਥਾਂ ਦੀ ਪਵਿੱਤਰਤਾ ਉਹਨਾਂ ਦੇ ਅੰਦਰ ਦੇ ਦਿੱਤੇ ਗਿਆਨ ਦੇ ਵਿੱਚ ਹੈ ਜਿਸ ਕਰਕੇ ਧਰਮ ਗ੍ਰੰਥਾਂ ਦੀ ਉੱਚੀ ਕੀਮਤ ਹੈ, ਉਹਨਾਂ ਦੇ ਅੰਦਰ ਦਿੱਤੀ ਹੋਈ ਸ਼ਬਦਾਂ ਦੀ ਵਿਚਾਰ ਹੈ ਜੋ ਸਭ ਤੋਂ ਉੱਚੀ ਵਿਚਾਰ ਹੈ ਜੋ ਧਰਮ ਗ੍ਰੰਥਾਂ ਨੂੰ ਉੱਚਾ ਬਣਾਉਂਦੀ ਹੈ। ਸ਼ਬਦਾਂ ਦਾ ਜੋ ਰੂਪ ਸਾਨੂੰ ਨਜ਼ਰ ਆਉਂਦਾ ਹੈ ਉਹ ਆਕਾਰ ਰੂਪ ਹੈ, ਸਰਗੁਣ ਰੂਪ ਹੈ ਤੇ ਉਹਨਾਂ ਦੇ ਅੰਦਰ ਦਾ ਜੋ ਗਿਆਨ ਹੈ ਉਹ ਨਿਰਗੁਣ ਰੂਪ ਹੈ ਜੋ ਸ਼ਬਦ ਨੂੰ ਪਵਿੱਤਰਤਾ ਬਖਸ਼ਦਾ ਹੈ ਜਿਸ ਕਰਕੇ ਸ਼ਬਦ

31/3432

ਭਾਵ ਗੁਰੂ ਪਵਿੱਤਰ ਹੈ। ਹਰ ਸਰਗੁਣ ਸਰੂਪ ਬਿਨਸਣ ਵਾਲਾ ਹੈ ਜਿਸ ਨਾਲ ਜੁੜਕੇ ਅਸੀਂ ਬਿਨਸਣਹਾਰ ਵਸਤੂ ਨਾਲ ਜੁੜਦੇ ਹਾਂ। ਪਵਿੱਤਰ ਵਸਤੂ ਉਹੀ ਹੈ ਜੋ ਕਦੇ ਨਹੀਂ ਬਿਨਸਦੀ । ਉਹ ਵਸਤੂ ਨਿਰਗੁਣ ਰੂਪ ਹੈ ਜਿਸ ਨਾਲ ਜੁੜਕੇ ਅਸੀਂ ਪਵਿੱਤਰ ਬਣ ਸਕਦੇ ਹਾਂ ਤੇ ਬਿਨਸਣ ਤੋਂ ਸਦਾ ਲਈ ਮੁਕਤਿ ਹੋ ਸਕਦੇ ਹਾਂ। ਸਾਡੇ ਸੁੱਚੇ ਚਉਕੇ, ਸੁੱਚੇ ਖਾਣੇ ਸਭ ਸਰਗੁਣ ਰੂਪ ਹਨ ਜੋ ਬਿਨਸਨਹਾਰ ਹਨ। ਅਸੀਂ ਸਰਗੁਣ ਰੂਪ ਦੀ ਪਵਿੱਤਰਤਾ ਦੇ ਨਾਲ ਜੁੜਦੇ ਹਾਂ ਜਦਕਿ ਹਰ ਵਸਤੂ ਨੂੰ ਪਵਿੱਤਰ ਬਣਾਉਣ ਵਾਲਾ ਉਸਦੇ ਅੰਦਰ ਦਾ ਨਿਰਗੁਣ ਰੂਪ ਹੈ, ਜੋਤਿ ਰੂਪ ਹੈ, ਗਿਆਨ ਰੂਪ ਹੈ ਜਿਸ ਨੇ ਉਸ ਵਸਤੂ ਨੂੰ ਰਚਿਆ ਹੈ, ਉਸ ਵਸਤੂ ਦੀ ਹੋਂਦ ਬਣਾਈ ਹੈ ਤੇ ਉਸ ਵਸਤੂ ਨੂੰ ਚਲਾ ਰਿਹਾ ਹੈ। ਸਰਗੁਣ ਰੂਪ ਵਿੱਚ ਭਾਵੇਂ ਕੋਈ ਵਸਤੂ, ਕੋਈ ਵੀ ਆਕਾਰ ਰੂਪ ਭਾਵੇਂ ਸਾਨੂੰ ਜਿਤਨਾ ਮਰਜੀ ਸੁੱਚਾ ਨਜ਼ਰ ਆਵੇ, ਪਵਿੱਤਰ ਨਜ਼ਰ ਆਵੇ ਉਸਦੇ ਨਾਲ ਜੁੜਕੇ ਅਸੀਂ ਆਪਣੇ ਆਪ ਨੂੰ ਪਵਿੱਤਰ ਨਹੀਂ ਕਰ ਸਕਦੇ। ਪਵਿੱਤਰ ਅਸੀਂ ਕੇਵਲ ਤੇ ਕੇਵਲ ਨਿਰਗੁਣ ਰੂਪ ਵਿੱਚ ਹੀ ਹੋ ਸਕਦੇ ਹਾਂ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੀ ਹੋ ਸਕਦੇ ਹਾਂ ਤੇ ਉਸ ਗਿਆਨ ਦੇ ਨਾਲ ਜੁੜਕੇ ਹੋ ਸਕਦੇ ਹਾਂ ਜੋ ਪੂਰਨ ਪਵਿੱਤਰ ਹੈ, ਆਪਣੀ ਪਵਿੱਤਰਾ ਵਿੱਚ ਸੰਪੂਰਨ ਹੈ। ਇਹ ਗਿਆਨ ਚਉਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ, ਪ੍ਰਮਾਤਮਾ ਦਾ ਨਾਮ ਹੈ ਜਿਸ ਨੂੰ ਅਸੀਂ ਆਪਣੇ ਅੰਦਰ ਵਸਾਉਣ ਨਾਲ ਪਵਿੱਤਰ ਬਣ ਸਕਦੇ ਹਾਂ, ਨਿਰਗੁਣ ਰੂਪ ਵਿੱਚ ਪਵਿੱਤਰ ਬਣ ਸਕਦੇ ਹਾਂ ਤੇ ਉਸ ਪਵਿੱਤਰ ਰੂਪ ਗੁਰੂ ਦੇ ਨਾਲ, ਪ੍ਰਮਾਤਮਾ ਦੇ ਨਾਲ ਨਿਰਗੁਣ ਰੂਪ ਵਿੱਚ ਮੇਲ ਕਰ ਸਕਦੇ ਹਾਂ। ਜਿਸ ਤਰੀਕੇ ਅਸੀਂ ਆਪਣੇ ਆਪ ਨੂੰ ਪਵਿੱਤਰ ਬਣਾਉਣਾ ਸਮਝਦੇ ਹਾਂ ਭਾਵ ਸਰੀਰਕ ਜਪਾਂ ਤਪਾਂ ਦੇ ਨਾਲ ਜੁੜਣ ਦੁਆਰਾ ਪਵਿੱਤਰ ਸਮਝਦੇ ਹਾਂ, ਧਰਮ ਗ੍ਰੰਥਾਂ ਦੀ ਕੇਵਲ ਲਿਖਤ ਦੇ ਨਾਲ ਜੁੜੇ ਰਹਿਣ ਨਾਲ ਪਵਿੱਤਰ ਹੋਣਾ ਸਮਝਦੇ ਹਾਂ, ਤੀਰਥਾਂ ਦੇ ਇਸ਼ਨਾਨ ਦੁਆਰਾ ਪਵਿੱਤਰ ਹੋਣਾ ਸਮਝਦੇ ਹਾਂ, ਚਉਕਿਆਂ ਦੀ ਸੁਚਿ ਨਾਲ, ਖਾਸ ਕਿਸਮ ਦੇ ਬਰਤਨਾਂ ਦੀ ਸੁਚਿ ਨਾਲ, ਖਾਸ ਕਿਸਮ ਦੇ ਖਾਣੇ ਦੀ ਸੁਚਿ ਨਾਲ ਪਵਿੱਤਰ ਹੋਣਾ ਸਮਝਦੇ ਹਾਂ ਫਿਰ ਇਹ ਕੇਵਲ ਸਾਡਾ ਭਰਮ ਹੈ ਜਿਸ ਭਰਮ ਵਿੱਚੋਂ ਗੁਰਬਾਣੀ ਸਾਨੂੰ ਕੱਢ ਰਹੀਂ ਹੈ, ਅਨੇਕਾਂ ਸ਼ਬਦਾਂ ਦੁਆਰਾ ਵਾਰ ਵਾਰ ਇਹ ਗੱਲ ਸਮਝਾ ਰਹੀ ਹੈ ਤਾਂ ਜੋ ਅਸੀਂ ਉਹਨਾਂ ਗੱਲਾਂ ਨਾਲ ਜੁੜਨਾ ਧਰਮ ਨਾ ਸਮਝੀਏ ਬਲਕਿ ਉਸ ਸੱਚ ਨੂੰ ਸਮਝੀਏ ਜੋ ਧਰਮ ਦੇ ਮਾਰਗ ਤੇ ਚੱਲਣ ਦਾ ਸਹੀ ਮਾਰਗ ਹੈ।

ਹੇਠ ਦਿੱਤੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਕੁੱਝ ਪਿੱਛੇ ਸਮਝਿਆ ਹੈ ਜਿਸ ਰਾਹੀਂ ਸਾਨੂੰ ਇਹ ਗੱਲ ਬੜੇ ਸਪੱਸ਼ਟ ਤਰੀਕੇ ਨਾਲ ਸਮਝਾਈ ਹੋਈ ਹੈ ਕਿ ਅਸੀਂ ਭਾਵੇਂ ਆਪਣੇ ਵੱਲੋਂ ਜਿਤਨੀ ਮਰਜੀ ਸੁੱਚੀ ਤੋਂ ਸੁੱਚੀ ਵਸਤੂ ਨਾਲ ਜੁੜ ਜਾਈਏ ਪਰ ਉਸ ਨਾਲ ਸਾਡੇ ਮਨ ਵਿੱਚ ਸੁਚਿ ਨਹੀਂ ਆ ਸਕਦੀ ਕਿਉਂਕਿ ਭਗਤੀ ਦਾ ਅਸਲ ਮਾਰਗ ਮਨ ਦੀ ਸੁਚਿ ਦਾ ਮਾਰਗ ਹੈ।

31/3433

ਤਨ ਉਸੇ ਮਨੁੱਖ ਦਾ ਹੀ ਸੁੱਚਾ ਹੁੰਦਾ ਹੈ ਜਿਸ ਦਾ ਮਨ ਸੁੱਚਾ ਹੈ ਭਾਵ ਜੋ ਨਿਰਗੁਣ ਰੂਪ ਵਿੱਚ ਸੁੱਚਾ ਹੈ ਉਹੀ ਸਰਗੁਣ ਰੂਪ ਵਿੱਚ ਸੁੱਚਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਭਰਮ ਵਿੱਚੋਂ ਨਿਕਲੀਏ ਕਿ ਸਰਗੁਣ ਰੂਪ ਦੀ ਸੁਚਿ ਨਾਲ ਜੁੜਨ ਦੁਆਰਾ ਸਾਨੂੰ ਕੋਈ ਲਾਭ ਨਹੀਂ ਮਿਲਣਾ।

ਸਲੋਕ ਮਹਲਾ ੧ ॥

“ਜੂਠਿ ਨ ਰਾਗੀ ਜੂਠਿ ਨ ਵੇਦੀ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥
ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥
ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥
ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥”

(ਅੰਗ ੧੨੪੦)

ਸਾਡੇ ਜੀਵਨ ਦਾ ਮਕਸਦ ਆਪਣੀ ਜੂਠਿ ਨੂੰ ਧੋਣ ਦਾ ਹੀ ਹੈ ਭਾਵ ਆਪਣੀ ਅਪਵਿੱਤਰਤਾ ਧੋਣ ਦਾ ਹੀ ਹੈ, ਪਵਿੱਤਰ ਹੋਣ ਦਾ ਹੀ ਹੈ ਤਾਂ ਜੋ ਅਸੀਂ ਧਰਮ ਦੇ ਮਾਰਗ ਤੇ ਚੱਲ ਸਕੀਏ। ਪਵਿੱਤਰ ਹੋਣ ਦਾ ਅਸਲ ਮਾਰਗ ਕੀ ਹੈ ਤੇ ਅਸੀਂ ਪਵਿੱਤਰ ਕਿਵੇਂ ਬਣਨਾ ਚਾਹੁੰਦੇ ਹਾਂ ਇਸੇ ਗੱਲ ਦਾ ਭੇਦ ਹੀ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਅਸੀਂ ਸਰਗੁਣ ਰੂਪ ਵਿੱਚ

ਜਿਸ ਵਸਤੂ ਨੂੰ ਪਵਿੱਤਰ ਸਮਝਦੇ ਹਾਂ ਉਸ ਦੇ ਨਾਲ ਆਪਣੇ ਆਪ ਨੂੰ ਜੋੜਨ ਵਿੱਚ ਪਵਿੱਤਰ ਹੋਣਾ ਸਮਝਦੇ ਹਾਂ ਜਦਕਿ ਅਪਵਿੱਤਰਤਾ ਸਾਡੇ ਮਨ ਵਿੱਚ ਹੈ, ਅਪਵਿੱਤਰਤਾ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੈ ਜੋ ਕਿ ਗੁਰੂ ਦੇ ਪਵਿੱਤਰ ਨਿਰਗੁਣ ਰੂਪ ਨਾਲ ਜੁੜਨ ਦੁਆਰਾ ਹੀ ਜਾ ਸਕਦੀ ਹੈ।

ਅਸੀਂ ਧਰਮ ਗ੍ਰੰਥਾਂ ਨੂੰ ਪੜਦੇ ਹਾਂ ਤੇ ਉਹਨਾਂ ਨੂੰ ਗਾਉਂਦੇ ਹਾਂ, ਰਾਗਾਂ ਦੁਆਰਾ ਗਾਉਂਦੇ ਹਾਂ ਕਿਉਂਕਿ ਧਰਮ ਗ੍ਰੰਥ ਸਭ ਤੋਂ ਪਵਿੱਤਰ ਗ੍ਰੰਥ ਹੈ। ਜੇਕਰ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਈਏ ਜਾਂ ਸੁਣੀ ਜਾਈਏ ਜਾਂ ਗਾਈ ਜਾਈਏ ਪਰ ਉਹਨਾਂ ਵਿੱਚ ਦਿੱਤੀ ਹੋਈ ਮਤਿ ਨੂੰ ਨਾ ਅਪਣਾਈਏ ਫਿਰ ਇਹ ਕੇਵਲ ਧਰਮ ਗ੍ਰੰਥਾਂ ਦੇ ਬਾਹਰੀ ਰੂਪ ਨਾਲ ਜੁੜਨ ਵਾਲੀ ਗੱਲ ਹੈ, ਉਹਨਾਂ ਦੇ ਬਾਹਰੀ ਰੂਪ ਨੂੰ ਉੱਚਾ ਮੰਨਣ ਵਾਲੀ ਗੱਲ ਹੈ ਜਿਸ ਦੁਆਰਾ ਸਾਡੇ ਮਨ ਦੀ ਜੂਠ ਨਹੀਂ ਜਾ ਸਕਦੀ, ਮਨ ਦੀ ਮੈਲ ਦੂਰ ਨਹੀਂ ਹੋ ਸਕਦੀ। ਮਨ ਦੀ ਇਹ ਮੈਲ ਸਾਡੇ ਅੰਦਰ ਮਾਇਆ ਮੋਹ ਦੇ ਰੂਪ ਵਿੱਚ ਹੈ, ਔਗੁਣਾਂ ਦੇ ਰੂਪ ਵਿੱਚ ਹੈ, ਵਿਕਾਰਾਂ ਦੇ ਰੂਪ ਵਿੱਚ ਹੈ ਜੋ ਕਿ ਗੁਰੂ ਦੀ ਗੱਲ ਨੂੰ ਕੇਵਲ ਪੜ੍ਹੀ, ਸੁਣੀ ਜਾਂ ਗਾਈ ਜਾਣ ਨਾਲ ਨਹੀਂ ਜਾ ਸਕਦੀ ਬਲਕਿ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਜਾ ਸਕਦੀ ਹੈ ਜੋ ਕਿ ਧਰਮ ਗ੍ਰੰਥਾਂ ਦਾ ਅਸਲ ਮਕਸਦ ਹੈ, ਧਰਮ ਗ੍ਰੰਥਾਂ ਦੀ ਸਿੱਖਿਆ ਦਾ ਮਕਸਦ ਹੈ ਕਿ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਮਨ ਦੀ ਜੂਠਿ ਵਿੱਚੋਂ ਨਿਕਲੀਏ ਭਾਵ ਜੂਠਿ ਵਿੱਚੋਂ ਨਿਕਲਣ ਦੇ ਮਨੋਰਥ ਨਾਲ ਜੁੜੀਏ ਨਾ ਕਿ ਕੇਵਲ ਬਾਹਰੀ ਆਨੰਦ ਨਾਲ ਜੁੜੇ ਰਹੀਏ, ਦਿਖਾਵੇ ਵਾਲੀ ਭਗਤੀ ਨਾਲ ਜੁੜੇ ਰਹੀਏ, ਸਰਗੁਣ ਰੂਪ ਦਿਖਾਵੇ ਦੀ ਸੁਚਿ ਨਾਲ ਜੁੜੇ ਰਹੀਏ। (**ਜੂਠਿ ਨ ਰਾਗੀ ਜੂਠਿ ਨ ਵੇਦੀ ॥**)

31/3434

ਜਿਵੇਂ ਕਿ ਧਰਮ ਗ੍ਰੰਥ ਪਵਿੱਤਰ ਸਰੂਪ ਹਨ ਤੇ ਉਨ੍ਹਾਂ ਦੇ ਸਰਗੁਣ ਸਰੂਪ ਨਾਲ ਜੁੜੇ ਰਹਿਣ ਦੁਆਰਾ, ਬਾਹਰੀ ਸਰੂਪ ਨਾਲ ਜੁੜੇ ਰਹਿਣ ਦੁਆਰਾ ਸਾਡੇ ਅੰਦਰ ਦੀ ਜੂਠਿ ਨਹੀਂ ਨਿਕਲ ਸਕਦੀ ਇਸੇ ਤਰ੍ਹਾਂ ਅਸੀਂ ਜਿਹੋ ਜਿਹੀ ਮਰਜੀ ਪਵਿੱਤਰ ਵਸਤੂ ਨਾਲ ਜੁੜ ਜਾਈਏ ਉਸ ਦਾ ਪਵਿੱਤਰ ਸਰੂਪ ਸਾਨੂੰ ਪਵਿੱਤਰ ਨਹੀਂ ਕਰ ਸਕਦਾ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀ ਸਮਝਾਇਆ ਹੋਇਆ ਹੈ। ਚੰਦਰਮਾ ਤੇ ਸੂਰਜ ਨੂੰ ਪਵਿੱਤਰ ਰੂਪ ਮੰਨਿਆ ਜਾਂਦਾ ਹੈ ਜੋ ਕਿ ਆਕਾਰ ਰੂਪ ਹਨ। ਆਪਣੀ ਮਤਿ ਅਨੁਸਾਰ ਉਹਨਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ, ਦੇਵਤਿਆਂ ਦੇ ਰੂਪ ਵਿੱਚ ਪੂਜਾ ਕੀਤੀ ਜਾਂਦੀ ਹੈ ਪਰ ਇਹੋ ਜਿਹੀਆਂ ਸੁੱਚੀਆਂ ਵਸਤੂਆਂ ਨਾਲ ਜੁੜਕੇ, ਪਵਿੱਤਰ ਵਸਤੂਆਂ ਨਾਲ ਜੁੜਕੇ ਮਨੁੱਖ ਦੀ ਜੂਠਿ ਨਹੀਂ ਜਾ ਸਕਦੀ, ਅਪਵਿੱਤਰਤਾ ਨਹੀਂ ਜਾ ਸਕਦੀ। (**ਜੂਠਿ ਨ ਚੰਦ ਸੂਰਜ ਕੀ ਭੇਦੀ ॥**)

ਹੁਣ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਜਿਸ ਰਾਹੀਂ ਸਾਡਾ ਅੰਨ ਖਾਣ ਬਾਰੇ ਭੁਲੇਖਾ ਕੱਢਿਆ ਹੋਇਆ ਹੈ ਜਿੰਨ੍ਹਾਂ ਦੇ ਨਾਲ ਜੁੜਕੇ ਅਸੀਂ ਆਪਣੀ ਅਪਵਿੱਤਰਤਾ ਦੂਰ ਕਰਨੀ ਚਾਹੁੰਦੇ ਹਾਂ।

“ਜੂਠਿ ਨ ਅੰਨੀ ਜੂਠਿ ਨ ਨਾਈ ॥”

ਇਹ ਗੁਰੂ ਸਾਹਿਬ ਦਾ ਬਹੁਤ ਸਪੱਸ਼ਟ ਫੁਰਮਾਨ ਹੈ ਕਿ ਆਪਣੀ ਆਪਣੀ ਮਤਿ ਅਨੁਸਾਰ ਅਸੀਂ ਖਾਣੇ ਦੀ ਸੁਚਿ ਨਾਲ ਜੁੜਦੇ ਹਾਂ, ਅੰਨ ਦੀ ਸੁਚਿ ਦੇ ਨਾਲ ਜੁੜਦੇ ਹਾਂ ਭਾਵ ਖਾਣੇ ਨੂੰ ਪਵਿੱਤਰ ਸਮਝਕੇ ਉਸਦੇ ਨਾਲ ਆਪਣੀ ਪਵਿੱਤਰਤਾ ਨੂੰ ਜੋੜਦੇ ਹਾਂ ਤੇ ਨਹਾਉਣ ਦੁਆਰਾ, ਤਨ ਦੀ ਪਵਿੱਤਰਤਾ ਦੁਆਰਾ ਆਪਣੇ ਆਪ ਨੂੰ ਪਵਿੱਤਰ ਕਰਨਾ ਸਮਝਦੇ ਹਾਂ। ਨਾ ਸਾਨੂੰ ਕੋਈ ਖਾਣਾ ਪਵਿੱਤਰ ਕਰ ਸਕਦਾ ਹੈ ਤੇ ਨਾ ਹੀ ਤਨ ਦਾ ਕੋਈ ਇਸ਼ਨਾਨ ਸਾਨੂੰ ਪਵਿੱਤਰ ਕਰ ਸਕਦਾ ਹੈ। ਅਪਵਿੱਤਰ ਅਸੀਂ ਮਨ ਦੀ ਜੂਠਿ ਕਰਕੇ ਹਾਂ ਜਿਸ ਨੂੰ ਦੂਰ ਕਰਨ ਦਾ ਸਾਧਨ ਕੇਵਲ ਗੁਰੂ ਦਾ ਗਿਆਨ ਹੈ, ਉਸਦੀ ਸੱਚੀ ਮਤਿ ਹੈ ਜਿਸ ਨੂੰ ਮੰਨ ਕੇ ਅਸੀਂ ਨਿਰਗੁਣ ਰੂਪ ਵਿੱਚ ਪਵਿੱਤਰ ਹੋ ਸਕਦੇ ਹਾਂ ਤੇ ਵਿਅਰਥ ਵਿੱਚ ਹੀ ਸਰਗੁਣ ਰੂਪ ਪਵਿੱਤਰਤਾ ਨਾਲ ਜੁੜੇ ਹੋਏ ਹਾਂ।

ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਭਾਵ ਪਵਿੱਤਰ ਤੋਂ ਪਵਿੱਤਰ ਵਸਤੂਆਂ ਦੇ ਪ੍ਰਮਾਣ ਦਿੱਤੇ ਹੋਏ ਹਨ ਜਿੰਨ੍ਹਾਂ ਨਾਲ ਜੁੜਕੇ ਭਾਵ ਕਿਸੇ ਆਕਾਰ ਰੂਪ ਨਾਲ ਜੁੜਕੇ ਸਾਡੇ ਮਨ ਦੀ ਜੂਠਿ ਨਹੀਂ ਉਤਰ ਸਕਦੀ। (**ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥**)

ਸਾਡੇ ਅੰਦਰ ਜੂਠਿ ਦਾ ਕਾਰਨ ਕੀ ਹੈ ਤੇ ਉਹ ਜੂਠਿ ਉਤਰਦੀ ਕਿਵੇਂ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ, ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ

31/3435

ਭਾਵ ਸਾਨੂੰ ਭਰਮ ਵਿੱਚੋਂ ਕੱਢਿਆ ਹੋਇਆ ਹੈ ਕਿ ਸਾਡੇ ਮਨ ਦੀ ਜੂਠਿ ਨਿਰਗੁਣ ਰੂਪ ਨਾਲ ਜੁੜਨ ਦੁਆਰਾ ਜਾਣੀ ਹੈ ਨਾ ਕਿ ਸਰਗੁਣ ਰੂਪ ਨਾਲ ਜੁੜਨ ਦੁਆਰਾ।

“ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥”

ਸਭ ਤੋਂ ਪਹਿਲਾਂ ਤਾਂ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕਰੋ ਕਿ ਨਿਗੁਰਾ ਕੌਣ ਹੈ ਤੇ ਗੁਰੂ ਵਾਲਾ ਬਣਨਾ ਕੀ ਹੈ। ਗੁਰੂ ਦੇ ਮੁੱਖ ਨਾਲ ਜੁੜਨਾ ਕੀ ਹੈ ਤੇ ਗੁਰੂ ਤੋਂ ਮੁੱਖ ਫੇਰਨਾ ਕੀ ਹੈ। ਮਨ ਦੀ ਜੂਠਿ ਦਾ ਹੋਣਾ ਜਾਂ ਨਾ ਹੋਣ ਦਾ ਭੇਦ ਇਸੇ ਗੱਲ ਵਿੱਚ ਹੀ ਹੈ ਕਿ ਮਨੁੱਖ ਗੁਣਾਂ ਵਾਲਾ ਜਾਂ ਔਗਣਾਂ ਵਾਲਾ ਹੈ। ਜਿਸਦੇ ਅੰਦਰ ਔਗੁਣ ਹਨ ਭਾਵ ਜੋ ਮਨੁੱਖ ਗੁਣਾਂ ਤੋਂ ਵਾਂਝਾ ਹੈ ਭਾਵ ਮਾੜੀ ਕਿਰਤ ਕਰਨ ਵਾਲਾ ਹੈ ਉਹ ਨਿਗੁਰਾ ਹੈ। ਗੁਰੂ ਵਾਲਾ ਉਹੀ ਹੈ ਜਿਸਦੇ ਅੰਦਰ ਗੁਰੂ ਦੀ ਮਤਿ ਵੱਸੀ ਹੋਈ ਹੈ ਭਾਵ ਜਿਸਦੇ ਮਨ ਦੀ ਜੂਠਿ ਨਿਕਲੀ ਹੋਈ ਹੈ, ਜਿਸਦੇ ਔਗੁਣ ਨਿਕਲੇ ਹੋਏ ਹਨ। ਜੋ ਮਨੁੱਖ ਔਗੁਣਾਂ ਵਿੱਚ ਹੈ ਉਸਨੇ ਗੁਰੂ ਤੋਂ ਮੂੰਹ ਫੇਰਿਆ ਹੋਇਆ ਹੈ ਭਾਵ ਗੁਰੂ ਦੀ ਮਤਿ ਤੋਂ ਮੂੰਹ ਫੇਰਿਆ ਹੋਇਆ ਹੈ, ਗੁਰੂ ਦੇ ਬਚਨਾਂ ਤੋਂ ਮੂੰਹ ਫੇਰਿਆ ਹੋਇਆ ਹੈ, ਨਾਮ ਵੱਲੋਂ ਮੂੰਹ ਫੇਰਿਆ ਹੋਇਆ ਹੈ। ਜਿਸ ਮਨੁੱਖ ਦਾ ਮਨ ਜੂਠਾ ਹੈ ਉਸ ਦਾ ਮੁੱਖ ਜੂਠਾ ਹੈ ਤੇ ਇਹੋ ਜਿਹੇ ਜੂਠੇ ਮੁੱਖ ਦੁਆਰਾ ਭਾਵੇਂ ਕੋਈ ਜਿਤਨਾ ਮਰਜੀ ਮੁੱਖੋਂ ਗੁਰੂ ਗੁਰੂ ਕਰੀ ਜਾਵੇ ਉਸ ਦਾ ਮੁੱਖ ਜੂਠਾ ਹੀ ਰਹਿਣਾ ਹੈ, ਭਾਵੇਂ ਜਿਤਨੇ ਮਰਜੀ ਆਪਣੀ ਮਤਿ ਅਨੁਸਾਰ ਸੁੱਚੇ ਚਉਕਿਆਂ ਤੇ ਸੁੱਚੇ ਖਾਣੇ ਬਣਾਕੇ ਖਾਈ ਜਾਵੇ, ਜਿਹੋ ਜਿਹੇ ਮਰਜੀ ਖਾਣੇ ਖਾਈ ਜਾਵੇ, ਸਾਗ ਵਾਲੇ ਖਾਣੇ ਬਣਾਕੇ ਖਾਈ ਜਾਵੇ ਪਰ ਮੁੱਖ ਜੂਠਾ ਹੀ ਰਹਿਣਾ ਹੈ, ਮਨ ਜੂਠਾ ਹੀ ਰਹਿਣਾ ਹੈ, ਰਸਨਾ ਜੂਠੀ ਹੀ ਰਹਿਣੀ ਹੈ। ਸਾਨੂੰ ਕਿਸੇ ਸਰਗੁਣ ਸਰੂਪ ਨੇ ਸੁੱਚਿਆ ਨਹੀਂ ਕਰਨਾ ਬਲਕਿ ਗੁਰੂ ਦੀ ਮਤਿ ਨੇ ਕਰਨਾ ਹੈ, ਗੁਰੂ ਦੇ ਨਿਰਗੁਣ ਰੂਪ ਨੇ ਕਰਨਾ ਹੈ ਤੇ ਸਾਡੇ ਅੰਦਰ ਦੇ ਨਿਰਗੁਣ ਰੂਪ ਨੂੰ ਹੀ ਸੁੱਚਿਆ ਕਰਨਾ ਹੈ ਤੇ ਸਾਡੇ ਅੰਦਰੋਂ ਔਗੁਣ ਕੱਢਕੇ ਗੁਣਾਂ ਨੇ ਸੁੱਚਿਆ ਕਰਨਾ ਹੈ, ਸਾਡੇ ਅੰਦਰੋਂ ਝੂਠ ਨੂੰ ਕੱਢਕੇ ਸੱਚ ਨੇ ਸੁੱਚਿਆਂ ਕਰਨਾ ਹੈ, ਸਾਡੇ ਅੰਦਰੋਂ ਹਉਮੈ ਨੂੰ, ਭਰਮ ਨੂੰ ਕੱਢਕੇ ਨਾਮ ਨੇ ਸੁੱਚਿਆਂ ਕਰਨਾ ਹੈ, ਸਾਨੂੰ ਅਗਿਆਨਤਾ ਵਿੱਚੋਂ ਕੱਢਕੇ ਗੁਰੂ ਦੇ ਸੱਚੇ ਗਿਆਨ ਨੇ ਸੁੱਚਾ ਕਰਨਾ ਹੈ ਜਿਸ ਦੁਆਰਾ ਸਾਨੂੰ ਆਪਣੇ ਧਰਮ ਦੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਉਸ ਅਨੁਸਾਰ ਵਿਚਰਨਾ ਹੀ ਭਾਵ ਔਗੁਣ ਰਹਿਤ ਹੋ ਕੇ ਵਿਚਰਨਾ ਹੀ ਗੁਰੂ ਵਾਲੇ ਬਣਕੇ ਵਿਚਰਨਾ ਹੈ, ਸੱਚੀ ਸੁੱਚੀ ਕਿਰਤ ਕਰਨਾ ਤੇ ਗੁਰਮਤਿ

31/3436

ਅਨੁਸਾਰ ਵਿਚਰਨਾ ਹੀ ਸੱਚਾ ਧਰਮ ਦਾ ਮਾਰਗ ਹੈ ਜੋ ਸਾਡੇ ਮਨ ਦੀ ਸੁਚਿ ਦੇ ਨਾਲ ਜੁੜਿਆ ਹੋਇਆ ਹੈ ਨਾ ਕਿ ਤਨ ਦੀ ਸੁਚਿ ਦੇ ਨਾਲ ਜਿਵੇਂ ਕਿ ਹਰ ਕੋਈ ਲੱਗਾ ਹੋਇਆ ਹੈ, ਭਗਤੀ ਸਮਝਕੇ ਲੱਗਾ ਹੋਇਆ ਹੈ। ਗੁਰੂ ਵੱਲੋਂ ਮੂੰਹ ਫੇਰ ਕੇ ਵੀ ਉਸਦੇ ਨਾਲ ਮੂੰਹ ਜੋੜਨ ਵਾਲੇ ਸਮਝਿਆ ਹੋਇਆ ਹੈ। (**ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥1॥**)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥}

(ਅੰਗ ੫੫)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥}

(ਅੰਗ ੯੯੨)

{ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥}

(ਅੰਗ ੬੩੭)

{ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥}

(ਅੰਗ ੧੦੧੩)

ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਅਸੀਂ ਭਾਵੇ ਪਵਿੱਤਰ ਤੋਂ ਪਵਿੱਤਰ ਵਸਤੂ ਨਾਲ ਜੁੜ ਜਾਈਏ ਉਹ ਸਾਡੇ ਮਨ ਦੀ ਜੂਠ ਨਹੀਂ ਧੋ ਸਕਦੀ। ਸੰਸਾਰ ਵਿੱਚ ਸਭ ਤੋਂ ਪਵਿੱਤਰ ਵਸਤੂ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਪਵਿੱਤਰ ਹੈ ਤੇ ਉਸਦੇ ਸੱਚੇ ਗਿਆਨ ਨਾਲ ਜੁੜਕੇ ਹੀ ਕੋਈ ਉਸ ਪਵਿੱਤਰ ਰੂਪ ਗੁਰੂ ਪ੍ਰਮਾਤਮਾ ਨਾਲ ਜੁੜ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਪਵਿੱਤਰ ਰੂਪ ਹੈ ਜੋ ਕਿ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੁਆਰਾ ਦਿੱਤੀ ਹੋਈ ਮਤਿ ਦੇ ਰੂਪ ਵਿੱਚ ਹੈ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਨਿਰਮਲ ਹੈ, ਅੰਮ੍ਰਿਤ ਹੈ ਜਿਸ ਨਾਲ ਜੁੜਕੇ ਅਸੀਂ ਨਿਰਮਲ ਬਣ ਸਕਦੇ ਹਾਂ, ਉਸਦੇ ਅੰਮ੍ਰਿਤ ਰੂਪ ਬਣ ਸਕਦੇ ਹਾਂ। ਪ੍ਰਮਾਤਮਾ ਦੇ ਇਸ ਨਿਰਗੁਣ ਰੂਪ ਨੂੰ ਸਾਡਾ ਮਨ ਹੀ ਸਮਝ ਸਕਦਾ ਹੈ ਤੇ ਮਨ ਹੀ ਉਸਦਾ ਰੂਪ ਬਣ ਸਕਦਾ ਹੈ। ਪ੍ਰਮਾਤਮਾ ਦਾ ਇਹ ਰੂਪ ਸਾਡੇ ਅੰਦਰ ਜੋਤਿ ਰੂਪ ਵਿੱਚ ਹੈ ਤੇ ਮਨ ਨੇ ਉਸ ਦੇ ਇਸ ਜੋਤਿ ਰੂਪ ਵਿੱਚ ਹੀ ਸਮਾ ਕੇ ਪਵਿੱਤਰ ਬਣਨਾ ਹੈ, ਨਿਰਗੁਣ ਰੂਪ ਵਿੱਚ ਪਵਿੱਤਰ ਬਣਨਾ ਹੈ ਤੇ ਹੋਰ ਦੁਨੀਆਂ ਦਾ ਕੋਈ ਐਸਾ ਉਪਰਾਲਾ ਨਹੀਂ ਹੈ

31/3437

ਜੋ ਮਨੁੱਖ ਨੂੰ ਪਵਿੱਤਰ ਬਣਾ ਸਕੇ। ਪ੍ਰਮਾਤਮਾ ਦਾ ਜੋਤਿ ਰੂਪ ਵਿੱਚ ਸਮਾ ਕੇ ਸਾਡੇ ਮਨ ਦੀ ਸੋਝੀ ਹੀ ਬਦਲਦੀ ਹੈ ਜੋ ਪੂਰਨ ਸੱਚ ਵਾਲੀ ਬਣ ਜਾਂਦੀ ਹੈ। ਇਹ ਪੂਰਨ ਸੱਚ ਵਾਲੀ ਸੋਝੀ ਹੀ, ਬ੍ਰਹਮ ਗਿਆਨ ਵਾਲੀ ਸੋਝੀ ਹੀ ਪ੍ਰਮਾਤਮਾ ਦਾ ਪਵਿੱਤਰ ਰੂਪ ਹੈ। ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪਣਾ ਇਹ ਪਵਿੱਤਰ ਰੂਪ ਪ੍ਰਗਟ ਕੀਤਾ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਪਵਿੱਤਰ ਰੂਪ ਸਮਝਾਇਆ ਹੈ। ਅਸੀਂ ਨਿਰਗੁਣ ਰੂਪ ਵਿੱਚ ਆਪਣੇ ਆਪ ਨੂੰ ਪਵਿੱਤਰ ਕਰਨਾ ਹੈ, ਮਨ ਦੇ ਗਿਆਨ ਰਾਹੀਂ ਨਿਰਗੁਣ ਰੂਪ ਵਿੱਚ ਆਪਣੇ ਆਪ ਨੂੰ ਪਵਿੱਤਰ ਕਰਨਾ ਹੈ। ਸਾਰੀ ਗੱਲ ਇੱਥੇ ਮੁੱਕਦੀ ਹੈ ਕਿ ਉਹ ਗਿਆਨ ਅਸੀਂ ਕਿੱਥੋਂ ਲੈਣਾ ਹੈ ਜੋ ਆਪ ਪਵਿੱਤਰ ਹੈ। ਇਹ ਗਿਆਨ ਕੇਵਲ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ। ਅਸੀਂ ਜੋ ਤਨ ਦੀ ਸੁਚਿ ਨਾਲ ਜਾਂ ਅੰਨ ਦੀ ਸੁਚਿ ਨਾਲ ਜੁੜੇ ਹੋਏ ਹਾਂ ਉਹ ਆਪਣੇ ਮਨ ਦੇ ਗਿਆਨ ਰਾਹੀਂ ਹੀ ਜੁੜੇ ਹੋਏ ਹਾਂ। ਇਹੋ ਜਿਹਾ ਗਿਆਨ ਅਸੀਂ ਕਿੱਥੋਂ ਲਿਆ ਹੈ ਬਸ ਇਸੇ ਗੱਲ ਨੂੰ ਵਿਚਾਰਨ ਦੀ ਲੋੜ ਹੈ। ਪਵਿੱਤਰ ਗਿਆਨ ਉਹ ਹੈ ਜਿਸ ਵਿੱਚ ਪੂਰਨ ਸੱਚ ਹੈ, ਪੂਰਨ ਬ੍ਰਹਮ ਗਿਆਨ ਹੈ ਭਾਵ ਜੋ ਸੱਚ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਆਪ ਸਮਝਾਇਆ ਹੈ। ਤਨ ਦੀ ਸੁਚਿ ਨੂੰ, ਅੰਨ ਦੀ ਸੁਚਿ ਨੂੰ ਉੱਚਾ ਸਮਝਣ ਵਾਲਾ ਗਿਆਨ, ਇਸ ਨੂੰ ਧਰਮ ਦੇ ਨਾਲ ਜੋੜਨ ਵਾਲਾ ਗਿਆਨ ਅਸੀਂ ਉਹਨਾਂ

ਕੋਲੋਂ ਲਿਆ ਹੈ ਜਿੰਨ੍ਹਾਂ ਨੂੰ ਇਸ ਮਨ ਦੀ ਰੱਤੀ ਭਰ ਵੀ ਸੋਝੀ ਨਹੀਂ ਹੈ ਕਿ ਪ੍ਰਮਾਤਮਾ ਕੀ ਹੈ, ਉਸ ਦਾ ਨਿਰਗੁਣ ਰੂਪ ਕੀ ਹੈ, ਉਸ ਦਾ ਸਚੁ ਰੂਪ ਕੀ ਹੈ ਭਾਵ ਸਾਡੇ ਅੰਦਰ ਪ੍ਰਮਾਤਮਾ ਦਾ ਪ੍ਰਗਟ ਹੋਣਾ ਕੀ ਹੈ। ਅਸੀਂ ਭਰਮ ਵਿੱਚ ਹੀ ਇਹੋ ਜਿਹਿਆਂ ਦੇ ਪਿੱਛੇ ਲੱਗਕੇ ਉਨ੍ਹਾਂ ਗੱਲਾਂ ਵਿੱਚ ਧਰਮ ਸਮਝਿਆ ਹੋਇਆ ਹੈ ਜੋ ਕਿ ਧਰਮ ਤੇ ਚੱਲਣ ਦਾ ਮਾਰਗ ਨਹੀਂ ਹੈ ਬਲਕਿ ਇਹੋ ਜਿਹੀਆਂ ਗੱਲਾਂ ਨਾਲ ਅਸੀਂ ਸਮਾਜ ਵਿੱਚ ਉਚ ਨੀਚ ਦਾ ਭੇਦ ਹੀ ਪੈਦਾ ਕਰਦੇ ਹਾਂ। ਜਿਸ ਮਨ ਵਿੱਚ ਭਰਮ ਹੈ, ਦੁਬਿਧਾ ਹੈ, ਦੁਚਿੱਤੀ ਹੈ, ਸਹਸਾ ਹੈ, ਅਗਿਆਨਤਾ ਹੈ ਉਹ ਸਾਡੀ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ ਜਿਸ ਵਿੱਚ ਕੇਵਲ ਮਨਮਤਿ ਹੈ ਤੇ ਇਹੋ ਜਿਹਾ ਮਨ ਅਪਵਿੱਤਰ ਹੈ। ਪਵਿੱਤਰ ਮਨ ਕੇਵਲ ਗੁਰੂ ਦਾ ਹੈ ਜਿਸ ਨਾਲ ਜੁੜਕੇ ਅਸੀਂ ਮਨ ਦੀ ਅਪਵਿੱਤਰਤਾ ਵਿੱਚੋਂ ਨਿਕਲ ਸਕਦੇ ਹਾਂ। ਗੁਰੂ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਸੇ ਲਈ ਉਹ ਸਾਨੂੰ ਮਨ ਦੀ ਸੁਚਿ ਨਾਲ ਜੁੜਨਾ ਸਿਖਾ ਰਿਹਾ ਹੈ। ਆਉ ਇਸ ਗੱਲ ਨੂੰ ਕੁੱਝ ਹੋਰ ਸ਼ਬਦਾਂ ਦੁਆਰਾ ਵੀ ਸਮਝੀਏ ਤੇ ਆਪਣੇ ਮਨ ਦੀ ਅਪਵਿੱਤਰਤਾ ਨੂੰ ਪਵਿੱਤਰ ਕਰਨ ਦਾ ਉੱਦਮ ਕਰੀਏ ਭਾਵ ਭਰਮ ਵਿੱਚੋਂ ਨਿਕਲਕੇ ਸੱਚ ਨਾਲ ਜੁੜਨ ਦਾ ਉੱਦਮ ਕਰੀਏ। ਸਾਰੇ ਸ਼ਬਦ ਬੜੀ ਆਸਾਨੀ ਨਾਲ ਸਮਝ ਆਉਣ ਵਾਲੇ ਹਨ ਤੇ ਕੇਵਲ ਇਸ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਤੋਂ ਸਿਆਣਾ ਹੋਰ ਕੋਈ ਨਹੀਂ ਹੈ ਭਾਵੇ ਅਸੀਂ ਜਿੰਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ ਉਨ੍ਹਾਂ ਨੂੰ ਸਿਆਣਾ ਸਮਝਕੇ ਹੀ ਲੱਗੇ ਹੋਏ ਹਾਂ। ਜੇਕਰ ਗੁਰੂ ਦੀ ਗੱਲ ਸਮਝ ਆਉਣ ਤੇ ਵੀ ਉਸ ਨੂੰ ਨਹੀਂ ਮੰਨਦੇ ਫਿਰ ਇਸ ਦਾ

31/3438

ਮਤਲਬ ਸਪੱਸ਼ਟ ਹੈ ਕਿ ਅਸੀਂ ਉਹਨਾਂ ਨੂੰ ਗੁਰੂ ਤੋਂ ਜਿਆਦਾ ਸਿਆਣਾ ਮੰਨਿਆ ਹੋਇਆ ਹੈ, ਉੱਚੇ ਗਿਆਨ ਵਾਲਾ ਮੰਨਿਆ ਹੈ। ਭਰਮ ਵਿੱਚੋਂ ਨਿਕਲਣਾ ਹੀ ਸਿਆਣਪ ਹੈ, ਸਮਝਦਾਰੀ ਹੈ ਨਾ ਕਿ ਉਸ ਵਿੱਚ ਫਸੇ ਰਹਿਣਾ ਤੇ ਉਹ ਕੁੱਝ ਕਰੀ ਜਾਣਾ ਜਿੰਨ੍ਹਾਂ ਗੱਲਾਂ ਨੂੰ ਗੁਰੂ ਸਾਹਿਬ ਸਾਨੂੰ ਵਾਰ ਵਾਰ ਛੱਡਣ ਲਈ ਸਮਝਾ ਰਹੇ ਹਨ।

ਸਾਰਗ ਮਹਲਾ ੫ ॥

“ਹਰਿ ਜੀਉ ਅੰਤਰਜਾਮੀ ਜਾਨ ॥
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ ॥੧॥ ਰਹਾਉ ॥
ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥੧॥
ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥
ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥੨॥
ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥੩॥
ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ ॥
ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ ॥੪॥
ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੁਲਾਨ ॥
ਸਾਧਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥੫॥੨॥

(ਅੰਗ ੧੨੦੨-੧੨੦੩)

ਪੂਰੇ ਸ਼ਬਦ ਦੇ ਮਕਸਦ ਨੂੰ, ਭਾਵ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਜੋ ਆਪਣੇ ਧਰਮ ਦੇ ਮਾਰਗ ਨੂੰ ਖਾਣੇ ਦੀ ਸੁਚਿ ਨਾਲ ਜੋੜਦੇ ਹਨ ਉਹਨਾਂ ਦਾ ਭਰਮ ਹੀ ਕੱਢਿਆ ਹੋਇਆ ਹੈ ਤੇ ਉਹਨਾਂ ਨੂੰ ਅਗਿਆਨਤਾ ਵਿੱਚ ਡੁੱਬੇ ਹੋਏ ਕਿਹਾ ਹੈ। ਇਹੋ ਜਿਹੀ ਖਾਣੇ ਦੀ ਸੁਚਿ ਨਾਲ ਜੁੜਨ ਵਾਲੇ ਧਰਮ ਦੇ ਅਸਲ ਮਾਰਗ ਨੂੰ ਨਹੀਂ ਸਮਝਦੇ ਜੋ ਕਿ ਮਨ ਦੀ ਜੂਠਿ ਵਿੱਚੋਂ ਨਿਕਲਣ ਦਾ ਹੈ ਜੋ ਕਿ ਸਾਡੇ ਅੰਦਰ ਮਾਇਆ ਦੇ, ਲੋਭ ਲਾਲਚ ਦੇ ਰੂਪ ਵਿੱਚ ਹੈ ਜਿਸ ਦੁਆਰਾ ਅਸੀਂ ਦੂਸਰਿਆਂ ਦਾ ਹੱਕ

ਖਾਂਦੇ ਹਾਂ ਭਾਵ ਆਪਣੇ ਕਰਮਾਂ ਦੁਆਰਾ ਦੂਸਰਿਆਂ ਦਾ ਮਾੜਾ ਕਰਦੇ ਹਾਂ। "ਸੋਮ ਪਾਕੁ" ਕਰਨ ਦੁਆਰਾ ਭਾਵ ਜੋ ਖਾਣਾ ਅਸੀਂ ਕਿਸੇ ਦੂਸਰੇ ਦੇ ਹੱਥ ਲੱਗਣ ਤੋਂ ਬਗੈਰ ਤਿਆਰ ਕਰਦੇ ਹਾਂ, ਖਾਣੇ ਦੇ ਵਿੱਚ ਦੂਸਰਿਆਂ ਦਾ ਹੱਥ ਲੱਗਣਾ ਮਾੜਾ ਸਮਝਦੇ ਹਾਂ ਇਸ ਨੂੰ ਸਾਡੇ ਅੰਦਰ ਦਾ ਹੰਕਾਰ ਦੱਸਿਆ ਹੈ, ਮਨ ਦੀ ਝੂਠੀ ਬਿਰਤੀ ਦੱਸਿਆ ਹੈ, ਧਰਮ ਸ਼ਾਸਤਰਾਂ ਦੀ ਦਿੱਤੀ ਹੋਈ ਮਤਿ ਤੋਂ ਉਲਟ ਦੱਸਿਆ ਹੈ ਭਾਵ ਇਹੋ ਜਿਹੀਆਂ ਗੱਲਾਂ ਵਿੱਚ ਧਰਮ ਨਹੀਂ ਹੈ ਬਲਕਿ ਕੇਵਲ ਧਰਮ ਦਾ ਝੂਠਾ ਦਿਖਾਵਾ ਹੈ, ਅਗਿਆਨਤਾ ਹੈ। ਇਹੋ ਜਿਹਿਆਂ ਨੂੰ ਧਰਮ ਦੇ ਮਾਰਗ ਤੋਂ ਉਜੜੇ ਹੋਏ, ਭਰਮੇ ਹੋਏ, ਭਟਕੇ ਹੋਏ ਦੱਸਿਆ ਹੈ ਤੇ ਉਹਨਾਂ ਦੇ ਵਿਅਰਥ ਦੇ ਕਾਰਜ ਦੱਸਿਆ ਹੈ ਜਿੰਨ੍ਹਾਂ ਦੁਆਰਾ ਕਿਸੇ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਆਪਣੇ ਵੱਲੋਂ ਆਪਣੇ ਇਹੋ ਜਿਹੇ ਕਰਮਾਂ ਦੁਆਰਾ ਇਹ ਆਪਣੇ ਆਪ ਨੂੰ ਉੱਚਾ ਸਮਝਦੇ ਹਨ, ਪ੍ਰਮਾਤਮਾ ਦੀ ਕਿਰਪਾ ਵਾਲਾ ਸਮਝਦੇ ਹਨ ਪਰ ਇਹੋ ਜਿਹਿਆਂ ਨੂੰ ਪ੍ਰਮਾਤਮਾ ਦੀ ਕਿਰਪਾ ਤੋਂ ਵਾਂਝਾ ਦੱਸਿਆ ਹੈ ਜੋ ਕੇਵਲ ਮਦਾਰੀਆਂ ਦੀ ਤਰ੍ਹਾਂ ਧਰਮ ਦਾ ਤਮਾਸ਼ਾ ਹੀ ਕਰ ਰਹੇ ਹਨ ਭਾਵ ਉਹਨਾਂ ਦੇ ਅੰਦਰ ਸੱਚ ਨਹੀਂ ਹੈ। ਅਸਲ ਗੱਲ ਤਾਂ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੈ ਜਿਸ ਦੁਆਰਾ ਸਾਡੇ ਮਨ ਦੀ ਜੂਠਿ ਧੁਪਦੀ ਹੈ, ਸਾਡੇ ਅੰਦਰ ਦਾ ਲੋਭ ਲਾਲਚ ਦੂਰ ਹੁੰਦਾ ਹੈ ਜੋ ਸਾਨੂੰ ਪਵਿੱਤਰ ਬਣਾਉਂਦਾ ਹੈ। ਮਨ ਨੂੰ ਸੁੱਚਿਆਂ ਕਰਨ ਦੀ ਲੋੜ ਹੈ ਤੇ ਅਸੀਂ ਭਰਮ ਵਿੱਚ ਤਨ ਦੀ ਸੁਚਿ ਨਾਲ ਜੁੜੇ ਹੋਏ ਹਾਂ। ਉਹ ਪ੍ਰਮਾਤਮਾ ਸਾਡੇ ਕਰਮ ਹੀ ਦੇਖਦਾ ਹੈ ਭਾਵ ਮਾੜੇ ਚੰਗੇ ਕਰਮ ਹੀ ਦੇਖਦਾ ਹੈ ਜਿਸ ਦੁਆਰਾ ਮਨੁੱਖ ਦੀ ਇਹ ਪਰਖ ਹੁੰਦੀ ਹੈ ਕਿ ਕਿਹੜਾ ਮਨੁੱਖ ਧਰਮ ਤੇ ਚੱਲਣ ਵਾਲਾ ਹੈ ਤੇ ਕਿਹੜਾ ਮਨੁੱਖ ਧਰਮ ਦੇ ਉਲਟ ਚੱਲਣ ਵਾਲਾ ਹੈ। ਜੋ ਮਨੁੱਖ ਚੰਗੇ ਕਰਮ ਕਰਦਾ ਹੈ ਉਹ "ਸੰਤ ਸਭਾ" ਦੀ ਉਸਤਤਿ ਕਰਦਾ ਹੈ

31/3439

ਤੇ ਜੋ ਮਨੁੱਖ ਮਾੜੇ ਕਰਮ ਕਰਦਾ ਹੈ ਉਹ ਸੰਤ ਸਭਾ ਦੀ ਨਿੰਦਿਆ ਕਰਦਾ ਹੈ। ਸੰਤ ਸਭਾ ਗੁਰੂ ਦੀ ਸਭਾ ਹੈ ਜਿਸ ਸਭਾ ਰਾਹੀਂ ਗੁਰੂ ਆਪਣਾ ਉਪਦੇਸ਼ ਸੁਣਾਉਂਦਾ ਹੈ। ਪੂਰੀ ਗੁਰਬਾਣੀ ਗੁਰੂ ਪ੍ਰਮਾਤਮਾ ਦੀ ਸੰਤ ਸਭਾ ਹੈ ਜਿਸ ਰਾਹੀਂ ਉਹ ਸਾਰੇ ਸੰਸਾਰ ਨੂੰ ਆਪਣਾ ਉਪਦੇਸ਼ ਸੁਣਾ ਰਹੀ ਹੈ। ਜਿਸ ਜਗ੍ਹਾਂ ਤੋਂ ਸਾਨੂੰ ਸੱਚਾ ਗੁਰਮਤਿ ਦਾ ਗਿਆਨ ਮਿਲਦਾ ਹੈ ਉਹ ਸੰਤ ਸਭਾ ਹੈ, ਗੁਰੂ ਦੀ ਸਭਾ ਹੈ। ਜੋ ਗੁਰੂ ਦੇ ਦੱਸੇ ਹੋਏ ਗਿਆਨ ਅਨੁਸਾਰ ਵਿਚਰਦਾ ਹੈ ਉਹ ਸੰਤ ਸਭਾ ਦੀ ਉਸਤਤਿ ਕਰਦਾ ਹੈ ਤੇ ਜੋ ਗੁਰੂ ਦੇ ਦੱਸੇ ਹੋਏ ਗਿਆਨ ਦੇ ਉਲਟ ਚੱਲਦਾ ਹੈ ਉਹ ਆਪਣੇ ਮਨ ਦੀ ਅਗਿਆਨਤਾ ਕਰਕੇ ਗੁਰੂ ਦੇ ਉਪਦੇਸ਼ ਦੀ ਨਿੰਦਾ ਕਰਦਾ ਹੈ। (**ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥1॥**) ਜੋ ਸਰੀਰਕ ਸੁਚਿ ਨਾਲ ਜੁੜੇ ਹੋਏ ਹਨ ਪਰ ਕਰਮ ਮਾੜੇ ਕਰਦੇ ਹਨ ਇਹ ਸਭ ਸੰਤ ਸਭਾ ਦੀ ਨਿੰਦਾ ਹੀ ਕਰਦੇ ਹਨ ਭਾਵ ਧਰਮ ਗ੍ਰੰਥਾਂ ਦੀ ਮਤਿ ਦੇ ਉਲਟ ਚੱਲਦੇ ਹਨ ਕਿਉਂਕਿ ਇਹ ਉਹਨਾਂ ਦੀ ਸਮਝਾਈ ਹੋਈ ਮਤਿ ਨੂੰ ਮੂਲ ਰੂਪ ਵਿੱਚ ਨਹੀਂ ਸਮਝਦੇ ਬਲਕਿ ਆਪਣੀ ਮਤਿ ਅਨੁਸਾਰ ਚੱਲਦੇ ਹਨ ਭਾਵ ਗੁਰੂ ਦੀ ਮਤਿ ਦਾ ਮਾਣ ਕਰਣ ਦੀ ਬਜਾਇ ਆਪਣੀ ਮਤਿ ਦਾ ਮਾਣ ਕਰਦੇ ਹਨ। (**ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥ ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥2॥**)

ਸੱਚੇ ਗੁਰੂ ਦੀ ਸੱਚੀ ਸਿੱਖਿਆ ਸਾਰੇ ਸੰਸਾਰ ਲਈ ਇੱਕੋ ਜਿਹੀ ਸੱਚੀ ਹੈ ਭਾਵੇਂ ਕੋਈ ਜਿਹੜੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਧਰਮ ਦਾ ਮਾਰਗ ਮਨ ਦੀ ਸੁਚਿ ਦਾ ਮਾਰਗ ਹੈ ਜੋ ਕਿ ਆਪਣੇ ਮਨ ਦੀ ਜੂਠਿ ਕੱਢਣ ਦਾ ਮਾਰਗ ਹੈ ਜਿਸ ਦੁਆਰਾ ਸੱਚ ਤੇ ਚੱਲਿਆ ਜਾ ਸਕਦਾ ਹੈ ਤੇ ਆਪਣਾ ਧਰਮ ਨਿਭਾਇਆ ਜਾ ਸਕਦਾ ਹੈ। ਉੱਪਰ ਪੂਰੇ ਸ਼ਬਦ ਦਾ ਮਕਸਦ ਸਾਨੂੰ ਇਹ ਗੱਲ ਸਮਝਾਣ ਲਈ ਹੀ ਹੈ, ਸਿੱਖ ਮਤਿ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਲਈ ਵੀ ਧਰਮ ਦਾ ਮਾਰਗ ਮਨ ਦੀ ਸੁਚਿ ਹੀ ਹੈ ਨਾ ਕਿ ਕਿਸੇ ਖਾਣੇ ਦੀ ਸੁਚਿ ਨਾਲ ਜੁੜਨ ਦਾ ਜਿਸ ਦੁਆਰਾ ਉਹਨਾਂ ਨੇ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਉੱਚਾ ਕੀਤਾ ਹੋਇਆ ਹੈ ਭਾਵ ਦੂਸਰਿਆਂ ਨੂੰ ਇਸੇ ਗੱਲ ਕਰਕੇ ਨੀਵਾਂ ਸਮਝਿਆ ਹੋਇਆ ਹੈ ਜਿਸ ਕਰਕੇ ਉਹ ਕਿਸੇ ਹੋਰ ਦੇ ਲੱਗੇ ਹੋਏ ਹੱਥ ਦਾ ਖਾਣਾ ਨਹੀਂ ਖਾਂਦੇ, ਦੂਸਰਿਆਂ ਦੇ ਘਰਾਂ ਵਿੱਚੋਂ ਖਾਣਾ ਨਹੀਂ ਖਾਂਦੇ ਬਲਕਿ ਗੁਰਦੁਆਰਿਆਂ ਵਿੱਚ ਬਣੇ ਹੋਏ ਲੰਗਰ ਵਿੱਚੋਂ ਵੀ ਖਾਣਾ ਨਹੀਂ ਛਕਦੇ ਅਤੇ ਸਮਾਗਮ ਆਦਿ ਕਰਨ ਦੌਰਾਨ ਆਪਣੇ ਖਾਣ ਲਈ ਖਾਣਾ ਗੁਰਦੁਆਰੇ ਦੇ ਲੰਗਰ ਤੋਂ ਵੱਖਰਾ ਬਣਾਉਂਦੇ ਹਨ। ਇਹ ਕੇਵਲ ਗੁਰਮਤਿ ਨੂੰ ਸਮਝਣ ਦੀ ਅਗਿਆਨਤਾ ਹੈ, ਸਾਡਾ ਵੱਡਾ ਭਰਮ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੀਆਂ ਨਾਸਮਝੀ ਵਾਲੀਆਂ ਸਿਆਣਪਾ ਕਰਕੇ ਗੁਰਮਤਿ ਦੇ ਦੋਖੀ ਨਾ ਬਣੀਏ ਤੇ ਅੰਮ੍ਰਿਤ ਛਕਣ ਦੇ ਅਸਲ

31/3440

ਭਾਵ ਨੂੰ ਸਮਝੀਏ ਜਿਸ ਦਾ ਮਕਸਦ ਸਾਨੂੰ ਗੁਰਮਤਿ ਰੂਪ ਅੰਮ੍ਰਿਤ ਨਾਲ ਜੋੜਨ ਦਾ ਹੈ, ਗੁਰਮਤਿ ਦੇ ਗਿਆਨ ਰੂਪ ਅੰਮ੍ਰਿਤ ਨਾਲ ਜੋੜਨ ਦਾ ਹੈ ਜਿਸ ਅੰਮ੍ਰਿਤ ਭੋਜਨ ਨੂੰ ਛਕ ਕੇ ਸਾਨੂੰ ਮਨ ਦੇ ਵਿੱਚ ਧਰਮ ਦੇ ਮਾਰਗ ਦੀ ਸੱਚੀ ਸੋਝੀ ਪੈਂਦੀ ਹੈ। ਇਹ ਅੰਮ੍ਰਿਤ ਭੋਜਨ ਸਾਨੂੰ ਮਨ ਦੇ ਵਿਕਾਰਾਂ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਸਾਡੇ ਮਨ ਦੀ ਜੂਠਿ ਨਿਕਲਦੀ ਹੈ ਤੇ ਸਾਡਾ ਮਨ ਪਵਿੱਤਰ ਹੁੰਦਾ ਹੈ ਜੋ ਕਿ ਅਸਲ ਪਵਿੱਤਰਤਾ ਦੇ ਨਾਲ ਜੁੜਨ ਦਾ ਮਾਰਗ ਹੈ ਜਿਸ ਦੁਆਰਾ ਅਸੀਂ ਸੰਸਾਰ ਵਿੱਚ ਸੱਚੇ ਸੁੱਚੇ ਬਣਕੇ ਵਿਚਰ ਸਕਦੇ ਹਾਂ, ਕਿਸੇ ਨਾਲ ਭੇਦ-ਭਾਵ ਕੀਤੇ ਬਿਨ੍ਹਾਂ ਵਿਚਰ ਸਕਦੇ ਹਾਂ, ਊਚ-ਨੀਚ ਦਾ ਭੇਦ ਕੀਤੇ ਬਿਨ੍ਹਾਂ ਵਿਚਰ ਸਕਦੇ ਹਾਂ, ਹਿੰਦੂ, ਮੁਸਲਿਮ, ਸਿੱਖ, ਇਸਾਈ ਆਦਿ ਦਾ ਭੇਦ ਭਾਵ ਕੀਤੇ ਬਿਨ੍ਹਾਂ ਵਿਚਰ ਸਕਦੇ ਹਾਂ। ਸੰਸਾਰ ਨੂੰ ਮਨ ਦੀ ਇਹੋ ਜਿਹੀ ਸੁਚਿ ਦੀ ਲੋੜ ਹੈ ਜਿਸ ਦੁਆਰਾ ਅਸੀਂ ਸੰਸਾਰ ਵਿੱਚ ਸੁੱਖ ਵੰਡ ਸਕਦੇ ਹਾਂ ਤੇ ਇਹੀ ਸਾਡੇ ਸਭ ਦੇ ਜੀਵਨ ਦਾ ਮਕਸਦ ਹੈ ਜਿਸ ਦੁਆਰਾ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ। ਸਾਰੇ ਸੰਸਾਰ ਲਈ ਭਗਤੀ ਦਾ ਮਾਰਗ ਇਹੀ ਹੈ, ਨਾਮ ਜਪਣ ਦਾ ਮਾਰਗ ਇਹੀ ਹੈ ਜਿਸ ਦੀ ਸਮਝ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਦਾ ਭੋਜਨ ਛਕਣ ਦੁਆਰਾ ਹੀ ਪੈਂਦੀ ਹੈ ਤੇ ਆਉ ਸਭ ਇਹੋ ਜਿਹਾ ਭੋਜਨ ਛਕਣ ਦਾ ਉਪਰਾਲਾ ਕਰੀਏ ਜਿਸ ਨੇ ਸਾਡਾ ਸਭ ਦਾ ਜੀਵਨ ਸੰਵਾਰਨਾ ਹੈ।

ਜਦ ਤੱਕ ਅਸੀਂ ਗੁਰੂ ਦੀ ਮਤਿ ਨਾਲ ਨਹੀਂ ਜੁੜਦੇ ਅਸੀਂ ਉਸ ਦਾ ਸੱਚਾ ਭੋਜਨ ਨਹੀਂ ਛਕ ਸਕਦੇ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਪਾਇਆ ਹੋਇਆ ਆਪਣਾ ਭੋਜਨ ਹੈ, ਉਸਦਾ ਨਾਮ ਭੋਜਨ ਹੈ ਜਿਸਨੂੰ ਛਕਣ ਦੁਆਰਾ ਹੀ ਅਸੀਂ ਮੂਲ ਰੂਪ ਵਿੱਚ ਮਨ ਦੀ ਸੁਚਿ ਨਾਲ ਜੁੜ ਸਕਦੇ ਹਾਂ।

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥}

(ਅੰਗ ੬੪੫)

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥1॥}

(ਅੰਗ ੧੪੨੯)

ਪੂਰੀ ਗੁਰਬਾਣੀ ਰੂਪ ਥਾਲ ਵਿੱਚ ਨਾਮ ਰੂਪ ਭੋਜਨ ਹੈ ਜੋ ਸਾਰੇ ਸੰਸਾਰ ਦੇ ਛਕਣ ਲਈ ਪ੍ਰਮਾਤਮਾ ਨੇ ਆਪ ਹੀ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪਰੋਸਿਆ ਹੈ। ਉੱਪਰ ਸ਼ਬਦ ਰਾਹੀਂ ਸੰਤ ਅਖਵਾਉਣ ਵਾਲਿਆਂ ਨੂੰ

31/3441

ਸੰਬੋਧਨ ਕਰਕੇ ਇਹ ਸਮਝਾਇਆ ਹੋਇਆ ਹੈ ਕਿ ਤੁਹਾਨੂੰ ਇਹ ਭੋਜਨ ਛਕਣ ਦੀ ਲੋੜ ਹੈ ਕਿਉਂਕਿ ਤੁਸੀਂ ਇਸ ਭੋਜਨ ਨੂੰ ਨਹੀਂ ਛਕਿਆ ਹੋਇਆ। ਆਪਣੇ ਆਪ ਨੂੰ ਸੰਤ ਉਹੀ ਅਖਵਾ ਸਕਦਾ ਹੈ ਜਿਸਨੇ ਇਹ ਭੋਜਨ ਨਹੀਂ ਛਕਿਆ ਹੋਇਆ। ਅਸਲ ਵਿੱਚ ਸੰਤ ਕੌਣ ਹੈ ਇਸ ਗੱਲ ਦੀ ਸੋਝੀ ਉਸ ਨੂੰ ਹੀ ਲੱਗ ਸਕਦੀ ਹੈ ਜੋ ਇਹ ਭੋਜਨ ਛਕ ਲੈਂਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਇਹ ਭੋਜਨ ਛਕਾਇਆ ਹੈ ਉਹਨਾਂ ਨੂੰ ਹੀ ਇਸ ਗੱਲ ਦੀ ਸਮਝ ਹੈ ਕਿ ਸੰਤ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਆਪ ਹੀ ਸਾਰੇ ਸੰਸਾਰ ਦਾ ਗੁਰੂ ਹੈ, ਗਿਆਨ ਦਾ ਦਾਤਾ ਹੈ, ਧਰਮ ਗ੍ਰੰਥਾਂ ਦੇ ਰਚਨ ਵਾਲਾ ਹੈ। ਮਨ ਦੇ ਇਸ ਭੋਜਨ ਨੂੰ ਛਕਣ ਤੋਂ ਬਾਅਦ ਫਿਰ ਨਾ ਹੀ ਕੋਈ ਆਪਣੇ ਆਪ ਨੂੰ ਸੰਤ ਅਖਵਾ ਸਕਦਾ ਹੈ ਤੇ ਨਾ ਹੀ ਬਾਹਰੀ ਸੁਚਿ ਨੂੰ ਉੱਚਾ ਸਮਝਦਾ ਹੈ ਜਿਸ ਵਿੱਚ ਕੇਵਲ ਮਨਮਤਿ ਹੈ। ਆਉ ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਆਸਾ ॥

“ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥
ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥
ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ੇ ਸਾਰੇ ਮਾਣਸ ਖਾਵਹਿ ॥੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥”

(ਅੰਗ ੪੭੬)

ਉੱਪਰ ਸ਼ਬਦ ਰਾਹੀਂ ਸਾਡੇ ਧਾਰਮਿਕ ਦਿਖਾਵੇ ਦਾ ਖੰਡਨ ਹੀ ਕੀਤਾ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਮਨ ਦੇ ਵਿੱਚ ਧਰਮ ਦੀ ਸੱਚੀ ਸੋਝੀ ਪਏ ਬਿਨ੍ਾਂ ਸਾਨੂੰ ਧਰਮ ਦੀ ਸਮਝ ਆ ਹੀ ਨਹੀਂ ਸਕਦੀ। ਧਰਮ ਦਾ ਮਾਰਗ ਮਨ ਦੀ ਮੈਲ ਤੋਂ ਰਹਿਤ ਹੋ ਕੇ ਵਿਚਰਨ ਦਾ ਹੈ, ਮਾੜੇ ਕਰਮਾਂ ਤੋਂ ਰਹਿਤ ਹੋ ਕੇ ਵਿਚਰਨ ਦਾ ਹੈ ਪਰ ਅਸੀਂ ਧਰਮ ਦੇ ਮਾਰਗ ਨੂੰ ਭਗਤੀ ਦੇ ਦਿਖਾਵਿਆਂ ਨਾਲ ਹੀ ਜੋੜਿਆ ਹੋਇਆ ਹੈ ਜਿਵੇਂ ਉਪਰਲੇ ਸ਼ਬਦ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਆਪਣੇ ਦਿਖਾਵਿਆਂ ਦੁਆਰਾ ਜੋ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ, ਸੰਤ ਆਦਿ ਅਖਵਾਉਂਦੇ ਹਨ ਤੇ ਜੋ ਉਹਨਾਂ ਦੇ ਪਿੱਛੇ ਲੱਗਕੇ ਉਹਨਾਂ ਦੀ ਮਤਿ ਤੇ ਚੱਲਦੇ ਹਨ ਉਹਨਾਂ ਦਾ ਭਰਮ ਵੀ ਕੱਢਿਆ ਹੋਇਆ ਹੈ, ਧਰਮ ਦੇ ਸੱਚੇ ਮਾਰਗ ਤੇ ਚੱਲਣ ਲਈ ਸੁਚੇਤ ਕੀਤਾ ਹੋਇਆ ਹੈ ਜਿਵੇਂ ਕਿ ਹੇਠਾ ਦਿੱਤੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥”

ਆਮ ਮਨੁੱਖ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸੰਤ ਬਣਨਾ

31/3442

ਕੀ ਹੈ ਕਿਉਂਕਿ ਉਹ ਕਿਸੇ ਨੂੰ ਉਸ ਦੇ ਧਾਰਮਿਕ ਦਿਖਾਵਿਆਂ ਦੁਆਰਾ ਹੀ, ਉਸਦੇ ਸਰੀਰਕ ਜਪਾਂ ਤਪਾਂ ਆਦਿ ਨੂੰ ਦੇਖ ਕੇ ਹੀ ਉਸ ਨੂੰ ਸੰਤ ਸਮਝ ਬੈਠਦੇ ਹਨ। ਸੰਤ ਅਸਲ ਵਿੱਚ ਕੌਣ ਹੈ ਇਸ ਦੀ ਸਮਝ ਉਸ ਨੂੰ ਹੀ ਪੈਂਦੀ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪਣਾ ਸੰਤ ਰੂਪ ਪ੍ਰਗਟ ਕਰ ਦਿੰਦਾ ਹੈ। ਮਨ ਦੇ ਵਿੱਚ ਇਹੋ ਜਿਹੀ ਸੱਚ ਦੀ ਸੋਝੀ ਪੈਣ ਦੁਆਰਾ ਹੀ ਕੋਈ ਝੂਠੇ ਸੰਤ ਅਖਵਾਉਣ ਵਾਲਿਆਂ ਨੂੰ ਨਿੰਦ ਸਕਦਾ ਹੈ ਭਾਵ ਉਹਨਾਂ ਨੂੰ ਭਰਮ ਵਿੱਚੋਂ ਕੱਢ ਸਕਦਾ ਹੈ ਤੇ ਇਹੋ ਜਿਹੇ ਸੰਤ ਮੰਨਣ ਵਾਲਿਆਂ ਨੂੰ ਭਰਮ ਵਿੱਚੋਂ ਕੱਢ ਸਕਦਾ ਹੈ। ਗੁਰੂ ਦਾ ਮਕਸਦ ਸਾਨੂੰ ਸਭ ਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚ ਨੂੰ ਸਮਝ ਸਕੀਏ। ਆਪਣਿਆਂ ਦਿਖਾਵਿਆਂ ਦੁਆਰਾ ਸੰਤ ਅਖਵਾਉਣ ਵਾਲੇ ਬਹੁਤ ਹਨ ਜਿੰਨ੍ਾਂ ਨੂੰ ਸਮਾਜ ਉੱਚੇ ਰੁਤਬੇ ਨਾਲ ਦੇਖਦਾ ਹੈ ਤੇ ਉਹਨਾਂ ਦੀ ਸਿੱਖਿਆ ਦੇ ਪਿੱਛੇ ਲੱਗ ਜਾਂਦਾ ਹੈ। ਉੱਪਰ ਪੰਗਤੀਆਂ ਰਾਹੀਂ ਇਹੋ ਜਿਹੇ ਸੰਤ ਅਖਵਾਉਣ ਵਾਲਿਆਂ ਨੂੰ ਪੇੜ ਰੂਪ ਕਿਹਾ ਹੈ ਤੇ ਉਹਨਾਂ ਦੇ ਪਿੱਛੇ ਲੱਗਣ ਵਾਲਿਆਂ ਨੂੰ ਉਹਨਾਂ ਦੀਆਂ ਸ਼ਾਖਾਵਾਂ ਕਿਹਾ ਹੈ ਜੋ ਪੇੜ ਤੋਂ ਹੀ ਉਪਜਦੀਆਂ ਹਨ ਤੇ ਉਸਦੇ ਨਾਲ ਜੁੜੀਆਂ ਰਹਿੰਦੀਆਂ ਹਨ। ਜਿਹੋ-ਜਿਹੀ ਮਤਿ ਸਾਨੂੰ ਇਹ ਪੇੜ ਰੂਪ ਸੰਤ ਦਿੰਦੇ ਹਨ ਅਸੀਂ ਉਸ ਮਤਿ ਦੇ ਨਾਲ ਜੁੜੇ ਰਹਿੰਦੇ ਹਾਂ ਤੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲਦੇ ਹਾਂ ਭਾਵ ਆਪਣੇ ਗਿਆਨ ਦਾ ਮੂਲ ਇਹਨਾਂ ਸੰਤਾਂ ਨੂੰ ਬਣਾ ਲੈਂਦੇ ਹਾਂ ਤੇ ਇਹਨਾਂ ਦੀਆਂ ਸ਼ਾਖਾਵਾਂ ਬਣਕੇ ਇਹਨਾਂ ਦੇ ਨਾਲ ਜੁੜੇ ਰਹਿੰਦੇ ਹਾਂ। ਇਹ ਸਾਡੇ ਸਮਾਜ ਦੀ ਵੱਡੀ ਸੱਚਾਈ ਹੈ॥ ਇਹ

ਆਪਣੀ ਮਤਿ ਦੁਆਰਾ ਲੋਕਾਂ ਨੂੰ ਉਲਝਾਉਂਦੇ ਹੀ ਹਨ, ਬਾਹਰੀ ਸੁਚਿ ਨਾਲ ਜੋੜਦੇ ਹਨ, ਭਗਤੀ ਦੇ ਦਿਖਾਵਿਆਂ ਨਾਲ ਜੋੜਦੇ ਹਨ ਜਿਸ ਨਾਲ ਮਨ ਦੀ ਸ਼ੁੱਧੀ ਨਹੀਂ ਹੋ ਸਕਦੀ ਤੇ ਸਾਡੀ ਜੀਵਨ ਜਾਂਚ ਸੱਚੀ ਸੁੱਚੀ ਨਹੀਂ ਹੋ ਸਕਦੀ। ਜੋ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਅਸਮਰੱਥ ਹੈ, ਭਰਮ ਵਿੱਚ ਹੈ, ਮਾਇਆ ਮੋਹ ਵਿੱਚ ਹੈ ਉਸਨੇ ਦੂਸਰਿਆਂ ਦਾ ਭਰਮ ਕੀ ਕੱਢਣਾ ਹੈ। ਇਹੋ ਜਿਹੇ ਸੰਤ ਅਖਵਾਉਣ ਵਾਲੇ, ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਆਪਣੀ ਨਾਸਮਝੀ ਕਰਕੇ ਆਪਣਾ ਜੀਵਨ ਤਾਂ ਵਿਅਰਥ ਗੁਆਉਂਦੇ ਹੀ ਹਨ ਭਾਵ ਆਪਣੇ ਜੀਵਨ ਤਾਂ ਇਹ ਖਾਦੇ ਹੀ ਹਨ, ਖਰਾਬ ਕਰਦੇ ਹਨ ਪਰ ਨਾਲ ਨਾਲ ਆਪਣੀਆਂ ਸ਼ਾਖਾਵਾਂ ਦੇ ਜੀਵਨ ਨੂੰ ਵੀ ਖਾ ਜਾਂਦੇ ਹਨ, ਬਰਬਾਦ ਕਰਦੇ ਹਨ ਭਾਵ ਆਪਣੇ ਪਿੱਛੇ ਲੱਗਣ ਵਾਲੇ ਚੇਲਿਆਂ ਦੇ ਜੀਵਨ ਨੂੰ ਵੀ ਖਾ ਜਾਂਦੇ ਹਨ, ਉਨ੍ਹਾਂ ਨੂੰ ਧਰਮ ਦੇ ਪੁੱਠੇ ਮਾਰਗ ਤੇ ਪਾ ਕੇ ਉਨ੍ਹਾਂ ਦਾ ਜੀਵਨ ਵੀ ਆਪਣੇ ਨਾਲ ਬਰਬਾਦ ਕਰਦੇ ਹਨ। ਇਹੋ ਜਿਹੇ ਮਾਰਗ ਤੇ ਚੱਲਕੇ ਨਾ ਉਹ ਆਪ ਪ੍ਰਮਾਤਮਾ ਨੂੰ ਪਾ ਸਕਦੇ ਹਨ ਤੇ ਨਾ ਹੀ ਉਹਨਾਂ ਦੇ ਪਿੱਛੇ ਲੱਗਣ ਵਾਲੇ ਪ੍ਰਮਾਤਮਾ ਨੂੰ ਪਾ ਸਕਦੇ ਹਨ ਭਾਵ ਨਾ ਉਹਨਾਂ ਦਾ ਆਪਣਾ ਜੀਵਨ ਸਫ਼ਲ ਹੋ ਸਕਦਾ ਹੈ ਤੇ ਨਾ ਹੀ ਉਹਨਾਂ ਦੇ ਪਿੱਛੇ ਲੱਗਣ

31/3443

ਵਾਲਿਆਂ ਦਾ ਜੀਵਨ ਸਫ਼ਲ ਹੋ ਸਕਦਾ ਹੈ । (**ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥1॥ ਰਹਾਉ ॥**)

ਇਹੋ ਜਿਹੇ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਆਪਣੇ ਆਪ ਨੂੰ ਕਿਹੋ ਜਿਹੀਆਂ ਗੱਲਾਂ ਦੁਆਰਾ ਉੱਚਾ ਸਾਬਿਤ ਕਰਦੇ ਹਨ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥”

ਸਾਨੂੰ ਭਗਤੀ ਦੇ ਮਾਰਗ ਤੇ ਚੱਲਣ ਲਈ ਕਿਹੋ ਜਿਹੀ ਸੁਚਿ ਦੀ ਲੋੜ ਹੈ ਤੇ ਅਸੀਂ ਕਿਹੋ ਜਿਹੀ ਸੁਚਿ ਦੇ ਨਾਲ ਜੁੜੇ ਹੋਏ ਹਾਂ ਇਸੇ ਗੱਲ ਦਾ ਚਾਨਣਾ ਹੀ ਪਾਇਆ ਹੋਇਆ ਹੈ। ਅਸੀਂ ਬਰਤਨਾਂ ਦੀ ਸੁਚਿ ਤੇ ਚੁੱਲ੍ਹੇ ਚਉਂਕੇ ਦੀ ਸੁਚਿ ਵਿੱਚ ਆਪਣੀ ਸੁਚਿ ਸਮਝਦੇ ਹਾਂ। ਇਹੋ ਜਿਹੀ ਸੁਚਿ ਨਾਲ ਭਰਮੇ ਹੋਏ ਲੱਕੜਾਂ ਨੂੰ ਵੀ ਸੁੱਚੀਆਂ ਕਰਕੇ ਬਾਲਦੇ ਹਨ ਭਾਵ ਧੋ ਕੇ ਬਾਲਦੇ ਹਨ ਤਾਂ ਜੋ ਸੁੱਚੀ ਲੱਕੜ ਦੁਆਰਾ ਖਾਣਾ ਬਣੇ। ‘‘ਕਾਠੀ’’ ਤੋਂ ਭਾਵ ਹੈ ਲਕੜੀਆਂ ਦਾ ਬਾਲਣ ਜਿਸਨੂੰ ਖਾਣਾ ਪਕਾਉਣ ਲਈ ਵਰਤਿਆ ਜਾਂਦਾ ਹੈ। ਇਹ ਚੁੱਲ੍ਹੇ ਵੀ ਧਰਤੀ ਦੇ ਅੰਦਰ ਖੋਦਦੇ ਹਨ ਤਾਂ ਕਿ ਉਹਨਾਂ ਚੁੱਲ੍ਹਿਆਂ ਤੇ ਵੀ ਕਿਸੇ ਬਾਹਰਲੇ ਦਾ ਹੱਥ ਨਾ ਲੱਗਿਆ ਹੋਵੇ। ਇਸ ਤਰੀਕੇ ਜੋ ਇਹ ਸੰਸਾਰ ਤੋਂ ਆਪਣਾ ਵੱਖਰਾਪਨ ਦਿਖਾਉਂਦੇ ਹਨ, ਆਪਣੇ ਖਾਣ ਦੀ ਸੁਚਿ ਦੁਆਰਾ ਵੱਖਰਾਪਨ ਦਿਖਾਉਂਦੇ ਹਨ ਇਹ ਇੱਕ ਘਰ ਦੇ ਵਿੱਚ ਦੋ ਚੁੱਲ੍ਹੇ ਬਾਲਣ ਵਾਲੀ ਗੱਲ ਹੈ ਭਾਵ ਆਪਸ ਵਿੱਚ ਫਰਕ ਦਿਖਾਉਣ ਵਾਲੀ ਗੱਲ ਹੈ ਕਿ ਅਸੀਂ ਇੱਕ ਪਰਿਵਾਰ ਵਾਲੇ ਨਹੀਂ ਹਾਂ। ਜਿਸ ਤਰੀਕੇ ਇੱਕ ਪਰਿਵਾਰ ਵਿੱਚ ਰਹਿੰਦੇ ਹੋਏ ਜਦੋਂ ਆਪਸ ਵਿੱਚ ਬਣ ਨਹੀਂ ਆਉਂਦੀ ਫਿਰ ਅਸੀਂ ਇੱਕੋ ਘਰ ਦੇ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਵੱਖਰੇ-ਵੱਖਰੇ ਚੁੱਲ੍ਹੇ ਬਣਾ ਲੈਂਦੇ ਹਾਂ ਜਿਸ ਦੁਆਰਾ ਅਸੀਂ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਾਂ ਕਿ ਸਾਡੀ ਆਪਸ ਵਿੱਚ ਬਣ ਨਹੀਂ ਆਉਂਦੀ, ਸਾਡੇ ਆਪਸ ਵਿੱਚ ਵਿਚਾਰ ਨਹੀਂ ਰਲਦੇ। ਆਪਣੇ ਖਾਣੇ ਵਿੱਚ ਇਹੋ ਜਿਹੀ ਸੁਚਿ ਵਰਤਾਉਣ ਵਾਲੇ ਦੁਨੀਆਂ ਨਾਲੋਂ ਆਪਣਾ ਚੁੱਲ੍ਹਾ ਚਉਕਾ ਵੱਖਰਾ ਕਰ ਲੈਂਦੇ ਹਨ ਭਾਵ ਇਹਨਾਂ ਨੂੰ ਸਮਾਜਿਕ ਢੰਗ ਚੰਗਾ ਨਹੀਂ ਲੱਗਦਾ, ਦੂਸਰਿਆਂ ਦੇ ਖਾਣਾ ਬਣਾਉਣ ਦਾ ਤਰੀਕਾ ਚੰਗਾ ਨਹੀਂ ਲੱਗਦਾ ਤੇ ਆਪਣਾ ਵੱਖਰਾਪਨ ਦਿਖਾਉਣ ਲਈ ਉਹ ਆਪਣਾ ਵੱਖਰਾ ਚੁੱਲ੍ਹਾ ਬਣਾਉਂਦੇ ਹਨ, ਆਪਣੀ ਵੱਖਰੀ ਮਤਿ ਦਿਖਾਉਂਦੇ ਹਨ ਜਿਸ ਦੁਆਰਾ ਉਹ ਆਪਣੇ ਆਪ ਨੂੰ ਉੱਚਾ ਕਰਦੇ

31/3444

ਹਨ ਤੇ ਦੂਸਰਿਆਂ ਨੂੰ ਨੀਵਾਂ ਦਿਖਾਉਂਦੇ ਹਨ ਭਾਵ ਸਮਾਜ ਦੇ ਵਿੱਚ ਫੇੜ ਪਾਉਂਦੇ ਹਨ। ਇਹੋ ਜਿਹੀ ਸੁਚਿ ਦਿਖਾਉਣ ਨਾਲ ਸਾਡਾ ਮਨ ਸੁੱਚਾ ਨਹੀਂ ਹੋ ਜਾਂਦਾ ਕਿਉਂਕਿ ਅਸੀਂ ਆਪਣੀ ਮਾੜੀ ਮਤਿ ਦੁਆਰਾ ਕਰਮ ਮਾੜੇ ਹੀ ਕਰਦੇ ਹਾਂ ਭਾਵ ਦੂਸਰਿਆਂ ਦਾ ਲਹੂ ਪੀਂਦੇ ਹਾਂ, ਦੂਸਰਿਆਂ ਦਾ ਹੱਕ ਖਾਂਦੇ ਹਾਂ। ਧਰਮ ਦਾ ਮਾਰਗ ਮਨ ਨੂੰ ਸੁੱਚੇ ਬਣਾਉਣ ਦਾ ਹੈ ਨਾ ਕਿ ਖਾਣੇ ਆਦਿ ਦੀ

ਸੁਚਿ ਦੇ ਨਾਲ ਜੁੜਨ ਦਾ। ਸਾਰਿਆਂ ਨੂੰ ਭਾਵ ਹਰ ਕਿਸੇ ਨੂੰ ਇਸੇ ਬਿਰਤੀ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਕਿਉਂਕਿ ਕਿਸੇ ਨਾ ਕਿਸੇ ਰੂਪ ਵਿੱਚ ਮਾਇਆ ਮੋਹ ਸਭ ਦੇ ਅੰਦਰ ਹੈ ਜਿਸ ਦੁਆਰਾ ਅਸੀਂ ਕਿਸੇ ਹੋਰ ਦਾ ਹੱਕ ਖਾਂਦੇ ਹਾਂ। ਆਪਣੇ ਆਪ ਨੂੰ ਸੰਤ ਅਖਵਾਕੇ ਵੀ ਅਸੀਂ ਗੁਰੂ ਦਾ ਹੱਕ ਖਾਂਦੇ ਹਾਂ ਕਿਉਂਕਿ ਉੱਚਾ ਅਖਵਾਉਣ ਦਾ ਹੱਕ ਕੇਵਲ ਗੁਰੂ ਦਾ ਹੈ ਜਿਸਨੂੰ ਇਹ ਹੱਕ ਪ੍ਰਮਾਤਮਾ ਨੇ ਆਪ ਹੀ ਉਹਨਾਂ ਦੇ ਅੰਦਰ ਪ੍ਰਗਟ ਹੋ ਕੇ ਦਿੱਤਾ ਹੈ। ਆਪਣੇ ਆਪ ਨੂੰ ਉੱਚਾ ਅਖਵਾਉਣਾ ਕੇਵਲ ਸਾਡਾ ਮਾਇਆ ਮੋਹ ਹੈ, ਤ੍ਰਿਸ਼ਨਾ ਹੈ ਜਿਸ ਦੇ ਰਹਿੰਦਿਆਂ ਅਸੀਂ ਅਨੇਕਾਂ ਹੀ ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ ਤੇ ਅਸੀਂ ਆਗਿਆਨਤਾ ਵਿੱਚ ਵੀ ਆਪਣੇ ਆਪ ਨੂੰ ਠੀਕ ਸਮਝੀ ਜਾਂਦੇ ਹਾਂ। ਧਰਮ ਦੇ ਮਾਰਗ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਉਸਦਾ ਸੰਤ ਰੂਪ ਹੈ ਜੋ ਸਾਨੂੰ ਧਰਮ ਦੇ ਦਿਖਾਵੇ ਵਿੱਚੋਂ ਕੱਢਦਾ ਹੈ ਤੇ ਦੂਸਰੇ ਸਾਨੂੰ ਧਰਮ ਦੇ ਦਿਖਾਵਿਆਂ ਵਿੱਚ ਹੀ ਪਾਉਂਦੇ ਹਨ, ਬਾਹਰੀ ਸੁਚਿ ਨਾਲ ਜੋੜਦੇ ਹਨ ਜਿਹੋ ਜਿਹੀ ਸੁਚਿ ਨਾਲ ਉਹਨਾਂ ਨੇ ਆਪਣੇ ਆਪ ਨੂੰ ਸੁੱਚਾ ਕਰਨ ਦਾ ਮਾਰਗ ਸਮਝਿਆ ਹੋਇਆ ਹੈ। (**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥ ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥2॥**)

ਇਹੋ ਜਿਹੀ ਸੁਚਿ ਨਾਲ ਜੁੜਨ ਵਾਲੇ ਪ੍ਰਮਾਤਮਾ ਦੇ ਅਪਰਾਧੀ ਹੀ ਹਨ ਕਿਉਂਕਿ ਉਹ ਹਰ ਮਨੁੱਖ ਪ੍ਰਮਾਤਮਾ ਦਾ ਅਪਰਾਧੀ ਹੈ ਜਿਸਦੀ ਬਿਰਤੀ ਪਾਪਾਂ ਵਾਲੀ ਹੈ ਭਾਵ ਜੋ ਮਾੜੇ ਕਰਮ ਕਰਦਾ ਹੈ ਉਹ ਹਰ ਕੋਈ ਅਪਰਾਧੀ ਹੈ ਪਰ ਬਾਹਰੀ ਸੁਚਿ ਦਿਖਾਕੇ ਅਸੀਂ "ਅਪਰਸ" ਕਹਾਉਂਦੇ ਹਾਂ, ਆਪਣੇ ਆਪ ਨੂੰ ਸੱਚੇ ਸੁੱਚੇ ਅਖਵਾਉਂਦੇ ਹਾਂ। ਇਸ ਨੂੰ ਕੇਵਲ ਸਾਡਾ ਝੂਠਾ ਮਾਣ ਦੱਸਿਆ ਹੈ, ਅਭਿਮਾਨ ਦੱਸਿਆ ਹੈ। ਇਹੋ ਜਿਹਾ ਦਿਖਾਵਾ ਕਰਨ ਵਾਲੇ ਆਪਣਾ ਜੀਵਨ ਤਾਂ ਡੁਬਾਉਂਦੇ ਹੀ ਹਨ ਭਾਵ ਵਿਅਰਥ ਗੁਵਾਉਂਦੇ ਹੀ ਹਨ ਤੇ ਆਪਣੇ ਨਾਲ ਸਾਰਾ "ਕੁਟੰਬ" ਵੀ ਡੁਬਾਉਂਦੇ ਹਨ ਭਾਵ ਆਪਣੇ ਪਿੱਛੇ ਲੱਗਣ ਵਾਲਿਆਂ ਨੂੰ ਵੀ ਡੁਬਾਉਂਦੇ ਹਨ ਜਿਵੇਂ ਕਿ ਅਸੀਂ ਰਹਾਉ ਵਾਲੀ ਪੰਗਤੀ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਹੈ। ਪੇੜ ਦੇ ਖ਼ਤਮ ਹੋਣ ਨਾਲ ਸ਼ਾਖਾਵਾਂ ਵੀ ਖ਼ਤਮ ਹੋ ਜਾਂਦੀਆਂ ਹਨ ਭਾਵ ਪੇੜ ਦਾ ਖ਼ਤਮ ਹੋਣ ਨਾਲ ਪੇੜ ਦਾ ਕੁਟੰਬ ਵੀ ਖ਼ਤਮ ਹੋ ਜਾਂਦਾ ਹੈ ਭਾਵ ਸਾਨੂੰ ਇਹੋ ਜਿਹੀਆਂ ਸਿੱਖਿਆਵਾਂ

31/3445

ਸਮਝਾਉਣ ਵਾਲਿਆਂ ਤੋਂ ਦੂਰ ਰਹਿਣ ਲਈ ਸੁਚੇਤ ਕੀਤਾ ਹੋਇਆ ਹੈ ਤਾਂ ਜੋ ਅਸੀਂ ਇਹੋ ਜਿਹਿਆਂ ਪਿੱਛੇ ਲੱਗ ਕੇ, ਖਾਣੇ ਆਦਿ ਦੀ ਸੁਚਿ ਆਦਿ ਦੇ ਨਾਲ ਜੁੜਕੇ, ਬਾਹਰੀ ਸਰੀਰਕ ਸੁਚਿ ਆਦਿ ਦੇ ਨਾਲ ਜੁੜਕੇ, ਬਾਹਰੀ ਦਿਖਾਵਿਆਂ ਆਦਿ ਦੇ ਨਾਲ ਜੁੜਕੇ ਆਪਣਾ ਜੀਵਨ ਵਿਅਰਥ ਨਾ ਕਰੀਏ ਤੇ ਮਨ ਦੀ ਸੁਚਿ ਦੇ ਨਾਲ ਜੁੜੀਏ ਜਿਸ ਨੇ ਸਾਡੇ ਜੀਵਨ ਨੂੰ ਤਾਰਨਾ ਹੈ, ਮਾਇਆ ਮੋਹ ਵਿੱਚੋਂ ਤਾਰਨਾ ਹੈ। (**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥ ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥2॥ ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥ ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥3॥**)

ਇਹੋ ਜਿਹੇ ਦਿਖਾਵਿਆਂ ਨਾਲ ਜੁੜੇ ਹੋਏ, ਬਾਹਰੀ ਦਿਖਾਵਿਆਂ ਨਾਲ ਜੁੜੇ ਹੋਏ ਉਹੀ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਭਰਮ ਵਿੱਚ ਹੀ ਰੱਖਿਆ ਹੋਇਆ ਹੈ ਤੇ ਜਿੰਨ੍ਹਾਂ ਦਾ ਉਸ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀ ਸਮਝਾਈ ਹੋਈ ਹੈ।

"ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥

ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥"

ਬਾਹਰੀ ਸੁਚਿ ਨਾਲ ਜੁੜਨ ਦੀਆਂ ਗੱਲਾਂ ਉਹੀ ਕਰ ਸਕਦਾ ਹੈ, ਇਹਨਾਂ ਵਿਧੀਆਂ ਦੁਆਰਾ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਕਹਾਉਣ ਵਾਲਾ, ਸੰਤ ਆਦਿ ਸਮਝਣ ਵਾਲਾ ਉਹੀ ਹੋ ਸਕਦਾ ਹੈ ਜਿਸਨੇ ਆਪਣੇ ਅੰਦਰੋਂ "ਸਤਿਗੁਰੁ" ਨੂੰ ਭਾਵ ਪ੍ਰਮਾਤਮਾ ਨੂੰ ਨਹੀਂ ਭੇਟਿਆ ਭਾਵ ਜਿਸ ਨੂੰ ਸੱਚੇ ਮਾਰਗ ਦੀ ਸੋਝੀ ਨਹੀਂ ਪਈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕਿਸੇ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਲੱਗ ਸਕਦੀ ਕਿ ਜਿਹੋ ਜਿਹੇ ਕਰਮ ਅਸੀਂ ਕਰ ਰਹੇ ਹਾਂ ਉਹ ਸਾਡੇ ਕੋਲੋਂ ਕੌਣ ਕਰਵਾ ਰਿਹਾ ਹੈ ਤੇ ਕਿਸ ਤਰੀਕੇ ਕਰਵਾ ਰਿਹਾ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਇਹ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ, ਭਰਮ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ, ਮਨਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਅਵੱਸਥਾ ਵਿੱਚ ਸਾਨੂੰ

ਸੱਚ ਦੀ ਸੋਝੀ ਹੀ ਨਹੀਂ ਪੈਂਦੀ ਕਿ ਪ੍ਰਮਾਤਮਾ ਕੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਕੀ ਹੈ। ਅਸੀਂ ਜਿਹੋ ਜਿਹੇ ਆਪਣੇ ਆਪ ਨੂੰ ਧਰਮੀ ਦਿਖਾਉਣ ਦੇ ਤਰੀਕੇ ਅਪਣਾਉਂਦੇ ਹਾਂ, ਬਾਹਰੀ ਸੁਚਿ ਦਿਖਾਉਂਦੇ ਹਾਂ ਉਸ ਨਾਲ ਸਾਡਾ ਜਨਮ ਮਰਨ ਦਾ ਗੇੜ ਨਹੀਂ ਮੁੱਕ ਸਕਦਾ। ਜਿਸ ਸਤਿਗੁਰ ਨੇ, ਪ੍ਰਮਾਤਮਾ ਨੇ ਇਹ ਗੁਰਬਾਣੀ ਰਚੀ ਹੈ ਅਸੀਂ ਮੇਲ ਵੀ ਉਸੇ ਦੇ ਨਾਲ ਹੀ ਕਰਨਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ

31/3446

ਗੁਰੂ ਦੀ ਗੱਲ ਮੰਨੀਏ, ਗੁਰੂ ਰੂਪ ਸੰਤ ਦੀ ਗੱਲ ਮੰਨੀਏ ਭਾਵ ਮਨ ਦੀ ਸੁਚਿ ਦੇ ਨਾਲ ਜੁੜੀਏ ਤੇ ਉਹੋ ਜਿਹੇ ਸੰਤ ਅਖਵਾਉਣ ਵਾਲਿਆਂ ਦੀ ਮਤਿ ਦੇ ਨਾਲ ਨਾ ਜੁੜੀਏ ਜੋ ਸਾਨੂੰ ਸਰੀਰਕ ਸੁਚਿ ਨਾਲ ਹੀ ਜੋੜਦੇ ਹਨ, ਬਾਹਰੀ ਸੁਚਿ ਦੇ ਨਾਲ ਹੀ ਜੋੜਦੇ ਹਨ। (**ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥ ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥4॥2॥**)

ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਸੱਚਾ ਸੁੱਚਾ ਭੋਜਨ ਉਹੀ ਹੈ ਜਿਸ ਨੂੰ ਛਕ ਕੇ ਸਾਡਾ ਮਨ ਸੁੱਚਾ ਹੋਵੇ, ਸਾਡਾ ਮਨ ਪਵਿੱਤਰ ਹੋਵੇ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸੱਚਾ ਸੁੱਚਾ ਭੋਜਨ ਹੈ। ਆਉ ਇਸ ਗੱਲ ਨੂੰ ਸਮਝੀਏ ਕਿ ਇਹੋ ਜਿਹਾ ਸੱਚਾ ਸੁੱਚਾ ਭੋਜਨ ਕਿਹੋ ਜਿਹੀ ਰਸੋਈ ਵਿੱਚ ਤਿਆਰ ਹੋਇਆ ਹੈ ਤੇ ਕਿਸ ਤਰੀਕੇ ਤਿਆਰ ਹੋਇਆ ਹੈ। ਅਸੀਂ ਉਹੋ ਜਿਹਾ ਭੋਜਨ ਛਕਕੇ ਸੱਚੇ ਸੁੱਚੇ ਬਣ ਸਕਦੇ ਹਾਂ ਜਿਹੋ ਜਿਹਾ ਭੋਜਨ ਪ੍ਰਮਾਤਮਾ ਨੂੰ ਆਪ ਛਕਣਾ ਚੰਗਾ ਲੱਗਦਾ ਹੈ। ਜਿਹੋ ਜਿਹਾ ਭੋਜਨ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਉਹੋ ਜਿਹਾ ਭੋਜਨ ਹੀ ਉਸਨੇ ਗੁਰਬਾਣੀ ਵਿੱਚ ਸਾਡੇ ਛਕਣ ਲਈ ਪਾਇਆ ਹੈ। ਪ੍ਰਮਾਤਮਾ ਆਪ ਆਪਣੇ ਇਸ ਭੋਜਨ ਦੁਆਰਾ ਪਵਿੱਤਰ ਹੈ ਤੇ ਉਸਦੇ ਇਸ ਭੋਜਨ ਨੂੰ ਛਕ ਕੇ ਹੀ ਕੋਈ ਪਵਿੱਤਰ ਬਣ ਸਕਦਾ ਹੈ ਤੇ ਉਸਦੇ ਪਵਿੱਤਰ ਰੂਪ ਵਿੱਚ ਸਮਾਅ ਸਕਦਾ ਹੈ। ਇਹ ਭੋਜਨ ਕਿਵੇਂ ਤਿਆਰ ਹੋਇਆ ਹੈ ਤੇ ਕਿਸਨੇ ਇਸ ਨੂੰ ਛਕਿਆ ਹੈ ਆਉ ਇਸੇ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

“ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥
ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥੧॥
ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥
ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥੧॥ ਰਹਾਉ ॥
ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥
ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥
ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥੩॥
ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥
ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥੪॥੧॥”

(ਅੰਗ 1266)

ਉੱਪਰ ਸ਼ਬਦ ਰਾਹੀਂ ਸਾਨੂੰ ਉਹਨਾਂ ਦੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ, ਮਨ ਦੇ ਵਿੱਚ ਉਸ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ। ਪੂਰੀ ਗੁਰਬਾਣੀ ਮਨ ਦੇ ਰਾਹੀਂ ਹੀ ਆਈ ਹੈ, ਉਹਨਾਂ ਸਰੀਰਾਂ ਦੇ ਮਨ ਦੇ ਰਾਹੀਂ ਆਈ ਹੈ, ਜਿੱਥੇ ਜਿੱਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ

ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਭੋਜਨ ਹੈ, ਬ੍ਰਹਮ ਗਿਆਨ ਰੂਪ ਭੋਜਨ

31/3447

ਹੈ ਜੋ ਕਿ ਮਨ ਦੇ ਵਿੱਚ ਹੀ ਤਿਆਰ ਹੁੰਦਾ ਹੈ, ਮਨ ਰੂਪ ਰਸੋਈ ਦੇ ਵਿੱਚ ਤਿਆਰ ਹੁੰਦਾ ਹੈ। ਜਿਸ ਰਸੋਈ ਵਿੱਚ ਪਹਿਲੇ ਇਹ ਤਿਆਰ ਹੁੰਦਾ ਹੈ ਉਸ ਰਸੋਈ ਵਿੱਚੋਂ ਪਹਿਲੇ ਜੋ ਆਪ ਇਸ ਭੋਜਨ ਨੂੰ ਛਕਦਾ ਹੈ ਉਹੀ ਇਸ ਭੋਜਨ ਨੂੰ ਦੂਸਰਿਆਂ ਲਈ ਪਰੋਸ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਰੋਸਿਆ ਹੈ। ਰਸੋਈ ਉਹੀ ਪਵਿੱਤਰ ਹੈ ਜਿੱਥੇ ਇਹ ਬ੍ਰਹਮ ਗਿਆਨ ਰੂਪ ਭੋਜਨ ਤਿਆਰ ਹੋਇਆ ਹੈ ਤੇ ਹੁਣ ਸਾਰੇ ਸੰਸਾਰ ਦੇ ਛਕਣ ਲਈ ਇਹ ਭੋਜਨ ਗੁਰਬਾਣੀ ਰੂਪ ਥਾਲ ਵਿੱਚ ਪਿਆ ਹੋਇਆ ਹੈ ਜਿਸ ਨੂੰ ਕੋਈ ਵੀ ਛਕ ਸਕਦਾ ਹੈ। ਅਸੀਂ ਬਾਹਰੀ ਰਸੋਈਆਂ ਦੀ ਸੁਚਿ ਨਾਲ ਜੁੜੇ ਹੋਏ ਹਾਂ, ਸਰਗੁਣ ਰੂਪ ਰਸੋਈਆਂ ਦੀ ਸੁਚਿ ਨਾਲ ਜੁੜੇ ਹੋਏ ਹਾਂ, ਜਦ ਕਿ ਸੱਚਾ ਭੋਜਨ ਆਪ ਨਿਰਗੁਣ ਰੂਪ ਵਿੱਚ ਹੈ ਤੇ ਨਿਰਗੁਣ ਰੂਪ ਰਸੋਈ ਵਿੱਚ ਹੀ ਤਿਆਰ ਹੋਇਆ ਹੈ। ਇਹੋ ਜਿਹੀ ਸੱਚੀ ਸੁੱਚੀ ਰਸੋਈ ਵਿੱਚ ਬਣੇ ਹੋਏ ਭੋਜਨ ਨੂੰ ਛੱਡ ਕੇ ਅਸੀਂ ਉਹੋ ਜਿਹੀਆਂ ਰਸੋਈਆਂ ਦੇ ਭੋਜਨ ਨਾਲ ਜੁੜੇ ਹੋਏ ਤਾਂ ਜਿਸ ਦੁਆਰਾ ਸਾਡਾ ਮਨ ਕਦੇ ਵੀ ਸੁੱਚਾ ਨਹੀਂ ਹੋ ਸਕਦਾ ਭਾਵ ਕੇਵਲ ਸਾਡਾ ਭਰਮ ਹੈ।

ਜਦ ਤੱਕ ਕੋਈ ਆਪਣੇ ਅੰਦਰੋਂ ਉਸ ਸੱਚੇ ਭੋਜਨ ਦੇ ਮਾਲਕ ਨੂੰ ਜਾਣ ਨਹੀਂ ਲੈਂਦਾ, ਬ੍ਰਹਮ ਗਿਆਨ ਦੇ ਮਾਲਕ ਨੂੰ, ਬ੍ਰਹਮ ਗਿਆਨੀ ਨੂੰ, ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦਾ ਤਦ ਤੱਕ ਮਨੁੱਖ ਉਸ ਪ੍ਰਮਾਤਮਾ ਨੂੰ ਪਾਉਣ ਦੇ ਉਹੋ ਜਿਹਿਆਂ ਤਰੀਕਿਆਂ ਦੇ ਨਾਲ ਜੁੜਿਆ ਰਹਿੰਦਾ ਹੈ ਜਿੰਨ੍ਹਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਅਸੀਂ ਉਹਨਾਂ ਗੱਲਾਂ ਦੀ ਪ੍ਰਵਾਹ ਕਰਦੇ ਹਾਂ ਭਾਵ ਭਉ ਵਿੱਚ ਰਹਿੰਦਾ ਹਾਂ ਕਿ ਅਗਰ ਮੈਂ ਪ੍ਰਚਲਿਤ ਭਗਤੀ ਦੇ ਤਰੀਕਿਆਂ ਨੂੰ ਨਹੀਂ ਅਪਣਾਇਆ ਤਾਂ ਫਿਰ ਮੈਂ ਪ੍ਰਮਾਤਮਾ ਦੀ ਭਗਤੀ ਤੋਂ ਦੂਰ ਰਹਾਂਗਾ ਭਾਵ ਪ੍ਰਮਾਤਮਾ ਮੇਰੇ ਜੀਵਨ ਵਿੱਚ ਮੇਰਾ ਸਹਾਈ ਨਹੀਂ ਬਣੇਗਾ ਭਾਵ ਅਸੀਂ ਅਨੇਕਾਂ ਹੀ ਵਿਅਰਥ ਦੀਆਂ ਚਿੰਤਾਵਾਂ ਵਿੱਚ ਉਹੋ ਜਿਹੇ ਕਰਮ ਕਰਦੇ ਰਹਿੰਦੇ ਹਾਂ ਜੋ ਕਿ ਅਸਲ ਵਿੱਚ ਧਰਮ ਦਾ ਮਾਰਗ ਨਹੀਂ ਹਨ। ਆਪਣੇ ਖਾਣੇ ਦੀ ਸੁਚਿ ਨੂੰ ਧਰਮ ਦੇ ਮਾਰਗ ਨਾਲ ਜੋੜਨਾ ਸਾਡੀ ਇੱਕ ਵਿਅਰਥ ਦੀ ਚਿੰਤਾ ਹੈ ਜਿਸ ਨੂੰ ਅਨੇਕਾਂ ਹੀ ਆਪਣੇ ਅੰਦਰ ਵਸਾਇਆ ਹੋਇਆ ਹੈ। ਇਹੋ ਜਿਹੇ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕਿਆਂ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨਾਲ ਜੁੜੇ ਰਹਿਣ ਦਾ ਡਰ ਅਸੀਂ ਵਿਅਰਥ ਵਿੱਚ ਹੀ ਪਾਲਿਆ ਹੋਇਆ ਹੈ। ਅਸੀਂ ਸੰਤ ਆਦਿ ਅਖਵਾਉਣ ਵਾਲਿਆਂ ਦੀ ਮਤਿ ਪਿੱਛੇ ਤਾਂ ਹੀ ਲੱਗ ਜਾਂਦੇ ਹਾਂ ਕਿਉਂਕਿ ਸਾਡੇ ਅੰਦਰ ਇਸ ਗੱਲ ਦੀ ਚਿੰਤਾ ਹੁੰਦੀ ਹੈ ਕਿ ਅਗਰ ਅਸੀਂ ਇਹਨਾਂ ਦੀ ਗੱਲ ਨੂੰ ਠੀਕ ਨਹੀਂ ਮੰਨਿਆ ਤਾਂ ਫਿਰ ਪ੍ਰਮਾਤਮਾ ਸਾਡੇ ਨਾਲ ਨਰਾਜ਼ ਹੋ ਜਾਵੇਗਾ ਕਿਉਂਕਿ ਇਹ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਸਾਨੂੰ ਪ੍ਰਮਾਤਮਾ ਦਾ ਰੂਪ ਨਜ਼ਰ ਆਉਂਦੇ ਹਨ, ਅਸੀਂ ਇਹਨਾਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝਦੇ ਹਾਂ। ਜੋ ਆਪਣੇ

31/3448

ਅੰਦਰੋਂ ਉਸ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਉਸ ਨੂੰ ਫਿਰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਸਭ ਦੇ ਅੰਦਰ ਆਪ ਪ੍ਰਮਾਤਮਾ ਹੀ ਹੈ ਜੋ ਸਾਨੂੰ ਆਪ ਹੀ ਸਾਰਾ ਗਿਆਨ ਦੇਣ ਵਾਲਾ ਹੈ ਤੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਣ ਵਾਲਾ ਹੈ। ਮਨ ਦੇ ਵਿੱਚ ਪ੍ਰਮਾਤਮਾ ਨੂੰ ਦੇਖ ਲੈਣ ਤੋਂ ਬਾਅਦ ਫਿਰ ਮਨੁੱਖ ਉਹੋ ਜਿਹਿਆਂ ਦੀ ਪ੍ਰਵਾਹ ਨਹੀਂ ਕਰਦਾ, ਉਹੋ ਜਿਹੇ ਉੱਚਾ ਅਖਵਾਉਣ ਵਾਲਿਆਂ ਦੀ ਪਰਵਾਹ ਨਹੀਂ ਕਰਦਾ ਜੋ ਸਾਨੂੰ ਆਪਣੀ ਮਤਿ ਦੁਆਰਾ ਭਗਤੀ ਦੇ ਉਹੋ ਜਿਹਿਆਂ ਤਰੀਕਿਆਂ ਨਾਲ ਜੋੜਦੇ ਹਨ ਜਿੰਨ੍ਹਾਂ ਵਿੱਚ ਸੱਚਾਈ ਨਹੀਂ ਹੁੰਦੀ। ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਇਹੋ ਜਿਹੇ ਉੱਚਾ ਅਖਵਾਉਣ ਵਾਲੇ ਮੇਰੇ ਸਹਾਈ ਨਹੀਂ ਹੋ ਸਕਦੇ ਕਿਉਂਕਿ ਸਹਾਈ ਤਾਂ ਸਭ ਦਾ ਕੇਵਲ ਪ੍ਰਮਾਤਮਾ ਹੀ ਹੈ ਜੋ ਕਿ ਮੇਰੇ ਅੰਦਰ ਹੀ ਪ੍ਰਗਟ ਹੈ ਤੇ ਉਸਨੂੰ ਮਿਲਣ ਤੋਂ ਬਾਅਦ ਫਿਰ ਹਕੀਕਤ ਵਿੱਚ ਮਨੁੱਖ ਭਉ ਮੁਕਤਿ ਹੋ ਜਾਂਦਾ ਹੈ, ਵਿਅਰਥ ਦੇ ਭਉ ਵਿੱਚੋਂ ਨਿਕਲਕੇ ਇੱਕੋ ਇੱਕ ਸੱਚ ਦੇ ਭਉ ਵਿੱਚ ਲੱਗ ਜਾਂਦਾ ਹੈ, ਗੁਰਮਤਿ ਦੇ ਭਉ ਵਿੱਚ, ਨਾਮ ਦੇ ਭਉ ਵਿੱਚ ਆ ਜਾਂਦਾ ਹੈ। ਪ੍ਰਮਾਤਮਾ ਜਿਸ ਦਾ ਸਹਾਈ ਬਣਦਾ ਹੈ ਉਸਨੂੰ ਮਨ ਦੇ ਵਿੱਚ ਸੱਚੀ ਸੋਝੀ ਬਖਸ਼ਕੇ ਹੀ ਬਣਦਾ ਹੈ ਜਿਵੇਂ ਕਿ ਉਹ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦਾ ਸਹਾਈ ਬਣਿਆ ਹੈ, ਔਗੁਣਾਂ ਵਿੱਚੋਂ ਕੱਢਕੇ ਗੁਣਾਂ ਦੁਆਰਾ ਸਹਾਈ ਬਣਿਆ ਹੈ, ਭਰਮ ਵਿੱਚੋਂ ਕੱਢਕੇ ਨਾਮ ਦੁਆਰਾ ਸਹਾਈ ਬਣਿਆ ਹੈ, ਮਨਮਤਿ ਵਿੱਚੋਂ ਕੱਢਕੇ ਗੁਰਮਤਿ ਦੁਆਰਾ ਸਹਾਈ ਬਣਿਆ ਹੈ। (**ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥ ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥1॥**)

ਪ੍ਰਮਾਤਮਾ ਆਪ ਬੇਪਰਵਾਹ ਹੈ, ਨਿਰਭਉ ਹੈ ਜਿਵੇਂ ਕਿ ਵਾਰ ਵਾਰ ਸ਼ਬਦਾਂ ਰਾਹੀਂ ਬਾਣੀ ਵਿੱਚ ਇਹ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਨਿਰਭਉ ਰੂਪ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਇਸ ਗੱਲ ਨੂੰ ਹੋਰ ਵੀ ਬਰੀਕੀ ਨਾਲ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਦਾ ਇਹ ਬੇਪਰਵਾਹ ਰੂਪ ਕਿਸ ਵਜ੍ਹਾ ਕਰਕੇ ਹੈ। ਪ੍ਰਮਾਤਮਾ "ਸਚੁ" ਰੂਪ ਹੈ ਜੋ ਉਸ ਦਾ ਪੂਰੀ ਤਰ੍ਹਾਂ ਖੋਟ ਤੋਂ ਰਹਿਤ ਰੂਪ ਹੈ ਜੋ ਸਭ ਦੇ ਨਾਲ ਇਨਸਾਫ ਹੀ ਕਰਦਾ ਹੈ। ਪ੍ਰਮਾਤਮਾ ਬੇਪਰਵਾਹ ਇਸ ਸਚੁ ਰੂਪ ਕਰਕੇ ਹੈ ਕਿਉਂਕਿ ਸੱਚ ਨੂੰ ਕਿਸੇ ਦੀ ਪਰਵਾਹ ਨਹੀਂ ਹੁੰਦੀ, ਸੱਚ ਕਦੇ ਡੋਲ ਨਹੀਂ ਸਕਦਾ, ਸੱਚ ਕਦੇ ਬਦਲ ਨਹੀਂ ਸਕਦਾ, ਸੱਚ ਸਦਾ ਨਵਾਂ ਹੀ ਰਹਿੰਦਾ ਹੈ, ਸੱਚ ਨੂੰ ਕਦੇ ਕੋਈ ਬਦਲ ਨਹੀਂ ਸਕਦਾ। ਸੱਚ ਪੂਰਨ ਰੂਪ ਵਿੱਚ ਖਰਾ ਹੈ ਤੇ ਸਦਾ ਲਈ ਖਰਾ ਹੀ ਰਹਿੰਦਾ ਹੈ। ਸੱਚ ਦੀ ਜਿੱਤ ਹੀ ਹੁੰਦੀ ਹੈ ਤੇ ਸੱਚ ਕਿਸੇ ਕੋਲੋਂ ਹਾਰ ਨਹੀਂ ਸਕਦਾ। ਸੱਚ ਇਸੇ ਲਈ ਬੇਪਰਵਾਹ ਹੈ ਕਿਉਂਕਿ ਉਹ ਸਭ ਤੋਂ ਉੱਚਾ ਹੈ ਜਿਸ ਤੋਂ ਉੱਚਾ ਹੋਰ ਹੋ ਨਹੀਂ ਸਕਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸਚੁ ਰੂਪ ਹੈ ਜੋ ਕਿ ਬ੍ਰਹਮ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੈ।

31/3449

ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਉਸ ਦਾ ਸਚੁ ਰੂਪ ਹੈ ਜੋ ਸਭ ਨੂੰ ਬੇਪਰਵਾਹ ਹੋ ਕੇ ਸੱਚੀ ਗੱਲ ਸਮਝਾਉਂਦਾ ਹੈ, ਉਸ ਨੂੰ ਸੱਚੀ ਗੱਲ ਕਹਿਣ ਦਾ ਕੋਈ ਭਉ ਨਹੀਂ ਹੈ। ਜੋ ਪ੍ਰਮਾਤਮਾ ਦੇ ਇਸ ਸਚੁ ਰੂਪ ਦੇ ਨਾਲ ਜੁੜ ਜਾਂਦਾ ਹੈ, ਬ੍ਰਹਮ ਗਿਆਨ ਵਾਲੀ ਸੋਝੀ ਦੇ ਰੂਪ ਨਾਲ ਜੁੜ ਜਾਂਦਾ ਹੈ ਜੋ ਸੋਝੀ ਉਹ ਬ੍ਰਹਮ ਗਿਆਨੀ ਮਨ ਦੇ ਵਿੱਚ ਆਪ ਹੀ ਦਿੰਦਾ ਹੈ ਫਿਰ ਉਹ ਮਨੁੱਖ ਪ੍ਰਮਾਤਮਾ ਦੇ ਬੇਪਰਵਾਹ ਰੂਪ ਨਾਲ ਜੁੜ ਜਾਂਦਾ ਹੈ, ਉਸ ਦੇ ਨਿਰਭਉ ਰੂਪ ਨਾਲ ਜੁੜ ਜਾਂਦਾ ਹੈ। ਮਨ ਦੀ ਸੋਝੀ ਦੁਆਰਾ ਫਿਰ ਉਸ ਨੂੰ ਪੂਰਨ ਸੱਚ ਦੀ ਸੋਝੀ ਪੈ ਜਾਂਦੀ ਹੈ ਤੇ ਉਸ ਦੇ ਅੰਦਰੋਂ ਉਹਨਾਂ ਗੱਲਾਂ ਦਾ ਭਉ ਨਿਕਲ ਜਾਂਦਾ ਹੈ ਜਿੰਨ੍ਹਾਂ ਵਿੱਚ ਸੱਚ ਨਹੀਂ ਹੈ। ਉਹ ਫਿਰ ਆਪਣੀ ਗੱਲ ਨਿਰਭਉ ਹੋ ਕੇ ਹੀ ਕਹਿੰਦੇ ਹਨ ਕਿਉਂਕਿ ਉਹਨਾਂ ਨੂੰ ਨਿਰਭਉ ਕਰਨ ਵਾਲਾ, ਸਭ ਦੇ ਅੰਦਰ ਭਉ ਪਾਉਣ ਵਾਲਾ ਪ੍ਰਮਾਤਮਾ ਅੰਦਰ ਹੀ ਪ੍ਰਗਟ ਹੁੰਦਾ ਹੈ ਜੋ ਆਪਣੀ ਸੱਚੀ ਗੱਲ ਆਪ ਹੀ ਅਖਵਾਉਂਦਾ ਹੈ। ਜੋ ਆਪਣੇ ਆਪ ਨੂੰ ਝੂਠੇ ਤੌਰ ਤੇ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ, ਆਪਣੇ ਆਪ ਨੂੰ ਸੰਤ ਆਦਿ ਅਖਵਾਉਂਦੇ ਹਨ ਉਹਨਾਂ ਨੂੰ ਝੂਠੇ ਕਹਿਣ ਵਿੱਚ ਉਹਨਾਂ ਨੂੰ ਫਿਰ ਕੋਈ ਭਉ ਨਹੀਂ ਜਾਪਦਾ, ਉਹਨਾਂ ਦੀ ਪਰਵਾਹ ਨਹੀਂ ਜਾਪਦੀ। ਇਸੇ ਲਈ ਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਬੇਖੌਫ ਹੋ ਕੇ ਆਪਣੀਆਂ ਗੱਲਾਂ ਕਹੀਆਂ ਹਨ। ਉਹਨਾਂ ਨੇ ਸੰਤ ਅਖਵਾਉਣ ਵਾਲਿਆਂ ਨੂੰ ਠੱਗ ਵੀ ਕਿਹਾ ਹੈ ਕਿਉਂਕਿ ਉਸ ਵਿੱਚ ਸੱਚ ਹੈ, ਉਹਨਾਂ ਨੇ ਇਹੋ ਜਿਹਿਆਂ ਨੂੰ ਨਿਰਲਜ ਵੀ ਕਿਹਾ ਹੈ ਜੋ ਕਿ ਸੱਚ ਹੈ ਤੇ ਹੋਰ ਵੀ ਅਨੇਕਾਂ ਉਹੋ ਜਿਹੇ ਸ਼ਬਦ ਵਰਤੇ ਹਨ ਜਿੰਨ੍ਹਾਂ ਦੁਆਰਾ ਇਹਨਾਂ ਨੂੰ ਨਿੰਦਿਆ ਹੈ, ਮੂਰਖ ਗਾਵਾਰ ਆਦਿ ਕਿਹਾ ਹੈ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਅਸੀਂ ਸੱਚ ਕਹਿ ਰਹੇ ਹਾਂ ਜੋ ਕਿ ਸਾਡੇ ਕੋਲੋਂ ਆਪ ਪ੍ਰਮਾਤਮਾ ਹੀ ਅਖਵਾ ਰਿਹਾ ਹੈ। ਬਾਣੀ ਵਿੱਚ "ਹਿੰਦੂ ਅੰਨਾ ਤੁਰਕੂ ਕਾਣਾ" ਵਰਗੇ ਬੋਲ ਵੀ ਉਚਾਰੇ ਗਏ ਹਨ, ਬੇਪਰਵਾਹ ਹੋ ਕੇ ਉਚਾਰੇ ਗਏ ਹਨ, ਸਮਾਜ ਵਿੱਚ ਵਿਚਰਦੇ ਹੋਏ ਉਚਾਰੇ ਗਏ ਹਨ ਕਿਉਂਕਿ ਇਹ ਪ੍ਰਮਾਤਮਾ ਦੇ ਆਪਣੇ ਹੀ ਲਿਖਾਏ ਹੋਏ ਬੋਲ ਹਨ ਜਿੰਨ੍ਹਾਂ ਰਾਹੀਂ ਸਾਨੂੰ ਸਮਝਾਉਣ ਲਈ ਹੀ ਇਹੋ ਜਿਹੇ ਬੋਲ ਉਚਾਰੇ ਗਏ ਹਨ ਤਾਂ ਜੋ ਅਸੀਂ ਭਰਮ ਵਿੱਚੋਂ ਨਿਕਲਕੇ ਅਸਲੀਅਤ ਨੂੰ ਸਮਝੀਏ। ਪ੍ਰਮਾਤਮਾ ਆਪਣੇ ਸੱਚ ਰਾਹੀਂ ਹੀ ਦਿਆਲ ਰੂਪ ਹੈ, ਸਾਡਾ ਸਭ ਦਾ ਭਲਾ ਕਰਨ ਵਾਲਾ ਹੈ। ਆਪਣੇ ਸੱਚੇ ਬੋਲ ਬੋਲਣ ਦੁਆਰਾ ਅਸਲ ਵਿੱਚ ਉਹ ਸਾਡਾ ਭਲਾ ਹੀ ਕਰ ਰਿਹਾ ਹੈ ਤਾਂ ਜੋ ਅਸੀਂ ਉਹੋ ਜਿਹੀਆਂ ਸਜਾਵਾਂ ਤੋਂ ਬਚ ਸਕੀਏ ਜੋ ਅਸੀਂ ਉਹੋ ਜਿਹੇ ਕਰਮ ਕਰਨ ਦੁਆਰਾ ਭੁਗਤਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੁੰਦਾ।

ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਭਉ ਵਿੱਚ ਹੀ ਰਹਿੰਦਾ ਹੈ ਤੇ ਉਸ ਦੇ ਮਨ ਦੇ ਵਿੱਚ ਵੱਸਣ ਦੁਆਰਾ ਹੀ ਕੋਈ ਭਉ ਮੁਕਤਿ ਹੋ

31/3450

ਸਕਦਾ ਹੈ, ਮਾਇਆ ਮੋਹ ਆਦਿ ਛੱਡਣ ਦਾ ਭਉ ਵੀ ਮਨੁੱਖ ਦਾ ਤਾਂ ਹੀ ਦੂਰ ਹੁੰਦਾ ਹੈ ਜਦੋਂ ਕਿਸੇ ਨੂੰ ਪ੍ਰਮਾਤਮਾ ਆਪ ਹੀ ਭਉ ਮੁਕਤਿ ਕਰਦਾ ਹੈ, ਆਪਣੇ ਨਿਰਭਉ ਰੂਪ ਵਿੱਚ ਮਿਲਾਕੇ ਮੁਕਤਿ ਕਰਦਾ ਹੈ।

{ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥
ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥
ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ ॥
ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥
ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥੧॥}

(ਅੰਗ ੫੯੬)

{ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥
ਸਾਹਿਬ ਕੀ ਸੇਵਕੁ ਰਹੈ ਸਰਣਾਈ ॥ ਆਪੇ ਬਖਸੇ ਦੇ ਵਡਿਆਈ ॥
ਤਿਸ ਤੇ ਊਪਰਿ ਨਾਹੀ ਕੋਇ ॥ ਕਉਨੁ ਡਰੈ ਡਰੁ ਕਿਸ ਕਾ ਹੋਇ ॥੪॥}

(ਅੰਗ ੮੪੨)

{ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥
ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥ ਰਹਾਉ ॥}

(ਅੰਗ ੧੫੪)

{ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥
ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛ ਵਰਤੈ ਸਭ ਤੇਰੀ ਰਜਾਇ ॥
ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥ ਰਹਾਉ ॥}

(ਅੰਗ ੧੫੧)

ਪ੍ਰਮਾਤਮਾ ਦਾ ਨਿਰਭਉ ਰੂਪ ਉਸਦੇ ਨਾਲ ਮਿਲ ਕੇ ਹੀ ਸਮਝ ਆਉਂਦਾ ਹੈ ਜਿਸ ਕਰਕੇ ਉਹ ਬੇਪਰਵਾਹ ਹੈ, ਉਹ ਆਪਣੇ "ਸਚੁ" ਰੂਪ

31/3451

ਕਰਕੇ ਬੇਪਰਵਾਹ ਹੈ। ਪ੍ਰਮਾਤਮਾ ਦਾ ਇਹ ਬੇਪਰਵਾਹ ਰੂਪ ਉਸਦਾ ਗਿਆਨ ਰੂਪ ਹੈ ਜਿਸ ਦੁਆਰਾ ਉਹ ਹਰ ਵਸਤੂ ਵਿੱਚ ਬੇਪਰਵਾਹ ਹੋ ਕੇ ਹੀ ਵਿਚਰਦਾ ਹੈ। ਜਿਹੜੀ ਵਸਤੂ ਵਿੱਚ ਪ੍ਰਮਾਤਮਾ ਨੇ ਜਿਹੋ ਜਿਹਾ ਗਿਆਨ ਪਾ ਦਿੱਤਾ ਹੈ ਉਸ ਵਸਤੂ ਦਾ ਜੀਵਨ ਉਸੇ ਤਰੀਕੇ ਹੀ ਚੱਲਦਾ ਹੈ, ਬੇਪਰਵਾਹ ਹੋ ਕੇ ਚੱਲਦਾ ਹੈ। ਹਰ ਵਸਤੂ ਦੇ ਅੰਦਰ ਪਾਇਆ ਹੋਇਆ ਪ੍ਰਮਾਤਮਾ ਦਾ ਗਿਆਨ ਹੀ ਉਸਦੇ ਅੰਦਰ ਦਾ ਹੁਕਮ ਹੈ ਜਿਸ ਨੂੰ ਹਰ ਵਸਤੂ ਬੇਪਰਵਾਹ ਹੋ ਕੇ ਮੰਨਦੀ ਹੈ ਭਾਵ ਪ੍ਰਮਾਤਮਾ ਦੇ ਪਾਏ ਹੋਏ ਗਿਆਨ ਦੁਆਰਾ ਹੀ ਵਿਚਰਦੀ ਰਹਿੰਦੀ ਹੈ। ਪ੍ਰਮਾਤਮਾ ਦੀ ਰਚੀ ਹੋਈ ਸਾਇੰਟਿਫਿਕ ਰਚਨਾ ਹੈ ਜਿਸ ਨੂੰ ਉਹ ਆਪਣੇ ਬ੍ਰਹਮ ਗਿਆਨ ਦੁਆਰਾ ਸਾਇੰਟਿਫਿਕਲੀ ਚਲਾ ਰਿਹਾ ਹੈ। ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਬੇਖੌਫ ਹੈ, ਬੇਪਰਵਾਹ ਹੈ ਜੋ ਮਿਥੇ

ਹੋਏ ਮਾਰਗ ਦੁਆਰਾ ਚੱਲਦੀ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਆਪਣਾ ਹੀ ਸਚੁ ਰੂਪ ਹੈ, ਉਸਦਾ ਨਾਮ ਰੂਪ ਹੈ ਜਿਸ ਦੁਆਰਾ ਉਹ ਆਪਣੀ ਸ੍ਰਿਸ਼ਟੀ ਨੂੰ ਬਣਾਕੇ ਆਪ ਹੀ ਚਲਾ ਰਿਹਾ ਹੈ। ਪ੍ਰਮਾਤਮਾ ਆਪਣੀ ਸਾਇੰਸ ਦੁਆਰਾ ਸਭ ਤੇ ਆਪਣੀ ਦਇਆ ਕਰ ਰਿਹਾ ਹੈ ਜਿਸ ਦੁਆਰਾ ਉਹ ਆਪਣੀ ਸ੍ਰਿਸ਼ਟੀ ਦੀ ਪਾਲਣਾ ਕਰ ਰਿਹਾ ਹੈ। ਸਾਇੰਸ ਬੇਖੌਫ ਹੋ ਕੇ ਵਰਤਦੀ ਹੈ, ਬੇਪਰਵਾਹ ਹੋ ਕੇ ਵਰਤਦੀ ਹੈ ਕਿਉਂਕਿ ਉਹ ਆਪਣੀ ਰਸਤੇ ਤੋਂ ਕਦੇ ਨਹੀਂ ਭਟਕ ਸਕਦੀ ਜਿਸ ਕਰਕੇ ਕਈ ਵਾਰੀ ਸਾਨੂੰ ਸਾਇੰਸ ਦਾ ਮਾੜਾ ਰੂਪ ਵੀ ਦੇਖਣਾ ਪੈਂਦਾ ਹੈ। ਜਿਵੇਂ ਪਾਣੀ, ਅਗਨੀ, ਹਵਾ, ਧਰਤੀ ਸਾਇੰਟਿਫਿਕ ਰਚਨਾ ਹੈ ਜਿਸ ਦੁਆਰਾ ਸਾਡਾ ਇਸ ਸੰਸਾਰ ਤੇ ਪ੍ਰਮਾਤਮਾ ਭਲਾ ਕਰ ਰਿਹਾ ਹੈ ਪਰ ਸਭ ਦਾ ਕਿਸੇ ਸਿਸਟਮ ਵਿੱਚ ਚੱਲਣਾ ਉਸ ਨੇ ਆਪ ਹੀ ਤਹਿ ਕੀਤਾ ਹੋਇਆ ਹੈ ਜੋ ਸਿਸਟਮ ਕਦੇ ਬਦਲ ਨਹੀਂ ਸਕਦਾ। ਜਿਹੜਾ ਪਾਣੀ ਸਾਡੇ ਜੀਵਨ ਦੀ ਰੱਖਿਆ ਕਰਦਾ ਹੈ ਉਹੀ ਪਾਣੀ ਕਈ ਵਾਰੀ ਸਾਡੀ ਜਾਨ ਵੀ ਲੈ ਲੈਂਦਾ ਹੈ ਕਿਉਂਕਿ ਉਹ ਪ੍ਰਮਾਤਮਾ ਦੇ ਹੁਕਮ ਦਾ ਬੱਝਿਆ ਹੋਇਆ ਹੈ ਜੋ ਕਦੇ ਬਦਲ ਨਹੀਂ ਸਕਦਾ। ਹਰ ਵਸਤੂ ਇਸੇ ਤਰ੍ਹਾਂ ਪ੍ਰਮਾਤਮਾ ਦੇ ਹੁਕਮ ਦੀ ਬੱਝੀ ਹੋਈ ਹੈ ਜੋ ਆਪਣੇ ਮਿਥੇ ਹੋਏ ਸਿਸਟਮ ਵਿੱਚ ਹੀ ਚੱਲਦੀ ਹੈ। ਆਪਣੇ ਇਸ ਸਿਸਟਮ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਸਾਡੇ ਤੇ ਦਇਆ ਵੀ ਕਰ ਰਿਹਾ ਹੈ ਤੇ ਇਸ ਦੇ ਵਿੱਚ ਉਸਦਾ ਬੇਪਰਵਾਹ ਰੂਪ ਵੀ ਸਾਡੇ ਸਾਮ੍ਹਣੇ ਆਉਂਦਾ ਹੈ। ਪ੍ਰਮਾਤਮਾ ਆਪਣੇ ਹਰ ਰੂਪ ਵਿੱਚ ਸੱਚਾ ਹੈ ਕਿਉਂਕਿ ਉਸਦਾ "ਸਿਸਟਮ" ਸੱਚ ਨਾਲ ਹੀ ਚੱਲ ਰਿਹਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਸਚੁ ਰੂਪ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਕਿਸੇ ਨਾਲ ਭੇਦ ਭਾਵ ਨਹੀਂ ਕਰਦਾ, ਸਾਇੰਸ ਸਭ ਨੂੰ ਇੱਕੋ ਜਿਹਾ ਹੀ ਵੇਖਦੀ ਹੈ ਤੇ ਆਪਣੇ ਮਿਥੇ ਹੋਏ ਮਾਰਗ ਤੋਂ ਕਦੇ ਨਹੀਂ ਭਟਕਦੀ, ਉਹ ਨਿਰਭਉ ਹੋ ਕੇ ਵਿਚਰਦੀ ਹੈ। ਪ੍ਰਮਾਤਮਾ ਦਾ ਨਿਰਭਉ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੈ, ਪੂਰੀ ਸਾਇੰਸ ਉਸ ਦਾ ਸੱਚਾ ਗਿਆਨ ਹੈ ਜੋ ਸਦਾ ਥਿਰ ਹੋ ਕੇ ਵਿਚਰਦਾ ਹੈ ਜਿਸਨੂੰ ਕਦੇ ਬਦਲਿਆ ਨਹੀਂ ਜਾ ਸਕਦਾ।

31/3452

ਸਾਡੇ ਅੰਦਰ ਵੀ ਪ੍ਰਮਾਤਮਾ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ, ਸਾਡੀ ਮਤਿ ਦੇ ਰੂਪ ਵਿੱਚ ਵਿਚਰਦਾ ਹੈ ਪਰ ਸਾਡੀ ਮਨੁੱਖੀ ਮਤਿ ਨੂੰ ਪ੍ਰਮਾਤਮਾ ਨੇ ਭਉ ਵਿੱਚ ਡੋਲਣ ਵਾਲੀ ਮਤਿ ਬਣਾ ਕੇ ਰੱਖਿਆ ਹੋਇਆ ਹੈ ਜੋ ਕਿ ਬਦਲਦੀ ਰਹਿੰਦੀ ਹੈ, ਅਨੇਕਾਂ ਹੀ ਭਉ ਅੰਦਰ ਵੱਸੇ ਰਹਿੰਦੇ ਹਨ ਜਿਸ ਨੂੰ ਉਹ ਆਪ ਹੀ ਟਿਕਣ ਨਹੀਂ ਦਿੰਦਾ ਤੇ ਸਾਡੀ ਮਤਿ ਡੋਲਦੀ ਰਹਿੰਦੀ ਹੈ, ਭਉ ਵਿੱਚ ਡੋਲਦੀ ਰਹਿੰਦੀ ਹੈ, ਮਾਇਆ ਮੋਹ ਦੇ ਭਉ ਵਿੱਚ ਡੋਲਦੀ ਹੈ, ਉਹਨਾਂ ਮਨੁੱਖਾਂ ਦੇ ਭਉ ਤੋਂ ਡੋਲਦੀ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨ ਲੈਂਦੇ ਹਾਂ, ਥਿਤਾਂ ਵਾਰਾਂ ਦੇ ਭਉ ਵਿੱਚ ਡੋਲਦੀ ਹੈ ਕਿ ਇਹਨਾਂ ਨੂੰ ਮੰਨਣਾ ਜਰੂਰੀ ਹੈ, ਤੀਰਥਾਂ ਦੇ ਇਸ਼ਨਾਨ ਦੇ ਭਉ ਤੋਂ ਡੋਲਦੀ ਹੈ ਕਿ ਇਹ ਸਾਡੇ ਲਈ ਜਰੂਰੀ ਹਨ, ਧਾਰਮਿਕ ਅਸਥਾਨਾਂ ਉੱਤੇ ਮੱਥੇ ਟੇਕਣ ਦੇ ਭਉ ਵਿੱਚ, ਟੱਲੀਆਂ ਵਜਾਉਣ ਦੇ ਭਉ ਵਿੱਚ ਡੋਲਦੀ ਹੈ ਕਿ ਇਹ ਸਭ ਕੁੱਝ ਜਰੂਰੀ ਹੈ ਕਿ ਪ੍ਰਮਾਤਮਾ ਇਹਨਾਂ ਗੱਲਾਂ ਨਾਲ ਖੁਸ਼ ਹੁੰਦਾ ਹੈ, ਸਰੀਰਕ ਜਪਾਂ ਤਪਾਂ ਆਦਿ ਦੇ ਭਉ ਵਿੱਚ ਡੋਲਦੀ ਹੈ ਕਿ ਇਹਨਾਂ ਤੋਂ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ। ਇਹੋ ਜਿਹੇ ਭਉ ਸਾਡੇ ਅੰਦਰ ਸਾਨੂੰ ਅਗਿਆਨਤਾ ਵਿੱਚ ਰੱਖ ਕੇ ਆਪ ਹੀ ਵਸਾਏ ਹੋਏ ਹਨ ਜਿੰਨ੍ਹਾਂ ਦੁਆਰਾ ਉਸਨੇ ਸਭ ਨੂੰ ਸੱਚੇ ਧਰਮ ਦੀ ਸੋਝੀ ਤੋਂ ਦੂਰ ਰੱਖਿਆ ਹੋਇਆ ਹੈ, ਆਪਣੇ ਆਪ ਦੇ ਮਿਲਣ ਨਾਲੋਂ ਦੂਰ ਰੱਖਿਆ ਹੋਇਆ ਹੈ। ਅਸਲ ਭਉ ਇੱਕੋ ਇੱਕ ਸੱਚ ਤੇ ਚੱਲਣ ਦਾ ਹੈ, ਉਸਦੀ ਸੱਚੀ ਮਤਿ ਤੇ ਚੱਲਣ ਦਾ ਹੈ ਜਿਸਦੀ ਸੋਝੀ ਪੈਣ ਤੇ ਹੀ ਮਨੁੱਖ ਵਿਅਰਥ ਦੇ ਵਸਾਏ ਹੋਏ ਅਨੇਕਾਂ ਹੀ ਭਉ ਵਾਲੀ ਬਿਰਤੀ ਵਿੱਚੋਂ ਨਿਕਲਦਾ ਹੈ ਜੋ ਕਿ ਮਨ ਦੇ ਵਿੱਚ ਸੋਝੀ ਪਾ ਕੇ ਉਹ ਆਪ ਹੀ ਕੱਢਦਾ ਹੈ, ਮਨ ਦੇ ਵਿੱਚ ਆਪਣੇ ਦਰਸ਼ਨਾ ਦੁਆਰਾ ਕੱਢਦਾ ਹੈ ਜਿਸ ਦੁਆਰਾ ਮਨੁੱਖ ਉਸ ਬੇਪਰਵਾਹ ਰੂਪ ਨਾਲ ਮਿਲਕੇ ਬੇਪਰਵਾਹ ਹੋ ਜਾਂਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੁਆਰਾ ਇਸ ਗੱਲ ਨੂੰ ਸਮਝ ਰਹੇ ਹਾਂ।ਖਾਣੇ ਆਦਿ ਦੀ ਸੁਚਿ ਨਾਲ ਜੁੜਨਾ ਸਾਡਾ ਵਿਅਰਥ ਦਾ ਭਉ ਹੀ ਹੈ ਜਿਸ ਦੀ ਸਮਝ ਪ੍ਰਮਾਤਮਾ ਦੇ ਮੇਲ ਨਾਲ ਹੀ ਪੈਂਦੀ ਹੈ ਕਿਉਂਕਿ ਅਸਲ ਗੱਲ ਮਨ ਦੀ ਸੁਚਿ ਹੈ।(**ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥ ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥**)

ਪ੍ਰਮਾਤਮਾ ਮਨੁੱਖ ਨੂੰ ਬੇਪਰਵਾਹ ਕਿਵੇਂ ਕਰਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥

ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥੧॥ ਰਹਾਉ ॥"

31/3453

ਉੱਪਰ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਆਪਣਾ ਪਰਾਹੁਣਾ ਕਹਿ ਕੇ ਉਸ ਦਾ ਵੱਡਾਪਨ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਘਰ ਵਿੱਚ ਉੱਚਾ ਮਾਣ ਦਿੱਤਾ ਜਾਂਦਾ ਹੈ। ਜਿਸ ਘਰ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ ਆਪਣੇ ਗਿਆਨ ਰੂਪ ਜਲ ਦੀ ਵਰਖਾ ਕਰਦਾ ਹੈ, ਗੁਰਮਤਿ ਰੂਪ ਗਿਆਨ ਦੀ ਵਰਖਾ ਕਰਦਾ ਹੈ, ਸ਼ਬਦ ਰੂਪ ਵਿਚਾਰਾਂ ਦੀ ਵਰਖਾ ਕਰਦਾ ਹੈ ਜੋ ਕਿ ਉਸਦਾ ਸਭ ਤੋਂ ਉੱਚਾ ਖਜਾਨਾ ਹੈ, ਨਾਮ ਦਾ ਖਜਾਨਾ ਹੈ, ਬ੍ਰਹਮ ਗਿਆਨ ਦਾ ਖਜਾਨਾ ਹੈ ਜਿਸ ਖਜਾਨੇ ਵਿੱਚ ਪ੍ਰਮਾਤਮਾ ਕਿਸੇ ਨੂੰ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਰਲਾਉਂਦਾ ਹੈ ਤੇ ਫਿਰ ਮਨੁੱਖੀ ਮਤਿ, ਤ੍ਰੈ ਗੁਣਾਂ ਵਾਲੀ ਮਤਿ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾਅ ਜਾਂਦੀ ਹੈ ਤੇ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਹੋਂਦ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਉਹ ਆਪ ਹੀ ਸਭ ਦੇ ਵਿੱਚ, ਆਪਣੇ ਨਿਰਗੁਣ ਰੂਪ ਵਿੱਚ, ਗਿਆਨ ਰੂਪ ਵਿੱਚ, ਨਾਮ ਰੂਪ ਵਿੱਚ ਵਿਚਰ ਰਿਹਾ ਹੈ। ਉਸਦੀ ਸੱਚੀ ਮਤਿ ਦੇ ਵਿੱਚ ਰਲਣ ਦੁਆਰਾ, ਸਮਾਉਣ ਦੁਆਰਾ ਮਨੁੱਖ ਨਿਰਭਉ ਰੂਪ ਬਣਦਾ ਹੈ ਭਾਵ ਕੇਵਲ ਸੱਚ ਦੇ ਭਉ ਵਿੱਚ ਰਹਿੰਦਾ ਹੈ, ਨਾਮ ਦੇ ਭਉ ਵਿੱਚ ਰਹਿੰਦਾ ਹੈ। (**ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥ ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥1॥ ਰਹਾਉ ॥**) ਇਹ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਦੀਨ ਨੂੰ ਆਪਣੇ ਨਾਲ ਮਿਲਾ ਲਵੇ। ਇਸ ਗੱਲ ਦੀ ਸੋਝੀ ਉਸ ਨੂੰ ਮਿਲਣ ਤੋਂ ਬਾਅਦ ਹੀ ਪੈਂਦੀ ਹੈ ਕਿ ਮਨੁੱਖ ਉਸ ਦੇ ਅੱਗੇ ਕਿਤਨਾ ਬੇਸਹਾਰਾ ਹੈ।

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਉਹ ਸੁੱਚੀ ਰਸੋਈ ਕਿਹੜੀ ਹੈ ਜਿੱਥੇ ਪ੍ਰਮਾਤਮਾ ਨੇ ਸਾਡੇ ਸਭ ਲਈ ਉਹ ਨਿਰਗੁਣ ਰੂਪ ਭੋਜਨ ਤਿਆਰ ਕੀਤਾ ਹੈ ਜਿਸ ਭੋਜਨ ਨੂੰ ਛਕ ਕੇ ਹੀ ਸਾਡਾ ਮਨ ਪਵਿੱਤਰ ਹੋ ਸਕਦਾ ਹੈ, ਸਾਡਾ ਤਨ ਪਵਿੱਤਰ ਹੋ ਸਕਦਾ ਹੈ।

“ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥
ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥
ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥੩॥”

ਜਿਹੋ ਜਿਹਾ ਭੋਜਨ ਪ੍ਰਮਾਤਮਾ ਨੂੰ ਆਪ ਚੰਗਾ ਲੱਗਦਾ ਹੈ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪਣੇ ਗਿਆਨ ਦੁਆਰਾ ਆਪ ਹੀ ਭੋਜਨ ਬਣਾਉਣਾ ਸਿਖਾਉਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ, ਅਨੇਕਾਂ ਹੀ ਸ਼ਬਦਾਂ ਦੀ ਵਿਚਾਰ ਉਸਨੇ ਦਿੱਤੀ ਹੈ ਜੋ ਗੁਰਬਾਣੀ

ਵਿੱਚ ਦਰਜ ਹਨ । ਪ੍ਰਮਾਤਮਾ ਦਾ ਭੋਜਨ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਦੇ ਇਹ ਆਪਣੇ ਬੋਲੇ ਹੋਏ ਬਚਨ ਹਨ ਤੇ ਉਸਦਾ ਹਰ ਬਚਨ ਮਿੱਠਾ ਹੈ, ਉਸਦਾ ਹਰ ਬੋਲ ਮਿੱਠਾ ਹੈ। ਇਹੋ ਜਿਹਾ ਮਿੱਠਾ ਭੋਜਨ ਮਨ ਦੇ ਵਿੱਚ ਹੀ ਬਣਦਾ ਹੈ, ਮਨ ਰੂਪ “ਪਾਕਸਾਲ” ਭਾਵ ਮਨ ਰੂਪ ਰਸੋਈ ਵਿੱਚ ਹੀ ਤਿਆਰ ਹੁੰਦਾ ਹੈ। ਇਹ ਭੋਜਨ ਸਾਡੇ ਮਨ ਦੀ “ਸੋਚ” ਨੂੰ ਪਵਿੱਤਰ ਕਰਦਾ ਹੈ, ਸਾਡੇ ਮਨ ਦੀ ਮਤਿ ਨੂੰ ਪਵਿੱਤਰ ਕਰਦਾ ਹੈ, ਸਾਡੀ ਸੋਚ ਨੂੰ ਬ੍ਰਹਮ ਗਿਆਨ ਵਾਲੀ ਸੋਚ ਬਣਾਉਂਦਾ ਹੈ, ਸ਼ਬਦ ਦੇ ਵਿਚਾਰਾਂ ਵਾਲੀ ਸੋਚ ਬਣਾਉਂਦਾ ਹੈ ਜਿਸ ਵਿੱਚੋਂ ਸਾਡੀ ਸੋਚ ਪ੍ਰਮਾਤਮਾ ਕੋਲੋਂ ਸੱਚਾ ਭੋਜਨ ਛਕ ਕੇ ਸਭ ਨੂੰ ਸੱਚ ਸਮਝਾਉਂਦੀ ਹੈ। ਜਿੰਨ੍ਹਾਂ ਨੇ ਮਨ ਰੂਪ ਰਸੋਈ ਵਿੱਚੋਂ ਇਸ ਭੋਜਨ ਨੂੰ ਛਕਿਆ ਹੈ, ਇਹ ਅੰਮ੍ਰਿਤ ਭੋਜਨ ਛਕਿਆ ਹੈ ਉਹਨਾਂ ਨੇ ਹੀ ਗੁਰਬਾਣੀ ਰੂਪ ਥਾਲ ਵਿੱਚ ਸਾਡੇ ਸਭ ਲਈ ਇਹ ਸੱਚਾ ਭੋਜਨ, ਅੰਮ੍ਰਿਤ ਭੋਜਨ, ਨਾਮ ਭੋਜਨ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਭੋਜਨ ਪਰੋਸਿਆ ਹੈ। ਪ੍ਰਮਾਤਮਾ ਇਹੋ ਜਿਹੇ ਭੋਜਨ ਨੂੰ ਭੋਗ ਲਗਾਉਂਦਾ ਹੈ ਭਾਵ ਉਹ ਮਨੁੱਖ ਦੀ ਇਹੋ ਜਿਹੀ ਸੱਚੀ ਸੁੱਚੀ ਮਤਿ ਨੂੰ ਪ੍ਰਵਾਨ ਕਰਦਾ ਹੈ ਜਿਹੋ ਜਿਹੀ ਮਤਿ ਸਾਨੂੰ ਉਸਨੇ ਗੁਰਬਾਣੀ ਰਾਹੀਂ ਆਪ ਹੀ ਦਿੱਤੀ ਹੈ। ਪ੍ਰਮਾਤਮਾ ਨੂੰ ਕੇਵਲ ਇਹੋ ਜਿਹੀ ਮਤਿ ਨਾਲ ਜੁੜਕੇ ਹੀ ਪਾਇਆ ਜਾ ਸਕਦਾ ਹੈ ਭਾਵ ਸਾਡਾ ਸਾਰਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰਬਾਣੀ ਰਾਹੀਂ ਦਿੱਤੀ ਹੋਈ ਪ੍ਰਮਾਤਮਾ ਦੀ ਸੱਚੀ ਮਤਿ ਦੇ ਨਾਲ ਜੁੜੀਏ ਭਾਵ ਉਸਦਾ ਸੱਚਾ ਗਿਆਨ ਰੂਪ ਭੋਜਨ ਛਕੀਏ ਜੋ ਸਾਨੂੰ ਪਵਿੱਤਰ ਬਣਾ ਸਕਦਾ ਹੈ। ਇਸ ਭੋਜਨ ਨੂੰ ਛਕ ਕੇ ਭੁੰਚਣਾ ਵੀ ਹੈ ਭਾਵ ਗੁਰੂ ਦੀ ਮਤਿ ਨੂੰ ਪੜ੍ਹ ਕੇ, ਸਮਝ ਕੇ ਮੰਨਣਾ

ਵੀ ਹੈ। (**ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥ ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥2॥**)

ਪ੍ਰਮਾਤਮਾ ਦਾ ਸੱਚਾ ਗਿਆਨ ਮਿਲਣ ਦੁਆਰਾ, ਮਨ ਦੇ ਵਿੱਚ ਉਸਦੇ ਸੱਚੇ ਵਿਚਾਰ ਮਿਲਣ ਦੁਆਰਾ ਸਾਡੀ ਸੋਚ, ਸਾਡਾ ਮਨ ਕਿਵੇਂ ਪਵਿੱਤਰ ਹੁੰਦਾ ਹੈ ਭਾਵ ਮਨ ਦੀ ਅਪਵਿੱਤਰਤਾ ਕਿਵੇਂ ਨਿਕਲਦੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥

ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥੩॥

ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥

ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥੪॥੧॥”

31/3455

ਸਾਡਾ ਮਨ ਮਾਇਆ ਮੋਹ ਦੁਆਰਾ ਅਪਵਿੱਤਰ ਹੈ, ਔਗੁਣਾਂ ਦੁਆਰਾ ਅਪਵਿੱਤਰ ਹੈ ਜਿਸਦਾ ਮੂਲ ਸਾਡੇ ਅੰਦਰ ਸੱਚ ਦੀ ਸੋਝੀ ਦਾ ਨਾ ਹੋਣਾ ਹੈ, ਪ੍ਰਮਾਤਮਾ ਦੀ ਸੱਚੀ ਸਿੱਖਿਆ ਦਾ ਨਾ ਹੋਣਾ ਹੈ, ਨਾਮ ਦੀ ਸਿੱਖਿਆ ਦਾ ਨਾ ਹੋਣਾ ਹੈ। ਪ੍ਰਮਾਤਮਾ ਦੀ ਸੱਚੀ ਸਿੱਖਿਆ ਮਿਲਣ ਦੇ ਨਾਲ ਭਾਵ ਉਸ ਨੂੰ ਆਪਣੇ ਅੰਦਰ ਅਪਣਾਉਣ ਦੇ ਨਾਲ, ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈਣ ਦੇ ਨਾਲ ਆਪਣੇ ਮਨ ਨੂੰ ਹੀ ਸੁੱਚਾ ਬਣਾਉਂਦਾ ਹੈ, ਆਪਣੇ ਅੰਦਰੋਂ ਦੁਸ਼ਟਾਂ ਨੂੰ ਮਾਰਦਾ ਹੈ, ਔਗੁਣਾਂ ਤੋਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਆਪਣੇ ਆਪ ਨੂੰ ਮੁਕਤਿ ਕਰਦਾ ਹੈ। ਔਗੁਣ ਖ਼ਤਮ ਹੋਣ ਨਾਲ ਸਾਡੇ ਅੰਦਰ ਸਾਡੇ “ਸੱਜਣ” ਵੱਸ ਜਾਂਦੇ ਹਨ ਜੋ ਕਿ ਸਾਡੇ ਗੁਣ ਹਨ। ਔਗੁਣਾਂ ਦੇ ਮਰਨ ਨਾਲ ਗੁਣਾਂ ਨੂੰ ਖੁਸ਼ੀ ਹੁੰਦੀ ਹੈ। ਜਿੱਥੇ ਗੁਣ ਹਨ ਉੱਥੇ ਗੁਰਮਤਿ ਹੈ, ਆਪ ਪ੍ਰਮਾਤਮਾ ਹੈ। ਜਿਸ ਘਰ ਨੂੰ ਪ੍ਰਮਾਤਮਾ ਅਪਣਾ ਲੈਂਦਾ ਹੈ ਭਾਵ ਆਪਣਾ ਬਣਾ ਲੈਂਦਾ ਹੈ ਭਾਵ ਜਿਹੜੇ ਮਨ ਦੇ ਵਿੱਚ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਉਸਨੂੰ ਔਗੁਣ ਮੁਕਤਿ ਕਰਕੇ ਪਵਿੱਤਰ ਬਣਾ ਦਿੰਦਾ ਹੈ ਤੇ ਇਹੀ ਸਾਡੇ ਅੰਦਰ ਸਾਰੇ ਸੁੱਖਾਂ ਦੀ ਪ੍ਰਾਪਤੀ ਹੈ ਜਿਸ ਦੁਆਰਾ ਮਨੁੱਖ ਦਾ ਆਪਣਾ ਜੀਵਨ ਸੁਖੀ ਹੁੰਦਾ ਹੈ ਤੇ ਉਹ ਦੂਸਰਿਆਂ ਨੂੰ ਸੁਖੀ ਜੀਵਨ ਨਾਲ ਜੁੜਨਾ ਸਿਖਾਉਂਦਾ ਹੈ ਜਿਵੇਂ ਕਿ ਗੁਰਬਾਣੀ ਸਾਨੂੰ ਸਿਖਾ ਰਹੀ ਹੈ। ਇਹੋ ਜਿਹੇ ਸੁੱਖ ਦੀ ਪ੍ਰਾਪਤੀ ਮਨ ਦੇ ਵਿੱਚ ਸੰਤ ਸਭਾ ਹੋਣ ਦੁਆਰਾ ਹੁੰਦੀ ਹੈ, ਪ੍ਰਮਾਤਮਾ ਦੀ ਸਭਾ ਲੱਗਣ ਦੁਆਰਾ ਹੁੰਦੀ ਹੈ ਜਿਸ ਸਭਾ ਦੇ ਵਿੱਚ ਉਹ ਆਪਣਾ ਸੱਚਾ ਗਿਆਨ ਵੰਡਦਾ ਹੈ। ਜਿਹੋ ਜਿਹਾ ਗਿਆਨ ਉਸਨੇ ਮਨੁੱਖੀ ਰੂਪ ਵਿੱਚ ਪ੍ਰਗਟ ਹੋ ਕੇ ਮਨ ਦੇ ਵਿੱਚ ਆਪਣੀ ਸੰਤ ਸਭਾ ਦੁਆਰਾ ਵੰਡਿਆ ਹੈ ਉਹੀ ਗਿਆਨ ਪੂਰੀ ਗੁਰਬਾਣੀ ਵਿੱਚ ਹੈ ਜਿੱਥੇ ਪ੍ਰਮਾਤਮਾ ਦੀ ਹਰ ਵੇਲੇ ਸੰਤ ਸਭਾ ਲੱਗੀ ਹੋਈ ਹੈ ਜਿਸ ਰਾਹੀਂ ਹਰ ਕੋਈ ਉਸਦੇ ਸੱਚੇ ਵਿਚਾਰ ਲੈ ਸਕਦਾ ਹੈ ਤੇ ਆਪਣੇ ਜੀਵਨ ਨੂੰ ਸੁਖੀ ਬਣਾ ਸਕਦਾ ਹੈ ਤੇ ਦੁੱਖਾਂ ਤੋਂ ਬਚ ਸਕਦਾ ਹੈ, ਪ੍ਰਮਾਤਮਾ ਦੇ ਦਰਸ਼ਨਾਂ ਦਾ ਉਪਰਾਲਾ ਕਰ ਸਕਦਾ ਹੈ ਜੋ ਕਿ ਬੜੇ ਵੱਡੇ ਭਾਗਾਂ ਦੁਆਰਾ ਹੀ ਹੁੰਦੇ ਹਨ, ਮਨ ਦੀ ਸੁਚਿ ਨਾਲ ਜੁੜਕੇ ਹੀ ਹੁੰਦੇ ਹਨ, ਵਿਕਾਰਾਂ ਤੋਂ ਰਹਿਤ ਹੋ ਕੇ ਗੁਣਾਂ ਨੂੰ ਅਪਣਾਉਣ ਦੁਆਰਾ ਹੀ ਹੁੰਦੇ ਹਨ ਤੇ ਸਰੀਰਕ ਸੁਚਿ ਆਦਿ ਨਾਲ ਜੁੜਨਾ, ਸੁੱਚੇ ਚਉਕਿਆਂ ਆਦਿ ਦੀ ਸੁਚਿ ਨਾਲ ਜੁੜਨਾ, ਕਿਸੇ ਖਾਣਿਆਂ ਵਿੱਚ ਸੁਚਿ ਨੂੰ ਸਮਝਣਾ ਕੇਵਲ ਸਾਡਾ ਭਰਮ ਹੀ ਹੈ। (**ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥ ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥3॥ ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥ ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥4॥1॥**)

31/3456

ਅਸੀਂ ਸੰਸਾਰਿਕ ਭੋਜਨ ਮਾਇਆ ਰੂਪ ਭੋਜਨ ਛਕਣ ਵਿੱਚ ਜੋ ਸੁਚਿ ਆਦਿ ਵਰਤਦੇ ਹਾਂ ਤੇ ਉਸ ਗੱਲ ਦਾ ਸ਼ਬਦਾਂ ਦੁਆਰਾ ਅਨੇਕਾਂ ਹੀ ਵਾਰੀ ਖੰਡਨ ਕੀਤਾ ਹੋਇਆ ਹੈ ਤਾਂ ਜੋ ਅਸੀਂ ਅਸਲ ਸੁਚਿ ਨੂੰ ਸਮਝੀਏ ਭਾਵ ਮਨ ਦੀ ਸੁਚਿ ਨਾਲ ਜੁੜੀਏ। ਆਪਣੇ ਚਉਕਿਆਂ ਨੂੰ ਕਾਰੀ ਆਦਿ ਕੱਢਕੇ ਜੋ ਸੁੱਚਾ ਬਣਾਉਣਾ ਸਮਝਦੇ ਹਨ ਉਸਦੀ ਬਜਾਇ ਸਾਨੂੰ ਕਿਹੋ ਜਿਹੀ ਕਾਰੀ ਕੱਢਣ ਦੀ ਲੋੜ ਹੈ ਇਸ ਗੱਲ ਨੂੰ ਸਮਝਣਾ ਜਰੂਰੀ ਹੈ। ਜੇਕਰ ਸਾਨੂੰ “ਪਵਿੱਤਰ” ਨਿਰਗੁਣ ਰੂਪ ਭੋਜਨ ਨੇ ਕਰਨਾ ਹੈ ਫਿਰ ਉਸ ਭੋਜਨ ਨੂੰ ਸੁੱਚਾ ਰੱਖਣ ਲਈ, ਉਸ ਭੋਜਨ ਨੂੰ ਜੂਠ ਤੋਂ ਬਚਾਉਣ ਲਈ ਕਾਰੀ ਵੀ ਨਿਰਗੁਣ ਰੂਪ ਵਿੱਚ ਕੱਢਣ ਦੀ ਲੋੜ ਹੈ। ਇਹੋ ਜਿਹੀ

ਕਾਰੀ ਅਸੀਂ ਆਪਣੇ ਨਿਰਗੁਣ ਰੂਪ ਚਉਕੇ ਦੇ ਦੁਆਲੇ ਹੀ ਕੱਢਣੀ ਹੈ। ਸੁੱਚੀ ਰਸੋਈ ਕੀ ਹੈ ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ। ਜਿੱਥੇ ਸਾਡੀ ਨਿਰਗੁਣ ਰੂਪ ਭੋਜਨ ਛਕਣ ਦੀ ਰਸੋਈ ਹੈ ਉਹੀ ਸਾਡਾ ਚਉਕਾ ਹੈ ਜਿਸ ਦੇ ਦੁਆਲੇ ਕਾਰੀ ਕੱਢਕੇ ਉਸ ਨੂੰ ਸੁੱਚਾ ਬਣਾਇਆ ਜਾ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਉਹੋ ਜਿਹੇ ਸੱਚੇ ਸੁੱਚੇ ਭੋਜਨ ਨਾਲ ਜੁੜੀਏ ਜਿਸ ਨੇ ਸਾਡੇ ਮਨ ਤਨ ਨੂੰ ਪਵਿੱਤਰ ਕਰਨਾ ਹੈ।

“ਸਚੁ ਸਾਲਾਹੀ ਗਹਿਰ ਗੰਭੀਰੈ ॥ ਸਭੁ ਜਗੁ ਹੈ ਤਿਸ ਹੀ ਕੈ ਚੀਰੈ ॥
ਸਭਿ ਘਟ ਭੋਗਵੈ ਸਦਾ ਦਿਨੁ ਰਾਤੀ ਆਪੇ ਸੂਖ ਨਿਵਾਸੀ ਹੇ ॥੧॥
ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥
ਆਪੇ ਆਇ ਵਸਿਆ ਘਟ ਅੰਤਰਿ ਤੂਟੀ ਜਮ ਕੀ ਫਾਸੀ ਹੇ ॥੨॥
ਕਿਸੁ ਸੇਵੀ ਤੈ ਕਿਸੁ ਸਾਲਾਹੀ ॥ ਸਤਿਗੁਰੁ ਸੇਵੀ ਸਬਦਿ ਸਾਲਾਹੀ ॥
ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ ॥੩॥
ਦੇਹੀ ਕਾਚੀ ਕਾਗਦ ਮਿਕਦਾਰਾ ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥
ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥੪॥
ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥
ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥”

(ਅੰਗ - ੧੦੪੮)

31/3457

ਜਿੰਨ੍ਹਾਂ ਨੇ ਆਪਣੇ ਅੰਦਰੋਂ ਸੱਚੇ ਭੋਜਨ ਨੂੰ ਛਕਿਆ ਹੈ, ਗੁਰਮਤਿ ਰੂਪ ਸੱਚੇ ਗਿਆਨ ਦੇ ਭੋਜਨ ਨੂੰ ਛਕਿਆ ਹੈ ਉਹਨਾਂ ਦੇ ਮਨ ਦੀ ਅਵੱਸਥਾ ਹੀ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ, ਇਹ ਪ੍ਰਮਾਤਮਾ ਦੇ ਭਗਤਾਂ ਦੀ ਗੁਰੂ ਸਾਹਿਬਾਨ ਦੇ ਮਨ ਦੀ ਅਵੱਸਥਾ ਹੈ ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਉਹਨਾਂ ਵਿੱਚ ਪ੍ਰਗਟ ਹੋ ਕੇ ਇਹ ਭੋਜਨ ਬਣਾਇਆ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਪਾਇਆ ਹੈ।

ਪ੍ਰਮਾਤਮਾ ਦੀ ਸਿਫ਼ਤ ਸਾਲਾਹ ਭਾਵ ਉਸਦੀ ਸੱਚੀ ਸਿਫ਼ਤ ਸਾਲਾਹ, ਪੂਰਨ ਰੂਪ ਵਿੱਚ ਸਿਫ਼ਤ ਸਾਲਾਹ ਮਨ ਦੇ ਵਿੱਚ ਇਹ ਗਿਆਨ ਰੂਪ ਭੋਜਨ ਛਕਣ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਹਰ ਘਟ ਦੇ ਅੰਦਰ ਹੈ ਜੋ ਸਾਨੂੰ ਹਰ ਵੇਲੇ ਭੋਗ ਰਿਹਾ ਹੈ ਭਾਵ ਮਨ ਦੇ ਗਿਆਨ ਰਾਹੀਂ ਚਲਾ ਰਿਹਾ ਹੈ ਤੇ ਜਿਸ ਘਟ ਦੇ ਅੰਦਰ ਉਹ ਪ੍ਰਗਟ ਹੋ ਜਾਂਦਾ ਹੈ ਉਸ ਦੇ ਅੰਦਰ ਸਦਾ ਲਈ ਸੁਖ ਵੱਸ ਜਾਂਦਾ ਹੈ। ਪ੍ਰਮਾਤਮਾ ਦਾ “ਸੁਖੁ” ਰੂਪ ਗੁਰਮਤਿ ਦਾ ਸੱਚਾ ਗਿਆਨ ਹੈ ਜੋ ਮਨ ਦੇ ਵਿੱਚ ਵੱਸਣ ਦੁਆਰਾ ਉਹ ਆਪ ਹੀ ਦਿੰਦਾ ਹੈ। (**ਸਚੁ ਸਾਲਾਹੀ ਗਹਿਰ ਗੰਭੀਰੈ ॥ ਸਭੁ ਜਗੁ ਹੈ ਤਿਸ ਹੀ ਕੈ ਚੀਰੈ ॥ ਸਭਿ ਘਟ ਭੋਗਵੈ ਸਦਾ ਦਿਨੁ ਰਾਤੀ ਆਪੇ ਸੂਖ ਨਿਵਾਸੀ ਹੇ ॥1॥**)

ਪ੍ਰਮਾਤਮਾ ਸੱਚਾ ਹੈ ਤੇ ਉਸਨੂੰ ਸੱਚਾ ਬਣਾਉਣ ਵਾਲਾ ਉਸਦਾ ਨਾਮ ਹੈ ਭਾਵ ਉਸਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਸ ਦੇ ਅੰਦਰ ਆਪਣਾ ਨਾਮ ਹੀ ਵਸਾਉਂਦਾ ਹੈ ਜਿਸ ਰਾਹੀਂ ਉਹ ਮਨ ਦੇ ਅੰਦਰ ਸੱਚ ਸਮਝਾਉਂਦਾ ਹੈ, ਗੁਰਮਤਿ ਰੂਪ ਸੱਚੀ ਸਿੱਖਿਆ ਸਮਝਾਉਂਦਾ ਹੈ। ਇਹ ਕੇਵਲ ਤੇ ਕੇਵਲ ਗੁਰ ਪਰਸਾਦਿ ਹੈ ਭਾਵ ਉਸਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਦੇ ਅੰਦਰ ਆਪਣਾ ਨਾਮ ਵਸਾਵੇ ਭਾਵ ਆਪਣਾ ਆਪ ਵਸਾਵੇ। ਪ੍ਰਮਾਤਮਾ ਦੇ ਅੰਦਰ ਵੱਸਣ ਨਾਲ ਹੀ, ਉਸਦੇ ਅੰਦਰ ਪ੍ਰਗਟ ਹੋਣ ਦੇ ਨਾਲ ਹੀ ਮਨੁੱਖ ਆਵਾਗਉਣ ਤੋਂ ਮੁਕਤਿ ਹੁੰਦਾ ਹੈ ਭਾਵ ਹਰ ਅਵਗਣ ਤੋਂ ਮੁਕਤਿ ਹੁੰਦਾ ਹੈ, ਹਰ ਭਰਮ ਤੋਂ ਮੁਕਤਿ ਹੁੰਦਾ ਹੈ ਜਿੰਨ੍ਹਾਂ ਕਰਕੇ ਮਨੁੱਖ ਨੂੰ ਵਾਰ ਵਾਰ ਆਵਾਗਉਣ ਵਿੱਚ ਰਹਿਣਾ ਪੈਂਦਾ ਹੈ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦੇ ਹਨ ਜੋ ਆਪਣੇ ਅੰਦਰੋਂ ਹੀ ਉਸ ਨਿਰਗੁਣ ਰੂਪ ਪ੍ਰਮਾਤਮਾ ਦੇ ਬ੍ਰਹਮ ਗਿਆਨ ਦੇ

ਮਾਲਕ ਬ੍ਰਹਮ ਗਿਆਨੀ ਦੇ ਦਰਸ਼ਨ ਕਰ ਲੈਂਦੇ ਹਨ। (**ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਆਪੇ ਆਇ ਵਸਿਆ ਘਟ ਅੰਤਰਿ ਤੂਟੀ ਜਮ ਕੀ ਫਾਸੀ ਹੇ ॥2॥**)

ਗੁਰੂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਮਨ ਦੇ ਵਿੱਚ ਸੱਚੇ ਗਿਆਨ ਦੇ ਪਰਕਾਸ਼ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਦੀ ਮਤਿ ਉੱਤਮ ਬਣਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਬਣਾਉਂਦਾ ਹੈ। ਸਾਡੇ ਅੰਦਰ ਸੱਚੇ ਗਿਆਨ

31/3458

ਦਾ ਪ੍ਰਕਾਸ਼ ਹੋਣ ਜਾਂ "ਕਮਲੁ" ਦਾ ਪਰਗਾਸ ਹੋਣਾ ਇੱਕੋ ਹੀ ਗੱਲ ਹੈ ਜਿਸਦਾ ਮਕਸਦ ਸਾਡੀ ਮਾੜੀ ਮਤਿ ਨੂੰ ਉੱਤਮ ਮਤਿ ਵਿੱਚ ਬਦਲਣ ਦਾ ਹੀ ਹੈ ਜੋ ਕਿ ਤ੍ਰੈ ਗੁਣਾਂ ਵਾਲੀ ਮਤਿ ਦੀ ਅਵੱਸਥਾ ਨੂੰ ਚਉਥੇ ਪਦ ਵਾਲੀ ਮਤਿ ਦੀ ਅਵੱਸਥਾ ਵਿੱਚ ਬਦਲਣ ਦਾ ਹੀ ਹੈ ਜਿਸ ਦੁਆਰਾ ਸਾਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ। ਮਨ ਦੀ ਇਹੋ ਜਿਹੀ ਮਤਿ ਸਾਡੀ ਸ਼ਬਦ ਦੇ ਸੱਚੇ ਵਿਚਾਰ ਮਿਲਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਹੋਈ ਹੈ। ਉਹਨਾਂ ਨੇ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਮਨ ਦੀ ਇਹੋ ਜਿਹੀ ਉੱਤਮ ਮਤਿ ਦੁਆਰਾ ਹੀ ਪਾਈ ਹੈ। ਗੁਰੂ ਪ੍ਰਮਾਤਮਾ ਦੀ ਸੇਵਾ, ਉਸਦੀ ਭਗਤੀ ਮਨ ਦੇ ਇਹੋ ਜਿਹੇ ਗਿਆਨ ਦੁਆਰਾ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਨੂੰ ਉਸਦੇ ਸ਼ਬਦਾਂ ਦੁਆਰਾ ਸਲਾਹੁਣ ਦਾ ਤਰੀਕਾ ਹੈ। ਗੁਰੂ ਪ੍ਰਮਾਤਮਾ ਦੇ ਦਿੱਤੇ ਹੋਏ ਸ਼ਬਦਾਂ ਦੀ ਸੋਝੀ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਨੂੰ ਸ਼ਬਦਾਂ ਦੁਆਰਾ ਸਲਾਹੁਣਾ ਹੈ। ਇਸ ਤੋਂ ਬਿਨ੍ਹਾਂ ਜੇ ਅਸੀਂ ਪ੍ਰਮਾਤਮਾ ਨੂੰ ਕਿਸੇ ਹੋਰ ਤਰੀਕੇ ਨਾਲ ਸਲਾਹੁੰਦੇ ਹਾਂ ਭਾਵ ਪੂਰੀ ਮਤਿ ਦੀ ਪੂਰੀ ਗੁਰਮਤਿ ਦੀ ਸੋਝੀ ਪਏ ਬਿਨ੍ਹਾਂ ਜਿਹੋ ਜਿਹਾ ਅਸੀਂ ਸਲਾਹੁੰਦੇ ਹਾਂ ਉਸ ਵਿੱਚ ਨਾ ਕੋਈ ਪ੍ਰਮਾਤਮਾ ਦੀ ਸੇਵਾ ਹੈ ਨਾ ਹੀ ਉਸ ਦੀ ਸਿਫ਼ਤ ਸਾਲਾਹ ਹੈ। (**ਕਿਸੁ ਸੇਵੀ ਤੈ ਕਿਸੁ ਸਾਲਾਹੀ ॥ ਸਤਿਗੁਰੁ ਸੇਵੀ ਸਬਦਿ ਸਾਲਾਹੀ ॥ ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ ॥3॥**) ਗੁਰੂ ਦੇ ਸ਼ਬਦ ਦਾ ਮਕਸਦ ਸਾਡੀ ਮਤਿ ਨੂੰ ਉੱਤਮ ਕਰਨ ਦੇ ਨਾਲ ਹੀ ਹੈ ਭਾਵ ਸਾਨੂੰ ਮਾੜੀ ਮਤਿ ਵਿੱਚੋਂ ਕੱਢਣ ਦਾ ਹੀ ਹੈ, ਮਨਮਤਿ ਵਿੱਚੋਂ, ਦੁਰਮਤਿ ਵਿੱਚੋਂ ਕੱਢਣ ਦਾ ਹੀ ਹੈ ਜੋ ਮਕਸਦ ਕੇਵਲ ਸ਼ਬਦ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ। ਕੇਵਲ ਸ਼ਬਦ ਨੂੰ ਰਟੀ ਜਾਣ ਨਾਲ, ਕਿਸੇ ਅੱਖਰ ਨੂੰ ਰਟੀ ਜਾਣ ਨਾਲ ਸਾਡੀ ਮਤਿ ਨੂੰ ਕੀ ਫਰਕ ਪੈਣਾ ਹੈ ਉਹ ਮਾੜੀ ਹੀ ਬਣੀ ਰਹਿਣੀ ਹੈ ਜਿਸ ਨਾਲ ਸਾਡੀ ਸੰਸਾਰਿਕ ਵਿਚਰਨ ਨਾਲ ਕੋਈ ਫਰਕ ਨਹੀਂ ਪੈਣਾ, ਸਾਡੇ ਅੰਦਰ ਦੇ ਮਾਇਆ ਮੋਹ ਨੂੰ ਕੋਈ ਫਰਕ ਨਹੀਂ ਪੈਣਾ ਭਾਵ ਸ਼ਬਦ ਨੂੰ ਰਟੀ ਜਾਣਾ ਕੇਵਲ ਵਿਅਰਥ ਦੀ ਕਿਰਿਆ ਹੈ ਜੇਕਰ ਅਸੀਂ ਸ਼ਬਦ ਕੋਲੋਂ ਗਿਆਨ ਨਹੀਂ ਲੈਂਦੇ ਤੇ ਉਸ ਤੇ ਅਮਲ ਨਹੀਂ ਕਰਦੇ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਸ਼ਬਦ ਦੁਆਰਾ ਹੀ ਹੁੰਦੀ ਹੈ ਪਰ ਸ਼ਬਦ ਦੀ ਮਤਿ ਨੂੰ ਅਪਣਾ ਕੇ ਹੁੰਦੀ ਹੈ, ਆਪਣੀ ਮਤਿ ਨੂੰ ਉੱਤਮ ਬਣਾਕੇ ਹੁੰਦੀ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਦੀ ਮਤਿ ਹੀ ਉੱਤਮ ਕਰਦਾ ਹੈ, ਨਾਮ ਦੇ ਪਰਕਾਸ਼ ਦੁਆਰਾ, ਸੱਚੇ ਗਿਆਨ ਦੇ ਪਰਕਾਸ਼ ਦੁਆਰਾ, ਕਮਲ ਦੇ ਪ੍ਰਗਾਸ ਦੁਆਰਾ ਹੀ ਕਰਦਾ ਹੈ। ਸਾਡੇ ਅੰਦਰ ਦੇ ਪੁੱਠੇ ਕਮਲ ਦਾ ਸਿੱਧਾ ਹੋਣਾ ਜਾਂ ਕਮਲ ਦਾ ਪ੍ਰਗਾਸ ਹੋਣਾ ਇੱਕੋ ਹੀ ਗੱਲ ਹੈ। ਇਹੀ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਹੈ।

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ 225)

31/3459

ਪ੍ਰਮਾਤਮਾ ਦੀ ਸੱਚੀ ਸਿਫ਼ਤ ਉਦੋਂ ਹੀ ਹੁੰਦੀ ਹੈ ਜਦੋਂ ਸਾਨੂੰ ਪੂਰਨ ਸੱਚ ਦੀ ਸੋਝੀ ਪੈ ਜਾਂਦੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸਦੀ ਸੱਚੀ ਸਿਫ਼ਤ ਸਾਲਾਹ ਕਰਨ ਦਾ ਤਰੀਕਾ ਕੀ ਹੈ। ਜਦ ਤੱਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਅਸੀਂ ਆਪ ਕੀ ਹਾਂ, ਸਾਡਾ ਆਪਣਾ ਵਜੂਦ ਕੀ ਹੈ ਤਦ ਤੱਕ ਸਾਨੂੰ ਸੱਚ ਦੀ ਸਮਝ ਨਹੀਂ ਹੈ। ਸੰਸਾਰ ਦਾ ਪਹਿਲਾ ਤੇ ਸਭ ਤੋਂ ਵੱਡਾ ਸੱਚ ਇਹ ਹੈ ਕਿ ਸਭ ਕੁੱਝ ਆਪ ਪ੍ਰਮਾਤਮਾ ਹੀ ਹੈ ਤੇ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਦੇਹੀ ਕਾਚੀ ਕਾਗਦ ਮਿਕਦਾਰਾ ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥

ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥4॥"

ਉਪਰਲੇ ਪਦੇ ਰਾਹੀਂ ਮਨੁੱਖੀ ਕਾਇਆ ਦੇ ਹੀ ਦੋ ਰੂਪ ਸਮਝਾਏ ਹੋਏ ਹਨ। ਪਹਿਲੇ ਉਹ ਰੂਪ ਸਮਝਾਇਆ ਹੋਇਆ ਹੈ ਜਦੋਂ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਸਾਡਾ ਅਸਲ ਰੂਪ ਕੀ ਹੈ। ਜਦ ਤੱਕ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਦੇਖ ਨਹੀਂ ਲੈਂਦੇ ਅਸੀਂ ਇਸ ਨੂੰ ਇੱਕ ਮਨੁੱਖੀ ਰੂਪ ਸਮਝਦੇ ਹਾਂ ਭਾਵ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ। ਸਾਡਾ ਇਹੋ ਜਿਹਾ ਰੂਪ ਇੱਕ ਕਾਗਜ ਦੀ ਤਰ੍ਹਾਂ ਹੈ ਜੋ ਇੱਕ ਪਾਣੀ ਦੀ ਬੂੰਦ ਨਾਲ ਹੀ ਬਿਨਸ ਜਾਂਦਾ ਹੈ। ਜਦ ਤੱਕ ਅਸੀਂ ਇਸ ਮਨੁੱਖੀ ਕਾਇਆ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਿਆ ਹੋਇਆ ਹੈ ਤਦ ਤੱਕ ਅਸੀਂ ਮਨ ਦੇ ਬਿਨਸਨਹਾਰ ਰੂਪ ਨਾਲ ਜੁੜੇ ਹੋਏ ਹਾਂ, ਕੱਚੀ ਮਤਿ ਨਾਲ ਜੁੜੇ ਹੋਏ ਹਾਂ ਜਿਸ ਦੁਆਰਾ ਅਸੀਂ ਨਾਸਮਝੀ ਕਰਕੇ ਆਵਾਗਉਣ ਵਿੱਚ ਹੀ ਰਹਿੰਦੇ ਹਾਂ ਭਾਵ ਸਾਡਾ ਇਹ ਜੀਵਨ ਸਫ਼ਲ ਨਹੀਂ ਹੁੰਦਾ। ਸਾਡਾ ਅਸਲ ਰੂਪ "ਕੰਚਨ" ਰੂਪ ਹੈ, ਸੋਨੇ ਵਰਗਾ ਰੂਪ ਹੈ ਭਾਵ ਇਸ ਦੇਹ ਦੀ ਕੀਮਤ ਬਹੁਤ ਉੱਚੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਪਰ ਇਸ ਦੀ ਕੀਮਤ ਉਦੋਂ ਹੀ ਪੈਂਦੀ ਹੈ ਜਦੋਂ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲੈਂਦੇ ਹਾਂ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਜਿਸ ਦੇ ਅੰਦਰ "ਨਾਮੁ ਨਿਵਾਸੀ" ਹੈ ਉਸਦੇ ਅੰਦਰ ਪ੍ਰਮਾਤਮਾ ਆਪ ਵੱਸਿਆ ਹੋਇਆ ਹੈ, ਜਿਸ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝਿਆ ਹੋਇਆ ਹੈ। ਇਹ ਗੁਰੂ ਦੀ ਆਪਣੀ ਅਵੱਸਥਾ ਹੈ ਜਿਸ ਦੀ ਮਤਿ ਸੋਨੇ ਵਰਗੀ ਖਰੀ ਹੈ ਜੋ ਕਦੇ ਢਹਿ ਨਹੀਂ ਸਕਦੀ, ਬਿਨਸ ਨਹੀਂ ਸਕਦੀ। ਜਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਬੁੱਝਦੇ ਤਦ ਤੱਕ ਸਾਨੂੰ ਇਸ ਸੱਚ ਦੀ ਸਮਝ ਨਹੀਂ ਪੈਂਦੀ ਕਿ ਸਾਡੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਅੰਦਰੋਂ ਇਸ ਸੱਚ ਦੀ ਸੋਝੀ ਪੈਣ ਨਾਲ ਹੀ ਇਹ ਸੱਚ ਸਮਝ ਆਉਂਦਾ ਹੈ ਕਿ ਸਭ ਦੇ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ, ਆਪਣੇ ਹਰ ਰੂਪ ਨੂੰ ਉਹ ਆਪ ਬਣਾ ਕੇ ਆਪ ਹੀ ਚਲਾ ਰਿਹਾ ਹੈ, ਆਪਣੇ ਹਰ ਸਰਗੁਣ ਰੂਪ ਨੂੰ ਉਹ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਇਹ ਪਹਿਲਾ ਸੱਚ ਜਾਣੇ ਬਿਨ੍ਹਾਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਨਹੀਂ ਹੁੰਦੀ।

31/3460

ਜੋ ਪਹਿਲੇ ਆਪਣੇ ਅੰਦਰੋਂ ਇਸ ਸੱਚ ਨੂੰ ਜਾਣਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਉਸ ਨੂੰ ਹੀ ਗੁਰਮਤਿ ਦੀ ਸੱਚੀ ਸੋਝੀ ਪੈਂਦੀ ਹੈ ਜੋ ਕਿ ਮਨ ਦੇ ਵਿੱਚ ਉਹ ਸ਼ਬਦ ਰੂਪ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਪਾਉਂਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਕੋਈ ਸੱਚੀ ਸਿਫ਼ਤ ਸਾਲਾਹ ਕਰ ਸਕਦਾ ਹੈ ਜਿਵੇਂ ਕਿ ਉਸਦੇ ਬੁੱਝਣ ਵਾਲਿਆਂ ਨੇ ਕੀਤੀ ਹੈ। (**ਦੇਹੀ ਕਾਚੀ ਕਾਗਦ ਮਿਕਦਾਰਾ ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥ ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥4॥**)

ਪ੍ਰਮਾਤਮਾ ਦਾ ਪਵਿੱਤਰ ਭੋਜਨ ਉਹੀ ਛਕਦਾ ਹੈ, ਉਸਦੇ ਨਾਮ ਦਾ ਭੋਜਨ ਉਹੀ ਛਕਦਾ ਹੈ ਜਿੱਥੇ ਨਾਮ ਰੂਪ ਪ੍ਰਮਾਤਮਾ ਮਨ ਦੇ ਵਿੱਚ ਵੱਸ ਜਾਂਦਾ ਹੈ ਤੇ "ਸਚਾ ਚਉਕਾ" ਉਸ ਮਨ ਦੇ ਅੰਦਰ ਹੀ ਬਣਦਾ ਹੈ ਜਿੱਥੇ ਪ੍ਰਮਾਤਮਾ ਦਾ ਨਾਮ ਰੂਪ ਭੋਜਨ ਤਿਆਰ ਹੁੰਦਾ ਹੈ। ਇਹੋ ਜਿਹੇ ਚਉਕੇ ਨੂੰ ਸੁੱਚਾ ਰੱਖਣ ਲਈ, ਭੋਜਨ ਨੂੰ ਸੁੱਚਾ ਰੱਖਣ ਲਈ ਕਿਹੋ ਜਿਹੀ ਕਾਰੀ ਕੱਢੀ ਜਾਂਦੀ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਹੋ ਜਿਹੇ ਸੱਚੇ ਚਉਕੇ ਨਾਲ, ਸੱਚੇ ਸੁੱਚੇ ਭੋਜਨ ਨਾਲ ਜੁੜੀਏ ਜਿਸ ਨੂੰ ਛਕ ਕੇ ਅਸੀਂ ਪਵਿੱਤਰ ਬਣਦੇ ਹਾਂ ਤੇ ਸਦਾ ਲਈ ਸਾਡਾ ਮਨ ਤ੍ਰਿਪਤ ਹੋ ਜਾਂਦਾ ਹੈ, ਸਾਡੀ ਜਨਮਾਂ ਜਨਮਾਂ ਦੀ ਭੁੱਖ ਦੂਰ ਹੋ ਜਾਂਦੀ ਹੈ।

"ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥
ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥"

"ਸੁਰਤਿ" ਸਾਡਾ ਮਨ ਹੈ ਜਿਸ ਵਿੱਚੋਂ ਵਿਚਾਰ ਉਪਜਦੇ ਹਨ। ਮਨ ਦੇ ਇਹ ਵਿਚਾਰ ਹੀ ਸਾਡਾ ਗਿਆਨ ਹਨ ਜਿੱਥੇ ਗਿਆਨ ਰੂਪ ਭੋਜਨ ਬਣਦਾ ਹੈ ਤੇ ਸਾਡਾ ਮਨ ਇਸ ਭੋਜਨ ਨੂੰ ਛਕਦਾ ਰਹਿੰਦਾ ਹੈ। ਸਾਡੇ ਅੰਦਰ ਮਾੜੇ ਵਿਚਾਰ ਵੀ ਉਪਜਦੇ ਹਨ ਤੇ ਚੰਗੇ ਵਿਚਾਰ ਵੀ ਉਪਜਦੇ ਹਨ। ਸਾਡੇ ਜੋ ਵਿਚਾਰ ਸਾਨੂੰ ਮਾਇਆ ਮੋਹ ਵਿੱਚ ਪਾਉਂਦੇ ਹਨ ਉਹ ਸਾਡੇ ਮਾੜੇ ਵਿਚਾਰ ਹਨ। ਜਦ ਤੱਕ ਇਹ ਮਾੜੇ ਵਿਚਾਰ ਸਾਡੇ ਅੰਦਰ ਹਾਵੀ ਰਹਿੰਦੇ ਹਨ ਇਹ ਸਾਡੇ ਅੰਦਰ ਸੱਚੇ ਵਿਚਾਰਾਂ ਨੂੰ ਟਿਕਣ ਨਹੀਂ ਦਿੰਦੇ। ਪ੍ਰਮਾਤਮਾ ਨੇ ਸਭ ਨੂੰ ਜਿਹੋ ਜਿਹੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਉਸ ਅੰਦਰ ਮਾਇਆ ਮੋਹ ਹੀ ਹਾਵੀ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਮਾਇਆ ਮੋਹ ਦੀ ਜੁਗਤਿ ਹੈ ਜਿਸ ਦੇ ਰਹਿੰਦਿਆ ਨਾ ਸਾਨੂੰ ਪੂਰਨ ਸੱਚ ਦੀ

ਸੋਝੀ ਪੈਂਦੀ ਹੈ ਤੇ ਨਾ ਹੀ ਅਸੀਂ ਮਾਇਆ ਮੋਹ ਵਾਲੀ ਅਵੱਸਥਾ ਵਿੱਚੋਂ ਨਿਕਲ ਸਕਦੇ ਹਾਂ। ਸਾਡੇ ਮਨ ਦੇ ਅੰਦਰ ਸੱਚਾ ਚਉਕਾ ਪੂਰਨ ਸੱਚ ਦੇ ਵਿਚਾਰਾਂ ਵਾਲਾ ਚਉਕਾ ਹੈ ਤੇ ਮਨ ਦੀ ਇਹ ਅਵੱਸਥਾ

31/3461

ਕਿਸੇ ਦੀ ਉਦੋਂ ਹੀ ਬਣ ਸਕਦੀ ਹੈ ਜਦੋਂ ਕਿਸੇ ਦੇ ਅੰਦਰ ਨਾਮ ਵੱਸ ਜਾਵੇ, ਪ੍ਰਮਾਤਮਾ ਵੱਸ ਜਾਵੇ ਭਾਵ ਪ੍ਰਗਟ ਹੋ ਜਾਵੇ ਜਿਵੇਂ ਕਿ ਅਸੀਂ ਪਿਛਲਿਆ ਪਦਿਆਂ ਦੁਆਰਾ ਸਮਝਿਆ ਹੈ ਤੇ ਉੱਪਰ ਵਾਲੇ ਪਦੇ ਰਾਹੀਂ ਵੀ ਸਮਝਾਇਆ ਹੋਇਆ ਹੈ। ਸਾਡੇ ਮਨ ਦੇ ਵਿੱਚ ਸੱਚੇ ਵਿਚਾਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਨਾਮ ਦੁਆਰਾ ਪਾਉਂਦਾ ਹੈ, ਸ਼ਬਦਾਂ ਦੇ ਗਿਆਨ ਦੁਆਰਾ ਪਾਉਂਦਾ ਹੈ। ਸਾਡੇ ਅੰਦਰ ਸੱਚਾ ਚਉਕਾ ਉਦੋਂ ਹੀ ਬਣਦਾ ਹੈ ਜਦੋਂ ਸਾਡੇ ਅੰਦਰ ਸੱਚੇ ਵਿਚਾਰ ਟਿਕ ਜਾਂਦੇ ਹਨ, ਗੁਰਮਤਿ ਰੂਪ ਸੱਚੇ ਵਿਚਾਰ ਟਿਕ ਜਾਂਦੇ ਹਨ ਭਾਵ ਦ੍ਰਿੜ ਹੋ ਜਾਂਦੇ ਹਨ ਜੋ ਕਿ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ। ਸਾਡੇ ਅੰਦਰ ਸੱਚੇ ਵਿਚਾਰ ਤਾਂ ਹੀ ਟਿਕ ਸਕਦੇ ਹਨ ਜਦੋਂ ਉਹ ਔਗੁਣਾਂ ਤੋਂ ਮੁਕਤਿ ਹੋ ਕੇ ਰਹਿਣ ਜੋ ਵਿਚਾਰ ਗੁਰਮਤਿ ਤੇ ਪੂਰੇ ਨਹੀਂ ਉਤਰਦੇ। ਜਦ ਤੱਕ ਇਹੋ ਜਿਹੇ ਵਿਚਾਰਾਂ ਨੂੰ ਅਸੀਂ ਰੋਕ ਕੇ ਨਹੀਂ ਰੱਖਦੇ ਤਦ ਤੱਕ ਸਾਡੇ ਅੰਦਰ ਸੱਚੇ ਵਿਚਾਰ ਨਹੀਂ ਟਿਕ ਸਕਦੇ। ਇਹਨਾਂ ਮਾੜੇ ਵਿਚਾਰਾਂ ਨੂੰ ਰੋਕਣਾ ਹੀ ਆਪਣੇ ਅੰਦਰ ਸੁਰਤਿ ਦੀ ਕਾਰੀ ਕੱਢਣਾ ਹੈ, ਨਿਰਗੁਣ ਰੂਪ ਵਿੱਚ ਕਾਰੀ ਕੱਢਣਾ ਹੈ ਤਾਂ ਜੋ ਗੁਰਮਤਿ ਤੋਂ ਉਲਟ ਵਿਚਾਰ ਸਾਡੇ ਉੱਤੇ ਅਸਰ ਨਾ ਕਰਨ ਤਾਂ ਜੋ ਸਾਡੇ ਸੱਚੇ ਵਿਚਾਰਾਂ ਦਾ ਚਉਕਾ ਸੁੱਚਾ ਰਵੇ ਤੇ ਮਾੜੇ ਵਿਚਾਰ ਉਸ ਸੱਚੇ ਚਉਕੇ ਨੂੰ, ਉਸਦੇ ਸੱਚੇ ਭੋਜਨ ਨੂੰ ਗੰਦਾ ਨਾ ਕਰਨ, ਮੈਲਾ ਨਾ ਕਰਣ, ਭਰਿਸ਼ਟ ਨਾ ਕਰਣ। ਇਹ ਸੁਰਤਿ ਦੀ ਕਾਰੀ ਸਾਡੇ ਅੰਦਰ ਮਨ ਦੀ ਦ੍ਰਿੜਤਾ ਹੈ, ਗੁਰਮਤਿ ਦੇ ਉੱਤੇ ਟਿਕੇ ਰਹਿਣ ਦਾ ਪੂਰਨ ਭਰੋਸਾ ਹੈ, ਮਨ ਦੀ ਪੂਰਨ ਅਡੋਲਤਾ ਹੈ ਤਾਂ ਜੋ ਮਨੁੱਖ ਗੁਰਮਤਿ ਤੇ ਚੱਲਣ ਤੋਂ, ਸੱਚ ਤੇ ਚੱਲਣ ਤੋਂ ਕਦੇ ਨਾ ਡੋਲੇ, ਇਹ ਹੀ ਸਾਡੇ ਅੰਦਰ ਨਾਮ ਦੀ ਦ੍ਰਿੜਤਾ ਹੈ ਜਿਸ ਦ੍ਰਿੜਤਾ ਦੀ ਗੱਲ ਗੁਰਬਾਣੀ ਵਾਰ-ਵਾਰ ਕਰ ਰਹੀ ਹੈ। "ਨਾਮੁ" ਗੁਰਮਤਿ ਦੀ ਸੱਚੀ ਸੋਝੀ ਹੈ ਤੇ ਸੱਚੀ ਸੋਝੀ ਦੇ ਉੱਤੇ ਟਿਕੇ ਰਹਿਣਾ, ਦ੍ਰਿੜ ਹੋ ਕੇ ਰਹਿਣਾ, ਆਪਣੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ। (**ਸਚਾ ਚਉਕਾ ਸੁਰਤਿ ਕੀ ਕਾਰਾ ॥**) ਸਾਡੇ ਅੰਦਰ ਇਹੋ ਜਿਹੇ ਚਉਕੇ ਤੇ ਜੋ ਭੋਜਨ ਤਿਆਰ ਹੁੰਦਾ ਹੈ ਉਹ "ਨਾਮੁ ਭੋਜਨੁ" ਹੈ, ਹਰਿ ਨਾਮੁ ਭੋਜਨ ਹੈ ਜੋ ਭੋਜਨ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਤਿਆਰ ਕਰਦਾ ਹੈ, ਮਨ ਦੇ ਵਿੱਚ ਗੁਰਮਤਿ ਰੂਪ ਸੱਚੇ ਵਿਚਾਰਾਂ ਦਾ ਭੋਜਨ ਉਹ ਆਪ ਤਿਆਰ ਕਰਕੇ ਹੀ ਸਾਨੂੰ ਛਕਾਉਂਦਾ ਹੈ ਜਿਸ ਨੂੰ ਕਿ ਸਾਡਾ ਮਨ ਵਿਚਾਰਾਂ ਰਾਹੀਂ ਛਕਦਾ ਹੈ, ਮਨ ਦੇ ਗਿਆਨ ਰਾਹੀਂ ਛਕਦਾ ਹੈ। ਆਪਣੇ ਇਸ ਭੋਜਨ ਰਾਹੀਂ ਪ੍ਰਮਾਤਮਾ ਸਾਨੂੰ "ਸਚੁ" ਹੀ ਸਮਝਾਉਂਦਾ ਹੈ ਤੇ ਇਸ "ਸਚੁ" ਦੇ ਵਿੱਚ ਹੀ ਪ੍ਰਮਾਤਮਾ ਆਪ ਹੈ। ਸਾਡੇ ਅੰਦਰ ਸਚੁ ਦਾ ਆਧਾਰ, ਸਚੁ ਦਾ ਆਸਰਾ, ਪ੍ਰਮਾਤਮਾ ਦਾ ਆਸਰਾ, ਨਾਮ ਦਾ ਆਧਾਰ, ਨਾਮ ਦਾ ਆਸਰਾ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਬਣਦਾ ਹੈ। (**ਹਰਿ ਨਾਮੁ ਭੋਜਨੁ ਸਚੁ ਆਧਾਰਾ ॥**)

ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਇਹ ਭੋਜਨ ਛਕ ਕੇ ਹੀ ਕੋਈ ਸਦਾ ਦੇ ਲਈ ਤ੍ਰਿਪਤ ਹੁੰਦਾ ਹੈ ਭਾਵ ਮਨੁੱਖ ਦੀ ਆਸਾ ਪੂਰਨ ਹੁੰਦੀ ਹੈ ਤੇ ਮਨੁੱਖ ਫਿਰ

31/3462

ਮਾਇਆ ਮੋਹ ਵੱਲੋਂ ਵੀ ਤ੍ਰਿਪਤ ਹੋ ਜਾਂਦਾ ਹੈ। ਜਿਸ ਨੂੰ ਪ੍ਰਮਾਤਮਾ ਪਵਿਤ੍ਰ ਬਣਾਉਂਦਾ ਹੈ, ਪਾਵਨੁ ਬਣਾਉਂਦਾ ਹੈ ਉਸਨੂੰ ਮਨ ਦੇ ਪਵਿਤ੍ਰ ਭੋਜਨ ਰਾਹੀਂ ਹੀ ਬਣਾਉਂਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਦੇ ਘਟਿ ਦੇ ਅੰਦਰ ਆਪਣਾ ਨਿਵਾਸ ਬਣਾ ਲਵੇ, ਆਪਣੇ ਨਾਮ ਦੁਆਰਾ ਪ੍ਰਗਟ ਹੋ ਜਾਵੇ। **(ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥ ਸਦਾ ਤ੍ਰਿਪਤਿ ਪਵਿਤ੍ਰ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥)**

ਪ੍ਰਮਾਤਮਾ ਦਾ ਇਹ ਨਾਮ ਭੋਜਨ ਹੀ, ਉਸਦੀ ਸ਼ਬਦ ਵਿਚਾਰ ਰੂਪ ਭੋਜਨ ਹੀ ਉਸਦਾ ਅੰਮ੍ਰਿਤ ਹੈ ਜੋ ਮਨ ਦੇ ਵਿੱਚ ਆਪ ਹੀ ਪਿਆਉਂਦਾ ਹੈ, ਸਾਡੇ ਅੰਦਰੋਂ ਭਰਮ ਦੇ ਕਿਵਾੜ ਖੋਲਦਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਹੀ ਉਸ ਦੇ ਦਰਸ਼ਨ ਹੁੰਦੇ ਹਨ ਤੇ ਸਾਡਾ ਇਸੇ ਮਨੁੱਖੀ ਜੀਵਨ ਵਿੱਚ ਹੀ ਵਿਛੋੜਾ ਦੂਰ ਹੁੰਦਾ ਹੈ। ਉਹ ਸਾਡੇ ਅੰਦਰ ਹੀ ਹੈ ਤੇ ਭਰਮ ਵਿੱਚ ਹੀ ਸੰਸਾਰ ਉਸਨੂੰ ਕਿਤੋਂ ਬਾਹਰੋਂ ਲੱਭਦਾ ਫਿਰਦਾ ਹੈ, ਸਰਗੁਣ ਰੂਪ ਵਿੱਚ ਲੱਭਦਾ ਫਿਰਦਾ ਹੈ ਤੇ ਸਰਗੁਣ ਰੂਪ ਸੁਚਿ ਨਾਲ ਜੁੜਿਆ ਹੋਇਆ ਹੈ, ਬਾਹਰੀ ਸੁਚਿ ਨਾਲ ਜੁੜਿਆ ਹੋਇਆ ਹੈ। ਉਸ ਪ੍ਰਮਾਤਮਾ ਨੂੰ ਕੇਵਲ ਮਨ ਦੀ ਸੁਚਿ ਦੇ ਨਾਲ ਜੁੜਕੇ ਲੱਭਿਆ ਜਾ ਸਕਦਾ

ਹੈ, ਨਾਮ ਦੇ ਅਸਲ ਮਕਸਦ ਨਾਲ ਜੁੜਕੇ ਲੱਭਿਆ ਜਾ ਸਕਦਾ ਹੈ, ਸ਼ਬਦ ਦੇ ਅਸਲ ਮਕਸਦ ਨਾਲ ਜੁੜਕੇ ਲੱਭਿਆ ਜਾ ਸਕਦਾ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ। ਆਪਣੇ ਭਰਮ ਦੇ ਕਾਰਣ ਹੀ ਅਸੀਂ ਬਾਹਰੀ ਸੁਚਿ ਨਾਲ ਜੁੜੇ ਹੋਏ ਹਾਂ ਤੇ ਵਿਅਰਥ ਵਿੱਚ ਉਹੋ ਜਿਹੀ ਭਗਤੀ ਦੇ ਤਰੀਕੇ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਵਿੱਚ ਕੇਵਲ ਸਾਡਾ ਭਰਮ ਹੈ। ਜੇਕਰ ਆਪਣਾ ਜੀਵਨ ਸੰਵਾਰਨਾ ਚਾਹੁੰਦੇ ਹੋ ਤਾਂ ਫਿਰ ਭਰਮ ਵਿੱਚੋਂ ਨਿਕਲਣ ਦਾ ਉੱਦਮ ਕਰੋ ਜਿਸਦੇ ਨਿਕਲਣ ਦੁਆਰਾ ਸਾਨੂੰ ਮਨ ਦੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ।

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥1॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥2॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥3॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥4॥19॥26॥}

(ਅੰਗ 102)

ਜਦ ਤੱਕ ਅਸੀਂ ਭਰਮ ਵਿੱਚ ਹਾਂ ਤਦ ਤੱਕ ਅਸੀਂ ਆਪਣੇ ਬਾਹਰੀ ਭੋਜਨ ਦੀ ਸੁਚਿ ਦੇ ਨਾਲ ਹੀ ਜੁੜੇ ਹੋਏ ਹਾਂ, ਆਪਣੇ ਬਣਾਏ ਹੋਏ ਚਓਕਿਆਂ ਦੇ ਦੁਆਲੇ ਕਾਰੀ ਕੱਢਣ ਨੂੰ ਹੀ ਸੱਚ ਸਮਝਕੇ ਲੱਗੇ ਹੋਏ ਹਾਂ ਪਰ ਅਸਲ ਕਾਰੀ ਅਸੀਂ ਆਪਣੇ ਮਨ ਦੇ ਵਿੱਚ ਕੱਢਣੀ ਹੈ, ਆਪਣੇ ਅੰਦਰ ਗੁਰੂ ਦੇ ਸੱਚੇ ਗਿਆਨ ਨੂੰ ਦ੍ਰਿੜ ਕਰਨ ਦੁਆਰਾ ਕੱਢਣੀ ਹੈ ਤਾਂ ਜੋ ਮਾੜੇ ਵਿਚਾਰ ਸਾਡੇ ਮਨ ਰੂਪ ਸੱਚੇ ਚਉਕੇ ਵਿੱਚ ਨਾ ਵੜਨ। ਜਿਹੋ ਜਿਹੀ ਕਾਰੀ ਕੱਢਣੀ

31/3463

ਅਸੀਂ ਪਿਛਲੇ ਸ਼ਬਦ ਦੁਆਰਾ ਸਿਖੀ ਹੈ ਉਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ, ਜਿਸ ਪੂਰੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲਾਂ ਵੀ ਸਮਝ ਚੁੱਕੇ ਹਾਂ।

“ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥
ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥
ਸਾਚ ਧਰਮ ਕੀ ਕਰਿ ਦੀਨੀ ਵਾਰਿ ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥
ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥
ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥”

(ਅੰਗ 430)

ਆਪਣੀ ਸੁਰਤਿ ਦੇ ਵਿੱਚ, ਮਨ ਦੇ ਵਿੱਚ ਕਾਰੀ ਕਿਵੇਂ ਕੱਢਣੀ ਹੈ ਤੇ ਉਹ ਕਾਰੀ ਕੱਢਣ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਉੱਪਰ ਸ਼ਬਦ ਵਿੱਚ ਸਮਝਾਈ ਹੋਈ ਹੈ। ਉੱਪਰ ਸ਼ਬਦ ਰਾਹੀਂ ਸਾਨੂੰ ਮਨ ਦੇ ਵਿੱਚ ਵਾੜ ਕਰਨੀ ਸਮਝਾਈ ਹੋਈ ਹੈ ਜਿਵੇਂ ਕਿ ਖੇਤਾਂ ਦੇ ਚਾਰੇ ਪਾਸੇ ਵਾੜ ਕੀਤੀ ਜਾਂਦੀ ਹੈ ਤਾਂ ਜੋ ਉਸਦੇ ਅੰਦਰ ਦੀ ਖੇਤੀ ਨੂੰ ਬਚਾਇਆ ਜਾ ਸਕੇ, ਜਾਨਵਰਾਂ, ਪਸ਼ੂਆਂ ਦੁਆਰਾ ਖੇਤੀ ਨੂੰ ਉਜਾੜਨ ਤੋਂ ਬਚਾਇਆ ਜਾ ਸਕੇ। ਮਨ ਦੇ ਵਿੱਚ ਕਾਰੀ ਕੱਢਣੀ ਜਾਂ ਵਾੜ ਕਰਨੀ ਇੱਕੋ ਹੀ ਗੱਲ ਹੈ ਜਿਸ ਦਾ ਮਕਸਦ ਆਪਣੇ ਅੰਦਰ ਸੱਚ ਧਰਮ ਦੀ ਖੇਤੀ ਨੂੰ ਬਚਾਣ ਦਾ ਮਕਸਦ ਹੈ। ਮਨ ਦੇ ਵਿੱਚ ਇਸ ਵਾੜ ਕਰਨ ਦਾ ਮਕਸਦ ਆਪਣੇ ਅੰਦਰ ਔਗੁਣਾਂ ਦੇ ਵੜਨ ਨੂੰ ਰੋਕਣ ਤੋਂ ਹੈ ਜੋ ਸਾਡੇ ਅੰਦਰ ਸੱਚ, ਧਰਮ ਦੀ ਖੇਤੀ ਨੂੰ ਉਜਾੜਦੇ ਹਨ। ਮਨ ਦੇ ਵਿੱਚ ਇਹ ਨਿਰਗੁਣ ਰੂਪ ਵਾੜ ਗੁਰੂ ਦੇ ਸੱਚੇ ਗਿਆਨ ਦੀ ਵਿਚਾਰ ਦੇ ਰੂਪ ਵਿੱਚ ਹੈ। ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੇ

ਗਿਆਨ ਦੀ ਵਿਚਾਰ ਨੂੰ ਦ੍ਰਿੜ ਕਰ ਦਿੰਦਾ ਹੈ ਤਾਂ ਹੀ ਇਹ ਗਿਆਨ ਰੂਪ ਵਾੜ ਸਾਨੂੰ ਔਗੁਣਾਂ ਤੋਂ ਬਚਾ ਕੇ ਰੱਖਦੀ ਹੈ, ਸਾਡੇ ਅੰਦਰ ਸੱਚੇ ਧਰਮ ਦੀ ਖੇਤੀ ਨੂੰ ਬਚਾ ਕੇ ਰੱਖਦੀ ਹੈ। ਗੁਰੂ ਦੇ ਗਿਆਨ ਦਾ ਮਕਸਦ ਸਾਨੂੰ "ਦੁਰਤੁ" ਵਿੱਚੋਂ ਕੱਢਣ ਦਾ ਹੀ ਹੈ ਭਾਵ ਮਾੜੀ ਬਿਰਤੀ ਵਿੱਚੋਂ, ਵਿਕਾਰਾਂ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੀ ਹੈ। ਜਦ ਤੱਕ ਮਨੁੱਖ ਦੇ ਅੰਦਰ "ਦੁਰਤੁ" ਵਾਲੀ ਬਿਰਤੀ ਹੈ ਤਦ ਤੱਕ ਸਾਡਾ ਮਨ ਰੂਪ ਘਰ ਨਹੀਂ ਵੱਸਦਾ ਭਾਵ ਇਸ ਨੂੰ ਸਾਡੇ ਮਾੜੇ ਵਿਚਾਰ, ਔਗੁਣਾਂ ਵਾਲੇ ਵਿਚਾਰ ਉਜਾੜਦੇ ਰਹਿੰਦੇ ਹਨ। ਗੁਰੂ ਦੇ ਸੱਚੇ ਗਿਆਨ ਦਾ ਦ੍ਰਿੜ ਹੋਣਾ, ਨਾਮ ਦਾ ਦ੍ਰਿੜ ਹੋਣਾ, ਸਾਡੇ ਅੰਦਰ ਸੱਚੇ ਵਿਚਾਰਾਂ ਦਾ ਦ੍ਰਿੜ ਹੋਣਾ ਹੈ ਜੋ ਸਾਡੇ ਮਨ ਦੀ ਸੱਚੀ ਖੇਤੀ ਨੂੰ, ਧਰਮ ਦੀ ਖੇਤੀ ਨੂੰ ਮਾੜੇ ਵਿਚਾਰਾਂ ਤੋਂ ਬਚਾਉਣ

31/3464

ਲਈ ਵਾੜ ਦਾ ਕੰਮ ਕਰਦੇ ਹਨ ਭਾਵ ਫਿਰ ਮਨ ਦੇ ਮਾੜੇ ਵਿਚਾਰ ਸਾਡੀ ਗੁਰਮਤਿ ਰੂਪ ਸੱਚੀ ਖੇਤੀ ਨੂੰ ਉਜਾੜ ਨਹੀਂ ਸਕਦੇ, ਹਉਮੈ ਰੂਪ, ਮਨਮਤਿ ਰੂਪ ਵਿਚਾਰ ਨਾਮ ਰੂਪ ਵਿਚਾਰਾਂ ਨੂੰ ਖਰਾਬ ਨਹੀਂ ਕਰਦੇ, ਸਾਡੇ ਅੰਦਰ ਦੇ ਸੱਚ ਨੂੰ ਖਰਾਬ ਨਹੀਂ ਕਰ ਸਕਦੇ। ਸਾਡੇ ਮਨ ਦੇ ਵਿਚਾਰਾਂ ਦੀ ਖੇਤੀ ਨੂੰ ਖਰਾਬ ਕਰਨ ਵਾਲੇ ਪੰਜ ਔਗੁਣ ਹੀ ਹਨ। ਇਹਨਾਂ ਪੰਜੇ ਔਗੁਣਾਂ ਨੂੰ ਮਾਰਨ ਵਾਲਾ ਮਨੁੱਖ ਹੀ ਪ੍ਰਮਾਤਮਾ ਦਾ ਪੰਚ ਬਣਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਸ਼ਬਦ ਵਿੱਚ ਕਾਫੀ ਪਿੱਛੇ ਪਹਿਲੇ ਹੀ ਸਮਝ ਚੁੱਕੇ ਹਾਂ । (**ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥1॥ ਇਨ੍ ਬਿਧਿ ਨਗਰੁ ਢੁਠਾ ਮੇਰੇ ਭਾਈ ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥1॥ ਰਹਾਉ ॥ ਸਾਚ ਧਰਮ ਕੀ ਕਰਿ ਦੀਨੀ ਵਾਰਿ ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥2॥**)

ਜਦ ਤੱਕ ਸਾਡੇ ਅੰਦਰੋਂ "ਦੁਰਤੁ" ਵਾਲੀ ਬਿਰਤੀ ਨਹੀਂ ਨਿਕਲਦੀ ਭਾਵ ਮਾੜੇ ਵਿਚਾਰਾਂ ਵਾਲੀ ਬਿਰਤੀ ਨਹੀਂ ਨਿਕਲਦੀ ਤਦ ਤੱਕ ਸਾਡੇ ਅੰਦਰ ਨਾਮ ਦੀ ਖੇਤੀ ਨਹੀਂ ਉਪਜ ਸਕਦੀ, ਗੁਣਾਂ ਵਾਲੀ ਖੇਤੀ ਨਹੀਂ ਉਪਜ ਸਕਦੀ। ਜਦੋਂ ਸਾਡੇ ਔਗੁਣ ਮਰ ਜਾਂਦੇ ਹਨ, ਜਦੋਂ ਸਾਡੇ ਅੰਦਰ ਸੱਚ ਧਰਮ ਰੂਪ ਵਾੜ ਦ੍ਰਿੜ ਹੋ ਜਾਂਦੀ ਹੈ ਤਾਂ ਹੀ ਫਿਰ ਅਸੀਂ ਨਾਮ ਜਪ ਸਕਦੇ ਹਾਂ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥

ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥"

ਜਿਹੜਾ ਸੌਦਾ ਸੰਸਾਰ ਵਿੱਚ ਅਸੀਂ ਲੈਣ ਲਈ ਆਏ ਹਾਂ ਉਹ ਸਾਨੂੰ ਅੰਦਰੋਂ ਹੀ ਮਿਲਦਾ ਹੈ। ਇਹ ਸਉਦਾ ਸਾਨੂੰ ਮਨ ਦੀ ਖੇਤੀ ਵਿੱਚੋਂ ਹੀ ਮਿਲਦਾ ਹੈ। ਸਾਨੂੰ ਉਹੀ ਕੁੱਝ ਮਿਲੇਗਾ ਜਿਹੋ ਜਿਹੇ ਬੀਜ ਅਸੀਂ ਆਪਣੀ ਖੇਤੀ ਵਿੱਚ ਪਾਵਾਂਗੇ। ਮਨ ਦੀ ਖੇਤੀ ਦੇ ਬੀਜ ਸਾਡੇ ਮਨ ਦੇ ਵਿਚਾਰ ਹਨ। ਜਿਹੋ ਜਿਹੇ ਵਿਚਾਰ ਬੀਜਾਂਗੇ ਉਹਨਾਂ ਨੂੰ ਉਹੋ ਜਿਹਾ ਫਲ ਹੀ ਲੱਗੇਗਾ। ਮਾੜੇ ਵਿਚਾਰ ਬੀਜਣ ਨਾਲ ਮਾੜਾ ਫਲ ਲੱਗੇਗਾ ਤੇ ਚੰਗੇ ਵਿਚਾਰ ਬੀਜਣ ਨਾਲ ਚੰਗਾ ਫਲ ਹੀ ਲੱਗੇਗਾ। ਪ੍ਰਮਾਤਮਾ ਸਾਨੂੰ ਚੰਗੇ ਫਲ ਦੇ ਰੂਪ ਵਿੱਚ ਹੀ ਲੱਭਦਾ ਹੈ, ਨਾਮ ਫਲ ਦੇ ਰੂਪ ਵਿੱਚ ਹੀ ਲੱਭਦਾ ਹੈ, ਗੁਣਾਂ ਦੇ ਫਲ ਦੇ ਰੂਪ ਵਿੱਚ ਹੀ ਲੱਭਦਾ ਹੈ, ਬ੍ਰਹਮ ਗਿਆਨ ਦੇ ਫਲ ਦੇ ਰੂਪ ਵਿੱਚ ਹੀ ਲੱਭਦਾ ਹੈ। ਅਸੀਂ ਮਨ ਦੇ ਵਿੱਚ ਕਿਹੇ ਜਿਹੇ ਬੀਜ ਬੀਜਣੇ ਹਨ ਸਾਰੀ ਗੱਲ ਦਾ ਫੈਸਲਾ ਇਸੇ ਦੇ ਨਾਲ ਹੀ ਹੁੰਦਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਨਾਮ ਦੀ ਖੇਤੀ ਆਪਣੇ ਅੰਦਰ ਬੀਜਣ ਦਾ ਭਾਵ ਹੈ ਕਿ ਅਸੀਂ ਆਪਣੇ ਅੰਦਰ ਗੁਰਮਤਿ ਰੂਪ ਵਿਚਾਰਾਂ ਨੂੰ ਬੀਜੀਏ, ਨਾਮ ਦੀ ਮਤਿ ਵਾਲੇ ਵਿਚਾਰਾਂ ਨੂੰ ਬੀਜੀਏ, ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਬੀਜੀਏ। ਇਹ ਵਿਚਾਰ ਸਾਨੂੰ ਗੁਰਬਾਣੀ ਵਿੱਚੋਂ ਬ੍ਰਹਮ ਗਿਆਨ ਦੇ ਰੂਪ ਵਿੱਚ ਮਿਲਦੇ ਹਨ। ਜਿਸ ਵਿਚਾਰ ਦੇ ਅੰਦਰ ਬ੍ਰਹਮ ਗਿਆਨ ਹੈ ਉਹ ਵਿਚਾਰ ਗੁਰਮਤਿ ਰੂਪ ਵਿਚਾਰ ਹੈ,

31/3465

ਸ਼ਬਦ ਦਾ ਵਿਚਾਰ ਹੈ, ਨਾਮ ਦਾ ਵਿਚਾਰ ਹੈ ਭਾਵ ਗੁਰੂ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਵਿਚਾਰ ਹੈ।ਇਹੋ ਜਿਹੇ ਵਿਚਾਰ ਅਸੀਂ ਆਪਣੇ ਅੰਦਰ ਤਾਂ ਹੀ ਬੀਜ ਸਕਾਂਗੇ ਜੇਕਰ ਪਹਿਲੇ ਮਨਮਤਿ ਵਾਲੇ ਵਿਚਾਰਾਂ ਵਿੱਚੋਂ ਨਿਕਲਾਂਗੇ।ਬੀਜ ਉਹੀ ਜੰਮੇਗਾ ਜੋ ਅੰਦਰ ਟਿਕੇਗਾ ਤੇ ਉੱਗਣ ਤੋਂ ਬਾਅਦ ਉਹੀ ਵੱਡਾ ਹੋਵੇਗਾ ਜਿਸਨੂੰ ਕੋਈ ਉਜਾੜੇ ਨਾ। ਇਹੋ ਜਿਹੀ ਖੇਤੀ ਉਜੜਨ ਤੋਂ ਤਾਂ ਹੀ ਬਚੇਗੀ ਜੇਕਰ ਸਾਡੇ ਅੰਦਰ ਇਹਨਾਂ ਵਿਚਾਰਾਂ ਨੂੰ ਸੰਭਾਲ ਕਰਨ ਦੀ ਦ੍ਰਿੜਤਾ ਹੋਵੇਗੀ ਨਹੀਂ ਤਾਂ ਮਨਮਤਿ ਰੂਪ ਵਿਚਾਰ, ਸਾਡੇ ਅੰਦਰ ਦੇ ਮਾੜੇ ਵਿਚਾਰ ਸਾਡੇ ਅੰਦਰ ਦੇ ਸੱਚੇ ਵਿਚਾਰਾਂ ਨੂੰ ਉਜਾੜ ਦੇਣਗੇ, ਸ਼ਬਦ ਦੇ ਵਿਚਾਰਾਂ ਦੀ ਖੇਤੀ ਨੂੰ ਉਜਾੜ ਦੇਣਗੇ ਫਿਰ

ਅਸੀਂ ਫਲ ਦੀ ਉਮੀਦ ਕਿਵੇਂ ਰੱਖ ਸਦਕੇ ਹਾਂ। ਫਲ ਤਾਂ ਹੀ ਮਿਲੇਗਾ ਜਦੋਂ ਖੇਤੀ ਪੂਰਨ ਰੂਪ ਵਿੱਚ ਪੱਕੇਗੀ। ਅਸੀਂ ਇਹੋ ਜਿਹੀ ਖੇਤੀ ਨੂੰ ਆਪਣੇ ਅੰਦਰ ਬੀਜਣ ਦਾ ਉੱਦਮ ਕਰਨਾ ਹੈ, ਨਾਮ ਰੂਪ ਖੇਤੀ ਨੂੰ ਬੀਜਣ ਦਾ ਉੱਦਮ ਕਰਨਾ ਹੈ ਤੇ ਇਸ ਖੇਤੀ ਨੂੰ ਨਾਮ ਦੇ ਚੋਰਾਂ ਤੋਂ ਬਚਾਕੇ ਰੱਖਣਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਬਚਾਕੇ ਰੱਖਣਾ ਹੈ ਜੋ ਇਸ ਖੇਤੀ ਨੂੰ ਹਰ ਵੇਲੇ ਉਜਾੜਦੇ ਰਹਿੰਦੇ ਹਨ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਜਿਹੀ ਨਾਮ ਦੀ ਖੇਤੀ ਬੀਜਣ ਲਈ ਸਮਝਾ ਰਹੇ ਹਨ। ਇਹੋ ਜਿਹੀ ਖੇਤੀ ਕਰਨ ਦੁਆਰਾ ਅਸੀਂ ਸ਼ਬਦ ਦੇ ਵਿਚਾਰੀ ਬਣਕੇ ਵਿਚਰਨ ਦਾ ਉੱਦਮ ਕਰਨਾ ਹੈ ਭਾਵ ਸੱਚੇ ਸੁੱਚੇ ਮਨ ਨਾਲ ਵਿਚਰਨ ਦਾ ਉੱਦਮ ਕਰਨਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਉਹੋ ਜਿਹਾ ਕੋਈ ਕੰਮ ਨਾ ਕਰੀਏ ਜਿਸ ਵਿੱਚ ਗੁਰਮਤਿ ਨਹੀਂ ਹੈ, ਨਾਮ ਦਾ ਬੀਜ ਨਹੀਂ ਹੈ।ਜੋ ਸਉਦਾ ਅਸੀਂ ਇਸ ਸੰਸਾਰ ਵਿੱਚ ਕਰਨ ਲਈ ਆਏ ਹਾਂ ਉਹ ਸੌਦਾ ਸਾਡੀ ਇਹੋ ਜਿਹੀ ਕਰਣੀ ਦੁਆਰਾ ਹੁੰਦਾ ਹੈ ਭਾਵ ਉਹ ਸੌਦਾ ਸਾਨੂੰ ਇਹੋ ਜਿਹੀ ਸੱਚੀ ਸੁੱਚੀ ਕਰਨੀ ਦੁਆਰਾ ਮਿਲਦਾ ਹੈ। ਗੁਰੂ ਪ੍ਰਮਾਤਮਾ ਦੀ ਸੇਵਾ ਸਾਡੀ ਇਹੋ ਜਿਹੀ ਕਰਨੀ ਦੁਆਰਾ ਹੀ ਹੁੰਦੀ ਹੈ, ਸ਼ਬਦ ਦਾ ਵਿਚਾਰੀ ਬਣਕੇ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। (**ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ ਕਰਹੁ ਗੁਰੁ ਸੇਵਹੁ ਨੀਤ ॥3॥**)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ 223)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ 355)

{ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥}

(ਅੰਗ 595)

31/3466

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ 418)

{ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ 1188)

ਜਿਸ ਜਗ੍ਹਾ ਤੇ ਇਹ ਖੇਤੀ ਬੀਜੀ ਜਾਂਦੀ ਹੈ ਸਉਦਾ ਵੀ ਉਸੇ ਜਗ੍ਹਾ ਤੋਂ ਮਿਲਦਾ ਹੈ, ਖੇਤੀ ਦਾ ਫਲ ਉਸੇ ਜਗ੍ਹਾ ਤੋਂ ਹੀ ਮਿਲਦਾ ਹੈ। ਇਹ ਖੇਤੀ ਨਿਰਗੁਣ ਰੂਪ ਵਿੱਚ ਬੀਜੀ ਜਾਂਦੀ ਹੈ ਤੇ ਫਲ ਵੀ ਨਿਰਗੁਣ ਰੂਪ ਵਿੱਚ ਹੀ ਮਿਲਦਾ ਹੈ। ਇਹ ਖੇਤੀ ਮਨ ਦੇ ਵਿੱਚ ਬੀਜੀ ਜਾਂਦੀ ਹੈ ਤੇ ਫਲ ਵੀ ਮਨ ਦੇ ਵਿੱਚ ਮਿਲਦਾ ਹੈ। ਜਿਸ ਰੂਪ ਵਿੱਚ ਇਹ ਬੀਜੀ ਜਾਂਦੀ ਹੈ ਫਲ ਵੀ ਉਸੇ ਰੂਪ ਵਿੱਚ ਮਿਲਦਾ ਹੈ। ਇਹ ਖੇਤੀ ਅਸੀਂ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਬੀਜਦੇ ਹਾਂ ਤੇ ਪ੍ਰਮਾਤਮਾ ਕੋਲੋਂ ਫਲ ਵੀ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਮਿਲਦਾ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਮਿਲਦਾ ਹੈ। ਨਾਮ ਦੀ ਖੇਤੀ ਬੀਜਣ ਦਾ ਫਲ ਵੀ ਨਾਮ ਦੀ ਪ੍ਰਾਪਤੀ ਦੇ ਰੂਪ ਵਿੱਚ ਮਿਲਦਾ ਹੈ। ਫਲ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਮਿਲਦਾ ਹੈ ਜੋ ਕਿ ਗਿਆਨ ਦੇ ਰੂਪ ਵਿੱਚ ਹੈ, ਉਸਦੇ ਦੱਸੇ ਹੋਏ ਗਿਆਨ ਤੇ ਚੱਲਕੇ ਭਾਵ ਉਸਦੇ ਦੱਸੇ ਹੋਏ ਗਿਆਨ ਦੀ ਖੇਤੀ ਮਨ ਵਿੱਚ ਕਰਨ ਦੁਆਰਾ ਫਲ ਦੇ ਰੂਪ ਵਿੱਚ ਗਿਆਨ ਦਾ ਮਾਲਕ ਮਿਲਦਾ ਹੈ, ਉਸਦੇ ਦੱਸੇ ਹੋਏ ਬ੍ਰਹਮ ਗਿਆਨ ਤੇ ਚੱਲਕੇ ਫਲ ਦੇ ਰੂਪ ਵਿੱਚ ਬ੍ਰਹਮ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਮਿਲਦਾ ਹੈ ਜਿਸਦੇ ਮਿਲਣ ਦੁਆਰਾ ਉਹ ਮਨੁੱਖ ਨੂੰ ਆਪਣਾ ਬ੍ਰਹਮ ਗਿਆਨੀ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਬ੍ਰਹਮ ਗਿਆਨ ਰੂਪ ਫਲ ਦਿੱਤਾ ਹੈ। ਉਸਦੇ ਇਸ ਫਲ ਦੀ ਪ੍ਰਾਪਤੀ ਦੇ ਨਾਲ ਸਾਨੂੰ ਮਨ ਦੇ ਵਿੱਚ ਸੰਤੋਖ ਹੀ ਮਿਲਦਾ ਹੈ ਜਿਸ ਦੁਆਰਾ ਮਨੁੱਖ ਤ੍ਰਿਸ਼ਨਾ ਤੋਂ ਮੁਕਤਿ ਹੁੰਦਾ ਹੈ ਤੇ ਸੁੱਖ ਵਿੱਚ ਆਪਣਾ ਜੀਵਨ ਬਿਤਾਉਂਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਨਿਰਗੁਣ ਰੂਪ ਖੇਤੀ ਦਾ ਫਲ ਨਿਰਗੁਣ ਰੂਪ ਵਿੱਚ ਹੀ ਮਿਲਦਾ ਹੈ।

“ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥”

31/3467

ਫਲ ਦੇ ਰੂਪ ਵਿੱਚ ਉਪਰਲੀਆਂ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦਾ ਸਉਦਾ ਮਨ ਦੇ ਵਿੱਚ ਉਸ ਦੇ ਕੋਲੋਂ ਸੱਚੇ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ, ਸੱਚੀ ਗੁਰਮਤਿ ਦੇ ਰੂਪ ਵਿੱਚ

ਹੀ ਮਿਲਦਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਸਾਡਾ ਸੱਚਾ ਧਰਮ ਸਿਖਾਉਂਦਾ ਹੈ ਤੇ ਉਸ ਨੂੰ ਆਪਣੇ ਅੰਦਰ ਸੰਭਾਲ ਕਰਨ ਦੀ ਦ੍ਰਿੜਤਾ ਆਪ ਹੀ ਬਖਸ਼ਦਾ ਹੈ। ਸਾਡੇ ਅੰਦਰ ਇਸ ਸੌਦੇ ਦੀ ਸੰਭਾਲ ਮਨ ਦੇ ਸੰਤੋਖ ਦੁਆਰਾ ਹੁੰਦੀ ਹੈ, ਮਨ ਦੇ ਅੰਦਰ ਸੱਚੇ ਵਿਚਾਰਾਂ ਦੇ ਟਿਕਣ ਦੁਆਰਾ ਹੁੰਦੀ ਹੈ ਜਦੋਂ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਆਪ ਹੀ ਸਾਨੂੰ ਤ੍ਰਿਸ਼ਨਾ ਤੋਂ ਮੁਕਤਿ ਕਰਦਾ ਹੈ ਜਿਸਦੇ ਕਾਰਣ ਸਾਡਾ ਮਨ ਹਰ ਵੇਲੇ ਮਾਇਆ ਮੋਹ ਵਿੱਚ ਫਸਿਆ ਰਹਿੰਦਾ ਹੈ। ਮਨ ਦੀ ਤ੍ਰਿਸ਼ਨਾ ਖ਼ਤਮ ਹੋਣ ਨਾਲ ਮਨੁੱਖ ਮਾਇਆ ਮੋਹ ਤੋਂ ਮੁਕਤਿ ਹੋ ਕੇ ਵਿਚਰਦਾ ਹੈ ਜਿਸ ਦੁਆਰਾ ਸਾਡੇ ਅੰਦਰ ਗੁਰਮਤਿ ਟਿਕੀ ਰਹਿੰਦੀ ਹੈ। ਆਪਣੇ ਸੱਚੇ ਗਿਆਨ ਦਾ ਸਉਦਾ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਵਿੱਚ ਸੱਚੀ ਸੋਝੀ ਦੇ ਰੂਪ ਵਿੱਚ ਦਿੰਦਾ ਹੈ। ਸਾਡੇ ਅੰਦਰ ਦੀ ਪੂਰਨ ਰੂਪ ਵਿੱਚ ਸੱਚੀ ਸੋਝੀ ਹੀ ਪ੍ਰਮਾਤਮਾ ਦਾ ਉਹ ਸਉਦਾ ਹੈ ਜੋ ਉਹ ਆਪ ਹੀ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਪ੍ਰਮਾਤਮਾ ਦਾ ਇਹ ਸਉਦਾ ਉਸ ਦਾ ਨਾਮ ਰੂਪ ਸਉਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਇਹ ਸਉਦਾ ਦਿੰਦਾ ਹੈ ਉਸਦੇ ਅੰਦਰ ਹੀ ਸੰਤੋਖ ਆਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਮਨ ਦੀ ਇਹ ਅਵੱਸਥਾ ਹੀ ਸਹਜ ਦੀ ਅਵੱਸਥਾ ਹੈ, ਚਉਥੇ ਪਦ ਦੀ ਅਵੱਸਥਾ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪ ਹੀ ਹੈ, "ਸਭਿ ਹਾਟ" ਉਸੇ ਦੇ ਹੀ ਹਨ, ਸਾਰੀਆਂ ਹੱਟੀਆਂ ਉਸੇ ਦੀਆਂ ਹੀ ਹਨ ਜਿੱਥੋਂ ਪ੍ਰਮਾਤਮਾ ਦੇ ਕੋਲੋਂ ਇਹ ਸਉਦਾ ਮਿਲਦਾ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਸੌਦਾ ਦਿੰਦਾ ਹੈ, ਚਉਥੇ ਪਦ ਵਾਲੀ ਅਵੱਸਥਾ ਬਖਸ਼ਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਜਿਸ ਨੂੰ ਵੀ ਪ੍ਰਮਾਤਮਾ ਆਪਣਾ ਸਉਦਾ ਦਿੰਦਾ ਹੈ ਉਹ ਮਨ ਦੇ ਅੰਦਰੋਂ ਆਪ ਹੀ ਆਪਣੀ ਹੱਟੀ ਤੋਂ ਦਿੰਦਾ ਹੈ। ਜਿਹੜੇ ਮਨ ਨੂੰ ਮਨੁੱਖ ਆਪਣਾ ਸਮਝਦਾ ਹੈ ਉਸ ਮਨ ਦੇ ਵਿੱਚ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ। ਇਸ ਮਨ ਦੇ ਵਿੱਚ ਹੀ "ਸਾਹ" ਰੂਪ ਪ੍ਰਮਾਤਮਾ ਹੈ, ਸਉਦੇ ਦਾ ਮਾਲਕ ਹੈ ਤੇ ਮਨ ਦੇ ਵਿੱਚ ਹੀ "ਵਾਪਾਰੀ" ਹੈ ਭਾਵ ਮਨੁੱਖ ਹੈ ਜਿਸ ਨੇ ਇਹ ਸਉਦਾ ਲੈਣਾ ਹੈ। ਜਦੋਂ ਮਨੁੱਖ ਰੂਪ ਵਾਪਾਰੀ ਨੂੰ, ਤ੍ਰੈ ਗੁਣਾਂ ਵਾਲੀ ਮਤਿ ਦੇ ਵਿਚਾਰੀ ਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦੇ ਸ਼ਬਦ ਰੂਪ ਵਿਚਾਰਾਂ ਦਾ ਸਉਦਾ ਮਿਲ ਜਾਂਦਾ ਹੈ, ਸੱਚੇ ਗਿਆਨ ਦਾ ਸਉਦਾ ਮਿਲ ਜਾਂਦਾ ਹੈ ਤਾਂ ਫਿਰ ਮਨੁੱਖ ਨੂੰ ਆਪਣੇ ਵਿਚਾਰਾਂ ਦੇ ਅੰਦਰ ਹੀ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਭਾਵ ਉਹ ਫਿਰ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ, ਉਸੇ ਦਾ ਰੂਪ ਹੋ ਜਾਂਦਾ ਹੈ। (**ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥4॥**)

31/3468

ਜੋ ਵਾਪਾਰ ਕਰਨ ਲਈ ਸਾਨੂੰ ਇਹ ਜਨਮ ਮਿਲਿਆ ਹੈ ਉਹ ਵਾਪਾਰ ਤਾਂ ਮਨ ਦੇ ਵਿੱਚ ਹੀ ਹੁੰਦਾ ਹੈ, ਮਨ ਦੀ ਸੱਚੀ ਰਾਸਿ ਦੁਆਰਾ ਹੁੰਦਾ ਹੈ ਤੇ ਸਾਡੀ ਸੱਚੀ ਰਾਸਿ ਸਾਡੇ ਮਨ ਦੀ ਸੱਚੀ ਸੋਝੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮਤਿ ਰੂਪ ਸੱਚੀ ਸੋਝੀ ਸਾਡੀ ਸੱਚੀ ਰਾਸਿ ਹੈ ਤੇ ਮਨਮਤਿ ਰੂਪ ਸੋਝੀ ਸਾਡੀ ਖੋਟੀ ਰਾਸਿ ਹੈ। ਸੱਚੀ ਰਾਸਿ ਸਾਨੂੰ ਮਨ ਦੀ ਸੁਚਿ ਨਾਲ ਜੋੜਦੀ ਹੈ, ਮਨ ਦੀ ਪਵਿੱਤਰਤਾ ਨਾਲ ਜੋੜਦੀ ਹੈ, ਪ੍ਰਮਾਤਮਾ ਦੇ ਨਿਰਗੁਣ ਰੂਪ ਨਾਲ ਜੋੜਦੀ ਹੈ ਤੇ ਮਨ ਦੀ ਖੋਟੀ ਰਾਸਿ ਦੁਆਰਾ ਅਸੀਂ ਆਕਾਰ ਰੂਪ ਸੁਚਿ ਨਾਲ ਜੁੜਨ ਦਾ ਉੱਦਮ ਕਰਦੇ ਹਾਂ ਜਿਸ ਦੁਆਰਾ ਸਾਡੀ ਰਾਸਿ ਖੋਟੀ ਹੀ ਬਣੀ ਰਹਿੰਦੀ ਹੈ। ਵਾਪਾਰ ਤਾਂ ਅਸੀਂ ਸੱਚ ਦਾ ਕਰਨ ਆਏ ਹਾਂ ਤੇ ਉਹ ਵਾਪਾਰ ਅਸੀਂ ਖੋਟੀ ਰਾਸਿ ਦੇ ਨਾਲ ਕਰਨਾ ਚਾਹੁੰਦੇ ਹਾਂ ਜੋ ਕਿ ਕਦੇ ਨਹੀਂ ਹੋ ਸਕਦਾ। ਆਪਣੇ ਸੰਸਾਰਿਕ ਭੋਜਨ ਦੀ ਸੁਚਿ ਲਈ ਜਿਹੋ ਜਿਹੀ ਕਾਰੀ ਅਸੀਂ ਕੱਢਦੇ ਹਾਂ ਉਹ ਸਾਡੇ ਅੰਦਰ ਦੀ ਖੋਟੀ ਰਾਸਿ ਦਾ ਨਤੀਜਾ ਹੀ ਹੈ ਤੇ ਸਾਡੀ ਖੋਟੀ ਰਾਸਿ ਇਹੋ ਜਿਹੀਆਂ ਕਾਰੀਆਂ ਕੱਢਣ ਨਾਲ ਖਰੀ ਰਾਸਿ ਵਿੱਚ ਨਹੀਂ ਬਦਲ ਸਕਦੀ। ਸਾਨੂੰ ਮਨ ਦੇ ਵਿੱਚ ਉਹੋ ਜਿਹੀ ਕਾਰੀ ਕੱਢਣ ਦੀ ਲੋੜ ਹੈ ਜਿਸ ਦੁਆਰਾ ਸਾਡੇ ਅੰਦਰ ਗੁਰੂ ਦੀ ਦਿੱਤੀ ਹੋਈ ਸੱਚੀ ਰਾਸਿ ਟਿਕੇ ਭਾਵ ਗੁਰੂ ਦੀ ਮਤਿ ਟਿਕੇ। ਸਾਰੀ ਗੱਲ ਆਪਣੀ ਮਾੜੀ ਮਤਿ ਵਿੱਚੋਂ ਨਿਕਲਣ ਦੀ ਹੈ ਜੋ ਸਾਡਾ ਅਸਲ ਸੰਜਮ ਹੈ। ਜਿਹੋ ਜਿਹੇ ਸੰਜਮ ਨਾਲ ਅਸੀਂ ਜੁੜੇ ਹੋਏ ਹਾਂ ਉਹ ਸਾਡਾ ਸੱਚਾ ਸੰਜਮ ਨਹੀਂ ਹੈ ਜੋ ਸਾਨੂੰ ਬਾਹਰੀ ਸੁਚਿ ਦੇ ਨਾਲ ਜੋੜਦਾ ਹੈ। ਸਾਡਾ ਸੱਚਾ ਸੰਜਮ ਉਹੀ ਹੈ ਜੋ ਸਾਨੂੰ ਸੱਚੀ ਕਰਣੀ ਨਾਲ ਜੋੜਦਾ ਹੈ। ਅਸੀਂ ਖਾਣੇ ਦੀ ਸੁਚਿ ਵਿੱਚ ਆਪਣਾ ਸੰਜਮ ਰੱਖਣਾ ਸਮਝਦੇ ਹਾਂ ਤਾਂ ਕਿ ਇਸ ਨੂੰ ਉਹੋ ਜਿਹਿਆਂ ਦੇ ਹੱਥ ਨਾ ਲੱਗਣ ਦਿੱਤੇ ਜਾਣ ਜਿੰਨ੍ਹਾਂ ਨੂੰ ਅਸੀਂ ਨੀਵੇਂ ਸਮਝਦੇ ਹਾਂ, ਨੀਵੀ ਜਾਤ ਵਾਲੇ ਸਮਝਦੇ ਹਾਂ ਜਿਸ ਕਰਕੇ ਅਸੀਂ ਆਪਣੇ ਚਉਕਿਆਂ ਦੇ ਦੁਆਲੇ ਕਾਰੀ ਕੱਢਦੇ ਹਾਂ। ਅਸਲ ਵਿੱਚ ਨੀਵੀਂ ਜਾਤ ਵਾਲਾ ਕੌਣ ਹੈ, ਸਾਡਾ ਅਸਲ ਸੰਜਮ ਕੀ ਹੈ, ਸਾਡੀ ਅਸਲ ਕਾਰੀ ਕੱਢਣੀ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਝੂਠੀਆਂ ਕਿਰਿਆਵਾਂ ਵਿੱਚੋਂ ਨਿਕਲੀਏ ਤੇ ਇਹੋ ਜਿਹੀ ਝੂਠੀ ਮਤਿ ਦਾ ਪ੍ਰਚਾਰ

ਕਰਨ ਵਿੱਚੋਂ ਨਿਕਲੀਏ ਜਿਸਨੂੰ ਕਿ ਕਈਆਂ ਨੇ ਉੱਚੀ ਗੁਰਮਤਿ ਦਾ ਪ੍ਰਚਾਰ ਸਮਝਿਆ ਹੋਇਆ ਹੈ ਤੇ ਆਪਣੇ ਝੂਠੇ ਮਾਣ ਨੂੰ ਉੱਚਾ ਕਰਨ ਵਿੱਚ ਲੱਗੇ ਹੋਏ ਹਨ ਤੇ ਦੂਸਰਿਆਂ ਨੂੰ ਨੀਵਾਂ ਕਰਨ ਵਿੱਚ ਲੱਗੇ ਹੋਏ ਹਨ। ਆਪਣੇ ਝੂਠੇ ਪ੍ਰਚਾਰ ਨੂੰ ਗੁਰਮਤਿ ਦਾ ਪ੍ਰਚਾਰ ਕਹਿ ਕੇ ਇਹੋ ਜਿਹੇ ਅਸਲ ਵਿੱਚ ਗੁਰਮਤਿ ਨੂੰ ਨੀਵਾਂ ਕਰਨ ਵਿੱਚ ਹੀ ਲੱਗੇ ਹੋਏ ਹਨ ਤੇ ਮਨਮਤਿ ਨੂੰ ਉੱਚਾ ਕਰਨ ਵਿੱਚ ਲੱਗੇ ਹੋਏ ਹਨ, ਮਨਹਠਿ ਨੂੰ ਉੱਚਾ ਕਰਨ ਵਿੱਚ ਲੱਗੇ ਹੋਏ ਹਨ। ਆਪ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਭਰਮ ਸਿਖਾਉਣ ਵਿੱਚ ਲੱਗੇ ਹੋਏ ਹਨ। ਹੇਠ ਦਿੱਤੇ

31/3469

ਸ਼ਬਦ ਦੁਆਰਾ ਗੁਰੂ ਸਾਹਿਬ ਨੇ ਆਪਣੀ ਮਤਿ ਦੁਆਰਾ ਇਹੋ ਜਿਹਿਆਂ ਦੀ ਮਤਿ ਦਾ ਘੋਰ ਖੰਡਨ ਕੀਤਾ ਹੋਇਆ ਹੈ ਤੇ ਸਾਨੂੰ ਧਰਮ ਤੇ ਚੱਲਣ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ।

ਸਲੋਕ ਮ: ੧ ॥

“ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥”

(ਅੰਗ ੯੧)

ਪੁਰਾਣੇ ਸਮੇਂ ਤੋਂ ਜੋ ਆਪਣਾ ਚਉਕਾ ਸੁੱਚਾ ਰੱਖਣ ਦੀ ਪ੍ਰਥਾ ਚੱਲਦੀ ਆ ਰਹੀ ਹੈ ਉਸ ਚਉਕੇ ਉੱਪਰ ਬਣਨ ਵਾਲੇ ਖਾਣੇ ਨੂੰ ਉਹਨਾਂ ਦੇ ਹੱਥ ਲੱਗਣ ਤੋਂ ਬਚਾ ਕੇ ਰੱਖਦੇ ਸਨ ਜਿੰਨ੍ਹਾਂ ਨੂੰ ਉਹ ਨੀਵੀਂ ਜਾਤ ਵਾਲਾ ਗਿਣਦੇ ਸਨ। ਉੱਪਰ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਉਹ ਮਨੁੱਖੀ ਜਾਤ ਵਾਲੇ ਹੀ ਗਿਣਾਏ ਹੋਏ ਹਨ ਜਿੰਨ੍ਹਾਂ ਨੂੰ ਉਹ ਉੱਚੀ ਜਾਤੀ ਅਖਵਾਉਣ ਵਾਲੇ ਨੀਵੀਆਂ ਜਾਤਾਂ ਵਾਲੇ ਕਹਿੰਦੇ ਆਏ ਹਨ ਤੇ ਭਾਰਤ ਵਰਸ਼ ਵਿੱਚ ਅੱਜ ਵੀ ਇਹ ਪ੍ਰਥਾ ਕਈ ਜਗ੍ਹਾ ਹੁਣ ਵੀ ਕਈ ਧਾਰਮਿਕ ਅਦਾਰਿਆਂ ਨੇ ਕਾਇਮ ਰੱਖੀ ਹੋਈ ਹੈ। ਗੁਰਬਾਣੀ ਨੇ ਇਸ ਜਾਤ-ਪਾਤ ਦੇ ਭੇਦ ਦਾ ਖੰਡਨ ਕੀਤਾ ਹੋਇਆ ਹੈ, ਉਚ ਨੀਚ ਦੇ ਭੇਦ ਦਾ ਖੰਡਨ ਕੀਤਾ ਹੋਇਆ ਹੈ ਕਿ ਕੋਈ ਵੀ ਮਨੁੱਖ ਕਿਸੇ ਜਾਤ-ਪਾਤ ਕਰਕੇ ਉੱਚਾ ਨੀਵਾਂ ਨਹੀਂ ਹੈ ਜੋ ਕਿ ਕੇਵਲ ਇੱਕ ਸਾਡੀ ਵੱਡੀ ਸਮਾਜਿਕ ਬੁਰਾਈ ਹੈ ਜਿਸ ਵਿੱਚੋਂ ਨਿਕਲਣ ਲਈ ਸਮਝਾਇਆ ਹੋਇਆ ਹੈ। ਜਾਤ-ਪਾਤ ਦੇ ਆਧਾਰ ਤੇ ਕੋਈ ਮਨੁੱਖ ਮਾੜਾ ਚੰਗਾ ਨਹੀਂ ਹੈ। ਜੋ ਵੀ ਕੋਈ ਮਾੜਾ ਚੰਗਾ ਹੈ ਉਹ ਮਨ ਦੇ ਵਿਚਾਰਾਂ ਕਰਕੇ ਮਾੜਾ ਚੰਗਾ ਹੈ। ਮਨੁੱਖ ਨੂੰ ਉਸ ਦੀ ਕਬੁਧਿ ਕਰਕੇ ਭਾਵ ਮਾੜੀ ਮਤਿ ਕਰਕੇ ਮਾੜਾ ਆਖਿਆ ਹੈ, ਮਨ ਦੇ ਵਿੱਚ ਕੁਦਇਆ ਕਰਕੇ ਭਾਵ ਦੂਸਰਿਆਂ ਲਈ ਦਇਆ ਨਾ ਹੋਣਾ ਮਾੜਾ ਆਖਿਆ ਹੈ। ਜਿਸ ਦੇ ਅੰਦਰ ਦਇਆ ਹੈ ਉਹ ਫਿਰ ਦੂਸਰਿਆਂ ਦਾ ਮਾੜਾ ਨਹੀਂ ਕਰਦਾ, ਦੂਸਰਿਆਂ ਦਾ ਹੱਕ ਨਹੀਂ ਮਾਰਦਾ। ਇਸੇ ਤਰ੍ਹਾਂ ਪਰ ਨਿੰਦਾ ਨੂੰ ਤੇ ਕ੍ਰੋਧ ਨੂੰ ਸਾਡੀ ਅਸਲ ਮਾੜੀ ਜਾਤ ਦਾ ਦੱਸਿਆ ਹੈ, ਸਾਡੀ ਚੰਡਾਲਾਂ ਵਾਲੀ ਬਿਰਤੀ ਦੱਸਿਆ ਹੈ। ਸਾਡੀ ਸੁਚਿ ਨੂੰ ਭਰਿਸ਼ਟ ਕਰਨ ਵਾਲੀ ਸਾਡੀ ਇਹੋ ਜਿਹੀ ਮਾੜੀ ਬਿਰਤੀ ਹੈ ਜਿਸ ਦੁਆਰਾ ਅਸੀਂ ਸਮਾਜ ਵਿੱਚ ਮਾੜੇ ਬਣਕੇ ਵਿਚਰਦੇ ਹਾਂ। ਸਾਨੂੰ ਇਹੋ ਜਿਹੀ ਬਿਰਤੀ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਜਿਸ ਦੁਆਰਾ ਅਸੀਂ ਸੱਚੇ ਸੁੱਚੇ ਜੀਵਨ ਵਾਲੇ ਬਣ ਸਕਦੇ ਹਾਂ। ਸਾਡੀ ਮਾੜੀ ਬਿਰਤੀ ਵਾਲੇ ਵਿਚਾਰ ਸਾਡੇ ਨਾਲ ਹੀ ਹੁੰਦੇ ਹਨ, ਸਾਡੇ ਅੰਦਰ ਹੀ ਹੁੰਦੇ ਹਨ ਪਰ ਇਹਨਾਂ ਨੂੰ ਕੱਢਣ ਦੀ ਬਜਾਇ ਅਸੀਂ ਆਪਣੇ ਭੋਜਨ ਬਣਾਉਣ ਵਾਲੇ ਚਉਕੇ

31/3470

ਦੇ ਦੁਆਲੇ ਕਾਰੀ ਕੱਢਦੇ ਹਾਂ ਤਾਂ ਜੋ ਸਾਡੇ ਚਉਕਾਂ ਨਾ ਭਰਿਸ਼ਟ ਜਾਵੇ। ਭਰਿਸ਼ਟਤਾ ਤਾਂ ਆਪਣੇ ਮਨ ਵਿੱਚੋਂ ਕੱਢਣ ਦੀ ਲੋੜ ਹੈ ਤਾਂ ਜੋ ਅਸੀਂ ਮਨ ਦੇ ਸੁੱਚੇ ਬਣੀਏ। ਕਿਸੇ ਨੂੰ ਨੀਵੀਂ ਜਾਤ ਵਾਲਾ ਸਮਝਣਾ ਵੀ ਮਨ ਦੀ ਭਰਿਸ਼ਟਤਾ ਹੀ ਹੈ। (**ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥ ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥**) ਗੁਰਬਾਣੀ ਦੀ ਮਤਿ ਨਾਲ ਜੁੜੇ ਹੋਏ ਜਿਆਦਾਤਰ ਜਾਤ-ਪਾਤ ਦੇ ਭੇਦ ਭਾਵ ਤੋਂ ਨਿਕਲੇ ਹੋਏ ਹਨ ਕਿ ਜਾਤ-ਪਾਤ ਨਾਲ ਜੁੜਨਾ ਧਰਮ ਦਾ ਮਾਰਗ ਨਹੀਂ ਹੈ ਜੋ ਕਿ ਬਹੁਤ ਹੀ ਚੰਗੀ ਗੱਲ ਹੈ। ਸਿੱਖ ਜਗਤ ਵਿੱਚ ਵੀ ਕੁੱਝ ਸੰਸਥਾਵਾਂ

ਚਉਕੇ ਦੇ ਸੁਚਿ ਨਾਲ ਜੁੜਨ ਦਾ ਪ੍ਰਚਾਰ ਕਰਦੀਆਂ ਹਨ। ਉਹਨਾਂ ਦਾ ਮਕਸਦ ਭਾਵੇਂ ਜਾਤ-ਪਾਤ ਵਾਲੀ ਉਚ ਨੀਚਤਾ ਦਿਖਾਉਣ ਦਾ ਮਕਸਦ ਨਹੀਂ ਹੈ ਪਰ ਇਹੋ ਜਿਹੀ ਪ੍ਰਥਾ ਮੂਲ ਰੂਪ ਵਿੱਚ ਹੀ ਮਾੜੀ ਹੈ ਜੋ ਕਿ ਗੁਰਮਤਿ ਦੇ ਸਿਧਾਂਤ ਦੇ ਹੀ ਉਲਟ ਹੈ। ਅਸੀਂ ਦੂਸਰੇ ਨੂੰ ਭਾਵੇਂ ਜਾਤ-ਪਾਤ ਕਰਕੇ ਨੀਵਾਂ ਨਹੀਂ ਦਿਖਾਉਂਦੇ ਪਰ ਇਹਨਾਂ ਤਰੀਕਿਆਂ ਨਾਲ ਅਸੀਂ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਜਰੂਰ ਥਾਪ ਲੈਂਦੇ ਹਾਂ, ਆਪਣਾ ਮਾਣ ਉੱਚਾ ਜਰੂਰ ਕਰ ਲੈਂਦੇ ਹਾਂ ਜਿਸ ਨਾਲ ਦੂਸਰੇ ਆਪੇ ਹੀ ਨੀਵੇਂ ਹੋ ਜਾਂਦੇ ਹਨ ਭਾਵ ਉਚ ਨੀਚ ਦਾ ਭੇਦ ਪੈਦਾ ਹੋ ਜਾਂਦਾ ਹੈ ਜੋ ਸਾਨੂੰ ਆਪਸ ਵਿੱਚ ਇੱਕ ਦੂਸਰੇ ਤੋਂ ਵੱਖਰਾ ਕਰਕੇ ਰੱਖਦਾ ਹੈ, ਸਮਾਜ ਵਿੱਚ ਵਿਤਕਰਾ ਫੈਲਦਾ ਹੈ, ਸਮਾਜ ਵਿੱਚ ਫੇੜ ਪੈਂਦਾ ਹੈ, ਇੱਕ ਦੂਜੇ ਦੇ ਨਾਲ ਮੇਲ ਵਿੱਚ ਦਰਾਰ ਪੈਂਦੀ ਹੈ। ਇਹੋ ਜਿਹੀ ਗੱਲ ਗੁਰਮਤਿ ਦੇ ਮੂਲ ਸਿਧਾਂਤ ਦੇ ਹੀ ਉਲਟ ਹੈ। ਇਹ ਕੇਵਲ ਸਰੀਰਕ ਸੁਚਿ ਨਾਲ ਆਪਣੇ ਆਪਨੂੰ ਜੋੜਨ ਦਾ ਮਾਰਗ ਹੈ ਜਿਸ ਨਾਲ ਮਨ ਦੀ ਜੂਠਿ ਨਹੀਂ ਧੁਪ ਸਕਦੀ ਭਾਵ ਇਹੋ ਜਿਹੇ ਵਿਚਾਰ ਜਿੰਨ੍ਹਾਂ ਨਾਲ ਅਸੀਂ ਆਪਣੇ ਆਪ ਨੂੰ ਸੁੱਚਾ ਕਰਨੇ ਸਮਝਦੇ ਹਾਂ ਇਹ ਗੁਰਮਤਿ ਦੇ ਮੂਲ ਸਿਧਾਂਤ ਦੇ ਹੀ ਉਲਟ ਹਨ, ਧਰਮ ਦੇ ਮੂਲ ਸਿਧਾਂਤ ਦੇ ਹੀ ਉਲਟ ਹਨ, ਧਰਮ ਦਾ, ਗੁਰਮਤਿ ਦਾ, ਸੱਚ ਦਾ, ਨਾਮ ਦਾ ਮੂਲ ਸਿਧਾਂਤ ਮਨ ਦੀ ਸੁਚਿ ਦੇ ਨਾਲ ਜੁੜਿਆ ਹੋਇਆ ਹੈ ਜੋ ਕੇਵਲ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਹੋ ਸਕਦਾ ਹੈ ਤੇ ਕਿਸੇ ਵੀ ਸਰੀਰਕ ਕਿਰਿਆ ਦੁਆਰਾ ਸਾਡੇ ਮਨ ਦੇ ਵਿੱਚ ਸੁਚਿ ਨਹੀਂ ਆ ਸਕਦੀ ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

ਅਸੀਂ ਆਪਣੀ ਇਹੋ ਜਿਹੀ ਸੁਚਿ ਵਰਤਣ ਦੁਆਰਾ ਆਪਣੇ ਆਪ ਨੂੰ ਸੰਜਮ ਵਿੱਚ ਰੱਖਣਾ ਸਮਝਦੇ ਹਾਂ ਭਾਵ ਆਪਣੇ ਮਨ ਨੂੰ ਵੱਸ ਵਿੱਚ ਰੱਖਣਾ ਸਮਝਦੇ ਹਾਂ ਕਿ ਅਸੀਂ ਸੱਚਾ ਸੁੱਚਾ ਭੋਜਨ ਹੀ ਖਾਂਦੇ ਹਾਂ, ਆਪਣੀ ਮਰਿਆਦਾ ਅਨੁਸਾਰ ਭੋਜਨ ਖਾਂਦੇ ਹਾਂ, ਉਸ ਵਿੱਚ ਧਾਰਮਿਕ ਮਰਿਆਦਾ ਵਾਲੀ ਪੂਰਨ ਪਵਿੱਤਰਤਾ ਵਰਤ ਕੇ ਖਾਣਾ ਖਾਂਦੇ ਹਾਂ, ਕਿਸੇ ਬਾਹਰਲੇ ਦਾ ਹੱਥ ਨਾ ਲੱਗਿਆ ਹੋਇਆ ਖਾਣਾ ਖਾਂਦੇ ਹਾਂ ਤੇ ਆਪਣੇ ਇਹੋ ਜਿਹੇ ਅਮਲ ਕਰਨ ਦੁਆਰਾ ਅਸੀਂ ਸੱਚ ਤੇ ਚੱਲਣਾ ਸਮਝਦੇ ਹਾਂ, ਸੱਚੇ ਮਾਰਗ ਤੇ ਚੱਲਣਾ ਸਮਝਦੇ ਹਾਂ ਭਾਵ ਧਰਮ ਦਾ ਮਾਰਗ ਸਮਝਦੇ ਹਾਂ। ਇਹ ਸਾਡਾ ਅਸਲ ਸੱਚ ਸੰਜਮ ਨਹੀਂ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਈ ਹੋਈ ਹੈ ਕਿ

31/3471

ਸਾਡਾ ਸੱਚ ਸੰਜਮ ਕਿਸ ਵਿੱਚ ਹੈ।

“**ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥**

ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਨੂੰ ਕਿਹੋ ਜਿਹੀ ਕਾਰੀ ਕੱਢਣੀ ਸਮਝਾਈ ਹੋਈ ਹੈ ਜਿਸ ਦੁਆਰਾ ਅਸੀਂ ਸੱਚ ਤੇ ਚੱਲ ਸਕੀਏ ਭਾਵ ਆਪਣੇ ਮਨ ਨੂੰ ਸੁੱਚਾ ਕਰ ਸਕੀਏ ਕਿਉਂਕਿ ਧਰਮ ਦਾ ਮਾਰਗ ਹੈ ਹੀ ਮਨ ਦੀ ਸੁਚਿ ਦਾ ਮਾਰਗ। ਧਰਮ ਦਾ ਮਾਰਗ ਸਾਡੀ ਕਰਣੀ ਦਾ ਮਾਰਗ ਹੈ, ਸਾਡੇ ਕਾਰ ਵਿਹਾਰ ਦਾ ਮਾਰਗ ਹੈ ਜਿਸ ਲਈ ਸਾਨੂੰ ਮਨ ਦੇ ਸੱਚ ਦੀ ਲੋੜ ਹੈ ਭਾਵ ਮਨ ਨੂੰ ਉਹੋ ਜਿਹੇ ਸੰਜਮ ਵਿੱਚ ਰੱਖਣ ਦੀ ਲੋੜ ਹੈ ਜਿਸ ਦੁਆਰਾ ਸਾਡਾ ਮਨ ਸੱਚ ਉੱਤੇ ਟਿਕਿਆ ਰਹੇ ਤਾਂ ਜੋ ਅਸੀਂ ਸੱਚੀ ਸੁੱਚੀ ਕਿਰਤ ਕਰ ਸਕੀਏ। ਅਸੀਂ ਇਹੋ ਜਿਹੀ ਕਾਰੀ ਮਨ ਦੇ ਵਿੱਚ ਕੱਢਣੀ ਹੈ ਭਾਵ ਇਹ ਕਾਰੀ ਅਸੀਂ ਆਪਣੀ ਕਰਣੀ ਦੇ ਰੂਪ ਵਿੱਚ ਕੱਢਣੀ ਹੈ ਤਾਂ ਜੋ ਮਾੜੀ ਕਰਨੀ ਵਾਲੇ ਵਿਚਾਰ ਸਾਡੀ ਚੰਗੀ ਕਰਣੀ ਨੂੰ ਖਰਾਬ ਨਾ ਕਰ ਸਕਣ, ਸਾਡੀ ਚੰਗੀ ਕਰਨੀ ਨੂੰ ਭਰਿਸ਼ਟ ਨਾ ਕਰ ਸਕਣ। ਇਹ ਕਾਰੀ ਸਾਡੇ ਮਨ ਦੇ ਸੱਚੇ ਵਿਚਾਰ ਹਨ ਜਿੰਨ੍ਹਾਂ ਤੇ ਦ੍ਰਿੜ ਰਹਿਣ ਨਾਲ, ਪੱਕੇ ਰਹਿਣ ਨਾਲ ਸਾਡਾ ਮਨ ਸੰਜਮ ਵਿੱਚ ਰਹਿੰਦਾ ਹੈ ਤੇ ਅਸੀਂ ਸੱਚੀ ਕਰਣੀ ਹੀ ਕਰਦੇ ਹਾਂ। ਅਸੀਂ ਆਪਣੀ ਇਹੋ ਜਿਹੀ ਕਰਣੀ ਦੁਆਰਾ ਹੀ ਨਾਮ ਜਪਣ ਵਾਲੇ ਬਣਦੇ ਹਾਂ ਜੋ ਕਿ ਹੈ ਹੀ ਸੱਚ ਤੇ ਚੱਲਣ ਦਾ ਮਾਰਗ। ਨਾਮ ਦਾ ਮਾਰਗ ਸਾਡੇ ਮਨ ਦੀ ਪਵਿੱਤਰਤਾ ਦਾ ਮਾਰਗ ਹੈ। ਮਨ ਦੀ ਪਵਿੱਤਰਤਾ ਮਨ ਦੇ ਵਿੱਚ ਸੱਚੀ ਮਤਿ ਦਾ ਇਸ਼ਨਾਨ ਕਰਨ ਦੁਆਰਾ ਹੀ ਆਉਂਦੀ ਹੈ. ਗੁਰਮਤਿ ਦਾ ਇਸ਼ਨਾਨ ਕਰਨ ਦੁਆਰਾ ਹੀ ਆਉਂਦੀ ਹੈ। ਪ੍ਰਮਾਤਮਾ ਦੇ ਦਰ ਤੇ ਉੱਤਮ ਉਹੀ ਬਣਦਾ ਹੈ ਜੋ ਆਪਣੀ ਮਤਿ ਨੂੰ ਉੱਤਮ ਕਰਦਾ ਹੈ। ਉੱਤਮ ਮਤਿ ਉਹੀ ਹੈ ਜੋ ਪਾਪਾਂ ਨੂੰ ਆਪਣੇ ਅੰਦਰ ਆਉਣ ਦਾ ਰਸਤਾ ਨਹੀਂ ਦਿੰਦੀ ਭਾਵ ਮਾੜੀ ਬਿਰਤੀ ਵਾਲੇ ਵਿਚਾਰਾਂ ਨੂੰ ਆਪਣੇ ਅੰਦਰ ਵੜਨ ਨਹੀਂ ਦਿੰਦੀ। ਮਨ ਦੇ ਵਿੱਚ ਅਸਲ ਕਾਰੀ ਇਹੀ ਹੈ ਜਦੋਂ ਸਾਡੇ ਅੰਦਰ ਮਾੜੇ ਵਿਚਾਰਾਂ ਦੇ ਵੜਨ ਦਾ ਰਸਤਾ ਬੰਦ ਹੋ ਜਾਵੇ ਭਾਵ ਸਾਡੇ ਅੰਦਰ ਦੀ ਉੱਤਮ ਮਤਿ ਹੀ, ਨਾਮ ਦਾ ਇਸ਼ਨਾਨ ਕਰਨ ਵਾਲੀ ਮਤਿ ਹੀ ਸਾਡੇ

ਅੰਦਰ ਦੀ ਅਸਲ ਕਾਰੀ ਹੈ ਜੋ ਸਾਨੂੰ ਸੱਚ ਤੇ ਟਿਕਾਕੇ ਰੱਖਦੀ ਹੈ, ਪਾਪਾਂ ਵਾਲੀ ਬਿਰਤੀ ਤੋਂ ਬਚਾਕੇ ਰੱਖਦੀ ਹੈ ਜਿਸ ਦੁਆਰਾ ਸਾਡਾ ਮਨ ਸੰਜਮ ਵਿੱਚ ਰਹਿੰਦਾ ਹੈ, ਸੱਚ ਨਾਲ ਜੁੜਦਾ ਹੈ ਤੇ ਮਨੁੱਖ ਉਹੋ ਜਿਹੀ ਕਰਣੀ ਕਰਦਾ ਹੈ ਜੋ ਸਾਡਾ ਜੀਵਨ ਦਾ ਅਸਲ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ। (**ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥ ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥1॥**)

ਜੇਕਰ ਕਿਸੇ ਪ੍ਰਾਣੀ ਦਾ ਅਸਲ ਮਕਸਦ ਪ੍ਰਮਾਤਮਾ ਨੂੰ ਪਾਉਣ ਦਾ ਹੈ ਫਿਰ ਉਸਦਾ ਦਰਸ਼ਨ ਕਰਨ ਦਾ ਤਰੀਕਾ ਮਨ ਦੇ ਭੋਜਨ

31/3472

ਨਾਲ ਜੁੜਨ ਦਾ ਹੈ ਜਿਵੇਂ ਕਿ ਬਾਣੀ ਸਾਨੂੰ ਵਾਰ ਵਾਰ ਇਹ ਗੱਲ ਸਮਝਾ ਰਹੀ ਹੈ। ਮਨ ਦਾ ਭੋਜਨ ਗੁਰੂ ਦੇ ਸੱਚੇ ਗਿਆਨ ਦਾ ਭੋਜਨ ਹੈ ਜੋ ਸਾਡੇ ਮਨ ਨੂੰ ਪਵਿੱਤਰ ਕਰਦਾ ਹੈ ਤੇ ਉਸ ਪਵਿੱਤਰ ਰੂਪ ਪ੍ਰਮਾਤਮਾ ਦੇ ਦਰਸ਼ਨ ਮਨ ਦੀ ਪਵਿੱਤਰਤਾ ਦੇ ਨਾਲ ਹੀ ਹੋ ਸਕਦੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

ਪਉੜੀ ॥

{ਜਿਨਿ ਉਪਾਏ ਜੀਅ ਤਿਨਿ ਹਰਿ ਰਾਖਿਆ ॥ ਅੰਮ੍ਰਿਤੁ ਸਚਾ ਨਾਉ ਭੋਜਨੁ ਚਾਖਿਆ ॥
ਤਿਪਤਿ ਰਹੇ ਆਘਾਇ ਮਿਟੀ ਭਭਾਖਿਆ ॥ ਸਭ ਅੰਦਰਿ ਇਕੁ ਵਰਤੈ ਕਿਨੈ ਵਿਰਲੈ ਲਾਖਿਆ ॥
ਜਨ ਨਾਨਕ ਭਏ ਨਿਹਾਲੁ ਪ੍ਰਭ ਕੀ ਪਾਖਿਆ ॥੨੦॥}

(ਅੰਗ ੫੯੪)

{ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ ਕੋਟਿ ਮਧੇ ਕੋਈ ਵਿਰਲਾ ਲੇਇ ॥
ਜਿਸ ਨੋ ਅਪਣੀ ਨਦਰਿ ਕਰੇਇ ॥੧॥
ਗੁਰ ਕੇ ਚਰਣ ਮਨ ਮਾਹਿ ਵਸਾਇ ॥ ਦੁਖੁ ਅਨ੍ਹੇਰਾ ਅੰਦਰਹੁ ਜਾਇ ॥
ਆਪੇ ਸਾਚਾ ਲਏ ਮਿਲਾਇ ॥੨॥}

(ਅੰਗ ੧੩੩੫)

{ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥
ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥}

(ਅੰਗ ੧੦੪੮)

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬)

{ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥}

(ਅੰਗ ੧੮੦)

{ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥ ਮਨੁ ਨਿਰਮਲੁ ਸਦ ਗੁਣੀ ਗਹੀਰਾ ॥
ਜੰਮੈ ਮਰੈ ਨ ਆਵੈ ਜਾਇ ॥ ਗੁਰ ਪਰਸਾਦੀ ਸਾਚਿ ਸਮਾਇ ॥੨॥}

(ਅੰਗ ੧੧੭੪)

31/3473

{ਸਾਚੈ ਬੈਸਣੁ ਉਠਣਾ ਸਚੁ ਭੋਜਨੁ ਭਾਖਿਆ ॥
ਚਿਤਿ ਸਚੈ ਵਿਤੋ ਸਚਾ ਸਾਚਾ ਰਸੁ ਚਾਖਿਆ ॥
ਸਾਚੈ ਘਰਿ ਸਾਚੈ ਰਖੇ ਗੁਰ ਬਚਨਿ ਸੁਭਾਖਿਆ ॥੫॥}

(ਅੰਗ ੧੦੧੧)

ਸਲੋਕੁ ਮਃ ੩ ॥

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥}

(ਅੰਗ ੬੪੫)

ਗੁਰੂ ਦੇ ਸੱਚੇ ਗਿਆਨ ਦਾ ਮਕਸਦ, ਗੁਰੂ ਦੇ ਸੱਚੇ ਭੋਜਨ ਦਾ ਮਕਸਦ ਸਾਨੂੰ ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਹਉਮੈ ਵਿੱਚੋਂ, ਦੁਬਿਧਾ ਵਿੱਚੋਂ ਕੱਢਣ ਦਾ ਹੈ ਜੋ ਸਾਡਾ ਪ੍ਰਮਾਤਮਾ ਦੇ ਮੇਲ ਵਿੱਚ ਬਾਧਾ ਹੈ। ਇਸ ਗੱਲ ਦੇ ਮਨ ਵਿੱਚ ਦ੍ਰਿੜ ਹੋਏ ਬਿਨ੍ਹਾਂ ਕਿ ਪ੍ਰਮਾਤਮਾ ਮਨ ਦੇ ਵਿੱਚ ਹੀ ਹੈ ਤੇ ਉਹ ਮਨ ਦਾ ਭਰਮ ਦੂਰ ਹੋਣ ਦੁਆਰਾ ਹੀ ਮਿਲਦਾ ਹੈ ਤਦ ਤੱਕ ਕੋਈ ਵੀ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਪਰਾਲਾ ਨਹੀਂ ਕਰ ਸਕਦਾ। ਜਿਤਨੇ ਵੀ ਅਸੀਂ ਭਗਤੀ ਦੇ ਦਿਖਾਵੇ ਕਰਦੇ ਹਾਂ, ਭੇਖ ਕਰਦੇ ਹਾਂ ਇਹ ਕੇਵਲ ਸਾਡੀ ਬਾਹਰੀ ਸੁਚਿ ਹੈ ਜਿਸ ਨਾਲ ਸਾਡੇ ਮਨ ਦਾ ਭਰਮ ਕਦੇ ਦੂਰ ਨਹੀਂ ਹੋ ਸਕਦਾ ਤੇ ਨਾ ਹੀ ਕਦੇ ਪ੍ਰਮਾਤਮਾ ਨੂੰ

ਪਾਇਆ ਜਾ ਸਕਦਾ ਹੈ। ਜੇਕਰ ਅਸੀਂ ਇਹ ਸਮਝੀਏ ਕਿ ਸਰੀਰਕ ਜਪਾਂ ਤਪਾਂ ਦੁਆਰਾ ਭਾਵ ਬਾਹਰੀ ਸੁਚਿ ਆਦਿ ਦੁਆਰਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਫਿਰ ਇਹ ਸਾਡਾ ਵੱਡਾ ਭਰਮ ਹੈ ਜਿਵੇਂ ਕਿ ਬਾਣੀ ਸਾਨੂੰ ਵਾਰ ਵਾਰ ਸਮਝਾ ਰਹੀ ਹੈ। ਜਿਸ ਨੂੰ ਵੀ ਪ੍ਰਮਾਤਮਾ ਨੇ ਆਪਣੇ ਦਰਸ਼ਨ ਦਿੱਤੇ ਹਨ ਮਨ ਦੇ ਵਿੱਚੋਂ ਭਰਮ ਰੂਪ ਪੜਦਾ ਖੋਲਕੇ ਹੀ ਦਿੱਤੇ ਹਨ ਜਿਸ ਦੁਆਰਾ ਉਸਦੇ ਨਿਰਗੁਣ ਰੂਪ ਦੇ ਦਰਸ਼ਨ ਹੁੰਦੇ ਹਨ ਤੇ ਇਸ ਤੋਂ ਇਲਾਵਾ ਪੂਰੇ ਸੰਸਾਰ ਵਿੱਚ ਕੋਈ ਪ੍ਰਮਾਤਮਾ ਦੇ ਦਰਸ਼ਨ ਕਰਨੇ ਸਮਝਦਾ ਹੈ ਤੇ ਇਹ ਸਭ ਦਾ ਭਰਮ ਹੀ ਹੈ। ਪੂਰੀ ਗੁਰਬਾਣੀ ਪੜਨ ਤੇ ਸਮਝਣ ਤੋਂ ਬਾਅਦ ਸੰਸਾਰ ਦਾ ਕੋਈ ਵੀ ਮਨੁੱਖ ਇਹ ਨਹੀਂ ਕਹਿ ਸਕੇਗਾ ਕਿ ਪ੍ਰਮਾਤਮਾ ਦੇ ਦਰਸ਼ਨ ਆਪਣੇ ਮਨ ਦੇ ਅੰਦਰ ਦੀ ਬਜਾਇ ਕਿਤੇ ਹੋਰ ਜਗ੍ਹਾ ਤੋਂ ਹੋ ਸਕਦੇ ਹਨ ਜਾ ਕਿਸੇ ਹੋਰ ਰੂਪ ਵਿੱਚ ਹੋ ਸਕਦੇ ਹਨ। ਦਰਸ਼ਨ ਦੀਆਂ ਗੱਲਾਂ ਕਰਨ ਵਾਲੇ ਤਾਂ ਅਨੇਕਾਂ ਹੀ ਅਨੇਕਾਂ ਹਨ ਜੋ ਕਿਸੇ ਰਿਧੀਆਂ ਸਿਧੀਆਂ ਨੂੰ ਪ੍ਰਮਾਤਮਾ ਦੇ ਦਰਸ਼ਨਾਂ ਨਾਲ ਜੋੜਦੇ ਹਨ ਤੇ ਅਨੇਕਾਂ ਹੀ ਅਨੇਕਾਂ ਪ੍ਰਮਾਤਮਾ ਦੇ ਦਰਸ਼ਨ ਸਰਗੁਣ ਰੂਪ ਵਿੱਚ ਕਰਨੇ ਸਮਝਦੇ ਹਨ, ਖੰਡਾਂ ਬ੍ਰਹਿਮੰਡਾਂ ਆਦਿ ਵਿੱਚੋਂ ਕਰਨੇ ਸਮਝਦੇ ਹਨ। ਪ੍ਰਮਾਤਮਾ ਦੇ ਇਹੋ ਜਿਹੇ ਦਰਸ਼ਨ ਦੱਸਣ ਵਾਲਿਆਂ ਦੀ ਮਤਿ ਦਾ ਗੁਰਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਕਿਉਂਕਿ ਇਹਨਾਂ ਵਿੱਚ ਉਹਨਾਂ ਦਾ ਕੇਵਲ ਭਰਮ ਹੈ, ਮਨ ਦੇ ਅੰਦਰੋ ਹੀ ਉਪਜੇ ਹੋਏ ਮਨ ਘੜਤ ਖਿਆਲ ਹਨ ਜੋ ਉਹਨਾਂ ਨੂੰ ਭਰਮ ਵਿੱਚ ਪਾਉਂਦੇ ਹਨ। ਇਹ ਭਰਮ ਸਾਡੇ ਅੰਦਰ ਕਿੱਥੋਂ ਆਉਂਦਾ ਹੈ ਤੇ ਕਿਵੇਂ ਉਪਜਦਾ ਹੈ ਇਹ ਭਰਮ ਪਾਉਣ ਵਾਲੇ ਮਾਲਕ ਦੇ ਨਾਲ ਮਿਲਕੇ ਹੀ ਸਮਝ ਆਉਂਦੀ ਹੈ ਜੋ ਹਰ ਵੇਲੇ ਸਾਡੇ ਸਭ ਦੇ ਅੰਦਰ ਹੀ ਵਰਤ ਰਿਹਾ ਹੈ ਤੇ ਉਸਨੇ ਆਪ ਹੀ ਸਭ ਨੂੰ ਆਪਣੀ ਮਾਇਆ ਦੀ ਜੁਗਤਿ ਦੁਆਰਾ ਭਰਮ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਹਰ ਗੱਲ ਵਿੱਚ ਪੂਰਨ ਸਮਰੱਥ ਹੈ ਤੇ

31/3474

ਆਪਣੀ ਇਸ ਸ੍ਰਿਸ਼ਟੀ ਨੂੰ ਉਹ ਭਰਮ ਵਿੱਚ ਰੱਖਕੇ ਭਾਵ ਸਾਨੂੰ ਭਰਮ ਵਿੱਚ ਰੱਖ ਕੇ ਹੀ ਚਲਾ ਰਿਹਾ ਹੈ ਜਿਸ ਨੂੰ ਕਿ ਕੋਈ ਤਦ ਤੱਕ ਨਹੀਂ ਸਮਝ ਸਕਦਾ ਜਦ ਤੱਕ ਕੋਈ ਉਸਨੂੰ ਆਪਣੇ ਅੰਦਰੋਂ ਦੇਖ ਨਹੀਂ ਲੈਂਦਾ ਜੋ ਸਾਡੇ ਸਭ ਦੇ ਅੰਦਰ ਸਾਡੇ ਵਿਚਾਰਾਂ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ। ਅਸੀਂ ਭਰਮ ਵਿੱਚ ਮਨ ਦੇ ਵਿਚਾਰਾਂ ਕਰਕੇ ਹੀ ਹਾਂ ਤੇ ਇਸ ਵਿੱਚੋਂ ਨਿਕਲਣ ਦਾ ਸਾਧਨ ਵੀ ਮਨ ਦੇ ਵਿਚਾਰ ਹੀ ਹਨ ਜੋ ਕਿ ਸਾਡੇ ਵੱਸ ਵਿੱਚ ਨਹੀਂ ਹੈ। ਭਰਮ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਅਸੀਂ ਉਹਨਾਂ ਵਿਚਾਰਾਂ ਦੇ ਨਾਲ ਜੁੜੀਏ ਜੋ ਆਪ ਭਰਮ ਤੋਂ ਮੁਕਤਿ ਹਨ, ਜਿੰਨ੍ਹਾਂ ਦਾ ਮਕਸਦ ਸਾਰੇ ਸੰਸਾਰ ਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ, ਅਗਿਆਨਤਾ ਤੋਂ ਮੁਕਤਿ ਕਰਨ ਦਾ ਹੀ ਹੈ। ਇਹ ਭਰਮ ਮੁਕਤਿ ਵਿਚਾਰ ਕੇਵਲ ਗੁਰੂ ਦੇ ਕੋਲ, ਗੁਰਬਾਣੀ ਦੇ ਕੋਲ ਹਨ ਜਿੰਨ੍ਹਾਂ ਨਾਲ ਜੁੜਕੇ ਅਸੀਂ ਮਨ ਦੀ ਪਵਿੱਤਰਤਾ ਨਾਲ ਜੁੜ ਸਕਦੇ ਹਾਂ। ਸਾਡਾ ਮਨ ਅਗਿਆਨਤਾ ਕਰਕੇ ਹੀ ਅਪਵਿੱਤਰ ਹੈ ਜਿਵੇਂ ਕਿ ਅਸੀਂ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਬੰਧਨ ਮਨ ਦੀ ਅਪਵਿੱਤਰਤਾ ਹੈ ਜੋ ਸਾਡੇ ਅੰਦਰ ਉਸ ਪਵਿੱਤਰ ਰੂਪ ਪ੍ਰਮਾਤਮਾ ਦੇ ਦਰਸ਼ਨ ਕਰਨ ਵਿੱਚ ਬਾਧਾ ਹੈ, ਰੁਕਾਵਟ ਹੈ, ਦੀਵਾਰ ਹੈ ਜਿਸ ਤੋਂ ਅਸੀਂ ਪਾਰ ਪਾਉਣਾ ਹੈ। ਇਹ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਪੜਦਾ ਹੈ ਜਿਸ ਦੇ ਇੱਕ ਪਾਸੇ ਅਗਿਆਨਤਾ ਹੈ ਤੇ ਦੂਜੇ ਪਾਸੇ ਸੱਚਾ ਗਿਆਨ ਹੈ, ਇੱਕ ਪਾਸਾ ਅਪਵਿੱਤਰ ਹੈ ਤੇ ਦੂਜਾ ਪਾਸਾ ਪਵਿੱਤਰ ਹੈ, ਇੱਕ ਪਾਸੇ ਤ੍ਰੈ ਗੁਣਾਂ ਵਾਲੀ ਮਤਿ ਹੈ ਤੇ ਦੂਜੇ ਪਾਸੇ ਚਉਥਾ ਪਦ ਹੈ, ਇੱਕ ਪਾਸੇ ਹਉਮੈ ਹੈ ਤੇ ਦੂਜੇ ਪਾਸੇ ਨਾਮ ਹੈ, ਇੱਕ ਪਾਸੇ ਮੈਂ ਹੈ ਤੇ ਦੂਜੇ ਪਾਸੇ ਤੂੰ ਹੈ। ਪ੍ਰਮਾਤਮਾ ਨੂੰ ਮਿਲਣ ਦਾ ਸਾਧਨ ਕੇਵਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ ਜਿਸਨੇ ਸਾਰੇ ਸੰਸਾਰ ਨੂੰ ਅਪਵਿੱਤਰ ਕੀਤਾ ਹੋਇਆ ਹੈ। ਆਉ ਉਹੋ ਜਿਹਾ ਉੱਦਮ ਕਰੀਏ ਜਿਸ ਦੁਆਰਾ ਅਸੀਂ ਮਨ ਦੀ ਅਪਵਿੱਤਰਤਾ ਵਿੱਚੋਂ ਨਿਕਲਕੇ ਉਸ ਪਵਿੱਤਰ ਰੂਪ ਪ੍ਰਮਾਤਮਾ ਦੇ ਮਨ ਦੇ ਵਿੱਚੋਂ ਹੀ ਦਰਸ਼ਨ ਕਰੀਏ ਜੋ ਆਪਣਾ ਸੱਚਾ ਭੋਜਨ ਮਨ ਦੇ ਵਿੱਚ ਆਪ ਹੀ ਛਕਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਛਕਾਇਆ ਹੈ। ਆਉ ਗੁਰੂ ਦੇ ਸੱਚੇ ਗਿਆਨ ਰੂਪ ਭੋਜਨ ਨਾਲ ਜੁੜੀਏ ਤੇ ਆਪਣੇ ਮਨ ਦੇ ਵਿਚਾਰਾਂ ਨੂੰ ਪਵਿੱਤਰ ਕਰਨ ਦਾ ਉਪਰਾਲਾ ਕਰੀਏ, ਭਰਮ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ, ਭਰਮ ਦੀ ਦੀਵਾਰ ਨੂੰ ਤੋੜਨ ਦਾ ਉਪਰਾਲਾ ਕਰੀਏ ਜੋ ਕਿ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਭਾਵ ਉਸਦੇ ਸੱਚੇ ਦਰਸ਼ਨ ਕਰਨ ਦਾ ਇੱਕੋ ਇੱਕ ਤਰੀਕਾ ਹੈ ਜੋ ਕਿ ਮਨ ਦੇ ਵਿੱਚੋਂ ਹੀ ਹੁੰਦੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਦੇ ਦਰਸ਼ਨ ਕਿਵੇਂ ਹੁੰਦੇ ਹਨ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਲੇਖ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਆਉ ਹੁਣ ਹੇਠ ਦਿੱਤੇ ਸ਼ਬਦ ਨੂੰ ਵਿਚਾਰੀਏ ਪ੍ਰਮਾਤਮਾ ਦੇ ਦਰਸ਼ਨ ਕਰਨੇ ਹੀ ਸਮਝਾਏ ਹੋਏ ਹਨ ਤਾਂ ਜੋ ਅਸੀਂ ਉਹੋ ਜਿਹਾ ਉਪਰਾਲਾ ਕਰੀਏ ਜਿਸ ਨਾਲ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ।

31/3475

ਸੋਰਠਿ ਮਹਲਾ ੧ ॥

“ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥
ਘਟਿ ਘਟਿ ਰਵਿ ਰਹਿਆ ਬਨਵਾਰੀ ॥
ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥
ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥
ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥
ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥
ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥
ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥”

(ਅੰਗ ੫੯੭)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਮੰਗਣਾ ਕੀ ਹੈ ਤੇ ਇਸ ਦਾਨ ਦਾ ਮਕਸਦ ਕੀ ਹੈ।

“ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਪ੍ਰਮਾਤਮਾ ਦੇ ਕੋਲੋਂ ਉਸ ਦੇ ਨਾਮ ਦਾ ਦਾਨ ਮੰਗਣਾ ਹੀ ਸਮਝਾ ਰਹੇ ਹਨ ਜਿੱਥੋਂ ਉਹਨਾਂ ਨੇ ਆਪ ਇਸ ਦਾਨ ਦੀ ਪ੍ਰਾਪਤੀ ਕੀਤੀ ਹੋਈ ਹੈ। ਪ੍ਰਮਾਤਮਾ ਆਪਣੀ ਮਤਿ ਰਾਹੀਂ ਪੂਰਾ ਹੈ, ਆਪਣੇ ਗਿਆਨ ਰਾਹੀਂ ਪੂਰਾ ਹੈ ਤੇ ਉਸ ਦੇ ਕੋਲੋਂ ਉਸ ਦੀ ਮਤਿ ਦਾ ਦਾਨ ਹੀ ਮੰਗਣਾ ਸਿਖਾਇਆ ਹੋਇਆ ਹੈ। ਮਤਿ ਦਾ ਦਾਤਾ ਪ੍ਰਮਾਤਮਾ ਆਪ ਹੈ ਤੇ ਹੋਰ ਕੋਈ ਉਸ ਦਾ ਭਿਖਾਰੀ ਹੀ ਹੈ। ਪ੍ਰਮਾਤਮਾ ਕੋਲੋਂ ਉਹੋ ਜਿਹੀ ਮਤਿ ਦਾ ਦਾਨ ਮੰਗਣਾ ਸਿਖਾਇਆ ਹੈ ਜੋ ਸਦਾ ਥਿਰ ਰਹਿਣ ਵਾਲੀ ਹੈ, ਜੋ ਗਿਆਨ ਸਦਾ ਥਿਰ ਰਹਿਣ ਵਾਲਾ ਹੈ ਭਾਵ ਜੋ ਕਦੇ ਡੋਲ ਨਹੀਂ ਸਕਦਾ। ਇਹ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਗੁਰੂ ਉਸਦਾ ਅਡੋਲ ਰੂਪ ਹੈ। ਗੁਰੂ ਦੀ ਮਤਿ ਕਦੇ ਨਹੀਂ ਡੋਲਦੀ ਕਿਉਂਕਿ ਇਸ ਵਿੱਚ ਪੂਰਨ ਸੱਚ ਹੈ। ਇਹੋ ਜਿਹਾ ਸੱਚਾ ਗਿਆਨ “ਨਾਮੁ” ਹੈ ਜੋ ਦਾਨਿ ਸਾਨੂੰ ਪ੍ਰਮਾਤਮਾ ਕੋਲੋਂ ਮੰਗਣਾ ਸਿਖਾਇਆ ਹੈ। ਮਨ ਦੇ ਵਿੱਚ ਇਹੋ ਜਿਹੇ ਗਿਆਨ ਦੁਆਰਾ ਹੀ ਸਾਡਾ ਮਨ ਅਡੋਲਤਾ ਵਿੱਚ ਆਉਂਦਾ ਹੈ ਜੋ ਫਿਰ ਕਦੇ ਮਾਇਆ ਮੋਹ ਵਿੱਚ ਨਹੀਂ ਡੋਲਦਾ, ਸੱਚ ਤੇ ਚੱਲਣ ਤੋਂ ਨਹੀਂ ਡੋਲਦਾ। ਅਸੀਂ ਪ੍ਰਮਾਤਮਾ ਕੋਲੋਂ ਹੋਰ ਅਨੇਕਾਂ ਹੀ ਦਾਨ ਮੰਗਦੇ ਹਾਂ, ਉਸ ਦੀਆਂ ਦਾਤਾਂ ਮੰਗਦੇ ਹਾਂ ਜਿੰਨ੍ਹਾਂ ਨਾਲ ਜੁੜਕੇ ਅਸੀਂ ਆਪਣੇ ਆਪ ਨੂੰ ਅਡੋਲਤਾ ਵਿੱਚ ਨਹੀਂ ਲਿਆ ਸਕਦੇ। ਜੋ ਵਸਤੂ ਖੁਦ ਬਿਨਸਨਹਾਰ ਹੈ ਉਸ ਨੇ ਸਾਡੇ ਮਨ ਦਾ ਕੀ ਸੰਵਾਰਨਾ ਹੈ, ਉਸ ਵਿੱਚ ਕੇਵਲ ਮਾਇਆ ਮੋਹ ਹੈ। ਸਾਨੂੰ ਪ੍ਰਮਾਤਮਾ ਕੋਲੋਂ ਉਸਦੀ ਸੱਚੀ ਮਤਿ ਦਾ ਦਾਨ ਮੰਗਣਾ ਸਿਖਾਇਆ ਹੈ ਜੋ ਕਿ ਉਸਦਾ ਨਾਮੁ ਦਾਨਿ ਹੈ ਜਿਸਨੇ ਸਾਡੇ ਮਨ ਨੂੰ ਸੱਚ ਤੇ ਅਡੋਲ ਕਰਨਾ ਹੈ, ਸਾਡੇ ਮਨ ਨੂੰ ਥਿਰ ਕਰਨਾ ਹੈ ਜਿਸ ਨਾਲ ਜੁੜਕੇ ਪ੍ਰਮਾਤਮਾ ਦੇ ਨਾਲ ਪਿਆਰ ਪੈਂਦਾ ਹੈ, ਮਨ ਦੇ ਵਿੱਚ ਉਸਦੇ ਦਰਸ਼ਨ ਹੁੰਦੇ ਹਨ। (**ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥1॥**)

ਜਿਸ ਨੂੰ ਪ੍ਰਮਾਤਮਾ ਆਪਣਾ ਇਹ ਗਿਆਨ ਰੂਪ ਦਾਨਿ ਦਿੰਦਾ ਹੈ ਉਹ ਮਨ ਦੇ ਵਿੱਚ ਹੀ ਦਿੰਦਾ ਹੈ, ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਦਿੰਦਾ ਹੈ। ਉਸ ਦੇ ਦਰਸ਼ਨ ਮਨ ਦੇ ਵਿੱਚੋਂ ਗਿਆਨ ਦੇ ਦੁਆਰਾ ਹੀ ਹੁੰਦੇ ਹਨ, ਉਸਦੇ ਸ਼ਬਦਾਂ ਦੁਆਰਾ ਹੀ ਹੁੰਦੇ ਹਨ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਆਪਣੇ

31/3476

ਅੰਦਰੋਂ ਦਰਸ਼ਨ ਕੀਤੇ ਹਨ ਉਹ ਸ਼ਬਦਾਂ ਦੇ ਗਿਆਨ ਦੁਆਰਾ ਹੀ ਕੀਤੇ ਹਨ ਤੇ ਪ੍ਰਮਾਤਮਾ ਕੋਲੋਂ ਜਿਹੋ ਜਿਹਾ ਸ਼ਬਦਾਂ ਦਾ ਗਿਆਨ ਉਹਨਾਂ ਨੂੰ ਮਨ ਦੇ ਵਿੱਚੋਂ ਮਿਲਿਆ ਹੈ ਉਹੀ ਸ਼ਬਦਾਂ ਦਾ ਗਿਆਨ ਉਹਨਾ ਨੇ ਸਾਨੂੰ ਗੁਰਬਾਣੀ ਰਾਹੀਂ ਦਿੱਤਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਵਰਤ ਰਿਹਾ ਹੈ ਪਰ ਉਹ ਗੁਪਤ ਰੂਪ ਵਿੱਚ ਵਰਤ ਰਿਹਾ ਹੈ, ਮਨ ਦੇ ਵਿੱਚ ਗਿਆਨ ਦੇ ਰਾਹੀਂ ਹੀ ਵਰਤ ਰਿਹਾ ਹੈ ਪਰ ਉਸਦਾ ਗਿਆਨ ਰੂਪ ਉਦੋਂ ਹੀ ਸਮਝ ਲੱਗਦਾ ਹੈ ਜਦੋਂ ਉਹ ਆਪਣੇ ਆਪ ਨੂੰ ਆਪਣੇ ਸ਼ਬਦ ਰੂਪ ਵਿੱਚ ਪ੍ਰਗਟ ਕਰਦਾ ਹੈ। ਮਨ ਦੇ ਵਿੱਚੋਂ ਉਸਦੇ ਦਰਸ਼ਨ ਹੋਣ ਨਾਲ ਹੀ, ਮਨ ਦੇ ਵਿੱਚ ਉਸਨੂੰ ਦੇਖਣ ਨਾਲ ਹੀ ਪ੍ਰਮਾਤਮਾ ਦੇ ਸ਼ਬਦ ਰੂਪ ਦੀ ਸੋਝੀ ਪੈਂਦੀ ਹੈ, ਉਸਦੇ ਗਿਆਨ ਰੂਪ ਦੀ ਸੋਝੀ ਪੈਂਦੀ ਹੈ ਜਿਸ ਰੂਪ ਦੁਆਰਾ ਉਹ ਸਭ ਜਗ੍ਹਾ ਰਵਿਆ ਹੋਇਆ ਹੈ, ਗੁਪਤ ਰੂਪ ਵਿੱਚ ਵਰਤ ਰਿਹਾ ਹੈ ਜਿਸ ਨੂੰ ਕੇਵਲ ਮਨ ਦੀਆਂ ਅੱਖਾਂ ਰਾਹੀਂ ਸਮਝਿਆ ਜਾ ਸਕਦਾ ਹੈ ਭਾਵ ਦੇਖਿਆ ਜਾ ਸਕਦਾ ਹੈ। ਉਸ ਦੇ ਦਰਸ਼ਨ ਉਸਦੇ ਨਾਮ ਦਾ ਦਾਨ ਮਿਲਣ ਦੁਆਰਾ ਹੀ ਹੁੰਦੇ ਹਨ ਜੋ ਕਿ ਉਹ ਆਪਣੇ ਸ਼ਬਦਾਂ ਦੇ ਗਿਆਨ ਰੂਪ ਵਿੱਚ ਦਿੰਦਾ ਹੈ। (**ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥1॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਦ੍ਰਿੜ ਕਰਵਾਈ ਹੋਈ ਹੈ ਕਿ ਪ੍ਰਮਾਤਮਾ ਕੇਵਲ ਮਨ ਦੇ ਅੰਦਰੋਂ ਹੀ ਨਜ਼ਰ ਆਉਂਦਾ ਹੈ ਤੇ ਕੇਵਲ ਆਪਣੀ ਕਿਰਪਾ ਦੁਆਰਾ ਹੀ ਕਿਸੇ ਨੂੰ ਆਪਣਾ ਰੂਪ ਦਿਖਾਉਂਦਾ ਹੈ, ਨਿਰਗੁਣ ਰੂਪ ਦਿਖਾਉਂਦਾ ਹੈ ਜਿਸ ਰੂਪ ਦੁਆਰਾ ਉਹ ਸਭ ਜਗ੍ਹਾ ਵੱਸਿਆ ਹੋਇਆ ਹੈ। (**ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥2॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦਾ ਨਾਮ ਦਾਨ ਮਿਲਣ ਤੋਂ ਬਾਅਦ ਭਾਵ ਉਸਦੀ ਉੱਚੀ ਸਤਿ ਮਿਲਣ ਤੋਂ ਬਾਅਦ ਸਾਨੂੰ ਮਨ ਦੇ ਵਿੱਚ ਕਿਹੋ ਜਿਹੀ ਮਤਿ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ। ਪ੍ਰਮਾਤਮਾ ਦੇ ਇਸ ਦਾਨ ਨਾਲ ਹੀ ਅਸੀਂ ਬੰਧਨ ਤੋਂ ਮੁਕਤਿ ਹੁੰਦੇ ਹਾਂ, ਅਗਿਆਨਤਾ ਤੋਂ ਮੁਕਤਿ ਹੁੰਦੇ ਹਾਂ ਜਿਸ ਦੁਆਰਾ ਉਸਦੇ ਨਾਲ ਮੇਲ ਹੁੰਦਾ ਹੈ।

“ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥
ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥
ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥”

ਜਦੋਂ ਪ੍ਰਮਾਤਮਾ ਦੇ ਨਾਲ, ਉਸ ਸੱਚੇ ਸਤਿਗੁਰ ਦੇ ਨਾਲ ਮਨ ਦੇ ਵਿੱਚ ਮੇਲ ਹੁੰਦਾ ਹੈ ਉਹ ਮਨ ਦੇ ਵਿੱਚ ਸ਼ਬਦਾਂ ਦੇ ਗਿਆਨ ਰਾਹੀਂ ਗੁਰਮਤਿ ਹੀ ਸਮਝਾਉਂਦਾ ਹੈ ਭਾਵ ਮੇਲ ਦੇ ਦੁਆਰਾ

31/3477

ਜੋ ਸਾਨੂੰ ਪ੍ਰਾਪਤੀ ਹੁੰਦੀ ਹੈ ਉਹ ਗੁਰਮਤਿ ਦੇ ਰੂਪ ਵਿੱਚ ਹੀ ਹੁੰਦੀ ਹੈ, ਗੁਰਮਤਿ ਦੇ ਗਿਆਨ ਦੇ ਰੂਪ ਵਿੱਚ ਹੀ ਹੁੰਦੀ ਹੈ ਤੇ ਇਹੀ ਉਸਦਾ ਨਾਮੁ ਦਾਨਿ ਹੈ ਜੋ ਦਾਨਿ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਭਾਵ ਹੋਰ ਕੋਈ ਨਹੀਂ ਦੇ ਸਕਦਾ। ਪ੍ਰਮਾਤਮਾ ਦਾ ਇਹ ਗੁਰਮਤਿ ਰੂਪ ਦਾਨਿ ਮਿਲੇ ਬਿਨ੍ਹਾਂ ਨਾ ਹੀ ਕੋਈ ਉਸ ਦੀ ਗੁਰਮਤਿ ਨੂੰ ਕੋਈ ਸਮਝ ਸਕਦਾ ਹੈ ਤੇ ਨਾ ਹੀ ਕੋਈ ਉਸ ਤੇ ਚੱਲ ਸਕਦਾ ਹੈ, ਨਾ ਹੀ ਕੋਈ ਨਾਮ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਉਸ ਤੇ ਚੱਲ ਸਕਦਾ ਹੈ ਕਿਉਂਕਿ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਪਾਕੇ ਉਹ ਆਪ ਹੀ ਉਸ ਤੇ ਦ੍ਰਿੜ ਕਰਕੇ ਚਲਾਉਂਦਾ ਹੈ। ਜੋ ਆਪਣੇ ਜੀਵਨ ਦੀ ਬਾਜੀ

ਨੂੰ ਜਿੱਤਦਾ ਹੈ ਉਹ ਇਸ ਤਰੀਕੇ ਮਨ ਦੇ ਵਿੱਚ ਪ੍ਰਮਾਤਮਾ ਦੇ ਮੇਲ ਨਾਲ ਹੀ ਜਿੱਤਦਾ ਹੈ, ਗੁਰਮਤਿ ਨੂੰ ਸਮਝਕੇ ਉਸ ਤੇ ਚੱਲਣ ਦੁਆਰਾ ਹੀ ਜਿੱਤਦਾ ਹੈ। ਪ੍ਰਮਾਤਮਾ ਦੇ ਨਾਲ ਇਹੋ ਜਿਹਾ ਮੇਲ ਹੋਏ ਬਿਨ੍ਹਾਂ, ਗਿਆਨ ਰੂਪ ਮੇਲ ਹੋਏ ਬਿਨ੍ਹਾਂ, ਨਾਮ ਦੀ, ਗੁਰਮਤਿ ਦੀ ਸੱਚੀ ਸੋਝੀ ਪਏ ਬਿਨ੍ਹਾਂ ਹਰ ਕੋਈ ਜਨਮ ਮਰਨ ਵਿੱਚ ਹੀ ਰਹਿੰਦਾ ਹੈ, ਹਰ ਕੋਈ "ਬਪੁੜਾ" ਹੀ ਹੈ, ਸਾਕਤ ਵਾਲੀ ਭਾਵ ਤ੍ਰੈ ਗੁਣਾਂ ਵਾਲੀ, ਅਗਿਆਨਤਾ ਵਾਲੀ ਅਵੱਸਥਾ ਵਿੱਚ ਹੀ ਹੈ ਕਿਉਂਕਿ ਉਹਨਾਂ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਹੀ ਨਹੀਂ ਪੈਂਦੀ, ਉਹਨਾਂ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਵਿਸਰੀ ਰਹਿੰਦੀ ਹੈ। ਗੁਰਮਤਿ ਦੀ ਸੱਚੀ ਸੋਝੀ ਬਿਨ੍ਹਾਂ ਹਰ ਕੋਈ ਦੂਜੀ ਅਵੱਸਥਾ ਵਿੱਚ ਹੈ ਭਾਵ ਦੁਚਿੱਤੀ ਵਾਲੀ ਅਵੱਸਥਾ ਵਿੱਚ ਹੈ ਜਿਸ ਕਰਕੇ ਹਰ ਕੋਈ ਇਸ ਸੰਸਾਰ ਤੋਂ ਆਪਣੇ ਜੀਵਨ ਦੀ ਬਾਜੀ ਨੂੰ ਹਾਰ ਕੇ ਹੀ ਜਾਂਦਾ ਹੈ। (**ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥3॥**)

ਹੁਣ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਬੰਧਨ ਕਿਸ ਚੀਜ ਦਾ ਹੈ ਜਿਸ ਨੇ ਸਾਨੂੰ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਨ ਤੋਂ ਦੂਰ ਰੱਖਿਆ ਹੋਇਆ ਹੈ।

"ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥

ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥"

ਜਦੋਂ ਪ੍ਰਮਾਤਮਾ ਸਾਨੂੰ ਆਪਣੀ ਮਤਿ ਦਾ ਦਾਨ ਦਿੰਦਾ ਹੈ, ਨਾਮ ਦਾ ਦਾਨ ਦਿੰਦਾ ਹੈ ਭਾਵ ਜੋ ਦਾਨ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਮੰਗਿਆ ਹੋਇਆ ਹੈ ਉਹ ਦਾਨ ਪ੍ਰਮਾਤਮਾ ਕਿਸ ਰੂਪ ਵਿੱਚ ਦਿੰਦਾ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਆਪਣਾ ਦਾਨ ਉਹ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੀ ਦਿੰਦਾ ਹੈ, ਗੁਰਮਤਿ ਦੀ ਸੋਝੀ ਦੇ ਰੂਪ ਵਿੱਚ ਹੀ ਦਿੰਦਾ ਹੈ ਤੇ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਇਹ ਨਾਮ ਦਾ ਦਾਨ ਬਖਸ਼ਿਆ ਹੈ, ਆਪਣੇ ਸੱਚੇ ਗਿਆਨ ਦਾ ਭੋਜਨ ਬਖਸ਼ਿਆ ਹੈ ਉਹਨਾਂ ਨੇ ਹੀ ਸਾਨੂੰ ਪੂਰੀ ਗੁਰਬਾਣੀ ਰਾਹੀਂ ਗੁਰਮਤਿ ਸਮਝਾਈ ਹੈ, ਨਾਮ ਸਮਝਾਇਆ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਆਪਣਾ ਦਾਨ ਦਿੱਤਾ ਹੈ, ਆਪਣੇ

ਸੱਚੇ ਗਿਆਨ ਦਾ ਦਾਨ ਦਿੱਤਾ ਹੈ ਉਹਨਾਂ ਦੇ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਨੇ ਬੰਧਨ ਤੋੜੇ ਹਨ, ਅਗਿਆਨਤਾ ਰੂਪ ਬੰਧਨ ਤੋੜੇ ਹਨ, ਉਹਨਾਂ ਦੇ ਅੰਦਰੋ ਭਰਮ ਰੂਪ ਦੀਵਾਰ ਤੋੜੀ ਹੈ, ਹਉਮੈ ਰੂਪ ਬੰਧਨ ਤੋੜੇ ਹਨ ਜਿਸ ਦੁਆਰਾ ਪ੍ਰਮਾਤਮਾ ਕਿਸੇ ਨੂੰ ਮੁਕਤੀ ਬਖਸ਼ਦਾ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ "ਗਿਆਨ ਰਤਨੁ" ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜੋ ਕਿ ਉਸਦਾ ਆਪਣਾ ਰੂਪ ਹੈ। ਮਨ ਦੇ ਵਿੱਚ ਆਪਣਾ ਇਹ ਰੂਪ ਪ੍ਰਗਟ ਕਰਨ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੀ ਕਰਦਾ ਹੈ ਜਿਸ ਦੁਆਰਾ ਉਹ ਆਪਣੇ ਸ਼ਬਦਾਂ ਰਾਹੀਂ ਸੱਚੀ ਗੁਰਮਤਿ ਦੀ ਸਿੱਖਿਆ ਸਮਝਾਉਂਦਾ ਹੈ। ਪ੍ਰਮਾਤਮਾ ਦਾ ਇਹ "ਗਿਆਨ ਰਤਨੁ" ਰੂਪ ਹੀ ਉਸਦਾ "ਨਿਰੰਕਾਰ" ਰੂਪ ਹੈ, ਆਕਾਰ ਰਹਿਤ ਰੂਪ ਹੈ, ਨਿਰਗੁਣ ਰੂਪ ਹੈ ਜਿਸ ਰਾਹੀਂ ਉਹ ਸਭ ਜਗ੍ਹਾ ਵੱਸਿਆ ਹੋਇਆ ਹੈ ਤੇ ਪ੍ਰਮਾਤਮਾ ਦੇ ਇਸ ਅਸਲ ਰੂਪ ਨੂੰ ਕੇਵਲ ਤੇ ਕੇਵਲ ਮਨ ਦੇ ਵਿੱਚ ਗਿਆਨ ਰੂਪ ਵਿੱਚ ਹੀ ਜਾਣਿਆ ਜਾ ਸਕਦਾ ਹੈ ਤੇ ਮਨੁੱਖ ਉਸਦੇ ਗਿਆਨ ਰੂਪ ਵਿੱਚ ਹੀ ਸਮਾਅ ਜਾਂਦਾ ਹੈ, ਸਦਾ ਲਈ ਸਮਾਅ ਜਾਂਦਾ ਹੈ (**ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥**) ਜਿਸ ਨੂੰ ਪ੍ਰਮਾਤਮਾ ਦੁਨੀਆਂ ਤੋਂ ਨਿਰਾਲਾ ਬਣਾਉਂਦਾ ਹੈ ਉਸ ਨੂੰ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਬਣਾਉਂਦਾ ਹੈ ਜਿਸ ਕਰਕੇ ਉਹ ਦੁਨੀਆਂ ਤੋਂ ਵੱਖਰੀ ਗੱਲ ਸਮਝਾਉਂਦੇ ਹਨ ਕਿਉਂਕਿ ਹਰ ਕੋਈ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹੈ, ਭਰਮ ਵਾਲੀ ਅਵੱਸਥਾ ਵਿੱਚ ਹੈ ਜਿਸਦੇ ਰਹਿੰਦਿਆ ਸੱਚੀ ਗੁਰਮਤਿ ਦੀ ਸੋਝੀ ਹੀ ਨਹੀਂ ਪੈਂਦੀ, ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਹੀ ਨਹੀਂ ਪੈਂਦੀ ਤੇ ਹਰ ਕੋਈ ਉਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੁੜਿਆ ਰਹਿੰਦਾ ਹੈ ਜਿਸ ਵਿੱਚ ਕੇਵਲ ਮਨਮਤਿ ਹੁੰਦੀ ਹੈ, ਭਰਮ ਹੁੰਦਾ ਹੈ।

ਸਾਡੇ ਜੀਵਨ ਦਾ ਅਸਲ ਮਕਸਦ ਮਨ ਦੇ ਇਸ ਭਰਮ ਵਿੱਚੋਂ ਨਿਕਲਕੇ ਹੀ ਪੂਰਾ ਹੋ ਸਕਦਾ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਹੀ ਹੋ ਸਕਦਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਤੇ ਸੰਸਾਰਿਕ ਆਵਾਗਉਣ ਤੋਂ ਮੁਕਤਿ ਹੋ ਸਕਦੇ ਹਾਂ। ਮੁਕਤੀ ਸਾਡੇ ਮਨ ਦੇ ਵਿੱਚ ਹੀ ਹੈ। ਭਰਮ ਤੋਂ ਮੁਕਤੀ ਹੀ ਆਵਾਗਉਣ ਤੋਂ ਮੁਕਤੀ ਹੈ ਕਿਉਂਕਿ ਭਰਮ ਵਿੱਚੋਂ ਨਿਕਲਕੇ ਹੀ ਅਸੀਂ ਉਸ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ, ਉਸ ਦੇ ਨਿਰਗੁਣ ਰੂਪ ਨਾਲ ਮੇਲ ਕਰ ਸਕਦੇ ਹਾਂ ਜੋ ਆਵਾਗਉਣ ਤੋਂ ਮੁਕਤਿ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ ਵਿੱਚ ਹਾਂ ਤਦ ਤੱਕ ਕੋਈ ਵੀ ਮੁਕਤਿ ਨਹੀਂ ਹੈ। ਮੁਕਤੀ ਚਉਥੇ ਪਦ ਵਿੱਚ ਹੈ। ਚਉਥੇ ਪਦ ਦਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਤੇ ਉਸ ਦੀ ਸੱਚੀ ਮਤਿ ਦੇ ਨਾਲ ਜੁੜਕੇ ਹੀ ਅਸੀਂ ਭਰਮ ਤੋਂ ਮੁਕਤਿ ਹੋ ਸਕਦੇ ਹਾਂ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰਦੇ ਹਾਂ ਤਾਂ ਜੋ ਅਸੀਂ ਉਹੋ ਜਿਹੀ ਭਗਤੀ

ਨਾਲ ਜੁੜੀਏ ਜਿਸਨੇ ਸਾਨੂੰ ਅਗਿਆਨਤਾ ਦੀ ਅਪਵਿੱਤਰਤਾ ਵਿੱਚੋਂ ਕੱਢਣਾ ਹੈ ਤੇ ਉਸ ਪਵਿੱਤਰ ਰੂਪ ਪ੍ਰਮਾਤਮਾ ਦੇ ਦਰਸ਼ਨ ਕਰਵਾਉਣੇ ਹਨ, ਚਉਥੇ ਪਦ ਦੇ ਦਰਸ਼ਨ ਕਰਵਾਉਣੇ ਹਨ ਜੋ ਕਿ ਸਾਡੇ ਅੰਦਰ ਹੀ ਹੈ।

ਸੋਰਠਿ ਮਹਲਾ ੩ ॥

“ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥
ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥”

(ਅੰਗ ੬੦੪)

ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ ਤ੍ਰੈ ਗੁਣਾਂ ਵਾਲੀ ਅਵੱਸਥਾ ਸਾਡੇ ਅੰਦਰ ਮਾਇਆ ਰੂਪ ਹੈ ਜਿਸ ਦਾ ਮਕਸਦ ਸਾਨੂੰ ਮਨ ਦੇ ਰਾਹੀਂ ਭਰਮ ਵਿੱਚ ਰੱਖਣ ਦਾ ਹੈ, ਹਉਮੈ ਵਿੱਚ ਰੱਖਣ ਦਾ ਹੈ ਜੋ ਕਿ ਸਾਡੇ ਮਨ ਦਾ ਬੰਧਨ ਹੈ। ਨਾਮ ਦਾ ਮਕਸਦ, ਸ਼ਬਦ ਦਾ ਮਕਸਦ ਸਾਨੂੰ ਇਸ ਭਰਮ ਵਿੱਚੋਂ ਕੱਢਣ ਦਾ ਹੀ ਹੈ। ਨਾਮ ਦੁਆਰਾ ਦਿੱਤਾ ਹੋਇਆ ਗਿਆਨ, ਸ਼ਬਦ ਦੁਆਰਾ ਦਿੱਤਾ ਹੋਇਆ ਗਿਆਨ ਚਉਥੇ ਪਦ ਦਾ ਗਿਆਨ ਹੈ, ਸਹਜ ਦੀ ਅਵੱਸਥਾ ਦੁਆਰਾ ਉਪਜਿਆ ਹੋਇਆ ਗਿਆਨ ਹੈ ਤੇ ਪੂਰੀ ਗੁਰਬਾਣੀ ਵਿੱਚ ਚਉਥੇ ਪਦ ਦਾ ਗਿਆਨ ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਗਿਆਨ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ ਭਾਵ ਉਸ ਵਿੱਚ ਪੂਰਨ ਸੱਚ ਹੈ। ਸਾਨੂੰ ਮੁਕਤਿ ਇਸ ਚਉਥੇ ਪਦ ਦੇ ਗਿਆਨ ਨੇ ਹੀ ਕਰਣਾ ਹੈ, ਨਾਮ ਨੇ ਹੀ ਕਰਣਾ ਹੈ, ਸ਼ਬਦ ਨੇ ਹੀ ਕਰਣਾ ਹੈ ਤੇ ਇਹੀ ਗੱਲ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਆਪਣਾ ਸਾਰਾ ਉੱਦਮ ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲਣ ਦਾ ਕਰੀਏ ਤਾਂ ਜੋ ਅਸੀਂ ਭਰਮ ਦੇ ਪੜਦੇ ਵਿੱਚੋਂ ਨਿਕਲਕੇ, ਅਗਿਆਨਤਾ ਦੇ ਪੜਦੇ ਵਿੱਚੋਂ ਨਿਕਲਕੇ ਚਉਥੇ ਪਦ ਦੇ ਗਿਆਨ ਦੀ ਪ੍ਰਾਪਤੀ ਦੁਆਰਾ ਮਨ ਦੇ ਵਿੱਚੋਂ ਹੀ ਉਸ ਗਿਆਨ ਦੇ ਮਾਲਕ ਦੇ ਦਰਸ਼ਨ ਕਰੀਏ, ਬ੍ਰਹਮ ਗਿਆਨੀ ਦੇ ਦਰਸ਼ਨ ਕਰੀਏ ਜੋ ਕਿ ਮਨ ਦੇ ਵਿੱਚ ਹੀ ਹੈ।

ਸਾਡਾ ਉੱਦਮ ਗੁਰੂ ਦੀ ਸੇਵਾ ਕਰਨਾ ਹੈ ਜਿਸ ਦਾ ਮਕਸਦ ਭਰਮ ਤੋਂ ਰਹਿਤ ਹੋਣ ਦਾ ਹੀ ਹੈ ਕਿਉਂਕਿ ਸ਼ਬਦ ਦੀ ਵਿਚਾਰ ਨੂੰ ਆਪਣੇ ਅੰਦਰ ਵਿਚਾਰਨਾ ਹੀ ਭਾਵ ਉਸ ਅਨੁਸਾਰ ਵਿਚਰਨਾ ਹੀ ਗੁਰੂ ਦੀ ਸੇਵਾ ਵਿੱਚ ਲੱਗਣਾ ਹੈ। ਸ਼ਬਦ ਦੇ ਵਿਚਾਰਨ ਨਾਲ ਸਾਡਾ ਭਰਮ ਹੀ ਦੂਰ ਹੁੰਦਾ ਹੈ, ਮਨਮਤਿ ਵਾਲੇ, ਹਉਮੈ ਵਾਲੇ ਵਿਚਾਰ ਹੀ ਨਿਕਲਦੇ ਹਨ ਭਾਵ ਮਾੜੇ ਵਿਚਾਰ ਨਿਕਲਕੇ ਸ਼ਬਦ ਦੇ ਚੰਗੇ ਵਿਚਾਰ ਸਾਡੇ ਅੰਦਰ ਵੱਸਦੇ ਹਨ ਜਿਸ ਦੁਆਰਾ ਗੁਰੂ ਦੀ ਸੇਵਾ ਹੁੰਦੀ ਹੈ। ਮਨ ਦੇ ਚੰਗੇ ਵਿਚਾਰਾਂ ਨਾਲ ਅਸੀਂ ਚੰਗੇ ਕਰਮ ਹੀ ਕਰਦੇ ਹਾਂ। ਸਾਨੂੰ ਸਹਜ ਵਾਲੀ ਅਵੱਸਥਾ, ਚਉਥੇ ਪਦ ਵਾਲੀ ਅਵੱਸਥਾ ਗੁਰੂ ਦੀ ਸੱਚੀ ਸੇਵਾ ਕਰਨ ਦੁਆਰਾ ਹੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਸਾਡੇ ਤੇ ਇਹੋ ਜਿਹੀ ਸੇਵਾ ਦੁਆਰਾ ਹੀ ਪ੍ਰਸ਼ਨ ਹੁੰਦਾ ਹੈ ਜਿਸ ਦੁਆਰਾ ਉਹ ਸਾਨੂੰ ਚਉਥੇ ਪਦ ਦੀ ਅਵੱਸਥਾ, ਸਹਜ ਵਾਲੀ ਅਵੱਸਥਾ ਮਨ ਦੇ ਵਿੱਚ ਆਪ ਹੀ ਬਖਸ਼ਦਾ ਹੈ। ਸਹਜ ਧੁਨਿ ਸਾਡੇ ਅੰਦਰ ਉਸਦੀ

31/3480

ਕਿਰਪਾ ਦੁਆਰਾ ਹੀ ਉਪਜਦੀ ਹੈ ਜਿਸ ਦੁਆਰਾ ਸਾਡੇ ਮਨ ਦੇ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਇੱਕ ਹੋ ਜਾਂਦੇ ਹਨ ਭਾਵ ਸਾਡੇ ਮਨ ਦੀ ਲਗਨ ਸ਼ਬਦ ਦੇ ਵਿਚਾਰਾਂ ਨਾਲ ਲੱਗੀ ਰਹਿੰਦੀ ਹੈ, ਗੁਰੂ ਦੀ ਮਤਿ ਨਾਲ ਜੁੜੀ ਰਹਿੰਦੀ ਹੈ। "ਸਹਜ ਧੁਨਿ" ਦਾ ਮਕਸਦ ਸਾਡੀ "ਮਤਿ" ਨੂੰ ਬਦਲਣ ਦਾ ਹੀ ਹੈ ਜੋ ਮਤਿ ਸ਼ਬਦ ਦੇ ਵਿਚਾਰਾਂ ਵਾਲੀ ਮਤਿ ਬਣ ਜਾਂਦੀ ਹੈ। ਸਾਡੀ ਇਹੋ ਜਿਹੀ ਮਤਿ ਦੁਆਰਾ ਭਾਵ ਸੱਚੀ ਮਤਿ ਦੁਆਰਾ ਸਾਡੀ ਮਨ ਦੇ ਵਿੱਚ ਹੀ "ਗਤਿ" ਹੁੰਦੀ ਹੈ। "ਗਤਿ" ਸਾਡੀ ਪਹਿਲੀ ਮਤਿ ਤੋਂ ਹੀ ਹੁੰਦੀ ਹੈ, ਅਗਿਆਨਤਾ ਵਾਲੀ ਮਤਿ ਤੋਂ ਹੀ ਹੁੰਦੀ ਹੈ ਜਿਸ ਦੇ ਰਹਿੰਦਿਆ ਹਰ ਕੋਈ ਤ੍ਰੈ ਗੁਣਾਂ ਵਿੱਚ ਰਹਿੰਦਾ ਹੈ, ਹਉਮੈ ਵਿੱਚ, ਭਰਮ ਵਾਲੀ ਮਤਿ ਵਿੱਚ ਰਹਿੰਦਾ ਹੈ। ਸਹਜ ਦੀ ਅਵੱਸਥਾ ਵਿੱਚ ਹੀ ਆਪ ਪ੍ਰਮਾਤਮਾ ਹੈ ਤੇ ਮਨ ਦੇ ਵਿੱਚ ਸਹਜ ਧੁਨਿ ਉਪਜਣ ਦੁਆਰਾ ਉਹ ਸਾਡੇ ਅੰਦਰ ਵੱਸ ਜਾਂਦਾ ਹੈ। ਮਨ ਦੀ ਇਹ ਅਵੱਸਥਾ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਨਾਮ ਵੱਸਣ ਦੀ ਅਵੱਸਥਾ ਹੈ ਭਾਵ ਸੱਚਾ ਗਿਆਨ, ਬ੍ਰਹਮ ਗਿਆਨ ਵੱਸਣ ਦੀ ਅਵੱਸਥਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਮ ਵਿੱਚ ਸਮਾਅ ਜਾਂਦਾ ਹੈ। ਇਹ ਅਵੱਸਥਾ ਪ੍ਰਮਾਤਮਾ ਸਾਨੂੰ ਆਪ ਹੀ ਬਖਸ਼ਦਾ ਹੈ, ਨਾਮ ਦਾ ਮਾਲਕ ਆਪ ਹੀ ਸਾਡੇ ਅੰਦਰ ਆਪਣਾ ਨਾਮ ਵਸਾਉਂਦਾ ਹੈ। (**ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥ ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥1॥**)

ਉੱਪਰ ਸਾਨੂੰ ਗੁਰੂ ਦੇ ਮਨ ਦੀ ਅਵੱਸਥਾ ਸਮਝਾਈ ਹੈ ਜੋ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ, ਜਿਸਨੇ ਆਪਣੇ ਅੰਦਰੋ "ਸਬਦੁ" ਨੂੰ ਬੁੱਝਿਆ ਹੋਇਆ ਹੈ, ਪ੍ਰਮਾਤਮਾ ਨੂੰ, ਨਾਮ ਨੂੰ ਬੁੱਝਿਆ ਹੋਇਆ ਹੈ ਜਿਸ ਕਰਕੇ ਉਸ ਨੂੰ ਪੂਰਨ ਸੋਝੀ ਹੈ, ਉਸ ਕੋਲ ਸੱਚਾ ਗਿਆਨ ਹੈ ਤੇ ਉਹ ਪੂਰੀ ਤਰਾਂ ਭਰਮ ਵਿੱਚੋਂ ਨਿਕਲਿਆ ਹੋਇਆ ਹੈ। ਮਨ ਦੀ ਇਹੋ ਜਿਹੀ ਅਵੱਸਥਾ ਤੋਂ ਬਿਨ੍ਹਾਂ ਹਰ ਕੋਈ ਮਨਮੁਖਿ ਹੈ, ਅੰਧਾ ਹੈ ਭਾਵ ਅਗਿਆਨਤਾ ਵਿੱਚ ਹੈ, ਭਰਮ ਵਿੱਚ ਹੈ। ਪ੍ਰਮਾਤਮਾ ਨੂੰ ਪਾਏ ਬਿਨ੍ਹਾਂ, ਆਪਣੇ ਅੰਦਰੋਂ "ਸਬਦੁ" ਨੂੰ ਜਾਣੇ ਬਿਨ੍ਹਾਂ ਸਾਰਾ ਜਗ ਬਉਰਾਨਾ ਹੀ ਹੈ ਭਾਵ ਇਸ ਸੰਸਾਰ ਦੀ ਅਸਲੀਅਤ ਨੂੰ ਸਮਝਣ ਵਿੱਚ, ਸੱਚ ਨੂੰ ਸਮਝਣ ਵਿੱਚ, ਪ੍ਰਮਾਤਮਾ ਨੂੰ ਸਮਝਣ ਵਿੱਚ ਕਮਲਾ ਹੀ ਹੈ ਭਾਵ ਪੂਰੀ ਤਰ੍ਹਾਂ ਨਾ ਸਮਝ ਹੀ ਹੈ। ਪ੍ਰਮਾਤਮਾ ਦੀ ਸੋਝੀ ਕੇਵਲ ਚਉਥੇ ਪਦ ਦੁਆਰਾ ਹੀ ਪੈਂਦੀ ਹੈ, ਸਹਜ ਦੀ ਅਵੱਸਥਾ ਦੁਆਰਾ ਹੀ ਪੈਂਦੀ ਹੈ ਜਿਸ ਦਾ ਮਕਸਦ ਸਾਡੇ ਅੰਦਰ ਦਾ ਬਉਰਾਨਾਪਨ ਕੱਢਣ ਦਾ ਹੀ ਹੈ, ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ, ਨਾਮ ਦੇ ਦਰਸ਼ਨ ਮਨ ਦੇ ਵਿੱਚੋਂ ਇਹ ਬਉਰਾਨਾਪਨ ਨਿਕਲਣ ਦੁਆਰਾ ਹੀ ਹੁੰਦੇ ਹਨ। (**ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥**)

ਸਾਡੇ ਸਭ ਦੇ ਅੰਦਰ, ਸਾਰੇ ਜਗ ਦੇ ਅੰਦਰ ਇਹ ਬਉਰਾਨਾਪਨ ਕਿਸ ਲਈ ਹੈ ਤੇ ਕਿਸ ਦਾ ਪਾਇਆ ਹੋਇਆ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

31/3481

"ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥

ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥”

ਬੜਾ ਸਪੱਸ਼ਟ ਹੈ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਦਾ ਮਕਸਦ ਸਾਰੇ ਸੰਸਾਰ ਨੂੰ ਮਾਇਆ ਦੀ ਜੁਗਤਿ ਵਿੱਚ ਰੱਖਣ ਦਾ ਹੈ, ਭਰਮ ਦੁਆਰਾ ਭੁਲਾਕੇ ਰੱਖਣ ਦਾ ਹੈ, ਹਉਮੈ ਵਿੱਚ ਰੱਖਣ ਦਾ ਹੈ ਤੇ ਇਹੀ ਸਾਡੇ ਅੰਦਰ ਦਾ ਬੰਧਨ ਹੈ ਤੇ ਇਹੋ ਜਿਹੀ ਅਵੱਸਥਾ ਵਿੱਚ ਰਹਿੰਦੇ ਹੋਏ ਅਸੀਂ ਭਾਵ ਇਹੋ ਜਿਹੀ ਮਤਿ ਵਿੱਚ ਰਹਿੰਦੇ ਹੋਏ ਅਸੀਂ, ਅਗਿਆਨਤਾ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਅਸੀਂ ਜਿਹੋ ਜਿਹੇ ਕਰਮ ਕਰਦੇ ਹਾਂ ਉਸ ਦੁਆਰਾ ਅਸੀਂ ਆਪਣੇ ਇਸ ਬੰਧਨ ਨੂੰ ਹੀ ਕਮਾਉਂਦੇ ਹਾਂ ਭਾਵ ਹਉਮੈ ਨੂੰ ਹੀ ਉੱਚੀ ਕਰਦੇ ਹਾਂ, ਆਪਣੀ ਮੈਂ ਨੂੰ ਹੀ ਉੱਚਾ ਕਰਦੇ ਹਾਂ। ਸਾਡੇ ਆਵਾਗਉਣ ਦਾ ਕਾਰਣ ਸਾਡੇ ਮਨ ਦੀ ਇਹ ਅਵੱਸਥਾ ਹੀ ਹੈ ਕਿਉਂਕਿ ਇਹੋ ਜਿਹੀ ਅਵੱਸਥਾ ਵਿੱਚ ਰਹਿੰਦੇ ਹੋਇਆ ਅਸੀਂ ਉਸ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ। ਭਰਮ ਤੋਂ ਮੁਕਤਿ ਹੋਏ ਬਿਨ੍ਹਾਂ ਹਰ ਕੋਈ ਜੰਮਣ ਮਰਨ ਦੇ ਗੇੜ ਵਿੱਚ ਹੀ ਰਹਿੰਦਾ ਹੈ। (**ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥ ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥2॥**)

ਤ੍ਰੈ ਗੁਣਾਂ ਵਾਲੀ ਅਵੱਸਥਾ ਤੋਂ ਬਾਹਰ ਕੋਈ ਵੀ ਨਹੀਂ ਹੈ, ਮਾਇਆ ਦੀ ਜੁਗਤਿ ਤੋਂ, ਹਉਮੈ ਵਾਲੀ ਅਵੱਸਥਾ ਤੋਂ ਬਾਹਰ ਕੋਈ ਵੀ ਨਹੀਂ ਹੈ। ਇਹ ਅਵੱਸਥਾ ਸਾਰੇ ਸੰਸਾਰ ਵਿੱਚ ਪ੍ਰਮਾਤਮਾ ਦੀ ਆਪਣੀ ਜੁਗਤਿ ਦੇ ਰੂਪ ਵਿੱਚ ਇੱਕੋ ਜਿਹੀ ਵਰਤਦੀ ਹੈ ਭਾਵ ਉਸ ਤੋਂ ਬਾਹਰ ਕੋਈ ਵੀ ਨਹੀਂ ਹੈ। ਇਹੋ ਜਿਹੀ ਅਵੱਸਥਾ ਵਿੱਚ ਰਹਿੰਦਿਆਂ ਕਿਸੇ ਦੀ ਪਤਿ ਲੇਖੇ ਵਿੱਚ ਨਹੀਂ ਪੈਂਦੀ ਕਿਉਂਕਿ ਧਰਮ ਦੇ ਮਾਰਗ ਤੇ ਚੱਲਣਾ ਕੀ ਹੈ, ਸੱਚ ਕੀ ਹੈ ਤੇ ਉਸ ਤੇ ਚੱਲਣਾ ਕੀ ਹੈ ਉਸ ਦੀ ਕਿਸੇ ਨੂੰ ਸਮਝ ਹੀ ਨਹੀਂ ਪੈਂਦੀ। ਇਸ ਅਵੱਸਥਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਚਉਥੇ ਪਦ ਵਾਲੀ ਮਤਿ ਹੈ, “ਰਾਮ ਨਾਮਿ” ਵਾਲੀ ਮਤਿ ਹੈ ਜਿਸ ਦੀ ਪ੍ਰਾਪਤੀ ਦੁਆਰਾ ਮਨੁੱਖ ਗੁਰਮੁਖਿ ਵਾਲੀ ਅਵੱਸਥਾ ਦੀ ਪ੍ਰਾਪਤੀ ਕਰਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, “ਸੁਖੁ” ਦੀ ਪ੍ਰਾਪਤੀ ਹੁੰਦੀ ਹੈ ਤੇ ਤਾਂ ਹੀ ਸਾਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਦੀ ਪਤਿ ਲੇਖੇ ਵਿੱਚ ਪੈਂਦੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ ਜੋ ਕਿ ਚਉਥੇ ਪਦ ਵਿੱਚ ਹੈ, ਜਿਸ ਵਿੱਚ ਪੂਰਨ ਸੱਚ ਹੈ, ਪੂਰਨ ਬ੍ਰਹਮ ਗਿਆਨ ਹੈ, ਪੂਰਨ ਰਾਮ ਨਾਮਿ ਹੈ ਜਿਸ ਦੀ ਮਤਿ ਦੇ ਨਾਲ ਜੁੜਕੇ ਕੋਈ ਵੀ ਚਉਥੇ ਪਦ ਦੀ ਪ੍ਰਾਪਤੀ ਕਰ ਸਕਦਾ ਹੈ ਜੋ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਸੱਚਾ ਉਪਰਾਲਾ ਹੈ, ਸਾਡਾ ਸੱਚਾ ਉੱਦਮ ਹੈ ਜਿਸ ਦੁਆਰਾ ਅਸੀਂ ਭਰਮ ਤੋਂ ਮੁਕਤੀ ਪਾ ਸਕਦੇ ਹਾਂ। **(ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥ ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥3॥)**

31/3482

ਇਸ ਗੱਲ ਨੂੰ ਤਾਂ ਹਰ ਕੋਈ ਮੰਨਦਾ ਹੈ ਭਾਵ ਸਮਝਦਾ ਹੈ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਜਾਂ ਚਉਥੇ ਪਦ ਦੀ ਅਵੱਸਥਾ ਸਾਡੇ ਮਨ ਦੀ ਅਵੱਸਥਾ ਹੀ ਹੈ ਪਰ ਇਹ ਅਵੱਸਥਾ ਦਾ ਫਰਕ ਕੀ ਹੈ ਇਸ ਗੱਲ ਦੀ ਸੋਝੀ ਕਿਸੇ ਨੂੰ ਨਹੀਂ ਹੈ। ਜੇਕਰ ਸਾਨੂੰ ਇਸ ਗੱਲ ਦੀ ਸੋਝੀ ਹੋਵੇ ਕਿ ਤ੍ਰੈ ਗੁਣਾਂ ਵਿੱਚ ਤੇ ਚਉਥੇ ਪਦ ਵਿੱਚ ਕੀ ਭੇਦ ਹੈ ਤਾਂ ਫਿਰ ਅਸੀਂ ਧਰਮ ਦੀ ਸਿੱਖਿਆ ਲੈਣ ਲਈ ਉਹਨਾਂ ਦੀ ਮਤਿ ਦੇ ਪਿੱਛੇ ਕਦੇ ਨਾ ਲੱਗੀਏ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚੇ ਥਾਪਿਆ ਹੋਇਆ ਹੈ ਤੇ ਉਹਨਾਂ ਦੀ ਮਤਿ ਦੇ ਨਾਲ ਜੁੜੇ ਹੋਏ ਹਾਂ। ਤ੍ਰੈ ਗੁਣਾਂ ਤੇ ਚਉਥੇ ਪਦ ਦੇ ਭੇਦ ਨੂੰ ਕੇਵਲ ਉਹੀ ਸਮਝ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜਿਸ ਨੂੰ ਆਪਣੇ ਅੰਦਰੋਂ ਜਾਨਣਾ ਹੀ ਚਉਥਾ ਪਦ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਸਾਰੀ ਮਨੁੱਖਤਾ ਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲਾ ਕੌਣ ਹੈ ਤੇ ਜੋ ਕੁੱਝ ਮਨੁੱਖ ਕਰਦਾ ਹੈ ਉਸ ਕੋਲੋਂ ਪ੍ਰਮਾਤਮਾ ਕਿਸ ਰੂਪ ਵਿੱਚ ਕਰਵਾ ਰਿਹਾ ਹੈ ਜਿਸ ਦੀ ਕਿ ਕਿਸੇ ਨੂੰ ਸਮਝ ਨਹੀਂ ਹੈ। ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਸਾਨੂੰ ਗਿਆਨ ਦੇਣ ਵਾਲਾ ਆਪ ਪ੍ਰਮਾਤਮਾ ਹੀ ਹੈ ਪਰ ਇਸ ਦੀ ਸੋਝੀ ਚਉਥੇ ਪਦ ਵਿੱਚ ਪਹੁੰਚਕੇ ਹੀ ਪੈਂਦੀ ਹੈ, ਰਾਮ ਨਾਮਿ ਵਾਲੀ ਅਵੱਸਥਾ ਦੁਆਰਾ ਹੀ ਪੈਂਦੀ ਹੈ, ਸ਼ਬਦ ਦੇ ਸੱਚੇ ਗਿਆਨ ਦੀ ਸੋਝੀ ਪੈਣ ਦੁਆਰਾ ਹੀ ਪੈਂਦੀ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਤ੍ਰੈ ਗੁਣਾਂ ਤੋਂ, ਹਉਮੈਂ ਤੋਂ ਮੁਕਤਿ ਹੁੰਦਾ ਹੈ ਤੇ ਉਸ ਦਾ ਪਾਰ ਉਤਾਰਾ ਹੁੰਦਾ ਹੈ ਭਾਵ ਇਹ ਜੀਵਨ ਲੇਖੇ ਲੱਗਦਾ ਹੈ। ਪ੍ਰਮਾਤਮਾ ਨੂੰ ਮਿਲਣ ਦਾ ਕੇਵਲ ਤੇ ਕੇਵਲ ਇਹੀ ਸਾਧਨ ਹੈ ਤੇ ਇਹ ਕੇਵਲ ਉਸ ਦੀ ਆਪਣੀ ਕਿਰਪਾ ਹੈ ਕਿ ਉਹ ਸਾਨੂੰ ਭਰਮ ਵਿੱਚੋਂ ਕੱਢ ਲਵੇ। ਸਾਨੂੰ ਭਰਮ ਵਿੱਚ ਰੱਖਣ ਵਾਲਾ ਉਹ ਆਪ ਹੈ ਤੇ ਉਹ ਆਪ ਹੀ ਕਿਸੇ ਨੂੰ ਇਸ ਵਿੱਚੋਂ ਕੱਢ ਸਕਦਾ ਹੈ ਜੋ ਸਾਡੇ ਅੰਦਰ ਵਿਚਾਰਾਂ ਦਾ ਮਾਲਕ ਹੈ। ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਸਾਨੂੰ ਭਰਮ ਵਿੱਚੋਂ ਕੱਢਣ ਲਈ ਹੀ ਕੀਤੀ ਹੈ ਤੇ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰਬਾਣੀ ਦੀ ਮਤਿ ਨਾਲ ਜੁੜੀਏ, ਰਾਮ ਨਾਮਿ ਨਾਲ ਜੁੜੀਏ ਤਾਂ ਜੋ ਸਾਡਾ ਪਾਰ ਉਤਾਰਾ

ਹੋ ਸਕੇ, ਤ੍ਰੈ ਗੁਣਾਂ ਵਾਲੀ ਅਵੱਸਥਾ ਤੋਂ ਪਾਰ ਉਤਾਰਾ ਹੋ ਸਕੇ। (**ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥ ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥4॥12॥**)

{ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥}

(ਅੰਗ 404)

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥}

(ਅੰਗ 30)

31/3483

{ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥
ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ 231)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥3॥}

(ਅੰਗ 232)

{ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥2॥}

(ਅੰਗ 237)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥2॥}

(ਅੰਗ 509)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ 852)

ਪਉੜੀ ॥

{ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥

ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥
ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥}

(ਅੰਗ 948)

{ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥
ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥3॥}

(ਅੰਗ 284)

31/3484

ਉੱਪਰ ਦਿੱਤੇ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਪ੍ਰਮਾਤਮਾ ਨੇ ਸਭ ਨੂੰ ਆਪ ਹੀ ਰੱਖਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਪ੍ਰਮਾਤਮਾ ਨੂੰ ਸਮਝਣ ਵਿੱਚ ਮਨ ਦੀ ਅਗਿਆਨਤਾ ਵਿੱਚ ਹੈ। ਨਾਮ ਦੀ ਸਮਝ ਇਸ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਹੀ ਪੈ ਸਕਦੀ ਹੈ ਕਿ ਨਾਮ ਕੀ ਹੈ। ਇਸੇ ਲਈ ਸਾਰਾ ਸੰਸਾਰ ਨਾਮ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ ਤੇ ਹਰ ਕੋਈ ਅਗਿਆਨਤਾ ਵਿੱਚ ਹੀ ਆਪਣੀ ਆਪਣੀ ਮਤਿ ਅਨੁਸਾਰ ਕਿਸੇ ਅੱਖਰ ਵਿੱਚ ਨਾਮ ਸਮਝਦੇ ਹਨ ਭਾਵ ਨਾਮ ਨੂੰ ਕੋਈ ਤੰਤ੍ਰ ਮੰਤ੍ਰ ਸਮਝਦੇ ਹਨ ਕਿ ਉਹੋ ਜਿਹਾ ਸ਼ਬਦ ਜਪੀ ਜਾਣ ਨਾਲ ਪ੍ਰਮਾਤਮਾ ਆਪੇ ਹੀ ਪ੍ਰਸੰਨ ਹੋ ਜਾਂਦਾ ਹੈ ਤੇ ਸਾਡੇ ਕਾਰਜ ਰਾਸ ਹੋ ਜਾਂਦੇ ਹਨ, ਮਨੁੱਖ ਦੇ ਦੁੱਖ ਦੂਰ ਹੋ ਜਾਂਦੇ ਹਨ। ਇਹ ਸਭ ਸਾਡਾ ਭਰਮ ਹੀ ਹੈ। ਸਾਡਾ ਅਸਲ ਕਾਰਜ ਉਸ ਪ੍ਰਮਾਤਮਾ ਦੇ ਨਾਲ ਮੇਲ ਦਾ ਹੈ ਜੋ ਕਿ ਇਸ ਭਰਮ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਹੀ ਹੁੰਦਾ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਹੀ ਹੁੰਦਾ ਹੈ। ਨਾਮ ਦਾ ਮਕਸਦ ਸਾਨੂੰ ਇਸ ਭਰਮ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੀ ਹੈ ਤੇ ਇਸ ਅਵੱਸਥਾ ਵਿੱਚੋਂ ਨਿਕਲਕੇ ਹੀ ਸਾਨੂੰ ਉਸ ਨਾਮ ਰੂਪ ਪ੍ਰਮਾਤਮਾ ਦੇ, ਨਾਮ ਦੇ ਦਾਤੇ ਦੇ ਦਰਸ਼ਨ ਮਨ ਦੇ ਵਿੱਚੋਂ ਹੀ ਹੁੰਦੇ ਹਨ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੀ ਹੈ ਜਿਸ ਦਾ ਮਕਸਦ ਸਾਨੂੰ ਨਾਮ ਦੇ ਦਾਤੇ ਦੇ ਨਾਲ ਮਿਲਾਉਣ ਦਾ ਹੈ। ਨਾਮ ਦੀ ਦਾਤਿ ਮਨ ਦੇ ਵਿੱਚੋਂ ਹੀ ਮਿਲਦੀ ਹੈ ਤੇ ਉਹ ਦਾਤਿ ਲੈਣ ਦਾ ਸਾਧਨ ਇੱਕੋ ਇੱਕ ਇਹੀ ਹੈ ਜੋ ਗੁਰਬਾਣੀ ਰਾਹੀਂ ਸਾਨੂੰ ਨਾਮ ਦੇ ਦਾਤੇ ਨੇ ਆਪ ਹੀ ਸਮਝਾਇਆ ਹੈ। ਅਸੀਂ ਮਨੁੱਖੀ ਸਮਝ ਦੁਆਰਾ ਇਹ ਨਹੀਂ ਸਮਝ ਸਕਦੇ ਕਿ ਇਹ ਨਾਮ ਦੀ ਦਾਤਿ ਕੀ ਹੈ ਤੇ ਕਿਵੇਂ ਮਿਲਣੀ ਹੈ। ਇਹ ਦਾਤਿ ਗੁਰਬਾਣੀ ਦੀ ਮਤਿ ਤੇ, ਨਾਮ ਦੀ ਮਤਿ ਤੇ ਭਰੋਸਾ ਟਿਕਾਉਣ ਦੁਆਰਾ ਹੀ ਮਿਲ ਸਕਦੀ ਹੈ ਜਿਸ ਨੂੰ ਇਹ ਦਾਤਿ ਪ੍ਰਮਾਤਮਾ ਨੇ ਆਪ ਦਿੱਤੀ ਹੋਈ ਹੈ। ਕਿਸੇ ਮਨੁੱਖੀ ਮਤਿ ਤੇ ਭਰੋਸਾ ਟਿਕਾਉਣਾ ਸਾਡੀ ਵੱਡੀ ਭੁਲ ਹੈ ਤੇ ਉਸ ਭੁੱਲ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਗੁਰਬਾਣੀ ਦੀ ਮਤਿ ਨਾਲ ਨਹੀਂ ਜੁੜ ਸਕਦੇ। ਗੁਰਬਾਣੀ ਦੀ ਮਤਿ ਨਾਲ ਜੁੜਕੇ ਫਿਰ ਅਸੀਂ ਉਹੋ ਜਿਹਾ ਉਪਰਾਲਾ ਕਰਾਂਗੇ ਜੋ ਸਾਡੇ ਲਈ ਅਸਲ ਉਪਰਾਲਾ ਹੈ ਭਾਵ ਗੁਰੂ ਦੀ ਗੱਲ ਨੂੰ ਸਮਝਕੇ ਉਸੇ ਅਨੁਸਾਰ ਹੀ ਵਿਚਰਨ ਦਾ ਉਪਰਾਲਾ ਕਰਾਂਗੇ ਜੋ ਕਿ ਨਾਮ ਦੀ ਕਮਾਈ ਕਰਨ ਦਾ ਸੱਚਾ ਤਰੀਕਾ ਹੈ। ਨਾਮ ਨੂੰ ਤਾਂ ਅਸੀਂ ਆਪਣੇ ਜੀਵਨ ਵਿੱਚ ਕਮਾਉਣਾ ਹੈ ਭਾਵ ਉਸ ਨੂੰ ਪ੍ਰਾਪਤ ਕਰਨਾ ਹੈ ਜਿਸ ਵੱਖਰ ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ। ਨਾਮ ਦੀ ਕਮਾਈ ਕਰਨ ਦਾ ਤਰੀਕਾ ਸਾਡੀ ਕਰਣੀ ਹੈ ਪਰ ਅਸੀਂ ਉਸ ਦੀ ਬਜਾਇ ਕਥਨੀ ਨਾਲ ਜੁੜੇ ਹੋਏ ਹਾਂ ਜੋ ਸਾਡੀ ਵੱਡੀ ਭੁੱਲ ਹੈ ਤੇ ਇਹ ਭੁੱਲ ਸਾਡੇ ਅੰਦਰ ਉੱਥੋਂ ਆਈ ਹੈ ਜੋ ਆਪ ਭੁੱਲੇ ਹੋਏ ਰਹੇ ਹਨ ਭਾਵ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰਹੇ ਹਨ। ਤ੍ਰੈ ਗੁਣਾਂ ਤੋਂ ਬਾਹਰ ਕੇਵਲ ਗੁਰੂ ਹੈ ਜੋ ਕਿ ਪ੍ਰਮਾਤਮਾ ਦੇ ਰੂਪ ਵਿੱਚ ਸੱਚਾ ਗਿਆਨੀ ਹੈ ਜਿਸ ਦੇ ਅੰਦਰ "ਰਾਮ ਨਾਮਿ" ਵਾਲੀ ਮਤਿ ਹੈ ਤੇ ਉਸ ਦੀ ਮਤਿ ਨਾਲ ਜੁੜਕੇ ਹੀ ਅਸੀਂ ਤ੍ਰੈ ਗੁਣਾਂ ਵਿੱਚੋਂ ਨਿਕਲ ਸਕਦੇ ਹਾਂ ਭਾਵ

31/3485

ਚਉਥੇ ਪਦ ਦੀ ਪ੍ਰਾਪਤੀ ਕਰ ਸਕਦੇ ਹਾਂ ਜਿਸ ਦੁਆਰਾ ਸਾਡਾ ਇਸ ਸੰਸਾਰ ਦੇ ਆਵਾਗਉਣ ਤੋਂ ਛੁਟਕਾਰਾ ਹੋਣਾ ਹੈ। ਇਸ ਗੱਲ ਨੂੰ ਅਸੀਂ ਵਾਰ ਵਾਰ ਸਮਝਿਆ ਹੈ ਤੇ ਆਉ ਇਸ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਆਪਣੇ ਜੀਵਨ ਨੂੰ ਬਦਲਣ ਦਾ ਉਪਰਾਲਾ ਕਰੀਏ।

ਸੋਰਠਿ ਮਹਲਾ ੩ ਘਰੁ ੧ ॥

"ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ ॥
ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ ॥੧॥
ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥
ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥
ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥
ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥੨॥
ਗੁਰਮੁਖਿ ਜਾਗੇ ਸੇ ਉਬਰੇ ਭਾਈ ਭਵਜਲੁ ਪਾਰਿ ਉਤਾਰਿ ॥
ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ ਹਿਰਦੈ ਰਖਿਆ ਉਰ ਧਾਰਿ ॥੩॥
ਗੁਰ ਸਰਣਾਈ ਉਬਰੇ ਭਾਈ ਰਾਮ ਨਾਮਿ ਲਿਵ ਲਾਇ ॥
ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ ॥੪॥੯॥"

(ਅੰਗ 603)

ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਮਝੋ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਤੇ ਗੁਰਮੁਖਿ ਵਾਲੀ ਅਵੱਸਥਾ ਵਿੱਚ ਕਿਸ ਚੀਜ ਦਾ ਫਰਕ ਹੈ। ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਸਾਰਾ ਸੰਸਾਰ ਹੀ ਹੈ ਜੋ ਕਿ ਸਭ ਦੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਨਮੁਖਿ ਵਾਲੀ ਅਵੱਸਥਾ ਹੈ। ਗੁਰਮੁਖਿ ਵਾਲੀ ਅਵੱਸਥਾ ਉਹ ਅਵੱਸਥਾ ਹੈ ਜਦੋਂ ਮਨੁੱਖ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲ ਆਉਂਦਾ ਹੈ ਤੇ ਇਹਨਾਂ ਦੋਵਾਂ ਅਵੱਸਥਾਵਾਂ ਵਿੱਚ ਕੇਵਲ ਮਨ ਦੇ ਗਿਆਨ ਦਾ ਹੀ ਅੰਤਰ ਹੈ। ਗੁਰਮੁਖਿ ਵਾਲੀ ਅਵੱਸਥਾ ਪੂਰਨ ਸੂਝ ਬੂਝ ਵਾਲੀ ਅਵੱਸਥਾ ਹੈ ਜੋ ਕਿ ਗੁਰੂ ਦੀ ਅਵੱਸਥਾ ਹੈ ਜਿਸ ਦੇ ਵਿੱਚ ਉਹ ਗੁਰਮੁਖਿ ਰੂਪ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ। ਇਹ ਪੂਰਨ ਗਿਆਨ ਵਾਲੀ ਅਵੱਸਥਾ ਹੈ ਜੋ ਤ੍ਰੈ ਗੁਣਾਂ ਵਾਲੀ, ਭਰਮ ਵਾਲੀ ਅਵੱਸਥਾ ਵਿੱਚੋਂ ਨਿਕਲਕੇ ਪ੍ਰਾਪਤ ਹੁੰਦੀ ਹੈ ਭਾਵ ਜੋ ਇਸ ਅਵੱਸਥਾ ਵਿੱਚੋਂ ਨਿਕਲਦਾ ਹੈ ਉਹ ਮਨ ਦੀ ਸੋਝੀ ਦੁਆਰਾ ਹੀ ਨਿਕਲਦਾ ਹੈ। ਗੁਰੂ ਆਪਣੀ ਇਸ ਸੋਝੀ ਦੁਆਰਾ ਹੀ ਗਿਆਨੀ ਹੈ ਭਾਵ ਪੂਰਨ ਗਿਆਨ ਵਾਲਾ ਹੈ, ਬ੍ਰਹਮ ਗਿਆਨ ਦੀ ਅਵੱਸਥਾ ਵਾਲਾ ਹੈ। "ਰਾਮ ਨਾਮਿ" ਵਾਲੀ ਸੋਝੀ ਭਾਵ ਪੂਰਨ ਗਿਆਨ ਵਾਲੀ ਸੋਝੀ ਮਨ ਦੀ ਇਸ ਅਵੱਸਥਾ ਦੁਆਰਾ ਹੀ ਪੈਂਦੀ ਹੈ। ਇਸ ਸੰਸਾਰ ਤੋਂ ਛੁਟਕਾਰਾ ਉਸੇ ਦਾ ਹੀ ਹੁੰਦਾ ਹੈ, ਤ੍ਰੈ ਗੁਣਾਂ ਵਾਲੇ-ਬੰਧਨ ਦਾ ਛੁਟਕਾਰਾ ਉਸੇ ਦਾ ਹੀ ਹੁੰਦਾ ਹੈ ਜੋ "ਰਾਮ ਨਾਮਿ" ਦੇ ਨਾਲ ਜੁੜਦਾ ਹੈ। ਪੂਰੀ ਗੁਰਬਾਣੀ ਵਿੱਚ "ਰਾਮ ਨਾਮਿ" ਹੈ ਭਾਵ ਪ੍ਰਮਾਤਮਾ ਦਾ ਪਾਇਆ ਹੋਇਆ ਸੱਚਾ ਗਿਆਨ ਹੈ, ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਹੈ ਤੇ ਉਸ ਦੇ ਨਾਲ ਲੱਗ ਕੇ ਹੀ ਅਸੀਂ ਤ੍ਰੈ ਗੁਣਾਂ ਵਾਲੀ ਅਵੱਸਥਾ ਦੇ ਬੰਧਨ ਤੋਂ ਛੁੱਟ ਸਕਦੇ ਹਾਂ। "ਰਾਮ ਨਾਮਿ" ਦੇ ਨਾਲ ਅਸੀਂ ਤਾਂ ਹੀ ਲੱਗਾਂਗੇ ਜੇਕਰ ਅਸੀਂ ਉਹਨਾਂ ਗਿਆਨੀਆਂ ਦੀ ਮਤਿ ਦੇ ਨਾਲ ਜੁੜਾਂਗੇ ਜਿੰਨ੍ਹਾਂ ਵਿੱਚ ਪ੍ਰਗਟ ਹੋ ਕੇ ਆਪ ਹੀ ਪ੍ਰਮਾਤਮਾ ਨੇ ਉਹਨਾਂ ਨੂੰ ਆਪਣੇ ਗਿਆਨੀ ਥਾਪਿਆ ਹੈ, ਆਪਣਾ ਗੁਰਮੁਖਿ ਰੂਪ ਬਣਾਇਆ ਹੈ। ਪੂਰੀ ਗੁਰਬਾਣੀ ਵਿੱਚ ਰਾਮ ਨਾਮਿ ਦੀ ਸਿੱਖਿਆ ਉਹਨਾਂ ਨੇ ਹੀ ਪਾਈ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਗਿਆਨਵਾਨ ਬਣਾਇਆ ਹੈ। (**ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੁਝ ਬੁਝਾਇ ॥ ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ॥1॥**)

31/3486

ਰਾਮ ਨਾਮਿ ਨਾਲ ਲੱਗਣ ਦਾ ਮਕਸਦ ਕੀ ਹੈ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥
ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥"

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਕਿਸ ਕਰਕੇ ਹੈ, ਉਸ ਨਾਲੋਂ ਦੂਰੀ ਸਾਡੀ ਕਿਸ ਕਰਕੇ ਹੈ। ਬਾਣੀ ਸਾਨੂੰ ਵਾਰ ਵਾਰ ਇਹ ਗੱਲ ਸਮਝਾ ਰਹੀਂ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਜਦੋਂ ਵੀ ਕਿਸੇ ਨੂੰ ਪ੍ਰਮਾਤਮਾ ਮਿਲਦਾ ਹੈ ਉਹ ਅੰਦਰੋਂ ਹੀ ਮਿਲਦਾ ਹੈ ਤੇ ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਲੱਭਣਾ ਸਾਡਾ ਭਰਮ ਹੈ। ਅਸਲ ਵਿੱਚ ਭਰਮ ਵਿੱਚੋਂ ਨਿਕਲਣਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਲੱਭਣਾ ਹੈ। ਪ੍ਰਮਾਤਮਾ ਦੀ ਪ੍ਰਾਪਤੀ ਆਪਣੇ ਅੰਦਰੋਂ ਹੀ ਹੋਣੀ ਹੈ ਜੋ ਕਿ ਚਉਥੇ ਪਦ ਵਿੱਚ ਪਹੁੰਚ ਕੇ ਹੋਣੀ ਹੈ ਤੇ ਇਸੇ ਲਈ ਸਾਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ, ਸਾਰੇ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲੋ ਭਾਵ ਮਨ ਦੀ ਇਸ ਭਰਮ ਵਾਲੀ ਅਵੱਸਥਾ ਵਿੱਚੋਂ ਨਿਕਲਣ ਦਾ ਉਪਰਾਲਾ ਕਰੋ। ‘‘ਰਾਮ ਨਾਮਿ’’ ਨਾਲ ਲੱਗਣ ਦਾ ਮਕਸਦ ਸਾਨੂੰ ਚਉਥੇ ਪਦ ਨਾਲ ਜੋੜਨ ਦਾ ਹੀ ਹੈ ਭਾਵ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ, ਸਹਸਾ ਵਿੱਚੋਂ, ਦੁਬਿਧਾ ਵਿੱਚੋਂ, ਅਗਿਆਨਤਾ ਵਿੱਚੋਂ, ਹਉਮੈ ਵਿੱਚੋਂ, ਮਾਇਆ ਮੋਹ ਵਿੱਚੋਂ ਕੱਢਣ ਦਾ ਹੀ ਹੈ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੀ ਹੈ। ਸਾਰੀ ਗੱਲ ਦਾ ਸਾਰ ਇਹ ਹੈ ਕਿ ਤ੍ਰੈ ਗੁਣਾਂ ਵਾਲੀ ਅਵੱਸਥਾ ਸਾਡੀ ਮਨਮਤਿ ਹੈ, ਸਾਡੀ ਦੁਰਮਤਿ ਹੈ ਤੇ ਚਉਥਾ ਪਦ ਗੁਰਮਤਿ ਦਾ ਪਦ ਹੈ, ਨਾਮ ਦਾ ਪਦ ਹੈ, ਮਨ ਦੇ ਵਿੱਚ ਕਮਲ ਖਿੜਨ ਦਾ ਪਦ ਹੈ, ਮਨ ਦੇ ਵਿੱਚ ਕਮਲ ਸਿੱਧਾ ਹੋਣ ਵਾਲੀ ਅਵੱਸਥਾ ਹੈ, ਬ੍ਰਹਮ ਗਿਆਨ ਵਾਲੀ ਅਵੱਸਥਾ ਹੈ। ਸਾਰੀ ਗੱਲ ਆਪਣੀ ਮਨ ਦੀ ਮਤਿ ਛੱਡਣ ਦੀ ਹੈ ਜੋ ਭਰਮ ਦੀ ਭਰੀ ਹੋਈ ਹੈ, ਮਾਇਆ ਮੋਹ ਦੀ ਭਰੀ ਹੋਈ ਹੈ ਤੇ ਆਪਣੀ ਇਹੋ ਜਿਹੀ ਮਤਿ ਨੂੰ ਛੱਡੇ ਬਿਨ੍ਹਾਂ ਤੇ ਉਹਨਾਂ ਦੀ ਮਤਿ ਨੂੰ ਛੱਡੇ ਬਿਨ੍ਹਾਂ ਜੋ ਆਪ ਤ੍ਰੈ ਗੁਣਾਂ ਵਿੱਚ ਹਨ ਤਦ ਤੱਕ ਅਸੀਂ ਚਉਥੇ ਪਦ ਦੀ ਮਤਿ ਦੇ ਨਾਲ ਚਿੱਤ ਨਹੀਂ ਜੋੜ ਸਕਦੇ। ਪ੍ਰਮਾਤਮਾ ਦੀ ਪ੍ਰਾਪਤੀ ਚਉਥੇ ਪਦ ਵਿੱਚ ਹੁੰਦੀ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਪੂਰੀ ਤਰ੍ਹਾਂ ਆਪਣੀ ਮਤਿ ਨੂੰ ਤਿਆਗਣ ਦਾ ਹੈ, ਹਉਮੈ ਨੂੰ ਤਿਆਗਣ ਦਾ ਹੈ। ਪ੍ਰਮਾਤਮਾ ਦੇ ਗੁਣ ਗਾਉਣ ਵਾਲੀ ਸੋਝੀ ਭਾਵ ਉਸ ਦੀ ਸੱਚੀ ਮਤਿ ਤੇ ਚੱਲਣ ਵਾਲੀ ਸੋਝੀ ਚਉਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ, ਪ੍ਰਮਾਤਮਾ ਦੇ ਮਨ ਵਿੱਚ ਵੱਸਣ ਦੁਆਰਾ ਹੀ ਪੈਂਦੀ ਹੈ ਤੇ ਉਸ ਅਵੱਸਥਾ ਨੂੰ ਪ੍ਰਾਪਤ ਕਰਨ ਦਾ ਤਰੀਕਾ ਇਹੀ ਹੈ ਕਿ ਅਸੀਂ ਆਪਣੀ ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ।

31/3487

(ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ ॥ ਰਾਮ ਨਾਮਿ ਲਗਿ ਛੁਟੀਐ ਭਾਈ ਪੂਛਹੁ ਗਿਆਨੀਆ ਜਾਇ ॥1॥ ਮਨ ਰੇ ਤ੍ਰੈ ਗੁਣ ਛੋਡਿ ਚਉਥੇ ਚਿਤੁ ਲਾਇ ॥ ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥)

ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲੇ ਬਿਨ੍ਹਾਂ ਹਰ ਕੋਈ ਅਗਿਆਨਤਾ ਵਿੱਚ ਹੈ, ਪੂਰਾ ਜਗਤ ਅਗਿਆਨਤਾ ਵਿੱਚ ਹੈ ਤੇ ਇਸ ਅਵੱਸਥਾ ਵਿੱਚੋਂ ਨਿਕਲੇ ਬਿਨ੍ਹਾਂ, ਸੱਚੇ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਏ ਬਿਨ੍ਹਾਂ, ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਹਰ ਕੋਈ ਸੰਸਾਰ ਵਿੱਚ ਭਰਮ ਵਾਲੀ ਅਵੱਸਥਾ ਵਿੱਚ ਆਉਂਦਾ ਹੈ ਤੇ ਸੰਸਾਰ ਦੀ ਅਸਲੀਅਤ ਨੂੰ ਜਾਣੇ ਬਿਨ੍ਹਾਂ ਇਹੋ ਜਿਹੀ ਭਰਮ ਵਾਲੀ ਅਵੱਸਥਾ ਵਿੱਚ ਚਲਾ ਜਾਂਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥
ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥2॥”

ਜਿਵੇਂ ਕਿ ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਹਉਮੈਂ ਹੀ ਸੰਸਾਰ ਵਿੱਚ ਆਉਂਦੀ ਜਾਂਦੀ ਹੈ, ਸਹਸਾ ਹੀ ਸੰਸਾਰ ਵਿੱਚ ਆਉਂਦਾ ਜਾਂਦਾ ਹੈ ਉਹੀ ਗੱਲ ਸਾਨੂੰ ਉੱਪਰ ਪੰਗਤੀਆਂ ਰਾਹੀਂ ਸਮਝਾਈ ਗਈ ਹੈ। ਸਭ ਕੁੱਝ ਨਾਮ ਤੋਂ ਹੀ ਉਪਜਦਾ ਹੈ ਭਾਵ ਪ੍ਰਮਾਤਮਾ ਤੋਂ ਹੀ ਉਪਜਦਾ ਹੈ ਤੇ ਸਾਡੀ ਮਨੁੱਖਾ ਦੇਹ ਵੀ ਨਾਮ ਦੁਆਰਾ ਹੀ ਉਪਜੀ ਹੈ, ਪ੍ਰਮਾਤਮਾ ਦੇ ਗਿਆਨ ਦੁਆਰਾ ਉਪਜੀ ਹੈ ਪਰ ਸਾਨੂੰ ਪੈਦਾ ਕਰਕੇ, ਸਾਨੂੰ ਬਣਾ ਕੇ ਪ੍ਰਮਾਤਮਾ ਨੇ ਆਪ ਹੀ ਤ੍ਰੈ ਗੁਣਾਂ ਵਿੱਚ ਰੱਖਿਆ ਹੋਇਆ ਹੈ, ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਕਿ ਸਾਡੀ ਉਪਜ ਕਿਵੇਂ ਹੋਈ ਹੈ, ਸਾਡਾ ਜੀਵਨ ਮਰਨ ਕੀ ਹੈ। ਪ੍ਰਮਾਤਮਾ ਨੇ ਸਭ ਨੂੰ ਆਪਣਾ ਨਾਮ ਰੂਪ ਜਾਨਣ ਤੋਂ, ਆਪਣਾ ਆਪ ਜਨਾਉਣ ਤੋਂ ਆਪ ਹੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਭਾਵ ਇਸ ਅਵੱਸਥਾ ਵਿੱਚ ਸਭ ਨੂੰ ਨਾਮ ਵਿਸਰਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਆਵਾਗਉਣ ਵਿੱਚ ਹੈ। ਸਾਡੇ ਮਨ ਦੀ

ਅਗਿਆਨਤਾ ਨੇ ਸਾਨੂੰ ਮਨ ਦੀ ਸੁੱਤੀ ਹੋਈ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਭਾਵ ਸਾਡੀ ਸਮਝ ਸੁੱਤੀ ਹੋਈ ਹੈ ਜਿਸ ਨੂੰ ਕਿ ਅਸਲੀਅਤ ਦੀ ਸਮਝ ਨਹੀਂ ਪੈਂਦੀ ਕਿ ਇਸ ਸੰਸਾਰ ਦੀ ਅਸਲੀਅਤ ਕੀ ਹੈ, ਸਾਡੀ ਅਸਲੀਅਤ ਕੀ ਹੈ, ਪ੍ਰਮਾਤਮਾ ਦੀ ਅਸਲੀਅਤ ਕੀ ਹੈ। ਇਸ ਅਵੱਸਥਾ ਵਿੱਚ ਰਹਿੰਦਿਆਂ ਸਾਡੀ ਹਾਲਤ ਸੁਪਨਾ ਵੇਖਣ ਵਰਗੀ ਹੈ, ਸੁਪਨੇ ਵਿੱਚ ਰਹਿਣ ਵਰਗੀ ਹੈ। ਸੁਪਨੇ ਵਿੱਚ ਅਸੀਂ ਜੋ ਕੁੱਝ ਦੇਖਦੇ ਹਾਂ ਉਸ ਨੂੰ ਸੱਚ ਹੀ ਸਮਝਦੇ ਹਾਂ ਜਦ ਕਿ ਸੁਪਨਾ ਝੂਠਾ ਹੁੰਦਾ ਹੈ। ਇਸੇ ਤਰ੍ਹਾਂ ਅਸੀਂ ਜਿਉਂਦੇ ਹੋਏ ਜੋ ਕੁੱਝ ਦੇਖ ਰਹੇ ਹਾਂ ਭਾਵ ਆਪਣੀ ਮਨ ਦੀ ਸੋਝੀ ਦੁਆਰਾ ਜੋ ਕੁੱਝ ਦੇਖ ਰਹੇ ਹਾਂ ਉਹ ਮਨ ਦੀ ਸੁੱਤੀ ਹੋਈ ਸੋਝੀ ਦੁਆਰਾ ਦੇਖ ਰਹੇ ਹਾਂ ਤੇ ਉਸੇ ਨੂੰ ਸੱਚ ਸਮਝ ਰਹੇ ਹਾਂ ਜਦ ਕਿ ਅਸਲੀਅਤ ਇਹ ਨਹੀਂ ਹੈ। ਜੋ ਕੁੱਝ ਅਸੀਂ ਦੇਖ ਰਹੇ ਹਾਂ ਉਹ ਸਭ ਕੁੱਝ ਅਸਲ

31/3488

ਵਿੱਚ ਪ੍ਰਮਾਤਮਾ ਆਪ ਹੀ ਹੈ, ਅਸੀਂ ਆਪ ਪ੍ਰਮਾਤਮਾ ਦਾ ਰੂਪ ਹੀ ਹਾਂ ਜੋ ਸਾਨੂੰ ਬਣਾਕੇ ਆਪ ਹੀ ਮਨ ਦੀਆਂ ਸੋਚਾਂ ਰਾਹੀਂ ਚਲਾ ਰਿਹਾ ਹੈ ਤੇ ਮਨ ਦੀਆਂ ਸੋਚਾਂ ਰਾਹੀਂ ਹੀ ਉਸਨੇ ਸਾਨੂੰ ਭਰਮ ਵਿੱਚ ਰੱਖਿਆ ਹੋਇਆ ਹੈ, ਅਸਲੀਅਤ ਸਮਝਣ ਤੋਂ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਤੇ ਸਾਡੇ ਮਨ ਦੀ ਇਹੋ ਜਿਹੀ ਅਵੱਸਥਾ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ, ਹਉਮੈ ਵਾਲੀ ਅਵੱਸਥਾ ਹੈ, ਮਾਇਆ ਮੋਹ ਵਾਲੀ ਅਵੱਸਥਾ ਹੈ ਜੋ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਧਰਮ ਦੀ ਦੀਵਾਰ ਹੈ ਜਿਸ ਨੂੰ ਅਸੀਂ ਪਾਰ ਨਹੀਂ ਕਰ ਸਕਦੇ, ਉਸਦੇ ਦੂਸਰੇ ਪਾਸੇ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ। ਇਹ ਮਨ ਦੇ ਵਿੱਚ ਪ੍ਰਮਾਤਮਾ ਦਾ ਪਾਇਆ ਹੋਇਆ ਪੜਦਾ ਹੈ ਜੋ ਪੜਦਾ ਪ੍ਰਮਾਤਮਾ ਕਦੇ ਹੀ ਕਿਸੇ ਤੇ ਕਿਰਪਾ ਕਰਕੇ ਉਤਾਰਦਾ ਹੈ। ਇਹ ਅਗਿਆਨਤਾ ਦਾ ਪੜਦਾ ਮਨ ਦੇ ਵਿੱਚ ਉਸ ਦਾ ਸੱਚਾ ਗਿਆਨ ਮਿਲਣ ਦੁਆਰਾ ਹੀ ਖੁੱਲਦਾ ਹੈ ਜੋ ਕਿ ਉਸ ਦੇ ਆਪਣੇ ਹੱਥ ਹੈ। ਪੂਰੀ ਗੁਰਬਾਣੀ ਦਾ ਮਕਸਦ ਸਾਨੂੰ ਇਸ ਭਰਮ ਦੇ ਪੜਦੇ ਵਿੱਚੋਂ ਕੱਢਣ ਦਾ ਹੈ ਹੀ ਤੇ ਸਾਡਾ ਪੜਦਾ ਤਾਂ ਹੀ ਨਿਕਲੇਗਾ ਜੇ ਅਸੀਂ ਗੁਰੂ ਦੀ ਹਰ ਗੱਲ ਨੂੰ ਸੱਚ ਕਰਕੇ ਜਾਣਾਂਗੇ। ਅਸੀਂ ਅਨੇਕਾਂ ਹੀ ਅਨੇਕਾਂ ਭਰਮਾਂ ਨਾਲ ਭਰੇ ਹੋਏ ਹਾਂ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਭਰਮੇ ਹੋਏ ਹਾਂ ਤੇ ਜਿਉਂ ਜਿਉਂ ਅਸੀਂ ਗੁਰੂ ਦੀਆਂ ਗੱਲਾਂ ਨੂ ਮੰਨੀ ਜਾਵਾਂਗੇ, ਆਪਣੇ ਜੀਵਨ ਵਿੱਚ ਅਪਣਾਈ ਜਾਵਾਂਗੇ ਤਿਉਂ ਤਿਉਂ ਅਸੀਂ ਆਪਣੇ ਭਰਮਾਂ ਤੋਂ ਮੁਕਤਿ ਹੋਈ ਜਾਵਾਂਗੇ। ਅਸੀਂ ਇਹੋ ਜਿਹਾ ਉੱਦਮ ਹੀ ਕਰਨਾ ਹੈ ਤੇ ਉਹ ਤਾਂ ਹੀ ਕਰ ਪਾਵਾਂਗੇ ਜੇਕਰ ਪਹਿਲੇ ਉਹਨਾਂ ਦੀ ਮਤਿ ਵਿੱਚੋਂ ਨਿਕਲਾਂਗੇ ਜਿੰਨ੍ਹਾਂ ਕੋਲੋਂ ਅਸੀਂ ਭਰਮ ਸਿੱਖੇ ਹੋਏ ਹਨ, ਉਹਨਾਂ ਨੂੰ ਸੱਚੇ ਸਮਝਕੇ ਸਿੱਖੇ ਹੋਏ ਹਨ। ਸੱਚ ਕੇਵਲ ਗੁਰੂ ਦੇ ਕੋਲ ਹੈ ਤੇ ਕਿਸੇ ਹੋਰ ਨੂੰ ਸੱਚਾ ਸਮਝਣਾ ਸਾਡਾ ਸਭ ਤੋਂ ਵੱਡਾ ਭਰਮ ਹੈ। ਜੋ ਕਿਸੇ ਦੀ ਦੱਸੀ ਹੋਈ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਹ ਸੱਚ ਕਿਵੇਂ ਹੋ ਸਕਦੀ ਹੈ ਭਾਵ ਉਹ ਗੱਲ ਮੂਲੋਂ ਹੀ ਖੋਟੀ ਹੈ ਜਿਸ ਨੂੰ ਮੰਨ ਕੇ ਅਸੀਂ ਆਪਣੇ ਮਨ ਨੂੰ ਖੋਟਾ ਕੀਤਾ ਹੋਇਆ ਹੈ। ਭਰਮ ਖੋਟਾ ਹੈ ਤੇ ਸੱਚ ਖਰਾ ਹੈ। ਭਰਮ ਵਾਲੀ ਮਤਿ ਸਾਡੀ ਖੋਟੀ ਰਾਸਿ ਹੈ ਤੇ ਸੱਚੀ ਮਤਿ ਸਾਡੀ ਖਰੀ ਰਾਸਿ ਹੈ। ਖਰੀ ਰਾਸਿ ਨਾਲ ਅਸੀਂ ਜੋ ਕੁੱਝ ਕਰਾਂਗੇ ਉਸ ਨਾਲ ਖਰਾ ਵਾਪਾਰ ਹੀ ਕਰਾਂਗੇ ਭਾਵ ਉਸ ਖਰੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਉਸ ਦੀ ਦਿੱਤੀ ਹੋਈ ਖਰੀ ਮਤਿ ਤੇ ਚੱਲਣ ਦਾ ਹੈ ਨਹੀਂ ਤਾਂ ਅਸੀਂ ਜਿਹੋ ਜਿਹੀ ਸੁੱਤੀ ਹੋਈ ਮਤਿ ਦੁਆਰਾ ਇਸ ਜਗ ਵਿੱਚ ਆਉਂਦੇ ਹਾਂ ਉਹੋ ਜਿਹੀ ਸੁੱਤੀ ਹੋਈ, ਅਗਿਆਨਤਾ ਵਾਲੀ ਮਤਿ ਲੈ ਕੇ ਇੱਥੋਂ ਚਲੇ ਜਾਵਾਂਗੇ ਭਾਵ ਹਉਮੈ ਵਿੱਚ ਆਏ ਹਾਂ ਤੇ ਹਉਮੈ ਵਿੱਚ ਚਲੇ ਜਾਵਾਂਗੇ, ਸਹਸਾ ਵਿੱਚ ਆਏ ਹਾਂ ਤੇ ਸਹਸਾ ਵਿੱਚ ਚਲੇ ਜਾਵਾਂਗੇ, ਭਰਮ ਵਿੱਚ ਆਏ ਹਾਂ ਤੇ ਭਰਮ ਵਿੱਚ ਚਲੇ ਜਾਵਾਂਗੇ। ਜਦ ਤੱਕ ਆਪਣੇ ਜਿਉਂਦੇ ਹੋਏ ਇਸ ਭਰਮ ਵਿੱਚੋਂ ਨਹੀਂ ਨਿਕਲਦੇ ਤਦ ਤੱਕ ਅਸੀਂ ਭਰਮ ਰੂਪ ਚੋਲੇ ਵਿੱਚ ਹੀ ਸੰਸਾਰ ਦੇ ਆਵਾਗਉਣ ਵਿੱਚ ਰਹਾਂਗੇ। ਆਉ ਇਹੋ ਜਿਹੇ ਨਾਮ ਦੇ ਨਾਲ ਜੁੜੀਏ ਜਿਹੋ ਜਿਹਾ ਨਾਮ ਗੁਰਬਾਣੀ ਸਾਨੂੰ ਸਮਝਾ ਰਹੀ ਹੈ, ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਕੇ, ਸਾਡੀ ਸੁੱਤੀ ਹੋਈ ਮਤਿ ਵਿੱਚੋਂ ਕੱਢਕੇ ਜਗਾਉਣ ਦਾ ਹੈ ਤਾਂ ਜੋ ਅਸੀਂ ਇਸ ਸੰਸਾਰ ਦੀ ਅਸਲੀਅਤ ਨੂੰ ਸਮਝ ਸਕੀਏ ਤੇ ਆਵਾਗਉਣ

31/3489

ਤੋਂ ਮੁਕਤਿ ਹੋ ਸਕੀਏ। (**ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥ ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥2॥**)

ਜਦ ਤੱਕ ਮਨੁੱਖ ਅਗਿਆਨਤਾ ਵਿੱਚ ਸੁੱਤਾ ਹੋਇਆ ਹੈ ਤਦ ਤੱਕ ਹਰ ਕੋਈ ਮਨਮੁਖਿ ਹੈ ਭਾਵ ਸੰਸਾਰ ਦੀ ਅਸਲੀਅਤ ਸਮਝਣ ਤੋਂ ਦੂਰ ਹੈ। ਜਿਸ ਨੂੰ ਪ੍ਰਮਾਤਮਾ ਇਸ ਨੀਂਦ ਵਿੱਚੋਂ ਜਗਾਉਂਦਾ ਹੈ ਉਸ ਨੂੰ ਆਪਣਾ ਨਾਮ ਬਖਸ਼ਕੇ ਹੀ ਜਗਾਉਂਦਾ ਹੈ ਤੇ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰਮੁਖਿ ਜਾਗੇ ਸੇ ਉਬਰੇ ਭਾਈ ਭਵਜਲੁ ਪਾਰਿ ਉਤਾਰਿ ॥

ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ ਹਿਰਦੈ ਰਖਿਆ ਉਰ ਧਾਰਿ ॥੩॥”

ਧਿਆਨ ਨਾਲ ਸਮਝੋ ਕਿ ਇਸ ਸੰਸਾਰ ਵਿੱਚ ਕਿਹੋ ਜਿਹਾ ਲਾਹਾ ਖੱਟਣ ਲਈ ਆਏ ਹਾਂ। ਲਾਹਾ ਸਾਨੂੰ “ਨਾਮੁ” ਦੇ ਰੂਪ ਵਿੱਚ ਹੀ ਮਿਲਦਾ ਹੈ ਜੋ ਕਿ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਮਨ ਦੀ ਨੀਂਦ ਵਿੱਚੋਂ ਜਗਾਉਂਦਾ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਬਾਹਰ ਕੱਢਦਾ ਹੈ, ਭਰਮ ਮੋਹ ਦੇ, ਮਾਇਆ ਮੋਹ ਦੇ ਸਾਗਰ ਵਿੱਚੋਂ ਕੱਢਦਾ ਹੈ ਜਿਸ ਵਿੱਚ ਹਰ ਕੋਈ ਡੁੱਬਾ ਹੋਇਆ ਹੈ, ਮਨ ਦੀ ਅਗਿਆਨਤਾ ਕਰਕੇ ਡੁੱਬਾ ਹੋਇਆ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚ ਨਾਮ ਦੀ ਪ੍ਰਾਪਤੀ ਦੁਆਰਾ ਹੀ ਹੁੰਦੇ ਹਨ ਤੇ ਇੱਕ ਵਾਰੀ ਬ੍ਰਹਮ ਗਿਆਨ ਦੇ ਨਾਲ ਜਦੋ ਮਨੁੱਖ ਜੁੜ ਜਾਂਦਾ ਹੈ ਫਿਰ ਉਹ ਬ੍ਰਹਮ ਗਿਆਨ ਭਾਵ ਗੁਰਮਤਿ ਦਾ ਸੱਚਾ ਗਿਆਨ ਮਨ ਦੇ ਵਿੱਚ ਵੱਸਿਆ ਰਹਿੰਦਾ ਹੈ ਤੇ ਮਨੁੱਖ ਫਿਰ ਮਾਇਆ ਮੋਹ ਵਿੱਚ ਨਹੀਂ ਡੁੱਬਦਾ ਭਾਵ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਵਿਚਰਦਾ ਹੈ ਜਿਸ ਦੁਆਰਾ ਉਹ ਧਰਮ ਦਾ ਮਾਰਗ ਨਿਭਾਉਂਦਾ ਹੈ। ਧਰਮ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੀ ਸੋਝੀ ਤ੍ਰੈ ਗੁਣਾਂ ਵਿੱਚੋਂ ਨਿਕਲਕੇ ਹੀ ਪੈਂਦੀ ਹੈ, ਚਉਥੇ ਪਦ ਵਿੱਚ ਪਹੁੰਚਕੇ ਹੀ ਪੈਂਦੀ ਹੈ, ਨਾਮੁ ਰੂਪ ਪ੍ਰਮਾਤਮਾ ਦੇ ਮਨ ਵਿੱਚ ਵੱਸਣ ਦੁਆਰਾ ਹੀ ਪੈਂਦੀ ਹੈ। (**ਗੁਰਮੁਖਿ ਜਾਗੇ ਸੇ ਉਬਰੇ ਭਾਈ ਭਵਜਲੁ ਪਾਰਿ ਉਤਾਰਿ ॥ ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ ਹਿਰਦੈ ਰਖਿਆ ਉਰ ਧਾਰਿ ॥3॥**)

ਰਾਮ ਨਾਮਿ ਦੇ ਨਾਲ ਲਿਵ ਉਸੇ ਦੀ ਲੱਗਦੀ ਹੈ ਭਾਵ ਗੁਰ ਦੀ ਸੱਚੀ ਮਤਿ ਦੇ ਨਾਲ, ਗੁਰੂ ਦੇ ਸੱਚੇ ਗਿਆਨ ਦੇ ਨਾਲ ਲਿਵ ਉਸੇ ਦੀ ਲੱਗਦੀ ਹੈ ਜਿਸਨੂੰ ਪ੍ਰਮਾਤਮਾ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢ ਲੈਦਾ ਹੈ ਤੇ ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਗੁਰੂ ਦੀ ਸ਼ਰਨ ਵਿੱਚ ਆਉਂਦਾ ਹੈ ਭਾਵ ਗੁਰਮਤਿ ਦੀ ਸ਼ਰਨ ਵਿੱਚ ਆਉਂਦਾ ਹੈ। ਮਨ ਦੇ ਵਿੱਚ ਗੁਰਮਤਿ

ਰੂਪ ਸੱਚਾ ਗਿਆਨ ਹੀ, ਚਉਥੇ ਪਦ ਦਾ ਗਿਆਨ ਹੀ ਗੁਰੂ ਦਾ ਨਾਮੁ ਰੂਪ ਬੇੜਾ ਹੈ, ਉਸਦਾ ਨਾਮੁ ਰੂਪ ਤੁਲਹਾ ਹੈ ਜਿਸ ਦੇ ਨਾਲ ਜੁੜਕੇ ਮਾਇਆ ਮੋਹ ਦੇ ਸਾਗਰ ਤੋਂ ਪਾਰ ਹੁੰਦੇ ਹਾਂ, ਅਗਿਆਨਤਾ ਦੇ ਸਾਗਰ ਤੋਂ ਪਾਰ ਹੁੰਦੇ ਹਾਂ। ਪ੍ਰਮਾਤਮਾ ਦਾ ਇਹ ਬੇੜਾ, ਤੁਲਹਾ ਸਾਡੇ ਮਨ ਦੇ ਅੰਦਰ ਉਹ ਸੱਚੀ ਸੋਝੀ ਹੈ ਜੋ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਅਸੀਂ ਮਾੜੀ ਮਤਿ ਤੋਂ ਪਾਰ ਪਾਉਂਦੇ ਹਾਂ। ਪੂਰੀ ਗੁਰਬਾਣੀ ਵਿੱਚ ਨਾਮੁ ਰੂਪ ਬੇੜਾ, ਤੁਲਹਾ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਦੇ ਨਾਲ ਜੁੜਕੇ ਅਸੀਂ ਅਗਿਆਨਤਾ ਦੇ ਸਾਗਰ ਵਿੱਚੋਂ ਤਰਨਾ ਹੈ ਤੇ ਇਹੀ ਗੁਰਬਾਣੀ ਦਾ ਮਕਸਦ ਹੈ, ਗੁਰਬਾਣੀ ਨਾਲ ਜੁੜਨ ਦਾ ਮਕਸਦ ਹੈ ਕਿ ਅਸੀਂ ਆਪਣੀ ਭਰਮ ਵਾਲੀ ਮਤਿ ਤੋਂ ਪਾਰ ਪਾਈਏ ਤੇ ਸਾਨੂੰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਵੇ, ਸੱਚ ਰੂਪ ਪ੍ਰਮਾਤਮਾ ਨਜ਼ਰ ਆਵੇ ਭਾਵ ਹਰ ਵਸਤੂ ਵਿੱਚ ਪ੍ਰਮਾਤਮਾ ਦਾ ਸੱਚਾ ਰੂਪ ਨਜ਼ਰ ਆਵੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਆਪ ਹੀ ਹੈ, ਆਪ ਹੀ ਹੈ। (**ਗੁਰ ਸਰਣਾਈ ਉਬਰੇ ਭਾਈ ਰਾਮ ਨਾਮਿ ਲਿਵ ਲਾਇ ॥ ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ ॥4॥9॥**)

{ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥1॥}

(ਅੰਗ 1429)

{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥15॥

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥16॥

ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥17॥}

(ਅੰਗ 909)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥

ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥1॥}

(ਅੰਗ 129)

{ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥
ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥੧॥}

(ਅੰਗ 607)

"ਇਹ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥2॥"

(ਅੰਗ 607)

31/3491

ਉੱਪਰ ਸ਼ਬਦ ਦੀਆਂ ਆਖਰੀ ਪੰਗਤੀਆਂ ਦੁਆਰਾ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਨਾਮ ਵਿੱਚ ਸਮਾਣਾ ਕੀ ਹੈ। ਗੁਰੂ ਦੇ ਨਾਲ ਮੇਲ ਹੋਏ ਬਿਨ੍ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ, ਉਸ ਪ੍ਰਮਾਤਮਾ ਦੀ ਕਿਰਪਾ ਹੋਏ ਬਿਨ੍ਹਾਂ ਕੋਈ ਉਸਦੇ ਨਾਮ ਵਿੱਚ ਨਹੀਂ ਸਮਾਅ ਸਕਦਾ। ਨਾਮ ਦੀ ਪ੍ਰਾਪਤੀ ਦੁਆਰਾ ਹੀ ਨਾਮ ਦੇ ਵਿੱਚ ਸਮਾਇਆ ਜਾ ਸਕਦਾ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ। ਸਾਰਾ ਸੰਸਾਰ ਜੋ ਖੁਦ ਆਵਾਗਉਣ ਵਿੱਚ ਹੈ, ਭਰਮ ਵਿੱਚ ਹੈ ਉਹ ਸਾਨੂੰ ਨਾਮ ਦੇ ਨਾਲ ਕਿਵੇਂ ਮਿਲਾ ਸਕਦਾ ਹੈ ਤੇ ਸਾਨੂੰ ਇਹੀ ਸਮਝਾਇਆ ਹੈ ਕਿ ਅਸੀਂ ਇਸ ਮੂਰਖਤਾ ਵਿੱਚੋਂ ਨਿਕਲੀਏ, ਆਪਣੇ ਅੰਜਾਨਪੁਣੇ ਵਿੱਚੋਂ ਨਿਕਲੀਏ ਤਾਂ ਜੋ ਅਸੀਂ ਸੰਸਾਰੀ ਮਨੁੱਖਾਂ ਕੋਲੋ ਸਮਝਣ ਦੀ ਬਜਾਇ, ਇੱਧਰੋ ਉਧਰੋ ਨਾਮ ਸਿੱਖਣ ਦੀ ਬਜਾਇ ਕੇਵਲ ਗੁਰੂ ਕੋਲੋਂ ਨਾਮ ਦੀ ਸਿੱਖਿਆ ਲਈਏ ਜਿਸ ਨੂੰ ਨਾਮ ਦੀ ਸਮਝ ਹੈ। (**ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥2॥**)

"ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ ॥
ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ ॥3॥"

(ਅੰਗ 607)

ਇਹ ਨਾਮ ਦੀ 'ਵਥੁ' ਪ੍ਰਮਾਤਮਾ ਦੀ ਆਪਣੀ ਮਲਕੀਅਤ ਹੈ ਭਾਵ ਬ੍ਰਹਮ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੀ ਇਹ ਵਥੁ ਦਿੰਦਾ ਹੈ ਉਹ ਆਪ ਹੀ ਦਿੰਦਾ ਹੈ, ਜਿਸ ਨੂੰ ਦੇਣੀ ਚਾਹੇ ਉਸ ਨੂੰ ਹੀ ਦਿੰਦਾ ਹੈ। ਪ੍ਰਮਾਤਮਾ ਨੇ ਆਪਣੀ ਇਹ ਵਥੁ ਗੁਰੂ ਰੂਪ ਵਿੱਚ ਦਿੱਤੀ ਹੋਈ ਹੈ। ਇਸ ਵਥੁ ਦੀ ਪ੍ਰਾਪਤੀ ਦੁਆਰਾ ਹੀ ਗੁਰੂ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ ਭਾਵ ਉਸਦੇ ਅੰਦਰ ਆਪਣਾ ਬ੍ਰਹਮ ਗਿਆਨ ਰੂਪ ਪ੍ਰਗਟ ਕੀਤਾ ਹੋਇਆ ਹੈ, ਗੁਰੂ ਰੂਪ ਦੇ ਅੰਦਰ ਬ੍ਰਹਮ ਗਿਆਨ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਇਹ ਵਸਤੂ ਸੰਸਾਰ ਦੀ ਸਭ ਤੋਂ ਅਨੂਪ ਵਸਤੂ ਹੈ ਜਿਸ ਵਸਤੂ ਦੁਆਰਾ ਮਨ ਦੇ ਅੰਦਰੋਂ ਹੀ ਉਸ "ਅਲਖੁ" ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਭਾਵ ਜਿਸ ਨੂੰ ਪ੍ਰਮਾਤਮਾ ਆਪਣਾ ਨਿਰਗੁਣ ਰੂਪ ਦਿਖਾਉਂਦਾ ਹੈ ਉਸ ਨੂੰ ਆਪਣੀ ਨਾਮ ਦੀ ਵਥੁ ਦੇ ਕੇ ਦਿਖਾਉਂਦਾ ਹੈ। ਇਹ ਨਾਮ ਦੀ ਵਥੁ ਕੇਵਲ ਗੁਰੂ ਦੇ ਕੋਲ ਹੈ ਭਾਵ ਇਹ ਬ੍ਰਹਮ ਗਿਆਨ ਦੀ ਵਥੁ, ਚਉਥੇ ਪਦ ਦੇ ਗਿਆਨ ਦੀ ਵਥੁ ਕੇਵਲ ਗੁਰੂ ਦੇ ਕੋਲ ਹੈ ਤੇ ਉਸਦੇ ਸੱਚੇ ਗਿਆਨ ਨਾਲ ਜੁੜਕੇ ਹੀ ਅਸੀਂ ਇਸ ਵਥੁ ਦੀ ਪ੍ਰਾਪਤੀ ਕਰ ਸਕਦੇ ਹਾਂ ਭਾਵ ਗੁਰੂ ਦੀ ਇਹ ਵਥੁ ਸਾਨੂੰ ਮਨ ਦੇ ਭਰਮ ਦੇ ਵਿੱਚੋਂ ਕੱਢਣ ਦੇ ਲਈ ਹੈ, ਅਗਿਆਨਤਾ ਦੇ ਵਿੱਚੋਂ ਕੱਢਣ ਦੇ ਲਈ ਹੈ ਜਿਸ ਵਿੱਚੋਂ ਨਿਕਲਣ ਦੁਆਰਾ ਸਾਨੂੰ ਆਪਣੇ ਅੰਦਰੋਂ ਹੀ ਉਸ ਅਲਖੁ ਦੇ ਦਰਸ਼ਨ ਹੁੰਦੇ ਹਨ। (**ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ ॥ ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ ॥3॥**)

31/3492

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਦਾ ਤਰੀਕਾ ਕੇਵਲ ਭਰਮ ਵਿੱਚੋਂ ਨਿਕਲਣ ਦਾ ਹੀ ਹੈ ਤੇ ਇਸੇ ਲਈ ਸਾਨੂੰ ਬਾਣੀ ਵਿੱਚ ਵਾਰ ਵਾਰ ਇਹ ਸਮਝਾਇਆ ਹੈ ਕਿ ਅਸੀਂ ਉਹਨਾਂ ਭਰਮਿਆਂ ਕੋਲੋਂ ਮਤਿ ਨਾ ਲਈਏ ਜਿੰਨ੍ਹਾਂ ਨੂੰ ਅਸੀਂ ਬਹੁਤ ਉੱਚੀ ਮਤਿ ਵਾਲੇ ਸਮਝਿਆ ਹੋਇਆ ਹੈ। ਜੋ ਖੁਦ ਭਰਮ ਵਿੱਚ ਹਨ ਉਹ ਕਿਸੇ ਦਾ ਭਰਮ ਕੀ ਕੱਢ ਸਕਦੇ ਹਨ, ਜਿੰਨ੍ਹਾਂ ਨੇ ਖੁਦ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਦੇਖਿਆ ਉਹ ਕਿਸੇ ਨੂੰ ਕੀ ਦਿਖਾ ਸਕਦੇ ਹਨ ਭਾਵ ਇਹੋ ਜਿਹਿਆਂ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਪ੍ਰਮਾਤਮਾ ਨੂੰ ਕਿਵੇਂ ਪਾ ਸਕਦੇ ਹਾਂ। ਜਿੰਨ੍ਹਾਂ ਨੇ ਆਪਣਾ ਜੀਵਨ ਵਿਅਰਥ ਗਵਾਇਆ ਹੈ ਉਹ ਦੂਸਰਿਆਂ ਦਾ ਜੀਵਨ ਕਿਵੇਂ ਸਵਾਰ ਸਕਦੇ ਹਨ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤਾਂ ਜੋ ਅਸੀਂ ਭਰਮਿਆਂ ਹੋਇਆ ਦੇ ਪਿੱਛੇ ਨਾ ਲੱਗੀਏ।

ਪਉੜੀ ॥

“ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥
ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥”

(ਅੰਗ 258)

ਪਹਿਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਡੇ ਲਈ ਇਹ ਸੰਸਾਰ ਸੁਪਨਾ ਰੂਪ ਕਿਸ ਕਰਕੇ ਹੈ। ਸਾਡੇ ਅੰਦਰ ਉਹ ਸੁਪਨੇ ਵਾਲੀ ਅਵੱਸਥਾ ਕੀ ਹੈ ਜਿਸ ਦੁਆਰਾ ਸਾਨੂੰ ਸੰਸਾਰ ਦੀ ਅਸਲੀਅਤ ਸਮਝ ਨਹੀਂ ਆਉਂਦੀ, ਸੱਚ ਦੀ ਸਮਝ ਨਹੀਂ ਆਉਂਦੀ। ਅਸੀਂ ਹਰ ਵੇਲੇ ਸੁਪਨੇ ਵਾਲੀ ਅਵੱਸਥਾ ਵਿੱਚ ਹੀ ਰਹਿੰਦੇ ਹਾਂ ਭਾਵ ਜਾਗਦੇ ਹੋਏ ਸੁਪਨਾ ਹੀ ਦੇਖ ਰਹੇ ਹਾਂ ਜਿਸ ਵਿੱਚ ਸੱਚ ਨਹੀਂ ਹੈ। ਸਾਡੇ ਅੰਦਰ ਸੁਪਨੇ ਵਾਲੀ ਅਵੱਸਥਾ ਸਾਡੇ ਅੰਦਰ ਭਰਮ ਵਾਲੀ ਅਵੱਸਥਾ ਹੈ ਜਿਸ ਨੇ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਸੱਚ ਇਹ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਪਰ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੇ ਵਿੱਚ ਭਰਮ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਕਦੇ ਕਿਸੇ ਵਿਰਲੇ ਨੂੰ ਹੀ ਮਨ ਦੇ ਭਰਮ ਵਿੱਚੋਂ ਕੱਢਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ, ਸਹਸਾ ਵਿੱਚੋਂ, ਹਉਮੈ ਵਿੱਚੋਂ ਕੱਢਦਾ ਹੈ ਤੇ ਮਨੁੱਖ ਇਸ ਸੁਪਨੇ ਰੂਪ ਨੀਂਦ ਵਿੱਚੋਂ ਜਾਗਦਾ ਹੈ ਤੇ ਉਸ ਨੂੰ ਸੱਚ ਦੀ ਸਮਝ ਪੈਂਦੀ ਹੈ ਭਾਵ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। ਪਹਿਲੇ ਮਨ ਦਾ ਭਰਮ ਮਿੱਟਣ ਦੁਆਰਾ ਮਨ ਦੇ ਅੰਦਰੋਂ ਪ੍ਰਮਾਤਮਾ ਨਜ਼ਰ ਆਉਂਦਾ ਹੈ, ਉਸ ਦਾ ਨਿਰਗੁਣ ਰੂਪ ਨਜ਼ਰ ਆਉਂਦਾ ਹੈ, ਉਸਦਾ ਗਿਆਨ ਰੂਪ ਨਜ਼ਰ ਆਉਂਦਾ ਹੈ ਤੇ ਤਾਂ ਹੀ ਫਿਰ ਹਰ ਸਰਗੁਣ

31/3493

ਰੂਪ ਵਿੱਚ ਉਸ ਦਾ ਨਿਰਗੁਣ ਰੂਪ ਨਜ਼ਰ ਆਉਂਦਾ ਹੈ। ਇਸੇ ਲਈ ਉੱਪਰ ਸ਼ਬਦ ਰਾਹੀਂ ਸਾਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਕਿ ਜੇਕਰ ਪ੍ਰਮਾਤਮਾ ਦੇ ਦਰਸ਼ਨ ਕਰਨਾ ਚਾਹੁੰਦੇ ਹੋ, ਉਸ ਨੂੰ ਪਾਉਣਾ ਚਾਹੁੰਦੇ ਹੋ ਤਾਂ ਫਿਰ ਆਪਣੇ ਮਨ ਦੇ ਭਰਮ ਨੂੰ ਮਿਟਾਉਂਣ ਦਾ ਉੱਦਮ ਕਰੋ ਜਿਸ ਕਰਕੇ ਸਾਰਾ ਸੰਸਾਰ ਹੀ ਇੱਕ ਸੁਪਨੇ ਵਾਲੀ ਅਵੱਸਥਾ ਵਿੱਚ ਹੈ ਜਿਸ ਕਰਕੇ ਸਾਨੂੰ ਸੱਚਾਈ ਸਮਝ ਨਹੀਂ ਆਉਂਦੀ ਭਾਵ ਅਸੀਂ ਝੂਠੀ ਗੱਲ ਨੂੰ ਹੀ ਸੱਚ ਸਮਝੀ ਜਾਂਦੇ ਹਾਂ। (**ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥**)

ਪ੍ਰਮਾਤਮਾ ਦੇ ਨਾਲੋਂ ਸਾਡਾ ਵਿਛੋੜਾ ਕਿਸ ਕਰਕੇ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਕੇਵਲ ਉਹੀ ਜਾਣ ਸਕਦਾ ਹੈ ਜੋ ਉਸ ਨੂੰ ਪਾ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਇਸ ਗੱਲ ਦੀ ਸੋਝੀ ਪਈ ਹੈ ਕਿ ਪ੍ਰਮਾਤਮਾ ਨੂੰ ਜਾਨਣ ਵਿੱਚ ਕਿਸ ਗੱਲ ਦਾ ਭੇਦ ਹੈ। ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਜਗ੍ਹਾ ਜਗ੍ਹਾ ਤੋਂ ਹੁੰਦਾ ਆਇਆ ਹੈ ਤੇ ਉਹਨਾਂ ਨੇ ਪ੍ਰਮਾਤਮਾ ਨੂੰ ਉਹਨਾਂ ਤਰੀਕਿਆਂ ਨਾਲ ਪਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਨਹੀਂ ਹੈ। ਉਹਨਾਂ ਨੇ ਪ੍ਰਮਾਤਮਾ ਨੂੰ ਸਰੀਰਕ ਜਪਾਂ ਤਪਾਂ ਆਦਿ ਦੁਆਰਾ ਪਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਕਿ ਉਹਨਾਂ ਦਾ ਭਰਮ

ਹੀ ਹੈ ਭਾਵ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ ਪ੍ਰਮਾਤਮਾ ਨੂੰ ਕਿਵੇਂ ਪਾਉਣਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਉਹੋ ਜਿਹਿਆਂ ਦੀ ਮਤਿ ਦੇ ਨਾਲ ਨਾ ਜੁੜੀਏ ਜਿੰਨ੍ਹਾਂ ਨੂੰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝ ਨਹੀਂ ਆਇਆ।

“ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥

ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥”

ਉੱਪਰ ਉਹਨਾਂ ਦੀ ਗੱਲ ਕੀਤੀ ਹੋਈ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦਾ ਮਾਰਗ ਸਮਝਾਉਣ ਵਾਲੇ ਮੰਨਿਆ ਹੋਇਆ ਹੈ, ਪ੍ਰਮਾਤਮਾ ਦੇ ਨਾਲ ਮਿਲੇ ਹੋਏ ਮੰਨਿਆ ਹੋਇਆ ਹੈ, ਉੱਚੀ ਅਵੱਸਥਾ ਵਾਲੇ ਮੰਨਿਆ ਹੋਇਆ ਹੈ।ਇਸੇ ਤਰ੍ਹਾਂ ਜਿਹੜਾ ਜਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਉਹਨਾਂ ਨੇ ਆਪਣੀ ਆਪਣੀ ਮਤਿ ਅਨੁਸਾਰ ਅਨੇਕਾਂ ਨੂੰ ਉੱਚੀ ਅਵੱਸਥਾ ਵਾਲੇ ਮੰਨਿਆ ਹੋਇਆ ਹੈ, ਸੰਤ, ਬ੍ਰਹਮ ਗਿਆਨੀ ਆਦਿ ਮੰਨਿਆ ਹੋਇਆ ਹੈ ਤੇ ਜਿਹੋ ਜਿਹੀ ਸਿੱਖਿਆ ਉਹ ਦਿੰਦੇ ਹਨ ਉਸਨੂੰ ਉੱਚਾ ਕਰਕੇ ਮੰਨਿਆ ਹੋਇਆ ਹੈ। ਇਹੋ ਜਿਹੀਆਂ ਸਿੱਖਿਆਂ ਦੇਣ ਵਾਲੇ ਸਾਨੂੰ ਸਰੀਰਕ ਜਪ ਤਪ ਆਦਿ ਨਾਲ ਹੀ ਜੋੜਦੇ

31/3494

ਹਨ, ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਨਾਲ ਹੀ ਜੋੜਦੇ ਹਨ, ਸਰੀਰਕ ਸੁਚਿ ਨਾਲ, ਚਉਕੇ ਦੀ ਸੁਚਿ ਨਾਲ, ਖਾਣੇ ਦੀ ਸੁਚਿ ਨਾਲ ਜੋੜਦੇ ਹਨ ਤੇ ਆਪਣੀ ਆਪਣੀ ਮਤਿ ਅਨੁਸਾਰ ਉਹੋ ਜਿਹੀ ਮਰਿਆਦਾ ਨਾਲ ਜੋੜਦੇ ਹਨ ਜਿਸ ਵਿੱਚ ਗੁਰੂ ਦੀ ਮਤਿ ਨਹੀਂ ਹੁੰਦੀ । ਜਿਸ ਗੱਲ ਵਿੱਚ ਗੁਰੂ ਦੀ ਮਤਿ ਨਹੀਂ ਹੈ ਭਾਵ ਜੋ ਗੱਲ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਹ ਸਾਡਾ ਭਰਮ ਹੈ। (**ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥**)

ਅਗਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ।

“ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥”

ਇਹੋ ਜਿਹੇ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਉਂਦੇ ਹਨ, ਅਨੇਕਾਂ ਤਰੀਕਿਆਂ ਨਾਲ ਭਰਮ ਵਿੱਚ ਪਾਉਂਦੇ ਹਨ। ਕਿਉਂਕਿ ਉਹ ਆਪ ਪ੍ਰਮਾਤਮਾ ਨੂੰ ਪਾਉਣ ਲਈ ਧੋਖੇ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਧੋਖੇ ਵਿੱਚ ਹੀ ਪਾਉਂਦੇ ਹਨ, ਉਹਨਾਂ ਨੇ ਆਪਣਾ ਜੀਵਨ ਵਿਅਰਥ ਗਵਾਇਆ ਹੈ ਤੇ ਦੂਸਰਿਆਂ ਦਾ ਜੀਵਨ ਵੀ ਵਿਅਰਥ ਕੀਤਾ ਹੈ ਜੋ ਉਹਨਾਂ ਦੇ ਭਰਮ ਵਿੱਚ ਆਏ ਹਨ। ਸਾਡੇ ਅੰਦਰ ਭਰਮ ਵਾਲੀ ਅਵੱਸਥਾ ਹੀ ਮਾਇਆ ਮੋਹ ਦਾ ਸਾਗਰ ਹੈ ਜਿਸ ਤੋਂ ਪਾਰ ਪਾਉਣਾ ਬਹੁਤ ਔਖਾ ਹੈ। ਇਹ ‘‘ਦੁਤਰ’’ ਸਾਗਰ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਕਿਉਂਕਿ ਮਾਇਆ ਮੋਹ ਦੀ ਜੁਗਤਿ ਸਾਰੇ ਸੰਸਾਰ ਵਿੱਚ ਇੱਕੋ ਜਿਹੀ ਹੀ ਵਿਚਰਦੀ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਦੁਆਰਾ ਵਿਚਰਦੀ ਹੈ। ਇਸ ਮਾਇਆ ਮੋਹ ਦੇ ਸਾਗਰ ਦਾ ਮੂਲ ਸਾਡੇ ਅੰਦਰ ਦਾ ਭਰਮ ਹੈ ਤੇ ਇਸ ਭਰਮ ਦੇ, ਮਨ ਦੀ ਅਗਿਆਨਤਾ ਦੇ ਸਾਗਰ ਵਿੱਚੋਂ ਨਿਕਲਣਾ ਬਹੁਤ ਔਖਾ ਹੈ। (**ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥**)

ਇਸ ਭਰਮ ਦੇ ਸਾਗਰ ਵਿੱਚੋਂ ਪ੍ਰਮਾਤਮਾ ਆਪ ਹੀ ਕਿਸੇ ਨੂੰ ਕੱਢ ਸਕਦਾ ਹੈ ਤੇ ਤਾਂ ਹੀ ਉਸ ਪ੍ਰਮਾਤਮਾ ਦੇ ਕੋਈ ਆਪਣੇ ਅੰਦਰੋਂ ਦਰਸ਼ਨ ਕਰ ਸਕਦਾ ਹੈ ਤੇ ਦੂਸਰਿਆਂ ਨੂੰ ਉਸ ਦੇ ਦਰਸ਼ਨ ਕਰਨੇ ਸਮਝਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਭਰਮ ਤੋਂ ਮੁਕਤਿ ਕਰਦਾ ਹੈ ਉਹੀ ਉਸ ਦਾ ਗੁਰਮੁਖਿ ਰੂਪ ਬਣਦਾ ਹੈ ਤੇ ਉਸ ਨੂੰ ਸੱਚ ਦੀ ਸਮਝ ਪੈਂਦੀ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥”

31/3495

ਗੁਰੂ ਰੂਪ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ, ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਭਰਮ ਤੋਂ ਰਹਿਤ ਹੈ, ਗੁਰਮਤਿ ਦੇ ਚੱਲਣ ਦੇ ਭੈ ਤੋਂ ਰਹਿਤ ਹੈ, ਮਾਇਆ ਮੋਹ ਤੋਂ ਰਹਿਤ ਹੈ ਜਿਸ ਕਰਕੇ ਉਸ ਨੂੰ ਸੱਚ ਦੀ ਸੋਝੀ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ। ਗੁਰਬਾਣੀ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ ਜਿਸ ਲਈ ਗੁਰਬਾਣੀ ਸਾਨੂੰ ਪ੍ਰਮਾਤਮਾ ਦੇ ਮੇਲ ਦਾ ਸੱਚਾ ਮਾਰਗ ਸਮਝਾ ਰਹੀ ਹੈ ਜੋ ਕਿ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੈ, ਸੁਪਨੇ ਵਾਲੀ ਅਵੱਸਥਾ ਵਿੱਚੋਂ ਨਿਕਲਣ ਦਾ ਹੈ ਭਾਵ ਗੁਰੂ ਦੇ ਸੱਚੇ

ਗਿਆਨ ਨੂੰ ਅਪਣਾਉਣ ਦਾ ਹੈ, ਨਾਮ ਨੂੰ ਅਪਣਾਉਣ ਦਾ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਪਰਮ ਸੁੱਖ ਦੀ ਪ੍ਰਾਪਤੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਮਨ ਦੇ ਭਰਮ ਵਿੱਚੋਂ ਨਿਕਲਕੇ ਹੀ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਭਾਵ ਕੋਈ ਸਰੀਰਕ ਜਪ ਤਪ ਆਦਿ ਨਹੀਂ ਹੈ ਜਿਸ ਦੁਆਰਾ ਸਭ ਨੇ ਆਪਣੇ ਆਪ ਨੂੰ ਉੱਚਾ ਥਾਪਿਆ ਹੋਇਆ ਹੈ।
(ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥40॥)

{ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ ॥ ਸੰਤਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥੧॥}
(ਅੰਗ - ੨੫੮)

ਨਾਮ ਨੂੰ ਅਰਾਧਨ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ, ਭੈ ਵਿੱਚੋਂ ਕੱਢਣ ਦਾ ਹੈ, ਪਾਪਾਂ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੈ ਜਿਸ ਦੁਆਰਾ ਸਾਨੂੰ "**ਸੰਤਸੰਗ**" ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਗੁਰਮਤਿ ਨੂੰ ਆਪਣੇ ਅੰਦਰ ਅਰਾਧਾਂਗੇ ਤਾਂ ਉਹ ਸਾਨੂੰ ਮਨ ਦੀ ਮਾੜੀ ਬਿਰਤੀ ਵਿੱਚੋਂ ਹੀ ਕੱਢੇਗੀ ਜਿਸ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ। ਨਾਮ ਦੀ ਮਤਿ ਤੇ ਚੱਲ ਕੇ ਸਾਡਾ ਨਾਮ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ।

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥}
(ਅੰਗ - ੧੨੩੯)

ਨਾਮ ਧਿਆਉਣ ਦਾ ਮਕਸਦ ਆਪਣੀ ਮਤਿ ਨੂੰ ਵੱਸ ਵਿੱਚ ਕਰਨ ਦਾ ਹੀ ਹੈ, ਆਪਣੀ ਡੋਲਦੀ ਹੋਈ ਮਤਿ ਨੂੰ ਵੱਸ ਵਿੱਚ ਕਰਨ ਦਾ ਹੀ ਹੈ। ਸਾਡੀ ਮਤਿ ਦੇ ਡੋਲਣ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ। ਜਦ ਤੱਕ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਤਦ ਤੱਕ ਸਾਡੀ ਮਤਿ ਡੋਲਦੀ ਹੀ ਰਹਿੰਦੀ ਹੈ। ਅਸੀਂ ਜਿਹੋ ਜਿਹੀ ਭਗਤੀ ਦੇ ਤਰੀਕਿਆਂ ਨਾਲ ਜੁੜੇ ਹੋਏ ਹਾਂ ਉਹ ਸਾਡੀ

ਡੋਲਣ ਵਾਲੀ ਮਤਿ ਦਾ ਹੀ ਨਤੀਜਾ ਹੈ ਜੋ ਕਿ ਭਰਮ ਵਿੱਚ ਡੋਲਦੀ ਰਹਿੰਦੀ ਹੈ। ਨਿਹਚਲ ਮਤਿ ਉਸੇ ਦੀ ਹੀ ਹੁੰਦੀ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ, ਜਿਸ ਨੂੰ ਪ੍ਰਮਾਤਮਾ ਭਰਮ ਵਿੱਚੋਂ ਕੱਢ ਲੈਂਦਾ ਹੈ, ਹਰ ਭਰਮ ਵਿੱਚੋਂ ਕੱਢ ਲੈਂਦਾ ਹੈ। ਸਭ ਦੇ ਅੰਦਰ "ਨਿਹਚਲ ਆਸਣੁ" ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਆਪ ਹੀ ਹੈ ਪਰ ਉਸਦਾ ਆਸਣ ਸਾਡੇ ਅੰਦਰ ਕਿਸ ਰੂਪ ਵਿੱਚ ਹੈ, ਇਹ ਤਾਂ ਹੀ ਸਮਝ ਆਉਂਦਾ ਹੈ ਜਦੋਂ ਉਹ ਆਪਣੇ ਆਪ ਨੂੰ ਗਿਆਨ ਰੂਪ ਵਿੱਚ ਪ੍ਰਗਟ ਕਰਕੇ ਸਾਨੂੰ ਭਰਮ ਵਿੱਚੋਂ ਕੱਢ ਲੈਂਦਾ ਹੈ ਤੇ ਫਿਰ ਉਸ ਤੋਂ ਬਾਅਦ ਮਨੁੱਖ ਦੀ ਮਤਿ ਧਰਮ ਦੇ ਮਾਰਗ ਤੇ ਚੱਲਣ ਲਈ ਕਦੇ ਨਹੀਂ ਡੋਲਦੀ ਜੋ ਕਿ ਔਗੁਣ ਰਹਿਤ ਹੋ ਕੇ ਵਿਚਰਨ ਦਾ ਹੈ ਨਾ ਕਿ ਸਰੀਰਕ ਜਪਾ ਤਪਾ ਆਦਿ ਦੇ ਨਾਲ ਜੁੜਨ ਦਾ ਜਿਵੇਂ ਕਿ ਹੇਠ ਦਿੱਤੀਆਂ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥
ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥"
(ਅੰਗ 810)

ਸਾਧ ਸੰਗਤਿ ਦਾ ਮਕਸਦ, ਸੰਤ ਸੰਗਤਿ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਭਾਵ ਗੁਰਮਤਿ ਨਾਲ ਜੋੜਕੇ ਭਰਮ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਗਤੀ ਦੇ ਅਸਲ ਮਾਰਗ ਨੂੰ ਸਮਝੀਏ ਜੋ ਕਿ ਔਗੁਣ-ਰਹਿਤ ਹੋ ਕੇ ਸੱਚੀ ਸੁੱਚੀ ਕਰਨੀ ਦੁਆਰਾ ਵਿਚਰਨ ਦਾ ਹੈ। ਸਾਧਸੰਗਤਿ ਦੀ ਪ੍ਰਾਪਤੀ, ਸੰਤ ਸੰਗਤਿ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਭਰਮ ਤੋਂ ਮੁਕਤਿ ਕਰਦਾ ਹੈ ਤੇ ਪੂਰਨ ਸੱਚ ਦੀ ਸੋਝੀ ਪਾਉਂਦਾ ਹੈ। ਸੰਤ ਗੁਰੂ ਹੈ, ਸਾਧ ਗੁਰੂ ਹੈ ਤੇ ਗੁਰੂ ਦੀ ਸੰਗਤਿ ਕਰਨ ਦਾ ਮਕਸਦ, ਗੁਰੂ ਕੋਲ ਜਾਣ ਦਾ ਮਕਸਦ ਗੁਰੂ ਕੋਲੋਂ ਗਿਆਨ ਲੈਣ ਦਾ ਹੀ ਹੈ, ਗੁਰੂ ਕੋਲੋਂ ਮਤਿ ਲੈਣ ਦਾ ਹੀ ਹੈ ਜੋ ਕਿ ਸਾਡਾ ਅਸਲ ਉੱਦਮ ਹੈ, ਜਿਉਂ ਜਿਉਂ ਗੁਰੂ ਦੀ ਮਤਿ ਨੂੰ ਅਸੀਂ ਆਪਣੇ ਅੰਦਰ ਵਸਾਈ ਜਾਵਾਂਗੇ ਤਿਉਂ ਤਿਉਂ ਅਸੀਂ ਭਰਮ ਵਿੱਚੋਂ ਨਿਕਲੀ ਜਾਵਾਂਗੇ ਭਾਵ ਸਾਡਾ ਅਸਲ ਉੱਦਮ ਆਪਣੇ ਆਪ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਜੋ ਭਰਮ ਸਾਡੇ ਅੰਦਰ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਸਦੀਆਂ ਤੋਂ ਪਏ ਹੋਏ ਹਨ ਤੇ ਉਹਨਾਂ ਦੇ ਪਾਏ ਹੋਏ

ਹਨ ਜਿੰਨ੍ਹਾਂ ਦੇ ਆਪਣੇ ਭਰਮ ਨਹੀਂ ਨਿਕਲੇ ਭਾਵ ਜਿੰਨ੍ਹਾਂ ਨੂੰ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ, ਜਿੰਨ੍ਹਾਂ ਨੂੰ ਸਾਧਸੰਗਤਿ ਵਾਲੀ,

31/3497

ਸੰਤਸੰਗਤਿ ਵਾਲੀ ਭਾਵ ਚਉਥੇ ਪਦ ਵਾਲੀ ਅਵੱਸਥਾ ਦੀ ਪ੍ਰਾਪਤੀ ਨਹੀਂ ਹੋਈ। ਜਿਸ ਨੂੰ ਪ੍ਰਮਾਤਮਾ ਭਰਮ ਵਿੱਚੋਂ ਕੱਢਦਾ ਹੈ ਉਸਨੂੰ ਮਨ ਦੇ ਵਿੱਚ ਆਪਣੀ ਸੰਗਤਿ ਬਖ਼ਸ਼ ਕੇ ਹੀ ਕੱਢਦਾ ਹੈ। ਉਹ ਆਪ ਹੀ ਸਾਧ ਹੈ, ਆਪ ਹੀ ਸੰਤ ਹੈ ਜਿਸ ਨਾਲ ਸੰਗਤਿ ਹੋਣ ਦੁਆਰਾ, ਨਿਰਗੁਣ ਰੂਪ ਸੰਗਤਿ ਹੋਣ ਦੁਆਰਾ ਮਨੁੱਖ ਭਰਮ ਤੋਂ ਮੁਕਤਿ ਹੁੰਦਾ ਹੈ ਤੇ ਉਸਨੂੰ ਸੱਚ ਦੀ ਸਮਝ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਸਨੇ ਆਪ ਹੀ ਪਾਈ ਹੈ। ਸਾਡੀ ਅਸਲ ਰਾਸਿ, ਪੂੰਜੀ ਸਾਡੇ ਅੰਦਰ ਦੀ ਉਹ ਸੋਝੀ ਹੈ, ਉਹ ਸੱਚਾ ਗਿਆਨ ਹੈ ਜੋ ਸਾਨੂੰ ਭਰਮਾਂ ਤੋਂ ਮੁਕਤਿ ਕਰਦਾ ਹੈ ਤੇ ਸਾਡੇ ਮਨ ਨੂੰ ਗੁਰਮਤਿ ਤੇ ਅਡੋਲ ਕਰਦਾ ਹੈ, ਸਾਨੂੰ ਔਗੁਣਾਂ ਤੋਂ ਮੁਕਤਿ ਕਰਦਾ ਹੈ ਜਿਸ ਮਨ ਦੀ ਸੋਝੀ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਲਾਭ ਪ੍ਰਾਪਤ ਕਰਦੇ ਹਾਂ ਤੇ ਆਪਣੇ ਅਸਲ ਘਰ ਵਿੱਚ ਪਹੁੰਚਦੇ ਹਾਂ ਤੇ ਸਾਨੂੰ ਮਨ ਰੂਪ ਪ੍ਰਮਾਤਮਾ ਦੇ ਘਰ ਵਿੱਚ ਸੋਭਾ ਮਿਲਦੀ ਹੈ। ਜਿਸ ਨੂੰ ਪ੍ਰਮਾਤਮਾ ਦੇ ਘਰ ਵਿੱਚੋਂ ਇਹੋ ਜਿਹੀ ਸੋਭਾ ਮਿਲਦੀ ਹੈ ਉਸ ਦੀ ਹੀ ਜਗ ਵਿੱਚ ਸੱਚੀ ਸੋਭਾ ਹੈ ਜੋ ਆਪ ਭਰਮ ਤੋਂ ਮੁਕਤਿ ਹੋ ਕੇ ਜਗ ਨੂੰ ਭਰਮ ਤੋਂ ਮੁਕਤਿ ਕਰਦਾ ਹੈ। ਇਹ ਸੋਭਾ ਕੇਵਲ ਗੁਰੂ ਦੇ ਕੋਲ ਹੈ ਜਿਸ ਦੇ ਨਾਲ ਜੁੜਕੇ ਅਸੀਂ ਭਰਮ ਤੋਂ ਮੁਕਤਿ ਹੋ ਸਕਦੇ ਹਾਂ। ਅਸੀਂ ਸੋਭਾ ਉਹਨਾਂ ਨੂੰ ਦਿੱਤੀ ਹੋਈ ਹੈ ਜੋ ਖੁਦ ਭਰਮ ਵਿੱਚ ਰਹੇ ਹਨ ਤੇ ਸਾਨੂੰ ਵੀ ਭਰਮ ਵਿੱਚ ਪਾਇਆ ਹੈ। ਗੁਰਬਾਣੀ ਸਾਨੂੰ ਇਹੋ ਜਿਹੀ ਝੂਠੀ ਸੋਭਾ ਦੇਣ ਵਿੱਚੋਂ ਨਿਕਲਣ ਲਈ ਹੀ ਸਮਝਾ ਰਹੀ ਹੈ, ਅਨੇਕਾਂ ਸ਼ਬਦਾਂ ਦੁਆਰਾ ਵਾਰ ਵਾਰ ਸਮਝਾ ਰਹੀ ਹੈ। (**ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥2॥ ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥3॥**)

ਪ੍ਰਮਾਤਮਾ ਦੇ ਦਰਸ਼ਨ ਜਦੋਂ ਵੀ ਕਿਸੇ ਨੂੰ ਹੋਏ ਹਨ ਉਹ ਮਨ ਦੀ ਸੋਝੀ ਦੁਆਰਾ ਹੀ ਹੋਏ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਹੋਏ ਹਨ ਭਾਵ ਮਨ ਦੇ ਭਰਮ ਵਿੱਚੋਂ ਨਿਕਲਕੇ ਹੋਏ ਹਨ ਤੇ ਰਹਿੰਦੀ ਦੁਨੀਆਂ ਤੱਕ ਜਦੋਂ ਵੀ ਕਿਸੇ ਨੂੰ ਪ੍ਰਮਾਤਮਾ ਦੇ ਅਸਲ ਰੂਪ ਦੇ ਦਰਸ਼ਨ ਹੋਣੇ ਹਨ, ਨਿਰਗੁਣ ਰੂਪ ਦੇ ਦਰਸ਼ਨ ਹੋਣੇ ਹਨ ਉਹ ਮਨ ਦੀ ਸੋਝੀ ਦੁਆਰਾ ਹੀ ਹੋਣੇ ਹਨ ਭਾਵ ਮਨ ਦਾ ਭਰਮ ਦੂਰ ਹੋਣ ਦੁਆਰਾ ਹੀ ਹੋਣੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਨਾ ਹੀ ਕਦੇ ਕੋਈ ਹੋ ਸਕਦਾ ਹੈ। ਉਹ ਪ੍ਰਮਾਤਮਾ "ਅੰਮ੍ਰਿਤੁ" ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਮਨ ਦੇ ਵਿੱਚ ਕੇਵਲ ਗਿਆਨ ਹੀ ਹੁੰਦਾ ਹੈ ਤੇ ਮਨ ਦੇ ਵਿੱਚੋਂ ਕੇਵਲ ਮਨੁੱਖ ਨੂੰ ਗਿਆਨ ਹੀ ਮਿਲਦਾ ਹੈ, ਸੋਝੀ ਹੀ ਮਿਲਦੀ ਹੈ ਤੇ ਹੋਰ ਕੁੱਝ ਨਹੀਂ ਮਿਲ ਸਕਦਾ। ਫਿਰ ਆਪੇ ਹੀ ਸੋਚੋ ਕਿ ਜੇਕਰ ਪ੍ਰਮਾਤਮਾ ਮਨ ਦੇ ਵਿੱਚ ਹੈ ਫਿਰ ਉਹ ਕਿਸ ਰੂਪ ਵਿੱਚ ਹੋ ਸਕਦਾ ਹੈ ਤੇ ਕਿਸ ਰੂਪ ਵਿੱਚ ਮਿਲ ਸਕਦਾ ਹੈ।

31/3498

ਮਨ ਦੇ ਵਿੱਚੋਂ ਕੇਵਲ ਸਾਨੂੰ ਸੋਝੀ ਹੀ ਮਿਲਦੀ ਹੈ ਤੇ ਇਸੇ ਲਈ ਪ੍ਰਮਾਤਮਾ ਕੇਵਲ ਮਨ ਦੀ ਸੋਝੀ ਦੁਆਰਾ ਹੀ ਮਿਲਦਾ ਹੈ, ਕੇਵਲ ਮਨ ਦੇ ਵਿੱਚੋਂ ਗਿਆਨ ਦੁਆਰਾ ਹੀ ਮਿਲਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਨੂੰ ਜਾਣ ਸਕੇ। ਪ੍ਰਮਾਤਮਾ ਆਕਾਰ ਰੂਪ ਵਿੱਚ ਨਹੀਂ ਹੈ, ਪੰਜਾਂ ਤੱਤਾਂ ਵਿੱਚ ਨਹੀਂ ਹੈ ਬਲਕਿ ਨਿਰੰਕਾਰ ਰੂਪ ਹੈ। ਸਾਡੇ ਅੰਦਰ ਨਿਰੰਕਾਰ ਰੂਪ ਕੇਵਲ ਸਾਡਾ ਮਨ ਹੈ ਜਿੱਥੇ ਕੇਵਲ ਗਿਆਨ ਹੀ ਉਪਜਦਾ ਹੈ, ਵਿਚਾਰ ਹੀ ਉਪਜਦੇ ਹਨ, ਸੋਝੀ ਹੀ ਉਪਜਦੀ ਹੈ, ਸੋਚ ਹੀ ਉਪਜਦੀ ਹੈ ਤੇ ਹੋਰ ਮਨ ਦੇ ਅੰਦਰ ਕੁੱਝ ਵੀ ਨਹੀਂ ਹੈ ਭਾਵ ਸਾਡਾ ਜੀਵਨ ਦਾ ਮਾਰਗ ਸਾਡੀ ਸੋਝੀ ਨਾਲ ਜੁੜਿਆ ਹੋਇਆ ਹੈ ਜਿਸ ਦੀ ਕਿ ਕਿਸੇ ਨੂੰ ਸਮਝ ਨਹੀਂ ਹੈ ਕਿ ਇਹ ਸੋਝੀ ਸਾਡੇ ਅੰਦਰ ਕਿੱਥੋਂ ਆਉਂਦੀ ਹੈ। ਸਾਡੀ ਸੋਝੀ ਦੇ ਅੰਦਰ ਹੀ ਅੰਮ੍ਰਿਤ ਹੈ ਤੇ ਸੋਝੀ ਦੇ ਅੰਦਰ ਹੀ ਬਿਖ ਹੈ। ਅੰਮ੍ਰਿਤ ਸਾਡੇ ਮਨ ਦੀ ਉਹ ਸੋਝੀ ਹੈ ਜੋ ਸੋਝੀ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਦਿੰਦਾ ਹੈ। ਮਨ ਦੀ ਇਹ ਸੋਝੀ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੈ ਭਾਵ ਇਸ ਵਿੱਚ ਪੂਰਨ ਸੱਚ ਹੈ। "ਅੰਮ੍ਰਿਤ" ਰੂਪ ਸੋਝੀ ਪਏ ਬਿਨ੍ਹਾਂ ਸਭ ਦੀ ਸੋਝੀ, ਸੰਸਾਰ ਦੇ ਹਰ ਮਨੁੱਖ ਦੀ ਸੋਝੀ "ਬਿਖੁ" ਵਾਲੀ ਹੈ ਭਾਵ ਮਾਇਆ ਮੋਹ ਵਾਲੀ ਹੈ, ਤ੍ਰੈ ਗੁਣਾਂ ਦੀ ਅਵੱਸਥਾ ਵਾਲੀ ਹੈ ਜੋ ਸਾਨੂੰ ਸੱਚ ਦੇ ਨਾਲ ਨਾਲ ਭਰਮ ਵਿੱਚ ਵੀ ਰੱਖਦੀ ਹੈ, ਦੁਬਿਧਾ ਵਿੱਚ ਰੱਖਦੀ ਹੈ। ਸਾਡੇ ਜੀਵਨ ਦਾ ਮਨੋਰਥ ਇਸ ਬਿਖ ਵਾਲੀ ਸੋਝੀ ਵਿੱਚੋਂ ਨਿਕਲਕੇ ਹੀ ਪੂਰਾ ਹੋ ਸਕਦਾ ਹੈ ਜੋ ਮਨੋਰਥ ਕੇਵਲ "ਅੰਮ੍ਰਿਤ" ਰੂਪ ਸੋਝੀ ਨਾਲ ਜੁੜਕੇ ਹੋ ਸਕਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚੋਂ ਇਹ ਅੰਮ੍ਰਿਤ ਰੂਪ ਸੋਝੀ ਪਾਈ ਹੈ ਉਹਨਾਂ ਨੇ ਹੀ ਅੰਮ੍ਰਿਤ ਰੂਪ

ਗੁਰਬਾਣੀ ਦੀ ਰਚਨਾ ਕੀਤੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਅੰਮ੍ਰਿਤ ਹੈ ਭਾਵ ਉਸਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਅੰਮ੍ਰਿਤ ਨਾਮ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਇਸ ਅੰਮ੍ਰਿਤ ਨਾਮ ਨਾਲ ਜੁੜਕੇ ਹੀ ਅਸੀਂ ਮਨ ਦੀ ਬਿਖ ਵਿੱਚੋਂ ਨਿਕਲ ਸਕਦੇ ਹਾਂ, ਭਰਮ ਵਾਲੀ ਸੋਝੀ ਵਿੱਚੋਂ ਨਿਕਲ ਸਕਦੇ ਹਾਂ, ਮਾਇਆ ਦੀ ਜੁਗਤਿ ਵਿੱਚੋਂ, ਮਾਇਆ ਦੇ ਛਲ ਵਿੱਚੋਂ ਨਿਕਲ ਸਕਦੇ ਹਾਂ, ਮਨ ਦੇ ਸੂਤਕ ਵਿੱਚੋਂ ਨਿਕਲ ਸਕਦੇ ਹਾਂ ਜੋ ਕਿ ਸਾਡਾ ਮਨ ਦੇ ਅੰਦਰੋਂ ਹੀ "ਅੰਮ੍ਰਿਤੁ" ਦੀ ਪ੍ਰਾਪਤੀ ਕਰਨ ਦਾ ਸੱਚਾ ਸਾਧਨ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸੱਚਾ ਉੱਦਮ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਃ ੩ ॥

"ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥
ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥
ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥"

(ਅੰਗ 644)

31/3499

ਸਭ ਤੋਂ ਪਹਿਲਾਂ ਸਾਨੂੰ ਇਹ ਗੱਲ ਦ੍ਰਿੜ ਕਰਨ ਦੀ ਲੋੜ ਹੈ ਕਿ "ਅੰਮ੍ਰਿਤੁ" ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਜੋ "ਮੌਤ" ਤੋਂ, "ਮਰਿਤਯੂ" ਤੋਂ ਰਹਿਤ ਹੈ ਤੇ ਪ੍ਰਮਾਤਮਾ ਦਾ ਇਹ ਰੂਪ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਜੋ ਕਦੇ ਮਰ ਨਹੀਂ ਸਕਦਾ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਸਦਾ ਤੋਂ ਲਗਾਤਾਰ ਵਿਚਰ ਰਿਹਾ ਹੈ ਤੇ ਸਦਾ ਲਈ ਵਿਚਰਦਾ ਰਹੇਗਾ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਭਰਪੂਰ ਹੈ, ਸਭ ਦੇ ਅੰਦਰ, ਸਭ ਜਗ੍ਹਾ ਭਰਪੂਰ ਹੈ ਜਿਸ ਰੂਪ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ ਪਰ ਅੱਖਾਂ ਦੁਆਰਾ ਉਸ ਨੂੰ ਦੇਖਿਆ ਨਹੀਂ ਜਾ ਸਕਦਾ ਕਿਉਂਕਿ ਉਹ ਪੰਜਾਂ ਤੱਤਾਂ ਤੋਂ ਬਾਹਰ ਹੈ। "ਅੰਮ੍ਰਿਤੁ" ਸਾਡੇ ਅੰਦਰ ਹੀ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚੋਂ ਗਿਆਨ ਮਿਲਦਾ ਹੈ। ਸਾਨੂੰ ਭਰਮ ਵਾਲੀ ਸੋਝੀ ਵਿੱਚ ਰੱਖਣ ਵਾਲਾ ਸਾਡੇ ਅੰਦਰ "ਅੰਮ੍ਰਿਤੁ" ਰੂਪ ਪ੍ਰਮਾਤਮਾ ਆਪ ਹੀ ਹੈ ਤੇ ਸਾਨੂੰ ਭਰਮ ਵਿੱਚੋਂ ਕੱਢਣ ਵਾਲਾ ਵੀ ਉਹ "ਅੰਮ੍ਰਿਤੁ" ਰੂਪ ਪ੍ਰਮਾਤਮਾ ਆਪ ਹੀ ਹੈ। ਆਪਣੇ ਅੰਦਰੋਂ ਅੰਮ੍ਰਿਤੁ ਨੂੰ ਉਹੀ ਛਕਦਾ ਹੈ ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਇਹ ਅੰਮ੍ਰਿਤ ਆਪ ਹੀ ਛਕਾਉਂਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਕੋਈ ਪ੍ਰਮਾਤਮਾ ਦੇ ਇਸ ਅੰਮ੍ਰਿਤੁ ਭੋਜਨ ਨੂੰ ਮਨ ਦੇ ਵਿੱਚੋਂ ਨਹੀਂ ਛਕਦਾ ਤਦ ਤੱਕ ਕੋਈ ਉਸ ਦੇ ਇਸ ਭੋਜਨ ਦਾ ਸਵਾਦ ਨਹੀਂ ਜਾਣ ਸਕਦਾ ਕਿ ਇਹ ਅੰਮ੍ਰਿਤੁ ਭੋਜਨ ਕੀ ਹੈ ਤੇ ਇਸ ਨੂੰ ਕੌਣ ਛਕਾਉਂਦਾ ਹੈ। ਜਦ ਤੱਕ ਕੋਈ ਆਪਣੇ ਅੰਦਰੋਂ ਇਸ ਬ੍ਰਹਮ ਗਿਆਨ ਰੂਪ ਭੋਜਨ ਨੂੰ ਨਹੀਂ ਛਕਦਾ ਤਦ ਤੱਕ ਹਰ ਕੋਈ ਮਨਮੁਖਿ ਵਾਲੀ ਅਵੱਸਥਾ ਵਿੱਚ ਹੈ ਭਾਵ ਭਰਮ ਵਾਲੀ ਅਵੱਸਥਾ ਵਿੱਚ ਹੈ, ਪ੍ਰਮਾਤਮਾ ਨੂੰ ਨਾ ਜਾਨਣ ਵਾਲੀ ਅਵੱਸਥਾ ਵਿੱਚ ਹੈ ਜੋ ਪ੍ਰਮਾਤਮਾ "ਅੰਮ੍ਰਿਤੁ" ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ। ਮਨੁੱਖ ਦੀ ਇਹੋ ਜਿਹੀ ਅਵੱਸਥਾ ਉਸ "ਮਿਰਗੁ" ਦੀ ਤਰ੍ਹਾਂ ਹੈ ਜਿਸ ਦੇ ਆਪਣੇ ਅੰਦਰ ਕਸਤੂਰੀ ਹੁੰਦੀ ਹੈ ਪਰ ਉਸ ਨੂੰ ਮਨ ਦੇ ਭਰਮ ਦੇ ਕਾਰਣ ਇਸ ਗੱਲ ਦੀ ਸਮਝ ਨਹੀਂ ਲੱਗਦੀ ਕਿ ਕਸਤੂਰੀ ਕਿੱਥੇ ਹੈ। "ਮਿਰਗੁ" ਉਸ ਕਸਤੂਰੀ ਦੀ ਪ੍ਰਾਪਤੀ ਲਈ ਇੱਧਰ ਉੱਧਰ ਭਟਕਦਾ ਹੈ ਕਿ ਮੈਨੂੰ ਇਸ ਦੀ ਪ੍ਰਾਪਤੀ ਕਿਤੋਂ ਬਾਹਰੋਂ ਹੋਣੀ ਹੈ ਭਾਵ ਉਹ ਭਰਮ ਵਿੱਚ ਹੀ ਉਲਝਿਆ ਰਹਿੰਦਾ ਹੈ ਪਰ ਉਸ ਨੂੰ ਅਸਲੀਅਤ ਦੀ ਸਮਝ ਨਹੀਂ ਪੈਂਦੀ। ਸਾਡੀ ਮਨੁੱਖੀ ਅਵੱਸਥਾ ਇਹੋ ਜਿਹੀ ਹੀ ਹੈ। ਅਸੀਂ ਪ੍ਰਮਾਤਮਾ

ਨੂੰ ਆਪਣੇ ਅੰਦਰੋਂ ਖੋਜਣ ਦੀ ਬਜਾਇ ਇੱਧਰ ਉੱਧਰ ਭਟਕਦੇ ਰਹਿੰਦੇ ਹਾਂ, ਅਨੇਕਾਂ ਹੀ ਸਥਾਨਾਂ ਤੇ ਜਾਂਦੇ ਹਾਂ, ਡੇਰਿਆਂ ਆਦਿ ਤੇ ਜਾਂਦੇ ਹਾਂ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ ਉਨ੍ਹਾਂ ਦੇ ਕੋਲ ਜਾਂਦੇ ਹਾਂ ਕਿ ਇਹ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਾ ਦੇਣਗੇ। ਇਹ ਕੇਵਲ ਸਾਡਾ ਭਰਮ ਹੈ ਜਿਸ ਕਰਕੇ ਅਸੀਂ ਭਟਕਦੇ ਰਹਿੰਦੇ ਹਾਂ। ਉਹ ਅੰਮ੍ਰਿਤੁ ਰੂਪ ਸਰੋਵਰ ਸਾਡੇ

31/3500

ਅੰਦਰ ਹੀ ਹੈ ਤੇ ਉਸ ਦੀ ਪ੍ਰਾਪਤੀ ਅੰਦਰੋਂ ਹੀ ਹੋਣੀ ਹੈ। ਇਹ ਅੰਮ੍ਰਿਤੁ ਦੀ ਪ੍ਰਾਪਤੀ ਕਰਣ ਦਾ ਸਾਧਨ ਕੇਵਲ ਅੰਮ੍ਰਿਤ ਬਾਣੀ ਹੈ, ਗੁਰਬਾਣੀ ਹੈ, ਸਾਡਾ ਸਭ ਤੋਂ ਉੱਚਾ ਗੁਰੂ ਹੈ ਜੋ ਅੰਮ੍ਰਿਤ ਨਾਲ ਭਰਪੂਰ ਹੈ, ਬ੍ਰਹਮ ਗਿਆਨ ਨਾਲ ਭਰਪੂਰ ਹੈ ਜਿਸ ਦਾ ਮਕਸਦ ਭਰਮ ਵਿੱਚੋਂ ਕੱਢਕੇ ਮਨ ਦੇ ਵਿੱਚੋਂ ਹੀ "ਅੰਮ੍ਰਿਤੁ" ਰੂਪ ਪ੍ਰਮਾਤਮਾ ਦੇ ਦਰਸ਼ਨ ਕਰਵਾਉਣਾ ਹੈ। ਸਾਨੂੰ ਸਭ ਨੂੰ ਪ੍ਰਮਾਤਮਾ ਨੇ ਭੁਲਾਇਆ ਵੀ ਆਪ ਹੀ ਹੋਇਆ ਹੈ ਤੇ ਉਸ ਭਰਮ ਵਿੱਚੋਂ ਨਿਕਲਣ ਦਾ ਮਾਰਗ ਵੀ ਉਸਨੇ ਗੁਰਬਾਣੀ ਰਾਹੀਂ ਆਪ ਹੀ ਸਮਝਾਇਆ ਹੋਇਆ ਹੈ। (**ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥**)

"ਅੰਮ੍ਰਿਤੁ" ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ, ਸੱਚੀ ਸੋਝੀ ਪਾਉਣ ਦਾ ਹੈ ਭਾਵ ਮਨ ਦੀ ਬਿਖ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੈ। "ਅੰਮ੍ਰਿਤੁ" ਗੁਰੂ ਦੀ ਮਤਿ ਹੈ, ਗੁਰਮੁਖਿ ਵਾਲੀ ਮਤਿ ਹੈ ਤੇ "ਬਿਖੁ" ਮਨਮਤਿ ਹੈ, ਮਨਮੁਖਿ ਵਾਲੀ ਮਤਿ ਹੈ। ਜਦੋਂ ਅਸੀਂ ਗੁਰੂ ਦੀ ਮਤਿ ਨੂੰ ਛੱਡਕੇ ਦੂਸਰਿਆਂ ਦੀ ਮਤਿ ਪਿੱਛੇ ਲੱਗਕੇ ਪ੍ਰਮਾਤਮਾ ਨੂੰ ਕਿੱਧਰੋਂ ਬਾਹਰੋਂ ਲੱਭਣ ਦੀਆਂ ਗੱਲਾਂ ਕਰਦੇ ਹਾਂ ਭਾਵ ਮਿਰਗ ਵਾਲੀ ਅਵੱਸਥਾ ਦੁਆਰਾ ਭਰਮ ਵਿੱਚ ਭਟਕਦੇ ਹਾਂ ਇਹ "ਅੰਮ੍ਰਿਤੁ" ਤਜਿ ਕੇ ਆਪਣੇ ਅੰਦਰ ਬਿਖੁ ਇੱਕਠੀ ਕਰਨ ਵਾਲੀ ਗੱਲ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥"

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਅੰਮ੍ਰਿਤੁ ਦਾ ਮਕਸਦ ਕੀ ਹੈ। ਅੰਮ੍ਰਿਤੁ ਦਾ ਮਕਸਦ ਸਾਨੂੰ ਸੱਚੀ ਸੋਝੀ ਪਾਉਣ ਨਾਲ ਹੀ ਹੈ ਜਿਸ ਸੋਝੀ ਦੁਆਰਾ ਸਾਨੂੰ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਇਹ ਸੋਝੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ, ਕਦੇ ਹੀ ਕਰੋੜਾਂ, ਅਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਜਿਸ ਸੋਝੀ ਦੁਆਰਾ, ਮਨ ਦੇ ਗਿਆਨ ਦੁਆਰਾ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਜਿਵੇ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਗੁਰਮੁਖਿ ਰੂਪ ਹੈ ਜਿਸ ਦੇ ਅੰਦਰ ਪੂਰਨ ਰੂਪ ਵਿੱਚ ਅੰਮ੍ਰਿਤ ਹੈ, ਬ੍ਰਹਮ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਸੱਚੀ ਮਤਿ ਦਿੱਤੀ ਹੈ। ਗੁਰਬਾਣੀ ਦੇ ਅੰਦਰ ਦਿੱਤੀ ਹੋਈ

31/3501

ਪ੍ਰਮਾਤਮਾ ਦੀ ਸੱਚੀ ਮਤਿ ਹੀ ਉਸਦਾ ਅੰਮ੍ਰਿਤ ਹੈ। ਜਿੰਨ੍ਹਾਂ ਨੇ ਗੁਰੂ ਦੀ ਮਤਿ ਨੂੰ ਤਜਿਆ ਹੋਇਆ ਹੈ ਤੇ ਦੂਸਰਿਆਂ ਦੀ ਮਤਿ ਦੇ ਪਿੱਛੇ ਲੱਗੇ ਹੋਏ ਹਨ ਉਹ ਅੰਮ੍ਰਿਤ ਤਜਿ ਕੇ ਬਿਖੁ ਇੱਕਠੀ ਕਰਨ ਵਿੱਚ ਲੱਗੇ ਹੋਏ ਹਨ, ਗੁਰਮੁਖਿ ਦੀ ਮਤਿ ਨੂੰ ਛੱਡਕੇ ਮਨਮੁੱਖਾਂ ਦੀ ਮਤਿ ਨੂੰ ਉੱਚਾ ਕਰਨ ਲੱਗੇ ਹੋਏ ਹਨ ਭਾਵ ਸੱਚੇ ਗਿਆਨ ਨੂੰ ਛੱਡ ਕੇ ਆਪਣੇ ਅੰਦਰ ਅਗਿਆਨਤਾ ਨੂੰ ਇਕੱਠਾ ਕਰਨ ਲੱਗੇ ਹੋਏ ਹਨ, ਸੱਚ ਨੂੰ ਛੱਡ ਕੇ ਭਰਮ ਇਕੱਠਾ ਕਰਨ ਵਿੱਚ ਲੱਗੇ ਹੋਏ ਹਨ। ਸਭ ਨੂੰ ਪ੍ਰਮਾਤਮਾ ਨੇ ਆਪ ਹੀ ਭਰਮ ਵਿੱਚ, ਬਿਖੁ ਵਾਲੀ ਸੋਝੀ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਵਾਲੀ ਅਵੱਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਉਸ "ਅੰਮ੍ਰਿਤ" ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ। ਉਸ "ਅੰਮ੍ਰਿਤ" ਰੂਪ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਕਰਨ ਲਈ ਸਾਡੇ ਲਈ ਇਹ ਜਰੂਰੀ ਹੈ ਕਿ ਪਹਿਲੇ ਅਸੀਂ ਉਸ ਦੀ "ਅੰਮ੍ਰਿਤ" ਰੂਪ ਮਤਿ ਦੇ ਨਾਲ ਜੁੜੀਏ, ਗੁਰਬਾਣੀ ਦੀ ਸੱਚੀ ਮਤਿ ਦੇ ਨਾਲ ਜੁੜੀਏ ਜਿਸ ਦਾ ਮਕਸਦ ਸਾਨੂੰ "ਬਿਖੁ" ਵਿੱਚੋਂ ਕੱਢਣ ਦਾ ਹੈ। (**ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥**

ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਅੰਦਰ ਤਾਂ ਸਾਡੇ "ਅੰਮ੍ਰਿਤ" ਹੈ ਪਰ ਦਰਸ਼ਨ ਸਾਨੂੰ ਬ੍ਰਹਮ ਦੇ ਹੁੰਦੇ ਹਨ ਭਾਵ ਜੋ "ਅੰਮ੍ਰਿਤ" ਹੈ ਉਹੀ "ਬ੍ਰਹਮ" ਹੈ। ਜੋ ਸਾਡੇ ਅੰਦਰ ਹੈ ਦਰਸ਼ਨ ਉਸੇ ਦੇ ਹੀ ਹੁੰਦੇ ਹਨ। ਮਨ ਦੇ ਵਿੱਚ ਕੇਵਲ ਗਿਆਨ ਹੀ ਹੁੰਦਾ ਹੈ ਹੋਰ ਕੁੱਝ ਨਹੀਂ ਹੁੰਦਾ। ਇਹ ਸਾਰੇ ਸੰਸਾਰ ਲਈ ਇੱਕੋ ਜਿਹੀ ਗੱਲ ਹੈ। ਸਭ ਦੇ ਅੰਦਰ ਪ੍ਰਮਾਤਮਾ ਅੰਮ੍ਰਿਤ ਰੂਪ ਵਿੱਚ ਹੀ ਹੈ ਤੇ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿਸ ਸਰੀਰ ਰਾਹੀਂ ਪ੍ਰਗਟ ਹੁੰਦਾ ਹੈ ਤੇ ਆਪਣਾ ਅੰਮ੍ਰਿਤੁ ਰੂਪ ਦਿਖਾਉਂਦਾ ਹੈ, ਆਪਣਾ ਬ੍ਰਹਮ ਰੂਪ ਦਿਖਾਉਂਦਾ ਹੈ। ਸੰਸਾਰ ਵਿਅਰਥ ਵਿੱਚ ਹੀ ਉਸ ਨੂੰ ਬਾਹਰੋਂ ਕਿਧਰੋਂ ਖੋਜਦਾ ਫਿਰਦਾ ਹੈ, ਮਿਰਗ ਦੀ ਤਰ੍ਹਾਂ ਭਟਕਦਾ ਫਿਰਦਾ ਹੈ ਜਿਵੇਂ ਕਿ ਉੱਪਰ ਵਾਲੇ ਸ਼ਬਦ ਦੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਅੰਮ੍ਰਿਤ ਰੂਪ ਅੰਮ੍ਰਿਤ ਦੇ ਦਾਤੇ ਨੇ ਕੇਵਲ ਤੇ ਕੇਵਲ ਆਪਣੇ ਅੰਦਰੋਂ ਹੀ ਮਿਲਣਾ ਹੈ ਤੇ ਉਸ ਨੂੰ ਬਾਹਰੋਂ ਕਿੱਧਰੋਂ ਖੋਜਣਾ ਕੇਵਲ ਵਿਅਰਥ ਦੀ ਕਿਰਿਆ ਹੈ।

ਪਉੜੀ ॥

{ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥

ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥

ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥

ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥

ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥੧੫॥}

(ਅੰਗ - ੩੦੯)

ਇਸ ਅੰਮ੍ਰਿਤ ਦੀ ਪ੍ਰਾਪਤੀ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥

ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥

ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥"

31/3502

ਮਨ ਦੇ "ਅੰਮ੍ਰਿਤ" ਦਾ ਮਕਸਦ ਸਾਨੂੰ ਸੱਚ ਸਮਝਾਉਣ ਨਾਲ ਹੀ ਹੈ, ਸਾਡੇ ਜੀਵਨ ਦਾ ਸੱਚਾ ਮਾਰਗ ਸਮਝਾਉਣ ਲਈ ਹੀ ਹੈ, ਸਾਨੂੰ ਭਗਤੀ ਦੀ ਸੱਚੀ ਸੋਝੀ ਪਾਉਣ ਨਾਲ ਹੀ ਹੈ ਜੋ ਕਿ ਆਪਣੇ ਆਪ ਨੂੰ ਤ੍ਰਿਸ਼ਨਾਵਾਂ ਤੋਂ ਮੁਕਤਿ ਕਰਨ ਦਾ ਹੈ ਤਾਂ ਜੋ ਸਾਡੇ ਅੰਦਰੋਂ ਇਹ ਤ੍ਰਿਸ਼ਨਾ ਦੀ ਅਗਨਿ ਬੁੱਝ ਸਕੇ ਤੇ ਸਾਡੇ ਮਨ ਵਿੱਚ ਸੰਤੋਖ ਆ ਜਾਵੇ। ਜੋ ਮਨ ਦੇ ਵਿੱਚ ਇਹੋ ਜਿਹੀ ਸੋਝੀ ਨੂੰ ਚੱਖਦਾ ਹੈ, ਅੰਮ੍ਰਿਤ ਚੱਖਦਾ ਹੈ ਉਸ ਨੂੰ ਹੀ ਫਿਰ ਇਸਦੇ ਸੁਆਦ ਦੀ ਸਮਝ ਆਉਂਦੀ ਹੈ ਕਿ ਇਹ ਸੁਆਦ ਚੱਖਣਾ ਕੀ ਹੈ, ਸਾਡੀ ਰਸਨਾ ਦੇ ਉੱਤੇ "ਹਰਿ ਸਾਦੁ" ਕੀ ਹੈ। ਜਦੋਂ ਮਨੁੱਖ ਨੂੰ ਤ੍ਰਿਸ਼ਨਾ ਤੋਂ ਮੁਕਤਿ ਹੋਣ ਵਿੱਚ ਸੁਆਦ ਮਹਿਸੂਸ ਹੁੰਦਾ ਹੈ ਭਾਵ ਚੰਗਾ ਲੱਗਦਾ ਹੈ, ਸੱਚ ਤੇ ਚੱਲਣਾ ਚੰਗਾ ਲੱਗਦਾ ਹੈ ਇਹ ਸਾਡੇ ਜੀਵਨ ਦਾ ਅਸਲ ਆਨੰਦ ਹੈ, ਸਾਡੀ ਰਸਨਾ ਦਾ ਸੱਚਾ ਸੁਆਦ ਚੱਖਣਾ ਹੈ। ਸੰਬੋਧਨ ਰਸਨਾ ਨੂੰ ਕੀਤਾ ਹੁੰਦਾ ਹੈ ਪਰ ਸੋਝੀ ਮਨ ਵਿੱਚ ਹੀ ਪੈਂਦੀ ਹੈ ਜੋ ਮਨੁੱਖ ਨੂੰ ਤ੍ਰਿਸਨਾ ਤੋਂ ਮੁਕਤਿ ਕਰਦੀ ਹੈ। (**ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥**)

ਸ਼ਬਦ ਦੀ ਸਭ ਤੋਂ ਪਹਿਲੀ ਪੰਗਤੀ ਵਿੱਚ ਸਾਨੂੰ ਇਸੇ ਲਈ ਮਨਮੁਖਿ ਕਿਹਾ ਗਿਆ ਹੈ ਕਿ ਸਾਨੂੰ ਮਨ ਵਿੱਚ ਇਹੋ ਜਿਹਾ ਅੰਮ੍ਰਿਤ ਚੱਖਣ ਨਾਲ ਭਾਵ ਗੁਰਮਤਿ ਰੂਪ ਸੋਝੀ ਨੂੰ ਅਪਣਾਉਣ ਵਿੱਚ ਸੁਆਦ ਨਹੀਂ ਆਉਂਦਾ ਭਾਵ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਵਿੱਚ, ਮਾਇਆ ਮੋਹ ਵਿੱਚੋਂ ਨਿਕਲਣ ਵਿੱਚ, ਸੱਚੀ ਗੁਰਮਤਿ ਨੂੰ ਅਪਨਾਉਣ ਵਿੱਚ ਸੁਆਦ ਨਹੀਂ ਆਉਂਦਾ। ਇਸ ਸੁਆਦ ਨੂੰ ਮਾਣੇ ਬਿਨ੍ਹਾਂ, ਚਖੇ ਬਿਨ੍ਹਾਂ ਕੋਈ ਇਸਦਾ ਸੁਆਦ ਨਹੀਂ ਸਮਝ ਸਕਦਾ। (**ਘਰ ਹੀ ਮਹਿ ਅੰਮ੍ਰਿਤ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥**)

ਮਨ ਦੇ ਵਿੱਚ ਜੋ ਪ੍ਰਮਾਤਮਾ ਦਾ ਇਹ ਅੰਮ੍ਰਿਤੁ ਰੂਪ ਸਾਨੂੰ ਸੱਚਾ ਗਿਆਨ ਹੀ ਬਖਸ਼ਦਾ ਹੈ ਜੋ ਕਿ ਪ੍ਰਮਾਤਮਾ ਆਪਣੇ ਸ਼ਬਦਾਂ ਦੀ ਵਿਚਾਰ ਦੁਆਰਾ ਬਖਸ਼ਦਾ ਹੈ। ਜੋ ਪ੍ਰਮਾਤਮਾ ਆਪਣੇ ਸ਼ਬਦਾਂ ਦੀ ਵਿਚਾਰ ਰਾਹੀਂ ਮਨ ਦੇ ਵਿੱਚ ਸਮਝਾਉਂਦਾ ਹੈ ਉਹੀ ਸਾਡੇ ਅੰਦਰ ਨਾਮ ਦਾ ਉਪਜਣਾ ਹੈ, ਸੱਚੇ ਗਿਆਨ ਦਾ ਉਪਜਣਾ ਹੈ ਤੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਮਨ ਦੀ ਇਹੋ ਜਿਹੀ ਸੋਝੀ ਦੁਆਰਾ ਹੁੰਦਾ ਹੈ ਜੋ ਸੋਝੀ ਉਹ ਆਪ ਹੀ ਪਾਉਂਦਾ ਹੈ। (**ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥**)

ਮਨ ਦੇ ਵਿੱਚ ਇਹੋ ਜਿਹੀ ਸੋਝੀ ਪਏ ਬਿਨ੍ਹਾਂ, ਮਨ ਦੇ ਅੰਦਰ ਨਾਮ ਉਪਜਣ ਬਿਨ੍ਹਾਂ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਸਾਰੇ ਸੰਸਾਰ ਦੀ ਅਵੱਸਥਾ ਬਉਰੇਪਨ ਵਾਲੀ ਹੈ, ਅਗਿਆਨਤਾ ਵਾਲੀ ਹੈ, ਭਰਮ ਵਾਲੀ ਹੈ, ਬੇਸਮਝੀ ਵਾਲੀ ਹੈ ਜਿਸ

31/3503

ਅਵੱਸਥਾ ਵਿੱਚ ਰਹਿੰਦਿਆਂ ਮਨੁੱਖ ਦਾ ਜਨਮ ਵਿਅਰਥ ਜਾਂਦਾ ਹੈ ਕਿਉਂਕਿ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਮਨੁੱਖ ਪ੍ਰਮਾਤਮਾ ਨੂੰ ਸਮਝਣ ਵਿੱਚ ਦੂਰ ਰਹਿੰਦਾ ਹੈ, ਸੰਸਾਰ ਦੇ ਸੱਚ ਸਮਝਣ ਤੋਂ ਦੂਰ ਰਹਿੰਦਾ ਹੈ। ਜੀਵਨ ਉਸ ਦਾ ਹੀ ਸਫ਼ਲ ਹੈ ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ, ਮਨ ਦੀ ਸੋਝੀ ਦੁਆਰਾ ਦੇਖ ਲੈਂਦਾ ਹੈ। (**ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥**)

“ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥2॥”

ਧਿਆਨ ਨਾਲ ਸਮਝੋ ਕਿ ਅਸੀਂ ਪ੍ਰਾਪਤੀ ਕਿਸ ਦੀ ਕੀਤੀ, ਸਾਡਾ ਮੇਲ ਕਿਸਦੇ ਨਾਲ ਹੋਇਆ। ਮੇਲ ਸਾਡਾ ਪ੍ਰਮਾਤਮਾ ਦੇ ਨਾਲ ਹੀ ਹੋਇਆ ਭਾਵ ਅਸੀਂ ਪ੍ਰਮਾਤਮਾ ਨੂੰ ਹੀ ਪਾਇਆ ਜਿਵੇਂ ਕਿ ਅਸੀਂ ਪੂਰੇ ਸ਼ਬਦ ਰਾਹੀਂ ਸਮਝਿਆ ਹੈ। “ਅੰਮ੍ਰਿਤ” ਇੱਕੋ ਇੱਕ ਆਪ ਪ੍ਰਮਾਤਮਾ ਹੈ, ਇੱਕੋ ਇੱਕ ਆਪ ਹੀ ਉਹ “ਸ਼ਬਦ” ਹੈ ਜਿਸ ਰੂਪ ਵਿੱਚ ਉਹ ਆਪ ਹੀ ਗੁਰੂ ਹੈ, ਸਦਾ ਸਦਾ ਤੋਂ ਗੁਰੂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਉਹ ਆਪਣੇ “ਸਬਦੁ” ਰੂਪ ਵਿੱਚ ਸਭ ਜਗ੍ਹਾ ਭਰਪੂਰ ਹੈ। ਪ੍ਰਮਾਤਮਾ ਦਾ ਇਹ ਰੂਪ ਹੀ ਉਸ ਦਾ “ਨਾਮੁ” ਰੂਪ ਹੈ, “ਸਚੁ” ਰੂਪ ਹੈ। ਇਹ ਹਰ ਰੂਪ ਪ੍ਰਮਾਤਮਾ ਦਾ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ ਰੂਪ ਵਿੱਚ ਹੀ ਹੈ, “ਸਬਦੁ” ਰੂਪ ਵਿੱਚ ਹੈ, ਅੰਮ੍ਰਿਤ ਨਾਮ ਰੂਪ ਵਿੱਚ ਹੈ, ਸਚ ਰੂਪ ਵਿੱਚ ਹੈ, ਬ੍ਰਹਮ ਗਿਆਨ ਰੂਪ ਵਿੱਚ ਹੈ ਜਿਸ ਦੁਆਰਾ ਉਹ ਆਪਣੀ ਸੱਚੀ ਗੁਰਮਤਿ ਸਾਰੇ ਸੰਸਾਰ ਨੂੰ ਸਮਝਾ ਰਿਹਾ ਹੈ, ਆਪਣਾ ਅੰਮ੍ਰਿਤ ਸਾਰੇ ਸੰਸਾਰ ਨੂੰ ਪਿਲਾ ਰਿਹਾ ਹੈ ਜਿਸ ਦਾ ਮਕਸਦ ਸਾਨੂੰ ਬਿਖ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਸੱਚ ਨੂੰ ਸਮਝ ਸਕੀਏ ਤੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲ ਸਕੀਏ ਜਿਸ ਦੁਆਰਾ ਉਸ ਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਭਰਮ ਤੋਂ ਮੁਕਤਿ ਹੋਇਆ ਜਾ ਸਕਦਾ ਹੈ ਤੇ ਆਪਣੇ ਅੰਦਰੋਂ ਹੀ ਉਸ ਅੰਮ੍ਰਿਤ ਰੂਪ ਪ੍ਰਮਾਤਮਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ। (**ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥**)

ਜਦ ਤੱਕ ਕਿਸੇ ਨੂੰ ਮਨ ਰੂਪ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਮਨ ਦੇ ਵਿੱਚੋਂ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੁੰਦੀ ਤਦ ਤੱਕ ਕੋਈ ਵੀ ਉਸ

31/3504

ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ। ਹਰ ਕੋਈ ਅੰਮ੍ਰਿਤ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ। ਖੰਡੇ ਬਾਟੇ ਦੇ ਅੰਮ੍ਰਿਤ ਛਕਣ ਦਾ ਮਕਸਦ ਸਾਨੂੰ ਮਨ ਦੇ ਅੰਮ੍ਰਿਤ ਨਾਲ ਜੋੜਨ ਦਾ ਹੀ ਹੈ, ਸਚੁ ਰੂਪ, ਸਬਦੁ ਰੂਪ ਅੰਮ੍ਰਿਤ ਨਾਲ ਜੋੜਨ ਦਾ ਹੀ ਹੈ ਜੋ ਅੰਮ੍ਰਿਤ ਪੂਰੀ ਗੁਰਬਾਣੀ ਵਿੱਚ ਭਰਿਆ ਹੋਇਆ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢ ਕੇ ਗੁਰੂ ਦੀ ਸੱਚੀ ਮਤਿ ਨਾਲ ਜੋੜਨ ਦਾ ਹੈ, ਮਨ ਦੇ ਅੰਮ੍ਰਿਤ ਨਾਲ ਜੋੜਨ ਦਾ ਹੈ ਜੋ ਸਾਨੂੰ ਔਗੁਣਾਂ ਵਿੱਚੋਂ ਕੱਢਕੇ ਗੁਣਾਂ ਨਾਲ ਜੋੜਦਾ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰੀਏ ਤੇ ਸਾਡੇ ਇਹੋ ਜਿਹੇ ਚੰਗੇ ਕਰਮ ਹੀ ਅੰਮ੍ਰਿਤ ਨਾਮ ਨੂੰ ਆਪਣੇ ਅੰਦਰ ਵਸਾਉਣ ਦਾ ਉੱਦਮ ਹੈ। ਸਾਰੀ ਗੱਲ ਭਰਮ ਵਿੱਚੋਂ ਨਿਕਲਣ ਦੀ ਹੈ ਜੋ ਕਿ ਪ੍ਰਮਾਤਮਾ ਦੇ ਅੰਮ੍ਰਿਤ ਦਾ, ਉਸਦੇ ਅੰਮ੍ਰਿਤੁ ਰੂਪ ਗਿਆਨ ਦਾ ਅਸਲ ਮਕਸਦ ਹੈ।

ਪ੍ਰਮਾਤਮਾ ਦਾ ਅੰਮ੍ਰਿਤ ਰੂਪ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁੱਝ ਪੰਗਤੀਆਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

“ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥”

(ਅੰਗ ੧੨੩੮)

ਪ੍ਰਮਾਤਮਾ ਇੱਕ ਹੈ ਤੇ ਦੂਸਰਾ ਨਹੀਂ ਹੈ ਤੇ ਉਹ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਮਨ ਦੇ ਵਿੱਚ ਹੀ ਹੈ ਜਿਸ ਨੂੰ ਕੇਵਲ ਉਸ ਦੀ ਕਿਰਪਾ ਦੁਆਰਾ ਪਾਇਆ ਜਾ ਸਕਦਾ ਹੈ। ਪ੍ਰਮਾਤਮਾ “ਅੰਮ੍ਰਿਤੁ” ਦੇ ਰੂਪ ਵਿੱਚ ਹੈ ਜਿਸ ਨੂੰ ਕਿ ਸਾਡਾ ਮਨ ਪੀਂਦਾ ਹੈ। ਸਾਡਾ ਮਨ ਕੇਵਲ ਗਿਆਨ ਨੂੰ ਹੀ ਪੀ ਸਕਦਾ ਹੈ ਤੇ ਆਪਣਾ ਗਿਆਨ ਰੂਪ ਅੰਮ੍ਰਿਤ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਿਆਉਂਦਾ ਹੈ ਜਿਸਨੂੰ ਪਹਿਲੇ ਤੋਂ ਹੀ ਉਸਨੇ ਇਹ ਅੰਮ੍ਰਿਤ ਪਿਆਉਣਾ ਲਿਖਿਆ ਹੋਇਆ ਹੈ, ਉਸਨੂੰ ਹੀ ਪਿਆਉਂਦਾ ਹੈ। ਪ੍ਰਮਾਤਮਾ ਆਪਣਾ ਇਹ ਅੰਮ੍ਰਿਤ ਬ੍ਰਹਮ ਗਿਆਨ ਦੇ ਰੂਪ ਵਿੱਚ ਪਿਆਉਂਦਾ ਹੈ ਜਿਸ ਰੂਪ ਦੁਆਰਾ ਉਹ ਸਭ ਜਗ੍ਹਾ ਸਮਾਇਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਰੰਗ ਵਿੱਚ ਰੱਤਦਾ ਹੈ, ਆਪਣੇ ਨਾਮ ਵਿੱਚ ਰੱਤਦਾ ਹੈ ਉਸਨੂੰ ਉਹ ਆਪਣਾ ਅੰਮ੍ਰਿਤ ਮਨ ਦੇ ਵਿੱਚ ਹੀ ਪਿਆਉਂਦਾ ਹੈ। ਉਸ ਦੇ ਨਾਮ ਦੀ ਵਡਿਆਈ, ਗੁਰਮਤਿ ਦੀ ਵਡਿਆਈ, ਸੱਚ ਦੀ ਵਡਿਆਈ ਉਹੀ ਕਰਦਾ ਹੈ। ਉਸ ਦੇ ਨਾਮ ਦੀ ਵਡਿਆਈ, ਗੁਰਮਤਿ ਦੀ ਵਡਿਆਈ, ਸੱਚ ਦੀ ਵਡਿਆਈ ਉਹੀ ਕਰਦਾ ਹੈ ਜਿਸ ਨੂੰ ਪ੍ਰਮਾਤਮਾ ਪਹਿਲੇ ਆਪਣਾ

31/3505

ਇਹ ਸੱਚੀ ਸੋਝੀ ਪਾਉਣ ਵਾਲਾ ਅੰਮ੍ਰਿਤ ਪਿਆਉਂਦਾ ਹੈ ਭਾਵ ਭਰਮ ਵਿੱਚੋਂ ਕੱਢਕੇ ਸੱਚ ਦੇ ਨਾਲ ਜੋੜਦਾ ਹੈ ਤੇ ਸੱਚੇ ਮਾਰਗ ਤੇ ਚਲਾਉਂਦਾ ਹੈ ਜਿਸ ਦੁਆਰਾ ਨਾਮ ਦੀ ਵਡਿਆਈ ਹੁੰਦੀ ਹੈ। ਪੂਰੀ ਗੁਰਬਾਣੀ ਸਾਨੂੰ ਪ੍ਰਮਾਤਮਾ ਦੀ ਇਹੋ ਜਿਹੀ ਵਡਿਆਈ ਕਰਨੀ ਹੀ ਸਿਖਾ ਰਹੀ ਹੈ ਜੋ ਉਸਦੇ ਅੰਮ੍ਰਿਤ ਨੂੰ ਪੀਣ ਦੁਆਰਾ ਹੁੰਦੀ ਹੈ, ਮਨ ਦੇ ਪੀਣ ਦੁਆਰਾ ਹੁੰਦੀ ਹੈ, ਸ਼ਬਦ ਦੀ ਵਿਚਾਰ ਨੂੰ ਪੀਣ ਦੁਆਰਾ ਹੁੰਦੀ ਹੈ। (**ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥ ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥ ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥1॥**)

ਮਾਝ ਮਹਲਾ ੫ ॥

{“ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥

ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥"}

(ਅੰਗ ੧੦੨)

ਉੱਪਰ ਸ਼ਬਦ ਰਾਹੀਂ ਧਿਆਨ ਨਾਲ ਸਮਝੋ ਕਿ ਇਸ ਮਨ ਦੇ ਅੰਮ੍ਰਿਤ ਦਾ ਮਕਸਦ ਕੀ ਹੈ। ਮਕਸਦ ਉਹੀ ਹੈ ਜੋ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ। ਇਹ ਅੰਮ੍ਰਿਤ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਸ ਨੂੰ ਪੀ ਕੇ ਸਾਡੀ ਮਾੜੀ ਮਤਿ "ਸੁਮਤਿ" ਦੇ ਰੂਪ ਵਿੱਚ ਬਦਲ ਜਾਂਦੀ ਹੈ ਭਾਵ ਸਾਡੀ ਮਤਿ ਮਾੜੀ ਸੋਝੀ ਵਿੱਚੋਂ ਨਿਕਲਕੇ ਚੰਗੀ ਸੋਝੀ ਵਾਲੀ ਬਣ ਜਾਂਦੀ ਹੈ ਭਾਵ ਸਾਡੇ ਮਨ ਦੇ ਮਾੜੇ ਵਿਚਾਰ ਸ਼ਬਦ ਦੇ ਵਿਚਾਰਾਂ ਵਾਲੇ ਬਣ ਜਾਂਦੇ ਹਨ ਭਾਵ ਸਾਡੀ ਸੁਰਤਿ ਦੇ ਵਿਚਾਰ ਸ਼ਬਦ ਦੇ ਵਿਚਾਰਾਂ ਵਾਲੇ ਬਣ ਜਾਂਦੇ ਹਨ, ਨਾਮ ਦੇ ਵਿਚਾਰਾਂ ਵਾਲੇ ਬਣ ਜਾਂਦੇ ਹਨ। ਸੁਰਤਿ ਤੇ ਸ਼ਬਦ ਦੇ ਵਿਚਾਰਾਂ ਦਾ ਮੇਲ ਹੀ ਸਾਡਾ ਪ੍ਰਮਾਤਮਾ ਨਾਲ ਮੇਲ ਹੈ। ਸੁਰਤਿ ਵਾਲੇ ਵਿਚਾਰ ਸਾਡੇ ਮਨੁੱਖੀ ਵਿਚਾਰ ਹਨ ਤੇ ਸ਼ਬਦ ਦੇ ਵਿਚਾਰ ਪ੍ਰਮਾਤਮਾ ਦੇ ਵਿਚਾਰ ਹਨ ਜੋ ਕਿ ਉਸਦੇ ਅੰਮ੍ਰਿਤ ਦੇ ਰੂਪ ਵਿੱਚ ਹਨ, ਨਾਮ ਦੇ ਰੂਪ ਵਿੱਚ ਹਨ। ਸਾਡਾ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਇਹ ਵਿਚਾਰਾਂ ਦਾ ਮੇਲ ਹੈ ਜੋ ਮੇਲ ਉਸ ਪ੍ਰਮਾਤਮਾ ਦੇ ਆਪਣੇ ਹੀ ਵੱਸ ਹੈ। ਪ੍ਰਮਾਤਮਾ ਦਾ ਨਾਮ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ, ਮਨ ਦੀ ਇਹੋ ਜਿਹੀ ਸੁਮਤਿ ਦੁਆਰਾ ਹੀ ਧਿਆਇਆ ਜਾ ਸਕਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਸੱਚੀ ਮਤਿ ਦੁਆਰਾ ਹੀ ਹੁੰਦਾ ਹੈ ਜੋ ਸਾਨੂੰ ਭਰਮ ਵਿੱਚੋਂ ਕੱਢਦੀ ਹੈ। ਸਾਡਾ ਸਾਰਾ ਉੱਦਮ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੀ ਹੋਣਾ ਚਾਹੀਦਾ ਹੈ, ਮਨ ਦੀ ਮਾੜੀ ਮਤਿ ਵਿੱਚੋਂ ਨਿਕਲਣ ਦਾ ਹੀ ਹੋਣਾ ਚਾਹੀਦਾ ਹੈ ਭਾਵ ਸ਼ਬਦ ਦਾ ਵਿਚਾਰੀ ਬਣਨ ਦਾ ਹੀ ਹੋਣਾ ਚਾਹੀਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ

31/3506

ਪਾ ਸਕਦੇ ਹਾਂ ਜੋ ਸਾਡੇ ਸਭ ਦੇ ਅੰਦਰ, ਸਾਰੇ ਸੰਸਾਰ ਦੇ ਅੰਦਰ ਆਪਣੇ ਇੱਕੋ ਜਿਹੇ ਅੰਮ੍ਰਿਤੁ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ, ਗਿਆਨ ਰੂਪ ਵਿੱਚ ਹੀ ਵਿਚਰ ਰਿਹਾ ਹੈ। (**ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥ ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥**)

ਸਾਨੂੰ ਸੁਮਤਿ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਭਾਵ ਸ਼ਬਦ ਦਾ ਵਿਚਾਰੀ ਬਣਨਾ ਕੀ ਹੈ, ਸ਼ਬਦ ਦਾ ਵਿਚਾਰੀ ਬਣਨ ਨਾਲ ਸਾਡੇ ਮਨ ਦੇ ਵਿੱਚ ਕੀ ਬਦਲਾਵ ਆਉਂਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥"

ਬੜੇ ਹੀ ਧਿਆਨ ਨਾਲ ਸਮਝੋ ਕਿ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਕਾਰਣ ਕੀ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਨਹੀਂ ਜਾਣ ਸਕਦੇ, ਉਸਦਾ ਅੰਮ੍ਰਿਤ ਨਹੀਂ ਛਕ ਸਕਦੇ ਜੋ ਅੰਮ੍ਰਿਤ ਛਕਣ ਨਾਲ ਸਾਡਾ ਪਾਰ ਉਤਾਰਾ ਹੋਣਾ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਸਾਡੇ ਅੰਦਰ ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਜਿਸ ਨੂੰ ਅਸੀਂ ਮਨ ਦੇ ਵਿੱਚੋਂ ਹੀ ਪ੍ਰਾਪਤ ਕਰਨਾ ਹੈ। ਪ੍ਰਮਾਤਮਾ ਨੇ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਸਾਨੂੰ ਭਰਮ ਵਿੱਚ ਰੱਖਿਆ

ਹੋਇਆ ਹੈ, ਮਾਇਆ ਮੋਹ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ, ਹਉਮੈ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਦੇ ਵਿਚਾਰ ਸਾਡੇ ਅੰਦਰ ਉਸ ਦੀ ਜੋਤਿ ਰਾਹੀਂ ਹੀ ਆਉਂਦੇ ਹਨ ਜਿਸ ਦੀ ਕਿ ਕਿਸੇ ਨੂੰ ਵੀ ਸਮਝ ਨਹੀਂ ਹੈ ਤੇ ਨਾ ਹੀ ਆਪਣੇ ਆਪ ਇਹ ਸਮਝ ਕਿਸੇ ਨੂੰ ਪੈ ਸਕਦੀ ਹੈ ਭਾਵ ਸਭ ਕੋਈ ਭਰਮ ਵਿੱਚ ਹੈ। ਮਨ ਦੇ ਇਸ ਭਰਮ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਵੀ ਪ੍ਰਮਾਤਮਾ ਦੀ ਜੋਤਿ ਵਿੱਚ ਨਹੀਂ ਰੱਲ ਸਕਦਾ ਭਾਵ ਉਸਦੇ ਗਿਆਨ ਰੂਪ ਵਿੱਚ ਨਹੀਂ ਰੱਲ ਸਕਦਾ। ਉਸਦੇ ਇਸ ਨਿਰਗੁਣ ਰੂਪ ਵਿੱਚ ਰੱਲਣ ਤੋਂ ਬਾਅਦ ਫਿਰ ਮਨੁੱਖ ਪ੍ਰਮਾਤਮਾ ਵਿੱਚ ਹੀ ਸਮਾਅ ਜਾਂਦਾ ਹੈ ਤੇ

31/3507

ਉਸ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਹੁਣ ਤੱਕ ਜੋ ਮੈਂ ਆਪਣੇ ਆਪ ਨੂੰ ਸਮਝਿਆ ਹੋਇਆ ਸੀ ਉਹ ਕੇਵਲ ਮੇਰਾ ਇੱਕ ਭਰਮ ਸੀ ਜੋ ਕਿ ਇੱਕ ਸੁਪਨੇ ਦੀ ਤਰ੍ਹਾਂ ਝੂਠਾ ਸੀ। ਮਨ ਦੇ ਭਰਮ ਕਰਕੇ ਹੀ ਅਸੀਂ ਨਾਮ ਨੂੰ ਸਮਝਣ ਵਿੱਚ ਅਸਮਰੱਥ ਰਹੇ ਹਾਂ ਕਿਉਂਕਿ ਅਸੀਂ ਉਹਨਾਂ ਦੀ ਮਤਿ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ। ਨਾਮ ਦੇ ਅਸਲ ਮਕਸਦ ਨੂੰ ਸਮਝੇ ਬਿਨ੍ਹਾਂ, ਅੰਮ੍ਰਿਤ ਦੇ ਅਸਲ ਮਕਸਦ ਨੂੰ ਸਮਝੇ ਬਿਨ੍ਹਾਂ, ਸ਼ਬਦ ਦੇ ਅਸਲ ਮਕਸਦ ਨੂੰ ਸਮਝੇ ਬਿਨ੍ਹਾਂ, ਸੱਚ ਦੇ ਅਸਲ ਮਕਸਦ ਨੂੰ ਸਮਝੇ ਬਿਨ੍ਹਾਂ ਅਸੀਂ ਉਸ ਮਾਰਗ ਤੇ ਨਹੀਂ ਚੱਲ ਸਕਦੇ, ਅਸੀਂ ਉਸ "ਅੰਮ੍ਰਿਤੁ" ਰੂਪ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। ਉਸ ਨਾਲ ਸਾਡਾ ਪੜਦਾ ਕੇਵਲ ਭਰਮ ਦਾ ਹੈ ਜੋ ਕਿ ਕੇਵਲ ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਨਿਕਲ ਸਕਦਾ ਹੈ, ਨਾਮ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਨਿਕਲ ਸਕਦਾ ਹੈ। ਕਥਨੀ ਨਾਲ ਕਦੇ ਕਿਸੇ ਦਾ ਭਰਮ ਨਹੀਂ ਨਿਕਲ ਸਕਦਾ ਤੇ ਹਰ ਕੋਈ ਸ਼ਬਦ ਦੀ ਕਥਨੀ ਨਾਲ ਹੀ ਜੁੜਿਆ ਹੋਇਆ ਹੈ ਤੇ ਆਪਣੇ ਸਹੀ ਮਾਰਗ ਤੋਂ ਭਟਕਿਆ ਹੋਇਆ ਹੈ। (**ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥ ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥4॥**)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥3॥}

(ਅੰਗ 655)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ ਰਹਾਉ ॥}

(ਅੰਗ 355)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ 229)

ਗਉੜੀ ਮਹਲਾ ੫ ॥
“ਮਨ ਧਰ ਤਰਬੇ ਹਰਿ ਨਾਮ ਨੋ ॥
ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥
ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥
ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥
ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥
ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥”

(ਅੰਗ 210)

ਪ੍ਰਮਾਤਮਾ ਦਾ ਨਾਮ ਉਸ ਦਾ ਬੋਹਿਥ ਹੈ ਜਿਸ ਨੇ ਸਾਨੂੰ ਸੰਸਾਰ ਸਾਗਰ ਵਿੱਚੋਂ ਤਾਰਨਾ ਹੈ, ਮਾਇਆ ਮੋਹ ਦੇ ਸਾਗਰ ਵਿੱਚੋਂ ਤਾਰਨਾ ਹੈ। ਉਪਰਲੇ ਸ਼ਬਦ ਰਾਹੀਂ ਧਿਆਨ ਨਾਲ ਸਮਝੋ ਕਿ ਨਾਮ ਦੇ ਬੋਹਿਥ ਨੇ ਸਾਨੂੰ ਤਾਰਨਾ ਹੈ ਤੇ ਉਹ ਸਾਗਰ ਕੀ ਹੈ ਤਾਂ ਜੋ ਅਸੀਂ ਉਹੋ ਜਿਹਾ ਉਪਰਾਲਾ ਕਰੀਏ ਜੋ ਕਿ ਨਾਮ ਦਾ ਮਕਸਦ ਹੈ। ਉਪਰਲੇ ਸ਼ਬਦ ਰਾਹੀਂ ਸਾਨੂੰ ਨਾਮ ਜਪਣ ਦਾ ਮਕਸਦ ਹੀ ਸਮਝਾਇਆ ਹੋਇਆ ਹੈ।

“ਮਨ ਧਰ ਤਰਬੇ ਹਰਿ ਨਾਮ ਨੋ ॥
ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥”

31/3508

ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਮਨ ਦੀ ਸੰਸਾ ਵਿੱਚ ਰੱਖਿਆ ਹੋਇਆ ਹੈ, ਸਹਿਸਾ ਵਿੱਚ ਰੱਖਿਆ ਹੋਇਆ ਹੈ, ਭਰਮ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ। ਸਾਡਾ ਮਨ ਸੰਸਾ ਰੂਪ ਸਾਗਰ ਹੈ ਜੋ ਸਮੁੰਦਰ ਦੀਆਂ ਲਹਿਰਾਂ ਦੀ ਤਰ੍ਹਾਂ ਮਨ ਦੇ ਵਿਚਾਰਾਂ ਰਾਹੀਂ ਉਛਲਦਾ ਰਹਿੰਦਾ ਹੈ, ਡੋਲਦਾ ਰਹਿੰਦਾ ਹੈ, ਮਾਇਆ ਮੋਹ ਵਿੱਚ ਡੋਲਦਾ ਹੈ ਤੇ ਅਡੋਲਤਾ ਵਿੱਚ ਨਹੀਂ ਆਉਂਦਾ ਕਿਉਂਕਿ ਉਸ ਨੂੰ ਸੱਚ ਦੀ ਸਮਝ ਨਹੀਂ ਹੈ ਤੇ ਮਨ ਦੀ ਨਾ ਸਮਝੀ ਕਰਕੇ ਤ੍ਰਿਸ਼ਨਾਵਾਂ ਵਿੱਚ ਫਸਿਆ ਰਹਿੰਦਾ ਹੈ। ਗੁਰੂ ਨਾਮ ਦਾ ਬੋਹਿਥ ਹੈ ਜਿਸਨੇ ਸਾਨੂੰ ਇਸ ਸੰਸਾ ਰੂਪ ਸਮੁੰਦਰ ਵਿੱਚੋਂ ਤਾਰਨਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਣਾ ਹੈ, ਮਨ ਦੇ ਡੋਲਣ ਵਾਲੇ ਵਿਚਾਰਾਂ ਵਿੱਚੋਂ ਕੱਢਣਾ ਹੈ। ਮਨ ਦੇ ਇਹਨਾਂ ਵਿਚਾਰਾਂ ਵਿੱਚੋਂ ਸਾਨੂੰ ਗੁਰੂ ਦੇ ਉਹ ਵਿਚਾਰ ਹੀ ਕੱਢ ਸਕਦੇ ਹਨ ਜੋ ਕਦੇ ਡੋਲਦੇ ਨਹੀਂ। ਗੁਰੂ ਦੇ ਵਿਚਾਰਾਂ ਦੇ ਅੰਦਰ ਸੱਚ ਹੈ ਜੋ ਕਦੇ ਡੋਲ ਨਹੀਂ ਸਕਦਾ। ਇਹ ਸੱਚ ਗੁਰੂ ਦਾ ਨਾਮ ਹੈ ਜੋ ਸਾਡੇ ਮਨ ਨੂੰ ਡੋਲਣ ਤੋਂ ਹਟਾਉਂਦਾ ਹੈ। ਸਾਡਾ ਮਨ ਤਾਂ ਹੀ ਡੋਲਣੋ ਹੱਟਦਾ ਹੈ ਜੇਕਰ ਉਸ ਨੂੰ ਇਹ ਸਮਝ ਲੱਗ ਜਾਵੇ ਕਿ ਮੇਰੇ ਡੋਲਣ ਦਾ ਕਾਰਣ ਕੀ ਹੈ। ਗੁਰੂ ਦੀ ਮਤਿ ਸਾਨੂੰ ਸਾਡੇ ਮਨ ਦੇ ਡੋਲਣ ਦਾ ਕਾਰਣ ਹੀ ਸਮਝਾਉਂਦੀ ਹੈ ਜੋ ਕਿ ਸਾਡੇ ਅੰਦਰ ਮਾਇਆ ਦਾ ਮੋਹ ਹੈ, ਸਾਡੀਆਂ ਤ੍ਰਿਸ਼ਨਾਵਾਂ ਹਨ। ਗੁਰੂ ਸਾਨੂੰ ਆਪਣੇ ਸ਼ਬਦਾਂ ਰਾਹੀਂ ਇਹੀ ਵਾਰ ਵਾਰ ਸਮਝਾਉਂਦਾ ਹੈ, ਆਪਣੇ ਸ਼ਬਦ ਦੇ ਵਿਚਾਰਾਂ ਰਾਹੀਂ ਸਮਝਾਉਂਦਾ ਹੈ ਕਿ ਇਹਨਾਂ ਤ੍ਰਿਸ਼ਨਾਵਾਂ ਵਿੱਚੋਂ

ਨਿਕਲੋ ਜੋ ਕਿ ਤੁਹਾਡੇ ਜੀਵਨ ਨੂੰ ਖਰਾਬ ਕਰ ਰਹੀਆਂ ਹਨ ਜਿੰਨ੍ਹਾਂ ਵਿੱਚ ਫੱਸ ਕੇ ਅਸੀਂ ਮਾੜੇ ਕੰਮ ਕਰਦੇ ਹਾਂ ਜੋ ਕਿ ਸੰਸਾਰ ਲਈ ਮਾੜੇ ਹਨ। ਗੁਰੂ ਸਾਨੂੰ ਇਹ ਸੱਚੀ ਮਤਿ ਹੀ ਦਿੰਦਾ ਹੈ ਜੋ ਕਿ ਉਸਦਾ ਨਾਮ ਹੈ ਜਿਸ ਦਾ ਮਕਸਦ ਸਾਨੂੰ ਮਾੜੀ ਮਤਿ ਛੱਡਣ ਦਾ ਹੈ, ਆਪਣੀ ਮਤਿ ਛੱਡਣ ਦਾ ਹੈ ਭਾਵ ਆਪਣੀ ਅਗਿਆਨਤਾ ਵਾਲੀ ਮਤਿ ਛੱਡਣ ਦਾ ਹੈ। ਆਪਣੀ ਇਹੋ ਜਿਹੀ ਮਤਿ ਛੱਡ ਕੇ ਹੀ ਅਸੀਂ ਉਸ ਭਰਮ ਵਿੱਚੋਂ ਨਿਕਲ ਸਕਦੇ ਹਾਂ ਜਿਸ ਦੇ ਰਹਿੰਦੇ ਹੋਏ ਅਸੀਂ ਉਹੋ ਜਿਹੀਆਂ ਗੱਲਾਂ ਵਿੱਚ ਧਰਮ ਸਮਝਿਆ ਹੋਇਆ ਹੈ ਜੋ ਕਿ ਮਾਇਆ ਮੋਹ ਦੇ ਸਾਗਰ ਨੂੰ ਤਰਨ ਦਾ ਸਾਧਨ ਨਹੀਂ ਹੈ ਤੇ ਹਰ ਕੋਈ ਭਰਮ ਵਿੱਚ ਹੀ ਉਹੋ ਜਿਹੇ ਭਗਤੀ ਦੇ ਤਰੀਕਿਆਂ ਵਿੱਚ ਲੱਗਾ ਹੋਇਆ ਹੈ, ਕਥਨੀ ਵਿੱਚ ਲੱਗਾ ਹੋਇਆ ਹੈ ਜਿਸ ਵਿੱਚੋਂ ਨਿਕਲਕੇ ਸੱਚੇ ਮਾਰਗ ਨਾਲ ਜੁੜਨ ਦੀ ਲੋੜ ਹੈ, ਨਾਮ ਦੇ ਬੋਹਿਥ ਤੇ ਬੈਠਣ ਦੀ ਲੋੜ ਹੈ ਭਾਵ ਗੁਰਮਤਿ ਨੂੰ ਮੰਨਣ ਦੀ ਲੋੜ ਹੈ। ਸਾਡੇ ਮਨ ਨੂੰ ਆਸਰਾ ਇਹੋ ਜਿਹੇ ਨਾਮ ਨੇ ਦੇਣਾ ਹੈ ਜਿਸਨੇ ਸਾਨੂੰ

31/3509

ਮਨ ਦੀ ਸੰਸਾ ਵਿੱਚੋਂ ਕੱਢਣਾ ਹੈ, ਭਰਮ ਵਿੱਚੋਂ ਕੱਢਣਾ ਹੈ ਜੋ ਕਿ ਨਾਮ ਦਾ ਮਕਸਦ ਹੈ। (**ਮਨ ਧਰ ਤਰਬੇ ਹਰਿ ਨਾਮ ਨੋ ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥**)

ਸੰਸਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਗੁਰੂ ਦੇ ਨਾਮ ਦਾ ਬੋਹਿਥ ਸਾਨੂੰ ਕਿਸ ਤਰੀਕੇ ਇਸ ਸੰਸਾ ਵਿੱਚੋਂ ਕੱਢਦਾ ਹੈ, ਇਸ ਸੰਸਾ ਰੂਪ ਸੰਸਾਰ ਸਾਗਰ ਵਿੱਚੋਂ ਪਾਰ ਉਤਾਰਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥”

“ਕਲਿ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਕਲਿ ਸਾਡੇ ਮਨ ਦੀ ਭਰਮ ਵਾਲੀ, ਸੰਸਾ ਵਾਲੀ, ਅਗਿਆਨਤਾ ਵਾਲੀ, ਮਾਇਆ ਮੋਹ ਵਾਲੀ ਬਿਰਤੀ ਹੈ ਭਾਵ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ, ਮਨ ਦੇ ਪੁੱਠੇ ਕਮਲ ਵਾਲੀ ਅਵੱਸਥਾ ਹੈ ਜਿਸ ਵਿੱਚ ਆਪ ਹੀ ਪ੍ਰਮਾਤਮਾ ਨੇ ਸਭ ਨੂੰ ਰੱਖਿਆ ਹੋਇਆ ਹੈ। ਸਾਡੇ ਮਨ ਦੇ ਅੰਦਰ ਹਨੇਰਾ ਭਾਵ ਅਗਿਆਨਤਾ ਦਾ ਹਨੇਰਾ ਇਸ ਕਲਿ ਕਰਕੇ ਹੀ ਹੈ ਜਿਸ ਨੇ ਸਾਡੇ ਮਨ ਦੇ ਅੰਦਰ ਕਾਲਖ ਵਾਲੀ ਬਿਰਤੀ ਬਣਾਈ ਹੋਈ ਹੈ ਜਿਸ ਦੇ ਰਹਿੰਦਿਆ ਸਾਨੂੰ ਆਪਣੇ ਅੰਦਰੋਂ ਅਸਲੀਅਤ ਦੀ ਸੋਝੀ ਨਹੀਂ ਪੈਂਦੀ, ਇਹ ਸਾਡੇ ਮਨ ਦੇ ਅੰਦਰ ਦਾ ਹਨ੍ਹੇਰਾ ਹੈ, ਸੰਸਾ ਹੈ, ਦੁਬਿਧਾ ਹੈ ਜਿਸ ਕਰਕੇ ਹਰ ਕੋਈ ਮਨਮਤਿ ਵਿੱਚ, ਦੁਰਮਤਿ ਵਿੱਚ ਰਹਿੰਦਾ ਹੈ। ਮਨ ਦੀ ਇਸ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਸੱਚ ਦੀ ਅਸਲੀਅਤ ਨਹੀਂ ਪੈਂਦੀ, ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਮਨੁੱਖ ਮਾਇਆ ਮੋਹ ਵਿੱਚ ਫਸਿਆ ਰਹਿੰਦਾ ਹੈ ਤੇ ਭਰਮ ਵਿੱਚ ਉਹੋ ਜਿਹੇ ਮਾਰਗ ਨਾਲ ਜੁੜਦਾ ਹੈ ਜਿੰਨ੍ਹਾਂ ਵਿੱਚ ਧਰਮ ਦੀ ਅਸਲੀਅਤ ਨਹੀਂ ਹੁੰਦੀ। ਸਾਨੂੰ ਇਸ ਮਨ ਦੀ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਗੁਰੂ ਆਪਣੇ ਗਿਆਨ ਦੀ ਰੋਸ਼ਨੀ ਕਰਕੇ ਕੱਢਦਾ ਹੈ, ਆਪਣੇ ਨਾਮ ਦੀ ਰੋਸ਼ਨੀ ਕਰਕੇ ਕੱਢਦਾ ਹੈ, ਆਪਣੇ ਸ਼ਬਦ ਦੇ ਵਿਚਾਰਾਂ ਦੀ ਰੋਸ਼ਨੀ ਦੁਆਰਾ ਕੱਢਦਾ ਹੈ। ਸ਼ਬਦ ਦੇ ਵਿਚਾਰਾਂ ਦੀ ਰੋਸ਼ਨੀ ਹੀ ਭਾਵ ਸ਼ਬਦ ਦੇ ਵਿਚਾਰਾਂ ਦੁਆਰਾ ਦਿੱਤੀ ਹੋਈ ਸੱਚੀ ਮਤਿ ਹੀ ਨਾਮ ਦਾ ਬੋਹਿਥ ਹੈ ਜੋ ਸਾਨੂੰ ਮਨ ਦੇ ਸੰਸਾ ਰੂਪ ਸਾਗਰ ਵਿੱਚੋਂ ਪਾਰ ਉਤਾਰਦਾ ਹੈ ਜੋ ਸਾਨੂੰ ਸੱਚ ਦੀ ਸੋਝੀ ਪਾ ਕੇ ਭਰਮ ਵਿੱਚੋਂ ਕੱਢਦਾ ਹੈ। (**ਮਨ ਧਰ ਤਰਬੇ ਹਰਿ ਨਾਮ ਨੋ ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥ ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥**)

31/3510

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥1॥}

(ਅੰਗ 1288)

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥}

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਹੁਣ ਧਿਆਨ ਸਮਝੋ ਕਿ ਅਸੀਂ ਨਾਮ ਕਿਵੇਂ ਜਪਣਾ ਹੈ। ਆਪਣੀ ਕਲਿ ਵਿੱਚੋਂ ਨਿਕਲਣਾ ਹੀ ਨਾਮ ਜਪਣਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥

ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥

ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥”

ਸਾਡੇ ਅੰਦਰ ਦੀ ਕਲਿ ਹੀ ਸਾਡੇ ਅੰਦਰ ਦਾ “ਬਿਖੁ” ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਵੀ ਸਮਝਿਆ ਹੈ। ਸੰਸਾਰ ਦੇ ਅੰਦਰ ਮਾਇਆ ਮੋਹ ਦਾ ਮੂਲ ਸਾਡੇ ਅੰਦਰ ਚੱਲ ਰਹੀ ਮਾਇਆ ਮੋਹ ਦੀ ਜੁਗਤਿ ਹੈ, ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਭਰਮ ਰੂਪ ਜੁਗਤਿ ਹੈ ਜੋ ਸਭ ਦੇ ਅੰਦਰ ਵਰਤ ਰਹੀ ਹੈ। ਪ੍ਰਮਾਤਮਾ ਦੀ ਇਹ ਜੁਗਤਿ ਸਾਨੂੰ ਮਾਇਆ ਮੋਹ ਨਾਲ ਹੀ ਜੋੜਕੇ ਰੱਖਦੀ ਹੈ ਤੇ ਇਸ ਵਿੱਚੋਂ ਨਿਕਲਣਾ ਬਹੁਤ ਹੀ ਮੁਸ਼ਕਿਲ ਹੈ। ਸਾਡੇ ਅੰਦਰ ਔਗੁਣਾਂ ਦਾ ਮੂਲ ਇਹ ਬਿਖ ਵਾਲੀ ਬਿਰਤੀ ਹੈ ਤੇ ਪ੍ਰਮਾਤਮਾ ਦੇ ਨਾਮ ਨੂੰ ਜਪਣ ਦਾ ਮਕਸਦ ਮਨ ਦੀ ਇਸ ਬਿਰਤੀ ਵਿੱਚੋਂ ਨਿਕਲਣ ਦਾ ਹੈ। ਆਪਣੀ ਔਗੁਣਾਂ ਵਾਲੀ ਬਿਰਤੀ ਵਿੱਚੋਂ ਅਸੀਂ ਗੁਣਾਂ ਦੇ ਧਾਰਨੀ ਬਣਕੇ ਹੀ ਨਿਕਲ ਸਕਦੇ ਹਾਂ ਤੇ ਇਹੀ ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲਣ ਦਾ ਤਰੀਕਾ ਹੈ। ਨਾਮ ਨੂੰ ਜਪਣ ਦਾ ਮਕਸਦ ਗੁਰੂ ਦੇ ਦੱਸੇ ਹੋਏ ਗੁਣਾਂ ਨੂੰ ਆਪਣੇ ਅੰਦਰ ਜਪਣਾ ਹੈ ਜਿੰਨ੍ਹਾਂ ਨੇ ਸਾਨੂੰ ਔਗੁਣਾਂ ਦੇ ਵਿੱਚੋਂ ਕੱਢਣਾ ਹੈ, ਸਾਡੀ ਬਿਖ ਵਾਲੀ ਬਿਰਤੀ ਵਿੱਚੋਂ ਕੱਢਣਾ ਹੈ ਭਾਵ ਗੁਰੂ ਦੀ ਚੰਗੀ ਮਤਿ ਨੇ ਸਾਨੂੰ ਮਾੜੀ ਮਤਿ ਵਿੱਚੋਂ ਕੱਢਣਾ ਹੈ ਭਾਵ ਗੁਰੂ ਦੇ ਗਿਆਨ ਨੇ

31/3511

ਸਾਨੂੰ ਸਾਡੀ ਬਿਖ ਵਾਲੀ ਬਿਰਤੀ ਵਿੱਚੋਂ ਕੱਢਣਾ ਹੈ, ਮਨ ਦੀ ਕਲਿ ਵਿੱਚੋਂ ਕੱਢਣਾ ਹੈ ਤਾਂ ਜੋ ਅਸੀਂ ਮਾੜੀ ਬਿਰਤੀ ਵਿੱਚੋਂ ਨਿਕਲਕੇ ਚੰਗੀ ਬਿਰਤੀ ਵਾਲੇ ਬਣੀਏ। (**ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥**)

ਹਰ ਕੋਈ ਇਹੋ ਜਿਹੀ ਮਾਇਆ ਮੋਹ ਵਾਲੀ ਨੀਂਦ ਵਿੱਚ ਸੁੱਤਾ ਹੋਇਆ ਹੈ ਤੇ ਉਸ ਦੇ ਵਿੱਚ ਹੀ ਹਰ ਕੋਈ ਮਸਤ ਹੈ। ਗੁਰੂ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਇਸ ਮਾਇਆ ਮੋਹ ਦੀ ਨੀਂਦ ਵਿੱਚੋਂ ਜਗਾਉਣ ਦਾ ਹੈ, ਬਿਖ ਵਾਲੀ ਨੀਂਦ ਵਿੱਚੋਂ ਜਗਾਉਣ ਦਾ ਹੈ। ਜਿਸ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ, ਗੁਰੂ ਦੇ ਸੱਚ ਤੇ ਨਾ ਚੱਲਣ ਦਾ ਭਉ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਭਉ ਹੈ। ਜੋ ਆਪਣੇ ਅੰਦਰੋਂ ਉਸ ਗੁਰੂ ਨੂੰ ਭੇਟ ਲੈਂਦਾ ਹੈ ਉਸ ਨੂੰ ਪ੍ਰਮਾਤਮਾ ਆਪਣੇ ਗਿਆਨ ਦਾ ਚਾਨਣ ਕਰਕੇ ਮਨ ਦੇ ਭਰਮ ਵਿੱਚੋਂ ਹੀ ਕੱਢਦਾ ਹੈ ਜਿਸ ਦੁਆਰਾ ਉਸ ਨੂੰ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਸੱਚ ਤੇ ਚੱਲਣ ਦਾ ਭਉ ਖ਼ਤਮ ਹੋ ਜਾਂਦਾ ਹੈ। ਜਿਸਨੂੰ ਪ੍ਰਮਾਤਮਾ ਉਬਾਰਦਾ ਹੈ ਉਸ ਨੂੰ ਮਨ ਦੇ ਭਰਮ ਵਿੱਚੋਂ ਹੀ ਉਬਾਰਦਾ ਹੈ। ਇਹੀ ਸੰਸਾ ਦੇ ਸਾਗਰ ਵਿੱਚੋਂ ਉਬਰਨਾ ਹੈ। (**ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥ ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥**)

ਜੋ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰ ਧਿਆ ਲੈਂਦਾ ਹੈ ਭਾਵ ਜੋ ਮਨੁੱਖ ਨਾਮ ਨੂੰ ਜਪ ਲੈਂਦਾ ਹੈ ਉਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾਉਂਦਾ ਹੈ। ਪ੍ਰਮਾਤਮਾ ਆਪਣੇ ਅੰਦਰੋਂ ਭਰਮ ਨਿਕਲਣ ਦੁਆਰਾ ਹੀ ਨਜ਼ਰ ਆਉਂਦਾ ਹੈ ਭਾਵ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਨਜ਼ਰ ਆਉਂਦਾ ਹੈ ਜਿਸ ਦੁਆਰਾ ਮਨੁੱਖ ਇਸ ਸੰਸਾ ਰੂਪ ਸਾਗਰ ਤੋਂ, ਅਗਿਆਨਤਾ ਦੇ ਸਾਗਰ ਤੋਂ ਪਾਰ ਉਤਰਦਾ ਹੈ ਤੇ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਜਦ ਤੱਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਦੇਖ ਲੈਂਦੇ ਤਦ ਤੱਕ ਹਰ ਕੋਈ ਭਰਮ ਵਿੱਚ ਹੀ ਹੈ, ਸੰਸਾ ਵਿੱਚ ਹੀ ਹੈ, ਦੁਬਿਧਾ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ, ਮਾਇਆ ਮੋਹ ਵਿੱਚ ਸੁੱਤਾ ਹੋਇਆ ਹੀ ਹੈ। (**ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥ ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥**)

ਹੁਣ ਤੱਕ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਵਾਰ ਵਾਰ ਇਸ ਗੱਲ ਨੂੰ ਸਮਝਿਆ ਹੈ ਕਿ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੇ ਵਿੱਚ ਸਾਡੇ ਅੰਦਰ ਭਰਮ ਦਾ ਹੋਣਾ ਹੈ, ਦੁਬਿਧਾ ਦਾ ਹੋਣਾ ਹੈ।

31/3512

ਜਦ ਤੱਕ ਪ੍ਰਮਾਤਮਾ ਸਾਨੂੰ ਇਸ ਭਰਮ ਦੇ ਵਿੱਚੋਂ ਨਹੀਂ ਕੱਢਦਾ ਨਾ ਸਾਡਾ ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ ਤੇ ਨਾ ਹੀ ਇਸ ਸੰਸਾਰ ਦੇ ਆਵਾਗਉਣ ਤੋਂ ਛੁਟਕਾਰਾ ਹੋ ਸਕਦਾ ਹੈ। ਸਾਡੇ ''ਕਾਲੁ'' ਦਾ ਕਾਰਣ ਭਾਵ ਸਾਡੇ ਮਰਨ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ, ਹਉਮੈ ਦਾ ਪੜਦਾ ਹੈ ਜਿਸ ਦੇ ਰਹਿੰਦਿਆ ਅਸੀਂ ਆਪਣੇ ਅੰਦਰੋਂ ਨਾਮ ਦੇ ਦਰਸ਼ਨ ਨਹੀਂ ਕਰ ਸਕਦੇ, ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ, ਸੱਚ ਦੇ ਦਰਸ਼ਨ ਨਹੀਂ ਕਰ ਸਕਦੇ ਭਾਵ ਇਸ ਸੰਸਾਰ ਦੀ ਅਸਲੀਅਤ ਨੂੰ ਨਹੀਂ ਜਾਣ ਸਕਦੇ। ਇਸ ਸੰਸਾਰ ਦੀ ਅਸਲੀਅਤ ਨੂੰ ਜਾਣੇ ਬਿਨ੍ਹਾਂ ਉਹ ''ਕਾਲੁ'' ਸਦਾ ਹੀ ਸਾਡੇ ਸਿਰ ਉੱਤੇ ਖੜਾ ਹੈ ਭਾਵ ਭਰਮ ਵਿੱਚ ਹੀ ਸਾਡਾ ਇਸ ਦੁਨੀਆ ਤੋਂ ਜਾਣਾ ਤਹਿ ਹੈ, ਨਿਸ਼ਚਿਤ ਹੈ ਜਿਸ ਕਰਕੇ ਅਸੀਂ ਜੂਨਾਂ ਵਿੱਚ ਪੈਂਦੇ ਹਾਂ। ਆਪਣੇ ਇਸ ਕਾਲੁ ਨੂੰ ਮਾਰਨ ਦਾ ਤਰੀਕਾ ਭਾਵ ਜਨਮ ਮਰਨ ਦੇ ਗੇੜ ਵਿੱਚੋਂ ਨਿਕਲਣ ਦਾ ਤਰੀਕਾ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੀ ਹੈ ਜਿਸ ਵਿੱਚੋਂ ਨਿਕਲਕੇ ਅਸੀਂ ਉਸ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਾਂ, ਨਿਰਗੁਣ ਰੂਪ ਵਿੱਚ ਇੱਕ ਹੋ ਜਾਂਦੇ ਹਾਂ ਜੋ ਰੂਪ ਪ੍ਰਮਾਤਮਾ ਦਾ ਕਾਲੁ ਤੋਂ ਰਹਿਤ ਹੈ। ਅਸੀਂ ਆਪਣੇ ਇਸ ਕਾਲੁ ਦੇ ਵਿੱਚੋਂ ਨਿਕਲਣ ਦੇ ਜਤਨ ਤਾਂ ਬਹੁਤ ਕਰਦੇ ਹਾਂ ਭਾਵ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕਿਆਂ ਨਾਲ ਜੁੜੇ ਹੋਏ ਹਾਂ ਪਰ ਸਾਡੇ ਉਹ ਸਭ ਤਰੀਕੇ ਭਾਵ ਸਰੀਰਕ ਜਪ ਤਪ ਆਦਿ ਸਾਨੂੰ ਭਰਮ ਵਿੱਚੋਂ ਨਹੀਂ ਕੱਢ ਸਕਦੇ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ ਤੇ ਸਾਡਾ ''ਕਾਲੁ'' ਤੋਂ, ਮਰਨ ਤੋਂ ਛੁਟਕਾਰਾ ਹੋ ਸਕਦਾ ਹੈ। ਭਰਮ ਦੇ ਵਿੱਚੋਂ ਸਾਨੂੰ ਗੁਰੂ ਦੇ ਸ਼ਬਦ ਨੇ ਹੀ ਕੱਢਣਾ ਹੈ ਜੋ ਕਿ ਗੁਰੂ ਦੇ ਸ਼ਬਦ ਦਾ ਮਕਸਦ ਹੈ, ਨਾਮ ਦਾ ਮਕਸਦ ਹੈ। ਜਦੋਂ ਗੁਰੂ ਦੇ ਸ਼ਬਦ ਨੂੰ ਅਸੀਂ ਆਪਣੇ ਜੀਵਨ ਵਿੱਚ ਸ਼ਬਦ ਦੇ ਅਸਲ ਮਨੋਰਥ ਨੂੰ ਸਮਝਕੇ ਅਪਣਾਵਾਂਗੇ ਫਿਰ ਤਾਂ ਹੀ ਸਾਡਾ ''ਕਾਲੁ'' ਤੋਂ ਛੁਟਕਾਰਾ ਹੋ ਸਕਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਦ੍ਰਿੜ ਕਰੀਏ।

“ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥
ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥
ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥
ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥
ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥
ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥
ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥”

(ਅੰਗ 685)

31/3513

''ਆਨੰਦ'' ਕੀ ਹੈ ਇਸ ਨੂੰ ਅਸੀਂ ਸ਼ਬਦ ਵਿੱਚ ਕਾਫੀ ਪਿੱਛੇ ਬਰੀਕੀ ਨਾਲ ਵਿਚਾਰਿਆ ਹੈ। ਇਹ ''ਆਨੰਦ'' ਗੁਰੂ ਕੋਲੋਂ ਜਾਨਣ ਦੀ ਵਸਤੂ ਹੈ ਜੋ ਕਿ ਉਸ ਦੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਨੂੰ ਕਿ ਆਪਣੇ ਅੰਦਰੋਂ ਹੀ ਜਾਣਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੇ ਇਸ ਰੂਪ ਵਿੱਚ ਹੀ ਹੈ। ਪ੍ਰਮਾਤਮਾ ਆਨੰਦ ਦਾ ਮੂਲ ਹੈ ਭਾਵ ਬ੍ਰਹਮ ਗਿਆਨ ਦਾ ਮੂਲ ਹੈ। ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਸਭ ਦਾ ਨਾਥ ਹੈ ਭਾਵ ਸਭ ਦਾ ਪਾਲਣ ਵਾਲਾ ਹੈ। ਪ੍ਰਮਾਤਮਾ ਦੇ ਇਸ ਆਨੰਦ ਦੀ ਪ੍ਰਾਪਤੀ ਹੋਏ ਬਿਨ੍ਹਾਂ ਹਰ ਕੋਈ ਅਨਾਥ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ ਉਹ ਫਿਰ ਅਨਾਥ ਨਹੀਂ ਰਹਿੰਦਾ। ਜਿਸ ਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ, ਆਪਣੀ ਭਗਤੀ ਕਰਨ ਵਾਲਾ ਬਣਾਉਂਦਾ ਹੈ ਉਸ ਨੂੰ ਪ੍ਰਮਾਤਮਾ ਆਪਣਾ ਇਹ ਰੂਪ ਬਖਸ਼ਕੇ ਹੀ ਬਣਾਉਂਦਾ ਹੈ, ਅਨਾਥ ਦਾ ਆਧਾਰ ਬਣਦਾ ਹੈ। ਪ੍ਰਮਾਤਮਾ ਆਪਣਾ ਇਹ ਆਨੰਦ ਭਾਵ ਸੱਚਾ ਗਿਆਨ ਮਨੁੱਖ ਨੂੰ ਸਹਜ ਦੀ ਅਵੱਸਥਾ ਦੁਆਰਾ ਦਿੰਦਾ ਹੈ, ਚਉਥੇ ਪਦ ਦੀ ਅਵੱਸਥਾ ਬਖਸ਼ਕੇ ਦਿੰਦਾ ਹੈ, ਆਪਣੇ ਸ਼ਬਦਾਂ ਦੀ ਵਿਚਾਰ ਦੁਆਰਾ ਦਿੰਦਾ ਹੈ। ਆਪਣੇ ਭਗਤਾਂ ਨੂੰ ਪ੍ਰਮਾਤਮਾ ਸਹਜ ਦੀ ਅਵੱਸਥਾ ਬਖਸ਼ਕੇ ਆਪਣੇ ਸ਼ਬਦਾਂ ਦਾ

ਵਿਚਾਰੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਪ੍ਰਮਾਤਮਾ ਆਪਣੀ ਭਗਤੀ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। (**ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥**)

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥}

(ਅੰਗ 917)

31/3514

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥

ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥

ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥7॥}

(ਅੰਗ 917)

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥}

(ਅੰਗ 6)

ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਆਨੰਦ ਰੂਪ ਗਿਆਨ ਬਖਸ਼ਦਾ ਹੈ, ਸਹਜ ਗਿਆਨ ਵਾਲੀ ਵਿਚਾਰ ਬਖਸ਼ਦਾ ਹੈ, ਆਪਣੀ ਭਗਤੀ ਦਾ ਗਿਆਨ ਬਖਸ਼ਦਾ ਹੈ ਉਹਨਾਂ ਨੂੰ ਹੀ ਪ੍ਰਮਾਤਮਾ ਆਪਣਾ ਭਗਤ ਬਣਾਉਂਦਾ ਹੈ। ਪ੍ਰਮਾਤਮਾ ਆਪਣਾ ਭਗਤਾਂ ਦੇ ਨਾਲ ਪਿਆਰ ਆਪਣੀ ਇਹੋ ਜਿਹੀ ਕਿਰਪਾ ਦੁਆਰਾ ਹੀ ਦਿਖਾਉਂਦਾ ਹੈ। ਮਨ ਦੇ ਵਿੱਚ ਇਹੋ ਜਿਹੇ ਸੱਚੇ ਗਿਆਨ ਦੀ ਸੋਝੀ ਦੁਆਰਾ ਹੀ ਉਹ ਆਪਣੇ ਭਗਤਾਂ ਨੂੰ ਭੈ ਮੁਕਤਿ ਕਰਦਾ ਹੈ, ਹਉਮੈ ਮੁਕਤਿ ਕਰਦਾ ਹੈ ਭਾਵ ਉਨ੍ਹਾਂ ਨੂੰ ਤ੍ਰੈ ਗੁਣਾਂ ਵਾਲੀ ਅਵੱਸਥਾ ਤੋਂ ਮੁਕਤਿ ਕਰਦਾ ਹੈ। ਪ੍ਰਮਾਤਮਾ ਜਿਸ ਮਨ ਦੇ ਅੰਦਰ ਆਪਣੇ ਚਰਨ ਰੱਖਦਾ ਹੈ, "ਪਗੁ" ਰੱਖਦਾ ਹੈ ਉਹ ਮਨ ਦੇ ਵਿੱਚ ਭਗਤੀ ਦੀ ਸੱਚੀ ਸੋਝੀ ਪਾਉਣ ਦੁਆਰਾ ਹੀ ਰੱਖਦਾ ਹੈ। ਪ੍ਰਮਾਤਮਾ ਆਪਣੇ ਭਗਤਾਂ ਦੇ ਨਾਲ ਮੇਲ ਇਸ ਤਰੀਕੇ ਹੀ ਕਰਦਾ ਹੈ। (**ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥ ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥**)

ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਭੈ ਤੋਂ ਮੁਕਤਿ ਕਰਦਾ ਹੈ ਉਹੀ ਮਨੁੱਖ ਮਰਨ ਦੇ ਭੈ ਤੋਂ, ਕਾਲੁ ਦੇ ਭੈ ਤੋਂ ਮੁਕਤਿ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਮੇਲ ਦੁਆਰਾ ਕਰਦਾ ਹੈ, ਹਉਮੈ ਵਾਲੀ ਅਵੱਸਥਾ ਵਿੱਚੋਂ, ਅਗਿਆਨਤਾ ਵਾਲੀ ਅਵੱਸਥਾ ਵਿੱਚੋਂ ਕੱਢਕੇ ਕਰਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਕਾਲੁ ਤੋਂ ਬਚਣ ਲਈ ਉਹੋ ਜਿਹਾ ਉਪਰਾਲਾ ਕਰੀਏ ਜਿਸ ਦੁਆਰਾ ਅਸੀਂ ਕਾਲ ਤੋਂ ਮੁਕਤਿ ਹੋ ਸਕਦੇ ਹਾਂ।

"ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥

ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥"

ਮੌਤ ਦਾ ਡਰ, ਕਾਲੁ ਦਾ ਡਰ ਸਭ ਦੇ ਅੰਦਰ ਹੈ ਤੇ ਸਾਨੂੰ ਇਹ ਵੀ

31/3515

ਪਤਾ ਹੈ ਕਾਲੁ ਤੋਂ ਬਾਹਰ ਕੋਈ ਨਹੀਂ ਹੈ ਭਾਵ ਸਭ ਦਾ ਸਰੀਰਕ ਮਰਨਾ ਤੈਅ ਹੈ। ਸਾਨੂੰ ਸਭ ਨੂੰ ਇਹ ਵੀ ਗੱਲ ਪਤਾ ਹੈ ਕਿ ਸਰੀਰ ਦੇ ਜਾਣ ਨਾਲ ਮਨੁੱਖ ਦੀ ਮੌਤ ਹੋ ਜਾਂਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰੀਰ ਸਭ ਨੇ ਇੱਕ ਦਿਨ ਤਿਆਗਣਾ

ਹੀ ਹੈ। ਸਾਨੂੰ ਸਭ ਨੂੰ ਗੁਰਬਾਣੀ ਨਾਲ ਨਾਲ ਇਹ ਵੀ ਸਮਝਾ ਰਹੀ ਹੈ ਕਿ ਮਨੁੱਖ ਜੂਨਾਂ ਵਿੱਚ ਵੀ ਪੈਂਦਾ ਹੈ। ਇਹ ਜੂਨਾਂ ਕੀ ਹਨ ਇਸ ਗੱਲ ਨੂੰ ਲੇਖ ਵਿੱਚ ਅੱਗੇ ਜਾ ਕੇ ਸਮਝਾਂਗੇ। ਜੂਨਾਂ ਦੇ ਵਿੱਚ ਪੈਣ ਤੋਂ ਉਹੀ ਬਚਦਾ ਹੈ ਜੋ ਮਨ ਦੇ ਭਰਮਾਂ ਤੋਂ ਮੁਕਤ ਹੋ ਜਾਂਦਾ ਹੈ। ਮੁਕਤੀ ਜਿਸ ਨੂੰ ਵੀ ਮਿਲਣੀ ਹੈ ਜਿਉਂਦੇ ਹੋਏ ਹੀ ਮਿਲਣੀ ਹੈ। ਸਰੀਰਕ ਰੂਪ ਵਿੱਚ ਮਰਣ ਤੋਂ ਬਾਅਦ ਕਿਸੇ ਨੂੰ ਮੁਕਤੀ ਨਹੀਂ ਮਿਲ ਸਕਦੀ ਇਹ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ ਆਪਣਾ ਹੀ ਫੁਰਮਾਨ ਹੈ। ਸਮਝਣ ਦੀ ਗੱਲ ਕੇਵਲ ਇਹ ਹੈ ਕਿ ਅਸੀਂ ਮੁਕਤੀ ਕਿਸ ਤੋਂ ਪਾਉਣੀ ਹੈ ਤੇ ਮੁਕਤਿ ਕਿਸ ਰੂਪ ਵਿੱਚ ਹੋਣਾ ਹੈ। ਮੁਕਤੀ ਨੂੰ ਜਾਨਣ ਤੋਂ ਪਹਿਲਾਂ ਸਾਡੇ ਲਈ ਇਹ ਜਾਨਣਾ ਜਰੂਰੀ ਹੈ ਕਿ ਸਾਡੇ ਅੰਦਰ ਬੰਧਨ ਕਿਸ ਚੀਜ ਦਾ ਹੈ ਜਿਸ ਤੋਂ ਅਸੀਂ ਮੁਕਤਿ ਹੋਣਾ ਹੈ। ਸਾਡੇ ਅੰਦਰ ਦਾ ਬੰਧਨ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਸਾਡੇ ਅੰਦਰ ਬੰਧਨ ਤ੍ਰੈ ਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ ਹੈ, ਮਾਇਆ ਮੋਹ ਦੀ ਜੁਗਤਿ ਦੇ ਰੂਪ ਵਿੱਚ ਹੈ, ਮਨ ਦੀ ਅਗਿਆਨਤਾ ਦੇ, ਦੁਰਮਤਿ ਦੇ, ਭਰਮ ਦੇ, ਦੁਬਿਧਾ ਦੇ, ਦੁਚਿੱਤੀ ਦੇ, ਸਹਸਾ ਦੇ, ਹਉਮੈ ਦੇ, ਮਨਮਤਿ ਦੇ, ਮਨ ਦੇ ਪੁੱਠੇ ਕਮਲ ਦੇ ਰੂਪ ਵਿੱਚ ਹੈ। ਅਸੀਂ ਇਸ ਬੰਧਨ ਤੋਂ ਹੀ ਮੁਕਤਿ ਹੋਣਾ ਹੈ ਜਿਸ ਦੁਆਰਾ ਅਸੀਂ ਚੌਥੇ ਪਦ ਵਿੱਚ ਪਰਵੇਸ਼ ਕਰਕੇ ਕਾਲੁ ਤੋਂ ਮੁਕਤਿ ਹੋ ਸਕਦੇ ਹਾਂ ਭਾਵ ਆਪਣੇ ਆਵਾਗਉਣ ਤੋਂ ਮੁਕਤਿ ਹੋ ਸਕਦੇ ਹਾਂ। ਸਾਡੀ ਮੁਕਤੀ ਮਨ ਦੇ ਵਿੱਚ ਹੀ ਹੁੰਦੀ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੁੰਦੀ ਹੈ। ਜਦ ਤਕ ਅਸੀਂ ਜਿਉਂਦੇ ਜੀਅ ਮੁਕਤਿ ਨਹੀਂ ਹੁੰਦੇ ਭਾਵ ਜਦ ਤੱਕ ਅਸੀਂ ਜਿਉਂਦੇ ਜੀਅ ਭਰਮ ਤੋਂ ਮੁਕਤਿ ਨਹੀਂ ਹੁੰਦੇ, ਅਸੀਂ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਨਹੀਂ ਹੋ ਸਕਦੇ। ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਕਾਲੁ ਤੋਂ ਮੁਕਤਿ ਹੋਣ ਲਈ ਅਨੇਕਾਂ ਹੀ ਤਰੀਕਿਆਂ ਨਾਲ ਯਤਨ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਆਪਣੀ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ ਪਰ ਸਾਨੂੰ ਕਾਲੁ ਤੋਂ ਮੁਕਤਿ ਹੋਣ ਦੀ ਅਸਲ ਸੋਝੀ ਨਹੀਂ ਹੈ। ਕਾਲੁ ਤੋਂ ਮੁਕਤਿ ਹੋਣ ਦਾ ਅਸਲ ਤਰੀਕਾ ਮਨ ਦੀ ਦੁਬਿਧਾ ਵਿੱਚੋਂ ਨਿਕਲਣ ਦਾ ਸਮਝਾਇਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਦੁਬਿਧਾ ਹੈ ਤਦ ਤੱਕ ਸਾਡਾ ਜਨਮ ਸਫ਼ਲ ਨਹੀਂ ਹੁੰਦਾ ਭਾਵ ਅਸੀਂ ਕਾਲੁ ਮੁਕਤਿ ਨਹੀਂ ਹੁੰਦੇ। ਜੋ ਵੀ ਇਸ ਸੰਸਾਰ ਵਿੱਚ ਆਉਂਦਾ ਹੈ ਉਹ ਦੁਬਿਧਾ ਵਾਲੀ ਅਵੱਸਥਾ ਵਿੱਚ ਹੀ ਆਉਂਦਾ ਹੈ, ਆਪਣੇ ਅੰਦਰ

31/3516

ਤ੍ਰੈ ਗੁਣਾਂ ਵਾਲੀ ਅਵੱਸਥਾ ਲਿਖਵਾ ਕੇ ਹੀ ਆਉਂਦਾ ਹੈ। ਸਾਡੇ ਅੰਦਰ ਦੀ ਇਹ ਅਵੱਸਥਾ ਹੀ ਸਾਡਾ ਮਰਣੁ ਹੈ, ਸਾਡੇ ਅੰਦਰ ਦਾ ਕਾਲੁ ਰੂਪ ਹੈ ਜੋ ਕਿ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਲਿਖਿਆ ਹੋਇਆ ਹੈ। ਆਪਣੇ ਅੰਦਰ ਇਸ ਅਵੱਸਥਾ ਦੇ ਰਹਿੰਦੇ ਹੋਏ, ਭਰਮ ਵਾਲੀ, ਦੁਬਿਧਾ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਦੀ ਅਸਲੀਅਤ ਨੂੰ ਨਹੀਂ ਜਾਣ ਸਕਦੇ ਕਿ ਸਾਡੀ ਅਸਲੀਅਤ ਕੀ ਹੈ। ਆਪਣੇ ਅੰਦਰ ਭਰਮ ਦੇ ਕਾਰਣ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਜੋ ਕਿ ਸੱਚ ਨਹੀਂ ਹੈ। ਸੱਚ ਇਹ ਹੈ ਕਿ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਜੋ ਕਿ ਸਾਡੇ ਅੰਦਰ ਹੀ ਹੈ ਪਰ ਮਨ ਦੇ ਵਿੱਚ ਭਰਮ ਦੇ ਰਹਿੰਦੇ ਅਸੀਂ ਇਸ ਗੱਲ ਨੂੰ ਸਮਝ ਨਹੀਂ ਸਕਦੇ ਜਿਸ ਕਰਕੇ ਸਾਡਾ ਜੀਵਨ ਵਿਅਰਥ ਜਾਂਦਾ ਹੈ ਤੇ ਅਸੀਂ ਜਨਮ ਮਰਨ ਦੇ ਗੇੜ ਵਿੱਚ ਹੀ ਆਪਣੇ ਆਪ ਨੂੰ ਸਮਝਦੇ ਰਹਿੰਦੇ ਹਾਂ। (**ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥ ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥ ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥ ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥**)

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥}

(ਅੰਗ 138)

{ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥
ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥
ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥
ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥3॥}

(ਅੰਗ 36)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥2॥}

(ਅੰਗ 1003)

{ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥1॥
ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥1॥ ਰਹਾਉ ॥}

(ਅੰਗ 752)

ਦੁਬਿਧਾ ਵਿੱਚੋਂ, ਭਰਮ ਵਿੱਚੋਂ, ਆਪਣੇ ਕਾਲੁ ਵਿੱਚੋਂ ਭਾਵ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ, ਮਨ ਦੇ ਬੰਧਨ ਵਿੱਚੋਂ ਮੁਕਤਿ ਹੋਣ ਦਾ ਤਰੀਕਾ ਕੀ ਹੈ,

31/3517

ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥”

ਸਾਨੂੰ ਕਾਲੁ ਦੇ ਵਿੱਚੋਂ ਭਾਵ ਜਨਮ ਮਰਨ ਦੇ ਗੇੜ ਦੇ ਵਿੱਚੋਂ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਕੱਢ ਸਕਦਾ ਹੈ ਜਿਸ ਰਾਹੀਂ ਗੁਰੂ ਆਪ ਕਾਲੁ ਤੋਂ ਰਹਿਤ ਹੈ ਭਾਵ ਮਨ ਦੇ ਭਰਮ ਤੋਂ ਰਹਿਤ ਹੈ ਜਿਸ ਦੇ ਨਿਕਲੇ ਬਿਨ੍ਹਾਂ ਭਾਵ ਦੁਬਿਧਾ ਵਿੱਚੋਂ ਨਿਕਲੇ ਬਿਨ੍ਹਾਂ ਮਨੁੱਖ ਉਸ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ ਤੇ ਆਵਾਗਉਣ ਤੋਂ ਮੁਕਤਿ ਨਹੀਂ ਹੋ ਸਕਦਾ। ਦੁਬਿਧਾ ਤੋਂ ਮੁਕਤਿ ਸਾਨੂੰ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਕਰ ਸਕਦਾ ਹੈ ਤੇ ਹੋਰ ਕੋਈ ਨਹੀਂ ਕਰ ਸਕਦਾ ਭਾਵ ਇੱਕੋ ਇੱਕ ਗੁਰੂ ਦੀ ਮਤਿ ਨਾਲ ਜੁੜਕੇ ਹੀ ਅਸੀਂ ਮਨ ਦੀ ਦੁਬਿਧਾ ਵਿੱਚੋਂ ਨਿਕਲ ਸਕਦੇ ਹਾਂ, ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਨਿਕਲ ਸਕਦੇ ਹਾਂ ਕਿਉਂਕਿ ਗੁਰੂ ਦੀ ਮਤਿ ਚਉਥੇ ਪਦ ਵਿੱਚ ਹੈ ਜੋ ਭਰਮ ਤੋਂ ਰਹਿਤ ਹੈ। ਗੁਰੂ ਤੋਂ ਬਿਨ੍ਹਾਂ ਹਰ ਕਿਸੇ ਦੀ ਮਤਿ ਤ੍ਰੈਗੁਣਾਂ ਵਾਲੀ ਹੀ ਹੈ ਜੋ ਕਾਲ ਤੋਂ ਰਹਿਤ ਨਹੀਂ ਹੈ। ਕਾਲ ਤੋਂ ਰਹਿਤ ਕੇਵਲ ਗੁਰੂ ਦੀ ਮਤਿ ਹੈ। ਗੁਰੂ ਨਿਰਗੁਣ ਰੂਪ ਵਿੱਚ ਕਾਲੁ ਤੋਂ ਰਹਿਤ ਹੈ।

ਉੱਪਰ ਪੰਗਤੀਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਕੇਵਲ ਇੱਕ ਗੁਰੂ ਦੀ ਮਤਿ ਨਾਲ ਜੁੜੋ ਤੇ ਗੁਰੂ ਦੀ ਮਤਿ ਨਾਲ ਜੁੜਨ ਦਾ ਮਕਸਦ ਸਮਝੋ ਜੋ ਕਿ ਮਨ ਦੀ ਦੁਬਿਧਾ ਵਿੱਚੋਂ ਨਿਕਲਣ ਲਈ ਹੈ। ਅਸੀਂ ਗੁਰੂ ਦੀ ਮਤਿ ਨੂੰ ਸਮਝਣ ਵਿੱਚ ਦੁਬਿਧਾ ਵਿੱਚ ਹਾਂ ਕਿ ਸਾਡਾ ਧਰਮ ਕੀ ਹੈ, ਗੁਰੂ ਦੀ ਓਟ ਲੈਣਾ ਕੀ ਹੈ ? ਧਰਮ ਤੇ ਚੱਲਣ ਦਾ ਮਾਰਗ ਮਨ ਦੇ ਧੀਰਜ ਦੁਆਰਾ ਵਿਚਰਨ ਦਾ ਹੈ, ਮਨ ਦੇ ਸੰਤੋਖ ਦੁਆਰਾ ਵਿਚਰਨ ਦਾ ਹੈ। ਜਿਸਦੇ ਮਨ ਦੇ ਅੰਦਰ ਸੰਤੋਖ ਹੈ ਭਾਵ ਜਿਸ ਦੇ ਮਨ ਵਿੱਚ ਸੱਚ ਵੱਸਿਆ ਹੋਇਆ ਹੈ ਉਹ ਮਨ ਹੀ ਜਤੁ ਸਤੁ ਸੰਜਮੁ ਵਾਲਾ ਹੈ ਭਾਵ ਪੂਰੀ ਤਰ੍ਹਾਂ ਵਿਕਾਰਾਂ ਤੋਂ ਰਹਿਤ ਹੈ। ਜੋ ਮਨੁੱਖ ਗੁਰੂ ਦੀ ਇਹੋ ਜਿਹੀ ਮਤਿ ਨੂੰ ਅਪਣਾਉਂਦਾ ਹੈ ਉਹ ਚਉਥੇ ਪਦ ਦੀ ਮਤਿ ਨੂੰ ਅਪਣਾਉਂਦਾ ਹੈ। ਇਹੋ ਜਿਹੀ ਮਤਿ ਨੂੰ ਅਪਣਾਉਣ ਲਈ ਸਾਨੂੰ ਮਾਇਆ ਮੋਹ ਵਿੱਚੋਂ ਨਿਕਲਣਾ ਪੈਂਦਾ ਹੈ ਤੇ ਪੂਰਨ ਰੂਪ ਵਿੱਚ ਗੁਰੂ ਦੀ ਮਤਿ ਨਾਲ ਜੁੜਨਾ ਪੈਂਦਾ ਹੈ ਤੇ ਹਰ ਉਸ ਮਤਿ ਵਿੱਚੋਂ ਨਿਕਲਣਾ ਪੈਂਦਾ ਹੈ ਜੋ ਸਾਨੂੰ ਉਹੋ ਜਿਹਾ ਧਰਮ ਦਾ ਮਾਰਗ ਸਿਖਾਉਂਦੇ ਹਨ ਜੋ ਮਨ ਵਿੱਚ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦੀ ਬਜਾਇ ਭਾਵ ਮਨ ਦੇ ਸੰਤੋਖ ਨਾਲ ਜੁੜਨ ਦੀ ਬਜਾਇ ਸਾਨੂੰ ਕਥਨੀ ਵਿੱਚ ਸਾਡਾ ਧਰਮ ਸਿਖਾਉਂਦੇ ਹਨ,

31/3518

ਸਰੀਰਕ ਜਪਾਂ ਤਪਾਂ ਆਦਿ ਵਿੱਚ ਹੀ ਸਾਡਾ ਧਰਮ ਸਿਖਾਉਂਦੇ ਹਨ, ਸਰੀਰਕ ਸੁਚਿ ਨਾਲ ਖਾਣੇ ਆਦਿ ਦੀ ਸੁਚਿ ਨਾਲ ਸਾਡਾ ਧਰਮ ਸਿਖਾਉਂਦੇ ਹਨ ਤੇ ਹੋਰ ਵੀ ਅਨੇਕਾਂ ਇਹੋ ਜਿਹੀਆਂ ਮਰਿਆਦਾਵਾਂ ਨਾਲ ਜੋੜਦੇ ਹਨ ਜਿੰਨ੍ਹਾਂ ਦਾ ਧਰਮ ਨਾਲ ਕੋਈ ਮਕਸਦ ਨਹੀਂ ਹੈ ਭਾਵ ਸਾਨੂੰ ਦੁਬਿਧਾ ਵਿੱਚ ਰੱਖਦੇ ਹਨ। ਧਰਮ ਦਾ ਮਾਰਗ ਦੁਬਿਧਾ ਵਿੱਚੋਂ ਨਿਕਲਣ ਦਾ ਮਾਰਗ ਹੈ ਭਾਵ ਚਉਥੇ ਪਦ ਦੀ ਮਤਿ ਨਾਲ ਜੁੜਨ ਦਾ ਮਾਰਗ ਹੈ, ਕੇਵਲ ਗੁਰੂ ਦੀ ਮਤਿ ਨਾਲ ਜੁੜਨ ਦਾ ਮਾਰਗ ਹੈ ਤੇ ਗੁਰੂ ਦੀ ਸੱਚੀ ਮਤਿ ਸਾਨੂੰ ਮਨ ਦੇ ਸੰਤੋਖ ਨਾਲ ਜੋੜਨ ਲਈ ਪ੍ਰੇਰਦੀ ਹੈ, ਮਨ ਦੇ ਜਤੁ ਸਤੁ ਸੰਜਮੁ ਨਾਲ ਜੁੜਨ ਲਈ ਪ੍ਰੇਰਦੀ ਹੈ ਜਿਸ ਦਾ ਮਕਸਦ ਸਾਡੀ ਮਨ ਦੀ ਸੁਚਿ ਦੇ ਨਾਲ ਹੈ ਤਾਂ ਜੋ ਅਸੀਂ ਅਨੇਕਾਂ ਹੀ ਅਨੇਕਾਂ ਬਣੇ ਹੋਏ, ਸੁਣੇ ਹੋਏ ਭਰਮ ਵਾਲੇ ਭਗਤੀ ਦੇ ਤਰੀਕਿਆਂ ਵਿੱਚੋਂ ਨਿਕਲੀਏ ਤੇ ਮਨ ਦੀ ਸੁਚਿ ਨਾਲ ਸੱਚੇ ਸੁਚੇ ਕਰਮ ਕਰੀਏ । ਜੋ ਮਨੁੱਖ ਭਰਮ ਵਿੱਚੋਂ ਨਿਕਲਣ ਦਾ ਉਪਰਾਲਾ ਕਰਦੇ ਹਨ ਉਹ ਫਿਰ ਕੇਵਲ ਇੱਕੋ ਇੱਕ ਗੁਰੂ ਦੀ ਮਤਿ ਨੂੰ ਹੀ ਕਹਿੰਦੇ ਹਨ, ਪੜਦੇ ਹਨ ਤੇ ਸੁਣਦੇ ਹਨ ਭਾਵ ਕੇਵਲ ਗੁਰੂ ਦੀ ਮਤਿ ਤੇ ਭਰੋਸਾ ਰੱਖਦੇ ਹਨ ਭਾਵ ਕੇਵਲ ਚਉਥੇ ਪਦ ਦੀ ਮਤਿ ਨਾਲ ਜੁੜਦੇ ਹਨ। (**ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥ ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥**)

ਮਨੁੱਖ ਆਪਣੇ ਅੰਦਰ ਦੇ ਭਰਮ ਕਰਕੇ ਹੀ ਮੈਲਾ ਹੈ ਜੋ ਕਿ ਸਾਡੇ ਮਨ ਦੀ ਹਰ ਮੈਲ ਦਾ ਕਾਰਣ ਹੈ। ਭਰਮ ਵਾਲੀ ਮਤਿ ਵਿੱਚ ਰਹਿੰਦਿਆਂ ਕਿਸੇ ਦੇ ਅੰਦਰ ਸੱਚ ਨਹੀਂ ਵੱਸ ਸਕਦਾ ਤੇ ਕੋਈ ਵੀ ਮਨੁੱਖ ਨਿਰਮਲ ਨਹੀਂ ਹੋ ਸਕਦਾ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥

ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥”

ਨਿਰਮਲ ਰੂਪ ਕੇਵਲ ਗੁਰੂ ਦਾ ਹੈ, ਪ੍ਰਮਾਤਮਾ ਆਪ ਨਿਰਮਲ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆਏ ਹਾਂ। ਗੁਰੂ ਮਨ ਦੀ ਮਲ ਤੋਂ ਰਹਿਤ ਹੈ, ਹਉਮੈ ਤੋਂ, ਭਰਮ ਤੋਂ, ਮਾਇਆ ਮੋਹ ਤੋਂ, ਅਗਿਆਨਤਾ ਤੋਂ, ਮਨਮਤਿ ਤੋਂ ਰਹਿਤ ਹੈ ਤੇ ਇਸੇ ਲਈ

ਗੁਰੂ ਨਿਰਮਲ ਹੈ। ਗੁਰੂ ਆਪਣੇ ਸੱਚੇ ਗਿਆਨ ਕਰਕੇ ਨਿਰਮਲ ਹੈ, ਆਪਣੇ ਸ਼ਬਦਾਂ ਦੇ ਗਿਆਨ ਕਰਕੇ ਨਿਰਮਲ ਹੈ ਤੇ ਇਸੇ ਲਈ ਗੁਰੂ ਜਨਮ ਮਰਨ ਤੋਂ ਰਹਿਤ ਹੈ, ਕਾਲ਼ ਤੋਂ ਰਹਿਤ ਹੈ। ਗੁਰੂ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਦੇ ਸ਼ਬਦ ਰੂਪ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਗੁਰੂ ਨੂੰ ਭਰਮ ਵਿੱਚੋਂ ਕੱਢਿਆ ਹੋਇਆ ਹੈ, ਜਨਮ ਮਰਨ ਦੇ ਭਉ ਵਿੱਚੋ ਕੱਢਿਆ ਹੋਇਆ ਹੈ, ਮਾਇਆ ਮੋਹ ਦੇ ਭਉ ਵਿੱਚੋਂ ਕੱਢਿਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਭਰਮ ਵਿੱਚੋਂ ਕੱਢ ਲੈਂਦਾ ਹੈ, ਮਨ ਦੀ ਮੈਲ ਵਿੱਚੋਂ ਕੱਢ ਲੈਂਦਾ ਹੈ ਉਹ ਫਿਰ ਸਦਾ ਨਿਰਮਲ ਹੀ ਰਹਿੰਦਾ ਹੈ ਕਿਉਂਕਿ ਉਸ ਦੇ ਮਨ ਵਿੱਚ ਫਿਰ ਕਿਸੇ ਅਗਿਆਨਤਾ ਦੀ ਮੈਲ ਲੱਗ ਹੀ ਨਹੀਂ ਸਕਦੀ, ਹਉਮੈ ਦੀ, ਮਨਮਤਿ ਦੀ ਮੈਲ ਲੱਗ ਹੀ ਨਹੀਂ ਸਕਦੀ ਕਿਉਂਕਿ ਉਹ ਗਿਆਨ ਰੂਪ ਵਿੱਚ ਸਿੱਧਾ ਪ੍ਰਮਾਤਮਾ ਦੇ ਨਾਲ ਜੁੜਿਆ ਹੁੰਦਾ ਹੈ। (**ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥**)

ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਸੰਸਾਰ ਦੇ ਹਰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਸਾਡੇ ਮਨ ਦਾ ਹਰ ਭਉ ਮਨ ਦਾ ਭਰਮ ਦੂਰ ਹੋਣ ਦੁਆਰਾ ਹੀ ਨਿਕਲਦਾ ਹੈ ਭਾਵ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਕਿਉਂਕਿ ਸਾਨੂੰ ਜੋ ਕੁੱਝ ਵੀ ਸਮਝ ਲੱਗਦੀ ਹੈ ਉਹ ਮਨ ਦੇ ਗਿਆਨ ਦੁਆਰਾ ਹੀ ਲੱਗਦੀ ਹੈ। ਸਾਡੇ ਸਭ ਦੇ ਅੰਦਰ ਜੋ ਸਾਨੂੰ ਗਿਆਨ ਮਿਲਦਾ ਹੈ ਉਹ ਤ੍ਰੈ ਗੁਣਾਂ ਵਾਲਾ ਹੈ, ਭਰਮ ਵਾਲਾ ਹੈ ਜਿਸ ਦੁਆਰਾ ਕੋਈ ਵੀ ਮਨ ਨਿਰਮਲ ਨਹੀਂ ਹੈ, ਸੱਚਾ ਨਹੀਂ ਹੈ। ਨਿਰਮਲ, ਸੱਚਾ ਕੇਵਲ ਗੁਰੂ ਹੈ ਜੋ ਕਿ ਚਉਥੇ ਪਦ ਵਿੱਚ ਹੈ ਤੇ ਕੇਵਲ ਚਉਥੇ ਪਦ ਦਾ ਗਿਆਨ ਹੀ ਭਰਮ ਤੋਂ ਰਹਿਤ ਹੈ। ਚਉਥੇ ਪਦ ਦਾ ਗਿਆਨ ਸ਼ਬਦ ਦਾ ਗਿਆਨ ਹੈ ਜੋ ਕਿ ਬ੍ਰਹਮ ਗਿਆਨ ਹੈ। ਸ਼ਬਦ ਹੀ ਨਾਮ ਹੈ ਤੇ ਨਾਮ ਦਾ ਗਿਆਨ ਬ੍ਰਹਮ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਭਰਮ ਦੀ ਮੈਲ ਵਿੱਚੋਂ ਕੱਢਣ ਦਾ ਹੈ, ਤ੍ਰੈ ਗੁਣਾਂ ਵਾਲੀ ਭਰਮ ਦੀ ਮਤਿ ਵਿੱਚੋਂ ਕੱਢਣ ਦਾ ਹੈ। ਚਉਥੇ ਪਦ ਦਾ ਗਿਆਨ ਗੁਰਮਤਿ ਹੈ ਤੇ ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਨਿਕਲਣ ਦਾ ਹੈ ਜਿਸ ਵਿੱਚੋਂ ਨਿਕਲਕੇ ਹੀ ਸਾਨੂੰ ਇਹ ਸਮਝ ਲੱਗਦੀ ਹੈ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਹਰ ਸੂਰਤਿ, ਹਰ ਮੂਰਤਿ ਦੇ ਰੂਪ ਵਿੱਚ ਆਦਿ ਤੋਂ, ਸਦਾ ਤੋਂ ਪ੍ਰਮਾਤਮਾ

ਆਪ ਹੀ ਭਾਵ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਸੁੰਦਰ ਰੂਪ ਹੈ। ਮਨੁੱਖ ਵੀ ਉਸ ਪ੍ਰਮਾਤਮਾ ਦਾ ਆਪਣਾ ਸੁੰਦਰ ਰੂਪ ਹੈ ਜਿਸ ਦੀ ਸੋਝੀ ਮਨ ਦਾ ਭਰਮ ਨਿਕਲਣ ਦੁਆਰਾ ਹੀ ਪੈਂਦੀ ਹੈ। ਉਸ ਪ੍ਰਮਾਤਮਾ ਦਾ ਸੱਚਾ ਰੂਪ ਬਣਨਾ ਹਰ ਕੋਈ ਚਾਹੁੰਦਾ ਹੈ ਭਾਵ ਉਸ ਦੇ ਨਾਲ ਮੇਲ ਕਰਨਾ

31/3520

ਹਰ ਕੋਈ ਚਾਹੁੰਦਾ ਹੈ। ਪ੍ਰਮਾਤਮਾ ਕੋਲੋਂ ਉਸ ਦਾ ਰੂਪ ਬਣਨ ਲਈ ਸਾਨੂੰ ਇਹੀ ਮੰਗਣਾ ਚਾਹੀਦਾ ਹੈ ਕਿ ਪ੍ਰਮਾਤਮਾ ਸਾਨੂੰ ਮਨ ਦੇ ਭਰਮ ਵਿੱਚੋਂ ਕੱਢ ਲਵੇ, ਮਨ ਦੀ ਅਗਿਆਨਤਾ ਵਿੱਚੋਂ ਕੱਢ ਲਏ ਤਾਂ ਜੋ ਅਸੀਂ ਮਨ ਦੇ ਵਿੱਚੋਂ ਹੀ ਤੇਰੇ ਦਰਸ਼ਨ ਕਰ ਸਕੀਏ, ਨਾਮ ਦੇ ਦਰਸ਼ਨ ਕਰ ਸਕੀਏ ਤੇ ਤੇਰੇ ਸੱਚੇ ਰੂਪ ਵਿੱਚ ਸਮਾਅ ਜਾਈਏ। (**ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥ ਸੁਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥**)

ਇਸ ਪੂਰੇ ਲੇਖ ਰਾਹੀਂ ਆਪ ਜੀ ਨੂੰ ਵਾਰ ਵਾਰ ਇਹ ਗੱਲ ਸਮਝਾਈ ਗਈ ਹੈ ਕਿ ਗੁਰੂ ਦੇ ਸ਼ਬਦ ਦੇ ਮਕਸਦ ਨੂੰ ਸਮਝੋ, ਨਾਮ ਦੇ ਮਕਸਦ ਨੂੰ ਸਮਝੋ। ਸਾਡੇ ਸਭ ਦੇ ਅੰਦਰ ਸਭ ਤੋਂ ਵੱਡਾ ਭਰਮ ਸ਼ਬਦ ਦੇ, ਨਾਮ ਦੇ ਮਕਸਦ ਨੂੰ ਸਮਝਣ ਦਾ ਹੀ ਹੈ ਭਾਵ ਸਭ ਤੋਂ ਪਹਿਲੇ ਸਾਨੂੰ ਇਸ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਕਿ ਪ੍ਰਮਾਤਮਾ ਦਾ ਗੁਰਬਾਣੀ ਨੂੰ ਰਚਣ ਦਾ ਮਕਸਦ ਕੀ ਹੈ। ਗੁਰਬਾਣੀ ਚਉਥੇ ਪਦ ਵਿੱਚ ਹੈ, ਸ਼ਬਦ ਦਾ ਗਿਆਨ ਚਉਥਾ ਪਦ ਹੈ, ਨਾਮ ਦਾ ਗਿਆਨ ਚਉਥਾ ਪਦ ਹੈ ਜੋ ਕਿ ਬ੍ਰਹਮ ਗਿਆਨ ਦਾ ਪਦ ਹੈ। ਚਉਥੇ ਪਦ ਦਾ ਮਕਸਦ ਸਾਨੂੰ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੈ, ਭਰਮ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੈ ਭਾਵ ਸੱਚ ਦੇ ਨਾਲ ਜੋੜਨ ਦਾ ਹੈ, ਸਾਨੂੰ ਬਿਖ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੈ। ਬਿਖ ਵਿੱਚੋਂ ਸਾਨੂੰ ਅੰਮ੍ਰਿਤ ਨੇ ਹੀ ਕੱਢਣਾ ਹੈ ਤੇ ਇਹੀ ਅੰਮ੍ਰਿਤ ਬਾਣੀ ਦਾ ਮਨੋਰਥ ਹੈ। ਚਉਥੇ ਪਦ ਦਾ ਗਿਆਨ ਅੰਮ੍ਰਿਤ ਹੈ ਜਿਸ ਨੇ ਸਾਨੂੰ ਭਰਮ ਰੂਪ ਬਿਖ ਵਿੱਚੋਂ ਕੱਢਣਾ ਹੈ। ਸਾਡੀ ਤ੍ਰੈ ਗੁਣਾਂ ਵਾਲੀ ਅਵੱਸਥਾ ਬਿਖ ਰੂਪ ਹੈ ਜੋ ਸਾਡਾ ਆਤਮਿਕ ਰੂਪ ਜਹਿਰ ਹੈ। ਸਾਡੇ ਅੰਦਰ ਦਾ ਇਹ ਜਹਿਰ ਹੀ ਸਾਡਾ ਕਾਲੁ ਰੂਪ ਹੈ। ਸਾਡਾ ਜਿਉਣਾ ਜਾਂ ਮਰਨਾ ਸਾਡੇ ਆਤਮਿਕ ਗਿਆਨ ਦੇ ਨਾਲ ਜੁੜਿਆ ਹੋਇਆ ਹੈ। ਤ੍ਰੈ ਗੁਣਾਂ ਵਾਲੇ ਗਿਆਨ ਦੇ ਹੁੰਦਿਆਂ ਅਸੀਂ ਕਾਲੁ ਦੇ ਵੱਸ ਰਹਿੰਦੇ ਹਾਂ, ਮੌਤ ਦੇ ਵੱਸ ਰਹਿੰਦੇ ਹਾਂ ਭਾਵ ਸੰਸਾਰ ਦੇ ਆਵਾਗਉਣ ਵਿੱਚ ਰਹਿੰਦੇ ਹਾਂ। ਆਪਣੇ ਇਸ ਕਾਲੁ ਨੂੰ ਅਸੀਂ ਆਪਣੇ ਜਿਉਂਦੇ ਹੋਏ ਹੀ ਖ਼ਤਮ ਕਰਨਾ ਹੈ ਨਹੀਂ ਤਾਂ ਅਸੀਂ ਇਸ ਦੇ ਵੱਸ ਵਿੱਚੋਂ ਨਹੀਂ ਨਿਕਲ ਸਕਦੇ। ਸਾਨੂੰ ਕਾਲੁ ਦੇ ਵੱਸ ਦੇ ਵਿੱਚੋਂ ਗੁਰੂ ਦੇ ਸ਼ਬਦ ਨੇ ਹੀ ਕੱਢਣਾ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ। ਹਰ ਸ਼ਬਦ ਸਾਨੂੰ ਗਿਆਨ ਹੀ ਦੇ ਰਿਹਾ ਹੈ, ਪ੍ਰਮਾਤਮਾ ਦਾ ਨਾਮ ਹੀ ਸਮਝਾ ਰਿਹਾ ਹੈ ਤੇ ਜਿਉਂ ਜਿਉਂ ਅਸੀਂ ਸ਼ਬਦ ਦੇ ਗਿਆਨ ਨੂੰ ਆਪਣੇ ਅੰਦਰ ਜਪੀ ਜਾਵਾਂਗੇ ਭਾਵ ਗੁਰੂ ਦੇ ਗਿਆਨ ਨੂੰ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਈ ਜਾਵਾਂਗੇ ਤਿਉਂ ਤਿਉਂ ਅਸੀਂ ਭਰਮ ਤੋਂ ਮੁਕਤਿ ਹੋਈ ਜਾਵਾਂਗੇ, ਕਾਲ ਤੋਂ ਮੁਕਤਿ ਹੋਈ ਜਾਵਾਂਗੇ ਜੋ ਕਿ ਮੁਕਤੀ ਪਾਉਣ ਦਾ, ਆਵਾਗਉਣ ਤੋਂ ਮੁਕਤੀ ਪਾਉਣ ਦਾ ਸਾਡਾ ਸੱਚਾ ਉਪਰਾਲਾ ਹੈ। ਆਉ ਇਸ ਗੱਲ ਨੂੰ ਮੁਕਤੀ ਦੇ ਦਾਤਾ ਅਕਾਲ ਪੂਰਖ ਦੇ

ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਆਪਣੇ ਆਪ ਨੂੰ ਭਰਮ ਵਿੱਚ ਨਿਕਲਣ ਦਾ ਉਪਰਾਲਾ ਕਰੀਏ ਤੇ ਗੁਰਬਾਣੀ ਦੀ ਮਤਿ ਤੇ ਪੂਰਨ ਵਿਸ਼ਵਾਸ ਕਰੀਏ ਜੋ ਭਰਮ ਤੋਂ ਰਹਿਤ ਹੈ, ਭਰਮ ਤੋਂ ਮੁਕਤਿ ਹੈ।

ਗਉੜੀ ਮਹਲਾ ੩ ॥

“ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥
ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥
ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥
ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥
ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥
ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥
ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥
ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ ਮਾਇਆ ਸਬਦਿ ਜਲਾਏ ॥
ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥

ਪੂਰੇ ਗੁਰ ਤੇ ਸੋਝੀ ਪਾਏ ॥੭॥

ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥

ਨਾਨਕ ਗੁਰਮੁਖਿ ਬੂਝੈ ਕੋਈ॥੮॥੬॥"

(ਅੰਗ 231-232)

ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਰੱਖਕੇ, ਗੁਰੂ ਨੂੰ ਹੀ ਸਭ ਤੋਂ ਸਿਆਣਾ ਸਮਝਕੇ ਸ਼ਬਦ ਦੇ ਪਹਿਲੇ ਪਦੇ ਦੁਆਰਾ ਹੀ ਇਸ ਗੱਲ ਨੂੰ ਸਮਝੋ ਕਿ ਉਹ ਬੰਧਨ ਕੀ ਹੈ ਜਿਸ ਤੋਂ ਅਸੀਂ ਮੁਕਤੀ ਪਾਉਣੀ ਹੈ। ਸੰਸਾਰ ਦਾ ਹਰ ਮਨੁੱਖ ਮੁਕਤੀ ਪਾਉਣਾ ਚਾਹੁੰਦਾ ਹੈ ਤੇ ਉਸ ਦੇ ਲਈ ਅਨੇਕਾਂ ਉਪਰਾਲੇ ਵੀ ਕਰਦਾ ਹੈ। ਸਭ ਤੋਂ ਪਹਿਲਾਂ ਤਾਂ ਸਾਨੂੰ ਇਸ ਭਰਮ ਵਿੱਚੋਂ ਹੀ ਨਿਕਲਣ ਦੀ ਲੋੜ ਹੈ ਕਿ ਅਸੀਂ ਮੁਕਤਿ ਕਿਸ ਗੱਲ ਤੋਂ ਹੋਣਾ ਹੈ ਤਾਂ ਜੋ ਅਸੀਂ ਉਹੋ ਜਿਹਾ ਉਪਰਾਲਾ ਕਰੀਏ ਜਿਸਨੇ ਸਾਨੂੰ ਬੰਧਨ ਤੋਂ ਮੁਕਤਿ ਕਰਨਾ ਹੈ, ਜਿਉਂਦੇ ਜੀਅ ਬੰਧਨ ਤੋਂ ਮੁਕਤਿ ਕਰਨਾ ਹੈ। ਮੁਕਤੀ ਕੇਵਲ ਜਿਉਂਦੇ ਜੀਅ ਹੋਣੀ ਹੈ ਨਾ ਕਿ ਮਰਨ ਤੋਂ ਬਾਅਦ ਜਿਵੇਂ ਕਿ ਹਰ ਕੋਈ ਭਰਮ ਵਿੱਚ ਇਹੋ ਜਿਹੀ ਉਮੀਦ ਰੱਖਦਾ ਹੈ, ਬੇ ਬੁਨਿਆਦ ਉਮੀਦ ਰੱਖਦਾ ਹੈ।

"ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥

ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥"

ਸਾਡੀ ਆਪਣੀ ਸਭ ਦੀ ਮਤਿ ਤ੍ਰੈ ਗੁਣਾਂ ਵਾਲੀ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਹਰ ਕਿਸੇ ਨੂੰ ਮਨ ਦੇ ਭਰਮ ਰੂਪ ਬੰਧਨ ਵਿੱਚ ਰੱਖਿਆ ਹੋਇਆ ਹੈ। ਇਸ ਬੰਧਨ ਤੋਂ ਮੁਕਤਿ ਪ੍ਰਮਾਤਮਾ ਆਪ ਹੀ ਹੈ ਜੋ ਬ੍ਰਹਮ ਗਿਆਨ ਦਾ ਮਾਲਕ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਲਈ ਗੁਰਬਾਣੀ ਦਾ ਗਿਆਨ ਭਰਮ ਤੋਂ ਮੁਕਤਿ ਹੈ, ਬੰਧਨ ਤੋਂ ਮੁਕਤਿ ਹੈ। ਅਸੀਂ ਆਪਣੀ ਆਪਣੀ ਮਤਿ ਦੇ ਨਾਲ ਜੁੜੇ ਹੋਏ ਹਾਂ ਤੇ ਜਾਂ ਉਹਨਾਂ ਦੀ ਮਤਿ ਦੇ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਕੋਲੋਂ ਅਸੀਂ ਧਰਮ ਤੇ ਚੱਲਣ ਦਾ ਮਾਰਗ ਸਿੱਖਿਆ ਹੈ, ਨਾਮ ਜਪਣ ਦਾ ਮਾਰਗ ਸਿੱਖਿਆ ਹੈ, ਸਰੀਰਕ ਜਪਾਂ ਤਪਾਂ ਆਦਿ ਦਾ ਮਾਰਗ ਸਿੱਖਿਆ ਹੈ ਭਾਵ ਅਨੇਕਾਂ ਹੀ ਇਹੋ ਜਿਹੇ ਤਰੀਕੇ ਅਸੀਂ ਪ੍ਰਮਾਤਮਾਂ ਨੂੰ ਪਾਉਣ ਦੇ ਅਪਣਾਏ ਹੋਏ ਹਨ ਜਿੰਨ੍ਹਾਂ ਵਿੱਚ ਗੁਰੂ ਦਾ ਗਿਆਨ ਨਹੀਂ ਹੈ, ਗੁਰੂ ਦੀ ਮਤਿ ਨਹੀਂ ਹੈ, ਚਉਥੇ ਪਦ ਦੀ ਮਤਿ ਨਹੀਂ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ

ਵਾਲੀ ਮਤਿ ਦੇ ਨਾਲ ਜੁੜੇ ਹੋਏ ਹਾਂ ਭਾਵ ਤ੍ਰੈ ਗੁਣਾਂ ਵਾਲੀ ਮਤਿ ਦਾ ਵਖਾਣ ਕਰਦੇ ਹਾਂ ਭਾਵ ਤ੍ਰੈ ਗੁਣਾਂ ਵਾਲੀ ਮਤਿ ਦੁਆਰਾ ਵਿਚਰਦੇ ਹਾਂ ਤਦ ਤੱਕ ਹਰ ਕੋਈ ਭਰਮ ਵਾਲੀ ਮਤਿ ਦੁਆਰਾ ਹੀ ਵਿਚਰਦਾ ਹੈ ਭਾਵ ਹਰ ਕੋਈ ਭਰਮ ਦੇ ਬੰਧਨ ਵਿੱਚ ਹੀ ਹੈ ਤੇ ਉਹ ਬੰਧਨ ਤੋਂ ਮੁਕਤੀ ਨਹੀਂ ਪਾ ਸਕਦਾ। ਮੁਕਤੀ ਦਾ ਦਾਤਾ ਕੇਵਲ ਪ੍ਰਮਾਤਮਾ ਆਪ ਹੈ ਤੇ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਆਪਣੇ ਸਤਿਗੁਰ ਰੂਪ ਵਿੱਚ ਇਸ ਭਰਮ ਦੇ ਬੰਧਨ ਤੋਂ ਮੁਕਤਿ ਹੋਣ ਦਾ ਮਾਰਗ ਸਮਝਾਇਆ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਹਰ ਧਾਰਮਿਕ ਆਸਥਾ ਰੱਖਣ ਵਾਲੇ ਲਈ ਇੱਕੋ ਜਿਹਾ ਹੀ ਹੈ। (**ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥ ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥**)

ਜਿਸ ਨੂੰ ਪ੍ਰਮਾਤਮਾ ਭਰਮ ਤੋਂ ਮੁਕਤਿ ਕਰਦਾ ਹੈ ਉਹ ਮਨੁੱਖ ਹੀ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਗੁਰਮੁਖਿ ਰੂਪ ਬਣਾਇਆ ਹੈ ਉਹਨਾਂ ਨੇ ਹੀ ਭਰਮ ਰਹਿਤ ਗੁਰਬਾਣੀ ਦੀ ਰਚਨਾ ਕੀਤੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਭਰਮ ਤੋਂ ਮੁਕਤਿ ਕਰਦਾ ਹੈ ਉਹਨਾਂ ਨੂੰ ਮਨ ਦੇ ਵਿੱਚ ਹੀ ਸਹਜ ਦੀ ਅਵੱਸਥਾ ਬਖਸ਼ਦਾ ਹੈ, ਚਉਥੇ ਪਦ ਦੀ ਅਵੱਸਥਾ ਬਖਸ਼ਦਾ ਹੈ ਜੋ ਕਿ ਉਹ ਮਨ ਦੇ ਵਿੱਚ ਪ੍ਰਗਟ ਹੋਕੇ ਬਖਸ਼ਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ, ਬ੍ਰਹਮ ਗਿਆਨ ਨਾਲ ਜੋੜਦਾ ਹੈ ਉਸਨੂੰ ਆਪਣੀ "ਸਹਜ ਧੁਨਿ" ਦੇ ਨਾਲ ਜੋੜਦਾ ਹੈ ਜੋ ਮਨੁੱਖ ਨੂੰ ਭਰਮ ਤੋਂ ਮੁਕਤਿ ਕਰਦੀ ਹੈ ਤੇ ਫਿਰ ਮਨੁੱਖ ਦੀ ਲਿਵ ਚਉਥੇ ਪਦ ਦੇ ਗਿਆਨ ਦੇ ਨਾਲ ਹੀ ਜੁੜੀ ਰਹਿੰਦੀ ਹੈ, ਹਰ ਵੇਲੇ ਪ੍ਰਮਾਤਮਾ ਦੇ ਨਾਲ ਜੁੜੀ ਰਹਿੰਦੀ ਹੈ। (**ਗੁਰਮੁਖਿ ਪ੍ਰਾਣੀ ਭਰਮੁ ਗਵਾਇ॥ ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥ ਰਹਾਉ ॥**)

ਗੁਰਮੁਖਿ ਅਖਵਾਉਂਣਾ ਤਾਂ ਹਰ ਕੋਈ ਚਾਹੁੰਦਾ ਹੈ ਤੇ ਅਖਵਾਉਣ ਵਾਲੇ ਵੀ ਅਨੇਕਾਂ ਹਨ। ਆਪਣੇ ਆਪ ਨੂੰ ਗੁਰਮੁਖਿ ਅਖਵਾਉਣਾ ਵੀ ਭਰਮ ਹੈ ਜੋ ਭਰਮ ਚਉਥੇ ਪਦ ਵਿੱਚ ਪਹੁੰਚਕੇ ਹੀ ਨਿਕਲਦਾ ਹੈ, ਤ੍ਰੈ ਗੁਣਾਂ ਵਾਲੇ ਬੰਧਨ ਵਿੱਚੋਂ ਨਿਕਲਕੇ ਹੀ ਨਿਕਲਦਾ ਹੈ।

ਸਾਡੀ ਤ੍ਰੈ ਗੁਣਾਂ ਵਾਲੀ ਅਵੱਸਥਾ ਹੀ ਸਾਡੇ ਉੱਤੇ ਪ੍ਰਮਾਤਮਾ ਦਾ ਹਰ ਵੇਲੇ ਕਾਲੁ ਰੂਪ ਸਾਇਆ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਕਾਲੁ ਤੋਂ ਬਚਣ ਦਾ ਉਪਰਾਲਾ ਕਰੀਏ।

“ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥
ਮਰਿ ਜੰਮਹਿ ਫਿਰਿ ਵਾਰੋ ਵਾਰਾ ॥2॥”

31/3523

ਸਾਡੇ ਸਭ ਦੇ ਅੰਦਰ ਹਰ ਵੇਲੇ ਹੁਕਮ ਤ੍ਰੈ ਗੁਣਾਂ ਦੇ ਰੂਪ ਵਿੱਚ ਹੀ ਚੱਲ ਰਿਹਾ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ। ਸਾਡੇ ਅੰਦਰ ਜੋ ਵੀ ਵਿਚਾਰ ਉਪਜ ਰਹੇ ਹਨ ਸਾਡੇ ਕੋਲੋਂ ਸਭ ਕੁੱਝ ਕਰਵਾਉਣ ਵਾਲੇ ਉਹੀ ਹਨ ਜਿੰਨ੍ਹਾਂ ਦਾ ਮਕਸਦ ਸਾਨੂੰ ਭਰਮ ਵਿੱਚ ਰੱਖਣ ਦਾ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਖੇਡ ਚਲਾ ਰਿਹਾ ਹੈ। ਇਸ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਣ ਦਾ ਸਾਧਨ ‘‘ਨਾਮੁ’’ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਮਨ ਦੇ ਭਰਮ ਵਿੱਚੋਂ ਕੱਢਣ ਦਾ ਹੈ। ਪੂਰੀ ਗੁਰਬਾਣੀ ਵਿੱਚ ਨਾਮੁ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰਬਾਣੀ ਵਿੱਚ ਸਮਾਇਆ ਹੋਇਆ ਹੈ। ਜੋ ਮਨੁੱਖ ਪ੍ਰਮਾਤਮਾ ਦੇ ਨਾਮੁ ਨੂੰ ਚੇਤਦਾ ਹੈ ਭਾਵ ਗੁਰਬਾਣੀ ਦੀ ਮਤਿ ਨੂੰ ਚੇਤਦਾ ਹੈ ਉਹ ਪ੍ਰਮਾਤਮਾ ਨੂੰ ਚੇਤਦਾ ਹੈ ਜੋ ਸਾਨੂੰ ਭਰਮ ਤੋਂ ਮੁਕਤਿ ਕਰਦਾ ਹੈ। ਨਾਮ ਨੂੰ ਚੇਤਣਾ ਕੀ ਹੈ ਇਸੇ ਗੱਲ ਦਾ ਹੀ ਸਭ ਦੇ ਅੰਦਰ ਭਰਮ ਹੈ। ਕਿਸੇ ਅੱਖਰ ਨੂੰ ਜਪੀ ਜਾਣ ਨਾਲ ਸਾਡਾ ਭਰਮ ਨਹੀਂ ਨਿਕਲ ਸਕਦਾ ਭਾਵ ਸਾਡੀ ਤ੍ਰੈ ਗੁਣਾਂ ਵਾਲੀ ਅਵੱਸਥਾ ਦੂਰ ਨਹੀਂ ਹੋ ਸਕਦੀ ਜੋ ਕਿ ਸਾਡੇ ਅੰਦਰ ਕਾਲੁ ਦੇ ਰੂਪ ਵਿੱਚ ਹੈ। ਮਨ ਦੇ ਇਸ ਕਾਲੁ ਰੂਪ ਵਿੱਚੋਂ ਨਿਕਲੇ ਬਿਨ੍ਹਾਂ, ਭਰਮ ਦੇ ਬੰਧਨ ਵਿੱਚੋਂ ਨਿਕਲੇ ਬਿਨ੍ਹਾਂ ਹਰ ਕੋਈ ਜੰਮਣ ਮਰਨ ਦੇ ਗੇੜ ਵਿੱਚ ਹੀ ਰਹਿੰਦਾ ਹੈ ਭਾਵ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਨਹੀਂ ਮਿਲਦੀ। (**ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥2॥**)

ਸਾਡਾ ਭਰਮ ਵਿੱਚੋਂ ਨਾ ਨਿਕਲਣ ਦਾ ਕਾਰਣ ਕੀ ਹੈ, ਨਾਮੁ ਦੀ ਸਹੀ ਸੋਝੀ ਨਾ ਹੋਣ ਦਾ ਕਾਰਣ ਕੀ ਹੈ, ਆਵਾਗਉਣ ਤੋਂ ਮੁਕਤੀ ਨਾ ਪਾਉਣ ਦਾ ਕਾਰਣ ਕੀ ਹੈ, ਬੰਧਨ ਮੁਕਤਿ ਨਾ ਹੋਣ ਦਾ ਕਾਰਣ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥”

ਸਭ ਤੋਂ ਪਹਿਲਾਂ ਤਾਂ ਅਸੀਂ ਇਸ ਗੱਲ ਨੂੰ ਸਮਝੀਏ ਕਿ ਗੁਰੂ ਦਾ ਮਕਸਦ ਕੀ ਹੈ ਭਾਵ ਗੁਰੂ ਧਾਰਨ ਦਾ ਮਕਸਦ ਕੀ ਹੈ ਭਾਵ ਗੁਰੂ ਕਿਸ ਲਈ ਹੈ। ਗੁਰੂ ਸਾਡਾ ਭਰਮ ਕੱਢਣ ਲਈ ਹੈ ਤੇ ਗੁਰੂ ਉਹੀ ਬਣ ਸਕਦਾ ਹੈ ਜਿਸ ਦੇ ਕੋਲ ਪੂਰਨ ਗਿਆਨ ਹੈ। ਪੂਰਨ ਗਿਆਨ ਵਾਲਾ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੈ ਤੇ ਉਹ ਆਪ ਹੀ ਸੱਚਾ ਗੁਰੂ ਹੈ, ਜੁਗਾ ਜੁਗਾ ਤੋਂ ਉਹ ਆਪ ਹੀ ਗੁਰੂ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹੀ ਪ੍ਰਮਾਤਮਾ ਦਾ ਗੁਰੂ ਰੂਪ ਬਣ ਸਕਦਾ ਹੈ ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪ ਹੀ

31/3524

ਆਪਣਾ ਸੱਚਾ ਗਿਆਨ ਬਖਸ਼ਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ। ਜਿੱਥੇ ਪ੍ਰਮਾਤਮਾ ਦਾ ਆਪਣਾ ਪ੍ਰਗਟ ਹੋ ਕੇ ਦਿੱਤਾ ਹੋਇਆ ਸੱਚਾ ਗਿਆਨ ਨਹੀਂ ਹੈ ਉਹ ਗੁਰੂ ਅਖਵਾਉਣ ਵਾਲਾ ਅੰਧਾ ਗੁਰੂ ਹੈ, ਅਗਿਆਨੀ ਗੁਰੂ ਹੈ। ਗੁਰੂ ਅਖਵਾਉਣ ਵਾਲੇ ਬਹੁਤ ਹਨ ਜੋ ਜਗ੍ਹਾ ਜਗ੍ਹਾ ਆਪਣੇ ਆਪ ਨੂੰ ਉੱਚਾ ਥਾਪਕੇ ਬੈਠੇ ਹਨ ਤੇ ਦੂਸਰਿਆਂ ਨੂੰ ਆਪਣੀ ਮਤਿ ਦੇ ਨਾਲ ਜੋੜਦੇ ਹਨ, ਆਪਣੀ ਤ੍ਰੈ ਗੁਣਾਂ ਵਾਲੀ ਮਤਿ ਦੇ ਨਾਲ ਜੋੜਦੇ ਹਨ। ਸਾਨੂੰ ਨਾਮ ਦੀ ਸਿੱਖਿਆ ਇਹੋ

ਜਿਹਿਆਂ ਕੋਲੋਂ ਹੀ ਮਿਲੀ ਹੋਈ ਹੈ ਜਿੰਨ੍ਹਾਂ ਦੀ ਸਿੱਖਿਆ ਨੂੰ ਅਸੀਂ ਮੰਨਿਆ ਹੋਇਆ ਹੈ। ਗੁਰੂ ਅਸਲ ਵਿੱਚ ਸਾਡਾ ਉਹੀ ਹੈ ਜਿਸ ਦੀ ਸਿੱਖਿਆ ਨੂੰ ਅਸੀਂ ਮੰਨਦੇ ਹਾਂ, ਜਿੰਨ੍ਹਾਂ ਦੇ ਬਚਨਾਂ ਨੂੰ ਅਸੀਂ ਉੱਚਾ ਕਰਕੇ ਮੰਨਦੇ ਹਾਂ, ਉਨ੍ਹਾਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਨੂੰ ਉੱਚਾ ਜਾਣਕੇ ਮੰਨਦੇ ਹਾਂ। ਜੋ ਆਪ ਭਰਮ ਵਿੱਚ ਹਨ ਉਨ੍ਹਾਂ ਦੀ ਸਿੱਖਿਆ ਵੀ ਭਰਮ ਵਾਲੀ ਹੁੰਦੀ ਹੈ। ਸਾਡਾ ਮਕਸਦ ਭਰਮ ਵਿੱਚੋਂ ਨਿਕਲਣ ਦਾ ਹੈ ਜਿਸ ਤੋਂ ਅਸੀਂ ਮੁਕਤੀ ਪਾਉਣੀ ਹੈ। ਇਸੇ ਲਈ ਬਾਣੀ ਰਾਹੀਂ ਸਾਨੂੰ ਵਾਰ ਵਾਰ ਇਹ ਸਮਝਾਇਆ ਹੈ ਕਿ ਕੇਵਲ ਨਾਮ ਜਪੋ ਭਾਵ ਕੇਵਲ ਗੁਰੂ ਦੀ ਮਤਿ ਆਪਣੇ ਅੰਦਰ ਜਪੋ ਭਾਵ ਕਿਸੇ ਹੋਰ ਦੀ ਮਤਿ ਨੂੰ ਨਾ ਜਪੋ। "ਮੂਲੁ" ਮਤਿ ਸੱਚੇ ਗੁਰੂ ਦੀ ਮਤਿ ਹੈ ਜੋ "ਮੂਲੁ" ਰੂਪ ਪ੍ਰਮਾਤਮਾ ਕੋਲੋਂ ਆਉਂਦੀ ਹੈ। ਜੋ ਗੁਰਬਾਣੀ ਦੀ ਮੂਲੁ ਰੂਪ ਮਤਿ ਨਾਲ ਨਹੀਂ ਜੁੜੇ ਹੋਏ ਉਹ ਸਭ ਦੂਸਰਿਆਂ ਦੀ ਮਤਿ ਦੇ ਨਾਲ ਜੁੜੇ ਹੋਏ ਹਨ ਭਾਵ "ਬਿਖੁ" ਦੇ ਨਾਲ ਜੁੜੇ ਹੋਏ ਹਨ, "ਅੰਮ੍ਰਿਤੁ" ਰੂਪ ਮਤਿ ਨੂੰ ਛੱਡ ਕੇ "ਬਿਖੁ" ਦੇ ਨਾਲ ਜੁੜੇ ਹੋਏ ਹਨ। ਜੋ ਗੁਰੂ ਦੀ ਮੂਲੁ ਮਤਿ ਦੇ ਨਾਲ ਜੁੜਦਾ ਹੈ ਉਹ ਉਸਦੇ ਅੰਮ੍ਰਿਤ ਨਾਮ ਵਿੱਚ ਸਮਾਉਂਦਾ ਹੈ ਤੇ ਜੋ ਕਿਸੇ ਹੋਰ ਦੀ ਮਤਿ ਦੇ ਨਾਲ ਜੁੜਦਾ ਹੈ ਭਾਵ ਬਿਖੁ ਰੂਪ ਮਤਿ ਦੇ ਨਾਲ ਜੁੜਦਾ ਹੈ ਉਹ ਫਿਰ ਬਿਖੁ ਵਿੱਚ ਹੀ ਸਮਾਉਂਦਾ ਹੈ ਭਾਵ ਆਵਾਗਉਣ ਵਾਲੀ ਅਵੱਸਥਾ ਵਿੱਚ ਹੀ ਰਹਿੰਦਾ ਹੈ, ਕਾਲੁ ਦੇ ਵੱਸ ਹੀ ਰਹਿੰਦਾ ਹੈ। (**ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥**)

ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵੱਸਥਾ ਹੀ ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਮਾਇਆ ਰੂਪ ਜੁਗਤਿ ਹੈ, ਮਾਇਆ ਦਾ ਛਲ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਮਨ ਦੀ ਇਹੋ ਜਿਹੀ ਅਵੱਸਥਾ ਵਿੱਚ ਰਹਿੰਦਿਆਂ ਹਰ ਕਿਸੇ ਨੂੰ ਪ੍ਰਮਾਤਮਾ ਵਿਸਰਿਆ ਰਹਿੰਦਾ ਹੈ ਭਾਵ ਉਸ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਜੋ ਕਿ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੀ ਇਹ ਭਰਮ ਰੂਪ ਜੁਗਤਿ ਸਾਨੂੰ ਗੁਰਮਤਿ ਨਾਲ ਜੁੜਨ ਤੋਂ ਦੂਸਰੇ ਪਾਸੇ ਰੱਖਦੀ ਹੈ। ਇਸ ਅਵੱਸਥਾ ਵਿੱਚੋਂ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣੀ ਕਿਰਪਾ ਦੁਆਰਾ ਕੱਢ

31/3525

ਸਕਦਾ ਹੈ ਤੇ ਕਿਸੇ ਦੀ ਭਰਮ ਤੋਂ ਗਤਿ ਕਰ ਸਕਦਾ ਹੈ। ਮਨ ਦੇ ਭਰਮ ਤੋਂ ਗਤਿ ਪਾਉਣੀ ਹੀ ਸਾਡੀ ਪਰਮ ਗਤਿ ਹੈ। ਸਾਡੀ ਪਰਮ ਗਤਿ ਤਾਂ ਹੀ ਹੋਏਗੀ ਜੇਕਰ ਅਸੀਂ ਭਰਮ ਵਿੱਚੋਂ ਨਿਕਲਣ ਦਾ ਉਪਰਾਲਾ ਕਰਾਂਗੇ ਭਾਵ ਦੂਜਿਆਂ ਤੋਂ ਲਈ ਹੋਈ ਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਨੂੰ ਅਪਣਾਉਣ ਦਾ ਉੱਦਮ ਕਰਾਂਗੇ । (**ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥4॥**)

ਜਦ ਤੱਕ ਮਨੁੱਖ ਭਰਮ ਵਿੱਚ ਹੈ ਉਹ ਸੱਚ ਨੂੰ ਸਮਝਣ ਤੋਂ ਦੂਰ ਹੈ ਕਿ ਪ੍ਰਮਾਤਮਾ ਕੀ ਹੈ ਤੇ ਇਸ ਸੰਸਾਰ ਦੀ ਅਸਲੀਅਤ ਕੀ ਹੈ, ਸਾਡੀ ਆਪਣੀ ਅਸਲੀਅਤ ਕੀ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਭਰਮ ਵਿੱਚੋਂ ਕੱਢਦਾ ਹੈ ਉਹੀ ਸੱਚ ਨੂੰ ਸਮਝਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

"ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥
ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ ਮਾਇਆ ਸਬਦਿ ਜਲਾਏ ॥
ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥"

ਸਾਡੇ ਅੰਦਰੋਂ ਭਰਮ ਗਿਆਨ ਦੁਆਰਾ ਹੀ ਨਿਕਲਦਾ ਹੈ, ਸੱਚੇ ਗਿਆਨ ਦੁਆਰਾ ਨਿਕਲਦਾ ਹੈ। ਗੁਰੂ ਆਪਣੇ ਸੱਚੇ ਗਿਆਨ ਦੁਆਰਾ ਹੀ ਭਰਮ ਤੋਂ ਰਹਿਤ ਹੈ। ਧਰਮ ਦਾ ਸੱਚਾ ਗਿਆਨ ਉਹ ਹੈ ਜੋ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਦਿੰਦਾ ਹੈ। ਪ੍ਰਮਾਤਮਾ ਆਪ ਇਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਸਭ ਦੇ ਅੰਦਰ ਹੈ ਪਰ ਆਪਣਾ ਸੱਚਾ ਗਿਆਨ ਉਹ ਉੱਥੇ ਬਖਸ਼ਦਾ ਹੈ ਜਿੱਥੇ ਉਹ ਪ੍ਰਗਟ ਹੋ ਜਾਂਦਾ ਹੈ। ਜੋ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਉਸ ਨੂੰ ਫਿਰ ਸਭ ਜਗ੍ਹਾ ਸਚੁ ਰੂਪ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਲੈਂਦਾ ਹੈ ਉਹ ਮਨੁੱਖ

ਫਿਰ ਇਸ ਗੱਲ ਨੂੰ ਛੁਪਾ ਨਹੀਂ ਸਕਦਾ ਕਿ ਉਸ ਦੇ ਅੰਦਰ ਕੌਣ ਹੈ ਕਿਉਂਕਿ ਇਸ ਸੰਸਾਰ ਦੀ ਸਭ ਤੋਂ ਅਸਚਰਜ ਗੱਲ ਹੈ। ਪ੍ਰਮਾਤਮਾ ਜਿਸ ਸਰੀਰ ਰਾਹੀਂ ਪ੍ਰਗਟ ਹੁੰਦਾ ਹੈ ਉਹ ਕਿਸੇ ਮਕਸਦ ਲਈ ਹੀ ਪ੍ਰਗਟ ਹੁੰਦਾ ਹੈ, ਧਰਮ ਦਾ ਸੱਚਾ ਮਾਰਗ ਸਮਝਾਉਣ ਲਈ ਹੀ ਪ੍ਰਗਟ ਹੁੰਦਾ ਹੈ, ਦੁਨੀਆ ਨੂੰ ਅਸਲੀਅਤ ਸਮਝਾਉਣ ਲਈ

31/3526

ਹੀ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਜਿਸ ਦੇ ਅੰਦਰ ਪ੍ਰਗਟ ਹੁੰਦਾ ਹੈ ਉਸ ਨੂੰ ਕੋਈ ਛੁਪਾ ਹੀ ਨਹੀਂ ਸਕਦਾ ਕਿਉਂਕਿ ਇਹ ਮਨੁੱਖ ਦੇ ਵੱਸ ਹੀ ਨਹੀਂ ਹੈ। ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿਸੇ ਮਕਸਦ ਲਈ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਗੁਰਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਜਿੱਥੇ ਉਹ ਆਪਣਾ ਸੱਚਾ ਗਿਆਨ ਬਖਸ਼ਕੇ ਮਨੁੱਖੀ ਰੂਪ ਨੂੰ ਭਰਮ ਰਹਿਤ ਕਰਦਾ ਹੈ ਉਹੀ ਮਨੁੱਖੀ ਰੂਪ ਹੀ ਪ੍ਰਮਾਤਮਾ ਦਾ ਗਿਆਨੀ ਰੂਪ ਹੈ। ਇਹ ਗਿਆਨ ਪ੍ਰਮਾਤਮਾ ਜਿੱਥੇ ਬਖਸ਼ਦਾ ਹੈ ਉੱਥੇ ਸਹਜ ਦੀ ਅਵਸਥਾ ਦੁਆਰਾ ਹੀ ਬਖਸ਼ਦਾ ਹੈ ਭਾਵ ਚਉਥੇ ਪਦ ਦੀ ਅਵੱਸਥਾ ਦੁਆਰਾ ਬਖਸ਼ਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਗਿਆਨੀ ਰੂਪ ਬਣਾਇਆ ਹੈ ਉਨ੍ਹਾਂ ਨੂੰ ਮਨ ਦੇ ਭਰਮ ਵਿੱਚੋਂ ਕੱਢਕੇ ਹੀ ਬਣਾਇਆ ਹੈ ਜਿਸ ਕਰਕੇ ਉਹਨਾਂ ਨੂੰ ਆਪਣੇ ਅੰਦਰ ਤੇ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਦੀ ਹੋਂਦ ਹੀ ਨਜ਼ਰ ਆਉਂਦੀ ਹੈ। (**ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ ਸਹਜਿ ਸੁਭਾਏ ॥5॥**)

ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਦੀ ਪ੍ਰਮਾਤਮਾ ਨਾਲ ਲਿਵ ਜੁੜਦੀ ਹੈ ਭਾਵ ਮਨ ਦੇ ਅੰਦਰ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਨਾਲ ਲਿਵ ਜੁੜਦੀ ਹੈ ਜਿਸ ਰਾਹੀਂ ਉਹ ਆਪਣੀ ਸੱਚੀ ਮਤਿ ਸਮਝਾਉਂਦਾ ਹੈ, ਆਪਣੇ ਸ਼ਬਦਾਂ ਦੀ ਵਿਚਾਰ ਦਿੰਦਾ ਹੈ ਤੇ ਤਾਂ ਹੀ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ, ਮਨਮਤਿ ਦੂਰ ਹੁੰਦੀ ਹੈ, ਮਾਇਆ ਮੋਹ ਦੂਰ ਹੁੰਦਾ ਹੈ। ਜਿਸ ਨਾਲ ਵੀ ਪ੍ਰਮਾਤਮਾ ਮੇਲ ਕਰਦਾ ਹੈ ਇਸੇ ਤਰ੍ਹਾਂ ਹੀ ਕਰਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਮਨ ਦਾ ਭਰਮ ਕੱਢ ਕੇ ਹੀ ਕਰਦਾ ਹੈ ਜਿਸ ਦੁਆਰਾ ਕਿਸੇ ਦੀ ਗੁਰਮੁਖਿ ਵਾਲੀ ਅਵੱਸਥਾ ਬਣਦੀ ਹੈ। (**ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥**)

ਮਨ ਦੇ ਵਿੱਚ ਪ੍ਰਮਾਤਮਾ ਆਪਣਾ ਸੱਚਾ ਗਿਆਨ ਕਿਵੇਂ ਦਿੰਦਾ ਹੈ ਜਿਸ ਦੁਆਰਾ ਮਨੁੱਖ ਦਾ ਭਰਮ ਦੂਰ ਹੁੰਦਾ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"**ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥੭॥**"

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਗੁਰਬਾਣੀ ਦੀ

31/3527

ਰਚਨਾ ਕਰਨ ਵਾਲਿਆਂ ਨੂੰ ਸ਼ਬਦਾਂ ਦੀ ਸੋਝੀ ਕਿਵੇਂ ਪਈ ਹੈ ਤੇ ਕਿਸ ਨੇ ਪਾਈ ਹੈ। ਜਿਸ ਨੂੰ ਇਹ ਸੋਝੀ ਪੈਂਦੀ ਹੈ ਉਸ ਨੂੰ ਹੀ ਇਸ ਗੱਲ ਤੇ ਵਿਸ਼ਵਾਸ ਆ ਸਕਦਾ ਹੈ ਕਿ ਇਹ ਮਨ ਕੀ ਹੈ ਇਸ ਮਨ ਦੀ ਅਸਲੀਅਤ ਕੀ ਹੈ। ਆਪ ਸਭ ਜੀ ਦੇ ਲਈ ਕੇਵਲ ਇਤਨਾ ਵਿਸ਼ਵਾਸ ਰੱਖਣਾ ਜਰੂਰੀ ਹੈ ਕਿ ਜੋ ਕੁੱਝ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ ਉਹ ਬਿਲਕੁਲ ਉਸੇ ਤਰ੍ਹਾਂ ਸੱਚ ਹੈ।

ਜੋ ਸ਼ਬਦ ਵੀ ਆਪ ਜੀ ਗੁਰਬਾਣੀ ਵਿੱਚੋਂ ਪੜਦੇ ਹੋ ਉਹ ਸਭ ਦਾਤੇ ਦਾ, ਪ੍ਰਮਾਤਮਾ ਦਾ, ਵਾਹਿਗੁਰੂ ਦਾ, ਅੱਲ੍ਹਾ ਦਾ, ਗਾਡ ਦਾ ਆਪਣਾ ਹੀ ਸੁਣਾਇਆ ਹੋਇਆ ਹੈ ਜਿਸ ਰਾਹੀਂ ਉਸ ਨੇ ਸਾਰੇ ਸੰਸਾਰ ਨੂੰ ਇੱਕੋ ਜਿਹੀ ਧਰਮ ਦੀ ਸੋਝੀ ਪਾਈ ਹੈ। ਉਹ ਆਪ ਹੀ ਗਿਆਨ ਦਾ ਦਾਤਾ ਹੈ ਜਿਸ ਕਰਕੇ ਉਹ ਆਪ ਹੀ ਸਤਿਗੁਰੁ ਹੈ। ਉਹ ਸਤਿਗੁਰੁ ਸ਼ਬਦ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ, ਨਿਰਗੁਣ ਰੂਪ ਵਿੱਚ ਹੈ। ਮਨੁੱਖੀ ਰੂਪ ਕੇਵਲ ਸ਼ਬਦ ਨੂੰ ਟਿਕਾਉਣ ਲਈ ਹੈ ਜੋ ਕਿ ਪੰਜ ਤੱਤਾਂ ਦਾ ਪੁਤਲਾ ਹੈ। ਗੁਰੂ ਰੂਪ ਪੰਜਾਂ ਤੱਤਾਂ ਤੋਂ ਬਾਹਰ ਹੈ ਭਾਵ ਆਪ ਪ੍ਰਮਾਤਮਾ ਹੀ ਹੈ। ਜਿਸ ਮਨੁੱਖੀ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਮਨ ਦੇ ਅੰਦਰ ਆਪ ਹੀ ਆਪਣੇ "ਸਬਦੁ" ਸੁਣਾਉਂਦਾ ਹੈ ਭਾਵ ਆਪਣੇ ਸ਼ਬਦਾਂ ਰਾਹੀਂ ਗਿਆਨ ਦਿੰਦਾ ਹੈ, ਸੱਚੀ ਮਤਿ ਦਿੰਦਾ ਹੈ, ਸੱਚ ਦੀ ਸੋਝੀ ਪਾਉਂਦਾ ਹੈ, ਆਪਣੇ ਆਪ ਦੀ ਸੋਝੀ ਪਾਉਂਦਾ ਹੈ, ਸੰਸਾਰ ਦੀ ਅਸਲੀਅਤ ਦੀ ਸੋਝੀ

ਪਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਉਸ ਨੇ ਆਪ ਹੀ ਪੂਰਨ ਸੱਚ ਦੀ ਸੋਝੀ ਪਾਈ ਹੈ ਤੇ ਸੰਸਾਰ ਨੂੰ ਇੱਕੋ ਇੱਕ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ। ਪੂਰੀ ਗੁਰਬਾਣੀ ਵਿੱਚ ਪੂਰਨ ਸੱਚ ਹੈ ਤੇ ਇਸ ਸੱਚ ਤੇ ਚੱਲਣਾ ਹੀ ਸਾਰੇ ਸੰਸਾਰ ਦਾ ਧਰਮ ਹੈ। ਧਰਮ ਦਾ ਮਾਰਗ, ਸੱਚ ਦਾ ਮਾਰਗ, ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਹੈ, ਆਪਣੇ ਮਨ ਨੂੰ ਟਿਕਾਉਣ ਦਾ ਮਾਰਗ ਹੈ, ਮਨ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਮਾਰਗ ਹੈ। ਇਹ ਧਰਮ ਦਾ ਮਾਰਗ ਮਨ ਨੂੰ ਸਮਝਾਉਣ ਦਾ ਮਾਰਗ ਹੈ ਭਾਵ ਗੁਰੂ ਕੋਲੋਂ ਸੱਚੀ ਸੋਝੀ ਲੈਣ ਦਾ ਮਾਰਗ ਹੈ, ਸ਼ਬਦ ਦੇ ਵਿਚਾਰਾਂ ਨੂੰ ਅਪਣਾਉਣ ਦਾ ਮਾਰਗ ਹੈ ਜਿਸ ਦੁਆਰਾ ਅਸੀਂ ਭਰਮ ਵਿੱਚੋਂ ਨਿਕਲ ਸਕਦੇ ਹਾਂ ਤੇ ਸੱਚ ਦੇ ਮਾਰਗ ਤੇ ਚੱਲ ਸਕਦੇ ਹਾਂ। ਜਿੰਨ੍ਹਾਂ ਨੂੰ ਧਰਮ ਦਾ ਮਾਰਗ ਸਮਝ ਆਇਆ ਹੈ ਉਨ੍ਹਾਂ ਨੂੰ ਮਨ ਦੀ ਸੋਝੀ ਦੁਆਰਾ ਹੀ ਆਇਆ ਹੈ ਜੋ ਸੋਝੀ ਉਹਨਾਂ ਨੂੰ ਪ੍ਰਮਾਤਮਾ ਦੇ ਕੋਲੋਂ ਮਿਲੀ ਹੈ। ਉਹਨਾਂ ਦੀ ਸੋਝੀ ਦੇ ਨਾਲ ਜੁੜਕੇ ਹੀ ਅਸੀਂ ਭਰਮਾਂ ਵਿੱਚੋਂ ਨਿਕਲ ਸਕਦੇ ਹਾਂ ਤੇ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ। (**ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥7॥**)

ਮਨ ਦਾ ਭਰਮ ਨਿਕਲੇ ਬਿਨ੍ਹਾਂ, ਮਨ ਦੇ ਵਿੱਚ ਸੱਚੀ ਸੋਝੀ ਪਏ ਬਿਨ੍ਹਾਂ, ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੋਏ ਬਿਨ੍ਹਾਂ, ਸ਼ਬਦ ਦੇ ਦਾਤੇ ਦੇ ਦਰਸ਼ਨ ਹੋਏ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ

31/3528

ਜੋ ਕਿ ਉਸ ਦਾ ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਆਪਣੇ ਬ੍ਰਹਮ ਗਿਆਨ ਦੇ ਨਾਲ ਆਪ ਹੀ ਉਸਨੇ ਸਾਰੀ ਸ੍ਰਿਸ਼ਟੀ ਨੂੰ ਸਾਜਿਆ ਹੈ, ਬਣਾਇਆ ਹੈ ਤੇ ਆਪ ਹੀ ਉਸ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਸਾਇੰਟਿਫਿਕ ਗਿਆਨ ਨਾਲ ਗੋਇਆ ਹੋਇਆ ਹੈ, ਇਕੋ ਜਿਹੇ ਸਿਸਟਮ ਵਿੱਚ ਪਰੋਇਆ ਹੋਇਆ ਹੈ ਜਿਸ ਦੁਆਰਾ ਉਹ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਇਸ ਗੱਲ ਨੂੰ ਕੋਈ ਵਿਰਲਾ ਹੀ ਬੁੱਝ ਸਕਦਾ ਹੈ, ਜਿਸ ਨੂੰ ਆਪ ਬੁਝਾਏ ਉਹੀ ਬੁੱਝ ਸਕਦਾ ਹੈ। (**ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥8॥**)

ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ ਕਿ ਸਾਡਾ ਸੰਸਾਰ ਵਿੱਚ ਆਵਾਗਉਣ ਮਨ ਦੇ ਵਿੱਚ ਭਰਮ ਦੇ ਬੰਧਨ ਕਰਕੇ ਹੈ ਕਿਉਂਕਿ ਮਨ ਦੇ ਭਰਮ ਵਿੱਚ ਰਹਿੰਦਿਆ ਹੋਇਆਂ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ ਤੇ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਹੋਏ ਬਿਨ੍ਹਾਂ ਕੋਈ ਮੁਕਤਿ ਨਹੀਂ ਹੋ ਸਕਦਾ। ਸਾਡੇ ਅੰਦਰ ਦੀ ਮਨਮਤਿ ਸਾਡਾ ਬੰਧਨ ਹੈ ਤੇ ਇਸ ਬੰਧਨ ਤੋਂ ਮੁਕਤਿ ਹੋਣ ਦਾ ਸਾਧਨ ਕੇਵਲ ਗੁਰਮਤਿ ਹੈ ਜੋ ਬੰਧਨ ਤੋਂ ਮੁਕਤਿ ਹੈ। ਜਿਉਂ ਜਿਉਂ ਗੁਰਮਤਿ ਸਾਡੇ ਅੰਦਰ ਵੱਸਦੀ ਜਾਵੇਗੀ ਤਿਉਂ ਤਿਉਂ ਸਾਨੂੰ ਮਨਮਤਿ ਤੋਂ ਮੁਕਤਿ ਕਰਦੀ ਜਾਵੇਗੀ। ਗੁਰਮਤਿ ਸਾਡੇ ਮਨ ਦੇ ਅੰਦਰ ਸੱਚੇ ਗਿਆਨ ਦਾ ਪਰਕਾਸ਼ ਕਰਦੀ ਹੈ ਤੇ ਮਨਮਤਿ ਦੇ ਹਨ੍ਹੇਰੇ ਵਿੱਚੋਂ ਕੱਢਦੀ ਹੈ। ਗੁਰਮਤਿ ਨਾਮ ਹੈ ਤੇ ਸਾਡੀ ਮਨਮਤਿ ਹਉਮੈ ਹੈ। ਅਸੀਂ ਮੁਕਤੀ ਹਉਮੈ ਤੋ ਹੀ ਪਾਉਣੀ ਹੈ ਤੇ ਨਾਮ ਦੁਆਰਾ ਹੀ ਪਾਣੀ ਹੈ। ਗੁਰੂ ਦੇ ਕੋਲ ਨਾਮ ਹੈ ਜਿਸ ਦੁਆਰਾ ਉਹ ਆਪਣੀ ਮਤਿ ਦੁਆਰਾ ਪੂਰਾ ਹੈ। ਅਸੀਂ ਆਪਣੀ ਹਉਮੈ ਵਾਲੀ ਮਤਿ ਦੁਆਰਾ ਅਧੂਰੀ ਮਤਿ ਵਾਲੇ ਹਾਂ ਜਿਸ ਦੇ ਅੰਦਰ ਪੂਰਨ ਸੱਚ ਨਹੀਂ ਹੈ। ਅਸੀਂ ਆਪਣੀ ਅਧੂਰੀ ਮਤਿ ਤੋਂ ਹੀ ਮੁਕਤੀ ਪਾਉਣੀ ਹੈ ਜਿਸ ਦੇ ਰਹਿੰਦਿਆਂ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੱਚੀ ਸੋਝੀ ਨਹੀਂ ਪੈਂਦੀ ਤੇ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਉਹੋ ਜਿਹੇ ਜਤਨ ਕਰਦੇ ਹਾਂ ਜਿੰਨ੍ਹਾਂ ਵਿੱਚ ਕੇਵਲ ਦਿਖਾਵਾ ਹੁੰਦਾ ਹੈ। ਗੁਰੂ ਦੀ ਪੂਰਨ ਸੋਝੀ ਵਾਲੀ ਮਤਿ ਦੇ ਨਾਲ ਜੁੜੇ ਬਿਨ੍ਹਾਂ ਨਾ ਅਸੀਂ ਧਰਮ ਦਾ ਸੱਚਾ ਮਾਰਗ ਸਮਝ ਸਕਦੇ ਹਾਂ ਤੇ ਨਾ ਹੀ ਆਪਣੇ ਅੰਦਰ ਵਰਤ ਰਹੇ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਮੰਗਣਾ ਜਾਂ ਉਸ ਦੀ ਪੂਰੀ ਮਤਿ ਦਾ ਦਾਨ ਮੰਗਣਾ, ਗੁਰਮਤਿ ਦਾ ਦਾਨ ਮੰਗਣਾ, ਸੱਚੇ ਗਿਆਨ ਦਾ ਦਾਨ ਮੰਗਣਾ ਇੱਕੋ ਹੀ ਗੱਲ ਹੈ ਕਿਉਂਕਿ ਪ੍ਰਮਾਤਮਾ ਦੇ ਇਸ ਦਾਨ ਦੇ ਮਿਲਣ ਦੁਆਰਾ ਹੀ ਸਾਨੂੰ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਆਉ ਇਸ ਗੱਲ ਨੂੰ ਧੰਨ ਧੰਨ ਵਾਹਿਗੁਰੂ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜੋ ਆਪ ਹੀ ਸਭ ਨੂੰ ਦਾਨ ਦੇਣ ਵਾਲਾ ਹੈ ਤੇ ਆਪਣੇ ਆਪ ਦੇ ਦਰਸ਼ਨ ਕਰਵਾਉਣ ਵਾਲਾ ਹੈ ਭਾਵ ਜੋ ਆਪ ਹੀ ਗਿਆਨ ਦਾ ਮਾਲਕ ਹੈ।

31/3529

ਸੋਰਠਿ ਮਹਲਾ ੧ ॥

“ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥

ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥
ਘਟਿ ਘਟਿ ਰਵਿ ਰਹਿਆ ਬਨਵਾਰੀ ॥
ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥
ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥
ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥
ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥
ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥
ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥"

(ਅੰਗ 597-598)

ਸੰਸਾਰ ਪ੍ਰਮਾਤਮਾ ਦੇ ਕੋਲੋਂ ਦਾਤਾਂ ਦਾ ਦਾਨ ਹੀ ਮੰਗਦਾ ਹੈ ਜੋ ਦਾਨ ਥਿਰ ਰਹਿਣ ਵਾਲਾ ਨਹੀਂ ਹੈ। ਥਿਰ ਰਹਿਣ ਵਾਲਾ ਦਾਨ ਕੇਵਲ ਸੱਚੇ ਗਿਆਨ ਦਾ ਦਾਨ ਹੈ। ਪ੍ਰਮਾਤਮਾ ਦਾ ਇਹ ਸੱਚਾ ਦਾਨ ਸਾਡੀ ਅਧੂਰੀ ਮਤਿ ਨੂੰ ਪੂਰੀ ਮਤਿ ਵਿੱਚ ਬਦਲਦਾ ਹੈ। ਸਾਡੀ ਪੂਰਨ ਸੋਝੀ ਵਾਲੀ ਮਤਿ ਹੀ ਸਾਡੇ ਮਨ ਨੂੰ ਥਿਰ ਕਰਦੀ ਹੈ ਜਿਸ ਤੋਂ ਬਾਅਦ ਮਨ ਡੋਲਣੋਂ ਹੱਟ ਜਾਂਦਾ ਹੈ, ਮਾਇਆ ਮੋਹ ਵਿੱਚ ਡੋਲਣੋ ਹੱਟ ਜਾਂਦਾ ਹੈ। ਸੱਚੇ ਗਿਆਨ ਦੇ ਬੋਲ ਸਦਾ ਥਿਰ ਰਹਿੰਦੇ ਹਨ ਜੋ ਕਦੇ ਡੋਲ ਨਹੀਂ ਸਕਦੇ, ਬਿਨਸ ਨਹੀਂ ਸਕਦੇ ਕਿਉਂਕਿ ਉਹਨਾਂ ਵਿੱਚ ਪੂਰਨ ਸੱਚ ਹੁੰਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਸੱਚੀ ਮਤਿ ਦੇ ਰਾਹੀਂ ਆਏ ਹੋਏ ਬੋਲ ਹਨ ਜਿਸ ਲਈ ਉਹ ਬੋਲ ਸਦਾ ਥਿਰ ਰਹਿਣ ਵਾਲੇ ਹਨ ਜੋ ਕਦੇ ਬਦਲ ਨਹੀਂ ਸਕਦੇ। ਇਹ ਪ੍ਰਮਾਤਮਾ ਦੇ ਕੋਲੋਂ ਆਏ ਹੋਏ ਬੋਲ ਹਨ। ਜਿੱਥੇ ਪ੍ਰਮਾਤਮਾ ਨੇ ਆਪਣਾ ਪੂਰੀ ਮਤਿ ਦਾ ਦਾਨ ਬਖਸ਼ਿਆ ਹੈ, ਸੱਚੇ ਗਿਆਨ ਦਾ ਦਾਨ ਬਖਸ਼ਿਆ ਹੈ ਉੱਥੋਂ ਹੀ ਇਹ ਸੱਚੇ ਬੋਲ ਆਏ ਹਨ। ਪ੍ਰਮਾਤਮਾ ਦਾ ਇਹ ਦਾਨ ਹੀ ਉਸਦਾ ਨਾਮ ਦਾਨ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੈ, ਉਸਦਾ ਬ੍ਰਹਮ ਗਿਆਨ ਹੈ। ਸਾਨੂੰ ਪ੍ਰਮਾਤਮਾ ਦੇ ਕੋਲੋ ਇਹੋ ਜਿਹਾ ਦਾਨ ਮੰਗਣਾ ਸਿਖਾਇਆ ਹੈ। (**ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥**)

ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਉਸਦਾ ਇਹ ਦਾਨ ਮਿਲਣ ਦੁਆਰਾ ਹੀ ਹੁੰਦੇ ਹਨ ਜੋ ਸਭ ਦੇ ਅੰਦਰ ਗੁਪਤ ਰੂਪ ਵਿੱਚ ਵਰਤ ਰਿਹਾ ਹੈ, ਸਭ ਜਗ੍ਹਾ ਆਪਣੇ ਨਿਰਗੁਣ ਰੂਪ ਵਿੱਚ, ਗਿਆਨ ਦੇ ਰੂਪ ਵਿੱਚ ਵਿਚਰ ਰਿਹਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ ਪੂਰਨ ਮਤਿ ਦਾ ਦਾਨ ਦਿੰਦਾ ਹੈ ਉਹ ਆਪਣੇ ਸ਼ਬਦਾਂ ਦੁਆਰਾ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। (**ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥**)

ਪ੍ਰਮਾਤਮਾ ਸਾਡੇ ਘਟਿ ਦੇ ਅੰਦਰ ਵਰਤਦਾ ਹੈ ਤੇ ਜਿਸ ਨੂੰ ਉਹ ਆਪਣਾ ਦਾਨ ਦਿੰਦਾ ਹੈ ਘਟਿ ਦੇ ਅੰਦਰੋਂ ਹੀ ਦਿੰਦਾ ਹੈ ਤੇ ਹੋਰ ਕੋਈ ਜਗ੍ਹਾ ਨਹੀਂ ਹੈ ਜਿੱਥੇ ਜਾ ਕੇ ਅਸੀਂ ਉਸ ਦਾ ਦਾਨ ਲੈ ਸਕਦੇ ਹਾਂ। ਪ੍ਰਮਾਤਮਾ ਕੋਲੋਂ ਉਸ ਦਾ ਇਹ ਦਾਨ ਕਿਵੇਂ ਮਿਲਦਾ ਹੈ ਇਹ ਆਪ ਹੀ ਉਸਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਜਿਸ ਦੀ ਰਚਨਾ ਉਸਦੇ ਦਾਨ

ਦੁਆਰਾ ਹੀ ਹੋਈ ਹੈ। ਜਿਉਂ ਜਿਉਂ ਅਸੀਂ ਗੁਰੂ ਦੇ ਰਾਹੀਂ ਉਸ ਦੀ ਮਤਿ ਦਾ ਦਾਨ ਲੈਂਦੇ ਜਾਵਾਂਗੇ ਅਸੀਂ ਪ੍ਰਮਾਤਮਾ ਦੇ ਨੇੜੇ ਲੱਗਦੇ ਜਾਵਾਂਗੇ ਜੋ ਇਸ ਦਾਨ ਦਾ ਸ੍ਰੋਤ ਹੈ। ਦਾਨ ਦੇ ਸ੍ਰੋਤ ਤੱਕ ਪਹੁੰਚ ਕਰਨ ਦਾ, ਨਾਮ ਦੇ ਸ੍ਰੋਤ ਤੱਕ ਪਹੁੰਚ ਕਰਨ ਦਾ ਸਾਡੇ ਕੋਲ ਸਾਧਨ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਈਏ ਤੇ ਭਰਮਾਂ ਵਿੱਚੋਂ ਨਿਕਲੀਏ। ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਹੋਰ ਤਰੀਕਾ ਨਹੀਂ ਹੈ ਜਿਸ ਦੇ ਦਰਸ਼ਨ ਆਪਣੇ ਅੰਦਰੋਂ ਹੀ ਹੁੰਦੇ ਹਨ ਤੇ ਸਮਝ ਪੈਂਦੀ ਹੈ

ਕਿ ਪ੍ਰਮਾਤਮਾ ਆਪਣੇ ਕਿਸ ਰੂਪ ਵਿੱਚ "ਅਜੋਨੀ" ਹੈ। ਪ੍ਰਮਾਤਮਾ ਦੇ ਇਸ ਰੂਪ ਵਿੱਚ ਮਿਲਣ ਦੁਆਰਾ ਹੀ ਜੂਨਾਂ ਵਿੱਚੋਂ ਨਿਕਲਦਾ ਹੈ, ਆਵਾਗਉਣ ਵਿੱਚੋਂ ਨਿਕਲਦਾ ਹੈ। ਪ੍ਰਮਾਤਮਾ ਦਾ ਇਹ ਅਜੋਨੀ ਰੂਪ ਉਸ ਦਾ ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਜੋ ਜਨਮ ਮਰਨ ਤੋਂ ਰਹਿਤ ਹੈ। (**ਮਰਤ ਪਇਆਲ ਅਕਾਸੁ ਦਿਖਾਇਉ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥2॥**)

ਆਪਣੇ ਅੰਦਰੋਂ ਪ੍ਰਮਾਤਮਾ ਦੇ ਇਸ ਅਜੋਨੀ ਰੂਪ ਨੂੰ ਜਾਣੇ ਬਿਨ੍ਹਾਂ ਸਾਰਾ ਜਗਤ ਜਨਮ ਮਰਨ ਦੇ ਗੇੜ ਵਿੱਚ ਹੀ ਹੈ ਕਿਉਂਕਿ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ ਕਿ ਉਸਦੀ ਭਗਤੀ ਕੀ ਹੈ।ਗੁਰਮਤਿ ਦੀ ਸੱਚੀ ਸੋਝੀ, ਨਾਮ ਦੀ ਸੱਚੀ ਸੋਝੀ ਪ੍ਰਮਾਤਮਾ ਦੇ ਨਾਮ ਦਾ ਦਾਨ ਮਿਲਣ ਦੁਆਰਾ ਹੀ ਪੈਂਦੀ ਹੈ।ਗੁਰਮਤਿ ਦੀ ਸੱਚੀ ਸੋਝੀ ਪਏ ਬਿਨ੍ਹਾਂ ਹਰ ਕੋਈ ਸੱਚੀ ਭਗਤੀ ਤੋਂ ਵਿਸਰਿਆ ਰਹਿੰਦਾ ਹੈ ਭਾਵ ਗੁਰਮਤਿ ਦੀ ਬਜਾਏ ਦੂਸਰੀ ਮਤਿ ਨਾਲ ਜੁੜਿਆ ਰਹਿੰਦਾ ਹੈ ਜਿਸ ਕਰਕੇ ਹਰ ਕੋਈ ਸਾਕਤ ਹੀ ਰਹਿੰਦਾ ਹੈ ਤੇ ਆਪਣੇ ਜੀਵਨ ਦੀ ਬਾਜੀ ਨੂੰ ਹਾਰ ਕੇ ਹੀ ਜਾਂਦਾ ਹੈ।(**ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥**)

ਜਨਮ ਮਰਨ ਦੇ ਗੇੜ ਤੋਂ ਸਾਡੀ ਖਲਾਸੀ ਕਿਵੇਂ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥

ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥"

ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਵਿੱਚ ਸਾਨੂੰ ਪੂਰੀ ਮਤਿ ਦਾ ਦਾਨ, ਨਾਮ ਦਾ ਦਾਨ ਮੰਗਣ ਲਈ ਸਮਝਾਇਆ ਹੋਇਆ ਹੈ। ਉਹ ਦਾਨ ਸਾਨੂੰ ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੀ ਮਿਲਦਾ ਹੈ ਜਿਵੇਂ ਕਿ ਅਸੀਂ ਉੱਪਰ ਸਮਝਿਆ ਹੈ ਜਿਸ ਦੁਆਰਾ ਅਸੀਂ ਭਰਮ ਤੋਂ ਮੁਕਤਿ ਹੁੰਦੇ ਹਾਂ।

31/3531

ਇਹ ਭਰਮ ਹੀ ਸਾਡੇ ਅੰਦਰ ਦਾ ਬੰਧਨ ਹੈ ਜੋ ਬੰਧਨ ਟੁੱਟਣ ਤੋਂ ਬਾਅਦ ਫਿਰ ਮਨੁੱਖ ਜਨਮ ਮਰਨ ਦੇ ਗੇੜ ਵਿੱਚ ਨਹੀਂ ਪੈਂਦਾ, ਗਰਭ ਵਿੱਚ ਨਹੀਂ ਪੈਂਦਾ। ਇਹ ਭਰਮ ਦਾ ਬੰਧਨ ਗੁਰੂ ਦੇ ਨਾਮ ਦਾ ਦਾਨ ਮਿਲਣ ਦੁਆਰਾ ਹੀ ਟੁੱਟਦਾ ਹੈ, ਗੁਰੂ ਦੀ ਪੂਰਨ ਮਤਿ ਮਿਲਣ ਦੁਆਰਾ ਹੀ ਟੁੱਟਦਾ ਹੈ। ਆਪਣੇ ਨਾਮ ਦਾ ਦਾਨ ਪ੍ਰਮਾਤਮਾ ਮਨ ਦੇ ਵਿੱਚ ਗਿਆਨ ਦਾ ਪਰਕਾਸ਼ ਕਰਨ ਦੁਆਰਾ ਹੀ ਦਿੰਦਾ ਹੈ ਜਿਸ ਦੁਆਰਾ ਉਹ ਗੁਰਮਤਿ ਰੂਪ ਸੱਚੀ ਸੋਝੀ ਪਾਉਂਦਾ ਹੈ। ਪ੍ਰਮਾਤਮਾ ਜਿਸ ਦੇ ਅੰਦਰ ਵੀ ਵੱਸਦਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਇਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ, ਆਕਾਰ ਰਹਿਤ ਰੂਪ ਹੈ, ਨਿਰਗੁਣ ਰੂਪ ਹੈ ਜੋ ਪੰਜਾਂ ਤੱਤਾਂ ਤੋਂ ਬਾਹਰ ਹੈ। ਪ੍ਰਮਾਤਮਾ ਆਪਣਾ ਇਹ ਰੂਪ ਪ੍ਰਗਟ ਕਰਨ ਦੁਆਰਾ ਹੀ ਕਿਸੇ ਨੂੰ ਭਰਮ ਦੇ ਬੰਧਨ ਤੋਂ ਮੁਕਤਿ ਕਰਦਾ ਹੈ ਤੇ ਆਪਣੇ ਨਾਮ ਦਾ ਦਾਨ ਬਖਸ਼ਦਾ ਹੈ ਜਿਸ ਦੁਆਰਾ ਮਨੁੱਖ ਆਵਾਗਉਣ ਤੋਂ ਮੁਕਤਿ ਹੁੰਦਾ ਹੈ, ਮਨ ਦੇ ਭਰਮ ਤੋਂ ਮੁਕਤਿ ਹੁੰਦਾ ਹੈ। ਜੋ ਆਪਣੇ ਜਿਉਂਦੇ ਜੀਅ ਇਸ ਬੰਧਨ ਤੋਂ ਮੁਕਤਿ ਹੁੰਦਾ ਹੈ ਇਹੀ ਮੁਕਤੀ ਪਾਉਣਾ ਹੈ ਜੋ ਮੁਕਤੀ ਹਰ ਕੋਈ ਮੰਗਦਾ ਹੈ। ਆਉ ਮਨ ਦੀ ਅਗਿਆਨਤਾ ਤੋਂ ਮੁਕਤਿ ਹੋਣ ਦਾ ਉਪਰਾਲਾ ਕਰੀਏ ਤੇ ਪੂਰੀ ਗੁਰਬਾਣੀ ਦਾ ਮਕਸਦ ਸਾਨੂੰ ਇਸ ਅਗਿਆਨਤਾ ਤੋਂ ਮੁਕਤਿ ਕਰਨ ਦਾ ਹੀ ਹੈ, ਸਾਨੂੰ ਬੰਧਨ ਤੋਂ ਮੁਕਤਿ ਕਰਨ ਦਾ ਹੀ ਹੈ। (**ਸਤਿਗੁਰੁ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥4॥8॥**)

ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਸਾਨੂੰ ਜਨਮ ਮਰਨ ਦੇ ਗੇੜ ਵਿੱਚੋਂ ਪ੍ਰਮਾਤਮਾ ਆਪ ਹੀ ਕੱਢਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਕੱਢਦਾ ਹੈ। ਜਿਸ ਮਨੁੱਖ ਤੇ ਵੀ ਪ੍ਰਮਾਤਮਾ ਆਪਣੀ ਇਹ ਕਿਰਪਾ ਕਰਦਾ ਹੈ ਮਨ ਦੇ ਵਿੱਚ ਹੀ ਕਰਦਾ ਹੈ,ਮਨੁੱਖ ਦੇ ਧਿਆਨ ਦੇ ਵਿੱਚ ਹੀ ਕਰਦਾ ਹੈ ਜਿਸ ਰਾਹੀਂ ਉਹ ਮਨੁੱਖ ਦੇ ਅੰਦਰ ਆਪਣਾ "ਗਿਆਨ" ਦ੍ਰਿੜਾਉਂਦਾ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਹੀ ਉਸ ਦੇ ਨਾਮ ਦਾ ਮੰਤ੍ਰ ਹੈ ਜੋ ਮਨ ਦੇ ਵਿੱਚ ਉਹ ਆਪ ਹੀ ਦ੍ਰਿੜਾਉਂਦਾ ਹੈ ਤੇ ਮਨੁੱਖ ਨੂੰ ਭਰਮ ਦੇ ਬੰਧਨ ਤੋਂ ਮੁਕਤਿ ਕਰਦਾ ਹੈ ਜਿਸ ਦੁਆਰਾ ਮਨੁੱਖ ਕਾਲ ਤੋਂ ਰਹਿਤ ਹੁੰਦਾ ਹੈ। ਆਉ ਇਸ ਗੱਲ ਨੂੰ ਅਕਾਲ ਪੁਰਖ ਦੇ ਹੇਠ ਦਿੱਤੇ ਹੋਏ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ।

ਜੈਤਸਰੀ ਮਹਲਾ ੫ ॥

“ਮਨ ਮਹਿ ਸਤਿਗੁਰ ਧਿਆਨੁ ਧਰਾ ॥

ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥

ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥

ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥

ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥

ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥”

(ਅੰਗ 701)

ਉਪਰਲੇ ਸ਼ਬਦ ਨੂੰ ਅਗਰ ਧਿਆਨ ਨਾਲ ਸਮਝੋਗੇ ਤਾਂ ਨਾਮ ਦ੍ਰਿੜ

31/3532

ਹੋਣਾ ਕੀ ਹੈ ਇਸ ਗੱਲ ਦੀ ਸਮਝ ਵੀ ਪੈ ਜਾਵੇਗੀ ਤੇ ਅੰਮ੍ਰਿਤ ਪੀਣਾ ਕੀ ਹੈ ਭਾਵ ਅੰਮ੍ਰਿਤ ਪੀਣ ਦਾ ਮਕਸਦ ਕੀ ਹੈ ਇਹ ਵੀ ਸਪੱਸ਼ਟ ਰੂਪ ਵਿੱਚ ਸਮਝ ਆ ਜਾਵੇਗਾ। ਨਾਮ ਦਾ ਮਕਸਦ, ਅੰਮ੍ਰਿਤ ਪੀਣ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ, ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ।

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਜੋ ਕਿ ਰਹਾਉ ਵਾਲੀਆਂ ਪੰਗਤੀਆਂ ਹਨ ਉਹਨਾਂ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਵਿੱਚ ਧਿਆਨ ਟਿਕਾਉਣਾ ਕੀ ਹੈ, ਨਾਮ ਦ੍ਰਿੜ ਕਰਨਾ ਕੀ ਹੈ।

“ਮਨ ਮਹਿ ਸਤਿਗੁਰ ਧਿਆਨੁ ਧਰਾ ॥

ਦ੍ਰਿੜਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥ ਰਹਾਉ ॥”

ਪ੍ਰਮਾਤਮਾ ਨਾਲ ਧਿਆਨ ਉਸੇ ਮਨੁੱਖ ਦਾ ਜੁੜਦਾ ਹੈ ਜਦੋਂ ਉਹ ਆਪ ਕਿਰਪਾ ਕਰਕੇ ਸਾਡੇ ਧਿਆਨ ਨੂੰ ਟਿਕਾਉਂਦਾ ਹੈ। ਸਾਡਾ ਮਨ ਮਾਇਆ ਮੋਹ ਵਿੱਚ ਦੌੜਦਾ ਰਹਿੰਦਾ ਹੈ, ਮਨ ਦੇ ਵਿੱਚ ਸੱਚੀ ਸੋਝੀ ਦੇ ਨਾ ਹੋਣ ਕਰਕੇ, ਸੱਚੇ ਗਿਆਨ ਦੇ ਨਾ ਹੋਣ ਕਰਕੇ ਦੌੜਦਾ ਰਹਿੰਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਦੇ ਦੌੜਦੇ ਹੋਏ ਮਨ ਨੂੰ ਟਿਕਾ ਦਿੰਦਾ ਹੈ। ਉਹ ਮਨ ਦੇ ਵਿੱਚ ਆਪਣਾ “ਗਿਆਨੁ” ਹੀ ਦ੍ਰਿੜਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੀ ਦ੍ਰਿੜਤਾ ਬਖਸ਼ਦਾ ਹੈ। ਉਸ ਦੇ ਸੱਚੇ ਗਿਆਨ ਦਾ ਸਾਡੇ ਅੰਦਰ ਦ੍ਰਿੜ ਹੋਣਾ ਹੀ ਸਾਡੇ ਅੰਦਰ ਨਾਮ ਮੰਤ੍ਰ ਦਾ ਦ੍ਰਿੜ ਹੋਣਾ ਹੈ। ਨਾਮ ਦਾ ਮਕਸਦ ਸਾਨੂੰ “ਗਿਆਨੁ” ਦੇਣ ਨਾਲ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਕਿਸੇ ਅੱਖਰ ਨੂੰ ਇੱਕ ਮੰਤਰ ਸਮਝੀ ਜਾਣਾ ਸਾਡਾ ਵੱਡਾ ਭਰਮ ਹੈ। ਨਾਮ ਦਾ ਮਕਸਦ ਹੀ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ। ਇਹ ਸਾਡੇ ਅੰਦਰ ਦੀ ਪੁੱਠੀ ਮਤਿ ਦਾ ਨਤੀਜਾ ਹੈ, ਪੁੱਠੇ ਕਮਲ ਦਾ ਨਤੀਜਾ ਹੈ ਹੋਰ ਕੁੱਝ ਵੀ ਨਹੀਂ। ਨਾਮ ਦਾ ਮਕਸਦ ਸਾਡੇ ਪੁੱਠੇ ਕਮਲ ਨੂੰ ਸਿੱਧਾ ਕਰਨ ਦਾ ਹੀ ਹੈ, ਮਨਮਤਿ ਨੂੰ ਗੁਰਮਤਿ ਵਿੱਚ ਬਦਲਣ ਦਾ ਹੀ ਹੈ। ਜਿੰਨ੍ਹਾਂ ਤੇ ਪ੍ਰਮਾਤਮਾ ਨੇ ਆਪਣੀ ਇਹ ਕਿਰਪਾ ਕੀਤੀ ਹੈ ਉਹਨਾਂ ਨੂੰ ਆਪਣਾ ਸੱਚਾ ਗਿਆਨ ਬਖਸ਼ਕੇ ਮਨਮਤਿ ਵਿੱਚੋਂ ਹੀ ਕੱਢਿਆ ਹੈ ਤੇ ਆਪਣੀ ਸੱਚੀ ਗੁਰਮਤਿ ਸਮਝਾਈ ਹੈ ਜੋ ਪੂਰੀ ਗੁਰਬਾਣੀ ਵਿੱਚ ਦਰਜ ਹੈ, ਨਾਮ ਮੰਤ੍ਰ ਦੇ ਰੂਪ ਵਿੱਚ ਦਰਜ ਹੈ। (**ਮਨ ਮਹਿ ਸਤਿਗੁਰ ਧਿਆਨੁ ਧਰਾ ॥ ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥**)

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥

ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥}

(ਅੰਗ 1208)

ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥

ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥

(ਅੰਗ 740)

{ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰ ਦ੍ਰਿੜਇ ਹਰਿ ਅਉਖਧੁ ਗੁਰਿ ਦੀਉ ਤਉ ਮਿਲਿਓ ਸਗਲ ਪ੍ਰਬੀਨਾ ॥੧॥}

(ਅੰਗ 1210)

{ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ ਮਾਇਆ ਅਗਨਿ ਤੇ ॥੩॥}

(ਅੰਗ 211)

ਸਾਡੇ ਅੰਦਰ ਦਾ ਕਾਲ ਜਾਲ ਸਾਡੇ ਮਨ ਦੀ ਅਗਿਆਨਤਾ ਕਰਕੇ

31/3533

ਹੀ ਹੈ ਜਿਸ ਕਰਕੇ ਸਭ ਦੇ ਅੰਦਰ ਜਮਾ ਦਾ ਡਰ ਹੈ, ਔਗੁਣਾਂ ਦਾ ਡਰ ਹੈ ਜਿਸ ਕਰਕੇ ਹਰ ਕੋਈ ਆਵਾਗਉਣ ਵਿੱਚ ਰਹਿੰਦਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣਾ ਗਿਆਨ ਦ੍ਰਿੜ ਕਰ ਦਿੰਦਾ ਹੈ ਉਸ ਨੂੰ ਪ੍ਰਮਾਤਮਾ ਦੁੱਖਾਂ ਵਿੱਚੋਂ ਕੱਢ ਲੈਂਦਾ ਹੈ ਤੇ ਉਹ ਮਨੁੱਖ ਪ੍ਰਮਾਤਮਾ ਦੀ ਸ਼ਰਨ ਵਿੱਚ ਆ ਜਾਂਦਾ ਹੈ ਭਾਵ ਉਸ ਦੀ ਸੱਚੀ ਮਤਿ ਦੀ ਸ਼ਰਨ ਵਿੱਚ ਆ ਜਾਂਦਾ ਹੈ, ਉਸ ਦੇ ਚਰਨਾਂ ਦੇ ਆਸਰੇ ਵਿੱਚ ਆ ਜਾਂਦਾ ਹੈ। ਪ੍ਰਮਾਤਮਾ ਦਾ ਇਹ ਓਟ ਆਸਰਾ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਦੁਆਰਾ ਹੀ ਮਿਲਦਾ ਹੈ ਜਦੋਂ ਮਨੁੱਖ ਗੁਰੂ ਦੀ ਮਤਿ ਤੇ ਦ੍ਰਿੜ ਹੋ ਕੇ ਵਿਚਰਦਾ ਹੈ ਤੇ ਉਸ ਤੋਂ ਡੋਲਦਾ ਨਹੀਂ। (**ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥ ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥**)

ਜਿਵੇਂ ਕਿ ਅਸੀਂ ਉੱਪਰ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਇਸ ਪੂਰੇ ਸ਼ਬਦ ਦਾ ਮਕਸਦ ਸਾਨੂੰ ਇਹ ਸਮਝਾਉਣ ਨਾਲ ਹੀ ਹੈ ਕਿ ਸਾਡਾ ਗੁਰੂ ਦੇ ਨਾਲ ਧਿਆਨ ਜੋੜਨਾ ਕੀ ਹੈ, ਨਾਮ ਮੰਤ੍ਰ ਕੀ ਹੈ, ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਕੀ ਹੈ ਜੋ ਕਿ ਸਾਡੇ ਅੰਦਰ, ਸਾਡੇ ਧਿਆਨ ਦੇ ਅੰਦਰ ਗੁਰੂ ਦੇ ਗਿਆਨ ਦਾ ਦ੍ਰਿੜ ਹੋਣਾ ਹੈ ਤਾਂ ਜੋ ਸਾਡਾ ਧਿਆਨ ਗੁਰੂ ਦੀ ਮਤਿ ਤੇ ਦ੍ਰਿੜ ਰਹੇ ਤੇ ਉਸ ਦੀ ਮਤਿ ਤੋਂ ਕਦੇ ਨਾ ਡੋਲੇ। ਜਦ ਤੱਕ ਸਾਡੇ ਅੰਦਰ ਭਰਮ ਹੈ ਸਾਡੀ ਮਤਿ ਡੋਲਦੀ ਰਹਿੰਦੀ ਹੈ ਕਿਉਂਕਿ ਭਰਮ ਵਾਲੀ ਮਤਿ ਕੱਚੀ ਮਤਿ ਹੁੰਦੀ ਹੈ, ਦੁਚਿੱਤੀ ਵਾਲੀ ਮਤਿ ਹੁੰਦੀ ਹੈ, ਨਾ ਸਮਝੀ ਵਾਲੀ ਮਤਿ ਹੁੰਦੀ ਹੈ। ਜਦੋਂ ਸਾਡੇ ਅੰਦਰ ਕਿਸੇ ਗੱਲ ਤੇ ਪੂਰਨ ਵਿਸ਼ਵਾਸ ਆ ਜਾਂਦਾ ਹੈ ਤਾਂ ਹੀ ਸਾਡੀ ਮਤਿ ਉਸ ਤੇ ਦ੍ਰਿੜ ਹੁੰਦੀ ਹੈ। ਸਾਨੂੰ ਮਨ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਕੇ ਜਦੋਂ ਆਪਣੀ ਮਤਿ ਦਿੰਦਾ ਹੈ ਤਾਂ ਹੀ ਸਾਨੂੰ ਪੂਰਨ ਵਿਸ਼ਵਾਸ ਆਉਂਦਾ ਹੈ ਕਿ ਜੋ ਗੱਲ ਅਕਾਲ ਪੁਰਖ ਨੇ ਆਪ ਸਮਝਾਈ ਹੈ ਉਸ ਤੋਂ ਉੱਪਰ ਕੋਈ ਹੋਰ ਗੱਲ ਹੋ ਹੀ ਨਹੀਂ ਸਕਦੀ ਭਾਵ ਪ੍ਰਮਾਤਮਾ ਦੀ ਦੱਸੀ ਹੋਈ ਗੱਲ ਵਿੱਚ ਪੂਰਨ ਸੱਚ ਹੈ। ਮਨ ਦੇ ਵਿੱਚ ਇਹੋ ਜਿਹਾ ਵਿਸ਼ਵਾਸ ਆਉਣ ਦੁਆਰਾ ਮਨੁੱਖ ਕਿਸੇ ਗੱਲ ਤੋਂ ਪੂਰੀ ਤਰ੍ਹਾਂ ਭਰਮ ਰਹਿਤ ਹੁੰਦਾ ਹੈ ਤੇ ਫਿਰ ਉਹ ਕਿਸੇ ਹੋਰ ਦੀ ਮਤਿ ਪਿੱਛੇ ਨਹੀਂ ਲੱਗ ਸਕਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਦਿੱਤੀ ਹੋਈ ਭਰਮ ਰਹਿਤ ਮਤਿ ਹੈ। ਪੂਰੀ ਗੁਰਬਾਣੀ ਵਿੱਚ ਭਰਮ ਤੋਂ ਰਹਿਤ ਮਤਿ ਹੀ ਪ੍ਰਮਾਤਮਾ ਦਾ ਅੰਮ੍ਰਿਤ ਹੈ ਜੋ ਕਿ ਗੁਰਬਾਣੀ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਗੁਰਮਤਿ ਦੇ ਰੂਪ ਦੇ ਵਿੱਚ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਇਹ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਇਆ ਹੈ ਭਾਵ ਜਿੰਨ੍ਹਾਂ ਨੂੰ ਉਸਨੇ ਆਪ ਭਰਮ ਵਿੱਚੋਂ ਕੱਢਿਆ ਹੈ ਉਨ੍ਹਾਂ ਨੇ ਹੀ ਸਾਨੂੰ ਭਰਮ ਵਿੱਚੋਂ ਕੱਢਣ ਲਈ ਅੰਮ੍ਰਿਤ ਰੂਪ ਬਾਣੀ ਰਚੀ ਹੈ। ਮਨ ਦੇ ਅੰਮ੍ਰਿਤ ਦਾ ਮਕਸਦ, ਮਨ ਦੇ ਵਿੱਚ ਸੱਚੇ ਗਿਆਨ ਦਾ ਮਕਸਦ, ਨਾਮ ਦ੍ਰਿੜ ਕਰਨ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥”

(ਅੰਗ 701)

31/3534

ਅੰਮ੍ਰਿਤ ਪੀਣ ਦੇ ਮਕਸਦ ਦੇ ਨਾਲ ਨਾਲ ਸਾਨੂੰ ਇਹ ਵੀ ਸਮਝਾਇਆ ਹੋਇਆ ਹੈ ਕਿ ਗੁਰੂ ਦੀ ਨਾਵ ਤੇ, ਗੁਰੂ ਦੇ ਬੋਹਿਥ ਤੇ ਬੈਠਣਾ ਕੀ ਹੈ, ਸਾਧਸੰਗੁ ਕੀ ਹੈ ਤੇ ਸੰਸਾਰ ਸਮੁੰਦਰ ਤੋਂ ਪਾਰ ਪਾਉਣਾ ਕੀ ਹੈ। ਸਭ ਕੁੱਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ। ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਦੀ ਅਗਿਆਨਤਾ ਦਾ ਸਾਗਰ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ। ਗੁਰੂ ਦਾ ਸੱਚਾ ਮਾਰਗ ਹੀ ਗੁਰੂ ਦਾ ਬੋਹਿਥ ਹੈ, ਗੁਰੂ ਦੀ ਨਾਵ ਹੈ। ਸਾਡੇ ਮਨ ਦਾ ਸੱਚਾ ਗਿਆਨ, ਮਨ ਦੇ ਸੱਚੇ ਵਿਚਾਰ ਗੁਰੂ ਦੀ ਨਾਵ ਹਨ ਜੋ ਸਾਨੂੰ ਭਵਸਾਗਰ ਤੋਂ ਪਾਰ ਲਾਉਂਦੇ ਹਨ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਪਾਰ ਕੱਢਦੇ ਹਨ। ਗੁਰੂ ਦੇ ਸੱਚੇ ਵਿਚਾਰਾਂ ਦੀ ਸੰਗਤਿ, ਗੁਰੂ ਦੇ ਸੱਚੇ ਗਿਆਨ ਦੀ ਸੰਗਤਿ, ਨਾਮ ਦੀ ਦ੍ਰਿੜਤਾ ਵਾਲੇ ਵਿਚਾਰਾਂ ਦੀ ਸੰਗਤਿ ਹੀ "ਸਾਧਸੰਗੁ" ਹੈ ਜੋ ਸੰਗਤਿ ਸਾਡੇ ਮਨ ਦੇ ਅੰਦਰ ਹੀ ਹੁੰਦੀ ਹੈ, ਗੁਰੂ ਦਾ ਸੱਚਾ ਗਿਆਨ ਮਿਲਣ ਦੁਆਰਾ ਹੁੰਦੀ ਹੈ। ਜੋ ਗੁਰੂ ਦੀ ਨਾਵ ਹੈ ਉਹੀ ਸਾਡੇ ਅੰਦਰ ਸਾਧਸੰਗਿ ਦਾ ਰੂਪ ਹੈ ਭਾਵ ਇੱਕੋ ਹੀ ਗੱਲ ਹੈ ਜਿਸ ਦਾ ਮਕਸਦ ਸਾਨੂੰ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ, ਅਗਿਆਨਤਾ ਦੇ ਸਾਗਰ ਵਿੱਚੋ ਕੱਢਣ ਦਾ ਹੈ। ਪ੍ਰਮਾਤਮਾ ਦੀ ਨਾਵ ਤੇ ਬੈਠ ਕੇ, ਉਸ ਦੀ ਸੰਗਤਿ ਦੀ ਪ੍ਰਾਪਤੀ ਕਰਕੇ ਭਾਵ ਸਾਧਸੰਗੁ ਦੀ ਪ੍ਰਾਪਤੀ ਕਰਕੇ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਗਿਆਨ ਹੀ ਮਿਲਦਾ ਹੈ ਤੇ ਆਪਣੇ ਉਸ ਗਿਆਨ ਰਾਹੀਂ ਪ੍ਰਮਾਤਮਾ ਸਾਨੂੰ ਮਨ ਵਿੱਚ ਜੋ ਕੁੱਝ ਸਮਝਾਉਂਦਾ ਹੈ ਉਹ ਉਸ ਦਾ ਅੰਮ੍ਰਿਤ ਹੈ। ਉਹ ਆਪਣਾ ਸੱਚਾ ਗਿਆਨ ਅੰਮ੍ਰਿਤ ਦੇ ਰੂਪ ਵਿੱਚ ਪਿਆਉਂਦਾ ਹੈ ਜੋ ਸਾਨੂੰ ਹਰ ਤਰੀਕੇ ਦੇ ਭਰਮਾਂ ਵਿੱਚੋਂ ਕੱਢਦਾ ਹੈ ਜਿਸ ਨਾਲ ਸਾਡੀ ਭਰਮ ਤੋਂ ਮੁਕਤੀ ਹੁੰਦੀ ਹੈ, ਭਰਮ ਦੇ ਬੰਧਨ ਤੋਂ ਮੁਕਤੀ ਹੁੰਦੀ ਹੈ। ਆਪਣਾ ਅੰਮ੍ਰਿਤ ਪਿਆਕੇ ਭਾਵ ਸਾਨੂੰ ਭਰਮ ਵਿੱਚੋਂ ਕੱਢਕੇ ਪ੍ਰਮਾਤਮਾ ਸਾਨੂੰ ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ, ਆਪਣਾ ਨਾਮ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚੱਲਣ ਲਈ ਦ੍ਰਿੜ ਕਰਦਾ ਹੈ, ਮਾਇਆ ਮੋਹ ਛੱਡ ਕੇ ਸੱਚ ਤੇ ਚੱਲਣ ਲਈ ਦ੍ਰਿੜ ਕਰਦਾ ਹੈ। ਇਹੀ "ਅਜਰੁ" ਜਰਨਾ ਹੈ। ਮਾਇਆ ਮੋਹ ਵਿੱਚੋਂ ਨਿਕਲ ਕੇ ਸੱਚ ਤੇ ਚੱਲਣ ਲਈ ਦ੍ਰਿੜ ਕਰਦਾ ਹੈ। ਇਹੀ "ਅਜਰੁ" ਜਰਨਾ ਹੈ। ਮਾਇਆ ਮੋਹ ਵਿੱਚੋਂ ਨਿਕਲਣਾ ਹੀ ਅਜਰੁ ਜਰਨਾ ਹੈ, ਔਗੁਣਾਂ ਨੂੰ ਤਿਆਗਣਾ ਹੀ ਅਜਰੁ ਜਰਨਾ ਹੈ, ਸੱਚ ਤੇ ਚੱਲਣਾ ਕਬੂਲ ਕਰਨਾ ਹੀ ਅਜਰੁ ਜਰਨਾ ਹੈ। ਅਜਰੁ ਜਰੇ ਬਿਨ੍ਹਾਂ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ। ਆਪਣਾ ਨਾਮ ਉਹ ਆਪ ਹੀ ਦਿੰਦਾ ਹੈ ਤੇ ਆਪ ਹੀ ਉਸ ਤੇ ਚੱਲਣ ਲਈ ਦ੍ਰਿੜ ਕਰਵਾਉਂਦਾ ਹੈ। ਜਿਸ ਨੇ ਸਾਡੇ ਅੰਦਰ ਭਰਮ ਪਾਏ ਹੋਏ ਹਨ ਉਹ ਆਪ ਹੀ ਕਿਸੇ ਨੂੰ ਇਸ ਬੰਧਨ ਵਿੱਚੋਂ ਕੱਢ ਸਕਦਾ ਹੈ। ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰਬਾਣੀ ਦੇ ਮਕਸਦ ਨੂੰ ਸਮਝੀਏ ਤੇ ਭਰਮ ਤਿਆਗਣ ਦਾ ਉਪਰਾਲਾ ਕਰੀਏ ਜਿਸ ਨੇ ਸਾਡੇ ਜੀਵਨ ਨੂੰ ਸਵਾਰਨਾ ਹੈ। ਕਥਨੀ ਨੇ ਸਾਡਾ ਕੁੱਝ ਨਹੀਂ ਸਵਾਰਨਾ ਕਿਉਂਕਿ ਕਥਨੀ ਨਾਲ ਭਰਮ ਨਹੀਂ ਜਾਂਦਾ। ਭਰਮ ਵਿੱਚੋਂ ਨਿਕਲਾਂਗੇ ਤਾਂ ਫਿਰ ਕਰਨੀ ਨਾਲ ਜੁੜਾਂਗੇ, ਸੱਚੀ ਸੁਚੀ ਕਿਰਤ ਨਾਲ ਜੁੜਾਂਗੇ ਜਿਸ ਨੇ ਸਾਨੂੰ ਗੁਰੂ ਪ੍ਰਮਾਤਮਾ ਦੇ ਨਾਲ ਜੋੜਨਾ ਹੈ। (**ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥ ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥**)

31/3535

ਸਾਨੂੰ ਵਾਰ ਵਾਰ ਜੂਨਾਂ ਵਿੱਚ ਪਾਉਣ ਵਾਲੀ, ਆਵਾਗਉਣ ਵਿੱਚ ਪਾਉਣ ਵਾਲੀ ਮਨ ਦੀ ਅਗਿਆਨਤਾ ਹੈ, ਮਨ ਦਾ ਭਰਮ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੇਕਰ ਸਾਨੂੰ ਗੁਰੂ ਦੀ, ਪ੍ਰਮਾਤਮਾ ਦੀ ਗੱਲ ਤੇ ਵਿਸ਼ਵਾਸ ਹੈ ਤੇ ਆਉ ਫਿਰ ਬਾਣੀ ਦਾ ਉਹ ਅੰਮ੍ਰਿਤ ਪੀਵੀਏ ਜਿਸ ਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ ਜਿਸ ਨਾਲ ਮਨ ਦੇ ਵਿੱਚੋਂ ਹੀ ਉਸ ਅੰਮ੍ਰਿਤ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਸਾਡੀ ਆਵਾਗਉਣ ਤੋਂ ਮੁਕਤੀ ਹੁੰਦੀ ਹੈ। ਭਰਮ ਤੋਂ ਮੁਕਤੀ ਹੀ ਆਵਾਗਉਣ ਤੋਂ ਮੁਕਤੀ ਹੈ ਤੇ ਮੁਕਤੀ ਦਾ ਹੋਰ ਕੋਈ ਸਾਧਨ ਨਹੀਂ ਹੈ। ਆਉ ਇਸ ਗੱਲ ਨੂੰ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਸੱਚ ਕਰਕੇ ਜਾਣੀਏ ਕਿ ਜੂਨਾਂ ਤੋਂ ਮੁਕਤੀ ਪਾਉਣ ਦਾ ਸਾਧਨ ਕੇਵਲ ਤੇ ਕੇਵਲ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਹੈ ਤੇ ਭਰਮ ਕੱਢਣ ਦੀ ਸਮਰੱਥਾ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕਿਸੇ ਕੋਲ ਨਹੀਂ ਹੈ।

ਸਲੋਕ ਮ: ੩ ॥

“ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥
ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥

(ਅੰਗ 651)

ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਇਹ ਜਨਮਾਂ, ਜਨਮਾਂ ਦੀ “ਮਲੁ” ਕਿਸ ਗੱਲ ਦੀ ਹੈ। ਗੁਰੂ ਇਸ ਮਲੁ ਤੋਂ ਰਹਿਤ ਹੈ। ਭੇਦ ਸਾਡੀ ਮਤਿ ਦਾ ਤੇ ਗੁਰੂ ਦੀ ਮਤਿ ਦਾ ਹੀ ਹੈ। ਗੁਰੂ ਦੀ ਮਤਿ ਦੇ ਅੰਦਰ ਕੋਟਿ ਸੂਰਜਾਂ ਦਾ ਪ੍ਰਕਾਸ਼ ਹੈ ਭਾਵ ਸੱਚੇ ਗਿਆਨ ਦਾ ਪਰਕਾਸ਼ ਹੈ, ਬ੍ਰਹਮ ਗਿਆਨ ਦਾ ਪ੍ਰਕਾਸ਼ ਹੈ ਜਿਸ ਕਰਕੇ ਗੁਰੂ ਨੂੰ ਸਭ ਗੱਲ ਦੀ ਸੋਝੀ ਹੈ ਕਿ ਪ੍ਰਮਾਤਮਾ ਕੀ ਹੈ, ਉਸ ਦਾ ਨਿਰਗੁਣ ਰੂਪ ਕੀ ਹੈ ਤੇ ਉਹ ਕਿਸ ਤਰੀਕੇ ਸਭ ਵਿੱਚ ਸਮਾਇਆ ਹੋਇਆ ਹੈ। ਗੁਰੂ ਵਰਗੀ ਮਤਿ ਤੋਂ ਬਿਨ੍ਹਾਂ ਹਰ ਕਿਸੇ ਦੀ ਮਤਿ ਘੋਰ ਅੰਧਾਰ ਵਾਲੀ ਮਤਿ ਹੈ ਭਾਵ ਘੋਰ ਅਗਿਆਨਤਾ ਵਾਲੀ ਮਤਿ ਹੈ ਜਿਸ ਕਰਕੇ ਸਾਡੇ ਮਨ ਨੂੰ “ਕਾਲਾ ਸਿਆਹੁ” ਦੱਸਿਆ ਹੈ। ਮਨੁੱਖ ਜਿਹੋ ਜਿਹੀ ਮਤਿ ਲੈ ਕੇ ਸੰਸਾਰ ਵਿੱਚ ਆਉਂਦਾ ਹੈ ਭਾਵ ਤ੍ਰੈ ਗੁਣਾਂ ਵਿੱਚ ਆਉਂਦਾ ਹੈ ਤੇ ਉਸੇ ਮਤਿ ਵਿੱਚ ਹੀ ਸੰਸਾਰ ਵਿੱਚੋਂ ਚਲਾ ਜਾਂਦਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ ਚਲਾ ਜਾਂਦਾ ਹੈ ਭਾਵ ਭਰਮ ਵਾਲੀ ਮਤਿ ਵਿੱਚ ਆਉਂਦਾ ਹੈ ਤੇ ਭਰਮ ਵਾਲੀ ਮਤਿ ਵਿੱਚ ਹੀ ਚਲਾ ਜਾਂਦਾ ਹੈ। ਸਾਡੀ ਮਤਿ ਨੂੰ ਪ੍ਰਮਾਤਮਾ ਨੇ ਆਪ ਹੀ ਕਾਲਾ ਕੀਤਾ ਹੋਇਆ ਹੈ, ਭਰਮ ਦੇ ਪੜਦੇ ਵਿੱਚ ਰੱਖ ਕੇ ਕਾਲਾ ਕੀਤਾ ਹੋਇਆ ਹੈ, “ਕਲਿ” ਵਾਲੀ ਅਵੱਸਥਾ ਵਿੱਚ ਰੱਖਕੇ ਕਾਲਾ ਕੀਤਾ ਹੋਇਆ ਹੈ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚ ਰੱਖ ਕੇ ਕਾਲਾ ਕੀਤਾ ਹੋਇਆ ਹੈ। ਅਸੀਂ ਆਪਣੀ ਸਿਆਣਪ ਨਾਲ ਭਾਵੇਂ ਲੱਖ ਜਤਨ ਕਰ ਲਈਏ ਅਸੀਂ ਆਪਣੀ ਪੁੱਠੀ ਮਤਿ ਨੂੰ ਸਿੱਧਾ ਨਹੀਂ ਕਰ ਸਕਦੇ ਭਾਵ ਭਰਮ ਤੋਂ

31/3536

ਮੁਕਤਿ ਨਹੀਂ ਹੋ ਸਕਦੇ। ਇਹ ਕੇਵਲ ਗੁਰ ਪਰਸਾਦਿ ਹੈ ਕਿ ਪ੍ਰਮਾਤਮਾ ਕਿਸੇ ਨੂੰ ਭਰਮ ਵਿੱਚੋਂ ਕੱਢ ਲਵੇ ਭਾਵ ਉਸ ਦੀ ਪੁੱਠੀ ਮਤਿ ਨੂੰ ਸਿੱਧਾ ਕਰ ਦੇਵੇ, ਸਾਡੇ ਅੰਦਰੋਂ ਪੁੱਠੇ ਕਮਲ ਨੂੰ ਸਿੱਧਾ ਕਰ ਦੇਵੇ। ਆਪਣੀ ਪੁੱਠੀ ਮਤਿ ਨੂੰ ਸਿੱਧਾ ਕਰਨਾ ਹੀ ਆਪਣੇ ਜਿਉਂਦੇ ਜੀਅ ਮਰਨਾ ਹੈ। ਸਾਡੀ ਪੁੱਠੀ ਮਤਿ ਸਾਡੀ ਹਉਮੈ ਹੈ, ਸਾਡੀ ਮਨਮਤਿ ਹੈ ਤੇ ਸਿੱਧੀ ਮਤਿ ਨਾਮ ਹੈ ਜਿਸ ਵਿੱਚ ਸੱਚਾ ਗਿਆਨ ਹੈ। ਪ੍ਰਮਾਤਮਾ ਦੇ ਦਰਸ਼ਨ ਸਾਨੂੰ ਮਨ ਦੀ ਸਿੱਧੀ ਮਤਿ ਦੁਆਰਾ ਹੀ ਹੁੰਦੇ ਹਨ। ਮਨ ਦੀ ਸਿੱਧੀ ਮਤਿ ਸਾਡੇ ਅੰਦਰ ਦਾ ਚਉਥਾ ਪਦ ਹੈ ਤੇ ਪੁੱਠੀ ਮਤਿ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵੱਸਥਾ ਹੈ। ਪੁੱਠੀ ਮਤਿ ਨੂੰ ਸਿੱਧੀ ਕਰਨ ਦਾ ਤਰੀਕਾ ਕੇਵਲ ਗੁਰੂ ਦਾ ਸ਼ਬਦ ਹੈ ਜੋ ਮਨ ਦੀ ਸਿੱਧੀ ਮਤਿ ਰਾਹੀਂ ਆਇਆ ਹੈ। ਜੇਕਰ ਸ਼ਬਦ ਦੀ ਮਤਿ ਨੂੰ ਅਸੀਂ ਆਪਣੇ ਅੰਦਰ ਵਸਾਵਾਂਗੇ ਫਿਰ ਤਾਂ ਹੀ ਉਹ ਸਾਡੀ ਪੁੱਠੀ ਮਤਿ ਨੂੰ ਸਿੱਧੀ ਕਰੇਗੀ ਤੇ ਜੇਕਰ ਖਾਲੀ ਸ਼ਬਦ ਸ਼ਬਦ ਰਟੀ ਜਾਵਾਂਗੇ, ਕੇਵਲ ਕਥਨੀ ਕਰੀ ਜਾਵਾਂਗੇ ਤਾਂ ਫਿਰ ਪੁੱਠੀ ਮਤਿ ਤਾਂ ਪੁੱਠੀ ਹੀ ਰਹੇਗੀ। ਇਸੇ ਤਰ੍ਹਾਂ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਜਤਨ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਜਿਸ ਨੂੰ ਅਸੀਂ ਆਪਣੀ ਮਲੁ ਧੋਣੀ ਸਮਝਦੇ ਹਾਂ। ਸਾਡੇ ਇਹੋ ਜਿਹੇ ਸਾਰੇ ਉਪਰਾਲੇ ਤੇਲ ਵਿੱਚ ਲਿਬੜੀ ਹੋਈ ਤੇਲੀ ਦੀ “ਖੰਨਲੀ” ਨੂੰ ਧੋਣ ਦੇ ਬਰਾਬਰ ਹਨ ਜਿਸ ਦੀ ਮੈਲ ਨਹੀਂ ਉਤਰਦੀ ਭਾਵ ਕੇਵਲ ਵਿਅਰਥ

ਦੇ ਉਪਰਾਲੇ ਹਨ। ਮਨ ਦੀ ਮੈਲੁ ਨੂੰ ਧੋਣ ਦਾ ਸਾਧਨ, ਪੁੱਠੀ ਮਤਿ ਨੂੰ ਸਿੱਧਾ ਕਰਨ ਦਾ ਸਾਧਨ ਕੇਵਲ ਗੁਰੂ ਦੇ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦਾ ਹੈ ਜਿਸ ਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ, ਹਉਮੈ ਵਿੱਚੋਂ ਕੱਢਣਾ ਹੈ, ਮਨਮਤਿ ਵਿੱਚੋਂ ਕੱਢਣਾ ਹੈ ਜਿਸ ਦੁਆਰਾ ਅਸੀਂ ਜਿਉਂਦੇ ਜੀਅ ਆਪਣੇ ਆਪ ਨੂੰ ਮਾਰ ਸਕਦੇ ਹਾਂ ਭਾਵ ਆਪਣੀ ਮਤਿ ਨੂੰ ਤਿਆਗ ਸਕਦੇ ਹਾਂ। ਅਸੀਂ ਉੱਦਮ ਹੀ ਕਰਨਾ ਹੈ ਤੇ ਮਨ ਦੇ ਭਰਮ ਵਿੱਚੋਂ ਸਾਨੂੰ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਆਪ ਹੀ ਕੱਢਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਆਪਣੇ ਦਰਸ਼ਨ ਦਿੰਦਾ ਹੈ ਤੇ ਸਾਡੇ ਮਨ ਦੀ ਮੈਲ ਸਦਾ ਲਈ ਧੁਪ ਜਾਂਦੀ ਹੈ, ਮਨੁੱਖ ਸਦਾ ਲਈ ਭਰਮ ਤੋਂ ਮੁਕਤਿ ਹੋ ਜਾਂਦਾ ਹੈ ਤੇ ਫਿਰ ਜੂਨਾਂ ਵਿੱਚ ਨਹੀਂ ਪੈਂਦਾ। (**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥ ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥ ਨਾਨਕ ਮੈਲੁ ਨ ਲਗਈ ਨਾ ਫਿਰ ਜੋਨੀ ਪਾਹੁ ॥1॥**)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ 225)

31/3537

{ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥}

(ਅੰਗ 339)

ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਰੱਖਣ ਵਾਲੇ ਬਹੁਤ ਹਨ ਪਰ ਉਸ ਨੂੰ ਪਾਉਣ ਦਾ ਅਸਲ ਤਰੀਕਾ ਕੀ ਹੈ ਇਸ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ। ਹਰ ਕੋਈ ਦੇਖਾ ਦੇਖੀ ਹੀ ਉਹੋ ਜਿਹੇ ਉਪਰਾਲੇ ਕਰਨ ਵਿੱਚ ਲੱਗਾ ਹੋਇਆ ਹੈ ਜਿੰਨ੍ਹਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਪਾਇਆ ਜਾ ਸਕਦਾ ਜਿਵੇਂ ਕਿ ਵਾਰ ਵਾਰ ਬਾਣੀ ਸਾਨੂੰ ਇਹ ਗੱਲ ਸਮਝਾ ਰਹੀ ਹੈ। ਅਸੀਂ ਅਨੇਕਾਂ ਹੀ ਦੁਆਰਿਆਂ ਉੱਤੇ ਵਿਸ਼ਵਾਸ ਟਿਕਾਏ ਹੋਏ ਹਨ ਤੇ ਆਪਣੀ ਆਪਣੀ ਮਤਿ ਅਨੁਸਾਰ ਕੋਈ ਕਿਸੇ ਦੇ ਪਿਛੇ ਲੱਗਾ ਹੋਇਆ ਹੈ ਤੇ ਕੋਈ ਕਿਸੇ ਦੇ ਪਿੱਛੇ ਲੱਗਾ ਹੋਇਆ ਹੈ। ਸਮਝ ਕਿਸੇ ਨੂੰ ਵੀ ਨਹੀਂ ਹੈ। ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਸਾਨੂੰ ਮਨ ਦੇ ਭਰਮ ਵਿੱਚੋਂ ਕੱਢ ਸਕਦਾ ਹੈ ਤੇ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਾਕੇ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਵਾ ਸਕਦਾ ਹੈ ਜੋ ਕਿ ਮਨ ਦੇ ਭਰਮ ਵਿੱਚੋਂ ਨਿਕਲਕੇ ਹੀ ਹੁੰਦੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ। ਆਉ ਇਸ ਗੱਲ ਨੂੰ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜੋ ਕੇਵਲ ਇੱਕੋ ਇੱਕ ਆਪ ਹੀ ਭਰਮ ਤੋਂ ਰਹਿਤ ਹੈ, ਸੱਚੇ ਗਿਆਨ ਦਾ ਮਾਲਕ ਹੈ।

ਟੋਡੀ ਮਹਲਾ ੫ ਘਰ ੪ ਦੁਪਦੇ
ੴ ਸਤਿਗੁਰ ਪ੍ਰਸਾਦਿ ॥
"ਰੂੜੋ ਮਨੁ ਹਰਿ ਰੰਗੋ ਲੋੜੈ ॥ ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥
ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥
ਗੁਰ ਮਿਲਿ ਭਰਮੁ ਗਵਾਇਆ ਹੇ ॥੧॥
ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥
ਇਹ ਬਿਧਿ ਨਾਨਕ ਹਰਿ ਨੈਣ ਅਲੋਇ ॥੨॥੧॥੧੮॥"

(ਅੰਗ 715)

ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ ਪ੍ਰਮਾਤਮਾ ਦੇ ਦਰਸ਼ਨ ਪ੍ਰਮਾਤਮਾ ਦੇ ਨਾਲ, ਗੁਰੂ ਦੇ ਨਾਲ ਪ੍ਰੀਤ ਪਾਉਣ ਦੁਆਰਾ ਹੀ ਹੁੰਦੇ ਹਨ। ਅਸੀਂ ਆਪਣੇ ਆਪਣੇ ਤਰੀਕੇ ਨਾਲ ਪ੍ਰੀਤ ਵੀ ਬਹੁਤ ਤਰੀਕਿਆਂ ਦੁਆਰਾ ਦਿਖਾਉਂਦੇ ਹਾਂ। ਸਾਡਾ ਸਭ

ਤੋਂ ਵੱਡਾ ਪ੍ਰਮਾਤਮਾ ਦੇ ਨਾਲ ਪ੍ਰੀਤ ਦਿਖਾਉਣ ਦਾ ਤਰੀਕਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਕਿ ਰਹਾਉ ਵਾਲੀ ਪੰਗਤੀ ਹੈ।

"ਰੂੜੋ ਮਨੁ ਹਰਿ ਰੰਗੋ ਲੋੜੈ ॥ ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥"

ਚੰਗਾ ਮਨ ਉਹ ਹੈ ਜਿਸ ਨੂੰ ਪ੍ਰਮਾਤਮਾ ਦੇ ਨਾਲ ਪ੍ਰੀਤ ਜੋੜਨੀ ਚੰਗੀ ਲੱਗਦੀ ਹੈ ਕਿਉਂਕਿ ਇਹੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। (**ਰੂੜੋ ਮਨੁ ਹਰਿ ਰੰਗੋ ਲੋੜੈ ॥**) ਅਸੀਂ ਆਪਣੀ ਪ੍ਰੀਤ ਪ੍ਰਮਾਤਮਾ ਦੇ ਨਾਲ ਕਿਵੇਂ ਦਿਖਾਉਂਦੇ ਹਾਂ ਇਹ ਗੱਲ ਸਾਨੂੰ ਨਾਲ ਹੀ ਸਮਝਾਕੇ ਸਾਡਾ ਭਰਮ ਕੱਢਿਆ ਹੋਇਆ ਹੈ।

31/3538

"ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥"

ਅਸੀਂ ਆਪਣੀ ਕਥਨੀ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਆਪਣਾ ਨੇਹੁ ਦਿਖਾਉਣਾ ਸਮਝਦੇ ਹਾਂ, ਪ੍ਰੀਤ ਦਿਖਾਉਣੀ ਸਮਝਦੇ ਹਾਂ ਤੇ ਸਭ ਪਾਸੇ ਇਸੇ ਗੱਲ ਦਾ ਹੀ ਪ੍ਰਚਾਰ ਹੈ। ਅਸੀਂ ਧਰਮ ਗ੍ਰੰਥਾਂ ਦੇ ਪੜ੍ਹਨ, ਸੁਣਨ ਵਿੱਚ ਹੀ ਪ੍ਰਮਾਤਮਾ ਦੇ ਨਾਲ ਪਿਆਰ ਦਿਖਾਉਣਾ ਸਮਝਦੇ ਹਾਂ ਭਾਵ ਵੱਧ ਤੋਂ ਵੱਧ ਬਾਣੀ ਪੜਦੇ ਸੁਣਦੇ ਹਾਂ। ਇਸੇ ਤਰ੍ਹਾਂ ਕਿਸੇ ਅੱਖਰ ਦੇ ਜਪ ਨੂੰ ਕਰੀ ਜਾਣਾ ਭਾਵ ਕੇਵਲ ਅੱਖਰ ਦੀ ਕਥਨੀ ਕਰੀ ਜਾਣ ਨੂੰ ਅਸੀਂ ਪ੍ਰਮਾਤਮਾ ਦੇ ਨਾਲ ਨੇਹੁ ਦਿਖਾਉਣਾ ਸਮਝਦੇ ਹਾਂ। ਆਪਣਾ ਨੇਹੁ ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਹੀ ਦਿਖਾਉਂਦੇ ਹਾਂ ਤੇ ਗੁਰੂ ਪ੍ਰਮਾਤਮਾ ਆਪ ਹੀ ਸਾਨੂੰ ਸਮਝਾ ਰਿਹਾ ਹੈ ਕਿ ਗੱਲਾਂ ਕਰੀ ਜਾਣ ਨਾਲ ਭਾਵ ਕਥਨੀ ਕਰੀ ਜਾਣ ਨਾਲ ਮੇਰੇ ਨਾਲ ਨੇਹੁ ਦਿਖਾਉਣ ਦਾ ਤਰੀਕਾ ਨਹੀਂ ਹੈ ਕਿਉਂਕਿ ਪ੍ਰਮਾਤਮਾ ਦੇ ਨਾਲ ਨੇਹੁ ਉਸਦੀ ਦੱਸੀ ਹੋਈ ਗੱਲ ਤੇ ਅਮਲ ਕਰਕੇ ਹੀ ਦਿਖਾਇਆ ਜਾ ਸਕਦਾ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ, ਔਗੁਣਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਦਿਖਾਇਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਬਾਣੀ ਵਿੱਚ ਵਾਰ ਵਾਰ ਸਾਡੇ ਭਰਮ ਹੀ ਕੱਢੇ ਹੋਏ ਹਨ ਤੇ ਸਾਨੂੰ ਜੀਵਨ ਦਾ ਸਹੀ ਮਾਰਗ ਹੀ ਸਮਝਾਇਆ ਹੋਇਆ ਹੈ। (**ਰੂੜੋ ਮਨੁ ਹਰਿ ਰੰਗੋ ਲੋੜੈ ॥ ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥**)

{ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਰੀਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰ ਭੇਖ ਨ ਕਾਹੂ ਭੀਨ ॥}

(ਅੰਗ 269)

{ਗਲੰ੍ਹੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥2॥}

(ਅੰਗ 85)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥5॥}

(ਅੰਗ 65)

31/3539

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥1॥}

(ਅੰਗ 377)

{ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥
ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥3॥}

(ਅੰਗ 1264)

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥}

(ਅੰਗ 994)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥3॥}

(ਅੰਗ 578)

{ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥
ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥2॥}

(ਅੰਗ 153)

{ਹਿਰਦੈ ਕਪਟੁ ਨਿਤੁ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥4॥}

(ਅੰਗ 1199)

{ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥5॥}

(ਅੰਗ 1086)

{ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥
ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥}

(ਅੰਗ 1140)

{ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥
ਹਰਿ ਭਜਨ ਸਫਲ ਕਾਮ ॥1॥ ਰਹਾਉ ॥}

(ਅੰਗ 408)

{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥1॥}

(ਅੰਗ 519)

{ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥}

(ਅੰਗ 920)

31/3540

ਗੁਰੂ ਨਾਲ ਆਪਣਾ ਪਿਆਰ ਦਿਖਾਉਣ ਦਾ ਉਹ ਤਰੀਕਾ ਨਹੀਂ ਹੈ ਜਿਸ ਨੂੰ ਹਰ ਕਿਸੇ ਨੇ ਗੁਰੂ ਨਾਲ ਪਿਆਰ ਪਾਉਣ ਦਾ ਤਰੀਕਾ ਸਮਝਿਆ ਹੋਇਆ ਹੈ। ਗੁਰੂ ਨਾਲ ਪਿਆਰ ਪਾਉਣ ਦਾ ਤਰੀਕਾ ਔਗੁਣ ਛੱਡ ਕੇ ਗੁਣੀ ਬਣਨ ਦਾ ਹੀ ਹੈ ਭਾਵ ਕਥਨੀ ਦੀ ਬਜਾਇ ਆਪਣੀ ਸੱਚੀ ਸੁੱਚੀ ਕਰਨੀ ਦੁਆਰਾ ਅਸੀਂ ਪ੍ਰਮਾਤਮਾ ਨਾਲ ਆਪਣਾ ਪਿਆਰ ਦਿਖਾ ਸਕਦੇ ਹਾਂ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ, ਸੁਰਤੀਆਂ ਸਮਾਧੀਆਂ ਲਗਾਉਣ ਦੀ ਲੋੜ ਨਹੀਂ ਹੈ, ਕੇਵਲ ਗੁਰੂ ਦੀ ਗੱਲ ਨੂੰ ਮੰਨਣ ਦੀ ਲੋੜ ਹੈ, ਮਨ ਦੇ ਭਰਮ ਤਿਆਗਣ ਦੀ ਲੋੜ ਹੈ।

ਅਸੀਂ ਭਗਤੀ ਦਾ ਮਾਰਗ ਸਿੱਖਣ ਲਈ ਕਿਸ ਦੇ ਪਿੱਛੇ ਲੱਗੇ ਹੋਏ ਹਾਂ, ਕਿਸ ਦੇ ਰਾਹੀਂ ਸਿੱਖਿਆ ਹੈ ਇਹ ਸਾਡਾ ਹੋਰ ਵੱਡਾ ਭਰਮ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਭਰਮ ਤੋਂ ਰਹਿਤ ਕੌਣ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਸੱਚੀ ਪ੍ਰੀਤ ਜੋੜਨ ਦਾ ਮਾਰਗ ਸਮਝਾ ਸਕਦਾ ਹੈ ਤੇ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਕਰਵਾ ਸਕਦਾ ਹੈ।

“ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥

ਗੁਰ ਮਿਲਿ ਭਰਮੁ ਗਵਾਇਆ ਹੇ ॥੧॥

ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥

ਇਹ ਬਿਧਿ ਨਾਨਕ ਹਰਿ ਨੈਣ ਅਲੋਇ ॥੨॥੧॥੧੮॥”

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਆਪਣੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਉਹਨਾਂ ਦਾ ਭਰਮ ਕਿਵੇਂ ਨਿਕਲਿਆ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋਏ ਹਨ। ਗੁਰੂ ਦੀ ਬੁਧਿ ਉੱਚੀ ਹੈ ਜੋ ਕਿ ਭਰਮ ਤੋਂ ਰਹਿਤ ਹੈ ਜੋ ਬੁਧਿ ਗੁਰੂ ਨੇ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਪਾਈ ਹੋਈ ਹੈ ਜੋ ਕਿ ਅਸਲ ਵਿੱਚ ਆਪ ਹੀ ਗੁਰੂ ਹੈ। ਗੁਰੂ ਨੇ ਆਪਣੀ ਬੁਧਿ, ਉੱਚੀ ਬੁਧਿ “ਸਾਧੂ ਕੰਨਹੁ” ਪਾਈ ਹੈ ਭਾਵ ਪ੍ਰਮਾਤਮਾ ਦੇ ਕੰਨਹੁ ਪਾਈ ਹੈ ਭਾਵ ਸਿਧੀ ਪ੍ਰਮਾਤਮਾ ਦੇ ਕੋਲੋਂ ਪਾਈ ਹੈ। ਸਾਡੇ ਮਸਤਕ ਵਿੱਚ ਜੋ ਲੇਖ ਲਿਖੇ ਜਾਂਦੇ ਹਨ ਉਹ ਪ੍ਰਮਾਤਮਾ ਆਪ ਹੀ ਲਿਖਦਾ ਹੈ। ਇਹ ਲੇਖ ਸਾਡੇ ਅੰਦਰ ਮਨ ਦੇ ਵਿਚਾਰ ਹਨ ਜੋ ਪ੍ਰਮਾਤਮਾ ਆਪ ਹੀ ਲਿਖਦਾ ਹੈ। ਸਾਡੀ ਜੋ ਵੀ ਬੁਧਿ ਹੈ, ਜੋ ਵੀ ਗਿਆਨ ਹੈ, ਜੋ ਵੀ ਮਤਿ ਹੈ ਉਹ ਸਾਡੇ ਅੰਦਰ ਪ੍ਰਮਾਤਮਾ ਦੇ ਲਿਖੇ ਹੋਏ ਲੇਖ ਹੀ ਹਨ ਜਿੰਨ੍ਹਾਂ ਦੁਆਰਾ ਅਸੀਂ ਵਿਚਰਦੇ ਹਾਂ। ਮਨ ਦੀ ਲਿਖਤ ਦੁਆਰਾ ਹੀ ਅਸੀਂ ਭਰਮ ਵਿੱਚ ਹਾਂ ਤੇ ਮਨ ਦੀ ਲਿਖਤ ਦੁਆਰਾ ਹੀ ਅਸੀਂ ਭ੍ਰਮ ਵਿੱਚੋਂ ਨਿਕਲ ਸਕਦੇ ਹਾਂ। ਜਦ ਤੱਕ ਉਹ ਸਾਧੂ ਰੂਪ ਪ੍ਰਮਾਤਮਾ ਕਿਸੇ ਦੇ ਅੰਦਰ ਪ੍ਰਗਟ ਨਹੀਂ ਹੁੰਦਾ ਭਾਵ ਪ੍ਰਗਟ ਹੋ ਕੇ ਆਪਣੀ ਕੰਨੀ ਆਪ ਸਾਨੂੰ ਮਤਿ ਨਹੀਂ ਦਿੰਦਾ, ਆਪ ਆਪਣੇ ਸੱਚੇ ਵਿਚਾਰ ਨਹੀਂ ਦਿੰਦਾ ਤਦ ਤੱਕ ਸਾਡੀ ਬੁਧਿ ਭਰਮ ਵਿੱਚ ਹੀ ਰਹਿੰਦੀ ਹੈ। ਭਰਮ

31/3541

ਵਿੱਚੋਂ ਉਹ ਕਿਸੇ ਨੂੰ ਆਪ ਹੀ ਕੱਢਦਾ ਹੈ, ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਆਪ ਹੀ ਕੱਢਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕੱਢਿਆ ਹੈ ਤੇ ਪ੍ਰਮਾਤਮਾ ਦੇ ਮਨ ਦੇ ਵਿੱਚੋਂ ਦਰਸ਼ਨ ਇਸੇ ਵਿਧੀ ਦੁਆਰਾ ਹੀ ਹੁੰਦੇ ਹਨ। ਸਾਨੂੰ ਭਰਮ ਵਿੱਚੋਂ ਉਹੀ ਕੱਢ ਸਕਦਾ ਹੈ ਭਾਵ ਗੁਰੂ ਹੀ ਕੱਢ ਸਕਦਾ ਹੈ ਜਿਸ ਦਾ ਆਪਣਾ ਭਰਮ ਨਿਕਲਿਆ ਹੋਇਆ ਹੈ ਤੇ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਅਸੀਂ ਪ੍ਰਮਾਤਮਾ ਦੇ ਦਰਸ਼ਨ ਤਾਂ ਕਰਨੇ ਚਾਹੁੰਦੇ ਹਾਂ ਪਰ ਇਸ ਗੱਲ ਦੀ ਮਤਿ ਕਿੱਥੋਂ ਲੈਣੀ ਹੈ, ਕਿਸ ਦੇ ਕੋਲੋਂ ਲੈਣੀ ਹੈ ਇਹ ਸਮਝਣ ਵਿੱਚ ਅਸੀਂ ਭੁੱਲੇ ਹੋਏ ਹਾਂ ਤੇ ਉਪਰਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ। ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਮਤਿ ਲੈਣ ਲਈ “ਬੀਥੀ ਬੀਥੀ” ਢੂੰਢਦੇ ਫਿਰਦੇ ਹਾਂ ਭਾਵ ਗਲੀ ਗਲੀ ਢੂੰਢਦੇ ਫਿਰਦੇ ਹਾਂ ਭਾਵ ਉਹਨਾਂ ਦੇ ਪਿੱਛੇ ਤੁਰੇ ਫਿਰਦੇ ਹਾਂ ਜੋ ਜਗ੍ਹਾ ਜਗ੍ਹਾ ਆਪਣੇ ਡੇਰੇ ਬਣਾਕੇ ਬੈਠੇ ਹੋਏ ਹਨ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠੇ ਹੋਏ ਹਨ। ਸਾਨੂੰ ਭਰਮ ਵਿੱਚ ਪਾਉਣ ਵਾਲੇ ਇਹੀ ਹਨ ਤੇ

ਜਿਹੋ ਜਿਹੇ ਭਗਤੀ ਦੇ ਤਰੀਕੇ ਸਭ ਨੇ ਸਿਖੇ ਹੋਏ ਹਨ। ਇਹੋ ਜਿਹਿਆਂ ਦੇ ਕੋਲੋਂ ਹੀ ਸਿਖੇ ਹੋਏ ਹਨ ਜੋ ਆਪ ਭਰਮ ਵਿੱਚ ਹਨ। ਇਹੋ ਜਿਹਿਆਂ ਨੇ ਸਾਨੂੰ ਕਥਨੀ ਹੀ ਸਿਖਾਈ ਹੈ, ਸਰੀਰਕ ਜਪ ਤਪ ਆਦਿ ਹੀ ਸਿਖਾਏ ਹਨ ਤੇ ਹੋਰ ਵੀ ਅਨੇਕਾਂ ਇਹੋ ਜਿਹੇ ਤਰੀਕੇ ਸਿਖਾਏ ਹਨ, ਸਰੀਰਕ ਸੁਚਿ ਆਦਿ ਸਿਖਾਈ ਹੈ ਜਿੰਨ੍ਹਾਂ ਦੁਆਰਾ ਉਹ ਪ੍ਰਮਾਤਮਾ ਨਾਲ ਪ੍ਰੀਤ ਜੋੜਨੀ ਸਮਝਦੇ ਹਨ। ਸਾਨੂੰ ਇਹੋ ਜਿਹੇ ਭਰਮ ਵਿੱਚੋਂ ਨਿਕਲਣ ਲਈ ਹੀ ਸਮਝਾਇਆ ਹੈ ਕਿ ਅਸੀਂ ਭਗਤੀ ਦਾ ਮਾਰਗ ਕੇਵਲ ਗੁਰੂ ਦੇ ਕੋਲੋਂ ਸਿਖੀਏ ਜੋ ਭਰਮ ਤੋਂ ਰਹਿਤ ਹੈ। (**ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥ ਗੁਰ ਮਿਲਿ ਭਰਮੁ ਗਵਾਇਆ ਹੇ ॥੧॥ ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥ ਇਹ ਬਿਧਿ ਨਾਨਕ ਹਰਿ ਨੈਣ ਅਲੋਇ ॥੨॥੧॥੧੮॥**)

ਉੱਪਰ ਪੂਰੇ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੈ ਕਿਉਂਕਿ ਮਨ ਦਾ ਭਰਮ ਹੀ ਸਾਡੇ ਅੰਦਰ ਦੀ ਉਹ ਰੁਕਾਵਟ ਹੈ ਜਿਸਨੇ ਸਾਨੂੰ ਪ੍ਰਮਾਤਮਾ ਦੇ ਨਾਲੋਂ ਵਿਛੋੜਿਆ ਹੋਇਆ ਹੈ। ਇਹ ਭਰਮ ਦੀ ਦੀਵਾਰ ਪ੍ਰਮਾਤਮਾ ਨੇ ਹਰ ਮਨੁੱਖ ਦੇ ਅੰਦਰ ਪਾਈ ਹੋਈ ਹੈ ਜਿਸ ਕਰਕੇ ਹਰ ਮਨੁੱਖ ਪ੍ਰਮਾਤਮਾ ਨਾਲੋਂ ਵਿਛੜਿਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੈ ਤੇ ਗੁਰਬਾਣੀ ਦਾ ਹਰ ਸ਼ਬਦ ਸਾਨੂੰ ਭਰਮ ਵਿੱਚੋਂ ਹੀ ਕੱਢ ਰਿਹਾ ਹੈ। ਅਸੀਂ ਭਰਮ ਵਿੱਚੋਂ ਨਿਕਲਣ ਦੀ ਬਜਾਇ ਕੇਵਲ ਸ਼ਬਦ ਦੀ ਕਥਨੀ ਨਾਲ ਜੁੜੇ ਰਹਿੰਦੇ ਹਾਂ ਤੇ ਬਾਹਰੀ ਸੁਚਿ ਨਾਲ ਜੁੜੇ ਰਹਿੰਦੇ ਹਾਂ, ਕਿਸੇ ਖਾਣ ਪੀਣ ਦੀ ਸੁਚਿ ਨਾਲ ਜੁੜੇ ਰਹਿੰਦੇ ਹਾਂ

31/3542

ਤੇ ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ, ਉਸਨੂੰ ਅੰਮ੍ਰਿਤ ਵੇਲਾ ਮੰਨਕੇ ਉਸ ਨਾਲ ਜੁੜੇ ਰਹਿੰਦੇ ਹਾਂ ਭਾਵ ਕਿਸੇ ਵੇਲੇ ਨੂੰ ਸੁੱਚਾ ਵੇਲਾ ਮੰਨਦੇ ਹਾਂ। ਸੁੱਚਾ ਅਸੀਂ ਆਪਣੇ ਮਨ ਨੂੰ ਕਰਨਾ ਹੈ ਜੋ ਭਰਮ ਦੀ ਮੈਲ ਕਰਕੇ ਜੂਠਾ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਜੂਠਿ ਕਰਕੇ ਹੈ ਜਿਸ ਨੂੰ ਧੋਣ ਦਾ ਸਾਧਨ ਕੇਵਲ ਸ਼ਬਦ ਦੀ ਵਿਚਾਰ ਹੈ ਭਾਵ ਗੁਰੂ ਦਾ ਨਾਮ ਹੈ ਜਿਸਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ। ਕੇਵਲ ਨਾਮ ਦੀਆਂ ਗੱਲਾਂ ਕਰੀ ਜਾਣ ਨਾਲ ਅਸੀਂ ਭਰਮ ਵਿੱਚੋਂ ਨਹੀਂ ਨਿਕਲ ਸਕਦੇ ਤੇ ਇਹੀ ਗੱਲ ਅਸੀਂ ਪਿਛਲੇ ਸ਼ਬਦ ਰਾਹੀਂ ਸਮਝੀ ਹੈ ਕਿ ਭਾਈ ਕਥਨੀ ਵਿੱਚੋਂ ਨਿਕਲੋ ਤੇ ਭਰਮ ਵਿੱਚੋਂ ਨਿਕਲਣ ਦਾ ਉਪਰਲਾ ਕਰੋ ਜੋ ਕਿ ਕਥਨੀ ਦਾ ਮਕਸਦ ਹੈ ਭਾਵ ਕਥਨੀ ਵਿੱਚੋਂ ਨਿਕਲਕੇ ਕਥਨੀ ਦੇ ਮਕਸਦ ਨਾਲ ਜੁੜੋ। ਪੂਰੀ ਗੁਰਬਾਣੀ ਕਥਨੀ ਦੇ ਰੂਪ ਵਿੱਚ ਹੀ ਹੈ ਜਿਸ ਦਾ ਮਕਸਦ ਸਾਨੂੰ ਕੁੱਝ ਸਮਝਾਉਣ ਲਈ ਹੈ ਭਾਵ ਸਾਨੂੰ ਭਰਮ ਵਿੱਚੋਂ ਕੱਢਣ ਲਈ ਹੈ ਤੇ ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਕਥਨੀ ਨਾਲ ਨਹੀਂ ਜੁੜ ਸਕਦਾ ਬਲਕਿ ਗੁਰੂ ਦੀ ਗੱਲ ਨੂੰ ਮੰਨ ਕੇ ਭਾਵ ਉਸ ਤੇ ਅਮਲ ਕਰਕੇ ਜੁੜ ਸਕਦਾ ਹੈ। ਸਾਨੂੰ ਉਹੋ ਜਿਹਿਆਂ ਦੀ ਮਤਿ ਵਿੱਚੋਂ ਨਿਕਲਣ ਦੀ ਲੋੜ ਹੈ ਜੋ ਸਾਨੂੰ ਕਥਨੀ ਦੇ ਨਾਲ ਜੋੜਦੇ ਹਨ ਭਾਵ ਭਰਮ ਵਿੱਚ ਹੀ ਪਾਉਂਦੇ ਹਨ। (**ਰੂੜੋ ਮਨੁ ਹਰਿ ਰੰਗੋ ਲੋੜੈ ॥ ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥ ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥ ਗੁਰ ਮਿਲਿ ਭਰਮੁ ਗਵਾਇਆ ਹੇ ॥੧॥**)

ਜੋ ਗੱਲ ਅਸੀਂ ਉੱਪਰ ਸਮਝੀ ਹੈ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥6॥
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥7॥”

(ਅੰਗ 725)

ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਦਾ ਹੁਕਮ ਹੀ ਹੈ ਜਿਸ ਨੂੰ ਅਸੀਂ ਪਛਾਨਣਾ ਹੈ ਭਾਵ ਸਮਝਣਾ ਹੈ। ਇਹ ਹੁਕਮ ਗੁਰੂ ਸਾਹਿਬ ਨੇ ਸਾਨੂੰ ਸ਼ਬਦਾਂ ਦੀ ਕਥਨੀ ਦੁਆਰਾ ਸਮਝਾਇਆ ਹੋਇਆ ਹੈ ਭਾਵ ਸ਼ਬਦਾਂ ਨੂੰ ਕਥਨ ਦੁਆਰਾ ਸਮਝਾਇਆ ਹੋਇਆ ਹੈ ਜੋ ਕਿ ਅਕਥ ਕਥਾ ਹੈ, ਉਹ ਨਾ ਕਥੇ ਜਾਣ ਵਾਲੇ ਪ੍ਰਮਾਤਮਾ ਦੀ ਅਕਥ ਕਥਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਹੁਕਮ ਨੂੰ ਪਹਿਲਾਂ ਆਪਣੇ ਅੰਦਰ ਬੁੱਝਿਆ ਹੈ, ਪਛਾਣਿਆ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਹੁਕਮ ਸੁਣਾਇਆ

ਹੈ। ਅਸੀਂ ਗੁਰਬਾਣੀ ਰਾਹੀਂ ਪ੍ਰਮਾਤਮਾ ਦੇ ਹੁਕਮ ਨੂੰ ਹੀ ਸਮਝਣਾ ਹੈ, ਪਛਾਨਣਾ ਹੈ ਕਿ ਸਾਡੇ ਲਈ ਗੁਰੂ ਸਾਹਿਬ ਨੇ ਕੀ ਹੁਕਮ ਕੀਤਾ ਹੈ। ਗੁਰੂ ਦਾ ਹੁਕਮ ਔਗੁਣਾਂ ਨੂੰ ਤਿਆਗਣ ਲਈ ਹੈ, ਮਾਇਆ ਮੋਹ ਨੂੰ ਤਿਆਗਣ ਲਈ ਹੈ ਜਿਸ ਨੂੰ

31/3543

ਤਿਆਗਣ ਦਾ ਭਉ ਸਭ ਦੇ ਅੰਦਰ ਹੈ। ਗੁਰੂ ਦੇ ਇਸ ਭਉ ਨੂੰ ਕਬੂਲ ਕਰਨਾ ਆਪਣੇ ਮਨ ਤੇ "ਚੰਦਨੁ" ਦਾ ਲੇਪ ਲਗਾਉਣ ਵਾਲੀ ਗੱਲ ਹੈ ਜਿਸ ਦਾ ਮਕਸਦ ਮਨ ਨੂੰ ਸ਼ਾਂਤ ਕਰਨ ਦਾ ਹੈ, ਮਨ ਨੂੰ ਸੰਤੋਖ ਵਿੱਚ ਲਿਆਉਣ ਦਾ ਹੈ ਭਾਵ ਤ੍ਰਿਸ਼ਨਾਵਾਂ ਤੋਂ ਮੁਕਤਿ ਕਰਨ ਦਾ ਹੈ। ਗੁਰਬਾਣੀ ਦੀ ਮਤਿ ਸਾਡੇ ਲਈ "ਚੰਦਨੁ" ਰੂਪ ਹੈ ਜਿਸ ਦਾ ਮਕਸਦ ਸਾਨੂੰ ਤ੍ਰਿਸ਼ਨਾਵਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਔਗੁਣਾਂ ਵਿੱਚੋਂ ਕੱਢਕੇ ਗੁਣਾਂ ਨਾਲ ਜੋੜਨ ਦਾ ਹੀ ਹੈ ਤਾਂ ਜੋ ਅਸੀਂ ਮਾੜੇ ਕਰਮਾਂ ਤੋਂ ਬਚੀਏ ਤੇ ਕੇਵਲ ਸੱਚੇ ਸੁੱਚੇ ਕਰਮ ਕਰੀਏ। ਪ੍ਰਮਾਤਮਾ ਨੂੰ ਪਾਉਣ ਦਾ ਇਹੀ ਤਰੀਕਾ ਹੈ ਭਾਵ ਕਥਨੀ ਨੂੰ ਸਮਝਕੇ ਕਰਣੀ ਨਾਲ ਜੁੜੀਏ। (**ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥6॥**)

ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਆਪਣੇ ਆਪ ਨੂੰ ਗੁਣੀ ਬਣਾਉਣ ਦਾ ਹੀ ਹੈ ਜੋ ਕਿ ਕਥਨੀ ਦਾ ਮਾਰਗ ਨਹੀਂ ਹੈ। ਜੋ ਕਥਨੀ ਨੂੰ ਹੀ ਆਪਣਾ ਗੁਣ ਸਮਝਦੇ ਹਨ ਉਹਨਾਂ ਦਾ ਭਰਮ ਹੀ ਅਗਲੀਆਂ ਪੰਗਤੀਆਂ ਵਿੱਚ ਕੱਢਿਆ ਹੋਇਆ ਹੈ ਤੇ ਨਾਲ ਇਹ ਵੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨਾਲ ਮੇਲ ਕਿੱਥੇ ਹੁੰਦਾ ਹੈ, ਉਸ ਦੇ ਨਾਲ ਮਿਲੇ ਹੋਏ ਕਿਹੋ ਜਿਹੇ ਹੁੰਦੇ ਹਨ।

"ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥

ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥"

ਗੁਰੂ ਸਾਹਿਬ ਸਾਨੂੰ ਵਾਰ ਵਾਰ ਗੁਰਬਾਣੀ ਰਾਹੀਂ ਇਹ ਗੱਲ ਸਮਝਾ ਰਹੇ ਹਨ ਕਿ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਹੋਰ ਕਿਤੇ ਨਹੀਂ ਹੋ ਸਕਦਾ ਕਿਉਂਕਿ ਗੁਰਬਾਣੀ ਦੀ ਰਚਨਾ ਹੋਣ ਤੋਂ ਪਹਿਲੇ ਹਰ ਕੋਈ ਪ੍ਰਮਾਤਮਾ ਦੇ ਮੇਲ ਨੂੰ ਕੁੱਝ ਹੋਰ ਹੀ ਸਮਝਦਾ ਰਿਹਾ ਹੈ, ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਹੋਣਾ ਸਮਝਦਾ ਰਿਹਾ ਹੈ ਜੋ ਕਿ ਸਦੀਆਂ ਤੋਂ ਚੱਲਦਾ ਆ ਰਿਹਾ ਭਰਮ ਹੈ ਤੇ ਸਿੱਖ ਜਗਤ ਵਿੱਚ ਵੀ ਇਹ ਭਰਮ ਭਰਪੂਰ ਹੈ ਕਿ ਪ੍ਰਮਾਤਮਾ ਕਿਤੇ ਖੰਡਾ ਬ੍ਰਹਿਮੰਡਾ ਵਿੱਚ ਵੱਸਦਾ ਹੈ ਤੇ ਉਸ ਦੇ ਦਰਸ਼ਨ ਕਿਸੇ ਆਕਾਰ ਰੂਪ ਵਿੱਚ ਹੁੰਦੇ ਹਨ। ਅਨੇਕਾਂ ਹੀ ਪ੍ਰਮਾਤਮਾ ਦੇ ਦਰਸ਼ਨ ਗੁਰੂ ਸਾਹਿਬਾਨ ਦੇ ਦਰਸ਼ਨਾ ਨਾਲ ਜੋੜਦੇ ਹਨ, ਉਹਨਾਂ ਦੇ ਦੇਹ ਰੂਪ ਦੇ ਦਰਸ਼ਨ ਹੋਣੇ ਪ੍ਰਮਾਤਮਾ ਦੇ ਦਰਸ਼ਨ ਸਮਝਦੇ ਹਨ ਭਾਵ ਹਰ ਕੋਈ ਭਰਮ ਵਿੱਚ ਹੀ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਅੰਦਰ ਹੀ ਹੈ, ਅੰਦਰ ਹੀ ਹੈ ਤੇ ਉਸ ਨੂੰ ਕਿਤੇ ਹੋਰ ਜਗ੍ਹਾ ਤੋਂ ਖੋਜਣਾ ਜਾਂ ਕਿਸੇ ਹੋਰ ਰੂਪ ਵਿੱਚ ਖੋਜਣਾ ਕੇਵਲ ਸਾਡਾ ਭਰਮ ਹੈ ਤੇ ਸਾਡਾ ਇਹ ਭਰਮ ਵਾਰ ਵਾਰ ਕੱਢਿਆ ਹੋਇਆ ਹੈ ਕਿਉਂਕਿ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਅਨੇਕਾਂ ਹੀ ਹੋਏ ਹਨ ਤੇ ਇਹੀ ਭਰਮ ਸਿੱਖ ਜਗਤ ਵਿੱਚ ਵੀ ਬਣਿਆ ਹੋਇਆ ਹੈ। ਅਸੀਂ ਗੁਰੂ ਸਾਹਿਬਾਨ ਦੀਆਂ ਦੇਹਾਂ ਦੇ ਦਰਸ਼ਨਾਂ ਵਿੱਚ ਪ੍ਰਮਾਤਮਾ ਦੇ ਦਰਸ਼ਨ ਕਰਨੇ ਸਮਝਦੇ ਹਾਂ ਤੇ ਉਹਨਾਂ ਗੁਰੂ ਸਾਹਿਬਾਨ ਨੇ ਹੀ ਸਾਨੂੰ

31/3544

ਇਹ ਗੱਲ ਸਮਝਾਈ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੈ, ਸਾਡੇ ਮਨ ਦੇ ਅੰਦਰ ਗਿਆਨ ਰੂਪ ਵਿੱਚ ਹੈ ਪਰ ਸਾਨੂੰ ਉਹਨਾਂ ਦੀ ਗੱਲ ਤੇ ਯਕੀਨ ਨਹੀਂ ਆਉਂਦਾ। ਜੋ ਰੂਪ ਉਹਨਾਂ ਨੇ ਪ੍ਰਮਾਤਮਾ ਦਾ ਆਪਣੇ ਅੰਦਰੋਂ ਦੇਖਿਆ ਹੈ ਉਹੀ ਰੂਪ ਉਹਨਾਂ ਨੇ ਸਾਨੂੰ ਪੂਰੀ ਗੁਰਬਾਣੀ ਰਾਹੀਂ ਸਮਝਾਇਆ ਹੈ। ਜਿਸ ਪ੍ਰਮਾਤਮਾ ਦੇ ਅਸੀਂ ਦਰਸ਼ਨ ਕਰਨੇ ਚਾਹੁੰਦੇ ਹਾਂ ਉਸ ਪ੍ਰਮਾਤਮਾ ਦਾ ਅਸਲ ਰੂਪ ਹੀ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਕਿ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਸ਼ਬਦਾਂ ਦਾ ਗਿਆਨ ਭਰਮ ਤੋਂ ਰਹਿਤ ਹੈ ਜੋ ਸਾਨੂੰ ਸੱਚ ਸਮਝਾਉਂਦਾ ਹੈ। "ਸਚੁ" ਰੂਪ ਹੀ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦਾ ਇਹ ਰੂਪ ਹੀ ਉਸਦਾ ਨਾਮ ਰੂਪ ਹੈ। ਅਸੀਂ ਪ੍ਰਮਾਤਮਾ ਦੇ ਇਸ ਨਾਮ ਨੂੰ ਜਪਣਾ ਹੈ, ਸੱਚ ਨੂੰ ਜਪਣਾ ਹੈ ਭਾਵ ਆਪਣੇ ਅੰਦਰ ਵਸਾਉਣਾ ਹੈ ਜਿਸ ਨੇ ਸਾਡੇ ਅੰਦਰੋਂ ਭਰਮ ਹੀ ਕੱਢਣੇ ਹਨ। ਜਿਹੋ ਜਿਹੇ ਭਗਤੀ ਦੇ ਤਰੀਕੇ ਅਸੀਂ ਇੱਧਰੋ ਉੱਧਰੋ ਸਿਖੇ ਹੋਏ ਹਨ ਉਹ ਸਾਡੇ ਭਰਮ ਹੀ ਹਨ ਭਾਵ ਉਹਨਾਂ ਵਿੱਚ ਸੱਚ ਨਹੀਂ ਹੈ। ਪ੍ਰਮਾਤਮਾ ਦੇ ਦਰਸ਼ਨ ਸਾਨੂੰ ਉਸ ਦੇ ਸਚੁ ਰੂਪ ਨਾਲ ਜੁੜਕੇ ਹੋਣੇ ਹਨ ਤੇ ਸੱਚ ਨਾਲ ਜੁੜਨ ਦਾ ਇੱਕੋ ਇੱਕ ਤਰੀਕਾ ਮਨ ਦਾ ਗਿਆਨ ਹੈ ਭਾਵ ਜਦੋਂ ਸਾਡਾ ਧਿਆਨ ਗੁਰੂ ਦੇ ਦੱਸੇ ਹੋਏ ਸੱਚ ਨਾਲ ਜੁੜ ਜਾਵੇਗਾ, ਉਸ ਦੇ ਸਮਝਾਏ ਹੋਏ ਗਿਆਨ ਦੇ ਨਾਲ ਜੁੜ ਜਾਏਗਾ ਪ੍ਰਮਾਤਮਾ ਦੇ ਦਰਸ਼ਨ ਸਾਨੂੰ ਮਨ ਦੇ ਵਿੱਚੋਂ ਇਹੋ ਜਿਹੀ ਗਿਆਨ ਧਿਆਨ ਵਾਲੀ ਅਵੱਸਥਾ ਦੁਆਰਾ ਹੁੰਦੇ ਹਨ ਭਾਵ ਸਭ ਕੁੱਝ ਮਨ ਦੀ ਸੋਝੀ ਨੂੰ ਬਦਲਣ ਦੇ ਨਾਲ ਜੁੜਿਆ ਹੋਇਆ ਹੈ। ਅਸੀਂ ਆਪਣੇ

ਮਨ ਦੀ ਧੁਨਿ ਗੁਰੂ ਦੇ ਸੱਚੇ ਗਿਆਨ ਦੇ ਨਾਲ ਜੋੜਨੀ ਹੈ, ਆਪਣੇ ਮਨ ਦੀ ਲਿਵ, ਆਪਣੀ ਸੁਰਤਿ ਦੀ ਲਿਵ ਸ਼ਬਦ ਦੇ ਸੱਚੇ ਗਿਆਨ ਦੇ ਨਾਲ ਜੋੜਨੀ ਹੈ ਜਿਸ ਨੇ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਣਾ ਹੈ ਤੇ ਸਾਡੇ ਅੰਦਰ ਸੱਚ ਵਸਾਉਣਾ ਹੈ। ਜਿੱਥੇ ਪੂਰਨ ਸੱਚ ਹੈ ਉੱਥੇ ਪੂਰਨ ਗੁਰਮਤਿ ਹੈ ਤੇ ਉੱਥੇ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਇਸੇ ਰੂਪ ਵਿੱਚ ਹੀ ਹੈ ਜਿਸ ਰੂਪ ਦੇ ਨਾਲ ਜੁੜਨ ਦਾ ਅਸੀਂ ਉੱਦਮ ਕਰਨਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਪੂਰਨ ਸੱਚ ਵਾਲੀ ਅਵੱਸਥਾ ਉਹ ਆਪ ਹੀ ਬਖਸ਼ਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਜਿੱਥੇ ਪੂਰਨ ਸੱਚ ਹੁੰਦਾ ਹੈ ਉੱਥੇ ਹੀ ਮਨ ਦਾ ਸੰਤੋਖ ਹੁੰਦਾ ਹੈ ਕਿਉਂਕਿ ਉੱਥੇ ਨਾ ਮਾਇਆ ਮੋਹ ਰਹਿੰਦਾ ਹੈ, ਨਾ ਔਗੁਣ ਰਹਿੰਦਾ ਹੈ ਤੇ ਨਾ ਹੀ ਕੋਈ ਭਰਮ ਰਹਿੰਦਾ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸ ਦੀ ਭਗਤੀ ਕਰਨ ਦਾ ਤਰੀਕਾ ਕੀ ਹੈ। ਅਸੀਂ ਆਪਣੀ ਕਥਨੀ ਨੂੰ ਹੀ ਆਪਣੀ ਭਗਤੀ ਦਾ ਮਾਰਗ ਬਣਾਇਆ ਹੋਇਆ ਹੈ ਤੇ ਇਸੇ ਦੁਆਰਾ ਹੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਜੋ ਕਿ ਸਾਡਾ ਭਰਮ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ। ਇਹ ਮੇਲ ਸਾਡੀ ਸੁਰਤਿ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਨਾਲ ਹੈ ਜੋ ਕਿ ਸ਼ਬਦ ਦੇ ਵਿਚਾਰਾਂ ਨੂੰ ਮੰਨ ਕੇ ਹੀ ਹੁੰਦਾ ਹੈ ਤੇ ਦਿਲ ਦੇ ਵਿੱਚ ਹੀ ਹੁੰਦਾ ਹੈ ਜੋ ਸ਼ਬਦ ਦੇ ਵਿਚਾਰਾਂ

31/3545

ਨੂੰ ਮੰਨਣ ਦੀ ਜਗ੍ਹਾ ਹੈ। (**ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥ ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥7॥**)

{ਮੈਂ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥}

(ਅੰਗ 351)

{ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥2॥}

(ਅੰਗ 141)

{ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥ ਸਭ ਬਿਧਿ ਖੋਈ ਲੋਭਿ ਸੁਆਨ ॥2॥}

(ਅੰਗ 374)

{ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ 151)

{ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥
ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥੨੩॥}

(ਅੰਗ 433)

ਉਸ ਪ੍ਰਮਾਤਮਾ ਦੀ ਸੁਹਾਗਣ ਅਖਵਾਉਣ ਵਾਲੇ ਤਾਂ ਬਹੁਤ ਹਨ ਭਾਵ ਉਸ ਦੇ ਨਾਲ ਮਿਲਿਆ ਹੋਇਆ ਦੱਸਣ ਵਾਲੇ ਤਾਂ ਬਹੁਤ ਹਨ ਪਰ ਆਪਣੇ ਉਸ ਸੁਹਾਗ ਦੇ ਨਾਲ ਭੋਗ ਕਰਨਾ ਕੀ ਹੈ ਜੋ ਹਰ ਵੇਲੇ ਸਾਨੂੰ ਸਾਡੇ ਅੰਦਰ ਹੀ ਭੋਗ ਰਿਹਾ ਹੈ, ਨਿਤ ਭੋਗ ਰਿਹਾ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਰੱਤੀ ਭਰ ਵੀ ਨਹੀਂ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਡਿੱਠਣਾ ਕੀ ਹੈ, ਉਸ ਨੂੰ ਆਪਣੇ ਅੰਦਰ ਟਿਕਾਉਣਾ ਕੀ ਹੈ ਇਸ ਗੱਲ ਦੀ ਸੋਝੀ ਉਸ ਦੀਆਂ ਸੁਹਾਗਣਾਂ ਅਖਵਾਉਣ ਵਾਲਿਆਂ ਨੂੰ ਬਿਲਕੁਲ ਵੀ ਨਹੀਂ

ਹੈ ਭਾਵ ਗੱਲਾਂ ਨਾਲ ਹੀ ਇਹੋ ਜਿਹੇ ਆਪਣੇ ਆਪ ਨੂੰ ਪ੍ਰਮਾਤਮਾ ਦੀ ਸੁਹਾਗਣ ਸਮਝੀ ਬੈਠੇ ਹਨ, ਆਪਣੇ ਆਪ ਨੂੰ ਉੱਚਾ ਥਾਪੀ ਬੈਠੇ ਹਨ, ਸੰਤ ਆਦਿ ਥਾਪੀ ਬੈਠੇ ਹਨ ਜਦਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਇਸ ਗੱਲ ਦੀ ਸਮਝ ਨਹੀਂ ਹੈ। ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਉਸ ਨੂੰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਵੀ ਸਮਝ ਆ ਜਾਂਦਾ ਹੈ ਜੋ ਕਿ ਕਥਨੀ ਦਾ ਨਹੀਂ ਹੈ, ਬਾਹਰੀ ਦਿਖਾਵਿਆਂ ਦਾ ਨਹੀਂ ਹੈ। (**ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥ ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥23॥**)

ਉਹ ਪ੍ਰਮਾਤਮਾ ਗਿਆਨ ਰੂਪ ਹੈ ਜਿਸ ਨੂੰ ਗੱਲਾਂ ਦੁਆਰਾ, ਕਥਨੀ ਦੁਆਰਾ ਨਹੀਂ ਲੱਭਿਆ ਜਾ ਸਕਦਾ। ਉਸ ਨੂੰ ਗੁਰੂ ਦੇ ਸੱਚੇ ਗਿਆਨ ਦੇ

31/3546

ਨਾਲ ਜੁੜਕੇ ਹੀ ਲੱਭਿਆ ਜਾ ਸਕਦਾ ਹੈ।

{ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥

ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥}

(ਅੰਗ 465)

ਸਾਡਾ ਮੇਲ ਤਾਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੋਣਾ ਹੈ, ਗਿਆਨ ਰੂਪ ਵਿੱਚ ਹੋਣਾ ਹੈ ਤੇ ਪ੍ਰਮਾਤਮਾ ਦਾ ਇਹ ਰੂਪ ਹੀ ਉਸਦਾ ਅੰਮ੍ਰਿਤ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਅੰਮ੍ਰਿਤ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਜੋ ਅੰਮ੍ਰਿਤ ਛਕਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਦੇ ਦਰਸ਼ਨ ਸਾਨੂੰ ਪ੍ਰਮਾਤਮਾ ਦਾ ਗਿਆਨ ਰੂਪ ਅੰਮ੍ਰਿਤ ਛਕਣ ਦੁਆਰਾ ਹੀ ਹੋਣੇ ਹਨ ਜਿਸ ਦੁਆਰਾ ਸਾਡਾ ਭਰਮ ਦੂਰ ਹੁੰਦਾ ਹੈ ਤੇ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਗੁਰਬਾਣੀ ਦੀ ਅਸਲੀਅਤ ਨਾਲ ਜੁੜ ਸਕੀਏ, ਅਸਲ ਮਕਸਦ ਨਾਲ ਜੁੜ ਸਕੀਏ।

“ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥ ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥10॥1॥”

(ਅੰਗ 725)

ਪ੍ਰਮਾਤਮਾ ਦਾ ਅੰਮ੍ਰਿਤ ਉਸ ਦਾ ਨਾਮ ਹੈ ਭਾਵ ਬ੍ਰਹਮ ਗਿਆਨ ਹੈ ਤੇ ਜਿਸਨੂੰ ਪ੍ਰਮਾਤਮਾ ਆਪਣਾ ਇਹ ਅੰਮ੍ਰਿਤ ਪਿਆਉਂਦਾ ਹੈ ਮਨ ਦੇ ਅੰਦਰੋਂ ਹੀ ਪਿਆਉਂਦਾ ਹੈ। ਪ੍ਰਮਾਤਮਾ ਦੇ ਇਸ ਅੰਮ੍ਰਿਤ ਪੀਣ ਦੇ ਨਾਲ ਹੀ ਮਨੁੱਖ ਨੂੰ ਚਉਥੇ ਪਦ ਦੀ ਪ੍ਰਾਪਤੀ ਹੁੰਦੀ ਹੈ, ਸਹਜ ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ ਜਿਸ ਦਾ ਮਕਸਦ ਸਾਨੂੰ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੀ ਹੈ ਭਾਵ ਭਰਮ ਵਾਲੀ ਅਵੱਸਥਾ ਵਿੱਚੋਂ ਕੱਢਣ ਦਾ ਹੀ ਹੈ। ਜਿਸ ਨੂੰ ਵੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਉਹ ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ। ਇਸ ਚਉਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੀ ਅਮਰਾਪਦ ਹੈ ਜਿਸ ਦੁਆਰਾ ਕੋਈ ਅਮਰ ਹੁੰਦਾ ਹੈ ਭਾਵ ਜੀਵਨ ਮਰਨ ਤੋਂ ਰਹਿਤ ਹੁੰਦਾ ਹੈ। ਜਦ ਤੱਕ ਸਾਡੇ ਅੰਦਰ ਭਰਮ ਹੈ ਕੋਈ ਵੀ ਜੀਵਨ ਮਰਨ ਤੋਂ ਮੁਕਤਿ ਨਹੀਂ ਹੈ ਕਿਉਂਕਿ ਭਰਮ ਦੇ ਰਹਿੰਦਿਆ ਹਰ ਕੋਈ ਪ੍ਰਮਾਤਮਾ ਨੂੰ ਜਾਨਣ ਤੋਂ ਅਸਮਰੱਥ ਹੈ ਤੇ ਉਹ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਜੋ ਕਿ ਸੱਚ ਨਹੀਂ ਹੈ। ਸਾਨੂੰ ਇਸ ਸੱਚ ਨੇ ਅਮਰ ਕਰਨਾ ਹੈ, ਨਾਮ ਨੇ ਅਮਰ ਕਰਨਾ ਹੈ ਜਦੋਂ ਸਾਨੂੰ ਇਹ ਸਮਝ

31/3547

ਲੱਗ ਜਾਵੇਗੀ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਸਭ ਕੁੱਝ ਉਹ ਆਪ ਹੀ ਹੈ। ਆਉ ਇਹੋ ਜਿਹਾ ਅੰਮ੍ਰਿਤ ਪੀਣ ਦਾ ਉੱਦਮ ਕਰੀਏ, ਨਾਮ ਅੰਮ੍ਰਿਤ ਪੀਣ ਦਾ ਉੱਦਮ ਕਰੀਏ ਜੋ ਅੰਮ੍ਰਿਤ ਸਾਨੂੰ ਗੁਰਬਾਣੀ ਆਪਣੇ ਹਰ ਸ਼ਬਦ ਦੁਆਰਾ ਪਿਆ ਰਹੀ ਹੈ, ਮਨ ਨੂੰ ਸਮਝਾਉਣ ਦੇ ਲਈ ਪਿਆ ਰਹੀ ਹੈ, ਮਨ ਨੂੰ ਭਰਮ ਵਿੱਚੋਂ ਕੱਢਣ ਲਈ ਪਿਆ ਰਹੀ ਹੈ। (**ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥ ਸਹਜੇ ਸਹਜੇ ਮਿਲ ਰਹੈ ਅਮਰਾ ਪਦੁ ਪਾਵੈ ॥10॥1॥**)

ਮਨ ਦੇ ਵਿੱਚ ਪ੍ਰਮਾਤਮਾ ਦਾ ਇਹ ਅੰਮ੍ਰਿਤ ਪੀਤੇ ਬਿਨ੍ਹਾਂ ਹਰ ਕੋਈ ਮਾਇਆ ਮੋਹ ਵਿੱਚ ਹੈ, ਭਰਮ ਵਿੱਚ ਹੈ ਭਾਵ ਨਾਮ ਤੋਂ ਵਿਸਰਿਆ ਹੋਇਆ ਹੈ, ਪ੍ਰਮਾਤਮਾ ਦੀ ਭਗਤੀ ਤੋਂ ਵਿਸਰਿਆ ਹੋਇਆ ਹੈ। ਜਿਸਨੂੰ ਪ੍ਰਮਾਤਮਾ ਮਾਇਆ ਮੋਹ ਦੀ ਨੀਂਦ ਵਿੱਚੋਂ ਜਗਾਉਂਦਾ ਹੈ, ਮਨਮਤਿ ਵਿੱਚੋਂ ਜਗਾਉਂਦਾ ਹੈ ਉਸਨੂੰ ਆਪਣਾ ਗੁਰਮਤਿ ਰੂਪ ਅੰਮ੍ਰਿਤ ਪਿਆ ਕੇ ਹੀ ਜਗਾਉਂਦਾ ਹੈ, ਆਪਣਾ ਨਾਮੁ ਰੂਪ ਅੰਮ੍ਰਿਤ ਪਿਆ ਕੇ ਹੀ ਜਗਾਉਂਦਾ ਹੈ ਜਿਸ ਦਾ ਮਕਸਦ ਸਾਨੂੰ ਭਰਮ ਦੀ ਨੀਂਦ ਵਿੱਚੋਂ ਕੱਢ ਕੇ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਜਗਾਉਣ ਦਾ ਹੀ ਹੈ। ਗੁਰਮਤਿ ਦੀ ਸੱਚੀ ਸੋਝੀ ਦਾ ਪੈਣਾ ਹੀ ਪ੍ਰਮਾਤਮਾ ਦਾ ਇਹ ਅੰਮ੍ਰਿਤ ਪੀਣਾ ਹੈ। ਪੂਰੀ ਗੁਰਬਾਣੀ ਵਿੱਚ ਇਹ ਪ੍ਰਮਾਤਮਾ ਦਾ ਅੰਮ੍ਰਿਤ ਹੀ ਭਰਿਆ ਹੋਇਆ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਅੰਮ੍ਰਿਤ ਨਾਮ ਦਾ ਅਸਲ ਮਕਸਦ ਸਮਝੀਏ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ।

“ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥6॥
ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥7॥”

(ਅੰਗ 112)

ਜਿਵੇਂ ਕਿ ਅਸੀਂ ਵਾਰ ਵਾਰ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਨੇ ਸਾਰੇ ਜਗ ਨੂੰ ਮਾਇਆ ਮੋਹ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਦਾ ਭਰਮ ਹੈ। ਜਿੱਥੇ ਭਰਮ ਹੈ, ਮਾਇਆ ਮੋਹ ਹੈ ਉੱਥੇ “ਨਾਮੁ” ਨਹੀਂ ਹੈ,

31/3548

ਪ੍ਰਮਾਤਮਾ ਪ੍ਰਗਟ ਨਹੀਂ ਹੈ ਤੇ ਉੱਥੇ ਗੁਰਮਤਿ ਦੀ ਸੋਝੀ ਨਹੀਂ ਹੈ। ਜਿਸ ਨੂੰ ਪ੍ਰਮਾਤਮਾ ਮਾਇਆ ਮੋਹ ਦੀ ਨੀਂਦ ਵਿੱਚੋਂ, ਭਰਮ ਦੀ ਨੀਂਦ ਵਿੱਚੋਂ ਜਗਾਉਂਦਾ ਹੈ ਉਸ ਨੂੰ ਆਪਣਾ ਨਾਮ ਬਖਸ਼ਕੇ ਹੀ ਜਗਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ। ਗੁਰਮਤਿ ਦੀ ਸੱਚੀ ਸੋਝੀ ਪੈਣਾ ਹੀ ਪ੍ਰਮਾਤਮਾ ਦਾ ਅੰਮ੍ਰਿਤ ਪੀਣਾ ਹੈ, ਗੁਰਬਾਣੀ ਦਾ ਅੰਮ੍ਰਿਤ ਪੀਣਾ ਹੈ ਜਿਸ ਨੇ ਸਾਨੂੰ ਮਨ ਦੇ ਭਰਮ ਵਿੱਚੋਂ ਕੱਢਣਾ ਹੈ, ਮਨ ਦੀ ਅਗਿਆਨਤਾ ਵਿੱਚੋਂ ਕੱਢਣਾ ਹੈ। ਅੰਮ੍ਰਿਤ ਗੁਰੂ ਦਾ ਸੱਚਾ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ। ਜਿਸ ਨੂੰ ਪ੍ਰਮਾਤਮਾ ਭਰਮ ਦੇ ਬੰਧਨ ਤੋਂ ਮੁਕਤਿ ਕਰਦਾ ਹੈ ਉਸ ਨੂੰ ਮਨ ਦੇ ਵਿੱਚ ਗਿਆਨ ਰੂਪ ਅੰਮ੍ਰਿਤ ਹੀ ਪਿਆਉਂਦਾ ਹੈ ਜੋ ਕਿ ਕੇਵਲ ਗੁਰ ਪਰਸਾਦਿ ਹੈ ਭਾਵ ਉਸ ਦੀ ਆਪਣੀ ਰਜ਼ਾ ਹੈ, ਉਸਦਾ ਆਪਣਾ ਨਾਮ ਦਾਨ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਭਗਤੀ ਦੀ ਦਾਤਿ ਬਖਸਦਾ ਹੈ, ਆਪਣੇ ਨਾਲ ਬੈਰਾਗ ਦੀ ਦਾਤਿ ਬਖਸਦਾ ਹੈ ਉਸ ਨੂੰ ਮਨ ਦੇ ਭਰਮ ਵਿੱਚੋਂ ਕੱਢਕੇ ਗੁਰਮਤਿ ਦੀ ਸੱਚੀ ਸੋਝੀ ਪਾ ਕੇ ਹੀ ਬਖਸ਼ਦਾ ਹੈ ਭਾਵ ਆਪਣਾ ਅੰਮ੍ਰਿਤ ਪਿਆਕੇ ਹੀ ਬਖਸ਼ਦਾ ਹੈ। ਮਨ ਦਾ ਭਰਮ ਦੂਰ ਹੋਣ ਦੁਆਰਾ ਹੀ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ ਭਾਵ ਆਪਣਾ ਆਪ ਮਿਟਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਭਾਵ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜੋ ਕਿ ਪ੍ਰਮਾਤਮਾ ਦੇ ਹੱਥ ਵੱਸ ਹੈ। ਜਿਸ ਨੇ ਸਾਨੂੰ ਮਨ ਦੀ ਸੋਝੀ ਦੁਆਰਾ ਭਰਮ ਵਿੱਚ ਰੱਖਿਆ ਹੋਇਆ ਹੈ ਉਹੀ ਇਸ ਵਿੱਚੋਂ ਕੱਢ ਸਕਦਾ ਹੈ ਤੇ ਗੁਰਬਾਣੀ ਦੀ ਰਚਨਾ ਕਰਨ ਦਾ ਪ੍ਰਮਾਤਮਾ ਦਾ ਮਕਸਦ, ਗੁਰਬਾਣੀ ਨੂੰ ਰਚਨ ਦਾ ਮਨੋਰਥ, ਅੰਮ੍ਰਿਤ ਨਾਮ ਦਾ ਮਨੋਰਥ ਸਾਨੂੰ ਭਰਮ ਦੀ ਨੀਂਦ ਵਿੱਚੋਂ ਜਗਾਉਣ ਦਾ ਹੀ ਹੈ, ਮਾਇਆ ਮੋਹ ਦੀ ਨੀਂਦ ਵਿੱਚੋਂ ਜਗਾਉਣ ਦਾ ਹੀ ਹੈ ਜੋ ਮਨੋਰਥ ਸਾਰੇ ਜਗ ਲਈ ਇੱਕੋ ਜਿਹਾ ਹੀ ਹੈ। (**ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥ ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥6॥ ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥ ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥7॥**)

ਗੁਰੂ ਦਾ ਸ਼ਬਦ ਨਾਮ ਹੈ ਜਿਸ ਦੁਆਰਾ

31/3549

ਸਾਨੂੰ ਗੁਰਮਤਿ ਦੀ ਸੋਝੀ ਪੈਂਦੀ ਹੈ ਭਾਵ ਗੁਰਮਤਿ ਰੂਪ ਗਿਆਨ ਮਿਲਦਾ ਹੈ ਭਾਵ ਸ਼ਬਦ ਦਾ ਮਕਸਦ, ਨਾਮ ਦਾ ਮਕਸਦ ਸਾਡੇ ਅੰਦਰ ਗੁਰਮਤਿ ਦਾ ਪ੍ਰਕਾਸ਼ ਕਰਨ ਦੇ ਨਾਲ ਹੈ ਜਿਸ ਦੁਆਰਾ ਸਾਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਅਸੀਂ ਕੀ ਹਾਂ। ਆਪਣੇ ਆਪ ਨੂੰ ਜਾਣੇ ਬਿਨ੍ਹਾਂ ਹਰ ਕੋਈ ਅਗਿਆਨਤਾ ਵਿੱਚ ਹੀ ਹੈ ਭਾਵ ਹਰ ਕੋਈ ਮਨ ਦੇ ਅੰਧੇਪਨ ਵਿੱਚ ਹੈ। ਸ਼ਬਦ ਦਾ, ਨਾਮ ਦਾ, ਗੁਰਮਤਿ ਦਾ ਮਕਸਦ ਸਾਨੂੰ ਮਨ ਦੇ ਇਸ ਅੰਧੇਪਨ ਵਿੱਚੋਂ ਕੱਢਣ ਦਾ ਹੀ ਹੈ ਜਿਸ ਦੁਆਰਾ ਨਾਮੁ ਸਾਡਾ "ਅੰਤਿ ਸਖਾਈ" ਬਣਦਾ ਹੈ, ਸਾਡਾ ਸਾਥੀ ਬਣਦਾ ਹੈ ਜਿਸ ਦੁਆਰਾ ਨਾਮ ਸਾਡੀ ਰੱਖਿਆ ਕਰਦਾ ਹੈ। ਰੱਖਿਆ ਸਾਡੀ ਸਭ ਦੀ ਪ੍ਰਮਾਤਮਾ ਆਪ ਹੀ ਕਰਦਾ ਹੈ। ਰੱਖਿਆ ਸਾਡੀ ਸਭ ਦੀ ਪ੍ਰਮਾਤਮਾ ਆਪ ਹੀ ਕਰਦਾ ਹੈ ਜੋ ਕਿ ਉਹ ਮਨ ਦੇ ਵਿੱਚ ਗੁਰਮਤਿ ਦਾ ਪਰਕਾਸ਼ ਕਰਨ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਮਨੁੱਖ ਸੱਚ ਨਾਲ ਜੁੜਦਾ ਹੈ ਤੇ ਆਪਣੇ ਆਪ ਦੀ ਸੋਝੀ ਪੈਂਦੀ ਹੈ ਤੇ ਸਭ ਵਿੱਚ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

{ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥
ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥2॥}

(ਅੰਗ 426)

ਸਾਡੇ ਅੰਦਰ ਗੁਰਮਤਿ ਦਾ ਪਰਕਾਸ਼ ਹੋਣਾ ਜਾਂ ਨਾਮ ਦਾ ਪਰਕਾਸ਼ ਹੋਣਾ ਇੱਕੋ ਹੀ ਗੱਲ ਹੈ ਕਿਉਂਕਿ ਜੋ ਗੁਰਮਤਿ ਹੈ ਉਹੀ ਨਾਮ ਹੈ ਜਿਸ ਦਾ ਮਕਸਦ ਸਾਡੇ ਅੰਦਰ ਸੱਚੀ ਸੋਝੀ ਦਾ ਪ੍ਰਕਾਸ਼ ਕਰਨਾ ਹੀ ਹੈ। ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਸਾਡੇ ਅੰਦਰ "ਸੁਖੁ" ਉਪਜਦਾ ਹੈ, ਸਾਨੂੰ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਪ੍ਰਮਾਤਮਾ ਦੇ ਦਰਬਾਰ ਵਿੱਚ ਸ਼ੋਭਾ ਮਿਲਦੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਫਿਰ ਮਨੁੱਖ ਨਾਮ ਦੀ ਸ਼ਰਨ ਵਿੱਚ ਰਹਿੰਦਾ ਹੈ, ਗੁਰਮਤਿ ਦੀ ਸ਼ਰਨ ਵਿੱਚ ਰਹਿੰਦਾ ਹੈ, ਗੁਰਮਤਿ ਦੀ ਸ਼ਰਨ ਵਿੱਚ ਰਹਿੰਦਾ ਹੈ ਭਾਵ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਰਹਿੰਦਾ ਹੈ।

{ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ ॥ ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ ॥੫॥}

(ਅੰਗ 426)

31/3550

ਅੰਮ੍ਰਿਤ ਨਾਮ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਉਹ ਤਾਂ ਹੀ ਨਿਕਲੇਗਾ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਸੁਣਕੇ ਉਸ ਨੂੰ ਮੰਨਾਗੇ ਭਾਵ ਉਸ ਤੇ ਅਮਲ ਕਰਾਂਗੇ। ਪ੍ਰਮਾਤਮਾ ਦੀ ਵਡਿਆਈ ਉਸ ਦੇ ਨਾਮ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ ਭਾਵ ਉਸ ਅਨੁਸਾਰ ਆਪਣਾ ਜੀਵਨ ਢਾਲ ਕੇ ਹੀ ਹੁੰਦੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਮਹਿਲ ਨੂੰ ਪਾ ਸਕਦੇ ਹਾਂ।

{ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥
ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥4॥}

(ਅੰਗ 426)

ਗੁਰੂ ਦੀ ਗੱਲ ਨੂੰ ਮੰਨ ਕੇ ਉਸ ਅਨੁਸਾਰ ਵਿਚਰਾਂਗੇ ਤਾਂ ਉਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਹੋਵੇਗੀ ਤੇ ਜੇਕਰ ਮੁੱਖੋਂ ਕਿਸੇ ਅੱਖਰ ਨੂੰ ਨਾਮ ਸਮਝਕੇ ਰਟੀ ਜਾਵਾਂਗੇ ਤਾਂ ਫਿਰ ਸਾਡੀ ਆਪਣੀ ਵਡਿਆਈ ਹੋਵੇਗੀ ਜਿਵੇਂ ਕਿ ਹਰ ਕੋਈ ਆਪਣੀ ਵਡਿਆਈ ਕਰਨ ਵਿੱਚ ਲੱਗਾ ਹੋਇਆ ਹੈ ਪਰ ਸਮਝਦੇ ਇਹੀ ਹਨ ਕਿ ਅਸੀਂ ਪ੍ਰਮਾਤਮਾ ਦੀ ਵਡਿਆਈ ਵਿੱਚ ਲੱਗੇ ਹੋਏ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ, ਸਾਡੀ ਮਨਮਤਿ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਪਤਿ ਨਹੀਂ ਮਿਲਦੀ ਤੇ ਅਸੀਂ ਆਪਣਾ ਜਨਮ ਬਿਰਥਾ ਹੀ ਗਵਾਉਂਦੇ ਹਾਂ।

{ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ ॥

ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ ॥6॥}

(ਅੰਗ 426)

ਨਾਮੁ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਸਭ ਕੁੱਝ ਉਸਦੇ ਆਪਣੇ ਵੱਸ ਹੀ ਹੈ ਕਿ ਉਹ ਕਿਸ ਨੂੰ ਆਪਣੇ ਨਾਮ ਦੀ ਸੋਝੀ ਪਾਉਂਦਾ ਹੈ, ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ। ਆਪਣਾ ਨਾਮ ਪ੍ਰਮਾਤਮਾ ਕੇਵਲ ਤੇ ਕੇਵਲ ਆਪ ਹੀ ਦਿੰਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਦਿੰਦਾ ਹੈ ਤੇ ਨਾਮ ਦੀ ਪ੍ਰਾਪਤੀ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਹੈ। ਕਿਸੇ ਅੱਖਰ ਨੂੰ ਨਾਮ ਸਮਝਣ ਵਾਲੇ ਬਹੁਤ ਬਹੁਤ ਵੱਡੇ ਭਰਮ ਵਿੱਚ ਹਨ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਸੱਚ ਦੇ ਨਾਲ ਜੁੜ ਸਕੀਏ ਤੇ ਨਾਮ ਦੀ ਪ੍ਰਾਪਤੀ ਦਾ ਸੱਚਾ ਉੱਦਮ ਕਰ ਸਕੀਏ।

31/3551

ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹਰ ਕੋਈ ਸਮਝ ਸਕਦਾ ਹੈ ਕਿ ਆਪਣੇ ਨਾਮ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਗੁਰਮਤਿ ਦੇ ਰੂਪ ਵਿੱਚ ਪਾਉਂਦਾ ਹੈ ਤੇ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਆਪਣਾ ਨਾਮ ਉਹ ਕਿਸੇ ਨੂੰ ਆਪ ਹੀ ਦਿੰਦਾ ਹੈ, ਪੂਰੇ ਭਾਗਾਂ ਵਾਲੇ ਨੂੰ ਦਿੰਦਾ ਹੈ। ਜਿੰਨ੍ਹਾਂ ਪੂਰੇ ਭਾਗਾਂ ਵਾਲਿਆਂ ਨੂੰ ਪ੍ਰਮਾਤਮਾ ਦਾ ਨਾਮ ਆਪ ਪ੍ਰਮਾਤਮਾ ਕੋਲੋਂ ਮਿਲਿਆ ਹੈ ਉਹਨਾਂ ਨੇ ਹੀ ਸਾਨੂੰ ਪੂਰੀ ਗੁਰਬਾਣੀ ਰਾਹੀਂ ਨਾਮੁ ਰੂਪ ਗੁਰਮਤਿ ਸਮਝਾਈ ਹੈ।

{ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ ॥

ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ ॥੯॥੭॥੨੯॥}

(ਅੰਗ 426)

ਅਸੀਂ ਆਮ ਕਰਕੇ ਰੋਜ ਗੁਰੂ ਦੇ ਦੁਆਰੇ ਤੇ ਜਾਂਦੇ ਹਾਂ, ਗੁਰੂ ਨੂੰ ਭੇਟਣ ਲਈ ਜਾਂਦੇ ਹਾਂ ਤੇ ਕੁੱਝ ਸਮਾਂ ਗੁਰੂ ਦੀ ਗੱਲ ਸੁਣਕੇ ਆ ਜਾਂਦੇ ਹਾਂ ਜਾਂ ਕਿਸੇ ਅੱਖਰ ਨੂੰ ਜਪਣ ਵਿੱਚ ਲੱਗ ਜਾਂਦੇ ਹਾਂ ਤੇ ਬਾਣੀ ਨੂੰ ਪੜ੍ਹਨ ਸੁਣਨ ਵਿੱਚ ਹੀ ਆਪਣੀ ਭਗਤੀ ਸਮਝੀ ਹੋਈ ਹੈ। ਸਤਿਗੁਰ ਨੂੰ ਭੇਟਣ ਦਾ ਮਕਸਦ ਸਮਝੇ ਬਿਨ੍ਹਾਂ ਅਸੀਂ ਗੁਰੂ ਦੇ ਨਾਮ ਨਾਲ ਨਹੀਂ ਜੁੜ ਸਕਦੇ, ਉਸਦੇ ਅੰਮ੍ਰਿਤ ਨਾਲ ਨਹੀਂ ਜੁੜ ਸਕਦੇ ਤੇ ਸੱਚੇ ਮਕਸਦ ਨਾਲ ਜੁੜੇ ਬਿਨ੍ਹਾਂ ਅਸੀਂ ਕਦੇ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਗੁਰੂ ਨੂੰ ਭੇਟਣ ਦਾ ਸਾਡਾ ਮਕਸਦ ਆਪਣੀ ਸਹਸਾ ਵਿੱਚੋਂ ਨਿਕਲਣ ਦਾ ਹੀ ਹੈ ਭਾਵ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੀ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚੋਂ ਨਿਕਲਣ ਦਾ ਹੀ ਹੈ ਕਿਉਂਕਿ ਸਾਡੇ ਅੰਦਰ ਬੰਧਨ ਹੀ ਸਹਸਾ ਦਾ ਹੈ। ਪ੍ਰਮਾਤਮਾ ਦੇ ਦਰਸ਼ਨ ਸਾਨੂੰ ਇਸ ਸਹਸਾ ਵਿੱਚੋਂ ਨਿਕਲਕੇ ਹੀ ਹੋਣੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ਕਿ ਗੁਰੂ ਦੇ ਦਰਸ਼ਨ ਕਰਨ ਦਾ ਮਕਸਦ ਕੀ ਹੈ, ਭੇਟਣ ਦਾ ਮਕਸਦ ਕੀ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਭੇਟ ਸਕੀਏ। ਜੇਕਰ ਗੁਰਬਾਣੀ ਨੂੰ ਭੇਟਣ ਦਾ ਮਕਸਦ ਸਮਝਾਂਗੇ ਭਾਵ ਗੁਰੂ ਨੂੰ ਉਹੋ ਜਿਹਾ ਭੇਟਣ ਦਾ ਉੱਦਮ ਕਰਾਂਗੇ ਫਿਰ ਤਾਂ ਹੀ ਮਨ ਦੇ ਵਿੱਚ ਉਸ ਗੁਰੂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਭੇਟਾਂਗੇ, ਗੁਰਬਾਣੀ ਦੇ ਮਾਲਕ ਨੂੰ ਭੇਟਾਂਗੇ ਜੋ ਸਾਡੇ ਸਭ ਦੇ ਅੰਦਰ ਹੀ ਹੈ।

31/3552

“ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥

ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥”

(ਅੰਗ 730)

ਗੁਰੂ ਨੂੰ ਭੇਟਣ ਦਾ ਮਕਸਦ ਗੁਰੂ ਕੋਲੋਂ ਸਿਖਿਆ ਲੈਣ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਹੈ। ਗੁਰੂ ਦੀ ਸੱਚੀ ਸਿੱਖਿਆ ਲੈਣ ਤੋਂ ਬਿਨ੍ਹਾਂ ਹਰ ਕੋਈ “ਸਹਸਾ” ਵਿੱਚ ਹੈ ਭਾਵ ਭਰਮ ਵਿੱਚ ਹੈ, ਦੁਬਿਧਾ ਵਿੱਚ ਹੈ, ਧਰਮ ਦਾ ਸੱਚਾ ਮਾਰਗ ਸਮਝਣ ਵਿੱਚ ਅਗਿਆਨਤਾ ਵਿੱਚ ਹੈ, ਮਨਮਤਿ ਵਿੱਚ ਹੈ, ਨਾ ਸਮਝੀ ਵਿੱਚ ਹੈ। ਗੁਰੂ ਨੇ ਆਪਣੀ ਸਿੱਖਿਆ ਸਮਝਾਕੇ ਸਾਨੂੰ ਭਰਮ ਵਿੱਚੋਂ

ਹੀ ਕੱਢਣਾ ਹੈ ਕਿਉਂਕਿ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਅਸੀਂ ਅਨੇਕਾਂ ਹੀ ਭਰਮਾ ਵਿੱਚ ਹਾਂ ਜੋ ਭਰਮ ਸਾਡੇ ਅੰਦਰ ਸਦੀਆਂ ਤੋਂ ਬਣੇ ਹੋਏ ਹਨ ਜਿੰਨ੍ਹਾਂ ਦੇ ਰਹਿੰਦਿਆਂ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਸਮਝੇ ਹੋਏ ਹਨ। ਗੁਰੂ ਨੂੰ ਭੇਟਣ ਦਾ ਮਕਸਦ ਸਾਡੇ ਅੰਦਰ ਦੀ ਇਸ ਸਹਸਾ ਨੂੰ ਤੋੜਨ ਦਾ ਹੀ ਹੈ ਤੇ ਭਗਤੀ ਦਾ ਸੱਚਾ ਮਾਰਗ ਸਮਝਣ ਦਾ ਹੈ ਤਾਂ ਜੋ ਅਸੀਂ ਉਸ ਅਨੁਸਾਰ ਵਿਚਰਕੇ ਪ੍ਰਮਾਤਮਾ ਦੇ ਨਾਲ ਜੋਗ ਕਰ ਸਕੀਏ, ਮੇਲ ਕਰ ਸਕੀਏ। ਗੁਰੂ ਕੋਲੋਂ ਸਿੱਖਿਆ ਲੈਣ ਦਾ ਮਕਸਦ ਇਹ ਹੈ ਕਿ ਅਸੀਂ ਆਪਣੇ ਦੌੜਦੇ ਹੋਏ ਮਨ ਨੂੰ ਰੋਕੀਏ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਬਚੀਏ ਜਿਸ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ। ਮਨੁੱਖ ਜੋ ਵੀ ਮਾੜੇ ਕਰਮ ਕਰਦਾ ਹੈ ਉਸ ਵਿੱਚ ਮਾਇਆ ਮੋਹ ਹੈ। ਗੁਰੂ ਦੀ ਸਿੱਖਿਆ ਸਾਨੂੰ ਸੱਚੇ ਸੁੱਚੇ ਇਨਸਾਨ ਬਣਾਉਣ ਲਈ ਹੈ ਜੋ ਕਿ ਮਨ ਨੂੰ ਮਾਰਨ ਦੁਆਰਾ ਹੀ ਬਣਿਆ ਜਾ ਸਕਦਾ ਹੈ, ਮਨ ਦੇ ਵਿਕਾਰਾਂ ਨੂੰ ਮਾਰਨ ਦੁਆਰਾ ਹੀ ਬਣਿਆ ਜਾ ਸਕਦਾ ਹੈ। ਗੁਰੂ ਨੂੰ ਭੇਟਣ ਦਾ ਮਕਸਦ, ਗੁਰੂ ਕੋਲ ਜਾ ਕੇ ਮੱਥੇ ਟੇਕਣ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਗੁਰੂ ਦੀ ਸਿੱਖਿਆ ਲੈ ਕੇ ਆਪਣੇ ਮਨ ਦੀ ਸੋਝੀ ਨੂੰ ਚੰਗਾ ਬਣਾਉਂਦੇ ਹਾਂ, ਆਪਣੇ ਆਪ ਨੂੰ ਮਾਇਆ ਮੋਹ ਵਿੱਚੋਂ ਹਟਾਉਂਦੇ ਹਾਂ ਨਹੀਂ ਤਾਂ ਸਾਡਾ ਗੁਰੂ ਨੂੰ ਭੇਟਣ ਦਾ ਮਕਸਦ ਪੂਰਾ ਨਹੀਂ ਹੁੰਦਾ। (**ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥**) ਅਸੀਂ ਇਹ ਉੱਦਮ ਹੀ ਕਰਨਾ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਸੱਚਾ ਉੱਦਮ ਹੈ ਤੇ ਸਾਡੇ ਹੋਰ ਅਨੇਕਾਂ ਹੀ ਉਪਰਾਲੇ ਭਾਵ ਸਰੀਰਕ ਜਪ ਤਪ ਆਦਿ ਵਿਅਰਥ ਹੀ ਹਨ। ਜਦੋਂ ਪ੍ਰਮਾਤਮਾ ਕਿਸੇ ਨੰ ਪੂਰੀ ਤਰ੍ਹਾਂ ਸਹਸਾ ਵਿੱਚੋਂ ਕੱਢਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕੱਢਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥”

ਸਹਸਾ ਦੇ ਵਿੱਚੋਂ ਪ੍ਰਮਾਤਮਾ ਸਾਨੂੰ ਕਿਸ ਵਿਧੀ ਦੁਆਰਾ ਕੱਢਦਾ ਹੈ ਇਹੀ ਗੱਲ

31/3553

ਸਾਨੂੰ ਉੱਪਰ ਸਮਝਾਈ ਹੋਈ ਹੈ। ਮਨੁੱਖ ਦੀ ਸਹਸਾ ਪ੍ਰਮਾਤਮਾ ਆਪਣੇ ਅੰਮ੍ਰਿਤ ਜਲ ਦੁਆਰਾ ਕੱਢਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਜਲ ਸਾਡੇ ਅੰਦਰ ਗਿਆਨ ਰੂਪ ਵਿੱਚ ਹੈ, ਚਉਥੇ ਪਦ ਦੇ ਗਿਆਨ ਰੂਪ ਵਿੱਚ ਹੈ, “ਸਹਜ ਧੁਨਿ” ਦੇ ਰੂਪ ਵਿੱਚ ਹੈ। ਮਨ ਦੇ ਅੰਦਰ ਅੰਮ੍ਰਿਤ ਦਾ ਚਸ਼ਮਾ ਫੁੱਟਣ ਦੇ ਨਾਲ ਸਾਡੇ ਮਨ ਦੀ ਧੁਨਿ ਹੀ ਬਦਲਦੀ ਹੈ। ਜੋ ਧੁਨਿ ਸਾਡੀ ਪਹਿਲੇ ਮਾਇਆ ਮੋਹ ਵਿੱਚ ਲੱਗੀ ਹੁੰਦੀ ਹੈ ਉਹ ਧੁਨਿ ਫਿਰ ਬਦਲਕੇ ਸਹਜ ਗਿਆਨ ਵਾਲੀ ਬਣ ਜਾਂਦੀ ਹੈ ਜੋ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ। ਜਿਸ ਨੂੰ ਵੀ ਪ੍ਰਮਾਤਮਾ ਆਪਣੇ ਆਪ ਦੀ ਪਹਿਚਾਣ ਕਰਵਾਉਂਦਾ ਹੈ, ਮਨ ਦੇ ਵਿੱਚ ਆਪਣੇ ਦਰਸ਼ਨ ਕਰਾਉਂਦਾ ਹੈ ਉਹ ਇਸ ਵਿਧੀ ਦੁਆਰਾ ਹੀ ਕਰਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਸਹਸਾ ਤੋਂ ਮੁਕਤਿ ਕਰਦਾ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਤੋਂ ਮੁਕਤਿ ਕਰਦਾ ਹੈ ਤੇ ਆਪਣੇ ਚਉਥੇ ਪਦ ਦੇ ਗਿਆਨ ਵਾਲੀ ਮਤਿ ਦੇ ਵਿੱਚ ਰਲਾਉਂਦਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਮਾਇਆ ਵਿੱਚ ਰਹਿੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਹੋ ਕੇ ਵਿਚਰਦਾ ਹੈ। ਪ੍ਰਮਾਤਮਾ ਦੇ ਜੋਗ ਦੀ ਜੁਗਤਿ ਇਹ ਹੈ ਤੇ ਹੋਰ ਕੋਈ ਨਹੀਂ ਹੋ ਸਕਦੀ ਭਾਵ ਇਹ ਆਪਣੇ ਆਪ ਨੂੰ ਸਹਸਾ ਤੋਂ ਮੁਕਤਿ ਕਰਨ ਦਾ ਮਾਰਗ ਹੈ ਤੇ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਵਿਚਰਨ ਦਾ ਮਾਰਗ ਹੈ। ਸਾਡੇ ਬਾਕੀ ਸਭ ਉਪਰਾਲੇ ਵਿਅਰਥ ਹੀ ਹਨ ਜਿੰਨ੍ਹਾਂ ਵਿੱਚ ਭਗਤੀ ਨਹੀਂ ਬਲਕਿ ਕੇਵਲ ਭਗਤੀ ਦਾ ਦਿਖਾਵਾ ਹੈ ਜਿੰਨ੍ਹਾਂ ਦੁਆਰਾ ਅਸੀਂ ਆਪਣੀ ਮੈਂ ਹੀ ਉੱਚੀ ਕਰਦੇ ਹਾਂ ਤੇ ਆਪਣੀ ਝੂਠੀ ਸ਼ੋਭਾ ਹੀ ਵਧਾਉਂਦੇ ਹਾਂ। (**ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥**)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥

ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥

ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥1॥}

(ਅੰਗ 594)

ਉਪਰਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੀ ਸਮਝਾਇਆ ਹੋਇਆ ਹੈ ਤੇ ਗੁਰੂ ਨੂੰ ਭੇਟਣ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਗੱਲ ਪੂਰੀ ਤਰ੍ਹਾਂ ਉਹੀ ਹੈ ਜੋ ਅਸੀਂ ਪਹਿਲੇ ਉੱਪਰ ਸ਼ਬਦ ਰਾਹੀਂ ਸਮਝੀ ਹੈ। ਜੇਕਰ ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਰੱਖਦੇ ਹੋ ਤਾਂ ਫਿਰ ਦੁਬਿਧਾ ਵਿੱਚੋਂ ਨਿਕਲਣ ਦਾ ਉਪਰਾਲਾ ਕਰੋ, ਵਿਕਾਰਾਂ ਵਿੱਚੋਂ ਨਿਕਲਣ ਦਾ ਉਪਰਾਲਾ ਕਰੋ ਭਾਵ ਮਨ ਦੀ ਸੋਝੀ ਨੂੰ ਬਦਲਣ ਦਾ ਉਪਰਾਲਾ ਕਰੋ ਜੋ ਪ੍ਰਮਾਤਮਾ ਦੀ ਭਗਤੀ ਕਰਨ ਦਾ ਸਹੀ ਮਾਰਗ ਹੈ ਤੇ ਸਵੇਰੇ ਸ਼ਾਮ ਕੇਵਲ ਮੱਥੇ ਟੇਕੀ ਜਾਣ ਨਾਲ, ਕਿਸੇ ਖਾਸ ਵੇਲੇ

31/3554

ਦੀ ਸੰਭਾਲ ਕਰੀ ਜਾਣ ਨਾਲ ਜਾਂ ਕਿਸੇ ਅੱਖਰ ਨੂੰ ਰਟੀ ਜਾਣ ਨਾਲ ਕੇਵਲ ਖੁਆਰੀ ਹੀ ਹੱਥ ਆਉਣੀ ਹੈ, ਪ੍ਰਮਾਤਮਾ ਦੇ ਨਾਲ ਮੇਲ ਤਾਂ ਦੂਰ ਦੀ ਗੱਲ ਹੈ।

{ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ ॥
ਨਾਨਕ ਦਇਆ ਕਰੀ ਸੁਖਦਾਤੈ ਭੇਟਿਆ ਸਤਿਗੁਰੁ ਪੂਰਾ ॥4॥}

(ਅੰਗ 748)

{ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥}

(ਅੰਗ 921)

ਜਦ ਤੱਕ ਸਾਡੇ ਅੰਦਰ ਸਹਸਾ ਹੈ, ਦੁਚਿੱਤੀ, ਭਰਮ ਹੈ, ਦੁਬਿਧਾ ਹੈ ਤਦ ਤੱਕ ਸਾਨੂੰ ਪ੍ਰਮਾਤਮਾ ਦੀ ਭਗਤੀ ਸਮਝ ਨਹੀਂ ਲੱਗ ਸਕਦੀ। ਪ੍ਰਮਾਤਮਾ ਦੀ ਭਗਤੀ ਸਹਸਾ ਵਿੱਚੋਂ ਨਿਕਲਕੇ ਹੀ ਹੁੰਦੀ ਹੈ। ਭਗਤੀ ਦਾ ਮੂਲ ਹੀ ਸਹਸਾ ਵਿੱਚੋਂ ਨਿਕਲਣ ਦਾ ਹੈ ਤੇ ਸਹਸਾ ਵਿੱਚੋਂ ਸਾਨੂੰ ਸਿਵਾਇ ਗੁਰੂ ਤੋਂ ਹੋਰ ਕੋਈ ਨਹੀਂ ਕੱਢ ਸਕਦਾ। ਗੁਰੂ ਦੇ ਨਾਮ ਦਾ ਮਕਸਦ ਸਾਨੂੰ ਸਹਸਾ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਨੂੰ ਸੱਚੀ ਭਗਤੀ ਸਮਝਾਉਣ ਦਾ ਹੀ ਹੈ ਤਾਂ ਜੋ ਅਸੀਂ ਭਗਤੀ ਨੂੰ ਸਮਝਕੇ ਉਸ ਅਨੁਸਾਰ ਵਿਚਰ ਸਕੀਏ। ਆਉ ਇਸ ਗੱਲ ਨੂੰ ਧੰਨ ਧੰਨ ਨੌਂਵੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ, ਨਾਮ ਜਪਣਾ ਸਮਝੀਏ।

ਬਿਲਾਵਲੁ ਮਹਲਾ ੯ ॥

“ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥
ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥
ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥”

ਉੱਪਰ ਰਹਾਉ ਵਾਲੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਭਗਤੀ ਦਾ ਮੁੱਢ ਕਿੱਥੋਂ ਸ਼ੁਰੂ ਹੁੰਦਾ ਹੈ ਤੇ ਭਗਤੀ ਸਾਨੂੰ ਕੌਣ ਸਿਖਾ ਸਕਦਾ ਹੈ। ਜੋ ਪ੍ਰਮਾਤਮਾ ਦੀ ਭਗਤੀ ਹੈ ਉਹੀ ਨਾਮ ਹੈ ਭਾਵ ਨਾਮ ਦਾ ਮਕਸਦ ਸਾਨੂੰ ਭਗਤੀ ਸਿਖਾਉਣ ਲਈ ਹੈ ਤਾਂ ਜੋ ਅਸੀਂ ਉਸ ਅਨੁਸਾਰ ਵਿਚਰ ਸਕੀਏ। ਭਗਤੀ ਦੀ ਸੋਝੀ ਤੋਂ ਪਹਿਲਾਂ, ਨਾਮ ਦੀ ਸੋਝੀ ਤੋਂ ਪਹਿਲਾਂ ਹਰ ਕੋਈ ਸਹਸਾ ਵਾਲੀ ਅਵੱਸਥਾ ਵਿੱਚ ਹੈ ਭਾਵ ਭਗਤੀ ਨੂੰ ਸਮਝਣ ਵਿੱਚ ਨਾਸਮਝੀ ਵਿੱਚ ਹੈ, ਭਰਮ ਵਿੱਚ ਹੈ। ਭਗਤੀ ਦਾ ਭੇਦ ਗੁਰੂ ਜਾਣਦਾ ਹੈ ਤੇ ਉਹੀ ਸਾਨੂੰ ਭਗਤੀ ਦਾ ਭੇਦ ਸਮਝਾ ਸਕਦਾ ਹੈ ਕਿ ਅਸੀਂ ਭਗਤੀ ਕਿਵੇਂ ਕਰਨੀ ਹੈ, ਨਾਮ ਕਿਵੇਂ ਜਪਣਾ ਹੈ ਭਾਵ ਭਗਤੀ ਦਾ ਮਾਰਗ ਸਾਨੂੰ ਕੇਵਲ ਗੁਰੂ ਕੋਲੋਂ ਸਮਝਣਾ ਚਾਹੀਦਾ ਹੈ ਜੋ ਆਪ ਸਹਸਾ ਵਿੱਚੋਂ ਨਿਕਲਿਆ ਹੋਇਆ ਹੈ ਤੇ ਉਹੀ ਸਹਸਾ ਵਿੱਚੋਂ ਕੱਢ ਸਕਦਾ ਹੈ। ਸਹਸਾ ਵਿੱਚੋਂ ਉਹੀ ਨਿਕਲਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਇਸ ਅਵੱਸਥਾ ਵਿੱਚੋਂ ਕੱਢਦਾ ਹੈ, ਚਉਥੇ ਪਦ ਦਾ ਗਿਆਨ ਬਖਸ਼ ਕੇ ਕੱਢਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

31/3555

ਸਹਸਾ ਵਿੱਚੋਂ ਨਿਕਲੇ ਬਿਨ੍ਹਾਂ, ਨਾਮ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ "ਦੁਖੁ" ਵਾਲੀ ਅਵੱਸਥਾ ਵਿੱਚ ਹੀ ਰਹਿੰਦਾ ਹੈ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਵਾਲੀ ਅਵੱਸਥਾ ਵਿੱਚ ਰਹਿੰਦਾ ਹੈ ਜਿਸ ਕਰਕੇ ਉਹ ਨਾਸਮਝੀ ਕਰਕੇ ਵਾਰ ਵਾਰ ਜੂਨਾਂ ਦੇ ਦੁੱਖ ਵਿੱਚ, ਆਵਾਗਉਣ ਦੇ ਦੁੱਖ ਵਿੱਚ ਪੈਂਦਾ ਹੈ। (**ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥ ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦ ਬਤਾਵੈ ॥ ਰਹਾਉ ॥**)

ਜਦ ਤੱਕ ਸਾਡੇ ਅੰਦਰ ਸਹਸਾ ਹੈ ਤਦ ਤੱਕ ਸਾਨੂੰ ਭਗਤੀ ਦਾ ਸਹੀ ਮਾਰਗ ਸਮਝ ਨਹੀਂ ਆਉਂਦਾ ਤੇ ਇਹੋ ਜਿਹੀ ਅਵੱਸਥਾ ਵਿੱਚ ਰਹਿੰਦੇ ਹੋਏ ਅਸੀਂ ਜਿਹੋ ਜਿਹੀ ਭਗਤੀ ਨਾਲ ਜੁੜਦੇ ਹਾਂ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥

ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥"

ਉੱਪਰ ਸਾਨੂੰ ਸਾਡੀ ਭਗਤੀ ਦੇ ਤਰੀਕੇ ਹੀ ਦੱਸੇ ਹੋਏ ਹਨ ਜਿਹੋ ਜਿਹੇ ਤਰੀਕਿਆਂ ਨਾਲ ਹਰ ਕੋਈ ਜੁੜਿਆ ਹੋਇਆ ਹੈ ਪਰ ਇਹੋ ਜਿਹੇ ਤਰੀਕੇ ਅਪਣਾਉਣ ਵਾਲੇ ਪ੍ਰਮਾਤਮਾ ਦੀ ਸ਼ਰਨ ਵਿੱਚ ਨਹੀਂ ਆਉਂਦੇ ਭਾਵ ਗੁਰੂ ਦੀ ਮਤਿ ਦੀ ਸ਼ਰਨ ਵਿੱਚ ਆਉਣ ਵਾਲੇ ਨਹੀਂ ਹਨ। ਜੋਗ ਦੁਆਰਾ ਭਾਵ ਸਮਾਧੀਆਂ ਅਦਿ ਜੋੜਕੇ ਜੋ ਪ੍ਰਮਾਤਮਾ ਦਾ ਜੱਸ ਗਾਉਣਾ ਸਮਝਦੇ ਹਨ ਉਹਨਾਂ ਨੂੰ ਪ੍ਰਮਾਤਮਾ ਦਾ ਜੱਸ ਬਿਸਰਾਉਣ ਵਾਲੇ ਕਿਹਾ ਹੋਇਆ ਹੈ ਭਾਵ ਉਹਨਾਂ ਨੂੰ ਪ੍ਰਮਾਤਮਾ ਦਾ ਜੱਸ ਗਾਉਣ ਦੀ ਸਮਝ ਨਹੀਂ ਹੈ ਭਾਵ ਉਹ ਸਹਸਾ ਵਿੱਚ ਹੀ ਹਨ, ਭਰਮ ਵਿੱਚ ਹੀ ਇਹੋ ਜਿਹੇ ਮਾਰਗ ਤੇ ਲੱਗੇ ਹੋਏ ਹਨ ਜਿਸ ਵਿੱਚੋਂ ਕੋਈ ਫਲ ਦੀ ਪ੍ਰਾਪਤੀ ਨਹੀਂ ਹੋਣੀ। ਇਹੋ ਜਿਹੇ ਜਪ ਤਪ ਕਰਨ ਵਾਲੇ ਸਦੀਆਂ ਤੋਂ ਇਸੇ ਭਰਮ ਵਿੱਚ ਹੀ ਲੱਗੇ ਹੋਏ ਹਨ ਤੇ ਇਸੇ ਲਈ ਬਾਣੀ ਵਿੱਚ ਵਾਰ ਵਾਰ ਇਹਨਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ। ਜਿਸ ਨੂੰ ਅਸੀਂ ਸੱਚ ਕਰਕੇ ਮੰਨਿਆ ਹੋਇਆ ਹੈ ਉਹ ਅਸਲ ਵਿੱਚ ਸਾਡਾ ਭਰਮ ਹੈ ਜਿਸ ਵਿੱਚੋਂ ਨਿਕਲਣ ਲਈ ਹੀ ਸਾਨੂੰ ਬਾਣੀ ਵਾਰ ਵਾਰ ਸਮਝਾ ਰਹੀ ਹੈ ਕਿ ਭਗਤੀ ਦੇ ਅਸਲ ਮਾਰਗ ਨੂੰ ਸਮਝੋ, ਕੇਵਲ ਗੁਰੂ ਦੇ ਕੋਲੋਂ ਸਮਝੋ ਜੋ ਸਹਸਾ ਤੋਂ ਬਾਹਰ ਹੈ। (**ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀਂ ਆਵੈ॥ ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ** ॥)

ਭਗਤੀ ਦਾ ਅਸਲ ਤਰੀਕਾ ਕੀ ਹੈ, ਨਾਮ ਜਪਣ ਦਾ ਅਸਲ ਤਰੀਕਾ ਕੀ ਹੈ ਭਾਵ ਜਿਹੋ ਜਿਹੀ ਭਗਤੀ ਭਰਮ ਤੋਂ ਰਹਿਤ ਹੈ, ਸਹਸਾ ਤੋਂ ਰਹਿਤ ਹੈ ਉਹ ਭਗਤੀ ਦਾ ਤਰੀਕਾ ਸਾਨੂੰ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਭਗਤੀ ਦਾ ਤਰੀਕਾ ਇੱਕੋ ਹੀ ਹੈ ਜੋ ਤਰੀਕਾ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਸਮਝਦੇ ਆ ਰਹੇ ਹਾਂ ਜੋ ਕਿ ਬਦਲ ਨਹੀਂ ਸਕਦਾ। ਇਹ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਅਸੂਲ ਹੈ ਤੇ ਗੁਰਬਾਣੀ ਦੀ ਰਚਨਾ ਕਰਨ ਵਾਲਾ ਉਹ ਆਪ ਹੀ ਹੈ ਜੋ ਉਸ ਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਕੀਤੀ ਹੈ।

"ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥”

31/3556

ਪ੍ਰਮਾਤਮਾ ਦੇ ਗੁਣ ਗਾਉਣੇ ਅਸੀਂ ਮੁੱਖੋਂ ਬੋਲ ਬੋਲ ਕੇ ਗਾਉਣੇ ਸਮਝਦੇ ਹਾਂ। ਕੋਈ ਸ਼ਬਦਾਂ ਦੇ ਗਾਇਣ ਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦਾ ਹੈ, ਕੋਈ ਕਿਸੇ ਅੱਖਰ ਨੂੰ ਰਟੀ ਜਾਣ ਵਿੱਚ, ਬੋਲੀ ਜਾਣ ਵਿੱਚ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਦਾ ਹੈ।ਸਿੱਖ ਜਗਤ ਵਿੱਚ ਵੀ ਇਹਨਾਂ ਤਰੀਕਿਆਂ ਨੂੰ ਹੀ ਪ੍ਰਮਾਤਮਾ ਦੇ, ਗੁਰੂ ਦੇ ਗੁਣ ਗਾਉਣੇ ਸਮਝਿਆ ਜਾਂਦਾ ਹੈ ਪਰ ਇਹ ਕੇਵਲ ਸਾਡੀ ਸਹਸਾ ਹੈ,ਭਰਮ ਹੈ ਜਿਸ ਵਿੱਚੋਂ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਕੱਢਿਆ ਹੋਇਆ ਹੈ।ਪ੍ਰਮਾਤਮਾ ਦੇ ਗੁਣ ਗਾਉਣ ਵਾਲਾ ਉਹ ਮਨੁੱਖ ਹੈ ਜਿਸ ਨੇ ਆਪਣਾ ਮਾਨ ਤੇ ਮੋਹ ਦੋਨੋਂ ਛੱਡੇ ਹੋਏ ਹਨ ਭਾਵ ਜਿਸ ਨੇ ਆਪਣੀ ਹਉਮੈ ਛੱਡੀ ਹੋਈ ਹੈ, ਆਪਣੀ ਮਤਿ ਛੱਡੀ ਹੋਈ ਹੈ, ਮਾਇਆ ਮੋਹ ਛੱਡਿਆ ਹੋਇਆ ਹੈ।ਇਹ ਅਵੱਸਥਾ ਉਸੇ ਮਨੁੱਖ ਦੀ ਹੁੰਦੀ ਹੈ ਜਿਸ ਦੇ ਅੰਦਰ ਪੂਰਨ ਰੂਪ ਵਿੱਚ ਗੁਰੂ ਦੀ ਮਤਿ ਵਸੀ ਹੁੰਦੀ ਹੈ, ਜਿਸ ਨੂੰ ਭਗਤੀ ਦੀ ਪੂਰਨ ਸੋਝੀ ਹੁੰਦੀ ਹੈ, ਜੋ ਸਰੀਰਕ ਜਪਾਂ ਤਪਾਂ ਆਦਿ ਵਿੱਚੋਂ ਨਿਕਲਿਆ ਹੁੰਦਾ ਹੈ,ਭਗਤੀ ਦੇ ਭਰਮਾਂ ਵਾਲੇ ਤਰੀਕਿਆਂ ਵਿੱਚੋਂ ਨਿਕਲਿਆ ਹੁੰਦਾ ਹੈ।ਮਾਣ ਮੋਹ ਛੱਡਣ ਤੋਂ ਬਾਅਦ ਕੋਈ ਮਨੁੱਖ ਮਾੜਾ ਕਰਮ ਕਰ ਹੀ ਨਹੀਂ ਸਕਦਾ ਭਾਵ ਉਹ ਕੇਵਲ ਸੱਚ ਨਾਲ ਜੁੜਿਆ ਹੁੰਦਾ ਹੈ ਤੇ ਆਪਣੇ ਜੀਵਨ ਵਿੱਚ ਉਸੇ ਅਨੁਸਾਰ ਵਿਚਰਦਾ ਹੈ ਜੋ ਕਿ ਮਨੁੱਖ ਦਾ ਅਸਲ ਧਰਮ ਹੈ, ਸਾਰੇ ਸੰਸਾਰ ਦਾ ਇੱਕੋ ਜਿਹਾ ਧਰਮ ਹੈ।ਪ੍ਰਮਾਤਮਾ ਦੇ ਗੁਣ ਗਾਉਣ ਲਈ ਮਨ ਦੇ ਵਿੱਚ ਸੱਚੀ ਸੋਝੀ ਦੀ ਲੋੜ ਹੈ ਜਿਸ ਦੁਆਰਾ ਅਸੀਂ ਚੰਗੇ ਕਰਮ ਹੀ ਕਰਦੇ ਹਾਂ, ਭਲੇ ਵਾਲੇ ਕਰਮ ਹੀ ਕਰਦੇ ਹਾਂ ਤੇ ਇਹੀ ਪ੍ਰਮਾਤਮਾ ਦੇ ਇਸ ਸੰਸਾਰ ਵਿੱਚ ਗੁਣ ਗਾਉਣੇ ਹਨ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਮਾਰਗ ਹੈ। ਜਿਸ ਨੂੰ ਪ੍ਰਮਾਤਮਾ ਸਹਸਾ ਤੋਂ,ਭਰਮ ਤੋਂ ਮੁਕਤਿ ਕਰਦਾ ਹੈ ਉਹੀ ਫਿਰ ਸੱਚੀ ਭਗਤੀ ਨੂੰ ਸਮਝਕੇ ਉਸ ਅਨੁਸਾਰ ਵਿਚਰਦਾ ਹੈ ਭਾਵ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ।ਇਹ ਅਵੱਸਥਾ ਉਹਨਾਂ ਦੀ ਹੈ ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ।ਉਹਨਾਂ ਨੇ ਆਪਣੇ ਜੀਵਨ ਵਿੱਚ ਆਪ ਪ੍ਰਮਾਤਮਾ ਦੇ ਗੁਣ ਗਾਏ ਹਨ ਤੇ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਸਿਖਾਏ ਹਨ।ਉਹ ਆਪ ਸੱਚ ਤੇ ਚੱਲੇ ਹਨ,ਧਰਮ ਤੇ ਚੱਲੇ ਹਨ ਤੇ ਸੰਸਾਰ ਨੂੰ ਸੱਚ ਤੇ ਧਰਮ ਦੇ ਮਾਰਗ ਤੇ ਚੱਲਣਾ ਸਿਖਾਇਆ ਹੈ। (**ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥**)

{ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥8॥23॥}

(ਅੰਗ 294-295)

ਪਿਛਲੇ ਸ਼ਬਦ ਰਾਹੀਂ ਅਸੀਂ ਜੋ ਭਗਤੀ ਦਾ ਮਾਰਗ ਸਮਝਿਆ ਹੈ ਉਹ ਨੌਂਵੀ ਪਾਤਸ਼ਾਹੀ ਦੀ ਰਸਨਾ ਦੁਆਰਾ ਉਚਾਰਿਆ ਹੋਇਆ ਸ਼ਬਦ ਹੈ ਜਿਸ ਰਾਹੀਂ ਉਹਨਾਂ

31/3557

ਨੇ ਜੋਗ ਸਾਧਨਾ ਕਰਨ ਦਾ ਖੰਡਨ ਕੀਤਾ ਹੋਇਆ ਹੈ ਭਾਵ ਉਸ ਨੂੰ ਭਗਤੀ ਦਾ ਮਾਰਗ ਨਹੀਂ ਦੱਸਿਆ ਤੇ ਇਸੇ ਤਰ੍ਹਾਂ ਉਹਨਾਂ ਨੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਾਨੂੰ ਭਗਤੀ ਦਾ ਮਾਰਗ ਸਮਝਾਇਆ ਹੈ ਜੋ ਕਿ ਮਾਇਆ ਮੋਹ ਨੂੰ ਤਿਆਗਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ। ਉਹਨਾਂ ਨੇ ਸਾਨੂੰ ਭਰਮ ਵਿੱਚੋਂ ਹੀ ਕੱਢਿਆ ਹੈ ਕਿ ਸਰੀਰਕ ਜਪ ਤਪ ਆਦਿ ਭਗਤੀ ਦਾ ਮਾਰਗ ਨਹੀਂ ਹਨ ਪਰ ਫਿਰ ਵੀ ਸਿੱਖ ਜਗਤ ਵਿੱਚ ਕੁੱਝ ਭਰਮਿਆਂ ਹੋਇਆਂ ਨੇ ਉਹਨਾਂ ਦੇ ਜੀਵਨ ਨੂੰ ਸਰੀਰਕ ਜਪ ਤਪ ਨਾਲ ਜੋੜਿਆ ਹੋਇਆ ਹੈ ਜੋ ਕਿ ਬਾਣੀ ਦੇ ਮੂਲ ਵਿਚਾਰ ਤੋਂ ਹੀ ਉਲਟ ਹੈ ਭਾਵ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਵੱਡੇ ਭਰਮ ਵਿੱਚ ਹਨ ਜੋ ਕੇਵਲ ਮਨ ਘੜਤ ਗੱਲਾਂ ਹਨ ਜਿੰਨ੍ਹਾਂ ਨਾਲ ਉਹ ਆਪਣੇ ਸਰੀਰਕ ਜਪ ਤਪ ਆਦਿ ਉੱਤੇ ਪੜਦਾ ਪਾਉਂਦੇ ਹਨ ਤੇ ਗੁਰਮਤਿ ਦੇ ਉਲਟ ਪ੍ਰਚਾਰ ਕਰਦੇ ਹਨ। ਇਸ ਵੱਡੇ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਇਸ ਦੀ

ਚਰਚਾ ਕੀਤੀ ਹੈ। ਧੰਨ ਧੰਨ ਨੌਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਵੀ ਸਰੀਰਕ ਜਪਾਂ ਤਪਾਂ ਦਾ ਖੰਡਨ ਕੀਤਾ ਹੋਇਆ ਹੈ ਜਿਸ ਨੂੰ ਕਿ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਜਿਸ ਗੱਲ ਦਾ ਉਹਨਾਂ ਨੇ ਆਪ ਖੰਡਨ ਕੀਤਾ ਹੈ ਅਸੀਂ ਉਸੇ ਗੱਲ ਨਾਲ ਜੁੜੇ ਹੋਏ ਹਾਂ ਭਾਵ ਆਪ ਭਰਮ ਵਿੱਚ ਹਾਂ ਤੇ ਦੂਸਰਿਆਂ ਨੂੰ ਵੀ ਭਰਮ ਵਿੱਚ ਪਾਉਂਦੇ ਹਾਂ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਬਿਹਾਗੜਾ ਮਹਲਾ ੯ ॥

{“ਹਰਿ ਕੀ ਗਤਿ ਨਹਿ ਕੋਊ ਜਾਨੈ ॥

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥

ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥

ਨਾਨਾ ਰੂਪ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥

ਅਗਨਤ ਅਪਾਰੁ ਅਲਖੁ ਨਿਰੰਜਨੁ ਜਿਹ ਸਭੁ ਜਗੁ ਭਰਮਾਇਓ ॥

ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨ ਤਾਹਿ ਚਿਤੁ ਲਾਇਓ ॥੩॥੧॥੨॥”}

(ਅੰਗ 537)

ਬੜੇ ਸਪੱਸ਼ਟ ਤੌਰ ਤੇ ਸਮਝਾਇਆ ਹੈ ਕਿ ਤਪ ਕਰਕੇ ਲੋਕ ਹਾਰ ਗਏ ਹਨ, ਤਪੀਏ ਹਾਰ ਗਏ ਹਨ ਪਰ ਉਹ ਇਹ ਨਹੀਂ ਜਾਣ ਸਕੇ ਕਿ ਪ੍ਰਮਾਤਮਾ ਕੀ ਹੈ। ਇਹੋ ਜਿਹੇ ਤਪ ਕਰਨ ਵਾਲੇ ਆਪਣੇ ਆਪ ਨੂੰ ਸਿਆਣੇ ਹੀ ਸਮਝਦੇ ਹਨ ਤੇ ਇਹਨਾਂ ਦੇ ਪਿੱਛੇ ਲੱਗਣ ਵਾਲੇ ਵੀ ਆਪਣੇ ਆਪ ਨੂੰ ਸਿਆਣੇ ਹੀ ਸਮਝਦੇ ਹਨ ਕਿ ਅਸੀਂ ਭਗਤੀ ਦੇ ਸਹੀ ਮਾਰਗ ਤੇ ਚੱਲ ਰਹੇ ਹਾਂ ਪਰ ਇਹ ਕੇਵਲ ਉਹਨਾਂ ਦਾ ਭਰਮ ਹੈ ਭਾਵ ਇਹ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਨਹੀਂ ਹੈ। ਨੌਵੀਂ ਪਾਤਸ਼ਾਹੀ ਆਪ ਤਪ ਕਰਨ ਦਾ ਖੰਡਨ ਕਰ ਰਹੇ ਹਨ ਤੇ ਭਰਮਿਆਂ ਹੋਇਆਂ ਨੇ ਉਹਨਾਂ ਨੂੰ ਤਪ ਕਰਨ ਵਾਲਿਆਂ ਵਿੱਚ ਜੋੜਿਆ ਹੋਇਆ ਹੈ ਤੇ ਆਪਣੇ ਆਪ ਨੂੰ ਸਿਆਣੇ ਸਮਝਿਆ ਹੋਇਆ ਹੈ। ਸਰੀਰਕ ਜਪਾਂ ਤਪਾਂ ਦੁਆਰਾ ਅੱਜ ਤੱਕ ਨਾ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਇਹ ਉਸਨੂੰ ਪਾਉਣ ਦਾ ਮਾਰਗ ਹੈ। (**ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥1॥ ਰਹਾਉ ॥**)

ਇਹੋ ਜਿਹੇ ਭਰਮੇ ਹੋਏ ਅੱਜ ਕੱਲ ਧਾਰਮਿਕ ਸਮਾਗਮਾਂ ਨੂੰ ਜਪ ਤਪ ਸਮਾਗਮ ਕਹਿ ਕੇ ਵੀ ਪੁਕਾਰਨ ਲੱਗ ਪਏ ਹਨ ਤੇ ਇਹੋ ਜਿਹੇ

ਸਮਾਗਮਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹੋ ਜਿਹੇ ਭਰਮੇ ਹੋਏ ਸਿੱਖ ਜਗਤ ਨੂੰ ਮੁੜ ਕੇ ਫਿਰ ਉਹੋ ਜਿਹੀ ਮਤਿ ਨਾਲ ਜੋੜ ਰਹੇ ਹਨ ਜਿਸ ਮਤਿ ਵਿੱਚੋਂ ਗੁਰਬਾਣੀ ਸਾਨੂੰ ਨਿਕਲਣ ਲਈ ਪ੍ਰੇਰ ਰਹੀ ਹੈ। ਅਸਲ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਭਗਤੀ ਦਾ ਮਾਰਗ ਭਰਮ ਵਿੱਚੋਂ ਨਿਕਲਕੇ ਹੀ ਸਮਝ ਆਉਂਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਭਗਤੀ ਦਾ ਮਾਰਗ ਭਰਮ ਵਿੱਚੋਂ ਨਿਕਲਕੇ ਹੀ ਸਮਝ ਆਉਂਦਾ ਹੈ ਜਿਸ ਦੁਆਰਾ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਚਿੱਤ ਜੁੜਦਾ ਹੈ ਭਾਵ ਗੁਰਮਤਿ ਦੇ ਨਾਲ ਚਿੱਤ ਜੁੜਦਾ ਹੈ ਤੇ ਉਸ ਅਲਖੁ ਨਿਰੰਜਨ ਦੇ, ਨਾ ਲਖੇ ਜਾਣ ਵਾਲੇ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਹੁੰਦੇ ਹਨ। (***ਅਗਨਤ ਅਪਾਰੁ ਅਲਖੁ ਨਿਰੰਜਨੁ ਜਿਹ ਸਭੁ ਜਗੁ ਭਰਮਾਇਓ ॥ ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨ ਤਾਹਿ ਚਿਤੁ ਲਾਇਓ ॥੩॥੧॥੨॥***)

ਹੇਠ ਦਿੱਤੇ ਦੂਸਰੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਵੀ ਇਸ ਗੱਲ ਨੂੰ ਸਮਝੋ ਕਿ ਧੰਨ ਧੰਨ ਨੌਵੀਂ ਪਾਤਸ਼ਾਹੀ ਨੇ ਸਾਨੂੰ ਕਿਹੋ ਜਿਹਾ ਰਾਮ ਭਜਨ ਕਰਨ ਲਈ ਸਮਝਾਇਆ ਹੈ, ਵਾਹਿਗੁਰੂ ਦਾ ਭਜਨ ਕਰਨ ਲਈ ਸਮਝਾਇਆ ਹੈ।

“ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥2॥”

(ਅੰਗ 219)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦਾ ਭਜਨ ਕਰਨ ਲਈ ਸ਼ਰਤ ਸਮਝਾਈ ਹੋਈ ਹੈ ਜੋ ਸ਼ਰਤ ਪੂਰੀ ਕਰਨ ਨਾਲ ਹੀ ਫਿਰ ਪ੍ਰਮਾਤਮਾ ਦੇ ਭਜਨ ਨਾਲ, ਪ੍ਰਮਾਤਮਾ ਦੇ ਜਪ ਨਾਲ ਸਾਡਾ ਚਿੱਤ ਜੁੜਦਾ ਹੈ। ਸ਼ਰਤ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਹੀ ਅਨੇਕਾਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਸਾਰੀ ਗੱਲ ਹਉਮੈ ਛੱਡਣ ਦੀ ਹੈ, ਮਨਮਤਿ ਛੱਡਣ ਦੀ ਹੈ, ਮਾਇਆ ਮੋਹ ਛੱਡਣ ਦੀ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਨ ਦੀ ਹੈ, ਸੱਚ ਅਨੁਸਾਰ ਵਿਚਰਨ ਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੀ ਹੈ। ਅਸੀਂ ਆਪਣੇ ਆਪ ਨੂੰ ਹਉਮੈ ਤੋਂ, ਮਾਇਆ ਮੋਹ ਤੋਂ ਹੀ ਮੁਕਤਿ ਕਰਨਾ ਹੈ ਭਾਵ ਆਪਣੇ ਆਪ ਨੂੰ ਭਰਮ ਵਾਲੀ ਸੋਝੀ ਤੋਂ ਮੁਕਤਿ ਕਰਨਾ ਹੈ ਜਿਸ ਨੇ ਸਾਨੂੰ ਸੱਚੇ ਮਾਰਗ ਤੋਂ ਦੂਰ ਰੱਖਿਆ ਹੋਇਆ ਹੈ, ਪ੍ਰਮਾਤਮਾ ਦੀ ਅਸਲ ਭਗਤੀ ਤੋਂ ਦੂਰ ਰੱਖਿਆ ਹੋਇਆ ਹੈ। ਮਨ ਦੀ ਮਾੜੀ ਅਵੱਸਥਾ ਤੋਂ ਮੁਕਤਿ ਹੋਣਾ ਹੀ ਗੁਰਮੁਖਿ ਵਾਲੀ ਅਵੱਸਥਾ ਪਾਉਣਾ ਹੈ, ਗੁਰਮਤਿ ਵਾਲੀ ਅਵੱਸਥਾ ਦਾ ਪਾਉਣਾ ਹੈ ਜਿਸ ਦੁਆਰਾ ਸਾਨੂੰ ਜਿਉਂਦੇ ਜੀਅ ਮੁਕਤੀ ਪ੍ਰਾਪਤ ਹੁੰਦੀ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਮਨ ਦੇ ਵਿੱਚ ਹੀ ਹੁੰਦਾ ਹੈ। (**ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥2॥**)

31/3559

ਜਿਹੋ ਜਿਹਾ ਰਾਮ ਭਜਨ ਸਾਨੂੰ ਸਾਰੀ ਗੁਰਬਾਣੀ ਨੇ ਸਮਝਾਇਆ ਹੈ ਧੰਨ ਧੰਨ ਨੌਵੀਂ ਪਾਤਸ਼ਾਹੀ ਨੇ ਸਾਨੂੰ ਉਸ ਤੋਂ ਕੋਈ ਵੱਖਰਾ ਰਾਮ ਭਜਨ ਨਹੀਂ ਸਿਖਾਇਆ । ਪ੍ਰਮਾਤਮਾ ਤਾਂ ਇੱਕੋ ਹੀ ਹੈ ਜੋ ਅੰਦਰ ਪ੍ਰਗਟ ਹੋ ਕੇ ਇੱਕੋ ਜਿਹੀ ਗੱਲ ਹੀ ਸਮਝਾਉਂਦਾ ਹੈ, ਇੱਕੋ ਜਿਹੀ ਭਗਤੀ ਕਰਨੀ ਸਮਝਾਉਂਦਾ ਹੈ। ਭਰਮੀਆਂ ਹੋਈਆਂ ਗੱਲਾਂ ਉਹੀ ਕਰਦੇ ਹਨ ਜਿੰਨ੍ਹਾਂ ਨੂੰ ਇਸ ਗੱਲ ਦੀ ਰੱਤੀ ਭਰ ਸਮਝ ਨਹੀਂ ਹੈ ਕਿ ਪ੍ਰਮਾਤਮਾ ਦਾ ਅੰਦਰ ਪ੍ਰਗਟ ਹੋਣਾ ਕੀ ਹੈ ਤੇ ਗੁਰਬਾਣੀ ਸੰਸਾਰ ਵਿੱਚ ਕਿਸ ਤਰੀਕੇ ਆਈ ਹੈ। ਜਿਸ ਨੂੰ ਪ੍ਰਮਾਤਮਾ ਭਗਤੀ ਦੀ ਸੋਝੀ ਪਾ ਦਿੰਦਾ ਹੈ ਉਹ ਮਨੁੱਖ ਫਿਰ ਸਰੀਰਕ ਜਪ ਤਪ ਨੂੰ ਕਦੇ ਭਗਤੀ ਦਾ ਮਾਰਗ ਮੰਨ ਹੀ ਨਹੀਂ ਸਕਦਾ ਕਿਉਂਕਿ ਇਹ ਭਗਤੀ ਦੇ ਮੂਲ ਰੂਪ ਤੋਂ ਹੀ ਉਲਟ ਹੈ, ਗੁਰੂ ਦੇ ਉਪਦੇਸ਼ ਦੇ ਹੀ ਉਲਟ ਹੈ। ਆਉ ਇਸ ਗੱਲ ਨੂੰ ਅਕਾਲ ਪੁਰਖ ਰੂਪ ਨੌਵੀਂ ਪਾਤਸ਼ਾਹੀ ਜੀ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਆਪਣੇ ਮਨ ਵਿੱਚ ਸਦਾ ਲਈ ਇਸ ਭਰਮ ਨੂੰ ਦੂਰ ਕਰੀਏ ਕਿ ਸਾਡੇ ਜਪ ਤਪ ਪ੍ਰਮਾਤਮਾ ਦਾ ਭਜਨ ਕਰਨ ਦਾ ਤਰੀਕਾ ਨਹੀਂ ਹਨ।

ਸੋਰਠਿ ਮਹਲਾ ੯ ॥

{“ਮਨ ਰੇ ਗਹਿਓ ਨ ਗੁਰ ਉਪਦੇਸੁ ॥
ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥
ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥੧॥
ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥
ਰਹਿਓ ਅਚੇਤੁ ਨ ਚੇਤਿਓ ਗੋਬਿੰਦ ਬਿਰਥਾ ਅਉਧ ਸਿਰਾਨੀ ॥
ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥੩॥੧੦॥”}

(ਅੰਗ 633)

ਉੱਪਰ ਸ਼ਬਦ ਰਾਹੀਂ ਵੀ ਭਗਤੀ ਦੇ ਦਿਖਾਵਿਆਂ ਦਾ ਖੰਡਨ ਹੀ ਕੀਤਾ ਹੋਇਆ ਹੈ ਤੇ ਭਗਤੀ ਕਰਨ ਦਾ ਅਸਲ ਤਰੀਕਾ ਮਾਇਆ ਮੋਹ ਨੂੰ ਤਿਆਗਣ ਦਾ ਦੱਸਿਆ ਹੋਇਆ ਹੈ। ਜੋ ਮਨੁੱਖ ਮਾਇਆ ਮੋਹ ਵਿੱਚ ਹੈ ਭਾਵ ਜੋ ਮਨੁੱਖ ਮਾੜੇ ਕਰਮ ਕਰਦਾ ਹੈ ਉਹਨਾਂ ਨੂੰ ਗੁਰੂ ਦੇ ਉਪਦੇਸ਼ ਤੋਂ ਸੱਖਣੇ ਦੱਸਿਆ ਹੈ। ਜੋ ਮਨੁੱਖ ਮਾਇਆ ਦੇ ਹੱਥਾਂ ਵਿੱਚ ਵਿਕਿਆ ਹੋਇਆ ਹੈ ਉਸ ਨੂੰ ਰਾਮ ਭਜਨ ਦੀ ਸਮਝ ਹੀ ਨਹੀਂ ਹੈ ਕਿਉਂਕਿ ਰਾਮ ਭਜਨ ਹੈ ਹੀ ਮਾਇਆ ਮੋਹ ਦਾ ਤਿਆਗ ਭਾਵ ਔਗੁਣਾਂ ਦਾ ਤਿਆਗ, ਮਨਮਤਿ ਦਾ ਤਿਆਗ, ਹਉਮੈ ਦਾ ਤਿਆਗ। (**ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥ ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥**) ਰਾਮ ਭਜਨ ਦਾ ਮਾਰਗ, ਵਾਹਿਗੁਰੂ ਨੂੰ ਭਜਨ ਦਾ ਮਾਰਗ ਵਾਹਿਗੁਰੂ ਦੇ ਦੱਸੇ ਹੋਏ ਮਨੋਰਥ ਨੂੰ ਸਮਝਣ ਦਾ ਹੈ ਭਾਵ ਉਸ ਦੇ "ਬਿਰਦੁ" ਨੂੰ ਪਛਾਨਣ ਦਾ ਹੈ ਭਾਵ ਉਸਦੀ ਸਮਝਾਈ ਹੋਈ ਮਤਿ ਦੀ ਅਸਲੀਅਤ ਨੂੰ ਸਮਝਣ ਦਾ ਹੈ। ਪੂਰੀ ਗੁਰਬਾਣੀ ਰਾਹੀਂ ਵਾਹਿਗੁਰੂ ਨੇ ਆਪਣਾ "ਬਿਰਦੁ" ਹੀ ਸਮਝਾਇਆ ਹੈ, ਪ੍ਰਮਾਤਮਾ ਦੀ ਭਗਤੀ ਕਰਨ ਦਾ ਤੱਤ ਸਾਰ ਹੀ ਸਮਝਾਇਆ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ। ਪ੍ਰਮਾਤਮਾ ਦੇ ਇਸ "ਬਿਰਦੁ" ਨੂੰ ਸਮਝਣ

31/3560

ਵਿੱਚ ਭਾਵ ਉਸਦੇ ਹੁਕਮ ਨੂੰ ਪਛਾਨਣ ਵਿੱਚ ਭਾਵ ਭਗਤੀ ਦੀ ਅਸਲੀਅਤ ਨੂੰ ਸਮਝਣ ਵਿੱਚ ਹਰ ਕੋਈ ਭੁੱਲਿਆ ਹੋਇਆ ਹੈ ਤੇ ਉਹੋ ਜਿਹੇ ਭਗਤੀ ਦੇ ਤਰੀਕਿਆਂ ਵਿੱਚ ਲੱਗਿਆ ਹੋਇਆ ਹੈ ਜਿੰਨ੍ਹਾਂ ਵਿੱਚ ਗੁਰੂ ਦਾ ਉਪਦੇਸ਼ ਨਹੀਂ ਹੈ ਤੇ ਕੇਵਲ ਭਗਤੀ ਦਾ ਦਿਖਾਵਾ ਹੈ। (**ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥3॥10॥**) (**ਮਨ ਰੇ ਗਹਿਓ ਨ ਗੁਰ ਉਪਦੇਸੁ ॥ ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥1॥ ਰਹਾਉ ॥**)

ਜੋ ਪ੍ਰਮਾਤਮਾ ਦੇ "ਬਿਰਦੁ" ਨੂੰ ਪਹਿਚਾਨਦਾ ਹੈ ਭਾਵ ਉਸ ਦੀ ਮਤਿ ਨੂੰ ਸਮਝਕੇ ਉਸ ਅਨੁਸਾਰ ਵਿਚਰਨ ਦਾ ਉੱਦਮ ਕਰਦਾ ਹੈ ਫਿਰ ਪ੍ਰਮਾਤਮਾ ਵੀ ਉਸ ਦੀ ਲਾਜ ਰੱਖਦਾ ਹੈ ਕਿਉਂਕਿ ਉਸ ਦੀ ਲਾਜ ਰੱਖਣਾ ਵੀ ਉਸ ਦਾ "ਬਿਰਦੁ" ਹੈ ਭਾਵ ਉਸ ਦੇ ਸੱਚ ਦਾ ਹਿੱਸਾ ਹੈ। ਉਹ ਆਪਣੇ ਸੱਚ ਦੀ ਆਪ ਰੱਖਿਆ ਕਰਦਾ ਹੈ ਤੇ ਸੱਚੇ ਬਣਨ ਦਾ ਉੱਦਮ ਉਸ ਨੇ ਸਾਡੇ ਸਿਰ ਰੱਖਿਆ ਹੋਇਆ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

"ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥
ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥"

(ਅੰਗ 1246)

ਇਹਨਾਂ ਉੱਪਰ ਵਾਲੀਆਂ ਪੰਗਤੀਆਂ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਹੀ ਜਾਣ ਚੁੱਕੇ ਹਾਂ। ਗੁਰੂ ਪ੍ਰਮਾਤਮਾ ਨੇ ਜੋ ਵੀ ਸ਼ਬਦ ਉਚਾਰਿਆ ਹੈ ਉਸ ਰਾਹੀਂ ਪ੍ਰਮਾਤਮਾ ਨੇ ਆਪਣਾ ਬਿਰਦ ਹੀ ਸਮਝਾਇਆ ਹੈ ਭਾਵ ਮਨੋਰਥ ਹੀ ਸਮਝਾਇਆ ਹੈ ਜੋ ਸਾਡੇ ਲਈ ਉਸ ਦੀ ਮਤਿ ਹੈ। ਸ਼ਬਦ ਰਾਹੀਂ ਗੁਰੂ ਸਾਨੂੰ ਗੁਣਾਂ ਤੇ ਚੱਲਣ ਲਈ ਹੀ ਸਮਝਾਉਂਦਾ ਹੈ ਭਾਵ ਔਗੁਣ ਛੱਡਕੇ ਸੱਚੇ ਸੁੱਚੇ ਕਰਮ ਕਰਨੇ ਹੀ ਸਮਝਾਉਂਦਾ ਹੈ ਪਰ ਮਨ ਦੇ ਅੰਧੇ, ਨਾ ਸਮਝ ਮਤਿ ਵਾਲੇ ਅੱਖਰਾਂ ਦੁਆਰਾ ਦਿੱਤੀ ਹੋਈ ਮਤਿ ਨੂੰ ਸਮਝਣ ਦੀ ਬਜਾਇ ਭਾਵ ਉਸ ਦੇ ਅੰਦਰ ਦੇ ਭੇਤ ਨੂੰ ਸਮਝਣ ਦੀ ਬਜਾਇ ਕੇਵਲ ਅੱਖਰਾਂ ਨੂੰ ਹੀ ਰਟੀ ਜਾਂਦੇ ਹਨ, ਕਿਸੇ ਅੱਖਰ ਨੂੰ ਹੀ ਜਪੀ ਜਾਂਦੇ ਹਨ ਭਾਵ ਉਹ ਸ਼ਬਦ ਦੇ ਮਨੋਰਥ ਨੂੰ ਨਹੀਂ ਸਮਝਦੇ ਭਾਵ ਗੁਣ ਲੈਣ ਦੀ ਬਜਾਇ ਕੇਵਲ ਅੱਖਰਾਂ ਦੇ ਜਪ ਨੂੰ ਹੀ ਆਪਣਾ ਗੁਣ ਸਮਝਦੇ ਹਨ ਜਿਸ ਉੱਤੇ ਉਹ ਮਾਣ ਕਰਦੇ ਹਨ, ਗਰਬੁ ਕਰਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਹਰ ਕੋਈ ਇਹੋ ਜਿਹੀ ਭਗਤੀ ਵਿੱਚ ਹੀ ਲੱਗਾ ਹੋਇਆ ਹੈ ਤੇ ਇਸੇ ਗੱਲ ਦਾ ਹੀ ਪ੍ਰਚਾਰ ਕੀਤਾ ਜਾਂਦਾ ਹੈ। ਇਹ ਝੂਠਾ ਗਰਭ, ਝੂਠਾ ਮਾਣ ਕਰਨ ਵਾਲੀ ਗੱਲ ਹੈ ਜਿਸ ਲਈ ਗੁਰੂ ਪ੍ਰਮਾਤਮਾ ਨੇ ਉਹਨਾਂ ਲਈ ਮਾੜੇ ਸ਼ਬਦਾਂ ਦੀ ਵਰਤੋਂ

ਕੀਤੀ ਹੈ ਭਾਵ ਉਹਨਾਂ ਨੂੰ ਅਸਲ ਖਰ ਕਿਹਾ ਹੈ, ਮਨ ਦੇ ਅੰਧੇ ਕਿਹਾ ਹੈ, ਕਰੂਪ ਕਿਹਾ ਹੈ ਭਾਵ ਅਤਿ ਦੇ ਅਗਿਆਨੀ ਕਿਹਾ ਹੈ ਤੇ ਉਹਨਾਂ ਨੂੰ ਅੱਖਰਾਂ ਦੇ ਅਸਲ ਮਕਸਦ ਸਮਝਣ ਲਈ ਪ੍ਰੇਰਿਆ ਹੈ ਤੇ ਝੂਠਾ ਮਾਣ ਛੱਡਣ ਲਈ ਪ੍ਰੇਰਿਆ ਹੈ ਤਾਂ ਜੋ ਉਹ ਆਪ ਇਸ ਗੱਲ ਤੋਂ ਬਚਣ ਭਾਵ ਆਪ ਭਰਮ ਵਿੱਚੋਂ ਨਿਕਲਣ ਤੇ ਦੂਸਰਿਆਂ ਨੂੰ ਭਰਮ ਵਿੱਚ ਨਾ ਪਾਉਣ, ਆਪ ਝੂਠੀ ਭਗਤੀ ਤੋਂ ਬਚਣ ਤੇ ਦੂਸਰਿਆਂ ਨੂੰ ਝੂਠੀ ਭਗਤੀ ਨਾਲ ਨਾ ਜੋੜਨ। ਆਪ ਗੁਰੂ ਦੇ ਸਮਝਾਏ ਹੋਏ ਬਿਰਦੁ ਨੂੰ ਸਮਝਣ ਤੇ ਦੂਸਰਿਆਂ ਨੂੰ ਸਹੀ ਮਾਰਗ ਸਮਝਾਉਣ। (**ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥ ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥ ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥2॥**) ਸਾਡੇ ਅੰਦਰ ਦੀ ਅਨ੍ਹੀ ਮਤਿ ਭਾਵ ਪੁੱਠੀ ਮਤਿ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ ਭਗਤੀ ਦਾ ਮੂਲ ਭਰਮ ਵਿੱਚੋਂ ਨਿਕਲਕੇ, ਭਗਤੀ ਨੂੰ ਸਮਝਕੇ ਉਸ ਅਨੁਸਾਰ ਵਿਚਰਨ ਦਾ ਹੈ ਤੇ ਇਹੀ ਪੂਰੀ ਗੁਰਬਾਣੀ ਦਾ ਮਕਸਦ ਹੈ ਕਿ ਅਸੀਂ ਭਗਤੀ ਦੇ ਮਾਰਗ ਤੇ ਚੱਲੀਏ ਭਾਵ ਨਾਮ ਜਪੀਏ। ਜਿੱਥੇ ਔਗੁਣ ਹਨ ਨਾਂ ਉੱਥੇ ਨਾਮ ਹੈ, ਨਾ ਉੱਥੇ ਭਗਤੀ ਹੈ ਪਰ ਫਿਰ ਵੀ ਹਰ ਕੋਈ ਆਪਣੇ ਆਪ ਨੂੰ ਬਾਹਰੀ ਦਿਖਾਵਿਆਂ ਦੁਆਰਾ ਭਗਤੀ ਵਾਲਾ ਬਣਾਈ ਬੈਠਾ ਹੈ, ਨਾਮ ਰਸੀਆ ਬਣਾਈ ਬੈਠਾ ਹੈ ਤੇ ਆਪਣੇ ਆਪ ਨੂੰ ਉਜਲੇ ਮੁੱਖ ਵਾਲਾ ਸਮਝੀ ਬੈਠਾ ਹੈ। ਨਾਮ ਜਪਣ ਵਾਲੇ ਕਿਹੋ ਜਿਹੇ ਹੁੰਦੇ ਹਨ, ਉਜਲੇ ਮੁੱਖ ਵਾਲੇ ਕਿਹੋ ਜਿਹੇ ਹੁੰਦੇ ਹਨ ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ, ਗੁਰੂ ਪ੍ਰਮਾਤਮਾ ਦੀ ਗੱਲ ਤੇ ਵਿਸ਼ਵਾਸ ਕਰਕੇ ਸਮਝੀਏ ।

ਪਉੜੀ ॥

“ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥
ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥
ਅੰਤਰਜਾਮੀ ਅਗਮ ਪੁਰਖੁ ਇਕ ਦ੍ਰਿਸਟਿ ਦਿਖਾਏ ॥
ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥
ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ ॥
ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥
ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥
ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥21॥”

(ਅੰਗ 966)

ਸਾਡਾ “ਜਪੁ ਤਪੁ ਸੰਜਮੁ” ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਇਹ ਸਾਡੇ ਅੰਦਰ “ਦਇਆ ਧਰਮੁ” ਵਾਲੀ ਬਿਰਤੀ ਹੈ ਭਾਵ ਸਾਡੇ ਮਨ ਦੀ ਸੋਝੀ ਹੈ ਜਿਸ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ ਭਾਵ ਧਰਮ ਵਾਲੇ ਕਰਮ ਕਰਦੇ ਹਾਂ, ਦਇਆ ਵਾਲੇ ਕਰਮ ਕਰਦੇ ਹਾਂ ਭਾਵ ਕਿਸੇ ਦਾ ਮਾੜਾ ਨਹੀਂ ਕਰਦੇ। ਜਿਸ ਨੂੰ ਪ੍ਰਮਾਤਮਾ ਇਹੋ ਜਿਹੀ ਸੋਝੀ ਪਾਉਂਦਾ ਹੈ ਉਹੀ ਆਪਣੇ ਚੰਗੇ ਕਰਮਾਂ ਦੁਆਰਾ, ਚੰਗੀ ਸੰਸਾਰਿਕ ਵਿਚਰਨ ਦੁਆਰਾ “ਜਪੁ ਤਪੁ ਸੰਜਮੁ” ਕਮਾਉਂਦਾ ਹੈ। ਇਹੋ ਜਿਹਾ

ਜਪੁ ਤਪੁ ਮਨੁੱਖ ਤਾਂ ਹੀ ਕਰ ਸਕਦਾ ਹੈ ਜਦੋਂ ਉਸਦੇ ਅੰਦਰੋਂ ਤ੍ਰਿਸ਼ਨਾ ਬੁਝੀ ਹੋਵੇ ਭਾਵ ਮਨੁੱਖ ਮਾਇਆ ਮੋਹ ਵਿੱਚੋਂ ਨਿਕਲਿਆ ਹੋਵੇ। ਜਿਸ ਦੀ ਪ੍ਰਮਾਤਮਾ ਇਹ ਤ੍ਰਿਸਨਾ ਰੂਪ ਅਗਨਿ ਬੁਝਾਉਂਦਾ ਹੈ ਉਸ ਨੂੰ ਮਨ ਦੇ ਵਿੱਚ ਸੱਚੀ ਸੋਝੀ ਹੀ ਪਾਉਂਦਾ ਹੈ। ਸਾਡਾ ਇਹੋ ਜਿਹਾ ਜਪ ਤਪ ਨਾਮ ਧਿਆਉਣਾ ਹੈ ਜਿਸ ਵਿੱਚ ਮਨ ਦਾ ਸੰਜਮੁ ਹੈ ਭਾਵ ਜਦੋਂ ਮਨੁੱਖ ਆਪਣੇ ਔਗੁਣਾਂ ਨੂੰ ਸੰਜਮੁ ਵਿੱਚ ਰੱਖਦਾ ਹੈ ਤੇ ਤਾਂ ਹੀ ਸਾਡੇ ਅੰਦਰ ਦਇਆ ਧਰਮ ਵਾਲੀ ਬਿਰਤੀ ਬਣਦੀ ਹੈ। (**ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥ ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥**) ਬਾਣੀ ਸਾਨੂੰ ਵਾਰ-ਵਾਰ ਇਹੋ ਜਿਹਾ ਜਪੁ ਤਪੁ ਸੰਜਮੁ ਕਰਨਾ ਸਮਝਾ ਰਹੀ ਹੈ, ਇਹੋ ਜਿਹਾ ਨਾਮ ਧਿਆਉਣਾ ਸਮਝਾ ਰਹੀ ਹੈ ਜਦੋਂ ਮਨੁੱਖ ਦੀ ਤ੍ਰਿਸ਼ਨਾ ਮੁੱਕ ਜਾਵੇ ਭਾਵ ਮਨੁੱਖ ਧਰਮ ਵਾਲੇ ਕਰਮ ਤ੍ਰਿਸ਼ਨਾ ਮੁਕਤਿ ਹੋ ਕੇ ਹੀ ਕਰ ਸਕਦਾ ਹੈ, ਮਨ ਦੇ ਸੰਤੋਖ ਦੁਆਰਾ ਹੀ ਕਰ ਸਕਦਾ ਹੈ, ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਮੁਕਤਿ ਹੋ ਕੇ ਹੀ ਕਰ ਸਕਦਾ ਹੈ। ਬਾਣੀ ਸਾਨੂੰ ਵਾਰ ਵਾਰ ਇਸੇ ਲਈ ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣਾ ਸਿਖਾ ਰਹੀ ਹੈ ਕਿਉਂਕਿ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ। ਇਹ ਜਪੁ ਤਪੁ ਸਾਡੇ ਮਨ ਨੇ ਕਰਨਾ ਹੈ ਨਾ ਕਿ ਸਾਡੇ ਸਰੀਰ ਨੇ ਕੋਈ ਸਮਾਧੀਆਂ ਲਗਾਉਣ ਦੁਆਰਾ ਕਰਨਾ ਹੈ ਜਿਹੋ ਜਿਹੇ ਭਰਮ ਵਿੱਚ ਹਰ ਕੋਈ ਤੁਰਿਆ ਫਿਰਦਾ ਹੈ।

{ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥

ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥}

(ਅੰਗ 12)

ਜਦ ਤੱਕ ਸਾਡੇ ਉੱਤੇ ਮਾਇਆ ਦਾ ਰੰਗ ਚੜ੍ਹਿਆ ਹੋਇਆ ਹੈ, ਮਾਇਆ ਦੀਆਂ ਤ੍ਰਿਸ਼ਨਾਵਾਂ ਦਾ ਰੰਗ ਚੜ੍ਹਿਆ ਹੋਇਆ ਹੈ ਤਦ ਤੱਕ ਅਸੀਂ ਜਪੁ ਤਪੁ ਸੰਜਮੁ ਧਰਮੁ ਨਹੀਂ ਕਮਾ ਸਕਦੇ ਭਾਵ ਗੁਰੂ ਪ੍ਰਮਾਤਮਾ ਦੀ ਸੇਵਾ ਵਿੱਚ ਨਹੀਂ ਲੱਗ ਸਕਦੇ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਅਸੀਂ ਨੀਚ ਕਰਮ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਕਿਉਂਕਿ ਚੰਗੇ ਕਰਮ ਕਰਨੇ ਹੀ ਪ੍ਰਮਾਤਮਾ ਦਾ ਜਪੁ ਤਪੁ ਸੰਜਮੁ ਹੈ, ਸਾਧ ਦੀ ਸੇਵਾ ਭਾਵ ਗੁਰੂ ਪ੍ਰਮਾਤਮਾ ਦੀ ਸੇਵਾ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਅਸੀਂ ਮਨਮਤਿ ਦੀ ਸ਼ਰਨ ਵਿੱਚ ਹਾਂ, ਹਉਮੈ ਦੀ ਸ਼ਰਨ ਵਿੱਚ ਹਾਂ ਜਿਸ ਬਿਰਤੀ ਵਿੱਚ ਰਹਿੰਦੇ ਹੋਏ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਲਾਜ ਨਹੀਂ ਮਿਲਦੀ, ਪਤਿ ਨਹੀਂ ਮਿਲਦੀ।

31/3562

ਪਤਿ ਗੁਰੂ ਦੀ ਸ਼ਰਨ ਵਿੱਚ ਭਾਵ ਗੁਰਮਤਿ ਦੀ ਸ਼ਰਨ ਵਿੱਚ ਆ ਕੇ ਮਿਲਦੀ ਹੈ, ਮਾਇਆ ਮੋਹ ਵਿੱਚੋਂ ਨਿਕਲਕੇ ਮਿਲਦੀ ਹੈ। ਸਾਡੇ ਮਾੜੇ ਕਰਮਾਂ ਦੁਆਰਾ ਸਾਡੀ ਪਤਿ ਲਹਿੰਦੀ ਹੈ ਤੇ ਚੰਗੇ ਕਰਮ ਕਰਨ ਦੁਆਰਾ ਪਤਿ ਪੈਂਦੀ ਹੈ। ਜੋ ਗੁਰਮਤਿ ਦੀ ਸ਼ਰਨ ਵਿੱਚ ਆਉਂਦਾ ਹੈ ਉਹ ਫਿਰ ਨੀਚ ਕਰਮ ਨਹੀਂ ਕਰਦਾ, ਚੰਗੇ ਤੇ ਸੱਚੇ ਸੁੱਚੇ ਕਰਮ ਹੀ ਕਰਦਾ ਹੈ, ਦਇਆ ਧਰਮ ਵਾਲੇ ਕਰਮ ਹੀ ਕਰਦਾ ਹੈ ਭਾਵ ਔਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਦਾ ਹੈ ਜੋ ਕਿ ਪ੍ਰਮਾਤਮਾ ਦਾ ਸੱਚਾ ਜਪੁ ਤਪੁ ਹੈ, ਉਸ ਦਾ ਨਾਮ ਧਿਆਉਣਾ ਹੈ।

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥1॥ ਰਹਾਉ ॥}

(ਅੰਗ 56)

{ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥}

(ਅੰਗ 93)

{ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥}

(ਅੰਗ 1005)

{ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ ॥
ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ ॥2॥}

(ਅੰਗ 1207)

{ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ ॥
ਚਰਨ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥2॥}

(ਅੰਗ 1222)

{ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥12॥}

(ਅੰਗ 1060)

{ਜਪ ਤਪ ਸੰਜਮ ਸੁਚਿ ਹੈ ਸੋਈ ਆਪੇ ਕਰੇ ਕਰਾਈ ॥13॥
ਪੁਤ੍ਰ ਕਲਤ੍ਰ ਮਹਾ ਬਿਖਿਆ ਮਹਿ ਗੁਰਿ ਸਾਚੈ ਲਾਇ ਤਰਾਈ ॥14॥}

(ਅੰਗ 915)

31/3563

{ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ ॥
ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪ੍ਰਸਾਦਿ ॥2॥}

(ਅੰਗ 954)

{ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ ॥ ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥2॥}

(ਅੰਗ 815)

{ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥ ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥}

(ਅੰਗ 967)

{ਸਗਲੇ ਜੰਤ ਭਜਹੁ ਗੋਪਾਲੈ ॥ ਜਪ ਤਪ ਸੰਜਮ ਪੂਰਨ ਘਾਲੈ ॥}

(ਅੰਗ 1312)

ਜਿਸ ਤਰੀਕੇ ਬਾਣੀ ਸਾਨੂੰ ਇਹ ਸਮਝਾ ਰਹੀ ਹੈ ਕਿ ਹਰਿ ਹਰਿ ਜਪੋ, ਰਾਮ ਰਾਮ ਜਪੋ ਤੇ ਨਾਲ ਹੀ ਬਾਣੀ ਕਹਿ ਰਹੀ ਹੈ ਕਿ ਹਰਿ ਹਰਿ ਕਰਨ ਦਾ, ਰਾਮ ਰਾਮ ਕਰਨ ਦਾ ਕੋਈ ਲਾਭ ਨਹੀਂ ਹੈ ਉਹੀ ਗੱਲ ਜਪ ਤਪ ਸੰਜਮ ਦੀ ਹੈ। ਜਿਵੇਂ ਕਿ ਅਸੀਂ ਉਪਰਲੀਆਂ ਪੰਗਤੀਆਂ ਰਾਹੀਂ ਸਮਝ ਸਕਦੇ ਹਾਂ ਸਾਨੂੰ ਜਪ ਤਪ ਸੰਜਮ ਕਰਨ ਲਈ ਪ੍ਰੇਰਿਆ ਵੀ ਹੈ ਤੇ ਨਾਲ ਹੀ ਜਪ ਤਪ ਸੰਜਮ ਛੱਡਣ ਲਈ ਵੀ ਸਮਝਾਇਆ ਹੋਇਆ ਹੈ। ਗੱਲ ਕੇਵਲ ਸ਼ਬਦ ਦੇ ਭਾਵ ਨੂੰ ਸਮਝਣ ਦੀ ਹੈ, ਗੁਰੂ ਦੇ ਬਿਰਦ ਨੂੰ ਸਮਝਣ ਦੀ ਹੈ। ਅਸੀਂ ਸਭ ਕੁੱਝ ਆਪਣੀ ਕਥਨੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ, ਸਰੀਰਕ ਕਿਰਿਆਵਾਂ ਨਾਲ ਜੋੜਿਆ ਹੋਇਆ ਹੈ ਜਦ ਕਿ ਸਾਰੀ ਗੱਲ ਮਨ ਨੂੰ ਸਮਝਾਉਣ ਦੀ ਹੈ ਭਾਵ ਮਨ ਨੂੰ ਸੁੱਚਾ ਬਣਾਉਣ ਦੀ ਹੈ, ਮਨ ਨੂੰ ਮਾਇਆ ਮੋਹ ਤੋਂ ਰਹਿਤ ਕਰਨ ਦੀ ਹੈ ਜੋ ਸਾਡਾ ਅਸਲ ਹਰਿ ਹਰਿ ਕਰਨਾ ਹੈ, ਰਾਮ ਰਾਮ ਕਰਨਾ ਹੈ, ਜਪ ਤਪ ਕਰਨਾ ਹੈ, ਸੰਜਮ ਵਿੱਚ ਰਹਿਣਾ ਹੈ, ਪ੍ਰਮਾਤਮਾ ਦਾ ਨਾਮ ਜਪਣਾ ਹੈ। ਸਾਰੀ ਗੱਲ ਮਨ ਦੇ ਭਰਮ ਵਿੱਚੋਂ ਨਿਕਲਣ ਦੀ ਹੈ। ਮੁੱਖ ਸ਼ਬਦ ਰਾਹੀਂ ਸਾਨੂੰ ਇਹੋ ਜਿਹਾ ਜਪ ਤਪ ਸੰਜਮ ਹੀ ਸਮਝਾਇਆ ਹੈ ਜੋ ਕਿ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਹੀ ਹੁੰਦਾ ਹੈ (**ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥ ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥**)

ਮਨ ਦੀ ਇਹ ਅਵੱਸਥਾ ਕਿਸੇ ਨੂੰ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ, ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਬਖਸ਼ਦਾ ਹੈ ਜਿਸ ਦੁਆਰਾ ਉਸ ਦੇ ਨਾਲ ਮੇਲ ਹੁੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ।

“ਅੰਤਰਜਾਮੀ ਅਗਮ ਪੁਰਖੁ ਇਕ ਦ੍ਰਿਸਟਿ ਦਿਖਾਏ ॥
ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥”

31/3564

ਮਨ ਦੇ ਵਿੱਚ ਪ੍ਰਮਾਤਮਾ ਦਾ ਪ੍ਰਗਟ ਹੋਣਾ ਹੀ ਉਸ ਦੇ ਨਾਲ ਸਾਧਸੰਗਤਿ ਹੈ ਜਿਸ ਸੰਗਤਿ ਰਾਹੀਂ ਪ੍ਰਮਾਤਮਾ ਸਾਨੂੰ ਆਪਣੇ ਰੰਗ ਵਿੱਚ ਰੰਗਦਾ ਹੈ, ਸੱਚੇ ਗਿਆਨ ਦੇ ਰੰਗ ਵਿੱਚ ਰੰਗਦਾ ਹੈ, ਸੱਚੀ ਗੁਰਮਤਿ ਦੇ ਰੰਗ ਵਿੱਚ ਰੰਗਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ, ਵਿਕਾਰਾਂ ਵਿੱਚੋਂ ਕੱਢਦਾ ਹੈ, ਅਗਿਆਨਤਾ ਵਿੱਚੋਂ ਕੱਢਦਾ ਹੈ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਲ “ਇਕ ਦ੍ਰਿਸਟਿ” ਹੋ ਜਾਂਦਾ ਹੈ ਭਾਵ ਉਸਦੇ ਗਿਆਨ ਵਾਲਾ ਹੋ ਜਾਂਦਾ ਹੈ, ਉਸ ਦੀ ਸੋਝੀ ਵਾਲਾ ਹੋ ਜਾਂਦਾ ਹੈ ਭਾਵ ਇੱਕ ਸੋਚ ਵਾਲਾ ਹੋ ਜਾਂਦਾ ਹੈ ਭਾਵ ਮਨੁੱਖ ਦੁਚਿੱਤੀ ਵਾਲੀ, ਦੁਬਿਧਾ ਵਾਲੀ, ਅਨੇਕਾਂ ਸੋਚਾਂ

ਵਾਲੀ ਬਿਰਤੀ ਵਿੱਚੋਂ ਨਿਕਲਕੇ ਪ੍ਰਮਾਤਮਾ ਨੂੰ ਜਾਨਣ ਵਿੱਚ ਇੱਕ ਸੋਚ ਵਾਲਾ ਬਣ ਜਾਂਦਾ ਹੈ ਜਿਸ ਰਾਹੀਂ ਫਿਰ ਮਨੁੱਖ ਨੂੰ ਆਪਣੇ ਅੰਦਰ ਤੇ ਸਭ ਦੇ ਅੰਦਰ ਫਿਰ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਆਪ ਦਿਖਾਉਂਦਾ ਹੈ ਉਸ ਨੂੰ ਆਪਣੇ ਨਾਲ "ਇਕ ਦ੍ਰਿਸਟਿ" ਹੀ ਕਰਦਾ ਹੈ। ਗੁਰੂ ਨੂੰ ਇਸੇ ਲਈ ਸਾਰਿਆਂ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ਜਿਸ ਨੂੰ ਪ੍ਰਮਾਤਮਾ ਨੇ ਆਪਣੀ ਮਤਿ ਸੌਂਪੀ ਹੋਈ ਹੈ, ਆਪਣੀ ਸੋਚ ਸੌਂਪੀ ਹੋਈ ਹੈ ਜਿਸ ਰਾਹੀਂ ਗੁਰੂ ਪ੍ਰਮਾਤਮਾ ਦੇ ਨਾਲ ਇੱਕ ਹੈ ਤੇ ਉਸ ਦਾ ਪ੍ਰਮਾਤਮਾ ਦੇ ਨਾਲ ਰੰਗ ਲੱਗਾ ਹੋਇਆ ਹੈ। (**ਅੰਤਰਜਾਮੀ ਅਗਮ ਪੁਰਖੁ ਇਕ ਦ੍ਰਿਸਟਿ ਦਿਖਾਏ ॥ ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥**)

ਜਿਸ ਨੂੰ ਪ੍ਰਮਾਤਮਾ ਆਪਣੀ ਸਾਧਸੰਗਤਿ ਬਖਸ਼ਦਾ ਹੈ, ਜਿਸ ਦੀ ਤ੍ਰਿਸ਼ਨਾ ਬੁਝਾਉਂਦਾ ਹੈ ਉਹ ਕਿਸ ਰੂਪ ਵਿੱਚ ਬੁਝਾਉਂਦਾ ਹੈ, ਕਿਵੇਂ ਬੁਝਾਉਂਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ ॥
ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥
ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥
ਨਾਨਕ ਬਖਸਿ ਮਿਲਾਇਆਨੁ ਰਖੇ ਗਲਿ ਲਾਏ ॥21॥"

ਜਿਸ ਨੂੰ ਪ੍ਰਮਾਤਮਾ ਆਪਣੇ ਰੰਗ ਵਿੱਚ ਰੰਗਦਾ ਹੈ ਭਾਵ ਜਿਸ ਤੇ ਆਪਣਾ ਲਾਲ ਰੰਗ ਚੜਾਉਂਦਾ ਹੈ, ਪੱਕਾ ਰੰਗ ਚੜਾਉਂਦਾ ਹੈ ਇਹ ਉਸ ਦੀ ਸੱਚੀ ਮਤਿ ਦਾ ਰੰਗ ਹੈ, ਪੂਰਨ ਸੱਚ ਵਾਲੀ ਸੋਝੀ ਦਾ ਰੰਗ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਮਨ ਦੇ ਵਿੱਚ ਹੀ ਆਪਣੇ ਗੁਣਾਂ ਨਾਲ ਰੰਗਦਾ ਹੈ। ਗੁਣਾਂ ਦਾ ਰੰਗ ਤਾਂ ਹੀ ਚੜ੍ਹਦਾ ਹੈ ਜਦੋਂ ਔਗੁਣਾਂ ਦਾ ਰੰਗ ਉਤਰ ਜਾਂਦਾ ਹੈ, ਮਾਇਆ ਮੋਹ ਦਾ ਰੰਗ ਉਤਰ ਜਾਂਦਾ ਹੈ, ਮਨਮਤਿ ਦਾ, ਦੁਰਮਤਿ ਦਾ ਰੰਗ ਉਤਰ ਜਾਂਦਾ ਹੈ ਜੋ ਕਿ ਪ੍ਰਮਾਤਮਾ ਮਨ ਦੀ ਸੋਝੀ ਰਾਹੀਂ ਹੀ ਉਤਾਰਦਾ ਹੈ ਜਿਸ ਦੁਆਰਾ ਮਨੁੱਖ ਔਗੁਣਾ ਤੋਂ ਮੁਕਤਿ ਹੁੰਦਾ ਹੈ। ਜੋ ਪ੍ਰਮਾਤਮਾ ਮਨ ਦੀ ਸੱਚੀ ਸੋਝੀ ਰਾਹੀਂ ਸਮਝਾਉਂਦਾ ਹੈ ਉਸ ਵਿੱਚ ਗੁਣ ਹੈ ਤੇ ਜੋ ਉਸ ਦੀ ਸੱਚੀ ਮਤਿ ਅਨੁਸਾਰ ਨਹੀਂ ਹੈ ਉਹ ਸਾਡਾ ਔਗੁਣ ਹੈ, ਸਾਡੀ ਅਗਿਆਨਤਾ ਹੈ। ਜਿਸ ਸੋਝੀ ਵਿੱਚ ਪੂਰਨ ਗੁਰਮਤਿ ਹੈ ਉਹ ਨਾਮ ਹੈ

31/3565

ਜਿਸ ਦਾ ਮਕਸਦ ਸਾਡੇ ਅੰਦਰ ਗੁਣ ਵਸਾ ਕੇ ਔਗੁਣ ਕੱਢਣ ਦਾ ਹੈ। ਨਾਮ ਵਾਲੀ ਸੱਚੀ ਮਤਿ ਦੁਆਰਾ ਅਸੀਂ ਔਗੁਣਾਂ ਵਾਲੀ ਮਾੜੀ ਮਤਿ ਤੋਂ ਤਰਨਾ ਹੈ ਤੇ ਇਹੀ ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ, ਭਉਜਲ ਸਾਗਰ ਤੋਂ ਤਰਨਾ ਹੈ। ਜਿਸ ਦਾ ਵੀ ਪ੍ਰਮਾਤਮਾ ਦੇ ਦਰਬਾਰ ਵਿੱਚ ਮੁੱਖ ਉਜਲਾ ਹੁੰਦਾ ਹੈ ਉਹ ਔਗੁਣਾਂ ਵਿੱਚ ਨਿਕਲਕੇ ਹੀ ਹੁੰਦਾ ਹੈ ਭਾਵ ਗੁਣਾਂ ਦੁਆਰਾ ਹੀ ਹੁੰਦਾ ਹੈ, ਨਾਮ ਦੁਆਰਾ ਹੀ ਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਜਨਮ ਮਰਨ ਦੇ ਭਉ ਵਿੱਚੋਂ ਕੱਢਦਾ ਹੈ, ਆਵਾਗਉਣ ਵਿੱਚੋਂ ਕੱਢਦਾ ਹੈ ਉਸ ਨੂੰ ਮਨ ਦੀ ਇਸ ਅਵੱਸਥਾ ਦੁਆਰਾ ਹੀ ਕੱਢਦਾ ਹੈ। (**ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ । ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥**) ਸਾਡੇ ਅੰਦਰ ਗੁਣਾਂ ਵਾਲੀ ਬਿਰਤੀ ਦੁਆਰਾ ਸਾਡਾ ਪ੍ਰਮਾਤਮਾ ਦੇ ਦਰ ਤੇ ਮੁੱਖ ਉਜਲਾ ਹੁੰਦਾ ਹੈ ਤੇ ਇਸ ਤੋਂ ਉਲਟ ਔਗੁਣਾਂ ਵਾਲੀ ਬਿਰਤੀ ਵਿੱਚ ਰਹਿਣ ਦੁਆਰਾ ਸਾਡਾ ਪ੍ਰਮਾਤਮਾ ਦੇ ਦਰ ਤੇ ਮੂੰਹ ਕਾਲਾ ਹੁੰਦਾ ਹੈ ਭਾਵ ਅਸੀਂ ਉਸ ਦੇ ਦਰ ਤੇ ਮਾੜੇ ਅਖਵਾਉਂਦੇ ਹਾਂ। ਪ੍ਰਮਾਤਮਾ ਦੇ ਦਰ ਤੇ ਚੰਗੇ ਜਾਂ ਮਾੜੇ ਬਣਨਾ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਔਗੁਣਾਂ ਵਾਲੀ ਬਿਰਤੀ ਵਿੱਚੋਂ ਕੱਢਦਾ ਹੈ ਉਸ ਨੂੰ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ ਤੇ ਤਾਂ ਹੀ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ, ਆਪਣੀ ਸੱਚੀ ਮਤਿ ਦੇ ਨਾਲ ਜੋੜਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥ ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥21॥"

ਹਰ ਕਿਸੇ ਨੂੰ ਪ੍ਰਮਾਤਮਾ ਨੇ ਮਨ ਦੇ ਹਨ੍ਹੇਰੇ ਵਾਲੀ ਮਤਿ ਵਿੱਚ ਹੀ ਰੱਖਿਆ ਹੋਇਆ ਹੈ ਜੋ ਸਭ ਦੇ ਅੰਦਰ ਇੱਕ ਹਨ੍ਹੇਰੇ ਖੂਹ ਦੀ ਤਰ੍ਹਾਂ ਹੈ ਜਿਸ ਵਿੱਚ ਰਹਿੰਦੇ ਹੋਏ ਸਾਨੂੰ ਉਸ ਵਿੱਚੋਂ ਨਿਕਲਣ ਦਾ ਰਸਤਾ ਸਮਝ ਨਹੀਂ ਆਉਂਦਾ ਤੇ ਹਰ ਕੋਈ ਬੇਵਸੀ ਵਿੱਚ ਹੀ ਉਸ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰਦਾ ਹੈ। ਮਨ ਦੇ ਇਸ ਹਨ੍ਹੇਰੇ ਖੂਹ ਵਿੱਚੋਂ ਨਿਕਲੇ ਬਿਨ੍ਹਾਂ, ਅਗਿਆਨਤਾ ਨਾਲ ਭਰੇ, ਭਰਮ ਨਾਲ ਭਰੇ ਹੋਏ ਵਿਚਾਰਾਂ ਦੇ ਖੂਹ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਜਾਣਦਾ ਕਿ ਉਹ ਕੀ ਹੈ।

ਜਿਵੇਂ ਕੋਈ ਦੁਨਿਆਵੀ ਡੂੰਘੇ ਖੂਹ ਵਿੱਚ ਫਸਿਆ ਹੋਵੇ ਤਾਂ ਉਸ ਵਿੱਚੋਂ ਕੱਢਣ ਲਈ ਬਾਹਰੋਂ ਕੋਈ ਰੱਸੇ, ਸੰਗਲ ਆਦਿ ਲਮਕਾਉਂਦਾ ਹੈ ਤਾਂ ਜੋ ਉਸ ਨੂੰ ਕੋਈ ਫੜੇ ਤਾਂ ਉਹਨਾਂ ਨੂੰ ਬਾਹਰ ਖਿੱਚਿਆ ਜਾ ਸਕੇ। ਇਸੇ ਤਰ੍ਹਾਂ ਮਨ ਦੇ ਹਨ੍ਹੇਰੇ ਖੂਹ ਵਿੱਚੋਂ, ਅਗਿਆਨਤਾ ਵਾਲੇ ਵਿਚਾਰਾਂ ਦੇ ਖੂਹ ਵਿੱਚੋਂ, ਅਗਿਆਨਤਾ ਵਾਲੀ, ਤ੍ਰੈ ਗੁਣਾਂ ਵਾਲੀ, ਪੁੱਠੇ ਕਮਲ ਵਾਲੀ, ਮਨਮਤਿ ਵਾਲੀ ਮਤਿ ਦੇ ਖੂਹ ਵਿੱਚੋਂ ਨਿਕਲਣ

31/3566

ਦਾ ਸਾਧਨ ਗੁਰਮਤਿ ਰੂਪ ਵਿਚਾਰਾਂ ਦਾ ਲੜ ਹੈ, ਸ਼ਬਦ ਦੇ ਵਿਚਾਰਾਂ ਦਾ ਲੜ ਹੈ ਜੋ ਪ੍ਰਮਾਤਮਾ ਨੇ ਸਾਡੇ ਸਭ ਲਈ, ਸਾਰੇ ਸੰਸਾਰ ਲਈ ਗੁਰਬਾਣੀ ਦੀ ਸੱਚੀ ਮਤਿ ਰਾਹੀਂ ਲਟਕਾਇਆ ਹੋਇਆ ਹੈ ਜਿਸ ਨੂੰ ਫੜ ਕੇ ਅਸੀਂ ਮਨ ਦੇ ਹਨ੍ਹੇਰੇ ਖੂਹ ਵਿੱਚੋਂ ਬਾਹਰ ਨਿਕਲ ਸਕਦੇ ਹਾਂ ਤੇ ਸੱਚੇ ਗਿਆਨ ਦੇ ਪ੍ਰਕਾਸ਼ ਰੂਪ ਵਿਚਾਰਾਂ ਨਾਲ ਜੁੜ ਸਕਦੇ ਹਾਂ ਜਿੰਨ੍ਹਾਂ ਵਿਚਾਰਾਂ ਦੇ ਨਾਲ ਜੁੜਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਨ ਦੇ ਵਿੱਚ ਹੀ ਦਰਸ਼ਨ ਕਰ ਸਕਦੇ ਹਾਂ। ਸਾਡੇ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ, ਇਹ ਪ੍ਰਮਾਤਮਾ ਦੇ ਵੱਸ ਵਿੱਚ ਹਨ। ਇਹਨਾਂ ਵਿੱਚੋਂ ਨਿਕਲਣ ਦਾ ਭਾਵ ਮਨਮਤਿ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦਾ ਸਾਧਨ ਸਾਨੂੰ ਪੂਰੀ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਜਿਸ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ, ਹਨ੍ਹੇਰੇ ਖੂਹ ਵਿੱਚੋਂ ਕੱਢਣ ਦਾ ਹੀ ਹੈ। ਇਸ ਵਿੱਚੋਂ ਨਿਕਲਣ ਦਾ ਉੱਦਮ ਪ੍ਰਮਾਤਮਾ ਨੇ ਸਾਡੇ ਸਿਰ ਲਾਇਆ ਹੋਇਆ ਹੈ ਜੋ ਕਿ ਅਸੀਂ ਉਸ ਦਾ ਹੁਕਮ ਮੰਨ ਕੇ ਪੂਰਾ ਕਰਨਾ ਹੈ ਤੇ ਜਿਸ ਤੇ ਉਸ ਦੀ ਕਿਰਪਾ ਹੋ ਜਾਂਦੀ ਹੈ ਉਸ ਨੂੰ ਫਿਰ ਉਹ ਆਪਣਾ ਲੜ ਆਪ ਹੀ ਫੜਾਉਂਦਾ ਹੈ, ਸੱਚੇ ਗਿਆਨ ਦਾ ਲੜ, ਚਉਥੇ ਪਦ ਵਾਲੇ ਵਿਚਾਰਾਂ ਦਾ ਲੜ ਆਪ ਹੀ ਫੜਾਉਂਦਾ ਹੈ ਤੇ ਮਨੁੱਖ ਨੂੰ ਭਰਮ ਦੇ ਖੂਹ ਵਿੱਚੋਂ ਕੱਢ ਲੈਂਦਾ ਹੈ ਤੇ ਆਪਣੇ ਦਰਸ਼ਨ ਮਨ ਦੇ ਵਿੱਚੋਂ ਆਪ ਹੀ ਕਰਾਉਂਦਾ ਹੈ। ਇਹ ਕੇਵਲ ਉਸ ਦੀ ਆਪਣੀ ਬਖਸ਼ਿਸ਼ ਹੈ ਕਿ ਉਹ ਕਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ, ਕਿਸ ਨੂੰ ਆਪਣੇ ਗਲ ਨਾਲ ਲਗਾਉਂਦਾ ਹੈ। ਜਿਸ ਨੂੰ ਉਹ ਇੱਕ ਵਾਰ ਆਪਣੇ ਗਲ ਨਾਲ ਲਗਾ ਲੈਂਦਾ ਹੈ ਉਸ ਨੂੰ ਫਿਰ ਸਦਾ ਲਗਾਈ ਹੀ ਰੱਖਦਾ ਹੈ। ਜਿਸ ਨੂੰ ਇੱਕ ਵਾਰ ਭਰਮ ਤੋਂ ਮੁਕਤਿ ਕਰ ਦਿੰਦਾ ਹੈ ਉਹ ਫਿਰ ਸਦਾ ਭਰਮ ਤੋਂ ਮੁਕਤਿ ਹੀ ਰਹਿੰਦਾ ਹੈ। ਪੂਰੀ ਗੁਰਬਾਣੀ ਗਿਆਨ ਰੂਪ ਵਿੱਚ ਪ੍ਰਮਾਤਮਾ ਦੇ ਲੜ ਲੱਗੀ ਹੋਈ ਹੈ ਜੋ ਭਰਮ ਤੋਂ ਮੁਕਤਿ ਹੈ ਜਿਸ ਨੇ ਸਦਾ ਲਈ ਭਰਮ ਤੋਂ ਮੁਕਤਿ ਹੀ ਰਹਿਣਾ ਹੈ। ਜੇਕਰ ਅਸੀਂ ਗੁਰਬਾਣੀ ਦੇ ਲੜ ਲਗਾਂਗੇ ਭਾਵ ਜੇਕਰ ਗੁਰੂ ਦੀ ਸੱਚੀ ਮਤਿ ਨਾਲ ਜੁੜਾਂਗੇ ਭਾਵ ਜੇਕਰ ਗੁਰੂ ਦਾ ਲੜ ਫੜਾਂਗੇ ਉਹ ਸਾਨੂੰ ਭਰਮ ਵਿੱਚੋਂ ਮੁਕਤਿ ਕਰਕੇ ਪ੍ਰਮਾਤਮਾ ਦੇ ਦਰਸ਼ਨ ਕਰਵਾ ਸਕਦੀ ਹੈ ਤੇ ਜੇਕਰ ਲੜ ਉਹਨਾਂ ਦਾ ਫੜਿਆ ਹੋਇਆ ਹੈ ਜੋ ਆਪ ਭਰਮ ਦੇ ਭਰੇ ਹੋਏ ਹਨ ਫਿਰ ਨਾ ਹੀ ਅਸੀਂ ਕਦੇ ਹਨ੍ਹੇਰੇ ਖੂਹ ਵਿੱਚੋਂ ਨਿਕਲ ਸਕਦੇ ਹਾਂ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰ ਸਕਦੇ ਹਾਂ। (**ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥ ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥21॥**)

ਉੱਪਰ ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਹੀ ਦ੍ਰਿੜਿਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਵਿੱਚ ਦੂਰੀ ਸਾਡੇ ਮਨ ਦੀ ਅਗਿਆਨਤਾ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਨਾ ਸਾਨੂੰ ਇਹ ਸਮਝ ਲੱਗ ਸਕਦੀ ਹੈ ਕਿ ਪ੍ਰਮਾਤਮਾ ਦਾ ਮੇਲ ਕੀ ਹੈ ਤੇ ਨਾ ਹੀ ਇਹ ਸਮਝ ਲੱਗ ਸਕਦੀ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ

31/3567

ਤਰੀਕਾ ਕੀ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਨੂੰ ਵਾਰ ਵਾਰ ਨਾਮ ਨਾਲ ਜੁੜਨ ਦਾ ਸਮਝਾਇਆ ਹੈ, ਸਾਧਸੰਗਿ ਕਰਨ ਦਾ ਸਮਝਾਇਆ ਹੈ ਪਰ ਨਾ ਹੀ ਕਿਸੇ ਨੂੰ ਨਾਮ ਦੀ ਸਮਝ ਹੈ ਤੇ ਨਾ ਹੀ ਕਿਸੇ ਨੂੰ ਸਾਧਸੰਗਤਿ ਦੀ ਸਮਝ ਹੈ ਭਾਵ ਹਰ ਕੋਈ ਭਰਮ ਵਿੱਚ ਹੀ ਹੈ। ਪਿਛਲੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਜੋ ਨਾਮ ਹੈ ਉਹੀ ਸਾਧਸੰਗਤਿ ਹੈ ਤੇ ਇਹੀ ਗੱਲ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝੀ ਹੈ। ਨਾਮ ਦੀ ਪ੍ਰਾਪਤੀ ਹੀ ਸਾਧਸੰਗਤਿ ਵਿੱਚ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੁੰਦੀ ਹੈ। ਸਾਧਸੰਗਤਿ ਦੀ ਪ੍ਰਾਪਤੀ ਹੋਣਾ ਜਾਂ ਨਾਮ ਦੀ ਪ੍ਰਾਪਤੀ ਹੋਣਾ ਇੱਕੋ ਹੀ ਗੱਲ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਉਸ ਕੋਲੋਂ ਸੱਚ ਦੀ ਸੋਝੀ ਪੈਣ ਨਾਲ ਹੈ ਜਿਸ ਸੱਚ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ। ਜਿੱਥੇ ਸੱਚ ਹੈ ਉੱਥੇ ਭਰਮ ਨਹੀਂ ਹੋ ਸਕਦਾ ਤੇ ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਹੋ ਸਕਦਾ। ਪੂਰੀ ਗੁਰਬਾਣੀ ਵਿੱਚ ਕੇਵਲ ਸੱਚ ਹੈ, ਕੇਵਲ ਨਾਮ ਹੈ ਤੇ ਸਾਡੇ ਅੰਦਰ ਸੱਚ ਦੇ ਨਾਲ ਨਾਲ ਅਨੇਕਾਂ ਹੀ ਅਨੇਕਾਂ ਭਰਮ ਭਰੇ ਹੋਏ ਹਨ। ਪ੍ਰਮਾਤਮਾ ਸਚੁ ਰੂਪ ਹੈ ਤੇ ਉਸ ਨੂੰ ਤਾਂ ਹੀ ਪਾਇਆ ਜਾ ਸਕਦਾ ਹੈ ਜੇਕਰ ਅਸੀਂ ਪੂਰੀ ਤਰ੍ਹਾਂ ਭਰਮ ਰਹਿਤ ਹੋਈਏ। ਜੋ ਗੱਲ ਗੁਰੂ ਦੇ

ਦੱਸੇ ਹੋਏ ਸੱਚ ਤੇ ਪੂਰੀ ਨਹੀਂ ਉਤਰਦੀ ਉਹ ਭਰਮ ਹੈ ਤੇ ਸਾਡੇ ਜੀਵਨ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜਦੋਂ ਸਾਡਾ ਹਰ ਉੱਦਮ ਭਰਮ ਵਿੱਚੋਂ ਨਿਕਲਣ ਦਾ ਹੋਵੇਗਾ। ਨਾਮ ਦਾ ਮਕਸਦ, ਸਾਧਸੰਗਤਿ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ। ਪਹਿਲਾਂ ਤਾਂ ਸਾਨੂੰ ਇਸੇ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਕਿ ਸਾਡੇ ਜੀਵਨ ਦਾ ਮਕਸਦ ਪੂਰਾ ਕਿਵੇਂ ਹੋਣਾ ਹੈ। ਇਸ ਭਰਮ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਆਪਣੇ ਜੀਵਨ ਦੇ ਮਨੋਰਥ ਨੂੰ ਕਦੇ ਪੂਰਾ ਨਹੀਂ ਕਰ ਸਕਦੇ। ਭਰਮ ਵਿੱਚੋਂ ਨਿਕਲਣਾ ਹੀ ਸਾਡੇ ਜੀਵਨ ਦਾ ਸੱਚਾ ਮਨੋਰਥ ਹੈ ਭਾਵ ਇਸ ਗੱਲ ਨੂੰ ਜਾਣੀਏ ਕਿ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਭਰਮ ਕਰਕੇ ਹੀ ਹੈ ਤੇ ਗੁਰਬਾਣੀ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਪਹਿਲੇ ਇਸ ਭਰਮ ਵਿੱਚੋਂ ਨਿਕਲੀਏ ਕਿ ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਕੀ ਹੈ ਕਿਉਂਕਿ ਭਰਮ ਵਿੱਚੋਂ ਨਿਕਲਣਾ ਹੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। ਸਾਡੇ ਅੰਦਰ ਪਹਿਲਾ ਭਰਮ ਗੁਰਬਾਣੀ ਨੂੰ ਸਮਝਣ ਵਿੱਚ ਹੈ, ਗੁਰਮਤਿ ਨੂੰ ਸਮਝਣ ਵਿੱਚ ਹੈ ਭਾਵ ਪ੍ਰਮਾਤਮਾ ਦੀ ਭਗਤੀ ਦੇ ਤਰੀਕੇ ਨੂੰ ਸਮਝਣ ਵਿੱਚ ਹੈ ਭਾਵ ਜਦ ਤੱਕ ਇਹ ਮੂਲ ਭਰਮ ਹੀ ਸਾਡੇ ਅੰਦਰੋਂ ਨਹੀਂ ਨਿਕਲਦਾ ਤਦ ਤੱਕ ਅਸੀਂ ਭਗਤੀ ਦੇ ਮਾਰਗ ਤੇ ਚੱਲ ਹੀ ਨਹੀਂ ਸਕਦੇ। ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਇੱਕੋ ਹੀ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਤੇ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਦ ਤੱਕ ਅਸੀਂ ਆਪਣੀ ਸਿਆਣਪ ਨਾਲ

31/3568

ਜੁੜੇ ਹੋਏ ਹਾਂ, ਇੱਧਰੋਂ ਉੱਧਰੋਂ ਲਈਆਂ ਹੋਈਆਂ ਸਿਆਣਪਾਂ ਨਾਲ ਜੁੜੇ ਹੋਏ ਹਾਂ ਤਦ ਤੱਕ ਸਾਨੂੰ ਭਗਤੀ ਦੀ ਸਮਝ ਨਹੀਂ ਪੈ ਸਕਦੀ। ਗੁਰੂ ਦੀ ਸਿਆਣਪ ਲਏ ਬਿਨ੍ਹਾਂ ਭਾਵ ਗੁਰੂ ਦੀ ਸਿਆਣਪ ਤੇ ਵਿਸ਼ਵਾਸ ਕੀਤੇ ਬਿਨ੍ਹਾਂ ਅਸੀਂ ਭਰਮ ਵਿੱਚੋਂ ਨਹੀਂ ਨਿਕਲ ਸਕਦੇ ਤੇ ਨਾ ਹੀ ਸੱਚੀ ਭਗਤੀ ਨਾਲ ਜੁੜ ਸਕਦੇ ਹਾਂ ਤੇ ਨਾ ਹੀ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਸਭ ਦੇ ਅੰਦਰ ਜੜੇ ਹੋਏ ਪ੍ਰਮਾਤਮਾ ਦੇ ਭਰਮ ਰੂਪ ਕਿਵਾੜ ਹੀ ਹਨ ਜਿੰਨ੍ਹਾਂ ਦੇ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਦਰਬਾਰ ਨੂੰ ਨਹੀਂ ਜਾਣ ਸਕਦੇ ਜੋ ਸਾਡੇ ਅੰਦਰ ਹੀ ਹੈ। ਆਉ ਇਸ ਗੱਲ ਨੂੰ ਉਸ ਪ੍ਰਮਾਤਮਾ ਦੇ ਹੇਠ ਦਿੱਤੇ ਹੋਏ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਜਿਸ ਨੇ ਆਪ ਹੀ ਸਾਡੇ ਅੰਦਰ ਭਰਮ ਰੂਪ ਕਿਵਾੜ ਲਾਏ ਹੋਏ ਹਨ, ਹਉਮੈ ਰੂਪ ਕਿਵਾੜ ਲਾਏ ਹੋਏ ਹਨ, ਅਗਿਆਨਤਾ ਰੂਪ ਬੰਧਨ ਲਗਾਇਆ ਹੋਇਆ ਹੈ ਜਿਸ ਵਿੱਚੋਂ ਨਿਕਲਕੇ ਹੀ ਉਸ ਦੇ ਦਰਬਾਰ ਵਿੱਚ ਪਹੁੰਚਿਆ ਜਾ ਸਕਦਾ ਹੈ।

ਰਾਗੁ ਸੂਹੀ ਅਸਟਪਦੀਆ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥

“ਉਰਝਿ ਰਹਿਓ ਬਿਖਿਆ ਕੈ ਸੰਗਾ ॥ ਮਨਹਿ ਬਿਆਪਤ ਅਨਿਕ ਤਰੰਗਾ ॥੧॥
ਮੇਰੇ ਮਨ ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥੧॥ ਰਹਾਉ ॥
ਮੋਹ ਮਗਨ ਮਹਿ ਰਹਿਆ ਬਿਆਪੇ ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥
ਬਸਇ ਕਰੋਧੁ ਸਰੀਰਿ ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥
ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਣੁ ਨ ਪਾਈਐ ਪ੍ਰਭ ਦਰਬਾਰਾ ॥੪॥
ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥
ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥ ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥੬॥
ਕਛੂ ਸਿਆਨਪ ਉਕਤਿ ਨ ਮੋਰੀ ॥ ਏਕ ਆਸ ਠਾਕੁਰ ਪ੍ਰਭ ਤੋਰੀ ॥੭॥
ਕਰਉ ਬੇਨਤੀ ਸੰਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥੮॥
ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥ ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥”

(ਅੰਗ 759)

ਸ਼ਬਦ ਦੇ ਪਿਛਲੇ ਪਦਿਆਂ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਨਾ ਹੋਣ ਦਾ ਕਾਰਣ ਹੀ ਦੱਸਿਆ ਹੋਇਆ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੀ ਪਦਾਰਥਾਂ ਲਈ ਤ੍ਰਿਸ਼ਨਾ ਹੈ, ਮਾਣ ਲੈਣ ਦੀ ਤ੍ਰਿਸ਼ਨਾ ਹੈ, ਉੱਚਾ ਅਖਵਾਉਣ ਦੀ ਤ੍ਰਿਸ਼ਨਾ ਹੈ। ਅਸਲ ਗੱਲ ਸਮਝਣ ਦੀ ਇਹ ਹੈ ਕਿ ਸਾਡੇ ਅੰਦਰ ਇਹੋ ਜਿਹੀ ਮਾਇਆ ਮੋਹ ਵਾਲੀ ਬਿਰਤੀ ਦਾ ਕਾਰਣ ਕੀ ਹੈ ਜੋ ਸਾਨੂੰ ਇਹੋ ਜਿਹੀ ਬਿਰਤੀ ਵਿੱਚੋਂ ਨਿਲਕਣ ਨਹੀਂ ਦਿੰਦੀ। ਕਾਰਣ ਸਾਡੇ ਮਨ ਦੀ ਅਗਿਆਨਤਾ ਹੈ, ਸਾਡੇ ਮਨ ਦਾ ਹਨ੍ਹੇਰਾ ਹੈ ਜੋ ਸਾਨੂੰ ਇਹੋ ਜਿਹੀ ਬਿਰਤੀ ਨਾਲ ਜੋੜਕੇ ਰੱਖਦਾ ਹੈ ਤੇ ਸਾਨੂੰ ਆਪਣੇ ਅੰਦਰੋਂ ਇਹ ਸਮਝ ਹੀ ਨਹੀਂ ਪੈਂਦੀ ਕਿ ਭਗਤੀ ਦਾ ਅਸਲ ਮਾਰਗ ਕੀ ਹੈ। ਅਸੀਂ ਮਾਇਆ ਮੋਹ ਵਿੱਚੋਂ ਨਿਕਲਣ ਦੀ ਬਜਾਏ ਉਹੋ ਜਿਹੇ ਭਗਤੀ ਦੇ ਉਪਰਾਲੇ ਕਰਦੇ ਹਾਂ ਜਿੰਨ੍ਹਾਂ ਵਿੱਚ ਅਸਲ ਭਗਤੀ ਨਹੀਂ ਹੈ ਭਾਵ ਅਨੇਕਾਂ ਹੀ ਸਰੀਰਕ ਕਿਰਿਆਵਾਂ ਆਦਿ ਨਾਲ, ਬਾਹਰੀ ਸੁਚਿ ਨਾਲ ਜੁੜੇ ਰਹਿੰਦੇ ਹਾਂ ਜਿੰਨ੍ਹਾਂ ਵਿੱਚ ਕੋਈ ਭਗਤੀ ਨਹੀਂ ਹੈ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਅਸਲ ਕਾਰਣ ਸਾਡੇ ਮਨ ਦੀ ਅਗਿਆਨਤਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਨੇ ਹਰ ਕਿਸੇ ਨੂੰ ਰੱਖਿਆ ਹੋਇਆ ਹੈ। (**ਉਰਝਿ ਰਹਿਓ ਬਿਖਿਆ ਕੈ ਸੰਗਾ ॥ ਮਨਹਿ ਬਿਆਪਤ ਅਨਿਕ ਤਰੰਗਾ ॥੧॥ ਮੇਰੇ ਮਨ ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥੧॥ ਰਹਾਉ ॥ ਮੋਹ ਮਗਨ ਮਹਿ ਰਹਿਆ ਬਿਆਪੇ ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥ ਬਸਇ ਕਰੋਧੁ ਸਰੀਰਿ ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥**)

31/3569

ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਣ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਭਾਵ ਸਾਡੇ ਅੰਦਰ ਪ੍ਰਮਾਤਮਾ ਨੇ ਭਰਮ ਕਿਸ ਕਰਕੇ ਪਾਇਆ ਹੋਇਆ ਹੈ, ਸਾਰੇ ਸੰਸਾਰ ਨੂੰ ਅਗਿਆਨਤਾ ਵਿੱਚ ਕਿਸ ਕਰਕੇ ਰੱਖਿਆ ਹੋਇਆ ਹੈ, ਸਭ ਨੂੰ ਮਾਇਆ ਮੋਹ ਵਿੱਚ ਕਿਸ ਕਰਕੇ ਰੱਖਿਆ ਹੋਇਆ ਹੈ, ਸਭ ਨੂੰ ਤ੍ਰੈ ਗੁਣਾਂ ਵਿੱਚ, ਪੁੱਠੇ ਕਮਲ ਵਾਲੀ ਅਵੱਸਥਾ ਵਿੱਚ, ਮਨਮਤਿ ਵਾਲੀ, ਮਨਮੁਖ ਵਾਲੀ ਅਵੱਸਥਾ ਵਿੱਚ ਕਿਸ ਲਈ ਰੱਖਿਆ ਹੋਇਆ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਹਰ ਵੇਲੇ ਧਿਆਨ ਵਿੱਚ ਰੱਖਣ ਦੀ ਲੋੜ ਹੈ ਤਾਂ ਜੋ ਅਸੀਂ ਭਗਤੀ ਦੇ ਉਹੋ ਜਿਹੇ ਤਰੀਕੇ ਨਾਲ ਜੁੜੀਏ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ।

“ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਣੁ ਨ ਪਾਈਐ ਪ੍ਰਭ ਦਰਬਾਰਾ ॥4॥

ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥5॥”

ਅਨੇਕਾਂ ਸ਼ਬਦਾਂ ਰਾਹੀਂ ਸਾਨੂੰ ਮਨ ਦੇ ਕਿਵਾੜ ਸਮਝਾਏ ਹੋਏ ਹਨ ਭਾਵ ਮਨ ਦੇ ਵਿੱਚ ਦਰਵਾਜੇ ਸਮਝਾਏ ਹੋਏ ਹਨ ਜਿੰਨ੍ਹਾਂ ਨੂੰ ਹਉਮੈ ਰੂਪ ਕਿਵਾੜ ਕਹਿ ਕੇ ਸਮਝਾਇਆ ਹੋਇਆ ਹੈ, ਮਨ ਦੇ ਵਿੱਚ ਦੀਵਾਰ ਕਹਿ ਕੇ ਸਮਝਾਇਆ ਹੈ। ਮਨ ਦੇ ਇਹ ਕਿਵਾੜ ਖੁੱਲ੍ਹੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਦਰਬਾਰ ਵਿੱਚ, ਪ੍ਰਮਾਤਮਾ ਦੇ ਮਹਿਲ ਵਿੱਚ ਦਾਖਿਲ ਨਹੀਂ ਹੋ ਸਕਦੇ। ਪ੍ਰਮਾਤਮਾ ਦਾ ਦਰਬਾਰ ਸਾਡੇ ਸਭ ਦੇ ਅੰਦਰ ਹੀ ਹੈ ਤੇ ਇਹ ਮਨ ਦੇ ਦਰਵਾਜੇ ਹੀ ਸਾਡੇ ਅੰਦਰ ਦਾ ਉਹ ਉਹਲਾ ਹੈ, ਪੜਦਾ ਹੈ, ਰੁਕਾਵਟ ਹੈ, ਜਿਸਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਦਾ ਦਰਬਾਰ ਨਜ਼ਰ ਨਹੀਂ ਆਉਂਦਾ। ਸਾਡੇ ਅੰਦਰ ਪ੍ਰਮਾਤਮਾ ਨੇ ਇਹ ਉਲ੍ਹਾ, ਇਹ ਦਰਵਾਜੇ ਮਨ ਦੀ ਸੋਝੀ ਦੇ ਰਾਹੀਂ ਹੀ ਪਾਏ ਹੋਏ ਹਨ ਭਾਵ ਸਾਨੂੰ ਮਨ ਦੇ ਵਿੱਚ ਹੀ ਉਸ ਨੇ ਭਰਮ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ, ਭਰਮ ਵਾਲੇ ਵਿਚਾਰਾਂ ਵਿੱਚ ਰੱਖਿਆ ਹੋਇਆ ਹੈ ਕਿਉਂਕਿ ਮਨ ਦੇ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ। ਇਹ ਉਸ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਮਨ ਦੇ ਅੰਦਰੋਂ ਕਿਹੋ ਜਿਹੀ ਸੋਝੀ ਪਾਉਂਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਦਰਬਾਰ ਦੇ ਦਰਸ਼ਨ ਕਰਾਉਂਦਾ ਹੈ, ਆਪਣੇ ਮਹਿਲ ਦੇ ਦਰਸ਼ਨ ਕਰਵਾਉਂਦਾ ਹੈ ਉਸਦੇ ਅੰਦਰੋਂ ਭਰਮ ਰੂਪ ਦਰਵਾਜਾ ਹੀ ਖੋਲਦਾ ਹੈ, ਉਸਦੇ ਅੰਦਰੋਂ ਭਰਮ ਦੇ ਸੰਗਲ ਹੀ ਤੋੜਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਭਰਮ ਰੂਪ ਬੇੜੀ ਤੋਂ ਆਜ਼ਾਦ ਕਰਦਾ ਹੈ, ਭਰਮ ਰੂਪ ਮਨ ਦੇ ਬੰਧਨ ਤੋਂ ਆਜ਼ਾਦ ਕਰਦਾ ਹੈ। ਸਾਡੇ ਅੰਦਰ ਇਹ ਭਰਮ ਰੂਪ ਬੰਧਨ ਸਾਡੀਆਂ ਆਸ਼ਾਵਾਂ ਦੇ ਰੂਪ ਵਿੱਚ ਹੈ, ਤ੍ਰਿਸ਼ਨਾਵਾਂ ਦੇ ਰੂਪ ਵਿੱਚ ਹੈ ਜਿੰਨ੍ਹਾਂ ਵਿੱਚ ਰਹਿੰਦਿਆਂ ਮਨੁੱਖ ਮਾਇਆ ਮੋਹ ਦੀ ਚਿੰਤਾ ਵਿੱਚ ਹੀ ਰਹਿੰਦਾ ਹੈ। ਸਾਡੇ ਅੰਦਰ ਦੇ ਆਸ, ਅੰਦੇਸੇ ਸਾਡੇ ਮਨ ਦੇ ਵਿਚਾਰ ਹੀ ਹਨ ਜੋ ਸਾਨੂੰ ਬੰਧਨ ਵਿੱਚ ਪਾ ਕੇ ਰੱਖਦੇ ਹਨ ਤੇ ਸਾਨੂੰ ਸਾਡਾ ਅਸਲ ਮਾਰਗ ਜਾਨਣ ਤੋਂ ਭਰਮ ਵਿੱਚ ਰੱਖਦੇ ਹਨ। ਜਦ ਤੱਕ ਮਨੁੱਖ

31/3570

ਇਹੋ ਜਿਹੀ ਅਵੱਸਥਾ ਵਿੱਚ ਹੈ ਜਿਵੇਂ ਕਿ ਹਰ ਕੋਈ ਹੈ ਤਦ ਤੱਕ ਉਹ ਪ੍ਰਮਾਤਮਾ ਤੋਂ ਬੇਗਾਨਾ ਹੀ ਬਣਿਆ ਰਹਿੰਦਾ ਹੈ ਭਾਵ ਉਸ ਤੋਂ ਵੱਖਰਾ ਹੀ ਬਣਿਆ ਰਹਿੰਦਾ ਹੈ ਭਾਵ ਉਸ ਨੂੰ ਆਪਣੇ ਆਪ ਦੀ ਸੋਝੀ ਨਹੀਂ ਪੈਂਦੀ ਕਿ ਉਸ ਦੀ ਅਸਲੀਅਤ ਕੀ ਹੈ। ਆਪਣੇ ਆਪ ਦੀ ਅਸਲੀਅਤ ਦੀ ਸੋਝੀ ਮਨ ਦਾ ਭਰਮ ਨਿਕਲਣ ਦੁਆਰਾ ਹੀ ਪੈਂਦੀ ਹੈ ਜਦੋਂ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਬਾਰ ਦੇ ਦਰਸ਼ਨ ਹੋ ਜਾਂਦੇ ਹਨ। ਪ੍ਰਮਾਤਮਾ ਦਾ ਦਰਬਾਰ ਸਾਡੇ ਅੰਦਰ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਜਿਸ ਰਾਹੀਂ ਪ੍ਰਮਾਤਮਾ ਆਪਣੇ ਦਰਬਾਰ ਦੇ ਵਿੱਚੋਂ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਭਰਮ ਤੋਂ ਰਹਿਤ ਹੀ ਹੁੰਦਾ ਹੈ, ਸਾਡੇ ਅੰਦਰੋਂ ਭਰਮ ਰੂਪ ਦਰਵਾਜੇ ਉਹ ਆਪ ਹੀ ਖੋਲਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਖੋਲਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਤਾਂ ਹੀ ਮਨੁੱਖ ਦਾ ਬੇਗਾਨਾਪਨ ਦੂਰ ਹੁੰਦਾ ਹੈ ਭਾਵ ਉਸ ਤੋਂ ਬਾਅਦ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਨਹੀਂ ਸਮਝਦਾ ਕਿਉਂਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ, ਗਿਆਨ ਰੂਪ ਵਿੱਚ ਉਹ ਆਪ ਹੀ ਹੈ ਜੋ ਸਾਨੂੰ ਸਭ ਨੂੰ ਭਰਮ ਵਿੱਚ ਰੱਖ ਕੇ ਚਲਾ ਰਿਹਾ ਹੈ, ਮਾਇਆ ਮੋਹ ਵਿੱਚ ਰੱਖ ਕੇ ਚਲਾ ਰਿਹਾ ਹੈ ਜੋ ਕਿ ਉਸ ਦੀ ਆਪਣੀ ਬਣਾਈ ਹੋਈ ਖੇਡ ਹੈ ਜਿਸ ਨੂੰ ਕੋਈ ਸਮਝ ਨਹੀਂ ਸਕਦਾ। ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰਖਕੇ ਆਪਣੀ ਖੇਡ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ, ਆਪ ਹੀ ਸਭ ਨੂੰ ਬੇਗਾਨਾ ਬਣਾ ਕੇ ਰੱਖਿਆ ਹੋਇਆ ਹੈ, ਆਪ ਹੀ ਸਭ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ। ਸਭ ਤੋਂ ਪਹਿਲਾਂ ਸਾਨੂੰ ਇਸੇ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਭਾਵ ਇਸੇ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਕਿ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੇ ਭਰਮ ਕਰਕੇ ਹੀ ਹੈ ਤੇ ਪ੍ਰਮਾਤਮਾ ਦੇ ਨੇੜੇ ਲੱਗਣ ਦਾ ਤਰੀਕਾ ਆਪਣੇ ਆਪ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਿੱਚੋਂ ਕੱਢਣ ਦਾ ਹੈ ਭਾਵ ਗੁਰਮਤਿ ਨੂੰ ਆਪਣੇ ਅੰਦਰ ਵਸਾਉਣ ਦਾ ਹੈ, ਨਾਮ ਨੂੰ ਆਪਣੇ ਅੰਦਰ ਵਸਾਉਣ ਦਾ ਹੈ ਜਿਸ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ। ਜਿਹੋ ਜਿਹੇ ਭਗਤੀ ਦੇ ਤਰੀਕਿਆਂ ਤੋਂ ਸਾਨੂੰ ਗੁਰਮਤਿ ਮਨਾ ਕਰ ਰਹੀ ਹੈ ਉਹੋ ਜਿਹੇ ਤਰੀਕੇ ਸਾਡਾ ਭਰਮ ਹੀ ਹਨ, ਕੇਵਲ ਸਾਡੀਆਂ ਸਿਆਣਪਾਂ, ਚਤੁਰਾਈਆਂ ਹੀ ਹਨ ਜਿੰਨ੍ਹਾਂ ਵਿੱਚੋਂ ਨਿਕਲਣ ਦੀ ਲੌੜ ਹੈ ਜੋ ਕਿ ਸਾਡਾ ਸੱਚਾ ਉੱਦਮ ਹੈ ਤੇ ਤਾਂ ਹੀ ਅਸੀਂ ਗੁਰੂ ਦੀ ਮਤਿ ਨਾਲ ਜੁੜ ਸਕਦੇ ਹਾਂ ਤੇ ਮਾਇਆ ਮੋਹ ਵਿੱਚੋਂ ਨਿਕਲਣ ਦਾ ਉਪਰਾਲਾ ਕਰ ਸਕਦੇ ਹਾਂ ਜੋ ਕਿ ਭਗਤੀ ਦਾ ਅਸਲ ਮਾਰਗ ਹੈ। (**ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਨੂ ਨ ਪਾਈਐ ਪ੍ਰਭ ਦਰਬਾਰਾ ॥੪॥ ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥**)

ਮਨ ਦੇ ਇਸ ਬੰਧਨ ਦੇ ਵਿੱਚੋਂ ਅਸੀਂ ਆਪਣੇ ਆਪ ਨਹੀਂ ਨਿਕਲ

ਸਕਦੇ ਭਾਵ ਆਪਣੇ ਅੰਦਰ ਦੇ ਭਰਮ ਰੂਪ ਦਰਵਾਜੇ ਅਸੀਂ ਆਪਣੇ ਆਪ ਨਹੀਂ ਖੋਲ ਸਕਦੇ ਕਿਉਂਕਿ ਸਾਡੇ ਅੰਦਰ ਇਹ ਅਵੱਸਥਾ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥ ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥੬॥

ਕਛੂ ਸਿਆਨਪ ਉਕਤਿ ਨ ਮੋਰੀ ॥ ਏਕ ਆਸ ਠਾਕੁਰ ਪ੍ਰਭ ਤੋਰੀ ॥੭॥”

“ਬਿਆਧਿ” ਤੋਂ ਭਾਵ ਸਾਡੇ ਮਨ ਦੇ ਰੋਗ ਨਾਲ ਹੈ ਜੋ ਰੋਗ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਇਆ ਹੋਇਆ ਹੈ। ਇਹ ਰੋਗ ਸਾਡੇ ਅੰਦਰ ਅਗਿਆਨਤਾ ਦਾ ਰੋਗ ਹੈ, ਹਉਮੈ ਦਾ ਰੋਗ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਭਰਮ ਦੇ ਕਿਵਾੜ ਇਸ ਰੋਗ ਦੇ ਰੂਪ ਵਿੱਚ ਹੀ ਹਨ ਤੇ ਹਰ ਕੋਈ ਇਸ ਰੋਗ ਦੇ ਵੱਸ ਵਿੱਚ ਹੀ ਹੈ ਭਾਵ ਆਪਣੇ ਆਪ ਕੋਈ ਇਸ ਰੋਗ ਵਿੱਚੋਂ ਨਹੀਂ ਨਿਕਲ ਸਕਦਾ ਤੇ ਇਸੇ ਲਈ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ। ਸਾਡੇ ਜੀਵਨ ਦਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜਦੋਂ ਅਸੀਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਾਂ। ਪ੍ਰਮਾਤਮਾ ਨੂੰ ਜਾਨਣ ਦੀ ਪਿਆਸ ਸਭ ਦੇ ਅੰਦਰ ਹੈ ਭਾਵ ਤੀਬਰ ਪਿਆਸ ਹੈ, ਇਹੋ ਜਿਹੀ ਪਿਆਸ ਹੈ ਜੋ ਪਿਆਸ ਮੱਛੀ ਦੇ ਅੰਦਰ ਜਲ ਲਈ ਹੁੰਦੀ ਹੈ ਪਰ ਮਨ ਦੇ ਵਿੱਚ ਭਰਮ ਰੂਪ ਪੜਦੇ ਦੇ ਹੁੰਦੇ ਹੋਏ ਇਹ ਪਿਆਸ ਕਿਸੇ ਦੀ ਨਹੀਂ ਬੁਝ ਸਕਦੀ। ਅਸੀਂ ਇਹ ਪਿਆਸ ਬੁਝਾਉਣ ਦੇ ਭਾਵ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਹੀ ਉਪਾਵ ਕਰਦੇ ਹਾਂ ਜਿਵੇਂ ਕਿ ਹਰ ਕੋਈ ਲੱਗਾ ਹੋਇਆ ਹੈ, ਸਰੀਰਕ

ਜਪ-ਤਪ ਆਦਿ ਵਿੱਚ ਲਗਾ ਹੋਇਆ ਹੈ ਜਿੰਨ੍ਹਾਂ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਾਡੀਆਂ ਚਤੁਰਾਈਆਂ ਸਮਝਾਈਆਂ ਹੋਈਆ ਹਨ, ਸਿਆਣਪਾ ਸਮਝਾਇਆ ਹੋਇਆ ਹੈ ਜੋ ਕਿ ਆਪਣੀ ਪਿਆਸ ਨੂੰ ਬੁਝਾਉਣ ਦਾ ਅਸਲ ਤਰੀਕਾ ਨਹੀਂ ਹੈ। ਇਹ ਸਭ ਸਿਆਣਪਾ ਅਸੀਂ ਇੱਧਰੋਂ ਉੱਧਰੋਂ ਹੀ ਸਿੱਖੀਆਂ ਹੋਈਆਂ ਹਨ ਤੇ ਅਸੀਂ ਇਹੋ ਜਿਹੀਆਂ ਸਿਆਣਪਾਂ ਤੇ ਆਪਣੀ ਆਸ ਟਿਕਾਈ ਹੋਈ ਹੈ ਕਿ ਅਸੀਂ ਪ੍ਰਮਾਤਮਾ ਨੂੰ ਪਾ ਲਵਾਂਗੇ। ਇਹੋ ਜਿਹੀ ਸਾਡੀ ਸਭ ਆਸ ਝੂਠੀ ਆਸ ਹੈ ਕਿਉਂਕਿ ਇਹਨਾਂ ਵਿੱਚ ਗੁਰੂ ਦੀ ਦਿੱਤੀ ਹੋਈ ਮਤਿ ਨਹੀਂ ਹੈ। ਸਾਡੀ ਸੱਚੀ ਆਸ ਕੇਵਲ ਉਹ ਹੈ ਜਦੋਂ ਅਸੀਂ ਕੇਵਲ ਗੁਰੂ ਦੀ ਮਤਿ ਤੇ ਆਪਣੀ ਆਸ ਟਿਕਾਉਂਦੇ ਹਾਂ। ਗੁਰੂ ਦੀ ਮਤਿ ਤੇ ਆਸ ਟਿਕਾਉਣਾ ਹੀ ਉਸ ਪ੍ਰਮਾਤਮਾ ਤੇ ਆਸ ਟਿਕਾਉਣਾ ਹੈ ਕਿਉਂਕਿ ਗੁਰੂ ਰੂਪ ਦੁਆਰਾ ਦਿੱਤੀ ਹੋਈ ਮਤਿ ਉਸ ਪ੍ਰਮਾਤਮਾ ਦੀ ਆਪਣੀ ਮਤਿ ਹੈ ਜੋ ਭਰਮ ਤੋਂ ਰਹਿਤ ਹੈ। ਸਾਡੀਆਂ ਆਪਣੀਆਂ ਸਿਆਣਪਾਂ ਵਿੱਚ ਭਰਮ ਹੈ ਜਿੰਨ੍ਹਾਂ ਦੁਆਰਾ ਸਾਨੂੰ ਸੱਚੇ ਮਾਰਗ ਦੀ ਸਮਝ ਨਹੀਂ ਪੈ ਸਕਦੀ ਤੇ ਅਸੀਂ ਉਹੋ ਜਿਹੇ ਕਰਮਾਂ ਵਿੱਚ ਪਏ ਰਹਿੰਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੈ ਭਾਵ ਭਰਮ ਹੈ। ਜਦੋਂ ਅਸੀਂ ਆਪਣੀ ਸਿਆਣਪ ਛੱਡ ਕੇ ਗੁਰੂ ਦੀ ਸਿਆਣਪ ਨੂੰ ਅਪਣਾਵਾਂਗੇ ਫਿਰ ਤਾਂ ਹੀ ਭਰਮ ਵਿੱਚੋਂ ਨਿਕਲਣ ਦਾ ਉੱਦਮ ਕਰਾਂਗੇ, ਭਰਮ ਦੇ ਬੰਧਨਾਂ

31/3572

ਵਿੱਚੋਂ ਨਿਕਲਣ ਦਾ ਉੱਦਮ ਕਰਾਂਗੇ, ਮਾਇਆ ਮੋਹ ਵਿੱਚੋਂ ਨਿਕਲਣ ਦਾ ਉੱਦਮ ਕਰਾਂਗੇ ਜੋ ਉਸ ਪ੍ਰਮਾਤਮਾ ਨੂੰ ਜਾਨਣ ਦਾ ਅਸਲ ਮਾਰਗ ਹੈ। (**ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥ ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥੬॥ ਕਛੂ ਸਿਆਨਪ ਉਕਤਿ ਨ ਮੋਰੀ ॥ ਏਕ ਆਸ ਠਾਕੁਰ ਪ੍ਰਭ ਤੋਰੀ ॥੭॥**)

ਕੇਵਲ ਇੱਕ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਤੇ ਭਰੋਸਾ ਰੱਖਣਾ ਹੀ, ਕੇਵਲ ਇੱਕ ਉਸੇ ਦੀ ਮਤਿ ਤੇ ਆਸ ਰੱਖਣਾ ਹੀ ਸਾਡੀ ਪ੍ਰਮਾਤਮਾ ਨੂੰ ਪਾਉਣ ਦੀ ਸੱਚੀ ਆਸ ਹੈ ਤੇ ਇਹੀ ਸਾਡੀ ਪ੍ਰਮਾਤਮਾ ਅੱਗੇ ਬੇਨਤੀ ਕਰਨ ਦਾ ਤਰੀਕਾ ਹੈ। ਸਾਡੀ ਬੇਨਤੀ ਉਹੀ ਹੁੰਦੀ ਹੈ ਜਿਸ ਵਿੱਚ ਸੱਚ ਹੁੰਦਾ ਹੈ। ਸੱਚ ਕੇਵਲ ਉੱਥੇ ਹੈ ਜਿੱਥੇ ਕੇਵਲ ਗੁਰੂ ਦੀ ਮਤਿ ਹੈ। ਜੋ ਕਰਮ ਅਸੀਂ ਗੁਰੂ ਦੀ ਮਤਿ ਅਨੁਸਾਰ ਕਰਦੇ ਹਾਂ ਸਾਡਾ ਉਹ ਕਰਮ ਭਰਮ ਤੋਂ ਰਹਿਤ ਹੁੰਦਾ ਹੈ ਤੇ ਆਪਣੇ ਇਹੋ ਜਿਹੇ ਕਰਮਾਂ ਦੁਆਰਾ ਅਸੀਂ ਪ੍ਰਮਾਤਮਾ ਅੱਗੇ ਉਸ ਨੂੰ ਪਾਉਣ ਦੀ ਅਰਦਾਸ ਕਰਦੇ ਹਾਂ ਜਿਸ ਲਈ ਕੋਈ ਮੁੱਖੋਂ ਬੋਲਣ ਦੀ ਲੋੜ ਨਹੀਂ ਹੈ, ਕਿਸੇ ਸਰੀਰਕ ਜਪਾਂ ਤਪਾਂ ਦੀ ਲੋੜ ਨਹੀਂ ਹੈ। ਸਾਡੇ ਸੱਚੇ ਸੁੱਚੇ ਕਰਮ ਹੀ ਸਾਡੀ ਪ੍ਰਮਾਤਮਾ ਅੱਗੇ ਸੱਚੀ ਅਰਦਾਸ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ। (**ਕਰਉ ਬੇਨਤੀ ਸੰਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥੮॥**)

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਪੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥2॥}

(ਅੰਗ 468)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥1॥}

(ਅੰਗ 878)

{ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥4॥1॥

(ਅੰਗ 557)

{ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥
ਸਾਚੀ ਦਰਗਹ ਬੈਸਣੀ ਭਗਤਿ ਸਚੀ ਅਰਦਾਸਿ ॥
ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥7॥}

(ਅੰਗ 55)

ਪਉੜੀ ॥

{ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ ॥ ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ ॥
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥
ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥ ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ ॥
ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ ॥ ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ ॥22॥}

(ਅੰਗ 148)

31/3573

{ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ ਸੋ ਸਚੁ ਧਰਮਾ ॥
ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥ ਤੂ ਸਾਹਿਬੁ ਸੇਵਕ ਅਰਦਾਸਿ ॥3॥}

(ਅੰਗ 180)

{ਅਵਰ ਓਟ ਮੈਂ ਕੋਇ ਨ ਸੂਝੈ ਇਕ ਹਰਿ ਕੀ ਓਟ ਮੈਂ ਆਸ ॥
ਕਿਆ ਦੀਨੁ ਕਰੇ ਅਰਦਾਸਿ ॥ ਜਉ ਸਭ ਘਟਿ ਪ੍ਰਭੂ ਨਿਵਾਸ ॥}

(ਅੰਗ 1304)

{ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ ॥
ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ ॥}

(ਅੰਗ 1283)

{ਸਚੁ ਸੰਜਮੁ ਕਰਣੀ ਸਭੁ ਸਾਚੀ ॥ ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥3॥
ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥
ਕਰਿ ਕਿਰਪਾ ਗੁਰ ਚਰਣ ਨਿਵਾਸਿ ॥ ਨਾਨਕ ਕੀ ਪ੍ਰਭ ਸਚੁ ਅਰਦਾਸਿ ॥4॥4॥22॥}

(ਅੰਗ 1271)

ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸਮਝਾਇਆ ਹੋਇਆ ਹੈ ਪ੍ਰਮਾਤਮਾ ਅਗੇ ਸਾਡੀ ਸੱਚੀ ਅਰਦਾਸਿ ਭਾਵ ਉਸ ਨੂੰ ਪਾਉਣ ਲਈ ਸਾਡੀ ਸੱਚੀ ਅਰਦਾਸ ਸੱਚ ਤੇ ਚੱਲਣ ਦੁਆਰਾ ਹੀ ਹੁੰਦੀ ਹੈ ਤੇ ਸੱਚਾ ਮਨ ਉਹੀ ਹੈ ਜੋ ਵਿਕਾਰਾਂ ਤੋਂ ਮੁਕਤਿ ਹੈ, ਮਨਮਤਿ ਤੋਂ ਮੁਕਤਿ ਹੈ, ਭਰਮ ਤੋਂ ਮੁਕਤਿ ਹੈ, ਹਉਮੈ ਤੋਂ ਮੁਕਤਿ ਹੈ। ਜਿਸ ਦੇ ਅੰਦਰ ਸੱਚ ਹੈ ਉਸਦੀ ਸਾਰੀ ਕਰਣੀ ਸੱਚੀ ਹੀ ਹੁੰਦੀ ਹੈ ਜੋ ਪ੍ਰਮਾਤਮਾ ਦੇ ਅੱਗੇ ਸਾਡੀ ਸੱਚੀ ਅਰਦਾਸਿ ਹੈ। ਪ੍ਰਮਾਤਮਾ ਦਾ ਨਾਮ ਜਪਣਾ ਜਾਂ ਉਸ ਦੇ ਅੱਗੇ ਅਰਦਾਸਿ ਕਰਨੀ ਇੱਕੋ ਹੀ ਗੱਲ ਹੈ ਜਿਸ ਦਾ ਮਕਸਦ ਸੱਚੇ ਸੁੱਚੇ ਕਰਮ ਕਰਨਾ ਹੀ ਹੈ। ਅਸੀ ਕੇਵਲ ਉੱਦਮ ਹੀ ਕਰਨਾ ਹੈ ਕਿ ਅਸੀਂ ਸੱਚ ਨੂੰ ਸਮਝੀਏ ਭਾਵ ਗੁਰੂ ਦੀ ਮਤਿ ਨੂੰ ਸਮਝੀਏ ਕਿ ਗੁਰੂ ਕੀ ਚਾਹੁੰਦਾ ਹੈ, ਗੁਰੂ ਨੂੰ ਕੀ ਚੰਗਾ ਲੱਗਦਾ ਹੈ ਤੇ ਉਹੋ ਜਿਹੇ ਸੱਚ ਅਨੁਸਾਰ ਵਿਚਰੀਏ ਜੋ ਅਸਲੀਅਤ ਵਿੱਚ ਸੱਚ ਹੈ। ਅਸੀਂ ਆਪਣੇ ਵੱਲੋਂ ਜਿਹੋ ਜਿਹੀ ਭਗਤੀ ਵਿੱਚ ਲੱਗੇ ਹੋਏ ਹਾਂ ਉਸ ਨੂੰ ਸੱਚ ਸਮਝਕੇ ਹੀ ਲੱਗੇ ਹੋਏ ਹਾਂ ਪਰ ਉਸ ਵਿੱਚ ਸੱਚ ਨਹੀਂ, ਸਾਡਾ ਭਰਮ ਹੈ। ਅਸੀਂ ਭਰਮ ਵਿੱਚੋਂ ਹੀ ਨਿਕਲਣਾ ਹੈ ਤੇ ਸੱਚ ਦੇ ਨਾਲ ਜੁੜਨਾ ਹੈ ਜੋ ਕਿ ਸਾਡਾ ਸੱਚਾ ਉੱਦਮ ਹੈ।

ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ

31/3574

ਅੱਗੇ ਇਹੋ ਜਿਹੀ ਬੇਨਤੀ ਕਰਨੀ ਹੀ ਸਿਖਾਈ ਹੋਈ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। (**ਕਰਉ ਬੇਨਤੀ ਸੰਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥੮॥**)

“ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥ ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥”

ਜਿਸ ਦੀ ਪ੍ਰਮਾਤਮਾ ਬੇਨਤੀ ਸੁਣ ਲੈਂਦਾ ਹੈ ਭਾਵ ਮੰਨ ਲੈਂਦਾ ਹੈ ਉਸ ਤੇ ਹੀ ਉਹ ਆਪਣੀ ਕਿਰਪਾ ਕਰਕੇ ਆਪਣੇ ਨਾਲ ਮਿਲਾਉਂਦਾ ਹੈ, "ਸਾਧਸੰਗੁ" ਬਖਸ਼ਦਾ ਹੈ ਭਾਵ ਆਪਣਾ ਸੰਗਿ ਬਖਸ਼ਦਾ ਹੈ, ਆਪਣੇ ਨਾਲ ਮੇਲ ਬਖਸ਼ਦਾ ਹੈ ਜਿਸ ਦੁਆਰਾ ਮਨੁੱਖ ਦੀ ਤ੍ਰਿਪਤੀ ਹੁੰਦੀ ਹੈ, ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਪੂਰੀ ਹੁੰਦੀ ਹੈ, ਮਾਇਆ ਮੋਹ ਦੇ ਬੰਧਨ ਤੋਂ ਮੁਕਤੀ ਹੁੰਦੀ ਹੈ, ਮਨ ਦੇ ਭਰਮ ਦੇ ਬੰਧਨ ਤੋਂ, ਅਗਿਆਨਤਾ ਦੇ ਬੰਧਨ ਤੋਂ ਮੁਕਤੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਦਾ ਇਸ ਜੀਵਨ ਦਾ ਮਨੋਰਥ ਪੂਰਾ ਹੁੰਦਾ ਹੈ। ਇਸ ਪੂਰੇ ਸ਼ਬਦ ਰਾਹੀਂ ਸਾਨੂੰ ਭਰਮ ਦੇ ਬੰਧਨ ਤੋਂ ਮੁਕਤੀ ਪਾਉਣਾ ਹੀ ਸਿਖਾਇਆ ਹੋਇਆ ਹੈ ਜੋ ਕਿ ਮਨਮਤਿ ਵਿੱਚੋਂ ਨਿਕਲਕੇ ਗੁਰੂ ਦੀ ਮਤਿ ਨੂੰ ਅਪਣਾਉਣ ਦਾ ਹੈ, ਭਰਮ ਵਿੱਚੋਂ ਨਿਕਲਕੇ ਸੱਚ ਨੂੰ ਅਪਣਾਉਣ ਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾਇਆ ਜਾ ਸਕਦਾ ਹੈ, "ਸਾਧਸੰਗੁ" ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। (**ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥ ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥**)

ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਮਨ ਦੇ ਵਿੱਚ ਹੁੰਦਾ ਹੈ ਤੇ ਮਨ ਦੇ ਵਿੱਚੋਂ ਭਰਮ ਰੂਪ ਦੀਵਾਰ ਦੂਰ ਹੋਣ ਦੁਆਰਾ ਹੁੰਦਾ ਹੈ, ਹਉਮੈ ਰੂਪ ਪੜਦਾ ਦੂਰ ਹੋਣ ਨਾਲ ਹੁੰਦਾ ਹੈ ਤੇ ਕੋਈ ਹੋਰ ਤਰੀਕਾ ਨਹੀਂ ਹੈ। ਹਰ ਕੋਈ ਆਪਣੀ ਕਥਨੀ ਆਦਿ ਦੁਆਰਾ ਹੀ, ਸਰੀਰਕ ਕਿਰਿਆਵਾਂ ਆਦਿ ਦੁਆਰਾ ਹੀ, ਬਾਹਰੀ ਸੁਚਿ ਦੁਆਰਾ ਹੀ, ਧਰਮ ਅਸਥਾਨਾਂ ਆਦਿ ਤੇ ਦਰਸ਼ਨ ਕਰਣ ਦੁਆਰਾ ਹੀ, ਤੀਰਥਾਂ ਆਦਿ ਤੇ ਇਸ਼ਨਾਨ ਕਰਣ ਦੁਆਰਾ ਹੀ, ਖਾਣੇ ਆਦਿ ਦੀ ਸੁਚਿ ਨਾਲ ਜੁੜਨ ਦੁਆਰਾ ਹੀ, ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਵੇਲੇ ਦੀ ਸੰਭਾਲ ਕਰਨ ਦੁਆਰਾ ਹੀ, ਕਿਸੇ ਖਾਸ ਅੱਖਰ ਦਾ ਜਪ ਕਰੀ ਜਾਣ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ ਤੇ ਉਸ ਨੂੰ ਪਾਉਣ ਦਾ ਸਾਧਨ ਸਮਝਦੇ ਹਨ। ਇਹੋ ਜਿਹੇ ਕਿਸੇ ਤਰੀਕੇ ਦੁਆਰਾ ਵੀ ਨਾ ਸਾਨੂੰ ਗੁਰੂ ਦੀ ਮਤਿ ਸਮਝ ਆਉਂਦੀ ਹੈ ਤੇ ਨਾ ਹੀ ਉਹ ਸਾਡੇ ਅੰਦਰ ਟਿਕਦੀ ਹੈ ਜਿਸ ਦੁਆਰਾ ਅਸੀਂ ਭਰਮ ਵਿੱਚੋਂ ਨਿਕਲ ਸਕਦੇ ਹਾਂ ਭਾਵ ਉਹ ਸਾਰੇ ਤਰੀਕੇ ਵਿਅਰਥ ਹਨ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੂਲ ਰੂਪ ਵਿੱਚ ਨਹੀਂ ਅਪਣਾਉਂਦੇ ਜਿਸ ਦਾ ਮਕਸਦ ਕੇਵਲ ਸਾਨੂੰ ਵਿਕਾਰਾਂ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਿੱਚੋਂ ਕੱਢਣ ਦਾ ਹੈ ਤੇ ਹਰ ਉਸ ਭਰਮ ਵਿੱਚੋਂ ਕੱਢਣ ਦਾ ਹੈ ਜੋ ਭਗਤੀ ਦਾ ਮਾਰਗ ਹੈ ਹੀ ਨਹੀਂ। ਇਸੇ ਲਈ ਇਹੋ ਜਿਹੇ ਭਗਤੀ ਦੇ ਤਰੀਕੇ ਸਿਖਾਉਣ ਵਾਲਿਆਂ ਨੂੰ ਨਾ

31/3575

ਆਪਣੇ ਅੰਦਰੋਂ ਕਿਸੇ ਨੂੰ ਪ੍ਰਮਾਤਮਾ ਦੇ ਦਰਸ਼ਨ ਹੋਏ ਹਨ ਭਾਵ ਉਸ ਦੇ ਨਿਰਗੁਣ ਰੂਪ ਦੇ ਦਰਸ਼ਨ ਹੋਏ ਹਨ, ਗਿਆਨ ਰੂਪ ਦੇ ਦਰਸ਼ਨ ਹੋਏ ਹਨ ਤੇ ਨਾ ਹੀ ਕਿਸੇ ਦਾ ਭਰਮ ਦਾ ਪੜਦਾ ਦੂਰ ਹੋਇਆ ਹੈ। ਇਸੇ ਲਈ ਬਾਣੀ ਵਿੱਚ ਵਾਰ ਵਾਰ ਸਾਡੇ ਇਹੋ ਜਿਹੇ ਤਰੀਕਿਆਂ ਨੂੰ ਸਾਡੀਆਂ ਚਤੁਰਾਈਆਂ ਦੱਸਿਆ ਹੈ, ਪ੍ਰਮਾਤਮਾ ਦੇ ਨਾਲ ਕੇਵਲ ਆਪਣੀ ਭਗਤੀ ਦੀ ਠੱਗੀ ਦਿਖਾਉਣ ਵਾਲੀ ਗੱਲ ਦੱਸਿਆ ਹੈ, ਸਾਡੀ ਹੁਜਤ ਬਾਜੀ ਦੱਸਿਆ ਹੈ ਤਾਂ ਜੋ ਅਸੀਂ ਇਹਨਾਂ ਵਿੱਚੋਂ ਨਿਕਲੀਏ ਤੇ ਪ੍ਰਮਾਤਮਾ ਨੂੰ ਪਾਉਣ ਲਈ ਸਹੀ ਮਾਰਗ ਨੂੰ ਸਮਝੀਏ। ਇਹਨਾਂ ਗੱਲਾਂ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ, ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕ ਮਃ ੫ ॥

“ਨਾਨਕ ਆਏ ਸੇ ਪਰਵਾਣੁ ਹਹਿ ਜਿਨ ਹਰਿ ਵੁਠਾ ਚਿਤਿ ॥
ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥੧॥”

(ਅੰਗ ੩੨੦)

ਜੀਵਨ ਉਸੇ ਦਾ ਹੀ ਸਫ਼ਲ ਹੁੰਦਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਭਾਵ ਜਿੰਨ੍ਹਾਂ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਵਿਚਰ ਰਿਹਾ ਹੈ। ਗੁਰਬਾਣੀ ਦੀ ਰਚਨਾ ਉਹਨਾਂ ਨੇ ਹੀ ਕੀਤੀ ਹੈ ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਆਪਣਾ ਆਪ ਸਮਝਾਇਆ ਹੈ ਕਿ ਉਹ ਸਾਡੇ ਅੰਦਰ ਕਿਸ ਰੂਪ ਵਿੱਚ ਵੱਸਦਾ ਹੈ ਭਾਵ ਜਿੰਨ੍ਹਾਂ ਦਾ ਪ੍ਰਮਾਤਮਾ ਨੇ ਇਹ ਭਰਮ ਕੱਢਿਆ ਹੈ ਕਿ ਪ੍ਰਮਾਤਮਾ ਕੀ ਹੈ ਉਹਨਾਂ ਨੇ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ। ਉਹਨਾਂ ਨੇ ਫਿਰ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਉਹੀ ਮਾਰਗ ਸਮਝਾਇਆ ਹੈ ਜੋ ਉਸ ਨੂੰ ਪਾਉਣ ਦਾ ਸੱਚਾ ਮਾਰਗ ਹੈ। ਕੇਵਲ ਕਥਨੀ ਕਰੀ ਜਾਣਾ, ਸਾਰਾ ਦਿਨ ਪ੍ਰਮਾਤਮਾ ਦੀਆਂ ਗੱਲਾਂ ਕਰੀ ਜਾਣਾ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਨਹੀਂ ਹੈ। ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਸਮਝਾਉਣ ਵਾਲੇ ਅਨੇਕਾਂ ਹਨ, ਗੱਲਾਂ ਕਰਨ ਵਾਲੇ ਅਨੇਕਾਂ ਹਨ ਜੋ ਕਿ ਕੇਵਲ ਅਲ ਪਲਾਲੀਆ ਹਨ ਭਾਵ ਵਿਅਰਥ ਦੀਆਂ ਉੱਚੀਆਂ ਉੱਚੀਆਂ ਗੱਲਾਂ ਹਨ, ਢੀਗਾਂ ਮਾਰਨ ਵਾਲੀਆਂ ਗੱਲਾਂ ਹਨ ਕਿ ਸਾਨੂੰ ਭਗਤੀ ਦੀ ਬੜੀ ਸਮਝ ਹੈ। ਜਿਹੋ ਜਿਹੇ ਅਸੀਂ ਭਗਤੀ ਦੇ ਤਰੀਕੇ ਸਮਝੇ ਹੋਏ ਹਨ ਉਹ ਇਹੋ ਜਿਹਿਆਂ ਕੋਲੋਂ ਹੀ ਸਮਝੇ ਹੋਏ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਦੇਖਿਆ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਲੱਗੀ, ਪ੍ਰਮਾਤਮਾ ਦਾ ਟਿਕਾਣਾ ਸਾਡੇ ਅੰਦਰ ਕਿੱਥੇ ਹੈ ਤੇ ਕਿਸ ਰੂਪ ਵਿੱਚ ਹੈ ਇਸ ਗੱਲ ਦੀ ਸਮਝ ਨਹੀਂ ਲੱਗੀ । (**ਨਾਨਕ ਆਏ ਸੇ ਪਰਵਾਣੁ ਹਹਿ ਜਿਨ ਹਰਿ ਵੁਠਾ ਚਿਤਿ ॥ ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥੧॥**)

ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਕੀ ਹੈ ਇਹ ਗੁਰੂ ਨੇ ਨਾਲ ਹੀ ਸਾਨੂੰ ਪਉੜੀ ਰਾਹੀਂ ਸਮਝਾਇਆ ਹੋਇਆ ਹੈ ਜਿਸ ਦੇ ਅੰਦਰ ਪ੍ਰਮਾਤਮਾ ਵੱਸਿਆ ਹੋਇਆ ਹੈ ਭਾਵ ਜਿਸ ਦਾ ਭਰਮ ਨਿਕਲਿਆ ਹੋਇਆ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਕੀ ਹੈ।

31/3576

ਪਉੜੀ ॥

“ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥

ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥

ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗਿ ਮੁਤੇ ॥

ਕੀਤਾ ਪਾਇਨਿ ਆਪਣਾ ਦੁਖ ਸੇਤੀ ਜੁਤੇ ॥

ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ ॥12॥”

ਭਗਤੀ ਦਾ ਤਰੀਕਾ ਇੱਕੋ ਹੀ ਹੈ ਜੋ ਕਿ ਲਬਿ ਲੋਭ ਤੋਂ, ਮਾਇਆ ਮੋਹ ਤੋਂ, ਵਿਕਾਰਾਂ ਤੋਂ ਮੁਕਤਿ ਹੋਣ ਦਾ ਹੈ ਜਿਸ ਦਾ ਮਕਸਦ ਸਾਡੀ ਕਰਣੀ ਨੂੰ ਸੱਚੀ ਸੁੱਚੀ ਬਣਾਉਣ ਦਾ ਹੈ ਪਰ ਇਸ ਗੱਲ ਨੂੰ ਕੋਈ ਭਗਤੀ ਦਾ ਤਰੀਕਾ ਨਹੀਂ ਸਮਝਦਾ ਤੇ ਅਸੀਂ ਅਨੇਕਾਂ ਹੀ ਉਹੋ ਜਿਹੇ ਤਰੀਕੇ ਬਣਾਏ ਹੋਏ ਹਨ ਜਿੰਨ੍ਹਾਂ ਦੇ ਪਿੱਛੇ ਹਰ ਕੋਈ ਲੱਗਾ ਹੋਇਆ ਹੈ ਤੇ ਆਪਣੀ ਉਹੋ ਜਿਹੀ ਭਗਤੀ ਕਰਨ ਦੁਆਰਾ ਹੀ ਹਰ ਕੋਈ ਉੱਚੀਆਂ ਉੱਚੀਆਂ ਡੀਂਗਾਂ ਮਾਰਦਾ ਹੈ ਕਿ ਉਹ ਬੜੀ ਉੱਚੀ ਭਗਤੀ ਵਿੱਚ ਲੱਗਾ ਹੋਇਆ ਹੈ, ਦਿਨ ਰਾਤ ਗੁਰੂ ਗੁਰੂ ਕਰਨ ਵਿੱਚ ਲੱਗਾ ਹੋਇਆ ਹੈ ਭਾਵ ਕਥਨੀ ਵਿੱਚ ਲੱਗਾ ਹੋਇਆ ਹੈ। ਇਹੋ ਜਿਹੀ ਭਗਤੀ ਪ੍ਰਮਾਤਮਾ ਦੇ ਨਾਲ ‘‘ਧੋਹੁ’’ ਕਰਨ ਵਾਲੀ ਗੱਲ ਹੈ, ਧੋਖਾ ਕਰਨ ਵਾਲੀ ਗੱਲ ਹੈ, ਠੱਗੀ ਕਰਨ ਵਾਲੀ ਗੱਲ ਹੈ ਭਾਵ ਵਿਅਰਥ ਵਾਲੀ ਭਗਤੀ ਹੈ ਕਿਉਂਕਿ ਪ੍ਰਮਾਤਮਾ ਕੋਲੋਂ ਕੁੱਝ ਛੁਪਿਆ ਹੋਇਆ ਨਹੀਂ ਹੈ ਕਿ ਉਸ ਦੀ ਭਗਤੀ ਦਾ ਤਰੀਕਾ ਕੀ ਹੈ। ਤਰੀਕਾ ਉਸ ਨੇ ਵਾਰ ਵਾਰ ਗੁਰਬਾਣੀ ਰਾਹੀਂ ਆਪ ਹੀ ਸਮਝਾਇਆ ਹੈ ਜੋ ਕਿ ਮਾਇਆ ਮੋਹ ਆਦਿ ਵਿੱਚੋਂ ਨਿਕਲਕੇ, ਭਰਮਾਂ ਵਿੱਚੋਂ ਨਿਕਲਕੇ, ਵਿਕਾਰਾਂ ਵਿੱਚੋਂ ਨਿਕਲਕੇ ਸੱਚੀ ਸੁੱਚੀ ਕਰਨੀ ਕਰਨ ਦਾ ਹੈ। ਜੋ ਮਨੁੱਖ ਮੰਦੇ ਕਰਮ ਕਰਨ ਵਾਲਾ ਹੈ, ਮਾਇਆ ਦੇ ਨਸ਼ੇ ਵਿੱਚ ਹੈ ਉਹ ਆਪਣੀ ਭਗਤੀ ਦੇ ਦਿਖਾਵਿਆਂ ਦੁਆਰਾ ਕੇਵਲ ਪ੍ਰਮਾਤਮਾ ਨਾਲ ‘‘ਧੋਹੁ’’ ਹੀ ਕਰਦਾ ਹੈ ਜਿਸ ਦਾ ਨਤੀਜਾ ਪੁੱਠਾ ਹੀ ਮਿਲਦਾ ਹੈ, ਪ੍ਰਮਾਤਮਾ ਦੇ ਦਰਸ਼ਨ ਕਰਨੇ ਤਾਂ ਦੂਰ ਦੀ ਗੱਲ ਹੈ। (**ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥ ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥**)

ਜੋ ਮਨੁੱਖ ਮਾਇਆ ਮੋਹ ਵਿੱਚ ਰਹਿੰਦੇ ਹਨ ਉਹਨਾਂ ਨੂੰ ਨਾਮ ਵਿਸਰਿਆ ਹੁੰਦਾ ਹੈ ਭਾਵ ਗੁਰੂ ਦੀ ਮਤਿ ਵਿਸਰੀ ਹੁੰਦੀ ਹੈ ਜਿਸ ਕਰਕੇ ਉਹ ਮਾੜੇ ਕਰਮ ਕਰਦੇ ਹਨ ਤੇ ਵਾਰ ਵਾਰ ਪ੍ਰਮਾਤਮਾ ਉਹਨਾਂ ਨੂੰ ਜੂਨਾਂ ਵਿੱਚ ਭਵਾਉਂਦਾ ਹੈ। ਹਰ ਕੋਈ ਆਪਣਾ ਕੀਤਾ ਹੀ ਪਾਉਂਦਾ ਹੈ ਭਾਵ ਮਾੜੇ ਕਰਮਾਂ ਦਾ ਫਲ ਮਾੜਾ ਹੀ ਮਿਲਦਾ ਹੈ ਜਿਸ ਕਰਕੇ ਜੂਨਾਂ ਦਾ ਦੁੱਖ ਭੋਗਣਾ ਪੈਂਦਾ ਹੈ। ਸਾਡੇ ਅੰਦਰ ਮਾਇਆ ਮੋਹ ਵਾਲੀ ਬਿਰਤੀ, ਨਾਮ ਨੂੰ ਵਿਸਰਨ ਵਾਲੀ ਬਿਰਤੀ ਭਾਵ ਮਨਮਤਿ ਵਾਲੀ ਬਿਰਤੀ, ਅਗਿਆਨਤਾ ਵਾਲੀ ਬਿਰਤੀ ਸਾਡੇ ਅੰਦਰ ਦੀ ਮੰਦੀ ਰੁਤਿ ਹੈ ਜੋ ਸਾਨੂੰ ਮੰਦੇ ਕੰਮਾਂ ਵਲ ਤੋਰਦੀ ਹੈ। ਸਾਡੇ ਅੰਦਰ ਗੁਰਮਤਿ ਦੇ ਸੱਚੇ ਗਿਆਨ ਵਾਲੀ ਬਿਰਤੀ ਸਾਡੇ ਅੰਦਰ ਦੀ ਚੰਗੀ ਰੁਤਿ ਹੈ ਜਿਸ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ ਤੇ ਸਾਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਮਨ ਦੀ ਮੰਦੀ ਰੁਤਿ ਵਿੱਚ ਸਾਡੇ ਅੰਦਰ ਹਉਮੈ ਰੂਪ ਬੀਜ ਪਨਪਦਾ ਹੈ ਭਾਵ ਮੰਦੇ ਵਿਚਾਰ ਪਨਪਦੇ ਹਨ ਤੇ ਮਨ ਦੀ ਚੰਗੀ ਰੁਤਿ ਵਿੱਚ ਸਾਡੇ ਅੰਦਰ ਨਾਮ ਰੂਪ ਬੀਜ ਪਨਪਦਾ ਹੈ ਭਾਵ ਸਾਡੇ ਅੰਦਰ ਚੰਗੇ ਵਿਚਾਰ ਪਨਪਦੇ ਹਨ। ਗੁਰਮਤਿ ਰੂਪ ਵਿਚਾਰਾਂ ਨੂੰ ਆਪਣੇ ਅੰਦਰ

31/3577

ਵਸਾਉਣਾ ਹੀ ਭਾਵ ਮੰਨਣਾ ਹੀ ਆਪਣੇ ਅੰਦਰ ਨਾਮ ਦਾ ਬੀਜ ਬੀਝਣਾ ਹੈ ਜਿਸ ਨੂੰ ਬੀਜਣ ਦੀ ਰੁਤਿ ਸਾਡਾ ਸਾਰਾ ਜੀਵਨ ਹੈ ਜੋ ਸਾਨੂੰ ਮੰਦੀ ਰੁਤਿ ਵਿੱਚੋਂ ਕੱਢ ਸਕਦਾ ਹੈ। ਹਰ ਕੋਈ ਮਨ ਦੀ ਮੰਦੀ ਰੁਤਿ ਵਿੱਚ ਹੀ ਹੈ ਭਾਵ ਹਉਮੈ ਵਿੱਚ ਹੀ ਹੈ, ਮਾਇਆ ਮੋਹ ਵਾਲੀ ਬਿਰਤੀ ਵਿੱਚ ਹੀ ਹੈ। ਪ੍ਰਮਾਤਮਾ ਦੀ ਭਗਤੀ ਇਸ ਮੰਦੀ ਰੁਤਿ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ ਤੇ ਇਸ ਵਿੱਚੋਂ

ਨਿਕਲਣਾ ਹੀ ਸਾਡੀ ਭਗਤੀ ਦਾ ਸੱਚਾ ਉੱਦਮ ਹੈ ਤੇ ਬਾਕੀ ਕੇਵਲ ਸਾਡੇ ਦਿਖਾਵੇ ਹੀ ਹਨ ਜਿੰਨ੍ਹਾਂ ਦੀਆਂ ਹਰ ਕੋਈ ਡੀਂਗਾਂ ਮਾਰਨ ਵਿੱਚ ਲੱਗਾ ਹੋਇਆ ਹੈ, ਆਪਣੇ ਆਪ ਨੂੰ ਭਗਤੀ ਵਾਲਾ ਦਿਖਾਉਣ ਵਿੱਚ ਲੱਗਾ ਹੋਇਆ ਹੈ। (**ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥ ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥ ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗਿ ਮੁਤੇ ॥ ਕੀਤਾ ਪਾਇਨਿ ਆਪਣਾ ਦੁਖ ਸੇਤੀ ਜੁਤੇ ॥ ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ ॥12॥**)

{ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥
ਗੁਰ ਮਿਲੇ ਹਰਿ ਪਾਏ ॥ ਜਿਸੁ ਮਸਤਕਿ ਹੈ ਲੇਖਾ ॥
ਮਨ ਰੁਤਿ ਨਾਮ ਰੇ ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਰਹੇ ॥2॥}

(ਅੰਗ 1185)

ਨਾਮ ਵਾਲੀ ਰੁਤਿ ਉਸੇ ਮਨ ਵਿੱਚ ਹੁੰਦੀ ਹੈ ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਆਪਣਾ ਸੱਚਾ ਗਿਆਨ ਬਖਸ਼ ਦਿੰਦਾ ਹੈ, ਸੱਚੀ ਗੁਰਮਤਿ ਦੀ ਸੋਝੀ ਪਾ ਦਿੰਦਾ ਹੈ। ਉਹ ਗੁਰੂ ਦੀ ਅਵੱਸਥਾ ਹੈ ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਨਾਮ ਵਾਲੀ ਰੁਤਿ ਹੈ ਜੋ ਰੁਤਿ ਸਦਾ ਰਹਿਣ ਵਾਲੀ ਹੈ। ਅਸੀਂ ਨਾਮ ਵਾਲੀ ਰੁਤਿ ਨਾਲ ਜੁੜਕੇ ਆਪਣੇ ਮਨ ਦੀ ਮੰਦੀ ਰੁਤਿ ਵਿੱਚੋਂ ਨਿਕਲ ਸਕਦੇ ਹਾਂ। ਪੂਰੀ ਗੁਰਬਾਣੀ ਵਿੱਚ ਨਾਮ ਰੂਪ ਬੀਜ ਹੈ ਜੋ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਨੂੰ ਆਪਣੇ ਅੰਦਰ ਬੀਜਣਾ ਹੀ ਨਾਮ ਦੇ ਬੀਜ ਨੂੰ ਆਪਣੇ ਅੰਦਰ ਬੀਜਣਾ ਹੈ ਕਿਉਂਕਿ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਜਿਸ ਨੇ ਸਾਨੂੰ ਮਾੜੇ ਵਿਚਾਰਾਂ ਵਿੱਚੋਂ ਕੱਢਣਾ ਹੈ, ਮਨ ਦੀ ਮੰਦੀ ਰੁਤਿ ਵਿੱਚੋਂ ਕੱਢਣਾ ਹੈ।

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ ਰਹਾਉ ॥}

(ਅੰਗ 355)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥7॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥8॥}

(ਅੰਗ 229)

31/3578

ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰਮਤਿ ਦੀ ਸੱਚੀ ਸੋਝੀ ਬਿਨ੍ਹਾਂ, ਭਗਤੀ ਦੀ ਸੱਚੀ ਸੋਝੀ ਬਿਨ੍ਹਾਂ ਅਸੀਂ ਕੇਵਲ ਭਗਤੀ ਰੂਪ ਠੱਗੀ ਹੀ ਕਰਦੇ ਹਾਂ ਜਿੰਨ੍ਹਾਂ ਦੁਆਰਾ ਸਾਨੂੰ ਝੂਠਾ ਮਾਣ ਹੀ ਮਿਲਦਾ ਹੈ ਭਾਵ ਸੰਸਾਰਿਕ ਮਾਣ ਮਿਲਦਾ ਹੈ ਪਰ ਪ੍ਰਮਾਤਮਾ ਦੇ ਦਰ ਤੋਂ ਕੋਈ ਮਾਣ ਨਹੀਂ ਮਿਲਦਾ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਾਂ। ਆਪਣੀਆਂ ਇਹੋ ਜਿਹੀਆਂ ਚਤੁਰਾਈਆਂ ਦੁਆਰਾ, ਸਿਆਣਪਾਂ ਦੁਆਰਾ ਅਸੀਂ ਉਲਟਾ ਮਨ ਦੀ ਮੈਲ ਨੂੰ ਵਧਾਉਂਦੇ ਹਾਂ, ਆਪਣੀ ਹਉਮੈ ਨੂੰ ਦ੍ਰਿੜ ਕਰਦੇ ਹਾਂ, ਅਗਿਆਨਤਾ ਦੀ ਮੈਲ ਨੂੰ, ਭਰਮ ਦੀ ਮੈਲ ਨੂੰ ਦ੍ਰਿੜ ਕਰਦੇ ਹਾਂ ਭਾਵ ਪੁੱਠੇ ਮਾਰਗ ਤੇ ਚੱਲਦੇ ਹਾਂ। ਅਸੀਂ ਇਸ ਗੱਲ ਨੂੰ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਆਸਾ ਮਹਲਾ ੧ ॥

“ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥
ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥੧॥
ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥
ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥

ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥
ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥
ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥
ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥"

(ਅੰਗ 352)

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਭਗਤੀ ਦਾ ਮੂਲ ਭਗਤੀ ਨੂੰ ਸਮਝਣ ਵਿੱਚ ਹੈ ਤਾਂ ਜੋ ਅਸੀਂ ਉਹ ਕੁੱਝ ਕਰੀਏ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਅਸਲ ਮਾਰਗ ਹੈ। ਭਗਤੀ ਸੱਚ ਦਾ ਮਾਰਗ ਹੈ ਭਾਵ ਸੱਚ ਨੂੰ ਸਮਝਕੇ, ਸੱਚ ਤੇ ਚੱਲਣ ਦਾ ਮਾਰਗ ਹੈ। ਸੱਚ ਕੇਵਲ ਉਹ ਹੈ ਜਿਸ ਵਿੱਚ ਗੁਰਮਤਿ ਹੈ ਇਸ ਲਈ ਸਭ ਤੋਂ ਪਹਿਲੇ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਗੁਰਮਤਿ ਦੇ ਮੂਲ ਭਾਵ ਨੂੰ ਸਮਝੀਏ ਭਾਵ ਗੁਰੂ ਦੁਆਰਾ ਸਮਝਾਈ ਹੋਈ ਅਸਲੀਅਤ ਨੂੰ ਸਮਝੀਏ। ਗੁਰੂ ਪ੍ਰਮਾਤਮਾ ਦੇ ਨੇੜੇ ਸਾਨੂੰ ਸੱਚ ਹੀ ਲਗਾਉਂਦਾ ਹੈ ਤੇ ਜਦ ਤੱਕ ਸਾਡੇ ਅੰਦਰ ਸੱਚ ਨਹੀਂ ਹੈ ਤਦ ਤੱਕ ਅਸੀਂ ਗੁਰੂ ਪ੍ਰਮਾਤਮਾ ਨਾਲੋਂ ਦੂਰ ਹਾਂ। ਅਸੀਂ ਗੁਰਮਤਿ ਦੇ ਅਰਥ ਆਪਣੀ ਆਪਣੀ ਮਤਿ ਅਨੁਸਾਰ ਬਣਾਏ ਹੋਏ ਹਨ ਤੇ ਅਸੀਂ ਆਪਣੀਆਂ ਉਹਨਾਂ ਗੱਲਾਂ ਵਿੱਚ ਗੁਰਮਤਿ ਸਮਝਦੇ ਹਾਂ ਜਿੰਨ੍ਹਾਂ ਵਿੱਚ ਅਸਲ ਵਿੱਚ ਗੁਰਮਤਿ ਨਹੀਂ ਹੈ ਭਾਵ ਸਾਡੀ ਸਿਆਣਪ ਹੈ ਜੋ ਕਿ ਸਾਡੀ ਝੂਠੀ ਦਲੀਲ ਬਾਜੀ ਹੈ ਭਾਵ ਸਾਡੀ ਹੁਜਤ ਬਾਜੀ ਹੈ। ਗੁਰੂ ਪ੍ਰਮਾਤਮਾ ਨਾਲੋਂ ਅਸੀਂ ਇਹੋ ਜਿਹੀਆਂ ਝੂਠੀਆਂ ਸਿਆਣਪਾ ਕਰਕੇ ਹੀ ਦੂਰ ਹਾਂ ਜਿੰਨ੍ਹਾਂ ਸਿਆਣਪਾਂ ਨੂੰ ਅਸੀਂ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਤੇ ਇਹੋ ਜਿਹੀਆਂ ਸਿਆਣਪਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ। ਜਿੰਨ੍ਹਾਂ ਗੱਲਾਂ ਦਾ ਗੁਰਮਤਿ ਰਾਹੀਂ ਖੰਡਨ ਕੀਤਾ ਹੋਇਆ ਹੈ ਅਸੀਂ ਉਹਨਾਂ ਨੂੰ ਹੀ ਸੱਚ ਮੰਨਿਆ ਹੋਇਆ ਹੈ, ਭਗਤੀ ਦੇ ਤਰੀਕੇ ਮੰਨਿਆ ਹੋਇਆ ਹੈ ਤੇ ਸਭ ਪਾਸੇ ਇਹੋ ਜਿਹਾ ਪ੍ਰਚਾਰ ਹੀ ਕੀਤਾ ਜਾਂਦਾ ਹੈ ਸਰੀਰਕ ਜਪ ਤਪ ਦਾ ਪ੍ਰਚਾਰ ਕੀਤਾ ਜਾਂਦਾ ਹੈ, ਸ਼ਬਦਾਂ ਨੂੰ ਕੇਵਲ ਰਟੀ ਜਾਣ ਦਾ ਪ੍ਰਚਾਰ ਕੀਤਾ ਜਾਂਦਾ ਹੈ, ਕਿਸੇ ਅੱਖਰ ਨੂੰ ਜਪੀ ਜਾਣ ਦਾ ਪ੍ਰਚਾਰ ਕੀਤਾ ਜਾਂਦਾ ਹੈ, ਸਰੀਰਕ ਸੁਚਿ ਨਾਲ, ਖਾਣੇ ਆਦਿ ਦੀ ਸੁਚਿ ਨਾਲ ਜੁੜਨ ਦਾ ਪ੍ਰਚਾਰ ਕੀਤਾ ਜਾਂਦਾ ਹੈ, ਸਾਗ ਮਾਸ ਖਾਣ ਦੇ ਭੇਦ ਦਾ ਪ੍ਰਚਾਰ ਕੀਤਾ ਜਾਂਦਾ ਹੈ ਜਿਸ ਨੂੰ ਕਿ ਧਰਮ ਨਾਲ ਜੋੜਿਆ ਜਾਂਦਾ ਹੈ, ਕਿਸੇ ਖਾਸ

31/3579

ਵੇਲੇ ਨੂੰ ਅੰਮ੍ਰਿਤ ਵੇਲਾ ਸਮਝਿਆ ਤੇ ਸਮਝਾਇਆ ਜਾਂਦਾ ਹੈ ਭਾਵ ਉੱਚਾ ਵੇਲਾ ਸਮਝਾਇਆ ਜਾਂਦਾ ਹੈ ਜਿਸ ਵਿੱਚ ਗੁਰਮਤਿ ਨਹੀਂ ਹੈ ਭਾਵ ਸੱਚ ਨਹੀਂ ਹੈ ਭਾਵ ਭਗਤੀ ਦੇ ਮਾਰਗ ਨੂੰ ਅਸੀਂ ਆਪਣੀਆਂ ਸਿਆਣਪਾਂ ਦੇ ਨਾਲ ਜੋੜਿਆ ਹੋਇਆ ਹੈ ਜਿੰਨ੍ਹਾਂ ਕਰਕੇ ਅਸੀਂ ਆਪਣੇ ਅੰਦਰ ਮੈਲ ਹੀ ਵਧਾਉਂਦੇ ਹਾਂ ਕਿਉਂਕਿ ਇਹਨਾਂ ਤਰੀਕਿਆਂ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ।
(**ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥**)

ਮੈਲ ਦੇ ਤਾਂ ਅਸੀਂ ਪਹਿਲੇ ਹੀ ਭਰੇ ਹੋਏ ਹਾਂ ਭਾਵ ਹਰ ਕੋਈ ਜਨਮ ਤੋਂ ਹੀ ਹਉਮੈ ਵਿੱਚ ਹੈ, ਮਨ ਦੀ ਅਗਿਆਨਤਾ ਰੂਪ ਮੈਲ ਵਿੱਚ ਹੈ ਤੇ ਸੱਚੀ ਗੁਰਮਤਿ ਦਾ ਮਕਸਦ ਸਾਨੂੰ ਇਸ ਮਨ ਦੀ ਮੈਲ ਵਿੱਚੋਂ ਕੱਢਣ ਦਾ ਹੈ। ਗੁਰਮਤਿ ਹੀ ਨਾਮ ਹੈ ਜਿਸ ਦਾ ਮਕਸਦ ਸਾਨੂੰ ਹਉਮੈ ਦੀ ਮੈਲ ਵਿੱਚੋਂ ਕੱਢਣ ਦਾ ਹੈ, ਭਰਮ ਦੀ ਮੈਲ ਵਿੱਚੋਂ ਕੱਢਣ ਦਾ ਹੈ। ਸਾਡੀ ਮੈਲ ਤਾਂ ਹੀ ਨਿਕਲੇਗੀ ਜਦੋਂ ਅਸੀਂ ਨਾਮ ਦੇ ਮਕਸਦ ਨੂੰ ਸਮਝਾਂਗੇ ਭਾਵ ਨਾਮ ਦੀ ਮਤਿ ਨੂੰ ਸਮਝਕੇ ਉਸ ਨੂੰ ਆਪਣੇ ਮਨ ਵਿੱਚ ਵਸਾਵਾਂਗੇ ਜਿਸ ਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ ਤੇ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਸਮਝਾਕੇ ਉਸ ਅਨੁਸਾਰ ਚਲਾਉਣਾ ਹੈ। ਗੁਰਮਤਿ ਦੀ ਸੱਚੀ ਸੋਝੀ ਨਾਲ ਸਾਡੀ ਲਿਵ ਜੁੜਨਾ ਹੀ ਗੁਰੂ ਪ੍ਰਮਾਤਮਾ ਦੇ ਨਾਲ ਲਿਵ ਜੁੜਨਾ ਹੈ। ਪ੍ਰਮਾਤਮਾ ਦੇ ਨਾਲ ਲਿਵ, ਉਸ ਦੀ ਸੱਚੀ ਮਤਿ ਦੇ ਨਾਲ ਲਿਵ ਉਸ ਦੀ ਕਿਰਪਾ ਦੁਆਰਾ ਹੀ ਜੁੜਦੀ ਹੈ ਪਰ ਉਸ ਦੇ ਲਈ ਉੱਦਮ ਅਸੀਂ ਹੀ ਕਰਨਾ ਹੈ ਭਾਵ ਆਪਣੀ ਭਰਮ ਵਾਲੀ ਮਤਿ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ, ਆਪਣੀਆਂ ਝੂਠੀਆਂ ਸਿਆਣਪਾਂ ਵਿੱਚੋਂ, ਭਗਤੀ ਦੇ ਦਿਖਾਵਿਆਂ ਵਿੱਚੋਂ ਨਿਲਕਣ ਦਾ ਉੱਦਮ ਅਸੀਂ ਹੀ ਕਰਨਾ ਹੈ, ਸੱਚ ਨੂੰ ਸਮਝਣ ਦਾ ਤੇ ਉਸ ਅਨੁਸਾਰ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ, ਆਪਣੇ ਮਨ ਦੀ ਮੈਲ ਨੂੰ ਧੋਣ ਦਾ ਉੱਦਮ ਅਸੀਂ ਹੀ ਕਰਨਾ ਹੈ, ਆਪਣੀ ਹਉਮੈ ਨੂੰ ਦੂਰ ਕਰਨ ਦਾ ਉੱਦਮ ਅਸੀਂ ਹੀ

ਕਰਨਾ ਹੈ, ਨਾਮ ਨੂੰ ਸਮਝਕੇ ਉਸ ਤੇ ਚੱਲਣ ਦਾ ਉੱਦਮ ਅਸੀਂ ਹੀ ਕਰਨਾ ਹੈ। (**ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥ ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥1॥**)

ਸਾਡਾ ਸੱਚ ਦੁਆਰਾ ਵਿਚਰਨਾ ਹੀ ਸਾਡੀ ਪ੍ਰਮਾਤਮਾ ਅੱਗੇ ਸੱਚੀ ਅਰਦਾਸਿ ਹੈ ਭਾਵ ਉਸ ਦੇ ਨਾਲ ਮੇਲ ਦੀ ਅਰਦਾਸਿ ਹੈ। ਪ੍ਰਮਾਤਮਾ ਅੱਗੇ ਸਾਡੀ ਪੂਰਨ ਰੂਪ ਵਿੱਚ ਅਰਦਾਸਿ ਉਦੋਂ ਹੀ ਹੁੰਦੀ ਹੈ ਜਦੋਂ ਅਸੀਂ ਪ੍ਰਮਾਤਮਾ ਨੂੰ ਪਾ ਲੈਂਦੇ ਹਾਂ ਭਾਵ ਜਦੋਂ ਸਾਨੂੰ ਸੱਚ ਦੀ, ਗੁਰਮਤਿ ਦੀ ਪੂਰਨ ਰੂਪ ਵਿੱਚ ਸੋਝੀ ਪੈ ਜਾਂਦੀ ਹੈ। ਗੁਰੂ ਸਾਹਿਬਾਨ ਨੇ ਸਾਨੂੰ ਗੁਰਬਾਣੀ ਰਾਹੀਂ ਪ੍ਰਮਾਤਮਾ ਅੱਗੇ ਸੱਚੀ ਅਰਦਾਸਿ ਕਰਨੀ ਹੀ ਸਿਖਾਈ ਹੈ ਜੋ ਕਿ ਉਸ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ। ਜਿਹੋ ਜਿਹੀ ਅਰਦਾਸਿ ਉਹਨਾਂ ਨੇ ਪ੍ਰਮਾਤਮਾ ਅੱਗੇ ਆਪ ਕੀਤੀ ਹੈ ਉਹੋ ਜਿਹੀ ਅਰਦਾਸਿ ਹੀ ਸਾਨੂੰ ਕਰਨੀ ਸਿਖਾਈ ਹੈ ਜਿਸ ਲਈ ਅਸੀਂ ਉੱਦਮ ਹੀ ਕਰਨਾ ਹੈ।

31/3580

ਪੂਰਨ ਰੂਪ ਵਿੱਚ ਅਰਦਾਸਿ ਪੂਰਨ ਸੱਚ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ, "ਦੁਖੁ ਸੁਖੁ" ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ ਭਾਵ ਇਹਨਾਂ ਵਿੱਚੋਂ ਨਿਕਲਣ ਦੁਆਰਾ ਹੀ ਸੱਚੀ ਅਰਦਾਸਿ ਹੁੰਦੀ ਹੈ ਜੋ ਕਿ ਸਾਡੀ ਸੱਚੀ ਸੁੱਚੀ ਵਿਚਰਨ ਦੁਆਰਾ ਹੁੰਦੀ ਹੈ ਭਾਵ ਇਹ ਸਭ ਕੁੱਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜੋ ਸੋਝੀ ਦਾ ਮਾਲਕ ਆਪ ਪ੍ਰਮਾਤਮਾ ਹੈ ਭਾਵ ਸਾਡੇ ਮਨ ਦੀ ਅਵੱਸਥਾ ਬਣਾਉਣ ਵਾਲਾ ਆਪ ਪ੍ਰਮਾਤਮਾ ਹੈ ਤੇ ਸਾਨੂੰ ਉਸ ਦੇ ਕੋਲੋਂ ਹੀ ਇਹ ਸੋਝੀ ਪੈਂਦੀ ਹੈ ਜਿਸ ਦੁਆਰਾ ਭਗਤੀ ਦਾ ਮਾਰਗ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। (**ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥1॥ ਰਹਾਉ ॥**) ਉੱਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਦੀ ਅਵੱਸਥਾ ਹੀ ਸਮਝਾਈ ਹੋਈ ਹੈ ਜਿੱਥੇ ਪ੍ਰਮਾਤਮਾ ਸਦਾ ਹੀ ਹਾਜਰ ਹੈ, ਪ੍ਰਗਟ ਹੈ। ਜਿੱਥੇ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ ਉਹ ਫਿਰ ਪ੍ਰਮਾਤਮਾ ਨੂੰ ਸਦਾ ਹੀ ਆਪਣੇ ਅੰਦਰ ਹਾਜਰੁ ਹਜੂਰਿ ਦੇਖਦਾ ਹੈ ਜੋ ਹਰ ਵੇਲੇ ਮਨ ਦੇ ਵਿੱਚ ਸੋਝੀ ਪਾਉਂਦਾ ਰਹਿੰਦਾ ਹੈ, ਗੁਰਮਤਿ ਰੂਪ, ਨਾਮ ਰੂਪ ਸੋਝੀ ਪਾਉਂਦਾ ਰਹਿੰਦਾ ਹੈ ਭਾਵ ਸੱਚ ਸਮਝਾਉਂਦਾ ਰਹਿੰਦਾ ਹੈ, ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਰਹਿੰਦਾ ਹੈ।

ਜਦ ਤੱਕ ਪ੍ਰਮਾਤਮਾ ਆਪ ਹਾਜਰ ਹਜੂਰ ਹੋ ਕੇ ਸੱਚ ਨਹੀਂ ਸਮਝਾਉਂਦਾ ਤਦ ਤੱਕ ਹਰ ਕੋਈ ਸੱਚ ਨੂੰ ਸਮਝਣ ਤੋਂ ਦੂਰ ਹੀ ਹੈ, ਗੁਰਮਤਿ ਨੂੰ ਸਮਝਣ ਤੋਂ ਦੂਰ ਹੀ ਹੈ ਤੇ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹਰ ਕੋਈ ਭਰਮ ਵਿੱਚ ਹੀ ਰਹਿੰਦਾ ਹੈ ਭਾਵ ਭਗਤੀ ਦਾ ਸੱਚਾ ਮਾਰਗ ਸਮਝਣ ਤੋਂ ਭਰਮ ਵਿੱਚ ਹੀ ਰਹਿੰਦਾ ਹੈ, ਹਉਮੈ ਵਿੱਚ ਹੀ ਰਹਿੰਦਾ ਹੈ ਤੇ ਆਪਣੀ ਮਤਿ ਅਨੁਸਾਰ ਭਗਤੀ ਦੇ ਤਰੀਕਿਆਂ ਨਾਲ ਜੁੜਿਆ ਰਹਿੰਦਾ ਹੈ ਜਿੰਨ੍ਹਾਂ ਵਿੱਚ ਸੱਚ ਨਹੀਂ ਹੁੰਦਾ, ਗੁਰਮਤਿ ਨਹੀਂ ਹੁੰਦੀ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

"ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥
ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥
ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥
ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥"

ਜਿਵੇਂ ਕਿ ਅਸੀਂ ਉੱਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਕਿ ਸੱਚ ਉੱਥੇ ਹੈ ਜਿੱਥੇ ਗੁਰੂ ਦੀ ਮਤਿ ਹੈ ਤੇ ਜਿੱਥੇ ਸੱਚ ਨਹੀਂ ਉਹ ਗੱਲ ਕੂੜ ਹੈ ਭਾਵ

31/3581

ਝੂਠ ਹੈ। ਸਾਡੀ ਜੋ ਵੀ ਕਰਨੀ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਉਹ ਝੂਠ ਹੈ। ਅਸੀਂ ਜਿਹੋ ਜਿਹੇ ਭਗਤੀ ਦੇ ਉਪਰਾਲੇ ਕਰਦੇ ਹਾਂ ਭਾਵ ਉਹੋ ਜਿਹੇ ਉਪਰਾਲੇ ਜਿੰਨ੍ਹਾਂ ਦਾ ਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ ਉਹ ਸਾਡੇ ਝੂਠੇ ਉਪਰਾਲੇ ਹੀ ਹਨ ਇਹੋ ਜਿਹੇ ਉਪਰਾਲਿਆਂ ਦੁਆਰਾ ਅਸੀਂ ਕੂੜ ਹੀ ਕਮਾਉਂਦੇ ਹਾਂ ਭਾਵ ਝੂਠੀ ਕਮਾਈ ਕਰਦੇ ਹਾਂ ਜਿਸ ਦੁਆਰਾ ਅਸੀਂ ਆਵਾਗਉਣ ਵਿੱਚ ਹੀ ਰਹਿੰਦੇ ਹਾਂ ਭਾਵ ਆਪਣੇ ਇਹੋ ਜਿਹੇ ਉਪਰਾਲਿਆਂ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। (**ਕੂੜੁ ਕਮਾਵੈ ਆਵੈ ਜਾਵੈ ॥**) ਅਸੀਂ ਆਪਣੀ ਕਥਨੀ ਆਦਿ ਨੂੰ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ, ਕਿਸੇ ਅੱਖਰ ਦੇ ਜਪ ਕਰੀ ਜਾਣ ਨੂੰ ਭਗਤੀ

ਦਾ ਮਾਰਗ ਸਮਝਿਆ ਹੋਇਆ ਹੈ ਜੋ ਕਿ ਸਾਡਾ ਝੂਠਾ ਉਪਰਾਲਾ ਹੈ, ਕੂੜ ਕਮਾਈ ਹੈ। ਅਸੀਂ ਇਸ ਨੂੰ ਨਾਮ ਦੀ ਕਮਾਈ ਕਰਨੀ ਸਮਝਦੇ ਹਾਂ ਤੇ ਪ੍ਰਮਾਤਮਾ ਨੂੰ ਪਾਉਣ ਦਾ ਸਾਧਨ ਸਮਝਦੇ ਹਾਂ, ਭਗਤੀ ਦੇ ਉੱਪਰ ਵਾਰਾ ਆਉਣਾ ਸਮਝਦੇ ਹਾਂ ਕਿ ਇਸ ਤਰੀਕੇ ਅਸੀਂ ਗੁਰੂ ਦੀ ਮਤਿ ਦੇ ਵਾਰੇ ਆ ਸਕਦੇ ਹਾਂ ਭਾਵ ਉਸ ਤੇ ਪੂਰਾ ਉਤਰ ਸਕਦੇ ਹਾਂ ਪਰ ਇਹ ਕੇਵਲ ਸਾਡਾ ਭਰਮ ਹੈ ਕਿਉਂਕਿ ਭਗਤੀ ਦਾ ਮਾਰਗ ਕਥਨੀ ਦਾ ਨਹੀਂ ਕਰਣੀ ਦਾ ਮਾਰਗ ਹੈ ਭਾਵ ਆਪਣੀ ਕਥਨੀ ਦੁਆਰਾ ਅਸੀਂ ਕੇਵਲ ਕੂੜ ਹੀ ਕਮਾਉਂਦੇ ਹਾਂ ਜਿਸ ਵਿੱਚ ਸੱਚ ਨਹੀਂ ਹੈ, ਗੁਰਮਤਿ ਨਹੀਂ ਹੈ, ਨਾਮ ਨਹੀਂ ਹੈ। (**ਕੂੜੁ ਕਮਾਵੈ ਆਵੈ ਜਾਵੈ॥ ਕਹਣਿ ਕਥਨਿ ਵਾਰਾ ਨਹੀ ਆਵੈ ॥**)

ਸਾਡੇ ਇਸ ਭਰਮ ਦਾ ਕਾਰਨ ਕੀ ਹੈ ਭਾਵ ਆਪਣੀ ਕਥਨੀ ਨੂੰ ਭਗਤੀ ਸਮਝਣ ਦਾ ਕਾਰਨ ਕੀ ਹੈ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥2॥”

ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ ਭਗਤੀ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਭਗਤੀ ਦੀ ਸੱਚੀ ਸੋਝੀ ਉਹਨਾਂ ਨੂੰ ਹੀ ਪਈ ਹੈ ਜਿੰਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੈ, ਜਾਣਿਆ ਹੈ ਭਾਵ ਉਸ ਦੇ ਦਰਸ਼ਨ ਕੀਤੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤੇ ਹਨ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦੇ ਹਨ ਉਨ੍ਹਾਂ ਨੂੰ ਪ੍ਰਮਾਤਮਾ ਭਗਤੀ ਦੀ ਸੋਝੀ ਆਪ ਹੀ ਪਾਉਂਦਾ ਹੈ ਤੇ ਜਿੰਨ੍ਹਾਂ ਨੂੰ ਇਹ ਸੋਝੀ ਪਈ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਸਾਨੂੰ ਕਥਨੀ ਵਿੱਚੋਂ ਕੱਢਕੇ ਕਰਣੀ ਨਾਲ ਭਗਤੀ ਕਰਨ ਦਾ ਮਾਰਗ ਸਮਝਾਇਆ ਹੈ। ਜਿੰਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖਿਆ ਹੀ ਨਹੀਂ ਉਨ੍ਹਾਂ ਨੂੰ ਫਿਰ ਭਗਤੀ ਦੀ ਸੂਝ ਬੂਝ ਨਹੀਂ ਪੈ ਸਕਦੀ ਤੇ ਇਹੋ ਜਿਹੇ ਕੇਵਲ ਕਥਨੀ ਨਾਲ ਹੀ ਜੁੜੇ ਰਹਿੰਦੇ ਹਨ ਭਾਵ

31/3582

ਕਥਨੀ ਵਿੱਚ ਹੀ ਭਗਤੀ ਸਮਝਦੇ ਹਨ ਜਿਵੇਂ ਕਿ ਸਭ ਪਾਸੇ ਇਹੋ ਜਿਹਾ ਪ੍ਰਚਾਰ ਹੀ ਹੋ ਰਿਹਾ ਹੈ। (**ਕਿਆ ਦੇਖਾ ਸੂਝ ਬੂਝ ਨ ਪਾਵੈ ॥**) ਜਿਹੜਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਉਸ ਨੂੰ ਹੀ ਨਾਮ ਦੀ ਸੋਝੀ ਪੈਂਦੀ ਹੈ ਕਿ ਨਾਮ ਕੀ ਹੈ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਮਨ ਦੇ ਵਿੱਚੋਂ ਦਿਸਦਾ ਹੈ ਜਿਸ ਦੁਆਰਾ ਉਹ ਬ੍ਰਹਮ ਗਿਆਨ ਰੂਪ ਸੱਚੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਭਗਤੀ ਦਾ ਮਾਰਗ ਸਮਝਾਉਂਦਾ ਹੈ। ਭਗਤੀ ਦਾ ਮਾਰਗ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਵਿਕਾਰਾਂ ਵਿੱਚੋਂ ਨਿਕਲਣ ਦਾ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰ ਸਕੀਏ, ਸੱਚੀ ਸੁੱਚੀ ਕਿਰਤ ਕਰੀਏ ਤੇ ਕਿਸੇ ਦਾ ਮਾੜਾ ਨਾ ਕਰੀਏ, ਪਰ ਉਪਕਾਰੀ ਬਣਕੇ ਵਿਚਰੀਏ ਤੇ ਇਹੀ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਹੈ ਜਿਸ ਦੀ ਸੋਝੀ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ। (**ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥**) ਜਦ ਤੱਕ ਸਾਡਾ ਮਨ ਤ੍ਰਿਸ਼ਨਾਵਾਂ ਵੱਲੋਂ, ਮਾਇਆ ਮੋਹ ਵੱਲੋਂ ਤ੍ਰਿਪਤ ਨਹੀਂ ਹੁੰਦਾ ਭਾਵ ਗੁਰਮਤਿ ਤੇ ਅਡੋਲ ਨਹੀਂ ਹੁੰਦਾ ਤਦ ਤੱਕ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਪ੍ਰਮਾਤਮਾ ਦੀ ਭਗਤੀ ਮਨ ਦੇ “**ਸਤ ਸੰਤੋਖ**” ਦੁਆਰਾ ਹੁੰਦੀ ਹੈ ਭਾਵ ਗੁਰਮਤਿ ਦਾ ਵਿਚਾਰੀ ਬਣਕੇ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਭਾਵ ਕਥਨੀ ਕਰੀ ਜਾਣਾ ਕੇਵਲ ਸਾਡੀ ਵਿਅਰਥ ਦੀ ਕਿਰਿਆ ਹੈ, ਝੂਠੀ ਕਮਾਈ ਹੈ। (**ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥ ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥**)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖੇ ਬਿਨ੍ਹਾਂ, ਨਾਮ ਨੂੰ ਜਾਣੇ ਬਿਨ੍ਹਾਂ, ਗੁਰਮਤਿ ਦੀ ਸੱਚੀ ਸੋਝੀ ਪਏ ਬਿਨ੍ਹਾਂ ਹਰ ਮਨੁੱਖ ਹਉਮੈ ਦੇ ਰੋਗ ਵਿੱਚ ਹੀ ਹੈ, ਅਗਿਆਨਤਾ ਦੇ ਰੋਗ ਵਿੱਚ ਹੀ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਸੱਚੀ ਭਗਤੀ ਦੀ ਸੋਝੀ ਨਹੀਂ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਤੇ ਇਸ ਵਿੱਚੋਂ ਨਿਕਲਣ ਦਾ ਸਾਧਨ ਵੀ ਸਮਝਾਇਆ ਹੋਇਆ ਹੈ।

“ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥

ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥”

ਜਿਵੇਂ ਕਿ ਅਸੀਂ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ, ਭਗਤੀ ਦੀ ਸੱਚੀ ਸੋਝੀ ਨਾ ਪੈਣ ਦਾ

31/3583

ਕਾਰਣ ਸਾਡੇ ਅੰਦਰ ਦੀ ਹਉਮੈ ਹੈ ਭਾਵ ਹਉਮੈ ਰੂਪ ਪੜਦਾ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਵਿੱਚ ਰੱਖਦਾ ਹੈ, ਭਰਮ ਵਿੱਚ ਰੱਖਦਾ ਹੈ। ਇਹ ਹਉਮੈ ਸਾਡੇ ਸਭ ਦੇ ਅੰਦਰ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਪਰ ਇਹ ਹਉਮੈ ਕੀ ਹੈ ਇਸ ਗੱਲ ਦੀ ਕਿਸੇ ਨੂੰ ਸਮਝ ਨਹੀਂ ਹੈ। ਸਾਡੇ ਜੀਵਨ ਦਾ ਮਕਸਦ ਇਸ ਹਉਮੈ ਵਿੱਚੋਂ ਨਿਕਲਣ ਦਾ ਹੀ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਜੋ ਸਾਡੇ ਸਭ ਦੇ ਅੰਦਰ ਹੀ ਹੈ। ਸਾਡੇ ਅੰਦਰ ਮਾਇਆ ਮੋਹ ਦਾ ਕਾਰਣ, ਦੁੱਖਾਂ ਦਾ ਕਾਰਣ, ਮਨ ਦੇ ਕਲੇਸ਼ ਦਾ ਕਾਰਣ, ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਣ ਇਸ ਮਨ ਦੀ ਹਉਮੈ ਹੀ ਹੈ ਜਿਸ ਨੇ ਸਾਨੂੰ ਨਾਮ ਤੋਂ ਦੂਰ ਰੱਖਿਆ ਹੋਇਆ ਹੈ। (**ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥**)

ਜਿਸ ਦੀ ਪ੍ਰਮਾਤਮਾ ਰੱਖਿਆ ਕਰਦਾ ਹੈ ਉਸ ਨੂੰ ਪ੍ਰਮਾਤਮਾ ਹਉਮੈ ਤੋਂ ਹੀ ਬਚਾਉਂਦਾ ਹੈ ਭਾਵ ਉਸ ਨੂੰ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੀ ਸੋਝੀ ਦੁਆਰਾ ਹੀ ਕੱਢਦਾ ਹੈ। ਜਿਸ ਨੂੰ ਪ੍ਰਮਾਤਮਾ ਹਉਮੈ ਤੋਂ ਬਚਾਉਂਦਾ ਹੈ ਉਸ ਨੂੰ ਮਨ ਦੇ ਵਿੱਚ ਆਪਣਾ ਅੰਮ੍ਰਿਤ ਹੀ ਛਕਾਉਂਦਾ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਬ੍ਰਹਮ ਗਿਆਨ ਪ੍ਰਮਾਤਮਾ ਦਾ ਅੰਮ੍ਰਿਤ ਨਾਮ ਹੈ। ਪ੍ਰਮਾਤਮਾ ਆਪਣਾ ਇਹ ਅੰਮ੍ਰਿਤ ਉਸ ਨੂੰ ਪਿਆਉਂਦਾ ਹੈ ਜੋ ਉਸ ਦੀ ਮਤਿ ਦੇ ਨਾਲ ਜੁੜਦਾ ਹੈ, ਸ਼ਬਦ ਦੀ ਵਿਚਾਰ ਦੇ ਨਾਲ ਜੁੜਦਾ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਸੇਵਾ ਹੁੰਦੀ ਹੈ। ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਸੱਚੀ ਭਗਤੀ ਸਮਝਾਉਣ ਦਾ ਹੀ ਹੈ। ਅਸੀਂ ਇਹ ਉੱਦਮ ਹੀ ਕਰਨਾ ਹੈ ਕਿ ਅਸੀਂ ਸ਼ਬਦ ਦੀ ਵਿਚਾਰ ਦੇ ਨਾਲ ਜੁੜੀਏ ਭਾਵ ਗੁਰੂ ਦੀ ਸੇਵਾ ਨਾਲ ਜੁੜੀਏ, ਗੁਰੂ ਦੇ ਅੰਮ੍ਰਿਤ ਰੂਪ ਗਿਆਨ ਨਾਲ ਜੁੜੀਏ ਜਿਸ ਦੁਆਰਾ ਸਾਡੀ ਹਉਮੈ ਤੋਂ ਰੱਖਿਆ ਹੁੰਦੀ ਹੈ, ਮਨਮਤਿ ਤੋਂ, ਅਗਿਆਨਤਾ ਤੋਂ ਰੱਖਿਆ ਹੁੰਦੀ ਹੈ। ਕਿਰਪਾ ਪ੍ਰਮਾਤਮਾ ਉਸ ਤੇ ਕਰਦਾ ਹੈ ਜੋ ਪਹਿਲਾਂ ਸੱਚਾ ਉੱਦਮ ਕਰਦਾ ਹੈ ਤੇ ਤਾਂ ਹੀ ਉਸ ਦੇ ਮਨ ਦੇ ਵਿੱਚੋਂ ਦਰਸ਼ਨ ਹੁੰਦੇ ਹਨ। ਜੇਕਰ ਅਸੀਂ ਆਪਣੀਆਂ ਸਿਆਣਪਾਂ ਛੱਡਣ ਦਾ ਉੱਦਮ ਕਰਾਂਗੇ ਫਿਰ ਤਾਂ ਹੀ ਪ੍ਰਮਾਤਮਾ ਦੀ ਸੱਚੀ ਸਿਆਣਪ ਲੈਣ ਦਾ ਉਪਰਾਲਾ ਕਰਾਂਗੇ ਜੋ ਕਿ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਦਿੰਦਾ ਹੈ, ਅੰਮ੍ਰਿਤ ਰਸ ਦੇ ਰੂਪ ਵਿੱਚ ਦਿੰਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਅਸੀਂ ਹਉਮੈ ਤੋਂ ਮੁਕਤਿ ਹੁੰਦੇ ਹਾਂ ਤੇ ਮਨ ਦੇ ਵਿੱਚੋ ਹੀ ਅੰਮ੍ਰਿਤ ਨਾਮ ਦੇ ਦਰਸ਼ਨ ਕਰਦੇ ਹਾਂ। (**ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥ ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰ ਸੇਵਿ ਅੰਮ੍ਰਿਤ ਰਸੁ ਚਾਖੇ ॥3॥**)

ਆਪਣੇ ਅੰਦਰੋਂ ਅੰਮ੍ਰਿਤ ਰਸ ਚੱਖਣ ਦੇ ਨਾਲ ਸਾਨੂੰ ਸੋਝੀ

31/3584

ਹੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਵਿੱਚੋਂ ਨਿਕਲਦਾ ਹੈ ਤੇ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਨਾਲ ਜੁੜਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਭਾਵ ਅੰਮ੍ਰਿਤ ਰਸ ਚੱਖਣ ਦਾ ਮਕਸਦ ਕੀ ਹੈ, ਇਹ ਸਮਝਾਇਆ ਹੋਇਆ ਹੈ॥

“ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥
ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥
ਨਾਨਕ ਵਿਚਹੁ ਆਪੁ ਗਵਾਏ ॥੪॥੧੩॥”

ਅਸੀਂ ਪਿੱਛੇ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਮਨ ਦੇ ਅੰਮ੍ਰਿਤ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਿੱਚੋਂ ਕੱਢਣ ਦਾ ਹੈ, ਹਉਮੈ ਵਿੱਚੋਂ ਕੱਢਣ ਦਾ ਹੈ। ਇਹੀ ਗੱਲ ਸਾਨੂੰ ਉਪਰਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। ਜਦ ਤੱਕ ਸਾਡੇ ਮਨ ਦੀ ਸੋਝੀ ਕੱਚੀ ਹੈ, ਭਰਮ ਵਾਲੀ ਹੈ ਤਦ ਤੱਕ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਭਾਵ

ਸਾਨੂੰ ਭਗਤੀ ਦਾ ਅਸਲ ਮਾਰਗ ਸਮਝ ਨਹੀਂ ਪੈਂਦਾ। ਜਦ ਤੱਕ ਸਾਡਾ ਮਨ ਡੋਲਣ ਵਿੱਚ ਹੈ ਤਦ ਤੱਕ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ। ਪ੍ਰਮਾਤਮਾ ਦੀ ਭਗਤੀ ਉਦੋਂ ਹੁੰਦੀ ਹੈ ਜਦੋਂ ਸਾਡਾ ਮਨ ਗੁਰਮਤਿ ਦੀ ਸੱਚੀ ਸੋਝੀ ਤੇ ਅਡੋਲ ਹੋ ਜਾਂਦਾ ਹੈ, ਸੱਚ ਤੇ ਅਡੋਲ ਹੋ ਜਾਂਦਾ ਹੈ। ਸੱਚ ਤੇ ਮਨੁੱਖ ਉਦੋਂ ਹੀ ਅਡੋਲ ਹੁੰਦਾ ਹੈ ਜਦੋਂ ਸੱਚ ਦੀ ਪੂਰਨ ਰੂਪ ਵਿੱਚ ਸਮਝ ਪੈ ਜਾਂਦੀ ਹੈ ਕਿ ਸੱਚ ਕੀ ਹੈ। ਸੱਚ ਉਹ ਹੈ ਜੋ ਸੋਝੀ ਉਹ "ਸਚੁ" ਰੂਪ ਪ੍ਰਮਾਤਮਾ ਆਪ ਪਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਸੱਚ ਇਸ ਲਈ ਹੈ ਕਿਉਂਕਿ ਉਹ ਸੋਝੀ "ਸਚੁ" ਰੂਪ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਤੇ ਇਸੇ ਲਈ ਗੁਰਬਾਣੀ ਦੀ ਮਤਿ ਅਡੋਲ ਹੈ ਜਿਸ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ। ਪੂਰੀ ਗੁਰਬਾਣੀ ਦੇ ਵਿੱਚ ਅੰਮ੍ਰਿਤ ਰਸ "ਸੱਚ" ਦੇ ਰੂਪ ਵਿੱਚ ਹੈ। ਇਹੋ ਜਿਹਾ ਸੱਚ ਮਨ ਦੇ ਵਿੱਚ ਵੱਸਣ ਦੁਆਰਾ ਮਨੁੱਖ ਦਾ ਮਨ ਅਡੋਲ ਹੁੰਦਾ ਹੈ। ਜਿੰਨ੍ਹਾਂ ਦੇ ਮਨ ਨੂੰ ਪ੍ਰਮਾਤਮਾ ਨੇ ਪਹਿਲਾਂ ਆਪ ਸੱਚ ਦੁਆਰਾ ਅਡੋਲ ਕੀਤਾ ਹੈ ਉਨ੍ਹਾਂ ਰਾਹੀਂ ਹੀ ਅਡੋਲ ਸੋਝੀ ਵਾਲੀ, ਪੂਰਨ ਸੱਚ ਵਾਲੀ ਗੁਰਬਾਣੀ ਦੀ ਰਚਨਾ ਹੋਈ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਅੰਮ੍ਰਿਤ ਛਕਾਉਂਦਾ ਹੈ ਉਸ ਦੇ ਮਨ ਨੂੰ ਸੱਚ ਸਮਝਾਉਣ ਦੁਆਰਾ ਅਡੋਲ ਹੀ ਕਰਦਾ ਹੈ ਜਿਸ ਦੁਆਰਾ ਸਾਡਾ ਭਰਮ ਵਿੱਚ ਡੋਲਦਾ ਹੋਇਆ ਮਨ ਸੱਚ ਤੇ ਅਡੋਲ ਹੋ ਕੇ ਚੱਲਦਾ ਹੈ ਭਾਵ ਨਾਮ ਤੇ ਦ੍ਰਿੜ ਹੋ ਕੇ ਚੱਲਦਾ ਹੈ। ਗੁਰੂ ਪ੍ਰਮਾਤਮਾ ਦੀ ਸੇਵਾ, ਉਸ ਦੀ ਭਗਤੀ ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਹੀ ਹੁੰਦੀ ਹੈ। ਪੂਰੀ ਗੁਰਬਾਣੀ ਵਿੱਚ "ਅੰਮ੍ਰਿਤ ਸਬਦੁ" ਹਨ ਭਾਵ ਉਸ ਪ੍ਰਮਾਤਮਾ ਦੇ ਬੋਲੇ ਹੋਏ ਸ਼ਬਦ ਹਨ ਜਿੰਨ੍ਹਾਂ ਦੁਆਰਾ ਉਸਨੇ

31/3585

ਸੱਚ ਸਮਝਾਇਆ ਹੈ ਤੇ ਗੁਰਬਾਣੀ ਦੀ ਰਚਨਾ ਕਰਵਾਈ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਅੰਮ੍ਰਿਤ ਚੱਖਿਆ ਹੈ ਉਹਨਾਂ ਨੇ ਹੀ "ਅੰਮ੍ਰਿਤ ਸਬਦੁ" ਉਚਾਰੇ ਹਨ ਜਿੰਨ੍ਹਾਂ ਰਾਹੀਂ ਉਹਨਾਂ ਨੇ ਸਾਨੂੰ ਪੂਰਨ ਸੱਚ ਸਮਝਾਇਆ ਹੈ। ਉਹਨਾਂ ਦੇ ਆਪਣੇ ਮਨ ਵਿੱਚ ਅੰਮ੍ਰਿਤ ਚੱਖਕੇ ਅਡੋਲਤਾ ਆਈ ਹੈ ਤੇ ਸਾਨੂੰ ਗੁਰਬਾਣੀ ਰਾਹੀਂ ਸ਼ਬਦ ਰੂਪ ਅੰਮ੍ਰਿਤ ਚੱਖ ਕੇ ਮਨ ਨੂੰ ਅਡੋਲ ਕਰਨਾ ਸਿਖਾਇਆ ਹੈ, ਸੱਚ ਦੁਆਰਾ, ਨਾਮ ਦੁਆਰਾ ਮਨ ਨੂੰ ਅਡੋਲ ਕਰਨਾ ਸਿਖਾਇਆ ਹੈ। (**ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥**)

ਸਾਨੂੰ ਮੁਕਤੀ ਗੁਰੂ ਕੇ ਸ਼ਬਦ ਦੁਆਰਾ ਹੀ ਮਿਲਣੀ ਹੈ, ਅੰਮ੍ਰਿਤ ਨਾਮ ਦੁਆਰਾ ਹੀ ਮਿਲਣੀ ਹੈ, ਮਨ ਦੀ ਅਡੋਲਤਾ ਦੀ ਪ੍ਰਾਪਤੀ ਦੁਆਰਾ ਹੀ ਮਿਲਣੀ ਹੈ ਭਾਵ ਭਰਮ ਤੋਂ ਮੁਕਤਿ ਹੋ ਕੇ ਹੀ ਮਿਲਣੀ ਹੈ, ਹਉਮੈ ਤੋਂ ਮੁਕਤਿ ਹੋ ਕੇ ਹੀ ਮਿਲਣੀ ਹੈ ਭਾਵ ਮਨ ਦੇ ਵਿੱਚ ਅੰਮ੍ਰਿਤ ਰੂਪ ਸੋਝੀ ਪੈਣ ਦੁਆਰਾ ਹੀ ਮਿਲਣੀ ਹੈ ਜਿਸ ਦੁਆਰਾ ਸਾਡਾ ਆਪਾ ਮਿਟਦਾ ਹੈ, ਮੈਂ ਮਿਟਦੀ ਹੈ ਤੇ ਸਮਝ ਲੱਗਦੀ ਹੈ ਕਿ ਸਾਡੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਤੇ ਸਾਡੇ ਅੰਦਰ ਅੰਮ੍ਰਿਤ ਰੂਪ ਵਿੱਚ ਉਹ ਪ੍ਰਮਾਤਮਾ ਆਪ ਹੀ ਹੈ ਜੋ ਸਾਨੂੰ ਮਨ ਦੇ ਅੰਮ੍ਰਿਤ ਰਾਹੀਂ ਚਲਾ ਰਿਹਾ ਹੈ ਪਰ ਮਨ ਦੇ ਵਿੱਚੋਂ ਉਸ ਦਾ ਅੰਮ੍ਰਿਤ ਰਸ ਚੱਖੇ ਬਿਨ੍ਹਾਂ ਕੋਈ ਜਾਣ ਨਹੀਂ ਸਕਦਾ। (**ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥ ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥**)

"ਅੰਮ੍ਰਿਤ" ਅਸਲ ਵਿੱਚ ਕੀ ਹੈ ਇਸ ਨੂੰ ਸਮਝਣ ਵਿੱਚ ਹਰ ਕੋਈ ਵੱਡੇ ਭਰਮ ਵਿੱਚ ਹੈ। "ਅੰਮ੍ਰਿਤ" ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ। ਮਰਿਤਯੂ ਤੋਂ ਰਹਿਤ ਭਾਵ "ਅੰਮ੍ਰਿਤ" ਰੂਪ ਕੇਵਲ ਬ੍ਰਹਮ ਗਿਆਨ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਜਿੱਥੇ ਬ੍ਰਹਮ ਗਿਆਨ ਹੈ ਉਹ ਸੱਚ ਹੈ ਤੇ ਪ੍ਰਮਾਤਮਾ ਆਪਣੇ ਇਸ "ਸਚੁ" ਰੂਪ ਵਿੱਚ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਇਸ "ਅੰਮ੍ਰਿਤ" ਰੂਪ ਵਿੱਚ ਹੈ ਜੋ ਕਿ ਉਸਦਾ "ਸਬਦੁ" ਰੂਪ ਹੈ, "ਸਚੁ" ਰੂਪ ਹੈ, "ਨਾਮੁ" ਰੂਪ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਮਨ ਦੇ ਵਿੱਚ ਹੀ ਹੋ ਸਕਦਾ ਹੈ ਕਿਉਂਕਿ ਪ੍ਰਮਾਤਮਾ ਦਾ ਇਹ ਰੂਪ ਕੇਵਲ ਸਾਡੇ ਮਨ ਦੇ ਵਿੱਚ ਹੀ ਵੱਸ ਸਕਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਹੋਰ ਕੋਈ ਸਾਧਨ ਨਹੀਂ ਹੈ। ਪ੍ਰਮਾਤਮਾ ਦਾ ਇਹ ਰੂਪ ਸਾਨੂੰ ਭਰਮ ਤੋਂ ਹੀ ਮੁਕਤਿ ਕਰਦਾ ਹੈ, ਹਉਮੈਂ ਤੋਂ ਹੀ ਮੁਕਤਿ ਕਰਦਾ ਹੈ ਜੋ ਕਿ ਸਾਡੇ ਮਨ ਦੇ ਅੰਦਰ ਦਾ ਬੰਧਨ ਹੈ। ਪੂਰੀ ਗੁਰਬਾਣੀ ਵਿੱਚ ਅਸੀਂ ਪ੍ਰਮਾਤਮਾ ਦੇ ਇਸ ਰੂਪ ਨਾਲ ਹੀ ਜੁੜਨ ਦਾ ਉੱਦਮ ਕਰਨਾ ਹੈ ਜਿਸ ਨੇ ਸਾਨੂੰ ਭਰਮ ਤੋਂ

31/3586

ਮੁਕਤਿ ਕਰਨਾ ਹੈ। "ਅੰਮ੍ਰਿਤੁ" ਦੀ ਪ੍ਰਾਪਤੀ ਜਾ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ ਜਿਸ ਨੂੰ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

"ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ ॥

ਜਨ ਨਾਨਕ ਪ੍ਰੇਮਿ ਰਤੰਨਾ ॥੪॥੧॥੨੭॥੬੫॥"

(ਅੰਗ 173)

"ਵੁਠੜਾ" ਤੋਂ ਭਾਵ ਹੈ ਵਸਿਆ। ਉੱਪਰ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵੱਸਥਾ ਸਮਝਾਈ ਹੋਈ ਹੈ ਕਿ ਉਹਨਾਂ ਨੇ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਪਾਇਆ ਹੋਇਆ ਹੈ ਭਾਵ ਉਹਨਾਂ ਦੇ ਅੰਦਰ ਪ੍ਰਮਾਤਮਾ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ, ਉਹਨਾਂ ਦਾ ਪ੍ਰਮਾਤਮਾ ਦੇ ਨਾਲ ਕਿਸ ਰੂਪ ਵਿੱਚ ਮੇਲ ਹੋਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਸੱਚਾ ਪ੍ਰੇਮ ਉਸ ਦਾ ਹੀ ਜੜਦਾ ਹੈ, ਪ੍ਰਮਾਤਮਾ ਦੇ ਪ੍ਰੇਮ ਦੇ ਰੰਗ ਵਿੱਚ ਉਹੀ ਰੰਗਿਆ ਜਾਂਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਰੰਗਦਾ ਹੈ। ਗੁਰੂ ਦੇ ਅੰਦਰ "ਅੰਮ੍ਰਿਤ" ਰੂਪ "ਹਰਿ" ਵੱਸਿਆ ਹੋਇਆ ਹੈ "ਪ੍ਰਮਾਤਮਾ" ਵੱਸਿਆ ਹੋਇਆ ਹੈ ਜਿਸ ਕਰਕੇ ਗੁਰੂ ਪ੍ਰਮਾਤਮਾ ਦੇ ਪ੍ਰੇਮ ਵਿੱਚ ਰੰਗਿਆ ਰਹਿੰਦਾ ਹੈ। ਗੁਰੂ ਪ੍ਰਮਾਤਮਾ ਦੇ ਗਿਆਨ ਵਿੱਚ ਰੰਗਿਆ ਹੋਇਆ ਹੈ, ਉਸਦੀ ਸੱਚੀ ਮਤਿ ਦੇ ਨਾਲ ਰੰਗਿਆ ਹੋਇਆ ਹੈ, ਸੱਚ ਦੇ ਨਾਲ ਰੰਗਿਆ ਹੋਇਆ ਹੈ ਜਿਸ ਕਰਕੇ ਉਹ ਪ੍ਰਮਾਤਮਾ ਦੇ ਪ੍ਰੇਮ ਵਿੱਚ ਰੰਗਿਆ ਹੋਇਆ ਹੈ। ਸੱਚ ਦੇ ਨਾਲ ਪ੍ਰੇਮ ਹੀ ਪ੍ਰਮਾਤਮਾ ਦੇ ਨਾਲ ਪ੍ਰੇਮ ਹੈ। ਗੁਰਮਤਿ ਦੇ ਨਾਲ ਸੱਚਾ ਪ੍ਰੇਮ ਪ੍ਰਮਾਤਮਾ ਦੇ ਨਾਲ ਪ੍ਰੇਮ ਹੈ। ਪ੍ਰਮਾਤਮਾ ਦਾ "ਅੰਮ੍ਰਿਤ" ਰੂਪ ਹੀ ਉਸ ਦਾ "ਗੁਰਮਤਿ" ਰੂਪ ਹੈ ਜਿਸ ਰਾਹੀਂ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਹੈ। ਅਸੀਂ ਪ੍ਰਮਾਤਮਾ ਦੇ ਇਸ ਗੁਰਮਤਿ ਰੂਪ ਨਾਲ ਜੁੜਨਾ ਹੈ ਜਿਸ ਨੇ ਸਾਨੂੰ ਮਨਮਤਿ ਵਿੱਚੋਂ ਕੱਢਣਾ ਹੈ, ਹਉਮੈ ਵਿੱਚੋਂ, ਭਰਮ ਵਿੱਚੋਂ ਅਗਿਆਨਤਾ ਵਿੱਚੋਂ, ਦੁਰਮਤਿ ਵਿੱਚੋਂ, ਦੁਬਿਧਾ ਵਿੱਚੋਂ, ਦੁਚਿੱਤੀ ਵਿੱਚੋਂ, ਸਹਸਾ ਵਿੱਚੋਂ ਕੱਢਣਾ ਹੈ ਜਿਸ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਪੂਰਨ ਸੱਚ ਦੀ ਸਮਝ ਹੀ ਨਹੀਂ ਲੱਗਦੀ ਕਿ ਸੱਚ ਕੀ ਹੈ, ਸੱਚ ਦਾ ਮਾਰਗ ਕੀ ਹੈ, ਧਰਮ ਦਾ ਮਾਰਗ ਕੀ ਹੈ ਜਿਸ ਤੇ ਚੱਲ ਕੇ ਅਸੀਂ ਪ੍ਰਮਾਤਮਾ ਦੀ ਭਗਤੀ ਕਰਨੀ ਹੈ ਤੇ ਪ੍ਰਮਾਤਮਾ ਦੇ ਨਾਲ ਪਿਆਰ ਪਾਉਣਾ ਹੈ। ਜਿੰਨ੍ਹਾਂ ਦਾ ਪ੍ਰਮਾਤਮਾ ਨੇ ਆਪਣੇ ਨਾਲ ਪਿਆਰ ਪਾਇਆ ਹੈ ਉਹਨਾਂ ਦੁਆਰਾ ਦਿੱਤੀ ਹੋਈ ਮਤਿ ਦੇ ਨਾਲ ਪਿਆਰ ਪਾਉਣਾ ਹੀ ਪ੍ਰਮਾਤਮਾ ਦੇ ਨਾਲ ਪਿਆਰ ਪਾਉਣਾ ਹੈ, ਅੰਮ੍ਰਿਤ ਦੀ ਪ੍ਰਾਪਤੀ ਕਰਨ ਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸੱਚਾ ਉਪਰਾਲਾ ਹੈ। (**ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ ॥ ਜਨ ਨਾਨਕ ਪ੍ਰੇਮਿ ਰਤੰਨਾ ॥੪॥੧॥੨੭॥੬੫॥**)

32/3587

ਸਾਡੇ ਜੀਵਨ ਦਾ ਮਨੋਰਥ ਉਸ "ਅੰਮ੍ਰਿਤ" ਰੂਪ ਪ੍ਰਮਾਤਮਾ ਨੂੰ ਪਾਉਣ ਦਾ ਹੀ ਹੈ ਜੋ ਸਾਡੇ ਸਭ ਦੇ ਅੰਦਰ ਅੰਮ੍ਰਿਤ ਸਰੋਵਰ ਦੇ ਰੂਪ ਵਿੱਚ ਵੱਸਿਆ ਹੋਇਆ ਹੈ। ਗੁਰੂ ਦਾ ਸੁਣਾਇਆ ਹੋਇਆ, ਉਚਾਰਿਆ ਹੋਇਆ ਹਰ ਸ਼ਬਦ ਅੰਮ੍ਰਿਤ ਸ਼ਬਦ ਹੈ। ਸਾਡੇ ਅੰਦਰ ਅੰਮ੍ਰਿਤ ਸਰੋਵਰ ਸ਼ਬਦਾਂ ਦੇ ਭੰਡਾਰ ਦੇ ਰੂਪ ਵਿੱਚ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਵਿਚਾਰ ਹੀ ਦਿੰਦਾ ਹੈ ਭਾਵ ਗਿਆਨ ਹੀ ਦਿੰਦਾ ਹੈ। ਸਾਡੇ ਅੰਦਰ ਅੰਮ੍ਰਿਤ ਸਰੋਵਰ ਗਿਆਨ ਦੇ ਭੰਡਾਰ ਰੂਪ ਵਿੱਚ ਹੀ ਹੈ ਤੇ ਪ੍ਰਮਾਤਮਾ ਸਾਡੇ ਅੰਦਰ ਇਸ ਗਿਆਨ ਰੂਪ ਭੰਡਾਰ ਦੇ ਵਿੱਚ ਹੈ ਜਿਸ ਦੇ ਨਾਲ ਅਸੀਂ ਮੇਲ ਕਰਨਾ ਹੈ। ਪੂਰੀ ਗੁਰਬਾਣੀ ਵਿੱਚ ਗਿਆਨ ਦਾ ਭੰਡਾਰ, ਅੰਮ੍ਰਿਤ ਸਾਗਰ ਮਨ ਦੇ ਅੰਮ੍ਰਿਤ ਸਾਗਰ ਰਾਹੀਂ ਹੀ ਆਇਆ ਹੈ। ਜੇਕਰ ਪਹਿਲੇ ਅਸੀਂ ਗੁਰਬਾਣੀ ਦੇ ਅੰਮ੍ਰਿਤ ਸਾਗਰ ਨਾਲ ਜੁੜਾਂਗੇ, ਗੁਰੂ ਦੇ "ਜਲ ਨਿਧਿ" ਨਾਲ ਜੁੜਾਂਗੇ ਫਿਰ ਤਾਂ ਹੀ ਉਸ ਜਲ ਨਿਧਿ ਰੂਪ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਹੋਵੇਗਾ ਜੋ ਜਲ ਨਿਧਿ ਸਾਡੇ ਅੰਦਰ ਹੀ ਹੈ ਭਾਵ ਜੋ "ਅੰਮ੍ਰਿਤ" ਸਾਡੇ ਅੰਦਰ ਹੀ ਹੈ। ਇਹ ਅੰਮ੍ਰਿਤ ਜਲ ਕੇਵਲ ਗੁਰੂ ਪ੍ਰਮਾਤਮਾ ਦੇ ਆਪਣੇ ਕੋਲ ਹੀ ਹੈ ਜਿੱਥੋ ਅਸੀਂ ਇਸ ਦੀ ਪ੍ਰਾਪਤੀ ਕਰ ਸਕਦੇ ਹਾਂ। ਨਾ ਹੀ ਸਾਨੂੰ ਅੰਮ੍ਰਿਤ ਦੀ ਸਮਝ ਹੈ ਤੇ ਨਾ ਹੀ ਸਾਨੂੰ ਅੰਮ੍ਰਿਤ ਦੇ ਸ੍ਰੋਤ ਦੀ ਸਮਝ ਹੈ ਜਿੱਥੋਂ ਸਾਨੂੰ ਇਸ ਅੰਮ੍ਰਿਤ ਦੀ ਪ੍ਰਾਪਤੀ ਹੋਣੀ ਹੈ ਜਿਸ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦੇ ਤਰੀਕੇ ਤਾਂ ਬਹੁਤ ਅਪਣਾਏ ਹੋਏ ਹਨ ਪਰ ਉਹ ਮੇਲ ਕਿੱਥੇ ਹੁੰਦਾ ਹੈ, ਕਿਵੇਂ ਹੁੰਦਾ ਹੈ, ਕਿਸ ਰੂਪ ਵਿੱਚ ਹੁੰਦਾ ਹੈ ਇਸ ਗੱਲ ਦੀ ਸੋਝੀ ਕਿਸੇ ਨੂੰ ਨਹੀਂ ਹੈ ਤੇ ਹਰ ਕੋਈ ਦੁਬਿਧਾ ਵਿੱਚ ਹੀ ਉਹੋ ਜਿਹੇ ਤਰੀਕਿਆਂ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਕੇਵਲ ਸਾਡੇ ਭਗਤੀ ਦੇ ਦਿਖਾਵੇ ਹਨ ਤੇ ਪ੍ਰਮਾਤਮਾ ਨੂੰ ਪਾਉਣ ਦੀਆਂ ਚਤੁਰਾਈਆਂ ਹਨ ਭਾਵ ਕਥਨੀ ਆਦਿ ਹਨ, ਸਰੀਰਕ ਜਪ ਤਪ ਆਦਿ ਹਨ ਜੋ ਕਦੇ ਸਾਨੂੰ ਮਨ ਦੇ ਭਰਮ ਵਿੱਚੋਂ ਨਹੀਂ ਕੱਢ ਸਕਦੇ ਤੇ ਕਦੇ ਪ੍ਰਮਾਤਮਾ ਨਾਲ

ਮੇਲ ਨਹੀਂ ਹੋ ਸਕਦਾ। ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਇਹ ਕੁੱਝ ਹੀ ਸਮਝਾਇਆ ਹੋਇਆ ਹੈ। ਇਸ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ ਜਾਣਿਆ ਹੈ ਤੇ ਫਿਰ ਤੋਂ ਇਸ ਨੂੰ ਪੜ੍ਹਿਆ ਜਾ ਸਕਦਾ ਹੈ ਕਿ ਸਾਡੇ ਜੀਵਨ ਦਾ ਮਕਸਦ ਕਿਵੇਂ ਪੂਰਾ ਹੋਣਾ ਹੈ, ਕਿਸ ਤਰੀਕੇ ਪੂਰਾ ਹੋਣਾ ਹੈ। ਪ੍ਰਾਪਤੀ ਅਸੀਂ "ਅੰਮ੍ਰਿਤ" ਰੂਪ ਪ੍ਰਮਾਤਮਾ ਦੀ ਹੀ ਕਰਨੀ ਹੈ ਜੋ ਕਿ ਸਾਡੇ ਅੰਦਰ ਹੀ ਹੈ ਪਰ ਅਸੀਂ ਉਸ ਨੂੰ ਕਿੱਧਰੋਂ ਬਾਹਰੋਂ ਲੱਭਣਾ ਸਮਝਦੇ ਹਾਂ, ਕਿਸੇ ਸਰਗੁਣ ਰੂਪ ਵਿੱਚ ਲੱਭਣਾ ਸਮਝਦੇ ਹਾਂ, ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਉਸ ਦਾ ਵਾਸਾ ਸਮਝਦੇ ਹਾਂ। ਇਹ ਕੇਵਲ ਸਾਡੇ ਮਨ ਦੀ ਦੁਬਿਧਾ ਹੈ ਜਿਸ ਵਿੱਚੋਂ ਨਿਕਲਣ ਲਈ ਸਾਨੂੰ ਸਮਝਾਇਆ ਹੋਇਆ ਹੈ ਤੇ ਪ੍ਰਮਾਤਮਾ ਨਾਲ ਮੇਲ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ ਜੋ ਮੇਲ ਸਾਡੇ ਅੰਦਰ ਹੀ ਹੁੰਦਾ ਹੈ, "ਅੰਮ੍ਰਿਤ" ਰੂਪ ਸਾਗਰ ਦੇ ਨਾਲ ਹੁੰਦਾ ਹੈ ਜਿਸ ਜਲ ਨਿਧਿ ਵਿੱਚੋਂ ਸਾਨੂੰ ਸੱਚਾ ਗਿਆਨ ਹੀ ਮਿਲਦਾ ਹੈ ਜੋ ਸਾਨੂੰ ਮਨ ਦੀ ਦੁਬਿਧਾ ਵਿੱਚੋਂ, ਸਹਸਾ ਵਿੱਚੋਂ, ਭਰਮ ਵਿੱਚੋਂ ਕੱਢਦਾ ਹੈ ਜੋ ਕਿ ਅੰਮ੍ਰਿਤ ਸਾਗਰ ਦਾ ਮਕਸਦ ਹੈ।

32/3588

ਸੋਰਠਿ ਮਹਲਾ ੧ ॥

“ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
ਅਵਗਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥”

(ਅੰਗ 598)

ਉੱਪਰ ਸ਼ਬਦ ਰਾਹੀ ਸਾਨੂੰ ਸਾਡੀ ਭਗਤੀ ਹੀ ਸਮਝਾਈ ਹੋਈ ਹੈ ਜਿਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਅੰਮ੍ਰਿਤ ਨਾਮ ਨੂੰ ਪਾਇਆ ਜਾ ਸਕਦਾ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ। ਇਹ ਸਾਡੇ ਜੀਵਨ ਦਾ “**ਫਲੁ**” ਹੈ ਜਿਸ ਦੀ ਪ੍ਰਾਪਤੀ ਲਈ ਅਸੀਂ ਆਏ ਹਾਂ। ਇਸ “**ਫਲੁ**” ਦੀ ਪ੍ਰਾਪਤੀ ਮਨ ਦੀ ਦੁਬਿਧਾ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ। ਦੁਬਿਧਾ ਵਿੱਚ ਰਹਿੰਦੇ ਹੋਏ ਸਾਨੂੰ ਇਹ ਸਮਝ ਹੀ ਨਹੀਂ ਲੱਗਦੀ ਕਿ ਇਸ “**ਫਲੁ**” ਦੀ ਪ੍ਰਾਪਤੀ ਕਿਵੇਂ ਹੋਣੀ ਹੈ ਤੇ ਅਸੀਂ ਅਨੇਕਾਂ ਹੀ ਚਤੁਰਾਈਆਂ ਦੁਆਰਾ ਇਸ ਫਲੁ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਾਂ। ਸਾਡੇ ਵੇਸ ਭੇਖ ਚਤੁਰਾਈਆਂ ਕੀ ਹਨ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤ ਘਟ ਮਾਹੀ ਜੀਉ ॥ ਰਹਾਉ ॥**)

“ਫਲੁ” ਦੀ ਪ੍ਰਾਪਤੀ ਲਈ ਅਸੀਂ ਜਿਹੋ ਜਿਹੇ ਤਰੀਕੇ ਅਪਣਾਏ ਹੋਏ ਹਨ ਉਹਨਾਂ ਦੁਆਰਾ ਸਾਨੂੰ ਫਲੁ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਫਲੁ ਦੀ ਪ੍ਰਾਪਤੀ ਮਨ ਦੀ ਮੈਲ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ, ਔਗੁਣਾਂ ਵਿੱਚੋਂ, ਵਿਕਾਰਾਂ ਵਿੱਚੋਂ, ਮਾਇਆ ਮੋਹ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ ਜੋ ਕਿ ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਹੈ, ਪ੍ਰਮਾਤਮਾ ਦੀ ਭਗਤੀ ਦਾ ਸੱਚਾ ਮਾਰਗ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀ ਸਪੱਸ਼ਟ ਕਰਕੇ ਸਮਝਾਈ ਹੋਈ ਹੈ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। (**ਅਵਗਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗਣ ਪਛੁਤਾਹੀ ਜੀਉ ॥ ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥2॥ ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥ ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥3॥ ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥ ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥4॥9॥**)

ਸਾਨੂੰ “ਫਲੁ” ਦੀ ਪ੍ਰਾਪਤੀ “ਸਚੁ” ਦੇ ਰੂਪ ਵਿੱਚ ਹੀ ਹੁੰਦੀ ਹੈ। “ਸਚੁ” ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਸੱਚ ਉਹ ਹੈ ਜੋ ਗੁਰੂ ਦੇ ਬਚਨ ਸਾਨੂੰ ਸਮਝਾਉਂਦੇ ਹਨ, ਜੋ ਗੁਰੂ ਦੇ ਸ਼ਬਦ ਸਾਨੂੰ ਸਮਝਾਉਂਦੇ ਹਨ। ਗੁਰੂ ਦਾ ਹਰ ਬਚਨ ਸਾਨੂੰ ਸੱਚਾ ਗਿਆਨ ਹੀ ਦਿੰਦਾ ਹੈ, ਸੱਚੀ ਮਤਿ ਹੀ ਦਿੰਦਾ ਹੈ, ਸੱਚੀ ਸੋਝੀ ਹੀ ਪਾਉਂਦਾ ਹੈ। ਪ੍ਰਮਾਤਮਾ ਸੱਚੀ ਸੋਝੀ ਦੇ ਰੂਪ ਵਿੱਚ ਹੀ ਵਿਚਰਦਾ ਹੈ। ਸਾਡੇ ਅੰਦਰ ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਪ੍ਰਗਟ ਹੁੰਦਾ ਹੈ। ਗੁਰੂ ਦੇ ਬਚਨ

32/3589

ਸਾਨੂੰ ਔਗੁਣ ਤਿਆਗਣ ਲਈ ਸਮਝਾਉਂਦੇ ਹਨ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਸੱਚੇ ਸੁੱਚੇ ਕਰਮ ਕਰੀਏ। ਸਾਡੇ ਅੰਦਰ ਸੱਚੀ ਸੋਝੀ ਦਾ ਮਕਸਦ ਸਾਨੂੰ ਚੰਗੇ ਕਰਮਾਂ ਨਾਲ ਜੋੜਨ ਦਾ ਹੀ ਹੈ ਤੇ ਫਲੁ ਦੀ ਪ੍ਰਾਪਤੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਹੁੰਦੀ ਹੈ, ‘‘ਸਚੁ’’ ਦੇ ਰੂਪ ਵਿੱਚ ਹੁੰਦੀ ਹੈ ਭਾਵ ਪਹਿਲੇ ਗੁਰੂ ਦੇ ਬਚਨਾਂ ਦੁਆਰਾ ਸਮਝਾਏ ਹੋਏ ਸੱਚ ਦੇ ਨਾਲ ਜੁੜਕੇ ਉਸ ਸੱਚ ਦੇ ਮਾਲਕ ਦੇ ਨਾਲ ਹੁੰਦੀ ਹੈ ਜੋ ਸਾਡੇ ਅੰਦਰ ਨਾਮ ਦੇ ਰੂਪ ਵਿੱਚ ਹੈ, ਅੰਮ੍ਰਿਤ ਨਾਮ ਦੇ ਰੂਪ ਵਿੱਚ ਹੈ, ਅੰਮ੍ਰਿਤ ਸਰੋਵਰ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਸ਼ਬਦ ਦੁਆਰਾ ਹੀ ਹੁੰਦੀ ਹੈ ਤੇ ਸ਼ਬਦ ਦਾ ਮਕਸਦ ਸਾਨੂੰ ਸੱਚ ਸਮਝਾਉਣ ਨਾਲ ਹੈ ਤੇ ਸੱਚ ਅਨੁਸਾਰ ਵਿਚਰਨਾ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨਾ ਹੈ ਜੋ ਕਿ ਫਲੁ ਦੀ ਪ੍ਰਾਪਤੀ ਦਾ ਸਾਧਨ ਹੈ। (**ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥ ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥4॥9॥**)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥6॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥7॥}

(ਅੰਗ 120)

ਭਗਤੀ ਦਾ ਮਾਰਗ ਸਾਡੇ ਮਨ ਦੇ ਸੰਤੋਖ ਨਾਲ ਜੁੜਿਆ ਹੋਇਆ ਹੈ, ਤ੍ਰਿਸ਼ਨਾ ਤੋਂ ਮੁਕਤਿ ਹੋਣ ਨਾਲ ਜੁੜਿਆ ਹੋਇਆ ਹੈ ਤੇ ਇਸ ਤੋਂ ਬਿਨ੍ਹਾਂ ਜੋ ਵੀ ਸਾਡੇ ਪ੍ਰਮਾਤਮਾ ਨੂੰ ਪਾਉਣ ਲਈ ਬੋਲ ਹਨ ਉਹ ਕੇਵਲ ਕੂੜਿ ਹੈ, ਝੂਠ ਹੈ ਭਾਵ ਝੂਠਾ ਦਿਖਾਵਾ ਹੈ, ਸਾਡਾ ਭੇਖ ਹੈ, ਚਤੁਰਾਈ ਹੈ ਜੋ ਕਿ ਸਾਡੇ ਅੰਦਰ ਦੀ ਦੁਬਿਧਾ ਹੈ। ਜਿਤਨਾ ਮਰਜੀ ਧਰਮ ਗ੍ਰੰਥਾਂ ਨੂੰ ਪੜ੍ਹੀ ਜਾਈਏ, ਗੁਰਬਾਣੀ ਨੂੰ ਪੜ੍ਹੀ ਜਾਈਏ ਪਰ ਉਸ ਦੀ ਮਤਿ ਨਾਲ ਜੁੜੇ ਬਿਨ੍ਹਾਂ, ਸ਼ਬਦ ਦੀ ਸੋਝੀ ਨਾਲ ਜੁੜੇ ਬਿਨ੍ਹਾਂ ਸਾਨੂੰ ਕੁੱਝ ਹਾਸਲ ਨਹੀਂ ਹੋਣਾ ਜਿਸ ਵਿੱਚ ਕੇਵਲ ਸਾਡਾ ਦਿਖਾਵਾ ਹੈ ਹੋਰ ਕੁੱਝ ਵੀ ਨਹੀਂ। ਇਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨੀਆਂ ਕੂੜਿ ਹੈ, ਝੂਠ ਹੈ ਭਾਵ ਕੇਵਲ ਸਾਡੀ ਨਾ ਸਮਝੀ ਹੈ। ਇਹੋ ਜਿਹੀ ਮਤਿ ਰੱਖਣ ਵਾਲਿਆਂ ਨੇ ਨਾ ਆਪ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਉਹਨਾਂ ਦੀ ਮਤਿ ਪਿੱਛੇ ਲੱਗ ਕੇ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ। ਜਿੰਨ੍ਹਾਂ ਨੇ ਆਪ ਕੂੜਿ ਤੇ ਭਰੋਸਾ ਕੀਤਾ ਹੈ ਭਾਵ ਕੂੜੀ ਮਤਿ ਤੇ ਭਰੋਸਾ ਕੀਤਾ ਹੈ ਉਨ੍ਹਾਂ ਨੇ ਦੂਸਰਿਆਂ ਨੂੰ ਕੂੜਿ ਹੀ ਸਿਖਾਇਆ ਹੈ। ਕੂੜਿ ਨਾਲ ਹੀ ਜੋੜਿਆ ਹੈ ਭਾਵ ਨਾ ਉਹ ਖੁਦ ਸੱਚ ਤੇ ਚਲੇ ਹਨ ਤੇ ਨਾ ਦੂਸਰਿਆਂ ਨੂੰ

32/3590

ਸੱਚ ਦੇ ਨਾਲ ਜੋੜਿਆ ਹੈ, ਨਾ ਉਹਨਾਂ ਨੂੰ ਖੁਦ ਸੱਚ ਦੀ ਸਮਝ ਆਈ ਹੈ ਤੇ ਨਾ ਹੀ ਦੂਸਰਿਆਂ ਨੂੰ ਸੱਚ ਸਮਝਾਇਆ ਹੈ। ਸੱਚ ਕੇਵਲ ਸ਼ਬਦ ਦੀ ਮਤਿ ਦੇ ਕੋਲ ਹੈ, ਸ਼ਬਦ ਦੀ ਸੋਝੀ ਦੇ ਵਿੱਚ ਹੈ ਜੋ ਸੋਝੀ ‘‘ਸਚੁ’’ ਰੂਪ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ। ਸ਼ਬਦ ਰੂਪ ਸੋਝੀ ਦੇ ਨਾਲ ਜੁੜੇ ਬਿਨ੍ਹਾਂ ਅਸੀਂ ਉਸ ਸੱਚ ਦੀ ਸੋਝੀ ਦੇ ਮਾਲਕ ਨਾਲ ਨਹੀਂ ਜੁੜ ਸਕਦੇ, ਉਸ ਨੂੰ ਨਹੀਂ ਪਾ ਸਕਦੇ ਜੋ ਸਾਡੇ ਅੰਦਰ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ ਜੋ ਸੱਚ ਦੀ ਸੋਝੀ ਦਾ ਮਾਲਕ ਹੈ, ਨਾਮ ਦਾ ਮਾਲਕ ਹੈ। ਜੇਕਰ ਅਸੀਂ ਮੂਲ ਰੂਪ ਵਿੱਚ ਸੱਚੀ ਸੋਝੀ ਨਾਲ ਜੁੜਨਾ ਚਾਹੁੰਦੇ ਹਾਂ, ਸੱਚ ਨਾਲ ਜੁੜਨਾ ਚਾਹੁੰਦੇ ਹਾਂ ਤਾਂ ਫਿਰ ਸਾਡੇ ਲਈ ਸਾਡੇ ਜੀਵਨ ਦਾ ਅਹਿਮ ਫੈਸਲਾ ਇਹੀ ਹੋਵੇਗਾ ਕਿ ਅਸੀਂ ਉਹਨਾਂ ਦੀ ਮਤਿ ਵਿੱਚੋਂ ਨਿਕਲਣ ਦਾ ਹੌਸਲਾ ਜੁਟਾਈਏ ਜਿੰਨ੍ਹਾਂ ਨੂੰ ਅਸੀਂ ਸੱਚੀ ਸੋਝੀ ਵਾਲੇ ਸਮਝਕੇ ਬਹੁਤ ਉੱਚਾ ਦਰਜਾ ਦੇ ਚੁੱਕੇ ਹੋਏ ਹਾਂ ਤੇ ਉਨ੍ਹਾਂ ਦੇ ਨਾਲ ਅਤਿ ਦਾ ਮੋਹ ਪਾਇਆ ਹੋਇਆ ਹੈ ਜਿਸ ਮੋਹ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ, ਇਹ ਵਿਸ਼ਵਾਸ ਕਰਨਾ ਬਹੁਤ ਹੀ ਔਖਾ ਹੈ ਕਿ ਉਹਨਾਂ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਲੱਗੀ ਪਰ ਇਹ ਸੱਚ ਹੈ ਜਿਵੇਂ ਕਿ ਗੁਰਬਾਣੀ ਸਾਨੂੰ ਪੁਕਾਰ ਪੁਕਾਰ ਕੇ ਇਹ ਗੱਲ ਸਮਝਾ ਰਹੀ ਹੈ। ਸਾਨੂੰ ਮਨ ਦੀ ਦੁਬਿਧਾ ਵਿੱਚੋਂ ਨਿਕਲਣਾ ਹੀ ਪਵੇਗਾ ਨਹੀਂ ਤਾਂ ਅਸੀਂ ਗੁਰਬਾਣੀ ਰਾਹੀਂ ਦਿੱਤੀ ਹੋਈ ਪ੍ਰਮਾਤਮਾ ਦੀ ਸੱਚੀ ਸੋਝੀ ਨਾਲ ਨਹੀਂ ਜੁੜ ਸਕਦੇ ਜਿਸ ਦਾ ਮਕਸਦ ਹੀ ਸਾਨੂੰ ਦੁਬਿਧਾ ਵਿੱਚੋਂ ਕੱਢਣ ਦਾ ਹੈ ਤੇ ਸੱਚ ਨਾਲ ਜੋੜਨ ਦਾ ਹੈ। ਲੇਖ

ਵਿੱਚ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ, ਧਰਮ ਦੇ ਠੇਕੇਦਾਰ ਥਾਪਿਆ ਹੋਇਆ ਹੈ ਉਸ ਵਿੱਚ ਕੇਵਲ ਸਾਡੀ ਅਗਿਆਨਤਾ ਹੈ ਤੇ ਭਗਤੀ ਦੀ ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜਿੱਥੋਂ ਸਾਨੂੰ ਭਗਤੀ ਦਾ ਮਾਰਗ ਸਿੱਖਣਾ ਚਾਹੀਦਾ ਹੈ, ਨਾਮ ਜਪਣਾ ਸਿੱਖਣਾ ਚਾਹੀਦਾ ਹੈ। ਅਗਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸੇ ਗੱਲ ਨੂੰ ਹੋਰ ਵੀ ਦ੍ਰਿੜ ਕਰਨਾ ਹੈ ਜਿੱਥੇ ਭਰਮਿਆਂ ਹੋਇਆ ਦੀ ਮਤਿ ਨਾਲ ਨਾ ਜੁੜਨ ਲਈ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਸੱਚ ਨਾਲ ਜੁੜ ਸਕੀਏ, ਭਗਤੀ ਦੀ ਅਸਲੀਅਤ ਨੂੰ ਸਮਝ ਸਕੀਏ ਤੇ ਭਗਤੀ ਦਾ ਉਹੋ ਜਿਹਾ ਉਪਰਾਲਾ ਕਰੀਏ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਸੱਚ ਤੇ ਚੱਲਣ ਦਾ ਹੀ ਹੈ।

ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ ਉਨ੍ਹਾਂ ਨੂੰ ਅਸੀਂ ਇਹੀ ਸਮਝਕੇ ਮੰਨਿਆ ਹੋਇਆ ਹੈ ਕਿ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਤਾਂ ਹੀ ਅਸੀਂ ਉਹਨਾਂ ਦੀ ਮਤਿ ਪਿੱਛੇ ਲੱਗੇ ਹੋਏ ਹਾਂ। ਪ੍ਰਮਾਤਮਾ ਨੂੰ ਪਾਉਣਾ ਕੀ ਹੈ, ਉਸ ਦੇ ਨਾਲ ਮੇਲ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੁੰਦਾ ਹੈ ਤੇ ਫਿਰ ਤਾਂ ਹੀ ਅਸੀਂ ਉਹੋ ਜਿਹਿਆ ਫੈਸਲਾ ਲੈ ਸਕਾਂਗੇ ਜਿਸ

ਨਾਲ ਅਸੀਂ ਫਿਰ ਕੇਵਲ ਗੁਰੂ ਦੀ ਮਤਿ ਤੇ ਭਰੋਸਾ ਕਰਾਂਗੇ ਜਿਸ ਬਾਰੇ ਕਿਸੇ ਨੂੰ ਇਹ ਸ਼ੱਕ ਨਹੀਂ ਕਿ ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਸ ਨੂੰ ਹੀ ਇਹ ਸਮਝ ਲੱਗੀ ਹੈ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ ਤੇ ਹੋਰ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ। ਉਹ ਪ੍ਰਮਾਤਮਾ ਪੰਜਾਂ ਤੱਤਾਂ ਤੋਂ ਬਾਹਰ ਹੈ, ਵਰਨਾ ਚਿਹਨਾਂ ਤੋਂ ਬਾਹਰ ਹੈ ਤੇ ਜੋ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਪਾਉਣ ਦੀਆਂ ਗੱਲਾਂ ਕਰਦੇ ਹਨ ਜਾ ਸਮਝਦੇ ਹਨ ਉਹ ਬਿਲਕੁਲ ਨਾ ਸਮਝ ਹਨ ਪਰ ਅਸੀਂ ਫਿਰ ਵੀ ਉਹਨਾਂ ਤੇ ਹੀ ਵਿਸ਼ਵਾਸ ਟਿਕਾਇਆ ਹੋਇਆ ਹੈ ਕਿ ਉਹ ਸੱਚ ਕਹਿੰਦੇ ਹਨ ਜਦਕਿ ਇਹ ਸੱਚ ਨਹੀਂ ਹੈ। ਗੁਰਬਾਣੀ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦਰਸ਼ਨ ਕਰਨ ਦੀ ਗੱਲ ਸਮਝਾਉਂਦੀ ਹੈ ਜੋ ਕਿ ਸੱਚ ਹੈ। ਪ੍ਰਮਾਤਮਾ ਦੇ ਦਰਸ਼ਨ ਕੇਵਲ ਮਨ ਦੇ ਵਿੱਚੋਂ ਗਿਆਨ ਦੁਆਰਾ ਹੁੰਦੇ ਹਨ, ਗਿਆਨ ਰੂਪ ਵਿੱਚ ਹੁੰਦੇ ਹਨ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਉ ਇਹੀ ਗੱਲ ਉਹਨਾਂ ਦੇ ਉਚਾਰੇ ਹੋਏ ਬਚਨਾਂ ਦੁਆਰਾ ਸਮਝੀਏ ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਿਰਗੁਣ ਰੂਪ ਵਿੱਚ ਦਰਸ਼ਨ ਕੀਤੇ ਹਨ, ਮਨ ਦੇ ਗਿਆਨ ਦੁਆਰਾ ਕੀਤੇ ਹਨ ਤਾਂ ਜੋ ਅਸੀਂ ਉਹਨਾਂ ਤੋਂ ਆਪਣਾ ਭਰੋਸਾ ਹਟਾਈਏ ਜਿੰਨ੍ਹਾਂ ਨੇ ਸਾਨੂੰ ਝੂਠ ਨਾਲ ਜੋੜਿਆ ਹੈ।

ਸਲੋਕ ਮ: ੧ ॥

“ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥
ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥
ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥
ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥
ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥
ਸਭੁ ਕੋ ਨਥੈ ਨਥਿਆ ਬਧਸੇ ਤੋੜੇ ਨਥ ॥
ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥
ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥
ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥
ਅਕਥ ਕੀ ਕਥਾ ਸੁਣੇਇ ॥
ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥੧॥”

(ਅੰਗ 1289)

ਪੂਰੇ ਸਲੋਕ ਦੇ ਅਰਥ ਕਾਫੀ ਗਹਿਰਾਈ ਵਿੱਚ ਹਨ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ, ਮਨ ਦੇ ਵਿੱਚ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ ਜੋ ਕਿ ਗੁਰੂ ਦੀ ਆਪਣੀ ਅਵੱਸਥਾ ਹੈ ਤੇ ਦੂਸਰਿਆਂ ਦੀ ਅਵੱਸਥਾ ਨਾਲ ਫਰਕ ਸਮਝਾਇਆ ਹੋਇਆ ਹੈ ਜੋ ਪ੍ਰਮਾਤਮਾ ਨੂੰ ਆਪਣੇ ਮਨ ਦੀ ਬਜਾਇ ਕਿਤੋਂ ਬਾਹਰੋਂ ਲੱਭਣ ਦੀਆਂ ਗੱਲਾਂ ਕਰਦੇ ਹਨ। ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥

ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥”

“ਜੀਉ” ਸਾਡੇ ਮਨ ਨੂੰ ਕਿਹਾ ਹੈ ਜਿਸ ਰਾਹੀਂ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ। ਜੋ ਮਨੁੱਖ

32/3592

ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਹ ਫਿਰ ਮਨ ਦੇ ਦੁੱਖ ਸੁੱਖ ਵਿੱਚੋਂ ਨਿਕਲ ਜਾਂਦਾ ਹੈ, ਖੁਸ਼ੀ ਗਮੀ ਵਾਲੀ ਅਵੱਸਥਾ ਵਿੱਚੋਂ ਨਿਕਲ ਜਾਂਦਾ ਹੈ ਕਿਉਂਕਿ ਉਸ ਨੂੰ ਪ੍ਰਮਾਤਮਾ ਦਾ ਭਾਣਾ ਸਮਝ ਲੱਗ ਜਾਂਦਾ ਹੈ ਤੇ ਉਹ ਪ੍ਰਮਾਤਮਾ ਦੇ ਭਾਣੇ ਵਿੱਚ ਹੀ ਪ੍ਰਸੰਨ ਰਹਿੰਦਾ ਹੈ ਭਾਵ ਉਸ ਨੂੰ ਮਾਇਆ ਮੋਹ ਨਹੀਂ ਸਤਾਉਂਦਾ। ਇਹੋ ਜਿਹੇ ਮਨ ਦੀ ਤੁਲਨਾ ਪਉਣ, ਪਾਣੀ ਤੇ ਅਗਨੀ ਨਾਲ ਕੀਤੀ ਹੋਈ ਹੈ ਜੋ ਹਰ ਵੇਲੇ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਰਹਿੰਦੇ ਹਨ ਭਾਵ ਉਹਨਾਂ ਦੇ ਅੰਦਰ ਕੋਈ ਖੁਸ਼ੀ ਗਮੀ ਵਾਲੀ ਕੋਈ ਗੱਲ ਨਹੀਂ ਹੁੰਦੀ। ਜਿਹੋ ਜਿਹਾ ਹੁਕਮ ਪ੍ਰਮਾਤਮਾ ਨੇ ਉਹਨਾਂ ਦੇ ਅੰਦਰ ਲਿਖਕੇ ਪਾਇਆ ਹੋਇਆ ਹੈ ਭਾਵ ਜਿਹੋ ਜਿਹਾ ਗਿਆਨ ਉਨ੍ਹਾਂ ਦੇ ਅੰਦਰ ਪਾਇਆ ਹੋਇਆ ਹੈ ਉਹ ਉਸੇ ਅਨੁਸਾਰ ਵਿਚਰ ਰਹੇ ਹਨ। ਜਦੋਂ ਮਨੁੱਖ ਨੂੰ ਪ੍ਰਮਾਤਮਾ ਦਾ ਹੁਕਮ ਸਮਝ ਲੱਗ ਜਾਂਦਾ ਹੈ ਉਹ ਫਿਰ ਉਸ ਦੇ ਹੁਕਮ ਅਨੁਸਾਰ ਹੀ ਵਿਚਰਦਾ ਹੈ, ਉਸ ਦੇ ਸੱਚੇ ਗਿਆਨ ਦੁਆਰਾ ਹੀ ਵਿਚਰਦਾ ਹੈ ਤੇ ਉਸ ਤੋਂ ਮੂੰਹ ਨਹੀਂ ਮੋੜ ਦਾ ਭਾਵ ਉਹ ਮਾਇਆ ਮੋਹ ਵਾਲੀ ਅਵੱਸਥਾ ਵਿੱਚੋਂ, ਮਨਮਤਿ ਵਾਲੀ ਅਵੱਸਥਾ ਵਿੱਚੋਂ ਨਿਕਲ ਜਾਂਦਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਇਸ ਅਵੱਸਥਾ ਦੁਆਰਾ ਹੀ ਹੁੰਦੀ ਹੈ ਜੋ ਮਨ ਦੀ ਅਵੱਸਥਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਮਿਲ ਸਕਦੀ ਹੈ। (**ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥**)

{ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥

ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥

ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥3॥}

(ਅੰਗ 948)

ਇਹ ਉਹਨਾਂ ਦੇ ਮਨ ਦੀ ਅਵੱਸਥਾ ਹੈ ਜੋ ਪ੍ਰਮਾਤਮਾ ਦੇ ਦਰ ਤੇ ਪਹੁੰਚ ਜਾਂਦੇ ਹਨ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣਾ ਵਜੀਰ ਬਣਾ ਲੈਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਇਆ ਹੋਇਆ ਹੈ।

“ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥”

ਜੋ ਪ੍ਰਮਾਤਮਾ ਨੂੰ ਪਾ ਲੈਂਦੇ ਹਨ ਭਾਵ ਜੋ ਉਸ ਦੇ ਦਰ ਤੇ ਪਹੁੰਚ ਜਾਂਦੇ ਹਨ ਉਹਨਾਂ ਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਜੋ ਪ੍ਰਮਾਤਮਾ ਮੇਰੇ ਅੰਦਰ ਹੈ, ਜਿਸ ਰੂਪ ਵਿੱਚ ਉਹ ਮੇਰੇ ਅੰਦਰ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਸਭ ਜਗ੍ਹਾ ਤੇ ਸਭ ਵਿੱਚ ਸਮਾਇਆ ਹੋਇਆ ਹੈ। ਧਰਤੀ, ਪਾਤਾਲ, ਆਕਾਸ ਸਭ ਜਗ੍ਹਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਭਾਵ ਉਸ ਦਾ ਟਿਕਾਣਾ ਕਿਸੇ ਖਾਸ ਜਗ੍ਹਾ ਤੇ ਨਹੀਂ ਹੈ ਬਲਕਿ ਉਹ ਸਭ ਜਗ੍ਹਾ ਹੈ। ਜੋ ਪ੍ਰਮਾਤਮਾ ਨੂੰ ਸਰਗੁਣ ਰੂਪ ਵਿੱਚ ਖੋਜਣ ਦੀਆਂ ਗੱਲਾਂ ਕਰਦੇ ਹਨ ਉਹ ਉਸ ਨੂੰ ਕੋਈ ਧਰਤੀ ਤੋਂ ਲੱਭਣ ਦੀਆਂ ਗੱਲਾਂ ਕਰਦਾ ਹੈ, ਜੰਗਲਾਂ ਵਿੱਚੋਂ ਖੋਜਣ ਦੀਆਂ ਗੱਲਾਂ ਕਰਦਾ ਹੈ, ਕੋਈ ਪਹਾੜਾਂ ਆਦਿ ਤੋਂ ਖੋਜਣ ਦੀਆਂ ਗੱਲਾਂ ਕਰਦਾ ਹੈ ਤੇ ਕੋਈ ਉਸ ਨੂੰ ਆਕਾਸ਼ ਜਾਂ ਪਾਤਾਲ ਵਿੱਚੋਂ ਖੋਜਣ ਦੀਆਂ ਗੱਲਾਂ ਕਰਦੇ ਹਨ, ਖੰਡਾਂ ਬ੍ਰਹਿਮੰਡਾਂ ਆਦਿ ਵਿੱਚੋਂ ਖੋਜਣ ਦੀਆਂ ਗੱਲਾਂ

32/3593

ਕਰਦੇ ਹਨ ਭਾਵ ਸਭ ਭਰਮ ਵਿੱਚ ਹਨ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਸ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਦਾ ਦਰਿ ਕੀ ਹੈ ਜਿੱਥੋਂ ਉਸ ਨੂੰ ਪਾਇਆ ਜਾ ਸਕਦਾ ਹੈ। ਜਿਸ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਸ ਦੇ ਇੱਕ ਉਸੇ ਦਰਿ ਤੋਂ ਪਾਇਆ ਹੈ ਜੋ ਸਾਡੇ ਅੰਦਰ ਹੀ ਹੈ ਤੇ ਉਸ ਨੂੰ ਪਾਉਣ ਤੋਂ ਬਾਅਦ ਉਸਦੇ ਇੱਕੋ ਇੱਕ ਦਰਿ ਦੇ ਨਾਲ ਹੀ ਜੁੜੇ ਰਹਿੰਦੇ ਹਨ। ਪ੍ਰਮਾਤਮਾ ਦਾ ਦਰਿ ਸਾਡੇ ਦਰ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿੱਥੋਂ ਪ੍ਰਮਾਤਮਾ ਆਪਣੀ ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ, ਭਗਤੀ ਦੀ ਸੱਚੀ ਸੋਝੀ ਪਾਉਂਦਾ ਹੈ। ਜੋ ਪ੍ਰਮਾਤਮਾ ਦੇ ਇਸ ਦਰਿ ਨਾਲ ਜੁੜ ਜਾਂਦਾ ਹੈ, ਸੱਚੀ ਮਤਿ ਦੇ ਨਾਲ ਜੁੜ ਜਾਂਦਾ ਹੈ ਉਹ ਫਿਰ ਭਗਤੀ ਦਾ ਮਾਰਗ ਸਿੱਖਣ ਲਈ, ਕਿਸੇ ਹੋਰ ਦਰਿ ਨਾਲ ਨਹੀਂ ਜੁੜਦਾ, ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਦਾ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਸਰਗੁਣ ਰੂਪ ਵਿੱਚ ਸਮਝਾਉਂਦੇ ਹਨ, ਪ੍ਰਮਾਤਮਾ ਦਾ ਹੋਣਾ ਕਿਸੇ ਖੰਡਾਂ, ਬ੍ਰਹਿਮੰਡਾਂ ਦੇ ਵਿੱਚ ਸਮਝਾਉਂਦੇ ਹਨ ਤੇ ਉਸ ਨੂੰ ਪਾਉਣ ਦੇ ਆਪਣੇ-ਆਪਣੇ ਤਰੀਕੇ ਸਮਝਾਉਂਦੇ ਹਨ। ਜੋ ਪ੍ਰਮਾਤਮਾ ਦੇ ਦਰਿ ਤੇ ਪਹੁੰਚ ਜਾਂਦਾ ਹੈ ਉਹੀ ਉਸ ਦੀ ਅਸਲੀਅਤ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਤੇ ਉਸ ਦੀ ਭਗਤੀ ਕਰਨੀ ਕੀ ਹੈ। (**ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥ ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਣਿ ਵਜੀਰ ॥**)

{ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥22॥}

(ਅੰਗ 5)

ਜੋ ਪ੍ਰਮਾਤਮਾ ਦੇ ਦਰਿ ਤੇ ਪਹੁੰਚ ਜਾਂਦੇ ਹਨ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਨ ਉਹ ਫਿਰ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦੇ ਹਨ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਵਿਚਾਰਾਂ ਨਾਲ ਇੱਕ ਹੋ ਜਾਂਦੇ ਹਨ, ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਦੇ ਵਿੱਚ ਸਮਾਅ ਜਾਂਦੇ ਹਨ। ਮਨ ਦੀ ਇਹੋ ਜਿਹੀ ਅਵੱਸਥਾ ਦੁਆਰਾ ਫਿਰ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ, ਵੱਡੀ ਆਰਜਾ ਵਾਲੇ ਹੋ ਜਾਂਦੇ ਹਨ ਭਾਵ ਅਮਰ ਹੋ ਜਾਂਦੇ ਹਨ ਤੇ ਜੋ ਪ੍ਰਮਾਤਮਾ ਦੇ ਦਰਿ ਤੇ ਨਹੀਂ ਪਹੁੰਚਦੇ ਉਹ ਫਿਰ ਆਪਣੇ ਇਸੇ ਮਨੁੱਖੀ ਜੀਵਨ ਵਿੱਚ ਜਨਮ ਮਰਨ ਦੇ ਗੇੜ ਵਿੱਚ ਹੀ ਰਹਿੰਦੇ ਹਨ ਭਾਵ ਦੁੱਖਾਂ ਵਿੱਚ ਹੀ ਰਹਿੰਦੇ ਹਨ, ਪ੍ਰਮਾਤਮਾ ਤੋਂ ਵਿਛੋੜੇ ਦੇ ਦੁੱਖ ਵਿੱਚ ਹੀ ਰਹਿੰਦੇ ਹਨ। (**ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥**)

ਬਿਲਾਵਲੁ ਮਹਲਾ ੫ ॥

{ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹਾਰਿਆ ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥
ਕਾਰਜੁ ਸਤਿਗੁਰਿ ਆਪਿ ਸਵਾਰਿਆ ॥
ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥੧॥ ਰਹਾਉ ॥
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥੨॥੫॥੨੩॥}

(ਅੰਗ 806-807)

ਜੋ ਪ੍ਰਮਾਤਮਾ ਦੇ ਦਰਿ ਤੇ ਪਹੁੰਚ ਜਾਂਦੇ ਹਨ ਉਹਨਾਂ ਨੂੰ

ਫਿਰ ਮਨ ਦੇ ਵਿੱਚੋਂ ਉਸ ਧਨ ਦੀ ਪ੍ਰਾਪਤੀ ਹੁੰਦੀ ਹੈ ਜੋ ਪ੍ਰਮਾਤਮਾ ਦਾ ਆਪਣਾ ਸੱਚਾ ਧਨ ਹੈ ਭਾਵ ਨਾਮ ਧਨ ਹੈ, ਸੱਚੇ ਗਿਆਨ ਦਾ ਧਨ ਹੈ, ਬ੍ਰਹਮ ਗਿਆਨ ਰੂਪ ਧਨ ਹੈ। ਇਹ ਧਨ ਪ੍ਰਮਾਤਮਾ ਦਾ ਭੋਜਨ ਹੈ ਜੋ ਉਹ ਮਨ ਦੇ ਵਿੱਚ ਆਪ ਹੀ ਖਵਾਉਂਦਾ ਹੈ, ਜੋ ਉਸ ਦੇ ਦਰਿ ਤੇ ਪਹੁੰਚ ਜਾਂਦੇ ਹਨ ਉਹਨਾਂ ਨੂੰ ਖਵਾਉਂਦਾ ਹੈ ਜਿਸ ਦੁਆਰਾ ਉਹ ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ। ਇਹ ਸ਼ਬਦਾਂ ਦੇ ਵਿਚਾਰਾਂ ਦਾ ਧਨ ਹੈ ਜਿਸ ਦੀ ਉਹ ਤੋਟਿ ਨਹੀਂ ਆਉਣ ਦਿੰਦਾ ਤੇ ਮਨ ਦੇ ਵਿੱਚ ਆਪਣਾ ਇਹ ਧੰਨ ਦਿੰਦਾ ਹੀ ਰਹਿੰਦਾ ਹੈ, ਵਧਾਉਂਦਾ ਹੀ ਰਹਿੰਦਾ ਹੈ। ਜੋ ਪ੍ਰਮਾਤਮਾ ਦੇ ਦਰਿ ਤੇ ਨਹੀਂ ਪਹੁੰਚਦੇ, ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਦੇ ਉਹ ਪ੍ਰਮਾਤਮਾ ਦੇ ਨਾਮ ਧਨ ਵੱਲੋਂ ਫਕੀਰ ਹੀ ਰਹਿੰਦੇ ਹਨ ਭਾਵ ਕੰਗਾਲ ਹੀ ਰਹਿੰਦੇ ਹਨ, ਨਾਮ ਧਨ ਤੋਂ ਵਾਂਝੇ ਹੀ ਰਹਿੰਦੇ ਹਨ, ਬ੍ਰਹਮ ਗਿਆਨ ਤੋਂ, ਗੁਰਮਤਿ ਦੀ ਸੱਚੀ ਸੋਝੀ ਤੋਂ ਵਾਂਝੇ ਹੀ ਰਹਿੰਦੇ ਹਨ। (**ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਆਪਣੇ ਇਸ ਧਨ ਰਾਹੀਂ ਕਿਸੇ ਨੂੰ ਕਿਵੇਂ ਅਮੀਰ ਬਣਾਉਂਦਾ ਹੈ।

“**ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥**”

ਸਾਡੇ ਅੰਦਰ ਦੀ ਫਕੀਰੀ ਸਾਡੇ ਅੰਦਰ ਦਾ ਆਤਮਿਕ ਗਿਆਨ ਹੈ ਜਿਸ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਜਿਸ ਨੂੰ ਪ੍ਰਮਾਤਮਾ ਆਪਣਾ ਵਜੀਰ ਬਣਾਉਂਦਾ ਹੈ ਉਸ ਨੂੰ ਮਨ ਦੀ ਫਕੀਰੀ ਵਿੱਚੋਂ ਹੀ ਕੱਢਦਾ ਹੈ। ਉਸ ਦਾ ਵਜੀਰ ਉਹੀ ਹੈ ਜਿਸ ਨੂੰ ਉਹ ਆਪਣਾ ਆਤਮਿਕ ਗਿਆਨ ਦਾ ਧਨ ਬਖਸ਼ ਦਿੰਦਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਅਵੱਸਥਾ ਪਾਈ ਹੋਈ ਹੈ, ਪੁੱਠੇ ਕਮਲ ਵਾਲੀ ਅਵੱਸਥਾ ਪਾਈ ਹੋਈ ਹੈ ਜੋ ਸਾਡੀ ਸਭ ਦੀ ਸਾਰੇ ਸੰਸਾਰ ਦੀ ਫਕੀਰੀ ਦਾ ਕਾਰਣ ਹੈ। ਮਨ ਦੀ ਇਹ ਫਕੀਰੀ ਸਾਡੇ ਅੰਦਰ ਦਾ ਭਰਮ ਹੈ, ਅਗਿਆਨਤਾ ਹੈ, ਮਾਇਆ ਮੋਹ ਵਾਲੀ ਬਿਰਤੀ ਹੈ ਜੋ ਸਾਨੂੰ ਸੱਚ ਤੋਂ ਦੂਰ ਰੱਖਦੀ ਹੈ। ਜਿਸ ਨੂੰ ਪ੍ਰਮਾਤਮਾ ਇਸ ਫਕੀਰੀ ਵਿੱਚੋਂ ਕੱਢਦਾ ਹੈ ਉਸ ਨੂੰ ਆਪਣਾ ਸੱਚਾ ਧਨ ਬਖਸ਼ਕੇ ਹੀ ਕੱਢਦਾ ਹੈ, ਸੱਚੇ ਗਿਆਨ ਦਾ ਧਨ ਬਖਸ਼ਕੇ ਹੀ ਕੱਢਦਾ ਹੈ। ਪ੍ਰਮਾਤਮਾ ਦਾ ਸੱਚਾ ਧਨ ਸਾਡੇ ਅੰਦਰ ਹੀ ਹੈ ਜੋ ਕਿ ਮਨ ਦਾ ਚਉਥਾ ਪਦ ਹੈ, ਸਹਜ ਰੂਪ ਗਿਆਨ ਦਾ ਪਦ ਹੈ ਜਿਸ ਦੀ ਕਿਸੇ ਨੂੰ ਸਮਝ ਨਹੀਂ ਹੈ ਕਿ ਪ੍ਰਮਾਤਮਾ ਇਹ ਧਨ ਸਾਨੂੰ ਕਿਵੇਂ ਬਖਸ਼ਦਾ ਹੈ। ਇਹ ਧਨ ਸਾਡੇ ਅੰਦਰ ਪ੍ਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰ ਹਰ ਵੇਲੇ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜੋ ਕਿ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਹੈ ਜਿਸ ਦੁਆਰਾ ਅਸੀਂ ਵਿਚਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ, ਜਪੁਜੀ ਬਾਣੀ ਦੇ ਅਰਥਾਂ ਵਿੱਚ

32/3595

ਵੀ ਸਮਝਾਂਗੇ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵੱਸਥਾ ਪ੍ਰਮਾਤਮਾ ਦਾ ਹੁਕਮ ਹੀ ਹੈ ਜਿਸ ਦੁਆਰਾ ਹਰ ਕੋਈ ਵਿਚਰਦਾ ਹੈ। ਜਿਸ ਨੂੰ ਪ੍ਰਮਾਤਮਾ ਸਾਜਦਾ ਹੈ ਭਾਵ ਜਿਸ ਦੇ ਜੀਵਨ ਨੂੰ ਪ੍ਰਮਾਤਮਾ ਸਜਾਉਂਦਾ ਹੈ ਭਾਵ ਸਫ਼ਲ ਕਰਦਾ ਹੈ ਉਸ ਨੂੰ ਮਨ ਦੇ ਹੁਕਮ ਰਾਹੀਂ ਹੀ ਸਫ਼ਲ ਕਰਦਾ ਹੈ ਭਾਵ ਮਨ ਦੇ ਗਿਆਨ ਰਾਹੀਂ ਹੀ ਸਫ਼ਲ ਕਰਦਾ ਹੈ। ਜਿਸ ਨੂੰ ਪ੍ਰਮਾਤਮਾ ਸਾਜਦਾ ਹੈ ਉਸਨੂੰ ਹੀ ਉਸ ਦੇ ਹੁਕਮ ਦੀ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਤਰੀਕੇ ਵਰਤ ਰਿਹਾ ਹੈ। ਪ੍ਰਮਾਤਮਾ ਦਾ ਇਹ ਹੁਕਮ ਆਪਣੇ ਅੰਦਰੋਂ ਪਹਿਚਾਣੇ ਬਿਨ੍ਹਾਂ ਹਰ ਕੋਈ ਹਉਮੈ ਵਿੱਚ ਹੈ, ਭਰਮ ਵਿੱਚ ਹੈ, ਤ੍ਰੈ ਗੁਣਾਂ ਵਿੱਚ ਹੈ। ਪ੍ਰਮਾਤਮਾ ਨੇ ਆਪਣੇ ਇਸ ਹੁਕਮ ਰਾਹੀਂ ਹੀ ਸਾਨੂੰ “ਢਾਹ” ਲਗਾਈ ਹੋਈ ਹੈ, ਸਭ ਨੂੰ ਢਾਹਿਆ ਹੋਇਆ ਹੈ, ਸਭ ਨੂੰ ਨੀਵਾਂ ਕੀਤਾ ਹੋਇਆ ਹੈ, ਮਨ ਦੀ ਨੀਵੀਂ ਮਤਿ ਦੁਆਰਾ ਨੀਵਾਂ ਕੀਤਾ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਸਾਜਦਾ ਹੈ ਭਾਵ ਉੱਚਾ ਕਰਦਾ ਹੈ ਉਸ ਨੂੰ ਮਨ ਦੀ ਮਤਿ ਰਾਹੀਂ ਹੀ ਉੱਚਾ ਕਰਦਾ ਹੈ ਭਾਵ ਆਪਣੇ ਉੱਚੇ ਗਿਆਨ ਰਾਹੀਂ ਨੀਵੀਂ ਮਤਿ ਵਿੱਚੋਂ ਕੱਢਦਾ ਹੈ, ਚਉਥੇ ਪਦ ਰਾਹੀਂ ਤ੍ਰੈ ਗੁਣਾਂ ਵਿੱਚੋਂ ਕੱਢਦਾ ਹੈ। ਜਿਸ ਨੂੰ ਪ੍ਰਮਾਤਮਾ ਸਾਜਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਸਾਜਦਾ ਹੈ ਤੇ ਉਸ ਨੂੰ ਮਨ ਦੇ ਵਿੱਚ ਪ੍ਰਗਟ ਹੋਣ ਲੱਗਿਆ ਕੋਈ ਦੇਰ ਨਹੀਂ ਲੱਗਦੀ। ਉਹ ਸਾਡੇ ਅੰਦਰ ਇੱਕ ਚਸੇ ਵਿੱਚ, ਇੱਕ ਪਲ ਵਿੱਚ, ਖਿਨ ਵਿੱਚ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਤੇ ਮਨੁੱਖ ਨੂੰ ਇਸ ਅਗਿਆਨਤਾ ਵਿੱਚੋਂ ਕੱਢ ਦਿੰਦਾ ਹੈ ਕਿ ਸਾਡੇ ਅੰਦਰ ਹੁਕਮ ਕਿਸ ਦਾ ਵਰਤ ਰਿਹਾ ਹੈ। ਇਹ ਸੰਸਾਰ ਦੀ ਸਭ ਤੋਂ ਅਜਬ ਗੱਲ ਹੈ, ਬਹੁਤ ਵੱਡਾ ਅਸਚਰਜ ਹੈ ਜਿਸ ਨੂੰ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਜਿਸ ਤੇ ਇਹ ਖੇਡ ਵਰਤਦੀ ਹੈ, ਉਹੀ ਇਸ ਖੇਡ ਨੂੰ ਸਮਝ ਸਕਦਾ ਹੈ। ਪ੍ਰਮਾਤਮਾ ਆਪਣੀ ਇਹ ਖੇਡ ਵਰਤਾ

ਕੇ ਸਾਨੂੰ ਇੱਕ ਖਿਨ ਵਿੱਚ ਮਨ ਦੀ ਅਮੀਰੀ ਬਖਸ਼ ਦਿੰਦਾ ਹੈ, ਮਨ ਦਾ ਲਖਪਤੀ ਬਣਾ ਦਿੰਦਾ ਹੈ, ਮਨ ਦੀ ਫਕੀਰੀ ਵਿੱਚੋਂ ਕੱਢ ਲੈਂਦਾ ਹੈ ਤੇ ਆਪਣਾ ਵਜੀਰ ਬਣਾ ਲੈਂਦਾ ਹੈ, ਮਨ ਦਾ ਅਮੀਰ ਬਣਾ ਲੈਂਦਾ ਹੈ, ਉੱਚੇ ਰੁਤਬੇ ਵਾਲਾ ਬਣਾ ਲੈਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਪ੍ਰਮਾਤਮਾ ਨੇ ਸਭ ਨੂੰ ਮਨ ਦੇ ਗਿਆਨ ਦੁਆਰਾ ਹੀ ਨੱਥਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਜਪੁਜੀ ਬਾਣੀ ਰਾਹੀਂ ਇਸ ਗੱਲ ਨੂੰ ਸਮਝਿਆ ਹੈ। ਜਿਸ ਨੂੰ ਪ੍ਰਮਾਤਮਾ ਮਨ ਦੀ ਅਮੀਰੀ ਬਖਸ਼ਦਾ ਹੈ, ਗਿਆਨ ਦੀ ਅਮੀਰੀ ਬਖਸ਼ਦਾ ਹੈ ਉਸ ਦੇ ਅੰਦਰੋਂ ਅਗਿਆਨਤਾ ਦੀ ਨੱਥ ਹੀ ਤੋੜਦਾ ਹੈ, ਭਰਮ ਦੀ ਨੱਥ ਹੀ ਤੋੜਦਾ ਹੈ, ਤ੍ਰੈ ਗੁਣਾਂ ਵਾਲੀ ਨੱਥ ਹੀ ਤੋੜਦਾ ਹੈ। ਇਹ ਨੱਥ ਹੀ ਸਾਡੇ ਅੰਦਰ ਦਾ ਬੰਧਨ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਭਰਮ ਰੂਪ ਬੰਧਨ ਵਿੱਚ ਰੱਖਿਆ ਹੋਇਆ ਹੈ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਬਖਸ਼ਿਸ਼ ਹੈ ਕਿ ਉਹ ਕਿਸੇ ਨੂੰ ਮਨ ਦੇ ਵਿੱਚ ਆਪਣੇ ਦਰਸ਼ਨ ਦੇ ਕੇ, ਆਪਣੇ ਹੁਕਮ ਦੀ ਸੋਝੀ ਪਾ ਕੇ ਕਿਸੇ ਦੀ ਅਗਿਆਨਤਾ ਦੀ ਨੱਥ ਤੋੜੇ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਨਾਮ ਧਨ ਦੀ ਅਮੀਰੀ ਬਖਸ਼ੀ ਹੈ,

32/3596

ਆਤਮਿਕ ਗਿਆਨ ਦੀ ਅਮੀਰੀ ਬਖਸ਼ੀ ਹੈ, ਬ੍ਰਹਮ ਗਿਆਨ ਦੀ ਅਮੀਰੀ ਬਖਸ਼ੀ ਹੈ ਉਹਨਾਂ ਦੀ ਅਗਿਆਨਤਾ ਦੀ ਨੱਥ ਹੀ ਤੋੜੀ ਹੈ ਜਿਸ ਦੁਆਰਾ ਉਹਨਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਪੂਰਨ ਬ੍ਰਹਮ ਗਿਆਨ ਦੀ ਰਚਨਾ ਕੀਤੀ ਹੈ। (**ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥**)

{ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮ ਦੇਉ ਮਨੁ ਲੀਣਾ ॥

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥1॥ ਰਹਾਉ ॥}

(ਅੰਗ 487)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਮਨੁੱਖ ਦੀ ਕੀਮਤ ਕਉਡੀ ਜਿੰਨੀ ਹੀ ਹੈ ਜਿਸ ਦਾ ਕਾਰਣ ਸਾਡੇ ਅੰਦਰ ਦੀ ਅਗਿਆਨਤਾ ਹੈ, ਨਾਮ ਧੰਨ ਦਾ ਨਾ ਹੋਣਾ ਹੈ। ਪ੍ਰਮਾਤਮਾ ਦੇ ਦਰਬਾਰ ਵਿੱਚ ਜਿਸ ਦੀ ਵੀ ਕੀਮਤ ਪੈਂਦੀ ਹੈ ਉਹ ਮਨ ਦੇ ਗਿਆਨ ਰਾਹੀਂ ਹੀ ਪੈਂਦੀ ਹੈ, ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਪੈਂਦੀ ਹੈ ਜੋ ਕੀਮਤ ਉਹ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਗਿਆਨ ਦਾ ਧਨ ਬਖਸ਼ਕੇ ਪਾਉਂਦਾ ਹੈ, ਨਾਮ ਧਨ ਬਖਸ਼ਕੇ ਪਾਉਂਦਾ ਹੈ।

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥}

(ਅੰਗ 6)

{ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥

ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥}

(ਅੰਗ 935)

{ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥2॥}

(ਅੰਗ 653)

{ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ

ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥2॥}

(ਅੰਗ 138)

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥2॥}

(ਅੰਗ 1)

32/3597

{ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥3॥
ਕਹਤ ਨਾਨਕੁ ਹਉਮੈ ਕਹੈ ਨ ਕੋਇ ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥4॥2॥14॥}

(ਅੰਗ 1176)

ਜਿਸਨੇ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੈ ਉਸ ਨੂੰ ਹੀ ਪ੍ਰਮਾਤਮਾ ਦਾ ਨਿਰਗੁਣ ਰੂਪ ਸਮਝ ਆਇਆ ਹੈ ਜਿਸ ਦੁਆਰਾ ਪ੍ਰਮਾਤਮਾ ਸਭ ਜਗ੍ਹਾ ਤੇ ਸਭ ਵਿੱਚ ਵਿਚਰ ਰਿਹਾ ਹੈ। ਪ੍ਰਮਾਤਮਾ ਮਨ ਦੇ ਗਿਆਨ ਦੁਆਰਾ ਦਿੱਸਦਾ ਹੈ, ਅਗਿਆਨਤਾ ਦੀ ਨੱਥ ਟੁੱਟਣ ਦੁਆਰਾ ਦਿੱਸਦਾ ਹੈ ਤੇ ਉਸ ਪ੍ਰਮਾਤਮਾ ਨੂੰ ਦੇਖਣ ਦਾ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦਾ ਨਾ ਕੋਈ ਵਰਨ ਹੈ, ਨਾ ਕੋਈ ਚਿਹਨ ਹੈ ਭਾਵ ਜੋ ਪ੍ਰਮਾਤਮਾ ਆਕਾਰ ਰੂਪ ਤੋਂ ਬਾਹਰ ਹੈ। ਜਦ ਤੱਕ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਨਹੀਂ ਦੇਖ ਲੈਂਦਾ ਤਦ ਤੱਕ ਉਹ ਸਭ ਲਈ ਅਲਖੁ ਹੀ ਹੈ ਭਾਵ ਸਮਝ ਤੋਂ ਬਾਹਰ ਹੀ ਹੈ ਕਿ ਪ੍ਰਮਾਤਮਾ ਦਾ ਨਿਰਗੁਣ ਰੂਪ ਕੀ ਹੈ। (**ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥**)

ਪ੍ਰਮਾਤਮਾ ਨੂੰ ਉਹੀ ਕਥ ਸਕਦਾ ਹੈ, ਉਹੀ ਆਖ ਸਕਦਾ ਹੈ ਭਾਵ ਪ੍ਰਮਾਤਮਾ ਕੀ ਹੈ ਉਸ ਬਾਰੇ ਗਿਆਨ ਉਹੀ ਕਰ ਸਕਦਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ। ਆਪਣੇ ਅੰਦਰੋਂ ਦੇਖੇ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਕਥ ਸਕਦਾ ਭਾਵ ਉਹ ਸਭ ਦੇ ਲਈ ਅਕਥ ਹੀ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਕਥਿਆ ਹੈ, ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਅਕਥ ਕਥਾ ਬਿਆਨ ਕੀਤੀ ਹੈ, ਪ੍ਰਮਾਤਮਾ ਦੀ ਸੱਚਾਈ ਬਿਆਨ ਕੀਤੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸ ਦੇ ਦਰਸ਼ਨ ਕਿਵੇਂ ਹੁੰਦੇ ਹਨ। ਪ੍ਰਮਾਤਮਾ "ਸਚੁ" ਦੇ ਰੂਪ ਵਿੱਚ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ, ਸ਼ਬਦ ਰੂਪ ਹੈ ਜਿਸ ਰੂਪ ਦੁਆਰਾ ਉਹ ਆਪਣੇ "ਸਚੁ" ਰੂਪ ਦੀ ਆਪ ਹੀ ਸੋਝੀ ਪਾਉਂਦਾ ਹੈ ਤੇ ਸਾਨੂੰ ਸੱਚ ਦੁਆਰਾ ਚੱਲਣਾ ਸਿਖਾਉਂਦਾ ਹੈ। ਉਸ ਦੇ ਦੱਸੇ ਹੋਏ ਸੱਚ ਤੇ ਚੱਲ ਕੇ ਹੀ ਉਸ "ਸਚੁ" ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਸੱਚ ਦੇ ਮਾਲਕ ਦੇ ਦਰਸ਼ਨ ਹੁੰਦੇ ਹਨ, ਮਨ ਦੇ ਵਿੱਚ ਹੀ ਹੁੰਦੇ ਹਨ। (**ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥**)

ਜੋ ਉਸ ਅਲਖ ਨੂੰ ਆਪਣੇ ਅੰਦਰੋਂ ਲਖ ਲੈਂਦਾ ਹੈ ਭਾਵ ਦੇਖ ਲੈਂਦਾ ਹੈ, ਜਿਸ ਅਕਥ ਨੂੰ ਜਦੋਂ ਕੋਈ ਕਥ ਲੈਂਦਾ ਹੈ ਉਸ ਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਜਿਸ ਦੀ ਕਿ ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਸੋਝੀ ਨਹੀਂ ਪੈਂਦੀ। ਮਨੁੱਖੀ ਰੂਪ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਕਰ ਰਿਹਾ ਹੈ, ਆਪ ਹੀ ਵਿਚਰ ਰਿਹਾ ਹੈ। ਮਨੁੱਖ ਦੀ ਸਾਰੀ ਕਰਣੀ ਵਿੱਚ, ਕਥਨੀ ਵਿੱਚ, ਸਭ ਕਾਰ ਵਿਹਾਰ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਨੂੰ ਕੋਈ ਸਮਝ ਨਹੀਂ ਸਕਦਾ ਕਿ ਇਸ ਵਿੱਚ ਭਾਵ ਮਨੁੱਖੀ ਰੂਪ ਵਿੱਚ ਉਹ ਆਪ ਅਕਥ ਰੂਪ ਪ੍ਰਮਾਤਮਾ ਹੀ ਹੈ। (**ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥**)

32/3598

ਉਸ "ਅਕਥ" ਨੂੰ, ਪ੍ਰਮਾਤਮਾ ਨੂੰ ਅਸੀਂ ਕਿਸ ਤਰੀਕੇ ਨਾਲ ਜਾਣਦੇ ਹਾਂ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਉਹੋ ਜਿਹਾ ਉਪਰਾਲਾ ਕਰੀਏ ਜਿਸ ਦੁਆਰਾ ਉਸ ਦੀ ਆਪਣੇ ਅੰਦਰੋਂ ਪ੍ਰਾਪਤੀ ਹੁੰਦੀ ਹੈ, ਉਸ ਦੇ ਨਾਲ ਮੇਲ ਹੁੰਦਾ ਹੈ।

"ਅਕਥ ਕੀ ਕਥਾ ਸੁਣੇਇ ॥ ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥"

ਜਿੰਨ੍ਹਾਂ ਨੇ ਸਾਨੂੰ ਪ੍ਰਮਾਤਮਾ ਦੀ ਅਕਥ ਕਥਾ ਸੁਣਾਈ ਹੈ, ਗੁਰਬਾਣੀ ਰਾਹੀਂ ਸੁਣਾਈ ਹੈ ਇਹ ਉਨ੍ਹਾਂ ਨੇ ਕਿਵੇਂ ਸੁਣਾਈ ਹੈ ਇਹ ਗੱਲ ਸਾਨੂੰ ਉੱਪਰ ਸਮਝਾਈ ਹੋਈ ਹੈ। ਜਿੰਨ੍ਹਾਂ ਨੇ ਆਪ ਪ੍ਰਮਾਤਮਾ ਕੋਲੋਂ ਉਸ ਦੀ ਅਕਥ ਕਥਾ ਸੁਣੀ ਹੈ, ਮਨ ਦੇ ਵਿੱਚ ਸੁਣੀ ਹੈ ਉਨ੍ਹਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਅਕਥ ਕਥਾ ਸੁਣਾਈ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਅਵੱਸਥਾ ਨਾਲ ਹੀ ਸਮਝਾਈ ਹੋਈ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ ਹੈ। ਮਨ ਦੇ ਵਿੱਚ ਇਹ ਉੱਚੀ ਅਵੱਸਥਾ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ। ਸਾਡੇ ਅੰਦਰ, ਸਾਡੀ ਬੁਧਿ ਦੇ ਅੰਦਰ ਰਿਧਿ ਸਿਧਿ ਵਾਲੀ ਅਵੱਸਥਾ ਸੱਚੇ "ਗਿਆਨ" ਵਾਲੀ ਅਵੱਸਥਾ ਹੈ ਜਿਸ ਅਵੱਸਥਾ ਦੁਆਰਾ ਮਨੁੱਖ ਸਦਾ "ਸੁਖ" ਵਿੱਚ ਰਹਿੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵੱਸਥਾ ਵਿੱਚ ਰਹਿੰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਰਿਧਿ ਸਿਧਿ ਕੀ ਹੈ, ਕਿੱਥੋਂ ਆਉਂਦੀ ਹੈ ਤੇ ਸਾਡੇ ਅੰਦਰ ਕੌਣ ਪਾਉਂਦਾ ਹੈ। ਜਦ ਤੱਕ ਪ੍ਰਮਾਤਮਾ ਆਪ ਅੰਦਰ ਪ੍ਰਗਟ ਨਹੀਂ ਹੁੰਦਾ ਤਦ ਤੱਕ ਸਾਨੂੰ ਇਹ ਰਿਧੀਆਂ ਸਿਧੀਆਂ ਬਹੁਤ ਉੱਚੀਆਂ ਨਜ਼ਰ ਆਉਂਦੀਆਂ ਹਨ ਜੋ ਅਸਲ ਦੇ ਵਿੱਚ ਸਾਡੇ ਅੰਦਰ ਮਾਇਆ ਮੋਹ ਦੀ ਜੁਗਤਿ ਹੈ ਜੋ ਸਾਨੂੰ ਮਾਇਆ ਮੋਹ ਦੇ ਨਾਲ ਹੀ ਜੋੜਦੀਆਂ ਹਨ। ਅਸਲ ਰਿਧਿ ਸਿਧਿ ਉਹ ਹੈ ਜੋ ਸਾਨੂੰ ਸੱਚ ਦੇ ਨਾਲ ਜੋੜਦੀ ਹੈ, ਪ੍ਰਮਾਤਮਾ ਦੀ ਅਕਥ ਕਥਾ ਦੇ ਨਾਲ ਜੋੜਦੀ ਹੈ, ਗੁਰਬਾਣੀ ਦੀ ਸੱਚੀ ਮਤਿ ਦੇ ਨਾਲ ਜੋੜਦੀ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪੈਂਦੀ ਹੈ, "ਸੁਖ" ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ, ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਸੋਝੀ ਪੈਂਦੀ ਹੈ।
(**ਅਕਥ ਕੀ ਕਥਾ ਸੁਣੇਇ ॥ ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥1॥**)

{ਭਏ ਕ੍ਰਿਪਾਲ ਦਇਆਲ ਗੋਬਿੰਦਾ ਅੰਮ੍ਰਿਤੁ ਰਿਦੈ ਸਿੰਚਾਈ ॥
ਨਵ ਨਿਧਿ ਰਿਧਿ ਸਿਧਿ ਹਰਿ ਲਾਗਿ ਰਹੀ ਜਨ ਪਾਈ ॥1॥
ਸੰਤਨ ਕਉ ਅਨਦੁ ਸਗਲ ਹੀ ਜਾਈ ॥
ਗ੍ਰਿਹਿ ਬਾਹਰਿ ਠਾਕੁਰੁ ਭਗਤਨ ਕਾ ਰਣਿ ਰਹਿਆ ਸ੍ਰਬ ਠਾਈ ।1॥ ਰਹਾਉ ॥}

(ਅੰਗ 679)

32/3599

{ਸੁਨਿ ਮਨ ਅਕਥ ਕਥਾ ਹਰਿ ਨਾਮ ॥
ਰਿਧਿ ਬੁਧਿ ਸਿਧਿ ਸੁਖ ਪਾਵਹਿ ਭਜੁ ਗੁਰਮਤਿ ਹਰਿ ਰਾਮ ਰਾਮ ॥੧॥ ਰਹਾਉ ॥}

(ਅੰਗ 719)

{ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥੩॥
ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ ॥੪॥
ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ ॥੫॥}

(ਅੰਗ 1018)

{ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥
ਜਨਮੁ ਪਦਾਰਥੁ ਗਹਿਰ ਗੰਭੀਰੈ ॥
ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥1॥}

(ਅੰਗ 101)

{ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ॥
ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ॥
ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ ॥

ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ॥
ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ॥7॥}

(ਅੰਗ 1240)

{ਕੋਟਿ ਜਾਪ ਤਾਪ ਬਿਸ੍ਰਾਮ ॥ ਰਿਧਿ ਬੁਧਿ ਸਿਧਿ ਸੁਰ ਗਿਆਨ ॥
ਅਨਿਕ ਰੂਪ ਰੰਗ ਭੋਗ ਰਸੈ ॥ ਗੁਰਮੁਖਿ ਨਾਮੁ ਨਿਮਖ ਰਿਦੈ ਵਸੈ ॥੧॥}

(ਅੰਗ 890)

{ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ ॥ ਬਿਖੈ ਬਿਆਧਿ ਕੇ ਗਾਵ ਮਹਿ ਬਾਸੁ ॥}

(ਅੰਗ 894)

{ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ ॥
ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ ॥5॥}

(ਅੰਗ 1017)

{ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ ॥
ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ ਸਾਧ ਸਾਜਨ ਮੀਤਾ ॥2॥}

(ਅੰਗ 543)

32/3600

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥}

(ਅੰਗ 117)

ਮਃ ੩ ॥

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥2॥}

(ਅੰਗ 650)

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥}

(ਅੰਗ 6)

{ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥
ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥}

(ਅੰਗ 418)

{ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥
ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ ॥6॥
ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥
ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ ॥7॥}

(ਅੰਗ 504)

{ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਣੀਆ ॥
ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਣੀਆ ॥5॥}

(ਅੰਗ 835)

{ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥
ਤਾਜ ਕੁਲਹ ਸਿਰਿ ਛਤ੍ਰ ਬਨਾਵਉ ॥ ਬਿਨੁ ਜਗਦੀਸ ਕਹਾ ਸਚੁ ਪਾਵਉ ॥6॥}

(ਅੰਗ 225)

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੇ ਭਾਇ ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥1॥}

(ਅੰਗ 593)

ਉਪਰਲੇ ਕੁੱਝ ਸ਼ਬਦਾਂ ਦੁਆਰਾ ਸਾਨੂੰ ਰਿਧਿ ਸਿਧਿ ਦੇ ਦੋਨੋ ਪਹਿਲੂ ਹੀ ਸਮਝਾਏ ਹੋਏ ਹਨ। ਰਿਧਿ ਸਿਧਿ ਸਾਡੇ ਲਈ ਚੰਗੀ ਵੀ ਦੱਸੀ ਹੈ ਤੇ ਮਾੜੀ ਵੀ ਦੱਸੀ ਹੈ। ਇੱਕ ਰਿਧਿ ਸਿਧਿ ਸਾਨੂੰ ਮਾਇਆ ਮੋਹ ਵਿੱਚ ਪਾਉਂਦੀ ਹੈ ਤੇ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਵਧਾਉਂਦੀ ਹੈ ਜਿਸ ਰਿਧਿ ਸਿਧਿ ਤੋਂ ਸਾਨੂੰ ਬਚਣ ਲਈ ਸਮਝਾਇਆ ਹੋਇਆ ਹੈ ਕਿਉਂਕਿ ਹਰ ਕੋਈ ਇਹੋ ਜਿਹੀਆਂ ਰਿਧੀਆਂ ਸਿਧੀਆਂ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਮੇਲ ਸਮਝਦੇ ਹਨ ਜੋ ਕਿ ਸਾਡੇ ਅੰਦਰ ਕੇਵਲ ਮਾਇਆ ਦੀ ਜੁਗਤਿ ਹੈ। ਅਸਲ

ਰਿਧਿ ਸਿਧਿ ਉਹ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਸੱਚ ਦੀ ਸੋਝੀ ਪੈਂਦੀ ਹੈ, ਬ੍ਰਹਮ ਗਿਆਨ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਅਸਲ ਰਿਧਿ ਸਿਧਿ ਉਹ ਹੈ ਜੋ ਸਾਨੂੰ ਅਗਿਆਨਤਾ ਵਿੱਚੋਂ ਕੱਢਦੀ ਹੈ, ਭਰਮ ਮੋਹ ਵਿੱਚੋਂ ਕੱਢਦੀ ਹੈ। ਪੂਰੀ ਗੁਰਬਾਣੀ ਸਾਡੇ ਅੰਦਰ ਦੀ ਰਿਧਿ ਸਿਧਿ ਦੀ ਉਪਜ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਰਿਧਿ ਸਿਧਿ ਦੀ ਸੋਝੀ ਬਖਸ਼ੀ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਸਾਨੂੰ ਰਿਧਿ ਸਿਧਿ ਦਾ ਭੇਦ ਸਮਝਾਇਆ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਦੁਆਰਾ ਸਮਝਿਆ ਹੈ। (**ਅਕਥ ਕੀ ਕਥਾ ਸੁਣੇਇ ॥ ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥1॥**)

{ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ ॥15॥}

(ਅੰਗ 1038)

ਜੇਕਰ ਅਸੀਂ ਗੁਰੂ ਦੀ ਮਤਿ ਦੇ ਨਾਲ ਜੁੜਾਂਗੇ ਤਾਂ ਫਿਰ ਅਸੀਂ ਉਹੋ ਜਿਹੀ ਰਿਧੀ ਸਿਧੀ ਦੀ ਪ੍ਰਾਪਤੀ ਕਰ ਸਕਾਂਗੇ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਅਸਲ ਰੂਪ ਵਿੱਚ ਮੇਲ ਹੁੰਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿੱਚ ਹੁੰਦਾ ਹੈ ਤੇ ਜੇਕਰ ਕੱਚਿਆਂ ਦੀ ਮਤਿ ਦੇ ਨਾਲ ਜੁੜਾਂਗੇ ਤਾਂ ਫਿਰ ਉਨ੍ਹਾਂ ਗੱਲਾਂ ਵਿੱਚ ਰਿਧੀਆਂ ਸਿਧੀਆਂ ਸਮਝਾਂਗੇ ਜਿੰਨ੍ਹਾਂ ਵਿੱਚ ਕੇਵਲ

ਮਾਇਆ ਮੋਹ ਹੈ ਤੇ ਇਹੋ ਜਿਹੀ ਮਤਿ ਨਾਲ ਜੁੜਨ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਸਾਡੇ ਅੰਦਰ ਨਾਮ ਨਹੀਂ ਵੱਸ ਸਕਦਾ।

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥1॥}

(ਅੰਗ ੫੯੩)

ਪਿੱਛੇ ਮੁੱਖ ਸ਼ਬਦ ਰਾਹੀਂ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਿਆ ਹੈ ਜੋ ਕਿ ਮਨ ਦੇ ਵਿੱਚ ਨਾਮ ਧਨ ਦੀ ਪ੍ਰਾਪਤੀ ਦੁਆਰਾ ਭਾਵ ਸੱਚੇ ਗਿਆਨ ਦੇ ਨਾਮ ਧਨ ਦੀ ਪ੍ਰਾਪਤੀ ਦੁਆਰਾ ਹੁੰਦਾ ਹੈ, ਨਾਮ ਧਨ ਦੀ ਅਮੀਰੀ ਦੁਆਰਾ ਹੁੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਮਨ ਦੇ ਨੀਵੇਂ ਗਿਆਨ ਦੀ ਫਕੀਰੀ ਵਿੱਚੋਂ ਕੱਢਕੇ ਆਪਣੇ ਵਜੀਰ ਬਣਾਉਂਦਾ ਹੈ, ਉੱਚੇ ਰੁਤਬੇ ਵਾਲਾ ਬਣਾਉਂਦਾ ਹੈ। ਆਪਣਾ ਉੱਚਾ ਰੁਤਬਾ ਬਣਾ ਕੇ ਤਾਂ ਅਨੇਕਾਂ ਹੀ ਬੈਠੇ ਹਨ, ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਥਾਪ ਕੇ ਅਨੇਕਾਂ ਹੀ ਬੈਠੇ ਹਨ ਜਿੰਨ੍ਹਾਂ ਨੂੰ ਉੱਚਾ ਸਮਝਕੇ ਅਸੀਂ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ, ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗ ਕੇ ਉਹੋ ਜਿਹੀ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੁੰਦਾ। ਇਹੀ ਗੱਲ ਸਾਨੂੰ ਸਲੋਕ ਦੀ, ਸ਼ਬਦ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ।

ਪਉੜੀ ॥

“ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥ ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥
ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥
ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥
ਆਇਆ ਉਠੀ ਖੇਲੁ ਫਿਰੈ ਉਵਤਿਆ ॥ ਨਾਨਕ ਸਚੈ ਮੇਲੁ ਸਚੈ ਰਤਿਆ ॥24॥”

(ਅੰਗ 1289)

32/3602

ਉੱਪਰ ਸ਼ਬਦ ਰਾਹੀਂ ਸਾਨੂੰ ਗਹਿਰੇ ਤਰੀਕੇ ਨਾਲ ਨਾਮ ਤੇ ਹਉਮੈ ਵਿੱਚ ਫਰਕ ਸਮਝਾਇਆ ਹੋਇਆ ਹੈ ਭਾਵ ਗੁਰਮਤਿ ਤੇ ਮਨਮਤਿ ਵਿੱਚ, ਸੱਚੇ ਗਿਆਨ ਤੇ ਅਗਿਆਨਤਾ ਵਿੱਚ ਫਰਕ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਉਨ੍ਹਾਂ ਦੀ ਮਤਿ ਵਿੱਚੋਂ ਨਿਕਲ ਸਕੀਏ ਜਿੰਨ੍ਹਾਂ ਨੂੰ ਗੁਰਮਤਿ ਦੀ ਸੋਝੀ ਨਹੀਂ ਹੈ ਤੇ ਉਨ੍ਹਾਂ ਦੀ ਮਤਿ ਨਾਲ ਜੁੜਕੇ ਅਸੀਂ ਪ੍ਰਮਾਤਮਾ ਨਾਲੋਂ ਆਪਣਾ ਵਿਛੋੜਾ ਹੋਰ ਵਧਾਉਂਦੇ ਹਾਂ, ਵਿਛੋੜੇ ਦਾ ਦੁੱਖ ਹੋਰ ਵਧਾਉਂਦੇ ਹਾਂ। ਧਿਆਨ ਨਾਲ ਸਮਝਣ ਦੀ ਲੋੜ ਹੈ।

ਸ਼ਬਦ ਦੀ ਪਹਿਲੀ ਹੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। ਸਾਡੇ ਜੀਵਨ ਦਾ ਮਕਸਦ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨਾ ਹੈ ਜਿਸ ਦੁਆਰਾ ਉਸ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਅਸੀਂ ਕਿਸ ਕੋਲੋਂ ਸਿਖਣੀ ਹੈ ਇਹੀ ਗੱਲ ਸਾਨੂੰ ਸਮਝਾਈ ਹੋਈ ਹੈ। ਗੁਰੂ ਆਪਣੇ ਹਰ ਸ਼ਬਦ ਦੁਆਰਾ ਆਪਣੀ ਵਿਚਾਰ ਦਿੰਦਾ ਹੈ ਜਿਸ ਦੁਆਰਾ ਉਹ ਸਾਨੂੰ ਮਤਿ ਦਿੰਦਾ ਹੈ, ਸਾਨੂੰ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਸਮਝਾਉਂਦਾ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਉਸਦੀ ਸਿਫ਼ਤ ਸਾਲਾਹ ਕਰਨੀ ਸਮਝਾਈ ਹੈ। ਪੂਰੀ ਗੁਰਬਾਣੀ ਵਿੱਚ ਪਾਇਆ ਹੋਇਆ ਪ੍ਰਮਾਤਮਾ ਦਾ ਨਾਮ ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ। ਜੇਕਰ ਗੁਰਬਾਣੀ ਦੇ ਵਿੱਚੋਂ ਅਸੀਂ ਨਾਮ ਨੂੰ ਪੜਾਂਗੇ ਭਾਵ ਸ਼ਬਦ ਦੇ ਵਿਚਾਰਾਂ ਨੂੰ ਪੜਾਂਗੇ ਤੇ ਉਹਨਾਂ ਦੀ ਗੱਲ ਨੂੰ ਸਮਝਾਂਗੇ ਤਾਂ ਸਾਨੂੰ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਸਮਝ ਆ ਜਾਵੇਗੀ। ਕੇਵਲ ਗੁਰੂ ਨੂੰ ਹੀ ਇਸ ਗੱਲ ਦੀ ਸਮਝ ਹੈ ਕਿ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਿਵੇਂ ਹੁੰਦੀ ਹੈ ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਆਪਣੀ ਬੁਧਿ ਦੁਆਰਾ ਭਾਵ ਆਪਣੇ ਗਿਆਨ ਦੁਆਰਾ ਉੱਚਾ ਹੈ, ਸੱਚਾ ਹੈ ਜਿਸ ਨੂੰ ਸੱਚ ਦੀ ਸਮਝ ਹੈ, ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦੀ ਸਮਝ ਹੈ ਜੋ ਸਮਝ ਪ੍ਰਮਾਤਮਾ ਨੇ ਆਪ ਹੀ ਪ੍ਰਗਟ ਹੋ ਕੇ ਪਾਈ ਹੋਈ ਹੈ ਤੇ ਉਸ ਤੋਂ ਉੱਚੀ ਮਤਿ ਹੋਰ ਕਿਸੇ ਦੀ ਨਹੀਂ ਹੋ ਸਕਦੀ। ਜੇਕਰ ਗੁਰੂ ਦੀ ਮਤਿ ਨੂੰ ਛੱਡ ਕੇ ਅਸੀਂ ਕਿਸੇ ਹੋਰ ਦੀ ਮਤਿ ਦੇ ਪਿੱਛੇ, ਬੁਧਿ ਦੇ ਪਿੱਛੇ ਲੱਗਦੇ ਹਾਂ ਉਸ ਵਿੱਚ ਸੱਚ ਨਹੀਂ ਹੈ, ਉਸ ਦੇ ਅੰਦਰ ਮਿਥਿਆ ਹੈ, ਝੂਠ ਹੈ ਜਿਸ ਨੂੰ ਕਿ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦੀ ਸਮਝ ਨਹੀਂ ਹੈ। (**ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥**)

ਹੁਣ ਧਿਆਨ ਨਾਲ ਸਮਝੋ ਕਿ ਜਿਹੋ ਜਿਹੇ ਭਗਤੀ ਦੇ ਤਰੀਕਿਆਂ ਵਿੱਚ ਹਰ ਕੋਈ ਲੱਗਾ ਹੋਇਆ ਹੈ, ਸਰੀਰਕ ਜਪਾਂ ਤਪਾਂ ਆਦਿ ਵਿੱਚ ਲੱਗਾ ਹੋਇਆ ਹੈ, ਕਿਸੇ ਅੱਖਰ ਦੇ ਜਪ ਵਿੱਚ ਲੱਗਾ ਹੋਇਆ ਹੈ, ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਉਸ ਦੀ ਸੰਭਾਲ ਕਰਨ ਵਿੱਚ ਲੱਗਾ ਹੋਇਆ ਹੈ, ਖਾਣੇ

32/3603

ਆਦਿ ਦੀ ਸੁਚਿ ਨਾਲ ਜੁੜਿਆ ਹੋਇਆ ਹੈ ਕੀ ਉਹਨਾਂ ਨੇ ਇਹੋ ਜਿਹੇ ਤਰੀਕੇ ਗੁਰੂ ਕੋਲੋਂ ਭਾਵ ਗੁਰਬਾਣੀ ਕੋਲੋਂ ਸਿਖੇ ਹਨ, ਨਾਮ ਦੀ ਮਤਿ ਦੁਆਰਾ ਸਿਖੇ ਹਨ ਜਾਂ ਕਿਸੇ ਹੋਰ ਕੋਲੋਂ ਸਿਖੇ ਹਨ। ਹੋਰ ਹਰ ਕਿਸੇ ਦੀ ਮਤਿ ਨੂੰ ਝੂਠੀ ਮਤਿ ਵਾਲਾ ਦੱਸਿਆ ਹੋਇਆ ਹੈ ਭਾਵੇ ਉਹ ਕੋਈ ਵੀ ਹੈ, ਜਿਸ ਨੂੰ ਅਸੀਂ ਜਿਤਨਾ ਮਰਜੀ ਉੱਚਾ ਥਾਪਿਆ ਹੋਇਆ ਹੈ। ਅਸੀਂ ਆਪਣੇ ਇਹੋ ਜਿਹੇ ਸਭ ਤਰੀਕੇ ਇਹੋ ਜਿਹਿਆਂ ਕੋਲੋਂ ਹੀ ਸਿਖੇ ਹੋਏ ਹਨ ਜਿਹੜੇ ਤਰੀਕਿਆਂ ਦੁਆਰਾ ਅਸੀਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਸਮਝਦੇ ਹਾਂ। ਜਿੰਨ੍ਹਾਂ ਨੂੰ ਖੁਦ ਸਿਫ਼ਤ ਸਾਲਾਹ ਦੀ ਸਮਝ ਨਹੀਂ ਹੈ ਅਸੀਂ ਇਹੋ ਜਿਹਿਆਂ ਦੇ ਪਿੱਛੇ ਹੀ ਲੱਗੇ ਹੋਏ ਹਾਂ ਜਿਸ ਵਿੱਚੋਂ ਸਾਨੂੰ ਨਿਕਲਣ ਲਈ ਸਮਝਾਇਆ ਹੋਇਆ ਹੈ ਤੇ ਗੁਰੂ ਦੀ ਮਤਿ ਨਾਲ ਜੁੜਨ ਲਈ ਸਮਝਾਇਆ ਹੋਇਆ ਹੈ। (**ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥**)

ਨਾਮ ਦਾ ਮਕਸਦ ਸਾਨੂੰ ਗਿਆਨ ਦੇਣ ਦੇ ਨਾਲ ਹੈ, ਅਗਿਆਨਤਾ ਦੇ ਵਿੱਚੋਂ ਕੱਢਣ ਦੇ ਨਾਲ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਜਿਸ ਦੁਆਰਾ ਸਾਨੂੰ ਨਾਮ ਦਾ ਮਕਸਦ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਜਿਸ ਦਾ ਮਕਸਦ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਣ ਦਾ ਹੈ।

“ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥
ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥”

(ਅੰਗ 796)

ਉਪਰਲੀਆਂ ਪੰਗਤੀਆਂ ਰਾਹੀਂ ਮਾਮੂਲੀ ਬੁੱਧੀ ਵਾਲਾ ਮਨੁੱਖ ਵੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਨਾਮ ਦਾ ਸਾਡੇ ਜੀਵਨ ਵਿੱਚ ਕੀ ਮਕਸਦ ਹੈ। ਨਾਮ ਮਿਲਣਾ ਬਹੁਤ ਵੱਡੀ ਗੱਲ ਹੈ ਜੋ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਦਿੰਦਾ ਹੈ ਪਰ ਨਾਮ ਦਾ ਮਕਸਦ ਤਾਂ ਹਰ ਕੋਈ ਸਮਝ ਸਕਦਾ ਹੈ ਜੋ ਕਿ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢਣ ਦਾ ਹੈ, ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਦਾ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਹੀ ਕੱਢਿਆ ਹੈ ਜੋ ਕਿ ਗੁਰਬਾਣੀ ਦਾ ਮਕਸਦ ਹੈ। ਜਿੰਨ੍ਹਾਂ ਨੂੰ ਆਪ ਪਹਿਲੇ ਪ੍ਰਮਾਤਮਾ ਦਾ ਨਾਮ ਮਿਲਿਆ ਹੈ ਭਾਵ ਜਿੰਨ੍ਹਾਂ ਦੇ ਆਪਣੇ ਮਨ ਵਿੱਚ ਗਿਆਨ ਦਾ ਪ੍ਰਕਾਸ਼ ਹੋਇਆ ਹੈ ਉਹਨਾਂ ਸਰੀਰਾਂ ਰਾਹੀਂ ਹੀ ਗੁਰਬਾਣੀ ਦੀ ਰਚਨਾ ਹੋਈ ਹੈ। ਗੁਰੂ ਦੀ ਮਤਿ ਇਸੇ ਲਈ ਉੱਚੀ ਹੈ ਕਿਉਂਕਿ ਉਸ ਦੇ ਅੰਦਰ ਨਾਮ ਹੈ, ਗੁਰੂ ਭਰਮ ਤੋਂ ਰਹਿਤ ਹੈ, ਅਗਿਆਨਤਾ ਤੋਂ ਰਹਿਤ ਹੈ ਤੇ ਇਸੇ ਲਈ ਗੁਰੂ ਨੂੰ ਸੱਚ ਦੀ ਸਮਝ ਹੈ, ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦੀ ਸਮਝ ਹੈ। ਨਾਮ ਦੀ ਸੋਝੀ ਤੋਂ ਬਿਨ੍ਹਾਂ ਹਰ ਕੋਈ

32/3604

ਮਾਇਆ ਮੋਹ ਵਾਲੀ ਸੋਝੀ ਵਿੱਚ ਹੀ ਹੈ, ਅਗਿਆਨਤਾ ਵਾਲੀ ਸੋਝੀ ਵਿੱਚ ਹੀ ਹੈ ਜਿਸ ਕਰਕੇ ਸਾਡੀ ਤੁਲਨਾ ਧਰਕਟੀ ਨਾਰ ਦੇ ਨਾਲ ਕੀਤੀ ਹੋਈ ਹੈ ਭਾਵ ਉਹੋ ਜਿਹੇ ਮਨੁੱਖ ਨਾਲ ਕੀਤੀ ਹੋਈ ਹੈ ਜੋ ਬਿਨ੍ਹਾਂ ਸਿਰ ਵਾਲੀ ਹੈ ਭਾਵ ਜੋ ਗਿਆਨਹੀਣ ਹੈ ਤੇ ਇਸੇ ਲਈ ਸਾਨੂੰ ਸਾਡੇ ਧਰਮ ਦੇ ਮਾਰਗ ਦੀ ਸੋਝੀ ਨਹੀਂ ਪੈਂਦੀ ਜਿਸ ਕਰਕੇ ਅਸੀਂ ਮੰਦੇ ਕਰਮ ਕਰਦੇ ਹਾਂ, ਮਾਇਆ ਮੋਹ ਦੇ ਝੂਠੇ ਪਸਾਰੇ ਨਾਲ ਜੁੜਦੇ ਹਾਂ ਜਿਸ ਦਾ ਕਾਰਣ ਸਾਡੇ ਮਨ ਦੀ ਅਗਿਆਨਤਾ ਹੈ। ਨਾਮ ਦਾ ਮਕਸਦ ਸਾਨੂੰ ਮਨ ਦੀ ਇਸ ਮਾੜੀ ਬਿਰਤੀ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚ ਨੂੰ ਸਮਝੀਏ, ਸ਼ਬਦ ਦੀ ਵਿਚਾਰ ਨੂੰ ਸਮਝੀਏ ਤੇ ਆਪਣਾ ਜੀਵਨ ਉਸ ਅਨੁਸਾਰ ਢਾਲੀਏ। (**ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥2॥**)

“ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ ਰਹਾਉ ॥”

(ਅੰਗ 355)

ਅਸੀਂ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਨਾਮ ਦੁਆਰਾ ਹੀ ਕਰਨੀ ਹੈ ਜੋ ਸਿਫ਼ਤ ਸਾਲਾਹ ਸਾਨੂੰ ਮੁੱਖ ਸ਼ਬਦ ਦੁਆਰਾ ਸਮਝਾਈ ਹੋਈ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਸੱਚ ਦੁਆਰਾ ਹੀ ਹੁੰਦੀ ਹੈ ਭਾਵ ਸੱਚ ਨੂੰ ਸਮਝਕੇ ਉਸ ਤੇ ਚੱਲਣ ਦੁਆਰਾ ਹੀ ਹੁੰਦੀ

ਹੈ। ਸੱਚ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੁਆਰਾ ਪਾਈ ਹੋਈ ਸੱਚੀ ਸੋਝੀ ਹੀ ਉਸਦਾ ਨਾਮ ਹੈ। ਅਸੀਂ ਆਪਣੇ ਜੀਵਨ ਵਿੱਚ ਸੱਚ ਦਾ ਵਾਪਾਰ ਹੀ ਕਰਨਾ ਹੈ ਜਿਸ ਦੁਆਰਾ ਉਸ "ਸਚ" ਰੂਪ ਪ੍ਰਮਾਤਮਾ ਨੂੰ ਪਾਉਣਾ ਹੈ ਭਾਵ ਉਸ ਦੀ ਪ੍ਰਾਪਤੀ ਕਰਨੀ ਹੈ। ਸੱਚ ਦਾ ਵਾਪਾਰ ਸੱਚ ਤੇ ਚੱਲਣ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਜਾਂ ਸੱਚ ਦਾ ਵਾਪਾਰ ਕਰਨਾ ਇੱਕੋ ਹੀ ਗੱਲ ਹੈ ਜਿਸ ਦਾ ਮਕਸਦ ਸੱਚੇ ਸੁੱਚੇ ਬਣਕੇ ਵਿਚਰਨ ਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸੱਚ ਤੇ ਚੱਲਣ ਲਈ ਸੱਚੀ ਸੋਝੀ ਦੀ ਲੋੜ ਹੈ ਜੋ ਸੋਝੀ ਕੇਵਲ ਗੁਰੂ ਕੋਲੋਂ ਮਿਲ ਸਕਦੀ ਹੈ ਤੇ ਗੁਰੂ ਤੋਂ ਬਿਨ੍ਹਾਂ ਅਸੀਂ ਜੇਕਰ ਕਿਸੇ ਹੋਰ ਕੋਲੋਂ ਸੋਝੀ ਲੈਦੇ ਹਾਂ, ਮਤਿ ਲੈਂਦੇ ਹਾਂ ਤਾਂ ਉਸ ਵਿੱਚ ਮਿਥਿਆ ਹੈ, ਝੂਠ ਹੈ ਭਾਵ ਉਨ੍ਹਾਂ ਨੂੰ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕਰਨ ਦੀ ਸੋਝੀ ਨਹੀਂ ਹੈ। (**ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥ ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥**) ਜੇਕਰ ਅਸੀਂ ਆਪਣੇ ਜੀਵਨ ਨੂੰ ਸਫ਼ਲ ਕਰਨਾ ਹੈ ਤਾਂ ਉਹ ਫਿਰ ਕੇਵਲ ਗੁਰੂ ਦੀ ਮਤਿ ਨਾਲ ਜੁੜਕੇ ਹੀ ਹੋ ਸਕਦਾ ਹੈ। ਹੋਰਾਂ ਦੀ ਮਤਿ ਨਾਲ ਜੁੜਕੇ ਅਸੀਂ ਆਪਣਾ ਜਨਮ ਵਿਅਰਥ ਹੀ ਕਰ ਰਹੇ ਹਾਂ। ਜਿੰਨ੍ਹਾਂ ਦਾ ਆਪਣਾ ਜਨਮ ਸਫ਼ਲ ਨਹੀਂ ਹੋਇਆ ਉਨ੍ਹਾਂ ਦੇ ਪਿੱਛੇ ਲੱਗ ਕੇ ਸਾਡਾ ਜਨਮ ਸਫ਼ਲ ਨਹੀਂ ਹੋ ਸਕਦਾ।

32/3605

ਜਿੰਨ੍ਹਾਂ ਦੀ ਮਤਿ ਤੇ ਅਸੀਂ ਯਕੀਨ ਕੀਤਾ ਹੋਇਆ ਹੈ ਉਹ ਇਹ ਸਮਝਕੇ ਹੀ ਕੀਤਾ ਹੋਇਆ ਹੈ ਕਿ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਪਰ ਇਹ ਸਾਡਾ ਭਰਮ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥

ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥"

ਜਿਵੇਂ ਕਿ ਅਸੀਂ ਵਾਰ ਵਾਰ ਅਨੇਕਾਂ ਸ਼ਬਦਾਂ ਦੁਆਰਾ ਇਹ ਜਾਣਦੇ ਆ ਰਹੇ ਹਾਂ ਕਿ ਪ੍ਰਮਾਤਮਾ ਨੂੰ ਜਿਸ ਨੇ ਅਸਲੀਅਤ ਵਿੱਚ ਪਾਇਆ ਹੈ ਉਸ ਨੇ ਮਨ ਦੇ ਵਿੱਚੋਂ ਹੀ ਪਾਇਆ ਹੈ, ਮਨ ਦਾ ਭਰਮ ਨਿਕਲਣ ਦੁਆਰਾ ਪਾਇਆ ਹੈ, ਮਨ ਦੀ ਹਉਮੈ ਨਿਕਲਣ ਦੁਆਰਾ ਪਾਇਆ ਹੈ। ਜਦ ਤੱਕ ਮਨੁੱਖ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਹੈ ਜਿਸ ਅਵੱਸਥਾ ਵਿੱਚ ਪ੍ਰਮਾਤਮਾ ਨੇ ਆਪ ਹੀ ਸਾਰੇ ਜੱਗ ਨੂੰ ਰੱਖਿਆ ਹੋਇਆ ਹੈ ਇਸ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਕਿ ਪ੍ਰਮਾਤਮਾ ਨੂੰ ਪਾਉਣ ਦਾ ਅਸਲ ਮਾਰਗ ਕੀ ਹੈ ਤੇ ਗੁਰੂ ਦਾ ਦੱਸਿਆ ਹੋਇਆ ਸੱਚ ਦਾ ਮਾਰਗ ਸਾਨੂੰ ਨਹੀਂ ਭਾਉਂਦਾ ਭਾਵ ਉਸ ਤੇ ਸਾਨੂੰ ਵਿਸ਼ਵਾਸ ਹੀ ਨਹੀਂ ਆਉਂਦਾ। ਅਸੀਂ ਉਹੋ ਜਿਹੇ ਮਾਰਗ ਤੇ ਤੁਰਦੇ ਰਹਿੰਦੇ ਹਾਂ ਜਿਸ ਨੂੰ ਅਸੀਂ ਸਦੀਆਂ ਤੋਂ ਧਰਮ ਦਾ ਮਾਰਗ ਸਮਝਿਆ ਹੋਇਆ ਹੈ, ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦਾ ਮਾਰਗ ਸਮਝਿਆ ਹੋਇਆ ਹੈ। ਸੱਚ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖੇ ਬਿਨ੍ਹਾਂ ਅਸੀਂ ਸੱਚ ਤੇ ਨਹੀਂ ਚੱਲ ਸਕਦੇ, ਨਾਮ ਤੇ ਨਹੀਂ ਚੱਲ ਸਕਦੇ। ਇਹੋ ਜਿਹੀ ਅਵੱਸਥਾ ਵਿੱਚ ਮਨੁੱਖ ਨਾਮ ਨੂੰ ਵਿਸਾਰ ਕੇ ਹੀ ਸੰਸਾਰ ਤੋਂ ਜਾਂਦਾ ਹੈ ਭਾਵ ਆਪਣੇ ਜੀਵਨ ਦੇ ਅਸਲ ਮਾਰਗ ਨੂੰ ਵਿਸਾਰਕੇ ਹੀ ਸੰਸਾਰ ਤੋਂ ਜਾਂਦਾ ਹੈ, ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ, ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਹੀ ਸੰਸਾਰ ਤੋਂ ਜਾਂਦਾ ਹੈ ਤੇ ਇਸ ਮਨੁੱਖੀ ਜੀਵਨ ਵਿੱਚ ਸੱਚ ਤੇ ਨਾ ਚੱਲਣ ਦੀਆਂ ਸਜਾਵਾਂ ਭੁਗਤਦਾ ਹੈ। (**ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥ ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥**)

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਨੂੰ ਸੱਚ ਕਿਸ ਲਈ ਨਹੀਂ ਭਾਉਂਦਾ ਭਾਵ ਗੁਰੂ ਦੀ ਮਤਿ ਸਾਨੂੰ ਕਿਸ ਲਈ ਨਹੀਂ

32/3606

ਭਾਉਂਦੀ ਜਿਸ ਕਰਕੇ ਸਾਡਾ ਜੀਵਨ ਵਿਅਰਥ ਜਾਂਦਾ ਹੈ।

"ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥"

ਜਿਵੇਂ ਕਿ ਅਸੀਂ ਪਿਛਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਕਿ ਸਾਰਾ ਜਗ "ਗਰਬਿ" ਵਿੱਚ, "ਗੁਬਾਰੁ" ਵਿਚ ਹੈ ਭਾਵ ਹਉਮੈ ਵਿੱਚ ਹੈ, ਅਗਿਆਨਤਾ ਵਿੱਚ ਹੈ, ਮਾਇਆ ਮੋਹ ਵਿੱਚ ਹੈ। ਸਾਨੂੰ ਸਭ ਨੂੰ ਮਨ ਦੀ ਇਸ ਅਵੱਸਥਾ ਵਿੱਚੋਂ ਕੱਢਣ ਦਾ ਉਪਰਾਲਾ ਪ੍ਰਮਾਤਮਾ ਨੇ ਆਪ ਹੀ ਕੀਤਾ ਹੋਇਆ ਹੈ ਜੋ ਕਿ ਧਰਮ ਗ੍ਰੰਥਾਂ ਦੀ ਰਚਨਾ ਦੁਆਰਾ ਕੀਤਾ ਹੋਇਆ ਹੈ ਜਿਸ ਦੁਆਰਾ

ਪ੍ਰਮਾਤਮਾ ਨੇ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਸਮਝਾਇਆ ਹੋਇਆ ਹੈ ਕਿਉਂਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਨੇ ਸੱਚ ਨੂੰ ਸਮਝਣ ਦੀ ਸਮਰੱਥਾ ਨਹੀਂ ਪਾਈ ਹੋਈ। ਧਰਮ ਦੇ ਗ੍ਰੰਥਾਂ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੋਈ ਹੈ ਜਿਸ ਰਾਹੀਂ ਸਾਨੂੰ ਉਸਨੇ ਸੱਚ ਤੇ ਚੱਲਣ ਦਾ ਮਾਰਗ ਸਮਝਾਇਆ ਹੈ, ਨਾਮ ਜਪਣ ਦਾ ਮਾਰਗ ਸਮਝਾਇਆ ਹੈ। ਵੇਦਾਂ ਸ਼ਾਸਤਰਾਂ ਆਦਿ ਦੀ ਰਚਨਾ ਵੀ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹਨਾਂ ਧਰਮ ਗ੍ਰੰਥਾਂ ਦੇ ਵਿੱਚ ਭਾਵੇਂ ਪ੍ਰਮਾਤਮਾ ਨੇ ਲਿਖਵਾਉਣ ਵਿੱਚ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਭਾਵ ਆਪ ਗੁਪਤ ਹੀ ਵਰਤਿਆ ਹੈ ਪਰ ਗਿਆਨ ਉਸ ਨੇ ਆਪ ਹੀ ਦਿੱਤਾ ਹੈ, ਉਨ੍ਹਾਂ ਵਿੱਚ ਨਾਮ ਵਾਲੀ ਸਿੱਖਿਆ ਆਪ ਹੀ ਪਾਈ ਹੈ। ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਕਰਵਾਈ ਹੈ ਜਿਸ ਕਰਕੇ ਗੁਰਬਾਣੀ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ, ਦੁਬਿਧਾ ਤੋਂ ਰਹਿਤ ਹੈ। ਪ੍ਰਮਾਤਮਾ ਨੂੰ ਜਾਨਣ ਵਿੱਚ ਮਨ ਦੀ ਇਹ ਦੁਬਿਧਾ ਹੀ ਸਾਡੇ ਅੰਦਰ ਦਾ ਪੜਦਾ ਹੈ ਜਿਸਦੇ ਰਹਿੰਦਿਆਂ ਅਸੀਂ ਉਸ ਪ੍ਰਮਾਤਮਾ ਨੂੰ ਕਦੇ ਨਹੀਂ ਜਾਣ ਸਕਦੇ ਜਿਸ ਦੁਆਰਾ ਸੱਚ ਦੀ ਸੋਝੀ ਪੈਂਦੀ ਹੈ, ਧਰਮ ਦੇ ਮਾਰਗ ਦੀ ਸੋਝੀ ਪੈਂਦੀ ਹੈ। ਅਸੀਂ ਆਪਣੇ ਮਨ ਦੀ ਦੁਬਿਧਾ ਕਰਕੇ, ਮਨ ਦੀ ਅਗਿਆਨਤਾ ਕਰਕੇ ਮਾਇਆ ਮੋਹ ਵਿੱਚ ਰਹਿੰਦੇ ਹਾਂ, ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਤੇ ਧਰਮ ਦਾ ਮਾਰਗ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ। ਜੇਕਰ ਅਸੀਂ ਗੁਰੂ ਦੀ ਮਤਿ ਦੇ ਨਾਲ ਜੁੜਾਂਗੇ ਭਾਵ ਗੁਰੂ ਕੋਲੋਂ, ਧਰਮ ਗ੍ਰੰਥਾਂ ਕੋਲੋਂ ਧਰਮ ਦਾ ਮਾਰਗ ਸਿਖਾਂਗੇ, ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦਾ ਮਾਰਗ ਸਿਖਾਂਗੇ ਤਾਂ ਉਹ ਫਿਰ ਸਾਨੂੰ ਸੱਚੇ ਸੁੱਚੇ ਕਰਮ ਕਰਨੇ ਹੀ ਸਮਝਾਉਂਦੇ ਹਨ, ਮਾਇਆ ਮੋਹ ਵਿੱਚੋਂ ਨਿਕਲਣ ਲਈ ਹੀ ਸਮਝਾਉਂਦੇ ਹਨ ਜਿਸ ਦੁਆਰਾ ਪ੍ਰਮਾਤਮਾ ਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਪਾਇਆ

32/3607

ਜਾ ਸਕਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਭਗਤੀ ਦਾ ਮਾਰਗ ਸਮਝਦੇ ਆ ਰਹੇ ਹਾਂ। ਜੇਕਰ ਗੁਰੂ ਦੀ ਮਤਿ ਨੂੰ ਛੱਡ ਕੇ ਉਨ੍ਹਾਂ ਦੀ ਮਤਿ ਦੇ ਨਾਲ ਜੁੜਾਂਗੇ ਜੋ ਆਪ ਦੁਬਿਧਾ ਵਿੱਚ ਹਨ ਉਹ ਫਿਰ ਸਾਨੂੰ ਭਗਤੀ ਦੇ ਉਹੋ ਜਿਹੇ ਤਰੀਕੇ ਸਮਝਾਉਂਦੇ ਹਨ, ਉਹੋ ਜਿਹਾ ਨਾਮ ਜਪਣਾ ਸਮਝਾਉਂਦੇ ਹਨ ਜਿਸ ਵਿੱਚ ਸੱਚ ਨਹੀਂ ਹੈ, ਗੁਰਮਤਿ ਨਹੀਂ ਹੈ। ਸਾਡਾ ਆਪਣੇ ਜੀਵਨ ਨੂੰ ਵਿਅਰਥ ਕਰਨ ਦਾ ਸਭ ਤੋਂ ਵੱਡਾ ਕਾਰਨ ਇਹੀ ਹੈ ਕਿ ਅਸੀਂ ਆਪ ਦੁਬਿਧਾ ਵਿੱਚ ਹਾਂ ਤੇ ਉਸ ਦੇ ਅੰਦਰ ਉਹਨਾਂ ਦੀ ਮਤਿ ਨੂੰ ਪਾ ਰਹੇ ਹਾਂ ਜੋ ਆਪ ਦੁਬਿਧਾ ਵਿੱਚ ਹਨ ਭਾਵ ਸਾਡੀ ਦੁਬਿਧਾ ਨੂੰ ਹੋਰ ਵਧਾ ਰਹੇ ਹਨ ਭਾਵ ਬਲਦੀ ਦੇ ਵਿੱਚ ਅੱਗ ਦਾ ਕੰਮ ਕਰ ਰਹੇ ਹਨ ਬਲਦੀ ਹੋਈ ਦੁਬਿਧਾ ਵਿੱਚ ਤੇਲ ਪਾ ਰਹੇ ਹਨ। ਸਾਨੂੰ ਸਮਝਾਇਆ ਇਹ ਹੈ ਕਿ ਅਸੀਂ ਉਹਨਾਂ ਦੀ ਮਤਿ ਲੈਣ ਤੋਂ ਬਚੀਏ ਜਿੰਨ੍ਹਾਂ ਪਿੱਛੇ ਲੱਗ ਕੇ ਅਸੀਂ ਪ੍ਰਮਾਤਮਾ ਨਾਲੋਂ ਆਪਣਾ ਵਿਛੋੜਾ ਵਧਾ ਰਹੇ ਹਾਂ ਭਾਵ ਜੋ ਸਾਨੂੰ ਪੁੱਠੇ-ਮਾਰਗ ਤੇ ਤੋਰਦੇ ਹਨ, ਉਨ੍ਹਾਂ ਦੀ ਮਤਿ ਤੋਂ ਬਚ ਕੇ ਗੁਰੂ ਦੀ ਮਤਿ ਦੇ ਨਾਲ ਜੁੜੀਏ ਜੋ ਦੁਬਿਧਾ ਤੋਂ ਰਹਿਤ ਹੈ। (**ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥ ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥**) ਗੁਰੂ ਦੀ ਮਤਿ ਨਾਲ ਜੁੜਾਂਗੇ ਤੇ ਸਾਡੇ ਅੰਦਰ ਨਾਮ ਦ੍ਰਿੜ ਹੋਵੇਗਾ ਤੇ ਦੂਸਰਿਆਂ ਦੀ ਮਤਿ ਨਾਲ ਜੁੜਾਂਗੇ ਤੇ ਦੁਬਿਧਾ ਹੀ ਦ੍ਰਿੜ ਹੋਵੇਗੀ, ਹਉਮੈ ਹੀ ਦ੍ਰਿੜ ਹੋਵੇਗੀ, ਭਰਮ ਹੀ ਦ੍ਰਿੜ ਹੋਵੇਗਾ ਤੇ ਸਭ ਪਾਸੇ ਇਹੋ ਕੁੱਝ ਹੀ ਹੋ ਰਿਹਾ ਹੈ ਜਿਸ ਵਿੱਚੋਂ ਸਾਨੂੰ ਨਿਕਲਣ ਲਈ ਸਮਝਾਇਆ ਹੈ।

{ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੪॥}

(ਅੰਗ 238)

ਪੂਰੀ ਗੁਰਬਾਣੀ ਵਿੱਚ ਬ੍ਰਹਮ ਬੀਚਾਰ ਹੈ ਭਾਵ ਪ੍ਰਮਾਤਮਾ ਦਾ ਅਪਣਾ ਦਿੱਤਾ ਹੋਇਆ ਵਿਚਾਰ ਹੈ ਜੋ ਦੁਬਿਧਾ ਤੋਂ ਰਹਿਤ ਹੈ ਜਿਸ ਵਿਚਾਰ ਦੇ ਨਾਲ ਜੁੜਕੇ ਅਸੀਂ ਦੁਬਿਧਾ ਤੋਂ ਰਹਿਤ ਹੋ ਸਕਦੇ ਹਾਂ।

ਦੂਸਰਿਆਂ ਦੀ ਮਤਿ ਲੈਣ ਵਿੱਚ ਤੇ ਗੁਰੂ ਦੀ ਮਤਿ ਲੈਣ ਵਿੱਚ ਸਾਨੂੰ ਕੀ ਮਿਲਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਆਇਆ ਉਠੀ ਖੇਲੁ ਫਿਰੈ ਉਵਤਿਆ ॥ ਨਾਨਕ ਸਚੈ ਮੇਲੁ ਸਚੈ ਰਤਿਆ ॥੨੪॥”

ਪ੍ਰਮਾਤਮਾ ਇਸ ਸੰਸਾਰ ਦੀ ਖੇਡ ਨੂੰ ਸਾਡੇ ਅੰਦਰ ਹਉਮੈ ਪਾ ਕੇ, ਦੁਬਿਧਾ ਪਾ ਕੇ ਚਲਾ ਰਿਹਾ ਹੈ। ਜਦ ਤੱਕ ਅਸੀਂ ਦੁਬਿਧਾ ਵਿੱਚੋਂ ਨਹੀਂ ਨਿਕਲਦੇ ਅਸੀਂ ਪ੍ਰਮਾਤਮਾ ਦੀ ਖੇਡ ਵਿੱਚੋਂ ਨਹੀਂ ਨਿਕਲਦੇ ਤੇ ਪ੍ਰਮਾਤਮਾ ਦੀ ਇਸ ਖੇਡ ਨੂੰ ਸਮਝੇ ਬਿਨ੍ਹਾਂ ਹੀ ਆਪਣੇ ਜੀਵਨ ਨੂੰ ਵਿਅਰਥ ਗਵਾਕੇ ਇੱਥੋਂ ਚਲੇ ਜਾਂਦੇ ਹਾਂ। ਸਾਡੀ ਇਹ ਦੁਬਿਧਾ ਵਾਲੀ ਮਤਿ ਸਾਨੂੰ ਅਮੋੜ ਬਣਾਕੇ ਰੱਖਦੀ ਹੈ, ਸਾਨੂੰ ਮਨਹਠਿ ਵਿੱਚ ਰੱਖਦੀ ਹੈ ਜੋ ਸਾਨੂੰ ਗੁਰੂ ਦੀ ਮਤਿ ਦੇ ਨਾਲ ਜੁੜਨ ਨਹੀਂ ਦਿੰਦੀ। ਪ੍ਰਮਾਤਮਾ ਦੀ ਇਸ ਖੇਡ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਕਿਉਂਕਿ ਮਨ ਦੇ ਵਿਚਾਰਾਂ

32/3608

ਉੱਤੇ ਸਾਡਾ ਜੋਰ ਨਹੀਂ ਹੈ ਜਿਸ ਕਰਕੇ ਹਰ ਕੋਈ ਦੁਬਿਧਾ ਵਿੱਚ ਹੀ ਹੈ। ਆਪਣੀ ਇਸ ਮਤਿ ਨੂੰ ਛੱਡਣਾ ਬਹੁਤ ਔਖੀ ਗੱਲ ਹੈ ਪਰ ਇਸ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਸਿਰ ਹੀ ਹੈ ਤੇ ਇਸ ਵਿੱਚੋਂ ਨਿਕਲਣ ਦਾ ਸਾਧਨ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜਨ ਦਾ ਹੈ ਤੇ ਉਹ ਤਾਂ ਹੀ ਜੁੜ ਸਕਦੇ ਹਾਂ ਜੇਕਰ ਪਹਿਲਾਂ ਉਹਨਾਂ ਦੀ ਮਤਿ ਵਿੱਚੋਂ ਨਿਕਲਾਂਗੇ ਜਿੰਨ੍ਹਾਂ ਨੂੰ ਅਸੀਂ ਗੁਰੂ ਵਰਗੇ ਸਿਆਣੇ ਮੰਨਿਆ ਹੋਇਆ ਹੈ, ਜਿਹੜੇ ਆਪ ਦੁਬਿਧਾ ਵਿੱਚ ਹਨ ਉਨ੍ਹਾਂ ਨੂੰ ਸਿਆਣੇ ਮੰਨਿਆ ਹੋਇਆ ਹੈ। (**ਆਇਆ ਉਠੀ ਖੇਲੁ ਫਿਰੈ ਉਵਤਿਆ ॥**)

ਪ੍ਰਮਾਤਮਾ ਦੀ ਇਸ ਖੇਡ ਵਿੱਚੋਂ ਉਹੀ ਨਿਕਲਦਾ ਹੈ ਜੋ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ ਕਿਉਂਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਇਹੀ ਤਰੀਕਾ ਹੈ, ਸੱਚ ਤੇ ਚੱਲਣ ਦਾ ਤਰੀਕਾ ਹੈ। ਉਸ ਸੱਚੇ ਪ੍ਰਮਾਤਮਾ ਦੇ ਨਾਲ ਕੇਵਲ ਸੱਚ ਨੂੰ ਅਪਣਾ ਕੇ ਹੀ ਰਤਿਆ ਜਾ ਸਕਦਾ ਹੈ। ਅਸੀਂ ਸੱਚ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਤੇ ਆਪਣੀ ਕਿਰਪਾ ਦੁਆਰਾ ਉਹ ਆਪ ਹੀ ਆਪਣੇ "ਸਚੁ" ਰੂਪ ਨਾਲ ਮੇਲਦਾ ਹੈ, ਸੱਚੇ ਵਿਚਾਰਾਂ ਦੇ ਨਾਲ ਮੇਲਦਾ ਹੈ। (**ਨਾਨਕ ਸਚੈ ਮੇਲੁ ਸਚੈ ਰਤਿਆ ॥24॥**)

ਆਉ ਇਸ ਗੱਲ ਨੂੰ ਧਿਆਨ ਨਾਲ ਵਿਚਾਰੀਏ ਕਿ ਉਹ ਸਭ ਤੋਂ ਵੱਡੀ ਵਜ੍ਹਾ ਕੀ ਹੈ ਜੋ ਸਾਨੂੰ ਮਨ ਦੀ ਦੁਬਿਧਾ ਵਿੱਚੋਂ, ਹਉਮੈ ਵਿੱਚੋਂ ਨਿਕਲਣ ਦੇ ਵਿੱਚ ਸਭ ਤੋਂ ਵੱਡਾ ਅੜਿਕਾ ਹੈ, ਰੁਕਾਵਟ ਹੈ। ਰੁਕਾਵਟ ਸਾਡੇ ਅੰਦਰ ਦਾ ਮਾਇਆ ਮੋਹ ਹੀ ਹੈ, ਤ੍ਰਿਸ਼ਨਾ ਹੀ ਹੈ ਜੋ ਅਨੇਕਾਂ ਤਰੀਕਿਆ ਨਾਲ ਸਾਡੇ ਅੰਦਰ ਵਸੀ ਹੋਈ ਹੈ। ਜਦੋਂ ਮਨੁੱਖ ਦੀਆਂ ਆਮ ਜਰੂਰਤ ਦੀਆਂ ਤ੍ਰਿਸ਼ਨਾਵਾਂ ਨਹੀਂ ਸਤਾਂਦੀਆਂ ਫਿਰ ਮਨੁੱਖ ਦੀ ਸਭ ਤੋਂ ਵੱਡੀ ਤ੍ਰਿਸ਼ਨਾ ਮਨੁੱਖ ਦੀ ਆਪਣੀ ਵਡਿਆਈ ਬਣ ਜਾਂਦੀ ਹੈ, ਆਪਣਾ ਮਾਣ ਬਣ ਜਾਂਦਾ ਹੈ, ਆਪਣਾ ਰੁਤਬਾ ਉੱਚਾ ਕਰਨਾ ਚੰਗਾ ਲੱਗਦਾ ਹੈ। ਇਹ ਵਡਿਆਈਆਂ ਮਨੁੱਖ ਨੂੰ ਬਹੁਤ ਲੁਭਾਉਦੀਆਂ ਹਨ ਜੋ ਕਿ ਸਾਡੀ ਬਹੁਤ ਵੱਡੀ ਤ੍ਰਿਸ਼ਨਾ ਹੈ ਤੇ ਇਸ ਤ੍ਰਿਸ਼ਨਾ ਵਿੱਚੋਂ ਨਿਕਲਣਾ ਸਭ ਤੋਂ ਔਖਾ ਹੈ ਜੋ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਸਭ ਤੋਂ ਵੱਡਾ ਅੜਿਕਾ ਹੈ, ਰੁਕਾਵਟ ਹੈ। ਸਾਡੀ ਇਹ ਰੁਕਾਵਟ ਸਾਨੂੰ ਨਾਮ ਦੇ ਨਾਲ ਨਹੀਂ ਜੁੜਨ ਦਿੰਦੀ ਕਿਉਂਕਿ ਤ੍ਰਿਸ਼ਨਾ ਨੂੰ ਛੱਡੇ ਬਿਨ੍ਹਾਂ ਕੋਈ ਨਾਮ ਨਾਲ ਜੁੜ ਹੀ ਨਹੀਂ ਸਕਦਾ, ਗੁਰੂ ਦੀ ਮਤਿ ਦੇ ਨਾਲ ਜੁੜ ਹੀ ਨਹੀਂ ਸਕਦਾ, ਸੱਚ ਦੇ ਨਾਲ ਜੁੜ ਹੀ ਨਹੀਂ ਸਕਦਾ। ਗੁਰੂ ਦੀ ਮਤਿ ਦੇ ਨਾਲ ਜੁੜਨ ਲਈ ਆਪਣੀ ਵਡਿਆਈ ਛੱਡਣੀ ਹੀ ਪੈਂਦੀ ਹੈ। ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਦੀ ਲਾਲਸਾ ਸਾਡੀ ਵੱਡੀ ਤ੍ਰਿਸ਼ਨਾ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ। ਇਸ ਦਾ ਕਾਰਨ ਸਾਡੇ ਮਨ ਦਾ ਭਰਮ ਹੀ ਹੈ ਕਿਉਂਕਿ ਅਸੀਂ ਆਪਣੀਆਂ ਇਹੋ ਜਿਹੀਆਂ ਵਡਿਆਈਆਂ ਨੂੰ ਸੱਚੀਆਂ ਵਡਿਆਈਆਂ ਸਮਝਦੇ ਹਾਂ ਜੋ ਕਿ ਸੱਚ ਨਹੀਂ ਹੈ। ਜਿਸ ਨੂੰ ਸੱਚ ਦੀ ਸਮਝ ਲੱਗ ਜਾਂਦੀ ਹੈ ਉਹ ਫਿਰ ਆਪਣੀ ਵਡਿਆਈ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਸਮਝਦਾ। ਪ੍ਰਮਾਤਮਾ ਦੀ ਵਡਿਆਈ ਕਰਨ ਵਾਲਾ ਮਨੁੱਖ ਆਪਣੀ ਵਡਿਆਈ ਕਰ ਹੀ ਨਹੀਂ ਸਕਦਾ ਕਿਉਂਕਿ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ। ਜੋ ਵੀ ਕਿਸੇ ਮਨੁੱਖ ਨੂੰ ਸੰਸਾਰ ਵਿੱਚ ਵਡਿਆਈ ਮਿਲਦੀ ਹੈ ਉਹ ਸੱਚੀ ਵਡਿਆਈ ਤਾਂ ਹੀ

32/3609

ਹੋ ਸਕਦੀ ਹੈ ਜੇਕਰ ਉਸ ਵਡਿਆਈ ਦੇ ਪਿੱਛੇ ਸੱਚ ਹੈ ਭਾਵ ਉਹ ਵਡਿਆਈ ਸੱਚ ਨੂੰ ਅਪਣਾ ਕੇ ਮਿਲੀ ਹੋਵੇ। ਗੁਰੂ ਦੀ ਵਡਿਆਈ ਸੱਚੀ ਵਡਿਆਈ ਹੈ ਕਿਉਂਕਿ ਉਸ ਦੇ ਅੰਦਰ ਪੂਰਨ ਸੱਚ ਹੈ। ਸੱਚ ਦੀ ਵਡਿਆਈ ਪ੍ਰਮਾਤਮਾ ਦੀ ਵਡਿਆਈ ਹੈ। ਜਿਸ ਮਨੁੱਖ ਦੇ ਅੰਦਰ ਸੱਚ ਹੈ ਕੇਵਲ ਉਸੇ ਦੀ ਵਡਿਆਈ ਸੱਚੀ ਹੈ ਭਾਵ ਕੇਵਲ ਉਸੇ ਨੂੰ ਵਡਿਆਉਣਾ ਸੱਚ ਹੈ। ਧਰਮ ਦੇ ਮਾਰਗ ਤੇ ਵਡਿਆਈ ਉਹੋ ਜਿਹੇ ਲੈਂਦੇ ਹਨ ਜਿੰਨ੍ਹਾਂ ਦੇ ਅੰਦਰ ਸੱਚ ਨਹੀਂ ਹੈ ਭਾਵ ਉਹ ਝੂਠੀਆਂ ਵਡਿਆਈਆਂ ਲੈਂਦੇ ਹਨ ਜਿਸ ਨੂੰ ਕਿ ਉਹ ਸੱਚੀ ਵਡਿਆਈ ਸਮਝਦੇ ਹਨ। ਇਹ ਉਹਨਾਂ ਦਾ ਵੱਡਾ ਭਰਮ ਹੈ ਜਿਸ ਵਿੱਚ ਰਹਿੰਦੇ ਹੋਏ ਕੋਈ ਪ੍ਰਮਾਤਮਾ ਨੂੰ

ਨਹੀਂ ਪਾ ਸਕਦਾ, ਕੋਈ ਨਾਮ ਨਾਲ ਨਹੀਂ ਜੁੜ ਸਕਦਾ। ਇਹਨਾਂ ਝੂਠੀਆਂ ਵਡਿਆਈਆਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸੱਚ ਨੂੰ ਅਪਣਾ ਹੀ ਨਹੀਂ ਸਕਦੇ ਤੇ ਇਸੇ ਲਈ ਸਾਨੂੰ ਵਾਰ ਵਾਰ ਗੁਰਬਾਣੀ ਰਾਹੀਂ ਆਪਣੇ ਝੂਠੇ ਮਾਣ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਤਾਂ ਜੋ ਅਸੀਂ ਗੁਰਮਤਿ ਨੂੰ ਅਪਣਾ ਸਕੀਏ। ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅਗਲੇ ਕੁੱਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਆਉ ਹੋਰ ਵੀ ਦ੍ਰਿੜ ਕਰੀਏ ਤੇ ਧਰਮ ਦੇ ਅਸਲ ਮਾਰਗ ਨੂੰ ਸਮਝੀਏ ਤੇ ਉਹਨਾਂ ਦੀ ਮਤਿ ਵਿੱਚੋਂ ਨਿਕਲੀਏ ਜਿੰਨ੍ਹਾਂ ਨੂੰ ਅਸੀਂ ਝੂਠੀ ਸ਼ੋਭਾ ਦਿੱਤੀ ਹੋਈ ਹੈ ਤੇ ਆਪ ਵੀ ਉਹਨਾਂ ਪਿੱਛੇ ਲੱਗਕੇ ਆਪਣੀ ਝੂਠੀ ਸ਼ੋਭਾ ਬਣਾਈ ਹੋਈ ਹੈ।

ਮ : ੨

“ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥”

(ਅੰਗ 1290)

ਉੱਪਰ ਸਲੋਕ ਰਾਹੀਂ ਧਰਮ ਦੇ ਨਾਲ ਜੁੜੀਆਂ ਹੋਈਆਂ ਵਡਿਆਈਆਂ ਦੀ ਗੱਲ ਕੀਤੀ ਹੋਈ ਹੈ ਜੋ ਸਾਨੂੰ ਧਰਮ ਦੇ ਅਸਲ ਮਾਰਗ ਤੋਂ ਦੂਰ ਕਰਦੀਆਂ ਹਨ, ਗੁਰਮਤਿ ਦੇ ਮਾਰਗ ਤੋਂ ਦੂਰ ਕਰਦੀਆਂ ਹਨ, ਨਾਮ ਤੋਂ ਦੂਰ ਕਰਦੀਆਂ ਹਨ। ਧਰਮ ਦੇ ਮਾਰਗ ਤੇ ਵਡਿਆਈਆਂ ਸਾਨੂੰ ਕਿਸ ਕਰਕੇ ਮਿਲਦੀਆਂ ਹਨ ਇਹਨਾਂ ਨੂੰ ਹਰ ਕੋਈ ਸਮਝ ਸਕਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਧਰਮ ਦੇ ਮਾਰਗ ਤੇ ਵਡਿਆਈ ਹਰ ਕਿਸੇ ਨੇ ਉਸ ਤਰੀਕੇ ਲਈ ਹੋਈ ਹੈ ਜਿਹੋ ਜਿਹੇ ਭਗਤੀ ਦੇ ਤਰੀਕਿਆਂ ਦਾ ਬਾਣੀ ਵਿੱਚ ਵਾਰ ਵਾਰ ਖੰਡਨ ਕੀਤਾ ਹੋਇਆ ਹੈ। ਇਸੇ ਲਈ ਇਹ ਸਾਰੀਆਂ ਵਡਿਆਈਆਂ ਝੂਠੀਆਂ ਹਨ ਜਿਹੋ ਜਿਹੀਆਂ ਵਡਿਆਈਆਂ ਨੂੰ ਸਾਨੂੰ ਅੱਗ ਵਿੱਚ ਸਾੜਨ ਦਾ ਹੁਕਮ ਕੀਤਾ ਹੋਇਆ ਹੈ। ਅੱਗ ਵਿੱਚ ਅਸਲ ਵਿੱਚ ਅਸੀਂ ਕਿਸ ਨੂੰ ਸਾੜਨਾ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਅੱਗ ਵਿੱਚ ਅਸੀਂ ਉਹਨਾਂ ਭਗਤੀ ਦੇ ਤਰੀਕਿਆਂ ਨੂੰ ਸਾੜਨਾ ਹੈ ਭਾਵ ਭਗਤੀ ਦੇ ਦਿਖਾਵੇ ਵਾਲੇ ਤਰੀਕਿਆਂ ਨੂੰ ਸਾੜਨਾ ਹੈ ਭਾਵ ਤਿਆਗਣਾ ਹੈ ਜਿੰਨ੍ਹਾਂ ਕਰਕੇ ਸਾਨੂੰ ਝੂਠੀਆਂ ਵਡਿਆਈਆਂ ਮਿਲਦੀਆਂ ਹਨ। ਇਹ ਵਡਿਆਈਆਂ ਸਾਨੂੰ ਸੁਰਤੀਆਂ ਸਮਾਧੀਆਂ ਲਗਾਉਣ ਦੀਆਂ ਮਿਲਦੀਆਂ ਹਨ, ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਣ ਨੂੰ ਮਿਲਦੀਆਂ ਹਨ, ਕਿਸੇ ਅੱਖਰ ਦਾ ਜਪ ਕਰੀ ਜਾਣ ਦੀਆਂ ਮਿਲਦੀਆਂ ਹਨ, ਕਿਸੇ ਖਾਸ ਵੇਲੇ ਨੂੰ ਉਚਾ ਮੰਨ ਕੇ ਉਸ ਦੀ ਸੰਭਾਲ

32/3610

ਕਰਨ ਦੀਆਂ ਮਿਲਦੀਆਂ ਹਨ ਭਾਵ ਕਿਸੇ ਖਾਸ ਵੇਲੇ ਨੂੰ ਦੂਸਰੇ ਵੇਲਿਆਂ ਨਾਲੋਂ ਉੱਚਾ ਬਣਾਉਣ ਦੀਆਂ ਮਿਲਦੀਆਂ ਹਨ ਜਿਸ ਨੂੰ ਅਸੀਂ ਅੰਮ੍ਰਿਤ ਵੇਲਾ ਥਾਪਿਆ ਹੋਇਆ ਹੈ, ਕਿਸੇ ਖਾਸ ਕਿਸਮ ਦੇ ਭੋਜਨ ਨਾਲ ਜੁੜਨ ਲਈ ਮਿਲਦੀਆਂ ਹਨ, ਕਿਸੇ ਖਾਸ ਪੁਸ਼ਾਕ ਪਹਿਨਣ ਲਈ ਮਿਲਦੀਆਂ ਹਨ, ਤੀਰਥਾਂ ਉੱਤੇ ਭਉਣ ਲਈ ਮਿਲਦੀਆਂ ਹਨ, ਕਿਸੇ ਖਾਸ ਕਿਸਮ ਦੇ ਸਮਾਗਮ ਕਰਾਉਣ ਲਈ ਮਿਲਦੀਆਂ ਹਨ, ਸਾਰੀ ਰਾਤ ਜਾਗ ਕੇ ਸਮਾਗਮ ਕਰਾਉਣ ਦੀਆਂ ਮਿਲਦੀਆਂ ਹਨ ਤੇ ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਆਪਣੀਆਂ ਆਪਣੀਆਂ ਮਰਿਆਦਾਵਾਂ ਬਣਾਈਆਂ ਹੋਈਆਂ ਹਨ ਜਿੰਨ੍ਹਾਂ ਤੇ ਚੱਲਣ ਦੀ ਵਡਿਆਈ ਮਿਲਦੀ ਹੈ। ਕਿਸੇ ਨੂੰ ਭੋਰਿਆਂ ਵਿੱਚ ਵੜ ਕੇ ਜਪ ਤਪ ਕਰਨ ਦੀ ਵਡਿਆਈ ਮਿਲਦੀ ਹੈ ਤੇ ਕਿਸੇ ਨੂੰ ਪਹਾੜੀਆਂ ਦੀਆਂ ਟੀਸੀਆਂ ਤੇ ਚੜ੍ਹ ਕੇ ਵਡਿਆਈ ਮਿਲਦੀ ਹੈ, ਕਿਸੇ ਨੂੰ ਆਪਣਾ ਵੱਡਾ ਡੇਰਾ ਬਣਾਉਣ ਦੀ ਵਡਿਆਈ ਮਿਲਦੀ ਹੈ ਤੇ ਕਿਸੇ ਨੂੰ ਇਹੋ ਜਿਹੇ ਡੇਰੇ ਪੂਜਣ ਦੀ ਵਡਿਆਈ ਮਿਲਦੀ ਹੈ, ਆਪਣੇ ਆਪਣੇ ਥਾਪੇ ਹੋਏ ਬਾਬਿਆਂ ਦੇ ਗੁਣ ਗਾਉਣ ਦੀ ਵਡਿਆਈ ਮਿਲਦੀ ਹੈ। ਕਿਸੇ ਨੂੰ ਗੱਦੀ ਤੇ ਬੈਠਣ ਦੀ ਵਡਿਆਈ ਮਿਲਦੀ ਹੈ ਤੇ ਕਿਸੇ ਨੂੰ ਗੱਦੀ ਤੇ ਬਿਠਾਉਣ ਦੀ ਵਡਿਆਈ ਮਿਲਦੀ ਹੈ। ਵਡਿਆਈ ਦੀ ਲਾਲਸਾ ਸਭ ਦੇ ਅੰਦਰ ਹੈ ਤੇ ਅਸੀਂ ਉਹੋ ਜਿਹੀ ਵਡਿਆਈ ਦੇ ਨਾਲ ਜੁੜੇ ਹੋਏ ਹਾਂ ਭਾਵ ਉਹਨਾਂ ਤਰੀਕਿਆਂ ਦੇ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਰਾਹੀਂ ਸਾਨੂੰ ਵਡਿਆਈ ਮਿਲਦੀ ਹੈ ਭਾਵ ਸਾਡੀ ਹਉਮੈ ਵੱਧਦੀ ਹੈ ਕਿਉਂਕਿ ਅਸੀਂ ਇਸ ਨੂੰ ਆਪਣੀ ਸੱਚੀ ਵਡਿਆਈ ਸਮਝਦੇ ਹਾਂ। ਜਿਹੜਾ ਭਗਤੀ ਦਾ ਤਰੀਕਾ ਹੀ ਆਪਣੇ ਆਪ ਵਿੱਚ ਸੱਚਾ ਨਹੀਂ ਹੈ ਉਸ ਦੇ ਉੱਤੇ ਚੱਲਕੇ ਵਡਿਆਈ ਸੱਚੀ ਕਿਵੇਂ ਹੋ ਸਕਦੀ ਹੈ। ਜਿਹੜਾ ਵੀ ਮਨੁੱਖ ਇਹੋ ਜਿਹੀਆਂ ਵਡਿਆਈਆਂ ਨਾਲ ਜੁੜਿਆ ਹੋਇਆ ਹੈ ਉਹ ਇਹਨਾਂ ਦੁਆਰਾ ਆਪਣੀ ਤ੍ਰਿਸ਼ਨਾ ਦੀ ਪੂਰਤੀ ਹੀ ਕਰਦਾ ਹੈ, ਆਪਣੀ ਤ੍ਰਿਸ਼ਨਾ ਦੀ ਅਗਨਿ ਨੂੰ ਹੀ ਬੁਝਾਉਣ ਦਾ ਉਪਰਾਲਾ ਕਰਦਾ ਹੈ ਭਾਵ

ਵਡਿਆਈਆਂ ਪ੍ਰਾਪਤ ਕਰਨ ਦੀ ਤ੍ਰਿਸ਼ਨਾ ਵਿੱਚ ਸੜਦਾ ਰਹਿੰਦਾ ਹੈ। ਜਿੱਥੇ ਝੂਠੀ ਤ੍ਰਿਸ਼ਨਾ ਹੈ ਉਸ ਨੂੰ ਨਾਮ ਵਿਸਰਿਆਂ ਹੋਇਆ ਹੈ, ਗੁਰੂ ਦੀ ਮਤਿ ਵਿਸਰੀ ਹੋਈ ਹੈ, ਸੱਚ ਵਿਸਰਿਆ ਹੋਇਆ ਹੈ। ਇਹਨਾਂ ਵਡਿਆਈਆਂ ਨੇ ਸਾਡਾ ਸਾਥ ਨਹੀਂ ਦੇਣਾ ਭਾਵ ਇਸੇ ਮਨੁੱਖੀ ਜੀਵਨ ਵਿੱਚ ਕੰਮ ਨਹੀਂ ਆਉਣੀਆਂ ਕਿਉਂਕਿ ਇਹ ਵਡਿਆਈਆਂ ਸੱਚੀਆਂ ਨਹੀਂ ਹਨ। ਮਨੁੱਖੀ ਜੀਵਨ ਵਿੱਚ ਸਾਡਾ ਸਾਥ ਉਹੋ ਜਿਹੇ ਕਰਮਾਂ ਨੇ ਦੇਣਾ ਹੈ ਜਿੰਨ੍ਹਾਂ ਵਿੱਚ ਸੱਚ ਹੈ, ਨਾਮ ਹੈ, ਗੁਰਮਤਿ ਹੈ। (**ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥ ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥2॥॥**)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥2}

(ਅੰਗ 9)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥8॥8॥}

(ਅੰਗ 58)

32/3611

{ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥ ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ 1239)

ਪਉੜੀ ॥

{ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੁਆਇਆ ॥
ਮਨਿ ਅੰਧੈ ਜਨਮੁ ਗਵਾਇਆ ॥3॥}

(ਅੰਗ 464)

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥1॥}

(ਅੰਗ 1343)

{ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ ॥

ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ ॥1॥ ਰਹਾਉ ॥}

(ਅੰਗ 425)

{ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥1॥}

(ਅੰਗ 140)

{ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ 151)

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥}

(ਅੰਗ 356)

ਸਲੋਕੁ ਮਃ ੧ ॥
{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ 467)

{ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥
ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥}

(ਅੰਗ 351)

32/3612

{ਪੰਡਿਤ ਵਾਚਹਿ ਪੋਥੀਆ ਨ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥6॥}

(ਅੰਗ ੫੬)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥1॥}

(ਅੰਗ 687)

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥}

(ਅੰਗ 789)

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥}

(ਅੰਗ 356)

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥}

(ਅੰਗ 35)

{ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ ॥ ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥੧॥}

(ਅੰਗ 563)

{ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥2॥}

(ਅੰਗ 115)

{ਜਾਹਿ ਸਵਾਰੈ ਸਾਝ ਬਿਆਲ ॥ ਇਤ ਉਤ ਮਨਮੁਖ ਬਾਧੇ ਕਾਲ ॥3॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥4॥}

(ਅੰਗ 154)

{ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥
ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥
ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥}

(ਅੰਗ 1274)

{ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥
ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥੨॥}

(ਅੰਗ 1243)

32/3613

{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥

ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥}

(ਅੰਗ 1289)

ਉਪਰਲੇ ਕੁੱਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਅਸੀਂ ਕੁੱਝ ਉਹਨਾਂ ਤਰੀਕਿਆਂ ਨੂੰ ਹੀ ਦੁਹਰਾਇਆ ਹੈ ਜਿੰਨ੍ਹਾਂ ਦੁਆਰਾ ਅਸੀਂ ਵਡਿਆਈਆਂ ਲੈਂਦੇ ਹਾਂ। ਜੋ ਗੱਲ ਗੁਰਮਤਿ ਦੇ ਉਲਟ ਹੈ ਉਸ ਵਿੱਚ ਨਾ ਪ੍ਰਮਾਤਮਾ ਦੀ ਵਡਿਆਈ ਹੈ ਤੇ ਨਾ ਹੀ ਸਾਡੀ ਕੋਈ ਵਡਿਆਈ ਹੈ। ਸਾਡੇ ਇਹੋ ਜਿਹੇ ਤਰੀਕਿਆਂ ਦੁਆਰਾ ਗੁਰੂ ਪ੍ਰਮਾਤਮਾ ਦੀ ਵਡਿਆਈ ਵੀ ਝੂਠੀ ਹੈ ਤੇ ਸਾਡੀ ਆਪਣੀ ਵਡਿਆਈ ਵੀ ਝੂਠੀ ਹੈ ਜਿੰਨ੍ਹਾਂ ਨੂੰ ਛੱਡਣ ਲਈ ਸਾਨੂੰ ਪ੍ਰੇਰਿਆ ਹੋਇਆ ਹੈ। ਜੇਕਰ ਉਹਨਾਂ ਤਰੀਕਿਆਂ ਨੂੰ ਛੱਡ ਦੇਵਾਂਗੇ ਜਿੰਨ੍ਹਾਂ ਵਿੱਚ ਭਗਤੀ ਨਹੀਂ ਹੈ ਫਿਰ ਸਾਨੂੰ ਝੂਠੀ ਵਡਿਆਈ ਮਿਲਣੀ ਆਪੇ ਹੀ ਬੰਦ ਹੋ ਜਾਵੇਗੀ ਜਿਸ ਦੁਆਰਾ ਸਾਡੀ ਮੈਂ ਨਹੀਂ ਵਧੇਗੀ ਭਾਵ ਅਸੀਂ ਨਾਮ ਤੋਂ, ਤੂੰ ਤੋਂ ਦੂਰ ਨਹੀਂ ਜਾਵਾਂਗੇ। ਸਾਡੀਆਂ ਝੂਠੀਆਂ ਵਡਿਆਈਆਂ ਸਾਨੂੰ ਗੁਰੂ ਪ੍ਰਮਾਤਮਾ ਨਾਲੋਂ ਦੂਰ ਹੀ ਕਰਦੀਆਂ ਹਨ। ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨ ਨਾਲ ਅਗਰ ਸਾਨੂੰ ਕੋਈ ਵਡਿਆਈ ਦਿੰਦਾ ਹੈ ਫਿਰ ਉਹ ਸਾਡੀ ਸੱਚੀ ਵਡਿਆਈ ਹੈ। ਗੁਰੂ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਦਾ ਹੈ ਇਸ ਲਈ ਉਸ ਦੀ ਵਡਿਆਈ ਸੱਚੀ ਹੈ।

ਪ੍ਰਮਾਤਮਾ ਦੀ ਵਡਿਆਈ ਚੰਗਿਆਈਆਂ ਕਰਨ ਦੁਆਰਾ ਹੁੰਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੁੰਦੀ ਹੈ, ਸੱਚ ਤੇ ਚੱਲਣ ਦੁਆਰਾ ਹੁੰਦੀ ਹੈ ਜਿਸ ਨੂੰ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਜਿਨ ਸਤਿਗੁਰ ਸਿਉ ਚਿਤੁ ਲਾਇਆ ॥ ਤਿਨੀ ਦੂਜਾ ਭਾਉ ਚੁਕਾਇਆ ॥
ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ ॥੨੩॥
ਤੇਰੀਆ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ ਵਡਿਆਈਆਂ ॥
ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥੨੪॥੧॥"

(ਅੰਗ 73)

ਪ੍ਰਮਾਤਮਾ ਦੀ ਵਡਿਆਈ ਚੰਗਿਆਈਆਂ ਨਾਲ ਜੁੜੀ ਹੋਈ ਹੈ ਤੇ ਅਸੀਂ ਚੰਗਿਆਈਆਂ ਤਾਂ ਕਰ ਸਕਦੇ ਹਾਂ ਜਦੋਂ ਸਾਡੇ ਅੰਦਰੋਂ ਬੁਰਿਆਈਆਂ

32/3614

ਨਿਕਲ ਜਾਣ। ਆਪਣੇ ਅੰਦਰ ਬੁਰਿਆਈਆਂ ਦੇ ਰਹਿੰਦੇ ਹੋਏ ਕੋਈ ਇਨਸਾਨ ਚੰਗਾ ਨਹੀਂ ਹੈ ਤੇ ਇਹੋ ਜਿਹੇ ਮਨੁੱਖ ਨੂੰ ਵਡਿਆਈਆਂ ਦੇਣੀਆਂ ਝੂਠ ਨੂੰ ਵਡਿਆਈ ਦੇਣ ਦੀ ਗੱਲ ਹੈ ਭਾਵ ਝੂਠ ਨੂੰ ਉੱਚਾ ਕਰਨ ਦੀ ਗੱਲ ਹੈ। ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਵਡਿਆਈ ਪ੍ਰਮਾਤਮਾ ਦੀ ਉਹ ਕਰਦਾ ਹੈ ਜਿਸ ਦਾ ਸਤਿਗੁਰ ਦੇ ਨਾਲ ਚਿਤ ਜੁੜਿਆ ਹੋਇਆ ਹੈ। ਜਿਸ ਦਾ ਸਤਿਗੁਰ ਦੇ ਨਾਲ ਚਿਤ ਜੁੜ ਜਾਂਦਾ ਹੈ ਉਸ ਦੇ ਅੰਦਰ ਫਿਰ ਕੇਵਲ ਗੁਰਮਤਿ ਦੇ ਨਾਲ ਹੀ ਪਿਆਰ ਹੁੰਦਾ ਹੈ, ਸੱਚ ਦੇ ਨਾਲ ਹੀ ਪਿਆਰ ਹੁੰਦਾ ਹੈ ਤੇ ਉਸ ਦੇ ਅੰਦਰ ਕਿਸੇ ਹੋਰ ਗੱਲ ਨਾਲ ਪਿਆਰ ਨਹੀਂ ਹੁੰਦਾ, ਮਾਇਆ ਨਾਲ ਪਿਆਰ ਨਹੀਂ ਹੁੰਦਾ, ਵਿਕਾਰਾਂ ਨਾਲ ਕੋਈ ਮੋਹ ਨਹੀਂ ਹੁੰਦਾ। ਉਹਨਾਂ ਦੇ ਅੰਦਰ ਦੀ ਜੋਤਿ ਪ੍ਰਮਾਤਮਾ ਦੇ ਨਾਲ ਰਲੀ ਹੁੰਦੀ ਹੈ ਭਾਵ ਉਹਨਾਂ ਦੇ ਮਨ ਦੇ ਵਿਚਾਰ ਨਿਰਮਲ ਹੁੰਦੇ ਹਨ, ਪਵਿੱਤਰ ਹੁੰਦੇ ਹਨ, ਸ਼ਬਦ ਦੇ ਵਿਚਾਰਾਂ ਵਾਲੇ ਹੁੰਦੇ ਹਨ। ਇਹੋ ਜਿਹੀ ਮਨ ਦੀ ਅਵੱਸਥਾ ਗੁਰੂ ਦੀ, ਉਸ ਦੇ ਭਗਤਾਂ ਦੀ ਹੀ ਹੁੰਦੀ ਹੈ ਜਿੰਨ੍ਹਾਂ ਦੇ ਜਨਮ ਨੂੰ ਪ੍ਰਮਾਤਮਾ ਆਪ ਹੀ ਸੰਵਾਰਦਾ ਹੈ, ਆਪਣੇ ਨਾਲ ਮੇਲ ਕੇ ਸੰਵਾਰਦਾ ਹੈ। (**ਜਿਨ ਸਤਿਗੁਰ ਸਿਓ ਚਿਤੁ ਲਾਇਆ ॥ ਤਿਨੀ ਦੂਜਾ ਭਾਉ ਚੁਕਾਇਆ। ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ ॥23॥**) ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸ ਦੇ ਅੰਦਰ ਆਪਣੇ ਗੁਣ ਹੀ ਭਰਦਾ ਹੈ, ਆਪਣੇ ਗੁਣਾਂ ਦੇ ਖਜ਼ਾਨੇ ਨਾਲ ਹੀ ਰਲਾਉਂਦਾ ਹੈ ਜਿਹੋ ਜਿਹੇ ਮਨ ਦੀ ਅਵੱਸਥਾ ਦੁਆਰਾ ਉਹ ਚੰਗਿਆਈਆਂ ਕਰਨ ਦਾ ਮਾਰਗ ਹੀ ਸਮਝਾਉਂਦਾ ਹੈ ਭਾਵ ਇਹੋ ਜਿਹਾ ਮਨੁੱਖ ਕਿਸੇ ਦਾ ਮਾੜਾ ਨਹੀਂ ਕਰਦਾ। ਜੋ ਮਨੁੱਖ ਚੰਗਿਆਈਆਂ ਦੁਆਰਾ ਵਿਚਰਦਾ ਹੈ, ਪ੍ਰਮਾਤਮਾ ਦੀ ਸਮਝਾਈ ਹੋਈ ਸੱਚੀ ਮਤਿ ਦੁਆਰਾ ਵਿਚਰਦਾ ਹੈ ਇਸ ਵਿੱਚ ਹੀ ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ ਜੋ ਕਿ ਉਸ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਜਦੋਂ ਮਨੁੱਖ ਦੀ ਸੋਝੀ ਗੁਣਾਂ ਵਾਲੀ ਬਣ ਜਾਂਦੀ ਹੈ ਉਹ ਸੋਝੀ ਦਿਨ ਰਾਤ ਇੱਕੋ ਜਿਹੀ ਹੀ ਰਹਿੰਦੀ ਹੈ, ਸੁੱਤੇ ਹੋਏ, ਜਾਗਦੇ ਹੋਏ ਇੱਕੋ ਜਿਹੀ ਹੀ ਰਹਿੰਦੀ ਹੈ ਭਾਵ ਇਹੋ ਜਿਹਾ ਮਨੁੱਖ ਹਰ ਵੇਲੇ ਗੁਰੂ ਦੇ ਸਮਝਾਏ ਹੋਏ ਸੱਚ ਦੇ ਨਾਲ ਹੀ ਜੁੜਿਆ ਰਹਿੰਦਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਅੱਠੇ ਪਹਿਰ ਵਡਿਆਈ ਕਰਦਾ ਹੈ, ਅੱਠੇ ਪਹਿਰ ਉਸ ਦੇ ਭਾਣੇ ਵਿੱਚ ਰਹਿੰਦਾ ਹੈ ਭਾਵ ਅੱਠੇ ਪਹਿਰ ਉਸ ਦਾ ਨਾਮ ਜਪਦਾ ਹੈ ਭਾਵ ਇਹੋ ਜਿਹੇ ਮਨੁੱਖ ਦੀ ਹਰ ਕਰਣੀ ਸੱਚੀ ਸੁੱਚੀ ਹੁੰਦੀ ਹੈ। (**ਤੇਰੀਆ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ ਵਡਿਆਈਆਂ ॥**)

ਪ੍ਰਮਾਤਮਾ ਦੀ ਇਹੋ ਜਿਹੀ ਵਡਿਆਈ ਕਰਨ ਦੁਆਰਾ ਭਾਵ ਮਨੁੱਖ ਦੀਆਂ ਚੰਗਿਆਈਆਂ ਦੁਆਰਾ, ਚੰਗੇ ਕਰਮ ਕਰਨ ਦੁਆਰਾ ਜੇਕਰ ਕਿਸੇ ਨੂੰ ਵਡਿਆਈ ਮਿਲਦੀ ਹੈ, ਮਾਣ ਮਿਲਦਾ ਹੈ ਤਾਂ ਫਿਰ ਇਹ ਉਸ ਮਨੁੱਖ ਦੀ ਸੱਚੀ ਵਡਿਆਈ ਹੈ, ਸੱਚੀ ਉਸਤਤਿ ਹੈ। ਜੇਕਰ ਚੰਗੇ ਇਨਸਾਨ ਬਣੇ ਬਿਨ੍ਹਾਂ ਅਸੀਂ ਵੈਸੇ ਹੀ ਵਡਿਆਈਆਂ ਲੈਂਦੇ ਹਾਂ ਜਾਂ ਭਗਤੀ ਦੇ ਵਿਖਾਵਿਆਂ ਦਾ ਮਾਣ ਲੈਂਦੇ ਹਾਂ ਉਹ ਸਾਡਾ ਝੂਠਾ ਮਾਣ ਹੈ ਜਿਸ ਲਈ

32/3615

ਸਾਨੂੰ ਵਾਰ ਵਾਰ ਇਸ ਝੂਠੇ ਮਾਣ ਤੋਂ ਬਚਣ ਲਈ ਸਮਝਾਇਆ ਹੈ ਜੋ ਕਿ ਗੁਰਮਤਿ ਦੇ ਮੂਲ ਸਿਧਾਂਤ ਦੇ ਹੀ ਉਲਟ ਹੈ, ਨਾਮ ਦੇ ਮੂਲ ਸਿਧਾਂਤ ਤੋਂ ਹੀ ਉਲਟ ਹੈ। ਸਾਡੀ ਸੱਚੀ ਉਸਤਤਿ, ਸੱਚੀ ਵਡਿਆਈ ਕਿਸ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥}

(ਅੰਗ 136)

ਸੱਚੇ ਮਾਰਗ ਤੇ ਚੱਲਣ ਨਾਲ ਅਗਰ ਸਾਨੂੰ ਵਡਿਆਈ ਮਿਲਦੀ ਹੈ ਫਿਰ ਉਹ ਸੱਚੀ ਵਡਿਆਈ ਹੈ ਤੇ ਸੱਚੇ ਮਾਰਗ ਤੇ ਉਹੀ ਚੱਲਦਾ ਹੈ, ਧਰਮ ਦੇ ਮਾਰਗ ਤੇ, ਨਾਮ ਦੇ ਮਾਰਗ ਤੇ ਉਹੀ ਚੱਲਦਾ ਹੈ ਜੋ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੈ, ਮਾਇਆ ਮੋਹ ਤੋਂ ਰਹਿਤ ਹੈ ਭਾਵ ਸੱਚੀ ਵਡਿਆਈ ਉਸੇ ਦੀ ਹੈ ਜੋ ਆਪਣੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਕਰਦਾ ਹੈ ਭਾਵ ਗੁਰੂ ਦੇ ਦੱਸੇ ਹੋਏ ਸੱਚੇ ਮਾਰਗ ਤੇ ਚੱਲਦਾ ਹੈ। ਹਮੇਸ਼ਾ ਧਿਆਨ ਵਿੱਚ ਰੱਖਣ ਲਈ ਇਹ ਗੱਲ ਹੈ ਕਿ ਜੋ ਤਰੀਕਾ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਹੈ ਉਹੀ ਤਰੀਕਾ ਸੰਸਾਰ ਵਿੱਚੋਂ ਵਡਿਆਈ ਲੈਣ ਦਾ ਹੈ। ਸੱਚ ਤੇ ਚੱਲਣਾ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਤੇ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨ ਵਿੱਚ ਹੀ ਮਨੁੱਖ ਦੀ ਸੱਚੀ ਵਡਿਆਈ ਹੈ। ਅਸੀਂ ਪ੍ਰਮਾਤਮਾ ਦੀ ਤਾਂ ਝੂਠੀ ਵਡਿਆਈ ਕਰਦੇ ਹਾਂ ਭਾਵ ਕੇਵਲ ਕਥਨੀ ਦੁਆਰਾ, ਸਰੀਰਕ ਜਪਾਂ ਤਪਾਂ ਆਦਿ ਦੁਆਰਾ ਕਰਦੇ ਹਾਂ ਤੇ ਹੋਰ ਵੀ ਆਪਣੀ ਆਪਣੀ ਮਤਿ ਅਨੁਸਾਰ ਬਣਾਏ ਹੋਏ ਤਰੀਕਿਆਂ ਦੁਆਰਾ ਸਮਝਦੇ ਹਾਂ ਜੋ ਕਿ ਸਾਡੀ ਪ੍ਰਮਾਤਮਾ ਦੀ ਝੂਠੀ ਵਡਿਆਈ ਹੈ। ਆਪਣੀ ਝੂਠੀ ਵਡਿਆਈ ਕਰਨ ਦੇ ਬਦਲੇ ਜੋ ਸਾਨੂੰ ਸਮਾਜ ਵਿੱਚੋਂ ਆਪਣੀ ਵਡਿਆਈ ਮਿਲਦੀ ਹੈ ਉਸ ਨੂੰ ਅਸੀਂ ਆਪਣੀ ਸੱਚੀ ਵਡਿਆਈ ਸਮਝਦੇ ਹਾਂ ਜੋ ਕਿ ਕੇਵਲ ਸਾਡਾ ਸਭ ਦਾ ਭਰਮ ਹੈ। ਗੁਰੂ ਸਾਨੂੰ ਵਾਰ ਵਾਰ ਇਸ ਭਰਮ ਵਿੱਚੋਂ ਕੱਢ ਰਿਹਾ ਹੈ ਕਿ ਇਹ ਝੂਠੀ ਵਡਿਆਈ ਲੈਣ ਤੋਂ ਬਚੋ ਜਿਸ ਦਾ ਮੂਲ ਕਾਰਨ ਸਾਡੇ ਮਨ ਦਾ ਭਰਮ ਹੈ ਜਿਸ ਕਰਕੇ ਅਸੀਂ ਭਗਤੀ ਦੇ ਉਹੋ ਜਿਹੇ ਤਰੀਕਿਆਂ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਵਿੱਚ ਅਸਲ ਵਿੱਚ ਭਗਤੀ ਹੈ ਹੀ ਨਹੀਂ। ਭਗਤੀ ਨੂੰ ਸਮਝੇ ਬਿਨ੍ਹਾਂ ਤੇ ਉਸ ਤੇ ਚੱਲੇ ਬਿਨ੍ਹਾਂ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ ਤੇ ਆਪਣੀ ਸੱਚੀ ਵਡਿਆਈ ਨਹੀਂ ਲਈ ਜਾ ਸਕਦੀ।

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸੱਚ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਭਾਵ ਨਾਮ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਮਾਰਗ ਸਾਨੂੰ ਗੁਰਬਾਣੀ ਵਾਰ ਵਾਰ ਸਮਝਾ ਰਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ

ਦਾਨ ਸੱਚ ਦੁਆਰਾ ਵਿਚਰ ਕੇ ਹੀ ਮਿਲਦਾ ਹੈ ਭਾਵ ਆਪਣੇ ਅੰਦਰ ਅਸੀਂ ਸੱਚ ਦੀ ਸੰਭਾਲ ਹੀ ਕਰਨੀ ਹੈ ਜੋ ਕਿ ਸਾਡਾ ਸੱਚਾ ਉੱਦਮ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥੨੪॥੧॥"

ਉੱਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਦ੍ਰਿੜ ਰੱਖੀਏ ਕਿ ਪ੍ਰਮਾਤਮਾ ਕੋਲੋਂ ਉਸ ਦੇ ਮੇਲ ਦਾ ਦਾਨ ਕਿਵੇਂ ਮਿਲਦਾ ਹੈ। ਉਪਰਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਕੋਲੋਂ ਦਾਨ ਮੰਗਣਾ ਹੀ ਸਮਝਾਇਆ ਹੋਇਆ ਹੈ। ਅਸੀਂ ਪ੍ਰਮਾਤਮਾ ਕੋਲੋਂ ਦਾਨ ਮੰਗਣ ਦਾ ਤਰੀਕਾ ਆਪਣੀ ਕਥਨੀ ਨੂੰ ਬਣਾਇਆ ਹੋਇਆ ਹੈ ਜੋ ਕਿ ਅਸੀਂ ਬੋਲ ਬੋਲ ਕੇ ਮੰਗਦੇ ਹਾਂ, ਕਿਸੇ ਅੱਖਰ ਦਾ ਜਪ ਕਰਨ ਦੁਆਰਾ ਮੰਗਦੇ ਹਾਂ। ਪ੍ਰਮਾਤਮਾ ਦਾ ਇਹ ਦਾਨ ਇਸ ਤਰੀਕੇ ਮੰਗਣ ਨਾਲ ਨਹੀਂ ਮਿਲਦਾ ਭਾਵ ਕਥਨੀ ਦੁਆਰਾ ਮੰਗਣ ਨਾਲ ਨਹੀਂ ਮਿਲਦਾ, ਇਹ ਮੂੰਹੋਂ ਮੰਗਣ ਵਾਲਾ ਦਾਨ ਨਹੀਂ ਹੈ। ਇਹ ਦਾਨ ਮੰਗਣ ਦਾ ਤਰੀਕਾ ਸਾਡੇ ਕਰਮ ਹਨ ਜੋ ਕਰਮ ਅਸੀਂ ਸੱਚ ਦੁਆਰਾ ਵਿਚਰਕੇ ਕਰਦੇ ਹਾਂ। ਜੇਕਰ ਅਸੀਂ ਆਪਣੇ ਅੰਦਰ ਸੱਚ ਦੀ ਸੰਭਾਲ ਕਰਾਂਗੇ, ਨਾਮ ਦੀ ਸੰਭਾਲ ਕਰਾਂਗੇ ਤਾਂ ਫਿਰ ਅਸੀਂ ਸੱਚੇ ਮਾਰਗ ਤੇ ਹੀ ਚੱਲਾਂਗੇ ਜਿਵੇਂ ਕਿ ਅਸੀਂ ਪਿਛਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਾਂਗੇ, ਚੰਗਿਆਈਆਂ ਦੁਆਰਾ ਵਿਚਰਾਂਗੇ। ਸਾਡੇ ਸੱਚੇ ਸੁੱਚੇ ਕਰਮ ਹੀ ਸਾਡੇ ਪ੍ਰਮਾਤਮਾ ਅੱਗੇ ਉਹ ਬੋਲ ਹਨ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਦਾ ਦਾਨ ਮਿਲਦਾ ਹੈ, ਉਸ ਦੇ ਨਾਮ ਦਾ ਦਾਨ ਮਿਲਦਾ ਹੈ। ਪ੍ਰਮਾਤਮਾ ਦਾ ਇਹ ਦਾਨ ਮੰਗਣ ਦਾ ਤਰੀਕਾ ਸਾਡੀ ਕਰਣੀ ਹੈ ਭਾਵ ਸੱਚੀ ਸੁੱਚੀ ਕਰਨੀ ਹੈ ਨਾ ਕਿ ਕਥਨੀ ਦੁਆਰਾ ਜਿਸ ਦੁਆਰਾ ਹਰ ਕੋਈ ਪ੍ਰਮਾਤਮਾ ਦਾ ਇਹ ਦਾਨ ਮੰਗਣਾ ਸਮਝਦਾ ਹੈ। (**ਤੇਰੀਆ ਸਦਾ ਸਦਾ ਚੰਗਿਆਈਆ ॥ ਮੈ ਰਾਤਿ ਦਿਹੈ ਵਡਿਆਈਆਂ ॥ ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥24॥1॥**)

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥1॥
ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥1॥ ਰਹਾਉ ॥}

(ਅੰਗ 15)

ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਸਾਡੇ ਕਰਮ

32/3617

ਹੀ ਪ੍ਰਮਾਤਮਾ ਅੱਗੇ ਸਾਡੇ ਉਹ ਬੋਲ ਹਨ ਜਿੰਨ੍ਹਾਂ ਦੁਆਰਾ ਉਸ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਤੇ ਇਹੀ ਉਸ ਦਾ ਦਾਨ ਮੰਗਣ ਦਾ ਤਰੀਕਾ ਹੈ ਭਾਵ ਪ੍ਰਮਾਤਮਾ ਦੀ ਭਗਤੀ ਸਾਡੀ ਕਰਣੀ ਨਾਲ ਜੁੜੀ ਹੋਈ ਹੈ।

ਆਪਣੇ ਅੰਦਰ ਸੱਚ ਦੀ ਸੰਭਾਲ ਕਰਨੀ ਜਾਂ ਨਾਮ ਦੀ ਸੰਭਾਲ ਕਰਨੀ ਇਕੋ ਹੀ ਗੱਲ ਹੈ। ਜਦ ਤੱਕ ਸਾਡੇ ਅੰਦਰ ਪੰਜ ਚੋਰ ਹਨ ਉਹਨਾਂ ਦੇ ਰੁਕੇ ਬਿਨ੍ਹਾਂ ਸਾਡੇ ਅੰਦਰ ਸੱਚ ਦੀ ਸੰਭਾਲ ਨਹੀਂ ਹੋ ਸਕਦੀ, ਨਾਮ ਦੀ ਸੰਭਾਲ ਨਹੀਂ ਹੋ ਸਕਦੀ ਭਾਵ ਸਾਡੀ ਚੰਗੀ ਕਰਣੀ ਨਹੀਂ ਹੋ ਸਕਦੀ, ਪ੍ਰਮਾਤਮਾ ਦੀ ਵਡਿਆਈ ਨਹੀਂ ਹੋ ਸਕਦੀ ਤੇ ਸਾਡੀ ਆਪਣੀ ਵਡਿਆਈ ਸੱਚੀ ਨਹੀਂ ਹੋ ਸਕਦੀ।

ਸੋਰਠਿ ਮਹਲਾ ੩ ॥

{ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥
ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ 600)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥2॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥3॥}

(ਅੰਗ 1178)

32/3617(ਅ)

{ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥2॥}

(ਅੰਗ 833)

ਸਲੋਕ ਮਃ ੩ ॥

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥
ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥
ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ ॥੧॥}

(ਅੰਗ 854)

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥}

(ਅੰਗ 1096)

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥1॥}

(ਅੰਗ 503)

{ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥4॥}

(ਅੰਗ 366)

{ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥
ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥4॥}

(ਅੰਗ 905)

{ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥

ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥}

(ਅੰਗ 1031)

{ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ ॥
ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ॥
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥
ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥12॥}

(ਅੰਗ 1362)

{ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥}

(ਅੰਗ 932)

{ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥}

(ਅੰਗ 136)

{ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥2॥}

(ਅੰਗ 1290)

ਸਾਡੀਆਂ ਝੂਠੀਆਂ ਵਡਿਆਈਆਂ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ ਕਿਉਂਕਿ ਭਰਮ ਵਿੱਚ ਰਹਿੰਦੇ ਹੋਏ ਅਸੀਂ ਜਿਹੋ ਜਿਹੇ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਜਿਹਨਾਂ ਤਰੀਕਿਆਂ ਵਿੱਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਤੇ ਨਾ ਹੀ ਉਸ ਵਿੱਚ ਸਾਡੀ ਸੱਚੀ ਵਡਿਆਈ ਹੈ ਭਾਵ ਅਸੀਂ ਆਪਣੀਆਂ ਝੂਠੀਆਂ ਵਡਿਆਈਆਂ ਹੀ ਬਣਾਈ ਬੈਠੇ ਹਾਂ। ਇਹ ਝੂਠੀਆਂ ਵਡਿਆਈਆਂ ਸਾਨੂੰ ਕਿਵੇਂ ਮਿਲਦੀਆਂ ਹਨ ਆਉ ਇਸ ਗੱਲ ਨੂੰ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖ ਰਾਹੀਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜਿਸ ਰਾਹੀਂ ਸਾਨੂੰ ਬੜੇ ਹੀ ਗੂੜ ਤਰੀਕੇ ਨਾਲ ਸੱਚੀ ਵਡਿਆਈ ਤੇ ਝੂਠੀ ਵਡਿਆਈ ਵਿੱਚ ਫਰਕ ਸਮਝਾਇਆ ਹੋਇਆ ਹੈ ਤੇ

32/3618

ਉਹਨਾਂ ਦੀ ਵਜ੍ਹਾਂ ਵੀ ਸਮਝਾਈ ਹੋਈ ਹੈ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

"ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥

ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥"

(ਅੰਗ 795)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਜਿਸ ਰਾਹੀਂ ਸਾਨੂੰ ਇਹ ਸਮਝ ਲੱਗ ਜਾਵੇਗੀ ਕਿ ਜਿਸ ਤਰੀਕੇ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ ਉਸ ਵਿੱਚ ਵਡਿਆਈ ਅਸਲ ਵਿੱਚ ਕਿਸ ਦੀ ਹੁੰਦੀ ਹੈ। ਸਾਰਾ ਭੇਦ ਇਸੇ ਗੱਲ ਵਿੱਚ ਹੀ ਹੈ ਜਿਸ ਦਾ ਕਾਰਣ ਸਾਡੇ ਮਨ ਦਾ ਭਰਮ ਹੈ, ਸਾਡੀ ਅਗਿਆਨਤਾ ਹੈ।

"ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥"

ਉਹ ਪ੍ਰਮਾਤਮਾ ਬਹੁਤ ਵੱਡਾ ਹੈ ਜਿਸ ਵਿੱਚ ਕੋਈ ਸ਼ੱਕ ਨਹੀਂ ਹੈ ਉਹ ਸਭ ਦਾ "ਸੁਲਤਾਨੁ" ਹੈ ਪਰ ਉਹ ਸੁਲਤਾਨ ਕਿਸ ਰੂਪ ਵਿੱਚ ਹੈ ਇਸ ਗੱਲ ਦੀ ਸੋਝੀ ਕਿਸੇ ਨੂੰ ਨਹੀਂ ਹੈ। ਅਸੀਂ ਪ੍ਰਮਾਤਮਾ ਨੂੰ ਵੱਡਾ ਕਹੀ ਜਾਣ ਨਾਲ ਉਸ ਨੂੰ ਵੱਡਾ ਬਣਾਉਂਦੇ ਹਾਂ ਜਿਸ ਵਿੱਚ ਅਸੀਂ ਉਸ ਦੀ ਵਡਿਆਈ ਕਰਨੀ ਸਮਝਦੇ ਹਾਂ ਭਾਵ ਉਸ ਨੂੰ ਤੂੰ ਤੂੰ ਕਰੀ ਜਾਣ ਨਾਲ ਉਸ ਨੂੰ ਵੱਡਾ ਕਹਿਣਾ ਸਮਝਦੇ ਹਾਂ ਭਾਵ ਕੇਵਲ ਮੁੱਖੋਂ ਬੋਲ ਬੋਲ ਕੇ ਹੀ ਉਸ ਨੂੰ ਵੱਡਾ ਕਹਿੰਦੇ ਹਾਂ। ਉਸ ਨੂੰ ਵੱਡਾ ਕਹਿਣ ਲਈ ਤੂੰ ਤੂੰ ਕਹਿਣ ਲਈ ਅਸੀਂ ਅਨੇਕਾਂ ਹੀ ਆਪਣੀ ਆਪਣੀ ਮਤਿ ਦੁਆਰਾ ਅੱਖਰ ਬਣਾਏ ਹੋਏ ਹਨ ਜਿੰਨ੍ਹਾਂ ਦੇ ਬੋਲਣ ਰਾਹੀਂ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਦੇ ਹਾਂ। ਪ੍ਰਮਾਤਮਾ ਨੂੰ ਇਸ ਤਰੀਕੇ ਵੱਡਾ ਕਹੀ ਜਾਣ ਨਾਲ ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਵੱਡਾ ਕਹਿਣ ਵਾਲੇ ਦੀ ਵਡਿਆਈ ਜਰੂਰ ਹੋ ਜਾਂਦੀ ਹੈ। ਪ੍ਰਮਾਤਮਾ ਨੂੰ ਵੱਡਾ ਕਹਿਣ ਵਾਲਾ ਆਪਣੇ ਆਪ ਨੂੰ "ਮੀਆ" ਭਾਵ ਚੌਧਰੀ, ਧਰਮ ਦੇ ਮਾਰਗ ਤੇ ਉੱਚਾ ਜਰੂਰ ਅਖਵਾਉਣ ਲੱਗ ਜਾਂਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਇਸ ਵਿੱਚ ਵਡਿਆਈ ਕਿਸ ਦੀ ਹੋਈ। ਜੋ ਇੱਕ ਆਮ ਮਨੁੱਖ ਤੋਂ "ਮੀਆ" ਅਖਵਾਉਣ ਲੱਗ ਜਾਵੇ ਵਡਿਆਈ ਤਾਂ ਉਸੇ ਦੀ ਹੀ ਹੋਈ। ਪ੍ਰਮਾਤਮਾ ਤਾਂ ਹੈ ਹੀ ਵੱਡਾ ਤੇ ਉਸ ਨੂੰ ਇਹੋ ਜਿਹੀ ਵਡਿਆਈ ਨਾਲ ਕੀ ਫਰਕ ਪੈਂਦਾ ਹੈ ਭਾਵ ਕੇਵਲ ਮੁੱਖੋਂ ਪ੍ਰਮਾਤਮਾ ਨੂੰ ਵੱਡਾ ਆਖੀ ਜਾਣ ਵਿੱਚ, ਰਾਮ ਰਾਮ ਕਰੀ ਜਾਣ ਵਿੱਚ, ਤੂੰ ਹੀ ਤੂੰ ਕਰੀ ਜਾਣ ਵਿੱਚ,

32/3619

ਅੱਲ੍ਹਾ ਅੱਲ੍ਹਾ ਕਰੀ ਜਾਣ ਵਿੱਚ, ਵਾਹਿਗੁਰੂ ਵਾਹਿਗੁਰੂ ਕਰੀ ਜਾਣ ਵਿੱਚ, ਹਰਿ ਹਰਿ ਕਰੀ ਜਾਣ ਵਿੱਚ ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਸਾਡੀ ਆਪਣੀ ਵਡਿਆਈ ਜਰੂਰ ਹੋਣ ਲੱਗ ਪੈਂਦੀ ਹੈ ਜਿਵੇਂ ਕਿ ਹਰ ਪਾਸੇ ਹੋ ਰਿਹਾ ਹੈ। ਜਿਤਨਾ ਕੋਈ ਜਿਆਦਾ ਸੁਰਤੀਆਂ ਸਮਾਧੀਆਂ ਆਦਿ ਲਗਾ ਕੇ ਇਹੋ ਜਿਹੀ ਪ੍ਰਮਾਤਮਾ ਦੀ ਵਡਿਆਈ ਕਰਨ ਵਿੱਚ ਲੱਗਾ ਹੋਇਆ ਹੈ ਉਤਨੀ ਹੀ ਉਸ ਨੂੰ ਸਮਾਜ ਵਿੱਚੋਂ ਜਿਆਦਾ ਵਡਿਆਈ ਮਿਲਦੀ ਹੈ, ਉਸ ਮਨੁੱਖ ਨੂੰ ਇਹਨਾਂ ਗੱਲਾਂ ਲਈ ਧਰਮ ਦੇ ਮਾਰਗ ਤੇ ਉੱਚਾ ਸਮਝਿਆ ਜਾਂਦਾ ਹੈ। (**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**) ਪ੍ਰਮਾਤਮਾ ਦੀ ਸੱਚੀ ਵਡਿਆਈ ਕੋਈ ਉਦੋਂ ਹੀ ਕਰ ਸਕਦਾ ਹੈ ਜਦੋਂ ਕੋਈ ਉਸ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ, ਉਸ ਦੇ ਨਿਰਗੁਣ ਰੂਪ ਨੂੰ ਦੇਖ ਲੈਂਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦਾ ਰੂਪ ਬਣਕੇ ਹੀ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਜਾ ਸਕਦੀ ਹੈ, ਉਸ ਦੇ ਪੂਰਨ ਸੱਚ ਨਾਲ ਜੁੜਕੇ ਹੀ ਉਸ ਦੀ ਸੱਚੀ ਵਡਿਆਈ ਕੀਤੀ ਜਾ ਸਕਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਹੈ ਤੇ ਸਾਨੂੰ ਉਸ ਦੀ ਸੱਚੀ ਵਡਿਆਈ ਕਰਨ ਦਾ ਤਰੀਕਾ ਸਮਝਾਇਆ ਹੈ ਜੋ ਕਿ ਉਹਨਾਂ ਦੇ ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲਣ ਦਾ ਹੈ ਨਾ ਕਿ ਮੁੱਖੋਂ ਕਥਨੀ ਕਰੀ ਜਾਣ ਦਾ ਹੈ।

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭਿ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ 9)

{ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥2॥}

(ਅੰਗ 9)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ 53)

{ਮੈ ਮੈਲੌ ਊਜਲੁ ਸਚੁ ਸੋਇ ॥ ਊਤਮੁ ਆਖਿ ਨ ਊਚਾ ਹੋਇ ॥
ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥ ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥}

(ਅੰਗ 1330)

32/3620

{ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥1॥ ਰਹਾਉ ॥}

(ਅੰਗ 662)

{ਊਪਰਿ ਦਰਿ ਅਸਮਾਨਿ ਪਇਆਲਿ ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥
ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥}

(ਅੰਗ 1256)

{ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥
ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥}

(ਅੰਗ 1420)

{ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥}

(ਅੰਗ 418)

{ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥1॥ ਰਹਾਉ ॥
ਮਨਿ ਮੈਲੇ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥

ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥2॥}

(ਅੰਗ 39)

{ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥3॥1॥}

(ਅੰਗ 151)

ਕੇਵਲ ਮੁੱਖੋਂ ਬੋਲੀ ਜਾਣ ਨਾਲ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਤੇ ਇਸੇ ਲਈ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਪ੍ਰਮਾਤਮਾ ਦੀ ਇਹੋ ਜਿਹੀ ਵਡਿਆਈ ਕਰਨ ਨੂੰ ਸਾਡੀ ਮੂਰਖਤਾ ਦੱਸਿਆ ਹੈ। ਸਭ ਨੂੰ ਪ੍ਰਮਾਤਮਾ ਨੇ ਮੂਰਖਤਾ ਵਾਲੀ ਅਵੱਸਥਾ ਵਿੱਚ ਆਪ ਹੀ ਰੱਖਿਆ ਹੋਇਆ ਹੈ ਕਿਉਂਕਿ ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਸਾਨੂੰ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨ ਦੀ ਸੋਝੀ ਹੀ ਨਹੀਂ ਪੈਂਦੀ। ਅਗਲੀਆਂ ਪੰਗਤੀਆਂ ਰਾਹੀਂ ਪ੍ਰਮਾਤਮਾ ਕੋਲੋਂ ਮਨ ਦੀ ਸੋਝੀ ਸਮਝਣੀ ਹੀ ਸਮਝਾਈ ਹੋਈ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ

32/3621

ਇਸ ਗੱਲ ਨੂੰ ਸਮਝ ਸਕੀਏ। ਪ੍ਰਮਾਤਮਾ ਦੇ ਗੁਣ ਉਸ ਦੇ ਦੱਸੇ ਹੋਏ ਸੱਚ ਨਾਲ ਜੁੜਕੇ ਹੀ ਗਾਏ ਜਾ ਸਕਦੇ ਹਨ। ਸੱਚ ਦੇ ਨਾਲ ਜੁੜਕੇ ਹੀ ਪ੍ਰਮਾਤਮਾ ਦੀ ਰਜ਼ਾ ਵਿੱਚ ਚੱਲਿਆ ਜਾ ਸਕਦਾ ਹੈ। ਕਿਸੇ ਅੱਖਰ ਰਾਹੀਂ ਪ੍ਰਮਾਤਮਾ ਦੇ ਗੁਣ ਗਾਈ ਜਾਣਾ ਸੱਚ ਨਹੀਂ ਹੈ। ਸੱਚ ਉਹ ਹੈ ਜੋ ਪ੍ਰਮਾਤਮਾ ਨੇ ਆਪ ਹੀ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸੱਚ ਰੂਪ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਸਾਨੂੰ ਆਪਣੀ ਰਜ਼ਾ ਸਮਝਾਈ ਹੋਈ ਹੈ। (**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥1॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥1॥ ਰਹਾਉ ॥**)

ਅਸੀ ਗੁਰਬਾਣੀ ਦੇ ਦੱਸੇ ਹੋਏ ਸੱਚ ਤੇ ਚੱਲਣ ਦਾ ਉੱਦਮ ਹੀ ਕਰਨਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਵਡਿਆਈ ਨਾਲ ਜੁੜਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਤਾਂ ਹੀ ਹੁੰਦੀ ਹੈ ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਇਸ ਸੰਸਾਰ ਵਿੱਚ ਕੁੱਝ ਵੀ ਨਹੀਂ ਹੈ। ਹਰ ਮਾਇਆ ਰੂਪ, ਸਰਗੁਣ, ਆਕਾਰ ਰੂਪ ਪ੍ਰਮਾਤਮਾ ਦੀ ਵਡਿਆਈ ਹੀ ਬਿਆਨ ਕਰ ਰਿਹਾ ਹੈ ਕਿ ਪ੍ਰਮਾਤਮਾ ਕਿਤਨਾ ਜਿਆਦਾ ਵੱਡਾ ਹੈ। ਪ੍ਰਮਾਤਮਾ ਦੇ ਸਰਗੁਣ ਰੂਪ ਨੂੰ ਅਸੀਂ ਤਾਂ ਹੀ ਵੱਡਾ ਜਾਣ ਸਕਦੇ ਹਾਂ ਜਦੋਂ ਅਸੀਂ ਉਸ ਦੇ ਅੰਦਰ ਦੇ ਨਿਰਗੁਣ ਰੂਪ ਨੂੰ ਜਾਣ ਲੈਂਦੇ ਹਾਂ, ਨਾਮ ਰੂਪ ਨੂੰ ਜਾਣ ਲੈਂਦੇ ਹਾਂ, ਸਚੁ ਰੂਪ ਨੂੰ ਜਾਣ ਲੈਂਦੇ ਹਾਂ, ਬ੍ਰਹਮ ਗਿਆਨ ਰੂਪ ਨੂੰ ਜਾਣ ਲੈਂਦੇ ਹਾਂ, ਸਾਇੰਟਿਫਿਕ ਰੂਪ ਨੂੰ ਜਾਣ ਲੈਂਦੇ ਹਾਂ ਜਿਸ ਨਿਰਗੁਣ ਰੂਪ ਦੁਆਰਾ ਪ੍ਰਮਾਤਮਾ ਨੇ ਆਕਾਰ ਰੂਪ ਦੀ ਰਚਨਾ ਕੀਤੀ ਹੈ। ਪ੍ਰਮਾਤਮਾ ਦਾ ਇਹ ਨਿਰਗੁਣ ਰੂਪ ਕੇਵਲ ਆਪਣੇ ਅੰਦਰੋਂ ਹੀ ਜਾਣਿਆ ਜਾ ਸਕਦਾ ਹੈ, ਮਨ ਦੇ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ ਜੋ ਆਪਣਾ ਰੂਪ ਪ੍ਰਮਾਤਮਾ ਮਨ ਦੇ ਵਿੱਚੋਂ ਆਪ ਹੀ ਜਣਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਦਾ ਅੰਧਾਪਨ ਦੂਰ ਕਰਦਾ ਹੈ, ਅਗਿਆਨਤਾ ਦੂਰ ਕਰਦਾ ਹੈ ਤੇ ਸਮਝ ਪੈਂਦੀ ਹੈ ਕਿ ਜਿਸ ਰੂਪ ਵਿੱਚ ਪ੍ਰਮਾਤਮਾ ਮੇਰੇ ਅੰਦਰ ਵਿਚਰ ਰਿਹਾ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਆਪਣੇ ਹਰ ਆਕਾਰ ਰੂਪ ਨੂੰ ਬਣਾ ਕੇ ਉਸ ਨੂੰ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਮਨ ਦੇ ਇਸ ਅੰਧੇਪਨ ਦੇ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ, ਹਉਮੈ ਰੂਪ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ ਤੇ ਉਸ ਤੋਂ ਪਹਿਲਾਂ ਅਸੀਂ ਪ੍ਰਮਾਤਮਾ ਦੀਆਂ ਜਿਹੋ ਜਿਹੇ ਤਰੀਕਿਆਂ ਨਾਲ ਵਡਿਆਈਆਂ ਕਰਨੀਆਂ ਸਮਝਦੇ ਹਾਂ ਉਹਨਾਂ ਵਿੱਚ ਕੇਵਲ ਸਾਡੀ ਚਤੁਰਾਈ ਹੈ ਭਾਵ ਝੂਠੀ ਸਿਆਣਪ ਹੈ ਜਿੰਨ੍ਹਾਂ ਨਾਲ ਪ੍ਰਮਾਤਮਾ ਦੀ ਵਡਿਆਈ ਤਾਂ ਨਹੀਂ ਹੁੰਦੀ

32/3622

ਪਰ ਸਾਡੀ ਆਪਣੀ ਵਡਿਆਈ ਜਰੂਰ ਹੋਣ ਲੱਗ ਪੈਂਦੀ ਹੈ। (**ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥ ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥2॥**)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥

ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥1॥}

(ਅੰਗ 412)

{ਚਤੁਰਾਈ ਨਹ ਚੀਨਿਆ ਜਾਇ ॥
ਬਿਨੁ ਮਾਰੇ ਕਿਉ ਕੀਮਤਿ ਪਾਇ ॥1॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥
ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥2॥}

(ਅੰਗ 221)

ਜੇਕਰ ਬਾਣੀ ਸਾਨੂੰ ਇਹ ਗੱਲ ਸਮਝਾ ਰਹੀ ਹੈ ਕਿ ਪ੍ਰਮਾਤਮਾ ਨੂੰ ਚਤੁਰਾਈ ਨਾਲ ਨਹੀਂ ਪਾਇਆ ਜਾ ਸਕਦਾ, ਬਾਣੀ ਨਾਲ ਹੀ ਸਾਨੂੰ ਇਹ ਗੱਲ ਸਮਝਾਉਂਦੀ ਹੈ ਕਿ ਉਹ ਚਤੁਰਾਈ ਅਸੀਂ ਕਿਸ ਵਜ੍ਹਾ ਕਰਕੇ ਕਰਦੇ ਹਾਂ। ਚਤੁਰਾਈ ਅਸੀਂ ਮਾਇਆ ਮੋਹ ਨਾ ਛੱਡਣ ਦੀ ਹੀ ਕਰਦੇ ਹਾਂ ਤੇ ਆਪਣੀ ਉਸ ਚਤੁਰਾਈ ਨੂੰ ਅਸੀਂ ਆਪਣੇ ਬਾਹਰੀ ਦਿਖਾਵਿਆਂ ਰਾਹੀਂ ਢੱਕਦੇ ਹਾਂ ਭਾਵ ਆਪਣੀਆਂ ਚਤੁਰਾਈਆਂ ਤੇ ਪੜਦਾ ਪਾਉਂਦੇ ਹਾਂ ਜਿਵੇਂ ਕਿ ਉਪਰਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਆਪਣੇ ਅੰਦਰੋਂ ਔਗੁਣਾਂ ਨੂੰ ਮਾਰਨ ਦਾ ਹੈ ਜਿੰਨ੍ਹਾਂ ਨੂੰ ਮਾਰੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਦੀ ਕੀਮਤ ਨਹੀਂ ਪੈਂਦੀ ਕਿਉਂਕਿ ਪ੍ਰਮਾਤਮਾ ਦੀ ਭਗਤੀ ਔਗੁਣਾਂ ਨੂੰ ਮਾਰਕੇ ਹੀ ਹੁੰਦੀ ਹੈ ਤੇ ਇਸ ਤੋਂ ਬਿਨ੍ਹਾਂ ਅਸੀਂ ਜੋ ਵੀ ਤਰੀਕੇ ਅਪਣਾਉਂਦੇ ਹਾਂ ਉਨ੍ਹਾਂ ਵਿੱਚ ਕੇਵਲ ਸਾਡੀ ਚਤੁਰਾਈ ਹੈ। ਪ੍ਰਾਪਤੀ ਅਸੀਂ "ਅੰਮ੍ਰਿਤ" ਦੀ ਕਰਨੀ ਚਾਹੁੰਦੇ ਹਾਂ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਇਹ "ਅੰਮ੍ਰਿਤ" ਰੂਪ ਉਸ ਦੇ ਗੁਣਾਂ ਦੇ ਰੂਪ ਵਿੱਚ ਹੈ। ਸਾਡੇ ਅੰਦਰੋਂ ਪੰਜ ਚੋਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡਾ ਇਹ ਗੁਣਾਂ ਦਾ ਧਨ ਹਰ ਵੇਲੇ ਲੁੱਟਦੇ ਰਹਿੰਦੇ ਹਨ। ਸਾਡੀ ਜਿੰਦਗੀ ਦਾ ਅਸਲ ਫਰਜ ਇਸ "ਅੰਮ੍ਰਿਤ" ਨੂੰ ਬਚਾ ਕੇ ਰੱਖਣ ਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਭਾਵ ਗੁਣਾਂ ਦੁਆਰਾ ਵਿਚਰ ਕੇ ਹੁੰਦੀ ਹੈ। ਚੋਰ ਸਾਡੇ ਅੰਦਰੋਂ ਸਾਡਾ ਇਹ ਧਨ ਲੁੱਟਦੇ ਰਹਿੰਦੇ ਹਨ, ਨਾਮ ਧਨ ਲੁਟਦੇ ਰਹਿੰਦੇ ਹਨ ਭਾਵ ਸਾਡੇ ਅੰਦਰੋਂ ਸੱਚ ਦੀ ਚੋਰੀ ਹੁੰਦੀ ਰਹਿੰਦੀ ਹੈ, ਨਾਮ ਦੀ, ਗੁਰਮਤਿ ਦੇ ਸੱਚੇ ਵਿਚਾਰਾਂ ਦੀ ਚੋਰੀ ਹੁੰਦੀ ਰਹਿੰਦੀ ਹੈ ਪਰ ਇਹ ਚੋਰੀ ਹੋਣ ਤੋਂ ਅਸੀਂ ਨਾਹ ਨਹੀਂ ਕਰਦੇ,

32/3623

ਕੋਈ ਵੀ ਨਹੀਂ ਕਰਦਾ ਕਿਉਂਕਿ ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ, ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਨੀ ਸਭ ਨੂੰ ਚੰਗੀ ਲੱਗਦੀ ਹੈ ਜਿਸ ਵਿੱਚ ਇਹ ਪੰਜੇ ਚੋਰ ਸਾਡੀ ਸਹਾਇਤਾ ਕਰਦੇ ਹਨ ਭਾਵ ਸਾਡੇ ਅੰਦਰ ਇਹ ਚੋਰ ਸਾਡੀ ਮਰਜੀ ਨਾਲ ਹੀ ਚੋਰੀ ਕਰਦੇ ਹਨ। (**ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥**) "ਨੰਨਾਕਾਰੁ" ਤੋਂ ਭਾਵ ਹੈ ਇਨਕਾਰ ਕਰਨਾ, ਮਨਾ ਕਰਨਾ। ਜਦ ਤੱਕ ਅਸੀਂ ਆਪਣੇ ਇਸ ਫਰਜ਼ ਤੋਂ ਭੱਜਦੇ ਹਾਂ ਜੋ ਕਿ ਆਪਣੇ ਅੰਦਰੋਂ ਚੋਰਾਂ ਨੂੰ ਰੋਕਣ ਦਾ ਹੈ ਫਿਰ ਸਾਡੇ ਬਾਕੀ ਭਗਤੀ ਦੇ ਤਰੀਕੇ ਕੇਵਲ ਸਾਡੇ ਦਿਖਾਵੇ ਨਹੀਂ ਤੇ ਹੋਰ ਕੀ ਹਨ, ਕੇਵਲ ਸਾਡੀਆਂ ਚਤੁਰਾਈਆਂ ਨਹੀਂ ਤਾਂ ਹੋਰ ਕੀ ਹਨ। ਵਡਿਆਈਆਂ ਅਸੀਂ ਇਹਨਾਂ ਗੱਲਾਂ ਦੀਆਂ ਹੀ ਲੈਂਦੇ ਹਾਂ ਭਾਵ ਦਿਖਾਵਿਆਂ ਦੀਆਂ ਹੀ ਲੈਂਦੇ ਹਾਂ ਜਦ ਕਿ ਅਸਲ ਵਡਿਆਈ ਪ੍ਰਮਾਤਮਾ ਜਿਸ ਨੂੰ ਬਖਸ਼ਦਾ ਹੈ ਉਹਨਾਂ ਨੂੰ ਪਹਿਲੇ ਔਗੁਣਾਂ ਤੋਂ ਹੀ ਬਚਾਉਂਦਾ ਹੈ ਕਿਉਂਕਿ ਮਨੁੱਖ ਦੀ ਵਡਿਆਈ ਉਦੋਂ ਹੀ ਸੱਚੀ ਵਡਿਆਈ ਹੈ ਜਦੋਂ ਉਹ ਵਡਿਆਈ ਗੁਣਾਂ ਨਾਲ ਮਿਲਦੀ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਕੇ ਮਿਲਦੀ ਹੈ। ਸਾਡਾ ਸੱਚਾ ਉੱਦਮ ਕੇਵਲ ਗੁਣਾਂ ਨੂੰ ਅਪਣਾਉਣ ਦਾ ਹੀ ਹੋਣਾ ਚਾਹੀਦਾ ਹੈ ਤੇ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਪ੍ਰਮਾਤਮਾ ਆਪ ਹੀ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪ ਹੀ ਕੀਤਾ ਹੈ ਤੇ ਇਸੇ ਲਈ ਉਹਨਾਂ ਦੀ ਵਡਿਆਈ ਸੱਚੀ ਹੈ। (**ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥2॥**)

ਹੇਠ ਦਿੱਤੇ ਸ਼ਬਦ ਰਾਹੀਂ ਵੀ ਸਾਨੂੰ ਸਾਡੀ ਉਹੋ ਜਿਹੀ ਚਤੁਰਾਈ ਹੀ ਸਮਝਾਈ ਹੋਈ ਹੈ ਜੋ ਕੁੱਝ ਅਸੀਂ ਉਪਰਲੇ ਸ਼ਬਦ ਰਾਹੀਂ ਸਮਝਿਆ ਹੈ। ਹੇਠ ਦਿੱਤੇ ਸ਼ਬਦ ਰਾਹੀਂ ਸਾਡੇ ਜਪ ਤਪ ਆਦਿ ਹੀ ਗਿਣਾਏ ਹੋਏ ਹਨ ਜਿੰਨ੍ਹਾਂ ਦੁਆਰਾ ਅਸੀਂ ਵਡਿਆਈਆਂ ਲੈਂਦੇ ਹਾਂ ਪਰ ਉਹਨਾਂ ਨੂੰ ਕੇਵਲ ਸਾਡੀ ਚਤੁਰਾਈ ਦੱਸਿਆ ਹੈ। ਅਸਲ ਗੱਲ ਔਗੁਣਾਂ ਤੋਂ ਮੁਕਤਿ ਹੋਣ ਦੀ ਹੈ, ਮਾਇਆ ਮੋਹ

ਛੱਡਣ ਦੀ ਹੈ, ਮਨਮਤਿ ਛੱਡਣ ਦੀ ਹੈ ਜਿਸ ਨੂੰ ਛੱਡਣ ਲਈ ਕੋਈ ਤਿਆਰ ਨਹੀਂ ਹੁੰਦਾ ਤੇ ਨਾ ਹੀ ਇਸ ਗੱਲ ਨੂੰ ਭਗਤੀ ਸਮਝਦਾ ਹੈ। ਜਦ ਤੱਕ ਅਸੀਂ ਕੋਈ ਭਗਤੀ ਦਾ ਦਿਖਾਵਾ ਨਹੀਂ ਕਰਦੇ ਤਦ ਤੱਕ ਉਸ ਨੂੰ ਕੋਈ ਭਗਤੀ ਵਾਲਾ ਹੀ ਨਹੀਂ ਸਮਝਦਾ ਜੋ ਕਿ ਕੇਵਲ ਸਾਡਾ ਭਰਮ ਹੈ। ਬਾਣੀ ਸਾਨੂੰ ਇੰਨ੍ਹਾਂ ਭਰਮਾਂ ਵਿੱਚੋਂ ਹੀ ਕੱਢ ਰਹੀ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਜਿਸ ਸ਼ਬਦ ਨੂੰ ਅਸੀਂ ਕਾਫੀ ਪਿੱਛੇ ਪਹਿਲੇ ਹੀ ਸਮਝ ਚੁੱਕੇ ਹਾਂ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਭਗਤੀ ਦਾ ਅਸਲ ਮਾਰਗ ਕੀ ਹੈ। ਪ੍ਰਮਾਤਮਾ ਚਤੁਰਾਈਆਂ ਕਰਨ ਦੀ ਬਜਾਇ ਚਤੁਰਾਈਆਂ ਛੱਡਣ ਦੁਆਰਾ

32/3624

ਮਿਲਦਾ ਹੈ ਭਾਵ ਭੋਲੇ ਭਾਇ ਮਿਲਦਾ ਹੈ, ਆਪਣੀ ਮਤਿ ਛੱਡਣ ਦੁਆਰਾ ਮਿਲਦਾ ਹੈ।

ਕਬੀਰ ਜੀ ਗਉੜੀ ॥

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥1॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥2॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥3॥
ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥4॥6॥}

(ਅੰਗ 324)

ਸਾਡੀਆਂ ਚਤੁਰਾਈਆਂ ਦਾ ਕਾਰਨ ਸਾਡੇ ਮਨ ਦਾ ਭਰਮ ਹੈ, ਦੁਬਿਧਾ ਹੈ ਭਾਵ ਸਾਡੀ ਮਨਮਤਿ ਹੈ ਜਿਸ ਨੂੰ ਛੱਡੇ ਬਿਨ੍ਹਾਂ ਅਸੀਂ ਗੁਰੂ ਦੀ ਮਤਿ ਦੇ ਨਾਲ ਜੁੜ ਹੀ ਨਹੀਂ ਸਕਦੇ ਤੇ ਭਗਤੀ ਦੇ ਅਸਲ ਮਾਰਗ ਤੇ ਤੁਰ ਹੀ ਨਹੀਂ ਸਕਦੇ ਤੇ ਸਾਡੇ ਜੀਵਨ ਦਾ ਮਨੋਰਥ ਕਦੇ ਪੂਰਾ ਨਹੀਂ ਹੋ ਸਕਦਾ ਜੋ ਕਿ "ਅੰਮ੍ਰਿਤ" ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੈ ਜੋ "ਅੰਮ੍ਰਿਤ" ਸਾਡੇ ਅੰਦਰ ਹੀ ਹੈ। ਚਤੁਰਾਈਆਂ ਛੱਡੇ ਬਿਨ੍ਹਾਂ ਅਸੀਂ ਉਸ "ਅੰਮ੍ਰਿਤ" ਦੀ ਪ੍ਰਾਪਤੀ ਨਹੀਂ ਕਰ ਸਕਦੇ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਜਦ ਤੱਕ ਅਸੀਂ ਆਪਣੇ ਔਗੁਣਾਂ ਨੂੰ ਨਹੀਂ ਤਿਆਗਦੇ ਤਦ ਤੱਕ ਅਸੀਂ ਆਪਣੇ ਜਿਹੜੇ ਕਰਮਾਂ ਨੂੰ ਭਗਤੀ ਵਾਲੇ ਕਰਮ ਸਮਝਦੇ ਹਾਂ ਉਹ ਸਭ ਸਾਡੀਆਂ ਚਤੁਰਾਈਆਂ ਹੀ ਹਨ।

ਸੋਰਠਿ ਮਹਲਾ ੧ ॥

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ 598)

ਹੁਣ ਅਸੀਂ ਮੁੱਖ ਸ਼ਬਦ ਵਲ ਪਰਤਦੇ ਹਾਂ ਜਿਸ ਰਾਹੀਂ ਅਸੀਂ ਇਹ ਸਮਝ ਰਹੇ ਹਾਂ ਕਿ ਜਿਸ ਤਰੀਕੇ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ ਉਸ ਤਰੀਕੇ ਵਡਿਆਈ ਸਾਡੀ ਹੀ ਹੁੰਦੀ ਹੈ ਤੇ ਉਸ ਵਿੱਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਭਾਵ ਸਾਨੂੰ ਆਪਣੀ ਵਡਿਆਈ ਸਾਡੀ ਚਤੁਰਾਈ ਨਾਲ ਹੀ ਮਿਲਦੀ ਹੈ ਜਿਸ ਦਾ ਕਾਰਣ ਸਾਡਾ ਭਰਮ ਹੈ ਭਾਵ ਮਨ ਦਾ ਅੰਧਾਪਨ ਹੈ, ਸਾਡੀ ਨਾਸਮਝੀ ਹੈ। (**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥ ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥1॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥1॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥ ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥2॥**)

32/3625

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਅਸੀ ਇਹ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਉੱਚਾ ਉੱਚਾ ਆਖ ਕੇ ਜੋ ਉਸ ਦੀ ਵਡਿਆਈ ਕਰਦੇ ਹਾਂ ਉਸ ਵਿੱਚ ਪ੍ਰਮਾਤਮਾ ਦੀ ਵਡਿਆਈ ਦੀ ਬਜਾਇ ਸਾਡੀ ਹੀ ਵਡਿਆਈ ਹੁੰਦੀ ਹੈ ਭਾਵ ਅਸੀਂ ਆਪ ਹੀ ਮੀਆ ਅਖਵਾਉਂਦੇ ਹਾਂ, ਚੌਧਰੀ ਅਖਵਾਉਂਦੇ ਹਾਂ ਭਾਵ ਆਪਣੇ ਆਪ ਨੂੰ ਹੀ ਉੱਚਾ ਕਰਦੇ ਹਾਂ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ ਪਰ ਉਸ ਰਾਹੀਂ ਪ੍ਰਮਾਤਮਾ ਦੀ ਵਡਿਆਈ ਨਹੀਂ ਹੁੰਦੀ। ਵਡਿਆਈ ਸਾਨੂੰ ਹੀ ਮਿਲਦੀ ਹੈ।

“ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥

ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥3॥”

ਉਹ ਪ੍ਰਮਾਤਮਾ “ਅਕਥੁ” ਹੈ ਭਾਵ ਉਹ ਪ੍ਰਮਾਤਮਾ ਕੀ ਹੈ, ਉਸ ਨੂੰ ਬਿਆਨ ਕਰਨਾ ਕੀ ਹੈ ਇਹ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਪ੍ਰਮਾਤਮਾ ਨੂੰ ਉਹਨਾਂ ਨੇ ਹੀ ਕਥਿਆ ਹੈ ਜਿੰਨ੍ਹਾਂ ਨੇ ਪਹਿਲੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੈ ਕਿ ਪ੍ਰਮਾਤਮਾ ਕੀ ਹੈ, ਉਸ ਦਾ ਨਿਰਗੁਣ ਰੂਪ ਕੀ ਹੈ ਜਿਸ ਦੁਆਰਾ ਉਹ ਸਭ ਵਿੱਚ ਸਮਾਇਆ ਹੋਇਆ ਹੈ। ਪ੍ਰਮਾਤਮਾ ਕੀ ਹੈ ਇਹ ਗੱਲ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਕਿ ਪ੍ਰਮਾਤਮਾ ਨੂੰ ਕਿਵੇਂ ਕਥਿਆ ਜਾ ਸਕਦਾ ਹੈ। ਜਿੰਨ੍ਹਾਂ ਨੇ ਅਕਥੁ ਕਥਾ ਰਚੀ ਹੈ ਭਾਵ ਗੁਰਬਾਣੀ ਰਚੀ ਹੈ ਉਹਨਾਂ ਨੇ ਸਭ ਕੁੱਝ ਪ੍ਰਮਾਤਮਾ ਦੇ ਕੋਲੋਂ ਜਾਨਣ ਦੁਆਰਾ ਹੀ ਲਿਖਿਆ ਹੈ। ਜੋ ਕੁੱਝ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕਥਿਆ ਹੈ ਅਸੀਂ ਉਸ ਨੂੰ ਕਥੀ ਜਾਣ ਵਿੱਚ ਹੀ ਪ੍ਰਮਾਤਮਾ ਨੂੰ ਕਥਨਾ ਸਮਝਦੇ ਹਾਂ ਭਾਵ ਧਰਮ ਗ੍ਰੰਥਾਂ ਨੂੰ ਕਥੀ ਜਾਣ ਵਿੱਚ ਹੀ ਉਸ ਦੀ ਭਗਤੀ ਸਮਝਦੇ ਹਾਂ ਕਿ ਅਸੀਂ ਪ੍ਰਮਾਤਮਾ ਨੂੰ ਕਥ ਰਹੇ ਹਾਂ। ਜੋ ਗੱਲ ਪਹਿਲੇ ਤੋਂ ਕਥੀ ਹੋਈ ਹੈ ਜਿਸ ਦੁਆਰਾ ਉਹਨਾਂ ਨੇ ਪ੍ਰਮਾਤਮਾ ਨੂੰ ਕਥਿਆ ਹੈ ਅਸੀਂ ਉਸ ਕਥੇ ਹੋਏ ਪ੍ਰਮਾਤਮਾ ਨੂੰ ਗੁਰਬਾਣੀ ਰਾਹੀਂ ਕਥੀ ਜਾਂਦੇ ਹਾਂ, ਧਰਮ ਗ੍ਰੰਥਾਂ ਰਾਹੀਂ ਕਥੀ ਜਾਂਦੇ ਹਾਂ ਤੇ ਅਸੀਂ ਇਹ ਸਮਝਦੇ ਹਾਂ ਕਿ ਅਸੀਂ ਇਹੋ ਜਿਹੀ ਕਥਨੀ ਦੁਆਰਾ ਉਸ ਪ੍ਰਮਾਤਮਾ ਨੂੰ ਦੇਖ ਲਵਾਂਗੇ ਭਾਵ ਉਸ “ਅਕਥੁ” ਨੂੰ ਕਥ ਲਵਾਂਗੇ ਪਰ ਇਸ ਤਰੀਕੇ ਭਾਵ ਧਰਮ ਗ੍ਰੰਥਾਂ ਨੂੰ ਕੇਵਲ ਕਥੀ ਜਾਣ ਨਾਲ, ਕਥੇ ਹੋਏ ਪ੍ਰਮਾਤਮਾ ਨੂੰ ਕਥੀ ਜਾਣ ਨਾਲ ਉਹ ਸਾਡੇ ਲਈ “ਅਕਥੁ” ਹੀ ਰਹਿੰਦਾ ਹੈ ਭਾਵ ਉਸ ਦੀ ਸਮਝ ਨਹੀਂ ਪੈਂਦੀ,

32/3626

ਉਸ ਨੂੰ ਦੇਖਿਆ ਨਹੀਂ ਜਾ ਸਕਦਾ, ਉਸ ਨੂੰ ਜਾਣਿਆ ਨਹੀਂ ਜਾ ਸਕਦਾ ਕਿ ਪ੍ਰਮਾਤਮਾ ਕੀ ਹੈ। (**ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥**)

ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਅਸੀਂ ਧਰਮ ਗ੍ਰੰਥਾਂ ਦੀ ਕਥਨੀ ਕਰਨ ਵਿੱਚ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਦੇ ਹਾਂ ਜਿਵੇਂ ਕਿ ਹਰ ਕੋਈ ਸਮਝਦਾ ਹੈ। ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ।

“ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥3॥”

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਧਰਮ ਗ੍ਰੰਥਾਂ ਵਿੱਚ ਉਹੀ ਕੁੱਝ ਲਿਖਿਆ ਹੋਇਆ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਭਾਵ ਚੰਗਾ ਲੱਗਦਾ ਹੈ। ਪੂਰੀ ਗੁਰਬਾਣੀ ਵਿੱਚ ਉਹੀ ਕੁੱਝ ਲਿਖਿਆ ਹੋਇਆ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਪ੍ਰਮਾਤਮਾ ਨੂੰ ਗੁਰਬਾਣੀ ਵਿੱਚ ਲਿਖਣਾ ਜੋ ਕੁੱਝ ਭਾਇਆ ਹੈ ਅਸੀਂ ਉਹੀ ਕੁੱਝ ਬੋਲ ਬੋਲ ਕੇ ਆਖੀ ਜਾਂਦੇ ਹਾਂ ਭਾਵ ਉਸੇ ਗੱਲ ਨੂੰ ਕਥੀ ਜਾਂਦੇ ਹਾਂ, ਵਾਰ ਵਾਰ ਕਥੀ ਜਾਂਦੇ ਹਾਂ, ਹਰ ਰੋਜ ਕਥੀ ਜਾਂਦੇ ਹਾਂ ਕਿਉਂਕਿ ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਜੋ ਕੁੱਝ ਗੁਰਬਾਣੀ ਵਿੱਚ ਕਥਿਆ ਹੋਇਆ ਹੈ ਉਹ ਪ੍ਰਮਾਤਮਾ ਨੂੰ ਭਾਉਂਦਾ ਹੈ। ਇਸ ਕਥਨੀ ਦੁਆਰਾ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ ਪਰ ਗੁਰੂ ਜੀ ਸਾਨੂੰ ਸਮਝਾ ਰਹੇ ਹਨ ਕਿ ਇਸ ਵਿੱਚ ਪ੍ਰਮਾਤਮਾ ਦੀ ਵਡਿਆਈ ਤਿਲ ਜਿਨ੍ਹੀ ਵੀ ਨਹੀਂ ਹੁੰਦੀ। ਸਾਰੀ ਗੱਲ ਇਸ ਭੇਦ ਨੂੰ ਸਮਝਣ ਦੀ ਹੈ ਕਿ ਧਰਮ ਗ੍ਰੰਥਾਂ ਦੀ ਰਚਨਾ ਕਿਸ ਮਕਸਦ ਲਈ ਕੀਤੀ ਗਈ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸਿੱਖਿਆ ਦੇਣ ਲਈ ਹੈ ਅਸਲ ਵਿੱਚ ਸਿੱਖਿਆ ਹੀ ਸਾਡਾ ਗੁਰੂ ਹੈ। ਪ੍ਰਮਾਤਮਾ ਦੀ ਸਿੱਖਿਆ ਨੂੰ ਮੰਨਣ ਵਿੱਚ ਉਸ ਦੀ ਵਡਿਆਈ ਹੈ। ਅਸੀਂ ਸਾਰਾ ਜੀਵਨ ਗੁਰੂ ਦੀ ਸਿੱਖਿਆ ਨੂੰ ਪੜ੍ਹਨ ਵਿੱਚ ਹੀ ਗੁਜਾਰ ਦਿੰਦੇ ਹਾਂ, ਕਥਨੀ ਕਰਨ ਵਿੱਚ

ਹੀ ਗੁਜਾਰ ਦਿੰਦੇ ਹਾਂ ਜਿਸ ਦੇ ਰਾਹੀਂ ਗੁਰੂ ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਸਾਨੂੰ ਇਸ ਗੱਲ ਦੀ ਵਡਿਆਈ ਜਰੂਰ ਮਿਲਦੀ ਹੈ ਜਿਵੇਂ ਕਿ ਸਭ ਜਗ੍ਹਾ ਦੇਖਿਆ ਜਾ ਸਕਦਾ ਹੈ। ਇਹੋ ਜਿਹੀ ਵਡਿਆਈ ਲੈਣਾ ਕੇਵਲ ਸਾਡੀ ਚਤੁਰਾਈ ਹੈ ਭਾਵ ਸਾਡੀ ਭਗਤੀ ਦਾ ਦਿਖਾਵਾ ਹੈ। (**ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥ ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥3॥**)

32/3627

ਸਲੋਕੁ ਮਃ ੧ ॥

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ 467)

ਆਸਾ ਮਹਲਾ ੧ ॥

{ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥
ਕਥਨੀ ਬਦਨੀ ਪੜਿ ਪੜਿ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥੧॥}

(ਅੰਗ 412)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥6॥}

(ਅੰਗ 56)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥}

(ਅੰਗ 120)

{ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ ॥
ਕਿਸੈ ਪੜਾਵਹਿ ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ ॥1॥}

(ਅੰਗ 353)

ਗੁਰੂ ਦੀ ਬੋਲੀ ਹੋਈ ਗੱਲ ਨੂੰ ਬੋਲੀ ਜਾਣਾ ਕੇਵਲ ਗੁਰੂ ਨੂੰ ਸੁਣਾਉਂਣ ਵਾਲੀ ਗੱਲ ਹੈ, ਗੁਰੂ ਨੂੰ ਸਮਝਾਉਂਣ ਵਾਲੀ ਗੱਲ ਹੈ ਜਿਸ ਨੂੰ ਕਿ ਪਹਿਲੇ ਹੀ ਸਾਰੀ ਸਮਝ ਹੈ। ਗੁਰੂ ਨੇ ਗੱਲ ਸਾਡੇ ਸਮਝਣ ਲਈ ਲਿਖੀ ਹੈ ਜਿਸ ਦਾ ਮਕਸਦ ਆਪਣੇ ਮਨ ਵਿੱਚ ਸੰਤੋਖ ਲਿਆਉਣ ਦਾ ਹੈ ਭਾਵ ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣ ਦਾ ਹੈ, ਮਾਇਆ ਮੋਹ ਤੋਂ ਮੁਕਤਿ ਹੋਣ ਦਾ ਹੈ। ਕੇਵਲ ਪੜ੍ਹੀ ਜਾਣ ਨਾਲ ਅਸੀਂ ਤ੍ਰਿਸ਼ਨਾਵਾਂ ਤੋਂ ਮੁਕਤਿ ਨਹੀਂ ਹੋ ਸਕਦੇ। ਤ੍ਰਿਸ਼ਨਾਵਾਂ ਤੋਂ ਤਾਂ ਹੀ ਮੁਕਤਿ ਹੋਵਾਂਗੇ ਜਦੋਂ ਗੁਰੂ ਦੀ ਗੱਲ ਨੂੰ ਮੰਨਾਂਗੇ ਤੇ ਸੱਚੇ ਸੁੱਚੇ ਕਰਮ ਕਰਾਂਗੇ ਜੋ ਕਿ ਧਰਮ ਗ੍ਰੰਥਾਂ ਦੀ ਲਿਖਤ ਦਾ ਮਕਸਦ ਹੈ। ਗੁਰੂ ਪ੍ਰਮਾਤਮਾ ਦੀ ਵਡਿਆਈ

32/3628

ਗੁਰੂ ਦੇ ਮਕਸਦ ਨੂੰ ਪੂਰਾ ਕਰਨ ਵਿੱਚ ਹੈ ਨਾ ਕਿ ਰੋਜ ਉਸ ਦੇ ਮਕਸਦ ਨੂੰ ਪੜ੍ਹੀ ਜਾਣ ਵਿੱਚ।

ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਧਰਮ ਗ੍ਰੰਥਾਂ ਦੇ ਪੜ੍ਹਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜੋ ਕਿ ਵਿਕਾਰਾਂ ਤੋਂ ਮੁਕਤਿ ਹੋਣ ਦਾ ਹੈ। ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਅਸਲ ਭਗਤੀ ਕਰਨੀ ਸਿਖਾਈ ਹੋਈ ਹੈ ਭਾਵ ਸ਼ਬਦ ਦੀ ਗਹਿਰਾਈ ਰਾਹੀਂ ਸਾਡਾ ਭਰਮ ਕੱਢਿਆ ਹੋਇਆ ਹੈ।

“ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥4॥1॥”

ਬੜੇ ਹੀ ਧਿਆਨ ਨਾਲ ਸਮਝੋ ਉੱਪਰ ਵਾਲੀਆਂ ਪੰਗਤੀਆਂ ਨੂੰ ਕਿ ਅਸਲ ਭਗਤੀ ਕਰਨਾ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਜਿਹੋ ਜਿਹੀ ਭਗਤੀ ਕਰਨ ਵਿੱਚ ਹਰ ਕੋਈ ਲੱਗਾ ਹੋਇਆ ਹੈ ਧੰਨ ਧੰਨ ਪਹਿਲੀ ਪਾਤਸ਼ਾਹੀ ਨੇ ਸਾਰੇ ਸੰਸਾਰ ਦਾ ਭਰਮ ਹੀ ਕੱਢਿਆ ਹੋਇਆ ਹੈ। ਸਾਰੀ ਗੱਲ ਸਾਡੇ ਗੁਣਾਂ, ਔਗੁਣਾਂ ਤੇ ਨਿਬੜਦੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਬੇਗਾਨਾਪਨ ਭਾਵ ਵੱਖਰਾਪਨ ਮਨ ਦੇ ਮਾੜੇ ਵਿਚਾਰਾਂ ਕਰਕੇ ਹੈ, ਔਗੁਣਾਂ ਕਰਕੇ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਸਾਡਾ ਜੋ ਵੀ ਵਿਚਾਰ ਸ਼ਬਦ ਦੀ ਵਿਚਾਰ ਨਾਲ ਮੇਲ ਨਹੀਂ ਖਾਂਦਾ ਉਹ ਸਾਡਾ ਮਾੜਾ ਵਿਚਾਰ ਹੈ ਭਾਵ ਸਾਡਾ ਔਗੁਣ ਹੈ। ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਉਹੋ ਜਿਹੇ ਕਿਤਨੇ ਕੁ ਵਿਚਾਰ ਹਨ ਜੋ ਸ਼ਬਦਾਂ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੇ ਭਾਵ ਅਣਗਿਣਤ ਹਨ। ਸਾਡੇ ਇਹ ਸਾਰੇ ਮਾੜੇ ਵਿਚਾਰ ਸਾਡੇ ਕੂਕਰ ਹਨ ਜਿੰਨ੍ਹਾਂ ਕਰਕੇ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਬਣਿਆ ਹੋਇਆ ਹੈ, ਸਾਡੀ ਸੁਰਤਿ ਦਾ ਸ਼ਬਦ ਨਾਲੋਂ ਵਿਛੋੜਾ ਬਣਿਆ ਹੋਇਆ ਹੈ। ਸ਼ਬਦ ਦੇ ਵਿਚਾਰਾਂ ਦੇ ਉਲਟ ਚੱਲਦੇ ਹੋਏ ਉਸ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰਨਾ ਕੇਵਲ ਆਪਣੇ ਸਰੀਰ ਰਾਹੀਂ ਭਉਕਣ ਵਾਲੀ ਗੱਲ ਹੈ ਜਿਸ ਵਿੱਚ ਕੋਈ ਭਗਤੀ ਨਹੀਂ ਭਾਵ ਸਾਡੀਆਂ ਉਹ ਸਾਰੀਆਂ ਸਰੀਰਕ ਕਿਰਿਆਵਾਂ ਵਿਅਰਥ ਹਨ ਜੋ ਕਿਰਿਆਵਾਂ ਗੁਰੂ ਦੀ ਮਤਿ ਅਨੁਸਾਰ ਨਹੀਂ ਹਨ। ਜਿੱਥੇ ਸਾਡੇ ਅੰਦਰ ਸੱਚ ਨਹੀਂ ਹੈ ਉੱਥੇ ਕੇਵਲ ਭਗਤੀ ਦੇ ਦਿਖਾਵੇ ਹੀ

32/3629

ਹਨ ਜਿੰਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਾਂ। ਧੰਨ ਧੰਨ ਬਾਬਾ ਨਾਨਕ ਸਾਨੂੰ ਇਹ ਸਮਝਾ ਰਹੇ ਹਨ ਕਿ ਇਹੋ ਜਿਹੀ ਭਗਤੀ ਕਰਨ ਨਾਲੋਂ ਤਾਂ ਮੈ “ਭਗਤਿ ਹੀਣੁ” ਹੀ ਚੰਗਾ ਹਾਂ ਕਿਉਂਕਿ ਇਹੋ ਜਿਹੀ ਭਗਤੀ ਕਰਨ ਨਾਲ ਅਸੀਂ ਆਪਣੇ ਖਸਮ ਦਾ ਨਾਮ ਖਰਾਬ ਕਰਦੇ ਹਾਂ ਭਾਵ ਮਾੜੀ ਭਗਤੀ ਦਾ ਪ੍ਰਗਟਾਵਾ ਕਰਦੇ ਹਾਂ ਭਾਵ ਭਗਤੀ ਦਾ ਨਾਮ ਬਦਨਾਮ ਕਰਦੇ ਹਾਂ ਕਿਉਂਕਿ ਸਾਨੂੰ ਧਰਮ ਗ੍ਰੰਥਾਂ ਰਾਹੀਂ ਇਹੋ ਜਿਹੀ ਭਗਤੀ ਨਹੀਂ ਸਿਖਾਈ ਗਈ। ਇਹੋ ਜਿਹੀ ਭਗਤੀ ਨਾ ਕਰਨ ਨਾਲ ਭਾਵ ਦੁਨੀਆਂ ਦੀਆਂ ਨਜਰਾਂ ਵਿੱਚ “ਭਗਤਿ ਹੀਣੁ” ਅਖਵਾਉਣ ਨਾਲ ਘੱਟੋ ਘੱਟ ਅਸੀਂ ਪ੍ਰਮਾਤਮਾ ਦਾ ਨਾਮ ਤਾਂ ਖਰਾਬ ਨਹੀਂ ਕਰਾਂਗੇ ਜਿਸ ਨੇ ਆਪ ਹੀ ਧਰਮ ਗ੍ਰੰਥਾਂ ਰਾਹੀਂ ਭਗਤੀ ਕਰਨ ਦਾ ਮਾਰਗ ਸਮਝਾਇਆ ਹੋਇਆ ਹੈ ਭਾਵ ਆਪਣੇ ਅਣਜਾਣ ਪੁਣੇ ਨਾਲ ਸਭ ਨੇ ਭਗਤੀ ਦੇ ਮਾਰਗ ਨੂੰ ਖਰਾਬ ਕੀਤਾ ਹੋਇਆ ਹੈ ਜੋ ਕਿ ਅਸਲ ਵਿੱਚ ਔਗੁਣਾਂ ਨੂੰ ਤਿਆਗ ਕੇ, ਸੱਚੇ ਸੁੱਚੇ ਬਣਕੇ, ਅਸਲੀਅਤ ਵਿੱਚ ਗੁਣੀ ਬਣਕੇ ਵਿਚਰਨ ਦਾ ਹੈ ਜਿਸ ਦੁਆਰਾ ਮਨੁੱਖਤਾ ਦਾ ਭਲਾ ਹੁੰਦਾ ਹੈ ਤੇ ਇਸ ਦੇ ਨਾਲ ਹੀ ਗੁਰੂ ਪ੍ਰਮਾਤਮਾ ਦਾ ਨਾਮ ਉੱਚਾ ਹੁੰਦਾ ਹੈ ਕਿ ਗੁਰੂ ਨੇ ਇਹੋ ਜਿਹੇ ਮਨੁੱਖ ਨੂੰ ਸੱਚੀ ਭਗਤੀ ਸਿਖਾਈ ਹੈ। ਸਾਡੀ ਕਥਨੀ ਵਾਲੀ ਭਗਤੀ ਦਾ ਖੰਡਨ ਹੀ ਕੀਤਾ ਹੋਇਆ ਹੈ ਤੇ ਹੋਰ ਵੀ ਅਨੇਕਾਂ ਦਿਖਾਵਿਆਂ ਵਾਲੀ ਭਗਤੀ ਦਾ ਖੰਡਨ ਹੀ ਕੀਤਾ ਹੋਇਆ ਹੈ ਤੇ ਹੋਰ ਵੀ ਅਨੇਕਾਂ ਦਿਖਾਵਿਆਂ ਵਾਲੀ ਭਗਤੀ ਦਾ ਖੰਡਨ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ। ਆਪਣੀ ਇਹੋ ਜਿਹੀ ਮਾੜੀ ਭਗਤੀ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦਾ ਨਾਮ ਹੀ ਖਰਾਬ ਕਰਦੇ ਹਾਂ ਜਿਸ ਵਿੱਚ ਗੁਰੂ ਪ੍ਰਮਾਤਮਾ ਦੀ ਵਡਿਆਈ ਤਾਂ ਨਹੀਂ ਹੁੰਦੀ ਪਰ ਸਾਨੂੰ ਵਡਿਆਈ ਜਰੂਰ ਮਿਲ ਜਾਂਦੀ ਹੈ ਜਿਸ ਵਡਿਆਈ ਦੀ ਭੁੱਖ ਸਭ ਦੇ ਅੰਦਰ ਹੈ, ਤ੍ਰਿਸ਼ਨਾ ਸਭ ਦੇ ਅੰਦਰ ਹੈ। (**ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥ ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥4॥1॥**)

ਉੱਪਰ ਵਾਲੀ ਪੰਗਤੀ ਨੂੰ ਕੁੱਝ ਇਸ ਤਰੀਕੇ ਸਮਝਿਆ ਜਾ ਸਕਦਾ ਹੈ। ਘਰ ਦੇ ਵਿੱਚ ਬੱਚਿਆਂ ਨੂੰ ਸਿੱਖਿਆ ਦੇਣ ਵਾਲੇ ਮਾਂ ਬਾਪ ਹੁੰਦੇ ਹਨ, ਘਰ ਦੇ ਵੱਡੇ ਹੁੰਦੇ ਹਨ ਜਿੰਨ੍ਹਾਂ ਨੂੰ ਮਾੜੇ ਚੰਗੇ ਕਰਮਾਂ ਦੀ ਸਮਝ ਹੁੰਦੀ ਹੈ ਤੇ ਉਹ ਬੱਚੇ ਨੂੰ ਮਾੜੇ ਚੰਗੇ ਦੀ

ਸੋਝੀ ਪਾਉਂਦੇ ਹਨ ਕਿਉਂਕਿ ਬੱਚਾ ਨਾਸਮਝ ਹੁੰਦਾ ਹੈ। ਜੋ ਬੱਚਾ ਬਾਹਰ ਜਾ ਕੇ ਚੰਗੇ ਕਰਮ ਕਰਦਾ ਹੈ ਉਸ ਨੂੰ ਤਾਂ ਵਡਿਆਈ ਮਿਲਦੀ ਹੀ ਹੈ ਤੇ ਨਾਲ ਹੀ ਉਹ ਆਪਣੇ ਘਰ ਦੇ ਵੱਡਿਆਂ ਦਾ ਨਾਮ ਉੱਚਾ ਕਰਦਾ ਹੈ ਕਿ ਉਹਨਾਂ ਨੇ ਬੱਚਿਆਂ ਨੂੰ ਸਿੱਖਿਆ

32/3630

ਬਹੁਤ ਚੰਗੀ ਦਿੱਤੀ ਹੈ। ਜੋ ਬੱਚਾ ਮਾੜੇ ਕਰਮ ਕਰਦਾ ਹੈ ਉਸ ਦਾ ਦੋਸ਼ ਉਸ ਦੇ ਘਰ ਦੇ ਵੱਡਿਆਂ ਨੂੰ ਵੀ ਜਾਂਦਾ ਹੈ ਕਿ ਉਹਨਾਂ ਨੇ ਬੱਚਿਆਂ ਨੂੰ ਚੰਗੀ ਸਿੱਖਿਆ ਨਹੀਂ ਦਿੱਤੀ ਭਾਵ ਘਰ ਵਾਲਿਆਂ ਨੂੰ ਬਦਨਾਮੀ ਮਿਲਦੀ ਹੈ। ਸਾਡਾ ਸਭ ਦਾ ਰਿਸ਼ਤਾ ਗੁਰੂ ਪ੍ਰਮਾਤਮਾ ਦੇ ਨਾਲ ਇਹੋ ਜਿਹਾ ਹੀ ਹੈ। ਅਸੀਂ ਉਸ ਦੇ ਬੱਚੇ ਹਾਂ ਜਿੰਨ੍ਹਾਂ ਨੂੰ ਧਰਮ ਦੀ, ਆਪਣੇ ਸੱਚੇ ਮਾਰਗ ਦੀ ਸੋਝੀ ਨਹੀਂ ਹੈ ਤੇ ਗੁਰੂ ਪ੍ਰਮਾਤਮਾ ਦਾ ਮਕਸਦ ਸਾਨੂੰ ਸੱਚੀ ਸੋਝੀ ਪਾਉਣ ਨਾਲ ਹੀ ਹੈ ਜੋ ਸੋਝੀ ਉਸ ਨੇ ਸਾਨੂੰ ਧਰਮ ਗ੍ਰੰਥਾਂ ਦੀ ਲਿਖਤ ਦੁਆਰਾ ਪਾਈ ਹੈ। ਜੇਕਰ ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਕੇ, ਗੁਰੂ ਦੇ ਚੇਲੇ ਅਖਵਾਕੇ ਮਾੜੇ ਕਰਮ ਹੀ ਕਰੀ ਜਾਵਾਂਗੇ ਇਸ ਵਿੱਚ ਫਿਰ ਅਸੀਂ ਆਪਣੇ ਗੁਰੂ ਨੂੰ ਬਦਨਾਮ ਹੀ ਕਰਦੇ ਹਾਂ ਪਰ ਅਸੀਂ ਇਸ ਗੱਲ ਨੂੰ ਕਬੂਲ ਨਹੀਂ ਕਰਦੇ ਕਿ ਅਸੀਂ ਗਲਤ ਹਾਂ। ਇਹ ਕੇਵਲ ਸਾਡੀ ਚਤੁਰਾਈ ਹੈ ਜਿਸ ਦੁਆਰਾ ਸਮਾਜ ਵਿੱਚੋਂ ਝੂਠੀ ਵਡਿਆਈ ਲੈਂਦੇ ਹਾਂ ਤੇ ਕਹਿੰਦੇ ਇਹੀ ਹਾਂ ਕਿ ਅਸੀਂ ਪ੍ਰਮਾਤਮਾ ਦੀ ਵਡਿਆਈ ਵਿੱਚ ਲੱਗੇ ਹੋਏ ਹਾਂ ਜਦ ਕਿ ਮਾੜੇ ਕਰਮ ਕਰਨ ਦੁਆਰਾ ਅਸੀਂ ਅਸਲ ਭਗਤੀ ਨੂੰ ਬਦਨਾਮ ਕਰਦੇ ਹਾਂ ਤੇ ਝੂਠੀ ਭਗਤੀ ਨੂੰ ਉੱਚਾ ਕਰਨ ਦੁਆਰਾ ਆਪਣੇ ਆਪ ਨੂੰ ਉੱਚਾ ਕਰਦੇ ਹਾਂ। ਸੱਚੀ ਭਗਤੀ ਨੂੰ ਨੀਵਾਂ ਕਰਨਾ ਗੁਰੂ ਪ੍ਰਮਾਤਮਾ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਕਿ ਉਸ ਨੇ ਸਾਨੂੰ ਮਾੜੀ ਭਗਤੀ ਹੀ ਸਿਖਾਈ ਹੈ ਭਾਵ ਅਸੀਂ ਆਪਣੀ ਮਾੜੀ ਭਗਤੀ ਨੂੰ ਹੀ ਸੱਚੀ ਆਖਦੇ ਹਾਂ ਜਦ ਕਿ ਗੁਰੂ ਨੇ ਤਾਂ ਸਾਨੂੰ ਉਹੋ ਜਿਹੀ ਭਗਤੀ ਨਹੀਂ ਸਿਖਾਈ ਜਿਸ ਨੂੰ ਅਸੀਂ ਸੱਚੀ ਭਗਤੀ ਸਮਝਿਆ ਹੋਇਆ ਹੈ ਤੇ ਉਹੋ ਜਿਹੀ ਭਗਤੀ ਦਾ ਹੀ ਅਸੀਂ ਪ੍ਰਚਾਰ ਕਰਦੇ ਹਾਂ। ਇਹ ਸਭ ਝੂਠੀਆਂ ਵਡਿਆਈਆਂ ਹਨ ਜਿੰਨ੍ਹਾਂ ਦੁਆਰਾ ਅਸੀਂ ਗੁਰੂ ਦੀ ਵਡਿਆਈ ਨੂੰ ਨੀਵਾਂ ਕਰਦੇ ਹਾਂ ਜਿਸ ਦੁਆਰਾ ਅਸੀਂ ਆਪਣੀ ਖੁਆਰੀ ਦੇ ਰਾਹ ਤੇ ਹੀ ਚੱਲਦੇ ਹਾਂ। ਆਉ ਆਪਣੀਆਂ ਝੂਠੀਆਂ ਵਡਿਆਈਆਂ ਲੈਣੀਆਂ ਛੱਡੀਏ ਤਾਂ ਜੋ ਅਸੀਂ ਗੁਰੂ ਪ੍ਰਮਾਤਮਾ ਦੀ ਸੱਚੀ ਵਡਿਆਈ ਨਾਲ ਜੁੜ ਸਕੀਏ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਖੁਆਰ ਹੋਣ ਤੋਂ ਬਚਾ ਸਕਦੇ ਹਾਂ। ਜਿਸ ਦੇ ਕੋਲ ਅਸੀਂ ਜਾਣਾ ਹੈ ਉਸ ਦੀ ਸੱਚੀ ਵਡਿਆਈ ਕਰਨਾ ਸਿਖੋ ਜਿਹੋ ਜਿਹੀ ਵਡਿਆਈ ਸਾਨੂੰ ਗੁਰਬਾਣੀ ਵਾਰ ਵਾਰ ਸਿਖਾ ਰਹੀ ਹੈ।

32/3631

{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥}

(ਅੰਗ 1343)

ਜਿਵੇਂ ਕਿ ਅਸੀਂ ਵਾਰ ਵਾਰ ਸਮਝਦੇ ਆ ਰਹੇ ਹਾਂ ਕਿ ਪ੍ਰਮਾਤਮਾ ਦੀ ਝੂਠੀ ਵਡਿਆਈ ਕਰਨ ਦੇ ਪਿੱਛੇ, ਪ੍ਰਮਾਤਮਾ ਦੇ ਝੂਠੇ ਗੁਣ ਗਾਉਣ ਦੇ ਪਿੱਛੇ, ਆਪਣੀ ਝੂਠੀ ਵਡਿਆਈ ਕਰਵਾਉਣ ਦੇ ਪਿੱਛੇ ਸਾਡੇ ਸਭ ਦੇ ਅੰਦਰ ਦੀ ਦੁਬਿਧਾ ਹੈ, ਭਰਮ ਹੈ ਜਿਸ ਦੇ ਰਹਿੰਦਿਆ ਸਾਨੂੰ ਨਾ ਪ੍ਰਮਾਤਮਾ ਦੀ ਸੱਚੀ ਵਡਿਆਈ ਦੀ ਸੋਝੀ ਪੈਂਦੀ ਹੈ ਤੇ ਨਾ ਹੀ ਆਪਣੀ ਸੱਚੀ ਵਡਿਆਈ ਦੀ ਸਮਝ ਪੈਂਦੀ ਹੈ। ਪ੍ਰਮਾਤਮਾ ਵੱਡਾ ਹੈ ਜਿਸ ਲਈ ਅਸੀਂ ਉਸ ਦੀ ਵਡਿਆਈ ਕਰਦੇ ਹਾਂ। ਸਾਡੇ ਲਈ ਸਮਝਣ ਦੀ ਜਰੂਰਤ ਇਸ ਗੱਲ ਦੀ ਹੈ ਕਿ ਪ੍ਰਮਾਤਮਾ ਕਿਸ ਲਈ ਵੱਡਾ ਹੈ ਭਾਵ ਉਹ ਕਿਹੜੀ ਗੱਲ ਹੈ ਜੋ ਪ੍ਰਮਾਤਮਾ ਨੂੰ ਵੱਡਾ ਬਣਾਉਂਦੀ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਦਾ ਮੂਲ ਕੀ ਹੈ। ਕਿਸੇ ਵੀ ਚੀਜ ਦੀ ਵਡਿਆਈ ਉਸ ਦੇ ਅੰਦਰ ਦੇ ਗੁਣ ਹੁੰਦੇ ਹਨ ਜਿਸ ਦੁਆਰਾ ਉਸ ਵਸਤੂ ਨੂੰ ਵਡਿਆਈ ਮਿਲਦੀ ਹੈ। ਪ੍ਰਮਾਤਮਾ ਗੁਣਾਂ ਦਾ ਭੰਡਾਰ ਹੈ ਜਿਸ ਨੇ ਆਪਣੀ ਹਰ ਰਚਨਾ ਨੂੰ ਗੁਣਾਂ ਦੇ ਨਾਲ ਭਰਿਆ ਹੋਇਆ ਹੈ। ਜਿਤਨੇ ਜਿਹੜੀ ਵਸਤੂ ਵਿੱਚ ਜਿਆਦਾ ਗੁਣ ਹੁੰਦੇ ਹਨ ਉਤਨੀ ਹੀ ਉਸ ਵਸਤੂ ਦੀ ਵਡਿਆਈ ਹੁੰਦੀ ਹੈ। ਹਰ ਵਸਤੂ ਦਾ ਮਾਲਕ ਪ੍ਰਮਾਤਮਾ ਆਪ ਹੈ, ਹਰ ਵਸਤੂ ਦੇ ਗੁਣਾਂ ਦੇ ਅੰਦਰ ਦਾ ਮਾਲਕ ਉਹ ਆਪ ਹੈ। ਹਰ ਗੁਣ ਕਿਸੇ ਗਿਆਨ ਦੇ ਨਾਲ ਹੀ ਆਉਂਦਾ ਹੈ ਭਾਵ ਹਰ ਗੁਣ ਦੇ ਪਿੱਛੇ ਗਿਆਨ ਹੁੰਦਾ ਹੈ। ਗੁਣਾਂ ਦਾ ਮੂਲ ਗਿਆਨ ਹੈ। ਪ੍ਰਮਾਤਮਾ ਆਪ ਬ੍ਰਹਮ ਗਿਆਨ ਰੂਪ ਹੈ ਜਿਸ ਕਰਕੇ ਉਹ ਗੁਣੀ ਨਿਧਾਨ ਹੈ। ਜਿਸਨੇ ਪ੍ਰਮਾਤਮਾ ਦਾ ਇਹ ਬ੍ਰਹਮ ਗਿਆਨ ਰੂਪ ਦੇਖਿਆ ਹੈ ਉਸ ਨੂੰ ਹੀ ਇਸ ਗੱਲ ਦੀ ਸੋਝੀ ਪਈ ਹੈ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਗੁਣੀ ਹੈ, ਉਹ ਇਤਨੇ ਵੱਡੇ ਗੁਣਾਂ ਦਾ ਮਾਲਕ ਹੈ ਜਿਵੇਂ ਕਿ ਹਰ ਰਚਨਾ

ਪ੍ਰਮਾਤਮਾ ਦੇ ਗੁਣ ਬਿਆਨ ਕਰ ਰਹੀ ਹੈ। ਕਿਸੇ ਚੀਜ ਨੂੰ ਦੇਖੇ ਬਿਨ੍ਹਾਂ, ਕਿਸੇ ਵਸਤੂ ਦਾ ਸੁਆਦ ਚਖੇ ਬਿਨ੍ਹਾਂ ਉਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਅਸੀਂ ਪ੍ਰਮਾਤਮਾ ਦੀ ਵਡਿਆਈ ਕੇਵਲ ਸੁਣੀਆਂ ਸੁਣਾਈਆਂ ਗੱਲਾਂ ਦੁਆਰਾ ਕਰਦੇ ਹਾਂ, ਬੋਲ ਬੋਲ ਕੇ ਉਸ ਦੇ ਗੁਣ ਗਾਉਂਦੇ ਹਾਂ ਕਿ ਪ੍ਰਮਾਤਮਾ ਵੱਡਾ ਹੈ ਪਰ ਉਹ ਵੱਡਾ ਕਿਸ ਰੂਪ ਵਿੱਚ ਹੈ, ਗੁਣੀ ਕਿਸ ਰੂਪ ਵਿੱਚ ਹੈ, ਉਸ ਦਾ ਨਿਰਗੁਣ ਰੂਪ ਕੀ ਹੈ ਜਿੱਥੋਂ ਹਰ ਗੁਣ ਪੈਦਾ ਹੁੰਦਾ ਹੈ ਉਸ ਦੀ ਸਮਝ ਸਾਨੂੰ ਨਹੀਂ ਹੈ। ਜਿਵੇਂ ਕਿ ਸਾਡੇ ਸਾਹਮਣੇ ਸੇਬ ਦਾ ਫਲ ਪਿਆ ਹੋਵੇ, ਉਸ ਨੂੰ ਚਖੇ ਬਿਨ੍ਹਾਂ ਉਸ ਦੇ ਗੁਣ ਨਹੀਂ ਜਾਣੇ ਜਾ ਸਕਦੇ ਭਾਵ ਉਸ ਦੇ ਗੁਣ ਨਹੀਂ ਗਾਏ ਜਾ ਸਕਦੇ ਕਿ ਸੇਬ ਕਿਸ ਲਈ ਗੁਣੀ ਹੈ। ਪ੍ਰਮਾਤਮਾ ਦੇ ਗੁਣ ਅਸੀਂ ਕੁੱਝ

32/3632

ਇਸੇ ਤਰ੍ਹਾਂ ਹੀ ਗਾਉਂਦੇ ਹਾਂ ਭਾਵ ਉਸ ਦੇ ਗੁਣਾਂ ਦੀ ਅਸਲੀਅਤ ਨੂੰ ਜਾਣੇ ਬਿਨ੍ਹਾਂ ਹੀ ਉਸ ਦੇ ਗੁਣ ਗਾਉਂਦੇ ਹਾਂ। ਜੋ ਵੀ ਚੀਜ ਗੁਣੀ ਹੈ ਉਸ ਚੀਜ ਨੂੰ ਗੁਣੀ ਕਹੀ ਜਾਣ ਨਾਲ ਉਸ ਵਸਤੂ ਨੂੰ ਕੀ ਫਰਕ ਪੈਂਦਾ ਹੈ। ਜੇਕਰ ਅਸੀਂ ਸਾਰਾ ਦਿਨ ਸੇਬ ਦੇ ਗੁਣ ਗਾਈ ਜਾਈਏ ਕਿ ਸੇਬ ਤੂੰ ਬਹੁਤ ਅੱਛਾ ਹੈ, ਬਹੁਤ ਸੋਹਣਾ ਹੈ ਇਸ ਦੇ ਨਾਲ ਸੇਬ ਨੂੰ ਕੀ ਫਰਕ ਪੈਂਦਾ ਹੈ। ਉਸ ਦੇ ਅੰਦਰ ਜੋ ਗੁਣ ਹਨ ਉਹ ਉਸੇ ਤਰ੍ਹਾਂ ਹੀ ਰਹਿਣੇ ਹਨ ਭਾਵ ਉਸ ਨੇ ਉਸੇ ਤਰੀਕੇ ਦਾ ਗੁਣੀ ਹੀ ਰਹਿਣਾ ਹੈ। ਸਾਡੇ ਕਹਿਣ ਨਾਲ ਨਾ ਉਸਦੇ ਅੰਦਰ ਕੋਈ ਗੁਣ ਵੱਧ ਜਾਣਾ ਹੈ ਤੇ ਨਾ ਹੀ ਉਸ ਦਾ ਕੋਈ ਗੁਣ ਘੱਟ ਜਾਣਾ ਹੈ। ਪ੍ਰਮਾਤਮਾ ਦੀ ਵਡਿਆਈ ਅਸੀਂ ਇਸੇ ਤਰੀਕੇ ਹੀ ਬੋਲ ਬੋਲ ਕੇ ਕਰਦੇ ਹਾਂ। ਸਾਡੇ ਬੋਲੀ ਜਾਣ ਨਾਲ ਪ੍ਰਮਾਤਮਾ ਨੂੰ ਕੀ ਫਰਕ ਪੈਂਦਾ ਹੈ। ਨਾ ਹੀ ਕੋਈ ਉਸ ਦਾ ਗੁਣ ਵੱਧ ਜਾਂਦਾ ਹੈ ਤੇ ਨਾ ਹੀ ਉਸ ਦਾ ਕੋਈ ਗੁਣ ਘੱਟ ਜਾਂਦਾ ਹੈ।

{ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀਂ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥2॥}

(ਅੰਗ 9)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥1॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥1॥ ਰਹਾਉ ॥}

(ਅੰਗ 9)

ਜੇਕਰ ਪ੍ਰਮਾਤਮਾ ਵੱਡਾ ਅਖਵਾਉਂਦਾ ਹੈ ਤੇ ਉਹ ਫਿਰ ਆਪਣੇ ਗੁਣਾਂ ਕਰਕੇ ਵੱਡਾ ਅਖਵਾਉਂਦਾ ਹੈ ਜੋ ਕਿ ਉਸ ਦੀ ਸੱਚੀ ਵਡਿਆਈ ਹੈ। ਇਸੇ ਤਰ੍ਹਾਂ ਅਸੀਂ ਪ੍ਰਮਾਤਮਾ ਦੀਆਂ ਰਚੀਆਂ ਹੋਈਆਂ ਜਿਹੜੀਆਂ ਵੀ ਵਸਤੂਆਂ ਨੂੰ ਵਡਿਆਉਂਦੇ ਹਾਂ ਭਾਵ ਵਡਿਆਈ ਦਿੰਦੇ ਹਾਂ ਉਹ ਉਹਨਾਂ ਦੇ ਗੁਣਾਂ ਕਰਕੇ ਦਿੰਦੇ ਹਾਂ, ਭਾਵੇ ਉਹ ਵਸਤੂ ਅਗਨੀ ਹੈ, ਪਾਣੀ ਹੈ, ਹਵਾ ਹੈ, ਸੂਰਜ ਹੈ, ਚੰਦਰਮਾ ਹੈ, ਫਲ ਹੈ, ਫੁੱਲ ਹੈ, ਸਬਜੀ ਹੈ ਭਾਵ ਜਿਸ ਵਸਤੂ ਨੂੰ ਵੀ ਅਸੀਂ ਵਡਿਆਉਂਦੇ ਹਾਂ, ਉੱਚਾ ਆਖਦੇ ਹਾਂ, ਚੰਗਾ ਆਖਦੇ ਹਾਂ ਉਸ ਦੇ ਪਿੱਛੇ ਉਸ ਦੇ ਅੰਦਰ ਦੇ ਗੁਣ ਹੁੰਦੇ ਹਨ ਜਿੰਨ੍ਹਾਂ ਗੁਣਾਂ ਦੁਆਰਾ ਉਹ ਵਸਤੂ ਸੰਸਾਰ ਦਾ ਭਲਾ ਕਰਦੀ ਹੈ। ਇਹਨਾਂ ਵਸਤੂਆਂ ਦੀ ਵਡਿਆਈ ਸੱਚੀ ਹੈ। ਹੁਣ ਧਿਆਨ ਨਾਲ ਸੋਚੋ ਕਿ ਧਰਮ ਦੇ ਮਾਰਗ ਤੇ ਅਸੀਂ ਜਿਹੋ ਜਿਹੀਆਂ ਵਡਿਆਈਆਂ ਲੈਂਦੇ ਹਾਂ ਉਹ ਆਪਣੇ ਅੰਦਰ ਦੇ ਗੁਣਾਂ ਦੁਆਰਾ ਲੈਂਦੇ ਹਾਂ ਜਾਂ ਆਪਣੇ ਉਹੋ ਜਿਹੇ ਦਿਖਾਵਿਆਂ ਦੁਆਰਾ ਲੈਂਦੇ ਹਾਂ ਜਿੰਨ੍ਹਾਂ ਨੂੰ ਅਸੀਂ ਆਪਣੀ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ। ਸੱਚੀ ਵਡਿਆਈ ਸਾਡੀ ਉਹ ਹੈ ਜਦੋਂ ਅਸੀਂ ਆਪਣੇ ਅੰਦਰ ਗੁਣਾਂ ਨੂੰ ਅਪਣਾਵਾਂਗੇ ਭਾਵ ਪਹਿਲੇ ਔਗੁਣਾਂ ਨੂੰ ਛੱਡਾਂਗੇ, ਮਾੜੇ ਕਰਮ ਕਰਨੇ ਛੱਡਾਂਗੇ। ਕਰਮ ਅਸੀਂ ਮਾੜੇ ਕਰਦੇ ਹਾਂ ਭਾਵ ਔਗੁਣ ਕਰਦੇ ਹਾਂ

32/3633

ਤੇ ਔਗੁਣਾਂ ਨੂੰ ਛੱਡਣਾ ਅਸੀਂ ਭਗਤੀ ਦਾ ਹਿੱਸਾ ਹੀ ਨਹੀਂ ਸਮਝਦੇ ਜੋ ਕਿ ਅਸਲ ਭਗਤੀ ਹੈ। ਅਸੀਂ ਉਹਨਾਂ ਗੱਲਾਂ ਦੀਆਂ ਵਡਿਆਈਆਂ ਲੈਂਦੇ ਹਾਂ ਜਿੰਨ੍ਹਾਂ ਗੱਲਾਂ ਨੂੰ ਗੁਰਬਾਣੀ ਨੇ ਖੰਡਿਆ ਹੋਇਆ ਹੈ। ਅਸੀਂ ਆਪਣੀ ਕਥਨੀ ਨੂੰ ਹੀ ਸਰੀਰਕ ਜਪਾਂ

ਤਪਾਂ ਆਦਿ ਨੂੰ ਹੀ ਆਪਣੇ ਗੁਣ ਸਮਝਿਆ ਹੋਇਆ ਹੈ ਜਿੰਨ੍ਹਾਂ ਨਾਲ ਅਸੀਂ ਆਪਣੇ ਆਪ ਨੂੰ ਉੱਚਾ ਕੀਤਾ ਹੋਇਆ ਹੈ ਭਾਵ ਝੂਠੀਆਂ ਵਡਿਆਈਆਂ ਨਾਲ ਜੁੜੇ ਹੋਏ ਹਾਂ। ਮਨੁੱਖੀ ਰੂਪ ਵਿੱਚ ਅਸੀਂ ਜਿਹੋ ਜਿਹੇ ਗੁਣਾਂ ਦੇ ਧਾਰਨੀ ਬਣ ਸਕਦੇ ਹਾਂ ਗੁਰਬਾਣੀ ਵਿੱਚ ਵਾਰ ਵਾਰ ਉਹਨਾਂ ਗੁਣਾਂ ਦੀ ਗੱਲ ਕੀਤੀ ਹੋਈ ਹੈ। ਗੁਰੂ ਦੀ ਸੱਚੀ ਵਡਿਆਈ ਉਹਨਾਂ ਗੁਣਾਂ ਨੂੰ ਧਾਰਨ ਕਰਨ ਦੁਆਰਾ ਹੈ। ਝੂਠੀਆਂ ਵਡਿਆਈਆਂ ਲੈਣ ਕਰਕੇ ਸਾਨੂੰ ਗੁਰਬਾਣੀ ਰਾਹੀਂ ਦੁਤਕਾਰਿਆ ਹੋਇਆ ਹੈ ਤੇ ਉਹਨਾਂ ਨੂੰ ਸਾਡੀਆਂ ਚਤੁਰਾਈਆਂ ਦੱਸਿਆ ਹੈ ਕਿਉਂਕਿ ਅਸੀਂ ਗੁਣਾਂ ਨੂੰ ਗ੍ਰਹਿਣ ਕੀਤੇ ਬਿਨ੍ਹਾਂ ਹੀ ਆਪਣੇ ਆਪ ਨੂੰ ਝੂਠੇ ਗੁਣੀ ਬਣਾਇਆ ਹੋਇਆ ਹੈ।

{ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥}

(ਅੰਗ 351)

ਮਃ ੧ ॥

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥
ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥}

(ਅੰਗ 1246)

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥2॥}

(ਅੰਗ 361)

{ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥ ਦਰਿ ਸਾਚੈ ਸਾਚੇ ਗੁਣ ਗਾਉ ॥
ਆਪੇ ਦੇਵੈ ਸਹਜਿ ਸੁਭਾਇ ॥ ਨਾਨਕ ਕੀਮਤਿ ਕਹਣੁ ਨ ਜਾਇ ॥4॥}

(ਅੰਗ 361)

{ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥2॥}

(ਅੰਗ 729)

{ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥3॥}

(ਅੰਗ 765-766)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥7॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥8॥}

(ਅੰਗ 418)

{ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ ॥
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥
ਗੁਰ ਪਰਸਾਦੀ ਗੁਣ ਪਾਈਅਨਿ੍ ਜਿਸ ਨੋ ਨਦਰਿ ਕਰੇਇ ॥1॥}

(ਅੰਗ 1092)

{ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥
ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥
ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ ॥
ਮੋਲਿ ਅਮੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ ॥
ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟਿ ॥੧॥}

(ਅੰਗ 1086)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥1॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥1॥ ਰਹਾਉ ॥}

(ਅੰਗ 56)

ਸਾਡਾ ਜਪ ਤਪ ਆਦਿ ਕਰਨ ਵਾਲਿਆਂ ਦਾ ਬਹੁਤ ਵੱਡਾ ਭੁਲੇਖਾ ਇਹ ਹੈ ਜੋ ਅਸੀਂ ਆਪਣੇ ਜਪਾਂ ਤਪਾਂ ਆਦਿ ਨੂੰ ਭਗਤੀ ਦਾ ਗੁਣ ਸਮਝਿਆ ਹੋਇਆ ਹੈ। ਉੱਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਭਾਵ ਜਿਹੜੇ ਭਗਤੀ ਦੇ ਤਰੀਕਿਆਂ ਨੂੰ ਅਸੀਂ ਗੁਣ ਸਮਝਦੇ ਹਾਂ ਉਨ੍ਹਾਂ ਨੂੰ ਸਾਡਾ ਗੁਣ ਨਹੀਂ ਦੱਸਿਆ। ਅਸੀਂ ਜਪ, ਤਪ, ਸੰਜਮ ਆਦਿ ਕਰਦੇ ਹਾਂ, ਤੀਰਥਾਂ ਆਦਿ ਤੇ ਜਾ ਕੇ ਰਹਿੰਦੇ ਹਾਂ, ਪੁੰਨ ਦਾਨ ਆਦਿ ਵੀ ਕਰਦੇ ਹਾਂ ਜਿੰਨ੍ਹਾਂ ਦੁਆਰਾ ਅਸੀਂ ਚੰਗਿਆਈਆਂ ਲੈਂਦੇ ਹਾਂ ਪਰ ਜਦ ਤੱਕ ਸਾਡੇ ਅੰਦਰ ਸੱਚ ਨਹੀਂ ਹੈ ਤਦ ਤੱਕ ਸਾਨੂੰ ਕੋਈ ਲਾਭ ਨਹੀਂ ਮਿਲਦਾ ਜਿਸ ਦੁਆਰਾ ਅਸੀਂ ਆਪਣੇ ਜਨਮ ਨੂੰ ਸਫ਼ਲ ਕਰ ਸਕੀਏ। ਸਾਡਾ ਜੀਵਨ ਸੱਚ ਤੇ ਚੱਲਣ ਦੁਆਰਾ ਸਫ਼ਲ ਹੁੰਦਾ ਹੈ ਤੇ ਸੱਚ ਅਨੁਸਾਰ ਚੱਲਣਾ ਹੀ ਸਾਡਾ ਗੁਣ ਹੈ ਕਿਉਂਕਿ ਸਾਡਾ ਜਨਮ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਸਫ਼ਲ ਹੁੰਦਾ ਹੈ, ਫਲ ਸਾਨੂੰ ਆਪਣੇ ਕਰਮਾਂ ਦਾ ਹੀ ਮਿਲਦਾ ਹੈ। ਜਿੰਨ੍ਹਾਂ ਤਰੀਕਿਆਂ ਦੁਆਰਾ ਅਸੀਂ ਭਗਤੀ ਕਰਨਾ ਸਮਝਦੇ ਹਾਂ, ਆਪਣੇ

ਗੁਣ ਸਮਝਦੇ ਹਾਂ ਉਹ ਤਰੀਕੇ ਅਪਣਾਉਂਦੇ ਹੋਏ ਅਸੀਂ ਗੁਣਹੀਣ ਹੀ ਰਹਿੰਦੇ ਹਾਂ ਭਾਵ ਇਹਨਾਂ ਭਗਤੀ ਦੇ ਤਰੀਕਿਆਂ ਨੂੰ ਆਪਣੇ ਗੁਣ ਸਮਝਣਾ ਸਾਡਾ ਭਰਮ ਹੈ। (**ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥ ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥1॥**)

ਗੁਣੀ ਕੇਵਲ ਅਸੀਂ ਉਦੋਂ ਹੀ ਬਣ ਸਕਦੇ ਹਾਂ ਜਦੋਂ ਅਸੀਂ ਆਪਣੇ ਅੰਦਰੋਂ ਸਾਰੇ ਔਗੁਣਾਂ ਨੂੰ ਤਿਆਗ ਦਿੰਦੇ ਹਾਂ। ਔਗੁਣਾਂ ਦਾ ਤਿਆਗ ਹੀ ਗੁਰਮਤਿ ਤੇ ਪੂਰਾ ਉਤਰਨਾ ਹੈ ਭਾਵ ਅਮਲੀ ਤੌਰ ਤੇ ਗੁਣੀ ਬਣਕੇ ਵਿਚਰਨਾ ਹੀ ਗੁਰਮਤਿ ਹੈ। ਭਗਤੀ ਦੇ ਦਿਖਾਵਿਆਂ ਵਿੱਚ ਗੁਰਮਤਿ ਨਹੀਂ ਹੈ, ਗੁਣ ਨਹੀਂ ਹੈ ਇਸ ਗੱਲ ਨੂੰ ਸਮਝਣਾ ਸਾਡੇ ਲਈ ਬਹੁਤ ਜਰੂਰੀ ਹੈ ਜਿਸ ਨੂੰ ਸਮਝੇ ਬਿਨ੍ਹਾਂ ਅਸੀਂ ਭਗਤੀ ਵਾਲੇ ਨਹੀਂ ਬਣ ਸਕਦੇ। (**ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥1॥ ਰਹਾਉ ॥**)

ਜਿਸ ਗੱਲ ਵਿੱਚ ਗੁਣ ਨਹੀਂ ਹੈ ਭਾਵ ਸਾਡੇ ਜਿਸ ਕਰਮ ਵਿੱਚ ਗੁਣ ਨਹੀਂ ਹੈ ਉਹ ਸਾਡਾ ਔਗੁਣ ਹੈ। ਗੁਣ ਉਹ ਹੈ ਜੋ ਗੁਰਮਤਿ ਅਨੁਸਾਰ ਹੈ। ਗੁਰਮਤਿ ਸਾਨੂੰ ਵਾਰ ਵਾਰ ਇਹ ਗੱਲ ਸਮਝਾ ਰਹੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਸੰਸਾਰ ਦਾ ਸਭ ਤੋਂ ਵੱਡਾ ਗੁਣ ਇਹ ਹੈ ਜਦੋਂ ਅਸੀਂ ਇਹ ਕਹਿਣ ਜੋਗੇ ਹੋ ਜਾਵਾਂਗੇ ਕਿ ਪ੍ਰਮਾਤਮਾ ਤੋਂ ਬਿਨ੍ਹਾਂ ਹੋਰ ਕੁੱਝ ਵੀ ਨਹੀਂ ਹੈ, ਹੋਰ ਕੋਈ ਵੀ ਨਹੀਂ ਹੈ ਭਾਵ ਹਰ ਸਰਗੁਣ ਰੂਪ ਵਿੱਚ ਉਹ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਵਿਚਰ ਰਿਹਾ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਵਿਚਰ ਰਿਹਾ ਹੈ। ਇਸ ਗੱਲ ਨੂੰ ਪੂਰਨ ਵਿਸ਼ਵਾਸ ਨਾਲ ਕੇਵਲ ਉਹੀ ਕਹਿ ਸਕਦਾ ਹੈ ਜੋ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ।

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥3॥}

(ਅੰਗ 9)

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥}

(ਅੰਗ 485)

{ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਫੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥}

(ਅੰਗ 736)

32/3636

{ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥3॥20॥}

(ਅੰਗ 327)

{ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥3॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥4॥10॥}

(ਅੰਗ 885)

{ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥

ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥
ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥}

(ਅੰਗ 294)

ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਭ ਵਿੱਚ ਪ੍ਰਮਾਤਮਾ ਸਾਨੂੰ ਉਦੋਂ ਹੀ ਨਜ਼ਰ ਆਉਂਦਾ ਹੈ, ਹਰ ਵਸਤੂ ਪ੍ਰਮਾਤਮਾ ਦਾ ਰੂਪ ਉਦੋਂ ਹੀ ਨਜ਼ਰ ਆਉਂਦੀ ਹੈ, ਸਭ ਕੁੱਝ ਪ੍ਰਮਾਤਮਾ ਹੀ ਹੈ ਇਸ ਗੱਲ ਦੀ ਸਮਝ ਉਦੋਂ ਹੀ ਲੱਗਦੀ ਹੈ ਜਦੋਂ ਪ੍ਰਮਾਤਮਾ ਕਿਸੇ ਦਾ ਮਨ ਦੇ ਵਿੱਚੋਂ ਇਹ ਭਰਮ ਦੂਰ ਕਰ ਦਿੰਦਾ ਹੈ। ਜਦ ਤੱਕ ਮਨੁੱਖ ਭਰਮ ਵਾਲੀ ਅਵੱਸਥਾ ਵਿੱਚ ਹੈ ਸਾਨੂੰ ਨਾ ਆਪਣੇ ਅੰਦਰੋਂ ਪ੍ਰਮਾਤਮਾ ਦਿਖ ਸਕਦਾ ਹੈ ਤੇ ਨਾ ਹੀ ਕਿਸੇ ਹੋਰ ਦੇ ਅੰਦਰ ਹੋਣ ਦਾ ਵਿਸ਼ਵਾਸ ਆ ਸਕਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। ਮਨ ਦਾ ਭਰਮ ਨਿਕਲੇ ਬਿਨ੍ਹਾਂ ਕਿਸੇ ਨੂੰ ਇਸ ਗੱਲ ਦਾ ਵਿਸ਼ਵਾਸ ਨਹੀਂ ਆ ਸਕਦਾ ਭਾਵੇਂ ਉੱਪਰੋਂ ਉੱਪਰੋਂ ਸਾਰੇ ਇਹ ਗੱਲ ਕਹਿ ਦਿੰਦੇ ਹਨ ਕਿ ਸਭ ਕੁੱਝ ਪ੍ਰਮਾਤਮਾ ਦੇ ਹੱਥ ਹੀ ਹੈ ਪਰ ਇਹ ਗੱਲ ਕੋਈ ਨਹੀਂ ਕਹਿੰਦਾ ਕਿ ਮੈਂ ਆਪ ਪ੍ਰਮਾਤਮਾ ਦਾ ਹੀ ਰੂਪ ਹਾਂ ਤੇ ਇਸੇ ਤਰ੍ਹਾਂ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਅਸੀਂ ਭਰਮ ਵਿੱਚ ਹੀ ਸਭ ਨੇ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝੀ ਹੋਈ ਹੈ। ਉਹ ਪ੍ਰਮਾਤਮਾ ਹਕੀਕਤ ਵਿੱਚ ਸਾਡੇ ਅੰਦਰ ਹੀ ਹੈ ਤੇ ਪ੍ਰਮਾਤਮਾ ਦੀ ਕਿਰਪਾ ਹੋਏ ਬਿਨ੍ਹਾਂ ਕਿਸੇ ਦਾ ਭਰਮ ਨਹੀਂ ਨਿਕਲ ਸਕਦਾ ਤੇ ਨਾ ਹੀ ਕਿਸੇ ਨੂੰ ਇਹ ਵਿਸ਼ਵਾਸ ਆ ਸਕਦਾ ਹੈ ਕਿ ਮੇਰੇ ਅੰਦਰ, ਮੇਰੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਵਿਚਰ ਰਿਹਾ ਹੈ, ਨਿਰਗੁਣ ਰੂਪ ਵਿੱਚ ਵਿਚਰ ਰਿਹਾ ਹੈ, ਜੋਤਿ ਰੂਪ ਵਿੱਚ ਵਿਚਰ ਰਿਹਾ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਵਿਚਰ ਰਿਹਾ ਹੈ ਤੇ ਆਪਣੇ ਇਸੇ ਰੂਪ ਵਿੱਚ ਹੀ ਪ੍ਰਮਾਤਮਾ ਹਰ ਵਸਤੂ ਵਿੱਚ ਵਿਚਰ ਰਿਹਾ ਹੈ ਭਾਵ ਹਰ ਵਸਤੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਹ ਜਾਨਣਾ ਕੇਵਲ ਤੇ ਕੇਵਲ ਗੁਰ ਪਰਸਾਦਿ ਹੈ ਜੋ ਵਿਸ਼ਵਾਸ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿਵਾਉਂਦਾ ਹੈ।

(ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥3॥)

32/3637

ਮਨ ਵਿੱਚ ਸੋਝੀ ਪੈਣ ਦੁਆਰਾ ਹੀ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਅਸਲ ਵਿੱਚ ਇਸ ਸੰਸਾਰ ਵਿੱਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ ਭਾਵ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ ਕਿਉਂਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਸਭ ਦੇ ਅੰਦਰ ਜੋਤਿ ਰੂਪ ਵਿੱਚ ਹੈ ਤੇ ਜੋਤਿ ਰੂਪ ਜੰਮਣ ਮਰਨ ਤੋਂ ਰਹਿਤ ਹੈ। ਮਰਦਾ ਕੇਵਲ ਮਨੁੱਖ ਦਾ ਭਰਮ ਹੈ ਤੇ ਮੁੜ ਕੇ ਭਰਮ ਹੀ ਜੰਮਦਾ ਹੈ ਭਾਵ ਸੰਸਾਰ ਵਿੱਚ ਸਹਸਾ ਹੀ ਆ ਜਾ ਰਹੀ ਹੈ, ਹਉਮੈ ਹੀ ਆ ਜਾ ਰਹੀ ਹੈ ਜੋ ਕਿ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਜਿਸ ਨੂੰ ਪ੍ਰਮਾਤਮਾ ਆਪ ਹੀ ਚਲਾ ਰਿਹਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥
ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ ਨਾ ਕੋ ਜਾਇ ॥੩॥”

(ਅੰਗ 878)

ਇਸ ਗੱਲ ਦੀ ਸੋਝੀ ਉਸ ਨੂੰ ਹੀ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਗੁਰਮੁਖਿ ਵਾਲੀ ਅਵੱਸਥਾ ਬਖਸ਼ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ ਜਿੱਥੇ ਉਸ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਉਹਨਾਂ ਨੂੰ ਸਮਝ ਲੱਗੀ ਹੈ ਕਿ ਸਾਡੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਹਰ ਵਸਤੂ ਵਿੱਚ ਉਹ ਜੋਤਿ ਰੂਪ ਵਿੱਚ ਆਪ ਹੀ ਹੈ ਤੇ ਇਸੇ ਲਈ ਸੰਸਾਰ ਵਿੱਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ ਭਾਵ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ। (**ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ ਨਾ ਕੋ ਜਾਇ ॥3॥**)

ਜਦੋਂ ਪ੍ਰਮਾਤਮਾ ਕਿਸੇ ਨੂੰ ਮਨ ਦੀ ਇਹ ਅਵੱਸਥਾ ਬਖਸ਼ਦਾ ਹੈ ਤਾਂ ਹੀ ਕੋਈ ਇਹ ਕਹਿ ਸਕਦਾ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨ੍ਹਾਂ ਨਾ ਹੀ ਅੱਜ ਤੱਕ ਕੋਈ ਹੋਇਆ ਹੈ ਤੇ ਨਾ ਹੀ ਕੋਈ ਹੋ ਸਕਦਾ ਹੈ। ਇਹ ਕਹਿਣਾ ਹੀ ਮਨੁੱਖ ਦਾ ਸਭ ਤੋਂ ਵੱਡਾ ਗੁਣ ਹੈ। ਜੇਕਰ ਅਸੀਂ ਇਹ ਗੱਲ ਨਹੀਂ ਕਹਿ ਸਕਦੇ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਫਿਰ ਇਸ ਵਿੱਚ ਗੁਣ ਨਹੀਂ ਹੈ ਬਲਕਿ ਸਾਡਾ ਔਗੁਣ ਹੈ ਭਾਵ ਹਉਮੈ ਹੈ, ਮਨਮਤਿ ਹੈ, ਮੈਂ ਹੈ, ਅਗਿਆਨਤਾ ਹੈ, ਭਰਮ ਹੈ। ਅਗਿਆਨਤਾ ਸਾਡਾ ਔਗੁਣ ਹੈ ਤੇ ਗੁਰੂ ਦਾ ਸੱਚਾ ਗਿਆਨ ਸਾਡਾ ਗੁਣ ਹੈ ਜਿਸ ਨਾਲ ਜੁੜਕੇ ਅਸੀਂ ਗੁਣੀ ਬਣ ਸਕਦੇ ਹਾਂ।

ਜਦ ਤੱਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਅਸੀਂ ਜੋ ਕੁੱਝ ਆਖਦੇ ਹਾਂ, ਬੋਲਦੇ ਹਾਂ ਉਹ ਸੱਚਮੁੱਚ ਹਕੀਕਤ ਵਿੱਚ ਸਾਡੇ ਅੰਦਰੋਂ ਪ੍ਰਮਾਤਮਾ ਆਪ ਹੀ ਕਰਵਾ ਰਿਹਾ ਹੈ, ਜੋ ਕੁੱਝ ਅਸੀਂ

32/3638

ਵੇਖਦੇ ਹਾਂ ਭਾਵ ਵੇਖਣ ਦੁਆਰਾ ਜੋ ਕੁੱਝ ਸਾਨੂੰ ਸਮਝ ਲੱਗਦੀ ਹੈ ਭਾਵ ਅਸੀਂ ਜਿਸ ਵਸਤੂ ਨੂੰ ਵੇਖ ਕੇ ਉਸ ਨੂੰ ਜੋ ਕੁੱਝ ਸਮਝਦੇ ਹਾਂ, ਉਸ ਵਸਤੂ ਬਾਰੇ ਸਮਝਦੇ ਹਾਂ ਉਹ ਕੁੱਝ ਵਿਖਾਉਣ ਵਿੱਚ ਭਾਵ ਸਮਝਾਉਣ ਵਿੱਚ ਪ੍ਰਮਾਤਮਾ ਆਪ ਹੀ ਹੈ ਤਦ ਤੱਕ ਅਸੀਂ ਹਉਮੈ ਵਿੱਚ ਹਾਂ ਭਾਵ "ਮੈਂ" ਵਿੱਚ ਹਾਂ ਕਿ ਅਸੀਂ ਆਪ ਹੀ ਬੋਲ ਰਹੇ ਹਾਂ ਤੇ ਆਪ ਹੀ ਸਭ ਕੁੱਝ ਵੇਖ ਰਹੇ ਹਾਂ ਭਾਵ ਸਮਝ ਰਹੇ ਹਾਂ। ਅਸਲ ਵਿੱਚ ਸਭ ਕੁੱਝ ਅੰਦਰ ਬੈਠਾ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਆਪ ਹੀ ਸਭ ਕੁੱਝ ਕਰਵਾ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਤੇ ਇਸ ਗੱਲ ਦੀ ਸਮਝ ਨਾ ਪੈਣਾ ਸਾਡੀ ਹਉਮੈ ਹੈ ਜਿਸ ਨੂੰ ਕਿ ਸ਼ਬਦ ਦੀਆਂ ਹੇਠਲੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥3॥
ਕਹਤ ਨਾਨਕੁ ਹਉਮੈ ਕਹੈ ਨ ਕੋਇ ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥4॥2॥14॥"

(ਅੰਗ 1176)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਅਸੀਂ ਸਾਰੇ ਇਹ ਗੱਲ ਕਹਿ ਤਾਂ ਦਿੰਦੇ ਹਾਂ ਕਿ ਇੱਕੋ ਇੱਕ ਪ੍ਰਮਾਤਮਾ ਹੀ ਹੈ ਪਰ ਇਹ ਗੱਲ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ ਕਹੀ ਜਾਂਦੇ ਹਾਂ ਭਾਵ ਭਰਮ ਸਾਡੇ ਅੰਦਰ ਹੀ ਰਹਿੰਦਾ ਹੈ ਭਾਵ ਅਸੀਂ ਹਉਮੈ ਵਿੱਚ ਹੀ ਇਹ ਕਹੀ ਜਾਂਦੇ ਹਾਂ ਕਿ ਸਭ ਕੁੱਝ ਪ੍ਰਮਾਤਮਾ ਹੈ ਪਰ ਇਸ ਗੱਲ ਦਾ ਵਿਸ਼ਵਾਸ ਸਾਨੂੰ ਤਾਂ ਹੀ ਆ ਸਕਦਾ ਹੈ ਜਦੋਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲੈਂਦੇ ਹਾਂ, ਉਸ ਦੇ ਹੁਕਮ ਨੂੰ ਆਪਣੇ ਮਨ ਦੇ ਵਿੱਚੋਂ ਬੁੱਝ ਲੈਂਦੇ ਹਾਂ ਕਿ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਰੂਪ ਵਿੱਚ ਚੱਲ ਰਿਹਾ ਹੈ। ਪ੍ਰਮਾਤਮਾ ਦਾ ਹੁਕਮ ਆਪਣੇ ਅੰਦਰੋਂ ਬੁੱਝਣ ਨਾਲ ਹੀ ਇਹ ਸਮਝ ਪੈਂਦੀ ਹੈ ਕਿ ਸਾਡਾ ਜੋ ਵੀ ਆਖਣ ਵੇਖਣ ਹੈ ਉਹ ਸਭ ਸਾਡੇ ਕੋਲੋਂ ਪ੍ਰਮਾਤਮਾ ਮਨ ਦੇ ਗਿਆਨ ਰਾਹੀਂ ਆਪ ਹੀ ਕਰਵਾ ਰਿਹਾ ਹੈ ਭਾਵ ਸਾਡੇ ਅੰਦਰ ਉਹ ਮਨ ਦੇ ਗਿਆਨ ਰਾਹੀਂ ਆਪ ਹੀ ਵਿਚਰ ਰਿਹਾ ਹੈ। ਜਦ ਤੱਕ ਮਨ ਦੇ ਗਿਆਨ ਨੂੰ, ਵਿਚਾਰਾਂ ਨੂੰ ਮਨ ਦੀ ਸੋਚਿ ਨੂੰ ਅਸੀਂ ਆਪਣੀ ਸਮਝਿਆ ਹੋਇਆ ਹੈ ਤਦ ਤੱਕ ਅਸੀਂ ਹਉਮੈ ਵਿੱਚ ਹਾਂ ਤੇ ਮਨ ਦੀ ਇਹੋ ਜਿਹੀ ਅਵੱਸਥਾ ਵਿੱਚ ਰਹਿੰਦੇ ਹੋਏ ਅਸੀਂ ਇਹ ਤਾਂ ਕਹਿ ਦਿੰਦੇ ਹਾਂ ਕਿ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਤੇ ਸਾਨੂੰ ਕਦੇ ਵਿਸ਼ਵਾਸ ਨਹੀਂ ਆ ਸਕਦਾ ਕਿ ਅਸੀਂ ਆਪ ਖੁਦ ਉਸ ਪ੍ਰਮਾਤਮਾ ਦਾ ਹੀ ਰੂਪ ਹਾਂ ਤੇ ਨਾ ਹੀ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ, ਜੋਤਿ ਰੂਪ ਦੀ ਸੋਝੀ ਪੈ ਸਕਦੀ ਹੈ ਕਿ ਪ੍ਰਮਾਤਮਾ

32/3639

ਸਭ ਵਿੱਚ ਤੇ ਸਭ ਜਗ੍ਹਾ ਕਿਸ ਰੂਪ ਵਿੱਚ ਵਿਚਰ ਰਿਹਾ ਹੈ। ਮਨੁੱਖ ਦੇ ਅੰਦਰ ਇਹ ਗੁਣ ਤਦ ਤੱਕ ਨਹੀਂ ਆਉਂਦਾ ਜਦ ਤੱਕ ਉਹ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਨਹੀਂ ਲੈਂਦਾ, ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਨਹੀਂ ਲੈਂਦਾ।

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥2॥}

(ਅੰਗ - 1)

ਹਕੀਕਤ ਵਿੱਚ ਇਹ ਕਹਿਣਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਇਹ ਤਾਂ ਹੀ ਕਹਿ ਸਕਦਾ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਹਉਮੈ ਵਾਲੀ ਅਵੱਸਥਾ ਵਿੱਚੋਂ ਕੱਢ ਲੈਂਦਾ ਹੈ, ਮਨ ਦੇ ਭਰਮ ਵਾਲੀ ਅਵੱਸਥਾ ਵਿੱਚੋਂ ਕੱਢ ਲੈਂਦਾ ਹੈ। ਸਾਡੀ ਜਿਸ ਗੱਲ ਕਰਨ ਵਿੱਚ ਗੁਣ ਨਹੀਂ ਉਸ ਵਿੱਚ ਸਾਡਾ ਔਗੁਣ ਹੈ ਭਾਵ ਕਿਸੇ ਵੀ ਵਸਤੂ ਨੂੰ ਪ੍ਰਮਾਤਮਾ ਤੋਂ ਦੂਸਰਾ ਰੂਪ ਕਹਿਣਾ ਜਾਂ ਸਮਝਣਾ ਸਾਡਾ ਔਗੁਣ ਹੈ ਤੇ ਸਾਡੇ ਇਸ ਔਗੁਣ ਦਾ ਕਾਰਣ ਸਾਡੀ ਮੈਂ ਹੈ, ਹਉਮੈ ਹੈ, ਭਰਮ ਹੈ, ਅਗਿਆਨਤਾ ਹੈ ਭਾਵ ਸਾਡੇ ਅੰਦਰ ਮਾਇਆ ਮੋਹ ਵਾਲੀ ਜੁਗਤਿ ਹੈ, ਤ੍ਰੈ ਗੁਣਾਂ ਵਾਲੀ ਅਵੱਸਥਾ ਹੈ, ਪੁੱਠੇ ਕਮਲ ਵਾਲੀ ਅਵੱਸਥਾ ਹੈ ਜੋ ਸਾਨੂੰ ਮਨ ਦੀ ਮਾੜੀ ਸੋਝੀ ਵਿੱਚ ਰੱਖਦੀ ਹੈ। ਸਾਡੀ ਜਿਸ ਗੱਲ ਵਿੱਚ ਵੀ ਭਰਮ ਹੈ ਉਸ ਵਿੱਚ ਸੱਚ ਨਹੀਂ ਹੈ, ਨਾਮ ਨਹੀਂ ਹੈ। ਕਿਸੇ ਵੀ ਵਸਤੂ ਨੂੰ ਪ੍ਰਮਾਤਮਾ ਤੋਂ ਦੂਸਰਾ ਰੂਪ ਸਮਝਣਾ ਸੱਚ ਨਹੀਂ ਹੈ ਭਾਵ ਉਸ ਵਿੱਚ ਨਾਮ ਨਹੀਂ ਹੈ। ਜਦੋਂ ਅਸੀਂ ਨਾਮ ਵਾਲੇ ਬਣ ਜਾਵਾਂਗੇ ਭਾਵ ਨਾਮ ਦੀ ਸੋਝੀ ਵਾਲੇ ਬਣ ਜਾਵਾਂਗੇ ਫਿਰ ਸਭ ਜਗ੍ਹਾ ਤੇ ਸਭ ਵਿੱਚ ਸਾਨੂੰ ਪ੍ਰਮਾਤਮਾ ਹੀ ਨਜ਼ਰ ਆਵੇਗਾ ਜੋ ਕਿ ਸੱਚ ਹੈ। ਸਭ ਵਿੱਚ ਪ੍ਰਮਾਤਮਾ ਨੂੰ ਨਾ ਸਮਝਣਾ ਝੂਠ ਹੈ। ਜਿੱਥੇ ਸੱਚ ਹੈ ਉੱਥੇ ਗੁਣ ਹੈ ਭਾਵ ਜਿਸ ਗੱਲ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਉਸ ਦੀ ਸੱਚੀ ਮਤਿ ਹੈ, ਉਸ ਦੇ ਚੌਥੇ ਪਦ ਵਾਲੀ ਮਤਿ ਹੈ ਉੱਥੇ ਸੱਚ ਹੈ, ਗੁਣ ਹੈ ਤੇ ਜਿੱਥੇ ਚਉਥੇ ਪਦ ਵਾਲੀ ਮਤਿ ਨਹੀਂ ਹੈ ਉੱਥੇ ਭਰਮ ਹੈ, ਝੂਠ ਹੈ, ਔਗੁਣ ਹੈ। ਗੁਣਾਂ ਤੇ ਅਵਗੁਣਾਂ ਵਿੱਚ ਭੇਦ ਸਮਝਣਾ, ਸੱਚ ਤੇ ਝੂਠ ਵਿੱਚ ਭੇਦ ਸਮਝਣਾ ਸਾਡੇ ਲਈ ਬਹੁਤ ਜਰੂਰੀ ਹੈ ਤਾਂ ਜੋ ਅਸੀਂ ਗੁਣਾਂ-ਅਵਗੁਣਾਂ ਦੀ, ਸੱਚ-ਝੂਠ ਦੀ ਪਹਿਚਾਣ ਕਰ ਸਕੀਏ ਤੇ ਆਪਣੇ ਜੀਵਨ ਨੂੰ ਸੱਚ ਦੇ ਨਾਲ ਜੋੜੀਏ, ਨਾਮ ਦੇ ਨਾਲ ਜੋੜੀਏ, ਗੁਣਾਂ ਦੇ ਨਾਲ ਜੋੜੀਏ ਤੇ ਝੂਠ ਤੋਂ, ਅਵਗੁਣਾਂ ਤੋਂ ਬਚੀਏ ਤਾਂ ਜੋ ਅਸੀਂ ਆਪਣੇ ਅੰਦਰ ਉਹ ਗੁਣ ਲਿਆ ਸਕੀਏ ਜਿਸ ਨਾਲ ਅਸੀਂ ਇਹ ਕਹਿ ਸਕੀਏ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ।

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥3॥}

(ਅੰਗ - 9)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਅਸੀਂ ਗੁਣੀ ਨਹੀਂ ਅਖਵਾ ਸਕਦੇ ਭਾਵ ਧਰਮ ਵਾਲੇ ਗੁਣੀ ਨਹੀਂ ਅਖਵਾ ਸਕਦੇ ਕਿਉਂਕਿ ਧਰਮ ਦੀ ਸੱਚੀ ਸੋਝੀ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਪੈਂਦੀ ਹੈ ਜੋ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਉਹ ਪ੍ਰਮਾਤਮਾ ਗੁਣਾਂ ਦਾ ਖਜ਼ਾਨਾ ਹੈ ਤੇ ਆਪਣੇ ਗੁਣਾਂ ਦੇ ਖਜ਼ਾਨੇ ਨਾਲ

32/3640

ਆਪ ਹੀ ਜੋੜਦਾ ਹੈ। ਸ਼ਬਦਾਂ ਦੀ ਵਿਚਾਰ ਗੁਰੂ ਦੇ ਗੁਣਾਂ ਦਾ ਖਜ਼ਾਨਾ ਹੈ ਤੇ ਪੂਰੀ ਗੁਰਬਾਣੀ ਵਿੱਚ ਇਹ ਗੁਣਾਂ ਦਾ ਖਜ਼ਾਨਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ। ਸਾਡੇ ਮਨਮਤਿ ਵਾਲੇ ਵਿਚਾਰ ਸਾਡੇ ਅਵਗੁਣਾਂ ਦਾ ਭੰਡਾਰ ਹੈ ਤੇ ਗੁਰੂ ਦੇ ਸ਼ਬਦਾਂ ਦੀ ਵਿਚਾਰ ਗੁਣਾਂ ਦਾ ਭੰਡਾਰ ਹੈ। ਇਹ ਗੁਣਾਂ ਦਾ ਭੰਡਾਰ ਹੀ ਉਹ ਭਗਤੀ ਦਾ ਭੰਡਾਰ ਹੈ ਜੋ ਪ੍ਰਮਾਤਮਾ ਆਪਣੇ ਨਾਲ ਮੇਲ ਤੋਂ ਬਾਅਦ ਆਪਣੇ ਭਗਤਾਂ ਨੂੰ ਸੌਂਪਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਇਹ ਗੁਣਾਂ ਦਾ ਭੰਡਾਰ, ਭਗਤੀ ਦਾ ਭੰਡਾਰ ਸੌਂਪਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਭਗਤੀ ਦਾ ਭੰਡਾਰ ਸਾਡੇ ਲਈ ਬਣਾਇਆ ਹੈ। ਜੋ ਪ੍ਰਮਾਤਮਾ ਦੇ ਇਸ ਗੁਣਾਂ ਦੇ ਭੰਡਾਰ, ਭਗਤੀ ਦੇ ਭੰਡਾਰ ਨਾਲ ਜੁੜਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਦਾ ਹੈ ਉਹ ਸੱਚ ਚੇ ਨਾਲ ਜੁੜਦਾ ਹੈ ਕਿਉਂਕਿ ਸੱਚ ਉਹ ਹੈ ਜੋ ਸ਼ਬਦ ਦੀ ਵਿਚਾਰ ਦੇ ਅਨੁਸਾਰ ਹੈ। ਇਹ ਨਾਮ ਹੈ। ਇਹੋ ਜਿਹੇ ਨਾਮ ਦੇ ਨਾਲ ਜੁੜਕੇ ਜੋ ਮਨੁੱਖ ਵਡਿਆਈ ਲੈਂਦਾ ਹੈ ਉਸ ਵਿੱਚ ਉਸ ਦੀ ਸੱਚੀ ਵਡਿਆਈ ਹੈ। ਅਸੀਂ ਉਨ੍ਹਾਂ ਗੱਲਾਂ ਦੀ ਵਡਿਆਈ ਲੈਂਦੇ ਹਾਂ ਜਿੰਨ੍ਹਾਂ ਵਿੱਚ ਸੱਚ ਨਹੀਂ ਹੈ। ਅਸੀਂ ਭਗਤੀ ਦੇ ਭੰਡਾਰ ਦੀ ਕਥਨੀ ਕਰਦੇ ਹਾਂ, ਗੁਣਾਂ ਦੇ ਖਜ਼ਾਨੇ ਦੀ ਕਥਨੀ ਕਰਦੇ ਹਾਂ ਪਰ ਉਸ ਦੇ ਵਿੱਚੋਂ ਗੁਣ ਨਹੀਂ ਲੈਂਦੇ ਜਿੰਨ੍ਹਾਂ ਦੁਆਰਾ ਵਿਚਰ ਕੇ ਭਾਵ ਗੁਣਾਂ ਨੂੰ ਅਪਣਾ ਕੇ ਭਾਵ ਅਵਗੁਣਾਂ ਨੂੰ ਛੱਡਕੇ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ, ਜਿਸ ਵਿੱਚ ਪ੍ਰਮਾਤਮਾ ਦੀ ਸੱਚੀ ਵਡਿਆਈ ਹੁੰਦੀ ਹੈ ਤੇ ਪ੍ਰਮਾਤਮਾ ਦੀ ਇਹੋ ਜਿਹੀ ਵਡਿਆਈ ਕਰਨ ਵਾਲੇ ਦੀ ਆਪਣੀ ਵਡਿਆਈ ਸੱਚੀ ਹੈ। ਇਹੋ ਜਿਹੀ ਸੱਚੀ ਵਡਿਆਈ ਲੈਣ ਤੋਂ ਬਿਨ੍ਹਾਂ ਅਸੀਂ ਜਿਹੋ ਜਿਹੇ ਤਰੀਕਿਆਂ ਨਾਲ ਵਡਿਆਈ ਲੈਂਦੇ ਹਾਂ ਉਨ੍ਹਾਂ ਵਿੱਚ ਗੁਣ ਨਹੀਂ ਹੈ ਬਲਕਿ ਔਗੁਣ ਹੈ ਜੋ ਕਿ ਭਗਤੀ ਦੇ ਮੂਲ ਰੂਪ ਦੇ ਹੀ ਉਲਟ ਹੈ ਜਿਸ ਲਈ ਉਨ੍ਹਾਂ ਨੂੰ ਕੇਵਲ ਸਾਡੀਆਂ ਚਤੁਰਾਈਆਂ ਦੱਸਿਆ ਹੈ, ਸਾਡਾ ਭੇਖ ਦੱਸਿਆ ਹੈ ਭਾਵ ਦਿਖਾਵਾ ਦੱਸਿਆ ਹੈ ਤੇ ਹਰ ਕੋਈ ਇਹੋ ਜਿਹੀ ਭਗਤੀ ਵਿੱਚ ਹੀ ਲੱਗਾ ਹੋਇਆ ਹੈ ਤੇ ਆਪਣੇ ਆਪ ਨੂੰ ਉੱਚਾ ਕਰਨ ਵਿੱਚ ਲੱਗਾ ਹੋਇਆ ਹੈ। ਅਸਲ ਵਿੱਚ ਆਪਣੇ ਆਪ ਨੂੰ ਇਹਨਾਂ ਗੱਲਾਂ ਨਾਲ ਉੱਚਾ ਕਰਕੇ ਅਸੀਂ ਗੁਰਮਤਿ ਨੂੰ ਨੀਵਾਂ ਹੀ ਕਰਦੇ ਹਾਂ ਕਿਉਂਕਿ ਅਸੀਂ ਆਪਣੀ ਕਥਨੀ ਨੂੰ ਹੀ ਗੁਰਮਤਿ ਬਣਾਇਆ ਹੋਇਆ ਹੈ।

ਗੁਰੂ ਦੀ ਕਥਨੀ ਤਾਂ ਬਹੁਤ ਚੰਗੀ ਹੈ ਜਿਸ ਕਥਨੀ ਨਾਲ ਜੁੜਨਾ ਸਾਡਾ ਸਭ ਦਾ ਫਰਜ ਹੈ ਤਾਂ ਜੋ ਉਸ ਕਥਨੀ ਦੁਆਰਾ ਅਸੀਂ ਗੁਰੂ ਦੇ ਮਕਸਦ ਨੂੰ ਸਮਝੀਏ, ਗੁਰੂ ਦੀ ਦਿੱਤੀ ਹੋਈ ਸਿੱਖਿਆ ਨੂੰ ਸਮਝੀਏ ਜਿਸ ਨਾਲ ਗੁਰੂ ਦੀ ਕਥਨੀ ਦਾ ਮਕਸਦ ਪੂਰਾ ਹੁੰਦਾ ਹੈ। ਕੇਵਲ ਕਥਨੀ ਕਰੀ ਜਾਣ ਨੂੰ ਹੀ ਗੁਰਮਤਿ ਕਹਿਣਾ, ਭਗਤੀ ਕਹਿਣਾ ਕੋਈ ਗੁਣ ਨਹੀਂ ਹੈ ਬਲਕਿ ਇਹ ਸਾਡਾ ਔਗੁਣ ਹੈ ਭਾਵ ਸਾਡੀ ਝੂਠੀ ਵਿਚਾਰਧਾਰਾ ਹੈ ਜਿਸ ਦੇ ਨਾਲ ਅਸੀਂ ਦੂਸਰਿਆਂ ਨੂੰ ਵੀ ਜੋੜਦੇ ਹਾਂ ਭਾਵ ਕਥਨੀ ਨਾਲ ਜੁੜਨ ਦਾ ਹੀ ਪ੍ਰਚਾਰ ਕਰਦੇ ਹਾਂ ਤੇ ਸਭ ਕਥਨੀ ਨੂੰ ਹੀ ਉੱਚਾ ਕਰਕੇ ਮੰਨਦੇ ਹਨ ਜਦਕਿ ਅਸਲ ਮਕਸਦ ਜੋ ਕਿ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਵਸਾਉਣ ਦਾ ਹੈ, ਪਰਉਪਕਾਰੀ ਬਣਕੇ ਵਿਚਰਨ ਦਾ ਹੈ ਉਹ ਕਿਨਾਰੇ ਰਹਿ ਜਾਂਦਾ ਹੈ ਭਾਵ ਸਾਡੀਆਂ ਸਮਾਜਿਕ ਬੁਰਾਈਆਂ ਸਾਡੇ ਅੰਦਰ ਹੀ ਰਹਿੰਦੀਆਂ ਹਨ ਜਿੰਨ੍ਹਾਂ ਵਿੱਚੋਂ ਸਾਨੂੰ ਕੱਢਣਾ ਹੀ ਗੁਰੂ ਦਾ ਮਕਸਦ ਹੈ। ਗੁਰੂ ਨੇ ਸਾਨੂੰ ਕੇਵਲ ਕਥਨੀ ਕਰਨੀ ਨਹੀਂ ਸਿਖਾਈ ਭਾਵ ਗੁਰਮਤਿ ਦਾ ਮਕਸਦ ਇਹ ਨਹੀਂ ਕਿ ਅਸੀਂ ਕਥਨੀ ਨਾਲ ਹੀ ਜੁੜੇ ਰਹੀਏ। ਇਹੋ ਜਿਹਾ ਪ੍ਰਚਾਰ ਕਰਨਾ ਗੁਰਮਤਿ ਨੂੰ ਨੀਵਾਂ ਕਰਨ ਵਾਲੀ ਗੱਲ ਹੈ।

ਗੁਰਮਤਿ ਨੂੰ ਨੀਵਾਂ ਕਰਨਾ ਗੁਰੂ ਨੂੰ ਨੀਵਾਂ ਕਰਨਾ ਹੈ ਤੇ ਇਹੀ ਗੁਰੂ ਦੀ, ਸੰਤ ਦੇ ਨਿੰਦਾ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਹੋ ਜਿਹੀ ਭਗਤੀ ਵਿੱਚ ਗੁਰੂ ਦੀ ਨਿੰਦਾ ਹੁੰਦੀ ਹੈ ਉਹੋ ਜਿਹੀ ਭਗਤੀ ਨਾ ਕਰਨ ਨਾਲ ਭਾਵ ਉਹੋ ਜਿਹੀ ਭਗਤੀ ਤੋਂ ਬਚਣ ਨਾਲ ਅਸੀਂ ਘੱਟੋ ਘੱਟ ਗੁਰੂ ਦਾ ਨਾਮ ਨੀਵਾਂ ਨਹੀਂ ਕਰਦੇ, ਗੁਰਮਤਿ ਨੂੰ ਨੀਵਾਂ ਨਹੀਂ ਕਰਦੇ ।

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥

ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ 56)

ਭਗਤੀ ਦੇ ਮਾਰਗ ਤੇ ਦੂਸਰਿਆਂ ਨੂੰ ਗੁੰਮਰਾਹ ਕਰਨਾ ਸਾਡਾ ਔਗੁਣ ਹੈ ਜਿਸ ਨੂੰ ਅਸੀਂ ਆਪਣਾ ਗੁਣ ਸਮਝਿਆ ਹੋਇਆ ਹੈ।

ਧਰਮ ਗ੍ਰੰਥਾਂ ਦੀ ਕਥਨੀ ਕਰਨਾ, ਕਥਾ ਕਰਨਾ ਸਾਡਾ ਸੱਚਾ ਉੱਦਮ ਹੈ ਜੋ ਕਿ ਗੁਰੂ ਦੀ ਗੱਲ ਨੂੰ ਸੁਣਨ ਦਾ ਹੈ ਜੋ ਕਿ ਸਾਡੇ ਲਈ ਜਰੂਰੀ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝੀਏ ਕਿ ਗੁਰੂ ਨੇ ਸਾਡੇ ਲਈ ਕੀ ਸਿੱਖਿਆ ਦਿੱਤੀ ਹੈ

32/3641

ਜਿਸ ਰਾਹੀਂ ਅਸੀਂ ਆਪਣੇ ਜੀਵਨ ਦਾ ਨਿਰਬਾਹ ਕਰਨਾ ਹੈ। ਅਸੀਂ ਕੇਵਲ ਕਥਨੀ ਕਰਨ ਨੂੰ ਹੀ ਆਪਣੀ ਭਗਤੀ ਸਮਝਿਆ ਹੋਇਆ ਹੈ ਜੋ ਕਿ ਸਾਡੀ ਸਭ ਤੋਂ ਵੱਡੀ ਭੁੱਲ ਹੈ ਤੇ ਅਸੀਂ ਆਪਣੀ ਕਥਨੀ ਦੀਆਂ ਵਡਿਆਈਆਂ ਨਾਲ ਹੀ ਜੁੜੇ ਹੋਏ ਹਾਂ। ਪ੍ਰਮਾਤਮਾ ਦੀ ਸੱਚੀ ਵਡਿਆਈ ਤੇ ਸਾਡੀ ਸੱਚੀ ਵਡਿਆਈ ਸ਼ਬਦ ਦੇ ਮਕਸਦ ਨੂੰ ਪੂਰਾ ਕਰਨ ਵਿੱਚ ਹੈ ਜਿਵੇਂ ਕਿ ਅਸੀਂ ਵਾਰ ਵਾਰ ਇਸ ਗੱਲ ਨੂੰ ਸਮਝਿਆ ਹੈ, ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਆਪਣੇ ਹੀ ਬੋਲ ਹਨ ਜੋ ਉਸ ਨੇ ਭਗਤਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ ਆਪ ਹੀ ਪ੍ਰਗਟ ਹੋ ਕੇ ਸੁਣਾਏ ਹਨ। ਪ੍ਰਮਾਤਮਾ ਦੇ ਇਹ ਬੋਲ ਬੜੇ ਹੀ ਉੱਚੇ ਬੋਲ ਹਨ ਜੋ ਕਿ ਉਸ ਦੇ ਸੱਚੇ ਗਿਆਨ ਕਰਕੇ ਉੱਚੇ ਹਨ ਜੋ ਸਾਨੂੰ ਸਾਡੇ ਜੀਵਨ ਦਾ ਮਾਰਗ ਸਮਝਾਉਣ ਲਈ ਹਨ। ਆਉ ਇਹੀ ਗੱਲ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਇਹਨਾਂ ਹੇਠ ਦਿੱਤੇ ਬੋਲਾਂ ਦੁਆਰਾ ਸਮਝੀਏ ਜਿਸ ਰਾਹੀਂ ਉਹਨਾਂ ਨੇ ਆਪਣੇ ਬੋਲ ਸੁਣਾਉਣ ਦਾ ਮਕਸਦ ਸਮਝਾਇਆ ਹੋਇਆ ਹੈ, ਗੁਰਬਾਣੀ ਨੂੰ ਰਚਨ ਦਾ ਮਕਸਦ ਸਮਝਾਇਆ ਹੋਇਆ ਹੈ।

“ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥1॥ ਰਹਾਉ ॥
ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ ॥
ਅਭੈ ਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ ॥1॥”

(ਅੰਗ 820)

ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਇਹ ਜੋ ਬੋਲ ਮੈਂ ਗੁਰਬਾਣੀ ਦੇ ਵਿੱਚ ਲਿਖੇ ਹਨ ਇਹ ਬੋਲ ਮੈਂ ਪ੍ਰਮਾਤਮਾ ਦੇ ਕੋਲੋਂ ਸੁਣੇ ਹਨ ਭਾਵ ਪ੍ਰਮਾਤਮਾ ਨੇ ਮੈਨੂੰ ਇਹ ਬੋਲ ਸੁਣਾਏ ਹਨ। ਪ੍ਰਮਾਤਮਾ ਨੇ ਇਹ ਬੋਲ ਕੇਵਲ ਸਾਡੇ ਸੁਣਨ ਲਈ ਨਹੀਂ ਸੁਣਾਏ ਭਾਵ ਕਿਸੇ ਮਕਸਦ ਲਈ ਸੁਣਾਏ ਹਨ। ਉਹ ਮਨੁੱਖ ਸਾਕਤ ਹਨ ਭਾਵ ਮਾਇਆ ਮੋਹ ਵਿੱਚ ਵਿਚਰਨ ਵਾਲੇ ਹਨ ਜੋ ਪ੍ਰਮਾਤਮਾ ਦੇ ਬੋਲਾਂ ਨੂੰ ਕੇਵਲ ਗੀਤ ਸਮਝਕੇ ਗਾਉਂਦੇ ਹਨ, ਧੁਨਿ ਆਦਿ ਵਿੱਚ ਗਾਉਣ ਨਾਲ ਕੇਵਲ ਉਨ੍ਹਾਂ ਨੂੰ ਸੁਣਨ ਦਾ ਆਨੰਦ ਲੈਂਦੇ ਹਨ ਪਰ ਉਹਨਾਂ ਬੋਲਾਂ ਦੁਆਰਾ, ਬਚਨਾਂ ਦੁਆਰਾ ਸਮਝਾਈ ਹੋਈ ਗੱਲ ਦਾ ਮਕਸਦ ਨਹੀਂ ਸਮਝਦੇ ਤੇ ਗੁਰੂ ਪ੍ਰਮਾਤਮਾ ਦੇ ਕੀਮਤੀ ਬੋਲਾਂ ਨੂੰ ਕੇਵਲ ਬੋਲ ਬੋਲਕੇ, ਗਾ ਗਾ ਕੇ ਵਿਅਰਥ ਹੀ ਗਵਾ ਦਿੰਦੇ ਹਨ। (**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥ ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥1॥ ਰਹਾਉ ॥**) ‘‘ਸ੍ਰਵਨੀ’’ ਤੋਂ ਭਾਵ ਹੈ ਸੁਣਨ ਲਈ । ਅਸੀਂ ਕੇਵਲ ਗੁਰੂ ਦੇ ਬੋਲਾਂ ਨੂੰ ਸੁਣਨ ਵਿੱਚ ਹੀ ਆਪਣੀ ਰੁਚੀ ਦਿਖਾਉਂਦੇ ਹਾਂ ਜਿਸ ਨੂੰ ਅਸੀਂ ਆਪਣੀ ਭਗਤੀ ਦਾ ਹਿੱਸਾ ਬਣਾਇਆ ਹੋਇਆ ਹੈ ਤੇ ਗੁਰੂ ਨੇ ਆਪਣੇ ਬੋਲਾਂ ਰਾਹੀਂ ਕੀ ਸਮਝਾਇਆ ਹੈ ਇਸ ਵਿੱਚ ਆਪਣੀ ਰੁਚੀ ਨਹੀਂ ਦਿਖਾਉਂਦੇ । ਜੇਕਰ ਗੱਲ

32/3642

ਸਮਝ ਵੀ ਆ ਜਾਂਦੀ ਹੈ ਫਿਰ ਉਸ ਨੂੰ ਮੰਨਣ ਵਿੱਚ ਸਾਡੀ ਰੁਚੀ ਨਹੀਂ ਹੁੰਦੀ ਜਿਵੇਂ ਕਿ ਹਰ ਪਾਸੇ ਇਹੀ ਕੁੱਝ ਹੋ ਰਿਹਾ ਹੈ ਭਾਵ ਗੁਰੂ ਦੇ ਬੋਲਾਂ ਦੇ ਮਕਸਦ ਨੂੰ, ਸ਼ਬਦਾਂ ਦੀ ਵਿਚਾਰ ਦੇ ਮਕਸਦ ਨੂੰ ਅਸੀਂ ਵਿਅਰਥ ਹੀ ਗਵਾਈ ਜਾਂਦੇ ਹਾਂ। ਗੁਰੂ ਦੇ ਬੋਲਾਂ ਨੂੰ ਸੁਣਨ ਦਾ ਮਕਸਦ ਕੀ ਹੈ ਭਾਵ ਪ੍ਰਮਾਤਮਾ ਨੇ ਸਾਨੂੰ ਇਹ ਬੋਲ ਕਿਸ ਮਕਸਦ ਲਈ ਸਮਝਾਏ ਹਨ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

“ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ ॥

ਅਭੈ ਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ ॥1॥”

ਗੁਰੂ ਦੇ ਬੋਲਾਂ ਦਾ ਮਕਸਦ ਸਾਨੂੰ ਸੇਵਾ ਸਮਝਾਉਣ ਲਈ ਹੈ ਜਿਸ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੀ ਸੇਵਾ ਕਰਨੀ ਹੈ। ਸੇਵਾ ਤਾਂ ਹੀ ਕਰਾਂਗੇ ਜੇਕਰ ਪਹਿਲਾਂ ਸੇਵਾ ਕਰਨੀ ਸਿਖਾਗੇ। ਗੁਰੂ ਪ੍ਰਮਾਤਮਾ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਸੇਵਾ ਉਸ ਦੇ ਬੋਲੇ ਹੋਏ ਸ਼ਬਦਾਂ ਦਾ ਵਿਚਾਰੀ ਬਣਕੇ ਹੁੰਦੀ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਅਪਣਾ ਕੇ ਹੁੰਦੀ ਹੈ ਜਿਸ ਦੁਆਰਾ ਸ਼ਬਦ ਦੀ ਲਿਖਤ ਦਾ ਮਕਸਦ ਪੂਰਾ ਹੁੰਦਾ ਹੈ, ਸ਼ਬਦ ਦੀ ਲਿਖਤ ਦਾ ਮੁੱਲ ਪੈਂਦਾ ਹੈ। ਜਦੋਂ ਅਸੀਂ ਗੁਰੂ ਦੀ ਦਿੱਤੀ ਹੋਈ ਸਿੱਖਿਆ ਦਾ ਮੁੱਲ ਪਾਉਂਦੇ ਹਾਂ, ਸਬਦ ਦੀ ਵਿਚਾਰ ਦਾ ਮੁੱਲ ਪਾਉਂਦੇ ਹਾਂ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਦੇ ਹਾਂ ਇਸ ਵਿੱਚ ਸ਼ਬਦ ਦੀ ਵਡਿਆਈ ਹੁੰਦੀ ਹੈ, ਗੁਰੂ ਨੂੰ ਅਸੀਂ ਵਡਿਆਈ ਦਿੰਦੇ ਹਾਂ। ਗੁਰੂ ਦੀ ਵਿਚਾਰ ਨੂੰ ਵਡਿਆਈ ਦੇਣਾ ਹੀ ਗੁਰੂ ਨੂੰ ਵਡਿਆਈ ਦੇਣਾ ਹੈ, ਗੁਰੂ ਦੇ ਬੋਲਾਂ ਨੂੰ ਉੱਚਾ ਕਰਨਾ ਗੁਰੂ ਨੂੰ ਉੱਚਾ ਕਰਨਾ ਹੈ, ਗੁਰੂ ਦੀ ਸਿੱਖਿਆ ਨੂੰ ਉੱਚਾ ਕਰਨਾ ਗੁਰੂ ਨੂੰ ਉੱਚਾ ਕਰਨਾ ਹੈ। ਗੁਰੂ ਦੇ ਬੋਲਾਂ ਨੂੰ ਬੋਲ ਬੋਲ ਕੇ ਉੱਚਾ ਨਹੀਂ ਕੀਤਾ ਜਾ ਸਕਦਾ ਉਨ੍ਹਾਂ ਨੂੰ ਮੰਨਕੇ ਉੱਚਾ ਕੀਤਾ ਜਾ ਸਕਦਾ ਹੈ ਤੇ ਇਹੀ ਗੁਰੂ ਦੀ ਸੇਵਾ ਵਿੱਚ ਲੱਗਣਾ ਹੈ ਭਾਵ ਗੁਰੂ ਦੇ ਵਿਚਾਰਾਂ ਤੇ ਅਮਲ ਕਰਨਾ ਹੀ ਗੁਰੂ ਦੀ ਸੇਵਾ ਹੈ। ਅਸੀਂ ਜਿਉਂ ਜਿਉਂ ਗੁਰੂ ਦੀ ਗੱਲ ਮੰਨਦੇ ਹਾਂ ਤਿਉਂ ਤਿਉਂ ਅਸੀਂ ਉਸ ਦੀ ਸੇਵਾ ਵਿੱਚ ਲੱਗੀ ਜਾਂਦੇ ਹਾਂ, ਸਾਧ ਦੀ ਸੇਵਾ ਵਿੱਚ ਲੱਗੀ ਜਾਂਦੇ ਹਾਂ। ਗੁਰੂ ਦੀ ਸੇਵਾ ਸਾਡੀ ਸੱਚੀ ਸੁੱਚੀ ਕਿਰਤ ਦੁਆਰਾ ਹੁੰਦੀ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਹਰ ਵੇਲੇ ਪ੍ਰਮਾਤਮਾ ਦੀ ਕਿਰਤ ਵਿੱਚ ਲੱਗਾ ਹੋਇਆ ਹਾਂ ਜਿਸ ਦੁਆਰਾ ਮੈਂ ਪ੍ਰਮਾਤਮਾ ਦੀ ਸੇਵਾ ਵਿੱਚ ਲੱਗਾ ਹੋਇਆ ਹਾਂ ਭਾਵ ਜੋ

ਬੋਲ ਪ੍ਰਮਾਤਮਾ ਨੇ ਮੈਨੂੰ ਸੁਣਾਏ ਹਨ ਮੈਂ ਉਨ੍ਹਾਂ ਨੂੰ ਮੰਨਕੇ ਉਨ੍ਹਾਂ ਤੇ ਅਮਲ ਕਰ ਰਿਹਾ ਹਾਂ। ਪ੍ਰਮਾਤਮਾ ਦੇ ਬੋਲਾਂ ਦਾ ਜੋ ਮਕਸਦ ਗੁਰੂ ਸਾਹਿਬ ਨੇ ਆਪ ਪੂਰਾ ਕੀਤਾ ਹੈ ਉਹੀ ਮਕਸਦ ਸਾਡੇ ਲਈ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਦਾ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਸੇਵਾ ਹੁੰਦੀ ਹੈ। (**ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ** ॥)

{ਸੇਵ ਕੀਤੀ ਸੰਤੋਖੀਏਂ ਜਿਨ੍ੀ ਸਚੋ ਸਚੁ ਧਿਆਇਆ ॥

ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥}

(ਅੰਗ 466-467)

ਗੁਰੂ ਦੇ ਬੋਲਾਂ ਨੂੰ ਕੇਵਲ ਬੋਲੀ ਜਾਣ ਨਾਲ ਕੀ ਗੁਰੂ ਦੀ ਸੇਵਾ ਹੋ ਸਕਦੀ ਹੈ, ਕੀ ਸਾਡੀ ਕਿਰਤ ਸੱਚੀ ਸੁੱਚੀ ਹੋ ਸਕਦੀ ਹੈ ਭਾਵ ਨਹੀਂ ਹੋ ਸਕਦੀ। ਗੁਰੂ ਦੀ ਗੱਲ ਨੂੰ ਮੰਨਾਗੇ ਤਾਂ ਹੀ ਗੁਰੂ ਦੀ ਸੇਵਾ ਹੋ ਸਕਦੀ ਹੈ ਭਾਵ ਅਸੀਂ ਭਲਾਈ ਵਾਲੇ ਕੰਮ ਤਾਂ ਹੀ ਕਰ ਸਕਦੇ ਹਾਂ ਜੇਕਰ ਗੁਰੂ ਦੀ ਗੱਲ ਤੇ ਅਮਲ ਕਰਾਂਗੇ। ਗੁਰੂ ਦੀ ਗੱਲ ਨੂੰ ਨਾ ਮੰਨਣਾ ਸਾਡਾ ਔਗੁਣ ਹੈ। ਇਸ ਗੱਲ ਨੂੰ ਕੁੱਝ ਇਸ ਤਰੀਕੇ ਸਮਝਿਆ ਜਾ ਸਕਦਾ ਹੈ। ਸਾਡਾ ਬਾਪ ਬਿਮਾਰ ਹੈ ਤੇ ਉਹ ਕਹਿੰਦਾ ਹੈ ਕਿ ਮੈਨੂੰ ਦਵਾਈ ਲਿਆ ਦਿਉ। ਜੇਕਰ ਪਿਉ ਦੀ ਗੱਲ ਨੂੰ ਉਸੇ ਤਰੀਕੇ ਦੋਹਰਾ ਦੇਈਏ ਕਿ ਮੈਂ ਬਿਮਾਰ ਹਾਂ ਮੈਨੂੰ ਦਵਾਈ ਲਿਆ ਦਿਉ ਫਿਰ ਕੀ ਪਿਉ ਦੇ ਬੋਲ ਕਿਸੇ ਲੇਖੇ ਲੱਗੇ, ਕੀ ਉਸ ਨੂੰ ਆਪਣੇ ਬੋਲ ਬੋਲਣ ਦਾ ਕੋਈ ਲਾਭ ਮਿਲਿਆ। ਪਿਉ ਦੀ ਗੱਲ ਨੂੰ ਉਸੇ ਤਰ੍ਹਾਂ ਬੋਲ ਕੇ ਕੀ ਅਸੀਂ ਕੋਈ ਪਿਉ ਦੀ ਇੱਜਤ ਕੀਤੀ, ਕੀ ਉਸ ਦੀ ਕੋਈ ਵਡਿਆਈ ਕੀਤੀ ਭਾਵ ਉਸ ਨੂੰ ਵੱਡਾ ਮੰਨਿਆ। ਆਪੇ ਹੀ ਵਿਚਾਰ ਕੇ ਦੇਖ ਲਵੋ। ਕੀ ਇਸ ਵਿੱਚ ਅਸੀਂ ਪਿਉ ਦੀ ਕੋਈ ਸੇਵਾ ਕੀਤੀ। ਉਸ ਦੀ ਸੇਵਾ ਤਾਂ ਹੀ ਹੁੰਦੀ ਹੈ ਜਦੋਂ ਅਸੀਂ ਉਸ ਦੀ ਗੱਲ ਨੂੰ ਮੰਨ ਕੇ ਉਸ ਨੂੰ ਦਵਾਈ ਲਿਆ ਦੇਈਏ। ਜਿਸ ਦੀ ਅਸੀਂ ਗੱਲ ਮੰਨਦੇ ਹਾਂ ਇਸ ਵਿੱਚ ਹੀ ਉਸ ਦੀ ਵਡਿਆਈ ਹੁੰਦੀ ਹੈ, ਕਹਿਣ

ਵਾਲੇ ਦੇ ਬੋਲਾਂ ਨੂੰ ਅਸੀਂ ਉੱਚਾ ਕਰਦੇ ਹਾਂ। ਕਿਸੇ ਦੇ ਬੋਲਾਂ ਨੂੰ ਉੱਚਾ ਕਰਨਾ ਹੀ ਉਸ ਨੂੰ ਉੱਚਾ ਕਰਨਾ ਹੈ। ਗੁਰੂ ਸਾਡੇ ਕੋਲੋਂ ਵੀ ਇਹੋ ਕੁੱਝ ਚਾਹੁੰਦਾ ਹੈ ਕਿ ਅਸੀਂ ਉਸ ਦੇ ਬੋਲਾਂ ਦਾ ਮੁੱਲ ਪਾਈਏ ਤੇ ਉਸ ਦੇ ਬੋਲ ਉਸਨੂੰ ਨਾ ਸੁਣਾਈ ਜਾਈਏ। ਜੇਕਰ ਅਸੀਂ ਪਿਉ ਨੂੰ ਦਵਾਈ ਨਹੀਂ ਲਿਆ ਕੇ ਦਿੱਤੀ ਭਾਵ ਉਸ ਦੀ ਗੱਲ ਨਹੀਂ ਮੰਨੀ ਫਿਰ ਧਿਆਨ ਨਾਲ ਸੋਚੋ ਕਿ ਇਹ ਸਾਡਾ ਗੁਣ ਹੈ ਜਾਂ ਔਗੁਣ ਹੈ। ਬਸ ਇਹੀ ਗੱਲ ਸਾਡੀ ਗੁਰੂ ਦੇ ਨਾਲ ਹੈ ਭਾਵ ਉਸ ਦੀ ਗੱਲ ਮੰਨਣਾ ਸਾਡਾ ਗੁਣ ਹੈ ਤੇ ਗੱਲ ਨੂੰ ਨਾ ਮੰਨਣਾ ਸਾਡਾ ਔਗੁਣ ਹੈ। ਕੀ ਸਾਡੀ ਕਥਨੀ ਕਿਸੇ ਕੰਮ ਆਈ ਭਾਵ ਨਹੀਂ ਆਈ। ਮਾਂ ਪਿਉ ਨੂੰ ਉਹੀ ਔਲਾਦ ਚੰਗੀ ਲੱਗਦੀ ਹੈ ਜੋ ਉਸ ਦਾ ਆਖਾ ਮੰਨੇ। ਅਸੀਂ ਗੁਰੂ

32/3644

ਨੂੰ ਤਾਂ ਹੀ ਚੰਗੇ ਲੱਗਾਂਗੇ ਜੇਕਰ ਅਸੀਂ ਉਸ ਦਾ ਆਖਾ ਮੰਨਾਂਗੇ ਤੇ ਜਿਸ ਨੂੰ ਅਸੀਂ ਉੱਚਾ ਕਰਦੇ ਹਾਂ ਉਸ ਦਾ ਅਸੀਂ ਆਖਾ ਮੰਨਕੇ ਹੀ ਉੱਚਾ ਕਰਦੇ ਹਾਂ।

ਜਿਹੋ ਜਿਹੀ ਭਗਤੀ ਦੇ ਮਾਰਗ ਤੇ ਅਸੀਂ ਚੱਲ ਰਹੇ ਹਾਂ ਉਹ ਅਸੀਂ ਕਿਸੇ ਦਾ ਆਖਾ ਮੰਨਕੇ ਹੀ ਕਰ ਰਹੇ ਹਾਂ। ਹੁਣ ਧਿਆਨ ਨਾਲ ਸੋਚੋ ਕਿ ਅਸੀਂ ਵਡਿਆਈ ਕਿਸ ਦੀ ਕਰ ਰਹੇ ਹਾਂ। ਵਡਿਆਈ ਅਸੀਂ ਉਨ੍ਹਾਂ ਸਿਰਮੌਰਾਂ ਦੀ ਕਰ ਰਹੇ ਹਾਂ ਜਿੰਨ੍ਹਾਂ ਕੋਲੋਂ ਅਸੀਂ ਭਗਤੀ ਦੇ ਤਰੀਕੇ ਸਿਖੇ ਹੋਏ ਹਨ, ਜਿੰਨ੍ਹਾਂ ਨੇ ਸਾਨੂੰ ਆਪਣੀ ਆਪਣੀ ਮਰਿਆਦਾ ਸਿਖਾਈ ਹੋਈ ਹੈ। ਜੇਕਰ ਕਿਸੇ ਨੇ ਸਾਨੂੰ ਇਹ ਸਿਖਾਇਆ ਹੈ ਕਿ ਸਾਨੂੰ ਥਿਤਾਂ ਵਾਰਾਂ ਨਾਲ ਜੁੜਨਾ ਚਾਹੀਦਾ ਹੈ ਭਾਵ ਸਾਨੂੰ ਮੱਸਿਆ, ਸੰਗਰਾਂਦ, ਪੂਰਨਮਾਸ਼ੀ ਆਦਿ ਨਾਲ ਜੁੜਨਾ ਚਾਹੀਦਾ ਹੈ ਭਾਵ ਉਹਨਾਂ ਨਾਲ ਜੁੜਨਾ ਧਰਮ ਦਾ ਮਾਰਗ ਹੈ, ਥਿਤਾਂ ਵਾਰਾਂ ਦੀ ਮਹੱਤਤਾ ਹੁੰਦੀ ਹੈ ਫਿਰ ਕੀ ਇਹ ਗੱਲ ਗੁਰਮਤਿ ਤੇ ਪੂਰੀ ਉਤਰਦੀ ਹੈ। ਇਹਨਾਂ ਗੱਲਾਂ ਨਾਲ ਜੋੜਨ ਵਾਲੇ ਬਹੁਤ ਹਨ ਤੇ ਮੰਨਣ ਵਾਲੇ ਵੀ ਬਹੁਤ ਹਨ, ਸਿੱਖ ਜਗਤ ਵਿੱਚ ਵੀ ਇਹੋ ਜਿਹਿਆਂ ਦੀ ਭਰਮਾਰ ਹੈ। ਇਹੋ ਜਿਹਿਆਂ ਦੀ ਗੱਲ ਮੰਨ ਕੇ ਫਿਰ ਅਸੀਂ ਵਡਿਆਈ ਕਿਸ ਨੂੰ ਦਿੱਤੀ, ਕਿਸ ਦੇ ਬੋਲ ਉੱਚੇ ਕੀਤੇ ਭਾਵ ਉਹਨਾਂ ਬਾਬਿਆਂ ਦੇ ਬੋਲ ਉੱਚੇ ਕੀਤੇ ਜਿੰਨ੍ਹਾਂ ਨੇ ਸਾਨੂੰ ਇਹਨਾਂ ਗੱਲਾਂ ਦੇ ਨਾਲ ਜੋੜਿਆ ਹੈ ਜਾਂ ਅਸੀਂ ਗੁਰਮਤਿ ਨੂੰ ਉੱਚਾ ਕੀਤਾ ਜਿਸ ਰਾਹੀਂ ਗੁਰੂ ਨੇ ਸਾਨੂੰ ਥਿਤਾਂ ਵਾਰਾਂ ਨੂੰ ਪੂਜਣਾ, ਧਰਮ ਦੇ ਨਾਲ ਜੋੜਨਾ ਸਾਡੀ ਮੂਰਖਤਾ ਦੱਸਿਆ ਹੈ। ਇਹੋ ਜਿਹੀਆਂ ਗੱਲਾਂ ਨੂੰ ਮੰਨਕੇ ਅਸੀਂ ਗੁਰੂ ਦੀ ਇੱਜਤ ਕੀਤੀ ਜਾਂ ਬੇਅਦਬੀ ਕੀਤੀ, ਅਸੀਂ ਗੁਣ ਕੀਤਾ ਜਾ ਅਵਗੁਣ ਕੀਤਾ। ਇਹਨਾਂ ਗੱਲਾਂ ਨੂੰ ਮੰਨਕੇ ਅਸੀਂ ਉਹਨਾਂ ਨੂੰ ਉੱਚਾ ਕੀਤਾ ਜਿੰਨ੍ਹਾਂ ਨੇ ਸਾਨੂੰ ਇਹ ਕੁੱਝ ਸਮਝਾਇਆ ਹੈ ਪਰ ਨਾਲ ਹੀ ਅਸੀਂ ਗੁਰੂ ਨੂੰ ਨੀਵਾਂ ਦਿਖਾ ਦਿੱਤਾ ਕਿ ਅਸੀਂ ਤੇਰੀ ਗੱਲ ਨਹੀਂ ਮੰਨਦੇ ਭਾਵ ਸਾਨੂੰ ਤੇਰੀ ਗੱਲ ਤੇ ਵਿਸ਼ਵਾਸ ਨਹੀਂ ਹੈ ਭਾਵ ਸਾਨੂੰ ਉਹਨਾਂ ਦੀ ਗੱਲ ਤੇ ਵਿਸ਼ਵਾਸ ਹੈ ਜੋ ਸਾਨੂੰ ਇਹੋ ਜਿਹਿਆ ਕਰਨਾ ਸਿਖਾਉਂਦੇ ਹਨ। ਗੁਰੂ ਦੇ ਨਾਲ ਬੇਵਿਸ਼ਵਾਸੀ ਦਿਖਾਕੇ ਕੀ ਅਸੀਂ ਕਦੇ ਗੁਰੂ ਵਾਲੇ ਬਣ ਸਕਦੇ ਹਾਂ, ਗੁਰੂ ਦੇ ਪਿਆਰ ਵਾਲੇ ਬਣ ਸਕਦੇ ਹਾਂ। ਇਹ ਗੁਰੂ ਦੀ ਗੱਲ ਨਾਲ ਨਫ਼ਰਤ ਕਰਨ ਵਾਲੀ ਗੱਲ ਹੈ ਭਾਵ ਗੁਰੂ ਨਾਲ ਨਫ਼ਰਤ ਕਰਨ ਵਾਲੀ ਗੱਲ ਹੈ ਤੇ ਉਨ੍ਹਾਂ ਨਾਲ ਪਿਆਰ ਕਰਨ ਵਾਲੀ ਗੱਲ ਹੈ ਜਿੰਨ੍ਹਾਂ ਦੀ ਗੱਲ ਨੂੰ ਅਸੀਂ ਮੰਨਦੇ ਹਾਂ। ਸਾਡਾ ਅੰਦਰੂਨੀ ਪਿਆਰ ਉਨ੍ਹਾਂ ਨਾਲ ਹੈ ਜਿੰਨ੍ਹਾਂ ਦੀ ਅਸੀਂ ਗੱਲ ਮੰਨਦੇ ਹਾਂ ਪਰ ਗੱਲਾਂ ਨਾਲ ਪਿਆਰ ਗੁਰੂ ਨਾਲ ਦਿਖਾਉਂਦੇ ਹਾਂ, ਕਥਨੀ ਦੁਆਰਾ ਪਿਆਰ ਗੁਰੂ ਨਾਲ ਦਿਖਾਉਂਦੇ ਹਾਂ।

32/3645

{ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥10॥2॥}

(ਅੰਗ 843)

ਮਹਲਾ ੨ ॥

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥4॥}

(ਅੰਗ 474)

ਮਹਲਾ ੨ ॥

{ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥
ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥3॥}

(ਅੰਗ 474)

ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਤਰੀਕੇ ਅਪਣਾਏ ਹੋਏ ਹਨ ਤੇ ਇੱਧਰੋਂ ਉਧਰੋਂ ਸਿਖੀਆਂ ਹੋਈਆਂ ਇਹੋ ਜਿਹੀਆਂ ਮਰਿਆਦਾਵਾਂ ਦੇ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ। ਅਸੀਂ ਆਪਣੇ ਖਾਨ ਪਾਨ ਨੂੰ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ ਜਿਸ ਦਾ ਕਿ ਗੁਰਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਹੋ ਜਿਹੀ ਮਰਿਆਦਾ ਦਾ ਅਸੀਂ ਪਾਲਣ ਕਰਦੇ ਹਾਂ ਉਸ ਨੂੰ ਅਸੀਂ ਗੁਰਮਤਿ ਦੇ ਨਾਲ ਜੋੜਿਆ ਹੋਇਆ ਹੈ ਤੇ ਸਾਨੂੰ ਦੇਖਣ ਵਾਲੇ ਇਹੀ ਸਮਝਦੇ ਹਨ ਕਿ ਇਹ ਗੁਰੂ ਦੀ ਮਰਿਆਦਾ ਨੂੰ ਮੰਨ ਰਹੇ ਹਨ। ਜਿਵੇਂ ਕਿ ਸਿੱਖ ਜਗਤ ਵਿੱਚ ਬੜਿਆਂ ਨੇ ਆਪਣੇ ਆਪ ਨੂੰ ਖਾਣੇ ਦੀ ਮਰਿਆਦਾ ਨਾਲ ਜੋੜਿਆ ਹੋਇਆ ਹੈ, ਖਾਣੇ ਦੀ ਸੁਚਿ ਨਾਲ, ਚੌਂਕੇ ਦੀ ਸੁਚਿ ਨਾਲ ਜੋੜਿਆ ਹੋਇਆ ਹੈ ਜਿਸ ਨੂੰ ਉਹ ਉੱਚੀ ਧਾਰਮਿਕ ਮਰਿਆਦਾ ਮੰਨਦੇ ਹਨ ਤੇ ਆਪਣੀ ਇਹੋ ਜਿਹੀ ਮਰਿਆਦਾ ਵਿੱਚ ਰਹਿੰਦੇ ਹੋਏ ਦੂਸਰੇ ਨਾਲ ਬੈਠ ਕੇ ਖਾਣ ਵਿੱਚ ਪਰਹੇਜ ਕਰਦੇ ਹਨ, ਦੂਸਰਿਆਂ ਦੇ ਘਰਾਂ ਤੋਂ ਖਾਣ ਵਿੱਚ ਪਰਹੇਜ ਕਰਦੇ ਹਨ ਤੇ ਗੁਰਦਵਾਰਿਆਂ ਦੇ ਬਣੇ ਹੋਏ ਲੰਗਰ ਤੋਂ ਵੀ ਪਰਹੇਜ ਕਰਦੇ ਹਨ ਭਾਵ ਉਹ ਗੁਰੂ ਦੇ ਲੰਗਰ ਦੀ ਮਰਿਆਦਾ ਨੂੰ ਵੀ ਛੋਟਾ ਕਰਦੇ ਹਨ ਤੇ ਆਪਣੀ ਮਰਿਆਦਾ ਨੂੰ ਉੱਚੀ ਸਮਝਦੇ ਹਨ ਜਿਸ ਦੁਆਰਾ ਸਮਾਜ ਵਿੱਚ ਫੇੜ ਪੈਂਦੀ ਹੈ ਤੇ ਉੱਚ ਨੀਚ ਦਾ ਭੇਦ ਉਪਜਦਾ ਹੈ ਜਿਸ ਗੱਲ ਦੀ ਗੁਰਬਾਣੀ ਰਾਹੀਂ ਘੋਰ ਨਿੰਦਿਆ ਕੀਤੀ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹੋ ਜਿਹਿਆਂ ਨੂੰ ਦੇਖਣ ਵਾਲੇ ਇਹੀ ਸਮਝਦੇ ਹਨ ਕਿ ਇਹ ਸਿੱਖੀ ਦੇ ਮਾਰਗ ਤੇ ਚੱਲ ਰਹੇ ਹਨ ਭਾਵ ਗੁਰਬਾਣੀ ਨੇ ਇਹੋ ਜਿਹੀ ਸਿੱਖਿਆ ਹੀ ਦਿੱਤੀ ਹੋਈ ਹੈ। ਹੁਣ ਇਹੋ ਜਿਹੀ ਮਰਿਆਦਾ ਨੂੰ ਅਪਣਾਕੇ, ਹੁਣ ਧਿਆਨ

ਨਾਲ ਸਮਝੋ ਕਿ ਅਸੀਂ ਗੁਰੂ ਦੇ ਬੋਲਾਂ ਨੂੰ ਉੱਚਾ ਕੀਤਾ ਜਾਂ ਨੀਵਾਂ ਕੀਤਾ, ਗੁਰੂ ਦਾ ਅਦਬ ਕੀਤਾ ਜਾਂ ਬੇਅਦਬੀ ਕੀਤੀ, ਸੰਸਾਰ ਦੀਆਂ ਨਜ਼ਰਾਂ ਵਿੱਚ ਗੁਰਬਾਣੀ ਨੂੰ ਉੱਚਾ ਕੀਤਾ ਜਾਂ ਨੀਵਾਂ ਕੀਤਾ, ਗੁਰੂ ਦੀ ਸਿੱਖਿਆ ਨੂੰ ਉੱਚਾ ਕੀਤਾ ਜਾਂ ਨੀਵਾਂ ਕੀਤਾ। ਉੱਚਾ ਅਸੀਂ ਅਸਲ ਵਿੱਚ ਉਨ੍ਹਾਂ ਨੂੰ ਕਰਦੇ ਹਾਂ ਜਿੰਨ੍ਹਾਂ ਕੋਲੋਂ ਅਸੀਂ ਇਹ ਸਿੱਖਿਆ ਲਈ ਹੋਈ ਹੈ ਤੇ ਇਸ ਗੱਲ ਨੂੰ ਧਰਮ ਦੇ ਨਾਲ ਜੋੜਿਆ ਹੋਇਆ ਹੈ। ਇਹੋ ਜਿਹਿਆਂ ਨੂੰ ਇਹ ਸਮਝ ਨਹੀਂ ਕਿ ਉਹ ਆਪਣੇ ਸਿਰਮੌਰਾਂ ਦੀ ਸਿੱਖਿਆ ਨੂੰ ਉੱਚਾ ਕਰਕੇ ਗੁਰੂ ਦੀ ਸਿੱਖਿਆ ਨੂੰ ਨੀਵਾਂ ਕਰ ਰਹੇ ਹਨ, ਸਿਰਮੌਰਾ ਨਾਲ ਆਪਣਾ ਪਿਆਰ ਦਿਖਾ ਰਹੇ ਹਨ ਤੇ ਗੁਰੂ ਨਾਲ ਆਪਣੀ ਵਿਰੋਧਤਾ ਦਿਖਾ ਰਹੇ ਹਨ। ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਆਪਣੀ ਆਪਣੀ ਮਤਿ ਅਨੁਸਾਰ, ਪੁਰਾਣੀ ਸਦੀਆਂ ਤੋਂ ਚੱਲਦੀ ਆ ਰਹੀ ਮਤਿ ਅਨੁਸਾਰ, ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿੰਨ੍ਹਾਂ ਦਾ ਗੁਰਬਾਣੀ ਰਾਹੀਂ ਵਾਰ ਵਾਰ ਖੰਡਨ ਕੀਤਾ ਹੋਇਆ ਹੈ। ਭਗਤੀ ਦਾ ਤਰੀਕਾ ਇੱਕੋ ਇੱਕ ਸੱਚ ਤੇ ਚੱਲਣ ਦਾ ਹੈ ਤੇ ਹੋਰ ਕੋਈ ਵੀ ਨਹੀਂ ਹੈ। ਸੱਚ ਉਹ ਹੈ ਜੋ ਸ਼ਬਦ ਦੀ ਵਿਚਾਰ ਦੇ ਅਨੁਸਾਰ ਹੈ। ਸ਼ਬਦ ਦੀ ਵਿਚਾਰ ਦੇ ਉਲਟ ਚੱਲਣਾ ਗੁਰੂ ਦੇ ਉਲਟ ਚੱਲਣਾ ਹੈ ਜਿਸ ਵਿੱਚ ਅਸੀਂ ਗੁਰੂ ਦੀ ਇੱਜਤ ਕਰਨ ਦੀ ਬਜਾਇ ਉਲਟਾ ਬੇਅਦਬੀ ਕਰਦੇ ਹਾਂ, ਆਪਣੇ ਝੂਠੇ ਭਗਤੀ ਦੇ ਤਰੀਕਿਆਂ ਨੂੰ ਸੱਚ ਸਾਬਿਤ ਕਰਕੇ ਸੱਚ ਦੀ ਬੇਅਦਬੀ ਕਰਦੇ ਹਾਂ, ਨਾਮ ਦੀ ਬੇਅਦਬੀ ਕਰਦੇ ਹਾਂ ਭਾਵ ਹਉਮੈ ਨੂੰ ਉੱਚਾ ਕਰਦੇ ਹਾਂ ਤੇ ਨਾਮ ਨੂੰ ਨੀਵਾਂ ਕਰਦੇ ਹਾਂ ਭਾਵ ਨਾਮ ਨਾਲ ਆਪਣਾ ਝਗੜਾ ਵਧਾਉਂਦੇ ਹਾਂ ਜਿਸ ਤੋਂ ਬਚਣ ਦੀ ਲੋੜ ਹੈ। ਗੁਰੂ ਦਾ ਹਿਰਦਾ ਬਹੁਤ ਵੱਡਾ ਹੈ ਉਹ ਸਾਡੀ ਹਰ ਬੇਅਦਬੀ ਮੁਆਫ ਕਰ ਦਿੰਦਾ ਹੈ ਤੇ ਮਾਫੀ ਤਾਂ ਹੀ ਮਿਲੇਗੀ ਜਦੋਂ ਅਸੀਂ ਮੁਆਫੀ ਦਾ ਉਪਰਾਲਾ ਕਰਾਂਗੇ ਭਾਵ ਆਪਣੀ ਝੂਠੀ ਜਿੱਦ ਛੱਡਾਂਗੇ। ਅਸੀਂ ਆਪਣੀ ਜਿੱਦ ਤਾਂ ਹੀ ਛੱਡ ਪਾਵਾਂਗੇ ਜਦੋਂ ਅਸੀਂ ਆਪਣੀ ਝੂਠੀ ਵਡਿਆਈ ਛੱਡਣ ਨੂੰ ਤਿਆਰ ਹੋ ਜਾਵਾਂਗੇ ਭਾਵ ਉਹੋ ਜਿਹੀ ਭਗਤੀ

ਕਰਨੀ ਛੱਡ ਦਿਆਂਗੇ ਜੋ ਕਿ ਅਸਲ ਵਿੱਚ ਭਗਤੀ ਹੈ ਹੀ ਨਹੀਂ। ਸਾਡੇ ਅੰਦਰ ਦੀ ਹਾਲਤ ਉਹੋ ਜਿਹੀ ਹੈ ਜਿਵੇਂ ਕਿ ਪੁਰਾਨਾ ਆਖਾਣ ਹੈ ਕਿ "ਸੱਪ ਦੇ ਮੂੰਹ ਵਿੱਚ ਕੋਹੜਕਿਰਲੀ"। ਸਾਡੇ ਅੰਦਰ ਇਹ ਕੋਹੜਕਿਰਲੀ ਝੂਠੀ ਮਤਿ ਦੇ ਰੂਪ ਵਿੱਚ ਹੈ, ਝੂਠੀ ਸਿੱਖਿਆ ਦੇ ਰੂਪ ਵਿੱਚ ਹੈ ਜਿਸ ਦੇ ਰਾਹੀਂ ਸਾਨੂੰ ਮਾਣ ਮਿਲਿਆ ਹੋਇਆ ਹੈ। ਜੇਕਰ ਅਸੀਂ ਇਸ ਕੋਹੜਕਿਰਲੀ ਨੂੰ ਆਪਣੇ ਅੰਦਰ ਲੰਘਾਉਂਦੇ ਹਾਂ ਤਾਂ ਫਿਰ ਸਾਡਾ ਜੀਵਨ ਖਰਾਬ ਹੁੰਦਾ ਹੈ ਭਾਵ ਆਪਣੇ ਅਸਲ ਜੀਵਨ ਨੂੰ ਖ਼ਤਮ ਕਰਨ ਵਾਲੀ ਗੱਲ ਹੈ ਤੇ ਜੇਕਰ ਇਸ ਕੋਹੜਕਿਰਲੀ ਨੂੰ ਛੱਡ ਦਿੰਦੇ ਹਾਂ ਤਾਂ ਫਿਰ ਸਾਡਾ ਮਾਣ ਜਾਂਦਾ ਹੈ ਕਿ ਸੱਪ ਇੱਕ ਕੋਹੜਕਿਰਲੀ ਨੂੰ ਨਹੀਂ ਮਾਰ ਸਕਿਆ। ਸਾਡਾ ਜੀਵਨ ਬਰਬਾਦ ਕਰਨ ਵਾਲਾ ਸਾਡਾ

32/3647

ਝੂਠਾ ਮਾਣ ਹੈ ਜਿਸ ਨੂੰ ਛੱਡਣਾ ਹੀ ਸਾਡੇ ਲਈ ਚੰਗਾ ਹੈ ਜਿਸ ਤਰੀਕੇ ਸਾਡਾ ਜੀਵਨ ਬਚ ਸਕਦਾ ਹੈ, ਵਿਅਰਥ ਜਾਣ ਤੋਂ ਬਚ ਸਕਦਾ ਹੈ। ਸਾਡਾ ਮਾਣ ਜਾਣ ਦੇ ਨਾਲ ਸਾਨੂੰ ਉਤਨਾ ਫਰਕ ਨਹੀਂ ਪੈਂਦਾ ਜਿਤਨੀ ਸਾਨੂੰ ਉਹਨਾਂ ਦੇ ਮਾਣ ਦੀ ਚਿੰਤਾ ਹੈ ਜਿੰਨ੍ਹਾਂ ਦੇ ਪਿੱਛੇ ਲੱਗਕੇ ਅਸੀਂ ਉਹਨਾਂ ਕੋਲੋਂ ਝੂਠੀ ਸਿੱਖਿਆ ਲਈ ਹੋਈ ਹੈ। ਗੁਰੂ ਦਾ ਮਾਣ ਅਸੀਂ ਤਾਂ ਹੀ ਕਰ ਪਾਵਾਂਗੇ ਜਦੋਂ ਝੂਠੇ ਮਾਣ ਵਿੱਚੋਂ ਨਿਕਲਾਂਗੇ ਤੇ ਇਸ ਵਿੱਚੋਂ ਨਿਕਲਣਾ ਹੀ ਸਾਡਾ ਸੱਚਾ ਉੱਦਮ ਹੈ, ਸਾਡੀ ਸਿਆਣਪ ਹੈ। ਝੂਠੀ ਜਿੱਦ ਤੇ ਅੜੇ ਰਹਿਣਾ ਸਾਡੀ ਝੂਠੀ ਸਿਆਣਪ ਹੈ।

{ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥}

(ਅੰਗ 310)

ਸਾਡਾ ਜੀਵਨ ਤਾਂ ਹੀ ਸਫ਼ਲ ਹੁੰਦਾ ਹੈ ਜਦੋਂ ਸਾਨੂੰ ਪ੍ਰਮਾਤਮਾ ਦੇ ਕੋਲੋਂ ਉਸਦੇ ਨਾਮ ਦਾ ਦਾਨ ਮਿਲ ਜਾਂਦਾ ਹੈ ਤੇ ਇਹ ਦਾਨ ਸਾਨੂੰ ਤਾਂ ਹੀ ਮਿਲਦਾ ਹੈ ਜਦੋਂ ਅਸੀਂ ਗੁਰੂ ਦੇ ਬੋਲਾਂ ਦੀ ਕਦਰ ਪਾਉਂਦੇ ਹਾਂ, ਗੁਰੂ ਦੀ ਸਿੱਖਿਆ ਦੀ ਕਦਰ ਪਾਉਂਦੇ ਹਾਂ ਭਾਵ ਆਪਣੀ ਕਿਰਤ ਨੂੰ ਸੱਚਾ ਸੁੱਚਾ ਬਣਾਉਂਦੇ ਹਾਂ ਜਿਵੇਂ ਕਿ ਅਸੀਂ ਉਪਰਲੇ ਸ਼ਬਦ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ॥

ਅਭੈ ਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ ॥੧॥"

"ਅਭੈ ਦਾਨੁ" ਪ੍ਰਮਾਤਮਾ ਕੋਲੋਂ ਮਿਲਣ ਵਾਲੀ ਸੱਚੀ ਮਤਿ ਦਾ ਦਾਨ ਹੈ ਜੋ ਮਨੁੱਖ ਨੂੰ ਭੈ ਤੋਂ ਰਹਿਤ ਕਰਦੀ ਹੈ, ਮਾਇਆ ਮੋਹ ਦੇ ਭੈ ਵਿੱਚੋਂ ਕੱਢਦੀ ਹੈ, ਹਰ ਝੂਠੇ ਭੈ ਵਿੱਚੋਂ ਕੱਢਦੀ ਹੈ ਜਿੰਨ੍ਹਾਂ ਵਿੱਚ ਅਸੀਂ ਵਿਅਰਥ ਹੀ ਫਸੇ ਰਹਿੰਦੇ ਹਾਂ, ਝੂਠੀ ਭਗਤੀ ਦੇ ਨਾਲ ਜੁੜਨਾ ਵੀ ਸਾਡਾ ਵਿਅਰਥ ਦਾ ਭੈਅ ਹੈ ਜਿਸ ਦਾ ਕਾਰਣ ਸਾਡੇ ਅੰਦਰ ਸੱਚੀ ਸੋਝੀ ਦਾ ਨਾ ਹੋਣਾ ਹੈ, ਨਾਮ ਵਾਲੀ ਸੋਝੀ ਦਾ ਨਾ ਹੋਣਾ ਹੈ। ਪ੍ਰਮਾਤਮਾ ਦਾ ਨਾਮ ਦਾਨ ਮਿਲਣ ਦੁਆਰਾ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸ ਦੇ ਨਾਲ ਸੰਗਤ ਹੁੰਦੀ ਹੈ ਜਿਸ ਦੁਆਰਾ ਉਸ ਦੇ ਗੁਣ ਗਾਉਣ ਦੀ ਸੋਝੀ ਪੈਂਦੀ ਹੈ। ਜਿੰਨ੍ਹਾਂ ਨੇ ਉਸ ਪ੍ਰਮਾਤਮਾ ਦੇ ਗੁਣ ਗਾਏ ਹਨ ਉਨ੍ਹਾਂ ਨੇ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਗਾਏ ਹਨ ਤੇ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਾਏ ਹਨ। (**ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ ॥ ਅਭੈ ਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ ॥1॥**)

ਪਿਛਲੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਗੁਰੂ ਦੇ ਬੋਲ ਕੇਵਲ ਸਾਡੇ ਗਾਉਣ ਲਈ ਨਹੀਂ ਹਨ ਬਲਕਿ ਉਹਨਾਂ ਰਾਹੀਂ ਸਿੱਖਿਆ ਲੈਣ ਲਈ ਹਨ। ਗੁਰੂ ਦੇ ਬੋਲ ਪ੍ਰਮਾਤਮਾ ਦੇ ਆਪਣੇ ਬੋਲ ਹੋਏ ਬੋਲ ਹਨ ਜਿੰਨ੍ਹਾਂ ਦਾ ਮਕਸਦ ਸਾਨੂੰ ਵਿਚਾਰ ਦੇਣ ਲਈ ਹੈ ਤੇ ਸਾਡਾ ਜੀਵਨ ਸ਼ਬਦਾਂ ਦੀ ਵਿਚਾਰ ਨੇ ਸਫ਼ਲ ਕਰਨਾ ਹੈ। ਸਾਡੇ ਸਭ ਦਾ ਜੀਵਨ ਸਫ਼ਲ ਕਰਨ ਵਾਲਾ ਆਪ ਪ੍ਰਮਾਤਮਾ ਹੈ ਤੇ ਕੇਵਲ ਉਸ ਦੇ ਵਿਚਾਰਾਂ ਦੇ ਨਾਲ ਜੁੜਕੇ ਹੀ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ। ਜੋ ਵਿਚਾਰ ਸ਼ਬਦ ਦੀ ਵਿਚਾਰ ਤੋਂ ਉਲਟ ਹੈ ਉਹ ਵਿਚਾਰ ਕਦੇ ਸੱਚਾ ਨਹੀਂ ਹੋ ਸਕਦਾ, ਉਹ ਕੱਚਾ ਵਿਚਾਰ ਹੈ ਜਿਸ ਦੇ ਪਿੱਛੇ ਕੱਚੀ ਮਤਿ ਹੈ। ਅਸੀਂ ਗੁਰੂ ਦੀ ਸੱਚੀ ਮਤਿ ਨੂੰ ਛੱਡਕੇ ਅਗਰ ਕੱਚੀ ਮਤਿ ਦੇ ਪਿੱਛੇ ਲੱਗਦੇ ਹਾਂ ਫਿਰ ਇਹ ਸਾਡਾ ਜੀਵਨ ਕਦੇ

32/3648

ਸਫ਼ਲ ਨਹੀਂ ਹੋ ਸਕਦਾ। ਸਮਝਣ ਦੀ ਗੱਲ ਇਹ ਹੈ ਕਿ ਸਾਡੇ ਜੀਵਨ ਦੀ ਸਫ਼ਲਤਾ ਹੀ ਅਸਲ ਵਿੱਚ ਸੱਚੀ ਮਤਿ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ। ਜਿੰਨ੍ਹਾਂ ਦਾ ਵੀ ਜੀਵਨ ਪ੍ਰਮਾਤਮਾ ਨੇ ਸਫ਼ਲ ਕੀਤਾ ਹੈ ਉਹਨਾਂ ਨੂੰ ਆਪਣੀ ਸੱਚ ਮਤਿ ਬਖਸ਼ਕੇ ਹੀ ਕੀਤਾ ਹੈ ਤੇ ਉਹਨਾਂ ਨੇ ਹੀ ਸਾਨੂੰ ਸਾਡਾ ਜੀਵਨ ਸਫ਼ਲ ਕਰਨ ਦਾ ਮਾਰਗ ਦਿਖਾਇਆ ਹੈ। ਸੱਚੀ ਮਤਿ ਦੇ ਮਾਰਗ ਤੇ ਚੱਲਕੇ ਹੀ ਅਸੀਂ ਸੱਚੀ ਮਤਿ ਦੇ ਮਾਲਕ ਤੱਕ ਪਹੁੰਚ ਸਕਦੇ ਹਾਂ ਭਾਵ ਬ੍ਰਹਮ ਵਿਚਾਰ ਨਾਲ ਜੁੜਕੇ ਹੀ ਬ੍ਰਹਮ ਵਿਚਾਰ ਦੇ ਮਾਲਕ ਤੱਕ ਪਹੁੰਚ ਸਕਦੇ ਹਾਂ। ਬ੍ਰਹਮ ਵਿਚਾਰ ਦਾ ਮਕਸਦ ਸਮਝੇ ਬਿਨ੍ਹਾਂ ਅਸੀਂ ਉਸ ਬ੍ਰਹਮ ਦੀ ਪ੍ਰਾਪਤੀ ਦਾ ਉੱਦਮ ਨਹੀਂ ਕਰ ਸਕਦੇ। ਜੇਕਰ ਬ੍ਰਹਮ ਵਿਚਾਰ ਨੂੰ ਅਸੀਂ ਇੱਕ ਗੀਤ ਸਮਝਕੇ ਹੀ ਗਾਈ ਜਾਵਾਂਗੇ ਫਿਰ ਇਸ ਨਾਲ ਬ੍ਰਹਮ ਵਿਚਾਰ ਦਾ ਮਕਸਦ ਹੀ ਕੀ ਰਹਿ ਗਿਆ ਭਾਵ ਸਾਡਾ ਕੇਵਲ ਕੰਨ ਰਸ ਬਣਕੇ ਹੀ ਰਹਿ ਗਿਆ ਤੇ ਉਸ ਦੇ ਵਿੱਚ ਪਾਈ ਹੋਈ ਵਿਚਾਰ ਤੋਂ ਅਸੀਂ ਲਾਭ ਲੈਣਾ ਠੀਕ ਨਹੀਂ ਸਮਝਿਆ। ਲਾਭ ਵਿਚਾਰ ਨਾਲ ਜੁੜਕੇ ਹੀ ਮਿਲਣਾ ਹੈ, ਲਾਹਾ ਵਿਚਾਰ ਨਾਲ ਜੁੜਕੇ ਹੀ ਮਿਲਣਾ ਹੈ ਨਾ ਕਿ ਬ੍ਰਹਮ ਵਿਚਾਰ ਦੀ ਕਥਨੀ ਕਰੀ ਜਾਣ ਦੇ ਨਾਲ। ਆਉ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੀ ਹੋਈ ਬ੍ਰਹਮ ਵਿਚਾਰ ਦੇ ਰਾਹੀਂ ਸਮਝੀਏ, ਪ੍ਰਮਾਤਮਾ ਦੀ ਦਿੱਤੀ ਹੋਈ ਵਿਚਾਰ ਦੇ ਰਾਹੀਂ ਸਮਝੀਏ।

ਗਉੜੀ ॥

“ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥
ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥1॥
ਸਾਵਲ ਸੁੰਦਰ ਰਾਮਈਆ ॥
ਮੇਰਾ ਮਨੁ ਲਾਗਾ ਤੋਹਿ ॥1॥ ਰਹਾਉ ॥
ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ ॥
ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥2॥
ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥3॥
ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥4॥1॥4॥55॥”

(ਅੰਗ 335)

ਉਪਰਲੇ ਸ਼ਬਦ ਰਾਹੀਂ ਪਹਿਲਾਂ ਸਾਨੂੰ ਇਹ ਗੱਲ ਸਮਝਾਈ ਹੋਈ ਹੈ ਕਿ ਸਾਡੇ ਅੰਦਰ ਬ੍ਰਹਮ ਵਿਚਾਰ ਕਿਸ ਤਰੀਕੇ ਆਉਂਦੇ ਹਨ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਅਵੱਸਥਾ ਸਮਝਾਈ ਹੋਈ ਹੈ ਜਿਸ ਤੋਂ ਬਾਅਦ ਮਨੁੱਖ ਦੇ ਅੰਦਰ ਬ੍ਰਹਮ ਵਿਚਾਰ ਉਪਜਦੇ ਹਨ ਤੇ ਨਾਲ ਹੀ ਬ੍ਰਹਮ ਵਿਚਾਰਾਂ ਦਾ ਮਕਸਦ ਕੀ ਹੈ ਇਹ ਗੱਲ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥
ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥1॥”

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਜਦੋਂ ਵੀ ਹੁੰਦਾ ਹੈ ਉਹ ਪ੍ਰਮਾਤਮਾ ਦੀ ਜੋਤਿ ਰਾਹੀਂ ਹੀ ਹੁੰਦਾ ਹੈ ਭਾਵ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਕੇਵਲ ਇਹੀ ਇੱਕੋ ਇੱਕ ਸਾਧਨ ਹੈ ਭਾਵ ਇੱਕੋ ਇੱਕ ਤਰੀਕਾ ਹੈ। (**ਏਕ ਜੋਤਿ ਏਕਾ ਮਿਲੀ**) ਜਿੰਨ੍ਹਾਂ ਦਾ ਵੀ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਉਹ ਇਸੇ ਤਰੀਕੇ ਹੀ ਹੋਇਆ ਹੈ ਤੇ ਇਸ ਤੋਂ ਬਿਨ੍ਹਾਂ

ਜੋ ਵੀ ਕੋਈ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਕਿਸੇ ਹੋਰ ਰੂਪ ਵਿੱਚ ਕਰਦਾ ਹੈ, ਕਿਸੇ ਸਰਗੁਣ ਰੂਪ ਦੀ ਗੱਲ ਕਰਦਾ ਹੈ, ਮਨ ਤੋਂ ਬਾਹਰ ਕਿਤੇ ਮੇਲ ਦੀ ਗੱਲ ਕਰਦਾ ਹੈ ਉਹ ਕੇਵਲ ਉਨ੍ਹਾਂ ਦੇ ਮਨ ਦੀ ਭਟਕਣਾ ਹੈ ਤੇ ਹੋਰ ਕੁੱਝ ਵੀ ਨਹੀਂ ਤੇ ਇਸੇ

ਲਈ ਇਹੋ ਜਿਹੀਆਂ ਗੱਲਾਂ ਕਰਨ ਵਾਲਿਆਂ ਦੀ ਮਤਿ ਦਾ ਵਾਰ ਵਾਰ ਖੰਡਨ ਕੀਤਾ ਹੋਇਆ ਹੈ ਕਿ ਉਹ ਭਰਮੇ ਹੋਏ ਹਨ ਤੇ ਦੂਸਰਿਆਂ ਨੂੰ ਵੀ ਭਰਮ ਵਿੱਚ ਪਾਉਂਦੇ ਹਨ। ਪ੍ਰਮਾਤਮਾ ਦੇ ਨਾਲ ਇੱਕ ਕੇਵਲ ਜੋਤਿ ਰਾਹੀਂ ਹੋਇਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਉੱਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਜੋਤਿ ਤਾਂ ਇੱਕ ਹੀ ਹੈ ਤੇ ਫਿਰ ਜੋਤਿ ਦੇ ਵਿੱਚ ਰਲ ਕੇ, ਜੋਤਿ ਦਾ ਹਿੱਸਾ ਬਣ ਕੇ ਫਿਰ ਉਸ ਤੋਂ ਵੱਖਰਾ ਕਿਵੇਂ ਹੋਇਆ ਜਾ ਸਕਦਾ ਹੈ ਭਾਵ ਇੱਕ ਜੋਤਿ ਦੇ ਦੋ ਹਿੱਸੇ ਕਿਵੇਂ ਕੀਤੇ ਜਾ ਸਕਦੇ ਹਨ ਭਾਵ ਨਹੀਂ ਕੀਤੇ ਜਾ ਸਕਦੇ ਭਾਵ ਜਦੋਂ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਉਹ ਫਿਰ ਸਦਾ ਲਈ ਹੋ ਜਾਂਦਾ ਹੈ ਜਿਸ ਤੋਂ ਬਾਅਦ ਫਿਰ ਕਦੇ ਵਿਛੋੜਾ ਨਹੀਂ ਹੋ ਸਕਦਾ। ਪ੍ਰਮਾਤਮਾ ਦੇ ਨਾਲ ਇਹ ਮੇਲ ਨਿਰਗੁਣ ਰੂਪ ਵਿੱਚ ਹੁੰਦਾ ਹੈ ਜੋ ਕਿਸੇ ਨੂੰ ਨਜ਼ਰ ਨਹੀਂ ਆ ਸਕਦਾ ਤੇ ਕੇਵਲ ਇਸ ਮੇਲ ਨੂੰ ਮਨ ਰਾਹੀਂ ਜਾਣਿਆ ਜਾ ਸਕਦਾ ਹੈ। ਇਹ ਮਨ ਦੇ ਵਿੱਚ ਮੇਲ ਗਿਆਨ ਰੂਪ ਵਿੱਚ ਹੁੰਦਾ ਹੈ ਤੇ ਆਪਣੀ ਜੋਤਿ ਰਾਹੀਂ ਪ੍ਰਮਾਤਮਾ ਸਾਨੂੰ ਭਰਮ ਵਾਲੀ ਅਵੱਸਥਾ ਵਿੱਚੋਂ ਕੱਢਕੇ ਸੱਚੇ ਗਿਆਨ ਵਾਲੀ ਅਵੱਸਥਾ ਨਾਲ ਜੋੜ ਲੈਂਦਾ ਹੈ। ਗਿਆਨ ਦੇ ਵਿੱਚ ਜਦੋਂ ਗਿਆਨ ਰਲ ਜਾਂਦਾ ਹੈ ਫਿਰ ਉਹ ਰਲਿਆ ਹੀ ਰਹਿੰਦਾ ਹੈ ਭਾਵ ਵੱਖਰਾ ਨਹੀਂ ਹੋ ਸਕਦਾ। ਸਾਡੇ ਅੰਦਰੋਂ ਤ੍ਰੈ ਗੁਣਾਂ ਵਾਲੀ ਅਵੱਸਥਾ ਮਿਟ ਕੇ ਚਉਥੇ ਪਦ ਵਿੱਚ ਰਲ ਜਾਂਦੀ ਹੈ ਜੋ ਕਿ ਫਿਰ ਸਦਾ ਚਉਥੇ ਪਦ ਵਿੱਚ ਹੀ ਰਹਿੰਦੀ ਹੈ। ਇੱਕ ਵਾਰੀ ਮਨ ਦੇ ਵਿੱਚੋਂ ਭਰਮ ਦਾ ਪੜਦਾ ਨਿਕਲ ਜਾਵੇ ਤਾਂ ਫਿਰ ਉਹ ਨਿਕਲਿਆ ਹੀ ਰਹਿੰਦਾ ਹੈ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਭਰਮ ਦੇ ਪੜਦੇ ਵਿੱਚੋਂ ਕੱਢਕੇ ਆਪਣੇ ਜੋਤਿ ਰੂਪ ਗਿਆਨ ਨਾਲ ਜੋੜ ਲੈਂਦਾ ਹੈ। ਸਾਨੂੰ ਤ੍ਰੈ ਗੁਣਾਂ ਵਾਲੀ ਅਵੱਸਥਾ ਵਿੱਚ ਰਹਿੰਦੇ ਹੋਏ ਗਿਆਨ ਇੱਕੋ ਜੋਤਿ ਤੋਂ ਹੀ ਆਉਂਦਾ ਹੈ ਪਰ ਭਰਮ ਵਿੱਚ ਰਹਿੰਦੇ ਹੋਏ ਅਸੀਂ ਉਸ ਜੋਤਿ ਨੂੰ ਪਹਿਚਾਣ ਨਹੀਂ ਸਕਦੇ ਕਿ ਸਾਡੇ ਅੰਦਰ ਗਿਆਨ ਕਿੱਥੋਂ ਆ ਰਿਹਾ ਹੈ। ਭਰਮ ਨਿਕਲਣ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਸਾਰਾ ਗਿਆਨ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਭਾਵ ਜਿਸ ਮਨ ਨੂੰ ਅਸੀਂ ਆਤਮਾ ਰੂਪ ਸਮਝਦੇ ਹਾਂ ਉਹੀ ਅਸਲ ਵਿੱਚ ਆਪ ਪ੍ਰਮਾਤਮਾ ਹੈ। ਸਾਡੇ ਅੰਦਰ ਜੋਤਿ ਇੱਕੋ ਹੀ ਵਰਤ ਰਹੀ ਹੈ। (**ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥**) ਸਰਗੁਣ ਰੂਪ ਵਿੱਚ ਕੀ ਕਦੀ ਅਸੀਂ ਕਿਸੇ ਨਾਲ ਮਿਲਕੇ ਇੱਕ ਹੋ ਸਕਦੇ ਹਾਂ ਭਾਵ ਕੀ ਇੱਕ ਸਰੀਰ ਕਿਸੇ ਦੂਜੇ ਸਰੀਰ ਵਿੱਚ ਸਮਾਅ ਸਕਦਾ ਹੈ ਭਾਵ ਨਾਮੁਮਕਿਨ ਹੈ ਤੇ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਨਿਰੇ ਹੀ ਭਰਮ ਵਿੱਚ ਹਨ, ਸਦੀਆਂ ਤੋਂ ਭਰਮ ਵਿੱਚ ਹਨ ਤੇ ਇਹੋ ਜਿਹਾ ਭਰਮ ਹੀ ਕੁੱਝ ਸਿੱਖ ਜਗਤ ਵਿੱਚ ਫੈਲਾਉਣ ਵਿੱਚ ਸ਼ਾਮਿਲ ਹਨ ਜਿੰਨ੍ਹਾਂ ਨੂੰ ਅਸੀਂ ਆਪਣੇ ਸਿਰਮੌਰ ਥਾਪਿਆ ਹੋਇਆ ਹੈ, ਵੱਡੀ ਭਗਤੀ ਵਾਲੇ ਥਾਪਿਆ ਹੋਇਆ ਹੈ। ਇਹੋ ਜਿਹੀਆਂ ਗੱਲਾਂ ਕਰਨ ਵਾਲਿਆਂ ਨੇ ਗੁਰਮਤਿ ਦਾ ਅਦਬ ਕੀਤਾ ਹੈ ਜਾਂ ਬੇਅਦਬੀ ਕੀਤੀ ਹੈ ਭਾਵ ਸੱਚੀ ਗੱਲ ਕੀਤੀ ਹੈ ਜਾਂ ਝੂਠੀ ਗੱਲ ਕੀਤੀ ਹੈ

32/3650

ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਜੇ ਕੋਈ ਪ੍ਰਮਾਤਮਾ ਨੂੰ ਸਰਗੁਣ ਰੂਪ ਮੰਨਦਾ ਹੈ, ਆਕਾਰ ਰੂਪ ਮੰਨਦਾ ਹੈ ਫਿਰ ਉਹ ਪ੍ਰਮਾਤਮਾ ਅੱਖਾਂ ਨਾਲ ਨਜ਼ਰ ਵੀ ਆਉਣਾ ਚਾਹੀਦਾ ਹੈ ਜੋ ਸਭ ਜਗ੍ਹਾ ਮੌਜੂਦ ਹੈ ਪਰ ਉਹ ਨਜ਼ਰ ਕਿਸੇ ਨੂੰ ਨਹੀਂ ਆਉਂਦਾ। ਇੱਕ ਗੱਲ ਤਾਂ ਹਰ ਕੋਈ ਮੰਨਦਾ ਹੈ ਕਿ ਗੁਰੂ ਸਾਹਿਬਾਨ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਜੋ ਉਸ ਨੂੰ ਪਾ ਲੈਂਦਾ ਹੈ ਫਿਰ ਉਹ ਕਦੇ ਵਿਛੜਦਾ ਨਹੀਂ ਹੈ। ਜੇਕਰ ਪ੍ਰਮਾਤਮਾ ਸਰਗੁਣ ਰੂਪ ਹੈ ਤਾਂ ਫਿਰ ਉਹ ਹਰ ਵੇਲੇ ਗੁਰੂ ਸਾਹਿਬਾਨ ਦੇ ਨਾਲ ਹੀ ਹੋਣਾ ਚਾਹੀਦਾ ਸੀ ਤੇ ਸਭ ਨੂੰ ਨਜ਼ਰ ਵੀ ਆਉਣਾ ਚਾਹੀਦਾ ਸੀ ਪਰ ਕੀ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਉਹਨਾਂ ਦੇ ਨਾਲ ਬੈਠਾ ਜਾ ਖਲੋਤਾ ਵੇਖਿਆ ਹੈ ਭਾਵ ਨਹੀਂ ਵੇਖਿਆ। ਜੇ ਉਹ ਅੱਖਾਂ ਨਾਲ ਵੇਖਣ ਵਾਲੀ ਵਸਤੂ ਹੋਵੇ ਤਾਂ ਜਰੂਰ ਦਿੱਸਦੀ। ਉਹ ਕੇਵਲ ਮਨ ਦੀਆਂ ਅੱਖਾਂ ਦੁਆਰਾ ਦਿੱਸਦਾ ਹੈ, ਮਨ ਦੇ ਗਿਆਨ ਰਾਹੀਂ ਦਿੱਸਦਾ ਹੈ ਤੇ ਇੱਕ ਵਾਰੀ ਦਿੱਸਣ ਤੋਂ ਬਾਅਦ ਸਦਾ ਦਿੱਸਦਾ ਹੀ ਰਹਿੰਦਾ ਹੈ। ਜਿਸ ਰੂਪ ਵਿੱਚ ਉਹ ਆਪਣੇ ਅੰਦਰੋਂ ਦਿੱਸਦਾ ਹੈ ਉਸੇ ਰੂਪ ਵਿੱਚ ਉਹ ਸਭ ਜਗ੍ਹਾ ਸਮਾਇਆ ਹੋਇਆ ਹੈ, ਸਭ ਦੇ ਅੰਦਰ ਸਮਾਇਆ ਹੋਇਆ ਹੈ, ਜੋਤਿ ਰੂਪ ਵਿੱਚ ਸਮਾਇਆ ਹੋਇਆ ਹੈ।

{ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥}

(ਅੰਗ 1408)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥}

(ਅੰਗ 13)

ਜਦ ਤੱਕ ਪ੍ਰਮਾਤਮਾ ਦੇ ਨਾਲ ਜੋਤਿ ਰੂਪ ਵਿੱਚ ਮੇਲ ਨਹੀਂ ਹੁੰਦਾ ਤਦ ਤੱਕ ਕਿਸੇ ਨੂੰ "ਨਾਮੁ" ਦੀ ਪ੍ਰਾਪਤੀ ਨਹੀਂ ਹੋ ਸਕਦੀ, ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥1॥"

ਉਪਰਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਉਸ ਕੋਲੋਂ ਗਿਆਨ ਹੀ ਮਿਲਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਵੱਸਿਆ ਹੋਇਆ ਹੈ ਤੇ ਸਭ ਜਗ੍ਹਾ ਸਮਾਇਆ ਹੋਇਆ ਹੈ। "ਨਾਮੁ" ਸਾਡੇ ਅੰਦਰ ਉਪਜਣ ਦੀ ਵਸਤੂ ਹੈ ਜਿਸ ਦੀ ਪ੍ਰਾਪਤੀ ਸਾਡੇ ਜੀਵਨ ਦਾ ਮਕਸਦ ਹੈ। ਇਹ ਉਹ ਨਾਮ ਵੱਖਰ ਹੈ ਜਿਸ ਨੂੰ ਲੈਣ ਲਈ

2/3651

ਅਸੀਂ ਇਸ ਸੰਸਾਰ ਵਿੱਚ ਆਏ ਹਾਂ। ਇਹ ਵੱਖਰ ਸਾਡੇ ਅੰਦਰੋਂ ਜੋਤਿ ਦੇ ਰਾਹੀਂ ਹੀ ਉਪਜਦਾ ਹੈ। ਮਨ ਦੇ ਰਾਹੀਂ ਹੀ ਉਪਜਦਾ ਹੈ। ਸਾਡੇ ਮਨ ਦੇ ਅੰਦਰੋਂ ਵਿਚਾਰ ਹੀ ਉਪਜਦੇ ਹਨ ਤੇ ਹੋਰ ਕੁੱਝ ਵੀ ਨਹੀਂ ਉਪਜ ਸਕਦਾ। ਮਨ ਦੇ ਵਿਚਾਰਾਂ ਰਾਹੀਂ ਸਾਨੂੰ ਗਿਆਨ ਹੀ ਮਿਲਦਾ ਹੈ ਭਾਵ ਸੋਝੀ ਹੀ ਪੈਂਦੀ ਹੈ ਤੇ ਮਨ ਦੇ ਵਿੱਚ ਇਹ ਸੋਝੀ ਹੀ ਨਾਮ ਵੱਖਰ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਮਨੁੱਖ ਦੀ ਸੋਝੀ ਹੀ ਬਦਲਦੀ ਹੈ। ਪ੍ਰਮਾਤਮਾ ਸਾਡੀ ਤ੍ਰੈ ਗੁਣਾਂ ਵਾਲੀ ਸੋਝੀ ਨੂੰ ਚਉਥੇ ਪਦ ਵਾਲੀ ਸੋਝੀ ਵਿੱਚ ਬਦਲ ਦਿੰਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸੋਝੀ ਵਿੱਚ ਬਦਲ ਦਿੰਦਾ ਹੈ। ਮਨ ਦੀ ਇਹ ਸੋਝੀ ਨਾਮ ਵਾਲੀ ਸੋਝੀ ਹੈ ਭਾਵ ਨਾਮ ਦੀ ਪ੍ਰਾਪਤੀ ਹੈ। ਜਿਸ ਦਾ ਵੀ ਜੀਵਨ ਪ੍ਰਮਾਤਮਾ ਸਫ਼ਲ ਕਰਦਾ ਹੈ ਉਸ ਨੂੰ ਮਨ ਦੀ ਸੱਚੀ ਸੋਝੀ ਬਖਸ਼ਕੇ ਹੀ ਕਰਦਾ ਹੈ ਜੋ ਸੋਝੀ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਦਿੰਦਾ ਹੈ। ਇਹ ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਹਰ ਕੋਈ ਇਸ ਸੰਸਾਰ ਤੋਂ ਆਪਣਾ ਜੀਵਨ ਸਫ਼ਲ ਕੀਤੇ ਬਿਨ੍ਹਾਂ ਚਲਾ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਹੀ ਚਲਾ ਜਾਂਦਾ ਹੈ, ਮਨ ਦਾ ਭਰਮ ਨਿਕਲੇ ਬਿਨ੍ਹਾਂ ਹੀ ਚਲਾ ਜਾਂਦਾ ਹੈ, ਆਪਣੇ ਆਪ ਦੀ ਅਸਲੀਅਤ ਜਾਣੇ ਬਿਨ੍ਹਾਂ ਹੀ ਚਲਾ ਜਾਂਦਾ ਹੈ ਭਾਵ ਇਹ ਜਾਣੇ ਬਿਨ੍ਹਾਂ ਹੀ ਚਲਾ ਜਾਂਦਾ ਹੈ ਕਿ ਅਸਲ ਵਿੱਚ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਜੋ ਸਾਡੇ ਅੰਦਰ ਮਨ ਦੇ ਪੜਦੇ ਦੇ ਰੂਪ ਵਿੱਚ, ਤ੍ਰੈ ਗੁਣਾਂ ਵਾਲੀ ਅਵੱਸਥਾ ਦੇ ਰੂਪ ਵਿੱਚ, ਮਾਇਆ ਦੀ ਜੁਗਤਿ ਦੇ ਰੂਪ ਵਿੱਚ, ਮਾਇਆ ਦੇ ਛਲ ਦੇ ਰੂਪ ਵਿੱਚ ਆਪ ਹੀ ਵਿਚਰ ਰਿਹਾ ਹੈ। ਪ੍ਰਮਾਤਮਾ ਨੂੰ ਜਾਨਣਾ ਕੇਵਲ ਗੁਰ ਪਰਸਾਦਿ ਹੈ ਕਿ ਉਹ ਕਿਸ ਦੇ ਅੰਦਰ ਪ੍ਰਗਟ ਹੋ ਕੇ ਮਨੁੱਖ ਦਾ ਭਰਮ ਕੱਢਦਾ ਹੈ। (**ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥ ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥1॥**)

ਮਨ ਦੀ ਇਸ ਅਵੱਸਥਾ ਦੁਆਰਾ ਹੀ ਭਾਵ ਮਨ ਦੇ ਵਿੱਚ ਜੋਤਿ ਰੂਪ ਪ੍ਰਮਾਤਮਾ ਦੇ ਦਰਸ਼ਨ ਹੋਣ ਦੁਆਰਾ ਹੀ ਮਨੁੱਖ ਦਾ ਚਿਤ ਫਿਰ ਪ੍ਰਮਾਤਮਾ ਦੇ ਨਾਲ ਜੁੜਦਾ ਹੈ ਜੋ ਹਰ ਵੇਲੇ ਉਸ ਦੇ ਸੱਚੇ ਗਿਆਨ ਦੇ ਨਾਲ ਜੁੜਿਆ ਰਹਿੰਦਾ ਹੈ ਜਿਸ ਰਾਹੀਂ ਉਹ ਆਪਣੇ ਸ਼ਬਦਾਂ ਦੀ ਵਿਚਾਰ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਨਾਲ ਆਪਣਾ ਚਿਤ ਜੋੜਿਆ ਹੈ। (**ਸਾਵਲ ਸੁੰਦਰ ਰਾਮਣੀਆ ॥ ਮੇਰਾ ਮਨ ਲਾਗਾ ਤੋਹਿ ॥1॥ ਰਹਾਉ ॥**)

ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੀ ਹੈ ਜੋ ਮਾਰਗ ਉਹ ਆਪ ਹੀ ਸਮਝਾਉਂਦਾ ਹੈ ਤੇ ਤਾਂ ਹੀ ਇਹ ਸਮਝ ਪੈਂਦੀ ਹੈ ਕਿ ਹਰ ਕੋਈ ਭਗਤੀ ਦੇ ਮਾਰਗ ਤੋਂ ਕਿਸ ਤਰੀਕੇ ਭਰਮਿਆ ਹੋਇਆ ਹੈ ਜਿਵੇਂ ਕਿ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸਾਧੁ ਮਿਲੈ ਸਿਧਿ ਪਾਈਐ ਕਿ ਇਹੁ ਜੋਗੁ ਕਿ ਭੋਗੁ ॥

ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥2॥"

ਉੱਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ "ਰਾਮ ਨਾਮ" ਦਾ ਮਕਸਦ ਸਮਝਾਇਆ ਹੋਇਆ ਹੈ ਕਿ ਰਾਮ ਨਾਮ ਦਾ ਮਨੋਰਥ ਕੀ ਹੈ।

32/3652

ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ, ਅਸਲ ਸਿਧਿ ਉਹ ਹੈ ਜਿਸ ਦੀ ਪ੍ਰਾਪਤੀ ਸਾਨੂੰ ਪ੍ਰਮਾਤਮਾ ਦੇ ਮੇਲ ਦੁਆਰਾ ਹੁੰਦੀ ਹੈ, ''ਸਾਧੂ'' ਰੂਪ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੁੰਦੀ ਹੈ। ਇਹ ''ਸਿਧਿ'' ਮਨ ਦੀ ਸੋਝੀ ਦੇ ਰੂਪ ਵਿੱਚ ਹੈ, ਮਨ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਦੁਆਰਾ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਪੈਂਦੀ ਹੈ ਜੋ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਮਨ ਦੀ ਸੋਝੀ ਦੁਆਰਾ ਮਨੁੱਖ ਦਾ ਭਰਮ ਹੀ ਨਿਕਲਦਾ ਹੈ ਤੇ ਸਮਝ ਲੱਗਦੀ ਹੈ ਕਿ ਜਿਹੋ ਜਿਹੀ ਭਗਤੀ ਨਾਲ ਸੰਸਾਰ ਜੁੜਿਆ ਹੋਇਆ ਹੈ ਉਸ ਵਿੱਚ ਉਹਨਾਂ ਦਾ ਭਰਮ ਹੀ ਹੈ। ਜੋਗੁ ਸਾਧਨਾ ਆਦਿ ਕਰਨ ਨੂੰ ਭਾਵ ਜਪ ਤਪ ਆਦਿ ਕਰਨ ਨੂੰ ਸਭ ਨੇ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਤੇ ਇਸੇ ਤਰ੍ਹਾਂ ਅਸੀਂ ਆਪਣੇ ਭੋਜਨ ਨੂੰ ਭਾਵ ਖਾਣ ਵਾਲੀਆਂ ਵਸਤੂਆਂ ਨੂੰ ਆਪਣੇ ਧਰਮ ਦੇ ਮਾਰਗ ਨਾਲ ਜੋੜਿਆ ਹੋਇਆ ਹੈ ਕਿ ਕਿਹੋ ਜਿਹਾ ਖਾਣਾ ਚੰਗਾ ਹੈ ਤੇ ਕਿਹੋ ਜਿਹਾ ਖਾਣਾ ਮਾੜਾ ਹੈ, ਕਿਹੋ ਜਿਹੇ ਖਾਣੇ ਵਿੱਚ ਸੁਚਿ ਹੈ ਤੇ ਕਿਹੋ ਜਿਹੇ ਖਾਣੇ ਵਿੱਚ ਜੂਠ ਹੈ। ਜਦੋਂ ਪ੍ਰਮਾਤਮਾ ਕੋਲੋਂ ਭਗਤੀ ਦੀ ਸੋਝੀ ਪੈਂਦੀ ਹੈ ਫਿਰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਜਿਹੋ ਜਿਹੀ ਭਗਤੀ ਦੇ ਤਰੀਕਿਆਂ ਦੇ ਨਾਲ ਸੰਸਾਰ ਜੁੜਿਆ ਹੋਇਆ ਹੈ ਉਸ ਦਾ ਭਗਤੀ ਨਾਲ ਸੰਬੰਧ ਨਹੀਂ ਹੈ। (**ਸਾਧੁ ਮਿਲੈ ਸਿਧਿ ਪਾਈਐ ਕਿ ਇਹੁ ਜੋਗੁ ਕਿ ਭੋਗੁ ॥**)

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਮਕਸਦ ਵੀ ਸਮਝ ਆ ਸਕੇ ਤੇ ਆਪਣੇ ਜੀਵਨ ਦਾ ਮਨੋਰਥ ਵੀ ਸਮਝ ਆ ਸਕੇ।

“ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥”

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਅਸਲ ਵਿੱਚ ਵਿਚਾਰਾਂ ਦਾ ਮੇਲ ਹੈ, ਸੁਰਤਿ ਤੇ ਸ਼ਬਦ ਦੇ ਵਿਚਾਰਾਂ ਦਾ ਮੇਲ ਹੈ ਭਾਵ ਮਨਮਤਿ ਦਾ ਗੁਰਮਤਿ ਦੇ ਨਾਲ ਮੇਲ ਹੈ, ਤ੍ਰੈ ਗੁਣਾਂ ਦਾ ਚਉਥੇ ਪਦ ਦੇ ਨਾਲ ਮੇਲ ਹੈ, ਹਉਮੈ ਦਾ ਨਾਮ ਦੇ ਨਾਲ ਮੇਲ ਹੈ, ਭਰਮ ਦਾ ਸੱਚ ਦੇ ਨਾਲ ਮੇਲ ਹੈ। ਇਸ ਮੇਲ ਦੇ ਨਾਲ ਸਾਡੇ ਅੰਦਰੋਂ ਨਾਮ ਹੀ ਉਪਜਦਾ ਹੈ ਜਿਵੇਂ ਕਿ ਅਸੀਂ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਉੱਪਰ ਪੰਗਤੀ ਰਾਹੀਂ ਸਾਨੂੰ ਨਾਮ ਦੇ ਉਪਜਣ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਮਨ ਦੇ ਅੰਦਰ ''ਕਾਰਜੁ'' ਦੇ ਰੂਪ ਵਿੱਚ ਉਪਜਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਉਹ ਸੰਸਾਰ ਵਿੱਚ ਕਿਸ ਕਾਰਜ ਲਈ ਆਇਆ ਹੈ, ਕਿਸ ਮਨੋਰਥ ਲਈ ਆਇਆ ਹੈ ਜਿਸ ਮਨੋਰਥ ਦੀ ਉਸ ਨੇ ਪੂਰਤੀ ਕਰਨੀ ਹੈ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਸਾਨੂੰ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ ਜੋ ਕਿ ਉਸ ਦਾ ਰਾਮ ਨਾਮ ਹੈ ਜਿਸ ਰਾਹੀਂ ਸਾਨੂੰ ਸਾਡੇ ਜੀਵਨ ਦੇ ਮਾਰਗ ਦੀ ਸੋਝੀ ਪੈਂਦੀ ਹੈ। ਪੂਰੀ ਗੁਰਬਾਣੀ ਵਿੱਚ ਰਾਮ ਨਾਮ ਹੈ ਜੋ ਪ੍ਰਮਾਤਮਾ

ਦੇ ਨਾਲ ਮੇਲ ਦੁਆਰਾ ਮਨ ਦੇ ਵਿੱਚੋਂ ਉਪਜਿਆ ਹੈ। ਜਿੰਨ੍ਹਾਂ ਸਰੀਰਾਂ ਦੇ ਰਾਹੀਂ ਰਾਮ ਨਾਮ ਉਪਜਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਰਾਮ ਨਾਮ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਇਆ ਹੈ ਭਾਵ ਸਾਨੂੰ ਗੁਰਮਤਿ ਸਮਝਾਈ ਹੈ। ਸਾਡੇ ਅੰਦਰ ਰਾਮ ਨਾਮ ਦਾ ਉਪਜਣਾ ਹੀ ਪ੍ਰਮਾਤਮਾ ਦੇ ਨਾਲ ਸੰਜੋਗ ਦੀ ਨਿਸ਼ਾਨੀ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਉਹੋ ਜਿਹੀ ਭਗਤੀ ਨਾਲ ਜੁੜਦਾ ਹੈ ਜੋ ਮਨੁੱਖ ਦਾ ਅਸਲ ਕਾਰਜ ਹੈ ਭਾਵ ਸੱਚ ਅਨੁਸਾਰ ਵਿਚਰਦਾ ਹੈ, ਭਰਮ ਰਹਿਤ ਹੋ ਕੇ ਵਿਚਰਦਾ ਹੈ। ਮਨ ਦੀ ਇਸ ਅਵੱਸਥਾ ਦੁਆਰਾ ਹੀ ਮਨੁੱਖ ਦਾ ਜੀਵਨ ਸਫ਼ਲ ਹੁੰਦਾ ਹੈ, ਉਸ ਦਾ ਕਾਰਜ ਸਫ਼ਲ ਹੁੰਦਾ ਹੈ ਜੋ ਕਿ ਪ੍ਰਮਾਤਮਾ ''ਸੰਜੋਗੁ'' ਦੁਆਰਾ ਆਪ ਹੀ ਕਰਦਾ ਹੈ। (**ਸਾਧੁ ਮਿਲੈ ਸਿਧਿ ਪਾਈਐ ਕਿ ਇਹੁ ਜੋਗੁ ਕਿ ਭੋਗੁ॥ ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥**)

ਰਾਮ ਨਾਮ ਦਾ ਮਕਸਦ ਕੀ ਹੈ ਭਾਵ ਉਹ ਮਕਸਦ ਦੀ ਪੂਰਤੀ ਕਰਨਾ ਕੀ ਹੈ ਤੇ ਅਸਲ ਵਿੱਚ ਅਸੀਂ ਪੂਰਤੀ ਕਰਨਾ ਕੀ ਸਮਝਦੇ ਹਾਂ ਸਾਡਾ ਇਹ ਭਰਮ ਹੀ ਅਗਲੀਆਂ ਪੰਗਤੀਆਂ ਦੁਆਰਾ ਕੱਢਿਆ ਹੋਇਆ ਹੈ।

“ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥3॥”

ਉੱਪਰ ਪੰਗਤੀਆਂ ਦੁਆਰਾ ਵੀ ਉਹੋ ਜਿਹੀ ਭਗਤੀ ਕਰਨ ਵਾਲਿਆਂ ਦਾ ਭਰਮ ਹੀ ਕੱਢਿਆ ਹੋਇਆ ਹੈ ਜੋ ਸ਼ਬਦਾਂ ਦੀ ਕਥਨੀ ਵਿੱਚ, ਸ਼ਬਦਾਂ ਨੂੰ ਗਾਉਣ ਵਿੱਚ ਹੀ ਆਪਣੀ ਭਗਤੀ ਸਮਝਦੇ ਹਨ। ਸਾਡੀ ਇਹੋ ਜਿਹੀ ਭਗਤੀ ਦੀ ਤੁਲਨਾ ਪਾਂਡਿਆਂ ਦੇ ਉਪਦੇਸ ਨਾਲ ਕੀਤੀ ਹੋਈ ਹੈ ਜੋ ਲੋਕਾਂ ਨੂੰ ਇਹ ਸਮਝਾਉਂਦੇ ਹਨ ਕਿ ਮਰਨ ਵੇਲੇ ਉਨ੍ਹਾਂ ਨੂੰ ਬਨਾਰਸ ਵਿੱਚ ਆ ਕੇ ਵੱਸਣਾ

ਚਾਹੀਦਾ ਹੈ ਜਿਸ ਰਾਹੀਂ ਮਨੁੱਖ ਨੂੰ ਮੁਕਤੀ ਮਿਲ ਜਾਂਦੀ ਹੈ ਜੋ ਕਿ ਕੇਵਲ ਇੱਕ ਵਿਅਰਥ ਦੀ ਗੱਲ ਹੈ ਭਾਵ ਕੇਵਲ ਭਰਮ ਹੈ ਕਿ ਇਸ ਤਰੀਕੇ ਮੁਕਤੀ ਮਿਲ ਜਾਵੇਗੀ। ਧਰਮ ਗ੍ਰੰਥਾਂ ਦੀ ਕਥਨੀ ਨਾਲ ਜੁੜੇ ਹੋਏ ਇਹੋ ਜਿਹੇ ਭਰਮ ਵਿੱਚ ਹੀ ਹਨ ਕਿ ਸਾਨੂੰ ਇਸੇ ਤਰੀਕੇ ਮੁਕਤੀ ਮਿਲ ਜਾਵੇਗੀ। ਮੁਕਤਿ ਮਨੁੱਖ ਤਾਂ ਹੀ ਹੁੰਦਾ ਹੈ ਜਦੋਂ ਬ੍ਰਹਮ ਵਿਚਾਰਾਂ ਰਾਹੀਂ ਆਪਣੇ ਆਪ ਨੂੰ ਭਰਮ ਤੋਂ ਮੁਕਤਿ ਕਰਦਾ ਹੈ ਕਿਉਂਕਿ ਸਾਡੇ ਅੰਦਰ ਬੰਧਨ ਹੀ ਭਰਮ ਦਾ ਹੈ ਤੇ ਰਾਮ ਨਾਮ ਦਾ ਮਕਸਦ ਸਾਨੂੰ ਜਿਉਂਦੇ ਜੀਅ ਭਰਮ ਤੋਂ ਰਹਿਤ ਕਰਨ ਦਾ ਹੈ। ਮੁਕਤਿ ਅਸੀਂ ਜਿਉਂਦੇ ਜੀਅ ਹੀ ਹੋਣਾ ਹੈ ਨਾ ਕਿ ਮਰਨ ਤੋਂ ਬਾਅਦ। ਬ੍ਰਹਮ ਵਿਚਾਰਾਂ ਦੇ ਮਕਸਦ ਨੂੰ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਭਰਮਾਂ ਵਿੱਚੋਂ ਨਿਕਲੀਏ ਤੇ ਪ੍ਰਮਾਤਮਾ ਦੀ ਉਹੋ ਜਿਹੀ ਭਗਤੀ ਨਾਲ ਜੁੜੀਏ ਜੋ ਪ੍ਰਮਾਤਮਾ ਨੇ ਸਾਨੂੰ ਆਪਣੇ ਬ੍ਰਹਮ ਬੀਚਾਰਾਂ ਰਾਹੀਂ ਸਮਝਾਈ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਸਮਝੀਏ ਤੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲੀਏ। ਸ਼ਬਦਾਂ ਨੂੰ ਕੇਵਲ ਗਾਈ ਜਾਣ ਨਾਲ ਅਸੀਂ ਭਰਮਾਂ ਤੋਂ ਮੁਕਤਿ ਨਹੀਂ ਹੋ ਸਕਦੇ ਜੋ ਕਿ ਸਾਡੇ ਜੀਵਨ ਦਾ ਮਕਸਦ ਹੈ। ਪ੍ਰਮਾਤਮਾ ਦੇ ਦਰਸ਼ਨ ਸਾਨੂੰ ਮਨ ਦੇ ਭਰਮ ਤੋਂ ਮੁਕਤਿ ਹੋ ਕੇ ਹੀ ਹੁੰਦੇ ਹਨ ਤੇ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨੀਏ

32/3654

ਤੇ ਆਪਣੇ ਆਪ ਨੂੰ ਭਰਮਾਂ ਤੋਂ ਮੁਕਤਿ ਕਰੀਏ ਤੇ ਸੱਚੀ ਜੀਵਨ ਜਾਂਚ ਸਮਝੀਏ ਜਿਸ ਰਾਹੀਂ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ।
(**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥3॥**)

{ਕਥਨੀ ਕਹਿ ਭਰਮੁ ਨ ਜਾਈ । ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥3॥}

(ਅੰਗ 655)

{ਕਾਸੀ ਮਗਹਰ ਸਮ ਬੀਚਾਰੀ ॥ ਓਛੀ ਭਗਤਿ ਕੈਸੇ ਉਤਰਸਿ ਪਾਰੀ ॥੪॥}

(ਅੰਗ 326)

{ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ ॥
ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ ॥੧॥ ਰਹਾਉ ॥
ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥
ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ ॥੨॥੩॥}

(ਅੰਗ 692)

{ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ ॥
ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ ॥੧॥
ਅਬ ਤਬ ਜਬ ਕਬ ਤੁਹੀ ਤੁਹੀ ॥
ਹਮ ਤੁਅ ਪਰਸਾਦਿ ਸੁਖੀ ਸਦ ਹੀ ॥੧॥ ਰਹਾਉ ॥
ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ ॥
ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ ॥੨॥
ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰ�ि ਜਾਨੀ ॥
ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ ॥੩॥
ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥
ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥੪॥

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥
ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥}

(ਅੰਗ 969)

ਭਗਤ ਕਬੀਰ ਜੀ ਦੀ ਇਸ ਗੱਲ ਤੇ ਤਾਂ ਬਹੁਤੇ ਸਿੱਖ ਜਗਤ ਨੇ ਭਰੋਸਾ ਕੀਤਾ ਹੋਇਆ ਹੈ ਕਿ ਕਾਸ਼ੀ ਜਾ ਕੇ ਮਰਨ ਨਾਲ ਮੁਕਤੀ ਨਹੀਂ ਮਿਲਦੀ ਭਾਵ ਤੀਰਥਾਂ ਤੇ ਜਾ ਕੇ ਮਰਨਾ ਮੁਕਤੀ ਦਾ ਸਾਧਨ ਨਹੀਂ ਹੈ ਭਾਵ ਸਾਡਾ ਭਰਮ ਨਿਕਲਿਆ ਹੋਇਆ ਹੈ। ਉੱਪਰ ਮੁੱਖ ਸ਼ਬਦ ਰਾਹੀਂ ਸਾਨੂੰ ਨਾਲ ਹੀ ਇਸੇ ਭਰਮ ਵਿੱਚੋਂ ਕੱਢਿਆ ਹੋਇਆ ਹੈ ਕਿ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਜਾਣ ਨਾਲ, ਬ੍ਰਹਮ ਬੀਚਾਰ ਨੂੰ ਕੇਵਲ ਪੜ੍ਹੀ ਤੇ ਗਾਈ ਜਾਣ ਨਾਲ ਉਸੇ ਤਰ੍ਹਾਂ ਕੋਈ ਲਾਭ ਨਹੀਂ ਮਿਲਣਾ, ਮੁਕਤੀ ਨਹੀਂ ਮਿਲਣੀ ਜਿਵੇਂ ਕਿ ਕਾਸ਼ੀ ਜਾ ਕੇ ਮਰਨ ਦੁਆਰਾ ਨਹੀਂ ਮਿਲਦੀ। ਮੁਕਤਿ ਅਸੀਂ ਬ੍ਰਹਮ ਵਿਚਾਰ ਨੂੰ ਮੰਨਣ ਦੁਆਰਾ ਹੁੰਦੇ ਹਾਂ ਜਿਵੇਂ ਕਿ ਅਸੀਂ ਭਗਤ ਕਬੀਰ ਜੀ ਦੀ ਇਸ ਗੱਲ ਨੂੰ ਮੰਨਣ ਦੁਆਰਾ ਭਰਮ ਤੋਂ ਮੁਕਤਿ ਹੋਏ ਹਾਂ ਕਿ ਕਾਸ਼ੀ ਵਿੱਚ ਜਾ ਕੇ ਮਰਨ ਦਾ ਕੋਈ ਲਾਭ ਨਹੀਂ ਹੈ। ਆਉ ਇਸੇ ਤਰ੍ਹਾਂ ਇਸ ਭਰਮ ਤੋਂ ਮੁਕਤਿ ਹੋਈਏ ਕਿ ਧਰਮ ਗ੍ਰੰਥਾਂ ਨੂੰ ਕੇਵਲ ਪੜ੍ਹੀ ਤੇ ਗਾਈ ਜਾਣ ਨਾਲ ਕੋਈ ਲਾਭ ਨਹੀਂ ਹੈ। (**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥3॥**)

32/3655

ਸਿਰੀਰਾਗੁ ਮਹਲਾ ੧ ॥

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥
ਮੁੰਧੇ ਗੁਣਹੀਣੀ ਸੁਖੁ ਕੇਹਿ ॥ ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥
ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥
ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥ ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥
ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥
ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥
ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥
ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥ ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥
ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥
ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥}

(ਅੰਗ 55-56)

ਧਰਮ ਗ੍ਰੰਥਾਂ ਰਾਹੀਂ ਸਾਨੂੰ ਜੋ ਵਿਚਾਰ ਦਿੱਤੀ ਹੋਈ ਹੈ, ਬ੍ਰਹਮ ਵਿਚਾਰ ਦਿੱਤੀ ਹੋਈ ਹੈ ਅਸੀ ਉਸ ਨੂੰ ਗਾਉਣਾ ਵੀ, ਸੁਣਨਾ ਵੀ ਹੈ ਤੇ ਕੇਵਲ ਗਾਉਣ ਤੇ ਸੁਣਨ ਦੇ ਮਕਸਦ ਨੂੰ ਸਮਝਣ ਦੀ ਲੋੜ ਹੈ ਜਿਵੇਂ ਕਿ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਆਖਰੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥

ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥4॥”

ਰਾਮ ਨਾਮ ਸਾਰੇ ਸੰਸਾਰ ਲਈ ਹੈ ਤੇ ਸਭ ਨੂੰ ਇੱਕੋ ਜਿਹੀ ਮਤਿ ਹੀ ਦਿੰਦਾ ਹੈ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ। ਰਾਮ ਨਾਮ ਨਾਲ ਚਿਤ ਲਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਕਿ ਗੁਰੂ ਦੀ ਸੱਚੀ ਮਤਿ ਨਾਲ ਚਿਤ ਜੋੜਨ ਦਾ ਹੈ, ਆਪਣੀ ਸੁਰਤਿ ਦੀ ਮਤਿ ਨੂੰ ਸ਼ਬਦ ਦੀ ਮਤਿ ਦੇ ਨਾਲ ਜੋੜਨ ਦਾ ਹੈ, ਆਪਣੀ ਮਤਿ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਨਾਲ ਜੋੜਨ ਦਾ ਹੈ ਭਾਵ ਬ੍ਰਹਮ ਵਿਚਾਰਾਂ ਨੂੰ ਮੰਨਣ ਦਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਸ਼ਬਦ ਦੀ ਵਿਚਾਰਾਂ ਨੂੰ ਮੰਨ ਕੇ ਫਿਰ ਅਸੀਂ ਉਹੋ ਜਿਹੇ ਭਗਤੀ ਦੇ ਉਪਰਾਲੇ ਨਹੀਂ ਕਰਾਂਗੇ ਜਿੰਨ੍ਹਾਂ ਵਿੱਚ ਅਸੀਂ ਆਪਣੀ ਭਗਤੀ ਸਮਝੀ ਹੋਈ ਹੈ। ਭਗਤ ਕਬੀਰ ਜੀ ਉਪਰਲੀਆਂ ਪੰਗਤੀਆਂ ਰਾਹੀਂ, ਬ੍ਰਹਮ ਵਿਚਾਰ ਰਾਹੀਂ ਭਾਵ ਪ੍ਰਮਾਤਮਾ ਦੇ ਵਿਚਾਰਾਂ ਰਾਹੀਂ ਸਾਨੂੰ ਪ੍ਰਮਾਤਮਾ ਵੱਲੋਂ ਇਹ ਵਿਸ਼ਵਾਸ ਦਿਵਾ ਰਹੇ ਹਨ ਕਿ ਗੁਰੂ ਦੀ ਮਤਿ ਨੂੰ ਜੋ ਪੂਰਨ ਰੂਪ ਵਿੱਚ ਅਪਣਾਏਗਾ ਉਹ ਅਵੱਸ਼ ਹੀ ਪਰਮ ਗਤਿ ਪਾਏਗਾ ਭਾਵ ਮੁਕਤੀ ਪਾਏਗਾ, ਸੰਸਾਰ ਦੇ ਆਵਾਗਉਣ ਤੋਂ ਮੁਕਤੀ ਪਾਏਗਾ। ਪ੍ਰਮਾਤਮਾ ਦਾ ਫੁਰਮਾਨ ਸਪੱਸ਼ਟ ਹੈ ਕਿ ਮੇਰੇ ਬ੍ਰਹਮ ਵਿਚਾਰ ਨੂੰ ਮਨੋਂ ਤਾਂ ਮੇਰੇ ਨਾਲ ਮੇਲ ਕਰ ਲਵੋ ਤੇ ਜੇਕਰ ਅਸੀਂ ਉਨ੍ਹਾਂ ਤਰੀਕਿਆਂ ਨਾਲ ਜੁੜੇ ਰਹਾਂਗੇ ਜਿੰਨ੍ਹਾਂ ਵਿੱਚੋਂ ਨਿਕਲਣ ਲਈ ਬ੍ਰਹਮ ਵਿਚਾਰ ਰਾਹੀਂ ਪ੍ਰਮਾਤਮਾ ਆਪ ਹੀ ਸਮਝਾ ਰਿਹਾ ਹੈ ਫਿਰ ਅਸੀਂ ਬ੍ਰਹਮ ਵਿਚਾਰ ਦੇ ਉਲਟ ਚੱਲਕੇ ਉਸ ਬ੍ਰਹਮ ਨੂੰ ਕਿਵੇਂ ਪਾ ਸਕਦੇ ਹਾਂ। ਸਾਡੇ ਸਭ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਦਿਲੋਂ ਬ੍ਰਹਮ ਵਿਚਾਰ ਦੇ ਨਾਲ

ਜੁੜੀਏ ਭਾਵ ਮੂਲ ਰੂਪ ਵਿੱਚ ਬ੍ਰਹਮ ਵਿਚਾਰ ਨੂੰ ਮੰਨਣ ਦਾ ਉੱਦਮ ਕਰੀਏ, ਭਰਮਾਂ ਵਿੱਚੋਂ ਨਿਕਲਣ ਦਾ ਉੱਦਮ ਕਰੀਏ ਜੋ ਕਿ ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਇੱਕੋ ਇੱਕ ਸਾਧਨ ਹੈ ਜਿਸ ਦਾ ਵਿਸ਼ਵਾਸ ਪ੍ਰਮਾਤਮਾ ਸਾਨੂੰ ਆਪ ਹੀ ਆਪਣੇ ਸ਼ਬਦਾਂ ਰਾਹੀਂ ਦਿਵਾ ਰਿਹਾ ਹੈ। ਜਿਸ ਨੂੰ ਪ੍ਰਮਾਤਮਾ ਦੀ ਇਸ ਗੱਲ ਤੇ ਵਿਸ਼ਵਾਸ ਨਹੀਂ ਹੈ ਫਿਰ ਉਹ ਆਪਣੇ ਆਪ ਨੂੰ ਭਾਗ ਹੀਣ ਹੀ ਸਮਝੇ। (**ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥ ਕਹੁ ਕਬੀਰ ਸੰਸਾ ਨਹੀਂ ਅੰਤਿ ਪਰਮ ਗਤਿ ਪਾਇ॥4॥**)

ਜਿਵੇਂ ਕਿ ਅਸੀਂ ਹੁਣ ਤਕ ਜਾਣਿਆ ਹੈ ਸਾਡਾ ਵੱਡਾ ਭਰਮ ਪ੍ਰਮਾਤਮਾ ਦੀ ਅਸਲ ਭਗਤੀ ਨੂੰ ਸਮਝਣ ਵਿੱਚ ਹੀ ਹੈ ਜੋ ਭਰਮ ਸਾਡੇ ਅੰਦਰ ਸਦੀਆਂ ਤੋਂ ਬਣਿਆ ਹੋਇਆ ਹੈ। ਧਰਮ ਗ੍ਰੰਥਾਂ ਦੇ ਪੜੀ ਸੁਣੀ ਜਾਣ ਨੂੰ ਤੇ ਮਾਲਾ ਜਪੀ ਜਾਣ ਨੂੰ, ਸਮਾਧੀ ਲਾ ਕੇ ਜਪੀ ਜਾਣ ਨੂੰ ਅਸੀਂ ਪ੍ਰਮਾਤਮਾ ਦੇ ਨਾਲ ਧਿਆਨ ਜੋੜਨਾ ਸਮਝਿਆ ਹੋਇਆ ਹੈ ਜਿਸ ਵਿੱਚ ਅਸੀਂ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ ਪਰ ਇਹ ਕੇਵਲ ਸਾਡਾ ਭਰਮ ਹੈ। ਹੇਠ ਦਿਤੇ ਸ਼ਬਦ ਦੁਆਰਾ ਧੰਨ ਧੰਨ ਬਾਬਾ ਨਾਨਕ ਜੀ ਨੇ ਅਕਾਲ ਪੁਰਖ ਦੇ ਬੋਲ ਸੁਣਾਕੇ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਰਾਮਕਲੀ ਮਹਲਾ ੧ ਘਰੁ ੧ ਚਉਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

“ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥

ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥

ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥੧॥

ਨ ਜਾਣਾ ਹਰੇ ਮੇਰੀ ਕਵਨ ਗਤੇ ॥

ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥੧॥ ਰਹਾਉ ॥

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥

ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥

ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥

ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥

ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥

ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥੧॥”

(ਅੰਗ 876)

ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਦ ਤਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਨ ਨਹੀਂ ਲੈਂਦਾ ਤਦ ਤਕ ਉਹ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਰਹਿੰਦਾ ਹੈ।

“ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥

ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥

ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥੧॥”

ਜਿਹੋ ਜਿਹੀ ਭਗਤੀ ਵਿੱਚ ਦੁਨੀਆ ਸਦੀਆਂ ਤੋਂ ਲੱਗੀ ਹੋਈ ਹੈ

32/3657

ਉਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਅਸੀਂ ਪ੍ਰਮਾਤਮਾ ਦੇ ਨਾਲ ਧਿਆਨ ਜੋੜਨਾ ਇਸੇ ਗੱਲ ਵਿੱਚ ਸਮਝਦੇ ਹਾਂ ਕਿ ਅਸੀਂ ਵੱਧ ਤੋਂ ਵੱਧ ਧਰਮ ਗ੍ਰੰਥਾਂ ਨੂੰ ਪੜੀ ਜਾਈਏ ਤੇ ਸੁਣੀ ਜਾਈਏ ਭਾਵ ਚੁਪ ਕਰਕੇ ਪੜਨ ਤੇ ਸੁਣਨ ਵਿੱਚ ਆਪਣਾ ਧਿਆਨ ਜੋੜੀਏ ਤਾਂ ਜੋ ਅਸੀਂ ਗੁਰੂ ਦੀ ਗੱਲ ਨੂੰ, ਗੁਰੂ ਦੀ ਕਥਨੀ ਨੂੰ ਉਸੇ ਤਰੀਕੇ ਨਾਲ ਸੁਣੀਏ, ਉਸੇ ਰੂਪ ਵਿੱਚ ਸੁਣੀਏ ਜਿਸ ਰੂਪ ਵਿੱਚ ਉਸ ਨੂੰ ਕਥਿਆ ਹੋਇਆ ਹੈ ਭਾਵ ਪੜਨ, ਸੁਣਨ ਵਿੱਚ ਸਾਡੇ ਕੋਲੋਂ ਭੁਲ ਨ ਹੋ ਜਾਵੇ ਤਾਂ ਜੋ ਅਸੀਂ ਇਹ ਕਹਿ ਸਕੀਏ ਕਿ ਅਸੀਂ ਗੁਰੂ ਦੀ ਗੱਲ ਨੂੰ ਪੂਰਾ ਧਿਆਨ ਲਾ ਕੇ ਪੜਿਆ ਤੇ ਸੁਣਿਆ ਹੈ। ਆਪਣੀ ਇਹੋ ਜਿਹੀ ਮਤਿ ਨੂੰ ਅਸੀਂ ਗੁਰੂ ਪ੍ਰਮਾਤਮਾ ਵਿੱਚ ਧਿਆਨ ਜੋੜਨਾ ਸਮਝਦੇ ਹਾਂ। ਇਹ ਸਾਡਾ ਧਿਆਨ ਜੋੜਨਾ ਨਹੀਂ ਹੈ। ਇਹ ਤਾਂ ਕੇਵਲ ਸਾਡਾ ਪਹਿਲਾ ਉਦਮ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਗੱਲ ਨੂੰ ਧਿਆਨ ਨਾਲ ਸੁਨਣਾ ਹੈ ਕਿ ਉਸ ਨੇ ਸਾਨੂੰ ਕੀ ਸੁਣਾਇਆ ਹੈ, ਸਾਡੇ ਲਈ ਕੀ

ਉਪਦੇਸ਼ ਦਿੱਤਾ ਹੈ। ਉਪਦੇਸ਼ ਨੂੰ ਸਮਝਣ ਵਿੱਚ ਵੀ ਅਸੀਂ ਕੁਝ ਨਾ ਕੁਝ ਉਦਮ ਦਿਖਾਉਂਦੇ ਹਾਂ ਜਿੰਨ੍ਹਾਂ ਦੀ ਗਿਣਤੀ ਜਿਆਦਾ ਨਹੀਂ ਹੁੰਦੀ। ਉਪਦੇਸ਼ ਨੂੰ ਸਮਝਣਾ ਸਾਡਾ ਦੂਸਰਾ ਉਦਮ ਹੈ ਜਿਸ ਨੂੰ ਵੀ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ। ਅਸਲ ਗੱਲ ਉਸ ਉਪਦੇਸ਼ ਨੂੰ "ਸਚੁ" ਰੂਪ ਵਿੱਚ ਸਮਝਕੇ, ਸ਼ਬਦ ਦੇ ਉਪਦੇਸ਼ ਦੀ ਅਸਲੀਅਤ ਨੂੰ ਸਮਝ ਕੇ ਉਸ ਨੂੰ ਮੰਨਣ ਦੀ ਹੁੰਦੀ ਹੈ ਭਾਵ ਅਸੀਂ ਆਪਣਾ ਧਿਆਨ ਗੁਰੂ ਦੇ ਉਪਦੇਸ਼ ਦੇ ਨਾਲ ਜੋੜਨਾ ਹੈ ਜੋ ਕਿ ਸਾਡਾ ਅਸਲ ਰੂਪ ਵਿੱਚ ਗੁਰੂ ਦੇ ਨਾਲ ਧਿਆਨ ਜੋੜਨ ਦਾ ਤਰੀਕਾ ਹੈ ਜੋ ਧਿਆਨ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਉਸ ਨਾਲ ਜੁੜਦਾ ਹੈ ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁਝ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥3॥}

(ਅੰਗ 27)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥}

(ਅੰਗ 23)

{ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥}

(ਅੰਗ 1149)

ਜਦ ਤਕ ਗੁਰੂ ਦਾ ਉਪਦੇਸ਼ ਸਾਡੇ ਅਮਲ ਵਿੱਚ ਨਹੀਂ ਆਉਂਦਾ ਇਸ ਤੋਂ ਭਾਵ ਇਹ ਹੈ ਕਿ ਗੁਰੂ ਦਾ ਉਪਦੇਸ਼ ਸਾਡੇ ਧਿਆਨ ਵਿੱਚ ਨਹੀਂ ਵਸਿਆ ਭਾਵ ਸਾਡਾ ਗੁਰੂ ਦੇ ਨਾਲ ਧਿਆਨ ਨਹੀਂ ਜੁੜਿਆ, ਗੁਰਬਾਣੀ ਦੇ ਨਾਲ ਧਿਆਨ ਨਹੀਂ ਜੁੜਿਆ, ਸ਼ਬਦ ਦੇ ਨਾਲ ਧਿਆਨ ਨਹੀਂ ਜੁੜਿਆ ਪਰ

ਹਰ ਕੋਈ ਕਥਨੀ ਕਰਨ ਵਿੱਚ ਹੀ, ਧਰਮ ਗ੍ਰੰਥਾਂ ਨੂੰ ਧਿਆਨ ਨਾਲ ਪੜਨ ਸੁੜਨ ਵਿਚ ਹੀ ਗੁਰੂ ਪ੍ਰਮਾਤਮਾ ਦੇ ਨਾਲ ਧਿਆਨ ਜੋੜਨਾ ਸਮਝਦਾ ਹੈ। ਇਹੀ ਗੱਲ ਕਿਸੇ ਅੱਖਰ ਨੂੰ ਜਪਣ ਦੀ ਹੈ, ਮਾਲਾ ਜਪਣ ਦੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਧਿਆਨ ਜੋੜਨਾ ਸਮਝਦੇ ਹਾਂ । ਹਰ ਕੋਈ ਇਸੇ ਤਰੀਕੇ ਹੀ ਪ੍ਰਮਾਤਮਾ ਦੇ ਨਾਲ ਧਿਆਨ ਜੋੜਨ ਵਿੱਚ ਲੱਗਾ ਹੋਇਆ ਹੈ।
(**ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥ ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥**)

ਸਾਡੇ ਇਹੋ ਜਿਹੇ ਧਿਆਨ ਜੋੜਨ ਦਾ ਅਗਲੀ ਪੰਗਤੀ ਰਾਹੀਂ ਖੰਡਣ ਕੀਤਾ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"**ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥1॥**"

ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਪ੍ਰਮਾਤਮਾ ਦੀ ਭਗਤੀ ਦੀ, ਉਸ ਦੇ ਨਾਲ ਧਿਆਨ ਜੋੜਨ ਦੀ ਕਿਸੇ ਨੂੰ ਸਮਝ ਹੀ ਨਹੀਂ ਹੈ ਭਾਵ ਅਸਲ ਭਗਤੀ ਨੂੰ ਕਿਸੇ ਨੇ ਬਿਲਕੁਲ ਵੀ ਨਹੀਂ ਜਾਣਿਆ ਹੈ ਭਾਵ ਹਰ ਕੋਈ ਭਗਤੀ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ, ਸਦੀਆਂ ਤੋਂ ਭਰਮ ਵਿੱਚ ਹੀ ਹੈ। ਹੁਣ ਵੀ ਕਿਸੇ ਨੂੰ ਸਮਝ ਨਹੀਂ ਹੈ ਤੇ ਕਦੇ ਪਹਿਲੇ ਵੀ ਕਿਸੇ ਨੂੰ ਭਗਤੀ ਦੀ ਸਮਝ ਨਹੀਂ ਲੱਗੀ "**ਅਬ ਹੀ ਕਬ ਹੀ**" ਤੋਂ ਭਾਵ ਹੈ ਹੁਣ ਵੀ ਤੇ ਕਦੇ ਵੀ ਭਾਵ ਸਦਾ ਤੋਂ ਹੀ। ਭਗਤੀ ਦੀ ਸਮਝ ਕੇਵਲ ਉਸ ਨੂੰ ਹੀ ਲਗਦੀ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਨ ਲੈਂਦਾ ਹੈ, ਉਸ ਦੇ ਨਿਰਗੁਣ ਰੂਪ ਨੂੰ, ਬ੍ਰਹਮ ਗਿਆਨ ਰੂਪ ਨੂੰ, "ਨਾਮੁ" ਰੂਪ ਨੂੰ ਪਹਿਚਾਣ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਹਿਚਾਣਿਆ ਹੈ ਤੇ ਸੰਸਾਰ

ਨੂੰ ਗੁਰਬਾਣੀ ਰਾਹੀਂ ਭਗਤੀ ਦਾ ਅਸਲ ਮਾਰਗ ਸਮਝਾਇਆ ਹੈ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ, ਇਕੋ ਜਿਹਾ ਨਾਮ ਜਪਣ ਦਾ ਹੀ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈ ਆਪਣੇ ਅੰਦਰੋਂ ਉਸ "ਨਾਮੁ" ਨੂੰ ਪਹਿਚਾਨਿਆ ਹੋਇਆ ਹੈ, ਪ੍ਰਮਾਤਮਾ ਨੂੰ ਪਹਿਚਾਨਿਆ ਹੋਇਆ ਹੈ, ਬ੍ਰਹਮ ਗਿਆਨ ਦੇ ਮਾਲਕ ਨੂੰ ਪਹਿਚਾਨਿਆ ਹੋਇਆ ਹੈ ਜਿਸਨੇ ਮੈਨੂੰ, ਸਾਰੇ ਸੰਸਾਰ ਨੂੰ ਇਕੋ ਜਿਹਾ ਨਾਮੁ ਸਮਝਾਉਂਣ ਦੀ ਸੋਝੀ ਪਾਈ ਹੈ ਭਾਵ ਸੰਸਾਰ ਲਈ ਇਕੋ ਜਿਹਾ ਸੱਚ ਸਮਝਾਇਆ ਹੈ, ਇਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਉਸ ਦੀ ਸੱਚੀ ਸਿਖਿਆ ਅਨੁਸਾਰ ਚਲਣ ਦਾ ਹੈ, ਅਉਗਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਪ੍ਰਮਾਤਮਾ ਦੇ ਨਾਲ ਧਿਆਨ ਜੋੜਨ ਦਾ ਮਾਰਗ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਜੋ ਕਿ ਉਸ ਦੀ ਸੱਚੀ ਸਿਖਿਆ ਨਾਲ ਧਿਆਨ ਜੋੜਨ ਦਾ ਮਾਰਗ ਹੈ, ਸਾਰੇ ਸੰਸਾਰ ਲਈ ਇਕੋ ਜਿਹਾ ਸੱਚ ਅਪਨਾਉਂਣ ਦਾ ਮਾਰਗ ਹੈ ਜਿਸ ਦੁਆਰਾ ਇਕ ਮਨੁੱਖ ਨੂੰ ਫਿਰ ਦੂਸਰਾ ਮਨੁੱਖ ਮਾੜਾ ਨਹੀਂ ਲਗਦਾ ਭਾਵੇਂ ਉਹ ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਵੇ। ਮਨੁੱਖ ਮਨੁੱਖ ਦੇ ਵਿੱਚ ਭੇਦ ਉਹੀ ਸਮਝਦਾ ਹੈ ਜਿਸ ਨੂੰ ਨਾਮ ਦੀ ਸਮਝ ਨਹੀਂ ਹੈ, ਜਿਸ ਨੂੰ ਸਭ ਦੇ ਅੰਦਰ ਇਕੋ ਇਕ ਪ੍ਰਮਾਤਮਾ ਨਜ਼ਰ ਨਹੀਂ ਆਉਂਦਾ। (**ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥ ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥ ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥1॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਸੇ ਲਈ ਮੂਰਖ ਤੇ ਅਗਿਆਨੀ ਕਿਹਾ ਹੋਇਆ ਹੈ ਕਿ ਜਿਹੋ ਜਿਹਾ ਧਿਆਨ ਅਸੀਂ

ਜੋੜਨਾ ਸਮਝਦੇ ਹਾਂ ਉਹ ਸਾਡਾ ਭਰਮ ਹੈ ਜਿਸ ਵਿੱਚ ਨਾ ਸਾਡੇ ਤੇ ਪ੍ਰਮਾਤਮਾ ਦੀ ਕਿਰਪਾ ਹੈ ਤੇ ਨਾ ਹੀ ਇਹੋ ਜਿਹੇ ਧਿਆਨ ਜੋੜਨ ਨਾਲ ਸਾਡੀ ਗਤਿ ਹੋ ਸਕਦੀ ਹੈ ਤੇ ਨਾ ਹੀ ਪ੍ਰਮਾਤਮਾ ਦੇ ਦਰ ਤੇ ਸਾਡੀ ਲਾਜ ਰਹਿ ਸਕਦੀ ਹੈ ਭਾਵ ਪ੍ਰਮਾਤਮਾ ਕੋਲੋਂ ਸੱਚੀ ਸੋਝੀ ਮੰਗੀ ਹੈ ਤਾਂ ਜੋ ਸਾਨੂੰ ਉਸ ਦੇ ਨਾਲ ਧਿਆਨ ਜੋੜਨ ਦੀ ਸਮਝ ਲਗ ਜਾਵੇ, ਸਾਡੀ ਅਗਿਆਨਤਾ ਦੂਰ ਹੋ ਜਾਵੇ। (**ਨ ਜਾਣਾ ਹਰੇ ਮੇਰੀ ਕਵਨ ਗਤੇ ॥ ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥1॥ ਰਹਾਉ ॥**)

ਪ੍ਰਮਾਤਮਾ ਦੇ ਨਾਲ ਧਿਆਨ ਜੋੜਨ ਦਾ ਮਾਰਗ, ਉਸ ਦਾ ਨਾਮ ਜਪਣ ਦਾ ਮਾਰਗ ਆਪਣੇ ਮਨ ਨੂੰ ਵਿਕਾਰਾਂ ਵਲੋਂ ਰੋਕਣ ਦਾ ਹੈ ਜੋ ਹਰ ਵੇਲੇ ਮਾਇਆ ਦੇ ਲੋਭ ਵਿੱਚ ਰਹਿੰਦਾ ਹੈ, ਕਿਸੇ ਨਾ ਕਿਸੇ ਵਸਤੂ ਦੇ ਲਾਲਚ ਵਿੱਚ ਰਹਿੰਦਾ ਹੈ। ਮਨ ਹਰ ਵੇਲੇ ਕਿਸੇ ਨਾ ਕਿਸੇ ਤ੍ਰਿਸ਼ਨਾ ਵਿੱਚ ਰਹਿੰਦਾ ਹੈ। ਜਦੋਂ ਸਾਡੀ ਕੋਈ ਤ੍ਰਿਸ਼ਨਾ ਪੂਰੀ ਹੋ ਜਾਂਦੀ ਹੈ ਤਾਂ ਸਾਡਾ ਮਨ ਖੁਸ਼ੀ ਨਾਲ ਉੱਚਾ ਹੋ ਜਾਂਦਾ ਹੈ ਤੇ ਤ੍ਰਿਸ਼ਨਾ ਦੀ ਪੂਰਤੀ ਨਾ ਹੋਣ ਨਾਲ ਸਾਡੇ ਮਨ ਦੀ ਖੁਸ਼ੀ ਗਮੀ ਵਿੱਚ ਬਦਲ ਜਾਂਦੀ ਹੈ ਭਾਵ ਮਨ ਮਾਇਆ ਮੋਹ ਵਿੱਚ ਡੋਲਦਾ ਰਹਿੰਦਾ ਹੈ, ਮਾਇਆ ਦੇ ਵਿੱਚ ਹੀ ਸੁਖ ਦੁਖ ਵਿੱਚ ਰਹਿੰਦਾ ਹੈ ਤੇ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਸਭ ਪਾਸੇ ਭਜਾ ਫਿਰਦਾ ਹੈ। ਪ੍ਰਮਾਤਮਾ ਦੇ ਨਾਲ ਧਿਆਨ ਜੋੜਨ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੇ ਉਹੋ ਜਿਹੇ ਧਿਆਨ ਵਿੱਚੋਂ ਨਿਕਲੀਏ, ਮਨ ਦੇ ਉਹੋ ਜਿਹੇ ਵਿਚਾਰਾਂ ਵਿੱਚੋਂ ਨਿਕਲਣ ਦਾ ਉਦਮ ਕਰੀਏ ਜੋ ਹਰ ਵੇਲੇ ਸਾਨੂੰ ਮਾਇਆ ਮੋਹ ਵਿੱਚ ਰਖਦੇ ਹਨ ਜਿਸ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ ਜੋ ਸਾਨੂੰ ਸੱਚ ਤੋਂ ਦੂਰ ਕਰਦੇ ਹਨ, ਨਾਮ ਦੀ ਮਤਿ ਤੋਂ ਦੂਰ ਕਰਦੇ ਹਨ, ਨਾਮ ਦੇ ਨਾਲ ਧਿਆਨ ਜੋੜਨ ਤੋਂ ਦੂਰ ਕਰਦੇ ਹਨ। (**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥ ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥2॥**) ਬਾਣੀ ਸਾਨੂੰ ਬਾਰ ਬਾਰ ਇਸ ਮਨ ਨੂੰ ਥਿਰ ਕਰਨ ਦੀ ਗੱਲ ਸਮਝਾ ਰਹੀ ਹੈ ਤੇ ਮਨ ਦੇ "ਥਿਰੁ" ਨਾ ਰਹਿਣ ਦਾ ਕਾਰਣ ਸਾਡੇ ਅੰਦਰ ਦਾ "ਲੋਭ" ਦਸਿਆ ਹੈ। ਸਾਡੇ ਅੰਦਰ ਅਨੇਕਾਂ ਹੀ ਗੱਲਾਂ ਦਾ ਲੋਭ ਹੈ ਜੋ ਸਾਡੇ ਅੰਦਰ ਤ੍ਰਿਸ਼ਨਾਵਾਂ ਦੇ ਰੂਪ ਵਿੱਚ ਹੈ। ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰੇ ਬਿਨਾ ਸਾਡਾ ਮਨ ਥਿਰ ਨਹੀਂ ਹੋ ਸਕਦਾ, ਗੁਰੂ ਦੀ ਮਤਿ ਤੇ ਥਿਰ ਨਹੀਂ ਹੋ ਸਕਦਾ ਭਾਵ ਮਾਇਆ ਮੋਹ ਵਿੱਚ ਡੋਲਣ ਤੋਂ ਨਹੀਂ ਹਟ ਸਕਦਾ । ਭਗਤੀ ਦੇ ਮਾਰਗ ਤੇ ਮਾਣ ਲੈਣਾ ਸਾਡਾ ਲੋਭ ਹੈ ਜਦ ਕਿ ਇਹ ਮਾਣ ਝੂਠਾ ਹੈ। ਇਹ ਲੋਭ ਛੱਡੇ ਬਿਨਾ, ਝੂਠੇ ਮਾਣ ਦਾ ਲੋਭ ਛੱਡੇ ਬਿਨਾ ਸਾਡਾ ਨਾਮ ਦੇ ਨਾਲ ਧਿਆਨ ਨਹੀਂ ਜੁੜ ਸਕਦਾ। ਅਸੀਂ ਝੂਠਾ ਨਾਮ ਜਪਦੇ ਹਾਂ ਤੇ ਝੂਠਾ ਹੀ ਮਾਣ ਲੈਂਦੇ ਹਾਂ। ਇਹ ਸਭ ਮਾਇਆ ਮੋਹ ਹੈ ਜਿਸ ਵਿੱਚ ਹਰ ਕੋਈ ਫਸਿਆ ਹੋਇਆ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥

ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥”

32/3660

ਸੰਸਾਰ ਵਿੱਚ ਆਪਣਾ ਮਰਨ ਲਿਖਾ ਕੇ ਆਉਂਣਾ ਕੀ ਹੈ ਇਸ ਗੱਲ ਨੂੰ ਅਸੀਂ ਪਿਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੱਲ ਸਾਡੇ ਅਸਲ ਮਰਨ ਜਿਉਂਣ ਦੀ ਹੈ ਭਾਵ ਆਤਮਕ ਤੌਰ ਤੇ ਮਰਨ ਜਿਉਂਣ ਦੀ ਹੈ। ਜੋ ਵੀ ਇਸ ਸੰਸਾਰ ਵਿੱਚ ਆਉਂਦਾ ਹੈ ਉਹ ਮਾਇਆ ਦੀ ਜੁਗਤਿ ਵਿੱਚ ਹੀ ਆਉਂਦਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਆਉਂਦਾ ਹੈ ਜੋ ਸਾਨੂੰ ਹਰ ਵੇਲੇ ਭਰਮ ਵਿੱਚ ਰੱਖਦੀ ਹੈ, ਸੱਚ ਨਾਲੋਂ ਜੁੜਨ ਤੋਂ ਦੂਰ ਰੱਖਦੀ ਹੈ। ਸਾਡਾ ਸੱਚਾ ਜਿਉਂਣਾ ਉਹ ਹੈ ਜਦੋਂ ਅਸੀਂ ਸ਼ਬਦ ਦੀ ਮਤਿ ਦੁਆਰਾ ਜਿਉਂਦੇ ਹਾਂ, ਭਗਤੀ ਦੀ ਅਸਲ ਸੋਝੀ ਦੁਆਰਾ ਜਿਉਂਦੇ ਹਾਂ। ਇਸ ਸੰਸਾਰ ਵਿੱਚ ਸਾਡੇ ਜੀਵਨ ਨੂੰ ਸਜਾਉਂਣ ਵਾਲੀ ਮਾਇਆ ਹੈ ਜਿਸ ਨੇ ਹਰ ਕਿਸੇ ਨੂੰ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ ਭਾਵ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚੋਂ ਨਿਕਲਣਾ ਮਨੁੱਖ ਦੀ ਸਮਰਥਾ ਤੋਂ ਬਾਹਰ ਹੈ ਪਰ ਇਸ ਵਿੱਚੋਂ ਨਿਕਲਣ ਦਾ ਉਦਮ ਸਾਡੇ ਸਿਰ ਹੀ ਹੈ ਜੋ ਕਿ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦਾ ਹੈ। ਸਾਡੀ ਇਕੋ ਤ੍ਰਿਸ਼ਨਾ ਸੱਚੀ ਹੈ ਜੋ ਕਿ ਪ੍ਰਮਾਤਮਾ ਨੂੰ ਪਾਉਂਣ ਦੀ ਹੈ ਤੇ ਉਸ ਤ੍ਰਿਸ਼ਨਾ ਦੀ ਪੂਰਤੀ ਲਈ ਸਾਨੂੰ ਹਰ ਤ੍ਰਿਸ਼ਨਾ ਛਡਣੀ ਪੈਂਦੀ ਹੈ ਜੋ ਕਿ ਮਾਇਆ ਮੋਹ ਹੈ। ਜਦ ਤਕ ਸਾਡੇ ਅੰਦਰ ਸੱਚ ਨੂੰ ਅਪਨਾਉਂਣ ਦੀ ਤ੍ਰਿਸ਼ਨਾ ਨਹੀਂ ਜਾਗਦੀ ਤਦ ਤਕ ਸਾਡੀ ਕੋਈ ਵੀ ਤ੍ਰਿਸ਼ਨਾ ਸੱਚੀ ਨਹੀਂ ਹੈ। ਸਾਨੂੰ ਸੱਚਾ ਆਤਮਿਕ ਜੀਵਨ ਸੱਚੀ ਤ੍ਰਿਸ਼ਨਾ ਦੇ ਉਦਮ ਨਾਲ ਜੁੜਕੇ ਹੀ ਮਿਲ ਸਕਦਾ ਹੈ ਜੋ ਉਦਮ ਗੁਰਬਾਣੀ ਸਾਨੂੰ ਬਾਰ ਬਾਰ ਸਮਝਾ ਰਹੀ ਹੈ। ਜਿਹੋ ਜਿਹੀ ਭਗਤੀ ਦੇ ਉਦਮ ਵਿੱਚ ਹਰ ਕੋਈ ਲੱਗਾ ਹੋਇਆ ਹੈ, ਸੱਚੀ ਸਮਝ ਕੇ ਲੱਗਾ ਹੋਇਆ ਹੈ ਉਸ ਵਿੱਚੋਂ ਨਿਕਲੇ ਬਿਨਾ ਅਸੀਂ ਉਸ ਸੱਚ ਨਾਲ ਨਹੀਂ ਜੁੜ ਸਕਦੇ ਜਿਸ ਨੇ ਸਾਨੂੰ ਸਾਡੇ ਮਰਣ ਵਿੱਚੋਂ ਕੱਢਣਾ ਹੈ, ਆਤਮਿਕ ਮਰਨ ਵਿੱਚੋਂ ਕੱਢਣਾ ਹੈ ਜਿਸਦਾ ਕਾਰਨ ਸਾਡੇ ਅੰਦਰ ਮਾਇਆ ਦੀ ਜੁਗਤਿ ਹੈ, ਹਉਮੈ ਦੀ ਜੁਗਤਿ ਹੈ ਜਿਸ ਰਾਹੀਂ ਹਰ ਕੋਈ ਅਗਿਆਨਤਾ ਵਿੱਚ ਹੈ, ਭਰਮ ਵਿੱਚ ਹੈ। ਹਰ ਕੋਈ ਸੰਸਾਰ ਵਿੱਚ ਮਨ ਦੀ ਇਹੋ ਜਿਹੀ ਅਵਸਥਾ ਵਿੱਚ ਹੀ ਆ ਰਿਹਾ ਹੈ ਤੇ ਇਹੋ ਜਿਹੇ ਅਵਸਥਾ ਵਿੱਚ ਹੀ ਸੰਸਾਰ ਤੋਂ ਜਾ ਰਿਹਾ ਹੈ। ਮਾਇਆ ਦੀ ਜੁਗਤਿ ਵਿੱਚ ਆ ਰਿਹਾ ਹੈ, ਸਹਸਾ ਵਿੱਚ ਆ ਰਿਹਾ ਹੈ, ਹਉਮੈ ਵਿੱਚ ਆ ਰਿਹਾ ਹੈ ਤੇ ਉਸੇ ਤਰ੍ਹਾਂ ਜਾ ਰਿਹਾ ਹੈ, ਮਨ ਦੀ ਇਸ ਅਗਨਿ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਆਵਾਗਉਂਣ ਦੀ ਅਗਨਿ ਵਿੱਚੋਂ ਨਿਕਲਣਾ ਬਹੁਤ ਔਖਾ ਹੈ (**ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥3॥**)

ਸਾਡੀ ਆਤਮਿਕ ਮੌਤ ਦਾ ਕਾਰਨ ਸਾਡੇ ਅੰਦਰ

32/3661

ਦੀ ਅਗਿਆਨਤਾ ਹੈ ਭਾਵ ਮਨ ਦੀ ਮਾੜੀ ਸੋਝੀ ਹੈ ਤੇ ਹਰ ਕੋਈ ਮਨ ਦੀ ਇਹੋ ਜਿਹੀ ਅਵਸਥਾ ਵਿੱਚ ਹੀ ਹੈ। ਸਾਨੂੰ ਮਨ ਦੀ ਇਹੋ ਜਿਹੀ ਅਵਸਥਾ ਵਿੱਚੋਂ ਕੇਵਲ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ। ਗੁਰਬਾਣੀ ਦਾ ਸੱਚਾ ਗਿਆਨ ਕੱਢ ਸਕਦਾ ਹੈ, ਗੁਰੂ ਦੀ ਸੱਚੀ ਮਤਿ ਦਾ ਗਿਆਨ ਕੱਢ ਸਕਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦ ਰਾਹੀਂ ਸਮਝਾਈ ਹੋਈ ਹੈ ਜਿਸ ਦੁਆਰਾ ਅਸੀਂ ਆਵਾਗਉਂਣ ਦੇ ਦੁਖ ਤੋਂ ਬਚ ਸਕਦੇ ਹਾਂ।

“ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥

ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥੧॥”

ਧਿਆਨ ਨਾਲ ਸਮਝੋ ਉਪਰ ਵਾਲੀਆਂ ਪੰਗਤੀਆਂ ਨੂੰ ਕਿ ਸਾਨੂੰ ਕੀ ਸਮਝਾਇਆ ਗਿਆ ਹੈ। ਭਾਈ ਮੀਤ ਸਾਡੇ ਸਭ ਦੇ ਹੁੰਦੇ ਹਨ, ਮਾਂ ਬਾਪ ਵੀ ਸਾਡੇ ਸਭ ਦੇ ਹੁੰਦੇ ਹਨ ਪਰ ਫਿਰ ਵੀ ਗੁਰੂ ਸਾਹਿਬ ਸਾਨੂੰ ਕਹਿ ਰਹੇ ਹਨ ਕਿ ਨਾ ਹੀ ਕਿਸੇ ਦਾ ਮੀਤ ਹੈ, ਨਾ ਭਾਈ ਹੈ, ਨਾ ਬਾਪ ਹੈ, ਨਾ ਕਿਸੇ ਦੀ ਮਾਈ ਹੈ। ਸਾਡੇ ਇਹ ਸਭ ਸਖਾ ਹਨ ਜੋ ਸਾਨੂੰ ਬਹੁਤ ਕੁਝ ਦੇ ਸਕਦੇ ਹਨ ਪਰ ਇਕ ਚੀਜ ਐਸੀ ਹੈ ਜੋ ਚੀਜ ਉਹ ਸਾਨੂੰ ਨਹੀਂ ਦੇ ਸਕਦੇ। ਇਹ ਸਾਨੂੰ ਉਹ ਆਤਮਿਕ ਗਿਆਨ ਨਹੀਂ ਦੇ ਸਕਦੇ ਜਿਸ ਗਿਆਨ ਦੁਆਰਾ ਮਨੁੱਖ ਸੰਸਾਰ ਦੇ ਇਸ ਆਵਾਗਉਂਣ ਤੋਂ ਮੁਕਤਿ ਹੁੰਦਾ ਹੈ। ਉਹ ਗਿਆਨ ਕੇਵਲ ਪ੍ਰਮਾਤਮਾ ਦੇ ਆਪਣੇ ਕੋਲ ਹੈ ਤੇ

ਕੇਵਲ ਉਸ ਦੇ ਕੋਲੋਂ ਹੀ ਮਿਲਦਾ ਹੈ। ਜਿਸਨੂੰ ਵੀ ਪ੍ਰਮਾਤਮਾ ਨੇ ਆਵਾਗਉਣ ਤੋਂ ਮੁਕਤਿ ਕੀਤਾ ਹੈ, ਮਾਇਆ ਮੋਹ ਦੀ ਜੁਗਤਿ ਤੋਂ ਮੁਕਤਿ ਕੀਤਾ ਹੈ, ਭਰਮ ਤੋਂ ਮੁਕਤਿ ਕੀਤਾ ਹੈ ਉਸ ਨੇ ਆਪ ਹੀ ਕੀਤਾ ਹੈ, ਮਨ ਦੇ ਵਿੱਚ ਸੱਚਾ ਗਿਆਨ ਬਖਸ਼ਕੇ ਹੀ ਕੀਤਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮੁਕਤਿ ਕੀਤਾ ਹੈ, ਬ੍ਰਹਮ ਗਿਆਨ ਬਖਸ਼ ਕੇ ਕੀਤਾ ਹੈ। ਸਾਡੇ ਲਈ ਇਸ ਸੰਸਾਰ ਦੇ ਆਵਾਗਉਂਣ ਤੋਂ ਮੁਕਤੀ ਪਾਉਂਣ ਦਾ ਸਾਧਨ ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਕੇਵਲ ਉਥੋਂ ਹੀ ਮਿਲ ਸਕਦਾ ਹੈ। ਕਿਸੇ ਹੋਰਨਾਂ ਕੋਲੋਂ ਇਹ ਗਿਆਨ ਲੈ ਕੇ ਭਾਵ ਹੋਰਨਾਂ ਕੋਲੋਂ ਇਹ ਮਤਿ ਲੈ ਕੇ ਅਸੀਂ ਭਰਮ ਤੋਂ ਮੁਕਤਿ ਨਹੀਂ ਹੋ ਸਕਦੇ। ਅਸੀਂ ਆਪਣੇ ਇਹੋ ਜਿਹੇ ਭਾਈ ਮੀਤ ਬਹੁਤ ਬਣਾਏ ਹੋਏ ਹਨ, ਇਹੋ ਜਿਹੇ ਸਜਣ ਬਥੇਰੇ ਬਣਾਏ ਹੋਏ ਹਨ ਜਿੰਨ੍ਹਾਂ ਕੋਲੋਂ ਅਸੀਂ ਧਾਰਮਿਕ ਮਤਿ ਲੈਣੀ ਚੰਗੀ ਸਮਝਦੇ ਹਾਂ ਪਰ ਗੁਰੂ ਦੀ ਮਤਿ ਦੀ ਬਰਾਬਰੀ ਕਉਂਣ ਕਰ ਸਕਦਾ ਹੈ। ਸਾਨੂੰ ਸਭ ਤੋਂ ਪਹਿਲਾਂ ਇਸੇ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਕਿ ਇਹ ਧਰਮ ਦੇ ਮਾਰਗ ਦੀ ਮਤਿ ਕੇਵਲ ਉਥੋਂ ਲਈਏ ਜੋ ਮਤਿ ਪ੍ਰਮਾਤਮਾ ਨੇ ਆਪ ਹੀ ਦਿੱਤੀ ਹੋਈ ਹੈ, ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਦਿੱਤੀ ਹੋਈ ਹੈ, ਗੁਰਬਾਣੀ ਦੇ ਰੂਪ ਵਿੱਚ ਦਿੱਤੀ

32/3662

ਹੋਈ ਹੈ। (**ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥3॥ ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥4॥1॥**)

{ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥
ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥
ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥
ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥੭॥}

(ਅੰਗ 767)

{ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ ॥
ਕਰਣ ਕਰਾਵਣਹਾਰ ਸੁਆਮੀ ਆਪਨ ਹਾਥਿ ਸੰਜੋਗੀ ॥
ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥}

(ਅੰਗ 610)

{ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥2॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥3॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥4॥24॥}

(ਅੰਗ 23)

ਧਰਮ ਗ੍ਰੰਥ ਸਾਨੂੰ ਸੱਚੀ ਮਤਿ ਹੀ ਦਿੰਦੇ ਹਨ ਭਾਵ ਸੱਚੇ ਸੁੱਚੇ ਕਰਮ ਕਰਨਾ ਹੀ ਸਮਝਾਉਂਦੇ ਹਨ ਭਾਵੇਂ ਉਹ ਮਤਿ ਅਸੀਂ ਜਿਹੜੇ ਮਰਜੀ ਧਰਮ ਗ੍ਰੰਥ ਤੋਂ ਲੈ ਲਈਏ ਕਿਉਂਕਿ ਨਾਮੁ ਰੂਪ ਸਿਖਿਆ ਸਭ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਗੁਰਬਾਣੀ ਨਾਲ ਜੁੜਨ ਵਾਲੇ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਗੁਰਬਾਣੀ ਸਾਨੂੰ ਕਿਸੇ ਦੂਸਰੇ ਧਰਮ ਗ੍ਰੰਥ ਦਾ ਨਿਰਾਦਰ ਕਰਨਾ ਨਹੀਂ ਸਿਖਾਉਂਦੀ ਬਲਕਿ ਇਹ ਸਿਖਾਉਂਦੀ ਹੈ ਕਿ ਦੂਸਰੇ ਧਰਮ ਗ੍ਰੰਥਾਂ ਵਿੱਚ ਵੀ ਨਾਮ ਹੈ ਜਿਸ ਰਾਹੀਂ ਸਾਨੂੰ ਸੱਚੇ ਸੁਚੇ ਜੀਵਨ ਰਾਹੀਂ ਵਿਚਰਨ ਦੀ ਸਿਖਿਆ ਦਿੱਤੀ ਹੋਈ ਹੈ। ਸਾਰੀ ਗੱਲ ਅਉਗਣਾਂ ਨੂੰ ਛੱਡਣ ਦੀ ਹੈ ਤੇ ਗੁਣੀ ਬਣਕੇ ਵਿਚਰਨ ਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਸਾਰੰਗ ॥

ੴ ਸਤਿਗੁਰ ਪ੍ਰਸਾਦਿ ॥

{ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥}

(ਅੰਗ 1253)

32/3663

ਉਪਰ ਵਾਲੇ ਸ਼ਬਦ ਦੀ ਵਿਆਖਿਆ ਅਸੀਂ ਲੇਖ ਵਿੱਚ ਕਾਫੀ ਪਿਛੇ ਪਹਿਲਾਂ ਹੀ ਜਾਣ ਚੁਕੇ ਹਾਂ । ਇਸ ਸ਼ਬਦ ਰਾਹੀਂ ਗੁਰਬਾਣੀ ਸਾਨੂੰ "ਪੁਰਾਨ" ਧਰਮ ਗ੍ਰੰਥ ਨੂੰ ਸੁਣਨ ਦਾ ਮਕਸਦ ਸਮਝਾ ਰਹੀਂ ਹੈ। ਮਕਸਦ ਉਹੀ ਹੈ ਜੋ ਗੁਰਬਾਣੀ ਨੂੰ ਸੁਣਨ ਦਾ ਹੈ ਭਾਵ ਗੁਰਬਾਣੀ ਸਾਨੂੰ ਦੂਸਰੇ ਧਰਮ ਗ੍ਰੰਥਾਂ ਦੀ ਅਸਲੀਅਤ ਨਾਲ ਜੁੜਨਾ ਸਮਝਾ ਰਹੀ ਹੈ, ਨਾਮ ਨਾਲ ਜੁੜਨਾ ਸਮਝਾ ਰਹੀ ਹੈ। ਪੁਰਾਨ ਨੂੰ ਕੇਵਲ ਸੁਣੀ ਜਾਣ ਨਾਲ ਸਾਨੂੰ ਕੋਈ ਲਾਭ ਨਹੀਂ ਮਿਲਣਾ ਤੇ ਸੁਣਨ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੇ ਅਉਗਣਾਂ ਨੂੰ ਤਿਆਗੀਏ ਜਿਵੇਂ ਕਿ ਉਪਰ ਸ਼ਬਦਾਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ ਭਾਵ ਧਰਮ ਗ੍ਰੰਥਾਂ ਨੂੰ ਪੜ੍ਹਨ ਦੇ ਮਕਸਦ ਦੀ ਪੂਰਤੀ ਤਾਂ ਹੀ ਹੁੰਦੀ ਹੈ ਜੇਕਰ ਅਸੀਂ ਮਾੜੇ ਕਰਮ ਕਰਨੇ ਛਡੀਏ ਤੇ ਸੱਚੇ ਸੁੱਚੇ ਕਰਮ ਕਰਨ ਦੇ ਨਾਲ ਜੁੜੀਏ ਭਾਵ ਕਥਨੀ ਨੂੰ ਕਰਣੀ ਵਿੱਚ ਬਦਲੀਏ ਜੋ ਕਿ ਅਸਲ ਧਰਮ ਦਾ ਮਾਰਗ ਹੈ ਤੇ ਸਾਰੇ ਸੰਸਾਰ ਲਈ ਇਕੋ ਹੀ ਹੈ।

ਇਹੀ ਗੱਲ ਨੂੰ ਅਗਲੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰਦੇ ਹਾਂ।

ਰਾਮਕਲੀ ਮਹਲਾ ੫ ॥

"ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥੧॥
ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥
ਆਗੈ ਰਾਖਿਓ ਸਾਲ ਗਿਰਾਮੁ ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥
ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧੁ ਕਮਾਇ ॥੨॥
ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥

ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥੩॥
ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥
ਚਤੁਰ ਬੇਦ ਪੂਰਨ ਹਰਿ ਨਾਇ ॥ ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥"

(ਅੰਗ 887)

ਉਪਰਲੇ ਸ਼ਬਦਾਂ ਰਾਹੀਂ ਸਾਨੂੰ ਵੇਦਾਂ ਰਾਹੀਂ ਨਾਮ ਦੀ ਸਿਖਿਆ ਸਮਝਾਈ ਹੋਈ ਹੈ ਜੋ ਕਿ ਉਨ੍ਹਾਂ ਰਾਹੀਂ ਦਿੱਤੇ ਹੋਏ ਸੱਚੇ ਉਪਦੇਸ਼ ਨੂੰ ਮੰਨਣ ਦੀ ਹੈ। ਮੁਖੋਂ ਪੜੀ ਜਾਣ ਦਾ ਤੇ ਉਹਨਾਂ ਦੇ ਅਰਥ ਕਰੀ ਜਾਣ ਦਾ ਕੋਈ ਲਾਭ ਨਹੀਂ ਹੈ। ਵੇਦਾਂ ਨੂੰ ਪੜਨ ਦਾ, ਸਮਝਣ ਦਾ, ਸਮਝਣ ਦਾ ਮਕਸਦ ਤਾਂ ਪੂਰਾ ਹੁੰਦਾ ਹੈ ਜਦੋਂ ਉਨ੍ਹਾਂ ਦੀ ਸਿਖਿਆ ਸਾਡੇ ਅੰਦਰ ਵੱਸ ਜਾਵੇ ਤੇ ਜਿਸ ਦੇ ਅੰਦਰ ਸਿਖਿਆ ਵੱਸ ਜਾਂਦੀ ਹੈ ਉਹ ਆਪਣੀ ਰਹਿਤ ਵਲੋਂ ਪੂਰਾ ਹੁੰਦਾ ਹੈ ਭਾਵ ਉਸਦੀ ਰਹਿਣੀ ਸੱਚੀ ਸੁੱਚੀ ਹੁੰਦੀ ਹੈ। ਆਪਣੇ ਅੰਦਰ ਨਾਮੁ ਦਾ ਵਸਣਾ ਰਾਮੁ ਦੀ ਦਿੱਤੀ ਹੋਈ ਸਿਖਿਆ ਦਾ ਵਸਣਾ ਹੈ। ਆਪਣੇ ਅੰਦਰ ਸਿਖਿਆ ਨੂੰ ਵਸਾਉਂਣ ਦੀ ਬਜਾਇ ਲੋਕਾਂ ਨੂੰ ਸਿਖਿਆ ਸੁਣਾਈ ਜਾਣਾ ਕੇਵਲ ਭਗਤੀ ਦਾ ਦਿਖਾਵਾ ਹੈ ਤੇ ਹੋਰ ਕੁਝ ਵੀ ਨਹੀਂ ਹੈ। ਜੋ ਆਪ ਦਿਖਾਵੇ ਨਾਲ ਜੁੜੇ ਹੁੰਦੇ ਹਨ ਭਾਵ ਕੇਵਲ ਕਥਨੀ ਨਾਲ ਜੁੜੇ ਹੁੰਦੇ ਹਨ, ਕਹਿਣ ਸੁਣਨ ਨਾਲ ਜੁੜੇ ਹੁੰਦੇ ਹਨ ਉਹ ਉਸੇ ਵਿੱਚ ਹੀ ਆਪਣੀ ਭਗਤੀ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਜਿਹੀ ਭਗਤੀ ਨਾਲ ਜੋੜਦੇ ਹਨ ਭਾਵ ਕਥਨੀ ਨਾਲ ਹੀ ਜੋੜਦੇ ਹਨ ਜੋ ਕਿ ਸਭ ਪਾਸੇ ਦੇਖਣ ਨੂੰ ਮਿਲਦਾ ਹੈ। ਸਿਖ ਜਗਤ ਵਿੱਚ ਵੀ ਜਿਆਦਾ ਕਰਕੇ ਇਹੋ ਕੁਝ ਹੀ ਹੋ ਰਿਹਾ ਹੈ ਕਿ ਵੱਧ ਤੋਂ ਵਧ

ਪੜੀ ਸੁਣੀ ਜਾਵੋ ਤੇ ਅਉਗਣ ਬਿਨਾ ਛੱਡਣ ਦੇ ਆਪੇ ਹੀ ਨਿਕਲਦੇ ਰਹਿਣਗੇ। ਨਾ ਮਾਇਆ ਮੋਹ ਆਪਣਾ ਕਿਸੇ ਦਾ ਛੱਡਣ ਨੂੰ ਦਿਲ ਕਰਦਾ ਹੈ ਤੇ ਇਹੀ ਗੱਲ ਦੂਸਰਿਆਂ ਨੂੰ ਸਮਝਾਈ ਜਾਂਦੇ ਹਨ ਕਿ ਭਗਤੀ ਅਉਗਣ ਛੱਡਣ ਤੋਂ ਬਿਨਾ ਹੀ ਹੋ ਜਾਂਦੀ ਹੈ, ਕੇਵਲ ਕਥਨੀ ਨਾਲ ਹੀ ਹੋ ਜਾਂਦੀ ਹੈ। (**ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥ ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥1॥**)

ਸ਼ਬਦ ਦੇ ਅਗਲੇ ਪਦੇ ਰਾਹੀਂ ਪੰਡਿਤ ਅਖਵਾਉਂਣ ਵਾਲਿਆਂ ਨੂੰ ਭਾਵ ਧਰਮ ਦੇ ਵਿਦਵਾਨ ਅਖਵਾਉਂਣ ਵਾਲਿਆਂ ਨੂੰ ਭਾਵੇ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜੋ ਕਿ ਰਹਾਉ ਵਾਲੀ ਪੰਗਤੀ ਹੈ।

"**ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥1॥ ਰਹਾਉ ॥**"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਨਾਮ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਜਦ ਤਕ ਸਾਡੇ ਅੰਦਰ ਅਉਗੁਣ ਹਨ ਤਦ ਤਕ ਸਾਡਾ ਸੱਚ ਦੇ ਨਾਲ ਕ੍ਰੋਧ ਹੈ, ਝਗੜਾ ਹੈ। ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਦੇ ਨਾਲ ਝਗੜਾ ਛਡੀਏ, ਕ੍ਰੋਧ ਛਡੀਏ ਤਾਂ ਜੋ ਸਾਡੀ ਰਹਿਤ ਸੱਚੀ ਸੁੱਚੀ ਹੋ ਸਕੇ। ਜਦ ਤਕ ਸਾਡਾ ਮਾਇਆ ਨਾਲ ਪਿਆਰ ਹੈ ਤਦ ਤਕ ਸਾਡਾ ਸੱਚ ਦੇ ਨਾਲ ਗੁੱਸਾ ਹੀ ਹੈ। ਜੇਕਰ ਸੱਚ ਨਾਲ ਪਿਆਰ ਪਾਵਾਂਗੇ ਫਿਰ ਸਾਨੂੰ ਮਾਇਆ ਵਿੱਚ ਫਸਣਾ ਚੰਗਾ ਨਹੀਂ ਲਗੇਗਾ, ਸਾਡਾ ਮਾਇਆ ਵਿੱਚ ਮੋਹ ਨਹੀਂ ਜੁੜੇਗਾ। ਜਦ ਤਕ ਸਾਡੇ ਮਨ ਦੀ ਬਿਰਤੀ ਮਾਇਆ ਮੋਹ ਦੇ ਉਲਟ ਨਹੀਂ ਹੁੰਦੀ, ਮਨ ਦੇ ਇਹੋ ਜਿਹੇ ਵਿਚਾਰਾਂ ਨਾਲ ਅਸੀਂ ਜਦ ਤਕ ਝਗੜਾ ਨਹੀਂ ਕਰਦੇ ਤਦ ਤਕ ਸਾਡਾ ਸੱਚ ਦੇ ਨਾਲ ਝਗੜਾ ਨਹੀਂ ਨਿਬੜਦਾ। ਧਰਮ ਗ੍ਰੰਥ ਸਾਨੂੰ ਇਹੋ ਜਿਹੀ ਸਿਖਿਆ ਹੀ ਦਿੰਦੇ ਹਨ ਤਾਂ ਜੋ ਅਸੀਂ ਅਉਗਣਾਂ ਵਿੱਚੋਂ ਨਿਕਲਕੇ ਗੁਣੀ ਬਣੀਏ ਤੇ ਆਪਣੀ ਰਹਿਤ ਸੱਚੀ ਸੁੱਚੀ ਕਰੀਏ। (**ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥1॥ ਰਹਾਉ ॥**)

"ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥2॥"

(ਅੰਗ 1325)

ਮੁਖ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਾਨੂੰ ਭਗਤੀ ਕਰਨ ਵਾਲਿਆਂ ਦੇ ਦਿਖਾਵੇ ਹੀ ਗਿਣਾਏ ਹੋਏ ਹਨ ਜਿਹੋ ਜਿਹੇ ਦਿਖਾਵੇ ਹਰ ਕੋਈ

32/3665

ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਰਦਾ ਹੈ। ਇਹੋ ਜਿਹੇ ਸਾਰੇ ਦਿਖਾਵੇ ਸਮਾਜ ਕੋਲੋਂ ਵਡਿਆਈ ਲੈਣ ਲਈ ਹੀ ਹਨ ਜਦਕਿ ਇਹਨਾਂ ਵਿੱਚ ਪ੍ਰਮਾਤਮਾ ਦੀ ਕੋਈ ਭਗਤੀ ਨਹੀਂ ਹੈ। ਮਾਲਾ ਫੇਰਨ ਦੁਆਰਾ ਨਾਮ ਜਪਣ ਦਾ ਵੀ ਖੰਡਨ ਕੀਤਾ ਹੋਇਆ ਹੈ ਕਿਉਂਕਿ ਇਸ ਵਿੱਚ ਕੋਈ ਭਗਤੀ ਹੈ ਹੀ ਨਹੀਂ। ਇਹਨਾਂ ਤਰੀਕਿਆਂ ਨਾਲ ਕੋਈ ਮਾਇਆ ਮੋਹ ਦੇ ਸਾਗਰ ਤੋਂ ਨਹੀਂ ਤਰ ਸਕਦਾ। ਮਾਇਆ ਮੋਹ ਦੇ ਸਾਗਰ ਵਿੱਚੋਂ ਮਾਇਆ ਮੋਹ ਤਿਆਗਕੇ ਹੀ ਤਰਿਆ ਜਾ ਸਕਦਾ ਹੈ। (**ਆਗੈ ਰਾਖਿਓ ਸਾਲ ਗਿਰਾਮੁ ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥ ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧੁ ਕਮਾਇ ॥2॥ ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥ ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥3॥**)

ਅਸਲ ਭਗਤੀ ਦਾ ਮਾਰਗ ਜਿਸ ਦੁਆਰਾ ਕੋਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾ ਸਕਦਾ ਹੈ ਉਹ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਣ ਦਾ ਹੈ ਭਾਵ ਮਨਮਤਿ ਵਿੱਚੋਂ ਨਿਕਲਣ ਦਾ ਹੈ ਤੇ ਸ਼ਬਦ ਦੀ ਮਤਿ ਨਾਲ ਜੁੜਨ ਦਾ ਹੈ, ਗੁਰੂ ਦੇ ਸੱਚੇ ਉਪਦੇਸ਼ ਨਾਲ ਜੁੜਨ ਦਾ ਹੈ। ਸ਼ਬਦ ਦੀ ਮਤਿ ਤੇ ਪੂਰਾ ਉਤਰਨਾ ਹੀ ਨਾਮ ਤੇ ਪੂਰਾ ਉਤਰਨਾ ਹੈ ਜਿਸ ਦੁਆਰਾ ਸਾਨੂੰ ਇਹ ਸਮਝ ਲਗ ਜਾਂਦੀ ਹੈ ਚਾਰੇ ਵੇਦਾਂ ਦਾ ਮਕਸਦ ਕੀ ਹੈ ਭਾਵ ਉਹਨਾਂ ਦੀ ਸਿਖਿਆ ਸਾਨੂੰ ਕੀ ਸਮਝਾਉਂਦੀ ਹੈ। ਸ਼ਬਦ ਦੀ ਮਤਿ ਦੀ ਸ਼ਰਨ ਵਿੱਚ ਆਉਂਣਾ ਹੀ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਂਣਾ ਹੈ ਭਾਵ ਸਾਡੇ ਲਈ ਉਦਮ ਇਹੀ ਹੈ ਕਿ ਅਸੀਂ ਆਪਣੀ ਮਨਮਤਿ ਛਡੀਏ ਤੇ ਸ਼ਬਦ ਦੀ ਮਤਿ ਨਾਲ ਜੁੜੀਏ, ਆਪਣੀ ਹਉਮੈ ਛਡੀਏ ਤੇ ਨਾਮ ਨਾਲ ਜੁੜੀਏ ਤਾਂ ਜੋ ਅਸੀਂ ਉਸ ਪ੍ਰਮਾਤਮਾ ਦੀ ਸ਼ਰਨ ਵਿੱਚ ਪਹੁੰਚ ਸਕੀਏ, ਚਉਥੇ ਪਦ ਦੇ ਗਿਆਨ ਦੀ ਸ਼ਰਨ ਵਿੱਚ ਪਹੁੰਚ ਸਕੀਏ। ਜਿਸ ਨੂੰ ਵੀ ਪ੍ਰਮਾਤਮਾ ਪੰਡਿਤ ਬਣਾਉਂਦਾ ਹੈ, ਧਰਮ ਦਾ ਵਿਦਵਾਨ ਬਣਾਉਂਦਾ ਹੈ ਉਸਨੂੰ ਚਉਥੇ ਪਦ ਦੀ ਮਤਿ ਬਖਸ਼ਕੇ ਹੀ ਬਣਾਉਂਦਾ ਹੈ ਤੇ ਇਸੇ ਲਈ ਧਰਮ ਦੇ ਸੱਚੇ ਪੰਡਿਤ ਨੂੰ ਇਹ ਸਮਝ ਹੁੰਦੀ ਹੈ ਕਿ ਅਸਲ ਵਿੱਚ ਧਰਮ ਦਾ ਵਿਦਵਾਨ ਪ੍ਰਮਾਤਮਾ ਆਪ ਹੀ ਹੈ ਜੋ ਅੰਦਰ ਬੈਠਾ ਆਪ ਹੀ ਚਉਥੇ ਪਦ ਦਾ ਗਿਆਨ ਦੇ ਰਿਹਾ ਹੈ। (**ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ॥ ਚਤੁਰ ਬੇਦ ਪੂਰਨ ਹਰਿ ਨਾਇ ॥ ਨਾਨਕ ਤਿਸ ਕੀ ਸਰਣੀ ਪਾਇ ॥4॥**)

ਸ਼ਬਦ ਦੀ ਕਮਾਈ ਸ਼ਬਦ ਦੀ ਵਿਚਾਰ ਨਾਲ ਜੁੜਕੇ ਹੁੰਦੀ ਹੈ । ਨਾਮ ਸ਼ਬਦ ਦੀ ਵੀਚਾਰ ਹੈ ਤੇ ਆਪਣੇ ਜੀਵਨ ਵਿੱਚ ਸ਼ਬਦ ਦੀ ਵਿਚਾਰ ਨੂੰ

32/3666

ਕਮਾਉਂਣਾ ਹੀ ਨਾਮ ਦੀ ਕਮਾਈ ਕਰਨਾ ਹੈ। ਅਸੀਂ ਸ਼ਬਦ ਦੀ ਕਮਾਈ ਆਪਣੀ ਕਥਨੀ ਦੁਆਰਾ ਕਰਦੇ ਹਾਂ ਜਦਕਿ ਇਹ ਮਾਰਗ ਆਪਣੀ ਕਰਨੀ ਦੁਆਰਾ ਸ਼ਬਦ ਨੂੰ ਕਮਾਉਂਣ ਦਾ ਹੈ। ਜੋ ਭੁਲ ਨਾਮ ਨੂੰ ਸਮਝਣ ਵਿੱਚ, ਨਾਮ ਦੀ ਕਮਾਈ ਸਮਝਣ ਵਿੱਚ ਸਦੀਆਂ ਤੋਂ ਚਲਦੀ ਆ ਰਹੀ ਹੈ ਤੇ ਗੁਰਬਾਣੀ ਦਾ ਮਕਸਦ ਸਾਨੂੰ ਇਸ ਭੁਲ ਵਿੱਚੋਂ ਕੱਢਣ ਦਾ ਹੈ ਜਿਸ ਰਾਹੀਂ ਸਾਨੂੰ ਧਰਮ ਗ੍ਰੰਥਾਂ ਰਾਹੀਂ ਜੋ ਨਾਮ ਜਪਣਾ ਸਮਝਾਇਆ ਹੋਇਆ ਹੈ ਉਸ ਦੀ ਅਸਲੀਅਤ ਨੂੰ ਉਜਾਗਰ ਕੀਤਾ ਹੈ ਭਾਵੇ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਹੇਠ ਦਿਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇੱਕ ਜੋਗੀ ਨੂੰ ਕਿਹੋ ਜਿਹਾ ਨਾਮ ਜਪਣਾ ਸਮਝਾਇਆ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਨਾਮ ਇੱਕੋ ਹੀ ਹੈ ਤੇ ਨਾਮ ਦਾ ਮਕਸਦ ਵੀ ਇੱਕੋ ਹੀ ਹੈ, ਸਾਰੇ ਸੰਸਾਰ ਲਈ ਇੱਕੋ ਹੀ ਹੈ, ਜੁਗਾਂ ਜੁਗਾਂ ਤੋਂ ਇੱਕੋ ਹੀ ਹੈ ਜੋ ਕਿ ਸ਼ਬਦ ਦੀ ਵਿਚਾਰ ਹੈ। ਸ਼ਬਦ ਹੀ ਗੁਰੂ ਹੈ ਜੋ ਕਿ ਜੁਗਾਂ ਜੁਗਾਂ ਤੋਂ ਸੰਸਾਰ ਦਾ ਇੱਕੋ ਹੀ ਗੁਰੂ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਸ਼ਬਦ ਦੀ ਵਿਚਾਰ ਦੁਆਰਾ ਗੁਰੂ ਹੈ ਭਾਵ ਆਪਣੀ ਵਿਚਾਰ ਦੁਆਰਾ ਗੁਰੂ ਹੈ ਜਿਸ ਦੁਆਰਾ ਉਸ ਨੇ ਸਭ ਨੂੰ ਭਗਤੀ ਦਾ ਮਾਰਗ ਸਮਝਾਇਆ ਹੈ। ਸ਼ਬਦ ਦੀ ਵਿਚਾਰ ਸਦਾ ਅਟਲ ਰਹਿਣ ਵਾਲੀ ਹੈ, ਥਿਰ ਰਹਿਣ ਵਾਲੀ ਹੈ ਕਿਉਂਕਿ ਇਹ ਪੂਰਨ ਰੂਪ ਵਿੱਚ ਸੱਚੀ ਵਿਚਾਰ ਹੈ ਜੋ ਕਦੇ ਬਦਲ ਨਹੀਂ ਸਕਦੀ ਤੇ ਇਸੇ ਲਈ ਜੁਗਾਂ ਜੁਗਾਂ ਤੋਂ ਭਗਤੀ ਦਾ ਮਾਰਗ ਇੱਕੋ ਹੀ ਹੈ ਜੋ

ਕਦੇ ਬਦਲ ਨਹੀਂ ਸਕਦਾ। ਗੁਰਬਾਣੀ ਸਾਰੇ ਸੰਸਾਰ ਨੂੰ ਇਹੋ ਜਿਹੇ ਨਾਮ ਨਾਲ ਜੋੜ ਰਹੀ ਹੈ ਜਿਸ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਰਿਹਾ ਹੈ।

“ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥
ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥
ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥
ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥”

(ਅੰਗ ੮੭੯)

ਜੋਗੀ ਮਤਿ ਸਦੀਆਂ ਤੋਂ ਇਹੋ ਜਿਹੀ ਹੀ ਚਲਦੀ ਆ ਰਹੀ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਸਮਝਦੇ ਹਨ, ਪ੍ਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਹਨ। ਜੋਗੀ ਆਪਣੇ ਇਸ ਮਨੋਰਥ ਦੀ ਪੂਰਤੀ ਲਈ ਆਪਣਾ ਘਰ ਬਾਰ ਤਿਆਗ ਦਿੰਦੇ ਹਨ ਤੇ ਬਾਹਰ ਜੰਗਲਾਂ ਆਦਿ ਵਿੱਚ ਬਸੇਰਾ ਕਰਦੇ ਹਨ, ਮੰਗਕੇ ਖਾਂਦੇ ਹਨ ਤੇ ਆਪਣੇ ਸਰੀਰ ਨੂੰ ਕਸ਼ਟਾਂ ਵਿੱਚ ਪਾਉਂਦੇ ਹਨ, ਦੁਖ ਵਾਲਾ ਜੀਵਨ ਬਤੀਤ ਕਰਦੇ ਹਨ ਭਾਵ

32/3667

ਘਰੇਲੂ ਸੁਖਾਂ ਨੂੰ ਤਿਆਗ ਦਿੰਦੇ ਹਨ ਕਿਉਂਕਿ ਸੁਖਾਂ ਨੂੰ ਤਿਆਗ ਕੇ ਦੁਖ ਵਾਲੇ ਜੀਵਨ ਨੂੰ ਅਪਨਾਉਣ ਵਿੱਚ ਉਹ ਭਗਤੀ ਦਾ ਮਾਰਗ ਸਮਝਦੇ ਹਨ, ਪ੍ਰਮਾਤਮਾ ਨੂੰ ਖੁਸ਼ ਕਰਨ ਦਾ ਮਾਰਗ ਸਮਝਦੇ ਹਨ ਤੇ ਆਪਣੀ ਆਪਣੀ ਮਤਿ ਅਨੁਸਾਰ ਆਪਣੇ ਵਸਤਰਾਂ ਆਦਿ ਦਾ ਤਿਆਗ ਵੀ ਕਰਦੇ ਹਨ, ਭੁਖੇ ਵੀ ਰਹਿੰਦੇ ਹਨ ਤੇ ਜੋਗ ਸਾਧਨਾਂ ਆਦਿ ਵਿੱਚ ਲਗੇ ਰਹਿੰਦੇ ਹਨ। ਗੁਰੂ ਸਾਹਿਬ ਉਨ੍ਹਾਂ ਨੂੰ ਸ਼ਬਦ ਰਾਹੀਂ ਇਹ ਸਮਝਾ ਰਹੇ ਹਨ ਕਿ ਭਗਤੀ ਦਾ ਮਾਰਗ ਦੁਨਿਆਵੀ ਦੁਖ ਸੁਖ ਵਿੱਚ ਭੇਦ ਕਰਨ ਦਾ ਮਾਰਗ ਨਹੀਂ ਹੈ, ਇਹ ਸਰੀਰ ਨੂੰ ਕਸ਼ਟ ਦੇਣ ਦਾ ਮਾਰਗ ਨਹੀਂ ਹੈ, ਇਹ ਗ੍ਰਹਿਸਥ ਤਿਆਗਣ ਦਾ ਮਾਰਗ ਨਹੀਂ ਹੈ। ਜੋ ਇਹੋ ਜਿਹੇ ਮਾਰਗ ਨਾਲ ਜੁੜੇ ਹੋਏ ਹਨ ਉਹ ਸ਼ਬਦ ਦੇ ਵੀਚਾਰੀ ਨਹੀਂ ਹਨ ਭਾਵ ਉਨ੍ਹਾਂ ਨੂੰ ਸ਼ਬਦ ਦੀ ਸਿਖਿਆ ਦੀ ਸੋਝੀ ਨਹੀਂ ਹੈ, ਗੁਰਮਤਿ ਦੀ ਸੋਝੀ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਭਗਤੀ ਦਾ ਮਾਰਗ ਦੁਖਾਂ ਸੁਖਾਂ ਵਿੱਚੋਂ ਨਿਕਲਣ ਦਾ ਮਾਰਗ ਹੈ, ਦੁਖ ਸੁਖ ਦਾ ਭੇਦ ਮਿਟਾਉਂਣ ਦਾ ਮਾਰਗ ਹੈ ਤੇ ਸ਼ਬਦ ਦੀਆਂ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਗੱਲ ਸਮਝਾਈ ਹੋਈ ਹੈ ਕਿ ਜਿਸ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਸ਼ਬਦ ਦਾ ਵੀਚਾਰੀ ਬਣਨਾ, ਨਾਮ ਵਾਲਾ ਬਣਨਾ ਸਿਖਾਇਆ ਹੋਇਆ ਹੈ।

“ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥
ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥”

“ਸੋਗ ਬਿਓਗੀ” ਤੋਂ ਭਾਵ ਹੈ ਵਿਛੋੜੇ ਦਾ ਦੁਖ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਦਾ, ਬਿਓਗ ਦਾ ਦੁਖ। ਪ੍ਰਮਾਤਮਾ ਨਾਲੋਂ ਵਿਛੋੜਾ ਸਾਡਾ ਸਭ ਦਾ ਬਣਿਆ ਹੋਇਆ ਹੈ। ਇਹੀ ਮਨੁੱਖ ਦਾ ਸਭ ਤੋਂ ਵੱਡਾ ਦੁਖ ਹੈ ਜਿਸ ਵਿੱਚੋਂ ਨਿਕਲਣਾ ਸਾਡੇ ਜੀਵਨ ਦਾ ਮਨੋਰਥ ਹੈ। ਜੋਗੀ ਮਤਿ ਵਾਲੇ ਇਸ ਵਿਛੋੜੇ ਦੇ ਦੁਖ ਨੂੰ ਦੂਰ ਕਰਨ ਲਈ ਆਪਣਾ ਘਰ ਬਾਰ ਤਿਆਗ ਕੇ ਆਪਣੇ ਸਰੀਰ ਨੂੰ ਦੁਖ ਦਿੰਦੇ ਹਨ ਤਾਂ ਜੋ ਸਾਡਾ ਪ੍ਰਮਾਤਮਾ ਨਾਲ ਵਿਛੋੜੇ ਦਾ ਦੁਖ ਦੂਰ ਹੋ ਜਾਵੇ ਤੇ ਸਾਨੂੰ ਸੁਖ ਦੀ ਪ੍ਰਾਪਤੀ ਹੋ ਜਾਵੇ। ਸੁਖ ਦੁਖ ਵਿੱਚ ਭੇਦ ਕਰਨਾ ਪ੍ਰਮਾਤਮਾ ਨੂੰ ਪਾਉਂਣ ਦਾ ਮਾਰਗ ਨਹੀਂ ਹੈ ਬਲਕਿ ਇਹ ਮਾਰਗ ਸੁਖ ਦੁਖ ਨੂੰ ਇਕੋ ਜਿਹਾ ਸਮਝਣ ਦਾ ਹੈ ਭਾਵ ਪ੍ਰਮਾਤਮਾ ਦੇ ਭਾਣੇ ਵਿੱਚ ਰਹਿਣ ਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਸਾਨੂੰ ਬਾਰ ਬਾਰ ਇਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜਾ ਦੂਰ ਹੁੰਦਾ ਹੈ। ਪ੍ਰਮਾਤਮਾ ਨੂੰ ਪਾਉਂਣ ਦੀ ਇੱਛਾ ਉਸੇ ਵਿੱਚ ਹੈ।

32/3668

ਜੋ ਪ੍ਰਮਾਤਮਾ ਦੇ ਵਿਛੋੜੇ ਨੂੰ ਮਹਿਸੂਸ ਕਰਦਾ ਹੈ ਤੇ ਉਸ ਦੇ ਲਈ ਵਿਛੋੜਾ ਦੂਰ ਕਰਨ ਦਾ ਸਾਧਨ ਇਹੀ ਹੈ ਕਿ ਉਹ ਦੁਖ ਸੁਖ ਨੂੰ ਇਕੋ ਜਿਹਾ ਕਰਕੇ ਜਾਣੇ। ਗੁਰੂ ਦੇ ਸ਼ਬਦ ਦੀ ਵਿਚਾਰ ਸਾਨੂੰ ਇਹੀ ਤਰੀਕਾ ਸਮਝਾਉਂਦੀ ਹੈ ਜੋ ਕਿ ਜੁਗਾਂ ਜੁਗਾਂ ਤੋਂ ਚਲਦਾ

ਆ ਰਿਹਾ ਇਕੋ ਇਕ ਤਰੀਕਾ ਹੈ ਭਾਵ ਅਸੀਂ ਪ੍ਰਮਾਤਮਾ ਦੀ ਹੁਕਮ ਰਜਾ ਵਿੱਚ ਰਹੀਏ। (**ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥**) ਸਾਡਾ ਅਸਲ ਔਖਾਪਨ ਦੁਖ ਸੁਖ ਨੂੰ ਇਕੋ ਜਿਹਾ ਕਰਕੇ ਹੀ ਜਾਨਣ ਦਾ ਹੈ ਭਾਵ ਇਹ ਕਰਨਾ ਬਹੁਤ ਔਖਾ ਹੈ ਤੇ ਇਹੀ ਅਸਲ ਵਿੱਚ ਨਾਮ ਜਪਣਾ ਹੈ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀ ਸਮਝਾਇਆ ਹੋਇਆ ਹੈ।

“ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥”

ਦੁਖ ਸੁਖ ਨੂੰ ਇਕੋ ਜਿਹਾ ਜਾਨਣਾ ਹੀ ਨਾਮ ਜਪਣ ਦਾ ਮਾਰਗ ਹੈ। ਸੁਖ ਦੁਖ ਸਾਡੇ ਮਨ ਦੀਆਂ ਇਛਾਵਾਂ ਨਾਲ ਜੁੜਿਆ ਹੋਇਆ ਹੈ। ਜਦੋਂ ਸਾਡੀ ਕੋਈ ਇਛਾ ਪੂਰੀ ਹੋ ਜਾਂਦੀ ਹੈ ਉਸ ਵਿੱਚ ਸਾਨੂੰ ਸੁਖ ਮਹਿਸੂਸ ਹੁੰਦਾ ਹੈ ਤੇ ਜਦੋਂ ਸਾਡੀ ਕੋਈ ਇਛਾ ਪੂਰੀ ਨਹੀਂ ਹੁੰਦੀ ਉਸ ਵਿੱਚ ਸਾਨੂੰ ਦੁਖ ਮਹਿਸੂਸ ਹੁੰਦਾ ਹੈ। ਇਹ ਭਗਤੀ ਦਾ ਮਾਰਗ, ਨਾਮੁ ਦਾ ਮਾਰਗ, ਪ੍ਰਮਾਤਮਾ ਦੇ ਵਿਛੋੜੇ ਦਾ, ਸੋਗ ਦੂਰ ਕਰਨ ਦਾ ਮਾਰਗ ਆਪਣੀਆਂ ਇਛਾਵਾਂ ਨੂੰ ਮਾਰਨ ਦਾ ਹੀ ਹੈ, ਤ੍ਰਿਸ਼ਨਾਵਾਂ ਨੂੰ ਮਾਰਨ ਦਾ ਹੀ ਹੈ ਜੋ ਕਿ ਬਹੁਤ ਔਖਾ ਹੈ। ਸਾਡਾ ਮਨ ਮਾਇਆ ਮੋਹ ਦਾ ਬਝਿਆ ਹੋਇਆ ਹੈ, ਮਾਇਆ ਦੀ ਜੁਗਤਿ ਦੇ ਵਿੱਚ ਹੈ ਜਿਸ ਰਾਹੀਂ ਸਾਨੂੰ ਆਪਣੀਆਂ ਇਛਾਵਾਂ ਦੀ ਪੂਰਤੀ ਹੀ ਚੰਗੀ ਲਗਦੀ ਹੈ ਤੇ ਸਾਡੀਆਂ ਇਛਾਵਾਂ ਦਾ ਕੋਈ ਅੰਤ ਨਹੀਂ ਹੈ। ਇਕ ਇੱਛਾ ਪੂਰੀ ਹੁੰਦੀ ਹੈ ਤੇ ਅਨੇਕਾਂ ਹੋਰ ਜਾਗ ਪੈਂਦੀਆਂ ਹਨ ਭਾਵ ਵਧਦੀਆਂ ਹੀ ਰਹਿੰਦੀਆਂ ਹਨ ਜੋ ਵੱਸ ਵਿੱਚ ਨਹੀਂ ਆਉਂਦੀਆਂ। ਇਛਾਵਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ ਜੋ ਕਿ ਸ਼ਬਦ ਦੀ ਵੀਚਾਰ ਤੋਂ ਉਲਟ ਹੁੰਦੇ ਹਨ। ਸਾਡਾ ਜੋ ਵੀ ਕਰਮ ਸ਼ਬਦ ਦੀ ਵੀਚਾਰ ਦੇ ਅਨੁਸਾਰ ਨਹੀਂ ਹੈ ਉਹ ਸਾਡਾ ਕਰਮ ਚੰਗਾ ਨਹੀਂ ਹੈ।

{ਗੁਰ ਬਚਨੀ ਸਮਸਰਿ ਸੁਖ ਦੂਖ ॥ ਕਦੇ ਨ ਬਿਆਪੈ ਤ੍ਰਿਸਨਾ ਭੂਖ ॥
ਮਨਿ ਸੰਤੋਖੁ ਸਬਦਿ ਗੁਰ ਰਾਜੇ ॥ ਜਪਿ ਗੋਬਿੰਦੁ ਪੜਦੇ ਸਭਿ ਕਾਜੇ ॥3॥}

(ਅੰਗ 897)

ਜੋਗੀ ਆਪਣੀ ਮਤਿ ਅਨੁਸਾਰ ਆਪਣੇ ਵਲੋਂ ਗ੍ਰਹਿਸਥ ਤਿਆਗ ਕੇ ਜਿਹੋ ਜਿਹਾ ਜੀਵਨ

ਅਪਨਾਉਂਦੇ ਹਨ ਉਸ ਨੂੰ ਉਹ ਆਪਣਾ ਚੰਗਾ ਜੀਵਨ ਸਮਝਦੇ ਹਨ ਪਰ ਇਹ ਭਗਤੀ ਦਾ ਮਾਰਗ ਨਹੀਂ ਹੈ ਤੇ ਇਸੇ ਲਈ ਇਹ ਚੰਗਾ ਕਰਮ ਨਹੀਂ ਹੈ, ਕਿਉਂਕਿ ਇਹ ਸ਼ਬਦ ਦੀ ਵੀਚਾਰ ਤੋਂ ਉਲਟ ਹੈ, ਗੁਰਮਤਿ ਦੇ ਉਲਟ ਹੈ। ਸ਼ਬਦ ਦੀ ਵੀਚਾਰ ਹੀ ਨਾਮ ਹੈ ਤੇ ਇਸੇ ਲਈ ਇਹ ਨਾਮ ਦਾ ਮਾਰਗ ਨਹੀਂ ਹੈ ਭਾਵੇਂ ਆਪਣੇ ਵਲੋਂ ਸਮਾਧੀਆਂ ਲਗਾ ਕੇ ਕਿਸੇ ਅੱਖਰ ਦਾ ਜਪ ਕਰਨ ਨੂੰ ਨਾਮ ਜਪਣਾ ਹੀ ਸਮਝਦੇ ਹਨ। ਜੋਗੀਆਂ ਦਾ ਭਰਮ ਹੀ ਕੱਢਿਆ ਹੋਇਆ ਹੈ ਕਿ “ਨਾਮੁ ਦੀ ਭੁਗਤਿ” ਕੀ ਹੈ ਇਸ ਗੱਲ ਦੀ ਉਹਨਾਂ ਨੂੰ ਸਮਝ ਨਹੀਂ ਹੈ। ਆਪਣੇ ਮਨ ਦੀਆਂ ਇਛਾਵਾਂ ਵਿੱਚੋਂ ਨਿਕਲਣਾ ਹੀ “ਨਾਮੁ ਦੀ ਭੁਗਤਿ” ਹੈ ਭਾਵ ਨਾਮੁ ਦਾ ਭੋਜਨ ਹੈ ਜੋ ਕਿ ਸ਼ਬਦ ਦੀ ਵੀਚਾਰ ਦੇ ਰੂਪ ਵਿੱਚ ਹੈ। ਸ਼ਬਦ ਦੀ ਵੀਚਾਰ ਰੂਪ ਭੋਜਨ ਛਕਣਾ ਨਾਮ ਦਾ ਭੋਜਨ ਛਕਣਾ ਹੈ। ਜੋ ਸ਼ਬਦ ਦਾ ਵਿਚਾਰ ਅਸੀਂ ਮੰਨ ਲੈਂਦੇ ਹਾਂ ਉਹ ਵੀਚਾਰ ਰੂਪ ਭੋਜਨ ਅਸੀਂ ਛਕ ਲੈਂਦੇ ਹਾਂ। ਸ਼ਬਦ ਦੀ ਵਿਚਾਰ ਹੀ ਪ੍ਰਮਾਤਮਾ ਦਾ ਅੰਮ੍ਰਿਤ ਹੈ ਤੇ ਜੋ ਵਿਚਾਰ ਅਸੀਂ ਕਬੂਲ ਕਰ ਲੈਂਦੇ ਹਾਂ ਅਸੀਂ ਸ਼ਬਦ ਰੂਪ ਅੰਮ੍ਰਿਤ ਛਕ ਲੈਂਦੇ ਹਾਂ। ਸ਼ਬਦ ਰਾਹੀਂ ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਰਾਹੀਂ ਅਨੇਕਾਂ ਹੀ ਅਨੇਕਾਂ ਵਿਚਾਰ ਦਿੱਤੇ ਹਨ ਜਿੰਨ੍ਹਾਂ ਵਿੱਚ ਅੰਮ੍ਰਿਤ ਨਾਮ ਹੈ। ਸ਼ਬਦ ਦੀ ਹਰ ਵਿਚਾਰ ਨੂੰ ਆਪਣੇ ਅੰਦਰ ਵਸਾਉਂਣਾ ਪ੍ਰਮਾਤਮਾ ਦਾ ਅੰਮ੍ਰਿਤ ਨਾਮ ਭੋਜਨ ਛਕਣਾ ਹੈ। ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਵੱਧ ਤੋਂ ਵੱਧ ਸ਼ਬਦਾਂ ਦੀਆਂ ਵਿਚਾਰਾਂ ਨਾਲ ਜੁੜੀਏ। ਉਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਛਡੀਏ ਜੋ ਸ਼ਬਦ ਦੀ ਵੀਚਾਰ ਅਨੁਸਾਰ ਨਹੀਂ ਹਨ ਤੇ ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣ ਦਾ ਉਪਰਾਲਾ ਕਰੀਏ, ਦੁਖ ਸੁਖ ਨੂੰ ਇਕੋ ਜਿਹਾ ਜਾਨਣ ਦਾ ਉਪਰਾਲਾ ਕਰੀਏ ਜੋ ਕਿ ਅਸਲ ਰੂਪ ਵਿੱਚ ਸ਼ਬਦ ਦਾ ਵੀਚਾਰੀ ਬਣਨ ਦਾ ਮਾਰਗ ਹੈ, ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਹੈ। ਸਾਡੇ ਮਨ ਦੇ ਵਿੱਚ ਸੁਚਿ ਤਾਂ ਹੀ ਆਉਂਦੀ ਹੈ, ਸੱਚ ਤਾਂ ਹੀ ਆਉਂਦਾ ਹੈ, ਸੰਤੋਖ ਤਾਂ ਹੀ ਆਉਂਦਾ ਹੈ ਜਦੋਂ ਅਸੀਂ ਆਪਣੀਆਂ ਮਾਇਆਵੀ ਇਛਾਵਾਂ ਨੂੰ ਛਡੀਏ ਤੇ ਤਾਂ ਹੀ ਅਸੀਂ ਸੱਚਾ ਸੁੱਚਾ ਜੀਵਨ ਬਤੀਤ ਕਰ ਸਕਦੇ ਹਾਂ ਜੋ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ, ਨਾਮ ਜਪਣ ਦਾ ਅਸਲ ਮਾਰਗ ਹੈ।

ਸਾਡੇ ਅੰਦਰ ਦੀ "ਅਸਥਿਰੁ ਕੰਧੁ" ਕੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਇਹ ਸਾਡੇ ਅੰਦਰ "ਅਸਥਿਰ ਮਤਿ" ਦੀ ਅਵਸਥਾ ਹੈ, ਮਨ ਦੀ ਉਹ ਅਵਸਥਾ ਹੈ, ਮਨ ਦੇ ਉਹ ਵਿਚਾਰ

32/3670

ਹਨ ਜੋ ਕਦੇ ਡੋਲਦੇ ਨਹੀਂ। ਨਾ ਡੋਲਣ ਵਾਲੇ ਕੇਵਲ ਸ਼ਬਦ ਦੇ ਵਿਚਾਰ ਹਨ ਤੇ ਸ਼ਬਦ ਦੇ ਵਿਚਾਰ ਹੀ ਨਾਮ ਹਨ। ਜਿਸ ਦੇ ਅੰਦਰ ਸ਼ਬਦ ਦੇ ਵਿਚਾਰ ਵੱਸ ਜਾਂਦੇ ਹਨ ਉਹ ਸਾਨੂੰ ਮਨ ਦੀ ਅਡੋਲਤਾ ਬਖਸ਼ਦੇ ਹਨ ਜੋ ਕਿ ਸਾਡੇ ਅੰਦਰ ਨਾਮ ਦੀ ਦ੍ਰਿੜਤਾ ਹੈ। ਇਹ ਸਾਡੇ ਅੰਦਰ ਗੁਰਮਤਿ ਰੂਪ ਕੰਧ ਹੈ ਜੋ ਕਦੇ ਡੋਲਦੀ ਨਹੀਂ, ਮਾਇਆ ਮੋਹ ਵਿੱਚ ਕਦੇ ਡੋਲਦੀ ਨਹੀਂ, ਭਰਮ ਵਿੱਚ ਡੋਲਦੀ ਨਹੀਂ ਤੇ ਸੱਚ ਤੇ ਅਡੋਲ ਰਹਿੰਦੀ ਹੈ। ਜੋ ਪ੍ਰਮਾਤਮਾ ਨੂੰ ਜਪਣ ਵਾਲਾ ਬਣਦਾ ਹੈ, ਨਿਰੰਕਾਰ ਨੂੰ ਜਪਣ ਵਾਲਾ ਬਣਦਾ ਹੈ ਉਹ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਬਣਦਾ ਹੈ ਜਦੋਂ ਮਨੁੱਖ ਦਾ ਮਨ ਅਡੋਲਤਾ ਵਾਲਾ ਬਣ ਜਾਂਦਾ ਹੈ, ਪੂਰਨ ਰੂਪ ਵਿੱਚ ਸ਼ਬਦਾਂ ਦੀ ਵਿਚਾਰ ਵਾਲਾ ਬਣ ਜਾਂਦਾ ਹੈ। **(ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥3॥)** ਇਹ ਅਵਸਥਾ ਗੁਰੂ ਦੀ ਆਪਣੀ ਅਵਸਥਾ ਹੈ, ਗੁਰਬਾਣੀ ਦੇ ਰਚਨ ਵਾਲਿਆਂ ਦੀ ਅਵਸਥਾ ਹੈ ਜਿੰਨ੍ਹਾਂ ਨੇ ਆਪ ਨਾਮ ਜਪਿਆ ਹੈ, ਪ੍ਰਮਾਤਮਾ ਨੂੰ ਜਪਿਆ ਹੈ ਤੇ ਸਾਰੇ ਸੰਸਾਰ ਨੂੰ ਨਾਮ ਜਪਣਾ ਸਿਖਾਇਆ ਹੈ। ਮਨੁੱਖ ਬੰਧਨ ਵਿੱਚੋਂ ਮਨ ਦੀ ਇਸ ਅਵਸਥਾ ਦੁਆਰਾ ਹੀ ਛੁਟਦਾ ਹੈ ਜਿਵੇਂ ਕਿ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਬੰਧਨ ਵਿੱਚੋਂ ਛੁਟਣ ਦਾ ਤਰੀਕਾ ਜੋਗੀਆਂ ਨੂੰ ਸਮਝਾਇਆ ਹੋਇਆ ਹੈ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ।

"ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥

ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥"

ਜੋਗੀਆਂ ਨੂੰ ਧਰਮ ਦਾ ਮਾਰਗ ਉਨ੍ਹਾਂ ਦੇ ਪਹਿਰਾਵੇ ਦੇ ਪ੍ਰਮਾਣ ਦੇ ਕੇ ਸਮਝਾਇਆ ਹੋਇਆ ਹੈ ਕਿਉਂਕਿ ਆਪਣੇ ਪਹਿਰਾਵੇ ਨੂੰ ਵੀ ਉਹ ਧਰਮ ਦਾ ਮਾਰਗ ਸਮਝਦੇ ਹਨ ਤੇ ਪਹਿਰਾਵਿਆਂ ਵਿੱਚ ਰਹਿਣ ਦੀ ਆਸਥਾ, ਮਰਿਯਾਦਾ ਅਨੇਕਾਂ ਨੇ ਅਪਨਾਈ ਹੋਈ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੈ ਜੋ ਗੱਲ ਸਿਖ ਜਗਤ ਤੇ ਵੀ ਲਾਗੂ ਹੁੰਦੀ ਹੈ ਭਾਵ ਪਹਿਰਾਵੇ ਦੀ ਮਹਤੱਤਾ ਨੂੰ ਧਰਮ ਦੇ ਨਾਲ ਜੋੜਨ ਨਾਲ ਕੋਈ ਧਰਮੀ, ਭਗਤੀ ਵਾਲਾ ਨਹੀਂ ਬਣ ਸਕਦਾ। ਭਗਤੀ ਦਾ ਮਾਰਗ ਸਾਡੇ ਮਨ ਦੇ ਨਾਲ ਜੁੜਿਆ ਹੋਇਆ ਹੈ, ਸ਼ਬਦ ਦੀ ਵੀਚਾਰ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਅਡੋਲਤਾ ਦੇ ਨਾਲ ਜੁੜਿਆ ਹੋਇਆ ਹੈ, ਮਾਇਆ ਮੋਹ ਦੇ ਨਾਲੋਂ ਨਿਰਲੇਪ ਹੋਣ ਦੀ ਅਡੋਲਤਾ

32/3671

ਦੇ ਨਾਲ ਜੁੜਿਆ ਹੋਇਆ ਹੈ, ਵਿਕਾਰਾਂ ਤੋਂ ਮੁਕਤਿ ਹੋਣ ਦੀ ਅਡੋਲਤਾ ਦੇ ਨਾਲ ਜੁੜਿਆ ਹੋਇਆ ਹੈ, ਗੁਣਾਂ ਨੂੰ ਅਪਨਾਉਂਣ ਦੀ ਅਡੋਲਤਾ ਦੇ ਨਾਲ ਜੁੜਿਆ ਹੋਇਆ ਹੈ। ਵਸਤਰ ਕੋਈ ਕਿਹੋ ਜਿਹੇ ਪਹਿਨਦਾ ਹੈ, ਤਨ ਦਾ ਸ਼ਿੰਗਾਰ ਕੋਈ ਕਿਸ ਤਰੀਕੇ ਕਰਦਾ ਹੈ ਇਹ ਸਭ ਦੀ ਆਪਣੀ ਆਪਣੀ ਆਸਥਾ ਹੈ।

ਜੋਗੀ ਲੋਗ ਆਪਣੇ ਸਰੀਰ ਤੇ ਜਗੋਟਾ ਬੰਨਦੇ ਹਨ ਤੇ ਕੰਨ ਦੇ ਵਿੱਚ ਮੁਦਰਾਂ ਪਾਉਂਦੇ ਹਨ ਜਿੰਨ੍ਹਾਂ ਨੂੰ ਉਹ ਆਪਣੇ ਭਗਤੀ ਵਾਲੇ ਹੋਣ ਦਾ ਚਿੰਨ੍ ਸਮਝਦੇ ਹਨ ਪਰ ਉਨ੍ਹਾਂ ਨੂੰ ਇਹ ਸਮਝਾਇਆ ਹੈ ਕਿ ਇਹਨਾਂ ਚਿੰਨ੍ਹਾਂ ਦੇ ਮਕਸਦ ਨੂੰ ਸਮਝੋ ਜਿਸ ਦੁਆਰਾ ਅਸੀਂ ਭਗਤੀ ਵਾਲੇ ਬਣ ਸਕਦੇ ਹਾਂ। ਸਾਡਾ ਮਕਸਦ ਬੰਧਨ ਦੇ ਛੁਟਣ ਤੋਂ ਹੈ ਜੋ ਬੰਧਨ ਸਾਡੇ ਅੰਦਰ ਮਾਇਆ ਮੋਹ ਦੇ ਰੂਪ ਵਿੱਚ ਹੈ ਜਿਸ ਕਰਕੇ ਸਾਡਾ ਮਨ ਥਿਰ ਨਹੀਂ ਰਹਿੰਦਾ, ਮਨ ਦੀਆਂ ਤ੍ਰਿਸ਼ਨਾਵਾਂ ਕਰਕੇ ਮਨ ਥਿਰ ਨਹੀਂ ਰਹਿੰਦਾ ਜਿਸ ਦਾ ਕਾਰਨ ਸਾਡੇ ਅੰਦਰ ਸ਼ਬਦ ਦੇ ਵਿਚਾਰਾਂ ਦਾ ਨਾ ਹੋਣਾ ਹੈ ਜਿਸ ਕਰਕੇ ਅਸੀਂ ਭਰਮ ਵਿੱਚ ਰਹਿੰਦੇ ਹਾਂ ਤੇ ਭਗਤੀ ਦਾ ਅਸਲ ਮਾਰਗ ਸਮਝਣ ਤੋਂ ਦੂਰ ਰਹਿੰਦੇ ਹਾਂ। ਗੁਰੂ ਦੇ ਸ਼ਬਦ ਦਾ ਮਕਸਦ, ਸ਼ਬਦ ਦੇ ਵਿਚਾਰ ਦਾ ਮਕਸਦ ਸਾਨੂੰ ਭਗਤੀ ਦਾ ਮਾਰਗ ਸਮਝਾਉਣ ਲਈ ਹੀ ਹੈ ਜੋ ਕਿ ਅਉਗੁਣਾਂ ਤੋਂ ਮੁਕਤਿ ਹੋਣ ਦਾ ਹੈ, ਕਾਮ, ਕ੍ਰੋਧ ਆਦਿ ਤੋਂ ਮੁਕਤਿ ਹੋਣ ਦਾ ਹੈ ਭਾਵ ਮਾਇਆ ਮੋਹ ਤੋਂ ਨਿਰਲੇਪ ਹੋਣ ਦਾ ਹੈ। ਜੋ ਗੁਰੂ ਦੇ ਸ਼ਬਦ ਦੀ ਵਿਚਾਰ ਨੂੰ ਮੰਨ ਲੈਂਦਾ ਹੈ ਉਹ ਫਿਰ ਅਉਗੁਣਾਂ ਤੋਂ, ਕਾਮ ਕ੍ਰੋਧ ਆਦਿ ਤੋਂ ਮੁਕਤਿ ਹੋ ਜਾਂਦਾ ਹੈ ਜਿਸ ਦੁਆਰਾ ਮਨੁੱਖ ਭਗਤੀ ਦੇ ਮਾਰਗ ਤੇ ਚਲਦਾ ਹੈ। ਗੁਰੂ ਦੇ ਸ਼ਬਦਾਂ ਦੀ ਵਿਚਾਰ ਦੀ ਸ਼ਰਨ ਵਿੱਚ ਆਉਂਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਂਣਾ ਹੈ। ਇਹੋ ਜਿਹੀ ਭਗਤੀ ਦੇ ਮਾਰਗ ਤੇ ਚਲ ਕੇ ਮਨੁੱਖ ਮਾਇਆ ਮੋਹ ਦੇ ਸਾਗਰ ਤੋਂ ਤਰਦਾ ਹੈ, ਸੰਸਾਰ ਸਾਗਰ ਤੋਂ ਤਰਦਾ ਹੈ। ਤਾਰਨਾ ਸਾਨੂੰ ਸ਼ਬਦਾਂ ਦੀ ਵੀਚਾਰ ਨੇ ਹੀ ਹੈ ਭਾਵ ਨਾਮ ਨੇ ਹੀ ਹੈ ਤੇ ਉਸ ਦਾ ਮਕਸਦ

ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਤੇ ਸੱਚੀ ਭਗਤੀ ਦਾ ਮਾਰਗ ਸਮਝਾਉਂਣ ਦਾ ਹੈ। ਤਰਨਾ ਅਸਲ ਵਿੱਚ ਅਸੀਂ ਮਨ ਦੀ ਅਗਿਆਨਤਾ ਤੋਂ ਹੀ ਹੈ, ਮਨਮਤਿ ਵਾਲੇ ਵਿਚਾਰਾਂ ਤੋਂ ਹੀ ਹੈ, ਆਪਣੀ ਸੁਰਤਿ ਦੇ ਵਿਚਾਰਾਂ ਤੋਂ ਹੀ ਹੈ ਜੋ ਸਾਨੂੰ ਭਰਮ ਵਿੱਚ ਰੱਖਦੇ ਹਨ। ਇਸ ਭਰਮ ਦੇ ਸਾਗਰ ਵਿੱਚੋਂ ਸਾਨੂੰ ਸ਼ਬਦ ਦੇ ਵਿਚਾਰਾਂ ਨੇ ਭਾਵ ਸ਼ਬਦਾਂ ਦੇ ਸੱਚੇ ਗਿਆਨ ਨੇ ਹੀ ਤਾਰਨਾ ਹੈ, ਬ੍ਰਹਮ ਗਿਆਨ ਨੇ ਹੀ ਤਾਰਨਾ ਹੈ ਤੇ ਅਸੀਂ ਤਾਂ ਹੀ ਤਰਾਂਗੇ ਜਦੋਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨਾਂਗੇ ਤੇ ਭਗਤੀ ਦੇ

32/3672

ਉਹੋ ਜਿਹੇ ਤਰੀਕਿਆਂ ਨੂੰ ਛਡਾਂਗੇ ਜਿੰਨ੍ਹਾਂ ਵਿੱਚ ਭਗਤੀ ਨਹੀਂ ਬਲਕਿ ਭਗਤੀ ਦਾ ਦਿਖਾਵਾ ਹੈ ਤੇ ਕੇਵਲ ਮਨ ਦੀ ਸੁਚਿ ਨਾਲ ਜੁੜਾਂਗੇ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। (**ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥ ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥4॥11॥**)

ਸੂਹੀ ਮਹਲਾ ੧ ਘਰੁ ੭

ੴ ਸਤਿਗੁਰ ਪ੍ਰਸਾਦਿ ॥

{ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥
ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥}

(ਅੰਗ 730)

ਸਾਰੀ ਗੱਲ ਜੋਗ ਜੁਗਤਿ ਦੀ ਕੀਮਤ ਨੂੰ ਸਮਝਣ ਦੀ ਹੈ। ਜਿਹੋ ਜਿਹੇ ਭਗਤੀ ਦੇ ਤਰੀਕੇ ਹਰ ਕਿਸੇ ਨੇ ਅਪਨਾਏ ਹੋਏ ਹਨ ਉਨ੍ਹਾਂ ਦੁਆਰਾ ਉਹ ਇਹ ਹੀ ਸਮਝਦੇ ਹਨ ਕਿ ਅਸੀਂ ਆਪਣੇ ਇਹਨਾਂ ਭਗਤੀ ਦੇ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਪਾਉਂਣ ਦੀ ਕੀਮਤ ਚੁਕਾ ਰਹੇ ਹਾਂ। ਜੋਗੀ ਆਪਣਾ ਘਰ ਬਾਰ ਛਡ ਕੇ ਜੋ ਔਖਾ ਜੀਵਨ ਅਪਨਾਉਂਦੇ ਹਨ ਉਸ ਦੁਆਰਾ ਉਹ ਆਪਣੇ ਵਲੋਂ ਪ੍ਰਮਾਤਮਾ ਦੇ ਨਾਲ ਜੋਗ ਕਰਨ ਦੀ ਕੀਮਤ ਹੀ ਚੁਕਾਉਂਦੇ ਹਨ ਕਿ ਅਸੀਂ ਆਪਣੇ ਆਪ ਨੂੰ ਔਖਾ ਕਰ ਰਹੇ ਹਾਂ ਭਾਵ ਆਪਣੇ ਔਖੇਪਨ ਦੁਆਰਾ ਪ੍ਰਮਾਤਮਾ ਦੇ ਨਾਲ ਜੋਗ ਕਰਨ ਦੀ ਕੀਮਤ ਚੁਕਾ ਰਹੇ ਹਾਂ ਪਰ ਇਹ ਪ੍ਰਮਾਤਮਾ ਦੇ ਨਾਲ ਜੋਗ ਕਰਨ ਦੀ ਕੀਮਤ ਚੁਕਾਉਂਣਾ ਨਹੀਂ ਹੈ। ਉਸ ਦੇ ਨਾਲ ਜੋਗ ਦੀ ਕੀਮਤ ਚੁਕਾਉਂਣ ਦਾ ਤਰੀਕਾ ਸੁਖ-ਦੁਖ ਵਾਲੀ ਅਵਸਥਾ ਵਿੱਚੋਂ ਨਿਕਲਣ ਦਾ ਹੈ ਭਾਵ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਹੈ । ਸਾਡਾ ਜੋਗ ਦਾ ਮਕਸਦ ਇਸ ਔਖੇਪਨ ਨੂੰ ਕਬੂਲ ਕਰਕੇ ਪੂਰਾ ਹੁੰਦਾ ਹੈ। ਅਸੀਂ ਆਪਣੇ ਭਗਤੀ ਦੇ ਮਾਰਗ ਨੂੰ ਆਪਣੇ ਵਲੋਂ ਔਖਾ ਹੀ ਸਮਝਦੇ ਹਾਂ, ਲੰਬੀਆਂ ਲੰਬੀਆਂ ਸਮਾਧੀਆਂ ਲਗਾਉਂਣ ਨੂੰ ਆਪਣੇ ਵਲੋਂ ਅਉਖਾ ਹੀ ਸਮਝਦੇ ਹਾਂ, ਕਿਸੇ ਖਾਸ ਵੇਲੇ ਦੀ ਸੰਭਾਲ ਨੂੰ ਆਪਣਾ ਔਖਾਪਣ ਹੀ ਸਮਝਦੇ ਹਾਂ ਤੇ ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਮਰਿਯਾਦਾਵਾਂ ਆਦਿ ਬਣਾਈਆਂ ਹੋਈਆਂ ਹਨ, ਖਾਣੇ ਆਦਿ ਦੀ ਸੁਚਿ ਨਾਲ ਜੁੜੇ ਹੋਏ ਹਾਂ, ਖਾਸ ਕਿਸਮ ਦੇ ਪਹਿਰਾਵਿਆਂ ਦੇ ਨਾਲ ਜੁੜੇ ਹੋਏ ਹਾਂ ਭਾਵ ਇਹੋ ਜਿਹੇ ਅਉਖੇਪਨ ਨਾਲ ਜੁੜੇ ਹੋਏ ਹਾਂ, ਕਈ ਕਈ ਘੰਟੇ ਲਗਾਤਾਰ, ਦਿਨ ਰਾਤ ਧਰਮ ਗ੍ਰੰਥਾਂ ਦੇ ਪੜੀ ਸੁਣੀ ਜਾਣ ਦੇ ਅਉਖੇਪਨ ਨਾਲ ਜੁੜੇ ਹੋਏ ਹਾਂ, ਨੰਗੀ ਪੈਰੀ ਆਦਿ ਧਰਮ ਅਸਥਾਨਾਂ ਤੇ ਜਾਣ ਦੇ ਅਉਖੇਪਨ ਨਾਲ ਜੁੜੇ ਹੋਏ ਹਾਂ ਭਾਵ ਆਪਣੀ ਆਪਣੀ ਮਤਿ ਅਨੁਸਾਰ ਅਸੀਂ ਆਪ ਹੀ ਅਉਖੇ ਰਸਤੇ ਬਣਾਏ ਹੋਏ ਹਨ ਜਿੰਨ੍ਹਾਂ ਤੇ ਪੂਰਾ ਉਤਰਨਾ ਅਸੀਂ ਪ੍ਰਮਾਤਮਾ ਦੀ ਭਗਤੀ ਦੀ ਕੀਮਤ ਚੁਕਾਉਂਣਾ

32/3673

ਸਮਝਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਸਮਝਦੇ ਹਾਂ ਕਿ ਇਸ ਦੁਆਰਾ ਪ੍ਰਮਾਤਮਾ ਮਿਲ ਜਾਂਦਾ ਹੈ। ਸਾਡੇ ਇਹੋ ਜਿਹੇ ਤਰੀਕਿਆਂ ਦੁਆਰਾ ਪ੍ਰਮਾਤਮਾ ਦੀ ਤਾਂ ਕੋਈ ਕੀਮਤ ਨਹੀਂ ਪੈਂਦੀ ਭਾਵ ਉਸ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਸਾਡੀ ਆਪਣੀ ਵਡਿਆਈ ਜਰੂਰ ਹੋਣ ਲਗ ਪੈਂਦੀ ਹੈ ਭਾਵ ਸਾਡੀ ਆਪਣੀ ਕੀਮਤ ਜਰੂਰ ਪੈ ਜਾਂਦੀ ਹੈ। ਜੋਗੀਆਂ ਦੀ ਕੀਮਤ

ਅਸੀਂ ਉਹਨਾਂ ਦੇ ਤਰੀਕਿਆਂ ਦੁਆਰਾ ਹੀ ਪਾਉਂਦੇ ਹਾਂ ਜਿਸ ਨੂੰ ਉਹ ਭਗਤੀ ਦੇ ਤਰੀਕੇ ਸਮਝਦੇ ਹਨ ਪਰ ਇਹੋ ਜਿਹੇ ਤਰੀਕਿਆਂ ਦਾ ਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ ਭਾਵ ਇਹ ਸ਼ਬਦ ਦੀ ਵਿਚਾਰ ਦੇ ਉਲਟ ਹੈ। ਸ਼ਬਦ ਦੀ ਕੀਮਤ ਉਦੋਂ ਪੈਂਦੀ ਹੈ ਜਦੋਂ ਸ਼ਬਦ ਦੇ ਵਿਚਾਰ ਦੀ ਕੀਮਤ ਪੈਂਦੀ ਹੈ। ਸ਼ਬਦ ਦੇ ਵਿਚਾਰਾਂ ਦੀ ਅਸੀਂ ਕੀਮਤ ਤਾਂ ਹੀ ਪਾਵਾਂਗੇ ਜਦੋਂ ਅਸੀਂ ਪਹਿਲਾਂ ਭਗਤੀ ਦੇ ਉਹੋ ਜਿਹੇ ਤਰੀਕੇ ਛਡਾਂਗੇ ਜਿੰਨ੍ਹਾਂ ਨੂੰ ਸ਼ਬਦ ਦੀ ਵਿਚਾਰ ਛੱਡਣ ਲਈ ਸਮਝਾ ਰਹੀ ਹੈ। ਸ਼ਬਦ ਦੇ ਵਿਚਾਰਾਂ ਰਾਹੀਂ ਗੁਰਬਾਣੀ ਵਿੱਚ ਕਿਸੇ ਵੀ ਭਗਤੀ ਦੇ ਤਰੀਕਿਆਂ ਨੂੰ ਨਹੀਂ ਛਡਿਆ ਜਿਸ ਦੀ ਨਿਖੇਧੀ ਨਾ ਕੀਤੀ ਹੋਵੇ ਬਲਕਿ ਬਾਰ ਬਾਰ ਉਨ੍ਹਾਂ ਨੂੰ ਛੱਡਣ ਲਈ ਸਮਝਾਇਆ ਹੈ। ਗੁਰੂ ਪ੍ਰਮਾਤਮਾ ਦੀ ਸਿਖਿਆ ਬਹੁਤ ਉੱਚੀ ਹੈ, ਸ਼ਬਦ ਦੀ ਵੀਚਾਰ ਬਹੁਤ ਉੱਚੀ ਹੈ ਜਿਸ ਰਾਹੀਂ ਸਾਰੇ ਸੰਸਾਰ ਨੂੰ ਇਕੋ ਜਿਹੀ ਭਗਤੀ ਦਾ ਮਾਰਗ ਸਮਝਾਇਆ ਹੈ ਜੋ ਮਾਰਗ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ, ਰਿਸ਼ੀਆਂ ਮੁੰਨੀਆਂ ਆਦਿ, ਦੇਵੀ ਦੇਵਤਿਆਂ ਆਦਿ ਨੂੰ ਵੀ ਸਮਝ ਨਹੀਂ ਆਇਆ ਪਰ ਫਿਰ ਵੀ ਹਰ ਕੋਈ ਉਹੋ ਜਿਹੀ ਭਗਤੀ ਵਿੱਚ ਹੀ ਲੱਗਾ ਹੋਇਆ ਹੈ ਜਿਹੋ ਜਿਹੀ ਪ੍ਰਥਾ ਸਦੀਆਂ ਤੋਂ ਚਲਦੀ ਆ ਰਹੀ ਹੈ। ਸਿਖ ਜਗਤ ਜਿਆਦਾ ਕਰਕੇ ਉਸੇ ਭਰਮ ਦਾ ਸ਼ਿਕਾਰ ਹੀ ਬਣਿਆ ਹੋਇਆ ਹੈ ਜਿਸ ਦੁਆਰਾ ਹਰ ਕੋਈ ਆਪਣੀ ਉਹੋ ਜਿਹੀ ਵਡਿਆਈ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਸਾਡੀ ਸੱਚੀ ਵਡਿਆਈ ਨਹੀਂ ਹੈ। ਸਬਦ ਦੀ ਵਿਚਾਰ ਦੇ ਉਲਟ ਚਲਕੇ ਕਿਸੇ ਦੀ ਸੱਚੀ ਵਡਿਆਈ ਨਹੀਂ ਹੋ ਸਕਦੀ ਕਿਉਂਕਿ ਇਹ ਸ਼ਬਦ ਦੀ ਵਿਚਾਰ ਨੂੰ ਨੀਵਾਂ ਕਰਕੇ ਆਪਣੇ ਵਿਚਾਰਾਂ ਨੂੰ ਉੱਚਾ ਕਰਨ ਵਾਲੀ ਗੱਲ ਹੈ ਜਿਸ ਦੁਆਰਾ ਅਸੀਂ ਸ਼ਬਦ ਦੇ ਵਿਚਾਰਾਂ ਦੀ ਨਿਖੇਧੀ ਕਰਦੇ ਹਾਂ, ਗੁਰੂ ਦੇ ਵਿਚਾਰਾਂ ਨੂੰ ਬਦਨਾਮ ਕਰਦੇ ਹਾਂ ਕਿਉਂਕਿ ਸੰਸਾਰ ਤਾਂ ਇਹੀ ਸਮਝਦਾ ਹੈ ਕਿ ਜੋ ਕੁਝ ਇਹ ਕਰ ਰਹੇ ਹਨ ਇਹ ਸ਼ਬਦ ਦੇ ਵਿਚਾਰ ਹੀ ਹਨ। ਇਸੇ ਲਈ ਅਸੀਂ ਕੁਝ ਪਿਛੇ ਇਸ ਗੱਲ ਨੂੰ ਸਮਝਿਆ ਹੈ ਕਿ

32/3674

ਇਹੋ ਜਿਹੀ ਭਗਤੀ ਨਾਲੋਂ ਤਾਂ ਭਗਤਹੀਣ ਹੋਣਾ ਚੰਗਾ ਹੈ ਜਿਸ ਦੁਆਰਾ ਸਿਖਿਆ ਦੇਣ ਵਾਲੇ ਦਾ ਨਾਮ ਤਾਂ ਘੱਟੋ ਘੱਟ ਖਰਾਬ ਨਹੀਂ ਹੁੰਦਾ, ਗੁਰੂ ਦੀ ਸਿਖਿਆ ਦੀ ਬਦਨਾਮੀ ਤਾਂ ਨਹੀਂ ਹੁੰਦੀ। ਗੁਰੂ ਦੀ ਭਗਤੀ ਤਾਂ ਹੀ ਹੁੰਦੀ ਹੈ ਜਦੋਂ ਅਸੀਂ ਆਪਣੇ ਅਉਗਣਾਂ ਤੋਂ ਮੁਕਤਿ ਹੁੰਦੇ ਹਾਂ ਤੇ ਅਸਲੀਅਤ ਵਿੱਚ ਸੱਚ ਦੇ ਨਾਲ ਜੁੜਦੇ ਹਾਂ।

{ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥3॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥4॥1॥}

(ਅੰਗ ੭੯੫)

ਜਿਵੇਂ ਕਿ ਅਸੀਂ ਬਾਰ ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਜਿਹੋ ਜਿਹੇ ਤਰੀਕਿਆਂ ਨੂੰ ਅਸੀਂ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ, ਜੋ ਅਸੀਂ ਅਨੇਕਾਂ ਹੀ ਕਿਰਿਆਚਾਰ ਆਦਿ ਕਰਦੇ ਹਾਂ ਉਹ ਅਸੀਂ ਗੁਰੂ ਕੋਲੋਂ ਨਹੀਂ ਸਿਖੇ ਭਾਵ ਇਧਰੋ ਉਧਰੋਂ ਸਿਖੇ ਹੋਏ ਹਨ ਭਾਵ ਸੁਣੀਆਂ ਸੁਣਾਈਆਂ ਗੱਲਾਂ ਵਿੱਚ ਆਏ ਹੋਏ ਹਾਂ ਤੇ ਪਾਖੰਡ ਵਾਲੀ ਭਗਤੀ ਨਾਲ ਹੀ ਜੁੜੇ ਹੋਏ ਹਾਂ ਜਿਸ ਵਿੱਚ ਸੱਚ ਨਹੀਂ ਹੈ। ਇਹੋ ਜਿਹੇ ਤਰੀਕਿਆਂ ਨਾਲ ਜੁੜਿਆਂ ਹੋਇਆਂ ਨੂੰ ਭਾਵ ਮਾਇਆ ਮੋਹ ਛੱਡੇ ਬਿਨਾ ਆਪਣੇ ਆਪ ਨੂੰ ਭਗਤੀ ਵਾਲੇ ਸਮਝਣ ਵਾਲਿਆਂ ਨੂੰ ਗੁਰੂ ਸਾਹਿਬ ਨੇ ਕਿਤਨਾ ਕੁ ਮਾੜਾ ਕਿਹਾ ਹੋਇਆ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥
ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥6॥”

ਸਾਡੇ ਕਿਰਿਆਚਾਰ ਉਹ ਹਨ ਜਿੰਨ੍ਹਾਂ ਨੂੰ ਅਸੀਂ ਆਪਣੇ ਧਰਮ ਵਾਲੇ ਕਰਮ ਕਹਿੰਦੇ ਹਾਂ ਭਾਵ ਸਰੀਰਕ ਜਪ ਤਪ ਆਦਿ, ਖਾਣੇ ਦੀ ਸੁਚਿ ਆਦਿ ਜਿੰਨ੍ਹਾਂ ਦਾ ਬਾਣੀ ਰਾਹੀਂ ਖੰਡਨ ਕਰਕੇ ਸਮਝਾਇਆ ਹੋਇਆ ਹੈ, ਉਹ ਸਭ ਸਾਡੇ ਕਿਰਿਆਚਾਰ ਹੀ ਹਨ ਜਿੰਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਾਂ ਪਰ ਅਸਲ ਵਿੱਚ ਇਹਨਾਂ ਦੁਆਰਾ ਪ੍ਰਮਾਤਮਾ ਦੀ ਭਗਤੀ

ਨਹੀਂ ਹੁੰਦੀ। ਪ੍ਰਮਾਤਮਾ ਦੀ ਭਗਤੀ ਕੇਵਲ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਹੁੰਦੀ ਹੈ ਭਾਵ ਗੁਰਮਤਿ ਰੂਪ ਸੱਚ ਵੱਸਣ ਦੁਆਰਾ ਹੁੰਦੀ ਹੈ ਜੋ ਸੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਜਿਸ ਮਨੁੱਖ ਦੇ ਅੰਦਰ ਸੱਚ ਵੱਸ

32/3675

ਜਾਂਦਾ ਹੈ ਉਹ ਫਿਰ ਕਦੇ ਮਾੜੇ ਕਰਮ ਨਹੀਂ ਕਰ ਸਕਦਾ, ਉਸ ਦੇ ਅੰਦਰ ਕੋਈ ਲੋਭ ਲਾਲਚ ਨਹੀਂ ਰਹਿੰਦਾ ਜਿਸ ਦੁਆਰਾ ਉਹ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਜੋ ਕਿ ਭਗਤੀ ਦਾ ਅਸਲ ਮਾਰਗ ਹੈ। ਜੋ ਭਗਤੀ ਦੇ ਅਸਲ ਮਾਰਗ ਨੂੰ ਨਹੀਂ ਸਮਝਦੇ ਉਹ ਆਪਣੀ ਕਿਰਿਆਵਾਂ ਨੂੰ ਹੀ ਭਗਤੀ ਸਮਝਦੇ ਹਨ ਤੇ ਇਹੋ ਜਿਹੀ ਭਗਤੀ ਦਾ ਹੀ ਪ੍ਰਚਾਰ ਕਰਦੇ ਹਨ। "ਕਿਰਿਆਚਾਰ ਵਧਾਏ" ਤੋਂ ਭਾਵ ਹੈ ਕਿਰਿਆਚਾਰ ਵਾਲੇ ਮਾਰਗ ਨੂੰ ਫੈਲਾਉਂਣਾ ਭਾਵ ਵਧਾਉਂਣਾ ਭਾਵ ਪ੍ਰਚਾਰ ਕਰਨ ਦੁਆਰਾ ਆਪਣੀ ਮਤਿ ਦੇ ਨਾਲ ਦੂਸਰਿਆਂ ਨੂੰ ਜੋੜਨਾ। ਜਿਹੋ ਜਿਹਾ ਭਗਤੀ ਦਾ ਪ੍ਰਚਾਰ ਹੋ ਰਿਹਾ ਹੈ ਉਸ ਨੂੰ ਅਸੀਂ ਗੁਰਮਤਿ ਦਾ ਪ੍ਰਚਾਰ ਹੀ ਕਹਿੰਦੇ ਹਾਂ। ਜਿਹੋ ਜਿਹਾ ਨਾਮ ਜਪਣਾ ਅਸੀਂ ਦੂਸਰਿਆਂ ਨੂੰ ਸਿਖਾਉਂਦੇ ਹਾਂ ਉਸ ਦੁਆਰਾ ਕਿਰਿਆਚਾਰ ਹੀ ਵਧਾਉਂਦੇ ਹਾਂ ਜਿਸ ਰਾਹੀਂ ਅਸੀਂ ਕੇਵਲ ਕਿਸੇ ਅੱਖਰ ਦਾ ਜਪ ਕਰਨਾ ਹੀ ਸਮਝਾਉਂਦੇ ਹਾਂ ਕਿ ਇਹੀ ਗੁਰਮਤਿ ਹੈ, ਨਾਮ ਹੈ। ਇਹੋ ਜਿਹੇ ਨਾਮ ਦੀ ਸਿਖਿਆ ਦੇਣ ਨਾਲ ਅਸੀਂ ਇਹ ਖੁੱਲ ਕੇ ਪ੍ਰਚਾਰ ਕਰਦੇ ਹਾਂ ਕਿ ਅਉਗਣ ਛਡਣੇ ਵੱਖਰੀ ਗੱਲ ਹੈ ਤੇ ਨਾਮ ਜਪਣਾ ਵੱਖਰੀ ਗੱਲ ਹੈ ਤੇ ਨਾਮ ਜਪਣ ਵਾਲੇ ਦੇ ਅਉਗਣ ਆਪੇ ਹੀ ਦੂਰ ਹੋ ਜਾਣਗੇ ਭਾਵ ਬਿਨਾ ਛੱਡੇ ਹੀ ਦੂਰ ਹੋ ਜਾਣਗੇ ਭਾਵ ਕਿਸੇ ਅੱਖਰ ਦਾ ਜਪ ਕਰਨ ਵਾਲਾ ਆਪੇ ਹੀ ਗੁਰਮਤਿ ਤੇ ਪੂਰਾ ਉੱਤਰ ਜਾਂਦਾ ਹੈ ਤੇ ਅੱਖਰ ਨੂੰ ਜਪੀ ਜਾਣਾ ਹੀ ਸਾਡਾ ਵੱਡਾ ਗੁਣ ਹੈ। ਬਾਣੀ ਇਸ ਦੇ ਉਲਟ ਸਾਨੂੰ ਇਹ ਸਮਝਾ ਰਹੀ ਹੈ ਕਿ ਜਦ ਤਕ ਸਾਡੇ ਅੰਦਰ ਸੱਚ ਨਹੀਂ ਹੈ ਭਾਵ ਜਦ ਤਕ ਅਸੀਂ ਪੂਰੀ ਤਰ੍ਹਾਂ ਸ਼ਬਦ ਦੇ ਵੀਚਾਰੀ ਨਹੀਂ ਹਾਂ, ਗੁਣਾਂ ਵਾਲੇ ਨਹੀਂ ਹਾਂ ਤਦ ਤਕ ਸਾਡਾ ਹਰ ਭਗਤੀ ਦਾ ਉਪਰਾਲਾ ਕੇਵਲ ਪਾਖੰਡ ਹੈ ਭਾਵ ਸਾਡੇ ਕਿਰਿਆਚਾਰ ਆਦਿ ਸਭ ਪਾਖੰਡ ਵਾਲੇ ਕਰਮ ਹਨ ਕਿਉਂਕਿ ਸਾਡੇ ਅੰਦਰ ਤਾਂ ਮਾਇਆ ਦਾ ਲੋਭ ਹੈ ਤੇ ਮਨ ਦੇ ਲੋਭ ਦੁਆਰਾ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਵਿੱਚ ਕਪਟ ਹੁੰਦਾ ਹੈ, ਧੋਖਾ ਹੁੰਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਕੋਈ ਭਗਤੀ ਵਾਲਾ ਨਹੀਂ ਅਖਵਾ ਸਕਦਾ ਬਲਕਿ ਗੁਰੂ ਸਾਹਿਬ ਦੀਆਂ ਨਜਰਾਂ ਵਿੱਚ, ਪ੍ਰਮਾਤਮਾ ਦੀਆਂ ਨਜਰਾਂ ਵਿੱਚ ਅਸੀਂ ਕੇਵਲ ਪਾਖੰਡੀ ਹੀ ਹਾਂ ਭਾਵ ਗੁਰਮਤਿ ਦੇ ਉਲਟ ਚਲਦੇ ਹਾਂ। (**ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥**)

{ਜਹ ਜਹ ਦੇਖਾ ਤਹ ਤਹ ਸੋਈ । ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਇਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥6॥}

(ਅੰਗ 1343)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ 1188)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥1॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥1॥ ਰਹਾਉ ॥}

(ਅੰਗ 56)

32/3676

ਉਪਰਲੇ ਸ਼ਬਦਾਂ ਦੀਆਂ ਪੰਗਤੀਆਂ ਨੂੰ ਪੜ ਕੇ ਸਾਨੂੰ ਪ੍ਰਮਾਤਮਾ ਦੀ ਭਗਤੀ ਦੇ ਤੱਤ ਸਾਰ ਦੀ ਸੋਝੀ ਪੈ ਜਾਂਦੀ ਹੈ। ਜੋ ਭਗਤੀ ਸਾਰੇ ਸੰਸਾਰ ਲਈ ਇਕੋ ਜਿਹੀ ਹੀ ਹੈ। ਪੂਰੀ ਗੁਰਬਾਣੀ ਵਿੱਚ ਸਾਨੂੰ ਇਹੋ ਜਿਹੀ ਭਗਤੀ, ਇਹੋ ਜਿਹਾ ਧਰਮ ਹੀ ਸਮਝਾਇਆ ਹੋਇਆ ਹੈ ਜੋ ਕਿ ਅਉਗਣਾਂ ਨੂੰ ਤਿਆਗ ਕੇ ਗੁਣੀ ਬਣ ਕੇ ਵਿਚਰਨ ਦਾ ਹੈ। ਇਹੋ ਜਿਹੀ ਭਗਤੀ ਨੂੰ ਛੱਡਕੇ ਸਾਨੂੰ ਜੋ ਵੀ

ਕਿਸੇ ਤਰੀਕੇ ਦੀ ਭਗਤੀ ਨਾਲ ਜੋੜਦਾ ਹੈ ਉਹ ਆਪ ਭਰਮ ਵਿੱਚ ਹੈ ਤੇ ਦੂਸਰਿਆਂ ਨੂੰ ਭਰਮ ਵਿੱਚ ਪਾਉਂਦਾ ਹੈ। ਉਪਰ ਮੁਖ ਸ਼ਬਦ ਰਾਹੀਂ ਉਨ੍ਹਾਂ ਨੂੰ ਅਤਿ ਦਾ ਮਾੜਾ ਦੱਸਿਆ ਹੋਇਆ ਹੈ ਜੋ ਅਉਗਣਾਂ ਵਿੱਚ ਰਹਿੰਦੇ ਹੋਏ ਹੀ ਭਗਤੀ ਕਰਨਾ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਕੁਝ ਹੀ ਸਮਝਾਉਂਦੇ ਹਨ ਕਿ ਜਪ ਤਪ ਆਦਿ ਕਰੀ ਜਾਣਾ ਤੇ ਕਿਸੇ ਅੱਖਰ ਨੂੰ ਜਪੀ ਜਾਣਾ ਭਗਤੀ ਹੈ ਤੇ ਅਉਗਣਾਂ ਨੂੰ ਛੱਡੇ ਬਿਨਾ ਹੀ ਭਗਤੀ ਹੋ ਜਾਂਦੀ ਹੈ। ਇਹ ਦੂਸਰਿਆਂ ਨੂੰ ਅਉਗਣਾਂ ਵਿੱਚ ਰਹਿਣ ਦਾ ਲਾਈਸੈਂਸ ਦੇਣ ਵਾਲੀ ਗੱਲ ਹੈ ਭਾਵ ਅਉਗਣਾਂ ਵਿੱਚ ਰਹਿੰਦੇ ਹੋਏ ਉਸ ਦੇ ਉਤੇ ਗੁਰਮਤਿ ਦਾ ਸਰਟੀਫਿਕੇਟ, ਪ੍ਰਮਾਣ ਪੱਤਰ ਲਗਾਉਣ ਵਾਲੀ ਗੱਲ ਹੈ ਕਿ ਗੁਰੂ ਨੇ ਸਾਨੂੰ ਗੁਰਮਤਿ ਰਾਹੀਂ ਇਹੋ ਕੁਝ ਸਮਝਾਇਆ ਹੈ ਭਾਵ ਅਉਗਣ ਛੱਡੇ ਬਿਨਾ ਮਾੜੇ ਕਰਮ ਕਰਦੇ ਹੋਏ ਵੀ ਅਸੀਂ ਭਗਤੀ ਤੇ ਪ੍ਰਵਾਣ ਹੁੰਦੇ ਹਾਂ, ਗੁਰੂ ਦੀਆਂ ਨਜ਼ਰਾਂ ਵਿੱਚ ਪ੍ਰਵਾਣ ਹੁੰਦੇ ਹਾਂ। ਇਹੋ ਜਿਹੀਆਂ ਗੱਲਾਂ ਕਰਨ ਵਾਲਿਆਂ ਦਾ ਹੀ ਮੁਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਭਰਮ ਕੱਢਿਆ ਹੋਇਆ ਹੈ।

“ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਾਈਆ ॥

ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ॥6॥”

ਗੁਰੂ ਰੂਪ ਵਿੱਚ ਪ੍ਰਮਾਤਮਾ ਨੇ ਤਾਂ ਸਾਨੂੰ ਉਹੋ ਜਿਹੀ ਭਗਤੀ ਨਹੀਂ ਸਮਝਾਈ ਪਰ ਅਸੀਂ ਉਸ ਭਗਤੀ ਰਾਹੀਂ ਇਹੀ ਕਹਿੰਦੇ ਹਾਂ ਕਿ ਇਹ ਭਗਤੀ ਸਾਨੂੰ ਗੁਰੂ ਨੇ ਹੀ ਸਮਝਾਈ ਹੈ ਭਾਵ ਇਹੋ ਜਿਹੀ ਭਗਤੀ ਤੇ ਗੁਰੂ ਦੀ ਮੋਹਰ ਲਗੀ ਹੋਈ ਹੈ। ਗੁਰੂ ਨੇ ਤਾਂ ਇਹੋ ਜਿਹੀ ਭਗਤੀ ਤੇ ਮੋਹਰ ਨਹੀਂ ਲਗਾਈ ਤੇ ਨਾ ਹੀ ਕਦੇ ਲਗਾ ਸਕਦਾ ਹੈ। ਗੁਰੂ ਦੀ ਭਗਤੀ ਉਥੇ ਹੈ ਜਿਥੇ ਸ਼ਬਦ ਦੀ ਵੀਚਾਰ ਹੈ। ਸ਼ਬਦ ਦੀ ਵੀਚਾਰ ਸਦਾ ਤੋਂ ਇੱਕ ਹੀ ਹੈ, ਜੁਗਾਂ ਜੁਗਾਂ ਤੋਂ ਇੱਕ ਹੀ ਹੈ ਜੋ ਸਦਾ ਤੋਂ ਅਟੱਲ ਹੈ ਤੇ ਸਦਾ ਲਈ ਅਟਲ ਹੀ ਰਹਿਣੀ ਹੈ ਜੋ ਕਿ ਕਦੇ ਬਦਲ ਨਹੀਂ ਸਕਦੀ ਕਿਉਂਕਿ ਇਸ ਵਿੱਚ ਸੱਚ ਹੈ ਜੋ ਸਦਾ ਥਿਰ ਹੀ ਰਹਿੰਦਾ ਹੈ ਤੇ ਕਦੇ ਡੋਲਦਾ ਨਹੀਂ। ਸ਼ਬਦਾਂ ਦੀ ਵੀਚਾਰ ਦੁਆਰਾ ਸਮਝਾਈ ਹੋਈ ਭਗਤੀ ਕਦੇ ਨਹੀਂ ਬਦਲ

ਸਕਦੀ। ਸ਼ਬਦਾਂ ਦੀ ਵੀਚਾਰ ਦੁਆਰਾ ਜਿਹੋ ਜਿਹੀ ਭਗਤੀ ਦਾ ਖੰਡਨ ਕੀਤਾ ਹੋਇਆ ਹੈ ਉਸੇ ਨੂੰ ਹੀ ਅਸੀਂ ਆਪਣੀ ਭਗਤੀ ਸਮਝਿਆ ਹੋਇਆ ਹੈ। ਅਸੀਂ ਆਪਣੀ ਝੂਠੀ ਭਗਤੀ ਨੂੰ ਸ਼ਬਦ ਦੀ ਵਿਚਾਰ ਦਾ ਰੂਪ ਦਿੱਤਾ ਹੋਇਆ ਹੈ ਭਾਵ ਆਪਣੀ ਮਨਮਤਿ ਵਾਲੀ ਵਿਚਾਰ ਨੂੰ ਸ਼ਬਦ ਦੀ ਵਿਚਾਰ ਦਾ ਰੂਪ ਦਿੱਤਾ ਹੋਇਆ ਹੈ, ਆਪਣੀ ਝੂਠੀ ਮਤਿ ਨੂੰ ਸੱਚੀ ਮਤਿ ਦਾ ਰੂਪ ਦਿੱਤਾ ਹੋਇਆ ਹੈ। ਆਪਣੀ ਝੂਠੀ ਮਤਿ ਦੁਆਰਾ ਅਸੀਂ ਸ਼ਬਦ ਦੀ ਮਤਿ ਨੂੰ ਬਦਨਾਮ ਕਰਦੇ ਹਾਂ। ਪ੍ਰਮਾਤਮਾ ਸ਼ਬਦ ਦੀ ਮਤਿ ਦੇ ਰੂਪ ਵਿੱਚ ਹੀ ਹੈ, ਸ਼ਬਦ ਦੀ ਸੋਝੀ ਦੇ ਰੂਪ ਵਿੱਚ ਹੀ ਹੈ, ਸ਼ਬਦ ਦੇ ਗਿਆਨ ਦੇ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ। ਅਸੀਂ ਆਪਣੀ ਤ੍ਰੈ ਗੁਣਾਂ ਵਾਲੀ ਮਤਿ ਦੁਆਰਾ ਚਉਥੇ ਪਦ ਦੀ ਮਤਿ ਦੇ ਉਲਟ ਚਲ ਕੇ ਉਸ ਨੂੰ ਬਦਨਾਮ ਕਰਦੇ ਹਾਂ ਜਿਸ ਦੁਆਰਾ ਬਦਨਾਮੀ ਉਸ ਮਤਿ ਦੇਣ ਵਾਲੇ ਦੀ ਹੁੰਦੀ ਹੈ ਕਿਉਂਕਿ ਅਸੀਂ ਆਪਣੀ ਮਤਿ ਨੂੰ ਗੁਰਮਤਿ ਵਾਲੀ ਮਤਿ ਹੀ ਕਹਿੰਦੇ ਹਾਂ। ਧਿਆਨ ਨਾਲ ਸਮਝਣ ਦੀ ਇਹ ਗੱਲ ਹੈ ਕਿ ਜਿਹੋ ਜਿਹੀ ਮਤਿ ਅਸੀਂ ਲਈ ਹੋਈ ਹੈ ਉਹ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਤਾਂ ਨਹੀਂ ਹੈ ਫਿਰ ਇਹ ਮਤਿ ਅਸੀਂ ਕਿਥੋਂ ਲਈ ਹੈ। ਸਾਡਾ ਸਭ ਦਾ ਖਸਮ ਇੱਕੋ ਇੱਕ ਪ੍ਰਮਾਤਮਾ ਹੀ ਹੈ ਜੋ ਕਿ ‘‘ਸਚੁ’’ ਦੇ ਰੂਪ ਵਿੱਚ ਹੈ, ਸ਼ਬਦ ਦੇ ਗਿਆਨ ਦੇ ਰੂਪ ਵਿੱਚ ਹੈ। ਜੇਕਰ ਸਾਡੀ ਮਤਿ ਪ੍ਰਮਾਤਮਾ ਰੂਪ ਖਸਮ ਦੀ ਨਹੀਂ ਹੈ ਫਿਰ ਇਹ ਮਤਿ ਅਸੀਂ ਕਿਹੜੇ ਖਸਮ ਕੋਲੋਂ ਲਈ ਹੋਈ ਹੈ ਜਿਸ ਨੂੰ ਅਸੀਂ ਆਪਣੀ ਸੱਚੀ ਮਤਿ ਬਣਾਇਆ ਹੋਇਆ ਹੈ ਤੇ ਅਉਗਣਾਂ ਵਿੱਚ ਰਹਿੰਦੇ ਹੋਏ ਹੀ ਆਪਣੇ ਆਪ ਨੂੰ ਭਗਤੀ ਵਾਲੇ ਬਣਾਇਆ ਹੋਇਆ ਹੈ ਤੇ ਇਹੋ ਜਿਹੀ ਭਗਤੀ ਨੂੰ ਹੀ ਵਧਾਈ ਜਾ ਰਹੇ ਹਾਂ ਭਾਵ ਪ੍ਰਚਾਰ ਕਰੀ ਜਾ ਰਹੇ ਹਾਂ ਜੋ ਪ੍ਰਚਾਰ ਸਦੀਆਂ ਤੋਂ ਇਸੇ ਤਰ੍ਹਾਂ ਹੀ ਚਲਦਾ ਆ ਰਿਹਾ ਹੈ। ਸਾਡਾ ਖਸਮ ਰੂਪ ਪ੍ਰਮਾਤਮਾ ਜਿਥੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹੀ ਉਸ ਦੀ ਸੁਹਾਗਣ ਬਣਦੀ ਹੈ ਤੇ ਆਪਣੀ ਸੁਹਾਗਣ ਨੂੰ ਉਹ ਸੱਚ ਹੀ ਸਮਝਾਉਂਦਾ ਹੈ, ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ, ਆਪਣੇ ਬ੍ਰਹਮ ਗਿਆਨ ਰਾਹੀਂ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਹਿਲਾਂ ਆਪਣੀ ਸੁਹਾਗਣ ਬਣਾਇਆ ਹੈ ਤੇ ਉਹਨਾਂ ਨੂੰ ਸੱਚ ਸਮਝਾਇਆ ਹੈ। ਸਾਨੂੰ ਸੱਚ ਦੀ ਸੋਝੀ ਕੇਵਲ ਪ੍ਰਮਾਤਮਾ ਦੀ ਸੁਹਾਗਣ ਕੋਲੋਂ ਹੀ ਪੈ ਸਕਦੀ ਹੈ ਜਿਸ ਨੇ ਆਪਣੇ ਖਸਮ ਨੂੰ ਭਾਵ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਜਿਸ ਨੇ ਖਸਮ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ, ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਨਹੀਂ ਜਾਣਿਆ, ਬ੍ਰਹਮਗਿਆਨ ਰੂਪ ਨੂੰ ਨਹੀਂ ਜਾਣਿਆ ਉਹ ਹਰ

ਕੋਈ ਪ੍ਰਮਾਤਮਾ ਦੀ ਦੁਹਾਗਣ ਹੀ ਹੈ, ਛੁੱਟੜ ਹੀ ਹੈ ਭਾਵੇ ਉਹ ਕੋਈ ਵੀ ਹੈ। ਇਹ ਗੱਲ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ। ਜਦ ਤਕ ਅਸੀਂ ਤ੍ਰੈ ਗੁਣਾਂ

32/3678

ਵਾਲੀ ਅਵਸਥਾ ਵਿੱਚ ਹਾਂ ਅਸੀਂ ਉਸ ਪ੍ਰਮਾਤਮਾ ਦੀ ਛੁੱਟੜ ਨਾਰ ਹੀ ਹਾਂ ਭਾਵ ਆਪਣੇ ਸੱਚੇ ਪਤੀ ਦੇ ਵਿਛੋੜੇ ਵਿੱਚ ਹੀ ਹਾਂ ਤੇ ਇਹੋ ਜਿਹੇ ਵਿਛੋੜੇ ਵਿੱਚ ਰਹਿੰਦੇ ਹੋਏ ਕੋਈ ਸੱਚ ਨੂੰ ਨਹੀਂ ਜਾਣ ਸਕਦਾ ਜਿਸ ਦੁਆਰਾ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ। ਸਾਡੇ ਮਨ ਦੀ ਛੁੱਟੜ ਅਵਸਥਾ, ਤ੍ਰੈ ਗੁਣਾਂ ਵਾਲੀ ਅਵਸਥਾ, ਸਾਡੀ ਬੇਸੁਆ ਵਾਲੀ ਅਵਸਥਾ ਹੈ ਜਿਸ ਦੇ ਰਹਿੰਦਿਆ ਸਾਨੂੰ ਭਗਤੀ ਦੀ ਸਮਝ ਤਾਂ ਨਹੀਂ ਪੈਂਦੀ ਪਰ ਅਸੀਂ ਫਿਰ ਵੀ ਆਪਣੀ-ਆਪਣੀ ਮਤਿ ਦੁਆਰਾ ਉਹੋ ਜਿਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿੰਨ੍ਹਾਂ ਵਿੱਚ ਸੱਚ ਨਹੀਂ ਹੈ। ਇਹੋ ਜਿਹੀ ਮਤਿ ਦੁਆਰਾ, ਝੂਠੀ ਭਗਤੀ ਵਾਲੀ ਮਤਿ ਦੁਆਰਾ ਅਸੀਂ ਉਹੋ ਜਿਹੇ ਕਿਰਿਆਚਾਰ ਬਣਾਏ ਹੋਏ ਹਨ ਜਿੰਨ੍ਹਾਂ ਵਿੱਚ ਅਸੀਂ ਆਪਣੀ ਭਗਤੀ ਸਮਝਦੇ ਹਾਂ, ਆਪਣੇ ਵਲੋਂ ਸੱਚੀ ਭਗਤੀ ਸਮਝਦੇ ਹਾਂ ਤੇ ਉਸੇ ਦਾ ਹੀ ਪ੍ਰਚਾਰ ਕਰਦੇ ਹਾਂ। ਅਉਗੁਣਾਂ ਵਿੱਚ ਰਹਿੰਦੇ ਹੋਏ ਅਸੀਂ ਆਪ ਵੀ ਭਗਤੀ ਕਰਨਾ ਸਮਝਦੇ ਹਾਂ ਤੇ ਦੂਸਰਿਆਂ ਨੂੰ ਵੀ ਪ੍ਰਚਾਰ ਕਰਨ ਦੁਆਰਾ ਆਪਣੇ ਚੇਲੇ ਬਣਾਉਂਦੇ ਹਾਂ ਭਾਵ ਆਪਣੀ ਮਾੜੀ ਮਤਿ ਦੁਆਰਾ ਦੂਸਰਿਆਂ ਦੇ ਵਿੱਚ, ਉਸ ਦੇ ਪਿਛੇ ਲਗਣ ਵਾਲਿਆਂ ਦੇ ਵਿੱਚ ਮਾੜੀ ਮਤਿ ਹੀ ਜਨਮਦੀ ਹੈ, ਉਪਜਦੀ ਹੈ ਤੇ ਸਦੀਆਂ ਤੋਂ ਇਹੋ ਕੁਝ ਹੀ ਹੁੰਦਾ ਆ ਰਿਹਾ ਹੈ ਭਾਵ ਮਾੜੀ ਮਤਿ ਅੱਗੋਂ ਮਾੜੀ ਮਤਿ ਨੂੰ ਹੀ ਜਨਮ ਦਿੰਦੀ ਆ ਰਹੀ ਹੈ ਭਾਵ ਪ੍ਰਮਾਤਮਾ ਤੋਂ ਆਪ ਛੁੱਟੇ ਹੋਏ ਦੂਸਰਿਆਂ ਨੂੰ ਉਹੋ ਜਿਹੇ ਭਗਤੀ ਦੇ ਮਾਰਗ ਨਾਲ ਜੋੜਦੇ ਹਨ ਜਿਸ ਵਿੱਚ ਪ੍ਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ। ਹੁਣ ਧਿਆਨ ਨਾਲ ਸਮਝੋ ਕਿ ਅਸੀਂ ਇਹੋ ਜਿਹੀ ਭਗਤੀ ਜਿਨਾ ਦੇ ਕੋਲੋਂ ਸਮਝੀ ਹੈ ਤੇ ਜਿੰਨ੍ਹਾਂ ਨੇ ਸਾਨੂੰ ਇਹੋ ਜਿਹੀ ਭਗਤੀ ਸਮਝਾਈ ਹੈ ਉਨ੍ਹਾਂ ਨੇ ਉਹ ਭਗਤੀ ਕਿਸ ਦੇ ਕੋਲੋਂ ਸਿੱਖੀ ਸੀ। ਸਾਡਾ ਅਸਲ ਖਸਮ ਤਾਂ ਗੁਰੂ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਜਿਸ ਨੇ ਸਾਨੂੰ ਇਹੋ ਜਿਹੀ ਭਗਤੀ ਨਹੀਂ ਸਿਖਾਈ ਫਿਰ ਸਾਡਾ ਉਹ ਖਸਮ ਕੋਣ ਹੈ ਜਿਸ ਨੇ ਸਾਨੂੰ ਇਹ ਕੁਝ ਸਿਖਾਇਆ ਹੈ। ਇਹੋ ਜਿਹੇ ਖਸਮ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ, ਆਪਣੇ ਆਪ ਨੂੰ ਆਪ ਦੁਹਾਗਣਾਂ ਹੁੰਦੇ ਹੋਏ ਵੀ ਖਸਮ ਵਾਲੇ ਬਣੇ ਬੈਠੇ ਹਨ ਤੇ ਉਨ੍ਹਾਂ ਨੂੰ ਖੁਦ ਇਸ ਗੱਲ ਦੀ ਸਮਝ ਨਹੀਂ ਕਿ ਇਹ ਭਗਤੀ ਦਾ ਮਾਰਗ ਉਨ੍ਹਾਂ ਨੂੰ ਕਿਸ ਨੇ ਸਿਖਾਇਆ ਹੈ। ਜਿਹੜੇ ਇਹੋ ਜਿਹਿਆਂ ਦੇ ਚੇਲੇ ਬਣੇ ਹੋਏ ਹਨ, ਛੁੱਟੜਾਂ ਦੇ ਚੇਲੇ ਬਣੇ ਹੋਏ ਹਨ ਭਾਵ ਜਿੰਨ੍ਹਾਂ ਦੀ ਮਤਿ ਵਿੱਚ ਇਹੋ ਜਿਹਿਆਂ ਦੀ ਮਤਿ ਉਪਜੀ ਹੋਈ ਹੈ ਕੀ ਉਹ ਆਪਣੇ ਪਿਉ ਨੂੰ ਪਹਿਚਾਣ ਸਕਦੇ ਹਨ ਕਿ ਜਿਹੋ ਜਿਹੀ ਬੇਸੁਆ ਕੋਲੋਂ, ਪ੍ਰਮਾਤਮਾ ਦੀ ਛੁੱਟੜ ਤੋਂ ਭਗਤੀ ਦਾ ਮਾਰਗ ਸਿੱਖਿਆ ਹੈ ਉਸ ਦਾ ਖਸਮ ਕੋਣ ਹੈ। ਜੇਕਰ ਸਾਨੂੰ ਉਨ੍ਹਾਂ ਦੇ ਖਸਮ ਦੀ ਪਹਿਚਾਣ ਹੋਵੇਗੀ ਤੇ ਤਾਂ ਹੀ ਅਸੀਂ ਜਾਣ ਸਕਦੇ ਹਾਂ ਕਿ ਅਸਲ ਵਿੱਚ ਸਾਡਾ ਪਿਉ ਕੋਣ ਹੈ। ਬੇਸੁਆ ਇਹ ਖੁਦ ਨਹੀਂ ਦੱਸ ਸਕਦੀ ਕਿ ਉਸ ਦਾ ਖਸਮ ਕੋਣ ਹੈ ਭਾਵ ਇਹੋ ਜਿਹੀ ਭਗਤੀ ਸਿਖਾਉਂਣ ਵਾਲੇ ਇਹ

32/3679

ਖੁਦ ਨਹੀਂ ਦੱਸ ਸਕਦੇ ਕਿ ਉਨ੍ਹਾਂ ਨੇ ਇਹੋ ਜਿਹੀ ਭਗਤੀ ਕਿਥੋਂ ਸਿਖੀ ਹੈ ਭਾਵ ਇਹੋ ਜਿਹੇ ਸਾਨੂੰ ਇਹ ਨਹੀਂ ਸਮਝਾ ਸਕਦੇ ਕਿ ਸਾਨੂੰ ਭਗਤੀ ਦਾ ਮਾਰਗ ਸਮਝਾਉਣ ਵਾਲਾ ਪਿਉ ਕੌਂਣ ਹੈ। (**ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥ ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥6॥**) ਜਿੰਨ੍ਹਾਂ ਦਾ ਮਨ ਦੇ ਵਿੱਚੋਂ ਆਪਣਾ ਲੋਭ ਨਹੀਂ ਨਿਕਲਿਆ ਉਨ੍ਹਾਂ ਨੇ ਦੂਸਰਿਆਂ ਦਾ ਲੋਭ ਕਿਵੇਂ ਕੱਢਣਾ ਹੈ। ਉਹ ਆਪ ਲੋਭ ਵਿੱਚ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਲੁਭਾਉਂਦੇ ਹਨ, ਆਪ ਵਿਕਾਰਾਂ ਵਿੱਚ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਵਿਕਾਰ ਵਿੱਚ ਰਹਿਣ ਦੀ ਸਿਖਿਆ ਹੀ ਦਿੰਦੇ ਹਨ ਤੇ ਫਿਰ ਵੀ ਇਸ ਨੂੰ ਭਗਤੀ ਕਹਿਣਾ ਕੀ ਕਦੇ ਠੀਕ ਹੋ ਸਕਦਾ ਹੈ। ਇਹੋ ਜਿਹੇ ਪ੍ਰਚਾਰ ਕਰਨ ਵਾਲਿਆਂ ਨੂੰ ਹੀ ਅਸਲ ਵਿੱਚ ਇਤਨਾ ਮਾੜਾ ਕਿਹਾ ਗਿਆ ਹੈ। ਦਿਖਾਵੇ ਭਗਤੀ ਵਾਲੇ ਕਰਦੇ ਹਨ ਪਰ ਮਨ ਦੀ ਜੂਠ ਧੋਣ ਦਾ ਉਪਰਾਲਾ ਨਹੀਂ ਕਰਦੇ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ।

ਮਃ ੧ ॥

{ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥

4180

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥2॥}

(ਅੰਗ 472)

{ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥
ਅੰਤਰਿ ਮੈਲੁ ਨ ਉਤਰੈ ਧ੍ਰਿਗ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥1॥
ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥1॥ ਰਹਾਉ ॥}

(ਅੰਗ 22)

{ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ ਗੁਨਤਾਸ ॥
ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥
ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥6॥}

(ਅੰਗ 287)

{ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥
ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥}

(ਅੰਗ 338)

32/3680

{ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥
ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥
ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥3॥}

(ਅੰਗ 380)

{ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥3॥}

(ਅੰਗ 485)

{ਆਲ ਜਾਲ ਭ੍ਰਮ ਮੋਹ ਤਜਾਵੈ ਪ੍ਰਭ ਸੇਤੀ ਰੰਗੁ ਲਾਈ ॥
ਮਨ ਕਉ ਇਹ ਉਪਦੇਸੁ ਦ੍ਰਿੜਾਵੈ ਸਹਜਿ ਸਹਜਿ ਗੁਣ ਗਾਈ ॥1॥}

(ਅੰਗ 499)

{ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥
ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥
ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥4॥}

(ਅੰਗ 69)

{ਹਮਰੇ ਅਵਗੁਣ ਬਹੁਤ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥
ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥
ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥2॥}

(ਅੰਗ 167)

{ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥1॥ ਰਹਾਉ ॥}

(ਅੰਗ 168)

{ਆਠ ਪਹਰ ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥
ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥5॥}

(ਅੰਗ 293)

{ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥}

(ਅੰਗ 300)

ਪਉੜੀ ॥

{ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥
ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥13॥}

(ਅੰਗ 470)

{ਮਹਾ ਗੰਭੀਰ ਪੜ੍ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ 503)

32/3681

ਪਉੜੀ ॥

{ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥
ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ ॥
ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ ॥
ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ ॥੧੨॥}

(ਅੰਗ 590)

{ਗੁਰੁ ਪੂਰਾ ਜਿਸ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥1॥ ਰਹਾਉ ॥}

(ਅੰਗ 814)

{ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥1॥}

(ਅੰਗ 849)

“ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦਿੜਾਏ ਦੁਰਮਤਿ ਖੋਈ ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥14॥”

(ਅੰਗ 1085)

ਉਪਰ ਕੁਝ ਸ਼ਬਦਾਂ ਦੁਆਰਾ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਗੁਰੂ ਦੇ ਉਪਦੇਸ ਦਾ ਮਕਸਦ ਕੀ ਹੈ ਤੇ ਇਹ ਉਪਦੇਸ ਸਾਨੂੰ ਕਿਸ ਦੇ ਕੋਲੋਂ ਲੈਣਾ ਚਾਹੀਦਾ ਹੈ। ਉਪਰ ਆਖਰੀ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਦੇ ਸੱਚੇ ਉਪਦੇਸ਼ ਦਾ ਮਕਸਦ ਕੀ ਹੈ ਤੇ ਜਿੰਨ੍ਹਾਂ ਕੋਲੋਂ ਅਸੀਂ ਉਪਦੇਸ਼ ਲੈਂਦੇ ਹਾਂ ਉਹ ਸਾਨੂ ਕਿਹੋ ਜਿਹਾ ਉਪਦੇਸ਼ ਦਿੰਦੇ ਹਨ, ਕਿਹੋ ਜਿਹਾ ਨਾਮ ਜਪਣਾ ਸਮਝਾਉਂਦੇ ਹਨ, ਕਿਹੋ ਜਿਹੀ ਗੁਰਮਤਿ ਦੇ ਨਾਲ ਜੋੜਦੇ ਹਨ। ਜਿੰਨ੍ਹਾਂ ਕੋਲੋਂ ਅਸੀਂ ਮਤਿ ਲਈ ਹੋਈ ਹੈ ਉਨ੍ਹਾਂ ਨੂੰ ਅਸੀਂ ਆਪਣੇ “ਸਾਜਨ” ਹੀ ਸਮਝਦੇ ਹਾਂ, ਆਪਣੇ ਪਿਆਰੇ ਹੀ ਸਮਝਦੇ ਹਾਂ। ਧਿਆਨ ਨਾਲ ਸਮਝੋ ਕਿ ਸਾਡਾ “ਸਾਜਨ ਮੀਤ ਪਿਆਰਾ” ਅਸਲ ਵਿੱਚ ਕੋਣ ਹੈ। ਸਾਡਾ ਧਰਮ ਦੇ ਮਾਰਗ ਤੇ ਸੱਜਣ ਉਹੀ ਹੈ ਜੋ ਸਾਨੂੰ ਸੱਚਾ ਉਪਦੇਸ਼ ਦਿੰਦਾ ਹੈ। ਸੱਚਾ ਉਪਦੇਸ਼ ਦੇਣ ਵਾਲਾ ਉਹ ਹੈ ਜੋ ਸਾਡੇ ਅੰਦਰ ਇਕੋ ਇਕ ਪ੍ਰਮਾਤਮਾ ਦੀ ਮਤਿ ਦ੍ਰਿੜਾਉਂਦਾ ਹੈ ਭਾਵ ਉਸ ਦਾ ਨਾਮ ਦ੍ਰਿੜਾਉਂਦਾ ਹੈ ਭਾਵ ਉਸ ਦੀ ਮਤਿ ਤੇ ਚੱਲਣ ਲਈ ਦ੍ਰਿੜ ਕਰਦਾ ਹੈ ਜਿਸ ਦੁਆਰਾ ਅਸੀਂ ਦੁਰਮਤਿ ਵਿੱਚੋਂ ਨਿਕਲੀਏ ਭਾਵ ਆਪਣੀ ਮਾੜੀ ਮਤਿ ਵਿੱਚੋਂ ਨਿਕਲੀਏ, ਮਨਮਤਿ ਵਿੱਚੋਂ ਨਿਕਲੀਏ, ਮਨ ਦੀ ਅਗਿਆਨਤਾ ਵਿੱਚੋਂ ਨਿਕਲੀਏ । ਸਾਡੇ ਅੰਦਰ ਦੁਰਮਤਿ ਦੀ ਨਿਸ਼ਾਨੀ ਕੀ ਹੈ ਭਾਵ ਗੁਰਮਤਿ ਦਾ ਨਾ ਹੋਣਾ ਕੀ ਹੈ ਇਹ ਗੱਲ ਵੀ ਸਪਸ਼ਟ ਤਰੀਕੇ ਨਾਲ ਸਮਝਾਈ ਹੋਈ ਹੈ। ਜਿਸ ਮਨੁੱਖ ਦੇ ਅੰਦਰ ਕਾਮੁ ਕ੍ਰੋਧ ਅਹੰਕਾਰੁ ਆਦਿ ਹਨ ਭਾਵ ਜਿਸ ਮਨੁੱਖ ਦੇ ਅੰਦਰ

ਵਿਕਾਰ ਹਨ ਭਾਵ ਜੋ ਮਨੁੱਖ ਮਾੜੇ ਕਰਮ ਕਰਨ ਵਾਲਾ ਹੈ ਉਸ ਦੇ ਅੰਦਰ ਦੁਰਮਤਿ ਹੈ ਭਾਵ ਗੁਰਮਤਿ ਨਹੀਂ ਹੈ, ਨਾਮ ਨਹੀਂ ਹੈ, ਗੁਰੂ ਦਾ ਸੱਚਾ ਉਪਦੇਸ਼ ਨਹੀਂ ਹੈ ਤੇ ਇਹੋ ਜਿਹੇ ਮਨੁੱਖ ਦਾ ਮਨ ਨਿਰਮਲ ਨਹੀਂ ਹੈ। ਗੁਰੂ ਦੇ ਉਪਦੇਸ਼ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਨਿਰਮਲ ਬਨਾਉਂਣ ਦਾ ਹੈ, ਪਵਿੱਤਰ ਬਨਾਉਂਣ ਦਾ ਹੈ। ਪਵਿੱਤਰ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਪਹਿਲੇ ਮਨ ਦੀ ਅਪਵਿੱਤਰਤਾ ਦਾ ਕਾਰਨ ਸਮਝਾਂਗੇ ਜੋ ਕਿ ਸਾਡੇ ਅੰਦਰ ਦੇ ਵਿਕਾਰ ਹਨ। ਵਿਕਾਰਾਂ ਦੇ ਰਹਿੰਦੇ ਕਿਸੇ ਦਾ ਵੀ ਮਨ ਪਵਿੱਤਰ ਨਹੀਂ ਹੈ ਭਾਵ ਉਹ ਗੁਰੂ ਦੇ ਉਪਦੇਸ਼ ਤੇ ਚੱਲਣ ਵਾਲਾ ਨਹੀਂ ਹੈ। ਸਾਨੂੰ ਉਪਦੇਸ਼ ਦੇਣ ਵਾਲੇ ਤਾਂ ਬਹੁਤ ਹਨ ਜੋ ਸਾਨੂੰ ਨਾਮ ਜਪਣਾ ਸਿਖਾਉਂਦੇ ਹਨ ਤੇ ਅਸੀਂ ਉਨ੍ਹਾਂ ਨੂੰ ਆਪਣੇ ਸੱਜਣ ਹੀ ਸਮਝਦੇ ਹਾਂ ਜੋ ਸਾਨੂੰ ਇਹ ਸਮਝਾਉਂਦੇ ਹਨ ਕਿ ਕੇਵਲ ਇੱਕ ਅੱਖਰ ਨੂੰ ਜਪੀ ਜਾਣਾ ਹੀ ਗੁਰਮਤਿ ਹੈ, ਧਰਮ ਵਾਲੇ ਬਣਨਾ ਹੈ ਤੇ ਅਉਗਣ ਛੱਡਣੇ ਵੱਖਰੀ ਗੱਲ ਹੈ ਕਿਉਂਕਿ ਅਉਗਣਾਂ ਨੂੰ, ਵਿਕਾਰਾਂ ਨੂੰ ਨਾ ਉਹ ਖੁਦ ਛਡਣਾ ਚਾਹੁੰਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਜਿਹੀ ਮਤਿ ਸਮਝਾਉਂਦੇ ਹਨ ਕਿ ਅਉਗਣ ਕਿਸੇ ਅੱਖਰ ਨੂੰ ਜਪਣ ਨਾਲ ਆਪੇ ਹੀ ਨਿਕਲ ਜਾਣੇ ਹਨ ਭਾਵ ਇਹ ਸਾਡਾ ਕੰਮ ਨਹੀਂ ਹੈ ਕਿ ਅਸੀਂ ਅਉਗੁਣਾਂ ਨੂੰ ਛਡੀਏ। ਇਹੋ ਜਿਹੀਆਂ ਮੱਤਾਂ ਦੇਣ ਵਾਲੇ, ਨਾਮ ਦੀ ਸਿਖਿਆ ਦੇਣ ਵਾਲੇ ਫਿਰ ਸਾਡੇ ਸੱਜਣ ਕਿਵੇਂ ਹੋ ਸਕਦੇ ਹਨ। ਸਾਡਾ

ਸੱਚਾ ਸੱਜਣ ਉਹੀ ਹੈ ਜੋ ਸਾਨੂੰ ਅਉਗਣ ਤੱਜਣ ਲਈ ਮਤਿ ਦਿੰਦਾ ਹੈ ਕਿਉਂਕਿ ਅਸੀਂ ਨਿਰਮਲ ਅਉਗਣ ਤੱਜਣ ਦੁਆਰਾ ਹੀ ਹੋ ਸਕਦੇ ਹਾਂ ਤੇ ਕਥਨੀ ਕਰੀ ਜਾਣ ਨਾਲ ਅਉਗਣ ਕਿਵੇਂ ਨਿਕਲ ਸਕਦੇ ਹਨ ਭਾਵ ਕੇਵਲ ਸਾਡਾ ਭਰਮ ਹੈ ਜੋ ਭਰਮ ਉਨ੍ਹਾਂ ਦੇ ਰਾਹੀਂ ਆਇਆ ਹੈ ਜਿੰਨ੍ਹਾਂ ਨੇ ਸਾਨੂੰ ਨਾਮ ਜਪਣਾ ਸਿਖਾਇਆ ਹੈ ਤੇ ਹੁਣ ਵੀ ਸਿਖਾਈ ਜਾ ਰਹੇ ਹਨ ਤੇ ਖੁਲ ਕੇ ਝੂਠਾ ਪ੍ਰਚਾਰ ਕਰ ਰਹੇ ਹਨ, ਝੂਠਾ ਨਾਮ ਜਪਣ ਦਾ ਪ੍ਰਚਾਰ ਕਰ ਰਹੇ ਹਨ ਤੇ ਉਸ ਨੂੰ ਗੁਰਮਤਿ ਦਾ ਨਾਮ ਦਿੰਦੇ ਹਨ ਜਿਸ ਦੁਆਰਾ ਉਹ ਗੁਰਮਤਿ ਨੂੰ ਭਾਵ ਗੁਰੂ ਦੇ ਸੱਚੇ ਉਪਦੇਸ਼ ਨੂੰ ਬਦਨਾਮ ਹੀ ਕਰ ਰਹੇ ਹਨ ਜਿਸ ਕਰਕੇ ਇਹੋ ਜਿਹਿਆਂ ਲਈ ਗੁਰੂ ਸਾਹਿਬ ਨੇ ਮਾੜੇ ਬੋਲ ਵਰਤੇ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਝੂਠੇ ਉਪਦੇਸ਼ ਨੂੰ ਗੁਰੂ ਦੇ ਉਪਦੇਸ਼ ਦਾ ਰੰਗ ਦਿੱਤਾ ਹੋਇਆ ਹੈ। (**ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦਿੜਾਏ ਦੁਰਮਤਿ ਖੋਈ ॥ ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥14॥**) ਆਪਣੀ ਪਾਖੰਡ ਵਾਲੀ ਭਗਤੀ ਨੂੰ ਅਸੀਂ ਆਪਣੇ ਕਿਰਿਆਚਾਰ ਬਣਾਏ ਹੋਏ ਹਨ ਤੇ ਇਹੋ ਜਿਹਾ ਪ੍ਰਚਾਰ ਕਰਨਾ ਬਹੁਤ ਮਾੜੀ ਗੱਲ ਹੈ ਜਿਸ ਤੋਂ ਬਚਣ ਲਈ ਸਾਨੂੰ ਸੁਚੇਤ ਕੀਤਾ ਹੋਇਆ ਹੈ। (**ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥ ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥6॥**)

32/3683

"ਨਾਮੁ" ਗੁਰੂ ਦਾ ਉਪਦੇਸ਼ ਹੈ ਜੋ ਕਿ ਪ੍ਰਮਾਤਮਾ ਦੇ ਕੋਲੋਂ ਉਸ ਦੇ "ਦਾਨੁ" ਦੇ ਰੂਪ ਵਿੱਚ ਮਿਲਦਾ ਹੈ। ਜਿਸ ਨੂੰ ਪ੍ਰਮਾਤਮਾ ਨੇ ਆਪਣਾ ਨਾਮ ਦਾ ਦਾਨ ਦਿੱਤਾ ਹੈ ਉਨ੍ਹਾਂ ਨੂੰ ਹੀ ਇਸ ਦਾਨ ਦਾ ਮਕਸਦ ਸਮਝ ਆਇਆ ਹੈ ਜੋ ਕਿ ਅਉਗਣਾਂ ਨੂੰ ਤੱਜਣ ਦਾ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਨੇ ਆਪਣਾ ਇਹ ਦਾਨ ਬਖਸ਼ਿਆ ਹੋਇਆ ਹੈ ਜਿਸ ਕਰਕੇ ਗੁਰੂ ਨੂੰ ਇਸ ਦੇ ਮਕਸਦ ਦੀ ਸਮਝ ਹੈ। ਗੁਰੂ ਆਪ ਵਿਕਾਰਾਂ ਵਿੱਚੋਂ ਨਿਕਲਿਆ ਹੋਇਆ ਹੈ ਤੇ ਇਸੇ ਲਈ ਉਹ ਸਾਨੂੰ ਵਿਕਾਰਾਂ ਵਿੱਚੋਂ ਨਿਕਲਣ ਦੀ ਮਤਿ ਦਿੰਦਾ ਹੈ। ਨਾਮ ਦਾ ਸਾਡੇ ਜੀਵਨ ਵਿੱਚ ਕੀ ਮਕਸਦ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਨਿਰਮਲ ਮੰਤੁ ਦੇਇ ਜਿਸੁ ਦਾਨੁ ॥ ਤਜਹਿ ਬਿਕਾਰ ਬਿਨਸੈ ਅਭਿਮਾਨੁ ॥
ਏਕੁ ਧਿਆਈਐ ਸਾਧ ਕੈ ਸੰਗਿ ॥ ਪਾਪ ਬਿਨਾਸੇ ਨਾਮ ਕੈ ਰੰਗਿ ॥੩॥"

(ਅੰਗ 900)

ਪ੍ਰਮਾਤਮਾ ਦੇ **"ਮੰਤੁ"** ਦਾ ਦਾਨ ਮਿਲਣਾ ਜਾਂ ਪ੍ਰਮਾਤਮਾ ਦੇ ਨਾਮ ਦਾ ਦਾਨ ਮਿਲਣਾ ਇਕੋ ਹੀ ਗੱਲ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਇਹ ਮੰਤੁ ਹੀ ਗੁਰੂ ਦਾ ਸੱਚਾ ਮੰਤ੍ਰ ਹੈ, ਨਾਮ ਮੰਤ੍ਰ ਹੈ ਜਿਸ ਨੂੰ ਅਸੀਂ ਆਪਣੇ ਜੀਵਨ ਵਿੱਚ ਜਪਣਾ ਹੈ। ਪ੍ਰਮਾਤਮਾ ਦਾ ਨਾਮ ਮੰਤ ਉਸ ਨੂੰ ਹੀ ਮਿਲਦਾ ਹੈ ਜਿਸ ਨੂੰ ਉਹ ਆਪ ਦਿੰਦਾ ਹੈ। ਪ੍ਰਮਾਤਮਾ ਦੇ ਇਸ ਨਾਮ ਮੰਤ੍ਰ ਦਾ ਮਕਸਦ ਸਾਡੇ ਮਨ ਨੂੰ ਨਿਰਮਲ ਕਰਨ ਦੇ ਨਾਲ ਹੈ। ਇਹ ਨਿਰਮਲ ਮੰਤ੍ਰ ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਉਸ ਦੇ ਉਪਦੇਸ਼ ਦੇ ਰੂਪ ਵਿੱਚ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ ਦਾਨ ਦਿੰਦਾ ਹੈ ਉਸ ਨੂੰ ਮਨ ਦੇ ਵਿੱਚ ਆਪਣਾ ਸੱਚਾ ਉਪਦੇਸ਼ ਹੀ ਸੁਣਾਉਂਦਾ ਹੈ, ਸੱਚੀ ਮਤਿ ਹੀ ਸਮਝਾਉਂਦਾ ਹੈ, ਆਪਣੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਸਮਝਾਉਂਦਾ ਹੈ ਜਿੰਨ੍ਹਾਂ ਵਿਚਾਰਾਂ ਦਾ ਮਕਸਦ ਸਾਨੂੰ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ, ਅਉਗੁਣਾਂ ਵਿੱਚੋਂ ਕੱਢਣ ਦਾ ਹੈ, ਹਉਮੈ ਵਿੱਚੋਂ ਕੱਢਣ ਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਇਹ ਦਾਨ ਆਪ ਦਿੰਦਾ ਹੈ ਉਨ੍ਹਾਂ ਕੋਲੋਂ ਫਿਰ ਇਸ ਦਾਨ ਦਾ ਮਕਸਦ ਵੀ ਪੂਰਾ ਕਰਵਾਉਂਦਾ ਹੈ ਭਾਵ ਉਨ੍ਹਾਂ ਨੂੰ ਵਿਕਾਰਾਂ ਵਿੱਚੋਂ, ਹਉਮੈ ਵਿੱਚੋਂ ਕੱਢ ਲੈਂਦਾ ਹੈ ਕਿਉਂਕਿ ਸਾਡੇ ਅੰਦਰ ਸਾਡੀ ਸੋਝੀ ਦਾ ਮਾਲਕ ਉਹ ਆਪ ਹੀ ਹੈ। ਜਿਸ ਨੂੰ ਪ੍ਰਮਾਤਮਾ ਇਹ ਦਾਨ ਦਿੰਦਾ ਹੈ ਉਸ ਨੂੰ ਫਿਰ ਉਹ ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ, ਹਉਮੈ ਵਾਲੀ ਅਵਸਥਾ ਵਿੱਚੋਂ ਕੱਢ ਲੈਂਦਾ ਹੈ ਜਿਸ ਰਾਹੀਂ ਉਹ ਆਪ ਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ,

32/3684

ਆਪਣੇ ਉਪਦੇਸ਼ ਦਾ ਮਕਸਦ ਸਮਝਾਉਂਦਾ ਹੈ। (**ਨਿਰਮਲ ਮੰਤੁ ਦੇਇ ਜਿਸੁ ਦਾਨੁ ॥ ਤਜਹਿ ਬਿਕਾਰ ਬਿਨਸੈ ਅਭਿਮਾਨੁ ॥**) ਪ੍ਰਮਾਤਮਾ ਨੂੰ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਧਿਆਇਆ ਜਾਂਦਾ ਹੈ, ਜਪਿਆ ਜਾਂਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਏਕੁ ਧਿਆਈਐ ਸਾਧ ਕੈ ਸੰਗਿ ॥ ਪਾਪ ਬਿਨਾਸੇ ਨਾਮ ਕੈ ਰੰਗਿ ॥੩॥”

ਧਿਆਉਂਣਾ ਤਾਂ ਅਸਲ ਵਿੱਚ ਅਸੀਂ ਗੁਰੂ ਦੀ ਮਤਿ ਨੂੰ ਹੀ ਹੈ ਜਿਸ ਦਾ ਮਕਸਦ ਸਾਨੂੰ ਵਿਕਾਰਾਂ ਵਿੱਚੋਂ ਕੱਢਣ ਦਾ ਹੈ। ਜਦੋਂ ਇਕ ਵਾਰ ਗੁਰੂ ਦੀ ਮਤਿ ਸਾਡੇ ਧਿਆਨ ਅੰਦਰ ਵੱਸ ਜਾਂਦੀ ਹੈ ਫਿਰ ਸਾਡਾ ਉਸ ਮਤਿ ਦੇ ਨਾਲ, ਗੁਰੂ ਦੇ ਉਪਦੇਸ਼ ਦੇ ਨਾਲ, ਗੁਰੂ ਦੇ ਬਚਨਾਂ ਦੇ ਨਾਲ ਸੰਗਿ ਬਣਿਆ ਹੀ ਰਹਿੰਦਾ ਹੈ। ਮਨ ਦਾ ਇਹੋ ਜਿਹਾ ਸੰਗਿ, ਗੁਰੂ ਦੀ ਸੱਚੀ ਮਤਿ ਦੇ ਨਾਲ ਸੰਗਿ ਸਾਡਾ ਸਾਧ ਦੇ ਨਾਲ ਸੰਗਿ ਹੈ ਭਾਵ ਗੁਰੂ ਦੇ ਨਾਲ ਸੰਗਿ ਹੈ ਜੋ ਹਰ ਵੇਲੇ ਬਣਿਆ ਹੀ ਰਹਿੰਦਾ ਹੈ ਭਾਵ ਗੁਰੂ ਦੀ ਮਤਿ ਹਰ ਵੇਲੇ ਸਾਡੇ ਅੰਦਰ ਵੱਸੀ ਹੀ ਰਹਿੰਦੀ ਹੈ। ਇਹ ਮਤਿ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਹੈ ਜਿਸ ਕਰਕੇ ਉਹ “ਏਕੁ” ਸਾਡੇ ਅੰਦਰ, ਸਾਡੇ ਧਿਆਨ ਦੇ ਅੰਦਰ ਵਸਿਆ ਰਹਿੰਦਾ ਹੈ ਭਾਵ ਸੱਚੀ ਗੁਰਮਤਿ ਦੇ ਰੂਪ ਵਿੱਚ ਵਸਿਆ ਰਹਿੰਦਾ ਹੈ। ਮਨ ਦੀ ਇਹ ਅਵਸਥਾ ਨਾਮ ਦੇ ਰੰਗਿ ਵਿੱਚ ਰਹਿਣ ਦੀ ਅਵਸਥਾ ਹੈ ਭਾਵ ਮਨੁੱਖ ਦੇ ਅੰਦਰ ਨਾਮ ਦਾ ਰੰਗ ਚੜਿਆ ਰਹਿੰਦਾ ਹੈ, ਗੁਰਮਤਿ ਦਾ ਰੰਗ ਚੜਿਆ ਰਹਿੰਦਾ ਹੈ ਜਿਸ ਰੰਗ ਦੇ ਚੜਨ ਦੇ ਨਾਲ ਮਨੁੱਖ ਪਾਪਾਂ ਵਾਲੀ, ਅਉਗਣਾਂ ਵਾਲੀ ਬਿਰਤੀ ਵਿੱਚੋਂ ਨਿਕਲ ਜਾਂਦਾ ਹੈ ਭਾਵ ਉਸ ਦੇ ਅੰਦਰ ਸੱਚ ਵਸਿਆ ਰਹਿੰਦਾ ਹੈ ਤੇ ਉਹ ਗੁਣੀ ਬਣਕੇ ਵਿਚਰਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਫਿਰ ਮਨੁੱਖ ਹਰ ਵੇਲੇ ਨਾਮ ਹੀ ਧਿਆਉਂਦਾ ਹੈ ਭਾਵ ਮਨੁੱਖ ਦੀ ਹਰ ਕਰਨੀ ਵਿੱਚ, ਹਰ ਕਰਮ ਵਿੱਚ ਨਾਮ ਵਾਲੀ ਮਤਿ ਹੀ ਹੁੰਦੀ ਹੈ, ਸੱਚੇ ਸੁੱਚੇ ਕਰਮ ਹੀ ਹੁੰਦੇ ਹਨ। (**ਨਿਰਮਲ ਮੰਤ੍ਰੁ ਦੇਇ ਜਿਸੁ ਦਾਨੁ ॥ ਤਜਹਿ ਬਿਕਾਰ ਬਿਨਸੈ ਅਭਿਮਾਨੁ ॥ ਏਕੁ ਧਿਆਈਐ ਸਾਧ ਕੈ ਸੰਗਿ ॥ ਪਾਪ ਬਿਨਾਸੇ ਨਾਮ ਕੈ ਰੰਗਿ ॥3॥**)

ਗੁਰੂ ਕੋਲੋਂ ਉਪਦੇਸ਼ ਲੈਣ ਵਿੱਚ ਭਾਵ ਗੁਰੂ ਦੇ ਉਪਦੇਸ਼ ਦੇਣ ਵਿੱਚ ਤੇ ਦੂਸਰਿਆਂ ਕੋਲੋਂ ਉਪਦੇਸ਼ ਲੈਣ ਵਿੱਚ ਕੀ ਫਰਕ ਹੈ ਇਸ ਨੂੰ ਆਸਾਨੀ ਨਾਲ ਹਰ ਕੋਈ ਸਮਝ ਸਕਦਾ ਹੈ। ਗੁਰੂ ਸਾਨੂੰ ਕਿਹੋ ਜਿਹਾ ਨਾਮ ਜਪਣਾ ਸਿਖਾਉਂਦਾ ਹੈ ਤੇ ਦੂਸਰੇ ਸਾਨੂੰ ਕਿਹੋ ਜਿਹਾ ਨਾਮ ਜਪਣਾ ਸਿਖਾਉਂਦੇ ਹਨ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਗੁਰੂ ਸਾਨੂੰ ਅਉਗਣਾਂ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ ਤਾਂ ਜੋ ਸਾਡਾ ਸਭ ਦਾ ਸੰਸਾਰਿਕ ਜੀਵਨ ਚੰਗਾ ਬਣੇ ਜਿਸ ਵਿੱਚ ਮਨੁੱਖਤਾ ਦਾ ਭਲਾ ਹੈ। ਇਕ ਪਾਸੇ ਤਾਂ ਅਸੀਂ ਮਨੁੱਖਤਾ ਦੇ ਭਲੇ ਦੀਆਂ ਗੱਲਾਂ ਕਰਦੇ ਹਾਂ ਤੇ ਜਦੋਂ ਦੂਸਰਿਆਂ ਨੂੰ ਨਾਮ ਜਪਣਾ ਸਿਖਾਉਂਦੇ ਹਾਂ ਉਦੋਂ ਅਸੀਂ ਅਉਗਣਾਂ ਨੂੰ ਬਚਾਉਂਦੇ ਹਾਂ ਭਾਵ ਅਉਗਣਾਂ ਦੀ ਰਖਿਆ ਕਰਦੇ ਹਾਂ ਤੇ ਗੁਣਾਂ ਨੂੰ ਮਾਰਦੇ ਹਾਂ। ਗੁਰੂ ਦਾ ਉਪਦੇਸ਼ ਬਿਲਕੁਲ ਇਸ ਤੋਂ ਉਲਟ ਹੈ।

32/3685

ਗੁਰੂ ਅਉਗਣਾਂ ਨੂੰ ਮਾਰਨ ਦਾ ਉਪਦੇਸ਼ ਦਿੰਦਾ ਹੈ ਤੇ ਗੁਣਾਂ ਦੀ ਰਖਿਆ ਕਰਨ ਦਾ ਉਪਦੇਸ਼ ਦਿੰਦਾ ਹੈ। ਗੁਣਾਂ ਦੀ ਰਖਿਆ ਹੋਣ ਵਿੱਚ ਹੀ ਸਮਾਜ ਦੀ ਰਖਿਆ ਹੈ, ਮਨੁੱਖਤਾ ਦੀ ਰਖਿਆ ਹੈ ਭਾਵ ਮਨੁੱਖਤਾ ਦਾ ਭਲਾ ਹੈ। ਸੱਚ ਨਾਲ ਮਨੁੱਖਤਾ ਦਾ ਭਲਾ ਹੁੰਦਾ ਹੈ ਤੇ ਝੂਠ ਨਾਲ ਮਨੁੱਖਤਾ ਦਾ ਨੁਕਸਾਨ ਹੁੰਦਾ ਹੈ। ਉਹ ਗੁਰੂ ਦੀ ਕਿਹੋ ਜਿਹੀ ਮਤਿ ਹੈ ਜਿਸ ਨੂੰ ਇਹ ਭਰਮੇ ਹੋਏ ਇਸ ਗੱਲ ਦੇ ਨਾਲ ਜੋੜਦੇ ਹਨ ਕਿ ਬਸ ਇਕ ਅੱਖਰ ਨੂੰ ਜਪੀ ਜਾਵੋ ਤੇ ਇਸ ਨੂੰ ਹੀ ਵੱਡਾ ਗੁਣ ਬਣਾਈ ਬੈਠੇ ਹਨ ਤੇ ਹੋਰ ਵੀ ਇਹੋ ਜਿਹੇ ਅਨੇਕਾਂ ਕਿਰਿਆਚਾਰ ਬਣਾਏ ਹੋਏ ਹਨ ਜਿੰਨ੍ਹਾਂ ਨੂੰ ਉਹ ਆਪਣੇ ਗੁਣ ਸਮਝਦੇ ਹਨ। ਇਹੋ ਜਿਹੇ ਜੋ ਸੰਸਾਰ ਵਿੱਚ ਭਰਮ ਫੈਲਾਉਂਦੇ ਹਨ, ਅਉਗਣ ਫੈਲਾਉਂਦੇ ਹਨ ਉਨ੍ਹਾਂ ਨੂੰ ਜੇਕਰ ਨਾਮ ਦੀ ਸਮਝ ਹੋਵੇ ਤਾਂ ਫਿਰ ਉਹ ਇਹੋ ਜਿਹੀ ਬੁਰਾਈ ਤੋਂ ਬਚ ਸਕਦੇ ਹਨ ਜਿਸ ਲਈ ਉਨ੍ਹਾਂ ਨੂੰ ਬਾਣੀ ਵਿੱਚ ਬਾਰ ਬਾਰ ਮਾੜਾ ਕਿਹਾ ਹੈ, ਮੂਰਖ ਕਿਹਾ ਹੈ, ਨਾ ਸਮਝ ਕਿਹਾ ਹੈ।

ਨਾਮ ਨੂੰ ਸਮਝਣ ਵਿੱਚ ਇਹੋ ਜਿਹੇ ਕਿਤਨੇ ਕੂ ਭਰਮੇ ਹੋਏ ਹਨ ਆਉ ਇਸ ਗੱਲ ਨੂੰ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ ਜਿਸ ਰਾਹੀਂ ਬੜੇ ਹੀ ਗੂੜ ਤਰੀਕੇ ਨਾਲ ਇਹੋ ਜਿਹਿਆਂ ਦਾ ਭਰਮ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਰਾਮਕਲੀ ਮਹਲਾ ੫ ॥

“ਈਂਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥
ਊਪਰਿ ਚਰਨ ਤਲੈ ਆਕਾਸੁ ॥ ਘਟ ਮਹਿ ਸਿੰਧੁ ਕੀਓ ਪਰਗਾਸੁ ॥੧॥
ਐਸਾ ਸੰਮ੍ਰਥੁ ਹਰਿ ਜੀਉ ਆਪਿ ॥
ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ ॥੧॥ਰਹਾਉ ॥
ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥
ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਣਹੋਂਦੀ ਹਿਰੈ ॥੨॥
ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥
ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥
ਸੰਤ ਸਭਾ ਮਿਲਿ ਕਰਹੁ ਬਖਿਆਣ ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥
ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥੫੪॥”

(ਅੰਗ 900)

ਉਪਰਲੇ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਪਾਉਂਣ ਦੀ ਵਿਧੀ ਕੇਵਲ ਉਹੀ ਜਾਣ ਸਕਦਾ ਹੈ ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਜਿਵੇਂ ਕਿ ਉਸ ਦੇ ਭਗਤਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ। ਉਸ ਦਾ ਭਗਤ ਉਹੀ ਬਣਦਾ ਹੈ ਜੋ ਬ੍ਰਹਮ ਬੀਚਾਰ ਨੂੰ ਜਾਣ ਲੈਂਦਾ ਹੈ। ਬ੍ਰਹਮ ਬੀਚਾਰ ਬ੍ਰਹਮ ਦੇ ਕੋਲੋਂ ਹੀ ਮਿਲਦੀ ਹੈ ਤੇ ਇਸੇ ਲਈ ਸਾਰੀ ਗੁਰ ਬਾਣੀ ਵਿੱਚ ਬ੍ਰਹਮ ਬੀਚਾਰ ਹੈ ਜਿਸ ਰਾਹੀਂ ਗੁਰਬਾਣੀ ਸਾਰੇ ਸੰਸਾਰ ਨੂੰ ਇਕੋ ਜਿਹਾ ਭਗਤੀ ਦਾ ਮਾਰਗ ਸਮਝਾ ਰਹੀ ਹੈ ਜਿਸ ਰਾਹੀਂ ਮਨੁੱਖਤਾ ਦਾ ਭਲਾ ਹੁੰਦਾ ਹੈ। ਬ੍ਰਹਮ ਵਿਚਾਰ ਹੀ ਪ੍ਰਮਾਤਮਾ ਦੀ ਉਹ ਪੂੰਜੀ ਹੈ, ਉਸ ਦੀ ਗਿਆਨ ਰੂਪ ਪੂੰਜੀ ਹੈ, ਉਹ ਵੱਖਰ ਹੈ ਜਿਸ ਦੀ ਪ੍ਰਾਪਤੀ ਹੋਏ ਬਿਨਾ ਨਾ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਨਾ ਹੀ ਉਸ ਦੀ ਭਗਤੀ ਦੀ ਸਮਝ ਪੈਂਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਨਹੀਂ ਹੈ ਉਹ ਜਗ੍ਹਾ, ਜਗ੍ਹਾ ਸੰਸਾਰ ਨੂੰ ਭਗਤੀ ਸਮਝਾਉਂਣ ਵਿੱਚ ਲੱਗੇ ਹੋਏ ਹਨ, ਨਾਮ ਦੀ ਸਿਖਿਆ ਦੇਣ ਵਿੱਚ ਲੱਗੇ ਹੋਏ ਹਨ। ਗੁਰੂ ਦੇ ਸੱਚੇ ਉਪਦੇਸ਼ ਦੀ ਸੋਝੀ ਪਏ ਬਿਨਾ ਅਸੀਂ ਜਿਹੋ ਜਿਹੇ ਤਰੀਕਿਆਂ ਦੁਆਰਾ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ, ਉਸ ਦਾ ਨਾਮ ਜਪਣਾ ਸਮਝਦੇ ਹਾਂ ਉਸ ਤਰੀਕੇ ਦੁਆਰਾ

32/3686

ਪ੍ਰਮਾਤਮਾ ਨੂੰ ਪਾਉਂਣਾ ਨਾ ਮੁਮਕਿਨ ਹੈ ਤੇ ਇਹੀ ਗੱਲ ਸਾਨੂੰ ਉਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ, ਗਹਿਰੇ ਤਰੀਕੇ ਨਾਲ ਸਮਝਾਈ ਹੋਈ ਹੈ ਤੇ ਸਮਝ ਲਗਣ ਤੋਂ ਬਾਦ ਹੀ ਇਹ ਤਸੱਲੀ ਹੋਵੇਗੀ ਕਿ ਨਾਮ ਨੂੰ ਸਮਝਣ ਵਿੱਚ, ਭਗਤੀ ਨੂੰ ਸਮਝਣ ਵਿੱਚ ਹਰ ਕੋਈ ਕਿਤਨਾ ਕੂ ਭਰਮਿਆ ਹੋਇਆ ਹੈ ਤੇ ਕਿਹੋ ਜਿਹਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਸ਼ਬਦ ਦੇ ਪਹਿਲੇ ਪਦੇ ਰਾਹੀਂ ਉਹੋ ਜਿਹੀਆਂ ਗੱਲਾਂ ਦਾ ਬਿਆਨ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਕਰਨਾ ਨਾ ਮੁਮਕਿਨ ਹੈ।

“ਈਂਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥

ਊਪਰਿ ਚਰਨ ਤਲੈ ਆਕਾਸੁ ॥ ਘਟ ਮਹਿ ਸਿੰਧੁ ਕੀਓ ਪਰਗਾਸੁ ॥੧॥”

“ਬੈਸੰਤਰ” ਅਗਨੀ ਨੂੰ ਕਹਿੰਦੇ ਹਨ ਜੋ ਕਿ ਹਰ ਲੱਕੜ ਦੇ ਵਿੱਚ, ਬਾਲਣ ਦੇ ਵਿੱਚ ਹੁੰਦੀ ਹੈ ਤੇ ਅਗਨੀ ਕਦੇ ਵੀ ਲੱਕੜ ਤੋਂ ਵੱਖਰੀ ਨਹੀਂ ਹੋ ਸਕਦੀ ਭਾਵ ਇਹ ਨਾ ਮੁਮਕਿਨ ਹੈ। ਇਸੇ ਤਰ੍ਹਾਂ ਧਰਤੀ ਸਮੁੰਦਰਾਂ ਦੇ ਨਾਲ ਜੁੜੀ ਹੋਈ ਹੈ ਜਿਸ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ ਭਾਵ ਇਹ ਮਨੁੱਖੀ ਸਮਰਥਾ ਤੋਂ ਬਾਹਰ ਦੀ ਗੱਲ ਹੈ, ਨਾ ਮੁਮਕਿਨ ਹੈ। ਇਸੇ ਤਰ੍ਹਾਂ ਸਿਰ ਦੇ ਭਾਰ ਖੜਾ ਹੋ ਕੇ ਆਕਾਸ਼ ਉਤੇ ਦੀ ਬਜਾਏ ਸਾਨੂੰ ਥਲੇ ਦਿਸਣ ਲਗ ਪਵੇ ਇਹ ਨਾ ਮੁਮਕਿਨ ਹੈ। ਇਸੇ ਤਰ੍ਹਾਂ ਇਕ ਘੜੇ ਦੇ ਵਿੱਚ ਸਾਰੇ ਸਮੁੰਦਰ ਦਾ ਪਾਣੀ ਭਰਨ ਦੀ ਗੱਲ ਕਰਨਾ ਨਾ ਮੁਮਕਿਨ ਗੱਲ ਹੈ ਭਾਵ ਇਹ ਸਭ ਕੁਝ ਬੇ ਬੇਨਿਆਦ ਗੱਲਾਂ ਹਨ, ਮਨੁੱਖ ਦੀ ਸਮਰਥਾਂ ਤੋਂ ਬਾਹਰ ਦੀਆਂ ਗੱਲਾਂ ਹਨ। ਸਾਨੂੰ ਸਮਝਾਇਆ ਇਹ ਹੈ ਕਿ ਆਪਣੀ ਸਿਆਣਪ ਦੇ ਨਾਲ ਜੇਕਰ ਕੋਈ ਇਹ ਸਮਝੇ ਕਿ ਉਹ ਪ੍ਰਮਾਤਮਾ ਨੂੰ ਪਾ ਲਵੇਗਾ ਇਹ ਬਿਲਕੁਲ ਬੇ ਬੁਨਿਆਦ ਹੈ, ਨਾ ਮੁਮਕਿਨ ਹੈ (**ਈਂਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥ ਊਪਰਿ ਚਰਨ ਤਲੈ ਆਕਾਸੁ ॥ ਘਟ ਮਹਿ ਸਿੰਧੁ ਕੀਓ ਪਰਗਾਸੁ ॥1॥**)

ਪ੍ਰਮਾਤਮਾ ਲਈ ਸਭ ਕੁਝ ਮੁਮਕਿਨ ਹੈ ਭਾਵ ਜਦ ਤਕ ਪ੍ਰਮਾਤਮਾ ਆਪ ਨਹੀਂ ਚਾਹੁੰਦਾ ਉਸ ਨੂੰ ਕੋਈ ਨਹੀਂ ਜਾਣ ਸਕਦਾ। ਉਸ ਪ੍ਰਮਾਤਮਾ ਦੀ ਸਮਰਥਾ ਕਿਤਨੀ ਕੂ ਵੱਡੀ ਹੈ ਇਹ ਗੱਲ ਉਸ ਨੂੰ ਜਾਨਣ ਤੋਂ ਬਾਦ ਹੀ ਪਤਾ ਚਲਦੀ ਹੈ ਕਿ ਉਹ ਕਿਤਨਾ ਕੂ ਵੱਡਾ ਹੈ ਤੇ ਕਿਸ ਤਰੀਕੇ ਵੱਡਾ ਹੈ। ਉਸ ਦੇ ਭਗਤਾਂ ਨੇ ਉਸ ਨੂੰ ਜਾਣਿਆ ਹੈ, ਆਪਣੇ ਅੰਦਰੋਂ ਹੀ ਜਾਣਿਆ ਹੈ ਜਿਸ ਕਰਕੇ ਉਹ ਅੱਠੇ ਪਹਿਰ ਉਸ ਪ੍ਰਮਾਤਮਾ ਦੇ ਗਿਆਨ ਨਾਲ ਜੁੜੇ ਰਹਿੰਦੇ ਹਨ ਤੇ ਹਰ ਵੇਲੇ ਉਸ ਦੀ ਮਤਿ ਨੂੰ ਜਪਦੇ ਹਨ। ਉਨ੍ਹਾਂ ਨੂੰ ਆਪ ਭਗਤੀ ਦੀ ਸਮਝ ਹੈ ਜਿਸ ਕਰਕੇ ਉਹ ਦੂਸਰਿਆਂ ਨੂੰ ਭਗਤੀ ਸਮਝਾਉਂਦੇ ਹਨ। (**ਐਸਾ ਸੰਮ੍ਰਥੁ ਹਰਿ ਜੀਉ ਆਪਿ ॥) ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾਂ ਕਉ ਜਾਪਿ ॥1॥ ਰਹਾਉ ॥**)

ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਜੋ ਸਾਨੂੰ ਉਸ ਦੇ

ਭਗਤਾਂ ਨੇ ਸਮਝਾਇਆ ਹੈ ਕੇਵਲ ਉਸ ਤਰੀਕੇ ਪ੍ਰਮਾਤਮਾ ਨੂੰ ਪਾਉਂਣਾ ਹੀ ਮੁਮਕਿਨ ਹੈ ਤੇ ਆਪਣੀ ਕਿਸੇ ਵੀ ਸਿਆਣਪ ਦੁਆਰਾ ਉਸ ਪ੍ਰਮਾਤਮਾ ਨੂੰ ਪਾਉਂਣਾ ਨਾ ਮੁਮਕਿਨ ਹੈ, ਉਸ ਤਰੀਕੇ ਨਾ ਮੁਮਕਿਨ ਹੈ ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਅਸੀਂ ਕਿਹੋ ਜਿਹੇ ਨਾ ਮੁਮਕਿਨ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਪਾਉਂਣਾ ਸਮਝਦੇ ਹਾਂ, ਪਾਉਂਣ ਦੇ ਉਪਰਾਲੇ ਕਰਦੇ ਹਾਂ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਭਰਮਾਂ ਵਿੱਚੋਂ ਨਿਕਲੀਏ ਤੇ ਭਗਤੀ ਦੇ ਉਹੋ ਜਿਹੇ ਭਰਮ ਨਾ ਫੈਲਾਈਏ ਜਿੰਨ੍ਹਾਂ ਵਿੱਚ ਭਗਤੀ ਹੈ ਹੀ ਨਹੀਂ।

“ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥

ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਣਹੋਂਦੀ ਹਿਰੈ ॥੨॥”

ਪਹਿਲੀ ਪੰਗਤੀ ਰਾਹੀਂ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਕਿ ਦੁਧ ਵਿੱਚੋਂ ਮੱਖਣ ਨਿਕਲਦਾ ਹੈ ਭਾਵ ਪਹਿਲਾਂ ਦੁਧ ਬਣਦਾ ਹੈ ਤੇ ਤਾਂ ਹੀ ਉਸ ਵਿੱਚੋਂ ਮੱਖਣ ਨਿਕਲਦਾ ਹੈ ਭਾਵ ਮੱਖਣ ਦੀ ਪ੍ਰਾਪਤੀ ਕਰਨ ਲਈ ਪਹਿਲਾਂ ਦੁਧ ਦਾ ਹੋਣਾ ਜਰੂਰੀ ਹੈ। ਮੱਖਣ ਦੁੱਧ ਦਾ ਤੱਤ ਹੈ ਜਿਸ ਤੱਤ ਦੀ ਪ੍ਰਾਪਤੀ ਦੁਧ ਤੋਂ ਹੁੰਦੀ ਹੈ। ਸਾਡੇ ਜੀਵਨ ਦਾ ਮਕਸਦ ਤੱਤ ਦੀ ਪ੍ਰਾਪਤੀ ਕਰਨ ਨਾਲ ਹੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਉਸ ਤੱਤ ਦੀ ਪ੍ਰਾਪਤੀ ਹੈ। ਅਸੀਂ ਬਾਣੀ ਰਾਹੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ

ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਾਮ ਦੀ ਪ੍ਰਾਪਤੀ ਦੇ ਰੂਪ ਵਿੱਚ ਹੁੰਦੀ ਹੈ ਭਾਵ ਸਾਨੂੰ ਨਾਮ ਦਾ ਮਿਲਣਾ ਜਾਂ ਪ੍ਰਮਾਤਮਾ ਦਾ ਮਿਲਣਾ ਇਕੋ ਹੀ ਗੱਲ ਹੈ। ਜਿਵੇਂ ਮੱਖਣ ਦੀ ਪ੍ਰਾਪਤੀ ਦੁਧ ਰਾਹੀਂ ਹੁੰਦੀ ਹੈ ਭਾਵ ਕਿਸੇ ਸੱਚੀ ਵਿਧੀ ਦੁਆਰਾ ਹੁੰਦੀ ਹੈ ਉਸੇ ਤਰ੍ਹਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਵੀ ਕਿਸੇ ਵਿਧੀ ਦੁਆਰਾ ਹੁੰਦੀ ਹੈ ਜੋ ਵਿਧੀ ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੋਈ ਹੈ। ਜਿਵੇਂ ਕਿ ਅਸੀਂ ਬਾਰ ਬਾਰ ਸਮਝਿਆ ਹੈ ਪ੍ਰਮਾਤਮਾ ਨੂੰ ਪਾਉਣ ਦੀ ਵਿਧੀ ਗੁਣਾਂ ਦੁਆਰਾ ਵਿਚਰਨ ਦੀ ਹੈ, ਗੁਰਮਤਿ ਅਨੁਸਾਰ ਆਪਣਾ ਜੀਵਨ ਬਣਾਕੇ ਵਿਚਰਨ ਦੀ ਹੈ ਜਿਸ ਦੁਆਰਾ ਸਾਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਫਲ ਹੈ, ਉਸ ਦਾ ਗਿਆਨ ਰੂਪ ਫਲ ਹੈ, ਬ੍ਰਹਮ ਗਿਆਨ ਰੂਪ ਫਲ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਕੁਝ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੇ
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥2॥}

(ਅੰਗ 361)

32/3688

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰ ਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ 1170)

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥5॥}

(ਅੰਗ 1325)

ਸਲੋਕ ਮਃ ੧ ॥

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥}

(ਅੰਗ 147)

{ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥2॥}

(ਅੰਗ 1168)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥9॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥10॥}

(ਅੰਗ 759)

{ਗੁਰਮੁਖਿ ਨਾਮੁ ਪਦਾਰਥੁ ਲੇਇ ॥ ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥

ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ 1069)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥14॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥15॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥16॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥17॥5॥11॥}

(ਅੰਗ 1032)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥1॥
ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥1॥ ਰਹਾਉ ॥}

(ਅੰਗ 1159)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥3॥}

(ਅੰਗ 1152)

32/3689

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥1॥
ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥1॥ ਰਹਾਉ ॥}

(ਅੰਗ 1147)

{ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥
ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥
ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ ॥
ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ ॥}

(ਅੰਗ 443)

{ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥

ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥
ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥2॥}

(ਅੰਗ 46)

{ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜਿ੍ਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥1॥ ਰਹਾਉ ॥}

(ਅੰਗ 701)

{ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥3॥
ਪਰਹਰਿ ਲੋਭੁ ਨਿੰਦਾ ਕੂੜ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥4॥9॥}

(ਅੰਗ 598)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ 128)

{ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥5॥}

(ਅੰਗ 1188)

{ਨਿਰਭਉ ਨਾਮੁ ਵਿਸਾਰਿਆ ਨਾਲ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥
ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥}

(ਅੰਗ 1099)

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥
ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥}

(ਅੰਗ 419)

32/3690

{ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥
ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥}

(ਅੰਗ 468)

{ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥
ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥}

(ਅੰਗ 419)

{ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥}

(ਅੰਗ 595)

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥ ਮਨ ਸੰਤਨਾ ਕੈ ਚਰਨਿ ਲਾਗੁ ॥1॥}

(ਅੰਗ 409)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥}

(ਅੰਗ 578)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥
ਅਰਪਿ ਮਨੁ ਤਨੁ ਪ੍ਰਭੁ ਆਗੈ ਆਪੁ ਸਗਲ ਮਿਟਾਈਐ ॥}

(ਅੰਗ 704)

{ਤਜਿ ਮਾਨੁ ਮੋਹ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥1॥}

(ਅੰਗ 453)

{ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨ ਪਾਏ ॥੧॥}

(ਅੰਗ 1312)

{ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥1॥}

(ਅੰਗ 459)

{ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥
ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥}

(ਅੰਗ 847)

{ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥4॥}

(ਅੰਗ 832)

32/3691

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥
ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥ ਪਾਰਬ੍ਰਹਮੁ ਕਰੇ ਜਿਸੁ ਦਾਤਿ ॥3॥}

(ਅੰਗ 1148)

{ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥
ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥ ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥3॥}

(ਅੰਗ 1339)

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਨਾਨਕ ਗੁਰਮੁਖਿ ਉਤਰਹਿ ਪਾਰਿ ॥4॥}

(ਅੰਗ 1339)

{ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥
ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ ॥1॥ ਰਹਾਉ ॥}

(ਅੰਗ 1258)

{ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ 437)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ 117)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੇ ਆਤਮੈ ਹੋਇ ਪਰਗਾਸੁ ॥}

(ਅੰਗ 236)

{ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥4॥}

(ਅੰਗ 162)

{ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥2॥}

(ਅੰਗ 219)

{ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥1॥}

(ਅੰਗ 1000)

{ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥}

(ਅੰਗ 1026)

32/3692

{ਸਾਸਤ ਸਿੰਮ੍ਰਿਤਿ ਬੇਦ ਵਖਾਣੀ ॥ ਜਨਮੁ ਪਦਾਰਥੁ ਜੀਤੁ ਪਰਾਣੀ ॥
ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥}

(ਅੰਗ 1086)

{ਆਸਨੁ ਪਵਨ ਦੂਰਿ ਕਰਿ ਬਵਰੇ ॥ ਛੋਡਿ ਕਪਟੁ ਨਿਤ ਹਰਿ ਭਜੁ ਬਵਰੈ ॥1॥ ਰਹਾਉ ॥}

(ਅੰਗ 857)

{ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ ॥
ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ ॥}

(ਅੰਗ 543)

{ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥
ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥
ਜਿਸੁ ਤੂ ਮੇਲਹਿ ਸੇ ਤੁਧੁ ਮਿਲੈ ਸੋਈ ਸਚਿਆਰਾ ॥2॥}

(ਅੰਗ 786)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥}

(ਅੰਗ 58)

{ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥1॥ ਰਹਾਉ ॥}

(ਅੰਗ 361)

{ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥
ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥}

(ਅੰਗ 1192)

{ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮ ਲਗਾਨੀ ॥
ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥4॥}

(ਅੰਗ 1200)

{ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ ॥
ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥੧॥}

(ਅੰਗ 1218)

{ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥
ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ ॥1॥ ਰਹਾਉ ॥}

(ਅੰਗ 1258)

{ਕੀਨੋ ਰੀ ਸਗਲ ਸੰਗੀਗਾਰ ॥ ਤਜਿਓ ਰੀ ਸਗਲ ਬਿਕਾਰ ॥ ਧਾਵਤੋ ਅਸਥਿਰੁ ਥੀਆ ॥੧॥ ਰਹਾਉ ॥}

(ਅੰਗ 1271)

{ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥2॥}

(ਅੰਗ 1305)

{ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨੀ ਮਾਰਿਆ ॥
ਸਚੈ ਅੰਦਰਿ ਮਹਿਲ ਸਬਦਿ ਸਵਾਰਿਆ ॥

ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥
ਸਤਿਗੁਰੁ ਸੇਵਨਿ ਆਪਣਾ ਤਿਨ੍ਹਾ ਵਿਟਹੁ ਹਉ ਵਾਰਿਆ ॥5॥}

(ਅੰਗ 1280)

32/3693

{ਗੁਰਮੁਖਿ ਰਾਮ ਨਾਮਿ ਲਿਵ ਲਾਈ ॥ ਕੂੜੈ ਲਾਲਚਿ ਨਾ ਲਪਟਾਈ ॥}

(ਅੰਗ 1262)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥}

(ਅੰਗ 704)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥}

(ਅੰਗ 1051)

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥
ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ
ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ ॥1॥}

(ਅੰਗ 1118)

{ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥3॥}

(ਅੰਗ 1143)

{ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹ ਬਿਬਰਜਿਤ ਹਰਿ ਪਦੁ ਚੀਨੈ ਸੋਈ ॥1॥ ਰਹਾਉ ॥}

(ਅੰਗ 1123)

{ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥}

(ਅੰਗ 1001)

{ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧ ਸੰਗਿ ਮਿਟਿਆ ਅਭਿਮਾਨ ॥
ਐਸੇ ਸੰਤ ਭੇਟਹਿ ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ ॥2॥}

(ਅੰਗ 1151)

{ਮਾਤ ਗਰਭ ਮਹਿ ਅਗਨਿ ਨ ਜੋਹੈ ॥ ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥}

(ਅੰਗ 868)

{ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥6॥
ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥7॥}

(ਅੰਗ 241)

{ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥}

(ਅੰਗ 1271)

{ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥}

(ਅੰਗ 1279)

32/3694

{ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥
ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥3॥}

(ਅੰਗ 1264)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥1॥}

(ਅੰਗ 377)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥3॥}

(ਅੰਗ 740)

{ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥
ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ ॥1॥ ਰਹਾਉ ॥}

(ਅੰਗ 336)

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥1॥ ਰਹਾਉ ॥}

(ਅੰਗ 994)

{ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥}

(ਅੰਗ 1052)

{ਨਾਮਹੀਨ ਕਾਲਖ ਮੁਖਿ ਮਾਇਆ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ ॥੩॥}

(ਅੰਗ 366)

{ਬਾਬਾ ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥1॥ ਰਹਾਉ ॥}

(ਅੰਗ 482)

{ਸਾਮ ਵੇਦੁ ਰਿਗੁ ਜੁਜਰੁ ਅਥਰਬਣੁ ॥ ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ॥
ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੈ ਜਿਉ ਬੋਲਾਇਦਾ ॥9॥}

(ਅੰਗ 1038)

{ਕਾਮ ਕਰੇਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥2॥}

(ਅੰਗ 1325)

{ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥}

(ਅੰਗ 1244)

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥}

(ਅੰਗ 409)

32/3695

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥3॥}

(ਅੰਗ 578)

{ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥}

(ਅੰਗ 153)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥}

(ਅੰਗ 296)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ 230)

{ਹਉਮੈ ਮਾਰਿ ਸਚਿ ਲਿਵ ਲਾਈ ॥ ਸਦਾ ਰਹੈ ਹਰਿ ਨਾਮਿ ਲਿਵ ਲਾਈ ॥5॥}

(ਅੰਗ 231)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥}

(ਅੰਗ 36)

{ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥2॥}

(ਅੰਗ 29)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥}

(ਅੰਗ 88)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥}

(ਅੰਗ 1032)

{ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥}

(ਅੰਗ 298)

{ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੁਈ ਗੁਰਿ ਗਿਆਨੁ ਖੜਗੁ ਲੈ ਮਾਰੇ ॥7॥}

(ਅੰਗ 983)

{ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥
ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥2॥}

(ਅੰਗ 33)

32/3696

{ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥4॥}

(ਅੰਗ 1140)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥1॥}

(ਅੰਗ 453)

{ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥2॥
ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥
ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥}

(ਅੰਗ 46)

{ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥}

(ਅੰਗ 178)

{ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥4॥
ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥5॥}

(ਅੰਗ 431)

{ਕਾਮੁ ਕ੍ਰੋਧੁ ਲੋਭੁ ਤਿਆਗੁ ॥
ਮਨਿ ਸਿਮਰਿ ਗੋਬਿੰਦ ਨਾਮ ॥ ਹਰਿ ਭਜਨ ਸਫਲ ਕਾਮ ॥1॥ ਰਹਾਉ ॥}

(ਅੰਗ 408)

{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥1॥}

(ਅੰਗ 519)

{ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥
ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੇ ਆਏ ॥

ਸਚਾ ਨਾਮੁ ਨ ਲਗੋ ਮੀਠਾ ਜਿਤੁ ਨਾਮਿ ਨਵ ਨਿਧਿ ਪਾਏ ॥}

(ਅੰਗ 550)

{ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥
ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥}

(ਅੰਗ 802)

{ਚਰਣ ਕਮਲ ਉਰ ਅੰਤਰਿ ਧਾਰਹੁ ॥ ਬਿਖਿਆ ਬਨ ਤੇ ਜੀਉ ਉਧਾਰਹੁ ॥}

(ਅੰਗ 1004)

{ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥1॥}

(ਅੰਗ 1210)

{ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥}

(ਅੰਗ 502)

32/3697

{ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥}

(ਅੰਗ 1271)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥3॥}

(ਅੰਗ 740)

{ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥2॥}

(ਅੰਗ 614)

{ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥ ਮਹਾ ਗਰਤ ਮਹਿ ਨਿਘਰਤ ਜਾਤਾ ॥4॥}

(ਅੰਗ 741)

{ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥1॥}

(ਅੰਗ 820)

{ਸੁਖਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ ॥
ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੇ ਬਿਨਸਿਓ ਮੂੜ ਅਭਿਮਾਨੁ ॥੧॥}

(ਅੰਗ 979)

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥1॥ ਰਹਾਉ ॥}

(ਅੰਗ 218)

{ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥੧॥
ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥}

(ਅੰਗ 1255)

{ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥}

(ਅੰਗ 1000)

{ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥}

(ਅੰਗ 1149)

32/3698

{ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥}

(ਅੰਗ 885)

“ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ
ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ ॥”

(ਅੰਗ 1403)

{ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥}

(ਅੰਗ 1403)

{ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥}

(ਅੰਗ 1041)

{ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਣੀ ॥
ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਣੀ ॥3॥}

(ਅੰਗ 419)

{ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥}

(ਅੰਗ 21)

{ਸੁਖੁ ਸਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥1॥ ਰਹਾਉ ॥}

(ਅੰਗ 330)

{ਸੰਸਾਰੁ ਸਾਗਰੁ ਤਿਨ੍ੀ ਤਰਿਆ ਜਿਨ੍ੀ ਏਕੁ ਧਿਆਇਆ ॥

ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥}

(ਅੰਗ 461)

{ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥2॥}

(ਅੰਗ 113)

32/3699

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥}

(ਅੰਗ 600)

{ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ ॥
ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ ॥}

(ਅੰਗ 854)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥2॥}

(ਅੰਗ 1178)

{ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸ ਤਸਕਰ ਪੰਚ ਚੋਰ ਲਗਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ॥ ਮਨਮੁਖ ਅੰਧੁਲੇ ਖਬਰਿ ਨ ਪਈਆ ॥2॥}

(ਅੰਗ 833)

{ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥
ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥}

(ਅੰਗ 905)

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥}

(ਅੰਗ 503)

{ਮੰਗਲਵਾਰੇ ਲੇ ਮਾਹੀਤਿ ॥ ਪੰਚ ਚੋਰ ਕੀ ਜਾਣੈ ਰੀਤਿ ॥
ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥੩॥}

(ਅੰਗ 344)

{ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥

ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥}

(ਅੰਗ 1031)

{ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥੧੨॥}

(ਅੰਗ 1362)

{ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥
ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥}

(ਅੰਗ 1096)

32/3700

{ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ ॥
ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥}

(ਅੰਗ 1117)

{ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥5॥}

(ਅੰਗ 874)

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥1॥
ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥1॥ ਰਹਾਉ ॥}

(ਅੰਗ 15)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥}

(ਅੰਗ 732)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥4॥}

(ਅੰਗ 1199)

{ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ 39)

{ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥1॥}

(ਅੰਗ 558)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥}

(ਅੰਗ 55)

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥5॥}

(ਅੰਗ 1189)

{ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥1॥ ਰਹਾਉ ॥}

(ਅੰਗ 223)

32/3701

{ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ - ੧੧੮੮)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥}

(ਅੰਗ - ੧੦੫੧)

{ਅਵਗਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥}

(ਅੰਗ - ੫੯੮)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ - ੪੧੮)

{ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ ਗੁਰ ਕੈ ਸਬਦਿ ਆਪੁ ਪਛਾਣੁ ॥
ਸਾਚੀ ਰਾਸਿ ਸਾਚਾ ਵਾਪਾਰੁ ॥ ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥}

(ਅੰਗ - ੬੬੪)

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ ੩੬੧)

{ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ ॥
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥
ਗੁਰ ਪਰਸਾਦੀ ਗੁਣ ਪਾਈਅਨ੍ਹਿ ਜਿਸ ਨੋ ਨਦਰਿ ਕਰੇਇ ॥੧॥}

(ਅੰਗ ੧੦੯੨)

{ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥
ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥
ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥}

(ਅੰਗ ੨੨੨)

{ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥
ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥}

(ਅੰਗ ੯੩੧)

{ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥}

(ਅੰਗ ੨੪੧)

{ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥}

(ਅੰਗ ੧੦੨੯)

32/3702

{ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥}

(ਅੰਗ ੪੯੨)

{ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੭)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥}

(ਅੰਗ ੧੨੯)

{ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥
ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥}

(ਅੰਗ ੬੦੩)

{ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥}

(ਅੰਗ ੬੦੪)

{ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥}

(ਅੰਗ ੬੦੮)

{ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥
ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥}

(ਅੰਗ ੬੪੩)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥
ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ ੧੧੨੩)

{ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥}

(ਅੰਗ ੯੪੪)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥
ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ ੩੩)

32/3703

{ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥}

(ਅੰਗ ੯੨੦)

{ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥
ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥
ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥
ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ ॥}

(ਅੰਗ ੧੨੮੪)

{ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥
ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥}

(ਅੰਗ ੧੨੫੮)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ ੧੨੮)

ਉਪਰਲੇ ਸ਼ਬਦਾਂ ਦੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰਨ ਤੋਂ ਬਾਦ ਕੀ ਕੋਈ ਇਹ ਗੱਲ ਕਹਿ ਸਕਦਾ ਹੈ ਕਿ ਪ੍ਰਮਾਤਮਾ ਦੀ ਭਗਤੀ ਅਉਗਣਾਂ ਨੂੰ ਛੱਡਣ ਬਿਨਾਂ ਹੋ ਸਕਦੀ ਹੈ, ਨਾਮ ਦੀ ਪ੍ਰਾਪਤੀ ਅਉਗਣਾਂ ਨੂੰ ਛੱਡਣ ਬਿਨਾ ਹੋ ਸਕਦੀ ਹੈ। ਹਰ ਸ਼ਬਦ ਦੀਆਂ ਪੰਗਤੀਆਂ ਸਾਨੂੰ ਬੜੇ ਹੀ ਸਪਸ਼ਟ ਤਰੀਕੇ ਨਾਲ ਸਮਝਾ ਰਹੀਆਂ ਹਨ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਕੀ ਹੈ, ਉਸ ਦਾ ਨਾਮ ਜਪਣ ਦਾ ਤਰੀਕਾ ਕੀ ਹੈ ਤੇ ਨਾਮ ਦੀ ਪ੍ਰਾਪਤੀ ਹੋਣਾ ਕੀ ਹੈ। ਜੋ ਗੱਲ ਹਰ ਕਿਸੇ ਨੂੰ ਸਮਝ ਆ ਰਹੀ ਹੈ ਭਾਵ ਜਿਸ ਗੱਲ ਨੂੰ ਬਿਲਕੁੱਲ ਸਿੱਧੇ ਤੌਰ ਤੇ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਉਸ ਨੂੰ ਫਿਰ ਉਹ ਵੀ ਆਸਾਨੀ ਨਾਲ ਸਮਝ ਸਕਦੇ ਹਨ। ।ਜੋ ਸਾਨੂੰ ਨਾਮ ਜਪਣਾ ਸਿਖਾਉਂਦੇ ਹਨ ਤੇ ਇਹ ਸਮਝਾਉਂਦੇ ਹਨ ਕਿ ਕਿਸੇ ਅੱਖਰ ਨੂੰ ਰਟੀ ਜਾਣਾ ਹੀ ਨਾਮ ਹੈ, ਅਉਗਣ ਛਡਣੇ ਵੱਖਰੀ ਗੱਲ ਹੈ ਜੋ ਕਿ ਇਕ ਪਰਹੇਜ ਮਾਤਰ ਹੀ ਹਨ ਜਿਨ੍ਹਾ ਨੂੰ ਛਡਣਾ ਜਰੂਰੀ ਨਹੀ ਹੈ। ਦੂਸਰੀ ਗੱਲ ਨਾਮ ਦੀ ਪ੍ਰਾਪਤੀ ਕੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਕਿਉਕਿ ਪ੍ਰਮਾਤਮਾ ਆਪ ਹੀ ਨਾਮ ਰੂਪ ਹੈ ਜਿਸ ਦੀ ਪ੍ਰਾਪਤੀ ਚਉਥੇ ਪੱਦ ਵਿਚ ਪਹੁੰਚ ਕੇ ਹੁੰਦੀ ਹੈ, ਬ੍ਰਹਮ ਗਿਆਨ ਰੂਪ ਪਦ ਵਿਚ ਪਹੁੰਚ ਕੇ ਹੁੰਦੀ ਹੈ ਭਾਵ ਤ੍ਰੈ ਗੁਣ ਵਾਲੀ ਅਵਸਥਾ ਤੋਂ ਮੁਕਤਿ ਹੋ ਕੇ ਹੁੰਦੀ ਹੈ। ਨਾਮ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਣ ਦਾ ਤਰੀਕਾ ਪਹਿਲਾ ਅਉਗੁਣਾਂ ਨੂੰ ਛੱਡਣ ਦਾ ਹੈ ਭਾਵ ਗੁਣਾਂ ਨੂੰ ਅਪਣਾਉਣ ਦਾ ਹੈ। ਗੁਣਾਂ ਨੂੰ ਅਪਣਾਉਣ ਦਾ ਮਕਸਦ ਸਾਰੇ ਸੰਸਾਰ ਲਈ ਇਕੋ ਹੀ ਹੈ ਤਾਂ ਜੋ ਹਰ

32/3704

ਕੋਈ ਸੱਚੇ ਸੁੱਚੇ ਕਰਮ ਕਰੇ ਭਾਵ ਕੋਈ ਵੀ ਮਨੁੱਖ ਦੂਸਰੇ ਮਨੁੱਖ ਦਾ ਮਾੜਾ ਨਾ ਕਰੇ। ਕਿਸੇ ਇੱਕ ਧਰਮ ਵਿੱਚ ਆਸਥਾ ਰੱਖਣ ਵਾਲਾ ਕਿਸੇ ਦੂਸਰੇ ਧਰਮ ਵਿੱਚ ਆਸਥਾ ਰੱਖਣ ਵਾਲੇ ਨੂੰ ਮਾੜਾ ਨਾ ਸਮਝੇ ਭਾਵ ਸਭ ਨੂੰ ਇੱਕੋ ਜਿਹਾ ਸਮਝੇ ਤੇ ਆਪਣੀ ਹਰ ਗੱਲ ਵਿੱਚ ਸੱਚ ਨੂੰ ਉੱਚਾ ਕਰੇ, ਨਾਮ ਨੂੰ ਉੱਚਾ ਕਰੇ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਜਪਣ ਦਾ ਤਰੀਕਾ ਹੈ। ਸੱਚ ਤੇ ਚੱਲਣ ਦੁਆਰਾ ਹੀ ਸਾਡਾ ਉਸ ‘‘ਸਚੁ’’ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਨਾਮ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ।ਜਿਸ ਦੁਆਰਾ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਮੁਕਤੀ ਮਿਲਦੀ ਹੈ ਤੇ ਚਉਥੇ ਪਦ ਵਿੱਚ ਵਾਸਾ ਹੁੰਦਾ ਹੈ। ਇਹ ਚਉਥੇ ਪਦ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਤਤ ਦੀ ਪ੍ਰਾਪਤੀ ਹੈ, ਜੋ ਪ੍ਰਾਪਤੀ ਸਾਡੇ ਜੀਵਨ ਦਾ ਮਕਸਦ ਹੈ।ਮੁਖ ਸ਼ਬਦ ਰਾਹੀਂ ਸਾਨੂੰ ਇਹੋ ਜਿਹੀ ਪ੍ਰਾਪਤੀ ਦੀ ਗੱਲ ਹੀ ਸਮਝਾਈ ਹੋਈ ਹੈ ਜੋ ਕਿ ਦੁੱਧ ਦੇ ਰਾਹੀਂ ਮੱਖਣ ਦੀ ਪ੍ਰਾਪਤੀ ਹੈ। ਤਤ ਰੂਪ ਮਖਣ ਦੀ ਪ੍ਰਾਪਤੀ ਭਾਵ ਨਾਮ ਦੀ ਪ੍ਰਾਪਤੀ ਤਾਂ ਹਰ ਕੋਈ ਪਹਿਲੇ ਹੀ ਕਰੀ ਬੈਠਾ ਹੈ ਭਾਵ ਨਾਮ ਹਰ ਕਿਸੇ ਨੇ ਲਿਆ ਹੋਇਆ ਹੈ, ਪਰ ਉਹ ਨਾਮ ਲੈਣ ਦੀ ਵਿਧੀ ਕੀ ਹੈ, ਇਸ ਗੱਲ ਦੀ ਕਿਸੇ ਨੂੰ ਸਮਝ ਨਹੀਂ ਹੈ। ਜਿਵੇਂ ਮੱਖਣ ਦੀ ਪ੍ਰਾਪਤੀ ਦੁੱਧ ਤੋਂ ਹੁੰਦੀ ਹੈ ਇਸੇ ਤਰ੍ਹਾਂ ਨਾਮ ਰੂਪ ਫਲ ਦੀ ਪ੍ਰਾਪਤੀ, ਤੱਤ ਦੀ ਪ੍ਰਾਪਤੀ ਗੁਣਾਂ ਤੋਂ ਹੁੰਦੀ ਹੈ ਭਾਵ ਪਹਿਲੇ ਅਉਗਣਾਂ ਨੂੰ ਛੱਡਕੇ ਗੁਣਾਂ ਨੂੰ ਅਪਨਾਉਣ ਦੁਆਰਾ ਹੁੰਦੀ ਹੈ ਭਾਵ ਇਸ ਵਿਧੀ ਨੂੰ ਅਪਨਾਏ ਬਿਨਾ ਸਾਨੂੰ ਪ੍ਰਾਪਤੀ ਨਹੀਂ ਹੋ ਸਕਦੀ। ਜਿਹੋ ਜਿਹਾ ਨਾਮ ਅਸੀਂ ਸਮਝਿਆ ਹੋਇਆ ਹੈ ਉਸ ਨੂੰ ਅਸੀਂ ਅਉਗੁਣਾਂ ਵਿੱਚ ਰਹਿੰਦੇ ਹੋਏ ਹੀ ਜਪਣਾ ਸਮਝਿਆ ਹੋਇਆ ਹੈ ਜੋ ਕਿ ਕੇਵਲ ਸਾਡੀ ਪੁੱਠੀ ਮਤਿ ਦਾ ਨਤੀਜਾ ਹੈ ਹੋਰ ਕੁਝ ਨਹੀਂ।ਜਿਵੇਂ ਦੁੱਧ ਤੋਂ ਬਿਨਾ ਮੱਖਣ ਦੀ ਪ੍ਰਾਪਤੀ ਨਹੀਂ ਹੋ ਸਕਦੀ, ਇਸੇ ਤਰ੍ਹਾਂ ਗੁਣਾਂ ਤੋਂ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਨਾ ਮੁਮਕਿਨ ਹੈ, ਉਸੇ ਤਰ੍ਹਾਂ ਨਾ ਮੁਮਕਿਨ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ। (**ਈਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥ ਊਪਰਿ ਚਰਨ ਤਲੈ ਆਕਾਸੁ ॥ ਘਟ ਮਹਿ ਸਿੰਧੁ ਕੀਓ ਪਰਗਾਸੁ ॥1॥ ਐਸਾ ਸੰਮ੍ਰਥੁ ਹਰਿ ਜੀਉ ਆਪਿ ॥ ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ ॥1॥ ਰਹਾਉ ॥**)

ਅਸੀ ਪ੍ਰਮਾਤਮਾ ਨੂੰ ਆਪਣੀ ਮਤਿ ਦੀ ਸਮਰੱਥਾ ਦੁਆਰਾ ਪਾਉਂਣਾ ਚਾਹੁੰਦੇ ਹਾਂ, ਮਨਮਤਿ ਦੁਆਰਾ ਪਾਉਣਾ ਚਾਹੁੰਦੇ ਹਾਂ ਜੋ ਕਿ ਨਾ ਮੁਮਕਿਨ ਹੈ।ਇਸ ਗੱਲ ਨੂੰ ਕੇਵਲ ਉਹੀ ਜਾਣਦੇ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਭਾਵ ਉਸ ਦੇ ਭਗਤ ਹੀ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਪ੍ਰਮਾਤਮਾ ਨੂੰ ਆਪਣੀ ਮਤਿ ਤਿਆਗੇ ਬਿਨਾ ਨਹੀਂ ਪਾਇਆ ਜਾ ਸਕਦਾ। ਜੋ ਵਿਧੀ ਪ੍ਰਮਾਤਮਾ ਨੂੰ ਪਾਉਣ ਦੀ ਸਾਨੂੰ ਸਮਝਾਈ ਗਈ ਹੈ, ਗੁਰਬਾਣੀ ਰਾਹੀਂ ਸਮਝਾਈ ਗਈ ਹੈ। ਉਸ

32/3705

ਨੂੰ ਅਪਨਾਏ ਬਿਨਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਨਾਮ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਦੁੱਧ ਤੋਂ ਬਿਨਾ ਮੱਖਣ

ਦੀ ਪ੍ਰਾਪਤੀ ਨਹੀਂ ਹੋ ਸਕਦੀ, ਗੁਰਮਤਿ ਤੇ ਚਲੇ ਬਿਨਾ, ਮਨਮਤਿ ਛੱਡੇ ਬਿਨਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਗੁਣਾਂ ਨੂੰ ਅਪਨਾਏ ਬਿਨਾ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ, ਪਰ ਹਰ ਕੋਈ ਉਹੋ ਜਿਹੀ ਭਗਤੀ ਕਰਨ ਵਿੱਚ ਲੱਗਾ ਹੋਇਆ ਹੈ, ਉਹੋ ਜਿਹਾ ਨਾਮ ਜਪਣ ਵਿੱਚ ਲੱਗਾ ਹੋਇਆ ਹੈ, ਜਿਸ ਰਾਹੀਂ ਪ੍ਰਮਾਤਮਾ ਨੂੰ ਪਾਉਂਣਾ ਨਾ ਮੁਮਕਿਨ ਹੈ। ਅਸੀ ਪੁੱਠੇ ਮਾਰਗ ਤੇ ਤੁਰੇ ਹੋਏ ਹਾਂ। ਦੁੱਧ ਤੋਂ ਬਿਨਾਂ ਹੀ ਮੱਖਣ ਪ੍ਰਾਪਤੀ ਕਰੀ ਬੈਠੇ ਹਾਂ, ਗੁਣਾਂ ਨੂੰ ਅਪਨਾਏ ਬਿਨਾ ਹੀ ਨਾਮ ਦੀ ਪ੍ਰਾਪਤੀ ਕਰੀ ਬੈਠੇ ਹਾਂ। ਮੰਜਿਲ ਵਲ ਤੁਰੇ ਬਿਨਾਂ ਹੀ ਮੰਜਿਲ ਤੇ ਪਹੁੰਚੇ ਬੈਠੇ ਹਾਂ ਭਾਵ ਵੱਡੇ ਭਰਮ ਵਿੱਚ ਹਾਂ ਕਿ ਅਸੀ ਨਾਮ ਜਪ ਰਹੇ ਹਾਂ।(**ਪ੍ਰਥਮੇ ਮਾਖਨੁ ਪਾਛੈ ਦੂਧੁ ॥**)

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ ੩੬੧)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ ੪੧੮)

{ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥
ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥}

(ਅੰਗ ੪੧੯)

{ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥
ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥}

(ਅੰਗ ੫੦੩)

{ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥}

(ਅੰਗ ੧੦੨੬)

{ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥੧॥}

(ਅੰਗ ੧੨੨੦)

32/3706

{ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥

ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥}

(ਅੰਗ ੧੧੮੫)

ਅਸੀ ਜਿਹੋ ਜਿਹਾ ਨਾਮ ਨੂੰ ਸਮਝਿਆ ਹੋਇਆ ਹੈ ਉਹੋ ਜਿਹਾ ਨਾਮ ਆਪ ਜਪਦੇ ਹਾਂ ਤੇ ਦੂਸਰਿਆਂ ਨੂੰ ਇਹੋ ਜਿਹਾ ਨਾਮ ਜਪਣਾ ਹੀ ਸਮਝਾਉਂਦੇ ਹਾਂ। ਨਾ ਆਪ ਮਾਇਆ ਮੋਹ ਛੱਡਦੇ ਹਾਂ ਤੇ ਨਾ ਹੀ ਦੂਸਰਿਆਂ ਨੂੰ ਇਹ ਕੁਝ ਸਮਝਾਉਂਦੇ ਹਾਂ ਤੇ ਆਪਣੀ ਗੱਲ ਨੂੰ ਹੀ ਸੱਚ ਸਮਝਦੇ ਹਾਂ ਕਿ ਅਸੀ ਜੋ ਕੁਝ ਕਰ ਰਹੇ ਹਾਂ ਉਹ ਠੀਕ ਹੈ ਭਾਵ ਸਾਨੂੰ ਗੁਰਮਤਿ ਦੀ ਸੋਝੀਂ ਹੈ ਅਸੀ ਜੋ ਕੁਝ ਕਰ ਰਹੇ ਹਾਂ ਉਹ ਗੁਰਮਤਿ ਅਨੁਸਾਰ ਹੀ ਕਰ ਰਹੇ ਹਾਂ ਭਾਵ ਬਿਨਾ ਦੁੱਧ ਤੋਂ ਹੀ ਅਸੀ ਮੱਖਣ ਦੀ ਪ੍ਰਾਪਤੀ ਕਰਨ ਨੂੰ ਠੀਕ ਸਮਝਦੇ ਹਾਂ ਤੇ ਠੀਕ ਸਮਝਾਉਂਦੇ ਹਾਂ। ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਜਿਸ ਨੂੰ ਕਿ ਸਭ ਦੇ ਲਈ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਡਾ ਸਭ ਦਾ ਬੜਾ ਵੱਡਾ ਭਰਮ ਇਸ ਪੰਗਤੀ ਰਾਹੀਂ ਕੱਢਿਆ ਹੋਇਆ ਹੈ, ਬੜੇ ਹੀ ਗੂੜੇ ਤਰੀਕੇ ਨਾਲ ਕੱਢਿਆ ਹੋਇਆ ਹੈ।

“ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥”

“**ਮੈਲੂ ਕੀਨੋ ਸਾਬੁਨ ਸੂਧੁ**” ਤੋਂ ਭਾਵ ਹੈ ਮੈਲ ਨੇ ਸਾਬਣ ਨੂੰ ਸੁਧਿ ਕੀਤਾ ਭਾਵ ਮੈਲ ਨੇ ਸਾਬੁਣ ਦੀ ਮੈਲ ਕੱਢੀ, ਮੈਲ ਨੇ ਸਾਬਣ ਨੂੰ ਮੈਲਾ ਸਮਝਕੇ ਸਾਬੁਣ ਨੂੰ ਸ਼ੁਧਿ ਕੀਤਾ ਭਾਵ ਪੁੱਠਾ ਕੰਮ ਕੀਤਾ।ਸਾਬੁਣ ਦਾ ਮਕਸਦ ਮੈਲ ਕੱਢਣ ਲਈ ਹੁੰਦਾ ਹੈ ਕਿਉਂਕਿ ਸਾਬਣ ਖੁਦ ਮੈਲ ਤੋਂ ਰਹਿਤ ਹੁੰਦਾ ਹੈ।ਉਪਰ ਪੰਗਤੀ ਰਾਹੀਂ ਸਾਨੂੰ ਮਨਮਤਿ ਦਾ ਤੇ ਗੁਰਮਤਿ ਦਾ ਭੇਦ ਹੀ ਸਮਝਾਇਆ ਹੋਇਆ ਹੈ। ਘੱਟੋਂ ਘੱਟ ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੀ ਹੈ ਕਿ ਗੁਰਮਤਿ ਮੈਲ ਤੋਂ ਰਹਿਤ ਹੈ ਭਾਵ ਗੁਰਮਤਿ ਦੇ ਵਿੱਚ ਪੂਰਨ ਸੱਚ ਹੈ, ਸਬਦ ਦੀ ਵਿਚਾਰ ਵਿੱਚ ਪੂਰਨ ਸੱਚ ਹੈ।ਪੂਰਨ ਸੱਚ ਉਹ ਹੈ ਜੋ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ ਭਾਵ ਜਿਸ ਦੇ ਅੰਦਰ ਭਰਮ ਰੂਪ ਮੈਲ ਨਹੀਂ ਹੈ। ਚਉਥਾ ਪਦ ਭਰਮ ਤੋਂ ਰਹਿਤ ਹੈ। ਗੁਰਮਤਿ ਵਿੱਚ ਤੇ ਮਨਮਤਿ ਵਿੱਚ ਇਹੀ ਫਰਕ ਹੈ। ਮਨਮਤਿ ਉਹ ਹੈ ਜਿਸ ਦੇ ਅੰਦਰ ਭਰਮ ਰੂਪ ਮੈਲ ਹੈ, ਜਿਸ ਦੇ ਰਹਿੰਦੀਆਂ ਮਨੁੱਖ ਨੂੰ ਸੱਚ ਦੀ ਸਮਝ ਨਹੀਂ ਪੈਂਦੀ। ਭਰਮ ਰੂਪ ਮਤਿ ਸਾਡੇ ਮਨ ਨੂੰ ਮੈਲਾ ਬਣਾ ਕੇ ਰੱਖਦੀ ਹੈ, ਅਪਵਿਤਰ ਬਣਾ ਕੇ ਰਖਦੀ ਹੈ ਜਿਵੇਂ ਕਿ ਅਸੀ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ।

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥}

(ਅੰਗ ੪੭੨)

32/3707

ਮ: ੧ ॥

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥}

(ਅੰਗ ੪੭੨)

{ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

(ਅੰਗ ੪੭੨)

ਮਨ ਵਿੱਚ ਇਹ ਭਰਮ ਰੂਪ ਪੜਦਾ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੈ, ਜਿਸ ਦੁਆਰਾ ਮਨੁੱਖ ਹਉਮੈ ਵਿੱਚ ਰਹਿੰਦਾ ਹੈ।ਜਿਸ ਦੇ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦਾ ਸ਼ਬਦ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ, ਉਸ ਦਾ ਨਾਮ ਹੈ, ਉਸ ਦੀ ਦਿੱਤੀ ਹੋਈ ਸੱਚੀ ਮਤਿ ਹੈ ਜੋ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੈ, ਜਿਸ ਨੂੰ ਮੰਨਣ ਦੁਆਰਾ ਅਸੀ

ਭਰਮ ਵਿੱਚੋਂ ਨਿਕਲ ਸਕਦੇ ਹਾਂ ਭਾਵ ਮਨ ਦੀ ਮੈਲ ਵਿੱਚੋ ਨਿਕਲ ਸਕਦੇ ਹਾਂ ਜਿਵੇਂ ਕਿ ਹੇਠ ਦਿਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੁਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ ੬੭)

ਭਰਮ ਵਿੱਚ ਰਹਿੰਦੇ ਹੋਏ ਸਾਨੂੰ ਸੱਚੀ ਗੱਲ ਝੂਠੀ ਨਜਰ ਆਉਦੀ ਹੈ ਤੇ ਝੂਠੀ ਗੱਲ ਸੱਚੀ ਨਜਰ ਆਉਦੀ ਹੈ ਤੇ ਇਹੀ ਭਰਮ ਦਾ ਮਕਸਦ ਹੈ।

{ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥}

(ਅੰਗ ੬੫੭)

ਪ੍ਰਮਾਤਮਾ ਨੇ ਸੰਸਾਰ ਨੂੰ ਆਪ ਹੀ ਭਰਮ ਵਿੱਚ ਰਖਿਆ ਹੋਇਆ ਹੈ ਤੇ ਮਨ ਦੇ ਵਿਚ ਇਹ ਭ੍ਰਮ ਹੀ ਉਹ ਪੜਦਾ ਹੈ ਜਿਸ ਦੇ ਰਹਿੰਦਿਆ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁੰਦੇ ਹੋਏ ਵੀ ਸੋਝੀ ਨਹੀ ਪੈਂਦੀ ਇਹ ਪ੍ਰਮਾਤਮਾ ਦੀ ਪਾਈ ਹੋਈ ਆਪਣੀ ਹੀ ਜੁਗਤਿ ਹੈ ਜਿਸ ਦੁਆਰਾ ਮਨੁਖ ਚੌਥੇ ਪਦ ਨੂੰ ਸਮਝਣ ਤੋਂ ਦੂਰ ਰਹਿੰਦਾ ਹੈ ਜੋ ਕਿ ਮਨ ਦੇ ਅੰਦਰ ਹੀ ਹੈ, ਆਪ ਪ੍ਰਮਾਤਮਾ ਦੇ ਰੂਪ ਵਿੱਚ ਹੀ ਹੈ, ਸੱਚ ਦੇ ਰੂਪ ਵਿੱਚ ਹੀ ਹੈ ਜਿਸ ਨਾਲ ਜੁੜੇ ਬਿਨਾ ਕਿਸੇ ਨੂੰ ਪੂਰਣ ਰੂਪ ਵਿਚ ਸੱਚ ਦੀ ਸੋਝੀ ਪੈ ਨਹੀ ਸਕਦੀ ਭਾਵ ਹਰ ਮਨੁਖ ਦੁਬਿਧਾ ਵਿਚ, ਸਹਿਸਾ ਵਿਚ, ਭਰਮ ਵਿਚ, ਮਾਇਆ ਮੋਹ ਵਿਚ, ਪੁਠੇ ਕਮਲ ਵਾਲੀ ਅਵਸਥਾ ਵਿਚ ਭਾਵ ਮਨ ਦੀ ਅਗਿਆਨਤਾ ਵਿਚ ਹੀ ਰਹਿੰਦਾ ਹੈ ਕਿ ਸੰਸਾਰ ਦਾ ਅਸਲ ਸੱਚ ਕੀ ਹੈ ਤੇ ਉਸ ਸੱਚ ਰੂਪ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਸੱਚ ਤੇ ਚਲਣਾ ਕੀ ਹੈ।

32/3708

{ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ ੪੦)

{ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ ੫੧)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬)

{ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥}

(ਅੰਗ ੧੨੬)

{ਸੁਣਿ ਮਨ ਮੇਰੇ ਸਬਦੁ ਵੀਚਾਰਿ ॥ ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥੧॥ ਰਹਾਉ ॥
ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥
ਮਨਮੁਖਿ ਨ ਚੇਤੈ ਆਵੈ ਜਾਇ ॥੨॥
ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥
ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥
ਕਿਰਪਾ ਕਰਿ ਸਤਿਗੁਰੂ ਮਿਲਾਏ ॥ ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥}

(ਅੰਗ ੧੬੧)

{ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥
ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥
ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥}

(ਅੰਗ ੧੬੨)

{ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥}

(ਅੰਗ ੨੧)

{ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥
ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥}

(ਅੰਗ ੨੩)

{ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥

ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥}

(ਅੰਗ ੬੦)

32/3709

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥}

{ਅੰਗ ੬੦}

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥}

(ਅੰਗ ੪੪੫)

{ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥
ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥}

(ਅੰਗ ੨੯)

{ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥}

(ਅੰਗ ੨੯)

ਜਦ ਤਕ ਕਿਸੇ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਜਾਂਦਾ, ਮਨ ਦੇ ਵਿੱਚ ਪ੍ਰਮਾਤਮਾ ਦੇ ਬ੍ਰਹਮ ਗਿਆਨ ਰੂਪ ਨਾਲ ਮੇਲ ਨਹੀਂ ਹੋ ਜਾਂਦਾ ਤਦ ਤਕ ਕੋਈ ਵੀ ਮਨੁੱਖ ਭਰਮ ਤੋਂ ਰਹਿਤ ਨਹੀਂ ਹੈ, ਹਉਮੈ ਰੂਪ, ਅਗਿਆਨਤਾ ਰੂਪ, ਵਿਕਾਰ ਰੂਪ, ਮਾਇਆ ਮੋਹ ਰੂਪ ਮੈਲ ਤੋਂ ਰਹਿਤ ਨਹੀਂ ਹੈ ਭਾਵ ਹਰ ਕੋਈ ਮਨਮਤਿ ਵਿੱਚ ਹੀ ਹੈ। ਇਹ ਮਨਮਤਿ ਮਨੁੱਖ ਦਾ ਮੈਲ ਰੂਪ ਹੈ ਜੋ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਂਝੀ ਨਹੀਂ ਪੈਣ ਦਿੰਦੀ, ਸੱਚ ਦੀ ਪੂਰਨ ਰੂਪ ਵਿੱਚ ਸੋਝੀਂ ਨਹੀਂ ਪੈਣ ਦਿੰਦੀ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਬਹੁਤ ਹਨ ਤੇ ਧਰਮ ਦਾ ਪ੍ਰਚਾਰ ਕਰਨ

ਵਾਲੇ ਬਹੁਤ ਹਨ ਜੋ ਆਪਣੀ ਮਤਿ ਨੂੰ ਸੱਚੀ ਮਤਿ ਹੀ ਸਮਝਦੇ ਹਨ ਤੇ ਇਹੋ ਕੁਝ ਸਭ ਨੂੰ ਸਮਝਾਉਦੇ ਹਨ। ਸਾਨੂੰ ਨਾਮ ਜਪਣਾ ਇਹੋ ਜਿਹਿਆਂ ਨੇ ਹੀ ਸਮਝਾਇਆ ਹੈ।ਜੋ ਨਾਮ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਗਿਆ ਹੈ ਇਹ ਉਸ ਤੋਂ ਬਿਲਕੁਲ ਉਲਟ ਨਾਮ ਸਮਝਾਉਂਦੇ ਹਨ ਜੋ ਕਿ ਨਿਰਾ ਭਰਮ ਹੈ ਪਰ ਫਿਰ ਵੀ ਉਸ ਨੂੰ ਸੱਚ ਹੀ ਸਮਝਦੇ ਹਨ ਕਿ ਅਸੀ ਬਿਲਕੁਲ ਠੀਕ ਹਾਂ ਭਾਵ ਆਪਣੇ ਆਪ ਨੂੰ ਸ਼ਬਦਾਂ ਦੀ ਗਲਤ ਵਿਆਖਿਆ ਕਰਨ ਦੁਆਰਾ ਸੱਚਾ ਸਾਬਿਤ ਕਰਦੇ ਹਨ, ਝਠੀ ਗੱਲ ਨੂੰ

32/3710

ਸੱਚੀ ਸਾਬਿਤ ਕਰਦੇ ਹਨ। ਪੂਰੀ ਗੁਰਬਾਣੀ ਵਿੱਚ ਕਿਧਰੇ ਵੀ ਇਹ ਨਹੀਂ ਲਿਖਿਆ ਹੋਇਆ ਕਿ ਵਾਹਿਗੁਰੂ ਵਾਹਿਗੁਰੂ ਕਰੀ ਜਾਣਾ ਨਾਮ ਜਪਣਾ ਹੈ ਪਰ ਇਹੋ ਜਿਹੇ ਭਰਮੇ ਹੋਏ ਕੱਚੀਆ ਬਾਣੀਆ ਦਾ ਪ੍ਰਮਾਣ ਦੇ ਕੇ, ਕਚਿਆਂ ਦੀਆਂ ਗੱਲਾਂ ਦਾ ਪ੍ਰਮਾਣ ਦੇ ਕੇ ਆਪਣੀ ਗੱਲ ਨੂੰ ਸੱਚੀ ਸਾਬਿਤ ਕਰਦੇ ਹਨ।ਜਿਸ ਦੁਆਰਾ ਇਹ ਗੁਰੂ ਦੀ ਸੱਚੀ ਗੱਲ ਨੂੰ ਝੂਠਾ ਸਾਬਿਤ ਕਰਦੇ ਹਨ ਭਾਵ ਸੱਚੀ ਮਤਿ ਦੇ ਉਤੇ ਕੱਚੀ ਮਤਿ ਦੀ ਮੈਲ ਚੜਾਉਂਦੇ ਹਨ, ਸੱਚ ਦੇ ਉੱਤੇ ਝੂਠ ਦੀ ਮੈਲ ਚੜਾਉਂਦੇ ਹਨ, ਗੁਰਮਤਿ ਦ ਉੱਤੇ ਮਨਮਤਿ ਦੀ ਮੈਲ ਚੜਾਉਂਦੇ ਹਨ ਬਾਣੀ ਸਾਨੂੰ ਸਪਸ਼ਟ ਤੌਰ ਤੇ ਸਮਝਾ ਰਹੀ ਹੈ ਕਿ ਸਤਿਗੁਰੂ ਦੀ ਬਾਣੀ ਤੋਂ ਬਿਨਾਂ ਹੋਰ ਹਰ ਬਾਣੀ ਕੱਚੀ ਹੈ ਪਰ ਫਿਰ ਵੀ ਅਸੀ ਕੱਚੀਆਂ ਬਾਣੀਆਂ ਨੂੰ, ਕੱਚੀਆਂ ਸਾਖੀਆਂ ਨੂੰ, ਕਚਿਆਂ ਦੀ ਮਤਿ ਨੂੰ ਮੰਨਣ ਵਿੱਚ ਵਿਸਵਾਸ਼ ਕਰਦੇ ਹਾਂ ਭਾਵ ਉਨ੍ਹਾਂ ਦੀ ਮਤਿ ਗੁਰੂ ਦੀ ਮਤਿ ਤੇ ਪੂਰਾ ਨਹੀਂ ਉਤਰਦੀ। ਇਹ ਮਨਮਤਿ ਨੂੰ ਭਾਵ ਕੱਚੀ ਮਤਿ ਨੂੰ ਉੱਚਾ ਤੇ ਸੱਚੀ ਮਤਿ ਨੂੰ ਨੀਵਾਂ ਕਰਨ ਵਾਲੀ ਗੱਲ ਹੈ।ਗੁਰਮਤਿ ਸਾਬੁਣ ਰੂਪ ਹੈ ਜਿਸ ਨੇ ਸਾਡੀ ਮਨਮਤਿ ਰੂਪ ਮੈਲ ਧੋਣੀ ਹੈ ਪਰ ਇਹੋ ਜਿਹੇ ਉਲਟਾ ਮਨਮਤਿ ਦੁਆਰਾ ਗੁਰਮਤਿ ਨੂੰ ਧੋਣ ਲੱਗੇ ਹੋਏ ਹਨ ਕਿ ਸਾਨੂੰ ਸੱਚ ਦੀ ਸਮਝ ਹੈ ਤੇ ਗੁਰੂ ਨੂੰ ਸੱਚ ਦੀ ਸਮਝ ਨਹੀਂ ਹੈ ਭਾਵ ਸਾਡੇ ਮਨ ਦੀ ਮੈਲ ਸਾਬੁਣ ਨੂੰ ਸੁਧਿ ਕਰ ਰਹੀ ਹੈ ਭਾਵ ਭਰਮ ਸੱਚ ਨੂੰ ਸ਼ੁਧ ਕਰ ਰਿਹਾ ਹੈ। ਇਹ ਗੁਰੂ ਨੂੰ ਭਰਮ ਵਿੱਚ ਸਮਝਣ ਵਾਲੀ ਗੱਲ ਹੈ ਕਿ ਗੁਰੂ ਨੂੰ ਸਿੱਖਿਆ ਦੇਣੀ ਨਹੀਂ ਆਈ ਤੇ ਇਹ ਉਸ ਦੀ ਸਿੱਖਿਆਂ ਨੂੰ ਸੋਧਣ ਵਾਲੀ ਗੱਲ ਹੈ ਭਾਵ ਗੁਰੂ ਦਾ ਭਰਮ ਕੱਢਣ ਵਾਲੀ ਗੱਲ ਹੈ ਭਾਵ ਆਪਣਾ ਭਰਮ ਛੱਡਣ ਦੀ ਬਜਾਇ ਗੁਰੂ ਦੇ ਭਰਮ ਨੂੰ ਕੱਢਣ ਵਿੱਚ ਲੱਗੇ ਹੋਏ ਹਨ ਕਿ ਗੁਰੂ ਨੂੰ ਸੱਚ ਦੀ ਸਮਝ ਨਹੀਂ ਹੈ। ਬਾਣੀ ਸਾਨੂੰ ਬਾਰ ਬਾਰ ਇਹ ਗੱਲ ਸਮਝਾ ਰਹੀ ਹੈ ਕਿ ਪਹਿਲੇ ਅਉਗਣ ਛੱਡਣੇ ਜਰੂਰੀ ਹਨ ਭਾਵ ਗੁਣੀ ਬਣ ਕੇ ਵਿਚਰਨਾ ਜਰੂਰੀ ਹੈ ਤੇ ਪ੍ਰਮਾਤਮਾ ਦਾ ਨਾਮ ਫਲ ਦੇ ਰੂਪ ਵਿੱਚ ਮਿਲਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਮਿਲਦਾ ਹੈ ਪਰ ਇਹੋ ਜਿਹੇ ਭਰਮੇ ਹੋਏ ਇਹ ਸਮਝਾਉਦੇ ਹਨ ਕਿ ਪਹਿਲੇ ਕਿਸੇ ਅੱਖਰ ਨੂੰ ਜਪਣਾ ਨਾਮ ਜਪਣਾ ਹੈ ਤੇ ਗੁਣ ਬਾਦ ਵਿੱਚ ਮਿਲਦੇ ਹਨ ਭਾਵ ਅਉਗਣ ਛੱਡਣ ਦੀ ਲੋੜ ਨਹੀਂ ਹੈ। ਇਹਨਾਂ ਗੱਲਾਂ ਦੁਆਰਾ ਇਹ ਆਪਣੇ ਆਪ ਨੂੰ ਸੱਚਾ ਸਾਬਿਤ ਕਰਦੇ ਹਨ ਤੇ ਗੁਰੂ ਨੂੰ ਝੂਠਾ ਸਾਬਿਤ ਕਰਦੇ ਹਨ ਭਾਵ ਆਪਣੀ ਮਨਮਤਿ ਦੀ ਮੈਲ ਦੁਆਰਾ ਗੁਰਮਤਿ ਨੂੰ ਧੋਂਦੇ ਹਨ, ਗੁਰਮਤਿ ਨੂੰ ਸੋਧਦੇਂ ਹਨ, ਸ਼ੁਧਿ ਕਰਦੇ ਹਨ, ਗੁਰਮਤਿ ਨੂੰ ਠੀਕ ਕਰਨ ਵਿੱਚ ਲੱਗੇ ਹੋਏ ਹਨ, ਗੁਰੂ ਦਾ ਭਰਮ ਕੱਢਣ ਵਿੱਚ ਲੱਗੇ ਹੋਏ ਹਨ ਭਾਵ ਪੁੱਠੇ ਮਾਰਗ ਤੇ ਤੁਰੇ ਹੋਏ ਹਨ।ਨਾ ਇਹੋ ਜਿਹਿਆਂ ਨੂੰ ਖੁਦ ਧਰਮ ਦੇ ਮਾਰਗ ਦੀ ਸਮਝ ਹੈ ਤੇ ਦੂਸਰਿਆ ਨੂੰ ਵੀ ਪੁੱਠੇ ਮਾਰਗ ਤੇ ਤੋਰਨ ਵਿੱਚ ਲੱਗੇ ਹੋਏ ਹਨ ਭਾਵ ਮਨਮਤਿ ਨੂੰ ਉੱਚਾ ਕਰਨ ਵਿੱਚ ਤੇ ਗੁਰਮਤਿ ਨੂੰ ਨੀਵਾਂ ਕਰਨ ਵਿੱਚ ਲੱਗੇ ਹੋਏ ਹਨ, ਹਉਮੈ ਨੂੰ ਉੱਚਾ ਤੇ ਨਾਮ ਨੂੰ ਨੀਵਾਂ ਕਰਨ ਵਿੱਚ ਲੱਗੇ ਹੋਏ ਹਨ, ਅਗਿਆਨਤਾ ਨੂੰ ਉੱਚਾ ਤੇ ਸੱਚੇ ਗਿਆਨ ਨੂੰ ਨੀਵਾਂ ਸਾਬਿਤ ਕਰਨ ਵਿੱਚ ਲੱਗੇ ਹੋਏ ਹਨ। ਇਹ ਉਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਪਾਉਣ ਵਿੱਚ ਲੱਗੇ ਹੋਏ ਹਨ ਜਿੰਨ੍ਹਾਂ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਪਾਉਣਾ ਨਾ ਮੁਮਕਿਨ ਹੈ। (**ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥**)

32/3711

{ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥

ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥}

(ਅੰਗ ੩੨੬)

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥

ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥}

(ਅੰਗ ੧੩੨੫)

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥}

(ਅੰਗ ੧੧੭੦)

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥}

(ਅੰਗ ੧੪੭)

{ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥}

(ਅੰਗ ੧੧੬੮)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ ੧੦੬੯)

{ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥੨॥
ਕਲਿ ਮਹਿ ਆਇਆ ਸੋ ਜਨੁ ਜਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੩॥}

(ਅੰਗ ੧੩੨੮)

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ ੩੬੧)

{ਲੋਕੁ ਅਵਗਣਾ ਕੀ ਬੰਨ੍ਹੈ ਗੰਠੜੀ ਗੁਣ ਨ ਵਿਹਾਝੈ ਕੋਇ ॥
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥
ਗੁਰ ਪਰਸਾਦੀ ਗੁਣ ਪਾਈਅਨ੍ਹਿ ਜਿਸ ਨੋ ਨਦਰਿ ਕਰੇਇ ॥੧॥}

(ਅੰਗ ੧੦੯੨)

{ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥
ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥
ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥}

(ਅੰਗ ੨੨੨)

32/3712

{ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥
ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥}

(ਅੰਗ ੯੩੧)

{ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥}

(ਅੰਗ ੨੪੧)

{ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥}

(ਅੰਗ ੧੦੨੯)

{ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥}

(ਅੰਗ ੪੯੨)

{ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੭)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥}

(ਅੰਗ ੧੨੯)

{ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥

4214

ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥}

(ਅੰਗ ੬੦੩)

{ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥}

(ਅੰਗ ੬੦੪)

{ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥}

(ਅੰਗ ੬੦੮)

{ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥
ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥}

(ਅੰਗ ੬੪੩)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥
ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ ੧੧੨੩)

32/3713

{ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥}

(ਅੰਗ ੬੪੪)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥
ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ ੩੩)

{ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥
ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥

ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥
ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ ॥}

(ਅੰਗ ੧੨੮੪)

{ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥
ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥}

(ਅੰਗ ੧੨੫੮)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ ੧੨੮)

{ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥}

(ਅੰਗ ੯੪੪)

ਭੈਰਉ ਮਹਲਾ ੩ ॥

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

ਪਉੜੀ ॥

{ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ ॥
ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥
ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ ॥
ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ ॥
ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥
ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ ॥
ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ ॥
ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ ॥੩੦॥}

32/3714

ਉਪਰ ਦਿੱਤੇ ਹੋਏ ਕੁਝ ਸ਼ਬਦਾਂ ਦੀਆਂ ਪੰਗਤੀਆਂ ਨੂੰ ਪੜ ਕੇ ਹੀ ਇਸ ਗੱਲ ਦੀ ਅਸਾਨੀ ਨਾਲ ਸਮਝ ਲਗ ਜਾਂਦੀ ਹੈ ਕਿ ਨਾਮ ਕੀ ਹੈ, ਨਾਮ ਜਪਣਾ ਕੀ ਹੈ ਤੇ ਨਾਮ ਦੀ ਪ੍ਰਾਪਤੀ ਕੀ ਹੈ। ਸਾਰੀ ਗੱਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਹੈ ਭਾਵ ਇਸ ਗੱਲ ਨੂੰ ਮੰਨਣ ਦੀ ਹੈ ਕਿ ਗੁਰੂ ਜੋ ਵੀ ਕਹਿੰਦਾ ਹੈ ਉਹ ਸੱਚ ਹੈ ਤੇ ਉਸ ਵਿੱਚ ਰੱਤੀ ਭਰ ਵੀ ਝੂਠ ਨਹੀਂ ਹੈ। ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਆਉਣ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ, ਪ੍ਰਮਾਤਮਾ ਦੀ ਭਗਤੀ ਨੂੰ ਨਾ ਸਮਝਣ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ ਜੋ ਕਿ ਸਦੀਆਂ ਤੋਂ ਲੈ ਕੇ ਬਣਿਆ ਹੋਇਆ ਹੈ। ਉਸ ਭਰਮ ਨੂੰ ਅਸੀਂ ਸੱਚ ਮੰਨਿਆ ਹੋਇਆ ਹੈ ਜਿਸ ਕਰਕੇ ਸਾਡਾ ਅਸਲ ਸੱਚ ਤੇ ਵਿਸ਼ਵਾਸ ਹੀ ਨਹੀਂ ਟਿਕਦਾ। ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਬਹੁਤ ਉੱਚਾ ਮੰਨ ਚੁੱਕੇ ਹਾਂ ਅਸੀਂ ਉਹਨਾਂ ਨੂੰ ਭਾਵ ਉਨ੍ਹਾਂ ਦੀ ਸਿੱਖਿਆ ਨੂੰ ਸੱਚ ਕਰਕੇ ਮੰਨ ਚੁੱਕੇ ਹਾਂ ਜਿਸ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ। ਗੁਰੂ ਦੀ ਗੱਲ ਮੰਨਣ ਨਾਲ ਉਨ੍ਹਾਂ ਦਾ ਮਾਣ ਨੀਵਾਂ ਹੁੰਦਾ ਹੈ ਜੋ ਸਾਨੂੰ ਕਬੂਲ ਨਹੀਂ ਹੁੰਦਾ ਪਰ ਇਹ ਕੌੜਾ ਘੁਟ ਭਰੇ ਬਿਨਾਂ ਅਸੀਂ ਗੁਰੂ ਨੂੰ ਸੱਚਾ ਮਾਣ ਨਹੀਂ ਦੇ ਸਕਦੇ ਜੋ ਕਿ ਉਸ ਦੀ ਗੱਲ ਮੰਨ ਕੇ ਹੀ ਦਿੱਤਾ ਜਾ ਸਕਦਾ ਹੈ। ਜੇਕਰ ਅਸੀਂ ਆਪਣੇ ਆਪਣੇ ਸਿਰਮੌਰਾਂ ਨੂੰ ਮਾਣ ਉਨ੍ਹਾਂ ਦੀ ਗੱਲ ਮੰਨ ਕੇ ਦਿੰਦੇ ਹਾਂ ਇਸੇ ਤਰ੍ਹਾਂ ਗੁਰੂ ਨੂੰ ਮਾਣ ਦੇਣ ਦਾ ਤਰੀਕਾ ਕੋਈ ਵੱਖਰਾ ਨਹੀਂ ਹੈ। ਗੁਰੂ ਦਾ ਮਾਣ ਕਰਨ ਲਈ ਫਿਰ ਸਾਨੂੰ ਉਨ੍ਹਾਂ ਦਾ ਮਾਣ ਛੱਡਣਾ ਹੀ ਪਵੇਗਾ ਜਿਨ੍ਹਾਂ ਨੂੰ ਅਸੀਂ ਝੂਠਾ ਮਾਣ ਦਿੱਤਾ ਹੋਇਆ ਹੈ, ਮਨ ਦੇ ਭਰਮ ਕਰਕੇ ਮਾਣ ਦਿੱਤਾ ਹੋਇਆ ਹੈ। ਭਰਮ ਵਿੱਚੋਂ ਨਿਕਲਣ ਤੋਂ ਬਾਅਦ ਮਨੁੱਖ ਕੇਵਲ ਗੁਰੂ ਦੀ ਮਤਿ ਨੂੰ ਹੀ ਉੱਚਾ ਕਰਕੇ ਜਾਣਦਾ ਹੈ ਤੇ ਉਸ ਨੂੰ ਇਹ ਸਮਝ ਵੀ ਲਗ ਜਾਂਦੀ ਹੈ ਕਿ ਗੁਰੂ ਦਾ ਮਾਣ ਹੀ ਪ੍ਰਮਾਤਮਾ ਦਾ ਮਾਣ ਹੈ ਜੋ ਆਪ ਹੀ ਗੁਰੂ ਹੈ, ਸੱਚੀ ਸਿੱਖਿਆ ਦੇ ਰੂਪ ਵਿੱਚ ਗੁਰੂ ਹੈ। ਸਾਡੀ ਭਗਤੀ ਦਾ ਮਕਸਦ ਪ੍ਰਮਾਤਮਾ ਨੂੰ ਪ੍ਰਸੰਨ ਕਰਨ ਦੇ ਨਾਲ ਹੈ ਤੇ ਉਹ ਤਾਂ ਹੀ ਪ੍ਰਸੰਨ ਹੋਵੇਗਾ ਜਦੋਂ ਅਸੀਂ ਉਸ ਦੀ ਮਤਿ ਲੈ ਕੇ ਆਪਣੇ ਮਨ ਦੀ ਮਤਿ ਨੂੰ ਧੋਵਾਂਗੇ। ਆਪਣੀ ਮਤਿ ਨੂੰ ਧੋਣ ਦਾ ਉਪਰਾਲਾ ਅਸੀਂ ਤਾਂ ਹੀ ਕਰਾਂਗੇ ਜੇਕਰ ਪਹਿਲੇ ਅਸੀਂ ਇਸ ਗੱਲ ਨੂੰ ਮੰਨਾਂਗੇ ਕਿ ਅਸੀਂ ਭਰਮ ਵਿੱਚ ਹਾਂ। ਗੁਰੂ ਦਾ ਮਕਸਦ ਹੀ ਸਾਡੀ ਭਰਮ ਰੂਪ ਮੈਲ ਨੂੰ ਧੋਣ ਦਾ ਹੈ ਤੇ ਅਸੀਂ ਜਦ ਤਕ ਆਪਣੇ ਆਪ ਨੂੰ ਸੱਚਾ ਮੰਨਿਆ ਹੋਇਆ ਹੈ ਫਿਰ ਉਸ ਤੋਂ ਇਲਾਵਾ ਜੋ ਵੀ ਸਾਨੂੰ ਕੋਈ ਦੂਸਰੀ ਗੱਲ ਸਮਝਾਉਂਦਾ ਹੈ ਉਹ ਸੱਚੀ ਨਹੀਂ ਲੱਗਦੀ ਭਾਵੇਂ ਉਹ ਗੱਲ ਗੁਰੂ ਹੀ ਸਮਝਾ ਰਿਹਾ ਹੈ। ਭਰਮ ਆਪਣੇ ਆਪ ਵਿੱਚ ਬਹੁਤ ਉੱਚਾ ਹੈ ਜੋ ਹਰ ਵੇਲੇ ਸੱਚ ਨੂੰ ਨੀਵਾਂ ਕਰਦਾ ਹੈ, ਨਾਮ ਨੂੰ ਨੀਵਾਂ ਕਰਦਾ ਹੈ। ਜਿਤਨਾ ਕਿਸੇ ਦੇ ਅੰਦਰ ਭਰਮ ਜ਼ਿਆਦਾ ਹੈ ਉਤਨਾ ਹੀ ਉਹ ਨਾਮ ਦੀ ਮਤਿ ਨੂੰ ਨੀਵਾਂ ਕਰਦਾ ਹੈ। ਆਪਣੀ ਮਤਿ ਨੂੰ ਨੀਵਾਂ ਕੀਤੇ ਬਿਨਾਂ ਅਸੀਂ ਗੁਰੂ ਦੀ ਮਤਿ ਨੂੰ ਉੱਚਾ ਨਹੀਂ ਕਰ ਸਕਦੇ। ਆਪਣੀ ਮਤਿ ਨੂੰ ਨੀਵਾਂ ਕਰਨਾ ਹੀ ਆਪਣੀ ਮਤਿ ਨੂੰ ਧੋਣਾ ਹੈ, ਗੁਰੂ ਦੇ ਸ਼ਬਦ ਦੇ ਨਾਲ ਧੋਣਾ ਹੈ ਭਾਵ ਸ਼ਬਦ ਦੀ ਵੀਚਾਰ ਦੇ ਨਾਲ ਧੋਣਾ ਹੈ ਭਾਵ ਸ਼ਬਦ ਦੇ ਵਿਚਾਰਾਂ ਦੇ ਨਾਲ ਆਪਣੇ ਮਨ ਦੇ

32/3715

ਭਰਮ ਵਾਲੇ ਵਿਚਾਰਾਂ ਨੂੰ ਧੋਣਾ ਹੈ, ਉਨ੍ਹਾਂ ਨੂੰ ਸ਼ੁਧਿ ਕਰਨਾ ਹੈ ਜੋ ਕਿ ਆਪਣੀ ਮੈਲ ਧੋਣ ਦਾ ਤਰੀਕਾ ਹੈ। ਜੇਕਰ ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਠੀਕ ਸਮਝਕੇ ਉਨ੍ਹਾਂ ਨੂੰ ਸੱਚਾ ਸਾਬਿਤ ਕਰਾਂਗੇ ਇਹ ਫਿਰ ਉਲਟਾ ਸ਼ਬਦ ਦੇ ਵਿਚਾਰਾਂ ਨੂੰ ਧੋਣ ਵਾਲੀ ਗੱਲ ਹੈ ਜੋ ਕਿ ਬਿਲਕੁਲ ਹੀ ਪੁੱਠੀ ਮਤਿ ਹੈ ਤੇ ਇਹੋ ਜਿਹੀ ਮਤਿ ਨਾਲ ਪ੍ਰਮਾਤਮਾ ਨੂੰ ਪਾਉਣਾ ਨਾਮੁਮਕਿਨ ਹੈ। ਤ੍ਰੈ ਗੁਣਾਂ ਵਾਲੀ ਮਤਿ ਨੂੰ ਛੱਡੇ ਬਿਨਾਂ ਚਉਥੇ ਪਦ ਵਾਲੀ ਮਤਿ ਨੂੰ ਪਾਉਣਾ ਨਾਮੁਮਕਿਨ ਹੈ, ਆਪਣੀ ਸੁਰਤਿ ਦੇ ਵਿਚਾਰ ਛੱਡੇ ਬਿਨਾਂ ਸ਼ਬਦ ਦੇ ਵਿਚਾਰਾਂ ਨਾਲ ਸਾਂਝ ਪਾਉਣੀ ਨਾਮੁਮਕਿਨ ਹੈ। ਸ਼ਬਦ ਦੇ ਵਿਚਾਰ ਥਿਰ ਹਨ ਜੋ ਕਦੇ ਬਦਲ ਨਹੀਂ ਸਕਦੇ ਪਰ ਅਸੀਂ ਉਨ੍ਹਾਂ ਦੇ ਉਪਰ ਆਪਣੀ ਮਨਮਤਿ ਦਾ ਰੰਗ ਚੜਾਕੇ ਉਨ੍ਹਾਂ ਨੂੰ ਬਦਲਣ ਦਾ ਉਪਰਾਲਾ ਕਰਦੇ ਹਾਂ ਜਿਨ੍ਹਾਂ ਨੂੰ ਕਿ ਕਦੇ ਬਦਲਿਆ ਨਹੀਂ ਜਾ ਸਕਦਾ ਭਾਵ ਨਾਮੁਮਕਿਨ ਹੈ। ਬਾਣੀ ਸਾਨੂੰ ਬੜੇ ਸਪਸ਼ਟ ਤਰੀਕੇ ਨਾਲ ਸਮਝਾ ਰਹੀ ਹੈ ਕਿ ਕਿਸੇ ਅੱਖਰ ਨੂੰ ਜਪੀ ਜਾਣ ਨਾਲ ਸਾਡੇ ਵਿਕਾਰ ਨਹੀਂ ਨਿਕਲ ਸਕਦੇ ਪਰ ਅਸੀਂ ਫਿਰ ਵੀ ਇਸ ਗੱਲ ਦਾ ਦਾਵਾ ਕਰਦੇ ਹਾਂ ਕਿ ਵਿਕਾਰ ਕੱਢਣ ਦਾ ਇਹੀ ਮਾਰਗ ਹੈ ਭਾਵ ਆਪਣੀ ਝੂਠੀ ਮਤਿ ਨੂੰ ਸੱਚੀ ਸਾਬਿਤ ਕਰਦੇ ਹਾਂ।

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥}

(ਅੰਗ ੭੩੨)

ਬਾਣੀ ਸਾਨੂੰ ਨਾਲ ਇਹ ਵੀ ਸਮਝਾ ਰਹੀ ਹੈ ਕਿ ਹਰਿ ਹਰਿ ਕਰਨਾ ਕੀ ਹੈ ਭਾਵ ਪਹਿਲਾਂ ਅਉਗਣ ਛੱਡ ਕੇ ਗੁਣਾਂ ਦੁਆਰਾ ਵਿਚਰ ਕੇ ਹੀ ਹਰਿ ਹਰਿ ਹੁੰਦਾ ਹੈ ਪਰ ਇਹ ਭਰਮੇ ਹੋਏ ਆਪਣੀ ਜਿਦ ਤੇ ਅੜੇ ਰਹਿੰਦੇ ਹਨ ਕਿ ਅਸੀਂ ਹੀ ਠੀਕ ਹਾਂ ਭਾਵ ਗੁਰੂ ਗਲਤ ਹੈ ਭਾਵ ਅਸੀਂ ਗੁਰਮਤਿ ਨੂੰ ਗਲਤ ਸਾਬਿਤ ਕਰਦੇ ਹਾਂ ਭਾਵ ਆਪਣੀ ਮਨਮਤਿ ਦੀ ਮੈਲ ਗੁਰਮਤਿ ਤੇ ਚੜਾਉਂਦੇ ਹਾਂ।

{ਆਸਨੁ ਪਵਨ ਦੂਰਿ ਕਰਿ ਬਵਰੇ ॥ ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥੧॥ ਰਹਾਉ ॥}

(ਅੰਗ ੮੫੭)

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥
ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥}

(ਅੰਗ ੧੧੪੭)

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥}

(ਅੰਗ ੪੦੯)

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥}

(ਅੰਗ ੫੫੫)

32/3716

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥}

(ਅੰਗ ੫੭੮)

{ਸਾਸਤ ਸਿੰਮ੍ਰਿਤਿ ਬੇਦ ਵਖਾਣੀ ॥ ਜਨਮੁ ਪਦਾਰਥੁ ਜੀਤੁ ਪਰਾਣੀ ॥
ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥}

(ਅੰਗ ੧੦੮੬)

{ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥
ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥}

(ਅੰਗ ੧੧੯੨)

{ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ ॥
ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥੧॥}

(ਅੰਗ ੧੨੧੮)

{ਗੁਰਮੁਖਿ ਰਾਮ ਨਾਮਿ ਲਿਵ ਲਾਈ ॥ ਕੂੜੈ ਲਾਲਚਿ ਨਾ ਲਪਟਾਈ ॥

ਜੋ ਕਿਛੁ ਹੋਵੈ ਸਹਜਿ ਸੁਭਾਇ ॥ ਹਰਿ ਰਸੁ ਪੀਵੈ ਰਸਨ ਰਸਾਇ ॥੩॥}

(ਅੰਗ ੧੨੬੨)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥}

(ਅੰਗ ੭੪੦)

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥}

(ਅੰਗ ੯੯੪)

{ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥}

(ਅੰਗ ੧੨੪੪)

{ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥
ਹਰਿ ਭਜਨ ਸਫਲ ਕਾਮ ॥੧॥ ਰਹਾਉ ॥}

(ਅੰਗ ੪੦੮)

{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥}

(ਅੰਗ ੫੧੯)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥}

(ਅੰਗ ੬੦੦)

32/3717

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥}

(ਅੰਗ ੧੧੭੮)

{ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥
ਰਾਖੈ ਆਪਿ ਵਡਿਆਈ ਦੇਈ ॥੨॥}

(ਅੰਗ ੨੨੧)

{ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥}

(ਅੰਗ ੮੩੩)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ ੧੧੯੯)

{ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥}

(ਅੰਗ ੩੯)

ਪੂਰੀ ਗੁਰਬਾਣੀ ਸਾਨੂੰ ਇਹੋ ਜਿਹਾ ਨਾਮ ਜਪਣਾ ਹੀ ਸਮਝਾ ਰਹੀ ਹੈ ਜਿਹੋ ਜਿਹਾ ਅਸੀਂ ਉਪਰ ਕੁਝ ਥੋੜੇ ਜਿਹੇ ਸ਼ਬਦਾਂ ਦੁਆਰਾ ਸਮਝਿਆ ਹੈ। ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਗੱਲਾਂ ਨੂੰ ਆਪਣੀ ਮਤਿ ਦੁਆਰਾ ਭਗਤੀ ਦਾ ਮਾਰਗ ਬਣਾਇਆ ਹੋਇਆ ਹੈ ਤੇ ਆਪਣੇ ਤਰੀਕਿਆਂ ਨੂੰ ਸੱਚ ਸਮਝਿਆ ਹੋਇਆ ਹੈ ਤੇ ਉਹਨਾਂ ਦਾ ਖੁੱਲ ਕੇ ਪਰਚਾਰ ਕੀਤਾ ਜਾਂਦਾ ਹੈ। ਸਰੀਰਕ ਜਪਾਂ ਤਪਾਂ ਤੋਂ ਸਾਨੂੰ ਬਾਰ-ਬਾਰ ਮਨ੍ਹਾ ਕੀਤਾ ਹੋਇਆ ਹੈ ਤੇ ਛੱਡਣ ਲਈ ਸਮਝਾਇਆ ਹੋਇਆ ਹੈ ਕਿ ਭਾਵੇਂ ਕਰੋੜਾਂ ਸਾਲ ਇਹੋ ਜਿਹੀ ਭਗਤੀ ਵਿੱਚ ਲਗੇ ਰਹੋ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਪਰ ਭਰਮੇ ਹੋਏ ਇਸੇ ਨੂੰ ਹੀ ਸੱਚ ਕਹਿ ਕੇ ਗੁਰਮਤਿ ਨੂੰ ਝੂਠਾ ਸਾਬਿਤ ਕਰਦੇ ਹਨ ਕਿ ਮਨਮਤਿ ਸੱਚੀ ਹੈ ਤੇ ਗੁਰਮਤਿ ਝੂਠੀ ਹੈ ਭਾਵ ਅਸੀਂ ਗੁਰਮਤਿ ਰੂਪ ਸਾਬੁਣ ਨੂੰ ਮੈਲਾ ਕਰਦੇ ਹਾਂ। ਬਾਣੀ ਵਿਚ ਕਿਧਰੇ ਵੀ ਮਾਸ, ਸਾਗ ਵਿੱਚ ਭੇਦ ਨਹੀਂ ਸਮਝਾਇਆ ਹੋਇਆ ਬਲਕਿ ਸਾਡਾ ਭਰਮ ਕੱਢਿਆ ਹੋਇਆ ਹੈ ਕਿ ਮਾਸ ਸਾਗ ਖਾਣ ਦਾ ਧਰਮ ਨਾਲ ਸਬੰਧ ਨਹੀਂ ਹੈ ਜਿਵੇਂ ਕਿ ਅਸੀਂ ਪਿਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਭਰਮੇ ਹੋਏ ਇਸ ਗੱਲ ਦਾ ਜੋਰ ਸ਼ੋਰ ਨਾਲ ਪ੍ਰਚਾਰ ਕਰਦੇ ਹਨ ਤੇ ਝੂਠੇ ਪ੍ਰਮਾਣ ਦੇ ਕੇ ਆਪਣੀ ਮਤਿ ਨੂੰ ਸੱਚਾ ਬਣਾਉਂਦੇ ਹਨ ਤੇ ਗੁਰੂ ਦੀ ਮਤਿ ਨੂੰ ਝੂਠਾ ਸਾਬਿਤ ਕਰਦੇ ਹਨ। ਅਸਲ ਵਿੱਚ ਜਿਨ੍ਹਾਂ ਸਿਰਮੌਰਾਂ ਕੋਲੋਂ ਉਨ੍ਹਾਂ ਨੇ ਇਹ ਕੁਝ ਸਿੱਖਿਆ

ਹੋਇਆ ਹੈ ਉਹ ਉਨ੍ਹਾਂ ਨੂੰ ਹੀ ਭਾਵ ਉਨ੍ਹਾਂ ਦੀ ਮਤਿ ਨੂੰ ਹੀ ਉੱਚਾ ਕਰਨਾ ਸਮਝਦੇ ਹਨ ਭਾਵੇਂ ਉਸ ਦੇ ਨਾਲ ਗੁਰੂ ਦੀ ਮਤਿ ਨੀਵੀਂ ਹੁੰਦੀ ਹੈ ਤੇ ਇਸ ਗੱਲ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਹੈ। ਉਹ ਆਪਣੇ ਭਰਮ ਨੂੰ ਉੱਚਾ ਕਰਦੇ ਹਨ ਤੇ ਗੁਰਮਤਿ ਦੀ ਅਸਲੀਅਤ ਨੂੰ ਨੀਵਾਂ ਕਰਦੇ ਹਨ ਤੇ ਆਪਣੀ ਮਤਿ ਨੂੰ ਗੁਰਮਤਿ ਵਾਲੀ ਮਤਿ ਹੀ ਸਾਬਿਤ ਕਰਦੇ ਹਨ। ਬਾਣੀ ਵਿੱਚ ਬਾਰ-ਬਾਰ ਇਸ ਗੱਲ ਨੂੰ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਨਿਰਗੁਣ ਰੂਪ ਵਿੱਚ ਹੁੰਦਾ ਹੈ ਤੇ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕੇ। ਭਰਮੇ ਹੋਏ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਪਾਉਣ ਦੀਆਂ ਗੱਲਾਂ ਕਰਦੇ ਹਨ ਭਾਵ ਆਕਾਰ ਰੂਪ ਵਿਚ ਪਾਉਣ ਦੀਆਂ ਗੱਲਾਂ ਕਰਦੇ ਹਨ ਤੇ ਕਿਸੇ ਆਕਾਰ ਰੂਪ ਵਿੱਚ ਹੀ ਟਿਕਾਣਾ ਹੋਣਾ ਸਮਝਦੇ ਹਨ, ਕਿਸੇ ਖੰਡ ਦੇ ਵਿੱਚ ਹੋਣਾ ਸਮਝਦੇ ਹਨ ਭਾਵ ਕਿਸੇ ਖਾਸ ਜਗ੍ਹਾ ਤੇ ਪ੍ਰਮਾਤਮਾ ਦਾ ਹੋਣਾ ਸਮਝਦੇ ਹਨ ਜੋ ਕਿ ਬਿਲਕੁਲ ਹੀ ਬੇਬੁਨਿਆਦ ਹੈ ਜਿਸ ਦਾ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਘੋਰ ਖੰਡਣ ਕੀਤਾ ਹੋਇਆ ਹੈ, ਬੜੇ ਹੀ ਸਪਸ਼ਟ ਤਰੀਕੇ ਨਾਲ ਬਾਰ-ਬਾਰ ਖੰਡਣ ਕੀਤਾ ਹੋਇਆ ਹੈ ਪਰ ਇਹੋ ਜਿਹੇ ਭਰਮੇ ਹੋਏ ਫਿਰ ਵੀ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿਚ ਪਾਉਣਾ ਹੀ ਸਮਝਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਸਿਰਮੌਰ ਕੋਲੋਂ ਇਹੋ ਕੁਝ ਹੀ ਸਿੱਖਿਆ ਹੈ। ਉਹ ਸਿਰਮੌਰ ਦੀ ਗੱਲ ਨੂੰ ਸੱਚੀ ਮੰਨਦੇ ਹਨ ਤੇ ਗੁਰੂ ਦੀ ਗੱਲ ਨੂੰ ਸ਼ਰੇਆਮ ਝੂਠੀ ਮੰਨਦੇ ਹਨ ਭਾਵ ਗੁਰੂ ਦੀ ਮਤਿ ਤੇ ਉਨ੍ਹਾਂ ਨੂੰ ਰੱਤੀ ਭਰ ਵੀ ਵਿਸ਼ਵਾਸ ਨਹੀਂ ਹੈ। ਉਹ ਆਪਣੇ ਆਪ ਨੂੰ ਸੱਚਾ ਸਾਬਿਤ ਕਰਦੇ ਹਨ ਤੇ ਗੁਰੂ ਦੀ ਮਤਿ ਨੂੰ ਝੂਠਾ ਸਾਬਿਤ ਕਰਦੇ ਹਨ ਤੇ ਫਿਰ ਵੀ ਆਪਣੇ ਆਪ ਨੂੰ ਗੁਰਮਤਿ ਵਾਲਾ ਅਖਵਾਉਂਦੇ ਹਨ ਕਿ ਉਹਨਾਂ ਨੇ ਇਹ ਗੱਲ ਗੁਰੂ ਕੋਲੋਂ ਸਿਖੀ ਹੋਈ ਹੈ ਕਿ ਪ੍ਰਮਾਤਮਾ ਕਿਸੇ ਸਰਗੁਣ ਰੂਪ ਵਿੱਚ ਹੀ ਮਿਲਦਾ ਹੈ। ਉਹ ਗੁਰਮਤਿ ਰੂਪ ਸਾਬੁਣ ਨੂੰ ਮੈਲਾ ਕਰਕੇ ਆਪਣੀ ਮਤਿ ਨੂੰ ਉੱਚਾ ਸਾਬਿਤ ਕਰਦੇ ਹਨ। ਬਾਣੀ ਵਿੱਚ ਬਾਰ-ਬਾਰ ਸਮਝਾਇਆ ਹੋਇਆ ਹੈ ਕਿ ਸ਼ਬਦ ਦਾ ਮਕਸਦ ਸਾਨੂੰ ਗਿਆਨ ਦੇਣ ਦੇ ਲਈ ਹੈ, ਸਾਨੂੰ ਸਿੱਖਿਆ ਦੇਣ ਦੇ ਲਈ ਹੈ, ਸਾਨੂੰ ਹਉਮੈ ਵਿੱਚੋਂ ਕੱਢਣ ਦੇ ਲਈ ਹੈ ਪਰ ਭਰਮੇ ਹੋਏ ਸ਼ਬਦ

ਦੀ ਕਥਨੀ ਕਰਨ ਨੂੰ ਹੀ ਗੁਰਮਤਿ ਸਮਝਦੇ ਹਨ ਤੇ ਇਸੇ ਗੱਲ ਦਾ ਪ੍ਰਚਾਰ ਕਰਦੇ ਹਨ ਕਿ ਕਥਨੀ ਕਰੀ ਜਾਣ ਨਾਲ ਮਨੁੱਖ ਆਪੇ ਹੀ ਲੋਹੇ ਤੋਂ ਕੰਚਨ ਹੋ ਜਾਂਦਾ ਹੈ। ਨਾ ਉਨ੍ਹਾਂ ਨੂੰ ਲੋਹੇ ਦੀ ਸਮਝ ਹੈ ਤੇ ਨਾ ਹੀ ਸੋਨੇ ਦੀ ਸਮਝ ਹੈ। ਦੋਨਾਂ ਤੋਂ ਮਕਸਦ ਸਾਡੀ ਮਤਿ ਦੇ ਨਾਲ ਹੈ।

32/3719

ਸਾਡੀ ਮਾਇਆ ਮੋਹ ਵਾਲੀ ਮਤਿ ਲੋਹੇ ਵਾਲੀ ਮਤਿ ਹੈ ਤੇ ਸੋਨੇ ਵਾਲੀ ਮਤਿ ਪੂਰੀ ਤਰ੍ਹਾਂ ਅਉਗਣਾਂ ਤੋਂ ਰਹਿਤ ਮਤਿ ਹੈ, ਸੱਚੇ ਗਿਆਨ ਵਾਲੀ ਮਤਿ ਹੈ ਭਾਵ ਗੁਰੂ ਵਾਲੀ ਮਤਿ ਹੈ। ਪਰ ਇਹ ਭਰਮੇ ਹੋਏ ਆਪਣੀ ਇਹੋ ਜਿਹੀ ਮਤਿ ਨੂੰ ਹੀ ਗੁਰਮਤਿ ਵਾਲੀ ਮਤਿ ਸਮਝਦੇ ਹਨ ਤੇ ਇਹੋ ਜਿਹਾ ਪ੍ਰਚਾਰ ਹੀ ਕਰਦੇ ਹਨ ਕਿ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਵੋ ਤੇ ਤੁਸੀਂ ਆਪੇ ਹੀ ਕੰਚਨ ਹੋ ਜਾਵੋਗੇ ਭਾਵ ਗੁਰਮਤਿ ਦੇ ਉਲਟ ਪ੍ਰਚਾਰ ਕਰਕੇ ਵੀ ਉਹ ਆਪਣੇ ਆਪ ਨੂੰ ਗੁਰਮਤਿ ਵਾਲਾ ਸਾਬਿਤ ਕਰਦੇ ਹਨ ਜਿਸ ਦੁਆਰਾ ਉਹ ਮਨਮਤਿ ਨੂੰ ਉੱਚਾ ਕਰਦੇ ਹਨ, ਸਿਰਮੌਰਾਂ ਦੀ ਮਤਿ ਨੂੰ ਉੱਚਾ ਕਰਦੇ ਹਨ ਤੇ ਗੁਰੂ ਦੀ ਮਤਿ ਨੂੰ ਮੈਲਾ ਕਰਦੇ ਹਨ।

ਇਸੇ ਤਰ੍ਹਾਂ ਇਹ ਭਰਮੇ ਹੋਏ ਇਸ ਗੱਲ ਦਾ ਪ੍ਰਚਾਰ ਕਰਦੇ ਹਨ ਕਿ ਤੀਰਥਾਂ ਆਦਿ ਤੇ ਜਾ ਕੇ ਇਸ਼ਨਾਨ ਕਰਨ ਨਾਲ ਸਾਡੇ ਅਉਗੁਣ ਆਪੇ ਹੀ ਧੁਪ ਜਾਂਦੇ ਹਨ ਜੋ ਕਿ ਗੁਰਮਤਿ ਦੇ ਬਿਲਕੁਲ ਹੀ ਉਲਟ ਹੈ। ਅਸਲ ਤੀਰਥ ਗੁਰੂ ਦਾ ਸੱਚਾ ਗਿਆਨ ਹੈ ਜੋ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਗਿਆ ਹੈ ਜਿਸ ਦਾ ਮਕਸਦ ਸਾਡੇ ਮਨ ਦੀ ਮੈਲ ਉਤਾਰਨ ਲਈ ਹੈ। ਸਰਗੁਣ ਰੂਪ ਜਲ ਸਾਡੇ ਤਨ ਦੀ ਮੈਲ ਉਤਾਰਨ ਲਈ ਹੈ ਤੇ ਮਨ ਦੀ ਮੈਲ ਗਿਆਨ ਰੂਪ ਜਲ ਦਾ ਇਸ਼ਨਾਨ ਕਰਨ ਦੁਆਰਾ ਉਤਰਦੀ ਹੈ, ਅੰਮ੍ਰਿਤ ਰੂਪ ਜਲ ਦਾ ਇਸ਼ਨਾਨ ਕਰਨ ਨਾਲ ਉਤਰਦੀ ਹੈ ਜੋ ਇਸ਼ਨਾਨ ਸਾਡਾ ਮਨ ਕਰਦਾ ਹੈ। ਅਸਲ ਇਸ਼ਨਾਨ ਨੂੰ ਬਾਹਰੀ ਜਲ ਨਾਲ ਜੋੜਨਾ ਸਾਡਾ ਭਰਮ ਹੈ ਜਿਸ ਦਾ ਕਿ ਭਰਮੇ ਹੋਏ ਖੁੱਲ ਕੇ ਪ੍ਰਚਾਰ ਕਰਦੇ ਹਨ ਤੇ ਉਸੇ ਗੱਲ ਨੂੰ ਗੁਰਮਤਿ ਦਾ ਦਰਜਾ ਦਿੰਦੇ ਹਨ ਜੋ ਕਿ ਗੁਰਮਤਿ ਤੇ ਆਪਣੀ ਮੈਲ ਚੜਾਉਣ ਵਾਲੀ ਗੱਲ ਹੈ। ਇਸੇ ਤਰ੍ਹਾਂ ਬਾਣੀ ਵਿੱਚ ਗੁਰੂ ਦੇ ਸੱਚੇ ਗਿਆਨ ਨੂੰ ਸਾਡਾ ਨਾਮ ਧਨ ਦਸਿਆ ਹੈ, ਸਾਡੀ ਸੱਚੀ ਪੂੰਜੀ ਦਸਿਆ ਹੈ, ਸਾਡੀ ਸੱਚੀ ਰਾਸਿ ਦਸਿਆ ਹੈ ਪਰ ਇਹ ਭਰਮੇ ਹੋਏ ਕਿਸੇ ਅੱਖਰ ਨੂੰ ਬਾਰ-ਬਾਰ ਰਟੀ ਜਾਣਾ ਹੀ ਨਾਮ ਧਨ ਸਮਝਦੇ ਹਨ ਕਿਉਂਕਿ ਉਨ੍ਹਾਂ ਦੇ ਸਿਰਮੌਰ ਨੇ ਉਨ੍ਹਾਂ ਨੂੰ ਇਹੀ ਕੁਝ ਸਿਖਾਇਆ ਹੋਇਆ ਹੈ ਤੇ ਇਸੇ ਨੂੰ ਉਹ ਗੁਰਮਤਿ ਦਾ ਰੰਗ ਦਿੰਦੇ ਹਨ ਭਾਵ ਗੁਰਮਤਿ ਤੇ ਪੂਰਾ ਉਤਰਨਾ ਸਮਝਦੇ ਹਨ ਜੋ ਕਿ ਗੁਰਮਤਿ ਨੂੰ ਮੈਲਾ ਕਰਨ ਵਾਲੀ ਗੱਲ ਹੈ ਤੇ ਆਪਣੇ ਭਰਮ ਨੂੰ ਸੱਚਾ ਸਾਬਿਤ ਕਰਨ ਵਾਲੀ ਗੱਲ ਹੈ। ਇਸੇ ਤਰ੍ਹਾਂ ਸੁੱਚੇ ਚਉਕੇ ਤੇ ਸੁੱਚੇ ਖਾਣੇ ਨਾਲ ਜੁੜਿਆ ਹੋਇਆਂ ਦੀ ਗੱਲ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਦੂਸਰਿਆਂ ਤੋਂ ਵੱਖਰਾ ਤੇ ਉੱਚਾ ਸੁੱਚਾ ਸਾਬਿਤ ਕਰਦੇ ਹਨ ਤੇ ਉਸ ਨੂੰ ਗੁਰਮਤਿ ਦਾ ਰੰਗ ਦਿੰਦੇ ਹਨ ਕਿ ਉਹ ਗੁਰਮਤਿ ਅਨੁਸਾਰ ਚਲਦੇ ਹਨ ਭਾਵ ਆਪਣੀ ਮਨਮਤਿ ਨੂੰ, ਆਪਣੇ ਸਿਰਮੌਰਾਂ ਦੀ ਮਤਿ ਨੂੰ

32/3720

ਗੁਰਮਤਿ ਦੇ ਉਤੇ ਥੋਪਦੇ ਹਨ ਜਿਸ ਦੁਆਰਾ ਉਹ ਆਪਣੇ ਸਿਰਮੌਰ ਦਾ ਨਾਮ ਰੋਸ਼ਨ ਕਰਦੇ ਹਨ ਤੇ ਗੁਰਮਤਿ ਨੂੰ ਹਨੇਰੇ ਵਿੱਚ ਪਾਉਂਦੇ ਹਨ। ਇਸੇ ਤਰ੍ਹਾਂ ਜੋ ਸਭ ਤੋਂ ਜ਼ਰੂਰੀ ਸਮਝਣ ਵਾਲੀ ਗੱਲ ਹੈ ਕਿ ਗੁਰਬਾਣੀ ਨੂੰ ਸਮਝਣ ਵਾਲਾ ਕਿਸੇ ਦੂਸਰੇ ਧਰਮ ਵਿੱਚ ਆਸਥਾ ਰੱਖਣ ਵਾਲੇ ਨੂੰ ਮਾੜਾ ਨਹੀਂ ਕਹਿ ਸਕਦਾ, ਦੂਸਰਿਆਂ ਦੇ ਧਰਮ ਗ੍ਰੰਥਾਂ ਨੂੰ ਮਾੜਾ ਨਹੀਂ ਕਹਿ ਸਕਦਾ ਜਿਵੇਂ ਕਿ ਇਹ ਗੱਲ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ। ਇਹੋ ਜਿਹੇ ਵਿਚਾਰ ਰੱਖਣਾ ਸਾਡੀ ਬਹੁਤ ਵੱਡੀ ਨਾਸਮਝੀ ਹੈ ਪਰ ਇਹੋ ਜਿਹੇ ਵਿਚਾਰ ਰੱਖਣ ਵਾਲਿਆਂ ਦੀ ਕਮੀ ਨਹੀਂ ਭਾਵ ਬਹੁਤ ਹਨ ਪਰ ਫਿਰ ਵੀ ਆਪਣੇ ਆਪ ਨੂੰ ਗੁਰਮਤਿ ਦੇ ਪਹਿਰੇਦਾਰ ਅਖਵਾਉਂਦੇ ਹਨ ਜੋ ਕਿ ਵੱਡਾ ਭਰਮ ਹੈ ਤੇ ਗੁਰੂ ਦੀ ਮਤਿ ਨੂੰ ਘੋਰ ਮੈਲਾ ਕਰਨ ਵਾਲੀ ਗੱਲ ਹੈ। ਇਸੇ ਤਰ੍ਹਾਂ ਸਾਧ ਸੰਗਤਿ ਨੂੰ ਲੈ ਕੇ ਵੱਡਾ ਭਰਮ ਹੈ ਭਾਵ ਮਨੁੱਖੀ ਸੰਗਤਿ ਨੂੰ ਸਾਧ ਸੰਗਤਿ ਦਾ ਦਰਜਾ ਦਿੱਤਾ ਹੋਇਆ ਹੈ ਜਦ ਕਿ ਪੂਰੀ ਗੁਰਬਾਣੀ ਵਿੱਚ ਇਕ ਵੀ ਐਸੀ ਪੰਗਤੀ ਨਹੀਂ ਹੈ ਜਿਥੇ ਸਾਧ ਸੰਗਤਿ ਨੂੰ ਕੋਈ ਮਨੁੱਖੀ ਸੰਗਤਿ ਦਸਿਆ ਹੋਵੇ। ਸਾਧ ਸੰਗਤਿ ਗੁਰੂ ਦੇ ਵਿਚਾਰਾਂ ਦੇ ਨਾਲ ਸੰਗਤਿ ਹੈ, ਸ਼ਬਦ ਦੇ ਵਿਚਾਰਾਂ ਦੇ ਨਾਲ ਸੰਗਤਿ ਹੈ, ਗੁਰੂ ਦੇ ਬਚਨਾਂ ਦੇ ਨਾਲ ਸੰਗਤਿ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਭਰਮੇ ਹੋਏ ਮਨੁੱਖੀ ਸੰਗਤਿ ਨੂੰ ਹੀ ਸਾਧ ਸੰਗਤਿ ਕਹਿੰਦੇ ਹਨ ਤੇ ਖੁਲ ਕੇ ਇਸ ਗੱਲ ਦਾ ਪ੍ਰਚਾਰ ਕਰਦੇ ਹਨ ਜੋ ਸਾਨੂੰ ਸਾਧ ਸੰਗਤਿ ਦੇ ਅਸਲ ਮਕਸਦ ਤੋਂ ਦੂਰ ਕਰਦੇ ਹਨ ਭਾਵ ਗੁਰੂ ਦੀ ਮਤਿ ਨੂੰ ਨੀਵਾਂ ਕਰਦੇ ਹਨ, ਮੈਲਾ ਕਰਦੇ ਹਨ। ਇਸੇ ਤਰ੍ਹਾਂ ਸਹਜਿ ਦੀ

ਅਵਸਥਾ ਦੀ ਗੱਲ ਹੈ ਜਿਸ ਦੀ ਕਿ ਕਿਸੇ ਨੂੰ ਰੱਤੀ ਭਰ ਵੀ ਸਮਝ ਨਹੀਂ ਹੈ ਜੋ ਕਿ ਚਉਥੇ ਪਦ ਦੀ ਅਵਸਥਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ। ਇਸ ਅਵਸਥਾ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੀ ਇਹ ਅਵਸਥਾ ਹੀ ਸਾਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਮੁਕਤਿ ਕਰਦੀ ਹੈ, ਭਰਮ ਤੋਂ ਮੁਕਤਿ ਕਰਦੀ ਹੈ। ਇਹੋ ਜਿਹੀ ਅਵਸਥਾ ਦਾ ਬਿਆਨ ਕਰਨਾ ਆਪਣੇ ਆਪ ਨੂੰ ਚੌਥੇ ਪਦ ਵਾਲੀ ਅਵਸਥਾ ਵਾਲਾ ਸਮਝਣ ਵਾਲੀ ਗੱਲ ਹੈ ਜੋ ਕਿ ਵੱਡਾ ਭਰਮ ਹੈ। ਭਰਮ ਦੇ ਨਾਲ ਅਸੀਂ ਭਰਮ ਹੀ ਫੈਲਾਉਂਦੇ ਹਾਂ। ਇਸੇ ਲਈ ਕਿਸੇ ਨੂੰ ਸਹਜ ਦੀ ਅਵਸਥਾ ਵਿੱਚ ਤੇ

32/3721

ਭਰਮ ਦੀ ਅਵਸਥਾ ਵਿੱਚ ਭਾਵ ਨਾਮ ਵਾਲੀ ਅਵਸਥਾ ਵਿੱਚ ਤੇ ਹਉਮੈ ਵਾਲੀ ਅਵਸਥਾ ਵਿੱਚ ਫ਼ਰਕ ਦੀ ਸੋਝੀ ਨਹੀ ਹੈ। ਜਿਸ ਗੱਲ ਦਾ ਫ਼ਰਕ ਨਾ ਸਮਝ ਆ ਸਕੇ ਉਸ ਨੂੰ ਨਾ ਬਿਆਨ ਕਰਨਾ ਹੀ ਚੰਗਾ ਹੁੰਦਾ ਹੈ ਪਰ ਆਪਣੇ ਆਪ ਨੂੰ ਕੋਈ ਘਟ ਨਹੀਂ ਸਮਝਦਾ ਤੇ ਆਪਣੀ ਸੋਝੀ ਨੂੰ ਉੱਚਾ ਕਰਕੇ ਦਿਖਾਉਂਦਾ ਹੈ ਭਾਵੇਂ ਉਸ ਦੇ ਨਾਲ ਗੁਰਮਤਿ ਜਿਤਨੀ ਮਰਜੀ ਨੀਵੀਂ ਹੋ ਜਾਵੇ। ਸਾਡੀ ਬਹੁਤ ਵੱਡੀ ਨਾ ਸਮਝੀ ਇਸ ਗੱਲ ਵਿੱਚ ਹੈ ਕਿ ਗੁਰਬਾਣੀ ਰਾਹੀਂ ਸੰਤ ਕਿਸ ਨੂੰ ਕਿਹਾ ਹੈ, ਸਾਧ ਕਿਸ ਨੂੰ ਕਿਹਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਧ, ਸੰਤ, ਬ੍ਰਹਮ ਗਿਆਨੀ ਆਪ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਦੇਹ ਰੂਪ ਨਹੀਂ ਬਲਕਿ ਨਿਰੰਕਾਰ ਰੂਪ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਸਭ ਦੇ ਅੰਦਰ ਹੈ। ਜਿਥੇ ਉਹ ਆਪਣੇ ਆਪ ਨੂੰ ਪ੍ਰਗਟ ਕਰ ਲੈਂਦਾ ਹੈ ਉਹ ਉਸਦਾ ਸਾਧ ਰੂਪ, ਸੰਤ ਰੂਪ, ਬ੍ਰਹਮ ਗਿਆਨੀ ਰੂਪ ਹੈ। ਉਹ ਆਪਣੇ ਆਪ ਨੂੰ ਜੋਤਿ ਰੂਪ ਵਿੱਚ, ਬ੍ਰਹਮ ਗਿਆਨ ਰੂਪ ਵਿੱਚ, ਨਾਮ ਰੂਪ ਵਿੱਚ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਪ੍ਰਮਾਤਮਾ ਦਾ ਇਹ ਨਿਰੰਕਾਰ ਰੂਪ ਉਸ ਦਾ ਸੰਤ ਰੂਪ ਹੈ ਆਪਣੇ ਜਿਸ ਰੂਪ ਦੁਆਰਾ ਪ੍ਰਮਾਤਮਾ ਗੁਰਬਾਣੀ ਰਾਹੀਂ ਸਦਾ ਹੀ ਪ੍ਰਗਟ ਹੈ, ਬ੍ਰਹਮ ਗਿਆਨ ਰੂਪ ਦੁਆਰਾ ਪ੍ਰਗਟ ਹੈ, ਸ਼ਬਦਾਂ ਦੀ ਵੀਚਾਰ ਦੇ ਰੂਪ ਵਿੱਚ ਪ੍ਰਗਟ ਹੈ। ਪ੍ਰਮਾਤਮਾ ਦੇ ਇਸ ਨਿਰੰਕਾਰ ਰੂਪ ਦੀ ਸੋਝੀ ਪਏ ਬਿਨਾਂ ਹਰ ਕੋਈ ਦੇਹ ਰੂਪ ਨੂੰ ਹੀ ਸੰਤ ਰੂਪ ਸਮਝ ਬੈਠਦਾ ਹੈ, ਬ੍ਰਹਮ ਗਿਆਨੀ ਸਮਝ ਬੈਠਦਾ ਹੈ ਤੇ ਆਪਣੇ ਆਪ ਨੂੰ ਉੱਚਾ ਥਾਪ ਬੈਠਦਾ ਹੈ। ਉਹ ਆਪ ਤਾਂ ਵੱਡੇ ਭਰਮ ਵਿੱਚ ਰਹਿੰਦੇ ਹਨ ਤੇ ਉਹਨਾਂ ਨੂੰ ਸੰਤ ਆਦਿ ਸਮਝਣ ਵਾਲੇ ਵੀ ਵੱਡੇ ਭਰਮ ਵਿੱਚ ਹਨ। ਕਿਸੇ ਨੂੰ ਸੰਤ, ਬ੍ਰਹਮ ਗਿਆਨੀ ਆਦਿ ਦਾ ਰੁਤਬਾ ਦੇਣਾ ਜਾਂ ਲੈਣਾ ਗੁਰੂ ਦਾ ਨਿਰਾਦਰ ਕਰਨ ਵਾਲੀ ਗੱਲ ਹੈ, ਪ੍ਰਮਾਤਮਾ ਦਾ ਨਿਰਾਦਰ ਕਰਨ ਵਾਲੀ ਗੱਲ ਹੈ ਪਰ ਇਹੋ ਜਿਹਾ ਅਖਵਾਉਣ ਵਾਲੇ ਆਪਣੇ ਆਪ ਨੂੰ ਉੱਚੀ ਗੁਰਮਤਿ ਵਾਲਾ ਅਖਵਾਉਂਦੇ ਹਨ, ਗੁਰਮਤਿ ਦੀ ਸਿੱਖਿਆ ਦੇਣ ਵਾਲਾ ਅਖਵਾਉਂਦੇ ਹਨ। ਉਹ ਭਰਮ ਵਿੱਚ ਰਹਿੰਦੇ ਹਨ ਤੇ ਭਰਮ ਹੀ ਸਿਖਾਉਂਦੇ ਹਨ ਜਿਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਉਨ੍ਹਾਂ ਦੀਆਂ ਦਸੀਆਂ ਹੋਈਆਂ ਗੱਲਾਂ ਨੂੰ ਸੱਚ ਸਮਝਦੇ ਹਾਂ ਭਾਵੇਂ ਉਹ ਗੱਲ ਗੁਰਮਤਿ ਤੋਂ ਪੂਰੀ ਤਰ੍ਹਾਂ ਉਲਟ ਹੋਵੇ। ਅਸੀਂ ਜਿਹੋ ਜਿਹੇ ਭਗਤੀ ਦੇ ਮਾਰਗ ਸਿੱਖੇ ਹੋਏ ਹਨ, ਨਾਮ ਜਪਣੇ ਸਿੱਖੇ ਹੋਏ ਹਨ, ਵੱਖਰੀਆਂ ਵੱਖਰੀਆਂ ਮਰਿਯਾਦਾ ਆਦਿ ਸਿੱਖੀਆਂ ਹੋਈਆਂ ਹਨ ਉਹ ਇਹੋ ਜਿਹਿਆਂ ਦੀ ਦੇਣ ਹੈ ਤੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਅਸੀਂ ਗੁਰਮਤਿ ਵਾਲੀ ਸਿੱਖਿਆ ਮੰਨਦੇ ਹਾਂ ਤੇ ਇਸੇ ਲਈ ਸਾਨੂੰ ਗੁਰੂ ਦੀ ਸਿੱਖਿਆ ਤੇ ਵਿਸ਼ਵਾਸ ਨਹੀਂ ਆਉਂਦਾ। ਇਹਨਾਂ ਗੱਲਾਂ ਨਾਲ ਅਸੀਂ ਗੁਰਮਤਿ ਨੂੰ ਮੈਲਾ ਹੀ ਕਰਦੇ ਹਾਂ ਕਿਉਂਕਿ ਸੱਚੀ ਗੱਲ ਦਬੀ ਰਹਿੰਦੀ ਹੈ ਤੇ ਝੂਠੀ ਗੱਲ ਪ੍ਰਚਲਿਤ ਹੋ ਜਾਂਦੀ ਹੈ। ਸਭ ਪਾਸੇ ਇਹੋ ਕੁਝ ਹੀ ਹੋ ਰਿਹਾ ਹੈ। ਪੂਰੇ ਭਾਰਤ ਵਰਸ਼ ਵਿੱਚ ਖਾਸ ਕਰਕੇ ਇਹੀ ਕੁਝ ਦੇਖਣ ਨੂੰ ਮਿਲਦਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਕ੍ਰਿਸ਼ਚਨ ਭਾਈਚਾਰਾ ਇਸ ਗੱਲ ਨੂੰ ਫਿਰ ਵੀ ਕੁਝ ਚੰਗੇ ਤਰੀਕੇ ਨਾਲ ਸਮਝਦਾ ਹੈ ਕਿ ਸੰਤ ਦਾ ਰੁਤਬਾ ਕੀ ਹੁੰਦਾ ਹੈ। ਉਹ

32/3722

ਪ੍ਰਮਾਤਮਾ ਨੂੰ ਸੱਚ ਦੇ ਰੂਪ ਵਿਚ ਹੋਣਾ ਸਮਝਦੇ ਹਨ ਜੋ ਕਿ ਸਚਾਈ ਹੈ। (**ਗਾਡ ਇਜ਼ ਟਰੂਥ**) ਉਹ ਸੱਚ ਨੂੰ ਉੱਚਾ ਮੰਨਦੇ ਹਨ ਭਾਵੇਂ ਪ੍ਰਮਾਤਮਾ ਨਿਰਗੁਣ ਰੂਪ ਵਿੱਚ ਸਾਡੇ ਅੰਦਰ ਕਿਵੇਂ ਵਿਚਰਦਾ ਹੈ ਇਸ ਗੱਲ ਦੀ ਸੋਝੀ ਉਹਨਾਂ ਨੂੰ ਵੀ ਨਹੀਂ ਹੈ ਪਰ ਇਸ ਗੱਲ ਨੂੰ ਉਹ ਸਮਝਦੇ ਹਨ ਕਿ ਸੱਚ ਨੂੰ ਉੱਚਾ ਕਰਨਾ ਹੀ ਪ੍ਰਮਾਤਮਾ ਨੂੰ ਉੱਚਾ ਕਰਨਾ ਹੈ, ਸੱਚ ਦੀ ਪੂਜਾ ਕਰਨੀ ਹੀ ਪ੍ਰਮਾਤਮਾ ਦੀ ਪੂਜਾ ਕਰਨੀ ਹੈ। ਸੰਤ ਦਾ ਦਰਜਾ ਉਹ ਵੀ ਮਨੁੱਖ ਨੂੰ ਹੀ ਦਿੰਦੇ ਹਨ ਪਰ ਉਹ ਇਹ ਦਰਜਾ ਦੇਣ ਤੋਂ ਪਹਿਲਾਂ ਉਸ ਦੇ ਪੂਰੇ ਜੀਵਨ ਦੀ ਪੜਤਾਲ ਕਰਦੇ ਹਨ ਕਿ ਉਹ ਮਨੁੱਖ ਕਿਤਨਾ ਕੁ ਪਰਉਪਕਾਰੀ ਹੋ ਕੇ ਜੀਵਿਆ ਹੈ ਭਾਵ ਉਸ ਦੇ ਚੰਗੇ ਕਰਮ ਹੋਣ ਕਰਕੇ ਹੀ ਉਹ ਕਿਸੇ ਵਿਰਲੇ ਨੂੰ, ਕਰੋੜਾਂ ਵਿੱਚ ਕਦੇ ਹੀ ਕਿਸੇ ਨੂੰ ਇਹ ਦਰਜਾ ਦਿੰਦੇ ਹਨ ਭਾਵ ਉਹ ਸੱਚ

ਦੀ ਕਦਰ ਪਾਉਂਦੇ ਹਨ। ਭਾਰਤ ਵਰਸ਼ ਵਿੱਚ ਅਸੀਂ ਕੇਵਲ ਮਨੁੱਖ ਦੀਆਂ ਸਰੀਰਕ ਕਿਰਿਆਵਾਂ ਨੂੰ ਦੇਖਦੇ ਹਾਂ, ਉਸ ਦੇ ਸਰੀਰਕ ਜਪਾਂ ਤਪਾਂ ਨੂੰ ਦੇਖਦੇ ਹਾਂ ਕਿ ਕਿਸੇ ਨੇ ਕਿਤਨੀਆਂ ਕੂ ਸਮਾਧੀਆਂ ਲਾਈਆਂ ਹਨ, ਕਿਸੇ ਨੇ ਕਿਤਨਾ ਕੂ ਸਮਾਂ ਜੰਗਲਾਂ ਵਿੱਚ ਬਿਤਾਇਆ ਹੈ, ਕਿਸੇ ਨੇ ਕਿਤਨਾ ਕੂ ਸਮਾਂ ਭੋਰੇ ਵਿੱਚ ਬਿਤਾਇਆ ਹੈ, ਕਿਸ ਨੇ ਕਿਤਨਾ ਕੂ ਸਮਾਂ ਕਿਸੇ ਖਾਸ ਵੇਲੇ ਨੂੰ ਉੱਚਾ ਕੀਤਾ ਹੈ, ਕਿਸੇ ਨੇ ਕਿਤਨਾ ਕੂ ਜਿਆਦਾ ਪਾਠ ਪੜੇ ਹਨ, ਕਿਤਨਾ ਕੂ ਸਮਾਂ ਪਾਠ ਪੜੇ ਹਨ, ਕਿਤਨੇ ਕੂ ਜਿਆਦਾ ਦਿਨ ਰਾਤ ਧਰਮ ਸਥਾਨਾਂ ਤੇ ਮੱਥੇ ਟੇਕੇ ਹਨ ਭਾਵ ਕਿਸੇ ਨੇ ਕਿਤਨਾ ਕੂ ਭਗਤੀ ਦਾ ਦਿਖਾਵਾ ਕੀਤਾ ਹੈ। ਅਸੀਂ ਦਿਖਾਵੇ ਦੀ ਕਦਰ ਪਾਉਂਦੇ ਹਾਂ ਕਿਉਂਕਿ ਸਾਨੂੰ ਸਮਝ ਹੀ ਨਹੀਂ ਕਿ ਸੱਚ ਕਿਸ ਨੂੰ ਕਹਿੰਦੇ ਹਨ। ਅਸੀਂ ਆਪਣੇ ਹਰ ਦਿਖਾਵੇ ਨੂੰ ਸੱਚ ਹੀ ਸਮਝਦੇ ਹਾਂ, ਆਪਣੇ ਗੁਣ ਹੀ ਸਮਝਦੇ ਹਾਂ ਤੇ ਅਉਗਣ ਛੱਡਣਾ ਕੀ ਹੈ ਤੇ ਕਿਤਨਾ ਕੂ ਜ਼ਰੂਰੀ ਹੈ ਇਸ ਨੂੰ ਅਸੀਂ ਆਪਣੀ ਭਗਤੀ ਵਿੱਚ ਸ਼ਾਮਿਲ ਹੀ ਨਹੀਂ ਕੀਤਾ ਭਾਵੇਂ ਸਾਨੂੰ ਗੁਰਬਾਣੀ ਬਾਰ-ਬਾਰ ਇਹ ਸਮਝਾ ਰਹੀ ਹੈ ਕਿ ਬਿਨਾਂ ਗੁਣਾਂ ਤੋਂ ਭਗਤੀ ਹੋ ਹੀ ਨਹੀਂ ਸਕਦੀ, ਬਿਨਾਂ ਅਉਗਣ ਛੱਡੇ ਭਗਤੀ ਹੋ ਹੀ ਨਹੀਂ ਸਕਦੀ, ਬਿਨਾਂ ਭਗਤੀ ਦੇ ਦਿਖਾਵੇ ਛੱਡੇ ਭਗਤੀ ਹੋ ਹੀ ਨਹੀਂ ਸਕਦੀ ਪਰ ਅਸੀਂ ਫਿਰ ਵੀ ਹਰ ਦਿਖਾਵੇ ਨੂੰ ਗੁਰਮਤਿ ਦਾ ਦਰਜਾ ਦਿੱਤਾ ਹੋਇਆ ਹੈ ਭਾਵ ਅਸੀਂ ਗੁਰਮਤਿ ਨੂੰ ਮੈਲਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੋਈ ਤੇ ਇਸੇ ਲਈ ਸਾਨੂੰ ਬਾਰ-ਬਾਰ ਇਹਨਾਂ ਗੱਲਾਂ ਲਈ ਮਾੜਾ ਕਿਹਾ ਗਿਆ ਹੈ ਕਿਉਂਕਿ ਅਸੀਂ ਆਪਣੀਆਂ ਇਹੋ ਜਿਹੀਆਂ ਗੱਲਾਂ ਦੁਆਰਾ ਗੁਰਮਤਿ ਨੂੰ ਨਿੰਦਦੇ ਹਾਂ, ਸੱਚੇ ਸੰਤ ਦੀ ਨਿੰਦਾ ਕਰਦੇ ਹਾਂ। ਜਿਥੇ ਵੀ ਅਸੀਂ ਆਪਣੀ ਮਤਿ ਨੂੰ ਉੱਚਾ ਕਰਦੇ ਹਾਂ ਉਥੇ ਗੁਰਮਤਿ ਦੀ ਨਿੰਦਾ ਆਪੇ ਹੀ ਹੋ ਜਾਂਦੀ ਹੈ ਭਾਵੇਂ ਇਹ ਸਭ ਕੁਝ ਅਸੀਂ ਭਰਮ ਵਿੱਚ ਹੀ ਕਰਦੇ ਹਾਂ ਤੇ ਇਸੇ ਲਈ ਸਾਨੂੰ ਗੁਰਬਾਣੀ ਬਾਰ-ਬਾਰ ਸਮਝਾ ਰਹੀ ਹੈ ਕਿ ਭਰਮ ਵਿੱਚੋਂ ਨਿਕਲੋ ਤੇ ਸੱਚ ਨੂੰ ਸਮਝੋ, ਮਨ ਦੀ ਕਲਿ ਵਿੱਚੋਂ ਨਿਕਲੋ ਤੇ ਗੁਰੂ ਦੀ ਮਤਿ ਨਾਲ ਜੁੜੋ ਤੇ ਤਾਂ ਹੀ ਅਸੀਂ ਗੁਰਮਤਿ ਨੂੰ ਮੈਲਾ ਕਰਨ ਤੋਂ ਬਚ ਸਕਦੇ ਹਾਂ, ਸਾਬੁਨ ਨੂੰ ਮੈਲਾ ਕਰਨ ਤੋਂ ਬਚ ਸਕਦੇ ਹਾਂ। (**ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥**)

32/3723

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੯)

ਮਃ ੩ ॥

{ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੨॥}

(ਅੰਗ ੫੧੭)

ਸਿਰੀਰਾਗੁ ਮਹਲਾ ੧ ॥

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥}

(ਅੰਗ ੧੪)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥

ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥}

(ਅੰਗ ੧੦੦੫)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

{ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ ॥
ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ ॥
ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥੧॥}

(ਅੰਗ ੬੪੮)

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥ ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ॥੧॥}

(ਅੰਗ ੫੦੯)

ਗਉੜੀ ਮਾਲਾ ਮਹਲਾ ੫ ॥

{ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥
ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥}

(ਅੰਗ ੨੧੬)

{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ ੧੩੪੩)

ਹੁਣ ਧਿਆਨ ਨਾਲ ਸਮਝੋ ਕਿ ਚਾਰੇ ਪਾਸੇ ਗੁਰਮਤਿ ਦਾ ਪ੍ਰਚਾਰ ਹੋ ਰਿਹਾ ਹੈ ਜਾਂ ਮਨਮਤਿ ਦਾ ਪ੍ਰਚਾਰ ਹੋ ਰਿਹਾ ਹੈ ਭਾਵ ਅਸੀਂ ਸੱਚ ਕਿਸ ਨੂੰ ਸਮਝਿਆ ਹੋਇਆ ਹੈ ਤੇ

32/3724

ਝੂਠ ਕਿਸ ਨੂੰ ਸਮਝਿਆ ਹੋਇਆ ਹੈ ਭਾਵ ਸਾਡੇ ਜੀਵਨ ਵਿਚ ਅਸਰ ਕਿਸ ਨੇ ਪਾਇਆ ਹੋਇਆ ਹੈ ਭਾਵ ਸੱਚ ਨੇ ਪਾਇਆ ਹੋਇਆ ਹੈ ਜਾਂ ਝੂਠ ਨੇ ਪਾਇਆ ਹੋਇਆ ਹੈ, ਗੁਰਮਤਿ ਨੇ ਪਾਇਆ ਹੋਇਆ ਹੈ ਜਾਂ ਮਨਮਤਿ ਨੇ ਪਾਇਆ ਹੋਇਆ ਹੈ, ਨਾਮ ਨੇ ਪਾਇਆ ਹੋਇਆ ਹੈ ਜਾਂ ਹਉਮੈ ਨੇ ਪਾਇਆ ਹੋਇਆ ਹੈ। ਇਹੀ ਗੱਲ ਸਾਨੂੰ ਮੁਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਫਿਰ ਤੋਂ ਧਿਆਨ ਨਾਲ ਸਮਝਣ ਦੀ ਲੋੜ ਹੈ। ਧੰਨ ਧੰਨ ਪੰਜਵੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਹੋਏ ਇਸ ਸ਼ਬਦ ਵਿੱਚ ਅਕਾਲ ਪੁਰਖ ਨੇ ਕਾਫੀ ਗਹਿਰਾਈ ਪਾਈ ਹੋਈ ਹੈ ਜਿਸ ਰਾਹੀਂ ਸਾਨੂੰ ਸਾਡੇ ਧਰਮ ਦੇ ਮਾਰਗ ਦੀ ਸਹੀ ਸੋਝੀ ਨਾ ਪੈਣ ਦੀ ਵਜ੍ਹਾ ਤੇ ਉਸ ਦੇ ਮਾੜੇ ਅਸਰ ਦੀ ਸੋਝੀ ਪਾਈ ਹੋਈ ਹੈ।

“ਭੈ ਤੇ ਨਿਰਭਉ ਡਰਤਾ ਫਿਰੈ॥ ਹੋਂਦੀ ਕਉ ਅਣਹੋਂਦੀ ਹਿਰੈ॥”

ਜਦੋਂ ਸਭ ਪਾਸੇ ਝੂਠੀ ਮਤਿ ਭਾਵ ਕੂੜ ਪ੍ਰਧਾਨ ਹੋ ਜਾਂਦਾ ਹੈ ਭਾਵ ਗੁਰਮਤਿ ਦੀ ਜਗ੍ਹਾ ਮਨਮਤਿ ਪ੍ਰਧਾਨ ਹੋ ਜਾਂਦੀ ਹੈ ਫਿਰ ਸੱਚ ਦੀ ਕਦਰ ਨਹੀਂ ਰਹਿੰਦੀ ਭਾਵ ਝੂਠ ਹੀ ਸੱਚ ਦੀ ਜਗ੍ਹਾ ਲੈ ਲੈਂਦਾ ਹੈ ਕਿਉਂਕਿ ਅਸੀਂ ਝੂਠ ਵਿੱਚ ਹੀ ਸੱਚ ਸਮਝਣ ਲੱਗ ਪੈਂਦੇ ਹਾਂ। ਨਿਰਭਉ ਕੇਵਲ ਸੱਚ ਹੈ ਭਾਵ ਗੁਰੂ ਦੀ ਮਤਿ ਹੈ, ਸ਼ਬਦ ਦੀ ਵੀਚਾਰ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਹੈ। ਸੱਚ ਨੂੰ ਕਿਸੇ ਦਾ ਭਉ ਨਹੀਂ ਹੁੰਦਾ ਪਰ ਜੇਕਰ ਝੂਠ ਨੂੰ ਹੀ ਸੱਚ ਸਮਝ ਲਿਆ ਜਾਵੇ, ਮੰਨ ਲਿਆ ਜਾਵੇ ਫਿਰ ਅਸੀਂ ਉਸੇ ਦਾ ਭਉ ਮੰਨਦੇ ਹਾਂ ਤੇ ਸਾਡੇ ਅੰਦਰੋਂ ਅਸਲ ਸੱਚ ਦਾ ਭਉ ਨਿਕਲ ਜਾਂਦਾ ਹੈ ਭਾਵ ਝੂਠ ਉੱਚਾ ਹੋ ਜਾਂਦਾ ਹੈ ਤੇ ਸੱਚ ਨੀਵਾਂ ਹੋ ਜਾਂਦਾ ਹੈ ਭਾਵ ਅਸਲ ਸੱਚ ਨੂੰ ਝੂਠਾ ਸੱਚ ਭਉ ਵਿੱਚ ਰੱਖਦਾ ਹੈ, ਨਿਰਭਉ ਨੂੰ ਭਉ ਵਿੱਚ ਰੱਖਦਾ ਹੈ। ਅਗਰ ਧਿਆਨ ਨਾਲ ਸਮਝੋਗੇ ਤਾਂ ਸਾਨੂੰ ਆਪਣਾ ਧਰਮ ਸਮਝਣ ਵਿੱਚ ਉਨ੍ਹਾਂ ਗੱਲਾਂ ਦਾ ਭਉ ਹੈ ਜੋ ਗੱਲਾਂ ਗੁਰਮਤਿ ਤੇ ਪੂਰੀਆਂ ਨਹੀਂ ਉਤਰਦੀਆਂ ਭਾਵ ਸਾਨੂੰ ਗੁਰਮਤਿ ਦਾ ਭਉ ਨਹੀਂ ਹੈ ਤੇ ਸਾਡੇ ਅੰਦਰ ਮਨਮਤਿ ਦਾ ਭਉ ਹੈ। ਅਸੀਂ ਗੁਰੂ ਦੀ ਗੱਲ ਮੰਨਣ ਤੋਂ ਡਰਦੇ ਹਾਂ ਕਿ ਇਹ ਠੀਕ ਨਹੀਂ ਹੈ ਤੇ ਉਹਨਾਂ ਦੀ ਗੱਲ ਨੂੰ ਮੰਨਦੇ ਹਾਂ ਜਿਨ੍ਹਾਂ ਨੂੰ ਅਸੀਂ ਸੱਚੇ ਸਮਝਿਆ ਹੋਇਆ ਹੈ। ਅਸੀਂ ਗੁਰੂ ਦੀ ਗੱਲ ਨੂੰ ਝੂਠੀ ਮੰਨ ਸਕਦੇ ਹਾਂ ਪਰ ਉਨ੍ਹਾਂ ਦੀ ਗੱਲ ਨੂੰ ਝੂਠੀ ਨਹੀਂ ਮੰਨ ਸਕਦੇ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ, ਸੱਚੇ ਸਮਝਕੇ ਉੱਚਾ ਮੰਨਿਆ ਹੋਇਆ ਹੈ ਪਰ ਅਸਲ ਵਿੱਚ ਉਹਨਾਂ ਦੀ ਗੱਲ ਵਿੱਚ ਸੱਚਾਈ ਨਹੀਂ ਹੈ। ਜੇਕਰ ਕਿਸੇ ਨੂੰ ਇਹ ਗੱਲ ਸਮਝ ਵੀ ਆ ਜਾਵੇ ਕਿ ਇਹ ਜੋ ਸੰਤ ਆਦਿ ਬਣੇ ਬੈਠੇ ਹਨ ਇਹ ਗਲਤ ਹਨ ਪਰ ਫਿਰ ਵੀ ਉਨ੍ਹਾਂ ਦਾ ਭਉ ਮੰਨ ਕੇ ਉਨ੍ਹਾਂ ਨੂੰ ਕੋਈ ਗਲਤ ਨਹੀਂ ਕਹਿੰਦਾ ਕਿਉਂਕਿ ਉਨ੍ਹਾਂ ਦਾ ਕੋਈ ਸਾਥ ਦੇਣ ਵਾਲਾ ਨਹੀਂ ਹੁੰਦਾ ਤੇ ਨਾ ਹੀ ਕੋਈ ਇਹੋ ਜਿਹਾ ਕਾਨੂਨ ਹੈ ਜਿਸ ਰਾਹੀਂ ਉਨ੍ਹਾਂ ਨੂੰ ਕੋਈ ਗਲਤ ਸਾਬਿਤ

32/3725

ਕਰ ਸਕੇ ਕਿ ਇਹ ਝੂਠੀ ਭਗਤੀ ਵਿੱਚ ਲੱਗੇ ਹੋਏ ਹਨ ਕਿਉਂਕਿ ਇਹ ਆਸਥਾ ਦਾ ਮਾਰਗ ਹੈ। ਜਿਹੋ ਜਿਹੀ ਭਗਤੀ ਵਿੱਚ ਕੋਈ ਲੱਗਾ ਹੋਇਆ ਹੈ ਉਸ ਵਿੱਚ ਉਹ ਆਪਣੀ ਧਾਰਮਿਕ ਆਸਥਾ ਸਮਝ ਕੇ ਹੀ ਲੱਗਾ ਹੋਇਆ ਹੈ। ਇਹੋ ਜਿਹਿਆਂ ਨੂੰ ਕਸਵੱਟੀ ਤੇ ਉਹੀ ਲਗਾ ਸਕਦਾ ਹੈ, ਉਹੀ ਪਰਖ ਸਕਦਾ ਹੈ ਜਿਸ ਨੂੰ ਭਗਤੀ ਦੀ ਆਪ ਸਮਝ ਹੋਵੇ। ਇਹ ਪੂਰਨ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਚਉਥੇ ਪਦ ਵਿੱਚ ਹੈ। ਚਉਥੇ ਪਦ ਤੇ ਵਿਸ਼ਵਾਸ ਰੱਖਣਾ ਹੀ ਭਗਤੀ ਨੂੰ ਸਮਝਣ ਦੀ ਕਸਵੱਟੀ ਹੈ। ਜੋ ਗੁਰੂ ਦੀ ਗੱਲ ਤੇ ਵਿਸ਼ਵਾਸ ਕਰੇਗਾ ਉਹ ਫਿਰ ਇਹੋ ਜਿਹਿਆਂ ਦੇ ਪਿਛੇ ਨਹੀਂ ਲਗੇਗਾ ਭਾਵ ਉਹ ਗੁਰਮਤਿ ਦਾ ਭਉ ਮੰਨੇਗਾ ਤੇ ਇਹੋ ਜਿਹਿਆਂ ਦਾ ਭਉ ਨਹੀਂ ਮੰਨੇਗਾ ਜੋ ਆਪਣਾ ਝੂਠਾ ਭਉ ਬਣਾਕੇ ਬੈਠੇ ਹਨ। ਅਸੀਂ ਜਿਹੋ ਜਿਹਾ ਧਰਮ ਦਾ ਮਾਰਗ ਸਮਝਿਆ ਹੋਇਆ ਹੈ ਉਹ ਇਹੋ ਜਿਹਿਆਂ ਕੋਲੋਂ ਹੀ ਸਮਝਿਆ ਹੋਇਆ ਹੈ ਤੇ ਇਸੇ ਲਈ ਸਾਨੂੰ ਅਉਗਣ ਨਾ ਛੱਡਣ ਵਿੱਚ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਇਹਨਾਂ ਨੇ ਸਾਨੂੰ ਇਹੀ ਸਮਝਾਇਆ ਹੈ ਕਿ ਸਾਡੇ ਭਗਤੀ ਦੇ ਦਿਖਾਵੇ ਹੀ ਸਾਡੇ ਗੁਣ ਹਨ। ਇਹੋ ਜਿਹਿਆਂ ਕੋਲੋਂ ਭਗਤੀ ਸਿੱਖ ਕੇ ਫਿਰ ਸਾਨੂੰ ਉਹੋ ਜਿਹੀਆਂ ਗੱਲਾਂ ਤੋਂ ਡਰ ਨਹੀਂ ਲਗਦਾ ਜਿਨ੍ਹਾਂ ਗੱਲਾਂ ਤੋਂ ਸਾਨੂੰ ਅਸਲ ਵਿੱਚ ਡਰਨ ਦੀ ਲੋੜ ਹੈ। ਅਸਲ ਡਰਨ ਦੀ ਲੋੜ ਮਾੜੇ ਕਰਮਾਂ ਤੋਂ ਹੈ ਜਿਸ ਤੋਂ ਡਰਨਾ ਅਸੀਂ ਭਗਤੀ ਦਾ ਮਾਰਗ ਹੀ ਨਹੀਂ ਸਮਝਦੇ। ਅਸੀਂ ਰਿਸ਼ਵਤ ਲੈਣ ਤੋਂ ਨਹੀਂ ਡਰਦੇ, ਅਸੀਂ ਕਿਸੇ ਦਾ ਹਕ ਖਾਣ ਤੋਂ ਨਹੀਂ ਡਰਦੇ, ਅਸੀਂ ਝੂਠ ਬੋਲਣ ਤੋਂ ਨਹੀਂ

ਡਰਦੇ, ਅਸੀਂ ਕਿਸੇ ਦੀ ਧੀ ਭੈਣ ਨੂੰ ਬੇਇੱਜਤ ਕਰਨ ਤੋਂ ਨਹੀਂ ਡਰਦੇ ਭਾਵ ਸਾਡੇ ਅੰਦਰ ਸੱਚ ਦਾ ਡਰ ਨਹੀਂ ਹੈ, ਨਾਮ ਦਾ ਡਰ ਨਹੀਂ ਹੈ, ਗੁਰੂ ਦਾ, ਗੁਰਮਤਿ ਦਾ ਡਰ ਨਹੀਂ ਹੈ ਕਿਉਂਕਿ ਜਿਨ੍ਹਾਂ ਗੱਲਾਂ ਨੂੰ ਅਸੀਂ ਭਗਤੀ ਸਮਝਿਆ ਹੋਇਆ ਹੈ ਅਸੀਂ ਉਹੋ ਜਿਹੇ ਭਗਤੀ ਦੇ ਤਰੀਕਿਆਂ ਤੇ ਚੱਲਣ ਦਾ ਡਰ ਮੰਨਿਆ ਹੋਇਆ ਹੈ, ਸਵੇਰੇ ਉਠਣ ਦਾ ਭਾਵ ਕਿਸੇ ਖਾਸ ਵੇਲੇ ਨੂੰ ਉੱਚਾ ਕਰਨ ਦਾ ਡਰ ਮੰਨਿਆ ਹੋਇਆ ਹੈ, ਧਰਮ ਗ੍ਰੰਥਾਂ ਨੂੰ ਪੜਨ ਸੁਣਨ ਦਾ ਡਰ ਮੰਨਿਆ ਹੋਇਆ ਹੈ, ਸੁੱਚੇ ਚਉਕੇ ਦਾ, ਸੁੱਚੇ ਖਾਣੇ ਦਾ ਡਰ ਮੰਨਿਆ ਹੋਇਆ ਹੈ, ਤੀਰਥਾਂ ਆਦਿ ਤੇ ਇਸ਼ਨਾਨ ਕਰਨ ਦਾ ਡਰ ਮੰਨਿਆ ਹੋਇਆ ਹੈ। ਜਿਨ੍ਹਾਂ ਨੇ ਸਾਨੂੰ ਇਹੋ ਜਿਹੇ ਡਰ ਪਾਏ ਹੋਏ ਹਨ ਉਨ੍ਹਾਂ ਨੂੰ ਅਸੀਂ ਪਹਿਲੇ ਭਗਤੀ ਦੇ ਮਾਰਗ ਤੇ ਸੱਚੇ ਮੰਨਿਆ ਹੈ ਤੇ ਤਾਂ ਹੀ ਉਨ੍ਹਾਂ ਦੇ ਪਾਏ ਹੋਏ ਡਰ ਨੂੰ ਸੱਚਾ ਮੰਨਿਆ ਹੈ। (**ਭੈ ਤੇ ਨਿਰਭਉ ਡਰਤਾ ਫਿਰੈ॥**)

{ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥}

(ਅੰਗ ੭੨੨)

{ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥}

(ਅੰਗ ੪੭੧)

ਮਃ ੧ ॥
{ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥
ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥੨॥}

(ਅੰਗ ੧੨੪੩)

32/3726

ਮਨਮਤਿ ਸਾਡਾ ਕੂੜੀ ਰਾਸਿ ਹੈ, ਝੂਠੀ ਰਾਸਿ ਹੈ ਜੋ ਸਾਨੂੰ ਭਗਤੀ ਦੇ ਝੂਠੇ ਮਾਰਗ ਨਾਲ ਜੋੜਦੀ ਹੈ ਤੇ ਗੁਰਮਤਿ ਸਾਡੀ ਸੱਚੀ ਰਾਸਿ ਹੈ ਜੋ ਸਾਨੂੰ ਕੂੜ ਵਿੱਚੋਂ ਕੱਢ ਕੇ ਸੱਚ ਨਾਲ ਜੋੜਦੀ ਹੈ ਭਾਵ ਧਰਮ ਦਾ ਸਹੀ ਮਾਰਗ ਸਮਝਾਉਂਦੀ ਹੈ। ਗੁਰਮਤਿ ਦਾ ਭਉ ਮੰਨੇ ਬਿਨਾਂ ਅਸੀਂ ਮਨਮਤਿ ਦੇ ਭਉ ਵਿੱਚੋਂ ਨਹੀਂ ਨਿਕਲ ਸਕਦੇ, ਸੱਚੇ ਭਉ ਨੂੰ ਮੰਨੇ ਬਿਨਾਂ ਝੂਠੇ ਭਉ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਸੱਚ ਨੂੰ ਨੀਵਾਂ ਹੋਣ ਤੋਂ ਨਹੀਂ ਬਚਾ ਸਕਦੇ। ਸੱਚ ਤਾਂ ਕਦੇ ਨੀਵਾਂ ਹੋ ਨਹੀਂ ਸਕਦਾ ਪਰ ਅਸਲ ਵਿੱਚ ਨੀਵਾਂ ਅਸੀਂ ਆਪਣੇ ਆਪ ਨੂੰ ਹੀ ਕਰਦੇ ਹਾਂ, ਗੁਰੂ ਦੀਆਂ ਨਜ਼ਰਾਂ ਵਿੱਚ ਨੀਵਾਂ ਕਰਦੇ ਹਾਂ ਭਾਵੇਂ ਸਮਝਦੇ ਅਸੀਂ ਇਸ ਦੇ ਉਲਟ ਹੀ ਹਾਂ। ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਫਿਰ ਤੋਂ ਧਿਆਨ ਨਾਲ ਸਮਝਣ ਦੀ ਲੋੜ ਹੈ।

“ਹੋਂਦੀ ਕਉ ਅਣਹੋਂਦੀ ਹਿਰੈ ॥”

ਇਸ ਸ਼ਬਦ ਰਾਹੀਂ ਸਾਡੇ ਮਨ ਦੀ ਪੁਠੀ ਅਵਸਥਾ ਹੀ ਸਮਝਾਈ ਹੋਈ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਜੋ ਕਿ ਨਾਮੁਮਕਿਨ ਹੈ। ਸੱਚੀ ਹੋਂਦ ਸੰਸਾਰ ਵਿੱਚ ਕੇਵਲ ਇਕ ਹੈ ਜੋ ਕਿ ਸੱਚ ਹੈ। ਸੱਚ ਨੂੰ ਮਿਟਾਇਆ ਨਹੀਂ ਜਾ ਸਕਦਾ ਕਿਉਂਕਿ ਸੱਚ ਕਦੇ ਬਿਨਸ ਨਹੀਂ ਸਕਦਾ। ਸ਼ਬਦ ਦੀ ਵੀਚਾਰ ਸੱਚ ਹੈ, ਗੁਰੂ ਦੇ ਬੋਲ ਸੱਚੇ ਹਨ ਜੋ ਸਦਾ ਥਿਰ ਰਹਿਣ ਵਾਲੇ ਹਨ। ਸਚੁ ਰੂਪ ਹੀ ਪ੍ਰਮਾਤਮਾ ਦਾ ਨਾਮ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਗੁਰਬਾਣੀ ਦੇ ਵਿੱਚ ਹੈ। ਗੁਰਮਤਿ ਰੂਪ ਉਸ ਦਾ ਆਪਣਾ ਸੱਚਾ ਰੂਪ ਹੈ ਜਿਸ ਦੁਆਰਾ ਗੁਰੂ ਦੀ ਹੋਂਦ ਸਦਾ ਹੀ ਸੱਚੀ ਹੈ, ਜੁਗਾਂ ਜੁਗਾਂ ਤੋਂ ਸੱਚੀ ਹੈ ਤੇ ਸਦਾ ਸੱਚੀ ਹੀ ਰਹਿਣੀ ਹੈ। ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਹੋਂਦ ਨੂੰ ਸਮਝਣਾ ਝੂਠ ਹੈ। ਸਾਡੀ ਮਨੁੱਖੀ ਹੋਂਦ ਵੀ ਝੂਠ ਹੈ ਜਿਸ ਦਾ ਕਾਰਣ ਸਾਡੇ ਅੰਦਰ ਦੀ ਹਉਮੈ ਹੈ, ਝੂਠੀ ਮਤਿ ਹੈ ਜੋ ਸਾਨੂੰ ਝੂਠ ਸਮਝਾਉਂਦੀ ਹੈ। ਅਸੀਂ ਆਪਣੀ ਝੂਠੀ ਮਤਿ ਕਰਕੇ ਹੀ ਆਪਣੀ

ਝੂਠੀ ਹੋਂਦ ਬਣਾਈ ਹੋਈ ਹੈ ਭਾਵ ਸਮਝੀ ਹੋਈ ਹੈ। ਮਨੁੱਖੀ ਮਤਿ ਦੀ ਆਪਣੀ ਕੋਈ ਹੋਂਦ ਨਹੀਂ ਹੈ ਕਿਉਂਕਿ ਸਾਡੇ ਅੰਦਰ ਇਹ ਮਤਿ ਵੀ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ। ਝੂਠੀ ਮਤਿ ਬਿਨਸ ਜਾਂਦੀ ਹੈ ਭਾਵ ਥਿਰ ਨਹੀਂ ਰਹਿ ਸਕਦੀ, ਸਦਾ ਲਈ ਥਿਰ ਨਹੀਂ ਰਹਿ ਸਕਦੀ। ਝੂਠੀ ਮਤਿ ਸੱਚੀ ਮਤਿ ਤੇ ਪੜਦਾ ਪਾ ਸਕਦੀ ਹੈ ਪਰ ਪੜਦਾ ਦੂਰ ਹੋਣ ਤੇ ਸੱਚ ਸਾਹਮਣੇ ਆ ਜਾਂਦਾ ਹੈ। ਅਸੀਂ ਆਪਣੀ ਝੂਠੀ ਮਤਿ ਨੂੰ ਸੱਚਾ ਕਰਕੇ ਜਾਣਿਆ ਹੋਇਆ ਹੈ, ਹਉਮੈ ਵਾਲੀ ਮਤਿ ਨੂੰ ਸੱਚੀ ਕਰਕੇ ਜਾਣਿਆ ਹੋਇਆ ਹੈ। ਬਿਨਸਣ ਵਾਲੀ ਮਤਿ ਨੂੰ ਸੱਚੀ ਕਰਕੇ ਜਾਣਿਆ ਹੋਇਆ ਹੈ, ਆਪਣੀ ਝੂਠੀ ਹੋਂਦ ਨੂੰ ਸੱਚੀ ਕਰਕੇ ਜਾਣਿਆ ਹੋਇਆ ਹੈ ਤੇ ਸਾਡੀ ਝੂਠੀ ਮਤਿ ਨੇ ਸੱਚੀ ਮਤਿ ਨੂੰ ਹਿਰਿਆ ਹੋਇਆ ਹੈ ਭਾਵ ਦੂਰ ਕੀਤਾ ਹੋਇਆ ਹੈ ਭਾਵ ਅਸੀਂ ਪੁਠਾ ਕੰਮ ਕੀਤਾ ਹੋਇਆ ਹੈ। ਸੱਚੀ ਮਤਿ ਦਾ ਮਕਸਦ ਸਾਡੀ ਝੂਠੀ ਮਤਿ ਨੂੰ, ਹਉਮੈ ਵਾਲੀ ਮਤਿ ਨੂੰ, ਭਰਮ ਵਾਲੀ ਮਤਿ ਨੂੰ ਦੂਰ ਕਰਨ ਦਾ ਹੈ ਪਰ ਉਲਟਾ ਅਸੀਂ ਝੂਠੀ ਮਤਿ ਦੁਆਰਾ ਸੱਚੀ ਮਤਿ ਨੂੰ ਦੂਰ ਕਰਨ ਤੇ ਲੱਗੇ ਹੋਏ ਹਾਂ ਭਾਵ ਸੱਚ ਨੂੰ ਦੂਰ ਕਰਕੇ ਕੂੜ ਨੂੰ ਉੱਤੇ ਕੀਤਾ ਹੋਇਆ ਹੈ ਭਾਵ

32/3727

ਸੱਚ ਦੇ ਉੱਤੇ ਕੂੜ ਦੀ ਮੈਲ ਚੜਾਈ ਹੋਈ ਹੈ। ਅਸੀਂ ਜਿਹੋ ਜਿਹੇ ਭਗਤੀ ਦੇ ਮਾਰਗ ਬਣਾਏ ਹੋਏ ਹਨ ਉਨ੍ਹਾਂ ਵਿੱਚ ਸਾਡੀ ਝੂਠੀ ਹੋਂਦ ਵਾਲੀ ਮਤਿ ਨੇ ਜਿਸ ਦੀ ਆਪਣੀ ਕੋਈ ਹੋਂਦ ਹੈ ਹੀ ਨਹੀਂ ਉਸ ਨੇ ਗੁਰੂ ਦੀ ਸੱਚੀ ਮਤਿ ਨੂੰ ਚੁਰਾਇਆ ਹੋਇਆ ਹੈ ਭਾਵ ਮਨਮਤਿ ਗੁਰਮਤਿ ਦੇ ਉਤੇ ਛਾਈ ਹੋਈ ਹੈ, ਹਉਮੈ ਨਾਮ ਦੇ ਉੱਤੇ ਛਾਈ ਹੋਈ ਹੈ, ਹਉਮੈ ਨੇ ਨਾਮ ਦੇ ਨਾਲ ਆਪਣਾ ਝਗੜਾ ਦਿਖਾਇਆ ਹੋਇਆ ਹੈ, ਮਨਮਤਿ ਨੇ ਗੁਰਮਤਿ ਨੂੰ ਉਹਲੇ ਕੀਤਾ ਹੋਇਆ ਹੈ। (**ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥ ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਣਹੋਂਦੀ ਹਿਰੈ ॥2॥**)

ਮਃ ੧ ॥

{ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥}

ਪਉੜੀ ॥

{ਹਰਿ ਕਾ ਸਭੁ ਸਰੀਰੁ ਹੈ ਹਰਿ ਰਵਿ ਰਹਿਆ ਸਭੁ ਆਪੈ ॥
ਹਰਿ ਕੀ ਕੀਮਤਿ ਨ ਪਵੈ ਕਿਛੁ ਕਹਣੁ ਨ ਜਾਪੈ ॥
ਗੁਰ ਪਰਸਾਦੀ ਸਾਲਾਹੀਐ ਹਰਿ ਭਗਤੀ ਰਾਪੈ ॥
ਸਭੁ ਮਨੁ ਤਨੁ ਹਰਿਆ ਹੋਇਆ ਅਹੰਕਾਰੁ ਗਵਾਪੈ ॥
ਸਭੁ ਕਿਛੁ ਹਰਿ ਕਾ ਖੇਲੁ ਹੈ ਗੁਰਮੁਖਿ ਕਿਸੈ ਬੁਝਾਈ ॥੧੩॥}

(ਅੰਗ ੯੫੩)

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥
ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋਂ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਤੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਸਾਡਾ ਸਭ ਤੋਂ ਵੱਡਾ ਭਰਮ ਨਾਮ ਨੂੰ ਨਾ ਸਮਝਣ ਦਾ ਹੈ ਜਿਸ ਨੇ ਸਾਨੂੰ ਗੁਰਮਤਿ ਤੋਂ ਦੂਰ ਕੀਤਾ ਹੋਇਆ ਹੈ। ਨਾਮ ਸ਼ਬਦ ਦੀ ਵੀਚਾਰ ਹੈ ਤੇ ਸ਼ਬਦ ਦੀ ਵੀਚਾਰ ਦਾ ਮਕਸਦ ਹੀ ਸਾਨੂੰ ਮਨਮਤਿ ਵਿੱਚੋਂ ਕੱਢਣ ਦਾ ਹੈ, ਭਰਮ ਵਿੱਚੋਂ, ਕੁਬੁਧਿ ਵਿੱਚੋਂ ਭਾਵ

ਮਾੜੀਬੁਧਿ ਵਿਚੋਂ ਕੱਢਣ ਦਾ ਹੈ ਤੇ ਜੇਕਰ ਕੇਵਲ ਇਕ ਅੱਖਰ ਨੂੰ ਜਪੀ ਜਾਵਾਂਗੇ ਤਾਂ ਫਿਰ ਸਾਡੀ ਕਬੁਧਿ ਕਿਵੇਂ ਦੂਰ ਹੋਵੇਗੀ ਤੇ ਸਾਨੂੰ ਸੱਚ ਦੀ ਸੋਝੀ ਕਿਵੇਂ ਪਵੇਗੀ।

{ਕੁਬੁਧਿ ਚਵਾਵੈ ਸੋ ਕਿਤੁ ਠਾਇ ॥ ਕਿਉ ਤਤੁ ਨ ਬੂਝੈ ਚੋਟਾ ਖਾਇ ॥
ਜਮ ਦਰਿ ਬਾਧੇ ਕੋਇ ਨ ਰਾਖੈ ॥ ਬਿਨੁ ਸਬਦੈ ਨਾਹੀ ਪਤਿ ਸਾਖੈ ॥
ਕਿਉ ਕਰਿ ਬੂਝੈ ਪਾਵੈ ਪਾਰੁ ॥ ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥
ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ ੯੪੪)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ ੨੨੯)

ਸਾਡੇ ਭਰਮ ਦਾ ਕਾਰਣ ਕੀ ਹੈ ਭਾਵ ਅਸੀਂ ਮਨਮਤਿ ਨੂੰ ਉੱਚਾ ਕਿਸ

32/3728

ਲਈ ਕਰਦੇ ਹਾਂ, ਗੁਰਮਤਿ ਨੂੰ ਨੀਵਾਂ ਕਿਸ ਲਈ ਕਰਦੇ ਹਾਂ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਦੀ ਸੋਝੀ ਮਨ ਦੀ ਸੋਝੀ ਪੈਣ ਦੁਆਰਾ ਹੀ ਪੈਂਦੀ ਹੈ ਤੇ ਉਸ ਤੋਂ ਪਹਿਲੇ ਨਹੀਂ ਪੈ ਸਕਦੀ ਪਰ ਸਾਡਾ ਫਰਜ ਇਹੀ ਹੈ ਕਿ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਕਰੀਏ ਕਿ ਉਹ ਸਾਨੂੰ ਸੱਚ ਹੀ ਸਮਝਾ ਰਿਹਾ ਹੈ। ਗੁਰਬਾਣੀ ਵਿੱਚ ਕੋਈ ਗੱਲ ਐਸੀ ਨਹੀਂ ਹੈ ਜੋ ਸੱਚ ਤੋਂ ਬਾਹਰ ਹੋਵੇ, ਨਾਮ ਤੋਂ ਬਾਹਰ ਹੋਵੇ।

"ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥
ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥"

ਜਿਵੇਂ ਕਿ ਅਸੀਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਸਾਡੀ ਝੂਠੀ ਹੋਂਦ ਭਾਵ ਆਪਣੇ ਆਪ ਨੂੰ ਮਨੁੱਖੀ ਹੋਂਦ ਦੁਆਰਾ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣ ਦਾ ਕਾਰਣ ਸਾਡੀ ਹਉਮੈ ਹੈ, ਮਨਮਤਿ ਹੈ, ਆਗਿਆਨਤਾ ਹੈ। ਸਾਡੀ ਆਪਣੀ ਅਸਲ ਵਿੱਚ ਕੋਈ ਹੋਂਦ ਨਹੀਂ ਹੈ ਪਰ ਸਾਡੀ ਆਪਣੀ ਵੱਖਰੀ ਹੋਂਦ ਸਮਝਣ ਦਾ ਕਾਰਣ ਸਾਡੇ ਅੰਦਰ ਦੀ ਨਾ ਸਮਝੀ ਹੈ ਜੋ ਸਾਨੂੰ ਆਪਣੇ ਅੰਦਰ ਪ੍ਰਮਾਤਮਾ ਦੇ ਹੁੰਦੇ ਹੋਏ ਵੀ ਉਸ ਦੀ ਸਮਝ ਨਹੀਂ ਆਉਣ ਦਿੰਦੀ। ਸਾਡੇ ਜੀਵਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਇਹ ਜਾਣ ਲਈਏ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਸਾਨੂੰ ਮਨ ਦੀ ਸੋਝੀ ਦੁਆਰਾ ਚਲਾ ਰਿਹਾ ਹੈ ਭਾਵ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਤਾਂ ਹੀ ਜਾਣ ਸਕਦੇ ਹਾਂ ਕਿ ਅਸੀਂ ਆਪਣੇ ਅੰਦਰੋਂ ਭਰਮ ਵਾਲੀ ਸੋਝੀ ਨੂੰ ਤਜੀਏ ਤੇ ਗੁਰਮਤਿ ਰੂਪ ਸੋਝੀ ਨਾਲ ਜੁੜੀਏ ਜਿਸ ਦੇ ਨਾਲ ਜੁੜਨ ਦੁਆਰਾ ਅਸੀਂ ਉਸ ਸੋਝੀ ਦੇ ਮਾਲਕ ਨਾਲ, ਗਿਆਨ ਦੇ ਮਾਲਕ ਨਾਲ ਮਨ ਦੇ ਅੰਦਰ ਮੇਲ ਕਰ ਸਕੀਏ। ਜੇਕਰ ਅਸੀਂ ਆਪਣੀ ਮਤਿ ਨਾਲ ਜੁੜੇ ਰਹਾਂਗੇ ਭਾਵ ਕੱਚੀ ਮਤਿ ਨੂੰ ਉੱਚਾ ਸਮਝੀ ਜਾਵਾਂਗੇ ਤੇ ਗੁਰਮਤਿ ਨੂੰ ਮੈਲਾ ਕਰੀ ਜਾਵਾਂਗੇ ਫਿਰ ਅਸੀਂ ਉਸ ਗੁਰਮਤਿ ਦੇ ਮਾਲਕ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਕਰ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ। ਉਹ ਪ੍ਰਮਾਤਮਾ ਆਪ ਹੀ ਗੁਰਬਾਣੀ ਦੇ ਵਿੱਚ ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸ਼ਬਦ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਜਦ ਤੱਕ ਸਾਨੂੰ ਸ਼ਬਦ ਦੀ ਮਤਿ ਤੇ ਵਿਸ਼ਵਾਸ ਹੀ ਨਹੀਂ ਆਉਂਦਾ ਤਦ ਤੱਕ ਅਸੀਂ ਉਸ ਦੇ ਨਾਲ ਜੁੜ ਨਹੀਂ ਸਕਦੇ। ਸ਼ਬਦ

ਦੀ ਮਤਿ ਨਾਲ ਤਾਂ ਹੀ ਜੁੜ ਪਾਵਾਂਗੇ ਜਦੋਂ ਪਹਿਲੇ ਉਸ ਕੱਚੀ ਮਤਿ ਨਾਲੋਂ ਟੁਟਾਂਗੇ ਜਿਸ ਨਾਲ ਮਿਲ ਕੇ ਅਸੀਂ ਸੱਚੀ ਮਤਿ ਨੂੰ ਮੈਲਾ ਕੀਤਾ ਹੋਇਆ ਹੈ। ਜਦ ਤੱਕ ਅਸੀਂ ਕਚਿਆਂ ਦੀ ਮਤਿ ਨਾਲ ਜੁੜੇ ਰਹਾਂਗੇ, ਮਨਮਤਿ ਨਾਲ ਜੁੜੇ ਰਹਾਂਗੇ ਤਦ ਤੱਕ ਸਾਨੂੰ

32/3729

ਆਪਣੇ ਅੰਦਰੋਂ ਪ੍ਰਮਾਤਮਾ ਨਹੀਂ ਦਿੱਸ ਸਕਦਾ ਜੋ ਕਿ ਗੁਪਤ ਰੂਪ ਵਿੱਚ ਸਾਡੇ ਅੰਦਰ ਹੀ ਹੈ, ਸਾਡੀ ਮਨੁੱਖੀ ਦੇਹ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਅੰਦਰ ਭਰਮ ਵਾਲੀ ਮਤਿ ਦੇ ਰਹਿੰਦਿਆਂ ਇਹ ਮਨੁੱਖੀ ਦੇਹ ਹੀ ਸਾਨੂੰ "ਬਿਦੇਹੀ" ਦਿਸਦੀ ਹੈ ਭਾਵ ਦੂਸਰੇ ਦੀ ਦਿਸਦੀ ਹੈ, ਪ੍ਰਮਾਤਮਾ ਨਾਲੋਂ ਵੱਖਰੀ ਦਿਸਦੀ ਹੈ ਭਾਵ ਮਨੁੱਖੀ ਰੂਪ ਦਿਸਦੀ ਹੈ ਭਾਵ ਆਪਣੀ ਦਿਸਦੀ ਹੈ ਜੋ ਕਿ ਸੱਚ ਨਹੀਂ ਹੈ। ਮਨੁੱਖੀ ਰੂਪ ਵਿੱਚ ਅਸਲ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਆਪਣੇ ਅੰਦਰੋਂ ਉਸ ਦਾ ਗੁਪਤ ਰੂਪ ਦੇਖੇ ਬਿਨਾਂ ਅਸੀਂ ਏਸ ਦੇਹ ਨੂੰ ਆਪਣੀ ਹੀ ਸਮਝਦੇ ਹਾਂ ਜੋ ਕਿ ਝੂਠ ਹੈ। ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਮਨ ਦੇ ਭਰਮ ਵਿੱਚ ਰਹਿੰਦਿਆਂ ਹੋਇਆਂ, ਮਨਮਤਿ ਵਿੱਚ ਰਹਿੰਦਿਆਂ ਹੋਇਆਂ, ਤ੍ਰੈ ਗੁਣ ਵਿੱਚ ਰਹਿੰਦਿਆਂ ਹੋਇਆ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿਉਂਕਿ ਇਹ ਪ੍ਰਮਾਤਮਾ ਦੀ ਆਪਣੀ ਹੀ ਬਣਾਈ ਹੋਈ ਖੇਡ ਹੈ ਜਿਸ ਨੂੰ ਕਿ ਸਮਝਿਆ ਨਹੀਂ ਜਾ ਸਕਦਾ ਕਿਉਂਕਿ ਉਸ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ। (**ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥**)

ਪ੍ਰਮਾਤਮਾ ਸਾਡੇ ਅੰਦਰ ਆਪਣੀ ਏਹ ਖੇਡ ਕਿਵੇਂ ਚਲਾ ਰਿਹਾ ਹੈ ਤੇ ਸਾਨੂੰ ਇਸ ਖੇਡ ਦੀ ਸਮਝ ਕਿਉਂ ਨਹੀਂ ਲਗਦੀ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥”

ਜਿਵੇਂ ਕਿ ਅਸੀਂ ਪਿਛੇ ਕਾਫੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਪ੍ਰਮਾਤਮਾ ਨੇ ਸਭ ਦੇ ਅੰਦਰ ਮੋਹ ਠਗਉਲੀ ਪਾਈ ਹੋਈ ਹੈ ਜੋ ਕਿ ਉਸ ਦੀ ਮਾਇਆ ਦੀ ਜੁਗਤਿ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਭਰਮ ਰੂਪ ਪੜਦੇ ਵਿੱਚ, ਹਉਮੈ ਰੂਪ ਪੜਦੇ ਵਿੱਚ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ, ਪੁੱਠੇ ਕਮਲ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ ਜੋ ਕਿ ਸਾਡੇ ਮਨ ਦੇ ਵਿਚਾਰ ਹੀ ਹਨ ਜਿਨ੍ਹਾਂ ਦੁਆਰਾ ਸਾਡੇ ਵਿਚਾਰ ਦੁਬਿਧਾ ਵਿੱਚ ਰਹਿੰਦੇ ਹਨ, ਸਹਸਾ ਵਿੱਚ ਰਹਿੰਦੇ ਹਨ ਤੇ ਅਸੀਂ ਚਉਥੇ ਪਦ ਦੇ ਵਿਚਾਰਾਂ ਨੂੰ ਭਾਵ ਉਹਨਾਂ ਦੇ ਮਕਸਦ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਪ੍ਰਮਾਤਮਾ ਨੇ ਸਭ ਨੂੰ ਆਪਣੀ ਇਸ ਮਾਇਆ ਦੀ ਜੁਗਤਿ ਦੁਆਰਾ ਹੀ ਠਗਿਆ ਹੈ ਜਿਸ ਰਾਹੀਂ ਉਸ ਦੀ ਖੇਡ ਚਲ ਰਹੀ ਹੈ ਤੇ ਉਸ ਦੀ ਸਮਝ ਵੀ ਨਹੀਂ ਪੈਂਦੀ। ਪ੍ਰਮਾਤਮਾ ਸਭ ਨੂੰ ਠਗ ਵੀ ਰਿਹਾ ਹੈ ਪਰ ਅਸਲ ਵਿੱਚ ਉਹ ਕਿਸੇ ਨੂੰ ਠਗਦਾ ਵੀ ਨਹੀਂ ਹੈ। ਇਸ ਭੇਦ ਨੂੰ ਸਮਝਣ ਦੀ ਲੋੜ ਹੈ। ਠੱਗੀ ਉਹ ਹੁੰਦੀ ਹੈ ਜਦੋਂ ਅਸੀਂ ਕਿਸੇ ਦੀ ਕੋਈ ਵਸਤੂ ਠਗਦੇ ਹਾਂ ਭਾਵ ਕਿਸੇ ਦਾ ਹਕ ਖੋਂਹਦੇ ਹਾਂ। ਪ੍ਰਮਾਤਮਾ ਆਪਣੀ ਮਾਇਆ ਮੋਹ ਦੀ ਜੁਗਤਿ ਦੁਆਰਾ ਸਾਡਾ ਕੋਈ ਹਕ ਨਹੀਂ ਖੋਹ ਰਿਹਾ। ਕਿਸੇ ਕੋਲੋਂ ਆਪਣਾ ਪੜਦਾ ਰੱਖਣਾ ਕਿਸੇ ਦਾ ਹਕ ਮਾਰਨ ਵਾਲੀ ਗੱਲ ਨਹੀਂ ਹੈ, ਕਿਸੇ ਨਾਲ ਠੱਗੀ ਕਰਨ ਵਾਲੀ ਗੱਲ ਨਹੀਂ ਹੈ। ਸਾਡੇ ਨਾਲ ਠੱਗੀ ਕੇਵਲ ਇਸ ਗੱਲ

32/3730

ਦੀ ਹੈ ਕਿ ਸਾਨੂੰ ਭਰਮ ਵਿੱਚ ਪ੍ਰਮਾਤਮਾ ਨੇ ਆਪ ਰੱਖਿਆ ਹੋਇਆ ਹੈ। ਆਪਣੇ ਆਪ ਦੇ ਦਰਸ਼ਨ ਉਹ ਕਰਾਵੇ ਜਾਂ ਨਾ ਕਰਾਵੇ ਇਹ ਉਸ ਦੀ ਆਪਣੀ ਮਰਜੀ ਹੈ। ਉਸ ਦੇ ਦਰਸ਼ਨ ਮਨ ਦੇ ਵਿੱਚ ਚਉਥੇ ਪਦ ਦੀ ਪ੍ਰਾਪਤੀ ਦੁਆਰਾ ਹੁੰਦੇ ਹਨ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੁੰਦੇ ਹਨ। ਬ੍ਰਹਮ ਗਿਆਨ ਦਾ ਮਾਲਕ ਉਹ ਆਪ ਹੈ ਜੋ ਕਿ ਉਸ ਦੀ ਆਪਣੀ ਵਸਤੂ ਹੈ, ਆਪਣਾ ਵੱਖਰ ਹੈ। ਸਾਡਾ ਉਸ ਤੇ ਕੋਈ ਹੱਕ ਨਹੀਂ ਹੈ। ਜਦ ਤੱਕ ਪ੍ਰਮਾਤਮਾ ਕਿਸੇ ਨੂੰ ਆਪਣੀ ਇਹ ਵਸਤੂ ਨਹੀਂ ਦਿੰਦਾ ਤਦ ਤਕ ਅਸੀਂ ਮਾਇਆ ਮੋਹ ਦੀ ਠੱਗੀ ਵਿੱਚ ਰਹਿੰਦੇ ਹਾਂ ਜਿਸ ਵਿੱਚ ਪ੍ਰਮਾਤਮਾ ਦੀ ਆਪਣੀ ਹੀ ਮਰਜ਼ੀ ਹੈ ਭਾਵ ਉਹ ਸਾਡਾ ਕੋਈ ਹੱਕ ਵੀ ਨਹੀਂ ਖੋ ਰਿਹਾ ਪਰ ਫਿਰ ਵੀ ਅਸੀਂ ਠੱਗੇ ਜਾ ਰਹੇ ਹਾਂ। (ਠਗਣਹਾਰ ਅਣਠਗਦਾ ਠਾਗੈ) ਅਸੀਂ ਕੇਵਲ ਪ੍ਰਮਾਤਮਾ ਕੋਲੋਂ ਮੰਗ ਹੀ ਸਕਦੇ ਹਾਂ, ਉਸ ਦੇ ਨਾਲ ਮੇਲ ਦੀ ਮੰਗ ਕਰ ਸਕਦੇ ਹਾਂ ਜਿਸ ਵਸਤੂ ਤੇ ਸਾਡਾ ਕੋਈ ਹੱਕ ਨਹੀਂ ਹੈ। ਪ੍ਰਮਾਤਮਾ ਨੇ ਇਹ ਵਸਤੂ ਮੰਗਣ ਲਈ ਸਾਨੂੰ ਵਿਧੀ ਵੀ ਸਮਝਾਈ ਹੋਈ ਹੈ ਜੋ ਕਿ ਅਉਗੁਣਾਂ ਵਿੱਚੋਂ ਨਿਕਲਕੇ ਗੁਣਾਂ ਨੂੰ ਅਪਨਾਉਣ ਦੀ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥"

ਸਾਰੀ ਗੱਲ ਵੱਖਰ ਨੂੰ ਸਮਝਣ ਦੀ ਹੈ। ਸਾਨੂੰ ਪ੍ਰਮਾਤਮਾ ਕੋਲੋਂ ਉਸ ਦਾ ਦਾਨ ਵੀ ਵੱਖਰ ਦੇ ਰੂਪ ਵਿਚ ਮਿਲਦਾ ਹੈ ਜੋ ਕਿ ਨਾਮ ਰੂਪ ਵੱਖਰ ਹੈ ਜਿਸ ਦੇ ਮਿਲਣ ਦੁਆਰਾ ਸਾਡਾ ਭਰਮ ਰੂਪ ਪੜਦਾ ਦੂਰ ਹੁੰਦਾ ਹੈ ਤੇ ਮਨ ਦੇ ਵਿੱਚੋਂ ਹੀ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਵੱਖਰ ਹੈ ਜਿਸ ਦੁਆਰਾ ਸਾਨੂੰ ਵੱਖਰ ਦੀ ਪ੍ਰਾਪਤੀ ਕਰਨਾ ਵੀ ਨਾਲ ਹੀ ਸਮਝਾਇਆ ਹੋਇਆ ਹੈ। ਵੱਖਰ ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਗੁਰੂ ਦਾ ਸੱਚਾ ਧਨ ਹੈ, ਗੁਰੂ ਦੀ ਸੱਚੀ ਮਤਿ ਹੈ ਜਿਸ ਨੂੰ ਮੰਨਣ ਤੇ ਉਸ ਤੇ ਅਮਲ ਕਰਨ ਦੁਆਰਾ ਅਸੀਂ ਇਸ ਵਖਰ ਦੇ ਮਾਲਕ ਨਾਲ ਮਿਲ ਸਕਦੇ ਹਾਂ ਜੋ ਮਨ ਦੇ ਅੰਦਰ ਹੀ ਆਪਣਾ ਇਹ ਦਾਨ ਦਿੰਦਾ ਹੈ। ਜਦ ਤੱਕ ਅਸੀਂ ਇਸ ਵੱਖਰ ਦੇ ਨਾਲ ਨਹੀਂ ਜੁੜਦੇ ਭਾਵ ਮਨਮਤਿ ਛੱਡ ਕੇ ਗੁਰਮਤਿ ਦੇ ਨਾਲ ਨਹੀਂ ਜੁੜਦੇ ਤਦ ਤਕ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਹੀ ਨਹੀਂ ਪੈਂਦੀ, ਉਸ ਦਾ ਨਾਮ ਜਪਣ ਦੀ ਸੋਝੀ ਹੀ ਨਹੀਂ ਪੈਂਦੀ ਕਿ ਉਸ ਨੂੰ ਪਾਉਣ ਦੀ ਵਿਧੀ ਕੀ ਹੈ ਤੇ ਫਿਰ ਅਸੀਂ ਹਰ ਰੋਜ ਉਹੋ ਜਿਹੀ ਭਗਤੀ ਵਿੱਚ, ਨਾਮ ਵਿੱਚ, ਕਿਸੇ ਅੱਖਰ ਦੇ ਜਪ ਵਿੱਚ ਲੱਗ ਜਾਂਦੇ ਹਾਂ ਜਿਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਅਸੀਂ ਭਰਮ ਵਿੱਚ

ਜੁੜੇ ਹੋਏ ਹਾਂ, ਅਨੇਕਾਂ ਹੀ ਸਦੀਆਂ ਤੋਂ ਜੁੜੇ ਹੋਏ ਹਾਂ। (**ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥3॥**)

ਵੱਖਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤੇ ਉਸ ਦੀ ਪ੍ਰਾਪਤੀ ਕਰਨ ਦਾ ਤਰੀਕਾ ਕੀ ਹੈ ਇਸ ਦੀ ਸੋਝੀ ਵੀ ਨਾਲ ਹੀ ਪੈ ਜਾਂਦੀ ਹੈ।

{ਰਾਮ ਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ ॥
ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ ॥
ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ ॥
ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ ॥}

(ਅੰਗ ੧੩੧੪)

{ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ ੨੨)

ਮਃ ੨ ॥

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ ੯੫੪)

{ਇਹੁ ਧਨੁ ਸਰਬ ਰਹਿਆ ਭਰਪੂਰਿ ॥ ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥੧॥
ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ॥ ਜਿਸੁ ਤੂ ਦੇਹਿ ਤਿਸੈ ਨਿਸਤਾਰੈ ॥੧॥ ਰਹਾਉ ॥}

(ਅੰਗ ੯੯੧)

{ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥
ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥}

(ਅੰਗ ੧੦੦੯)

{ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ ॥
ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ ॥
ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥੪॥੧੧॥}

(ਅੰਗ ੧੮)

{ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥}

(ਅੰਗ ੨੨)

{ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥
ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥}

(ਅੰਗ ੨੯)

32/3732

{ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥
ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥
ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥
ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥
ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ ॥੬॥}

(ਅੰਗ ੮੨)

{ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥}

(ਅੰਗ ੧੫੩)

{ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾ ਕੈ ਸਦ ਬਲਿਹਾਰੈ ॥੫॥}

(ਅੰਗ ੨੮੩)

ੴ ਸਤਿਗੁਰ ਪ੍ਰਸਾਦਿ ॥
ਗਉੜੀ ਬੈਰਾਗਣਿ ਰਵਿਦਾਸ ਜੀਉ ॥
{ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥
ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥}

(ਅੰਗ ੩੪੫)

ਆਸਾ ਮਹਲਾ ੫ ॥
{ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ ॥
ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥੧॥
ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥
ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥
ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥
ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥
ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥
ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥੩॥
ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥੪॥੧੨॥੧੧੪॥}

(ਅੰਗ ੩੯੯)

{ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ ੬੩੬)

{ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥
ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ ॥੨॥}

(ਅੰਗ ੭੧੦)

32/3733

ਪ੍ਰਮਾਤਮਾ ਦਾ ਇਹ ਵੱਖਰ ਉਸ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਵਿਚਾਰ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਵਿਚਾਰ ਸਾਨੂੰ ਧਰਮ ਗ੍ਰੰਥਾਂ ਦੇ ਰਾਹੀਂ ਮਿਲਦੀ ਹੈ, ਸੰਤ ਸਭਾ ਦੇ ਵਿੱਚੋਂ ਮਿਲਦੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਸੰਤ ਸਭਾ ਮਿਲਿ ਕਰਹੁ ਬਖਿਆਣ ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥

ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥੫੪॥"

ਸੰਤ ਸਭਾ ਕੀ ਹੈ ਇਸ ਗੱਲ ਨੂੰ ਵੀ ਅਸੀਂ ਪਿਛੇ ਸ਼ਬਦਾਂ ਰਾਹੀਂ ਸਮਝਿਆ ਹੈ। ਸੰਤ ਗੁਰੂ ਪ੍ਰਮਾਤਮਾ ਆਪ ਹੈ ਤੇ ਉਸ ਦੀ ਸਭਾ ਧਰਮ ਗ੍ਰੰਥਾਂ ਰਾਹੀਂ ਸਦਾ ਹੀ ਲੱਗੀ ਹੋਈ ਹੈ ਕਿਉਂਕਿ ਉਨ੍ਹਾਂ ਵਿੱਚ ਗਿਆਨ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜੋ ਕਿ "ਬ੍ਰਹਮ ਬੀਚਾਰੁ" ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੀ ਇਹ ਸੰਤ ਸਭਾ ਅੰਦਰ ਹੀ ਹੈ ਜਿਸ ਰਾਹੀਂ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਆਪਣੇ ਵਿਚਾਰ ਦਿੰਦਾ ਹੈ। ਧਰਮ ਗ੍ਰੰਥਾਂ ਦੀ ਰਚਨਾ ਕਿਵੇਂ ਹੁੰਦੀ ਹੈ ਇਸ ਗੱਲ ਦੀ ਸੋਝੀ ਮਨ ਦੇ ਵਿੱਚ ਸੰਤ ਸਭਾ ਹੋਣ ਦੁਆਰਾ ਹੀ ਪੈਂਦੀ ਹੈ। ਸ੍ਰਿੰਮ੍ਰਿਤ, ਸਾਸਤ, ਬੇਦ, ਪੁਰਾਣ ਕਿਵੇਂ ਆਏ ਹਨ, ਇਹਨਾਂ ਦੀ ਰਚਨਾ ਕਿਵੇਂ ਹੋਈ ਹੈ ਇਸ ਦੀ ਸਮਝ ਮਨ ਦੇ ਵਿੱਚ ਸੰਤ ਸਭਾ ਹੋਣ ਦੁਆਰਾ ਹੀ ਪੈਂਦੀ ਹੈ ਕਿ ਧਰਮ ਦਾ ਗਿਆਨ ਕਿਥੋਂ ਆਉਂਦਾ ਹੈ ਤੇ ਕਿਸ ਮਕਸਦ ਲਈ ਆਉਂਦਾ ਹੈ। ਪ੍ਰਮਾਤਮਾ ਦਾ ਵੱਖਰ ਮਨ ਦੀ ਸੰਤ ਸਭਾ ਦੁਆਰਾ ਹੀ ਮਿਲਦਾ ਹੈ। ਜਿਨ੍ਹਾਂ ਨੇ ਵੇਦਾਂ, ਸ਼ਾਸਤਰਾਂ ਦੀ ਰਚਨਾ ਕੀਤੀ ਹੈ ਉਹਨਾਂ ਨੇ ਉਸ ਗਿਆਨ ਨੂੰ ਆਪਣਾ ਗਿਆਨ ਹੀ ਸਮਝਿਆ ਹੈ ਕਿਉਂਕਿ ਉਹਨਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਤੇ ਇਸ ਲਈ ਉਹਨਾਂ ਦੇ ਗਿਆਨ ਨੂੰ ਮਨੁੱਖੀ ਵਿਚਾਰ ਸਮਝਿਆ ਜਾਂਦਾ ਹੈ ਜਦ ਕਿ ਇਸ ਵਿੱਚ ਸੱਚ ਨਹੀਂ ਹੈ। ਉਹਨਾਂ ਦੇ ਅੰਦਰ ਗਿਆਨ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਹੈ ਜੋ ਕਿ ਬ੍ਰਹਮ ਬੀਚਾਰ ਦੇ ਰੂਪ ਵਿਚ ਹੈ। ਇਸ ਬੀਚਾਰ ਦਾ ਮਕਸਦ ਇਹ ਹੈ ਭਾਵ ਧਰਮ ਸ਼ਾਸਤਰਾਂ ਦੇ ਗਿਆਨ ਦਾ ਮਕਸਦ ਇਹ ਹੈ ਕਿ ਅਸੀਂ ਉਸ ਗਿਆਨ ਨੂੰ ਆਪਣੇ ਅੰਦਰ ਵੀਚਾਰੀਏ ਭਾਵ ਆਪਣੇ ਵਿਚਾਰਾਂ ਨੂੰ ਸ਼ਬਦਾਂ ਦੀ ਵਿਚਾਰ ਦੇ ਅਨੁਸਾਰ ਬਣਾਈਏ ਜਿਨ੍ਹਾਂ ਦਾ ਮਕਸਦ ਸਾਨੂੰ ਮਨਮਤਿ ਵਿੱਚੋਂ ਕੱਢਕੇ ਗੁਰਮਤਿ ਦੇ ਨਾਲ ਜੋੜਨ ਦਾ ਹੈ ਭਾਵ ਸਾਨੂੰ ਭਰਮ ਦੇ ਵਿੱਚੋਂ ਕੱਢਣ ਦਾ ਹੈ ਕਿ ਅਸੀਂ ਮਨਮਤਿ ਤਿਆਗੀਏ ਤੇ ਭਗਤੀ ਦੇ ਅਸਲ ਮਾਰਗ ਨੂੰ ਸਮਝੀਏ। ਸਾਡੀ ਗਤਿ ਮਨ ਦੀ ਸੱਚੀ ਸੋਝੀ ਨੇ ਹੀ ਕਰਨੀ ਹੈ, ਸ਼ਬਦ ਦੀ ਵੀਚਾਰ ਨੇ, ਬ੍ਰਹਮ ਬੀਚਾਰ ਨੇ ਹੀ ਕਰਨੀ ਹੈ ਭਾਵ ਗੁਰੂ ਦੀ ਮਤਿ ਨੇ ਹੀ ਕਰਨੀ ਹੈ, ਮਨਮਤਿ ਵਿੱਚੋਂ ਕੱਢਕੇ ਕਰਨੀ ਹੈ। ਕੇਵਲ ਸ਼ਬਦਾਂ ਨੂੰ ਪੜੀ ਜਾਣ ਨਾਲ ਸਾਡੀ ਗਤਿ ਨਹੀਂ ਹੋ ਸਕਦੀ। ਸਾਡੀ ਗਤਿ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੋਣੀ ਹੈ ਜਿਨ੍ਹਾਂ ਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ, ਭਰਮ ਦੇ ਬੰਧਨ ਵਿੱਚੋਂ ਕੱਢਣਾ ਹੈ ਭਾਵ ਭਰਮ ਤੋਂ ਮੁਕਤਿ ਕਰਨਾ ਹੈ। ਮਨਮਤਿ ਸਾਡਾ ਬੰਧਨ ਹੈ ਤੇ ਗੁਰਮਤਿ ਸਾਡੀ ਮੁਕਤੀ ਦਾ ਸਾਧਨ ਹੈ। (**ਸੰਤ ਸਭਾ ਮਿਲਿ ਕਰਹੁ ਬਖਿਆਣੁ॥ ਸ੍ਰਿੰਮ੍ਰਿਤਿ ਸਾਸਤ ਬੇਦ ਪੁਰਾਣ॥ ਬ੍ਰਹਮ ਬੀਚਾਰੁ ਬੀਚਾਰੇ ਕੋਇ॥ ਨਾਨਕ ਤਾ ਕੀ ਪਰਮ ਗਤਿ ਹੋਇ॥4॥**)

ਪੂਰੀ ਗੁਰਬਾਣੀ ਵਿੱਚ ਬ੍ਰਹਮ ਬੀਚਾਰ ਹੈ, ਬ੍ਰਹਮ ਗਿਆਨ ਹੈ ਜੋ

ਮੈਲ ਤੋਂ ਰਹਿਤ ਹੈ ਭਾਵ ਭਰਮ ਦੀ ਮੈਲ ਤੋਂ ਰਹਿਤ ਹੈ ਕਿਉਂਕਿ ਉਹ ਵਿਚਾਰ ਆਪ ਪ੍ਰਮਾਤਮਾ ਦੇ ਕੋਲੋਂ ਆਈ ਹੈ ਜਿਸ ਵਿੱਚ ਭਰਮ ਦਾ ਨਾਮ ਨਿਸ਼ਾਨ ਵੀ ਨਹੀਂ ਹੋ ਸਕਦਾ। ਬ੍ਰਹਮ ਬੀਚਾਰ ਚਉਥੇ ਪਦ ਦੀ ਵਿਚਾਰ ਹੈ ਜਿਸ ਦਾ ਮਕਸਦ ਤ੍ਰੈ ਗੁਣਾਂ ਵਾਲੀ ਵਿਚਾਰ ਦੀ ਮੈਲ ਨੂੰ ਧੋਣ ਦਾ ਹੈ ਭਾਵ ਮਨੁੱਖੀ ਵਿਚਾਰਾਂ ਦੀ ਮੈਲ ਨੂੰ ਧੋਣ ਦਾ ਹੈ, ਮਨਮਤਿ ਦੀ ਮੈਲ ਨੂੰ ਸਾਫ ਕਰਨ ਦਾ ਹੈ। ਉਪਰ ਪੂਰੇ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਗਈ ਹੈ ਕਿ ਅਸੀਂ ਸ਼ਬਦ ਦੀ ਵੀਚਾਰ ਦੇ ਮਕਸਦ ਨੂੰ ਸਮਝੀਏ ਤੇ ਉਹੋ ਜਿਹੀ ਮਤਿ ਵਿੱਚੋਂ ਨਿਕਲੀਏ, ਭਗਤੀ ਦੇ ਉਹੋ ਜਿਹੇ ਤਰੀਕਿਆਂ ਵਿੱਚੋਂ ਨਿਕਲੀਏ ਜੋ ਅਸੀਂ ਹੋਰਾਂ ਦੀ ਮਤਿ ਦੁਆਰਾ ਸਿੱਖੇ ਹੋਏ ਹਨ ਤੇ ਉਹਨਾਂ ਨੂੰ ਇਤਨਾ ਕੁ ਸੱਚਾ ਮੰਨਿਆ ਹੋਇਆ ਹੈ ਕਿ ਸਾਨੂੰ ਸ਼ਬਦ ਦੀ ਵਿਚਾਰ ਵਿੱਚ ਸੱਚ ਨਜ਼ਰ ਨਹੀਂ ਆਉਂਦਾ ਤੇ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਆਪਣੀ ਮਤਿ ਨੂੰ ਛੱਡੇ ਬਿਨਾਂ ਹੀ ਗੁਰੂ ਦੀ ਮਤਿ ਵਾਲਾ ਅਖਵਾ ਲਈਏ, ਆਪਣੀ ਮਤਿ ਦੇ ਉੱਤੇ ਗੁਰਮਤਿ ਦੀ ਮੋਹਰ ਲਗਾ ਲਈਏ ਤੇ ਆਪਣੀ ਮਤਿ ਦੁਆਰਾ ਹੀ ਪ੍ਰਮਾਤਮਾ ਦੇ ਦਰਬਾਰ ਵਿੱਚ ਪ੍ਰਵਾਨ ਹੋ ਜਾਈਏ ਤੇ ਅਸੀਂ ਆਪਣੇ ਆਪ ਨੂੰ ਆਪ ਹੀ ਗੁਰਮਤਿ ਤੇ ਪ੍ਰਵਾਨ ਕਰ ਲੈਂਦੇ ਹਾਂ ਕਿ ਅਸੀਂ ਸੱਚੀ ਭਗਤੀ ਨਾਲ ਜੁੜੇ ਹੋਏ ਹਾਂ। ਇਹ ਕੇਵਲ ਸਾਡਾ ਭਰਮ ਹੈ ਬਹੁਤ ਵੱਡਾ ਭਰਮ ਹੈ। ਇਹ ਸਾਡੇ ਅੰਦਰ "ਕਲਿ" ਦੀ ਨਿਸ਼ਾਨੀ ਹੈ ਭਾਵ ਕਲਿ ਦੇ ਲੱਖਣ ਹਨ। ਸਾਡੇ ਅੰਦਰ ਦੀ ਕਲਿ ਕੀ ਹੈ ਇਸ ਗੱਲ ਨੂੰ ਅਸੀਂ ਪਿਛੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਕਲਿ ਵਿੱਚ ਰਹਿੰਦਿਆਂ ਅਸੀਂ ਭਗਤੀ ਦੇ ਮਾਰਗ ਤੋਂ ਕਿਤਨੇ ਕੁ ਭੁਲੇ ਹੋਏ ਰਹਿੰਦੇ ਹਾਂ ਤੇ ਝੂਠੀ ਉਮੀਦ ਵਿੱਚ ਬੈਠੇ ਹਾਂ ਕਿ ਅਸੀਂ ਆਪਣੀ ਮਨਮਤਿ ਵਾਲੀ ਭਗਤੀ ਦੁਆਰਾ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਜਾਂਦੇ ਹਾਂ। ਹੇਠਲੇ ਸ਼ਬਦ ਦੁਆਰਾ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਤੇ ਭਗਤੀ ਦਾ ਅਸਲ ਮਾਰਗ ਵੀ ਬੜੀ ਹੀ ਗੂੜਤਾ ਨਾਲ ਸਝਾਇਆ ਹੋਇਆ ਹੈ। ਬੜੇ ਧਿਆਨ ਨਾਲ ਸਮਝਣ

ਦੀ ਲੋੜ ਹੈ ਤਾਂ ਜੋ ਅਸੀਂ ਮਨ ਦੀ ਕਲਿ ਵਿੱਚੋਂ ਨਿਕਲੀਏ, ਭਗਤੀ ਨੂੰ ਸਮਝਣ ਦੀ ਅਗਿਆਨਤਾ ਵਿੱਚੋਂ ਨਿਕਲੀਏ।

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

“ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥
ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥”

(ਅੰਗ ੯੦੨-੯੦੩)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ

32/3735

ਸਮਝਣ ਦੀ ਲੋੜ ਹੈ। ਸਾਰੇ ਸ਼ਬਦ ਦਾ ਭਾਵ ਇਕੋ ਹੀ ਹੁੰਦਾ ਹੈ ਭਾਵ ਇੱਕੋ ਖਾਸ ਮਕਸਦ ਸਮਝਾਣ ਲਈ ਹੁੰਦਾ ਹੈ। ਪੂਰੇ ਸ਼ਬਦ ਦਾ ਮਕਸਦ ਸਾਡੇ ਮਨ ਦੀ "ਕਲਿ" ਦੇ ਨਾਲ ਜੁੜਿਆ ਹੋਇਆ ਹੈ।

"ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥"

ਪ੍ਰਮਾਤਮਾ ਨੇ ਜੋ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਉਸ ਨੂੰ ਚਲਾਉਣ ਦਾ ਨਿਯਮ ਵੀ ਉਸ ਨੇ ਆਪ ਹੀ ਤੈਅ ਕੀਤਾ ਹੋਇਆ

ਹੈ ਜੋ ਕਿ ਕਦੇ ਬਦਲ ਨਹੀਂ ਸਕਦਾ। ਜਦ ਤੋਂ ਧਰਤੀ ਬਣੀ ਹੈ, ਚੰਦ ਸੂਰਜ ਤਾਰੇ ਬਣੇ ਹਨ, ਪਉਣ ਬਣੀ ਹੈ ਉਹ ਆਪਣੇ ਮਕਸਦ ਨੂੰ ਕਰੋੜਾਂ ਸਾਲਾਂ ਤੋਂ ਉਸੇ ਤਰ੍ਹਾਂ ਪੂਰਾ ਕਰਦੇ ਆ ਰਹੇ ਹਨ ਭਾਵ ਆਪਣੇ ਅਸੂਲ ਦੇ ਬੱਝੇ ਹੋਏ ਹਨ, ਪ੍ਰਮਾਤਮਾ ਦੇ ਬਣਾਏ ਹੋਏ ਸਾਇੰਟਿਫਿਕ ਨਿਯਮ ਨਾਲ ਜੁੜੇ ਹੋਏ ਹਨ, ਪ੍ਰਮਾਤਮਾ ਦੇ ਗਿਆਨ ਦੇ ਬੱਝੇ ਹੋਏ ਹਨ। ਮਨੁੱਖ ਦੀ ਰਚਨਾ ਵੀ ਪ੍ਰਮਾਤਮਾ ਨੇ ਕਿਸੇ ਮਕਸਦ ਲਈ ਕੀਤੀ ਹੋਈ ਹੈ ਤੇ ਉਸ ਦੇ ਵਿਚਰਨ ਲਈ ਵੀ ਪ੍ਰਮਾਤਮਾ ਨੇ ਨਿਯਮ ਬਣਾਇਆ ਹੋਇਆ ਹੈ ਜੋ ਕਦੇ ਬਦਲਦਾ ਨਹੀਂ। ਪ੍ਰਮਾਤਮਾ ਨੂੰ ਕੇਵਲ ਮਨੁੱਖੀ ਰੂਪ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਇਹ ਪ੍ਰਮਾਤਮਾ ਦਾ ਬਣਾਇਆ ਹੋਇਆ ਅਸੂਲ ਹੈ ਕਿਉਂਕਿ ਉਸ ਨੂੰ ਸਮਝਣ ਦੀ ਸੋਝੀ, ਪ੍ਰਮਾਤਮਾ ਨੂੰ ਸਮਝਣ ਦੀ ਸਮਰਥਾ ਕੇਵਲ ਮਨੁੱਖ ਦੇ ਅੰਦਰ ਹੀ ਪਾਈ ਹੋਈ ਹੈ ਜਿਸ ਰਾਹੀਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਹਰ ਮਨੁੱਖੀ ਮਨ ਦੇ ਅੰਦਰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਅਵਸਥਾ ਪਾਈ ਹੋਈ ਹੈ, ਕਲਿ ਵਾਲੀ ਅਵਸਥਾ ਪਾਈ ਹੋਈ ਹੈ ਜਿਸ ਦੁਆਰਾ ਮਨੁੱਖ ਹਰ ਵੇਲੇ ਕਲਜੁਗਿ ਵਾਲੀ ਅਵਸਥਾ ਵਿੱਚ ਹੀ ਰਹਿੰਦਾ ਹੈ ਭਾਵ ਮਨ ਦੇ ਕਲਿ ਵਾਲੀ ਅਵਸਥਾ ਵਿੱਚ ਰਹਿੰਦਾ ਹੈ। ਇਹ ਪ੍ਰਮਾਤਮਾ ਦਾ ਬਣਾਇਆ ਹੋਇਆ ਨਿਯਮ ਹੈ ਜਿਸ ਦੁਆਰਾ ਉਹ ਸ੍ਰਿਸ਼ਟੀ ਦੇ ਅੰਦਰ ਆਪਣੀ ਖੇਡ ਖੇਡ ਰਿਹਾ ਹੈ, ਅਨੇਕਾਂ ਜੀਵ ਜੰਤੂ ਬਣਾ ਕੇ ਆਪਣੀ ਖੇਡ ਖੇਡ ਰਿਹਾ ਹੈ। ਇਸ ਖੇਡ ਦੇ ਵਿੱਚੋਂ ਅਸੀਂ ਆਪਣੇ ਉਸ ਅਸਲ ਥਾਵ ਦੀ ਪ੍ਰਾਪਤੀ ਕਰਨੀ ਹੈ, ਉਸ ਅਸਥਾਨ ਦੀ ਪ੍ਰਾਪਤੀ ਕਰਨੀ ਹੈ ਜਿਸ ਦੁਆਰਾ ਅਸੀਂ ਇਸ ਖੇਡ ਨੂੰ ਜਾਣ ਸਕਦੇ ਹਾਂ, ਸੰਸਾਰ ਦੀ ਅਸਲੀਅਤ ਨੂੰ ਜਾਣ ਸਕਦੇ ਹਾਂ ਕਿ ਇਸ ਖੇਡ ਨੂੰ ਕਿਸ ਨੇ ਬਣਾਇਆ ਹੈ, ਕਿਵੇਂ ਬਣਾਇਆ ਹੈ ਤੇ ਕਿਵੇਂ ਚਲਾ ਰਿਹਾ ਹੈ। ਇਹ ਉਹ ਅਸਥਾਨ ਹੈ ਜਿਸ ਅਸਥਾਨ ਤੇ ਪਹੁੰਚ ਕੇ ਇਸ ਖੇਡ ਦੀ ਸੋਝੀ ਪੈਂਦੀ ਹੈ ਭਾਵ ਉਹ ਅਸਥਾਨ ਜਿਸ ਤੇ ਪਹੁੰਚ ਕੇ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਇਸ ਅਸਥਾਨ ਦੀ ਪ੍ਰਾਪਤੀ ਸਾਨੂੰ ਕਿਵੇਂ ਹੋਵੇ ਕਿਉਂਕਿ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ "ਜੁਗ" ਵਾਲੀ ਭਾਵ ਕਲਿ ਜੁਗ ਵਾਲੀ ਅਵਸਥਾ ਪਾਈ ਹੋਈ ਹੈ। (**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥ ਸਾ ਧਰਤੀ ਸੋ ਪਉਣ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥1॥**)

ਉਸ ਥਾਵ ਦੀ ਪ੍ਰਾਪਤੀ ਅਸੀਂ ਕਿਵੇਂ ਕਰਨੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਸਾਡਾ ਕਿਵੇਂ ਹੋਣਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਨਿਯਮ ਸਦਾ ਤੋਂ ਇੱਕੋ ਹੀ ਹੈ ਤੇ ਉਹੀ

ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਕਿ ਰਹਾਉ ਵਾਲੀ ਪੰਗਤੀ ਹੈ।

"ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥"

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਤਾਂ ਸਦਾ ਤੋਂ ਹੀ ਇਕੋ ਹੀ ਹੈ, ਹਰ ਜੁਗ ਵਿੱਚ ਇਕੋ ਹੀ ਹੈ ਜੋ ਕਿ ਆਪਣੇ ਜੀਵਨ ਦੇ ਵਿੱਚ "ਤਲਬ" ਨੂੰ ਨਿਵਾਰਨ ਦਾ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਨਿਵਾਰਨ ਦਾ ਹੈ ਭਾਵ ਤਿਆਗਣ ਦਾ ਹੈ। ਸਾਡੇ ਅੰਦਰ ਹਰ ਵੇਲੇ ਕੋਈ ਨਾ ਕੋਈ ਤਲਬ ਲੱਗੀ ਰਹਿੰਦੀ ਹੈ, ਕਿਸੇ ਨਾ ਕਿਸੇ ਇੱਛਾ ਦੀ ਪੂਰਤੀ ਕਰਨ ਦੀ ਤਲਬ ਲੱਗੀ ਰਹਿੰਦੀ ਹੈ ਜੋ ਕਿ ਮਾਇਆ ਮੋਹ ਹੈ ਤੇ ਆਪਣੀ ਤਲਬ ਪੂਰੀ ਕਰਨ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਝੂਠ ਬੋਲਦੇ ਹਾਂ, ਲੋਭ ਲਾਲਚ ਕਰਦੇ ਹਾਂ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਰੀ ਗੱਲ ਮਨ ਦੇ ਸੰਤੋਖ ਦੀ ਹੈ ਜੋ ਕਿ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਹੀ ਆਉਂਦਾ ਹੈ ਤੇ ਫਿਰ ਮਨੁੱਖ ਮਾਇਆ ਮੋਹ ਵਿੱਚ ਨਹੀਂ ਡੋਲਦਾ ਤੇ ਕੋਈ ਮਾੜਾ ਕਰਮ ਨਹੀਂ ਕਰਦਾ ਭਾਵ ਗੁਰਮਤਿ ਦੇ ਉਲਟ ਨਹੀਂ ਚਲਦਾ, ਨਾਮ ਦੇ ਉਲਟ ਨਹੀਂ ਚਲਦਾ ਭਾਵ ਸੱਚ ਦੇ ਨਾਲ ਜੁੜਦਾ ਹੈ ਤੇ ਇਹੀ ਤਰੀਕਾ ਭਾਵ ਇਕੋ ਇਕ ਤਰੀਕਾ ਹੈ ਜਿਸ ਦੁਆਰਾ ਅਸੀਂ ਉਸ ਅਸਥਾਨ ਦੀ ਪ੍ਰਾਪਤੀ ਕਰ ਸਕਦੇ ਹਾਂ ਜਿਥੇ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਹੁੰਦਾ ਹੈ। ਉਹ ਅਸਥਾਨ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਪਾਉਣ ਦਾ ਅਸਥਾਨ ਵੀ ਇਕੋ ਹੀ ਹੈ ਤੇ ਉਸ ਅਸਥਾਨ ਦੀ ਪ੍ਰਾਪਤੀ ਦਾ ਤਰੀਕਾ ਵੀ ਇਕੋ ਹੀ ਹੈ ਜੋ ਕਿ ਸਦਾ ਤੋਂ ਇਕੋ ਹੀ ਹੈ ਭਾਵ ਆਪਣੀਆਂ ਤ੍ਰਿਸ਼ਨਾਵਾਂ ਛੱਡਣ ਦਾ ਹੈ। (**ਜੀਵਨ ਤਲਬ ਨੀਵਾਰਿ॥**)

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਤਾਂ ਇਕੋ ਇਕ ਇਹੀ ਹੈ ਜੋ ਸਾਨੂੰ ਗੁਰਬਾਣੀ ਰਾਹੀਂ ਬਾਰ-ਬਾਰ ਸਮਝਾਇਆ ਗਿਆ ਹੈ ਪਰ ਅਸੀਂ ਕਿਹੋ ਜਿਹੇ ਤਰੀਕੇ ਬਣਾਏ ਹੋਏ ਹਨ ਤੇ ਉਹਨਾਂ ਤੋਂ ਕਿਤਨੀਆਂ ਵੱਡੀਆਂ ਉਮੀਦਾਂ ਲਾਈ ਬੈਠੇ ਹਾਂ ਉਹ ਕੇਵਲ

ਸਾਡਾ ਭਰਮ ਹੈ ਜੋ ਕਿ ਅਗਲੀ ਪੰਗਤੀ ਰਾਹੀਂ ਸਪੱਸ਼ਟ ਕੀਤਾ ਹੋਇਆ ਹੈ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਭਰਮ ਵਿੱਚੋਂ ਨਿਕਲ ਸਕੀਏ।

"ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥"

ਅਸੀਂ ਭਗਤੀ ਦੇ ਤਰੀਕੇ ਆਪਣੀ ਮਤਿ ਅਨੁਸਾਰ ਬਣਾਏ ਹੋਏ

32/3737

ਹਨ ਜੋ ਕਿ ਸਦੀਆਂ ਤੋਂ ਚਲਦੇ ਆ ਰਹੇ ਹਨ ਤੇ ਹਰ ਕੋਈ ਉਹਨਾਂ ਵਿੱਚ ਆਪਣੀ ਸੱਚੀ ਭਗਤੀ ਸਮਝਦਾ ਹੈ ਜਿਸ ਵਿੱਚ ਸਭ ਤੋਂ ਵੱਡਾ ਤਰੀਕਾ ਸਰੀਰਕ ਜਪ ਤਪ ਕਰਨ ਦਾ ਹੈ ਤੇ ਆਪਣੀ ਆਪਣੀ ਮਤਿ ਅਨੁਸਾਰ ਕਿਸੇ ਅੱਖਰ ਦਾ ਜਪ ਕਰਨ ਦਾ ਹੈ, ਧਰਮ ਗ੍ਰੰਥਾਂ ਨੂੰ ਕੇਵਲ ਪੜਨ ਸੁਣਨ ਦਾ ਹੈ, ਤੀਰਥਾਂ ਆਦਿ ਤੇ ਇਸ਼ਨਾਨ ਕਰਨ ਦਾ ਹੈ, ਸਰੀਰਕ ਸੁਚਿ ਨਾਲ ਜੁੜਨ ਦਾ ਹੈ, ਸੁੱਚੇ ਚਉਕਿਆਂ ਦੇ ਖਾਣੇ ਨਾਲ ਜੁੜਨ ਦਾ ਹੈ, ਕਿਸੇ ਖਾਸ ਪਹਿਰਾਵੇ ਨਾਲ ਜੁੜਨ ਦਾ ਹੈ ਤੇ ਇਸੇ ਤਰ੍ਹਾਂ ਸੰਸਾਰ ਵਿੱਚ ਅਨੇਕਾਂ ਹੀ ਤਰੀਕੇ ਹਨ ਜਿਸ ਦੁਆਰਾ ਅਸੀਂ ਦੇਵੀ ਦੇਵਤਿਆਂ ਆਦਿ ਨੂੰ ਪੂਜਦੇ ਹਾਂ, ਵਰਤ ਆਦਿ ਰੱਖਦੇ ਹਾਂ, ਜੱਗ ਆਦਿ ਕਰਦੇ ਹਾਂ, ਜੀਵਾਂ ਦੀ ਬਲੀ ਚੜਾਉਂਦੇ ਹਾਂ, ਮਾਇਆ ਦੇ ਵੱਡੇ ਚੜਾਵੇ ਚੜਾਉਂਦੇ ਹਾਂ, ਧਾਰਮਿਕ ਮਾਨਤਾ ਅਨੁਸਾਰ ਜਲੂਸ, ਝਾਕੀਆਂ ਆਦਿ ਕੱਢਦੇ ਹਾਂ ਭਾਵ ਅਨੇਕਾਂ ਹੀ ਤਰੀਕੇ ਆਪਣੀ ਆਪਣੀ ਮਰਿਯਾਦਾ ਅਨੁਸਾਰ ਬਣਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੀ ਭਗਤੀ ਦੇ ਨਾਲ ਜੋੜਿਆ ਹੋਇਆ ਹੈ। ਭਗਤੀ ਦਾ ਤਰੀਕਾ ਤਾਂ ਸਾਰੇ ਸੰਸਾਰ ਲਈ ਇਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਜੋ ਕਿ ਮਨ ਦੇ ਸੰਤੋਖ ਦੁਆਰਾ ਚਲਿਆ ਜਾ ਸਕਦਾ ਹੈ ਤੇ ਮਨ ਦਾ ਸੰਤੋਖ ਉਸੇ ਮਨੁੱਖ ਦੇ ਅੰਦਰ ਆਉਂਦਾ ਹੈ ਜੋ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਜਾਂਦਾ ਹੈ ਤੇ ਤਾਂ ਹੀ ਮਨੁੱਖ ਅਉਗਣਾਂ ਤੋਂ ਮੁਕਤਿ ਹੋ ਕੇ ਵਿਚਰ ਸਕਦਾ ਹੈ ਭਾਵ ਸੱਚੇ-ਸੁੱਚੇ ਕਰਮ ਕਰਨਾ, ਸੱਚੀ ਸੁੱਚੀ ਕਿਰਤ ਕਰਨਾ ਤੇ ਪਰਉਪਕਾਰੀ ਬਣ ਕੇ ਵਿਚਰਨਾ ਹੀ ਇਕੋ ਇਕ ਸਾਰੇ ਸੰਸਾਰ ਲਈ ਭਗਤੀ ਦਾ ਮਾਰਗ ਹੈ। ਇਸ ਤਰੀਕੇ ਤੋਂ ਇਲਾਵਾ ਅਸੀਂ ਜਿਤਨੇ ਵੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਉਨ੍ਹਾਂ ਨੂੰ ਅਸੀਂ ਆਪਣੇ ਮਨ ਦੀ ਅਗਿਆਨਤਾ ਦੇ ਕਾਰਨ, ਮਨ ਦੀ ਕਲਿ ਦੇ ਕਾਰਣ ਆਪਣੇ ਸੱਚੇ ਭਗਤੀ ਦੇ ਤਰੀਕੇ ਹੀ ਸਮਝਦੇ ਹਾਂ ਕਿ ਇਹਨਾਂ ਤਰੀਕਿਆਂ ਦੁਆਰਾ ਅਸੀਂ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਜਾਂਦੇ ਹਾਂ। ਅਸੀਂ ਇਹਨਾਂ ਤਰੀਕਿਆਂ ਨੂੰ ਆਪ ਹੀ ਕਬੂਲ ਕੀਤਾ ਹੋਇਆ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਣ ਦਾ ਤਰੀਕਾ ਮੰਨਿਆ ਹੋਇਆ ਹੈ ਤੇ ਇਸੇ ਲਈ ਅਸੀਂ ਸੰਸਾਰ ਦੇ ਵਿੱਚ ਇਹੋ ਜਿਹਿਆਂ ਨੂੰ ਉੱਚੇ ਦਰਜੇ ਦਿੰਦੇ ਹਾਂ, ਪ੍ਰਮਾਤਮਾ ਦੇ ਭਗਤ ਹੋਣ ਦਾ ਦਰਜਾ ਦਿੰਦੇ ਹਾਂ ਕਿ ਇਹ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਚੁਕੇ ਹਨ, ਇਹਨਾਂ ਦੀ ਭਗਤੀ ਪ੍ਰਵਾਨ ਹੋ ਚੁੱਕੀ ਹੈ। ਅਸੀਂ ਆਪ ਹੀ ਕਿਸੇ ਨੂੰ ਇਹੋ ਜਿਹੇ ਸਰਟੀਫਿਕੇਟ ਦੇਈ ਜਾਂਦੇ ਹਾਂ ਕਿ ਪ੍ਰਮਾਤਮਾ ਦੇ ਭਗਤ ਇਹੋ ਜਿਹੇ ਹੀ ਹੁੰਦੇ ਹਨ ਕਿਉਂਕਿ ਅਸੀਂ ਭਗਤੀ ਦੇ ਉਹਨਾਂ ਤਰੀਕਿਆਂ ਨੂੰ ਮਾਨਤਾ ਦਿੱਤੀ ਹੋਈ ਹੈ ਜਿਹੋ ਜਿਹੇ ਤਰੀਕੇ ਉਹ ਅਪਨਾਉਂਦੇ ਹਨ। ਇਹ ਆਪਣੇ ਆਪ ਨੂੰ ਜਾਂ ਕਿਸੇ ਨੂੰ ਧੱਕੇ ਨਾਲ ਹੀ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਕਰਨ ਵਾਲੀ ਗੱਲ ਹੈ ਭਾਵ ਕੇਵਲ ਮਨਮਤਿ ਹੈ ਜਿਸ ਵਿੱਚ ਸੱਚ ਨਹੀਂ ਹੈ ਬਲਕਿ ਸਾਡਾ ਭਰਮ ਹੈ ਕਿ ਇਹੋ ਜਿਹੇ ਮਨੁੱਖ ਭਗਤੀ ਵਾਲੇ ਹਨ। ਪ੍ਰਮਾਤਮਾ ਉਹੋ ਜਿਹੀ ਕਿਸੇ ਭਗਤੀ ਨੂੰ ਪ੍ਰਵਾਨ ਨਹੀਂ ਕਰਦਾ ਜੋ ਉਸ ਦੇ ਨਿਯਮ ਅਨੁਸਾਰ ਨਹੀਂ ਹੈ, ਜੋ ਉਸ ਦਾ ਨਿਯਮ ਸਦਾ ਲਈ ਇਕੋ ਹੀ ਹੈ ਜੋ ਕਿ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਵਿਚਰਨ ਦਾ ਹੈ। ਆਪਣੇ ਆਪ ਨੂੰ ਆਪਣੀ ਝੂਠੀ ਭਗਤੀ ਦੁਆਰਾ ਆਪ ਹੀ ਭਗਤੀ ਵਾਲੇ ਪ੍ਰਵਾਨ ਕਰੀ ਜਾਣਾ ਸਾਡੇ ਅੰਦਰ ਕਲਿ ਦੇ ਲੱਖਣ ਹਨ ਭਾਵ ਅਗਿਆਨਤਾ ਦੇ ਲੱਖਣ ਹਨ, ਭਰਮ ਵਾਲੇ ਲੱਖਣ ਹਨ ਜਿਸ

32/3738

ਦੁਆਰਾ ਅਸੀਂ ਆਪਣੀ ਉਹੋ ਜਿਹੀ ਭਗਤੀ ਨੂੰ ਸੱਚ ਬਣਾਈ ਬੈਠੇ ਹਾਂ ਜਿਸ ਦੇ ਵਿਚ ਅਸਲ ਵਿੱਚ ਭਗਤੀ ਹੈ ਹੀ ਨਹੀਂ। **"ਧਿਙਾਣਾ"** ਤੋਂ ਭਾਵ ਹੈ "ਧੱਕਾ"। ਕੀ ਅਸੀਂ ਉਸ ਪ੍ਰਮਾਤਮਾ ਦੇ ਨਾਲ ਧੱਕਾ ਕਰ ਸਕਦੇ ਹਾਂ ਭਾਵ ਕੀ ਅਸੀਂ ਉਸ ਦੇ ਦਰ ਤੇ ਧੱਕੇ ਨਾਲ ਪ੍ਰਵਾਣ ਹੋ ਸਕਦੇ ਹਾਂ, ਕੀ ਉਸ ਪ੍ਰਮਾਤਮਾ ਦੇ ਨਾਲ ਧੱਕਾ ਚਲ ਸਕਦਾ ਹੈ, ਜੋਰ ਚਲ ਸਕਦਾ ਹੈ ਭਾਵ ਅਸੀਂ ਵੱਡੇ ਭਰਮ ਵਿੱਚ ਹਾਂ ਕਿ ਅਸੀਂ ਇਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਜਾਂਦੇ ਹਾਂ। ਇਹ ਸਾਡੇ ਅੰਦਰ ਕਲਿ ਦੇ ਲੱਖਣ ਹਨ ਹੋਰ ਕੁਝ ਵੀ ਨਹੀਂ। ਪ੍ਰਮਾਤਮਾ ਨੇ ਹਰ ਕਿਸੇ ਨੂੰ ਕਲਿ ਵਿੱਚ ਹੀ ਰੱਖਿਆ ਹੋਇਆ ਹੈ ਜਿਸ ਕਰ ਕੇ ਹਰ ਕੋਈ ਉਹੋ ਜਿਹੀ ਭਗਤੀ ਵਿੱਚ ਲੱਗਾ ਹੋਇਆ ਹੈ ਜਿਸ ਰਾਹੀਂ ਹਰ ਕੋਈ ਝੂਠੀਆਂ ਉਮੀਦਾਂ ਲਾਈ ਬੈਠਾ ਹੈ ਕਿ ਇਸ

ਤਰੀਕੇ ਸਾਨੂੰ ਪ੍ਰਮਾਤਮਾ ਮਿਲ ਜਾਵੇਗਾ। ਉਸ ਦੇ ਬਣਾਏ ਹੋਏ ਭਗਤੀ ਦੇ ਅਸੂਲ ਤੋਂ ਉਲਟ ਚਲ ਕੇ ਉਸ ਨੂੰ ਨਾ ਹੀ ਕਿਸੇ ਨੇ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ। ਉਸ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਅਨੇਕਾਂ ਹੀ ਹਨ ਪਰ ਸਭ ਭਰਮ ਵਿੱਚ ਹੀ ਰਹੇ ਹਨ। ਇਸ ਮਨ ਨੂੰ ਜਾਣੇ ਬਿਨਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿ ਸਾਡੇ ਅੰਦਰ ਇਹ ਭਰਮ ਕਿਥੋਂ ਆਉਂਦਾ ਹੈ ਤੇ ਕਿਵੇਂ ਦੂਰ ਹੁੰਦਾ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਰ ਕੋਈ ਭਰਮ ਵਿੱਚ, ਕਲਿ ਵਿੱਚ ਹੀ ਹੈ ਜਿਸ ਵਿੱਚੋਂ ਨਿਕਲਣ ਦਾ ਸਾਧਨ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦੀ ਪ੍ਰਾਪਤੀ ਹੋਏ ਬਿਨਾਂ ਕੋਈ ਵੀ ਮਨ ਦੀ ਕਲਿ ਵਿੱਚੋਂ ਨਹੀਂ ਨਿਕਲ ਸਕਦਾ ਤੇ ਨਾ ਹੀ ਭਗਤੀ ਦੀ ਸਹੀ ਸੋਝੀ ਪੈ ਸਕਦੀ ਹੈ। ਗੁਰਬਾਣੀ ਰਾਹੀਂ ਸਾਨੂੰ ਭਗਤੀ ਦੀ ਸਹੀ ਸੋਝੀ ਉਹਨਾਂ ਨੇ ਹੀ ਪਾਈ ਹੈ ਜਿਨ੍ਹਾਂ ਨੂੰ ਪਹਿਲਾਂ ਪ੍ਰਮਾਤਮਾ ਨੇ ਮਨ ਦੀ ਕਲਿ ਵਿੱਚੋਂ ਕੱਢਿਆ ਹੈ ਜਿਹੋ ਜਿਹੀ ਭਗਤੀ ਅਸੀਂ ਸਿੱਖੀ ਹੋਈ ਹੈ ਉਹ ਉਹਨਾਂ ਕੋਲੋਂ ਹੀ ਸਿੱਖੀ ਹੈ ਜੋ ਮਨ ਦੀ ਕਲਿ ਵਿੱਚ ਹੀ ਰਹੇ ਹਨ। (**ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥1॥ ਰਹਾਉ ॥**)

ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਾਡੇ ਅੰਦਰ ਕਲਿ ਵਾਲੇ ਲੱਖਣ ਕਿਸ ਰੂਪ ਵਿੱਚ ਹੁੰਦੇ ਹਨ ਇਹੀ ਗੱਲ ਸਾਨੂੰ ਵੱਖਰੇ-ਵੱਖਰੇ ਪਦਿਆਂ ਰਾਹੀਂ ਸਮਝਾਈ ਹੋਈ ਹੈ ਭਾਵ ਸਾਡੇ ਅੰਦਰ ਭਰਮ ਵਾਲੀ ਭਗਤੀ ਕਿਸ ਤਰੀਕੇ ਵੱਸੀ ਹੋਈ ਹੈ, ਇਹੀ ਕੁਝ ਸਮਝਾਇਆ ਹੈ ਤੇ ਹਰ ਪਦੇ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ, ਸਾਨੂੰ ਗਹਿਰਾਈ ਨਾਲ ਸਮਝਾਇਆ ਹੋਇਆ ਹੈ।

“ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥”

32/3739

ਜੋ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਵਾਲਾ ਸਮਝਦੇ ਹਨ ਉਹਨਾਂ ਦਾ ਸਭ ਤੋਂ ਵੱਡਾ ਭਰਮ ਪ੍ਰਮਾਤਮਾ ਦੇ ਅਸਲ ਸਰੂਪ ਨੂੰ ਸਮਝਣ ਵਿੱਚ ਹੈ ਤੇ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਹਰ ਕਿਸੇ ਨੇ ਕਿਸੇ ਸਰਗਣ ਰੂਪ ਵਿੱਚ ਭਾਵ ਆਕਾਰ ਰੂਪ ਵਿੱਚ ਸਮਝਿਆ ਹੋਇਆ ਹੈ ਤੇ ਉਸ ਦੇ ਨਾਲ ਮੇਲ ਵੀ ਆਕਾਰ ਰੂਪ ਵਿੱਚ ਹੀ ਸਮਝਿਆ ਜਾਂਦਾ ਹੈ ਜੋ ਕਿ ਸਭ ਨੇ ਆਪਣੀ ਆਪਣੀ ਮਤਿ ਅਨੁਸਾਰ ਸਮਝਿਆ ਹੋਇਆ ਹੈ। ਹਿੰਦੂ ਮਤਿ ਉਸ ਨੂੰ ਕਿਸੇ ਹੋਰ ਰੂਪ ਵਿੱਚ ਹੋਣਾ ਸਮਝਦੀ ਹੈ, ਮੁਸਲਮਾਨ ਮਤਿ ਉਸ ਨੂੰ ਕਿਸੇ ਹੋਰ ਰੂਪ ਵਿੱਚ ਹੋਣਾ ਸਮਝਦੀ ਹੈ, ਸਿਖ ਜਗਤ ਵਿੱਚ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਪ੍ਰਮਾਤਮਾ ਦੇ ਰੂਪ ਨੂੰ ਆਪਣੇ ਢੰਗ ਨਾਲ ਸਮਝਦੇ ਹਨ ਭਾਵ ਆਪਣੀ ਆਪਣੀ ਆਸਥਾ ਅਨੁਸਾਰ ਸਭ ਨੇ ਪ੍ਰਮਾਤਮਾ ਦੇ ਵੱਖਰੇ ਵੱਖਰੇ ਰੂਪ ਸਮਝੇ ਹੋਏ ਹਨ। ਸੰਸਾਰ ਬਹੁਤ ਵੱਡਾ ਹੈ ਤੇ ਪ੍ਰਮਾਤਮਾ ਦੀਆਂ ਗੱਲਾਂ ਕਰਨ ਵਾਲੇ ਸਭ ਥਾਂ ਹੀ ਹਨ, ਸਭ ਦੇਸ਼ਾਂ ਵਿੱਚ ਹਨ ਤੇ ਆਪਣੀ ਆਪਣੀ ਮਤਿ ਅਨੁਸਾਰ ਪ੍ਰਮਾਤਮਾ ਦਾ ਕੋਈ ਆਕਾਰ ਰੂਪ ਸਮਝਦੇ ਹਨ। ਬਹੁਤੇ ਇਸ ਗੱਲ ਵਿੱਚ ਮਾਨਤਾ ਰੱਖਦੇ ਹਨ ਕਿ ਪ੍ਰਮਾਤਮਾ ਕਿਸੇ ਤੀਰਥ ਅਸਥਾਨ ਨਾਲ ਜੁੜਿਆ ਹੋਇਆ ਹੈ ਜਿਸ ਜਗ੍ਹਾ ਤੇ ਉਸ ਦੇ ਨਾਲ ਮੇਲ ਹੁੰਦਾ ਹੈ। ਅਨੇਕਾਂ ਇਸ ਗੱਲ ਵਿੱਚ ਵਿਸ਼ਵਾਸ ਰੱਖਦੇ ਹਨ ਕਿ ਪ੍ਰਮਾਤਮਾ ਨੇ ਕੋਈ ਆਪਣਾ ਵੱਖਰਾ ਮਹਿਲ ਬਣਾਇਆ ਹੋਇਆ ਹੈ, ਕਿਸੇ ਖਾਸ ਜਗ੍ਹਾ ਤੇ ਬਣਾਇਆ ਹੋਇਆ ਹੈ, ਕਿਸੇ ਖੰਡ ਬ੍ਰਹਿਮੰਡ ਵਿੱਚ ਬਣਾਇਆ ਹੋਇਆ ਹੈ, ਕਿਸੇ ਵਖਰੇ ਆਕਾਸ਼ ਤੇ ਬਣਾਇਆ ਹੋਇਆ ਹੈ, ਕਿਸੇ ਪਾਤਾਲ ਵਿੱਚ ਬਣਾਇਆ ਹੋਇਆ ਹੈ ਭਾਵ ਹਰ ਕਿਸੇ ਨੇ ਪ੍ਰਮਾਤਮਾ ਨੂੰ ਆਪਣੀ ਆਪਣੀ ਮਾਨਤਾ ਅਨੁਸਾਰ ਕਿਸੇ ਆਕਾਰ ਰੂਪ ਵਿੱਚ ਸਮਝਿਆ ਹੋਇਆ ਹੈ ਜੋ ਕਿ ਸੱਚ ਨਹੀਂ ਹੈ ਤੇ ਇਹ ਸਾਡਾ ਭਰਮ ਹੀ ਉਪਰਲੀਆਂ ਪੰਗਤੀਆਂ ਰਾਹੀਂ ਕੱਢਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਸਰਗੁਣ ਰੂਪ ਵਿੱਚ ਕਿਸੇ ਦਾ ਮੇਲ ਨਹੀਂ ਹੋ ਸਕਦਾ ਕਿਉਂਕਿ ਪ੍ਰਮਾਤਮਾ ਪੰਜਾਂ ਤੱਤਾਂ ਤੋਂ ਵੀ ਬਾਹਰ ਹੈ। ਪੰਜਾਂ ਤੱਤਾਂ ਵਾਲਾ ਸਰੂਪ ਨਾਸ਼ਵਾਨ ਹੈ ਤੇ ਪ੍ਰਮਾਤਮਾ ਅਬਿਨਾਸ਼ੀ ਹੈ ਜੋ ਕਿ ਸਦਾ ਹੀ ਰਹਿਣ ਵਾਲਾ ਹੈ। ਪ੍ਰਮਾਤਮਾ ਦਾ ਇਹ ਨਾ ਬਿਨਸਨ ਵਾਲਾ ਰੂਪ ਉਦੋਂ ਵੀ ਇਸੇ ਤਰ੍ਹਾਂ ਸੀ ਜਦੋਂ ਕੋਈ ਆਕਾਰ ਰੂਪ ਬਣਿਆ ਹੀ ਨਹੀਂ ਸੀ। ਆਕਾਰ ਰੂਪ ਬਨਾਉਣ ਵਾਲਾ ਉਹ ਆਪ ਹੈ ਭਾਵ ਉਹ ਨਿਰੰਕਾਰ ਰੂਪ ਹੈ। ਪ੍ਰਮਾਤਮਾ ਜਿਸ ਨੂੰ ਆਪਣਾ ਦਾਨ ਦਿੰਦਾ ਹੈ ਉਹ ਨਿਰਗੁਣ ਰੂਪ ਵਿੱਚ ਹੀ ਦਿੰਦਾ ਹੈ, ਨਾਮ ਦੇ ਰੂਪ ਵਿੱਚ ਹੀ ਦਿੰਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਦਿੰਦਾ ਹੈ। ਜਿਸ ਰੂਪ ਵਿੱਚ ਉਹ ਆਪ ਹੈ ਉਸੇ ਰੂਪ ਵਿੱਚ ਹੀ ਉਹ ਆਪਣਾ ਦਾਨ ਦਿੰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਭਾਵ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਸਮਝਣ ਵਿੱਚ, ਨਿਰੰਕਾਰ ਰੂਪ ਨੂੰ ਸਮਝਣ ਵਿੱਚ ਹਰ ਕੋਈ ਕਲਿ ਵਿੱਚ ਹੈ, ਭਰਮ ਵਿੱਚ ਹੈ ਤੇ ਜੋ ਉਸਨੂੰ ਕਿਸੇ ਸਰਗੁਣ ਰੂਪ ਵਿੱਚ ਪਾਉਣ ਦੀਆਂ ਗੱਲਾਂ ਕਰਦੇ ਹਨ ਉਹ ਆਪਣੇ ਆਪ ਨੂੰ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਇਆ ਸਮਝਦੇ ਹਨ ਤੇ ਇਹੋ ਜਿਹੀਆਂ

ਗੱਲਾਂ ਕਰਨ ਵਾਲਿਆਂ ਨੂੰ ਮਨ ਦੇ ਭਰਮ ਵਿੱਚ ਰਹਿੰਦਿਆਂ ਹਰ ਕੋਈ ਇਹ ਸਮਝ ਲੈਂਦਾ ਹੈ ਕਿ ਇਹ ਸੱਚਮੁਚ ਪ੍ਰਮਾਤਮਾ ਨਾਲ ਮਿਲੇ ਹੋਏ ਹਨ ਤੇ ਇਹੋ ਜਿਹੇ ਪ੍ਰਮਾਤਮਾ ਦੇ

32/3740

ਨਾਲ ਮੇਲ ਦੀਆਂ ਗੱਲਾਂ ਵੀ ਵੱਖਰੀਆਂ ਵੱਖਰੀਆਂ ਸੁਣਾਉਂਦੇ ਹਨ, ਵੱਖਰੇ ਵੱਖਰੇ ਰੂਪ ਵਿੱਚ ਹੋਣ ਦੀਆਂ ਗੱਲਾਂ ਸੁਣਾਉਂਦੇ ਹਨ, ਵੱਖਰੀ ਵੱਖਰੀ ਜਗ੍ਹਾ ਉਸ ਦੇ ਮਹਿਲ ਹੋਣ ਦੀਆਂ ਗੱਲਾਂ ਸੁਣਾਉਂਦੇ ਹਨ ਭਾਵ ਹਰ ਕੋਈ ਆਪਣੀ ਆਪਣੀ ਆਸਥਾ ਅਨੁਸਾਰ ਪ੍ਰਮਾਤਮਾ ਨੂੰ ਆਪਣੇ ਆਪਣੇ ਢੰਗ ਨਾਲ ਬਿਆਨ ਕਰਦਾ ਹੈ, ਵੱਖਰੇ ਵੱਖਰੇ ਸਰੂਪ ਦੀ ਗੱਲ ਕਰਦਾ ਹੈ ਜਦ ਕਿ ਪ੍ਰਮਾਤਮਾ ਤਾਂ ਇਕੋ ਹੀ ਹੈ ਜੋ ਸਭ ਜਗ੍ਹਾ ਭਰਪੂਰ ਹੈ, ਹਰ ਘਟਿ ਦੇ ਵਿੱਚ ਹੈ ਤੇ ਉਸ ਨੂੰ ਪਾਉਣ ਦਾ ਅਸਥਾਨ ਕੇਵਲ ਤੇ ਕੇਵਲ ਮਨੁੱਖ ਦਾ ਮਨ ਹੈ ਜਿਥੇ ਉਹ ਸਦਾ ਹੀ ਆਪਣੇ ਨਿਰਗੁਣ ਰੂਪ ਵਿੱਚ ਵਿਚਰ ਰਿਹਾ ਹੈ, ਗਿਆਨ ਰੂਪ ਵਿੱਚ ਵਿਚਰ ਰਿਹਾ ਹੈ, ਜੋਤਿ ਰੂਪ ਵਿੱਚ ਵਿਚਰ ਰਿਹਾ ਹੈ ਤੇ ਪ੍ਰਮਾਤਮਾ ਆਪਣੇ ਇਸੇ ਰੂਪ ਦੁਆਰਾ ਹਰ ਜਗ੍ਹਾ ਮੌਜੂਦ ਹੈ, ਹਰ ਵੇਲੇ ਮੌਜੂਦ ਹੈ। ਭਰਮ ਵਾਲੀ ਭਗਤੀ ਪਿਛੇ ਲੱਗ ਕੇ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਵਿੱਚ ਵੀ ਭਰਮ ਰੂਪ ਵਿੱਚ ਹੀ ਹਾਂ ਤੇ ਆਪਣੇ ਆਪ ਨੂੰ ਪਰਵਾਨ ਵੀ ਭਰਮ ਰੂਪ ਵਿੱਚ ਹੀ ਕਰੀ ਬੈਠੇ ਹਾਂ। ਭਰਮ ਦੇ ਕੋਈ ਪੈਰ ਨਹੀਂ ਹੁੰਦੇ। ਸੱਚ ਸਾਹਮਣੇ ਆਉਣ ਤੇ ਭਰਮ ਬਿਨਸ ਜਾਂਦਾ ਹੈ ਤੇ ਇਹ ਭਰਮ ਕੇਵਲ ਉਸ ਦਾ ਹੀ ਬਿਨਸਦਾ ਹੈ ਜਿਸ ਦਾ ਭਰਮ ਪ੍ਰਮਾਤਮਾ ਆਪ ਹੀ ਦੂਰ ਕਰਦਾ ਹੈ, ਮਨ ਦੇ ਵਿੱਚ ਆਪਣਾ ਨਿਰਗੁਣ ਰੂਪ ਦਿਖਾ ਕੇ ਹੀ ਕਰਦਾ ਹੈ, ਆਪਣਾ ਨਾਮ ਦਾਨ ਬਖਸ਼ ਕੇ ਹੀ ਦੂਰ ਕਰਦਾ ਹੈ, ਸੱਚ ਦਾ ਦਾਨ ਬਖਸ਼ ਕੇ ਦੂਰ ਕਰਦਾ ਹੈ। (**ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥ ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥2॥**)

ਬਾਣੀ ਰਾਹੀਂ ਸਾਨੂੰ ਅਨੇਕਾਂ ਵਾਰ ਇਹ ਗੱਲ ਸਮਝਾਈ ਗਈ ਹੈ ਕਿ ਇਹ ਮਹਿਲ ਸਾਡੇ ਅੰਦਰ ਹੀ ਹਨ ਜੋ ਕਿ ਨਿਰਗੁਣ ਰੂਪ ਵਿੱਚ ਹਨ। ਪ੍ਰਮਾਤਮਾ ਦੇ ਨਿਰਗੁਣ ਰੂਪ ਮਹਿਲ ਦੇਖੇ ਬਿਨਾਂ ਸਾਡਾ ਪ੍ਰਮਾਤਮਾ ਦੇ ਮਹਿਲ ਨੂੰ ਸਮਝਣਾ ਨਾ ਮੁਮਕਿਨ ਹੈ।

{ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥
ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥
ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥}

(ਅੰਗ ੩੦)

{ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥
ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥}

(ਅੰਗ ੩੫)

32/3741

{ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥}

(ਅੰਗ ੩੭)

{ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥
ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥
ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥
ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥}

(ਅੰਗ ੪੬)

{ਜਾ ਕਉ ਖੋਜਹਿ ਸਰਬ ਉਪਾਏ ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥
ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥
ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥
ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥}

(ਅੰਗ ੧੦੧)

{ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ਰਹਾਉ॥}

(ਅੰਗ ੧੨੫੫)

{ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ ॥

ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥
ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸ ਹੀ ਕਾ ਸੋ ਹੋਵੈ ॥
ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥
ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥
ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥}

(ਅੰਗ ੨੪੩)

{ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ ॥
ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ ॥}

(ਅੰਗ ੧੩੧੬)

ਬਿਲਾਵਲੁ ਮਹਲਾ ੫ ॥
{ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ ॥
ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ ॥੧॥
ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥੧॥ ਰਹਾਉ ॥
ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ ॥
ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ ॥੨॥
ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ ॥
ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ ॥੩॥
ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ ॥
ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ ॥੪॥੩੧॥੬੧॥}

(ਅੰਗ ੮੧੬)

32/3742

{ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥}

(ਅੰਗ ੨੮੩)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥}

(ਅੰਗ ੧੦੬੬)

ਜਿਸ ਤਰੀਕੇ ਸਾਨੂੰ ਪ੍ਰਮਾਤਮਾ ਦੇ ਅਸਲ ਰੂਪ ਨੂੰ ਸਮਝਣ ਵਿੱਚ ਭਰਮ ਹੈ ਉਸੇ ਤਰ੍ਹਾਂ ਸਾਨੂੰ ਭਗਤੀ ਦਾ ਮਾਰਗ ਸਮਝਣ

ਵਿੱਚ ਭਰਮ ਹੈ ਭਾਵ ਭਗਤੀ ਦਾ ਸਹੀ ਮਾਰਗ ਨਾ ਸਮਝ ਆਉਣਾ, ਨਾਮ ਜਪਣ ਦੀ ਸਹੀ ਸਮਝ ਦਾ ਨਾ ਆਉਣਾ ਸਾਡੇ ਅੰਦਰ ਦੀ ਕਲਿ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਕਿਤਨੇ ਵੱਡੇ ਭਰਮ ਵਿੱਚ ਹਾਂ।

“ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥”

"ਸਤੁ ਤੇ ਕਲਿ" ਇਕ ਦੂਜੇ ਤੋਂ ਉਲਟ ਅਵਸਥਾ ਹੈ, ਮਨ ਦੀ ਉਲਟ ਅਵਸਥਾ ਹੈ। "ਸਤੁ" ਸੱਚ ਹੈ ਤੇ "ਕਲਿ" ਝੂਠ ਹੈ, ਭਰਮ ਹੈ ਜਿਨ੍ਹਾਂ ਦਾ ਭਾਵ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਜੋ ਗੱਲ ਗੁਰੂ ਦੀ ਗੱਲ ਤੇ ਪੂਰੀ ਉਤਰਦੀ ਹੈ ਉਹ ਸਤੁ ਹੈ ਤੇ ਜੋ ਗੱਲ ਸਤੁ ਤੇ ਪੂਰੀ ਨਹੀਂ ਉਤਰਦੀ ਉਸ ਵਿੱਚ ਸਾਡੇ ਅੰਦਰ ਦੀ ਕਲਿ ਹੈ, ਭਰਮ ਹੈ। ਗੁਰੂ ਸਾਨੂੰ ਜੋ ਵੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਸ ਵਿੱਚ ਸਤੁ ਹੈ। ਗੁਰੂ ਨੇ ਸਾਨੂੰ ਗੁਰਬਾਣੀ ਰਾਹੀਂ ਸਤੁ ਦਾ ਮਾਰਗ ਸਮਝਾਇਆ ਹੈ, ਸੱਚ ਤੇ ਚੱਲਣ ਦਾ ਮਾਰਗ ਸਮਝਾਇਆ ਹੈ, ਨਾਮ ਜਪਣ ਦਾ ਮਾਰਗ ਸਮਝਾਇਆ ਹੈ, ਤਪ ਕਰਨ ਦਾ ਮਾਰਗ ਸਮਝਾਇਆ ਹੈ ਭਾਵ ਅਸਲ ਤਪ ਕਰਨਾ ਸਮਝਾਇਆ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਕਿਹੋ ਜਿਹਾ ਤਪ ਕਰਨਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜੋ ਤਰੀਕਾ ਨਾਮ ਜਪਣ ਦਾ ਹੈ ਭਾਵ ਜੋ ਨਾਮ ਜਪਣਾ ਹੈ ਉਹੀ ਤਪ ਕਰਨਾ ਹੈ ਭਾਵ ਦੋਨਾਂ ਤੋਂ ਮਕਸਦ ਸੱਚ ਦੁਆਰਾ ਵਿਚਰਨ ਦਾ ਹੀ ਹੈ। ਜਦ ਤੱਕ ਅਸੀਂ ਕਲਿ ਦੇ ਵਿੱਚ ਹਾਂ, ਭਰਮ ਦੇ ਵਿੱਚ ਹਾਂ ਤਦ ਤੱਕ ਅਸੀਂ ਮਨਮਤਿ ਦੇ ਵਿੱਚ ਹਾਂ ਤੇ ਆਪਣੇ ਮਨਮਤਿ ਵਾਲੇ ਤਰੀਕਿਆਂ ਨੂੰ ਹੀ ਸੱਚੀ ਭਗਤੀ ਵਾਲੇ ਤਰੀਕੇ ਸਮਝਦੇ ਹਾਂ ਭਾਵ ਮਨਮਤਿ ਨੂੰ ਹੀ ਅਸਲ ਗੁਰਮਤਿ ਸਮਝਦੇ ਹਾਂ। ਆਪਣੀ ਮਨਮਤਿ ਨੂੰ ਜੇਕਰ ਅਸੀਂ ਗੁਰਮਤਿ ਦਾ ਰੂਪ ਦੇ ਦਿੰਦੇ ਹਾਂ ਫਿਰ ਐਸਾ ਕਰਨ ਨਾਲ ਸਤੁ ਖਤਮ ਹੋ ਜਾਂਦਾ ਹੈ ਭਾਵ ਸਤੁ ਛਿਜ ਜਾਂਦਾ ਹੈ ਭਾਵ ਉਸ ਦੀ

ਵੁਕਤ ਨਹੀਂ ਰਹਿੰਦੀ ਭਾਵ ਸਤੁ ਨੀਵਾਂ ਹੋ ਜਾਂਦਾ ਹੈ। ਜਿਹੋ ਜਿਹਾ ਤਪ ਕਰਨਾ ਸਾਨੂੰ ਗੁਰੂ ਨੇ ਸਤੁ ਕਰਕੇ ਸਮਝਾਇਆ ਹੈ ਅਸੀਂ ਉਸ ਨੂੰ ਤਪ ਹੀ ਨਹੀਂ ਸਮਝਦੇ। ਤਪ ਕਰਨ ਦੀ ਸੋਝੀ ਤਪ ਦੇ ਘਰ ਵਿੱਚੋਂ ਹੀ ਪੈਂਦੀ ਹੈ ਭਾਵ ਉਸ ਦੇ ਘਰ ਵਿੱਚੋਂ ਹੀ ਪੈਂਦੀ ਹੈ ਜਿਸ ਨੂੰ ਤਪ ਦੀ ਸਮਝ ਹੈ ਭਾਵ ਗੁਰੂ ਦੇ ਘਰ ਵਿੱਚੋਂ ਹੀ ਪੈਂਦੀ ਹੈ, ਗੁਰਮਤਿ ਰਾਹੀਂ ਹੀ ਪੈਂਦੀ ਹੈ। ਪਰ ਅਸੀਂ ਮਨਮਤਿ ਦੁਆਰਾ ਤਪ ਦੇ ਘਰ ਨੂੰ ਨੀਵਾਂ ਕੀਤਾ ਹੋਇਆ ਹੈ ਤੇ ਉਹੋ ਜਿਹਾ ਤਪ ਕਰਦੇ ਹਾਂ ਭਾਵ ਤਪ ਨੂੰ ਆਪਣੀਆਂ ਸਰੀਰਕ ਕਿਰਿਆਵਾਂ ਨਾਲ ਜੋੜਿਆ ਹੋਇਆ ਹੈ ਜੋ ਕਿ ਤਪ ਦਾ ਮਾਰਗ ਹੈ ਹੀ ਨਹੀਂ ਭਾਵ ਅਸੀਂ ਅਸਲ ਤਪ ਨੂੰ ਨਹੀਂ ਸਮਝਿਆ ਤੇ ਮਨਮਤਿ ਰਾਹੀਂ ਸਰੀਰਕ ਜਪਾਂ ਤਪਾਂ ਨੂੰ ਹੀ ਤਪ ਦਾ ਮਾਰਗ ਸਮਝਿਆ ਹੋਇਆ ਹੈ ਜਦ ਕਿ ਇਹ ਤਪ ਦਾ ਮਾਰਗ ਨਹੀਂ ਹੈ। ਆਪਣੇ ਇਹੋ ਜਿਹੇ ਜਪ ਤਪ ਨੂੰ ਜਦੋਂ ਅਸੀਂ ਸਹੀ ਠਹਿਰਾਉਂਦੇ ਹਾਂ ਉਸ ਰਾਹੀਂ ਅਸੀਂ ਸਤੁ ਨੂੰ ਨੀਵਾਂ ਕਰਦੇ ਹਾਂ, ਗੁਰਮਤਿ ਦੀ ਸਚਾਈ ਨੂੰ ਨੀਵਾਂ ਕਰਦੇ ਹਾਂ। (**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥**) ਅਸਲ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸੱਚ ਦੁਆਰਾ ਚੱਲਣਾ ਹੀ ਨਾਮ ਜਪਣਾ ਹੈ ਭਾਵ ਅਉਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਵਿਚਰਨਾ ਹੀ ਨਾਮ ਜਪਣਾ ਹੈ ਪਰ ਮਨ ਦੀ ਕਲਿ ਵਿੱਚ ਰਹਿੰਦਿਆਂ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤੇ ਜੇਕਰ ਇਹੋ ਜਿਹਿਆਂ ਭਰਮੇ ਹੋਇਆਂ ਨੂੰ ਕੋਈ ਇਹ ਸਮਝਾਵੇ ਕਿ ਇਹ ਨਾਮ ਜਪਣਾ ਨਹੀਂ ਹੈ ਤੇ ਨਾਮ ਜਪਣਾ ਸਿਖਾਏ, ਸਮਝਾਵੇ ਇਹੋ ਜਿਹੇ ਉਲਟਾ ਉਸ ਨੂੰ ਭਰਮਿਆ ਹੋਇਆ ਸਮਝਦੇ ਹਨ ਤੇ ਉਸ ਨੂੰ ਬਦਨਾਮ ਕਰਦੇ ਹਨ ਕਿ ਇਸ ਨੂੰ ਨਾਮ ਦੀ ਸਮਝ ਨਹੀਂ ਹੈ। ਇਹ ਸਾਡੇ ਅੰਦਰ ਕਲਿ ਦੇ ਲੱਖਣ ਹਨ ਕਿ ਅਸੀਂ ਝੂਠੀ ਭਗਤੀ ਨੂੰ ਸੱਚਾ ਸਾਬਿਤ ਕਰਦੇ ਹਾਂ ਭਾਵ ਆਪਣੀ ਮਨਮਤਿ ਨੂੰ ਸੱਚਾ ਸਾਬਿਤ ਕਰਦੇ ਹਾਂ ਤੇ ਗੁਰੂ ਦੀ ਮਤਿ ਨੂੰ ਨੀਵਾਂ ਸਾਬਿਤ ਕਰਦੇ ਹਾਂ, ਝੂਠ ਨੂੰ ਉੱਚਾ ਸਾਬਿਤ ਕਰਦੇ ਹਾਂ ਤੇ ਸੱਚ ਨੂੰ ਬਦਨਾਮ ਕਰਦੇ ਹਾਂ ਤੇ ਆਪਣੇ ਇਹੋ ਜਿਹਿਆਂ ਤਰੀਕਿਆਂ ਦੁਆਰਾ ਹੀ ਆਪਣੇ ਆਪ ਨੂੰ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਕਰਨਾ ਸਮਝਦੇ ਹਾਂ ਭਾਵ ਵੱਡੇ ਭਰਮ ਵਿੱਚ ਹਾਂ। (**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥ ਜੋ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥3॥**)

{ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥
ਭੈ ਤੇ ਨਿਰਭਉ ਡਰਤਾ ਫਿਰੈ॥ ਹੋਂਦੀ ਕਉ ਅਣਹੋਂਦੀ ਹਿਰੈ ॥੨॥

ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥
ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥}

(ਅੰਗ ੯੦੦)

ਜੋ ਤਰੀਕਾ ਸਾਨੂੰ ਗੁਰਬਾਣੀ ਰਾਹੀਂ ਨਾਮ ਜਪਣ ਦਾ ਸਿਖਾਇਆ ਹੈ ਉਹੀ ਤਰੀਕਾ ਤਪ ਕਰਨ ਦਾ ਹੈ ਜਿਵੇਂ ਕਿ ਅਸੀਂ ਪਹਿਲੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

32/3744

ਸਲੋਕੁ ਮਃ ੩ ॥

{ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥
ਭਰਮੇ ਭੂਲਾ ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮ ਗਤਿ ਲਹੈ ॥
ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥}

(ਅੰਗ ੯੪੮)

ਇਸ ਤੋਂ ਸਪਸ਼ਟ ਗੁਰੂ ਸਾਹਿਬ ਹੋਰ ਸਾਨੂੰ ਕੀ ਸਮਝਾਉਣ ਕਿ ਤਪ ਕਰਨਾ ਕੀ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਉਹ ਭਰਮੇ ਹੋਏ ਵੀ ਸਮਝ ਸਕਦੇ ਹਨ ਕਿ ਤਪ ਦਾ ਮਕਸਦ ਸਾਡੀਆਂ ਸਰੀਰਕ ਕਿਰਿਆਵਾਂ ਨਾਲ ਨਹੀਂ ਹੈ ਬਲਕਿ ਮਨ ਦੇ ਸੱਚ ਨਾਲ ਜੁੜਿਆ ਹੋਇਆ ਹੈ, ਮਾਇਆ ਮੋਹ ਵਿੱਚੋਂ ਨਿਕਲਣ ਨਾਲ ਜੁੜਿਆ ਹੋਇਆ ਹੈ, ਸੱਚੇ ਸੁੱਚੇ ਕਰਮ ਕਰਨ ਨਾਲ ਜੁੜਿਆ ਹੋਇਆ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲਣ ਦੁਆਰਾ, ਝੂਠ ਛੱਡਣ ਦੁਆਰਾ ਭਾਵ ਅਵਗੁਣ ਤਿਆਗਣ ਦੁਆਰਾ ਹੀ ਸੱਚ ਦੇ ਨਾਲ ਜੁੜਿਆ ਜਾ ਸਕਦਾ ਹੈ। ਇਸੇ ਲਈ ਸਰੀਰਕ ਜਪਾਂ ਤਪਾਂ ਦਾ ਬਾਣੀ ਵਿੱਚ ਬਾਰ ਬਾਰ ਖੰਡਨ ਕੀਤਾ ਹੋਇਆ ਹੈ ਤੇ ਉਪਰ ਸ਼ਬਦ ਰਾਹੀਂ ਇਹੋ ਜਿਹਿਆਂ ਨੂੰ ਭਰਮੇ ਹੋਏ ਦਸਿਆ ਹੋਇਆ ਹੈ ਭਾਵ ਮਨਮਤਿ ਵਿੱਚ ਦਸਿਆ ਹੈ ਜੋ ਗੁਰਮਤਿ ਤੋਂ ਉਲਟ ਚਲਦੇ ਹਨ ਭਾਵ ਗੁਰਮਤਿ ਨੂੰ ਨਿੰਦਦੇ ਹਨ, ਨੀਵਾਂ ਕਰਦੇ ਹਨ ਤੇ ਆਪਣੀ ਮਤਿ ਨੂੰ ਉੱਚਾ ਸਾਬਿਤ ਕਰਦੇ ਹਨ। ਉੱਪਰ ਵਾਲੇ ਸਲੋਕ ਰਾਹੀਂ ਜਿਹੋ ਜਿਹਾ ਤਪ ਸਮਝਾਇਆ ਗਿਆ ਹੈ ਅਗਲੇ ਸਲੋਕ ਰਾਹੀਂ ਤਪ ਕਰਨਾ ਕੀ ਹੈ ਇਸ ਗੱਲ ਨੂੰ ਹੋਰ ਵੀ ਸਪਸ਼ਟ ਕੀਤਾ ਹੋਇਆ ਹੈ ਤਾਂ ਜੋ ਇਹ ਭਰਮੇ ਹੋਏ ਇਹ ਗੱਲ ਸਮਝ ਸਕਣ ਤੇ ਉਹੋ ਜਿਹੇ ਤਪ ਨਾਲ ਜੁੜਨ ਜੋ ਤਪ ਕਰਨ ਦਾ ਅਸਲ ਮਾਰਗ ਹੈ।

ਮਃ ੩ ॥

“ਸੋ ਤਪਾ ਜਿ ਇਹੁ ਤਪੁ ਘਾਲੇ ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ ॥
ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ ॥ ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ ॥੨॥”

(ਅੰਗ ੯੪੮)

ਅਗਰ ਧਿਆਨ ਨਾਲ ਸਮਝੋਗੇ ਤਾਂ ਸਾਨੂੰ ਉਹੀ ਗੱਲ ਸਮਝਾਈ ਗਈ ਹੈ ਜੋ ਗੱਲ ਤਪ ਕਰਨ ਦੀ ਅਸੀਂ ਇਸ ਤੋਂ ਪਹਿਲੇ ਸਲੋਕ ਦੁਆਰਾ ਸਮਝੀ ਹੈ। ਸਾਰੀ ਗੱਲ ਆਪਣੇ ਅੰਦਰ "ਸਬਦੁ" ਦੀ ਸੰਭਾਲ ਕਰਨ ਦੀ ਹੈ, ਨਾਮ ਦੀ ਸੰਭਾਲ ਕਰਨ ਦੀ ਹੈ ਜਿਹੋ ਜਿਹੀ ਸੰਭਾਲ ਕਰਨੀ ਸਾਨੂੰ ਅਨੇਕਾਂ ਸ਼ਬਦਾਂ ਰਾਹੀਂ ਸਮਝਾਈ ਹੋਈ ਹੈ ਤੇ ਅਸੀਂ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਸੰਭਾਲ ਅਸੀਂ ਆਪਣੇ ਅੰਦਰ ਗੁਰੂ ਦੇ ਬਚਨਾਂ ਦੀ ਕਰਨੀ ਹੈ, ਸ਼ਬਦਾਂ ਦੇ ਵਿਚਾਰਾਂ ਦੀ ਕਰਨੀ ਹੈ ਕਿਉਂਕਿ ਨਾਮ ਹੈ ਹੀ ਸ਼ਬਦ ਦੀ ਵੀਚਾਰ। ਸ਼ਬਦ ਦੇ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੇ ਹਨ, ਝੂਠ ਤੋਂ, ਵਿਕਾਰਾਂ ਤੋਂ ਮੁਕਤਿ ਹੋਣ ਲਈ ਹੀ ਸਮਝਾਉਂਦੇ ਹਨ ਭਾਵ ਆਪਣੇ ਅੰਦਰ ਗੁਣਾਂ

32/3745

ਨੂੰ ਵਸਾਉਣ ਲਈ ਹੀ ਸਮਝਾਉਂਦੇ ਹਨ। ਆਪਣੇ ਅੰਦਰ ਗੁਣਾਂ ਦੀ ਸੰਭਾਲ ਕਰਨੀ ਹੀ ਸ਼ਬਦ ਦੀ ਸੰਭਾਲ ਕਰਨੀ ਹੈ ਭਾਵ

ਆਪਣੇ ਅੰਦਰ ਸ਼ਬਦ ਦੇ ਮਕਸਦ ਦੀ ਸੰਭਾਲ ਕਰਨੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਹੋ ਕੇ ਵਿਚਰ ਸਕੀਏ। ਇਹ ਆਪਣੇ ਘਰ ਦੀ ਸੰਭਾਲ ਕਰਨੀ ਹੈ ਤੇ ਸੰਭਾਲ ਉਨ੍ਹਾਂ ਤੋਂ ਕਰਨੀ ਹੈ ਜੋ ਹਰ ਵੇਲੇ ਸਾਡੇ ਘਰ ਨੂੰ ਲੁਟਦੇ ਰਹਿੰਦੇ ਹਨ ਭਾਵ ਪੰਜ ਚੋਰਾਂ ਤੋਂ ਕਰਨੀ ਹੈ ਜੋ ਸਾਡੇ ਅੰਦਰ ਗੁਣਾਂ ਨੂੰ ਲੁਟਦੇ ਰਹਿੰਦੇ ਹਨ, ਨਾਮ ਲੁਟਦੇ ਰਹਿੰਦੇ ਹਨ, ਅੰਮ੍ਰਿਤ ਲੁਟਦੇ ਰਹਿੰਦੇ ਹਨ, ਧਰਮ ਅਰਥ ਲੁਟਦੇ ਰਹਿੰਦੇ ਹਨ, ਨਾਮਧਨ ਲੁਟਦੇ ਰਹਿੰਦੇ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਗੁਰੂ ਨੂੰ ਮਿਲਣ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੇ ਅੰਦਰ ਸ਼ਬਦ ਦੀ ਮਤਿ ਲੈ ਕੇ, ਗੁਰੂ ਦੀ ਮਤਿ ਲੈ ਕੇ ਉਸ ਦੀ ਸੰਭਾਲ ਕਰੀਏ ਭਾਵ ਉਸ ਤੇ ਅਡੋਲ ਰਹੀਏ ਤੇ ਮਾਇਆ ਮੋਹ ਵਿਚ ਨਾ ਡੋਲੀਏ। (**ਸੋ ਤਪਾ ਜਿ ਇਹੁ ਤਪੁ ਘਾਲੇ ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ ॥**)

ਆਪਣੇ ਅੰਦਰ ਸ਼ਬਦ ਦੀ ਸੰਭਾਲ ਦਾ ਮਕਸਦ ਗੁਰੂ ਦੀ ਸੇਵਾ ਕਰਨਾ ਹੈ ਤੇ ਗੁਰੂ ਦੀ ਸੇਵਾ ਹੀ ਉਸ ਦਾ ਤਪ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ ॥ ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ ॥੨॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਬੜਾ ਹੀ ਸਪਸ਼ਟ ਕਰਕੇ ਸਮਝਾਇਆ ਹੈ ਕਿ ਗੁਰੂ ਦੀ ਸੇਵਾ ਹੀ ਸਾਡਾ ਤਪ ਹੈ ਤੇ ਪ੍ਰਮਾਤਮਾ ਦੀ ਦਰਗਾਹ ਵਿੱਚ ਕੇਵਲ ਇਹੋ ਜਿਹਾ ਤਪ ਹੀ ਪ੍ਰਵਾਣ ਹੁੰਦਾ ਹੈ ਤੇ ਇਹੋ ਜਿਹਾ ਤਪ ਕਰਨ ਵਾਲਾ ਹੀ ਪ੍ਰਵਾਣ ਹੁੰਦਾ ਹੈ। ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਤੇ ਅਨੇਕਾਂ ਵਾਰੀ ਸਮਝਿਆ ਹੈ। ਗੁਰੂ ਪ੍ਰਮਾਤਮਾ ਦੀ ਸੇਵਾ ਕੇਵਲ ਮਨ ਦੀ ਸੁਚਿ ਦੁਆਰਾ ਹੁੰਦੀ ਹੈ ਭਾਵ ਸਾਡੀ ਸੱਚੀ ਸੁੱਚੀ ਕਿਰਤ ਦੁਆਰਾ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦੁਆਰਾ ਹੁੰਦੀ ਹੈ, ਪਰ ਉਪਕਾਰੀ ਬਣਕੇ ਵਿਚਰਨ ਦੁਆਰਾ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹੀ ਸਾਡਾ ਸੱਚਾ ਤਪ ਹੈ ਜੋ ਕਿ ਸਾਡੀ ਸੱਚੀ ਸੁੱਚੀ ਕਿਰਤ ਦੁਆਰਾ ਜੁੜਿਆ ਹੋਇਆ ਹੈ। ਸਾਡਾ ਭਗਤੀ ਦਾ ਮਾਰਗ ਸ਼ਬਦ ਦੀ ਵਿਚਾਰ ਦੇ ਨਾਲ ਜੁੜਿਆ ਹੋਇਆ ਹੈ ਕਿਉਂਕਿ ਸ਼ਬਦ ਦੀ ਵਿਚਾਰ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਸੱਚੇ ਸੁੱਚੇ ਇਨਸਾਨ ਬਨਾਉਣ ਨਾਲ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਇਹੀ ਇਕੋ ਇਕ ਤਰੀਕਾ ਹੈ ਜੋ ਕਿ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਵਿਚਰਨ ਦਾ ਹੈ, ਮਨ ਦੇ ਸੰਤੋਖ ਦੁਆਰਾ ਵਿਚਰਨ ਦਾ ਹੈ। ਇਹ ਮਾਰਗ ਬਹੁਤ ਔਖਾ ਹੈ, ਗੁਰੂ ਦੀ ਸੇਵਾ ਕਰਨੀ ਬਹੁਤ ਔਖੀ

ਹੈ, ਉਸ ਦਾ ਨਾਮ ਜਪਣਾ ਬਹੁਤ ਔਖਾ ਹੈ।

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ ੨੨੩)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਭਾਈ ਰੇ ਦਾਸਨਿ ਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥

ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥
ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥}

(ਅੰਗ ੬੬)

{ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥ ਹਰਿ ਜਪਿ ਪੜੀਐ ਹਉਮੈ ਮਾਰਿ ॥
ਹਰਿ ਜਪੀਐ ਭਇ ਸਚਿ ਪਿਆਰਿ ॥ ਨਾਨਕ ਨਾਮੁ ਗੁਰਮਤਿ ਉਰ ਧਾਰਿ ॥੮॥੩॥੨੫॥}

(ਅੰਗ ੪੨੪)

{ਹਰਿ ਅੰਤਰਿ ਨਾਲੇ ਬਾਹਰਿ ਨਾਲੇ ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ ॥
ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ ॥੩॥}

(ਅੰਗ ੮੬੧)

{ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥}

(ਅੰਗ ੨੭)

{ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥}

(ਅੰਗ ੨੬੫)

{ਜਨੁ ਰਾਤਾ ਹਰਿ ਨਾਮ ਕੀ ਸੇਵਾ ॥ ਨਾਨਕ ਪੂਜੈ ਹਰਿ ਹਰਿ ਦੇਵਾ ॥੬॥}

(ਅੰਗ ੨੬੫)

{ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥੧॥}

(ਅੰਗ ੨੪੪)

{ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥
ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥}

(ਅੰਗ ੨੩੩)

32/3747

{ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥

ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥}

(ਅੰਗ ੨੨੭)

{ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥}

(ਅੰਗ ੨੨੪)

{ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥}

(ਅੰਗ ੨੨੦)

{ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥}

(ਅੰਗ ੧੭੬)

{ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥
ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥
ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥੧॥}

(ਅੰਗ ੧੬੬)

{ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ ੧੬੧)

{ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥}

(ਅੰਗ ੧੦੮)

{ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥
ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥}

(ਅੰਗ ੧੦੧)

{ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ ੪੫)

{ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥
ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥੨॥}

(ਅੰਗ ੮੬)

32/3748

{ਬਿਧੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥}

(ਅੰਗ ੨੩)

{ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥
ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥
ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥
ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ ॥
ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥}

(ਅੰਗ ੮੮)

{ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ ॥
ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ ॥੨॥}

(ਅੰਗ ੯੫੪)

{ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ ॥
ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ ॥੨॥}

(ਅੰਗ ੯੫੬)

ਉਪਰ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਅਸੀਂ ਇਸੇ ਗੱਲ ਨੂੰ ਦ੍ਰਿੜ ਕੀਤਾ ਹੈ ਕਿ ਗੁਰੂ ਦੀ ਸੇਵਾ ਜਾਂ ਉਸ ਦਾ ਤਪ ਇਕੋ ਹੀ ਗੱਲ ਹੈ ਜੋ ਕਿ ਸ਼ਬਦ ਦਾ ਵਿਚਾਰੀ ਬਣਨਾ ਹੈ ਭਾਵ ਸੱਚ ਦਾ ਵਿਚਾਰੀ ਬਣਨਾ ਹੈ, ਗੁਰਮਤਿ ਦਾ ਵਿਚਾਰੀ ਬਣਨਾ ਹੈ ਭਾਵ ਗੁਣਾਂ ਦੁਆਰਾ ਵਿਚਰਨਾ ਹੈ। ਇਹ ਸਿਖਿਆ ਸਾਨੂੰ ਤਪ ਦੇ ਘਰ ਵਿੱਚੋਂ ਮਿਲਦੀ ਹੈ ਜਿਸ ਨੂੰ ਤਪ ਦੀ ਸਮਝ ਹੈ ਭਾਵ ਗੁਰੂ ਦੇ ਘਰ ਵਿੱਚੋਂ ਸਾਨੂੰ ਇਹੋ ਜਿਹਾ ਤਪ ਕਰਨ ਦੀ ਸਿੱਖਿਆ ਮਿਲਦੀ ਹੈ ਪਰ ਅਸੀਂ ਤਪ ਕਰਨਾ ਮਨਮਤਿ ਦੇ ਘਰ ਵਿੱਚੋਂ ਸਮਝਿਆ ਹੋਇਆ ਹੈ ਭਾਵ ਕਲਿ ਵਾਲੀ ਅਵਸਥਾ ਵਿੱਚੋਂ ਸਮਝਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਸਰੀਰਕ ਤਪ ਕਰਨਾ ਹੀ ਅਸਲ ਤਪ ਕਰਨਾ ਲਗਦਾ ਹੈ ਤੇ ਅਸੀਂ ਉਸੇ ਤਪ ਨੂੰ ਹੀ ਸੱਚਾ ਤਪ ਕਰਨਾ ਸਮਝਦੇ ਹਾਂ ਭਾਵ ਮਨਮਤਿ ਨੂੰ ਠੀਕ ਸਮਝਦੇ ਹਾਂ ਤੇ ਗੁਰਮਤਿ ਨੂੰ ਗਲਤ ਸਮਝਦੇ ਹਾਂ ਭਾਵ ਅਸਲ ਤਪ ਕਰਨ ਦਾ ਤਰੀਕਾ ਜੋ ਸਮਝਾਉਂਦਾ ਹੈ ਉਸ ਦੀ ਗੱਲ ਛਿਜ ਜਾਂਦੀ ਹੈ, ਨੀਵੀਂ ਹੋ ਜਾਂਦੀ ਹੈ। ਜੋ ਤਪ ਕਰਨਾ ਹੈ ਉਹੀ ਨਾਮ ਜਪਣਾ ਹੈ ਤੇ ਜੋ ਸਾਨੂੰ ਕੋਈ ਅਸਲ ਨਾਮ ਜਪਣਾ ਸਿਖਾਉਂਦਾ ਹੈ ਉਸ ਨੂੰ ਅਸੀਂ ਆਪਣੇ ਅੰਦਰ "ਕਲਿ" ਦੇ ਰਹਿੰਦਿਆਂ ਪ੍ਰਵਾਨ ਨਹੀਂ ਕਰਦੇ ਉਲਟਾ ਉਸ ਨੂੰ ਬਦਨਾਮ ਕਰਦੇ ਹਾਂ ਕਿ ਇਸ ਨੂੰ ਗੁਰਮਤਿ ਦੀ ਸਮਝ ਨਹੀਂ ਹੈ ਭਾਵ ਆਪਣੀ ਝੂਠੀ ਮਤਿ ਨੂੰ ਉੱਚਾ ਕਰਦੇ ਹਾਂ। (**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ। ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥3॥**)

ਜੇਕਰ ਅਸੀਂ ਗੁਰੂ ਦੇ ਘਰ ਵਿੱਚੋਂ ਸਿਖਿਆ ਲੈਂਦੇ ਹਾਂ, ਸੱਚ ਦੇ ਘਰ ਵਿੱਚੋਂ ਸਿਖਿਆ ਲੈਂਦੇ ਹਾਂ ਉਹ ਤਾਂ ਫਿਰ ਸਾਨੂੰ ਸੱਚ ਦੇ ਨਾਲ ਹੀ ਜੋੜਦਾ ਹੈ ਭਾਵ ਸਾਨੂੰ ਗੁਣਾਂ ਦੁਆਰਾ ਵਿਚਰਨਾ ਹੀ ਸਿਖਾਉਂਦਾ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਸੇਵਾ ਹੁੰਦੀ ਹੈ, ਤਪ ਹੁੰਦਾ ਹੈ। ਜਦੋਂ ਅਸੀਂ ਇਹੋ ਗੱਲ ਮਨਮਤਿ

32/3749

ਦੇ ਘਰ ਦੇ ਵਿੱਚੋਂ, ਕਲਿ ਦੇ ਘਰ ਦੇ ਵਿੱਚੋਂ ਸਿਖਦੇ ਹਾਂ ਫਿਰ ਅਸੀਂ ਸਰੀਰਕ ਜਪ ਤਪ ਨਾਲ ਹੀ ਜੁੜੇ ਰਹਿੰਦੇ ਹਾਂ ਭਾਵ ਅਉਗਣ ਛੱਡਣ ਨੂੰ ਅਸੀਂ ਨਾਮ ਜਪਣਾ, ਤਪ ਕਰਨਾ ਨਹੀਂ ਸਮਝਦੇ ਜਿਸ ਕਰਕੇ ਸਾਡੀ ਪ੍ਰਮਾਤਮਾ ਦੇ ਦਰ ਤੇ ਖੁਆਰੀ ਹੀ ਹੁੰਦੀ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥

ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥"

ਆਪਣੀ ਮਤਿ ਦੁਆਰਾ ਅਉਗੁਣ ਛੱਡੇ ਬਿਨਾ ਜਿਹੋ ਜਿਹਾ ਅਸੀਂ ਨਾਮ ਜਪਣਾ ਸਮਝਿਆ ਹੋਇਆ ਹੈ ਤੇ ਤਪ ਕਰਨਾ ਸਮਝਿਆ ਹੋਇਆ ਹੈ ਉਨ੍ਹਾਂ ਕਰਕੇ ਹੀ ਸਾਨੂੰ ਸਮਾਜ ਵਿੱਚੋਂ ਵਡਿਆਈ ਮਿਲਦੀ ਹੈ, ਸਿਕਦਾਰੀ ਭਾਵ ਚੋਧਰ ਮਿਲਦੀ ਹੈ ਭਾਵ ਸਾਨੂੰ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਜਾਂਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਇਹੋ ਜਿਹੇ ਜਪਾਂ ਤਪਾਂ ਦੁਆਰਾ ਪ੍ਰਮਾਤਮਾ ਦੀ ਤਾਂ ਕੋਈ ਸੇਵਾ ਨਹੀਂ ਹੁੰਦੀ ਕਿਉਂਕਿ ਅਸੀਂ ਮਾਇਆ ਮੋਹ ਵਿੱਚ ਹੀ ਰਹਿੰਦੇ ਹਾਂ ਤੇ ਉਲਟਾ ਸਾਡੇ ਅਉਗੁਣ ਸਾਡੀ ਚਾਕਰੀ ਵਿੱਚ ਲਗੇ ਰਹਿੰਦੇ ਹਨ, ਸਾਡੀ ਸੇਵਾ ਵਿੱਚ ਲੱਗੇ ਰਹਿੰਦੇ ਹਨ ਭਾਵ ਸਾਡੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਵਿੱਚ ਲੱਗੇ ਰਹਿੰਦੇ ਹਨ ਭਾਵ ਇਹ ਪੁਠੀ ਭਗਤੀ ਹੈ, ਉਲਟੀ ਮਤਿ ਵਾਲੀ, ਕਲਿ ਵਾਲੀ ਭਗਤੀ ਹੈ। ਸਾਡੇ ਇਹੋ ਜਿਹੇ ਤਰੀਕਿਆਂ ਨਾਲ ਭਾਵ ਅਉਗਣਾਂ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਦਰ ਤੇ ਖੁਆਰੀ ਤੋਂ ਨਹੀਂ ਬਚ ਸਕਦੇ। ਜਿਹੜੇ ਅਉਗੁਣ ਸਾਡੇ ਚਾਕਰੀ ਵਿੱਚ ਲੱਗੇ ਰਹਿੰਦੇ ਹਨ ਭਾਵ ਜੋ ਸਾਡੀ ਖੁਆਰੀ ਕਰਾਉਂਦੇ ਹਨ ਉਨ੍ਹਾਂ ਨੂੰ ਤਾਂ ਕੋਈ ਫ਼ਰਕ ਨਹੀਂ ਪੈਂਦਾ ਪਰ ਸਾਡੇ ਜੀਵਨ ਨੂੰ ਉਹ ਬਰਬਾਦ ਕਰ ਦਿੰਦੇ ਹਨ, ਅਉਗਣਾਂ ਕਰਕੇ ਜੋ ਵੀ ਅਸੀਂ ਮਾੜੇ ਕਰਮ ਕਰਦੇ ਹਾਂ ਉਹਨਾਂ ਦਾ ਲੇਖਾ ਸਾਨੂੰ ਭੁਗਤਣਾ ਹੀ ਪੈਂਦਾ ਹੈ, ਸਾਡੇ ਗੱਲ ਫਾਹੀ ਪੈਣੀ ਹੀ ਹੈ। ਸਾਡੀ ਖੁਆਰੀ ਦਾ ਕਾਰਣ ਸਾਡੇ ਅੰਦਰ ਦੇ ਚੋਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹੀ ਹਨ ਜਿਨ੍ਹਾਂ ਨੂੰ ਨਾ ਛੱਡਣਾ ਗੁਰਮਤਿ ਦੇ ਉਲਟ ਚਲਣਾ ਹੀ ਹੈ ਭਾਵ ਸਾਡੀ ਮਨਮਤਿ ਹੀ ਹੈ। (**ਜਿਸ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥ ਜਾ ਸਿਕਦਾਰੈ ਪਵੈ ਜੰਜੀਰੀ ਤਾਂ ਚਾਕਰ ਹਥਹੁ ਮਰਣਾ॥4॥**)

{ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥

ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ ॥੨॥}

(ਅੰਗ ੧੧੦੪)

ਆਪਣੀ ਕਲਿ ਵਾਲੀ ਮਤਿ ਦੇ ਹੁੰਦੇ ਹੋਏ ਅਸੀਂ ਗੁਣਾਂ ਅਉਗੁਣਾਂ ਵਿੱਚ ਹੀ ਭੇਦ ਬਣਾਇਆ ਹੋਇਆ ਹੈ। ਅਸੀਂ ਅਉਗੁਣਾਂ ਵਿੱਚ ਰਹਿੰਦੇ ਹੋਏ ਹੀ ਆਪਣੇ ਆਪ ਨੂੰ ਗੁਣੀ ਸਮਝਦੇ ਹਾਂ, ਭਗਤੀ ਦੇ ਗੁਣਾਂ ਵਾਲਾ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ ਤੇ ਇਹੀ ਗੱਲ ਸਾਨੂੰ

32/3750

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੋ ਕਿ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

"ਆਖੁ ਗੁਣਾ ਕਲਿ ਆਈਐ॥

ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਡਾ ਬਹੁਤ ਵੱਡਾ ਭਰਮ ਕੱਢਿਆ ਹੋਇਆ ਹੈ। ਅਸੀਂ ਜਿਹੋ ਜਿਹੇ ਵੀ ਭਗਤੀ ਦੇ ਤਰੀਕੇ ਅਪਨਾਏ ਹੋਏ ਹਨ ਅਸਾਂ ਉਨ੍ਹਾਂ ਨੂੰ ਆਪਣੇ ਗੁਣ ਹੀ ਸਮਝਦੇ ਹਾਂ ਭਾਵ ਭਗਤੀ ਦੇ ਗੁਣ ਸਮਝਦੇ ਹਾਂ। ਧਰਮ ਗ੍ਰੰਥਾਂ ਦੇ ਕੇਵਲ ਪੜੀ ਜਾਣ ਨੂੰ, ਸੁਣੀ ਜਾਣ ਨੂੰ ਵੱਡਾ ਗੁਣ ਸਮਝਦੇ ਹਾਂ ਜਦ ਕਿ ਅਸਲ ਗੁਣ ਗੁਰੂ ਦੀ ਗੱਲ ਨੂੰ ਮੰਨਣ ਵਿੱਚ ਹੈ ਜੋ ਕਿ ਅਉਗਣਾਂ ਨੂੰ ਛੱਡਣ ਵਿੱਚ ਹੈ। ਕਿਸੇ ਅੱਖਰ ਦੇ ਜਪ ਨੂੰ ਅਸੀਂ ਆਪਣਾ ਬਹੁਤ ਵੱਡਾ ਗੁਣ ਸਮਝਿਆ ਹੋਇਆ ਹੈ। ਸੁਰਤੀਆ ਜੋੜਕੇ ਬੈਠੇ ਰਹਿਣ ਵਿੱਚ, ਸਮਾਧੀਆਂ ਲਗਾ ਕੇ ਬੈਠੇ ਰਹਿਣ ਵਿੱਚ ਅਸੀਂ ਆਪਣਾ ਭਗਤੀ ਦਾ ਗੁਣ ਸਮਝਿਆ ਹੋਇਆ ਹੈ। ਤੀਰਥਾਂ ਦੇ ਦਰਸ਼ਨ ਕਰਨ ਦਾ ਤੇ ਉਥੇ ਇਸ਼ਨਾਨ ਕਰਨ ਦਾ ਅਸੀਂ ਭਗਤੀ ਦਾ ਗੁਣ ਸਮਝਿਆ ਹੋਇਆ ਹੈ। ਗ੍ਰਹਿ ਨੂੰ ਤਜਿ ਕੇ ਕਿਧਰੇ ਬਾਹਰ ਜਾ ਕੇ ਡੇਰਾ ਬਨਾਉਣ ਵਿੱਚ, ਜੰਗਲਾਂ ਦੇ ਫਿਰਨ ਵਿੱਚ ਅਸੀਂ ਭਗਤੀ ਦਾ ਗੁਣ ਸਮਝਿਆ ਹੋਇਆ ਹੈ, ਨੰਗੇ ਸ਼ਰੀਰ

ਫਿਰੀ ਜਾਣ ਵਿੱਚ, ਨੰਗੀ ਪੈਰੀਂ ਫਿਰੀ ਜਾਣ ਵਿੱਚ ਭਾਵ ਸਰੀਰ ਨੂੰ ਕਸ਼ਟ ਦੇਣ ਵਿੱਚ ਅਸੀਂ ਭਗਤੀ ਦਾ ਗੁਣ ਸਮਝਿਆ ਹੋਇਆ ਹੈ, ਸੁੱਚੇ ਚਓਕੇ ਤੇ ਸੁੱਚੇ ਖਾਣੇ ਖਾਣ ਵਿੱਚ ਭਾਵ ਦੂਸਰਿਆਂ ਨਾਲੋਂ ਵੱਖਰੇ ਖਾਣੇ ਬਨਾਉਣ ਤੇ ਖਾਣ ਵਿੱਚ ਅਸੀਂ ਭਗਤੀ ਦਾ ਗੁਣ ਸਮਝਿਆ ਹੋਇਆ ਹੈ ਭਾਵ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਅਪਨਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਗੁਣ ਕਹਿੰਦੇ ਹਾਂ ਭਾਵ ਉਨ੍ਹਾਂ ਤਰੀਕਿਆਂ ਨੂੰ ਆਪਣੇ ਗੁਣ ਕਹਿੰਦੇ ਹਾਂ ਜਿਨ੍ਹਾਂ ਤਰੀਕਿਆਂ ਦਾ ਬਾਣੀ ਵਿੱਚ ਖੰਡਣ ਕੀਤਾ ਹੋਇਆ ਹੈ ਤੇ ਸਾਡੇ ਬਹੁਤੇ ਤਰੀਕਿਆਂ ਨੂੰ ਉਲਟੇ ਸਾਡੇ ਅਉਗੁਣ ਦਸਿਆ ਹੋਇਆ ਹੈ ਕਿਉਂਕਿ ਅਸੀਂ ਗੁਰਮਤਿ ਦੇ ਉਲਟ ਚਲਦੇ ਹਾਂ ਤੇ ਉਸ ਨੂੰ ਗੁਰਮਤਿ ਦਾ ਰੂਪ ਦੇ ਕੇ ਗੁਰਮਤਿ ਨੂੰ ਬਦਨਾਮ ਕਰਦੇ ਹਾਂ। ਆਪਣੇ ਇਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਆਪਣੇ ਗੁਣ ਕਹਿ ਕੇ, ਆਪਣੇ ਆਪ ਨੂੰ ਗੁਣੀ ਅਖਵਾਕੇ ਅਸੀਂ ਆਪਣੇ ਮਨ ਦੀ ਕਲਿ ਵਿੱਚ ਆਉਂਦੇ ਹਾਂ ਭਾਵ ਸਾਡੇ ਅੰਦਰ ਇਹ ਕਲਿ ਦੀ ਨਿਸ਼ਾਨੀ ਹੈ ਜਿਸ ਦੁਆਰਾ ਅਸੀਂ ਬਿਨਾ ਗੁਣੀ ਹੁੰਦੇ ਹੋਏ ਵੀ ਆਪਣੇ ਆਪ ਨੂੰ ਗੁਣੀ ਆਖਦੇ ਹਾਂ। (**ਆਖੁ ਗੁਣਾ ਕਲਿ ਆਣੀਐ ॥**)

ਮਨ ਦੀ ਇਹ ਕਲਿ ਮਨੁੱਖ ਦੇ ਅੰਦਰ ਸਦਾ ਹੀ ਰਹਿੰਦੀ ਹੈ, ਹਰ ਜੁਗ ਵਿੱਚ ਰਹਿੰਦੀ ਹੈ ਜੋ ਕਿ ਮਨੁੱਖ ਨੂੰ ਭਰਮ ਦੇ ਵਿੱਚ ਰੱਖਦੀ ਹੈ ਤੇ ਪ੍ਰਮਾਤਮਾ ਦੇ ਕੱਢਣ ਦੁਆਰਾ ਹੀ ਨਿਕਲਦੀ ਹੈ। ਜਿਵੇਂ ਕਿ

32/3751

ਅਸੀਂ ਲੇਖ ਵਿੱਚ ਪਿਛੇ ਸਮਝਿਆ ਹੈ ਸਾਨੂੰ ਸਮੇਂ ਅਨੁਸਾਰ ਵੀ ਜੁਗ ਸਮਝਾਏ ਹੋਏ ਹਨ ਭਾਵ ਚਾਰ ਜੁਗਾਂ ਦੇ ਸਮੇਂ ਦੀ ਗੱਲ ਕੀਤੀ ਹੋਈ ਹੈ ਤੇ ਸਾਡੇ ਮਨ ਦੀਆਂ ਅਵਸਥਾਵਾਂ ਵੀ ਚਾਰੇ ਜੁਗਾਂ ਨਾਲ ਜੋੜ ਕੇ ਸਮਝਾਈਆਂ ਹੋਈਆਂ ਹਨ। ਸਤਿਜੁਗ ਸਾਡੇ ਮਨ ਦੀ ਉਹ ਅਵਸਥਾ ਹੈ ਜਦੋਂ ਅਸੀਂ ਸੱਚ ਦੇ ਨਾਲ ਜੁੜੇ ਹੁੰਦੇ ਹਾਂ। ਜਦੋਂ ਅਸੀਂ ਸਤਿਜੁਗ ਨੂੰ ਸਮੇਂ ਦੇ ਨਾਲ ਜੋੜਦੇ ਹਾਂ ਉਦੋਂ ਮਨੁੱਖੀ ਮਨ ਦੀ ਅਵਸਥਾ ਉਹੋ ਜਿਹੀ ਹੀ ਹੁੰਦੀ ਹੈ ਜਿਵੇਂ ਕਿ ਉਹ ਹਰ ਜੁਗ ਵਿੱਚ ਹੁੰਦੀ ਹੈ। ਜਿਹੋ ਜਿਹੀ ਅਵਸਥਾ ਸਾਡੇ ਅੰਦਰ ਕਲਜੁਗ ਵਾਲੀ ਹੈ ਭਾਵ ਭਰਮ ਵਾਲੀ ਹੈ ਇਹ ਭਰਮ ਵਾਲੀ ਅਵਸਥਾ ਮਨੁੱਖ ਦੀ ਹਰ ਜੁਗ ਵਿਚ ਹੀ ਰਹਿੰਦੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਜੋ ਹਰ ਸਮੇਂ ਇਕੋ ਜਿਹਾ ਹੀ ਰਹਿੰਦਾ ਹੈ। ਹਰ ਜੁਗ ਵਿੱਚ, ਹਰ ਸਮੇਂ ਵਿੱਚ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਇਕੋ ਹੀ ਹੈ ਜੋ ਕਿ ਗੁਣਾਂ ਨੂੰ ਅਪਨਾਉਣ ਦਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਡੇ ਨਾਲ ਨਿਆਂ ਕਰਦਾ ਹੈ। ਸਾਡੀ ਭਗਤੀ ਦਾ ਫੈਸਲਾ ਗੁਣਾਂ ਦੇ ਨਾਲ ਹੀ ਜੁੜਿਆ ਹੋਇਆ ਹੈ, ਹਰ ਜੁਗ ਵਿੱਚ ਗੁਣਾਂ ਦੇ ਨਾਲ ਹੀ ਜੁੜਿਆ ਹੋਇਆ ਹੈ ਜੋ ਕਿ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਮਿਲਦੇ ਹਨ। (**ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥1॥ ਰਹਾਉ ॥**)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ ੨੨੯)

{ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥ ਹੋਰਤੁ ਭਗਤਿ ਨ ਪਾਏ ਕੋਈ ॥
ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ ॥੯॥੨੦॥੨੧॥}

(ਅੰਗ ੧੨੨)

{ਆਪਿ ਕਰਾਏ ਕਰੇ ਆਪਿ ਜੀਉ ਆਪੇ ਸਬਦਿ ਸਵਾਰੇ ॥
ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ ਭਗਤ ਪਿਆਰੇ ॥
ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ ਆਪੇ ਭਗਤੀ ਲਾਏ ॥
ਆਪੇ ਦਾਨਾ ਆਪੇ ਬੀਨਾ ਆਪੇ ਸੇਵ ਕਰਾਏ ॥
ਆਪੇ ਗੁਣਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ ॥
ਨਾਨਕ ਸਦ ਬਲਿਹਾਰੀ ਸਚੇ ਵਿਟਹੁ ਆਪੇ ਕਰੇ ਕਰਾਏ ॥੪॥੪॥}

(ਅੰਗ ੨੪੬)

ਸਾਡੇ ਅੰਦਰ ਮਨ ਦੀ ਕਲਿ ਸਾਨੂੰ ਭਗਤੀ ਦੇ ਅਸਲ ਮਾਰਗ ਤੋਂ ਪੁੱਠੇ ਪਾਸੇ ਤੋਰਦੀ ਹੈ। ਸਾਡੇ ਉੱਤੇ ਇਸ ਦਾ ਪੁੱਠਾ ਅਸਰ ਕਿਵੇਂ ਪੈਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥

ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥"

32/3752

ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੱਚ ਨਾਲ ਜੋੜਨ ਦਾ ਹੈ ਭਾਵ ਸਾਨੂੰ ਸਾਡੇ ਜੀਵਨ ਦਾ ਸੱਚਾ ਮਾਰਗ ਸਮਝਾਉਣ ਦਾ ਹੈ ਜੋ ਸਾਨੂੰ ਸਭ ਨਾਲ ਇਨਸਾਫ ਕਰਨ ਦੀ ਗੱਲ ਸਮਝਾਉਂਦੇ ਹਨ, ਸੱਚੀ ਸੁੱਚੀ ਕਿਰਤ ਕਰਨਾ ਸਮਝਾਉਂਦੇ ਹਨ ਤੇ ਇਸੇ ਤਰੀਕੇ ਹੀ ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ ਭਾਵ ਸਾਡੀ ਕਰਣੀ ਦੁਆਰਾ ਪ੍ਰਮਾਤਮਾ ਦੀ "ਕੀਰਤਿ", ਜੱਸ ਗਾਉਣ ਦਾ, ਗੁਣ ਗਾਉਣ ਦਾ ਤਰੀਕਾ ਹੈ। ਸਾਡੇ ਮਨ ਦੇ ਅੰਦਰ ਦੀ "ਕਲਿ" ਸਾਨੂੰ ਸਾਡਾ ਸਹੀ ਮਾਰਗ ਸਮਝਣ ਤੋਂ ਵੀ ਦੂਰ ਰੱਖਦੀ ਹੈ ਤੇ ਸਮਝ ਆਉਣ ਤੇ ਚੱਲਣ ਤੋਂ ਵੀ ਦੂਰ ਰੱਖਦੀ ਹੈ ਭਾਵ ਮਾਇਆ ਮੋਹ ਛੱਡਣ ਤੋਂ ਵੀ ਦੂਰ ਰੱਖਦੀ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਧਰਮ ਗ੍ਰੰਥਾਂ ਦਾ ਮਕਸਦ ਇਹ ਹੈ ਕਿ ਅਸੀਂ ਸੱਚ ਅਨੁਸਾਰ ਵਿਚਰੀਏ ਤੇ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਦੂਰ ਕਰੀਏ ਭਾਵ ਹਉਮੈ ਦੀ ਨਾਮ ਦੇ ਨਾਲ ਵਿਰੋਧਤਾ ਦੂਰ ਕਰੀਏ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਗੁਰੂ ਪ੍ਰਮਾਤਮਾ ਦੇ ਨਾਲ ਝਗੜੇ ਦਾ ਕਾਰਣ ਸਾਡੇ ਅੰਦਰ ਦੀ "ਕਲਿ" ਹੈ ਭਾਵ ਅਗਿਆਨਤਾ ਵਾਲੀ, ਭਰਮ ਵਾਲੀ, ਹਉਮੈ ਵਾਲੀ ਅਵਸਥਾ ਹੈ ਜੋ ਸਾਨੂੰ ਸੱਚ ਨੂੰ ਸਮਝਣ ਵਿੱਚ ਤੇ ਸੱਚ ਤੇ ਚੱਲਣ ਤੋਂ ਦੂਰ ਰੱਖਦੀ ਹੈ। "ਕਲਵਾਲੀ" ਤੋਂ ਭਾਵ ਹੈ ਝਗੜਾ ਪਾਉਣ ਵਾਲੀ ਭਾਵ ਪ੍ਰਮਾਤਮਾ ਦੇ ਨਾਲ, ਸੱਚ ਦੇ ਨਾਲ, ਨਾਮ ਦੇ ਨਾਲ ਝਗੜਾ ਪਾਉਣ ਵਾਲੀ। ਮੁਸਲਮਾਨਾਂ ਦੇ ਧਰਮ ਗ੍ਰੰਥ ਅਨੁਸਾਰ ਉਹ ਸਮਾਜਿਕ ਫੈਸਲੇ "ਸਰਾ" ਅਨੁਸਾਰ ਕਰਦੇ ਹਨ ਜਿਸ ਨੂੰ ਧਾਰਮਿਕ ਫੈਸਲਾ ਮੰਨਿਆ ਜਾਂਦਾ ਹੈ ਜੋ ਕਿ ਧਰਮ ਦੇ ਆਗੂ ਅਖਵਾਉਣ ਵਾਲੇ ਭਾਵ ਕਾਜੀ ਆਦਿ ਕਰਦੇ ਹਨ। ਮਨ ਦੀ "ਕਲਿ" ਕਾਜੀਆਂ ਕੋਲੋਂ ਗਲਤ ਫੈਸਲੇ ਕਰਵਾਉਂਦੀ ਹੈ ਜੋ ਕਿ ਉਹ ਮਾਇਆ ਮੋਹ ਵਿੱਚ ਫੱਸ ਕੇ ਕਰਦੇ ਹਨ, "ਕ੍ਰਿਸਨਾ" ਵਾਲੀ ਬਿਰਤੀ ਦੁਆਰਾ ਕਰਦੇ ਹਨ ਭਾਵ ਲੋਭ ਲਾਲਚ ਵਾਲੀ ਬਿਰਤੀ ਦੁਆਰਾ ਕਰਦੇ ਹਨ ਜਿਸ ਕਰਕੇ ਉਹ ਸੱਚ ਤੋਂ ਉਲਟ ਫੈਸਲਾ ਕਰਦੇ ਹਨ। ਜੇਕਰ ਕੋਈ ਕਾਜੀ ਇਹੋ ਜਿਹਾ ਗਲਤ ਫੈਸਲਾ ਕਰਦਾ ਹੈ ਭਾਵ ਲੋਭ ਲਾਲਚ ਵਿੱਚ ਆ ਕੇ ਝੂਠਾ ਫੈਸਲਾ ਕਰਦਾ ਹੈ ਉਹ ਫਿਰ "ਸਰਾ" ਦੀ ਅਸਲੀਅਤ ਨੂੰ, "ਸਰਾ" ਦੇ ਮਕਸਦ ਨੂੰ ਨਿਬੇੜ ਦਿੰਦਾ ਹੈ ਭਾਵ ਖਤਮ ਕਰ ਦਿੰਦਾ ਹੈ। ਮਨ ਦੀ ਇਹ "ਕਲਿ" ਮਨੁੱਖ ਕੋਲੋਂ ਗਲਤ ਕੰਮ ਕਰਵਾਉਂਦੀ ਹੈ, ਧਰਮ ਦੇ ਉਲਟ ਕੰਮ ਕਰਵਾਉਂਦੀ ਹੈ ਭਾਵ ਪੁੱਠੇ ਕੰਮ ਕਰਵਾਉਂਦੀ ਹੈ ਭਾਵ ਸਾਡੇ ਮਨ ਦੀ ਮਤਿ ਨੂੰ ਪੁੱਠੀ ਮਤਿ ਵਿੱਚ ਰੱਖਦੀ ਹੈ, ਨਾਮ ਦੀ ਮਤਿ ਨਾਲੋਂ ਉਲਟੀ ਮਤਿ ਵਿੱਚ ਰੱਖਦੀ ਹੈ। (**ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ॥**)

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥

ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥}

(ਅੰਗ ੪੬੯)

{ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈ ਕੈ ਹਕੁ ਗਵਾਏ ॥

ਜੇ ਕੋ ਪੁਛੈ ਤਾ ਪੜਿ ਸੁਣਾਏ ॥ ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥}

(ਅੰਗ ੯੫੧)

"ਕਲਿ" ਵਾਲੀ ਅਵਸਥਾ ਪ੍ਰਮਾਤਮਾ ਨੇ ਸਭ ਦੇ ਵਿੱਚ ਪਾਈ ਹੋਈ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਜੋ ਗੱਲ

32/3753

ਮੁਸਲਮਾਨ ਭਾਈਚਾਰੇ ਨੂੰ ਸਮਝਾਈ ਹੈ ਉਹ ਗੱਲ ਅਗਲੀ ਪੰਗਤੀ ਰਾਹੀਂ ਹਿੰਦੂ ਸਮਾਜ ਲਈ ਸਮਝਾਈ ਹੋਈ ਹੈ ਪਰ ਸਿਖਿਆ

ਸਾਰੇ ਸੰਸਾਰ ਲਈ ਇਕੋ ਜਿਹੀ ਹੀ ਹੈ ਜੋ ਕਿ ਸੱਚ ਤੇ ਚੱਲਣ ਦੀ ਹੈ। ਹਰ ਧਰਮ ਗ੍ਰੰਥ ਦਾ ਮਕਸਦ ਸਾਨੂੰ ਸੱਚ ਦੇ ਨਾਲ ਜੋੜਨ ਦਾ ਹੀ ਹੈ, ਨਾਮ ਦੇ ਨਾਲ ਜੋੜਨ ਦਾ ਹੀ ਹੈ।

"ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥"

ਹਿੰਦੂ ਧਰਮ ਗ੍ਰੰਥਾਂ ਦਾ ਮਕਸਦ ਵੀ ਸਾਨੂੰ ਸੱਚ ਨਾਲ ਜੋੜਨ ਦਾ ਹੀ ਹੈ ਜਿਸ ਦਾ ਮਕਸਦ ਸਾਡੇ ਮਨ ਦੀ ਸੁਚਿ ਦੇ ਨਾਲ ਹੈ। ਕਰਣੀ ਉਸੇ ਮਨੁੱਖ ਦੀ ਚੰਗੀ ਹੁੰਦੀ ਹੈ ਜਿਸ ਦੇ ਅੰਦਰ ਸੱਚ ਹੁੰਦਾ ਹੈ ਭਾਵ ਜੋ ਮਨੁੱਖ ਗੁਣਾਂ ਵਾਲਾ ਹੁੰਦਾ ਹੈ, ਅਉਗੁਣਾਂ ਤੋਂ ਰਹਿਤ ਹੁੰਦਾ ਹੈ। ਧਰਮ ਗ੍ਰੰਥ ਸਾਨੂੰ ਸਾਡੀ ਕਰਣੀ ਦੁਆਰਾ ਪ੍ਰਮਾਤਮਾ ਦਾ ਜੱਸ ਗਾਉਣਾ ਸਿਖਾਉਂਦੇ ਹਨ ਪਰ ਆਪਣੇ ਅੰਦਰ ਦੀ "ਕਲਿ" ਦੇ ਕਾਰਣ ਅਸੀਂ ਆਪਣੇ ਜੀਵਨ ਦੇ ਸਹੀ ਮਾਰਗ ਨੂੰ ਸਮਝਣ ਤੋਂ, ਪ੍ਰਮਾਤਮਾ ਦੀ ਭਗਤੀ ਦੇ ਅਸਲ ਮਾਰਗ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ, ਭਰਮ ਵਿੱਚ ਰਹਿੰਦੇ ਹਾਂ ਤੇ ਉਹੋ ਜਿਹੇ ਤਰੀਕਿਆਂ ਨਾਲ ਜੁੜ ਜਾਂਦੇ ਹਾਂ ਜਿਨ੍ਹਾਂ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ ਭਾਵ ਅਸੀਂ ਕਥਨੀ ਦੇ ਮਾਰਗ ਨਾਲ ਜੁੜੇ ਰਹਿੰਦੇ ਹਾਂ, ਸਰੀਰਕ ਜਪਾਂ ਤਪਾਂ ਆਦਿ ਵਿਚ ਪੈ ਜਾਂਦੇ ਹਾਂ ਤੇ ਹੋਰ ਵੀ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿਨ੍ਹਾਂ ਦੁਆਰਾ ਪ੍ਰਮਾਤਮਾ ਦਾ ਜੱਸ ਨਹੀਂ ਗਾਇਆ ਜਾ ਸਕਦਾ ਪਰ ਅਸੀਂ ਉਸ ਵਿੱਚ ਹੀ ਪ੍ਰਮਾਤਮਾ ਦਾ ਜੱਸ ਗਾਉਣਾ ਸਮਝਦੇ ਹਾਂ ਤੇ ਪ੍ਰਮਾਤਮਾ ਦਾ ਅਸਲ ਜੱਸ ਗਾਉਣ ਤੋਂ ਦੂਰ ਹੋ ਜਾਂਦੇ ਹਾਂ ਜੋ ਕਿ ਸਾਡੀ ਸੱਚੀ ਸੁੱਚੀ ਕਰਨੀ ਹੈ ਭਾਵ ਸਾਡੇ ਅੰਦਰ ਦੀ "ਕਲਿ" ਸਾਨੂੰ ਧਰਮ ਦੇ ਅਸਲ ਮਾਰਗ ਤੋਂ ਦੂਰ ਰੱਖਦੀ ਹੈ। (**ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ॥ ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕਿਰਤਿ ਲਹਿਆ॥**)

ਜਿਥੇ "ਕਲਿ" ਹੈ ਉਥੇ ਸੱਚ ਨਹੀਂ ਹੈ ਭਾਵ ਜਿਥੇ ਭਰਮ ਹੈ ਉਥੇ ਸੱਚ ਨਹੀਂ ਹੈ। ਮਨ ਦੀ ਕਲਿ ਵਿੱਚ ਰਹਿੰਦਿਆਂ ਅਸੀਂ ਕਿਸ ਤਰੀਕੇ ਸੱਚ ਤੋਂ ਦੂਰ ਜਾਂਦੇ ਹਾਂ ਭਾਵ ਭਗਤੀ ਦੇ ਅਸਲ ਮਾਰਗ ਤੋਂ ਕਿਸ ਤਰੀਕੇ ਦੂਰ ਜਾਂਦੇ ਹਾਂ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥

ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਮਨ ਦੀ ਕਲਿ ਹੀ ਸਮਝਾਈ ਹੋਈ ਹੈ ਭਾਵ ਮਨ ਦੀ ਕਲਿ ਦਾ ਭਗਤੀ ਨੂੰ ਸਮਝਣ ਵਿੱਚ ਸਾਡੇ ਤੇ ਕੀ ਅਸਰ ਪੈਂਦਾ ਹੈ, ਇਹੀ ਗੱਲ ਸਮਝਾਈ ਹੋਈ ਹੈ। ਕਲਿ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ ਤੇ ਅਸੀਂ ਉਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਦਾ ਜੱਸ ਗਾਉਣਾ ਸਮਝਦੇ ਹਾਂ ਜਿਨ੍ਹਾਂ ਵਿੱਚ ਸੱਚ ਨਹੀਂ ਹੈ ਭਾਵ ਪ੍ਰਮਾਤਮਾ ਦਾ ਜਸ ਗਾਉਣ ਦਾ ਤਰੀਕਾ ਨਹੀਂ ਹੈ। ਉਪਰ ਸਾਨੂੰ ਜਿਹੋ ਜਿਹੇ ਭਗਤੀ ਦੇ ਤਰੀਕੇ ਗਿਣਾਏ ਹੋਏ ਹਨ ਉਨ੍ਹਾਂ ਦਾ ਸਾਡੀ ਸੰਸਾਰਿਕ ਵਿਚਰਨ ਨਾਲ ਸਬੰਧ ਨਹੀਂ ਹੈ ਕਿਉਂਕਿ ਪ੍ਰਮਾਤਮਾ ਦਾ ਜੱਸ ਗਾਉਣ ਦਾ ਤਰੀਕਾ, ਉਸਦੀ ‘‘ਕੀਰਤਿ’’ ਕਰਨ ਦਾ ਤਰੀਕਾ ਸਾਡੀ ਚੰਗੀ ਸੰਸਾਰਿਕ ਵਿਚਰਨ ਨਾਲ ਜੁੜਿਆ ਹੋਇਆ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ।

32/3754

ਪ੍ਰਮਾਤਮਾ ਦੇ ਦਰ ਤੇ "ਪਤਿ", ਇੱਜਤ ਸਾਨੂੰ ਸਾਡੀ ਸੱਚੀ ਸੁੱਚੀ ਕਰਣੀ ਦੁਆਰਾ ਮਿਲਦੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਅਸੀਂ ਪ੍ਰਮਾਤਮਾ ਦਾ ਜੱਸ ਕਰਣੀ ਦੀ ਬਜਾਇ ਪੂਜਾ ਕਰਨ ਵਿੱਚ ਸਮਝਦੇ ਹਾਂ ਤੇ ਪੂਜਾ ਕਰਨ ਦੇ ਅਸੀਂ ਆਪਣੀ ਆਪਣੀ ਮਤਿ ਅਨੁਸਾਰ ਤਰੀਕੇ ਬਣਾਏ ਹੋਏ ਹਨ, ਆਪਣੀ ਆਪਣੀ ਆਸਥਾ ਅਨੁਸਾਰ ਤਰੀਕੇ ਬਣਾਏ ਹੋਏ ਹਨ ਜੋ ਕਿ ਪ੍ਰਮਾਤਮਾ ਦੀ ਪੂਜਾ ਕਰਨ ਦਾ ਤਰੀਕਾ ਨਹੀਂ ਹੈ ਭਾਵ ਉਸ ਵਿੱਚ ਕੇਵਲ ਸਾਡਾ ਦਿਖਾਵਾ ਹੈ। ਪ੍ਰਮਾਤਮਾ ਦੀ ਪੂਜਾ ਉਸ ਗੱਲ ਵਿੱਚ ਹੈ ਜਿਸ ਦੁਆਰਾ ਸਾਡੇ ਲੇਖੇ ਵਿੱਚ ਪਤਿ ਪੈਂਦੀ ਹੈ ਜੋ ਕਿ ਸੱਚੀ ਸੁੱਚੀ ਕਿਰਤ ਦੁਆਰਾ ਪੈਂਦੀ ਹੈ। ਇਸੇ ਤਰ੍ਹਾਂ ਅਸੀਂ ਅਨੇਕਾਂ ਸੰਜਮ ਰੱਖਣ ਦੇ ਤਰੀਕੇ ਬਣਾਏ ਹੋਏ ਹਨ ਜੋ ਕਿ ਆਪਣੀ ਮਰਿਯਾਦਾ ਅਨੁਸਾਰ ਬਣਾਏ ਹੋਏ ਹਨ। ਕੋਈ ਵਰਤ ਰੱਖਣ ਵਿੱਚ ਸੰਜਮ ਸਮਝਦਾ ਹੈ, ਕੋਈ ਸੁੱਚੇ ਚਉਂਕੇ ਦੀ ਸੁਚਿ ਨਾਲ ਜੁੜਨ ਵਿੱਚ ਸੰਜਮ ਸਮਝਦਾ ਹੈ, ਕੋਈ ਸ਼ਾਕਾਹਾਰੀ ਖਾਣੇ ਨਾਲ ਜੁੜਨ ਵਿੱਚ ਸੰਜਮ ਸਮਝਦਾ ਹੈ ਤੇ ਆਪਣੇ ਇਹਨਾਂ ਤਰੀਕਿਆਂ ਨੂੰ ਭਗਤੀ ਦੇ ਮਾਰਗ ਤੇ ਚੱਲਣ ਦੇ ਤਰੀਕੇ ਸਮਝਦਾ ਹੈ, ਪ੍ਰਮਾਤਮਾ ਦਾ ਜੱਸ ਗਾਉਣ ਦੇ ਤਰੀਕੇ ਸਮਝਦਾ ਹੈ ਪਰ ਇਹੋ ਜਿਹੇ ਸੰਜਮ ਰੱਖਣ ਵਿੱਚ ਸੱਚ ਨਹੀਂ ਹੈ। ਸੱਚਾ ਸੰਜਮ ਕੇਵਲ ਉਹੀ ਹੈ ਜਦੋਂ ਅਸੀਂ ਆਪਣੇ ਮਨ ਨੂੰ ਵਿਕਾਰਾਂ ਵਲੋਂ ਰੋਕ ਕੇ ਰੱਖਦੇ ਹਾਂ ਜਿਵੇਂ ਕਿ ਅਸੀਂ ਇਸ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਨ ਦਾ ਇਹੋ ਜਿਹਾ ਸੰਜਮ ਸਾਨੂੰ ਸਾਡੀ ਸੱਚੀ ਸੁੱਚੀ ਕਿਰਤ ਦੇ ਨਾਲ ਜੋੜਦਾ ਹੈ ਜੋ ਕਿ ਪ੍ਰਮਾਤਮਾ ਦਾ ਜੱਸ ਗਾਉਣ ਦਾ ਅਸਲ ਤਰੀਕਾ ਹੈ। ਇਸੇ ਤਰ੍ਹਾਂ ਅਸੀਂ ਜਨੇਊ ਬੰਨਣ ਦੁਆਰਾ ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਬਣਨ ਦਾ ਦਿਖਾਵਾ ਕਰਦੇ ਹਾਂ ਭਾਵ ਉਸ ਨਾਲ ਸਾਡੀ ਧਾਰਮਿਕ ਆਸਥਾ ਜੁੜੀ ਹੋਈ ਹੈ ਜਿਸ ਨੂੰ ਕਿ ਅਸੀਂ ਧਰਮ ਦਾ ਪ੍ਰਤੀਕ ਸਮਝਦੇ ਹਾਂ ਪਰ ਸਾਡੇ ਇਹੋ ਜਿਹੇ ਭਗਤੀ ਦੇ ਵਿਸ਼ਵਾਸ ਵਿੱਚ, ਦਿਖਾਵੇ ਵਿੱਚ ਸੱਚ ਨਹੀਂ ਹੈ। ਜਨੇਊ ਦਾ ਮਕਸਦ ਤਾਂ ਪੂਰਾ ਹੁੰਦਾ ਹੈ ਜੇਕਰ ਅਸੀਂ ਜਤ ਦੇ ਅਸਲ ਮਾਰਗ ਨਾਲ ਜੁੜੀਏ ਜੋ ਕਿ ਇੰਦਰੀਆਂ ਨੂੰ ਵੱਸ ਵਿੱਚ ਰੱਖਣ ਦਾ ਹੈ, ਕਾਮ ਵਾਸ਼ਨਾ ਤੋਂ ਮੁਕਤਿ ਹੋਣ ਦਾ ਹੈ ਜਿਸ ਦਾ ਮਕਸਦ ਸਾਡੀ ਸੰਸਾਰਿਕ ਵਿਚਰਨ ਨਾਲ ਜੁੜਿਆ ਹੋਇਆ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਚੰਗੀ ਬਣਦੀ ਹੈ ਜੋ ਕਿ ਪ੍ਰਮਾਤਮਾ ਦਾ ਭਗਤੀ ਕਰਨ ਦਾ, ਉਸ ਦੀ "ਕੀਰਤਿ" ਗਾਉਣ ਦਾ ਅਸਲ ਤਰੀਕਾ ਹੈ ਭਾਵ ਜਿਨ੍ਹਾਂ ਤਰੀਕਿਆਂ ਵਿੱਚ ਅਸੀਂ ਪ੍ਰਮਾਤਮਾ ਦਾ ਜੱਸ ਗਾਉਣਾ ਸਮਝਿਆ ਹੋਇਆ ਹੈ ਉਹ ਸਾਡੇ ਅੰਦਰ "ਕਲਿ" ਦੀ ਨਿਸ਼ਾਨੀ ਹੈ ਜੋ ਸਾਨੂੰ ਸੱਚ ਸਮਝਣ ਤੋਂ ਤੇ ਸੱਚ ਤੇ ਚੱਲਣ ਤੋਂ ਦੂਰ ਰੱਖਦੀ ਹੈ। (**ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥**)

ਇਸੇ ਤਰ੍ਹਾਂ ਅਗਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ

32/3755

ਕੱਢਿਆ ਹੋਇਆ ਹੈ ਕਿ ਧਰਮ ਦਾ ਮਾਰਗ ਕਿਸੇ ਸਰੀਰਕ ਸੁਚਿ ਨਾਲ ਨਹੀਂ ਜੁੜਿਆ ਹੋਇਆ, ਧਾਰਮਿਕ ਚਿੰਨ੍ਹਾਂ ਨੂੰ ਅਪਨਾਉਣ ਨਾਲ ਭਾਵ ਤਿਲਕ ਆਦਿ ਲਗਾਉਣ ਨਾਲ ਕੋਈ ਧਰਮੀ ਨਹੀਂ ਬਣ ਜਾਂਦਾ ਜਿਵੇਂ ਕਿ ਆਮ ਕਰਕੇ ਮਾਨਤਾ ਬਣੀ

ਹੋਈ ਹੈ, ਆਪਣੀ ਆਪਣੀ ਆਸਥਾ ਅਨੁਸਾਰ ਬਣੀ ਹੋਈ ਹੈ। ਸਾਡਾ ਅਸਲ ਨਾਵਣ ਸਾਡੇ ਮਨ ਦਾ ਨਾਵਣ ਹੈ ਭਾਵ ਮਨ ਦੀ ਮੈਲ ਉਤਾਰਨ ਦਾ ਹੈ, ਮਨ ਦੇ ਮਾੜੇ ਵਿਚਾਰਾਂ ਦੀ ਮੈਲ ਨੂੰ ਧੋਣ ਦਾ ਹੈ ਜਿਸ ਦੁਆਰਾ ਮਨ ਸੱਚਾ ਬਣਦਾ ਹੈ ਭਾਵ ਆਪਣੇ ਮਨ ਨੂੰ ਸੱਚ ਨਾਲ ਧੋਣ ਦੁਆਰਾ, ਨਾਮ ਦੀ ਮਤਿ ਦੁਆਰਾ ਧੋਣ ਨਾਲ ਸਾਡਾ ਸੱਚਾ ਇਸ਼ਨਾਨ ਹੁੰਦਾ ਹੈ ਜਿਸ ਦੁਆਰਾ ਸਾਡੇ ਅੰਦਰ ਸੱਚ ਵੱਸਦਾ ਹੈ ਜਿਸ ਦਾ ਮਕਸਦ ਸੱਚੇ ਸੁੱਚੇ ਹੋ ਕੇ ਵਿਚਰਨ ਦਾ ਹੀ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ ਤੇ ਧਰਮ ਗ੍ਰੰਥਾਂ ਦੀ ਮਤਿ ਦਾ ਮਨੋਰਥ ਪੂਰਾ ਕੀਤਾ ਜਾ ਸਕਦਾ ਹੈ। (**ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥6॥**)

ਧਰਮ ਗ੍ਰੰਥਾਂ ਦਾ ਕਦੇ ਇਹ ਮਨੋਰਥ ਨਹੀਂ ਹੋ ਸਕਦਾ ਕਿ ਸਾਨੂੰ ਕੋਈ ਧਰਮ ਗ੍ਰੰਥ ਇਹ ਸਮਝਾਵੇ ਕਿ ਦੂਸਰੇ ਧਰਮ ਗ੍ਰੰਥ ਸੱਚ ਤੋਂ ਉਲਟ ਚਲਦੇ ਹਨ ਜਾਂ ਇਕ ਧਰਮ ਗ੍ਰੰਥ ਪ੍ਰਮਾਤਮਾ ਦਾ ਹੋਣਾ ਕੁਝ ਹੋਰ ਸਮਝਾਉਂਦਾ ਹੈ ਤੇ ਦੂਸਰਾ ਧਰਮ ਗ੍ਰੰਥ ਪ੍ਰਮਾਤਮਾ ਦਾ ਹੋਣਾ ਕੁਝ ਹੋਰ ਸਮਝਾਉਂਦਾ ਹੈ। ਪ੍ਰਮਾਤਮਾ ਇਕੋ ਹੀ ਹੈ ਜੋ ਸਭ ਨੂੰ ਇਕੋ ਜਿਹਾ ਸੱਚ ਦਾ ਮਾਰਗ ਸਮਝਾਉਂਦਾ ਹੈ ਤੇ ਹਰ ਧਰਮ ਗ੍ਰੰਥ ਨੂੰ ਲਿਖਵਾਉਣ ਵਾਲਾ ਉਹ ਆਪ ਹੀ ਹੈ ਭਾਵੇਂ ਲਿਖਣ ਵਾਲੇ ਨੂੰ ਇਸ ਗੱਲ ਦੀ ਸਮਝ ਤਦ ਤਕ ਨਹੀਂ ਲਗ ਸਕਦੀ ਜਦ ਤਕ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ। ਆਪਣੇ ਅੰਦਰ ਕਲਿ ਦੇ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਨਾ ਹੀ ਇਕ ਧਰਮ ਗ੍ਰੰਥ ਦਾ ਮਕਸਦ ਕਿਸੇ ਦੂਸਰੇ ਧਰਮ ਗ੍ਰੰਥ ਦੇ ਉਲਟ ਹੋ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਦਾ ਕੋਈ ਇਕ ਤੋਂ ਦੂਸਰਾ ਰੂਪ ਹੋ ਸਕਦਾ ਹੈ। ਅਸੀਂ ਮਨ ਦੀ ਨਾ ਸਮਝੀ ਕਰਕੇ ਭਾਵ ਮਨ ਦੀ ਕਲਿ ਕਰਕੇ ਆਪਣੀ ਆਪਣੀ ਆਸਥਾ ਅਨੁਸਾਰ ਜਿਹੋ ਜਿਹੇ ਧਰਮ ਗ੍ਰੰਥ ਦੇ ਨਾਲ ਅਸੀਂ ਜੁੜੇ ਹੋਏ ਹੁੰਦੇ ਹਾਂ ਉਸ ਦੀ ਮਤਿ ਨੂੰ ਉੱਚਾ ਸਮਝਦੇ ਹਾਂ ਤੇ ਦੂਸਰਿਆਂ ਦੀ ਮਤਿ ਨੂੰ ਛੋਟਾ ਸਮਝਦੇ ਹਾਂ ਤੇ ਪ੍ਰਮਾਤਮਾ ਨੂੰ ਕਿਸੇ ਵੱਖਰੇ ਵੱਖਰੇ ਰੂਪ ਵਿੱਚ ਹੋਣਾ ਸਮਝਦੇ ਹਾਂ ਤੇ ਉਸ ਨੂੰ ਪਾਉਣਾ ਵੀ ਕਿਸੇ ਵੱਖਰੇ ਵੱਖਰੇ ਤਰੀਕੇ ਨਾਲ ਸਮਝਦੇ ਹਾਂ ਜੋ ਕਿ ਸੱਚ ਨਹੀਂ ਹੈ ਭਾਵ ਸਾਡਾ ਭਰਮ ਹੈ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਜਿਸ ਨੂੰ ਬੜੇ ਹੀ ਜਿਆਦਾ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਇਹ ਵੀ ਸਮਝ ਲਗ ਜਾਵੇਗੀ ਕਿ ਵੱਖਰੇ ਵੱਖਰੇ ਧਰਮ ਗ੍ਰੰਥਾਂ ਨੂੰ ਮੰਨਣ ਵਾਲਿਆਂ ਨੇ ਨਾਮ ਜਪਣਾ ਵੀ, ਨਾਮ ਨੂੰ ਵੱਖਰੇ ਵੱਖਰੇ ਅੱਖਰ ਰੂਪ ਵਿੱਚ ਸਮਝਣਾ ਵੀ ਕਿਸ ਕਰਕੇ ਮੰਨਿਆ ਹੋਇਆ ਹੈ। ਇਕ ਧਰਮ ਗ੍ਰੰਥ ਦੇ ਮੰਨਣ ਵਾਲੇ ਦਾ ਦੂਸਰੇ ਧਰਮ ਗ੍ਰੰਥ ਦੇ ਮੰਨਣ ਵਾਲੇ ਦੇ ਨਾਲ ਵਿਰੋਧਤਾ ਦਾ ਕਾਰਣ ਸਾਡੇ ਅੰਦਰ ਦੀ ਕਲਿ ਹੈ ਹੋਰ ਕੁਝ ਵੀ ਨਹੀਂ।

"ਕਲਿ ਪਰਵਾਣੁ ਕਤੇਬ ਕੁਰਾਣੁ॥ ਪੋਥੀ ਪੰਡਿਤ ਰਹੇ ਪੁਰਾਣ॥
ਨਾਨਕ ਨਾਉ ਭਇਆ ਰਹਮਾਣੁ॥ ਕਰਿ ਕਰਤਾ ਤੂ ਏਕੋ ਜਾਣੁ॥੭॥"

32/3756

ਕਤੇਬ ਕੁਰਾਨ ਇਸਾਈ ਤੇ ਮੁਸਲਿਮ ਭਾਈਚਾਰੇ ਵਾਲਿਆਂ ਦੁਆਰਾ ਮੰਨੇ ਜਾਣ ਵਾਲੇ ਸੱਚੇ ਧਰਮ ਗ੍ਰੰਥ ਹਨ ਭਾਵ ਉਨ੍ਹਾਂ ਦੀ ਆਸਥਾ ਇਹਨਾਂ ਧਰਮ ਗ੍ਰੰਥਾਂ ਨਾਲ ਜੁੜੀ ਹੋਈ ਹੈ। ਇਹਨਾਂ ਧਰਮ ਗ੍ਰੰਥਾਂ ਦੀ ਰਚਨਾ ਹੋਣ ਤੋਂ ਪਹਿਲਾਂ ਵੀ ਉਹਨਾਂ ਦੀ ਧਾਰਮਿਕ ਆਸਥਾ ਕਿਸੇ ਨਾ ਕਿਸੇ ਧਰਮ ਗ੍ਰੰਥ ਨਾਲ ਜੁੜੀ ਹੋਈ ਸੀ। ਇਹਨਾਂ ਧਰਮ ਗ੍ਰੰਥਾਂ ਦੀ ਰਚਨਾ ਤੋਂ ਪਹਿਲਾਂ ਭਾਰਤ ਵਰਸ਼ ਵਿੱਚ ਜ਼ਿਆਦਾ ਤਰ ਹਿੰਦੂ ਧਰਮ ਵਾਲੇ ਗ੍ਰੰਥਾਂ ਨਾਲ ਜੁੜੇ ਹੋਏ ਸਨ ਤੇ ਕਤੇਬ ਕੁਰਾਨ ਦੀ ਰਚਨਾ ਤੋਂ ਬਾਦ ਅਨੇਕਾਂ ਦੀ ਆਸਥਾ ਕਤੇਬ ਕੁਰਾਨ ਦੇ ਨਾਲ ਜੁੜ ਗਈ ਤੇ ਉਹਨਾਂ ਨੂੰ ਇਹਨਾਂ ਧਰਮ ਗ੍ਰੰਥਾਂ ਦੀ ਸਿਖਿਆ ਉੱਚੀ ਲੱਗਣ ਲੱਗ ਗਈ। ਜਿਥੇ ਜਿਥੇ ਕਿਸੇ ਦੀ ਆਸਥਾ ਜੁੜੀ ਹੁੰਦੀ ਹੈ ਉਸ ਨੂੰ ਉਸੇ ਵਿੱਚ ਹੀ ਸੱਚਾਈ ਨਜ਼ਰ ਆਉਂਦੀ ਹੈ, ਉੱਚਾਪਨ ਨਜ਼ਰ ਆਉਂਦਾ ਹੈ ਤੇ ਦੂਸਰੇ ਧਰਮ ਗ੍ਰੰਥਾਂ ਦੀ ਸਿਖਿਆ ਨੂੰ ਉਹ ਨੀਵੀਂ ਸਿਖਿਆ ਸਮਝਣ ਲੱਗ ਜਾਂਦੇ ਹਨ ਤੇ ਉਹਨਾਂ ਦੇ ਮੰਨਣ ਵਾਲਿਆਂ ਨੂੰ ਵੀ ਉਹ ਨੀਵਾਂ ਦਰਜਾ ਦਿੰਦੇ ਹਨ। ਇਹ ਧਰਮ ਗ੍ਰੰਥਾਂ ਨੂੰ ਸਮਝਣ ਵਿੱਚ ਸਾਡੀ ਵੱਡੀ ਭੁਲ ਹੈ ਭਾਵ ਮਨ ਦੀ "ਕਲਿ" ਹੈ, ਅਗਿਆਨਤਾ ਹੈ। ਜਿਸ ਨੂੰ ਕਿਸੇ ਵੀ ਧਰਮ ਗ੍ਰੰਥ ਦੀ ਸੱਚੀ ਸੋਝੀ ਪੈ ਜਾਂਦੀ ਹੈ ਉਹ ਫਿਰ ਕਿਸੇ ਵੀ ਧਰਮ ਗ੍ਰੰਥਾਂ ਦੁਆਰਾ ਪਾਈ ਹੋਈ ਸੋਝੀ ਨੂੰ, ਸਮਝਾਏ ਹੋਏ ਜੀਵਨ ਦੇ ਸੱਚੇ ਮਾਰਗ ਨੂੰ ਗਲਤ ਨਹੀਂ ਕਹਿ ਸਕਦਾ ਭਾਵ ਗਲਤੀ ਸਾਡੇ ਸਮਝਣ ਵਿੱਚ ਹੈ ਨਾ ਕਿ ਧਰਮ ਗ੍ਰੰਥਾਂ ਦੇ ਸਮਝਾਉਣ ਵਿੱਚ। ਕੋਈ ਮਨੁੱਖ ਉੱਚਾ ਜਾਂ ਨੀਵਾਂ ਇਸ ਗੱਲ ਨਾਲ ਨਹੀਂ ਹੋ ਜਾਂਦਾ ਕਿ ਉਹ ਕਿਸ ਧਰਮ ਗ੍ਰੰਥ ਨਾਲ ਜੁੜਿਆ ਹੋਇਆ ਹੈ। ਉੱਚਾ ਜਾਂ ਨੀਵਾਂ ਸਾਨੂੰ ਮਨ ਦੀ ਚੰਗੀ ਸੋਝੀ ਜਾਂ ਮਾੜੀ ਸੋਝੀ ਬਣਾਉਂਦੀ ਹੈ। ਜਦ ਤੱਕ ਸਾਡੇ ਅੰਦਰ ਕਲਿ ਵਾਲੀ ਅਵਸਥਾ ਹੈ ਤਦ ਤਕ ਸਾਨੂੰ ਪੂਰਨ ਸੱਚ ਦੀ ਸੋਝੀ ਨਹੀਂ ਪੈਂਦੀ ਤੇ ਸਾਡੇ ਅੰਦਰ ਦੀ ਕਲਿ ਸਾਡੇ ਮਨ ਦੀ ਸੋਝੀ ਨੂੰ ਮਾੜਾ ਬਣਾ ਕੇ ਰੱਖਦੀ ਹੈ ਜਿਸ ਕਰਕੇ ਅਸੀਂ ਦੂਸਰੇ ਧਰਮ ਗ੍ਰੰਥਾਂ ਵਿੱਚ ਆਸਥਾ ਰੱਖਣ ਵਾਲਿਆਂ ਨੂੰ ਆਪਣੇ ਤੋਂ

ਧਰਮ ਦੀ ਘੱਟ ਸੋਝੀ ਰੱਖਣ ਵਾਲੇ ਸਮਝਦੇ ਹਾਂ।

ਧਰਮ ਗ੍ਰੰਥ ਸਾਨੂੰ ਧਰਮ ਤੇ ਚੱਲਣ ਦਾ ਇਕੋ ਜਿਹਾ ਮਾਰਗ ਹੀ ਸਮਝਾਉਂਦੇ ਹਨ ਜੋ ਕਿ ਸੱਚ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਪਵਿੱਤਰਤਾ ਦੇ ਨਾਲ ਜੁੜਿਆ ਹੋਇਆ ਹੈ, ਮਨ ਨੂੰ ਅਉਗਣਾਂ ਤੋਂ ਮੁਕਤਿ ਕਰਨ ਦੇ ਨਾਲ ਜੁੜਿਆ ਹੋਇਆ ਹੈ, ਮਨੁੱਖ ਮਨੁੱਖ ਵਿੱਚ ਭੇਦ ਨਾ ਸਮਝਣ ਨਾਲ ਜੁੜਿਆ ਹੋਇਆ ਹੈ। ਜੇਕਰ ਅਸੀਂ ਇਕ ਧਰਮ ਗ੍ਰੰਥ ਨੂੰ ਉੱਚਾ ਸਮਝਦੇ ਹਾਂ ਤੇ ਦੂਸਰਿਆਂ ਨੂੰ ਨੀਵਾਂ ਸਮਝਦੇ ਹਾਂ ਫਿਰ ਅਸੀਂ ਮੁਢੋਂ ਹੀ ਸੱਚ ਤੋਂ ਦੂਰ ਹੋ ਜਾਂਦੇ ਹਾਂ। ਇਹ ਸਾਡੇ ਅੰਦਰ ਸੱਚੀ ਸੋਝੀ ਦਾ ਨਾ ਹੋਣਾ ਹੈ ਜੋ ਸਾਡੇ ਝਗੜਿਆਂ ਦਾ ਕਾਰਣ ਬਣਦੀ ਹੈ। ਝਗੜਾ ਸਾਡੇ ਮਨ ਦੀ ਆਸਥਾ ਦੇ ਨਾਲ ਜੁੜਿਆ ਹੋਇਆ ਹੈ। ਸੱਚੀ ਆਸਥਾ ਉਹ ਹੈ ਭਾਵ ਧਰਮ ਗ੍ਰੰਥਾਂ ਵਿੱਚ ਸੱਚੀ ਆਸਥਾ ਰੱਖਣੀ ਇਹ ਹੈ ਕਿ ਅਸੀਂ ਕਿਸੇ ਦੇ ਨਾਲ ਝਗੜਾ ਨਾ ਕਰੀਏ ਬਲਕਿ ਸਾਰੇ ਸੰਸਾਰ ਵਿੱਚ ਪਿਆਰ ਨਾਲ ਰਹੀਏ। ਉਪਰ ਪੰਗਤੀਆਂ ਰਾਹੀਂ ਸਾਨੂੰ ਧਾਰਮਿਕ ਆਸਥਾ ਹੀ ਸਮਝਾਈ ਹੋਈ ਹੈ। ਭਾਵੇਂ ਇਹ ਆਸਥਾ ਮੁਸਲਮਾਨ, ਇਸਾਈ

32/3757

ਭਾਈਚਾਰੇ ਵਾਲਿਆਂ ਦੀ ਗੱਲ ਕਰਕੇ ਸਮਝਾਈ ਹੈ ਪਰ ਇਹ ਸਾਰੇ ਸੰਸਾਰ ਲਈ ਇਕੋ ਜਿਹੀ ਗੱਲ ਹੀ ਹੈ। ਆਪਣੇ ਅੰਦਰ "ਕਲਿ" ਵਾਲੀ ਅਵਸਥਾ ਦੇ ਕਾਰਣ ਹੀ ਮੁਸਲਿਮ ਭਾਈਚਾਰੇ ਵਾਲੇ ਕੇਵਲ ਕਤੇਬ ਕੁਰਾਨ ਨੂੰ ਹੀ "ਪਰਵਾਣੁ" ਕਰਨ ਲੱਗ ਪਏ ਕਿ ਉਹਨਾਂ ਨੂੰ ਕੇਵਲ ਹੁਣ ਇਹ ਧਰਮ ਗ੍ਰੰਥ ਹੀ ਪ੍ਰਵਾਨ ਹਨ ਤੇ ਦੂਸਰੇ ਧਰਮ ਗ੍ਰੰਥ ਭਾਵ ਹਿੰਦੂ ਮਾਨਤਾ ਵਾਲੇ ਧਰਮ ਗ੍ਰੰਥ ਪ੍ਰਵਾਨ ਨਹੀਂ ਹਨ ਤੇ ਉਹਨਾਂ ਨੂੰ ਮੰਨਣ ਵਾਲੇ ਪੰਡਿਤ ਭਾਵ ਉਹਨਾਂ ਦੇ ਵੀਚਾਰੀ ਵੀ ਪ੍ਰਵਾਨ ਨਹੀਂ ਹਨ ਭਾਵ ਸਾਡੀ ਧਾਰਮਿਕ ਆਸਥਾ ਉਹਨਾਂ ਨਾਲੋਂ ਵੱਖਰੀ ਬਣ ਗਈ ਹੈ। ਹਿੰਦੂ ਧਰਮ ਗ੍ਰੰਥਾਂ ਵਿੱਚ ਆਸਥਾ ਰੱਖਣ ਵਾਲੇ ਪ੍ਰਮਾਤਮਾ ਨੂੰ ਭਾਵ ਸ੍ਰਿਸ਼ਟੀ ਦੇ ਕਰਤਾ ਨੂੰ ਜਿਸ ਨਾਮ ਕਰਕੇ ਜਾਣਦੇ ਹਨ ਜਾਂ ਸਮਝਦੇ ਹਨ ਉਹ ਵੀ ਸਾਨੂੰ ਪ੍ਰਵਾਨ ਨਹੀਂ ਹੈ। ਸਾਡੇ ਲਈ ਪ੍ਰਮਾਤਮਾ ਦਾ ਨਾਮ ਹੁਣ "ਰਹਮਾਣੁ" ਬਣ ਗਿਆ ਹੈ ਭਾਵ ਪ੍ਰਮਾਤਮਾ ਨੂੰ ਅਸੀਂ ਹੁਣ ਵੱਖਰੇ ਰੂਪ ਵਿੱਚ ਜਾਣਦੇ ਹਾਂ, ਸਾਡੀ ਆਸਥਾ ਪ੍ਰਮਾਤਮਾ ਨੂੰ "ਰਹਮਾਣੁ", ਰਹੀਮ ਕਹਿਣ ਵਿੱਚ ਜੁੜੀ ਹੋਈ ਹੈ। (**ਕਲਿ ਪਰਵਾਣੁ ਕਤੇਬ ਕੁਰਾਣੁ॥ ਪੋਥੀ ਪੰਡਿਤ ਰਹੇ ਪੁਰਾਣ॥ ਨਾਨਕ ਨਾਉ ਭਇਆ ਰਹਮਾਣੁ॥**)

ਕੋਈ ਪ੍ਰਮਾਤਮਾ ਦੇ ਨਾਮ ਨੂੰ ਕਿਸੇ ਤਰੀਕੇ ਜਾਣਦਾ ਹੈ ਤੇ ਕੋਈ ਕਿਸੇ ਤਰੀਕੇ ਜਾਣਦਾ ਹੈ। ਇਹ ਕੇਵਲ ਆਪਣੀ ਆਪਣੀ ਆਸਥਾ ਹੈ ਕਿ ਕੋਈ ਪ੍ਰਮਾਤਮਾ ਨੂੰ ਕਿਹੋ ਜਿਹੇ ਨਾਮ ਦੇ ਨਾਲ ਪੁਕਾਰਦਾ ਹੈ। ਪ੍ਰਮਾਤਮਾ ਤਾਂ ਇਕੋ ਹੀ ਹੈ ਤੇ ਦੋ ਜਾਂ ਜਿਆਦਾ ਨਹੀਂ ਹੋ ਸਕਦੇ, ਜੋ ਕਿ ਸਾਰੀ ਸ੍ਰਿਸ਼ਟੀ ਨੂੰ ਰਚਨ ਵਾਲਾ ਤੇ ਚਲਾਉਣ ਵਾਲਾ ਇਕੋ ਇਕ ਆਪ ਹੀ ਹੈ। ਅਸੀਂ ਪ੍ਰਮਾਤਮਾ ਦੇ ਨਾਮ ਨੂੰ ਕਿਸੇ ਅੱਖਰ ਨਾਲ ਜੋੜਿਆ ਹੋਇਆ ਹੈ ਤੇ ਅੱਖਰ ਨੂੰ ਹੀ ਉੱਚਾ ਸਮਝਿਆ ਹੋਇਆ ਹੈ ਕਿ ਕਉਣ ਪ੍ਰਮਾਤਮਾ ਨੂੰ ਕਿਹੋ ਜਿਹੇ ਅੱਖਰ ਨਾਲ ਜਪਦਾ ਹੈ। ਪ੍ਰਮਾਤਮਾ ਦਾ ਨਾਮ ਤਾਂ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜੋ ਸਭ ਦੇ ਲਈ ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਸਿਖ ਜਗਤ ਨੂੰ ਖਾਸ ਕਰਕੇ ਧਿਆਨ ਨਾਲ ਸਮਝਣ ਦੀ ਲੋੜ ਹੈ।

"ਕਰਿ ਕਰਤਾ ਤੂ ਏਕੋ ਜਾਣ॥"

ਸਭ ਦੇ ਅੰਦਰ "ਕਲਿ" ਵਾਲੀ ਅਵਸਥਾ ਹੋਣ ਕਰਕੇ ਨਾਮ ਅਸਲ ਵਿੱਚ ਕੀ ਹੈ ਇਸ ਦੀ ਸਮਝ ਕਿਸੇ ਅੱਖਰ ਨੂੰ ਨਾਮ ਸਮਝਣ ਵਾਲਿਆਂ ਨੂੰ ਨਹੀਂ ਹੈ ਭਾਵੇਂ ਉਹ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਜਿਥੇ ਅਸੀਂ ਵੱਖਰੇ ਵੱਖਰੇ ਅੱਖਰ ਨੂੰ ਨਾਮ ਸਮਝਦੇ ਹਾਂ ਉਹ ਕੇਵਲ ਸਾਡੀ ਪ੍ਰਮਾਤਮਾ ਵਿੱਚ ਵੱਖਰੀ ਆਸਥਾ ਨੂੰ ਹੀ ਪ੍ਰਗਟ ਕਰਦਾ ਹੈ। ਉਪਰ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਗਈ ਹੈ ਕਿ ਫਿਰ ਅਸੀਂ ਨਾਮ ਨੂੰ ਕੀ ਕਰਕੇ ਜਾਣੀਏ ਜੋ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ। ਸਾਨੂੰ ਇਹ ਸਮਝਾਇਆ ਗਿਆ ਹੈ ਕਿ ਅਸੀਂ ਨਾਮ ਨੂੰ ਕਰਤਾ ਕਰਕੇ ਜਾਣੀਏ ਭਾਵ ਉਹ ਕਰਕੇ ਜਾਣੀਏ ਜੋ ਸਾਰੀ ਸ੍ਰਿਸ਼ਟੀ ਦਾ ਇਕੋ ਇਕ ਕਰਤਾ ਹੈ, ਰਚਨਵਾਲਾ ਹੈ। ਸ੍ਰਿਸ਼ਟੀ ਦੇ ਕਰਤੇ ਇਕ ਤੋਂ ਜ਼ਿਆਦਾ ਨਹੀਂ ਹੋ ਸਕਦੇ ਭਾਵੇਂ ਉਸ ਕਰਤੇ ਨੂੰ ਅਸੀਂ ਕਿਸੇ ਵੀ ਨਾਮ ਨਾਲ ਜਾਣੀਏ, "ਰਾਮ" ਕਰਕੇ

32/3758

ਜਾਣੀਏ ਜਾਂ "ਰਹਮਾਣੁ" ਕਰਕੇ ਜਾਣੀਏ। ਇਹ ਤਾਂ ਕੇਵਲ ਉਸ ਨੂੰ ਸੰਬੋਧਨ ਕਰਨ ਦਾ ਤਰੀਕਾ ਹੈ ਭਾਵ "ਕਿਰਤਮ" ਨਾਮ

ਹੈ ਜਿਸ ਦੁਆਰਾ ਅਸੀਂ ਕੋਈ ਅੱਖਰ ਬੋਲ ਕੇ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਾਂ ਕਿ ਸਾਡਾ ਮਕਸਦ ਪ੍ਰਮਾਤਮਾ ਨੂੰ ਸੰਬੋਧਨ ਕਰਨ ਦਾ ਹੈ। ਜੇਕਰ ਅਸੀਂ ਇਸੇ ਗੱਲ ਵਿੱਚ ਹੀ ਭੇਦ ਕਰਨ ਲੱਗ ਜਾਈਏ ਕਿ ਕੋਈ ਪ੍ਰਮਾਤਮਾ ਨੂੰ ਸੰਬੋਧਨ ਕਰਨ ਦਾ ਤਰੀਕਾ ਮਾੜਾ ਹੈ ਤੇ ਕੋਈ ਪ੍ਰਮਾਤਮਾ ਨੂੰ ਸੰਬੋਧਨ ਕਰਨ ਦਾ ਤਰੀਕਾ ਚੰਗਾ ਹੈ ਭਾਵ ਕਿਸੇ ਬੋਲ ਵਿੱਚ ਅਸਲੀਅਤ ਹੈ ਤੇ ਕਿਸੇ ਬੋਲ ਵਿੱਚ ਅਸਲੀਅਤ ਨਹੀਂ ਹੈ, ਇਹ ਸਾਡਾ ਵੱਡਾ ਭਰਮ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਵਿੱਚ ਹੀ ਵੰਡੀਆਂ ਪਾਉਣ ਲਗ ਜਾਂਦੇ ਹਾਂ। ਉਪਰ ਪੰਗਤੀਆਂ ਰਾਹੀਂ ਹਿੰਦੂ ਭਾਈਚਾਰੇ ਦਾ ਤੇ ਮੁਸਲਮਾਨ ਭਾਈਚਾਰੇ ਦਾ ਇਹ ਭਰਮ ਹੀ ਕਢਿਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਜਿਸ ਮਰਜੀ ਨਾਮ ਨਾਲ ਸੰਬੋਧਨ ਕਰੀਏ, ਅੱਖਰ ਨਾਲ ਪੁਕਾਰੀਏ ਉਸ ਨੂੰ ਕੀ ਫਰਕ ਪੈਂਦਾ ਹੈ ਭਾਵ ਇਹ ਸਮਝਾਇਆ ਹੈ ਕਿ ਇਸ ਵਿੱਚ ਭੇਦ ਨਹੀਂ ਸਮਝਣਾ ਚਾਹੀਦਾ ਜੋ ਕਿ ਸਾਡੀ ਅਗਿਆਨਤਾ ਹੈ ਜਿਸ ਨਾਲ ਅਸੀਂ ਪ੍ਰਮਾਤਮਾ ਦੇ ਵਿੱਚ ਤਾਂ ਵੰਡੀ ਨਹੀਂ ਪਾ ਸਕਦੇ ਪਰ ਸਾਡੇ ਆਪਸ ਵਿੱਚ ਵੰਡੀ ਜ਼ਰੂਰ ਪੈ ਜਾਂਦੀ ਹੈ ਜੋ ਨਤੀਜ਼ਾ ਸਾਡੇ ਸਭ ਦੇ ਸਾਹਮਣੇ ਹੈ ਤੇ ਆਪਸ ਵਿੱਚ ਝਗੜੇ ਦਾ ਕਾਰਣ ਵੀ ਬਣਦਾ ਹੈ। ਸਿਖ ਜਗਤ ਵਿੱਚ "ਕਲਿ" ਕੋਈ ਵਖਰੇ ਤਰੀਕੇ ਵਿੱਚ ਨਹੀਂ ਵਰਤ ਰਹੀ ਕਿਉਂਕਿ ਇਹ ਅਵਸਥਾ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਗੁਰਬਾਣੀ ਦੇ ਪੜਨ ਵਾਲਿਆਂ ਦਾ ਮਕਸਦ, ਫਰਜ ਇਹ ਬਣਦਾ ਹੈ ਕਿ ਉਹ ਅਸਲੀਅਤ ਨੂੰ ਸਮਝਣ, ਨਾਮ ਨੂੰ ਸਮਝਣ ਕਿ ਅਸਲ ਵਿੱਚ ਨਾਮ ਕੀ ਹੈ ਤੇ ਸਾਰੇ ਜਗਤ ਨੂੰ ਨਾਮ ਦੀ ਸੱਚੀ ਸਿਖਿਆ ਸਮਝਾਉਣ ਕਿ ਇਹ ਕੋਈ ਖਾਸ ਅੱਖਰ ਵਿੱਚ ਨਾਮ ਸਮਝਣ ਦਾ ਮਾਰਗ ਨਹੀਂ ਹੈ ਤਾਂ ਜੋ ਆਪਸ ਵਿੱਚ ਅਸੀਂ ਵੰਡੀਆਂ ਨਾ ਪਾਈਏ। ਦੂਸਰਿਆਂ ਨੂੰ ਤਾਂ ਭਰਮ ਵਿੱਚੋਂ ਕੀ ਕੱਢਣਾ ਸੀ ਭਾਵ "ਰਾਮ" ਅੱਖਰ ਦਾ ਤੇ "ਰਹਮਾਨੁ" ਅੱਖਰ ਦਾ ਭੇਦ ਤਾਂ ਦੂਰ ਕੀ ਕਰਨਾ ਸੀ ਅਸੀਂ ਉਹਨਾਂ ਤੋਂ ਵੀ ਵੱਖਰਾ ਨਾਮ ਬਣਾ ਲਿਆ ਹੈ, ਵੱਖਰਾ ਅੱਖਰ "ਵਾਹਿਗੁਰੂ" ਬਣਾ ਲਿਆ ਹੈ ਜਿਸ ਨੂੰ ਅਸੀਂ ਨਾਮ ਸਮਝਿਆ ਹੋਇਆ ਹੈ ਭਾਵ ਦੂਸਰਿਆਂ ਨੂੰ ਇਕ ਕਰਨ ਦੀ ਬਜਾਇ, ਸਮਾਜ ਨੂੰ ਇਕ ਕਰਨ ਦੀ ਬਜਾਇ ਅਸੀਂ ਆਪਣੇ ਆਪ ਨੂੰ ਹੀ ਸਮਾਜ ਤੋਂ ਵੱਖਰਾ ਕਰ ਲਿਆ ਹੈ। ਇਹ ਕੇਵਲ ਸਾਡੇ ਅੰਦਰ ਦੀ "ਕਲਿ" ਹੈ ਜਿਸ ਦੇ ਅੰਦਰ ਹਰ ਕੋਈ ਵਿਚਰ ਰਿਹਾ ਹੈ। ਨਾਮ ਅਸਲ ਵਿੱਚ ਕੀ ਹੈ ਇਸ ਨੂੰ ਸਮਝਾਉਣ ਵਿੱਚ ਗੁਰੂ ਸਾਹਿਬ ਵਲੋਂ, ਗੁਰਬਾਣੀ ਵਲੋਂ ਕੋਈ ਕਸਰ ਨਹੀਂ ਹੈ ਪਰ ਸਾਡੇ ਅੰਦਰ ਸਦੀਆਂ ਤੋਂ ਚਲਦਾ ਆ ਰਿਹਾ ਭਰਮ ਇਤਨਾ ਕੂ ਪ੍ਰਬਲ ਹੈ ਜਿਸ ਵਿੱਚੋਂ ਅਸੀਂ ਨਿਕਲ ਨਹੀਂ ਸਕੇ। ਇਸ ਭਰਮ ਵਿੱਚੋਂ ਨਿਕਲੇ ਬਿਨਾ, ਨਾਮ ਦੀ ਅਸਲੀਅਤ ਨੂੰ ਸਮਝੇ ਬਿਨਾ ਨਾ ਗੁਰਬਾਣੀ ਦੀ ਲਿਖਤ ਦਾ ਮਨੋਰਥ ਪੂਰਾ ਹੋ ਸਕਦਾ ਹੈ ਤੇ ਨਾ ਹੀ ਸਾਡੇ

32/3759

ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ ਜੋ ਸੰਸਾਰ ਦੇ ਵਿੱਚੋਂ ਧਾਰਮਿਕ ਭੁਲੇਖਿਆਂ ਨੂੰ ਦੂਰ ਕਰਨ ਦਾ ਹੈ ਤਾਂ ਜੋ ਹਰ ਕੋਈ ਸੱਚ ਨਾਲ ਜੁੜੇ ਤੇ ਇਕ ਦੂਸਰੇ ਤੋਂ ਕੋਈ ਧਾਰਮਿਕ ਭੇਦ ਭਾਵ ਨਾ ਕਰੇ। ਸੱਚ ਦਾ ਮਾਰਗ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ। ਜੋ ਸੱਚਾ ਮਾਰਗ ਗੁਰਬਾਣੀ ਨੇ ਹਿੰਦੂ ਭਾਈਚਾਰੇ ਲਈ ਸਮਝਾਇਆ ਹੈ ਉਹੀ ਸੱਚਾ ਮਾਰਗ ਮੁਸਲਮਾਨ ਭਾਈਚਾਰੇ ਲਈ ਸਮਝਾਇਆ ਹੈ ਤੇ ਉਹੋ ਜਿਹੇ ਮਾਰਗ ਤੇ ਚੱਲਣਾ ਹੀ ਹਰ ਸਿਖ ਲਈ ਧਰਮ ਹੈ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਭਾਵ ਅਉਗਣਾਂ ਤੋਂ ਮੁਕਤਿ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹਾ ਨਾਮ ਜਪਣ ਦਾ ਮਾਰਗ ਹੈ, ਸ੍ਰਿਸ਼ਟੀ ਦੇ ਇਕੋ ਇਕ ਕਰਤੇ ਨੂੰ ਜਪਣ ਦਾ ਮਾਰਗ ਹੈ ਭਾਵੇਂ ਅਸੀਂ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਨਾਲ ਜੁੜੇ ਹੋਈਏ। (**ਕਲਿ ਪਰਵਾਣੁ ਕਤੇਬ ਕੁਰਾਣੁ॥ ਪੋਥੀ ਪੰਡਿਤ ਰਹੇ ਪੁਰਾਣ॥ ਨਾਨਕ ਨਾਉ ਭਇਆ ਰਹਮਾਣੁ॥ ਕਰਿ ਕਰਤਾ ਤੂ ਏਕੋ ਜਾਣੁ॥7॥**)

{ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥
ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥}

(ਅੰਗ ੧੦੮੩)

{ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥
ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥}

(ਅੰਗ ੧੦੮੩)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ ੮੩੧)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ ੨੨੯)

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਨਾਮ ਦਾ ਮਕਸਦ ਕੀ ਹੈ। ਨਾਮ ਦਾ ਮਕਸਦ ਸਾਨੂੰ ਸਾਡੇ ਮਨ ਦੀ "ਕਲਿ" ਵਿੱਚੋਂ ਕੱਢਣ ਦਾ ਹੀ ਹੈ, ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। "ਕਲਿ" ਸਾਡੇ ਮਨ ਦੇ ਆਪਣੇ ਵਿਚਾਰ ਹਨ, ਮਨਮਤਿ ਵਾਲੇ ਵਿਚਾਰ ਹਨ, ਤ੍ਰੈ ਗੁਣਾਂ ਵਾਲੀ ਅਵਸਥਾ ਦੇ ਵਿਚਾਰ ਹਨ ਭਾਵ ਸਾਡੀ ਸੁਰਤਿ ਦੇ ਵਿਚਾਰ ਹਨ। ਸਾਡੀ ਸੁਰਤਿ ਦੇ ਵਿਚਾਰਾਂ ਵਿੱਚੋਂ ਸਾਨੂੰ ਸ਼ਬਦ ਦੇ ਵਿਚਾਰਾਂ ਨੇ ਕੱਢਣਾ ਹੈ ਭਾਵ ਨਾਮ ਨੇ ਕੱਢਣਾ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਅਗਿਆਨਤਾ ਵਾਲੀ ਅਵਸਥਾ ਵਿੱਚੋਂ ਕੱਢਣ ਦਾ ਹੀ ਹੈ। ਅਸੀਂ ਮਨ ਦੀ ਅਗਿਆਨਤਾ ਤੋਂ ਹੀ ਪਾਰ ਪਾਉਣਾ ਹੈ, ਅਗਿਆਨਤਾ ਦੇ ਸਾਗਰ ਤੋਂ ਹੀ ਪਾਰ

ਪਾਉਣਾ ਹੈ ਜਿਸ ਦੁਆਰਾ ਸਾਡੇ ਜੀਵਨ ਦਾ ਮਕਸਦ ਪੂਰਾ ਹੋ ਸਕਦਾ ਹੈ। (**ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥7॥**)

{ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥
ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥}

(ਅੰਗ ੨੧੦)

{ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ ੧੪੨੯)

ਗੁਰਬਾਣੀ ਗਿਆਨ ਦਾ ਸਾਗਰ ਹੈ ਤੇ ਸਾਡੇ ਅੰਦਰ ਕਲਿ ਵਾਲੀ ਅਵਸਥਾ ਅਗਿਆਨਤਾ ਦਾ ਸਾਗਰ ਹੈ। ਇਸ ਅਗਿਆਨਤਾ ਦੇ ਸਾਗਰ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ, ਪਾਰ ਪਾ ਸਕਦੇ ਹਾਂ, ਤਰ ਸਕਦੇ ਹਾਂ ਜੇਕਰ ਅਸੀਂ ਗੁਰੂ ਦੇ ਗਿਆਨ ਦੇ ਨਾਲ ਜੁੜਾਂਗੇ।

ਜਦ ਤੱਕ ਅਸੀਂ "ਕਲਿ" ਵਾਲੀ ਅਵਸਥਾ ਵਿੱਚ ਹਾਂ ਤਦ ਤਕ ਸਾਡੇ ਮਨ ਦੀ ਅਵਸਥਾ ਉਸ ਹਾਥੀ ਦੀ ਤਰ੍ਹਾਂ ਹੈ ਜੋ ਵੱਖਰੇ ਵੱਖਰੇ ਰਾਹਾਂ ਤੇ ਭਟਕਦਾ ਰਹਿੰਦਾ ਹੈ ਤੇ ਆਪਣੀ ਮਰਜੀ ਅਨੁਸਾਰ ਚਲਦਾ ਹੈ ਤੇ ਜਗ੍ਹਾ ਜਗ੍ਹਾ ਉਜਾੜਾ ਪਾਉਂਦਾ ਹੈ, ਨੁਕਸਾਨ ਕਰਦਾ ਹੈ। ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਸਾਡਾ ਸਹੀ ਮਾਰਗ ਦਿਖਾਉਣ ਲਈ ਹੀ ਹੈ ਤਾਂ ਜੋ ਅਸੀਂ ਆਪਣੇ ਮਾਰਗ ਤੋਂ ਨਾ ਭਟਕੀਏ। ਮਨੁੱਖ ਮਨੁੱਖ ਵਿੱਚ ਭੇਦ ਸਮਝਣਾ, ਕਿਸੇ ਦਾ ਮਾੜਾ ਕਰਨਾ ਕੇਵਲ ਸੱਚ ਦੀ ਸੋਝੀ ਨਾ ਹੋਣਾ ਹੀ ਹੈ, ਨਾਮ ਦੀ ਸੋਝੀ ਨਾ ਹੋਣਾ ਹੀ ਹੈ।

{ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥੨॥}

(ਅੰਗ ੫੧੬)

{ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥}

(ਅੰਗ ੯੩੫)

ਜੋ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣ ਜਾਂਦੇ ਹਨ ਉਹਨਾਂ ਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਭਰਮ ਵਿੱਚੋਂ ਹੀ ਕੱਢਦਾ ਹੈ, ਮਨ ਦੀ "ਕਲਿ" ਦੇ ਵਿੱਚੋਂ ਹੀ ਕੱਢਦਾ ਹੈ ਤੇ ਉਹਨਾਂ ਨੂੰ ਫਿਰ ਆਪਣੀ ਰਜਾ ਅਨੁਸਾਰ ਚਲਾਉਂਦਾ ਹੈ ਭਾਵ ਮਨ ਦੇ ਗਿਆਨ ਰਾਹੀਂ ਆਪ ਹੀ ਸਭ ਕੁਝ ਸਮਝਾਉਂਦਾ ਹੈ ਭਾਵ ਆਪਣਾ ਨਾਮ ਉਹ ਆਪ ਹੀ ਦਿੰਦਾ ਹੈ ਤੇ ਕਿਸੇ ਨੂੰ ਭਰਮ ਵਿੱਚੋਂ ਕੱਢਦਾ ਹੈ।

32/3761

ਮੁਖ ਸ਼ਬਦ ਦੇ ਅਗਲੇ ਪਦੇ ਰਾਹੀਂ, ਆਖਰੀ ਪਦੇ ਰਾਹੀਂ ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਕਿਸ ਰੂਪ ਵਿੱਚ ਕਰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਕਲਿ ਵਾਲੀ ਅਵਸਥਾ ਵਿੱਚੋਂ ਕੱਢਦਾ ਹੈ, ਇਹੀ ਗੱਲ ਸਮਝਾਈ ਹੋਈ ਹੈ।

"ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥"

ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ ਮਨੁੱਖ ਦੇ ਉੱਤੇ ਪ੍ਰਮਾਤਮਾ ਦਾ ਸਭ ਤੋਂ ਉੱਚਾ ਕਰਮ, ਸਭ ਤੋਂ ਵੱਡੀ ਕਿਰਪਾ ਇਹੀ ਹੈ ਕਿ ਉਹ ਕਿਸੇ ਨੂੰ ਆਪਣੇ ਦਰਸ਼ਨ ਦੇਵੇ, ਕਿਸੇ ਦੇ ਨਾਲ ਮੇਲ ਕਰੇ ਜਿਸ ਦੁਆਰਾ ਉਹ ਕਿਸੇ ਮਨੁੱਖ ਨੂੰ ਸੱਚੀ ਵਡਿਆਈ ਬਖਸ਼ਦਾ ਹੈ। ਜਿਸ ਉਤੇ ਪ੍ਰਮਾਤਮਾ ਆਪਣੀ ਇਹ ਵੱਡੀ ਕਿਰਪਾ ਕਰਦਾ ਹੈ ਉਸ ਨੂੰ ਆਪਣਾ "ਨਾਮੁ" ਦੇਣ ਦੇ ਰੂਪ ਵਿੱਚ ਹੀ ਕਰਦਾ ਹੈ ਜੋ ਕਿ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਦਿੰਦਾ ਹੈ। ਉਹ ਆਪਣਾ ਨਾਮ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ, ਉਸ ਦੇ ਨਿਰੰਕਾਰ ਰੂਪ ਨਾਲ ਮੇਲ ਹੁੰਦਾ ਹੈ, ਸ਼ਬਦ ਰੂਪ ਨਾਲ ਮੇਲ ਹੁੰਦਾ ਹੈ। ਆਪਣੇ ਇਸ ਬ੍ਰਹਮ ਗਿਆਨ ਦੁਆਰਾ ਪ੍ਰਮਾਤਮਾ ਮਨੁੱਖ ਨੂੰ "ਕਲਿ" ਦੀ ਅਵਸਥਾ ਵਿੱਚੋਂ ਕੱਢਦਾ ਹੈ, ਅਗਿਆਨਤਾ ਵਾਲੀ ਅਵਸਥਾ ਵਿੱਚੋਂ ਕੱਢਦਾ ਹੈ ਜੋ ਕਿ "ਨਾਮੁ" ਦਾ ਮਕਸਦ ਹੈ, ਬ੍ਰਹਮ ਗਿਆਨ ਦਾ ਮਕਸਦ ਹੈ ਜਿਸ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਆਪਣਾ ਸੱਚ ਆਪ ਹੀ ਸਮਝਾਉਂਦਾ ਹੈ, ਧਰਮ ਦਾ ਸਹੀ ਮਾਰਗ ਆਪ ਹੀ ਸਮਝਾਉਂਦਾ ਹੈ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ। "ਨਾਮੁ" ਦੀ ਇਹੋ ਜਿਹੀ ਪ੍ਰਾਪਤੀ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਨਾਮ ਦਾ ਮਨੋਰਥ ਕਿਤਨਾ ਉੱਚਾ ਹੈ ਤੇ ਮਨ ਦੀ ਕਲਿ ਵਿੱਚੋਂ ਨਿਕਲੇ ਬਿਨਾਂ ਅਸੀਂ ਨਾਮ ਨੂੰ ਵੱਖਰੇ ਵੱਖਰੇ ਅੱਖਰਾਂ ਨਾਲ ਜੋੜ ਕੇ ਉਸ ਦੇ ਮਨੋਰਥ ਨੂੰ ਬਿਲਕੁਲ ਵੀ ਨਹੀਂ ਸਮਝਿਆ ਤੇ ਉਸ ਦੇ ਨਾਲ ਜੁੜ ਕੇ ਹੀ ਤੇ ਦੂਸਰਿਆਂ ਨੂੰ ਜੋੜ ਕੇ ਝੂਠੀ ਵਡਿਆਈ ਬਣਾਈ ਹੋਈ ਹੈ ਜਿਸ ਵਿੱਚ ਕੋਈ ਭਗਤੀ ਵਾਲੀ ਸਿਖਿਆ ਨਹੀਂ ਹੈ ਬਲਕਿ ਸਾਡੀ ਹਉਮੈ ਹੈ, ਮਨਮਤਿ ਹੈ। "ਨਾਮੁ" ਸਾਡੇ ਅੰਦਰ ਹੀ ਹੈ ਜੋ ਕਿ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਪ੍ਰਗਟ ਹੋਣ ਨਾਲ ਮਿਲਦਾ ਹੈ ਤੇ ਆਪਣਾ ਨਾਮ ਪ੍ਰਮਾਤਮਾ ਕੇਵਲ ਆਪ ਹੀ ਦੇ ਸਕਦਾ ਹੈ ਜੋ ਕਿ ਆਪ ਹੀ ਗੁਰੂ ਹੈ। ਅਸੀਂ ਨਾਮ ਦੂਸਰਿਆਂ ਕੋਲੋਂ ਲੈਣ ਜਾਂਦੇ ਹਾਂ ਜੋ ਕਿ ਦੂਸਰਿਆਂ ਕੋਲੋਂ ਮੰਗਣ ਵਾਲੀ ਗੱਲ ਹੈ ਜਿਵੇਂ ਕਿ ਸਭ ਪਾਸੇ ਹੋ ਰਿਹਾ ਹੈ। ਨਾਮ ਕਿਸੇ ਕੋਲੋਂ ਮੰਗਣ ਵਾਲੀ ਵਸਤੂ ਨਹੀਂ ਹੈ ਤੇ ਨਾ ਹੀ ਕੋਈ ਦੇ ਸਕਦਾ ਹੈ। ਜੋ ਵਸਤੂ ਦਾ ਮਾਲਕ ਹੈ ਉਹੀ ਆਪਣੀ ਵਸਤੂ ਕਿਸੇ ਨੂੰ ਦੇ ਸਕਦਾ ਹੈ। ਨਾਮ ਦਾ ਮਾਲਕ ਸਾਡੇ ਸਭ ਤੇ ਅੰਦਰ ਹੀ ਹੈ, ਸਾਡੇ "ਘਰਿ" ਦੇ ਵਿੱਚ ਹੀ ਹੈ, ਮਨ ਦੇ ਵਿੱਚ ਹੀ ਹੈ ਤੇ ਉਥੋਂ ਹੀ ਇਸ ਦੀ ਪ੍ਰਾਪਤੀ ਹੋ ਸਕਦੀ ਹੈ। ਆਪਣੇ ਘਰ ਵਿੱਚ ਵਸਤੂ ਹੁੰਦੇ ਹੋਏ ਅਗਰ ਕੋਈ ਬਾਹਰੋਂ ਮੰਗਣ ਜਾਏ ਤਾਂ ਫਿਰ ਇਹ ਉਲਾਮੇ ਵਾਲੀ ਗੱਲ ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚੋਂ ਉਲਾਮਾ ਲੈਣ ਵਾਲੀ ਗੱਲ ਹੈ ਕਿਉਂਕਿ ਸਾਨੂੰ ਇਸ ਗੱਲ ਤੇ ਭਰੋਸਾ ਹੀ ਨਹੀਂ ਕਿ ਇਹ ਵਸਤੂ ਸਾਨੂੰ ਪ੍ਰਮਾਤਮਾ ਕੋਲੋਂ ਮਿਲਣੀ ਹੈ

32/3762

ਜਿਵੇਂ ਕਿ ਗੁਰਬਾਣੀ ਰਾਹੀਂ ਸਾਨੂੰ ਇਹ ਗੱਲ ਬਾਰ-ਬਾਰ ਸਮਝਾਈ ਹੋਈ ਹੈ ਕਿਉਂਕਿ ਸਾਡਾ ਵਿਸ਼ਵਾਸ ਉਹਨਾਂ ਤੇ ਟਿਕਿਆ ਹੋਇਆ ਹੈ ਜਿਨ੍ਹਾਂ ਕੋਲੋਂ ਅਸੀਂ ਨਾਮ ਬਾਰੇ ਸਿਖਿਆ ਹੈ। ਹਰ ਕੋਈ ਨਾਮ ਦੇਣ ਵਾਲਾ ਸਾਨੂੰ ਕਿਸੇ ਅੱਖਰ ਦੇ ਨਾਲ ਹੀ ਜੋੜਦਾ ਹੈ ਜੋ ਕਿ ਸਭ ਨੇ ਆਪਣੀ ਆਪਣੀ ਮਤਿ ਅਨੁਸਾਰ ਬਣਾਏ ਹੋਏ ਹਨ। ਇਹੋ ਜਿਹੇ ਨਾਮ ਲੈਣ ਜਾਂ ਦੇਣ ਵਿੱਚ ਅਸੀਂ ਪ੍ਰਮਾਤਮਾ

ਦੇ ਘਰ ਦੇ ਵਿੱਚੋਂ ਉਲਾਮਾ ਹੀ ਲੈਂਦੇ ਹਾਂ ਕਿਉਂਕਿ ਅਸੀਂ ਸੱਚ ਦੀ ਬਜਾਇ ਝੂਠ ਵੰਡਦੇ ਹਾਂ, ਆਪ ਕੁਰਾਹੇ ਪਏ ਹੋਏ ਹਾਂ ਤੇ ਦੂਸਰਿਆਂ ਨੂੰ ਕੁਰਾਹੇ ਪਾਉਂਦੇ ਹਾਂ। ਨਾਮ ਦਾ ਮਕਸਦ ਹੀ ਸਾਨੂੰ ਸਾਡੇ ਕੁਰਾਹੇਪਨ ਤੋਂ ਕੱਢਣ ਦਾ ਹੈ ਭਾਵ ਮਨਮਤਿ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਆਪਣੇ ਜੀਵਨ ਦਾ ਸਹੀ ਮਾਰਗ ਸਮਝੀਏ ਤੇ ਉਸ ਤੇ ਚਲੀਏ ਤੇ ਝੂਠੇ ਧਾਰਮਿਕ ਵੈਰ ਵਿਰੋਧ ਤੋਂ ਬਚੀਏ, ਮਨੁਖਤਾ ਦੇ ਭਲੇ ਲਈ ਵਿਚਰੀਏ। (**ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥ ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥8॥1॥**)

{ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ ॥

ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ ॥੮॥੫॥੨੨॥}

(ਅੰਗ ੬੮)

ਪਿਛੇ ਪੂਰੇ ਸ਼ਬਦ ਰਾਹੀਂ ਅਸੀਂ "ਕਲਿ" ਬਾਰੇ ਹੀ ਸਮਝਿਆ ਹੈ ਜੋ ਅਵਸਥਾ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਗੁਰੂ ਪ੍ਰਮਾਤਮਾ ਆਪ ਸ਼ਬਦ ਰੂਪ ਹੈ ਜੋ ਕਿ ਸਾਡੇ ਅੰਦਰ ਹੀ ਹੈ ਪਰ ਸਾਡੇ ਅੰਦਰ ਦੀ ਸੁਰਤਿ ਨੂੰ ਭਾਵ ਮਨ ਦੀ ਸੋਝੀ ਨੂੰ ਉਸ ਨੇ ਕਲਿ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ ਜਿਸਦਾ ਮਕਸਦ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਨਾ ਪੈਣ ਦੇਣਾ ਹੈ ਭਾਵ ਭਰਮ ਦੇ ਪੜਦੇ ਵਿੱਚ ਰੱਖਣ ਦਾ ਹੈ। ਅਸੀਂ ਪ੍ਰਮਾਤਮਾ ਨੂੰ ਤਾਂ ਹੀ ਜਾਣ ਸਕਦੇ ਹਾਂ, ਉਸ ਦੇ ਨਾਲ ਮਨ ਦੇ ਵਿੱਚ ਮੇਲ ਤਾਂ ਹੀ ਕਰ ਸਕਦੇ ਹਾਂ ਜਦੋਂ ਸਾਡੀ ਸੁਰਤਿ ਦਾ ਮਨ ਦੇ ਵਿੱਚ "ਸਬਦੁ" ਦੇ ਨਾਲ ਮੇਲ ਹੋ ਜਾਵੇ। "ਸਬਦੁ" ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਤੇ ਸਾਡੀ "ਸੁਰਤਿ ਧੁਨਿ" ਦੇ ਰੂਪ ਵਿੱਚ ਵੀ ਉਹ ਆਪ ਹੈ। ਜਦ ਤਕ ਪ੍ਰਮਾਤਮਾ ਆਪ ਨਾ ਚਾਹੇ ਤਦ ਤਕ ਸਾਡੀ "ਸੁਰਤਿ ਧੁਨਿ" ਭਾਵ ਸਾਡੀ ਸੁਰਤਿ ਦਾ ਝੁਕਾਵ ਭਾਵ ਸਾਡੀ ਸੁਰਤਿ ਦੀ ਖਾਹਿਸ਼, ਸੁਰਤਿ ਦੀ ਲਗਨ ਭਾਵ ਸਾਡੀ ਸੁਰਤਿ ਦੇ ਵਿਚਾਰ ਸ਼ਬਦ ਦੇ ਵਿਚਾਰਾਂ ਨਾਲ ਨਹੀਂ ਜੁੜ ਸਕਦੇ। ਸੁਰਤਿ ਤੇ ਸ਼ਬਦ ਦੇ ਵਿਚਾਰਾਂ ਦਾ ਵੱਖਰਾਪਨ ਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ। ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਤੇ ਜੋ ਕੁਝ ਮਨੁੱਖੀ ਸਰੀਰ ਰਾਹੀਂ ਹੋ ਰਿਹਾ ਹੈ ਉਹ ਆਪ ਹੀ ਕਰਵਾ ਰਿਹਾ ਹੈ

32/3763

ਪਰ ਮਨ ਦੀ ਕਲਿ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ, ਕਲਿ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਇਹ ਕਲਿ ਵਾਲੀ ਅਵਸਥਾ ਹੀ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ, ਸ਼ਬਦ ਨਾਲੋਂ ਸੁਰਤਿ ਦਾ ਵਿਛੋੜਾ ਹੈ ਜਿਸ ਨੂੰ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਆਸਾ ਮਹਲਾ ੧ ॥

“ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥

ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥

ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥

ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥

ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥

ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥

ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥

ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥”

(ਅੰਗ ੩੫੦)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਪੜਨ ਤੇ ਇਹ ਸਮਝ ਲਗ ਜਾਂਦੀ ਹੈ ਕਿ ਸ਼ਬਦ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਤੇ ਸਾਡੀ ਸੁਰਤਿ ਧੁਨਿ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ। "ਸਬਦੁ" ਆਪ ਗੁਰੂ ਹੈ, ਆਪ ਪ੍ਰਮਾਤਮਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਸਬਦੁ ਰੂਪ ਵਿੱਚ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸਹਜ ਗਿਆਨ ਦੇ ਰੂਪ ਵਿੱਚ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ। ਸਬਦੁ ਦਾ ਮੂਲ ਆਪ ਪ੍ਰਮਾਤਮਾ ਹੈ, ਬ੍ਰਹਮ ਗਿਆਨ ਦਾ ਮੂਲ ਆਪ ਪ੍ਰਮਾਤਮਾ ਹੈ ਤੇ ਆਪਣੇ ਇਸ ਰੂਪ ਦੁਆਰਾ ਹੀ ਪ੍ਰਮਾਤਮਾ ਸਭ ਜਗ੍ਹਾ ਤੇ ਸਭ ਵਿੱਚ ਸਮਾਇਆ ਹੋਇਆ ਹੈ। ਪੂਰੀ ਸਾਇੰਸ ਦੇ ਵਿੱਚ ਪ੍ਰਮਾਤਮਾ ਆਪਣੇ ਸਬਦੁ ਰੂਪ ਵਿੱਚ ਹੀ ਹੈ ਜਿਸ ਦੁਆਰਾ ਉਹ ਆਪਣੀ ਸ੍ਰਿਸ਼ਟੀ ਨੂੰ ਬਣਾ ਕੇ ਚਲਾ ਰਿਹਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਸਬਦੁ ਰੂਪ ਵਿੱਚ ਹੀ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਡੀ ਸੁਰਤਿ ਰੂਪ ਗਿਆਨ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਖਿਆ ਹੋਇਆ ਹੈ ਭਾਵ ਉਸ ਵਿੱਚ ਵਿਚਾਰ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਨੂੰ ਕੋਈ ਸਮਝ ਨਹੀਂ ਸਕਦਾ ਕਿ ਸਾਡੇ ਅੰਦਰ ਇਹ ਵਿਚਾਰ ਕਿਥੋਂ ਆਉਂਦੇ ਹਨ। ਸਾਡੀ ਸੁਰਤਿ ਧੁਨਿ ਸਾਡੇ ਵੱਸ ਵਿੱਚ ਨਹੀਂ ਹੈ ਜਿਸ ਰਾਹੀਂ ਸਾਨੂੰ ਮਨ ਦੇ ਵਿੱਚੋਂ ਸੋਝੀ ਪੈਂਦੀ ਹੈ। ਅਸੀਂ ਸ਼ਬਦ ਗੁਰੂ ਦੇ ਚੇਲੇ ਤਾਂ ਹੀ ਬਣ ਸਕਦੇ ਹਾਂ ਜਦੋਂ ਸਾਡੀ ਸੁਰਤਿ ਦੇ ਵਿਚਾਰ ਸ਼ਬਦ ਦੇ ਵਿਚਾਰਾਂ ਨਾਲ ਇਕ ਹੋ ਜਾਣ ਭਾਵ ਸਾਨੂੰ ਸ਼ਬਦ ਦੇ ਵਿਚਾਰਾਂ ਦੀ ਸਮਝ ਲਗ ਜਾਵੇ ਤੇ ਅਸੀਂ ਉਸ ਅਨੁਸਾਰ ਵਿਚਰੀਏ। ਜਦ ਤਕ ਪ੍ਰਮਾਤਮਾ ਆਪ ਨ ਚਾਹੇ ਕੋਈ ਸ਼ਬਦ ਦੇ ਵਿਚਾਰਾਂ ਨਾਲ ਮੇਲ ਨਹੀਂ ਕਰ ਸਕਦਾ। ਉਹ ਆਪ ਹੀ ਵਿਚਾਰ ਸਮਝਾਉਣ ਵਾਲਾ ਹੈ ਤੇ ਆਪ ਹੀ ਉਹਨਾਂ ਤੇ ਚਲਾਉਣ ਵਾਲਾ ਹੈ। ਸ਼ਬਦ ਦੇ ਵਿਚਾਰ ਨਾਮ ਹਨ ਤੇ ਸੁਰਤਿ ਦੇ ਵਿਚਾਰ ਹਉਮੈ ਹਨ। ਸਭ ਕੁਝ ਪ੍ਰਮਾਤਮਾ ਦੇ ਆਪਣੇ ਹੀ ਵੱਸ ਹੈ ਤੇ ਇਸ ਦੀ ਸੋਝੀ ਕੇਵਲ ਮਨ ਦੇ ਵਿੱਚੋਂ ਹੀ ਪੈ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੇ ਵਿੱਚੋਂ ਇਹ ਸੋਝੀ ਪੈਣ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਲਗਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਸਾਡੀ

ਕਾਇਆ ਦੇ ਰੂਪ ਵਿੱਚ, ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜ਼ਰ ਆ ਸਕਦਾ ਹੈ ਤੇ ਨਾ ਹੀ ਸਭ ਦੇ ਅੰਦਰ ਉਸ ਦਾ ਨਿਰਗੁਣ ਰੂਪ ਨਜ਼ਰ ਆ ਸਕਦਾ ਹੈ ਜੋ ਕਿ ਸੰਸਾਰ ਦਾ ਸਭ ਤੋਂ ਵੱਡਾ ਸੱਚ ਹੈ। (**ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪ ਕਾਇਆ ਤੇਰੀ ॥ ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥1॥ ਸਾਹਿਬ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥1॥ ਰਹਾਉ ॥**)

ਸਭ ਨੂੰ ਪ੍ਰਮਾਤਮਾ ਨੇ ਆਪ ਹੀ ਮਨ ਦੇ ਬੰਧਨ ਵਿੱਚ ਰਖਿਆ ਹੈ ਤੇ ਜਦ ਤੱਕ ਪ੍ਰਮਾਤਮਾ ਆਪ ਕਿਸੇ ਨੂੰ ਇਸ ਬੰਧਨ ਤੋਂ ਨਾ ਛੱਡੇ ਭਾਵ ਮੁਕਤਿ ਕਰੇ ਤਦ ਤਕ ਕੋਈ ਵੀ ਸੰਸਾਰਿਕ ਮਰਣ ਤੋਂ ਭਾਵ ਆਵਾਗਉਣ ਤੋਂ ਮੁਕਤੀ ਨਹੀਂ ਪਾ ਸਕਦਾ। ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ। ਉਹ ਮੁਕਤੀ ਦੇਣ ਵਾਲਾ ਹੈ ਤੇ ਆਪ ਹੀ ਮੁਕਤੀ ਲੈਣ ਵਾਲਾ ਹੈ। ਜਿਸ ਨੂੰ ਉਹ ਮੁਕਤਿ ਕਰਦਾ ਹੈ ਉਸ ਦਾ ਭਰਮ ਹੀ ਨਿਕਲਦਾ ਹੈ ਕਿ ਅਸਲ ਵਿੱਚ ਪ੍ਰਮਾਤਮਾ ਸਭ ਕੁਝ ਆਪ ਹੀ ਹੈ ਤੇ ਅਸਲ ਵਿੱਚ ਕੋਈ ਮਰਦਾ ਜੰਮਦਾ ਨਹੀਂ ਹੈ। ਕੇਵਲ ਭਰਮ ਰੂਪ ਮਨੁੱਖ ਆਉਂਦਾ ਜਾਂਦਾ ਹੈ ਭਾਵ ਜਿਹੋ ਜਿਹੇ ਭਰਮ ਵਿੱਚ ਮਨੁੱਖ ਜਾਂਦਾ ਹੈ ਉਹੋ ਜਿਹਾ ਭਰਮ ਰੂਪ ਚੋਲਾ ਪਾ ਕੇ ਫਿਰ ਆ ਜਾਂਦਾ ਹੈ। ਹਉਮੈ ਹੀ ਆਉਂਦੀ ਜਾਂਦੀ ਹੈ, ਸਹਸਾ ਹੀ ਆਉਂਦੀ ਜਾਂਦੀ ਹੈ ਕਿਉਂਕਿ ਜਿਉਂਦੇ ਹੋਏ ਕਿਸੇ ਨੂੰ ਇਹ ਸਮਝ ਹੀ ਨਹੀਂ ਲਗਦੀ ਕਿ ਸਭ ਕੁਝ, ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਨੂੰ ਇਹੋ ਕੁਝ ਹੀ ਭਾਉਂਦਾ ਹੈ ਜਿਸ ਰਾਹੀਂ ਉਹ ਖੁਸ਼ ਰਹਿੰਦਾ ਹੈ। ਕਿਸੇ ਤੇ ਆਪਣੀ ਕਿਰਪਾ ਕਰਕੇ ਆਪ ਹੀ ਕਿਸੇ ਨੂੰ ਆਵਾਗਉਣ ਤੋਂ ਛਡਦਾ ਹੈ, ਮੁਕਤਿ ਕਰਦਾ ਹੈ। (**ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥2॥**)

ਪ੍ਰਮਾਤਮਾ ਦੀ ਸੱਚਾਈ ਉਹੀ ਮਨੁੱਖ ਬਿਆਨ ਕਰ ਸਕਦਾ ਹੈ ਜੋ ਉਸ ਦੀ ਅਸਲੀਅਤ ਨੂੰ ਜਾਣ ਲੈਂਦਾ ਹੈ। ਜਿਸ ਮਨੁੱਖ ਨਾਲ ਪਹਿਲੇ ਆਪ ਇਹ ਕੁਝ ਵਰਤਦਾ ਹੈ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੈ ਉਹੀ ਫਿਰ ਪੂਰੇ ਵਿਸ਼ਵਾਸ ਨਾਲ ਇਹ ਗੱਲ ਕਹਿ ਸਕਦਾ ਹੈ ਕਿ ਜੋ ਕੁਝ ਵੀ ਅਸੀਂ ਦੇਖ ਰਹੇ ਹਾਂ ਉਸ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਸਭ ਉਸੇ ਦੀ ਵਡਿਆਈ ਹੈ ਤੇ ਹੋਰ ਕਿਸੇ ਦੀ ਕੋਈ ਵਡਿਆਈ ਨਹੀਂ ਹੈ ਤੇ ਸਭ ਕੁਝ ਪ੍ਰਮਾਤਮਾ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਕਰ ਰਿਹਾ ਹੈ, ਸਾਇੰਟਿਫਿਕਲੀ ਕਰ ਰਿਹਾ ਹੈ, ਆਪਣੀ ਰਜ਼ਾ ਵਿੱਚ ਕਰ ਰਿਹਾ ਹੈ ਭਾਵ ਸਭ ਵਿੱਚ, ਸਭ ਜਗ੍ਹਾ ਉਸੇ ਦਾ ਹੁਕਮ ਹੀ ਵਰਤ

ਰਿਹਾ ਹੈ, "ਸਬਦੁ" ਰੂਪ ਵਿੱਚ ਵਿਚਰ ਰਿਹਾ ਹੈ। (**ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ॥ ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥3॥**)

32/3765

ਸਾਨੂੰ ਪ੍ਰਮਾਤਮਾ ਆਪਣੇ ਅੰਦਰੋਂ ਕਿਉਂ ਨਹੀਂ ਨਜ਼ਰ ਆਉਂਦਾ ਇਹ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥

ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥"

ਧਿਆਨ ਨਾਲ ਸਮਝੋ ਕਿ ਸਾਨੂੰ ਸਾਡੇ ਅੰਦਰ ਮਾਇਆ ਮਦ ਪਿਲਾਉਣ ਵਾਲੀ ਕੌਣ ਹੈ। ਸਾਡੇ ਅੰਦਰ ਦਾ ਮਾਇਆ ਮਦ ਸਾਡੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰ ਹਨ, ਜੋ ਸਾਨੂੰ ਮਾਇਆ ਮੋਹ ਦੀ ਜੁਗਤਿ ਵਿੱਚ ਰਖਦੇ ਹਨ, ਮਾਇਆ ਦੇ ਛਲ ਵਿੱਚ ਰਖਦੇ ਹਨ, ਅਉਗੁਣਾਂ ਵਿੱਚ ਰਖਦੇ ਹਨ। ਇਹ ਮਾਇਆ ਮੋਹ ਸਭ ਨੂੰ ਮਿੱਠਾ ਲਗਦਾ ਹੈ ਤੇ ਹਰ ਕੋਈ ਇਸੇ ਨਸ਼ੇ ਵਿੱਚ ਮਸਤ ਰਹਿਣਾ ਚਾਹੁੰਦਾ ਹੈ ਤੇ ਇਸ ਨਸ਼ੇ ਦੀ ਖੁਰਾਕ ਸਾਨੂੰ ਅੰਦਰੋਂ ਮਿਲਦੀ ਹੀ ਰਹਿੰਦੀ ਹੈ ਭਾਵ ਅਸੀਂ ਪੀਂਦੇ ਹੀ ਰਹਿੰਦੇ ਹਾਂ, ਹਰ ਰੋਜ਼ ਪੀਂਦੇ ਹੀ ਰਹਿੰਦੇ ਹਾਂ। ਸਾਨੂੰ ਇਸ ਮਾਇਆ ਮੋਹ ਦੇ ਨਸ਼ੇ ਵਿੱਚ ਰੱਖਣ ਵਾਲੀ ਸਾਡੇ ਅੰਦਰ ਦੀ "ਕਲਿ" ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਹੈ ਜੋ ਸਾਨੂੰ ਹਨੇਰੇ ਵਿੱਚ ਰਖਦੀ ਹੈ, ਸੱਚੇ ਗਿਆਨ ਦੇ ਪਰਕਾਸ਼ ਤੋਂ ਦੂਰ ਰਖਦੀ ਹੈ। ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਸ਼ਬਦ ਦੇ ਵਿਚਾਰਾਂ ਦੁਆਰਾ ਹੁੰਦਾ ਹੈ ਪਰ ਸਾਨੂੰ ਇਹ ਕਲਿ ਵਾਲੀ ਅਵਸਥਾ ਸ਼ਬਦ ਦੇ ਵਿਚਾਰਾਂ ਤੋਂ ਦੂਰ ਰਖਦੀ ਹੈ, ਸਾਡੀ ਸੁਰਤਿ ਦੀ ਧੁਨਿ ਨੂੰ ਮਾਇਆ ਮੋਹ ਨਾਲ ਜੋੜ ਕੇ ਰਖਦੀ ਹੈ ਜਿਸ ਦੁਆਰਾ ਅਸੀਂ ਸੱਚਾਈ ਨਾਲ ਨਹੀਂ ਜੁੜ ਸਕਦੇ ਤੇ ਆਪਣੇ ਅੰਦਰੋਂ ਉਸ ਸ਼ਬਦੁ ਰੂਪ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਅਸੀਂ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਦੇ ਹੀ ਰੂਪ ਹਾਂ ਪਰ ਸਾਡੇ ਅੰਦਰ ਕਲਿ ਵਾਲੀ ਅਵਸਥਾ ਪਾ ਕੇ ਪ੍ਰਮਾਤਮਾ ਨੇ ਆਪ ਹੀ ਸਾਨੂੰ ਵੱਖਰੇ ਵੱਖਰੇ ਰੂਪ ਬਣਾਇਆ ਹੋਇਆ ਹੈ ਭਾਵ ਮਨ ਦੇ ਵੱਖਰੇ ਵੱਖਰੇ ਵਿਚਾਰਾਂ ਰਾਹੀਂ ਪ੍ਰਮਾਤਮਾ ਨੇ ਵੱਖਰੇ ਵੱਖਰੇ ਮਨੁੱਖੀ ਰੂਪ ਬਣਾਏ ਹੋਏ ਹਨ। ਜਿਨ੍ਹਾਂ ਨੇ ਪ੍ਰਮਾਤਮਾ ਦੀ ਇਸ ਸੱਚਾਈ ਨੂੰ ਜਾਣਿਆ ਹੈ ਉਹਨਾਂ ਨੇ ਹੀ ਸਾਨੂੰ ਸ਼ਬਦਾਂ ਰਾਹੀਂ ਇਹ ਗੱਲ ਸਮਝਾਈ ਹੈ ਤੇ ਫਿਰ ਵੀ ਆਪਣੇ ਆਪ ਨੂੰ ਬਪੁੜਾ ਕਿਹਾ ਹੈ ਕਿਉਂਕਿ ਉਹਨਾਂ ਨੂੰ ਇਹ ਸਮਝ ਹੈ ਕਿ ਹਰ ਮਨੁੱਖੀ ਰੂਪ ਬਪੁੜਾ ਹੀ ਹੈ ਤੇ ਅੰਦਰ ਗਿਆਨ ਦੇਣ ਵਾਲਾ ਉਹ ਆਪ ਪ੍ਰਮਾਤਮਾ ਹੀ ਹੈ ਜੋ ਉਹਨਾਂ ਦੇ ਕੋਲੋਂ ਇਹ ਸਭ ਅਖਵਾ ਰਿਹਾ ਹੈ। (**ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ॥ ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥4॥**)

32/3766

ਗਉੜੀ ਮਹਲਾ ੫ ॥

{ਮਨ ਧਰ ਤਰਬੇ ਹਰਿ ਨਾਮ ਨੋ ॥
ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥
ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥
ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥
ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥
ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥}

(ਅੰਗ ੨੧੦)

ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਭਾਵ ਜਿਸ ਦੀ "ਕਲਿ" ਨਿਕਲ ਜਾਂਦੀ ਹੈ ਫਿਰ ਉਸ ਨੂੰ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਗਿਆਨ ਦਾ ਮਾਲਕ ਕੌਣ ਹੈ ਤੇ ਫਿਰ ਕੋਈ ਆਪਣੇ ਆਪ ਨੂੰ ਗਿਆਨੀ ਜਾਂ ਪੰਡਿਤ ਭਾਵ ਧਰਮ ਦਾ ਵਿਦਵਾਨ ਨਹੀਂ ਅਖਵਾ ਸਕਦਾ। ਆਪਣੇ ਆਪ ਨੂੰ ਉੱਚਾ ਕੋਈ ਤਦ ਤੱਕ ਹੀ ਅਖਵਾਉਂਦਾ ਹੈ ਜਦ ਤਕ ਮਨੁੱਖ "ਕਲਿ" ਵਾਲੀ ਅਵਸਥਾ ਵਿੱਚ ਹੈ ਤੇ ਇਹੋ ਜਿਹੀ ਅਵਸਥਾ ਵਿੱਚ ਸਾਨੂੰ ਝੂਠੀ ਗੱਲ ਸੱਚੀ ਲਗਦੀ ਹੈ ਭਾਵ ਅਸੀਂ ਉਨ੍ਹਾਂ ਨੂੰ ਧਰਮ ਦੇ ਵਿਦਵਾਨ ਸਮਝ ਬੈਠਦੇ ਹਾਂ ਜਿਨ੍ਹਾਂ ਨੂੰ ਧਰਮ ਦੀ, ਗੁਰਮਤਿ ਦੀ ਸੱਚੀ ਸੋਝੀ ਨਹੀਂ ਹੁੰਦੀ। ਇਹੋ ਜਿਹੇ ਧਰਮ ਦੇ ਮਾਰਗ ਤੇ ਉੱਚਾ ਸਮਝਣ ਵਾਲੇ ਆਪ ਭਰਮ ਵਿੱਚ ਹੁੰਦੇ ਹਨ ਤੇ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਉਂਦੇ ਹਨ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੯)

"ਕਲਿ" ਸਾਡੇ ਅੰਦਰ ਦਾ ਕੂੜ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦਾ ਹੈ। ਇਸ ਕਲਿ ਵਾਲੀ ਅਵਸਥਾ ਤੋਂ ਬਾਹਰ ਕੋਈ ਵੀ ਨਹੀਂ ਹੈ ਕਿਉਂਕਿ ਇਸ ਤੋਂ ਬਾਹਰ ਉਹੀ ਨਿਕਲ ਸਕਦਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਪ੍ਰਮਾਤਮਾ ਦਾ ਗੁਰੂ ਰੂਪ, ਗੁਰਮੁਖਿ ਰੂਪ, ਭਗਤ ਰੂਪ "ਕਲਿ" ਤੋਂ ਬਾਹਰ ਹੈ ਜਿਸ ਕਰਕੇ ਉਸ ਨੂੰ ਪੂਰਨ ਸੱਚ ਦੀ ਸਮਝ ਹੈ, ਨਾਮ ਦੀ ਸਮਝ ਹੈ। ਸਾਡੇ ਮਨ ਦੀ "ਕਲਿ" ਸਾਨੂੰ ਉਹਨਾਂ ਦੇ ਨਾਲ ਜੋੜ ਕੇ ਰੱਖਦੀ ਹੈ ਜੋ ਆਪ ਕਲਿ ਵਿੱਚ ਹਨ ਤੇ ਅਸੀਂ ਭਰਮ ਦੇ ਵਿੱਚ ਹੀ ਉਨ੍ਹਾਂ ਨੂੰ ਧਰਮ ਦੇ ਵਿਦਵਾਨ ਸਮਝੀ ਜਾਂਦੇ ਹਾਂ, ਧਰਮ ਦੇ ਮਾਰਗ ਤੇ ਉੱਚੇ ਸਮਝੀ ਜਾਂਦੇ ਹਾਂ। ਗੁਰੂ ਦੀ ਮਤਿ ਦੇ ਨਾਲ ਸਾਡਾ ਨਾ ਜੁੜਨ ਦਾ ਕਾਰਨ ਇਹੀ ਹੈ। ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਗੁਰੂ ਤੋਂ ਬਿਨਾਂ ਹਰ ਕੋਈ ਕਲਿ ਵਿਚ ਹੀ ਹੈ ਤਦ ਤਕ ਅਸੀਂ ਗੁਰੂ ਦੀ ਮਤਿ ਦੇ

32/3767

ਨਾਲ ਅਸਲ ਰੂਪ ਵਿੱਚ ਜੁੜ ਹੀ ਨਹੀਂ ਸਕਦੇ ਕਿਉਂਕਿ ਸਾਡੇ ਅੰਦਰ ਭਗਤੀ ਨੂੰ ਲੈ ਕੇ, ਨਾਮ ਨੂੰ ਲੈ ਕੇ ਉਹੋ ਜਿਹਾ ਝੂਠਾ ਵਿਸ਼ਵਾਸ ਬਣਿਆ ਹੋਇਆ ਹੈ ਜਿਸ ਵਿੱਚੋਂ ਨਿਕਲੇ ਬਿਨਾ ਸਾਡਾ ਗੁਰੂ ਦੀ ਗੱਲ ਤੇ ਵਿਸ਼ਵਾਸ ਹੀ ਨਹੀਂ ਟਿਕਦਾ, ਸੱਚ ਤੇ ਵਿਸ਼ਵਾਸ ਹੀ ਨਹੀਂ ਟਿਕਦਾ। ਤੇ ਅਸੀਂ ਧਰਮ ਦੇ ਮਾਰਗ ਦੀ ਅਸਲੀਅਤ ਨਾਲ ਜੁੜ ਹੀ ਨਹੀਂ ਸਕਦੇ ਤੇ ਸਦੀਆਂ ਤੋਂ ਇਹੀ ਕੁਝ ਹੁੰਦਾ ਆ ਰਿਹਾ ਹੈ। ਗੁਰਬਾਣੀ ਦਾ ਮਕਸਦ ਸਾਨੂੰ ਕਲਿ ਵਿੱਚ ਕੱਢਣ ਦਾ ਹੀ ਹੈ ਤੇ ਸੱਚ ਨਾਲ ਜੋੜਨ ਦਾ ਹੀ ਹੈ। ਆਉ ਗੁਰਬਾਣੀ ਦੀ ਮਤਿ ਤੇ ਵਿਸ਼ਵਾਸ ਕਰੀਏ ਤੇ ਅਸਲ ਰੂਪ ਵਿੱਚ ਗੁਰੂ ਦੀ ਮਤਿ ਦੇ ਨਾਲ ਜੁੜੀਏ ਤੇ ਉਹਨਾਂ ਦੀ ਮਤਿ ਵਿੱਚੋਂ ਨਿਕਲੀਏ ਜਿਨ੍ਹਾਂ ਨੇ ਸਾਨੂੰ ਕੂੜ ਦੇ ਨਾਲ ਹੀ ਜੋੜਿਆ ਹੋਇਆ ਹੈ। ਹੇਠ ਦਿੱਤੇ ਸ਼ਬਦ ਦੁਆਰਾ ਧੰਨ ਧੰਨ ਪੰਜਵੀਂ ਪਾਤਸ਼ਾਹੀ

ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਬੋਲ ਸਾਨੂੰ ਇਹੋ ਕੁਝ ਹੀ ਸਮਝਾ ਰਹੇ ਹਨ ਜਿਹੜੇ ਬੋਲਾਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਦੋਨਾਂ ਸਲੋਕਾਂ ਤੇ ਪਉੜੀ ਰਾਹੀਂ ਸਾਨੂੰ ਇਹੋ ਗੱਲ ਹੀ ਸਮਝਾਈ ਹੋਈ ਹੈ।

ਸਲੋਕ ਮਃ ੫ ॥

“ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥੧॥”

(ਅੰਗ ੯੬੩)

ਸਲੋਕ ਮਃ ੫ ॥

“ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ ॥
ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ ॥੨॥”

(ਅੰਗ ੯੬੩)

ਪਉੜੀ ॥

“ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ ॥
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ ॥
ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ ॥
ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ ॥
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ ॥
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥੧੪॥”

(ਅੰਗ ੯੬੪)

ਪਹਿਲੇ ਸਲੋਕ ਦੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਵਿਚਾਰੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ।

“ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥੧॥”

ਜਦ ਤਕ ਅਸੀਂ ਅਗਿਆਨਤਾ ਵਿੱਚ ਰਹਿੰਦੇ ਹਾਂ ਤਦ ਤਕ ਸਾਨੂੰ ਇਸ ਗੱਲ ਦੀ ਪੂਰੀ ਤਰ੍ਹਾਂ ਸੋਝੀ ਨਹੀਂ ਪੈਂਦੀ ਕਿ ਗੁਰੂ ਪ੍ਰਮਾਤਮਾ ਦੀ ਉਸਤਤਿ ਕਿਸ ਵਿੱਚ ਹੈ ਤੇ ਨਿੰਦਾ ਕਿਸ ਵਿੱਚ ਹੈ। ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੀ ਉਸਤਤਿ ਕਰਨੀ ਹੀ ਸਿਖਾਈ ਹੈ।

32/3768

ਜੇਕਰ ਅਸੀਂ ਪ੍ਰਮਾਤਮਾ ਦੀ ਉਸਤਤਿ ਉਸੇ ਤਰੀਕੇ ਕਰਦੇ ਹਾਂ ਜਿਹੋ ਜਿਹੀ ਉਸਤਤਿ ਕਰਨੀ ਸਾਨੂੰ ਸਿਖਾਈ ਗਈ ਹੈ ਫਿਰ ਉਸ ਵਿੱਚ ਪ੍ਰਮਾਤਮਾ ਦੀ ਸੱਚੀ ਉਸਤਤਿ ਹੈ, ਉਸ ਦਾ ਸੱਚਾ ਜੱਸ ਹੈ। ਉਪਰ ਪੰਗਤੀਆਂ ਰਾਹੀ ਸਾਨੂੰ ਉਸਤਤਿ ਤਜਣ ਲਈ ਸਿਖਾਇਆ ਹੋਇਆ ਹੈ ਪਰ ਉਹ ਕਿਸ ਲਈ ਸਿਖਾਇਆ ਹੋਇਆ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਗੱਲ ਦਾ ਜਵਾਬ ਸਾਨੂੰ ਅਗਲੀ ਪੰਗਤੀ ਰਾਹੀਂ ਦਿੱਤਾ ਹੋਇਆ ਹੈ। ਅਗਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੈ

ਕਿ ਮੈਂ ਉਹ ਸਾਰੇ ਸਾਕ ਸੱਜਣ ਕੁੜਾਵੇ ਡਿਠੇ ਭਾਵ ਉਹ ਮੈਨੂੰ ਝੂਠੇ ਨਜ਼ਰ ਆਏ। ਇਥੇ ਸਾਨੂੰ ਉਹ ਸਾਕ ਸਮਝਾਏ ਹੋਏ ਹਨ ਜਿਨ੍ਹਾਂ ਨੂੰ ਧਰਮ ਦੇ ਮਾਰਗ ਤੇ ਅਸੀਂ ਆਪਣੇ ਸੱਚੇ ਸਾਥੀ ਸਮਝਿਆ ਹੋਇਆ ਹੈ, ਸੱਚੀ ਸਿਖਿਆ ਸਮਝਾਉਣ ਵਾਲੇ ਸਮਝਿਆ ਹੋਇਆ ਹੈ। ਇਥੇ ਸਾਨੂੰ ਕੋਈ ਰਿਸ਼ਤੇਦਾਰਾਂ ਦੀ ਗੱਲ ਨਹੀਂ ਸਮਝਾਈ ਹੋਈ ਜਿਸ ਵਿੱਚ ਮਾਂ, ਬਾਪ, ਭੈਣ, ਭਰਾ ਆਦਿ ਸਭ ਆ ਜਾਂਦੇ ਹਨ। ਉਹਨਾਂ ਨੂੰ ਕੂੜੇ ਸਾਕ ਨਹੀਂ ਕਿਹਾ। ਸਾਨੂੰ ਧਰਮ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਸ ਮਾਰਗ ਤੇ ਚੱਲਣ ਲਈ ਅਸੀਂ ਅਨੇਕਾਂ ਨਾਲ ਆਪਣਾ ਸਾਥ, ਸਬੰਧ ਬਣਾਇਆ ਹੁੰਦਾ ਹੈ। ਧਰਮ ਦੇ ਮਾਰਗ ਦੇ ਸਿਆਣੇ, ਸੱਚੇ ਸਮਝ ਕੇ ਬਣਾਇਆ ਹੁੰਦਾ ਹੈ। ਅਸੀਂ ਇਹਨਾਂ ਦੇ ਕੋਲੋਂ ਗੁਰੂ ਪ੍ਰਮਾਤਮਾ ਦੀ ਉਸਤਤਿ ਕਰਨੀ ਸਿੱਖੀ ਹੋਈ ਹੈ ਜਿਸ ਕਰਕੇ ਅਸੀਂ ਕੇਵਲ ਕਥਨੀ ਨਾਲ ਜੁੜੇ ਰਹਿੰਦੇ ਹਾਂ, ਕਿਸੇ ਅੱਖਰ ਦੇ ਜਪ ਨਾਲ, ਸਰੀਰਕ ਜਪਾਂ ਤਪਾਂ ਆਦਿ ਦੇ ਨਾਲ ਜੁੜੇ ਰਹਿੰਦੇ ਹਾਂ, ਖਾਣੇ ਦੀ ਸੁਚਿ ਨਾਲ ਜੁੜੇ ਰਹਿੰਦੇ ਹਾਂ ਤੇ ਹੋਰ ਵੀ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਦੀ ਉਸਤਤਿ ਕਰਨਾ ਸਮਝਦੇ ਹਾਂ। ਜਿਹੋ ਜਿਹੇ ਮਾਰਗ ਦਾ ਗੁਰਬਾਣੀ ਗੁਰੂ ਬਾਰ-ਬਾਰ ਖੰਡਨ ਕਰ ਰਹੀ ਹੈ ਉਸ ਵਿੱਚ ਅਸੀਂ ਪ੍ਰਮਾਤਮਾ ਦੀ ਉਸਤਤਿ ਕਰਨੀ ਸਮਝਦੇ ਹਾਂ ਭਾਵ ਸਾਨੂੰ ਉਸਤਤਿ ਕਰਨ ਦੀ ਸਮਝ ਨਹੀਂ ਆਈ ਕਿਉਂਕਿ ਅਸੀਂ ਗੁਰੂ ਨੂੰ ਆਪਣਾ ਸਾਕ, ਸੱਜਣ ਨਹੀਂ ਸਮਝਿਆ ਤੇ ਉਹਨਾਂ ਦੀ ਮਤਿ ਤੇ ਭਰੋਸਾ ਕੀਤਾ ਹੈ ਜੋ "ਕੁੜਾਵੇ" ਸਾਕ ਹਨ ਭਾਵ ਜਿਨ੍ਹਾਂ ਦੀ ਮਤਿ ਸੱਚੀ ਨਹੀਂ ਹੈ। ਜਦੋਂ ਕਿਸੇ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਗੁਰੂ ਤੋਂ ਬਿਨਾ ਹੋਰ ਮੱਤਾਂ ਸਮਝਾਉਣ ਵਾਲੇ ਸਭ ਕੂੜੇ ਸਾਕ ਹੀ ਹਨ ਫਿਰ ਤਾਂ ਹੀ ਉਹ ਗੁਰੂ ਦੇ ਪੱਲੇ ਨਾਲ ਜੁੜਦਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਜੁੜਦਾ ਹੈ। ਗੁਰੂ ਪ੍ਰਮਾਤਮਾ ਦੀ ਉਸਤਤਿ ਕਿਸ ਵਿੱਚ ਹੈ, ਨਿੰਦਾ ਕਿਸ ਵਿੱਚ ਹੈ ਇਹ ਗੁਰੂ ਨੇ ਸਾਨੂੰ ਗੁਰਬਾਣੀ ਰਾਹੀਂ ਆਪ ਹੀ ਸਮਝਾਇਆ ਹੋਇਆ ਹੈ ਪਰ ਆਪਣੀ ਮਤਿ ਤੇ ਭਰੋਸਾ ਕਰਕੇ ਸਾਨੂੰ ਇਹਨਾਂ ਗੱਲਾਂ ਦੀ ਸਮਝ ਹੀ ਨਹੀਂ ਪੈਂਦੀ। ਆਪਣੇ ਵਲੋਂ ਅਸੀਂ ਜਿਹੋ ਜਿਹੇ ਕਰਮਾਂ ਦੁਆਰਾ ਗੁਰੂ ਦੀ ਉਸਤਤਿ ਕਰਨਾ ਸਮਝਦੇ ਹਾਂ ਉਸ ਦੇ ਰਾਹੀਂ ਭਰਮ ਵਿੱਚ ਅਸੀਂ ਗੁਰੂ ਦੀ ਮਤਿ ਦੇ ਉਲਟ ਚੱਲ ਕੇ

33/3769

ਉਲਟਾ ਗੁਰਮਤਿ ਦੀ ਨਿੰਦਾ ਕਰਦੇ ਹਾਂ ਭਾਵ ਸਾਨੂੰ ਉਸਤਤਿ ਨਿੰਦਾ ਦੀ ਸਮਝ ਹੀ ਨਹੀਂ ਪੈਂਦੀ। ਨਿੰਦਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਆਪਣੀ ਮਤਿ ਨੂੰ ਛੱਡਣਾ ਹੀ, ਕੂੜੇ ਸਾਕਾਂ ਤੋਂ ਲਈ ਹੋਈ ਮਤਿ ਨੂੰ ਛੱਡਣਾ ਹੀ ਉਸਤਤਿ ਨਿੰਦਾ ਨੂੰ ਤਿਆਗਣਾ ਹੈ ਤੇ ਤਾਂ ਹੀ ਅਸੀਂ ਗੁਰੂ ਦੇ ਭਾਵ ਗੁਰਮਤਿ ਦੇ ਲੜ ਲਗ ਸਕਦੇ ਹਾਂ ਭਾਵ ਕੂੜਿਆਂ ਦਾ ਸਾਥ ਛੱਡੇ ਬਿਨਾ ਸੱਚੇ ਦੇ ਲੜ ਨਹੀਂ ਲਗਿਆ ਜਾ ਸਕਦਾ। (**ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ॥ ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥1॥**)

{ਬਿਨਠੀ ਦੁਰਮਤਿ ਦੁਰਤੁ ਸੋਇ ਕੂੜਾਵੀਆ ॥ ਸੀਲਵੰਤਿ ਪਰਧਾਨਿ ਰਿਦੈ ਸਚਾਵੀਆ ॥}

(ਅੰਗ ੯੬੪)

ਜਦ ਤਕ ਸਾਡੇ ਅੰਦਰ ਦੁਰਮਤਿ ਹੈ ਭਾਵ ਮਨਮਤਿ ਹੈ ਤਦ ਤਕ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਤੇ ਉਹਨਾਂ ਦੀ "ਸੋਇ" ਕਰਦੇ ਹਾਂ ਭਾਵ ਜੱਸ ਗਾਉਂਦੇ ਹਾਂ ਜਿਨ੍ਹਾਂ ਦੇ ਅੰਦਰ ਕੂੜ ਹੈ ਭਾਵ ਝੂਠੀ ਮਤਿ ਹੈ।ਜਦੋਂ ਅਸੀਂ ਆਪ ਦੁਰਮਤਿ ਵਿੱਚੋਂ ਨਿਕਲ ਜਾਂਦੇ ਹਾਂ ਫਿਰ ਅਸੀਂ ਉਹੋ ਜਿਹਿਆਂ ਦਾ ਜੱਸ ਨਹੀਂ ਗਾਉਂਦੇ ਭਾਵ ਉਹੋ ਜਿਹਿਆਂ ਦੀ ਸ਼ੋਭਾ ਨਹੀਂ ਕਰਦੇ ਜੋ ਖ਼ੁਦ ਮਨਮਤਿ ਵਿੱਚ ਹਨ ਭਾਵ ਕਲਿ ਵਿਚ ਹਨ। ਦੁਰਮਤਿ ਉਸ ਦੀ ਹੀ ਬਿਨਸਦੀ ਹੈ ਜਿਸ ਦੇ ਅੰਦਰ ਸੱਚਾ ਵੱਸ ਜਾਂਦਾ ਹੈ, ਪ੍ਰਮਾਤਮਾ ਵੱਸ ਜਾਂਦਾ ਹੈ ਤੇ ਇਹੋ ਜਿਹਾ ਮਨੁੱਖ ਫਿਰ ਉਸ ਪ੍ਰਮਾਤਮਾ ਦਾ ਜੱਸ ਹੀ ਗਾਉਂਦਾ ਹੈ ਜੋ ਉਸ ਨੂੰ ਮਨ ਦੇ ਅੰਦਰ ਸੱਚੀ ਮਤਿ ਦੇ ਕੇ ਸੰਤੋਖ ਵਾਲਾ ਬਣਾਉਂਦਾ ਹੈ, ਗੁਣਾਂ ਵਾਲਾ, ਸੀਲਵੰਤਿ ਬਣਾਉਂਦਾ ਹੈ। ਇਹੋ ਜਿਹੀ ਸਚੀ ਮਤਿ ਦੁਆਰਾ ਫਿਰ ਉਹੋ ਜਿਹੇ ਪ੍ਰਧਾਨ ਨਹੀਂ ਨਜ਼ਰ ਆਉਂਦੇ, ਉੱਚੇ ਨਹੀਂ ਨਜ਼ਰ ਆਉਂਦੇ ਜਿਨ੍ਹਾਂ ਦੇ ਅੰਦਰ ਸੱਚੀ ਮਤਿ ਨਹੀਂ ਹੈ ਭਾਵ ਉਹੀ ਪ੍ਰਧਾਨ, ਉੱਚਾ ਨਜ਼ਰ ਆਉਂਦਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਸੱਚੀ ਮਤਿ ਦੇ ਕੇ ਉੱਚਾ ਬਣਾਉਂਦਾ ਹੈ, ਧਰਮ ਦੇ ਮਾਰਗ ਦਾ ਪ੍ਰਧਾਨ ਬਣਾਉਂਦਾ ਹੈ। ਗੁਰੂ ਪ੍ਰਮਾਤਮਾ ਦਾ ਥਾਪਿਆ ਹੋਇਆ ਅਸਲ ਪ੍ਰਧਾਨ ਹੈ ਜਿਸ ਦੀ ਸੋਇ ਸੱਚੀ ਹੈ ਤੇ ਇਸ ਗੱਲ ਦੀ ਸੋਝੀ ਦੁਰਮਤਿ ਵਿੱਚੋਂ ਨਿਕਲ ਕੇ ਹੀ ਪੈਂਦੀ ਹੈ ਕਿ ਸੱਚੀ ਤੇ ਕੂੜੀ ਮਤਿ ਵਿੱਚ ਕੀ ਫਰਕ ਹੈ, ਸੱਚੀ ਸੋਭਾ ਵਿੱਚ ਤੇ ਕੂੜਿਆਂ ਦੀ ਸੋਭਾ ਵਿੱਚ ਕੀ ਫਰਕ ਹੈ। (**ਬਿਨਠੀ ਦੁਰਮਤਿ ਦੁਰਤੁ ਸੋਇ ਕੂੜਾਵੀਆ ॥ ਸੀਲਵੰਤਿ ਪਰਧਾਨਿ ਰਿਦੈ ਸਚਾਵੀਆ ॥**)

ਮਨ ਦੀ ਨਾ ਸਮਝੀ ਵਿੱਚ ਰਹਿੰਦੇ ਹੋਏ ਸਾਨੂੰ ਉਸਤਤਿ ਨਿੰਦਾ ਦੀ ਸਮਝ ਹੀ ਨਹੀਂ ਪੈਂਦੀ। ਅਸੀਂ ਭਰਮ ਵਾਲੀ ਮਤਿ ਦੁਆਰਾ ਉਹਨਾਂ ਦੀ ਉਸਤਤਿ ਕਰੀ ਜਾਂਦੇ ਹਾਂ ਜਿਨ੍ਹਾਂ ਦੀ ਉਸਤਤਿ ਸੱਚੀ ਨਹੀਂ ਹੈ ਜਿਸ ਰਾਹੀਂ ਅਸੀਂ ਗੁਰੂ ਦੀ ਉਸਤਤਿ ਕਰਨ ਦੀ ਬਜਾਇ ਉਸ ਦੀ ਉਲਟਾ ਨਿੰਦਾ ਕਰੀ ਜਾਂਦੇ ਹਾਂ।

33/3770

{ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥}

(ਅੰਗ ੨੧੯)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥}

(ਅੰਗ ੧੧੨੩)

{ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥
ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥੨॥੧॥}

(ਅੰਗ ੧੧੯੬)

ਪ੍ਰਮਾਤਮਾ ਦੀ ਸੱਚੀ ਉਸਤਤਿ ਉਦੋਂ ਹੀ ਹੁੰਦੀ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਪੂਰੀ ਤਰ੍ਹਾਂ ਕਲਿ ਤੋਂ ਰੱਖ ਲੈਂਦਾ ਹੈ ਭਾਵ ਅਗਿਆਨਤਾ ਤੋਂ ਪੂਰੀ ਤਰ੍ਹਾਂ ਕੱਢ ਲੈਂਦਾ ਹੈ, ਆਪਣੀ ਸੱਚੀ ਸਿਖਿਆ, ਸੱਚਾ ਗਿਆਨ ਦੇਣ ਦੁਆਰਾ ਕੱਢ ਲੈਂਦਾ ਹੈ।

{ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥
ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥}

(ਅੰਗ ੬੨੨)

ਮੁਖ ਸ਼ਬਦ ਦੇ ਪਿਛਲੇ ਸਲੋਕ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਸਾਡੇ ਕੂੜਾਵੇ ਸਾਕ ਕੌਣ ਹਨ ਭਾਵ ਝੂਠੇ ਸਜਣ ਕੌਣ ਹਨ। ਅਗਲੇ ਸਲੋਕ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਡਾ ਅਸਲ ਸਜਣ ਕੌਣ ਹੈ ਭਾਵ ਸਾਡਾ ਸੱਚਾ ਸਜਣ ਕੌਣ ਹੈ। ਦੂਸਰੇ ਸਲੋਕ ਰਾਹੀਂ ਪਹਿਲੇ ਸਲੋਕ ਦੀ ਗੱਲ ਨੂੰ ਸਪੱਸ਼ਟ ਕੀਤਾ ਹੋਇਆ ਹੈ ਭਾਵ ਸਾਡਾ ਸਜਣ ਹੀ ਸਮਝਾਇਆ ਹੋਇਆ ਹੈ ਜਿਸ ਸੱਜਣ ਦੇ ਕੋਲੋਂ ਸਾਨੂੰ ਮਤਿ ਲੈਣੀ ਚਾਹੀਦੀ ਹੈ।

ਮਃ ੫ ॥

"ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ ॥
ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ ॥੨॥"

(ਅੰਗ ੯੬੩)

ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਸੱਚੇ ਦਿਲੋਂ ਪਾਉਣਾ

33/3771

ਚਾਹੁੰਦੇ ਹਾਂ ਫਿਰ ਉਸ ਨੂੰ ਪਾਉਣ ਲਈ ਸਾਡਾ ਇਕੋ ਇਕ ਸੱਚਾ ਸਾਕ, ਸੱਚਾ ਸੱਜਣ, ਸੱਚਾ ਬੇਲੀ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦੀ ਗੁਰਮਤਿ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ। ਜੋ ਗੁਰੂ ਦੀ ਮਤਿ ਨੂੰ ਆਪਣਾ ਸੱਜਣ ਬਣਾ ਲੈਦਾ ਹੈ ਉਹ ਸਾਡਾ ਸੱਚਾ ਸੱਜਣ ਹੈ ਜਿਸ ਦੇ ਨਾਲ ਜੁੜਨ ਦੁਆਰਾ ਅਸੀ ਉਸ ਗੁਰਮਤਿ ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਹੀ ਪਾ ਲੈਦੇ ਹਾਂ, ਉਸ ਦੀ ਕਿਰਪਾ ਦੁਆਰਾ ਪਾ ਲੈਦੇ ਹਾਂ, ਉਸ ਦੀ ਮਤਿ ਤੇ ਵਿਸ਼ਵਾਸ ਰੱਖਣ ਦੁਆਰਾ ਪਾ ਲੈਦੇ ਹਾਂ।ਜਦ ਤਕ ਅਸੀ ਗੁਰੂ ਦੀ ਮਤਿ ਨੂੰ ਭਾਵ ਗੁਰੂ ਨੂੰ ਆਪਣਾ ਸੱਜਣ ਨਹੀ ਸਮਝਦੇ ਅਸੀ ਕਦੇ ਉਸ ਪ੍ਰਮਾਤਮਾ ਨੂੰ ਨਹੀ ਪਾ ਸਕਦੇ। ਅਸੀ ਅਨੇਕਾਂ ਹੀ ਉਹੋ ਜਿਹੇ ਸੱਜਣ ਬਣਾਏ ਹੋਏ ਹਨ ਜਿਨ੍ਹਾਂ ਦੀ ਮਤਿ ਗੁਰੂ ਦੀ ਮਤਿ ਤੇ ਨਹੀ ਟਿਕਦੀ। ਇਹੋ ਜਿਹੇ ਸੱਜਣਾ ਪਿਛੇ ਅਸੀ ਜਗ੍ਹਾ ਜਗ੍ਹਾ ਭਟਕਦੇ ਹਾਂ ਜਿਸ ਦੁਆਰਾ ਅਸੀ ਕੇਵਲ ਆਪਣੀ ਖੁਆਰੀ ਕਰਦੇ ਹਾਂ ਪਰ ਉਸ ਪ੍ਰਮਾਤਮਾ ਨੂੰ ਨਹੀ ਪਾ ਸਕਦੇ। ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਸੁਖ ਤਾਂ ਹੀ ਪ੍ਰਾਪਤ ਹੋ ਸਕਦਾ ਹੈ, ਉਸ ਦੀ ਸੇਜ ਤੇ ਸੌਣ ਦਾ ਸੁਖ ਤਾਂ ਹੀ ਪ੍ਰਾਪਤ ਹੋ ਸਕਦਾ ਹੈ ਜਦੋ ਅਸੀਂ ਗੁਰੂ ਦੀ ਮਤਿ ਦੇ ਨਾਲ ਜੁੜਾਂਗੇ ਤੇ ਉਸ ਪ੍ਰਮਾਤਮਾ ਰੂਪ ਸੱਜਣ ਨੂੰ ਆਪਣੇ ਅੰਦਰੋਂ ਹੀ ਭਾਵ ਮਨ ਦੀ ਸੇਜ ਤੋਂ ਹੀ ਉਸ ਦੀ ਸੱਚੀ ਸਮਝ ਲਵਾਂਗੇ ਜੋ ਕਿ ਸਾਡੇ ਅੰਦਰ ਹੀ ਹੈ। ਉਸ ਦੇ ਨਾਲ ਸਾਡਾ ਵਿਛੋੜਾ ਸਾਡੀ ਮਨਮਤਿ ਕਰਕੇ ਹੈ ਜੋ ਵਿਛੋੜਾ ਗੁਰਮਤਿ ਨੂੰ ਅਪਨਾ ਕੇ ਹੀ ਦੂਰ ਹੁੰਦਾ ਹੈ। ਅਸੀ ਗੁਰਮਤਿ ਨੂੰ ਅਪਨਾਉਣ ਦਾ ਉਦਮ ਹੀ ਕਰਨਾ ਹੈ ਤੇ ਉਹ ਆਪ ਹੀ ਕਿਰਪਾ ਕਰਕੇ ਸਾਨੂੰ ਆਪਣੇ ਨਾਲ ਮੇਲਦਾ ਹੈ ਤੇ ਮੇਲਣ ਦੁਆਰਾ ਆਪਣੀ ਗੁਰਮਤਿ ਹੀ ਸਮਝਾਉਦਾ ਹੈ ਜਿਸ ਰੂਪ ਵਿਚ ਉਹ ਆਪਣੇ ਆਪ ਨੂੰ ਸਾਡੇ ਅੰਦਰ ਪ੍ਰਗਟ ਕਰਦਾ ਹੈ ਤੇ ਆਪਣੀ ਮਨ ਰੂਪ ਸੇਜ ਉੱਤੇ, ਬ੍ਰਹਮ ਗਿਆਨ ਸੇਜ ਉੱਤੇ ਸਾਨੂੰ ਆਪਣੇ ਬ੍ਰਹਮ ਗਿਆਨ ਦੁਆਰਾ ਭੋਗਦਾ ਹੈ ਭਾਵ ਆਪਣਾ ਬ੍ਰਹਮ ਗਿਆਨ ਦੇ ਕੇ ਉਸ ਦੁਆਰਾ ਚਲਾਉਦਾ ਹੈ ਜਿਵੇ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨਾਲ ਭੋਗ ਕੀਤਾ ਹੈ , ਆਪਣੀ ਸੁਹਾਗਣ ਬਣਾ ਕੇ ਉਨ੍ਹਾਂ ਨਾਲ ਭੋਗ ਕੀਤਾ ਹੈ, ਬ੍ਰਹਮ ਗਿਆਨ ਰੂਪ ਭੋਗ ਕੀਤਾ ਹੈ (**ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ ॥ ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ ॥2॥**)

ਸਲੋਕਾਂ ਨਾਲ ਜੁੜੀ ਹੋਈ ਪਉੜੀ ਦੁਆਰਾ ਸਾਨੂੰ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਕਾਰਣ ਹੀ ਦੱਸਿਆ ਹੋਇਆ ਹੈ ਜੋ ਕਿ ਗੁਰੂ ਦੀ ਮਤਿ ਨੂੰ ਭੁੱਲਣ ਦਾ ਹੈ, ਨਾਮ ਨੂੰ ਭੁੱਲਣ ਦਾ ਹੈ ਜਿਸ ਨੂੰ ਕਿ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਪਉੜੀ ॥

“ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ ॥
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ ॥
ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ ॥
ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ ॥
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ ॥
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥੧੪॥”

ਪ੍ਰਮਾਤਮਾ ਨਾਲੋਂ ਸਾਡੇ ਵਿਛੋੜੇ ਦਾ ਕਾਰਣ ਸਾਡੇ ਅੰਦਰ ਮਨਮਤਿ

33/3772

ਵਾਲੀ ਸੋਝੀ ਦਾ ਹੋਣਾ ਹੈ ਜੋ ਸਾਨੂੰ ਭਰਮ ਵਿਚ ਰੱਖਦੀ ਹੈ, ਧਰਮ ਦੇ ਮਾਰਗ ਨੂੰ ਸਮਝਣ ਤੇ ਉਸ ਤੇ ਚੱਲਣ ਲਈ ਭਰਮ ਵਿੱਚ ਰੱਖਦੀ ਹੈ। ਜਦ ਤਕ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜਾ ਹੈ ਤਦ ਤਕ ਸਾਡੇ ਅੰਦਰ ਦੁਖ ਸੰਤਾਪ ਹੀ ਰਹਿੰਦਾ ਹੈ। ਗੁਰੂ ਦੇ ਨਾਮ ਦਾ ਮਕਸਦ ਸਾਨੂੰ ਇਸ ਵਿਛੋੜੇ ਵਿੱਚੋਂ ਕੱਢਣ ਦਾ ਹੀ ਹੈ ਜੋ ਸਾਨੂੰ ਮਨ ਦੀ ਭੁੱਲ ਵਿੱਚੋਂ ਕੱਢਦਾ ਹੈ, ਅਗਿਆਨਤਾ ਵਿੱਚੋਂ ਕੱਢਦਾ ਹੈ ਤੇ ਗੁਰਮਤਿ ਦੇ ਨਾਲ ਜੋੜਦਾ ਹੈ। ਅਸੀ ਪ੍ਰਮਾਤਮਾ ਨੂੰ ਪਾਉਣ ਦੇ ਅਨੇਕਾਂ ਜਤਨ ਕਰਦੇ ਹਾਂ, ਅਨੇਕਾਂ ਦੀ ਮਤਿ

ਦੇ ਨਾਲ ਜੁੜਦੇ ਹਾਂ ਤੇ ਨਾਮ ਦੀ ਮਤਿ ਤੋਂ ਦੂਰ ਰਹਿੰਦੇ ਹਾਂ। ਨਾਮ ਦੀ ਮਤਿ ਗੁਰੁ ਦੀ ਮਤਿ ਹੈ ਜਿਸ ਨਾਲ ਜੁੜੇ ਬਿਨਾਂ ਸਾਡੇ ਮਨ ਦਾ ਰੋਗ ਭਾਵ ਹਉਮੈ ਰੋਗ ਨਹੀ ਨਿਕਲ ਸਕਦਾ । ਨਾਮ ਦੀ ਮਤਿ, ਗੁਰੁ ਦੀ ਮਤਿ ਸਾਡਾ ਸੱਚਾ ਧਨ ਹੈ, ਸੱਚੇ ਗਿਆਨ ਦਾ ਧਨ ਹੈ ਤੇ ਇਸ ਧਨ ਨਾਲ ਜੁੜੇ ਬਿਨਾਂ ਹਰ ਕੋਈ ਨਿਰਧਨ ਹੈ। ਅਸੀ ਗੁਰਮਤਿ ਦੀ ਸਿਖਿਆ ਉਨ੍ਹਾਂ ਕੋਲ ਲੈਣ ਜਾਂਦੇ ਹਾਂ ਜੋ ਆਪ ਨਿਰਧਨ ਹਨ ਪਰ ਅਸੀ ਉਨ੍ਹਾਂ ਨੂੰ ਸੱਚੇ ਧਨ ਵਾਲੇ ਮੰਨਿਆਂ ਹੋਇਆ ਹੈ। ਜਦੋ ਸਾਡੇ ਅੰਦਰ ਇਹ ਵਿਸ਼ਵਾਸ ਬੈਠ ਜਾਵੇਗਾ ਕਿ ਉਹ ਹਕੀਕਤ ਵਿੱਚ ਨਿਰਧਨ ਹੀ ਹਨ ਤੇ ਇਹ ਧਨ ਕੇਵਲ ਗੁਰੁ ਦੇ ਕੋਲ ਹੀ ਹੈ, ਬ੍ਰਹਮ ਗਿਆਨ ਰੂਪ ਧਨ ਕੇਵਲ ਗੁਰੂ ਦੇ ਕੋਲ ਹੀ ਹੈ ਫਿਰ ਤਾਂ ਹੀ ਸਾਨੂੰ ਉਹ ਸਾਕ ਸੱਜਣ ਕੂੜੇ ਨਜਰ ਆਉਣਗੇ ਭਾਵ ਮਨਮਤਿ ਵਾਲੇ ਨਜਰ ਆਉਣਗੇ ਤੇ ਅਸੀ ਕੇਵਲ ਗੁਰੁ ਨੂੰ ਹੀ ਆਪਣਾ ਸੱਜਣ ਸਮਝਾਂਗੇ ਤੇ ਉਸ ਕੋਲੋ ਹੀ ਸੱਚੇ ਧਨ ਦੀ ਪ੍ਰਾਪਤੀ ਦਾ ਉਦਮ ਕਰਾਂਗੇ ਜਿਸ ਨੇ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਦੂਰ ਕਰਨਾ ਹੈ।(**ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ ॥ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ ॥ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ ॥ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ ॥ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ ॥ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ ॥ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥14॥**)

ਜਿਵੇ ਕਿ ਅਸੀ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਭਗਤੀ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆਂ ਹੋਇਆ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਉਹੋ ਜਿਹੀ ਸੋਝੀ ਨਹੀ ਪਾਈ ਹੋਈ ਜਿਸ ਦੁਆਰਾ ਸਾਨੂੰ ਆਪਣੇ ਆਪ ਹੀ ਸੱਚ ਦੀ ਸਮਝ ਪੈ ਜਾਵੇ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੱਚ ਸਮਝਾਉਣ ਨਾਲ ਹੀ ਹੁੰਦਾ ਹੈ ਭਾਵ ਸਾਨੂੰ ਜੀਵਨ ਦਾ ਸੱਚਾ ਮਾਰਗ ਸਮਝਾਉਣ ਨਾਲ ਹੀ ਹੁੰਦਾ ਹੈ। ਸੱਚ ਨੂੰ ਸਮਝਣ ਵਿੱਚ, ਧਰਮ ਗ੍ਰੰਥਾਂ ਦੀ ਅਸਲੀਅਤ ਨੂੰ ਸਮਝਣ ਵਿੱਚ ਜਿਹੋ ਜਿਹੇ ਭਰਮ ਸਾਡੇ ਅੰਦਰ ਵੱਸੇ ਹੋਏ ਹਨ ਗੁਰਬਾਣੀ ਦਾ ਮਕਸਦ ਸਾਨੂੰ ਉਹਨਾਂ ਭਰਮਾਂ ਵਿੱਚੋਂ ਹੀ ਕੱਢਣ ਦਾ ਹੈ ਜਿਨ੍ਹਾਂ ਵਿੱਚ ਪੈ ਕੇ ਅਸੀਂ ਧਰਮ ਦੇ ਮਾਰਗ ਤੇ ਚੱਲਣ ਦੀ ਬਜਾਇ ਉਲਟਾ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ। ਜਿਵੇ ਕਿ ਅਸੀਂ ਪਿਛੇ ਜਾਣਿਆ ਹੈ

33/3773

ਪ੍ਰਮਾਤਮਾ ਦੀ ਭਗਤੀ ਸਾਡੇ ਅੰਦਰ ਦਾ ਭਉ ਹੈ।ਪ੍ਰਮਾਤਮਾ ਦੀ ਭਗਤੀ ਮਨ ਦੇ ਭਉ ਦੁਆਰਾ ਹੀ ਹੁੰਦੀ ਹੈ। ਸਾਡੇ ਮਨ ਦਾ ਭਉ ਹੀ ਸਾਡੇ ਅੰਦਰ ਦੀ ਆਸਥਾ ਹੈ ਭਾਵ ਭਗਤੀ ਵਾਲੀ ਆਸਥਾ ਹੈ। ਜਿਹੋ ਜਿਹੀ ਆਸਥਾ ਸਾਡੇ ਅੰਦਰ ਬਣੀ ਹੁੰਦੀ ਹੈ ਅਸੀ ਉਹੋ ਜਿਹਾ ਭਉ ਆਪਣੇ ਅੰਦਰ ਬਣਾ ਕੇ ਰੱਖਦੇ ਹਾਂ ਭਾਵ ਭਗਤੀ ਦੇ ਮਾਰਗ ਤੇ ਚੱਲਣ ਦਾ ਭਉ ਬਣਾਕੇ ਰੱਖਦੇ ਹਾਂ। ਜਿਹੋ ਜਿਹੇ ਅਸੀ ਪ੍ਰਮਾਤਮਾ ਦੀ ਭਗਤੀ ਕਰਨ ਦੇ ਤਰੀਕੇ ਸਿੱਖੇ ਹੋਏ ਹਨ ਭਾਵ ਇਧਰੋ ਉਧਰੋ ਸਿੱਖੇ ਹੋਏ ਹਨ ਉਹਨਾਂ ਨੂੰ ਭਗਤੀ ਵਾਲੇ ਸਮਝਕੇ ਹੀ ਸਿੱਖੇ ਹੋਏ ਹਨ। ਜਿੰਨ੍ਹਾਂ ਨੂੰ ਅਸੀ ਭਗਤੀ ਦੇ ਮਾਰਗ ਤੇ ਉੱਚਾ ਮੰਨ ਲੈਦੇ ਹਾਂ ਉਹਨਾਂ ਦੀ ਗੱਲ ਨੂੰ ਮੰਨਣ ਦਾ ਭਉ ਸਾਡੇ ਅੰਦਰ ਵੱਸ ਜਾਂਦਾ ਹੈ ਤੇ ਭਉ ਵਿੱਚ ਅਸੀ ਉਹਨਾਂ ਤੇ ਪੂਰਾ ਉਤਰਨ ਦਾ ਉਦਮ ਕਰਦੇ ਹਾਂ ਭਾਵ ਸਾਡੀ ਆਸਥਾ ਉਹੋ ਜਿਹੀ ਭਗਤੀ ਦੇ ਨਾਲ ਜੁੜ ਜਾਂਦੀ ਹੈ। ਭਗਤੀ ਨੂੰ ਲੈ ਕੇ ਅਸੀ ਅਨੇਕਾਂ ਹੀ ਭਉ ਆਪਣੇ ਅੰਦਰ ਬਣਾਏ ਹੋਏ ਹਨ ਭਾਵ ਤਰੀਕੇ ਬਣਾਏ ਹੋਏ ਹਨ ਜਿਸ ਭਉ ਨੂੰ ਮੰਨਣ ਦੁਆਰਾ ਅਸੀ ਉਹਨਾਂ ਅਨੁਸਾਰ ਚੱਲਦੇ ਹਾਂ,ਵਿਚਰਦੇ ਹਾਂ। ਅਸੀਂ ਅਨੇਕਾਂ ਹੀ ਮਰਿਯਾਦਾਵਾਂ ਬਣਾਈਆਂ ਹੋਈਆਂ ਹਨ ਜਿੰਨ੍ਹਾਂ ਨੂੰ ਮੰਨਣ ਦਾ ਭਉ ਸਾਡੇ ਅੰਦਰ ਵੱਸਿਆ ਰਹਿੰਦਾ ਹੈ। ਅਸੀਂ ਆਪਣੇ ਸਰੀਰ ਨੂੰ ਅਨੇਕਾਂ ਤਰੀਕਿਆਂ ਦੁਆਰਾ ਕਸ਼ਟਾਂ ਵਿੱਚ ਪਾਉਦੇ ਹਾਂ,ਵਸਤਰਹੀਨ ਹੋ ਕੇ ਠੰਢ ਸਹਿੰਦੇ ਹਾਂ ਕਿਉਂਕਿ ਅਸੀਂ ਇਸ ਨੂੰ ਮਰਿਯਾਦਾ ਮੰਨਿਆ ਹੋਇਆ ਹੈ ਜਿਸ ਨੂੰ ਮੰਨਣ ਦਾ ਭਉ ਸਾਡੇ ਅੰਦਰ ਵੱਸਿਆ ਰਹਿੰਦਾ ਹੈ।ਅਸੀ ਭਗਤੀ ਦੇ ਅਨੇਕਾਂ ਹੀ ਤਰੀਕੇ ਬਣਾਏ ਹੋਏ ਹਨ ਜਿੰਨ੍ਹਾਂ ਨਾਲ ਹਰ ਕੋਈ ਆਪਣੀ ਆਪਣੀ ਆਸਥਾ ਅਨੁਸਾਰ ਜੁੜਿਆ ਹੋਇਆ ਹੈ ਤੇ ਆਪਣੀ ਮਰਿਯਾਦਾ ਤੇ ਪੂਰਾ ਉਤਰਣ ਦੇ ਭਉ ਵਿੱਚ ਰਹਿੰਦਾ ਹੈ। ਗੁਰਬਾਣੀ ਰਾਹੀਂ ਸਾਡੇ ਸਭ ਭਗਤੀ ਦੇ ਤਰੀਕਿਆਂ ਦਾ ਖੰਡਣ ਕੀਤਾ ਹੋਇਆ ਹੈ ਤੇ ਭਗਤੀ ਦਾ ਤਰੀਕਾ ਕੇਵਲ ਸੱਚ ਤੇ ਚੱਲਣ ਦਾ ਸਮਝਾਇਆ ਹੋਇਆ ਹੈ। ਸੱਚ ਦੁਆਰਾ ਵਿਚਰਨਾ ਹੀ ਭਾਵ ਸੱਚ ਦੀ ਮਰਿਯਾਦਾ ਵਿੱਚ ਰਹਿਣਾ ਹੀ ਸਾਡਾ ਸੱਚਾ ਭਉ ਹੈ ਤੇ ਉਸ ਤੋਂ ਬਿਨਾਂ ਸਾਡਾ ਹਰ ਭਉ, ਕਿਸੇ ਵੀ ਮਰਿਯਾਦਾ ਨੂੰ ਅਪਨਾਉਣ ਦਾ ਭਉ,ਕਿਸੇ ਦਿਖਾਵੇ ਵਾਲੀ ਭਗਤੀ ਨੂੰ ਅਪਨਾਉਣ ਦਾ ਭਉ, ਗੁਰੂ ਤੋਂ ਬਿਨਾਂ ਕਿਸੇ ਨੂੰ ਵੀ ਭਗਤੀ ਦੇ ਉੱਚੇ ਮਾਰਗ ਦਿਖਾਉਣ ਵਾਲਾ ਸਮਝਣ ਦਾ ਭਉ, ਆਪਣੇ ਸੱਚੇ ਸੱਜਣ ਸਮਝਣ ਦਾ ਭਉ ਸਾਡਾ ਝੂਠਾ ਭਉ ਹੈ। ਆਪਣੇ ਝੂਠੇ ਭਉ ਵਿੱਚੋਂ ਨਿਕਲੇ ਬਿਨਾਂ ਅਸੀ ਗੁਰੂਮਤਿ ਰੂਪ ਸੱਚੇ ਭਉ ਨਾਲ ਨਹੀ ਜੁੜ ਸਕਦੇ। ‘‘ਸਚੁ’’ ਰੂਪ ਵਿੱਚ ਪ੍ਰਮਾਤਮਾ ਹੈ ਜੋ ਕਿ ਉਸ ਦਾ

ਨਿਰਭਉ ਰੂਪ ਹੈ। ਪੂਰੀ ਗੁਰਬਾਣੀ ਰਾਂਹੀ ਸਾਨੂੰ ਪ੍ਰਮਾਤਮਾ ਦੇ ਨਿਰਭਉ ਰੂਪ ਨਾਲ ਜੁੜਨਾ ਹੀ ਸਿਖਾਇਆ ਹੋਇਆ ਹੈ ਜਿਸ ਦੇ ਨਾਲ ਜੁੜਨਾ ਸਾਡਾ ਸੱਚਾ ਉੱਦਮ ਹੈ। ਜਿਉਂ ਜਿਉਂ ਅਸੀਂ ਸੱਚ ਨਾਲ ਜੁੜਦੇ ਜਾਵਾਂਗੇ ਤਿਉਂ ਤਿਉਂ ਅਸੀਂ ਹਰ ਝੂਠੇ ਭਉ ਵਿੱਚੋਂ ਨਿਕਲਦੇ ਜਾਵਾਂਗੇ ਜਿੰਨ੍ਹਾਂ ਨੂੰ ਅਸੀਂ ਵਿਅਰਥ ਵਿੱਚ ਹੀ ਆਪਣੇ ਅੰਦਰ ਪਾਲਿਆ ਹੋਇਆ ਹੈ,

33/3774

ਮਨ ਦੀ ਅਗਿਆਨਤਾ ਕਰਕੇ ਪਾਲਿਆ ਹੋਇਆ ਹੈ। ਜੋ ਪ੍ਰਮਾਤਮਾ ਦੇ ਸਚੁ ਰੂਪ ਨੂੰ, ਬ੍ਰਹਮ ਗਿਆਨ ਰੂਪ ਨੂੰ ਪਾ ਲੈਂਦਾ ਹੈ ਉਹ ਫਿਰ ਪ੍ਰਮਾਤਮਾ ਦੇ ਨਿਰਭਉ ਰੂਪ ਨਾਲ ਜੁੜ ਜਾਂਦਾ ਹੈ ਉਸ ਹਰ ਭਉ ਵਿੱਚੋਂ, ਝੂਠੇ ਭਉ ਵਿੱਚੋਂ ਨਿਕਲ ਜਾਂਦਾ ਹੈ ਜੋ ਸਾਡੇ ਅੰਦਰ ਵੱਸੇ ਹੋਏ ਹਨ। ਜਿੰਨ੍ਹਾਂ ਦੇ ਪ੍ਰਮਾਤਮਾ ਨੇ ਪਹਿਲੇ ਆਪ ਇਹ ਝੂਠੇ ਭਉ ਕੱਢੇ ਹਨ ਉਨ੍ਹਾਂ ਨੇ ਹੀ ਸਾਨੂੰ ਇਹ ਝੂਠੇ ਭਉ ਤਿਆਗਣ ਲਈ ਸਮਝਾਇਆ ਹੈ ਜੋ ਸਾਡੇ ਅੰਦਰ ਪ੍ਰਮਾਤਮਾ ਦੀ ਝੂਠੀ ਭਗਤੀ ਨੂੰ ਲੈ ਕੇ ਬਣੇ ਹੋਏ ਹਨ। ਆਉ ਇਸ ਗੱਲ ਨੂੰ ਅਗਲੇ ਸ਼ਬਦਾਂ ਦੁਆਰਾ ਸਮਝੀਏ ਕਿ ਸਾਨੂੰ ਭਉ ਵਿੱਚੋਂ ਗੁਰੂ ਦੇ ਸੱਚੇ ਗਿਆਨ ਨੇ ਹੀ ਕੱਢਣਾ ਹੈ, ਮਨ ਦੇ ਵਿੱਚ ਸੱਚੀ ਸੋਝੀ ਨੇ ਹੀ ਕੱਢਣਾ ਹੈ।

ਮਃ ੨ ॥

“ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥
ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥
ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ ॥
ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥੨॥”

(ਅੰਗ ੧੫੦)

ਪਉੜੀ ॥

“ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥
ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥
ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥
ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥
ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥
ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥
ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥
ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥੨੬॥”

(ਅੰਗ ੧੫੦)

ਉਪਰ ਸਲੋਕ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਭਉ ਨਿਕਲਣ ਵਾਲੀ ਅਵਸਥਾ ਕਿਹੋ ਜਿਹੀ ਹੁੰਦੀ ਹੈ। ਜਿਸ ਚੀਜ ਤੋਂ ਅਸੀ ਡਰਦੇ ਹਾਂ ਜਦ ਤਕ ਉਸ ਦੀ ਅਸਲੀਅਤ ਸਾਡੇ ਸਾਹਮਣੇ ਨਹੀ ਆਉਦੀ ਤਦ ਤਕ ਸਾਡੇ ਅੰਦਰੋ ਉਸ ਦਾ ਡਰ ਨਹੀ ਨਿਕਲਦਾ। ਜਿਹੜੀ ਚੀਜ ਸਾਨੂੰ ਡਰਾਉਦੀ ਹੈ ਜੇਕਰ ਅਸੀ ਆਪ ਉਸ ਤੋਂ ਵੱਡੇ ਰੂਪ ਵਾਲੇ ਬਣ ਜਾਈਏ ਫਿਰ ਤਾਂ ਹੀ ਉਸ ਦਾ ਡਰ ਨਿਕਲਦਾ ਹੈ। ਅੱਗ ਪਾਲੇ ਤੋਂ ਨਹੀ ਡਰਦੀ ਕਿਉਂਕਿ ਉਹ ਜਾਣਦੀ ਹੈ ਕਿ ਪਾਲਾ ਮੇਰਾ ਕੁਝ ਨਹੀ ਵਿਗਾੜ ਸਕਦਾ ਕਿਉਂਕਿ ਉਸ ਦੀ ਸਮਰਥਾ ਉਸ ਤੋਂ ਵੱਡੀ ਹੈ, ਉੱਚੀ ਹੈ। ਇਸੇ ਤਰਾਂ ਸੂਰਜ ਨੂੰ ਰਾਤ ਦੇ ਹਨੇਰੇ ਦੀ ਕੋਈ ਪਰਵਾਹ ਨਹੀ ਹੈ, ਉਸ ਦਾ ਕੋਈ ਭਉ ਨਹੀ ਹੈ ਕਿਉਂਕਿ ਉਹ ਹਨੇਰਾ ਉਸ ਨੇ ਆਪ ਹੀ ਦੂਰ ਕਰਨਾ ਹੈ। ਸੂਰਜ ਦੇ ਸਾਹਮਣੇ ਰਾਤ ਦੀ ਕੋਈ ਸਮਰਥਾ ਨਹੀ ਹੈ। ਇਸੇ ਤਰਾਂ ਚੰਦ ਨੂੰ ਹਨੇਰੇ ਦਾ ਕੋਈ ਭਉ ਨਹੀ ਹੈ ਕਿਉਂਕਿ ਉਹ ਆਪ ਹੀ ਚਾਨਣ ਦਾ

ਸ੍ਰੋਤ ਹੈ। ਇਸੇ ਤਰਾਂ ਪਉਣ ਤੇ ਪਾਣੀ ਨੂੰ ਆਪਣੇ ਨਾਲੋ ਕਿਸੇ ਹੋਰ ਜਾਤਿ ਦਾ ਉੱਚਾ ਹੋਣ

33/3775

ਦਾ ਭਉ ਨਹੀਂ ਹੈ ਕਿਉਂਕਿ ਪਉਣ ਤੇ ਪਾਣੀ ਦੇ ਰੂਪ ਵਿੱਚ ਉਹ ਕੇਵਲ ਆਪ ਹੀ ਹਨ ਤੇ ਉਹਨਾਂ ਤੋਂ ਉੱਚੀ ਜਾਤ ਵਾਲਾ ਕੋਈ ਹੋਰ ਹੋ ਹੀ ਨਹੀਂ ਸਕਦਾ । ਇਸੇ ਤਰ੍ਹਾਂ ਧਰਤੀ ਨੂੰ ਇਸ ਗੱਲ ਦਾ ਭਉ ਨਹੀਂ ਹੈ ਕਿ ਉਸ ਤੋਂ ਜਿਆਦਾ ਦਾਤਾਂ ਪੈਦਾ ਕਰਨ ਵਾਲਾ ਕੋਈ ਹੋਰ ਹੋ ਸਕਦਾ ਹੈ ਕਿਉਂਕਿ ਧਰਤੀ ਕੇਵਲ ਆਪ ਹੀ ਹੈ ਜੋ ਸਾਰੀਆ ਦਾਤਾਂ ਦਾ ਸ੍ਰੋਤ ਹੈ ।

ਉਪਰਲੀਆਂ ਸਾਰੀਆ ਪੰਗਤੀਆਂ ਰਾਹੀਂ ਸਾਰੇ ਨਿਰਭਉ ਰੂਪ ਹੀ ਸਮਝਾਏ ਹਨ ਜਿਨ੍ਹਾਂ ਨੂੰ ਦੁਸਰਿਆ ਦੀ ਅਸਲੀਅਤ ਦੀ ਸਮਝ ਹੈ ਤੇ ਉਹਨਾਂ ਨੂੰ ਕਿਸੇ ਦਾ ਭਉ ਨਹੀਂ ਹੈ ਭਾਵ ਉਹਨਾਂ ਦੀ ਆਪਣੀ ਸਮਰਥਾ ਸਭ ਤੋਂ ਉੱਚੀ ਹੈ। ਇਹਨਾਂ ਸਭ ਦੀ ਸਮਰਥਾ ਇਸ ਲਈ ਉੱਚੀ ਹੈ ਭਾਵ ਇਸੇ ਲਈ ਨਿਰਭਉ ਹਨ ਕਿਉਂਕਿ ਇਹ ਨਿਰਭਉ ਰੂਪ ਉਹਨਾਂ ਨੂੰ ਪ੍ਰਮਾਤਮਾ ਨੇ ਆਪ ਹੀ ਬਖਸ਼ਿਆ ਹੋਇਆ ਹੈ,ਉਹਨਾਂ ਦੀ ਪਤਿ ਪ੍ਰਮਾਤਮਾ ਨੇ ਆਪ ਹੀ ਉੱਚੀ ਕੀਤੀ ਹੋਈ ਹੈ। ਇਸੇ ਤਰ੍ਹਾਂ ਪ੍ਰਮਾਤਮਾ ਅਗਰ ਕਿਸੇ ਮਨੁੱਖ ਦਾ ਭਉ ਕੱਢਦਾ ਹੈ ਭਾਵ ਅਗਰ ਕਿਸੇ ਨੂੰ ਆਪਣਾ ਨਿਰਭਉ ਰੂਪ ਬਣਾਉਦਾ ਹੈ, ਕਿਸੇ ਦੀ ਪਤਿ ਰੱਖਦਾ ਹੈ ਤੇ ਆਪ ਹੀ ਕਿਸੇ ਨੂੰ ਅਸਲੀਅਤ ਸਮਝਾਉਦਾ ਹੈ, ਸੱਚੀ ਗੁਰਮਤਿ ਸਮਝਾਉਦਾ ਹੈ, ਸੱਚੇ ਗਿਆਨ ਨਾਲ ਜੋੜਦਾ ਹੈ ਜਿਸ ਦੁਆਰਾ ਮਨੁੱਖ ਭਰਮ ਤੋਂ ਰਹਿਤ ਹੁੰਦਾ ਹੈ ਤੇ ਉਹਨਾਂ ਗੱਲਾਂ ਵਿੱਚ ਭਉ ਮਹਿਸੂਸ ਨਹੀਂ ਕਰਦਾ ਜਿੰਨ੍ਹਾਂ ਵਿੱਚ ਧਰਮ ਦਾ ਮਾਰਗ ਨਹੀਂ ਹੈ ਤੇ ਨਾ ਹੀ ਉਹੋ ਜਿਹਿਆਂ ਦਾ ਭਉ ਮਹਿਸੂਸ ਕਰਦਾ ਹੈ ਜਿੰਨ੍ਹਾਂ ਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਹੀ ਹੈ ਤੇ ਐਵੇ ਆਪਣਾ ਝੂਠਾ ਭਉ ਬਣਾਕੇ ਬੈਠੇ ਹਨ। (**ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥ ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ ॥ ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥2॥**)

ਜਿਸ ਦੀ ਪ੍ਰਮਾਤਮਾ ਪਤਿ ਰੱਖਦਾ ਹੈ ਉਸ ਨੂੰ ਆਪਣੇ ਸੱਚ ਨਾਲ ਹੀ ਜੋੜਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਹੋ ਸਕਦੀ ਹੈ।ਪ੍ਰਮਾਤਮਾ ਦਾ ਸਚੁ ਰੂਪ ਹੀ ਮਨੁੱਖ ਨੂੰ ਨਿਰਭਉ ਬਣਾਉਦਾ ਹੈ ਤੇ ਕੇਵਲ ਸੱਚ ਦੇ ਭਉ ਵਿੱਚ ਹੀ ਰਹਿੰਦਾ ਹੈ। ਇਹ ਅਵਸਥਾ ਪ੍ਰਮਾਤਮਾ ਕਿਸੇ ਨੂੰ ਆਪਣਾ ਸੱਚਾ ਗਿਆਨ ਬਖਸ਼ ਕੇ ਹੀ ਦਿੰਦਾ ਹੈ ਜਿਵੇ ਕਿ ਸਾਨੂੰ ਉਪਰਲੇ ਸਲੋਕ ਦੀ ਪਉੜੀ ਰਾਹੀਂ ਸਮਝਾਇਆ ਹੋਇਆ ਹੈ। (**ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥ ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥ ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥ ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥ ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥ ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥ ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥26॥**)

ਪ੍ਰਮਾਤਮਾ ਆਪ "ਸਚੁ" ਰੂਪ ਹੈ ਜੋ ਕਿ ਪ੍ਰਮਾਤਮਾ ਦਾ ਨਿਰਭਉ ਰੂਪ ਹੈ।

33/3776

ਸੱਚ ਨੂੰ ਕਿਸੇ ਦਾ ਭਉ ਨਹੀ ਹੁੰਦਾ। ਸਦਾ ਤੋਂ ਸੱਚੀ ਹੋਂਦ ਕੇਵਲ ਸੱਚ ਦੀ ਹੈ, ਨਾਮ ਦੀ ਹੈ ਭਾਵ ਪ੍ਰਮਾਤਮਾ ਦੀ ਆਪਣੀ ਹੈ। ਜੋ ਪ੍ਰਮਾਤਮਾ ਦੇ ਸਚੁ ਰੂਪ ਨਾਲ ਜੁੜ ਜਾਂਦਾ ਹੈ ਉਹੀ ਆਵਾਗਉਣ ਤੋਂ ਨਿਕਲਦਾ ਹੈ। ਜੋ ਪ੍ਰਮਾਤਮਾ ਦੇ ਸਚੁ ਰੂਪ ਨਾਲ ਜੁੜ ਜਾਂਦਾ ਹੈ ਉਹ ਪ੍ਰਮਾਤਮਾ ਦੇ ਨਿਰਭਉ ਰੂਪ ਨਾਲ ਜੁੜ ਜਾਂਦਾ ਹੈ ਉਹ ਮਾਇਆ ਮੋਹ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ। ਸੱਚ ਦੇ ਭਉ ਤੋਂ ਬਿਨਾਂ ਹਰ ਭਉ ਝੂਠਾ ਹੈ, ਮਾਇਆ ਮੋਹ ਹੈ। ਸੱਚ ਦੀ ਪ੍ਰਾਪਤੀ ਸੱਚੇ ਗਿਆਨ ਦੀ ਪ੍ਰਾਪਤੀ ਹੈ ਜੋ ਸਾਨੂੰ ਹਰ ਦੂਸਰੇ ਭਉ ਵਿੱਚੋਂ ਕੱਢਦਾ ਹੈ। ਅਸੀ ਆਪਣੇ ਅੰਦਰ ਧਰਮ ਨੂੰ ਲੈ ਕੇ ਭਾਵ ਧਰਮ ਨੂੰ ਸਮਝਣ ਵਿੱਚ ਤੇ ਮੰਨਣ ਵਿੱਚ ਅਨੇਕਾਂ ਹੀ ਭਉ ਬਣਾਏ ਹੋਏ ਹਨ ਜ਼ਿੰਨਾਂ ਦਾ ਕਾਰਣ ਸਾਡੇ ਅੰਦਰ ਸੱਚ ਦੀ ਸੋਝੀ ਦਾ ਨਾ ਹੋਣਾ ਹੈ ਜੋ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਦੀਂ ਹੈ ਤੇ ਸਮਝ ਲਗਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਕੇਵਲ ਉਸ ਦੀ ਵਡਿਆਈ ਹੀ ਸੱਚੀ ਹੈ ਤੇ ਹੋਰ ਹਰ ਵਡਿਆਈ ਝੂਠੀ ਹੈ, ਧਰਮ ਦੇ ਮਾਰਗ ਤੇ ਉੱਚਾ ਸਮਝਣ ਵਾਲਿਆਂ ਦੀ ਵਡਿਆਈ ਝੂਠੀ ਹੈ ਤੇ ਉਹ ਸਭ ਆਵਾਗਉਣ ਵਿੱਚ ਹਨ। (**ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥ ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥**) ਭਰਮ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਭਉ ਉਹਨਾਂ ਦਾ ਬਣਿਆ ਰਹਿੰਦਾ ਹੈ ਜੋ ਆਵਾਗਉਣ ਵਿੱਚ ਹਨ।

ਇਸ ਗੱਲ ਨੂੰ ਹੇਠ ਦਿਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿੰਨ੍ਹਾਂ ਨੂੰ ਅਸੀ ਲੇਖ ਦੇ ਵਿੱਚ

ਕਾਫੀ ਪਿੱਛੇ ਪਹਿਲੇ ਵੀ ਸਮਝਿਆ ਹੈ।

“ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥”

(ਅੰਗ ੩੩੦)

ਉਪਰਲੀਆਂ ਪੰਗਤੀਆਂ ਰਾਹੀਂ ਸਾਡੇ ਅੰਦਰ ਦਾ ਭਉ ਹੀ ਸਮਝਾਇਆ ਹੋਇਆ ਹੈ। ਸਾਡੇ ਅੰਦਰ ਉਹਨਾਂ ਨੂੰ ਵੱਡੇ ਮੰਨਣ ਦਾ ਭਉ ਹੈ ਜਿੰਨ੍ਹਾਂ ਨੂੰ ਅਸੀ ਭਰਮ ਵਿੱਚ ਹੀ ਵੱਡੇ ਮੰਨਿਆ ਹੋਇਆ ਹੈ, ਪ੍ਰਮਾਤਮਾ ਦੇ ਰੂਪ ਮੰਨਿਆ ਹੋਇਆ ਹੈ, ਪ੍ਰਮਾਤਮਾ ਦੇ ਨਾਲ ਮਿਲੇ ਹੋਏ ਮੰਨਿਆ ਹੋਇਆ ਹੈ ਜਿਸ ਕਰਕੇ ਅਸੀ ਉਨ੍ਹਾਂ ਦੀ ਵਡਿਆਈ ਕਰਦੇ ਹਾਂ। ਅਸੀ ਇਹ ਸਮਝਦੇ ਹਾਂ ਕਿ ਉਹਨਾਂ ਨੂੰ ਸੁਖ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਈ ਹੈ ਤੇ ਉਹਨਾਂ ਦੇ ਨਾਲ ਜੁੜਕੇ, ਉਨ੍ਹਾਂ ਦੀ ਵਡਿਆਈ ਕਰਕੇ ਸਾਨੂੰ ਵੀ ਸੁਖ ਦੀ ਪ੍ਰਾਪਤੀ ਹੋਵੇਗੀ। ਸਾਨੂੰ ਇਹ ਸਮਝਾਇਆ ਗਿਆ ਹੈ ਕਿ ਉਨ੍ਹਾਂ ਨੂੰ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਨਹੀ ਹੋਈ, ਸੱਚੇ ਸੁਖ ਦੀ ਪ੍ਰਾਪਤੀ ਨਹੀ ਹੋਈ ਤੇ ਅਸੀ ਵਿਅਰਥ ਵਿੱਚ ਹੀ ਉਨ੍ਹਾਂ ਨੂੰ ਉੱਚਾ ਮੰਨਣ ਦਾ ਭਉ ,ਉਨ੍ਹਾਂ ਨੂੰ ਪੂਜਣ ਦਾ ਭਉ ਆਪਣੇ ਅੰਦਰ ਪਾਲਿਆ ਹੋਇਆ ਹੈ ਜੋ ਕਿ ਵਿਅਰਥ ਦਾ ਭਉ ਹੈ। ਪ੍ਰਮਾਤਮਾ ਕਿਸੇ ਅਕਾਰ ਰੂਪ ਵਿੱਚ ਨਹੀਂ

33/3777

ਹੈ। ਉਹ ਨਿਰੰਕਾਰ ਰੂਪ ਹੈ, ਆਕਾਰ ਰਹਿਤ ਰੂਪ ਵਿੱਚ ਹੈ ਭਾਵ ਨਿਰਗੁਣ ਰੂਪ ਵਿੱਚ ਹੈ ਜੋ ਕਿ ਉਸ ਦਾ ਸਚੁ ਰੂਪ ਹੈ। ਧੰਨ ਧੰਨ ਭਗਤ ਕਬੀਰ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈ ਪ੍ਰਮਾਤਮਾ ਨੂੰ ਜਾਣਦਾ ਹਾਂ ਜੋ ਕਿ ਮੇਰੇ ਅੰਦਰ ਹੀ ਹੈ ਤੇ ਸਚੁ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ। ਜੋ ਪ੍ਰਮਾਤਮਾ ਦੇ ਸਚੁ ਰੂਪ ਨੂੰ ਜਾਣਦਾ ਹੈ ਉਹ ਮਨ ਦੇ ਵਿੱਚੋਂ ਹੀ ਜਾਣਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸ਼ਿਵ, ਬ੍ਰਹਮਾ, ਨਾਰਦ ,ਮੁਨਿ ਆਦਿ ਨੇ ਆਪਣੇ ਆਪ ਨੂੰ ਵੱਡਾ ਅਖਵਾਇਆ ਹੈ ਪਰ ਉਨ੍ਹਾਂ ਨੇ ਆਪਣੇ ਅੰਦਰ ਦੇ ਮਨ ਨੂੰ ਨਹੀਂ ਜਾਣਿਆ ਜਿਸ ਰਾਹੀਂ ਪ੍ਰਮਾਤਮਾ ਦੇ ਦਰਸ਼ਨ ਹੰਦੇ ਹਨ, ਉਸ ਦੇ ਨਿੰਰਕਾਰ ਰੂਪ ਦੇ ਦਰਸ਼ਨ ਹੰਦੇ ਹਨ, ਬ੍ਰਹਮ ਗਿਆਨ ਰੂਪ ਦੇ ਦਰਸ਼ਨ ਹੰਦੇ ਹਨ ਤੇ ਸਮਝ ਲੱਗਦੀ ਹੈ ਕਿ ਅਸਲ ਵਿੱਚ ਸਾਰੇ ਸੰਸਾਰ ਵਿੱਚ ਵਡਿਆਈ ਕਿਸ ਦੀ ਸੱਚੀ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਨਣ ਦੇ ਨਾਲ ਮਨੁੱਖ ਦਾ ਭਰਮ ਹੀ ਦੂਰ ਹੁੰਦਾ ਹੈ ਤੇ ਫਿਰ ਮਨੁੱਖ ਉਨ੍ਹਾਂ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ ਜਿੰਨ੍ਹਾਂ ਨੂੰ ਉੱਚਾ ਮੰਨਣ ਦਾ ਭਉ ਅਸੀ ਭਰਮ ਵਿੱਚ ਹੀ ਆਪਣੇ ਅੰਦਰ ਪਾਲਿਆ ਹੋਇਆ ਹੈ। ਭਰਮ ਵਿੱਚ ਅਸੀ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਅਨੇਕਾਂ ਹੀ ਝੂਠੇ ਭਉ ਬਣਾਏ ਹੋਏ ਹਨ ਜਿੰਨ੍ਹਾਂ ਦੀ ਸੋਝੀ ਪ੍ਰਮਾਤਮਾ ਦੇ ਸਚੁ ਰੂਪ ਨਾਲ ਜੁੜਨ ਦੁਆਰਾ ਹੈ ਪੈਦੀ ਹੈ, ਮਨ ਦੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੋਣ ਦੁਆਰਾ ਹੀ ਪੈਦੀ ਹੈ ਭਾਵ ਭਰਮ ਨਿਕਲਣ ਦੁਆਰਾ ਹੀ ਪੈਂਦੀ ਹੈ। (**ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥2॥ ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥3॥**)

ਸਾਡੀ ਵੱਡੀ ਭੁੱਲ ਸੱਚ ਨੂੰ ਸਮਝਣ ਵਿੱਚ ਹੈ, ਨਾਮ ਨੂੰ ਸਮਝਣ ਵਿੱਚ ਹੈ, ਗੁਰਮਤਿ ਨੂੰ ਸਮਝਣ ਵਿੱਚ ਹੈ। ਸਾਡਾ ਇਕੋ ਇਕ ਸੱਚਾ ਭਉ ਸੱਚ ਦਾ ਭਉ ਹੈ। ਸੱਚ ਨੂੰ ਮੰਗਣ ਵਾਲੇ ਵਿਰਲੇ ਹੀ ਹੁੰਦੇ ਹਨ। ਸੱਚ ਮੰਗਣਾ ਔਖਾ ਹੈ,ਸੱਚ ਨੂੰ ਕਬੂਲ ਕਰਨਾ ਔਖਾ ਹੈ। ਆਪਣਾ ਸੱਚ ਪ੍ਰਮਾਤਮਾ ਆਪ ਹੀ ਕਿਸੇ ਨੂੰ ਕਬੂਲ ਕਰਵਾਉਂਦਾ ਹੈ ਤੇ ਇਹੀ ਗੱਲ ਸਾਨੂੰ ਮੁਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

(ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥
ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥ ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥)

“ਸਚੁ”ਦੀ ਕਦਰ ਉਦੋਂ ਹੀ ਪੈਂਦੀ ਹੈ ਕਿ ਸੱਚ ਕਿਤਨੀ ਵੱਡੀ ਚੀਜ ਹੈ ਜਦੋਂ ਕਿਸੇ ਨੂੰ “ਸਚੁ” ਦੀ ਪ੍ਰਾਪਤੀ ਹੋ ਜਾਂਦੀ ਹੈ। “ਸਚੁ” ਦੀ ਪ੍ਰਾਪਤੀ ਤੋਂ ਪਹਿਲਾ ਕੋਈ ਸਚੁ ਦੀ ਕਦਰ ਨੂੰ ਨਹੀ ਜਾਣ ਸਕਦਾ ਕਿ ਸੱਚ ਕਿਤਨੀ ਕੁ ਵੱਡੀ ਚੀਜ ਹੈ। “ਸਚੁ” ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਅਸਥਾਨ ਹੈ ਜਿਸ ਵਿੱਚ ਪ੍ਰਮਾਤਮਾ ਸਚੁ ਦੇ ਰੂਪ ਵਿੱਚ ਹੀ

ਹੈ, ਸੱਚੇ ਗਿਆਨ

33/3778

ਦੇ ਰੂਪ ਵਿੱਚ ਹੈ। ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸੱਚ ਸਾਨੂੰ ਕਿਸ ਰੂਪ ਵਿੱਚ ਮਿਲਦਾ ਹੈ ਜੋ ਕਿ ਪ੍ਰਮਾਤਮਾ ਦਾ ਸਭ ਤੋਂ ਵੱਡਾ ਦਾਨ ਹੈ, ਮਨੁੱਖ ਦੇ ਉੱਤੇ ਉਸ ਦਾ ਸਭ ਤੋਂ ਵੱਡਾ ਕਰਮ ਹੈ। ‘‘ਸਚੁ’’ ਦੇ ਦਾਨ ਦੀ ਪ੍ਰਾਪਤੀ ਜਾਂ ‘‘ਗਿਆਨੁ ਧਿਆਨੁ’’ ਵਾਲੀ ਅਵਸਥਾ ਦੀ ਪ੍ਰਾਪਤੀ ਇਕੋ ਹੀ ਗੱਲ ਹੈ। ‘‘ਸਚੁ’’ ਦੀ ਸਮਝ ਮਨੁੱਖ ਨੂੰ ‘‘ਗਿਆਨੁ ਧਿਆਨੁ’’ ਵਾਲੀ ਅਵਸਥਾ ਦੁਆਰਾ ਹੀ ਪੈਂਦੀ ਹੈ ਤੇ ਇਹੀ ਇਸ ਅਵਸਥਾ ਦਾ ਮਕਸਦ ਹੈ ਜਿਸ ਅਵਸਥਾ ਦੁਆਰਾ ਪ੍ਰਮਾਤਮਾ ਆਪਣਾ ਸੱਚਾ ਗਿਆਨ ਬਖਸ਼ਦਾ ਹੈ। ਪੂਰੀ ਗੁਰਬਾਣੀ ਦੀ ਰਚਨਾ ਮਨ ਦੀ ਇਸ ਅਵਸਥਾ ਦੁਆਰਾ ਹੀ ਹੋਈ ਹੈ। ਜੋ ਮਨੁੱਖ ਪਹਿਲੇ ਸੱਚ ਤੇ ਚੱਲਣ ਦਾ ਉੱਦਮ ਕਰਦਾ ਹੈ ਭਾਵ ਸੱਚ ਨੂੰ ਮੰਨਣ ਦਾ ਉੱਦਮ ਕਰਦਾ ਹੈ ਉਸ ਨੂੰ ਹੀ ਪ੍ਰਮਾਤਮਾ ਇਹ ਅਵਸਥਾ ਬਖਸ਼ਣ ਦੀ ਕਿਰਪਾ ਕਰਦਾ ਹੈ। ਇੱਕ ਵਾਰੀ ਸੱਚ ਦੀ ਪ੍ਰਾਪਤੀ ਹੋਣ ਤੋਂ ਬਾਦ ਫਿਰ ਮਨੁੱਖ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ, ਮਨ ਦੇ ਰਾਹੀਂ ਉਸ ਦੇ ਸਚੁ ਰੂਪ ਵਿੱਚ ਸਮਾ ਜਾਂਦਾ ਹੈ, ਉਸ ਦੇ ਸੱਚੇ ਗਿਆਨ ਦੇ ਰੂਪ ਵਿੱਚ ਸਮਾ ਜਾਂਦਾ ਹੈ, ਨਾਮ ਦੇ ਰੂਪ ਵਿੱਚ, ਬ੍ਰਹਮ ਦੇ ਰੂਪ ਵਿੱਚ ਸਮਾ ਜਾਂਦਾ ਹੈ। ਉਸ ਅਵਸਥਾ ਤੋਂ ਬਾਦ ਫਿਰ ਮਨੁੱਖ ਨੂੰ ਸੱਚ ਹੀ ਭਾਉਦਾ ਹੈ ਤੇ ਫਿਰ ਮਨੁੱਖ ਪ੍ਰਮਾਤਮਾ ਕੋਲੋਂ ਸੱਚ ਦੀ ਮੰਗ ਹੀ ਕਰਦਾ ਹੈ, ਸੱਚੀ ਸੋਝੀ ਦੀ ਮੰਗ ਹੀ ਕਰਦਾ ਹੈ, ਸੱਚ ਤੇ ਚੱਲਣ ਦੀ ਮੰਗ ਹੀ ਕਰਦਾ ਹੈ ਤੇ ਸੱਚ ਤੇ ਅਡੋਲ ਹੋ ਕੇ ਵਿਚਰਦਾ ਹੈ। ਧਰਮ ਦੇ ਸੱਚੇ ਮਾਰਗ ਦੀ ਸੋਝੀ ਮਨ ਦੀ ਇਸ ਅਵਸਥਾ ਦੁਆਰਾ ਹੀ ਪੈਂਦੀ ਹੈ ਤੇ ਇਸ ਗੱਲ ਦੀ ਸੋਝੀ ਵੀ ਤਾਂ ਹੀ ਪੈਂਦੀ ਹੈ ਕਿ ਧਰਮ ਦਾ ਸੱਚਾ ਮਾਰਗ ਜਾਨਣ ਵਾਲੇ ਕੌਣ ਹਨ ਤੇ ਉਹਨਾਂ ਨੇ ਇਹ ਮਾਰਗ ਕਿਸ ਤਰੀਕੇ ਜਾਣਿਆ ਹੈ ਭਾਵ ਇਸ ਮਾਰਗ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨੇ ਹੀ ਜਾਣਿਆ ਹੈ ਜਿਸ ਵਿੱਚ ਪੂਰਨ ਸੱਚ ਹੈ। ਸਾਨੂੰ ਸੱਚ ਸਮਝਾਉਣ ਵਾਲੇ ਬਹੁਤ ਹਨ, ਉੱਚਾ ਅਖਵਾਉਣ ਵਾਲੇ ਬਹੁਤ ਹਨ, ਪਰ ਉਹ ਸਭ ਭਰਮ ਵਿੱਚ ਹੀ ਹਨ ਤੇ ਅਸੀ ਭਰਮ ਵਿੱਚ ਹੀ ਉਹਨਾਂ ਨੂੰ ਧਰਮ ਦੇ ਮਾਰਗ ਤੇ ਸੱਚਾ ਸਮਝਕੇ ਉਨ੍ਹਾਂ ਦਾ ਭਉ ਮੰਨਿਆ ਹੋਇਆ ਹੈ। ਮਨੁੱਖ ਨੂੰ ਨਿਰਭਉ ਪ੍ਰਮਾਤਮਾ ਦਾ ਸਚੁ ਰੂਪ ਹੀ ਕਰਦਾ ਹੈ ਤੇ ਜੋ ਉਸ ਦੇ ਨਿਰਭਉ ਰੂਪ ਨਾਲ ਜੁੜ ਜਾਂਦੇ ਹਨ ਉਹ ਫਿਰ ਭਰਮਿਆਂ ਹੋਇਆਂ ਦੀ ਗੱਲ ਵਿੱਚ ਨਹੀ ਆਉਦੇ, ਕਿਸੇ ਦੀ ਮਤਿ ਦੇ ਪਿੱਛੇ ਨਹੀ ਚਲੱਦੇ ਭਾਵ ਕੇਵਲ ਸੱਚ ਦੀ ਮਤਿ ਪਿੱਛੇ ਚੱਲਦੇ ਹਨ। ਉਹਨਾਂ ਅੰਦਰ ਕੇਵਲ ਸੱਚ ਦਾ ਭਉ ਹੁੰਦਾ ਹੈ ਤੇ ਹੋਰ ਕਿਸੇ ਦਾ ਭਉ ਨਹੀ ਹੁੰਦਾ ,ਕੇਵਲ ਗੁਰਮਤਿ ਦਾ ਭਉ ਹੁੰਦਾ ਹੈ ਤੇ ਕਿਸੇ ਮਨਮਤਿ

33/3779

ਵਾਲੇ ਦਾ ਭਉ ਨਹੀ ਹੁੰਦਾ, ਭਰਮ ਵਿੱਚ ਉੱਚਾ ਅਖਵਾਉਣ ਵਾਲਿਆਂ ਦਾ ਭਉ ਨਹੀ ਹੁੰਦਾ। ਉਹ ਕੇਵਲ ਪ੍ਰਮਾਤਮਾ ਦਾ ਫੁਰਮਾਨ ਮੰਨਦੇ ਹਨ ਜੋ ਸਚੁ ਦੇ ਰੂਪ ਵਿੱਚ ਉਹਨਾਂ ਨੂੰ ਆਪਣੇ ਅੰਦਰੋਂ ਹੀ ਮਿਲਦਾ ਹੈ, ਸ਼ਬਦਾਂ ਦੁਆਰਾ ਮਿਲਦਾ ਹੈ ਜੋ ਉਹਨਾਂ ਦੇ ਰੂਪ ਨੂੰ ਸੋਹਣਾ ਬਣਾਉਦਾਂ ਹੈ, ਉੱਚਾ ਬਣਾਉਦਾਂ ਹੈ, ਜਿਸ ਦੁਆਰਾ ਉਹਨਾਂ ਨੂੰ ਸੱਚੀ ਵਡਿਆਈ ਮਿਲਦੀ ਹੈ। (**ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ॥ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ॥ ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ॥**) ਅਚੱਲ ਕੇਵਲ ਗੁਰੂ ਦੀ ਮਤਿ ਹੈ ਜੋ ਕਿ ਸਚੁ ਦੇ ਰੂਪ ਵਿੱਚ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਅਚੱਲ ਰੂਪ ਮਤਿ ਬਖਸ਼ ਦਿੰਦਾ ਹੈ ਉਹ ਫਿਰ ਕਿਸੇ ਹੋਰ ਦੀ ਮਤਿ ਦੁਆਰਾ ਨਹੀ ਚਲ ਸਕਦਾ ਭਾਵੇ ਉਸ ਨੂੰ ਕੋਈ ਵੀ ਚਲਾਉਣਾ ਚਾਹੇ ਕਿਉਂਕਿ ਉਸ ਨੂੰ ਇਹ ਸਮਝ ਲਗ ਜਾਂਦੀ ਹੈ ਕਿ ਸੱਚੀ ਮਤਿ ਕੇਵਲ ਉਹੀ ਹੈ ਜੋ ਸਿੱਧੀ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ ਤੇ ਪ੍ਰਮਾਤਮਾ ਕੋਲੋਂ ਇਹੋ ਜਿਹੀ ਮਤਿ ਮਿਲੇ ਬਿਨਾਂ ਹਰ ਕੋਈ ਭਰਮ ਵਾਲੀ ਮਤਿ ਵਿੱਚ ਹੀ ਹੈ।

ਸਲੋਕ ਮਃ ੩ ॥

{ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥

ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥

ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥

ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥

ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥}

(ਅੰਗ ੫੪੯)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਨੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ ੧੨੪੩)

ਪਉੜੀ ॥
{ਕਾਇਆ ਹੰਸ ਧੁਰਿ ਮੇਲੁ ਕਰਤੈ ਲਿਖਿ ਪਾਇਆ ॥
ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥
ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ ॥
ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ ॥
ਸਭੁ ਕਿਛੁ ਆਪੇ ਆਪਿ ਹੈ ਆਪੇ ਦੇਇ ਵਡਿਆਈ ॥੧੪॥}

(ਅੰਗ ੯੫੪)

ਜਿਸ ਨੂੰ ਪ੍ਰਮਾਤਮਾ ਦੇ ਕੋਲੋਂ ਸੱਚ ਦਾ ਦਾਨ ਮਿਲ ਜਾਂਦਾ ਹੈ, ਨਾਮ ਦਾ ਦਾਨ ਮਿਲ ਜਾਂਦਾ ਹੈ, "ਗਿਆਨੁ ਧਿਆਨੁ" ਰੂਪ ਦਾਨ ਮਿਲ ਜਾਂਦਾ ਹੈ ਉਸ ਤੋਂ ਬਾਦ ਪ੍ਰਮਾਤਮਾ ਦਾ ਇਹ ਗਿਆਨ ਰੂਪ ਦਾਨ ਪ੍ਰਮਾਤਮਾ ਕੋਲੋਂ ਮਿਲਦਾ ਹੀ ਰਹਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦਾ ਹੀ ਰਹਿੰਦਾ ਹੈ ਜਿਸ ਦੁਆਰਾ ਉਹ ਮਨੁੱਖ ਦੀ ਸੋਝੀ ਨੂੰ ਵਧਾਉਂਦਾ ਰਹਿੰਦਾ ਹੈ ਤੇ ਮਨੁੱਖ ਨੂੰ ਪ੍ਰਮਾਤਮਾ ਦਾ ਇਹ ਦਾਨ ਹੀ ਭਾਉਂਦਾ ਹੈ ਭਾਵ ਮਨੁੱਖ ਦਾਤਾਂ ਦੇ ਮੋਹ

ਵਿੱਚੋਂ, ਦਾਤਾਂ ਮਿਲਣ ਦੇ ਭਉ ਵਿੱਚੋਂ ਨਿਕਲ ਜਾਂਦਾ ਹੈ, ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ ਜੋ ਕਿ ਮਨ ਦੀ ਸੋਝੀ ਦੁਆਰਾ ਪ੍ਰਮਾਤਮਾ ਆਪ ਹੀ ਕੱਢਦਾ ਹੈ। ਪ੍ਰਮਾਤਮਾ ਨੂੰ ਸੱਚ ਭਾਉਂਦਾ ਹੈ ਤੇ ਜਿੱਥੇ ਉਹ ਪ੍ਰਗਟ ਹੁੰਦਾ ਹੈ ਉਹ ਫਿਰ ਪ੍ਰਮਾਤਮਾ ਕੋਲੋਂ ਉਹ ਕੁਝ ਮੰਗਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਜਿਸ ਦੁਆਰਾ ਸੱਚ ਦੇ ਦਾਨ ਦੀ ਪ੍ਰਾਪਤੀ ਕਰਨ ਵਾਲਾ ਉਸ ਦੇ ਭਾਣੇ ਅਨੁਸਾਰ ਵਿਚਰਦਾ ਹੈ। (**ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥ ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥26॥**)

ਪ੍ਰਮਾਤਮਾ ਦਾ ਦਾਨ ਸੱਚ ਦੇ ਰੂਪ ਵਿੱਚ ਹੀ ਮਿਲਦਾ ਹੈ ਜੋ ਸਾਨੂੰ ਉਸ ਦੇ ਨਿਰਭਉ ਰੂਪ ਨਾਲ ਜੋੜਦਾ ਹੈ। ਸਾਡੇ ਅੰਦਰ ਜਿਹੋ ਜਿਹਾ ਭਉ ਵਸਿਆ ਹੋਇਆ ਹੈ ਉਹ ਮਾਇਆ ਮੋਹ ਵਾਲਾ ਭਉ ਹੈ ਜਿਸਦੇ ਰਹਿੰਦਿਆਂ ਅਸੀਂ ਸੱਚਾ ਦਾਨ ਮੰਗਣ ਵਾਲੇ ਭਉ ਨਾਲ ਨਹੀਂ ਜੁੜ ਸਕਦੇ। ਸੱਚਾ ਦਾਨ ਮੰਗਣ ਦੇ ਭਉ ਨੂੰ ਅਪਨਾਉਣਾ ਬਹੁਤ ਔਖਾ ਹੈ। ਜੇਕਰ ਧਿਆਨ ਨਾਲ ਸਮਝਾਂਗੇ ਤਾਂ ਇਹ ਸੱਚ ਦਾ ਦਾਨ ਮੰਗਣ ਦਾ ਭਉ ਹੀ ਸਾਡੇ ਅੰਦਰ ਵਸਾਉਣ ਦੀ ਲੋੜ ਹੈ। ਪ੍ਰਮਾਤਮਾ ਦਾ ਇਹ ਦਾਨ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਨੂੰ ਅਪਨਾਉਣ ਦੁਆਰਾ ਮਿਲਦਾ ਹੈ। ਜਦ ਤਕ ਸਾਡੇ ਅੰਦਰ ਸੱਚੀ ਮਤਿ ਨੂੰ ਅਪਨਾਉਣ ਦਾ ਭਾਵ ਮਾਇਆ ਮੋਹ ਛੱਡਣ ਦਾ ਭਉ ਹੈ, ਸ਼ਬਦਾਂ ਦੀ ਵੀਚਾਰ ਨੂੰ ਨਾ ਕਬੂਲ ਕਰਨ ਦਾ ਭਉ ਹੈ ਤਦ ਤਕ ਅਸੀਂ ਪ੍ਰਮਾਤਮਾ ਕੋਲੋਂ ਉਸ ਦਾ ਸਚੁ ਰੂਪ ਦਾਨ, ਨਾਮ ਰੂਪ ਦਾਨ ਨਹੀਂ ਪਾ ਸਕਦੇ। ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਹੀ ਸ਼ਬਦਾਂ ਦੀ ਵੀਚਾਰ ਹੈ, ਉਸ ਦਾ ਨਾਮ ਹੈ ਤੇ ਜਦ ਤਕ ਅਸੀਂ ਉਸ ਦੀ ਮਤਿ ਨੂੰ ਮੰਨਣ ਤੋਂ ਇਨਕਾਰ ਕਰਾਂਗੇ ਭਾਵ ਮੰਨਣ ਤੋਂ ਦੌੜਾਂਗੇ, ਮਾਇਆ ਮੋਹ ਨੂੰ ਛੱਡਣ ਤੋਂ ਦੌੜਾਂਗੇ ਫਿਰ ਅਸੀਂ ਇਹ ਸਚੁ ਰੂਪ ਦਾਨ ਕਿਵੇਂ ਪਾ ਸਕਦੇ ਹਾਂ। ਪ੍ਰਮਾਤਮਾ ਦੇ ਨਿਰਭਉ ਰੂਪ ਨਾਲ ਜੁੜਨ ਤੋਂ ਪਹਿਲਾਂ ਸਾਨੂੰ ਸ਼ਬਦਾਂ ਦੀ ਵਿਚਾਰ ਦੇ ਭਉ ਨੂੰ, ਨਾਮ ਨੂੰ ਮੰਨਣ ਦੇ ਭਉ ਨੂੰ ਮੰਨਣਾ ਹੀ ਪਵੇਗਾ। (**ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥1॥**) ਅੰਗ - 1010

ਪ੍ਰਮਾਤਮਾ ਦੇ ਸਚੁ ਰੂਪ ਦਾਨ ਦਾ ਮਕਸਦ, ਨਾਮ ਦਾਨ ਦਾ ਮਕਸਦ ਮਨੁੱਖ ਨੂੰ ਸਚੁ ਰੂਪ ਸੋਝੀ ਪਾਉਣ ਨਾਲ ਹੀ ਹੈ ਤੇ ਹੋਰ ਕੁਝ ਵੀ ਨਹੀਂ। ਮਨੁੱਖ ਜੋ ਕੁਝ ਵੀ ਕਰਦਾ ਹੈ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ। ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਸੱਚੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਸਭ ਭਰਮਾਂ ਵਿੱਚੋਂ ਨਿਕਲ ਜਾਂਦਾ ਹੈ। ਗੁਰੂ ਦਾ ਮਕਸਦ ਆਪਣੇ ਗਿਆਨ ਰਾਹੀਂ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ। ਗੁਰੂ ਆਪਣੇ ਉੱਚੇ ਗਿਆਨ ਦੁਆਰਾ ਹਰ ਭਰਮ ਵਿੱਚੋਂ ਨਿਕਲਿਆ ਹੋਇਆ ਹੈ ਕਿਉਂਕਿ ਆਪਣੇ ਗੁਰੂ ਰੂਪ ਵਿੱਚ ਸੋਝੀ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ। ਇਹੀ ਗੱਲ ਸਾਨੂੰ ਅਗਲੇ ਸਲੋਕਾਂ ਰਾਹੀਂ ਤੇ ਪਉੜੀ ਰਾਹੀਂ ਸਮਝਾਈ ਹੋਈ ਹੈ।

33/3781

ਸਲੋਕੁ ਮਃ ੨ ॥

{ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥}

(ਅੰਗ ੧੫੦)

ਮਃ ੧ ॥

{ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥
ਕਹਿ ਕਹਿ ਕਥਨਾ ਮਾਇਆ ਲੂਝੈ ॥ ਹੁਕਮੀ ਸਗਲ ਕਰੇ ਆਕਾਰ ॥
ਆਪੇ ਜਾਣੈ ਸਰਬ ਵੀਚਾਰ ॥ ਅਖਰ ਨਾਨਕ ਅਖਿਓ ਆਪਿ ॥ ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥}

(ਅੰਗ ੧੫੦)

ਪਉੜੀ ॥

{ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ }

(ਅੰਗ ੧੫੦)

ਉਪਰਲੇ ਦੋਨਾਂ ਸਲੋਕਾਂ ਤੇ ਪਉੜੀ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਭਾਵ ਆਪਣੀ ਅਵਸਥਾ ,ਗੁਰੂ ਰੂਪ ਅਵਸਥਾ, ਭਗਤ ਰੂਪ ਅਵਸਥਾ ਸਮਝਾਈ ਹੋਈ ਹੈ ਕਿ ਉਹਨਾਂ ਨੂੰ ਸੱਚ ਦੀ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਕਿਥੋ ਹੋਈ ਹੈ, ਕਿਸ ਗੁਰੂ ਕੋਲੋਂ ਹੋਈ ਹੈ ਤੇ ਕਿਸ ਮਕਸਦ ਲਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀ ਗੁਰੂ ਦੇ ਸੱਚੇ ਗਿਆਨ ਵਿੱਚ ਤੇ ਭਰਮਿਆਂ ਹੋਇਆ ਦੇ ਗਿਆਨ ਵਿੱਚ ਭਾਵ ਗੁਰਮਤਿ ਵਿੱਚ ਤੇ ਮਨਮਤਿ ਵਿੱਚ ਫਰਕ ਸਮਝ ਸਕੀਏ ਕਿ ਇਹ ਇਤਨਾ ਫਰਕ ਕਿਸ ਲਈ ਹੈ।

ਸਲੋਕੁ ਮਃ ੨ ॥

"ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥"

(ਅੰਗ ੧੫੦)

ਉਪਰਲੇ ਸਲੋਕ ਰਾਹੀਂ ਧੰਨ ਧੰਨ ਦੂਜੀ ਪਾਤਸ਼ਾਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਉਹਨਾਂ ਦਾ ਗੁਰੂ ਕੌਣ ਹੈ ਜਿਸ ਕੋਲੋਂ ਉਹਨਾਂ ਨੂੰ ਸਿਖਿਆ ਮਿਲੀ ਹੈ, ਉਹਨਾਂ ਨੂੰ ਪ੍ਰਮਾਤਮਾ ਦੀ ਸਿਫਤ ਕਰਨ ਦੀ ਸੋਝੀ ਪਈ ਹੈ ਕਿ ਪ੍ਰਮਾਤਮਾ ਦੀ ਸਿਫਤ ਕਿਵੇ ਕੀਤੀ ਜਾਂਦੀ ਹੈ ਤੇ ਉਸ ਪ੍ਰਮਾਤਮਾ ਦੇ ਸਚੁ ਰੂਪ ਵਿੱਚ ਕਿਵੇ ਸਮਾਇਆ ਜਾਂਦਾ ਹੈ। ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਨੂੰ ਸਿਖਿਆ ਪ੍ਰਮਾਤਮਾ ਨੇ ਆਪ ਆਖ ਕੇ ਸੁਣਾਈ ਹੈ, ਆਪ ਆਖ ਕੇ ਬੁਝਾਇਆ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਮੈਨੂੰ ਸੱਚੀ ਮਤਿ ਦੀ ਸੋਝੀ ਪਾਈ ਹੈ ਜਿਸ ਦੁਆਰਾ ਮੈਨੂੰ ਪ੍ਰਮਾਤਮਾ ਦੀ ਸਿਫਤ ਕਰਨ ਦੀ ਸੋਝੀ ਪਈ ਹੈ ਤੇ ਮੈ

ਪ੍ਰਮਾਤਮਾ ਦੇ ਸਚੁ ਰੂਪ ਵਿੱਚ ਭਾਵ ਉਸ ਦੇ ਸੱਚੇ ਗਿਆਨ ਦੇ ਰੂਪ ਵਿੱਚ ਮਨ ਦੀ ਸੋਝੀ ਰਾਹੀਂ ਸਮਾਇਆ ਹੋਇਆ ਹਾਂ। ਜਿਸ ਨੂੰ ਪ੍ਰਮਾਤਮਾ ਕੋਲੋਂ ਇਹ ਦੀਖਿਆ ਭਾਵ ਸੱਚਾ ਗਿਆਨ ਮਿਲ ਜਾਂਦਾ ਹੈ ਉਹ ਫਿਰ ਦੂਸਰਿਆ ਨੂੰ ਭਾਵ ਸੰਸਾਰ ਨੂੰ ਸੱਚਾ ਗਿਆਨ ਦੇਣ ਵਾਲਾ, ਉਪਦੇਸ਼ ਕਰਨ ਵਾਲਾ ਬਣ ਜਾਂਦਾ ਹੈ ਜਿਵੇਂ ਕਿ ਗੁਰੂ ਸਾਰੇ ਸੰਸਾਰ ਨੂੰ ਸੱਚਾ ਉਪਦੇਸ਼ ਸੁਣਾ ਰਿਹਾ ਹੈ। ਮਨ ਦੇ ਵਿੱਚ ਗਿਆਨ ਦੇਣ ਵਾਲਾ , ਸੋਝੀ ਪਾਉਣ ਵਾਲਾ ਕਿਉਂਕਿ ਪ੍ਰਮਾਤਮਾ ਆਪ ਹੈ, ਇਸੇ ਲਈ ਉਹ ਆਪ ਹੀ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਗੁਰੂ ਹੈ। ਜਦੋ ਪ੍ਰਮਾਤਮਾ ਕਿਸੇ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣਾ ਸੱਚਾ ਗਿਆਨ ਦੇ ਦਿੰਦਾ ਹੈ, ਗੁਰੂ ਰੂਪ ਵਿੱਚ ਗਿਆਨ ਦੇ ਦੇਂਦਾ ਹੈ ਭਾਵ ਜਿੰਨ੍ਹਾਂ ਨੂੰ ਉਹ ਆਪਣਾ ਗੁਰੂ ਰੂਪ ਥਾਪ ਦਿੰਦਾ ਹੈ ਉਨ੍ਹਾਂ ਤੋਂ ਉੱਚਾ ਤੇ ਸੱਚਾ ਗਿਆਨ ਫਿਰ ਕਿਸੇ ਹੋਰ ਕੋਲ ਨਹੀ ਹੋ ਸਕਦਾ ਤੇ ਉਨ੍ਹਾਂ ਨੂੰ ਹੋਰ ਕੋਈ ਭਗਤੀ ਸਮਝਾਉਣ ਲਈ ਉਪਦੇਸ਼ ਨਹੀਂ ਦੇ ਸਕਦਾ ਭਾਵ ਨਹੀ ਦਿੱਤਾ ਜਾ ਸਕਦਾ ਕਿਉਂਕਿ ਉਹ ਮਨ ਦੇ ਗਿਆਨ ਰਾਹੀਂ ਸੱਚੇ ਗੁਰੂ, ਜਗਤ ਗੁਰੂ ਪ੍ਰਮਾਤਮਾ ਦੇ ਗਿਆਨ ਦੇ ਨਾਲ ਜੁੜੇ ਹੁੰਦੇ ਹਨ, ਗਿਆਨ ਦੇ ਮਾਲਕ ਦੇ ਨਾਲ ਜੁੜੇ ਹੁੰਦੇ ਹਨ। (**ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥ ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥1॥**) "**ਜਿਨ ਗੁਰੁ ਨਾਨਕ ਦੇਉ**" ਤੋਂ ਭਾਵ ਹੈ ਜਿਨ੍ਹਾਂ ਦਾ ਗੁਰੂ ਆਪ "**ਦੇਉ**" ਹੈ ਭਾਵ ਪ੍ਰਮਾਤਮਾ ਹੈ।

{ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥

ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥}

(ਅੰਗ ੯੪੩)

{ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥

ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥

ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥}

{ਅੰਗ ੮੭੯}

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

{ਅੰਗ ੯੨}

ਜੋ ਗੱਲ ਸਾਨੂੰ ਪਹਿਲੇ ਸਲੋਕ ਰਾਹੀਂ ਸਮਝਾਈ ਗਈ ਹੈ, ਉਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ ਤੇ ਦੀਖਿਆ

ਮਿਲਣ ਦਾ ਲੈਣ ਦਾ, ਮਕਸਦ ਕਿਵੇਂ ਪੂਰਾ ਹੁੰਦਾ ਹੈ ਇਹ ਗੱਲ ਵੀ ਨਾਲ ਹੀ ਸਮਝਾਈ ਹੋਈ ਹੈ।

ਮਃ ੧ ॥

“ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥
ਕਹਿ ਕਹਿ ਕਥਨਾ ਮਾਇਆ ਲੂਝੈ ॥ ਹੁਕਮੀ ਸਗਲ ਕਰੇ ਆਕਾਰ ॥
ਆਪੇ ਜਾਣੈ ਸਰਬ ਵੀਚਾਰ ॥ ਅਖਰ ਨਾਨਕ ਅਖਿਓ ਆਪਿ ॥ ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥”

(ਅੰਗ ੧੫੦)

ਗੁਰੂ ਰੂਪ ਪ੍ਰਮਾਤਮਾ ਆਪਣੀ ਦੀਖਿਆ ਕਿਸ ਰੂਪ ਵਿੱਚ ਦਿੰਦਾ ਹੈ, ਕਿਸ ਤਰੀਕੇ ਦਿੰਦਾ ਹੈ ਇਹੀ ਗੱਲ ਉਪਰ ਸਮਝਾਈ ਹੋਈ ਹੈ। ਗੁਰੂ ਦੀ ਦੀਖਿਆ ਦਾ ਮਕਸਦ ਸਾਨੂੰ ਮਨ ਵਿੱਚ ਸੋਝੀ ਪਾਉਣ ਨਾਲ ਹੈ ਤੇ ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਨ੍ਹਾਂ ਨੂੰ ਉਸ ਨੇ ਆਪ ਹੀ ਬੁਝਾਇਆ ਹੈ ਤੇ ਸੱਚੀ ਸੋਝੀ ਉਸ ਨੂੰ ਹੀ ਪੈਦੀ ਹੈ ਜਿਸ ਨੂੰ ਉਹ ਆਪ ਸੂਝਵਾਨ ਬਣਾਉਦਾ ਹੈ ਭਾਵ ਧਰਮ ਦੇ ਮਾਰਗ ਦੀ ਪੂਰਨ ਰੂਪ ਵਿੱਚ ਸੋਝੀ ਪਾਉਦਾ ਹੈ, ਬ੍ਰਹਮ ਗਿਆਨ ਦੁਆਰਾ ਸੋਝੀ ਪਾਉਦਾ ਹੈ। ਗੁਰਬਾਣੀ ਵਿੱਚ ਪੂਰੀ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਆਪ ਹੀ ਦੀਖਿਆ ਦਿੱਤੀ ਹੈ, ਸਿਖਿਆ ਦਿੱਤੀ ਹੈ, ਸੱਚੀ ਮਤਿ ਦਿੱਤੀ ਹੈ। (**ਆਪ ਬੁਝਾਏ ਸੋਝੀ ਬੂਝੈ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ॥**)

ਜਿੰਨ੍ਹਾਂ ਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਸੋਝੀ ਨਹੀਂ ਪਾਉਂਦਾ ਉਨ੍ਹਾਂ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀ ਪੈਂਦੀ ਤੇ ਉਹ ਮਾਇਆ ਮੋਹ ਵਿੱਚ ਹੀ ਰਹਿੰਦੇ ਹਨ ਤੇ ਸ਼ਬਦਾਂ ਦੀ ਕਥਨੀ ਨਾਲ ਹੀ ਜੁੜੇ ਰਹਿੰਦੇ ਹਨ ਜਿਸ ਵਿੱਚ ਉਹ ਪ੍ਰਮਾਤਮਾ ਨੂੰ ਜਪਣਾ ਸਮਝਦੇ ਹਨ, ਕਹਿ ਕਹਿ ਕੇ, ਬੋਲ ਬੋਲ ਕੇ ਪ੍ਰਮਾਤਮਾ ਦੇ ਗੁਣ ਗਾਉਣਾ ਸਮਝਦੇ ਹਨ। ਇਹੋ ਜਿਹੇ ਆਪ ਭਰਮ ਵਿੱਚ ਰਹਿੰਦੇ ਹਨ ਭਾਵ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਭਰਮ ਵਿੱਚ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਕੁਝ ਹੀ ਸਮਝਾਉਦੇ ਹਨ। (**ਕਹਿ ਕਹਿ ਕਥਨਾ ਮਾਇਆ ਲੂਝੈ ॥**)

ਭਗਤੀ ਦੀ ਸੋਝੀ ਉਸ ਨੂੰ ਹੀ ਪੈਂਦੀ ਹੈ ਜਿਸ ਨੂੰ ਪ੍ਰਮਾਤਮਾ ਆਪ ਹੀ ਭਰਮ ਵਿੱਚੋਂ ਕਢਦਾ ਹੈ, ਮਨ ਦੀ ਸੱਚੀ ਸੋਝੀ ਦੁਆਰਾ ਕੱਢਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕੱਢਿਆ ਹੈ। ਉਹਨਾਂ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਵਿਚਾਰਾਂ ਦਾ ਮਾਲਕ ਕੌਣ ਹੈ ਭਾਵ ਸਾਡੇ ਅੰਦਰ ਦੀ ਸੋਝੀ ਦਾ ਮਾਲਕ ਕੌਣ ਹੈ। ਜਿਤਨੀ ਵੀ ਗੁਰਬਾਣੀ ਦੀ ਰਚਨਾ ਹੋਈ ਹੈ, ਅੱਖਰਾਂ ਰਾਹੀਂ ਹੋਈ ਹੈ ਉਹ ਹਰ ਅੱਖਰ ਪ੍ਰਮਾਤਮਾ ਨੇ ਆਪ ਹੀ ਮਨ ਦੇ ਵਿੱਚ ਆਖ ਕੇ ਭਾਵ ਬੋਲ ਕੇ

ਲਿਖਵਾਇਆ ਹੈ।ਜਿਸ ਦਾ ਵੀ ਪ੍ਰਮਾਤਮਾ ਭਰਮ ਦੂਰ ਕਰਦਾ ਹੈ ਉਸ ਨੂੰ ਇਹ ਸੋਝੀ ਹੀ ਪਾਉਦਾ ਹੈ ਕਿ ਅੱਖਰ ਦਾ ਮੂਲ ਰੂਪ

ਕੀ ਹੈ, ਮਨ ਦੀ ਸੋਝੀ ਦਾ ਮੂਲ ਰੂਪ ਕੀ ਹੈ ਭਾਵ ਆਪ ਪ੍ਰਮਾਤਮਾ ਹੈ।ਮਨ ਦੇ ਅੰਦਰੋਂ ਇਹ ਸੋਝੀ ਪਏ ਬਿਨਾ ਹਰ ਕੋਈ ਭਰਮ ਵਿੱਚ ਹੀ ਰਹਿੰਦਾ ਹੈ,ਆਪਣੇ ਆਪ ਨੂੰ ਜਾਨਣ ਵਿੱਚ ਤੇ ਪ੍ਰਮਾਤਮਾ ਨੂੰ ਜਾਨਣ ਵਿੱਚ ਭਰਮ ਵਿੱਚ ਰਹਿੰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਦਾਤਿ ਬਖਸ਼ਦਾ ਹੈ ਉਹ ਮਨ ਦੇ ਗਿਆਨ ਰਾਹੀਂ ਹੀ ਬਖਸ਼ਦਾ ਹੈ ਜਿਸ ਦੁਆਰਾ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਅਕਾਰ ਰੂਪ ਉਸ ਦਾ ਆਪਣਾ ਹੀ ਬਣਾਇਆ ਹੋਇਆ ਹੈ ਤੇ ਉਹ ਆਪ ਹੀ ਸਭ ਨੂੰ ਆਪਣੇ ਗਿਆਨ ਰਾਹੀਂ, ਜੋਤਿ ਰਾਹੀਂ ਚਲਾ ਰਿਹਾ ਹੈ। ਧਰਮ ਦੇ ਮਾਰਗ ਦੀ ਸੱਚੀ ਸੋਝੀ ਪ੍ਰਮਾਤਮਾ ਮਨ ਦੇ ਅੱਖਰਾਂ ਰਾਹੀਂ ਆਪ ਹੀ ਪਾਉਂਦਾ ਹੈ। (**ਹੁਕਮੀ ਸਗਲ ਕਰੇ ਆਕਾਰ॥ਆਪੇ ਜਾਣੈ ਸਰਬ ਵੀਚਾਰ ॥ਅਖਰ ਨਾਨਕ ਅਖਿਓ ਆਪਿ॥ਲਹੈ ਭਗਤਿ ਹੋਵੈ ਜਿਸੁ ਦਾਤਿ॥2॥**)

ਮਨ ਦਾ ਭਰਮ ਨਿਕਲਣ ਦੁਆਰਾ ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ ਜੋ ਕਿ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਕਰਵਾਉਂਦਾ ਹੈ।ਇਹੀ ਗੱਲ ਸਾਨੂੰ ਪਉੜੀ ਰਾਹੀਂ ਸਮਝਾਈ ਹੋਈ ਹੈ।

ਪਉੜੀ ॥

“ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ”

(ਅੰਗ ੧੫੦)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ। ਪ੍ਰਮਾਤਮਾ ਦੀ ਸਿਫਤ ਸਲਾਹ ਕਰਨ ਵਾਲੇ, ਉਸ ਦਾ ਜੱਸ ਗਾਉਣ ਵਾਲੇ ਭਾਵ ਉਸ ਦੇ “ਢਾਢੀ” ਤਾਂ ਬਹੁਤ ਹਨ ਜੋ ਕਿ ਇਹ ਸਮਝਦੇ ਹਨ ਕਿ ਉਹ ਗੁਰੂ ਦੀ ਕਾਰੇ ਲੱਗੇ ਹੋਏ ਹਨ ਭਾਵ ਗੁਰੂ ਦੇ ਗੁਣ ਗਾਉਣ ਦੀ ਕਾਰ ਵਿੱਚ ਲੱਗੇ ਹੋਏ ਹਨ। ਗੁਰੂ ਪ੍ਰਮਾਤਮਾ ਦੀ ਕਾਰੇ ਲਗਣਾ ਕੀ ਹੈ ਇਸ ਗੱਲ ਦੀ ਸੋਝੀ ਹੀ ਉਸ ਦੇ ਨਾਲ ਮੇਲ ਤੋਂ ਬਾਦ ਪੈਦੀ ਹੈ ਕਿ ਉਸ ਦੀ ਸਿਫਤ ਸਲਾਹ ਕਰਨ ਦਾ ਤਰੀਕਾ ਕੀ ਹੈ। ਸਿਫਤ ਸਾਲਾਹ ਕਰਨ ਦੇ ਤਰੀਕੇ ਅਸੀਂ ਬਹੁਤ ਬਣਾਏ ਹੋਏ ਹਨ, ਕਥਨੀ ਦੁਆਰਾ ਬਣਾਏ ਹੋਏ ਹਨ ਜਿਵੇ ਕਿ ਅਸੀਂ ਉਪਰ ਸਲੋਕ ਰਾਹੀਂ ਸਮਝਿਆ ਹੈ ਪਰ ਅਸੀਂ ਮਾਇਆ ਮੋਹ ਵਿੱਚ

ਹੀ ਰਹਿੰਦੇ ਹਾਂ। ਇਹੋ ਜਿਹੀ ਭਗਤੀ ਦੀ ਕਾਰੇ ਲਗਣਾ ਅਸਲ ਵਿੱਚ “ਵੇਕਾਰੁ” ਹੀ ਹੈ ਭਾਵ ਵਿਅਰਥ ਹੀ ਹੈ। ਭਗਤੀ ਦੇ ਮਾਰਗ ਨੂੰ ਲੈ ਕੇ ਅਸੀਂ ਆਪਣੇ ਆਪ ਨੂੰ ਸਮੇ ਦੇ ਨਾਲ ਭਾਵ ਦਿਨ ਰਾਤ ਨਾਲ ਜੋੜਿਆ ਹੋਇਆ ਹੈ ਕਿ ਕਿਸ ਵੇਲੇ ਪ੍ਰਮਾਤਮਾ ਦੀ ਭਗਤੀ ਕਰਨੀ ਚੰਗੀ ਹੈ। ਇਸੇ ਤਰ੍ਹਾਂ ਅਸੀਂ ਆਪਣੀ ਭਗਤੀ ਨੂੰ ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਖਾਸ ਦਿਨ ਭਾਵ “ਵਾਰ” ਨਾਲ ਜੋੜਦੇ ਹਾਂ ਜਿਸ ਦਿਨ ਅਸੀਂ ਆਪਣੀ ਪੂਜਾ ਕਰਨ ਲਈ ਉੱਚਾ ਦਿਨ ਸਮਝਦੇ ਹਾਂ। ਜਿਸ ਨੂੰ ਪ੍ਰਮਾਤਮਾ ਦੇ ਕੋਲੋਂ ਭਗਤੀ ਦੀ ਸੋਝੀ ਪੈ ਜਾਂਦੀ ਹੈ, “ਧੁਰਹੁ” ਸੋਝੀ ਪੈ ਜਾਂਦੀ ਹੈ ਉਹ ਫਿਰ ਆਪਣੇ ਆਪ ਨੂੰ, ਆਪਣੀ ਭਗਤੀ ਨੂੰ ਕਿਸੇ ਖਾਸ ਸਮੇ ਜਾਂ ਵਾਰ ਨਾਲ ਨਹੀ ਜੋੜਦਾ ਬਲਕਿ ਭਗਤੀ ਦੀ ਅਸਲ ਕਾਰ ਨਾਲ ਜੁੜਦਾ ਹੈ। (**ਹਉ ਢਾਢੀ ਵੇਕਾਰੁ ਕਾਰੈ ਲਾਇਆ॥ਰਾਤਿ ਦਿਹੈ ਕੈ ਵਾਰ ਧੁਰਹੁ ਫਰਮਾਇਆ॥**)

ਜਿਸ ਨੂੰ ਪ੍ਰਮਾਤਮਾ ਆਪਣਾ ਸੱਚਾ ਢਾਢੀ ਬਣਾਉਂਦਾ ਹੈ, ਸੱਚਾ ਜੱਸ ਗਾਉਣ ਵਾਲਾ ਬਣਾਉਂਦਾ ਹੈ ਉਸ ਨੂੰ ਆਪ ਹੀ ਆਪਣੇ ਮਹਿਲ ਵਿੱਚ ਬੁਲਾਉਂਦਾ ਹੈ,ਆਪਣੇ ਨਿਰਗੁਣ ਰੂਪ ਮਹਿਲ ਵਿੱਚ ਬੁਲਾਉਂਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਆਪ ਹੀ ਆਪਣੀ ਸੱਚੀ ਸਿਫਤ ਸਲਾਹ ਕਰਨ ਦਾ ਤਰੀਕਾ ਸਮਝਾਉਂਦਾ ਹੈ। ਉਹੀ ਸੱਚੀ ਸਿਫਤਿ ਸਾਲਾਹ ਦਾ ਕਪੜਾ ਆਪ ਪਾਉਂਦਾ ਹੈ। ਉਸ ਦਾ ਇਹ ਕਪੜਾ ਸੱਚੇ ਗਿਆਨ ਦਾ ਕੱਪੜਾ ਹੈ, ਸੱਚੀ ਮਤਿ ਰੂਪ ਕੱਪੜਾ ਹੈ, ਗੁਰਮਤਿ ਰੂਪ ਕੱਪੜਾ ਹੈ ਜਿਸ ਦੁਆਰਾ ਉਹ ਮਨੁੱਖ ਦੀ ਪਤਿ ਢਕਦਾ ਹੈ ਭਾਵ ਅਉਗਣਾਂ ਤੋ, ਮਾਇਆ ਮੋਹ ਤੋ ਬਚਾਉਂਦਾ ਹੈ। (**ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥**)

ਸਾਡੇ ਅੰਦਰ ਇਹ ਸਿਫਤ ਸਲਾਹ ਦਾ ਕਪੜਾ ਹੀ ਭਾਵ ਸੱਚੇ ਗਿਆਨ ਦੀ ਸੋਝੀ ਹੀ ਪ੍ਰਮਾਤਮਾ ਦਾ ਅੰਮ੍ਰਿਤ ਨਾਮ ਰੂਪ ਭੋਜਨ ਹੈ ਜਿਸ ਨੂੰ ਸਾਡਾ ਮਨ ਛਕਦਾ ਹੈ ਜਿਸ ਦੁਆਰਾ ਸਾਡਾ ਮਨ ਸੱਚਾ ਬਣਦਾ ਹੈ। ਸਾਡੇ ਅੰਦਰ ਪ੍ਰਮਾਤਮਾ ਆਪਣੇ ਇਸ ਰੂਪ ਦੁਆਰਾ ਹੀ ਆਉਂਦਾ ਹੈ। ਸਾਡੇ ਅੰਦਰ ਪ੍ਰਮਾਤਮਾ ਆਪਣੇ ਇਸ "**ਅੰਮ੍ਰਿਤ ਨਾਮੁ ਭੋਜਨੁ**" ਦੁਆਰਾ ਹੀ ਵਿਚਰਦਾ ਹੈ ਜਿਸ ਦੁਆਰਾ ਉਹ ਆਪ ਆਪਣੀ ਗੁਰਮਤਿ ਸਮਝਾਉਂਦਾ ਹੈ ਜਿਸ ਵਿੱਚ ਪੂਰਨ ਸੱਚ ਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ ਗੁਰਮਤਿ ਰੂਪ ਭੋਜਨ ਛਕਾਉਂਦਾ ਹੈ ਉਸ ਨੂੰ ਫਿਰ ਇਸ ਭੋਜਨ ਨਾਲ ਰਜਾ ਦਿੰਦਾ ਹੈ ਭਾਵ ਉਸ ਨੂੰ ਗੁਰਮਤਿ ਦੀ ਪੂਰਨ ਸੋਝੀ ਪਾ ਦਿੰਦਾ ਹੈ, ਗੁਰਮਤਿ ਰੂਪ ਬ੍ਰਹਮ ਗਿਆਨ ਦੀ , ਨਾਮ ਦੀ ਪੂਰਨ ਰੂਪ ਵਿੱਚ ਸੋਝੀ ਪਾ ਦਿੰਦਾ ਹੈ। ਜੋ ਪ੍ਰਮਾਤਮਾ ਦੇ ਇਸ ਪੂਰਨ ਭੋਜਨ ਨੂੰ ਛੱਕਦਾ ਹੈ ਉਹ ਹੀ "ਸੁਖੁ" ਦੀ ਭਾਵ ਪ੍ਰਮਾਤਮਾ

33/3786

ਨਾਲ ਮੇਲ ਦੀ ਪ੍ਰਾਪਤੀ ਕਰਦਾ ਹੈ।ਇਹ ਅਵਸਥਾ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਹੈ ਜਿੰਨ੍ਹਾਂ ਨੇ ਆਪ ਪ੍ਰਮਾਤਮਾ ਕੋਲੋਂ ਅੰਮ੍ਰਿਤ ਨਾਮ ਭੋਜਨ ਛਕਿਆ ਹੈ, ਗੁਰਮਤਿ ਰੂਪ ਭੋਜਨ ਛਕਿਆ ਹੈ ਤੇ ਅੰਮ੍ਰਿਤ ਬਾਣੀ ਦੀ ਰਚਨਾ ਕਰਕੇ ਸਾਡੇ ਲਈ ਅੰਮ੍ਰਿਤ ਨਾਮ ਭੋਜਨ ਪਰੋਸਿਆ ਹੈ, ਸਾਰੇ ਸੰਸਾਰ ਦੇ ਛੱਕਣ ਲਈ ਪ੍ਰੋਸਿਆ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਕੇ ਪ੍ਰਮਾਤਮਾ ਦੀ ਸੱਚੀ ਸਿਫਤ ਸਮਝਾਉਣ ਦਾ ਹੈ (**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥**)

ਪ੍ਰਮਾਤਮਾ ਦੇ ਸੱਚੇ ਢਾਢੀ ਉਹੀ ਬਣੇ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਇਹ ਭੋਜਨ ਛਕਾਇਆ ਹੈ। ਇਹ ਉਹਨਾਂ ਨੂੰ ਆਪਣਾ ਦਿੱਤਾ ਹੋਇਆ ਪ੍ਰਸਾਦਿ ਹੈ, ਬ੍ਰਹਮ ਗਿਆਨ ਰੂਪ ਪ੍ਰਸਾਦਿ ਹੈ ਜੋ ਕਿ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਦੁਆਰਾ ਹੀ ਮਿਲਦਾ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ।ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਇਹ ਬ੍ਰਹਮ ਗਿਆਨ ਰੂਪ ਪ੍ਰਸਾਦਿ ਦਿੱਤਾ ਹੈ ਉਹਨਾ ਨੂੰ ਇਹ ਪ੍ਰਸਾਦਿ ਅੱਗੇ ਵੰਡਣ ਲਈ ਦਿੱਤਾ ਹੈ, ਸੰਸਾਰ ਨੂੰ ਵੰਡਣ ਲਈ ਦਿੱਤਾ ਹੈ ਜੋ ਕਿ ਉਹਨਾਂ ਗੁਰਬਾਣੀ ਰਾਹੀਂ ਵੰਡਿਆ ਹੈ। ਉਹਨਾਂ ਨੇ ਗੁਰਬਾਣੀ ਰਾਹੀਂ ਇਹ ਪ੍ਰਸਾਦਿ ਵੰਡਣ ਦੁਆਰਾ ਭਾਵ ਗੁਰਮਤਿ ਸਮਝਾਉਂਣ ਦੁਆਰਾ,ਗੁਰਬਾਣੀ ਰਾਹੀਂ ਧਰਮ ਦਾ ਮਾਰਗ ਸਮਝਾਉਣ ਦੁਆਰਾ ਆਪਣੇ ਆਪ ਨੂੰ ਉੱਚਾ ਨਹੀਂ ਕੀਤਾ, ਆਪਣੀ ਮਤਿ ਨੂੰ ਉੱਚਾ ਨਹੀਂ ਕੀਤਾ, ਆਪਣੇ ਆਪ ਨੂੰ ਗੁਰੁ ਨਹੀਂ ਅਖਵਾਇਆ ਬਲਕਿ "ਸਬਦੁ" ਦਾ ਨਾਮ ਉੱਚਾ ਕੀਤਾ ਹੈ ਭਾਵ ਪ੍ਰਮਾਤਮਾ ਦਾ ਨਾਮ ਉੱਚਾ ਕੀਤਾ ਹੈ ਕਿ ਪ੍ਰਮਾਤਮਾ ਆਪ ਗੁਰੁ ਹੈ ਜਿਸ ਨੇ ਸਾਰੀ ਸਿੱਖਿਆ ਸਮਝਾਈ ਹੈ, ਨਾਮ ਭੋਜਨ ਛਕਾਉਣ ਦੁਆਰਾ ਸਮਝਾਈ ਹੈ। ਉਹਨਾਂ ਨੇ "ਸਚੁ" ਨੂੰ ਭਾਵ ਪ੍ਰਮਾਤਮਾ ਨੂੰ ਸਾਲਾਹਿਆ ਹੈ ਜਿਸ ਨੂੰ ਉਹਨਾਂ ਨੇ ਪਾਇਆ ਹੋਇਆ ਹੈ, ਸਚੁ ਰੂਪ ਵਿੱਚ ਪਾਇਆ ਹੋਇਆ ਹੈ, ਨਾਮ ਰੂਪ ਵਿੱਚ, ਬ੍ਰਹਮ ਗਿਆਨ ਰੂਪ ਵਿੱਚ ਪਾਇਆ ਹੋਇਆ ਹੈ। (**ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥27॥ ਸੁਧੁ**)

ਪ੍ਰਮਾਤਮਾ ਦੀ ਭਾਵ "ਸਚੁ" ਦੀ ਸਿਫਤ ਸਾਲਾਹ ਤਾਂ ਅਸੀਂ ਸਾਰੇ ਹੀ ਕਰ ਰਹੇ ਹਾਂ, ਉਸ ਦੇ ਢਾਢੀ ਤਾਂ ਅਸੀਂ ਸਾਰੇ ਹੀ ਬਣੇ ਹੋਏ ਹਾਂ ਪਰ ਕੋਈ ਐਸਾ ਵੀ ਹੈ "ਸਚੁ" ਨੂੰ ਜਾਣਦਾ ਹੋਵੇ ਜੋ ਕਿ ਸਾਡੇ ਅੰਦਰ ਹੀ ਹੈ, ਨਾਮ ਭੋਜਨ ਦੇ ਰੂਪ ਵਿੱਚ ਹੀ ਹੈ। ਉਸ ਨੂੰ ਆਪਣੇ ਅੰਦਰੋਂ ਜਾਣੇ ਬਿਨਾ ਨਾ ਹੀ ਸੱਚੀ ਮਤਿ ਦੀ ਭਾਵ ਗੁਰਮਤਿ ਦੀ

33/3787

ਸੋਝੀ ਪੈ ਸਕਦੀ ਹੈ ਤੇ ਨਾ ਹੀ "ਸਚੁ" ਦੀ ਭਾਵ ਪ੍ਰਮਾਤਮਾ ਦੀ, ਸੱਚੇ ਗੁਰੂ ਦੀ, ਸ਼ਬਦ ਰੂਪ ਗੁਰੂ ਦੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ।ਸੰਸਾਰ ਦਾ ਸਭ ਤੋਂ ਪਹਿਲਾ ਸੱਚ ਹੀ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੁਝ ਵੀ ਨਹੀਂ ਹੈ। ਮਨੁੱਖੀ ਰੂਪ ਕੇਵਲ ਉਸ ਦਾ ਆਪਣਾ ਹੀ ਬਣਾਇਆ ਹੋਇਆ ਹੈ, ਹਉਮੈ ਰੂਪ ਹੈ, ਮਾਇਆ ਰੂਪ ਹੈ, ਭਰਮ ਰੂਪ ਹੈ।ਮਨ ਦਾ ਭਰਮ ਨਿਕਲੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ "ਸਚੁ" ਕੀ ਹੈ। ਇਹ ਸੋਝੀ ਬ੍ਰਹਮਾ, ਇੰਦਰ, ਮਹੇਸ਼ ਆਦਿ ਨੂੰ ਵੀ ਨਹੀਂ ਪਾਈ ਜਿੰਨ੍ਹਾਂ ਨੂੰ ਪੂਜਣ ਵਾਲੇ ਕਰੋੜਾਂ ਹਨ।

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥

ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ ੨੩੧)

{ਨਾਰਾਇਨ ਨਰਪਤਿ ਨਮਸਕਾਰੈ ॥
ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥}

(ਅੰਗ ੧੩੦੧)

ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸ ਨੂੰ ਹੀ ਇਸ ਗੱਲ ਦੀ ਸਮਝ ਲਗ ਸਕਦੀ ਹੈ ਕਿ ਗੁਰੂ ਪ੍ਰਮਾਤਮਾ ਆਪ ਹੀ ਹੈ ਤੇ ਕੋਈ ਮਨੁੱਖ ਗੁਰੁ ਨਹੀਂ ਹੈ। ਪ੍ਰਮਾਤਮਾ ਸ਼ਬਦ ਰੂਪ ਵਿੱਚ ਗੁਰੂ ਹੈ। ਇਸ ਗੱਲ ਦੀ ਸੋਝੀ ਅਰਬਾਂ ਖਰਬਾਂ ਵਿੱਚੋਂ ਭਾਵ ਪੂਰੇ ਸੰਸਾਰ ਵਿੱਚੋਂ ਕਦੇ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਪ੍ਰਮਾਤਮਾ ਦਾ ਇਹ ਰੂਪ ਜਾਣੇ ਬਿਨਾਂ ਕੋਈ ਉਸ "ਸਚੁ" ਰੂਪ ਪ੍ਰਮਾਤਮਾ ਦੀ ਵਡਿਆਈ ਨਹੀਂ ਕਰ ਸਕਦਾ ਤੇ ਨਾ ਹੀ ਤਦ ਤੱਕ ਕਿਸੇ ਦੀ ਆਪਣੀ ਵਡਿਆਈ ਧਰਮ ਦੇ ਮਾਰਗ ਤੇ ਸੱਚੀ ਹੈ ਭਾਵ ਜੋ ਆਪਣੇ ਆਪ ਨੂੰ ਵੱਡਾ ਥਾਪ ਕੇ ਬੈਠੇ ਹਨ ਉਹਨਾਂ ਦੀ ਆਪਣੀ ਵਡਿਆਈ ਵੀ ਝੂਠੀ ਹੈ ਤੇ ਉਹ ਪ੍ਰਮਾਤਮਾ ਦੀ ਵਡਿਆਈ ਵੀ ਝੂਠੀ ਹੀ ਕਰਦੇ ਹਨ, ਕਥਨੀ ਦੁਆਰਾ ਕਰਦੇ ਹਨ ਜਿਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ। ਪ੍ਰਮਾਤਮਾ ਦੀ ਵਡਿਆਈ ਉਸ ਨੂੰ ਦੇਖਣ ਦੁਆਰਾ ਹੀ ਕੀਤੀ ਜਾ ਸਕਦੀ ਹੈ, ਉਸ ਦਾ ਵੱਡਾ ਰੂਪ ਦੇਖਣ ਦੁਆਰਾ ਹੀ ਕੀਤੀ ਜਾ ਸਕਦੀ ਹੈ ਜੋ ਰੂਪ ਉਹ ਆਪ ਹੀ ਦਿਖਾਉਂਦਾ ਹੈ, ਨਿਰਗੁਣ ਰੂਪ ਵਿੱਚ ਦਿਖਾਉਂਦਾ ਹੈ ਤੇ ਆਪਣੀ ਵਡਿਆਈ ਕਰਵਾਉਣ ਦਾ ਮਾਰਗ ਆਪ ਹੀ ਸਮਝਾਉਂਦਾ ਹੈ।ਪ੍ਰਮਾਤਮਾ "ਸਚੁ" ਰੂਪ ਹੈ ਤੇ ਉਸ ਦੀ ਵਡਿਆਈ ਕਰਨ ਦੀ ਸੋਝੀ ਉਸ ਦੇ "ਸਚੁ" ਰੂਪ ਨਾਲ ਜੁੜਕੇ ਹੀ ਪੈਂਦੀ ਹੈ।

33/3788

"ਸਬਦੁ" ਰੂਪ ਵਿੱਚ ਗੁਰੂ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਜਦ ਤਕ ਅਸੀਂ ਉਸ ਨੂੰ ਆਪਣੇ ਅੰਦਰੋਂ ਪਹਿਚਾਣਦੇ ਨਹੀਂ ਭਾਵ ਜਾਣਦੇ ਨਹੀਂ ਤਦ ਤਕ ਅਸੀਂ ਪ੍ਰਮਾਤਮਾ ਨੂੰ ਤੇ ਉਸ ਦੀ ਭਗਤੀ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ, ਮੂਰਖਤਾ ਵਿੱਚ ਹੀ ਹਾਂ ਪਰ ਇਸ ਗੱਲ ਨੂੰ ਕੋਈ ਮੰਨ ਨਹੀਂ ਸਕਦਾ ਕਿਉਂਕਿ ਇਸ ਗੱਲ ਦੀ ਸਮਝ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ, ਸਹਜ ਦੀ ਅਵਸਥਾ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ ਜਿਸ ਅਵਸਥਾ ਦੁਆਰਾ ਸਾਡਾ ਮਨ ਦੇ ਅੰਦਰ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਹਰ ਕੋਈ ਭਰਮ ਵਿੱਚ ਹੀ ਆਪਣੇ ਆਪ ਨੂੰ ਸਿਆਣਾ ਸਮਝਦਾ ਹੈ ਤੇ ਦੂਸਰਿਆਂ ਨੂੰ ਮੱਤਾਂ ਦਿੰਦਾ ਹੈ ਭਾਵ ਉਹ ਦੂਸਰਿਆਂ ਨੂੰ ਆਪਣੀ ਮੂਰਖਤਾ ਨਾਲ ਹੀ ਜੋੜਦਾ ਹੈ। ਸਿਆਣਾ ਕੇਵਲ ਗੁਰੂ ਹੈ ਜਿਸ ਨੇ ਆਪਣੇ ਅੰਦਰੋਂ "ਸਬਦੁ" ਰੂਪ ਗੁਰੂ ਨੂੰ ਪਹਿਚਾਣਿਆਂ ਹੋਇਆ ਹੈ ਤੇ ਕੇਵਲ ਉਹੀ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਮਤਿ ਦੇ ਸਕਦਾ ਹੈ, ਧਰਮ ਦੀ ਸੱਚੀ ਸੋਝੀ ਪਾ ਸਕਦਾ ਹੈ ਭਾਵ ਭਗਤੀ ਦਾ ਮਾਰਗ ਸਿੱਖਣ ਲਈ ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਮਤਿ ਤੇ, ਸ਼ਬਦ ਦੀ ਮਤਿ ਤੇ, ਨਾਮ ਦੀ ਮਤਿ ਤੇ ਭਰੋਸਾ ਕਰਨਾ ਚਾਹੀਦਾ ਹੈ ਜੋ ਸਾਨੂੰ ਸੱਚ ਦੇ ਨਾਲ ਜੋੜ ਸਕਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝੀਏ ਤੇ ਉਥੋਂ ਮਤਿ ਲਈਏ ਜਿਥੇ ਸਾਨੂੰ ਕੇਵਲ ਸੱਚੀ ਮਤਿ ਮਿਲਦੀ ਹੈ।

"ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥
ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥"

(ਅੰਗ ੯੩੭-੯੩੮)

ਉਪਰ ਸ਼ਬਦਾਂ ਰਾਹੀਂ ਸਾਨੂੰ ਸੱਚੇ ਪਾਧੇ ਤੇ ਝੂਠੇ ਪਾਧੇ ਵਿੱਚ ਅੰਤਰ ਹੀ ਸਮਝਾਇਆ ਹੋਇਆ ਹੈ ਭਾਵ ਧਰਮ ਦੇ ਸੱਚੇ ਵਿਦਵਾਨ ਵਿੱਚ ਤੇ ਝੂਠੇ ਵਿਦਵਾਨ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਧਰਮ ਦਾ ਮਾਰਗ ਕਿਸ ਦੇ ਕੋਲੋਂ ਸਮਝਣਾ ਚਾਹੀਦਾ ਹੈ।ਪੜਿਆ ਹੋਇਆ ਪਾਧਾ ਅਸਲ ਵਿੱਚ ਉਹ ਹੈ ਜਿਸ ਨੂੰ ਪ੍ਰਮਾਤਮਾ ਆਪ ਪੜਾਉਂਦਾ ਹੈ, ਆਪ ਵਿਦਿਆ ਦੇਂਦਾ ਹੈ। ਇਹ ਗੁਰੂ ਦੀ ਅਵਸਥਾ ਹੈ। ਜਿਸ ਨੂੰ ਪ੍ਰਮਾਤਮਾ ਸੱਚੀ ਵਿਦਿਆ ਦਿੰਦਾ ਹੈ, ਸੱਚਾ ਗਿਆਨ ਦਿੰਦਾ ਹੈ, ਉਸ ਨੂੰ ਸਹਜ ਦੀ ਅਵਸਥਾ ਦੁਆਰਾ ਦਿੰਦਾ ਹੈ ਭਾਵ ਚੌਥੇ ਪਦ ਦੀ ਅਵਸਥਾ ਦੁਆਰਾ ਦਿੰਦਾ ਹੈ ਜਿਸ ਅਵਸਥਾ ਦੁਆਰਾ ਉਹ ਕਿਸੇ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ, ਭਰਮ, ਮੋਹ ਵਾਲੀ ਅਵਸਥਾ ਵਿੱਚੋਂ ਕੱਢਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ

33/3789

ਇਹ ਵਿਦਿਆ ਦਿੰਦਾ ਹੈ ਉਸ ਵਿਦਿਆ ਦਾ ਨਾਲ ਮਕਸਦ ਵੀ ਸਮਝਾਉਂਦਾ ਹੈ ਕਿ ਇਹ ਵਿਦਿਆ ਕਿਸ ਲਈ ਹੈ। ਇਹ ਵਿਦਿਆ ਮਨੁੱਖ ਦੇ ਵਿਚਾਰਨ ਲਈ ਹੈ ਭਾਵ ਸਮਝਣ ਲਈ ਹੈ ਕਿ ਇਸ ਵਿਦਿਆ ਦਾ ਮਨੋਰਥ ਕੀ ਹੈ।ਜਿਸ ਨੂੰ ਪ੍ਰਮਾਤਮਾ ਆਪਣੀ ਵਿਦਿਆ ਦਿੰਦਾ ਹੈ ਉਹ ਫਿਰ ਉਸ ਦੇ ਮਕਸਦ ਦੀ ਪੂਰਤੀ ਵੀ ਕਰਦਾ ਹੈ ਭਾਵ ਆਪਣਾ ਜੀਵਨ ਉਸ ਅਨੁਸਾਰ ਬਣਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਭਾਵ ਉਸ ਦੇ ਸੱਚੇ ਪਾਧਿਆਂ ਨੇ ਬਣਾਇਆ ਹੈ। (**ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥**)

ਸੱਚੇ ਪਾਧੇ ਦਾ ਮਕਸਦ ਆਪ ਉਪਦੇਸ਼ ਸਮਝਕੇ ਉਸ ਨੂੰ ਮੰਨਣ ਦਾ ਹੈ ਤੇ ਨਾਲ ਹੀ ਦੂਸਰਿਆਂ ਨੂੰ ਸਮਝਾਉਂਣ ਦਾ ਹੈ। ਪ੍ਰਮਾਤਮਾ ਕੋਲੋਂ ਗਿਆਨ ਮਿਲਣ ਤੋਂ ਪਹਿਲਾਂ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੁੰਦਾ ਹੈ ਤੇ ਉਸ ਅਨੁਸਾਰ ਹੀ ਭਾਵ ਤ੍ਰੈ ਗੁਣਾਂ ਵਾਲੀ ਮਤਿ ਅਨੁਸਾਰ ਹੀ ਉਸ ਨੂੰ ਧਰਮ ਦੀ ਸੋਝੀ ਹੁੰਦੀ ਹੈ। ਪ੍ਰਮਾਤਮਾ ਕੋਲੋਂ ਮਿਲੇ ਹੋਏ ਗਿਆਨ ਦਾ ਮਕਸਦ ਸਾਡੀ ਤ੍ਰੈ ਗੁਣਾਂ ਵਾਲੀ ਸੋਝੀ ਨੂੰ, ਮਤਿ ਨੂੰ ਸੋਧਣ ਦਾ ਹੀ ਹੈ ਭਾਵ ਸੁਧਾਰਨ ਦਾ ਹੀ ਹੈ, ਸਾਨੂੰ ਅਨੇਕਾਂ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀ ਸੱਚ ਨਾਲ ਜੁੜ ਸਕੀਏ।ਜਿਥੇ ਸੱਚ ਹੈ ਉਥੇ ਹੀ ਧਰਮ ਦੇ ਮਾਰਗ ਦਾ ਤੱਤ ਹੈ।ਇਹ ਗਿਆਨ ਦਾ ਤੱਤ ਹੈ ਤੇ ਇਹ ਤੱਤ ਹੀ ਨਾਮ ਹੈ।ਪ੍ਰਮਾਤਮਾ ਦਾ ਮਨ ਦੇ ਵਿੱਚ ਸੱਚਾ ਗਿਆਨ ਮਿਲਣ ਦੇ ਨਾਲ ਮਨੁੱਖ ਆਪਣੀ ਮਤਿ ਨੂੰ ਸੋਧ ਕੇ ਇਸ ਤੱਤ ਨਾਲ ਜੁੜਦਾ ਹੈ ਤੇ ਇਹੀ ਸਾਡੀ ਰਾਮ ਨਾਮ ਦੇ ਨਾਲ ਲਿਵ ਲਗਣਾ ਹੈ ਜੋ ਕਿ ਮਨ ਦੇ ਵਿੱਚ ਹੀ ਲਗਦੀ ਹੈ। ਇਹ ਬ੍ਰਹਮ ਗਿਆਨ ਦੇ ਨਾਲ ਲਿਵ ਦਾ ਜੁੜਨਾ ਹੈ। ਗੁਰੂ ਨੇ, ਭਗਤਾਂ ਨੇ ਪਹਿਲੇ ਆਪਣੇ ਮਨ ਦੇ ਵਿਚਾਰਾਂ ਨੂੰ ਸੋਧਿਆ ਹੈ ਤੇ ਤਾਂ ਹੀ ਸਾਨੂੰ ਸ਼ਬਦ ਦੇ ਵਿਚਾਰ ਦਿੱਤੇ ਹਨ ਜਿਸ ਦੁਆਰਾ ਅਸੀ ਆਪਣੀ ਮਤਿ ਨੂੰ ਸੋਧਣਾ ਹੈ ਭਾਵ ਆਪਣੀ ਮਤਿ ਨੂੰ ਸ਼ਬਦ ਦੇ ਵਿਚਾਰਾਂ ਅਨੁਸਾਰ ਬਨਾਉਂਣਾ ਹੈ।(**ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ॥**)

ਇਹੋ ਜਿਹੀ ਅਵਸਥਾ ਉਹਨਾਂ ਦੀ ਹੈ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਹੈ ਜਿੰਨ੍ਹਾਂ ਨੇ ਆਪਣੇ ਅੰਦਰੋਂ "ਸਬਦੁ" ਨੂੰ ਚੀਨਿਆ ਹੋਇਆ ਹੈ ਭਾਵ ਸ਼ਬਦੁ ਰੂਪ ਗੁਰੂ ਨੂੰ, ਪ੍ਰਮਾਤਮਾ ਨੂੰ ਪਹਿਚਾਨਿਆ ਹੋਇਆ ਹੈ ਜਿਸ ਕਰਕੇ ਉਹ ਧਰਮ ਦੇ ਮਾਰਗ ਦੇ ਸੂਝਵਾਨ ਹਨ ਤੇ "ਸਬਦੁ" ਨੂੰ ਆਪਣੇ ਅੰਦਰੋਂ ਪਹਿਚਾਣੇ ਬਿਨਾਂ ਹਰ ਕੋਈ ਧਰਮ ਦੇ ਮਾਰਗ ਦਾ ਮੂਰਖ ਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥

ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥"

33/3790

ਧਰਮ ਦੇ ਮਾਰਗ ਦੀ ਸੱਚੀ ਸੂਝ ਬੂਝ, ਪੂਰਨ ਸੂਝ ਬੂਝ ਪ੍ਰਮਾਤਮਾ ਉਸੇ ਨੂੰ ਪਾਉਂਦਾ ਹੈ ਜੋ ਆਪਣੇ ਅੰਦਰੋਂ ਉਸ "ਸਬਦੁ" ਰੂਪ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ ਜਿਸ ਦੀ ਪਹਿਚਾਣ ਬ੍ਰਹਮਾਂ, ਬਿਸ਼ਨ, ਮਹੇਸ਼ ਆਦਿ ਨੂੰ ਵੀ ਨਹੀਂ ਹੋਈ ਤੇ ਉਹਨਾਂ ਨੇ ਆਪਣੇ ਆਪ ਨੂੰ ਹੀ ਧਰਮ ਦੇ ਮਾਰਗ ਤੇ ਉੱਚਾ ਅਖਵਾਇਆ ਹੈ ਜਿਸ ਲਈ ਉਹਨਾਂ ਨੂੰ ਭਗਤੀ ਦੇ ਮਾਰਗ ਦੇ ਅਗਿਆਨੀ ਕਿਹਾ ਹੈ। ਆਪਣੇ ਅੰਦਰੋਂ ਗੁਰੂ ਰੂਪ ਪ੍ਰਮਾਤਮਾ ਨੂੰ ਪਹਿਚਾਣੇ ਬਿਨਾਂ ਹਰ ਕੋਈ ਸੱਚ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹੀ ਹੈ ਭਾਵੇਂ

ਉਹ ਕੋਈ ਵੀ ਹੈ ਭਾਵ ਭਾਵੇਂ ਕੋਈ ਸੰਤ ਅਖਵਾਉਂਣ ਵਾਲਾ ਹੈ, ਭਾਵੇਂ ਬ੍ਰਹਮ ਗਿਆਨੀ ਅਖਵਾਉਂਣ ਵਾਲਾ ਹੈ। ਆਪਣੀ ਝੂਠੀ ਵਡਿਆਈ ਭਾਵ ਧਰਮ ਦੇ ਮਾਰਗ ਦਾ ਵਿਦਵਾਨ ਸਮਝਣ ਦੀ ਵਡਿਆਈ ਲੈਣਾ ਸਾਡੀ ਮੂਰਖਤਾ ਹੀ ਹੈ ਕਿਉਂਕਿ ਸਾਨੂੰ ਉਸ ਪ੍ਰਮਾਤਮਾ ਦੀ ਵਡਿਆਈ ਸਮਝ ਹੀ ਨਹੀਂ ਆਈ ਜੋ ਗਿਆਨ ਦਾ ਮਾਲਕ ਹੈ।ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਵਿਦਵਾਨ ਅਖਵਾਉਂਣ ਵਾਲੇ ਬਹੁਤ ਹਨ ਜੋ ਦੂਸਰਿਆਂ ਨੂੰ ਗਿਆਨ ਦਿੰਦੇ ਹਨ ਤੇ ਉਸ ਦੁਆਰਾ ਧਨ ਕਮਾਉਂਦੇ ਹਨ ਜਿਸ ਲਈ ਉਹਨਾਂ ਨੂੰ ਮਨਮੁਖ ਕਿਹਾ ਗਿਆ ਹੈ।ਉਹ ਸੱਚੀ ਵਿਦਿਆ ਦਾ ਮਕਸਦ ਨਹੀਂ ਸਮਝਦੇ ਜੋ ਕਿ ਆਪਣੇ ਮਾੜੇ ਵਿਚਾਰਾਂ ਨੂੰ ਸੋਧਣ ਦਾ ਹੈ, ਨਾ ਕਿ ਬਹੁਤੀ ਮਾਇਆ ਕਮਾਉਣ ਦਾ ਜਿਵੇਂ ਕਿ ਹਰ ਪਾਸੇ ਹੋ ਰਿਹਾ ਹੈ। ਜਿਤਨਾ ਕੋਈ ਉੱਚਾ ਵਿਦਵਾਨ ਅਖਵਾਉਂਦਾ ਹੈ ਉਤਨੀ ਮਾਇਆ ਦੀ ਮੰਗ ਕਰਦਾ ਹੈ, ਉੱਚੀ ਸੋਭਾ ਦੀ ਮੰਗ ਕਰਦਾ ਹੈ।ਉੱਚੀ ਸੋਭਾ ਵੀ ਮਾਇਆ ਮੋਹ ਹੈ। ਇਹੋ ਜਿਹੇ ਵਿਦਵਾਨ ਅਖਵਾਉਂਣ ਵਾਲੇ, ਧਰਮ ਦੇ ਪਾਧੇ ਅਖਵਾਉਂਣ ਵਾਲੇ ਬਿਖ ਦੇ ਨਾਲ ਹੀ ਜੁੜੇ ਰਹਿੰਦੇ ਹਨ ਭਾਵ ਮਨਮਤਿ ਦੇ ਨਾਲ ਜੁੜੇ ਰਹਿੰਦੇ ਹਨ।ਸੱਚ ਦਾ ਮਾਰਗ ਸਮਝਣ ਵਿੱਚ ਆਪ ਭਰਮ ਵਿੱਚ ਰਹਿੰਦੇ ਹਨ ਤੇ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਉਂਦੇ ਹਨ।ਇਹ ਮਾਇਆ ਦਾ ਵਾਪਾਰ ਹੀ ਹੈ। (**ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥ ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ॥ ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥53॥**)

ਸੱਚੀ ਮਤਿ ਦੇਣ ਵਾਲਾ ਪਾਧਾ ਆਪ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ।ਸੱਚਾ ਪਾਧਾ ਸਾਨੂੰ ਕਿਹੋ ਜਿਹੀ ਮਤਿ ਦਿੰਦਾ ਹੈ ਇਹੀ ਗੱਲ ਸਾਨੂੰ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

33/3791

“ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥

ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥”

ਪਾਧਾ ਕੇਵਲ ਉਹੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਸਮਝਾਉਂਣ ਵਾਲਾ,ਸੱਚੀ ਸਿੱਖਿਆ ਦੇਣ ਵਾਲਾ ਕੇਵਲ ਉਹੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ “ਗੁਰਮੁਖਿ” ਰੂਪ ਹੈ ਭਾਵ ਗੁਰੂ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪ ਹੀ ਪ੍ਰਗਟ ਹੁੰਦਾ ਹੈ।ਇਹੋ ਜਿਹੀ ਅਵਸਥਾ ਭਾਵ ਗੁਰਮੁਖਿ ਵਾਲੀ ਅਵਸਥਾ ਪ੍ਰਮਾਤਮਾ ਦੂਸਰਿਆਂ ਨੂੰ ਸੱਚੀ ਮਤਿ ਦੇਣ ਲਈ ਹੀ ਕਿਸੇ ਸਰੀਰ ਰਾਹੀਂ ਬਖਸ਼ਦਾ ਹੈ ਭਾਵ ਗੁਰਮੁਖਿ ਦਾ ਮਕਸਦ ਹੀ ਚਾਟੜਿਆਂ ਨੂੰ ਮਤਿ ਦੇਣ ਦਾ ਹੈ। (**ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥**) ਗੁਰਮੁਖਿ ਰੂਪ ਪਾਧਾ ਕਿਹੋ ਜਿਹੀ ਮਤਿ ਦਿੰਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।ਉਹ ਚਾਟੜਿਆਂ ਨੂੰ ਇਹ ਸਮਝਾਉਂਦਾ ਹੈ ਕਿ ਆਪਣੇ ਅੰਦਰ ਨਾਮ ਦੀ ਸੰਭਾਲ ਕਰੋ ਭਾਵ ਗੁਰੂ ਦੀ ਸੱਚੀ ਸਿੱਖਿਆਂ ਦੀ ਸੰਭਾਲ ਕਰੋ ਜੋ ਸਿੱਖਿਆ ਸਾਨੂੰ ਅਉਗਣ ਤਿਆਗਣ ਲਈ ਸਮਝਾਉਂਦੀ ਹੈ ਤੇ ਆਪਣੇ ਅੰਦਰ ਗੁਣਾਂ ਦੀ ਸੰਭਾਲ ਕਰਨ ਲਈ ਸਿਖਾਉਂਦੀ ਹੈ।ਸਾਡੇ ਅੰਦਰ ਪੰਜ ਚੋਰ ਭਾਵ ਵਿਕਾਰ ਅਉਗਣਾਂ ਦੇ ਰੂਪ ਵਿੱਚ ਵੱਸੇ ਰਹਿੰਦੇ ਹਨ ਤੇ ਸਾਡੇ ਅੰਦਰੋਂ ਗੁਣਾਂ ਨੂੰ ਚਰਾਉਂਦੇ ਹਨ ਜੋ ਸਾਡੇ ਅੰਦਰ ਗੁਰੂ ਦੀ ਸਿੱਖਿਆ ਨੂੰ ਨਹੀਂ ਵੱਸਣ ਦਿੰਦੇ ਭਾਵ ਸਾਡੇ ਅੰਦਰ ਨਾਮ ਦੀ ਸੰਭਾਲ ਨਹੀਂ ਹੁੰਦੀ ਤੇ ਸਾਡੇ ਅੰਦਰ ਗੁਣ ਇੱਕਠੇ ਨਹੀਂ ਹੁੰਦੇ ਜਿਸ ਦੁਆਰਾ ਸਾਨੂੰ ਜਗ ਵਿੱਚ ਲਾਹਾ ਨਹੀਂ ਮਿਲਦਾ ਹੈ।ਲਾਹਾ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਮਿਲਦਾ ਹੈ ਤੇ ਉਹ ਆਪਣੇ ਅੰਦਰ ਗੁਣਾਂ ਨੂੰ ਸੰਭਾਲਣ ਦੁਆਰਾ ਹੀ ਮਿਲਦਾ ਹੈ।ਸੱਚਾ ਪਾਧਾ ਸਾਨੂੰ ਇਹੋ ਜਿਹੀ ਸਿਖਿਆ ਨਾਲ ਹੀ ਜੋੜਦਾ ਹੈ ਤਾਂ ਜੋ ਅਸੀਂ ਸੰਸਾਰ ਦੇ ਭਲੇ ਲਈ ਵਿਚਰੀਏ, ਅਉਗਣ ਰਹਿਤ ਹੋ ਕੇ ਵਿਚਰੀਏ। (**ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥**)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥}

(ਅੰਗ ੧੧੭੯)

{ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਣੀਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਣੀਆ ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਣੀਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਣੀਆ ॥੩॥}

(ਅੰਗ ੮੩੩)

33/3792

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ ॥
ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ॥੨॥}

(ਅੰਗ ੧੩੨੮)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ ੪੧੮)

{ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥
ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥}

(ਅੰਗ ੩੫੬)

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥}

(ਅੰਗ ੩੫੬)

ਸੱਚੇ ਪਾਧੇ ਦੀ ਦੀਖਿਆ ਭਾਵ ਸਿਖਿਆ ਬੜੀ ਸਪਸ਼ਟ ਹੈ ਜੋ ਕਿ ਅਉਗਣਾਂ ਨੂੰ ਛੱਡਣ ਦੀ ਹੈ,ਸਰੀਰਕ ਜਪਾਂ ਤਪਾਂ ਨੂੰ ਛੱਡਣ ਦੀ ਹੈ ਜਿਸ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ ਤੇ ਗੁਰੂ ਆਪਣੀ ਦੀਖਿਆ ਦੁਆਰਾ ਸਾਨੂੰ ਭਰਮ ਵਿੱਚੋਂ ਹੀ ਕੱਢਦਾ ਹੈ ਤਾਂ ਜੋ ਅਸੀਂ ਸੱਚ ਦੇ ਨਾਲ ਜੁੜ ਸਕੀਏ ਭਾਵ ਉਸ ਦੀ ਸੱਚੀ ਮਤਿ ਦੇ ਨਾਲ ਜੁੜ ਸਕੀਏ। ਗੁਰੂ ਰੂਪ ਪਾਧੇ ਨੂੰ ਮਤਿ ਦੇਣ ਵਾਲਾ ਪ੍ਰਮਾਤਮਾ ਆਪ ਹੈ, ਨਾਮ ਸਮਝਾਉਂਣ ਵਾਲਾ ਆਪ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥"

33/3793

ਉਪਰਲੀਆ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸੱਚੇ ਪਾਧੇ ਨੂੰ ਪੜਾਉਂਣ ਵਾਲਾ ਕੌਣ ਹੈ। ਗੁਰਬਾਣੀ ਸਾਡਾ ਸੱਚਾ ਪਾਧਾ ਹੈ ਜਿਸ ਨੂੰ ਪੂਰਨ ਰੂਪ ਵਿੱਚ ਸੱਚ ਦੀ ਸਮਝ ਹੈ, ਪ੍ਰਮਾਤਮਾ ਦੀ ਸਮਝ ਹੈ ਜੋ ਸਮਝ ਸ਼ਬਦਾਂ ਰਾਹੀਂ ਬਿਆਨ ਕੀਤੀ ਹੋਈ ਹੈ। ਜੋ ਸ਼ਬਦ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਡੇ ਲਈ ਉਚਾਰੇ ਹਨ, ਸਾਨੂੰ ਪੜਾਉਣ ਲਈ ਉਚਾਰੇ ਹਨ, ਸਿਖਿਆ ਦੇਣ ਲਈ ਉਚਾਰੇ ਹਨ,ਉਹਨਾਂ ਨੇ ਪਹਿਲੇ ਉਹ "ਸਬਦੁ" ਆਪਣੇ ਮਨ ਰੂਪ "ਪਟੀ" ਤੋਂ ਪੜੇ ਹਨ। ਮਨ ਦੇ ਵਿੱਚ ਸੱਚੀ ਪੱਟੀ ਤੇ ਲਿਖਣ ਵਾਲਾ ਆਪ ਪ੍ਰਮਾਤਮਾ ਹੈ।ਜਿਸ ਦੇ ਮਨ ਦੇ ਅੰਦਰ "ਸਚੁ" ਰੂਪ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ ਉਸ ਦੇ ਮਨ ਦੀ ਪੱਟੀ ਤੇ ਪ੍ਰਮਾਤਮਾ ਫਿਰ ਸੱਚ ਹੀ ਲਿਖਦਾ ਹੈ, "ਸਬਦੁ" ਰੂਪ ਵਿੱਚ ਲਿਖਦਾ ਹੈ ਜਿਸ ਰਾਹੀਂ ਉਹ ਆਪਣਾ "ਸਾਰੁ" ਸਮਝਉਂਦਾ ਹੈ, ਤੱਤ ਸਮਝਉਂਦਾ ਹੈ,ਜਿਸ ਤੋਂ ਉੱਤੇ ਹੋਰ ਕੋਈ ਸੱਚ ਨਹੀਂ ਹੋ ਸਕਦਾ ਭਾਵ ਪ੍ਰਮਾਤਮਾ ਦੀ ਦਿੱਤੀ ਹੋਈ "ਸਬਦੁ" ਰੂਪ ਸੋਝੀ ਤੋਂ ਉਪਰ ਹੋਰ ਕੋਈ ਸੋਝੀ ਨਹੀਂ ਹੋ ਸਕਦੀ ਕਿਉਂਕਿ ਪ੍ਰਮਾਤਮਾ ਨਾਲੋਂ ਉਚੀ ਸੋਝੀ ਕਿਤੇ ਹੋ ਹੀ ਨਹੀਂ ਸਕਦੀ। ਜਿਸ ਨੂੰ ਪ੍ਰਮਾਤਮਾ ਆਪਣਾ ਸੱਚਾ ਪਾਧਾ ਬਣਾਉਂਦਾ ਹੈ ਉਸ ਦੀ ਮਨ ਦੀ ਪੱਟੀ ਤੇ ਆਪ ਹੀ ਸੱਚ ਲਿਖਦਾ ਹੈ।ਇਹ "ਸਚੁ" ਰੂਪ ਗਿਆਨ ਹੀ ਉਸ ਦਾ ਨਾਮ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਪੰਡਿਤ ਰੂਪ ਬਣਾਉਂਦਾ ਹੈ, ਧਰਮ ਦੇ ਮਾਰਗ ਤੇ ਸਿਆਣਾ ਬਣਾਉਂਦਾ ਹੈ। ਪ੍ਰਮਾਤਮਾ ਆਪਣੇ "ਰਾਮ ਨਾਮ" ਦਾ ਹਾਰ ਆਪ ਹੀ ਕਿਸੇ ਦੇ ਗਲ ਵਿੱਚ ਪਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾਂ ਕਰਨ ਵਾਲੀਆਂ ਦੇ ਗਲ ਵਿੱਚ ਪਾਇਆ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਉਹਨਾਂ ਨੂੰ ਆਪ ਹੀ ਪੜਾਇਆ ਹੈ ਤੇ ਆਪਣਾ ਸੱਚਾ ਪਾਧਾ ਬਣਾਇਆ ਹੈ। (**ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥ ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥54॥1॥**)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ ੯੦੪)

"ਸਬਦੁ" ਦੇ ਗਿਆਨ ਦਾ ਮੂਲ ਪ੍ਰਮਾਤਮਾ ਆਪ ਹੈ ਜਿਸ ਕਰਕੇ "ਸਬਦੁ" ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ।ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ "ਸਬਦੁ" ਰੂਪ ਹੀ ਹੈ ਜੋ ਕਿ ਉਸਦਾ ਸਚੁ ਰੂਪ ਹੈ,ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ।

ਬ੍ਰਹਮ ਗਿਆਨ ਹੀ ਸਾਡਾ ਗੁਰੂ ਹੈ ਤੇ ਬ੍ਰਹਮ ਗਿਆਨ ਕੇਵਲ ਸੱਚੇ ਪਾਧੇ ਦੇ ਕੋਲ ਹੈ ਤੇ ਹੋਰ ਝੂਠੇ ਪਾਧੇ ਅਨੇਕਾਂ ਹੀ ਹਨ ਜੋ ਸਾਨੂੰ ਮਨਮਤਿ

33/3794

ਨਾਲ ਹੀ ਜੋੜਦੇ ਹਨ ਤੇ ਗੁਰਮਤਿ ਤੋਂ ਦੂਰ ਹੀ ਕਰਦੇ ਹਨ।ਸਾਨੂੰ ਕਥਨੀ ਦੇ ਨਾਲ ਸਰੀਰਕ ਜਪਾਂ ਤਪਾਂ ਆਦਿ ਦੇ ਨਾਲ ਜੋੜਦੇ ਹਨ ਜਿਸ ਕਰਕੇ ਉਹਨਾਂ ਨੂੰ ਗੁਰਬਾਣੀ ਰਾਹੀਂ ਭਰਮ ਵਿੱਚ, ਅਗਿਆਨਤਾ ਵਿੱਚ, ਮੂਰਖਤਾ ਵਿੱਚ ਦਸਿਆ ਹੈ ਤੇ ਉਹਨਾਂ ਦੇ ਪਿੱਛੇ ਲੱਗ ਕੇ ਅਸੀ ਆਪਣੇ ਆਪ ਨੂੰ ਭਰਮਾਂ ਵਿੱਚ ਹੀ ਪਾਉਦੇ ਹਾਂ ਜਦ ਕਿ ਗੁਰਬਾਣੀ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ।ਇਹੋ ਜਿਹੇ ਭਰਮੇ ਹੋਏ ਸਾਨੂੰ ਗੁਰਬਾਣੀ ਦੇ ਸੱਚੇ ਮਕਸਦ ਤੋਂ, ਸੱਚੀ ਸਿਖਿਆ ਦੇ ਮਕਸਦ ਤੋਂ ਹੀ ਦੂਰ ਕਰੀ ਜਾ ਰਹੇ ਹਨ ਜੋ ਮਕਸਦ ਪ੍ਰਮਾਤਮਾ ਨੂੰ ਜਾਨਣ ਦਾ ਹੈ। ਗੁਰੂ ਦੀ ਸਿਖਿਆ ਹੀ ਅਸਲ ਵਿੱਚ ਸਾਡੀਆਂ ਉਹ ਗਿਆਨ ਰੂਪੀ ਅੱਖਾਂ ਹਨ ਜਿਸ ਨੇ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਕਰਾਉਣੇ ਹਨ। ਭਰਮਿਆਂ ਹੋਇਆਂ ਕੋਲ ਨਾ ਆਪਣੇ ਕੋਲ ਅੱਖਾਂ ਹਨ ਭਾਵ ਨਾ ਉਹਨਾਂ ਨੇ ਆਪ ਪ੍ਰਮਾਤਮਾ ਦੇ ਦਰਸ਼ਨ ਕੀਤੇ ਹਨ ਤੇ ਨਾ ਹੀ ਉਹਨਾਂ ਦੀਆਂ ਭਰਮ ਰੂਪ ਅੱਖਾਂ ਪਿੱਛੇ ਲੱਗ ਕੇ ਅਸੀਂ ਕਦੇ ਪ੍ਰਮਾਤਮਾ ਦੇ ਦਰਸ਼ਨ ਕਰ ਸਕਦੇ ਹਾਂ।ਆਉ ਇਸ ਗੱਲ ਨੂੰ ਧੰਨ ਧੰਨ ਸ਼ੇਖ ਫਰੀਦ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝੀਏ।

"ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥
ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥੮੫॥
ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥੮੬॥
ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥
ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ ॥੮੭॥
ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਨੁ ॥
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਨੁ ॥੮੮॥
ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ ॥
ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥੮੯॥
ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥
ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥
ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥"

(ਅੰਗ ੧੩੮੨)

ਉਪਰਲੇ ਸ਼ਬਦਾਂ ਦੀਆਂ ਪੰਗਤੀਆਂ ਦੇ ਰਾਹੀਂ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਹੀ ਸਮਝਾਇਆ ਹੋਇਆ ਹੈ ਜੋ ਕਿ ਉਹਨਾਂ ਦੇ ਪਿੱਛੇ ਲੱਗਣ ਦਾ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਸਮਝ ਨਹੀਂ ਹੈ, ਜਿੰਨ੍ਹਾਂ ਨੂੰ ਗੁਰਮਤਿ ਦੀ ਸਮਝ ਨਹੀਂ ਹੈ ਤੇ ਉਹਨਾਂ ਦੇ ਪਿੱਛੇ ਲੱਗ ਕੇ ਸਾਡਾ ਜੀਵਨ ਵੀ ਬਰਬਾਦ ਹੀ ਹੁੰਦਾ ਹੈ। ਗੁਰੂ ਦੀ ਸੱਚੀ ਮਤਿ ਦੇ ਪਿੱਛੇ ਲੱਗਣ ਤੋਂ ਬਿਨਾਂ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਦੂਖ ਦੂਰ ਨਹੀਂ ਹੋ ਸਕਦਾ। ਸਾਰੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀ ਸ਼ਬਦਾਂ ਦੀ ਗਹਿਰਾਈ ਤਕ ਪਹੁੰਚ ਸਕੀਏ।

33/3795

“ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥

ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥੮੫॥

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥੮੬॥”

ਜਿਵੇਂ ਕਿ ਅਸੀ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਇਹ ਸੰਸਾਰ ਮਾਇਆ ਮੋਹ ਦਾ ਸਾਗਰ ਹੈ, ਅਗਿਆਨਤਾ ਦਾ ਸਾਗਰ ਹੈ ਜੋ ਕਿ ਸਾਡੇ ਅੰਦਰ ਹੀ ਹੈ। ਜਦ ਤਕ ਅਸੀਂ ਇਸ ਸਾਗਰ ਦੇ ਅੰਦਰ ਫਸੇ ਹੋਏ ਹਾਂ ਤਦ ਤਕ ਅਸੀਂ ਪ੍ਰਮਾਤਮਾ ਦੇ ਵਿਛੋੜੇ ਦੇ ਦੁਖ ਵਿੱਚ ਹੀ ਹਾਂ।ਇਹ ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਮਨਮਤਿ ਦੇ ਰੂਪ ਵਿੱਚ ਹੈ,ਹਉਮੈ ਦੇ ਰੂਪ ਵਿੱਚ ਹੈ, ਮਾਇਆ ਮੋਹ ਦੀ ਜੁਗਤਿ ਦੇ ਰੂਪ ਵਿੱਚ ਹੈ, ਤ੍ਰਿਸਨਾਂ ਦੇ ਰੂਪ ਵਿੱਚ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦੇ ਰੂਪ ਵਿੱਚ ਹੈ ਭਾਵ ਭਰਮ ਦੇ ਰੂਪ ਵਿੱਚ ਹੈ।ਅਸੀ ਹਰ ਵੇਲੇ ਭਰਮ ਰੂਪ, ਦੁਚਿਤੀ ਰੂਪ, ਸਹਸਾ ਰੂਪ ਵਿਚਾਰਾਂ ਦੇ ਬੇੜੇ ਉਪਰ ਸਵਾਰ ਰਹਿੰਦੇ ਹਾਂ ਜੋ ਹਰ ਵੇਲੇ ਡੋਲਦੇ ਰਹਿੰਦੇ ਹਨ, ਮਾਇਆ ਮੋਹ ਵਿੱਚ ਡੋਲਦੇ ਰਹਿੰਦੇ ਹਨ।ਇਸ ਭਰਮ ਮੋਹ ਦੇ ਸਾਗਰ ਵਿੱਚੋਂ ਕੇਵਲ ਸਾਨੂੰ ਸ਼ਬਦ ਦੇ ਵਿਚਾਰ ਹੀ ਕੱਢ ਸਕਦੇ ਹਨ ਭਾਵ ਗੁਰਮਤਿ ਰੂਪ ਵਿਚਾਰ ਹੀ ਕੱਢ ਸਕਦੇ ਹਨ। ਗੁਰੂ ਸਾਡੇ ਸਭ ਦੇ ਮਨ ਦੀ ਅਵਸਥਾ ਜਾਣਦਾ ਹੈ ਕਿ ਅਸੀ ਕਿਸ ਲਈ ਡੁਬ ਰਹੇ ਹਾਂ ਭਾਵ ਸਾਡਾ ਜੀਵਨ ਦਿਨ ਰਾਤ ਕਿਸ ਲਈ ਦੁੱਖਾਂ ਵਿੱਚ ਹੈ। ਗੁਰੂ ਸਾਨੂੰ ਗੁਰਬਾਣੀ ਰਾਹੀਂ ਪੁਕਾਰ ਪੁਕਾਰ ਕੇ ਕਹਿ ਰਿਹਾ ਹੈ ਕਿ ਸਾਡਾ ਜੀਵਨ ਰੂਪ ਬੇੜਾ ਮਾਇਆ ਮੋਹ ਦੀਆਂ ਲਹਿਰਾਂ ਦੇ ਵੱਸ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਭਾਵ ਗੁਰੂ ਸਾਨੂੰ ਸ਼ਬਦ ਦੇ ਵਿਚਾਰਾਂ ਰਾਹੀਂ ਸਾਡੇ ਜੀਵਨ ਰੂਪ ਬੇੜੇ ਨੂੰ ਬਚਾਉਣ ਲਈ ਸੋਝੀ ਪਾ ਰਿਹਾ ਹੈ ਕਿ ਤੁਸੀਂ ਡੁਬ ਰਹੇ ਹੋ। (**ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥ ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥85॥**)

ਪ੍ਰਮਾਤਮਾ ਨੇ ਇਹ ਮਾਇਆ ਮੋਹ ਰੂਪ ਵਿਚਾਰ ਸਭ ਦੇ ਅੰਦਰ ਹੀ ਪਾਏ ਹੋਏ ਹਨ ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ, ਲੰਬੇ ਸਮੇਂ ਤੋਂ ਭਾਵ ਸਦਾ ਲਈ ਬਣਾਇਆ ਹੋਇਆ ਅਸੂਲ ਹੈ,ਜਿਸ ਦੁਆਰਾ ਉਹ ਇਸ ਸੰਸਾਰ ਨੂੰ ਚਲਾ ਰਿਹਾ ਹੈ, ਭਰਮ ਵਿੱਚ ਰੱਖਕੇ ਚਲਾ ਰਿਹਾ ਹੈ। ਸਾਡੇ ਅੰਦਰ ਇਹਨਾਂ ਮਾਇਆ ਮੋਹ ਰੂਪ ਵਿਚਾਰਾਂ ਦਾ ਮਕਸਦ ਸਾਡੇ ਜੀਵਨ ਨੂੰ ਖਰਾਬ ਕਰਣ ਦਾ ਹੀ ਹੈ, ਢਾਹ ਲਾਉਂਣ ਦਾ ਹੀ ਹੈ ਜਿਵੇਂ ਕਿ ਲੰਮੀ ਨਦੀ ਦੇ ਕਿਨਾਰੇ ਉਗੇ ਹੋਏ ਰੁੱਖਾਂ ਨੂੰ ਨਦੀ ਢਾਹ ਲਾਉਂਦੀ ਰਹਿੰਦੀ ਹੈ,ਉਹਨਾਂ

33/3796

ਨੂੰ ਗਿਰਾਉਂਦੀ ਰਹਿੰਦੀ ਹੈ।ਆਪਣੇ ਜੀਵਨ ਰੂਪ ਬੇੜੇ ਨੂੰ ਬਚਾਉਂਣ ਦਾ ਤਰੀਕਾ ਵੀ ਗੁਰੂ ਪ੍ਰਮਾਤਮਾ ਨੇ ਆਪ ਹੀ ਸਮਝਾਇਆ ਹੋਇਆ ਹੈ। ਬੇੜੇ ਦੇ ਮਲਾਹ ਨੂੰ ਭਾਵ ਮਨੁੱਖ ਨੂੰ ਗੁਰੂ ਨੇ ਸੁਚੇਤ ਵੀ ਕੀਤਾ ਹੋਇਆ ਹੈ, ਬਾਰ ਬਾਰ ਸ਼ਬਦਾਂ ਰਾਹੀਂ ਸੋਝੀ ਪਾਈ ਹੋਈ ਹੈ ਕਿ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦੀ ਲੋੜ ਹੈ, ਤ੍ਰਿਸ਼ਨਾਵਾਂ ਨੂੰ, ਅਉਗੁਣਾਂ ਨੂੰ ਤਿਆਗਣ ਦੀ ਲੋੜ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਵਾਉਂਣ ਦੁਆਰਾ ਸਾਡੇ ਜੀਵਨ ਰੂਪ ਬੇੜੇ ਨੂੰ ਡੁਬੋਂਦੇ ਹਨ। ਜੇਕਰ ਅਸੀਂ ਗੁਰੂ ਦੀ ਗੱਲ ਤੇ ਸੁਚੇਤ ਹੋ ਜਾਵਾਂਗੇ ਭਾਵ ਗੁਰੂ ਦੀ ਗੱਲ ਨੂੰ ਮੰਨ ਲਵਾਂਗੇ ਫਿਰ ਮਾਇਆ ਮੋਹ ਦੀਆਂ ਲਹਿਰਾਂ ਭਾਵ ਸਾਡੇ ਮਨ ਦੇ ਮਾੜੇ ਵਿਚਾਰ ਬੇੜੇ ਨੂੰ ਡੁਬੋ ਨਹੀਂ ਸਕਦੇ ਭਾਵ ਅਸੀ ਮਾਇਆ ਮੋਹ ਦੇ ਸਾਗਰ ਵਿੱਚੋਂ ਤਰ ਜਾਵਾਂਗੇ। (**ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥ ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥86॥**)

ਸਾਡਾ ਗੁਰੂ ਦੀ ਗੱਲ ਤੇ ਸੁਚੇਤ ਨਾ ਹੋਣ ਦਾ ਕਾਰਣ ਕੀ ਹੈ ਭਾਵ ਸਾਡੇ ਬੇੜੇ ਦੇ ਡੁੱਬਣ ਦਾ ਕਾਰਣ ਕੀ ਹੈ ਇਹੀ ਗੱਲ

ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥
ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ ॥੯੭॥
ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਨੁ ॥
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਨੁ ॥੯੮॥”

ਸਾਰੇ ਸੰਸਾਰ ਦਾ ਅਸਲ ਸੱਜਣ ਗੁਰੂ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਜੋ ਕਿ “ਗੁਰਮਤਿ” ਦੇ ਰੂਪ ਵਿੱਚ ਸਭ ਦਾ ਸੱਜਣ ਹੈ। ਗੁਰੂ ਨੂੰ ਸੱਜਣ ਕਹਿਣ ਵਾਲੇ ਤਾਂ ਬਹੁਤ ਹਨ ਪਰ ਅਸਲ ਵਿੱਚ ਅਸੀ ਸੱਜਣ ਕਿਹਨਾਂ ਨੂੰ ਬਣਾਇਆ ਹੋਇਆ ਹੈ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ ਜਿੰਨ੍ਹਾਂ ਨੂੰ ਅਸੀਂ ਆਪਣੇ ਵਲੋਂ ਰੰਗਲੇ ਸੱਜਣ ਸਮਝਦੇ ਹਾਂ ਤੇ ਇਸ ਗੱਲ ਨੂੰ ਅਸੀ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ ਸੱਚਾ ਸੱਜਣ ਇਕੋ ਇਕ ਪ੍ਰਮਾਤਮਾ ਆਪ ਹੈ ਜਿਸ ਨੂੰ ਹਰ ਕੋਈ ਢੂੰਢ ਰਿਹਾ ਹੈ ਭਾਵ ਪ੍ਰਮਾਤਮਾ ਨੂੰ ਪਾਉਂਣ ਲਈ ਆਪਣੀ ਆਪਣੀ ਮਤਿ ਅਨੁਸਾਰ ਲੱਗਾ ਹੋਇਆ ਹੈ। ਗੱਲਾਂ ਅਸੀਂ ਉਹਨਾਂ ਸੱਜਣਾਂ ਦੀਆਂ ਕਰਦੇ ਹਾਂ

33/3797

ਜਿੰਨ੍ਹਾਂ ਨੂੰ ਅਸੀ ਭਗਤੀ ਦੇ ਮਾਰਗ ਤੇ ਸਿਆਣਾ ਸਮਝਿਆ ਹੋਇਆ ਹੈ, ਅਨੇਕਾਂ ਨੂੰ ਆਪਣੇ ਸੱਜਣ ਬਣਾਇਆ ਹੋਇਆ ਹੈ, ਮਨੁੱਖੀ ਰੂਪ ਵਿੱਚ ਸੱਜਣ ਬਣਾਇਆ ਹੋਇਆ ਹੈ,ਜਿੰਨ੍ਹਾਂ ਦੇ ਪਿੱਛੇ ਲੱਗ ਕੇ ਅਸੀ ਉਸ ਅਸਲ ਸੱਜਣ ਨੂੰ ਨਹੀਂ ਲਭ ਸਕਦੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ ਭਾਵ ਮਾਇਆ ਮੋਹ ਦੇ ਸਾਗਰ ਤੋਂ ਪਾਰ ਨਹੀਂ ਹੋ ਸਕਦੇ ਕਿਉਂਕਿ ਅਸੀ ਉਹਨਾਂ ਦੇ ਪਿੱਛੇ ਲਗੇ ਹੋਏ ਹਾਂ ਜੋ ਆਪ ਮਾਇਆ ਮੋਹ ਵਿੱਚ ਹਨ, ਦੁਚਿਤੀ ਵਿੱਚ, ਦੁਬਿਧਾ ਵਿੱਚ ਰਹੇ ਹਨ। (**ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥**)

{ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥}

(ਅੰਗ ੨੩)

{ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥}

(ਅੰਗ ੪੧)

{ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥}

(ਅੰਗ ੧੪੨੬)

ਜਿੰਨ੍ਹਾਂ ਨੂੰ ਅਸੀ ਆਪਣੇ ਸੱਜਣ ਬਣਾਇਆ ਹੋਇਆ ਹੈ ਪਿਆਰ ਅਸਲ ਵਿੱਚ ਅਸੀ ਉਹਨਾਂ ਲਈ ਹੀ ਆਪਣੇ ਅੰਦਰ ਪਾਲਿਆ ਹੁੰਦਾ ਹੈ ਭਾਵੇਂ ਪਿਆਰ ਦਾ ਦਿਖਾਵਾ ਅਸੀ ਗੁਰੂ ਲਈ ਹੀ ਕਰਦੇ ਹਾਂ, ਪ੍ਰਮਾਤਮਾ ਨੂੰ ਪਾਉਂਣ ਲਈ ਹੀ ਦਿਖਾਉਂਦੇ ਹਾਂ।ਸਾਡੇ ਮਨ ਦੇ ਅੰਦਰ ਉਹਨਾਂ ਲਈ ਪਿਆਰ ਧੁਖਦਾ ਰਹਿੰਦਾ ਹੈ ਭਾਵ ਲੱਗਾ ਰਹਿੰਦਾ ਹੈ ਜਿਵੇਂ ਕਿ ਸੁੱਕਾ ਹੋਇਆ ਗੋਹਾ ਧੁਖਦਾ ਰਹਿੰਦਾ ਹੈ। ਇਹੋ ਜਿਹੇ ਸੱਜਣਾਂ ਨਾਲ ਪਿਆਰ ਪਾਉਂਣ ਵਾਲਿਆਂ ਦੇ ਮਨ ਦੀ ਅਵਸਥਾ ਦੀ ਤੁਲਨਾ ਗੋਹੇ ਨਾਲ ਕੀਤੀ ਹੋਈ ਹੈ ਜੋ ਧੁਖ ਧੁਖ ਕੇ ਅਖੀਰ ਆਪਣਾ ਜੀਵਨ ਬਰਬਾਦ ਕਰ ਲੈਂਦਾ ਹੈ। ਗੁਰੂ ਨੂੰ ਛੱਡ ਕੇ ਕਿਸੇ ਹੋਰਾਂ ਨੂੰ ਸੱਜਣ ਬਣਾਕੇ ਉਹਨਾਂ ਦੀ ਮਤਿ ਦੇ ਪਿੱਛੇ ਲੱਗ ਕੇ, ਉਹਨਾਂ ਦੇ ਪਿਆਰ ਵਿੱਚ ਬਿਰਹਾ ਦਿਖਾਕੇ ਅਸੀ ਗੁਰੂ ਰੂਪ ਸੱਜਣ ਨਾਲ ਨਹੀਂ ਜੁੜ ਸਕਦੇ, ਗੁਰਮਤਿ ਨਾਲ ਨਹੀਂ ਜੁੜ ਸਕਦੇ ਤੇ ਇਸ ਸੰਸਾਰ ਤੋਂ ਆਪਣਾ ਜੀਵਨ ਖਰਾਬ ਕਰਕੇ ਹੀ ਜਾਂਦੇ ਹਾਂ ਭਾਵੇਂ ਅਸੀਂ

33/3798

ਆਪਣੇ ਆਪ ਨੂੰ ਗੁਰੂ ਦੇ ਪਿਆਰੇ ਅਖਵਾਉਂਦੇ ਹਾਂ, ਪ੍ਰਮਾਤਮਾ ਨੂੰ ਜਪਣ ਵਾਲਾ ਅਖਵਾਉਂਦੇ ਹਾਂ। (**ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ ॥87॥**)

ਜਿਹੜੇ ਇਹੋ ਜਿਹੇ ਸਜਣਾਂ ਪਿੱਛੇ ਲਗੇ ਰਹਿੰਦੇ ਹਨ ਉਹ ਆਪਣੇ ਆਪ ਨੂੰ ਠੀਕ ਹੀ ਸਮਝਦੇ ਹਨ ਕਿ ਜੋ ਕੁਝ ਅਸੀ ਇਹੋ ਜਿਹੇ ਸਜਣਾਂ ਕੋਲੋਂ ਸਿਖਿਆ ਹੈ ਉਹ ਗੁਰਮਤਿ ਅਨਸਾਰ ਹੀ ਹੈ ਤੇ ਉਹਨਾਂ ਤੇ ਕਿਸੇ ਦੇ ਸਮਝਾਉਣ ਦਾ, ਗੁਰੂ ਦੀ ਸੱਚੀ ਗੱਲ ਸਮਝਾਉਣ ਦਾ ਅਸਰ ਨਹੀਂ ਪੈਂਦਾ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਨੁ ॥

ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਨੁ ॥੯੮॥”

ਜਿਹੋ ਜਿਹੇ ਭਗਤੀ ਦੇ ਤਰੀਕੇ ਅਸੀ ਇਹੋ ਜਿਹੇ ਸੱਜਣਾਂ ਤੋਂ ਸਿਖੇ ਹੋਏ ਹਨ ਉਹਨਾਂ ਨਾਲ ਅਸੀ ਕਥਨੀ ਨਾਲ ਹੀ ਜੁੜੇ ਰਹਿੰਦੇ ਹਾਂ,ਕਿਸੇ ਅੱਖਰ ਦੇ ਜਪ ਕਰਣ ਵਿੱਚ ਹੀ ਲੱਗੇ ਰਹਿੰਦੇ ਹਾਂ ਭਾਵ ਸਰੀਰਕ ਕਿਰਿਆਵਾਂ ਨਾਲ ਜੁੜੇ ਰਹਿੰਦੇ ਹਾਂ। ਇਹਨਾਂ ਕਿਰਿਆਵਾਂ ਦੁਆਰਾ ਅਸੀਂ ਆਪਣੇ ਆਪ ਨੂੰ ਦੁੱਖੀ ਵੀ ਕਰਦੇ ਹਾਂ, ਖੁਆਰ ਵੀ ਹੁੰਦੇ ਹਾਂ ਭਾਵ ਭਾਵੇਂ ਔਖੇ ਹੁੰਦੇ ਹਾਂ ਪਰ ਅਸੀ ਇਸ ਵਿੱਚ ਆਪਣੀ ਸੱਚੀ ਭਗਤੀ ਭਾਵਨਾ ਸਮਝਦੇ ਹਾਂ ਤੇ ਆਪਣੇ ਆਪ ਨੂੰ ਦੁਖ ਸਹਿੰਦੇ ਹੋਏ ਵੀ ਦੁਖੀ ਨਹੀਂ ਮੰਨਦੇ। (**ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਨੁ ॥**) ਗੁਰੂ ਸਾਨੂੰ ਭਾਵ ਸੱਚਾ ਸੱਜਣ ਸਾਨੂੰ ਬਾਰ ਬਾਰ ਜੋਰ ਦੇ ਕੇ ਇਹ ਗੱਲ ਸਮਝਾਉਂਦਾ ਹੈ ਕਿ ਤੁਹਾਡਾ ਇਹ ਭਗਤੀ ਦਾ ਮਾਰਗ ਠੀਕ ਨਹੀਂ ਹੈ ਜਿਵੇਂ ਕਿ ਭਗਤੀ ਦੇ ਇਹੋ ਜਿਹੇ ਤਰੀਕਿਆਂ ਦਾ ਬਾਰ ਬਾਰ ਬਾਣੀ ਰਾਹੀਂ ਖੰਡਣ ਕੀਤਾ ਹੋਇਆ ਹੈ।ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਜੀਵਨ ਕਾਲ ਵਿੱਚ ਵੀ ਭਰਮਿਆਂ ਹੋਇਆਂ ਨੂੰ ਸੱਚੀ ਭਗਤੀ ਦਾ ਮਾਰਗ ਸਮਝਇਆ ਹੈ ਤੇ ਉਹਨਾਂ ਦੀ ਬਹੁਤਿਆਂ ਨੇ ਵਿਰੋਧਤਾ ਹੀ ਕੀਤੀ ਹੈ ਤੇ ਉਲਟਾ ਉਹਨਾਂ ਨੂੰ ਹੀ ਭਰਮੇ ਹੋਏ ਦੱਸਿਆ ਹੈ, ਬਉਰੇ ਦਸਿਆ ਹੈ।ਇਹੋ ਜਿਹੇ ਭਰਮੇ ਹੋਏ, ਝੂਠੀਆਂ ਮੱਤਾਂ ਪਿੱਛੇ ਲੱਗੇ ਹੋਏ ਸੱਚੀ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦੇ ਭਾਵ ਉਹਨਾਂ ਨੇ ਇਸ ਤਰੀਕੇ ਆਪਣੇ ਕੰਨ ਬੰਦ ਕੀਤੇ ਹੋਏ ਹਨ ਜਿਵੇਂ ਕਿ ਕੰਨ ਦੇ ਵਿੱਚ ਡਟ ਲਾਉਂਣ ਨਾਲ ਭਾਵ ਰੁਕਾਵਟ ਲਾਉਣ

33/3799

ਨਾਲ ਜਿਵੇਂ ਤੇਜ਼ ਹਵਾ ਵੀ ਅਸਰ ਨਹੀਂ ਕਰ ਸਕਦੀ ਉਸੇ ਤਰ੍ਹਾਂ ਸੱਚੀ ਗੱਲ ਦਾ ਉਹਨਾ ਤੇ ਅਸਰ ਨਹੀਂ ਪੈਂਦਾ ਭਾਵ ਉਹ ਆਪਣੀ ਮਨਮਤਿ ਵਿੱਚ ਹੀ ਮਸਤ ਰਹਿੰਦੇ ਹਨ। (**ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਨੁ ॥ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਨੁ ॥88॥**)

ਸਾਡੇ ਤੇ ਗੁਰੂ ਦੀ ਸੱਚੀ ਗੱਲ ਦਾ, ਸੱਚੇ ਸੱਜਣ ਦੀ ਗੱਲ ਦਾ ਅਸਰ ਕਿਉਂ ਨਹੀਂ ਹੁੰਦਾ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਸੱਚੀ ਗੱਲ ਨਾ ਮੰਨਣ ਨਾਲ ਸਾਡੇ ਜੀਵਨ ਤੇ ਕੀ ਅਸਰ ਪੈਂਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ ॥

ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥੯੯॥

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥

ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥”

ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਉਹ ਕਾਰਣ ਹੀ ਸਮਝਾਇਆ ਹੋਇਆ ਹੈ ਜਿਸ ਕਰਕੇ ਅਸੀ ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਮੰਨ ਕੇ ਉਸ ਨੂੰ ਆਪਣਾ ਸੱਜਣ, ਸਿਰਮੌਰ ਮੰਨਦੇ ਹਾਂ। ਜਿਸ ਨੂੰ ਅਸੀ ਉੱਚਾ ਮੰਨਦੇ ਹਾਂ ਭਾਵ ਧਰਮ ਦੇ ਮਾਰਗ ਤੇ ਉੱਚਾ ਮੰਨਦੇ ਹਾਂ ਉਸ ਨੂੰ ਇਹ ਸਮਝਕੇ ਹੀ ਮੰਨਦੇ ਹਾਂ ਕਿ ਉਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ, ਉਸ ਨੂੰ ਪ੍ਰਮਾਤਮਾ ਦੀ ਮਿਠਾਸ ਮਿਲੀ ਹੋਈ ਹੈ,ਪ੍ਰਮਾਤਮਾ ਦੀ ਮਿਠਾਸ ਦਾ ਫਲ ਉਸ ਦੇ ਅੰਦਰ ਪਕਿਆ ਹੋਇਆ ਹੈ ਤੇ ਉਹ ਜਿਹੋ ਜਿਹੀ ਮਤਿ ਸਾਨੂੰ ਦਿੰਦੇ ਹਨ ਅਸੀ ਉਸ ਨੂੰ ਮਿੱਠੀ ਕਰ ਕੇ ਮੰਨਦੇ ਹਾਂ, ਪਕੀਆ ਖਜੂਰਾਂ ਤੇ ਸ਼ਹਿਦ ਵਰਗੀ ਮਿਠਾਸ ਸਾਨੂੰ ਉਹਨਾਂ ਦੇ ਵਿਚਾਰਾਂ

ਵਿੱਚ ਨਜ਼ਰ ਆਉਂਦੀ ਹੈ ਜਿਸ ਕਰਕੇ ਅਸੀ ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ ਤੇ ਜਿਹੋ ਜਿਹਾ ਸਾਨੂੰ ਉਹ ਭਗਤੀ ਦਾ ਮਾਰਗ ਸਮਝਾਉਂਦੇ ਹਨ ਅਸੀ ਉਹੋ ਕੁਝ ਹੀ ਕਰਦੇ ਹਾਂ ਜਿਸ ਕਰਕੇ ਸਾਨੂੰ ਫਿਰ ਗੁਰੂ ਦੀ ਸੱਚੀ ਮਤਿ ਦਾ ਵੀ ਅਸਰ ਨਹੀਂ ਹੁੰਦਾ। ਸਾਨੂੰ ਜਿੰਨ੍ਹਾਂ ਦੀਆਂ ਜਿਆਦਾ ਗੱਲਾਂ ਮਿੱਠੀਆਂ ਲੱਗਦੀਆਂ ਹਨ ਉਹਨਾਂ ਨੂੰ ਹੀ ਮੰਨਦੇ ਹਾਂ ਪਰ ਸਾਡੇ ਜੀਵਨ ਨੂੰ ਇਹੋ ਜਿਹੀ ਮਤਿ ਵਿਅਰਥ ਕਰ ਦਿੰਦੀ ਹੈ। ਜਿਉਂ ਜਿਉਂ ਸਾਡਾ ਜੀਵਨ ਬੀਤਦਾ ਜਾਂਦਾ ਹੈ ਉਸ ਰਾਹੀਂ ਅਸੀ ਪ੍ਰਮਾਤਮਾ ਨੂੰ ਪਾਉਂਣ ਤੋਂ ਦੂਰ ਹੀ ਰਹਿੰਦੇ ਹਾਂ।(**ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ ॥ ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥89॥**)

33/3800

ਸਾਡਾ ਜੀਵਨ ਬਰਬਾਦ ਕਰਨ ਵਾਲੇ ਉਹ ਹਨ ਭਾਵ ਉਹ ਸੱਜਣ ਹਨ ਜਿੰਨ੍ਹਾਂ ਨੂੰ ਅਸੀਂ ਆਪਣੀਆ ਤਲੀਆਂ ਤੇ ਭਾਵ ਹੱਥਾਂ ਤੇ ਬਿਠਾਇਆ ਹੋਇਆ ਹੈ ਭਾਵ ਆਪਣੇ ਪਿਆਰੇ ਬਣਾਇਆ ਹੋਇਆ ਹੈ ਜਿੰਨ੍ਹਾਂ ਨੂੰ ਕਉਏ ਕਹਿ ਕੇ ਸਮਝਾਇਆ ਹੈ, ਜਿੰਨ੍ਹਾਂ ਦੇ ਬੋਲ ਅਸੀ ਸੁਣਦੇ ਹਾਂ ਤੇ ਉਸੇ ਅਨੁਸਾਰ ਹੀ ਭਗਤੀ ਕਰਨਾ ਸਮਝਦੇ ਹਾਂ ਕਿ ਇਹਨਾਂ ਪਿੱਛੇ ਲੱਗ ਕੇ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਹੋ ਜਾਣਗੇ। ਉਹ ਅਭਾਗੇ ਹੀ ਹਨ ਜੋ ਇਹੋ ਜਿਹਿਆਂ ਕੋਲੋਂ ਮਤਿ ਲੈਂਦੇ ਹਨ ਕਿਉਂਕਿ ਇਹੋ ਜਿਹੇ ਸੱਜਣਾਂ ਦੇ ਪਿੱਛੇ ਲੱਗ ਕੇ ਕਦੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। (**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥ ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥90॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਇਹ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਤੋਂ ਕਿਸ ਤਰੀਕੇ ਦੂਰ ਕਰਦੇ ਹਨ ਤੇ ਇਹਨਾਂ ਤੋਂ ਛੁਟਕਾਰਾ ਕਿਵੇਂ ਹੁੰਦਾ ਹੈ।

“ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥

ਕਾਗਾ ਚੁੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥

ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਧੰਨ ਧੰਨ ਸ਼ੇਖ ਫਰੀਦ ਜੀ ਨੇ ਪ੍ਰਮਾਤਮਾ ਦੇ ਦਰਸ਼ਨ ਕਰਨੇ ਹੀ ਸਮਝਾਏ ਹੋਏ ਹਨ ਕਿ ਉਹ ਕਿਹੜੀਆਂ ਅੱਖਾਂ ਦੁਆਰਾ ਹੁੰਦੇ ਹਨ।ਉਪਰਲੀਆਂ ਪੰਗਤੀਆਂ ਨੂੰ ਭਗਤ ਫਰੀਦ ਜੀ ਦੀ ਦੇਹ ਨਾਲ ਜੋੜਨਾ ਅਤਿ ਦਾ ਭਰਮ ਹੈ ਕਿ ਜਦੋਂ ਉਹਨਾਂ ਨੇ ਇਹ ਸ਼ਬਦ ਉਚਾਰੇ ਸਨ ਕੀ ਉਨ੍ਹਾਂ ਨੂੰ ਤਦ ਤਕ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ ਸਨ ਤੇ ਕੀ ਉਨ੍ਹਾਂ ਨੇ ਇਹ ਸ਼ਬਦ ਉਦੋਂ ਉਚਾਰੇ ਸਨ ਜਦੋਂ ਉਹਨਾਂ ਦਾ ਸਰੀਰ ਮੁੱਕ ਚੁੱਕਾ ਸੀ ਭਾਵ ਪਿੰਜ਼ਰ ਹੋ ਚੁੱਕਾ ਸੀ।ਆਉ ਇਸ ਵੱਡੇ ਭਰਮ ਵਿੱਚੋਂ ਨਿਕਲੀਏ ਤੇ ਪ੍ਰਮਾਤਮਾ ਦੇ ਦਰਸ਼ਨਾ ਦੀ ਅਸਲੀਅਤ ਨੂੰ ਸਮਝੀਏ ਕਿ ਉਹ ਦਰਸ਼ਨ ਕਿਹੜੀਆਂ ਅੱਖਾਂ ਦੁਆਰਾ ਹੁੰਦੇ ਹਨ।ਪ੍ਰਮਾਤਮਾ ਦੇ ਦਰਸ਼ਨ ਮਨ ਦੀਆਂ ਅੱਖਾਂ ਦੁਆਰਾ ਹੀ ਹੁੰਦੇ ਹਨ ਜੋ ਦਰਸ਼ਨ ਹੋਏ ਬਿਨਾਂ ਬਾਣੀ ਉਚਾਰੀ ਹੀ ਨਹੀਂ ਜਾ ਸਕਦੀ। ਇਹ ਕਉਏ ਜਿੰਨ੍ਹਾਂ ਕੋਲੋਂ ਅਸੀ ਧਰਮ ਦੇ ਮਾਰਗ ਦੀ ਸਿੱਖਿਆਂ ਲਈ ਹੋਈ ਹੈ ਉਹਨਾਂ ਨੂੰ ਭਗਤ ਫਰੀਦ ਜੀ ਸਮਝਾ ਰਹੇ ਹਨ ਕਿ ਤੁਸੀਂ ਮਨੁੱਖਾਂ ਦਾ ਜੀਵਨ ਬਰਬਾਦ ਕਰਨ ਵਾਲੇ ਹੋ, ਆਪਣੀ ਮਨਮਤਿ ਦੁਆਰਾ,ਅਗਿਆਨਤਾ ਦੁਆਰਾ ਬਰਬਾਦ ਕਰਨ ਵਾਲੇ ਹੋ ਜਿਸ ਦੇ ਪਿੱਛੇ ਲੱਗਕੇ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਕੀਤੇ ਜਾ

33/3801

ਸਕਦੇ । ਇਹ “ਕਉਏ” ਸਾਨੂੰ ਗੁਰਮਤਿ ਦੇ ਉਲਟ ਭਗਤੀ ਕਰਨਾ ਸਮਝਾਂਉਦੇ ਹਨ ਜਿਸ ਦੇ ਉਪਰ ਚੱਲਕੇ ਪ੍ਰਮਾਤਮਾ ਨੂੰ ਨਹੀ ਪਾਇਆ ਜਾ ਸਕਦਾ।ਪ੍ਰਮਾਤਮਾ ਦੇ ਦਰਸ਼ਨ ਕੇਵਲ ਗੁਰਮਤਿ ਰੂਪ ਅੱਖਾ ਦੁਆਰਾ ਹੁੰਦੇ ਹਨ ।ਗੁਰਮਤਿ ਦੀ ਸੋਝੀ ਸੱਚੇ ਗਿਆਨ ਦੇ ਰੂਪ ਵਿੱਚ ਮਿਲਦੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਪੈਂਦੀ ਹੈ, ਮਨ ਦੇ ਵਿੱਚ ਹੀ ਪੈਂਦੀ ਹੈ ਤੇ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਨਿਰਗੁਣ ਰੂਪ ਵਿੱਚ ਹੁੰਦੇ ਹਨ। ਭਗਤ ਫਰੀਦ ਜੀ ਇਹਨਾ ਭਰਮਿਆ ਹੋਇਆ ਨੂੰ ਇੰਝ ਸਮਝਾ ਰਹੇ ਹਨ ਕਿ ਗੁਰਮਤਿ ਰੂਪ ਅੱਖਾ ਨੂੰ ਨਾ ਛੁਹੋ ਭਾਵ ਨਾ ਖਾਉ ਭਾਵ ਆਪਣੀ ਮਨਮਤਿ ਦੁਆਰਾ ਗੁਰਮਤਿ ਨੂੰ ਨਾ ਖਾਓ ਕਿਉਕਿ ਪ੍ਰਮਾਤਮਾ ਦੇ ਦਰਸ਼ਨ ਗੁਰਮਤਿ ਤੇ ਚੱਲ ਕੇ ਹੀ ਹੁੰਦੇ ਹਨ ਤੇ ਹੋਰ ਕੋਈ ਤਰੀਕਾ ਨਹੀ ਹੈ। (**ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥91॥**)

{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਗੁਰਮਤਿ ਰੂਪ ਅੱਖਾ ਨਾਲ ਹੁੰਦੇ ਹਨ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆ ਦੁਆਰਾ ਸਮਝਿਆ ਜਾ ਸਕਦਾ ਹੈ ।

“ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥
ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥
ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥”

(ਅੰਗ ੧੦੧੦)

ਉਪਰਲੀਆ ਪੰਗਤੀਆ ਰਾਹੀਂ ਸਾਨੂੰ ਗੁਰੁ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿੰਨ੍ਹਾਂ ਨੇ ਉਸ “**ਸਾਜਨੁ**” ਨੂੰ ਭਾਵ ਪ੍ਰਮਾਤਮਾ ਨੂੰ ਆਪਣ ਅੰਦਰੋਂ ਦੇਖਿਆ ਹੈ । ਉਸ ਪ੍ਰਮਾਤਮਾ ਰੂਪ ਸੱਜਣ ਦੇ ਨਾਲ ਜੋ ਸਭ ਦਾ ਇਕੋ ਇਕ ਸੱਜਣ ਹੈ, ਸਾਰੇ ਸੰਸਾਰ ਦਾ ਇਕੋ ਇਕ ਧਰਮ ਦੀ ਸੋਝੀ ਪਾਉਣ ਵਾਲਾ ਸੱਜਣ ਹੈ ਉਸਦੇ “**ਗਲਿ**” ਉਸਦੇ ਦਰਸ਼ਨ ਹੋਣ ਦੁਆਰਾ ਹੀ ਮਿਲਿਆ ਜਾ ਸਕਦਾ ਹੈ ਜੋ ਕਿ ਨਿਰਗੁਣ ਰੂਪ ਵਿੱਚ ਮਨ ਦੇ ਅੰਦਰ ਹੀ ਮਿਲਦਾ ਹੈ, ਮਨ ਦੇ ਗਿਆਨ ਰਾਹੀਂ, ਮਨ ਦੇ ਵਿਚਾਰਾਂ ਵਿੱਚ ਮਿਲਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਰੂਪ ਸੱਜਣ ਮਿਲਿਆ ਹੈ ਉਨ੍ਹਾਂ

ਰਾਹੀਂ ਪ੍ਰਮਾਤਮਾ ਨੇ ਸੰਸਾਰ ਨੂੰ ਆਪਣਾ ਸੁਣੇਹਾ ਹੀ ਭੇਜਿਆ ਹੈ, ਸੱਚ ਰੂਪ ਸੁਨੇਹਾ ਹੀ ਭੇਜਿਆ ਹੈ ਜਿਸ ਰਾਹੀਂ ਉਸ ਨੇ ਸਾਰੇ ਸੰਸਾਰ ਨੂੰ ਧਰਮ ਦੀ ਸਿਖਿਆ ਹੀ ਸਮਝਾਈ ਹੈ। ਪ੍ਰਮਾਤਮਾ ਆਪਣੇ ਇਸ ਮਕਸਦ ਲਈ ਹੀ ਦਰਸ਼ਨ ਦਿੰਦਾ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਸੱਚ ਦੀ, ਨਾਮ ਦੀ ਸਿਖਿਆ ਹੀ ਦਿੱਤੀ ਹੈ। **(ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥)**

ਜਿੰਨ੍ਹਾਂ ਰਾਹੀਂ ਪ੍ਰਮਾਤਮਾ ਨੇ ਸਾਨੂੰ ਆਪਣਾ ਸੁਨੇਹਾ ਭੇਜਿਆ ਹੈ, ਧਰਮ ਦਾ ਮਾਰਗ ਸਮਝਾਇਆ ਹੈ ਉਸ ਰਾਹੀਂ ਉਸ ਨੇ ਸਾਨੂੰ ਗੁਰਮਤਿ ਹੀ ਸਮਝਾਈ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ ਤੇ ਇਹ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ।

“ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥”

(ਅੰਗ ੧੦੧੦)

ਬੜੇ ਹੀ ਧਿਆਨ ਨਾਲ ਸਮਝੋ ਉਪਰ ਵਾਲੀ ਪੰਗਤੀ ਨੂੰ ਤਾਂ ਜੋ ਅਸੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝ ਸਕੀਏ, ਉਸ ਸੱਜਣ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝ ਸਕੀਏ। ਬੜਾ ਸਪਸ਼ਟ ਸਮਝਾਇਆ ਹੈ ਕਿ ਉਸ ਪ੍ਰਮਾਤਮਾ ਨੂੰ ਗੁਰਮਤਿ ਰੂਪ ਅੱਖਾਂ ਨਾਲ ਦੇਖੋ, ਗੁਰਮਤਿ ਦੇ ਗਿਆਨ ਨਾਲ ਦੇਖੋ। ਗੁਰਮਤਿ ਦਾ ਗਿਆਨ ਚਉਥੇ ਪਦ ਵਿੱਚ ਹੈ ਤੇ ਮਨੁੱਖੀ ਮਤਿ ਮਨਮਤਿ ਹੈ, ਤ੍ਰੈ ਗੁਣਾਂ ਵਿੱਚ ਹੈ। ਅਸੀ ਆਪਣੀਆਂ ਮਨਮਤਿ ਰੂਪ ਅੱਖਾਂ ਹੀ ਗੁਰਮਤਿ ਅੱਗੇ ਝੁਕਾਣੀਆਂ ਹਨ ਭਾਵ ਮਨਮਤਿ ਰੂਪ ਸੋਝੀ ਹੀ ਗੁਰਮਤਿ ਦੀ ਸੋਝੀ ਦੇ ਅੱਗੇ ਝੁਕਾਉਂਣੀ ਹੈ। ਸਾਡੀ ਮਨਮਤਿ ਗੁਰਮਤਿ ਅੱਗੇ ਤਾਂ ਹੀ ਝੁਕੇਗੀ ਜਦੋ ਅਸੀਂ ਗੁਰੂ ਦੀ ਕਹੀ ਹੋਈ ਗੱਲ ਨੂੰ ਪ੍ਰਵਾਨ ਕਰ ਲਵਾਂਗੇ ਭਾਵ ਆਪਣੀ ਮਨਮਤਿ ਨੂੰ ਛੱਡ ਦੇਵਾਂਗੇ। ਜੋ ਮਨਮਤਿ ਨੂੰ ਛੱਡ ਕੇ ਗੁਰਮਤਿ ਅੱਗੇ ਸੀਸ ਨਿਵਾਕੇ ਖੜਾ ਰਹੇਗਾ ਭਾਵ ਗੁਰਮਤਿ ਰੂਪ ਅੱਖਾਂ ਨੂੰ ਅਪਨਾਉਣ ਦਾ ਉਦਮ ਕਰੇਗਾ ਫਿਰ ਉਹ ਹੀ ਪ੍ਰਮਾਤਮਾ ਨੂੰ ਆਪਣੇ ਅੰਦਰ

ਦੇਖ ਸਕੇਗਾ। ਇਹ ਸੁਨੇਹਾ ਪ੍ਰਮਾਤਮਾ ਨੇ ਸਾਨੂੰ ਆਪ ਹੀ ਭੇਜਿਆ ਹੈ, ਉਨ੍ਹਾਂ ਦੇ ਰਾਹੀਂ ਭੇਜਿਆ ਹੈ ਜਿਨ੍ਹਾਂ ਨੂੰ ਪਹਿਲਾਂ ਪ੍ਰਮਾਤਮਾ ਨੇ ਆਪ ਦਰਸ਼ਨ ਦਿੱਤੇ ਹਨ। (**ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥ ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥**)

ਅਸੀ ਗੁਰਮਤਿ ਨੂੰ ਅਪਣਾਉਣ ਦਾ ਉਦਮ ਹੀ ਕਰਨਾ ਹੈ ਜਿਸ ਦੁਆਰਾ ਅਸੀ ਪ੍ਰਮਾਤਮਾ ਨੂੰ ਚੰਗੇ ਲਗ ਸਕਦੇ ਹਾਂ ਤੇ ਉਹ ਆਪਣੀ ਕ੍ਰਿਪਾ ਕਰਕੇ ਸਾਨੂੰ ਮਨ ਦੇ ਵਿੱਚ ਹੀ ਆਪਣੇ ਦਰਸ਼ਨ ਦਿੰਦਾ ਹੈ, ਮਨ ਦੇ ਵਿੱਚ ਵਸਣ ਦੁਆਰਾ ਭਾਵ ਪ੍ਰਗਟ ਹੋਣ ਦੁਆਰਾ ਦਰਸ਼ਨ ਦਿੰਦਾ

33/3803

ਹੈ। ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਵਡਿਆਈ ਹੈ ਕਿ ਉਹ ਕਿਸ ਤੇ ਆਪਣਾ ਕਰਮ ਕਰਦਾ ਹੈ, ਕਿਸ ਨੂੰ ਆਪਣੀ ਗੁਰਮਤਿ ਦੇ ਨਾਲ ਜੋੜਦਾ ਹੈ। **(ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥)**

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ ੮੭੮)

{"ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥
ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥
ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥
ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥"}

(ਅੰਗ ੧੨੭੯)

ਜਦ ਤੱਕ ਸਾਡੇ ਅੰਦਰ ਮਨਮਤਿ ਰੂਪ ਅੱਖਾਂ ਹਨ ਤਦ ਤਕ ਅਸੀਂ ਗੁਰਮਤਿ ਤੋਂ ਦੂਰ ਰਹਿੰਦੇ ਹਾਂ ਤੇ ਤ੍ਰਿਸਨਾ ਵਿੱਚ, ਵਿਕਾਰਾਂ ਵਿੱਚ ਰਹਿੰਦੇ ਹਾਂ। ਸਾਡੀਆਂ ਇਸ ਮਨਮਤਿ ਰੂਪ ਅੱਖਾਂ ਦੇ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀ ਕਰ ਸਕਦੇ। ਸ਼ਬਦ ਦੀ ਵਿਚਾਰ ਗੁਰਮਤਿ ਰੂਪ ਅੱਖਾਂ ਹਨ ਜੋ ਸਾਨੂੰ ਵਿਕਾਰਾ ਵਿੱਚੋ ਕਢਦੀਆ ਹਨ ਜਿਨ੍ਹਾਂ ਦੇ ਨਾਲ ਸਾਡੇ ਮਨ ਦੀਆਂ ਅੱਖਾਂ ਸੰਤੋਖ ਵਾਲੀਆਂ ਬਣ ਜਾਂਦੀਆਂ ਹਨ ਤੇ ਮਾਇਆ ਮੋਹ ਵਿੱਚੋਂ ਨਿਕਲ ਜਾਂਦੀਆਂ ਹਨ। **(ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥ ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥)**

ਸਾਡੀਆਂ ਗੁਰਮਤਿ ਰੂਪ ਅੱਖਾਂ, ਮਨ ਦੇ ਸੰਤੋਂਖ ਵਾਲੀਆਂ ਅੱਖਾਂ ਭਾਵ ਸਾਡੇ ਅੰਦਰ ਦੀ ਗੁਰਮਤਿ ਰੂਪ ਸੋਝੀ, ਗੁਰਮਤਿ ਰੂਪ ਸੱਚਾ ਗਿਆਨ ਹੈ, ਸਾਡਾ "ਮੂਲੁ" ਹੀ ਸਾਡੀ ਸੱਚੀ ਰਾਸਿ ਹੈ ਜਿਸ ਦੇ ਨਾਲ ਅਸੀ ਜੁੜਣਾ ਹੈ, ਜੋ ਸਾਡੇ ਜੀਵਨ ਦਾ ਮਨੋਰਥ ਹੈ। ਮਨ ਦੀ ਇਸ ਸੱਚੀ ਰਾਸ ਦੁਆਰਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੁੰਦੀ ਹੈ ਜੋ ਸੇਵਾ ਕਰਨੀ ਸਾਨੂੰ ਬਾਰ ਬਾਰ ਸਮਝਾਈ ਗਈ ਹੈ। ਗੁਰੂ ਦੇ "ਬੋਹਿਥੁ" ਤੇ ਚੜਣ ਲਈ, ਉਸ ਤੇ ਬੈਠਣ ਲਈ ਸਾਨੂੰ ਇਹੋ ਜਿਹੀ ਸੋਝੀ ਦੀ ਲੋੜ ਹੈ, ਗੁਰਮਤਿ ਰੂਪ ਸੋਝੀ ਦੀਆਂ ਅੱਖਾਂ ਦੀ ਲੋੜ ਹੈ। ਮਨ ਦੇ ਵਿੱਚ ਗੁਰਮਤਿ ਰੂਪ ਸੱਚਾ ਗਿਆਨ ਹੀ ਪ੍ਰਮਾਤਮਾ ਦਾ ਤੱਤ ਹੈ, ਸੰਸਾਰ ਦਾ "ਤਤੁ" ਹੈ ਜਿਸ ਦੁਆਰਾ ਇਸ ਸਰੀਰ ਦੀ ਅਸਲੀਅਤ ਦੀ ਸੋਝੀ ਪੈਣੀ ਹੈ। ਗੁਰਮਤਿ ਰੂਪ "ਤਤੁ" ਨਾਲ ਜੁੜਕੇ ਹੀ ਉਸ "ਤਤੁ" ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਸ ਦੁਆਰਾ ਮਨ ਦੇ ਵਿੱਚ "ਸਚੁ" ਦੀ ਸੋਝੀ ਪੈਂਦੀ ਹੈ ਜੋ ਸੋਝੀ ਉਹ "ਸੱਚ" ਰੂਪ ਪ੍ਰਮਾਤਮਾ ਆਪ ਹੀ ਪਾਉਦਾਂ ਹੈ, ਆਪਣਾ "ਤਤੁ" ਆਪ ਹੀ ਸਮਝਾਉਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ "ਸੱਚ" ਰੂਪ ਹੈ, ਉਸ ਦਾ ਤੱਤ ਰੂਪ ਹੈ ਜੋ ਸਾਡੇ ਸਭ ਲਈ "ਮੂਲੁ" ਰੂਪ ਰਾਸਿ ਹੈ, ਨਾਮ ਦੀ ਰਾਸਿ ਹੈ ਜਿਸਦੇ ਨਾਲ ਜੁੜ ਕੇ ਅਸੀਂ ਗੁਰਮਤਿ ਰੂਪ ਅੱਖਾਂ ਦੇ ਨਾਲ ਜੁੜ ਸਕਦੇ ਹਾਂ ਤੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਨ੍ਹਾਂ ਅੱਖਾਂ ਦੇ ਨਾਲ ਦੇਖ ਸਕਦੇ ਹਾਂ।

33/3804

(ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥ ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥ ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥ ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥1॥)

ਗੁਰਮਤਿ ਰੂਪ ਅੱਖਾਂ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੈ ਕਿਉਕਿ ਭਰਮ ਦੇ ਰਹਿੰਦੇ ਹੋਏ ਅਸੀ ਮਨਮਤਿ ਰੂਪ ਅੱਖਾਂ ਦੇ ਨਾਲ ਜੁੜੇ ਰਹਿੰਦੇ ਹਾਂ। ਮਨਮਤਿ ਰੂਪ ਅੱਖਾਂ ਨਾਲ ਨਾ ਅਸੀ ਵਿਕਾਰਾਂ ਵਿੱਚੋਂ ਨਿਕਲ ਸਕਦੇ ਹਾਂ ਤੇ ਨਾ ਹੀ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਸਕਦੇ ਹਾਂ ਜੋ ਕਿ ਗੁਰਮਤਿ ਰੂਪ ਅੱਖਾਂ ਦੇ ਨਾਲ ਦਿਖਦਾ ਹੈ। ਸਾਡੀਆਂ ਗੁਰਮਤਿ ਰੂਪ ਅੱਖਾਂ ਹੀ ਭਾਵ ਗੁਰਮਤਿ ਰੂਪ ਗਿਆਨ ਹੀ ਸਾਡੀ ਦਿਬ ਦ੍ਰਿਸ਼ਟੀ ਹੈ ਜਿਸ ਦ੍ਰਿਸ਼ਟੀ ਨਾਲ ਪ੍ਰਮਾਤਮਾ ਆਪਣੇ ਅੰਦਰੋਂ ਹੀ ਨਜ਼ਰ ਆਉਦਾਂ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆ ਦੁਆਰਾ ਸਮਝਿਆ ਜਾ ਸਕਦਾ ਹੈ।

“ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥
ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ ਦ੍ਰਿਸ੍ਟਿ ਕਾਰਣ ਕਰਣੰ ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥”

(ਅੰਗ ੧੪੦੨)

ਉਪਰ ਪੰਗਤੀਆ ਰਾਹੀਂ ਸਾਨੂੰ ਗੁਰੁ ਸਾਹਿਬ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਜਿਨ੍ਹਾਂ ਨੂੰ ਇਸ ਗੱਲ ਤੇ ਪੂਰਨ ਰੂਪ ਵਿੱਚ ਵਿਸ਼ਵਾਸ ਆਇਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਤੇ ਉਸ ਨੂੰ ਕਿਸ ਰੂਪ ਵਿੱਚ ਪਾਇਆ ਜਾਂਦਾ ਹੈ। ਪ੍ਰਮਾਤਮਾ ਨੂੰ ਪਾਉਣ ਤੋਂ ਪਹਿਲਾ ਕਿਸੇ ਨੂੰ ਇਸ ਗੱਲ ਦਾ ਵਿਸ਼ਵਾਸ ਨਹੀ ਹੁੰਦਾ ਕਿ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਕੀ ਹੈ ਤੇ ਉਹ ਸਰੀਰਕ ਜਪਾਂ ਤਪਾਂ ਆਦਿ ਵਿੱਚ ਲਗੇ ਰਹਿੰਦੇ ਹਨ, ਧਰਮ ਗ੍ਰੰਥਾਂ ਨੂੰ ਪੜਣ ਸੁਣਨ ਵਿੱਚ ਲੱਗੇ ਰਹਿੰਦੇ ਹਨ, ਤੀਰਥ ਆਦਿ ਤੇ ਭੋਣ ਵਿੱਚ ਲਗੇ ਰਹਿੰਦੇ ਹਨ ਤੇ ਆਪਣੀਆਂ ਆਪਣੀਆਂ ਬਣਾਈਆਂ ਹੋਈਆਂ ਅਨੇਕਾਂ ਮਰਿਯਾਦਾਵਾਂ ਨਾਲ ਜੁੜੇ ਰਹਿੰਦੇ ਹਨ। ਇਹ ਪ੍ਰਮਾਤਮਾ ਨੂੰ ਪਾਉਣਾ ਦਾ ਮਾਰਗ ਨਹੀਂ ਹੈ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਸ ਨੂੰ ਹੀ ਪ੍ਰਮਾਤਮਾ ਨੂੰ ਪਾਉਣ ਦਾ ਸਹੀ ਮਾਰਗ ਸਮਝ ਆਉਂਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਇਹ ਮਾਰਗ ਮਾਇਆ ਮੋਹ ਤੇ ਵਿਕਾਰਾ ਨੂੰ ਛੱਡਣ ਦਾ ਹੈ ਭਾਵ

33/3805

ਸੱਚਾ ਸੁੱਚਾ ਜੀਵਣ ਜਿਉਣ ਦਾ ਹੈ। ਭਰਮ ਵਿੱਚ ਰਹਿੰਦੇ ਹੋਏ ਸਹੀ ਮਾਰਗ ਦੀ ਸਮਝ ਨਹੀਂ ਪੈਂਦੀ। ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਉਸ ਦਾ ਫਿਰ ਹਰ ਤਰੀਕੇ ਦਾ ਭਰਮ ਦੂਰ ਹੋ ਜਾਂਦਾ ਹੈ। ਮਨ ਦਾ ਇਹ ਭਰਮ ਦੂਰ ਹੋਣ ਦੁਆਰਾ ਹੀ ਮਨੁੱਖ ਦਿੱਬ ਦ੍ਰਿਸ਼ਿਟ ਵਾਲਾ ਬਣਦਾ ਹੈ ਭਾਵ ਸੱਚੇ ਗਿਆਨ ਦੀ ਦ੍ਰਿਸਟਿ ਵਾਲਾ ਬਣਦਾ ਹੈ, ਗੁਰਮਤਿ ਰੂਪ ਅੱਖਾਂ ਵਾਲਾ ਬਣਦਾ ਹੈ। ਆਪਣੇ ਅੰਦਰੋਂ ‘‘ਬ੍ਰਹਮ’’ ਦੇ ਦਰਸ਼ਨ ਹੋਣ ਦੁਆਰਾ ਹੀ ਪਤਾ ਚਲਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਸਮਝ ਲਗ ਜਾਂਦੀ ਹੈ ਕਿ ਸਭ ਕੁਝ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ। ਆਪਣੇ ਅੰਦਰੋਂ ‘‘ਬ੍ਰਹਮੁ’’ ਦੇ ਦਰਸ਼ਨ ਹੋਣ ਦੁਆਰਾ ਹੀ ਪਤਾ ਚਲਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜਿਨ੍ਹਾਂ ਨੇ ਉਸ ਗੁਰੂ ਰੂਪ ਪ੍ਰਮਾਤਮਾ ਨੂੰ ਪਾਇਆ ਹੈ ਉਹ ਉਸ ਦੇ ਰੂਪ ਹੀ ਹਨ ਤੇ ਮਨ ਦੀ ਸੋਝੀ ਦੁਆਰਾ ਹੀ ਉਨ੍ਹਾਂ ਨੇ ਅਉਗੁਣਾਂ ਤੋਂ ਰਹਿਤ ਹੋ ਕੇ ਉਸ ਪ੍ਰਮਾਤਮਾ ਦੀ ਸੇਵਾ ਕੀਤੀ ਹੈ। ਮਨ ਦੀ ਦਿੱਬ ਦ੍ਰਿਸ਼ਟਿ ਦੁਆਰਾ ਹੀ ਉਹਨਾ ਦੀ ਗਤੀ ਹੋਈ ਹੈ ਭਾਵ ਭਰਮ ਤੋਂ ਗਤੀ ਹੋਈ ਹੈ. ਅਗਿਆਨਤਾ ਤੋਂ ਗਤੀ ਹੋਈ ਹੈ। ਜਿਨ੍ਹਾਂ ਦੀ ਆਪਣੀ ਭਰਮ ਤੋਂ ਗਤੀ ਹੋਈ ਹੈ ਭਾਵ ਜੋ ਆਪ ਭਰਮ ਮੋਹ ਦੇ ਸਾਗਰ ਤੋਂ ਤਰੇ ਹਨ ਉਹ ਸੰਸਾਰ ਨੂੰ ਗੁਰਮਤਿ ਰੂਪ ਗਿਆਨ ਦੇ ਕੇ ਤਾਰਣ ਵਾਲੇ ਬਣੇ ਹਨ। ਸਾਨੂੰ ਤਾਰਨਾ ਗੁਰਮਤਿ ਰੂਪ ਗਿਆਨ ਨੇ ਹੀ ਹੈ ਤੇ ਤਾਰਨਾ ਸਾਨੂੰ ਮਨਮਤਿ ਰੂਪ ਅਗਿਆਨਤਾ ਵਿੱਚੋਂ ਹੈ ਜਿਸ ਦੁਆਰਾ ਅਸੀਂ ਮਨ ਦੀ ਦਿਬ ਦ੍ਰਿਸ਼ਟ ਦੁਆਰਾ, ਗੁਰਮਤਿ ਰੂਪ ਦ੍ਰਿਸ਼ਟੀ ਦੁਆਰਾ ਆਪਣੇ ਅੰਦਰੋਂ ਹੀ ਉਸ ਪ੍ਰਮਾਤਮਾ ਦੇ ਦਰਸ਼ਨ ਕਰ ਸਕਦੇ ਹਾਂ। (**ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ**

ਪਦਵੀ ਉਚ ਭਈ ॥ ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥ ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ਯ ਦ੍ਰਿਸ੍ਟਿ ਕਾਰਣ ਕਰਣੰ ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥3॥)

ਮੁੰਦਾਵਣੀ ਮਹਲਾ ਪ॥

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ ੧੪੨੯)

ਪ੍ਰਮਾਤਮਾ ਨੇ ਸਭ ਨੂੰ ਭਰਮ ਦੀ ਨੀਂਦ, ਅਗਿਆਨਤਾ ਦੀ ਨੀਂਦ ਵਿੱਚ ਸੁਵਾਇਆ ਹੋਇਆ ਹੈ। ਜਦ ਤੱਕ ਮਨੁੱਖ ਭਰਮ ਦੀ ਨੀਂਦ ਵਿੱਚ ਸੁੱਤਾ ਹੋਇਆ ਹੈ ਤਦ ਤੱਕ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ। ਦਿਬ ਦ੍ਰਿਸ਼ਿਟ ਸਾਨੂੰ ਮਨ ਦੇ ਭਰਮ ਵਿੱਚੋਂ ਹੀ ਜਗਾਉਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਮਨ ਵਿੱਚੋਂ ਦਰਸ਼ਨ ਹੁੰਦੇ ਹਨ ਤੇ ਪਰਮ ਪਦ ਦੀ ਪ੍ਰਾਪਤੀ ਹੰਦੀ ਹੈ। ਗੁਰਮਤਿ ਦੀ ਪੂਰਨ ਸੋਝੀ ਪੈਣਾਂ ਹੀ ਪਰਮ ਪਦ

ਦੀ ਪ੍ਰਾਪਤੀ ਹੈ। ਜੋ ਪੂਰਨ ਰੂਪ ਵਿੱਚ ਸ਼ਬਦ ਦਾ ਵੀਚਾਰੀ ਹੈ ਉਹੀ ਭਰਮ ਤੋਂ ਮੁਕਤਿ ਹੁੰਦਾ ਹੈ ਤੇ ਦਿਬ ਦ੍ਰਿਸ਼ਟ ਵਾਲਾ ਬਣਦਾ ਹੈ। ਪ੍ਰਮਾਤਮਾ ਦਾ ਜੋਗੀ ਬਣਨ ਦਾ ਭਾਵ ਉਸ ਦੇ ਨਾਲ ਜੋਗ ਕਰਨ ਦਾ ਇਹੀ ਤਰੀਕਾ ਹੈ ਜੋ ਕਿ ਭਰਮ ਵਿੱਚੋਂ ਨਿਕਲਕੇ ਦਿਬ ਦ੍ਰਿਸਟ ਵਾਲੀ ਸੱਚੀ ਸੋਝੀ ਵਾਲਾ ਬਣਨਾ ਹੈ। (**ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥ ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥2॥**) ਅੰਗ - 1016

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥

ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥}

(ਅੰਗ ੧੩੦੮)

ਮਨ ਦੀਆ ਅੱਖਾਂ ਸਾਡੀਆ "ਗਿਆਨੁ ਧਿਆਨੁ" ਰੂਪ ਅੱਖਾਂ ਹਨ ਜਿਸ ਦੁਆਰਾ ਸਾਨੂੰ ਪੂਰਨ ਸੱਚ ਦੀ ਸੋਝੀ ਪੈਦੀਂ ਹੈ ਤੇ ਮਨ ਦੀ ਇਸ ਅਵਸਥਾ ਬਿਨਾ ਹਰ ਕੋਈ ਅਗਿਆਨਤਾ ਵਿੱਚ ਹੀ ਰਹਿੰਦਾ ਹੈ, ਮਨ ਦੇ ਅੰਧੇਪਣ ਵਿੱਚ ਹੀ ਰਹਿੰਦਾ ਹੈ ਤੇ ਉਸ ਨੂੰ ਧਰਮ ਦੀ ਸੱਚੀ ਸੋਝੀ ਨਹੀ ਹੁੰਦੀ ਤੇ ਧਰਮ ਦੇ ਮਸਲਿਆ ਨਾਲ ਝੂਠੀ ਬਹਿਸ ਹੀ ਕਰਦੇ ਹਨ, ਝਗੜੇ ਹੀ ਕਰਦੇ ਹਨ।

{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥

ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥

ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥

ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥

ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥

ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥

ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥

ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥}

(ਅੰਗ ੧੨੮੯-੧੨੯੦)

ਪ੍ਰਮਾਤਮਾ ਨੂੰ ਪਾਉਂਣ ਦਾ ਜਾਂ ਨਾ ਪਾਉਂਣ ਦਾ ਭੇਦ ਸਾਡੇ ਮਨ ਦੀ ਸੋਝੀ ਨਾਲ ਹੀ ਜੁੜਿਆ ਹੋਇਆ ਹੈ ਭਾਵ ਮਨ ਦੇ ਅੰਧੇਪਣ ਜਾਂ ਸੁਜਾਖੇਪਣ ਨਾਲ ਹੀ ਜੁੜਿਆ ਹੋਇਆ ਹੈ। ਮਨ ਦੇ ਅੰਧੇਪਣ ਦੁਆਰਾ ਅਸੀ ਪ੍ਰਮਾਤਮਾ ਤੋਂ ਦੂਰ ਜਾ ਰਹੇ ਹਾਂ ਤੇ ਮਨ ਦੇ ਸੁਜਾਖੇਪਣ ਦੁਆਰਾ ਅਸੀ ਉਸ ਦੇ ਨਾਲ ਇੱਕ ਹੋ ਜਾਂਦੇ ਹਾਂ ਜੋ ਕਿ ਕੇਵਲ ਉਸ ਦੀ ਆਪਣੀ ਰਜ਼ਾ ਹੈ। ਸਾਨੂੰ ਅੰਧੇਪਣ ਵਿੱਚ ਰੱਖਣ ਵਾਲਾ ਵੀ ਉਹ ਆਪ ਹੈ ਤੇ ਸੁਜਾਖਾ ਬਣਾਉਣ ਵਾਲਾ ਵੀ ਉਹ ਆਪ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਨੂੰ ਸਾਡੇ ਅੰਧੇਪਣ ਵਿੱਚੋਂ ਨਿਕਲਣ ਦਾ ਉਪਰਾਲਾ ਕੀਤਾ ਹੈ ਭਾਵ ਸਾਨੂੰ ਸੁਜਾਖੇ ਕਰਨ ਦਾ ਉਪਰਾਲਾ ਕੀਤਾ ਹੈ ਤਾਂ ਜੋ ਅਸੀ ਪ੍ਰਮਾਤਮਾ ਨੂੰ ਪਾਉਣ ਦੇ ਸਹੀ ਮਾਰਗ ਨੂੰ ਜਾਣ ਸਕੀਏ ਤੇ ਹਰ ਉਸ ਭਰਮ ਵਿੱਚੋਂ ਨਿਕਲੀਏ ਜਿੰਨ੍ਹਾਂ ਪਿੱਛੇ ਲੱਗ ਕੇ ਅਸੀ ਵਿਅਰਥ ਹੀ ਭਗਤੀ ਦੇ ਉਪਰਾਲੇ ਸਮਝੇ ਹੋਏ ਹਨ ਤੇ ਨਾ ਸਮਝੀ ਵਿੱਚ ਹੀ ਆਪਣੇ ਆਪ ਨੂੰ ਸੁਜਾਖੇ ਬਣਾਈ ਬੈਠੇ ਹਾਂ ਭਾਵ ਧਰਮ ਦੇ ਪੰਡਿਤ, ਗਿਆਨੀ ਬਣਾਈ ਬੈਠੇ ਹਾਂ ਤੇ

33/3807

ਦੂਸਰਿਆਂ ਨੂੰ ਉਹੀ ਕੁਝ ਸਿਖਾਈ ਜਾ ਰਹੇ ਹਾਂ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਨੂੰ ਨਹੀ ਪਾਇਆ ਜਾ ਸਕਦਾ। ਇਸ ਗੱਲ ਨੂੰ ਹੇਠ ਦਿੱਤੇ ਸਲੋਂਕਾ ਤੇ ਪਉੜੀ ਰਾਹੀਂ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀ ਵਿਦਵਾਨ ਅਖਵਾਉਣ ਵਾਲੇ ਆਪ ਵੀ ਭਰਮ ਵਿੱਚੋਂ ਨਿਕਲੀਏ ਤੇ ਦੂਸਰਿਆ ਨੂੰ ਵੀ ਭਰਮ ਵਿੱਚ ਨਾ ਪਾਈਏ।

ਸਲੋਕ ਮਃ ੨ ॥

{ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥}

(ਅੰਗ ੯੫੪)

ਮਃ ੨ ॥

{ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ ॥
ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ ॥
ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ ॥
ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ ॥੨॥}

(ਅੰਗ ੯੫੪)

ਮਃ ੨ ॥

{ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥}

(ਅੰਗ ੯੫੪)

ਪਉੜੀ ॥

{ਕਾਇਆ ਅੰਦਰਿ ਗੜੁ ਕੋਟੁ ਹੈ ਸਭਿ ਦਿਸੰਤਰ ਦੇਸਾ ॥ ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ ॥

ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥ ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ॥
ਸਭੁ ਕਿਛੁ ਸਚੋ ਸਚੁ ਹੈ ਗੁਰਿ ਸੋਝੀ ਪਾਈ ॥੧੬॥}

(ਅੰਗ ੯੫੫)

ਪ੍ਰਮਾਤਮਾ ਦਾ ਹੁਕਮ ਸਾਡੇ ਸਭ ਦੇ ਅੰਦਰ ਹੀ ਚੱਲ ਰਿਹਾ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਮਨ ਦੀ ਸੋਝੀ ਦੇ ਰੂਪ ਵਿੱਚ ਹੈ ਅਸੀ ਉਸ ਦੇ ਹੁਕਮ ਵਿੱਚ ਅੰਧੇ ਹਾਂ ਭਾਵ ਉਹ ਸਾਨੂੰ ਸੋਝੀ ਹੀ ਅਗਿਆਨਤਾ ਵਾਲੀ ਪਾਉਂਦਾ ਹੈ। ਮਨੁੱਖ ਦਾ ਅੰਧਾਪਣ ਉਦੋਂ ਹੀ ਦੂਰ ਹੁੰਦਾ ਹੈ ਜਦੋ ਕੋਈ ਪ੍ਰਮਾਤਮਾ ਦੇ ਚੱਲ ਰਹੇ ਇਸ ਹੁਕਮ ਨੂੰ ਆਪਣੇ ਅੰਦਰੋ ਬੁੱਝ ਲੈਂਦਾ ਹੈ। ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋ ਬੁੱਝਣ ਲਈ ਇਕੋ ਇਕ ਮਾਰਗ ਇਹ ਹੈ ਕਿ ਅਸੀਂ ਉਸ ਦੇ ਉਸ ਹੁਕਮ ਨੂੰ ਬੁਝੀਏ ਜੋ ਹੁਕਮ ਉਸ ਨੇ ਸਾਨੂੰ ਗੁਰਬਾਣੀ ਰਾਹੀਂ ਸੁਣਾਇਆ ਹੈ। ਉਸ ਦਾ ਹੁਕਮ ਸ਼ਬਦ ਦੇ ਵਿਚਾਰਾ ਦੇ ਰੂਪ ਵਿੱਚ ਹੈ ਤੇ ਹਰ ਸ਼ਬਦ ਦੀ ਵਿਚਾਰ ਦਾ ਮਕਸਦ ਸਾਡਾ ਅੰਧਾਪਣ ਕਢੱਣ ਦੇ ਨਾਲ ਹੀ ਹੈ ਭਾਵ ਪਹਿਲਾ ਅਸੀ ਸ਼ਬਦ ਦੀ ਵਿਚਾਰ ਨੂੰ ਸਮਝੀਏ, ਉਸ ਨੂੰ ਬੁਝੀਏ ਤੇ ਆਪਣੇ ਅੰਦਰ ਵਸਾਈਏ ਜੋ ਕਿ ਸ਼ਬਦ ਮਕਸਦ ਹੈ। ਅਸੀਂ ਇਹ ਉਦਮ ਹੀ ਕਰਨਾ ਹੈ ਭਾਵ ਗੁਰਮਤਿ ਰੂਪ ਅੱਖਾਂ ਦੇ ਨਾਲ ਜੁੜਣਾ ਹੈ ਜਿਸ ਦੁਆਰਾ ਮਨ ਦੇ ਵਿੱਚੋ ਹੀ ਗਿਆਨ ਰੂਪ ਅੱਖਾਂ ਦੇ ਨਾਲ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ।

ਗੁਰੁ ਦੀਆਂ ਗਿਆਨ ਰੂਪ ਅੱਖਾਂ ਦਾ ਮਕਸਦ

33/3808

ਸਾਨੂੰ ਮਨ ਦੀ ਅਗਿਆਨਤਾ ਵਿੱਚੋ ਭਾਵ ਮਨ ਦੀ ‘‘ਕਲਿ’’ ਵਿੱਚੋ ਕੱਢਣ ਦਾ ਹੈ ਜੋ ‘‘ਕਲਿ’’ ਜਨਮ ਤੋਂ ਹੀ ਮਨ ਦੇ ਅੰਦਰ ਪੈ ਕੇ ਆਉਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ।ਮਨ ਦੀ ‘‘ਕਲਿ’’ ਵਿੱਚ ਰਹਿੰਦੇ ਹੋਏ ਕੋਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾਉਂਦਾ ਹੈ ਤੇ ਮਨ ਦੀ ‘‘ਕਲਿ’’ ਵਿੱਚ ਰਹਿੰਦੇ ਹੋਏ ਹੀ ਉਨ੍ਹਾਂ ਨੂੰ ਕੋਈ ਧਰਮ ਦੇ ਵਿਦਵਾਨ ਸਮਝਦਾ ਹੈ। ਧਰਮ ਦਾ ਵਿਦਵਾਨ ਕੇਵਲ ਗੁਰੁ ਹੈ ਜਿਸ ਨੂੰ ਪ੍ਰਮਾਤਮਾ ਨੇ ਮਨ ਦੀ ਕਲਿ ਵਿੱਚੋ ਕੱਢ ਕੇ ਧਰਮ ਦਾ ਵਿਦਵਾਨ ਬਣਾਇਆ ਹੈ ਤੇ ਸਾਨੂੰ ਕੇਵਲ ਉਸ ਕੋਲੋਂ ਹੀ ਧਰਮ ਦਾ ਮਾਰਗ ਸਮਝਣਾ ਚਾਹੀਦਾ ਹੈ ਤੇ ਉਨ੍ਹਾਂ ਦੇ ਪਿੱਛੇ ਨਹੀਂ ਲਗਣਾ ਚਾਹੀਦਾ ਜਿਨ੍ਹਾਂ ਨੂੰ ਅਸੀ ਭਰਮ ਵਿੱਚ ਹੀ ਧਰਮ ਦੇ ਵਿਦਵਾਨ ਸਮਝਿਆ ਹੋਇਆ ਹੈ ਤੇ ਹੇਠ ਦਿਤੀਆ ਪੰਗਤੀਆ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੮)

ਗੁਰੁ ਦੀ ਮਤਿ ਸੁਣਨ ਦੀ ਬਜਾਏ ਭਾਵ ਗੁਰੁ ਦੀ ਮਤਿ ਸੁਣਨ ਦੇ ਪਿੱਛੇ ਲਗਣ ਦੀ ਬਜਾਏ ਜੋ ਅਸੀਂ ਹੋਰਾਂ ਦੀ ਮਤਿ ਦੇ ਪਿੱਛੇ ਲਗਦੇ ਹਾਂ ਭਾਵ ਉਨ੍ਹਾਂ ਦੀ ਮਤਿ ਦੇ ਪਿੱਛੇ ਲਗਦੇ ਹਾਂ ਜੋ ਖੁਦ ਭਰਮ ਵਿੱਚ ਹਨ, ਉਸ ਨਾਲ ਅਸੀਂ ਗੁਰੂ ਨਾਲ ਆਪਣਾ ਝਗੜਾ ਹੀ ਦਿਖਾਉਂਦੇ ਹਾਂ ਕਿਉਕਿ ਸਾਡਾ ਪਿਆਰ ਉਸੇ ਨਾਲ ਹੁੰਦਾ ਹੈ ਜਿਸ ਦੀ ਅਸੀਂ ਗੱਲ ਮੰਨਦੇ ਹਾਂ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਆਸਾ ਮਹਲਾ ੫ ॥

"ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥
ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥
ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹ ਅਛਾਦਿਓ ਪ੍ਰਾਨੀ ॥੨॥
ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥ ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥੩॥
ਕਹੁ ਨਾਨਕ ਪ੍ਰਭ ਦੀਨ ਦਇਆਲਾ ॥ ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥੪॥੨੨॥"

(ਅੰਗ ੩੭੬)

"ਹਰਿ ਰਸੁ" ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਬਰੀਕੀ ਨਾਲ ਸਮਝਿਆ ਹੈ। ਇਹ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਰਸ ਹੈ ਭਾਵ ਉਸ ਦੇ ਸੱਚੇ ਗਿਆਨ ਦੁਆਰਾ ਪਾਈ ਹੋਈ ਸੋਝੀ ਹੈ ਜਿਸ ਦੁਆਰਾ ਪ੍ਰਮਾਤਮਾ ਆਪਣਾ ਸੱਚ ਸਮਝਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ

ਆਪਣਾ ਪਾਇਆ ਹੋਇਆ "ਹਰਿ ਰਸੁ" ਹੈ। ਪ੍ਰਮਾਤਮਾ ਸਭ ਦੇ ਅੰਦਰ, ਹਰ ਵਸਤੂ ਦੇ ਅੰਦਰ ਆਪਣੇ ਇਸ "ਹਰਿ ਰਸੁ" ਦੁਆਰਾ ਹੀ ਵਿਚਰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਇਹ ਹਰਿ ਰਸੁ ਪਿਆਇਆ ਹੈ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਿਆਇਆ ਹੈ, ਆਪਣੇ ਅੰਮ੍ਰਿਤ ਰਸ ਦੇ ਰੂਪ ਵਿੱਚ ਪਿਆਇਆ ਹੈ ਉਨ੍ਹਾਂ ਨੇ ਹੀ ਹਰਿ ਰਸੁ ਨੂੰ ਜਾਣਿਆ ਹੈ।

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥}

(ਅੰਗ ੯੫)

{ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥
ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥}

(ਅੰਗ ੪੧)

{ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥
ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥}

(ਅੰਗ ੨੬)

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥

ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥}

(ਅੰਗ ੬੬)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ ੧੩)

{ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥}

(ਅੰਗ ੯੨੧)

33/3810

{ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥}

(ਅੰਗ ੨੮੭)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥}

(ਅੰਗ ੧੦੨)

{ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥
ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥
ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ ॥੧੮॥}

(ਅੰਗ ੩੧੧)

{ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥}

(ਅੰਗ ੪੧)

ਇਹ ‘‘ਹਰਿ ਰਸੁ’’ ਗੁਰਮਤਿ ਰੂਪ ਸੱਚ ਗਿਆਨ ਹੈ ਜਿਸ ਦੁਆਰਾ ਗੁਰੂ ਸਾਨੂੰ ਆਪਣਾ ਸੱਚ ਸਮਝਾਉਂਦਾ ਹੈ, ਸਾਨੂੰ ਨਾਮ ਸਮਝਾਉਂਦਾ ਹੈ, ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ। ਮੁਖ ਸ਼ਬਦ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜਦੋਂ ਸਾਨੂੰ ਹਰਿ ਰਸੁ ਵਿਚ ਤੇ ਹੋਛੇ ਰਸੁ ਵਿੱਚ ਫਰਕ ਸਮਝ ਆ ਜਾਵੇ।

‘‘ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥

ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥"

(ਅੰਗ ੩੭੬)

ਉਪਰਲੇ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਮਤਿ ਵਿੱਚ ਤੇ ਦੂਸਰਿਆ ਦੀ ਮਤਿ ਵਿੱਚ ਭੇਦ ਹੀ ਸਮਝਾਇਆ ਹੋਇਆ ਕਿ ਸਾਨੂੰ ਕਿਸ ਦੀ ਮਤਿ ਪਿੱਛੇ ਲਗੱਣਾ ਚਾਹੀਦਾ ਹੈ ਤਾਂ ਜੋ ਅਸੀ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਦਮ ਕਰ ਸਕੀਏ। ਇਕ ਪਾਸੇ ਹਰਿ ਰਸੁ ਹੈ ਭਾਵ ਗੁਰੂ ਦੀ ਉੱਚੀ ਤੇ ਸੱਚੀ ਮਤਿ ਹੈ ਤੇ ਦੂਸਰੇ ਪਾਸੇ ਹੋਛਾ ਰਸ ਹੈ ਭਾਵ ਮਨਮਤਿ ਵਾਲੀ ਮਾੜੀ ਸੋਝੀ ਹੈ। ਸਾਨੂੰ ਬਾਣੀ ਵਿੱਚ ਬਾਰ ਬਾਰ ਇਹ ਫਰਕ ਕਰਣਾ ਹੀ ਸਮਝਾਇਆ ਹੋਇਆ ਹੈ ਕਿ ਜਿਨ੍ਹਾਂ ਦੀ ਮਤਿ ਦੇ ਪਿੱਛੇ ਅਸੀਂ ਲਗੇ ਹੋਏ ਹਾਂ, ਧਰਮ ਦੇ ਮਾਰਗ ਤੇ ਸਮਝ ਕੇ ਲਗੇ ਹੋਏ ਹਾਂ ਉਨ੍ਹਾਂ ਦੀ ਮਤਿ ਗੁਰੂ ਦੇ ਸਾਹਮਣੇ ਤੁਛ ਮਾਤਰ ਹੈ, ਜਿਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ। ਜਿਸ ਵਸਤੂ ਨੂੰ ਪਰਾਪਤ ਕਰਨ ਲਈ ਅਸੀ ਸੰਸਾਰ ਵਿੱਚ

33/3811

ਆਏ ਹਾਂ ਉਸ ਵਸਤੂ ਦੀ ਪ੍ਰਾਪਤੀ ਸਾਨੂੰ ਆਪਣੇ ਅੰਦਰੋਂ ਹੀ ਹੋਣੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਅੰਦਰ ਹੀ ਹੋਣਾ ਹੈ। ਆਪਣੇ ਘਰ ਦੇ ਵਿੱਚੋ ਸਾਨੂੰ ਉਸ ਵਸਤੂ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇਕਰ ਅਸੀ ਉਸ ਮਤਿ ਦੇ ਪਿੱਛੇ ਲਗਾਂਗੇ ਭਾਵ ਹਰਿ ਰਸੁ ਦੇ ਪਿੱਛੇ ਲਗਾਂਗੇ ਜਿਸ ਨੂੰ ਮੰਨਣ ਦੁਆਰਾ ਹੀ ਕੇਵਲ ਅਸੀਂ ਧਰਮ ਦਾ ਮਾਰਗ ਜਾਣ ਸਕਦੇ ਹਾਂ ਤੇ ਉਸ ਦੇ ਉੱਤੇ ਚਲਕੇ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਅਸੀ ਹਰਿ ਰਸੁ ਨੂੰ ਛੱਡ ਕੇ ਉਹਨਾਂ ਦੀ ਮਤ ਪਿੱਛੇ ਲਗਦੇ ਹਾਂ ਜਿਨ੍ਹਾਂ ਪਿੱਛੇ ਲਗ ਕੇ ਸਾਨੂੰ ਆਪਣੇ ਅੰਦਰੋਂ ਉਸ ਵਸਤੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅਸੀਂ ਗੁਰੂ ਨੂੰ ਛੱਡ ਕੇ ਜੇਕਰ ਬਾਹਰਲਿਆਂ ਦੀ ਮਤਿ ਦੇ ਨਾਲ ਜੁੜਾਂਗੇ ਤੇ ਫਿਰ ਉਸ ਵਸਤੂ ਦੀ ਪ੍ਰਾਪਤੀ ਤੋਂ ਵਾਂਝੇ ਹੀ ਰਹਾਂਗੇ। (**ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥1॥**)

{ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ ॥
ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥੨॥}

(ਅੰਗ ੧੧੨੬)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ ੨੨੫)

{ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥
ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥}

(ਅੰਗ ੧੧੬੮)

{ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥
ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥੧॥
ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ ॥
ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥੨॥
ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥
ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ ॥੩॥}

(ਅੰਗ ੧੧੬੭)

{ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ ॥
ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ ॥
ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ ॥
ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥੩॥}

(ਅੰਗ ੫੯੨)

ਹਰਿ ਰਸੁ ਵਿੱਚ ਤੇ ਹੋਛੇ ਰਸ ਵਿੱਚ ਕੀ ਫਰਕ ਹੈ ਭਾਵ ਹਰਿ ਰਸੁ ਕੀ ਹੈ ਤੇ ਹੋਛਾ ਰਸ ਕੀ ਹੈ ਇਹ ਭੇਦ ਹੀ ਸਾਨੂੰ ਮੁਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

33/3812

"ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥
ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹ ਅਛਾਦਿਓ ਪ੍ਰਾਨੀ ॥੨॥"

(ਅੰਗ ੩੭੬)

ਪੂਰੀ ਗੁਰਬਾਣੀ ਅੰਮ੍ਰਿਤ ਕਥਾ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸੋਝੀ ਪਾਈ ਹੋਈ ਹੈ ਤੇ ਇਹੀ ਪ੍ਰਮਾਤਮਾ ਦਾ ਹਰਿ ਰਸ ਹੈ ਜੋ ਪੂਰੀ ਗੁਰਬਾਣੀ ਵਿੱਚ ਸੱਚ ਦੀ ਸੋਝੀ ਦੇ ਰੂਪ ਵਿੱਚ ਹੈ, ਨਾਮ ਦੀ ਸੋਝੀ ਦੇ ਰੂਪ ਵਿੱਚ ਹੈ।ਅੰਮ੍ਰਿਤ ਕਥਾ ਨੂੰ ਸੁਣਦਾ ਤੇ ਹਰ ਕੋਈ ਹੈ ਪਰ ਅਸੀਂ ਗੁਰੂ ਦੀ ਗੱਲ ਨੂੰ ਸੁਣ ਕੇ ਵੀ ਅਨਸੁਨੀ ਕਰ ਦਿੰਦੇ ਹਾਂ ਭਾਵ ਉਸ ਨੂੰ ਪੜਨ ਸੁਣਨ ਤਕ ਹੀ ਰਹਿੰਦੇ ਹਾਂ। ਗੁਰੂ ਦੀ ਗੱਲ ਸਾਡੇ ਕੋਲੋਂ ਸੁਣੀ ਹੀ ਨਹੀਂ ਜਾਂਦੀ ਭਾਵ ਮੰਨੀ ਨਹੀ ਜਾਂਦੀ ਕਿਉਕਿ ਉਸ ਨੂੰ ਮੰਨਣਾ ਬਹੁਤ ਔਖਾ ਹੈ, ਮਾਇਆ ਮੋਹ ਛਡਣਾ ਬਹੁਤ ਔਖਾ ਹੈ, ਆਪਣੀਆਂ ਤ੍ਰਿਸ਼ਨਾਵਾਂ ਨੂੰ ਛਡਣਾ ਬਹੁਤ ਔਖਾ ਹੈ, ਸੁਖ ਦੁਖ ਨੂੰ ਇਕੋ ਜਿਹਾ ਕਰ ਕੇ ਜਾਨਣਾ ਬਹੁਤ ਔਖਾ ਹੈ, ਸੱਚ ਨੂੰ ਅਪਣਾਉਣਾ ਬਹੁਤ ਔਖਾ ਹੈ, ਝੂਠ ਛਡਣਾ, ਲੋਭ ਲਾਲਚ ਛਡਣਾ, ਸਾਰੇ ਵਿਕਾਰਾ ਤੋਂ ਮੁਕਤ ਹੋਣਾ , ਲੋਕ ਲਾਜ ਤੋਂ ਮੁਕਤ ਹੋਣਾ ਬਹੁਤ ਔਖਾ ਹੈ, ਹਰਿ ਰਸੁ ਪੀਣਾ ਬਹੁਤ ਔਖਾ ਹੈ, ਸ਼ਬਦ ਦਾ ਵੀਚਾਰੀ ਬਣਨਾ ਬਹੁਤ ਔਖਾ ਹੈ, ਗੁਰੁ ਤੋਂ ਬਿਨ੍ਹਾਂ ਅਨੇਕਾ ਹੀ ਹਨ ਜੋ ਆਪਣੀ ਆਪਣੀ ਮਤਿ ਰਾਹੀਂ ਸਾਨੂੰ ਆਪਣੇ ਵਲੋਂ ਧਰਮ ਦਾ ਮਾਰਗ ਹੀ ਸਮਝਾਉਦੇ ਹਨ ਤੇ ਉਹੋ ਜਿਹਾ ਮਾਰਗ ਸਮਝਾਉਂਦੇ ਹਨ ਜੋ ਗੁਰਮਤਿ ਦੀ ਕਸਵਟੀ ਤੇ ਪੂਰਾ ਨਹੀਂ ਉਤਰਦਾ। ਸਾਨੂੰ ਕੇਵਲ ਕਥਨੀ ਨਾਲ ਕਿਸੇ ਅੱਖਰ ਦੇ ਜਪ ਨਾਲ ਜੋੜਣ ਵਾਲੇ, ਸਰੀਰਕ ਕਿਰਿਆਵਾਂ ਨੂੰ ਧਰਮ ਨਾਲ ਜੋੜਣ ਵਾਲੇ, ਖਾਣੇ ਦੀ ਸੁਚਿ ਨਾਲ, ਚਉਕੇ ਦੀ ਸੁਚਿ ਨਾਲ ਜੋੜਨ ਵਾਲੇ ਭਾਵ ਆਪਣੀ ਆਪਣੀ ਬਣਾਈ ਹੋਈ ਮਰਿਯਾਦਾ ਨਾਲ ਜੋੜਨ ਵਾਲੇ ਇਹੋ ਜਿਹੇ ਹੀ ਹਨ ਜੋ ਸਾਨੂੰ ਝੂਠੀ ਗੱਲ ਹੀ ਸਮਝਾਉਂਦੇ ਹਨ ਜਿਨ੍ਹਾਂ ਗੱਲਾਂ ਦਾ ਗੁਰਬਾਣੀ ਵਿੱਚ ਬਾਰ ਬਾਰ ਖੰਡਣ ਕੀਤਾ ਹੋਇਆ ਹੈ। ਗੁਰੁ ਤੋ ਬਿਨਾ ਸਭ ਦੀ ਗੱਲ ਹੋਛੀ ਹੈ ਭਾਵ ਝੂਠੀ ਹੈ ਤੇ ਇਹੋ ਜਿਹੀ ਗੱਲ ਦੇ ਪਿੱਛੇ ਲਗ ਕੇ ਅਸੀਂ ਗੁਰੁ ਪ੍ਰਮਾਤਮਾ ਨਾਲ ਰਾਰਿ ਕਰਦੇ ਹਾਂ ਭਾਵ ਝਗੜਾ ਕਰਦੇ ਹਾਂ। ਇਹ ਮਨਮਤਿ ਦਾ ਗੁਰਮਤਿ ਨਾਲ ਝਗੜਾ ਹੈ, ਹਉਮੇ ਦਾ ਨਾਮ ਦੇ ਨਾਲ ਝਗੜਾ ਹੈ, ਝੂਠ ਦਾ ਸੱਚ ਦੇ ਨਾਲ ਝਗੜਾ ਹੈ, ਹੋਛੇ ਰਸ ਦਾ ਹਰਿ ਰਸੁ ਦੇ ਨਾਲ ਝਗੜਾ ਹੈ। ਗੁਰਮਤਿ ਦੇ ਨਾਲ ਭਾਵ ਗੁਰੁ ਪ੍ਰਮਾਤਮਾ ਦੇ ਨਾਲ ਆਪਣਾ ਇਹੋ ਜਿਹਾ ਝਗੜਾ ਦਿਖਾ ਕੇ ਭਾਵ ਮਨਮਤਿ ਨੂੰ ਗੁਰਮਤਿ ਨਾਲੋਂ ਉੱਚਾ ਦਿਖਾ ਕੇ ਪ੍ਰਮਾਤਮਾ ਨੂੰ ਕਿਵੇਂ ਪਾ ਸਕਦੇ ਹਾਂ। (**ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ਰਾਰਿ ਕਰਤ ਝੂਠੀ ਲਗਿ ਗਾਥਾ ॥1॥ ਰਹਾਉ ॥**)

33/3813

ਅਸੀਂ ਇਹੋ ਜਿਹਿਆਂ ਦੀਆਂ ਗੱਲਾਂ ਪਿੱਛੇ ਲਗੇ ਹੋਏ ਹਾਂ ਉਹਨਾ ਦੀਆਂ ਗੱਲਾਂ ਮੰਨਣ ਦੁਆਰਾ ਅਸੀਂ ਇਹ ਸਮਝਦੇ ਹਾਂ ਕਿ ਉਹਨਾਂ ਨੇ ਸਾਨੂੰ ਸੱਚ ਹੀ ਸਮਝਾਇਆ ਹੈ ਤੇ ਉਹਨਾ ਦੇ ਪਿੱਛੇ ਲੱਗ ਕੇ ਅਸੀਂ ਗੁਰੁ ਪ੍ਰਮਾਤਮਾ ਦੀ ਸੇਵਾ ਵਿੱਚ ਭਾਵ ਭਗਤੀ ਵਿੱਚ ਲਗੇ ਹੋਏ ਹਾਂ। ਸੇਵਾ ਅਸੀਂ ਉਸ ਦੀ ਕਰਦੇ ਹਾਂ ਜਿਸ ਦੇ ਵਿਚਾਰਾਂ ਨੂੰ ਅਸੀਂ ਮੰਨਦੇ ਹਾਂ। ਜਦੋਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨਦੇ ਹਾਂ ਫਿਰ ਅਸੀਂ ਗੁਰੁ ਦੀ ਸੇਵਾ ਵਾਲੇ ਬਣਦੇ ਹਾਂ ਤੇ ਜਦੋਂ ਅਸੀਂ ਕਿਸੇ ਹੋਰ ਦੇ ਵਿਚਾਰਾਂ ਨੂੰ ਮੰਨਦੇ ਹਾਂ ਫਿਰ ਅਸੀਂ ਉਸ ਦੀ ਸੇਵਾ ਹੀ ਕਰਦੇ ਹਾਂ ਭਾਵ ਬਿਗਾਨੀ ਸੇਵਾ ਹੀ ਕਰਦੇ ਭਾਵੇਂ ਸਮਝਦੇ ਅਸੀਂ ਪ੍ਰਮਾਤਮਾ ਦੀ ਸੇਵਾ ਹੀ ਹਾਂ। ਕਿਸੇ ਦੀ

ਮਤਿ ਪਿੱਛੇ ਲਗ ਕੇ ਆਪਣੇ ਆਪ ਨੂੰ ਗੁਰਮਤਿ ਵਾਲਾ ਸਮਝਣਾ ਸਾਡਾ ਗੁਨਾਹ ਹੈ, ਪਾਪ ਹੈ ਪਰ ਅਸੀਂ ਆਪਣੇ ਮਾੜੇ ਕੰਮਾਂ ਨੂੰ ਝੂਠੀ ਭਗਤੀ ਦੁਆਰਾ ਢਕਦੇ ਹਾਂ ਭਾਵ ਗੁਰਮਤਿ ਤੇ ਚਲੇ ਬਿਨਾ ਹੀ ਆਪਣੇ ਆਪ ਨੂੰ ਗੁਰਮਤਿ ਵਾਲੇ ਅਖਵਾਉਂਦੇ ਹਾਂ, ਆਪਣੀ ਮਾੜੀ ਮਤਿ ਦੇ ਹੁੰਦੇ ਹੋਏ ਵੀ ਆਪਣੇ ਆਪ ਨੂੰ ਚੰਗੀ ਮਤਿ ਵਾਲੇ ਅਖਵਾਉਂਦੇ ਹਾਂ। (**ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹ ਅਛਾਦਿਓ ਪ੍ਰਾਨੀ ॥2॥**)

ਮਹਲਾ ੨ ॥

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥}

(ਅੰਗ ੪੭੪)

ਮਹਲਾ ੨ ॥

{ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥ ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥੫॥}

(ਅੰਗ ੪੭੪)

ਪਉੜੀ ॥

{ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥
ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥
ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥
ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥}

(ਅੰਗ ੪੭੪)

ਮੁੱਖ ਸ਼ਬਦ ਦੀਆ ਅਗਲੀਆਂ ਪੰਗਤੀਆਂ ਨੂੰ ਫਿਰ ਤੋਂ ਧਿਆਨ ਨਾਲ ਸਮਝੋ ਕਿ ਜਿਹੋ ਜਿਹਿਆਂ ਦੀ ਮਤਿ ਪਿੱਛੇ ਅਸੀਂ ਲਗੇ ਹੋਏ ਹਾਂ ਕੀ ਉਹ ਸਾਡੇ ਕੰਮ ਆਉਂਦੀ ਹੈ ਭਾਵ ਉਸ ਕੰਮ ਆਉਂਦੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਖੁਸ਼ ਕਰ ਸਕੀਏ।

33/3814

“ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥ ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥੩॥”

ਜਿਨ੍ਹਾਂ ਦੀ ਮਤਿ ਦੇ ਪਿੱਛੇ ਹਰ ਕੋਈ ਲਗਾ ਹੋਇਆ ਹੈ ਉਨ੍ਹਾਂ ਨੇ ਸਾਨੂੰ ਉਹ ਕੁਝ ਸਮਝਾਇਆ ਹੈ ਜਿਸ ਵਿੱਚ ਭਗਤੀ ਦਾ ਅਸਲ ਮਾਰਗ ਨਹੀਂ ਹੈ ਭਾਵ ਉਹਨ੍ਹਾਂ ਨੇ ਸਾਨੂੰ ਕਥਨੀ ਨਾਲ ਹੀ ਜੋੜਿਆ ਹੈ, ਸਰੀਰਕ ਕਿਰਿਆਵਾਂ ਨਾਲ ਹੀ ਜੋੜਿਆ ਹੋਇਆ ਹੈ ਜਿਸ ਦੁਆਰਾ ਅਸੀਂ ਮੋਹ ਵਿੱਚੋਂ ਨਹੀਂ ਨਿਕਲ ਸਕਦੇ ਤਾਂ ਜੋ ਅਸੀਂ ਮਾਇਆ ਤੋਂ ਨਿਰਲੇਪ ਹੋ ਕੇ ਸੱਚੀ ਸੁੱਚੀ ਕਿਰਤ ਦੁਆਰਾ ਵਿਚਾਰੀਏ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਭਾਵ ਮਾੜੇ ਕਰਮਾਂ ਤੋਂ ਬਚੀਏ। ਜਿਹੋ ਜਿਹੀ ਭਗਤੀ ਅਸੀਂ ਇਹੋ ਜਿਹਿਆ ਕੋਲੋਂ ਸਿਖੀ ਹੈ ਉਸ ਦੁਆਰਾ ਅਸੀਂ ਮਾਇਆ ਮੋਹ ਨਾਲ ਜੁੜੇ ਰਹਿੰਦੇ ਹਾਂ, ਮਾੜੇ ਕਰਮਾਂ ਨਾਲ ਹੀ ਜੁੜੇ ਰਹਿੰਦੇ ਹਾਂ ਤੇ ਫਿਰ ਫਿਰ ਉਹੋ ਕੁਝ ਮੰਗਦੇ ਹਾਂ ਜੋ ਚੀਜ ਸਾਡੇ ਕੰਮ ਨਹੀਂ ਆਉਂਦੀ ਭਾਵ ਮਾਇਆ ਦੇ ਪਦਾਰਥਾਂ ਦੇ ਪਿਛੇ ਹੀ ਲਗੇ ਰਹਿੰਦੇ ਹਾਂ ਤੇ ਆਪਣੇ ਦਿਖਾਵੇ ਵਾਲੀ ਭਗਤੀ ਦੁਆਰਾ ਕੇਵਲ ਆਪਣੇ ਮਾੜੇ ਕਰਮਾਂ ਤੇ ਪੜਦੇ ਹੀ ਪਾਉਂਦੇ ਹਾਂ। ਉਸ ਪ੍ਰਮਾਤਮਾ ਤੋਂ ਅਸੀਂ ਪੜਦਾ ਕਿਵੇਂ ਰਖ ਸਕਦੇ ਹਾਂ ਜੋ ਸਦਾ ਸਾਡੇ ਨਾਲ ਹੀ ਹੈ, ਸਾਡੇ ਅੰਦਰ ਹੀ ਹੈ ਤੇ ਸਭ ਕੁਝ ਦੇਖ ਰਿਹਾ ਹੈ।

(ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥ ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥੩॥)

ਜੇਕਰ ਸਾਨੂੰ ਗੁਰਮਤਿ ਦੀ ਸਮਝ ਲਗ ਜਾਵੇਗੀ ਤਾਂ ਫਿਰ ਅਸੀਂ ਨਾ ਮਨਮਤਿ ਵਾਲਿਆਂ ਦੇ ਪਿਛੇ ਲਗਾਗੇਂ ਤੇ ਨਾ ਹੀ ਮਾਇਆ ਮੋਹ ਨਾਲ ਜੁੜਾਂਗੇ। ਫਿਰ ਪ੍ਰਮਾਤਮਾ ਅਗੇ ਸਾਡੀ ਇਹੀ ਸੱਚੀ ਬੇਨਤੀ ਹੋਵੇਗੀ ਕਿ ਪ੍ਰਮਾਤਮਾ ਜੋ ਤੈਨੂੰ ਭਾਉਂਦਾ ਹੈ ਮੇਰੇ ਕੋਲੋਂ ਉਹੀ ਕੁਝ ਕਰਵਾ ਭਾਵ ਮੈਨੂੰ ਉਸ ਤਰੀਕੇ ਚਲਾ ਜਿਸ ਦੁਆਰਾ ਮੇਰੀ ਮਾੜੇ ਕਰਮਾਂ ਤੋਂ ਰਾਖੀ ਹੋਵੇ। ਭਗਤੀ ਦਾ ਮਾਰਗ ਮਾੜੇ ਕਰਮਾਂ ਤੋਂ ਬਚਣ ਦਾ ਹੀ ਹੈ ਤੇ ਗੁਰਮਤਿ ਸਾਨੂੰ ਇਹੀ ਕੁਝ ਸਿਖਾਉਂਦੀ ਹੈ ਜਿਸ ਵਿੱਚ "ਹਰਿ ਰਸੁ" ਹੈ ਸੱਚਾ ਗਿਆਨ ਹੈ। (**ਕਹੁ ਨਾਨਕ ਪ੍ਰਭ ਦੀਨ ਦਇਆਲਾ ॥ ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥4॥**)

ਪਿਛਲੇ ਕੁਝ ਸ਼ਬਦਾ ਦੁਆਰਾ ਅਸੀਂ ਗੁਰਮਤਿ ਤੇ ਮਨਮਤਿ ਵਿੱਚ ਭੇਦ ਹੀ ਸਮਝਿਆ ਹੈ। ਗੁਰਮਤਿ ਰੂਪ ਸੱਚੀ ਸੋਝੀ ਸਾਡੇ ਮਨ ਦੀਆ ਸੱਚੀਆ ਅੱਖਾਂ ਹਨ ਤੇ ਮਨਮਤਿ ਰੂਪ ਝੂਠੀ ਸੋਝੀ ਸਾਡੀਆਂ ਝੂਠੀਆ ਅੱਖਾਂ ਹਨ।ਇਹ ਝੂਠੀਆਂ ਅੱਖਾਂ ਆਪਣੇ ਆਪ ਨੂੰ ਸੱਚੀਆ ਸਾਬਿਤ ਕਰਣ ਦੁਆਰਾ ਗੁਰਮਤਿ ਰੂਪ ਸਚੀਆ ਅੱਖਾਂ ਨੂੰ ਖਾਈ

33/3815

ਜਾ ਰਹੀਆ ਹਨ। ਸਦੀਆਂ ਤੋਂ ਖਾਈ ਜਾ ਰਹੀਆਂ ਹਨ ਭਾਵ ਭਰਮ ਸੱਚ ਨੂੰ ਖਾਈ ਜਾ ਰਿਹਾ ਹੈ ਜਿਸ ਦੁਆਰਾ ਸਾਡਾ ਜੀਵਨ ਸਫਲ ਨਹੀਂ ਹੁੰਦਾ ਤੇ ਅਸੀਂ ਇਸ ਸੰਸਾਰ ਤੋਂ ਸੱਚ ਨੂੰ ਜਾਣੇ ਬਿਨ੍ਹਾਂ ਹੀ ਚਲੇ ਜਾਂਦੇ ਹਾਂ।ਸ਼ੇਖ ਫਰੀਦ ਜੀ ਦੇ ਕੁਝ ਪਿੱਛੇ ਸਮਝਾਏ ਸ਼ਬਦ ਦੁਆਰਾ ਅਸੀਂ ਗੁਰਮਤਿ ਤੇ ਮਨਮਤਿ ਰੂਪ ਅੱਖਾਂ ਵਿੱਚ ਫਰਕ ਹੀ ਸਮਝਿਆ ਹੈ। ਜਦੋ ਪ੍ਰਮਾਤਮਾ ਸਾਡੇ ਅੰਦਰ ਵੱਸ ਜਾਂਦਾ ਹੈ ਉਹ ਸਾਨੂੰ ਗੁਰਮਤਿ ਰੂਪ ਅੱਖਾਂ ਬਖਸ਼ਦਾ ਹੈ ਤੇ ਫਿਰ ਉਸ ਮਨੁਖ ਦਾ ਮਾਸ ਕੋਈ ਨਹੀਂ ਖਾ ਸਕਦਾ ਭਾਵ ਉਸ ਦਾ ਜੀਵਨ ਕੋਈ ਨਹੀਂ ਬਰਬਾਦ ਕਦ ਸਕਦਾ ਭਾਵ ਫਿਰ ਉਹ ਮਨਮਤਿ ਦੇ ਪਿੱਛੇ ਨਹੀਂ ਲਗ ਸਕਦਾ। ਇਹੀ ਗੱਲ ਸਾਨੂੰ ਭਗਤ ਫਰੀਦ ਜੀ ਦੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਅਸੀਂ ਕੁਝ ਪਿਛੇ ਜਾਣਿਆ ਹੈ।

"ਕਾਗਾ ਚੁੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥"

(ਅੰਗ ੧੩੮੨)

ਪਿੰਜਰਾ ਸਾਡਾ ਸਰੀਰ ਹੈ ਜਦ ਤੱਕ ਪ੍ਰਮਾਤਮਾ ਇਸ ਅੰਦਰ ਨਹੀਂ ਵਸਦਾ ਭਾਵ ਪ੍ਰਗਟ ਨਹੀਂ ਹੁੰਦਾ ਤਦ ਤਕ ਕਉਏ ਮਾਸ ਖਾਣੋਂ ਨਹੀਂ ਹਟਦੇ ਭਾਵ ਮਨਮਤਿ ਗੁਰਮਤਿ ਤੇ ਹਾਵੀ ਰਹਿੰਦੀ ਹੈ, ਮਨਮਤਿ ਦਾ ਹੀ ਪਸਾਰਾ ਰਹਿੰਦਾ ਹੈ ਜੋ ਸਾਡੇ ਜੀਵਨ ਨੂੰ ਬਰਬਾਦ ਕਰਦਾ ਰਹਿੰਦਾ ਹੈ। ਜਿਸ ਸਰੀਰ ਦੇ ਅੰਦਰ ਪ੍ਰਮਾਤਮਾ ਵਸ ਜਾਂਦਾ ਹੈ ਉਥੋਂ ਫਿਰ ਕਉਏ ਉਡ ਜਾਂਦੇ ਹਨ ਭਾਵ ਮਨਮਤਿ ਸਮਝਾਉਣ ਵਾਲੇ ਉਹਨਾ ਤੇ ਅਸਰ ਨਹੀਂ ਪਾ ਸਕਦੇ ਕਿਉਂਕਿ ਉਹਨਾਂ ਨੂੰ ਗੁਰਮਤਿ ਰੂਪ ਸੱਚਾ ਗਿਆਨ ਮਨ ਦੇ ਵਿੱਚੋਂ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨੂੰ ਦਿੱਤਾ ਹੈ ਜਿਸ ਗਿਆਨ ਦਾ ਮਕਸਦ ਹੀ ਸਾਨੂੰ ਕਉਵਿਆਂ ਤੋਂ ਭਾਵ ਕਾਂਵਾਂ ਤੋਂ ਭਾਵ ਅਗਿਆਨੀਆਂ ਤੋਂ ਬਚਾਉਣ ਦਾ ਹੈ ਤਾਂ ਜੋ ਅਸੀਂ ਉਹਨਾਂ ਦੀ ਮਤਿ ਦੇ ਪਿੱਛੇ ਨਾ ਲਗੀਏ ਤੇ ਭਗਤੀ ਦੇ ਉਹੋ ਜਿਹੇ ਮਾਰਗ ਤੇ ਚਲੀਏ ਜਿਸ ਦੁਆਰਾ ਸਾਡਾ ਜੀਵਨ ਬਰਬਾਦ ਹੋਣ ਤੋ ਬਚ ਸਕਦਾ ਹੈ, ਕਾਂਵਾਂ ਦੀ ਮਤਿ ਤੋਂ ਬਚ ਸਕਦਾ ਹੈ। (**ਕਾਗਾ ਚੁੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥ ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥92॥**)

ਪਿੱਛੇ ਕੁਝ ਸ਼ਬਦਾਂ ਦੁਆਰਾ ਤੇ ਹੋਰ ਵੀ ਅਨੇਕਾਂ ਸ਼ਬਦਾਂ

33/3816

ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸੱਚ ਨੂੰ ਜਾਨਣ ਦੀ ਸੋਝੀ ਕੇਵਲ ਗੁਰੁ ਕੋਲੋਂ ਹੀ ਪੈ ਸਕਦੀ ਹੈ ਤੇ ਹੋਰ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਸੂਝਵਾਨ ਸਮਝਣ ਵਾਲੇ ਖੁਦ ਭਰਮ ਵਿੱਚ ਭਟਕੇ ਹੋਏ ਹਨ ਤੇ ਉਨ੍ਹਾਂ ਦੇ ਪਿੱਛੇ ਲਗ ਕੇ ਅਸੀਂ ਆਪਣੇ ਆਪ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਾਂ। ਜੱਦ ਤੱਕ ਸਾਡੇ ਅੰਦਰ ਇਹ ਗੱਲ ਦ੍ਰਿੜ ਨਹੀਂ ਹੁੰਦੀ ਕਿ ਸਾਨੂੰ ਕੇਵਲ ਗੁਰੂ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ ਭਾਵ ਕੇਵਲ ਨਾਮ ਨਾਲ ਜੁੜਨਾ ਚਾਹੀਦਾ ਹੈ ਤਦ ਤਕ ਅਸੀਂ ਭਰਮਾਂ ਵਿੱਚੋਂ ਨਹੀਂ ਨਿਕਲ ਸਕਦੇ ਤੇ ਧਰਮ ਦੇ ਸੱਚੇ ਮਾਰਗ ਨਾਲ ਨਹੀਂ ਜੁੜ ਸਕਦੇ ਤੇ ਉਹੋ ਜਿਹੀ ਭਗਤੀ ਨਾਲ ਹੀ ਜੁੜੇ ਰਹਾਂਗੇ ਜੋ ਸਦੀਆ ਤੋ ਚਲਦੀ ਆ ਰਹੀ ਹੈ, ਜਿਸ ਦੇ ਅੰਦਰ ਸੱਚ ਨਹੀਂ ਹੈ। ਆਓ ਇਸ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਦੇ ਮੁਖੋਂ ਉਚਾਰੇ ਹੋਏ ਅਕਾਲਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਾਰੂ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

“ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥
ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥੧॥
ਬਾਬਾ ਦੇਹਿ ਵਸਾ ਸਚ ਗਾਵਾ ॥ ਜਾ ਤੇ ਸਹਜੇ ਸਹਜਿ ਸਮਾਵਾ ॥੧॥ ਰਹਾਉ॥
ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ ॥
ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ ॥੨॥
ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ ॥
ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ ॥੩॥
ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥
ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ ॥
ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ ॥੫॥੧॥”

(ਅੰਗ ੯੯੩)

ਉਪਰ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਸਾਨੂੰ ਧਰਮ ਦਾ ਮਾਰਗ ਸਿੱਖਣ ਲਈ ਕਿਸ ਦੇ ਪਿੱਛੇ ਲਗਣਾ ਚਾਹੀਦਾ ਹੈ। ਅਸੀਂ ਉਹਨਾਂ ਦੇ ਪਿੱਛੇ ਲਗਦੇ ਹਾਂ, ਲਗੇ ਹੋਏ ਹਾਂ ਜਿਨ੍ਹਾਂ ਦੇ ਅੰਦਰ ਦੁਬਿਧਾ ਹੈ, ਭਰਮ ਹੈ ਭਾਵ ਜੋ ਸੱਚ ਸਮਝਣ ਤੋਂ ਦੂਰ ਹਨ। ਸੱਚ ਦੀ ਸੋਝੀ ਕੇਵਲ ਮਨ ਦੀ ਸਹਜ ਅਵਸਥਾ ਦੁਆਰਾ ਪੈਂਦੀ ਹੈ, ਚੌਥੇ ਪਦ ਦੀ ਸੋਝੀ ਦੁਆਰਾ ਪੈਂਦੀ ਹੈ ਜੋ ਸੋਝੀ ਕੇਵਲ ਗੁਰੂ ਕੋਲ ਹੈ। ਸਾਡਾ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਇਸ ਅਵਸਥਾ ਦੁਆਰਾ ਹੀ ਹੁੰਦਾ ਹੈ ਤੇ ਇਸ ਅਵਸਥਾ ਦੀ ਪ੍ਰਾਪਤੀ ਅਸੀਂ ਤਾਂ ਹੀ ਕਰ ਸਕਾਂਗੇ ਜੇਕਰ ਉਹਨਾ ਦੀ ਸੋਝੀ ਦੇ ਪਿੱਛੇ ਲਗਾਂਗੇ ਜਿੰਨ੍ਹਾਂ ਨੂੰ ਚੌਥੇ ਪਦ ਵਾਲੇ ਗਿਆਨ ਦੀ ਸੋਝੀ ਪਈ ਹੈ।

ਭਗਤੀ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਇਹ ਸੋਝੀ ਸਾਡੇ ਵੱਸ ਨਹੀਂ ਹੈ। ਉਹ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜੋ ਕਿ ਮਨ ਦੇ ਵਿਚਾਰਾ ਦੇ ਰੂਪ ਵਿੱਚ ਹੀ ਹੈ। ਇਹ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਕਿਸ ਦੇ ਮਨ ਨੂੰ ਪਵਿੱਤਰ ਬਣਾਉਂਦਾ ਹੈ, ਮਨ ਦੀ ਸੱਚੀ ਸੋਝੀ ਪਾ ਕੇ ਪਵਿੱਤਰ ਬਣਾਉਂਦਾ ਹੈ। ਸਾਡੇ ਮਨ ਦੀ ਪਵਿੱਤਰਤਾ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ।

33/3817

ਸਾਡੇ ਜੋ ਵਿਚਾਰ ਗੁਰੂ ਦੀ ਮਤਿ ਤੇ ਟਿਕ ਜਾਂਦੇ ਹਨ ਉਹ ਸਾਡੇ ਮਨ ਦੀ ਸੱਚੀ ਬੈਠਕ ਹੈ, ਸਾਡੇ ਮਨ ਦੇ ਵਿਚਾਰਾਂ ਦਾ ਸਹੀ ਜਗ੍ਹਾ ਬੈਠਣਾ ਹੈ। ਜੇਕਰ ਸਾਡੇ ਵਿਚਾਰ ਗੁਰਮਤਿ ਤੇ ਨਹੀਂ ਟਿਕਦੇ ਫਿਰ ਉਹ ਮਾਇਆ ਮੋਹ ਵਿੱਚ ਭਟਕਦੇ ਹਨ ਜਿਨ੍ਹਾਂ ਉਤੇ ਸਾਡਾ ਜੋਰ ਨਹੀਂ ਹੈ। ਸਾਡੇ ਵਿਚਾਰ ਪ੍ਰਮਾਤਮਾ ਦੇ ਵੱਸ ਹਨ ਕਿ ਉਹ ਸਾਨੂੰ ਕਿਹੋ ਜਿਹੇ ਵਿਚਾਰਾ ਨਾਲ ਜੋੜਦਾ ਹੈ। (**ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥ ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥1॥**)

ਸਾਡੇ ਮਨ ਦੀ ਸੱਚੀ ਬੈਠਕ ਕਿਵੇ ਹੁੰਦੀ ਹੈ ਗੁਰਮਤਿ ਰੂਪ ਸਚ ਦੇ ਵਿਚਾਰਾ ਤੇ ਮਨ ਕਿਵੇਂ ਟਿਕਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਹ ਜਾਣੀਏ ਕਿ ਪ੍ਰਮਾਤਮਾ ਨੂੰ ਪਾਉਣ ਲਈ ਸਾਡਾ ਸੱਚਾ ਉਦਮ ਕੀ ਹੈ।

“ਬਾਬਾ ਦੇਹਿ ਵਸਾ ਸਚ ਗਾਵਾ ॥ ਜਾ ਤੇ ਸਹਜੇ ਸਹਜਿ ਸਮਾਵਾ ॥੧॥ ਰਹਾਉ ॥”

(ਅੰਗ ੯੯੩)

ਉਪਰਲੀਆ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦਾ ਟਿਕਾਣਾ ਹੀ ਸਮਝਾਇਆ ਹੋਇਆ ਹੈ, ਉਸ ਦਾ ਗਾਂਵ ਭਾਵ ਪਿੰਡ ਸਮਝਾਇਆ ਹੈ ਜਿਸ ਪਿੰਡ ਵਿੱਚ ਪ੍ਰਮਾਤਮਾ ਰਹਿੰਦਾ ਹੈ। ਇਹੀ ਉਸ ਦਾ ਮਹਿਲ ਹੈ, ਉਸ ਦਾ ਸਚਖੰਡ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ। ਸਾਨੂੰ ਪ੍ਰਮਾਤਮਾ ਕੋਲੋਂ ਇਹ ਮੰਗ ਕਰਨੀ ਸਿਖਾਈ ਹੈ ਕਿ ਮੈਨੂੰ ਆਪਣੇ ਪਿੰਡ ਦੇ ਵਿੱਚ ਵਸਾ ਲੈ। ਪ੍ਰਮਾਤਮਾ ਦਾ ਪਿੰਡ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਰੂਪ ਵਿੱਚ ਹੈ, ਸਹਜ ਗਿਆਨ ਦੇ ਰੂਪ ਵਿੱਚ ਹੈ, ਬਿਬੇਕ ਬੁਧਿ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਸਿਧੇ ਕਮਲ ਦੇ ਰੂਪ ਵਿੱਚ ਹੈ, ਸਾਧਸੰਗਤਿ ਦੇ ਰੂਪ ਵਿੱਚ ਹੈ, ਸਤਸੰਗਤਿ ਦੇ ਰੂਪ ਵਿੱਚ ਹੈ।ਪੂਰਨ ਸੱਚ ਦੀ ਸੋਝੀ ਪ੍ਰਮਾਤਮਾ ਆਪਣੇ ਇਸ ਟਿਕਾਣੇ ਤੋਂ ਹੀ ਪਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਜੋ ਗਿਆਨ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਸੱਚ ਸਮਝਾਇਆ ਹੈ ਉਹ ਆਪਣੇ ਇਸ ਸੱਚ ਰੂਪ ਟਿਕਾਣੇ ਤੋਂ ਹੀ ਸਮਝਾਇਆ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਇਸ ਸੱਚੇ ਟਿਕਾਣੇ ਤੇ ਪਹੁਚੰਣਾ ਚਾਹੁੰਦੇ ਹਾਂ ਭਾਵ ਆਪਣੇ ਅੰਦਰੋਂ ਉਸ ਨੂੰ ਪਾਉਣਾ ਚਾਹੁੰਦੇ ਹਾਂ ਫਿਰ ਸਾਨੂੰ ਉਸ ਦੀ ਸੱਚੀ ਮਤਿ ਨਾਲ ਜੁੜਨ ਦੀ ਲੋੜ ਹੈ ਜੋ ਕਿ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸੱਚ ਰੂਪ ਟਿਕਾਣਾ ਹੈ ਜਿਸ ਵਿੱਚ ਚੌਥੇ ਪਦ ਦਾ ਗਿਆਨ ਹੈ। ਅਸੀਂ

33/3818

ਗੁਰੂ ਦੇ ਇਸ ਗਿਆਨ ਨਾਲ ਜੁੜ ਕੇ ਆਪਣੇ ਅੰਦਰੋਂ ਸਹਜ ਦੀ ਅਵਸਥਾ ਪ੍ਰਾਪਤੀ ਕਰਨ ਦੁਆਰਾ ਉਸ ਪ੍ਰਮਾਤਮਾ ਦੇ ਟਿਕਾਣੇ ਨੂੰ ਪਾ ਸਕਦੇ ਹਾਂ। (**ਬਾਬਾ ਦੇਹਿ ਵਸਾ ਸਚ ਗਾਵਾ ॥ ਜਾ ਤੇ ਸਹਜੇ ਸਹਜਿ ਸਮਾਵਾ ॥1॥ ਰਹਾਉ ॥**)

"**ਸਹਜੇ ਸਹਜਿ ਸਮਾਵਾ**" ਤੋਂ ਕੀ ਭਾਵ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਸਹਜ ਦੀ ਪ੍ਰਾਪਤੀ ਭਾਵ ਚੌਥੇ ਪਦ ਦੀ ਪ੍ਰਾਪਤੀ ਸਹਜ ਵਾਲੀ ਮਤਿ ਦੇ ਨਾਲ ਜੁੜ ਕੇ ਹੋ ਸਕਦੀ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੀ ਪ੍ਰਾਪਤੀ ਗੁਰੂ ਦੀ ਸਚੀ ਮਤਿ ਨਾਲ ਜੁੜ ਕੇ ਹੋ ਸਕਦੀ ਹੈ, ਸੱਚ ਰੂਪ ਪ੍ਰਮਾਤਮਾ ਦੇ ਨਾਲ ਮੇਲ ਉਸ ਦੇ ਸਮਝਾਏ ਹੋਏ ਸੱਚ ਨਾਲ ਜੁੜ ਕੇ ਹੀ ਹੋ ਸਕਦਾ ਹੈ ਭਾਵ ਸਾਨੂੰ ਕੇਵਲ ਗੁਰੂ ਦੀ ਸੱਚੀ ਮਤਿ ਦੇ ਨਾਲ ਹੀ ਜੁੜਨਾ ਚਾਹੀਦਾ ਹੈ।

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥}

(ਅੰਗ ੯੪੭)

ਗੁਰੂ ਦੀ ਮਤਿ ਦੇ ਨਾਲ ਜੁੜਨ ਦੀ ਬਜਾਏ ਜੋ ਅਸੀਂ ਦੂਸਰਿਆ ਦੀ ਮਤਿ ਨਾਲ ਜੁੜਦੇ ਹਾਂ ਉਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ ॥
ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ ॥੨॥"

(ਅੰਗ ੯੯੩)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਹਰ ਕੋਈ ਭਗਤੀ ਦੇ ਮਾਰਗ ਤੋਂ ਕਿਸ ਲਈ ਭਟਕਿਆ ਹੋਇਆ ਹੈ। ਜਿਹੋ ਜਿਹੀ ਭਗਤੀ ਕਰਨ ਦੇ ਤਰੀਕਿਆਂ ਦਾ ਗੁਰਬਾਣੀ ਰਾਹੀਂ ਬਾਰ ਬਾਰ ਖੰਡਣ ਕੀਤਾ ਗਿਆ ਹੈ ਉਹ ਤਰੀਕੇ ਅਸੀਂ ਕਿਸੇ ਕੋਲੋਂ ਤਾਂ ਜਰੂਰ ਸਿਖੇ ਹੋਏ ਹਨ ਤੇ ਉਹਨਾਂ ਨੂੰ ਅਸੀਂ ਸੱਚ ਮੰਨਿਆ ਹੋਇਆ ਹੈ। ਸਾਡੇ ਅੰਦਰ ਸਾਰੇ ਵਿਕਾਰਾਂ ਦਾ ਮੂਲ ਇਹੀ ਹੈ ਕਿ ਅਸੀਂ ਆਪਣਾ ਬੁਰਾ ਭਲਾ ਆਪਸ ਵਿੱਚ ਹੀ ਇਕ ਦੂਸਰੇ ਕੋਲੋਂ ਸਿਖਿਆ ਹੋਇਆ ਹੈ। ਜੋ ਮਨੁੱਖ ਧਰਮ ਦੇ ਮਾਰਗ ਤੋਂ ਦੂਰ ਹੁੰਦਾ ਹੈ ਉਸ ਨੂੰ ਧਾਰਮਿਕ ਦ੍ਰਿਸ਼ਟੀ ਤੋ ਬੁਰਾ ਮੰਨਿਆ ਜਾਂਦਾ ਹੈ ਜੋ ਧਰਮ ਤੇ ਚੱਲਣ ਵਾਲਾ ਮੰਨਿਆ ਜਾਦਾ ਹੈ, ਉਸ ਨੂੰ ਭਲਾ ਆਖਿਆ ਜਾਂਦਾ ਹੈ। ਧਰਮ ਅਸਲ ਵਿੱਚ ਕੀ ਹੈ ਇਸ ਨੂੰ ਅਸੀਂ ਆਪਣੀ ਮਨਮਤਿ ਦੁਆਰਾ ਤੈਅ ਕੀਤਾ

ਹੋਇਆ ਹੈ। ਅਸੀਂ ਆਪਣੇ ਸਰੀਰਿਕ ਜਪਾਂ ਤਪਾਂ ਆਦਿ ਨੂੰ, ਕਿਸੇ ਅੱਖਰ ਦਾ ਜਪ ਕਰਣ ਨੂੰ, ਤੀਰਥਾ ਆਦਿ ਤੇ ਭੌਣ ਨੂੰ ਤੇ ਹੋਰ ਵੀ ਆਪਣੀਆਂ ਆਪਣੀਆਂ ਬਣਾਈਆਂ ਹੋਇਆਂ ਮਰਿਯਾਦਾਵਾਂ ਆਦਿ ਨੂੰ ਧਰਮ ਗ੍ਰੰਥਾਂ ਦੇ ਕੇਵਲ ਪੜੀ ਸੁਣੀ ਜਾਣ ਆਦਿ ਨੂੰ, ਧਰਮ ਅਸਥਾਨਾਂ ਤੇ ਕੇਵਲ ਸਵੇਰੇ ਸ਼ਾਮ ਮੱਥੇ ਟੇਕੀ ਜਾਣ ਨੂੰ, ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਉਸ ਦੀ

33/3819

ਸੰਭਾਲ ਕਰੀ ਜਾਣ ਨੂੰ, ਸੱਚੇ ਚੌਕੇ ਦੀ ਸੰਭਾਲ ਕਰੀ ਜਾਣ ਨੂੰ, ਖਾਸ ਤਰੀਕੇ ਦੇ ਬਸਤਰ ਪਹਿਣਨ ਨੂੰ ਜਾਂ ਬਸਤਰਹੀਣ ਹੋ ਕੇ ਗਰਮੀ ਸਰਦੀ ਸਹਿਣ ਨੂੰ ਧਰਮ ਦਾ ਮਾਰਗ ਸਮਝਿਆ ਹੋਇਆ ਹੈ ਜਿਸ ਵਿੱਚ ਅਸੀਂ ਆਪਣਾ ਭਲਾ ਸਮਝਦੇ ਹਾਂ, ਪ੍ਰਮਾਤਮਾ ਦੇ ਦਰ ਤੇ ਭਲਾ ਬਨਣਾ ਸਮਝਦੇ ਹਾਂ ਤੇ ਇਹੋ ਜਿਹੇ ਧਰਮ ਦੇ ਮਾਰਗ ਤੇ ਨਾ ਚੱਲਣ ਵਿੱਚ ਅਸੀਂ ਆਪਣਾ ਬੁਰਾ ਸਮਝਦੇ ਹਾਂ। ਗੁਰੂ ਸਾਨੂੰ ਇਹੋ ਜਿਹੇ ਧਰਮ ਦਾ ਮਾਰਗ ਨਹੀਂ ਸਮਝਾਉਂਦਾ ਬਲਕਿ ਇਹ ਸਾਡੇ ਭਗਤੀ ਦੇ ਦਿਖਾਵੇ ਦੱਸੇ ਗਏ ਹਨ ਜਿਨ੍ਹਾਂ ਨੂੰ ਤਿਆਗਣ ਲਈ ਸਮਝਾਇਆ ਹੈ ਕਿਉਂਕਿ ਇਹ ਕੇਵਲ ਸਾਡਾ ਭਰਮ ਹੈ ਜਿਸ ਵਿੱਚ ਸੱਚ ਨਹੀਂ ਹੈ। ਸੱਚ ਉਹ ਹੈ ਜਿਸ ਵਿੱਚ ਕੇਵਲ ਗੁਰੂ ਦੀ ਮਤਿ ਹੈ। ਜਿਨ੍ਹਾਂ ਨੂੰ ਧਰਮ ਦੇ ਮਾਰਗ ਦੀ ਸਮਝ ਆਈ ਹੈ ਉਨ੍ਹਾਂ ਨੂੰ ਧਰਮ ਦਾ ਮਾਰਗ ਪ੍ਰਮਾਤਮਾ ਨੇ ਆਪ ਹੀ ਪ੍ਰਗਟ ਹੋ ਕੇ ਫੁਰਮਾਇਆ ਹੈ, ਸਮਝਾਇਆ ਹੈ ਤੇ ਤਾਂ ਹੀ ਉਹਨਾ ਨੂੰ ਇਸ ਗੱਲ ਦੀ ਸਮਝ ਪਈ ਹੈ ਕਿ ਸੰਸਾਰ ਦੇ ਵਿੱਚ ਭਰਮ ਹੀ ਵਰਤਦਾ ਹੈ। ਗੁਰੂ ਕੋਲੋਂ ਧਰਮ ਦਾ ਗਿਆਨ ਲੈਣ ਦੀ ਬਜਾਇ ਆਪਸ ਵਿੱਚ ਹੀ ਮਨੁੱਖ ਇਕ ਦੂਜੇ ਕੋਲੋਂ ਧਰਮ ਦਾ ਮਾਰਗ ਜਾਣ ਲੈਂਦੇ ਹਨ ਜਿਸ ਕਰਕੇ ਉਹ ਵਿਕਾਰਾਂ ਵਿੱਚ ਫਸੇ ਰਹਿੰਦੇ ਹਨ, ਮਾਇਆ ਮੋਹ ਵਿੱਚ ਫਸੇ ਰਹਿੰਦੇ ਹਨ। ਗੁਰੂ ਨੂੰ ਛੱਡ ਕੇ ਕਿਸੇ ਹੋਰ ਕੋਲੋਂ ਮਤਿ ਲੈਣਾ, ਗੁਰਮਤਿ ਦੇ ਉਲਟ ਮਤਿ ਲੈਣਾ ਜਾਂ ਦੇਣਾ ਸਾਡਾ ਵਿਕਾਰ ਹੀ ਹੈ ਜੋ ਸਾਨੂੰ ਹੋਰ ਵਿਕਾਰਾਂ ਨਾਲ ਜੋੜਦਾ ਹੈ। (**ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ ॥ ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ ॥2॥**)

ਇਧਰੋਂ ਉਧਰੋਂ ਸੁਣੇ ਹੋਏ ਧਰਮ ਦੇ ਮਾਰਗ ਦੁਆਰਾ ਅਸੀਂ ਕਿਸ ਗੱਲ ਵਿੱਚ ਆਪਣਾ ਧਰਮ ਸਮਝਦੇ ਹਾਂ ਉਸ ਦਾ ਪ੍ਰਮਾਣ ਹੀ ਅਗਲੀਆਂ ਪੰਗਤੀਆਂ ਰਾਹੀਂ ਦਿੱਤਾ ਹੋਇਆ ਹੈ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ ॥
ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ ॥੩॥”

(ਅੰਗ ੯੯੩)

ਭਾਰਤਵਰਸ਼ ਵਿੱਚ ਇੰਦ੍ਰੀ ਦੀ ਪੂਜਾ ਕੀਤੀ ਜਾਂਦੀ ਹੈ, ਸ਼ਿਵ ਲਿੰਗ ਦੇ ਰੂਪ ਵਿੱਚ ਪੂਜਾ ਕੀਤੀ ਜਾਂਦੀ ਹੈ, ਧਾਤੂ ਦੀ ਬਣੀ ਹੋਈ ਇੰਦ੍ਰੀ ਦੀ ਪੂਜਾ ਕੀਤੀ ਜਾਂਦੀ ਹੈ, ਉਸ ਦਾ ਬਲ ਜਾਣ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ ਭਾਵ ਉਸਦੀ ਪੂਜਾ ਵਿੱਚ ਧਾਰਮਿਕ ਬਲ ਮੰਨਿਆ ਜਾਂਦਾ ਹੈ ਕਿਉਂਕਿ ਬਲਵਾਨ ਉਸ ਨੂੰ ਹੀ ਮੰਨਿਆ ਹੈ ਜਿਸ ਦੀ ਇੰਦ੍ਰੀ ਦੀ ਪੂਜਾ ਕੀਤੀ ਜਾਂਦੀ ਹੈ। ਹੁਣ ਧਿਆਂਨ ਨਾਲ ਸਮਝੋ ਕਿ ਬਲਵਾਨ ਕੌਣ ਹੈ, ਇੰਦ੍ਰੀ ਭਾਵ ਇੰਦ੍ਰੀ ਵਾਲਾ ਜਾਂ ਇੰਦ੍ਰੀ ਨੂੰ

33/3820

ਭਾਵ ਇੰਦ੍ਰੀ ਵਾਲੇ ਨੂੰ ਬਣਾਉਣ ਵਾਲਾ। ਬਣਾਉਣ ਵਾਲਾ ਤਾਂ ਇਕੋ ਇਕ ਪ੍ਰਮਾਤਮਾ ਆਪ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਰਚਿਆ ਹੈ। ਇਹ ਮਨੁੱਖ ਦੀ ਪੂਜਾ ਹੈ ਨਾ ਕਿ ਮਨੁੱਖ ਨੂੰ ਬਣਾਉਣ ਵਾਲੇ ਦੀ ਭਾਵ ਕਿਰਏਸ਼ਨ ਦੀ ਪੂਜਾ ਹੈ ਨਾ ਕਿ ਕਿਰਏਟਰ ਦੀ ਭਾਵ ਝੂਠੀ ਪੂਜਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਪਰ ਇਹੋ ਜਿਹੀ ਪੂਜਾ ਕਰਨ ਵਾਲੇ ਇਸ ਵਿੱਚ ਪ੍ਰਮਾਤਮਾ ਦੀ ਵਡਿਆਈ ਕਰਨਾ ਹੀ ਸਮਝਦੇ ਹਨ ਭਾਵ ਭਰਮ ਵਿੱਚ ਹਨ ਤੇ ਇਹੋ ਜਿਹੀ ਪੂਜਾ ਕਰਨੀ ਸਾਨੂੰ ਉਨਾਂ ਨੇ ਹੀ ਸਿਖਾਈ ਹੈ ਜੋ ਆਪ ਭਰਮ ਵਿੱਚ ਹਨ।ਪ੍ਰਮਾਤਮਾ ਆਪਣੀ ਇਸ ਸੰਸਾਰਿਕ ਖੇਡ ਨੂੰ ਇਸੇ ਤਰਾਂ ਸਭ ਨੂੰ ਭਰਮ ਵਿੱਚ ਰਖਕੇ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦੀ ਇਸ ਖੇਡ ਨੂੰ ਕੋਈ ਵਿਰਲਾ ਹੀ ਸਮਝ (ਬੁਝ) ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪ ਹੀ ਕਿਸੇ ਨੂੰ ਮਨ ਦੇ ਭਰਮ ਵਿੱਚੋਂ ਕਢ ਕੇ ਆਪਣੀ ਇਹ ਖੇਡ ਸਮਝਾਉਂਦਾ ਹੈ ਤੇ ਧਰਮ ਦੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਣਾ ਕਰਨ ਵਾਲਿਆਂ ਨੂੰ ਪਾਈ ਹੈ ਤੇ ਉਹਨਾਂ ਨੇ ਸਾਨੂੰ ਭਰਮ ਵਿੱਚੋਂ ਕਢੱਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਅਸੀਂ ਇਧਰੋਂ ਉਧਰੋਂ ਸਿਖੇ ਹੋਏ ਭਗਤੀ ਦੇ ਤਰੀਕਿਆਂ ਵਿੱਚੋਂ ਨਿਕਲੀਏ ਤੇ ਸੱਚ ਨਾਲ ਜੁੜੀਏ। (**ਇੰਦ੍ਰੀ**

ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ ॥ ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ ॥3॥)

ਜਦ ਤਕ ਪ੍ਰਮਾਤਮਾ ਕਿਸੇ ਨੂੰ ਭਰਮ ਤੋਂ, ਦੁਬਿਧਾ ਤੋਂ ਮੁਕਤ ਨਹੀਂ ਕਰਦਾ ਤਦ ਤਕ ਕੋਈ ਵੀ ਪ੍ਰਮਾਤਮਾ ਦੀ ਇਸ ਖੇਡ ਨੂੰ ਨਹੀਂ ਸਮਝ ਸਕਦਾ ਭਾਵ ਕਿਸੇ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈ ਸਕਦੀ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥”

(ਅੰਗ ੯੯੩)

ਪ੍ਰਮਾਤਮਾ ਕਿਸੇ ਨੂੰ ਦੁਬਿਧਾ ਤੋਂ, ਭਰਮ ਤੋਂ ਮੁਕਤ ਕਰੇ ਇਹ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ ਭਾਵ ਉਸ ਦੀ ਆਪਣੀ ਰਜ਼ਾ ਹੈ। ਦੁਬਿਦਾ, ਹਉਮੈ, ਮਨਮਤਿ ਕਿਸੇ ਦੀ ਤਾਂ ਹੀ ਦੂਰ ਹੁੰਦੀ ਹੈ ਜਦੋਂ ਮਨ ਦੇ ਵਿੱਚ ਉਸ ਪ੍ਰਮਾਤਮਾ ਦੇ ਨਾਲ ਲਿਵ ਜੁੜ ਜਾਂਦੀ ਹੈ।ਪ੍ਰਮਾਤਮਾ ਬ੍ਰਹਮ ਗਿਆਨ ਸਰੂਪ ਹੈ ਤੇ ਜਿਸਦੀ ਲਿਵ ਜੁੜਦੀ ਹੈ ਮਨ ਦੇ ਵਿੱਚ ਬ੍ਰਹਮ ਗਿਆਨ ਦੇ ਨਾਲ ਜੁੜਦੀ ਹੈ ਜਿਸ ਰਾਹੀਂ ਪ੍ਰਮਾਤਮਾ ਆਪਣੇ ਸ਼ਬਦਾਂ ਦੀ ਵਿਚਾਰ ਦਿੰਦਾ ਹੈ, ਸੱਚਾ ਗਿਆਨ ਦਿੰਦਾ ਹੈ, ਗੁਰਮਤਿ ਰੂਪ ਸੱਚਾ ਗਿਆਨ ਦਿੰਦਾ ਹੈ ਜੋ ਮਨੁੱਖ ਨੂੰ ਦੁਬਿਧਾ ਵਿੱਚੋਂ, ਦੁਚਿਤੀ ਵਿੱਚੋਂ ਕਢਦਾ ਹੈ ਤੇ ਮਨੁੱਖ ਨੂੰ ਸੱਚ ਦੀ ਸੋਝੀ ਪੈ ਜਾਂਦੀ ਹੈ ਕਿ ਮੇਰਾ ਅਸਲ

ਵਜੂਦ ਕੀ ਹੈ ਭਾਵ ਮਨੁੱਖੀ ਵਜੂਦ ਕੇਵਲ ਸਾਡੀ ਮੈਂ ਹੈ ਜਦ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਉਹੀ ਕੁਝ ਸਮਝਾਉਂਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ। ਪ੍ਰਮਾਤਮਾ ਨੂੰ ਸੱਚੀ ਮਤਿ ਹੀ ਭਾਉਂਦੀ ਹੈ ਤੇ ਉਹ ਮਨੁੱਖ ਨੂੰ ਸੱਚੀ ਮਤਿ ਹੀ ਦਿੰਦਾ ਹੈ ਤੇ ਆਪਣੀ ਮਤਿ ਸਮਝਾ ਕੇ ਆਪ ਹੀ ਉਸ ਤੇ ਚਲਾਉਂਦਾ ਹੈ ਤੇ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਜੋ ਗੱਲ ਪ੍ਰਮਾਤਮਾ ਨੇ ਆਪ ਸਮਝਾਈ ਹੈ ਉਸ ਤੋਂ ਉਚੀ ਗੱਲ ਹੋਰ ਕੌਣ ਸਮਝਾ ਸਕਦਾ ਹੈ ਜਿਸ ਕਰਕੇ ਮਨੁੱਖ ਪ੍ਰਮਾਤਮਾ ਦੀ ਸਮਝਾਈ ਹੋਈ ਹਰ ਗੱਲ ਨੂੰ “ਸਤਿ” ਕਰਕੇ ਮਨੰਦਾ ਹੈ ਭਾਵ ਪੂਰਨ ਸੱਚੀ ਕਰਕੇ ਮੰਨਦਾ ਹੈ ਜਿਸ ਦੁਆਰਾ ਉਹ ਧਰਮ ਦੇ ਸਹੀ ਮਾਰਗ ਤੇ ਚਲੱਦਾ ਹੈ, ਅਉਗੁਣ ਰਹਿਤ ਹੋ ਕੇ ਗੁਰਮਤਿ ਅਨੁਸਾਰ ਵਿਚਰਦਾ ਹੈ ਤੇ ਕਿਸੇ ਹੋਰਾਂ ਦੁਆਰਾ ਸਮਝਾਈਆਂ ਹੋਈਆਂ ਉਹਨਾਂ ਗਲ੍ਹਾਂ ਵਿੱਚ ਨਹੀਂ ਆਉਂਦਾ ਜੋ ਗੁਰਮਤਿ ਤੇ ਖਰੀਆਂ ਨਹੀਂ ਉਤਰਦੀਆਂ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਮਨੁੱਖ ਜਮਾ ਦੀ ਫਾਹੀ ਤੋਂ ਬਚਦਾ ਹੈ ਭਾਵ ਆਵਾਗਉਣ ਤੋਂ ਬਚਦਾ ਹੈ। (**ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥ ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥4॥**)

ਤਦ ਤਕ ਮਨੁੱਖ ਦੁਬਿਧਾ ਵਿੱਚ ਹੈ, ਮਨ ਦੇ ਭਰਮ ਵਿੱਚ, ਹਉਮੈ ਵਿੱਚ ਹੈ ਭਾਵ ਜਦ ਤਕ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ, ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ, ਗਿਆਨ ਰੂਪ ਵਿੱਚ ਵਰਤ ਰਿਹਾ ਹੈ ਤਦ ਤਕ ਕੋਈ ਵੀ ਲੇਖਾ ਦੇਣ ਤੋਂ ਨਹੀਂ ਬੱਚ ਸਕਦਾ ਕਿਉਕਿ ਹਉਮੈ ਨਿਕਲੇ ਬਿਨ੍ਹਾਂ ਕਿਸੇ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਮਨੁੱਖ ਧਰਮ ਦੇ ਸੱਚੇ ਮਾਰਗ ਤੋਂ ਭਟਕਿਆ ਹੀ ਰਹਿੰਦਾ ਹੈ, ਸੱਚ ਤੇ ਚਲੱਣ ਦੇ ਮਾਰਗ ਤੋਂ ਭਟਕਿਆ ਹੀ ਰਹਿੰਦਾ ਹੈ। ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਫਿਰ ਉਸ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ “ਧਰਮ ਰਾਇ” ਦਾ ਆਪਣਾ ਕੋਈ ਵੱਖਰਾ ਰੂਪ ਨਹੀਂ ਹੈ ਜੋ ਉਸ ਕੋਲੋਂ ਲੇਖਾ ਮੰਗ ਸਕੇ ਕਿਉਂਕਿ ਅਸਲ ਵਿੱਚ ਉਹ ਪ੍ਰਮਾਤਮਾ ਦਾ ਆਪਣਾ ਹੀ “ਸਚੁ” ਰੂਪ ਹੈ ਜਿਸਨੂੰ ਧਰਮ ਦੇ ਮਾਰਗ ਦੀ ਪੂਰਨ ਸੱਚੀ ਸਮਝ ਹੈ ਭਾਵ ਖੋਟੇ ਖਰੇ ਦੀ ਪੂਰਨ ਪਹਿਚਾਣ ਹੈ, ਮਾੜੇ ਚੰਗੇ ਕਰਮਾਂ ਵਿੱਚ ਫਰਕ ਦੀ ਪੂਰਨ ਪਹਿਚਾਣ ਹੈ। (**ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ ॥ ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ ॥5॥1॥**)

ਜਿਵੇਂ ਕਿ ਅਸੀਂ ਬਾਰ ਬਾਰ ਇਸ ਗੱਲ ਨੂੰ ਜਾਣਿਆ ਹੈ ਕਿ ਧਰਮ ਦੇ ਮਾਰਗ ਦਾ ਸੰਬਧ ਸਾਡੇ ਮਨ ਦੇ ਸੱਚ ਦੇ ਨਾਲ ਹੈ ਭਾਵ ਸੱਚੇ ਗਿਆਨ ਦੇ ਨਾਲ ਹੈ। ਸੱਚਾ ਗਿਆਨ ਸਾਨੂੰ ਧਰਮ ਗ੍ਰੰਥਾਂ ਵਿੱਚੋਂ ਮਿਲਦਾ ਹੈ। ਸਮਝਣ ਦੀ ਗੱਲ ਇਹ ਹੈ ਕਿ ਧਰਮ ਗ੍ਰੰਥ ਉੱਚਾ ਹੈ ਜਾਂ ਧਰਮ ਅਸਥਾਨ ਉੱਚਾ ਹੈ। ਧਰਮ ਗ੍ਰੰਥ ਸਾਨੂੰ ਉਹੀ ਗਿਆਨ ਦਿੰਦਾ ਹੈ ਭਾਵੇਂ ਉਹ ਧਰਮ

ਗ੍ਰੰਥ ਸਾਡੇ ਘਰ ਵਿੱਚ ਹੈ ਜਾਂ ਕਿਸੇ ਧਾਰਮਿਕ ਅਸਥਾਨ ਦੇ ਉੱਤੇ ਹੈ। ਸਾਡੇ ਅੰਦਰ ਆਸਥਾ ਧਾਰਮਿਕ ਅਸਥਾਨਾਂ ਦੇ ਨਾਲ ਜੁੜੀ ਹੋਈ ਹੈ ਕਿ ਜਿਤਨਾ ਕੋਈ ਜਿਆਦਾ ਧਾਰਮਿਕ ਅਸਥਾਨਾਂ ਦੇ ਨਾਲ ਜੁੜਿਆ ਹੈ ਉਹ ਉਤਨਾ ਹੀ ਧਾਰਮਿਕ ਹੈ ਤੇ ਅਸੀਂ ਇਹੋ ਜਿਹੇ ਮਨੁੱਖਾਂ ਨੂੰ ਧਾਰਮਿਕ ਦ੍ਰਿਸ਼ਟੀ ਨਾਲ ਹੀ ਦੇਖਦੇ ਹਾਂ। ਕਿਸੇ ਦੇ ਅੰਦਰ ਦੀ ਅਵਸਥਾ ਕਿਹੋ ਜਿਹੀ ਹੈ ਭਾਵ ਮਨ ਦੀ ਸੋਝੀ ਦੁਆਰਾ ਕੋਈ ਸੱਚ ਤੇ ਚਲੱਣ ਵਾਲਾ ਕਿਤਨਾ ਕੁ ਹੈ ਇਸ ਗੱਲ ਨੂੰ ਅਸੀਂ ਧਰਮ ਦੇ ਮਾਰਗ ਨਾਲ ਜੋੜਕੇ ਨਹੀਂ ਦੇਖਦੇ। ਜਿਤਨਾ ਕੋਈ ਧਾਰਮਿਕ ਅਸਥਾਨਾਂ ਦੇ ਨਾਲ ਜੁੜ ਕੇ ਧਾਰਮਿਕ ਗੱਲਾਂ ਕਰਦਾ ਹੈ, ਧਾਰਮਿਕ ਦਿਖਾਵੇ ਕਰਦਾ ਹੈ ਭਾਵੇਂ ਉਹਨਾਂ ਵਿੱਚ ਜਿਤਨੀ ਮਰਜੀ ਮਨਮਤਿ ਭਰੀ ਹੋਵੇ ਸਾਨੂੰ ਉਹੀ ਧਰਮ ਦੇ ਮਾਰਗ ਤੇ ਉੱਚੇ ਨਜ਼ਰ ਆਉਂਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਵੇ। ਧਰਮ ਦਾ ਮਾਰਗ ਉੱਚੇ ਪੰਡਿਤ, ਗਿਆਨੀ, ਵਿਦਵਾਨ ਅਖਵਾਉਣ ਦਾ ਨਹੀਂ ਬਲਕਿ ਗੁਰੂ ਦੀ ਗੱਲ ਨੂੰ ਸਮਝਕੇ ਉਸ ਨੂੰ ਮੰਨਣ ਦਾ ਹੈ ਭਾਵੇਂ ਉਹ ਗਿਆਨ ਅਸੀਂ ਜਿਥੇ ਮਰਜੀ ਬੈਠ ਕੇ ਲੈ ਲਈਏ, ਭਾਵੇਂ ਘਰ ਬੈਠਕੇ ਲੈ ਲਈਏ। ਸਾਰੀ ਗੱਲ ਆਪਣੇ ਮਨ ਨੂੰ ਸੋਧਣ ਦੀ ਹੈ, ਆਪਣੀ ਨੀਯਤ ਸਾਫ ਕਰਨ ਦੀ ਹੈ। ਆਓ ਇਹੀ ਗੱਲ ਬਾਬਾ ਨਾਨਕ ਜੀ ਦੇ ਮੁਖੋਂ ਗੁਰੂ ਅਕਾਲਪੁਰਖ ਦੇ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਾਰੂ ਮਹਲਾ ੧ ॥

“ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥
ਦਾਦਰ ਤੂ ਕਬਹਿ ਨ ਜਾਨਸਿ ਰੇ ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥
ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥
ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥”

(ਅੰਗ ੯੯੦)

ਉਪਰਲੇ ਸ਼ਬਦਾਂ ਰਾਹੀਂ ਬੜੇ ਗੂੜੇ ਤਰੀਕੇ ਨਾਲ ਸਾਡਾ ਇਹ ਭਰਮ ਹੀ ਕਢਿਆ ਹੋਇਆ ਹੈ ਕਿ ਸਾਰਾ ਸਾਰਾ ਦਿਨ ਧਰਮ ਅਸਥਾਨਾਂ ਤੇ ਬੈਠੇ ਰਹਿਣ ਨਾਲ, ਕੇਵਲ ਗਿਆਨ ਦੀਆ ਗੱਲਾਂ ਸੁਣੀ ਜਾਣ ਨਾਲ ਤੇ ਸੁਣਾਈ ਜਾਣ ਨਾਲ ਅਸੀਂ ਭਗਤੀ ਵਾਲੇ ਨਹੀਂ ਬਣ ਜਾਂਦੇ। ਭਗਤੀ ਦਾ ਅਸਲ ਮਾਰਗ ਆਪਣੀ ਮਨਮਤਿ ਨੂੰ ਛਡੱਣ ਦਾ ਹੈ, ਮਾਇਆ ਮੋਹ ਨੂੰ ਛਡੱਣ ਦਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥

ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀਂ ਰੇ ॥੧॥”

(ਅੰਗ ੯੯੦)

33/3823

“ਬਿਮਲ” ਤੋਂ ਭਾਵ ਹੈ ਮਲ ਰਹਿਤ ਭਾਵ ਪਵਿੱਤਰ ਜਿਸ ਨੂੰ ਕਿ ਨਿਰਮਲ ਜਲ ਕਹਿ ਕੇ ਸਮਝਾਇਆ ਹੋਇਆ ਹੈ, ਨਿਰਮਲ ਜਲ ਕੀ ਹੈ ਇਸ ਗੱਲ ਨੂੰ ਪਿੱਛੇ ਅਸੀਂ ਅਨੇਕਾ ਸ਼ਬਦਾ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਦੇ ਵਿੱਚ ਨਿਰਮਲ ਜਲ, ਪਵਿੱਤਰ ਜਲ ਹੈ ਜੋ ਕਿ ਸੱਚੇ ਗਿਆਨ ਦਾ ਜਲ ਹੈ, ਗੁਰਮਤਿ ਰੂਪ ਜਲ ਹੈ, ਨਾਮ ਜਲ ਹੈ, ਅੰਮ੍ਰਿਤ ਜਲ ਹੈ ਭਾਵ ਬ੍ਰਹਮ ਗਿਆਨ ਰੂਪ ਜਲ ਹੈ। ਇਸ ਸੱਚੇ ਜਲ ਦੀ ਤੁਲਨਾ ਬਾਹਰ ਦੇ ਸਰੋਵਰ ਦੇ ਪਵਿੱਤਰ ਜਲ ਨਾਲ ਕੀਤੀ ਹੋਈ ਹੈ ਤਾਂ ਜੋ ਅਸੀਂ ਸ਼ਬਦ ਨੂੰ ਸਮਝ ਸਕੀਏ।ਸਰੋਵਰ ਦੇ ਜਲ ਵਿੱਚ ਕਮਲ ਵੀ ਉਗਦਾ ਹੈ ਤੇ ਉਸੇ ਜਲ ਵਿੱਚ ਜਾਲਾ ਵੀ ਹੁੰਦਾ ਹੈ ਜੋ ਜਲ ਨੂੰ ਮੈਲਾ ਕਰਦਾ ਹੈ। ਕਮਲ ਦੀ ਸੰਗਤ ਜਾਲੇ ਨਾਲ ਹੁੰਦੀ ਹੈ ਪਰ ਉਸ ਦੇ ਨਾਲ ਕਮਲ ਨੂੰ ਕੋਈ ਅਸਰ ਨਹੀਂ ਪੈਂਦਾ। ਜਾਲਾ ਪਾਣੀ ਵਿੱਚ ਡੁੱਬਦਾ ਹੈ ਪਰ ਕਮਲ ਆਪਣੇ ਆਪ ਨੂੰ ਡੁੱਬਣ ਤੋਂ ਬਚਾਈ ਰਖੱਦਾ ਹੈ। ਇਹਨਾ ਦੇ ਪ੍ਰਮਾਨ ਰਾਹੀਂ ਸਾਨੂੰ ਆਪਣੀ ਸੰਸਾਰਿਕ ਵਿਚਰਨ ਹੀ ਸਮਝਾਈ ਹੋਈ ਹੈ ਕਿ ਅਸੀਂ ਮਾਇਆ ਮੋਹ ਦੇ ਸਾਗਰ ਵਿੱਚ ਕਿਸ ਤਰੀਕੇ ਨਿਰਲੇਪ ਹੋ ਕੇ ਵਿਚਰਨਾ ਹੈ। ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਹੀ ਹੈ ਜੋ ਕਿ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਸਾਡੇ ਅੰਦਰ ਹੀ ਚੰਗੇ ਵਿਚਾਰ ਉਪਜਦੇ ਹਨ ਤੇ ਸਾਡੇ ਅੰਦਰ ਹੀ ਮੰਦੇ ਵਿਚਾਰ ਉਪਜਦੇ ਹਨ । ਸਾਡੇ ਮੰਦੇ ਵਿਚਾਰ ਸਾਨੂੰ ਮਾਇਆ ਮੋਹ ਦੇ ਸਾਗਰ ਵਿੱਚ ਡੋਬਦੇ ਹਨ ਭਾਵ ਮਾਇਆ ਵਿੱਚ ਗਲਤਾਨ ਕਰਦੇ ਹਨ ਤੇ ਚੰਗੇ ਵਿਚਾਰ ਸਾਨੂੰ ਉਸ ਦੇ ਵਿੱਚੋਂ ਉਬਾਰਦੇ ਹਨ। ਜੇਕਰ ਅਸੀਂ ਆਪਣੇ ਆਪ ਨੂੰ ਕਮਲ ਦੀ ਜੁਗਤਿ ਦੁਆਰਾ ਰਖਾਂਗੇ ਤਾਂ ਮਾਇਆ ਮੋਹ ਤੋਂ ਬਚੇ ਰਹਾਂਗੇ ਤੇ ਮਾਇਆ ਦੇ ਜਾਲ ਵਿੱਚ ਨਹੀਂ ਫਸਾਗੇਂ। ਮੰਦੇ- ਚੰਗੇ ਵਿਚਾਰ ਨਾਲ ਨਾਲ ਹੀ ਚਲਦੇ ਹਨ ਜਿਨ੍ਹਾਂ ਵਿੱਚ ਕੋਈ ਦੋਖ ਨਹੀਂ ਹੈ ਪਰ ਮੰਦੇ ਵਿਚਾਰਾਂ ਤੋਂ ਬਚ ਕੇ ਰਹਿਣਾ ਹੀ ਸਾਨੂੰ ਕਮਲ ਵਾਲੀ ਜੁਗਤਿ ਨਾਲ ਜੋੜ ਸਕਦਾ ਹੈ। ਇਹੀ ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ ਜਿਸ ਦੁਆਰਾ ਅਸੀਂ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ ਜੋ ਮਾਰਗ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਭਾਵੇ ਕੋਈ ਕਿਹੋ ਜਿਹੀ ਆਸਥਾ ਨਾਲ ਜੁੜਿਆ ਹੋਵੇ । (**ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥ ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀਂ ਰੇ ॥1॥**) ਧਰਮ ਦਾ ਮਾਰਗ ਸਾਡੇ ਮਨ ਦੇ ਵਿਚਾਰਾ ਨਾਲ ਜੁੜਿਆ ਹੋਇਆ ਹੈ ਤੇ ਸਾਰੇ ਧਰਮ ਗ੍ਰੰਥ ਸਾਨੂੰ ਵਿਚਾਰ ਹੀ ਦਿੰਦੇ ਹਨ। ਧਰਮ ਗ੍ਰੰਥਾ ਦੇ ਵਿਚਾਰ ਹੀ ਉਹਨਾ ਦੇ ਨਿਰਮਲ ਜਲ ਹਨ, ਅੰਮ੍ਰਿਤ ਜਲ ਹਨ। ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਮਾਇਆ ਮੋਹ ਵਿੱਚ ਡੁੱਬਣਾ ਕੀ ਹੈ ਤੇ ਉਸ ਵਿੱਚੋਂ

33/3824

ਤਰਨਾ ਕੀ ਹੈ। ਅਸੀਂ ਧਰਮ ਗ੍ਰੰਥਾਂ ਦੇ ਵਿਚਾਰ ਦੇ ਨਾਲ ਜੁੜੇ ਰਹਿੰਦੇ ਹਾਂ ਪਰ ਉਸ ਵਿਚਾਰ ਦਾ ਮਕਸਦ ਕੀ ਹੈ ਇਸ ਗੱਲ ਨੂੰ ਨਹੀਂ ਸਮਝਦੇ।ਇਹੀ ਗੱਲ ਸਾਨੂੰ ਅਗਲੀ ਰਹਾਓ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

“ਦਾਦਰ ਤੂ ਕਬਹਿ ਨ ਜਾਨਸਿ ਰੇ ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥”

(ਅੰਗ ੯੯੦)

ਕਮਲ ਵੀ ਜਲ ਵਿੱਚ ਰਹਿੰਦਾ ਹੈ ਤੇ ਡੱਡੂ ਵੀ ਜਲ ਵਿੱਚ ਹੀ ਰਹਿੰਦਾ ਹੈ। ਦੋਨਾਂ ਦੀ ਰਹਿਣੀ ਵਿੱਚ ਹੀ ਅੰਤਰ ਹੈ ਜਿਸ ਦੁਆਰਾ ਸਾਡੀ ਚੰਗੀ ਤੇ ਮਾੜੀ ਰਹਿਣੀ ਦਾ ਅੰਤਰ ਸਮਝਾਇਆ ਹੋਇਆ ਹੈ। ਨਿਰਮਲ ਜਲ ਧਰਮ ਗ੍ਰੰਥਾਂ ਦੀ ਸਿੱਖਿਆ ਹੈ। ਜੋ ਸਿੱਖਿਆ ਕਮਲ ਲੈਂਦਾ ਹੈ, ਉਹੀ ਸਿੱਖਿਆ ਡੱਡੂ ਲੈਂਦਾ ਹੈ। ਗੁਰੂ ਸਭ ਨੂੰ ਇਕੋ ਜਿਹੀ ਸਿੱਖਿਆ ਦਿੰਦਾ ਹੈ। ਡੱਡੂ ਦੀ ਤਰ੍ਹਾਂ ਜੇਕਰ ਕੋਈ ਹਰ ਵੇਲੇ ਨਿਰਮਲ ਜਲ ਵਿੱਚ ਹੀ ਰਹੇ ਭਾਵ ਧਰਮ ਗ੍ਰੰਥਾਂ ਨਾਲ ਹੀ ਜੁੜਿਆ ਰਹੇ, ਹਰ ਵੇਲੇ ਧਰਮ ਅਸਥਾਨਾ ਤੇ ਨਿਵਾਸ ਬਣਾਈ ਰਖੇ ਪਰ ਗੁਰੂ ਦੀ ਸਿੱਖਿਆ ਨੂੰ ਨਾ ਸਮਝੇ ਫਿਰ ਉਸ ਨਿਰਮਲ ਜਲ ਨੇ ਉਸ ਦਾ ਕੀ ਸਵਾਰਨਾ ਹੈ ਭਾਵ ਕੇਵਲ ਨਿਰਮਲ ਜਲਦੇ ਨਾਲ ਜੁੜਣ ਦੁਆਰਾ, ਹਰ ਵੇਲੇ ਜੁੜੇ ਰਹਿਣ ਦੁਆਰਾ ਕੋਈ ਪਵਿੱਤਰ ਜਲ ਦੀ ਤਰ੍ਹਾਂ ਪਵਿੱਤਰ ਨਹੀਂ ਬਣ ਸਕਦਾ। ਪਵਿੱਤਰ ਬਣਨ ਲਈ ਕਮਲ ਵਰਗੀ ਜੁਗਤੀ ਅਪਣਾਉਣੀ ਪੈਂਦੀ ਹੈ ਭਾਵ ਮਾਇਆ ਤੋਂ ਨਿਰਲੇਪ ਰਹਿਣਾ ਪੈਂਦਾ

ਹੈ। ਲੇਕਿਨ ਜਿਹੜੇ ਡੱਡੂਆਂ ਦੀ ਤਰ੍ਹਾਂ ਭਾਵੇਂ ਸਾਰਾ ਦਿਨ ਗੁਰੂ ਦੀ ਸਿੱਖਿਆ ਨੂੰ ਸੁਣੀ ਜਾਂਦੇ ਹਨ , ਗੁਰੂ ਦੇ ਦੁਆਰੇ ਤੇ ਬੈਠੇ ਰਹਿੰਦੇ ਹਨ, ਪਰ ਖਾਂਦੇ ਜਾਲਾ ਹੀ ਹਨ ਭਾਵ ਰਹਿੰਦੇ ਮਾਇਆ ਮੋਹ ਵਿੱਚ ਹਨ ਉਹ ਫਿਰ ਪ੍ਰਮਾਤਮਾ ਨੂੰ ਕਦੇ ਨਹੀਂ ਜਾਣ ਸਕਦੇ, ਉਹ ਆਪਣੇ ਅੰਦਰੋਂ ਇਸ "ਅੰਮ੍ਰਿਤ" ਰੂਪ ਪ੍ਰਮਾਤਮਾ ਨੂੰ ਕਦੇ ਨਹੀਂ ਦੇਖ ਸਕਦੇ ਭਾਵ ਭਗਤੀ ਦਾ ਭਾਵੇਂ ਕੋਈ ਜਿਤਨਾ ਮਰਜੀ ਦਿਖਾਵਾ ਕਰ ਲਵੇ, ਗੁਰੂ ਦੇ ਨੇੜੇ ਹੋਣ ਦਾ, ਗੁਰੂ ਨੂੰ ਖਾਲੀ ਮਥਾ ਟੇਕੀ ਜਾਣ ਦਾ, ਖਾਲੀ ਗੁਰੂ ਦੀਆਂ ਗੱਲਾਂ ਕਰੀ ਜਾਣ ਦਾ ਭਾਵੇਂ ਕੋਈ ਜਿਤਨਾ ਮਰਜੀ ਦਿਖਾਵਾ ਕਰ ਲਵੇ ਪਰ ਗੁਰੂ ਦੀ ਸਿੱਖਿਆ ਨੂੰ ਮੰਨੇ ਬਿਨ੍ਹਾਂ, ਮਾਇਆ ਮੋਹ ਛਡੇ ਬਿਨ੍ਹਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। **(ਦਾਦਰ ਤੂ ਕਬਹਿ ਨ ਜਾਨਸਿ ਰੇ ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥1॥ ਰਹਾਉ ॥)**

ਭਗਤੀ ਮਨ ਦੀ ਸੋਝੀ ਦੁਆਰਾ ਹੁੰਦੀ ਹੈ, ਮਾਇਆ ਤੋ ਨਿਰਲੇਪ ਹੋ ਕੇ ਹੁੰਦੀ ਹੈ, ਗੁਰੂ ਦੀ ਗੱਲ ਤੇ ਅਮਲ ਕਰਣ ਨਾਲ ਹੁੰਦੀ ਹੈ ਭਾਵੇਂ ਕੋਈ ਗੁਰੂ ਦੇ ਦੁਆਰੇ ਤੋਂ ਜਿਤਨਾ ਮਰਜ਼ੀ ਦੂਰ ਬੈਠਾ ਹੋਵੇ ਭਾਵ

ਉਸ ਨੂੰ ਡੱਡੂ ਵਾਂਗ ਬਨਣ ਦੀ ਜ਼ਰੂਰਤ ਨਹੀਂ ਹੈ, ਗੁਰੂ ਦੇ ਨੇੜੇ ਹੋਣ ਦਾ ਦਿਖਾਵਾ ਕਰਨ ਦੀ ਲੋੜ ਨਹੀਂ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥"

(ਅੰਗ ੯੯੦)

ਉਪਰਲੀਆਂ ਪੰਗਤੀਆਂ ਰਾਹੀਂ ਡੱਡੂਆਂ ਦੀ ਤੁਲਨਾ ਪਹਿਲੇ ਭਵਰੇ ਨਾਲ ਕੀਤੀ ਹੈ ਤੇ ਫਿਰ "ਕੁਮੁਦਨੀ" ਭਾਵ ਕੰਮੀ ਦੇ ਨਾਲ ਕੀਤੀ ਹੈ ਜਿਸ ਰਾਹੀਂ ਇਹਨਾਂ ਡੱਡੂਆਂ ਨੂੰ ਭਾਵੇਂ ਸਾਰਾ ਦਿਨ ਗੁਰੂ ਦੇ ਨੇੜੇ ਰਹਿਣ ਵਾਲਿਆਂ ਨੂੰ ਭਗਤੀਂ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ, ਜੋ ਕਿ ਗੁਰੂ ਦੀ ਸਿਖਿਆ ਨੂੰ ਅਪਣਾਉਣ ਦਾ ਹੈ ਭਾਵੇ ਜਿਥੇ ਮਰਜੀ ਰਹਿੰਦੇ ਹੋਈਏ।

ਡੱਡੂ ਹਰ ਵੇਲੇ ਪਾਣੀ ਵਿੱਚ ਰਹਿੰਦਾ ਹੈ ਪਰ ਖਾਂਦਾ ਜਾਲਾ ਹੀ ਹੈ ਭਾਵ ਰਹਿੰਦਾ ਮਾਇਆ ਮੋਹ ਵਿੱਚ ਹੀ ਹੈ।"ਅਲੀਅਲ" ਭਾਵ ਭਵਰਾ ਪਾਣੀ ਵਿੱਚ ਨਹੀਂ ਰਹਿੰਦਾ ਪਰ ਉਹ ਫੁੱਲ ਦੇ ਵਿੱਚੋਂ ਫੁੱਲਾਂ ਦੇ ਰਸ ਨੂੰ ਭਾਵ ਫੁੱਲਾਂ ਦੇ ਗੁਣਾਂ ਨੂੰ ਚੂਸਦਾ ਹੈ। ਇਸੇ ਤਰ੍ਹਾਂ ਜੋ ਮਨੁੱਖ ਗੁਰੂ ਦੀ ਸਿਖਿਆ ਦੇ ਵਿੱਚੋਂ, ਉਸਦੇ ਵਿੱਚੋਂ ਗੁਰੂ ਦੇ ਗੁਣਾਂ ਨੂੰ ਅਪਣਾਉਂਦੇ ਹਨ ਉਹ ਹੀ ਭਗਤੀ ਦੇ ਮਾਰਗ ਤੇ ਚਲਦੇ ਹਨ ਜੋ ਗੁਰੂ ਦੀ ਸਿਖਿਆ ਦੇ ਮਕਸਦ ਨੂੰ ਪੂਰਾ ਕਰਦੇ ਹਨ। ਗੁਰੂ ਦੀ ਸਿਖਿਆ ਅਸੀਂ ਜਿਥੇ ਮਰਜੀ ਰਹਿ ਕੇ ਸਿਖ ਸਕਦੇ ਹਾਂ ਜਿਸ ਦੇ ਲਈ ਜਰੂਰੀ ਨਹੀਂ ਕਿ ਅਸੀਂ ਹਰ ਵੇਲੇ ਡੱਡੂ ਦੀ ਤਰ੍ਹਾਂ ਪਾਣੀ ਵਿੱਚ ਵੜੇ ਰਹੀਏ ਭਾਵ ਗੁਰੂ ਦੇ ਦੁਆਲੇ ਬੈਠੇ ਰਹੀਏ, ਧਰਮ ਅਸਥਾਨਾਂ ਤੇ ਬੈਠੇ ਰਹੀਏ ਤੇ ਕੇਵਲ ਗੁਰੂ ਦੀ ਗਲ ਸੁਣਨ ਤੱਕ ਹੀ ਰਹੀਏ ਤੇ ਉਸ ਨੂੰ ਮੰਨਣ ਦਾ ਉਪਰਾਲਾ ਨਾ ਕਰੀਏ, ਡਡੂ ਦੀ ਤਰ੍ਹਾਂ ਮਾਇਆ ਮੋਹ ਛਡਣ ਦਾ ਉਪਰਾਲਾ ਨਾ ਕਰੀਏ। ਦੂਸਰੀ ਪੰਗਤੀ ਰਾਹੀਂ ਸਾਡਾ ਇਹ ਭਰਮ ਕਢਿਆ ਹੋਇਆ ਹੈ ਕਿ ਕੇਵਲ ਗੁਰੂ ਦੇ ਨੇੜੇ ਬੈਠੇ ਰਹਿਣ ਨਾਲ ਜਾਂ ਉਸ ਤੋਂ ਦੂਰ ਬੈਠੇ ਰਹਿਣ ਨਾਲ ਕੀ ਫਰਕ ਪੈਂਦਾ ਹੈ। ਗੱਲ ਤਾਂ ਮਨ ਦੇ ਵਿੱਚ ਗੁਰੂ ਦੀ ਸਿਖਿੱਆ ਦੇ ਨਾਲ ਪਿਆਰ ਦੀ ਹੈ। ਕੰਮੀ ਦਾ ਫੁੱਲ ਚੰਦਰਮੇ ਨੂੰ ਵੇਖ ਕੇ ਖਿੜਦਾ ਹੈ। ਕੰਮੀ ਦਾ ਫੁੱਲ ਧਰਤੀ ਤੇ ਚੰਦਰਮਾ ਨਾਲੋਂ ਉਸ ਦੀ ਦੂਰੀ ਬਹੁਤ ਜਿਆਦਾ ਹੈ ਪਰ ਕੰਮੀ ਦੇ ਵਿੱਚ ਉਸ ਦੇ ਪਿਆਰ ਦੀ ਖਿੱਚ ਬਣੀ ਰਹਿੰਦੀ ਹੈ ਤੇ ਚੰਦਰਮੇ ਨੂੰ ਦੇਖ ਕੇ ਖੁਸ਼ੀ ਨਾਲ ਖਿੜ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਗੁਰੂ ਤੋਂ ਜਿਤਨਾ ਮਰਜੀ ਦੂਰ ਬੈਠੇ ਰਹੀਏ ਜੇਕਰ ਸਾਡੇ ਅੰਦਰ ਉਸ ਦੀ ਸਿਖਿੱਆ ਦੇ ਨਾਲ ਪਿਆਰ ਹੈ ਉਹ ਸਾਨੂੰ ਖੇੜੇ ਵਿੱਚ ਰਖੇਗੀ, ਅਸੀਂ ਉਸ ਦੀ ਸਿਖਿਆ ਤੋਂ ਕਦੇ ਮੁੰਹ ਨਹੀਂ ਮੋੜਾਂਗੇ। ਗੁਰੂ ਦੀ ਸਿੱਖਿਆ ਸ਼ਬਦ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ ਜਿਸ ਦਾ ਮਕਸਦ ਸਾਡੇ ਮਨ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ।ਜਦੋਂ ਗੁਰੂ ਦੀ ਸਿਖਿਆ ਮਨ ਦੇ ਵਿੱਚ ਵੱਸ ਜਾਵੇ ਉਹ ਸਾਨੂੰ ਹਰ ਵੇਲੇ ਗੁਰੂ ਦੀ ਸਿਖਿਆ ਦੇ ਨਾਲ ਜੋੜ ਕੇ ਰੱਖਦੀ ਹੈ, ਅੰਮ੍ਰਿਤ ਜਲ ਦੇ ਨਾਲ ਜੋੜ ਕੇ ਰੱਖਦੀ ਹੈ ਭਾਵੇਂ ਅਸੀਂ ਧਾਰਮਿਕ ਅਸਥਾਨਾਂ

ਤੋਂ ਜਿਤਨਾ ਮਰਜੀ ਦੂਰ ਬੈਠੇ ਹੋਈਏ। ਗੁਰੂ ਅਸਲ ਵਿੱਚ ਗੁਰੂ ਦੇ ਬਚਨ ਹਨ ਤੇ ਜੇਕਰ ਗੁਰੂ ਦੇ ਬਚਨ ਸਾਡੇ ਨਾਲ ਹਨ ਤੇ ਗੁਰੂ ਸਦਾ ਹੀ ਸਾਡੇ ਨਾਲ ਹੈ, ਆਪਣੀ ਸਿਖਿਆ ਦੇ ਰੂਪ ਵਿੱਚ ਸਾਡੇ ਨਾਲ ਹੈ ਭਾਵੇਂ ਅਸੀਂ ਜਿਥੇ ਮਰਜੀ ਰਹਿੰਦੇ ਹੋਈਏ। (**ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥2॥**)

{ਭਰਮਿ ਭੁਲਾਈ ਸਭੁ ਜਗੁ ਫਿਰੀ ਫਾਵੀ ਹੋਈ ਭਾਲਿ ॥
ਸੋ ਸਹੁ ਸਾਂਤਿ ਨ ਦੇਵਈ ਕਿਆ ਚਲੈ ਤਿਸੁ ਨਾਲਿ ॥
ਗੁਰ ਪਰਸਾਦੀ ਹਰਿ ਧਿਆਈਐ ਅੰਤਰਿ ਰਖੀਐ ਉਰ ਧਾਰਿ ॥
ਨਾਨਕ ਘਰਿ ਬੈਠਿਆ ਸਹੁ ਪਾਇਆ ਜਾ ਕਿਰਪਾ ਕੀਤੀ ਕਰਤਾਰਿ ॥੧॥}

(ਅੰਗ ੯੪੭)

{ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥੬੪॥}

(ਅੰਗ ੧੪੨੧)

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੯੩)

{ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥}

(ਅੰਗ ੧੨੦੪)

{ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀਂ ਡੂਬੈ ਤਸਕਰੁ ਨਹੀਂ ਲੇਵੈ ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥}

(ਅੰਗ ੬੭੯)

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥}

(ਅੰਗ ੬੮)

ਮੁਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਡੱਡੂਆਂ ਨੂੰ ਭਾਵ ਸਰਗੁਣ ਰੂਪ ਵਿੱਚ ਗੁਰੂ ਦੇ ਨਾਲ ਜੁੜਨ ਦਾ ਦਿਖਾਵਾ ਕਰਨ ਵਾਲਿਆਂ ਨੂੰ ਕੀ ਸਮਝਾਇਆ ਹੋਇਆ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੇ ਨਾਲ ਜੁੜਨ ਦੇ ਅਸਲ ਮਕਸਦ ਨੂੰ ਸਮਝ ਸਕੀਏ ਜੋ ਕਿ ਨਿਰਗੁਣ ਰੂਪ ਵਿੱਚ ਜੁੜਨ ਦਾ ਹੈ।

“ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥”

33/3827

ਉਪਰਲੀਆਂ ਪੰਗਤੀਆਂ ਰਾਹੀਂ ਡੱਡੂਆਂ ਦੀ ਚਤੁਰਾਈ ਸਮਝਾਈ ਹੈ, ਭਗਤੀ ਦੇ ਦਿਖਾਵੇ ਦੀ ਚਤੁਰਾਈ ਸਮਝਾਈ ਹੈ।

ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਸਭ ਪਾਸੇ ਭਗਤੀ ਦੇ ਨਾਮ ਤੇ ਇਹੋ ਜਿਹੀਆਂ ਚਤੁਰਾਈਆਂ ਹੀ ਹੋ ਰਹੀਆਂ ਹਨ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੋਵੇ। ਅਸੀਂ ਧਰਮ ਅਸਥਾਨਾਂ ਤੇ ਬੈਠ ਕੇ ਗੁਰੂ ਦੀ ਸਿਖਿਆ ਨੂੰ ਨਿਤ ਨਿਤ ਸੁਣਦੇ ਰਹਿੰਦੇ ਹਾਂ ਜਿਸ ਵਿੱਚ ਅਸੀਂ ਪ੍ਰਮਾਤਮਾ ਦੀ ਭਗਤੀ ਨਾਲ ਜੁੜਣਾ ਸਮਝਦੇ ਹਾਂ। ਭਗਤੀ ਦਾ ਅਸਲ ਮਕਸਦ ਤਾਂ ਪੂਰਾ ਹੁੰਦਾ ਹੈ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਅਪਨਾਈਏ ਭਾਵ ਆਪਣੀ ਮਤਿ ਛਡੀਏ।ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਜਿਸਨੂੰ ਛੱਡਣ ਦਾ ਦਿਲ ਕਿਸੇ ਦਾ ਨਹੀਂ ਕਰਦਾ ਉਲਟਾ ਅਸੀਂ ਆਪਣੀਆ ਕਾਮਨਾਵਾਂ ਪੂਰਨ ਕਰਨ ਲਈ ਧਾਰਮਿਕ ਸਿਖਿਆ ਸੁਣਦੇ ਰਹਿੰਦੇ ਹਾਂ, ਆਪਣਾ ਕਾਫੀ ਸਮਾ ਇਸ ਕੰਮ ਵਿੱਚ ਬਿਤਾਂਦੇ ਹਾਂ ਜਿਸ ਵਿੱਚ ਅਸੀਂ ਕੇਵਲ ਗੁਰੂ ਦੀ ਸਿਖਿਆ ਨੂੰ ਸੁਣਨ ਦੇ ਰੱਸ ਤੱਕ ਹੀ ਜੁੜਦੇ ਹਾਂ ਜੋ ਕੇਵਲ ਇਕ ਕੰਨ ਰਸ ਹੈ ਤੇ ਇਸ ਤੋਂ ਜਿਆਦਾ ਕੁਝ ਵੀ ਨਹੀਂ ਹੈ। ਭਗਤੀ ਦਾ ਰਸ ਸਾਡੇ ਮਨ ਦੇ ਨਾਲ ਜੁੜਿਆ ਹੈ ਜੋ ਕਿ ਗੁਰੂ ਦੀ ਸਿਖਿਆ ਨੂੰ ਮੰਨਣ ਦਾ ਰਸ ਹੈ ਹਰਿ "ਰਸੁ" ਹੈ ਜਿਸ ਰਸ ਨੂੰ ਮਾਨਣਾ ਬਹੁਤ ਔਖਾ ਹੈ ਕਿਉਕਿ ਇਸ ਰਸ ਨੂੰ ਮਾਣਨ ਲਈ ਸਾਨੂੰ ਸਾਰੇ ਅਨ ਰਸ ਤਿਆਗਣੇ ਪੈਂਦੇ ਹਨ, ਮਾਇਆ ਦੇ ਰਸ ਤਿਆਗਣੇ ਪੈਂਦੇ ਹਨ ਜੋ ਕਿ ਬਹੁਤ ਔਖਾ ਹੈ । ਮਾਇਆ ਦੇ ਰਸਾਂ ਨੂੰ ਕੋਈ ਵੀ ਤਿਆਗਣਾ ਨਹੀਂ ਚਾਹੁੰਦਾ ਤੇ ਹਰ ਕੋਈ ਭਗਤੀਂ ਵਾਲਾ ਵੀ ਅਖਵਾਉਣਾ ਚਾਹੁੰਦਾ ਹੈ। ਇਸੇ ਗੱਲ ਨੂੰ ਹੀ ਪਹਿਲੀ ਪੰਗਤੀਂ ਰਾਹੀਂ ਸਾਡੀ ਚਤੁਰਾਈ ਦਸਿਆ ਹੈ (**ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥**) ਮਾਇਆ ਦੇ ਰਸਾਂ ਵਿੱਚੋਂ ਨਿਕਲੇ ਬਿਨ੍ਹਾਂ, ਅਉਗੁਣ ਛਡੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਭਾਵ ਕੇਵਲ ਸਾਡਾ ਦਿਖਾਵਾ ਹੈ, ਚਤੁਰਾਈ ਹੈ ਜਿਸ ਵਿੱਚ ਕੇਵਲ ਸਾਡੀ ਆਪਣੀ ਮਤਿ ਹੈ ਭਾਵ ਉਸ ਵਿੱਚ ਗੁਰਮਤਿ ਨਹੀਂ ਹੈ। ਗੁਰੂ ਦੀ ਮਤਿ ਨੂੰ ਮੰਨਣ ਲਈ ਆਪਣਾ ਆਪ ਛੱਡਣਾ ਪੈਂਦਾ ਹੈ ਭਾਵ ਆਪਣੀ ਮਤਿ ਛੱਡਣੀ ਪੈਂਦੀ ਹੈ ਤੇ ਉਹ ਅਸੀਂ ਕਦੇ ਵੀ ਛੱਡਣ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਸਾਨੂੰ ਆਪਣੀ ਮਤਿ ਨਾਲ ਹੀ ਪ੍ਰੀਤ ਹੈ, ਮਾਇਆ ਮੋਹ ਵਾਲੀ ਮਤਿ ਨਾਲ ਹੀ ਪ੍ਰੀਤ ਹੈ ਜਿਸ ਦੁਆਰਾ ਅਸੀਂ ਮਾਇਆ ਦੇ ਰਸਾਂ ਦੀ ਪ੍ਰਾਪਤੀ ਕਰਣ ਵਿੱਚ ਸੁੱਖ ਮਹਿਸੂਸ ਕਰਦੇ ਹਾਂ ਭਾਵ ਝੂਠੇ ਸੁੱਖਾਂ ਨਾਲ ਜੁੜੇ ਹਾਂ ਜਿਨ੍ਹਾਂ ਨਾਲ ਅੰਤ ਨੂੰ ਸਾਡੀ ਖੁਆਰੀ ਹੀ ਹੁੰਦੀ ਹੈ। ਗੁਰੂ ਨਾਲੋਂ ਭਾਵ ਗੁਰੂ ਦੀ ਮਤਿ ਨਾਲੋਂ ਸਾਡਾ ਵਿੱਚੋਂੜਾ ਸਾਡੀ ਮਨਮਤਿ ਕਰਕੇ ਹੀ ਹੈ ਜੋ ਸਾਨੂੰ ਬਹੁਤ ਪਿਆਰੀ ਹੈ। ਉਹੋ ਜਿਹੀ ਪਿਆਰੀ ਹੈ ਕਿ ਸਾਡੀ ਤੁਲਨਾ "ਪਿਸਨ" ਦੇ ਨਾਲ ਭਾਵ "ਚਿੱਚੜ" ਦੇ ਨਾਲ ਕੀਤੀ ਹੋਈ ਹੈ। ਅਸੀਂ ਆਪਣੀ ਮਤਿ ਦੇ ਨਾਲ ਚਿੱਚੜਾਂ ਦੀ ਤਰ੍ਹਾਂ ਚਿਮੜੇ ਹੋਏ ਹਾਂ, ਮਾਇਆ ਮੋਹ ਵਾਲੀ ਮਤਿ ਦੇ ਨਾਲ ਚਿੱਚੜਾਂ ਦੀ ਤਰ੍ਹਾਂ ਚਿਮੜੇ ਹੋਏ ਹਾਂ ਭਾਵ ਉਸ ਨੂੰ ਕੋਈ ਵੀ ਛੱਡਣ ਨੂੰ ਤਿਆਰ ਨਹੀਂ ਹੁੰਦਾ। ਮਾਇਆ ਮੋਹ ਬਹੁਤ ਪ੍ਰਬੱਲ ਹੈ। ਗੁਰਮਤਿ ਸਾਨੂੰ ਬਾਰ ਬਾਰ ਸਤਿ ਤੇ ਚੱਲਣ ਲਈ ਸਮਝਾ ਰਹੀ ਹੈ ਝੂਠ, ਲੋਭ, ਲਾਲਚ, ਛੱਡਣ ਲਈ ਸਮਝਾ ਰਹੀ ਹੈ ਜਿਸਨੂੰ ਛੱਡਣ ਤੇ ਦਿਲ ਕਿਸੇ ਦਾ ਨਹੀਂ ਕਰਦਾ,

33/3828

ਚਿੱਚੜਾ ਦੀ ਤਰ੍ਹਾਂ ਛੱਡਣ ਤੇ ਦਿਲ ਨਹੀਂ ਕਰਦਾ ਕੇਵਲ ਆਪਣੀਆਂ ਚਤੁਰਾਈਆਂ ਨਾਲ ਅਸੀਂ ਭਗਤੀ ਵਾਲੇ ਬਣਨ ਦਾ ਦਿਖਾਵਾ ਕਰਦੇ ਹਾਂ, ਡੱਡੂਆਂ ਦੀ ਤਰ੍ਹਾਂ ਦਿਖਾਵਾ ਕਰਦੇ ਹਾਂ ਤੇ ਧਰਮ ਅਸਥਾਨਾਂ ਨਾਲ ਚਿਮੜੇ ਰਹਿੰਦੇ ਹਾਂ ਜੋ ਕਿ ਸਾਡੇ ਅੰਦਰ ਦੀ ਮਨਮਤਿ ਹੈ। ਜੋ ਇਕ ਵਾਰੀ ਧਰਮ ਅਸਥਾਨਾਂ ਦੀਆਂ ਪਰਧਾਨਗੀਆਂ ਨਾਲ ਚਿਮੜ ਜਾਂਦਾ ਹੈ ਉਹ ਉਸ ਨੂੰ ਛਡੱਣਾ ਨਹੀਂ ਚਾਹੁੰਦਾ ਜੋ ਕਿ ਕੇਵਲ ਮਨਮਤਿ ਹੈ ਭਾਵ ਮਨਮਤਿ ਨਾਲ ਚਿਮੜੇ ਰਹਿਣ ਵਾਲੀ ਗੱਲ ਹੈ। ਸਾਨੂੰ ਜਿਥੋਂ ਵੀ, ਜਿਸ ਤਰੀਕੇ ਵੀ ਧਾਰਮਿਕ ਸੋਭਾ ਦੀ ਪ੍ਰਾਪਤੀ ਹੁੰਦੀ ਹੈ ਅਸੀਂ ਉਸੇ ਗੱਲ ਨਾਲ ਚਿਮੜੇ ਰਹਿੰਦੇ ਹਾਂ ਤੇ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਹਾਂ, ਭਗਤੀ ਵਾਲੇ ਅਖਵਾਉਂਦੇ ਹਾਂ, ਭਾਵੇਂ ਉਹ ਝੂਠੀ ਮਨਮਤਿ ਸਮਝਾਉਣ ਵਾਲੇ ਹੀ ਹਨ ਭਾਵ ਗੁਰਮਤਿ ਦੇ ਉਲਟ ਸਿਖਿਆ ਦੇਣ ਵਾਲੇ ਹਨ। ਉਹ ਆਪਣੀ ਝੂਠੀ ਮਨਮਤਿ ਨਾਲ ਚਿਮੜੇ ਰਹਿੰਦੇ ਹਨ, ਚਿੱਚੜਾਂ ਦੀ ਤਰ੍ਹਾਂ ਚਿਮੜੇ ਰਹਿੰਦੇ ਹਨ ਕਿਉਂਕਿ ਉਸ ਵਿੱਚ ਉਹਨ੍ਹਾਂ ਨੂੰ ਸੋਭਾ ਮਿਲਦੀ ਹੈ ਤੇ ਉਹਨਾ ਨੂੰ ਇਸ ਗੱਲ ਦਾ ਲਿਹਾਜ ਨਹੀਂ ਹੁੰਦਾ ਕਿ ਅਸੀਂ ਕਿਤਨਾ ਕੁ ਗੁਰਮਤਿ ਦੇ ਉਲਟ ਚੱਲ ਰਹੇ ਹਾਂ ਤੇ ਪ੍ਰਚਾਰ ਕਰ ਰਹੇ ਹਾਂ। ਮਨਮਤਿ ਛਡੇ ਬਿਨਾ ਕਦੇ ਵੀ ਗੁਰਮਤਿ ਨਾਲ ਜੁੜਿਆ ਨਹੀਂ ਜਾ ਸਕਦਾ। (**ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥3॥**)

ਜੋ ਗਲ ਅਸੀਂ ਉਪਰਲੀਆਂ ਪੰਗਤੀਆਂ ਰਾਹੀਂ ਸਮਝੀ ਹੈ ਉਸੇ ਗੱਲ ਨੂੰ ਅਗਲੀਆਂ ਪੰਗਤੀਆਂ ਰਾਹੀਂ ਹੋਰ ਵੀ ਸਪਸ਼ਟ ਕੀਤਾ ਹੋਇਆ ਹੈ ਤਾਂ ਜੋ ਅਸੀਂ ਅਸਲੀਅਤ ਨੂੰ ਸਮਝੀਏ ਤੇ ਗੁਰਮਤਿ ਦੀ ਕਦਰ ਜਾਣੀਏ।

"ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥"

(ਅੰਗ ੯੯੦)

ਜੋ ਗੱਲ ਨਿਰਮਲ ਜਲ ਵਿੱਚ ਰਹਿਣ ਵਾਲੇ ਡੱਡੂਆਂ ਨੂੰ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਉਹੀ ਗੱਲ ਉਪਰਲੀਆਂ ਪੰਗਤੀਆਂ ਰਾਹੀਂ ਇਹਨਾਂ ਡੱਡੂਆਂ ਨੂੰ ਚਾਤੁਰ ਕਿਹਾ ਹੈ ਜੋ ਕਿ ਇਹਨਾ ਦੇ ਅੰਦਰ ਦੀ ਮੂਰਖਤਾ ਹੈ। ਉਹਨਾਂ ਦੀ ਮੂਰਖਤਾ ਨੂੰ ਹੀ ਉਜਾਗਰ ਕੀਤਾ ਹੋਇਆ ਹੈ। ਇਹ ਮੂਰਖ ਧਰਮ ਅਸਥਾਨਾਂ ਤੇ ਸਾਰਾ ਦਿਨ,"ਪੰਡਿਤ" ਦੇ ਨਾਲ ਵਸਦੇ ਹਨ ਭਾਵ ਧਰਮ ਦੇ ਵਿਦਵਾਨ ਨਾਲ ਵਸਦੇ ਹਨ। ਧਰਮ ਗ੍ਰੰਥ ਹੀ ਅਸਲ ਵਿੱਚ ਗੁਰੂ ਰੂਪ ਹਨ ਜੋ ਕਿ ਧਰਮ ਦੇ ਪੰਡਿਤ ਹਨ ਜਿਨ੍ਹਾਂ ਦੇ ਅੰਦਰ ਗਿਆਨ ਪਾਉਣ ਵਾਲਾ ਆਪ ਪ੍ਰਮਾਤਮਾ ਹੈ ਜੋ ਕਿ ਅਸਲ ਵਿੱਚ ਆਪ ਹੀ ਇਕੋ ਇਕ ਸੱਚਾ ਪੰਡਿਤ ਹੈ, ਧਰਮ ਦਾ ਵਿਦਵਾਨ ਹੈ, ਜੋ ਕਿ ਆਪ ਹੀ ਗਿਆਨ ਦਾ ਸ੍ਰੋਤ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਧਰਮ ਗ੍ਰੰਥਾਂ ਦੇ ਕੋਲ ਬੈਠ ਕੇ ਧਰਮ ਗ੍ਰੰਥਾਂ ਨੂੰ ਸੁਣਦੇ ਰਹਿੰਦੇ ਹਾਂ ਭਾਵ ਸ਼ਬਦਾਂ ਦੀ ਵਿਚਾਰ ਨੂੰ ਸੁਣਦੇ

33/3829

ਰਹਿੰਦੇ ਹਾਂ ਭਾਵ ਉਹਨਾਂ ਨੂੰ ਸੁਣਨ ਵਿੱਚ ਹੀ ਆਪਣੀ ਭਗਤੀ ਦਾ ਮਾਰਗ ਸਮਝਦੇ ਹਾਂ। ਗੁਰੂ ਨੂੰ, ਧਰਮ ਗ੍ਰਥਾਂ ਨੂੰ ਸੁਣਨ ਦਾ ਮਕਸਦ ਤਾਂ ਇਹ ਹੈ ਕਿ ਅਸੀਂ ਆਪਣਾ ਆਪ ਛਡੀਏ ਭਾਵ ਆਪਣੀ ਮਤਿ ਨੂੰ ਛਡੀਏ ਤੇ ਉਹ ਕੁਝ ਕਰੀਏ ਜੋ ਗੁਰੂ ਨੇ ਸਾਨੂੰ ਸਮਝਾਇਆ ਹੈ ਭਾਵ ਮਾਇਆ ਮੋਹ ਛਡੀਏ, ਝੂਠ , ਲੋਭ ਲਾਲਚ ਛਡੀਏ, ਭਗਤੀ ਦੇ ਉਹੋ ਜਿਹੇ ਤਰੀਕੇ ਛਡੀਏ ਜਿਨ੍ਹਾਂ ਦਾ ਸੱਚ ਨਾਲ ਕੋਈ ਵਾਸਤਾ ਨਹੀਂ ਹੈ ਭਾਵ ਸੱਚੇ ਸੁੱਚੇ ਬਣ ਕੇ ਸੰਸਾਰ ਵਿੱਚ ਵਿਚਰੀਏ। ਗੁਰੂ ਦੀ ਮਤਿ ਦਾ ਮਕਸਦ ਸਾਨੂੰ ਮਨ ਦੀ ਮੂਰਖਤਾ ਵਿੱਚੋਂ ਕਢਣ ਦਾ ਹੀ ਹੈ ਜੋ ਕਿ ਸਾਡੇ ਅੰਦਰ ਮਨਮਤਿ ਦੇ ਰੂਪ ਵਿੱਚ ਹੈ ਤੇ ਜੇਕਰ ਅਸੀਂ ਮਨਮਤਿ ਨਹੀਂ ਛਡਦੇ, ਅਸੀਂ ਆਪਣੀ ਮੂਰਖਤਾ ਨੂੰ ਨਹੀਂ ਛਡਦੇ ਕਿਉਕਿ ਇਹ ਛਡਣੀ ਸਾਨੂੰ ਚੰਗੀ ਹੀ ਨਹੀਂ ਲਗਦੀ ਭਾਵ ਸਾਨੂੰ ਗੁਰੂ ਦੀ ਗੱਲ ਸੁਨਣੀ ਤਾਂ ਚੰਗੀ ਲਗਦੀ ਹੈ ਪਰ ਮੰਨਣੀ ਚੰਗੀ ਨਹੀਂ ਲਗਦੀ। ਮਨਮਤਿ ਸਾਡੇ ਅੰਦਰ ਇਸ ਤਰ੍ਹਾਂ ਦ੍ਰਿੜ ਹੈ ਜਿਵੇਂ ਕੁੱਤੇ ਦੀ ਪੂੰਛ ਆਪਣੀ ਜਗ੍ਹਾਂ ਦ੍ਰਿੜ ਹੈ ਉਸ ਨੂੰ ਜਿਤਨਾ ਮਰਜੀ ਸਿੱਧਾ ਕਰਨ ਦੀ ਕੋਸ਼ਿਸ਼ ਕਰੋ ਪਰ ਸਿੱਧੀ ਨਹੀਂ ਹੁੰਦੀ। ਭਰਮ ਵਾਲੀ ਭਗਤੀ ਸਾਡੇ ਅੰਦਰ ਕੁਝ ਇਸ ਤਰੀਕੇ ਹੀ ਦ੍ਰਿੜ ਹੈ, ਸਦੀਆਂ ਤੋਂ ਦ੍ਰਿੜ ਹੈ, ਕੁੱਤੇ ਦੀ ਪੂੰਛ ਦੀ ਤਰ੍ਹਾਂ ਦ੍ਰਿੜ ਹੈ। ਸਾਡੇ ਅੰਦਰ ਇਹ ਕੁੱਤੇ ਦੀ ਪੂੰਛ ਪ੍ਰਮਾਤਮਾ ਦੇ ਆਪਣੇ ਸਿੱਧੇ ਕੀਤੇ ਬਿਨ੍ਹਾਂ ਸਿੱਧੀ ਨਹੀਂ ਹੋ ਸਕਦੀ ਪਰ ਇਸਦਾ ਉਦਮ ਸਾਡੇ ਸਿਰ ਹੀ ਹੈ ਜੋ ਕਿ ਬਹੁਤ ਔਖਾ ਹੈ ਇਸ ਨੂੰ ਸਿੱਧਾ ਕਰਣ ਦੇ ਲਈ ਮਾਇਆ ਮੋਹ ਨੂੰ ਚੰਗੀ ਤਰ੍ਹਾਂ ਛਡਣਾ ਪੈਂਦਾ ਹੈ, ਮਨਮਤਿ ਨੂੰ ਪੂਰੀ ਤਰ੍ਹਾਂ ਛਡਣਾ ਪੈਂਦਾ ਹੈ ਤੇ ਗੁਰਮਤਿ ਨੂੰ, ਨਾਮ ਦੀ ਮਤਿ ਨੂੰ, ਸੱਚ ਨੂੰ ਪੂਰੀ ਤਰ੍ਹਾਂ ਆਪਨਾਉਣਾ ਪੈਂਦਾ ਹੈ ਭਾਵ ਗੁਰੂ ਦੀ ਸਿਆਣਪ ਨੂੰ ਪੂਰੀ ਤਰ੍ਹਾਂ ਆਪਨਾਉਣਾ ਪੈਂਦਾ ਹੈ ਤਾਂ ਜੋ ਅਸੀਂ ਆਪਣੀ ਮੂਰਖਤਾ ਵਿੱਚੋਂ ਨਿਕਲ ਸਕੀਏ। (**ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥4॥**)

ਗੁਰੂ ਦੇ ਦਰ ਤੇ ਜਾਣਾ ਜਾਂ ਰਹਿਣਾ ਕੋਈ ਮਾੜੀ ਗੱਲ ਨਹੀਂ ਹੈ। ਅਸੀਂ ਗੁਰੂ ਦੇ ਦਰ ਤੇ ਆਪਣੀ ਸ਼ਰਧਾ ਵਜੋ ਹੀ ਜਾਂਦੇ ਹਾਂ ਜੋ ਕਿ ਚੰਗੀ ਗੱਲ ਹੈ ਕਿਉਂਕਿ ਗੁਰੂ ਦੇ ਦਰ ਤੋਂ ਸਾਨੂੰ ਉਹ ਸਿਖਿਆ ਮਿਲਦੀ ਹੈ ਜੋ ਕਿਸੇ ਹੋਰ ਜਗ੍ਹਾ ਤੋਂ ਨਹੀਂ ਮਿਲਦੀ। ਗੁਰੂ ਦਾ ਦਰ ਆਪਣੀ ਸਿਖਿਆ ਕਰਕੇ ਉੱਚਾ ਹੈ, ਸ਼ਬਦ ਰੂਪ ਵਿੱਚ ਉੱਚਾ ਹੈ, ਜਿਸ ਦੇ ਨਾਲ ਸਾਨੂੰ ਅਸਲ ਵਿੱਚ ਜੁੜਨ ਦੀ ਲੋੜ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥"

(ਅੰਗ ੯੯੦)

ਨਿਰਮਲ ਜਲ ਦੇ ਵਿੱਚ ਕਮਲ ਵੀ ਰਹਿੰਦਾ ਹੈ ਤੇ ਡੱਡੂ ਵੀ ਰਹਿੰਦਾ ਹੈ ਜਿਵੇਂ ਕਿ ਉਪਰ ਸ਼ਬਦ ਰਾਹੀਂ ਸਮਝਿਆ ਹੈ। ਉਪਰਲੀਆਂ ਪੰਗਤੀਆਂ ਰਾਹੀਂ

33/3830

ਦੋਵਾਂ ਦੀ ਅਵਸਥਾ ਦੀ ਤੁਲਨਾ ਕੀਤੀ ਹੋਈ ਹੈ। ਕਮਲ ਗਰੂ ਦੇ ਦੁਆਰੇ ਤੇ ਜਾਣ ਜਾਂ ਰਹਿਣ ਦੇ ਮਕਸਦ ਨੂੰ ਸਮਝਦਾ ਹੈ ਜੋ ਮਾਇਆ ਮੋਹ ਤੋਂ ਨਿਰਲੇਪ ਹੈ, ਜੋ ਅਵਸਥਾ ਸਾਨੂੰ ਗੁਰਬਾਣੀ ਰਾਹੀਂ ਅਨੇਕਾ ਸਬਦਾਂ ਦੁਆਰਾ ਸਮਝਾਈ ਹੋਈ ਹੈ। ਜੋ ਮਨੁੱਖ

ਗੁਰੂ ਦੇ ਦੁਆਰੇ ਤੇ ਆ ਕੇ , ਗੁਰੂ ਦੀ ਸਿਖਿਆ ਨੂੰ ਸੁਣ ਕੇ ਕਮਲ ਵਾਲੀ ਅਵਸਥਾ ਵਾਲੇ ਬਣ ਜਾਂਦੇ ਹਨ ਉਹ ਗੁਰੂ ਪ੍ਰਮਾਤਮਾ ਦੇ ਨਾਮ ਨਾਲ ਰਚ ਜਾਂਦੇ ਹਨ, ਗੁਰੂ ਦੇ ਚਰਨਾਂ ਨਾਲ ਭਾਵ ਗੁਰੂ ਦੀ ਮਤਿ ਦੇ ਨਾਲ ਜੁੜ ਜਾਂਦੇ ਹਨ ਭਾਵ ਆਪਣੀ ਮਤਿ ਤਿਆਗ ਦਿੰਦੇ ਹਨ, ਮਾਇਆ ਮੋਹ ਤਿਆਗ ਦਿੰਦੇ ਹਨ ਤੇ ਮਾਇਆ ਤੋਂ ਨਿਰਲੇਪ ਹੋ ਕੇ ਵਿਚਰਦੇ ਹਨ, ਮਨਮਤਿ ਤੋਂ ਨਿਰਲੇਪ ਹੋ ਕੇ ਵਿਚਰਨਾ ਹੀ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਵਿਚਰਨਾ ਹੈ। ਜਿਥੇ ਗੁਰਮਤਿ ਹੈ, ਨਾਮ ਹੈ ਉਥੇ ਮਾਇਆ ਮੋਹ ਨਹੀਂ ਹੈ। ਮਾਇਆ ਮੋਹ ਦੇ ਅਨੇਕਾਂ ਰੂਪ ਹਨ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਭਗਤੀ ਦਾ ਦਿਖਾਵਾਂ ਕਰਨਾ , ਝੂਠੀ ਧਾਰਮਿਕ ਸੋਭਾ ਲੈਣੀ ਮਾਇਆ ਮੋਹ ਹੀ ਹੈ। ਡੱਡੂਆਂ ਵਰਗਾ ਜੀਵਨ ਬਤੀਤ ਕਰਣ ਵਾਲਿਆਂ ਨੂੰ ਉਪਰਲੀਆਂ ਪੰਗਤੀਆਂ ਰਾਹੀਂ ਪਾਖੰਡੀ ਕਿਹਾ ਗਿਆ ਹੈ ਜਿਵੇਂ ਕਿ ਪਿਛਲੀਆਂ ਪੰਗਤੀਆਂ ਰਾਹੀਂ ਉਹਨਾ ਨੂੰ ਚਤੁਰਾਈਆਂ ਕਰਨ ਵਾਲੇ ਤੇ ਮੂਰਖ ਕਿਹਾ ਗਿਆ ਹੈ। ਜਿੱਥੇ ਸੱਚ ਨਹੀਂ ਹੈ ਉਥੇ ਕੇਵਲ ਪਾਖੰਡ ਹੈ। ਜੋ ਅਸੀਂ ਕਰਮ ਕਰਦੇ ਹਾਂ ਉਹ ਆਪਣੇ ਕਰਮਾਂ ਦੀ ਲਿਖਤ ਦੁਆਰਾ ਹੀ ਕਰਦੇ ਹਾਂ। ਸਾਡੇ ਅੰਦਰ ਲਿਖਤ ਤ੍ਰੈ ਗੁਣਾਂ ਵਾਲੀ ਹੈ, ਮਾਇਆ ਮੋਹ ਵਾਲੀ ਹੈ, ਜਿਸ ਵਿੱਚੋਂ ਨਿਕਲਨ ਦਾ ਉਦਮ ਸਾਡੇ ਸਿਰ ਹੈ ਇਹ ਉਦਮ ਨਾਮ ਜਪਣ ਦਾ ਹੈ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਜਪਣ ਦਾ ਹੈ ਭਾਵ ਵਸਾਉਣ ਦਾ ਹੈ, ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਧਾਰਣ ਕਰਨ ਦਾ ਹੈ ਜਿੰਨ੍ਹਾਂ ਦਾ ਮਕਸਦ ਸਾਨੂੰ ਮਨਮਤਿ ਵਿੱਚੋਂ ਕੱਢਣ ਦਾ ਹੈ, ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਸਮਝੀਏ ਤੇ ਉਸ ਅਨੁਸਾਰ ਵਿਚਰੀਏ। (**ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥ ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥5॥4॥**)

{ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

ਪਿਛਲੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ "ਬਿਮਲ ਮਝਾਰ" ਕੀ ਹੈ। ਅਸੀਂ ਸਰਗੁਣ ਰੂਪ ਵਿੱਚ ਬਿਮਲ ਮਝਾਰ ਰਹਿਣਾ ਸਮਝਿਆ ਹੋਇਆ ਹੈ ਭਾਵ ਨਿਰਮਲ ਜਲ ਦੇ ਨਾਲ ਜੁੜਨਾ ਸਮਝਿਆ ਹੋਇਆ ਹੈ। ਪੂਰੀ ਗੁਰਬਾਣੀ ਦੇ ਵਿੱਚ "ਬਿਮਲ" ਹੈ ਭਾਵ ਨਿਰਮਲ ਜਲ ਹੈ ਜਿਸ ਜਲ ਦੇ ਵਿੱਚ ਨਿਵਾਸ ਕਰਣਾ ਸਾਡੇ ਜੀਵਨ ਦਾ ਮਕਸਦ ਹੈ। ਅਸੀਂ ਗੁਰਬਾਣੀ ਵਿੱਚੋਂ ਇਸ ਜਲ ਦਾ ਇਸ਼ਨਾਨ ਹੀ ਕਰਨਾ ਹੈ ਭਾਵ ਇਸ ਜਲ ਦੇ ਵਿਚ ਵਸਣਾ ਹੈ। ਇਸ ਜਲ ਦਾ ਮਕਸਦ

ਸਾਨੂੰ ਭਰਮ ਦੇ ਵਿੱਚੋਂ ਕੱਢਣ ਦਾ ਹੈ, ਹਉਮੈ ਵਿੱਚੋਂ ਕੱਢਣ ਦਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਕੱਢਣ ਦਾ ਹੈ। ਇਸ ਜਲ ਦਾ ਇਸ਼ਨਾਨ ਸਾਡੇ ਮਨ ਨੇ ਕਰਨਾ ਹੈ, ਨਿਰਗੁਣ ਰੂਪ ਵਿੱਚ ਕਰਨਾ ਹੈ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਕਰਨਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆ ਕੁਝ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਪਵਿੱਤਰ ਜਲ ਵਿੱਚ ਵਸਣਾ ਕੀ ਹੈ ਤੇ ਵਸੱਣ ਦਾ ਮਕਸਦ ਕੀ ਹੈ।

"ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥"

(ਅੰਗ ੨੨੦-੨੨੧)

“ਬਿਮਲ ਮਝਾਰਿ” ਰਹਿਣ ਵਾਲੇ ਕੌਣ ਹੁੰਦੇ ਹਨ ਉਹਨਾਂ ਦੇ ਮਨ ਦੀ ਅਵਸਥਾ ਹੀ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਇਹ ਗੁਰੂ ਦੀ ਆਪਣੀ ਅਵਸਥਾ ਹੈ, ਪ੍ਰਮਾਤਮਾ ਦੇ ਭਗਤਾਂ ਦੀ ਅਵਸਥਾ ਹੈ, ਗੁਰਬਾਣੀ ਦੀ ਰਚਣਾ ਕਰਨ ਵਾਲਿਆ ਦੀ ਅਵਸਥਾ ਹੈ। “ਬਿਮਲ” ਨਿਰਮਲ ਜਲ ਹੈ ਭਾਵ ਮੈਲ ਤੋਂ ਰਹਿਤ ਹੈ। ਮੈਲ ਤੋਂ ਰਹਿਤ ਜੱਲ ਉਹ ਹੈ ਜੋ ਜਲ ਹਉਮੈ ਦੀ ਮਲ ਤੋਂ ਰਹਿਤ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਰਹਿਤ ਹੈ। ਇਹ ਨਿਰਮਲ ਜਲ ਸਾਡੇ ਅੰਦਰ ਦੀ ਬਿਖ ਨੂੰ ਮਾਰਨ ਲਈ ਹੈ, ਹਉਮੈ ਨੂੰ ਮਾਰਨ ਲਈ ਹੈ।ਇਹ ਨਿਰਮਲ ਜਲ “ਨਾਮੁ ਬੀਚਾਰੁ” ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਦੇ ਵਿੱਚ “ਨਾਮੁ ਬੀਚਾਰੁ” ਹੈ ਭਾਵ ਸ਼ਬਦ ਦੀ ਵਿਚਾਰ ਹੈ। ਸ਼ਬਦ ਦੀ ਵਿਚਾਰ ਸਾਨੂੰ ਜੋ ਕੁਝ ਸਮਝਾਉਂਦੀ ਹੈ ਉਹ ਨਿਰਮਲ ਜਲ ਹੈ ਭਾਵ ਉਹ ਸੋਝੀ ਹੈ, ਉਹ ਗਿਆਨ ਹੈ ਜੋ ਸਾਡੇ ਮਨ ਨੂੰ ਨਿਰਮਲ ਕਰਦਾ ਹੈ ਹਉਮੈ ਦੀ ਅਗਿਆਨਤਾ ਦੀ ਮੈਲ ਤੋਂ ਨਿਰਮਲ ਕਰਦਾ ਹੈ। ਇਹ “ਨਾਮੁ ਬੀਚਾਰੁ” ਹੀ ਗੁਰੂ ਦਾ ਸੱਚਾ ਖਜਾਨਾ ਹੈ, ਬ੍ਰਹਮ ਗਿਆਨ ਰੂਪ ਸੱਚਾ ਖਜਾਨਾ ਹੈ, ਸ਼ਬਦ ਦੇ ਵਿਚਾਰਾਂ ਦਾ ਖਜਾਨਾ ਹੈ। ਨਾਮ ਦੀ ਵਿਚਾਰ ਹੀ ਸਾਡੇ ਅੰਦਰ ਦੀ ਅਸਲ ਸਿਧਿ ਹੈ, ਜਿਸ ਸਿਧਿ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਨਾ ਹੈ, ਸਾਡੇ ਹਉਮੈ ਰੂਪ ਭਰਮ ਨੂੰ ਕੱਢਣ ਦਾ ਹੈ ਜਿਸ ਦੇ ਰਹਿੰਦਿਆ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ। ਜਿਸਨੂੰ ਪਰਮਾਤਮਾ ਆਪਣੇ “ਨਾਮੁ ਬੀਚਾਰੁ” ਰੂਪ ਨਿਰਮਲ ਜਲ ਨਾਲ ਜੋੜ ਲੈਂਦਾ ਹੈ ਉਸ ਦੇ ਰਾਹੀਂ ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ ਜੋ ਮਨੁੱਖ ਦੇ ਅਸਲ ਕੰਮ ਆਉਂਦੀ ਹੈ ਜਿਸ ਰਾਹੀਂ ਮਨੁੱਖ ਨੂੰ ਜੀਵਨ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ। (**ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥ ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥1॥**)

ਜੇਕਰ ਡੱਡੂ ਦੀ ਤਰ੍ਹਾਂ ਅਸੀਂ ਸਾਰਾ ਦਿਨ ਧਰਮ ਗ੍ਰੰਥਾਂ ਨੂੰ ਪੜੀ ਸੁਣੀ ਜਾਈਏ ਪਰ ਉਸ ਦੀ “ਨਾਮੁ ਬੀਚਾਰੁ” ਨੂੰ ਨਾ ਮੰਨੀਏ ਫਿਰ ਸਾਡੇ ਅੰਦਰ ਦੀ ਅਗਿਆਨਤਾ ਕਿਵੇਂ ਨਿਕਲ ਸਕਦੀ ਹੈ, ਹਉਮੈ ਰੂਪ ਬਿਖ ਕਿਵੇਂ ਦੂਰ ਹੋ ਸਕਦੀ ਹੈ ਭਾਵ ਨਾਮ ਦੀ ਵੀਚਾਰ ਦਾ ਮਕਸਦ ਕਿਵੇਂ ਪੂਰਾ ਹੋ ਸਕਦਾ ਹੈ ਜਿਸ ਦਾ ਮਕਸਦ ਮਨ ਦੇ ਅਨੇਕਾਂ ਭਰਮਾਂ ਵਿੱਚੋਂ ਕੱਢਣ ਦਾ ਹੈ ਤੇ ਸੱਚ ਨਾਲ ਜੋੜਨ ਦਾ ਹੈ। ਇਹ “ਨਾਮੁ ਬੀਚਾਰੁ” ਗੁਰੂ ਦੇ ਗਿਆਨ ਦਾ ਅੰਜਨ ਹੈ ਭਾਵ ਸਾਡੇ ਅੰਦਰ ਦੀ ਸੋਝੀ ਰੂਪ ਅੰਜਨ ਹੈ ਜਿਸ ਦੇ ਦੁਆਰਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਮਨ ਦੇ ਭਰਮ ਵਿੱਚੋਂ ਨਿਕਲਕੇ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥”

ਮਨ ਦੇ ਵਿੱਚੋਂ ਤ੍ਰੈ ਗੁਣਾਂ ਵਾਲੀ ਅਵਸਥਾ ਦੂਰ ਹੋਣ ਦੁਆਰਾ, ਹਉਮੈ ਦੂਰ ਹੋਣ ਦੁਆਰਾ ਹੀ ਮਨੁੱਖ ਨੂੰ ਆਪਣੇ ਅੰਦਰੋਂ ਹੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦੇ ਨਾਮ ਵਿੱਚ ਰਮਣਾ ਕੀ ਹੈ। ਮਨ ਦੇ ਵਿੱਚ ਗੁਰਮਤਿ ਰੂਪ ਸੱਚੀ ਸੋਝੀ ਦਾ ਪੈਣਾ ਹੀ ਤੇ ਉਸ ਅਨੁਸਾਰ ਆਪਣਾ ਜੀਵਨ ਜਿਉਂਣਾ ਹੀ ਰਾਮ ਨਾਲ ਰਮਣਾ ਹੈ।ਇਹ ਸਭ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਜਿਸ ਰਾਹੀਂ ਇਹ ਸਮਝ ਪੈਂਦੀ ਹੈ ਕਿ ਧਰਮ ਦਾ ਮਾਰਗ ਅਸਲ ਵਿੱਚ ਕੀ ਹੈ ਜੋ ਮਾਰਗ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਰਾਹੀਂ ਸਮਝਾਉਂਦਾ ਹੈ ਤੇ ਤਾਂ ਹੀ ਸਾਡਾ ਮਨ ਪ੍ਰਮਾਤਮਾ ਦਾ ਨਾਮ ਜਪਣ ਲਈ ਮੰਨਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਮਨਾਉਂਦਾ ਹੈ ਤੇ ਸਮਝ ਲਗ ਜਾਂਦੀ ਹੈ ਕਿ ਇਸ ਤੋ ਉੱਚਾ ਗਿਆਨ ਹੋਰ ਨਹੀਂ ਹੋ ਸਕਦਾ ਕਿਉਂਕਿ ਪ੍ਰਮਾਤਮਾ ਤੋਂ ਉੱਚਾ ਗਿਆਨ ਹੋਰ ਕੌਣ ਦੇ ਸਕਦਾ ਹੈ। ਪ੍ਰਮਾਤਮਾ ਮਨ ਦੇ ਵਿੱਚ ਆਪਣਾ ਗਿਆਨ ਰੂਪ ਸੁਰਮਾ ਸ਼ਬਦ ਦੀ ਵਿਚਾਰ ਰਾਹੀਂ ਪਾਉਦਾ ਹੈ “**ਨਾਮੁ ਬੀਚਾਰੁ**” ਰਾਹੀਂ ਪਾਉਂਦਾ ਹੈ ਤੇ ਪ੍ਰਮਾਤਮਾ ਦੀ ਆਪਣੇ ਅੰਦਰੋਂ ਪਛਾਣ ਮਨ ਦੇ ਗਿਆਨ ਰਾਹੀਂ ਹੀ ਹੁੰਦੀ ਹੈ ਜੋ ਪਹਿਚਾਣ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਮਨੁੱਖ ਹਰ ਵੇਲੇ **“ਬਿਮਲ ਮਝਾਰਿ”** ਭਾਵ ਗੁਰਮਤਿ ਰੂਪ ਸੱਚੀ ਸੋਝੀ ਦੇ ਗਿਆਨ ਰੂਪ ਵਿੱਚ ਨਿਵਾਸ ਕਰਦਾ ਹੈ। ਇਹ ਨਿਵਾਸ ਪ੍ਰਮਾਤਮਾ ਕਿਸੇ ਨੂੰ ਆਪ ਹੀ ਕਰਵਾਉਂਦਾ ਹੈ।ਪ੍ਰਮਾਤਮਾ ਹਰ ਵੇਲੇ ਆਪ ਇਸ ਗਿਆਨ ਰੂਪ ਜਲ ਵਿੱਚ ਨਿਵਾਸ ਕਰਦਾ ਹੈ ਤੇ ਜਿਸ ਨੂੰ ਉਹ ਆਪਣੇ ਨਾਲ ਮਿਲਾਉਂਦਾ ਹੈ ਉਹ ਪ੍ਰਮਾਤਮਾ ਦੇ ਇਸ ਬ੍ਰਹਮ ਗਿਆਨ ਰੂਪ ਜਲ ਵਿੱਚ, “ਨਾਮ ਬੀਚਾਰ” ਰੂਪ

ਜਲ ਵਿੱਚ, ਸ਼ਬਦ ਵੀਚਾਰ ਰੂਪ ਜਲ ਵਿੱਚ ਰਲ ਜਾਂਦਾ ਹੈ। ਜੇਕਰ ਅਸੀਂ ਇਸ ਨਿਰਮਲ ਜਲ ਵਿੱਚ ਨਿਵਾਸ ਕਰਨਾ ਚਾਹੁੰਦੇ

ਹਾਂ ਤਾਂ ਫਿਰ ਇਸ ਲਈ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਗੁਰਬਾਣੀ ਰਾਹੀਂ ਇਸ ਸੱਚੇ ਜਲ ਦੀ ਪ੍ਰਾਪਤੀ ਕਰੀਏ।ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਇਸ ਨਿਰਮਲ ਜਲ ਦੇ ਰੂਪ ਵਿੱਚ ਹੀ ਹੈ ਜੋ ਸਾਨੂੰ ਸਦਾ ਲਈ ਇਸ ਨਿਰਮਲ ਜਲ ਵਿੱਚ ਵਾਸਾ ਕਰਾ ਸਕਦੀ ਹੈ, ਮਨ ਦੇ ਗਿਆਨ ਰਾਹੀਂ ਕਰਾ ਸਕਦੀ ਹੈ।

ਪੂਰੀ ਗੁਰਬਾਣੀ ਦੇ ਅੰਦਰ ਨਿਰਮਲ ਜਲ ਹੈ ਜੋ ਕਿ ਨਿਰਗੁਣ ਰੂਪ ਦੇ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ। ਅਸੀਂ ਜੇਕਰ ਗੁਰਬਾਣੀ ਦੇ ਕੇਵਲ ਬਾਹਰੀ ਸਰੂਪ ਨੂੰ ਹੀ ਮੱਥਾ ਟੇਕੀਏ ਉਸ ਦੇ ਨਾਲ ਉਹ ਜਲ ਸਾਡੇ ਅੰਦਰ ਨਹੀਂ ਜਾ ਸਕਦਾ ਜਾਂ ਸਾਰਾ ਦਿਨ ਜਲ ਜਲ ਕਰੀ ਜਾਈਏ ਉਸ ਦੇ ਨਾਲ ਉਹ ਸਾਡੀ ਪਿਆਸ ਨਹੀਂ ਬੁਝ ਸਕਦੀ। ਸਾਡੇ ਅੰਦਰ ਪਹਿਲੀ ਪਿਆਸ ਤ੍ਰਿਸ਼ਨਾ ਦੀ ਹੈ, ਮਾਇਆ ਮੋਹ ਦੀ ਹੈ ਜੋ ਕੇਵਲ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਬੁਝ ਸਕਦੀ ਹੈ।

ਇਹ ਤ੍ਰਿਸਨਾ ਬੁਝੇ ਬਿਨ੍ਹਾਂ ਸਾਡੀ ਪ੍ਰਮਾਤਮਾ ਨੂੰ ਪਾਉਣ ਦੀ ਤ੍ਰਿਸ਼ਨਾ ਨਹੀਂ ਬੁਝ ਸਕਦੀ ਜੋ ਕਿ ਸਾਡੇ ਜੀਵਨ ਦਾ ਅਸਲ ਦੁਖ ਹੈ, ਪ੍ਰਮਾਤਮਾ ਨਾਲੋਂ ਵਿੱਚੋਂੜੇ ਦਾ ਦੁਖ ਹੈ। ਪ੍ਰਮਾਤਮਾ ਦੇ ਨਾਲ ਵਿੱਚੋਂੜੇ ਦਾ ਦੁਖ ਕੇਵਲ ਉਸ ਦੇ ਨਿਰਗੁਣ ਰੂਪ ਨਾਲ ਜੁੜਨ ਦੁਆਰਾ ਜਾ ਸਕਦਾ ਹੈ ਪਰ ਅਸੀਂ ਇਹ ਵਿੱਚੋਂੜੇ ਦਾ ਦੁਖ ਸਰਗੁਣ ਸਰੂਪ ਦੇ ਮੇਲ ਦੁਆਰਾ ਦੂਰ ਕਰਨਾ ਚਾਹੁੰਦੇ ਹਾਂ ਜੋ ਕਿ ਨਾਮੁਮਕਿਨ ਹੈ। ਗੁਰੂ ਉੱਚਾ ਹੈ , ਬਹੁਤ ਉੱਚਾ ਹੈ ਜਿਸ ਦੇ ਅਗੇ ਝੁਕਣਾ ਸਾਡਾ ਸਭ ਦਾ ਫਰਜ ਹੈ। ਗੁਰੂ ਦਾ ਸਰਗੁਣ ਸਰੂਪ ਇਸ ਲਈ ਉੱਚਾ ਹੈ, ਇਸ ਲਈ ਮੱਥੇ ਟੇਕਣ ਜੋਗ ਹੈ ਕਿਉਂਕਿ ਉਹ ਆਪਣੇ ਗਿਆਨ ਰਾਹੀਂ ਉੱਚਾ ਹੈ, ਗੁਰਮਤਿ ਰਾਹੀਂ ਉੱਚਾ ਹੈ ਭਾਵ ਨਿਰਗੁਣ ਰੂਪ ਰਾਹੀਂ ਉੱਚਾ ਹੈ ਜਿਸ ਦੁਆਰਾ ਸਰਗੁਣ ਰੂਪ ਦੀ ਕਦਰ ਪੈਂਦੀ ਹੈ। ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਦੀ ਮਤਿ ਨਾਲ ਜੁੜੇ ਹੋਏ ਹਾਂ ਜਿਨ੍ਹਾਂ ਨੂੰ ਅਸੀਂ ਧਾਰਮਿਕ ਗਿਆਨ ਕਰਕੇ ਉੱਚਾ ਮੰਨਿਆ ਹੋਇਆ ਹੈ। ਅਸੀਂ ਉਹਨਾਂ ਦੇ ਸਰਗੁਣ ਰੂਪ ਦੀ ਕਦਰ ਕਰਦੇ ਹਾਂ, ਸਰੀਰ ਦੀ, ਦੇਹ ਦੀ ਕਦਰ ਕਰਦੇ ਹਾਂ ਭਾਵ ਸਰੀਰਾਂ ਨੂੰ ਉੱਚਾ ਕਰਕੇ ਜਾਣਦੇ ਹਾਂ ਤੇ ਉਹਨਾਂ ਦਾ ਮਾਨ ਕਰਦੇ ਹਾਂ ਭਾਵ ਅਸੀਂ ਸਰਗੁਣ ਰੂਪ ਦੀ ਕਦਰ ਪਾਉਂਦੇ ਹਾਂ। ਕਿਸੇ ਵੀ ਸਰੀਰ ਦੀ ਸੱਚੀ ਕਦਰ ਉਸ ਦੇ ਅੰਦਰ ਦੇ ਗਿਆਨ ਕਰਕੇ ਹੈ, ਸੱਚੇ ਗਿਆਨ ਕਰਕੇ ਹੈ ਜੋ ਗਿਆਨ ਉਸ ਦੇਹ ਨੂੰ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ ਭਾਵ ਉਸ ਦੇ ਅੰਦਰ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਮਿਲਦਾ ਹੈ।

ਇਹ ਸੱਚਾ ਗਿਆਨ ਗੁਰੂ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ। ਗੁਰਬਾਣੀ ਦੀ ਸੱਚੀ ਕਦਰ ਅਸੀਂ ਤਾਂ ਹੀ ਕਰ ਸਕਦੇ ਹਾਂ ਜਦੋਂ ਅਸੀਂ ਉਸ ਦੇ ਗਿਆਨ ਦੀ ਕਦਰ ਪਾਵਾਂਗੇ, ਨਿਰਗੁਣ ਰੂਪ ਦੀ ਕਦਰ ਪਾਵਾਂਗੇ ਜਿਸ ਰੂਪ ਵਿੱਚ ਪ੍ਰਮਾਤਮਾ

ਆਪ ਗੁਰਬਾਣੀ ਦੇ ਰੂਪ ਵਿੱਚ ਵਸਿਆ ਹੋਇਆ ਹੈ। ਸਾਡੇ ਅੰਦਰ ਦੇ ਰੋਗ ਭਾਵ ਤ੍ਰਿਸ਼ਨਾ ਦਾ ਰੋਗ, ਹਉਮੈ ਦਾ ਰੋਗ, ਪ੍ਰਮਾਤਮਾ ਨਾਲੋਂ ਵਿੱਚੋਂੜੇ ਦਾ ਰੋਗ ਨਿਰਗੁਣ ਰੂਪ ਵਿੱਚ ਹੈ ਜੋ ਕਿ ਮਨ ਦੀ ਮਾੜੀ ਸੋਝੀ ਦੇ ਰੂਪ ਵਿੱਚ ਹੈ। ਸਾਡੇ ਇਹ ਰੋਗ ਗੁਰੂ ਦੇ ਨਿਰਗੁਣ ਰੂਪ ਨਾਲ ਜੁੜ ਕੇ ਹੀ ਜਾ ਸਕਦੇ ਹਨ ਜੋ ਕਿ ਸੱਚਾ ਵੈਦ ਹੈ, ਸਾਡੇ ਸਾਰੇ ਰੋਗਾਂ ਨੂੰ ਜਾਣਦਾ ਹੈ ਤੇ ਰੋਗਾਂ ਨੂੰ ਦੂਰ ਕਰਨ ਦੀ ਦਵਾਈ ਕੇਵਲ ਉਸ ਕੋਲ ਹੈ। ਅਸੀਂ ਗੁਰੂ ਰੂਪ ਸੱਚੇ ਵੈਦ ਨੂੰ ਛੱਡ ਕੇ ਉਹੋ ਜਿਹੇ ਵੈਦਾਂ ਦੇ ਕੋਲੋਂ ਦਵਾਈ ਲੈਂਦੇ ਹਾਂ ਜੋ ਖੁਦ ਰੋਗੀ ਹਨ ਭਾਵ ਧਰਮ ਦੇ ਮਾਰਗ ਨੂੰ ਜਾਨਣ ਵਿੱਚ ਨਾਸਮਝ ਹਨ ਤੇ ਅਸੀਂ ਉਹੋ ਜਿਹੇ ਭਰਮੇ ਹੋਏ ਵੈਦਾਂ ਦੀ ਕਦਰ ਪਾਉਂਦੇ ਹਾਂ ਤੇ ਉਲਟਾ ਆਪਣੇ ਰੋਗ ਵਧਾਉਂਦੇ ਹਾਂ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਜਾਣੀਏ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਰੋਗਾਂ ਨੂ ਦੂਰ ਕਰਨ ਦਾ ਉਹੋ ਜਿਹਾ ਉਪਰਾਲਾ ਕਰੀਏ, ਉਸ ਦੇ ਰਾਹੀਂ ਕਰੀਏ ਜੋ ਸੱਚਾ ਵੈਦ ਹੈ ਤੇ ਝੂਠੇ ਵੈਦਾਂ ਕੋਲੋ ਬਚੀਏ।

ਮਲਾਰ ਮਹਲਾ ੧ ॥

“ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥
ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥
ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥
ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥
ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥

ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥
ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥
ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥"

(ਅੰਗ ੧੨੫੬)

ਸ਼ਬਦ ਦੇ ਪਹਿਲੇ ਪਦੇ ਨੂੰ ਆਉ ਅਸੀਂ ਧਿਆਨ ਨਾਲ ਸਮਝੀਏ ਕਿ ਸਾਡਾ ਦੁੱਖ ਕੀ ਹੈ, ਉਸ ਦੁੱਖ ਦੀ ਵਜ੍ਹਾਂ ਕੀ ਹੈ ਤੇ ਉਹ ਦੁੱਖ ਦੂਰ ਨਾ ਹੋਣ ਦੀ ਵਜ੍ਹਾਂ ਕੀ ਹੈ।

"ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥"

ਜਿਵੇਂ ਕਿ ਅਸੀਂ ਬਾਰ ਬਾਰ ਇਸ ਗੱਲ ਨੂੰ ਸਮਝਦੇ ਆਏ ਹਾਂ ਕਿ ਸਾਡੇ ਜੀਵਨ ਦਾ ਅਸਲ ਦੁਖ ਭਾਵ ਦੁੱਖਾਂ ਦਾ ਮੂਲ ਭਾਵ ਸਾਡਾ ਮੂਲ ਦੁਖ ਪ੍ਰਮਾਤਮਾ ਦੇ ਨਾਲੋਂ ਵਿੱਚੋਂੜੇ ਦਾ ਹੈ ਜੋ ਵਿੱਚੋਂੜਾ ਸਾਡੇ ਮਨ ਦੇ ਅੰਦਰ ਹੀ ਹੈ ਤੇ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਵਿੱਚੋਂੜੇ ਦੇ ਦੁਖ ਦਾ ਇਕੋ ਇਕ ਕਾਰਣ ਸਾਡੇ ਅੰਦਰ ਦੀ ਭੁੱਖ ਹੈ ਭਾਵ ਤ੍ਰਿਸਨਾ ਹੈ, ਮਾਇਆ ਮੋਹ ਹੈ। (**ਦੁਖੁ ਵੇਛੋੜਾ ਇਕੁ ਦੁਖੁ ਭੂਖ ॥**)

ਮਨ ਦੀ ਇਸ ਤ੍ਰਿਸ਼ਨਾ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਭਾਵ ਉਸ ਦੁਖ ਦੇ ਕਾਰਣ ਨੂੰ ਦੂਰ ਕਰਣਾ ਬਹੁਤ ਔਖਾ ਹੈ। ਜਿਥੇ ਤ੍ਰਿਸ਼ਨਾ ਹੈ,

33/3835

ਮਾਇਆ ਮੋਹ ਹੈ ਉਥੇ ਫਿਰ ਅਉਗਣ ਵੀ ਸਾਡੇ ਨਾਲ ਹੀ ਰਹਿੰਦੇ ਹਨ, ਕਾਮ ਕ੍ਰੋਧ ਲੋਭ ਮੋਹ ਅੰਹਕਾਰ ਦੇ ਰੂਪ ਵਿੱਚ ਰਹਿੰਦੇ ਹਨ ਜੋ ਕਿ ਤਾਕਤਵਰ ਜਮਦੂਤ ਹਨ, ਮਹਾਬਲੀ ਹਨ ਜੋ ਸਾਡੇ ਕੋਲੋਂ ਅਨੇਕਾਂ ਹੀ ਮਾੜੇ ਕਰਮ ਕਰਵਾਉਂਦੇ ਹਨ। ਸਾਨੂੰ ਅਸਲ ਰੋਗੀ ਬਣਾਉਣ ਵਾਲੇ, ਆਤਮਿਕ ਤੋਰ ਤੇ ਰੋਗੀ ਬਣਾਉਣ ਵਾਲੇ ਇਹ ਅਉਗਣ ਹੀ ਹਨ, ਮਨ ਦੀ ਤ੍ਰਿਸ਼ਨਾ ਕਰਕੇ ਸਾਡੇ ਨਾਲ ਲਗੇ ਰਹਿੰਦੇ ਹਨ, ਚਮੜੇ ਰਹਿੰਦੇ ਹਨ। (**ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥**) ਸਾਡਾ ਇਹ ਰੋਗ ਦੂਰ ਕਿਉਂ ਨਹੀਂ ਹੁੰਦਾ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਵੈਦ ਨ ਭੋਲੇ ਦਾਰੂ ਲਾਇ ॥੧॥"

ਸਾਰੀ ਗੱਲ ਇਹ ਸਮਝਣ ਦੀ ਹੈ ਕਿ ਅਸੀਂ ਆਪਣਾ ਰੋਗ ਦੂਰ ਕਰਨ ਲਈ ਦਵਾਈ ਕਿੱਥੋਂ ਲੈਂਦੇ ਹਾਂ। ਰੋਗ ਤ੍ਰਿਸ਼ਨਾ ਦਾ ਹੈ ਜਿਸ ਕਾਰਣ ਅਸੀਂ ਅਉਗਣਾਂ ਦੇ ਨਾਲ ਜੁੜਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ ਭਾਵ ਇਸ ਰੋਗ ਦਾ ਅਸਰ ਸਾਡੇ ਕਰਮਾਂ ਤੇ ਪੈਂਦਾ ਹੈ, ਸਾਡੀ ਸੰਸਾਰਿਕ ਵਿਚਰਨ ਤੇ ਪੈਂਦਾ ਹੈ। ਜਿਨ੍ਹਾਂ ਨੂੰ ਅਸੀਂ ਆਪਣੇ ਵਲੋਂ ਵੈਦ ਸਮਝਿਆ ਹੋਇਆ ਹੈ, ਧਰਮ ਦੇ ਮਾਰਗ ਤੇ ਉੱਚੇ ਤੇ ਸਿਆਣੇ ਸਮਝਿਆ ਹੋਇਆ ਹੈ ਉਹ ਸਾਨੂੰ ਕਿਹੋ ਜਿਹੀ ਦਵਾਈ ਦਿੰਦੇ ਹਨ ਭਾਵ ਧਰਮ ਦੇ ਮਾਰਗ ਤੇ ਚੱਲਣ ਦਾ , ਨਾਮ ਜਪਣ ਦਾ ਕਿਹੋ ਜਿਹਾ ਮਾਰਗ ਸਮਝਾਉਂਦੇ ਹਨ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹ ਭੋਲੇ ਵੈਦ ਭਾਵ ਨਾਸਮਝ ਵੈਦ ਸਾਨੂੰ ਦਵਾਈ ਵੀ ਉਹੋ ਜਿਹੀ ਸਮਝਾਉਂਦੇ ਹਨ ਜਿਸ ਦੁਆਰਾ ਕੋਈ ਵੀ ਮਾਇਆ ਮੋਹ ਵਿੱਚੋਂ ਨਹੀਂ ਨਿਕਲ ਸਕਦਾ। ਇਹ ਸਾਨੂੰ ਕਥਨੀ ਦੇ ਨਾਲ ਜੋੜਦੇ ਹਨ, ਸਰੀਰਕ ਕਿਰਿਆਵਾਂ ਦੇ ਨਾਲ ਜੋੜਦੇ ਹਨ, ਕੇਵਲ ਧਰਮ ਗ੍ਰੰਥਾਂ ਨੂੰ ਪੜਣ ਸੁਨਣ ਦੇ ਨਾਲ ਜੋੜਦੇ ਹਨ, ਸਰੀਰਕ ਸੁੱਚ ਆਦਿ ਦੇ ਨਾਲ ਜੋੜਦੇ ਹਨ ਤੇ ਹੋਰ ਅਨੇਕਾਂ ਹੀ ਭਗਤੀ ਦੇ ਉਹੋ ਜਿਹੇ ਤਰੀਕੇ ਸਮਝਾਉਂਦੇ ਹਨ ਜਿਨ੍ਹਾਂ ਦੁਆਰਾ ਮਨੁੱਖ ਦੀ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ। ਤ੍ਰਿਸ਼ਨਾ ਦਾ ਮੂਲ ਸਾਡੇ ਅੰਦਰ ਦੀ ਨਾਸਮਝੀ ਹੈ ਜੋ ਸਾਨੂੰ ਮਾਇਆ ਮੋਹ ਨਾਲ ਜੋੜ ਕੇ ਰਖਦੀ ਹੈ। ਇਹ ਭੋਲੇ ਵੈਦਾਂ ਨੂੰ ਨਾ ਰੋਗ ਦੀ ਸਮਝ ਹੈ ਤੇ ਨਾ ਹੀ ਉਸ ਦੇ ਦਾਰੂ ਦੀ ਭਾਵ ਦਵਾਈ ਦੀ ਸਮਝ ਹੈ ਜੋ ਕਿ ਗੁਰੂ ਦੀ ਸਿਖਿਆ ਨੂੰ ਆਪਣੇ ਅੰਦਰ ਵਸਾਉਣ ਦਾ ਹੈ ਤਾਂ ਜੋ ਅਸੀਂ ਮਨ ਰਾਹੀਂ ਸੁੱਚੇ ਬਣੀਏ। ਇਹ ਭੋਲੇ ਵੈਦ ਨਾਸਮਝੀ ਵਿੱਚ ਹੀ ਸਾਨੂੰ ਦਵਾਈ ਦੇਈ ਜਾਂਦੇ ਹਨ, ਸਾਨੂੰ ਦਾਰੂ ਲਗਾਉਂਦੇ ਹਨ ਭਾਵ ਆਪਣੀ ਮਤਿ ਦੇ ਨਾਲ ਜੋੜਦੇ ਹਨ ਤੇ ਅਸੀਂ ਆਪਣੀ ਨਾਸਮਝੀ ਵਿੱਚ ਹੀ ਇਨ੍ਹਾਂ ਕੋਲੋਂ

33/3836

ਦਵਾਈ ਲਗਵਾਈ ਜਾਂਦੇ ਹਾਂ ਜਿਸ ਕਰਕੇ ਅਸੀ ਮਨ ਦੇ ਰੋਗ ਵਿੱਚੋਂ ਨਹੀ ਨਿਕਲ ਸਕਦੇ। (**ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥1॥**)

ਜੋ ਰੋਗ ਇਹਨਾਂ ਭੋਲੇ ਵੈਦਾਂ ਦਾ ਆਪਣਾ ਨਹੀਂ ਨਿਕਲ ਸਕਿਆ ਭਾਵ ਨਾ ਇਹਨਾਂ ਦੀ ਆਪਣੀ ਤ੍ਰਿਸਨਾ ਮਰੀ ਹੈ ਤੇ ਨਾ ਹੀ ਮਨ ਦੇ ਅੰਦਰ ਪ੍ਰਮਾਤਮਾ ਦੇ ਦਰਸ਼ਨ ਹੋਏ ਹਨ ਉਹ ਦੂਸਰਿਆਂ ਦਾ ਦਰਦ ਕਿੱਥੋਂ ਦੂਰ ਕਰ ਸਕਦੇ ਹਨ। ਉਹ ਸਭ ਨੂੰ ਦਾਰੂ ਦੇਈ ਤਾਂ ਜਾਂਦੇ ਹਨ ਭਾਵ ਆਪਣੀ ਮਨਮਤਿ ਸਭ ਨੂੰ ਦੇਈ ਜਾਂਦੇ ਹਨ ਪਰ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁਖ ਦੂਰ ਕਰਨ ਲਈ ਇਹੋ ਜਿਹਾ ਦਾਰੂ ਕਦੇ ਲੱਗ ਨਹੀਂ ਸਕਦਾ ਭਾਵ ਮਨਮਤਿ ਦੇ ਨਾਲ ਧਰਮ ਦਾ ਸੱਚਾ ਮਾਰਗ ਕਦੇ ਸਮਝਿਆ ਨਹੀਂ ਜਾ ਸਕਦਾ ਤੇ ਨਾ ਹੀ ਉਸ ਤੇ ਚਲਿਆ ਜਾ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ ਭਾਵ ਨਾ ਹੀ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਦੂਖ ਦੂਰ ਹੋ ਸਕਦਾ ਹੈ। ਇਹਨਾਂ ਦੇ ਪਿੱਛੇ ਲਗ ਕੇ ਪਰਮਾਤਮਾ ਦੇ ਨਾਲ ਵਿਛੋੜੇ ਦਾ ਦੁਖ ਬਣਿਆ ਹੀ ਰਹਿੰਦਾ ਹੈ। (**ਵੈਦ ਨ ਭੋਲੇ ਦਾਰੂ ਲਾਇ ॥ਦਰਦੁ ਹੋਵੈ ਦੁਖੁ ਰਹੈ ਸਰੀਰ ॥ਐਸਾ ਦਾਰੂ ਲਗੈ ਨ ਬੀਰ ॥1॥ ਰਹਾਉ ॥**) ਇਹਨਾਂ ਰਹਾਓ ਵਾਲੀਆਂ ਪੰਗਤੀਆਂ ਨੂੰ ਅਗਰ ਧਿਆਨ ਨਾਲ ਸਮਝੋਗੇ ਤਾਂ ਸਭ ਪਾਸੇ ਇਹੋ ਕੁਝ ਹੀ ਹੋ ਰਹਿਆ ਹੈ। ਇਹ ਭੋਲੇ ਵੈਦ ਜਗ੍ਹਾ ਜਗ੍ਹਾ ਆਪਣੀ ਦਵਾਈ ਲਗਾਉਂਣ ਦੇ ਟਿਕਾਣੇ, ਡੇਰੇ ਆਦਿ ਬਣਾਈ ਬੈਠੇ ਹਨ ਜਿਨ੍ਹਾਂ ਦੀ ਦਵਾਈ ਨਾਲ ਜੁੜ ਕੇ ਕਦੇ ਕਿਸੇ ਦਾ ਰੋਗ ਦੂਰ ਨਹੀਂ ਹੋ ਸਕਦਾ, ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁਖ ਦੂਰ ਨਹੀਂ ਹੋ ਸਕਦਾ। ਇਹ ਅਕਾਲ ਪੁਰਖ ਦਾ ਆਪਣਾ ਫੁਰਮਾਨ ਹੈ ਜੋ ਕਦੇ ਬਦਲ ਨਹੀਂ ਸਕਦਾ। ਉਸਦੇ ਬੋਲ ਅਟਲ ਹਨ, ਜੁਗਾਂ ਜੁਗਾਂ ਤੋਂ ਅਟਲ ਹਨ ਤੇ ਸਦਾ ਅਟਲ ਹੀ ਰਹਿਣੇ ਹਨ। ਮਨਮਤਿ ਦੇ ਪਿੱਛੇ ਲਗ ਕੇ ਕਦੇ ਕੋਈ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ। ਸਾਨੂੰ ਗੁਰਮਤਿ ਤੋਂ ਦੂਰ ਕਰਣ ਵਾਲੇ ਇਹ ਭੋਲੇ ਵੈਦ ਹੀ ਹਨ, ਪ੍ਰਮਾਤਮਾ ਤੋਂ ਦੂਰ ਕਰਣ ਵਾਲੇ ਇਹ ਝੂਠੇ ਵੈਦ ਹੀ ਹਨ ਜੋ ਸਾਨੂੰ ਝੂਠੀਆਂ ਦਵਾਈਆਂ ਭਾਵ ਝੂਠੀਆਂ ਮੱਤਾਂ ਦਿੰਦੇ ਹਨ ਭਾਵ ਗੁਰਮਤਿ ਦੇ ਉਲਟ ਮੱਤਾਂ ਦਿੰਦੇ ਹਨ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥
ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥”

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਭਾਵ ਸਾਡਾ ਸਭ ਦਾ “ਖਸਮੁ”

33/3837

“ਸੱਚ” ਦੇ ਰੂਪ ਵਿੱਚ ਹੈ, ਸੱਚੀ ਗੁਰਮਤਿ ਦੇ ਰੂਪ ਵਿੱਚ, ਸੱਚੇ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਭਾਵ ਸ਼ਬਦਾ ਦੀ ਵਿਚਾਰ ਦੇ ਰੂਪ ਵਿੱਚ ਹੈ। ਜਿਸ ਨੂੰ ਸ਼ਬਦਾਂ ਦੀ ਵਿਚਾਰ ਵਿਸਰੀ ਹੋਈ ਹੈ, ਸੱਚ ਵਿਸਰਿਆ ਹੋਇਆ ਹੈ ਭਾਵ ਖਸਮ ਵਿਸਰਿਆ ਹੋਇਆ ਹੈ, ਇਹ ਖਸਮ ਤੋਂ ਸਾਨੂੰ ਵਿਸਾਰਣ ਵਾਲੇ ਭਾਵ ਗੁਰਮਤਿ ਤੋਂ ਦੂਰ ਕਰਣ ਵਾਲੇ ਇਹ ਭੋਲੇ ਵੈਦ ਹਨ। ਉਹ ਆਪ ਵਿਸਰੇ ਹੋਏ ਹਨ ਭਾਵ ਮਨਮਤਿ ਕਰਕੇ ਵਿਸਰੇ ਹੋਏ ਹਨ ਤੇ ਸਾਨੂੰ ਵੀ ਆਪਣੀ ਮਨਮਤਿ ਦੇ ਨਾਲ ਜੋੜਕੇ ਖਸਮ ਤੋਂ ਦੂਰ ਕਰਦੇ ਹਨ, ਗੁਰਮਤਿ ਤੋਂ ਦੂਰ ਕਰਦੇ ਹਨ। ਗੁਰਮਤਿ ਨੂੰ ਵਿਸਰਨ ਕਰਕੇ ਫਿਰ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ, ਮਾਇਆ ਦੇ ਰਸਾਂ ਨਾਲ ਜੁੜੇ ਰਹਿੰਦੇ ਹਾਂ ਜਿਸ ਕਰਕੇ ਅਸੀਂ ਵਿਕਾਰਾਂ ਦਾ ਸੰਗ ਕਰਦੇ ਹਾਂ ਜੋ ਕਿ ਸਾਡੇ ਅਸਲ ਰੋਗਾਂ ਦਾ ਕਾਰਣ ਹਨ, ਸਾਡੇ ਮਨ ਦੇ ਰੋਗਾਂ ਦਾ ਕਾਰਣ ਹਨ ਤੇ ਸਾਨੂੰ ਰੋਗੀ ਬਣਾਉਂਦੇ ਹਨ। (**ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥**)

ਪ੍ਰਮਾਤਮਾ ਦੇ ਦਰ ਤੇ ਸਾਡੀਆਂ ਸਜਾਵਾਂ ਦਾ ਕਾਰਣ ਸਾਡੇ ਇਹ ਮਨ ਦੇ ਰੋਗ ਹੀ ਹਨ ਜੋ ਸਾਡੇ ਅੰਦਰੋ ਤ੍ਰਿਸਨਾ ਦੀ ਉਪਜ ਹੈ, ਮਾਇਆ ਮੋਹ ਦੀ ਉਪਜ ਹੈ। ਮਨ ਦੀ ਇਹੋ ਜਿਹੀ ਅਵਸਥਾ ਵਾਲਾ ਮਨੁੱਖ ਮਨ ਦਾ ਅੰਧਾ ਹੈ ਭਾਵ ਅਗਿਆਨੀ ਹੈ ਜਿਸ ਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਨਹੀਂ ਹੈ। ਸਾਡੇ ਮਨ ਦਾ ਇਹ ਅੰਧਾਪਣ ਸਾਡੇ ਅੰਦਰ ਦੀ ਮਾੜੀ ਸੋਝੀ ਹੈ, ਮਨਮਤਿ ਹੈ ਜੋ ਸੋਝੀ ਅਸੀਂ ਇਹਨਾਂ ਝੂਠੇ ਵੈਦਾਂ ਕੋਲੋਂ ਲਈ ਹੋਈ ਹੈ। ਸੱਚਾ ਵੈਦ ਭਾਵ ਗੁਰੂ ਸਾਨੂੰ ਗੁਰਮਤਿ ਸਮਝਾਉਂਦਾ ਹੈ ਭਾਵ ਨਾਮ ਦੀ ਦਵਾਈ ਦਿੰਦਾ ਹੈ ਜੋ ਸਾਨੂੰ ਮਨ ਦੇ ਅੰਧੇਪਣ ਵਿੱਚੋ ਕਢਦੀ ਹੈ ਜਿਸ ਦੁਆਰਾ ਅਸੀਂ ਸੱਚ ਤੇ ਚੱਲ ਸਕਦੇ ਹਾਂ ਤੇ ਪ੍ਰਮਾਤਮਾ ਦੇ ਦਰ ਦੀਆਂ ਸਜਾਵਾਂ ਤੋਂ ਬਚ ਸਕਦੇ ਹਾਂ। (**ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥2॥**)

ਜਿਨ੍ਹਾ ਭੋਲੇ ਵੈਦਾਂ ਨੂੰ ਅਸੀਂ ਵੈਦ ਮੰਨਿਆ ਹੋਇਆ ਹੈ ਉਹ ਅਸੀਂ ਉਹਨ੍ਹਾਂ ਦੇ ਬਾਹਰੀ ਦਿਖਾਵਿਆਂ ਦੁਆਰਾ ਮੰਨਦੇ ਹਾਂ ਜਿਨ੍ਹਾਂ ਨੂੰ ਅਸੀਂ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਬਾਰ ਬਾਰ ਸਮਝਦੇ ਆ ਰਹੇ ਹਾਂ। ਇਨ੍ਹਾਂ ਦੇ ਪਿੱਛੇ ਲੱਗ ਕੇ ਫਿਰ ਅਸੀਂ ਇਨ੍ਹਾਂ ਦੇ ਹੀ ਗੁਣ ਗਾਉਂਦੇ ਹਾਂ, ਉਹਨ੍ਹਾਂ ਦੇ ਮਨੁਖੀ ਸਰੂਪ ਨੂੰ ਉੱਚਾ ਕਰਕੇ ਜਾਣਦੇ ਹਾਂ।

ਸਾਡਾ ਇਹ ਭਰਮ ਹੀ ਅਗਲੇ ਪਦੇ ਰਾਹੀਂ ਕਢਿਆ ਹੋਇਆ ਹੈ ਜਿਸ ਨੂੰ ਕਿ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

33/3838

“ਚੰਦਨ ਕਾ ਫਲੁ ਚੰਦਨ ਵਾਸੁ ॥ਮਾਣਸ ਕਾ ਫਲੁ ਘਟ ਮਹਿ ਸਾਸੁ ॥
ਸਾਸਿ ਗਇਐ ਕਾਇਆ ਢਲਿ ਪਾਇ ॥ਤਾ ਕੈ ਪਾਛੈ ਕੋਇ ਨ ਖਾਇ ॥੩॥”

ਜਿਵੇ ਕਿ ਸ਼ਬਦ ਦੇ ਸ਼ੁਰੂ ਵਿੱਚ ਅਸੀਂ ਜਿਸ ਗੱਲ ਦੀ ਚਰਚਾ ਕੀਤੀ ਹੈ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਭਾਵ ਨਿਰਗੁਣ ਰੂਪ ਦਾ ਤੇ ਸਰਗੁਣ ਰੂਪ ਦਾ ਭੇਦ ਸਮਝਇਆ ਹੋਇਆ ਹੈ ਕਿ ਦੋਨਾਂ ਵਿੱਚੋਂ ਉੱਚਾ ਕਉਣ ਹੈ। ਜਿਸ ਸਰੀਰ ਦੇ ਅੰਦਰ ਨਿਰਗੁਣ ਰੂਪ ਉੱਚਾ ਹੁੰਦਾ ਹੈ ਉਸੇ ਦਾ ਹੀ ਸਰਗੁਣ ਰੂਪ ਉੱਚਾ ਬਣਦਾ ਹੈ ਭਾਵ ਕਿਸੇ ਨੂੰ ਵੀ ਉੱਚਾ ਬਨਾਉਣ ਨਾਲਾ ਉਸ ਦੇ ਅੰਦਰ ਦਾ ਨਿਰਗੁਣ ਰੂਪ ਹੁੰਦਾ ਹੈ, ਜਿਸ ਰੂਪ ਵਿੱਚ ਪ੍ਰਮਾਤਮਾ ਹਰ ਵਸਤੂ ਦੇ ਅੰਦਰ ਆਪ ਰਮਿਆ ਹੋਇਆ ਹੈ। ਅਗਰ ਕੋਈ ਵੀ ਸਰਗੁਣ ਰੂਪ ਵਿੱਚ ਉੱਚਾ ਹੈ, ਉਸ ਨੂੰ ਉੱਚਾ ਕਰਣ ਵਾਲਾ ਆਪ ਪ੍ਰਮਾਤਮਾ ਹੈ।ਧਰਮ ਦੇ ਮਾਰਗ ਤੇ ਅਸੀਂ ਮਨੁੱਖੀ ਰੂਪ ਨੂੰ ਉੱਚਾ ਮੰਨਦੇ ਹਾਂ, ਸਰਗੁਣ ਰੂਪ ਨੂੰ ਉੱਚਾ ਮੰਨਦੇ ਹਾਂ ਕਿਉਂਕਿ ਸਾਨੂੰ ਉਸ ਦੇ ਅੰਦਰ ਦੇ ਨਿਰਗੁਣ ਰੂਪ ਦੀ ਸੋਝੀ ਨਹੀਂ ਹੈ। ਪੋਥੀ ਭਾਵ ਗੁਰਬਾਣੀ ਸਾਨੂੰ ਸਰਗੁਣ ਸਰੂਪ ਵਿੱਚ ਨਜ਼ਰ ਆਉਂਦੀ ਹੈ ਤੇ ਉਹ ਪੂਜਣ ਲਾਇਕ ਹੈ ਤੇ ਉਸ ਨੂੰ ਉੱਚਾ ਕਰਨ ਵਾਲਾ ਉਸ ਦੇ ਅੰਦਰ ਨਿਰਗੁਣ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਅੰਦਰ ਹਰ ਵੇਲੇ ਵਿਚਰ ਰਿਹਾ ਹੈ। ਅਸੀਂ ਮਨੁੱਖੀ ਰੂਪ ਵੈਦ ਦੀ ਭਾਵ ਭੋਲੇ ਵੈਦਾਂ ਦੀ, ਨਾਸਮਝ ਵੈਦਾਂ ਦੀ ਕਦਰ ਉਨ੍ਹਾਂ ਦੇ ਨਿਰਗੁਣ ਰੂਪ ਕਰਕੇ ਨਹੀਂ ਪਾਉਂਦੇ ਪਰ ਉਨ੍ਹਾਂ ਦੇ ਬਾਹਰੀ ਰੂਪ ਦੇ ਦਿਖਾਵਿਆਂ ਕਰਕੇ ਪਾਉਂਦੇ ਹਾਂ। ਇਥੇ ਹੀ ਸਾਡੀ ਨਾਸਮਝੀ ਛੁਪੀ ਹੋਈ ਹੈ। ਜਿਨ੍ਹਾਂ ਨੂੰ ਗੁਰਮਤਿ ਦੀ ਸਮਝ ਨਹੀਂ ਹੈ ਪਰ ਫਿਰ ਵੀ ਅਸੀਂ ਉਹਨਾਂ ਦੀ ਉੱਚੀ ਕਦਰ ਬਣਾਈ ਹੋਈ ਹੈ ਜੋ ਕਿ ਸਾਡਾ ਭਰਮ ਹੈ। ਉਪਰਲੇ ਪਦੇ ਰਾਹੀਂ ਸਾਡਾ ਇਹ ਭਰਮ ਹੀ ਕਢਿਆ ਹੋਇਆ ਹੈ।

ਅਸੀਂ ਚੰਦਨ ਦੇ ਪੇੜ ਦੀ ਕਦਰ ਪਾਉਂਦੇ ਹਾਂ ਜਿਸ ਕਰਕੇ ਅਸੀਂ ਚੰਦਨ ਦੇ ਪੇੜ ਨੂੰ ਸੋਹਣਾ ਕਹਿੰਦੇ ਹਾਂ ਤੇ ਕਈ ਉਸਦੀ ਪੂਜਾ ਵੀ ਕਰਦੇ ਹਨ, ਧਾਰਮਿਕ ਸਮਗਰੀ ਦਾ ਹਿੱਸਾ ਬਣਾਉਂਦੇ ਹਨ। ਚੰਦਨ ਦੀ ਕੀਮਤ ਉਸ ਦੇ ਅੰਦਰ ਦੇ ਗੁਣ ਪਾਉਂਦੇ ਹਨ। ਕਿਸੇ ਵੀ ਵਸਤੂ ਨੂੰ ਉੱਚਾ ਉਸ ਦੇ ਗੁਣ ਕਰਦੇ ਹਨ। ਚੰਦਨ ਨੂੰ ਕੀਮਤੀ ਬਨਾਉਣ ਵਾਲੀ ਉਸ ਦੇ ਅੰਦਰ ਦੀ ਖੁਸ਼ਬੂ ਹੈ ਜੋ ਚੰਦਨ ਦਾ ਫਲ ਹੈ। ਚੰਦਨ ਦੀ ਖੁਸ਼ਬੂ, ਉਸ ਦਾ ਨਿਰਗੁਣ ਰੂਪ ਸਰਗੁਣ ਰੂਪ ਨੂੰ ਉੱਚਾ ਬਨਾਉਂਦਾ ਹੈ। ਖੁਸ਼ਬੂ ਤੋਂ ਬਿਨਾ ਚੰਦਨ ਦੀ ਕੀਮਤ ਨਹੀਂ ਪੈਂਦੀ। ਚੰਦਨ ਦੀ ਤੁਲਨਾ ਮਨੁੱਖੀ ਸਰੀਰ ਨਾਲ ਕੀਤੀ ਹੋਈ ਹੈ। ਮਨੁੱਖ ਦਾ ਸਰੀਰ ਸਰਗੁਣ ਰੂਪ ਹੈ ਪਰ ਇਸ

33/3839

ਸਰਗੁਣ ਰੂਪ ਆਕਾਰ ਦੀ ਕੀਮਤ ਤਦ ਤਕ ਹੈ ਜਦ ਤਕ ਉਸ ਦੇ ਅੰਦਰ ਸੁਆਸ ਚਲਦੇ ਰਹਿੰਦੇ ਹਨ ਭਾਵ ਜਦ ਤਕ ਉਸ ਦੇ ਅੰਦਰ ਜੋਤਿ ਟਿਕੀ ਰਹਿੰਦੀ ਹੈ, ਸਵਾਸਾਂ ਨੂੰ ਚਲਾਉਣ ਵਾਲਾ ਚਲਾਉਂਦਾ ਰਹਿੰਦਾ ਹੈ ਜੋ ਕਿ ਨਿਰਗੁਣ ਰੂਪ ਵਿੱਚ ਹੈ। ਨਿਰਗੁਣ ਰੂਪ ਵਿੱਚ ਪ੍ਰਮਾਤਮਾ ਆਪ ਹੈ, ਸਭ ਦੇ ਅੰਦਰ ਆਪ ਹੈ ਭਾਵੇਂ ਉਹ ਵਨਸਪਤੀ ਹੈ ਤੇ ਭਾਵੇਂ ਉਹ ਮਨੁੱਖੀ ਸਰੀਰ ਹੈ। ਸਭ ਜਗ੍ਹਾਂ ਨਿਰਗੁਣ ਰੂਪ ਵਿੱਚ ਪ੍ਰਮਾਤਮਾ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ। ਚੰਦਨ ਦੇ ਵਿੱਚ ਖੁਸ਼ਬੂ ਉਸ ਦੇ ਗਿਆਨ ਦੁਆਰਾ ਹੀ ਉਤਪਨ ਹੁੰਦੀ ਹੈ ਤੇ ਮਨੁੱਖ ਦੇ ਅੰਦਰ ਸੁਆਸ ਵੀ ਉਸ ਦੇ ਗਿਆਨ ਦੁਆਰਾ ਹੀ ਚਲਦੇ ਹਨ। ਅਸੀਂ ਉਸ ਨਿਰਗੁਣ ਰੂਪ ਤਕ ਨਹੀਂ ਪੰਹੁਚਦੇ ਜੋ ਹਰ ਸਰਗੁਣ ਰੂਪ ਦਾ ਮਾਲਕ ਹੈ ਤੇ ਉਸ ਦੇ ਅੰਦਰ ਹੀ ਹੈ। ਅਸੀਂ ਸਰਗੁਣ ਰੂਪ ਨੂੰ ਹੀ ਉੱਚਾ ਮੰਨਦੇ ਹਾਂ ਭਾਵ ਉਸਦੀ ਬਣਾਈ ਹੋਈ ਵਸਤੂ ਨੂੰ , ਕ੍ਰਿਏਸ਼ਨ ਨੂੰ ਉੱਚਾ ਮੰਨਦੇ ਹਾਂ ਤੇ ਕ੍ਰਿਏਸ਼ਨ ਦੀ ਕਦਰ ਪਾਉਂਦੇ ਹਾਂ। ਜਿਨ੍ਹਾਂ ਨੂੰ ਅਸੀਂ ਧਾਰਮਿਕ ਵੈਦ ਮੰਨਿਆ ਹੋਇਆ ਹੈ ਭਾਵ ਜੋ ਵੈਦ ਨਹੀਂ ਹਨ ਪਰ ਫਿਰ ਵੀ ਉਹਨਾਂ ਨੂੰ ਵੈਦ ਮੰਨਿਆ ਹੋਇਆ ਹੈ ਅਸੀਂ ਉਨ੍ਹਾਂ ਦੀ ਮਨੁੱਖੀ ਦੇਹ ਨੂੰ ਉੱਚਾ ਸਮਝਦੇ ਹਾਂ ਤੇ ਉਨ੍ਹਾਂ ਨੂੰ ਪੂਜਦੇ ਹਾਂ ਭਾਵ ਆਕਾਰ ਰੂਪ ਦੀ ਕਦਰ ਪਾਉਦੇਂ ਹਾਂ। ਉਸ ਚੀਜ ਦੀ ਕਦਰ ਪਾਉਂਦੇ ਹਾਂ ਜੋ ਬਿਨਸਨਹਾਰ ਹੈ। ਸਾਡੇ ਸਭ ਦੇ ਅੰਦਰ ਇਕ ਵੱਡਾ ਭਰਮ ਇਹ ਹੈ ਕਿ ਕਿਸੇ ਮਨੁੱਖੀ ਦੇਹ ਨੇ ਸਾਡਾ ਸਵਾਰਨਾ ਹੈ ਭਾਵ ਇਹਨਾਂ ਝੂਠੇ ਵੈਦਾਂ ਨੇ ਸਾਡਾ ਸਵਾਰਨਾ ਹੈ ਤੇ ਇਸ ਕਰਕੇ ਅਸੀਂ ਉਹਨਾਂ ਦੇ ਪਿੱਛੇ ਲਗਦੇ ਹਾਂ। ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਇਹ ਸਮਝਦੇ ਹਾਂ ਕਿ ਇਹਨ੍ਹਾਂ ਦੇ ਪਿੱਛੇ ਲਗੱਣ ਨਾਲ ਸਾਨੂੰ ਮਾਇਆ ਦੀਆ ਦਾਤਾਂ ਮਿਲਦੀਆਂ ਹਨ ਕਿਉਂਕਿ ਸਾਡੇ ਅੰਦਰ ਇਕ ਵਿਸ਼ਵਾਸ ਬਣ ਜਾਂਦਾ ਹੈ ਕਿ ਇਹ ਝੂਠੇ ਵੈਦ ਸੱਚੇ ਵੈਦ ਹਨ, ਪ੍ਰਮਾਤਮਾ

ਦੇ ਨੇੜੇ ਹਨ ਜਾਂ ਉਸ ਦੇ ਨਾਲ ਮਿਲੇ ਹੋਏ ਹਨ ਤੇ ਇਹਨਾਂ ਦੀ ਸੇਵਾ ਵਿੱਚ ਲਗੱਣ ਨਾਲ, ਇਹਨਾਂ ਦੀਆ ਗੱਲਾਂ ਮੰਨਣ ਨਾਲ ਸਾਡੀਆ ਮੁਰਾਦਾਂ ਪੂਰੀਆਂ ਹੁੰਦੀਆ ਹਨ। ਇਹੋ ਜਿਹੀਆਂ ਆਸਾਂ ਕਿਸੇ ਮਨੁੱਖ ਤੇ ਰੱਖਣੀਆਂ ਵੀ ਸਾਡਾ ਭਰਮ ਹੈ ਤੇ ਗੁਰੂ ਪ੍ਰਮਾਤਮਾ ਦੇ ਨਾਲ ਬੇਵਿਸ਼ਵਾਸੀ ਦਿਖਾਉਂਣ ਵਾਲੀ ਗੱਲ ਹੈ। ਜਿਸ ਦੇਹ ਦਾ ਆਪਣਾ ਕੋਈ ਪੱਕਾ ਵਜੂਦ ਨਹੀਂ ਹੈ ਉਸ ਨੇ ਕਿਸੇ ਨੂੰ ਕੀ ਦੇਣਾ ਹੈ। ਸਾਨੂੰ ਜੋ ਕੁਝ ਵੀ ਮਿਲਦਾ ਹੈ ਉਹ ਸਾਡੇ ਕਰਮਾਂ ਅਨੁਸਾਰ ਹੀ ਮਿਲਦਾ ਹੈ ਜੋ ਕਰਮ ਪ੍ਰਮਾਤਮਾ ਨੇ ਆਪ ਹੀ ਲਿਖੇ ਹੋਏ ਹਨ ਪਰ ਸਾਡੇ ਸਭ ਦੇ ਅੰਦਰ ਭਰਮ ਵੀ ਉਸਦਾ ਹੀ ਪਾਇਆ ਹੋਇਆ ਹੈ ਜਿਸ ਕਰਕੇ ਅਸੀਂ ਦਰ ਦਰ ਭਟਕਦੇ ਰਹਿੰਦੇ ਹਾਂ। ਨਾ ਹੀ ਕਿਸੇ ਪਿੱਛੇ ਲੱਗ ਕੇ ਸਾਨੂੰ ਦਾਤਾਂ ਮਿਲਦੀਆਂ ਹਨ ਤੇ ਨਾ ਹੀ ਕੋਈ ਸਾਨੂੰ ਪ੍ਰਮਾਤਮਾ ਦੇ ਵਿਛੋੜੇ

ਵਿੱਚੋਂ ਕੱਢ ਸਕਦਾ ਹੈ। ਅਕਸਰ ਇਹ ਕਹਿਣ ਨੂੰ ਮਿਲਦਾ ਹੈ ਕਿ ਅਸੀਂ ਕਿਸੇ ਮਨੱਖੀ ਦੇਹ ਦੇ ਪੈਰਾ ਪਿਛੇ ਖਾ ਰਹੇ ਹਾਂ ਭਾਵ ਕਿਸੇ ਦੀ ਕਿਰਪਾ ਦੁਆਰਾ ਸਾਨੂੰ ਦਾਤਾਂ ਦੀ ਪ੍ਰਾਪਤੀ ਹੋਈ ਹੈ ਪਰ ਇਹ ਸਭ ਸਾਡਾ ਭਰਮ ਹੈ ਤੇ ਸਾਨੂੰ ਹੋਰ ਭਰਮਾਂ ਵਿੱਚ ਪਾਉਂਦਾ ਹੈ ਕਿਉਂਕਿ ਭਰਮ ਨੂੰ ਫੈਲਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਦੁਆਰਾ ਉਹ ਆਪਣੀ ਇਸ ਸੰਸਾਰਿਕ ਖੇਡ ਨੂੰ ਚਲਾ ਰਿਹਾ ਹੈ। ਜੋ ਕਿਸੇ ਦਰਾਂ ਦੇ ਉਪਰ ਨਹੀਂ ਜਾਂਦੇ ਤੇ ਆਪਣੇ ਆਪ ਨੂੰ ਨਾਸਤਿਕ ਤਕ ਵੀ ਅਖਵਾਉਂਦੇ ਹਨ ਦਾਤਾਂ ਦੀ ਪ੍ਰਾਪਤੀ ਉਨ੍ਹਾਂ ਨੂੰ ਵੀ ਹੁੰਦੀ ਹੈ। ਉਹ ਸਭ ਨੂੰ ਦਿੰਦਾ ਹੈ, ਕਰਮਾਂ ਅਨੁਸਾਰ ਦਿੰਦਾ ਹੈ ਤੇ ਧਾਰਮਿਕ ਸੋਝੀ ਵੀ ਕਿਸੇ ਵੱਡੇ ਕਰਮਾਂ ਨਾਲ ਹੀ ਪਾਉਂਦਾ ਹੈ ਭਾਵ ਆਪਣੀ ਗੁਰਮਤਿ ਨਾਲ ਵੱਡੇ ਕਰਮਾਂ ਨਾਲ ਹੀ ਜੋੜਦਾ ਹੈ ਤੇ ਮਾਇਆ ਮੋਹ ਵਿੱਚੋਂ ਕਿਸੇ ਕਰਮਾਂ ਵਾਲੇ ਨੂੰ ਹੀ ਕੱਢਦਾ ਹੈ ਤੇ ਵਿਛੋੜੇ ਦਾ ਦੁੱਖ ਦੂਰ ਕਰਦਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁੱਖ ਦੂਰ ਕਰਨ ਦੀ ਲਾਲਸਾ ਹੈ ਉਸ ਲਈ ਸਾਡੇ ਲਈ ਸੱਚਾ ਉਦਮ ਇਹੀ ਹੈ ਕਿ ਅਸੀਂ ਝੂਠੇ ਵੈਦਾਂ ਦੀ ਮਤਿ ਤੋਂ ਬਚੀਏ, ਉਨ੍ਹਾਂ ਦੀ ਦੇਹ ਦੇ ਗੁਣ ਗਾਉਣ ਤੋਂ ਬਚੀਏ ਤੇ ਗੁਰੂ ਪ੍ਰਮਾਤਮਾ ਦੇ ਨਿਰਗੁਣ ਰੂਪ ਨਾਲ, ਗੁਰਬਾਣੀ ਦੇ ਨਿਰਗੁਣ ਰੂਪ ਨਾਲ ਜੁੜੀਏ ਜਿਸ ਕਰਕੇ ਗੁਰਬਾਣੀ ਆਪਣੇ ਸਰਗੁਣ ਰੂਪ ਰਾਹੀਂ ਉੱਚੀ ਹੈ, ਪੂਜਨੀਕ ਹੈ। (**ਚੰਦਨ ਕਾ ਫਲੁ ਚੰਦਨ ਵਾਸੁ ॥ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥3॥**)

ਸਰਗੁਣ ਰੂਪ ਨੂੰ ਉੱਚਾ ਬਣਾਉਣ ਵਾਲਾ ਉਸ ਦੇ ਅੰਦਰ ਦਾ ਨਿਰਗੁਣ ਰੂਪ ਹੁੰਦਾ ਹੈ, ਇਹੀ ਗੱਲ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥

ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥”

ਧਿਆਨ ਨਾਲ ਸਮਝੋ ਕਿ ਸਾਡੀ ਕਾਂਇਆ ਦਾ ਭਾਵ ਮਨੁੱਖੀ ਸਰੂਪ ਦਾ ਕੰਚਨ ਰੂਪ ਭਾਵ ਕੀਮਤੀ ਰੂਪ, ਸੱਚਾ ਮਾਨ ਲੈਣ ਯੋਗ ਰੂਪ ਕਿਵੇਂ ਬਣਦਾ ਹੈ। ਸਾਡੀ ਕਾਂਇਆ ਦਾ ਚੰਗਾ ਜਾ ਮੰਦਾ ਬਣਨਾ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ‘‘ਹੰਸ’’ ਸਾਡਾ ਮਨ ਹੈ ਤੇ ਜਦ ਤਕ ਇਹ ਮਨ ਨਿਰਮਲ ਨਹੀਂ ਬਣਦਾ ਭਾਵ ਮਲ ਰਹਿਤ ਨਹੀਂ ਬਣਦਾ, ਪਵਿਤਰ ਨਹੀਂ ਬਣਦਾ ਤਦ ਤਕ ਸਾਡੀ ਕਾਂਇਆ ਦੀ ਸੱਚੀ ਕਦਰ ਨਹੀਂ ਪੈਂਦੀ, ਪ੍ਰਮਾਤਮਾ ਦੇ ਦਰ ਤੇ ਕਦਰ ਨਹੀਂ

ਪੈਂਦੀ। ਮਨ ਦਾ ਨਿਰਮਲ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ ਮਨ ਅਗਿਆਨਤਾ ਦੀ ਮੈਲ ਕਰਕੇ ਮੈਲਾ ਹੈ, ਮਨਮਤਿ ਕਰਕੇ ਮੈਲਾ ਹੈ ਜੋ ਕੇਵਲ ਗੁਰਮਤਿ ਰੂਪ ਸੋਝੀ ਵੱਸਣ ਦੁਆਰਾ ਹੀ ਨਿਰਮਲ ਹੁੰਦਾ ਹੈ। ਗੁਰੂ ਦੀ ਕਾਂਇਆ ਕੰਚਨ ਰੂਪ ਹੈ ਕਿਉਂਕਿ ਉਹ ਅਗਿਆਨਤਾ ਦੀ ਮਲ ਤੋਂ ਰਹਿਤ ਹੈ। ਜਿਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਮਨ ਦੀ ਮਲ ਤੋਂ ਰਹਿਤ ਹੋ ਕੇ ਕੀਤੀ ਹੈ। ਮਨ ਨੂੰ ਨਿਰਮਲ ਗੁਰੂ ਦਾ ਨਾਮ ਕਰਦਾ ਹੈ ਭਾਵ ਸੱਚਾ ਗਿਆਨ ਕਰਦਾ ਹੈ। ਜਿਸ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਕਾਇਆ ਫਿਰ ਪ੍ਰਮਾਤਮਾ ਦੀ ਅੰਸ ਬਣ ਜਾਂਦੀ ਹੈ ਭਾਵ ਉਸੇ ਦਾ ਹਿੱਸਾ ਬਣ ਜਾਂਦੀ ਹੈ ਭਾਵ ਉਸ ਦਾ ਪ੍ਰਮਾਤਮਾ ਨਾਲੋਂ ਭੇਦ ਮਿਟ ਜਾਦਾਂ ਹੈ ਤੇ ਸਮਝ ਲਗ ਜਾਂਦੀ ਹੈ ਕਿ ਮਨੁੱਖੀ ਕਾਂਇਆ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਇਹ ਕਾਂਇਆ ਕੰਚਨ ਰੂਪ ਬਣਦੀ ਹੈ ਜਿਸ ਦਾ ਮਾਣ ਕਰਣਾ ਸੱਚਾ ਮਾਣ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਕੋਈ ਪ੍ਰਮਾਤਮਾ ਦਾ ਸੱਚਾ ਵੈਦ ਬਣਦਾ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਸੱਚਾ ਵੈਦ ਹੈ ਜਿਸ ਕਰਕੇ ਉਹ ਮਾਣਯੋਗ ਹੈ, ਪੂਜਣ ਯੋਗ ਹੈ। (**ਕੰਚਨ ਕਾਇਆ**

ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥) ਜਿਸ ਮਨੁੱਖ ਦਾ "ਦੂਖ" ਦੂਰ ਹੁੰਦਾ ਹੈ ਭਾਵ ਪ੍ਰਮਾਤਮਾ ਨਾਲ ਵਿਛੋੜੇ ਦਾ ਦੁੱਖ ਦੂਰ ਹੁੰਦਾ ਹੈ ਤੇ ਮਨ ਦੇ ਸਭ ਰੋਗ ਦੂਰ ਹੁੰਦੇ ਹਨ ਉਹ ਮਨ ਦੀ ਇਸ ਅਵਸਥਾ ਦੁਆਰਾ ਹੀ ਦੂਰ ਹੁੰਦੇ ਹਨ ਭਾਵ ਨਾਮ ਦੀ ਪ੍ਰਾਪਤੀ ਦੁਆਰਾ ਹੀ ਦੂਰ ਹੁੰਦੇ ਹਨ। ਰੋਗ ਸਾਡੀ ਮਨ ਦੀ ਅਗਿਆਨਤਾ ਦਾ ਹੈ, ਭਰਮ ਦਾ ਹੈ, ਜਿਸ ਦੇ ਬੰਧਨ ਵਿੱਚੋਂ ਸਾਨੂੰ ਪ੍ਰਮਾਤਮਾ ਦਾ ਸੱਚਾ ਗਿਆਨ ਕੱਢਦਾ ਹੈ। ਸਾਡਾ ਇਹ ਰੋਗ ਕੱਢਣ ਦਾ ਦਾਰੂ ਕੇਵਲ ਸੱਚੇ ਵੈਦ ਦੇ ਕੋਲ ਹੈ, ਗੁਰਬਾਣੀ ਦੇ ਕੋਲ ਹੈ ਜਿਸ ਦੀ ਮਤਿ ਨਾਲ ਜੁੜ ਕੇ ਅਸੀਂ ਰੋਗ ਮੁਕਿਤ ਹੋ ਸਕਦੇ ਹਾਂ, ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦੇ ਦੁਖ ਵਿੱਚੋਂ ਨਿਕਲ ਸਕਦੇ ਹਾਂ।(**ਕੰਚਨ ਕਾਇਆ ਨਿਰਮਲ ਹੰਸੁ ॥ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ਨਾਨਕ ਛੂਟਸਿ ਸਾਚੈ ਨਾਇ ॥4॥2॥7॥**)

ਜਿਵੇਂ ਕਿ ਅਸੀਂ ਉਪਰ ਸ਼ਬਦ ਰਾਹੀਂ ਜਾਣਿਆ ਹੈ ਜਿਸ ਰੋਗ ਦੀ ਦਵਾਈ ਅਸੀਂ ਚਾਹੁੰਦੇ ਹਾਂ ਉਹ ਰੋਗ ਸਾਡੇ ਮਨ ਦਾ ਹੈ, ਮਨ ਦੀ ਤ੍ਰਿਸਨਾ ਦਾ ਹੈ, ਮਾਇਆਂ ਮੋਹ ਦਾ ਹੈ ਜਿਸ ਦਾ ਮੂਲ ਸਾਡੇ ਮਨ ਦੀ ਅਗਿਆਨਤਾ ਹੈ।

ਇਸ ਰੋਗ ਨੂੰ ਦੂਰ ਕਰਣ ਦੀ ਸੱਚੀ ਦਵਾਈ ਨਾਮ ਹੈ, ਗੁਰੂ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਗੁਰਮਤਿ ਦੇ ਰੂਪ ਵਿੱਚ ਹੈ ਜਿਸ ਨੇ ਸਾਨੂੰ ਮਨਮਤਿ ਦੇ ਰੋਗ ਵਿੱਚੋਂ ਕੱਢਣਾ ਹੈ। ਇਹ ਰੋਗ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੈ ਤੇ ਇਸ ਦੀ ਦਵਾਈ ਵੀ ਨਿਰਗੁਣ ਰੂਪ ਵਿੱਚ ਹੈ।

ਅਸੀਂ ਮਨ ਦੇ ਰੋਗ ਦਾ ਇਲਾਜ ਕਥਨੀ ਦੁਆਰਾ ਕਰਨਾ ਚਾਹੁੰਦੇ ਹਾਂ, ਮੁੱਖੋਂ ਬੋਲ ਬੋਲ ਕੇ ਕਰਨਾ ਚਾਹੁੰਦੇ ਹਾਂ, ਸਰੀਰਕ ਕਿਰਿਆਵਾਂ ਆਦਿ ਦੁਆਰਾ ਕਰਨਾ ਚਾਹੁੰਦੇ ਹਾ, ਭਗਤੀ ਦੇ ਦਿਖਾਵਿਆ ਦੁਆਰਾ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨਾਲ ਸਾਡੇ ਮਨ ਦਾ ਰੋਗ ਦੂਰ ਨਹੀਂ ਹੋ ਸਕਦਾ, ਸਾਡੀ ਹਉਮੈ ਦੂਰ ਨਹੀਂ ਹੋ ਸਕਦੀ। ਇਸ ਰੋਗ ਦੀ ਵਜ੍ਹਾ ਗੁਰੂ ਦੀ ਗੱਲ ਨੂੰ ਨਾ ਮੰਨਣ ਦਾ ਹੈ ਭਾਵ ਉਸ ਤੇ ਅਮਲ ਨਾ ਕਰਨ ਦਾ ਹੈ। ਇਸ ਰੋਗ ਨੂੰ ਦੂਰ ਕਰਨ ਦਾ ਅਸੀਂ ਉਦਮ ਹੀ ਕਰਨਾ ਹੈ ਤੇ ਇਹ ਰੋਗ ਕੇਵਲ ਪ੍ਰਮਾਤਮਾ ਆਪ ਹੀ ਦੂਰ ਕਰ ਸਕਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਕਰ ਸਕਦਾ ਹੈ ਤੇ ਕਿਸੇ ਨੂੰ ਹਉਮੈ ਤੋਂ, ਮਾਇਆ ਮੋਹ ਤੋਂ, ਤ੍ਰਿਸ਼ਨਾ ਤੋਂ ਭਾਵ ਮਨ ਦੀ ਕਲਿ ਤੋਂ, ਅਗਿਆਨਤਾ ਤੋਂ ਦੂਰ ਕਰ ਸਕਦਾ ਹੈ। ਇਹ ਰੋਗ ਪ੍ਰਮਾਤਮਾ ਦੇ ਦਰਸ਼ਨਾਂ ਦੁਆਰਾ ਹੀ ਦੂਰ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸੰਸਾਰ ਤੇ ਵੱਡੇ ਵੱਡੇ ਵੈਦ ਭਾਵ ਧਰਮ ਦੇ ਮਾਰਗ ਤੇ ਬਹੁਤ ਬਹੁਤ ਉੱਚਾ ਅਖਵਾ ਕੇ ਭਰਮ ਵਿੱਚ ਹੀ ਚਲੇ ਗਏ ਹਨ ਪਰ ਉਹ ਇਸ ਸੰਸਾਰ ਤੋਂ ਰੋਗ ਦੇ ਵਿੱਚ ਹੀ ਗਏ ਹਨ, ਹਉਮੈ ਦੇ ਵਿੱਚ, ਸਹਸਾ ਦੇ ਵਿੱਚ ਹੀ ਗਏ ਹਨ।ਆਉ ਇਸ ਗੱਲ ਨੂੰ ਹੇਠ ਦਿੱਤੇ ਸਲੋਕਾਂ ਤੇ ਪਉੜੀ ਰਾਹੀਂ ਹੋਰ ਵੀ ਸਮਝੀਏ ਤੇ ਭੋਲੇ ਵੈਦਾਂ ਕੋਲੋਂ ਆਪਣਾ ਇਲਾਜ ਕਰਵਾਉਂਣ ਤੋਂ ਬਚੀਏ।

ਸਲੋਕ ਮਃ ੧ ॥

" ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥ "

(ਅੰਗ ੧੨੭੯)

ਇਹ ਰੋਗ ਸਾਡੇ ਮਨ ਦਾ ਹੈ ਪਰ ਭੋਲੇ ਵੈਦ ਭਾਵ ਭਰਮੇ ਹੋਏ ਵੈਦ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁੱਖ ਸਾਡੇ ਮਨ ਦੀ ਅਵਸਥਾ ਦੇ ਨਾਲ ਜੁੜਿਆ ਹੋਇਆ ਹੈ, ਹਉਮੈ ਵਾਲੀ, ਤ੍ਰੈ ਗੁਣਾ ਵਾਲੀ ਅਵਸਥਾ ਦੇ ਨਾਲ ਜੁੜਿਆ ਹੋਇਆ ਹੈ ਜਿਸ ਨੇ ਸਾਰੇ ਸੰਸਾਰ ਨੂੰ ਭਰਮ ਵਿੱਚ, ਤ੍ਰਿਸ਼ਨਾ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾ ਕੋਈ ਇਸ ਰੋਗ ਤੋਂ ਮੁਕਤਿ ਨਹੀਂ ਹੋ ਸਕਦਾ। ਇਹ ਭੋਲੇ ਵੈਦ ਇਸ ਰੋਗ ਦਾ ਇਲਾਜ ਸਰੀਰ ਰਾਹੀਂ ਕਰਨਾ ਸਮਝਦੇ ਹਨ, ਸਰੀਰਕ ਕਿਰਿਆਵਾਂ ਨਾਲ ਜੁੜ ਕੇ ਕਰਨਾ ਸਮਝਦੇ ਹਨ ਜਿਵੇਂ ਕਿ ਅਸੀਂ ਬਾਰ ਬਾਰ ਇਸ ਗੱਲ ਨੂੰ ਸਮਝਿਆ ਹੈ। ਭੋਲੇ ਵੈਦਾਂ ਨੂੰ ਨਾਮ ਦੀ ਸਮਝ ਨਹੀਂ ਹੈ ਕਿ ਉਸ ਦਾ ਮਕਸਦ ਕੀ ਹੈ ਜੋ ਕਿ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ

ਦਾ ਹੈ ਜੋ ਮਨ ਦੇ ਰੋਗਾਂ ਦੀ ਜੜ ਹੈ। ਨਾਮ ਨੂੰ ਕਥਨੀ ਦਾ ਮਾਰਗ ਸਮਝ ਕੇ, ਸਰੀਰਕ ਕਿਰਿਆਵਾਂ ਦਾ ਮਾਰਗ ਸਮਝ ਕੇ ਇਹ ਸਾਨੂੰ ਹੋਰ ਵੀ ਰੋਗੀ ਬਣਾਉਦੇ ਹਨ। ਜੋ ਰੋਗ ਉਨ੍ਹਾਂ ਦਾ ਆਪਣਾ ਨਹੀਂ ਨਿਕਲਿਆ ਉਹ ਦੁਸਰਿਆਂ ਦਾ ਕਿਵੇਂ ਕੱਢ ਸਕਦੇ

ਹਨ। (**ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥1॥**) ਜਿਵੇਂ ਕਿਸੇ ਦੀ ਨਬਜ਼ ਵੇਖ ਕੇ ਕੋਈ ਵੈਦ, ਹਕੀਮ ਇਹ ਨਹੀਂ ਸਮਝ ਸਕਦਾ ਕਿ ਮਨੁੱਖ ਦੇ ਅੰਦਰ ਵਿਚਾਰਾਂ ਦੀ ਅਵਸਥਾ ਕਿਹੋ ਜਿਹੀ ਹੈ ਇਸੇ ਤਰ੍ਹਾਂ ਜੋ ਖੁਦ ਇਸ ਮਨ ਦੀ ਅਵਸਥਾ ਨੂੰ ਨਹੀਂ ਜਾਣਦੇ ਕਿ ਇਹ ਮਨ ਕੀ ਹੈ ਇਹੋ ਜਿਹੇ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ, ਵੈਦ ਅਖਵਉਣ ਵਾਲੇ ਕਿਸੇ ਦੇ ਮਨ ਦੇ ਰੋਗ ਨੂੰ ਕੀ ਜਾਣ ਸਕਦੇ ਹਨ ਕਿ ਮਨੁੱਖ ਦੇ ਅੰਦਰ ਹਉਮੈ ਕਿਥੋਂ ਆਉਂਦੀ ਹੈ, ਤ੍ਰਿਸ਼ਨਾ, ਮਾਇਆ ਮੋਹ, ਮਨਮਤਿ ਕਿਥੋਂ ਆਉਦੀ ਹੈ ਤੇ ਕਿਵੇਂ ਦੂਰ ਹੋ ਸਕਦੀ ਹੈ। ਮਨ ਦੇ ਰੋਗ ਨੂੰ ਉਹੀ ਸਮਝ ਸਕਦਾ ਹੈ ਜਿਸ ਦਾ ਅਪਣਾ ਮਨ ਦਾ ਰੋਗ ਨਿਕਲਿਆ ਹੋਇਆ ਹੈ ਭਾਵ ਜਿਸ ਨੂੰ ਮਨ ਦੇ ਰੋਗ ਦੀ ਪਹਿਚਾਣ ਹੈ। ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ।

ਮਃ ੨ ॥

“ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥”

(ਅੰਗ ੧੨੭੯)

ਜਿਨ੍ਹਾ ਨੂੰ ਅਸੀਂ ਧਰਮ ਦੇ ਵੈਦ ਭਾਵ ਧਰਮ ਦੇ ਆਗੂ ਮੰਨਿਆ ਹੋਇਆ ਹੈ ਉਨ੍ਹਾਂ ਨੂੰ ਸਿਆਣੇ ਸਮਝ ਕੇ ਹੀ ਮੰਨਿਆ ਹੋਇਆ ਹੈ ਤੇ ਆਪਣੇ ਵਲੋਂ ਧਰਮ ਦਾ ਵੈਦ ਉਹੀ ਅਖਵਾਉਂਦਾ ਹੈ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਸਿਆਣਾ ਤੇ ਉੱਚਾ ਸਮਝਦਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਇਨ੍ਹਾਂ ਵੈਦਾਂ ਦਾ ਉਹ ਭਰਮ ਹੀ ਕਢਿਆ ਹੋਇਆ ਹੈ ਕਿ ਤੁਸੀਂ ਆਪਣੇ ਆਪ ਨੂੰ ਭਾਵੇਂ ਸਿਆਣੇ ਵੈਦ ਸਮਝਦੇ ਹੋ, ਉੱਚੀ ਮਤਿ ਵਾਲੇ ਸਮਝਦੇ ਹੋ ਪਰ ਅਸਲ ਵਿੱਚ ਤਾਂ ਤੁਸੀ ਖੁਦ ਹੀ ਰੋਗੀ ਹੋ ਕਿਉਂਕਿ ਤੁਹਾਨੂੰ ਰੋਗ ਦੀ ਪਹਿਚਾਣ ਹੀ ਨਹੀਂ ਹੈ। (**ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥**) ਇਹ ਵੈਦ ਦਾਰੂ ਤਾਂ ਦੁਸਰਿਆ ਨੂੰ ਲਗਾਈ ਜਾਂਦੇ ਹਨ ਪਰ ਜੋ ਦਾਰੂ ਹੈ ਹੀ ਨਹੀਂ ਭਾਵ ਜੋ ਦਾਰੂ ਖੁਦ ਮਨਮਤਿ ਰੂਪ ਹੈ ਉਹ ਅਸਰ ਕਿਵੇਂ ਕਰ ਸਕਦਾ ਹੈ, ਉਹ ਦੁਸਰਿਆਂ ਨੂੰ ਮਨਮਤਿ ਵਿੱਚੋਂ ਕਿਵੇਂ ਕੱਢ ਸਕਦਾ ਹੈ। ਇਨ੍ਹਾਂ ਨਾਸਮਝ ਵੈਦਾ ਨੂੰ ਇਹ ਸਮਝਾਇਆ ਹੈ ਕਿ ਪਹਿਲੇ ਤੁਸੀ ਆਪ ਉਸ ਦਾਰੂ ਨੂੰ ਲਭੋ ਜਿਸ ਦਾਰੂ

ਨਾਲ ਮਨ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ ਭਾਵ ਮਨੁੱਖ ਦਾ ਹਰ ਭਰਮ ਦੂਰ ਹੋ ਜਾਂਦਾ ਹੈ। ਇਹ ਦਾਰੂ ਸੱਚ ਦੇ ਰੂਪ ਵਿੱਚ ਹੈ, ਸ਼ਬਦਾ ਦੀ ਵਿਚਾਰ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਜੋ ਪੂਰੀ ਗੁਰਬਾਣੀ ਵਿੱਚ ਭਰਿਆ ਹੋਇਆ ਹੈ। ਇਸ ਪੂਰੇ ਦਾਰੂ ਦਾ ਮਕਸਦ ਭਾਵ ਹਰ ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਮਨਮਤਿ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ। ਸ਼ਬਦ ਦੀ ਵਿਚਾਰ ਦਾ ਹੋਰ ਕੋਈ ਮਕਸਦ ਹੋ ਹੀ ਨਹੀਂ ਸਕਦਾ। ਇਹ ਨਾਮ ਰੂਪ ਦਾਰੂ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਜੋ ਸਾਨੂੰ ਸੱਚ ਸਮਝਾਉਂਦਾ ਹੈ ਤੇ ਉਸ ਤੇ ਚੱਲਣ ਲਈ ਪ੍ਰੇਰਦਾ ਹੈ ਭਾਵ ਤ੍ਰਿਸ਼ਨਾ, ਮਾਇਆ, ਮੋਹ ਤਿਆਗ ਕੇ, ਸੱਚੇ ਸੁੱਚੇ ਜੀਵਨ ਵਾਲਾ ਬਣਕੇ ਵਿਚਰਨ ਲਈ ਪ੍ਰੇਰਦਾ ਹੇ। (**ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥**)

ਸਾਡਾ ਇਹ ਰੋਗ ਕਿਸ ਰੂਪ ਵਿੱਚ ਦੂਰ ਹੁੰਦਾ ਹੇ ਤੇ ਵੈਦ ਕਿਵੇਂ ਅਖਵਾਇਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥”

ਵੈਦ ਅਖਵਾਉਣਾ ਤਾਂ ਸਭ ਨੂੰ ਚੰਗਾ ਲਗਦਾ ਹੈ ਅਸਲ ਵਿੱਚ ਵੈਦ ਅਖਵਾਉਣਾ ਕਿਤਨੀ ਵੱਡੀ ਗੱਲ ਹੈ ਇਸ ਦੀ ਸਮਝ ਨਹੀਂ ਹੈ। ਅਗਰ ਸਮਝ ਹੋਵੇ ਤਾਂ ਕੋਈ ਆਪਣੇ ਆਪ ਨੂੰ ਵੈਦ ਅਖਵਾ ਹੀ ਨਹੀਂ ਸਕਦਾ, ਉੱਚੇ ਰੁਤਬੇ ਵਾਲਾ, ਉੱਚੇ ਧਾਰਮਿਕ ਗਿਆਨ ਵਾਲਾ, ਸੰਤ, ਬ੍ਰਹਮ ਗਿਆਨੀ ਆਦਿ ਕੋਈ ਅਖਵਾ ਹੀ ਨਹੀਂ ਸਕਦਾ। ਸੱਚਾ ਵੈਦ ਉਹੀ ਹੈ ਜਿਸਦਾ ਪ੍ਰਮਾਤਮਾ ਨਾਲੋਂ

ਵਿਛੋੜੇ ਦਾ ਦੁੱਖ ਦੂਰ ਹੋ ਜਾਂਦਾ ਹੈ ਜੋ ਕਿ ਆਪਣੇ ਅੰਦਰੋ ਸੁੱਖ ਦੇ ਵੱਸਣ ਦੁਆਰਾ ਦੂਰ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਵੱਸਣ ਦੁਆਰਾ ਹੀ ਦੂਰ ਹੁੰਦਾ ਹੈ। ਸਾਡੇ ਅੰਦਰ ਦੁੱਖ ਦਾ ਕਾਰਣ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਸਾਡੇ ਅੰਦਰ ਦੀ ਹਉਮੈ ਹੀ ਹੈ ਜੋ ਰੋਗ ਪ੍ਰਮਾਤਮਾ ਨੇ ਸਭ ਨੂੰ ਹੀ ਲਾਇਆ ਹੋਇਆ ਹੈ। ਹਉਮੈ ਨੂੰ ਦੂਰ ਕਰਨ ਦਾ ਇਕੋ ਇਕ ਦਾਰੂ ਨਾਮ ਹੈ ਭਾਵ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਦਾਰੂ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਲਗਾਉਂਦਾ ਹੈ। ਜਿਸ ਦਾ ਰੋਗ ਪ੍ਰਮਾਤਮਾ ਆਪ ਹੀ ਦੂਰ ਕਰਦਾ ਹੈ। ਉਸ ਨੂੰ ਹੀ ਧਰਮ ਦੇ ਸੱਚੇ ਮਰਗ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨੂੰ ਪਈ ਹੈ।

ਜੋ ਦਾਰੂ ਉਨ੍ਹਾਂ ਨੂੰ ਪ੍ਰਮਾਤਮਾ ਦੇ ਕੋਲੋਂ ਮਿਲਿਆ ਹੈ ਉਹੀ ਨਾਮ ਦਾ ਦਾਰੂ ਭਾਵ ਗੁਰਮਤਿ ਰੁਪ ਸਿਖਿਆ,

33/3845

ਗੁਰਮਤਿ ਰੂਪ ਸੱਚਾ ਗਿਆਨ ਉਨ੍ਹਾਂ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਦਿੱਤਾ ਹੈ ਜਿਸ ਨਾਲ ਜੁੜਕੇ ਅਸੀਂ ਆਪਣੇ ਮਨ ਦੇ ਰੋਗਾਂ ਤੋਂ ਭਾਵ ਅਨੇਕਾਂ ਭਰਮਾਂ ਤੋਂ ਦੂਰ ਹੋ ਸਕਦੇ ਹਾਂ। ਗੁਰੂ ਇਸੇ ਲਈ ਵੈਦ ਅਖਵਾਉਣ ਦੇ ਯੋਗ ਹੈ ਕਿਉਂਕਿ ਉਸ ਦਾ ਆਪਣਾ ਰੋਗ ਨਿਕਲਿਆ ਹੋਇਆ ਹੈ ਤੇ ਉਹ ਸਾਰੇ ਸੰਸਾਰ ਦਾ ਰੋਗ ਦੂਰ ਕਰ ਸਕਦਾ ਹੈ। (**ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥ ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥2॥**)

{ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥}

(ਅੰਗ ੬੮੭)

{ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥}

(ਅੰਗ ੧੦੧੬)

ਮਹਲਾ ੨ ॥

{ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ ॥
ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥ ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥
ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ॥ ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥੨॥}

(ਅੰਗ ੧੪੮)

{ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ ਰਹਾਉ ॥}

(ਅੰਗ ੬੧੮)

{ਆਪੇ ਵੈਦੁ ਆਪਿ ਨਾਰਾਇਣੁ ॥ ਏਹਿ ਵੈਦ ਜੀਅ ਕਾ ਦੁਖੁ ਲਾਇਣ ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਖਾਇਣ ॥ ਨਾਨਕ ਜਿਸੁ ਮਨਿ ਵਸੈ ਤਿਸ ਕੇ ਸਭਿ ਦੂਖ ਮਿਟਾਇਣ ॥੧॥}

(ਅੰਗ ੯੬੨)

ਉਪਰ ਮੁੱਖ ਸ਼ਬਦ ਦੇ ਸਲੋਕਾਂ ਰਾਹੀਂ ਅਸੀਂ ਜਿਹੋ ਜਿਹੇ ਨਾ ਸਮਝ, ਭੋਲੇ ਵੈਦਾਂ ਦੀ ਗੱਲ ਸਮਝੀ ਹੈ ਉਹੀ ਗੱਲ ਪਉੜੀ ਰਾਹੀਂ ਸਪਸ਼ਟ ਕੀਤੀ ਹੋਈ ਹੈ ਕਿ ਅਸੀਂ ਕਿਹੋ ਜਿਹੇ ਵੈਦਾਂ ਦੇ ਪਿੱਛੇ ਲਗੇ ਹੋਏ ਹਾਂ ਤੇ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ।

ਪਉੜੀ ॥

“ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥”

(ਅੰਗ ੧੨੭੯-੧੨੮੦)

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਪ੍ਰਮਾਤਮਾ ਸੰਸਾਰ ਨੂੰ ਭਰਮ ਵਿੱਚ ਪਾ ਕੇ ਆਪਣੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਜਿਨ੍ਹਾਂ ਰਾਹੀਂ ਪ੍ਰਮਾਤਮਾ ਭਰਮ ਦਾ ਪਸਾਰਾ

ਕਰਦਾ ਹੈ ਉਨ੍ਹਾਂ ਨੂੰ ਪਹਿਲੇ ਆਪ ਹੀ ਉਨ੍ਹਾ ਦੇ ਵਿੱਚ ਭਰਮ ਪਾ ਕੇ ਉਹਨ੍ਹਾ ਨੂੰ ਉਚੱਾ ਬਣਾਉਂਦਾ ਹੈ ਤੇ ਤਾਂ ਹੀ ਸੰਸਾਰ ਉਨ੍ਹਾਂ ਦੇ ਪਿੱਛੇ ਲਗਦਾ ਹੈ। ਜਦ ਤਕ ਸਾਨੂੰ ਕੋਈ ਧਰਮ ਦੇ ਮਾਰਗ ਤੇ ਉੱਚਾ ਨਜਰ ਨਹੀਂ ਆਉਂਦਾ ਤਦ ਤਕ ਅਸੀਂ ਉਸ ਦੇ ਪਿੱਛੇ ਨਹੀਂ ਲਗਦੇ। ਉੱਚਾ ਕੇਵਲ ਪ੍ਰਮਾਤਮਾ ਆਪ ਹੈ ਪਰ ਜਦ ਤਕ ਉਹ ਕਿਸੇ ਸਰੀਰ ਦੇ ਅੰਦਰ ਆਪਣੇ ਆਪ ਨੂੰ ਪਰਗਟ ਨਹੀਂ ਕਰਦਾ ਤਦ ਤਕ ਮਨੁੱਖ ਆਪਣੇ ਆਪ ਨੂੰ ਹੀ ਉੱਚਾ ਸਮਝੀ ਜਾਂਦਾ ਹੈ। ਇਹੀ ਸਾਡਾ ਸਭ ਦਾ ਸਭ ਤੋਂ ਵੱਡਾ ਭਰਮ ਹੈ ਜੋ ਭਰਮ ਕੇਵਲ ਪ੍ਰਮਾਤਮਾ ਦੇ ਆਪਣੇ ਕੱਢਣ ਦੁਆਰਾ ਨਿਕਲ ਸਕਦਾ ਹੈ।

ਬ੍ਰਹਮਾ, ਬਿਸ਼ਨ, ਮਹੇਸ਼ ਤੇ ਹੋਰ ਦੇਵਤਿਆਂ ਆਦਿ ਦੀ ਅਸੀਂ ਪੂਜਾ ਕਰਦੇ ਹਾਂ, ਉਨ੍ਹਾਂ ਨੂੰ ਉੱਚਾ ਸਮਝ ਕੇ ਪੂਜਾ ਕਰਦੇ ਹਾਂ ਲੇਕਿਨ ਉਨ੍ਹਾਂ ਨੂੰ ਪ੍ਰਮਾਤਮਾ ਨੇ ਇਸ ਗੱਲ ਦੀ ਸਮਝ ਨਹੀਂ ਲੱਗਣ ਦਿਤੀ ਕਿ ਉਹਨਾਂ ਨੂੰ ਉੱਚਾ ਕਰਨ ਵਾਲਾ ਕੌਣ ਹੈ ਤੇ ਉਹ ਭਰਮ ਵਿਚ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਕੇ ਗਏ ਹਨ ਤੇ ਸਾਨੂੰ ਅਨੇਕਾਂ ਹੀ ਉਹੋ ਜਿਹੀਆਂ ਗੱਲਾਂ ਨਾਲ ਜੋੜਕੇ ਗਏ ਹਨ, ਸਰੀਰਕ ਜਪਾਂ-ਤਪਾਂ ਆਦਿ ਨਾਲ ਜੋੜਕੇ ਗਏ ਹਨ, ਕਿਸੇ ਆਕਾਰ ਰੂਪ ਦੀ ਪੂਜਾ ਨਾਲ ਜੋੜ ਕੇ ਗਏ ਹਨ ਜਿਸ ਵਿੱਚ ਪ੍ਰਮਾਤਮਾ ਦੀ ਪੂਜਾ ਨਹੀਂ ਹੈ ਭਾਵ ਉਹ ਭਗਤੀ ਦੀ ਅਸਲੀਅਤ ਸਮਝਣ ਤੋਂ ਆਪ ਦੂਰ ਰਹੇ ਹਨ ਤੇ ਸੰਸਾਰ ਨੂੰ ਉਹੋ ਕੁਝ ਹੀ ਸਿਖਾ ਕੇ ਗਏ ਹਨ ਭਾਵ ਨਾਸਮਝੀ ਵਿੱਚ ਹੀ ਗਏ ਹਨ। ਉਨ੍ਹਾਂ ਨੂੰ ਇਹੋ ਜਿਹੇ ਭਰਮ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਦੁਆਰਾ ਉਹ ਆਪਣੀ ਖੇਡ ਨੂੰ ਚਲਾ ਰਿਹਾ ਹੈ। ਬ੍ਰਹਮਾ ਨੂੰ ਉਸਨੇ ਬੇਦਾਂ ਦਾ ਗਿਆਨ ਆਪ ਹੀ ਦਿੱਤਾ ਹੈ ਜਿਸ ਨੂੰ ਬ੍ਰਹਮਾ ਨੇ ਆਪਣਾ ਗਿਆਨ ਕਿਹਾ ਹੈ ਤੇ ਆਪਣੇ ਆਪ ਨੂੰ ਉੱਚਾ ਕੀਤਾ ਹੈ ਭਾਵ ਪ੍ਰਮਾਤਮਾ ਨੇ ਬ੍ਰਹਮਾ ਨੂੰ ਭਰਮ ਵਿੱਚ ਰੱਖ ਕੇ ਸੰਸਾਰ ਨੂੰ ਭਰਮ ਵਿੱਚ ਪਾਇਆ ਹੈ ਤੇ ਇਸੇ ਭਰਮ ਕਰਕੇ ਹੀ ਅਸੀਂ ਉਹਨਾਂ ਦੀ ਪੂਜਾ ਕਰਦੇ ਹਾਂ, ਆਕਾਰ ਰੂਪ ਦੀ ਪੂਜਾ ਕਰਦੇ ਹਾਂ ਜਿਸ ਵਿੱਚ ਪ੍ਰਮਾਤਮਾ ਦੀ ਪੂਜਾ ਨਹੀਂ ਹੈ। (**ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥**)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ ੫੦੯)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥}

(ਅੰਗ ੭੩੫)

33/3847

{ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥}

(ਅੰਗ ੧੦੯੪)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥੧੩॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥੧੪॥
ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥}

(ਅੰਗ ੯੦੯)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥
ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ ੨੩੧)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥}

(ਅੰਗ ੧੦੩੨)

ਜਿਸ ਤਰੀਕੇ ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰੱਖ ਕੇ ਹੀ ਉਨ੍ਹਾਂ ਨੂੰ ਉੱਚਾ ਕੀਤਾ ਹੈ ਇਸੇ ਤਰ੍ਹਾਂ ਹੋਰਾਂ ਨੂੰ ਵੀ ਇਸੇ ਤਰ੍ਹਾਂ ਉੱਚਾ ਕੀਤਾ ਹੈ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਅਵਤਾਰੀ ਪੁਰਸ਼ ਅਖਵਾਇਆ ਹੈ ਤੇ ਉਨ੍ਹਾਂ ਨੇ ਵੀ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਹੀ ਪੂਜਿਆ ਹੈ ਪਰ ਕਿਸੇ ਨੇ ਪ੍ਰਮਾਤਮਾ ਦਾ ਅੰਤ ਨਹੀਂ ਪਾਇਆ ਕਿ ਅਸਲ ਵਿੱਚ ਪ੍ਰਮਾਤਮਾ ਕੀ ਹੈ, ਉਸਦਾ ਨਿਰਗੁਣ ਰੂਪ ਕੀ ਹੈ, ਜਿਸ ਰਾਹੀਂ ਉਹ ਸਭ ਵਿੱਚ ਸਮਾਇਆ ਹੋਇਆ ਹੈ। ਜੋ ਪ੍ਰਮਾਤਮਾ ਨੂੰ ਜਾਨਣ ਵਿੱਚ ਭਰਮ ਵਿੱਚ ਰਹੇ ਹਨ ਉਨ੍ਹਾਂ ਨੇ ਸਾਨੂੰ ਆਕਾਰ ਰੂਪ ਦੀ ਪੂਜਾ ਨਾਲ ਹੀ ਜੋੜਿਆ ਹੈ। ਜਿਨ੍ਹਾਂ ਨੂੰ ਅਸੀਂ ਧਰਮ ਦੇ ਉੱਚੇ ਵੈਦ ਕਰਕੇ ਜਾਣਿਆ ਹੈ ਉਨ੍ਹਾਂ ਨੂੰ ਅਸੀਂ ਮਨੁੱਖੀ ਰੂਪ ਵਿੱਚ ਹੀ ਉੱਚਾ ਮੰਨਿਆ ਹੈ ਜਿਨ੍ਹਾਂ ਨੂੰ ਉੱਚਾ ਮੰਨਣ ਕਰਕੇ ਅਸੀਂ ਉਸ ਸੱਚੇ ਵੈਦ ਦੀ ਭਾਵ ਪ੍ਰਮਾਤਮਾ ਰੂਪ ਵੈਦ ਦੀ , ਜਗਤ ਗੁਰੂ ਦੀ ਉਚਾਈ ਨੂੰ ਨਹੀਂ ਜਾਣ ਸਕਦੇ। (**ਦਸ ਅਵਤਾਰੀ ਰਾਮੁ ਰਾਜਾ ਆਇਆ ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥ ਈਸ ਮਹੇਸੁਰੁ ਸੇਵ ਤਿਨ੍ੀ ਅੰਤੁ**

ਨ ਪਾਇਆ ॥) ਦੈਂਤਾ ਨੂੰ ਮਾਰਨ ਦੀ ਵਡਿਆਈ ਅਸੀਂ ਆਕਾਰ ਰੂਪ ਰਾਮ ਨੂੰ ਦਿੰਦੇ ਹਾਂ

33/3848

ਪਰ ਉਸ ਨੂੰ ਇਹ ਸਮਰਥਾ ਦੇਣ ਵਾਲਾ ਕੌਣ ਸੀ, ਸਭ ਸੋਝੀ ਪਾਉਣ ਵਾਲਾ ਕੌਣ ਸੀ ਇਸ ਗੱਲ ਦੀ ਸਮਝ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਕਿ ਹਰ ਗੱਲ ਵਿੱਚ ਹੁਕਮ ਕਿਸ ਦਾ ਚਲ ਰਿਹਾ ਹੈ ਭਾਵ ਸਾਡੇ ਕੋਲ ਇਹ ਸਭ ਕਰਵਾਉਣ ਵਾਲਾ ਕੌਣ ਹੈ।

ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਆਪਣੇ ਹੁਕਮ ਰਾਹੀਂ ਧੰਧੇ ਲਾਇਆ ਹੋਇਆ ਹੈ ਪਰ ਉਹ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਆਉਣ ਦਿੰਦਾ। ਉਹ ਸੱਚਾ ਵੈਦ ਸਾਡੇ ਅੰਦਰ ਹੀ ਹੈ ਜਿਸ ਦੇ ਹੁਕਮ ਵਿੱਚ ਸਭ ਕੁਝ ਹੁੰਦਾ ਹੈ ਤੇ ਭਗਤੀਂ ਦਾ ਸੱਚਾ ਮਾਰਗ ਉਹ ਆਪ ਹੀ ਪ੍ਰਗਟ ਹੋ ਕੇ ਸਮਝਾਉਂਦਾ ਹੈ ਤੇ ਤਾਂ ਹੀਂ ਕੋਈ ਉਸ ਦੇ ਸ਼ਬਦ ਰੂਪ ਦੀ ਪੂਜਾ ਨਾਲ ਜੁੜਦਾ ਹੈ ਤੇ ਸੱਚੇ ਧਰਮ ਨੂੰ ਸਮਝਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥”

(ਅੰਗ ੧੨੭੯)

ਉਪਰਲੀਆ ਪੰਗਤੀਆਂ ਰਾਹੀਂ ਉਹਨਾਂ ਦੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿਨ੍ਹਾਂ ਨੇ ਪ੍ਰਮਾਤਮਾ ਦੀ ਸੱਚੀ ਕੀਮਤ ਨੂੰ ਜਾਣਿਆ ਹੈ। ਕਿਸੇ ਆਕਾਰ ਰੂਪ ਦੀ ਕੀਮਤ ਪਾਉਣਾ ਭਾਵ ਕਿਸੇ ਆਕਾਰ ਰੂਪ ਨੂੰ ਪ੍ਰਮਾਤਮਾ ਸਮਝ ਕੇ ਆਕਾਰ ਰੂਪ ਦੀ ਕੀਮਤ ਪਾਉਣਾ ਕੇਵਲ ਇਕ ਸਾਡਾ ਭਰਮ ਹੈ। ਜਿਥੇ ਪ੍ਰਮਾਤਮਾ ਆਪਣੀ ਸੱਚੀ ਕੀਮਤ ਪੁਆਉਂਦਾ ਹੈ ਉਸ ਸਰੀਰ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣਾ ਤਖਤ ਰਚਾਉਂਦਾ ਹੈ ਜੋ ਉਸ ਦਾ ਤਖਤ ਸਾਡੇ ਅੰਦਰ ਹੀ ਹੈ, ਨਿਰਗੁਣ ਰੂਪ ਵਿੱਚ ਹੈ। ਆਪਣੇ ਇਸ ਤਖਤ ਤੋਂ ਹੀਂ ਪ੍ਰਮਾਤਮਾ ਆਪਣਾ ਹੁਕਮ ਚਲਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਚਲਾਉਂਦਾ ਹੈ। ਸੰਸਾਰ ਜਿਹੋ ਜਿਹੇ ਵੀ ਧੰਧੇ ਵਿੱਚ ਲਗਿਆ ਹੋਇਆ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਲਗਿਆ ਹੋਇਆ ਹੈ ਪਰ ਕੋਈ ਇਸ ਗੱਲ ਨੂੰ ਸਮਝ ਨਹੀਂ ਸਕਦਾ ਕਿ ਸਾਡੇ ਅੰਦਰ ਹੁਕਮ ਕਿਸ ਦਾ ਚਲ ਰਿਹਾ ਹੈ। ਹੁਕਮ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦਾ ਹੀ ਚਲ ਰਿਹਾ ਹੈ, ਮਨ ਦੀ ਸੋਚ ਰਾਹੀਂ, ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਗਿਆਨ ਰਾਹੀਂ ਚਲ ਰਿਹਾ ਹੈ ਪਰ ਜੋ ਸਾਡੇ ਅੰਦਰ ਆਪਣਾ ਇਹ ਹੁਕਮ ਚਲਾ ਰਿਹਾ ਹੈ ਉਸ ਨੇ ਆਪਣੇ ਆਪ ਨੂੰ ਸਾਡੇ ਅੰਦਰ ਛੁਪਾਇਆ ਹੋਇਆ ਹੈ ਭਾਵ ਗੁਪਤ ਰਖਿਆ ਹੋਇਆ ਹੈ । ਉਸ ਦੇ ਗੁਪਤ ਰੂਪ ਨੂੰ ਕੋਈ ਤਾਂ ਹੀ ਸਮਝ ਸਕਦਾ ਹੈ ਜਦੋਂ ਉਹ ਮਨ ਦੇ ਵਿੱਚ ਹੀ ਆਪਣੇ ਆਪ ਨੂੰ ਮਨ ਦੇ ਵਿਚਾਰਾਂ ਰਾਹੀਂ ਪ੍ਰਗਟ ਕਰ ਦਿੰਦਾਂ ਹੈ, ਆਪਣਾ

33/3849

ਗਿਆਨ ਰੂਪ, ਬ੍ਰਹਮ ਗਿਆਨ ਰੂਪ ਤਖਤ, ਸਿੰਘਾਸਨ ਪ੍ਰਗਟ ਕਰ ਦਿੰਦਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣਾ ਇਹ ਤਖਤ ਰਚਾਉਂਦਾ ਹੈ ਉਸ ਨੂੰ ਹੀ ਆਪਣੇ ਨਾਲ ਆਪਣੇ ਤਖਤ ਤੇ, ਸਿੰਘਾਸਨ ਤੇ ਬਿਠਾਉਂਦਾ ਹੈ ਭਾਵ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਮਿਲਾਉਂਦਾ ਹੈ ਤੇ ਮਨੁੱਖ ਨੂੰ ਸਮਝ ਲਗਦੀ ਹੈ ਕਿ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਆਪ ਹੀ ਚਲਾ ਰਿਹਾ ਹੈ ਤੇ ਸਭ ਨੂੰ ਉਸ ਨੇ ਆਪ ਹੀ ਧੰਧਿਆ ਵਿੱਚ ਲਾਇਆ ਹੋਇਆ ਹੈ ਜਿਸ ਨੂੰ ਕੋਈ ਸਮਝ ਨਹੀਂ ਸਕਦਾ ਕਿਉਂਕਿ ਇਸ ਮਨ ਦੀ ਸੋਝੀ ਪਏ ਬਿਨ੍ਹਾਂ ਹਰ ਕੋਈ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਹੀ ਸਮਝਦਾ ਹੈ ਤੇ ਇਹੀ ਸਾਡੀ ਸਭ ਦੀ ਹਉਮੈ ਦਾ ਮੂਲ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦਾ ਮੂਲ ਹੈ ਜਿਸ ਰਾਹੀਂ ਪ੍ਰਮਾਤਮਾ ਨਾਲੋਂ ਸਾਡਾ ਪੜਦਾ ਬਣਿਆ ਹੀ ਰਹਿੰਦਾ ਹੈ, ਪ੍ਰਮਾਤਮਾ ਸਾਡੇ ਤੋਂ ਉਲ੍ਹੇ ਹੀ ਰਹਿੰਦਾ ਹੈ। (**ਸਚੀ ਕੀਮਤਿ ਪਾਇ ਤਖਤੁ ਰਚਾਇਆ ॥ ਦੁਨੀਆ ਧੰਧੈ ਲਾਇ ਆਪੁ ਛਪਾਇਆ ॥**)

{ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥}

(ਅੰਗ ੯੬੯)

ਜਿਸ ਨੂੰ ਪ੍ਰਮਾਤਮਾ ਧਰਮ ਦਾ ਮਾਰਗ ਸਮਝਾਉਂਦਾ ਹੈ, ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਉਹ ਮਨ ਦੀ ਇਸ ਅਵਸਥਾ ਦੁਆਰਾ ਹੀ ਕਰਵਾਉਂਦਾ ਹੈ ਜਦੋਂ ਮਨੁੱਖ ਨਿਰਗੁਣ ਰੂਪ ਵਿੱਚ ਭਾਵ ਗਿਆਨ ਰੂਪ ਵਿੱਚ ਪ੍ਰਮਾਤਮਾ ਦੇ ਨਾਲ ਇਕ ਹੋ ਜਾਂਦਾ ਹੈ ਜਿਸ ਦੀ ਕਿਸੇ ਨੂੰ ਸਮਝ ਨਹੀਂ ਲਗ ਸਕਦੀ ਕਿ ਉਹ ਮਨੁੱਖ ਪ੍ਰਮਾਤਮਾ ਦੇ ਨਾਲ ਕਿਸ ਰੂਪ ਵਿੱਚ ਮਿਲਿਆ ਹੋਇਆ ਹੈ ਕਿਉਂਕਿ ਨਿਰਗੁਣ ਰੂਪ ਨੂੰ ਕੋਈ ਦੇਖ ਨਹੀਂ ਸਕਦਾ। ਇਸ ਗੱਲ ਤੇ ਵਿਸ਼ਵਾਸ ਉਹੀ ਕਰ ਸਕਦਾ ਹੈ ਜੋ ਪ੍ਰਮਾਤਮਾ ਦੇ ਨਾਲ ਖੁਦ ਮਨ ਦੇ ਵਿੱਚ ਇੱਕ ਹੋ ਜਾਂਦਾ ਹੈ ਭਾਵ ਉਸ ਦੇ ਨਿਰਗੁਣ ਰੂਪ ਨੂੰ ਆਪਣੇ ਅੰਦਰੋ ਪਹਿਚਾਣ ਲੈਂਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਗਿਆਨ ਦਾ ਮਾਲਕ ਕੇਵਲ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ ਤੇ ਤਾਂ ਹੀ ਕੋਈ ਉਸ ਨੂੰ ਭਾਵ ਪ੍ਰਮਾਤਮਾ ਨੂੰ ਸੱਚਾ ਵੈਦ ਕਹਿ ਸਕਦਾ ਹੈ। ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕਿਹਾ ਹੈ। ਗੁਰੂ ਰੁਪ ਵਿੱਚ, ਭਗਤ ਰੂਪ ਵਿੱਚ ਸੱਚਾ ਵੈਦ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਆਪ ਨੂੰ ਵੈਦ ਉਹੀ ਕਹਿ ਸਕਦੇ ਹਨ, ਧਰਮ ਸਮਝਾਉਣ ਵਾਲੇ ਆਗੂ

33/3850

ਉਹੀ ਕਹਿ ਸਕਦੇ ਹਨ ਜੋ ਉਸ ਸੱਚੇ ਵੈਦ ਨੂੰ ਨਹੀਂ ਜਾਣਦੇ ਜੋ ਧਰਮ ਦੀ ਸਿਖਿਆ ਦਾ ਮੂਲ ਹੈ। ਜਿਥੇ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉਹ ਫਿਰ ਧਰਮ ਵਾਲੇ ਕਰਮ ਮਨੁੱਖ ਕੋਲੋਂ ਆਪ ਹੀ ਕਰਵਾਉਂਦਾ ਹੈ। ਜੋ ਉਹ ਆਪ ਫੁਰਮਾਉਂਦਾ ਹੈ ਭਾਵ ਜਿਹੋ ਜਿਹੀ ਸਿਖਿਆਂ ਉਹ ਮਨ ਦੇ ਵਿੱਚ ਦਿੰਦਾ ਹੈ ਉਹ ਸਰੀਰ ਫਿਰ ਉਹੀ ਕੁਝ ਕਰਦਾ ਹੈ। **(ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ॥**)

ਜਿਸ ਨੂੰ ਸੱਚੇ ਧਰਮ ਦੇ ਮਾਰਗ ਦੀ ਸੋਝੀ ਪੈ ਜਾਂਦੀ ਹੈ ਉਸ ਨੂੰ ਫਿਰ ਇਹ ਵੀ ਸਮਝ ਲਗ ਜਾਂਦੀ ਹੈ ਕਿ ਸਾਰਾ ਸੰਸਾਰ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ ਜਿਵੇਂ ਕਿ ਹੇਠ ਦਿੱਤੀਆਂ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਬਿਲਾਵਲੁ ਗੋਂਡ ॥

“ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥
ਹਿੰਦੂ ਅੰਨ੍ਹਾ ਤੁਰਕੁ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥”

(ਅੰਗ ੮੭੫-੮੭੬)

ਉਪਰਲੇ ਸ਼ਬਦ ਦੇ ਪਹਿਲੇ ਤਿੰਨ ਪਦਿਆ ਨੂੰ ਛੱਡ ਕੇ ਬਾਕੀ ਦੇ ਸਾਰੇ ਸ਼ਬਦ ਦੇ ਅਰਥ ਅਸੀ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਹੀ ਸਮਝ ਚੁਕੇ ਹਾਂ ਕਿ ਧੰਨ ਧੰਨ ਭਗਤ ਨਾਮਦੇਵ ਜੀ ਨੇ ਹਿੰਦੂ ਜਗਤ ਨੂੰ ਅੰਨਾ ਤੇ ਮੁਸਲਿਮ ਨੂੰ ਕਾਣਾ ਕਿਸ ਲਈ ਕਿਹਾ ਹੈ। ਹਿੰਦੂ ਜਗਤ ਨੂੰ ਅੰਨਾ ਆਕਾਰ ਰੂਪ ਦੀ ਪੂਜਾ ਕਰਨ ਲਈ ਕਿਹਾ ਹੈ ਕਿਉਂਕਿ ਉਹ ਆਕਾਰ ਰੂਪ ਨੂੰ ਹੀ ਪ੍ਰਮਾਤਮਾ ਕਹਿੰਦੇ ਹਨ। ਸ਼ਬਦ ਦੇ ਪਹਿਲੇ ਤਿੰਨ ਪਦਿਆ ਰਾਹੀਂ ਹਿੰਦੂ ਜਗਤ ਦਾ ਭਾਵ ਸਾਡਾ ਸਭ ਦਾ ਇਹ ਭਰਮ ਕਢਿਆ ਹੋਇਆ ਹੈ ਕਿ ਆਕਾਰ ਰੂਪ ਕਦੇ ਪ੍ਰਮਾਤਮਾ ਨਹੀਂ ਹੋ ਸਕਦਾ। ਸਿਖ ਜਗਤ ਵੀ ਇਸੇ ਭਰਮ ਦਾ ਸ਼ਿਕਾਰ ਹੈ ਕਿਉਂਕਿ ਜਿਹੋ ਜਿਹਿਆਂ ਨੂੰ ਉਨ੍ਹਾਂ ਨੇ ਧਰਮ ਦੇ ਸਿਰਮੌਰ ਮੰਨਿਆ ਹੋਇਆ ਹੈ ਉਨ੍ਹਾਂ ਨੇ ਸਾਨੂੰ ਸਰਗੁਣ ਰੂਪ ਨਾਲ ਹੀ ਜੋੜਿਆਂ ਹੈ, ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਹੋਣਾ ਹੀ ਸਮਝਾਇਆ ਹੈ। ਉਹਨਾਂ ਨੇ ਆਪਣੇ ਆਪ ਨੂੰ ਵਡਾ ਥਾਪ ਕੇ ਪੂਜਾ ਹੀ ਕਰਵਾਈ ਹੈ ਜੋ ਕਿ ਇਕ ਆਕਾਰ ਰੂਪ ਨੂੰ ਪੂਜਨ ਵਾਲੀ ਗੱਲ ਹੈ, ਇਕ ਮੂਰਤੀ ਪੂਜਾ ਵਾਲੀ ਗੱਲ ਹੈ। ਘਰ ਵਿੱਚ ਕਿਸੇ ਦੀ ਫੋਟੋ ਲਗਾ ਕੇ ਕਿਸੇ ਸੰਤ ਆਦਿ ਦੀ ਫੋਟੋ ਲਗਾ ਕੇ ਉਸ ਨੂੰ ਪੂਜਣਾ ਜਾਂ ਮੂਰਤੀ ਨੂੰ ਪੂਜਣ ਵਿੱਚ ਕੀ ਫਰਕ ਹੈ। ਇਹੋ ਜਿਹਿਆਂ ਨੂੰ ਅਕਾਲ ਪੁਰਖ ਭਗਤ ਨਾਮਦੇਵ ਜੀ ਦੇ ਮੁਖੋ ਕੀ ਸਮਝਾ ਰਹੇ ਹਨ ਆਓ ਇਸ ਗੱਲ ਨੂੰ ਸਮਝੀਏ।

33/3851

“ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥

ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥"

ਸਭ ਤੋਂ ਪਹਿਲਾ ਉਪਰ ਰਹਾਓ ਵਾਲੀ ਪੰਗਤੀ ਨੂੰ ਸਮਝੋ ਕਿ ਮੂਰਖ ਤੇ ਸਿਆਣੇ ਦਾ ਭੇਦ ਕੀ ਹੈ ਭਾਵ ਅਗਿਆਨੀ ਤੇ ਗਿਆਨੀ ਦਾ ਭੇਦ ਕੀ ਹੈ। ਗਿਆਨੀ ਭਾਵ ਸਿਆਣਾ ਕੇਵਲ ਉਹ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋ ਦੇਖ ਲੈਂਦਾ ਹੈ ਜਿਵੇਂ ਕਿ ਭਗਤ ਨਾਮਦੇਵ ਜੀ ਨੇ ਦੇਖਿਆ ਹੈ ਤੇ ਹੋਰ ਗੁਰਬਾਣੀ ਦੀ ਰਚਣਾ ਕਰਨ ਵਾਲਿਆਂ ਨੇ ਦੇਖਿਆ ਹੈ। ਜਦ ਤਕ ਕਿਸੇ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋ ਨਹੀ ਦੇਖਿਆ ਤਦ ਤਕ ਹਰ ਕੋਈ ਪ੍ਰਮਾਤਮਾ ਨੂੰ ਸਮਝਣ ਵਿੱਚ ਮੂਰਖ ਹੀ ਹੈ ਕਿ ਪ੍ਰਮਾਤਮਾ ਕੀ ਹੈ। ਗਿਆਨੀ ਉਹੀ ਬਣਦਾ ਹੈ ਜਿਸ ਦੀ ਇਹ ਮੂਰਖਤਾ ਦੂਰ ਹੋ ਜਾਦੀ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਮਨੁੱਖ ਦੀ ਇਹ ਮੂਰਖਤਾ ਦੂਰ ਕਰਣ ਵਾਲਾ ਕੌਣ ਹੈ। ਜੇਕਰ ਕੋਈ ਆਪਣੇ ਆਪ ਭਾਵ ਆਪਣੇ ਜੋਰ ਤੇ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋ ਦੇਖ ਲੈਂਦਾ ਹੈ ਫਿਰ ਉਹ ਆਪ ਗਿਆਨੀ ਹੈ ਪਰ ਕੀ ਕੋਈ ਆਪਣੇ ਆਪ ਪ੍ਰਮਾਤਮਾ ਨੂੰ ਦੇਖ ਸਕਦਾ ਹੈ ਜੋ ਕਿ ਕੇਵਲ ਤੇ ਕੇਵਲ ਗੁਰ ਪਰਸਾਦਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ, ਕਿਰਪਾ ਹੈ, ਕਿ ਉਹ ਕਿਸ ਨੂੰ ਆਪਣੇ ਦਰਸ਼ਨ ਕਰਵਾਉਂਦਾ ਹੈ, ਨਿਰਗੁਣ ਰੂਪ ਦੇ ਦਰਸ਼ਨ ਕਰਵਾਉਂਦਾ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋ ਜਾਣਦਾ ਹੈ ਉਹ ਮਨ ਦੇ ਗਿਆਨ ਰਾਹੀਂ ਹੀ ਜਾਣਦਾ ਹੈ ਤੇ ਭਗਤੀ ਦਾ ਮਾਰਗ ਪ੍ਰਮਾਤਮਾ ਮਨ ਦੇ ਗਿਆਨ ਰਾਹੀਂ ਹੀ ਸਮਝਾਉਂਦਾ ਹੈ ਪਰ ਨਾਸਮਝੀ ਵਿੱਚ ਜੋ ਆਪਣੇ ਆਪ ਨੂੰ ਵਿਦਵਾਨ ਅਖਵਾਉਂਦੇ ਹਨ ਇਹ ਉਹਨਾ ਦੀ ਮੂਰਖਤਾ ਹੈ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜੋ ਇਸ ਵਿਦਵਾਨ ਦੇ ਆਪਣੇ ਅੰਦਰੋਂ ਦਰਸ਼ਨ ਕਰ ਲੈਂਦਾ ਹੈ ਤੇ ਉਹ ਆਪ ਹੀ ਆਪਣੇ ਗਿਆਨ ਦੁਆਰਾ, ਸਾਇੰਟਿਫਿਕ ਗਿਆਨ ਦੁਆਰਾ ਸਾਰੇ ਜਗਤ ਨੂੰ ਚਲਾ ਰਿਹਾ ਹੈ।

33/3852

ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਗਿਆਨੀ ਹੈ ਪਰ ਭਰਮ ਵਿੱਚ ਰਹਿੰਦੇ ਹੋਏ ਅਸੀਂ ਮਨੁੱਖੀ ਦੇਹ ਨੂੰ ਗਿਆਨੀ ਸਮਝਦੇ ਹਾਂ, ਭਗਤ ਨਾਮਦੇਵ ਜੀ ਮਨ ਦੇ ਗਿਆਨ ਰਾਹੀਂ ਗਿਆਨੀ ਹਨ ਜੋ ਗਿਆਨ ਆਪਣਾ ਪ੍ਰਮਾਤਮਾ ਦਾ ਹੈ। ਅਸਲ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਗਿਆਨ ਰਾਹੀਂ ਸੰਸਾਰ ਨੂੰ ਉਨ੍ਹਾਂ ਦੀ ਮੂਰਖਤਾ ਸਮਝਾ ਰਹੇ ਹਨ ਕਿ ਆਕਾਰ ਰੂਪ ਨੂੰ ਪੂਜਣਾ ਮੂਰਖਤਾ ਹੈ। (**ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ॥**)

ਜਿਨ੍ਹਾਂ ਨੂੰ ਅਸੀਂ ਆਕਾਰ ਰੂਪ ਵਿੱਚ ਪ੍ਰਮਾਤਮਾ ਮੰਨ ਕੇ ਉਹਨ੍ਹਾਂ ਨੂੰ ਪੂਜਦੇ ਹਾਂ, ਹਿੰਦੂ ਜਗਤ ਪੂਜਦਾ ਹੈ ਉਹਨਾ ਦਾ ਭਰਮ ਹੀ ਕਢਿਆ ਹੋਇਆ ਹੈ ਕਿ ਜਿਨ੍ਹਾਂ ਨੂੰ ਅਸੀ ਪੂਜਦੇ ਹਾਂ ਉਹ ਪ੍ਰਮਾਤਮਾ ਨਹੀ ਹਨ ਬਲਕਿ ਉਹਨਾਂ ਨੂੰ ਪ੍ਰਮਾਤਮਾ ਸਮਝਣਾ ਸਾਡੀ ਮੂਰਖਤਾ ਹੈ।

ਪਹਿਲਾ ਸਾਨੂੰ ਇਹ ਗੱਲ "ਗਾਇਤ੍ਰੀ" ਦਾ ਪਾਠ ਕਰਨ ਵਾਲਿਆਂ ਦਾ ਪ੍ਰਮਾਣ ਦੇ ਕੇ ਸਮਝਾਈ ਹੋਈ ਹੈ ਕਿ ਤੁਸੀ ਗਾਇਤ੍ਰੀ ਨੂੰ ਕਿਸ ਰੂਪ ਵਿੱਚ ਦੇਖਦੇ ਹੋ ਜਿਸ ਨੂੰ ਕਿ ਤੁਸੀ ਗਊ ਦੀ ਜੂਨ ਵਿੱਚ ਆਉਣਾ ਹੀ ਸਮਝਿਆ ਹੋਇਆ ਹੈ। ਜੋ ਚੀਜ ਖੁਦ ਜੂਨਾਂ ਤੋਂ ਰਹਿਤ ਨਹੀਂ ਹੈ ਉਹ ਸਾਨੂੰ ਕਿਵੇਂ ਪਾਰ ਲਾ ਸਕਦੀ ਹੈ ਭਾਵ ਵੱਡਾ ਭਰਮ ਹੈ। ਜਿਸ ਦੀ ਗਊ ਰੂਪ ਵਿੱਚ ਕੋਈ ਲੱਤ ਤੋੜ ਦੇਵੇ ਭਾਵ ਜੋਂ ਆਪਣਾ ਬਚਾ ਆਪ ਨਾ ਕਰ ਸਕੇ ਉਸ ਨੇ ਕਿਸੇ ਦਾ ਕੀ ਬਚਾ ਕਰਨਾ ਹੈ ਭਾਵ ਅਸੀ ਭਰਮ ਵਿੱਚ ਹੀ ਉਨ੍ਹਾਂ ਨੂੰ ਪੂਜਦੇ ਹਾਂ ਜਿਨਾ ਨੇ ਸਾਨੂੰ ਪੂਜਾ ਕਰਨੀ ਸਿਖਾਈ ਹੈ ਤੇ ਸਰਗੁਣ ਰੂਪ ਦੀ ਪੂਜਾ ਦੇ ਨਾਲ ਜੋੜਿਆ ਹੈ। ਇਹੋ ਜਿਹੀ ਪੂਜਾ ਦੇ ਨਾਲ ਜੁੜਨਾ ਸਾਡੀ ਮੂਰਖਤਾ ਦਸਿਆ ਹੈ।(**ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥1॥**)

ਸਰਗੁਣ ਰੂਪ ਦੀ ਪੂਜਾ ਕਰਨ ਦਾ ਅਗਲਾ ਪ੍ਰਮਾਣ ਸ਼ਿਵ ਜੀ ਦੀ ਪੂਜਾ ਕਰਨ ਵਾਲਿਆਂ ਨਾਲ ਜੋੜ ਕੇ ਸਮਝਾਇਆ ਹੋਇਆ ਹੈ। ਸ਼ਿਵ ਜੀ ਬਾਰੇ ਇਹ ਮਾਨਤਾ ਹੈ ਕਿ ਉਹਨਾ ਨੇ ਕਿਸੇ ਦੇ ਘਰ ਖਾਣੇ ਦੀ ਦਾਵਤ ਤੇ ਖਾਣਾ ਖਵਾਉਣ ਵਾਲੇ ਦੇ ਪੁੱਤਰ ਨੂੰ ਹੀ ਮਾਰ ਦਿੱਤਾ ਭਾਵ ਕਿਤਨੀ ਅਸਚਰਜ ਗੱਲ ਹੈ ਕਿ ਪ੍ਰਮਾਤਮਾ ਨੇ ਆਪ ਹੀ ਕਿਸੇ ਦੇ ਮੁੰਡੇ ਨੂੰ ਕ੍ਰੋਧ ਵਿੱਚ ਆ ਕੇ ਮਾਰ ਦਿੱਤਾ। ਕੀ ਪ੍ਰਮਾਤਮਾ ਦਾ ਕਦੇ ਇਹੋ ਜਿਹਾ ਰੂਪ ਹੋ ਸਕਦਾ ਹੈ ਜੋ ਸਭ ਨੂੰ ਪਾਲਣ ਵਾਲਾ ਹੈ ਤੇ ਐਵੇਂ ਹੀ ਕਿਸੇ ਬੇਕਸੂਰ ਨੂੰ ਮਾਰ ਦੇਵੇ ਜਿਸ ਨੇ ਉਸ ਨੂੰ ਆਪਣੇ ਘਰ ਖਾਣਾ ਖੁਵਾਉਣ ਲਈ ਸਦਿਆ ਹੋਏ ਭਾਵ ਮਨੁੱਖੀ ਰੂਪ ਵਿੱਚ ਕਿਸੇ ਨੂੰ ਪ੍ਰਮਾਤਮਾ ਕਹਿ ਕੇ ਪੂਜਣਾ ਸਾਡੀ ਮੂਰਖਤਾ ਹੈ। (**ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥ ਮੋਦੀ**

ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥2॥)

33/3853

ਅਗਲਾ ਪ੍ਰਮਾਣ ਸਾਨੂੰ ਸਰਗੁਣ ਰੂਪ ਰਾਮ ਚੰਦਰ ਦਾ ਦਿੱਤਾ ਹੋਇਆ ਹੈ ਜਿਸ ਦੀ ਰਬ ਦੇ ਰੂਪ ਵਿੱਚ ਪੂਜਾ ਹੁੰਦੀ ਹੈ ਭਾਵ ਦੇਹ ਨੂੰ ਪ੍ਰਮਾਤਮਾ ਜਾਣ ਕੇ ਪੂਜਾ ਕੀਤੀ ਜਾਂਦੀ ਹੈ। ਸਮਝਾਇਆ ਇਹ ਹੈ ਕਿ ਜਿਸ ਦੀ ਆਪਣੀ ਪਤਨੀ ਨੂੰ ਕੋਈ ਚੁਰਾ ਕੇ ਲੈ ਜਾਵੇ ਉਹ ਪ੍ਰਮਾਤਮਾ ਕਿਵੇਂ ਹੋ ਸਕਦਾ ਹੈ, ਜਿਸ ਨੂੰ ਇਹ ਵੀ ਸਮਝ ਨਾ ਲਗੇ ਕਿ ਉਸ ਦੀ ਪਤਨੀ ਨੂੰ ਕੋਈ ਲੈ ਗਿਆ ਹੈ। ਆਪਣੀ ਪਤਨੀ ਨੂੰ ਛਡਾਉਣ ਲਈ ਜਿਸ ਨੂੰ ਕਿਸੇ ਹੋਰ ਦੇ ਨਾਲ ਲੜਾਈ ਕਰਨੀ ਪਵੇ ਭਾਵ ਜਿਸ ਦੀ ਕੋਈ ਗੱਲ ਮੰਨਣ ਨੂੰ ਵੀ ਰਾਵਣ ਤਿਆਰ ਨਹੀ ਸੀ ਹੋਇਆ ਭਾਵ ਉਸ ਨੇ ਉਸ ਦੀ ਪ੍ਰਵਾਹ ਨਹੀ ਕੀਤੀ ਜਿਸ ਨੂੰ ਅਸੀ ਪ੍ਰਮਾਤਮਾ ਸਮਝਕੇ ਪੂਜਦੇ ਹਾਂ ਭਾਵ ਪ੍ਰਮਾਤਮਾ ਨੂੰ ਅਸੀਂ ਨੀਵਾਂ ਕਰਕੇ ਜਾਣਦੇ ਹਾਂ, ਉਸ ਸਾਰੀ ਸ੍ਰਿਸਟੀ ਦੇ ਰਚਨ ਵਾਲੇ ਨੂੰ ਇਕ ਬੇਵਸ ਇਨਸਾਨ ਦੀ ਤਰ੍ਹਾਂ ਜਾਣਦੇ ਹਾਂ ਜੋ ਕਿ ਅਜੀਬ ਜਿਹੀ ਗੱਲ ਹੈ, ਸਾਡੀ ਨਾਸਮਝੀ ਹੈ। (**ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥3॥**)

ਪ੍ਰਮਾਤਮਾ ਨਿਰੰਕਾਰ ਰੂਪ ਹੈ ਜਿਸ ਨੇ ਸਭ ਆਕਾਰ ਉਪਾਇਆ ਹੈ ਭਾਵ ਸਾਰਾ ਆਕਾਰ ਰੂਪ ਨਿਰੰਕਾਰ ਦੀ ਰਚਨਾ ਹੈ, ਕ੍ਰਿਏਸ਼ਨ ਹੈ। ਆਕਾਰ ਰੂਪ ਨੂੰ ਪੂਜਣਾ, ਉਸ ਨੂੰ ਉੱਚਾ ਮੰਨਣਾ ਨਿਰੰਕਾਰ ਰੂਪ ਦੀ ਨਾ ਸਮਝ ਹੋਣਾ ਹੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਹਰ ਆਕਾਰ ਰੂਪ ਨੂੰ ਬਣਾ ਕੇ ਉਸ ਵਿੱਚ ਵਿਚਰ ਰਿਹਾ ਹੈ। ਹਿੰਦੂ ਜਗਤ ਨੂੰ ਅੰਨਾ ਇਸੇ ਗੱਲ ਲਈ ਕਿਹਾ ਗਿਆ ਹੈ ਕਿ ਉਹ ਪ੍ਰਮਾਤਮਾ ਨੂੰ ਆਕਾਰ ਰੂਪ ਵਿੱਚ ਮੰਨਦੇ ਹਨ ਕਿਉਂਕਿ ਉਨ੍ਹਾਂ ਨੂੰ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਨਹੀ ਹੈ। ਸਿਖ ਜਗਤ ਦੀ ਮਾਨਸਿਕਤਾ ਵੀ ਉਹਨਾਂ ਨਾਲ ਰਲਦੀ ਮਿਲਦੀ ਹੈ ਕਿਉਂਕਿ ਉਹ ਵੀ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਹੋਣਾ ਹੀ ਸਮਝਦੇ ਹਨ ਕਿਉਕਿ ਉਹ ਮੂਰਤੀਆ ਨੂੰ ਪੂਜਣ ਦੀ ਬਜਾਏ ਅਨੇਕਾਂ ਹੀ ਇਹੋ ਜਿਹੇ ਸਿਰਮੌਰਾਂ ਨੂੰ ਪੂਜਦੇ ਹਨ ਜਿਨ੍ਹਾ ਨੂੰ ਉਨ੍ਹਾਂ ਨੇ ਉਚੱਾ ਮੰਨਿਆ ਹੋਇਆ ਹੈ ਤੇ ਉਹਨਾ ਦੀ ਫੋਟੋ ਨੂੰ ਮੱਥਾ ਟੇਕਦੇ ਹਨ। ਇਕ ਜਥੇਬੰਦੀ ਨੇ ਤਾਂ ਸ਼ਰੇਆਮ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਮੂਰਤੀਆ ਰੱਖ ਕੇ ਉਹਨਾ ਨੂੰ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ ਹੈ ਜੋ ਆਕਾਰ ਰੂਪ ਦੀ ਪੂਜਾ ਨਹੀ ਤਾਂ ਹੋਰ ਕੀ ਹੈ, ਗੁਰਬਾਣੀ ਦੇ ਮੂਲ ਭਾਵ ਦੀ ਸ਼ਰੇਆਮ ਉਲੰਘਣਾ ਨਹੀਂ ਤਾਂ ਹੋਰ ਕੀ ਹੈ, ਵੱਡੀ ਮੂਰਖਤਾ ਨਹੀ ਤਾਂ ਹੋਰ ਕੀ ਹੈ। ਮੁਸਲਮਾਣ ਭਾਈਚਾਰਾ ਆਕਾਰ ਰੂਪ ਨੂੰ ਭਾਵ ਮੂਰਤੀਆ ਨੂੰ ਨਹੀਂ ਪੂਜਦਾ ਪਰ ਅਲ੍ਹਾਂ ਦਾ, ਪ੍ਰਮਾਤਮਾ ਦਾ ਨਿਰਗੁਣ ਰੂਪ ਕੀ ਹੈ ਤੇ ਉਹ ਸਭ ਵਿੱਚ ਕਿਵੇਂ ਸਮਾਇਆ ਹੋਇਆ ਹੈ, ਸਾਡੇ ਅੰਦਰ ਪ੍ਰਮਾਤਮਾ ਕਿਸ ਰੂਪ ਵਿੱਚ ਟਿਕਿਆ ਹੋਇਆ ਹੈ ਭਾਵ ਇਹ ਮਨ ਕੀ ਹੈ ਇਸ ਗੱਲ ਦੀ ਸੋਝੀ ਉਹਨਾ ਨੂੰ ਵੀ ਨਹੀਂ ਹੈ ਜਿਸ ਲਈ ਉਹਨਾ ਨੂੰ ਕਾਣੇ ਕਿਹਾ ਗਿਆ ਹੈ ਭਾਵ ਅੰਧੇ ਮੂਰਖ ਕਿਹਾ ਗਿਆ ਹੈ। ਪ੍ਰਮਾਤਮਾ ਦੇ ਨਿਰਗੁਣ ਰੂਪ

33/3854

ਬਾਰੇ ਜੋ ਜਾਣਦਾ ਹੈ ਭਾਵ ਜੋ ਇਸ ਮਨ ਨੂੰ ਪਹਿਚਾਣਦਾ ਹੈ ਕੇਵਲ ਉਹ ਹੀ ਗਿਆਨੀ ਹੈ ਜੋ ਇਸ ਭਰਮ ਤੋ ਰਹਿਤ ਹੈ ਕਿ ਸਭ ਦੇ ਅੰਦਰ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। (**ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥**)

ਜਿਸ ਨੂੰ ਪ੍ਰਮਾਤਮਾ ਆਪਣਾ ਗਿਆਨੀ ਬਣਾ ਲੈਂਦਾ ਹੈ ਉਹ ਫਿਰ ਹਿੰਦੂ ਮੁਸਲਮਾਣ ਵਿੱਚ ਭੇਦ ਭਾਵ ਮਨੁੱਖ ਮਨੁੱਖ ਦੇ ਵਿੱਚ, ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਣ ਵਾਲਿਆਂ ਵਿੱਚ ਫਿਰ ਫਰਕ ਨਹੀ ਸਮਝਦਾ ਕਿਉਂਕਿ ਉਸ ਨੂੰ ਮਨ ਦੇ ਗਿਆਨ ਰਾਹੀਂ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਭਾਵੇਂ ਕੋਈ ਹਿੰਦੂ ਅਖਵਾਉਂਦਾ ਹੈ ਜਾਂ ਮੁਸਲਮਾਣ ਅਖਵਾਉਂਦਾ ਹੈ ਸਭ ਦੇ ਅੰਦਰ ਗਿਆਨ ਰੂਪ ਵਿੱਚ, ਨਿਰਗੁਣ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ।ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਨਣ ਵਾਲੇ ਫਿਰ ਕਿਸੇ ਧਾਰਮਿਕ ਆਸਥਾ ਨਾਲ ਨਹੀ ਜੁੜਦੇ ਉਹ ਫਿਰ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜਦੇ ਹਨ ਜੋ ਸਭ ਨੂੰ ਇਕੋ ਜਿਹਾ ਧਰਮ ਦਾ ਮਾਰਗ ਸਮਝਾਉਂਦਾ ਹੈ।ਪ੍ਰਮਾਤਮਾ ਦਾ, ਅਲ੍ਹਾਂ ਦਾ, ਵਾਹਿਗੁਰੂ ਦਾ, ਗਾਡ ਦਾ ਧਾਰਮਿਕ ਅਸਥਾਨ ਸਾਡੇ ਅੰਦਰ ਹੀ ਹੈ ਜਿਸ ਅਸਥਾਂਨ ਤੋਂ ਪ੍ਰਮਾਤਮਾ ਸਾਰੇ ਸੰਸਾਰ ਲਈ ਇਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ ਜਿਹੋ ਜਿਹੇ ਧਰਮ ਦੇ ਮਾਰਗ ਤੇ ਗੁਰਬਾਣੀ ਦੀ ਰਚਣਾ ਕਰਨ ਵਾਲੇ ਆਪ ਚਲੇ ਹਨ ਤੇ ਸਾਰੇ ਸੰਸਾਰ ਨੂੰ ਇਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਪੂਜਣ ਦਾ ਹੈ, ਸ਼ਬਦ ਰੂਪ ਨੂੰ ਪੂਜਣ ਦਾ ਹੈ, ਅਉਗਣ ਛੱਡ ਕੇ ਗੁਣਾ ਨੂੰ ਪੂਜਣ ਦਾ ਹੈ। **(ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥4॥3॥7॥)**

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥}

(ਅੰਗ ੧੮੭)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ ੧੧੮੮)

{ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ ੧੩੪੩)

{ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥}

(ਅੰਗ ੧੦੬੯)

{ਅੰਤਰਿ ਪੂਜਾ ਮਨ ਤੇ ਹੋਇ ॥ ਏਕੋ ਵੇਖੈ ਅਉਰੁ ਨ ਕੋਇ ॥
ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥ ਸਤਿਗੁਰਿ ਮੈਨੋ ਏਕੁ ਦਿਖਾਇਆ ॥੧॥}

(ਅੰਗ ੧੧੭੩)

33/3855

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥}

(ਅੰਗ ੪੮੯)

{ਅਸੰਖ ਕੋਟਿ ਅਨ ਪੂਜਾ ਕਰੀ ॥ ਏਕ ਨ ਪੂਜਸਿ ਨਾਮੈ ਹਰੀ ॥੩॥}

(ਅੰਗ ੧੧੬੩)

{ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ ਕਰੇਇ ॥
ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ ਕੈਸੇ ਪਾਹਿ ॥੩॥}

(ਅੰਗ ੧੧੬੯)

{ਮੋਹਨੀ ਮੋਹਤ ਰਹੈ ਨ ਹੋਰੀ ॥
ਸਾਧਿਕ ਸਿਧ ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ ॥੧॥ ਰਹਾਉ ॥
ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥
ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥੧॥}

(ਅੰਗ ੧੨੧੬)

ਉਪਰ ਕੁਝ ਸ਼ਬਦਾਂ ਰਾਹੀਂ ਅਸੀਂ ਉਹਨਾ ਵੈਦਾਂ ਬਾਰੇ ਸਮਝਿਆ ਹੈ ਜਿਨ੍ਹਾਂ ਕੋਲੋ ਅਸੀ ਧਰਮ ਦੇ ਮਾਰਗ ਨੂੰ ਸਮਝਣ ਦੀ ਦਵਾਈ ਲਈ ਹੈ ਤੇ ਉਸ ਦਾ ਨਤੀਜਾ ਕੀ ਹੁੰਦਾ ਹੈ ਇਸ ਗੱਲ ਨੂੰ ਵੀ ਅਸੀਂ ਸਮਝਿਆ ਹੈ। ਸਾਡੇ ਮਨ ਦਾ ਰੋਗ ਅਗਿਆਨਤਾ ਦਾ ਹੈ ਤੇ ਦਵਾਈ ਅਸੀ ਉਹਨਾ ਕੋਲੋਂ ਲਈ ਹੋਈ ਹੈ ਜੋ ਪ੍ਰਮਾਤਮਾ ਨੂੰ ਜਾਨਣ ਵਿੱਚ ਅਗਿਆਨਤਾ ਵਿੱਚ ਰਹੇ ਹਨ ਤੇ ਅਜ ਵੀ ਉਹੋ ਜਿਹੇ ਹੀ ਦਵਾਈਆਂ ਵੰਡ ਰਹੇ ਹਨ ਜੋ ਅਗਿਆਨਤਾ ਵਿੱਚ ਰਹੇ ਹਨ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਹਉਮੈ ਵਾਲੀ ਅਵਸਥਾ ਵਿੱਚ ਰਖਿਆ ਹੋਇਆ ਹੈ ਜਿਸ ਅਵਸਥਾ ਵਿੱਚ ਰਹਿੰਦੇ ਹੋਏ ਸਾਨੂੰ ਇਸ ਰੋਗ ਦੀ ਦਵਾਈ ਦੀ ਸਮਝ ਨਹੀ ਪੈ ਸਕਦੀ। ਹਉਮੈ ਦਾ ਹੀ ਰੋਗ ਹੈ ਤੇ ਹਉਮੈ ਨੂੰ ਦੂਰ ਕਰਨ ਦੀ ਹੀ ਦਵਾਈ ਦੀ ਲੋੜ ਹੈ।ਹਉਮੈ ਆਪਣੀ ਦਵਾਈ ਨਹੀ ਬਣ ਸਕਦੀ।ਹਉਮੈ ਨੂੰ ਦੂਰ ਕਰਨ ਦੀ ਦਵਾਈ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਤੇ ਇਹ ਦਵਾਈ ਕੇਵਲ ਗੁਰੂ ਕੋਲੋਂ ਹੀ ਮਿਲ ਸਕਦੀ ਹੈ ਜੋ ਚੌਥੇ ਪਦ ਵਿੱਚ ਹੈ ਭਾਵ ਹਉਮੈ ਦੀ ਦਵਾਈ ਕੇਵਲ ਗੁਰਮਤਿ ਹੈ, ਸ਼ਬਦ ਦੀ ਵਿਚਾਰ ਹੈ। ਰੋਗ ਭਰਮ ਦਾ ਹੈ ਜੋ ਕਿ ਸਾਡੇ ਅੰਦਰ ਸਾਡੀ ਸੁਰਤਿ ਦੇ ਰੂਪ ਵਿੱਚ ਹੈ ਜੋ ਸਾਨੂੰ ਦੁਚਿਤੀ ਵਿੱਚ ਰਖਦੇ ਹਨ, ਸਹਸਾ ਵਿੱਚ ਰਖਦੇ ਹਨ। ਸਹਸਾ ਵਿੱਚੋਂ ਕੇਵਲ ਸਾਨੂੰ ਗੁਰੂ ਦਾ ਸੱਚਾ ਗਿਆਨ ਕੱਢ ਸਕਦਾ ਹੈ ਤੇ ਹੋਰ ਕੋਈ ਨਹੀ ਕੱਢ ਸਕਦਾ ਕਿਉਂਕਿ ਹਰ ਕੋਈ ਆਪ ਹੀ ਦੁਬਿਦਾ ਵਿੱਚ ਹੈ, ਤ੍ਰੈ ਗੁਣਾ ਵਿੱਚ ਹੈ, ਮਾਇਆ ਮੋਹ ਦੀ ਜੁਗਤਿ ਵਿੱਚ ਹੈ। ਆਓ ਇਸ ਗਲ ਨੂੰ ਹੇਠ ਦਿਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝੀਏ ਕਿ ਸਾਡੇ ਇਸ ਰੋਗ ਨੂੰ ਦੂਰ ਕਰਨ ਦੀ ਦਵਾਈ ਕੇਵਲ ਗੁਰੂ ਕੋਲ ਹੈ ਜੋ ਕਿ ਇਕੋ ਇਕ ਆਪ ਹੀ ਸੱਚਾ ਵੈਦ ਹੈ,

33/3856

ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਸਰਗੁਣ ਰੂਪ ਦੇ ਅੰਦਰ ਨਿਰਗੁਣ ਰੂਪ ਵਿੱਚ ਪ੍ਰਮਾਤਮਾ ਆਪ ਹੈ।

“ਹਉਮੈ ਮਾਇਆ ਵਿਚੇ ਪਾਈ ॥ ਮਨਮੁਖ ਭੂਲੇ ਪਤਿ ਗਵਾਈ ॥
ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥
ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥”

(ਅੰਗ ੧੦੪੪)

ਜਿਵੇਂ ਕਿ ਬਾਰ ਬਾਰ ਇਸ ਗੱਲ ਨੂੰ ਜਾਣਦੇ ਆਂ ਰਹੇ ਹਾਂ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਕਾਰਨ, ਸਾਡੇ ਦੁਖਾਂ ਦਾ ਕਾਰਨ ਸਾਡੇ ਅੰਦਰ ਦਾ ਹਉਮੈ ਰੂਪ ਪੜਦਾ ਹੈ ਜੋ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰਖਦਾ ਹੈ। ਇਹ ਪਰਦਾ ਸਾਡੇ ਸਭ ਦੇ ਅੰਦਰ ਹਉਮੈ ਦੇ ਰੂਪ ਵਿੱਚ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਭੁਲਾਇਆ ਹੋਇਆ ਹੈ, ਸੱਚ ਤੋਂ, ਨਾਮ ਤੋਂ ਭੁਲਾਇਆ ਹੋਇਆ ਹੈ। ਹਉਮੈ ਵਾਲੀ ਅਵਸਥਾ ਕਰਕੇ ਹੀ ਹਰ ਕੋਈ ਮਨਮੁਖਿ ਹੈ, ਪਤਿਹੀਨ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਤੋ ਬਿਨਾ ਹਰ ਕੋਈ ਪਤਿਹੀਨ ਹੀ ਰਹਿੰਦਾ ਹੈ। ਪਤਿ ਕੇਵਲ ਮਨ ਦੀ ਸੱਚੀ ਸੋਝੀ ਦੁਆਰਾ ਪੈਂਦੀ ਹੈ ਜਿਸ ਦੁਆਰਾ ਗੁਰਮਤਿ ਦੀ ਸੋਝੀ ਪੈਂਦੀ ਹੈ।ਜਿਸ ਨੂੰ ਪ੍ਰਮਾਤਮਾ ਆਪਣਾ ਗੁਰਮਤਿ ਰੂਪ ਬਣਾਉਂਦਾ ਹੈ ਉਸ ਨੂੰ ਆਪਣੇ ਨਾਮ ਦੇ ਨਾਲ ਜੋੜ ਲੈਂਦਾ ਹੈ, ਗੁਰਮਤਿ ਰੂਪ ਸੱਚੇ ਗਿਆਨ ਦੇ ਨਾਲ ਜੋੜ ਲੈਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਕਿਸੇ ਨੂੰ ਹਉਮੈ ਵਿੱਚੋਂ ਕੱਢਦਾ ਹੈ ਤੇ ਮਨੁੱਖ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਵਿੱਚ ਸਮਾਇਆ ਰਹਿੰਦਾ ਹੈ (**ਹਉਮੈ ਮਾਇਆ ਵਿਚੇ ਪਾਈ ॥ ਮਨਮੁਖ ਭੂਲੇ ਪਤਿ ਗਵਾਈ ॥ ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥4॥**) ਪ੍ਰਮਾਤਮਾ ਦੇ ਨਾਮ ਵਿਚ ਮਨੁਖ ਕਿਵੇਂ ਸਮਾਉਂਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥”

ਹਉਮੈ ਵੀ ਸਾਡੇ ਮਨ ਦੀ ਅਵਸਥਾ ਹੈ ਤੇ ਨਾਮ ਵੀ ਸਾਡੇ ਮਨ ਦੀ ਅਵਸਥਾ ਹੈ। ਜਦ ਤਕ ਸਾਡੇ ਅੰਦਰ ਹਉਮੈ ਹੈ ਤਦ ਤਕ ਸਾਡੇ ਅੰਦਰ ਨਾਮ ਨਹੀਂ ਹੈ ਤੇ ਜਦੋਂ ਪ੍ਰਮਾਤਮਾ ਦਾ ਨਾਮ ਮਿਲ ਜਾਂਦਾ ਹੈ ਫਿਰ ਹਉਮੈ ਵਾਲੀ ਅਵਸਥਾ, ਭਰਮ ਵਾਲੀ ਅਵਸਥਾ ਖਤਮ ਹੋ ਜਾਂਦੀ ਹੈ। ਭਰਮ ਮਨ ਦੇ ਗਿਆਨ ਦੁਆਰਾ ਹੀ ਦੂਰ ਹੁੰਦਾ ਹੈ ਭਾਵ ਨਾਮ ਦੁਆਰਾ ਹੀ ਦੂਰ ਹੁੰਦਾ ਹੈ। ਪ੍ਰਮਾਤਮਾ ਦਾ ਨਾਮ ਰਤਨੁ “ਗਿਆਨ” ਦੇ ਰੂਪ ਵਿੱਚ ਹੀ ਪ੍ਰਾਪਤ ਹੁੰਦਾ ਹੈ ਜਿਵੇਂ ਕਿ ਉਪਰਲੀਆ ਪੰਗਤੀਆਂ ਰਾਹੀਂ

ਸਮਝਾਇਆ ਹੋਇਆ ਹੈ। ਨਾਮ ਰਤਨ ਦੀ ਪ੍ਰਾਪਤੀ ਦਾ ਅਸਰ ਸਾਡੇ ਮਨ ਤੇ ਕੀ ਪੈਂਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਅਸਰ ਸਾਡੇ ਮਨ ਦੀ

33/3857

ਮਨਸਾ ਤੇ ਪੈਂਦਾ ਹੈ। ਮਨਸਾ ਸਾਡੇ ਅੰਦਰ ਦੀਆ ਇਛਾਂਵਾ ਦਾ ਰੂਪ ਹੈ, ਤ੍ਰਿਸ਼ਨਾਵਾਂ ਦਾ ਰੂਪ ਹੈ ਜੋ ਕਿ ਸਾਡੇ ਅੰਦਰ ਹਉਮੈ ਵਾਲੀ ਅਵਸਥਾ ਦੀ ਉਪਜ ਹੈ ਤੇ ਸਾਨੂੰ ਮਾਇਆ ਮੋਹ ਵਿੱਚ ਰਖੱਦੀ ਹੈ ਤੇ ਸਾਨੂੰ ਸੱਚ ਦੀ ਸਮਝ ਨਹੀ ਪੈਂਦੀ ਕਿ ਸਾਡੇ ਲਈ ਧਰਮ ਦਾ ਸੱਚਾ ਮਾਰਗ ਕੀ ਹੈ। ਆਪਣੇ ਨਾਮ ਰਾਹੀਂ, ਸੱਚੇ ਗਿਆਂਨ ਰਾਹੀਂ ਪ੍ਰਮਾਤਮਾ ਸਾਨੂੰ ਮਨ ਦੇ ਇਸ ਭਰਮ ਵਿੱਚੋਂ ਹੀ ਕਢੱਦਾ ਹੈ ਕਿ ਸਾਡੇ ਲਈ ਸੱਚੇ ਜੀਵਨ ਦਾ ਮਾਰਗ ਕੀ ਹੈ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ। ਹਉਮੈ ਵੀ ਸਾਡੇ ਅੰਦਰ ਦੀ ਸੋਝੀ ਹੈ ਤੇ ਨਾਮ ਵੀ ਸਾਡੇ ਅੰਦਰ ਦੀ ਸੋਝੀ ਹੈ ਭਾਵ ਸੋਝੀ ਦੇ ਗਿਆਨ ਦਾ ਹੀ ਫਰਕ ਹੈ। ਇਕ ਗਿਆਨ ਸਾਨੂੰ ਭਰਮ ਵਿੱਚ ਰੱਖਦਾ ਹੈ ਤੇ ਇਕ ਗਿਆਨ ਸਾਨੂੰ ਭਰਮ ਵਿੱਚੋਂ ਕਢੱਦਾ ਹੈ। ਭਰਮ ਵਿਚ ਰੱਖਣ ਵਾਲਾ ਗਿਆਨ ਸਾਡੇ ਅੰਦਰ ਤ੍ਰੈ ਗੁਣਾ ਵਾਲੀ ਅਵਸਥਾ ਹੈ, ਹਉਮੈ ਵਾਲੀ ਅਵਸਥਾ ਹੈ ਜਿਸ ਵਿਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰਖਿਆ ਹੋਇਆ ਹੈ, ਆਪਣੇ ਆਪ ਨੂੰ ਜਾਨਣ ਤੋਂ ਪੜਦੇ ਵਿਚ ਰਖਿਆ ਹੋਇਆ ਹੈ। ਨਾਮ ਰੂਪ ਗਿਆਨ ਸਾਨੂੰ ਮਨ ਦੀ ਤ੍ਰੈ ਗੁਣਾ ਵਾਲੀ ਅਵਸਥਾ ਵਿੱਚੋਂ ਕਢੱਦਾ ਹੈ, ਹਉਮੈ ਵਿੱਚੋਂ, ਦੁਬਿਧਾ ਵਿੱਚੋਂ, ਸਹਸਾ ਵਿੱਚੋਂ, ਮਨਮਤਿ ਵਿੱਚੋਂ ਕਢੱਦਾ ਹੈ ਜਿਸ ਦੁਆਰਾ ਮਨੁੱਖ ਚੌਥੇ ਪਦ ਵਿੱਚ ਪ੍ਰਵੇਸ਼ ਕਰਦਾ ਹੈ ਜਿਸ ਮਨ ਦੀ ਅਵਸਥਾ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਪਰਦਾ ਦੂਰ ਹੋ ਜਾਂਦਾ ਹੈ ਤੇ ਮਨ ਦੇ ਵਿੱਚ ਉਸ ਦਾ ਗੁਪਤ ਰੂਪ ਪ੍ਰਗਟ ਹੋ ਜਾਂਦਾ ਹੇ। ਇਹ ਰੂਪ ਪ੍ਰਮਾਤਮਾ ਦਾ ‘‘ਸਹਜ’’ ਰੂਪ ਹੈ, ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਤੇ ਪ੍ਰਮਾਤਮਾ ਦੇ ਇਸ ਰੂਪ ਵਿੱਚ ਸਮਾਉਂਣਾ ਹੀ ਪ੍ਰਮਾਤਮਾ ਦੇ ਵਿੱਚ, ਉਸ ਦੇ ਨਾਮ ਦੇ ਵਿੱਚ ਸਮਾਉਣਾ ਹੈ।ਪ੍ਰਮਾਤਮਾ ਆਪਣੀ ਸੰਸਾਰ ਦੀ ਖੇਡ ਸਭ ਨੂੰ ਹਉਮੈ ਰੂਪ ਪੜਦੇ ਵਿੱਚ ਰਖ ਕੇ ਹੀ ਚਲਾ ਰਿਹਾ ਹੈ, ਭਰਮ ਰੂਪ ਪੜਦੇ ਵਿੱਚ ਰਖ ਕੇ ਹੀ ਚਲਾ ਰਿਹਾ ਹੈ ਜਿਸ ਖੇਡ ਨੂੰ ਪ੍ਰਮਾਤਮਾ ਜਦ ਤਕ ਆਪ ਨਾ ਚਾਹੇ ਕੋਈ ਨਹੀ ਬੁਝ ਸਕਦਾ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ, ਗੁਰ ਪ੍ਰਸਾਦਿ ਹੈ ਕਿ ਉਹ ਕਿਸੇ ਨੂੰ ਮਨ ਦੇ ਵਿੱਚ ਆਪਣੀ ਇਸ ਖੇਡ ਦੀ ਸੋਝੀ ਪਾਵੇ, ਗਿਆਨ ਰਾਹੀਂ, ਨਾਮ ਰਤਨ ਰਾਹੀਂ ਸੋਝੀ ਪਾਏ। (**ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥5॥**)

ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਨੂੰ ਸਹਜ ਦੀ ਅਵਸਥਾ ਪ੍ਰਾਪਤ ਹੁੰਦੀ ਹੈ ਜੋ ਕਿ ਸੱਚੀ ਮਤਿ ਦੇ ਰੂਪ ਵਿੱਚ ਹੁੰਦੀ ਹੈ ਤੇ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਖਤਮ ਹੁੰਦਾ ਹੈ ਕਿਉਂਕਿ ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਨੂੰ ਸੱਚੀ ਭਗਤੀ ਦੀ ਸੋਝੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

33/3858

“ਸਤਿਗੁਰੁ ਸੇਵੇ ਆਪੁ ਗਵਾਏ ॥ ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥
ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ ॥੬॥”

(ਅੰਗ ੧੦੪੪)

ਗੁਰੂ ਪ੍ਰਮਾਤਮਾ ਦੀ ਸੇਵਾ, ਭਗਤੀ, ਉਸ ਦਾ ਨਾਮ ਜਪਣਾ ਇਕੋ ਹੀ ਗੱਲ ਹੈ ਜੋ ਕਿ ਸ਼ਬਦ ਦੀ ਵਿਚਾਰ ਦੇ ਅਨੁਸਾਰ ਆਪਣੇ ਜੀਵਣ ਨੂੰ ਢਾਲਣ ਦਾ ਹੈ। ਮਨ ਦੇ ਵਿੱਚ ਆਪਣਾ ਨਾਮ ਰੂਪ ਗਿਆਨ ਪ੍ਰਮਾਤਮਾ ਆਪਣੇ ਸ਼ਬਦਾ ਦੁਆਰਾ ਹੀ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ ਤੇ ਇਹੀ ਸਾਡੇ ਮਨ ਦੇ ਅੰਦਰ ‘‘ਸੁਖੁ’’ ਵਾਲੀ ਅਵਸਥਾ ਹੈ ਜਿਸ ਅਵਸਥਾ ਦੁਆਰਾ ਮਨੁੱਖ ਪ੍ਰਮਾਤਮਾ ਦੇ ਵਿਛੋੜੇ ਦੇ ਦੁੱਖ ਤੋਂ ਦੂਰ ਹੁੰਦਾ ਹੈ ਜੋ ਕਿ ਸਾਡੇ ਅੰਦਰੋਂ ਹਉਮੈ ਦਾ ਦੂਰ ਹੋਣਾ ਹੈ, ਆਪਣਾ ਆਪ ਗੁਆਉਣਾ ਹੈ ਭਾਵ ਮਨਮਤਿ ਵਿੱਚੋਂ ਨਿਕਲਣਾ ਹੈ ਤੇ ਇਸ ਗੱਲ ਦੀ ਸੋਝੀ ਪੈ ਜਾਣਾ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਪਰਮਾਤਮਾ ਦੇ ਨਾਲ ਮਨ ਦੇ ਅੰਦਰ ਹੀ ਜੁੜਨਾ ਹੈ। ਮਨ ਦੇ ਅੰਦਰ ਪ੍ਰਮਾਤਮਾ ਆਪਣੀ ਭਗਤੀ ਦੀ ਸੱਚੀ ਸੋਝੀ ਪਾਉਂਦਾ ਹੈ ਨਾਮ ਦੁਆਰਾ, ਸੱਚੇ ਗਿਆਨ ਦੁਆਰਾ ਗੁਰਮਤਿ ਰੂਪ ਸੱਚੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੀ ਭਗਤੀ ਵਿਚ, ਉਸ ਦੇ ਨਾਮ ਵਿਚ ਰਤਿਆ ਰਹਿੰਦਾ ਹੈ। ਗੁਰਮਤਿ ਦੇ ਨਾਲ ਮਨ ਦੇ ਵਿੱਚ ਪਿਆਰ ਹੀ ਸਾਡਾ ਪ੍ਰਮਾਤਮਾ ਦੇ ਨਾਲ

ਪਿਆਰ ਹੈ। ਮਨ ਦੇ ਵਿੱਚ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਮਨ ਦੇ ਵਿੱਚ ਸੱਚੀ ਮਤਿ ਹੀ ਦਿੰਦਾ ਹੈ, ਗੁਰਮਤਿ ਰੂਪ ਸੱਚੀ ਮਤਿ ਹੀ ਦਿੰਦਾ ਹੈ। ਪ੍ਰਮਾਤਮਾ ਕੋਲੋਂ ਮਿਲੀ ਹੋਈ ਇਹ ਮਤਿ ਹੀ ਸਹਜ ਦੀ ਅਵਸਥਾ ਵਾਲੀ ਮਤਿ ਹੈ, ਚੌਥੇ ਪਦ ਦਾ ਗਿਆਨ ਹੈ ਜਿਸ ਰਾਹੀ ਸਾਡੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ''ਬਣਿ'' ਆਉਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਮੁਕ ਜਾਂਦਾ ਹੈ ਇਹ ਹਉਮੈ ਦਾ ਨਾਮ ਦੇ ਨਾਲ ਝਗੜਾ ਮੁਕਣ ਵਾਲੀ ਅਵਸਥਾ ਹੈ ਕਿਉਂਕਿ ਸਾਡੇ ਅੰਦਰ ਹਉਮੈ ਵਾਲੀ ਅਵਸਥਾ ਖਤਮ ਹੋ ਕੇ ਕੇਵਲ ਨਾਮ ਵਾਲੀ ਅਵਸਥਾ ਰਹਿ ਜਾਂਦੀ ਹੈ। (**ਸਤਿਗੁਰੁ ਸੇਵੇ ਆਪੁ ਗਵਾਏ ॥ ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥ ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ ॥6॥**)

ਆਪਣੀ ਨਾਮ ਰੂਪ ਅਉਖਦ ਭਾਵ ਉਹ ਦਵਾਈ ਜਿਸ ਦੇ ਨਾਲ ਮਨੁੱਖ ਦਾ ਦੁੱਖ ਦੂਰ ਹੁੰਦਾ ਹੈ, ਮਨੁੱਖ ਦੇ ਸਾਰੇ ਰੋਗ ਦੂਰ ਹੁੰਦੇ ਹਨ ਉਹ ਦਵਾਈ ਪ੍ਰਮਾਤਮਾ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਦਿੰਦਾ ਹੈ ਜੋ ਕਿ ਉਸ ਦੇ ਨਾਲ ਮੇਲ ਦੀ ਅਵਸਥਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਕਿਸੇ ਦਾ ਉਸ ਪ੍ਰਮਾਤਮਾ ਰੂਪ ਵੈਦ ਦੇ ਨਾਲ ਮੇਲ ਹੁੰਦਾ ਹੈ ਤੇ ਸਮਝ ਲਗਦੀ ਹੈ ਕਿ ਸਾਡਾ ਰੋਗ ਦੂਰ ਕਰਨ ਦੀ ਦਵਾਈ,

33/3859

ਵਿਛੋੜੇ ਦਾ ਦੁਖ ਦੂਰ ਕਰਨ ਦੀ ਦਵਾਈ ਕੇਵਲ ਉਸ ਵੈਦ ਦੇ ਕੋਲ ਹੈ ਜੋ ਕਿ ਸਾਡੇ ਅੰਦਰ ਹੀ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

''ਦੂਖ ਨਿਵਾਰਣੁ ਗੁਰ ਤੇ ਜਾਤਾ ॥ ਆਪਿ ਮਿਲਿਆ ਜਗਜੀਵਨੁ ਦਾਤਾ ॥
ਜਿਸ ਨੋ ਲਾਏ ਸੋਈ ਬੂਝੈ ਭਉ ਭਰਮੁ ਸਰੀਰਹੁ ਜਾਈ ਹੇ ॥੭॥
ਆਪੇ ਗੁਰਮੁਖਿ ਆਪੇ ਦੇਵੈ ॥ ਸਚੈ ਸਬਦਿ ਸਤਿਗੁਰੁ ਸੇਵੈ ॥
ਜਰਾ ਜਮੁ ਤਿਸੁ ਜੋਹਿ ਨ ਸਾਕੈ ਸਾਚੇ ਸਿਉ ਬਣਿ ਆਈ ਹੇ ॥੮॥''

''ਦੂਖ ਨਿਵਾਰਣੁ'' ਤੋਂ ਭਾਵ ਹੈ ਉਹ ਦਵਾਈ, ਉਹ ਅਉਖਧ ਜਿਸ ਨੂੰ ਲਗਾਉਣ ਦੇ ਨਾਲ ਸਾਡਾ ''ਦੁਖ'' ਦੂਰ ਹੁੰਦਾ ਹੈ ਭਾਵ ਪ੍ਰਮਾਤਮਾ ਨਾਲੋ ਵਿਛੋੜੇ ਦਾ ਦੁਖ ਦੂਰ ਹੁੰਦਾ ਹੈ। ਇਹ ਦੁਖ ਦੂਰ ਹੋਣ ਦੇ ਨਾਲ ਮਨੁੱਖ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ ਜੋ ਸਾਡੇ ਮਨ ਦੇ ਨਾਲ ਜੁੜੇ ਹੋਏ ਹਨ। ਸਾਡੇ ਸਾਰੇ ਰੋਗਾਂ ਦਾ ਦਾਰੂ ਗੁਰੂ ਦਾ ਸੱਚਾ ਗਿਆਨ ਹੈ ਜੋ ਸਾਨੂੰ ਹਰ ਅਗਿਆਨਤਾ ਦੇ ਰੋਗ ਵਿੱਚੋਂ ਕੱਢ ਲੈਂਦਾ ਹੈ, ਸਾਰੇ ਭਰਮਾ ਵਿੱਚੋਂ ਕੱਢ ਲੈਂਦਾ ਹੈ, ਮਾਇਆ ਮੋਹ, ਤ੍ਰਿਸ਼ਨਾ ਵਿੱਚੋਂ ਕੱਢ ਲੈਂਦਾ ਹੈ। ''ਦੂਖ ਨਿਵਾਰਣੁ'' ਗੁਰੂ ਪ੍ਰਮਾਤਮਾ ਦੇ ਕੋਲੋਂ ਜਾਨਣ ਵਾਲੀ ਦਵਾਈ ਹੈ ਭਾਵ ਮਨ ਦੀ ਸੋਝੀ ਦੀ ਦਵਾਈ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਿਲਦੀ ਹੈ। (**ਦੂਖ ਨਿਵਾਰਣੁ ਗੁਰ ਤੇ ਜਾਤਾ ॥ ਆਪਿ ਮਿਲਿਆ ਜਗਜੀਵਨੁ ਦਾਤਾ ॥**) ਮਨ ਦਾ ਰੋਗ ਦੂਰ ਕਰਨ ਲਈ ਇਹ ਦਵਾਈ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਲਗਾਉਂਦਾ ਹੈ, ਮਨ ਦੀ ਸੱਚੀ ਸੋਝੀ ਦੇ ਰੂਪ ਵਿੱਚ ਲਗਾਉਂਦਾ ਹੈ। ਜਿਸ ਨੂੰ ਪ੍ਰਮਾਤਮਾ ਆਪ ਦਵਾਈ ਲਗਾਉਂਦਾ ਹੈ ਉਹੀ ਪ੍ਰਮਾਤਮਾ ਨੂੰ ਆਪਣੇ ਅੰਦਰੋ ਬੁਝਦਾ ਹੈ ਭਾਵ ਜਾਣ ਸਕਦਾ ਹੈ। ਮਨ ਦੀ ਇਹ ਦਵਾਈ ਮਨੁੱਖ ਨੂੰ ''ਭਰਮ'' ਦੇ ਵਿੱਚੋਂ ਕਢੱਦੀ ਹੈ ਭਾਵ ਮਨੁੱਖ ਦੇ ਅੰਦਰ ਦਾ ਭਰਮ ਰੂਪ ਪੜਦਾ ਦੂਰ ਕਰਦੀ ਹੈ ਜੋ ਪੜਦਾ ਦੂਰ ਹੋਣ ਦੇ ਨਾਲ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਭਰਮ ਦੇ ਵਿੱਚੋਂ ਸਾਨੂੰ ਗਿਆਨ ਹੀ ਕਢੱਦਾ ਹੈ। ਪ੍ਰਮਾਤਮਾ ਦੀ ਇਹ ਦਵਾਈ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਭਾਵ ਨਾਮ ਰੂਪ ਦਾਰੂ ਹੈ ਜੋ ਸਾਨੂੰ ਮਨ ਦੇ ਰੋਗਾਂ ਤੋਂ ਦੂਰ ਕਰਦਾ ਹੈ। ਇਹ ਦਾਰੂ ਹੀ ਸਾਨੂੰ ਮਾਇਆ ਮੋਹ ਦੇ ਭਉ ਵਿੱਚੋਂ ਕਢੱਦਾ ਹੈ। (**ਜਿਸ ਨੋ ਲਾਏ ਸੋਈ ਬੂਝੈ ਭਉ ਭਰਮੁ ਸਰੀਰਹੁ ਜਾਈ ਹੇ ॥7॥**)

ਪ੍ਰਮਾਤਮਾ ਆਪ ਗੁਰਮੁਖਿ ਰੂਪ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੀ ਇਹ ਦਵਾਈ ਦਿੰਦਾ ਹੈ ਉਹੀ ਉਸ ਦਾ ਗੁਰਮੁਖਿ ਰੂਪ ਬਣਦਾ ਹੈ। ਇਹ ਦਵਾਈ ਪ੍ਰਮਾਤਮਾ ਨੇ ਜਿਨ੍ਹਾਂ ਨੂੰ ਦਿੱਤੀ ਹੈ ਉਹੀ ਉਸ ਦਾ ਗੁਰਮੁਖਿ ਰੂਪ ਬਣੇ ਹਨ ਤੇ ਗੁਰਬਾਣੀ ਦੀ ਰਚਨਾ ਕੀਤੀ ਹੈ। ਪ੍ਰਮਾਤਮਾ ਆਪਣੀ ਇਹ ਅਉਖਧ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਸੱਚੀ ਗੁਰਮਤਿ ਦੀ ਸੋਝੀ ਪੈਂਦੀ ਹੈ ਜਿਸ ਸੋਝੀ ਦੁਆਰਾ ਪ੍ਰਮਾਤਮਾ ਦੀ

33/3860

ਸੇਵਾ ਹੁੰਦੀ ਹੈ, ਉਸ ਦੀ ਸੱਚੀ ਭਗਤੀ ਹੁੰਦੀ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਆਵਾਗਉਣ ਤੋਂ ਮੁਕਤਿ ਹੁੰਦਾ ਹੈ ਤੇ ਉਸ ਦਾ ਪ੍ਰਮਾਤਮਾ ਦੇ ਨਾਲ ਪਿਆਰ ਜੁੜਿਆ ਰਹਿੰਦਾ ਹੈ ਜੋ ਪਿਆਰ ਉਹ ਆਪ ਹੀ ਜੋੜਦਾ ਹੈ। ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਦੇ ਨਾਲ ਪਿਆਰ ਜੁੜਨਾ ਹੀ ਉਸ ਦੇ ਨਾਲ ਪਿਆਰ ਜੁੜਨਾ ਹੈ। (**ਆਪੇ ਗੁਰਮੁਖਿ ਆਪੇ ਦੇਵੈ ॥ਸਚੈ ਸਬਦਿ ਸਤਿਗੁਰੁ ਸੇਵੈ ॥ ਜਰਾ ਜਮੁ ਤਿਸੁ ਜੋਹਿ ਨ ਸਾਕੈ ਸਾਚੇ ਸਿਉ ਬਣਿ ਆਈ ਹੇ ॥8॥**) ਸੱਚੇ ਗਿਆਨ ਦੀ ਇਸ ਅਉਖਧ ਦੇ ਨਾਲ, ਸ਼ਬਦ ਦੀ ਵਿਚਾਰ ਰੂਪ ਇਸ ਅਉਖਧ ਦੇ ਨਾਲ ਸਾਡੇ ਮਨ ਦੇ ਰੋਗ ਕਿਸ ਰੂਪ ਵਿੱਚ ਦੂਰ ਹੁੰਦੇ ਹਨ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ।

“ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥
ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ ॥੯॥
ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਾਚੈ ਨਾਮਿ ਸਦਾ ਲਿਵ ਲਾਗੀ ॥
ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥”

(ਅੰਗ ੧੦੪੪)

ਸਾਰੇ ਸੰਸਾਰ ਦਾ ਰੋਗ ਇਕੋ ਹੀ ਹੈ ਜੋ ਕਿ ਸਾਡੇ ਅੰਦਰ ਦੀ ਤ੍ਰਿਸ਼ਨਾ ਹੈ, ਮਾਇਆ ਮੋਹ ਹੈ ਜੋ ਗੱਲ ਸਾਨੂੰ ਬਾਣੀ ਵਿੱਚ ਬਾਰ ਬਾਰ ਸਮਝਾਈ ਗਈ ਹੈ। ਮਨੁੱਖ ਜੋ ਵੀ ਮਾੜੇ ਕਰਮ ਕਰਦਾ ਹੈ ਉਸ ਦੇ ਪਿੱਛੇ ਸਾਡੀ ਕੋਈ ਨਾ ਕੋਈ ਤ੍ਰਿਸ਼ਨਾ ਹੁੰਦੀ ਹੈ ਜੋ ਸਾਨੂੰ ਗੁਰੂ ਦੀ ਸੱਚੀ ਮਤਿ ਅਪਣਾਉਣ ਤੋਂ ਦੂਰ ਕਰਦੀ ਹੈ। ਤ੍ਰਿਸ਼ਨਾ ਦਾ ਮੂਲ ਸਾਡੇ ਅੰਦਰ ਭਰਮ ਵਾਲੀ ਸੋਝੀ ਹੈ ਜੋ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਣ ਤੋਂ ਤੇ ਉਸ ਤੇ ਚਲੱਣ ਤੋ ਦੂਰ ਰੱਖਦੀ ਹੈ। ਮਨ ਦੀ ਇਹੋ ਜਿਹੀ ਸੋਝੀ ਵਿੱਚ, ਬਿਰਤੀ ਵਿੱਚ ਰਹਿੰਦੇ ਹੋਏ ਕੋਈ ਵੀ ਪ੍ਰਮਾਤਮਾ ਦੇ ਦਰ ਤੇ ਪਨਾਹ ਨਹੀਂ ਪਾ ਸਕਦਾ ਭਾਵ ਉਸ ਦੇ ਦਰ ਤੇ ਕਬੂਲ ਨਹੀਂ ਹੋ ਸਕਦਾ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਸੱਚੀ ਸੋਝੀ ਪਾਉਂਦਾ ਹੈ ਭਾਵ ਨਾਮ ਦੀ ਅਉਖਧ ਆਪ ਲਗਾਉਂਦਾ ਹੈ ਉਹੀ ਤ੍ਰਿਸ਼ਨਾ ਦੀ ਅਗਨਿ ਵਿੱਚੋਂ ਨਿਕਲਦਾ ਹੈ, ਵਿਕਾਰਾਂ ਵਿੱਚੋਂ ਨਿਕਲਦਾ ਹੈ ਤੇ ਪ੍ਰਮਾਤਮਾ ਦੇ ਦਰ ਤੇ “ਠਉਰ” ਪਾ ਸਕਦਾ ਹੈ।

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਦਿੱਤੀ ਹੋਈ ਨਾਮ ਅਉਖਧ ਹੈ, ਉਸ ਦਾ ਸੱਚਾ ਗਿਆਨ ਹੈ ਜੋ ਸਾਰੇ ਸੰਸਾਰ ਲਈ ਇਕੋ ਜਿਹੀ ਦਵਾਈ ਹੈ ਜਿਸ ਨੂੰ ਲਗਾਉਣ ਦਾ ਅਸੀਂ ਉਦਮ ਕਰਨਾ ਹੈ, ਤ੍ਰਿਸ਼ਨਾ ਵਿੱਚੋਂ, ਵਿਕਾਰਾਂ ਵਿੱਚੋਂ ਨਿਕਲਣ ਦਾ ਉਦਮ ਕਰਨਾ ਹੈ। (**ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥ ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ ॥9॥**)

33/3861

{ਮਾਇਆ ਅਗਨਿ ਜਲੈ ਸੰਸਾਰੇ ॥ ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥
ਅੰਤਰਿ ਸਾਂਤਿ ਸਦਾ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ ॥੧੦॥}

(ਅੰਗ ੧੦੪੯)

ਇਹ ਅਗਨਿ ਸਾਡੇ ਅੰਦਰ ਮਨ ਦੇ ਵਿਚਾਰਾ ਦੇ ਰੂਪ ਵਿੱਚ ਹੈ ਤੇ ਇਹ ਅਗਨਿ ਬੁਝਦੀ ਵੀ ਮਨ ਦੇ ਵਿਚਾਰਾ ਦੇ ਨਾਲ ਹੀ ਹੈ। ਗੱਲ ਸਿਰਫ ਇਤਨੀ ਕੁ ਸਮਝਣ ਦੀ ਹੈ ਕਿ ਅਸੀ ਆਪਣੇ ਵਿਚਾਰ ਛੱਡਣੇ ਹਨ ਤੇ ਸ਼ਬਦ ਦੇ ਵਿਚਾਰਾ ਨੂੰ ਅਪਣਾਉਣਾ ਹੈ ਭਾਵ ਆਪਣੇ ਸੁਰਤਿ ਵਾਲੇ ਵਿਚਾਰਾਂ ਨੂੰ ਤਿਆਗ ਕੇ ਸ਼ਬਦ ਦੇ ਵਿਚਾਰਾਂ ਵਾਲਾ ਬਣਨਾ ਹੈ, ਹਉਮੈ ਵਾਲੇ ਵਿਚਾਰ ਛੱਡ ਕੇ ਨਾਮ ਦੇ ਵਿਚਾਰਾਂ ਵਾਲਾ ਬਣਨਾ ਹੈ। ਇਹ ਕਰਨਾ ਬਹੁਤ ਔਖਾ ਹੈ ਤੇ ਇਸੇ ਲਈ ਅਸੀਂ ਮਾਇਆ ਦੀ ਅਗਨਿ ਵਿੱਚ ਰਹਿਣਾ ਹੀ ਚੰਗਾ ਸਮਝਦੇ ਹਾਂ ਭਾਵੇਂ ਉਹ ਸਾਡੇ ਜੀਵਨ ਨੂੰ ਬਰਬਾਦ ਕਰ ਰਹੀ ਹੈ। ਅਸੀਂ ਇਸ ਅਉਖਧ ਨੂੰ ਆਪਣੀ ਕਥਨੀ ਬਣਾਇਆ ਹੋਇਆ ਹੈ, ਕਿਸੇ ਅੱਖਰ ਦੀ ਕਥਨੀ ਨੂੰ ਬਣਾਇਆ ਹੋਇਆ ਹੈ ਕਿਉਂਕਿ ਜਿਹੋ ਜਿਹੇ ਵੈਦਾਂ ਕੋਲੋਂ ਅਸੀਂ ਇਹ ਦਵਾਈ ਲਈ ਹੋਈ ਹੈ ਉਨ੍ਹਾਂ ਨੇ ਸਾਨੂੰ ਸਿਖਾਇਆ ਹੀ ਇਹੀ ਕੁਝ ਹੈ। ਜਿਨ੍ਹਾ ਦੀ ਆਪਣੀ ਤ੍ਰਿਸ਼ਨਾ ਨਹੀ ਨਿਕਲੀ, ਆਪਣਾ ਭਰਮ ਨਹੀ ਨਿਕਲਿਆ, ਜਿਨ੍ਹਾਂ ਨੂੰ ਖੁਦ ਪ੍ਰਮਾਤਮਾ ਨੇ ਆਪ ਦਵਾਈ ਨਹੀ ਦਿੱਤੀ ਉਹ ਕੀ ਜਾਣਨ ਕਿ ਰੋਗ ਦਾ ਮੂਲ ਕੀ ਹੈ ਤੇ ਕਿਵੇਂ ਦੂਰ ਹੋਣਾ ਹੈ।

ਜਿਨ੍ਹਾਂ ਨੂੰ ਪ੍ਰਮਾਤਮਾ ਵਡਭਾਗੀ ਬਣਾਉਂਦਾ ਹੈ ਉਹਨ੍ਹਾਂ ਦੀ ਤ੍ਰਿਸ਼ਨਾ ਦਾ ਰੋਗ ਆਪ ਹੀ ਦੂਰ ਕਰਦਾ ਹੈ, ਆਪਣਾ ਨਾਮ ਆਪ ਹੀ ਦਿੰਦਾ ਹੈ।ਪ੍ਰਮਾਤਮਾ ਦੀ ਸੇਵਾ ਤ੍ਰਿਸ਼ਨਾ ਮੁਕਤਿ ਹੋ ਕੇ ਹੀ ਹੁੰਦੀ ਹੈ, ਗੁਰੂ ਦੇ ਸੱਚੇ ਗਿਆਨ ਦੇ ਨਾਲ ਭਾਵ ਨਾਮ ਦੇ ਦੁਆਰਾ ਲਿਵ ਲਗੱਣ ਨਾਲ ਹੀ ਹੁੰਦੀ ਹੈ, ਸ਼ਬਦ ਦਾ ਵਿਚਾਰੀ ਬਣਕੇ ਹੀ ਹੁੰਦੀ ਹੈ। ਸਾਡੇ ਲਈ ਸੱਚਾ ਉਦਮ ਇਹੀ ਹੈ ਕਿ ਅਸੀ ਸੱਚੇ ਵੈਦ ਨਾਲ ਜੁੜੀਏ ਤੇ ਉਹ ਦਵਾਈ ਲਈਏ ਜੋ ਸਾਨੂੰ ਤ੍ਰਿਸ਼ਨਾ ਵਿੱਚੋਂ ਕੱਢੇ, ਮਾਇਆ ਮੋਹ ਵਿੱਚੋਂ ਕੱਢੇ, ਵਿਕਾਰਾਂ ਵਿੱਚੋਂ ਕੱਢੇ, ਮਨ ਦੇ ਭਰਮ ਵਿੱਚੋਂ ਕੱਢੇ। (**ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਾਚੈ ਨਾਮਿ ਸਦਾ ਲਿਵ ਲਾਗੀ ॥ ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ ॥10॥**)

{ਸੇ ਵਡਭਾਗੀ ਜਿਨੀ ਏਕੋ ਜਾਤਾ ॥ ਘਟਿ ਘਟਿ ਵਸਿ ਰਹਿਆ ਜਗਜੀਵਨੁ ਦਾਤਾ ॥
ਇਕ ਥੈ ਗੁਪਤੁ ਪਰਗਟੁ ਹੈ ਆਪੇ ਗੁਰਮੁਖਿ ਭ੍ਰਮੁ ਭਉ ਜਾਈ ਹੇ ॥੧੫॥}

(ਅੰਗ ੧੦੪੭)

33/3862

{ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥}

(ਅੰਗ ੬੮)

{ਸੇ ਵਡਭਾਗੀ ਜਿਨਿ ਤੁਮ ਜਾਣੇ ॥ ਸਭ ਕੈ ਮਧੇ ਅਲਿਪਤ ਨਿਰਬਾਣੇ ॥
ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ ਜੀਉ ॥੩॥}

(ਅੰਗ ੧੦੨)

{ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥
ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥੯॥}

(ਅੰਗ ੭੫੫)

{ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥}

(ਅੰਗ ੪੦)

{ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥}

(ਅੰਗ ੪੦)

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ ੪੧)

{ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥}

(ਅੰਗ ੯੪)

{ਗੁਰ ਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ॥ ਵਡਭਾਗੀ ਜਪਿ ਨਾਉ ਜੀਉ ॥੩॥}

(ਅੰਗ ੧੭੫)

{ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥
ਜਾ ਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥੪॥}

(ਅੰਗ ੧੭੯)

{ਤਾ ਕਾ ਦਰਸੁ ਪਾਈਐ ਵਡਭਾਗੀ ॥ ਜਾ ਕੀ ਰਾਮ ਨਾਮਿ ਲਿਵ ਲਾਗੀ ॥੧॥}

(ਅੰਗ ੧੯੩)

33/3863

ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁਖ ਕਿਸੇ ਵਿਰਲੇ ਦਾ ਹੀ ਦੂਰ ਹੁੰਦਾ ਹੈ ਤੇ ਉਹੀ ਵਡਭਾਗੀ ਹੈ ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ। ਗੁਰੂ ਵਡਭਾਗੀ ਹੈ ਜਿਸ ਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਤੇ ਇਸੇ ਲਈ ਗੁਰੂ ਹੀ ਸੱਚਾ ਵੈਦ ਹੈ ਜੋ ਦੂਸਰਿਆ ਦਾ ਦੁੱਖ ਦੂਰ ਕਰ ਸਕਦਾ ਹੈ। ਅਸੀਂ ਜਿਨ੍ਹਾਂ ਨੂੰ ਆਪਣੇ ਵਲੋਂ ਵੈਦ ਸਮਝਿਆ ਹੋਇਆ ਹੈ ਉਨ੍ਹਾਂ ਨੂੰ ਵਡਭਾਗੀ ਸਮਝ ਕੇ ਹੀ ਉਨ੍ਹਾਂ ਪਿੱਛੇ ਲਗੇ ਹੋਏ ਹਾਂ ਕਿ ਉਨ੍ਹਾਂ ਪਿੱਛੇ ਲਗ ਕੇ ਸਾਡੇ ਭਾਗ ਖੁੱਲ ਜਾਣਗੇ। ਜਿਨ੍ਹਾਂ ਦੇ ਆਪਣੇ ਭਾਗ ਨਹੀ ਖੁੱਲੇ ਉਨ੍ਹਾਂ ਸਾਡੇ ਭਾਗ ਕੀ ਖੋਲਣੇ ਹਨ।

ਜਿਨ੍ਹਾਂ ਨੂੰ ਨਾਮ ਅਉਖਧ ਦੀ ਸਮਝ ਨਹੀਂ ਹੈ, ਇਸ ਦਾਰੂ ਦਾ ਮਕਸਦ ਕੀ ਹੈ ਭਾਵ ਨਾਮ ਦਾ ਸਾਡੇ ਜੀਵਨ ਲਈ ਮਕਸਦ ਕੀ ਹੈ ਉਨ੍ਹਾਂ ਨੂੰ ਭਾਵੇਂ ਅਸੀਂ ਉੱਚਾ ਕਰਕੇ ਮੰਨਿਆ ਹੋਇਆ ਹੈ, ਧਰਮ ਦੇ ਮਾਰਗ ਦੇ ਸਿਆਣੇ ਮੰਨਿਆ ਹੋਇਆ ਹੈ, ਸੂਝਵਾਨ, ਪੰਡਿਤ, ਗਿਆਨੀ ਆਦਿ ਮੰਨਿਆ ਹੋਇਆ ਹੈ ਪਰ ਗੁਰੂ ਰੂਪ ਅਕਾਲ ਪੁਰਖ ਨੇ ਬਾਬੇ ਨਾਨਕ ਦੀ ਜੁਬਾਨੀ ਉਨ੍ਹਾਂ ਨੂੰ ਕਿਹੋ ਜਿਹਾ ਦਰਜਾ ਦਿੱਤਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਬੜੇ ਸਪਸ਼ਟ ਤੌਰ ਤੇ ਸਮਝਿਆ ਜਾ ਸਕਦਾ ਹੈ। ਉਨ੍ਹਾਂ ਦਾ ਦਰਜਾ ਉਹੀ ਹੈ ਜੋ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਕੇਵਲ ਵਿਸ਼ਵਾਸ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਧਰਮ ਦੇ ਮਾਰਗ ਦੀ ਸਿੱਖਿਆ ਉਥੋਂ ਲਈਏ, ਨਾਮ ਦੀ ਅਉਖਧ ਉਥੋਂ ਲਈਏ ਜਿਸ ਦੇ ਕੋਲ ਇਹ ਸੱਚੀ ਅਉਖਧ ਹੈ।

ਮਲਾਰ ਮਹਲਾ ੧ ॥

“ਦੁਖ ਮਹੁਰਾ ਮਾਰਣ ਹਰਿ ਨਾਮੁ ॥ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥
ਨਿਤ ਨਿਤ ਲੇਹੁ ਨ ਛੀਜੈ ਦੇਹ ॥ਅੰਤ ਕਾਲਿ ਜਮੁ ਮਾਰੈ ਠੇਹ ॥੧॥
ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥
ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥
ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ ਐਥੈ ਸਭ ਰਾਤਿ ॥੨॥
ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥
ਹੋਮ ਜਗ ਅਰੁ ਪਾਠ ਪੁਰਾਣ ॥ਜੋ ਤਿਸੁ ਭਾਵੈ ਸੋ ਪਰਵਾਣ ॥੩॥
ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥ ਜਿਨ ਕਉ ਲਿਖਿਆ ਏਹੁ ਨਿਧਾਨੁ ॥
ਸੇ ਧਨਵੰਤ ਦਿਸਹਿ ਘਰਿ ਜਾਇ ॥ ਨਾਨਕ ਜਨਨੀ ਧੰਨੀ ਮਾਇ ॥੪॥੩॥੯॥”

(ਅੰਗ ੧੨੫੬-੧੨੫੭)

ਨਾਮ ਦਾਰੂ ਕੀ ਹੈ ਤੇ ਉਹ ਸਾਡਾ ਕਿਹੜਾ ਰੋਗ ਦੂਰ ਕਰਨ ਲਈ ਹੈ ਇਸ ਗੱਲ ਨੂੰ ਉਪਰਲੇ ਸ਼ਬਦ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ, ਪੂਰੀ ਤਰਾਂ ਭਰਮੇ ਹੋਏ ਵੀ ਸਮਝ ਸਕਦੇ ਹਨ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਨ ਦੀ ਲੋੜ ਹੈ। ਰੋਗ ਵੀ ਉਹੀ ਹੈ ਜੋ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਦਾਰੂ ਵੀ ਉਹੀ ਹੈ ਜਿਸ ਦੁਆਰਾ ਸਾਡਾ ਰੋਗ ਦੂਰ ਹੁੰਦਾ ਹੈ। ਰੋਗ ਮਨਮਤਿ ਹੈ ਤੇ ਦਾਰੂ ਗੁਰਮਤਿ ਹੈ। ਰੋਗ ਮਨ ਦੀ ਨਾਸਮਝੀ ਦਾ ਹੈ ਤੇ ਦਾਰੂ ਸਾਡੀ ਨਾਸਮਝੀ ਨੂੰ ਕਢੱਣ ਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ।

ਸਾਡੇ ਅੰਦਰ ਦੇ ਦੁਖ ਭਾਵ ਰੋਗ ਨੂੰ “ਮਹੁਰਾ”

33/3864

ਕਹਿ ਕੇ ਭਾਵ “ਜਹਿਰ” ਕਹਿ ਕੇ ਸਮਝਾਇਆ ਹੋਇਆ ਹੈ ਜੋ ਹਰ ਵੇਲੇ ਸਾਡੀ ਸੋਝੀ ਦਾ, ਆਤਮਿਕ ਗਿਆਨ ਦਾ ਨਾਸ ਕਰਦਾ ਰਹਿੰਦਾ ਹੈ ਜਿਸ ਦੁਆਰਾ ਸਾਡਾ ਮਨੁੱਖਾ ਜੀਵਨ ਬਰਬਾਦ ਹੁੰਦਾ ਹੈ। ਜਹਿਰ ਸਾਡੇ ਅੰਦਰ ਦਾ ਮਾਇਆ ਮੋਹ ਹੀ ਹੈ ਜੋ ਸਾਨੂੰ ਵਿਕਾਰਾਂ ਨਾਲ ਜੋੜ ਕੇ ਰੱਖਦਾ ਹੈ ਜਿਸ ਦਾ ਮੂਲ ਸਾਡੇ ਅੰਦਰ ਦੀ ਅਗਿਆਨਤਾ ਹੈ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਤੋਂ ਦੂਰ ਰੱਖਦੀ ਹੈ। ਇਸ ਦੁੱਖ ਨੂੰ ਦੂਰ ਕਰਨ ਦਾ “ਮਾਰਣ” ਭਾਵ ਇਲਾਜ, ਦਵਾਈ ਪ੍ਰਮਾਤਮਾ ਦਾ ਨਾਮ ਹੈ। (**ਦੁਖ ਮਹੁਰਾ ਮਾਰਣ ਹਰਿ ਨਾਮੁ ॥**) ਨਾਮ ਰੂਪੀ ਦਵਾਈ ਇਸ ਜਹਿਰ ਦਾ ਇਲਾਜ ਕਿਵੇਂ ਕਰਦੀ ਹੈ ਇਹ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥”

ਜਹਿਰ ਵੀ ਸਾਡੇ ਮਨ ਦੇ ਅੰਦਰ ਹੈ ਤੇ ਇਸ ਦਾ ਇਲਾਜ ਵੀ ਸਾਡੇ ਮਨ ਦੇ ਅੰਦਰ ਹੈ। ਸਾਡੇ ਅੰਦਰ ਤ੍ਰਿਸ਼ਨਾ ਵਾਲੇ ਵਿਚਾਰ, ਮਾਇਆ ਮੋਹ ਵਾਲੇ ਵਿਚਾਰ ਸਾਡੇ ਅੰਦਰ ਦਾ ਰੋਗ ਹਨ ਤੇ ਇਸ ਰੋਗ ਦਾ ਇਲਾਜ ਸਾਡੇ ਮਨ ਦੇ ਅੰਦਰ ਦਾ ਸੰਤੋਖ ਹੈ ਭਾਵ ਤ੍ਰਿਸ਼ਨਾਵਾਂ ਦਾ, ਮਾਇਆ ਮੋਹ ਵਾਲੀ ਬਿਰਤੀ ਦਾ ਤਿਆਗ ਹੈ। ਆਪਣੇ ਅੰਦਰ ਸੰਤੋਖ ਲਿਆਉਣ ਲਈ ਸਾਡੇ ਲਈ

ਇਹ ਜਰੂਰੀ ਹੈ ਕਿ ਅਸੀ ਆਪਣੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰਾ ਨੂੰ ਰਗੜੀਏ , "ਪੀਸਣ" ਨਾਲ ਭਾਵ ਵਟੇ ਦੇ ਨਾਲ ਰਗੜੀਏ।ਇਹ ਪੀਸਣ ਸਾਡੇ ਅੰਦਰ ਦੀ ਦ੍ਰਿੜਤਾ ਹੈ, ਗੁਰਮਤਿ ਨੂੰ ਅਪਣਾਉਣ ਦੀ ਦ੍ਰਿੜਤਾ ਹੈ, ਨਾਮ ਦੀ ਮਤਿ ਨੂੰ ਅਪਣਾਉਣ ਦੀ ਦ੍ਰਿੜਤਾ ਹੈ ਜੋ ਦ੍ਰਿੜਤਾ ਸਾਨੂੰ ਗੁਰੂ ਪ੍ਰਮਾਤਮਾ ਦੇ ਕੋਲੋਂ ਦਾਨ ਦੇ ਰੂਪ ਵਿੱਚ ਮਿਲਦੀ ਹੈ, ਨਾਮ ਦਾਨ ਦੇ ਰੂਪ ਵਿੱਚ ਮਿਲਦੀ ਹੈ ਕਿਉਂਕਿ ਮਨ ਦੇ ਵਿਚਾਰਾਂ ਨੂੰ ਮਾਰ ਸਕਣਾ, ਮਾਇਆ ਮੋਹ ਨੂੰ ਮਾਰ ਸਕਣਾ ਮਨੁੱਖੀ ਸਮਰਥਾ ਤੋ ਬਾਹਰ ਹੈ। ਇਸ ਦੇ ਲਈ ਉਦਮ ਅਸੀਂ ਹੀ ਕਰਨਾ ਹੈ ਭਾਵ ਗੁਰਮਤਿ ਨੂੰ ਸਮਝ ਕੇ ਮਾਇਆ ਮੋਹ ਵਿੱਚੋਂ ਨਿਕਲਨ ਦਾ ਉਦਮ ਅਸੀ ਹੀ ਕਰਨਾ ਹੈ। ਇਹ ਦਵਾਈ ਅਸੀ ਨਿਤ ਨਿਤ ਲੈਣੀ ਹੈ ਤਾਂ ਜੋ ਸਾਡਾ ਜੀਵਨ ਛਿਜਣ ਤੋ ਬੱਚ ਸਕੇ ਭਾਵ ਬਰਬਾਦ ਹੋਣ ਤੋ ਬੱਚ ਸਕੇ।ਸਾਡਾ ਜੀਵਨ ਮਾੜੇ ਕਰਮਾਂ ਕਰਕੇ ਹੀ ਬਰਬਾਦ ਹੁੰਦਾ ਹੈ ਜੋ ਕਿ ਮਨ ਦੇ ਸੰਤੋਖ ਦੁਆਰਾ ਹੀ ਬੱਚ ਸਕਦਾ ਹੈ ਜਿਸ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ। ਸਾਡੇ ਮਾੜੇ ਕਰਮ ਹੀ ਸਾਨੂੰ ਜਮ੍ਹਾਂ ਦੇ ਵੱਸ ਪਾਉਂਦੇ ਹਨ। (**ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥ਅੰਤ ਕਾਲਿ ਜਮੁ ਮਾਰੈ ਠੇਹ ॥1॥**)

33/3865

ਅਗਲੀ ਰਹਾਓ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਜੋ ਨਾਮ ਦਾ ਦਾਰੂ, ਨਾਮ ਦੀ ਦਵਾਈ ਅਸੀਂ ਨਿਤ ਨਿਤ ਖਾਣੀ ਹੈ, ਹਰ ਰੋਜ ਖਾਣੀ ਹੈ ਉਹ ਕਿਸ ਮਕਸਦ ਲਈ ਖਾਣੀ ਹੈ ਤੇ ਇਸ ਦਾਰੂ ਨੇ ਸਾਡਾ ਰੋਗ ਕਿਵੇਂ ਦੂਰ ਕਰਣਾ ਹੈ ਭਾਵ ਨਾਮ ਦਾਰੂ ਦਾ ਮਕਸਦ ਕੀ ਹੈ ਤੇ ਇਸ ਦਾਰੂ ਨੂੰ ਨਾ ਖਾਣ ਵਾਲਿਆਂ ਨੂੰ ਕਿਹੋ ਜਿਹੀ ਬਿਰਤੀ ਵਾਲੇ ਕਿਹਾ ਹੈ।

"ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥"

ਇਸ ਤੋਂ ਸਪਸ਼ਟ ਗੁਰੂ ਸਾਹਿਬ ਸਾਨੂੰ ਹੋਰ ਕੀ ਸਮਝਾਉਂਣ ਕਿ ਨਾਮ ਦਾਰੂ ਕੀ ਹੈ ਸਾਡਾ ਸਭ ਦਾ ਗਵਾਰਾਪੁਣਾ ਕੀ ਹੈ। ਨਾਮ ਦਾਰੂ ਦਾ ਮਕਸਦ , ਗੁਰਮਤਿ ਦਾ ਮਕਸਦ ਸਾਨੂੰ ਸੱਚੇ ਸੁੱਚੇ ਜੀਵਨ ਵਾਲਾ ਬਣਾਉਨ ਦਾ ਹੀ ਹੈ, ਵਿਕਾਰਾਂ ਵਿੱਚੋਂ ਕਢਣ ਦਾ ਹੀ ਹੈ ਜਿਸ ਦਾ ਕਾਰਣ ਸਾਡੇ ਅੰਦਰ ਦੀ ਮਨਮਤਿ ਹੈ ਭਾਵ ਗੁਰਮਤਿ ਦੀ ਸੋਝੀ ਦਾ ਨਾ ਹੋਣਾ ਹੈ। ਜੋ ਮਨੁੱਖ ਗੁਰੂ ਦੀ ਗੱਲ ਨੂੰ ਨਹੀ ਮੰਨਦਾ ਉਹ ਨਾਮ ਦਾਰੂ ਨਹੀਂ ਖਾਂਦਾ ਭਾਵ ਗੁਰੂ ਦਾ ਸੱਚਾ ਭੋਜਨ ਨਹੀ ਖਾਂਦਾ ਜੋ ਕਿ ਇਸ ਮਨ ਨੇ ਖਾਣਾ ਹੈ ਭਾਵ ਮਨ ਨੇ ਸਮਝਨਾ ਹੈ। ਜੋ ਪ੍ਰਮਾਤਮਾ ਦਾ ਇਹ ਨਾਮ ਦਾਰੂ ਭਾਵ ਉਸਦਾ ਅੰਮ੍ਰਿਤ ਰੂਪ ਦਾਰੂ ਛੱਕ ਲੈਦਾ ਹੈ ਉਹ ਮਨੁੱਖ ਫਿਰ ਹਰ ਵਿਕਾਰ ਤੋਂ ਦੂਰ ਹੋ ਜਾਦਾ ਹੈ ਤ੍ਰਿਸ਼ਨਾਵਾਂ ਤੋਂ, ਮਾਇਆ ਮੋਹ ਤੋਂ ਮੁਕਤਿ ਹੋ ਜਾਦਾ ਹੈ। ਹਰ ਕੋਈ ਕਿਹੋ ਜਿਹੇ ਨਾਮ ਦਾਰੂ ਨੂੰ ਖਾਣ ਵਿੱਚ ਲਗਾ ਹੋਇਆ ਹੈ, ਹਰ ਰੋਜ ਖਾਣ ਵਿੱਚ ਲਗਾ ਹੋਇਆ ਹੈ, ਇਹ ਵੀ ਸਭ ਨੂੰ ਸਪੱਸ਼ਟ ਹੈ। ਅਸੀਂ ਇਕ ਅੱਖਰ ਦੀ ਕਥਨੀ ਨਾਲ ਜੁੜੇ ਹੋਏ ਹਾਂ ਤੇ ਇਸੇ ਕਥਨੀ ਨੂੰ ਅਸੀਂ ਆਪਣੀਆਂ ਸਰੀਰਕ ਬਿਮਾਰੀਆਂ ਦੂਰ ਕਰਨ ਦਾ ਦਾਰੂ ਸਮਝਿਆ ਹੋਇਆ ਹੈ, ਨਾਮ ਅਉਖਧ ਸਮਝਿਆ ਹੋਇਆ ਹੈ ਜੋ ਕਿ ਕੇਵਲ ਸਾਡਾ ਭਰਮ ਹੈ ਤੇ ਗੁਰਮਤਿ ਦੀ ਮੂਲ ਮਤਿ ਤੋਂ ਉਲਟ ਮਤਿ ਸਮਝਾਉਣ ਵਾਲੀ ਗੱਲ ਹੈ। ਜਿਸ ਮਨੁੱਖ ਦੇ ਅੰਦਰ ਵਿਕਾਰ ਹਨ ਉਹ ਗਵਾਰ ਹੈ। ਅਸੀ ਆਪਣਾ ਗਵਾਰਪੁਣਾ ਕਥਨੀ ਨਾਲ ਢਕਿੱਆ ਹੋਇਆ ਹੈ ਤੇ ਆਪਣੇ ਆਪ ਨੂੰ ਸਿਆਣੇ ਸਮਝਿਆ ਹੋਇਆ ਹੈ। ਇਹੋ ਜਿਹੀ ਮਤਿ ਸਾਨੂੰ ਉਹੋ ਜਿਹੇ ਵੈਦਾਂ ਨੇ ਦਿੱਤੀ ਹੈ ਜਿਨ੍ਹਾਂ ਨੂੰ ਅਸੀ ਬੜੇ ਵਿਦਵਾਨ ਸਮਝਿਆ ਹੋਇਆ ਹੈ। ਗੁਰੂ ਪ੍ਰਮਾਤਮਾ ਦੀਆਂ ਨਜਰਾ ਵਿੱਚ ਇਹੋ ਜਿਹਿਆਂ ਦੀ ਭਾਵ ਭਰਮੇ ਹੋਇਆ ਦੀ ਕਿਤਨੀ ਕੁ ਕਦਰ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਤੇ ਨਾਮ ਦਾਰੂ ਦਾ ਅਸਲ ਮਕਸਦ ਵੀ

33/3866

ਸਮਝ ਸਕਦਾ ਹੈ ਜੋ ਮਕਸਦ ਸਾਨੂੰ ਸੱਚਾ ਵੈਦ ਸਮਝਾ ਰਿਹਾ ਹੈ। (**ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥1॥ ਰਹਾਉ ॥**)

ਸਾਡੇ ਅੰਦਰ ਨਾਮ ਦੇ ਮਕਸਦ ਦੀ ਸੋਝੀ ਦਾ ਨਾ ਹੋਣਾ ਸਾਡੇ ਅੰਦਰ ਦੀ ਅਗਿਆਨਤਾ ਹੈ ਜੋ ਸਾਨੂੰ ਮਾਇਆ ਮੋਹ ਨਾਲ ਜੋੜ ਕੇ ਰੱਖਦੀ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਸ਼ਬਦ ਦੇ ਭਾਵ ਗਹਿਰਾਈ ਵਿੱਚ ਹਨ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥

ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ ਐਥੈ ਸਭ ਰਾਤਿ ॥੨॥"

(ਅੰਗ ੧੨੫੬)

ਨਾਮ ਦਾਰੂ ਦਾ ਅਸਲ ਮਕਸਦ ਸਾਨੂੰ ਆਪਣੇ ਸੰਸਾਰਿਕ ਦੁਖ ਵਿੱਚੋਂ ਕੱਢਣ ਦਾ ਹੈ ਤੇ ਇਹ ਦੁੱਖ ਸਾਰੇ ਸੰਸਾਰ ਦਾ ਇਕੋ ਜਿਹਾ ਹੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਹੈ।ਪ੍ਰਮਾਤਮਾ ਦੇ ਨਾਲ ਵਿਛੋੜੇ ਦੇ ਕਾਰਣ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਹੈ ਜੋ ਸਾਨੂੰ ਸੱਚ ਨਾਲ ਜੋੜਣ ਤੋਂ ਦੂਰ ਰਖੱਦਾ ਹੈ। ਜਦ ਤਕ ਸਾਡੇ ਅੰਦਰ ਵਿਕਾਰ ਹਨ ਤੱਦ ਤਕ ਸਾਡੇ ਅੰਦਰ ਸੱਚ ਨਹੀਂ ਹੈ।ਸਾਡੇ ਮਨ ਦੇ ਅੰਦਰ ਸੰਤੋਖ ਸੱਚ ਦੀ ਬਿਰਤੀ ਨਾਲ ਹੀ ਆਉਂਦਾ ਹੈ ਭਾਵ ਵਿਕਾਰਾਂ ਤੋਂ ਰਹਿਤ ਹੋ ਕੇ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਣ ਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਣ ਦਾ ਇਹੀ ਤਰੀਕਾ ਹੈ ਕਿ ਅਸੀਂ ਵਿਕਾਰਾਂ ਤੋਂ ਮੁਕਤਿ ਹੋ ਕੇ ਵਿਚਰੀਏ ਜੋ ਕਿ ਆਪਣੇ ਮਨ ਨੂੰ ਸਮਝਾਉਣ ਦਾ ਮਾਰਗ ਹੈ, ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨ ਦਾ ਮਾਰਗ ਹੈ ਨਾ ਕਿ ਕਿਸੇ ਅੱਖਰ ਦੀ ਕਥਨੀ ਕਰੀ ਜਾਣ ਦਾ ਜਾਂ ਸਰੀਰਿਕ ਕਿਰਿਆਵਾਂ ਕਰੀ ਜਾਣ ਦਾ। ਪ੍ਰਮਾਤਮਾ ਨੂੰ ਪਾਉਣ ਦਾ ਜਾਂ ਨਾ ਪਾਉਣ ਦਾ ਮਾਰਗ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਤੇ ਇਹੀ ਨਾਮ ਦਾਰੂ ਦਾ ਮਕਸਦ ਹੈ ਜਿਸ ਨੇ ਸਾਡੇ ਮਨ ਦੀ ਮਾੜੀ ਮਤਿ ਨੂੰ, ਨਾ ਸਮਝ ਮਤਿ ਨੂੰ ਚੰਗੀ ਮਤਿ ਵਿੱਚ, ਸਮਝਦਾਰੀ ਵਾਲੀ ਮਤਿ ਵਿੱਚ ਬਦਲਣਾ ਹੈ।ਜਦ ਤਕ ਸਾਡੀ ਮਤਿ ਸਮਝ ਵਾਲੀ ਨਹੀ ਹੈ ਭਾਵ ਗੁਰੂ ਦੀ ਮਤਿ ਦੇ ਅਨੁਸਾਰ, ਨਾਮ ਦੀ ਮਤਿ ਅਨੁਸਾਰ ਨਹੀਂ ਹੈ ਤਦ ਤਕ ਸਾਨੂੰ ਧਨ ਦੋਲਤ ਆਦਿ ਮੋਂਹਦੇ ਹਨ ਜੋ ਕਿ ਅਸਲ ਵਿੱਚ ਇਕ ਪਰਛਾਂਵੇ ਦੀ ਤਰ੍ਹਾਂ ਬਿਨਸਨ ਵਾਲੀਆਂ ਵਸਤੂਆਂ ਹਨ। ਮਨ ਦੀ ਇਹੋ ਜਿਹੀ ਸੋਝੀ ਨਾਲ ਜੁੜੇ ਰਹਿਣ ਦੁਆਰਾ ਅਸੀਂ ਉਸ ਪ੍ਰਮਾਤਮਾ ਦੇ ਥਾਂ ਨੂੰ ਭਾਵ

33/3867

ਟਿਕਾਣੇ ਨੂੰ, ਅਸਥਾਨ ਨੂੰ ਨਹੀਂ ਜਾਣ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ ਭਾਵ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਦੁਖ ਦੂਰ ਨਹੀ ਹੋ ਸਕਦਾ। ਪ੍ਰਮਾਤਮਾ ਦਾ "ਥਾਵ" ਸਾਨੂੰ ਆਪਣੇ ਅੰਦਰੋਂ ਤਾਂ ਹੀ ਦਿਸ ਸਕਦਾ ਹੈ ਜਦੋਂ ਸਾਡੀ ਮਾੜੀ ਸੋਝੀ ਬਦਲ ਜਾਂਦੀ ਹੈ ਭਾਵ ਚੰਗੀ ਬਣ ਜਾਂਦੀ ਹੈ, ਮਇਆ ਮੋਹ ਵਿੱਚੋਂ ਨਿਕਲ ਕੇ ਮਨ ਦੇ ਸੰਤੋਖ ਵਾਲੀ ਬਣ ਜਾਂਦੀ ਹੈ। (**ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥**) "ਰਥਿ ਫਿਰੰਦੈ" ਕੀ ਹੈ ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਇਸ ਤੋਂ ਭਾਵ ਸਾਡੇ ਅੰਦਰ ਦੀ ਮਤਿ ਦੇ ਫਿਰਨ ਦੇ ਨਾਲ ਹੀ ਹੈ, ਮਨ ਦੀ ਸੋਝੀ ਬਦਲਣ ਦੇ ਨਾਲ ਹੀ ਹੈ ਜਿਸ ਨੂੰ ਕਿ ਹੇਠ ਦਿੱਤੇ ਸਲੋਕ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕੁ ਮਃ ੧ ॥

"ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥
ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥
ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥"

(ਅੰਗ ੪੭੦)

ਉਪਰ ਸ਼ਬਦ ਦੇ ਵਿੱਚ ਵਖਰੇ ਵਖਰੇ ਜੁਗਾਂ ਨੂੰ ਸਾਡੇ ਮਨ ਦੀਆਂ ਅਵਸਥਾਂਵਾਂ ਦੇ ਨਾਲ ਜੋੜ ਕੇ ਸਮਝਾਇਆ ਹੋਇਆ ਹੈ ਜੋ ਅਵਸਥਾਵਾਂ ਮਨ ਦੇ ਵਿਚਾਰ ਬਦਲਣ ਨਾਲ, ਮਨ ਦੀ ਸੋਝੀ ਬਦਲਣ ਨਾਲ ਬਦਲਦੀਆਂ ਰਹਿੰਦੀਆਂ ਹਨ, ਮਨ ਦੇ ਵਿਚਾਰ ਬਦਲਣ ਦੇ ਨਾਲ ਬਦਲਦੀਆਂ ਰਹਿੰਦੀਆਂ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਪਿੱਛੇ ਵੀ ਸ਼ਬਦ ਦੁਆਰਾ ਸਮਝਿਆ ਹੈ। ਸਾਡੇ ਮਨ ਦੇ ਵਿਚਾਰ ਮਨ ਦੇ ਵਿੱਚ ਹੀ ਫਿਰਦੇ ਰਹਿੰਦੇ ਹਨ, ਬਦਲਦੇ ਰਹਿੰਦੇ ਹਨ ਜਿਨ੍ਹਾ ਦੀ ਤੁਲਨਾ ਇੱਕ ਰੱਥ ਦੇ ਨਾਲ ਕੀਤੀ ਹੈ ਜਿਵੇਂ ਕਿ ਇਕ ਰਥ ਦੇ ਉਤੇ ਘੁਮਣ ਦੇ ਨਾਲ, ਉਸ ਤੇ ਫਿਰਨ ਦੇ ਨਾਲ ਜਗ੍ਹਾ ਬਦਲਦੀਆਂ ਰਹਿੰਦੀਆਂ ਹਨ ਭਾਵ ਸਾਨੂੰ ਪਹਿਲੇ ਨਾਲੋਂ ਵਖਰੀ ਗੱਲ ਨਜਰ ਆਉਂਦੀ ਹੈ, ਵੱਖਰੀ ਸਮਝ ਲਗਦੀ ਹੈ। ਸਾਡੇ ਮਨ ਦੇ ਰਥ ਨੂੰ ਭਾਵ ਵਿਚਾਰਾਂ ਰੂਪ ਰਥ ਨੂੰ ਚਲਾਉਣ ਵਾਲਾ ਕੌਣ ਹੈ ਭਾਵ ਸਾਡੇ ਅੰਦਰ ਇਹ ਰਥ ਕਿਵੇਂ ਚਲਦਾ ਹੈ, ਨਿਰਗੁਣ ਰੂਪ ਰਥ ਕਿਵੇਂ ਚਲਦਾ ਹੈ ਤੇ

ਅਸੀਂ ਵੱਖਰੇ ਵੱਖਰੇ ਵਿਚਾਰਾਂ ਵਾਲੇ ਕਿਵੇਂ ਬਣਦੇ ਰਹਿੰਦੇ ਹਾਂ ਇਹੀ ਗੱਲ ਉਪਰ ਸਲੋਕ ਰਾਹੀਂ ਸਮਝਾਈ ਹੋਈ ਹੈ।

ਸਾਡਾ ਮਨੁੱਖੀ ਸਰੀਰ, ਮਨੁੱਖਾ ਜੀਵਨ ਕਿਤਨਾ ਉੱਚਾ ਹੈ ਇਸ ਗੱਲ ਨੂੰ ਉਹੀ ਜਾਣ ਸਕਦਾ ਹੈ ਜੋ ਆਪਣੇ ਅੰਦਰੋ ਮਨ ਦੇ ਵਿਚਾਰਾ ਦੇ ਮਾਲਕ ਨੂੰ ਜਾਣ ਲੈਂਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਕੌਣ ਹੈ, ਇਹ ਸਰੀਰ ਦੀ ਉੱਚੀ ਕੀਮਤ ਕਿਸ ਲਈ ਹੈ। ਇਹ ਸਰੀਰ ਨੂੰ ਉੱਚਾ

33/3868

ਕਰਨ ਵਾਲਾ, ਇਸ ਸਰੀਰ ਦੀ ਕੀਮਤ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਇਸ ਨੂੰ ਨਿਰਗੁਣ ਰੂਪ ਵਿੱਚ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। ਉਹ ਪ੍ਰਮਾਤਮਾ ਆਪ ਹੀ ਸਾਡੇ ਮਨ ਦਾ ''ਰਥੁ'' ਰੂਪ ਹੈ ਤੇ ਆਪ ਹੀ ''ਰਥਵਾਹੁ'' ਹੈ ਭਾਵ ਆਪ ਹੀ ਇਸ ਮਨ ਦੇ ਵਿੱਚ ਵਿਚਾਰਾਂ ਨੂੰ ਪਾਉਂਣ ਵਾਲਾ ਹੈ, ਉਪਜਾਉਂਣ ਵਾਲਾ ਹੈ ਭਾਵ ਸਾਡੇ ਅੰਦਰ ਸੋਝੀ ਪਾਉਂਣ ਵਾਲਾ ਹੈ, ਗਿਆਨ ਪਾਉਣ ਵਾਲਾ ਹੈ ਤੇ ਆਪ ਹੀ ਉਨ੍ਹਾਂ ਵਿਚਾਰਾਂ ਤੇ ਚਲਾਉਣ ਵਾਲਾ ਹੈ ਭਾਵ ਰਥਵਾਹੁ ਰੂਪ ਹੈ।ਸਾਨੂੰ ਮਨ ਦੇ ਵਿਚਾਰਾਂ ਰਾਹੀਂ ਵੱਖਰੀ ਵੱਖਰੀ ਸੋਝੀ ਪੈਂਦੀ ਰਹਿੰਦੀ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਰੂਪ ਰਥ ਮਨ ਦੇ ਵਿੱਚ ਫਿਰਦਾ ਰਹਿੰਦਾ ਹੈ, ਘੁੰਮਦਾ ਰਹਿੰਦਾ ਹੈ ਜੋ ਸਾਡੇ ਮਨ ਦੀ ਬਿਰਤੀ ਨੂੰ ਬਦਲਦਾ ਰਹਿੰਦਾ ਹੈ ਭਾਵ ਸਾਡੇ ਮਨ ਦੇ ਅੰਦਰ ਦੇ ਜੁਗ ਬਦਲਦੇ ਰਹਿੰਦੇ ਹਨ। ਇਸ ਗੱਲ ਦੀ ਸੋਝੀ ਕੇਵਲ ਮਨ ਦੇ ਵਿੱਚੋਂ ਹੀ ਪੈਂਦੀ ਹੈ, ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ, ਮਨ ਦੇ ਵਿਚਾਰਾਂ ਦੇ ਰਾਹੀਂ ਹੀ ਪੈਂਦੀ ਹੈ ਭਾਵ ਉਸ ਨੂੰ ਹੀ ਪੈਂਦੀ ਹੈ ਜੋ ਮਨ ਦੇ ਅੰਦਰੋਂ ਉਸ ''ਰਥੁ'' ਰੂਪ ਪ੍ਰਮਾਤਮਾ ਨੂੰ, ''ਰਥਵਾਹੁ'' ਰੂਪ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਸਮਝ ਲਗ ਜਾਦੀ ਹੈ ਕਿ ਮਨੁੱਖੀ ਦੇਹ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਇਸ ਦੇਹ ਦੀ ਕਦਰ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾ ਇਸ ਦੇਹ ਦੀ ਕਦਰ ਨਹੀਂ ਪੈਂਦੀ। (**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥**)

ਸਾਡੇ ਅੰਦਰ ''ਸਤਿਜੁਗਿ'' ਰੂਪ ''ਰਥੁ'' ਮਨ ਦੀ ਉਹ ਬਿਰਤੀ ਹੈ , ਮਨ ਦੀ ਉਹ ਅਵਸਥਾ ਹੈ ਜਦੋਂ ਸਾਡੇ ਮਨ ਦੇ ਅੰਦਰ ''ਸੰਤੋਖ'' ਆ ਜਾਦਾ ਹੈ ਭਾਵ ਗੁਰਮਤਿ ਰੂਪ ਸੱਚੀ ਮਤਿ ਵੱਸ ਜਾਦੀ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਤੋਂ, ਵਿਕਾਰਾਂ ਤੋਂ ਦੂਰ ਹੋ ਜਾਂਦਾ ਹੈ।ਮਨ ਦੀ ਇਹੋ ਜਿਹੀ ਬਿਰਤੀ ਦੁਅਰਾ ਮਨੁੱਖ ਧਰਮ ਤੇ ਚਲਣ ਵਾਲੀ ਬਿਰਤੀ ਵਾਲਾ ਬਣਦਾ ਹੈ, ਸੋਝੀ ਵਾਲਾ ਬਣਦਾ ਹੈ। ਧਰਮ ਦੇ ਮਾਰਗ ਤੇ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ, ਆਪਣੀ ਸੱਚੀ ਮਤਿ ਦੇ ਕੇ ਉਸ ਉੱਤੇ ਦ੍ਰਿੜ ਕਰਕੇ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਮਨ ਦੇ ਵਿਚਾਰਾਂ ਦਾ ਮਾਲਕ ਉਹ ਆਪ ਹੀ ਹੈ। (**ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥**)

{ਸੇਵ ਕੀਤੀ ਸੰਤੋਖੀਈਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥}

(ਅੰਗ ੪੬੬-੪੬੭)

33/3869

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥}

(ਅੰਗ ੧੦੪੦)

ਪਉੜੀ ॥
{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥
ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥
ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥

ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}

(ਅੰਗ ੫੧੨)

ਜਦੋਂ ਕਿਸੇ ਮਨੁੱਖ ਦੇ ਅੰਦਰ ਸਤ ਸੰਤੋਖ ਵਾਲੀ ਬਿਰਤੀ ਹੁੰਦੀ ਹੈ ਇਹ ਉਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋਇਆ ਹੁੰਦਾ ਹੈ। ਇਹ ਉਹਨ੍ਹਾਂ ਦੀ ਬਿਰਤੀ ਹੈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਗੁਰਬਾਣੀ ਦੀ ਰਚਣਾ ਕੀਤੀ ਹੈ। ਇਹ ਮਨ ਦੇ ਅੰਦਰ ਸਤਿਜੁਗ ਵਾਲੀ ਅਵਸਥਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਕਿਸੇ ਵੀ ਸੰਸਾਰਿਕ ਜੁਗ ਵਿੱਚ, ਸਮੇ ਦੇ ਜੁਗਾਂ ਵਿੱਚ ਪ੍ਰਮਾਤਮਾ ਦੇ ਮੇਲ ਨਾਲ ਮਨ ਦੇ ਵਿੱਚ ਸਤਿਜੁਗਿ ਵੱਸਣ ਦੁਆਰਾ ਹੀ ਹੁੰਦਾ ਹੈ।

ਮਨ ਦੀ ਹਰ ਬਿਰਤੀ ਵਿੱਚ ਭਾਵ ਕਿਸੇ ਵੀ ਅਵਸਥਾ ਵਿੱਚ ਰਖੱਣ ਵਾਲਾ ਪ੍ਰਮਾਤਮਾ ਆਪ ਹੀ ਹੈ। ਜੇਕਰ ਕੋਈ ਜੱਤ ਵਾਲੀ ਬਿਰਤੀ ਵਾਲਾ ਹੈ, ਉਸ ਬਿਰਤੀ ਵਿੱਚ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਹੈ ਕਿਉਂਕਿ ਮਨ ਦੇ ਵਿਚਾਰਾਂ ਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਹੈ। ਜੋਰ ਉਸ ਪ੍ਰਮਾਤਮਾ ਦਾ ਹੈ। (**ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥**) ਦੁਨਿਆਵੀ ਜੁਗਾਂ ਵਿੱਚ ਤ੍ਰੈਤਾਂ ਜੁਗਿ ਨੂੰ ਜਤ ਦੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥}

(ਅੰਗ ੭)

ਇਸੇ ਤਰਾ ਦੁਆਪਰ ਜੁਗ ਨੂੰ ਤਪ ਦੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਕਿ ਉਸ ਜੁਗ ਵਿੱਚ ਤਪ ਦੁਆਰਾ ਭਾਵ ਸਰੀਰਕ ਤਪ ਦੁਆਰਾ ਪ੍ਰਮਾਤਮਾ ਦੀ ਭਗਤੀ ਹੋਈ ਹੈ। ਸਰੀਰਕ ਤਪ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਸ ਨੂੰ ਕਿ ਸਾਡਾ ਭਰਮ ਦਸਿਆ ਹੋਇਆ ਹੈ। ਸਾਡੇ ਅੰਦਰ ਭਰਮ ਪਾਉਣ ਵਾਲਾ ਵੀ ਪ੍ਰਮਾਤਮਾ ਆਪ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ। ਉਹ ਆਪ ਹੀ ਸਾਡੇ ਅੰਦਰ ਦਾ ਰਥ ਹੈ, ਆਪ ਹੀ ਰਥਵਾਹੁ ਹੈ ਭਾਵ ਸਾਡੇ ਅੰਦਰ ਵਿਚਾਰ ਪਾਉਣ ਵਾਲਾ, ਸੋਝੀ ਪਾਉਣ ਵਾਲਾ ਤੇ ਉਸ ਤੇ ਚਲਾਉਣ ਵਾਲਾ ਉਹ ਆਪ ਹੀ ਹੈ। ਸਾਨੂੰ ਜੋ ਵੀ ਭਰਮ ਪੈਂਦਾ ਹੈ ਉਹ ਮਨ ਦੀ ਸੋਝੀ ਦੁਆਰਾ ਹੀ ਪੈਂਦਾ ਹੈ। ਸਰੀਰਕ ਤਪ ਆਦਿ ਕਰਨ ਦੀ ਸੋਝੀ ਭਾਵ ਸਰੀਰਕ ਤਪਾਂ ਨੂੰ ਭਗਤੀ ਦਾ ਮਾਰਗ

33/3870

ਸਮਝਣਾ ਸਾਡੇ ਅੰਦਰ ਦਾ ਭਰਮ ਹੀ ਹੈ ਤੇ ਸਾਨੂੰ ਭਰਮ ਵਿੱਚ ਪਾ ਕੇ ਉਸ ਤੇ ਚਲਾਉਣ ਵਾਲਾ ਆਪ ‘‘ਸਤੁ’’ ਰੂਪ ਪ੍ਰਮਾਤਮਾ ਹੀ ਹੈ। (**ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥**)

ਸਾਡੇ ਮਨ ਦੀ ਹਰ ਅਵਸਥਾ ਵਿੱਚ ਪ੍ਰਮਾਤਮਾ ਆਪ ਹੀ ਹੈ। ਸਾਨੂੰ ਕਲਜੁਗ ਵਾਲੀ ਅਵਸਥਾ ਵਿੱਚ ਜਿਸ ਅਵਸਥਾ ਵਿੱਚ ਸਾਡੇ ਅੰਦਰ ਕੂੜਿ ਪ੍ਰਧਾਨ ਹੁੰਦਾ ਹੈ ਭਾਵ ਝੂਠੀ ਮਤਿ ਪ੍ਰਧਾਨ ਹੁੰਦੀ ਹੈ ਜੋ ਸਾਨੂੰ ਤ੍ਰਿਸ਼ਨਾ ਰੂਪ ਅਗਨ ਵਿੱਚ, ਮਾਇਆਂ ਮੋਹ ਵਿੱਚ ਸਾੜਦੀ ਰਹਿੰਦੀ ਹੈ, ਮਨ ਦੇ ਅਉਗਣਾਂ ਰਾਹੀਂ ਸਾੜਦੀ ਰਹਿੰਦੀ ਹੈ ਉਹ ਵੀ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਇਹ ਉਸ ਦੀ ਆਪਣੀ ਰਜ਼ਾ ਹੈ ਕਿ ਉਹ ਸਾਨੂੰ ਕਿਹੋ ਜਿਹੀ ਮਨ ਦੀ ਅਵਸਥਾ ਵਿੱਚ ਰੱਖਦਾ ਹੈ, ਮਨ ਦੇ ਵਿੱਚ ਕਿਹੋ ਜਿਹੇ ਜੁਗ ਵਿੱਚ ਰੱਖਦਾ ਹੈ। ਇਹ ਜੁਗਾਂ ਵਾਲੀ ਅਵਸਥਾ ਸਾਡੇ ਅੰਦਰ ਫਿਰਦੀ ਰਹਿੰਦੀ ਹੈ ਭਾਵ ਬਦਲਦੀ ਰਹਿੰਦੀ ਹੈ, ਮਨ ਦੇ ਵਿਚਾਰਾਂ ਰਾਹੀਂ ਬਦਲਦੀ ਰਹਿੰਦੀ ਹੈ, ਪ੍ਰਮਾਤਮਾ ਦੀ ਰਜ਼ਾ ਅਨੁਸਾਰ ਬਦਲਦੀ ਰਹਿੰਦੀ ਹੈ। (**ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥1॥**)

ਸਾਡੇ ਅੰਦਰ ਭਾਵੇਂ ਗੁਣ ਹਨ, ਭਾਵੇਂ ਅਉਗਣ ਹਨ ਇਹ ਆਪਣੇ ਪ੍ਰਮਾਤਮਾ ਦੇ ਹੀ ਪਾਏ ਹੋਏ ਹਨ ਜੋ ਮਨ ਦੀ ਸੋਝੀ ਦੇ ਰੂਪ ਵਿੱਚ, ਮਨ ਦੇ ਗਿਆਨ ਦੇ ਰੂਪ ਵਿੱਚ ਹਰ ਵੇਲੇ ਸਾਡੇ ਅੰਦਰ ਵਿਚਰ ਰਿਹਾ ਹੈ। ਇਸ ਗੱਲ ਨੂੰ ਕੇਵਲ ਉਹੀ ਜਾਣ ਸਕਦਾ ਹੈ, ਵਿਸਵਾਸ ਕਰ ਸਕਦਾ ਹੇ ਜੋ ਆਪਣੇ ਅੰਦਰੋਂ ਪਰਮਾਤਮਾ ਨੂੰ ਉਸ ਦੀ ਕਿਰਪਾ ਦੁਆਰਾ ਜਾਣ ਲੈਂਦਾ ਹੈ, ਜਿਸ ਨੂੰ ਪ੍ਰਮਾਤਮਾ ਹਉਮੈ ਰੂਪ ਪੜਦੇ ਵਿੱਚੋਂ ਕਢ ਲੈਂਦਾ ਹੈ। ਇਹ ਅਵਸਥਾ ਪਰਮਾਤਮਾ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ ਜੋ ਅਵਸਥਾ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨੂੰ ਬਖਸ਼ੀ ਹੈ।

{ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ ॥ ਹਉਮੈ ਮੇਰਾ ਠਾਕਿ ਰਹਾਏ ॥

ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ ॥੧੦॥}

(ਅੰਗ ੧੦੫੨)

ਸ਼ਾਡਾ ਮਨ ਰੂਪ ਰਥ ਪ੍ਰਮਾਤਮਾ ਦੇ ਹਥ ਹੈ ਜੋ ਉਸ ਦੀ ਰਜ਼ਾ ਅਨੁਸਾਰ ਹੀ ਫਿਰਦਾ ਹੈ। ਉਪਰ ਸ਼ਬਦ ਰਾਹੀਂ ਅਸੀ ਮਨ ਦੇ ਰਥ ਬਾਰੇ ਹੀ ਸਮਝਿਆ ਹੈ ਤਾਂ ਜੋ ਅਸੀਂ ਪਿਛੇ ਮੁਖ ਸ਼ਬਦ ਦੁਆਰਾ ਸਮਝਾਈ ਹੋਈ ਗੱਲ ਨੂੰ ਸਮਝ ਸਕੀਏ, ਨਾਮ ਅਉਖਧ ਦੇ ਮਕਸਦ ਨੂੰ ਸਮਝ ਸਕੀਏ ਜਿਸ ਦਾ ਮਕਸਦ ਸਾਡੇ ਮਨ ਦੇ ਵਿਚਾਰਾਂ ਨੂੰ ਬਦਲਣ ਦਾ ਹੈ, ਮਨ ਦੇ ਰਥ ਨੂੰ ਫੇਰਨ ਦਾ ਹੈ ਤਾਂ ਜੋ

33/3871

ਸਾਨੂੰ ਸੋਝੀ ਪੈ ਸਕੇ ਕਿ ਮਾਇਆ ਮੋਹ ਵਿੱਚ ਫਸਣਾ ਧਰਮ ਦਾ ਮਾਰਗ ਨਹੀਂ ਹੈ ਜਿਸ ਰਾਹੀਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ, ਉਸ ਦੇ ਅਸਥਾਨ ਨੂੰ ਨਹੀਂ ਜਾਣ ਸਕਦੇ। ਪ੍ਰਮਾਤਮਾ ਦਾ ਅਸਥਾਨ ਮਨ ਰੂਪ ਰਥ ਫਿਰਨ ਦੁਆਰਾ ਹੀ ਦਿਸਦਾ ਹੈ, ਨਾਮ ਰੂਪ ਅਉਖਧ ਖਾਣ ਦੁਆਰਾ ਹੀ ਦਿਸਦਾ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਦਿਸਦਾ ਹੇ। (**ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥**) ਪ੍ਰਮਾਤਮਾ ਦਾ ਜੋ ਥਾਂਵ ਟਿਕਾਣਾ ਆਪਣੇ ਅੰਦਰ ਦਿਸਦਾ ਹੈ, ਉਹ ਕਿਸ ਰੂਪ ਵਿੱਚ ਦਿਸਦਾ ਹੈ, ਇਹੀ ਗੱਲ ਸਾਨੂੰ ਅਗਲੀਆ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ ਐਥੈ ਸਭ ਰਾਤਿ ॥੨॥”

ਉਪਰਲੀਆਂ ਪੰਗਤੀਆਂ ਨੂੰ ਧਿਆਂਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦਾ ਥਾਂਵ ਨਿਰਗੁਣ ਰੂਪ ਹੈ ਜੋ ਕਿ ਸਾਡੇ ਅੰਦਰ ਗਿਆਨ ਰੂਪ ਵਿੱਚ ਹੈ। ਸਾਰੀ ਗੱਲ ਮਨ ਦੇ ਗਿਆਨ ਅਗਿਆਨ ਦੀ ਹੈ। ਅਸੀਂ ਹਰ ਵੇਲੇ ਆਪਣੇ ਮਨ ਦੇ ਨਾਲ ਹੀ ਜੁੜੇ ਹੁੰਦੇ ਹਾਂ ਭਾਵ ਮਨ ਦੇ ਗਿਆਨ ਨਾਲ ਹੀ ਜੁੜੇ ਹੁੰਦੇ ਹਾਂ ਪਰ ਮਨ ਦੀ ਜਿਹੋ ਜਿਹੀ ਅਵਸਥਾ ਵਿੱਚ ਪ੍ਰਮਾਤਮਾ ਨੇ ਸਾਨੂੰ ਸਭ ਨੂੰ ਰਖਿਆ ਹੋਇਆ ਹੈ ਉਥੇ ਹਰ ਵੇਲੇ “ਰਾਤਿ” ਹੁੰਦੀ ਹੈ ਭਾਵ ਹਨੇਰਾ ਹੁੰਦਾ ਹੈ, ਅਗਿਆਨਤਾ ਰੂਪ, ਭਰਮ ਰੂਪ ਹਨੇਰਾ ਹੁੰਦਾ ਹੈ ਜਿਸ ਮਨ ਦੇ ਹਨੇਰੇ ਵਿੱਚ ਰਹਿੰਦੇ ਹੋਏ ਅਸੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਥਾਂਵ ਨੂੰ ਨਹੀ ਜਾਣ ਸਕਦੇ। ਪ੍ਰਮਾਤਮਾ ਦਾ ਥਾਵ ਸਾਡੇ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਥੇ ਹਰ ਵੇਲੇ ਦਿਨ ਚੜਿਆ ਰਹਿੰਦਾ ਹੈ ਭਾਵ ਹਰ ਵੇਲੇ ਸੱਚੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਇਹ ਸਾਡੇ ਅੰਦਰ ਦਾ ਚੌਥਾ ਪਦ ਹੈ, ਸਹਜ ਦੀ ਅਵਸਥਾ ਵਾਲਾ ਪਦ ਹੈ, ਨਾਮ ਦਾ ਪਦ ਹੈ ਤੇ ਰਾਤਿ ਵਾਲੀ ਅਵਸਥਾ ਤ੍ਰੈ ਗੁਣਾ ਵਾਲੀ ਅਵਸਥਾ ਹੈ, ਹਉਮੈ ਵਾਲੀ ਅਵਸਥਾ ਹੈ, ਮਾਇਆ ਮੋਹ ਵਾਲੀ ਅਵਸਥਾ ਹੈ। ਨਾਮ ਦੀ ਅਉਖਧ ਭਾਵ ਸੱਚੇ ਗਿਆਨ ਦੀ ਸੋਝੀ ਸਾਨੂੰ ਮਨ ਦੇ ਵਿੱਚ ਦਿਨ ਚੜਨ ਵਾਲੀ ਅਵਸਥਾ ਵਿੱਚੋਂ ਮਿਲਦੀ ਹੈ ਜੋ ਨਾਮ ਅਉਖਧ ਸਾਰੀ ਗੁਰਬਾਣੀ ਦੇ ਵਿੱਚ ਹੈ ਜਿਸ ਦਾ ਮਕਸਦ ਸਾਨੂੰ ਮਨ ਦੀ ਰਾਤਿ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁਝ ਸਕੀਏ। ਮਨੁੱਖ ਦੇਹ ਨੂੰ ਭਾਵ ਸਰੀਰ ਨੂੰ, ਮਨੁੱਖੀ ਰੁਤਬੇ ਨੂੰ, ਜਾਤਿ, ਕੁਲ ਨੂੰ ਤਦ ਤਕ

33/3872

ਹੀ ਉੱਚਾ ਮੰਨਦਾ ਹੈ ਜਦ ਤਕ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰਗੁਣ ਰੂਪ ਥਾਂਵ ਨੂੰ ਦੇਖ ਨਹੀ ਲੈਂਦਾ ਕਿਉਂਕਿ ਮਨੁੱਖ ਨੂੰ ਤਾਂ ਹੀ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ ਜਿਸ ਨੂੰ ਉਹ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ ਭਾਵ ਸਰਗੁਣ ਰੂਪ ਨੂੰ ਉਚੱਾ ਮੰਨਣਾ, ਸਮਝਣਾ ਸਾਡਾ ਭਰਮ ਹੀ ਹੈ। (**ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ ਐਥੈ ਸਭ ਰਾਤਿ ॥2॥**) ਪ੍ਰਮਾਤਮਾ ਦਾ ਟਿਕਾਣਾ ਨਿਰਗੁਣ ਰੂਪ ਹੈ, ਗਿਆਨ ਰੂਪ ਹੈ, ਜਿਥੇ ਕੋਈ ਸਰਗੁਣ ਰੂਪ ਹੋਂਦ ਨਹੀ ਹੋ ਸਕਦੀ ਤੇ ਇਸ ਲਈ ਸਾਰੀ ਮਹਤੱਤਾ ਨਿਰਗੁਣ ਰੂਪ ਦੀ ਹੈ। ਜੋ ਪ੍ਰਮਾਤਮਾ ਦਾ ਕਿਸੇ ਸਰਗੁਣ ਰੂਪ ਵਿਚ ਹੋਣਾ ਜਾ ਸਰਗੁਣ ਰੂਪ ਟਿਕਾਣੇ ਤੇ ਹੋਣਾ ਸਮਝਦੇ ਹਨ ਉਹ ਕਿਤਨੇ ਕੂ ਵੱਡੇ ਭਰਮ ਵਿੱਚ ਹਨ ਇਸ ਦਾ ਅੰਦਾਜਾ ਕੋਈ ਵੀ ਨਹੀਂ ਲਗਾ ਸਕਦਾ ਹੈ।

ਨਾਮ ਅਉਖਧ ਦਾ ਮਕਸਦ ਸਾਨੂੰ ਪ੍ਰਮਾਤਮਾ ਦੇ ਮੇਲ ਨਾਲ ਮਿਲਾਉਣ ਦਾ ਹੀ ਹੈ, ਉਸ ਦੇ ਨਿਰਗੁਣ ਰੂਪ ਨਾਲ ਮਿਲਾਉਣ ਦਾ ਹੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਸੋਝੀ ਸਾਨੂੰ ਨਾਮ ਅਉਖਧ ਦੁਆਰਾ ਹੀ ਪੈਂਦੀ ਹੈ ਭਾਵ ਨਾਮ ਦੀ ਮਤਿ ਦੁਆਰਾ ਹੀ ਪੈਂਦੀ ਹੈ। ਗੁਰੂ ਦੀ ਸਿਖਿਆ ਹੀ ਨਾਮ ਦੀ ਅਉਖਧ ਹੈ ਜਿਸ ਦਾ ਮਕਸਦ ਸਾਨੂੰ ਮਾਇਆ ਮੋਹ ਵਿੱਚੋਂ, ਵਿਕਾਰਾਂ ਵਿੱਚੋਂ ਕੱਢਣ ਦਾ ਹੈ ਜਿਵੇਂ ਕਿ ਅਸੀਂ ਉਪਰ ਰਹਾਓ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਤੇ ਉਹੀ ਨਾਮ ਅਉਖਧ ਦਾ ਮਕਸਦ ਸਾਨੂੰ

ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ।

“ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥
ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥੩॥”

(ਅੰਗ ੧੨੫੭)

ਨਾਮ ਦੀ ਅਉਖਧ ਸਾਨੂੰ ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦੀ ਹੈ। ਅਸੀਂ ਧਰਮ ਗ੍ਰੰਥਾਂ ਦਾ ਪਾਠ ਕਰੀ ਜਾਣ ਨੂੰ ਹੀ ਤੇ ਜਗ ਆਦਿ ਕਰਨ ਨੂੰ ਭਗਤੀ ਦਾ ਮਾਰਗ ਸਮਝਿਆ ਹੋਇਆਂ ਹੈ ਜੋ ਕਿ ਸਾਡਾ ਭਰਮ ਹੈ। ਨਾਮ ਅਉਖਧ ਸਾਨੂੰ ਇਸ ਭਰਮ ਵਿੱਚੋਂ ਕੱਢ ਰਹੀ ਹੈ ਤੇ ਇਹ ਸਮਝਾ ਰਹੀ ਹੈ ਕਿ ਪਾਠ ਕਰਨ ਦਾ, ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਇਹ ਹੈ ਕਿ ਅਸੀਂ ਇਹੋ ਜਿਹਾ ਜਗ ਕਰੀਏ ਜਿਸ ਦੀ ਅਗਨੀ ਵਿੱਚ, ਹਵਨ ਦੀ ਅਗਨੀ ਵਿੱਚ ਅਸੀਂ ਘਿਓ ਤੇ ਤੇਲ ਨੂੰ ਸਾੜਨ ਦੀ ਜਗ੍ਹਾ ਉਸ ਵਿੱਚ ਆਪਣੇ ਮਨ ਦੀ ਤ੍ਰਿਸਨਾ ਨੂੰ ਸਾੜੀਏ,

33/3873

ਦੁਨਿਆਵੀ ਪਦਾਰਥਾਂ ਦੇ ਸਵਾਦ ਨੂੰ ਸਾੜੀਏ ਜਿਨਾ ਕਰਕੇ ਅਸੀਂ ਅਉਗਣ ਕਰਦੇ ਹਾਂ ਭਾਵ ਆਪਣੇ ਅੰਦਰ ਦੇ ਮਾਇਆ ਮੋਹ ਨੂੰ ਸਾੜੀਏ ਜੋ ਸਾਰੇ ਵਿਕਾਰਾਂ ਦਾ ਮੂਲ ਹੈ। ਮਨ ਦੀ ਮਾਇਆ ਮੋਹ ਸੜਨ ਨਾਲ ਸਾਡੇ ਅੰਦਰ ਵਿਕਾਰ ਭਾਵ ਕਾਮ, ਕ੍ਰੋਧ ਆਦਿ ਆਪੇ ਹੀ ਸੜ ਜਾਂਦੇ ਹਨ ਜੋ ਕਿ ਸਾਡੀ ਤ੍ਰਿਸ਼ਨਾ ਦੀ ਪੂਰਤੀ ਕਰਨ ਦੇ ਹਥਿਆਰ ਹਨ, ਸਾਧਨ ਹਨ ਭਾਵ ਮਨ ਦੇ ਮਾੜੇ ਵਿਚਾਰ ਹਨ। ਵਿਕਾਰਾਂ ਦੇ ਸੜਨ ਨਾਲ ਸਾਡੀ ਦੁਨਿਆਵੀ ਵਿਚਰਨ ਹੀ ਚੰਗੀ ਬਣਦੀ ਹੈ ਤੇ ਅਸੀਂ ਸੱਚੀ ਸੁੱਚੀ ਕਿਰਤ ਦੇ ਨਾਲ ਜੁੜਦੇ ਹਾਂ ਤੇ ਪ੍ਰਮਾਤਮਾ ਨੂੰ ਸਾਡਾ ਇਹੋ ਜਿਹਾ ਵਿਚਰਨ ਹੀ ਭਾਉਂਦਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੁੰਦਾ ਹੈ ਭਾਵ ਉਸ ਦੇ ਨਾਲ ਮੇਲ ਕਰ ਸਕਦਾ ਹੈ। ਨਾਮ ਅਉਖਧ ਦਾ ਮਕਸਦ ਸਾਨੂੰ ਗੁਰੂ ਦੀ ਸੱਚੀ ਸੁੱਚੀ ਮਤਿ ਦੇ ਨਾਲ ਜੋੜਕੇ ਉਸ ਤੇ ਚਲਾਉਣ ਦਾ ਹੈ। ਜਿਸ ਦੁਆਰਾ ਅਸੀ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਸਕਦੇ ਹਾਂ। (**ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥ ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥3॥**)

ਉਪਰਲੇ ਪਦੇ ਰਾਹੀਂ ਜੋ ਸਾਨੂੰ ਧਰਮ ਗ੍ਰੰਥਾ ਦੇ ਪੜਨ ਦਾ ਮਕਸਦ ਸਮਝਾਇਆ ਹੋਇਆ ਹੈ, ਅਸਲ ਜਗ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ, ਉਹ ਸਭ ਕੁਝ ਸਾਡੇ ਮਨ ਦੀ ਸੋਝੀ ਨੇ ਕਰਨਾ ਹੈ ਜੋ ਸਾਡੇ ਸਰਗੁਣ ਰੂਪ ਸਰੀਰ ਦੀ ਮਾਲਕ ਹੈ। ਸਾਡਾ ਸਰੀਰ ਉਹੀ ਕੁਝ ਕਰਦਾ ਹੈ ਜੋ ਸਾਡੇ ਮਨ ਦੀ ਸੋਝੀ ਉਸ ਕੋਲੋਂ ਕਰਾਉਂਦੀ ਹੈ। ਜੋ ਸਾਡਾ ਅਸਲ ਜਗ ਹੈ, ਉਹੀ ਸਾਡਾ ਅਸਲ ਤਪ ਹੈ ਭਾਵ ਸਾਡੀ ਸੱਚੀ ਸੁੱਚੀ ਵਿਚਰਨ ਹੀ ਸਾਡਾ ਤਪ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥ ਜਿਨ ਕਉ ਲਿਖਿਆ ਏਹੁ ਨਿਧਾਨੁ ॥
ਸੇ ਧਨਵੰਤ ਦਿਸਹਿ ਘਰਿ ਜਾਇ ॥ ਨਾਨਕ ਜਨਨੀ ਧੰਨੀ ਮਾਇ ॥੪॥੩॥੮॥”

(ਅੰਗ ੧੨੫੭)

ਨਾਮ ਦੀ ਅਉਖਧ ਦਾ ਮਕਸਦ ਸਾਡੇ ਮਨ ਦੀ ਸੋਝੀ ਦੇ ਨਾਲ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਨਾਮ ਰੂਪ ਅਉਖਧ ਦਿੰਦਾ ਹੈ ਉਹ ਮਨ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੀ ਦਿੰਦਾ ਹੈ ਜੋ ਕਿ ਉਸ ਦਾ “ਨਾਮੁ ਨੀਸਾਨੁ” ਹੈ ਜਿਸ ਦੁਆਰਾ ਕਿਸੇ ਮਨੁੱਖ ਤੇ ਪ੍ਰਮਾਤਮਾ ਆਪਣੇ ਆਪ ਦਾ ਨੀਸਾਨ ਲਗਾਉਂਦਾ ਹੈ, ਨਾਮ ਦੀ ਸੋਝੀ ਵਾਲਾ ਮਨੁੱਖ ਹੋਣ ਦਾ ਨੀਸਾਨ ਲਗਾਉਂਦਾ ਹੈ ਭਾਵ ਆਪਣੇ ਆਪ ਦੇ ਪ੍ਰਗਟ ਹੋਣ ਦਾ ਨਿਸਾਨ ਲਗਾਉਂਦਾ ਹੈ। ਪ੍ਰਮਾਤਮਾ ਆਪਣਾ ਇਹ ਨਿਸਾਨ ਗਿਆਨ

33/3874

ਦੀ ਲਿਖਤ ਭਾਵ ਬ੍ਰਹਮ ਗਿਆਨ ਦੀ ਲਿਖਤ ਦੇ ਰੂਪ ਵਿੱਚ ਲਗਾਉਂਦਾ ਹੈ ਜੋ ਲਿਖਤ ਉਹ ਸਾਡੇ ਮਨ ਰੂਪ ਕਾਗਦ ਦੇ ਉਪਰ ਲਿਖਦਾ ਹੈ ਤੇ ਸਾਡਾ ਸਰੀਰ ਉਸ ਲਿਖਤ ਦੇ ਅਨੁਸਾਰ ਹੀ ਵਿਚਰਦਾ ਹੈ। ਮਨੁੱਖ ਦੀ ਇਹੋ ਜਿਹੀ ਵਿਚਰਨ ਹੀ ਮਨੁੱਖ ਦਾ ਤਪ ਹੈ। ਮਨ ਦੇ ਵਿੱਚ ਪਰਮਾਤਮਾ ਦੀ ਇਹ ਲਿਖਤ ਹੀ ਉਸ ਦਾ “ਨਿਧਾਨੁ” ਹੈ, ਖਜਾਨਾ ਹੈ, ਨਾਮ ਦਾ ਖਜਾਨਾ ਹੈ। (**ਤਪੁ**

ਕਾਗਦੁ ਤੇਰਾ ਨਾਮੁ ਨੀਸਾਨੁ ॥ ਜਿਨ ਕਉ ਲਿਖਿਆ ਏਹੁ ਨਿਧਾਨੁ॥) ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਇਸ ਖਜਾਨੇ ਨਾਲ ਰਲਾਇਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਇਹ ਨਾਮ ਨਿਧਾਨ ਪਾਇਆ ਹੈ, ਬ੍ਰਹਮ ਗਿਆਨ ਰੂਪ ਖਜਾਨਾ ਪਾਇਆ ਹੈ ਜੋ ਕਿ ਸਾਡੇ ਕੋਲ ਨਾਮ ਅਉਖਧ ਦੇ ਰੂਪ ਵਿੱਚ ਹੈ ਜਿਸ ਰਾਹੀ ਸਾਡੇ ਮਨ ਦੇ ਰੋਗ ਦੂਰ ਹੁੰਦੇ ਹਨ, ਭਰਮ, ਮੋਹ ਦੇ ਰੋਗ ਦੂਰ ਹੁੰਦੇ ਹਨ। ਅਸਲ ਧਨਵੰਤ ਉਹ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਆਪਣਾ ਇਹ ਨਾਮ ਧਨ ਸੌਂਪਦਾ ਹੈ।

ਪ੍ਰਮਾਤਮਾ ਕਿਸੇ ਨੂੰ ਕਿਵੇਂ ਇਸ ਧਨ ਵਾਲਾ ਬਣਾਉਂਦਾ ਹੈ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਪੈ ਸਕਦੀ ਹੈ ਭਾਵ ਉਸ ਦੇ ਖਜਾਨੇ ਵਿੱਚ ਰਲੱਣ ਤੋਂ ਬਾਦ ਹੀ ਪੈ ਸਕਦੀ ਹੈ। ਗੁਰੂ ਸਾਹਿਬਾਨ ਨੂੰ, ਆਪਣੇ ਭਗਤਾਂ ਨੂੰ ਪ੍ਰਮਾਤਮਾ ਨੇ ਕਿਵੇਂ ਧਨਵੰਤ ਬਣਾਇਆ ਹੈ, ਕਿਸ ਤਰ੍ਹਾਂ ਆਪਣਾ ਸੱਚੇ ਗਿਆਨ ਦਾ ਧਨ ਸੌਂਪਿਆ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਪੈ ਸਕਦੀ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਪੈ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਆਪਣੇ ਭਗਤਾਂ ਨੂੰ ਧਨਵੰਤ ਬਣਾਉਣ ਵਾਲਾ, ਨਿਰਗੁਣ ਰੂਪ ਵਿੱਚ ਧਨਵੰਤ ਬਣਾਉਣ ਵਾਲਾ ਭਾਵ ਉਹਨਾ ਦੇ ਅੰਦਰ ਆਪਣਾ ਬ੍ਰਹਮ ਗਿਆਨ ਪੈਦਾ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪ ਹੀ ਭਗਤਾਂ ਦੀ ਸੱਚੀ ਮਾਂ ਹੈ। ਇਸ ਗੱਲ ਨੂੰ ਉਸ ਦੇ ਭਗਤ ਹੀ ਸਮਝ ਸਕਦੇ ਹਨ ਕਿ ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਹੀ ਮਾਂ ਹੈ, ਬਾਪ ਹੈ ਤੇ ਇਸੇ ਲਈ ਉਹ ਆਪ ਹੀ ਧਨ ਹੈ। (**ਸੇ ਧਨਵੰਤ ਦਿਸਹਿ ਘਰਿ ਜਾਇ ॥ ਨਾਨਕ ਜਨਨੀ ਧੰਨੀ ਮਾਇ ॥4॥3॥8॥**)

{ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥
ਕਹਣਾ ਹੈ ਕਿਛੁ ਕਹਣੁ ਨ ਜਾਇ ॥ ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ ਰਹਾਉ ॥}

(ਅੰਗ ੧੫੧)

33/3875

ਨਾਮ ਦੀ ਅਉਖਧ ਸਾਨੂੰ ਕੇਵਲ ਤੇ ਕੇਵਲ ਗੁਰੂ ਕੋਲੋਂ ਮਿਲ ਸਕਦੀ ਹੈ, ਗੁਰੂ ਦੀ ਸੰਗਤਿ ਕਰਨ ਦੁਆਰਾ ਮਿਲ ਸਕਦੀ ਹੈ। ਗੁਰੂ ਦੀ ਸੰਗਤਿ ਕਰਨ ਦੁਆਰਾ ਉਸ ਕੋਲੋਂ ਗੁਰਮਤਿ ਹੀ ਮਿਲਦੀ ਹੈ ਜੋ ਕਿ ਨਾਮ ਦੀ ਅਉਖਧ ਹੈ। ਜਿਤਨੇ ਮਰਜੀ ਆਪਣੇ ਆਪ ਨੂੰ ਵੈਦ ਬਣਾ ਕੇ ਬੈਠੇ ਹੋਏ ਹਨ ਇਹ ਸਾਡਾ ਭਰਮ ਹੈ ਕਿ ਉਹਨਾਂ ਕੋਲੋਂ ਸਾਨੂੰ ਨਾਮ ਅਉਖਧ ਮਿਲ ਸਕਦੀ ਹੈ। ਸਾਡਾ ਪਹਿਲਾ ਵੱਡਾ ਫੈਸਲਾ ਇਹ ਹੈ ਕਿ ਅਸੀਂ ਸੰਗਤਿ ਕਿਸ ਦੀ ਕਰਨੀ ਹੈ ਭਾਵ ਝੂਠੇ ਵੈਦਾਂ ਦੀ ਸੰਗਤਿ ਕਰਨੀ ਹੈ ਜਾਂ ਸੱਚੇ ਵੈਦਾਂ ਦੀ ਸੰਗਤਿ ਕਰਨੀ ਹੈ ਜੋ ਕਿ ਗੁਰੂ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਇਕੋ ਇਕ ਸੱਚਾ ਵੈਦ ਹੈ ਜੋ ਸਾਡੇ ਮਨ ਦਾ ਹਰ ਇਕ ਰੋਗ ਦੂਰ ਕਰ ਸਕਦਾ ਹੈ। ਕੇਵਲ ਉਸ ਦੀ ਅਉਖਧ ਤੇ ਭਰੋਸਾ ਕਰਨ ਦੀ ਲੋੜ ਹੇ। ਸੱਚੀ ਅਉਖਧ ਸਾਨੂੰ ਉਨ੍ਹਾਂ ਨੇ ਸਮਝਾਈ ਹੈ, ਪੂਰੀ ਗੁਰਬਾਣੀ ਰਾਹੀਂ ਸਮਝਾਈ ਹੈ ਜਿਨ੍ਹਾਂ ਨੂੰ ਇਹ ਅਉਖਧ ਪ੍ਰਮਾਤਮਾ ਨੇ ਆਪ ਹੀ ਦਿੱਤੀ ਹੈ ਜੋ ਅਉਖਧ ਸਾਰੇ ਸੰਸਾਰ ਲਈ ਇਕੋ ਜਿਹੀ ਹੀ ਹੈ, ਜੁਗਾਂ ਜੁਗਾਂ ਤੋਂ ਇੱਕੋ ਜਿਹੀ ਹੀ ਹੈ ਤੇ ਸਦਾ ਲਈ ਇੱਕੋ ਜਿਹੀ ਹੀ ਰਹਿਣੀ ਹੈ ਜੋ ਕਦੇ ਬਦਲ ਨਹੀ ਸਕਦੀ। ਆਓ ਇਸ ਗੱਲ ਨੂੰ ਭਗਤ ਕਬੀਰ ਜੀ ਦੀ ਬਾਣੀ ਰਾਹੀਂ ਸਮਝੀਏ ਕਿ ਇਹ ਅਉਖਧ ਸਾਨੂੰ ਕਿਸ ਦੀ ਸੰਗਤਿ ਕੋਲੋਂ ਲੈਣੀ ਚਾਹੀਦੀ ਹੈ ਭਾਵ ਸੱਚੀ ਗੁਰਮਤਿ ਸਾਨੂੰ ਕਿਥੋਂ ਮਿਲ ਸਕਦੀ ਹੈ ਤੇ ਅਸੀਂ ਲੈਂਦੇ ਕਿਥੋਂ ਹਾਂ।

“ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥
ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ ॥੭੯॥
ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥
ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ ॥੮੦॥
ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥੮੧॥
ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥੮੨॥”

(ਅੰਗ ੧੩੬੮)

ਉਪਰਲੀਆਂ ਪੰਗਤੀਆਂ ਰਾਹੀਂ ਸਾਡਾ ਇਹੀ ਭਰਮ ਕਢਿਆ ਹੋਇਆ ਹੈ ਕਿ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉਚੱਾ ਕੋਈ ਤਾਂ ਹੀ ਅਖਵਾ ਸਕਦਾ ਹੈ ਜੇਕਰ ਉਸ ਨੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਦੇਖਿਆ। ਜਿਵੇਂ ਕੋਈ ਦੁਨਿਆਵੀ ਵੈਦ ਜੋ ਸਰੀਰ ਦੇ ਰੋਗਾਂ ਦੀ ਦਵਾਈ ਦਿੰਦਾ ਹੈ ਉਸ ਵਿਚ ਉਹ ਆਪਣੀ ਸਿਆਣਪ ਹੀ ਸਮਝਦਾ ਹੈ ਤੇ ਆਪ ਵਡਿਆਈ ਲੈਂਦਾ ਹੈ ਕਿ ਮੈਨੂੰ ਦਵਾਈ ਦੀ ਸਮਝ ਹੈ ਭਾਵ ਮੈ ਆਪਣੀ ਸਮਝ ਨਾਲ ਬਣਾਈ ਹੈ ਪਰ ਉਸ ਵੈਦ ਨੂੰ ਇਸ ਗੱਲ ਦੀ ਸਮਝ ਨਹੀ ਕਿ ਉਸ ਨੂੰ ਦਵਾਈ ਦੀ ਸੋਝੀ ਪਾਉਣ ਵਾਲਾ ਕੌਣ ਹੈ ਜੋ ਕਿ ਆਪ ਪ੍ਰਮਾਤਮਾ ਆਪ ਹੈ ਤੇ ਉਹ ਜਦੋ ਚਾਹੇ ਮਨੁੱਖ ਕੋਲੋਂ ਉਹ ਸੋਝੀ ਖੋ ਸਕਦਾ ਹੈ ਭਾਵ ਮਨੁੱਖ ਦਾ ਜੀਵਨ ਮੁੱਕਾ ਸਕਦਾ ਹੈ। ਇਹੀ ਗੱਲ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਣ ਵਾਲਿਆਂ ਦੀ ਹੈ, ਧਰਮ ਦੇ ਵਿਦਵਾਨ ਸਮਝਣ ਵਾਲਿਆਂ ਦੀ ਹੈ ਕਿ ਉਹਨਾਂ ਦੀ ਸੋਝੀ ਬੜੀ ਉੱਚੀ ਹੈ ਜਿਸ ਦਾ ਉਹ ਮਾਣ ਕਰਦੇ ਹਨ। ਹਰ ਮਨੁੱਖ

33/3876

ਆਪਣੇ ਆਪ ਨੰ ਉੱਚਾ ਅਖਵਾ ਕੇ ਇਸ ਸੰਸਾਰ ਤੋਂ ਚਲਾ ਜਾਂਦਾ ਹੈ, ਕੁਝ ਸਮੇ ਲਈ ਉੱਚਾ ਬਣਕੇ ਚਲਾ ਜਾਂਦਾ ਹੈ ਤੇ ਜਿਨ੍ਹਾਂ ਨੂੰ ਉਹ ਆਪਣਾ ਉੱਚਾਪਨ ਦਿਖਾਉਣ ਦੀ ਬਜਾਇ ਮਨੁੱਖੀ ਉੱਚੇਪਨ ਵਿੱਚ ਹੀ ਰਖਦਾ ਹੈ ਤੇ ਉਨ੍ਹਾਂ ਨੂੰ ਫਿਰ ਉਹ ਕਦੇ ਦੁਬਾਰਾ ਮਿਲਦਾ ਵੀ ਨਹੀਂ ਹੈ ਜਿਵੇ ਕਿ ਕੋਈ ਕਿਸ਼ਤੀ ਜਿਸ ਨਦੀ ਦੇ ਪਾਣੀ ਵਿੱਚੋਂ ਲੰਘ ਜਾਂਦੀ ਹੈ ਤੇ ਫਿਰ ਉਸ ਪਾਣੀ ਨਾਲ ਦੁਬਾਰਾ ਮੇਲ ਨਹੀ ਹੁੰਦਾ। (**ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥ ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ ॥79॥ ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥ ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ ॥80॥**) ਸਾਨੂੰ ਸਮਝਾਇਆ ਇਹ ਹੈ ਕਿ ਅਸੀ ਆਂਪਣੇ ਸੰਸਾਰਿਕ ਜੀਵਨ ਵਿੱਚ ਥੋੜੇ ਸਮੇ ਦਾ ਮਾਣ ਲੈਣ ਲਈ ਆਪਣੇ ਉਸ ਮਾਣ ਨੂੰ ਗਵਾ ਦਿੰਦੇ ਹਾਂ ਜੋ ਮਾਣ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਇਕ ਵਾਰੀ ਮਿਲ ਜਾਵੇ ਤਾਂ ਫਿਰ ਉਹ ਸਦਾ ਲਈ ਹੀ ਮਿਲਦਾ ਰਹਿੰਦਾ ਹੈ ਭਾਵ ਸਾਨੂੰ ਚਾਰ ਦਿਨ ਦੇ ਝੂਠੇ ਮਾਣ ਦੇ ਪਿੱਛੇ ਨਹੀ ਲਗਨਾ ਚਾਹੀਦਾ। ਭਗਤੀ ਦੇ ਮਾਰਗ ਦਾ ਮਾਣ ਅਸੀਂ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਦੁਆਰਾ ਲੈਂਦੇ ਹਾਂ, ਕਥਨੀ ਦੁਆਰਾ ਲੈਂਦੇ ਹਾਂ ਪਰ ਪ੍ਰਮਾਤਮਾ ਦੀ ਸਿਫਤ, ਉਸ ਦੀ ਵਡਿਆਈ ਉਹੀ ਕਰ ਸਕਦਾ ਹੈ ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਕਿ ਪ੍ਰਮਾਤਮਾ ਦੀ ਵਡਿਆਈ ਕਿਤਨੀ ਉੱਚੀ ਹੈ ਜੋ ਕਿ ਮਨੁੱਖ ਦੀ ਜੀਭ ਦੁਆਰਾ ਕੀਤੀ ਹੀ ਨਹੀ ਜਾ ਸਕਦੀ ਤੇ ਨਾ ਹੀ ਲਿਖ ਲਿਖ ਕੇ ਪੂਰੀ ਕੀਤੀ ਜਾ ਸਕਦੀ ਹੈ।ਜਦੋ ਮਨੁੱਖ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਵਸਤੂ ਵਿੱਚ ਪ੍ਰਮਾਤਮਾ ਨਿਰਗੁਣ ਰੂਪ ਵਿੱਚ ਆਪ ਹੀ ਹੈ, ਹਰ ਵਸਤੂ ਨੂੰ ਗੁਣੀ ਬਣਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਫਿਰ ਪ੍ਰਮਾਤਮਾ ਦੇ ਗੁਣ ਗਿਣੇ ਹੀ ਨਹੀਂ ਜਾ ਸਕਦੇ। ਪ੍ਰਮਾਤਮਾ ਦੀਆਂ ਬਣਾਈਆਂ ਵਸਤੂਆਂ ਨੂੰ ਹੀ ਨਹੀਂ ਗਿਣਿਆ ਜਾ ਸਕਦਾ, ਵਸਤੂਆਂ ਦੇ ਗੁਣ ਗਿਨਣੇ ਤਾਂ ਦੂਰ ਦੀ ਗੱਲ ਹੈ। ਪਰਮਾਤਮਾ ਦਾ ਜਸ ਬਹੁਤ ਉੱਚਾ ਹੈ ਜਿਸ ਨੂੰ ਮਨ ਦੇ ਗਿਆਨ ਰਾਹੀਂ ਸਮਝਿਆ ਜਾ ਸਕਦਾ ਹੈ, ਉਸ ਦੇ ਨਿਰਗੁਣ ਰੂਪ ਨੂੰ ਮਨ ਦੇ ਅੰਦਰੋਂ ਜਾਨਣ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਭਗਤ ਕਬੀਰ ਜੀ ਸਾਨੂੰ ਸਮਝਾ ਰਹੇ ਹਨ ਕਿ ਭਾਵੇਂ ਸੱਤਾਂ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾ ਲਿਆ ਜਾਵੇ, ਸਾਰੀ ਬਨਸਪਤੀ ਨੂੰ ਕਲਮ ਬਣਾ ਲਿਆ ਜਾਵੇ ਤੇ ਸਾਰੀ ਧਰਤੀ ਨੂੰ ਕਾਗਜ ਬਣਾ ਲਿਆ ਜਾਵੇ ਪਰ ਫਿਰ ਵੀ ਉਸ ਪ੍ਰਮਾਤਮਾ ਦੇ ਗੁਣ ਨਹੀ ਲਿਖੇ ਜਾ ਸਕਦੇ, ਉਸ ਪ੍ਰਮਾਤਮਾ ਦੀ ਵਡਿਆਈ ਨਹੀਂ ਲਿਖੀ ਜਾ ਸਕਦੀ ਕਿ ਉਹ ਕਿਤਨਾ ਕੁ ਵੱਡਾ ਹੈ ਕਿਉਂਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ।(**ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥81॥**)

33/3877

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥}

(ਅੰਗ ੯)

ਜਦੋਂ ਪ੍ਰਮਾਤਮਾ ਦੀ ਕੋਈ ਇਹੋ ਜਿਹੀ ਵਡਿਆਈ ਕਰਨ ਜੋਗ ਹੋ ਜਾਂਦਾ ਹੈ ਫਿਰ ਉਸ ਮਨੁੱਖ ਦੀ ਵਡਿਆਈ ਸੱਚੀ ਹੈ ਤੇ ਪ੍ਰਮਾਤਮਾ ਦੇ ਦਰ ਤੋਂ ਸੱਚਾ ਮਾਨ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਮਿਲਦਾ ਹੈ। ਇਹੋ ਜਿਹੀ ਅਵਸਥਾ ਦੁਆਰਾ ਫਿਰ ਦੁਨਿਆਵੀ ਮਾਨ ਮਨੁੱਖ ਨੂੰ ਨਹੀਂ ਲੁਭਾਉਂਦਾ ਜਿਵੇ ਕਿ ਭਗਤ ਕਬੀਰ ਜੀ ਸਾਨੂੰ ਅਗਲੀਆ ਪੰਗਤੀਆਂ ਰਾਹੀਂ ਸਮਝਾ ਰਹੇ ਹਨ।ਕਬੀਰ ਜੀ ਜੁਲਾਹਾ ਜਾਤ ਵਾਲੇ ਅਖਵਾਉਂਦੇ ਸਨ ਜਿਸ ਕਰਕੇ ਉਨ੍ਹਾਂ ਨੂੰ ਮਾਨ ਨਹੀ ਸੀ ਮਿਲਦਾ ਭਾਵ ਸੰਸਾਰ ਵਿੱਚ ਰਹਿੰਦੇ ਹੋਏ, ਵਿਚਰਦੇ ਹੋਏ ਮਾਨ ਨਹੀ ਸੀ ਮਿਲਦਾ ਕਿਉਂਕਿ ਉਨ੍ਹਾਂ ਨੂੰ ਨੀਵੀਂ ਜਾਤਿ ਵਾਲਾ ਸਮਝਿਆ ਜਾਂਦਾ ਸੀ। ਭਗਤ ਕਬੀਰ ਜੀ ਸਾਨੂੰ ਸਮਝਾ ਰਹੇ ਹਨ ਕਿ ਮੈਨੂੰ ਨੀਵੀਂ ਜਾਤਿ ਵਾਲਾ ਅਖਵਾਉਣ ਨਾਲ ਕੋਈ ਫਰਕ ਨਹੀ ਪੈਂਦਾ ਭਾਵ ਜਾਤਿ ਦਾ ਮਾਣ ਨਾ ਮਿਲਨ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਮੇਰੇ ਅੰਦਰ ਪ੍ਰਮਾਤਮਾ ਵਸਿਆ ਹੋਇਆ ਹੈ ਜਿਸ ਦੇ ਦਰ ਤੋਂ ਮੈਨੂੰ ਸੱਚਾ ਮਾਣ ਮਿਲ ਰਹਿਆ ਹੈ। ਬਾਹਰੀ ਮਾਣ, ਜਾਤਿ ਪਾਤਿ ਦਾ ਮਾਨ ਕੇਵਲ ਸਾਡੇ ਅੰਦਰ ਦਾ ਜੰਜਾਲ ਹੈ, ਮਾਇਆ ਮੋਹ ਹੈ, ਭਰਮ ਹੈ ਜੋ ਪ੍ਰਮਾਤਮਾ ਦੇ ਮੇਲ ਦੁਆਰਾ ਨਿਕਲ ਜਾਂਦਾ ਹੈ। (**ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥ ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥82॥**)

ਪ੍ਰਮਾਤਮਾ ਨੇ ਜਦੋ ਵੀ ਸਾਨੂੰ ਮਿਲਣਾ ਹੈ ਉਹ ਆਪਣੇ ਅੰਦਰੋਂ ਹੀ ਮਿਲਣਾ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੇ ਅੰਦਰੋਂ ਮਿਲ ਜਾਂਦਾ ਹੈ ਉਹ ਫਿਰ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਨਹੀਂ ਕਹਿ ਸਕਦਾ ਕਿਉਂਕਿ ਉਸ ਨੂੰ ਸਮਝ ਲਗ ਜਾਂਦੀ ਹੈ ਕਿ ਮੇਰੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਹਰ ਮਨੁੱਖ ਦੇ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਪਰ ਇਸ ਗੱਲ ਦੀ ਸਮਝ ਕਿਸੇ ਨੂੰ ਨਹੀ ਪੈਂਦੀ ਕਿ ਮੇਰਾ ਅਸਲ ਰੂਪ ਕੀ ਹੈ। ਜਿਸ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਕੇਵਲ ਆਪਣੀ ਕ੍ਰਿਪਾ ਦੁਆਰਾ ਹੀ ਮਿਲਦਾ ਹੈ ਉਸ ਨੂੰ ਫਿਰ ਇਹ ਸਮਝ ਪੈ ਜਾਂਦੀ ਹੈ ਕਿ ਜਗ੍ਹਾ ਜਗ੍ਹਾ ਤੇ ਜੋ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ ਉਹ ਵੱਡੇ ਭਰਮ ਵਿੱਚ ਹਨ ਜਿਨ੍ਹਾਂ ਨੂੰ ਇਸ ਗੱਲ ਦੀ ਰੱਤੀ ਭਰ ਵੀ

ਸਮਝ ਨਹੀਂ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਕਿਉਂਕਿ ਉਨ੍ਹਾਂ ਦੇ ਆਪਣੇ ਅੰਦਰ ਭਰਮ ਹੁੰਦਾ ਹੈ ਤੇ ਉਹ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਉਂਦੇ ਹਨ ਤੇ ਭਰਮੇ ਹੋਏ ਹੀ ਉਨ੍ਹਾਂ ਦੇ ਕੋਲ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਸਿੱਖਣ ਜਾਂਦੇ ਹਨ। ਇਹੀ ਗੱਲ ਅਸੀਂ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਕੁਝ ਸ਼ਬਦਾਂ ਦੁਆਰਾ ਸਮਝਣੀ ਹੈ।

“ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥
ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥੯੭॥”

(ਅੰਗ ੧੩੬੯)

ਉਪਰਲੀਆਂ ਪੰਗਤੀਆਂ ਰਾਹੀਂ ਭਗਤ ਕਬੀਰ ਜੀ ਸਾਨੂੰ ਕਿਤਨੇ ਸਪਸ਼ਟ ਤਰੀਕੇ ਨਾਲ ਸਮਝਾ ਰਹੇ ਹਨ ਕਿ ਮਨੁੱਖ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਪਰ ਜਦ ਤਕ ਅਸੀ ਉਸ ਦੇ “ਠਉਰ” ਨੂੰ ਭਾਵ ਉਸ ਦੇ ਟਿਕਾਣੇ ਨੂੰ ਆਪਣੇ ਅੰਦਰੋਂ ਜਾਣ ਨਹੀ ਲੈਂਦੇ ਭਾਵ ਇਸ ਮਨ ਨੂੰ ਜਾਣ ਨਹੀ ਲੈਂਦੇ ਤਦ ਤਕ ਕਿਸੇ ਨੂੰ ਇਹ ਵਿਸ਼ਵਾਸ ਨਹੀਂ ਆ ਸਕਦਾ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਕੌਣ ਹੈ।ਸਭ ਕੁਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਤੇ ਸਾਨੂੰ ਮਨ ਦੀ ਸੋਝੀ ਰਾਹੀਂ ਹੀ ਇਹ ਸਮਝ ਲਗਦੀ ਹੈ ਕਿ ਇਸ ਸਰੀਰ ਦੇ ਰਾਹੀ ਅਸੀ ਆਪ ਹਾਂ ਭਾਵ ਇਕ ਮਨੁੱਖ ਹਾਂ ਤੇ ਪ੍ਰਮਾਤਮਾ ਕੋਈ ਹੋਰ ਹੈ ਜਿਸ ਨੂੰ ਲਭੱਣ ਲਈ ਅਸੀ ਜਗ੍ਹਾ ਜਗ੍ਹਾ ਫਿਰਦੇ ਰਹਿੰਦੇ ਹਾਂ ਭਾਵ ਮਨ ਦੇ ਭਰਮ ਵਿੱਚ ਰਹਿੰਦੇ ਹਾਂ। ਜਦੋਂ ਮਨ ਦੇ ਵਿੱਚ ਪ੍ਰਮਾਤਮਾ ਦਾ ਟਿਕਾਣਾ ਮਿਲ ਜਾਂਦਾ ਹੈ ਉਹ ਮਨ ਦੀ ਸੋਝੀ ਦੁਆਰਾ ਹੀ ਮਿਲਦਾ ਹੈ ਤੇ ਸਮਝ ਲਗਦੀ ਹੈ ਕਿ ਮੈ ਹੁਣ ਤਕ ਭਰਮ ਵਿੱਚ ਹੀ ਆਪਣੀ ਪ੍ਰਮਾਤਮਾ ਨਾਲੋਂ ਵਖਰੀ ਹੋਂਦ ਸਮਝੀ ਹੋਈ ਸੀ ਜਦਕਿ ਮੇਰੀ ਆਪਣੀ ਕੋਈ ਵੱਖਰੀ ਹੋਂਦ ਨਹੀ ਹੈ।ਇਹ ਸਾਡੀ ਮੈਂ ਦਾ ਮਿਟਣਾ ਹੈ, ਹਉਮੈ ਦਾ ਮਿਟਣਾ ਹੈ, ਭਰਮ ਦਾ ਮਿਟਣਾ ਹੈ ਕਿ ਮੇਰੀ ਕੋਈ ਵੱਖਰੀ ਹੋਂਦ ਨਹੀਂ ਹੈ ਤੇ ਮੇਰੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਦੂਸਰਿਆ ਨੂੰ ਦਿਸੱਣ ਵਿੱਚ ਉਹ ਮਨੁੱਖ ਹੀ ਨਜਰ ਆਉਂਦਾ ਹੈ ਕਿਉਂਕਿ ਉਹ ਭਰਮ ਵਿੱਚ ਹਨ, ਹਉਮੈ ਵਿੱਚ ਹਨ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਨ। (**ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥87॥**)

{ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥}

(ਅੰਗ ੯੬੯)

33/3879

{ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

ਸੋਰਠਿ ਮਹਲਾ ੫ ॥

{ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ ॥

ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ ॥੧॥

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥

ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥

ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ ॥੨॥

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥

ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥

ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ ॥

ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ ॥੪॥੬॥}

(ਅੰਗ ੬੧੦)

ਜਦ ਤਕ ਕੋਈ ਪ੍ਰਮਾਤਮਾ ਦੇ ਠਉਰ ਤੇ ਪਹੁੰਚ ਨਹੀਂ ਜਾਂਦਾ ਤਦ ਤਕ ਕੋਈ ਭਰਮ ਤੋਂ ਮੁਕਤਿ ਨਹੀ ਹੋ ਸਕਦਾ ਤੇ ਪ੍ਰਮਾਤਮਾ ਨੂੰ ਖੋਜਣ ਲਈ, ਉਸ ਨੂੰ ਜਾਨਣ ਲਈ, ਉਸ ਨੂੰ ਪਾਉਣ ਦੇ ਮਾਰਗ ਨੂੰ ਸਮਝਣ ਲਈ ਅਸੀ ਉਹੋ ਜਿਹਿਆਂ ਦੇ ਕੋਲ ਜਾਂਦੇ ਹਾਂ, ਗੁਰੂ ਨੂੰ ਛੱਡ ਕੇ ਉਹੋ ਜਿਹਿਆਂ ਦੇ ਕੋਲ ਜਾਂਦੇ ਹਾਂ ਜੋ ਆਪ ਭਰਮ ਦੇ ਭਰੇ ਹੋਏ ਹੁੰਦੇ ਹਨ ਤੇ ਆਪਣੇ ਝੂਠੇ ਮਾਨ ਲਈ ਆਪਣੇ ਆਪ ਨੂੰ ਉੱਚਾ ਬਣਾ ਕੇ ਬੈਠਦੇ ਹਨ। ਸ਼ਬਦ ਦੀਆਂ ਅਗਲੀਆਂ ਕੁਝ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕਢਿਆ ਹੋਇਆ ਹੈ ਕਿ ਸਾਨੂੰ ਇਹੋ ਜਿਹਿਆਂ ਦੇ ਪਿੱਛੇ ਨਹੀਂ ਲਗਣਾ ਚਾਹੀਦਾ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੇ ਸੱਚੇ ਗਿਆਨ ਦੀ ਕਦਰ ਨੂੰ ਜਾਣ ਸਕੀਏ, ਗੁਰੁ ਦੇ ਸੱਚੇ ਮਾਣ ਨੂੰ ਜਾਣ ਸਕੀਏ ਤੇ ਭਰਮੇ ਹੋਇਆ ਦੇ ਦਰ ਤੇ ਜਾਣ ਤੋਂ ਬਚੀਏ।

“ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥

ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥੯੮॥”

(ਅੰਗ ੧੩੬੯)

ਸਾਡੇ ਲਈ ਚੰਗੀ ਸੰਗਤਿ ਕੀ ਹੈ ਤੇ ਮਾੜੀ ਸੰਗਤਿ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਸਾਡੇ ਲਈ ਚੰਗੀ ਸੰਗਤਿ ਕੇਵਲ ਸਾਧਸੰਗਤਿ ਹੈ, ਸਤਸੰਗਿ ਹੈ ਜੋ ਕਿ ਕੇਵਲ ਗੁਰੂ ਦੀ ਸੰਗਤਿ ਹੈ। ਇਹ ਸੰਗਤਿ ਨਿਰਗੁਣ ਰੂਪ ਸੰਗਤਿ ਹੈ ਜੋ ਸੰਗਤਿ ਸਾਡੇ ਮਨ ਨੇ ਕਰਨੀ ਹੈ ਭਾਵ ਮਨ ਦੇ ਵਿਚਾਰਾਂ ਨੇ ਕਰਨੀ ਹੈ। ਆਕਾਰ ਰੂਪ ਵਿੱਚ ਸੰਗਤਿ ਅਸੀਂ ਕਿਸੇ ਦੀ ਵੀ ਕਰ ਸਕਦੇ ਹਾਂ ਭਾਵ ਕਿਸੇ ਨਾਲ ਵੀ ਮੇਲ ਜੋਲ ਰੱਖ ਸਕਦੇ ਹਾਂ ਜੋ ਕਿ ਦੁਨਿਆਵੀ ਵਿਚਰਨ ਦਾ ਤਰੀਕਾ ਹੈ। ਸਾਡੇ ਲਈ ਧਰਮ ਦੇ ਮਾਰਗ ਨੂੰ ਲੈ ਕੇ ਮਾੜੀ ਜਾਂ ਚੰਗੀ ਸੰਗਤਿ ਉਹ ਹੈ ਜੋ ਸੰਗਤਿ ਅਸੀ ਨਿਰਗੁਣ ਰੂਪ ਵਿੱਚ ਕਰਦੇ ਹਾਂ। ਜਦੋਂ ਅਸੀ ਗੁਰੂ ਦੇ ਬਚਨਾਂ ਦੇ ਨਾਲ ਸੰਗਤਿ ਕਰਦੇ ਹਾਂ, ਸ਼ਬਦ ਦੇ ਵਿਚਾਰਾ ਦੇ ਨਾਲ ਸੰਗਤਿ ਕਰਦੇ ਹਾਂ ਉਹ ਸਾਡੀ ਸਾਧਸੰਗਤਿ ਹੈ, ਸਤਸੰਗਤਿ ਹੈ

ਜਿਸ ਲਈ ਇਹ ਜਰੂਰੀ ਨਹੀਂ ਕਿ ਅਸੀਂ ਸਰਗੁਣ ਰੂਪ ਵਿੱਚ ਗੁਰੂ ਦੇ ਨਾਲ ਹੀ ਬੈਠੇ ਰਹੀਏ। ਇਸੇ ਤਰ੍ਹਾਂ ਜਦੋਂ ਅਸੀਂ ਗੁਰੂ ਦੇ ਵਿਚਾਰਾਂ ਨੂੰ ਛੱਡ ਕੇ ਕਿਸੇ ਵੀ ਉਹੋ ਜਿਹੇ ਵਿਚਾਰਾਂ ਦੀ ਸੰਗਤਿ ਕਰਦੇ ਹਾਂ ਜੋ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਮੇਲ ਨਹੀ ਖਾਂਦੇ ਉਹ ਸਾਡੀ ਮਾੜੀ ਸੰਗਤਿ ਹੈ, ਸਾਕਤ ਦੀ ਸੰਗਤਿ ਹੈ ਭਾਵੇਂ ਅਸੀ ਕਿਸੇ ਇਹੋ ਜਿਹੀ ਮਤਿ ਵਾਲੇ ਦੇ ਨਾਲ ਸਰਗੁਣ ਰੂਪ

ਵਿੱਚ ਮਿਲੇ ਹਾਂ ਜਾਂ ਨਹੀ ਮਿਲੇ। ਜੇਕਰ ਸਾਡੇ ਮਨ ਦੇ ਵਿਚਾਰ ਮਾੜੇ ਹਨ ਭਾਵ ਗੁਰਮਤਿ ਅਨੁਸਾਰ ਨਹੀ ਹਨ ਫਿਰ ਭਾਵੇਂ ਅਸੀ ਸਰਗੁਣ ਰੂਪ ਵਿੱਚ ਗੁਰੂ ਦੇ ਨਾਲ ਹੀ ਬੈਠੇ ਹੋਈਏ ਤਾਂ ਵੀ ਅਸੀ ਸਾਕਤ ਦੀ ਸੰਗਤਿ ਵਿੱਚ ਹੀ ਹੁੰਦੇ ਹਾਂ। ਇਸੇ ਤਰਾ ਅਸੀ ਆਕਾਰ ਰੂਪ ਵਿੱਚ ਭਾਵੇਂ ਕਿਸੇ ਵੀ ਮਾੜੀ ਮਤਿ ਦੇਣ ਵਾਲੇ ਨਾਲ ਬੈਠੇ ਹੋਈਏ ਪਰ ਸਾਡੇ ਮਨ ਦੇ ਵਿਚਾਰ ਸ਼ਬਦ ਦੇ ਵਿਚਾਰਾਂ ਨਾਲ ਜੁੜੇ ਹੋਏ ਹੋਣ ਅਸੀਂ ਤਾਂ ਵੀ ਸਾਧ ਸੰਗਤਿ ਨਾਲ ਜੁੜੇ ਹੁੰਦੇ ਹਾਂ ਭਾਵ ਸੰਗਤਿ ਦਾ ਮਕਸਦ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਨਾ ਕਿ ਇਸ ਗੱਲ ਨਾਲ ਕਿ ਅਸੀਂ ਆਕਾਰ ਰੂਪ ਵਿੱਚ ਕਿਸ ਦੇ ਨਾਲ ਜੁੜੇ ਹੋਏ ਹਾਂ। ਆਕਾਰ ਰੂਪ ਵਿਚ ਸਾਨੂੰ ਆਪਣੇ ਕਾਰ ਵਿਹਾਰ ਲਈ ਅਨੇਕਾਂ ਹੀ ਉਹੋ ਜਿਹਿਆ ਨਾਲ ਸਬੰਧ ਰੱਖਣਾ ਪੈਂਦਾ ਹੈ ਜਿਨ੍ਹਾਂ ਨਾਲ ਸਾਡੇ ਧਾਰਮਿਕ ਵਿਚਾਰ ਨਹੀ ਰਲਦੇ ਪਰ ਇਸ ਦਾ ਮਤਲਬ ਇਹ ਨਹੀ ਹੁੰਦਾ ਕਿ ਅਸੀ ਉਨ੍ਹਾਂ ਦੀ ਸੰਗਤਿ ਕਰਨੀ ਛੱਡ ਦੇਈਏ। ਇਸੇ ਤਰਾਂ ਘਰ ਪਰਿਵਾਰ ਦੇ ਵਿੱਚ ਤੇ ਸਾਕਾਂ ਸਬੰਧੀਆਂ ਦੇ ਵਿੱਚ ਸਾਡੇ ਅਨੇਕਾਂ ਦੇ ਨਾਲ ਧਾਰਮਿਕ ਵਿਚਾਰ ਨਹੀਂ ਰਲਦੇ ਪਰ ਇਸ ਦਾ ਮਤਲਬ ਇਹ ਨਹੀ ਕਿ ਅਸੀ ਉਨ੍ਹਾਂ ਦੇ ਨਾਲ ਵਰਤਨਾ ਛੱਡ ਦੇਈਏ। ਧਰਮ ਦਾ ਮਾਰਗ ਸਾਡੇ ਮਨ ਦੀ ਆਸਥਾ ਦੇ ਨਾਲ ਜੁੜਿਆਂ ਹੁੰਦਾ ਹੈ, ਮਨ ਦੇ ਵਿਚਾਰਾਂ ਨਾਲ ਜੁੜਿਆਂ ਹੁੰਦਾ ਹੈ ਤੇ ਸਾਨੂੰ ਉਹੋ ਜਿਹਿਆਂ ਦੇ ਵਿਚਾਰ ਹੀ ਚੰਗੇ ਲਗਦੇ ਹਨ ਜਿਨ੍ਹਾਂ ਦੇ ਵਿਚਾਰ ਸਾਡੇ ਨਾਲ ਮੇਲ ਖਾਂਦੇ ਹਨ। ਧਰਮ ਦੇ ਸੱਚੇ ਮਾਰਗ ਨੂੰ ਸਮਝਣ ਦਾ ਭਰਮ ਸਭ ਦੇ ਅੰਦਰ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਾਇਆ ਮੋਹ ਵਿੱਚ ਰਖਿਆ ਹੋਇਆ ਹੈ, ਤ੍ਰੈ ਗੁਣਾ ਵਾਲੀ ਅਵਸਥਾ ਵਿੱਚ ਰਖਿਆ ਹੋਇਆ ਹੈ ਭਾਵ ਸਾਕਤ ਵਾਲੀ ਅਵਸਥਾ ਵਿਚ ਰਖਿਆ ਹੋਇਆ ਹੈ। ਧਰਮ ਦਾ ਸੱਚਾ ਮਾਰਗ ਉਸ ਨੂੰ ਹੀ ਸਮਝ ਆਉਂਦਾ ਹੈ ਜਿਸ ਨੂੰ ਪਹਿਲੇ ਪ੍ਰਮਾਤਮਾ ਸਾਕਤ ਵਾਲੀ ਅਵਸਥਾ ਵਿੱਚੋਂ ਕਢੱਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਣਾ ਕਰਨ ਵਾਲਿਆਂ

33/3881

ਨੂੰ ਕਢਿਆ ਹੈ। ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਰੇ ਜਗਤ ਨੂੰ ਇਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਸਾਕਤ ਵਾਲੀ ਅਵਸਥਾ ਵਿੱਚੋਂ ਨਿਕਲਣ ਦਾ ਹੈ ਭਾਵ ਵੱਖਰੀ ਵੱਖਰੀ ਮਨਮਤਿ ਨਾਲ ਜੁੜੇ ਹੋਏ ਮਾਰਗ ਵਿੱਚੋਂ ਨਿਕਲਣ ਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਹਰ ਕੋਈ ਸਾਨੂੰ ਉਹੋ ਜਿਹੀ ਆਸਥਾ ਨਾਲ ਜੋੜਦਾ ਹੈ ਜਿਹੋ ਜਿਹੀ ਆਸਥਾ ਨਾਲ ਕੋਈ ਆਪ ਜੁੜਿਆਂ ਹੁੰਦਾ ਹੈ ਤੇ ਆਪਣੇ ਆਪ ਨੂੰ ਆਪਣੀ ਆਸਥਾ ਅਨੁਸਾਰ ਧਰਮ ਦੇ ਮਾਰਗ ਤੇ ਉਚੱਾ ਸਮਝਦਾ ਹੈ। ਸਾਨੂੰ ਸਾਡੀ ਸੱਚੀ ਧਾਰਮਿਕ ਆਸਥਾ ਦੇ ਨਾਲ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਜੋੜ ਸਕਦਾ ਹੈ, ਕੇਵਲ ਸ਼ਬਦ ਦੇ ਵਿਚਾਰ ਹੀ ਜੋੜ ਸਕਦੇ ਹਨ ਜਿਨ੍ਹਾਂ ਨਾਲ ਜੁੜ ਕੇ ਸਾਰੇ ਸੰਸਾਰ ਦੀ ਧਾਰਮਿਕ ਆਸਥਾ ਇਕੋ ਜਿਹੀ ਬਣ ਸਕਦੀ ਹੈ ਜੋ ਕਿ ਸੰਸਾਰ ਦੇ ਹਰ ਮਨੁੱਖ ਨੂੰ ਇਕੋ ਜਿਹਾ ਸਮਝਣ ਦੀ ਹੈ ਭਾਵ ਕੇਵਲ ਸੱਚ ਵਾਲੀ ਆਸਥਾ ਹੈ, ਨਾਮ ਵਾਲੀ ਆਸਥਾ ਹੈ ਜਿਸ ਆਸਥਾ ਨਾਲ ਜੁੜ ਕੇ ਕੋਈ ਮਨੁੱਖ ਦੂਸਰੇ ਮਨੁੱਖ ਦਾ ਮਾੜਾ ਨਹੀ ਕਰ ਸਕਦਾ, ਕੋਈ ਮਨੁੱਖ ਵਿਕਾਰੀ ਨਹੀ ਬਣ ਸਕਦਾ ਜਿਸ ਨਾਲ ਉਹ ਕਿਸੇ ਦੂਸਰੇ ਦਾ ਮਾੜਾ ਕਰ ਸਕੇ। ਸੱਚੀ ਧਾਰਮਿਕ ਆਸਥਾ ਦਾ ਮਕਸਦ ਸਾਨੂੰ ਮਨ ਦੀ ਸਾਕਤ ਵਾਲੀ ਬਿਰਤੀ ਵਿੱਚੋਂ ਕਢੱਣ ਦਾ ਹੀ ਹੈ, ਭਰਮ ਵਾਲੀ ਆਸਥਾ ਵਿੱਚੋਂ ਕੱਢਣ ਦਾ ਹੀ ਹੈ। ਸਾਨੂੰ ਸਾਕਤ ਰੂਪ ਵਾਲੀ ਬਿਰਤੀ ਨਾਲ ਜੋੜਨ ਵਾਲੇ ਭਾਵ ਭਰਮ ਵਾਲੀ ਆਸਥਾ ਦੇ ਨਾਲ ਜੋੜਨ ਵਾਲੇ ਬਹੁਤ ਹਨ ਜੋ ਜਗ੍ਹਾਂ ਜਗ੍ਹਾਂ ਆਪਣੇ ਆਪ ਨੂੰ ਉਚੱਾ ਥਾਪ ਕੇ ਬੈਠੇ ਹਨ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਤੇ ਸਾਨੂੰ ਆਪਣੀ ਆਪਣੀ ਮਤਿ ਅਨੁਸਾਰ ਧਰਮ ਦਾ ਮਾਰਗ ਸਮਝਾਉਂਦੇ ਹਨ। ਗੁਰਬਾਣੀ ਸਾਨੂੰ ਬਾਰ ਬਾਰ ਇਹ ਗੱਲ ਸਮਝਾ ਰਹੀ ਹੈ ਜੋ ਮਾਰਗ ਪ੍ਰਮਾਤਮਾ ਨੇ ਆਪ ਵਖਰੇ ਵਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਸਮਝਾਇਆ ਹੈ ਭਾਵ ਗੁਰਬਾਣੀ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕਢਣ ਦਾ ਹੈ, ਅਨੇਕਾਂ ਹੀ ਅਨੇਕਾਂ ਭਰਮਾਂ ਵਿੱਚੋਂ ਕਢਣ ਦਾ ਹੈ। ਜੋ ਭਰਮ ਸਾਰੇ ਸੰਸਾਰ ਵਿੱਚ ਵਖਰੀ ਵਖਰੀ ਧਾਰਮਿਕ ਆਸਥਾ ਨੂੰ ਲੈ ਕੇ ਬਣੇ ਹੋਏ ਹਨ ਤੇ ਸਾਨੂੰ ਉਹੋ ਜਿਹੇ ਧਰਮ ਦੇ ਮਾਰਗ ਦੇ ਨਾਲ ਜੋੜਦੇ ਹਨ, ਸਰੀਰਕ ਕਿਰਿਆਵਾਂ ਆਦਿ ਦੇ ਨਾਲ ਜੋੜਦੇ ਹਨ, ਸੁਆਸਾਂ ਆਦਿ ਦੀ ਕਿਰਿਆਵਾਂ ਆਦਿ ਦੇ ਨਾਲ ਜੋੜਦੇ ਹਨ, ਸਰੀਰਕ ਦੁਖ

33/3882

ਆਦਿ ਸਹਿਣ ਦੇ ਨਾਲ ਜੋੜਦੇ ਹਨ ਤੇ ਹੋਰ ਵੀ ਅਨੇਕਾਂ ਕਰਮ ਕਾਂਡਾਂ ਦੇ ਨਾਲ ਜੋੜਦੇ ਹਨ ਜਿਨ੍ਹਾਂ ਦਾ ਸੱਚ ਦੇ ਨਾਲ ਕੋਈ ਮਕਸਦ ਨਹੀਂ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦੇ ਨਾਲ ਕੋਈ ਮਕਸਦ ਨਹੀਂ ਹੈ। ਗੁਰਬਾਣੀ ਦਾ ਮਕਸਦ ਸਾਨੂੰ ਇਨ੍ਹਾਂ ਸਭ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨ ਦੀ ਸਾਕਤ ਰੂਪ ਬਿਰਤੀ ਵਿੱਚੋਂ ਕੱਢਣ ਦਾ ਹੀ ਹੈ। ਸਾਡੇ ਅੰਦਰ ਦੀ ਮਨਮਤਿ ਵਾਲੀ

ਬਿਰਤੀ ਸਾਡੇ ਅੰਦਰ ਦੀ ਸਾਕਤ ਰੂਪ ਬਿਰਤੀ ਹੈ ਜਿਸ ਦੇ ਵਿੱਚੋਂ ਅਸੀ ਨਿਕਲਣਾ ਹੈ ਤੇ ਸੱਚ ਦੇ ਨਾਲ ਜੁੜਨਾ ਹੈ। ਜਗ੍ਹਾਂ ਜਗ੍ਹਾਂ ਸਾਨੂੰ ਮਨਮਤਿ ਦੇ ਨਾਲ ਜੋੜਨ ਵਾਲੇ ਬੈਠੇ ਹਨ ਤੇ ਉਨ੍ਹਾਂ ਦੇ ਨਾਲ ਉਹੀ ਜੁੜਦੇ ਹਨ ਜੋ ਗੁਰਮਤਿ ਦੇ ਨਾਲ ਨਹੀ ਜੁੜਦੇ। ਕਿਸੇ ਦੇ ਨਾਲ ਅਕਾਰ ਰੂਪ ਵਿੱਚ ਮੇਲ ਜੋਲ ਕਰਨਾ ਤੇ ਉਸ ਦੀ ਗੱਲ ਸੁਣਨਾ ਹੋਰ ਗੱਲ ਹੈ ਪਰ ਕਿਸੇ ਦੀ ਗੱਲ ਨੂੰ ਗੁਰਮਤਿ ਦੀ ਕਸਵਟੀ ਤੇ ਪਰਖ ਕੀਤੇ ਬਿਨਾਂ ਉਸ ਨੂੰ ਮੰਨ ਲੈਣਾ ਹੋਰ ਗੱਲ ਹੈ ਤੇ ਇਥੇ ਹੀ ਸਾਕਤ ਸੰਗਿ ਕਰਨ ਦਾ ਜਾਂ ਨਾ ਕਰਨ ਦਾ ਭੇਦ ਹੈ। ਜੇਕਰ ਅਸੀ ਗੁਰਮਤਿ ਨੂੰ ਸਮਝਦੇ ਹਾਂ ਤੇ ਉਸ ਦੇ ਉਤੇ ਦ੍ਰਿੜ ਹੋ ਕੇ ਚਲਦੇ ਹਾਂ ਫਿਰ ਅਸੀ ਭਾਵੇਂ ਜਿਤਨੇ ਮਰਜੀ ਭਰਮੇ ਹੋਏ ਮਨੁੱਖ ਦੇ ਨਾਲ ਮਿਲੀਏ ਸਾਨੂੰ ਕੀ ਫਰਕ ਪੈਂਦਾ ਹੈ। ਸਾਰੀ ਗੱਲ ਮਨ ਦੇ ਅੰਦਰ ਗੁਰਮਤਿ ਤੇ ਦ੍ਰਿੜ ਹੋਣ ਦੀ ਹੈ, ਨਾਮ ਦੇ ਦ੍ਰਿੜ ਹੋਣ ਦੀ ਹੈ ਜਿਸ ਦੇ ਦ੍ਰਿੜ ਹੋਣ ਨਾਲ ਮਨੁੱਖ ਦਾ ਮਨ ਕਦੇ ਡੋਲ ਨਹੀ ਸਕਦਾ ਭਾਵੇਂ ਉਹੋ ਜਿਹੀ ਮਰਜੀ ਸੰਗਤਿ ਵਿੱਚ ਬੈਠਾ ਹੋਵੇ। ਜਿਵੇਂ ਕਿ ਕਿਸੇ ਦੇ ਅੰਦਰ ਸ਼ਰਾਬ ਨਾ ਪੀਣ ਦੀ ਦ੍ਰਿੜਤਾ ਹੈ ਫਿਰ ਉਹ ਜਿਤਨੇ ਮਰਜੀ ਸ਼ਰਾਬੀਆਂ ਦੀ ਸੰਗਤਿ ਵਿੱਚ ਬੈਠ ਜਾਵੇ ਉਸ ਤੇ ਕੋਈ ਅਸਰ ਨਹੀਂ ਹੁੰਦਾ। ਸਾਡੇ ਅੰਦਰ ਸਾਡੀ ਮਾਂ ਭੈਣ ਦਾ ਰਿਸ਼ਤਾ ਦ੍ਰਿੜ ਹੈ ਜੋ ਰਿਸ਼ਤਾ ਡੋਲਦਾ ਨਹੀਂ ਕਿਉਂਕਿ ਸਾਡੇ ਅੰਦਰ ਇਹ ਗੱਲ ਦ੍ਰਿੜ ਹੈ ਤੇ ਜਿਹੋ ਜਿਹੀ ਇਸ ਰਿਸ਼ਤੇ ਦੀ ਬੁਨਿਆਦ ਹੈ ਉਸ ਤੇ ਟਿਕਣਾ ਮੇਰਾ ਫਰਜ਼ ਹੈ, ਮੇਰਾ ਧਰਮ ਹੈ। ਸਾਡੇ ਅੰਦਰ ਮਾੜੇ ਵਿਚਾਰ ਉਦੋਂ ਹੀ ਅਸਰ ਕਰਦੇ ਹਨ ਜਦੋਂ ਸਾਡੇ ਅੰਦਰ ਚੰਗੇ ਵਿਚਾਰਾਂ ਦੀ ਦ੍ਰਿੜਤਾ ਨਹੀ ਹੁੰਦੀ। ਸਾਡੇ ਅੰਦਰ ਸਾਕਤ ਬਿਰਤੀ ਵਾਲਿਆਂ ਦੇ ਵਿਚਾਰ ਤਦ ਤਕ ਹੀ ਅਸਰ ਕਰਦੇ ਹਨ ਜਦ ਤਕ ਸਾਡੇ ਅੰਦਰ ਗੁਰਮਤਿ ਰੂਪ ਵਿਚਾਰ ਦ੍ਰਿੜ ਨਹੀ ਹੁੰਦੇ।

33/3883

ਉਪਰ ਪੰਗਤੀਆਂ ਰਾਹੀ ਸਾਨੂੰ ਭਗਤ ਕਬੀਰ ਜੀ ਚੰਗੀ ਤੇ ਮਾੜੀ ਸੰਗਤਿ ਕਰਨ ਦਾ ਫਰਕ ਹੀ ਸਮਝਾ ਰਹੇ ਹਨ ਜੋ ਸੰਗਤਿ ਸਾਡੇ ਮਨ ਨੇ ਕਰਨੀ ਹੈ। ਮਾੜੇ ਵਿਚਾਰਾਂ ਦੀ ਸੰਗਤਿ ਸਾਡੇ ਜੀਵਨ ਦੀ ਵਿਚਰਨ ਨੂੰ ਖਰਾਬ ਕਰਦੀ ਹੈ ਜਿਸ ਦੁਆਰਾ ਸਾਡਾ ਜੀਵਨ ਖਰਾਬ ਹੁੰਦਾ ਹੈ।ਜਿਸ ਤਰਾਂ ਬੇਰੀ ਦੇ ਨਜਦੀਕ ਜੇਕਰ ਕੇਲੇ ਦਾ ਪੇੜ ਹੋਵੇ ਤਾਂ ਬੇਰੀ ਦੇ ਕੰਡੇ ਹਵਾ ਦੇ ਝੋਕਿਆ ਦੇ ਨਾਲ ਕੇਲੇ ਦੇ ਪੱਤੇ ਨੂੰ ਚੀਰ ਦਿੰਦੇ ਹਨ ਭਾਵ ਉਸ ਨੂੰ ਬਰਬਾਦ ਕਰ ਦਿੰਦੇ ਹਨ ਇਸੇ ਤਰਾਂ ਅਸੀ ਮਨਮਤਿ ਦੇ ਵਿਚਾਰਾਂ ਵਾਲੇ ਮਨੁੱਖ ਨਾਲ ਜੁੜਕੇ ਆਪਣੇ ਵਿਚਾਰਾਂ ਨੂੰ ਖਰਾਬ ਕਰ ਲੈਂਦੇ ਹਾਂ ਭਾਵ ਗੁਰਮਤਿ ਤੋਂ ਦੂਸਰੇ ਪਾਸੇ ਲਗ ਜਾਂਦੇ ਹਾਂ ਜੋ ਸਾਡੇ ਜੀਵਨ ਨੂੰ ਧਾਰਮਿਕ ਪਖੋਂ ਖਰਾਬ ਕਰ ਦਿੰਦੇ ਹਨ ਭਾਵ ਸਾਨੂੰ ਕੇਵਲ ਗੁਰੂ ਦੇ ਵਿਚਾਰਾਂ ਨਾਲ ਜੁੜਨਾ ਚਾਹੀਦਾ ਹੈ ਜਿਸ ਦੁਆਰਾ ਅਸੀ ਸੱਚਾ ਸੁੱਚਾ ਜੀਵਨ ਜਿਉਂਣ ਨਾਲ ਜੁੜਦੇ ਹਾਂ। (**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥88॥**)

ਇਹ ਸਾਕਤ ਬਿਰਤੀ ਵਾਲੇ ਮਨੁੱਖ ਭਾਵ ਮਨਮਤਿ ਤੇ ਚੱਲਣ ਵਾਲੇ ਮਨੁੱਖ ਜੋ ਆਂਪਣੇ ਆਪ ਨੂੰ ਧਰਮ ਦੇ ਮਾਰਗ ਤੇ ਚੱਲਣਾ ਸਮਝਦੇ ਹਨ ਇਹ ਆਪਣੇ ਨਾਲ ਨਾਲ ਦੂਸਰਿਆ ਦਾ ਜੀਵਨ ਵੀ ਬਰਬਾਦ ਕਰਦੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆਂ ਹੋਇਆ ਹੈ।

“ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ ॥
ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ ॥੯੯॥”

(ਅੰਗ ੧੩੬੯)

ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਣ ਵਾਲੇ ਆਪਣੇ ਵਲੋਂ ਧਰਮ ਦੇ ਅਸਲ ਮਾਰਗ ਤੇ ਚਲਣਾ ਹੀ ਸਮਝਦੇ ਹਨ। ਪਹਿਲਾਂ ਤਾਂ ਉਹਨਾਂ ਨੇ ਆਪਣੇ ਅੰਦਰ ਮਨਮਤਿ ਦਾ ਭਾਰ, ਹਉਮੈ ਦਾ ਭਾਰ ਚੁਕਿਆ ਹੋਇਆ ਹੈ ਤੇ ਦੂਸਰਿਆਂ ਨੂੰ ਆਪਣੀ ਮਤਿ ਦੇ ਨਾਲ ਜੋੜ ਕੇ ਉਹਨ੍ਹਾਂ ਨੂੰ ਪੁਠੇ ਮਾਰਗਿ ਤੇ ਚਲਾਉਣ ਦਾ ਭਾਰ ਵੀ ਆਪਣੇ ਸਿਰ ਪਾ ਲੈਂਦੇ ਹਨ। ਭਾਰ ਚੁੱਕਕੇ ਚੱਲਣਾ ਔਖਾ ਹੁੰਦਾ ਹੈ ਜਦੋਂ ਬੰਦਾ ਆਪਣਾ ਭਾਰ ਹੋਰ ਵਧਾ ਲੈਂਦਾ ਹੈ ਫਿਰ ਚਲਣਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ ਭਾਵ ਇਹੋ ਜਿਹਾ ਮਨੁੱਖ ਆਪ ਤਾਂ ਪ੍ਰਮਾਤਮਾ ਦੇ ਦਰ ਤੇ ਦੋਸ਼ੀ ਹੁੰਦਾ ਹੀ ਹੈ ਤੇ ਦੂਸਰਿਆਂ ਨੂੰ ਪੁੱਠੀ ਮਤਿ ਦੇਣ ਦਾ ਦੋਸ਼ ਵੀ ਆਪਣੇ ਸਿਰ ਪਾ ਲੈਂਦਾ ਹੈ। ਧਰਮ ਦੇ ਮਾਰਗ ਤੇ ਚਲੱਣਾ ਔਖਾ ਹੈ ਕਿਉਂਕਿ ਇਹ ਮਨਮਤਿ ਛਡਣ ਦਾ ਮਾਰਗ ਹੈ ਭਾਵ ਗੁਰਮਤਿ ਨੂੰ ਅਪਣਾਉਂਣ ਦਾ ਮਾਰਗ ਹੈ ਭਾਵ ਗੁਰਮਤਿ ਦਾ ਡਰ ਅਪਣਾਉਣ ਦਾ ਮਾਰਗ ਹੈ, ਸੱਚ ਤੇ ਚਲੱਣ ਦੇ ਭਉ ਨੂੰ ਅਪਣਾਉਣ ਦਾ ਮਾਰਗ ਹੈ। ਮਾਇਆ ਮੋਹ ਛੱਡਣ

33/3884

ਦੇ ਡਰ ਨੂੰ ਕਾਬੂਲ ਕਰਨ ਦੀ ਬਜਾਇ ਸਾਕਤ ਮਨੁੱਖ ਦੂਸਰਿਆਂ ਨੂੰ ਵੀ ਮਾਇਆ ਮੋਹ ਨਾਲ ਹੀ ਜੋੜਦੇ ਹਨ ਭਾਵ ਉਹਨਾਂ ਦਾ ਦੋਸ਼ ਵੀ ਆਪਣੇ ਸਿਰ ਪਾਉਂਦੇ ਹਨ, ਪ੍ਰਮਾਤਮਾ ਦੇ ਦਰ ਤੇ ਆਪਣੇ ਆਪ ਨੂੰ ਵੱਡਾ ਦੋਸ਼ੀ ਬਣਾਉਂਦੇ ਹਨ ਭਾਵ ਨ ਆਪ ਧਰਮ ਦੇ ਮਾਰਗ ਤੇ ਚਲਦੇ ਹਨ ਤੇ ਦੂਸਰਿਆ ਨੂੰ ਵੀ ਧਰਮ ਦੇ ਸੱਚੇ ਮਾਰਗ ਤੋਂ ਹਟਾਉਂਦੇ ਹਨ। ਧਰਮ ਦੇ ਮਾਰਗ ਤੇ ਚਲਣਾ ਬਹੁਤ ਹੀ ਔਖਾ ਹੈ ਤੇ ਗੁਰਮਤਿ ਸਾਨੂੰ ਇਹੋ ਜਿਹਾ ਮਾਰਗ ਹੀ ਸਮਝਾਉਂਦੀ ਹੇ। (**ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ ॥ ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ ॥89॥**)

{ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥}

(ਅੰਗ ੪੩੪)

{ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥}

(ਅੰਗ ੭੨੯)

{ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ ॥
ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ ॥੬॥
ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ ॥
ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ ॥੭॥}

(ਅੰਗ ੯੮੧)

{ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥}

(ਅੰਗ ੨੧)

{ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥}

(ਅੰਗ ੨੨)

{ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥
ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥
ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥੪॥}

(ਅੰਗ ੬੩)

33/3885

{ਸੰਤਾ ਸੇਤੀ ਰੰਗੁ ਨ ਲਾਏ ॥ ਸਾਕਤ ਸੰਗਿ ਵਿਕਰਮ ਕਮਾਏ ॥
ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ ॥੩॥}

(ਅੰਗ ੧੦੫)

{ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥}

(ਅੰਗ ੧੦੯)

{ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥
ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥੩॥
ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥
ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ ॥੪॥}

(ਅੰਗ ੧੭੦)

{ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥
ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥
ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥੪॥}

(ਅੰਗ ੧੭੨)

{ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥੬॥}

(ਅੰਗ ੨੩੯)

{ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥}

(ਅੰਗ ੪੧੫)

{ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥
ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ ॥੧॥}

(ਅੰਗ ੨੫੭)

{ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥
ਝੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥੧॥}

(ਅੰਗ ੨੬੦)

{ਝਾੜਿ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥}

(ਅੰਗ ੨੬੦)

{ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥}

(ਅੰਗ ੩੧੨)

{ਬੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥੧॥}

(ਅੰਗ ੩੨੬)

33/3886

{ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥}

(ਅੰਗ ੪੧੫)

{ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪॥}

(ਅੰਗ ੪੮੧)

{ਉਲਟੀ ਰੇ ਮਨ ਉਲਟੀ ਰੇ ॥ ਸਾਕਤ ਸਿਉ ਕਰਿ ਉਲਟੀ ਰੇ ॥
ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥੧॥ ਰਹਾਉ ॥}

(ਅੰਗ ੫੩੫)

{ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥
ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥}

(ਅੰਗ ੫੯੮)

{ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥
ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥੩॥}

(ਅੰਗ ੫੯੮)

{ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥
ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥੨॥}

(ਅੰਗ ੬੯੮)

{ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ ॥
ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ
ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥੫॥}

(ਅੰਗ ੭੩੪)

{ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ ॥
ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ ॥੨॥}

(ਅੰਗ ੭੩੪)

{ਘਰ ਮਹਿ ਠਾਕੁਰੁ ਨਦਰਿ ਨ ਆਵੈ ॥ ਗਲ ਮਹਿ ਪਾਹਣੁ ਲੈ ਲਟਕਾਵੈ ॥੧॥
ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥}

(ਅੰਗ ੭੩੯)

{ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥

ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥}

(ਅੰਗ ੮੦੦)

{ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥}

(ਅੰਗ ੮੧੧)

{ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ ਰਹਾਉ ॥}

(ਅੰਗ ੮੨੦)

33/3887

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥
ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥ ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥}

(ਅੰਗ ੮੫੪)

{ਸੋਗ ਹਰਖ ਮਹਿ ਦੇਹ ਬਿਰਧਾਨੀ ॥ ਸਾਕਤ ਇਵ ਹੀ ਕਰਤ ਬਿਹਾਨੀ ॥੩॥}

(ਅੰਗ ੮੮੮)

{ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥}

(ਅੰਗ ੮੯੨)

{ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ ਪਇਆ ॥
ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ ॥੯॥}

(ਅੰਗ ੯੦੬)

{ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹਾੜਾ ॥
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥੬॥}

(ਅੰਗ ੧੦੨੫)

{ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥}

(ਅੰਗ ੧੦੨੯)

{ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥
ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥}

(ਅੰਗ ੧੦੩੧)

{ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦੁ ਸੁਰਤਿ ਬਿਨੁ ਆਈਐ ਜਾਈਐ ॥
ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥}

(ਅੰਗ ੧੦੪੨)

ਉਪਰ ਕੁਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਾਨੂੰ ਸਾਕਤ ਵਾਲੀ ਬਿਰਤੀ ਹੀ ਸਮਝਾਈ ਹੋਈ ਹੈ ਜੋ ਕਿ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਮੋਹ ਵਾਲੀ ਜੁਗਤਿ ਹੈ ਜਿਸ ਕਰਕੇ ਹਰ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦਾ ਹੈ,ਭਰਮ ਵਿੱਚ ਰਹਿੰਦਾ ਹੈ ਤੇ ਉਸ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀ ਪੈਂਦੀ ਤੇ ਨਾ ਹੀ ਉਹ ਕਿਸੇ ਨੂੰ ਧਰਮ ਦਾ ਸੱਚਾ ਮਾਰਗ ਸਮਝਾ ਸਕਦਾ ਹੈ ਪਰ ਹਰ ਪਾਸੇ

33/3888

ਇਹੋ ਜਿਹੇ ਹੀ ਜਗ੍ਹਾ ਜਗ੍ਹਾ ਧਰਮ ਦੇ ਠੇਕੇਦਾਰ ਬਣੀ ਬੈਠੇ ਹਨ। ਧਰਮ ਦੇ ਸੱਚੇ ਮਾਰਗ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਚਉਥੇ ਪਦ ਵਿੱਚ ਹੈ, ਭਰਮ ਤੋਂ ਰਹਿਤ ਹੈ ਭਾਵ ਸਾਨੂੰ ਧਰਮ ਦੇ ਮਾਰਗ ਤੇ ਚੱਲਣ ਦੀ ਮਤਿ ਕੇਵਲ ਗੁਰੂ ਦੇ ਕੋਲੋਂ ਹੀ ਲੈਣੀ ਚਾਹੀਦੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਥਾਪਿਆ ਹੋਇਆ ਧਰਮ ਸਮਝਾਉਣ ਦਾ ਠੇਕੇਦਾਰ ਹੈ।

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

ਜਿਨ੍ਹਾ ਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਹੀ ਸੱਚਾ ਮਾਰਗ ਜਾਣ ਸਕਦਾ ਹੈ ਤੇ ਭਰਮ ਤੋਂ ਮੁਕਤ ਹੋ ਸਕਦਾ ਹੈ ਤੇ ਦੁਨੀਆ ਨੂੰ ਸੱਚ ਦਾ ਮਾਰਗ ਸਮਝਾ ਸਕਦਾ ਹੈ। ਇਹ ਗੁਰੂ ਦੀ ਆਪਣੀ ਅਵਸਥਾ ਹੈ।

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬)

ਭਗਤ ਕਬੀਰ ਜੀ ਸਾਨੂੰ ਅਗਲੇ ਸ਼ਬਦ ਰਾਹੀਂ ਫਿਰ ਇਹੀ ਗੱਲ ਸਮਝਾ ਰਹੇ ਹਨ ਕਿ ਸਾਨੂੰ ਗੁਰੂ ਦੀ ਸੱਚੀ ਮਤਿ ਛੱਡਕੇ ਕੱਚਿਆਂ ਦੀ ਮਤਿ ਪਿਛੇ ਨਹੀ ਲਗਣਾ ਚਾਹੀਦਾ।

“ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ ॥
ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ ॥੯੦॥”

(ਅੰਗ ੧੩੬੯)

ਉਪਰਲੀਆਂ ਪੰਗਤੀਆਂ ਰਾਹੀਂ ਬਾਬਾ ਕਬੀਰ ਜੀ ਸਾਨੂੰ ਸੜੀ ਹੋਈ ਲਕੱੜ ਦਾ ਪ੍ਰਮਾਣ ਦੇ ਕੇ ਧਰਮ ਦਾ ਮਾਰਗ ਸਮਝਾ

ਰਹੇ ਹਨ। ਸਾਡੇ ਧਾਰਮਿਕ ਜੀਵਨ ਨੂੰ ਸਾਡੇ ਮਨ ਦੀ ਮਾੜੀ ਸੋਝੀ ਹੀ ਬਰਬਾਦ ਕਰਦੀ ਹੈ, ਸੜੀ ਹੋਈ ਲਕੜ ਦੀ ਤਰ੍ਹਾਂ ਬਰਬਾਦ ਕਰਦੀ ਹੈ। ਜੇਕਰ ਅਸੀਂ ਆਪਣੇ ਜੀਵਨ ਨੂੰ ਬਰਬਾਦ ਹੋਣ ਤੋਂ ਬਚਾਉਂਣਾ ਚਾਹੁੰਦੇ ਹਾਂ ਉਸ ਗੱਲੋਂ ਸੁਚੇਤ ਕੀਤਾ ਹੋਇਆ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਜੇਕਰ ਅਸੀਂ ਉਹਨ੍ਹਾਂ ਦੀ ਮਤਿ ਪਿੱਛੇ ਲਗ ਜਾਂਦੇ ਹਾਂ ਜਿਨ੍ਹਾਂ ਨੂੰ ਧਰਮ

33/3889

ਦੇ ਮਾਰਗ ਦੀ ਸੋਝੀ ਨਹੀਂ ਹੈ ਤਾਂ ਸਾਡਾ ਜੀਵਨ ਫਿਰ ਤੋਂ ਬਰਬਾਦ ਹੋ ਜਾਵੇਗਾ। ਧਰਮ ਦੇ ਮਾਰਗ ਦੀ ਮਾੜੀ ਮਤਿ ਦੇਣ ਵਾਲਿਆਂ ਦੀ ਤੁਲਣਾ ਲੁਹਾਰ ਨਾਲ ਕੀਤੀ ਹੋਈ ਹੈ ਜਿਸ ਦਾ ਕੰਮ ਸਾੜਨ ਦਾ ਹੀ ਹੈ, ਅੱਗ ਬਾਲਣ ਦਾ ਹੀ ਹੈ ਜਿਸ ਦੁਆਰਾ ਉਹ ਔਜਾਰ ਬਣਾਉਂਦਾ ਹੈ। ਜੇਕਰ ਅਸੀਂ ਇਹੋ ਜਿਹਿਆਂ ਦੀ ਮਤਿ ਪਿਛੇ ਲਗਦੇ ਹਾਂ ਤਾਂ ਫਿਰ ਸਾਡੇ ਜੀਵਨ ਦਾ ਬਰਬਾਦ ਹੋਣਾ ਤੈਅ ਹੈ। ਸਾਨੂੰ ਇਹੋ ਜਿਹਿਆਂ ਦੀ ਮਤਿ ਤੋਂ ਬਚਣ ਲਈ ਹੀ ਸਮਝਾਇਆ ਹੋਇਆ ਹੈ ਕਿਉਂਕਿ ਅਸੀਂ ਆਪ ਤ੍ਰੈ ਗੁਣਾਂ ਵਾਲੀ ਮਤਿ ਵਿੱਚ ਹਾਂ, ਭਰਮ ਵਾਲੀ ਮਤਿ ਵਿੱਚ ਹਾਂ, ਤ੍ਰਿਸ਼ਨਾ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ ਤੇ ਜਿਨ੍ਹਾਂ ਦੇ ਪਿਛੇ ਅਸੀਂ ਲਗ ਜਾਂਦੇ ਹਾਂ ਉਹ ਆਪ ਇਹੋ ਜਿਹੀ ਮਤਿ ਵਿੱਚ ਹਨ ਭਾਵ ਸਾਨੂੰ ਕੇਵਲ ਗੁਰੂ ਦੀ ਮਤਿ ਪਿੱਛੇ ਲਗਣਾ ਚਾਹੀਦਾ ਹੈ ਜੋ ਤ੍ਰੈ ਗੁਣਾਂ ਤੋਂ, ਮਾਇਆ ਮੋਹ ਤੋਂ ਬਾਹਰ ਹੈ। (**ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ ॥ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ ॥90॥**)

ਇਹੋ ਜਿਹੇ ਲੁਹਾਰਾਂ ਦੇ ਪਿੱਛੇ ਅਸੀਂ ਕਿਉਂ ਲਗ ਪੈਂਦੇ ਹਾਂ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਸਭ ਪਾਸੇ ਇਹੋ ਕੁਝ ਹੀ ਹੋ ਰਿਹਾ ਹੈ ਜਿਸ ਕਰਕੇ ਅਸੀਂ ਗੁਰੂ ਦੀ ਮਤਿ ਤੋਂ ਦੂਰ ਰਹਿੰਦੇ ਹਾਂ।

“ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥

ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥੯੧॥”

ਜਦੋਂ ਵੀ ਕੋਈ ਸ਼ੁਰੂ ਦੇ ਵਿੱਚ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉਚਾ ਸਮਝਕੇ ਬੈਠਦਾ ਹੈ ਜਾਂ ਸਮਝਦਾ ਹੈ ਉਦੋਂ ਉਸ ਦਾ ਸਾਥ ਦੇਣ ਵਾਲੇ ਕੋਈ ਵਿਰਲੇ ਹੀ ਹੁੰਦੇ ਹਨ। ਸ਼ੁਰੂ ਸ਼ੁਰੂ ਤੋਂ ਉਸ ਨੂੰ ਮੰਨਣ ਵਾਲਾ, ਉਚਾ ਕਹਿਣ ਵਾਲਾ ਕੋਈ ਇਕ ਅੱਧ ਹੁੰਦਾ ਹੈ ਜੋ ਕਿ ਇਸ ਗੱਲ ਦਾ ਪ੍ਰਚਾਰ ਕਰਦਾ ਹੈ ਕਿ ਫਲਾਣਾ ਬਾਬਾ ਧਰਮ ਦੇ ਮਾਰਗ ਤੇ ਉਚਾ ਹੈ, ਮੰਨਣ ਯੋਗ ਹੈ, ਪੂਜਣ ਯੋਗ ਹੈ ਤੇ ਦੇਖਾ ਦੇਖੀ ਉਸ ਦੇ ਨਾਲ ਕਈ ਹੋਰ ਵੀ ਜੁੜ ਜਾਂਦੇ ਹਨ। (**ਕਬੀਰ ਏਕ ਮਰੰਤੇ ਦੁਇ ਮੂਏ**) ਇਸੇ ਤਰਾਂ ਪ੍ਰਚਾਰ ਵਧਦਾ ਜਾਂਦਾ ਹੈ ਤੇ ਹੋਰ ਵੀ ਦੇਖਾ ਦੇਖੀ ਭਾਵ ਸੁਣਨ ਸੁਨਾਉਣ ਦੇ ਰਾਹੀਂ ਬਾਬਾ ਅਖਵਾਉਂਣ ਵਾਲੇ ਦੀ ਕਦਰ ਪਾਉਂਣ ਲਗ ਪੈਂਦੇ ਹਨ ਤੇ ਉਸ ਦੇ ਕਦਰਦਾਨ ਵਧਦੇ ਜਾਂਦੇ ਹਨ ਭਾਵ ਇਹ ਇਕ ਭੇਡ ਚਾਲ ਹੈ

33/3890

ਜੋ ਕਿ ਇਕ ਦੂਜੇ ਨੂੰ ਦੇਖਾ ਦੇਖੀ ਲੋਗ ਕਿਸੇ ਪਿਛੇ ਲੱਗੀ ਜਾਂਦੇ ਹਨ ਤੇ ਧਰਮ ਦੇ ਮਾਰਗ ਤੇ ਕਿਸੇ ਨੂੰ ਉੱਚਾ ਥਾਪ ਲੈਂਦੇ ਹਨ। ਇਸ ਕੰਮ ਵਿੱਚ ਨਾਰ ਪੁਰਖ ਦੋਵੇਂ ਇਕਠੇ ਹੀ ਹੁੰਦੇ ਹਨ। ਕਿਉਂਕਿ ਭਰਮ ਵਾਲੀ ਬਿਰਤੀ ਸਭ ਅੰਦਰ ਇਕੋ ਜਿਹੀ ਹੀ ਹੈ। ਕਿਸੇ ਦਾ ਵੀ ਬਾਹਰੀ ਜਪ ਤਪ ਆਦਿ ਦੇਖ ਕੇ ਧਾਰਮਕ ਲਗੱਣ ਵਾਲਾ ਦਿਖਾਵਾ ਦੇਖ ਕੇ ਉਸ ਦੇ ਪਿਛੇ ਲਗ ਜਾਂਦੇ ਹਨ ਭਾਵ ਭਰਮ ਵਿੱਚ ਹੀ ਦੁਨੀਆ ਅਸਲ ਗੁਰੂ ਨੂੰ ਛੱਡ ਕੇ ਹੋਰਨਾਂ ਨੂੰ ਗੁਰੂ ਵਾਂਗ ਮੰਨ ਲੈਂਦੇ ਹਨ ਤੇ ਉਹਨ੍ਹਾਂ ਕੋਲੋਂ ਧਾਰਮਿਕ ਸਿਖਿਆ ਲੈਣ ਲਗ ਪੈਂਦੇ ਹਨ। ਜੇਕਰ ਧਿਆਨ ਨਾਲ ਦੇਖੀਏ ਤੇ ਸਭ ਪਾਸੇ ਇਹੀ ਕੁਝ ਹੋ ਰਿਹਾ ਹੈ। ਕਈਆਂ ਨੂੰ ਚੱਲੀਆ ਚਲਾਈਆਂ ਗੱਦੀਆਂ ਲੱਭ ਜਾਂਦੀਆ ਹਨ, ਡੇਰੇ ਲਭ ਜਾਂਦੇ ਹਨ ਜਿਥੇ ਪਹਿਲੇ ਤੋਂ ਹੀ ਚੇਲੇ ਜੁੜੇ ਹੁੰਦੇ ਹਨ ਪਰ ਇਹੋ ਜਿਹੇ ਡੇਰਿਆਂ ਦੀ ਸ਼ੁਰੂਆਤ ਕਿਸੇ ਟਾਈਮ ਥੋੜੀ ਗਿਨਤੀ ਨਾਲ ਹੀ ਹੁੰਦੀ ਹੈ ਜੋ ਕਿ ਦੇਖਾ ਦੇਖੀ ਵਧਦੀ ਰਹਿੰਦੀ ਹੈ। (**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥ ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥91॥**)

ਧਰਮ ਦੇ ਮਾਰਗ ਤੇ ਉਚਾ ਅਖਵਾਉਂਣ ਵਾਲੇ ਜਗ੍ਹਾਂ ਜਗ੍ਹਾਂ ਅਨੇਕਾਂ ਹੀ ਰੂਪ ਵਿੱਚ ਬੈਠੇ ਹਨ ਤੇ ਆਪਣੀ ਆਪਣੀ ਅਵਸਥਾ ਅਨੁਸਾਰ ਦੂਸਰਿਆਂ ਨੂੰ ਆਪਣੇ ਨਾਲ ਜੋੜਦੇ ਹਨ ਪਰ ਸੱਚ ਕਿਸੇ ਦੇ ਕੋਲ ਨਹੀਂ ਹੈ ਤੇ ਇਹੀ ਗੱਲ ਸਾਨੂੰ ਕਬੀਰ ਸਾਹਿਬ ਅਗਲੀਆ ਪੰਗਤੀਆਂ ਦੁਆਰਾ ਸਮਝਾ ਰਹੇ ਹਨ।

{“ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ ॥

ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ ॥੯੨॥"}

(ਅੰਗ ੧੩੬੯)

ਸੰਤ ਕਬੀਰ ਜੀ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸਾਰੇ ਸੰਸਾਰ ਨੂੰ ਸੁਚੇਤ ਕਰ ਰਹੇ ਹਨ ਕਿ ਸਾਰੇ ਜਗ ਵਿੱਚ ਮੈ ਢੂੰਢ ਢੂੰਢ ਕੇ ਦੇਖ ਲਿਆ ਹੈ ਕਿ ਆਪਣੇ ਆਪਣੇ ਡੇਰੇ ਲਗਾ ਕੇ ਬੈਠੇ ਤਾਂ ਬਹੁਤ ਹਨ ਪਰ ਕੋਈ ਇਹੋ ਜਿਹੀ ਜਗ੍ਹਾ ਨਹੀਂ ਦਿੱਸੀ ਜਿਥੇ ਮੈਂ ਆਪਣਾ ਟਿਕਾਣਾ ਬਣਾ ਸਕਾ ਭਾਵ ਮੈਨੂੰ ਕਿਸੇ ਵੀ ਕੋਲ ਸਚਾਈ ਨਹੀਂ ਨਜਰ ਆਈ ਜਿਥੋਂ ਮੈ ਮਤਿ ਲੈ ਸਕਾਂ ਭਾਵ ਕੋਈ ਸੱਚ ਤੇ ਖਰਾ ਨਹੀ ਉਤਰਿਆ। ਮੈਨੂੰ ਕੋਈ ਐਸਾ ਨਜਰ ਨਹੀ ਆਇਆ

ਜਿਨ੍ਹਾਂ ਨੇ ਆਪਣੇ ਅੰਦਰ ਨਾਮ ਚੇਤਿਆ ਹੋਵੇ ਭਾਵ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਵੇ, ਜਿਨ੍ਹਾਂ ਦੀ ਆਪਣੀ ਭੁਲ ਦੂਰ ਹੋਈ ਹੋਵੇ ਭਾਵ ਆਪ ਭਰਮ ਵਿੱਚੋਂ ਨਿਕਲੇ ਹੋਣ। ਉਹ ਦੂਸਰਿਆਂ ਨੂੰ ਵੀ ਭੁਲਾਉਣ ਵਿੱਚ ਲਗੇ ਹੋਏ ਹਨ ਭਾਵ ਉਨ੍ਹਾਂ ਨੂੰ ਖੁਦ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪਈ ਤੇ ਐਵੇ ਦੁਸਰਿਆਂ ਨੂੰ ਭੁਲਾਉਣ ਵਿੱਚ ਲਗੇ ਹੋਏ ਹਨ।

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ ੧੩੯੫)

ਧਰਮ ਦਾ ਸੱਚਾ ਮਾਰਗ ਸਮਝਣ ਲਈ ਸਾਨੂੰ ਕਿਸ ਦੀ ਸੰਗਤਿ ਕਰਨੀ ਚਾਹੀਦੀ ਹੈ ਇਹੀ ਗੱਲ ਸਾਨੂੰ ਕਬੀਰ ਸਾਹਿਬ ਅਗਲੀਆਂ ਪੰਗਤੀਆਂ ਰਾਹੀਂ ਸਮਝਾ ਰਹੇ ਹਨ।

"ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥੯੩॥"

ਸਾਡੇ ਜੀਵਨ ਦਾ ਸਫਲ ਹੋਣਾ ਜਾਂ ਬਰਬਾਦ ਹੋਣਾ ਸਾਡੇ ਮਨ ਦੀ ਸੰਗਤਿ ਨਾਲ ਜੁੜਿਆਂ ਹੋਇਆ ਹੈ ਕਿ ਅਸੀਂ ਮਨ ਦੇ ਵਿੱਚ ਸੰਗਤਿ ਕਿਸ ਦੇ ਵਿਚਾਰਾਂ ਨਾਲ ਕੀਤੀ ਹੋਈ ਹੈ। ਸੱਚੀ ਸੰਗਤਿ ਕੇਵਲ ਸਾਧ ਦੀ ਹੈ ਭਾਵ ਗੁਰੂ ਦੀ ਹੈ, ਸਬਦ ਦੀ ਹੈ ਭਾਵ ਸ਼ਬਦ ਦੇ ਵਿਚਾਰਾਂ ਦੀ ਹੈ ਜੋ ਸੰਗਤਿ ਸਾਡਾ ਮਨ ਹੀ ਕਰਦਾ ਹੈ। ਸਾਨੂੰ ਭਗਤੀ ਦਾ ਸੱਚਾ ਮਾਰਗ ਸ਼ਬਦ ਦੇ ਵਿਚਾਰਾਂ ਦੀ ਸੰਗਤਿ ਕਰਕੇ ਹੀ ਸਮਝ ਪੈ ਸਕਦਾ ਹੈ ਜਿਸ ਨੇ ਅਖੀਰ ਨੂੰ ਸਾਡਾ ਸਾਥ ਦੇਣਾ ਹੈ ਭਾਵ ਜਿਸ ਨੇ ਸਾਡਾ ਜਨਮ ਸਫਲ ਕਰਨਾ ਹੈ। ਸਾਧ ਦੀ ਸੰਗਤਿ ਕਰਨ ਤੋਂ ਬਿਨਾ ਅਸੀਂ ਧਰਮ ਦਾ ਮਾਰਗ ਸਿਖਣ ਲਈ ਜੇਕਰ ਕਿਸੇ ਹੋਰ ਦੇ ਵਿਚਾਰਾਂ ਦੀ ਸੰਗਤਿ ਕਰਦੇ ਹਾਂ ਤੇ ਜੇਕਰ ਉਹ ਵਿਚਾਰ ਸ਼ਬਦ ਦੇ ਵਿਚਾਰਾਂ ਤੇ ਖਰੇ ਨਹੀਂ ਉਤਰਦੇ ਫਿਰ ਉਹ ਸਾਕਤ ਦਾ ਸੰਗਿ ਕਰਨ ਵਾਲੀ ਗੱਲ ਹੈ ਜੋ ਜਗ੍ਹਾ ਜਗ੍ਹਾ ਆਪਣਾ ਪਸਾਰਾ ਕਰੀ ਬੈਠੇ ਹਨ। ਜੋ ਸਾਨੂੰ ਝੂਠੀ ਮਤਿ ਸਮਝਾ ਕੇ ਭਾਵੇਂ ਸੰਸਾਰ ਵਿੱਚੋਂ ਚਲੇ ਗਏ ਹਨ ਪਰ ਉਹ ਆਪਣੀ ਸਾਕਤ ਰੂਪ ਮਤਿ ਅਨੇਕਾਂ ਨੂੰ ਦੇ ਗਏ ਹਨ ਜੋ ਉਨ੍ਹਾਂ ਦੀ ਮਤਿ ਨਾਲ ਜੁੜੇ ਹੋਏ ਹਨ। ਇਹ ਸਾਕਤ ਸੰਗਿ ਹੀ ਹੈ ਜਿਸ

ਲਈ ਕੋਈ ਆਕਾਰ ਰੂਪ ਸੰਗਤਿ ਦੀ ਲੋੜ ਨਹੀ ਹੈ। ਸਾਕਤ ਦੀ ਮਤਿ ਦੇ ਨਾਲ ਜੁੜ ਕੇ ਸਾਡਾ ਜੀਵਨ ਨਾਸ ਹੀ ਹੁੰਦਾ ਹੈ ਕਿਉਂਕਿ ਅਸੀ ਭਰਮ ਦੇ ਵਿੱਚ ਹੀ ਰਹਿੰਦੇ ਹਾਂ ਭਾਵ ਸੱਚ ਨੂੰ ਸਮਝਣ ਤੋਂ, ਸੱਚਾ ਮਾਰਗ ਸਮਝਣ ਤੋ ਦੂਰ ਹੀ ਰਹਿੰਦੇ ਹਾਂ।

(**ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥93॥**) ਸਾਨੂੰ ਦੁਨਿਆਵੀ ਤੌਰ ਤੇ, ਸਮਾਜਿਕ ਤੌਰ ਤੇ ਕਿਸੇ ਨਾਲ ਇਸ ਗੱਲੋਂ ਨਫਰਤ ਨਹੀ ਕਰਨੀ ਚਾਹੀਦੀ ਭਾਵ ਉਸ ਨੂੰ ਧਰਮ ਦੀ ਸੋਝੀ ਵਾਲਾ ਨਾ ਹੋਣ ਕਰਕੇ ਭਾਵ ਸਾਕਤ ਸਮਝਕੇ ਨਫਰਤ ਨਹੀ ਕਰਨੀ ਚਾਹੀਦੀ ਕਿਉਂਕਿ ਇਹ ਮਨ ਦੀ ਸੰਗਤਿ ਦਾ ਮਾਰਗ ਹੈ। ਧੰਨ ਧੰਨ ਬਾਬਾ ਨਾਨਕ ਨੇ ਆਪਣੇ ਦੁਨਿਆਵੀ ਜੀਵਨ ਕਾਲ ਵਿੱਚ ਬੜੀ ਜਗ੍ਹਾਂ ਯਾਤਰਾ ਕੀਤੀ ਹੈ ਜੋ ਕਿ ਭੁਲਿਆਂ ਹੋਇਆਂ ਨੂੰ ਸਮਝਾਉਣ ਲਈ ਕੀਤੀ ਹੈ, ਸਾਕਤਾਂ ਨੂੰ ਸਮਝਾਉਣ ਲਈ ਕੀਤੀ ਹੈ ਤੇ ਸਰਗੁਣ ਰੂਪ ਵਿੱਚ ਉਨ੍ਹਾਂ ਨੂੰ ਮਿਲਦੇ ਰਹੇ ਹਨ ਤੇ ਉਨ੍ਹਾਂ ਨਾਲ ਵਿਚਾਰ ਵਟਾਂਦਰੇ ਕੀਤੇ ਹਨ ਭਾਵ ਉਨ੍ਹਾਂ ਦੀ ਸਾਕਤ ਵਾਲੀ ਬਿਰਤੀ ਕਢੱਣ ਦੇ ਉਪਰਾਲੇ ਕੀਤੇ ਹਨ। ਗੁਰਬਾਣੀ ਦਾ ਮਕਸਦ ਸਾਨੂੰ ਸਾਕਤ ਵਾਲੀ ਬਿਰਤੀ ਵਿੱਚੋਂ ਕਢੱਣ ਦਾ ਹੀ ਹੈ ਤੇ ਗੁਰਬਾਣੀ ਨੂੰ ਸਰਗੁਣ ਰੂਪ ਵਿੱਚ ਕਿਸੇ ਨਾਲ ਵੀ ਮੇਲ ਕਰਨ ਤੋਂ ਇਤਰਾਜ ਨਹੀ ਹੈ ਭਾਵੇਂ ਕੋਈ ਕਿਤਨਾ ਵੱਡਾ ਸਾਕਤ ਹੈ। ਅਸੀ ਜੇਕਰ ਕਿਸੇ ਨੂੰ ਚੰਗੀ ਗੱਲ ਭਾਵ ਗੁਰਮਤਿ ਤੇ ਖਰੀ ਉਤਰਨ ਵਾਲੀ ਗੱਲ ਸਮਝਾ ਸਕਦੇ ਹਾਂ ਤਾਂ ਫਿਰ ਇਹ ਚੰਗੀ ਗੱਲ ਹੈ ਪਰ ਜੇਕਰ ਕੋਈ ਆਪਣੀ ਭਰਮ ਵਾਲੀ ਮਤਿ ਤੇ ਅੜਿਆ ਹੀ ਰਹਿੰਦਾ ਹੈ ਭਾਵ ਸਾਕਤ ਵਾਲੀ ਬਿਰਤੀ ਵਿੱਚੋਂ ਨਹੀਂ ਨਿਕਲਣਾ ਚਾਹੁੰਦਾ ਤਾਂ ਇਸ ਲਈ ਸਾਨੂੰ ਕੋਈ ਰੋਸ ਨਹੀਂ ਕਰਨਾ ਚਾਹੀਦਾ, ਕਿਸੇ ਨੂੰ ਬੁਰਾ ਭਲਾ ਨਹੀ ਕਹਿਣਾ ਚਾਹੀਦਾ ਭਾਵ ਸਾਡੀ ਸਮਾਜਿਕ ਵਿਚਰਨ ਵਿੱਚ ਫਰਕ ਨਹੀਂ ਆਉਣਾ ਚਾਹੀਦਾ।

ਜਿਹੋ ਜਿਹਾ ਅਸੀਂ ਨਾਮ ਜਪਣਾ ਸਿਖਿਆ ਹੋਇਆ ਹੈ, ਜਿਹੋ ਜਿਹਾ ਅਸੀ ਨਾਮ ਨੂੰ ਸਮਝਿਆ ਹੋਇਆ ਹੈ ਉਹ ਆਪਣੀ ਮਤਿ ਦੁਆਰਾ ਹੀ ਸਮਝਿਆ ਹੋਇਆ ਹੈ ਭਾਵ ਸਾਕਤ ਵਾਲੀ ਬਿਰਤੀ ਦੁਆਰਾ ਹੀ ਸਮਝਿਆ ਹੋਇਆ ਹੈ, ਸਾਕਤਾਂ ਦੀ ਮਤਿ ਦਾ ਸੰਗ ਕਰਨ ਦੁਆਰਾ ਹੀ ਸਮਝਿਆ ਹੋਇਆਂ ਹੈ ਪਰ ਗੁਰੂ ਦੀ ਮਤਿ ਦਾ ਸੰਗ ਕਰਨ ਨਾਲ ਹੀ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਨਾਮ ਕੀ ਹੈ, ਨਾਮ ਨੂੰ ਚੇਤਨਾ ਕੀ ਹੈ। ਇਹੀ ਗੱਲ ਸਾਨੂੰ ਭਗਤ ਕਬੀਰ ਜੀ ਅਗਲੀਆਂ ਪੰਗਤੀਆਂ ਰਾਹੀ ਸਮਝਾ ਰਹੇ ਹਨ ।

33/3893

“ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ ॥
ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ ॥੯੪॥”

(ਅੰਗ ੧੩੬੯)

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਨਾਮ ਚੇਤਨਾ ਕੀ ਹੈ। ਨਾਮ ਨੂੰ ਚੇਤਨਾ ਪ੍ਰਮਾਤਮਾ ਨੂੰ ਚੇਤਨਾ ਹੀ ਹੈ। ਪ੍ਰਮਾਤਮਾ ਨੂੰ ਅਸੀਂ ਤਾਂ ਹੀ ਚੇਤਦੇ ਹਾਂ ਜਦੋਂ ਉਹ ਸਾਡੇ ਚਿਤ ਦੇ ਅੰਦਰ ਵੱਸ ਜਾਂਦਾ ਹੈ ਭਾਵ ਜਦੋਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਾਂ ਕਿ ਪ੍ਰਮਾਤਮਾ ਕੀ ਹੈ । ਪ੍ਰਮਾਤਮਾ ਨੂੰ ਜਾਨਣ ਤੋਂ ਬਾਦ ਸਾਨੂੰ ਇਹ ਸਮਝ ਲਗ ਜਾਂਦੀ ਹੈ ਕਿ ਪ੍ਰਮਾਤਮਾ ਆਪਣੇ ਨਿਰਗੁਣ ਰੂਪ ਰਾਹੀ ਸਭ ਵਿੱਚ ਸਮਾਇਆਂ ਹੋਇਆ ਹੈ, ਨਾਮ ਰੂਪ ਵਿੱਚ ਸਮਾਇਆ ਹੋਇਆ ਹੈ, ਬ੍ਰਹਮ ਗਿਆਨ ਰੂਪ ਵਿੱਚ ਸਮਾਇਆ ਹੋਇਆ ਹੈ। ਸਾਡੇ ਜੀਵਨ ਦਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜਦੋਂ ਅਸੀਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਾਂ, ਉਸ ਦੇ ਨਾਮ ਰੂਪ ਨੂੰ ਜਾਣ ਲੈਂਦੇ ਹਾਂ ਤੇ ਪ੍ਰਮਾਤਮਾ ਨੂੰ ਜਾਣੇ ਬਿਨ੍ਹਾ ਸਾਡਾ ਜਨਮ ਵਿਅਰਥ ਹੀ ਜਾਂਦਾ ਹੈ ਜਿਨ੍ਹਾ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਹਨ੍ਹਾ ਨੇ ਪ੍ਰਮਾਤਮਾ ਨੂੰ ਨਾਮ ਰੂਪ ਵਿੱਚ ਜਾਣਿਆ ਹੈ ਜੋ ਰੂਪ ਉਸ ਦਾ ਸਾਡੇ ਅੰਦਰ ਹੀ ਹੈ ਤੇ ਜਿਨ੍ਹਾਂ ਨੇ ਨਾਮ ਨੂੰ ਨਹੀਂ ਜਾਣਿਆ ਉਹ ਸਾਨੂੰ ਕਿਸੇ ਅੱਖਰ ਦੇ ਨਾਲ ਹੀ ਜੋੜਦੇ ਹਨ, ਆਪਣੀ ਆਪਣੀ ਮਤਿ ਅਨੁਸਾਰ ਕਿਸੇ ਅਖਰਾਂ ਦੇ ਜਪ ਨਾਲ ਜੋੜਦੇ ਹਨ ਜੋ ਕਿ ਸਾਡੇ ਅੰਦਰ ਸਾਕਤ ਵਾਲੀ ਬਿਰਤੀ ਦਾ ਨਤੀਜਾ ਹੈ। ਸਾਡੀ ਸਾਕਤ ਵਾਲੀ ਬਿਰਤੀ ਨਾਮ ਦੀ ਪ੍ਰਾਪਤੀ ਦੁਆਰਾ ਹੀ ਦੂਰ ਹੁੰਦੀ ਹੈ। (**ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ ॥ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ ॥94॥**)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

{ਅੰਗ ੧੧੫੨}

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

{ਅੰਗ ੧੧੫੯}

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

{ਅੰਗ ੧੦੬੯}

ਜਿਵੇਂ ਕਿ ਅਸੀਂ ਬਾਰ ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦਾ ਨਾਮ ਪੂਰਨ ਰੂਪ ਵਿੱਚ ਤਾਂ ਹੀ ਜਪਿਆ

33/3894

ਜਾ ਸਕਦਾ ਹੈ ਜਦੋਂ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦ ਤਕ ਅਸੀ ਦੁਚਿਤੀ ਵਿੱਚ ਹਾਂ, ਦੁਬਿਧਾ ਵਿੱਚ ਹਾਂ ਤਦ ਤਕ ਸਾਨੂੰ ਨਾਮ ਦੀ ਸੋਝੀ ਨਹੀਂ ਹੈ ਕਿ ਨਾਮ ਕੀ ਹੈ ਤੇ ਨਾਮ ਜਪਣਾ ਕੀ ਹੈ। ਅਸੀਂ ਨਾਮ ਦੀ ਸਿਖਿਆ ਉਨ੍ਹਾਂ ਕੋਲੋਂ ਲਈ ਹੈ ਜੋ ਆਪ ਦੁਚਿਤੀ ਵਿੱਚ ਹਨ ਭਾਵ ਜਿਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋਈ।ਅਸੀਂ ਉਹਨਾ ਨੂੰ ਆਪਣੇ ਮਿਤਰ ਬਣਾਇਆ ਹੋਇਆ ਹੈ, ਧਾਰਮਿਕ ਸਜੱਣ ਬਣਾਇਆ ਹੋਇਆ ਹੈ ਉਹੋ ਜਿਹੇ ਆਪ ਇਸ ਸੰਸਾਰ ਤੋਂ ਦੁਚਿੱਤੀ ਵਿੱਚ ਗਏ ਹਨ ਤੇ ਉਨ੍ਹਾਂ ਦੇ ਪਿਛੇ ਲੱਗ ਕੇ ਅਸੀਂ ਇਸ ਸੰਸਾਰ ਤੋਂ ਦੁਚਿਤੀ ਵਿੱਚ ਹੀ ਜਾਂਵਾਂਗੇ ਪਰਮਾਤਮਾ ਦੇ ਨਾਲੋਂ ਵਿਛੋੜੇ ਵਿੱਚ ਹੀ ਜਾਂਵਾਂਗੇ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆ ਪੰਗਤੀਆਂ ਦੁਆਰਾ ਹੀ ਸਮਝਿਆ ਜਾ ਸਕਦਾ ਹੈ।

{ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ ॥ ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥੧॥}

{ਅੰਗ ੧੦੧੪}

{ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥}

{ਅੰਗ ੨੩}

ਜਿਵੇਂ ਕਿ ਅਸੀ ਬਾਰ ਬਾਰ ਇਸ ਗੱਲ ਨੂੰ ਸਮਝਿਆ ਹੈ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੈ ਜੋ ਸਾਨੂੰ ਦੁਚਿਤੀ ਵਿਚ ਰੱਖਦੀ ਹੈ, ਦੁਬਿਧਾ ਵਿੱਚ ਰੱਖਦੀ ਹੈ ਭਾਵ ਗੁਰਮਤਿ ਨਾਲੋਂ ਦੂਰ ਰੱਖਦੀ ਹੈ, ਦੁਰਮਤਿ ਵਿੱਚ ਰੱਖਦੀ ਹੈ। ਗੁਰਮਤਿ ਰਾਹੀਂ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਸ ਦਾ ਮਕਸਦ ਸਾਨੂੰ ਦੁਰਮਤਿ ਵਿੱਚੋਂ ਕੱਢਣ ਦਾ ਹੈ। ਪਰਮਾਤਮਾ ਨਾਲੋਂ ਸਾਡਾ ਵਿਛੋੜਾ ਦੁਰਮਤਿ ਕਰਕੇ ਹੀ ਹੈ ਤੇ ਦੁਰਮਤਿ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਅਸੀਂ ਉਨ੍ਹਾ ਦੀ ਮਤਿ ਨੂੰ ਛਡੀਏ ਜੋ ਆਪ ਦੁਰਮਤਿ ਵਿੱਚ ਹਨ ਤੇ ਤਾਂ ਹੀ ਅਸੀਂ ਗੁਰਮਤਿ ਨਾਲ ਜੁੜ ਸਕਦੇ ਹਾ। ਦੁਰਮਤਿ ਦਾ ਸੰਗ ਛੱਡਣਾ ਸਾਡੇ ਲਈ ਕਿਤਨਾ ਜਰੂਰੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਟੂਟੈ ਨੇਹੁ ਕਿ ਬੋਲਹਿ ਸਹੀ ॥ ਟੂਟੈ ਬਾਹ ਦੁਹੂ ਦਿਸ ਗਹੀ ॥
ਟੂਟਿ ਪਰੀਤਿ ਗਈ ਬੁਰ ਬੋਲਿ ॥ ਦੁਰਮਤਿ ਪਰਹਰਿ ਛਾਡੀ ਢੋਲਿ ॥
ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥
ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੯॥
ਠਾਕਹੁ ਮਨੂਆ ਰਾਖਹੁ ਠਾਇ ॥ ਠਹਕਿ ਮੁਈ ਅਵਗੁਣਿ ਪਛੁਤਾਇ ॥”

{ਅੰਗ ੯੩੩}

33/ 3895

ਉਪਰ ਸ਼ਬਦ ਰਾਹੀ ਸਾਡਾ ਗੁਰੁ ਦੇ ਨਾਲ ਪਿਆਰ ਕਿਵੇਂ ਟੁੱਟਦਾ ਹੈ ਤੇ ਕਿਵੇਂ ਜੁੜਦਾ ਹੈ, ਇਹ ਗੱਲ ਸਮਝਾਈ ਹੋਈ ਹੈ।ਗੁਰੂ ਦੀ ਮਤਿ ਦੇ ਨਾਲ ਪਿਆਰ ਕਰਨਾ ਗੁਰੂ ਨਾਲ ਪਿਆਰ ਕਰਨਾ ਹੈ ਤੇ ਆਪਣੀ ਮਤਿ ਦੇ ਨਾਲ ਪਿਆਰ ਕਰਨਾ ਗੁਰੂ ਦੇ ਨਾਲੋਂ ਟੁਟਣਾ ਹੈ।ਸਾਡੇ ਚੰਗੇ ਬੋਲ ਸਾਨੂੰ ਗੁਰੂ ਦੇ ਨਾਲ ਜੋੜਦੇ ਹਨ ਤੇ ਸਾਡੇ ਮਾੜੇ ਬੋਲ ਸਾਨੂੰ ਗੁਰੂ ਨਾਲੋਂ ਤੋੜਦੇ ਹਨ।ਜਿਵੇਂ ਕਿ ਪਿੱਛੇ ਅਸੀ ਸ਼ਬਦਾਂ ਦੁਆਰਾ ਜਾਣਿਆ ਹੈ ਜੋ ਕਰਮ ਸਾਡੇ ਗੁਰਮਤਿ ਦੇ ਅਨੁਸਾਰ ਹਨ ਉਹ ਸਾਡੇ ਪ੍ਰਮਾਤਮਾ ਦੇ ਅਗੇ ਚੰਗੇ ਬੋਲ ਹਨ ਅਤੇ ਗੁਰਮਤਿ ਦੇ ਉਲਟ ਸਾਡੇ ਕਰਮ ਸਾਡੇ ਮਾੜੇ ਬੋਲ ਹਨ ਭਾਵ ਸਾਡੇ ਚੰਗੇ ਕਰਮ ਹੀ ਸਾਡੇ ਉਹ ਬੋਲ ਹਨ ਜਿੰਨ੍ਹਾਂ ਦੇ ਨਾਲ ਸਾਡਾ ਨੇਹ ਜੁੜਦਾ ਹੈ ਅਤੇ ਸਾਡੇ ਮਾੜੇ ਕਰਮਾਂ ਨਾਲ ਨੇਹ ਟੁਟਦਾ ਹੈ।ਸਾਡੇ ਚੰਗੇ ਜਾਂ ਮਾੜੇ ਕਰਮ ਸਾਡੇ ਮਨ ਦੀ ਸੋਝੀ ਨਾਲ ਜੁੜੇ ਹੋਏ ਹਨ।ਸਾਡੇ ਅੰਦਰ ਗੁਰਮਤਿ ਹੈ ਜਾਂ ਦੁਰਮਤਿ ਹੈ ਇਸ ਦੇ ਨਾਲ ਜੁੜੇ ਹੋਏ ਹਨ।ਜਦੋਂ ਅਸੀ ਗੁਰਮਤਿ ਦੁਆਰਾ

ਵਿਚਰਦੇ ਹਾਂ ਉਹ ਸਾਡੇ ਪ੍ਰਮਾਤਮਾ ਅੱਗੇ ਸਹੀ ਬੋਲ ਹਨ ਭਾਵ ਚੰਗੇ ਬੋਲ ਹਨ ਤੇ ਜੇਕਰ ਅਸੀਂ ਇਹੋ ਜਿਹੇ ਚੰਗੇ ਬੋਲ ਨਹੀ ਬੋਲਦੇ ਫਿਰ ਸਾਡਾ ਗੁਰੂ ਨਾਲ ਨੇਹ ਟੁਟ ਜਾਂਦਾ ਹੈ।(**ਟੂਟੇ ਨੇਹੁ ਕਿ ਬੋਲਹਿ ਸਹੀ ॥**) ਗੁਰਮਤਿ ਤੇ ਪੂਰਾ ਉੱਤਰਨਾ ਬਹੁਤ ਔਖਾ ਹੈ ਕਿਉਂਕਿ ਮਾਇਆ ਮੋਹ ਛੱਡਣਾ ਬਹੁਤ ਔਖਾ ਹੈ। ਅਸੀ ਕੁਝ ਕਰਮ ਗੁਰਮਤਿ ਅਨੁਸਾਰ ਕਰਦੇ ਹਾਂ ਭਾਵ ਚੰਗੇ ਮੰਦੇ ਕਰਮ ਨਾਲ ਨਾਲ ਹੀ ਕਰਦੇ ਹਾਂ।ਇਹ ਸਾਡੇ ਮਨ ਦੀ ਦੁਚਿਤੀ ਵਾਲੀ ਅਵਸਥਾ ਹੈ।ਅਸੀ ਕੁਝ ਕਰਮ ਗੁਰੂ ਦੀ ਗੱਲ ਮੰਨ ਕੇ ਕਰਦੇ ਹਾਂ ਤੇ ਕੁਝ ਦੂਜਿਆਂ ਦੀ ਮਤਿ ਪਿੱਛੇ ਲਗ ਕੇ ਕਰਦੇ ਹਾਂ।ਅਸੀਂ ਗੁਰੂ ਨੂੰ ਵੀ ਖੁਸ਼ ਕਰਨਾ ਚਹੁੰਦੇ ਹਾਂ ਤੇ ਮਾਇਆ ਮੋਹ ਨੂੰ ਵੀ ਛੱਡਣਾ ਨਹੀ ਚਾਹੁੰਦੇ ਤੇ ਨਾਲ ਨਾਲ ਉਨ੍ਹਾਂ ਦੀ ਮਤਿ ਨੂੰ ਵੀ ਛੱਡਣਾ ਨਹੀ ਚਾਹੁੰਦੇ ਜਿੰਨ੍ਹਾਂ ਕੋਲੋਂ ਅਸੀਂ ਧਰਮ ਦਾ ਮਾਰਗ ਸਿੱਖਿਆ ਹੋਇਆ ਹੈ ਜੋ ਮਾਰਗ ਗੁਰਮਤਿ ਅਨੁਸਾਰ ਨਹੀਂ ਹੈ।ਬਾਂਹ ਕੇਵਲ ਗੁਰੂ ਨੂੰ ਫੜਾਉਣੀ ਚੰਗੀ ਹੈ ਭਾਵ ਕੇਵਲ ਗੁਰੂ ਦੇ ਲੜ ਲਗਣਾ ਹੀ ਚੰਗਾ ਹੈ।ਆਪਣੀ ਬਾਂਹ ਗੁਰੂ ਦੇ ਨਾਲ ਕਿਸੇ ਹੋਰ ਨੂੰ ਫੜਾਉਣੀ ਭਾਵ ਕਿਸੇ ਹੋਰ ਦੀ ਮਤਿ ਤੇ ਚਲਣਾ, ਮਨਮਤਿ ਤੇ ਚਲਣਾ ਆਪਣੀਆਂ ਬਾਹਵਾਂ ਤੁੜਾਉਂਣ ਵਾਲੀ ਗੱਲ ਹੈ ਭਾਵ ਇਸ ਤਰੀਕੇ ਅਸੀਂ ਗੁਰੂ ਵਾਲੇ ਨਹੀਂ ਅਖਵਾ ਸਕਦੇ।ਗੁਰੂ ਵਾਲੇ ਬਣਨ ਲਈ ਕੇਵਲ ਗੁਰਮਤਿ ਤੇ ਹੀ ਚੱਲਣਾ ਪੈਂਦਾ ਹੈ

33/3896

(**ਟੂਟੈ ਬਾਹ ਦੁਹੂ ਦਿਸ ਗਹੀ ॥**) ਹਉਮੈ ਤੇ ਨਾਮ ਇਕੱਠੇ ਨਹੀਂ ਚੱਲਦੇ ਭਾਵ ਮਨਮਤਿ ਦਾ ਤੇ ਗੁਰਮਤਿ ਦਾ ਮੇਲ ਨਹੀਂ ਹੋ ਸਕਦਾ।ਜਦ ਤਕ ਸਾਡੇ ਅੰਦਰ ਥੋੜੀ ਜਿਹੀ ਵੀ ਮਨਮਤਿ ਹੈ ਤਦ ਤਕ ਅਸੀ ਹਉਮੈ ਵਾਲੀ ਅਵਸਥਾ ਵਿੱਚ ਹੀ ਗਿਣੇ ਜਾਂਦੇ ਹਾਂ।ਪੂਰੀ ਤਰਾਂ ਗੁਰਮਤਿ ਤੇ ਉਤਰਨਾਂ ਹੀ ਸਾਨੂੰ ਗੁਰਮਤਿ ਵਾਲਾ, ਨਾਮ ਵਾਲਾ ਬਣਾਉਂਦਾ ਹੈ।ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਜੋ ਸਭ ਤੇ ਇੱਕੋ ਜਿਹਾ ਲਾਗੂ ਹੁੰਦਾ ਹੈ।ਪ੍ਰਮਾਤਮਾ ਦੇ ਦਰ ਤੇ ਜਦ ਤਕ ਅਸੀਂ ਪਹੁੰਚ ਨਹੀਂ ਜਾਂਦੇ ਤਦ ਤਕ ਅਸੀ ਪਾਰ ਨਹੀ ਲੱਗੇ।ਪਾਰ ਲਗੇ ਬਿਨਾ ਹਰ ਕੋਈ ਦੂਸਰੇ ਪਾਸੇ ਹੀ ਹੈ। ਸਾਡਾ ਜੋ ਵੀ ਮਾੜਾ ਬੋਲ ਹੈ ਭਾਵ ਜੋ ਵੀ ਮਾੜਾ ਕਰਮ ਹੈ ਉਸ ਵਿੱਚ ਦੁਰਮਤਿ ਹੈ ਤੇ ਜਦ ਤਕ ਅਸੀ ਦੁਰਮਤਿ ਨਾਲ ਜੁੜੇ ਹੋਏ ਹਾਂ, ਅਸੀ ਗੁਰਮਤਿ ਛੱਡੀ ਹੋਈ ਹੈ ਇਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ ਜਿਸ ਕਰਕੇ ਪ੍ਰਮਾਤਮਾ ਨੇ, ਉਸ ਖਸਮ ਨੇ ਸਾਨੂੰ ਜੀਵ ਰੂਪ ਇਸਤਰੀਆਂ ਨੂੰ ਤਿਆਗਿਆ ਹੋਇਆ ਹੈ, ਛੱਡਿਆ ਹੋਇਆ ਹੈ ਭਾਵ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ। (**ਟੂਟਿ ਪਰੀਤਿ ਗਈ ਬੁਰ ਬੋਲਿ ॥ਦੁਰਮਤਿ ਪਰਹਰਿ ਛਾਡੀ ਢੋਲਿ ॥**)

ਪ੍ਰਮਾਤਮਾ ਦੇ ਨਾਲ ਸਾਡੀ ਦੂਰੀ ਜਾਂ ਉਸ ਦੇ ਨਾਲ ਮੇਲ ਮਨ ਦੇ ਵਿਚਾਰਾਂ ਕਰਕੇ ਹੀ ਹੈ ਕਿ ਸਾਡੇ ਮਨ ਦੇ ਵਿਚਾਰ ਕਿਹੋ ਜਿਹੇ ਹਨ ਭਾਵ ਗੁਰਮਤਿ ਵਾਲੇ ਹਨ ਜਾਂ ਮਨਮਤਿ ਵਾਲੇ ਹਨ।ਅਸੀ ਪ੍ਰਮਾਤਮਾ ਨੂੰ ਕਦੇ ਵੀ ਪਾ ਸਕਦੇ ਹਾਂ ਜਿਸ ਲਈ ਕੇਵਲ ਆਪਣੇ ਵਿਚਾਰਾਂ ਨੂੰ ਸੋਧਣ ਦੀ ਲੋੜ ਹੈ ਭਾਵ ਚੰਗਾ ਬਣਾਉਣ ਦੀ ਲੋੜ ਹੈ ਅਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀ ਸਮਝਾਈ ਹੋਈ ਹੈ।

“ਟੂਟੈ ਗੰਠਿ ਪੜੈ ਵੀਚਾਰਿ ॥ਗੁਰ ਸਬਦੀ ਘਰਿ ਕਾਰਜੁ ਸਾਰਿ ॥
ਲਾਹਾ ਸਾਚੁ ਨ ਆਵੈ ਤੋਟਾ ॥ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੯॥”

ਉਪਰ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਸਾਡੀ ਪ੍ਰਮਾਤਮਾ ਨਾਲ ਗੰਢ ਕਿਵੇ ਜੁੜਦੀ ਹੈ ਤੇ ਕਿਵੇ ਟੁਟਦੀ ਹੈ।ਸਭ ਕੁਝ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਕਿ ਸਾਡੇ ਮਨ ਦੇ ਵਿਚਾਰ ਕਿਹੋ ਜਿਹੇ ਹਨ।ਇੱਕ ਪਾਸੇ ਸਾਡੀ ਸੁਰਤਿ ਵਾਲੇ ਵਿਚਾਰ ਹਨ ਜੋ ਸਾਨੂੰ ਹਉਮੈ ਵਿੱਚ, ਮੈਂ ਵਿੱਚ, ਮਨਮਤਿ

33/3897

ਵਿੱਚ, ਭਰਮ ਵਿੱਚ ਰੱਖਦੇ ਹਨ ਤੇ ਦੂਸਰੇ ਪਾਸੇ ਸ਼ਬਦ ਦੇ ਵਿਚਾਰ ਹਨ, ਗੁਰੂ ਦੇ ਵਿਚਾਰ ਹਨ ਜੋ ਕਿ ਨਾਮ ਵਾਲੇ ਵਿਚਾਰ ਹਨ ਜਿੰਨ੍ਹਾਂ ਨੂੰ ਮੰਨਣ ਦੁਆਰਾ ਅਸੀ ਚੰਗੇ ਵਿਚਾਰਾਂ ਵਾਲੇ ਬਣ ਜਾਂਦੇ ਹਾਂ, ਗੁਰਮਤਿ ਦੇ ਵਿਚਾਰਾਂ ਵਾਲੇ ਬਣ ਜਾਂਦੇ ਹਾਂ ਜਿੰਨ੍ਹਾਂ ਦੁਆਰਾ ਸਾਨੂੰ ਸੱਚ ਦੀ ਸਮਝ ਪੈ ਜਾਂਦੀ ਹੈ ਤੇ ਅਸੀ ਭਰਮ ਵਾਲੇ ਵਿਚਾਰਾਂ ਵਿੱਚੋਂ ਨਿਕਲ ਜਾਦੇ ਹਾਂ।ਸਾਡਾ ਮਨ ਸਾਡਾ ਘਰ ਹੈ ਜੋ ਕਿ ਵਿਚਾਰਾਂ ਦਾ ਘਰ ਹੈ ਜਦ ਤਕ ਸਾਡੇ ਅੰਦਰ ਵਿਚਾਰ ਮਨਮਤਿ ਵਾਲੇ ਹਨ ਤਦ ਤਕ ਅਸੀ ਹਉਮੇ ਦੇ ਘਰ ਵਿੱਚ ਹਾਂ ਤੇ ਜਦੋਂ ਅਸੀ ਗੁਰੂ ਦੇ ਸ਼ਬਦਾਂ ਦੀ ਵਿਚਾਰ ਨਾਲ ਜੁੜ ਜਾਂਦੇ ਹਾਂ ਫਿਰ ਅਸੀਂ ਸ਼ਬਦ ਦੇ ਘਰ ਵਿੱਚ, ਨਾਮ ਦੇ ਘਰ ਵਿੱਚ, ਗੁਰੂ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਂਦੇ ਹਾਂ ਤੇ ਸਾਡਾ ਕਾਰਜ ਰਾਸ ਹੋ ਜਾਂਦਾ ਹੈ ਭਾਵ ਜੀਵਨ ਦਾ ਮਨੋਰਥ ਪੂਰਾ ਹੋ ਜਾਂਦਾ ਹੈ। ਸਭ ਕੁਝ

ਸਾਡੇ ਮਨ ਦੇ ਵਿੱਚ ਹੀ ਹੈ। ਮਨ ਦੇ ਵਿੱਚ ਹੀ ਮਨੁੱਖ ਹੈ ਮਨ ਦੇ ਵਿੱਚ ਹੀ ਪ੍ਰਮਾਤਮਾ ਹੈ, ਫਰਕ ਕੇਵਲ ਮਨ ਦੇ ਵਿਚਾਰਾਂ ਦਾ ਹੈ, ਮਨ ਦੇ ਗਿਆਨ ਦਾ ਹੈ, ਮਨ ਦੀ ਸੋਝੀ ਦਾ ਹੈ।ਮਨ ਦੀ ਸੋਝੀ ਹੀ ਸਾਨੂੰ ਹਉਮੈ ਵਿੱਚ ਰੱਖਦੀ ਹੈ ਤੇ ਮਨ ਦੀ ਸੋਝੀ ਹੀ ਸਾਨੂੰ ਸਾਡੇ ਅੰਦਰੋ ਪਰਮਾਤਮਾ ਦਾ ਘਰ ਦਿਖਾਉਂਦੀ ਹੈ।(**ਟੂਟੈ ਗੰਠਿ ਪੜੈ ਵੀਚਾਰਿ ॥ਗੁਰ ਸਬਦੀ ਘਰਿ ਕਾਰਜੁ ਸਾਰਿ ॥**)

ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਸਾਨੂੰ ਇਸ ਜੀਵਨ ਦਾ ਲਾਹਾ ਮਿਲਦਾ ਹੈ, ਲਾਭ ਮਿਲਦਾ ਹੈ ਜੋ ਸਾਡੇ ਜੀਵਨ ਦਾ ਮਨੋਰਥ ਹੈ।ਇਹ ਲਾਹਾ ਸਾਨੂੰ ‘‘ਸਾਚੁ’’ ਦੇ ਰੂਪ ਵਿੱਚ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਮਿਲਦਾ ਹੈ ਜਿਸ ਰਾਹੀਂ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੀ ਸੋਝੀ ਪਾਉਂਦਾ ਹੈ, ਗੁਰਮਤਿ ਦੀ ਸੋਝੀ ਪਾਉਦਾ ਹੈ ਜੋ ਕਿ ਉਸ ਦਾ ਨਾਮ ਧਨ ਹੈ, ਬ੍ਰਹਮ ਗਿਆਨ ਰੂਪ ਧਨ ਹੈ ਜਿਸ ਦੀ ਫਿਰ ਉਹ ਤੋਟ ਨਹੀ ਆਉਣ ਦਿੰਦਾ।ਮਨ ਦੇ ਵਿੱਚ ਉਹ ਆਪਣੇ ਸ਼ਬਦਾਂ ਦੀ ਵਿਚਾਰ ਦਿੰਦਾਂ ਹੀ ਰਹਿੰਦਾਂ ਹੈ ਤੇ ਉਸ ਦੀ ਇਹ ਵਿਚਾਰ ਹੀ ਇਹ ਨਾਮ ਧਨ ਹੈ।ਮਨ ਦੇ ਇਸ ਨਾਮ ਧਨ ਦੁਆਰਾ ਹੀ ਇਹ ਸੋਝੀ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਆਪਣੇ ਨਿਰਗੁਣ ਰੂਪ ਦੁਆਰਾ, ਗਿਆਨ ਰੂਪ ਦੁਆਰਾ ਸਭ ਜਗ੍ਹਾ ਸਮਾਇਆ ਹੋਇਆ ਹੈ ਤੇ ਉਸ ਦੀਆਂ ਵਡਿਆਈਆਂ ਦਾ,ਉਸ ਦੀ ਰਚਨਾ ਦਾ ਕੋਈ ਅੰਤ ਨਹੀ ਭਾਵ ਉਹ ਬਹੁਤ ਹੀ ਵੱਡਾ ਹੈ, ਹਰ ਆਕਾਰ ਰੂਪ ਨੂੰ ਬਣਾ ਕੇ ਉਸ ਵਿੱਚ ਆਪ ਹੀ ਸਮਾਇਆ ਹੈ, ਗਿਆਨ ਰੂਪ ਵਿੱਚ ਸਮਾਇਆ ਹੋਇਆ ਹੈ ਸਾਇੰਟਿਫਿਕਲੀ ਆਪਣੀ ਸਾਇੰਸ ਦੁਆਰਾ ਸਮਾਇਆ ਹੋਇਆ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਨਾਮ ਧਨ ਹੀ ਹੈ। (**ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥28॥**)

33/3898

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ ੪੫੬)

{ ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥
ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥੧੨॥}

(ਅੰਗ ੧੦੭੯)

ਆਪਣੇ ਅੰਦਰੋ ਪ੍ਰਮਾਤਮਾ ਨੂੰ ਜਾਣੇ ਬਿਨਾ, ਉਸ ਦੇ ਗਿਆਨ ਰੂਪ ਨੂੰ ਜਾਣੇ ਬਿਨਾ ਨਾ ਅਜ ਤਕ ਕਿਸੇ ਦਾ ਭਰਮ ਨਿਕਲਿਆ ਹੈ ਅਤੇ ਨਾ ਕਦੇ ਨਿਕਲ ਸਕਦਾ ਹੈ।ਜਿਸ ਨੇ ਵੀ ਪ੍ਰਮਾਤਮਾ ਨੂੰ ਨਿਰਗੁਣ ਰੂਪ ਵਿੱਚ ਜਾਣਿਆ ਹੈ ਮਨ ਦੇ ਵਿੱਚੋਂ ਵਿਚਾਰਾਂ ਰਾਹੀਂ ਹੀ ਜਾਣਿਆ ਹੈ ਤੇ ਵਿਚਾਰਾਂ ਦੇ ਰੂਪ ਵਿੱਚ, ਵਿਚਾਰਾਂ ਦੀ ਸੋਝੀ ਦੇ ਰੂਪ ਵਿੱਚ ਹੀ ਜਾਣਿਆ ਹੈ ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਪਰਮਾਤਮਾ ਦੇ ਨਾਲ ਮੇਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਜਿਸ ਰੂਪ ਵਿੱਚ ਧੰਨ ਧੰਨ ਪੰਜਵੀ ਪਾਤਸ਼ਾਹੀ ਪ੍ਰਮਾਤਮਾ ਦਾ ਸਾਡੇ ਅੰਦਰ ਹੋਣਾ ਸਮਝਾ ਰਹੇ ਹਨ ਉਸੇ ਤਰ੍ਹਾਂ ਭਗਤ ਕਬੀਰ ਜੀ ਪ੍ਰਮਾਤਮਾ ਦਾ ਸਾਡੇ ਅੰਦਰ ਹੋਣਾ ਸਮਝਾ ਰਹੇ ਹਨ।ਜਿੰਨ੍ਹਾਂ ਨੇ ਵੀ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਪ੍ਰਮਾਤਮਾ ਨੂੰ ਇਸ ਰੂਪ ਵਿੱਚ ਹੀ ਪਾਇਆ ਹੈ ਇਸ ਲਈ ਸੱਚ ਕੇਵਲ ਉਨ੍ਹਾਂ ਨੇ ਹੀ ਸਾਨੂੰ ਸਮਝਾਇਆ ਹੈ ਜਿਨ੍ਹਾਂ ਨੇ ਸੱਚ ਨੂੰ ‘‘ਸਚੁ’’ ਰੂਪ ਪ੍ਰਮਾਤਮਾ ਕੋਲੋਂ ਜਾਣਿਆ ਹੈ।

ਬਿਲਾਵਲੁ ਮਹਲਾ ੫ ॥

{ਮਨ ਕਿਆ ਕਹਤਾ ਹਉ ਕਿਆ ਕਹਤਾ ॥
ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ ॥੧॥ ਰਹਾਉ ॥
ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ ॥
ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ ॥੧॥

ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ ॥
ਕਹੁ ਨਾਨਕ ਗੁਰ ਭਏ ਦਇਆਰਾ ਹਰਿ ਰੰਗੁ ਨ ਕਬਹੂ ਲਹਤਾ॥੨॥੮॥੮੪॥}

(ਅੰਗ ੮੨੩)

ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ
ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥
“ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥੧॥
ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥ ਜਸ ਓਹੁ ਹੈ ਤਸ ਲਖੈ ਨ ਕੋਈ ॥੨॥”

(ਅੰਗ ੩੪੦)

33/3899

ਸਾਡੇ ਮਨ ਦੇ ਵਿੱਚ ਬੋਲਣ ਵਾਲਾ ਪ੍ਰਮਾਤਮਾ ਆਪ ਹੈ।ਜੋ ਬੋਲ ਅਸੀ ਮਨ ਦੇ ਵਿਚ ਸੁਣਦੇ ਹਾਂ ਭਾਵ ਸਮਝਦੇ ਹਾਂ ਉਹੀ ਬੋਲ ਅਸੀ ਮੁਖੋਂ ਬੋਲਦੇ ਹਾਂ।ਜੋ ਵੀ ਬੋਲ ਸਾਡੇ ਮਨ ਦੇ ਬੋਲ ਹਨ ਉਹ ਬੋਲ ਸਾਡੇ ਨਹੀ ਹਨ ਭਾਵ ਆਪਣੇ ਪ੍ਰਮਾਤਮਾ ਦੇ ਹਨ ਜਿੰਨ੍ਹਾਂ ਦੀ ਕਿ ਸਾਨੂੰ ਸਮਝ ਨਹੀਂ ਹੈ ਕਿ ਸਾਡੇ ਅੰਦਰ ਇਹ ਬੋਲ ਪਾਉਣ ਵਾਲਾ ਕੌਣ ਹੈ। ਜੋ ਬੋਲ ਅਸੀ ਮੁਖੋਂ ਬੋਲਦੇ ਹਾਂ ਉਨ੍ਹਾਂ ਬੋਲਾਂ ਵਿੱਚ ਵੀ ਆਪ ਪ੍ਰਮਾਤਮਾ ਹੈ ਭਾਵ ਉਸ ਦੇ ਆਪਣੇ ਬੁਲਾਏ ਹੋਏ ਬੋਲ ਹਨ ਤੇ ਜੋ ਬੋਲ ਅਸੀ ਨਹੀ ਬੋਲਦੇ ਭਾਵ ਜੋ ਗੱਲ ਅਸੀ ਆਪਣੇ ਮਨ ਦੇ ਵਿੱਚ ਰੱਖਦੇ ਹਾਂ ਉਨ੍ਹਾਂ ਬੋਲਾਂ ਵਿੱਚ ਵੀ ਪ੍ਰਮਾਤਮਾ ਆਪ ਹੈ ਭਾਵ ਉਹਨਾਂ ਵਿਚਾਰਾਂ ਦੀ ਸੋਝੀ ਵਿੱਚ ਵੀ ਪ੍ਰਮਾਤਮਾ ਆਪ ਹੈ ਜੋ ਬੋਲ ਅਸੀ ਮੁਖੋਂ ਬੋਲਦੇ ਹਾਂ ਉਹ ਅੱਖਰ ਦੇ ਰੂਪ ਵਿੱਚ ਬਾਹਰ ਆਉਦੇ ਹਨ, ਆਪਣੀ ਗੱਲ ਦੱਸਣ ਦੇ ਰੂਪ ਵਿੱਚ ਬਾਹਰ ਆਉਂਦੇ ਹਨ ਜਿੰਨ੍ਹਾਂ ਨੂੰ ਸਰਗੁਣ ਰੂਪ ਅੱਖਰਾਂ ਦੁਆਰਾ ਲਿਖਿਆ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ।ਇਹ ਬੋਲ ਬੁਲਵਾਉਣ ਵਾਲਾ ਪ੍ਰਮਾਤਮਾ ਆਪ ਹੈ।ਜੋ ਬੋਲ ਸਾਡੇ ਵਿਚਾਰਾਂ ਰਾਹੀ ਉਤਪੰਨ ਹੁੰਦੇ ਹਨ ਪਰ ਉਨ੍ਹਾਂ ਨੂੰ ਬੋਲਦੇ ਨਹੀ ਭਾਵ ਮਨ ਦੇ ਵਿੱਚ ਹੀ ਰੱਖ ਲੈਦੇ ਹਾਂ ਉਹਨਾਂ ਨੂੰ ਮਨ ਦੇ ਵਿੱਚ ਰੱਖਣ ਵਾਲੇ ਭਾਵ ਰੋਕਣ ਵਾਲੇ ਅਸੀਂ ਆਪ ਨਹੀਂ ਬਲਕਿ ਉਹਨਾਂ ਨੂੰ ਅੰਦਰ ਰੋਕ ਕੇ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ।ਪ੍ਰਮਾਤਮਾ ਇਹ ਗੱਲ ਕਿਸੇ ਨੂੰ ਸਮਝ ਨਹੀ ਆਉਣ ਦਿੰਦਾਂ ਕਿ ਇਹਨਾਂ ਵਿਚਾਰਾਂ ਦੇ ਵਿੱਚ ਪ੍ਰਮਾਤਮਾ ਆਪ ਹੈ।ਇਸੇ ਲਈ ਪ੍ਰਮਾਤਮਾ ਨੂੰ ਕੋਈ ਲਖ ਨਹੀਂ ਸਕਦਾ ਭਾਵ ਵੇਖ ਨਹੀਂ ਸਕਦਾ, ਉਸਦੇ ਨਿਰਗੁਣ ਰੂਪ ਨੂੰ ਜਾਣ ਨਹੀਂ ਸਕਦਾ ਜੋ ਹਰ ਵੇਲੇ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ। (**ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥ ਬੋਲ ਅਬੋਲ ਮਧਿ ਹੈ ਸੋਈ ॥ਜਸ ਓਹੁ ਹੈ ਤਸ ਲਖੈ ਨ ਕੋਈ ॥2॥**)

ਜਦ ਤਕ ਕੋਈ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਗਿਆਨ ਰੂਪ ਨੂੰ ਨਹੀਂ ਜਾਣਦਾ ਤਦ ਤਕ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਗਿਆਨੀ ਬਣਨਾ ਕੀ ਹੈ, ਧਰਮ ਦੇ ਮਾਰਗ ਦਾ ਵਿਦਵਾਨ ਬਣਨਾ ਕੀ ਹੈ ਤੇ ਅਸੀਂ ਉਨ੍ਹਾਂ ਨੂੰ ਹੀ ਧਰਮ ਦੇ ਵਿਦਵਾਨ ਸਮਝੀ ਜਾਂਦੇ ਹਾਂ ਜੋ ਮਨਮਤਿ ਵਿੱਚ, ਭਰਮ ਵਿੱਚ ਹੁੰਦੇ ਹਨ। ਮੁਕਤੀ ਅਸੀਂ ਭਰਮ ਤੋਂ ਹੀ ਪਾਉਣੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਮਨ ਦੇ ਭਰਮ ਤੋਂ ਮੁਕਤਿ ਹੋਏ ਬਿਨ੍ਹਾਂ ਕੋਈ ਵੀ ਆਪਣੇ ਆਪ ਨੂੰ ਗਿਆਨੀ, ਪੰਡਿਤ ਆਦਿ ਅਖਵਾ ਸਕਦਾ ਹੈ। ਇਸ ਗੱਲ ਦੀ ਸੋਝੀ ਭਰਮ ਤੋਂ ਮੁਕਤਿ ਹੋ ਕੇ ਹੀ ਪੈਂਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਦ ਹੀ ਪੈਂਦੀ ਹੈ ਕਿ ਅਸ਼ਲ ਗਿਆਨੀ ਕੌਣ ਹੈ, ਧਰਮ ਦੇ ਸੱਚੇ ਗਿਆਨ ਵਾਲਾ ਕੌਣ ਹੈ ਭਾਵ ਕੇਵਲ ਗੁਰੂ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਆਪਣੇ ਆਪ ਨੂੰ ਵਿਦਵਾਨ ਅਖਵਾਉਣ ਵਾਲੇ ਭਰਮ ਵਿੱਚ ਹੀ ਹਨ। ਭਰਮ ਵਾਲੀ ਅਵਸਥਾ ਵਿੱਚ ਹੀ ਅਸੀਂ ਉਨ੍ਹਾਂ ਦੇ ਪਿੱਛੇ ਲਗ ਜਾਂਦੇ ਹਾਂ ਜਿਨ੍ਹਾਂ ਨੂੰ ਅਸੀਂ ਗਿਆਨੀ ਸਮਝ ਬੈਠਦੇ ਹਾਂ ਪਰ ਅਸਲ ਵਿੱਚ ਗਿਆਨੀ ਕੌਣ ਹੈ ਇਸ ਗੱਲ ਦੀ ਸਮਝ ਸਾਨੂੰ ਨਹੀਂ ਪੈਂਦੀ। ਆਪਣੇ ਆਪ ਨੂੰ ਗਿਆਨੀ ਆਦਿ ਅਖਵਾਉਣ ਵਾਲੇ, ਸੂਝਵਾਨ ਅਖਵਾਉਣ ਵਾਲੇ ਸਾਨੂੰ

ਪ੍ਰਮਾਤਮਾ ਦਾ ਕਿਸੇ ਸਰਗੁਣ ਰੂਪ ਵਿੱਚ ਹੋਣਾ ਸਮਝਾਉਂਦੇ ਹਨ, ਕਿਸੇ ਸਰਗੁਣ ਰੂਪ ਬੈਕੁੰਠ ਵਿੱਚ ਹੋਣਾ ਸਮਝਾਉਂਦੇ ਹਨ, ਕਿਸੇ ਖੰਡਾਂ, ਬ੍ਰਹਮੰਡਾਂ ਵਿੱਚ ਹੋਣਾ ਸਮਝਾਉਂਦੇ ਹਨ। ਇਹੋ ਜਿਹੇ ਆਪ ਭਰਮ ਵਿੱਚ ਹੁੰਦੇ ਹਨ ਤੇ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਉਂਦੇ ਹਨ ਕਿਉਂਕਿ ਉਹ ਇਸ ਗੱਲ ਨੂੰ ਨਹੀਂ ਜਾਣਦੇ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਮਨ ਦੇ ਵਿੱਚੋਂ ਅਸੀਂ ਗੁਰੂ ਦੇ ਦਰਸ਼ਨ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਗੁਰੂ ਰੂਪ ਪ੍ਰਮਾਤਮਾ ਦੀ ਬਾਣੀ ਨਾਲ ਜੁੜਾਂਗੇ ਭਾਵ ਉਸ ਦੀ ਬਾਣੀ ਦੀ ਮਤਿ ਨਾਲ ਜੁੜਾਂਗੇ ਤੇ ਭਰਮਿਆ ਹੋਇਆਂ ਦੀ ਮਤਿ ਵਿੱਚੋਂ ਨਿਕਲਾਂਗੇ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝੀਏ।

“ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥
ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥੭॥
ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥੮॥
ਗੁਰ ਕੀ ਸੇਵ ਨ ਜਾਣੈ ਕੋਈ ॥
ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥
ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥੯॥

(ਅੰਗ - ੧੦੭੮)

ਭਰਮ ਵਿੱਚੋਂ ਪ੍ਰਮਾਤਮਾ ਜਿਸ ਨੂੰ ਕਢਦਾ ਹੈ ਆਪ ਹੀ ਆਪਣੇ ਮੇਲ ਦੁਆਰਾ ਕੱਢਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਮਨੁੱਖ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੋ ਸਕਦਾ ਹੈ। ਭਰਮ ਗੁਰੂ ਦੇ ਸ਼ਬਦ ਦੁਆਰਾ ਹੀ ਨਿਕਲਦਾ ਹੈ। ਸ਼ਬਦ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਗੁਰੂ ਦੇ ਸ਼ਬਦਾਂ ਦਾ ਮਕਸਦ ਸਾਨੂੰ ਭਰਮ ਵਿੱਚੋਂ ਕੱਢਣ ਦਾ ਹੀ ਹੈ ਤੇ ਜਿਉਂ ਜਿਉਂ ਅਸੀਂ ਸ਼ਬਦਾਂ ਦੀ ਮਤਿ ਨੂੰ ਲੈ ਕੇ ਭਰਮਾਂ ਵਿੱਚੋਂ ਨਿਕਲਦੇ ਜਾਂਦੇ ਹਾਂ ਤਿਉਂ ਤਿਉਂ ਅਸੀਂ ਸ਼ਬਦ ਰੂਪ ਨਾਲ ਜੁੜਦੇ ਜਾਂਦੇ ਹਾਂ ਤੇ ਉਹ ਸ਼ਬਦ ਰੂਪ ਪ੍ਰਮਾਤਮਾ ਆਪ ਹੀ ਸਾਡੇ ਤੇ ਕ੍ਰਿਪਾ ਕਰਕੇ ਸਾਨੂੰ ਮਨ ਦੇ ਵਿੱਚੋਂ ਹੀ ਆਪਣੇ “ਸਬਦੁ” ਰੂਪ ਦੇ ਦਰਸ਼ਨ ਕਰਾਉਂਦਾ ਹੈ ਤੇ ਆਪਣੀ ਸ਼ਬਦ ਰੂਪ ਸਿਖਿਆ ਦੇ ਨਾਲ ਪੂਰਨ ਰੂਪ ਵਿੱਚ ਜੋੜ ਲੈਂਦਾ ਹੈ। ਇਹੀ ਗੱਲ ਸਾਨੂੰ ਉਪਰ ਪਹਿਲੇ ਪਦੇ ਰਾਹੀਂ

ਸਮਝਾਈ ਹੋਈ ਹੈ। ਗੁਰੂ ਦੇ ਸ਼ਬਦਾਂ ਦਾ ਮਕਸਦ ਭਾਵ ਨਾਮ ਦਾ ਮਕਸਦ ਸਾਨੂੰ ਪੰਜਾਂ ਵਿਕਾਰਾਂ ਵਿਚੋਂ ਕੱਢਣ ਦਾ ਹੈ ਭਾਵ ਮਾਇਆ ਮੋਹ ਵਿੱਚੋਂ ਕੱਢਣ ਦਾ ਹੈ। ਜੇਕਰ ਅਸੀਂ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਦੇ ਹਾਂ ਤਾਂ ਹੀ ਫਿਰ ਅਸੀਂ ਵਿਕਾਰਾਂ ਤੋਂ ਮੁਕਤਿ ਹੋ ਸਕਦੇ ਹਾਂ। ਸਾਡਾ ਮਨ ਤਦ ਤਕ ਨਿਰਮਲ ਨਹੀਂ ਹੈ ਜਦ ਤਕ ਸਾਡੇ ਅੰਦਰ ਵਿਕਾਰ ਹਨ, ਮਾਇਆ ਮੋਹ ਹੈ। ਵਿਕਾਰਾਂ ਨੂੰ ਤਿਆਗ ਕੇ ਹੀ ਅਸੀਂ ਨਿਰਮਲ ਬਣ ਸਕਦੇ ਹਾਂ। ਇਹੀ ਪ੍ਰਮਾਤਮਾ ਦੇ ਭੈ ਨੂੰ ਕਬੂਲ ਕਰਨਾ ਹੈ ਜੋ ਭੈ ਸਾਡੇ ਸਭ ਦੇ ਅੰਦਰ ਹੈ ਜੋ ਕਿ ਮਾਇਆ ਮੋਹ ਨੂੰ ਛੱਡਣ ਦਾ ਹੈ, ਵਿਕਾਰਾਂ ਨੂੰ ਛੱਡਣ ਦਾ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦਾ ਹੈ। ਜੋ ਸ਼ਬਦ ਦੇ ਵਿਚਾਰਾਂ ਨੂੰ ਮੰਨ ਲੈਂਦਾ ਹੈ ਉਹ ਆਪਣੇ ਅੰਦਰ ਪ੍ਰਮਾਤਮਾ ਦੇ ਭੈ ਨੂੰ ਕਬੂਲ ਕਰ ਲੈਂਦਾ ਹੈ ਭਾਵ ਉਸ ਮਨੁੱਖ ਦੇ ਅੰਦਰ ਪ੍ਰਮਾਤਮਾ ਦਾ, ਗੁਰੂ ਦਾ ਡਰ ਵੱਸ ਜਾਂਦਾ ਹੈ। (**ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥**) ਜਦੋਂ ਮਨੁੱਖ ਇਹੋ ਜਿਹਾ ਭੈ ਕਬੂਲ ਕਰਦਾ ਹੈ ਭਾਵ ਸ਼ਬਦ ਦੀ ਮਤਿ ਨੂੰ ਮੰਨਣ ਦਾ ਉਦਮ ਕਰਦਾ ਹੈ, ਨਾਮ ਦੀ ਮਤਿ ਨੂੰ ਮੰਨਣ ਦਾ ਉਦਮ ਕਰਦਾ ਹੈ ਤੇ ਤਾਂ ਹੀ ਫਿਰ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਉਸ "ਪਾਰਸੁ" ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਆਪ ਹੀ ਪੂਰਾ ਗੁਰੂ ਹੈ। ਉਹ "ਪਾਰਸੁ" ਰੂਪ ਪ੍ਰਮਾਤਮਾ ਮਨ ਦੇ ਵਿੱਚ ਸਾਨੂੰ ਆਪ ਹੀ ਪਰਸਣ ਦੁਆਰਾ, ਨਿਰਗੁਣ ਰੂਪ ਵਿੱਚ ਪਰਸਣ ਦੁਆਰਾ, ਸ਼ਬਦ ਰੂਪ ਵਿਚ ਪਰਸਣ ਦੁਆਰਾ, ਗਿਆਨ ਰੂਪ ਵਿੱਚ ਪਰਸਣ ਦੁਆਰਾ ਆਪਣਾ ਆਪ ਦਿਖਾਉਂਦਾ ਹੈ ਭਾਵ ਆਪਣੇ ਆਪ ਦੇ ਦਰਸ਼ਨ ਕਰਾਉਂਦਾ ਹੈ। (**ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥**)

ਜਦੋਂ ਮਨੁੱਖ ਮਨ ਦੇ ਵਿੱਚੋਂ ਪ੍ਰਮਾਤਮਾ ਦੇ “**ਪਾਰਸੁ**” ਰੂਪ ਨੂੰ ਪਰਸ ਲੈਂਦਾ ਤੇ ਤਾਂ ਹੀ ਉਸ ਨੂੰ ਪਤਾ ਚਲਦਾ ਹੈ ਕਿ ਪ੍ਰਮਾਤਮਾ

ਦਾ ਟਿਕਾਣਾ, ਉਸ ਦਾ ਬੈਕੁੰਠ ਕਿਥੇ ਹੈ ਤੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥

ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥੮॥”

ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਤੋਂ ਬਾਅਦ ਮਨੁੱਖ ਇਸ ਹਰ ਭਰਮ ਤੋਂ ਭਾਵ ਪ੍ਰਮਾਤਮਾ ਨੂੰ ਜਾਨਣ ਦੇ ਹਰ ਭਰਮ ਤੋਂ ਮੁਕਤਿ ਹੋ ਜਾਂਦਾ ਹੈ ਕਿ ਪ੍ਰਮਾਤਮਾ ਕੀ ਹੈ, ਉਸ ਦਾ ਸੱਚਾ ਗਿਆਨ

33/3902

ਕੀ ਹੈ ਤੇ ਉਹ ਕਿਵੇਂ ਮਿਲ ਸਕਦਾ ਹੈ ਤੇ ਉਸ ਨੂੰ ਜਾਨਣ ਵਿਚ ਹਰ ਕੋਈ ਕਿਤਨੇ ਵੱਡੇ ਭਰਮ ਵਿੱਚ ਹੈ ਭਾਵੇਂ ਕੋਈ ਧਰਮ ਦੇ ਮਾਰਗ ਤੇ ਜਿਤਨਾ ਮਰਜ਼ੀ ਉੱਚਾ ਅਖਵਾਉਣ ਵਾਲਾ ਹੋਵੇ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਹੀ ਮਨੁੱਖ ਮੁਕਤਿ ਹੁੰਦਾ ਹੈ, ਮਾਇਆ ਮੋਹ ਆਦਿ ਤੋਂ ਮੁਕਤਿ ਹੁੰਦਾ ਹੈ ਜਿਸ ਦਾ ਮੂਲ ਸਾਡੇ ਮਨ ਦਾ ਭਰਮ ਹੈ, ਅਗਿਆਨਤਾ ਹੈ ਭਾਵ ਅਗਿਆਨਤਾ ਤੋਂ ਮੁਕਤਿ ਹੋਣ ਦੇ ਨਾਲ ਮਨੁੱਖ ਪੂਰੀ ਤਰ੍ਹਾਂ ਮੁਕਤਿ ਹੋ ਜਾਂਦਾ ਹੈ।

ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਅਗਿਆਨਤਾ ਰੂਪ ਮੁਕਤੀ ਮਨੁੱਖ ਨੂੰ ਫਿਰ ਬਪੁੜੀ ਨਜ਼ਰ ਆਉਂਦੀ ਹੈ, ਛੋਟੀ ਨਜ਼ਰ ਆਉਂਦੀ ਹੈ ਕਿਉਂਕਿ ਸੱਚਾ ਗਿਆਨ ਮਿਲਣ ਤੋਂ ਬਾਦ ਫਿਰ ਅਗਿਆਨਤਾ ਦੀ ਕੋਈ ਵੁਕਤ ਨਹੀਂ ਰਹਿ ਜਾਂਦੀ ਜੋ ਕਿ ਗਿਆਨ ਮਿਲਣ ਤੋਂ ਪਹਿਲਾਂ ਬਹੁਤ ਪ੍ਰਬਲ ਹੁੰਦੀ ਹੈ ਜਿਸ ਤੋਂ ਪਾਰ ਨਹੀਂ ਪਾਇਆ ਜਾ ਸਕਦਾ। ਇਸ ਤੋਂ ਪਾਰ ਮਨੁੱਖ ਪ੍ਰਮਾਤਮਾ ਦੇ ਮੇਲ ਤੋਂ ਬਾਦ ਹੀ ਪਾਉਂਦਾ ਹੈ। ਸੱਚਾ ਗਿਆਨ ਮਿਲਣ ਤੋਂ ਬਾਦ ਭਾਵ ਬ੍ਰਹਮ ਗਿਆਨ ਮਿਲਣ ਤੋਂ ਬਾਦ ਮਨੁੱਖ ਅਗਿਆਨਤਾ ਨੂੰ ਤਾਂ ਤਿਆਗਦਾ ਹੀ ਹੈ ਤੇ ਇਸ ਦੇ ਨਾਲ ਨਾਲ ਉਹਨਾਂ ਨੂੰ ਵੀ ਤਿਆਗ ਦਿੰਦਾ ਹੈ ਜੋ ਆਪਣੇ ਆਪ ਨੂੰ ਗਿਆਨੀ ਅਖਵਾਉਣ ਵਾਲੇ ਹੁੰਦੇ ਹਨ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ, ਧਰਮ ਦੇ ਪੰਡਿਤ, ਵਿਦਵਾਨ ਅਖਵਾਉਣ ਵਾਲੇ ਹੁੰਦੇ ਹਨ ਕਿਉਂਕਿ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਗਿਆਨ ਦਾ ਮਾਲਕ ਕੌਣ ਹੈ, ਗਿਆਨ ਦਾ ਸ੍ਰੋਤ ਕੀ ਹੈ ਭਾਵ ਆਪ ਪ੍ਰਮਾਤਮਾ ਹੀ ਹੈ। ਆਪਣੇ ਅੰਦਰ ਪ੍ਰਮਾਤਮਾ ਨੂੰ ਜਾਨਣ ਤੋਂ ਬਾਦ ਭਾਵ ਮਨ ਦਾ ਭਰਮ ਨਿਕਲਣ ਤੋਂ ਬਾਦ ਕੋਈ ਆਪਣੇ ਆਪ ਨੂੰ ਫਿਰ ਗਿਆਨੀ ਨਹੀਂ ਅਖਵਾ ਸਕਦਾ ਭਾਵ ਉਹੀ ਅਖਵਾ ਸਕਦਾ ਹੈ ਜਿਸ ਨੇ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਨਹੀਂ ਜਾਣਿਆ, ਨਾਮ ਦੇ ਮਾਲਕ ਨੂੰ ਨਹੀਂ ਜਾਣਿਆ ਭਾਵ ਜਿਸ ਦੀ ਹਉਮੈ ਦੂਰ ਨਹੀਂ ਹੋਈ ਜਿਸ ਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ ਮੇਰੀ ਆਪਣੀ ਪ੍ਰਮਾਤਮਾ ਨਾਲੋਂ ਕੋਈ ਵੱਖਰੀ ਹੋਂਦ ਨਹੀਂ ਹੈ ਭਾਵ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਜੋ ਕਿ ਆਪਣੇ ਨਿਰਗੁਣ ਰੂਪ ਦੁਆਰਾ, ਮਨ ਦੇ ਗਿਆਨ ਦੁਆਰਾ, ਮਨ ਦੇ ਵਿਚਾਰਾਂ ਦੁਆਰਾ ਆਪ ਹੀ ਆਪਣੇ ਸਰਗੁਣ ਰੂਪ ਸਰੀਰ ਨੂੰ ਚਲਾ

33/3903

ਰਿਹਾ ਹੈ ਤੇ ਉਸ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖ ਕੇ ਸਮਝਾਇਆ ਹੋਇਆ ਹੈ, ਮਨ ਦੇ ਵਿਚਾਰਾਂ ਦੁਆਰਾ ਸਮਝਾਇਆ ਹੋਇਆ ਹੈ ਕਿ ਮੈਂ ਇੱਕ ਮਨੁੱਖ ਹਾਂ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸ ਨੂੰ ਫਿਰ ਇਹ ਸਮਝ ਲਗ ਜਾਂਦੀ ਹੈ ਕਿ ਗਿਆਨੀ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਣ ਵਾਲੇ ਸਭ ਭਰਮ ਵਿੱਚ ਹੀ ਹਨ ਤੇ ਇਸੇ ਲਈ ਉਹ ਕਿਸੇ ਦੇ ਪਿੱਛੇ ਨਹੀਂ ਲਗ ਸਕਦਾ ਭਾਵ ਇਹੋ ਜਿਹਿਆਂ ਦੀ ਮਤਿ ਨੂੰ ਉਹ ਨਹੀਂ ਮੰਨਦਾ ਜੋ ਗੱਲਾਂ ਉਹ ਗੁਰਮਤਿ ਦੇ ਉਲਟ ਸਮਝਾਉਂਦੇ ਹਨ। ਅਸੀਂ ਜਿਹੋ ਜਿਹੇ ਭਰਮਾਂ ਵਿੱਚ ਪਏ ਹੋਏ ਹਾਂ ਭਾਵ ਧਾਰਮਿਕ ਭਰਮਾਂ ਵਿੱਚ ਪਏ ਹੋਏ ਹਾਂ ਉਹ ਇਹੋ ਜਿਹੇ ਗਿਆਨੀ ਪੰਡਿਤਾਂ ਦੀ ਹੀ ਦੇਣ ਹੈ। ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਦੱਸਣ ਵਾਲੇ ਇਹੋ ਜਿਹੇ ਹੀ ਹਨ ਜੋ ਪ੍ਰਮਾਤਮਾ ਦਾ ਹੋਣਾ ਭਾਵ ਪ੍ਰਮਾਤਮਾ ਦਾ ਟਿਕਾਣਾ ਕਿਸੇ ਬੈਕੁੰਠ ਰੂਪ ਵਿੱਚ, ਸਰਗੁਣ ਰੂਪ ਵਿੱਚ, ਖੰਡ ਬ੍ਰਹਮੰਡ ਦੇ ਰੂਪ ਵਿੱਚ ਭਾਵ ਅੱਖਾਂ ਨਾਲ ਦਿਸਣ ਵਾਲੇ ਰੂਪ ਵਿੱਚ ਦਸਦੇ ਹਨ। ਜੋ ਪ੍ਰਮਾਤਮਾ ਦੇ ਅਸਲ ਬੈਕੁੰਠ ਨੂੰ ਜਾਣ ਲੈਂਦਾ ਹੈ ਜੋ ਕਿ ਸਾਡੇ ਮਨ ਦੇ ਅੰਦਰ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਉਹ ਫਿਰ ਸਰਗੁਣ ਰੂਪ ਬੈਕੁੰਠ ਦੱਸਣ ਵਾਲਿਆਂ ਦੀ ਗੱਲ ਨੂੰ ਤਿਆਗ ਦਿੰਦਾ ਹੈ ਕਿਉਂਕਿ ਇਹੋ ਜਿਹੇ ਸਰਗੁਣ ਰੂਪ ਬੈਕੁੰਠ ਪ੍ਰਮਾਤਮਾ ਦੇ ਅਸਲ ਬੈਕੁੰਠ ਦੇ ਨੇੜੇ ਵੀ ਨਹੀਂ ਲਗ ਸਕਦੇ ਭਾਵ ਪੂਰਨ ਭਰਮ ਹੈ। (**ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥**)

ਇਹੋ ਜਿਹੇ ਗਿਆਨੀ ਅਖਵਾਉਣ ਵਾਲਿਆਂ ਦੇ ਪਿੱਛੇ ਲੱਗ ਕੇ, ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲਿਆਂ ਦੇ ਪਿਛੇ ਲੱਗ ਕੇ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਕਿਉਂਕਿ ਜਿਨ੍ਹਾਂ ਨੇ ਖੁਦ ਪ੍ਰਮਾਤਮਾ ਨੂੰ ਨਹੀਂ ਪਾਇਆ, ਜੋ ਖੁਦ ਵੱਡੇ ਭਰਮ ਵਿੱਚ ਹਨ ਉਹਨਾਂ ਨੇ ਦੂਸਰਿਆਂ ਨੂੰ ਸੱਚਾ ਮਾਰਗ ਕੀ ਦਿਖਾਉਣਾ ਹੈ। ਉਸ ਪ੍ਰਮਾਤਮਾ ਨੂੰ ਕੇਵਲ ਗੁਰੂ ਦੀ ਮਤਿ ਪਿਛੇ ਲਗ ਕੇ ਪਾਇਆ ਜਾ ਸਕਦਾ ਹੈ ਜੋ ਕਿ ਆਪ ਹੀ ਪ੍ਰਮਾਤਮਾ ਦਾ ਰੂਪ ਹੈ ਤੇ ਸਾਨੂੰ ਉਸੇ ਦੀ ਮਤਿ ਤੋਂ ਹੀ ਕੁਰਬਾਣ ਜਾਣਾ ਚਾਹੀਦਾ ਹੈ। (**ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥8॥**)

ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਭਾਵ ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲਿਆਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਗੁਰੂ ਦੀ ਸੇਵਾ ਕਰਨੀ ਕੀ ਹੈ ਭਾਵ ਉਸ ਦੀ ਭਗਤੀ ਕੀ ਹੈ, ਉਸ ਦਾ ਨਾਮ ਜਪਣਾ ਕੀ ਹੈ। ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

33/3904

“ਗੁਰ ਕੀ ਸੇਵ ਨ ਜਾਣੈ ਕੋਈ ॥ ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥

ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥੯॥”

ਗੁਰੂ ਦੀ ਸੇਵਾ ਕੀ ਹੈ ਇਸ ਗੱਲ ਨੂੰ ਅਸੀਂ ਬਾਰ-ਬਾਰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਸੇਵਾ ਕੀ ਹੈ ਇਸ ਗੱਲ ਦੀ ਸੋਝੀ ਹਉਮੈ ਵਿੱਚ ਰਹਿੰਦਿਆਂ ਨਹੀਂ ਪੈ ਸਕਦੀ ਇਸੇ ਲਈ ਕੋਈ ਨਹੀਂ ਜਾਣਦਾ ਕਿ ਗੁਰੂ ਦੀ ਸੇਵਾ ਕੀ ਹੈ। ਸ਼ਬਦਾਂ ਦਾ ਵੀਚਾਰੀ ਬਣਨਾ ਹੀ ਭਾਵ ਸ਼ਬਦਾਂ ਦੀ ਵਿਚਾਰ ਅਨੁਸਾਰ ਵਿਚਰਨਾ ਹੀ ਗੁਰੂ ਦੀ ਸੇਵਾ ਹੈ, ਪ੍ਰਮਾਤਮਾ ਦੀ ਸੇਵਾ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਆਪਣਾ ਸੇਵਕ ਹੈ ਜੋ ਆਪ ਹੀ ਪੂਰਨ ਰੂਪ ਵਿੱਚ ਆਪਣੇ ਸ਼ਬਦਾਂ ਦੀ ਵਿਚਾਰ ਦੀ ਸਮਝ ਰਖਦਾ ਹੈ ਤੇ ਉਹਨਾਂ ਅਨੁਸਾਰ ਹੀ ਵਿਚਰਦਾ ਹੈ। ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦਾ ਹੈ, ਜੋ ਉਸ ਦੀ ਰਜਾ ਹੈ ਉਸ ਅਨੁਸਾਰ ਵਿਚਰਨਾ ਹੀ ਉਸ ਦੀ ਸੇਵਾ ਹੈ। ਪੂਰੀ ਮਨੁੱਖਤਾ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਸੇਵਾ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਭਾਵੇਂ ਕੋਈ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਸ਼ਬਦ ਦੀ ਵਿਚਾਰ ਸਭ ਨੂੰ ਇੱਕੋ ਜਿਹਾ ਸੱਚ ਹੀ ਸਮਝਾਉਂਦੀ ਹੈ ਤੇ ਉਸ ਸੱਚ ਅਨੁਸਾਰ ਵਿਚਰਨਾ ਹੀ ਸਾਰੇ ਸੰਸਾਰ ਦਾ ਧਰਮ ਹੈ, ਸਾਰੇ ਸੰਸਾਰ ਲਈ ਇਕੋ ਜਿਹਾ ਨਾਮ ਹੈ ਭਾਵ ਇਕੋ ਜਿਹਾ ਗੁਰੂ ਪ੍ਰਮਾਤਮਾ ਦੀ ਸੇਵਾ ਕਰਨ ਦਾ ਤਰੀਕਾ ਹੈ, ਉਸ ਦੀ ਭਗਤੀ ਕਰਨ ਦਾ ਤਰੀਕਾ ਹੈ। ਗੁਰੂ ਤਾਂ ਸਾਨੂੰ ਸਭ ਨੂੰ ਇਕੋ ਜਿਹੀ ਸੇਵਾ ਕਰਨੀ ਹੀ ਸਮਝਾਉਂਦਾ ਹੈ ਜਿਸ ਤੋਂ ਬਾਹਰ ਹੋਰ ਕੋਈ ਭਗਤੀ ਨਹੀਂ ਹੈ, ਹੋਰ ਕੋਈ ਨਾਮ ਜਪਣਾ ਨਹੀਂ ਹੈ, ਹੋਰ ਕੋਈ ਜਪ ਤਪ ਨਹੀਂ ਹੈ ਪਰ ਭਰਮੇ ਹੋਏ, ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਇਸ ਗੱਲ ਨੂੰ ਨਹੀਂ ਸਮਝਦੇ ਕਿ ਪ੍ਰਮਾਤਮਾ ਦੀ ਭਗਤੀ ਦਾ, ਉਸ ਦਾ ਨਾਮ ਜਪਣ ਦਾ, ਉਸ ਦੀ ਸੇਵਾ ਕਰਨ ਦਾ ਇਕੋ ਇਕ ਤਰੀਕਾ ਸੱਚ ਤੇ ਚੱਲਣ ਦਾ ਹੀ ਹੈ ਜਿਸ ਦੀ ਸੋਝੀ ਚੌਥੇ ਪਦ ਵਿੱਚ ਪਹੁੰਚ ਕੇ, ਗੁਰੂ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਤੇ ਬੜੇ ਵੱਡੇ ਭਾਗਾਂ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਆਪਣਾ "ਸੇਵਕੁ" ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। (**ਗੁਰ ਕੀ ਸੇਵ ਨ ਜਾਣੈ ਕੋਈ ॥ ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥ ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥9॥**)

{ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥

ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥

ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

33/3905

{ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥

(ਅੰਗ ੫੧)

ਮਨ ਰੇ ਦੂਜਾ ਭਾਉ ਚੁਕਾਇ ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥}

(ਅੰਗ ੩੩)

{ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ ੪੫)

{ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥}

(ਅੰਗ ੯੭)

{ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥
ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥
ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥}

(ਅੰਗ ੩੪)

{ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥}

(ਅੰਗ ੨੭)

{ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥
ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥}

(ਅੰਗ ੨੧)

{ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥}

(ਅੰਗ ੨੮)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ ੨੨੩)

33/3906

{ਭਾਈ ਰੇ ਦਾਸਨਿ ਦਾਸਾ ਹੋਇ ॥ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥}

(ਅੰਗ ੬੬)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥
ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥}

(ਅੰਗ ੪੩)

ਪਉੜੀ ॥

{ਸੇਵ ਕੀਤੀ ਸੰਤੋਖੀਈਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਧਰਮ ਦੇ ਮਾਰਗ ਤੇ ਸਾਰੇ ਸੰਸਾਰ ਵਿੱਚ ਹਰ ਪਾਸੇ ਗਿਆਨੀ ਧਿਆਨੀ ਅਖਵਾਉਂਣ ਵਾਲਿਆਂ ਦਾ ਭਾਵ ਧਰਮ ਦੇ ਵਿਦਵਾਨ ਅਖਵਾਉਂਣ ਵਾਲਿਆਂ ਦਾ ਹੀ ਦਬਦਬਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਲਗ ਪੈਂਦਾ ਹੈ ਇਹ ਉਸ ਦੇ ਅੰਦਰ ਦਾ ਮਾਇਆ ਮੋਹ ਹੀ ਹੈ ਭਾਵ ਹਉਮੈ ਹੀ ਹੈ, ਅਗਿਆਨਤਾ ਹੀ ਹੈ ਤੇ ਇਹੋ ਜਿਹਿਆਂ ਦੇ ਪਿਛੇ ਲਗ ਕੇ ਸਾਨੂੰ ਸਾਡੇ ਸੱਚੇ ਧਰਮ ਦੀ ਸਿਖਿਆ ਦੀ ਸੋਝੀ ਨਹੀਂ ਪੈ ਸਕਦੀ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹੀ ਹੀ ਹੈ, ਇਕੋ ਜਿਹੀ ਸੇਵਾ ਦਾ ਮਾਰਗ ਹੈ। ਵੱਖਰੇ-ਵੱਖਰੇ ਧਰਮ ਦੇ ਆਗੂ ਸਾਨੂੰ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਆਪਣੀ ਆਸਥਾ ਅਨੁਸਾਰ ਧਰਮ ਦਾ ਵੱਖਰਾ-ਵੱਖਰਾ ਮਾਰਗ ਹੀ ਸਮਝਾਉਂਦੇ ਹਨ ਭਾਵ ਸਾਨੂੰ ਸੱਚ ਦੇ ਮਾਰਗ ਤੋਂ ਦੂਰ ਹੀ ਕਰਦੇ ਹਨ ਤੇ ਆਪਣੀ ਆਪਣੀ ਮਤਿ ਅਨੁਸਾਰ ਆਪਣੇ ਆਪ ਨੂੰ ਹੀ ਉੱਚਾ ਕਰਦੇ ਹਨ। ਰਾਮ ਨਾਮ ਕੀ ਹੈ ਇਸ ਗੱਲ ਦੀ ਸਮਝ ਇਹੋ ਜਿਹਿਆਂ ਨੂੰ ਨਹੀਂ ਹੈ। ਜੇਕਰ ਨਾਮ ਦੀ ਸਮਝ ਹੋਵੇ ਤਾਂ ਫਿਰ ਆਪਣੇ ਆਪ ਨੂੰ ਕੋਈ ਉੱਚਾ ਥਾਪ ਕੇ ਨਾ ਬੈਠੇ ਭਾਵ ਆਪਣੀ ਮਤਿ ਨੂੰ ਉੱਚਾ ਕਰਕੇ ਨਾ ਦੱਸੇ। ਜੋ ਨਾਮ ਨੂੰ ਜਾਣਦਾ ਹੈ ਉਸ ਨੂੰ ਫਿਰ ਇਸ ਗੱਲ ਦੀ ਵੀ ਸਮਝ ਹੁੰਦੀ ਹੈ ਕਿ ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਸ ਰਾਹੀਂ ਉਹ ਸਾਰੇ ਸੰਸਾਰ ਲਈ ਇਕੋ ਜਿਹੇ ਨਾਮ ਦੀ ਮਤਿ ਹੀ ਦਿੰਦਾ ਹੈ ਜੋ ਕਿ ਮਾਇਆ ਮੋਹ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨ ਦੀ ਹੈ, ਮਨੁੱਖਤਾ ਦੇ ਭਲੇ ਲਈ ਵਿਚਰਨ ਦੀ ਹੈ। ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਸਾਨੂੰ ਵੱਖਰੀ ਵੱਖਰੀ ਮਤਿ ਨਾਲ ਹੀ ਜੋੜਦੇ ਹਨ ਜਿਨ੍ਹਾਂ ਦੀ ਮਤਿ ਨੂੰ ਛੱਡੇ ਬਿਨਾਂ ਅਸੀਂ ਪੂਰਨ ਸੱਚ ਨਾਲ ਨਹੀਂ ਜੁੜ ਸਕਦੇ।

33/3907

{ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥

ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥}

(ਅੰਗ ੩੩੮)

ਆਪਣੇ ਅੰਦਰ ਦੀ ਅਗਿਆਨਤਾ ਕਰਕੇ ਹੀ ਅਸੀਂ ਕਿਸੇ ਨੂੰ ਗਿਆਨੀ ਧਿਆਨੀ ਆਦਿ ਭਾਵ ਧਰਮ ਦੇ ਵਿਦਵਾਨ ਸਮਝਦੇ ਹਾਂ ਤੇ ਇਹੋ ਜਿਹਿਆਂ ਦੇ ਪਿਛੇ ਲਗਦੇ ਹਾਂ ਤੇ ਭਗਤੀ ਦਾ ਭੇਦ ਕੀ ਹੈ ਭਾਵ ਭਗਤੀ ਦਾ ਮਾਰਗ ਕੀ ਹੈ ਇਹ ਅਸੀਂ ਇਹੋ ਜਿਹਿਆਂ ਕੋਲੋਂ ਹੀ ਸਿਖਿਆ ਹੋਇਆ ਹੈ ਜਿਨ੍ਹਾਂ ਨੂੰ ਅਸੀਂ ਵਡਹੰਸ ਦੀ ਤਰ੍ਹਾਂ ਮੰਨਦੇ ਹਾਂ ਭਾਵ ਪ੍ਰਮਾਤਮਾ ਦੀ ਸੋਝੀ ਰੱਖਣ ਵਾਲੇ ਮੰਨਦੇ ਹਾਂ ਪਰ ਇਹੋ ਜਿਹਿਆਂ ਦੀ ਅਸਲੀਅਤ ਕੀ ਹੈ, ਉਹ ਕਿਤਨੀ ਕੁ ਸੋਝੀ ਰੱਖਣ ਵਾਲੇ ਹਨ ਤੇ ਸਾਨੂੰ ਕਿਹੋ ਜਿਹੀ ਭਟਕਣਾ ਵਿੱਚ ਪਾਉਂਦੇ ਹਨ ਇਸ ਗੱਲ ਨੂੰ ਅਸੀਂ ਧੰਨ ਧੰਨ ਭਗਤ ਫਰੀਦ ਜੀ ਦੇ ਹੇਠ ਦਿੱਤੇ ਲੜੀਵਾਰ ਸ਼ਬਦਾਂ ਦੁਆਰਾ ਸਮਝਦੇ ਹਾਂ।

“ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥ ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥੧੧੪॥”

(ਅੰਗ ੧੩੮੪)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਜੇਕਰ ਅਸੀਂ ਪ੍ਰਮਾਤਮਾ ਨੂੰ ਨਹੀਂ ਪਾਉਂਦੇ, ਸਾਨੂੰ ਪਾਉਣ ਦੀ ਇਛਾ ਰੱਖਣ ਕਰਕੇ ਵੀ ਜੇਕਰ ਪ੍ਰਮਾਤਮਾ ਨਹੀਂ ਮਿਲਦਾ ਉਸ ਵਿੱਚ ਕਸੂਰ ਸਾਡਾ ਹੀ ਹੈ। ਸਾਡਾ ਕਸੂਰ ਵੀ ਸਮਝਾਇਆ ਹੋਇਆ ਹੈ। ਅਸੀਂ ਪ੍ਰਮਾਤਮਾ ਦੀ ਸੁਹਾਗਣ ਬਣਨਾ ਚਾਹੁੰਦੇ ਹਾਂ ਪਰ ਜੋ ਇਸਤਰੀ ਕਿਸੇ ਹੋਰ ਦੀ ਝਾਕ ਰਖਦੀ ਹੋਵੇ ਉਹ ਆਪਣੇ ਸੁਹਾਗ ਦਾ ਪਿਆਰ ਨਹੀਂ ਪਾ ਸਕਦੀ। ਸਾਡਾ ਸੁਹਾਗ ਗੁਰੂ ਪ੍ਰਮਾਤਮਾ ਹੈ ਜੋ ਕਿ ਗੁਰਮਤਿ ਦੇ ਰੂਪ ਵਿਚ ਹੈ, ਸ਼ਬਦ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਰਾਹੀਂ ਆਪਣੀ ਸੱਚੀ ਮਤਿ ਦਿੱਤੀ ਹੋਈ ਹੈ। ਅਸੀਂ ਆਪਣੇ ਇਸ ਸੁਹਾਗ ਨੂੰ ਹੀ ਪਾਉਣਾ ਹੈ ਭਾਵ ਸੱਚੀ ਮਤਿ ਦੇ ਮਾਲਕ ਨੂੰ ਹੀ ਪਾਉਣਾ ਹੈ ਪਰ ਜੇਕਰ ਅਸੀਂ ਗੁਰੂ ਦੀ ਸੱਚੀ ਮਤਿ ਨੂੰ ਛੱਡ ਕੇ ਹੋਰਨਾਂ ਦੀ ਮਤਿ ਨਾਲ ਜੁੜਦੇ ਹਾਂ ਫਿਰ ਸਾਨੂੰ ਉਹ ਸੁਹਾਗ ਕਿਵੇਂ ਪਸੰਦ ਕਰ ਸਕਦਾ ਹੈ ਜਿਸ ਨੂੰ ਪਾਉਣਾ ਸਾਡਾ ਮਕਸਦ ਹੈ। ਦੁਨਿਆਵੀ ਸੁਹਾਗ ਜਗ੍ਹਾ ਜਗ੍ਹਾ ਆਪਣੇ ਡੇਰੇ ਲਾਈ ਬੈਠੇ ਹਨ ਜੋ ਸਾਨੂੰ ਆਪਣੀ ਮਤਿ ਦੇ ਨਾਲ ਜੋੜਦੇ ਹਨ ਜੋ ਮਤਿ ਸਾਨੂੰ ਸੱਚੇ ਸੁਹਾਗ ਦੀ ਮਤਿ ਨਾਲੋਂ ਤੋੜਦੀ ਹੈ। ਸੱਚਾ ਸੁਹਾਗ ਉਨ੍ਹਾਂ ਨੂੰ ਹੀ ਮਿਲਦਾ ਹੈ ਜੋ ਕੇਵਲ ਉਸੇ ਦੀ ਮਤਿ ਨਾਲ ਹੀ ਜੁੜਦੇ ਹਨ ਤੇ ਦੂਸਰਿਆਂ ਦੀ ਮਤਿ ਦੇ ਨਾਲ ਨਹੀਂ ਜੁੜਦੇ। (**ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥ ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥114॥**)

33/3908

ਜਿਨ੍ਹਾਂ ਨੂੰ ਆਪਣਾ ਸੁਹਾਗ ਪਾਉਣ ਦੀ ਸੱਚੀ ਤਾਂਘ ਹੈ ਉਹ ਪ੍ਰਮਾਤਮਾ ਨੂੰ ਕਿਵੇਂ ਪਾਉਂਦੇ ਹਨ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥ ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥"

ਪ੍ਰਮਾਤਮਾ ਕਿਸ ਤਰੀਕੇ ਮਿਲਦਾ ਹੈ ਇਸ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜਿਸ ਨੇ ਆਪ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ। ਜਿਸ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਬਾਰ ਬਾਰ ਇਕੋ ਤਰੀਕਾ ਹੀ ਸਮਝਾਇਆ ਹੈ ਜੋ ਕਿ ਮਨ ਦੇ ਵਿੱਚ ਸੰਤੋਖ ਲਿਆਉਣ ਦਾ ਹੈ। ਸੰਤੋਖ ਉਸੇ ਦੇ ਮਨ ਵਿੱਚ ਆਉਂਦਾ ਹੈ ਜੋ ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗਦਾ ਹੈ, ਮਾਇਆ ਮੋਹ ਨੂੰ ਤਿਆਗਦਾ ਹੈ ਜਿਸ ਦੇ ਨਾਲ ਮਨੁੱਖ ਵਿਕਾਰਾਂ ਤੋਂ ਮੁਕਤਿ ਹੁੰਦਾ ਹੈ ਤੇ ਮਨ ਦੇ ਸੰਤੋਖ ਰਾਹੀਂ ਕੇਵਲ ਸੱਚੇ ਸੁੱਚੇ ਕਰਮ ਹੀ ਕਰਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਇਹੀ ਤਰੀਕਾ ਹੈ ਪਰ ਸਾਨੂੰ ਹੋਰ ਹੋਰ ਤਰੀਕੇ ਸਮਝਾਉਣ ਵਾਲੇ, ਸਰੀਰਕ ਜਪ ਤਪ ਆਦਿ ਸਮਝਾਉਣ ਵਾਲੇ, ਕੇਵਲ ਪੜੀ ਸੁਣੀ ਜਾਣ ਦੇ ਨਾਲ ਜੋੜਨ ਵਾਲੇ, ਸਰੀਰਕ ਤੇ ਖਾਣੇ ਆਦਿ ਦੀ ਸੁਚਿ ਨਾਲ ਜੋੜਨ ਵਾਲੇ ਤੇ ਹੋਰ ਵੀ ਆਪਣੀ ਆਪਣੀ ਮਤਿ ਅਨੁਸਾਰ ਅਨੇਕਾਂ ਤਰੀਕਿਆਂ ਨਾਲ ਜੋੜਨ ਵਾਲੇ ਬਹੁਤ ਹਨ ਜੋ ਸਾਨੂੰ ਭਰਮ ਵਿੱਚ ਹੀ ਪਾਉਂਦੇ ਹਨ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਨਹੀਂ ਹੈ। ਜੇਕਰ ਮਨੁੱਖ ਕੇਵਲ ਮਨ ਦੇ ਵਿੱਚ

ਸੰਤੋਖ ਲਿਆਉਣ ਦੇ ਉਦਮ ਨਾਲ ਜੁੜਦਾ ਹੈ ਤਾਂ ਫਿਰ ਇਹੋ ਤੀਰ ਹੀ ਨਿਸ਼ਾਨੇ ਤੇ ਲਗਦਾ ਹੈ ਤੇ ਇਹੋ ਜਿਹੇ ਉਦਮ ਨੂੰ ਪ੍ਰਮਾਤਮਾ ਆਪ ਹੀ ਸਿਰੇ ਚੜਾਉਂਦਾ ਹੈ ਕਿਉਂਕਿ ਕੇਵਲ ਇਹ ਉਦਮ ਹੀ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਦਮ ਹੈ। (**ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥ ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥115॥**)

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਤਾਂ ਮਨ ਦੇ ਸੰਤੋਖ ਦਾ ਹੀ ਹੈ ਪਰ ਅਸੀਂ ਭਰਮਿਆਂ ਹੋਇਆਂ ਦੀ ਮਤਿ ਦੇ ਪਿਛੇ ਲਗ ਕੇ ਕਿਹੋ ਜਿਹੇ ਉਦਮ ਕਰਦੇ ਹਾਂ ਭਾਵ ਕਿਹੋ ਜਿਹੇ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਪਾਉਣਾ ਸਮਝਦੇ ਹਾਂ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨ੍ਹਿ ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥"

33/3909

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਸਬਰ ਸੰਤੋਖ ਦਾ ਮਕਸਦ ਸਾਡੇ ਮਨ ਦੇ ਨਾਲ ਹੈ ਜੋ ਕਿ ਗੁਰੂ ਦੀ ਗੱਲ ਨੂੰ ਮੰਨਣ ਦਾ ਹੈ ਭਾਵ ਤ੍ਰਿਸ਼ਨਾਵਾਂ ਨੂੰ, ਮਾਇਆ ਮੋਹ ਨੂੰ, ਵਿਕਾਰਾਂ ਨੂੰ ਤਿਆਗਣ ਦਾ ਹੈ। ਅਸੀਂ "ਸਾਬਰੀ" ਤਾਂ ਹੀ ਬਣ ਸਕਦੇ ਹਾਂ ਜੇਕਰ ਸਬਰ ਸਾਡੇ ਅੰਦਰ ਵਸ ਜਾਵੇ ਭਾਵ ਸਾਡੇ ਅੰਦਰ ਉਹੋ ਜਿਹੀ ਮਤਿ ਵੱਸ ਜਾਵੇ ਜਿਸ ਦੁਆਰਾ ਮਨ ਨੂੰ ਸਬਰ ਆਉਂਦਾ ਹੈ, ਸੰਤੋਖ ਆਉਂਦਾ ਹੈ। ਮਨ ਦੇ ਵਿੱਚ ਸਬਰ ਲਿਆਉਣ ਲਈ ਤਨ ਦੀ ਕੋਈ ਭੂਮਿਕਾ ਨਹੀਂ ਹੈ ਪਰ ਅਸੀਂ ਭਗਤੀ ਦੇ ਮਾਰਗ ਨੂੰ ਤਨ ਦੀਆਂ ਕਿਰਿਆਵਾਂ ਦੇ ਨਾਲ ਜੋੜਿਆ ਹੋਇਆ ਹੈ ਜਿਨ੍ਹਾਂ ਦੁਆਰਾ ਅਸੀਂ ਐਵੇਂ ਹੀ ਭਾਵ ਵਿਅਰਥ ਵਿੱਚ ਹੀ ਆਪਣੇ ਤਨ ਨੂੰ, ਸਰੀਰ ਨੂੰ ਸਾੜਦੇ ਹਾਂ ਭਾਵ ਦੁਖ ਦਿੰਦੇ ਹਾਂ। ਭਗਤੀ ਦਾ ਮਾਰਗ ਸਰੀਰ ਨੂੰ ਵਿਅਰਥ ਵਿੱਚ ਦੁਖ ਦੇਣ ਦਾ ਮਾਰਗ ਨਹੀਂ ਹੈ। ਜੇਕਰ ਕੋਈ ਕਿਰਤ ਕਰਨ ਲਈ ਅਸੀਂ ਕੋਈ ਸਰੀਰਕ ਦੁਖ ਸਹਿੰਦੇ ਹਾਂ ਉਹ ਵੱਖਰੀ ਗੱਲ ਹੈ ਕਿਉਂਕਿ ਉਹ ਸਾਡੀ ਕਿਰਤ ਦਾ ਇਕ ਹਿੱਸਾ ਹੈ। ਸਰੀਰਕ ਜਪਾਂ ਤਪਾਂ ਆਦਿ ਦੁਆਰਾ ਸਰੀਰ ਨੂੰ ਦੁਖ ਦੇਣਾ ਵਿਅਰਥ ਦਾ ਦੁਖ ਦੇਣ ਵਾਲੀ ਗੱਲ ਹੈ। ਕੋਈ ਵਸਤਰ ਹੀਨ ਹੋ ਕੇ ਸਰੀਰ ਨੂੰ ਦੁਖ ਦਿੰਦਾ ਹੈ, ਕੋਈ ਨੰਗੀ ਪੈਰੀ ਧਰਮ ਅਸਥਾਨਾਂ ਤੇ ਜਾਣ ਲਈ ਆਪਣੇ ਆਪ ਨੂੰ ਦੁਖ ਦਿੰਦਾ ਹੈ, ਕੋਈ ਵਰਤ, ਰੋਜੇ ਆਦਿ ਰੱਖ ਕੇ ਸਰੀਰ ਨੂੰ ਦੁਖ ਦਿੰਦਾ ਹੈ ਤੇ ਇਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਤਰੀਕਿਆਂ ਨਾਲ ਆਪਣੇ ਆਪ ਨੂੰ ਦੁਖਾਂ ਵਿੱਚ ਪਾਉਂਦੇ ਹਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਦੇ ਨਾਲ ਜੋੜਿਆ ਹੋਇਆ ਹੈ। ਧਰਮ ਦਾ ਮਾਰਗ ਕੇਵਲ ਮਨ ਨੂੰ ਸੁੱਚਾ ਕਰਨ ਦਾ ਹੈ ਜਿਸ ਲਈ ਤਨ ਨੂੰ ਦੁਖ ਦੇਣ ਦੀ ਲੋੜ ਨਹੀਂ ਹੈ। ਪ੍ਰਮਾਤਮਾ ਦੇ ਮਿਲਣ ਦੇ ਸਾਨੂੰ ਇਹੋ ਜਿਹੇ ਭੇਤ ਭਾਵ ਇਹੋ ਜਿਹੇ ਤਨ ਨੂੰ ਦੁਖ ਦੇਣ ਦੇ ਤਰੀਕੇ ਉਨ੍ਹਾਂ ਨੇ ਹੀ ਸਮਝਾਏ ਹਨ ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਦੇਖਿਆ ਭਾਵ ਜੋ ਖ਼ੁਦਾ ਦੇ ਨਜ਼ਦੀਕ ਨਹੀਂ ਲਗੇ। ਜੇਕਰ ਉਹ ਪ੍ਰਮਾਤਮਾ ਦੇ ਨੇੜੇ ਹੋਣ ਭਾਵ ਪ੍ਰਮਾਤਮਾ ਨੂੰ ਜਾਨਣ ਵਾਲੇ ਹੋਣ ਫਿਰ ਤਾਂ ਉਹ ਕਿਸੇ ਨੂੰ ਇਹੋ ਜਿਹੇ ਭੇਤ, ਇਹੋ ਜਿਹੇ ਤਰੀਕੇ ਕਿਸੇ ਨੂੰ ਨਾ ਦੇਣ ਭਾਵ ਨਾ ਸਮਝਾਉਣ ਭਾਵ ਇਹੋ ਜਿਹੇ ਭੇਦ ਉਹ ਤਾਂ ਹੀ ਦਿੰਦੇ ਹਨ ਕਿਉਂਕਿ ਉਨ੍ਹਾਂ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਨ੍ਹਾਂ ਨੇ ਗੁਰਬਾਣੀ ਰਾਹੀਂ ਸਾਨੂੰ ਭੇਤ ਹੀ ਸਮਝਾਏ ਹਨ ਭਾਵ ਪ੍ਰਮਾਤਮਾ ਨੂੰ ਜਾਨਣ ਦੇ ਭੇਤ ਹੀ ਦਿੱਤੇ ਹਨ, ਪ੍ਰਮਾਤਮਾ ਨੂੰ ਜਾਨਣ ਦੇ ਤਰੀਕੇ ਹੀ ਸਮਝਾਏ ਹਨ ਜੋ ਭੇਤ ਅਸੀਂ ਬਾਣੀ ਵਿੱਚ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। (**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨ੍ਹਿ ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥116**)

ਜਿਨ੍ਹਾਂ ਨੇ ਸਾਨੂੰ ਪ੍ਰਮਾਤਮਾ ਨੂੰ ਪਾਉਣ ਦੇ ਸੱਚੇ ਭੇਤ

33/3910

ਦਿੱਤੇ ਹਨ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਸੱਚੇ ਤਰੀਕੇ ਸਮਝਾਏ ਹਨ ਉਨ੍ਹਾਂ ਤਰੀਕਿਆਂ ਦਾ ਮਕਸਦ ਮਨ ਦੇ ਵਿੱਚ ਸੰਤੋਖ ਲਿਆਉਣਾ ਹੀ ਹੈ ਜੋ ਕਿ ਸਾਡੇ ਜੀਵਨ ਦਾ ਮਨੋਰਥ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਭਾਵ ਭਗਤੀ ਦਾ ਸੱਚਾ ਭੇਤਿ ਦਿੱਤਾ ਹੋਇਆ ਹੈ।

“ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥

ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥੧੧੭॥”

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਡੇ ਜੀਵਨ ਦਾ ਮਨੋਰਥ ਕੀ ਹੈ। ਮਨੋਰਥ ਪ੍ਰਮਾਤਮਾ ਨੂੰ ਪਾਉਣ

ਦਾ ਹੀ ਹੈ ਜਿਸ ਦਾ ਮਾਰਗ ਮਨ ਦਾ ਸੰਤੋਖ ਹੈ। ਮਨ ਦੇ ਵਿੱਚ ਸੰਤੋਖ ਵਾਲੀ ਅਵਸਥਾ ਸਾਡੇ ਅੰਦਰ ਪੂਰਨ ਸੱਚ ਵਾਲੀ ਅਵਸਥਾ ਹੈ, ਚੌਥੇ ਪਦ ਵਾਲੀ ਅਵਸਥਾ ਹੈ, ਮਨ ਦੇ ਸਹਜ ਵਾਲੀ ਅਵਸਥਾ ਹੈ ਜਿਸ ਅਵਸਥਾ ਰਾਹੀਂ ਪ੍ਰਮਾਤਮਾ ਸਾਡੇ ਅੰਦਰ ਆਪ ਪ੍ਰਗਟ ਹੁੰਦਾ ਹੈ। ਮਨ ਦੇ ਵਿੱਚ ਸੰਤੋਖ ਲਿਆਉਣ ਲਈ ਕੇਵਲ ਮਨ ਦੀ ਸੋਝੀ ਨੂੰ ਬਦਲਣ ਦੀ, ਸੋਧਣ ਦੀ ਲੋੜ ਹੈ ਜਿਸ ਲਈ ਕਿਸੇ ਸਰੀਰਕ ਕਿਰਿਆ ਦੀ ਲੋੜ ਨਹੀਂ ਹੈ। ਸਾਰੀ ਬਾਣੀ ਸਾਨੂੰ ਬਾਰ-ਬਾਰ ਨਾਮ ਦ੍ਰਿੜ ਕਰਨ ਲਈ ਸਮਝਾ ਰਹੀ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਆਪਣੇ ਅੰਦਰ "ਸਬਰੁ" ਦ੍ਰਿੜ ਕਰਨ ਲਈ ਸਮਝਾਇਆ ਹੋਇਆ ਹੈ। ਗੱਲ ਇਕੋ ਹੀ ਹੈ, ਕੇਵਲ ਸਮਝਣ ਦੀ ਲੋੜ ਹੈ। ਸਾਡੇ ਅੰਦਰ ਸੰਤੋਖ ਵਾਲੀ ਅਵਸਥਾ ਸੱਚ ਵਾਲੀ ਅਵਸਥਾ ਹੈ। ਸੱਚ ਹੀ ਨਾਮ ਹੈ, ਸੱਚ ਗੁਰੂ ਦੀ ਮਤਿ ਹੈ ਜੋ ਸਾਨੂੰ ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣ ਲਈ ਸਮਝਾਉਂਦੀ ਹੈ। ਤ੍ਰਿਸ਼ਨਾਵਾਂ ਤੋਂ ਆਪਣੇ ਆਪ ਨੂੰ ਮੁਕਤਿ ਕਰਨ ਲਈ ਦ੍ਰਿੜ ਕਰਨਾ ਹੀ ਆਪਣੇ ਅੰਦਰ ਨਾਮ ਦ੍ਰਿੜ ਕਰਨਾ ਹੈ, ਗੁਰਮਤਿ ਨੂੰ ਦ੍ਰਿੜ ਕਰਨਾ ਹੈ, ਸੱਚ ਨੂੰ ਦ੍ਰਿੜ ਕਰਨਾ ਹੈ ਤਾਂ ਜੋ ਅਸੀਂ ਕੋਈ ਮੰਦਾ ਕਰਮ ਨਾ ਕਰੀਏ ਤੇ ਕੇਵਲ ਮਨ ਦੀ ਸੱਚੀ ਸੁੱਚੀ ਬਿਰਤੀ ਦੁਆਰਾ ਵਿਚਰੀਏ। ਜੇਕਰ ਅਸੀਂ ਉਸ ਪ੍ਰਮਾਤਮਾ ਦਾ ਬੰਦਾ ਬਣਨਾ ਚਾਹੁੰਦੇ ਹਾਂ ਭਾਵ ਉਸ ਦੇ ਅਖਵਾਉਣਾ ਚਾਹੁੰਦੇ ਹਾਂ ਤਾਂ ਫਿਰ ਸਾਡੇ ਜੀਵਨ ਦਾ ਮਨੋਰਥ ਇਹੀ ਹੈ, ਸੱਚਾ ਉਦਮ ਇਹੀ ਹੈ ਕਿ ਅਸੀਂ ਆਪਣੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਨੂੰ ਛੱਡ ਕੇ ਸਬਰ ਵਾਲੀ ਬਿਰਤੀ ਦ੍ਰਿੜ ਕਰੀਏ। (**ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥**)

ਮਨ ਦੇ ਵਿੱਚ ਇਹੋ ਜਿਹੀ ਦ੍ਰਿੜਤਾ ਦਾ ਉਦਮ ਕਰਨ ਦੇ ਨਾਲ ਸਾਨੂੰ ਕਿਹੋ ਜਿਹੇ ਫਲ ਦੀ ਪ੍ਰਾਪਤੀ ਹੁੰਦੀ ਹੈ, ਇਹੀ ਗੱਲ ਨਾਲ ਦੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

33/3911

“ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥੧੧੭॥”

ਉਪਰਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਫਲ ਹੀ ਸਮਝਾਇਆ ਹੋਇਆ ਹੈ ਜਿਸ ਰਾਹੀਂ ਸਾਡੇ ਮਨੋਰਥ ਦੀ ਪੂਰਤੀ ਹੁੰਦੀ ਹੈ। ਸਾਡੀ ਮਨੁੱਖੀ ਅਵਸਥਾ ਇਕ ਵਾਹੜੇ ਦੀ ਤਰ੍ਹਾਂ ਹੈ ਭਾਵ ਇੱਕ ਨਿੱਕੇ ਜਿਹੇ ਵਹਿਣ, ਨਾਲੇ ਦੀ ਤਰ੍ਹਾਂ ਹੈ ਜੋ ਸਮੁੰਦਰ ਨਾਲੋਂ ਵਿਛੁੜਿਆ ਹੁੰਦਾ ਹੈ। ਮਨ ਦੇ ਵਿੱਚ ਤ੍ਰੈ ਗੁਣਾਂ ਵਾਲੀ ਅਵਸਥਾ ਸਾਡੀ ਇਕ ਵਾਹੜੇ ਦੀ ਤਰ੍ਹਾਂ ਹੈ ਜਿਸ ਰਾਹੀਂ ਅਸੀਂ ਸਮੁੰਦਰ ਤੋਂ ਦੂਰ ਹਾਂ ਭਾਵ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਦੂਰ ਹਾਂ ਜੋ ਕਿ ਸਾਡੇ ਅੰਦਰ ਹੀ ਚੌਥੇ ਪਦ ਦੇ ਰੂਪ ਵਿਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਤ੍ਰੈ ਗੁਣਾਂ ਰਾਹੀਂ ਸਾਨੂੰ ਬਹੁਤ ਛੋਟੀ ਮਤਿ ਬਖਸ਼ੀ ਹੋਈ ਹੈ ਜਿਸ ਦੀ ਔਕਾਤ ਉਹੋ ਜਿਹੀ ਹੈ ਜੋ ਔਕਾਤ ਇੱਕ ਵਾਹੜੇ ਦੀ ਸਮੁੰਦਰ ਦੇ ਅੱਗੇ ਹੈ। ਅਸੀਂ ਮਨ ਦੇ ਵਿੱਚ ਇਸ ਸਮੁੰਦਰ ਦੇ ਨਾਲ ਮਿਲਣਾ ਹੈ ਜਿਸ ਨੂੰ ਮਿਲਣ ਦਾ ਰਸਤਾ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਤੇ ਮਨ ਦੇ ਸੰਤੋਖ ਨਾਲ ਜੁੜਨ ਦਾ ਹੈ। ਅਸੀਂ ਇਹ ਸੱਚਾ ਉਦਮ ਹੀ ਕਰਨਾ ਹੈ ਜਿਸ ਦੁਆਰਾ ਅਸੀਂ ਉਸ ਸਮੁੰਦਰ ਦੇ ਵਿੱਚ ਸਮਾ ਸਕਦੇ ਹਾਂ ਭਾਵ ਸਾਡੀ ਛੋਟੀ ਜਿਹੀ ਅਗਿਆਨਤਾ ਵਾਲੀ ਮਤਿ ਉਸ ਗਿਆਨ ਦੇ ਸਾਗਰ ਵਿੱਚ ਸਮਾ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੋ ਜਾਂਦਾ ਹੈ। ਇਕ ਵਾਰੀ ਜਦੋਂ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ ਫਿਰ ਉਹ ਸਦਾ ਲਈ ਹੋ ਜਾਂਦਾ ਹੈ ਭਾਵ ਇੱਕ ਵਾਰੀ ਚੌਥੇ ਪਦ ਦੀ ਪ੍ਰਾਪਤੀ ਹੋ ਜਾਵੇ ਫਿਰ ਮਨੁੱਖ ਸਦਾ ਲਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲ ਜਾਂਦਾ ਹੈ, ਧਰਮ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਸੱਚੇ ਗਿਆਨ ਦੇ ਨਾਲ ਸਦਾ ਲਈ ਜੁੜ ਜਾਂਦਾ ਹੈ। (**ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥117॥**)

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥
ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥
ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}

(ਅੰਗ ੫੧੨)

{ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥}

(ਅੰਗ ੫੧)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥}

(ਅੰਗ ੧੧੫)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥}

(ਅੰਗ ੧੦੪੦)

33/3912

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥}

(ਅੰਗ ੧੪੭)

{ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥
ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥੩॥}

(ਅੰਗ ੧੬੯)

{ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥}

(ਅੰਗ ੧੮੮)

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥
ਨਿਹਚਲ ਮਹਲੁ ਨਹੀ ਛਾਇਆ ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥}

(ਅੰਗ ੨੨੮)

{ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥}

(ਅੰਗ ੨੭੮)

{ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥}

(ਅੰਗ ੩੩੧)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥}

(ਅੰਗ ੩੭੯)

{ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ ॥
ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ ॥੮॥੧੯॥}

(ਅੰਗ ੪੨੧)

{ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥ ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥}

(ਅੰਗ ੪੨੨)

{ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥
ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ ॥੨॥}

(ਅੰਗ ੫੯੭)

{ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥
ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ ॥
ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ ॥੭॥}

(ਅੰਗ ੬੪੧)

33/3913

{ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥
ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥
ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥੨॥}

(ਅੰਗ ੬੪੭)

{ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥
ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥
ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥
ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥
ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥੧੮॥}

(ਅੰਗ ੭੧੦)

{ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥
ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥

ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥੩॥}

(ਅੰਗ ੭੭੮)

{ਕੋਟਿ ਜਤਨ ਸੰਤੋਖੁ ਨ ਪਾਇਆ ॥ ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥੩॥}

(ਅੰਗ ੮੦੪)

{ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥
ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥
ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥}

(ਅੰਗ ੮੧੧)

{ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥}

(ਅੰਗ ੮੧੨)

{ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥}

(ਅੰਗ ੮੨੦)

{ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ ੮੯੧)

{ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥
ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥}

(ਅੰਗ ੮੯੩)

33/3914

{ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥}

(ਅੰਗ ੧੦੨੩)

{ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥}

(ਅੰਗ ੧੦੪੩)

{ਸਚੁ ਸੰਜਮੁ ਸਤਿਗੁਰੂ ਦੁਆਰੈ ॥ ਹਉਮੈ ਕ੍ਰੋਧੁ ਸਬਦਿ ਨਿਵਾਰੈ ॥

ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥}

(ਅੰਗ ੧੦੫੭)

{ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥ ਗੁਰਿ ਮਿਲਿਐ ਨਹ ਜੋਹੈ ਮਾਈ ॥
ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ ਪਾਨਾਂ ਹੇ ॥੭॥}

(ਅੰਗ ੧੦੭੫)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ ੮੭੮)

{ਸੇਵ ਕੀਤੀ ਸੰਤੋਖੀਈਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਉਪਰਲੇ ਕੁਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਅਸੀਂ ਇਸੇ ਗੱਲ ਨੂੰ ਦ੍ਰਿੜ ਕੀਤਾ ਹੈ ਕਿ ਮਨ ਦੇ ਵਿੱਚ ਸੰਤੋਖ ਦਾ ਹੋਣਾ ਕੀ ਹੈ। ਸਾਡੇ ਅੰਦਰ ਮਨ ਦੇ ਸੰਤੋਖ ਵਾਲੀ ਅਵਸਥਾ ਹੀ ਸਾਡੇ ਅੰਦਰ ਨਾਮ ਵਾਲੀ ਅਵਸਥਾ ਹੈ ਭਾਵ ਗੁਰਮਤਿ ਵਾਲੀ, ਗੁਰੂ ਦੇ ਸੱਚੇ ਗਿਆਨ ਵਾਲੀ ਅਵਸਥਾ ਹੈ ਜਿਸ ਦੁਆਰਾ ਨਾਮ ਦੇ ਮਨੋਰਥ ਦੀ ਪੂਰਤੀ ਹੁੰਦੀ ਹੈ ਭਾਵ ਮਨੁੱਖ ਮਨ ਦੇ ਸੰਤੋਖ ਦੁਆਰਾ ਹੀ ਨਾਮ ਜਪਦਾ ਹੈ, ਸੁਕ੍ਰਿਤ ਕਰਣੀ ਕਰਦਾ ਹੈ ਤੇ ਇਹੀ ਪ੍ਰਮਾਤਮਾ ਦੀ ਸੇਵਾ ਵਿੱਚ ਲਗਣਾ ਹੈ। ਬਾਣੀ ਵਿੱਚ ਬਾਰ-ਬਾਰ "ਨਾਮੁ ਆਧਾਰੁ" ਦੀ ਗੱਲ ਆਉਂਦੀ ਹੈ ਭਾਵ ਸਾਨੂੰ ਨਾਮ ਦਾ ਆਸਰਾ ਲੈਣਾ ਚਾਹੀਦਾ ਹੈ, ਨਾਮ ਦੀ ਟੇਕ ਲੈਣੀ ਚਾਹੀਦੀ ਹੈ। ਨਾਮ ਦਾ ਆਸਰਾ ਅਸੀਂ ਕਿਸ ਰੂਪ ਵਿੱਚ ਲੈਣਾ ਹੈ ਤੇ ਉਸ ਤੋਂ ਮਕਸਦ ਕੀ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ, ਉਹ ਭਰਮੇ ਹੋਵੇ ਵੀ ਸਮਝ ਸਕਦੇ ਹਨ ਜਿਨ੍ਹਾਂ ਨੇ ਕਿਸੇ ਅੱਖਰ ਦੇ ਜਪਣ ਨੂੰ ਹੀ "ਨਾਮੁ ਆਧਾਰੁ" ਸਮਝਿਆ ਹੋਇਆ ਹੈ ਤੇ ਦੂਸਰਿਆਂ ਨੂੰ ਵੀ ਇਹੋ ਕੁਝ ਹੀ ਸਮਝਾਉਂਦੇ ਹਨ।

33/3915

“ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥
ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥੩॥”

(ਅੰਗ ੩੩੧)

ਜਦ ਤਕ ਸਾਡੇ ਅੰਦਰ ਰੱਤੀ ਭਰ ਵੀ ਮਾਇਆ ਮੋਹ ਹੈ, ਤ੍ਰਿਸ਼ਨਾ ਹੈ ਭਾਵੇਂ ਉਹ ਤ੍ਰਿਸ਼ਨਾ ਕਿਸੇ ਵੀ ਰੂਪ ਵਿੱਚ ਹੈ ਤਦ ਤਕ ਸਾਡੇ ਅੰਦਰ ਸੰਤੋਖ ਨਹੀਂ ਹੈ ਤੇ ਤਦ ਤਕ ਸਾਡੇ ਅੰਦਰ "ਨਾਮੁ ਆਧਾਰੁ" ਨਹੀਂ ਹੈ ਭਾਵ ਤਦ ਤਕ ਸਾਡੇ ਅੰਦਰ ਗੁਰਮਤਿ ਨਹੀਂ ਵੱਸੀ, ਗੁਰੂ ਦਾ ਸੱਚਾ ਗਿਆਨ ਨਹੀਂ ਵਸਿਆ। ਮਨ ਦੇ ਵਿੱਚ ਇਹੋ ਜਿਹੀ ਅਵਸਥਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪ੍ਰਾਪਤ ਹੁੰਦੀ ਹੈ ਜਿਵੇਂ ਕਿ ਅਸੀਂ ਪਿਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਮਨੁੱਖ ਦਾ ਹਰ ਕਰਮ ਨਾਮ ਅਨੁਸਾਰ ਭਾਵ ਗੁਰਮਤਿ ਅਨੁਸਾਰ, ਸੱਚ ਅਨੁਸਾਰ ਹੁੰਦਾ ਹੈ। ਇਹ ਮਨ ਦੇ ਵਿੱਚ ਬ੍ਰਹਮ ਗਿਆਨ ਰੂਪ ਸੋਝੀ ਵਾਲੀ ਅਵਸਥਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਲਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ

ਰੂਪ ਵਿੱਚ ਵੀ ਉਹ ਆਪ ਹੀ ਹੈ। ਮਨ ਦੇ ਵਿੱਚ ਸੰਤੋਖ ਦੀ ਪ੍ਰਾਪਤੀ ਲਈ ਸਾਨੂੰ ਕਿਸੇ ਸਰੀਰਕ ਕਿਰਿਆ ਦੀ ਲੋੜ ਨਹੀਂ ਹੈ ਕਿਉਂਕਿ ਇਹ ਮਨ ਨੂੰ ਸਮਝਾਉਣ ਦਾ ਮਾਰਗ ਹੈ, ਨਾਮ ਦੀ ਮਤਿ ਨੂੰ ਅਪਨਾਉਣ ਦਾ ਮਾਰਗ ਹੈ ਜਿਸ ਲਈ ਸਰੀਰ ਨੂੰ ਅਸੀਂ ਬੇਵਜ੍ਹਾ ਹੀ ਦੁਖਾਂ ਵਿੱਚ ਪਾਉਂਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ, ਅਗਿਆਨਤਾ ਹੈ, ਭਗਤੀ ਦਾ ਦਿਖਾਵਾ ਹੈ, ਪਾਖੰਡ ਹੈ।

{ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨ੍ਹਿ ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥
ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥
ਵਧਿ ਥੀਵਹਿ ਦਰੀਆਉ ਟੂਟਿ ਨ ਥੀਵਹਿ ਵਾਹੜਾ ॥੧੧੭॥}

(ਅੰਗ ੧੩੮੪)

ਪ੍ਰਮਾਤਮਾ ਦੇ ਨਾਲ ਸਾਡੀ ਪ੍ਰੀਤ ਮਨ ਦੇ ਸੰਤੋਖ ਦੁਆਰਾ ਹੀ ਪੈਂਦੀ ਹੈ ਭਾਵ ਮਾਇਆ ਮੋਹ ਛੱਡਣ ਦੁਆਰਾ, ਤ੍ਰਿਸ਼ਨਾਵਾਂ ਛੱਡਣ ਦੁਆਰਾ ਭਾਵ ਗੁਰਮਤਿ ਅਨੁਸਾਰ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਪੈਂਦੀ ਹੈ ਪਰ ਅਸੀਂ ਇਹ ਪ੍ਰੀਤ ਆਪਣੇ ਬਾਹਰੀ ਦਿਖਾਵੇ ਦੁਆਰਾ ਪਾਉਂਦੇ ਹਾਂ, ਤਨ ਦੀਆਂ ਕਿਰਿਆਵਾਂ ਦੇ ਦਿਖਾਵੇ ਦੁਆਰਾ ਪਾਉਂਦੇ ਹਾਂ ਜਿਸ ਨੂੰ ਪ੍ਰਮਾਤਮਾ ਦੇ ਨਾਲ ਸਾਡੀ ਇਕ "ਚੋਪੜੀ" ਪ੍ਰੀਤ ਦਸਿਆ ਹੈ ਭਾਵ ਕੇਵਲ ਇਕ ਬਾਹਰੀ ਦਿਖਾਵਾ ਦਸਿਆ ਹੈ ਤਾਂ ਜੋ ਅਸੀਂ ਦੇਖਣ ਨੂੰ ਚੰਗੇ ਲਗੀਏ। ਪ੍ਰਮਾਤਮਾ ਦੇ ਨਾਲ ਸੱਚੀ ਪ੍ਰੀਤ ਦਿਖਾਉਣੀ ਬਹੁਤ ਔਖੀ ਹੈ ਜਿਸ ਨੂੰ ਕਿ ਕੋਈ ਵਿਰਲਾ ਹੀ ਦਿਖਾ ਸਕਦਾ ਹੈ। ਪ੍ਰਮਾਤਮਾ ਦੇ ਦਰ ਤੇ ਜਾਣ ਵਾਲਿਆਂ ਦੀ ਰੀਤ ਭਾਵ ਮਾਰਗ

33/3916

ਬਹੁਤ ਔਖਾ ਹੈ ਜੋ ਸਾਰੇ ਸੰਸਾਰ ਲਈ ਇਕੋ ਜਿਹਾ ਹੈ ਤੇ ਸਦਾ ਤੋਂ ਇੱਕੋ ਜਿਹਾ ਹੈ ਜੋ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੈ।
(**ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥ ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥118॥**)

“ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥”

(ਅੰਗ ੬੫)

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦਾ ਹੈ ਨਾ ਕਿ ਇਸ ਸਰੀਰ ਨੂੰ ਦੁਖਾਂ ਵਿੱਚ ਪਾਉਣ ਦਾ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਭਗਤ ਫਰੀਦ ਜੀ ਦ੍ਰਿੜ ਕਰਾ ਰਹੇ ਹਨ।

"ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥ ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥੧੧੯॥"

ਜਿਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਆਪ ਭਗਤੀ ਦੀ ਸੋਝੀ ਪਾਈ ਹੈ ਉਨ੍ਹਾਂ ਨੇ ਸਾਨੂੰ ਭਗਤੀ ਦਾ ਇਕੋ ਜਿਹਾ ਮਾਰਗ ਹੀ ਸਮਝਾਇਆ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸੇਖ ਫਰੀਦ ਜੀ ਦੇ ਮੁਖੋਂ ਉਚਾਰੇ ਹੋਏ ਬਚਨਾਂ ਦੁਆਰਾ ਅਕਾਲ ਪੁਰਖ ਆਪ ਹੀ ਭਗਤੀ ਦਾ ਮਾਰਗ ਸਮਝਾ ਰਹੇ ਹਨ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਆਪ ਹੀ ਸਮਝਾ ਰਹੇ ਹਨ। ਸ਼ੇਖ ਫਰੀਦ ਜੀ ਸਾਨੂੰ ਪ੍ਰਮਾਤਮਾ ਵਲੋਂ ਇਹ ਗੱਲ ਕਹਿ ਰਹੇ ਹਨ ਕਿ ਜੇਕਰ ਸਰੀਰ ਨੂੰ ਦੁਖ ਦੇਣ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤਾਂ ਮੈਂ ਇਸ ਸਰੀਰ ਨੂੰ ਵਧ ਤੋਂ ਵਧ ਦੁਖ ਦੇਣ ਲਈ ਤਿਆਰ ਹਾਂ। ਮੈਂ ਆਪਣੇ ਸਰੀਰ ਨੂੰ ਉਸ ਤਰੀਕੇ ਸਾੜਣ ਨੂੰ ਤਿਆਰ ਹਾਂ ਜਿਵੇਂ ਅੱਗ ਨਾਲ ਤੰਦੂਰ ਸੜਦਾ ਹੈ ਤੇ ਮੈਂ ਆਪਣੇ ਸਰੀਰ ਦੀਆਂ ਹੱਡੀਆਂ ਨੂੰ ਉਸ ਤਰ੍ਹਾਂ ਸਾੜਨ ਨੂੰ ਤਿਆਰ ਹਾਂ ਜਿਵੇਂ ਬਾਲਨ ਸੜਦਾ ਹੈ ਭਾਵ ਮੈਂ ਆਪਣੇ ਸਰੀਰ ਨੂੰ ਵਧ ਤੋਂ ਵਧ ਦੁਖ ਦੇਣ ਲਈ ਤਿਆਰ ਹਾਂ। ਜੇਕਰ ਪ੍ਰਮਾਤਮਾ ਕਿਤੇ ਜਾਣ ਨਾਲ ਮਿਲਦਾ ਹੈ ਤਾਂ ਮੈਂ ਦੂਰ ਤੋਂ ਦੂਰ ਜਗ੍ਹਾ ਤੇ ਜਾਣ ਲਈ ਤਿਆਰ ਹਾਂ ਜਿਥੇ ਜਾਣ ਲਈ ਮੈਂ ਪੂਰੀ ਤਰ੍ਹਾਂ ਥੱਕ ਜਾਵਾਂ। ਜੇਕਰ ਪ੍ਰਮਾਤਮਾ ਸਿਰ ਦੇ ਭਾਰ ਚੱਲਣ ਨਾਲ ਮਿਲ ਸਕਦਾ ਹੈ ਜੋ ਕਿ ਅਤਿ ਹੀ ਔਖਾ ਹੈ ਤੇ ਮੈਂ ਫਿਰ ਇਹ ਔਖਾ ਪਨ ਸਹਿਣ ਲਈ ਵੀ ਤਿਆਰ ਹਾਂ।

33/3917

(ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥ ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥119॥)

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਸਾਹਿਬ ਭਰਮ ਵਿੱਚੋਂ ਕੱਢਣ ਦੁਆਰਾ ਸਾਡਾ ਕਿਤਨਾ ਵੱਡਾ ਭਲਾ ਕਰ ਰਹੇ ਹਨ, ਸਾਨੂੰ ਸਮਝਾਉਣ ਦੁਆਰਾ ਸਾਡਾ ਭਲਾ ਕਰ ਰਹੇ ਹਨ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਵਿਅਰਥ ਦੀ ਭਗਤੀ ਤੋਂ ਬੱਚ ਸਕੀਏ ਤੇ ਐਵੇਂ ਹੀ ਸਰੀਰ ਨੂੰ ਦੁਖ ਨਾ ਦੇਈਏ ਜੋ ਕਿ ਭਗਤੀ ਦਾ ਮਾਰਗ ਹੈ ਹੀ ਨਹੀਂ।

“ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥੧੨੦॥”

ਇਸ ਤੋਂ ਪਹਿਲੀਆਂ ਪੰਗਤੀਆਂ ਦੁਆਰਾ ਜਿਹੋ ਜਿਹਾ ਮਾਰਗ ਸਾਨੂੰ ਸਮਝਾਇਆ ਹੈ ਉਪਰਲੀਆਂ ਪੰਗਤੀਆਂ ਰਾਹੀਂ ਉਸੇ ਗੱਲ ਦੀ ਵਿਆਖਿਆ ਕੀਤੀ ਹੋਈ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਸਰੀਰ ਨੂੰ ਦੁਖ ਦੇਣ ਦਾ ਮਾਰਗ ਨਹੀਂ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਸਾਡੇ ਆਕਾਰ ਰੂਪ ਨਾਲ ਜੁੜਿਆ ਹੋਇਆ ਨਹੀਂ ਹੈ, ਸਰੀਰ ਰਾਹੀਂ ਭਗਤੀ ਦੇ ਦਿਖਾਵੇ ਕਰਨ ਦਾ ਮਾਰਗ ਨਹੀਂ ਹੈ। ਪ੍ਰਮਾਤਮਾ ਸਾਡੇ ਅੰਦਰ ਨਿਰਗੁਣ ਰੂਪ ਵਿੱਚ ਹੈ, ਮਨ ਦੇ ਵਿੱਚ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਲਈ ਸਾਨੂੰ ਮਨ ਦੇ ਵਿੱਚ ਗੁਰੂ ਦੇ ਗਿਆਨ ਨੂੰ ਵਸਾਉਣ ਦੀ ਲੋੜ ਹੈ ਭਾਵ ਮਨ ਨੂੰ ਮਾਰਨ ਦੀ ਲੋੜ ਹੈ, ਮਨ ਦੇ ਮਾੜੇ ਵਿਚਾਰਾਂ ਨੂੰ ਮਾਰਨ ਦੀ ਲੋੜ ਹੈ ਭਾਵ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੀ ਲੋੜ ਹੈ ਜਿਸ ਰਾਹੀਂ ਮਨ ਦੇ ਵਿਚ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਸਰੀਰ ਨੂੰ ਐਵੇਂ ਹੀ ਦੁਖ ਦੇਈ ਜਾਣ ਦਾ ਕੀ ਲਾਭ ਭਾਵ ਕੇਵਲ ਸਾਡਾ ਭਰਮ ਹੈ, ਸਾਡੀ ਖੁਆਰੀ ਹੈ ਜਿਸ ਖੁਆਰੀ ਤੋਂ ਬਚਣ ਲਈ ਸਾਨੂੰ ਗੁਰੂ ਸਾਹਿਬ ਸਮਝਾ ਰਹੇ ਹਨ, ਆਪਣੀ ਸੱਚੀ ਮਤਿ ਦੇ ਰਹੇ ਹਨ। ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੰਨ ਲਵਾਂਗੇ ਤਾਂ ਅਸੀਂ ਸਰੀਰ ਨੂੰ ਵਿਅਰਥ ਤੋਂ ਹੀ ਦੁਖਾਂ ਵਿੱਚ ਪਾਉਣ ਤੋਂ ਬਚ ਜਾਵਾਂਗੇ ਜਿਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ। (**ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥120॥**)

{ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥}

(ਅੰਗ ੧੪)

33/3918

{ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥}

(ਅੰਗ ੯੫੨)

ਜਿਹੋ ਜਿਹੀ ਭਗਤੀ ਨਾਲ ਹਰ ਕੋਈ ਜੁੜਿਆ ਹੋਇਆ ਹੈ ਭਾਵ ਸਰੀਰਕ ਕਿਰਿਆਵਾਂ ਆਦਿ ਨਾਲ ਜੁੜਿਆ ਹੋਇਆ ਹੈ ਤੇ ਹੋਰ ਵੀ ਅਨੇਕਾਂ ਇਹੋ ਜਿਹੇ ਤਰੀਕਿਆਂ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਦੁਆਰਾ ਅਸੀਂ ਵਿਅਰਥ ਵਿੱਚ ਹੀ ਆਪਣੇ ਆਪ ਨੂੰ ਦੁਖਾਂ ਵਿੱਚ ਪਾਉਂਦੇ ਹਾਂ ਔਖੇ ਹੁੰਦੇ ਹਾਂ ਇਹੋ ਜਿਹਾ ਮਾਰਗ ਅਸੀਂ ਕਿਨ੍ਹਾਂ ਕੋਲੋਂ ਸਿੱਖਿਆ ਹੈ ਇਹੀ ਗੱਲ ਸਾਨੂੰ ਸ਼ੇਖ ਫਰੀਦ ਜੀ ਕੁਝ ਅਗਲੇ ਸ਼ਬਦਾਂ ਦੁਆਰਾ ਸਮਝਾ ਰਹੇ ਹਨ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ ॥
ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥੧॥”

(ਅੰਗ ੧੩੧੮)

“ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥
ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥”

(ਅੰਗ ੧੩੮੪)

ਜਿਨ੍ਹਾਂ ਕੋਲੋਂ ਅਸੀਂ ਭਗਤੀ ਦੇ ਭੇਤ ਸਿੱਖੇ ਹੋਏ ਹਨ ਉਨ੍ਹਾਂ ਨੂੰ ਅਸੀਂ ਆਪਣੇ ਸੱਜਣ ਮੰਨ ਕੇ ਭਾਵ ਧਾਰਮਿਕ ਸੱਜਣ ਮੰਨ ਕੇ ਹੀ ਸਿੱਖੇ ਹੋਏ ਹਨ। ਹਰ ਕੋਈ ਇਹੋ ਜਿਹੇ ਸੱਜਣਾਂ ਨੂੰ ਢੂਢਣ ਦਾ ਭਾਵ ਉਨ੍ਹਾਂ ਕੋਲ ਜਾਣ ਦਾ ਉਦਮ ਕਰਦਾ ਹੈ ਤੇ ਉਨ੍ਹਾਂ ਦੀ ਮਤਿ ਨੂੰ ਉੱਚੀ ਸਮਝ ਕੇ ਉਨ੍ਹਾਂ ਕੋਲੋਂ ਮਤਿ ਲੈਂਦਾ ਹੈ ਤੇ ਉਨ੍ਹਾਂ ਦੇ ਪਿੱਛੇ ਲਗ ਜਾਂਦਾ ਹੈ ਭਾਵ ਜਿਹੋ ਜਿਹਾ ਉਹ ਧਰਮ ਦਾ, ਭਗਤੀ ਦਾ, ਨਾਮ ਜਪਣ ਦਾ ਮਾਰਗ ਸਮਝਾਉਂਦੇ ਹਨ ਅਸੀਂ ਉਹੋ ਕੁਝ ਕਰਨਾ ਹੀ ਚੰਗਾ ਸਮਝਦੇ ਹਾਂ। ਇਹ ਸਭ ਸਾਨੂੰ ਕਥਨੀ ਦੇ ਮਾਰਗ ਨਾਲ ਹੀ ਜੋੜਦੇ ਹਨ, ਸਰੀਰਕ ਕਿਰਿਆਵਾਂ ਦੇ ਨਾਲ ਹੀ ਜੋੜਦੇ ਹਨ। ਇਹ ਸਭ ਸਾਨੂੰ ਭਰਮ ਵਿੱਚ ਹੀ ਪਾਉਂਦੇ ਹਨ ਜੋ ਸਾਨੂੰ ਪ੍ਰਮਾਤਮਾ ਦਾ ਦਰ ਨਹੀਂ ਦਿਖਾ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। ਸਾਡਾ ਸੱਚਾ ਸੱਜਣ ਕੇਵਲ ਆਪ ਪ੍ਰਮਾਤਮਾ ਹੈ ਜੋ ਕਿ ਸਦਾ ਹੀ ਸਾਡੇ ਨਾਲ ਹੈ ਪਰ ਅਸੀਂ ਉਸ ਨੂੰ ਆਪਣੇ ਅੰਦਰੋਂ ਦੇਖ ਨਹੀਂ ਸਕਦੇ। ਉਸ ਸੱਜਣ ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਲਈ ਕੇਵਲ ਗੁਰੂ ਦੀ

ਮਤਿ ਨਾਲ ਜੁੜਨ ਦੀ ਲੋੜ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਗੁਰਮੁਖਿ ਰੂਪ ਹੈ। ਪ੍ਰਮਾਤਮਾ ਸਾਡਾ ਗੁਰਮਤਿ ਦੇ ਰੂਪ ਵਿੱਚ, ਸੱਚੇ ਗਿਆਨ ਦੇ ਰੂਪ ਵਿੱਚ ਸੱਜਣ ਹੈ ਜੋ ਗਿਆਨ ਕੇਵਲ ਗੁਰੂ ਦੇ ਕੋਲ ਹੈ ਭਾਵ ਸਾਨੂੰ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਦੇ ਪਿੱਛੇ ਨਹੀਂ ਲਗਣਾ ਚਾਹੀਦਾ ਜੋ ਸਾਨੂੰ ਭਰਮ ਵਿੱਚ ਹੀ ਪਾਉਂਦੇ ਹਨ ਜਿਵੇਂ ਕਿ ਹਰ ਕੋਈ ਪਇਆ ਹੋਇਆ ਹੈ, ਸਦੀਆਂ ਤੋਂ ਪਇਆ ਹੋਇਆ ਹੈ ਤੇ ਵਿਅਰਥ ਵਿੱਚ ਹੀ ਖੁਆਰ ਹੋ ਰਿਹਾ ਹੈ, ਉਨ੍ਹਾਂ ਤਰੀਕਿਆਂ ਦੁਆਰਾ ਖੁਆਰ ਹੋ ਰਿਹਾ ਹੈ ਜੋ ਕਿ ਭਗਤੀ ਦੇ ਤਰੀਕੇ ਹੈ ਹੀ ਨਹੀਂ। (**ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ ॥ ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥1॥**)

ਅਸੀਂ ਜਿਨ੍ਹਾਂ ਨੂੰ ਆਪਣੇ ਧਾਰਮਿਕ ਸੱਜਣ ਬਣਾਇਆ ਹੋਇਆ ਹੈ ਉਨ੍ਹਾਂ ਨੂੰ ਗੁਰੂ ਵਰਗੇ ਸਿਆਣੇ ਸਮਝਕੇ ਹੀ ਬਣਾਇਆ ਹੋਇਆ ਹੈ ਕਿ ਸਾਨੂੰ ਤਾਂ ਭਗਤੀ ਦੀ ਸਮਝ ਨਹੀਂ ਹੈ ਪਰ ਇਹਨਾਂ ਨੂੰ ਪੂਰੀ ਸਮਝ ਹੈ ਕਿਉਂਕਿ ਉਹ ਸਾਨੂੰ ਆਪਣੇ ਭਗਤੀ ਦੇ ਦਿਖਾਵਿਆਂ ਦੁਆਰਾ ਉੱਚੇ ਲਗਦੇ ਹਨ ਤੇ ਸਾਡੇ ਮਨ ਵਿੱਚ ਵੀ ਇਹ ਚਾਉ ਉਪਜਦਾ ਹੈ ਕਿ ਇਹਨਾਂ ਦੇ ਪਿੱਛੇ ਲਗ ਕੇ ਅਸੀਂ ਪ੍ਰਮਾਤਮਾ ਦੇ ਨੇੜੇ ਲਗ ਜਾਵਾਂਗੇ ਜਿਵੇਂ ਕਿ ਇਹ ਲੱਗੇ ਹੋਏ ਹਨ ਪਰ ਇਹੋ ਜਿਹਿਆਂ ਦੇ ਪਿੱਛੇ ਲਗਣ ਵਾਲੇ ਡੁਬਦੇ ਹੀ ਹਨ ਭਾਵ ਆਪਣਾ ਜੀਵਨ ਵਿਅਰਥ ਹੀ ਗੁਆਉਂਦੇ ਹਨ ਭਾਵ ਜਿਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੇ ਨੇੜੇ ਮੰਨਿਆ ਹੋਇਆ ਹੈ ਅਸਲ ਵਿੱਚ ਉਹ ਪ੍ਰਮਾਤਮਾ ਦੇ ਨੇੜੇ ਨਹੀਂ ਹਨ, ਪ੍ਰਮਾਤਮਾ ਦੀ ਸੱਚੀ ਭਗਤੀ ਵਾਲੇ ਨਹੀਂ ਹਨ, ਪ੍ਰਮਾਤਮਾ ਨੂੰ ਜਾਨਣ ਵਾਲੇ ਨਹੀਂ ਹਨ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਨਣ ਵਾਲੇ ਨਹੀਂ ਹਨ, ਉਸ ਦੇ ਨਿਰਗੁਣ ਰੂਪ ਨੂੰ ਜਾਨਣ ਵਾਲੇ ਨਹੀਂ ਹਨ ਪਰ ਮਨ ਦੇ ਭਰਮ ਕਾਰਣ ਸਾਨੂੰ ਉਹ ਲਗਦੇ ਭਗਤੀ ਦੀ ਸੋਝੀ ਵਾਲੇ ਹੀ ਹਨ ਜਿਸ ਕਰਕੇ ਅਸੀਂ ਉਨ੍ਹਾਂ ਦੇ ਪਿੱਛੇ ਲਗ ਜਾਂਦੇ ਹਾਂ। (**ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥122॥**)

ਇਹੋ ਜਿਹਿਆਂ ਨੂੰ ਹੰਸ ਸਮਝਣਾ ਸਾਡੇ ਮਨ ਦਾ ਭਰਮ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ ਤੇ ਇਹੋ ਜਿਹਿਆਂ ਦੀ ਅਸਲੀਅਤ ਵੀ ਸਮਝਾਈ ਹੋਈ ਹੈ।

"ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥"

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਡੇ ਸਾਰਿਆਂ ਦੇ ਮਨ ਦੀ ਅਵਸਥਾ ਹੀ ਸਮਝਾ ਰਹੇ ਹਨ ਜਿਸ ਕਰਕੇ ਅਸੀਂ ਉਨ੍ਹਾਂ ਦੇ ਪਿੱਛੇ

ਲਗ ਜਾਂਦੇ ਹਾਂ ਜਿਨ੍ਹਾਂ ਦੀ ਆਪਣੀ ਅਵਸਥਾ ਸਾਡੇ ਵਰਗੀ ਹੀ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਰਖਿਆ ਹੋਇਆ ਹੈ, ਮਾਇਆ ਦੀ ਜੁਗਤਿ ਵਿੱਚ, ਪੁੱਠੇ ਕਮਲ ਵਾਲੀ ਅਵਸਥਾ ਵਿੱਚ ਭਾਵ ਭਰਮ ਵਾਲੀ ਅਵਸਥਾ ਵਿੱਚ ਹੀ ਰਖਿਆ ਹੋਇਆ ਹੈ ਜਿਸ ਦੇ ਰਹਿੰਦਿਆਂ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਹੀ ਨਹੀਂ ਪੈਂਦੀ। ਸਾਡੇ ਮਨ ਦੀ ਇਹ ਅਵਸਥਾ ਹਉਮੈ ਰੂਪ ਅਵਸਥਾ ਹੈ, ਬਗ ਵਾਲੀ ਅਵਸਥਾ ਹੈ ਭਾਵ ਮਾਇਆ ਮੋਹ ਵਾਲੀ ਅਵਸਥਾ ਹੈ ਜਿਵੇਂ ਕਿ ਬਗਲਾ ਮਾਇਆ ਮੋਹ ਵਿੱਚ ਰਹਿੰਦਾ ਹੈ। "ਵਡਹੰਸ" ਵਾਲੀ ਅਵਸਥਾ ਗੁਰੂ ਵਾਲੀ ਅਵਸਥਾ ਹੈ ਜਿਸ ਅਵਸਥਾ ਵਿੱਚ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ। ਅਸੀਂ ਭਗਤੀ ਦੇ ਦਿਖਾਵਿਆਂ ਨੂੰ ਹੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਦਾ ਭਰਮ ਹੈ। ਜੋ ਭਗਤੀ ਦੇ ਬਹੁਤੇ ਦਿਖਾਵੇ ਕਰਦਾ ਹੈ, ਲੰਬੇ ਸਮੇਂ ਤੱਕ ਸਰੀਰਕ ਜਪ ਤਪ ਆਦਿ ਕਰਦਾ ਹੈ ਅਸੀਂ ਉਸ ਨੂੰ "ਹੰਸੁ" ਰੂਪ ਸਮਝ ਬੈਠਦੇ ਹਾਂ ਕਿ ਉਹ ਭਗਤੀ ਦੇ ਮਾਰਗ ਤੇ ਪੂਰਾ ਹੈ ਤੇ ਅਸੀਂ ਉਸ ਦੇ ਪਿੱਛੇ ਲਗ ਜਾਂਦੇ ਹਾਂ, ਜਿਸ ਨੂੰ ਪ੍ਰਮਾਤਮਾ ਆਪਣੀ ਸੱਚੀ ਭਗਤੀ ਦੀ ਸੋਝੀ ਪਾ ਦਿੰਦਾ ਹੈ ਉਸ ਨੂੰ ਹੀ ਇਸ ਗੱਲ ਦੀ ਸਮਝ ਲਗਦੀ ਹੈ ਕਿ ਜਿਸ ਨੂੰ ਲੋਕ ਹੰਸੁ ਸਮਝ ਲੈਂਦੇ ਹਨ ਅਸਲ ਵਿੱਚ ਉਹ ਬਗਲਾ ਹੀ ਹੁੰਦਾ ਹੈ ਭਾਵ ਮਾਇਆ ਮੋਹ ਦੀ ਜੁਗਤਿ ਵਿੱਚ ਹੀ ਹੁੰਦਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਹੀ ਹੁੰਦਾ ਹੈ ਜਿਸ ਦੇ ਪਿਛੇ ਲਗ ਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਜਿਸ ਨੂੰ ਇਸ ਗੱਲ ਦੀ ਸਮਝ ਲਗ ਜਾਵੇ ਉਹ ਤਾਂ ਫਿਰ ਪੂਰਾ ਜਨਮ ਇਹੋ ਜਿਹਿਆਂ ਦੀ ਮਤਿ ਦੇ ਪਿੱਛੇ ਨਾ ਲੱਗੇ। ਸਾਨੂੰ ਇਹੀ ਗੱਲ ਸਮਝਾਈ ਹੈ ਕਿ ਜਿਨ੍ਹਾਂ ਨੂੰ ਭਰਮ ਵਿੱਚ ਅਸੀਂ ਉੱਚਾ ਸਮਝਕੇ ਭਾਵ ਧਰਮ ਦੇ ਮਾਰਗ ਤੇ ਉੱਚਾ ਸਮਝ ਕੇ ਉਹਨਾਂ ਦੇ ਪਿੱਛੇ ਲੱਗੇ ਹੋਏ ਹਾਂ ਉਨ੍ਹਾਂ ਦੇ ਪਿੱਛੇ ਨਾ ਲਗੀਏ ਭਾਵ ਉਹਨਾਂ ਦੀ ਮਤਿ ਨੂੰ ਨਾ ਮੰਨੀਏ ਭਾਵ ਕੇਵਲ ਗੁਰੂ ਦੀ ਮਤਿ ਨੂੰ ਮੰਨੀਏ, ਕੇਵਲ ਨਾਮ ਦੀ ਮਤਿ ਨੂੰ ਮੰਨੀਏ ਤਾਂ ਜੋ ਸਾਡਾ ਇਹ ਜਨਮ ਵਿਅਰਥ ਨਾ ਜਾਵੇ। (**ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥123॥**)

ਪ੍ਰਮਾਤਮਾ ਸਭ ਦੇ ਵਿੱਚ ਇਕੋ ਜਿਹਾ ਹੀ ਹੈ, ਉਹ ਸੱਚਾ ਸੱਜਣ ਸਾਡੇ ਸਭ ਦੇ ਅੰਦਰ ਹੀ ਹੈ ਤੇ ਸਾਨੂੰ ਉਹ ਕਿਹੋ ਜਿਹੀ ਮਤਿ ਦੇ ਨਾਲ ਜੋੜਦਾ ਹੈ ਇਹ ਉਸ ਦੀ ਆਪਣੀ ਰਜ਼ਾ ਹੈ। ਪ੍ਰਮਾਤਮਾ ਕਿਸੇ ਦੇ ਜੀਵਨ ਨੂੰ ਵੀ ਸਵਾਰ ਸਕਦਾ ਹੈ। ਪੂਰੇ ਜੀਵਨ ਵਿੱਚ ਪ੍ਰਮਾਤਮਾ ਨੂੰ ਕਦੇ ਵੀ ਪਾਇਆ ਜਾ ਸਕਦਾ ਹੈ। ਉਹ ਸਾਡੀ ਬਗੁਲੇ ਵਾਲੀ ਬਿਰਤੀ

ਨੂੰ, ਕਉਏ ਵਾਲੀ ਮਾੜੀ ਬਿਰਤੀ ਨੂੰ ਕਦੇ ਵੀ ਚੰਗੀ ਬਣਾ ਸਕਦਾ ਹੈ। ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਇਸੇ ਲਈ ਕੀਤੀ ਹੈ ਜੋ ਸਾਨੂੰ ਹੰਸ ਵਾਲੀ ਬਿਰਤੀ ਦੇ ਨਾਲ ਜੋੜਦੀ ਹੈ ਜਿਸ ਦੇ ਨਾਲ ਜੁੜ ਕੇ ਅਸੀਂ ਆਪਣੇ ਜੀਵਨ ਨੂੰ ਸਵਾਰ ਸਕਦੇ ਹਾਂ ਕਿਉਂਕਿ ਇਸ ਦਾ ਉਦਮ ਪ੍ਰਮਾਤਮਾ ਨੇ ਸਾਡੇ ਸਿਰ ਹੀ ਲਾਇਆ ਹੋਇਆ ਹੈ ਕਿ ਅਸੀਂ ਕੇਵਲ ਗੁਰੂ ਦੀ ਮਤਿ ਨਾਲ ਜੁੜੀਏ, ਆਪਣੇ ਨਾਲ ਮੇਲ ਦੀ ਕਿਰਪਾ ਉਹ ਆਪ ਹੀ ਕਰਦਾ ਹੈ। (**ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥ ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥2॥**)

ਸਾਡੇ ਜੀਵਨ ਦਾ ਮਨੋਰਥ ਹੰਸ ਵਾਲੀ ਬਿਰਤੀ ਵਾਲੇ ਬਣਨ ਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ। ਜਿਸ ਨੂੰ ਪ੍ਰਮਾਤਮਾ ਵੱਡਾ ਬਣਾਉਂਦਾ ਹੈ ਭਾਵ ਆਪਣੇ ਮੇਲ ਵਾਲਾ ਬਣਾਉਂਦਾ ਹੈ ਉਹੀ ਵਡਹੰਸ ਹੈ ਭਾਵ ਉਸ ਪ੍ਰਮਾਤਮਾ ਨੂੰ ਜਾਨਣ ਵਾਲਾ ਹੈ। ਵਡ ਹੰਸ ਬਣਨਾ ਤਾਂ ਬਹੁਤ ਵੱਡੀ ਗੱਲ ਹੈ ਪਰ ਆਪਣੇ ਆਪ ਨੂੰ ਵਡ ਹੰਸ ਵਰਗੇ ਸਮਝਣ ਵਾਲਿਆਂ ਦੀ ਕਮੀ ਨਹੀਂ ਹੈ, ਅਖਵਾਉਣ ਵਾਲਿਆਂ ਦੀ ਕਮੀ ਨਹੀ ਹੈ ਜੋ ਕਿ ਆਪਣੇ ਸਰੀਰਕ ਜਪਾਂ ਤਪਾਂ ਦੁਆਰਾ ਹੀ ਆਪਣੇ ਆਪ ਨੂੰ ਵਡ ਹੰਸ ਸਮਝਣ ਲਗ ਪੈਂਦੇ ਹਨ। ਵਡ ਹੰਸ ਬਣਨਾ ਕੀ ਹੈ ਇਸ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸਲੋਕਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੩ ॥

“ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥
ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥
ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥੧॥”

(ਅੰਗ ੫੮੫)

ਮਃ ੩ ॥

“ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥
ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥੨॥”

(ਅੰਗ ੫੮੫)

ਮਃ ੩ ॥

“ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੩॥”

(ਅੰਗ ੫੮੫)

ਜੋ ਗੱਲ ਅਸੀਂ ਇਸ ਤੋਂ ਪਹਿਲਾਂ ਭਗਤ ਫਰੀਦ ਜੀ ਦੇ ਸ਼ਬਦਾਂ ਦੁਆਰਾ ਸਮਝੀ ਹੈ ਉਹੀ ਗੱਲ ਸਾਨੂੰ ਤੀਜੀ ਪਾਤਸ਼ਾਹੀ ਸਮਝਾ ਰਹੇ ਹਨ ਤੇ ਨਾਲ ਇਹ ਸਮਝਾ ਰਹੇ ਹਨ ਕਿ ਵਡ ਹੰਸ ਬਣਨਾ ਕੀ ਹੈ, ਵਡ ਹੰਸ ਵਾਲੀ ਅਵਸਥਾ ਕਿਹੋ ਜਿਹੀ ਹੁੰਦੀ ਹੈ ਤਾਂ ਜੋ ਅਸੀਂ ਭਰਮ ਵਿੱਚੋਂ

33/3922

ਨਿਕਲ ਸਕੀਏ ਤੇ ਸਮਝ ਸਕੀਏ ਕਿ ਜੋ ਆਪਣੇ ਆਪ ਨੂੰ ਵਡਹੰਸ ਬਣਾਈ ਬੈਠੇ ਹਨ ਉਨ੍ਹਾਂ ਦੀ ਅਸਲ ਵਿੱਚ ਪਹਿਚਾਣ ਕੀ ਹੈ ਤਾਂ ਜੋ ਅਸੀਂ ਕੇਵਲ ਗੁਰੂ ਦੀ ਮਤਿ ਦੇ ਪਿੱਛੇ ਲੱਗੀਏ ਜੋ ਆਪ ਹੀ ਵਡ ਹੰਸ ਹੈ। ਵਡ ਹੰਸ ਵਾਲੀ ਅਵਸਥਾ ਉਸ ਦੀ ਹੈ ਜਿਸ ਦੇ ਹਿਰਦੇ ਵਿੱਚ, ਮਨ ਦੇ ਵਿੱਚ "ਸਚੁ ਨਾਮੁ" ਵਸਿਆ ਹੋਇਆ ਹੈ ਭਾਵ ਪ੍ਰਮਾਤਮਾ ਆਪ ਵਸਿਆ ਹੋਇਆ ਹੈ ਭਾਵ ਜਿਥੇ ਪ੍ਰਮਾਤਮਾ ਆਪ ਪ੍ਰਗਟ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਮਨੁੱਖ ਸ਼ਬਦ ਦੇ ਨਾਲ ਹੀ ਰਤਿਆ ਰਹਿੰਦਾ ਹੈ ਭਾਵ ਸ਼ਬਦ ਦੀ ਮਤਿ ਦੇ ਨਾਲ, ਸ਼ਬਦ ਦੇ ਵਿਚਾਰਾਂ ਦੇ ਨਾਲ ਹੀ ਰਤਿਆ ਰਹਿੰਦਾ ਹੈ ਜੋ ਵਿਚਾਰ ਮਨ ਦੇ ਵਿੱਚ ਸ਼ਬਦ ਰੂਪ ਗੁਰੂ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਨ੍ਹਾਂ ਰਾਹੀਂ ਪ੍ਰਮਾਤਮਾ ਆਪਣਾ "ਸਚੁ ਨਾਮ" ਹੀ ਸਮਝਾਉਂਦਾ ਹੈ ਤੇ ਇਹੋ ਜਿਹਾ ਮਨੁੱਖ ਫਿਰ ਆਪਣੇ ਅੰਦਰ ਸੱਚ ਨੂੰ ਹੀ ਇਕੱਠਾ ਕਰਦਾ ਹੈ ਤੇ ਸੱਚ ਅਨੁਸਾਰ ਹੀ ਵਿਚਰਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੇ

ਨਾਲ ਪਿਆਰ ਜੁੜਿਆ ਰਹਿੰਦਾ ਹੈ। ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਦੇ ਨਾਲ ਪਿਆਰ ਜੁੜਨਾ ਹੀ ਉਸ ਦੇ ਨਾਲ ਪਿਆਰ ਜੁੜਨਾ ਹੈ ਜੋ ਪਿਆਰ ਉਹ ਆਪ ਹੀ ਸਿਖਾਉਂਦਾ ਹੈ, ਆਪਣੀ ਸੱਚੀ ਸਿਖਿਆ ਦੁਆਰਾ ਸਿਖਾਉਂਦਾ ਹੈ। ਇਹੋ ਜਿਹੀ ਮਨ ਦੀ ਅਵਸਥਾ ਉਨ੍ਹਾਂ ਦੀ ਬਣੀ ਹੈ ਜਿਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਇਹੋ ਜਿਹੀ ਮਨ ਦੀ ਅਵਸਥਾ ਨਿਰਮਲ ਅਵਸਥਾ ਹੈ ਜਿਸ ਨੂੰ ਫਿਰ ਕਦੇ ਮੈਲ ਨਹੀਂ ਲਗ ਸਕਦੀ ਭਾਵ ਹਉਮੈ ਰੂਪ, ਅਗਿਆਨਤਾ ਰੂਪ ਮੈਲ ਨਹੀਂ ਲਗ ਸਕਦੀ ਕਿਉਂਕਿ ਨਾਮ ਵੱਸਣ ਦੁਆਰਾ ਹਉਮੈ ਦੀ ਮੈਲ ਸਦਾ ਲਈ ਦੂਰ ਹੋ ਜਾਂਦੀ ਹੈ ਜਿਸ ਮੈਲ ਤੋਂ ਰਹਿਤ ਪ੍ਰਮਾਤਮਾ ਕਿਸੇ ਨੂੰ ਆਪ ਹੀ ਆਪਣੀ ਕਿਰਪਾ ਦੁਆਰਾ ਕਰਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਪ੍ਰਮਾਤਮਾ ਨੂੰ ਅੱਠੇ ਪਹਿਰ ਜਪਿਆ ਜਾ ਸਕਦਾ ਹੈ ਭਾਵ ਹਰ ਵੇਲੇ ਉਸ ਦੇ ਹੁਕਮ ਵਿੱਚ, ਉਸ ਦੇ ਭਾਣੇ ਵਿੱਚ ਚਲਿਆ ਜਾ ਸਕਦਾ ਹੈ। ਇਹੋ ਜਿਹੀ ਅਵਸਥਾ ਵਾਲਿਆਂ ਤੋਂ ਬਲਿਹਾਰੇ ਜਾਣ ਲਈ ਹੀ ਸਾਨੂੰ ਸਮਝਾਇਆ ਹੈ ਭਾਵ ਇਹੋ ਜਿਹਿਆਂ ਦੀ ਮਤਿ ਦੇ ਪਿੱਛੇ ਲਗਣਾ ਸਾਡੇ ਲਈ ਚੰਗਾ ਹੈ, ਇਹੋ ਜਿਹਿਆਂ ਦੀ ਮਤਿ ਦੇ ਨਾਲ ਪਿਆਰ ਕਰਨਾ ਉਹਨਾਂ ਤੋਂ ਬਲਿਹਾਰੇ ਜਾਣਾ ਹੈ। ਅਸੀਂ ਉਨ੍ਹਾਂ ਦੀ ਮਤਿ ਤੋਂ ਬਲਿਹਾਰੇ ਜਾਂਦੇ ਹਾਂ ਜਿਨ੍ਹਾਂ ਨੂੰ ਭਰਮ ਵਿੱਚ ਹੀ ਅਸੀਂ ਵਡ ਹੰਸ ਸਮਝ ਬੈਠਦੇ ਹਾਂ। (**ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥ ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥ ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥ ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥1॥**)

33/3923

ਅਗਲੇ ਦੋਨਾਂ ਸਲੋਕਾਂ ਦੁਆਰਾ ਸਾਨੂੰ ਇਸ ਭਰਮ ਵਿੱਚੋਂ ਹੀ ਕੱਢਿਆ ਹੋਇਆ ਹੈ ਕਿ ਸਾਨੂੰ ਉਹੋ ਜਿਹਿਆਂ ਦੇ ਪਿੱਛੇ ਨਹੀਂ ਲਗਣਾ ਚਾਹੀਦਾ ਜਿਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਗੁਰੂ ਵਰਗੇ ਸਿਆਣੇ ਸਮਝ ਕੇ ਉਨ੍ਹਾਂ ਦੇ ਪਿੱਛੇ ਲਗ ਜਾਂਦੇ ਹਾਂ। ਇਹੋ ਜਿਹਿਆਂ ਦੇ ਪਿੱਛੇ ਲਗ ਕੇ ਸਾਡਾ ਡੁਬਣਾ ਤੈਅ ਹੈ ਭਾਵ ਸਾਡੇ ਜੀਵਨ ਦ ਵਿਅਰਥ ਜਾਣਾ ਤੈਅ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਹੈ। (**ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥ ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥2॥**)

“ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੩॥”

ਹੰਸ ਸਰੋਵਰ ਵਿੱਚ ਰਹਿੰਦਾ ਹੈ ਭਾਵ ਉਸ ਪਵਿੱਤਰ ਜਲ ਵਿੱਚ ਰਹਿੰਦਾ ਹੈ ਜਿਸ ਜਲ ਨੂੰ ਪ੍ਰਮਾਤਮਾ ਆਪ ਹੀ ਪਵਿੱਤਰ ਬਣਾਉਂਦਾ ਹੈ ਜੋ ਸਰੋਵਰ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਸਹਜ ਦੀ ਅਵਸਥਾ ਦੇ ਰੂਪ ਵਿੱਚ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਨਾਮ ਦਾ ਸਰੋਵਰ ਹੈ। ਪ੍ਰਮਾਤਮਾ ਦੇ ਇਸ ਸਰੋਵਰ ਦੀ ਛੋਹ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ, ਉਸ ਦੇ ਮੇਲ ਦੁਆਰਾ ਪ੍ਰਾਪਤ ਹੁੰਦੀ ਹੈ ਜਿਸ ਦੁਆਰਾ ਪੂਰਨ ਰੂਪ ਵਿੱਚ ਸੱਚ ਦੀ ਸਮਝ ਪੈਂਦੀ ਹੈ ਤੇ ਹੋਰਨਾਂ ਨੂੰ ਸੱਚ ਸਮਝਾਉਣ ਦੀ ਸਮਰਥਾ ਮਿਲਦੀ ਹੈ। ਇਸ ਅਵਸਥਾ ਦੀ ਪ੍ਰਾਪਤੀ ਤੋਂ ਬਿਨਾਂ ਜੋ ਦੂਸਰਿਆਂ ਨੂੰ ਆਪਣੇ ਵਲੋਂ ਸੱਚ ਸਮਝਾਉਂਦੇ ਹਨ, ਨਾਮ ਨਾਲ ਜੋੜਨਾ ਸਮਝਾਉਂਦੇ ਹਨ, ਧਰਮ ਦਾ ਮਾਰਗ ਸਮਝਾਉਂਦੇ ਹਨ ਉਹ ਅਸਲ ਵਿੱਚ ਉਨ੍ਹਾਂ ਨੂੰ ਮਾਇਆ ਮੋਹ ਦੇ ਜਾਲ ਵਿੱਚ ਹੀ ਫਸਾਉਂਦੇ ਹਨ। ਇਹੀ ਗੱਲ ਸਾਨੂੰ ਸ਼ੇਖ ਫਰੀਦ ਜੀ ਨੇ ਅਗਲੇ ਸ਼ਬਦ ਦੁਆਰਾ ਸਮਝਾਈ ਹੋਈ ਹੈ।

“ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥ ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦੇ ਸਰੋਵਰ ਵਿੱਚ ਰਹਿਣ ਵਾਲਾ ਪੰਛੀ ਭਾਵ ਮਨ ਗੁਰੂ ਦਾ ਹੈ ਜੋ ਉਸ ਦੇ ਪਵਿੱਤਰ ਜਲ ਦੇ ਵਿੱਚ ਰਹਿੰਦਾ ਹੈ, ਬ੍ਰਹਮ ਗਿਆਨ ਰੂਪ ਜਲ ਦੇ ਵਿੱਚ ਰਹਿੰਦਾ ਹੈ ਜੋ ਕਿ ਇਕੱਲਾ ਹੀ ਹੈ ਜਿਸ ਨੂੰ ਸੱਚ ਦੀ ਸਮਝ ਹੈ, ਨਾਮ ਦੀ ਸਮਝ ਹੈ, ਸੱਚੀ ਸਿੱਖਿਆ ਦੀ ਸਮਝ ਹੈ, ਗੁਰਮਤਿ ਦੀ ਸਮਝ ਹੈ। ਆਪਣੇ ਆਪ ਨੂੰ ਉੱਚੀ ਸਮਝ ਅਖਵਾਉਣ

33/3924

ਵਾਲਿਆਂ ਦੀ ਕਮੀ ਨਹੀਂ ਹੈ, ਪੰਜਾਹ ਹਨ ਭਾਵ ਅਨੇਕਾਂ ਹੀ ਹਨ। ਇਹੋ ਜਿਹੀ ਸਮਝ ਵਾਲੇ ਸਾਰੇ ਫਾਹੀਵਾਲ ਹੀ ਹਨ ਭਾਵ ਸਾਨੂੰ ਫਸਾਉਣ ਵਾਲੇ ਹੀ ਹਨ ਭਾਵ ਆਪਣੀ ਮਤਿ ਨਾਲ ਜੋੜਨ ਵਾਲੇ ਹੀ ਹਨ। ਇਹਨਾਂ ਦਾ ਅਸਰ ਇਸੇ ਲਈ ਬਹੁਤ ਜ਼ਿਆਦਾ ਹੈ ਕਿਉਂਕਿ ਇਹੋ ਜਿਹਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਭਾਵ ਭਰਮ ਪਾਉਣ ਵਾਲੇ ਅਨੇਕਾਂ ਹੀ ਹਨ ਤੇ ਭਰਮ

ਵਿੱਚੋਂ ਕੱਢਣ ਵਾਲਾ ਗੁਰੂ ਇਕੱਲਾ ਹੀ ਹੈ। ਇਹ ਸਾਰੇ ਰਲ ਕੇ ਗੁਰੂ ਦੀ ਮਤਿ ਦੀ ਪੇਸ਼ ਨਹੀਂ ਜਾਣ ਦਿੰਦੇ ਤੇ ਇਸੇ ਲਈ ਹਰ ਕੋਈ ਇਹਨਾਂ ਦੀਆਂ ਗੱਲਾਂ ਵਿੱਚ ਫਸ ਜਾਂਦਾ ਹੈ ਭਾਵ ਸਭ ਪਾਸੇ ਅਗਿਆਨਤਾ ਦਾ ਹੀ ਪਸਾਰਾ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਦੀਆਂ ਲਹਿਰਾਂ ਵਿੱਚ ਹੀ ਰਖਿਆ ਹੋਇਆ ਹੈ ਤੇ ਅਸੀਂ ਮਾਇਆ ਮੋਹ ਦੇ ਜਾਲ ਵਿੱਚ ਫਸ ਜਾਂਦੇ ਹਾਂ। ਸਾਨੂੰ ਆਪਣੀ ਮਤਿ ਨਾਲ ਜੋੜਨ ਵਾਲੇ ਮਾਇਆ ਮੋਹ ਨਾਲ ਹੀ ਜੋੜਦੇ ਹਨ। ਸਾਨੂੰ ਕੇਵਲ ਕਥਨੀ ਦੇ ਨਾਲ ਜੋੜਨਾ, ਸਰੀਰਕ ਜਪਾਂ ਤਪਾਂ ਆਦਿ ਦੇ ਨਾਲ ਜੋੜਨਾ ਤੇ ਹੋਰ ਵੀ ਅਨੇਕਾਂ ਉਹੋ ਜਿਹੇ ਭਗਤੀ ਵਾਲੇ ਤਰੀਕਿਆਂ ਨਾਲ ਜੋੜਨਾ ਜੋ ਗੁਰਮਤਿ ਅਨੁਸਾਰ ਨਹੀਂ ਹਨ ਉਹ ਸਭ ਮਾਇਆ ਮੋਹ ਹੀ ਹੈ। ਜਿਸ ਗੱਲ ਵਿੱਚ ਸੱਚ ਨਹੀਂ ਹੈ ਉਹ ਮਾਇਆ ਮੋਹ ਹੈ, ਭਰਮ ਹੈ, ਹਉਮੈ ਹੈ। ਮਨੁੱਖ ਦੇ ਆਪਣੇ ਵੱਸ ਨਹੀਂ ਕਿ ਉਹ ਆਪਣੇ ਆਪ ਮਾਇਆ ਮੋਹ ਵਿੱਚੋਂ ਨਿਕਲ ਜਾਵੇ। ਇਹ ਕੇਵਲ ਉਸ ਪਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਮਾਇਆ ਮੋਹ ਤੋਂ ਕੱਢ ਲਵੇ, ਫਾਹੀਵਾਲਾਂ ਕੋਲੋਂ ਬਚਾ ਲਵੇ ਭਾਵ ਗੁਰਮਤਿ ਦੇ ਲੜ ਲਾ ਦੇਵੇ ਤੇ ਮਨੁੱਖ ਨੂੰ ਭਰਮ ਵਿੱਚੋਂ ਕੱਢ ਲਵੇ। ਬਾਰ-ਬਾਰ ਗੁਰਬਾਣੀ ਸਾਨੂੰ ਇਹੀ ਗੱਲ ਸਮਝਾ ਰਹੀ ਹੈ ਕਿ ਕੇਵਲ ਗੁਰੂ ਦੀ ਮਤਿ ਨਾਲ ਜੁੜੋ ਜੋ ਕਿ ਸਾਡਾ ਸੱਚਾ ਉਦਮ ਹੈ ਤੇ ਇਹੀ ਸਾਡਾ ਪ੍ਰਮਾਤਮਾ ਦੇ ਉੱਤੇ ਸੱਚੀ ਆਸ ਰੱਖਣਾ ਹੈ। ਪ੍ਰਮਾਤਮਾ ਗੁਰਮਤਿ ਦੇ ਰੂਪ ਵਿੱਚ ਹੀ ਹੈ ਤੇ ਗੁਰਮਤਿ ਤੇ ਆਸ ਰੱਖਣਾ ਪ੍ਰਮਾਤਮਾ ਤੇ ਆਸ ਰਖਣਾ ਹੈ। (**ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥ ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥125॥**)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੯)

ਇਹੋ ਜਿਹੇ ਫਾਹੀਵਾਲ ਜਗ੍ਹਾ ਜਗ੍ਹਾ ਬੈਠੈ ਹਨ, ਸਮਾਜ

33/3925

ਵਿੱਚ ਮੌਜੂਦ ਹਨ ਜੋ ਸਾਨੂੰ ਆਪਣੀ ਮਤਿ ਵਾਲੀ ਸਿੱਖਿਆ ਦੇ ਨਾਲ ਜੋੜਦੇ ਹਨ। ਕਿਸੇ ਅੱਖਰ ਦਾ ਜਪ ਕਰਨਾ ਜਿਸ ਨੂੰ ਹਰ ਕਿਸੇ ਨੇ ਨਾਮ ਜਪਣ ਦੇ ਨਾਲ ਜੋੜਿਆ ਹੋਇਆ ਹੈ ਉਹੋ ਕੁਝ ਅਸੀਂ ਇਹੋ ਜਿਹੇ ਫਾਹੀਵਾਲਾਂ ਕੋਲੋਂ ਹੀ ਸਿਖਿਆ ਹੈ ਤੇ ਅਸੀਂ ਇਹਨਾਂ ਦੀ ਮਤਿ ਦੇ ਜਾਲ ਵਿੱਚ ਫਸੇ ਹੋਏ ਹਾਂ ਭਾਵ ਇਹਨਾਂ ਨੇ ਸਾਰਿਆਂ ਦੇ ਉੱਤੇ ਮਨਮਤਿ ਦਾ ਜਾਲ ਵਿਛਾ ਕੇ ਆਪਣੀ ਆਪਣੀ ਮਤਿ ਦੇ ਵੱਸ ਵਿੱਚ ਕੀਤਾ ਹੋਇਆ ਹੈ। ਇਹ ਸਾਨੂੰ ਕਿਸੇ ਅੱਖਰ ਦੇ ਜਪਣ ਨੂੰ ਹੀ ਸਾਡਾ ਗੁਣ ਸਮਝਾਉਂਦੇ ਹਨ ਜਿਸ ਨੂੰ ਇਹ ਗੁਰੂ ਦਾ ਉੱਤਮ ਮੰਤ੍ਰ ਸਮਝਦੇ ਹਨ। ਮੰਤ੍ਰ ਦਾ ਜਾਪ ਕਰਨਾ ਕੀ ਹੈ, ਅੱਖਰ ਜਪਣਾ ਕੀ ਹੈ, ਗੁਣ ਕੀ ਹੈ ਇਸੇ ਗੱਲ ਨੂੰ ਹੀ ਭਗਤ ਫਰੀਦ ਜੀ ਨੇ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਭਾਵ ਉਹੀ ਤਰੀਕਾ ਸਮਝਾਇਆ ਹੋਇਆ ਹੈ ਜੋ ਗੁਰਬਾਣੀ ਸਾਨੂੰ ਬਾਰ-ਬਾਰ ਅੱਖਰ ਜਪਣਾ ਸਮਝਾ ਰਹੀ ਹੈ।

“ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥”

ਉਪਰ ਪਹਿਲੀਆਂ ਪੰਗਤੀਆਂ ਰਾਹੀਂ ਸਾਡਾ ਗੁਰੂ ਅੱਗੇ ਸਵਾਲ ਸਮਝਾਇਆ ਹੋਇਆ ਹੈ ਤੇ ਅਗਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਉਹਨਾਂ ਗੱਲਾਂ ਦਾ ਜਵਾਬ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਉਹੋ ਜਿਹਾ ਜਪ ਕਰੀਏ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸਵਾਲ ਤੇ ਜਵਾਬ ਸਾਰੇ ਸੰਸਾਰ ਲਈ ਇਕੋ ਜਿਹੇ ਹੀ ਹਨ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੈ। ਆਪਣੀ ਆਪਣੀ ਆਸਥਾ ਅਨੁਸਾਰ ਹਰ ਕੋਈ ਕਿਸੇ ਅੱਖਰ ਦੇ ਜਪ ਨਾਲ ਜੁੜਿਆ ਹੋਇਆ ਹੈ ਜਿਸ ਰਾਹੀਂ ਉਹ ਕਿਸੇ ਮੰਤ੍ਰ ਦਾ ਜਾਪ ਕਰਨਾ ਸਮਝਦੇ ਹਨ ਤੇ ਆਪਣਾ ਗੁਣ ਸਮਝਦੇ ਹਨ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਹੋਏ ਹਾਂ। ਉਪਰ ਸਾਡੀਆਂ ਸਾਰੀਆਂ ਗੱਲਾਂ ਦਾ ਜਵਾਬ ਬੜੇ ਹੀ ਸਪਸ਼ਟ ਤਰੀਕੇ ਨਾਲ ਦਿੱਤਾ ਹੋਇਆ ਹੈ ਜਿਸ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ, ਉਹ ਭਰਮੇ ਹੋਏ ਫਾਹੀਵਾਲ ਵੀ ਸਮਝ ਸਕਦੇ ਹਨ ਜੋ ਕਿ ਅਸਲ ਵਿੱਚ ਆਪਹੀ

ਕਿਸੇ ਦੀ ਫਾਹੀ ਵਿੱਚ ਫਸੇ ਹੋਏ ਹਨ ਜਿਨ੍ਹਾਂ ਕੋਲੋਂ ਉਹਨਾਂ ਨੇ ਇਹ ਕੁਝ ਸਮਝਿਆ ਹੈ ਤੇ ਦੂਸਰਿਆਂ ਨੂੰ ਭਰਮ ਦੇ ਫੰਧੇ ਵਿੱਚ ਪਾਈ ਜਾਂਦੇ

33/3926

ਹਨ। "ਅੱਖਰੁ" ਦਾ ਜਪ ਕਰਨਾ ਸਾਨੂੰ ਇਹ ਸਮਝਾਇਆ ਹੈ ਕਿ ਅਸੀਂ ਗੁਰੂ ਦੀ ਮਤਿ ਅੱਗੇ ਨਿਵੀਏ ਭਾਵ ਆਪਣੀ ਮਤਿ ਛਡੀਏ ਭਾਵ ਨਾਮ ਦੀ ਮਤਿ ਨੂੰ ਉੱਚਾ ਕਰਕੇ ਮੰਨੀਏ ਤੇ ਆਪਣੀ ਹਉਮੈ ਰੂਪ ਮਤਿ ਨੂੰ ਨੀਵਾਂ ਕਰੀਏ ਭਾਵ ਗੁਰਮਤਿ ਦੇ ਅੱਗੇ ਝੁਕੀਏ, ਗੁਰਮਤਿ ਨੂੰ ਮੰਨੀਏ, ਜੋ ਗੁਰਮਤਿ ਦਾ ਮਕਸਦ ਹੈ ਉਸ ਨੂੰ ਪੂਰਾ ਕਰੀਏ। ਗੁਰਮਤਿ ਨੂੰ ਮੰਨਣਾ ਔਖਾ ਹੈ, ਮਾਇਆ ਮੋਹ ਛਡਣਾ ਔਖਾ ਹੈ, ਵਿਕਾਰਾਂ ਨੂੰ ਛਡਣਾ ਔਖਾ ਹੈ ਪਰ ਇਹ ਔਖਾਪਨ ਸਹਾਰੇ ਬਿਨਾਂ ਅਸੀਂ ਗੁਣੀ ਨਹੀਂ ਬਣ ਸਕਦੇ। "ਖਵਣੁ" ਤੋਂ ਭਾਵ ਹੈ ਔਖੇਪਨ ਨੂੰ ਸਹਾਰਨਾ, ਸ਼ਬਦ ਦੀ ਮਤਿ ਤੇ ਪੂਰਾ ਉਤਰਨਾ ਜਿਸ ਤੇ ਪੂਰਾ ਉਤਰ ਕੇ ਹੀ ਅਸੀਂ ਗੁਣੀ ਬਣਦੇ ਹਾਂ। "ਜਿਹਬਾ" ਤੋਂ ਭਾਵ ਇਹ ਹੈ ਜੋ ਜੀਭ ਮਿੱਠੇ ਬੋਲ ਬੋਲਦੀ ਹੈ। ਜੋ ਸਾਡੇ ਸੱਚੇ ਬੋਲ ਹਨ ਉਹ ਸਾਡੇ ਮਿੱਠੇ ਬੋਲ ਹਨ ਤੇ ਜੋ ਸਾਡੇ ਕਉੜੇ ਬੋਲ ਹਨ ਉਹ ਸਾਡੇ ਫਿੱਕੇ ਬੋਲ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਡਾ ਜੋ ਵੀ ਬੋਲ ਗੁਰਮਤਿ ਅਨੁਸਾਰ ਹੈ ਉਹ ਸਾਡਾ ਮਿੱਠਾ ਬੋਲ ਹੈ ਤੇ ਸਾਡਾ ਜੋ ਬੋਲ ਮਨਮਤਿ ਅਨੁਸਾਰ ਹੈ ਉਹ ਸਾਡਾ ਫਿੱਕਾ ਬੋਲ ਹੈ। ਜਦੋਂ ਕਿਸੇ ਮਨੁੱਖ ਦੀ ਇਹੋ ਜਿਹੀ ਅਵਸਥਾ ਬਣ ਜਾਂਦੀ ਹੈ ਉਹ ਮਨੁੱਖ ਹੀ ਉੱਚੇ ਮੰਤ੍ਰ ਦਾ ਭਾਵ ਗੁਰਮੰਤ੍ਰ ਦਾ ਜਪ ਕਰਨ ਵਾਲਾ ਹੈ। ਸਾਰੀ ਗੱਲ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਗੁਣੀਂ ਬਣਨ ਦੀ ਹੈ ਜਿਸ ਦੁਆਰਾ ਸਾਡੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਬਣਦੀ ਹੈ ਤੇ ਪ੍ਰਮਾਤਮਾ ਨੂੰ ਵੱਸ ਵਿੱਚ ਕਰਨ ਦਾ ਭਾਵ ਉਸ ਦੇ ਨਾਲ ਮੇਲ ਕਰਨ ਦਾ ਇਹੀ ਤਰੀਕਾ ਹੈ ਜੋ ਗੁਰਬਾਣੀ ਸਾਨੂੰ ਬਾਰ-ਬਾਰ ਸਮਝਾ ਰਹੀ ਹੈ। ਗੱਲ ਆਪਣੀ ਮਨਮਤਿ ਨੂੰ ਵੱਸ ਵਿੱਚ ਕਰਨ ਦੀ ਹੈ ਜਿਸ ਦੁਆਰਾ ਅਸੀਂ ਗੁਰਮਤਿ ਦੇ ਵੱਸ ਵਿੱਚ ਆ ਜਾਂਦੇ ਹਾਂ। ਆਪਣੇ ਆਪ ਨੂੰ ਗੁਰਮਤਿ ਦੇ ਵੱਸ ਕਰਨਾ ਹੀ ਪ੍ਰਮਾਤਮਾ ਨੂੰ ਆਪਣੇ ਵੱਸ ਵਿੱਚ ਕਰਨ ਦਾ ਤਰੀਕਾ ਹੈ। (**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥ ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥126॥ ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥127॥**)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ ੮੭੮)

33/3927

ਸਲੋਕੁ ਮਃ ੧ ॥

{ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥}

(ਅੰਗ ੪੭੦)

{ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥
ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥}

(ਅੰਗ ੯੫੩)

{ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ
ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥}

(ਅੰਗ ੧੪੦੩)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੯॥}

(ਅੰਗ ੩੭੭)

{ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥
ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ ੧੪੧੧)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥
ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ ੫੩)

{ਮੈ ਮੈਲੌ ਊਜਲੁ ਸਚੁ ਸੋਇ ॥ ਊਤਮੁ ਆਖਿ ਨ ਊਚਾ ਹੋਇ ॥
ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥ ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥}

(ਅੰਗ ੧੩੩੦)

{ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥}

(ਅੰਗ ੪੧੮)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥}

(ਅੰਗ ੭੯੫)

ਜਿਹੋ ਜਿਹਾ ਅੱਖਰ ਅਸੀਂ ਉਪਰ ਜਪਣਾ ਸਮਝਿਆ ਹੈ ਉਹੋ ਜਿਹੀ ਅਵਸਥਾ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਇਹੀ ਗੱਲ ਸਾਨੂੰ ਸ਼ੇਖ ਫਰੀਦ ਜੀ ਅਗਲੇ ਸ਼ਬਦ ਰਾਹੀਂ ਸਮਝਾ ਰਹੇ ਹਨ ਕਿ ਪ੍ਰਮਾਤਮਾ ਦਾ ਭਗਤ ਸਦਾਉਣ ਦਾ ਕੀ ਤਰੀਕਾ ਹੈ।

34/3928

“ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥੧੨੮॥”

(ਅੰਗ ੧੩੮੪)

ਜਿਵੇਂ ਕਿ ਅਸੀਂ ਬਾਰ-ਬਾਰ ਜਾਣਦੇ ਆ ਰਹੇ ਹਾਂ ਭਗਤੀ ਦਾ ਮਾਰਗ, ਧਰਮ ਦਾ ਮਾਰਗ, ਨਾਮ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਦੀ ਭਗਤੀ ਉਦੋਂ ਹੀ ਹੁੰਦੀ ਹੈ ਜਦੋਂ ਪ੍ਰਮਾਤਮਾ ਸਾਨੂੰ ਆਪਣੀ ਮਤਿ ਰਾਹੀਂ ਪੂਰਾ ਕਰ ਦਿੰਦਾ ਹੈ ਭਾਵ ਜਦੋਂ ਸਾਨੂੰ ਗੁਰਮਤਿ ਦੀ ਪੂਰਨ ਰੂਪ ਵਿੱਚ ਸੋਝੀ ਪੈ ਜਾਂਦੀ ਹੈ। ਜਿਨ੍ਹਾਂ ਨੂੰ ਇਹ ਸੋਝੀ ਪੈਂਦੀ ਹੈ ਉਨ੍ਹਾਂ ਨੂੰ ਫਿਰ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਮੇਰੇ ਅੰਦਰ ਸੋਝੀ ਪਾਉਣ ਵਾਲਾ ਕਉਣ ਹੈ ਭਾਵ ਮੈਨੂੰ ਸਿਆਣਪ ਦੇਣ ਵਾਲਾ ਕੌਣ ਹੈ। ਉਹ ਫਿਰ ਆਪਣੇ ਆਪ ਨੂੰ ਕਦੇ ਸਿਆਣਾ ਨਹੀਂ ਕਹਿੰਦਾ ਕਿਉਂਕਿ ਸਾਰੀ ਸਿਆਣਪ ਉਸ ਦੀ ਹੈ ਜੋ ਸਾਡੇ ਮਨ ਦੇ ਅੰਦਰ ਹੈ ਭਾਵ ਆਪ ਪ੍ਰਮਾਤਮਾ ਹੈ। **(ਮਤਿ ਹੋਦੀ ਹੋਇ ਇਆਣਾ ॥)** ਜਿਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਇਸੇ ਲਈ ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ, ਸ਼ਬਦ ਨੂੰ ਗੁਰੂ ਕਿਹਾ ਹੈ ਜੋ ਗਿਆਨ ਦਾ ਮਾਲਕ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਗਿਆਨੀ ਜਾਂ ਪੰਡਿਤ ਨਹੀਂ ਕਿਹਾ ਬਲਕਿ ਪ੍ਰਮਾਤਮਾ ਨੂੰ ਹੀ ਗਿਆਨੀ ਕਿਹਾ ਹੈ, ਪੰਡਿਤ ਕਿਹਾ ਹੈ। ਆਪਣੇ ਆਪ ਨੂੰ ਕੋਈ ਪੰਡਿਤ ਗਿਆਨੀ ਭਾਵ ਉੱਚੀ ਮਤਿ ਵਾਲਾ ਉਹੀ ਅਖਵਾ ਸਕਦਾ ਹੈ, ਸਿਆਣਾ ਉਹੀ ਅਖਵਾ ਸਕਦਾ ਹੈ ਜਿਸ ਨੇ ਉਸ ਸਿਆਣੇ ਨੂੰ, ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਨਹੀਂ ਪਹਿਚਾਣਿਆ।

ਪ੍ਰਮਾਤਮਾ ਦਾ ਭਗਤ ਤਾਣ ਵਾਲਾ ਹੁੰਦਾ ਹੈ। ਉਸ ਦਾ ਤਾਣ ਉਸ ਦਾ ਗਿਆਨ ਹੈ, ਜੋ ਉਸ ਨੂੰ ਉੱਚੇ ਰੁਤਬੇ ਵਾਲਾ ਬਣਾਉਂਦਾ ਹੈ ਪਰ ਉਸ ਦੇ ਭਗਤ ਆਪਣੇ ਆਪ ਨੂੰ ਨਿਤਾਣਾ ਕਹਿੰਦੇ ਹਨ ਕਿਉਂਕਿ ਉਹ ਜਾਣਦੇ ਹਨ ਉਨ੍ਹਾਂ ਨੂੰ ਤਾਣ ਦੇਣ ਵਾਲਾ ਮਨ ਦੇ ਵਿੱਚ ਨਿਰਗੁਣ ਰੂਪ ਆਪ ਪ੍ਰਮਾਤਮਾ ਹੀ ਹੈ। (**ਤਾਣ ਹੋਦੇ ਹੋਇ ਨਿਤਾਣਾ ॥**)

ਜਿਸ ਨੂੰ ਪ੍ਰਮਾਤਮਾ ਆਪਣਾ ਭਗਤ ਬਣਾਉਂਦਾ ਹੈ ਉਸ ਨੂੰ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਾਡੇ ਸਭ ਦੇ ਅੰਦਰ ਆਪਣੇ ਨਿਰਗੁਣ ਰੂਪ ਦੁਆਰਾ ਵਿਚਰ ਰਿਹਾ ਹੈ, ਗਿਆਨ ਰੂਪ ਦੁਆਰਾ, ਸ਼ਬਦ ਰੂਪ ਦੁਆਰਾ ਵਿਚਰ ਰਿਹਾ ਹੈ। ਜਦ ਤਕ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੋਣ ਦੀ ਸਮਝ ਨਹੀਂ ਪੈਂਦੀ ਤਦ ਤਕ ਮਨੁੱਖ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦਾ ਹੈ ਜਦ ਕਿ ਸਾਡੀ ਕੋਈ ਵੱਖਰੀ ਹੋਂਦ ਨਹੀਂ ਹੈ, ਹਰ ਸਰਗੁਣ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਜਿਸ ਨੂੰ

34/3929

ਉਹ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਦਾ ਭਗਤ ਫਿਰ ਇਹ ਨਹੀਂ ਕਹਿ ਸਕਦਾ ਕਿ ਆਪਣੇ ਸਰੀਰ ਰਾਹੀਂ ਇਹ ਮੈਂ ਹਾਂ। ਉਹ ਆਪਣੀ ਮੈਂ ਭਾਵ ਆਪਣਾ ਆਪ ਛੱਡ ਦਿੰਦਾ ਹੈ, ਆਪਣੀ ਹਉਮੈ ਛੱਡ ਦਿੰਦਾ ਹੈ ਤੇ ਜੋ ਉਹ ਸੰਸਾਰ ਨੂੰ ਵੰਡਦਾ ਹੈ ਭਾਵ ਸ਼ਬਦਾਂ ਰਾਹੀਂ ਗਿਆਨ ਵੰਡਦਾ ਹੈ ਉਸ ਵੰਡਣ ਵਿੱਚ ਉਹ ਆਪ ਨਹੀਂ ਹੁੰਦਾ ਕਿਉਂਕਿ ਉਸ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੈਨੂੰ ਸਾਰਾ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਮੇਰੀ ਆਪਣੀ ਕੋਈ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਨਹੀਂ ਭਾਵ ਮੇਰੇ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਗਿਆਨ ਰੂਪ ਨੂੰ ਜਾਣੇ ਬਿਨ੍ਹਾਂ, ਉਸਦੇ ਨਿਰੰਕਾਰ ਰੂਪ ਨੂੰ ਜਾਣੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਤੇ ਚਲਾਉਣ ਵਾਲਾ ਨਿਰੰਕਾਰ ਰੂਪ ਪ੍ਰਮਾਤਮਾ ਆਪ ਹੀ ਹੈ ਭਾਵ ਉਹ ਸਭ ਕੁਝ ਆਪ ਹੀ ਹੈ। ਉਸਦੇ ਨਿਰੰਕਾਰ ਰੂਪ ਨੂੰ ਭਾਵ ਉਸਦੇ ਬ੍ਰਹਮ ਗਿਆਨ ਰੂਪ ਨੂੰ, ਉਸਦੀ ਸੱਚੀ ਸਾਇੰਸ ਵਾਲੇ ਰੂਪ ਨੂੰ ਜਾਣੇ ਬਿਨ੍ਹਾਂ ਕੋਈ ਉਸਦਾ ਭਗਤ ਨਹੀਂ ਬਣ ਸਕਦਾ ਤੇ ਜੋ ਉਸਦਾ ਭਗਤ ਰੂਪ ਬਣ ਜਾਂਦਾ ਹੈ ਉਹ ਫਿਰ ਇਹ ਵੀ ਨਹੀਂ ਕਹਿ ਸਕਦਾ ਕਿ ਮੈਂ ਭਗਤ ਹਾਂ, ਮੈਂ ਧਰਮ ਦਾ ਵਿਦਵਾਨ ਹਾਂ, ਮੈਂ ਸੰਤ ਹਾਂ, ਮੈਂ ਸਾਧ ਹਾਂ, ਮੈਂ ਬ੍ਰਹਮਗਿਆਨੀ ਹਾਂ। ਆਪਣੇ ਆਪ ਨੂੰ, ਆਪਣੀ ਸਮਝ ਨੂੰ ਕੋਈ ਉੱਚਾ ਤਦ ਤਕ ਹੀ ਕਹਿ ਸਕਦਾ ਹੈ, ਸਮਝ ਸਕਦਾ ਹੈ ਜਦ ਤਕ ਕੋਈ ਆਪਣੇ ਅੰਦਰੋਂ ਉਸ ਇੱਕੋ ਇੱਕ ਗਿਆਨ ਦੇ ਮਾਲਕ ਨੂੰ, ਹਰ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਜੋ ਕਿ ਕੇਵਲ ਤੇ ਕੇਵਲ ਉਹ ਕਦੇ ਹੀ ਕਿਸੇ ਨੂੰ ਉਸਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਕੇ ਜਤਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਜਤਾਇਆ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ, ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ, ਉਸਦੇ ਸ਼ਬਦ ਰੂਪ ਨੂੰ ਗੁਰੂ ਕਿਹਾ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਗੁਰੂ ਕਿਹਾ ਹੈ ਜਿਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਸਾਰੇ ਸੰਸਾਰ ਦਾ ਸੱਚਾ ਗੁਰੂ ਹੈ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚਾ ਗਿਆਨ ਦਿੰਦਾ ਹੈ, ਇੱਕੋ ਜਿਹੀ ਧਰਮ ਦੇ ਮਾਰਗ ਦੀ ਸੱਚੀ ਸਿਖਿਆ ਦਿੰਦਾ ਹੈ, ਸਭ ਨੂੰ ਇੱਕੋ ਜਿਹਾ ਨਾਮ ਜਪਣਾ ਸਮਝਾਉਂਦਾ ਹੈ ਤੇ ਆਪਣੇ ਨਾਲ ਮੇਲ ਕਰਨ ਦਾ ਸਭ ਨੂੰ ਇੱਕੋ ਜਿਹਾ ਮਾਰਗ ਸਮਝਾਉਂਦਾ ਹੈ। (**ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥ ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥128॥**)

{ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥}

(ਅੰਗ ੧੦੧੫)

{ਪੰਡਿਤੁ ਹੋਇ ਕੈ ਬੇਦੁ ਬਖਾਨੈ ॥ ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥}

(ਅੰਗ ੭੧੮)

{ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥}

(ਅੰਗ ੪੬੮)

{ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥}

(ਅੰਗ ੨੫)

{ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥}

(ਅੰਗ ੭੧)

{ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥ ਸਾਧਿਕ ਸਿਧ ਧਿਆਵਹਿ ਗਿਆਨੀ ॥
ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥}

(ਅੰਗ ੧੦੪)

ਗਉੜੀ ਮਹਲਾ ੧ ॥
{ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ ੧੫੨)

{ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥}

(ਅੰਗ ੨੨੦)

34/3930

{ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥
ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ ਸਹਜਿ ਸੁਭਾਏ ॥੫॥}

(ਅੰਗ ੨੩੨)

{ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ ॥
ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ ॥}

(ਅੰਗ ੨੫੪)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

{ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥
ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥}

(ਅੰਗ ੨੫੫)

{ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥
ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥}

(ਅੰਗ ੩੩੮)

{ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ - ੪੧੩)

{ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ ॥
ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ ॥}

(ਅੰਗ ੧੧੦੨)

ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਹਰ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦਾ ਹੈ। ਗਿਆਨੀ, ਪੰਡਿਤ, ਸੰਤ, ਕਾਜੀ ਆਦਿ ਅਖਵਾਉਂਦਾ ਹੈ ਤੇ ਆਪਣੇ ਆਪ ਨੂੰ ਧਾਰਮਿਕ ਆਸਥਾ ਦੇ ਦਾਇਰੇ ਵਿੱਚ ਰੱਖਦਾ ਹੈ। ਜਿਸ ਨੂੰ ਧਰਮ ਦੀ ਸੱਚੀ ਸੋਝੀ ਹੈ ਉਸ ਦਾ ਧਾਰਮਿਕ ਦਾਇਰਾ ਫਿਰ ਕਿਸੇ ਖਾਸ ਧਾਰਮਿਕ ਆਸਥਾ ਨਾਲ ਜੁੜਿਆ ਨਹੀਂ ਰਹਿ ਸਕਦਾ ਕਿਉਂਕਿ ਉਸ ਨੂੰ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਹਰ ਮਨੁੱਖ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਧਰਮ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਵੇ। ਧਰਮ ਦਾ ਮਾਰਗ ਸੱਚ ਦਾ ਮਾਰਗ ਹੈ, ਸਾਰੀ ਮਨੁਖਤਾ ਤੇ ਇਕੋ ਜਿਹਾ ਪਰਉਪਕਾਰ ਕਰਨ ਦਾ ਮਾਰਗ ਹੈ। ਆਪਣੇ ਆਪ ਨੂੰ ਭਗਤ, ਸੰਤ ਆਦਿ ਅਖਵਾਉਣ ਵਾਲੇ ਬਹੁਤ ਹਨ ਪਰ ਅਸਲ ਵਿੱਚ ਸੰਤ ਬਣਨਾ ਕੀ ਹੈ,

34/3931

ਭਗਤ ਬਣਨਾ ਕੀ ਹੈ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ। ਜਿਥੇ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ ਉਸ ਦੀ ਆਪਣੀ ਮੈਂ ਖ਼ਤਮ ਹੋ ਜਾਂਦੀ ਹੈ ਤੇ ਇਸੇ ਲਈ ਉਹ ਮਨੁੱਖ ਕਿਸੇ ਖਾਸ ਧਾਰਮਿਕ ਆਸਥਾ ਨਾਲ ਨਹੀਂ ਜੁੜ ਸਕਦਾ। ਉਸ ਨੂੰ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਹਰ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਉਹ ਆਪ ਹੀ ਸਭ ਦੇ ਅੰਦਰ ਗਿਆਨ ਪਾਉਣ ਵਾਲਾ ਹੈ ਤੇ ਉਸ ਨੇ ਆਪ ਹੀ ਆਪਣੇ ਵੱਖਰੇ-ਵੱਖਰੇ ਰੂਪ ਬਣਾਏ ਹੋਏ ਹਨ, ਆਪ ਹੀ ਸਭ ਨੂੰ ਵੱਖਰੀ-ਵੱਖਰੀ ਆਸਥਾ ਵਿੱਚ ਰਖਿਆ ਹੋਇਆ ਹੈ ਜੋ ਕਿ ਉਸ ਦੀ ਆਪਣੀ ਹੀ ਬਣਾਈ ਹੋਈ ਖੇਡ ਹੈ ਜਿਸ ਦੁਆਰਾ ਉਹ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ, ਸਭ ਨੂੰ ਮਨ ਦੀ ਅਗਿਆਨਤਾ ਵਿੱਚ ਰੱਖ ਕੇ ਚਲਾ ਰਿਹਾ ਹੈ। ਆਪਣੀ ਖੇਡ ਸਮਝਾਉਣ ਵਾਲਾ ਵੀ ਓਹ ਆਪ ਹੀ ਹੈ ਜਿਸ ਦੁਆਰਾ ਉਹ ਆਪਣਾ ਸੱਚ ਸਮਝਾਉਂਦਾ ਹੈ, ਆਪਣੇ ਆਪ ਨੂੰ ਕਿਸੇ ਸਰੀਰ ਰਾਹੀਂ ਪ੍ਰਗਟ ਕਰਕੇ ਸਮਝਾਉਂਦਾ ਹੈ। ਸੰਤ ਰੂਪ ਵਿੱਚ, ਭਗਤ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੁੰਦਾ ਹੈ ਪਰ ਇਸ ਗੱਲ ਨੂੰ ਸਮਝਣਾ ਬਹੁਤ ਔਖਾ ਹੈ, ਵਿਸ਼ਵਾਸ ਕਰਨਾ ਬਹੁਤ ਔਖਾ ਹੈ। ਆਪਣੇ ਸੰਤ ਰੂਪ ਰਾਹੀਂ ਪ੍ਰਮਾਤਮਾ ਸਾਰੇ ਸੰਸਾਰ ਨੂੰ ਇਕੋ ਜਿਹਾ ਧਰਮ ਹੀ ਸਮਝਾਉਂਦਾ ਹੈ, ਸੰਸਾਰ ਵਿੱਚ ਮਨੁੱਖਤਾ ਦੇ ਭਲੇ ਲਈ ਪਰਉਪਕਾਰੀ ਬਣਕੇ ਜਿਉਣ ਦਾ ਮਾਰਗ ਸਮਝਾਉਂਦਾ ਹੈ, ਸੱਚ ਤੇ ਚੱਲਣ ਦਾ ਮਾਰਗ ਸਮਝਾਉਂਦਾ ਹੈ। ਜਿਥੇ ਪ੍ਰਮਾਤਮਾ ਆਪਣਾ ਸੰਤ ਰੂਪ ਪ੍ਰਗਟ ਕਰਦਾ ਹੈ ਉਹ ਮਨੁੱਖ ਆਪਣੇ ਆਪ ਨੂੰ ਸੰਤ ਨਹੀਂ ਕਹਿ ਸਕਦਾ। ਆਪਣੇ ਆਪ ਨੂੰ ਸੰਤ, ਭਗਤ ਆਦਿ ਉਹੀ ਅਖਵਾਉਂਦੇ ਹਨ ਜਿਨ੍ਹਾਂ ਨੂੰ ਆਪਣੇ ਮਨ ਦੀ ਰੱਤੀ ਭਰ ਵੀ ਸਮਝ ਨਹੀਂ ਹੈ ਜਿਥੇ ਨਿਰਗੁਣ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਗਿਆਨ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। (**ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥ ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥**) ਆਪਣੇ ਆਪ ਨੂੰ ਸੰਤ ਆਦਿ ਅਖਵਾਉਣਾ ਬਹੁਤ ਸੌਖਾ ਹੈ, ਕੋਈ ਵੀ ਅਖਵਾ ਲੈਂਦਾ ਹੈ ਪਰ ਸੰਤ ਬਣਨਾ ਕੀ ਹੈ, ਇਕ ਸੰਤ ਦੀ ਵਿਚਰਨ ਕੀ ਹੁੰਦੀ ਹੈ ਇਸ ਗੱਲ ਦੀ ਇਹੋ ਜਿਹਿਆਂ

ਨੂੰ ਸਮਝ ਨਹੀਂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ।

34/3932

ਅਗਲੇ ਸ਼ਬਦ ਰਾਹੀਂ ਆਉ ਇਸ ਗੱਲ ਨੂੰ ਹੋਰ ਵੀ ਦ੍ਰਿੜ ਕਰੀਏ ਕਿ ਸੰਤ ਦੀ ਮਰਿਯਾਦਾ ਕਿਹੋ ਜਿਹੀ ਹੁੰਦੀ ਹੈ। ਸੱਚੇ ਸੰਤ ਦੀ ਮਰਿਯਾਦਾ ਤਾਂ ਇਕੋ ਜਿਹੀ ਹੀ ਹੁੰਦੀ ਹੈ ਜੋ ਕਿ ਸਾਨੂੰ ਸ਼ਬਦ ਰਾਹੀਂ ਸਮਝਾਈ ਹੋਈ ਹੈ ਪਰ ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ ਆਪਣੀ ਆਪਣੀ ਮਰਿਯਾਦਾ ਵੱਖਰੀ ਵੱਖਰੀ ਬਣਾ ਕੇ ਰੱਖਦੇ ਹਨ ਤੇ ਦੂਸਰਿਆਂ ਨੂੰ ਆਪਣੀ ਆਪਣੀ ਮਰਿਯਾਦਾ ਨਾਲ ਹੀ ਜੋੜਦੇ ਹਨ। ਸਾਰੇ ਸੰਸਾਰ ਲਈ ਸੱਚੀ ਮਰਿਯਾਦਾ ਕੀ ਹੈ, ਇਹੀ ਗੱਲ ਸਾਨੂੰ ਅਕਾਲ ਪੁਰਖ ਨੇ ਆਪਣੇ ਆਪ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਸਰੀਰ ਰਾਹੀਂ ਪ੍ਰਗਟ ਕਰਕੇ ਸਮਝਾਈ ਹੋਈ ਹੈ।

ਮਾਰੂ ਮਹਲਾ ੫ ॥

“ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥
ਮਨ ਮੇਰੇ ਰਾਮ ਰਉ ਨਿਤ ਨੀਤਿ ॥
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ ॥
ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥
ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥
ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥
ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥
ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥
ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥
ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥
ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥
ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥
ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥
ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥
ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥
ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥”

(ਅੰਗ ੧੦੧੭)

ਸ਼ਬਦ ਦੇ ਲਫਜੀ ਅਰਥਾਂ ਨੂੰ ਸਮਝਣਾ ਕੋਈ ਔਖਾ ਨਹੀਂ ਹੈ, ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਸਾਰੀ ਗੱਲ ਅੰਦਰ ਦੇ ਭਾਵ ਨੂੰ ਸਮਝਣ ਦੀ ਹੁੰਦੀ ਹੈ ਤੇ ਉਸ ਨੂੰ ਵੀ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। "ਰਹਾਉ" ਵਾਲੀ ਪੰਗਤੀ ਦੇ ਰਾਹੀਂ ਅਸੀਂ ਸ਼ਬਦ ਦੇ ਮਕਸਦ ਨੂੰ ਸਮਝ ਸਕਦੇ ਹਾਂ ਜਿਸ ਦੁਆਰਾ ਸਾਨੂੰ ਇਸ ਪੂਰੇ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਜੋ ਪ੍ਰਮਾਤਮਾ ਦੇ ਅਸਲ ਵਿੱਚ ਸੰਤ ਹੁੰਦੇ ਹਨ ਉਨ੍ਹਾਂ ਦੀ ਜੀਵਨ ਜਾਚ ਕਿਹੋ ਜਿਹੀ ਹੁੰਦੀ ਹੈ ਕਿਉਂਕਿ ਸਾਡੀ

ਜੀਵਨ ਜਾਚ ਹੀ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ ਜੋ ਮਾਰਗ ਸੱਚਾ ਸੁੱਚਾ ਜਿਉਣ ਦਾ ਹੈ, ਪਰਉਪਕਾਰੀ ਬਣ ਕੇ ਜਿਉਣ ਦਾ ਹੈ। ਇਕ ਸੰਤ ਦੇ ਜੀਵਨ ਦੀ ਤੁਲਨਾ ਉਹਨਾਂ ਦੇ ਜੀਵਨ ਦੇ ਨਾਲ ਕੀਤੀ ਹੋਈ ਹੈ ਜੋ ਪਰਉਪਕਾਰੀ ਵਾਲਾ ਜੀਵਨ ਸਿਖਾਉਂਦੇ ਹਨ, ਬਿਤਾਉਂਦੇ ਹਨ। ਸੰਤ ਦੇ ਜੀਵਨ ਦੀ ਤੁਲਨਾ ਸਭ ਤੋਂ ਪਹਿਲੇ ਇਕ ਪੇੜ ਦੇ ਜੀਵਨ ਨਾਲ ਕੀਤੀ ਹੋਈ ਹੈ ਜੋ ਕਿ ਪਰਉਪਕਾਰ ਦਾ ਭਰਿਆ ਹੋਇਆ ਹੈ। ਕਿਸੇ ਪੇੜ ਨੂੰ ਕੱਟਣ ਦੇ ਨਾਲ ਉਹ ਕੋਈ ਰੋਸ ਪ੍ਰਗਟ ਨਹੀਂ ਕਰਦਾ ਬਲਕਿ ਉਸ ਨੂੰ ਕੱਟਣ ਵਾਲੇ ਦੇ ਕੰਮ ਹੀ ਆਉਂਦਾ ਹੈ। ਇਸੇ ਤਰ੍ਹਾਂ ਪ੍ਰਮਾਤਮਾ ਦੇ ਸੰਤ ਨੂੰ ਅਗਰ ਕੋਈ ਔਖਾ ਕਰਦਾ ਹੈ, ਉਸ ਨੂੰ ਦੁਖ ਵਿੱਚ ਪਾਉਂਦਾ ਹੈ ਤਾਂ ਉਹ ਇਸ ਗੱਲ ਦਾ ਰੋਸ ਨਹੀਂ ਕਰਦਾ ਬਲਕਿ ਉਸ ਦੇ, ਮਨੁਖਤਾ ਦੇ ਕੰਮ ਹੀ ਆਉਂਦਾ ਹੈ ਭਾਵ ਭਲਾ ਹੀ ਕਰਦਾ ਹੈ। ਜਿਵੇਂ ਕਿ ਧੰਨ ਧੰਨ ਨੌਵੀਂ ਪਾਤਸ਼ਾਹੀ ਨੇ ਆਪਣਾ ਸੀਸ ਕਟਵਾਉਣ ਤੇ ਵੀ ਕੋਈ ਰੋਸ ਨਹੀਂ

34/3933

ਕੀਤਾ ਤੇ ਮਨੁਖਤਾ ਦਾ ਭਲਾ ਹੀ ਕੀਤਾ ਹੈ ਭਾਵ ਸਭ ਨੂੰ ਧਰਮ ਦਾ ਸੱਚਾ ਮਾਰਗ ਹੀ ਸਮਝਾਇਆ ਹੈ, ਸੀਸ ਕਟਣ ਵਾਲਿਆਂ ਨੂੰ ਵੀ ਧਰਮ ਦਾ ਮਾਰਗ ਸਮਝਾਇਆ ਹੈ। ਇਹੋ ਜਿਹਾ ਉੱਚਾ ਜੀਵਨ ਜਿਉਣਾ ਪ੍ਰਮਾਤਮਾ ਦੇ ਨਾਮ ਵਿੱਚ, ਸਿਮਰਨ ਵਿੱਚ ਜਿਉਣਾ ਹੈ। ਪ੍ਰਮਾਤਮਾ ਦੇ ਸੰਤਾਂ ਨੇ ਆਪਣੇ ਜੀਵਨ ਵਿੱਚ ਇਹੋ ਜਿਹਾ ਨਾਮ ਜਪਿਆ ਹੈ ਤੇ ਸੰਸਾਰ ਨੂੰ ਇਹੋ ਜਿਹਾ ਨਾਮ ਜਪਣ ਲਈ ਹੀ ਸਿਖਿਆ ਦਿੱਤੀ ਹੈ। (**ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥1॥ ਮਨ ਮੇਰੇ ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥1॥ ਰਹਾਉ ॥**)

ਸ਼ਬਦ ਦੇ ਅਗਲੇ ਪਦੇ ਰਾਹੀਂ ਸੰਤਾਂ ਦੇ ਜੀਵਨ ਦੀ ਤੁਲਨਾ ਇਕ ਬੇੜੀ ਦੇ ਨਾਲ ਕੀਤੀ ਹੋਈ ਹੈ ਜਿਸ ਤੇ ਚੜ ਕੇ ਅਸੀਂ ਸਾਗਰ ਤੋਂ ਪਾਰ ਉਤਰਦੇ ਹਾਂ। ਬੇੜੀ ਸਾਡੇ ਭਲੇ ਲਈ ਕੰਮ ਆਉਂਦੀ ਹੈ। ਭਾਵੇਂ ਬੇੜੀ ਨੂੰ ਅਸੀਂ ਆਪਣੇ ਪੈਰਾਂ ਥੱਲੇ ਰੱਖ ਕੇ ਉਸ ਤੇ ਬੈਠਦੇ ਹਾਂ ਭਾਵ ਉਸ ਨੂੰ ਆਪਣੇ ਤੋਂ ਨੀਵਾਂ ਕਰਦੇ ਹਾਂ ਪਰ ਬੇੜੀ ਫਿਰ ਵੀ ਸਾਨੂੰ ਸਮੁੰਦਰ ਤੋਂ ਪਾਰ ਉਤਾਰਦੀ ਹੈ ਤੇ ਸਾਡਾ ਥਕੇਵਾਂ ਦੂਰ ਕਰਦੀ ਹੈ। ਬੇੜੀ ਦਾ ਜੀਵਨ ਇਕ ਪਰਉਪਕਾਰੀ ਜੀਵਨ ਹੈ ਜੋ ਆਪ ਨੀਵਾਂ ਹੋ ਕੇ ਵੀ ਦੂਸਰਿਆਂ ਦੇ ਕੰਮ ਆਉਂਦੀ ਹੈ। ਸੱਚੇ ਸੰਤਾਂ ਦਾ ਜੀਵਨ ਇਹੋ ਜਿਹਾ ਹੀ ਹੁੰਦਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਦਾ ਨਾਮ ਜਪਦੇ ਹਨ। (**ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥ ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥2॥**)

ਆਪਣੇ ਆਪ ਨੂੰ ਜੋ ਸੰਤ ਬਣਾ ਕੇ ਬੈਠੇ ਹਨ ਜਗ੍ਹਾ ਜਗ੍ਹਾ ਬੈਠੇ ਹਨ ਇਹੋ ਜਿਹਿਆਂ ਦਾ ਜੀਵਨ ਕਿਹੋ ਜਿਹਾ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਉਹ ਆਪਣੇ ਹੀ ਸੁਖਾਂ ਨਾਲ ਜੁੜੇ ਹੋਏ ਹਨ ਤੇ ਮਾਇਆ ਮੋਹ ਵਿੱਚ ਗਲਤਾਣ ਹਨ, ਤ੍ਰਿਸ਼ਨਾ ਵਿੱਚ, ਝੂਠੇ ਮਾਣ ਵਿੱਚ ਗਲਤਾਨ ਹਨ।

ਸੱਚੇ ਸੰਤ ਦੇ ਜੀਵਨ ਦੀ ਤੁਲਨਾ ਸ਼ਬਦ ਦੇ ਅਗਲੇ ਪਦੇ ਰਾਹੀਂ ਧਰਤੀ ਦੇ ਨਾਲ ਕੀਤੀ ਹੋਈ ਹੈ। ਧਰਤੀ ਦਾ ਜੀਵਨ ਕਿਤਨਾ ਕੁ ਪਰਉਪਕਾਰੀ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਧਰਤੀ ਆਪ ਦੁਖ ਸਹਿੰਦੀ ਹੈ ਪਰ ਦੂਸਰਿਆਂ ਨੂੰ ਸੁਖ ਦਿੰਦੀ ਹੈ। ਧਰਤੀ ਨੂੰ ਅਸੀਂ ਆਪਣੇ ਮਲ ਮੂਤ ਆਦਿ ਦੁਆਰਾ ਗੰਦਾ ਕਰਦੇ ਹਾਂ, ਉਸ ਨੂੰ ਖੋਦ ਕੇ ਦੁਖ ਦਿੰਦੇ ਹਾਂ ਪਰ ਧਰਤੀ ਇਸ ਗੱਲ ਦਾ ਵਿਰੋਧ ਨਹੀਂ ਕਰਦੀ ਕਿਉਂਕਿ ਉਸ ਨੂੰ ਸਮਝ ਹੈ ਕਿ ਮੇਰੇ ਜੀਵਨ ਦਾ ਮਕਸਦ ਹੀ ਸੁਖ ਦੇਣ ਨਾਲ ਹੈ, ਮਨੁੱਖਤਾ ਨੂੰ ਸੁਖ ਦੇਣ ਨਾਲ ਹੈ। ਧਰਤੀ ਨੂੰ ਇਸ ਗੱਲ ਵਿੱਚ ਪ੍ਰੀਤ ਨਹੀਂ ਹੈ ਕਿ ਅਸੀਂ ਉਸ ਦੇ ਬਾਹਰੀ ਰੂਪ ਨੂੰ ਸ਼ਿੰਗਾਰੀਏ ਭਾਵ ਉਸ ਦਾ ਬਾਹਰੀ ਦਿਖਾਵਾ ਸੁੰਦਰ ਕਰੀਏ ਕਿਉਂਕਿ ਧਰਤੀ ਦਾ ਆਪਣਾ ਇਹ ਮਕਸਦ ਹੀ ਨਹੀਂ ਹੈ ਕਿ ਉਹ ਦਿਖਾਵੇ ਦੁਆਰਾ ਸੁੰਦਰ ਬਣੇ। ਧਰਤੀ ਆਪਣੇ ਗੁਣਾਂ ਦੁਆਰਾ ਸੁੰਦਰ ਹੈ, ਪਵਿੱਤਰ ਹੈ। ਇਸੇ ਤਰ੍ਹਾਂ ਇਕ ਸੱਚੇ ਸੰਤ ਦਾ ਹੁੰਦਾ ਹੈ ਜਿਸ ਦੀ ਪਵਿੱਤਰਤਾ ਉਸ ਦੇ ਅੰਦਰ ਗੁਣਾਂ ਦੇ ਰੂਪ ਵਿੱਚ ਹੈ, ਉਸ ਦਾ ਸਿੰਗਾਰ ਉਸ ਦੇ ਗੁਣ ਹੁੰਦੇ ਹਨ ਤੇ ਉਸ ਨੂੰ ਆਪਣੇ ਬਾਹਰੀ ਦਿਖਾਵੇ ਨਾਲ ਦਿਲਚਸਪੀ ਨਹੀਂ ਹੁੰਦੀ, ਪ੍ਰੀਤ ਨਹੀਂ ਹੁੰਦੀ ਭਾਵ ਭਗਤੀ ਦੇ ਦਿਖਾਵੇ ਨਾਲ ਪ੍ਰੀਤ ਨਹੀਂ ਹੁੰਦੀ। (**ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥3॥**)

ਸ਼ਬਦ ਦੇ ਅਗਲੇ ਪਦੇ ਰਾਹੀਂ ਇਕ ਸੱਚੇ ਸੰਤ ਦੇ ਜੀਵਨ ਦੀ ਤੁਲਨਾ ਅਕਾਸ਼ ਦੇ ਨਾਲ ਕੀਤੀ ਹੋਈ ਹੈ ਜੋ ਕਿ ਧਰਤੀ ਦੀ ਤਰ੍ਹਾਂ ਸਭ ਵਾਸਤੇ ਇਕੋ ਜਿਹਾ ਭਲਾ ਹੀ ਕਰਦਾ ਹੈ, ਕਿਸੇ ਵਿੱਚ ਕੋਈ ਫਰਕ ਨਹੀਂ ਕਰਦਾ। ਇਕ ਸੱਚੇ ਸੰਤ ਲਈ ਸਾਰੀ ਮਨੁਖਤਾ ਇਕੋ ਜਿਹੀ ਹੀ ਹੈ, ਕਿਸੇ ਵੀ ਧਰਮ ਵਿੱਚ ਆਸਥਾ ਰੱਖਣ ਵਾਲਾ ਮਨੁੱਖ ਉਸ ਦੇ ਲਈ ਇਕੋ ਜਿਹਾ ਹੀ ਹੈ। ਉਸ

ਦੇ ਲਈ ਉੱਚਾ ਨੀਵਾਂ ਮਨੁੱਖ ਇਕੋ ਜਿਹਾ ਹੀ ਹੈ, ਉਸ ਦੇ ਲਈ ਮਾੜੇ ਕਰਮ ਕਰਨ ਵਾਲਾ ਜਾਂ ਚੰਗੇ ਕਰਮ ਕਰਨ ਵਾਲਾ ਇਕੋ ਜਿਹਾ ਹੀ ਹੈ ਕਿਉਂਕਿ ਉਸ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਹਰ ਮਨੁੱਖ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਹ ਆਪ ਹੀ ਸਾਡੇ ਕਰਮਾਂ ਅਨੁਸਾਰ ਸਾਡੇ ਕੋਲੋਂ ਚੰਗੇ ਮਾੜੇ ਕਰਮ ਕਰਾਉਂਦਾ ਹੈ। ਇਸੇ ਲਈ ਸੱਚੇ ਸੰਤ ਨੂੰ ਵੈਰੀ ਮਿਤਰ ਇਕੋ ਜਿਹੇ ਹੀ ਲਗਦੇ ਹਨ, ਸਭ ਪ੍ਰਮਾਤਮਾ ਦਾ ਰੂਪ ਹੀ ਲਗਦੇ ਹਨ ਤੇ ਉਹ ਸਾਰਿਆਂ ਦੇ ਇਕੋ ਜਿਹੇ ਭਲੇ ਦੀ ਗੱਲ ਹੀ ਕਰਦਾ ਹੈ। (**ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥ ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥4॥**)

ਸੱਚੇ ਸੰਤਾਂ ਨੂੰ ਹਰ ਕਿਸੇ ਵਿੱਚ ਪ੍ਰਮਾਤਮਾ ਦਾ ਰੂਪ ਕਿਵੇਂ ਨਜ਼ਰ ਆਉਂਦਾ ਹੈ ਇਹੀ ਗੱਲ ਸਾਨੂੰ ਉਹਨਾਂ ਦੀ ਤੁਲਨਾ ਸੂਰਜ ਦੇ ਨਾਲ ਕਰਕੇ ਸਮਝਾਈ ਹੋਈ ਹੈ। ਸੂਰਜ ਦਾ ਮਕਸਦ ਰੋਸ਼ਨੀ ਪ੍ਰਕਾਸ਼ ਕਰਨ ਦੇ ਨਾਲ ਹੈ ਤੇ ਸੂਰਜ ਆਪਣੀ ਰੋਸ਼ਨੀ ਦੇਣ ਲਈ

34/3935

ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਉਹ ਪਵਿੱਤਰ, ਅਪਵਿੱਤਰ ਹਰ ਵਸਤੂ ਨੂੰ ਇਕੋ ਜਿਹੀ ਰੋਸ਼ਨੀ ਦਿੰਦਾ ਹੈ। ਸੱਚੇ ਸੰਤ ਦਾ ਮਨ ਸੂਰਜ ਦੀ ਤਰ੍ਹਾਂ ਹੀ ਹੁੰਦਾ ਹੈ ਜਿਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਜੋ ਉਸ ਦੇ ਮਨ ਨੂੰ ਪਵਿੱਤਰ ਕਰਦਾ ਹੈ। ਮਨ ਦੀ ਪਵਿੱਤਰਤਾ ਦੁਆਰਾ ਹੀ, ਸੱਚੇ ਗਿਆਨ ਦੁਆਰਾ ਹੀ ਸੰਤ ਦੇ ਮਾਰਗ ਦੀ ਸੋਝੀ ਪੈਂਦੀ ਹੈ, ਭਗਤੀ ਦੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਮਨ ਦੀ ਪਵਿੱਤਰਤਾ, ਅਪਵਿੱਤਰਤਾ ਦਾ ਭੇਦ ਸਮਝ ਆਉਂਦਾ ਹੈ। ਜੋ ਵੀ ਮਨੁੱਖ ਅਪਵਿੱਤਰ ਹੈ ਉਹ ਮਨ ਦੀ ਅਗਿਆਨਤਾ ਕਰਕੇ ਹੀ ਅਪਵਿੱਤਰ ਹੈ ਤੇ ਮਨ ਦੀ ਅਪਵਿੱਤਰਤਾ ਵਿੱਚ ਸਭ ਨੂੰ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ। ਪਵਿੱਤਰਤਾ ਵਿੱਚ ਵੀ ਉਹ ਆਪ ਹੈ ਤੇ ਅਪਵਿੱਤਰਤਾ ਵਿੱਚ ਰੱਖਣ ਵਾਲਾ ਵੀ ਉਹ ਆਪ ਹੈ। ਚੌਥੇ ਪਦ ਵਿੱਚ ਵੀ ਉਹ ਆਪ ਹੈ ਤੇ ਸਾਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲਾ ਵੀ ਉਹ ਆਪ ਹੈ। ਇਸੇ ਲਈ ਪ੍ਰਮਾਤਮਾ ਦੇ ਸੰਤ ਸਭ ਨੂੰ ਇਕੋ ਜਿਹਾ ਸਮਝਦੇ ਹਨ ਤੇ ਉਹ ਕਿਸੇ ਅਪਵਿੱਤਰ ਮਨੁੱਖ ਦੇ, ਮਾੜੇ ਮਨੁੱਖ ਦੇ ਕੰਮ ਆਉਣ ਵਿੱਚ ਕੋਈ ਦੁਖ ਨਹੀਂ ਮੰਨਦੇ ਭਾਵ ਆਪਣੇ ਜੀਵਨ ਦਾ ਫਰਜ ਸਮਝਦੇ ਹਨ, ਸਾਰੀ ਮਨੁਖਤਾ ਦੇ ਉਸੇ ਤਰ੍ਹਾਂ ਕੰਮ ਆਉਂਦੇ ਹਨ ਜਿਵੇਂ ਸੂਰਜ ਆਉਂਦਾ ਹੈ। ਉਹ ਕਿਸੇ ਖਾਸ ਮਜਹਬੀ ਦਾਇਰੇ ਦੇ ਨਾਲ ਨਹੀਂ ਜੁੜਦੇ ਬਲਕਿ ਸਾਰੇ ਸੰਸਾਰ ਲਈ ਇਕੋ ਜਿਹਾ ਧਰਮ ਹੀ ਸਿਖਾਉਂਦੇ ਹਨ ਜੋ ਕਿ ਇਕ ਸੱਚਾ ਸੁੱਚਾ ਪਰਉਪਕਾਰੀ ਜੀਵਨ ਜਿਉਣ ਦਾ ਹੈ। (**ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥ ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥5॥**)

ਸ਼ਬਦ ਦੇ ਅਗਲੇ ਪਦੇ ਰਾਹੀਂ ਸੱਚੇ ਸੰਤ ਦੇ ਜੀਵਨ ਦੀ ਤੁਲਨਾ ਹਵਾ ਦੇ ਨਾਲ ਕੀਤੀ ਹੋਈ ਹੈ ਜੋ ਸਭ ਦੇ ਲਈ, ਸਾਰੇ ਸੰਸਾਰ ਦੇ ਲਈ ਇਕੋ ਜਿਹੀ ਪਰਉਪਕਾਰੀ ਹੋ ਕੇ ਚਲਦੀ ਹੈ। ਜਿਵੇਂ ਹਵਾ ਆਪਣਾ ਸੁਖ ਦੇਣ ਵਿੱਚ ਕਿਸੇ ਨਾਲ ਕੋਈ ਭੇਦ ਭਾਵ ਨਹੀਂ ਕਰਦੀ ਇਸੇ ਤਰ੍ਹਾਂ ਇਕ ਸੱਚਾ ਸੰਤ ਸੰਸਾਰ ਦੇ ਹਰ ਮਨੁੱਖ ਲਈ ਇਕੋ ਜਿਹੇ ਭਲੇ ਦੀ ਗੱਲ ਹੀ ਕਰਦਾ ਹੈ, ਪਰਉਪਕਾਰੀ ਬਣਕੇ ਹੀ ਵਿਚਰਦਾ ਹੈ ਭਾਵ ਪੂਰੀ ਤਰ੍ਹਾਂ ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦਾ ਹੈ। (**ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥6॥**)

34/3936

ਜਿਵੇਂ ਹਵਾ ਦਾ ਜੀਵਨ ਹੈ ਉਸੇ ਤਰ੍ਹਾਂ ਅਗਲੇ ਪਦੇ ਰਾਹੀਂ ਇਕ ਸੱਚੇ ਸੰਤ ਦੇ ਜੀਵਨ ਦੀ ਤੁਲਨਾ ਅਗਨੀ ਦੇ ਜੀਵਨ ਨਾਲ ਕੀਤੀ ਹੋਈ ਹੈ ਜੋ ਆਪਣਾ ਨਿਘ ਦੇਣ ਵਿੱਚ ਕਿਸੇ ਨਾਲ ਕੋਈ ਭੇਦ ਭਾਵ ਨਹੀਂ ਕਰਦੀ। (**ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥7॥**)

ਪ੍ਰਮਾਤਮਾ ਦੇ ਗੁਣ ਇਹੋ ਜਿਹੇ ਸੰਤ ਹੀ ਗਾ ਸਕਦੇ ਹਨ ਜੋ ਕਿ ਸੰਸਾਰ ਦੇ ਵਿੱਚ ਸੱਚੇ ਸੁੱਚੇ ਬਣਕੇ ਵਿਚਰਨ ਦਾ ਹੈ, ਪਰਉਪਕਾਰੀ ਬਣਕੇ ਵਿਚਰਨ ਦਾ ਹੈ ਜਿਵੇਂ ਕਿ ਅਸੀਂ ਉਪਰ ਸ਼ਬਦ ਦੇ ਪਦਿਆਂ ਰਾਹੀਂ ਸਮਝਿਆ ਹੈ ਜਿਵੇਂ ਕਿ ਆਖ਼ਰੀ ਪਦੇ ਰਾਹੀਂ ਸਾਨੂੰ ਇਸ ਗੱਲ ਦੀ ਸੋਝੀ ਪਾਈ ਹੋਈ ਹੈ।

“ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥

ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥”

ਉਪਰਲੇ ਪਦੇ ਰਾਹੀਂ ਸਾਨੂੰ ਸੱਚੇ ਸੰਤਾਂ ਦੀ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ। ਸੰਤ ਦਾ ਮਨ ਉਸ ਪ੍ਰਮਾਤਮਾ ਦੇ

ਨਾਲ ਇੱਕ ਹੁੰਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਉਹਨਾਂ ਨੂੰ ਪ੍ਰਮਾਤਮਾ ਆਪ ਹੀ ਆਪਣੇ ਰੰਗ ਵਿੱਚ ਰੱਤਦਾ ਹੈ, ਆਪਣੇ ਲਾਲ ਰੰਗ ਵਿੱਚ ਰੱਤ ਦਾ ਹੈ। ਲਾਲ ਰੰਗ ਗੁਰਮਤਿ ਦਾ ਰੰਗ ਹੈ, ਸੱਚੇ ਗਿਆਨ ਦਾ ਰੰਗ ਹੈ ਜੋ ਰੰਗ ਉਹ ਮਨ ਦੇ ਵਿੱਚ ਆਪ ਹੀ ਚੜਾਉਂਦਾ ਹੈ, ਆਪਣੀ ਕਿਰਪਾ ਦੁਆਰਾ ਚੜਾਉਂਦਾ ਹੈ ਜਿਸ ਦੇ ਰਾਹੀਂ ਉਸ ਦੇ ਸੰਤ ਉਸ ਦੇ ਚਰਨਾਂ ਦੀ ਸ਼ਰਨ ਵਿੱਚ ਰਹਿੰਦੇ ਹਨ ਭਾਵ ਸੱਚੀ ਗੁਰਮਤਿ ਦੀ ਸ਼ਰਨ ਵਿੱਚ ਰਹਿੰਦੇ ਹਨ। ਪ੍ਰਮਾਤਮਾ ਦੇ ਗੁਣ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਗਾਏ ਜਾਂਦੇ ਹਨ ਜੋ ਕਿ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਨਾ ਹੀ ਹੈ, ਪਰਉਪਕਾਰੀ ਬਣਕੇ ਅਉਗਣ ਰਹਿਤ ਹੋ ਕੇ, ਮਾਇਆ ਮੋਹ ਰਹਿਤ ਹੋ ਕੇ ਵਿਚਰਨ ਦਾ ਹੀ ਹੈ ਮਨੁੱਖ-ਮਨੁੱਖ ਵਿੱਚ ਭੇਦ ਤਿਆਗ ਕੇ ਵਿਚਰਨ ਦਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਇਸ ਪੂਰੇ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਹੀ ਸਮਝਾਏ ਹਨ। ਅਸੀਂ ਪ੍ਰਮਾਤਮਾ ਦੇ ਗੁਣ ਉਸ ਤਰੀਕੇ ਗਾਉਣੇ ਹਨ ਜਿਵੇਂ ਪੇੜ ਗਾ ਰਹੇ ਹਨ, ਧਰਤੀ ਗਾ ਰਹੀ ਹੈ, ਸਾਗਰ ਤੋਂ ਪਾਰ ਉਤਾਰਨ ਵਾਲੀ ਬੇੜੀ ਗਾ ਰਹੀ ਹੈ, ਅਕਾਸ਼ ਗਾ ਰਿਹਾ ਹੈ, ਸੂਰਜ ਗਾ ਰਿਹਾ ਹੈ, ਹਵਾ ਗਾ ਰਹੀ ਹੈ, ਅਗਨੀ ਗਾ ਰਹੀ ਹੈ। ਇਹ ਸਭ

34/3937

ਪ੍ਰਮਾਤਮਾ ਦੇ ਹੁਕਮ ਵਿੱਚ ਹੀ ਚਲ ਰਹੇ ਹਨ। ਪ੍ਰਮਾਤਮਾ ਦੇ ਹੁਕਮ ਵਿੱਚ ਚਲਣਾ ਹੀ ਉਸ ਦੇ ਗੁਣ ਗਾਉਣੇ ਹਨ, ਉਸ ਨੂੰ ਸਿਮਰਨਾ ਹੈ, ਉਸ ਦਾ ਨਾਮ ਜਪਣਾ ਹੈ, ਉਸ ਦੀ ਭਗਤੀ ਕਰਨਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਨੇ ਆਪਣਾ ਹੁਕਮ ਹੀ ਸੁਣਾਇਆ ਹੋਇਆ ਹੈ ਜੋ ਕਿ ਗੁਰਮਤਿ ਦੇ ਰੂਪ ਵਿੱਚ ਹੈ। ਉਸ ਦੇ ਹੁਕਮ ਅਨੁਸਾਰ ਚਲਣਾ ਹੀ ਉਸ ਦੇ ਗੁਣ ਗਾਉਣੇ ਹਨ। ਪ੍ਰਮਾਤਮਾ ਦੇ ਸੱਚੇ ਸੰਤਾਂ ਨੇ ਭਾਵ ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਆਪ ਹੀ ਸਾਨੂੰ ਪ੍ਰਮਾਤਮਾ ਦੇ ਗੁਣ ਗਾ ਕੇ ਦਿਖਾਏ ਹਨ ਭਾਵ ਆਪ ਹੀ ਆਪਣੇ ਦੱਸੇ ਹੋਏ ਮਾਰਗ ਤੇ ਚਲ ਕੇ ਦਿਖਾਇਆ ਹੈ। ਸੰਤ ਰੂਪ ਵਿੱਚ ਪ੍ਰਮਾਤਮਾ ਅਸਲ ਵਿਚ ਆਪ ਹੀ ਹੈ ਤੇ ਉਹ ਆਪ ਹੀ ਆਪਣੇ ਮਾਰਗ ਤੇ ਚਲਕੇ ਦਿਖਾਉਂਦਾ ਹੈ ਜਿਸ ਰਾਹੀਂ ਉਹ ਸੰਸਾਰ ਨੂੰ ਸੱਚੇ-ਮਾਰਗ ਤੇ ਚਲਣਾ ਸਿਖਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਰਾਹੀਂ ਸਿਖਾਇਆ ਹੈ। (**ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥8॥3॥**)

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥
ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ ੯੪੮)

{ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥
ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥}

(ਅੰਗ ੧੦੭੯)

{ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ ਸੇਜ ਵਿਛਾਈ ਸਰਧ ਅਪਾਰਾ ॥
ਨਵ ਰੰਗ ਲਾਲੁ ਸੇਜ ਰਾਵਣ ਆਇਆ ॥ ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥}

(ਅੰਗ ੭੩੭)

{ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥ ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥੧॥}

(ਅੰਗ ੧੦੮੯)

34/3938

ਸੱਚੇ ਸੰਤ ਕਿਹੋ ਜਿਹੇ ਹੁੰਦੇ ਹਨ ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਦੁਨਿਆਵੀ ਸੰਤ ਅਖਵਾਉਣ ਵਾਲਿਆਂ ਨੇ ਸਾਨੂੰ ਕਿਹੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਭਾਵ ਇਹ ਆਪ ਵੱਡੇ ਭਰਮ ਵਿੱਚ ਹਨ ਜੋ ਆਪਣੇ ਆਪ ਨੂੰ ਵੱਡਾ ਸਮਝੀ ਬੈਠੇ ਹਨ ਤੇ ਦੂਸਰਿਆਂ ਨੂੰ ਇਹਨਾਂ ਨੇ ਸਦੀਆਂ ਤੋਂ ਭਰਮ ਵਿੱਚ ਪਾਇਆ ਹੈ, ਆਪਣੀ ਆਪਣੀ ਮਤਿ ਦੇ ਨਾਲ ਜੋੜਿਆ ਹੈ ਤੇ ਹੁਣ ਵੀ ਇਹੋ ਕੁਝ ਹੀ ਹੋ ਰਿਹਾ ਹੈ। ਖਾਸ ਕਰਕੇ ਜਿਨ੍ਹਾਂ ਨੇ ਗੁਰਬਾਣੀ ਨੂੰ ਪੜਿਆ ਹੈ ਤੇ ਫਿਰ ਵੀ ਆਪਣੇ ਆਪ ਨੂੰ ਸੰਤ ਅਖਵਾਇਆ ਹੈ ਜਾਂ ਧਰਮ ਦਾ ਵਿਦਵਾਨ ਅਖਵਾਇਆ ਹੈ, ਗਿਆਨੀ, ਬ੍ਰਹਮਗਿਆਨੀ ਆਦਿ ਅਖਵਾਇਆ ਹੈ ਉਨ੍ਹਾਂ ਨੇ ਗੁਰਬਾਣੀ ਨੂੰ ਬਿਲਕੁਲ ਵੀ ਨਹੀਂ ਸਮਝਿਆ ਤੇ ਆਪਣੀ ਝੂਠੀ ਮਤਿ ਰਾਹੀਂ ਆਪਣੇ ਆਪ ਨੂੰ ਹੀ ਉੱਚਾ ਕੀਤਾ ਹੈ ਤੇ ਧਰਮ ਨੂੰ ਸਮਝਣ ਬਾਰੇ ਭਰਮ ਵੀ ਫੈਲਾਏ ਹਨ ਭਾਵ ਗੁਰਬਾਣੀ ਦੇ ਸੱਚੇ ਮਨੋਰਥ ਨੂੰ ਬਹੁਤ ਹੀ ਨੀਵਾਂ ਕੀਤਾ ਹੈ, ਗੁਰੂ ਦੀ ਸਿੱਖਿਆ ਨੂੰ ਬਹੁਤ ਹੀ ਨੀਵਾਂ ਕੀਤਾ ਹੈ ਕਿਉਂਕਿ ਉਨ੍ਹਾਂ ਨੂੰ ਸੁਣਨ ਵਾਲੇ ਇਹੀ ਸਮਝਦੇ ਹਨ ਕਿ ਜੋ ਕੁਝ ਉਹ ਸਮਝਾ ਰਹੇ ਹਨ ਉਸ ਵਿੱਚ ਹੀ ਸੱਚੀ ਗੁਰਮਤਿ ਹੈ ਜਦ ਕਿ ਇਸ ਵਿੱਚ ਕੋਈ ਸੱਚਾਈ ਨਹੀਂ ਹੈ। ਇਹੋ ਜਿਹਿਆਂ ਨੇ ਸਾਨੂੰ ਕਥਨੀ ਨਾਲ ਹੀ ਜੋੜਿਆ ਹੈ, ਸਰੀਰਕ ਕਿਰਿਆਵਾਂ ਆਦਿ ਦੇ ਨਾਲ ਹੀ ਜੋੜਿਆ ਹੈ ਜਿਸ ਨਾਲ ਧਰਮ ਦਾ, ਭਗਤੀ ਦਾ ਕੋਈ ਮਨੋਰਥ ਨਹੀਂ ਹੈ। ਕਥਨੀ ਕੇਵਲ ਸਾਨੂੰ ਸਮਝਾਉਣ ਲਈ ਹੈ ਨਾ ਕਿ ਉਸੇ ਨੂੰ ਹੀ ਭਗਤੀ ਸਮਝਣਾ। ਭਗਤੀ ਦਾ ਮਾਰਗ ਪਰਉਪਕਾਰ ਦਾ ਮਾਰਗ ਹੈ ਜੋ ਕਿ ਸਾਡੀ ਕਰਣੀ ਦੁਆਰਾ ਹੀ ਪੂਰਾ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਕਥਨੀ ਆਦਿ ਦੇ ਨਾਲ ਕੇਵਲ ਅਸੀਂ ਆਪਣੇ ਆਪਨੂੰ ਉੱਚਾ ਹੀ ਕਰਦੇ ਹਾਂ ਜੋ ਕਿ ਮੂਲ ਰੂਪ ਵਿੱਚ ਹੀ ਗੁਰਮਤਿ ਦੇ ਉਲਟ ਹੈ। ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਹੇਠ ਦਿੱਤੇ ਸ਼ਬਦ ਦੁਆਰਾ ਅਕਾਲ ਪੁਰਖ ਨੇ ਧੰਨ ਧੰਨ ਭਗਤ ਰਵਿਦਾਸ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਸਮਝਾਈ ਹੋਈ ਹੈ ਜੋ ਕਿ ਬੜੀ ਅਸਾਨੀ ਨਾਲ ਸਮਝੀ ਜਾ ਸਕਦੀ ਹੈ ਤਾਂ ਜੋ ਕੋਈ ਭਰਮ ਵਿੱਚ ਨਾ ਰਹੇ।

ਰਾਮਕਲੀ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

“ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥
ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥”

(ਅੰਗ ੯੭੩-੯੭੪)

34/3939

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਲੋਹੇ ਤੋਂ ਕੰਚਨ ਹੋਣਾ, ਪਾਰਸ ਹੋਣਾ ਕੀ ਹੈ। ਅਸੀਂ ਆਪਣੇ ਆਪ ਨੂੰ ਕੰਚਨ ਬਨਾਉਣ ਦੀਆਂ, ਪਾਰਸ ਬਨਾਉਣ ਦੀਆਂ ਗੱਲਾਂ ਕਰਦੇ ਹਾਂ ਪਰ ਅਸੀਂ ਇਸ ਰੂਪ ਵਾਲੇ ਬਣਨਾ ਕਿਵੇਂ ਹੈ ਇਹੀ ਗੱਲ ਸਾਨੂੰ ਇਹਨਾਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਗੁਰੂ ਕੰਚਨ ਹੈ, ਪਾਰਸ ਹੈ ਪਰ ਉਸਦਾ ਇਹ ਰੂਪ ਕਿਸ ਲਈ ਉੱਚਾ ਹੈ, ਸੁੱਚਾ ਹੈ, ਪਵਿੱਤਰ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਗੁਰੂ ਆਪਣੀ ਉੱਚੀ ਮਤਿ ਦੁਆਰਾ, ਆਪਣੇ ਉੱਚੇ

ਵਿਚਾਰਾਂ ਦੁਆਰਾ, ਆਪਣੇ ਉੱਚੇ ਗਿਆਨ ਦੁਆਰਾ ਭਾਵ ਆਪਣੇ ਨਾਮ ਦੁਆਰਾ ਪਾਰਸ ਹੈ ਭਾਵ ਗੁਰੂ ਪ੍ਰਮਾਤਮਾ ਆਪਣੇ ਨਿਰਗੁਣ ਰੂਪ ਦੁਆਰਾ ਪਾਰਸ ਹੈ, ਆਪਣੀ ਸੋਝੀ ਦੁਆਰਾ ਪਾਰਸ ਹੈ, ਆਪਣੇ ਚੌਥੇ ਪਦ ਦੁਆਰਾ ਪਾਰਸ ਹੈ। ਅਸੀਂ ਗੁਰੂ ਦੀ ਗੱਲ ਨੂੰ ਪੜ੍ਹਦੇ ਹਾਂ ਭਾਵ ਗੁਰੂ ਦੇ ਵਿਚਾਰਾਂ ਨੂੰ ਪੜ੍ਹਦੇ ਹਾਂ, ਗੁਣਾਂ ਨੂੰ ਪੜਦੇ ਹਾਂ ਤੇ ਗੱਲਾਂ ਕਰਦੇ ਹਾਂ ਜੋ ਕਿ ਗੁਰੂ ਦੇ ਨਾਮ ਨੂੰ ਸੁਨਣਾ ਹੈ, ਗੁਰੂ ਦੀ ਮਤਿ ਨੂੰ ਸੁਨਣਾ ਹੈ ਜਿਸ ਵਿੱਚ ਹਰ ਕੋਈ ਲੱਗਾ ਹੋਇਆ ਹੈ ਤੇ ਉਸੇ ਨੂੰ ਹੀ ਆਪਣੀ ਭਗਤੀ ਦਾ ਮਾਰਗ ਸਮਝਦਾ ਹੈ ਭਾਵ ਅਸੀਂ ਗੁਰੂ ਦੇ ਵਿਚਾਰਾਂ ਨੂੰ, ਗੁਣਾਂ ਨੂੰ ਕੇਵਲ ਕਥਦੇ, ਸੁਣਦੇ ਹੀ ਹਾਂ। ਕਥਨੀ ਕਰਨ ਨਾਲ ਅਸੀਂ ਕੰਚਨ, ਪਾਰਸ ਨਹੀਂ ਹੋ ਸਕਦੇ। ਅਸੀਂ ਲੋਹੇ ਤੋਂ ਪਾਰਸ ਬਣਨਾ ਹੈ। ਲੋਹਾ ਸਾਡਾ ਕੋਈ ਸਰਗੁਣ ਰੂਪ ਨਹੀਂ ਹੈ। ਸਾਡਾ ਲੋਹਾ ਰੂਪ ਸਾਡੇ ਮਨ ਦੇ ਮਾੜੇ ਵਿਚਾਰ ਹਨ, ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਦੇ ਅਉਗਣ ਹਨ। ਜਦ ਤੱਕ ਸ਼ਬਦ ਦੇ ਵਿਚਾਰ, ਸ਼ਬਦ ਦੀ ਮਤਿ ਸਾਡੇ ਵਿਚਾਰਾਂ ਨੂੰ ਨਹੀਂ ਪਰਸਦੀ ਭਾਵ ਸਾਡੇ ਮਾੜੇ ਵਿਚਾਰਾਂ ਨੂੰ ਨਹੀਂ ਬਦਲਦੀ ਤਦ ਤਕ ਅਸੀਂ ਲੋਹੇ ਤੋਂ ਕੰਚਨ, ਪਾਰਸ ਨਹੀਂ ਬਣ ਸਕਦੇ। ਸ਼ਬਦ ਦੀ ਕਥਨੀ, ਨਾਮ ਦੀ ਕਥਨੀ ਸਾਡੇ ਵਿਚਾਰਾਂ ਨੂੰ ਨਹੀਂ ਬਦਲਦੀ ਜਿਸ ਕਰਕੇ ਸਾਡਾ ਉਸ "ਅਨਭਉ" ਭਾਵ ਪ੍ਰਮਾਤਮਾ ਦੇ ਨਾਲ ਭਉ, ਧਿਆਨ ਨਹੀਂ ਜੁੜਦਾ ਤੇ ਨਾ ਹੀ ਉਸ ਦੇ ਦਰਸ਼ਨ ਹੋ ਸਕਦੇ ਹਨ। ਉਸ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿਚਾਰਾਂ ਨੂੰ ਪਾਰਸ ਬਨਾਉਣ ਦੁਆਰਾ ਹੁੰਦੇ ਹਨ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੁੰਦੇ ਹਨ ਭਾਵ ਸਾਡੀ ਕਥਨੀ ਵਾਲੀ ਭਗਤੀ ਕਿਸੇ ਲੇਖੇ ਨਹੀਂ ਪੈਂਦੀ। (**ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥ ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥1॥**)

34/3940

ਸਾਡੇ ਅੰਦਰ ਦਾ ਲੋਹਾ ਰੂਪ ਕੀ ਹੈ ਜਿਸ ਨੂੰ ਅਸੀਂ ਪਾਰਸ ਰੂਪ ਵਿੱਚ, ਕੰਚਨ ਰੂਪ ਵਿੱਚ ਬਦਲਣਾ ਹੈ ਭਾਵ ਜੋ ਗੁਰੂ ਦੇ ਸ਼ਬਦ ਦੇ ਵਿਚਾਰਾਂ ਨੂੰ ਪੜਣ ਦਾ ਮਕਸਦ ਹੈ, ਉਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਕਿ "ਰਹਾਉ" ਵਾਲੀ ਪੰਗਤੀ ਹੈ ਭਾਵ ਜੋ ਸਾਰੇ ਸ਼ਬਦ ਦਾ ਸਾਰ ਹੈ।

"ਦੇਵ ਸੰਸੈ ਗਾਂਠਿ ਨ ਛੂਟੈ ॥ ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥"

ਸਾਡੇ ਅੰਦਰ ਦਾ ਲੋਹਾ ਰੂਪ ਸਾਡੇ ਅੰਦਰ ਦੇ ਵਿਕਾਰ ਹੀ ਹਨ, ਪੰਜੇ ਵਿਕਾਰ ਹੀ ਹਨ ਜੋ ਹਰ ਵੇਲੇ ਸਾਡੇ ਆਤਮਿਕ ਜੀਵਨ ਨੂੰ ਲੁੱਟਦੇ ਰਹਿੰਦੇ ਹਨ ਭਾਵ ਸਾਡੇ ਮਨ ਦੇ ਮਾੜੇ ਵਿਚਾਰ ਸਾਡੇ ਜੀਵਨ ਨੂੰ ਖਰਾਬ ਕਰਦੇ ਰਹਿੰਦੇ ਹਨ, ਸਾਡੇ ਜੀਵਨ ਨੂੰ ਮਾੜਾ ਬਨਾਉਂਦੇ ਹਨ, ਸਾਡੇ ਅੰਦਰ ਨਾਮ ਵਾਲੇ ਵਿਚਾਰਾਂ ਨੂੰ ਵੱਸਣ ਤੋਂ ਦੂਰ ਰਖਦੇ ਹਨ ਭਾਵ ਸਾਨੂੰ ਸ਼ਬਦ ਦੇ ਵਿਚਾਰਾਂ ਨਾਲ ਜੁੜਨ ਨਹੀਂ ਦਿੰਦੇ। ਇਸ ਦਾ ਕਾਰਣ ਸਾਡੇ ਅੰਦਰ ਦੀ ਸੰਸਾ ਹੈ ਜਿਸ ਦਾ ਹਰ ਕੋਈ ਬੱਝਿਆ ਹੋਇਆ ਹੈ ਭਾਵ ਸਾਡੇ ਅੰਦਰ ਦਾ ਬੰਧਨ ਰੂਪ ਹੈ ਜੋ ਕਿ ਸਾਡੇ ਅੰਦਰ ਦੀ ਅਗਿਆਨਤਾ ਹੈ ਤੇ ਸਾਨੂੰ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਨਹੀਂ ਦਿੰਦੀ। ਸ਼ਬਦ ਦੇ ਵਿਚਾਰਾਂ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਅਸਲੀਅਤ ਨੂੰ ਸਮਝੀਏ। ਅਸਲੀਅਤ ਭਾਵ ਭਗਤੀ ਦੀ ਅਸਲੀਅਤ ਕਥਨੀ ਵਿੱਚ ਨਹੀਂ ਹੈ ਬਲਕਿ ਸ਼ਬਦ ਦੇ ਵਿਚਾਰਾਂ ਨੂੰ ਮੰਨ ਕੇ ਵਿਕਾਰਾਂ ਵਿੱਚੋਂ ਨਿਕਲਣ ਦੀ ਹੈ, ਆਪਣੇ ਮਨ ਦੇ ਲੋਹਾ ਰੂਪ ਵਿਚਾਰਾਂ ਨੂੰ ਗੁਰੂ ਦੇ ਪਾਰਸ ਰੂਪ ਵਿਚਾਰਾਂ ਨਾਲ ਜੋੜਨ ਦੀ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਸੱਚੇ ਸੁੱਚੇ ਬਣਕੇ, ਗੁਰਮਤਿ ਦੇ ਵਿਚਾਰਾਂ ਵਾਲੇ ਬਣਕੇ, ਪਰਉਪਕਾਰੀ ਬਣਕੇ ਵਿਚਰੀਏ ਜੋ ਕਿ ਧਰਮ ਦਾ ਅਸਲ ਮਾਰਗ ਹੈ। (**ਦੇਵ ਸੰਸੈ ਗਾਂਠਿ ਨ ਛੂਟੈ ॥ ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥1॥ ਰਹਾਉ ॥**)

ਜਿਹੜੇ ਭਗਤੀ ਦੇ ਸਹੀ ਮਾਰਗ ਨੂੰ ਨਹੀਂ ਸਮਝਦੇ ਤੇ ਕੇਵਲ ਕਥਨੀ ਵਿੱਚ ਹੀ, ਸੁਰਤੀਆ ਸਮਾਧੀਆਂ ਜੋੜਨ ਵਿੱਚ ਹੀ, ਸਰੀਰਕ ਸੁਚਿ ਵਿੱਚ ਹੀ, ਸਰੀਰਕ ਕਿਰਿਆਵਾਂ ਆਦਿ ਵਿੱਚ ਹੀ ਭਗਤੀ ਦਾ ਮਾਰਗ ਸਮਝਦੇ ਹਨ, ਨਾਮ ਦਾ ਮਾਰਗ ਸਮਝਦੇ

34/3941

ਹਨ ਤੇ ਦੂਸਰਿਆਂ ਨੂੰ ਵੀ ਸਮਝਾਉਂਦੇ ਹਨ ਉਹ ਕੇਵਲ ਆਪਣੇ ਆਪ ਨੂੰ ਹੀ ਉੱਚਾ ਕਰਦੇ ਹਨ, ਆਪਣੀ ਮੈ ਹੀ ਵਧਾਉਂਦੇ ਹਨ ਜਿਸ ਦੁਆਰਾ ਉਹ ਆਪਣੇ ਆਪ ਨੂੰ ਗੁਰੂ ਪ੍ਰਮਾਤਮਾ ਤੋਂ ਦੂਰ ਹੀ ਕਰਦੇ ਹਨ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ ਖਾਸ ਕਰਕੇ ਉਹਨਾਂ ਨੂੰ ਜਿਨ੍ਹਾਂ ਨੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਹੈ।

“ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥

ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥”

ਅਸੀਂ ਧਰਮ ਗ੍ਰੰਥਾਂ ਦੀ ਕਥਨੀ ਕਰਨ ਦੁਆਰਾ, ਗਿਆਨ ਦੀਆਂ ਗੱਲਾਂ ਕਰਨ ਦੁਆਰਾ ਤੇ ਆਪਣੀ ਮਤਿ ਅਨੁਸਾਰ ਬਣਾਏ ਹੋਏ ਧਰਮ ਦੇ ਮਾਰਗਾਂ ਤੇ ਚੱਲਣ ਨਾਲ ਆਪਣੇ ਆਪ ਨੂੰ ਗੁਣੀ ਸਮਝਦੇ ਹਾਂ, ਧਰਮ ਦੇ ਮਾਰਗ ਦੇ ਸੂਰਮੇ ਸਮਝਦੇ ਹਾਂ ਜਿਵੇਂ ਕਿ ਕਿਸੇ ਅੱਖਰ ਦਾ ਜਪ ਕਰੀ ਜਾਣ ਵਾਲੇ ਆਪਣੇ ਆਪ ਨੂੰ ਸੂਰਮਾ ਸਮਝਦੇ ਹਨ। ਜਪ ਤਪ ਤੇ ਜਿਆਦਾ ਜ਼ੋਰ ਲਗਾਉਣ ਵਾਲਾ, ਲੰਬੇ ਸਮੇਂ ਤਕ ਜਪ ਕਰਨ ਵਾਲਾ, ਲੰਬੇ ਸਮੇਂ ਤੱਕ ਧਰਮ ਗ੍ਰੰਥਾਂ ਨੂੰ ਪੜੀ ਜਾਣ ਵਾਲਾ ਆਪਣੇ ਆਪ ਨੂੰ ਵੱਡਾ ਸੂਰਮਾ ਸਮਝਦਾ ਹੈ। ਅਸੀਂ ਅਨੇਕਾਂ ਤਰੀਕਿਆਂ ਦੁਆਰਾ ਆਪਣੇ ਆਪ ਨੂੰ ਉੱਚਾ ਕੀਤਾ ਹੋਇਆ ਹੈ ਜੋ ਧਾਰਮਿਕ ਸ਼ਬਦਾਂ ਦਾ ਜ਼ਿਆਦਾ ਗਾਇਨ ਕਰਦਾ ਹੈ, ਜਿਸ ਨੂੰ ਸੁਣਨ ਵਾਲੇ ਬਹੁਤੇ ਹੁੰਦੇ ਹਨ ਉਹ ਆਪਣੇ ਆਪ ਨੂੰ ਉੱਚਾ ਕਵੀ ਭਾਵ ਉੱਚਾ ਕੀਰਤਨੀਆ ਸਮਝਦਾ ਹੈ, ਉੱਚੇ ਧਾਰਮਿਕ ਜੀਵਨ ਵਾਲਾ ਸਮਝਦਾ ਹੈ, ਧਰਮ ਦੇ ਉੱਚੇ ਕੁਲਿ ਵਾਲਾ ਸਮਝਦਾ ਹੈ। ਕੋਈ ਉੱਚਾ ਧਾਰਮਿਕ ਗਿਆਨ ਹਾਸਲ ਕਰਕੇ ਆਪਣੇ ਆਪ ਨੂੰ ਧਰਮ ਦਾ ਪੰਡਿਤ ਜਾਂ ਗਿਆਨੀ ਅਖਵਾਉਂਦਾ ਹੈ, ਕੋਈ ਆਪਣੇ ਜੋਗੀ ਵਾਲੇ ਜੀਵਨ ਨੂੰ ਉੱਚਾ ਸਮਝਦਾ ਹੈ ਭਾਵ ਉਸ ਦੁਆਰਾ ਉੱਚਾ ਅਖਵਾਉਂਦਾ ਹੈ, ਕੋਈ ਸੰਨਿਆਸੀਆਂ ਵਾਲਾ ਜੀਵਨ ਅਪਨਾ ਕੇ ਉੱਚਾ ਅਖਵਾਉਂਦਾ ਹੈ। ਇਹੋ ਜਿਹਿਆਂ ਸਾਰਿਆਂ ਨੂੰ ਹੀ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ। ਧਰਮ ਦਾ ਮਾਰਗ ਆਪਣੇ ਆਪ ਨੂੰ ਉੱਚਾ ਨਹੀਂ

34/3942

ਬਲਕਿ ਨੀਵਾਂ ਕਰਨ ਦਾ ਹੈ ਜੋ ਕਿ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਹੋਇਆ ਜਾ ਸਕਦਾ ਹੈ, ਧਰਮ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਹੋਇਆ ਜਾ ਸਕਦਾ ਹੈ। ਧਰਮ ਦਾ ਮਾਰਗ ਕਿਸੇ ਦਿਖਾਵੇ ਦਾ ਮਾਰਗ ਨਹੀਂ ਹੈ। ਸਾਡੀ ਕਥਨੀ ਆਦਿ, ਸਰੀਰਕ ਜਪ ਤਪ ਆਦਿ, ਮਨਮਤਿ ਰਾਹੀਂ ਉੱਚੇ ਗਿਆਨ ਦੀਆਂ ਗੱਲਾਂ ਕਰਨੀਆਂ, ਸਰੀਰਕ ਸੁਚਿ ਆਦਿ ਦਿਖਾਉਣੀ, ਵੱਖਰੀਆਂ ਵੱਖਰੀਆਂ ਮਰਿਯਾਦਾਵਾਂ ਆਦਿ ਨੂੰ ਉੱਚਾ ਕਰਨਾ ਸਭ ਭਗਤੀ ਦੇ ਦਿਖਾਵੇ ਹੀ ਹਨ ਜਿਨ੍ਹਾਂ ਦੁਆਰਾ ਅਸੀਂ ਆਪਣੇ ਆਪ ਨੂੰ ਉੱਚਾ ਕਰਦੇ ਹਾਂ ਜਿਸ ਵਿੱਚ ਕੇਵਲ ਭਰਮ ਹੈ ਤੇ ਅਸੀਂ ਦੂਸਰਿਆਂ ਨੂੰ ਵੀ ਆਪਣੀ ਮਤਿ ਨਾਲ ਜੋੜ ਕੇ ਭਰਮ ਵਿੱਚ ਪਾਉਂਦੇ ਹਾਂ ਭਾਵ ਆਪ ਵੀ ਗੁਰਮਤਿ ਤੋਂ ਦੂਰ ਹਾਂ ਤੇ ਦੂਸਰਿਆਂ ਨੂੰ ਵੀ ਗੁਰਮਤਿ ਤੋਂ ਦੂਰ ਕਰਦੇ ਹਾਂ। ਕਈਂ ਬਹੁਤਾ ਉੱਚਾ ਅਖਵਾਉਣ ਵਾਲੇ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਣ ਵਾਲੇ ਦਾਤੇ ਬਣਕੇ ਵੀ ਬੈਠੇ ਹੋਏ ਹਨ ਜੋ ਆਪਣੇ ਆਪ ਨੂੰ ਦਾਤਾਂ ਦੇਣ ਵਾਲੇ ਬਣਾਈ ਬੈਠੇ ਹਨ ਤੇ ਉਨ੍ਹਾਂ ਕੋਲ ਜਾਣ ਵਾਲਿਆਂ ਦੀ ਕਮੀ ਨਹੀਂ ਹੈ। ਇਹ ਸਭ ਗੁਰੂ ਪ੍ਰਮਾਤਮਾ ਦੇ ਸ਼ਰੀਕ ਬਣ ਕੇ ਹੀ ਬੈਠੇ ਹੋਏ ਹਨ, ਗੁਰੂ ਵਰਗੇ ਉੱਚੇ ਬਣਕੇ ਬੈਠੇ ਹੋਏ ਹਨ ਤੇ ਕਈ ਗੁਰੂ ਤੋਂ ਵੀ ਉੱਚੇ ਗਿਆਨ ਦੀਆਂ ਗੱਲਾਂ ਕਰਦੇ ਹਨ ਭਾਵ ਦੂਸਰਿਆਂ ਨੂੰ ਅਨੇਕਾਂ ਹੀ ਭਰਮਾਂ ਵਿੱਚ ਪਾਉਂਦੇ ਹਨ। ਆਪਣੇ ਆਪ ਨੂੰ ਕੋਈ ਦਾਤਾ ਜਾਂ ਉੱਚਾ ਉਹੀ ਅਖਵਾ ਸਕਦਾ ਹੈ ਜਿਸ ਨੇ ਉਸ ਉੱਚੇ ਨੂੰ ਆਪਣੇ ਅੰਦਰੋਂ ਨਹੀਂ ਦੇਖਿਆ, ਦਾਤਾਂ ਦੇ ਮਾਲਕ ਨੂੰ ਨਹੀਂ ਦੇਖਿਆ, ਗਿਆਨ ਦੇ ਮਾਲਕ ਨੂੰ ਨਹੀਂ ਦੇਖਿਆ, ਅਸਲ ਗਿਆਨੀ ਨੂੰ, ਪੰਡਿਤ ਨੂੰ ਨਹੀਂ ਦੇਖਿਆ। ਗੁਰੂ ਸਾਹਿਬ ਸਾਨੂੰ ਇਹਨਾਂ ਭਰਮਾਂ ਵਿੱਚੋਂ ਨਿਕਲਣ ਲਈ ਸਮਝਾ ਰਹੇ ਹਨ ਕਿ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ ਮਾੜੀ ਗੱਲ ਹੈ। ਸਾਨੂੰ ਇਹੋ ਜਿਹੀ ਭਰਮ ਵਾਲੀ ਮਤਿ ਤਿਆਗਣ ਲਈ ਕਿਹਾ ਹੋਇਆ ਹੈ ਪਰ ਇਹੋ ਜਿਹਿਆਂ ਨੂੰ ਸਮਝਾਉਣਾ ਬਹੁਤ ਔਖਾ ਹੈ ਕਿਉਂਕਿ ਕੋਈ ਵੀ ਆਪਣੇ ਆਪ ਨੂੰ ਗਲਤ ਮੰਨਣ ਲਈ ਤਿਆਰ ਨਹੀਂ ਹੁੰਦਾ। ਇਸੇ ਦਾ ਨਾਮ ਭਰਮ ਹੈ। ਜਿਸ ਨੂੰ ਧਰਮ ਦੇ ਮਾਰਗ ਦੀ ਸਮਝ ਹੈ ਉਹ ਫਿਰ ਚੁੱਪ ਕਰਕੇ ਸੱਚੀ ਸੁੱਚੀ ਕਿਰਤ ਨਾਲ ਜੁੜਿਆ ਰਹਿੰਦਾ ਹੈ, ਪਰਉਪਕਾਰੀ ਜੀਵਨ ਨਾਲ ਜੁੜਿਆ ਰਹਿੰਦਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਅਸਲ ਭਗਤੀ ਹੈ ਤੇ ਉਹ ਕਿਸੇ ਭਗਤੀ ਦੇ ਦਿਖਾਵਿਆਂ ਵਿੱਚ ਨਹੀਂ ਪੈਂਦਾ ਜਿਸ ਨਾਲ ਕੇਵਲ ਸਾਡੀ ਮੈਂ ਹੀ ਉੱਚੀ ਹੁੰਦੀ ਹੈ, ਹਉਮੈ ਹੀ ਵੱਧਦੀ ਹੈ। (**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥ ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥2॥**)

34/3943

ਆਪਣੇ ਆਪ ਨੂੰ ਉੱਚਾ ਸਮਝਣ ਵਾਲੇ ਭਾਵ ਭਗਤੀ ਦੇ ਮਾਰਗ ਤੇ ਉੱਚਾ ਸਮਝਣ ਵਾਲੇ ਧਰਮ ਦੇ ਮਾਰਗ ਤੋਂ ਭੁੱਲੇ ਹੋਏ ਹਨ ਤੇ ਉਨ੍ਹਾਂ ਨੂੰ ਨਾਮ ਦੀ ਸੋਝੀ ਨਹੀਂ ਹੈ ਭਾਵ ਗੁਰੂ ਦੀ ਮਤਿ ਦੀ ਸੋਝੀ ਨਹੀਂ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ

ਰਾਹੀਂ ਸਮਝਾਈ ਹੋਈ ਹੈ।

"ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥

ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥"

ਭਗਤ ਰਵਿਦਾਸ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਇਹੋ ਜਿਹੇ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਸਾਰੇ ਬਉਰੇ ਹਨ ਭਾਵ ਕਮਲੇ ਹਨ ਭਾਵ ਬਿਲਕੁਲ ਹੀ ਨਾਸਮਝ ਹਨ, ਭੁੱਲੇ ਹੋਏ ਹਨ। ਭੁੱਲ ਵਿੱਚੋਂ ਉਹੀ ਨਿਕਲਦਾ ਹੈ ਜਿਸ ਦੇ ਅੰਦਰ "ਨਾਮੁ ਅਧਾਰੁ" ਹੈ। ਭਗਤ ਰਵਿਦਾਸ ਜੀ ਕਹਿ ਰਹੇ ਹਨ ਕਿ ਮੇਰੇ ਅੰਦਰ ਨਾਮੁ ਅਧਾਰੁ ਹੈ ਭਾਵ ਮੇਰੇ ਅੰਦਰ ਨਾਮ ਦੀ ਟੇਕ ਹੈ ਭਾਵ ਸੱਚੇ ਗਿਆਨ ਦੀ ਟੇਕ ਹੈ ਜਿਸ ਕਰਕੇ ਮੈਂ ਭਰਮ ਵਿੱਚੋਂ ਨਿਕਲਿਆ ਹੋਇਆ ਹਾਂ ਤੇ ਇਹੋ ਜਿਹੇ ਭਰਮੇ ਹੋਇਆਂ ਨੂੰ, ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲਿਆਂ ਨੂੰ ਭਰਮ ਵਿੱਚੋਂ ਕੱਢ ਰਿਹਾ ਹਾਂ। ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਾਮ ਦੁਆਰਾ ਹੀ ਪੈਂਦੀ ਹੈ, ਪ੍ਰਮਾਤਮਾ ਦੇ ਦਿੱਤੇ ਹੋਏ ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ ਜੋ ਸਾਡਾ ਅਸਲ ਧਨ ਹੈ, ਜੋ ਸਾਡੇ ਜੀਵਨ ਦਾ ਸੱਚਾ ਆਸਰਾ ਹੈ, ਜੋ ਮਨ ਦਾ ਸੱਚਾ ਗਿਆਨ ਸਾਨੂੰ ਸਾਡੇ ਜੀਵਨ ਦਾ ਸੱਚਾ ਮਾਰਗ ਦਿਖਾਉਂਦਾ ਹੈ ਉਹੀ ਸਾਡੇ ਜੀਵਨ ਦਾ ਸੱਚਾ ਆਸਰਾ ਹੈ, ਜੋ ਸਾਨੂੰ ਹਰ ਵੇਲੇ ਭਰਮ ਤੋਂ ਦੂਰ ਰਖਦਾ ਹੈ ਤੇ ਗੁਰਮਤਿ ਨਾਲ, ਸੱਚ ਨਾਲ ਜੋੜਕੇ ਰਖਦਾ ਹੈ। (**ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥ ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥3॥1॥**)

"ਸਚੁ ਨਾਮੁ ਆਧਾਰੁ" ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਸਭੇ ਥੋਕ ਵਿਸਾਰਿ ਇਕੋ ਮਿਤੁ ਕਰਿ ॥

ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ ॥

ਆਵਣ ਜਾਣਾ ਚੁਕੈ ਜਨਮਿ ਨ ਜਾਹਿ ਮਰਿ ॥

ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ ॥

ਨਾਨਕ ਨਾਮੁ ਨਿਧਾਨੁ ਮਨ ਮਹਿ ਸੰਜਿ ਧਰਿ ॥੨੦॥"

(ਅੰਗ - ੧੦੯੩)

34/3944

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ "ਸਚੁ ਨਾਮੁ" ਉਹ ਹੈ ਜਿਸ ਵਿੱਚ ਕੇਵਲ ਗੁਰਮਤਿ ਹੈ, ਜਿਸ ਮਤਿ ਦੁਆਰਾ, ਸ਼ਬਦ ਦੀ ਵਿਚਾਰ ਦੁਆਰਾ ਪ੍ਰਮਾਤਮਾ ਨੇ ਸਾਨੂੰ "ਸਚੁ" ਸਮਝਾਇਆ ਹੈ ਕਿ ਇਸ ਸੰਸਾਰ ਦਾ ਸੱਚ ਕੀ ਹੈ। ਸਚੁ ਰੂਪ ਵਿਚ ਹੀ ਪ੍ਰਮਾਤਮਾ ਆਪ ਹੈ। ਕੇਵਲ ਗੁਰੂ ਦੀ ਇੱਕੋ ਇੱਕ ਮਤਿ ਨੂੰ ਅਪਨਾਉਣਾ ਉਸ ਗੁਰੂ ਪ੍ਰਮਾਤਮਾ ਨੂੰ ਆਪਣਾ ਮਿਤ੍ਰ ਬਨਾਉਣਾ ਹੈ, ਉਸ ਸਚੁ ਰੂਪ ਗੁਰੂ ਪ੍ਰਮਾਤਮਾ ਨੂੰ ਆਪਣਾ ਮਿਤ੍ਰ ਬਨਾਉਣਾ ਹੈ। ਗੁਰੂ ਸਾਡਾ ਮਿਤ੍ਰ ਤਾਂ ਹੀ ਬਣ ਸਕਦਾ ਹੈ ਜੇਕਰ ਅਸੀਂ ਉਹਨਾਂ ਸਾਰਿਆਂ ਦੀ ਮਤਿ ਨੂੰ ਛੱਡ ਦਿਆਂਗੇ ਜੋ ਕਿ ਜਗ੍ਹਾ ਜਗ੍ਹਾ ਆਪਣੇ ਆਪ ਨੂੰ ਉੱਚੀ ਮਤਿ ਵਾਲਾ ਥਾਪ ਕੇ ਬੈਠੇ ਹਨ, "ਥੋਕ" ਵਿੱਚ ਬੈਠੇ ਹਨ ਭਾਵ ਬਹੁ ਗਿਣਤੀ ਵਿੱਚ ਬੈਠੇ ਹਨ। ਪ੍ਰਮਾਤਮਾ ਨੂੰ ਅਸੀਂ ਤਾਂ ਹੀ ਪਾ ਸਕਦੇ ਹਾਂ ਜੇਕਰ ਅਸੀਂ ਗੁਰੂ ਦੀ ਮਤਿ ਨਾਲ ਜੁੜਾਂਗੇ ਤੇ ਗੁਰੂ ਦੀ ਮਤਿ ਨੂੰ ਅਪਨਾਉਣ ਨਾਲ ਅਸੀਂ ਪਾਪਾਂ ਵਾਲੀ ਬਿਰਤੀ ਵਿੱਚੋਂ ਨਿਕਲਦੇ ਹਾਂ, ਮਾਇਆ ਮੋਹ, ਅਉਗਣਾਂ ਵਿੱਚੋਂ ਨਿਕਲਦੇ ਹਾਂ ਤਾਂ ਜੋ ਅਸੀਂ ਧਰਮ ਦੇ ਮਾਰਗ ਤੇ ਚੱਲ ਸਕੀਏ, ਅਸੀਂ ਗੁਰੂ ਦੀ ਮਤਿ ਨਾਲ ਜੁੜਨ ਦਾ ਉਦਮ ਹੀ ਕਰਨਾ ਹੈ, ਦੂਸਰਿਆਂ ਦੀ ਮਤਿ ਵਿੱਚੋਂ ਨਿਕਲਣ ਦਾ ਉਦਮ ਹੀ ਕਰਨਾ ਹੈ ਤੇ ਆਪਣੀ ਕਿਰਪਾ ਦੁਆਰਾ ਪ੍ਰਮਾਤਮਾ ਸਾਨੂੰ ਆਪ ਹੀ ਪਾਪਾਂ ਵਾਲੀ ਬਿਰਤੀ ਤੋਂ, ਮਨ ਦੇ ਮਾੜੇ ਵਿਚਾਰਾਂ ਤੋਂ ਮੁਕਤਿ ਕਰਦਾ ਹੈ। ਜਿਸ ਨੂੰ ਪ੍ਰਮਾਤਮਾ ਨਿਹਾਲ ਕਰਦਾ ਹੈ ਉਸ ਨੂੰ ਅਉਗੁਣਾਂ ਤੋਂ ਮੁਕਤਿ ਕਰ ਕੇ ਹੀ ਕਰਦਾ ਹੈ। (**ਸਭੇ ਥੋਕ ਵਿਸਾਰਿ ਇਕੋ ਮਿਤੁ ਕਰਿ ॥ ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ ॥**)

ਜਦੋਂ ਸਾਡੇ ਅੰਦਰੋਂ ਪਾਪਾਂ ਵਾਲੀ, ਅਉਗਣਾਂ ਵਾਲੀ ਬਿਰਤੀ ਮੁੱਕ ਜਾਂਦੀ ਹੈ ਭਾਵ ਜਦੋਂ ਆਪ ਹੀ ਪ੍ਰਮਾਤਮਾ ਕਿਸੇ ਤੇ ਇਹ

ਕਿਰਪਾ ਕਰਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਕਰਦਾ ਹੈ ਤਾਂ ਹੀ ਮਨੁੱਖ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਹੁੰਦਾ ਹੈ, ਮਨੁੱਖ ਦੇ ਜੀਵਨ ਦਾ ਮਨੋਰਥ ਸਫਲ ਹੁੰਦਾ ਹੈ। ਮਨੁੱਖ ਦੇ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਜਦੋਂ ਮਨੁੱਖ ਦੇ ਅੰਦਰੋਂ ਪੂਰੀ ਤਰ੍ਹਾਂ ਚਿੰਤਾ ਖ਼ਤਮ ਹੋ ਜਾਂਦੀ ਹੈ, ਮਾਇਆ ਮੋਹ ਸੜ ਜਾਂਦਾ ਹੈ ਭਾਵ ਸਾਰੇ ਮਾੜੇ ਵਿਚਾਰ ਖ਼ਤਮ ਹੋ ਜਾਂਦੇ ਹਨ ਭਾਵ ਜਦੋਂ ਮਨੁੱਖ ਪੂਰੀ ਤਰ੍ਹਾਂ ਗੁਰਮਤਿ ਵਾਲੇ ਵਿਚਾਰਾਂ ਵਾਲਾ ਬਣ ਜਾਂਦਾ ਹੈ ਇਹ ਉਸਦੇ ਅੰਦਰ "ਸਚੁ ਨਾਮੁ ਆਧਾਰੁ" ਵਾਲੀ ਅਵਸਥਾ ਹੈ। ਮਨ ਦੇ ਵਿੱਚ ਸੱਚੇ ਗੁਰਮਤਿ ਵਿਚਾਰਾਂ ਦਾ ਧਨ ਹੀ ਸਾਡਾ ਸੱਚਾ ਧਨ ਹੈ, ਨਾਮ ਧਨ ਹੈ, ਸੱਚੇ ਵਿਚਾਰਾਂ ਦਾ,

34/3945

ਗੁਣਾਂ ਵਾਲੇ ਵਿਚਾਰਾਂ ਦਾ ਖਜਾਨਾ ਹੈ, "ਨਾਮੁ ਨਿਧਾਨੁ" ਹੈ ਜਿਸ ਨੂੰ ਮਨੁੱਖ ਹਰ ਵੇਲੇ ਇਕੱਠਾ ਕਰਦਾ ਰਹਿੰਦਾ ਹੈ ਜਿਸ ਦੁਆਰਾ ਉਹ ਆਪਣੀ ਸੰਸਾਰਿਕ ਵਿਚਰਨ ਵਿਚਰਦਾ ਹੈ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦਾ ਹੈ। ਗੁਰਮਤਿ ਵਾਲੀ ਸੋਝੀ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਦਿੰਦਾ ਰਹਿੰਦਾ ਹੈ, ਵਧਾਉਂਦਾ ਰਹਿੰਦਾ ਹੈ। (**ਆਵਣ ਜਾਣਾ ਚੁਕੈ ਜਨਮਿ ਨ ਜਾਹਿ ਮਰਿ ॥ ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ ॥ ਨਾਨਕ ਨਾਮੁ ਨਿਧਾਨੁ ਮਨ ਮਹਿ ਸੰਜਿ ਧਰਿ ॥20॥**)

34/3945-ਅ

ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਨਾਮ ਧਨ ਦਿੰਦਾ ਹੈ ਉਹੀ ਪ੍ਰਮਾਤਮਾ ਦਾ ਸੰਤ ਰੂਪ ਬਣਦਾ ਹੈ ਜਿਥੇ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ। ਸੰਤ ਬਣਨਾ ਕੀ ਹੈ ਜੇਕਰ ਇਸ ਗੱਲ ਦੀ ਸਮਝ ਹੋਵੇ ਤਾਂ ਫਿਰ ਆਪਣੇ ਆਪ ਨੂੰ ਕੋਈ ਸੰਤ ਕਿਉਂ ਅਖਵਾਏ। ਆਪਣੇ ਆਪ ਨੂੰ ਸੰਤ ਉਹੀ ਅਖਵਾਂਦੇ ਹਨ ਜੋ ਕਿਸੇ ਅੱਖਰ ਦੇ ਜਪ ਨੂੰ ਨਾਮ ਸਮਝਦੇ ਹਨ ਤੇ ਸਰੀਰਕ ਕਿਰਿਆਵਾਂ ਨਾਲ ਜੁੜੇ ਹੋਏ ਹਨ ਜੋ ਕਿ ਸਭ ਮਾਇਆ ਮੋਹ ਹੀ ਹੈ, ਭਰਮ ਹੀ ਹੈ, ਹਉਮੈ ਹੀ ਹੈ ਤੇ ਉਹ ਦੂਸਰਿਆਂ ਨੂੰ ਭਰਮ ਨਾਲ, ਮਾਇਆ ਮੋਹ ਨਾਲ ਹੀ ਜੋੜਦੇ ਹਨ। ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਅੰਮ੍ਰਿਤ ਦੀ ਪ੍ਰਾਪਤੀ ਕੀ ਹੈ ਇਸ ਗੱਲ ਦੀ ਉਹਨਾਂ ਨੂੰ ਰੱਤੀ ਭਰ ਵੀ ਸਮਝ ਨਹੀਂ ਹੈ। ਆਉ ਇਸ ਗੱਲ ਨੂੰ ਹੇਠ ਦਿਤੇ ਸ਼ਬਦ ਦੁਆਰਾ ਸਮਝੀਏ ਤੇ ਉਹੋ ਜਿਹਿਆਂ ਨੂੰ ਸੰਤ ਕਹਿਣ ਤੋਂ ਬਚੀਏ ਜਿਨ੍ਹਾਂ ਨੂੰ ਭਰਮ ਵਿੱਚ ਹੀ ਅਸੀਂ ਸੰਤ ਸਮਝ ਕੇ ਅਸਲ ਸੰਤ ਤੋਂ ਭਾਵ ਗੁਰੂ ਤੋਂ ਵਿਛੁੜੇ ਰਹਿੰਦੇ ਹਾਂ, ਗੁਰਮਤਿ ਤੋਂ ਵਿਛੁੜੇ ਰਹਿੰਦੇ ਹਾਂ ਤੇ ਉਨ੍ਹਾਂ ਗੱਲਾਂ ਵਿੱਚ ਆਪਣੀ ਭਗਤੀ ਸਮਝਦੇ ਹਾਂ ਜੋ ਗੱਲਾਂ ਮੂਲ ਰੂਪ ਵਿੱਚ ਹੀ ਭਗਤੀ ਤੋਂ ਉਲਟ ਹਨ।

ਸਲੋਕੁ ਮਃ ੩ ॥

“ਇਸੁ ਜਗ ਮਹਿ ਸੰਤੀ ਧਨੁ ਖਟਿਆ ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥
ਸਤਿਗੁਰਿ ਸਚੁ ਦ੍ਰਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ ॥
ਇਤੁ ਧਨਿ ਪਾਇਐ ਭੁਖ ਲਥੀ ਸੁਖੁ ਵਸਿਆ ਮਨਿ ਆਇ ॥
ਜਿੰਨ੍ਹਾ ਕਉ ਧੁਰਿ ਲਿਖਿਆ ਤਿਨੀ ਪਾਇਆ ਆਇ ॥
ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥
ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ ॥
ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ ॥
ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥
ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ ॥੧॥”

(ਅੰਗ - ੧੦੯੨)

ਨਾਮ ਧਨ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਜੋ ਕਿ ਇਕ ਅੱਖਰ ਨੂੰ ਹੀ ਨਾਮ ਸਮਝਦੇ ਹਨ ਤੇ ਉਸ ਅੱਖਰ ਨੂੰ ਰਟੀ ਜਾਣਾ ਨਾਮ ਧਨ ਸਮਝਦੇ ਹਨ। ਨਾਮ ਧਨ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ

ਹੈ। ਨਾਮ ਧਨ ਸੱਚੇ ਗਿਆਨ ਦਾ ਧਨ ਹੈ

34/3946

ਜੋ ਪੂਰੀ ਗੁਰਬਾਣੀ ਵਿੱਚ ਭਰਪੂਰ ਹੈ। ਇਹ ਉਹ ਧਨ ਹੈ ਜੋ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। ਜਿਸ ਨੂੰ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਇਹ ਧਨ ਦਿੰਦਾ ਹੈ ਉਹੀ ਪ੍ਰਮਾਤਮਾ ਦਾ ਸੰਤ ਬਣਦਾ ਹੈ। ਜਿਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਪ੍ਰਮਾਤਮਾ ਦੇ ਸੰਤ ਹਨ। ਉਨ੍ਹਾਂ ਸਭ ਦੇ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਜਿਸ ਕਰਕੇ ਉਹ ਪ੍ਰਮਾਤਮਾ ਦਾ ਸੰਤ ਰੂਪ ਬਣੇ ਹਨ ਭਾਵ ਸਭ ਦੇ ਅੰਦਰ ਗਿਆਨ ਪ੍ਰਮਾਤਮਾ ਨੇ ਆਪ ਹੀ ਦਿੱਤਾ ਹੈ ਤੇ ਇਸੇ ਲਈ ਉਨ੍ਹਾਂ ਸਭ ਨੇ ਪ੍ਰਮਾਤਮਾ ਨੂੰ ਹੀ ਸੰਤ ਦਸਿਆ ਹੈ, ਗੁਰੂ ਦਸਿਆ ਹੈ। ਪ੍ਰਮਾਤਮਾ ਦਾ ਗੁਰੂ ਰੂਪ ਹੀ ਉਸ ਦਾ ਸੰਤ ਰੂਪ ਹੈ ਇਸੇ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ, ਸੰਤ ਰੂਪ ਹੈ, ਸਾਧ ਰੂਪ ਹੈ, ਭਗਤ ਰੂਪ ਹੈ ਕਿਉਂਕਿ ਸੱਚੇ ਗਿਆਨ ਦਾ ਸ੍ਰੋਤ ਉਹ ਆਪ ਹੀ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਨਾਮ ਧਨ ਹੈ। ਇਸ ਧਨ ਨੂੰ ਉਹੀ ਖਟਦਾ ਹੈ ਜਿਸ ਨੂੰ ਸਤਗੁਰੁ ਰੂਪ ਪ੍ਰਮਾਤਮਾ ਇਸ ਸਰੀਰ ਰਾਹੀਂ ਆਪ ਹੀ ਪ੍ਰਗਟ ਹੋ ਕੇ ਮਿਲਦਾ ਹੈ। ਉਸ ਦਾ ਨਾਮ ਧਨ ਹੀ ਉਸ ਦਾ "ਸਚੁ" ਰੂਪ ਹੈ, ਸ਼ਬਦ ਹੈ ਜਿਸ ਦੁਆਰਾ ਉਹ ਪੂਰਨ ਸਚ ਦੀ ਸੋਝੀ ਪਾਉਂਦਾ ਹੈ ਕਿ ਇਸ ਸੰਸਾਰ ਦਾ ਸੱਚ ਕੀ ਹੈ ਭਾਵ ਪ੍ਰਮਾਤਮਾ ਆਪ ਕੀ ਹੈ, ਇਸ ਸੰਸਾਰ ਦੀ ਰਚਨਾ ਕੀ ਹੈ, ਸੰਸਾਰ ਵਿੱਚ ਸੱਚੀ ਹੋਂਦ ਕਿਸ ਦੀ ਹੈ, ਸੱਚ ਦੇ ਮਾਰਗ ਤੇ ਚਲਣਾ ਕੀ ਹੈ ਤੇ ਸੱਚ ਦੀ ਪ੍ਰਾਪਤੀ ਕਰਨਾ ਕੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਕੀ ਹੈ, ਭਰਮ ਕੀ ਹੈ, ਹਉਮੈ ਕੀ ਹੈ, ਮਾਇਆ ਕੀ ਹੈ, ਮਾਇਆ ਦੀ ਜੁਗਤਿ ਕੀ ਹੈ, ਪੁੱਠੇ ਕਮਲ ਵਾਲੀ ਅਵਸਥਾ ਕੀ ਹੈ, ਮਨਮਤਿ, ਦੁਰਮਤਿ ਕੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਕੀ ਹੈ ਤੇ ਉਸ ਵਿੱਚੋਂ ਨਿਕਲਣਾ ਕੀ ਹੈ ਭਾਵ ਚਉਥਾ ਪਦ ਕੀ ਹੈ, ਸਾਧ-ਸੰਗਤਿ ਕੀ ਹੈ, ਸੰਤਸੰਗਤਿ ਕੀ ਹੈ, ਨਾਮ ਕੀ ਹੈ। ਇਹ ਸਭ ਕੁਝ ਸਾਡੇ ਅੰਦਰ ਸੱਚ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਨਾਮ ਧਨ ਦੀ ਪ੍ਰਾਪਤੀ ਦੇ ਨਾਲ ਜੁੜਿਆ ਹੋਇਆ ਹੈ। ਇਸ ਧਨ ਦੀ ਕੀਮਤ ਬਹੁਤ ਬਹੁਤ ਜ਼ਿਆਦਾ ਉੱਚੀ ਹੈ ਜੋ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਇਸ ਧਨ ਦੀ ਪ੍ਰਾਪਤੀ ਨਾਲ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਨਿਰਗੁਣ ਰੂਪ ਦਰਸ਼ਨ ਹੁੰਦੇ ਹਨ ਤੇ ਸਮਝ ਲਗਦੀ ਹੈ ਕਿ ਇਹ ਮਨ ਕੀ ਹੈ ਤੇ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੈ, ਭਰਮ ਰੂਪ ਹੋਂਦ ਹੈ ਤੇ ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਸਭ ਨੂੰ ਭਰਮ ਵਿੱਚ ਰੱਖ ਕੇ ਆਪਣੀ ਖੇਡ ਚਲਾ ਰਿਹਾ ਹੈ। ਜੋ ਆਪਣੇ ਅੰਦਰੋਂ ਇਸ ਨਾਮ ਧਨ ਦੀ ਪ੍ਰਾਪਤੀ ਕਰ ਲੈਂਦਾ ਹੈ, ਉਸ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦਾ

34/3947

ਸੰਤ ਰੂਪ ਕੀ ਹੈ ਤੇ ਆਪਣੇ ਆਪ ਨੂੰ ਸੰਤ ਆਦਿ ਅਖਵਾਉਣ ਵਾਲੇ ਕਿਤਨੇ ਕੁ ਵੱਡੇ ਭਰਮ ਵਿੱਚ ਹਨ ਜਿਨ੍ਹਾਂ ਨੂੰ ਨਾਮ ਧਨ ਦੀ ਰਤੀ ਭਰ ਵੀ ਸਮਝ ਨਹੀਂ ਹੈ ਤੇ ਨਾਮ ਬਾਰੇ ਇਹੋ ਜਿਹੇ ਸੰਸਾਰ ਵਿੱਚ ਭਰਮ ਹੀ ਫੈਲਾਉਂਦੇ ਹਨ ਭਾਵ ਗੁਰੂ ਤੋਂ, ਸੱਚੇ ਸੰਤ ਦੀ ਸਿਖਿਆ ਤੋਂ ਉਲਟ ਸਿਖਿਆ ਤੇ ਆਪ ਚਲਦੇ ਹਨ ਤੇ ਦੂਸਰਿਆਂ ਨੂੰ ਵੀ ਉਸ ਤੇ ਚਲਣਾ ਸਮਝਾਉਂਦੇ ਹਨ। ਅਸਲ ਵਿੱਚ ਇਹ ਬਨਾਵਟੀ ਸੰਤ ਸੱਚੇ ਸੰਤ ਦੇ, ਗੁਰੂ ਦੇ, ਪ੍ਰਮਾਤਮਾ ਦੇ ਦੋਖੀ ਹਨ ਜੋ ਉਸ ਦੀ ਸੱਚੀ ਗੁਰਮਤਿ ਨੂੰ ਬਦਨਾਮ ਕਰਦੇ ਹਨ। (**ਇਸੁ ਜਗ ਮਹਿ ਸੰਤੀ ਧਨੁ ਖਟਿਆ ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥ ਸਤਿਗੁਰਿ ਸਚੁ ਦ੍ਰਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ ॥**)

ਇਸ ਨਾਮ ਧਨ ਦੀ ਪ੍ਰਾਪਤੀ ਨਾਲ ਹੀ ਮਨੁੱਖ ਤ੍ਰਿਸ਼ਨਾਵਾਂ ਤੋਂ ਦੂਰ ਹੁੰਦਾ ਹੈ, ਮਾਇਆ ਮੋਹ ਤੋਂ ਦੂਰ ਹੁੰਦਾ ਹੈ ਜਿਸ ਦੁਆਰਾ ਮਨੁੱਖ ਦੀ ਸੰਸਾਰਿਕ ਵਿਚਰਨ ਚੰਗੀ ਬਣਦੀ ਹੈ ਜੋ ਕਿ ਇਸ ਧਨ ਦੀ ਪ੍ਰਾਪਤੀ ਦਾ ਮੂਲ ਮਕਸਦ ਹੈ ਤਾਂ ਜੋ ਮਨੁੱਖ ਮਨ ਦੇ ਸੰਤੋਖ ਦੁਆਰਾ ਭਾਵ ਮਨ ਦੇ ਵਿੱਚ ਗੁਰਮਤਿ ਦੀ ਸਚੁ ਰੂਪ ਸੋਝੀ ਦੁਆਰਾ ਭਗਤੀ ਦੇ ਸਹੀ ਮਾਰਗ ਤੇ ਚਲ ਸਕੇ, ਸੇਵਾ ਕਰਨ ਦੇ ਸਹੀ ਮਾਰਗ ਤੇ, ਨਾਮ ਜਪਣ ਦੇ ਅਸਲ ਮਾਰਗ ਤੇ ਚਲ ਸਕੇ। ਪ੍ਰਮਾਤਮਾ ਆਪਣਾ ਇਹ ਧਨ ਕਿਸੇ ਵੱਡੇ ਭਾਗਾਂ ਵਾਲੇ ਨੂੰ ਹੀ ਦਿੰਦਾ ਹੈ ਜਿਸ ਨੂੰ ਉਹ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ, ਆਪਣਾ ਰੂਪ ਬਣਾਉਂਦਾ ਹੈ ਤੇ ਸਾਰੇ ਜਗਤ ਨੂੰ ਉਸ ਨੇ ਮਨਮੁਖਿ ਰੂਪ ਵਿੱਚ ਰਖਿਆ ਹੋਇਆ ਹੈ ਭਾਵ ਮਾਇਆ ਮੋਹ ਵਿੱਚ ਰਖਿਆ ਹੋਇਆ ਹੈ ਜਿਸ ਲਈ ਹਰ ਕੋਈ ਸੱਚੇ ਧਨ ਵਲੋਂ ਨਿਰਧਨ ਹੈ ਭਾਵ ਮਾਇਆ ਮੋਹ ਵਿੱਚ ਰਹਿੰਦਿਆਂ ਕਿਸੇ ਕੋਲ ਨਾਮ ਧਨ ਨਹੀਂ ਹੈ ਤੇ ਮਨੁੱਖ ਹਰ ਵੇਲੇ ਮਾਇਆ ਦੀ ਭੁੱਖ ਵਿੱਚ ਹੀ ਰਹਿੰਦਾ ਹੈ ਜਿਸ ਕਰਕੇ ਮਨੁੱਖ ਦੇ ਮਨ ਵਿੱਚ ਕਦੇ ਸੰਤੋਖ ਨਹੀਂ ਆਉਂਦਾ ਤੇ ਨਾ ਹੀ ਸਾਡੇ ਅੰਦਰ ਕਦੇ "ਸੁਖੁ"

ਵੱਸ ਸਕਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਸਾਡੇ ਮਨ ਦੀ ਸਹਸਾ, ਭਰਮ ਹੀ ਸਾਨੂੰ ਮਾਇਆ ਮੋਹ ਨਾਲ ਜੋੜ ਕੇ ਰਖਦਾ ਹੈ ਭਾਵ ਸਾਨੂੰ ਸੱਚ ਸਮਝਣ ਤੇ ਉਸ ਤੇ ਚੱਲਣ ਤੋਂ ਦੂਰ ਰਖਦਾ ਹੈ। ਪ੍ਰਮਾਤਮਾ ਦਾ ਨਾਮ ਧਨ ਸਾਨੂੰ ਮਨ ਦੀ ਸਹਸਾ ਵਿੱਚੋਂ ਹੀ ਕੱਢਦਾ ਹੈ ਜਿਸ ਦੁਆਰਾ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਪੈਂਦੀ ਹੈ। ਸਤਿਗੁਰੁ ਦੀ ਮਤਿ ਮਿਲਣ ਤੋਂ ਬਿਨਾਂ ਭਾਵ ਨਾਮ ਧਨ ਮਿਲਣ ਤੋਂ ਬਿਨਾ ਸਾਡੀ ਮਤਿ ਭਵੀ ਰਹਿੰਦੀ ਹੈ ਭਾਵ ਫਿਰੀ ਰਹਿੰਦੀ ਹੈ ਭਾਵ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਨਹੀਂ ਹੁੰਦੀ। ਸਤਿਗੁਰੁ ਨਾਲ ਮੇਲ ਤੋਂ ਬਾਦ ਹੀ ਸਾਨੂੰ ਨਾਮ ਧਨ ਦੀ ਪ੍ਰਾਪਤੀ ਹੁੰਦੀ ਹੈ ਜੋ

34/3948

ਸਾਡੀ ਪੁੱਠੀ ਮਤਿ ਨੂੰ ਭਾਵ ਭਵੀ ਹੋਈ ਮਤਿ ਨੂੰ ਸਿਧੀ ਕਰਦਾ ਹੈ ਜੋ ਕਿ ਨਾਮ ਧਨ ਦਾ ਮਕਸਦ ਹੈ ਤੇ ਤਾਂ ਹੀ ਮਨੁੱਖ ਆਪਣੇ ਜੀਵਨ ਵਿੱਚ "ਸਬਦੁ" ਨੂੰ ਕਮਾਉਂਦਾ ਹੈ ਭਾਵ ਸ਼ਬਦ ਦੇ ਮਕਸਦ ਨੂੰ ਪੂਰਾ ਕਰਦਾ ਹੈ ਜੋ ਕਿ ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਮਨ ਦੇ ਸੰਤੋਖ ਦੁਆਰਾ ਸੱਚੀ ਸੁੱਚੀ ਕਿਰਤ ਕਰਨ ਦਾ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦਾ ਹੈ, ਕਿਸੇ ਦਾ ਮਾੜਾ ਨਾ ਕਰਨ ਦਾ ਹੈ ਭਾਵ ਪਰਉਪਕਾਰੀ ਬਣਕੇ ਵਿਚਰਨ ਦਾ ਹੈ ਨਾ ਕਿ ਸਾਰਾ ਦਿਨ ਬੈਠੇ ਕਥਨੀ ਕਰੀ ਜਾਣ ਦਾ, ਸਰੀਰਕ ਕਿਰਿਆਵਾਂ ਕਰੀ ਜਾਣ ਦਾ ਤੇ ਕਿਸੇ ਅੱਖਰ ਦਾ ਜਪ ਕਰੀ ਜਾਣ ਦਾ, ਸੁਰਤੀਆਂ ਸਮਾਧੀਆਂ ਲਗਾ ਕੇ ਬੈਠੇ ਰਹਿਣ ਦਾ, ਕਿਸੇ ਭੋਰੇ ਵਿੱਚ ਵੜ ਕੇ ਬੈਠੇ ਰਹਿਣ ਦਾ ਤੇ ਤੀਰਥਾਂ ਆਦਿ ਤੇ ਇਸ਼ਨਾਨ ਕਰੀ ਜਾਣ ਦਾ। (**ਇਤੁ ਧਨਿ ਪਾਇਐ ਭੁਖ ਲਥੀ ਸੁਖੁ ਵਸਿਆ ਮਨਿ ਆਇ ॥ ਜਿੰਨ੍ਹਾ ਕਉ ਧੁਰਿ ਲਿਖਿਆ ਤਿਨੀ ਪਾਇਆ ਆਇ ॥ ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ ॥ ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥ ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ ॥ ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ ॥ ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥ ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ ॥1॥**)

{ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

{ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥
ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥
ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥
ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥
ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥
ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

{ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥
ਪੈਨਣੁ ਸਿਫਤਿ ਸਨਾਇ ਹੈ ਸਦਾ ਸਦਾ ਓਹੁ ਊਜਲਾ ਮੈਲਾ ਕਦੇ ਨ ਹੋਇ ॥
ਸਹਜੇ ਸਚੁ ਧਨੁ ਖਟਿਆ ਥੋੜਾ ਕਦੇ ਨ ਹੋਇ ॥
ਦੇਹੀ ਨੋ ਸਬਦੁ ਸੀਗਾਰੁ ਹੈ ਜਿਤੁ ਸਦਾ ਸਦਾ ਸੁਖੁ ਹੋਇ ॥

ਨਾਨਕ ਗੁਰਮੁਖਿ ਬੁਝੀਐ ਜਿਸ ਨੋ ਆਪਿ ਵਿਖਾਲੇ ਸੋਇ ॥੨॥}

(ਅੰਗ ੧੦੯੨)

ਇਸ ਨਾਮ ਧਨ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਹਉਮੈ ਵਿੱਚੋਂ ਕੱਢਣ ਦਾ ਹੈ ਤੇ ਇਹ ਨਾਮ ਧਨ ਹੀ ਸਾਡੇ ਅੰਦਰ ਦਾ ਅੰਮ੍ਰਿਤ ਹੈ, ਮਨ ਦੇ ਵਿੱਚ ਗਿਆਨ ਰੂਪ ਅੰਮ੍ਰਿਤ ਹੈ ਜੋ ਅੰਮ੍ਰਿਤ ਪ੍ਰਮਾਤਮਾ ਆਪਹੀ ਆਪਣੇ ਸੰਤਾਂ ਨੂੰ ਪਿਆਉਂਦਾ ਹੈ ਜਿਵੇਂ ਕਿ ਮੁਖ ਸ਼ਬਦ ਦੀ ਪਉੜੀ ਰਾਹੀਂ ਸਮਝਾਇਆ ਹੋਇਆ ਹੈ। ਮਨ ਦੇ ਵਿੱਚੋਂ ਇਹ ਅੰਮ੍ਰਿਤ ਪੀਣ ਦੁਆਰਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸੰਤ ਦੀ ਮਹਿਮਾ ਕੀ ਹੈ ਜੋ ਮਹਿਮਾ ਉਸ ਪ੍ਰਮਾਤਮਾ ਦੀ ਆਪਣੀ ਹੀ ਹੈ।

34/3949

ਪਉੜੀ ॥

“ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥
ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥
ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥
ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥
ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥੧੭॥”

(ਅੰਗ - ੧੦੯੨)

ਉਪਰ ਪਉੜੀ ਰਾਹੀਂ ਪਹਿਲੀਆਂ ਦੋ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਗੁਰ ਸ਼ਬਦ ਨੂੰ ਜਪਣ ਦਾ ਮਕਸਦ ਕੀ ਹੈ, ਜਪਣਾ ਕੀ ਹੈ। ਗੁਰੂ ਦੇ ਸ਼ਬਦ ਨੂੰ ਮੁਖੋਂ ਬੋਲੀ ਜਾਣਾ ਗੁਰੂ ਦੇ ਸ਼ਬਦ ਨੂੰ ਜਪਣਾ ਨਹੀਂ ਹੈ। ਗੁਰੂ ਦੇ ਸ਼ਬਦ ਨੂੰ ਸਾਡੇ ਮਨ ਨੇ ਜਪਣਾ ਹੈ, ਸਾਡੇ ਮਨ ਨੇ ਧਿਆਉਣਾ ਹੈ। ਗੁਰੂ ਦੇ ਸ਼ਬਦ ਨੂੰ ਜਪਣਾ ਜਾਂ ਧਿਆਉਣਾ ਸ਼ਬਦ ਦੀ ਸਿਖਿਆ ਨੂੰ ਆਪਣੇ ਅੰਦਰ ਵਸਾਉਣਾ ਹੇ, ਆਪਣੇ ਧਿਆਨ ਵਿੱਚ ਵਸਾਉਣਾ ਹੈ ਭਾਵ ਆਪਣੇ ਧਿਆਨ ਨੂੰ ਸ਼ਬਦ ਦੇ ਵਿਚਾਰਾਂ ਦੇ ਨਾਲ ਜੋੜਨਾ ਹੈ, ਆਪਣੀ ਸੁਰਤਿ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਦੇ ਨਾਲ ਇੱਕ ਕਰਨਾ ਹੈ ਭਾਵ ਗੁਰੂ ਦੀ, ਸ਼ਬਦ ਦੀ ਦੱਸੀ ਹੋਈ ਗੱਲ ਨੂੰ ਮੰਨਣਾ ਹੈ। ਇਹ "ਜਪੁ ਤਪੁ" ਸਾਡੇ ਮਨ ਨੇ ਕਰਨਾ ਹੈ ਜਿਸ ਦੁਆਰਾ ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ, ਸੁਰਤਿ ਦੇ ਵਿਚਾਰਾਂ ਨੂੰ, ਹਉਮੈ ਵਾਲੇ ਵਿਚਾਰਾਂ ਨੂੰ ਸੰਜਮ ਵਿੱਚ ਲਿਆਉਣਾ ਹੈ ਭਾਵ ਨਾਮ ਦੇ ਵਿਚਾਰਾਂ ਅਨੁਸਾਰ ਟਿਕਾਉਣਾ ਹੈ ਤਾਂ ਜੋ ਸਾਡੇ ਮਨ ਦੇ ਵਿਚਾਰ ਸ਼ਬਦ ਦੇ ਵਿਚਾਰਾਂ ਅਨੁਸਾਰ ਹੀ ਰਹਿਣ। ਇਹ ਸਾਡੇ ਮਨ ਦਾ ਜਪੁ ਤਪੁ ਸੰਜਮ ਹੈ ਭਾਵ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਜਪਣਾ ਹੈ, ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਟਿਕਾਉਣਾ ਹੈ। ਇਹ ਉਹ ਨਾਮ ਧਿਆਉਣਾ ਹੈ ਜੋ ਨਾਮ ਧਿਆਉਣਾ ਗੁਰਬਾਣੀ ਸਾਨੂੰ ਬਾਰ-ਬਾਰ ਸਮਝਾ ਰਹੀ ਹੈ। ਨਾਮ ਸ਼ਬਦਾਂ ਦੀ ਵਿਚਾਰ ਹੈ ਭਾਵ ਸੱਚਾ ਗਿਆਨ ਹੈ ਜਿਸ ਨੂੰ ਧਿਆਉਣ ਨਾਲ ਸਾਡੀ ਅਗਿਆਨਤਾ ਦੂਰ ਹੁੰਦੀ ਹੈ ਜਿਸ ਕਰਕੇ ਅਸੀਂ ਸਦਾ ਹੀ ਹਉਮੈ ਵਿੱਚ ਰਹਿੰਦੇ ਹਾਂ, ਭਰਮ ਵਿੱਚ ਰਹਿੰਦੇ ਹਾਂ ਭਾਵ ਮਨਮਤਿ ਵਿੱਚ ਰਹਿੰਦੇ ਹਾਂ ਭਾਵ ਆਪਣੇ ਸੁਰਤਿ ਦੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ। ਨਾਮ ਦਾ ਮਕਸਦ ਸਾਨੂੰ ਸਾਡੀ ਸੁਰਤਿ ਵਾਲੇ ਵਿਚਾਰਾਂ ਵਿੱਚੋਂ ਕੱਢ ਕੇ ਸ਼ਬਦ ਦੇ ਵਿਚਾਰਾਂ ਨਾਲ ਜੋੜਨ ਦਾ ਹੈ। ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣਾ ਹੀ ਹਰਿ ਹਰਿ ਨਾਮ ਧਿਆਉਣਾ ਹੈ ਜੋ ਜਪ ਤਪ ਸੰਜਮ ਸਾਡੇ ਮਨ ਨੇ ਕਰਨਾ ਹੈ ਭਾਵ ਅਸੀਂ ਸ਼ਬਦ ਦੇ ਵਿਚਾਰਾਂ ਦੇ ਨਾਲ ਜੁੜ ਕੇ ਜਿਹੋ ਜਿਹੀ ਮਨ ਦੀ ਸੋਝੀ ਦੁਆਰਾ ਵਿਚਰਦੇ ਹਾਂ ਉਹ ਸਾਡਾ ਸੱਚਾ ਜਪ ਤਪ ਹੈ ਜੋ ਸਾਨੂੰ ਸੱਚ ਦੇ ਸੰਜਮ ਵਿੱਚ ਰਖਦਾ ਹੈ, ਮਾਇਆ ਮੋਹ ਤੋਂ ਦੂਰ ਕਰਕੇ, ਵਿਕਾਰਾਂ ਤੋਂ ਦੂਰ ਕਰਕੇ ਰਖਦਾ ਹੈ ਭਾਵ ਮਨ ਦੇ ਸੰਤੋਖ ਵਿੱਚ ਰਖਦਾ ਹੈ, ਤ੍ਰਿਸ਼ਨਾ ਤੋਂ ਬਚਾ ਕੇ ਰਖਦਾ ਹੈ ਜਿਸ ਦੁਆਰਾ

34/3950

ਅਸੀਂ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਵਿਚਰਦੇ ਹਾਂ, ਹਉਮੈ ਵਿੱਚੋਂ ਨਿਕਲ ਕੇ ਨਾਮ ਦੁਆਰਾ ਵਿਚਰਦੇ ਹਾਂ। (**ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥**)

{“ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥
ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥”}

(ਅੰਗ ੨੭)

ਉਪਰਲੀਆਂ ਪੰਗਤੀਆਂ ਰਾਹੀਂ ਸੰਤ ਅਖਵਾਉਣ ਵਾਲਿਆਂ ਦਾ ਭਰਮ ਹੀ ਕਢਿਆ ਹੋਇਆ ਹੈ ਕਿ ਤੁਹਾਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਵਸਦਾ ਹੈ ਤੇ ਉਸ ਨੂੰ ਆਪਣੇ ਅੰਦਰੋਂ ਉਹੀ ਪਛਾਣ ਸਕਦਾ ਹੈ ਜਿਸ ਨੂੰ ਗੁਰਮਤਿ ਦੀ ਸੱਚੀ ਸੋਝੀ ਪੈ ਜਾਂਦੀ ਹੈ ਭਾਵ ਸੰਤ ਅਖਵਾਉਣ ਵਾਲਿਆਂ ਨੂੰ ਗੁਰਮਤਿ ਦੀ ਸਮਝ ਨਹੀਂ ਹੈ ਤੇ ਨਾ ਹੀ ਉਨ੍ਹਾਂ ਨੂੰ ਭਾਵ ਸੰਤਾਂ ਨੂੰ ਨਾਮ ਦੀ ਸਮਝ ਹੈ ਕਿਉਂਕਿ ਨਾਮ ਦਾ ਸਾਡੇ ਅੰਦਰ ਵਸਣਾ ਗੁਣਾਂ ਦਾ ਵਸਣਾ ਹੈ ਜੋ ਸਾਨੂੰ ਹਰ ਅਉਗਣ ਤੋਂ ਦੂਰ ਕਰਦਾ ਹੈ। ਆਪਣੇ ਆਪ ਨੂੰ ਸੰਤ ਸਮਝਣਾ ਜਾਂ ਅਖਵਾਉਣਾ ਵੀ ਸਾਡਾ ਅਉਗਣ ਹੀ ਹੈ ਕਿਉਂਕਿ ਇਸ ਵਿੱਚ ਗੁਰਮਤਿ ਨਹੀਂ ਹੈ। ਜੋ ਗੁਰੂ ਦੀ ਗੱਲ ਨੂੰ ਸੁਣ ਕੇ ਮੰਨਦਾ ਹੈ ਭਾਵ ਉਸ ਤੇ ਅਮਲ ਕਰਦਾ ਹੈ ਉਹੀ ਪ੍ਰਮਾਤਮਾ ਨੂੰ ਧਿਆਉਂਦਾ ਹੈ ਤੇ ਉਹੀ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਜੋ ਆਪਣੇ ਆਪ ਨੂੰ ਅਉਗਣਾਂ ਤੋਂ ਮੁਕਤਿ ਕਰਕੇ ਨਿਰਮਲ ਬਣਾਉਂਦਾ ਹੈ ਭਾਵ ਇਹਨਾਂ ਸੰਤ ਅਖਵਾਉਣ ਵਾਲਿਆਂ ਨੂੰ ਭਗਤੀ ਦੀ ਸਮਝ ਨਹੀਂ ਹੈ, ਨਾਮ ਧਿਆਉਣ ਦੀ ਸਮਝ ਨਹੀਂ ਹੈ ਜੋ ਕਿ ਗੁਰੂ ਦੀ ਸਿਖਿਆ ਨੂੰ ਮੰਨਣਾ ਹੀ ਮੂਲ ਰੂਪ ਵਿੱਚ ਮੰਨਣਾ ਹੀ, ਸਹੀ ਰੂਪ ਵਿੱਚ, ਅਸਲ ਰੂਪ ਵਿੱਚ ਮੰਨਣਾ ਹੀ ਨਾਮ ਧਿਆਉਣਾ ਹੈ ਭਾਵ ਕਿਸੇ ਸ਼ਬਦ ਦੀ ਕਥਨੀ ਕਰੀ ਜਾਣਾ ਨਾਮ ਧਿਆਉਣਾ ਨਹੀਂ ਹੈ ਬਲਕਿ ਸ਼ਬਦ ਦੀ ਗੱਲ ਨੂੰ ਮੰਨ ਕੇ ਭਾਵ ਆਪਣੇ ਅੰਦਰ ਧਿਆ ਕੇ ਉਸ ਅਨੁਸਾਰ ਵਿਚਰਨਾ ਹੀ ਨਾਮ ਧਿਆਉਣਾ ਹੈ।

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥
ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ ੯੪੮)

34/3951

ਜਿਵੇਂ ਕਿ ਅਸੀਂ ਉਪਰ ਪਉੜੀ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਨਾਮ ਧਿਆਉਣ ਦਾ ਮਕਸਦ ਸਾਨੂੰ ਹਉਮੈ ਵਿੱਚੋਂ, ਅਗਿਆਨਤਾ ਵਿੱਚੋਂ ਕੱਢਣ ਦਾ ਹੈ। ਅਸੀਂ ਨਾਮ ਧਿਆਉਣ ਦੇ ਉਦਮ ਨਾਲ ਹੀ ਜੁੜਨਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਅੰਦਰ ਵਸਾਉਣ ਦਾ ਉਦਮ ਹੀ ਕਰਨਾ ਹੈ ਤੇ ਆਪਣਾ ਨਾਮ ਪ੍ਰਮਾਤਮਾ ਕਿਸੇ ਨੂੰ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਹਉਮੈ ਦੇ ਅਗਿਆਨਤਾ ਦੇ, ਭਰਮ ਦੇ ਬੰਧਨ ਤੋਂ ਮੁਕਤਿ ਕਰਦਾ ਹੈ ਤੇ ਮਨ ਦੇ ਵਿੱਚੋਂ ਆਪ ਹੀ ਆਪਣੇ ਦਰਸ਼ਨ ਕਰਾਉਂਦਾ ਹੈ। ਪ੍ਰਮਾਤਮਾ ਦਾ ਨਾਮ ਸਾਡੇ ਅੰਦਰ ਉਸ ਦੇ "ਅੰਮ੍ਰਿਤਿ" ਦੇ ਰੂਪ ਵਿੱਚ ਹੈ ਜੋ ਕਿ ਸ਼ਬਦਾਂ ਦੀ ਵਿਚਾਰ

ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀਆਂ ਵਿਚਾਰਾਂ ਦੇ ਨਾਲ ਭਰਪੂਰ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚੋਂ ਆਪਣਾ ਇਹ ਅੰਮ੍ਰਿਤ ਪਿਆਉਂਦਾ ਹੈ ਉਨ੍ਹਾਂ ਦੀ ਹੀ ਹਉਮੈ, ਅਗਿਆਨਤਾ ਦੂਰ ਹੁੰਦੀ ਹੈ ਤੇ ਇਸ ਅੰਮ੍ਰਿਤ ਨੂੰ ਚਖੇ ਬਿਨਾ ਕੋਈ ਵੀ ਨਹੀਂ ਸਮਝ ਸਕਦਾ ਕਿ ਸੰਤ ਅਸਲ ਵਿੱਚ ਕੌਣ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਿਰਭਉ ਰੂਪ ਨਾਲ ਜੋੜਦਾ ਹੈ ਉਨ੍ਹਾਂ ਨੂੰ ਪ੍ਰਮਾਤਮਾ ਆਪਣੇ ਮਨ ਦੇ ਵਿੱਚ ਇਹ ਅੰਮ੍ਰਿਤ ਹੀ ਪਿਆਉਂਦਾ ਹੈ ਤੇ ਉਸ ਦਾ ਇਹ ਗਿਆਨ ਰੂਪ ਅੰਮ੍ਰਿਤ ਹੀ "ਹਰਿ ਰਸਿ" ਹੈ ਜਿਸ ਦੁਆਰਾ ਸਾਡਾ ਮਨ ਮਾਇਆ ਮੋਹ ਤੋਂ ਤ੍ਰਿਪਤ ਹੁੰਦਾ ਹੈ ਭਾਵ ਮਨ ਵਿੱਚ ਸੰਤੋਖ ਆਉਂਦਾ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਪਿਆਉਂਦਾ ਹੈ ਤੇ ਉਸ ਤੋਂ ਬਾਦ ਹੀ ਕੋਈ "ਕਾਲ੍ਹ" ਤੋਂ, ਆਵਾਗਉਣ ਤੋਂ ਮੁਕਤਿ ਹੁੰਦਾ ਹੈ ਜਿਸ ਦਾ ਕਾਰਣ ਸਾਡੇ ਅੰਦਰ ਦੀ ਹਉਮੈ ਹੈ, ਅਗਿਆਨਤਾ ਹੈ। (**ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥ ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥ ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥ ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥17॥**)

{ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥}

(ਅੰਗ ੧੫੪)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥}

(ਅੰਗ ੧੦੨)

{ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ ॥
ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ॥
ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ ॥
ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥
ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ॥
ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥੫੬॥}

(ਅੰਗ ੧੪੨੦)

34/3952

ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋਏ ਬਿਨਾ ਨਾ ਹੀਂ ਅਜ ਤਕ ਕਿਸੇ ਨੇ ਉਸ ਦਾ ਅੰਮ੍ਰਿਤ ਪੀਤਾ ਹੈ, ਹਰਿ ਰਸਿ ਪੀਤਾ ਹੈ ਤੇ ਨਾ ਹੀ ਕਿਸੇ ਨੂੰ ਸਮਝ ਆਈ ਹੈ ਕਿ ਨਾਮ ਕੀ ਹੈ, ਨਾਮ ਧਨ ਕੀ ਹੈ ਤੇ ਅਸੀਂ ਭਰਮ ਵਿੱਚ ਹੀ ਉਨ੍ਹਾਂ ਨੂੰ ਨਾਮ ਰਸੀਏ ਸਮਝੀ ਬੈਠੇ ਹਾਂ, ਸੰਤ, ਗਿਆਨੀ, ਧਿਆਨੀ, ਪੰਡਿਤ, ਕਾਜੀ ਆਦਿ ਸਮਝੀ ਬੈਠੇ ਹਾਂ, ਉਨ੍ਹਾਂ ਨੂੰ ਪ੍ਰਮਾਤਮਾ ਦੇ ਪਿਆਰੇ ਸਮਝੀ ਬੈਠੇ ਹਾਂ ਕਿਉਂਕਿ ਉਹ ਆਪਣੇ ਦਿਖਾਵਿਆਂ ਰਾਹੀਂ ਹੀ ਸਾਨੂੰ ਉੱਚੇ ਧਰਮ ਵਾਲੇ ਲਗਦੇ ਹਨ। ਪ੍ਰਮਾਤਮਾ ਦੇ ਨਾਲ ਪਿਆਰ ਕੀ ਹੈ ਇਹ ਉਸ ਦਾ ਅੰਮ੍ਰਿਤ ਪੀਣ ਦੁਆਰਾ ਹੀ ਸਮਝ ਲਗਦੀ ਹੈ ਭਾਵ ਮਨ ਦੀ ਸੱਚੀ ਸੋਝੀ ਦੁਆਰਾ ਹੀ ਲਗਦੀ ਹੈ। ਜਿਸ ਦੇ ਅੰਦਰ ਪ੍ਰਮਾਤਮਾ ਨੂੰ ਪਾਉਣ ਦੀ ਚਾਹ ਹੈ, ਉਸ ਦੇ ਨਾਲ ਪਿਆਰ ਹੈ ਉਹ ਫਿਰ ਕੇਵਲ ਉਸ ਮਤਿ ਨਾਲ ਹੀ ਪਿਆਰ ਕਰਦਾ ਹੈ ਜਿਸ ਮਤਿ ਵਿੱਚ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਦੀ ਮਤਿ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਅੰਮ੍ਰਿਤ ਰੂਪ ਹੈ, ਉਸ ਦਾ ਸ਼ਬਦ ਰੂਪ ਹੈ। ਪ੍ਰਮਾਤਮਾ ਦੇ ਇਸ ਰੂਪ ਨਾਲ ਜੁੜੇ ਬਿਨਾ, ਸ਼ਬਦ ਦੀ ਮਤਿ ਨਾਲ ਜੁੜੇ ਬਿਨਾ ਭਾਵ ਸ਼ਬਦ ਦੀ ਮਤਿ ਨਾਲ ਪਿਆਰ ਕੀਤੇ ਬਿਨਾ, ਅੰਮ੍ਰਿਤ ਰੂਪ ਮਤਿ ਦੇ ਨਾਲ ਪਿਆਰ ਕੀਤੇ ਬਿਨਾ ਅਸੀਂ ਉਸ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਅੰਮ੍ਰਿਤ ਸਾਡੇ ਅੰਦਰ ਹੀ ਹੈ ਜਿਸ "ਅੰਮ੍ਰਿਤੁ" ਦੀ ਪ੍ਰਾਪਤੀ ਮਨ ਦੇ ਵਿੱਚੋਂ ਉਸ ਦੇ ਦਰਸ਼ਨਾਂ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ ॥
ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ ॥
ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ ਤਿਸੁ ਬਿਨੁ ਰਹਨੁ ਨ ਜਾਏ ॥
ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ ॥
ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ ਹਰਿ ਹਰਿ ਨਾਮੁ ਸਦ ਸਾਰਿਆ ॥
ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ ਹਉ ਸਤਿਗੁਰ ਵਿਟਹੁ ਵਾਰਿਆ ॥੧॥}

(ਅੰਗ ੧੧੧੩)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

34/3953

{ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥}

(ਅੰਗ ੨੭੪)

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ, "ਅੰਮ੍ਰਿਤੁ" ਦੀ ਪ੍ਰਾਪਤੀ, "ਨਾਮੁ" ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦਾ "ਫਲੁ" ਹੈ ਜਿਸ ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ। ਇਸ ਫਲੁ ਦਾ ਮਕਸਦ ਕੀ ਹੈ ਜੇਕਰ ਅਸੀਂ ਇਸ ਗੱਲ ਨੂੰ ਸਮਝ ਲੈਂਦੇ ਹਾਂ ਤਾਂ ਫਿਰ ਇਸ ਫਲੁ ਦੀ ਪ੍ਰਾਪਤੀ ਲਈ ਅਸੀਂ ਉਹ ਕੁਝ ਹੀ ਕਰਾਂਗੇ ਜੋ ਕਿ ਇਸ ਫਲੁ ਦਾ ਮਕਸਦ ਹੈ ਭਾਵ ਅਸੀਂ ਉਸੇ ਮਾਰਗ ਤੇ ਚਲਾਂਗੇ, ਉਸੇ ਮਾਰਗ ਤੇ ਚੱਲਣ ਦਾ ਉਦਮ ਕਰਾਂਗੇ ਜਿਨ੍ਹਾਂ ਨੇ ਇਸ ਫਲੁ ਦੀ ਪ੍ਰਾਪਤੀ ਕਰਕੇ ਉਸ ਮਾਰਗ ਤੇ ਚਲ ਕੇ ਦਿਖਾਇਆ ਹੈ ਤੇ ਤਾਂ ਹੀ ਸਾਨੂੰ ਇਹ ਕੁਝ ਸਮਝਾਇਆ ਹੈ ਕਿ ਇਸ ਫਲ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਸ ਫਲੁ ਦੀ ਪ੍ਰਾਪਤੀ ਦਾ ਮਾਰਗ ਗੁਰੂ ਦੀ ਸੇਵਾ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਗੁਰੂ ਦੀ ਸੇਵਾ ਗੁਰੂ ਦੀ ਮਤਿ ਨੂੰ ਅਪਨਾ ਕੇ ਹੀ ਹੁੰਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਕੇ ਹੀ ਹੁੰਦੀ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਆਪਣੇ ਨਾਲ ਮੇਲ ਦਾ ਫਲ ਬਖਸ਼ਦਾ ਹੈ ਤੇ ਫਲੁ ਦੀ ਪ੍ਰਾਪਤੀ ਤੋਂ ਬਾਦ ਮਨੁੱਖ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਦਾ ਹੈ ਭਾਵ ਫਲੁ ਦੇ ਮਕਸਦ ਨੂੰ ਪੂਰਾ ਕਰਦਾ ਹੈ। ਇਸ

ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥
ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ ॥੧॥”

(ਅੰਗ ੧੧੫੫)

ਜੋ ਗੁਰੂ ਦੀ ਸੇਵਾ ਕਰਨਾ ਹੈ ਉਹੀ ਉਸ ਦਾ ਨਾਮ ਜਪਣਾ ਹੈ ਭਾਵ ਸ਼ਬਦ ਦੇ ਵੀਚਾਰੀ ਬਣਕੇ ਵਿਚਰਨਾ ਹੈ ਜੋ ਕਿ ਸਾਡਾ ਸੱਚਾ ਉਦਮ ਹੈ। ਪ੍ਰਮਾਤਮਾ ਆਪਣੇ "ਫਲੁ" ਦੇ ਰੂਪ ਵਿੱਚ ਵੀ ਸਾਨੂੰ "ਸੇਵਾ" ਹੀ ਬਖਸ਼ਦਾ ਹੈ, "ਨਾਮੁ" ਹੀ ਬਖਸ਼ਦਾ ਹੈ ਤੇ ਸਭ ਤੋਂ ਭਾਵ ਸਾਨੂੰ ਸਾਡੀ ਮੈਂ ਵਿੱਚੋਂ ਭਾਵ ਹਉਮੈ ਵਿੱਚੋਂ, ਮਨਮਤਿ ਵਿੱਚੋਂ ਕੱਢਣ ਦਾ ਹੈ ਜਿਸ ਦੇ ਰਹਿੰਦੇ ਅਸੀਂ ਮਨ ਦੀ ਅਗਿਆਨਤਾ ਕਰਕੇ ਮਾਇਆ ਮੋਹ ਨਾਲ ਜੁੜੇ ਰਹਿੰਦੇ ਹਾਂ, ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜੇ ਰਹਿੰਦੇ ਹਾਂ ਜੋ ਸਾਨੂੰ ਭਗਤੀ ਦੇ ਸੱਚੇ ਮਾਰਗ ਤੋਂ ਦੂਰ ਰਖਦੀਆਂ ਹਨ। ਨਾਮ ਦਾ ਮਕਸਦ, ਅੰਮ੍ਰਿਤ ਫਲੁ ਦਾ ਮਕਸਦ ਸਾਨੂੰ ਮਨ ਦੀਆਂ

ਤ੍ਰਿਸ਼ਨਾਵਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਨੂੰ ਸੱਚੀ ਮਤਿ ਦੇ ਨਾਲ ਜੋੜਨ ਦਾ ਹੀ ਹੈ। ਜਿਸ ਨੂੰ ਪ੍ਰਮਾਤਮਾ ਦੇ ਕੋਲੋਂ ਅਮ੍ਰਿਤ ਫਲੁ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਦੇ ਅੰਦਰ ਪ੍ਰਮਾਤਮਾ ਦਾ ਨਾਮ ਵੱਸ ਜਾਂਦਾ ਹੈ ਉਸ ਦੀਆਂ ਤ੍ਰਿਸ਼ਨਾਵਾਂ ਮਨ ਦੇ ਵਿੱਚ ਹੀ ਸਮਾ ਜਾਂਦੀਆਂ ਹਨ ਭਾਵ ਖ਼ਤਮ ਹੋ ਜਾਂਦੀਆਂ ਹਨ ਭਾਵ ਜਿਸ ਮਨੁੱਖ ਦੇ ਅੰਦਰ ਮਾਇਆ ਮੋਹ ਹੈ ਉਸ ਦੇ ਅੰਦਰ ਨਾਮ ਨਹੀਂ ਹੈ, ਗੁਰੂ ਦੀ ਸੱਚੀ ਮਤਿ ਨਹੀਂ ਹੈ, ਉਹ ਮਨੁੱਖ ਸ਼ਬਦ ਦਾ ਵੀਚਾਰੀ ਨਹੀਂ ਹੈ ਭਾਵ ਉਸ ਦੇ ਅੰਦਰ ਹਉਮੈ ਹੈ। (**ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥ ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ ॥1॥)**

ਜਿਸ ਨੂੰ ਪ੍ਰਮਾਤਮਾ ਆਪਣਾ ਅੰਮ੍ਰਿਤ ਨਾਮ ਬਖਸ਼ਦਾ ਹੈ ਉਸ ਨੂੰ ਉਹ "ਤਤੁ ਗਿਆਨੁ" ਦੇ ਰੂਪ ਵਿੱਚ ਹੀ ਬਖਸ਼ਦਾ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਬਖਸ਼ਦਾ ਹੈ ਤੇ ਇਸੇ ਰੂਪ ਵਿੱਚ ਹੀ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਵਸਦਾ ਹੈ ਜਿਸ ਰੂਪ ਦੁਆਰਾ ਉਹ ਹਰ ਵਸਤੂ ਦੇ ਅੰਦਰ ਸਮਾਇਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਆਪਣਾ "ਸੰਤੁ" ਰੂਪ ਬਣਾਉਂਦਾ ਹੈ ਉਸ ਦੇ ਅੰਦਰ ਆਪਣਾ ਤਤੁ ਗਿਆਨੁ ਹੀ ਵਸਾਉਂਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣੀ ਸੱਚੀ ਸੇਵਾ ਤੇ ਲਵਾਉਂਦਾ ਹੈ। ਉਸ ਦੀ ਸੱਚੀ ਸੇਵਾ ਦੀ ਸਮਝ ਮਨ ਦੀ ਸੱਚੀ ਸੋਝੀ ਦੁਆਰਾ ਹੀ ਲਗਦੀ ਹੈ ਜੋ ਸੋਝੀ ਉਹ ਆਪ ਹੀ ਪਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਨਿਮਾਣੇ ਕਉ ਪ੍ਰਭ ਦੇਤੋ ਮਾਨੁ ॥ ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥
ਸਗਲ ਭਇਆਨ ਕਾ ਭਉ ਨਸੈ ॥ ਜਨ ਅਪਨੇ ਕੈ ਹਰਿ ਮਨਿ ਬਸੈ ॥੩॥
ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥
ਕਰਿ ਕਿਰਪਾ ਸੰਤ ਟਹਲੈ ਲਾਏ ॥ ਨਾਨਕ ਸਾਧੂ ਸੰਗਿ ਸਮਾਏ ॥੪॥੨੩॥੩੬॥”

(ਅੰਗ ੧੧੪੬)

ਅਸੀਂ ਅਕਸਰ ਇਸ ਗੱਲ ਦੀ ਚਰਚਾ ਕਰਦੇ ਹਾਂ ਕਿ ਪ੍ਰਮਾਤਮਾ ਨਿਮਾਣਿਆਂ ਨੂੰ ਮਾਣ ਦਿੰਦਾ ਹੈ, ਉਹ ਮੂੜ ਮੁਗਧ ਮਨੁੱਖਾਂ ਨੂੰ ਸਿਆਣਾ ਬਣਾਉਂਦਾ ਹੈ, ਉਹ ਮਨੁੱਖ ਦੇ ਸਾਰੇ ਭੈ ਦੂਰ ਕਰਦਾ ਹੈ। ਇਹ ਸਭ ਕਹਿਣਾ ਬਿਲਕੁਲ ਸੱਚ ਹੈ ਪਰ ਪ੍ਰਮਾਤਮਾ ਇਹੋ ਜਿਹੀ ਕਿਰਪਾ ਕਿਸ ਤੇ ਕਰਦਾ ਹੈ ਤੇ ਕਿਸ ਤਰੀਕੇ ਕਰਦਾ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਹੈ। ਮਾਣ ਲੈਣ ਵਾਲੇ ਬਹੁਤ ਹਨ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਬਹੁਤ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਸਿਆਣਾ ਅਖਵਾਉਣ ਵਾਲਿਆਂ ਦੀ ਵੀ ਕਮੀ ਨਹੀਂ ਹੈ। ਸਾਡੇ ਅੰਦਰੋਂ ਭੈ ਦਾ

ਦੂਰ ਹੋਣਾ ਕੀ ਹੈ ਤੇ ਉਹ ਭੈ ਕਿਸ ਰੂਪ ਵਿਚ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ। ਇਹਨਾਂ ਸਾਰੀਆਂ ਗੱਲਾਂ ਦੀ

ਸਮਝ ਉਦੋਂ ਹੀ ਪੈਂਦੀ ਹੈ ਜਦੋਂ ਕਿਸੇ ਦੇ ਅੰਦਰ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਦਾ ਜਨ ਬਣ ਸਕਦਾ ਹੈ। ਜਿਥੇ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਉਸੇ ਮਨੁੱਖ ਦਾ ਮਾਣ ਹੀ ਸੱਚਾ ਮਾਣ ਹੈ। ਉਸ ਦਾ ਇਹ ਮਾਣ ਮਿਲਣ ਤੋਂ ਬਿਨਾਂ ਹਰ ਕੋਈ ਨਿਮਾਣਾ ਹੈ ਪਰ ਉੱਚਾ ਮਾਣ ਲੈਣ ਵਾਲਿਆਂ ਦੀ ਕਮੀ ਨਹੀਂ ਹੈ ਭਾਵ ਸਭ ਝੂਠਾ ਮਾਣ ਲੈਣ ਵਾਲੇ ਹੀ ਹਨ। ਸੱਚਾ ਮਾਣ ਕੇਵਲ ਉਹਨਾਂ ਦਾ ਹੀ ਹੈ ਜਿਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਉਹਨਾਂ ਨੂੰ ਮਾਣ ਦਿੱਤਾ ਹੈ ਤੇ ਗੁਰਬਾਣੀ ਦੇ ਰਾਹੀਂ, ਉਹਨਾਂ ਸਰੀਰਾਂ ਦੇ ਰਾਹੀਂ ਸਾਨੂੰ ਸਮਝਾਇਆ ਹੈ ਕਿ ਸੱਚਾ ਮਾਣ ਕੀ ਹੈ। ਸਾਰੇ ਭਗਤਾਂ ਦਾ, ਸਾਰੇ ਗੁਰੂ ਸਾਹਿਬਾਨ ਦਾ, ਹਰ ਉਸ ਸਰੀਰ ਦਾ ਜਿਸ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਭਾਵੇਂ ਕਿਸੇ ਵੀ ਮਕਸਦ ਲਈ ਕੀਤਾ ਹੈ ਕੇਵਲ ਉਸ ਦਾ ਮਾਣ ਹੀ ਸੱਚਾ ਮਾਣ ਹੈ ਤੇ ਇਹੋ ਜਿਹਾ ਮਾਣ ਪ੍ਰਾਪਤ ਹੋਣ ਤੋਂ ਬਿਨਾਂ ਹਰ ਕੋਈ ਨਿਮਾਣਾ ਹੀ ਹੈ ਭਾਵ ਧਰਮ ਦੇ ਮਾਰਗ ਤੇ ਨਿਮਾਣਾ ਹੀ ਹੈ ਭਾਵੇਂ ਕੋਈ ਭਰਮ ਦੇ ਵਿੱਚ ਆਪਣੇ ਆਪ ਨੂੰ ਕਿਤਨਾ ਵੀ ਉੱਚਾ ਅਖਵਾਈ ਬੈਠਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹੀ ਅਸਲ ਵਿੱਚ ਧਰਮ ਦੇ ਮਾਰਗ ਤੇ ਚਤੁਰ ਸੁਗਿਆਨ ਹੈ ਭਾਵੇਂ ਆਪਣੇ ਆਪ ਨੂੰ ਸਿਆਣੇ ਅਖਵਾਉਣ ਵਾਲਿਆਂ ਦੀ ਭਾਵ ਪੰਡਿਤ, ਗਿਆਨੀ, ਕਾਜੀ ਆਦਿ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ। ਜਦ ਤਕ ਕਿਸੇ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਕੀਤੇ ਤਦ ਤਕ ਹਰ ਕੋਈ ਮੂੜ ਮੁਗਧ ਹੀ ਹੈ। ਜਿਸ ਨੂੰ ਪ੍ਰਮਾਤਮਾ ਆਪ ਸਿਆਣਾ ਬਣਾਉਂਦਾ ਹੈ, ਉਸ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਿਆਣਪ ਕਿਥੋਂ ਆਉਂਦੀ ਹੈ, ਗਿਆਨ ਦਾ ਮਾਲਕ ਕੌਣ ਹੈ ਤੇ ਪ੍ਰਮਾਤਮਾ ਨੂੰ ਜਾਨਣ ਵਾਲਾ ਕੋਈ ਆਪਣੇ ਆਪ ਨੂੰ ਸਿਆਣਾ ਕਹਿ ਹੀ ਨਹੀਂ ਸਕਦਾ। ਅਸਲ ਵਿੱਚ ਉਸ ਦੀ ਆਪਣੀ ਹੋਂਦ ਰਹਿੰਦੀ ਹੀ ਨਹੀਂ ਤੇ ਉਸ ਦੇ ਰੂਪ ਵਿੱਚ ਸਿਆਣਪ ਦੇ ਰਾਹੀਂ ਪ੍ਰਮਾਤਮਾ ਆਪ ਹੀ ਹੁੰਦਾ ਹੈ। ਜਿਥੇ ਮਨੁੱਖ ਆਪ ਹੈ ਇਹੀ ਉਸ ਦਾ ਮੂੜ ਮੁਗਧ ਰੂਪ ਹੈ। ਮਨੁੱਖ ਦੇ ਅੰਦਰ ਅਨੇਕਾਂ ਹੀ ਭਉ ਹਨ ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਭਉ ਮੌਤ ਦਾ ਹੈ, ਜਨਮ ਮਰਣ ਦਾ ਹੈ ਤੇ ਉਸ ਤੋਂ ਬਾਦ ਸਭ ਤੋਂ ਵੱਡਾ ਭਉ ਮਾਇਆ ਮੋਹ ਛੱਡਣ ਦਾ ਹੈ, ਗੁਰੂ ਪ੍ਰਮਾਤਮਾ ਦੇ ਭਾਣੇ ਨੂੰ ਮੰਨਣ ਦਾ ਹੈ ਤੇ ਹੋਰ ਵੀ ਇਸੇ ਤਰ੍ਹਾਂ ਅਨੇਕਾਂ ਹੀ

34/3956

ਭਉ ਹਨ ਜਿਨ੍ਹਾਂ ਦਾ ਕਾਰਣ ਸਾਡੀ ਨਾ ਸਮਝੀ ਹੈ। ਕਿਸੇ ਨੂੰ ਸੰਤ ਆਦਿ ਸਮਝ ਕੇ, ਉਸ ਨੂੰ ਵੱਡਾ ਸਮਝ ਕੇ ਉਸਦੇ ਪਿੱਛੇ ਲਗਣਾ ਭਾਵ ਉਸ ਦੇ ਬਚਨਾਂ ਤੋਂ ਡਰਨਾ ਸਾਡਾ ਕੇਵਲ ਝੂਠਾ ਭਉ ਹੈ। ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕਿਆਂ ਨੂੰ ਭਉ ਸਮਝ ਕੇ ਮੰਨਿਆ ਹੋਇਆ ਹੈ ਜੋ ਕਿ ਕੇਵਲ ਸਾਡਾ ਭਰਮ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਮਨੁੱਖ ਹਰ ਭਉ ਤੋਂ ਅਜ਼ਾਦ ਹੋ ਜਾਂਦਾ ਹੈ ਕਿਉਂਕਿ ਉਸ ਨੂੰ ਇਹ ਸਮਝ ਲਗ ਜਾਂਦੀ ਹੈ ਕਿ ਭਉ ਸਾਡੇ ਅੰਦਰ ਆਉਂਦਾ ਕਿਥੋਂ ਹੈ ਤੇ ਕਿਵੇਂ ਆਉਂਦਾ ਹੈ। ਜਿਸ ਨੇ ਸਾਨੂੰ ਭਉ ਵਿੱਚ ਰਖਿਆ ਹੋਇਆ ਹੈ ਉਹ ਆਪ ਹੀ ਭਉ ਵਿੱਚੋਂ ਕੱਢਦਾ ਹੈ। ਭਗਤੀ ਦਾ ਸਹੀ ਮਾਰਗ ਪ੍ਰਮਾਤਮਾ ਦੇ ਮੇਲ ਤੋਂ ਬਾਅਦ ਹੀ ਸਮਝ ਆਉਂਦਾ ਹੈ, ਉਸ ਪ੍ਰਮਾਤਮਾ ਦਾ ਰੂਪ ਬਣਕੇ ਹੀ ਸਮਝ ਆਉਂਦਾ ਹੈ। (**ਨਿਮਾਣੇ ਕਉ ਪ੍ਰਭ ਦੇਤੋ ਮਾਨੁ ॥ ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥ ਸਗਲ ਭਇਆਨ ਕਾ ਭਉ ਨਸੈ ॥ ਜਨ ਅਪਨੇ ਕੈ ਹਰਿ ਮਨਿ ਬਸੈ ॥3॥**)

ਜਦੋਂ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ, ਉਹ ਕਿਸ ਰੂਪ ਵਿੱਚ ਵੱਸਦਾ ਹੈ ਤੇ ਕਿਸ ਮਕਸਦ ਲਈ ਵੱਸਦਾ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਘਟੋ ਘਟ ਕਦੇ ਆਪਣੇ ਜੀਵਨ ਵਿੱਚ ਇਹ ਨਾ ਕਹਿ ਸਕੀਏ ਕਿ ਸਾਨੂੰ ਗੁਰੂ ਪ੍ਰਮਾਤਮਾ ਨੇ ਅੰਮ੍ਰਿਤ ਨਾਮ ਸਮਝਾਉਣ ਵਿੱਚ, ਪ੍ਰਮਾਤਮਾ ਦਾ ਰੂਪ ਸਮਝਾਉਣ ਵਿੱਚ ਕੋਈ ਕਸਰ ਛੱਡੀ ਹੋਈ ਹੈ।

"ਪਾਰਬ੍ਰਹਮ ਪ੍ਰਭ ਸੁਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥

ਕਰਿ ਕਿਰਪਾ ਸੰਤ ਟਹਲੈ ਲਾਏ ॥ ਨਾਨਕ ਸਾਧੂ ਸੰਗਿ ਸਮਾਏ ॥੪॥੨੩॥੩੬॥"

ਪ੍ਰਮਾਤਮਾ ਸਾਰੇ ਸੁਖਾਂ ਦਾ ਖਜਾਨਾ ਹੈ ਤੇ ਪ੍ਰਮਾਤਮਾ ਆਪ ਹੀ ਇਸ ਖਜਾਨੇ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦਾ ਇਹ ਖਜਾਨਾ ਉਸ ਦੇ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਿਆ ਹੈ। ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦਾ ਇਹ ਖਜਾਨਾ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਵਿੱਚ ਹੀ ਹੈ। ਸਾਡੇ ਮਨ ਦੇ ਵਿੱਚ ਕੇਵਲ ਗਿਆਨ ਹੀ ਹੁੰਦਾ ਹੈ ਤੇ ਹੋਰ ਕੁਝ ਨਹੀਂ ਹੁੰਦਾ। ਸਾਡੇ ਅੰਦਰ ਹੀ ਤ੍ਰੈ ਗੁਣਾਂ ਵਾਲਾ ਗਿਆਨ ਹੈ ਤੇ ਸਾਡੇ ਅੰਦਰ ਹੀ

ਚੌਥੇ ਪਦ ਵਾਲਾ ਗਿਆਨ ਹੈ। ਚੌਥੇ ਪਦ ਵਾਲਾ ਗਿਆਨ "ਤਤੁ ਗਿਆਨੁ" ਹੈ। ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਪ੍ਰਗਟ ਹੁੰਦਾ ਹੈ ਕੇਵਲ ਉਸੇ ਮਨੁੱਖ ਦੇ ਅੰਦਰ

34/3957

ਤਤੁ ਗਿਆਨੁ ਹੋ ਸਕਦਾ ਹੈ। ਤਤੁ ਗਿਆਨੁ ਉਹ ਗਿਆਨ ਹੈ ਜਿਸ ਰਾਹੀਂ ਪ੍ਰਮਾਤਮਾ ਤਤੁ ਦੀ ਗੱਲ ਸਮਝਾਉਂਦਾ ਹੈ ਭਾਵ ਪੂਰਨ ਅਸਲੀਅਤ, ਪੂਰਨ ਸੱਚ ਸਮਝਾਉਂਦਾ ਹੈ ਜਿਸ ਤੋਂ ਉਪਰ ਹੋਰ ਕੁਝ ਨਹੀਂ ਰਹਿ ਜਾਂਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਦਿੱਤਾ ਹੋਇਆ ਤਤੁ ਗਿਆਨੁ ਹੈ, ਬ੍ਰਹਮ ਗਿਆਨ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਤੋਂ ਉਪਰ ਸੰਸਾਰ ਵਿੱਚ ਹੋਰ ਕੋਈ ਵਿਚਾਰ ਨਹੀਂ ਹੋ ਸਕਦੀ। (**ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥2॥**) ਅੰਗ - 904 ਸ਼ਬਦਾਂ ਦੀ ਵਿਚਾਰ ਹੀ ਨਾਮ ਹੈ। (**ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ ਰਹਾਉ ॥**) ਅੰਗ - 355 ਇਹ ਸ਼ਬਦ ਦੀ ਵੀਚਾਰ ਉਸ ਸ਼ਬਦ ਰੂਪ ਗੁਰੂ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ, ਉਸ ਦੇ ਦਰਬਾਰ ਦੇ ਵਿੱਚੋਂ ਹੀ ਮਿਲਦੀ ਹੈ ਤੇ ਉਹੀ ਉਸ ਦਾ ਗੁਰਮੁਖਿ ਰੂਪ ਬਣਦਾ ਹੈ ਤੇ ਪੂਰਨ ਰੂਪ ਵਿੱਚ ਸੱਚ ਦੇ ਨਾਲ ਜੁੜਦਾ ਹੈ। ਪ੍ਰਮਾਤਮਾ ਆਪ ਸ਼ਬਦਾਂ ਦੀ ਵੀਚਾਰ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੁਆਰਾ ਜੋ ਸਾਨੂੰ ਸੋਝੀ ਪੈਂਦੀ ਹੈ ਪ੍ਰਮਾਤਮਾ ਉਸ ਸੋਝੀ ਦੇ ਰੂਪ ਵਿੱਚ ਹੀ ਸਾਡੇ ਅੰਦਰ ਵੱਸਦਾ ਹੈ। ਸ਼ਬਦਾਂ ਦੇ ਅੰਦਰ ਦੀ ਜੋ ਸੋਝੀ ਹੈ ਉਹ ਤਤੁ ਗਿਆਨੁ ਹੈ ਜਿਸ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਇਹੀ ਉਸ ਦਾ ਨਾਮ ਰੂਪ ਹੈ। (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**) ਅੰਗ - 120 ਜਿਸ ਸਰੀਰ ਰਾਹੀਂ ਵੀ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਸ ਰਾਹੀਂ ਪ੍ਰਮਾਤਮਾ ਨੇ ਆਪਣੀ ਸ਼ਬਦ ਰੂਪ ਸੋਝੀ ਹੀ ਪਾਈ ਹੈ ਭਾਵ ਆਪਣਾ ਤਤੁ ਗਿਆਨ ਹੀ ਦਿੱਤਾ ਹੈ ਤੇ ਤਾਂ ਹੀ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਤਾਂ ਹੀ ਸਾਨੂੰ ਸਾਡੇ ਅੰਦਰੋਂ ਸਾਡੇ "ਮੂਲ" ਰੂਪ ਪਹਿਚਾਣ ਹੁੰਦੀ ਹੈ ਕਿ ਸਾਡਾ ਮੂਲ ਕੀ ਹੈ। (**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥2॥**) ਅੰਗ - 285

ਮੁਖ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦਾ ਰੂਪ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਤਤੁ ਗਿਆਨੁ ਦੇ ਰੂਪ ਵਿੱਚ ਹੈ, ਅੰਮ੍ਰਿਤ ਨਾਮੁ ਦੇ ਰੂਪ ਵਿੱਚ ਹੈ ਤੇ ਪ੍ਰਮਾਤਮਾ ਆਪਣੇ ਇਸੇ ਰੂਪ ਦੁਆਰਾ ਪੂਰੀ ਗੁਰਬਾਣੀ ਵਿੱਚ ਭਰਪੂਰ ਹੈ ਜਿਥੋਂ ਅਸੀਂ ਉਸ ਸੁਖਾਂ ਦੇ ਖਜਾਨੇ ਦੀ ਪ੍ਰਾਪਤੀ ਕਰ ਸਕਦੇ ਹਾਂ। (**ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥**)

34/3958

ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਆਪਣੇ ਮੇਲ ਦੁਆਰਾ ਆਪਣਾ ਤਤੁ ਗਿਆਨੁ ਹੀ ਬਖਸ਼ਦਾ ਹੈ, ਆਪਣਾ ਅੰਮ੍ਰਿਤ ਨਾਮੁ ਹੀ ਬਖਸ਼ਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ "ਸੰਤ" ਰੂਪ ਬਣਾਉਂਦਾ ਹੈ, ਗੁਰੂ ਰੂਪ ਬਣਾਉਂਦਾ ਹੈ। ਜਿਨ੍ਹਾਂ ਨੂੰ ਉਸ ਨੇ ਆਪਣਾ ਸੰਤ ਰੂਪ ਬਣਾਇਆ ਹੈ, ਆਪਣਾ ਰੂਪ ਬਣਾਇਆ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ, ਤਤੁ ਗਿਆਨੁ ਦੀ ਰਚਨਾ ਕੀਤੀ ਹੈ ਜਿਸ ਲਈ ਗੁਰਬਾਣੀ ਗੁਰੂ ਰੂਪ ਵਿੱਚ ਪ੍ਰਮਾਤਮਾ ਦਾ ਸੰਤ ਰੂਪ ਹੈ, ਸਾਰੇ ਸੰਸਾਰ ਲਈ ਸੰਤ ਰੂਪ ਹੈ। ਜਿਸ ਮਨੁੱਖ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਕਿਸੇ ਨੂੰ ਆਪਣਾ ਸੰਤ ਰੂਪ ਬਣਾਉਂਦਾ ਹੈ ਉਸ ਨੂੰ ਹੀ ਸੇਵਾ ਕਰਨ ਦੀ ਸੋਝੀ ਪੈਂਦੀ ਹੈ ਕਿ ਗੁਰੂ ਪ੍ਰਮਾਤਮਾ ਦੀ ਸੇਵਾ ਕਰਨੀ ਕੀ ਹੈ। ਉਨ੍ਹਾਂ ਨੇ ਆਪ ਆਪਣੇ ਜੀਵਨ ਕਾਲ ਵਿੱਚ ਸਾਨੂੰ ਪ੍ਰਮਾਤਮਾ ਦੀ ਸੇਵਾ ਕਰਕੇ ਦਿਖਾਈ ਹੈ ਤੇ ਸੰਸਾਰ ਨੂੰ ਪ੍ਰਮਾਤਮਾ ਦੀ ਸੇਵਾ ਕਰਨੀ ਸਮਝਾਈ ਹੈ ਜੋ ਕਿ ਸੱਚੇ ਸੁੱਚੇ ਹੋ ਕੇ, ਮਾਇਆ ਮੋਹ ਤੋਂ ਰਹਿਤ ਹੋ ਕੇ ਪਰਉਪਕਾਰੀ ਹੋ ਕੇ ਵਿਚਰਨ ਦੀ ਹੈ ਜਿਸ ਦੁਆਰਾ ਮਨੁਖਤਾ ਦਾ ਭਲਾ ਹੁੰਦਾ ਹੈ। ਪ੍ਰਮਾਤਮਾ ਦਾ ਸੰਤ ਰੂਪ ਹੀ ਉਸ ਦਾ ਸਾਧੂ ਰੂਪ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੀ ਸਾਧ ਸੰਗਤਿ ਹੈ ਭਾਵ ਉਸ ਸਾਧੂ ਦੀ ਸੰਗਤਿ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੁੰਦੀ ਹੈ, ਮਨ ਦੇ ਵਿਚਾਰਾਂ ਰਾਹੀਂ ਹੁੰਦੀ ਹੈ। ਜਦੋਂ ਸਾਡੇ ਮਨ ਦੇ ਵਿਚਾਰ, ਹਉਮੈ ਵਾਲੇ ਵਿਚਾਰ ਸ਼ਬਦ ਦੇ ਵਿਚਾਰਾਂ ਵਿੱਚ ਸਮਾ ਜਾਂਦੇ ਹਨ ਇਹੀ ਸਾਡੇ ਅੰਦਰ ਦੀ ਸਾਧ ਸੰਗਤਿ ਹੈ, ਸਾਧੂ ਸੰਗਿ ਹੈ ਜਿਸ ਸੰਗਤਿ ਦੁਆਰਾ ਅਸੀਂ ਪ੍ਰਮਾਤਮਾ

ਦਾ ਨਾਮ ਜਪਦੇ ਹਾਂ, ਉਸ ਦੀ ਸੇਵਾ ਵਿੱਚ ਲਗਦੇ ਹਾਂ ਜੋ ਕਿ ਉਹ ਆਪ ਹੀ ਲਗਾਉਂਦਾ ਹੈ, ਆਪਣੇ ਮੇਲ ਦੁਆਰਾ ਲਗਾਉਂਦਾ ਹੈ। (**ਕਰਿ ਕਿਰਪਾ ਸੰਤ ਟਹਲੈ ਲਾਏ ॥ ਨਾਨਕ ਸਾਧੂ ਸੰਗਿ ਸਮਾਏ ॥4॥23॥36॥**)

ਗੁਰੂ ਪ੍ਰਮਾਤਮਾ ਦੀ ਸੇਵਾ ਚੌਥੇ ਪਦ ਦੀ ਪ੍ਰਾਪਤੀ ਵਿੱਚ ਪਹੁੰਚ ਕੇ ਹੀ ਹੁੰਦੀ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੀ ਹੈ ਭਾਵ ਨਾਮ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ, ਮਾਇਆ ਮੋਹ ਤੋਂ ਮੁਕਤਿ ਹੋ ਕੇ ਹੀ ਹੁੰਦੀ ਹੈ, ਵਿਕਾਰਾਂ ਤੋਂ ਮੁਕਤਿ ਹੋ ਕੇ ਹੀ ਹੁੰਦੀ ਹੈ ਜਿਸ ਅਵਸਥਾ ਦੁਆਰਾ ਮਨੁੱਖ ਫਿਰ ਕੇਵਲ ਸੱਚੇ ਸੁੱਚੇ ਕਰਮ ਹੀ ਕਰਦਾ ਹੈ। ਸਾਡੇ ਅੰਦਰ ਮਨ ਦੀ ਇਹ ਅਵਸਥਾ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਕਿਰਪਾ ਦੁਆਰਾ ਬਣ ਸਕਦੀ ਹੈ, ਉਸ ਦੇ ਮੇਲ ਦੁਆਰਾ ਬਣ ਸਕਦੀ ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣੀ ਸੇਵਾ ਵਿੱਚ ਲਾਉਂਦਾ ਹੈ ਤੇ ਮਨ ਦੀ ਇਸ ਅਵਸਥਾ ਦੁਆਰਾ ਹੀ ਗੁਰੂ ਪ੍ਰਮਾਤਮਾ ਦਾ ਦਾਸ ਬਣਿਆ ਜਾ ਸਕਦਾ ਹੈ,

34/3959

ਉਸ ਦੀ ਸ਼ਰਨ ਵਿੱਚ ਆਇਆ ਜਾ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।

{ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾ ਕੀ ਗਤਿ ਮਿਤਿ ਕਹਨੁ ਨ ਜਾਵੈ ॥੧॥ ਰਹਾਉ ॥
ਵਰਤ ਨੇਮ ਮਜਨ ਤਿਸੁ ਪੂਜਾ ॥ ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ ॥
ਮਹਾ ਪੁਨੀਤ ਜਾ ਕਾ ਨਿਰਮਲ ਥਾਨੁ ॥ ਸਾਧਸੰਗਤਿ ਜਾ ਕੈ ਹਰਿ ਹਰਿ ਨਾਮੁ ॥੨॥
ਪ੍ਰਗਟਿਓ ਸੋ ਜਨੁ ਸਗਲੇ ਭਵਨ ॥ ਪਤਿਤ ਪੁਨੀਤ ਤਾ ਕੀ ਪਗ ਰੇਨ ॥
ਜਾ ਕਉ ਭੇਟਿਓ ਹਰਿ ਹਰਿ ਰਾਇ ॥ ਤਾ ਕੀ ਗਤਿ ਮਿਤਿ ਕਥਨੁ ਨ ਜਾਇ ॥੩॥
ਆਠ ਪਹਰ ਕਰ ਜੋੜਿ ਧਿਆਵਉ ॥ ਉਨ ਸਾਧਾ ਕਾ ਦਰਸਨੁ ਪਾਵਉ ॥
ਮੋਹਿ ਗਰੀਬ ਕਉ ਲੇਹੁ ਰਲਾਇ ॥ ਨਾਨਕ ਆਇ ਪਏ ਸਰਣਾਇ ॥੪॥੩੮॥੯੯॥}

(ਅੰਗ - ੩੯੩)

ਗੁਰੂ ਪ੍ਰਮਾਤਮਾ ਦੀ ਸੇਵਾ ਕੀ ਹੈ, ਉਸ ਦਾ ਨਾਮ ਜਪਣਾ, ਸਿਮਰਨ ਕਰਨਾ ਕੀ ਹੈ, ਭਗਤੀ ਕੀ ਹੈ, ਧਰਮੀ ਬਣਨਾ ਕੀ ਹੈ ਇਹਨਾਂ ਸਾਰੀਆਂ ਗੱਲਾਂ ਨੂੰ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਦੇ ਆ ਰਹੇ ਹਾਂ ਤੇ ਸਭ ਤੋਂ ਭਾਵ ਇਕੋ ਹੀ ਹੈ ਜੋ ਕਿ ਸੰਸਾਰ ਵਿੱਚ ਸੱਚੇ ਸੁੱਚੇ ਬਣਕੇ ਵਿਚਰਨ ਦਾ ਹੈ, ਗੁਰਮਤਿ ਅਨੁਸਾਰ ਵਿਚਰਨ ਦਾ ਹੈ। ਸਾਡੇ ਜਿਹੜੇ ਕਰਮ ਵਿੱਚ ਗੁਰਮਤਿ ਨਹੀਂ ਹੈ ਉਹ ਕੇਵਲ ਸਾਡਾ ਪਾਖੰਡ ਹੈ ਭਾਵ ਭਗਤੀ ਦਾ ਦਿਖਾਵਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ। ਅਸੀਂ ਇਕ ਅੱਖਰ ਨੂੰ ਜਪਣਾ ਆਪਣਾ ਇਕ ਬਹੁਤ ਵੱਡਾ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਤੇ ਹੋਰ ਵੀ ਆਪਣੇ ਅਨੇਕਾਂ ਦਿਖਾਵਿਆਂ ਨੂੰ ਭਗਤੀ ਨਾਲ ਜੋੜਿਆ ਹੋਇਆ ਹੈ ਜੋ ਕਿ ਸਭ ਪਾਖੰਡ ਹੀ ਹੈ। ਸਾਡੇ ਲਈ ਸਭ ਤੋਂ ਜ਼ਰੂਰੀ ਗੱਲ ਸਮਝਣ ਲਈ ਇਹ ਹੈ ਕਿ ਅਸੀਂ ਉਪਾਸਨਾ ਕਿਸ ਦੀ ਕਰਨੀ ਹੈ ਭਾਵ ਪੂਜਾ ਕਿਸ ਦੀ ਕਰਨੀ ਹੈ। ਅਗਰ ਧਿਆਨ ਨਾਲ ਸਮਝੋਗੇ ਤਾਂ ਅਸੀਂ ਉਸ ਗੱਲ ਨੂੰ ਪੂਜਦੇ ਹਾਂ ਜਿਸ ਗੱਲ ਵਿੱਚ ਅਸੀਂ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ ਭਾਵ ਅਸੀਂ ਆਪਣੇ ਵਿਚਾਰਾਂ ਨੂੰ ਪੂਜਦੇ ਹਾਂ। ਜੇਕਰ ਸਾਡੇ ਵਿਚਾਰ ਸੱਚੇ ਹਨ ਤਾਂ ਫਿਰ ਅਸੀਂ ਸੱਚ ਨੂੰ ਪੂਜਦੇ ਹਾਂ ਭਾਵ ਪ੍ਰਮਾਤਮਾ ਨੂੰ ਪੂਜਦੇ ਹਾਂ, ਨਾਮ ਨੂੰ ਪੂਜਦੇ ਹਾਂ ਤੇ ਜੇਕਰ ਸਾਡੇ ਵਿਚਾਰ ਮੰਦੇ ਹਨ ਫਿਰ ਅਸੀਂ ਔਗੁਣਾਂ ਨੂੰ ਪੂਜਦੇ ਹਾਂ। ਗੁਰੂ ਦੇ ਵਿਚਾਰ ਸਾਨੂੰ ਸੱਚ ਦੇ ਨਾਲ ਜੋੜਦੇ ਹਨ, ਗੁਣਾਂ ਦੇ ਨਾਲ ਜੋੜਦੇ ਹਨ। ਸਾਰੀ ਗੱਲ ਇਸ ਤੇ ਟਿਕਦੀ ਹੈ ਹੈ ਕਿ ਸਾਡੇ ਅੰਦਰ ਵਿਚਾਰ ਕਿਹੋ ਜਿਹੇ ਹਨ ਕਿਉਂਕਿ ਅਸਲ ਵਿੱਚ ਅਸੀਂ ਮਨ ਦੇ ਵਿਚਾਰਾਂ ਨੂੰ ਹੀ ਪੂਜਦੇ ਹਾਂ। ਜੇਕਰ ਅਸੀਂ ਮਨ ਦੇ ਵਿਚਾਰਾਂ ਰਾਹੀਂ ਭਗਤੀ ਦਾ ਮਾਰਗ ਹੀ ਗਲਤ ਸਮਝਿਆ ਹੋਇਆ ਹੈ ਫਿਰ ਅਸੀਂ ਗਲਤ ਵਿਚਾਰਾਂ ਨੂੰ ਪੂਜਦੇ ਹਾਂ ਭਾਵੇਂ ਅਸੀਂ ਉਹਨਾਂ ਵਿਚਾਰਾਂ ਨੂੰ ਸੱਚ ਸਮਝਕੇ ਚਲਦੇ ਹਾਂ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਅਸੀਂ ਅਸਲ ਵਿੱਚ ਆਪਣੇ ਮਨ ਦੀ ਸੋਝੀ ਨੂੰ ਹੀ ਪੂਜਦੇ ਹਾਂ, ਮਨ ਦੇ ਗਿਆਨ ਨੂੰ ਹੀ

34/3960

ਪੂਜਦੇ ਹਾਂ। ਜੇਕਰ ਮਨ ਦੇ ਵਿੱਚ ਗਿਆਨ ਸੱਚਾ ਹੈ ਫਿਰ ਅਸੀਂ ਸੱਚ ਨੂੰ ਪੂਜਦੇ ਹਾਂ ਤੇ ਜੇਕਰ ਗਿਆਨ ਝੂਠਾ ਹੈ ਫਿਰ ਅਸੀਂ ਝੂਠ ਨੂੰ, ਭਰਮ ਨੂੰ ਪੂਜਦੇ ਹਾਂ, ਪਾਖੰਡ ਨੂੰ ਪੂਜਦੇ ਹਾਂ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਵੱਡੇ ਭਰਮ ਵਿੱਚੋਂ ਨਿਕਲੀਏ।

ਭੈਰਉ ਮਹਲਾ ੫ ॥

“ਪੰਚ ਮਜਮੀ ਜੋ ਪੰਚਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥
ਚਕ੍ਰ ਬਣਾਇ ਕਰੈ ਪਾਖੰਡ ॥ ਝੂਰਿ ਝੂਰਿ ਪਚੈ ਜੈਸੇ ਤ੍ਰਿਅ ਰੰਡ ॥੧॥ ਹਰਿ ਕੇ ਨਾਮ ਬਿਨਾ ਸਭ ਝੂਠੁ ॥
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥੧॥ ਰਹਾਉ ॥
ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥
ਮਾਇਆ ਕਾਰਣਿ ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥
ਜਿਨਿ ਕੀਆ ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ ਮੁਖਹੁ ਵਖਾਣੈ ॥੩॥
ਜਿਸ ਨੋ ਕਰਮੁ ਕਰੇ ਕਰਤਾਰੁ ॥ ਸਾਧਸੰਗਿ ਹੋਇ ਤਿਸੁ ਬਿਉਹਾਰੁ ॥
ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥ ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥੪॥੪੦॥੫੩॥”

(ਅੰਗ ੧੧੫੧)

ਸ਼ਬਦ ਦੇ ਪਹਿਲੇ ਪਦੇ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਹਰ ਕੋਈ ਕਿਹੋ ਜਿਹੀ ਪੂਜਾ ਵਿੱਚ ਲੱਗਾ ਹੋਇਆ ਹੈ ਤੇ ਸਾਡੀ ਇਹੋ ਜਿਹੀ ਪੂਜਾ ਨੂੰ ਕਿਤਨਾ ਕੂ ਮਾੜਾ ਦਸਿਆ ਹੋਇਆ ਹੈ। ਅਸੀਂ ਪੂਜਾ, ਉਪਾਸਨਾ ਕਿਸ ਦੀ ਕਰਦੇ ਹਾਂ, ਕਿਸ ਰੂਪ ਵਿੱਚ ਕਰਦੇ ਹਾਂ ਸਾਨੂੰ ਇਹ ਗੱਲ ਬਰੀਕੀ ਨਾਲ ਸਮਝਾਈ ਹੋਈ ਹੈ ਜੋ ਕਿ ਸਭ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। "ਮਜਮੀ" ਤੋਂ ਭਾਵ ਹੈ "ਉਪਾਸਕ" ਭਾਵ ਪੂਜਾ ਕਰਨ ਵਾਲਾ, ਭਗਤੀ ਕਰਨ ਵਾਲਾ, ਪ੍ਰਮਾਤਮਾ ਦਾ ਜੱਸ ਗਾਉਣ ਵਾਲਾ। ਅਸੀਂ ਜਿਹੋ ਜਿਹਾ ਵੀ ਭਗਤੀ ਦਾ ਮਾਰਗ ਚੁਣਦੇ ਹਾਂ ਉਸ ਮਾਰਗ ਤੇ ਚੱਲਣ ਨੂੰ ਅਸੀਂ ਆਪਣੀ ਭਗਤੀ ਸਮਝਦੇ ਹਾਂ। ਅਸੀਂ ਰੋਜ ਸਵੇਰੇ ਉਠ ਕੇ ਕਿਸੇ ਅੱਖਰ ਦਾ ਜਪ ਕਰਨ ਨੂੰ ਆਪਣੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ। ਭਗਤੀ ਦੀ ਇਹੋ ਜਿਹੀ ਪ੍ਰਥਾ ਸਦੀਆਂ ਤੋਂ ਚਲਦੀ ਆ ਰਹੀ ਹੈ ਤੇ ਸਿਖ ਜਗਤ ਵੀ ਇਹੋ ਜਿਹੀ ਭਗਤੀ ਵਿੱਚ ਗਲਤਾਨ ਹੈ। ਅਸੀਂ ਕਿਹੋ ਜਿਹਾ ਅੱਖਰ ਜਪਦੇ ਹਾਂ ਇਹ ਸਭ ਦੀ ਆਪਣੀ ਆਪਣੀ ਆਸਥਾ ਹੈ, ਆਪਣੀ ਆਪਣੀ ਮਤਿ ਹੈ, ਆਪਣੇ ਆਪਣੇ ਵਿਚਾਰ ਹਨ। ਅਸੀਂ ਆਪਣੇ ਆਪਣੇ ਵਿਚਾਰਾਂ ਅਨੁਸਾਰ ਕਿਸੇ ਅੱਖਰ ਦੇ ਜਪ ਨੂੰ ਕਰੀ ਜਾਣਾ ਆਪਣੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ, ਨਿਤ ਦੀ ਕਿਰਿਆ (ਰੂਟੀਨ) ਬਣਾਇਆ ਹੋਇਆ ਹੈ ਤੇ ਆਪਣੀ ਰਸਨਾ ਦੇ ਨਾਲ ਅਸੀਂ ਇਹ ਜਪ ਕਰਦੇ ਹਾਂ ਜਿਸ ਨੂੰ ਅਸੀਂ ਨਾਮ ਦਾ ਜਪ ਕਰਨਾ ਸਮਝਿਆ ਹੋਇਆ ਹੈ। ਸਾਡੇ ਇਹੋ ਜਿਹੇ ਜਪ ਦਾ ਘੋਰ ਖੰਡਨ ਕੀਤਾ ਹੋਇਆ ਹੈ। ਜਦ ਤਕ ਸਾਡੇ ਅੰਦਰ ਅਉਗਣ ਹਨ ਤਦ ਤਕ ਅਸੀਂ ਆਪਣੇ ਅਉਗਣਾਂ ਨੂੰ ਹੀ ਜਪਦੇ ਹਾਂ, ਆਪਣੇ ਪੰਜ ਔਗੁਣਾਂ ਦੇ ਹੀ ਸੰਜਮੀ ਹਾਂ ਭਾਵ ਔਗੁਣਾਂ ਦੇ ਹੀ ਉਪਾਸਕ ਹਾਂ ਭਾਵ ਜਿਹੋ ਜਿਹੀ ਮਤਿ ਨੂੰ ਅਸੀਂ ਲੈ ਕੇ ਸੰਸਾਰ ਵਿੱਚ ਵਿਚਰਦੇ ਹਾਂ ਅਸੀਂ ਉਸੇ ਗੱਲ ਨੂੰ ਹੀ ਪੂਜਦੇ ਹਾਂ ਭਾਵ ਅਸੀਂ ਪੂਜਾ ਵਿਕਾਰਾਂ ਦੀ ਹੀ ਕਰਦੇ ਹਾਂ ਤੇ ਚੌਂਕੜੇ ਲਗਾ ਕੇ, ਰੋਜ਼ ਸਵੇਰੇ ਉਠ ਕੇ ਜੋ ਆਪਣੇ ਵਲੋਂ ਰਸਨਾ ਦੇ ਨਾਲ ਕਿਸੇ ਨਾਮ ਦਾ ਜਪ ਕਰਨਾ ਸਮਝਦੇ ਹਾਂ ਉਸ ਵਿੱਚ

ਬਿਲਕੁਲ ਝੂਠ ਹੈ ਭਾਵ ਝੂਠੀ ਗੱਲ ਬੋਲਦੇ ਹਾਂ ਕਿ ਅਸੀਂ ਨਾਮ ਜਪਣ ਵਾਲੇ ਹਾਂ। ਜਪਦੇ ਅਸੀਂ ਵਿਕਾਰਾਂ ਨੂੰ ਹਾਂ, ਮਾਇਆ ਮੋਹ ਨੂੰ ਹਾਂ ਤੇ ਰਸਨਾ ਨਾਲ ਬੋਲ ਬੋਲ ਕੇ ਝੂਠਾ ਜਪ ਤਪ ਦਿਖਾਉਂਦੇ ਹਾਂ। ਅਸੀਂ ਆਪਣੇ ਸਰੀਰ ਤੇ ਧਰਮੀ ਹੋਣ ਦੇ ਚਕ੍ਰ ਆਦਿ ਵੀ ਲਗਾਉਂਦੇ ਹਾਂ, ਆਪਣੀ ਆਸਥਾ ਅਨੁਸਾਰ ਲਗਾਉਂਦੇ ਹਾਂ ਜਿਨ੍ਹਾਂ ਨੂੰ ਵੇਖ ਕੇ ਇਹ ਲੱਗੇ ਕਿ ਅਸੀਂ ਧਰਮੀ ਮਨੁੱਖ ਹਾਂ, ਧਰਮ ਦੇ ਮਾਰਗ ਤੇ ਚੱਲਣ ਵਾਲੇ ਹਾਂ। ਜਦ ਤੱਕ ਸਾਡੇ ਅੰਦਰ ਵਿਕਾਰ ਹਨ ਤਦ ਤਕ ਅਸੀਂ ਧਰਮੀ ਨਹੀਂ ਹਾਂ ਭਾਵੇਂ

ਅਸੀਂ ਵਿਖਾਵੇ ਇਹੋ ਜਿਹੇ ਹੀ ਕਰਦੇ ਹਾਂ। ਧਰਮ ਦੇ ਵਿਖਾਵੇ ਕਰਨ ਵਾਲਿਆਂ ਦੀ ਤੁਲਨਾ ਵਿਧਵਾ ਇਸਤਰੀ ਦੇ ਨਾਲ ਕੀਤੀ ਹੋਈ ਹੈ। ਜਦ ਤਕ ਕੋਈ ਪ੍ਰਮਾਤਮਾ ਨੂੰ ਪਾ ਨਹੀਂ ਲੈਂਦਾ, ਉਸ ਪਤੀ ਪਰਮੇਸ਼ਵਰ ਨੂੰ ਪਾ ਨਹੀਂ ਲੈਂਦਾ ਤਦ ਤਕ ਕੋਈ ਸੁਹਾਗਣ ਨਹੀਂ ਬਣ ਸਕਦਾ ਭਾਵ ਹਰ ਕੋਈ ਉਸ ਪ੍ਰਮਾਤਮਾ ਦੀ ਰੰਡ ਹੀ ਹੈ ਜੋ ਕਿ ਭਗਤੀ ਦਾ ਦਿਖਾਵਾ ਕਰਕੇ ਪਾਖੰਡ ਹੀ ਕਰਦੀ ਹੈ, ਸੁਹਾਗਣ ਦਿਖਾਉਣ ਦਾ ਪਾਖੰਡ ਹੀ ਕਰਦੀ ਹੈ, ਝੂਠਾ ਜਪ ਤਪ ਕਰਨ ਦਾ ਦਿਖਾਵਾ ਹੀ ਕਰਦੀ ਹੈ ਜੋ ਕਿ ਫਜੂਲ ਵਿੱਚ ਝੁਰ ਝੁਰ ਕੇ ਮਰਣ ਵਾਲੀ ਗੱਲ ਹੈ ਜਿਸ ਦਾ ਕਿ ਕੋਈ ਲਾਭ ਨਹੀਂ ਮਿਲਦਾ। ਸਾਰੀ ਗੱਲ ਮਨ ਦੇ ਵਿਕਾਰਾਂ ਨੂੰ ਤਿਆਗਣ ਦੀ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ। ਵਿਕਾਰਾਂ ਦੇ ਰਹਿੰਦੇ ਹੋਏ ਅਸੀਂ ਪੂਜਦੇ ਵਿਕਾਰਾਂ ਨੂੰ ਹੀ ਹਾਂ ਤੇ ਦਿਖਾਵਾ ਨਾਮ ਜਪਣ ਦਾ ਕਰਦੇ ਹਾਂ, ਪ੍ਰਮਾਤਮਾ ਦੀ ਪੂਜਾ ਦਾ ਦਿਖਾਵਾ ਕਰਦੇ ਹਾਂ ਜੋ ਕਿ ਕੇਵਲ ਇਕ ਪਾਖੰਡ ਹੈ ਜਿਸ ਦਾ ਕੋਈ ਲਾਭ ਨਹੀਂ ਹੈ। (**ਪੰਚ ਮਜਮੀ ਜੋ ਪੰਚਨ ਰਾਧੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥ ਚਕ੍ਰ ਬਣਾਇ ਕਰੈ ਪਾਖੰਡ ॥ ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥1॥**)

ਜਿਥੇ ਭਗਤੀ ਦੇ ਦਿਖਾਵੇ ਹਨ ਤੇ ਸਾਡੇ ਅੰਦਰ ਔਗੁਣ ਹਨ ਉਥੇ ਕਦੇ ਨਾਮ ਨਹੀਂ ਹੋ ਸਕਦਾ ਤੇ ਇਹੀ ਗੱਲ ਸਾਨੂੰ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

“ਹਰਿ ਕੇ ਨਾਮ ਬਿਨਾ ਸਭ ਝੂਠੁ ॥

ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥੧॥ ਰਹਾਉ ॥”

ਉਪਰ ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝੋ ਕਿ ਸੱਚ ਕੀ ਹੈ ਤੇ ਝੂਠ ਕੀ ਹੈ। ਜਿਥੇ ਨਾਮ ਹੈ ਉਥੇ ਸਭ ਕੁਝ ਸੱਚ ਹੈ ਤੇ ਜਿਥੇ ਨਾਮ ਨਹੀਂ ਹੈ ਉਹ ਸਭ ਕੁਝ ਝੂਠ ਹੈ। ਨਾਮ ਗੁਰੂ ਦੀ ਸੱਚੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। ਪੂਰੀ

ਗੁਰਬਾਣੀ ਵਿਚ ਇਸੇ ਲਈ ਸੱਚ ਹੈ ਕਿਉਂਕਿ ਪੂਰੀ ਗੁਰਬਾਣੀ ਵਿੱਚ ਨਾਮ ਹੈ ਭਾਵ ਸ਼ਬਦਾਂ ਦੀ ਵੀਚਾਰ ਹੈ। ਸ਼ਬਦ ਦੀ ਵਿਚਾਰ ਵਿੱਚ ਪੂਰਨ ਸਚ ਹੈ ਜਿਸ ਵਿੱਚ ਕਦੇ ਝੂਠ ਨਹੀਂ ਹੋ ਸਕਦਾ ਕਿਉਂਕਿ ਸ਼ਬਦ ਦੀ ਵਿਚਾਰ ਭਰਮ ਤੋਂ ਮੁਕਤਿ ਹੈ। ਹਰ ਮਨੁੱਖ ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਮਨੁੱਖ ਆਪਣੇ ਜੀਵਨ ਵਿੱਚ ਵਿਚਰਦਾ ਹੈ। ਸਾਡੇ ਅੰਦਰ ਜੋ ਵਿਚਾਰ ਸ਼ਬਦ ਦੇ ਵਿਚਾਰਾਂ ਨਾਲ ਮੇਲ ਖਾਂਦਾ ਹੈ ਉਸ ਵਿਚਾਰ ਦੇ ਵਿੱਚ ਪੂਰਨ ਸੱਚ ਹੈ ਤੇ ਜੋ ਵਿਚਾਰ ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹੈ ਉਸ ਵਿੱਚ ਸੱਚ ਨਹੀਂ ਭਾਵ ਝੂਠ ਹੈ। ਸਾਨੂੰ ਆਪਣੇ ਜੀਵਨ ਵਿੱਚ ਸਭ ਤੋਂ ਵੱਡੀ ਜ਼ਰੂਰਤ ਇਸੇ ਗੱਲ ਨੂੰ ਸਮਝਣ ਦੀ ਹੈ। ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਗੱਲ ਮੰਨਣ ਦੀ ਜ਼ਰੂਰਤ ਹੈ ਕਿ ਸ਼ਬਦ ਦੀ ਵਿਚਾਰ ਹੀ ਸੱਚ ਹੈ ਕਿਉਂਕਿ ਇਹ ਵਿਚਾਰ ਉਸ ਸਚੁ ਰੂਪ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ ਜੋ ਉਸ ਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਦਿੱਤੀ ਹੈ ਜੋ ਕਿ ਆਪ ਹੀ ਇਸ ਸ੍ਰਿਸ਼ਟੀ ਦਾ ਮਾਲਕ ਹੈ ਤੇ ਉਸ ਨੂੰ ਚਲਾਉਣ ਵਾਲਾ ਹੈ। ਸ਼ਬਦ ਦੀ ਵਿਚਾਰ ਤੋਂ ਉੱਚੀ ਵਿਚਾਰ ਕੋਈ ਹੋਰ ਹੋਵੇ ਇਹ ਮੁਮਕਿਨ ਹੀ ਨਹੀਂ ਹੈ। ਸ਼ਬਦ ਦੀ ਵਿਚਾਰ ਚੌਥੇ ਪਦ ਦੀ ਵਿਚਾਰ ਹੈ ਤੇ ਜੋ ਵਿਚਾਰ ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹੈ ਉਸ ਵਿਚਾਰ ਦੇ ਵਿੱਚ ਝੂਠ ਹੈ ਭਾਵ ਉਸ ਦੇ ਵਿੱਚ ਤ੍ਰੈ ਗੁਣਾਂ ਵਾਲੀ ਮਾਇਆ ਦੀ ਜੁਗਤਿ ਹੈ, ਭਰਮ ਹੈ, ਹਉਮੈ ਹੈ। ਇਹੀ ਨਾਮ ਤੇ ਹਉਮੈ ਦਾ ਭੇਦ ਹੈ। ਨਾਮ ਸੱਚ ਹੈ ਹਉਮੈ ਝੂਠ ਹੈ। **(ਹਰਿ ਕੇ ਨਾਮ ਬਿਨਾ ਸਭ ਝੂਠੁ॥) {ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ ਰਹਾਉ ॥} ਅੰਗ - 355 {ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥ ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥ ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥ ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥2॥} ਅੰਗ - 948 {ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥3॥} ਅੰਗ - 27**

ਨਾਮ ਦਾ ਮਕਸਦ, ਸੱਚ ਦਾ ਮਕਸਦ ਸਾਨੂੰ ਝੂਠ ਤੋਂ ਮੁਕਤਿ ਕਰਨ ਦਾ ਹੀ ਹੈ ਭਾਵ ਸੱਚੇ ਗਿਆਨ ਦਾ ਮਕਸਦ ਸਾਨੂੰ ਅਗਿਆਨਤਾ ਤੋਂ ਮੁਕਤਿ ਕਰਨ ਦਾ ਹੀ ਹੈ ਜਿਸ ਕਰਕੇ ਅਸੀਂ ਝੂਠੀ ਮਤਿ ਨਾਲ ਜੁੜੇ ਰਹਿੰਦੇ ਹਾਂ ਤੇ ਭਗਤੀ ਦੇ ਅਸਲ ਮਾਰਗ

ਨੂੰ ਸਮਝਣ ਦੀ ਬਜਾਇ ਭਾਵ ਔਗੁਣਾਂ ਨੂੰ ਛੱਡਣ ਦੀ ਬਜਾਇ ਕੇਵਲ ਭਗਤੀ ਦੇ ਦਿਖਾਵਿਆਂ ਵਿੱਚ, ਨਿੱਤ ਉਠ ਕੇ ਕਿਸੇ ਅੱਖਰ ਦੇ ਜਪ ਵਿੱਚ ਲੱਗੇ ਰਹਿੰਦੇ ਹਾਂ ਜਿਸ

34/3963

ਵਿੱਚ ਝੂਠ ਹੈ ਭਾਵ ਸੱਚ ਨਹੀਂ ਹੈ, ਸਾਡੀ ਹਉਮੈ ਹੈ, ਨਾਮ ਨਹੀਂ ਹੈ, ਸਾਡੀ ਆਪਣੀ ਵਿਚਾਰ ਹੈ, ਸ਼ਬਦ ਦੀ ਵਿਚਾਰ ਨਹੀਂ ਹੈ ਭਾਵ ਅਸੀਂ ਆਪਣੀ ਵਿਚਾਰ ਨੂੰ ਪੂਜਦੇ ਹਾਂ, ਝੂਠੀ ਵਿਚਾਰ ਨੂੰ ਪੂਜਦੇ ਹਾਂ ਤੇ ਸ਼ਬਦ ਦੀ ਵਿਚਾਰ ਨੂੰ ਨਹੀਂ ਪੂਜਦੇ। ਸਾਡੀ ਸੱਚੀ ਪੂਜਾ ਸ਼ਬਦ ਦੀ ਵਿਚਾਰ ਨੂੰ ਪੂਜਣ ਦੀ ਹੈ ਜੋ ਕਿ ਨਾਮ ਦੀ ਪੂਜਾ ਹੈ, ਗੁਣਾਂ ਦੀ ਪੂਜਾ ਹੈ। ਜਦ ਤਕ ਅਸੀਂ ਆਪਣੇ ਮਨ ਦੀਆਂ ਵਿਚਾਰਾਂ ਤੋਂ ਮੁਕਤਿ ਨਹੀਂ ਹੁੰਦੇ ਤਦ ਤਕ ਅਸੀਂ ਸਾਕਤ ਵਾਲੀ ਬਿਰਤੀ ਵਿੱਚ ਹੀ ਰਹਿੰਦੇ ਹਾਂ ਤੇ ਆਪਣੀ ਝੂਠੀ ਮਤਿ ਦੁਆਰਾ ਮੁੱਠੇ ਜਾ ਰਹੇ ਹਾਂ, ਠੱਗੇ ਜਾ ਰਹੇ ਹਾਂ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਦਰਗਾਹ ਵਿੱਚ ਕੋਈ ਮਾਣ ਨਹੀਂ ਮਿਲਦਾ। (**ਹਰਿ ਕੇ ਨਾਮ ਬਿਨਾ ਸਭ ਝੂਠੁ ॥ ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥1॥ ਰਹਾਉ ॥**)

ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾ ਸਾਨੂੰ ਉਸ ਦੀ ਭਗਤੀ ਦੀ ਸਮਝ ਨਹੀਂ ਲੱਗ ਸਕਦੀ ਤੇ ਅਸੀਂ ਦਿਖਾਵਿਆਂ ਵਾਲੀ ਝੂਠੀ ਭਗਤੀ ਵਿੱਚ ਹੀ ਲੱਗੇ ਰਹਿੰਦੇ ਹਾਂ ਤੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ।

"ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥

ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥"

ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹ ਬੜਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਸਾਡੇ ਕੁਚੀਲ ਤੇ ਸੁਸ਼ੀਲ ਹੋਣ ਵਿੱਚ ਕੀ ਭੇਦ ਹੈ। ਜਦ ਤਕ ਸਾਡੇ ਅੰਦਰ ਮੈਲ ਹੈ ਤਦ ਤਕ ਹਰ ਕੋਈ ਕੁਚੀਲ ਹੈ ਭਾਵ ਉਸ ਦੀ ਰਹਿਣੀ ਮਾੜੀ ਹੈ। ਸਾਨੂੰ ਕੁਚੀਲ ਬਨਾਉਣ ਵਾਲੀ ਸਾਡੀ ਮਾੜੀ ਮਤਿ ਹੈ, ਸਾਡੇ ਮਨ ਦੇ ਮਾੜੇ ਵਿਚਾਰ ਹਨ ਜੋ ਸਾਨੂੰ ਸੁਸ਼ੀਲ ਬਣਨ ਤੋਂ ਦੂਰ ਰਖਦੇ ਹਨ। ਮਨ ਦੀ ਕੁਚੀਲਤਾ ਉਸੇ ਦੀ ਹੀ ਦੂਰ ਹੁੰਦੀ ਹੈ ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਉਸ ਦੇ "ਕੁਦਰਤਿ" ਰੂਪ ਨੂੰ ਜਾਣ ਲੈਂਦਾ ਹੈ ਕਿ ਪ੍ਰਮਾਤਮਾ ਕਿਸ ਤਰੀਕੇ ਆਪਣੀ ਕੁਦਰਤ ਵਿੱਚ ਸਮਾਇਆ ਹੋਇਆ ਹੈ। ਪ੍ਰਮਾਤਮਾ ਨੂੰ ਜਾਨਣ ਦੇ ਨਾਲ ਮਨ ਦੀ ਅਗਿਆਨਤਾ ਹੀ ਦੂਰ ਹੁੰਦੀ ਹੈ ਜੋ ਅਗਿਆਨਤਾ ਪ੍ਰਮਾਤਮਾ ਆਪ ਹੀ ਦੂਰ ਕਰਦਾ ਹੈ ਤੇ ਭਗਤੀ ਦਾ ਸਹੀ ਮਾਰਗ ਸਮਝਾਉਂਦਾ ਹੈ। ਭਗਤੀ ਦਾ ਸਹੀ ਮਾਰਗ ਸਮਝ ਆਏ ਬਿਨਾ

34/3964

ਅਸੀਂ ਮਨ ਦੀ ਮੈਲ ਨੂੰ ਧੋਣ ਦੀ ਬਜਾਇ ਭਾਵ ਆਪਣੇ ਮਨ ਨੂੰ ਸੁੱਚਾ ਕਰਨ ਦੀ ਬਜਾਇ ਬਾਹਰੀ ਸੁਚਿ ਨਾਲ ਜੁੜਦੇ ਹਾਂ, ਖਾਣੇ ਆਦਿ ਦੀ ਸੁਚਿ ਨਾਲ ਜੁੜਦੇ ਹਾਂ, ਸੁੱਚੇ ਚਉਕੇ ਦੇ ਨਾਲ ਜੁੜਦੇ ਹਾਂ ਕਿ ਇਹੋ ਜਿਹੀ ਸੁਚਿ ਦੇ ਨਾਲ ਜੁੜ ਕੇ ਅਸੀਂ ਸੁੱਚੇ ਬਣ ਜਾਵਾਂਗੇ। ਇਹੋ ਜਿਹੀ ਖਾਣੇ ਆਦਿ ਦੀ ਸੁਚਿ ਦੇ ਨਾਲ ਸੁੱਚੇ ਚਉਕੇ ਦੇ ਨਾਲ ਜੁੜਨ ਦੀ ਪ੍ਰਥਾ ਭਾਰਤਵਰਸ਼ ਵਿੱਚ ਸਦੀਆਂ ਤੋਂ ਚਲਦੀ ਆ ਰਹੀ ਹੈ ਤੇ ਅਜ ਵੀ ਚਲ ਰਹੀ ਹੈ ਜਿਵੇਂ ਕਿ ਅਸੀਂ ਪਿਛੇ ਵੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਿਖ ਜਗਤ ਵਿੱਚ ਵੀ ਕੁਝ ਜੱਥੇਬੰਦੀਆਂ ਇਸੇ ਗੱਲ ਦਾ ਮਾਣ ਲੈਂਦੀਆਂ ਹਨ ਕਿ ਉਹ ਸੁੱਚੇ ਖਾਣੇ ਦੀ ਪ੍ਰਥਾ ਨੂੰ ਨਿਭਾ ਰਹੇ ਹਨ, ਆਪਣੇ ਚਉਕਿਆਂ ਨੂੰ ਆਪਣੀ ਆਪਣੀ ਮਰਿਯਾਦਾ ਅਨੁਸਾਰ ਸੁੱਚਾ ਬਣਾਉਂਦੇ ਹਨ ਭਾਵ ਬਾਹਰੀ ਸੁਚਿ ਨਾਲ ਜੁੜਨਾ ਹੀ ਆਪਣੇ ਆਪ ਨੂੰ ਸੁੱਚਾ ਬਨਾਉਣ ਦਾ ਮਾਰਗ ਸਮਝਦੇ ਹਨ। ਗੁਰੂ ਸਾਹਿਬ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਇਹ ਗੱਲ ਸਮਝਾ ਰਹੇ ਹਨ ਕਿ ਪ੍ਰਮਾਤਮਾ ਇਹੋ ਜਿਹੀ ਸੁਚਿ ਨੂੰ ਨਹੀਂ ਮੰਨਦਾ ਭਾਵ ਇਹੋ ਜਿਹੇ ਚੌਂਕਿਆਂ ਦੀ ਸੁਚਿ ਨਾਲ ਜੁੜੇ ਹੋਏ ਭਰਮ ਵਿੱਚ ਹੀ ਹਨ ਕਿਉਂਕਿ ਭਗਤੀ ਦਾ ਮਾਰਗ ਮਨ ਨੂੰ ਸੁੱਚਾ ਬਨਾਉਣ ਦਾ ਹੈ ਤੇ ਬਾਹਰੀ ਸੁਚਿ ਨਾਲ ਜੁੜਨਾ ਕੇਵਲ ਸਾਡਾ ਭਰਮ ਹੈ ਤੇ ਇਹੋ ਜਿਹੀ ਸੁਚਿ ਨਾਲ ਉਹੀ ਜੁੜਦੇ ਹਨ ਤੇ ਪ੍ਰਚਾਰ ਕਰਦੇ ਹਨ ਜਿਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਭਾਵ ਜਿਨ੍ਹਾਂ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਸਮਝ ਹੀ ਨਹੀਂ ਆਇਆ ਭਾਵੇਂ ਕੋਈ ਆਪਣੇ ਆਪ ਨੂੰ ਕਿਤਨਾ ਵੀ ਉੱਚਾ ਥਾਪ ਕੇ ਬੈਠਾ ਹੋਇਆ ਹੈ ਭਾਵ ਆਪਣਾ ਝੂਠਾ ਮਾਣ ਬਣਾ ਕੇ ਬੈਠਾ ਹੋਇਆ ਹੈ ਜਿਸ ਨੂੰ ਕਿ ਹਰ ਕੋਈ ਸਮਝ ਸਕਦਾ ਹੈ। (**ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥**) {**ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ**

॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥1॥} ਅੰਗ - 1240 {**ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥3॥ ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥4॥**} ਅੰਗ - 187

ਜਦ ਤਕ ਸਾਡਾ ਅੰਦਰ ਮੈਲਾ ਹੈ ਭਾਵ ਮਨ ਮੈਲਾ ਹੈ ਤਾਂ ਫਿਰ ਅਸੀਂ ਸਦਾ ਹੀ ਮੈਲੇ ਰਹਿੰਦੇ ਹਾਂ ਭਾਵ ਬਾਹਰੀ ਸੁਚਿ ਕਿਸੇ ਲੇਖੇ ਨਹੀਂ ਹੈ ਭਾਵੇਂ ਅਸੀਂ ਜਿਹੋ ਜਿਹੀ ਮਰਜੀ ਸੁਚਿ ਨਾਲ ਜੁੜੇ ਰਹੀਏ। ਪ੍ਰਮਾਤਮਾ ਦੇ ਦਰ ਤੇ ਸਾਡੀ

34/3965

ਪਤਿ ਕੇਵਲ ਮਨ ਦੀ ਸੁਚਿ ਦੁਆਰਾ ਪੈਂਦੀ ਹੈ ਤੇ ਸਾਡੇ ਹੋਰ ਸਭ ਉਪਰਾਲੇ ਜਿਨ੍ਹਾਂ ਰਾਹੀਂ ਅਸੀਂ ਭਗਤੀ ਦੇ ਮਾਰਗ ਬਣਾਏ ਹੋਏ ਹਨ ਉਹ ਸਭ ਵਿਅਰਥ ਹੀ ਜਾਂਦੇ ਹਨ ਤੇ ਅਸੀਂ ਪ੍ਰਮਾਤਮਾ ਦੇ ਦਰ ਤੇ ਪਤਿ ਗਵਾਂਦੇ ਹੀ ਹਾਂ। ਭਗਤੀ ਦਾ ਸੱਚਾ ਉਦਮ ਕੇਵਲ ਆਪਣੇ ਮਨ ਨੂੰ ਸੁੱਚਾ ਬਨਾਉਣ ਦਾ ਹੈ ਜੋ ਕਿ ਕੇਵਲ ਸ਼ਬਦ ਦੇ ਵਿਚਾਰਾਂ ਨੂੰ ਮਨ ਕੇ ਹੋ ਸਕਦਾ ਹੈ, ਮਨਮਤਿ ਵਾਲੇ ਵਿਚਾਰਾਂ ਨੂੰ ਛੱਡ ਕੇ ਹੋ ਸਕਦਾ ਹੈ। ਹਰ ਕੋਈ ਸ਼ਬਦ ਦੇ ਵਿਚਾਰਾਂ ਨੂੰ ਕੇਵਲ ਪੜਨ ਸੁਣਨ ਵਿੱਚ ਹੀ ਲੱਗਾ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਭਗਤੀ ਦਾ ਮਾਰਗ ਸਾਡੀ ਕਰਨੀ ਦਾ ਮਾਰਗ ਹੈ ਭਾਵ ਚੰਗੀ ਕਰਨੀ ਦਾ ਮਾਰਗ ਹੈ ਤੇ ਚੰਗੀ ਕਰਨੀ ਕੇਵਲ ਮਨ ਦੀ ਸੁਚਿ ਦੁਆਰਾ ਹੀ ਹੋ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਦਰਗਾਹ ਵਿੱਚ ਸਾਡੀ ਪਤਿ ਪੈ ਸਕੇ। ਮਨ ਦੀ ਸੁਚਿ ਦੇ ਨਾਲ ਜੁੜਨ ਤੋਂ ਬਿਨਾਂ ਬਾਕੀ ਸਾਡੇ ਸਭ ਉਪਰਾਲੇ ਭਗਤੀ ਦੇ ਦਿਖਾਵੇ ਹੀ ਹਨ, ਪਾਖੰਡ ਹੀ ਹਨ ਜਿਵੇਂ ਕਿ ਸਭ ਪਾਸੇ ਦੇਖਣ ਨੂੰ ਮਿਲ ਸਕਦਾ ਹੈ। (**ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥2॥**)

ਜਦ ਤਕ ਸਾਡੇ ਅੰਦਰ ਵਿਕਾਰ ਹਨ ਉਨ੍ਹਾਂ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ ਤੇ ਮਾਇਆ ਮੋਹ ਛੱਡੇ ਬਿਨਾ ਸਾਡਾ ਮਨ ਸੁੱਚਾ ਨਹੀਂ ਹੋ ਸਕਦਾ। ਮਾਇਆ ਮੋਹ ਸਾਨੂੰ ਧਰਮ ਦੇ ਪੁੱਠੇ ਮਾਰਗ ਤੇ ਚਲਾਉਂਦਾ ਹੈ ਕਿਉਂਕਿ ਮਾਇਆ ਮੋਹ ਵਿੱਚ ਰਹਿ ਕੇ ਅਸੀਂ ਸੱਚੀ ਸੁੱਚੀ ਕਿਰਤ ਨਹੀਂ ਕਰਦੇ ਭਾਵ ਵਿਕਾਰਾਂ ਦਾ ਆਸਰਾ ਲੈਂਦੇ ਹਾਂ, ਝੂਠ ਲਾਲਚ ਦਾ ਆਸਰਾ ਲੈਂਦੇ ਹਾਂ। ਧਰਮ ਦਾ ਮਾਰਗ ਸੱਚੀ ਸੁੱਚੀ ਕਿਰਤ ਦਾ ਮਾਰਗ ਹੈ ਤੇ ਤਾਂ ਹੀ ਅਸੀਂ ਜੀਵਨ ਦੇ ਸਿੱਧੇ ਮਾਰਗ ਤੇ ਚੱਲ ਸਕਦੇ ਹਾਂ, ਨਾਮ ਦੇ ਮਾਰਗ ਤੇ ਚਲ ਸਕਦੇ ਹਾਂ। (**ਮਾਇਆ ਕਾਰਣਿ ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥**) ਮਾਇਆ ਮੋਹ ਤਾਂ ਕੋਈ ਛੱਡਣਾ ਨਹੀਂ ਚਾਹੁੰਦਾ ਪਰ ਧਰਮੀ ਵੀ ਹਰ ਕੋਈ ਅਖਵਾਉਣਾ ਚਾਹੁੰਦਾ ਹੈ, ਭਗਤੀ ਵਾਲਾ ਵੀ ਹਰ ਕੋਈ ਅਖਵਾਉਣਾ ਚਾਹੁੰਦਾ ਹੈ। ਗੁਰੂ ਦੀ ਮਤਿ ਤੇ ਤਾਂ ਕੋਈ ਅਮਲ ਨਹੀਂ ਕਰਨਾ ਚਾਹੁੰਦਾ ਜਿਸ ਦੇ ਨਾਲ ਸਾਡੇ ਚਿਤ ਵਿੱਚ ਪ੍ਰਮਾਤਮਾ ਵੱਸ ਸਕੇ ਪਰ ਹਰ ਕੋਈ ਮੁਖੋਂ ਬੋਲ ਬੋਲ ਕੇ ਹੀ ਭਾਵ ਕਥਨੀ ਦੁਆਰਾ ਹੀ ਭਗਤੀ ਵਾਲਾ ਅਖਵਾਉਣਾ ਚਾਹੁੰਦਾ ਹੈ, ਬਾਹਰੀ ਸੁਚਿ ਦੁਆਰਾ ਹੀ ਅਖਵਾਉਣਾ ਚਾਹੁੰਦਾ ਹੈ ਜਦ ਤਕ ਸਾਡੇ ਅੰਦਰ ਸੁਚਿ ਨਹੀਂ ਹੈ ਤਦ ਤਕ ਸਾਡਾ ਮੁੱਖ ਕਦੇ ਸੁੱਚਾ ਨਹੀਂ ਹੋ ਸਕਦਾ। ਜਦ ਤਕ ਮਨ ਝੂਠਾ ਹੈ ਭਾਵ ਜਦ ਤਕ ਸਾਡੇ ਮਨ ਵਿੱਚ ਗੁਰਮਤਿ ਨਹੀਂ ਹੈ ਤਦ ਤਕ ਅਸੀਂ ਮੁਖੋਂ ਕੂੜਿ ਹੀ ਬੋਲਦੇ ਹਾਂ ਭਾਵ ਝੂਠਾ ਦਿਖਾਵਾ ਹੀ ਕਰਦੇ ਹਾਂ ਕਿ ਅਸੀਂ ਭਗਤੀ ਵਾਲੇ ਹਾਂ । (**ਜਿਨਿ ਕੀਆ ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ ਮੁਖਹੁ ਵਖਾਣੈ ॥3॥**)

34/3966

ਧਰਮ ਦੇ ਮਾਰਗ ਤੇ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਚਲਿਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਅਸੀਂ ਮਾਇਆ ਮੋਹ ਵਿੱਚੋਂ ਨਿਕਲਣ ਦਾ ਉਦਮ ਹੀ ਕਰਨਾ ਹੈ ਜੋ ਕਿ ਸਾਡਾ ਫਰਜ ਹੈ ਤੇ ਪ੍ਰਮਾਤਮਾ ਨੇ ਸਾਡੇ ਸਿਰ ਹੀ ਲਾਇਆ ਹੋਇਆ ਹੈ। ਆਪਣੀ ਕਿਰਪਾ ਕਰਕੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਮਾਇਆ ਮੋਹ ਵਿੱਚੋਂ ਕੱਢਦਾ ਹੈ। ਮਾਇਆ ਮੋਹ ਵਿੱਚੋਂ ਨਿਕਲਣ ਦਾ ਤਰੀਕਾ "ਸਾਧਸੰਗਿ" ਹੈ, ਗੁਰੂ ਪ੍ਰਮਾਤਮਾ ਦੀ ਸੰਗਤਿ ਹੈ, ਗੁਰੂ ਦੇ ਬਚਨਾਂ ਦੀ, ਗੁਰੂ ਦੀ ਸਿਖਿਆ ਦੀ, ਗੁਰੂ ਦੇ ਗੁਣਾਂ ਦੀ ਸੰਗਤਿ ਹੈ ਜੋ ਸੰਗਤਿ ਸਾਡੇ ਮਨ ਦੇ ਵਿੱਚ ਹੀ ਹੁੰਦੀ ਹੈ, ਮਨ ਦੇ ਵਿਚਾਰਾਂ ਰਾਹੀਂ ਹੁੰਦੀ ਹੈ। ਮਨ ਦੇ ਵਿੱਚ ਸ਼ਬਦ ਦੇ ਵਿਚਾਰਾਂ ਦੇ ਨਾਲ ਸੰਗਤਿ, ਗੁਰੂ ਦੇ ਸੱਚੇ ਗਿਆਨ ਦੇ ਨਾਲ ਸੰਗਤਿ ਸਾਡੇ ਅੰਦਰ ਦੀ ਸਾਧ ਸੰਗਤਿ ਹੈ ਜਿਸ ਦੁਆਰਾ ਮਨੁੱਖ ਮਾੜੇ ਵਿਚਾਰਾਂ ਵਿੱਚੋਂ ਨਿਕਲ ਕੇ, ਮਨਮਤਿ ਵਾਲੇ, ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਨਿਕਲ ਕੇ ਸ਼ਬਦ ਦੇ ਵਿਚਾਰਾਂ ਨਾਲ ਜੁੜ ਜਾਂਦਾ ਹੈ। ਇਹੀ ਸਾਡੇ ਅੰਦਰ ਪ੍ਰਮਾਤਮਾ ਦਾ ਨਾਮ ਹੈ ਭਾਵ ਨਾਮ ਦੀ ਸੋਝੀ ਹੈ ਜਿਸ ਦੁਆਰਾ

ਮਨੁੱਖ ਪ੍ਰਮਾਤਮਾ ਦੀ ਭਗਤੀ ਨਾਲ ਜੁੜਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਮਨੁੱਖ ਦਾ ਵਿਉਹਾਰ ਫਿਰ ਗੁਰਮਤਿ ਨਾਲ ਹੀ ਹੁੰਦਾ ਹੈ ਭਾਵ ਉਸ ਦੇ ਹਰ ਕਰਮ ਵਿੱਚ ਗੁਰਮਤਿ ਦੀ ਝਲਕ ਹੀ ਹੁੰਦੀ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਫਿਰ ਮਨੁੱਖ ਅਉਗਣਾਂ ਤੋਂ ਪੂਰੀ ਤਰ੍ਹਾਂ ਰਹਿਤ ਹੋ ਕੇ ਵਿਚਰਦਾ ਹੈ ਜਿਸ ਦੁਆਰਾ ਮਨੁੱਖ ਹਰ ਵੇਲੇ, ਅੱਠੇ ਪਹਿਰ ਸਾਧ ਸੰਗਤਿ ਵਿੱਚ ਰਹਿੰਦਾ ਹੈ ਤੇ ਉਸ ਦਾ ਪ੍ਰਮਾਤਮਾ ਦੇ ਨਾਮ ਦੇ ਨਾਲ, ਭਗਤੀ ਦੇ ਨਾਲ ਰੰਗ ਲੱਗਾ ਰਹਿੰਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਮਨੁੱਖ ਨਿਰਵਿਘਨ ਹੋ ਕੇ ਭਗਤੀ ਕਰਦਾ ਹੈ ਕਿਉਂਕਿ ਉਸ ਦੇ ਅੰਦਰੋਂ ਮਾਇਆ ਮੋਹ ਦਾ ਵਿਘਨ ਦੂਰ ਹੋ ਜਾਂਦਾ ਹੈ, ਵਿਕਾਰਾਂ ਦਾ, ਮਨਮਤਿ ਦਾ, ਹਉਮੈ ਦਾ, ਅਗਿਆਨਤਾ ਦਾ ਵਿਘਨ ਦੂਰ ਹੋ ਜਾਂਦਾ ਹੈ ਜਿਨ੍ਹਾਂ ਦੇ ਰਹਿੰਦੇ ਹੋਏ ਸਾਨੂੰ ਨਾ ਭਗਤੀ ਦੀ ਸੱਚੀ ਸੋਝੀ ਪੈਂਦੀ ਹੈ ਤੇ ਨਾ ਹੀ ਉਸ ਤੇ ਚੱਲਣ ਦੀ ਦ੍ਰਿੜਤਾ ਆਉਂਦੀ ਹੈ। ਇਹ ਅਵਸਥਾ ਉਸ ਨੂੰ ਹੀ ਮਿਲਦੀ ਹੈ ਜਿਸ ਤੇ ਪ੍ਰਮਾਤਮਾ ਆਪ ਕ੍ਰਿਪਾ ਕਰਦਾ ਹੈ ਭਾਵ ਸਾਧ ਸੰਗਿ ਬਖਸ਼ਦਾ ਹੈ, ਮਨ ਦੇ ਵਿੱਚ ਆਪਣੇ ਨਾਲ ਮੇਲ ਬਖਸ਼ਦਾ ਹੈ। (**ਜਿਸ ਨੋ ਕਰਮੁ ਕਰੇ ਕਰਤਾਰੁ ॥ ਸਾਧਸੰਗਿ ਹੋਇ ਤਿਸੁ ਬਿਉਹਾਰੁ ॥ ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥ ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥4॥40॥53॥**)

ਇਸ ਗੱਲ ਨੂੰ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਾਡੇ ਮਨ ਦੀ ਮੈਲ ਦਾ ਕਾਰਣ ਕੀ ਹੈ ਤੇ ਉਸ

33/3967

ਦੇ ਵਿੱਚ ਸੁਚਿ ਕਿਵੇਂ ਵੱਸਦੀ ਹੈ। ਸਾਰਾ ਭੇਦ ਮਨ ਦੇ ਗਿਆਨ ਜਾਂ ਅਗਿਆਨਤਾ ਨਾਲ ਜੁੜਿਆ ਹੋਇਆ ਹੈ। ਮਨ ਦੀ ਅਗਿਆਨਤਾ ਕਰਕੇ ਹਰ ਮਨ ਮੈਲਾ ਹੈ ਤੇ ਮਨ ਨੂੰ ਸੁੱਚਾ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਬਣਾਉਂਦਾ ਹੈ, ਬ੍ਰਹਮ ਗਿਆਨ ਬਣਾਉਂਦਾ ਹੈ, ਨਾਮ ਬਣਾਉਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਾਡਾ ਮਨ ਸੁੱਚਾ ਬਣ ਸਕਦਾ ਹੈ, ਪਵਿੱਤਰ ਬਣ ਸਕਦਾ ਹੈ, ਨਿਰਮਲ ਬਣ ਸਕਦਾ ਹੈ। ਸਾਡੇ ਮਨ ਨੂੰ ਪਵਿੱਤਰ ਕਰਨ ਵਾਲਾ ਜਲ ਭਾਵ ਅੰਮ੍ਰਿਤ ਜਲ ਸਾਡੇ ਅੰਦਰ ਹੀ ਹੈ ਤੇ ਉਸ ਪਵਿੱਤਰ ਜਲ ਦੇ ਇਸਨਾਨ ਦੁਆਰਾ ਹੀ ਕੋਈ ਮਨੁੱਖ ਨਿਰਮਲ ਬਣ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਨਿਰਮਲ ਬਣਾਉਂਦਾ ਹੈ ਉਹ ਆਪਣੇ ਮੇਲ ਦੁਆਰਾ ਹੀ ਬਣਾਉਂਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾਂ ਕੋਈ ਮਨੁੱਖ ਨਿਰਮਲ ਨਹੀਂ ਬਣ ਸਕਦਾ। ਨਿਰਮਲ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੈ ਤੇ ਉਸ ਨਿਰਮਲ ਰੂਪ ਦੇ ਵਿੱਚ ਸਮਾ ਕੇ ਹੀ ਕੋਈ ਨਿਰਮਲ ਬਣ ਸਕਦਾ ਹੈ। ਜਦ ਤਕ ਕੋਈ ਨਿਰਮਲ ਨਹੀਂ ਬਣਦਾ ਤਦ ਤੱਕ ਹਰ ਕੋਈ ਮੈਲਾ ਹੀ ਹੈ ਭਾਵ ਮਨ ਦੀ ਸੁਚਿ ਤੋਂ ਦੂਰ ਹੀ ਹੈ। ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਉੱਚੇ ਅਖਵਾਉਣ ਵਾਲਿਆਂ ਲਈ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਣ ਵਾਲਿਆਂ ਲਈ, ਉੱਚੇ ਧਾਰਮਿਕ ਗਿਆਨ ਵਾਲੇ ਅਖਵਾਉਣ ਵਾਲਿਆਂ ਲਈ ਇਸ ਗੱਲ ਨੂੰ ਮੰਨਣਾ ਬਹੁਤ ਔਖਾ ਹੈ ਪਰ ਇਹ ਸੱਚ ਹੈ ਕਿਉਂਕਿ ਇਹ ਗੁਰਬਾਣੀ ਦਾ ਆਪਣਾ ਫੁਰਮਾਨ ਹੈ ਜਿਸ ਦੇ ਬੋਲ ਕਦੇ ਗਲਤ ਨਹੀਂ ਹੋ ਸਕਦੇ। ਗੁਰੂ ਦੇ ਬੋਲ ਅਟਲ ਹਨ, ਸਦਾ ਥਿਰ ਰਹਿਣ ਵਾਲੇ ਹਨ ਜੋ ਕਦੇ ਬਦਲ ਨਹੀਂ ਸਕਦੇ। ਸਾਡੇ ਅੰਦਰ ਭਰਮ ਹੈ ਜਿਸ ਦੁਆਰਾ ਅਸੀਂ ਸੱਚ ਤੇ ਵਿਸ਼ਵਾਸ ਨਹੀਂ ਕਰਦੇ ਪਰ ਸੱਚ ਕਦੇ ਗਲਤ ਨਹੀਂ ਹੋ ਸਕਦਾ। ਪੂਰਨ ਸੱਚ ਨੂੰ ਕੇਵਲ ਉਹੀ ਸਮਝ ਸਕਦਾ ਹੈ ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਆਪਣੇ ਸੱਚ ਨਾਲ ਜੋੜਦਾ ਹੈ ਜਿਸ ਦੁਆਰਾ ਮਨੁੱਖ ਨੂੰ ਉਹ ਆਪ ਹੀ ਭਰਮ ਦੀ ਮੈਲ ਤੋਂ, ਦੁਬਿਧਾ ਦੀ ਮੈਲ ਤੋਂ ਮੁਕਤਿ ਕਰਦਾ ਹੈ ਤੇ ਕਿਸੇ ਨੂੰ ਆਪਣੇ ਨਿਰਮਲ ਰੂਪ ਦੇ ਨਾਲ ਜੋੜਦਾ ਹੈ। ਪ੍ਰਮਾਤਮਾ ਨੂੰ ਜਾਣੇ ਬਿਨਾ, ਉਸ ਦੇ ਨਿਰਗੁਣ ਰੂਪ ਨੂੰ ਜਾਣੇ ਬਿਨਾ ਹਰ ਕੋਈ ਮੈਲਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਵਿਸ਼ਵਾਸ ਕਰਕੇ ਜਾਣੀਏ ਕਿ ਗੁਰਬਾਣੀ ਸਾਨੂੰ ਜੋ ਕੁਝ ਵੀ ਸਮਝਾ ਰਹੀ ਹੈ ਉਹ ਪੂਰਨ ਸੱਚ ਹੈ ਕਿਉਂ ਕਿ ਉਸ ਵਿੱਚ ਪੂਰਨ ਬ੍ਰਹਮ ਗਿਆਨ ਹੈ,

34/3968

ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਜਿਸ ਤੋਂ ਬਾਹਰ ਜਾਣਾ ਕੇਵਲ ਸਾਡੀ ਮਨਮੁਖਤਾ ਹੈ। ਸਾਡੇ ਅੰਦਰ ਦੀ ਮਨਮੁਖਤਾ ਹੀ ਅਸਲ ਵਿੱਚ ਸਾਡੇ ਅੰਦਰ ਦੀ ਮੈਲ ਹੈ ਜਿਸ ਵਿੱਚੋਂ ਅਸੀਂ ਨਿਕਲਣਾ ਹੈ।

“ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥੧॥
ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥
ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥
ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥
ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥੪॥
ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥੫॥
ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥”

(ਅੰਗ ੧੧੫੮)

ਜਿਨ੍ਹਾਂ ਨੂੰ ਭਗਤੀ ਦੇ ਮਾਰਗ ਤੇ ਬਹੁਤ ਉੱਚਾ ਮੰਨਿਆ ਜਾਂਦਾ ਹੈ, ਜਿਨ੍ਹਾਂ ਦੀ ਪੂਜਾ ਕਰਨ ਵਾਲੇ ਕਰੋੜਾਂ ਹਨ ਤੇ ਜਿਸ ਬ੍ਰਹਮਾ ਨੂੰ ਸੰਸਾਰ ਨੂੰ ਪੈਦਾ ਕਰਨ ਵਾਲਾ ਮੰਨਿਆ ਜਾਂਦਾ ਹੈ, ਵੇਦਾਂ ਦੇ ਰਚਨ ਵਾਲਾ ਮੰਨਿਆ ਜਾਂਦਾ ਹੈ ਭਾਵ ਜਿਨ੍ਹਾਂ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ ਉਨ੍ਹਾਂ ਨੂੰ ਵੀ ਮੈਲੇ ਕਿਹਾ ਹੈ। ਉਨ੍ਹਾਂ ਨੂੰ ਮੈਲੇ ਇਸ ਲਈ ਕਿਹਾ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ ਤੇ ਉਨ੍ਹਾਂ ਦੇ ਸਰੀਰ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ

ਪ੍ਰਗਟ ਨਹੀਂ ਕੀਤਾ ਭਾਵ ਭਰਮ ਵਿੱਚ ਹੀ ਰਹੇ ਹਨ ਕਿ ਪ੍ਰਮਾਤਮਾ ਅਸਲ ਵਿੱਚ ਕੀ ਹੈ ਤੇ ਉਨ੍ਹਾਂ ਨੇ ਭਰਮ ਵਿੱਚ ਹੀ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ। ਇਸੇ ਤਰ੍ਹਾਂ ਅਸੀਂ ਸੂਰਜ ਤੇ ਚੰਦਰਮਾ ਨੂੰ ਬਹੁਤ ਪਵਿੱਤਰ ਮੰਨਦੇ ਹਾਂ ਤੇ ਉਹਨਾਂ ਨੂੰ ਪੂਜਦੇ ਵੀ ਹਾਂ ਪਰ ਉਨ੍ਹਾਂ ਨੂੰ ਵੀ ਮੈਲੇ ਕਿਹਾ ਹੈ। ਹਰ ਕੋਈ ਪ੍ਰਮਾਤਮਾ ਦਾ ਬਣਾਇਆ ਹੋਇਆ ਮਾਇਆ ਰੂਪ ਹੈ ਤੇ ਜਦ ਤਕ ਅਸੀਂ ਮਾਇਆ ਰੂਪ ਦੇ ਮਾਲਕ ਨੂੰ ਨਹੀਂ ਜਾਣਦੇ ਅਸੀਂ ਮਾਇਆ ਰੂਪ ਦੀ ਅਸਲੀਅਤ ਨੂੰ ਨਹੀਂ ਜਾਣ ਸਕਦੇ। ਪਵਿੱਤਰ ਅਸਲ ਵਿੱਚ ਉਹ ਹੈ ਜਿਸ ਨੇ ਮਾਇਆ ਰੂਪ ਨੂੰ ਬਣਾਇਆ ਹੈ, ਉਸ ਨੂੰ ਰਚਿਆ ਹੈ। ਸਾਰਾ ਸੰਸਾਰ ਪ੍ਰਮਾਤਮਾ ਦੀ ਆਪਣੀ ਰਚਨਾ ਹੈ ਤੇ ਕੇਵਲ ਉਸ ਦਾ ਰਚਨਹਾਰ ਹੀ ਨਿਰਮਲ ਹੈ, ਪਵਿੱਤਰ ਹੈ ਤੇ ਉਸ ਪ੍ਰਮਾਤਮਾ ਦੀ ਰਚਨਾ ਦਾ ਕੋਈ ਅੰਤ ਨਹੀਂ ਹੈ। ਉਸ ਦੀ ਹਰ ਰਚਨਾ ਦੇ ਵਿੱਚ ਨਿਰਮਲ ਰੂਪ ਉਹ ਪ੍ਰਮਾਤਮਾ ਆਪ ਹੀ ਹੈ ਤੇ ਉਸ ਦੇ ਨਿਰਮਲ ਰੂਪ ਨੂੰ, ਜੋਤਿ ਰੂਪ ਨੂੰ, ਗਿਆਨ ਰੂਪ ਨੂੰ ਜਾਣੇ ਬਿਨਾ ਅਸੀਂ ਸਰਗੁਣ ਰੂਪ ਨੂੰ ਹੀ ਨਿਰਮਲ ਮੰਨਦੇ ਹਾਂ ਜਦ ਕਿ ਉਸ ਦੇ ਅੰਦਰ ਦਾ ਨਿਰਮਲ ਰੂਪ ਪ੍ਰਮਾਤਮਾ ਆਪ ਹੈ ਜੋ ਕਿਸੇ ਨੂੰ ਨਜ਼ਰ ਨਹੀਂ ਆਉਂਦਾ, ਉਸ ਨੂੰ ਜਾਣੇ ਬਿਨਾ ਨਜ਼ਰ ਨਹੀਂ ਆਉਂਦਾ। (**ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥1॥ ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥1॥ ਰਹਾਉ ॥**)

ਜਿਹੜੇ ਜਗ੍ਹਾ ਜਗ੍ਹਾ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ ਅਸੀਂ ਉਨ੍ਹਾਂ ਸਰੀਰਾਂ ਦਾ ਉਚਾਪਨ ਦੇਖਦੇ ਹਾਂ ਤੇ ਕਾਇਆ ਰੂਪ ਨੂੰ ਉੱਚਾ ਮੰਨ ਕੇ ਉਨ੍ਹਾਂ ਨੂੰ ਪੂਜਦੇ ਹਾਂ ਜਦ ਕਿ ਉਨ੍ਹਾਂ ਨੂੰ ਉੱਚਾ ਬਨਾਉਣ

34/3969

ਵਾਲਾ ਕਉਣ ਹੈ ਤੇ ਉਹ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਨਹੀਂ ਸਮਝਦੇ। ਅਸੀਂ ਮਨੁੱਖ ਦੇ ਮੈਲੇ ਰੂਪ ਨੂੰ ਉੱਚਾ ਮੰਨਦੇ ਹਾਂ ਭਾਵ ਕਾਇਆ ਰੂਪ ਨੂੰ ਉੱਚਾ ਮੰਨਦੇ ਹਾਂ। (**ਮੈਲੇ ਬ੍ਰਹਮੰਡਾਇ ਕੈ ਈਸ॥**) ਅਸੀਂ ਆਪਣੀ ਭਗਤੀ ਭਾਵਨਾ ਨੂੰ ਲੈ ਕੇ ਦਿਨਾਂ, ਦਿਹਾੜਿਆਂ ਨੂੰ ਲੈ ਕੇ ਜੁੜੇ ਹੋਏ ਹਾਂ ਕਿ ਫਲਾਣਾ ਦਿਨ ਜ਼ਿਆਦਾ ਅਛਾ ਹੈ, ਚੰਗਾ ਹੈ ਜਿਸ ਦਿਨ ਪ੍ਰਮਾਤਮਾ ਦੀ ਭਗਤੀ ਕਰਨ ਨਾਲ ਫਲ ਮਿਲਦਾ ਹੈ। ਇਸੇ ਤਰ੍ਹਾਂ ਅਸੀਂ ਦਿਨ ਰਾਤ ਦੇ ਵਿੱਚ ਭਾਵ ਅੱਠੇ ਪਹਿਰਾਂ ਦੇ ਵਿੱਚ ਕਿਸੇ ਖ਼ਾਸ ਸਮੇਂ ਨਾਲ ਜੁੜ ਕੇ, ਕਿਸੇ ਖ਼ਾਸ ਸਮੇਂ ਨੂੰ ਉੱਚਾ ਮੰਨ ਕੇ ਉਸ ਨੂੰ ਭਗਤੀ ਦਾ ਵੇਲਾ ਸਮਝਦੇ ਹਾਂ ਜਿਵੇਂ ਕਿ ਆਮ ਕਰਕੇ ਇਕ ਖ਼ਾਸ ਸਮੇਂ ਨੂੰ ਅਸੀਂ ਅੰਮ੍ਰਿਤ ਵੇਲਾ ਸਮਝਦੇ ਹਾਂ, ਪ੍ਰਭਾਤ ਵੇਲੇ ਨੂੰ ਭਗਤੀ ਲਈ ਉੱਤਮ ਵੇਲਾ ਸਮਝਦੇ ਹਾਂ ਭਾਵ ਕਿਸੇ ਖਾਸ ਵੇਲੇ ਦੀ ਤੇ ਕਿਸੇ ਖ਼ਾਸ ਦਿਨ ਦੀ ਅਸੀਂ ਭਗਤੀ ਲਈ ਮਹੱਤਤਾ ਸਮਝਦੇ ਹਾਂ, ਪਰ ਹਰ ਵੇਲੇ ਨੂੰ, ਹਰ ਦਿਨ ਨੂੰ ਮੈਲਾ ਦਸਿਆ ਹੈ ਭਾਵ ਅਸੀਂ ਮੈਲੀ ਗੱਲ ਨਾਲ ਜੁੜੇ ਹੋਏ ਹਾਂ। ਉੱਚਾ ਕੋਈ ਵੇਲਾ ਜਾਂ ਦਿਨ ਨਹੀਂ ਹੈ ਬਲਕਿ ਉੱਚਾ ਉਨ੍ਹਾਂ ਨੂੰ ਬਨਾਉਣ ਵਾਲਾ ਹੈ ਜੋ ਕਿ ਪ੍ਰਮਾਤਮਾ ਆਪ ਹੈ, ਨਿਰਗੁਣ ਰੂਪ ਹੈ ਜਿਸ ਨੂੰ ਪ੍ਰਾਪਤ ਕਰਨ ਦਾ ਹਰ ਵੇਲਾ ਉੱਤਮ ਹੈ, ਹਰ ਦਿਨ ਉੱਤਮ ਹੈ ਪਰ ਅਸੀਂ ਉੱਤਮ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਉਸ ਉੱਤਮ ਵਸਤੂ ਨਾਲ ਜੁੜਾਂਗੇ ਜਿਸ ਨੇ ਹਰ ਮਾਇਆ ਰੂਪ ਦੀ ਰਚਨਾ ਕੀਤੀ ਹੈ। ਦਿਨ ਰਾਤ ਸਭ ਪ੍ਰਮਾਤਮਾ ਦੀ ਰਚਨਾ ਹੀ ਹੈ, ਉਸ ਦਾ ਮਾਇਆ ਰੂਪ ਹੀ ਹੈ ਤੇ ਉਨ੍ਹਾਂ ਨੂੰ ਉੱਚਾ ਮੰਨਣਾ ਮੈਲੇ ਰੂਪ ਨਾਲ ਜੁੜਨ ਵਾਲੀ ਗੱਲ ਹੈ। (**ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥2॥**)

ਅਸੀਂ ਮੋਤੀ ਦੀ, ਹੀਰਿਆਂ ਆਦਿ ਦੀ ਕਦਰ ਪਾਉਂਦੇ ਹਾਂ, ਉਨ੍ਹਾਂ ਦੀ ਪ੍ਰਾਪਤੀ ਲਈ ਉੱਚੀ ਕੀਮਤ ਦਿੰਦੇ ਹਾਂ ਪਰ ਉਨ੍ਹਾਂ ਦੀ ਉੱਚੀ ਕੀਮਤ ਕਿਸ ਰੂਪ ਵਿੱਚ ਹੈ, ਉਨ੍ਹਾਂ ਦੀ ਉੱਚੀ ਕੀਮਤ ਬਣਨ ਦਾ ਕਾਰਨ ਕੀ ਹੈ ਇਸ ਗੱਲ ਨੂੰ ਅਸੀਂ ਨਹੀਂ ਸਮਝਦੇ। ਕੋਈ ਵੀ ਚੀਜ਼ ਆਪਣੇ ਅੰਦਰ ਦੇ ਗੁਣਾਂ ਕਰਕੇ ਹੁੰਦੀ ਹੈ ਤੇ ਕਿਸੇ ਵੀ ਵਸਤੂ ਦੇ ਅੰਦਰ ਗੁਣ ਕਿਥੋਂ ਆਉਂਦੇ ਹਨ, ਗੁਣ ਕਿਸ ਨੇ ਪਾਏ ਹਨ, ਕਿਸ ਵਿਧੀ ਦੁਆਰਾ ਪਾਏ ਹਨ ਇਸ ਗੱਲ ਦੀ ਸਮਝ ਸਾਨੂੰ ਨਹੀਂ ਪੈਂਦੀ। ਹਰ ਵਸਤੂ ਦੇ ਗੁਣਾਂ ਦੇ ਪਿਛੇ ਗਿਆਨ ਹੈ ਜੋ ਕਿ ਹਰ ਵਸਤੂ ਦਾ ਮੂਲ ਹੈ ਤੇ ਗਿਆਨ ਦਾ ਮੂਲ ਕੀ ਹੈ, ਗਿਆਨ ਦੇ ਰਪ ਵਿੱਚ ਕੌਣ ਹੈ ਇਸ ਗੱਲ ਨੂੰ ਜਾਣੇ ਬਿਨਾਂ ਅਸੀਂ ਵਸਤੂ ਨੂੰ ਹੀ ਉੱਚਾ ਮੰਨਦੇ ਹਾਂ ਭਾਵ ਵਸਤੂ ਦੀ ਕਦਰ ਹੀ ਪਾਉਂਦੇ ਹਾਂ ਜਿਸ ਦੇ ਨਾਲ ਪ੍ਰਮਾਤਮਾ ਦੀ ਕਦਰ ਨਹੀਂ ਪੈਂਦੀ ਜੋ ਕਿ ਗਿਆਨ ਦਾ ਮੂਲ ਹੈ, ਗੁਣਾਂ ਦਾ ਮੂਲ ਹੈ। ਕਿਸੇ ਵੀ ਵਸਤੂ ਨੂੰ ਪਵਿੱਤਰ ਕਰਨ ਵਾਲੇ ਉਸ ਦੇ ਅੰਦਰ ਦੇ ਗੁਣ ਹੁੰਦੇ ਹਨ, ਗਿਆਨ ਹੁੰਦਾ ਹੈ ਜਿਸ ਕਰਕੇ ਕੋਈ ਵਸਤੂ

34/3970

ਪਵਿੱਤਰ ਨਹੀਂ ਹੁੰਦੀ ਪਰ ਉਸ ਨੂੰ ਪਵਿੱਤਰ ਕਰਨ ਵਾਲਾ ਅਸਲ ਵਿੱਚ ਪਵਿੱਤਰ ਹੁੰਦਾ ਹੈ, ਨਿਰਮਲ ਹੁੰਦਾ ਹੈ ਜੋ ਕਿ ਪ੍ਰਮਾਤਮਾ

ਆਪ ਹੈ। ਇਸੇ ਤਰ੍ਹਾਂ ਹਵਾ, ਅਗਨੀ ਤੇ ਪਾਣੀ ਆਪਣੇ ਗੁਣਾਂ ਕਰਕੇ ਪਵਿੱਤਰ ਹਨ ਤੇ ਉਨ੍ਹਾਂ ਦੇ ਅੰਦਰ ਗੁਣ ਪਾਉਣ ਵਾਲੇ ਆਪ ਹਵਾ, ਅਗਨੀ ਜਾਂ ਪਾਣੀ ਨਹੀਂ ਹਨ ਜਿਸ ਕਰਕੇ ਉਨ੍ਹਾਂ ਦਾ ਆਪਣਾਪਨ ਮੈਲਾ ਹੈ, ਦਿੱਸਣ ਵਾਲਾ ਰੂਪ ਮੈਲਾ ਹੈ ਜੋ ਕਿ ਕੇਵਲ ਮਾਇਆ ਰੂਪ ਹੈ। (**ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥3॥**)

ਜਿਨ੍ਹਾਂ ਨੇ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ ਉਨ੍ਹਾਂ ਨੇ ਆਪਣੇ ਦੇਹ ਰੂਪ ਨੂੰ, ਮਾਇਆ ਰੂਪ ਨੂੰ ਹੀ ਉੱਚਾ ਅਖਵਾਇਆ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਉਸ ਗਿਆਨ ਰੂਪ ਨੂੰ ਨਹੀਂ ਜਾਣਿਆ, ਗੁਣਾਂ ਦੇ ਮਾਲਕ ਨੂੰ ਨਹੀਂ ਜਾਣਿਆ ਜੋ ਕਿ ਮਾਇਆ ਰੂਪ ਨੂੰ ਰਚਨ ਵਾਲਾ ਹੈ। ਮਾਇਆ ਰੂਪ ਤਦ ਤਕ ਹੀ ਆਪਣੇ ਆਪ ਨੂੰ ਉੱਚਾ ਅਖਵਾ ਸਕਦਾ ਹੈ ਜਦ ਤਕ ਉਹ ਆਪਣੇ ਅੰਦਰੋਂ ਉਸ ਨਿਰੰਕਾਰ ਰੂਪ ਨੂੰ ਨਹੀਂ ਜਾਣਦਾ ਜਿਸ ਨੇ ਆਕਾਰ ਰੂਪ ਦੀ ਰਚਨਾ ਕੀਤੀ ਹੈ। ਅਸੀਂ ਕਾਇਆ ਰੂਪ ਦੀ ਕਦਰ ਉਸ ਦੇ ਬਾਹਰੀ ਦਿਖਾਵਿਆਂ ਦੁਆਰਾ ਭਾਵ ਉਸ ਦੇ ਭੇਖ ਦੁਆਰਾ ਪਾਉਂਦੇ ਹਾਂ ਭਾਵ ਧਾਰਮਿਕ ਦਿੱਸਣ ਵਾਲੇ ਭੇਖਾਂ ਦੁਆਰਾ ਪਾਉਂਦੇ ਹਾਂ, ਸਰੀਰਕ ਜਪਾਂ ਤਪਾਂ ਆਦਿ ਨੂੰ ਦੇਖ ਕੇ ਪਾਉਂਦੇ ਹਾਂ। ਸਾਡੇ ਇਹੋ ਜਿਹੇ ਭੇਖ ਵੀ ਮਾਇਆ ਰੂਪ ਹਨ ਭਾਵ ਮੈਲੇ ਹੀ ਹਨ ਜਿਨ੍ਹਾਂ ਦੇ ਅੰਦਰ ਸੱਚ ਨਹੀਂ ਹੈ, ਧਰਮ ਵਾਲੇ ਗੁਣ ਨਹੀਂ ਹਨ। (**ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥4॥**) ਪ੍ਰਮਾਤਮਾ ਨੂੰ ਪਾਉਣ ਦੇ ਅਸੀਂ ਅਨੇਕਾਂ ਹੀ ਜਤਨ ਕਰਦੇ ਹਾਂ, ਆਪਣੀ ਆਪਣੀ ਮਤਿ ਅਨੁਸਾਰ ਅਸੀਂ ਅਨੇਕਾਂ ਹੀ ਮਾਰਗ ਬਣਾਏ ਹੋਏ ਹਨ, ਅਨੇਕਾਂ ਹੀ ਮਰਿਯਾਦਾ ਬਣਾਈਆਂ ਹੋਈਆਂ ਹਨ ਜਿਸ ਦੁਆਰਾ ਸਾਡੀ ਕਾਇਆ ਦੀ ਕਦਰ ਪੈਂਦੀ ਹੈ ਭਾਵ ਅਸੀਂ ਸਰਗੁਣ ਰੂਪ ਨੂੰ ਉੱਚਾ ਕਰਦੇ ਹਾਂ ਪਰ ਸਾਡੀ ਕਾਇਆ ਦਾ ਇਹ ਰੂਪ ਮੈਲਾ ਰੂਪ ਹੈ। ਇਸ ਕਾਇਆ ਨੂੰ ਅਸੀਂ ਮੈਲਾ ਕਿਸ ਤਰੀਕੇ ਕਰਦੇ ਹਾਂ ਇਸ ਨੂੰ ਸਮਝਣ ਦੀ ਲੋੜ ਹੈ ਜਿਵੇਂ ਕਿ ਅਗਲੀਆਂ ਪੰਕਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਿਸ ਦਾ ਕਾਇਆ ਰੂਪ ਮੈਲਾ ਹੈ ਉਹ ਤਾਂ ਮੈਲਾ ਹੈ ਜੇਕਰ ਮਨ ਦੀ ਸੋਝੀ ਮੈਲੀ ਹੈ ਭਾਵ ਸਾਡੇ ਮਨ ਦੇ ਅੰਦਰ ਅਗਿਆਨਤਾ ਹੈ। "ਹੰਸ" ਸਾਡਾ "ਮਨ" ਹੈ ਜੋ ਸਾਡੇ ਅੰਦਰ ਦੀ ਸੋਝੀ ਦਾ, ਗਿਆਨ ਦਾ ਸ੍ਰੋਤ ਹੈ। ਮਾੜੀ ਸੋਝੀ ਵੀ ਸਾਨੂੰ ਮਨ ਦੇ ਵਿੱਚੋਂ ਮਿਲਦੀ ਹੈ ਤੇ ਚੰਗੀ ਸੋਝੀ ਵੀ ਮਨ ਦੇ ਵਿੱਚ ਹੀ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵੀ ਸਾਡੇ ਮਨ ਦੇ ਵਿੱਚ ਹੀ ਹੈ, ਸਾਡੀ ਸੋਝੀ ਦੇ ਵਿੱਚ ਹੀ ਹੈ ਤੇ ਚੌਥੇ ਪਦ ਦਾ ਸੱਚਾ ਗਿਆਨ ਵੀ ਸਾਡੇ ਅੰਦਰ ਹੀ ਹੈ ਭਾਵ ਸਾਡੇ ਮਨ ਦੀ ਪਵਿੱਤਰਤਾ ਅਪਵਿੱਤਰਤਾ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ। ਜਦ ਤਕ ਅਸੀਂ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਾਂ ਤਦ ਤਕ

34/3971

ਸਾਡੇ ਅੰਦਰ ਅਗਿਆਨਤਾ ਦੀ ਮੇਲ ਹੈ ਜਿਸ ਕਾਰਣ ਸਾਡਾ ਹੰਸ ਮੈਲਾ ਹੈ ਤੇ ਇਸੇ ਲਈ ਤਦ ਤਕ ਸਾਡੀ ਕਾਇਆ ਵੀ ਮੈਲੀ ਹੈ। ਜਦ ਤਕ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਉਸ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਆਪਣੇ ਆਪ ਤੋਂ ਵੱਖਰਾ ਕਰਕੇ ਮੈਲੇ ਰੂਪ ਵਿੱਚ ਰੱਖਿਆ ਹੋਇਆ ਹੈ। (**ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥5॥**)

ਕਿਸੇ ਵੀ ਮਨੁੱਖ ਦਾ ਮੈਲਾ ਰੂਪ ਕਿਵੇਂ ਦੂਰ ਹੁੰਦਾ ਹੈ, ਉਸ ਦਾ ਨਿਰਮਲ ਰੂਪ ਕਿਵੇਂ ਬਣਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਵੀ ਸਮਝ ਸਕਦੇ ਹਨ ਕਿ ਪ੍ਰਮਾਤਮਾ ਦੇ ਦਰ ਤੇ ਉਹ ਕੀ ਹਨ ਭਾਵ ਪ੍ਰਮਾਤਮਾ ਦੇ ਦਰ ਤੇ ਪ੍ਰਵਾਣ ਕੌਣ ਹੁੰਦਾ ਹੈ।

"ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥6॥3॥"

ਜਿਸ ਨੂੰ ਪ੍ਰਮਾਤਮਾ ਪਹਿਲਾਂ ਆਪ ਨਿਰਮਲ ਬਣਾਉਂਦਾ ਹੈ ਉਹ ਫਿਰ ਪ੍ਰਮਾਤਮਾ ਦਾ ਆਪਣਾ ਹੀ ਰੂਪ ਬਣ ਜਾਂਦਾ ਹੈ ਭਾਵ ਉਸ ਵਿੱਚ ਤੇ ਪ੍ਰਮਾਤਮਾ ਵਿੱਚ ਭੇਦ ਮਿੱਟ ਜਾਂਦਾ ਹੈ। "ਨਿਰਮਲੁ" ਰੂਪ ਵਿੱਚ ਕੇਵਲ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਹਿਲੇ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ। (**ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥1॥ ਰਹਾਉ ॥**) ਜਿਸ ਨੂੰ ਪ੍ਰਮਾਤਮਾ ਆਪਣਾ ਨਿਰਮਲ ਰੂਪ ਬਖਸ਼ਦਾ ਹੈ ਉਸ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਬਖਸ਼ਦਾ ਹੈ ਭਾਵ ਉਹ ਮਨ ਦੀ ਸੋਝੀ ਨੂੰ ਹੀ ਨਿਰਮਲ ਬਣਾਉਂਦਾ ਹੈ, ਸੱਚੇ ਗਿਆਨ ਵਾਲੀ, ਬ੍ਰਹਮ ਗਿਆਨ ਵਾਲੀ, ਤੱਤ ਗਿਆਨ ਵਾਲੀ ਬਣਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਮਨ ਦੀ ਅਗਿਆਨਤਾ ਵਾਲੇ ਮੈਲੇ ਰੂਪ ਵਿੱਚੋਂ ਕੱਢਦਾ ਹੈ ਤੇ ਤਾਂ

ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ ਜੋ ਕਿ ਅਕਾਰ ਰੂਪ ਨੂੰ ਰਚਨ ਵਾਲਾ ਹੈ ਤੇ ਤਾਂ ਹੀ ਮਨੁੱਖ ਨਿਰੰਕਾਰ ਰੂਪ ਨਾਲ ਜੁੜਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾ, ਉਸ ਦਾ ਬ੍ਰਹਮ ਗਿਆਨ ਰੂਪ, ਨਿਰਮਲ ਰੂਪ ਜਾਣੇ ਬਿਨਾ ਨਾ ਕੋਈ ਮਨੁੱਖ ਨਿਰਮਲ ਬਣ ਸਕਦਾ ਹੈ ਤੇ ਨਾਂ ਹੀ ਕੋਈ ਉਸ ਦੇ ਦਰ ਤੇ ਪ੍ਰਵਾਨ ਹੋ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਿਰਮਲ ਰੂਪ ਹੈ ਜੋ ਕਿ ਉਸ ਦਾ ਸ਼ਬਦ ਰੂਪ ਹੈ, ਨਾਮ ਰੂਪ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਇਹ ਨਿਰਮਲ ਰੂਪ ਬਖਸ਼ਿਆ ਹੈ ਉਨ੍ਹਾਂ ਨੇ ਹੀ ਨਿਰਮਲ ਬਾਣੀ ਦੀ,

34/3972

ਪਵਿੱਤਰ ਬਾਣੀ ਦੀ, ਅੰਮ੍ਰਿਤ ਬਾਣੀ ਦੀ ਰਚਨਾ ਕੀਤੀ ਹੈ ਜੋ ਕਿ ਗਿਆਨ ਦਾ ਸਾਗਰ ਹੈ, ਅੰਮ੍ਰਿਤ ਸਰੋਵਰ ਹੈ ਜੋ ਕਿ ਪੂਰਨ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ ਨਿਰਮਲ ਰੂਪ ਬਖਸ਼ਦਾ ਹੈ ਉਸ ਨੂੰ ਬ੍ਰਹਮ ਗਿਆਨ ਰਾਹੀਂ ਆਪਣੀ ਬਾਣੀ ਆਪ ਹੀ ਸਮਝਾਉਂਦਾ ਹੈ। ਜੇ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਨੂੰ ਜਾਨਣ ਵਾਲਾ ਅਖਵਾਉਂਦਾ ਹੈ ਫਿਰ ਇਹ ਨਹੀਂ ਹੋ ਸਕਦਾ ਕਿ ਉਸ ਨੂੰ ਪੂਰਨ ਰੂਪ ਵਿੱਚ ਗੁਰਬਾਣੀ ਦੀ ਸਮਝ ਨਾ ਆਵੇ। ਜਿਨ੍ਹਾਂ ਨੂੰ ਇਸ ਗੱਲ ਦੀ ਤਾਂ ਰੱਤੀ ਭਰ ਵੀ ਸਮਝ ਨਹੀਂ ਆਈ ਕਿ ਨਾਮ ਕੀ ਹੈ, ਹਉਮੈ ਕੀ ਹੈ, ਮਾਇਆ ਮੋਹ ਦੀ ਜੁਗਤਿ ਕੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਕੀ ਹੈ, ਚੌਥਾ ਪਦ ਕੀ ਹੈ, ਸਹਜ ਵਾਲੀ ਅਵਸਥਾ ਕੀ ਹੈ, ਪੁੱਠਾ ਕਮਲ ਕੀ ਹੈ, ਸਿੱਧਾ ਕਮਲ ਕੀ ਹੈ, ਸਾਧ ਸੰਗਤਿ ਕੀ ਹੈ, ਭਰਮ ਕੀ ਹੈ, ਸੱਚ ਕੀ ਹੈ, ਮਨਮਤਿ ਦਾ ਮੂਲ ਕੀ ਹੈ, ਗੁਰਮਤਿ ਦਾ ਮੂਲ ਕੀ ਹੈ, ਬ੍ਰਹਮ ਗਿਆਨ ਦਾ ਮੂਲ ਕੀ ਹੈ ਤੇ ਹੋਰ ਵੀ ਅਨੇਕਾਂ ਹੀ ਅਨੇਕਾਂ ਜਿਨ੍ਹਾਂ ਗੱਲਾਂ ਨੂੰ ਅਸੀਂ ਪਿਛੇ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਫਿਰ ਵੀ ਉਹ ਆਪਣੇ ਆਪ ਨੂੰ ਮੇਲ ਵਾਲਾ ਅਖਵਾਉਂਦੇ ਹਨ, ਨਿਰਮਲ ਅਖਵਾਉਂਦੇ ਹਨ, ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਅਖਵਾਉਂਦੇ ਹਨ ਉਹ ਕਿਤਨੇ ਕੁ ਵੱਡੇ ਭਰਮ ਵਿੱਚ ਰਹੇ ਹਨ ਤੇ ਹੁਣ ਵੀ ਅਨੇਕਾਂ ਹੀ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਕਿਤਨੇ ਕੁ ਭਰਮ ਵਿੱਚ ਹਨ ਇਸ ਗੱਲ ਨੂੰ ਉਹ ਆਪ ਹੀ ਜ਼ਿਆਦਾ ਬੇਹੱਤਰ ਸਮਝ ਸਕਦੇ ਹਨ ਤਾਂ ਜੋ ਉਹ ਆਪ ਭਰਮ ਵਿੱਚੋਂ ਨਿਕਲਣ, ਦਿਖਾਵਿਆਂ ਵਾਲੀ ਭਗਤੀ ਵਿੱਚੋਂ ਨਿਕਲਣ, ਝੂਠੀ ਭਗਤੀ ਦੇ ਹਰ ਦਿਖਾਵੇ ਵਿੱਚੋਂ ਨਿਕਲਣ ਤੇ ਦੂਸਰਿਆਂ ਨੂੰ ਭਰਮ ਵਿੱਚ ਪਾਉਣਾ ਬੰਦ ਕਰਨ। ਇਸ ਮਨ ਦੀ ਸੋਝੀ ਪਏ ਬਿਨਾ, ਮਨ ਦੇ ਵਿੱਚ ਸੱਚੇ ਗਿਆਨ ਦਾ ਪਰਕਾਸ਼ ਹੋਏ ਬਿਨਾ ਜੋ ਗਿਆਨ ਦਾ ਪਰਕਾਸ਼ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਕਰਦਾ ਹੈ, ਨਾ ਹੀ ਕਿਸੇ ਨੇ ਅਜ ਤਕ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਨਾ ਹੀ ਰਹਿੰਦੀ ਦੁਨੀਆਂ ਤੱਕ ਜਾਣਿਆ ਜਾ ਸਕਦਾ ਹੈ ਤੇ ਇਸ ਤੋਂ ਬਿਨਾ ਨਾ ਹੀ ਅਜ ਤਕ ਕੋਈ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਇਆ ਹੈ ਤੇ ਨਾ ਹੀ ਹੋਇਆ ਜਾ ਸਕਦਾ ਹੈ। ਆਉ ਭਰਮਾਂ ਵਿੱਚੋਂ ਨਿਕਲੀਏ, ਵੱਡੇ ਵੱਡੇ ਅਖਵਾਉਣ ਵਾਲਿਆਂ ਦੇ ਦਰ ਨੂੰ ਛੱਡੀਏ ਤੇ ਇੱਕੋ ਇੱਕ ਸਭ ਤੋਂ ਉੱਚੇ, ਸਭ ਤੋਂ ਸੁੱਚੇ, ਇੱਕੋ ਇੱਕ ਨਿਰਮਲ ਦਰ ਨਾਲ ਜੁੜੀਏ ਜੋ ਕਿ ਗੁਰੂ ਦਾ ਦਰ ਹੈ, ਪ੍ਰਮਾਤਮਾ ਦਾ ਆਪਣਾ ਦਰ ਹੈ, ਗੁਰਮਤਿ ਦਾ ਦਰ ਹੈ, ਨਾਮ ਦਾ ਦਰ ਹੈ, ਸੱਚ ਦਾ ਦਰ ਹੈ। ਸੱਚ ਦੇ ਦਰ ਤੋਂ ਬਿਨਾਂ ਹਰ ਕੋਈ ਝੂਠਾ ਦਰ ਹੈ ਜੋ ਝੂਠ ਨਾਲ ਹੀ ਆਪਣੇ ਆਪ ਨੂੰ ਉੱਚਾ ਅਖਵਾਈ ਬੈਠੇ ਹਨ, ਆਪਣੀ ਕਾਇਆ ਰੂਪ ਨੂੰ ਉੱਚਾ ਕਰੀ ਬੈਠੇ ਹਨ ਜਿਵੇਂ ਕਿ ਅਸੀਂ ਪੂਰੇ ਸ਼ਬਦ ਰਾਹੀਂ ਸਮਝਿਆ ਹੈ। ਇਹ ਮੈਲੇ ਹੁੰਦੇ ਹੋਏ ਵੀ ਆਪਣੇ ਆਪ ਨੂੰ ਨਿਰਮਲ ਬਣਾਈ ਬੈਠੇ ਹਨ। (**ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥6॥3॥**)

34/3973

{ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥
ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥}

(ਅੰਗ ੨੬)

{ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥
ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ ॥}

(ਅੰਗ ੨੭)

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥}

(ਅੰਗ ੨੭)

{ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥}

(ਅੰਗ ੨੯)

{ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਸੋਈ ॥
ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ ॥੧॥}

(ਅੰਗ ੩੨)

{ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥
ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ ॥}

(ਅੰਗ ੩੩)

{ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥
ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥}

(ਅੰਗ ੩੪)

{ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥
ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥}

(ਅੰਗ ੩੪)

{ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥
ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥}

(ਅੰਗ ੩੫)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥

ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥}

(ਅੰਗ ੩੯)

34/3974

{ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥}

(ਅੰਗ ੪੦)

{ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ ॥
ਜਨਮ ਮਰਣ ਕੀ ਮਲੁ ਕਟੀਐ ਗੁਰ ਦਰਸਨੁ ਦੇਖਿ ਨਿਹਾਲ ॥੨॥}

(ਅੰਗ ੪੫)

{ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥ ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥}

(ਅੰਗ ੪੫)

{ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥}

(ਅੰਗ ੫੨)

{ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥
ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥}

(ਅੰਗ ੫੪)

{ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥ ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥੪॥}

(ਅੰਗ ੫੪)

{ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ॥}

(ਅੰਗ ੫੭)

{ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥}

(ਅੰਗ ੫੭)

{ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ ॥
ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥
ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ ॥੮॥੭॥}

(ਅੰਗ ੫੭)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥}

(ਅੰਗ ੫੯)

34/3975

{ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ ॥
ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ ॥੩॥}

(ਅੰਗ ੫੯)

{ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥
ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥
ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥੭॥}

(ਅੰਗ ੬੦)

{ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥
ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥}

(ਅੰਗ ੬੧)

{ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥
ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥
ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥੨॥}

(ਅੰਗ ੬੨)

{ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥
ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥
ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥}

(ਅੰਗ ੬੩-੬੪)

{ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ ॥
ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਸੋਈ ॥
ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ ॥੧॥}

(ਅੰਗ ੩੨)

{ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ ॥

ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ ॥}

(ਅੰਗ ੬੫)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

{ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥
ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥}

(ਅੰਗ ੬੬)

34/3976

{ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ ॥
ਸਤਿਗੁਰੁ ਭੇਟਿਐ ਨਿਰਮਲੁ ਹੋਆ ਅਨਦਿਨੁ ਨਾਮੁ ਵਖਾਣੈ ॥
ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ ॥੪॥}

(ਅੰਗ ੬੭)

{ਮਨ ਮੇਰੇ ਸਤਿਗੁਰ ਸਿਉ ਚਿਤੁ ਲਾਇ ॥
ਨਿਰਮਲੁ ਨਾਮੁ ਸਦ ਨਵਤਨੋ ਆਪਿ ਵਸੈ ਮਨਿ ਆਇ ॥੧॥ ਰਹਾਉ ॥}

(ਅੰਗ ੬੯)

{ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥
ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ ॥
ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥੧॥}

(ਅੰਗ ੬੯)

{ਜਿਨ ਸਤਿਗੁਰ ਸਿਉ ਚਿਤੁ ਲਾਇਆ ॥ ਤਿਨੀ ਦੂਜਾ ਭਾਉ ਚੁਕਾਇਆ ॥
ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ ॥੨੩॥}

(ਅੰਗ ੭੩)

{ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥
ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥੨॥}

(ਅੰਗ ੮੬)

{ਹਉ ਬਲਿਹਾਰੀ ਸਤਿਗੁਰ ਪੂਰੇ ॥ ਜਿਨਿ ਬੰਧਨ ਕਾਟੇ ਸਗਲੇ ਮੇਰੇ ॥
ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥੪॥੮॥੧੫॥}

(ਅੰਗ ੯੯)

{ਉਦਮੁ ਕਰਤ ਮਨੁ ਨਿਰਮਲੁ ਹੋਆ ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥੨॥}

(ਅੰਗ ੯੯)

{ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥
ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥੨॥}

(ਅੰਗ ੧੦੧)

{ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥
ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥}

(ਅੰਗ ੧੧੦)

{ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥}

(ਅੰਗ ੧੧੪)

34/3977

{ਸਤਿਗੁਰੁ ਸੇਵੀ ਸਬਦਿ ਸੁਹਾਇਆ ॥ ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥
ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥੨॥}

(ਅੰਗ ੧੧੫)

{ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥
ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥੪॥}

(ਅੰਗ ੧੧੫)

{ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥
ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥}

(ਅੰਗ ੧੧੬)

{ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥}

(ਅੰਗ ੧੨੦)

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥}

(ਅੰਗ ੧੨੧)

{ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥
ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥}

(ਅੰਗ ੧੨੧)

{ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥}

(ਅੰਗ ੧੨੧)

{ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥}

(ਅੰਗ ੧੨੧)

{ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ ਗੁਰਮੁਖਿ ਹਉਮੈ ਚੂਕੈ ਪੀਰ ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥}

(ਅੰਗ ੧੨੫)

{ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥
ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥}

(ਅੰਗ ੧੨੮)

{ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥}

(ਅੰਗ ੧੨੯)

34/3978

{ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥
ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥}

(ਅੰਗ ੧੨੮)

ਉਪਰ ਜਿਤਨੇ ਵੀ ਸ਼ਬਦਾਂ ਦਾ ਹਵਾਲਾ ਦਿੱਤਾ ਗਇਆ ਹੈ ਉਹ ਨਿਰਮਲ ਰੂਪ ਨੂੰ ਸਮਝਣ ਲਈ ਹੀ ਦਿੱਤਾ ਗਇਆ ਹੈ ਤਾਂ ਜੋ ਹਰ ਕੋਈ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝ ਸਕੇ ਕਿ ਨਿਰਮਲ ਹੋਣਾ ਕੀ ਹੈ। ਬਿਨਾ ਨਿਰਮਲ ਹੋਇ ਭਾਵ ਨਿਰਮਲ ਹੋਣ ਦਾ ਉਦਮ ਕੀਤੇ ਬਿਨਾ ਅਸੀਂ ਉਸ ਪ੍ਰਮਾਤਮਾ ਦੇ ਨਾਲ ਕਦੇ ਨਹੀਂ ਮਿਲ ਸਕਦੇ। ਸਾਡੇ ਨਿਰਮਲ ਨਾ ਹੋਣ ਦਾ ਕਾਰਣ ਸਾਡੇ ਮਨ ਦੀ ਮੈਲ ਹੈ ਭਾਵ ਹਉਮੈ ਦੀ ਮੈਲ ਹੈ, ਅਗਿਆਨਤਾ ਰੂਪ ਮੈਲ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਭਰਮ ਦੀ ਮੈਲ ਵਿੱਚੋਂ ਨਿਕਲੀਏ। ਪ੍ਰਮਾਤਮਾ ਦੇ ਨਾਮ ਦਾ ਮਕਸਦ ਸਾਨੂੰ ਇਸ ਭਰਮ ਦੀ ਮੈਲ ਵਿੱਚੋਂ ਕੱਢਣ ਦਾ ਹੀ ਹੈ ਜਿਸ ਨੇ ਸਾਡੇ ਮਨ ਦੀ ਸੋਝੀ ਨੂੰ ਨਿਰਮਲ ਕਰਨਾ ਹੈ ਜੋ ਕਿ ਮਨਮਤਿ ਦੁਆਰਾ ਮੈਲੀ ਹੈ। ਨਾਮ ਸ਼ਬਦਾਂ ਦੀ ਵੀਚਾਰ ਹੈ ਤੇ ਸਾਨੂੰ ਨਿਰਮਲ ਸ਼ਬਦਾਂ ਦੀ ਵੀਚਾਰ ਨੇ ਹੀ ਕਰਨਾ ਹੈ। ਜਿਉਂ ਜਿਉਂ ਸ਼ਬਦਾ ਦੀ ਵਿਚਾਰ ਸਾਡੇ ਅੰਦਰ ਵੱਸਦੀ ਜਾਵੇਗੀ ਉਹ ਸਾਡੇ ਭਰਮ ਵਾਲੇ ਵਿਚਾਰਾਂ ਨੂੰ ਭਾਵ ਮੈਲੇ ਵਿਚਾਰਾਂ ਨੂੰ ਸਾਡੇ ਅੰਦਰੋਂ ਕੱਢਦੀ ਜਾਵੇਗੀ। ਇਹੀ ਮੈਲ ਤੋਂ ਰਹਿਤ ਹੋਣਾ ਹੈ ਤੇ ਹੋਰ ਕੋਈ ਆਪਣੇ ਆਪ ਨੂੰ ਪਵਿੱਤਰ ਕਰਨ ਦਾ ਤਰੀਕਾ ਨਹੀਂ ਹੈ। ਨਿਰਮਲ ਆਪ ਪ੍ਰਮਾਤਮਾ ਹੈ ਤੇ ਗੁਰੂ

ਉਸ ਦਾ ਆਪਣਾ ਨਿਰਮਲ ਰੂਪ ਹੈ। ਗੁਰੂ ਅਗਿਆਨਤਾ ਦੀ ਮੈਲ ਤੋਂ ਰਹਿਤ ਹੈ ਜਿਸ ਕਰਕੇ ਉਹ ਨਿਰਮਲ ਹੈ। ਗੁਰੂ ਨੂੰ ਹਰ ਗੱਲ ਦੀ ਪੂਰਨ ਸੋਝੀ ਹੈ ਜਿਸ ਕਰਕੇ ਉਹ ਨਿਰਮਲ ਹੈ। ਪੂਰੀ ਗੁਰਬਾਣੀ ਨਿਰਮਲ ਹੈ ਕਿਉਂਕਿ ਉਹ ਮਨ ਦੀ ਨਿਰਮਲ ਅਵਸਥਾ ਵਿੱਚੋਂ ਪ੍ਰਗਟ ਹੋਈ ਹੈ। ਮਨ ਦੇ "ਗਿਆਨੁ ਧਿਆਨੁ" ਵਾਲੀ ਅਵਸਥਾ ਵਿੱਚੋਂ ਪ੍ਰਗਟ ਹੋਈ ਹੈ। ਇਹ ਮਨ ਦੀ ਉਹ ਅਵਸਥਾ ਹੈ ਜਿਸ ਅਵਸਥਾ ਵਿੱਚ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਇਆ ਹੁੰਦਾ ਹੈ। (**ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀਂ ਕਰਮਿ ਧਿਆਈ ॥**) ਅੰਗ 1243 ਸਾਡੀ ਗਿਆਨ ਧਿਆਨ ਵਾਲੀ ਅਵਸਥਾ ਉਹ ਹੁੰਦੀ ਹੈ ਜਦੋਂ ਸਾਡੀ ਸੁਰਤਿ ਦੇ ਵਿੱਚ ਸ਼ਬਦਾਂ ਦੀ ਵਿਚਾਰ ਵੱਸ ਜਾਂਦੀ ਹੈ, ਸ਼ਬਦਾਂ ਦਾ ਸੱਚਾ ਗਿਆਨ ਵੱਸ ਜਾਂਦਾ ਹੈ ਭਾਵ ਨਾਮ ਵੱਸ ਜਾਂਦਾ ਹੈ। ਸਾਡੀ ਸੁਰਤਿ ਦੇ ਵਿੱਚ ਸ਼ਬਦਾਂ ਦੀ ਵਿਚਾਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜੋ ਕਿ ਸ਼ਬਦ ਸੁਰਤਿ ਦਾ ਮੇਲ ਹੈ ਭਾਵ ਸਾਡੀ ਸੁਰਤਿ ਦੇ ਵਿਚਾਰ ਸ਼ਬਦਾਂ ਦੀ ਵਿਚਾਰ ਵਾਲੇ ਬਣ ਜਾਂਦੇ ਹਨ, ਹਉਮੈ ਵਾਲੇ ਵਿਚਾਰਾਂ ਵਿੱਚੋਂ ਨਿਕਲ ਕੇ, ਮਨਮਤਿ ਵਾਲੇ ਵਿਚਾਰਾਂ ਵਿੱਚੋਂ ਨਿਕਲ ਕੇ ਸ਼ਬਦ ਦੇ ਵਿਚਾਰਾਂ ਦੇ ਨਾਲ, ਨਾਮ ਦੇ ਨਾਲ ਇੱਕ ਹੋ ਜਾਂਦੇ ਹਨ ਭਾਵ ਦੁਚਿੱਤੀ ਵਾਲੇ ਵਿਚਾਰਾਂ ਵਿੱਚੋਂ ਨਿਕਲਕੇ ਇੱਕ ਮਨ ਇੱਕ ਚਿੱਤ ਹੋ ਜਾਂਦੇ ਹਨ।

34/3979

ਪ੍ਰਮਾਤਮਾ ਦਾ ਅੰਮ੍ਰਿਤ ਨਾਮ ਨਿਰਮਲ ਹੈ ਜੋ ਕਿ ਆਪਣੇ ਗਿਆਨ ਰੂਪ ਵਿੱਚ ਨਿਰਮਲ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਨਿਰਮਲ ਹੈ ਜੋ ਆਪਣੇ ਸੱਚੇ ਗਿਆਨ ਰਾਹੀਂ ਸਾਡੇ ਮਨ ਦੇ ਧਿਆਨ ਨੂੰ ਨਿਰਮਲ ਬਣਾਉਂਦਾ ਹੈ। ਅਸੀਂ ਮੈਲੇ ਜਾਂ ਨਿਰਮਲ ਆਪਣੇ ਮਨ ਦੇ ਧਿਆਨ ਨਾਲ ਹੀ ਹਾਂ ਭਾਵ ਮਨ ਦੇ ਵਿਚਾਰਾਂ ਰਾਹੀਂ ਹੀ ਹਾਂ। ਪੂਰੀ ਬਾਣੀ ਪ੍ਰਮਾਤਮਾ ਦਾ ਨਾਮ ਹੈ ਜਿਸ ਕਰਕੇ ਗੁਰਬਾਣੀ ਨਿਰਮਲ ਬਾਣੀ ਹੈ। ਗੁਰਬਾਣੀ ਦਾ ਮਕਸਦ ਸਾਡੇ ਮਨ ਦੇ ਧਿਆਨ ਨੂੰ ਨਿਰਮਲ ਬਨਾਉਣਾ ਹੀ ਹੈ ਜੋ ਕਿ ਮਾਇਆ ਮੋਹ ਕਰਕੇ, ਵਿਕਾਰਾਂ ਕਰਕੇ ਭਾਵ ਮਨ ਦੇ ਮਾੜੇ ਵਿਚਾਰਾਂ ਕਰਕੇ ਮੈਲਾ ਹੈ, ਮਨ ਦੇ ਵਿਚਾਰਾਂ ਦੀ ਮਾੜੀ ਸੋਝੀ ਕਰਕੇ ਮੈਲਾ ਹੈ, ਸੱਚੀ ਸ਼ੈਲੀ, ਸੱਚਾ ਗਿਆਨ ਨਾ ਹੋਣ ਕਰਕੇ ਮੈਲਾ ਹੈ। ਮੈਲ ਸਾਡੀ ਗੁਰੂ ਦੀ ਗੱਲ ਨੂੰ ਮੰਨ ਕੇ ਹੀ ਨਿਕਲ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ।

“ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥”

(ਅੰਗ ੧੨੧)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਹੋ ਜਿਹਾ ਧਿਆਨ ਲਗਾਉਣ ਦੇ ਨਾਲ ਜੁੜੀਏ ਜਿਹੋ ਜਿਹਾ ਧਿਆਨ ਲਗਾਉਣ ਦੇ ਉਦਮ ਨੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ। ਜਿਹੋ ਜਿਹਾ ਧਿਆਨ ਲਗਾਉਣਾ ਅਸੀਂ ਸਭ ਨੇ ਸਮਝਿਆ ਹੋਇਆ ਹੈ, ਸਮਾਧੀਆਂ ਆਦਿ ਲਗਾਉਣੀਆਂ ਸਮਝੀਆਂ ਹੋਈਆਂ ਹਨ ਉਹ ਸਭ ਸਾਡੇ ਵਿਅਰਥ ਦੇ ਉਦਮ ਹੀ ਹਨ ਤੇ ਤਾਂ ਹੀ ਉਹੋ ਜਿਹੀਆਂ ਸਮਾਧੀਆਂ ਦਾ ਬਾਣੀ ਵਿੱਚ ਬਾਰ-ਬਾਰ ਖੰਡਣ ਕੀਤਾ ਹੋਇਆ ਹੈ।

ਪਿਛੇ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ "ਨਿਰਮਲ" ਕੇਵਲ ਪ੍ਰਮਾਤਮਾ ਆਪ ਹੈ ਤੇ ਕਿਸੇ ਮਨੁੱਖ ਦਾ ਨਿਰਮਲ ਰੂਪ ਤਾਂ ਹੀ ਬਣਦਾ ਹੈ ਜਦੋਂ ਉਸ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਉਸ ਨੂੰ ਨਿਰਮਲ ਬਣਾਉਂਦਾ ਹੈ, ਮਨ ਦੇ ਸੱਚੇ ਗਿਆਨ ਦੁਆਰਾ ਨਿਰਮਲ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦਾ ਨਿਰਮਲ ਰੂਪ ਹੀ ਸਮਝਾਇਆ ਹੋਇਆ ਹੈ ਕਿ

34/3980

ਪ੍ਰਮਾਤਮਾ ਆਪਣੇ ਕਿਸ ਰੂਪ ਦੁਆਰਾ ਨਿਰਮਲ ਹੈ। ਉਪਰ ਪੰਗਤੀਆਂ ਰਾਹੀਂ ਨਿਰਮਲ "ਅੰਮ੍ਰਿਤੁ" ਨੂੰ ਕਿਹਾ ਹੈ। ਨਿਰਮਲ "ਗਿਆਨੁ" ਨੂੰ ਕਿਹਾ ਹੈ, ਨਿਰਮਲ "ਬਾਣੀ" ਭਾਵ "ਗੁਰਬਾਣੀ" ਨੂੰ ਕਿਹਾ ਹੈ ਤੇ ਅਤਿ ਨਿਰਮਲੁ "ਧਿਆਨੁ" ਨੂੰ ਕਿਹਾ ਹੈ। ਜੇਕਰ ਧਿਆਨ ਨਾਲ ਸਮਝੋਗੇ ਤਾਂ ਇਹ ਸਭ ਪ੍ਰਮਾਤਮਾ ਦੇ ਹੀ ਆਪਣੇ ਰੂਪ ਹਨ ਜਿਨ੍ਹਾਂ ਰਾਹੀਂ ਉਹ ਸਾਡੇ ਅੰਦਰ ਵਿਚਰ ਰਿਹਾ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਹੈ। ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ "ਗਿਆਨੁ" ਰੂਪ ਹੈ। ਅੰਮ੍ਰਿਤ ਵੀ ਪ੍ਰਮਾਤਮਾ ਦਾ ਗਿਆਨ ਰੂਪ ਹੈ, ਗੁਰਬਾਣੀ ਵੀ ਪ੍ਰਮਾਤਮਾ ਦਾ ਗਿਆਨ ਰੂਪ ਹੈ, ਸਾਡਾ ਧਿਆਨ ਵੀ ਗਿਆਨ ਰੂਪ ਹੈ। ਪ੍ਰਮਾਤਮਾ ਸਾਡੇ ਅੰਦਰ ਮਨ ਦੇ ਧਿਆਨ ਦੇ ਰੂਪ ਵਿੱਚ ਹੀ ਹੈ ਭਾਵ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਦੇ ਅੰਮ੍ਰਿਤ ਰੂਪ ਗਿਆਨ ਦੀ ਪ੍ਰਾਪਤੀ ਜਦੋਂ ਸਾਨੂੰ ਹੋ ਜਾਂਦੀ ਹੈ ਉਹ ਸਾਡੇ ਧਿਆਨ ਨੂੰ ਹੀ ਬਦਲਦੇ ਹਨ। ਸਾਡੇ ਅੰਦਰ ਜੋ ਵੀ ਧਿਆਨ ਹੈ ਸਭ ਦੇ ਅੰਦਰ ਜੋ ਵੀ ਧਿਆਨ ਹੈ ਸਭ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਨਿਰਮਲ ਰੂਪ ਹੈ। ਹਰ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਸਾਡੀ ਇਸ ਅਵਸਥਾ ਦੇ ਵਿੱਚ ਵੀ ਗਿਆਨ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਭਾਵ ਉਹ ਨਿਰਮਲ ਰੂਪ ਆਪ ਹੀ ਹੈ ਜੋ ਸਭ ਦੇ ਅੰਦਰ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ। ਮਨ ਦੀ ਤ੍ਰੈਗੁਣੀ ਅਵਸਥਾ ਦੁਆਰਾ ਹਰ ਕੋਈ ਮਾਇਆ ਮੋਹ ਵਿੱਚ ਹੀ ਰਹਿੰਦਾ ਹੈ, ਮਨਮਤਿ ਵਿੱਚ ਹੀ ਰਹਿੰਦਾ ਹੈ। ਜਦੋਂ ਪ੍ਰਮਾਤਮਾ ਦੀ ਕਿਰਪਾ ਦੇ ਨਾਲ ਕਿਸੇ ਨੂੰ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਦੇ ਨਾਲ ਮਨੁੱਖ ਮਾਇਆ ਮੋਹ ਵਾਲੀ ਅਵਸਥਾ ਵਿੱਚੋਂ, ਤ੍ਰੈ ਗੁਣਾਂ ਵਿੱਚੋਂ, ਹਉਮੈ ਵਿੱਚੋਂ ਨਿਕਲ ਜਾਂਦਾ ਹੈ। ਮਨ ਦੀ ਇਹ ਅਵਸਥਾ ਹੀ ਸਾਡੇ ਮਨ ਨੂੰ ਨਿਰਮਲ ਬਣਾਉਂਦੀ ਹੈ ਜਿਸ ਅਵਸਥਾ ਵਿੱਚ ਰਹਿੰਦਿਆਂ ਪ੍ਰਮਾਤਮਾ ਸਾਨੂੰ ਭਰਮ ਵਿੱਚੋਂ ਕੱਢ ਕੇ ਆਪਣੇ ਸੱਚੇ ਗਿਆਨ ਨਾਲ ਜੋੜ ਲੈਂਦਾ ਹੈ, ਬ੍ਰਹਮ ਗਿਆਨ ਨਾਲ ਜੋੜ ਲੈਂਦਾ ਹੈ ਭਾਵ ਚਉਥੇ ਪਦ ਦੇ ਗਿਆਨ ਨਾਲ ਜੋੜ ਲੈਂਦਾ ਹੈ ਜਿਸ ਨਾਲ ਸਾਡੀ ਨਿਰਮਲ ਅਵਸਥਾ ਅਤਿ ਨਿਰਮਲ ਅਵਸਥਾ ਬਣ ਜਾਂਦੀ ਹੈ ਭਾਵ ਪੂਰਨ ਗੁਰਮਤਿ ਵਾਲੀ ਸੋਝੀ ਬਣ ਜਾਂਦੀ ਹੈ। ਸਾਡੇ ਅੰਦਰ ਅੰਮ੍ਰਿਤ ਨਾਮ ਦਾ ਵੱਸਣਾ ਜਾਂ ਨਿਰਮਲ ਬਾਣੀ ਦਾ ਵੱਸਣਾ

ਇੱਕੋ ਹੀ ਗੱਲ ਹੈ ਜਿਸ ਦਾ ਮਕਸਦ ਸਾਨੂੰ ਸੱਚਾ ਗਿਆਨ ਦੇਣ ਦੇ ਨਾਲ ਹੈ ਤੇ ਇਸ ਸੱਚੇ ਗਿਆਨ ਦੇ ਨਾਲ ਸਾਡਾ ਧਿਆਨ ਉਸ ਅਤਿ ਨਿਰਮਲ ਪ੍ਰਮਾਤਮਾ ਦੇ ਨਾਲ ਜੁੜ ਜਾਂਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਧਿਆਨ ਇਸ ਤਰੀਕੇ ਨਾਲ ਜੁੜਦਾ ਹੈ ਭਾਵ ਮਨ ਦੇ ਵਿੱਚ ਸੱਚਾ ਗਿਆਨ ਵੱਸਣ ਨਾਲ ਜੁੜਦਾ ਹੈ ਜਿਸ ਦੁਆਰਾ ਸਾਡੇ ਮਨ ਦੇ ਵਿਚਾਰ ਅਤਿ ਨਿਰਮਲ ਬਣ ਜਾਂਦੇ ਹਨ ਭਾਵ ਉਨ੍ਹਾਂ ਵਿੱਚ ਫਿਰ

34/3981

ਕੋਈ ਦੁਚਿਤੀ ਨਹੀਂ ਰਹਿ ਜਾਂਦੀ।ਜਿਹੋ ਜਿਹਾ ਧਿਆਨ ਹਰ ਕੋਈ ਜੋੜਨ ਵਿੱਚ ਲਗਾ ਹੋਇਆ ਹੈ ਉਹ ਸਾਡੇ ਅੰਦਰ ਸੱਚੇ ਗਿਆਨ ਦੀ ਕਮੀ ਹੈ ਭਾਵ ਭਰਮ ਹੈ। (**ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥ ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥3॥**)

{ਗੋਵਿੰਦੁ ਊਜਲੁ ਊਜਲ ਹੰਸਾ ॥ ਮਨੁ ਬਾਣੀ ਨਿਰਮਲ ਮੇਰੀ ਮਨਸਾ ॥

ਮਨਿ ਊਜਲ ਸਦਾ ਮੁਖ ਸੋਹਹਿ ਅਤਿ ਊਜਲ ਨਾਮੁ ਧਿਆਵਣਿਆ ॥੧॥}

(ਅੰਗ ੧੨੧)

ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਲੇਖ ਦੇ ਵਿੱਚ ਕਾਫੀ ਪਿਛੇ ਸਮਝੇ ਹਨ। ਜੋ ਭਾਵ "ਅਤਿ ਊਜਲ" ਤੋਂ ਹੈ ਉਹੀ ਭਾਵ "ਅਤਿ ਨਿਰਮਲ" ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ।"ਊਜਲੁ" ਰੂਪ ਹੀ ਆਪ ਪ੍ਰਮਾਤਮਾ ਹੈ ਤੇ ਇਹੀ ਉਸ ਦਾ ਨਿਰਮਲ ਰੂਪ ਹੈ। ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵੇਂ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਤੇ ਇਸ ਲਈ ਮਨੁੱਖ ਨੂੰ "ਊਜਲ ਹੰਸਾ" ਕਿਹਾ ਹੈ, ਨਿਰਮਲ ਰੂਪ ਕਿਹਾ ਹੈ। ਜਦੋਂ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਪਹਿਚਾਣ ਹੋ ਜਾਂਦੀ ਹੈ ਭਾਵ ਜਦੋਂ ਸਮਝ ਲਗ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ, ਮਨ ਦੀ ਇਹ ਅਵਸਥਾ "ਅਤਿ ਨਿਰਮਲੁ", ਅਤਿ ਊਜਲ ਅਵਸਥਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਨਾਮ ਧਿਆਉਂਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ ਜਦੋਂ ਉਸ ਨੂੰ ਗੁਰਬਾਣੀ ਦੀ, ਗੁਰਮਤਿ ਦੀ ਪੂਰਨ ਰੂਪ ਵਿੱਚ ਸੋਝੀ ਪੈ ਜਾਂਦੀ ਹੈ ਤੇ ਮਨੁੱਖ ਦਾ ਮਨ ਪੂਰੀ ਤਰ੍ਹਾਂ ਪਵਿੱਤਰ ਹੋ ਜਾਂਦਾ ਹੈ, ਮਾਇਆ ਮੋਹ ਤੋਂ, ਵਿਕਾਰਾਂ ਤੋਂ, ਸਾਰੇ ਭਰਮਾਂ ਤੋਂ ਮੁਕਤਿ ਹੋ ਜਾਂਦਾ ਹੈ।

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਮਾਰਗ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਗਿਆਨ ਦੇ ਨਾਲ ਜੁੜਿਆ ਹੋਇਆ ਹੈ। ਜਦ ਤੱਕ ਸਾਡੇ ਮਨ ਦੀ ਸੋਝੀ ਸੱਚੀ ਨਹੀਂ ਹੈ ਤਦ ਤਕ ਸਾਡਾ ਮਨ ਪਵਿੱਤਰ ਨਹੀ ਹੈ, ਨਿਰਮਲ ਨਹੀਂ ਹੈ, ਊਜਲ ਨਹੀ ਹੈ। ਸਾਡੇ ਮਨ ਨੂੰ ਸੱਚੇ ਗਿਆਨ ਨੇ ਹੀ ਪਵਿੱਤਰ ਕਰਨਾ ਹੈ, ਗੁਰੂ ਦੀ ਸੱਚੀ ਮਤਿ ਨੇ ਹੀ ਪਵਿੱਤਰ ਕਰਨਾ ਹੈ, ਗੁਰੂ ਦੇ ਸਚੇ ਉਪਦੇਸ਼ ਨੇ, ਸੱਚੀ ਸਿਖਿਆ ਨੇ ਹੀ ਪਵਿੱਤਰ ਕਰਨਾ ਹੈ ਤੇ ਮਨ ਨੂੰ ਪਵਿੱਤਰ ਕਰਨ ਦਾ ਹੋਰ ਕੋਈ

34/3982

ਤਰੀਕਾ ਨਹੀਂ ਹੈ। ਗੁਰੂ ਦਾ ਸੱਚਾ ਗਿਆਨ ਹੀ ਉਸ ਦਾ ਨਾਮ ਹੈ, ਹਰਿ ਰਸਿ ਹੈ ਜਿਸ ਨੂੰ ਕਿ ਸਾਡੇ ਮਨ ਨੇ ਚਖਣਾ ਹੈ ਤੇ ਉਸ ਨੂੰ ਚੱਖ ਕੇ ਹੀ ਮਨ ਨੇ ਪਵਿੱਤਰ ਹੋਣਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਪਵਿੱਤਰਤਾ ਦੁਆਰਾ ਹੀ ਹੋ ਸਕਦੀ ਹੈ ਤੇ ਉਸ ਤੋਂ ਪਹਿਲਾਂ ਸਾਡਾ ਪੂਰਾ ਉਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਮਨ ਨੂੰ ਪਵਿੱਤਰ ਕਰਨ ਦੇ ਮਾਰਗ ਨਾਲ ਜੁੜੀਏ ਜੋ ਕਿ ਅਨੇਕਾਂ ਹੀ ਭਰਮਾਂ ਕਰਕੇ ਮੈਲਾ ਹੈ। ਅਸੀਂ ਕਥਨੀ ਨੂੰ ਸਰੀਰਕ ਸੁਚਿ ਨੂੰ, ਸਰੀਰਕ ਜਪਾਂ ਤਪਾਂ ਆਦਿ ਨੂੰ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਜੋ ਕਿ ਸਾਡੇ ਮਨ ਦੀ ਅਪਵਿੱਤਰਤਾ ਦਾ ਹੀ ਨਤੀਜਾ ਹੈ ਭਾਵ ਸਾਡਾ ਭਰਮ ਹੀ ਹੈ। ਜਦੋਂ ਸਾਡਾ ਮਨ ਪਵਿੱਤਰ ਹੋ ਜਾਵੇਗਾ ਭਾਵ ਜਦੋਂ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਵੱਸ ਜਾਵੇਗੀ ਫਿਰ ਅਸੀਂ ਇਹੋ ਜਿਹੀ ਭਗਤੀ ਨਾਲ ਨਹੀਂ ਜੁੜਾਂਗੇ ਜਿਸ ਦੇ ਨਾਲ ਅਸੀਂ ਜੁੜੇ ਹੋਏ ਹਾਂ ਤੇ ਫਿਰ ਉਹੋ ਜਿਹਾ ਉਦਮ ਕਰਾਂਗੇ ਜਿਸ ਉਦਮ ਨਾਲ ਪ੍ਰਮਾਤਮਾ ਮਿਲਦਾ ਹੈ ਭਾਵ ਸੱਚੇ ਸੁੱਚੇ ਕਰਮ ਹੀ ਕਰਾਂਗੇ, ਸੱਚੀ ਸੁੱਚੀ ਕਿਰਤ ਹੀ ਕਰਾਂਗੇ ਜੋ ਕਿ ਮਾਇਆ ਮੋਹ ਤੋਂ, ਵਿਕਾਰਾਂ ਤੋਂ ਰਹਿਤ

ਹੋ ਕੇ ਹੀ ਹੁੰਦੀ ਹੈ। ਗੁਰੂ ਦਾ ਸੱਚਾ ਗਿਆਨ ਸਾਡੇ ਅੰਦਰ ਵੱਸਣ ਨਾਲ ਸਾਡੇ ਮਨ ਦੀ ਸੋਝੀ ਹੀ ਪਵਿੱਤਰ ਹੁੰਦੀ ਹੈ ਜੋ ਸਾਡੇ ਕੋਲੋਂ ਪਵਿੱਤਰ ਕਰਮ ਕਰਾਉਂਦੀ ਹੈ ਤੇ ਮਾੜੇ ਕਰਮ ਕਰਨ ਤੋਂ ਦੂਰ ਰੱਖਦੀ ਹੈ। ਜਿਨ੍ਹਾਂ ਕੋਲੋਂ ਪ੍ਰਮਾਤਮਾ ਨੇ ਆਪਣੀ ਭਗਤੀ ਕਰਵਾਈ ਹੈ ਉਨ੍ਹਾਂ ਦੇ ਮਨ ਦੇ ਵਿੱਚ ਸੱਚੀ ਸੋਝੀ ਹੀ ਪਾਈ ਹੈ, ਆਪ ਪ੍ਰਗਟ ਹੋ ਕੇ ਪਾਈ ਹੈ। ਆਉ ਇਸ ਗੱਲ ਨੂੰ ਧੰਨ ਧੰਨ ਤੀਜ਼ੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਹਨਾਂ ਨੇ ਪ੍ਰਮਾਤਮਾ ਦੀ ਭਗਤੀ ਕਿਸ ਤਰੀਕੇ ਕੀਤੀ ਹੈ, ਉਨ੍ਹਾਂ ਦਾ ਮਨ ਨਿਰਮਲ ਕਿਸ ਤਰੀਕੇ ਹੋਇਆ ਹੈ।

ਬਸੰਤੁ ਮਹਲਾ ੩ ॥

“ਭਗਤਿ ਕਰਹਿ ਜਨ ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ ਧੂਰਿ ॥
ਹਰਿ ਸੇਤੀ ਸਦ ਰਹਹਿ ਲਿਵ ਲਾਇ ॥ ਪੂਰੈ ਸਤਿਗੁਰਿ ਦੀਆ ਬੁਝਾਇ ॥੧॥
ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ॥ ਊਤਮ ਪਦਵੀ ਪਾਵੈ ਸੋਇ ॥੧॥ ਰਹਾਉ ॥
ਏਕੋ ਸੇਵਹੁ ਅਵਰੁ ਨ ਕੋਇ ॥ ਜਿਤੁ ਸੇਵਿਐ ਸਦਾ ਸੁਖੁ ਹੋਇ ॥
ਨਾ ਓਹੁ ਮਰੈ ਨ ਆਵੈ ਜਾਇ ॥ ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥੨॥
ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥
ਗੁਰਮੁਖਿ ਨਾਮੁ ਪਰਾਪਤਿ ਹੋਇ ॥ ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥
ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥ ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥
ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥”

(ਅੰਗ ੧੧੭੪)

ਆਪਣੇ ਆਪ ਨੂੰ ਭਗਤ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ, ਸਿੱਖ ਜਗਤ ਵਿੱਚ ਵੀ ਕਮੀ ਨਹੀਂ ਹੈ ਪਰ ਪ੍ਰਮਾਤਮਾ ਦੀ ਭਗਤੀ ਕਿਵੇਂ ਹੁੰਦੀ ਹੈ ਇਸ ਗੱਲ ਦੀ ਸਮਝ ਉਨ੍ਹਾਂ ਨੂੰ ਨਹੀਂ ਹੈ ਭਾਵ ਹਰ ਕੋਈ ਭਰਮ ਵਿੱਚ ਹੀ ਆਪਣੇ ਆਪ ਨੂੰ ਭਗਤੀ ਵਾਲਾ ਸਮਝਦਾ ਹੈ। ਪ੍ਰਮਾਤਮਾ ਦਾ ਭਗਤ ਉਹੀ ਹੁੰਦਾ ਹੈ ਜਿਸ ਨੂੰ ਪਹਿਲੇ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਮਨ ਦੇ ਵਿੱਚ ਆਪ ਹੀ ਭਗਤੀ ਦੀ ਸੋਝੀ ਪਾਉਂਦਾ ਹੈ। ਪ੍ਰਮਾਤਮਾ ਦੇ ਭਗਤ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹਰ ਵੇਲੇ ਹਾਜ਼ਰ ਦੇਖਦੇ ਹਨ ਜੋ ਕਿ ਸਾਡਾ ਮਨ ਹੀ ਦੇਖ ਸਕਦਾ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਦਾ ਹੈ, ਉਹੀ ਉਸ ਦਾ ਸੰਤ ਜਨ ਹੈ। ਆਪਣੇ ਭਗਤਾਂ ਨੂੰ,

34/3983

ਸੰਤ ਜਨਾਂ ਨੂੰ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਬਖਸ਼ਦਾ ਹੈ ਜਿਸ ਦੁਆਰਾ ਉਹ ਗੁਰਮਤਿ ਦੀ, ਭਗਤੀ ਦੀ ਸੋਝੀ ਪਾਉਂਦਾ ਹੈ। ਜੋ ਸੋਝੀ ਪ੍ਰਮਾਤਮਾ ਆਪ ਪਾਉਂਦਾ ਹੈ ਉਹ ਦੀ ਚਰਨ ਧੂੜਿ ਹੈ। ਪ੍ਰਮਾਤਮਾ ਦੇ ਭਗਤਾਂ ਨੇ, ਸੰਤ ਜਨਾਂ ਨੇ ਗੁਰਬਾਣੀ ਰਾਹੀਂ ਸਾਨੂੰ ਉਹ "ਚਰਨ ਧੂਰਿ", "ਪੰਕਜ ਧੂਰਿ" ਹੀ ਬਖਸ਼ੀ ਹੈ ਜਿਸ ਦੁਆਰਾ ਉਹਨਾਂ ਨੇ ਸਾਰੇ ਸੰਸਾਰ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਦਾ ਸੱਚਾ ਗਿਆਨ ਦਿੱਤਾ ਹੈ। ਇਸ ਚਰਨ ਧੂੜਿ ਦੇ ਰਾਹੀਂ ਭਗਤਾਂ ਦੀ ਪ੍ਰਮਾਤਮਾ ਦੇ ਨਾਲ ਸਦਾ ਹੀ ਲਿਵ ਜੁੜੀ ਰਹਿੰਦੀ ਹੈ। "ਪੂਰਾ ਸਤਿਗੁਰਿ" ਪ੍ਰਮਾਤਮਾ ਆਪ ਹੈ ਜੋ ਕਿ ਮਨ ਦੇ ਵਿੱਚ ਆਪ ਹੀ ਬੁਝਾਉਂਦਾ ਹੈ, ਆਪਣੀ ਚਰਨ ਧੂੜਿ ਰਾਹੀਂ ਬੁਝਾਉਂਦਾ ਹੈ, ਭਗਤੀ ਦਾ ਸੱਚਾ ਮਾਰਗ ਬੁਝਾਉਂਦਾ ਹੈ। (**ਭਗਤਿ ਕਰਹਿ ਜਨ ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ ਧੂਰਿ ॥ ਹਰਿ ਸੇਤੀ ਸਦ ਰਹਹਿ ਲਿਵ ਲਾਇ ॥ ਪੂਰੈ ਸਤਿਗੁਰਿ ਦੀਆ ਬੁਝਾਇ ॥1॥**)

ਜਿਸ ਨੂੰ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਭਗਤੀ ਬੁਝਾਉਂਦਾ ਹੈ, ਭਗਤੀ ਦਾ ਸੱਚਾ ਗਿਆਨ ਬਖਸ਼ਦਾ ਹੈ ਉਹੀ ਪ੍ਰਮਾਤਮਾ ਦਾ ਦਾਸ ਬਣਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਆਪਣੇ ਦਾਸਾਂ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੁੰਦਾ ਹੈ ਤੇ ਉਸ ਦੇ ਦਾਸਾਂ ਦਾ ਦਾਸ ਬਣਨਾ ਪ੍ਰਮਾਤਮਾ ਦਾ ਦਾਸ ਬਣਨਾ ਹੀ ਹੈ ਜੋ ਕਿ ਵਿਰਲਾ ਹੀ ਕੋਈ ਬਣ ਸਕਦਾ ਹੈ। ਉਸ ਦਾ ਦਾਸ ਬਣਨ ਦਾ ਤਰੀਕਾ ਗੁਰਮਤਿ ਦਾ ਦਾਸ ਬਣਨਾ ਹੈ ਜੋ ਕਿ ਬਹੁਤ ਹੀ ਔਖਾ ਹੈ, ਭਗਤੀ ਦਾ

ਮਾਰਗ, ਨਾਮ ਜਪਣ ਦਾ ਮਾਰਗ ਭਾਵ ਗੁਰਮਤਿ ਤੇ ਪੂਰਾ ਉਤਰਨ ਦਾ ਮਾਰਗ ਬਹੁਤ ਹੀ ਔਖਾ ਹੈ। ਜੋ ਪ੍ਰਮਾਤਮਾ ਦਾ ਦਾਸ ਬਣਦਾ ਹੈ ਉਹੀ ਉੱਤਮ ਪਦਵੀ ਪਾਉਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪਦਵੀ ਪਾਉਂਦਾ ਹੈ। (**ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ॥ ਊਤਮ ਪਦਵੀ ਪਾਵੈ ਸੋਇ ॥1॥ ਰਹਾਉ ॥**)

ਉੱਤਮ ਪਦਵੀ ਪਾਉਣ ਦਾ ਤਰੀਕਾ ਹੀ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਏਕੋ ਸੇਵਹੁ ਅਵਰੁ ਨ ਕੋਇ ॥ ਜਿਤੁ ਸੇਵਿਐ ਸਦਾ ਸੁਖੁ ਹੋਇ ॥

ਨਾ ਓਹੁ ਮਰੈ ਨ ਆਵੈ ਜਾਇ ॥ ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥੨॥"

"ਸੁਖ" ਦੀ ਪ੍ਰਾਪਤੀ ਤਾਂ ਹਰ ਕੋਈ ਕਰਨਾ ਚਾਹੁੰਦਾ ਹੈ ਜੋ ਕਿ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਹੁੰਦੀ ਹੈ। ਉਸ ਸੁਖੁ ਦੀ ਪ੍ਰਾਪਤੀ ਕਰਨ ਦੀ ਸਮਝ ਸਾਨੂੰ ਨਹੀਂ ਹੈ। ਪ੍ਰਾਪਤੀ ਕਰਨ ਦਾ ਸਾਧਨ ਇੱਕੋ ਇਕ ਪ੍ਰਮਾਤਮਾ ਦੀ

ਸੇਵਾ ਕਰਨਾ ਹੀ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਗੁਰੂ ਦੀ ਸੇਵਾ ਜਾਂ ਪ੍ਰਮਾਤਮਾ ਦੀ ਸੇਵਾ ਇਕੋ ਹੀ ਗੱਲ ਹੈ। ਗੁਰੂ ਦੀ ਸੇਵਾ ਸ਼ਬਦ ਦੀ ਵੀਚਾਰ ਹੈ। (**ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥7॥**) ਅੰਗ - 223 ਸਾਨੂੰ ਕੇਵਲ ਤੇ ਕੇਵਲ ਸ਼ਬਦ ਦੇ ਵੀਚਾਰੀ ਬਣਨ ਦਾ ਹੁਕਮ ਹੈ ਜਿਸ ਦੁਆਰਾ ਗੁਰੂ ਦੀ, ਪ੍ਰਮਾਤਮਾ ਦੀ ਸੇਵਾ ਹੋ ਸਕਦੀ ਹੈ। ਸ਼ਬਦ ਦੇ ਵਿਚਾਰੀ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਪਹਿਲਾਂ ਆਪਣੀ ਹਉਮੈ ਛਡੀਏ ਭਾਵ ਮਨਮਤਿ ਵਾਲੇ ਵਿਚਾਰ, ਆਪਣੀ ਸੁਰਤਿ ਵਾਲੇ ਵਿਚਾਰ ਛੱਡੀਏ। ਸ਼ਬਦ ਦੇ ਵਿਚਾਰ ਸਾਨੂੰ ਉੱਤਮ ਕਰਨੀ ਕਰਣ ਲਈ ਕਹਿੰਦੇ ਹਨ ਤੇ ਉੱਤਮ ਕਰਨੀ ਤਾਂ ਹੀ ਹੁੰਦੀ ਹੈ ਜੇਕਰ ਪਹਿਲਾਂ ਅਸੀਂ ਆਪਣੇ ਮਾਇਆ ਮੋਹ ਵਾਲੇ ਵਿਚਾਰ ਛਡੀਏ ਜੋ ਸਾਨੂੰ ਮਾੜੇ ਕਰਮਾਂ ਵੱਲ ਤੋਰਦੇ ਹਨ। ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਬਹੁਤ ਔਖਾ ਹੈ, ਹਉਮੈ ਨੂੰ ਛਡਣਾ ਬਹੁਤ ਔਖਾ ਹੈ ਇਸੇ ਲਈ ਗੁਰੂ ਪ੍ਰਮਾਤਮਾ ਦੀ ਸੇਵਾ ਬਹੁਤ ਔਖੀ ਹੈ ਭਾਵ ਗੁਰਮਤਿ ਤੇ ਚੱਲਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ ਤੇ ਇਸੇ ਲਈ "ਸੁਖੁ" ਦੀ ਪ੍ਰਾਪਤੀ ਬਹੁਤ ਔਖੀ ਹੈ। (**ਏਕੋ ਸੇਵਹੁ ਅਵਰੁ ਨ ਕੋਇ॥ ਜਿਤੁ ਸੇਵਿਐ ਸਦਾ ਸੁਖੁ ਹੋਇ॥**)

“ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥

ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥

ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥

ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥”

(ਅੰਗ ੯੪੯)

ਸਭ ਤੋਂ ਔਖਾ ਅਸਲ ਵਿੱਚ ਆਪਣੇ ਮਨ ਨੂੰ ਮਾਰਨਾ ਹੀ ਹੈ ਜੋ ਕਿ ਆਪਣੇ ਮੈਂ ਵਾਲੇ ਵਿਚਾਰਾਂ ਨੂੰ ਮਾਰਨਾ ਹੈ, ਆਪਣੀ ਮਨਮਤਿ ਨੂੰ ਛਡਣਾ ਹੈ। ਮੈਂ, ਹਉਮੈ ਉਸ ਦੀ ਹੀ ਮਰ ਸਕਦੀ ਹੈ ਜੋ ਸ਼ਬਦ ਦੇ ਵਿਚਾਰਾਂ ਨੂੰ ਮੰਨ ਲੈਂਦਾ ਹੈ। ਮੁਕਤੀ ਅਸੀਂ ਅਸਲ ਵਿੱਚ ਆਪਣੇ ਮਨ ਦੇ ਵਿਚਾਰਾਂ ਤੋਂ ਹੀ ਪਾਉਣੀ ਹੈ ਜਿਨ੍ਹਾਂ ਤੋਂ ਮੁਕਤੀ ਪਾਏ ਬਿਨਾਂ ਅਸੀਂ ਹਉਮੈ ਤੋਂ ਮੁਕਤਿ ਨਹੀਂ ਹੋ ਸਕਦੇ ਤੇ ਉਸ "ਸੁਖੁ" ਦੀ ਪ੍ਰਾਪਤੀ ਨਹੀਂ ਕਰ ਸਕਦੇ ਜਿਸ ਸੁਖੁ ਦੀ ਪ੍ਰਾਪਤੀ ਹਰ ਕੋਈ ਕਰਨਾ ਚਾਹੁੰਦਾ ਹੈ ਪਰ ਉਸ "ਸੁਖੁ" ਰੂਪ "ਪ੍ਰਮਾਤਮਾ" ਨੂੰ ਪ੍ਰਾਪਤ ਕਰਨ ਦੀ ਸੋਝੀ ਨਹੀਂ ਹੈ ਭਾਵ ਸਾਡੇ ਮਨ ਦੇ ਵਿਚਾਰ ਹੀ ਸਾਡਾ ਬੰਧਨ ਹਨ, ਸਾਡੇ ਅੰਦਰ ਦੀ ਬਾਧਾ ਹਨ ਜਿਨ੍ਹਾਂ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਭਰਮ ਵਿੱਚ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਭਰਮ ਵਿੱਚੋਂ ਨਿਕਲ ਸਕਦੇ ਹਾਂ। ਗੱਲ ਕੇਵਲ ਸ਼ਬਦ ਦੇ ਵਿਚਾਰਾਂ ਨੂੰ ਅਪਨਾਉਣ ਦੀ ਹੈ ਤੇ

ਆਪਣੇ ਵਿਚਾਰਾਂ ਨੂੰ ਛਡਣ ਦੀ ਹੈ। (**ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥ ਕਹਿਆ ਸਬਦੁ**

ਨ ਮਾਨਈ ਹਉਮੈ ਛਡੈ ਨ ਕੋਇ ॥ ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥ ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥2॥)

“ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥

ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥3॥”

(ਅੰਗ ੮੦੦)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਨਾਮ ਧਿਆਉਣਾ ਹੀ ਸਮਝਾਇਆ ਹੋਇਆ ਹੈ ਜੋ ਕਿ ਸਤਿਗੁਰ ਦੀ ਮਤਿ ਨੂੰ ਲੈਣ ਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦਾ ਹੈ। ਗੁਰੂ ਦੀ ਮਤਿ ਅਸੀਂ ਤਾਂ ਹੀ ਲੈ ਸਕਦੇ ਹਾਂ ਜੇਕਰ ਪਹਿਲਾਂ ਆਪਣੇ ਮਨ ਦੀ ਮਤਿ ਨੂੰ ਛਡਾਂਗੇ ਤੇ ਇਹੀ ਗੱਲ ਔਖੀ ਹੈ ਕਿਉਂਕਿ ਆਪਣੀ ਮਤਿ ਕੋਈ ਛਡਣਾ ਨਹੀਂ ਚਾਹੁੰਦਾ ਕਿਉਂਕਿ ਆਪਣੀ ਮਤਿ ਛਡਣ ਨਾਲ ਭਾਵ ਗੁਰੂ ਦੀ ਮਤਿ ਲੈਣ ਨਾਲ ਭਾਵ ਨਾਮ ਜਪਣ ਲਈ ਪਹਿਲਾਂ ਉਹ ਸਭ ਕੁਝ ਛਡਣਾ ਪੈਂਦਾ ਹੈ ਜਿਨ੍ਹਾਂ ਗੱਲਾਂ ਨੂੰ ਗੁਰੂ ਦੀ ਮਤਿ ਸਾਨੂੰ ਛਡਣ ਲਈ ਕਹਿੰਦੀ ਹੈ। ਗੁਰੂ ਦੀ ਮਤਿ ਸਾਨੂੰ ਬਾਰ-ਬਾਰ ਸਮਝਾਉਂਦੀ ਹੈ ਕਿ ਮਾਇਆ ਮੋਹ ਤਿਆਗੋ, ਤ੍ਰਿਸ਼ਨਾ ਤਿਆਗੋ, ਵਿਕਾਰਾਂ ਨੂੰ ਤਿਆਗੋ, ਭਗਤੀ ਦੇ ਦਿਖਾਵਿਆਂ ਨੂੰ ਤਿਆਗੋ, ਸਰੀਰਕ ਜਪ ਤਪ ਆਦਿ ਨੂੰ ਤਿਆਗੋ, ਮੂਰਤੀ ਪੂਜਾ ਆਦਿ ਨੂੰ ਤਿਆਗੋ, ਖਾਣੇ ਆਦਿ ਦੀ ਸੁਚਿ ਨੂੰ ਤਿਆਗੋ ਭਾਵ ਉਸ ਨੂੰ ਭਗਤੀ ਦਾ ਮਾਰਗ ਨਾ ਸਮਝੋ, ਕਿਸੇ ਖਾਸ ਵੇਲੇ ਨੂੰ ਉੱਚਾ ਨਾ ਮੰਨੋ ਭਾਵ ਇਹੋ ਜਿਹੀ ਮਤਿ ਨੂੰ, ਧਾਰਣਾ ਨੂੰ ਤਿਆਗੋ ਭਾਵ ਇਸ ਨੂੰ ਗੁਰਮਤਿ ਦੇ ਨਾਲ ਨ ਜੋੜੋ ਥਿਤਾਂ ਵਾਰਾਂ ਆਦਿ ਪੂਜਣ ਨੂੰ ਤਿਆਗੋ, ਗੁਰੂ ਤੋਂ ਬਿਨਾਂ ਕਿਸੇ ਹੋਰ ਨੂੰ ਸੰਤ ਆਦਿ ਸਮਝਣ ਤੋਂ ਤੇ ਉਸ ਨੂੰ ਪੂਜਣ ਤੋਂ ਬਚੋ ਭਾਵ ਕਿਸੇ ਦੇ ਵੀ ਕੋਲੋਂ ਉਹੋ ਜਿਹੀ ਮਤਿ ਨਾ ਲਵੋ ਜੋ ਗੁਰਮਤਿ ਤੇ ਪੂਰੀ ਨ ਉਤਰਦੀ ਹੋਵੇ। ਇਸੇ ਤਰ੍ਹਾਂ ਗੁਰਬਾਣੀ ਰਾਹੀਂ, ਗੁਰਮਤਿ ਰਾਹੀਂ ਜੋ ਕੁਝ ਵੀ ਸਮਝਾਇਆ ਹੈ ਉਹ ਸਭ ਕੁਝ ਸਾਡੇ ਲਈ ਮੰਨਣਾ ਜ਼ਰੂਰੀ ਹੈ ਭਾਵ ਸਾਡੇ ਲਈ ਹੁਕਮ ਹੈ। ਕੱਚੀਆਂ ਬਾਣੀਆਂ ਨਾਲ ਨ ਜੁੜਨਾ ਸਾਡੇ ਲਈ ਹੁਕਮ ਹੈ ਪਰ ਹਰ ਕੋਈ ਕਚਿਆਂ ਨਾਲ ਹੀ ਜੁੜਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਅਨੇਕਾਂ ਭਰਮਾਂ ਦਾ ਕਾਰਨ ਹੈ। ਗੁਰਮਤਿ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨਮਤਿ ਵਿੱਚੋਂ ਕੱਢਣ ਦਾ ਹੀ ਹੈ।

ਗੁਰਮਤਿ ਲੈਣੀ ਭਾਵ ਗੁਰਮਤਿ ਨੂੰ ਮੰਨਣਾ ਬਹੁਤ ਔਖਾ ਹੈ। ਗੁਰਮਤਿ ਹੀ ਨਾਮ ਹੈ ਤੇ ਇਸੇ ਲਈ

ਨਾਮ ਜਪਣਾ ਬਹੁਤ ਔਖਾ ਹੈ। ਬਿਨਾਂ ਮਨਮਤਿ ਛਡੇ ਕੋਈ ਨਾਮ ਨਹੀਂ ਜਪ ਸਕਦਾ ਕਿਉਂਕਿ ਗੁਰਮਤਿ ਨੂੰ ਆਪਣੇ ਅੰਦਰ ਵਸਾਉਣਾ ਹੀ ਨਾਮ ਧਿਆਉਣਾ ਹੈ। (**ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥ ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥3॥**)

ਸਾਡੇ ਮਨ ਨੂੰ ਨਿਰਮਲ ਗੁਰੂ ਦੇ ਸ਼ਬਦ ਨੇ ਹੀ ਕਰਨਾ ਹੈ, ਨਾਮ ਨੇ ਹੀ ਕਰਨਾ ਹੈ ਪਰ ਸਾਡਾ ਮਨ ਨਿਰਮਲ ਤਾਂ ਹੀ ਹੋਵੇਗਾ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ। ਸਾਡਾ ਮਨ ਅਪਵਿਤਰ ਇਸ ਲਈ ਹੈ ਕਿਉਂਕਿ ਅਸੀਂ ਸ਼ਬਦ ਦੀ ਗੱਲ ਮੰਨਦੇ ਨਹੀਂ, ਉਸ ਨੂੰ ਆਪਣੇ ਅੰਦਰ ਧਿਆਉਂਦੇ ਨਹੀਂ ਭਾਵ ਆਪਣੀ ਮਤਿ ਨੂੰ ਛਡਦੇ ਨਹੀਂ। ਸਾਡੀ ਅਪਵਿੱਤਰਤਾ ਦਾ ਕਾਰਣ ਸਾਡੀ ਮਨਮਤਿ ਹੀ ਹੈ ਜਿਸ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਤੋਂ ਦੂਰ ਰਹਿੰਦੇ ਹਾਂ ਤੇ ਭਗਤੀ ਦੇ ਉਹੋ ਜਿਹੇ ਤਰੀਕਿਆਂ ਨਾਲ ਜੁੜੇ ਰਹਿੰਦੇ ਹਾਂ ਜਿਨ੍ਹਾਂ ਵਿੱਚ ਕੇਵਲ ਮਨਮਤਿ ਹੈ, ਗੁਰਮਤਿ ਨਹੀਂ ਹੈ। ਗੁਰਮਤਿ ਕੇਵਲ ਉਥੇ ਹੈ ਜਿਥੇ ਕੇਵਲ ਸ਼ਬਦ ਦੀ ਵੀਚਾਰ ਹੈ ਭਾਵ ਸ਼ਬਦ ਵਾਲੀ ਸੋਝੀ ਹੈ। ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤੇ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ ਕਿ ਗੁਰੂ ਦੇ ਨਾਮ ਨੂੰ, ਸ਼ਬਦ ਨੂੰ ਧਿਆਉਣਾ ਕੀ ਹੈ ਤੇ ਉਸ ਦਾ ਮਕਸਦ ਕੀ ਹੈ।

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ - ੨੭)

ਮੁਖ ਸ਼ਬਦ ਰਾਹੀਂ ਅਸੀਂ ਭਗਤੀ ਦਾ ਮਾਰਗ ਹੀ ਸਮਝ ਰਹੇ ਹਾਂ, ਮਨ ਦਾ ਨਿਰਮਲ ਹੋਣਾ ਹੀ ਸਮਝ ਰਹੇ ਹਾਂ। ਮਨ ਨੂੰ ਨਿਰਮਲ ਕਰਨ ਦਾ ਤਰੀਕਾ ਸ਼ਬਦ ਦੀ ਵਿਚਾਰ ਨੂੰ ਮੰਨਣ ਦਾ ਹੀ ਹੈ ਭਾਵ ਨਾਮ ਨੂੰ ਧਿਆਉਣ ਦਾ ਹੀ ਹੈ ਤੇ ਇਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ। ਜੇਕਰ ਅਸੀਂ ਕੇਵਲ ਤੇ ਕੇਵਲ ਸ਼ਬਦ ਦੀ ਵਿਚਾਰ ਨੂੰ ਮੰਨਦੇ ਹਾਂ ਤਾਂ ਫਿਰ ਅਸੀਂ ਗੁਰੂ ਪ੍ਰਮਾਤਮਾ ਦੀ ਸੇਵਾ ਕਰਦੇ ਹਾਂ ਭਾਵ ਕੇਵਲ ਉਸੇ ਨੂੰ ਪੂਜਦੇ ਹਾਂ ਭਾਵ ਕੇਵਲ ਨਾਮ ਨੂੰ ਜਪਦੇ ਹਾਂ। ਮੁਖ ਸ਼ਬਦ ਰਾਹੀਂ ਸਾਨੂੰ ਇਸੇ ਗੱਲ ਲਈ ਸੁਚੇਤ ਕੀਤਾ ਹੋਇਆ ਹੈ ਕਿ ਸਾਨੂੰ ਗੁਰੂ ਤੋਂ ਬਿਨਾਂ ਕਿਸੇ ਹੋਰ ਦੀ ਸੇਵਾ ਨਹੀਂ ਕਰਨੀ ਚਾਹੀਦੀ ਭਾਵ ਗੁਰੂ ਤੋਂ ਬਿਨਾਂ ਕਿਸੇ ਹੋਰ ਦੀ ਮਤਿ ਦੇ ਪਿਛੇ ਨਹੀਂ ਲਗਣਾ ਚਾਹੀਦਾ। (**ਏਕੋ ਸੇਵਹੁ ਅਵਰੁ ਨ ਕੋਇ ॥ ਜਿਤੁ ਸੇਵਿਐ ਸਦਾ ਸੁਖੁ ਹੋਇ ॥ ਨਾ ਓਹੁ ਮਰੈ ਨ ਆਵੈ ਜਾਇ ॥ ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥2॥**)

34/3987

{ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥
ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹ ਅਛਾਦਿਓ ਪ੍ਰਾਨੀ ॥੨॥}

(ਅੰਗ ੩੭੬)

ਭਗਤੀ ਦਾ ਮਾਰਗ ਸੱਚ ਤੇ ਚੱਲਣ ਦਾ ਮਾਰਗ ਹੈ ਤੇ ਸੱਚ ਤੇ ਤਾਂ ਹੀ ਚਲਿਆ ਜਾ ਸਕਦਾ ਹੈ ਜਦੋਂ ਸਾਡੇ ਅੰਦਰ ਸੱਚ ਦੀ ਸਮਝ ਹੋਵੇਗੀ ਕਿ ਸੱਚ ਕੀ ਹੈ। ਸੱਚ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ। ਸਚੁ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਸੱਚ ਦੇ ਰੂਪ ਵਿੱਚ ਹੀ ਹੈ। ਸੱਚ ਹੀ ਨਾਮ ਹੈ ਤੇ ਨਾਮ ਹੀ ਆਪ ਪ੍ਰਮਾਤਮਾ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੇ ਨਾਮ ਰੂਪ ਵਿੱਚ ਹੀ ਹੈ। ਸਾਨੂੰ ਸੱਚ ਦੀ ਪ੍ਰਾਪਤੀ ਹੋਣੀ, ਨਾਮ ਦੀ ਪ੍ਰਾਪਤੀ ਹੋਣੀ ਜਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਣੀ ਇਕੋ ਹੀ ਗੱਲ ਹੈ। ਗੁਰੂ ਸਦਾ ਹੀ ਪ੍ਰਮਾਤਮਾ ਦੇ ਨਾਲ ਮਿਲਿਆ ਹੋਇਆ ਹੈ ਜਿਸ ਲਈ ਉਸ ਕੋਲ ਸੱਚ ਰੂਪ ਸੋਝੀ ਹੈ, ਨਾਮ ਰੂਪ ਸੋਝੀ ਹੈ ਭਾਵ ਬ੍ਰਹਮ ਗਿਆਨ ਰੂਪ ਸੋਝੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਸੱਚ ਨੂੰ ਜਾਨਣ ਲਈ, ਨਾਮ ਨੂੰ ਜਾਨਣ ਲਈ ਭਾਵ ਭਗਤੀ ਦਾ ਸੱਚਾ ਮਾਰਗ ਜਾਨਣ ਲਈ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜੀਏ ਨਾ ਕਿ ਕਿਸੇ ਹੋਰ ਦੀ ਮਤਿ ਦੇ ਨਾਲ ਜੋ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ।

"ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥
ਗੁਰਮੁਖਿ ਨਾਮੁ ਪਰਾਪਤਿ ਹੋਇ ॥ ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥"

"ਸਾਚੁ" ਰੂਪ ਪ੍ਰਮਾਤਮਾ ਆਪ ਹੈ ਤੇ ਕੇਵਲ ਉਹੀ ਮਨੁੱਖ ਸੱਚਾ ਬਣ ਸਕਦਾ ਹੈ ਭਾਵ ਸੱਚ ਦੀ ਸੋਝੀ ਵਾਲਾ ਬਣ ਸਕਦਾ ਹੈ, ਨਾਮ ਦੀ ਸੋਝੀ ਵਾਲਾ ਬਣ ਸਕਦਾ ਹੈ ਜੋ ਉਸ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦਾ ਹੈ ਭਾਵ ਜਿਸ ਨੂੰ ਆਪਣੇ ਮਨ ਦੀ ਸਮਝ ਪੈ ਜਾਂਦੀ ਹੈ ਕਿ ਇਹ ਮਨ ਕੀ ਹੈ ਤੇ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਕਿਸ ਨੂੰ ਆਪਣਾ ਜਨ ਬਣਾਉਂਦਾ ਹੈ। ਆਪਾ ਉਸ ਦਾ ਹੀ ਮਰਦਾ ਹੈ ਭਾਵ ਹਉਮੈ ਉਸ ਦੀ ਹੀ ਖਤਮ ਹੁੰਦੀ ਹੈ, ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਉਸ ਦੀ ਹੀ ਖਤਮ ਹੁੰਦੀ ਹੈ ਭਾਵ ਭਰਮ ਵਾਲੀ ਅਵਸਥਾ, ਭਰਮ ਵਾਲੇ

34/3988

ਵਿਚਾਰ ਉਸ ਦੇ ਹੀ ਦੂਰ ਹੁੰਦੇ ਹਨ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ। ਇਹੀ ਸਹਜ ਦੀ ਅਵਸਥਾ ਦੀ ਪ੍ਰਾਪਤੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਹੈ ਜਿਸ ਦੁਆਰਾ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਦਾ ਹੈ ਤੇ ਉਸ ਦੇ ਅੰਦਰ ਨਾਮ ਵਾਲੀ ਅਵਸਥਾ ਵੱਸ ਜਾਂਦੀ ਹੈ ਭਾਵ ਮਨੁੱਖ ਹਉਮੈ ਵਾਲੇ ਵਿਚਾਰਾਂ ਵਿੱਚੋਂ ਨਿਕਲ ਕੇ ਨਾਮ ਵਾਲੇ ਵਿਚਾਰਾਂ ਵਿੱਚ ਸਮਾ ਜਾਂਦਾ ਹੈ, ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਨਿਕਲਕੇ ਸੱਚੇ ਗਿਆਨ ਵਾਲੇ ਵਿਚਾਰਾਂ ਵਿੱਚ ਸਮਾ ਜਾਂਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਸੱਚ ਦੇ ਨਾਲ ਜੋੜਦਾ ਹੈ, ਸ਼ਬਦ ਰੂਪ ਵਿਚਾਰਾਂ ਦੇ ਨਾਲ ਜੋੜਦਾ ਹੈ ਜਿਨ੍ਹਾਂ ਅੰਦਰ ਪੂਰਨ ਸੱਚ ਹੈ, ਜੋ ਵਿਚਾਰ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੁੰਦੇ ਹਨ। (**ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥**) ਜਿਸ ਨੂੰ ਪ੍ਰਮਾਤਮਾ ਆਪਣਾ ਮੇਲ ਬਖਸ਼ਦਾ ਹੈ ਉਹੀ ਉਸ ਦਾ ਗੁਰਮੁਖਿ ਰੂਪ ਬਣਦਾ ਹੈ। ਨਾਮ ਦੀ ਪ੍ਰਾਪਤੀ ਹੋਣਾ ਹੀ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣਨਾ ਹੈ ਤੇ ਉਸ ਤੋਂ ਪਹਿਲੇ ਹਰ ਕੋਈ ਮਨਮੁਖਿ ਹੀ

ਹੈ ਭਾਵ ਹਉਮੈ ਵਿੱਚ ਹੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਹੈ, ਮਨ ਦੇ ਭਰਮ ਵਿੱਚ ਹੀ ਹੈ। ਜਿਸ ਨੂੰ ਪ੍ਰਮਾਤਮਾ ਨਿਰਮਲ ਬਣਾਉਂਦਾ ਹੈ ਉਸ ਨੂੰ ਆਪਣਾ ਨਾਮ ਬਖਸ਼ਕੇ ਹੀ ਬਣਾਉਂਦਾ ਹੈ। "ਨਿਰਮਲੁ" ਰੂਪ ਪ੍ਰਮਾਤਮਾ ਆਪ ਹੈ ਤੇ ਜਿਸ ਮਨ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ ਉਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਦਾ "ਨਿਰਮਲੁ" ਰੂਪ ਸਾਡਾ ਮਨ ਹੈ ਜਿਸ ਰਾਹੀਂ ਪ੍ਰਮਾਤਮਾ ਸਾਡੇ ਅੰਦਰ ਵੱਸਿਆ ਹੋਇਆ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦਾ ਇਹ "ਨਿਰਮਲੁ" ਰੂਪ ਹੀ ਉਸ ਦਾ "ਸਚੁ" ਰੂਪ ਹੈ। ਪ੍ਰਮਾਤਮਾ ਦਾ ਸਚੁ ਰੂਪ ਹੀ ਉਸ ਦਾ ਨਾਮ ਰੂਪ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ ਜਿਸ ਤੋਂ ਉੱਚਾ ਹੋਰ ਕੋਈ ਗਿਆਨ ਨਹੀਂ ਹੋ ਸਕਦਾ ਜੋ ਗਿਆਨ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਪ੍ਰਮਾਤਮਾ ਆਪਣੇ ਇਸ ਉਚੇ ਗਿਆਨ ਦੁਆਰਾ "ਸਚੁ" ਹੈ, "ਨਿਰਮਲੁ" ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣਾ ਨਿਰਮਲੁ ਰੂਪ ਪ੍ਰਗਟ ਕਰਦਾ ਹੈ ਉਹ ਮਨੁੱਖ ਹੀ ਮਨ ਦੀ ਪਵਿੱਤਰਤਾ ਰਾਹੀਂ ਵਿਚਰਦਾ ਹੈ ਜਿਸ ਦੁਆਰਾ ਉਸ ਦੀ ਭਗਤੀ ਹੁੰਦੀ ਹੈ ਜੋ ਭਗਤੀ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਦੀ ਭਗਤੀ ਉਸ ਨੂੰ ਆਪਣੇ ਅੰਦਰੋਂ ਦੇਖਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਜਾਣਿਆ ਹੈ। ਪ੍ਰਮਾਤਮਾ ਦੀ ਭਗਤੀ ਨਾਮ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ, "ਨਿਰਮਲੁ ਮਨੁ" ਦੁਆਰਾ ਹੀ ਹੁੰਦੀ ਹੈ ਜਿਹੋ ਜਿਹੀ ਭਗਤੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤੀ ਹੈ। (**ਗੁਰਮੁਖਿ ਨਾਮੁ ਪਰਾਪਤਿ ਹੋਇ ॥ ਮਨੁ ਨਿਰਮਲੁ ਨਿਰਮਲ ਸਚੁ ਸੋਇ ॥3॥**)

34/3989

(ਭਗਤਿ ਕਰਹਿ ਜਨ ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ ਧੂਰਿ ॥

ਹਰਿ ਸੇਤੀ ਸਦ ਰਹਹਿ ਲਿਵ ਲਾਇ ॥ ਪੂਰੈ ਸਤਿਗੁਰਿ ਦੀਆ ਬੁਝਾਇ ॥੧॥)

ਜਿਸ ਨੂੰ "ਨਾਮੁ" ਦੀ ਪ੍ਰਾਪਤੀ ਹੁੰਦੀ ਹੈ "ਸਚੁ" ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਉਸ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਕਿਸ ਰੂਪ ਵਿੱਚ ਨਜ਼ਰ ਆਉਂਦਾ ਹੈ, ਨਾਮ ਰਾਹੀਂ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਤੇ ਵਿਸ਼ਵਾਸ ਕਰ ਸਕੀਏ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਤੇ ਹਰ ਵਸਤੂ ਦੇ ਅੰਦਰ ਕਿਸ ਰੂਪ ਵਿੱਚ ਹੈ ਤੇ ਉਨ੍ਹਾਂ ਦੇ ਪਾਏ ਹੋਏ ਭਰਮਾਂ ਵਿਚੋਂ ਨਿਕਲੀਏ ਜੋ ਪ੍ਰਮਾਤਮਾ ਦੀ ਹੋਂਦ ਕਿਸੇ ਸਰਗੁਣ ਰੂਪ ਵਿੱਚ ਦਸਦੇ ਹਨ, ਆਕਾਰ ਰੂਪ ਵਿੱਚ ਦਸਦੇ ਹਨ ਭਾਵ ਪੰਜਾਂ ਤੱਤਾਂ ਵਿੱਚ ਦਸਦੇ ਹਨ।

"ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਨੁ ॥ ਸਾਚ ਸਬਦਿ ਪ੍ਰਭੁ ਏਕੁ ਸਿਵਾਨੁ ॥

ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥"

ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਵਿਚਰਦਾ ਹੈ। ਪ੍ਰਮਾਤਮਾ ਗਿਆਨ ਦਾ ਸ੍ਰੋਤ ਹੈ, ਗਿਆਨ ਦਾ ਮਾਲਕ ਹੈ ਭਾਵ ਸੰਸਾਰ ਵਿੱਚ ਜੋ ਵੀ ਗਿਆਨ ਆਇਆ ਹੈ ਜਾਂ ਆ ਰਿਹਾ ਹੈ ਉਹ ਸਭ ਇੱਕੋ ਇੱਕ ਪ੍ਰਮਾਤਮਾ ਦੇ ਕੋਲੋਂ ਹੀ ਆ ਰਿਹਾ ਹੈ ਜੋ ਕਿ ਆਪ ਨਿਰਗੁਣ ਰੂਪ ਹੈ। ਨਿਰਗੁਣ ਰੂਪ ਪੰਜਾਂ ਤੱਤਾਂ ਤੋਂ ਬਾਹਰ ਹੈ ਜਿਸ ਦਾ ਆਪਣਾ ਕੋਈ ਰੂਪ ਰੇਖ ਨਹੀਂ ਹੁੰਦਾ ਜਿਸ ਨੂੰ ਸਰੀਰਕ ਅੱਖਾਂ ਨਾਲ ਦੇਖਿਆ ਨਹੀਂ ਜਾ ਸਕਦਾ। ਸਾਡੇ ਅੰਦਰ ਨਿਰਗੁਣ ਰੂਪ ਸਾਡਾ ਮਨ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਤੇ ਮਨ ਦਾ ਮਕਸਦ ਕੇਵਲ ਗਿਆਨ ਦੇ ਨਾਲ ਹੈ। ਸਾਡੇ ਅੰਦਰ ਗਿਆਨ ਪੈਦਾ ਵੀ ਮਨ ਦੇ ਵਿੱਚੋਂ ਹੁੰਦਾ ਹੈ ਤੇ ਗਿਆਨ ਨੂੰ ਸਮਝਿਆ ਵੀ ਕੇਵਲ ਮਨ ਦੁਆਰਾ ਹੀ ਜਾ ਸਕਦਾ ਹੈ। ਪ੍ਰਮਾਤਮਾ ਨੂੰ ਇਸੇ ਲਈ ਜਾਨਣ ਦਾ ਸਾਧਨ ਕੇਵਲ ਤੇ ਕੇਵਲ ਸਾਡਾ ਮਨ ਹੈ ਜੋ ਕਿ ਗਿਆਨ ਰੂਪ ਹੈ। ਪ੍ਰਮਾਤਮਾ ਦਾ ਸਾਰਾ ਭੇਦ ਸਾਡੇ ਮਨ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਥੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਜਿਸ ਨੇ ਪ੍ਰਮਾਤਮਾ ਨੂੰ ਅੱਜ ਤੱਕ ਜਾਣਿਆ ਹੈ, ਮਨ ਦੇ ਰਾਹੀਂ ਹੀ ਜਾਣਿਆ ਹੈ ਭਾਵ ਮਨ ਦੇ ਗਿਆਨ ਰਾਹੀਂ ਹੀ ਜਾਣਿਆ ਹੈ। ਗਿਆਨ ਦੇ ਸ੍ਰੋਤ ਨੂੰ ਜਾਣੇ ਬਿਨਾ

34/3990

ਅਸੀਂ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਨਹੀਂ ਜਾਣ ਸਕਦੇ ਕਿ ਇਹ ਸਾਰਾ ਗਿਆਨ ਕਿਥੋਂ ਆਉਂਦਾ ਹੈ ਭਾਵ ਇਸ ਗਿਆਨ

ਦਾ ਮਾਲਕ ਕੌਣ ਹੈ। ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਮਨ ਦੇ ਗਿਆਨ ਰਾਹੀਂ ਹੀ ਕਰਦੇ ਹਾਂ। ਜਦ ਤਕ ਅਸੀਂ ਆਪਣੇ ਅੰਦਰੋਂ ਉਸ ਗਿਆਨ ਦੇ ਸ੍ਰੋਤ ਨੂੰ ਨਹੀਂ ਜਾਣਦੇ ਤਦ ਤਕ ਸਾਨੂੰ ਇਹੀ ਮਹਿਸੂਸ ਹੁੰਦਾ ਹੈ ਕਿ ਇਹ ਵਿਚਾਰ ਸਾਡੇ ਆਪਣੇ ਹਨ ਤੇ ਅਸੀਂ ਜੋ ਕੁਝ ਕਰ ਰਹੇ ਹਾਂ ਉਹ ਆਪ ਹੀ ਕਰ ਰਹੇ ਹਾਂ। ਇਹੀ ਸਾਡੇ ਅੰਦਰ ਦੀ ਮੈਂ ਹੈ, ਹਉਮੈ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਤੇ ਪ੍ਰਮਾਤਮਾ ਨੂੰ ਆਪਣੇ ਆਪ ਤੋਂ ਵੱਖਰਾ ਸਮਝਦੇ ਹਾਂ ਪਰ ਉਹ ਪ੍ਰਮਾਤਮਾ ਤਾਂ ਸਭ ਕੁਝ ਆਪ ਹੀ ਹੈ ਜਿਸ ਵਿੱਚ ਅਸੀਂ ਵੀ ਆਉਂਦੇ ਹਾਂ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਸਾਡੇ ਅੰਦਰ ਦਾ ਭਰਮ ਹੈ ਜੋ ਕਿ ਪ੍ਰਮਾਤਮਾ ਨੇ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਗਿਆਨ ਰਾਹੀਂ, ਮਨ ਦੀ ਸੋਝੀ ਰਾਹੀਂ ਭਾਵ ਸਾਡੀ ਸੋਚ ਰਾਹੀਂ ਆਪ ਹੀ ਸਾਡੇ ਅੰਦਰ ਪਾਇਆ ਹੋਇਆ ਹੈ। ਜਦੋਂ ਪ੍ਰਮਾਤਮਾ ਕਿਸੇ ਦੇ ਨਾਲ ਮੇਲ ਕਰਦਾ ਹੈ ਉਹ ਮਨ ਦੇ ਵਿੱਚ ਨਿਰਗੁਣ ਰੂਪ ਰਾਹੀਂ ਹੀ ਕਰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਨਾਮ ਬਖਸ਼ਦਾ ਹੈ, ਸੱਚ ਬਖਸ਼ਦਾ ਹੈ ਜਿਸ ਦੁਆਰਾ ਉਹ ਮਨੁੱਖ ਦਾ ਭਰਮ ਦੂਰ ਕਰਦਾ ਹੈ ਕਿ ਮਨੁੱਖ ਅਸਲ ਵਿੱਚ ਕੀ ਹੈ, ਉਹ ਕਿਸ ਦਾ ਰੂਪ ਹੈ ਭਾਵ ਉਸ ਨੂੰ ਕਿਸ ਨੇ ਬਣਾਇਆ ਹੈ ਤੇ ਕੌਣ ਉਸ ਨੂੰ ਚਲਾ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। ਪ੍ਰਮਾਤਮਾ ਦਾ ਨਾਮ, ਉਸ ਦਾ ਸੱਚ ਉਸ ਦਾ ਗਿਆਨ ਰੂਪ ਹੈ ਭਾਵ ਪ੍ਰਮਾਤਮਾ ਜਿਸ ਨੂੰ ਆਪਣਾ ਨਾਮ ਬਖਸ਼ਦਾ ਹੈ ਉਸ ਨੂੰ ਆਪਣਾ ਗਿਆਨ ਹੀ ਬਖਸ਼ਦਾ ਹੈ ਜਿਵੇਂ ਕਿ ਸਾਨੂੰ ਉਪਰ ਪਦੇ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਮਨ ਦੇ ਵਿੱਚ ਆਪਣੇ ਆਪ ਦੀ ਸੋਝੀ ਮਨ ਦੇ ਵਿੱਚ ਗਿਆਨ ਰੂਪ ਦੁਆਰਾ ਹੀ ਪਾਉਂਦਾ ਹੈ ਜੋ ਕਿ ਇਕ ਬਹੁਤ ਵੱਡਾ ਵਿਸਮਾਦ ਹੈ, ਸੰਸਾਰ ਦਾ ਇਕੋ ਇਕ ਅਸਚਰਜ ਹੈ ਜਿਸ ਨੂੰ ਕੇਵਲ ਉਹੀ ਜਾਣ ਸਕਦਾ ਹੈ ਜਿਸ ਮਨ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਇਹ ਗੱਲ ਕਿਸੇ ਨੂੰ ਸਮਝਾਉਣੀ ਬਹੁਤ ਔਖੀ ਹੈ, ਬਿਆਨ ਕਰਨੀ ਬਹੁਤ ਔਖੀ ਹੈ। ਉਹ ਮਨ ਦੇ ਵਿਚਾਰਾਂ ਰਾਹੀਂ ਮਨੁੱਖ ਨੂੰ ਹਕੀਕਤ ਵਿੱਚ ਕਟਪੁਤਲੀ ਬਣਾ ਕੇ ਦਿਖਾਉਂਦਾ ਹੈ ਜਿਸ ਦੁਆਰਾ ਉਸ ਮਨੁੱਖ ਨੂੰ ਵਿਸ਼ਵਾਸ ਆਉਂਦਾ ਹੈ ਕਿ ਮਨ ਦੇ ਅੰਦਰ ਇਹ ਵਿਚਾਰ ਮੇਰੇ ਨਹੀਂ ਹਨ, ਇਹਨਾਂ ਵਿਚਾਰਾਂ ਵਿੱਚ ਪ੍ਰਮਾਤਮਾ ਆਪ ਹੈ ਜਿਸ ਰਾਹੀਂ ਹਰ ਕੋਈ ਉਸ ਦੇ ਹੁਕਮ ਅਨੁਸਾਰ ਵਿਚਰ ਰਿਹਾ ਹੈ ਪਰ ਕਿਸੇ ਨੂੰ ਉਹ ਇਸ ਗੱਲ ਦੀ ਸਮਝ ਨਹੀਂ ਪੈਣ ਦਿੰਦਾ ਕਿ ਉਸ ਨੇ ਕਿਸ ਤਰੀਕੇ ਸਭ ਨੂੰ ਭਰਮ ਵਿੱਚ, ਹਉਮੈ ਵਿੱਚ, ਤ੍ਰੈ ਗੁਣਾਂ ਵਿੱਚ, ਪੁੱਠੇ ਕਮਲ ਵਾਲੀ ਅਵਸਥਾ

34/3991

ਵਿੱਚ ਰਖਿਆ ਹੋਇਆ ਹੈ। ਮਨੁੱਖ ਜੋ ਕੁਝ ਵੀ ਹੈ ਉਹ ਮਨ ਦੇ ਗਿਆਨ ਰਾਹੀਂ ਹੈ ਤੇ ਮਨ ਦੇ ਵਿੱਚ ਜੋ ਗਿਆਨ ਆਉਂਦਾ ਹੈ ਉਹ ਗਿਆਨ ਸਾਡਾ ਆਪਣਾ ਨਹੀਂ ਹੈ ਤੇ ਸਾਡੇ ਅੰਦਰ ਇਹ ਗਿਆਨ ਪਾਉਣ ਵਾਲਾ ਪ੍ਰਮਾਤਮਾ ਆਪ ਹੈ। ਇਸੇ ਲਈ ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ ਨੇ ਉਸ ਗਿਆਨ ਨੂੰ ਆਪਣਾ ਨਹੀਂ ਕਿਹਾ, ਗੁਰੂ ਆਪਣੇ ਆਪ ਨੂੰ ਨਹੀਂ ਕਿਹਾ ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਉਸ ਗਿਆਨ ਦੇ ਸ੍ਰੋਤ ਨੂੰ, ਮਾਲਕ ਨੂੰ ਪਹਿਚਾਣਿਆ ਹੋਇਆ ਹੈ ਜੋ ਕਿ ਪ੍ਰਮਾਤਮਾ ਆਪ ਹੀ ਹੈ। (**ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥**) ਮਨ ਦੇ ਵਿੱਚ ਪ੍ਰਮਾਤਮਾ ਆਪਣਾ ਗਿਆਨ ਸ਼ਬਦਾਂ ਦੇ ਰੂਪ ਵਿੱਚ ਦਿੰਦਾ ਹੈ। ਪੂਰੀ ਗੁਰਬਾਣੀ ਵਿੱਚ ਗਿਆਨ ਸ਼ਬਦਾਂ ਦੇ ਰੂਪ ਵਿੱਚ ਹੀ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ। ਸ਼ਬਦਾਂ ਰਾਹੀਂ ਸਾਨੂੰ ਸੋਝੀ ਹੀ ਪੈਂਦੀ ਹੈ ਤੇ ਉਸ ਸੋਝੀ ਦੇ ਵਿੱਚ ਭਾਵ ਸ਼ਬਦਾਂ ਦੇ ਗਿਆਨ ਦੇ ਵਿੱਚ ਪ੍ਰਮਾਤਮਾ ਆਪ ਹੈ। ਇਹੀ ਪ੍ਰਮਾਤਮਾ ਦਾ ਸ਼ਬਦ ਰੂਪ ਹੈ, ਗੁਰੂ ਰੂਪ ਹੈ, ਨਾਮ ਰੂਪ ਹੈ, ਸੱਚ ਰੂਪ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਹੈ। (**ਸਾਚ ਸਬਦਿ ਪ੍ਰਭੁ ਏਕੁ ਸਿਵਾਣੁ ॥**)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥ }

(ਅੰਗ ੧੨੦)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥

ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ ੪੫੬)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

ਸ਼ਬਦ ਦੇ ਗਿਆਨ ਰਾਹੀਂ ਜੋ ਸਾਨੂੰ ਮਨ ਦੇ ਵਿੱਚ ਸੋਝੀ ਪੈਂਦੀ ਹੈ ਉਹ ਸ਼ਬਦ ਦਾ "ਰਸੁ" ਹੈ। ਇਹ ਸ਼ਬਦ ਦਾ ਰਸ ਹੀ "ਹਰਿ ਰਸੁ" ਹੈ ਭਾਵ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਰਸੁ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹਰਿ ਰਸੁ ਇਸੇ ਰੂਪ

34/3992

ਵਿੱਚ ਹੈ ਜਿਸ ਨੂੰ ਕਿ ਸਾਡੇ ਮਨ ਨੇ ਚਖਣਾ ਹੈ ਜਿਸ ਦਾ ਮਕਸਦ ਸਾਨੂੰ ਸੋਝੀ ਪਾਉਣ ਨਾਲ ਹੈ। ਜਿਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਨ੍ਹਾਂ ਨੇ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਕੋਲੋਂ ਇਹ "ਹਰਿ ਰਸੁ" ਹੀ ਚਖਿਆ ਹੈ ਜਿਸ ਦੁਆਰਾ ਉਹਨਾਂ ਨੂੰ ਗੁਰਮਤਿ ਦੀ ਸੱਚੀ ਸੋਝੀ ਪਈ ਹੈ, ਸ਼ਬਦ ਦੇ ਵਿਚਾਰਾਂ ਦੀ ਸੋਝੀ ਪਈ ਹੈ। ਇਹੀ ਪ੍ਰਮਾਤਮਾ ਦਾ ਨਾਮ ਰਸ ਹੈ ਜਿਸ ਦਾ ਮਕਸਦ ਸਾਨੂੰ ਸੱਚੇ ਗਿਆਨ ਦੀ ਸੋਝੀ ਪਾਉਣਾ ਹੀ ਹੈ। ਮਨ ਦੇ ਵਿੱਚ ਇਸ ਸੱਚੇ ਗਿਆਨ ਦੀ ਸੋਝੀ ਦੁਆਰਾ ਹੀ, "ਸੁਧਿ" ਦੁਆਰਾ ਹੀ ਮਨੁੱਖ ਪ੍ਰਮਾਤਮਾ ਦੇ ਨਾਮ ਦੇ ਵਿੱਚ ਰਤਿਆ ਜਾਂਦਾ ਹੈ ਤੇ ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ, ਪ੍ਰਮਾਤਮਾ ਦੇ ਸਚੁ ਰੂਪ ਵਿੱਚ ਮਿਲ ਜਾਂਦਾ ਹੈ। (**ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ ਨਾਨਕ ਨਾਮਿ ਰਤੇ ਸਚੁ ਸੋਇ ॥4॥8॥**)

ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਦੇ ਸ਼ਬਦ ਹਨ, ਉਸ ਦੇ ਬੋਲ ਹਨ, ਉਸ ਦੇ ਬਚਨ ਹਨ ਤੇ ਜੋ ਗੁਰੂ ਦੇ ਬਚਨਾਂ ਨੂੰ ਮੰਨਦਾ ਹੈ ਭਾਵ ਉਨ੍ਹਾਂ ਤੇ ਅਮਲ ਕਰਦਾ ਹੈ, ਉਹੀ ਹਰਿ ਰਸ ਚਖਦਾ ਹੈ। ਕੋਈ ਵਡਭਾਗੀ ਹੀ ਇਸ ਹਰਿ ਰਸੁ ਨੂੰ ਖਾਂਦਾ ਹੈ ਜੋ ਕਿ ਪ੍ਰਮਾਤਮਾ ਦਾ ਗਿਆਨ ਰੂਪ ਭੋਜਨ ਹੈ, ਅੰਮ੍ਰਿਤ ਭੋਜਨ ਹੈ ਜੋ ਸਾਡੇ ਮਨ ਦੇ ਛਕਣ ਦੇ ਲਈ ਹੈ। (**ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥ ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥2॥**) ਅੰਗ - 41 ਪ੍ਰਮਾਤਮਾ ਸਭ ਜਗ੍ਹਾ ਤੇ ਸਭ ਵਿੱਚ "ਹਰਿ ਰਸੁ" ਦੁਆਰਾ ਹੀ ਵੱਸਿਆ ਹੋਇਆ ਹੈ ਜੋ ਕਿ ਉਸ ਦਾ ਗਿਆਨ ਰੂਪ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਚਲਾ ਰਿਹਾ ਹੈ। ਜਿਨ੍ਹਾਂ ਦੇ ਭਾਗ ਮਾੜੇ ਹਨ ਉਹ ਗੁਰੂ ਦੇ ਸੱਚੇ ਗਿਆਨ ਨਾਲ ਨਹੀਂ ਜੁੜਦੇ ਭਾਵ ਗੁਰੂ ਦੇ ਬਚਨਾਂ ਨੂੰ ਨਹੀਂ ਮੰਨਦੇ ਤੇ ਕਥਨੀ ਨਾਲ ਹੀ ਜੁੜੇ ਰਹਿੰਦੇ ਹਨ, ਕਿਸੇ ਅੱਖਰ ਦੇ ਜਪ ਵਿੱਚ ਹੀ ਹਰਿ ਰਸੁ ਸਮਝਦੇ ਹਨ। ਪ੍ਰਮਾਤਮਾ ਦੇ ਦਰਸ਼ਨ ਇਹ "ਹਰਿ ਰਸੁ" ਚਖਣ ਦੁਆਰਾ ਹੀ ਹੁੰਦੇ ਹਨ ਜਿਸ ਰੂਪ ਵਿੱਚ ਉਹ ਸਾਡੇ ਸਭ ਦੇ ਅੰਦਰ ਹੈ। (**ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥ ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥ ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥3॥**) ਗੁਰੂ ਦੇ ਬਚਨਾਂ ਨੂੰ ਮੰਨਣਾ ਹੀ ਗੁਰੂ ਦੇ ਅੱਗੇ ਨਿਵਣਾ ਹੈ।

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥}

(ਅੰਗ ੧੦੬੯)

34/3993

ਜੋ "ਹਰਿ ਰਸੁ" ਹੈ ਓਹੀ "ਗਿਆਨ ਰਤਨੁ" ਹੈ। ਦੋਨਾਂ ਤੋਂ ਭਾਵ ਸਾਨੂੰ ਸ਼ਬਦ ਦੀ ਸੋਝੀ ਪਾਉਣ ਨਾਲ ਹੈ, ਸੱਚੇ ਗਿਆਨ

ਦੀ ਸੋਝੀ ਪਾਉਣ ਨਾਲ ਹੈ ਜਿਸ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ, ਭਰਮ ਵਿੱਚੋਂ ਕੱਢਣ ਦਾ ਹੈ ਭਾਵ ਸੱਚ ਸਮਝਾਉਣ ਦੇ ਨਾਲ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਅਗਿਆਨਤਾ ਦੀ, ਭਰਮ ਦੀ, ਮਾਇਆ ਮੋਹ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਤੇ ਜਿਸ ਨੂੰ ਪ੍ਰਮਾਤਮਾ ਨੀਂਦ ਤੋਂ ਜਗਾਉਂਦਾ ਹੈ, ਜਨਮਾਂ ਜਨਮਾਂ ਦੀ ਨੀਂਦ ਤੋਂ ਜਗਾਉਂਦਾ ਹੈ ਉਸ ਦੇ ਅੰਦਰ ਆਪਣੇ ਆਪ ਨੂੰ ਗਿਆਨ ਰਤਨੁ ਦੇ ਰੂਪ ਵਿੱਚ ਹੀ, ਨਾਮ ਪਦਾਰਥ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਆਪਣੀ ਸੱਚੀ ਸੋਝੀ ਪਾਉਂਦਾ ਹੈ ਤੇ ਫਿਰ ਉਸ ਤੋਂ ਬਾਦ ਮਨੁੱਖ ਫਿਰ ਸਦਾ ਤੋਂ ਹੀ ਜਾਗਦਾ ਰਹਿੰਦਾ ਹੈ। ਸੱਚੀ ਸੋਝੀ ਦੇ ਰੂਪ ਵਿੱਚ ਭਾਵ ਸੱਚ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ, ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਦੇ ਇਸੇ ਰੂਪ ਦੇ ਹੀ ਮਨ ਦੇ ਵਿੱਚੋਂ ਦਰਸ਼ਨ ਹੁੰਦੇ ਹਨ। (**ਗਿਆਨ ਰਤਨਿ ਸਭ ਸੋਝੀ ਹੋਇ ॥ ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥1॥ ਰਹਾਉ ॥**) ਅੰਗ 364

"ਹਰਿ ਰਸੁ" ਦਾ ਮਕਸਦ, "ਅੰਮ੍ਰਿਤ ਨਾਮੁ" ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤੇ ਸਾਡੇ ਮਨ ਦੀ ਅਗਿਆਨਤਾ ਹੀ ਸਾਡੇ ਅੰਦਰ ਦੀ ਹਉਮੈ ਹੈ ਜੋ ਕਿ ਸਾਡੇ ਅੰਦਰ ਪੜਦੇ ਦੇ ਰੂਪ ਵਿੱਚ ਹੈ ਜਿਸ ਪੜਦੇ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ। ਜਿਸ ਨੂੰ ਪ੍ਰਮਾਤਮਾ ਮਨ ਦੀ ਹਉਮੈ ਵਿੱਚੋਂ, ਅਗਿਆਨਤਾ ਵਿੱਚੋਂ, ਮਾਇਆ ਮੋਹ ਵਿੱਚੋਂ ਉਬਾਰਦਾ ਹੈ ਉਸ ਤੇ ਹੀ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਵੱਸਦਾ ਹੈ ਭਾਵ ਉਸ ਦੇ ਦਰਸ਼ਨ ਹੁੰਦੇ ਹਨ। (**ਗੁਰਿ ਰਾਖੇ ਸੇ ਉਬਰੇ ਭਾਈ ਹਰਿ ਰਸੁ ਅੰਮ੍ਰਿਤੁ ਪੀਆਇ ॥ ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੁਠਾ ਮਨਿ ਆਇ ॥2॥**) ਅੰਗ - 1177

{ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ ॥
ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥}

(ਅੰਗ ੧੧੭੯)

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਜਿਥੇ ਨਾਮ ਹੈ ਉਥੇ ਹਉਮੈ ਨਹੀਂ ਹੈ ਤੇ ਜਿਥੇ ਹਉਮੈ ਹੈ ਉਥੇ ਨਾਮ ਨਹੀਂ ਹੈ। ਜੇਕਰ ਸਾਨੂੰ ਨਾਮ ਦੀ ਸਮਝ ਨਹੀਂ ਹੈ ਤਾਂ ਇਸ ਦਾ ਇਕੋ ਇਕ ਕਾਰਣ ਇਹੀ ਹੈ ਕਿ ਅਸੀਂ ਹਉਮੈ ਵਿੱਚ ਹਾਂ ਭਾਵ ਭਰਮ ਵਿੱਚ ਹਾਂ ਭਾਵ ਪ੍ਰਮਾਤਮਾ

ਨੂੰ ਜਾਨਣ ਤੋਂ ਦੂਰ ਹਾਂ। ਆਪਣੀ ਹਉਮੈ ਨਿਕਲੇ ਬਿਨਾਂ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ, ਨਾਮ ਦੀ ਅਸਲੀਅਤ ਨੂੰ ਨਹੀਂ ਜਾਣ ਸਕਦਾ। ਪੂਰੀ ਗੁਰਬਾਣੀ ਵਿੱਚ ਨਾਮ ਹੈ। ਸ਼ਬਦ ਨਾਮ ਹੈ, ਸੱਚ ਨਾਮ ਹੈ ਤੇ ਪੂਰੀ ਗੁਰਬਾਣੀ ਵਿੱਚ ਸ਼ਬਦ ਹਨ, ਸੱਚ ਹੈ। ਸ਼ਬਦਾਂ ਦੀ ਵਿਚਾਰ ਦੁਆਰਾ ਸਾਨੂੰ ਜੋ ਵੀ ਸੋਝੀ ਪੈਂਦੀ ਹੈ ਉਹ ਸੱਚ ਹੈ, ਨਾਮ ਹੈ ਭਾਵ ਪੂਰੀ ਗੁਰਬਾਣੀ ਵਿੱਚ ਕੇਵਲ ਨਾਮ ਹੈ ਜਿਸ ਨਾਮ ਨੂੰ ਅਸੀਂ ਜਪਣਾ ਹੈ। ਸ਼ਬਦ ਦੀ ਹਰ ਵਿਚਾਰ ਸਾਨੂੰ ਗੁਰਮਤਿ ਹੀ ਸਮਝਾਉਂਦੀ ਹੈ ਤੇ ਇਸੇ ਲਈ ਗੁਰਮਤਿ ਨਾਮ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਬ੍ਰਹਮ ਗਿਆਨ ਦਿੰਦੀ ਹੈ ਤੇ ਇਸੇ ਲਈ ਬ੍ਰਹਮ ਗਿਆਨ ਨਾਮ ਹੈ। ਨਾਮ ਦੀ ਪੂਰਨ ਰੂਪ ਵਿੱਚ ਸੋਝੀ ਪਏ ਬਿਨਾ ਅਸੀਂ ਕਦੇ ਗੁਰਬਾਣੀ ਨੂੰ ਨਹੀਂ ਸਮਝ ਸਕਦੇ, ਉਸ ਦੇ ਅੰਦਰ ਦੇ ਭਾਵ ਨੂੰ ਨਹੀਂ ਸਮਝ ਸਕਦੇ। ਇਸ ਪੂਰੇ ਲੇਖ ਦਾ ਮਕਸਦ ਨਾਮ ਨੂੰ ਸਮਝਣ ਲਈ ਹੀ ਹੈ। ਨਾਮ ਨੂੰ ਸਮਝਣਾ ਹੀ ਗੁਰਬਾਣੀ ਨੂੰ ਸਮਝਣਾ ਹੈ, ਪ੍ਰਮਾਤਮਾ ਨੂੰ ਸਮਝਣਾ ਹੈ ਤੇ ਇਸੇ ਲਈ ਇਹ ਲੇਖ "ਨਾਮ ਦਰਸ਼ਨ" ਹੈ ਜੋ ਦਰਸ਼ਨ ਸਾਡੇ ਮਨ ਨੇ ਕਰਨੇ ਹਨ, ਸੋਝੀ ਦੇ ਰੂਪ ਵਿੱਚ ਕਰਨੇ ਹਨ। ਜਿਉਂ ਜਿਉਂ ਅਸੀਂ ਇਸ ਲੇਖ ਦੀ ਸੋਝੀ ਦੇ ਨਾਲ ਜੁੜਦੇ ਜਾਵਾਂਗੇ ਅਸੀਂ ਨਾਮ ਦੇ ਦਰਸ਼ਨਾਂ ਦੇ ਉਦਮ ਨਾਲ ਜੁੜਦੇ ਜਾਵਾਂਗੇ। ਸਾਡੇ ਜੀਵਨ ਦਾ ਮਕਸਦ ਪ੍ਰਮਾਤਮਾ ਦੇ ਦਰਸ਼ਨ ਕਰਨਾ ਹੀ ਹੈ, ਨਾਮ ਦਰਸ਼ਨ ਕਰਨਾ ਹੀ ਹੈ ਪਰ ਉਸ ਲਈ ਸੱਚਾ ਉਦਮ ਵੀ ਜ਼ਰੂਰੀ ਹੈ ਜੋ ਕਿ ਗੁਰਮਤਿ ਨੂੰ ਮੂਲ ਰੂਪ ਵਿੱਚ ਸਮਝਣ ਦਾ ਹੈ ਤੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲਣ ਦਾ ਹੈ ਤਾਂ ਜੋ ਅਸੀਂ ਆਪਣੇ ਅੰਦਰੋਂ ਹੀ ਨਾਮ ਦਰਸ਼ਨ ਕਰ ਸਕੀਏ। ਪ੍ਰਮਾਤਮਾ ਆਪਣੀ ਕਿਰਪਾ ਸਾਡੇ ਤੇ ਮਨ ਦੀ ਸੋਝੀ ਦੁਆਰਾ ਹੀ ਕਰਦਾ ਹੈ ਤੇ ਜਿਸ ਤੇ ਉਹ ਆਪਣੀ ਕਿਰਪਾ ਕਰੇਗਾ ਉਸ ਨੂੰ ਸੱਚੀ ਸੋਝੀ ਨਾਲ ਜੁੜਨ ਦਾ ਉਦਮ ਵੀ ਬਖਸ਼ੇਗਾ। ਕਿਸ ਨੂੰ ਉਹ ਆਪਣੇ ਨਜਦੀਕ ਲਗਾਉਣਾ ਚਾਹੁੰਦਾ ਹੈ ਤੇ ਕਿਸ ਨੂੰ ਦੂਰ ਰੱਖਣਾ ਚਾਹੁੰਦਾ ਹੈ ਇਹ ਉਹ ਆਪ ਹੀ ਜਾਣਦਾ ਹੈ। ਨਾਮ ਨੂੰ ਲੈ ਕੇ ਭਰਮ ਵਿੱਚ ਸਾਰੇ ਹੀ ਹਨ ਤੇ ਜਿਹੋ ਜਿਹੇ ਨਾਮ ਨਾਲ ਸੰਸਾਰ ਜੁੜਿਆ ਹੋਇਆ ਹੈ, ਸਦੀਆਂ

ਤੋਂ ਜੁੜਿਆ ਹੋਇਆ ਹੈ ਉਹ ਭਰਮ ਹੀ ਸਾਡਾ ਨਾਮ ਦੇ ਮਾਲਕ ਨੇ ਆਪ ਗੁਰਬਾਣੀ ਰਾਹੀਂ ਕੱਢਿਆ ਹੋਇਆ ਹੈ। ਜੋ ਭਰਮ ਵਿੱਚੋਂ ਨਿਕਲੇਗਾ ਉਹੀ ਸੱਚੇ ਨਾਮ ਨਾਲ ਜੁੜੇਗਾ। ਨਾਮ ਨੂੰ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅਗੇ ਵੀ ਲੇਖ ਵਿੱਚ ਸਮਝਦੇ ਰਹਾਂਗੇ ਕਿਉਂਕਿ ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ, ਗੁਰਮਤਿ ਹੀ ਹੈ, ਸੱਚ ਹੀ ਹੈ, ਸ਼ਬਦਾਂ ਦੀ ਵਿਚਾਰ ਹੀ ਹੈ ਤੇ ਇਹੀ ਨਾਮ ਹੈ। ਆਉ ਅਗਲੇ ਕੁਝ ਸ਼ਬਦਾਂ ਦੁਆਰਾ ਨਾਮ ਨੂੰ ਕੁਝ ਹੋਰ ਵੀ ਬਰੀਕੀ ਨਾਲ ਸਮਝੀਏ ਤਾਂ ਜੋ ਅਤਿ ਦੇ ਭਰਮੇ ਹੋਏ ਵੀ ਭਰਮ ਵਿੱਚੋਂ ਨਿਕਲ ਸਕਣ। ਜਿਹੜੇ ਆਪਣੇ ਆਪ ਨੂੰ ਉੱਚਾ

34/3995

ਥਾਪ ਕੇ ਬੈਠੇ ਹਨ ਉਨ੍ਹਾਂ ਨੇ ਅਸਲ ਵਿੱਚ ਭਰਮ ਨੂੰ ਹੀ ਉੱਚਾ ਕੀਤਾ ਹੋਇਆ ਹੈ। ਜਦੋਂ ਉਹਨਾਂ ਦਾ ਭਰਮ ਨੀਵਾਂ ਹੋ ਜਾਵੇਗਾ ਫਿਰ ਉਹ ਆਪ ਹੀ ਨੀਵੇਂ ਹੋ ਜਾਣਗੇ ਤੇ ਇਸੇ ਵਿੱਚ ਉਹਨਾਂ ਦੀ ਭਲਾਈ ਹੈ।

ਭੈਰਉ ਮਹਲਾ ੫ ਅਸਟਪਦੀਆ ਘਰੁ ੨

ੴ ਸਤਿਗੁਰ ਪ੍ਰਸਾਦਿ ॥

"ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥
ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ ਰਹਾਉ ॥
ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥ ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥
ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥੨॥
ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥ ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥
ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥ ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥
ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥ ਨਾਮ ਬਿਨਾ ਮਨਮੁਖ ਗਾਵਾਰਾ ॥੪॥
ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥ ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥
ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥ ਨਾਮਹੀਣ ਨਾਹੀ ਪਤਿ ਵੇਸਾਹੁ ॥੫॥
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥
ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ ਨਾਮ ਬਿਨਾ ਫਿਰਿ ਆਵਣ ਜਾਣੁ ॥੭॥
ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥ ਸਾਧਸੰਗਤਿ ਮਹਿ ਲਖੇ ਗੋਪਾਲ ॥
ਆਵਣ ਜਾਣ ਰਹੇ ਸੁਖੁ ਪਾਇਆ ॥ ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥"

(ਅੰਗ ੧੧੫੫)

ਪੂਰੇ ਸ਼ਬਦ ਨੂੰ ਬੜੇ ਹੀ ਧਿਆਨ ਨਾਲ ਪੜੋ ਤੇ ਸਮਝੋ ਕਿ ਸਾਡੇ ਅੰਦਰ ਨਾਮ ਦਾ ਹੋਣਾ ਕੀ ਹੈ ਭਾਵ ਜਿਨ੍ਹਾਂ ਦੇ ਅੰਦਰ ਨਾਮ ਹੈ, ਜੋ ਨਾਮ ਜਪਣ ਵਾਲੇ ਹਨ ਉਨ੍ਹਾਂ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ। ਇਸ ਪੂਰੇ ਸ਼ਬਦ ਰਾਹੀਂ ਸਾਨੂੰ ਖਾਸ ਤੌਰ ਤੇ ਇਹ ਸਮਝਾਇਆ ਹੋਇਆ ਹੈ ਕਿ ਨਾਮ ਵਾਲੇ ਮਨੁੱਖ ਕਿਹੋ ਜਿਹੇ ਹੁੰਦੇ ਹਨ ਤਾਂ ਜੋ ਅਸੀਂ ਨਾਮ ਨੂੰ ਲੈ ਕੇ ਭਾਵ ਨਾਮ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਪਈਏ। ਕੀ ਕੋਈ ਆਪਣੇ ਆਪ ਨੂੰ ਨਾਮ ਜਪਣ ਵਾਲਾ, ਕਹਿਣ ਵਾਲਾ, ਨਾਮ ਰਸੀਆ ਸਮਝਣ ਵਾਲਾ ਉਪਰ ਵਾਲੇ ਸ਼ਬਦ ਦੀ ਕਿਸੇ ਇਕ ਪੰਗਤੀ ਤੇ ਵੀ ਪੂਰਾ ਉਤਰਕੇ ਦਿਖਾ ਸਕਦਾ ਹੈ ਭਾਵ ਗੁਰਮਤਿ ਅਨੁਸਾਰ ਪੂਰਾ ਉਤਰ ਕੇ ਦਿਖਾ ਸਕਦਾ ਹੈ। ਜਿਹੋ ਜਿਹੀ ਅਵਸਥਾ ਨਾਮ ਜਪਣ ਵਾਲਿਆਂ ਦੀ ਸਮਝਾਈ ਹੋਈ ਹੈ ਉਹ ਜਿਹੀ ਹਰ ਅਵਸਥਾ ਦਾ ਅਨੇਕਾਂ ਸ਼ਬਦਾਂ ਦੁਆਰਾ ਬਿਆਨ ਕੀਤਾ ਹੋਇਆ ਹੈ। ਜਦੋਂ ਧਿਆਨ ਨਾਲ ਸਮਝੋਗੇ ਇਹ ਉਹਨਾਂ ਦੇ ਮਨ ਦੀ ਅਵਸਥਾ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ। ਸਾਡੇ ਹਿਰਦੇ ਅੰਦਰ ਨਾਮ ਦਾ ਵੱਸਣਾ ਜਾਂ ਪ੍ਰਮਾਤਮਾ ਦਾ ਵੱਸਣਾ ਇਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਹਾ ਰਹੇ ਹਾਂ। ਇਹ ਅਵਸਥਾ ਪ੍ਰਮਾਤਮਾ ਦੇ ਭਗਤਾਂ ਦੀ ਹੈ, ਗੁਰੂ ਸਾਹਿਬਾਨ ਦੀ ਹੈ ਜਿਨ੍ਹਾਂ ਦੇ ਮਨ ਦੇ ਵਿੱਚ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਉਹਨਾਂ ਨੂੰ ਆਪਣਾ ਹੀ ਰੂਪ ਬਣਾਇਆ ਹੈ।

ਕੀ ਕੋਈ ਹਰ ਮਨੁੱਖ ਜੋ ਆਪਣੇ ਆਪ ਨੂੰ ਨਾਮ ਵਾਲਾ ਕਹਿੰਦਾ ਹੈ ਕੀ ਉਹ "ਵਡ ਰਾਜਾ" ਹੈ, ਕੀ ਉਸ ਦੇ ਜੀਵਨ ਦਾ ਕਾਜ ਪੂਰਾ ਹੋ ਗਿਆ ਹੈ, ਜੀਵਨ ਦਾ ਮਨੋਰਥ ਪੂਰਾ ਹੋ ਗਿਆ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਹੈ, ਕੀ ਉਸ ਨੇ "ਕੋਟਿ

ਧਨ" ਪਾ ਲਏ ਹਨ ਭਾਵ ਕੀ ਉਸ ਨੂੰ ਹਰਿ ਧਨ ਦੀ ਪ੍ਰਾਪਤੀ ਹੋ ਗਈ ਹੈ ਜੋ

34/3996

ਧਨ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ। ਇਹ ਧਨ ਸ਼ਬਦਾਂ ਦੇ ਸੱਚੇ ਵਿਚਾਰਾਂ ਦਾ ਧਨ ਹੈ ਜਿਨ੍ਹਾਂ ਦਾ ਕੋਈ ਅੰਤ ਨਹੀਂ ਹੈ। ਇਹ ਧਨ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਮਿਲਦਾ ਹੈ ਜਿਸ ਧਨ ਦੀ ਪ੍ਰਾਪਤੀ ਦੁਆਰਾ ਸਾਡਾ ਜੀਵਨ ਵਿਅਰਥ ਜਾਣ ਤੋਂ ਬਚਦਾ ਹੈ। (**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥ ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਏ ॥1॥**)

ਸੱਚੇ ਵਿਚਾਰਾਂ ਦਾ ਧਨ ਹੀ "ਹਰਿ ਧਨੁ" ਹੈ ਜਿਸ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਇਹ ਧਨ ਪ੍ਰਮਾਤਮਾ ਉਸੇ ਨੂੰ ਹੀ ਦਿੰਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਰਾਹੀਂ ਭਾਵ ਬ੍ਰਹਮ ਗਿਆਨ ਰਾਹੀਂ ਦਿੰਦਾ ਹੈ ਜਿਸ ਦੇ ਨਾਲ ਉਹ ਮਨ ਦੇ ਵਿੱਚ ਮੇਲ ਕਰਦਾ ਹੈ। ਇਸ ਧਨ ਦੀ ਪ੍ਰਾਪਤੀ ਦੁਆਰਾ ਹੀ ਭਾਵ ਸੱਚੀ ਸੋਝੀ, ਭਗਤੀ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਉਸ ਪ੍ਰਮਾਤਮਾ ਦੀ ਸਿਫਤ ਸਾਲਾਹ ਹੁੰਦੀ ਹੈ, ਉਸ ਦੇ ਗੁਣ ਗਾਏ ਜਾ ਸਕਦੇ ਹਨ। ਪ੍ਰਮਾਤਮਾ ਆਪਣਾ ਇਹ ਹਰਿ ਧਨ, ਨਾਮ ਧਨ ਕਿਸੇ ਵਡਭਾਗੀ ਨੂੰ ਹੀ ਬਖਸ਼ਦਾ ਹੈ ਭਾਵ ਆਪਣੇ ਮੇਲ ਦੁਆਰਾ ਬਖਸ਼ਦਾ ਹੈ। (**ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥1॥ ਰਹਾਉ ॥**) ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਦੇ ਕੋਲੋਂ ਹਰਿ ਧਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਉਸ ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਹੈ ਜੋ ਕਿ ਮਨ ਦੀ ਸੋਝੀ ਦੁਆਰਾ ਉਸ ਨੇ ਆਪ ਹੀ ਕਰਵਾਈ ਹੈ।

ਜਦ ਤਕ ਅਸੀਂ ਨਾਮ ਮਿਲਣ ਵਿੱਚ ਤੇ ਪ੍ਰਮਾਤਮਾ ਦੇ ਮਿਲਣ ਵਿੱਚ ਭੇਦ ਸਮਝੀ ਜਾਵਾਂਗੇ ਤਦ ਤਕ ਅਸੀਂ ਗੁਰਬਾਣੀ ਦੇ ਮੂਲ ਭਾਵ ਨੂੰ ਕਦੇ ਵੀ ਨਹੀਂ ਸਮਝ ਸਕਦੇ। ਜਿਨ੍ਹਾਂ ਨੇ ਨਾਮ ਲਿਆ ਹੋਇਆ ਹੈ ਭਾਵ ਜਿਨ੍ਹਾਂ ਦੇ ਅੰਦਰ ਨਾਮ ਹੈ, ਜੋ ਆਪਣੇ ਆਪ ਨੂੰ ਨਾਮ ਵਾਲਾ ਸਮਝਦੇ ਹਨ ਕਿ ਉਹਨਾਂ ਦੇ ਕੋਲ ਅਨੇਕਾਂ ਹੀ ਕਿਲੇ ਤੇ ਫੌਜਾਂ ਹਨ। ਕੀ ਇਹ ਮੁਮਕਿਨ ਹੈ। ਇਹ ਗੱਲ ਤੁਹਾਨੂੰ ਤਾਂ ਹੀ ਮੁਮਕਿਨ ਲਗੇਗੀ ਜਦੋਂ ਤੁਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਲਵੋਗੇ ਜੋ ਹਰ ਵਸਤੂ ਦਾ ਆਪ ਹੀ ਮਾਲਕ ਹੈ ਤੇ ਸਭ ਕੁਝ ਉਸੇ ਦਾ ਹੀ ਹੈ, ਸਭ ਦੇ ਅੰਦਰ ਉਹ ਆਪ ਹੀ ਹੈ। ਜਦੋਂ ਤੁਸੀਂ ਪ੍ਰਮਾਤਮਾ ਦਾ ਰੂਪ ਬਣ ਜਾਵੋਗੇ ਫਿਰ ਤੁਹਾਡੇ ਮਨ ਦੀ ਅਵਸਥਾ ਪ੍ਰਮਾਤਮਾ ਦੇ ਨਾਲ ਮਿਲ ਜਾਵੇਗੀ ਤੇ ਤੁਸੀਂ ਕਿਸੇ ਵੀ ਵਸਤੂ ਨੂੰ ਪ੍ਰਮਾਤਮਾ ਤੋਂ ਵੱਖਰੀ ਨਹੀਂ ਸਮਝੋਗੇ। (**ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥**) ਜਿਸ ਦੇ ਅੰਦਰ ਨਾਮ ਹੈ ਕੀ ਉਸ ਨੂੰ "ਸਹਜ" ਦੀ ਅਵਸਥਾ ਦੀ ਪ੍ਰਾਪਤੀ ਹੋ ਚੁਕੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਹੋ ਚੁਕੀ ਹੈ, ਕੀ ਉਸ ਨੂੰ ਸਦਾ ਲਈ ਸੁਖ ਦੀ ਪ੍ਰਾਪਤੀ ਹੋ ਚੁਕੀ ਹੈ। ਇਹ ਅਵਸਥਾ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ। (**ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥**)

34/3997

ਜਿਸ ਦੇ ਅੰਦਰ ਨਾਮ ਹੈ ਕੀ ਉਸ ਮਨੁੱਖ ਦੇ ਅੰਦਰ ਸੰਤੋਖ ਵਾਲੀ ਅਵਸਥਾ ਆ ਚੁਕੀ ਹੈ, ਸੱਚ ਵਾਲੀ ਅਵਸਥਾ ਆ ਚੁਕੀ ਹੈ ਭਾਵ ਕੀ ਉਹ ਪੂਰੀ ਤਰ੍ਹਾਂ ਵਿਕਾਰਾਂ ਤੋਂ, ਮਾਇਆ ਮੋਹ ਤੋਂ ਰਹਿਤ ਹੋ ਚੁੱਕਾ ਹੈ। ਜੇਕਰ ਨਹੀਂ ਹੋਇਆ ਤਾਂ ਫਿਰ ਉਹ ਨਾਮ ਵਾਲਾ ਨਹੀਂ ਹੈ ਭਾਵ ਭਰਮ ਵਿੱਚ ਹੀ ਆਪਣੇ ਆਪ ਨੂੰ ਨਾਮ ਵਾਲਾ ਸਮਝਦਾ ਹੈ। (**ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥**) ਜਿਸ ਮਨੁੱਖ ਦੇ ਮਨ ਦੀ ਅਵਸਥਾ ਇਹੋ ਜਿਹੀ ਨਹੀਂ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ, ਪਦੇ ਰਾਹੀਂ ਸਮਝਾਈ ਹੋਈ ਹੈ, ਉਹ ਮਨੁੱਖ ਨਾਮ ਵਾਲਾ ਨਹੀਂ ਹੈ ਤੇ ਇਹੋ ਜਿਹੇ ਮਨੁੱਖ ਦਾ ਜੀਵਨ ਧ੍ਰਿਗ ਹੈ ਭਾਵ ਫਿਟਕਾਰਣ ਜੋਗ ਹੈ ਜਿਸ ਨੂੰ ਜੀਵਣ ਜਿਉਣ ਦੀ ਸਮਝ ਨਹੀਂ ਆਈ ਕਿਉਂਕਿ ਸਾਡਾ ਅਸਲ ਜਿਉਣਾ ਉਹ ਹੈ ਜਦੋਂ ਅਸੀਂ ਮਨ ਦੇ ਸੰਤੋਖ ਦੁਆਰਾ ਜਿਉਂਦੇ ਹਾਂ, ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਜਿਉਂਦੇ ਹਾਂ ਕਿਉਂਕਿ ਸੱਚਾ ਸੁੱਚਾ ਜੀਵਨ ਅਸੀਂ ਮਾਇਆ ਮੋਹ ਤੋਂ, ਵਿਕਾਰਾਂ ਤੋਂ ਮੁਕਤਿ ਹੋ ਕੇ ਹੀ ਜੀ ਸਕਦੇ ਹਾਂ ਭਾਵ ਨਾਮ ਦੀ ਸੋਝੀ ਵਾਲੇ ਬਣਕੇ, ਗੁਣਾਂ ਵਾਲੇ ਬਣਕੇ ਹੀ ਜੀ ਸਕਦੇ ਹਾਂ ਤੇ ਮਾੜਾ ਜੀਵਨ ਭਾਵ ਮਾੜੇ ਕਰਮ ਕਰਕੇ ਜਿਉਣਾ ਸਾਨੂੰ ਆਤਮਿਕ ਤੌਰ ਤੇ ਮਾਰ ਦਿੰਦਾ ਹੈ ਭਾਵ ਸਾਡਾ ਜੀਵਨ ਨਾਸ ਕਰ ਦਿੰਦਾ ਹੈ। (**ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥2॥**)

ਜਿਸ ਦੇ ਅੰਦਰ ਨਾਮ ਹੈ ਕੀ ਉਹ ਜੀਵਨ ਮੁਕਤਿ ਹੋ ਚੁੱਕਾ ਹੈ, ਆਵਾ ਗਉਣ ਤੋਂ ਮੁਕਤਿ ਹੋ ਚੁੱਕਾ ਹੈ ਜੋ ਮੁਕਤੀ ਪ੍ਰਮਾਤਮਾ ਮਨ ਦੇ ਵਿੱਚ ਵੱਸਣ ਦੁਆਰਾ ਆਪ ਹੀ ਦਿੰਦਾ ਹੈ, ਮਾਇਆ ਮੋਹ ਤੋਂ ਮੁਕਤਿ ਕਰਦਾ ਹੈ, ਹਉਮੈ ਤੋਂ, ਭਰਮ ਤੋਂ, ਤ੍ਰੈ ਗੁਣਾਂ ਵਾਲੀ

ਅਵਸਥਾ ਤੋਂ ਮੁਕਤਿ ਕਰਦਾ ਹੈ। ਕੀ ਜਿਸ ਮਨੁੱਖ ਦੇ ਅੰਦਰ ਨਾਮ ਹੈ ਉਸ ਨੂੰ ਉਹ ਹਰ ਜੁਗਤਿ ਸਮਝ ਆ ਗਈ ਹੈ ਜਿਸ ਜੁਗਤਿ ਦੁਆਰਾ ਪ੍ਰਮਾਤਮਾ ਇਸ ਸੰਸਾਰ ਨੂੰ ਬਣਾ ਕੇ ਚਲਾ ਰਿਹਾ ਹੈ, ਮਾਇਆ ਮੋਹ ਵਾਲੀ ਜੁਗਤਿ ਦੁਆਰਾ ਚਲਾ ਰਿਹਾ ਹੈ ਜਿਸ ਦੁਆਰਾ ਉਸ ਨੇ ਹਰ ਕਿਸੇ ਨੂੰ ਮਾਇਆ ਮੋਹ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ। ਕੀ ਜਿਸ ਮਨੁੱਖ ਦੇ ਅੰਦਰ ਨਾਮ ਹੈ ਉਸ ਨੇ ਨਉ ਨਿਧੀਆਂ ਦੀ ਪ੍ਰਾਪਤੀ ਕਰ ਲਈ ਹੈ, ਨਾਮ ਦੇ ਖਜਾਨੇ ਦੀ ਪ੍ਰਾਪਤੀ ਕਰ ਲਈ ਹੈ ਜੋ ਖਜਾਨਾ ਸਾਡੇ ਅੰਦਰ ਹੀ ਹੈ ਤੇ ਪ੍ਰਮਾਤਮਾ ਆਪ ਹੀ ਉਸ ਖਜਾਨੇ ਦਾ ਮਾਲਕ ਹੈ ਜੋ ਖਜਾਨਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਬਖਸ਼ਦਾ ਹੈ, ਨਾਮ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਬਖਸ਼ਦਾ ਹੈ। ਕੀ ਜਿਸ ਦੇ ਅੰਦਰ ਨਾਮ ਹੈ ਉਹ ਭਰਮਾਂ ਤੋਂ ਮੁਕਤਿ ਹੋ ਚੁੱਕਾ ਹੈ, ਕਿਉਂਕਿ ਨਾਮ ਦੀ ਪ੍ਰਾਪਤੀ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਲੈਂਦੀ ਹੈ ਤੇ ਤਾਂ ਹੀ

34/3998

ਮਨੁੱਖ ਦਾ ਸੰਸਾਰ ਤੋਂ ਆਵਾਗਉਣ ਮੁਕਦਾ ਹੈ। (**ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥ ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥ ਨਾਮ ਬਿਨਾ ਭ੍ਰਮਿ ਆਵੈ ਜਾਈ ॥3॥**)

ਜਿਹੜੇ ਆਪਣੇ ਆਪ ਨੂੰ ਨਾਮ ਵਾਲੇ ਕਹਿੰਦੇ ਹਨ ਕੀ ਉਹ ਹਰ ਗੱਲ ਤੋਂ ਵੇਪਰਵਾਹ ਹਨ, ਨਿਰਭਉ ਹਨ, ਮਰਣ ਦੇ ਭਉ ਤੋਂ, ਮਾਇਆ ਮੋਹ ਦੇ ਭਉ ਤੋਂ ਵੇਪਰਵਾਹ ਹਨ। ਜਿਨ੍ਹਾਂ ਦੇ ਅੰਦਰ ਨਾਮ ਹੈ ਕੀ ਉਹਨਾਂ ਨੂੰ ਸਦਾ ਲਾਭ ਹੀ ਹੁੰਦਾ ਹੈ, ਲਾਹਾ ਹੀ ਮਿਲਦਾ ਹੈ। ਲਾਹਾ ਮਿਲਣ ਤੋਂ ਪਹਿਲੇ ਸਾਡੇ ਕੋਲ ਮੂਲ ਹੋਣਾ ਚਾਹੀਦਾ ਹੈ ਭਾਵ ਮੂਲ ਰੂਪ ਪੂੰਜੀ ਹੋਣੀ ਚਾਹੀਦੀ ਹੈ ਜੋ ਪੂੰਜੀ ਮੂਲ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਕੇ ਮਿਲਦੀ ਹੈ, ਗੁਰਮਤਿ ਦੀ ਸੋਝੀ ਦੇ ਰੂਪ ਵਿੱਚ ਮਿਲਦੀ ਹੈ, ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਨਾਮ ਧਨ ਦੇ ਰੂਪ ਵਿੱਚ ਮਿਲਦੀ ਹੈ। ਆਪਣੇ ਜੀਵਨ ਵਿੱਚ ਇਸ ਧਨ ਨੂੰ ਖਰਚਣ ਵਿੱਚ ਲਾਹਾ ਹੈ ਭਾਵ ਜੋ ਵੀ ਕਰਮ ਅਸੀਂ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਕਰਦੇ ਹਾਂ ਉਹ ਸਾਡਾ ਸੱਚਾ ਕਰਮ ਹੈ ਤੇ ਉਸ ਵਿੱਚ ਹੀ ਲਾਹਾ ਹੈ ਜਿਵੇਂ ਕਿ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਜਿਸ ਦੇ ਅੰਦਰ ਨਾਮ ਹੁੰਦਾ ਹੈ ਉਹ ਸਦਾ ਲਾਹਾ ਹੀ ਖਟਦਾ ਹੈ। ਜਿਸ ਦੇ ਅੰਦਰ ਨਾਮ ਹੈ ਕੀ ਉਹ ਵੱਡੇ ਪਰਿਵਾਰ ਵਾਲਾ ਬਣ ਜਾਂਦਾ ਹੈ ਜਾਂ ਇਹ ਕਹਿ ਲਈਏ ਕਿ ਜੋ ਦੁਨਿਆਵੀ ਤੌਰ ਤੇ ਵੱਡੇ ਪਰਿਵਾਰ ਵਾਲਾ ਹੁੰਦਾ ਹੈ ਉਹੀ ਨਾਮ ਵਾਲਾ ਹੁੰਦਾ ਹੈ ਤੇ ਛੋਟੇ ਪਰਿਵਾਰ ਵਾਲਾ ਨਾਮ ਹੀਣ ਹੁੰਦਾ ਹੈ। ਪ੍ਰਮਾਤਮਾ ਦੇ ਪਰਿਵਾਰ ਵਾਲਾ ਬਨਣਾ ਵੱਡੇ ਪਰਿਵਾਰ ਵਾਲਾ ਬਨਣਾ ਹੈ। ਪ੍ਰਮਾਤਮਾ ਦਾ ਪਰਿਵਾਰ ਗੁਣਾਂ ਦਾ ਪਰਿਵਾਰ ਹੈ, ਸੱਚੇ ਵਿਚਾਰਾਂ ਦਾ ਪਰਿਵਾਰ ਹੈ ਤੇ ਜੋ ਪ੍ਰਮਾਤਮਾ ਦੇ ਵੱਡੇ ਪਰਿਵਾਰ ਵਾਲਾ ਬਣਦਾ ਹੈ ਉਹ ਮਨ ਦੇ ਵਿੱਚ ਨਾਮ ਦੇ ਵੱਸਣ ਦੁਆਰਾ ਹੀ ਬਣਦਾ ਹੈ, ਗੁਣੀ ਬਣਕੇ, ਸ਼ਬਦਾਂ ਦਾ ਵੀਚਾਰੀ ਬਣਕੇ ਹੀ ਬਣਦਾ ਹੈ। ਨਾਮ ਦੀ ਪ੍ਰਾਪਤੀ ਦੁਆਰਾ ਮਨੁੱਖ ਦਾ ਗਵਾਰਪੁਣਾ ਦੂਰ ਹੁੰਦਾ ਹੈ ਭਾਵ ਉਸ ਦੀ ਅਗਿਆਨਤਾ ਦੂਰ ਹੁੰਦੀ ਹੈ ਜਿਸ ਦੁਆਰਾ ਕੋਈ ਗੁਰਮੁਖ ਰੂਪ ਬਣਦਾ ਹੈ ਤੇ ਜੋ ਅਗਿਆਨਤਾ ਵਿੱਚ ਹਨ ਉਹ ਨਾਮ ਵਾਲੇ ਨਹੀਂ ਹਨ, ਉਹ ਮਨਮੁਖਿ ਹੀ ਹਨ ਭਾਵ ਆਪਣੀ ਮਤਿ ਤੇ ਚੱਲਣ ਵਾਲੇ ਹੀ ਹਨ ਭਾਵ ਉਨ੍ਹਾਂ ਨੂੰ ਗੁਰਮਤਿ ਦਾ ਗਿਆਨ ਨਹੀਂ ਹੈ। (**ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥ ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥ ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥ ਨਾਮ ਬਿਨਾ ਮਨਮੁਖ ਗਾਵਾਰਾ ॥4॥**)

ਜੋ ਆਪਣੇ ਆਪ ਨੂੰ ਨਾਮ ਵਾਲੇ ਕਹਿੰਦੇ ਹਨ ਕੀ ਉਹਨਾਂ ਦੇ ਅੰਦਰ "ਨਿਹਚਲ ਆਸਨੁ" ਹੈ ਭਾਵ ਕੀ ਉਹਨਾਂ ਦਾ ਮਨ

34/3999

ਸਦਾ ਹੀ ਅਡੋਲਤਾ ਵਿੱਚ ਰਹਿੰਦਾ ਹੈ ਭਾਵ ਪੂਰੀ ਤਰ੍ਹਾਂ ਮਾਇਆ ਮੋਹ ਤੋਂ ਰਹਤਿ ਹੈ, ਵਿਕਾਰਾਂ ਤੋਂ ਰਹਿਤ ਹੈ, ਅਗਿਆਨਤਾ ਤੋਂ, ਭਰਮ ਤੋਂ ਰਹਿਤ ਹੈ ਤੇ ਉਸ ਦੇ ਅੰਦਰ ਸਦਾ ਹੀ ਸੱਚ ਵੱਸਿਆ ਰਹਿੰਦਾ ਹੈ। ਕੇਵਲ ਸੱਚ ਦਾ ਆਸਨ ਅਡੋਲ ਆਸਣ ਹੈ। ਪ੍ਰਮਾਤਮਾ ਦਾ ਆਪਣਾ "ਆਸਨੁ" ਨਿਹਚਲ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਜਿਸ ਨੂੰ ਉਹ ਆਪਣੇ ਆਸਨ ਤੇ ਆਪ ਬਿਠਾਉਂਦਾ ਹੈ ਉਸ ਦਾ ਮਨ ਰੂਪ ਆਸਨ ਹੀ ਨਿਹਚਲ ਆਸਨ ਬਣਦਾ ਹੈ ਜੋ ਆਸਨ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ। ਉਸ ਦੇ ਨਿਹਚਲ ਆਸਨ ਤੇ ਬੈਠਣਾ ਹੀ ਉਸ ਦੇ ਤਖ਼ਤ ਤੇ ਨਿਵਾਸ ਕਰਨਾ ਹੈ ਜੋ ਤਖ਼ਤ ਪ੍ਰਮਾਤਮਾ ਦਾ ਸਾਡੇ ਅੰਦਰ ਹੀ ਹੈ, ਮਨ ਦੇ ਰੂਪ ਵਿਚ ਹੀ ਹੈ ਜੋ ਕਿ ਸ਼ਬਦ ਦੇ ਵਿਚਾਰਾਂ ਦਾ ਆਸਨ ਹੈ, ਬ੍ਰਹਮ ਦੀ ਸੱਚੀ ਸੋਝੀ ਦਾ ਤਖ਼ਤ ਹੈ ਜਿਸ ਤਖ਼ਤ ਤੇ ਬੈਠ ਕੇ ਪ੍ਰਮਾਤਮਾ ਸਾਨੂੰ ਸਭ ਨੂੰ ਚਲਾ ਰਿਹਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਹੀ ਉਸ

ਦੇ ਤਖ਼ਤ ਤੇ ਬੈਠਦਾ ਹੈ ਭਾਵ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਸਾਂਝ ਪਾਉਂਦਾ ਹੈ, ਬ੍ਰਹਮ ਗਿਆਨ ਰੂਪ ਵਿਚਾਰਾਂ ਨਾਲ ਸਾਂਝ ਪਾਉਂਦਾ ਹੈ। ਜਿਸ ਦੇ ਅੰਦਰ ਨਾਮ ਹੈ ਉਹ "ਸਾਚਾ ਸਾਹੁ" ਹੈ ਜੋ ਕਿ ਪ੍ਰਮਾਤਮਾ ਆਪ ਹੀ ਹੈ ਤੇ ਜੋ ਆਪਣੇ ਆਪ ਨੂੰ ਨਾਮ ਵਾਲੇ ਕਹਿੰਦੇ ਹਨ ਕੀ ਉਹ ਸੱਚੇ ਸਾਹੁ ਹਨ। ਸੱਚਾ ਸਾਹੁ ਉਹ ਹੈ ਜਿਸ ਦੇ ਕੋਲ ਨਾਮ ਧਨ ਦਾ ਖਜਾਨਾ ਹੈ ਤੇ ਆਪਣਾ ਧਨ ਉਹ ਸਾਰਿਆਂ ਨੂੰ ਵੰਡਦਾ ਹੈ। ਪ੍ਰਮਾਤਮਾ ਨੇ ਇਹ ਆਪਣਾ ਧਨ ਗੁਰਬਾਣੀ ਰਾਹੀਂ ਸੰਸਾਰ ਨੂੰ ਵੰਡਿਆ ਹੈ, ਉਹਨਾਂ ਸਰੀਰਾਂ ਦੇ ਰਾਹੀਂ ਵੰਡਿਆ ਹੈ ਜਿਨ੍ਹਾਂ ਨੂੰ ਪਹਿਲੇ ਆਪ ਉਸ ਨੇ ਇਸ ਸੱਚੇ ਗਿਆਨ ਦਾ ਧਨ ਮਨ ਦੇ ਵਿੱਚ ਵੰਡਿਆ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹੋ ਜਿਹਿਆ ਨਾਮ ਦਿੰਦਾ ਹੈ ਉਹੀ ਪਤਿ ਵਾਲਾ ਬਣਦਾ ਹੈ ਤੇ ਭਰੋਸੇ ਵਾਲਾ ਮਨੁੱਖ ਬਣਦਾ ਹੈ ਜਿਸ ਦੀ ਗੱਲ ਤੇ ਯਕੀਨ ਕੀਤਾ ਜਾ ਸਕਦਾ ਹੈ, ਇਤਬਾਰ ਕੀਤਾ ਜਾ ਸਕਦਾ ਹੈ ਕਿ ਉਸ ਦੀ ਗੱਲ ਸੱਚੀ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਨਾਮ ਧਨ ਦਿੱਤਾ ਹੈ ਉਹਨਾਂ ਨੇ ਗੁਰਬਾਣੀ ਦੇ ਹਰ ਸ਼ਬਦ ਰਾਹੀਂ ਸੱਚੀ ਗੱਲ ਸਮਝਾਈ ਹੈ ਜਿਸ ਤੇ ਪੂਰਨ ਰੂਪ ਵਿੱਚ ਭਰੋਸਾ ਕੀਤਾ ਜਾ ਸਕਦਾ ਹੈ ਕਿਉਂਕਿ ਗੁਰਬਾਣੀ ਵਿੱਚ ਜੋ ਕੁਝ ਵੀ ਲਿਖਿਆ ਹੋਇਆ ਹੈ ਉਹ ਪ੍ਰਮਾਤਮਾ ਦਾ ਆਪਣਾ ਹੀ ਲਿਖਵਾਇਆ ਹੋਇਆ ਹੈ ਤੇ ਉਸ ਤੋਂ ਉੱਚੀ ਤੇ ਸੁੱਚੀ ਗੱਲ ਹੋਰ ਕੌਣ ਕਹਿ ਸਕਦਾ ਹੈ ਇਸੇ ਲਈ ਗੁਰਬਾਣੀ ਦੀ ਹਰ ਗੱਲ "ਵੇਸਾਹੁ" ਯੋਗ ਹੈ, ਭਰੋਸੇ ਯੋਗ ਹੈ ਤੇ ਇਸੇ ਲਈ

34/4000

ਗੁਰਬਾਣੀ ਸੱਚੀ ਬਾਣੀ ਹੈ। ਨਾਮਹੀਣ ਦੀ ਗੱਲ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਦੀ ਮਤਿ ਕੱਚੀ ਹੈ, ਭਰਮ ਵਾਲੀ ਹੈ, ਜਿਸ ਦੇ ਅੰਦਰ ਗੁਰਮਤਿ ਰੂਪ ਸੱਚਾ ਗਿਆਨ ਨਹੀ ਹੈ। (**ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥ਨਾਮਹੀਣ ਨਾਹੀ ਪਤਿ ਵੇਸਾਹੁ ॥5॥**)

ਜਿਸ ਮਨੁੱਖ ਦੇ ਅੰਦਰ ਨਾਮ ਹੈ ਉਹ ਸਭ ਵਿੱਚ ਜਾਣਿਆ ਜਾਂਦਾ ਹੈ, ਸਾਰੇ ਸੰਸਾਰ ਵਿੱਚ ਜਾਣਿਆਂ ਜਾਂਦਾ ਹੈ ਤੇ ਕੀ ਜੋ ਆਪਣੇ ਆਪ ਨੂੰ ਨਾਮ ਵਾਲਾ ਕਹਿੰਦੇ ਹਨ ਉਹ ਸਭ ਜਗ੍ਹਾ ਜਾਣੇ ਜਾਂਦੇ ਹਨ। ਜਿਸ ਦੇ ਅੰਦਰ ਨਾਮ ਹੈ ਉਹ "ਪੁਰਖ ਬਿਧਾਤਾ" ਹੈ, ਪ੍ਰਮਾਤਮਾ ਹੈ, ਅਲ੍ਹਾ ਹੈ, ਅਕਾਲ ਪੁਰਖ ਹੈ ਤੇ ਜਿਨ੍ਹਾ ਦੇ ਅੰਦਰ ਨਾਮ ਹੈ ਕੀ ਉਹ ਇਸ ਗੱਲ ਦੀ ਕਸਵਟੀ ਤੇ ਪੂਰੇ ਉਤਰਦੇ ਹਨ ਕਿ ਉਹ ਆਪ ਹੀ ਪ੍ਰਮਾਤਮਾ ਹਨ ਜਾਂ ਪ੍ਰਮਾਤਮਾ ਦੇ ਬਰਾਬਰ ਹਨ।ਆਪਣੇ ਆਪ ਨੂੰ ਨਾਮ ਵਾਲਾ ਕਹਿਣਾ ਜਾਂ ਪ੍ਰਮਾਤਮਾ ਕਹਿਣਾ ਇਕੋ ਹੀ ਗੱਲ ਹੈ ਜਿਵੇਂ ਕਿ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਜਿਸ ਦੇ ਅੰਦਰ ਨਾਮ ਹੈ ਉਹ ਸੰਸਾਰ ਵਿੱਚ ਸਭ ਤੋ ਉੱਚਾ ਹੈ ਭਾਵ ਉਸ ਤੋ ਉੱਚਾ ਹੋਰ ਕੋਈ ਨਹੀ ਹੈ। ਸਭ ਤੋ ਉੱਚਾ ਤਾਂ ਕੇਵਲ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਆਪਣੇ ਆਪ ਨੂੰ ਨਾਮ ਵਾਲਾ ਅਖਵਾਉਣ ਵਾਲੇ ਤਾਂ ਅਨੇਕਾਂ ਹੀ ਅਨੇਕਾਂ ਹਨ, ਪੂਰੇ ਸੰਸਾਰ ਵਿੱਚ ਹਨ ਤੇ ਕੇਵਲ ਸਿੱਖ ਜਗਤ ਵਿੱਚ ਹੀ ਲੱਖਾ ਦੀ ਗਿਣਤੀ ਵਿੱਚ ਹਨ ਤੇ ਕੀ ਇਹ ਸਾਰੇ ਸੰਸਾਰ ਵਿੱਚ ਸਭ ਤੋ ਉੱਚੇ ਹਨ ਭਾਵ ਇਹਨਾਂ ਵਿੱਚੋਂ ਹਰ ਕੋਈ ਇਕ ਦੂਸਰੇ ਨਾਲੋਂ ਉੱਚਾ ਹੈ ਜਾਂ ਸਾਰੇ ਬਰਾਬਰ ਦੇ ਉੱਚੇ ਹਨ ਤੇ ਇਹਨ੍ਹਾਂ ਨੂੰ ਉੱਚਾ ਭਾਵ ਸਭ ਤੋਂ ਉੱਚਾ ਸਾਬਿਤ ਕਰਨ ਵਾਲਾ ਕੌਣ ਹੈ ਕਿ ਕੌਣ ਕਿਸ ਕਰਕੇ ਉੱਚਾ ਹੈ। ਸਭ ਤੋ ਉੱਚਾ ਤਾਂ ਕੇਵਲ ਪ੍ਰਮਾਤਮਾ ਹੀ ਹੈ ਜੋ ਕਿ ਇਕੋ ਇਕ ਹੀ ਹੈ। ਸਭ ਤੋਂ ਉੱਚੀ ਸ਼ਬਦ ਦੀ ਵੀਚਾਰ ਹੈ ਜੋ ਕਿ ਪ੍ਰਮਾਤਮਾ ਦਾ ਨਾਮ ਹੈ। ਪ੍ਰਮਾਤਮਾ ਦੇ ਸ਼ਬਦ ਦੀ ਵਿਚਾਰ ਤਾਂ ਇਕੋ ਹੀ ਹੈ ਜੋ ਸਦਾ ਲਈ ਇਕੋ ਹੀ ਰਹਿੰਦੀ ਹੈ ਤੇ ਕਦੇ ਬਦਲ ਨਹੀ ਸਕਦੀ ਭਾਵ ਪ੍ਰਮਾਤਮਾ ਆਪਣੇ ਸੱਚੇ ਗਿਆਨ ਕਰਕੇ ਉੱਚਾ ਹੈ। ਜੋ ਅਨੇਕਾਂ ਹੀ ਅਨੇਕਾਂ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਹਨ, ਨਾਮ ਵਾਲੇ ਅਖਵਾਉਣ ਵਾਲੇ ਹਨ ਉਨ੍ਹਾਂ ਸਭ ਦੀ ਵਿਚਾਰ ਤਾਂ ਆਪਣੀ ਆਪਣੀ ਹੀ ਹੈ ਭਾਵ ਇਕ ਦੂਜੇ ਤੋਂ ਵਖਰੀ ਹੈ ਤੇ ਫੈਸਲਾ ਕਿਵੇਂ ਹੋਵੇਗਾ ਕਿ ਕੋਣ ਉੱਚਾ ਹੈ ਭਾਵ ਸਭ ਤੋਂ ਉੱਚਾ ਹੈ। ਇਹ ਫੈਸਲਾ ਕੇਵਲ ਗੁਰਬਾਣੀ ਦੇ ਕੋਲ ਹੈ ਜਿਸ ਦੇ ਅੰਦਰ ਸ਼ਬਦਾਂ ਦੀ ਵਿਚਾਰ ਭਰੀ ਹੋਈ ਹੈ ਜਿਸ ਰਾਹੀਂ ਗੁਰਬਾਣੀ ਦੀ ਵਿਚਾਰ ਸਭ ਤੋ ਉੱਚੀ ਹੈ। ਹਰ ਸ਼ਬਦ ਦੀ ਵਿਚਾਰ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ ਤੇ ਪ੍ਰਮਾਤਮਾ ਆਪਣੀ ਵਿਚਾਰ ਦੁਆਰਾ

34/4001

ਭਾਵ ਆਪਣੇ ਨਾਮ ਦੁਆਰਾ ਸਭ ਤੋਂ ਉੱਚਾ ਹੈ। ਜਿਸ ਨੂੰ ਪ੍ਰਮਾਤਮਾ ਸਭ ਤੋ ਉੱਚਾ ਬਣਾਉਂਦਾ ਹੈ ਉਸ ਨੂੰ ਆਪਣੇ ਸ਼ਬਦਾ ਦੀ ਵਿਚਾਰ ਹੀ ਬਖਸ਼ਦਾ ਹੈ ਜੋ ਕਿ ਉਸ ਦਾ ਨਾਮ ਹੈ ਤੇ ਤਾਂ ਹੀ ਪ੍ਰਮਾਤਮਾ ਕਿਸੇ ਨੂੰ ਆਪਣਾ ਰੂਪ ਬਣਾਉਂਦਾ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਕਰਕੇ ਉਹ ਸਭ ਤੋ ਉੱਚਾ ਹੈ। ਉੱਚਾ ਸਾਬਿਤ ਕਰਨ ਦੀ ਪਰਖ ਕੇਵਲ ਗੁਰਬਾਣੀ ਦੀ ਵਿਚਾਰ ਹੈ ਤੇ ਜਿਸ ਦੇ ਵਿਚਾਰ ਗੁਰਬਾਣੀ ਦੇ ਵਿਚਾਰਾਂ ਨਾਲ ਮੇਲ ਖਾਂਦੇ ਹਨ ਉਹੀ ਕੇਵਲ ਉੱਚਾ ਅਖਵਾ ਸਕਦਾ ਹੈ ਭਾਵ ਨਾਮ ਵਾਲਾ

ਅਖਵਾ ਸਕਦਾ ਹੈ। ਉੱਚਾ ਅਖਵਾਉਣ ਵਾਲੇ, ਨਾਮ ਵਾਲਾ ਅਖਵਾਉਣ ਵਾਲੇ ਜਗ੍ਹਾ ਜਗ੍ਹਾ ਭਰੇ ਪਏ ਹਨ ਪਰ ਕੀ ਕਿਸੇ ਦੀ ਵਿਚਾਰ ਗੁਰਬਾਣੀ ਦੇ ਨਾਲ ਮੇਲ ਖਾਂਦੀ ਹੈ, ਕੀ ਕਿਸੇ ਨੂੰ ਇਸ ਗੱਲ ਦੀ ਸਮਝ ਹੈ ਕਿ ਨਾਮ ਕਹਿੰਦੇ ਕਿਸ ਨੂੰ ਹਨ ਭਾਵ ਸਮਝ ਨਹੀ ਹੈ। ਇਸ ਨੂੰ ਭਰਮ ਕਹਿੰਦੇ ਹਨ। ਜਿਸ ਦੇ ਅੰਦਰ ਨਾਮ ਨਹੀਂ ਹੈ ਉਹ ਹਮੇਸ਼ਾ ਭਰਮ ਵਿੱਚ ਹੀ ਰਹਿੰਦਾ ਹੈ, ਅਗਿਆਨਤਾ ਵਿੱਚ, ਹਉਮੈ ਵਿੱਚ ਹੀ ਰਹਿੰਦਾ ਹੈ ਜਿਸ ਕਰਕੇ ਉਹ ਬਾਰ ਬਾਰ ਜੂਨਾਂ ਵਿੱਚ, ਆਵਾਗਉਣ ਵਿੱਚ ਪੈਂਦਾ ਹੈ।(**ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥6॥**)

ਸਾਡੇ ਅੰਦਰ ਨਾਮ ਹੋਣ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ। ਨਾਮ ਦਾ ਮਕਸਦ ਸਾਨੂੰ ਸਾਡੇ ਜੀਵਨ ਦਾ ਮਾਰਗ ਸਮਝਾਉਣ ਦੇ ਨਾਲ ਹੈ ਭਾਵ ਸਾਨੂੰ ਸੱਚੀ ਮਤਿ ਦੇਣ ਦੇ ਨਾਲ ਹੈ, ਸਾਨੂੰ ਮਨ ਦੇ ਭਰਮ ਵਿੱਚੋਂ, ਅਗਿਆਨਤਾ ਵਿੱਚੋਂ ਕੱਢਣ ਦੇ ਨਾਲ ਹੈ ਤਾਂ ਜੋ ਅਸੀਂ ਗੁਰੂ ਦੇ ਸੱਚੇ ਗਿਆਨ ਦੁਆਰਾ ਭਾਵ ਨਾਮ ਦੁਆਰਾ ਸੱਚ ਦੇ ਮਾਰਗ ਨੂੰ ਸਮਝ ਸਕੀਏ। ਗੁਰੂ ਦਾ ਸੱਚਾ ਗਿਆਨ ਸਾਨੂੰ ਸੱਚ ਹੀ ਸਮਝਾਉਂਦਾ ਹੈ। ਸੱਚ ਦਾ ਮਾਰਗ ਅਸੀਂ ਆਪਣੇ ਕਾਰ ਵਿਹਾਰ ਵਿੱਚ ਵਰਤਨਾ ਹੈ, ਸੰਸਾਰਿਕ ਵਿਚਰਣ ਵਿੱਚ ਵਰਤਣਾ ਹੈ। ਜਿਸ ਦੇ ਅੰਦਰ ਪ੍ਰਮਾਤਮਾ ਦਾ ਨਾਮ ਵੱਸ ਜਾਂਦਾ ਹੈ ਉਸ ਦੇ ਅੰਦਰ ਉਸ ਦੇ ਕਾਰ ਵਿਹਾਰ ਕਰਨ ਦਾ ਮਾਰਗ ਪ੍ਰਗਟ ਹੋ ਜਾਂਦਾ ਹੈ। "ਪਹਾਰਾ" ਤੋ ਭਾਵ ਹੈ ਸਾਡੇ ਕੰਮ ਕਰਨ ਦਾ ਅਸਥਾਨ, ਸਾਡੇ ਕਾਰ ਵਿਹਾਰ ਦਾ, ਕਿਰਤ ਕਰਨ ਦਾ ਅਸਥਾਨ। ਅਸੀ ਜੋ ਵੀ ਕਾਰ ਵਿਹਾਰ ਕਰਦੇ ਹਾਂ ਉਹ ਮਨ ਦੇ ਗਿਆਨ ਰਾਹੀਂ ਭਾਵ ਮਨ ਦੀ ਸੋਝੀ ਰਾਹੀਂ ਹੀ ਕਰਦੇ ਹਾਂ। ਜੇਕਰ ਸਾਡੇ ਮਨ ਦੀ ਸੋਝੀ

ਮਾੜੀ ਹੈ, ਜੇਕਰ ਸਾਡੇ ਅੰਦਰ ਨਾ ਸਮਝੀ ਹੈ ਕਿ ਸਾਨੂੰ ਕਿਰਤ ਕਿਹੋ ਜਿਹੀ ਕਰਨੀ ਚਾਹੀਦੀ ਹੈ ਫਿਰ ਅਸੀਂ ਸੱਚੀ ਸੁੱਚੀ ਕਿਰਤ ਨਹੀਂ ਕਰ ਸਕਦੇ। ਜਿਸ ਦੇ ਅੰਦਰ ਨਾਮ ਵੱਸ ਜਾਂਦਾ ਹੈ ਉਸ ਨੂੰ ਪ੍ਰਮਾਤਮਾ ਮਨ ਦੇ ਹਨੇਰੇ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਕਿਰਤ ਕਰਨ ਦੀ ਸੱਚੀ ਸੋਝੀ ਪਾ ਦਿੰਦਾ ਹੈ, ਕਿਰਤ ਕਰਨ ਦੇ ਲਈ ਸੱਚੇ ਗਿਆਨ ਦਾ ਪ੍ਰਗਟਾਵਾ ਕਰ ਦਿੰਦਾ ਹੈ ਜੋ ਕਿ ਨਾਮ ਦਾ ਮਕਸਦ ਹੈ ਤਾਂ ਜੋ ਮਨੁੱਖ ਕੋਈ ਮਾੜਾ ਕਰਮ, ਮਾੜੀ ਕਿਰਤ ਨਾ ਕਰੇ ਭਾਵ ਗੁਰਮਤਿ ਦੀ ਸੱਚੀ ਸੋਝੀ ਅਨੁਸਾਰ ਕਰੇ। (**ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥**) ਜਦ ਤਕ ਸਾਡੀ ਅਗਿਆਨਤਾ ਨਹੀਂ ਮਿਟੱਦੀ ਤਦ ਤਕ ਸਾਨੂੰ ਨਾਮ ਜਪੱਣ ਦੀ ਸੋਝੀ ਨਹੀਂ ਪੈ ਸਕਦੀ ਜੋ ਕਿ ਸੱਚੀ ਸੁੱਚੀ ਕਿਰਤ ਕਰਨਾ ਹੀ ਹੈ ਜਿਵੇਂ ਕਿ ਅਨੇਕਾਂ ਹੀ ਅਨੇਕਾਂ ਸ਼ਬਦਾ ਦੁਆਰਾ ਅਸੀਂ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਮਨ ਦੀ ਅਗਿਆਨਤਾ ਕਰਕੇ ਹੀ ਅਸੀਂ ਉਸ ਨੂੰ ਨਾਮ ਜਪਣਾ ਸਮਝਿਆ ਹੋਇਆ ਹੈ, ਕਿਸੇ ਅੱਖਰ ਨੂੰ ਜਪੀ ਜਾਣਾ ਨਾਮ ਜਪਣਾ ਸਮਝਿਆ ਹੋਇਆ ਹੈ ਜਿਸ ਦਾ ਕਿ ਬਾਣੀ ਵਿੱਚ ਬਾਰ ਬਾਰ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਦੇ ਦਰ ਤੇ ਅਸੀਂ ਤਾਂ ਹੀ ਪ੍ਰਵਾਨ ਹੁੰਦੇ ਹਾਂ ਜਦੋਂ ਸਾਡੀ ਕਰਨੀ ਚੰਗੀ ਹੋ ਜਾਂਦੀ ਹੈ, ਕਿਰਤ ਚੰਗੀ ਹੋ ਜਾਂਦੀ ਹੈ ਜੋ ਕਿ ਮਾਇਆਂ ਮੋਹ ਵਿੱਚੋਂ ਨਿਕਲਕੇ ਹੀ ਚੰਗੀ ਹੁੰਦੀ ਹੈ ਜਿਸ ਦਾ ਕਾਰਣ ਸਾਡੇ ਅੰਦਰ ਦੀ ਅਗਿਆਨਤਾ ਹੈ, ਆਪਣੇ ਸੱਚੇ ਮਾਰਗ ਦੀ ਸੱਚੀ ਸੋਝੀ ਨਾ ਹੋਣਾ ਹੈ ਤੇ ਸੱਚ ਤੇ ਚਲੇ ਬਿਨਾ ਅਸੀਂ ਨਾ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਸਕਦੇ ਹਾਂ ਤੇ ਨਾ ਹੀ ਸਾਡਾ ਆਵਾਗਉਣ ਦੂਰ ਹੋ ਸਕਦਾ ਹੈ। (**ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ਨਾਮ ਬਿਨਾ ਫਿਰਿ ਆਵਣ ਜਾਣੁ ॥7॥**)

ਨਾਮ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਨਾਮ ਦਾ ਮਿਲਣਾ ਹੀ ਸਾਧਸੰਗਤਿ ਹੈ ਭਾਵ ਉਸ ਗੁਰੂ ਪ੍ਰਮਾਤਮਾ ਦੇ ਨਾਲ ਸੰਗਤਿ ਹੈ, ਉਸ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਹੈ, ਮਨ ਦੇ ਵਿੱਚ ਗਿਆਨ ਰਾਹੀਂ ਮੇਲ ਹੈ, ਸ਼ਬਦ ਦੇ ਵਿਚਾਰਾਂ ਰਾਹੀਂ, ਸ਼ਬਦ ਦੇ ਗੁਣਾਂ ਰਾਹੀਂ ਮੇਲ ਹੈ, ਮਨ ਦੀ ਸਾਧਸੰਗਤਿ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਸਕਦੇ ਹਾਂ ਜੋ ਕਿ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ। ਨਾਮ ਦੀ ਪ੍ਰਾਪਤੀ ਦੁਆਰਾ, ਸਾਧਸੰਗਤਿ ਹੋਣ

ਦੁਆਰਾ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਸਾਨੂੰ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਤੇ ਮਨੁੱਖ ਦਾ ਸੰਸਾਰ ਤੋਂ ਆਵਾਗਉਣ ਮਿੱਟਦਾ ਹੈ। ਮਨ ਦੀ ਇਹ ਅਵਸਥਾ ਹੀ ਤੱਤ ਦਾ "ਤਤੁ" ਵਿੱਚ ਮਿਲਣਾ ਹੈ। "ਤਤੁ" ਰੂਪ ਵਿੱਚ ਪ੍ਰਮਾਤਮਾ

ਆਪ ਹੈ, ਪ੍ਰਮਾਤਮਾ ਦਾ ਸੱਚਾ ਗਿਆਨ ਹੀ, ਬ੍ਰਹਮ ਗਿਆਨ ਉਸ ਦਾ "ਤਤੁ" ਰੂਪ ਹੈ, ਨਾਮ ਰੂਪ ਹੈ। "ਤਤੁ" ਰੂਪ ਉਹ ਹੈ ਜਿਸ ਦੇ ਨਾਲ ਸਾਨੂੰ ਅਸਲੀਅਤ ਦੀ ਸੋਝੀ ਪੈਦੀ ਹੈ। ਸਾਨੂੰ ਆਪਣੇ ਆਪ ਦੀ ਅਸਲੀਅਤ, ਪ੍ਰਮਾਤਮਾ ਦੀ ਅਸਲੀਅਤ "ਤਤੁ" ਵਿੱਚ ਰਲੱਣ ਦੁਆਰਾ ਹੀ ਪੈਂਦੀ ਹੈ ਜਿਸ ਤਤੁ ਵਿੱਚ ਪ੍ਰਮਾਤਮਾ ਕਿਸੇ ਨੂੰ ਆਪ ਹੀ ਮਿਲਾਉਂਦਾ ਹੈ ਤੇ ਮਨੁੱਖ ਨੂੰ ਸਮਝ ਲਗਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ।ਪ੍ਰਮਾਤਮਾ ਦੇ ਤਤੁ ਵਿੱਚ ਰਲਣ ਨਾਲ ਹੀ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ ਜਿਸ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੇ ਤਤੁ ਤੋਂ ਦੂਰ ਰਖਿਆ ਹੋਇਆ ਹੈ, ਹਉਮੈ ਰੂਪ ਅਗਿਆਨਤਾ ਕਰਕੇ ਦੂਰ ਰਖਿਆ ਹੋਇਆ ਹੈ, ਸੱਚ ਨੂੰ ਜਾਨਣ ਤੇ ਸਮਝਣ ਤੋਂ ਦੂਰ ਰਖਿਆ ਹੋਇਆ ਹੈ। ਨਾਮ ਦੀ ਪ੍ਰਾਪਤੀ ਦੁਆਰਾ ਮਨੁੱਖ ਦਾ ਭਰਮ ਹੀ ਦੂਰ ਹੁੰਦਾ ਹੈ ਤੇ ਤਤੁ ਰੂਪ ਸੋਝੀ ਪੈਂਦੀ ਹੈ। (**ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥ਸਾਧਸੰਗਤਿ ਮਹਿ ਲਖੇ ਗੁੋਪਾਲ ਆਵਣ ਜਾਣ ਰਹੇ ਸੁਖੁ ਪਾਇਆ ॥ਕਹੁ ਨਾਨਕ ਤਤੈ ਤਤੁ ਮਿਲਾਇਆ ॥8॥**)

{ਸਤਿਗੁਰੁ ਮਿਲੈ ਤਾ ਤਤੁ ਪਾਏ ॥ਹਰਿ ਕਾ ਨਾਮੁ ਮੰਨਿ ਵਸਾਏ ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥}

(ਅੰਗ ੧੧੬)

{ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥}

(ਅੰਗ ੧੨੮)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ ੧੨੮)

{ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥}

(ਅੰਗ ੧੬੨)

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥
(ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥
ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}

(ਅੰਗ ੧੬੩)

34/4004

{ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥}

(ਅੰਗ ੨੦੫)

{ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ॥ ਮਿਰਗੁ ਮਰੈ ਸਹਿ ਅਪੁਨਾ ਕੀਨਾ॥

ਤ੍ਰਿਸਨਾ ਰਾਚਿ ਤਤੁ ਨਹੀ ਬੀਨਾ॥੩॥}

(ਅੰਗ ੨੨੫)

{ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥}

(ਅੰਗ ੨੨੭)

{ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥}

(ਅੰਗ ੨੬੨)

{ਸੋਧਤ ਸੋਧਤ ਸੋਧਤ ਸੀਝਿਆ ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥
ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥}

(ਅੰਗ ੨੮੧)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥}

(ਅੰਗ ੨੮੫)

{ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥}

(ਅੰਗ ੨੮੮)

{ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥}

(ਅੰਗ ੩੩੯)

{ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥
ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥੪੫॥}

(ਅੰਗ ੩੪੩)

{ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥ ਹਰਿ ਸਿਉ ਰਾਤੀ ਸਬਦੁ ਵੀਚਾਰੀ ॥
ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥}

(ਅੰਗ ੩੫੩)

{ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥
ਚੀਨ੍ਹੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥}

(ਅੰਗ ੩੫੫)

34/4005

{ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥ ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥੪॥}

(ਅੰਗ ੩੬੭)

{ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥
ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥
ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥੩॥}

(ਅੰਗ ੩੮੦)

{ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥
ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥}

(ਅੰਗ ੩੯੯)

{ਸਚੁ ਮਨ ਕਾਰਣਿ ਤਤੁ ਬਿਲੋਵੈ ॥ਸੁਭਰ ਸਰਵਰਿ ਮੈਲੁ ਨ ਧੋਵੈ ॥}

(ਅੰਗ ੪੧੧)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥}

(ਅੰਗ ੪੧੮)

{ਸੁਣਿ ਮਨ ਮੇਰੇ ਤਤੁ ਗਿਆਨੁ ॥
ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥}

(ਅੰਗ ੪੨੩)

{ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥
ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥}

(ਅੰਗ ੪੨੪)

{ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥
ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥}

(ਅੰਗ ੪੩੭)

{ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥}

(ਅੰਗ ੪੭੦)

{ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥}

(ਅੰਗ ੫੦੫)

{ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥}

(ਅੰਗ ੫੦੬)

{ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥੮॥}

(ਅੰਗ ੫੦੬)

34/4006

{ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥ ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥}

(ਅੰਗ ੫੨੦)

{ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਿ ਸਾਚੇ ਲਗੈ ਧਿਆਨੁ ॥੧॥}

(ਅੰਗ ੫੫੯)

{ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥}

(ਅੰਗ ੫੯੯)

{ਪਾਰਬ੍ਰਹਮ ਪਰਮੇਸੁਰ ਸਤਿਗੁਰ ਸਭਨਾ ਕਰਤ ਉਧਾਰਾ ॥
ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ ਬੀਚਾਰਾ ॥੪॥}

(ਅੰਗ ੬੧੧)

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥
ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ ੬੫੦)

{ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥
ਬਾਦਲ ਬਿਨੁ ਬਰਖਾ ਹੋਈ ॥ ਜਉ ਤਤੁ ਬਿਚਾਰੈ ਕੋਈ ॥੧॥}

(ਅੰਗ ੬੫੭)

{ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥
ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥}

(ਅੰਗ ੬੫੭)

{ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥}

(ਅੰਗ ੬੯੫)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥
ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥}

(ਅੰਗ ੭੪੦)

{ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥}

(ਅੰਗ ੭੬੪)

{ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥
ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥}

(ਅੰਗ ੭੭੮)

{ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥
ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ ॥੨॥}

(ਅੰਗ ੮੩੪)

34/4007

{ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ॥
ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥}

(ਅੰਗ ੮੪੦)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਪੂਰਨ ਹੋਇ ਮਿਲਿਓ ਸੁਖਦਾਈ ਊਨ ਨ ਕਾਈ ਬਾਤਾ ॥
ਤਤੁ ਸਾਰੁ ਪਰਮ ਪਦੁ ਪਾਇਆ ਛੋਡਿ ਨ ਕਤਹੂ ਜਾਤਾ ॥੩॥}

(ਅੰਗ ੮੮੪)

{ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥}

(ਅੰਗ ੮੯੫)

{ਹਉਮੈ ਗਰਬੁ ਜਾਇ ਮਨ ਭੀਨੈ ॥ ਝੂਠਿ ਨ ਪਾਵਸਿ ਪਾਖੰਡਿ ਕੀਨੈ ॥
ਬਿਨੁ ਗੁਰ ਸਬਦ ਨਹੀ ਘਰੁ ਬਾਰੁ ॥ ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥}

"ਤਤੁ" ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਨਾਮ ਰੂਪ ਹੀ ਉਸ ਦਾ ਤਤੁ ਰੂਪ ਹੈ ਭਾਵ ਤਤੁ ਗਿਆਨ ਰੂਪ ਹੈ। ਪਰਮਾਤਮਾ ਸਾਡੇ ਅੰਦਰ ਆਪਣੇ ਇਸ ਰੂਪ ਦੁਆਰਾ ਹੀ ਵਸਿਆ ਹੋਇਆ ਹੈ ਪਰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦਿਆ ਅਸੀਂ ਉਸ ਨੂੰ ਆਪਣੇ ਅੰਦਰੋਂ ਪਹਿਚਾਣ ਨਹੀਂ ਸਕਦੇ। ਆਪਣੇ ਅੰਦਰੋਂ ਤਤੁ ਨੂੰ ਪਹਿਚਾਣੇ ਬਿਨ੍ਹਾਂ ਅਸੀਂ ਸੰਸਾਰ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ, ਆਪਣੇ ਆਪ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ ਕਿ ਅਸਲ ਵਿੱਚ ਅਸੀਂ ਕੀ ਹਾਂ, ਸਾਡਾ ਵਜੂਦ ਕੀ ਹੈ। ਤਤੁ ਨੂੰ ਪਛਾਣੇ ਬਿਨਾ ਭਾਵ ਤੱਤ ਗਿਆਨ ਦੀ ਸੋਝੀ ਪਏ ਬਿਨਾ, ਨਾਮ ਦੀ ਸੋਝੀ ਪਾਏ ਬਿਨਾ ਅਸੀ ਆਪਣੇ ਝੂਠੇ ਵਜੂਦ ਨੂੰ ਸੱਚਾ ਵਜੂਦ ਸਮਝਿਆ ਹੋਇਆ ਹੈ ਜੋ ਕਿ ਇਸ ਸੰਸਾਰ ਦਾ ਸਭ ਤੋਂ ਵੱਡਾ ਭਰਮ ਹੈ ਜੋ ਭਰਮ ਤੱਤ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਨਿਕਲਦਾ ਹੈ ਤੇ ਹੋਰ ਕੋਈ ਤਰੀਕਾ ਨਹੀ ਹੈ। ਤਤੁ ਗਿਆਨ ਦਾ ਮਾਲਕ ਸਾਡੇ ਅੰਦਰ ਹੀ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਤਤੁ ਗਿਆਨ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਦੇ ਨਾਲ ਜੇਕਰ ਅਸੀਂ ਮੇਲ ਕਰਨਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜੀਏ ਭਾਵ ਨਾਮ ਨਾਲ ਜੁੜੀਏ ਜਿਸ ਰਾਹੀਂ ਪ੍ਰਮਾਤਮਾ ਨੇ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੋਇਆ ਹੈ ਤੇ ਅਸੀਂ ਉਨ੍ਹਾਂ ਦੀ ਮਤਿ ਪਿੱਛੇ ਨਾ ਲਗੀਏ, ਉਨ੍ਹਾਂ ਦੇ ਗਿਆਨ ਨਾਲ ਨਾ ਜੁੜੀਏ ਜੋ ਖੁਦ ਤ੍ਰੈ ਗੁਣਾਂ ਵਿੱਚ ਹਨ ਭਾਵ ਜਿਨ੍ਹਾਂ ਨੂੰ ਤਤੁ ਗਿਆਨ ਦੀ ਪ੍ਰਾਪਤੀ ਨਹੀਂ ਹੈ।

34/4008

ਸਾਨੂੰ ਭਰਮ ਦੇ ਵਿੱਚੋਂ ਕੇਵਲ ਤਤੁ ਗਿਆਨ ਹੀ ਕੱਢ ਸਕਦਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਦਰਸ਼ਨ ਕਰ ਸਕਦੇ ਹਾਂ। ਸਾਡਾ ਵੱਡਾ ਭਰਮ ਨਾਮ ਦੀ ਸੋਝੀ ਦਾ ਨਾ ਹੋਣਾ ਹੈ ਤੇ ਅਸੀ ਭਰਮ ਵਿੱਚ ਕਥਨੀ ਨੂੰ ਨਾਮ ਜਪੱਣਾ ਸਮਝਿਆ ਹੋਇਆ ਹੈ, ਕਿਸੇ ਅੱਖਰ ਦੇ ਜਪ ਨੂੰ ਨਾਮ ਜਪਣਾ ਸਮਝਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਦੀ ਉਪਜ ਹੈ। ਸਾਡੀ ਤ੍ਰੈ ਗੁਣਾਂ ਵਾਲੀ ਅਵਸਥਾ ਨਾਮ ਮਿਲਣ ਦੁਆਰਾ ਹੀ ਦੂਰ ਹੁੰਦੀ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਸੱਚਾ ਗਿਆਨ ਹੀ ਮਿਲਦਾ ਹੈ, ਤਤੁ ਗਿਆਨ ਹੀ ਮਿਲਦਾ ਹੈ ਭਾਵ ਬ੍ਰਹਮ ਗਿਆਨ ਹੀ ਮਿਲਦਾ ਹੈ ਜੋ ਕਿ ਗਿਆਨ ਦਾ ਮਾਲਕ "ਬ੍ਰਹਮ" ਮਨ ਦੇ ਵਿੱਚ ਆਪ ਹੀ ਦਿੰਦਾ ਹੈ ਤੇ ਕਿਸੇ ਨੂੰ ਭਰਮ ਵਾਲੀ ਅਵਸਥਾ ਵਿੱਚੋਂ ਕੱਢਦਾ ਹੈ। ਜਿਸ ਨੂੰ ਵੀ ਪ੍ਰਮਾਤਮਾ "ਅਚਿੰਤ" ਕਰਦਾ ਹੈ ਭਾਵ ਚਿੰਤਾ ਤੋ ਮੁਕਤਿ ਕਰਦਾ ਹੈ ਉਸ ਨੂੰ ਆਪਣੀ ਨਾਮ ਦੀ ਦਾਤਿ ਹੀ ਬਖਸ਼ਦਾ ਹੈ। ਪ੍ਰਮਾਤਮਾ ਦਾ ਨਾਮ ਰੂਪ ਹੀ ਉਸਦਾ ਅਚਿੰਤ ਰੂਪ ਹੈ ਜਿਸ ਦੁਆਰਾ ਉਹ ਸਾਡੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਸਾਨੂੰ ਹਰ ਚਿੰਤਾ ਤੋਂ ਮੁਕਤਿ ਪ੍ਰਮਾਤਮਾ ਆਪ ਹੀ ਕਰਦਾ ਹੈ, ਆਪਣੇ ਅਚਿੰਤ ਰੂਪ ਵਿੱਚ ਮਿਲਾ ਕੇ ਕਰਦਾ ਹੈ। ਸਾਨੂੰ ਅਚਿੰਤ ਮਨ ਦੀ ਸੋਝੀ ਹੀ ਕਰਦੀ ਹੈ, ਮਨ ਦਾ ਗਿਆਨ ਹੀ ਕਰਦਾ ਹੈ। ਮਨ ਦੇ ਵਿੱਚ ਭਰਮ ਵਾਲੀ ਸੋਝੀ ਕਰਕੇ ਅਸੀ ਚਿੰਤਾ ਵਿੱਚ ਰਹਿੰਦੇ ਹਾਂ ਤੇ ਪ੍ਰਮਾਤਮਾ ਸਾਨੂੰ ਆਪਣੇ ਅਚਿੰਤ ਰੂਪ ਵਿੱਚ ਮਿਲਾ ਕੇ ਹਰ ਭਰਮ ਤੋਂ ਮੁਕਤਿ ਕਰ ਦਿੰਦਾ ਹੈ, ਹਰ ਚਿੰਤਾ ਤੋਂ ਮੁਕਤਿ ਕਰ ਦਿੰਦਾ ਹੈ ਤੇ ਉਸ ਤੋਂ ਬਾਦ ਮਨੁੱਖ ਦੇ ਅੰਦਰ ਇਕੋ ਚਿੰਤਾ ਵਸੀ ਰਹਿੰਦੀ ਹੈ ਜੋ ਕਿ ਸੱਚ ਤੇ ਚੱਲਣ ਦੀ ਹੈ, ਨਾਮ ਤੇ ਚੱਲਣ ਦੀ ਹੈ, ਗੁਰਮਤਿ ਤੇ ਚੱਲਣ ਦੀ ਹੈ। ਸਾਡੇ ਮਨ ਦੇ ਵਿਚਾਰ ਹੀ ਸਾਨੂੰ ਚਿੰਤਾ ਵਿੱਚ ਰੱਖਦੇ ਹਨ, ਅਨੇਕਾਂ ਹੀ ਚਿੰਤਾਵਾਂ ਵਿੱਚ ਜੋੜ ਕੇ ਰੱਖਦੇ ਹਨ ਜੋ ਕਿ ਝੂਠੀਆ ਚਿੰਤਾਵਾਂ ਹਨ। ਭਗਤੀ ਦੇ ਝੂਠੇ ਮਾਰਗ ਨਾਲ ਜੁੜਨਾ ਸਾਡੀ ਝੂਠੀ ਚਿੰਤਾ ਹੈ। ਮਾਇਆ ਮੋਹ ਸਾਡੀ ਝੂਠੀ ਚਿੰਤਾ ਹੈ ਜਿਨਾਂ ਤੋਂ ਪ੍ਰਮਾਤਮਾ ਆਪ ਹੀ ਮੁਕਤਿ ਕਰਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਰਾਹੀਂ ਸਚੀ ਸੋਝੀ ਪਾਉਂਣ ਦੁਆਰਾ ਕਰਦਾ ਹੈ ਭਾਵ ਆਪਣੇ ਨਾਮ ਦੁਆਰਾ ਕਰਦਾ ਹੈ, ਨਾਮ ਦੀ ਦਾਤਿ ਬਖਸ਼ਣ ਦੁਆਰਾ ਭਾਵ ਆਪਣੇ ਮੇਲ ਦੁਆਰਾ ਕਰਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਬਰੀਕੀ ਨਾਲ ਸਮਝੀਏ ਤੇ ਹੋਰ ਵੀ ਦ੍ਰਿੜ ਕਰੀਏ ਕਿ ਨਾਮ ਦਾ ਦਾਨ ਮਿਲਣਾ ਕੀ ਹੈ, ਸਾਡੇ ਅੰਦਰ ਨਾਮ ਦਾ ਵੱਸਣਾ ਕੀ ਹੈ।ਜੋ ਗੱਲ ਅਸੀ ਪਿੱਛਲੇ ਸ਼ਬਦ ਦੁਆਰਾ ਸਮਝੀ ਹੈ ਉਹੀ ਗੱਲ ਸਾਨੂੰ ਹੇਠ ਦਿੱਤੇ ਸ਼ਬਦ ਦੁਆਰਾ ਦੂਜੇ ਢੰਗ ਨਾਲ ਸਮਝਾਈ ਹੋਈ ਹੈ, ਪ੍ਰਮਾਤਮਾ

34/4009

ਦੇ ਅਚਿੰਤ ਰੂਪ ਨਾਲ ਜੋੜ ਕੇ ਸਮਝਾਈ ਹੋਈ ਹੈ।

ਭੈਰਉ ਮਹਲਾ ੫ ॥

“ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥
ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥੧॥
ਕਹੁ ਨਾਨਕ ਕੀਰਤਿ ਹਰਿ ਸਾਚੀ ॥ ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥੧॥ ਰਹਾਉ ॥
ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥
ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥੨॥
ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੈ ਲਥੇ ਵਿਸੂਰੇ ॥
ਅਚਿੰਤ ਹਮਾਰੈ ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥੩॥
ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ ਅਚਿੰਤ ਹਮਾਰੀ ਪੂਰਨ ਆਸਾ ॥
ਅਚਿੰਤ ਹਮ੍ਰਾ ਕਉ ਸਗਲ ਸਿਧਾਂਤੁ ॥ ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥
ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥
ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥

ਅਚਿੰਤ ਮਿਟਿਓ ਹੈ ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥
ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥੬॥
ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥
ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥
ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੂ ਠਾਕੁਰੁ ਏਕੁ ॥
ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥"

(ਅੰਗ ੧੧੫੭)

ਉਪਰਲੇ ਸ਼ਬਦ ਰਾਹੀਂ ਧੰਨ ਧੰਨ ਪੰਜਵੀਂ ਪਾਤਸ਼ਾਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਉਹਨ੍ਹਾਂ ਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਦਾਨ ਕਿਸ ਰੂਪ ਵਿੱਚ ਮਿਲਿਆ ਹੋਇਆ ਹੈ ਭਾਵ ਨਾਮ ਦੀ ਦਾਤਿ ਮਿਲਣ ਦੁਆਰਾ ਮਨੁੱਖ ਨੂੰ ਕਿਹੋ ਜਿਹੀ ਪ੍ਰਾਪਤੀ ਹੁੰਦੀ ਹੈ ਤੇ ਉਸ ਹਰ ਪ੍ਰਾਪਤੀ ਦੇ ਪਿੱਛੇ ਕੌਣ ਹੈ।

ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਨੂੰ ਇਹ ਨਾਮ ਦਾਨ "ਸਤਿਗੁਰਿ" ਕੋਲੋਂ ਮਿਲਿਆ ਹੈ ਭਾਵ ਪ੍ਰਮਾਤਮਾ ਦੇ ਕੋਲੋਂ ਮਿਲਿਆ ਹੈ ਜੋ ਨਾਮ ਦਾ ਮਾਲਕ ਹੈ। ਜਿਸ ਨੂੰ ਵੀ ਨਾਮ ਦਾਨ ਦੀ ਦਾਤਿ ਮਿਲਦੀ ਹੈ ਉਹ ਸਿਧੀ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ। ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਜਿਥੇ ਉਹ ਆਪਣੀ ਦਾਤਿ ਬਖਸ਼ਦਾ ਹੈ ਉਹ ਉਸੇ ਦਾ ਰੂਪ ਹੀ ਬਣ ਜਾਂਦਾ ਹੈ। ਗੁਰੂ ਰੂਪ ਵਿੱਚ, ਭਗਤ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਨਾਮ ਦੇ ਰੂਪ ਵਿੱਚ ਆਪ ਹੀ ਆਪਣਾ ਸੱਚਾ ਗਿਆਨ ਬਖਸ਼ਦਾ ਹੈ, ਬ੍ਰਹਮ ਗਿਆਨ ਬਖਸ਼ਦਾ ਹੈ। ਪ੍ਰਮਾਤਮਾ ਦਾ ਨਾਮ ਹੀ ਉਸਦਾ "ਅਮੋਲ ਰਤਨੁ" ਹੈ ਜਿਸ ਦੀ ਕੋਈ ਕੀਮਤ ਨਹੀ ਪਾਈ ਜਾ ਸਕਦੀ। ਪ੍ਰਮਾਤਮਾ ਦੇ ਦਰਸ਼ਨ ਇਸ ਅਮੋਲ ਰਤਨ ਦੀ ਪ੍ਰਾਪਤੀ ਦੁਆਰਾ ਹੀ ਹੁੰਦੇ ਹਨ ਜਿਸ ਦੁਆਰਾ ਮਨੁੱਖ ਨੂੰ ਪੂਰਨ ਸੱਚ ਦੀ ਸੋਝੀ ਪੈਂਦੀ ਹੈ, ਸੰਸਾਰ ਦੀ ਅਸਲੀਅਤ ਦੀ ਸਮਝ ਪੈਂਦੀ ਹੈ ਕਿ ਇਸ ਸੰਸਾਰ ਦਾ ਸੱਚ ਕੀ ਹੈ ਭਾਵ ਸਭ ਕੁਝ ਆਪ ਪ੍ਰਮਾਤਮਾ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ।(**ਸਤਿਗੁਰਿ ਮੋ ਕਉ ਕੀਨੋ ਦਾਨੁ ॥ਅਮੋਲ ਰਤਨੁ ਹਰਿ ਦੀਨੋ ਨਾਮੁ ॥**) ਪ੍ਰਮਾਤਮਾ ਦਾ ਇਹ ਨਾਮ ਰਤਨੁ ਉਸ ਦਾ ਸ਼ਬਦ ਰੂਪ ਰਤਨੁ ਹੈ, ਸ਼ਬਦਾਂ ਦੀ ਸੋਝੀ ਰੂਪ ਰਤਨੁ ਹੈ ਜਿਸ ਦੁਆਰਾ ਸ਼ਬਦਾਂ ਦੀ ਵਿਚਾਰ ਸਮਝ ਆਉਂਦੀ ਹੈ, ਸ਼ਬਦਾਂ ਦੇ ਅੰਦਰ ਦੇ ਮਕਸਦ ਦੀ ਸਮਝ ਪੈਂਦੀ ਹੈ ਜੋ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ।

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ ੧੦੬੯)

{ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ ੩੬੮)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

34/4010

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥}

(ਅੰਗ ੧੧੫੨)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥}

(ਅੰਗ ੭੮)

{ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥}

(ਅੰਗ ੨੨)

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥ ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥}

(ਅੰਗ ੫੯)

{ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥}

(ਅੰਗ ੮੩)

{ਅੰਤਰਿ ਰਤਨੁ ਮਿਲੈ ਮਿਲਾਇਆ ॥ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੭)

{ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥}

(ਅੰਗ ੧੨੬)

{ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ ੧੨੯)

{ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ ੧੨੯)

{ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥}

(ਅੰਗ ੧੩੦)

34/4011

{ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥
ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥}

(ਅੰਗ ੧੪੧)

{ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥}

(ਅੰਗ ੧੪੫)

{ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥}

(ਅੰਗ ੧੪੯)

{ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥}

(ਅੰਗ ੧੫੨)

{ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥}

(ਅੰਗ ੧੮੧)

{ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥੧॥ ਰਹਾਉ ॥}

(ਅੰਗ ੨੧੫)

{ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥ ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥
ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥ ਜਨ ਨਾਨਕ ਸਦ ਬਲਿਹਾਰਾ ਜੀਉ ॥੪॥}

(ਅੰਗ ੨੧੭)

{ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥}

(ਅੰਗ ੨੧੯)

{ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ ਨਾਮ ਰਤਨੁ ਸਭ ਜਗ ਮਹਿ ਲੋਇ ॥੫॥}

(ਅੰਗ ੨੩੨)

{ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥
ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥}

(ਅੰਗ ੨੩੩)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥}

(ਅੰਗ ੨੩੫)

34/4012

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥}

(ਅੰਗ ੨੯੬)

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ ੩੦੯)

{ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥ ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥}

(ਅੰਗ ੩੧੯)

{ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ ਜੇ ਕੋ ਬੂਝੈ ਏਹੁ ਬੀਚਾਰੁ ॥੪॥}

(ਅੰਗ ੩੫੧)

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥}

(ਅੰਗ ੩੫੩)

{ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥}

(ਅੰਗ ੩੫੪)

{ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥}

(ਅੰਗ ੩੬੫)

{ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥}

(ਅੰਗ ੪੦੨)

{ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ ॥ ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥੮॥}

(ਅੰਗ ੪੨੦)

{ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥
ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥}

(ਅੰਗ ੪੨੫)

{ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥
ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥}

(ਅੰਗ ੪੨੬)

{ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ ੪੩੭)

34/4013

{ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥}

(ਅੰਗ ੪੪੨)

{ਜੀਵਨ ਗਤਿ ਸੁਆਮੀ ਅੰਤਰਜਾਮੀ ਆਪਿ ਲੀਏ ਲੜਿ ਲਾਏ ॥
ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ ॥੩॥}

(ਅੰਗ ੪੫੪)

{ਬਾਬਾ ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥}

(ਅੰਗ ੪੮੨)

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥}

(ਅੰਗ ੫੦੫)

{ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ ॥
ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ ॥
ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ॥
ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥੩॥}

(ਅੰਗ ੫੪੭)

{ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥
ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥}

(ਅੰਗ ੫੬੯)

{ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥}

(ਅੰਗ ੫੮੯)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ ੫੯੩)

{ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੁੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥}

(ਅੰਗ ੬੧੫)

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

34/4014

{ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥}

(ਅੰਗ ੫੯੮)

{ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥
ਰਤਨੁ ਲੁਕਾਇਆ ਲੁਕੈ ਨਾਹੀ ਜੇ ਕੋ ਰਖੈ ਲੁਕਾਈ ॥੪॥}

(ਅੰਗ ੬੦੭)

{ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥
ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥੩॥
ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥}

(ਅੰਗ ੬੧੨)

{ਰਤਨੁ ਛਾਡਿ ਕਉਡੀ ਸੰਗਿ ਲਾਗੇ ਜਾ ਤੇ ਕਛੂ ਨ ਪਾਈਐ ॥
ਪੂਰਨ ਪਾਰਬ੍ਰਹਮ ਪਰਮੇਸੁਰ ਮੇਰੇ ਮਨ ਸਦਾ ਧਿਆਈਐ ॥੧॥}

(ਅੰਗ ੬੧੪)

{ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥}

(ਅੰਗ ੬੩੩)

{ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥
ਨਿਜ ਭਾਉ ਭਇਆ ਭ੍ਰਮੁ ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥੨॥}

(ਅੰਗ ੬੫੭)

{ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥
ਹਰਿ ਗੁਨ ਕਹਤੇ ਕਹਨੁ ਨ ਜਾਈ ॥ ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥}

(ਅੰਗ ੬੫੯)

{ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥}

(ਅੰਗ ੬੯੬)

{ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥
ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ ॥੧॥}

(ਅੰਗ ੬੯੬)

{ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥}

(ਅੰਗ ੬੯੬)

{ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥}

(ਅੰਗ ੭੦੩)

34/4015

{ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਬਾਟਿਓ ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥}

(ਅੰਗ ੭੧੪)

{ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਾਸਾਰਾ ॥
ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ ਸੋ ਸਾਹੁ ਸਚਾ ਵਣਜਾਰਾ ॥੨॥}

(ਅੰਗ ੭੨੦)

{ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ ॥ ਗੁਰ ਪਰਸਾਦੀ ਨਾਮੁ ਧਿਆਏ ॥੩॥}

(ਅੰਗ ੭੩੭)

{ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥ ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥}

(ਅੰਗ ੭੫੨)

{ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥}

(ਅੰਗ ੭੫੪)

{ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥}

(ਅੰਗ ੭੬੪)

{ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥
ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥}

(ਅੰਗ ੭੬੫)

{ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥}

(ਅੰਗ ੭੭੫)

{ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥}

(ਅੰਗ ੮੦੧)

{ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥੨॥}

(ਅੰਗ ੮੬੯)

{ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ ॥
ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ ॥੩॥}

(ਅੰਗ ੮੮੦)

34/4016

{ਜਾ ਕੈ ਅੰਤਰਿ ਪ੍ਰਗਟਿਓ ਆਪ ॥ ਤਾ ਕਉ ਨਾਹੀ ਦੂਖ ਸੰਤਾਪ ॥

ਲਾਲੁ ਰਤਨੁ ਤਿਸੁ ਪਾਲੈ ਪਰਿਆ ॥ ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥}

(ਅੰਗ ੮੮੭)

{ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ ੮੯੧)

{ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥
ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥੧॥}

(ਅੰਗ ੮੯੨)

{ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥
ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥੧॥}

(ਅੰਗ ੮੯੨)

{ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥
ਨਾਮੁ ਰਤਨੁ ਨਿਰਮੋਲਕੁ ਹੀਰਾ ॥ ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥}

(ਅੰਗ ੯੦੪)

{ਨਾਮੁ ਰਤਨੁ ਹੀਰਾ ਨਿਰਮੋਲੁ ॥ ਸਾਚਾ ਸਾਹਿਬੁ ਅਮਰੁ ਅਤੋਲੁ ॥
ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ ਨਾਹੀ ਰੋਲੁ ॥੨॥}

(ਅੰਗ ੯੦੫)

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥
ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ ੯੨੦)

{ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥}

(ਅੰਗ ੯੩੧)

ਉਪਰ ਅਨੇਕਾਂ ਹੀ ਸ਼ਬਦਾ ਦੁਆਰਾ ਸਾਨੂੰ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਨਾਮ ਰਤਨ ਕੀ ਹੈ ਭਾਵ ਨਾਮ ਕੀ ਹੈ। ਬਾਰ ਬਾਰ ਸ਼ਬਦਾਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਨਾਮ ਰਤਨ ਦਾ ਮਕਸਦ ਸਾਡੇ ਮਨ ਦੇ ਗਿਆਨ ਨਾਲ ਹੈ ਭਾਵ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਂਨ ਦਾ ਪ੍ਰਕਾਸ਼ ਕਰਨ ਦੇ ਨਾਲ ਹੈ ਤਾਂ ਜੋ ਅਸੀਂ ਅਗਿਆਨਤਾ ਦੇ ਹਨੇਰੇ ਵਿੱਚੋਂ ਨਿਕਲੀਏ ਤੇ ਗੁਰਮਤਿ ਦੇ ਮਕਸਦ ਨੂੰ ਸਮਝੀਏ ਜੋ ਕਿ ਸਾਨੂੰ ਵਿਕਾਰਾਂ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਸੰਸਾਰ ਦੇ ਵਿੱਚ ਸੱਚੇ ਸੁੱਚੇ

34/4017

ਇਨਸਾਨ ਬਣਕੇ ਵਿਚਰੀਏ। ਸਾਨੂੰ ਸਾਡੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਾਮ ਦਾ ਦਾਨ ਮਿਲਣ ਦੁਆਰਾ ਹੀ ਹੁੰਦੇ ਹਨ ਭਾਵ ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੁੰਦੇ ਹਨ ਜੋ ਗਿਆਨ ਦਾ ਪ੍ਰਕਾਸ਼ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਕਰਦਾ ਹੈ। ਨਾਮ ਦਾ ਦਾਨ ਮਿਲਣ ਦੁਆਰਾ ਹੀ ਸਾਨੂੰ ਸਹਜ ਦੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ।ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਸਦਾ ਬਿਨੋਦ ਵਿੱਚ ਭਾਵ ਮਨ ਦੇ ਖੇੜੇ ਵਿੱਚ ਰਹਿੰਦਾ ਹੈ ਤੇ ਪ੍ਰਮਾਤਮਾ ਦੇ ਚੋਜ ਸਮਝ ਆਉਂਦੇ ਹਨ, ਉਸ ਦੀ ਖੇਡ ਦੀ ਸਮਝ ਆਉਂਦੀ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਚਲਾ ਰਿਹਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਚਿੰਤਾ ਮੁਕਤ ਹੁੰਦਾ ਹੈ ਕਿਉਂਕਿ ਉਸ ਦਾ ਮੇਲ ਅਚਿੰਤ ਰੂਪ ਪ੍ਰਮਾਤਮਾ ਦੇ ਨਾਲ ਹੋ ਜਾਂਦਾ ਹੈ। ਮਨੁੱਖ ਨੂੰ ਉਹ ਮਨ ਦੇ ਵਿੱਚ ਮਨ ਦੀ ਸੋਝੀ ਦੁਆਰਾ ਹੀ ਅਚਿੰਤ ਬਣਾਉਂਦਾ ਹੈ ਕਿਉਂਕਿ ਉਹ ਮਨੁੱਖ ਨੂੰ ਹਰ ਭਰਮ ਤੋਂ ਦੂਰ ਕਰ ਦਿੰਦਾ ਹੈ। ਸਾਡੇ ਅੰਦਰ ਦੇ ਅਨੇਕਾਂ ਭਰਮ ਹੀ ਸਾਨੂੰ ਅਨੇਕਾਂ ਚਿੰਤਾਵਾ ਵਿੱਚ ਰੱਖਦੇ ਹਨ, ਮਾਇਆ ਮੋਹ ਦੀਆਂ ਚਿੰਤਾਵਾਂ ਵਿੱਚ ਰਖੱਦੇ ਹਨ, ਆਵਾਗਉਣ ਦੀ ਚਿੰਤਾ ਵਿੱਚ ਰਖਦੇ ਹਨ।ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਮਨੁੱਖ ਦੀ ਆਵਾਗਉਣ ਦੀ ਚਿੰਤਾ ਮੁੱਕ ਜਾਂਦੀ ਹੈ ਜੋ ਕਿ ਮਨ ਦੇ ਗਿਆਨ ਦੁਆਰਾ ਹੀ ਮੁਕਦੀ ਹੈ ਭਾਵ ਮਨ ਦੇ ਗਿਆਨ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੋਣ ਦੁਆਰਾ ਹੀ ਮਿੱਟਦੀ ਹੈ ਤਾਂ ਹੀ ਮਨੁੱਖ ਸਦਾ ਖੇੜੇ ਵਿੱਚ ਰਹਿੰਦਾ ਹੈ ਕਿਉਂਕਿ ਉਹ ਪ੍ਰਮਾਤਮਾ ਦੇ ਨਾਲ ਇਕਮਿਕ ਹੋ ਜਾਂਦਾ ਹੈ ਤੇ ਪ੍ਰਮਾਤਮਾ ਆਪ ਹੀ ਉਸ ਦੀ ਸਭ ਜਗ੍ਹਾ ਰਖਿਆ ਕਰਦਾ ਹੈ ਤੇ ਹਰ ਅਉਗਣ ਤੋਂ ਬਚਾ ਕੇ ਰੱਖਦਾ ਹੈ, ਮਨ ਦੇ ਗਿਆਨ ਦੁਆਰਾ ਬਚਾ ਕੇ ਰਖਦਾ ਹੈ ਤੇ ਮਨੁੱਖ ਨੂੰ ਇਸ ਗੱਲ ਤੇ ਭਰੋਸਾ ਆ ਜਾਂਦਾ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨਾ ਹੋਰ ਕੋਈ ਨਹੀਂ ਹੈ। (**ਸਤਿਗੁਰਿ ਮੋ ਕਉ ਕੀਨੋ ਦਾਨੁ ॥ਅਮੋਲ ਰਤਨੁ ਹਰਿ ਦੀਨੋ ਨਾਮੁ ॥ਸਹਜ ਬਿਨੋਦ ਚੋਜ ਆਨੰਤਾ ॥ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥1॥**)

ਪ੍ਰਮਾਤਮਾ ਦੀ "ਕੀਰਤਿ" ਭਾਵ ਪ੍ਰਮਾਤਮਾ ਦਾ ਜੱਸ ਭਾਵ ਪ੍ਰਮਾਤਮਾ ਦਾ ਸੱਚਾ ਜੱਸ ਪ੍ਰਮਾਤਮਾ ਦਾ ਨਾਮ ਦਾਨ ਮਿਲਣ ਦੁਆਰਾ ਹੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਗਾਇਆ ਜਾ ਸਕਦਾ ਹੈ ਕਿਉਂਕਿ ਪ੍ਰਮਾਤਮਾ ਦਾ ਸੱਚਾ ਜਸ ਗਾਉਣ ਦੀ ਸੋਝੀ ਹੀ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਪੈਂਦੀ ਹੈ ਜਦੋਂ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ।ਪ੍ਰਮਾਤਮਾ ਆਪ ਸੱਚ ਰੂਪ ਹੈ ਤੇ ਮਨ ਦੇ ਗਿਆਨ ਰਾਹੀਂ, ਨਾਮ ਦਾਨ ਰਾਹੀਂ, ਬ੍ਰਹਮ ਗਿਆਨ ਰਾਹੀਂ ਉਹ

34/4018

ਆਪਣਾ ਸੱਚ ਹੀ ਸਮਝਾਉਂਦਾ ਹੈ, ਸੱਚੀ ਸਿਖਿਆ ਹੀ ਸਮਝਾਉਂਦਾ ਹੈ ਤੇ ਮਨੁੱਖ ਉਸ ਦੀ ਸੱਚੀ ਸਿਖਿਆ ਦੇ ਰੰਗ ਵਿੱਚ ਰਚਿਆ ਰਹਿੰਦਾ ਹੈ। ਗੁਰੂ ਦੀ ਸੱਚੀ ਸਿਖਿਆ ਦੀ ਸਾਨੂੰ ਬਾਰ ਬਾਰ ਲੋੜ ਪੈਂਦੀ ਹੈ, ਸੰਸਾਰਿਕ ਵਿਚਰਨ ਵਿੱਚ, ਕਾਰ ਵਿਹਾਰ ਵਿੱਚ ਬਾਰ ਬਾਰ ਲੋੜ ਪੈਂਦੀ ਹੈ ਭਾਵ ਬਾਰ ਬਾਰ ਸਾਨੂੰ ਨਾਮ ਜੱਪਣ ਦੀ ਲੋੜ ਪੈਂਦੀ ਹੈ। ਪ੍ਰਮਾਤਮਾ ਸਾਨੂੰ ਬਾਰ ਬਾਰ ਭਾਵ ਹਰ ਵੇਲੇ ਆਪਣੀ ਸੱਚੀ ਸਿੱਖਿਆ ਨਾਲ ਜੋੜ ਕੇ ਰੱਖਦਾ ਹੈ ਜਿਸ ਦੁਆਰਾ ਮਨੱਖ ਉਸ ਦੀ ਸੱਚੀ ਕੀਰਤ ਕਰਦਾ ਹੈ, ਬਾਰ ਬਾਰ ਚੰਗੇ ਕਰਮ ਕਰਨ ਦੁਆਰਾ ਕਰਦਾ ਹੈ। (**ਕਹੁ ਨਾਨਕ ਕੀਰਤਿ ਹਰਿ ਸਾਚੀ ॥ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥1॥ ਰਹਾਉ ॥**) ਇਹੀ ਬਾਰ ਬਾਰ ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵ ਆਪਣੀ ਹਰ ਕਰਨੀ ਵਿੱਚ ਗੁਰਮਤਿ ਨੂੰ ਹੀ ਉੱਚਾ ਕਰਨਾ ਹੈ ਜੋ ਕਿ ਨਾਮ ਦਾਨ ਮਿਲਣ ਦੁਆਰਾ ਹੀ ਹੋ ਸਕਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੋ ਸਕਦਾ ਹੈ। ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀ ਅਪਣੀ ਹਰ ਕਰਨੀ ਵਿੱਚ ਨਾਮ ਜਪੀਏ ਭਾਵ ਗੁਰਮਤਿ ਅਨੁਸਾਰ ਵਿਚਰੀਏ। ਸਾਨੂੰ ਆਪਣੇ ਜੀਵਨ ਵਿੱਚ ਬਾਰ ਬਾਰ ਗੁਰਮਤਿ ਤੇ ਚੱਲਣ ਦੀ ਲੋੜ ਪੈਂਦੀ ਹੈ।

{ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥
ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥
ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥
ਨਾਮ ਰਸਿ ਜੋ ਜਨ ਤ੍ਰਿਪਤਾਨੇ ॥ ਮਨ ਤਨ ਨਾਮਹਿ ਨਾਮਿ ਸਮਾਨੇ ॥
ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥}

(ਅੰਗ ੨੮੬)

{ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥}

(ਅੰਗ ੨੬੫)

ਉਪਰ ਇਕ ਪੰਗਤੀ ਰਾਹੀਂ ਸਾਨੂੰ ਬਾਰ ਬਾਰ ਨਾਮ ਜਪੱਣ ਲਈ ਕਿਹਾ ਹੋਇਆ ਹੈ ਤੇ ਦੂਸਰੀ ਪੰਗਤੀ ਰਾਹੀਂ ਇਕ ਬਾਰ ਨਾਮ ਜਪੱਣ ਲਈ ਕਿਹਾ ਹੋਇਆ ਹੈ। ਅਸੀਂ ਕਿਹੜੀ ਪੰਗਤੀ ਨੂੰ ਮੰਨਾਂਗੇ, ਦੋਵੇਂ ਪੰਗਤੀਆਂ ਇਕੋ ਗੁਰੂ ਨੇ ਹੀ ਉਚਾਰੀਆ ਹੋਈਆ ਹਨ, ਪ੍ਰਮਾਤਮਾ ਨੇ ਹੀ ਉਚਾਰੀਆ ਹੋਈਆ ਹਨ। ਜੇ ਸਾਨੂੰ ਨਾਮ ਦੀ ਸਮਝ ਹੈ ਤਾਂ ਦੋਨਾਂ ਪੰਗਤੀਆਂ ਦਾ ਮਤਲਬ ਇਕੋ ਹੀ ਹੈ ਤੇ ਜੇਕਰ ਅਸੀਂ ਨਾ ਸਮਝ ਹਾਂ ਤੇ ਦੋਨਾਂ ਪੰਗਤੀਆਂ ਦਾ ਮਤਲਬ ਅਸੀ ਵੱਖਰਾ ਵੱਖਰਾ ਹੀ ਸਮਝਾਗੇਂ ਭਾਵ ਸਾਡੇ ਅੰਦਰ ਭਰਮ ਹੈ ਪਰ ਗੁਰੂ ਭਰਮ ਤੋਂ ਰਹਿਤ ਹੈ। ਨਾਮ ਸ਼ਬਦ ਦੀ ਵਿਚਾਰ ਹੈ ਤੇ ਸ਼ਬਦ ਦੀ ਵਿਚਾਰ ਇੱਕ ਵਾਰੀ ਸਮਝ ਆ ਜਾਵੇ ਫਿਰ ਉਹ ਸਦਾ ਲਈ ਸਮਝ ਆ ਜਾਂਦੀ ਹੈ। ਸ਼ਬਦ ਦੀ ਵਿਚਾਰ ਨੂੰ ਆਪਣੇ ਅੰਦਰ ਜਪਣਾ ਹੀ ਨਾਮ ਨੂੰ ਜਪਣਾ ਹੈ ਤੇ ਇਕ ਵਾਰੀ ਜੇਕਰ ਨਾਮ ਜਪਿਆ ਜਾਵੇ ਤਾਂ ਫਿਰ ਉਹ ਸਦਾ ਲਈ ਜਪਿਆ ਜਾਂਦਾ ਹੈ ਜੋ ਸਾਨੂੰ ਸਦਾ ਲਈ ਹਰ ਭਰਮ ਤੋਂ ਮੁਕਤ ਕਰ ਦਿੰਦਾ ਹੈ, ਹਉਮੈ ਤੋਂ, ਮਨਮਤਿ ਤੋਂ ਮੁਕਤਿ ਕਰ ਦਿੰਦਾ ਹੈ ਭਾਵ ਸਾਨੂੰ ਗੁਰੂ ਦੀ ਸੱਚੀ ਮਤਿ ਦੀ ਸੋਝੀ ਸਦਾ ਲਈ ਪੈ ਜਾਂਦੀ ਹੈ ਜੋ ਬਾਰ ਬਾਰ ਸਾਡੇ ਕੰਮ ਆਉਂਦੀ ਹੈ, ਸਾਡੀ ਹਰ ਕਰਣੀ ਵਿੱਚ, ਸਾਡੀ ਹਰ ਸੰਸਾਰਿਕ ਵਿਚਰਨ ਵਿੱਚ ਬਾਰ ਬਾਰ

ਕੰਮ ਆਉਂਦੀ ਹੈ। ਇਕ ਵਾਰ ਨਾਮ ਤਾਂ ਹੀ ਜਪਿਆ ਜਾਂਦਾ ਹੈ ਜਦੋਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਦੋਂ ਸਾਨੂੰ ਪ੍ਰਮਾਤਮਾ ਦੇ ਕੋਲੋਂ ਨਾਮ ਦਾ ਦਾਨ ਮਿਲ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਮਨੁੱਖ ਮਨ ਦੀ ਸੱਚੀ ਸੋਝੀ ਦੁਆਰਾ ਹੀ ਵਿਚਰਦਾ ਹੈ ਤੇ ਆਪਣੀ ਹਰ ਕਰਣੀ ਵਿੱਚ ਨਾਮ ਜਪਦਾ ਹੈ ਕਿਉਂਕਿ ਉਹ ਸਦਾ ਹੀ ਗੁਰੂ ਦੀ ਮਤਿ ਦੇ ਨਾਲ ਜੁੜਿਆ ਰਹਿੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਣਾ ਕਰਨ ਵਾਲੇ ਆਪਣੇ ਜੀਵਨ ਕਾਲ ਵਿੱਚ ਜੁੜੇ ਰਹੇ ਹਨ ਤੇ ਉਹਨਾਂ ਦੀ ਸਾਰੀ ਸੰਸਾਰਿਕ ਵਿਚਰਨ ਗੁਰਮਤਿ ਦੁਆਰਾ ਹੀ ਰਹੀ ਹੈ। ਜਿਸ ਨੂੰ ਇਕ ਨਿਮਖ ਲਈ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਨੂੰ ਸਦਾ ਲਈ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਜਿਸ ਦਾ ਇਕ ਨਿਮਖ ਲਈ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਫਿਰ ਉਹ ਮੇਲ ਸਦਾ ਲਈ ਹੋ ਜਾਂਦਾ ਹੈ ਭਾਵ ਉਹ ਪ੍ਰਮਾਤਮਾ ਨੂੰ ਸਦਾ ਲਈ ਜਪ ਲੈਂਦਾ ਹੈ ਤੇ ਉਸ ਦੇ ਅੰਦਰ ਸਦਾ ਲਈ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ ਜੋ ਮਨੁੱਖ ਨੂੰ ਸਦਾ ਲਈ ਮਨ ਦੀ ਅਗਿਆਨਤਾ ਤੋਂ, ਭਰਮ ਤੋਂ ਦੂਰ ਕਰ ਦਿੰਦਾ ਹੈ ਤੇ ਸਮਝ ਲਗ ਜਾਂਦੀ ਹੈ ਕਿ ਪ੍ਰਮਾਤਮਾ ਆਪ ਨਾਮ ਦੇ ਰੂਪ ਵਿੱਚ, ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਰੂਪ ਵਿੱਚ ਉਹ ਸਭ ਦੇ ਅੰਦਰ, ਸਭ ਦੇ ਵਿੱਚ ਵਸਿਆ ਹੋਇਆ ਹੈ। ਨਾਮ ਦੀ ਸੱਚੀ ਸੋਝੀ ਤੋਂ ਬਿਨਾ ਭਾਵ ਮਨਮਤਿ ਵਿੱਚ ਰਹਿੰਦੇ ਹੋਏ ਹਰ ਕੋਈ ਪਤਿਤ ਹੈ ਤੇ ਜਿਸ ਨੂੰ ਪ੍ਰਮਾਤਮਾ ਪਾਵਨ ਕਰਦਾ ਹੈ, ਪਵਿੱਤਰ ਕਰਦਾ ਹੈ ਉਸ ਨੂੰ ਸੱਚਾ ਗਿਆਨ ਬਖਸ਼ ਕੇ ਭਾਵ ਭਰਮ ਵਾਲੀ ਮਤਿ ਵਿੱਚੋਂ ਕੱਢ ਕੇ ਹੀ ਪਵਿੱਤਰ ਕਰਦਾ ਹੈ ਜਿਸ ਦੁਆਰਾ ਮਨੁੱਖ ਮਨ ਦੀ ਪਵਿੱਤਰਤਾ ਦੁਆਰਾ ਵਿਚਰਦਾ ਹੈ ਤੇ ਆਪਣੀ ਹਰ ਕਰਣੀ ਵਿੱਚ ਬਾਰ ਬਾਰ ਪ੍ਰਮਾਤਮਾ ਦਾ ਹੀ ਨਾਮ ਜਪਦਾ ਹੈ ਭਾਵ ਕੇਵਲ ਨਾਮ ਦੀ ਮਤਿ ਤੇ ਹੀ ਚਲਦਾ ਹੈ। ਪ੍ਰਮਾਤਮਾ ਜਿਸ ਨੂੰ ਤਾਰਦਾ ਹੈ ਇਕ ਨਿਮਖ ਵਿੱਚ ਤਾਰ ਦਿੰਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਤਾਰ ਦਿੰਦਾ ਹੈ। **{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥2॥}** (ਅੰਗ 456)

{ਏਕ ਨਿਮਖ ਜੋ ਸਿਮਰਨ ਮਹਿ ਜੀਆ ॥ ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥੧॥ ਰਹਾਉ ॥}

(ਅੰਗ ੨੩੯)

34/4020

ਸਾਡੇ ਅੰਦਰ ਪ੍ਰਮਾਤਮਾ ਦਾ ਸਿਮਰਨ ਪ੍ਰਮਾਤਮਾ ਨੂੰ ਪਾ ਲੈਣ ਤੋਂ ਬਾਦ ਹੀ ਹੁੰਦਾ ਹੈ। ਜੋ ਇਕ ਨਿਮਖ ਲਈ ਵੀ ਆਪਣੇ ਅੰਦਰ ਪ੍ਰਮਾਤਮਾ ਨੂੰ ਸਿਮਰ ਲੈਂਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਫਿਰ ਸਦਾ ਲਈ ਗੁਰੂ ਦੀ ਮਤਿ ਨਾਲ ਜੁੜ ਜਾਂਦਾ ਹੈ। ਗੁਰੂ ਦੀ ਮਤਿ ਸਦਾ ਥਿਰ ਰਹਿਣ ਵਾਲੀ ਹੈ ਜੋ ਮਾਇਆ ਮੋਹ ਵਿੱਚ, ਭਰਮ ਵਿੱਚ ਨਹੀ ਡੋਲਦੀ ਤੇ ਜੋ ਗੁਰੂ ਦੀ ਮਤਿ ਨਾਲ ਜੁੜ ਜਾਂਦਾ ਹੈ ਉਹ ਸਦਾ ਲਈ ਅਡੋਲ ਹੋ ਜਾਂਦਾ ਹੈ। ਸਦਾ ਥਿਰ ਰਹਿਣ ਵਾਲੇ ਗੁਰੂ ਦੇ ਬੋਲ ਹਨ ਜੋ ਕਦੇ ਨਹੀ ਡੋਲ ਸਕਦੇ ਤੇ ਜਿਸ ਦੇ ਅੰਦਰ ਗੁਰੂ ਦੇ ਬਚਨ ਵੱਸ ਜਾਂਦੇ ਹਨ ਉਸ ਦਾ ਮਨ ਹੀ ਅਡੋਲ ਹੁੰਦਾ ਹੈ। ਗੁਰੂ ਦੇ ਬਚਨਾਂ ਨੂੰ ਆਪਣੇ ਅੰਦਰ ਸਿਮਰਨਾ ਹੀ ਭਾਵ ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਸਿਮਰਨਾ ਹੀ, ਆਪਣੇ ਅੰਦਰ ਵਸਾਉਣਾ ਹੀ ਨਾਮ ਸਿਮਰਨਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਆਰਾ, ਮਨ ਦੇ ਵਿੱਚ ਗੁਰੂ ਦਾ ਸੱਚਾ ਗਿਆਨ ਮਿਲਣ ਦੁਆਰਾ ਸਾਨੂੰ ਸ਼ਬਦਾਂ ਦੀ ਵਿਚਾਰ ਹੀ ਮਿਲਦੀ ਹੈ ਜੋ ਕਿ ਸ਼ਬਦ ਰੂਪ ਪ੍ਰਮਾਤਮਾ ਦੇ ਕੋਲੋਂ ਮਿਲਦੀ ਹੈ ਤੇ ਉਨ੍ਹਾਂ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣਾ ਭਾਵ ਉਨ੍ਹਾਂ ਨੂੰ ਮੰਨ ਕੇ ਉਨ੍ਹਾਂ ਤੇ ਅਮਲ ਕਰਨਾ ਹੀ ਨਾਮ ਸਿਮਰਨਾ ਹੈ। ਪ੍ਰਮਾਤਮਾ ਸਾਡੇ ਅੰਦਰ ਆਪਣੇ ਆਪ ਨੂੰ ਇਕ ਨਿਮਖ ਵਿੱਚ ਪ੍ਰਗਟ ਕਰ ਦਿੰਦਾ ਹੈ ਭਾਵ ਉਹ ਇਕ ਨਿਮਖ ਵਿੱਚ ਸਾਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ, ਭਰਮ ਵਿੱਚੋਂ ਕੱਢ ਲੈਂਦਾ ਹੈ ਕਿ ਸਾਡੇ ਮਨ ਦੇ ਅੰਦਰ ਕੌਣ ਹੈ ਜੋ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਜਦੋਂ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਇਹ ਸਮਝ ਲਗ ਜਾਂਦੀ ਹੈ ਕਿ ਸਾਡੇ ਅੰਦਰ ਕੌਣ ਹੈ ਫਿਰ ਪ੍ਰਮਾਤਮਾ ਇਕ ਨਿਮਖ ਵਿੱਚ ਸਿਮਰਿਆ ਜਾਂਦਾ ਹੈ ਭਾਵ ਮਨੁੱਖ ਦੀ ਆਪਣੀ ਹੋਂਦ ਇਕ ਨਿਮਖ ਵਿੱਚ ਮਿੱਟ ਜਾਂਦੀ ਹੈ, ਆਪਣੀ "ਮੈਂ" ਹੋਣ ਵਾਲੀ ਅਵਸਥਾ ਇਕ ਨਿਮਖ ਵਿੱਚ ਮਿਟ ਜਾਂਦੀ ਹੈ ਤੇ ਸਮਝ ਲਗ ਜਾਂਦੀ ਹੈ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੀ ਉਸ ਨੂੰ ਸਿਮਰਨਾ ਹੈ ਜੋ ਮਨ ਦੇ ਵਿੱਚ ਆਪਣਾ ਸਿਮਰਨ ਆਪ ਹੀ ਸਿਖਾਉਂਦਾ ਹੈ, ਆਪਣੇ ਸੱਚੇ ਸ਼ਬਦਾਂ ਦੀ ਵਿਚਾਰ ਦੇ ਨਾਲ ਆਪ ਹੀ ਜੋੜਦਾ ਹੈ, ਸਾਡੀ ਮਤਿ ਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਆਪ ਹੀ ਥਿਰ ਕਰਦਾ ਹੈ ਤੇ ਆਪਣੀ ਮਤਿ ਦੇ ਨਾਲ ਸਦਾ ਲਈ ਜੋੜੀ ਰੱਖਦਾ ਹੈ।(**ਏਕ ਨਿਮਖ ਜੋ ਸਿਮਰਨ ਮਹਿ ਜੀਆ ॥ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥1॥ ਰਹਾਉ ॥**)

34/4021

{ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥
ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥
ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥}

(ਅੰਗ ੧੨੮੯)

{ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥}

(ਅੰਗ ੪੮੭)

ਉਪਰਲੇ ਸ਼ਬਦਾ ਦੀਆਂ ਪੰਗਤੀਆਂ ਨੂੰ ਅਸੀਂ ਲੇਖ ਵਿੱਚ ਪਿੱਛੇ ਪਹਿਲਾ ਵੀ ਸਮਝਿਆ ਹੋਇਆ ਹੈ। ਪ੍ਰਮਾਤਮਾ ਜਿਸ ਨੂੰ ਚਾਹੇ ਇਕ ਪਲ ਵਿੱਚ ਆਪਣੇ ਨਾਮ ਧਨ ਵਾਲਾ ਬਣਾ ਸਕਦਾ ਹੈ ਜੋ ਕਿ ਉਸ ਦੇ ਸੱਚੇ ਗਿਆਨ ਦਾ ਧਨ ਹੈ। ਮਨ ਦੀ ਅਗਿਆਨਤਾ ਕਰਕੇ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਕਰਕੇ ਹਰ ਕੋਈ ਸੱਚੇ ਧਨ ਵਲੋਂ ਫਕੀਰ ਹੈ ਭਾਵ ਪ੍ਰਮਾਤਮਾ ਦੇ ਦਰ

ਦਾ ਭਿਖਾਰੀ ਹੈ, ਨਾਮ ਦਾ ਦਾਨ ਲੈਣ ਲਈ ਭਿਖਾਰੀ ਹੈ ਤੇ ਪ੍ਰਮਾਤਮਾ ਜਿਸ ਦੀ ਚਾਹੇ ਇਹ ਫਕੀਰੀ ਇਕ ਪਲ ਵਿੱਚ ਦੂਰ ਕਰ ਸਕਦਾ ਹੈ ਤੇ ਉਸ ਨੂੰ ਲਖਪਤੀ ਬਣਾ ਸਕਦਾ ਹੈ ਭਾਵ ਗਿਆਨ ਦੇ ਧਨ ਵਾਲਾ ਬਣਾ ਸਕਦਾ ਹੈ। ਜਿਸ ਨੂੰ ਪ੍ਰਮਾਤਮਾ ਲਖਪਤੀ ਬਣਾਉਂਦਾ ਹੈ ਉਹ ਮਨ ਦੇ ਗੁਣਾਂ ਦੁਆਰਾ ਗਹਿਰਾ ਬਣ ਜਾਂਦਾ ਹੇ ਕਿਉਂਕਿ ਨਾਮ ਧਨ ਦੇ ਨਾਲ ਸਾਨੂੰ ਗੁਰਮਤਿ ਰੂਪ ਸੱਚੇ ਗੁਣਾਂ ਦੀ ਸੋਝੀ ਹੀ ਪੈਂਦੀ ਹੈ ਤੇ ਮਨੁੱਖ ਗੁਣੀ ਬਣਕੇ ਵਿਚਰਦਾ ਹੈ ਤੇ ਇਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ।ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਧਨ ਦਿੰਦਾ ਹੈ ਉਸ ਦੇ ਅੰਦਰੋ ਅਗਿਆਨਤਾ ਦੀ ਨੱਥ ਹੀ ਤੋੜਦਾ ਹੈ, ਹਉਮੈ ਰੂਪ ਨੱਥ ਹੀ ਤੋੜਦਾ ਹੈ ਭਾਵ ਭਰਮ ਦਾ ਪੜਦਾ, ਭਰਮ ਦੀ ਦੀਵਾਰ ਹੀ ਤੋੜਦਾ ਹੈ ਜਿਸ ਦੁਆਰਾ ਉਸ ਨੇ ਸਾਰੇ ਸੰਸਾਰ ਨੂੰ ਮਨ ਦੇ ਵਿਚਾਰਾ ਰਾਹੀਂ ਗਿਆਨ ਰੂਪ ਨੱਥ ਪਾਈ ਹੋਈ ਹੈ ਜਿਸ ਦੁਆਰਾ ਹਰ ਕੋਈ ਵਿਚਰਦਾ ਹੈ। ਮਨ ਦੇ ਭਰਮ ਵਿੱਚ ਰਹਿੰਦਿਆ ਸਾਨੂੰ ਆਪਣੇ ਜੀਵਨ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਜਿਸ ਦੀ ਪ੍ਰਮਾਤਮਾ ਸੱਚੇ ਗਿਆਨ ਦੁਆਰਾ ਇਹ ਨੱਥ ਤੋੜਦਾ ਹੈ ਉਸ ਨੂੰ ਹੀ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣਿਆ ਜਾ ਸਕਦਾ ਹੈ ਤੇ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਆਪ ਹੀ ਮਨੁੱਖ ਨੂੰ ਸੱਚੇ ਮਾਰਗ ਤੇ ਚਲਾਉਂਦਾ ਹੈ। (**ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥ ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥**) (ਅੰਗ 935)

ਜਿਸ ਨੂੰ ਪ੍ਰਮਾਤਮਾ ਭਰਮ ਦੇ ਵਿੱਚੋਂ ਕੱਢਦਾ ਹੈ

34/4022

ਉਹੀ ਭਾਗਾਂ ਵਾਲਾ ਬਣਦਾ ਹੈ ਭਾਵ ਪ੍ਰਮਾਤਮਾ ਨੂੰ ਪਾਉਂਦਾ ਹੈ ਤੇ ਉਸ ਦਾ ਗੁਰਮੁਖਿ ਰੂਪ ਬਣਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਉਨ੍ਹਾਂ ਨੂੰ ਹੀ ਇਸ ਗੱਲ ਦੀ ਸਮਝ ਪਈ ਹੈ ਕਿ ਸਾਡੇ ਅੰਦਰ ਗਿਆਨ ਦੀ ਡੋਰ ਪ੍ਰਮਾਤਮਾ ਦੇ ਹੱਥ ਵਿੱਚ ਹੈ ਜਿਸ ਰਾਹੀਂ ਉਹ ਸਭ ਨੂੰ ਚਲਾ ਰਿਹਾ ਹੈ, ਮਨ ਦੇ ਗਿਆਨ ਰਾਹੀਂ, ਮਨ ਦੇ ਵਿੱਚ ਉਪਜਣ ਵਾਲੇ ਵਿਚਾਰਾਂ ਰਾਹੀਂ ਭਾਵ ਮਨ ਦੀਆਂ ਸੋਚਾਂ ਰਾਹੀਂ ਸਾਨੂੰ ਸਭ ਨੂੰ ਚਲਾ ਰਿਹਾ ਹੈ। ਮਨ ਦੇ ਗਿਆਨ ਰਾਹੀਂ ਹੀ ਪ੍ਰਮਾਤਮਾ ਨੇ ਸਭ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ, ਹਉਮੈ ਵਿੱਚ, ਭਰਮ ਵਿੱਚ ਰੱਖਿਆ ਹੈ ਜਿਸ ਅਵਸਥਾ ਵਿੱਚ ਰਹਿੰਦਿਆ ਹਰ ਕੋਈ ਧਾਰਮਿਕ ਪਖੋਂ ਭਾਵ ਪ੍ਰਮਾਤਮਾ ਨੂੰ ਜਾਣਨ ਪਖੋਂ ਦੀਵਾਨਾ ਹੈ, ਨਾ ਸਮਝ ਹੈ, ਮੂਰਖ ਹੈ, ਅਭਾਗਾ ਹੈ। ਮਨ ਦੀ ਡੋਰ ਰਾਹੀਂ ਭਾਵ ਮਨ ਦੇ ਵਿਚਾਰਾਂ ਦੀ ਡੋਰ ਰਾਹੀਂ ਪ੍ਰਮਾਤਮਾ ਸਾਨੂੰ ਸੱਚਾ ਗਿਆਨ ਹੀ ਬਖਸ਼ਦਾ ਹੈ ਜੋ ਕਿ ਉਹ ਸ਼ਬਦਾ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਬਖਸ਼ਦਾ ਹੈ। ਸ਼ਬਦਾਂ ਦੇ ਵਿਚਾਰਾਂ ਦੀ ਸੱਚੀ ਸੋਝੀ ਹੀ ਉਸ ਦਾ ਨਾਮ ਧਨ ਹੈ ਤੇ ਪ੍ਰਮਾਤਮਾ ਆਪ ਇਸ ਨਾਮ ਧਨ ਰੂਪ ਵਿੱਚ ਹੀ ਸਾਡੇ ਅੰਦਰ ਹੈ ਤੇ ਆਪਣੇ ਇਸ ਧਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਸਭ ਦੇ ਅੰਦਰ ਤੇ ਸਭ ਜਗ੍ਹਾਂ ਵਸਿਆ ਹੋਇਆ ਹੈ। ਪੂਰੀ ਸ੍ਰਿਸਟੀ ਨੂੰ ਪ੍ਰਮਾਤਮਾ ਆਪਣੇ ਇਸ ਨਾਮ ਧਨ ਦੁਆਰਾ, ਗਿਆਨ ਧਨ ਦੁਆਰਾ ਹੀ ਚਲਾ ਰਿਹਾ ਹੈ। ਪੰਜਾਂ ਤੱਤਾਂ ਦੇ ਵਿੱਚ ਇਹ ਪ੍ਰਮਾਤਮਾ ਦਾ ਗਿਆਨ ਧਨ ਹੀ ਹੈ, ਨਾਮ ਧਨ ਹੀ ਹੈ। ਪ੍ਰਮਾਤਮਾ ਦਾ ਇਹ ਧਨ ਉਸ ਦਾ ਨਿਰੰਕਾਰ ਰੂਪ ਹੈ ਭਾਵ ਆਕਾਰ ਰਹਿਤ ਰੂਪ ਹੈ, ਨਿਰਗੁਣ ਰੂਪ ਹੈ ਜੋ ਪੰਜਾਂ ਤੱਤਾਂ ਤੋਂ ਬਾਹਰ ਹੈ। ਆਪਣਾ ਸਭ ਆਕਾਰ ਰੂਪ ਪ੍ਰਮਾਤਮਾ ਨੇ ਆਪਣੇ ਇਸ ਨਿਰੰਕਾਰ ਰੂਪ ਦੁਆਰਾ ਹੀ ਬਣਾਇਆ ਹੈ ਤੇ ਉਸ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਆਪਣੀ ਸਾਰੀ ਸ੍ਰਿਸਟੀ ਨੂੰ ਸਾਇੰਟਿਫਿਕਲੀ ਚਲਾ ਰਿਹਾ ਹੈ ਤੇ ਪੂਰੀ ਸਾਇੰਸ ਸਾਇੰਟਿਫਿਕ ਹੈ ਭਾਵ ਪੂਰੀ ਤਰਾਂ ਸੱਚੇ ਗਿਆਨ ਦੁਆਰਾ ਚਲਦੀ ਹੈ ਜੋ ਸੱਚ ਕਦੇ ਬਦਲਿਆ ਨਹੀਂ ਹਾ ਸਕਦਾ। ਇਹ ਸੱਚ ਹੀ ਗਿਆਨ ਦਾ ਤੱਤ ਹੈ, ਪ੍ਰਮਾਤਮਾ ਦਾ ਤੱਤ ਗਿਆਨ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਸ੍ਰਿਸਟੀ ਨੂੰ ਚਲਾ ਰਿਹਾ ਹੈ। ਪੂਰੀ ਸ੍ਰਿਸਟੀ ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਹੀ ਚਲ ਰਹੀ ਹੈ, ਬ੍ਰਹਮ ਗਿਆਨ ਦੁਆਰਾ ਚਲ ਰਹੀ ਹੈ, ਨਾਮ ਦੁਆਰਾ ਹੀ ਚਲ ਰਹੀ ਹੈ ਭਾਵ ਪ੍ਰਮਾਤਮਾ ਦੇ ਆਪਣੇ ਗਿਆਨ ਦੁਆਰਾ ਹੀ ਚਲ ਰਹੀ ਹੈ, ਉਸਦੇ ਨਿਰਗੁਣ ਰੂਪ ਦੁਆਰਾ ਚਲ ਰਹੀ ਹੈ। ਆਪਣੇ ਜਿਸ ਰੂਪ ਦੁਆਰਾ ਪ੍ਰਮਾਤਮਾ ਸਾਨੂੰ ਚਲਾ ਰਿਹਾ ਹੈ ਉਸ ਰੂਪ ਦੁਆਰਾ ਪ੍ਰਮਾਤਮਾ ਸਭ ਨੂੰ ਚਲਾ ਰਿਹਾ ਹੈ। ਜਿਸ ਰੂਪ ਵਿੱਚ

34/4023

ਪ੍ਰਮਾਤਮਾ ਸਾਡੇ ਅੰਦਰ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਸਭ ਦੇ ਅੰਦਰ ਹੈ। ਪ੍ਰਮਾਤਮਾ ਸਾਡੇ ਅੰਦਰ ਨਾਮ ਰੂਪ ਵਿੱਚ ਹੈ, ਬ੍ਰਹਮ ਗਿਆਨ ਰੂਪ ਵਿੱਚ ਹੈ ਤੇ ਜੋ ਆਪਣੇ ਅੰਦਰੋਂ ਪ੍ਰਮਾਤਮਾ ਦਾ ਇਹ ਰੂਪ ਦੇਖ ਲੈਂਦਾ ਹੈ ਕੇਵਲ ਉਸੇ ਨੂੰ ਹੀ ਪ੍ਰਮਾਤਮਾ ਦਾ ਇਹ ਰੂਪ ਭਾਵ ਨਾਮ ਰੂਪ, ਬ੍ਰਹਮ ਗਿਆਨ ਰੂਪ ਸਭ ਵਿੱਚ ਨਜਰ ਆਉਂਦਾ ਹੈ। (**ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥ ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥3॥**)

(ਅੰਗ 1152)

{ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥}

(ਅੰਗ ੯੩੫)

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥
ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥
ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥
ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥}

(ਅੰਗ ੬-੭)

ਆਉ ਹੁਣ ਮੁਖ ਸ਼ਬਦ ਵਲ ਮੁੜੀਏ ਜਿਸ ਦੁਆਰਾ ਅਸੀਂ ਇਹ ਸਮਝ ਰਹੇ ਹਾਂ ਕਿ ਨਾਮ ਦਾ ਦਾਨ ਮਿਲਣਾ ਕੀ ਹੈ, ਪ੍ਰਮਾਤਮਾ ਦਾ ਅਚਿੰਤ ਰੂਪ ਕੀ ਹੈ। ਜੋ ਪ੍ਰਮਾਤਮਾ ਦਾ ਨਾਮ ਰੂਪ ਹੈ ਉਹੀ ਉਸ ਦਾ ਅਚਿੰਤ ਰੂਪ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਮ ਰੂਪ ਦੇ ਨਾਲ ਜੋੜ ਲੈਂਦਾ ਹੈ ਉਹੀ ਉਸ ਦੇ ਅਚਿੰਤ ਰੂਪ ਦੇ ਨਾਲ ਜੁੜਦਾ ਹੈ ਜੋ ਮਨੁੱਖ ਨੂੰ ਚਿੰਤਾਵਾਂ ਤੋਂ ਮੁਕਤਿ ਕਰਦਾ ਹੈ ਜਿਨ੍ਹਾਂ ਦੀ ਵਜ੍ਹਾ ਸਾਡੇ ਅੰਦਰ ਦਾ ਭਰਮ ਹੈ ਜਿਨ੍ਹਾਂ ਕਰਕੇ ਅਸੀਂ ਅਨੇਕਾਂ ਹੀ ਉਹੋ ਜਿਹੀਆ ਚਿੰਤਾਵਾਂ ਵਿੱਚ ਪਏ ਰਹਿੰਦੇ ਹਾਂ ਜਿਨ੍ਹਾ ਨਾਲ ਅਸੀਂ ਖੁਆਰ ਹੀ ਹੁੰਦੇ ਹਾਂ। ਭਗਤੀ ਦੇ ਅਸੀਂ ਇਹੋ ਜਿਹੇ ਅਨੇਕਾਂ ਤਰੀਕੇ ਅਪਨਾਏ ਹੋਏ ਹਨ ਅਸੀਂ ਉਨ੍ਹਾ ਤੇ ਚਲੱਣਾ ਆਪਣੇ ਮਨ ਦਾ ਭਉ ਬਣਾਇਆ ਹੋਇਆ ਹੈ, ਆਪਣੀ ਚਿੰਤਾ ਬਣਾਈ ਹੋਈ ਹੈ ਕਿ ਅਗਰ ਅਸੀਂ ਉਨ੍ਹਾ ਤਰੀਕਿਆਂ ਤੇ ਨਹੀਂ ਚਲਾਂਗੇ ਫਿਰ ਪ੍ਰਮਾਤਮਾ ਸਾਡੇ ਤੋਂ ਨਰਾਜ ਹੋ ਜਾਵੇਗਾ, ਸਾਨੂੰ ਮਾਇਆ ਦੀਆਂ ਦਾਤਾਂ ਨਹੀ ਮਿਲਣਗੀਆ, ਸਾਡੀਆਂ ਇਛਾਵਾਂ ਦੀ ਪੂਰਤੀ ਨਹੀਂ ਹੋਵੇਗੀ, ਸਾਡੀ ਪ੍ਰਮਾਤਮਾ ਦੇ ਦਰ ਤੇ ਪ੍ਰਵਾਨਗੀ ਨਹੀਂ ਹੋਵੇਗੀ। ਇਹ ਸਭ ਸਾਡੇ ਭਰਮ ਹੀ ਹਨ ਜਿਨ੍ਹਾਂ ਕਰਕੇ ਅਸੀਂ ਵਿਅਰਥ ਦੀਆਂ ਚਿੰਤਾਵਾਂ ਵਿੱਚ ਪਏ ਰਹਿੰਦੇ ਹਾਂ ਕਿਉਂਕਿ ਸਾਨੂੰ ਮਨ ਦੇ ਭਰਮ ਵਿੱਚ ਰਹਿੰਦਿਆ ਸੱਚੇ ਮਾਰਗ ਦੀ ਸੋਝੀ ਹੀ ਨਹੀ ਪੈਂਦੀ ਜੋ ਕਿ ਗੁਰਮਤਿ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਮਾਰਗ ਹੈ, ਗੁਰੂ ਦੇ ਸੱਚੇ ਗਿਆਨ

ਨੂੰ ਅਪਣਾਉਣ ਦਾ ਮਾਰਗ ਹੈ। ਨਾਮ ਦਾਨ ਦੀ ਪ੍ਰਾਪਤੀ ਤੋਂ ਬਾਦ ਜਦੋਂ ਮਨੁੱਖ ਦੀ ਆਪਣੀ ਹੋਂਦ ਹੀ ਮੁੱਕ ਜਾਂਦੀ ਹੈ ਭਾਵ ਜਦੋਂ ਮਨੁੱਖ ਨੂੰ ਇਹ ਸਮਝ ਲਗ ਜਾਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਫਿਰ ਮਨੁੱਖ ਨੂੰ ਚਿੰਤਾ ਕਿਸ ਗੱਲ ਦੀ। ਸਾਰਾ ਗਿਆਨ ਸਾਡੇ ਅੰਦਰ ਦੇਣ ਵਾਲਾ ਪ੍ਰਮਾਤਮਾ ਆਪ ਹੈ, ਸਾਨੂੰ ਚਲਾਉਣ ਵਾਲਾ ਜਦੋਂ ਉਹ ਆਪ ਹੈ ਭਾਵ ਜਿਥੇ ਮਨੁੱਖ ਦੀ ਆਪਣੀ ਕੋਈ ਮਰਜੀ ਹੈ ਹੀ ਨਹੀਂ, ਆਪਣਾ ਕੋਈ ਵੱਸ ਹੈ ਹੀ ਨਹੀਂ ਫਿਰ ਚਿੰਤਾ ਕਿਸ ਗੱਲ ਦੀ । ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਉਹ ਉਸੇ ਤਰਾਂ ਹੀ ਆਪਣੇ ਮਨੁੱਖੀ ਰੂਪ ਨੂੰ ਚਲਾਉਂਦਾ ਹੈ ਤੇ ਮਨੁੱਖ ਦੇਖਣ ਨੂੰ ਕੇਵਲ ਇਕ ਪੁਤਲਾ ਹੀ ਹੈ। ਜਦੋਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਉਸ ਸਰੀਰ ਰਾਹੀਂ ਪ੍ਰਮਾਤਮਾ ਸੱਚੀ ਭਗਤੀ ਰਾਹੀਂ ਵਿਚਰਦਾ ਹੈ, ਨਾਮ ਰਾਹੀਂ ਵਿਚਰਦਾ ਹੈ, ਗੁਰਮਤਿ ਰਾਹੀਂ ਵਿਚਰਦਾ ਹੇ ਭਾਵ ਪੂਰੀ ਤਰਾਂ ਭਰਮਾ ਤੋਂ ਰਹਿਤ ਹੋ ਕੇ ਵਿਚਰਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦਿਆਂ ਰਾਹੀ ਸਮਝਾਈ ਹੋਈ ਹੈ।

“ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥

ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥੨॥”

ਉਪਰਲੇ ਪਦੇ ਦੇ ਤੇ ਅਗੇ ਵਾਲੇ ਸਾਰੇ ਸ਼ਬਦ ਦੇ ਅਰਥ ਅਸੀਂ ਤਾਂ ਹੀ ਪੂਰਨ ਰੂਪ ਵਿੱਚ ਸਮਝ ਪਾਂਵਾਂਗੇ ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਵੇਗੀ ਭਾਵ ਵਿਸ਼ਵਾਸ ਆ ਜਾਵੇਗਾ ਕਿ "ਅਚਿੰਤ" ਤੋਂ ਭਾਵ ਆਪ ਪ੍ਰਮਾਤਮਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਅਚਿੰਤ ਰੂਪ ਵਿੱਚ ਹੀ ਵਿਚਰਦਾ ਹੈ ਤੇ ਪ੍ਰਮਾਤਮਾ ਦੇ ਅਚਿੰਤ ਰੂਪ ਨੂੰ ਅਸੀਂ ਆਪਣੇ ਅੰਦਰੋਂ ਹੀ ਪਹਿਚਾਣ ਸਕਦੇ ਹਾਂ ਜਿਵੇਂ ਕਿ ਸ਼ਬਦ ਵਿੱਚ ਅਗੇ ਚੱਲ ਕੇ ਸਤਵੇਂ ਪਦੇ ਰਾਹੀਂ ਸਮਝਾਇਆ ਹੋਇਆ ਹੈ। (**ਅਚਿੰਤ ਹਮਾਰੈ ਮਨੁ ਪਤੀਆਨਾ ॥ਨਿਹਚਲ ਧਨੀ ਅਚਿੰਤੁ ਪਛਾਨਾ ॥**) ਪ੍ਰਮਾਤਮਾ ਸਾਰੇ ਸੰਸਾਰ ਦੀ ਰਚਨਾ ਕਰਕੇ ਉਸ ਨੂੰ ਆਪਣੇ ਅਚਿੰਤ ਰੂਪ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਨੂੰ ਹਰ ਤਰੀਕੇ ਆਪਣੇ ਪਰਫੈਕਟ ਰੂਪ ਨਾਲ ਰਚਿਆ ਹੈ ਤੇ ਉਸ ਨੂੰ ਉਹ ਆਪਣੇ ਪਰਫੈਕਟ ਤਰੀਕੇ ਨਾਲ ਚਲਾ ਰਿਹਾ ਹੈ ਜੋ ਤਰੀਕਾ ਪਰਫੈਕਟਲੀ ਕੰਮ ਕਰ ਰਿਹਾ ਹੈ ਜਿਸ ਵਿੱਚ ਕਦੇ ਕੋਈ ਖੋਟ ਨਹੀਂ ਨਿਕਲ ਸਕਦੀ। ਜੁਗਾਂ ਜੁਗਾਂ ਤੋਂ ਨਾ ਕਦੇ ਖੋਟ ਨਿਕਲੀ ਹੈ ਤੇ ਨਾ ਕਦੇ ਨਿਕਲ ਸਕਦੀ ਹੈ। ਪ੍ਰਮਾਤਮਾ ਦਾ ਇਹ ਤਰੀਕਾ ਸਾਇੰਟਿਫਿਕ ਹੈ ਜੋ ਜੁਗਾਂ ਜੁਗਾਂ ਤੋਂ ਇਕੋ ਤਰੀਕੇ ਨਾਲ ਚਲ ਰਿਹਾ ਹੈ। ਪਰਮਾਤਮਾ ਦੇ ਹਰ ਤਰੀਕੇ ਵਿੱਚ ਬ੍ਰਹਮ ਗਿਆਨ ਹੈ, ਨਾਮ ਹੈ ਜਿਸ ਵਿੱਚ ਕਦੇ ਕੋਈ ਖੋਟ ਨਹੀਂ ਨਿਕਲ ਸਕਦੀ । ਪ੍ਰਮਾਤਮਾ ਇਸੇ ਗੱਲ ਲਈ

34/4025

ਅਚਿੰਤ ਹੈ, ਨਿਰਭਉ ਹੈ ਕਿਉਂਕਿ ਉਸ ਦਾ ਸਾਇੰਟਿਫਿਕ ਗਿਆਨ ਕਦੇ ਗਲਤੀ ਨਹੀਂ ਕਰ ਸਕਦਾ ਤੇ ਜੋ ਕੁਝ ਹੋ ਰਿਹਾ ਹੈ ਉਹ ਪਰਮਾਤਮਾ ਦੀ ਰਜਾ ਵਿੱਚ ਹੀ ਹੋ ਰਿਹਾ ਹੈ। ਜਦੋਂ ਕਿਸੇ ਮਨੁੱਖ ਨੂੰ ਪ੍ਰਮਾਤਮਾ ਆਪਣੇ ਅਚਿੰਤ ਰੂਪ ਨਾਲ ਜੋੜ ਲੈਂਦਾ ਹੈ, ਨਾਮ ਰੂਪ ਨਾਲ ਜੋੜ ਲੈਂਦਾ ਹੈ ਉਹ ਮਨੁੱਖ ਫਿਰ ਧਰਮ ਦੇ ਮਾਰਗ ਤੇ ਅਚਿੰਤ ਹੋ ਕੇ ਵਿਚਰਦਾ ਹੈ ਤੇ ਉਸ ਨੂੰ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਕਿਸ ਕਰਕੇ ਅਚਿੰਤ ਹੈ, ਨਿਰਭਉ ਹੈ ਜਿਸ ਦੁਆਰਾ ਉਹ ਸਾਰੀ ਸ੍ਰਿਸਟੀ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਦਾ ਨਾਮ ਭਾਵ ਉਸ ਦਾ ਬ੍ਰਹਮ ਗਿਆਨ ਅਚਿੰਤ ਰੂਪ ਹੈ, ਨਿਰਭਉ ਰੂਪ ਹੈ ਜਿਸ ਦੁਆਰਾ ਮਨੁੱਖ ਨੂੰ ਸੱਚ ਦੀ ਸਮਝ ਪੈਂਦੀ ਹੈ। ਸੱਚੁ ਰੂਪ ਹੀ ਪ੍ਰਮਾਤਮਾ ਦਾ ਨਿਰਭਉ ਰੂਪ ਹੈ। ਸਾਡੇ ਮਨ ਨੂੰ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਨਿਰਭਉ ਰੂਪ ਬਣਾਉਂਦਾ ਹੈ ਕਿਉਂਕਿ ਸੱਚੇ ਗਿਆਨ ਦੁਆਰਾ ਹੀ ਸਾਨੂੰ ਭਾਵ ਮਨ ਦੀ ਸੱਚੀ ਸੋਝੀ ਦੁਆਰਾ ਹੀ ਸਾਨੂੰ ਸਾਡੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜਿਸ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਭਰਮ ਵਿੱਚੋਂ ਕੱਢਦਾ ਹੈ। ਜਦ ਤਕ ਮਨੁੱਖ ਭਰਮ ਵਿੱਚ ਹੈ, ਅਗਿਆਨਤਾ ਵਿੱਚ ਹੈ ਤਦ ਤਕ ਕੋਈ ਇਸ ਗੱਲ ਨੂੰ ਨਹੀ ਜਾਣ ਸਕਦਾ ਕਿ ਪ੍ਰਮਾਤਮਾ ਦਾ ਅਚਿੰਤ ਰੂਪ ਕੀ ਹੈ ਤੇ ਪ੍ਰਮਾਤਮਾ ਦੇ ਇਸ ਅਚਿੰਤ ਰੂਪ ਦੇ ਨਾਲ ਜੁੜੇ ਬਿਨਾ ਕੋਈ ਵੀ ਮਨੁੱਖ ਚਿੰਤਾ ਮੁਕਤਿ ਨਹੀ ਹੋ ਸਕਦਾ ਤੇ ਮਨ ਦੇ ਭਰਮ ਕਰਕੇ ਅਨੇਕਾਂ ਹੀ ਅਨੇਕਾਂ ਚਿੰਤਾਵਾਂ ਵਿੱਚ ਫਸਿਆ ਰਹਿੰਦਾ ਹੈ ਤੇ ਭਗਤੀ ਦੇ ਉਹੋ ਜਿਹੇ ਤਰੀਕਿਆ ਤੇ ਚਲੱਣ ਦੀ ਚਿੰਤਾ ਲਗਾਈ ਰੱਖਦਾ ਹੈ ਜਿੰਨਾ ਵਿੱਚ ਸੱਚ ਨਹੀਂ ਹੈ, ਧਰਮ ਨਹੀਂ ਹੈ ਭਾਵ ਵਿਅਰਥ ਦੀ ਖੁਆਰੀ ਵਿੱਚ ਫਸਿਆ ਰਹਿੰਦਾ ਹੈ।

ਸਾਨੂੰ "ਅਚਿੰਤ" ਪ੍ਰਮਾਤਮਾ ਮਨ ਦੇ ਗਿਆਨ ਰਾਹੀਂ ਹੀ ਕਰਦਾ ਹੈ ਕਿਉਂਕਿ ਉਹ ਆਪ ਆਪਣੇ ਸੱਚੇ ਗਿਆਨ ਰਾਹੀਂ ਅਚਿੰਤ ਹੈ। ਸਾਨੂੰ ਆਪਣੇ ਅਚਿੰਤ ਰੂਪ ਨਾਲ ਜੋੜਨ ਲਈ ਪ੍ਰਮਾਤਮਾ ਆਪਣਾ ਅਚਿੰਤ ਰੂਪ ਭੋਜਨ ਹੀ ਦਿੰਦਾ ਹੈ ਜੋ ਭੋਜਨ ਸਾਡਾ ਮਨ ਛਕਦਾ ਹੈ। ਇਹ ਉਸ ਦਾ ਨਾਮ ਭੋਜਨ ਹੈ, ਸੱਚੇ ਗਿਆਨ ਦਾ ਭੋਜਨ ਹੈ ਜਿਸ ਦੁਆਰਾ ਪ੍ਰਮਾਤਮਾ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਤੇ ਉਸ ਦੀ ਸੱਚੀ ਗੁਰਮਤਿ ਦੀ ਸੋਝੀ ਪੈਂਦੀ ਹੈ ਤੇ ਮਨੁੱਖ ਸੱਚੀ ਗੁਰੂ ਦੀ ਮਤਿ ਨੂੰ ਸਮਝਕੇ ਉਸ ਤੇ ਅਮਲ ਕਰਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਪਿਆਰ ਜੁੜਦਾ ਹੈ। ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਦੁਆਰਾ ਵਿਚਰਨਾ ਹੀ ਉਸ ਦਾ ਨਾਮ ਲੈਣਾ ਹੈ ਭਾਵ ਉਸ ਦਾ ਨਾਮ ਜਪਣਾ ਹੈ।ਪ੍ਰਮਾਤਮਾ ਆਪਣਾ ਨਾਮ ਆਪ ਹੀ ਜਪਾਉਂਦਾ ਹੈ ਭਾਵ ਆਪਣੀ ਸੱਚੀ ਮਤਿ ਦੇ ਕੇ ਆਪ ਹੀ ਉਸ ਤੇ ਚਲਾਉਂਦਾ ਹੈ। (**ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥**)

34/4026

ਮਨ ਦੇ ਵਿੱਚ ਆਪਣੀ ਸੱਚੀ ਮਤਿ, ਗੁਰਮਤਿ ਪ੍ਰਮਾਤਮਾ ਆਪ ਹੀ ਦਿੰਦਾ ਹੈ, ਆਪਣੇ ਸ਼ਬਦਾਂ ਦੀ ਵਿਚਾਰ ਦੁਆਰਾ ਦਿੰਦਾ ਹੈ ਜਿਸ ਦੁਆਰਾ ਉਹ ਸਾਡਾ ਉਧਾਰ ਕਰਦਾ ਹੈ, ਮਾਇਆ ਮੋਹ ਤੋਂ, ਵਿਕਾਰਾਂ ਤੋਂ, ਅਗਿਆਨਤਾ ਤੋਂ ਉਧਾਰਦਾ ਹੈ, ਪਾਰ

ਲੰਘਾਉਂਦਾ ਹੈ। ਆਪਣੀ ਸੱਚੀ ਮਤਿ ਦੁਆਰਾ ਪਰਮਾਤਮਾ ਸਾਡੇ ਅੰਦਰ ਸ਼ਬਦਾ ਦੀ ਵਿਚਾਰ ਦਾ ਭੰਡਾਰ ਭਰਦਾ ਹੈ, ਗੁਣਾਂ ਦਾ ਭੰਡਾਰ ਭਰਦਾ ਹੈ ਜੋ ਕਿ ਸਾਡੇ ਅੰਦਰ ਭਗਤੀ ਦਾ ਭੰਡਾਰ ਹੈ ਜੋ ਭੰਡਾਰ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਭਰਿਆ ਹੈ, ਆਪਣੇ ਅਚਿੰਤ ਰੂਪ ਨਾਲ ਜੋੜਨ ਦੁਆਰਾ ਭਰਿਆ ਹੈ। (**ਅਚਿੰਤ ਹਮਾਰੈ ਭੋਜਨ ਭਾਉ ॥ਅਚਿੰਤ ਹਮਾਰੈ ਲੀਚੈ ਨਾਉ ॥ਅਚਿੰਤ ਹਮਾਰੈ ਸਬਦਿ ਉਧਾਰ ॥ਅਚਿੰਤ ਹਮਾਰੈ ਭਰੇ ਭੰਡਾਰ ॥2॥**)

ਸਾਡੇ ਇਸ ਜੀਵਨ ਦੇ ਕਾਰਜ ਪ੍ਰਮਾਤਮਾ ਦੇ ਅਚਿੰਤ ਰੂਪ ਨਾਲ ਜੁੜਨ ਦੁਆਰਾ ਭਾਵ ਨਾਮ ਦਾ ਦਾਨ ਮਿਲਣ ਦੁਆਰਾ ਹੀ ਪੂਰੇ ਹੁੰਦੇ ਹਨ। ਸਾਡੇ ਜੀਵਨ ਦਾ ਸਭ ਤੋਂ ਵੱਡਾ ਕਾਰਜ, ਅਸਲ ਕਾਰਜ ਉਦੋਂ ਪੂਰਾ ਹੁੰਦਾ ਹੈ ਜਦੋਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਉਸ ਤੋਂ ਬਾਦ ਮਨੁੱਖ ਆਪਣੇ ਜੀਵਨ ਦੇ ਹਰ ਕਾਰਜ ਤੇ ਪੂਰਾ ਉਤਰਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਦੇ ਝਮੇਲੇ ਦੂਰ ਹੁੰਦੇ ਹਨ, ਮਾਇਆ ਮੋਹ ਦੇ ਝਮੇਲੇ ਦੂਰ ਹੁੰਦੇ ਹਨ। ਮਨ ਦੀ ਇਸ ਅਵਸਥਾ ਦੁਆਰਾ ਹੀ ਭਾਵ ਨਾਮ ਦਾਨ ਮਿਲਣ ਦੁਆਰਾ ਹੀ ਮਨੁੱਖ ਦੇ ਵੈਰੀ ਮੀਤ ਬਣ ਜਾਂਦੇ ਹਨ ਭਾਵ ਮਨੁੱਖ ਦੇ ਅਉਗੁਣ ਗੁਣਾਂ ਵਿੱਚ ਬਦਲ ਜਾਂਦੇ ਹਨ ਭਾਵ ਮਨ ਦੇ ਮਾੜੇ ਵਿਚਾਰ ਬਦਲ ਕੇ ਚੰਗੇ ਵਿਚਾਰ ਬਣ ਜਾਂਦੇ ਹਨ, ਮਨ ਦੀ ਮਾੜੀ ਮਤਿ ਭਾਵ ਦੁਰਮਤਿ ਬਦਲ ਕੇ ਗੁਰਮਤਿ ਵਾਲੀ ਬਣ ਜਾਂਦੀ ਹੈ, ਹਉਮੈ ਵਾਲੀ ਅਵਸਥਾ ਬਦਲ ਕੇ ਨਾਮ ਵਾਲੀ ਬਣ ਜਾਂਦੀ ਹੈ, ਭਰਮ ਵਾਲੀ ਮਤਿ ਬਦਲ ਕੇ ਸੱਚੀ ਮਤਿ ਵਾਲੀ ਬਣ ਜਾਂਦੀ ਹੈ ਤੇ ਇਹੀ ਆਪਣੇ ਮਨ ਨੂੰ ਵੱਸ ਵਿੱਚ ਕਰਨਾ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਕਰਦਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। (**ਅਚਿੰਤ ਹਮਾਰੈ ਕਾਰਜ ਪੂਰੇ ॥ਅਚਿੰਤ ਹਮਾਰੈ ਲਥੇ ਵਿਸੂਰੇ ॥ਅਚਿੰਤ ਹਮਾਰੈ ਬੈਰੀ ਮੀਤਾ ॥ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥3॥**)

ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਮਿਲਣ ਨਾਲ ਹੀ ਭਾਵ ਇਹ ਮਨ ਵੱਸ ਵਿੱਚ ਆਉਣ ਨਾਲ ਹੀ ਮਨੁੱਖ ਦਾ ਮਨ ਅਡੋਲਤਾ ਵਿੱਚ ਆਉਂਦਾ ਹੈ ਭਾਵ ਮਨ ਦੇ ਵਿੱਚ ਪਹਿਲਾਂ ਮਨੁੱਖ ਨੂੰ ਇਹ ਹੌਂਸਲਾ ਮਿਲਦਾ ਹੈ, ਦਿਲਾਸਾ ਮਿਲਦਾ ਹੈ ਕਿ ਮਾਇਆ ਮੋਹ ਵਿੱਚੋਂ ਨਿਕਲਣ ਨਾਲ ਮੈਨੂੰ ਕੋਈ ਫਰਕ ਨਹੀਂ ਪੈਣਾ ਕਿਉਂਕਿ ਮੈਨੂੰ ਪਾਲਣ ਵਾਲਾ,

34/4027

ਮੈਨੂੰ ਰੋਜੀ ਦੇਣ ਵਾਲਾ ਪ੍ਰਮਾਤਮਾ ਮੇਰੇ ਅੰਦਰ ਹੀ ਹੈ ਤੇ ਉਹ ਮੈਨੂੰ ਸੱਚ ਤੇ ਚਲੱਣ ਦੁਆਰਾ ਵੀ ਭਾਵ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਵਿਚਰਨ ਦੁਆਰਾ ਵੀ, ਧਰਮ ਦੇ ਸੱਚੇ ਮਾਰਗ ਤੇ ਚਲੱਣ ਦੁਆਰਾ ਵੀ ਮੇਰੀ ਪਾਲਣਾ ਕਰਦਾ ਰਹੇਗਾ। ਇਹ ਭਰੋਸਾ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆਉਂਦਾ ਹੈ ਤੇ ਇਹ ਭਰੋਸਾ ਪ੍ਰਮਾਤਮਾ ਆਪ ਹੀ ਦਿੰਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। (**ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥**) ਨਾਮ ਦੀ ਦਾਤਿ ਮਿਲੇ ਬਿਨਾਂ, ਆਪਣੇ ਅੰਦਰੋਂ ਪ੍ਰਮਾਤਮਾ ਦੇ ਅਚਿੰਤ ਰੂਪ ਦੇ ਦਰਸ਼ਨ ਹੋਏ ਬਿਨਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਕਿਸੇ ਵੀ ਮਨੁੱਖ ਦੀ ਆਸਾ ਪੂਰਨ ਨਹੀਂ ਹੋ ਸਕਦੀ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਫਿਰ ਕੋਈ ਆਸ ਨਹੀ ਰਹਿ ਜਾਂਦੀ ਭਾਵ ਉਸ ਦਾ ਜੀਵਨ ਸਫਲ ਹੋ ਜਾਂਦਾ ਹੈ। ਪ੍ਰਮਾਤਮਾ ਇਹ ਆਸ ਕਿਸੇ ਦੀ ਆਪ ਹੀ ਪੂਰੀ ਕਰ ਸਕਦਾ ਹੈ। (**ਅਚਿੰਤ ਹਮਾਰੀ ਪੂਰਨ ਆਸਾ ॥**)

ਜਿਵੇਂ ਕਿ ਅਸੀਂ ਸ਼ਬਦ ਦੇ ਸੁਰੂ ਵਿੱਚ ਪਹਿਲੀਆਂ ਪੰਗਤੀਆਂ ਦੁਅਰਾ ਸਮਝਿਆ ਹੈ ਇਸ ਪੂਰੇ ਸ਼ਬਦ ਰਾਹੀਂ ਸਾਨੂੰ ਨਾਮ ਦਾ ਦਾਨ ਮਿਲਣਾ ਕੀ ਹੈ, ਇਹੀ ਗੱਲ ਸਮਝਾਈ ਹੋਈ ਹੈ ਜੋ ਕਿ ਅਸੀ ਸ਼ਬਦ ਦੇ ਹਰ ਪਦੇ ਰਾਹੀਂ ਸਮਝ ਰਹੇ ਹਾਂ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਨਾਮ ਮੰਤ੍ਰ ਕੀ ਹੈ। ਨਾਮ ਦਾ ਦਾਨ ਮਿਲਣਾ ਜਾਂ ਨਾਮ ਦਾ ਮੰਤ੍ਰ ਮਿਲਣਾ ਇਕੋ ਹੀ ਗੱਲ ਹੈ। "ਨਾਮ ਮੰਤੁ" ਸਾਨੂੰ ਪ੍ਰਮਾਤਮਾ ਕੋਲੋਂ ਕਿਸ ਰੂਪ ਵਿੱਚ ਮਿਲਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀ ਸਮਝਾਈ ਹੋਈ ਹੈ।

“ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥”

ਜਿਨਾਂ ਨੂੰ ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਮਿਲਿਆ ਹੈ ਉਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਇਹ ਸਮਝਾਇਆ ਹੈ ਕਿ ਉਹਨਾਂ ਨੂੰ ਨਾਮ ਦਾ ਦਾਨ ਕਿਸ ਰੂਪ ਵਿੱਚ ਮਿਲਿਆ ਹੈ। ਇਹ ਦਾਨ ਉਨ੍ਹਾ ਨੂੰ "ਨਾਮ ਮੰਤੁ" ਦੇ ਰੂਪ ਵਿੱਚ ਮਿਲਿਆ ਹੈ। "ਮੰਤੁ" ਤੋਂ ਭਾਵ ਕੀ ਹੁੰਦਾ ਹੈ, ਇਸੇ ਗੱਲ ਬਾਰੇ ਸਾਨੂੰ ਉਪਰਲੀਆ ਪੰਗਤੀਆਂ ਦੁਆਰਾ ਸੋਝੀ ਪਾਈ ਹੋਈ ਹੈ। ਜਿਨ੍ਹਾ ਨੂੰ ਪ੍ਰਮਾਤਮਾ ਨੇ ਇਹ ਆਪਣਾ “ਮੰਤੁ” ਦਿੱਤਾ ਹੈ ਉਹ ਆਪਣੇ ਉਪਦੇਸ਼ ਦੇ ਰੂਪ ਵਿੱਚ ਦਿੱਤਾ ਹੈ ਜੋ ਉਪਦੇਸ਼ ਉਨ੍ਹਾ ਨੇ ਸਾਨੰ ਪੂਰੀ ਗੁਰਬਾਣੀ ਰਾਹੀ ਦਿੱਤਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ ਉਪਦੇਸ਼ ਹੈ ਭਾਵ ਉਸ ਦਾ ਮੰਤੁ

ਹੈ

34/4028

ਜੋ ਕਿ ਸਾਰੀ ਗੁਰਬਾਣੀ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਹਰ ਸ਼ਬਦ ਦੀ ਵਿਚਾਰ ਦੇ ਵਿੱਚ ਗੁਰੂ ਪ੍ਰਮਾਤਮਾ ਦਾ ਸਾਡੇ ਲਈ ਉਪਦੇਸ਼ ਹੈ, ਉਸ ਦਾ ਮੰਤ ਹੈ, ਸ਼ਬਦ ਮੰਤ੍ਰ ਹੈ, ਗੁਰੂ ਮੰਤ੍ਰ ਹੈ ਜੋ ਗੁਰਮਤਿ ਦੇ ਰੂਪ ਵਿੱਚ ਹੈ। ਗੁਰੂ ਦੇ, ਸ਼ਬਦ ਦੇ ਇਸ ਮੰਤੁ ਦੁਆਰਾ ਜੋ ਮਨੁੱਖ ਨੂੰ ਸੋਝੀ ਪੈਂਦੀ ਹੈ ਉਹ "ਸਗਲ ਸਿਧਾਂਤ" ਦੇ ਰੂਪ ਵਿੱਚ ਪੈਂਦੀ ਹੈ। "ਸਿਧਾਂਤ" ਕਿਸ ਨੂੰ ਕਿਹਾ ਜਾਂਦਾ ਹੈ ਇਸ ਗੱਲ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। "ਸਿਧਾਂਤ" ਕਿਸੇ ਵੀ ਗੱਲ ਦੇ ਨਿਚੋੜ ਨੂੰ ਸਮਝਣਾ ਹੈ, ਅਸਲੀਅਤ ਨੂੰ, ਤੱਤ ਸਾਰ ਨੂੰ ਸਮਝਣਾ ਹੈ। ਗੁਰੂ ਮੰਤੁ ਦੁਆਰਾ ਸਾਨੂੰ ਧਰਮ ਦੇ ਸਿਧਾਂਤ ਦੀ ਹੀ ਸਮਝ ਪੈਂਦੀ ਹੈ, ਧਰਮ ਦੇ ਹਰ ਸਿਧਾਂਤ ਦੀ ਸਮਝ ਪੈਂਦੀ ਹੈ, ਸਗਲ ਸਿਧਾਂਤ ਦੀ ਸੋਝੀ ਪੈਂਦੀ ਹੈ ਜਿਸ ਤੋਂ ਬਾਦ ਫਿਰ ਧਰਮ ਬਾਰੇ ਕੁਝ ਹੋਰ ਸਮਝਣ ਦੀ ਗੁੰਜਾਇਸ ਨਹੀਂ ਰਹਿ ਜਾਂਦੀ ਭਾਵ ਧਰਮ ਬਾਰੇ ਪੂਰਨ ਸੋਝੀ ਪੈ ਜਾਂਦੀ ਹੈ ਕਿ ਇਸ ਪੂਰੇ ਸੰਸਾਰ ਦਾ ਧਰਮ ਕੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਨਾਮ ਦਾ ਦਾਨ ਬਖਸ਼ਿਆ ਹੈ ਉਹਨਾਂ ਨੂੰ ਹੀ ਪ੍ਰਮਾਤਮਾ ਦੇ ਕੋਲੋਂ ਗੁਰੂ ਮੰਤ੍ਰ ਮਿਲਿਆ ਹੈ ਤੇ ਉਹਨਾਂ ਨੂੰ ਧਰਮ ਦੇ "ਸਗਲ ਸਿਧਾਂਤ" ਦੀ ਸੋਝੀ ਪਈ ਹੈ ਤੇ ਉਹਨਾਂ ਨੇ ਗੁਰਬਾਣੀ ਰਾਹੀਂ ਪੂਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਹੀ ਸਿਖਾਇਆ ਹੈ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਹੈ, ਸੱਚੀ ਗੁਰਮਤਿ ਤੇ ਚੱਲਣ ਦਾ ਮਾਰਗ ਹੈ, ਵਿਕਾਰਾਂ ਤੋਂ, ਤ੍ਰਿਸ਼ਨਾਵਾਂ ਤੋਂ, ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਨ ਦਾ ਮਾਰਗ ਹੈ, ਸੱਚੀ ਸੁੱਚੀ ਕਿਰਤ ਕਰਨ ਦਾ, ਪਰਉਪਕਾਰੀ ਬਣਕੇ ਵਿਚਰਨ ਦਾ ਮਾਰਗ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ।ਇਹੋ ਜਿਹਾ ਧਰਮ ਨਿਭਾਉਣ ਲਈ ਸਾਨੂੰ ਸਾਡੀ ਕਰਣੀ ਦੀ ਲੋੜ ਹੈ ਨਾ ਕਿ ਕੇਵਲ ਕਥਨੀ ਕਰੀ ਜਾਣ ਦੀ ਭਾਵ ਕਿਸੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ ਤੇ ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਬਾਰ ਬਾਰ ਭਗਤੀ ਦੇ ਦਿਖਾਵਿਆਂ ਦਾ ਖੰਡਨ ਕੀਤਾ ਹੋਇਆ ਹੈ ਜਿੰਨ੍ਹਾਂ ਦਿਖਾਵਿਆਂ ਦੁਆਰਾ ਸਾਡੀ ਮੈਂ ਹੀ ਵਧਦੀ ਹੈ, ਹਉਮੈ ਹੀ ਵਧਦੀ ਹੈ ਜੋ ਕਿ ਨਾਮ ਦੇ ਨਾਲ ਭਾਵ ਗੁਰਮਤਿ ਦੇ ਨਾਲ ਝਗੜਾ, ਵਿਰੋਧਤਾ ਵਧਾਉਣ ਵਾਲੀ ਗੱਲ ਹੈ ਭਾਵ ਭਗਤੀ ਤੋਂ ਉਲਟ ਮਾਰਗ ਹੈ।
(**ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥4॥**)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ ੧੧੮੮)

34/4029

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

{ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ
ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥}

(ਅੰਗ ੧੪੦੩)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥

ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੯॥}

(ਅੰਗ ੩੭੭)

{ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥ ਸਾਧ ਜਨਾ ਕਾ ਮੰਤ੍ਰੁ ਕਮਾਏ ॥}

(ਅੰਗ ੧੩੦)

{ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥
ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥੧॥}

(ਅੰਗ ੧੫੬)

{ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ ॥
ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ ॥੧॥}

(ਅੰਗ ੧੭੧)

{ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ਕੇਵਲ ਨਾਮੁ ਰਿਦ ਮਾਹਿ ਸਮਾਇਆ ॥੪॥੪੨॥੧੧੧॥}

(ਅੰਗ ੧੮੮)

{ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ ਉਤਰੀ ਚਿੰਤ ॥੨॥
ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥੩॥
ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥}

(ਅੰਗ ੧੯੦)

{ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥੩॥
ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥}

(ਅੰਗ ੧੯੬)

{ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥ ਇਹ ਆਸਰ ਪੂਰਨ ਭਏ ਕਾਮ ॥੨॥}

(ਅੰਗ ੧੯੬)

{ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ ਮਾਇਆ ਅਗਨਿ ਤੇ ॥੩॥
ਨਾਨਕ ਕਉ ਪ੍ਰਭ ਮਇਆ ਕਰਿ ॥ ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥੪॥}

(ਅੰਗ ੨੧੧)

{ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥
ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥}

(ਅੰਗ ੨੩੬)

34/4030

{ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥
ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥}

(ਅੰਗ ੨੫੭)

{ਬੀਜ ਮੰਤ੍ਰ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥
ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧਸੰਗਿ ਪਾਵੈ ਜਨੁ ਕੋਇ ॥}

(ਅੰਗ ੨੭੪)

{ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥
ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥}

(ਅੰਗ ੩੮੨)

{ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥
ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥}

(ਅੰਗ ੩੮੪)

{ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥ ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥੩॥
ਨਾਮੁ ਪਦਾਰਥੁ ਨਉ ਨਿਧਿ ਸਿਧਿ ॥ ਨਾਨਕ ਗੁਰ ਤੇ ਪਾਈ ਬੁਧਿ ॥੪॥}

(ਅੰਗ ੩੮੭)

{ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥
ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥}

(ਅੰਗ ੪੪੭)

{ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥
ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥੨॥}

(ਅੰਗ ੪੭੬-੪੭੭)

{ਜਾ ਤੂੰ ਤੁਸਹਿ ਮਿਹਰਵਾਨ ਤਾ ਗੁਰ ਕਾ ਮੰਤ੍ਰੁ ਕਮਾਹਿ ॥
ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ ॥੧॥}

(ਅੰਗ ੫੧੮)

{ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ ॥
ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥੨॥}

(ਅੰਗ ੫੨੧)

{ਮਾਨੁ ਮੋਹੁ ਬਿਕਾਰੁ ਤਜੀਐ ਅਰਪਿ ਤਨੁ ਧਨੁ ਇਹੁ ਮਨਾ ॥
ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥
ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥}

(ਅੰਗ ੫੪੪)

{ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥
ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥ ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥}

(ਅੰਗ ੫੬੨)

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥}

(ਅੰਗ ੧੨੦੮)

34/4031

{ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥
ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ ਬਲਿਹਾਰਿਆ ॥੨॥}

(ਅੰਗ ੬੭੫)

{ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥}

(ਅੰਗ ੭੦੧)

{ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥
ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥}

(ਅੰਗ ੭੮੨)

{ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ ॥
ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥੩॥}

(ਅੰਗ ੮੨੦)

{ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥}

(ਅੰਗ ੮੬੪)

{ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥
ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥੧॥}

(ਅੰਗ ੯੫੭)

{ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ ॥ ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ ॥੩॥}

(ਅੰਗ ੯੫੯)

{ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥}

(ਅੰਗ ੯੭੪)

{ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥
ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥}

(ਅੰਗ ੯੭੮)

{ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥}

(ਅੰਗ ੧੦੦੧-੧੦੦੨)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥}

(ਅੰਗ ੧੦੪੦)

34/4032

{ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥ ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥}

(ਅੰਗ ੧੧੩੩)

{ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥}

(ਅੰਗ ੧੧੩੬)

{ਜਾ ਕੋ ਮੰਤ੍ਰੁ ਉਤਾਰੈ ਸਹਸਾ ਊਣੇ ਕਉ ਸੁਭਰ ਭਰਨ ॥
ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥੨॥}

(ਅੰਗ ੧੨੦੬)

{ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥
ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥
ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥}

(ਅੰਗ ੧੨੦੬)

{ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥}

(ਅੰਗ ੧੨੧੦)

{ਸਰਬ ਕਲਾ ਸੋਈ ਪਰਬੀਨ ॥ ਨਾਮ ਮੰਤ੍ਰ ਜਾ ਕਉ ਗੁਰਿ ਦੀਨ ॥੩॥
ਕਹੁ ਨਾਨਕ ਤਾ ਕੈ ਬਲਿ ਜਾਉ ॥ ਕਲਿਜੁਗ ਮਹਿ ਪਾਇਆ ਜਿਨਿ ਨਾਉ ॥੪॥੨॥}

(ਅੰਗ ੧੨੯੮)

{ਸੰਤਨ ਪਹਿ ਆਪਿ ਉਧਾਰਨ ਆਇਓ ॥੧॥ ਰਹਾਉ ॥
ਦਰਸਨ ਭੇਟਤ ਹੋਤ ਪੁਨੀਤਾ ਹਰਿ ਹਰਿ ਮੰਤ੍ਰੁ ਦ੍ਰਿੜਾਇਓ ॥੧॥
ਕਾਟੇ ਰੋਗ ਭਏ ਮਨ ਨਿਰਮਲ ਹਰਿ ਹਰਿ ਅਉਖਧੁ ਖਾਇਓ ॥੨॥}

(ਅੰਗ ੧੨੯੯)

{ਸਾਧ ਸਰਨਿ ਚਰਨ ਚਿਤੁ ਲਾਇਆ ॥
ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੁ ਦ੍ਰਿੜਾਇਆ ॥੧॥ ਰਹਾਉ ॥}

(ਅੰਗ ੧੩੦੦)

{ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ ॥
ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ ॥੧॥}

(ਅੰਗ ੧੩੦੨)

{ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥}

(ਅੰਗ ੧੩੫੬)

{ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥
ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ ॥}

(ਅੰਗ ੧੪੦੭)

34/4033

ਉਪਰ ਕੁਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਅਸੀਂ ਨਾਮ ਮੰਤ੍ਰ ਹੀ ਸਮਝਿਆ ਹੈ ਜਿਸ ਮੰਤ੍ਰ ਦੇ ਮਿਲਣ ਦੁਆਰਾ ਸਾਨੂੰ ਧਰਮ ਦੇ ਮਾਰਗ ਦੀ ਪੂਰਨ ਰੂਪ ਵਿੱਚ ਸੋਝੀ ਪੈਂਦੀ ਹੈ, "ਸਗਲ ਸਿਧਾਂਤੁ" ਦੀ ਸੋਝੀ ਪੈਂਦੀ ਹੈ, ਜੋ ਸੋਝੀ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪਾਉਂਦਾ ਹੈ, ਪੂਰਨ ਗੁਰਮਤਿ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਪਾਉਂਦਾ ਹੈ।ਗੁਰਮਤਿ ਰੂਪ ਸੱਚਾ ਗਿਆਨ ਹੀ ਗੁਰੂ ਮੰਤ੍ਰ ਹੈ, ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਮੰਤ੍ਰ ਹੈ ਤੇ ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਮੰਤ੍ਰ ਹੀ ਹੈ ਜਿਸ ਦੁਆਰਾ ਸਾਨੂੰ ਪੂਰਨ ਰੂਪ ਵਿੱਚ ਸੱਚ ਦੀ ਸੋਝੀ ਪੈਂਦੀ ਹੈ ਤੇ ਸਾਡੀ ਪ੍ਰਮਾਤਮਾ ਨੂੰ ਜਾਨਣ ਬਾਰੇ ਤੇ ਉਸ ਦੇ ਸੱਚੇ ਮਾਰਗ

ਤੇ ਚੱਲਣ ਬਾਰੇ ਜੋ ਕੁਝ ਵੀ ਸੰਸਾਰ ਵਿੱਚ ਭਰਮ ਹਨ ਉਨ੍ਹਾਂ ਤੋਂ ਮੁਕਤੀ ਹੁੰਦੀ ਹੈ। ਸਾਨੂੰ ਹਰ ਭਰਮ ਤੋਂ ਮੁਕਤ ਕਰਨਾ ਹੀ ਗੁਰੂ ਮੰਤ੍ਰ ਦਾ ਮਕਸਦ ਹੈ, ਨਾਮ ਮੰਤ੍ਰ ਦਾ ਮਕਸਦ ਹੈ। (**ਅਚਿੰਤ ਹਮ੍ਹਾ ਕਉ ਸਗਲ ਸਿਧਾਂਤੁ ॥ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥4॥**)

ਮਨ ਦੇ ਵਿੱਚ ਸੱਚਾ ਗਿਆਨ ਮਿਲਣ ਦੁਆਰਾ ਹੀ ਸਾਡੇ ਮਨ ਦੀ ਅਗਿਆਨਤਾ ਦੂਰ ਹੁੰਦੀ ਹੈ ਤੇ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਉਸ ਦੇ ਨਿਰੰਕਾਰ ਰੂਪ ਦੇ ਭਾਵ ਆਕਾਰ ਰਹਿਤ ਰੂਪ ਦੇ ਦਰਸ਼ਨ ਹੁੰਦੇ ਹਨ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥

ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥"

ਮਨ ਦੇ ਵਿੱਚ ਪ੍ਰਮਾਤਮਾ ਦਾ **"ਗੁਰਿ ਮੰਤ੍ਰੁ"** ਰੂਪ ਹੀ ਉਸ ਦਾ ਅਚਿੰਤ ਰੂਪ ਹੈ ਜਿਸ ਦੁਆਰਾ ਮਨੁੱਖ ਚਿੰਤਾਵਾਂ ਤੋਂ ਮੁਕਤਿ ਹੁੰਦਾ ਹੈ ਜਿੰਨ੍ਹਾਂ ਦਾ ਕਾਰਣ ਸਾਡੇ ਅੰਦਰ ਵਿਅਰਥ ਦੇ ਭਰਮਾਂ ਦਾ ਵੱਸੇ ਹੋਏ ਹੋਣਾ ਹੈ ਤੇ ਅਸੀ ਵਿਅਰਥ ਵਿੱਚ ਹੀ ਉਹੋ ਜਿਹੀਆਂ ਚਿੰਤਾਵਾਂ ਵਿੱਚ ਰਹਿੰਦੇ ਹਾਂ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਨਾਲ ਜੋੜਿਆ ਹੋਇਆ ਹੈ।ਅਸੀਂ ਭਰਮ ਵਿੱਚ ਰਹਿੰਦੇ ਹੋਏ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ।ਅਸੀਂ ਜੋ ਵੀ ਕਰਮ ਗੁਰਮਤਿ ਦੇ ਉਲਟ ਕਰਦੇ ਹਾਂ ਉਨ੍ਹਾਂ ਕਰਮਾਂ ਦੁਆਰਾ ਅਸੀਂ ਗੁਰਮਤਿ ਦੇ ਨਾਲ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਵੈਰ ਹੀ ਕਮਾਉਂਦੇ ਹਾਂ ਭਾਵ ਗੁਰਮਤਿ ਨੂੰ ਨਿੰਦਦੇ ਹਾਂ,ਗੁਰੂ ਨੂੰ ਨਿੰਦਦੇ ਹਾਂ ਭਾਵ ਗੁਰਮਤਿ ਦੇ ਦੋਖੀ ਬਣਦੇ ਹਾਂ, ਗੁਰੂ ਦੇ, ਸੰਤ ਦੇ, ਪ੍ਰਮਾਤਮਾ ਦੇ ਦੋਖੀ

ਬਣਦੇ ਹਾਂ।ਮਨ ਦੇ ਭਰਮ ਵਿੱਚੋਂ ਨਿਕਲਣ ਦੁਆਰਾ, ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ, ਗੁਰੂ ਮੰਤ੍ਰ ਦਾ ਪ੍ਰਕਾਸ਼ ਹੋਣ ਦੁਆਰਾ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈ ਜਾਂਦੀ ਹੈ ਤੇ ਫਿਰ ਮਨੁੱਖ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ ਜਿਸ ਦੁਆਰਾ ਉਸ ਦਾ ਗੁਰੂ ਪ੍ਰਮਾਤਮਾ ਦੇ ਨਾਲ ਵੈਰ ਮੁੱਕ ਜਾਂਦਾ ਹੈ, ਝਗੜਾ ਮੁੱਕ ਜਾਂਦਾ ਹੈ। ਇਹੀ ਹਉਮੈ ਦਾ ਨਾਮ ਦੇ ਨਾਲ ਝਗੜੇ ਦਾ ਨਿਬੜਨਾ ਹੈ, ਮਨਮਤਿ ਦਾ ਗੁਰਮਤਿ ਦੇ ਨਾਲ ਝਗੜੇ ਦਾ ਨਿਬੜਨਾ ਹੈ। (**ਅਚਿੰਤ ਹਮਾਰੇ ਬਿਨਸੇ ਬੈਰ ॥ਅਚਿੰਤ ਹਮਾਰੇ ਮਿਟੇ ਅੰਧੇਰ ॥**) ਜਦ ਤਕ ਸਾਡੇ ਮਨ ਦਾ ਭਰਮ ਨਹੀਂ ਮਿਟਦਾ ਤਦ ਤਕ ਸਾਨੂੰ ਪ੍ਰਮਾਤਮਾ ਦਾ ਸੱਚਾ "ਕੀਰਤਨੁ" ਗਾਉਣ ਦੀ ਭਾਵ ਪ੍ਰਮਾਤਮਾ ਦਾ ਸੱਚਾ ਜੱਸ ਗਾਉਂਣ ਦੀ ਸੋਝੀ ਨਹੀਂ ਪੈਂਦੀ। ਪ੍ਰਮਾਤਮਾ ਦਾ ਸੱਚਾ ਜੱਸ ਮਨੁੱਖ ਉਦੋਂ ਹੀ ਗਾਉਂਦਾ ਹੈ ਜਦੋਂ ਮਨੁੱਖ ਨੂੰ ਗੁਰੂ ਦੀ ਮਤਿ ਮਿੱਠੀ ਲਗਦੀ ਹੈ, ਗੁਰੂ ਦਾ ਨਾਮ ਮਿੱਠਾ ਲੱਗਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨਾ ਚੰਗਾ ਲੱਗਦਾ ਹੈ।ਗੁਰਮਤਿ ਅਨੁਸਾਰ ਚੱਲਣਾ ਬਹੁਤ ਹੀ ਔਖਾ ਹੈ ਕਿਉਂਕਿ ਮਾਇਆ ਮੋਹ ਵਿੱਚੋਂ ਨਿਕਲਣਾ, ਅਉਗਣਾਂ ਨੂੰ ਛੱਡਣਾ, ਤ੍ਰਿਸ਼ਨਾਵਾਂ ਨੂੰ ਛੱਡਣਾ ਬਹੁਤ ਔਖਾ ਹੈ ਪਰ ਜਦੋਂ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪ੍ਰਗਟ ਹੋ ਕੇ ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ, ਧਰਮ ਦੇ ਮਾਰਗ ਦੀ ਸੱਚੀ ਸੋਝੀ ਪਾਉਂਦਾ ਹੈ ਫਿਰ ਉਹ ਮਨੁੱਖ ਨੂੰ ਮਨ ਦੀ ਸੋਝੀ ਦੁਆਰਾ ਆਪ ਹੀ ਗੁਰਮਤਿ ਤੇ ਚੱਲਣ ਲਈ ਦ੍ਰਿੜ ਕਰਦਾ ਹੈ, ਆਪਣੇ ਨਾਮ ਤੇ ਦ੍ਰਿੜ ਕਰਦਾ ਹੈ ਤੇ ਫਿਰ ਮਨੁੱਖ ਨੂੰ ਗੁਰਮਤਿ ਅਨੁਸਾਰ ਵਿਚਰਨਾ ਹੀ ਚੰਗਾ ਲੱਗਦਾ ਹੈ ਭਾਵ ਪ੍ਰਮਾਤਮਾ ਦਾ ਕੀਰਤਨ ਮਿੱਠਾ ਲੱਗਦਾ ਹੈ। ਪ੍ਰਮਾਤਮਾ ਦਾ ਕੀਰਤਨ ਸੱਚੇ ਸੁੱਚੇ ਇਨਸਾਨ ਬਣਕੇ ਹੀ ਗਾਇਆ ਜਾ ਸਕਦਾ ਹੈ, ਮਾਇਆ ਮੋਹ ਤੋਂ ਮੁਕਤਿ ਹੋ ਕੇ ਹੀ ਗਾਇਆ ਜਾ ਸਕਦਾ ਹੈ ਪ੍ਰਮਾਤਮਾ ਦੀ ਕਿਰਪਾ ਹੋਣ ਤੇ ਹੀ ਗਾਇਆ ਜਾ ਸਕਦਾ ਹੈ।(**ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥5॥**)

{ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥

ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥}

(ਅੰਗ ੮੮੫)

ਮਨੁੱਖ ਦੇ ਵਿੱਚ ਤੇ ਪ੍ਰਮਾਤਮਾ ਦੇ ਵਿੱਚ ਕੇਵਲ ਇੱਕ ਭਰਮ ਦਾ ਪੜਦਾ ਹੈ ਜੋ ਪੜਦਾ ਸਾਡੇ ਮਨ ਦੇ ਵਿੱਚ ਹੀ ਹੈ ਜਿਸ ਦੇ ਰਹਿੰਦਿਆਂ ਰਹਿੰਦੀ ਦੁਨੀਆਂ ਤਕ ਉਸ ਪ੍ਰਮਾਤਮਾ ਨੂੰ ਕਦੇ ਵੀ ਕੋਈ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਭਾਵ ਮਨ ਦੇ ਵਿੱਚ ਭਰਮ ਦੇ ਪੜਦੇ ਦੇ ਰਹਿੰਦਿਆਂ ਨਾ ਅਜ ਤਕ ਕਿਸੇ ਨੇ ਜਾਣਿਆ ਹੈ ਤੇ ਨਾ ਹੀ ਕਦੇ ਕੋਈ

ਜਾਣ ਸਕਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਭਾਵ ਉਸ ਦੀ ਆਪਣੀ ਇੱਛਾ ਹੈ, ਆਪਣੀ ਕਿਰਪਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਡੇ ਮਨ ਦੇ

ਅੰਦਰ, ਸਭ ਦੇ ਅੰਦਰ ਪ੍ਰਮਾਤਮਾ ਆਪਣੇ ਅਚਿੰਤ ਰੂਪ ਵਿੱਚ ਆਪ ਹੀ ਹੈ। ਸਾਨੂੰ ਭਰਮ ਰੂਪ ਵਿੱਚ ਰੱਖਣ ਵਾਲਾ ਵੀ ਉਹ "ਅਚਿੰਤ" ਰੂਪ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪ ਹੀ ਕਿਸੇ ਨੂੰ ਮਨ ਦੇ ਭਰਮ ਤੋਂ ਮੁਕਤਿ ਕਰ ਸਕਦਾ ਹੈ ਜੋ ਕਿ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਕਰਦਾ ਹੈ ਭਾਵ ਜਦੋਂ ਵੀ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ, ਉਹ ਮਨੁੱਖ ਨੂੰ ਪੂਰੀ ਤਰ੍ਹਾਂ ਭਰਮ ਤੋਂ ਮੁਕਤਿ ਕਰਦਾ ਹੈ, ਹਰ ਭਰਮ ਤੋਂ ਮੁਕਤਿ ਕਰਦਾ ਹੈ ਜਿਸ ਦੁਆਰਾ ਮਨੁੱਖ ਦੇ ਅੰਦਰ ਪ੍ਰਮਾਤਮਾ ਨੂੰ ਜਾਨਣ ਬਾਰੇ ਤੇ ਧਰਮ ਦੇ ਮਾਰਗ ਨੂੰ ਸਮਝਣ ਤੇ ਚੱਲਣ ਬਾਰੇ ਕੋਈ ਭਰਮ ਵੀ ਨਹੀਂ ਰਹਿ ਜਾਂਦਾ।ਪ੍ਰਮਾਤਮਾ ਆਪ ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਤੇ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਦਾ ਮਕਸਦ ਹੀ ਭਾਵ ਗਿਆਨ ਦਾ ਮਕਸਦ ਹੀ ਮਨੁੱਖ ਨੂੰ ਭਰਮ ਤੋਂ ਮੁਕਤਿ ਕਰਨ ਦਾ ਹੈ। ਪ੍ਰਮਾਤਮਾ ਨੂੰ ਮਨੁੱਖ ਆਪਣੇ ਅੰਦਰੋਂ ਤਾਂ ਹੀ ਜਾਣ ਸਕਦਾ ਹੈ ਜਦੋਂ ਉਹ ਮਨ ਦੇ ਅੰਦਰੋਂ ਇਸ ਭਰਮ ਤੋਂ ਮੁਕਤਿ ਹੁੰਦਾ ਹੈ ਕਿ ਮੇਰੇ ਅੰਦਰ ਉਹ ਵਿਚਾਰ ਕਿਥੋਂ ਆਉਂਦੇ ਹਨ ਜੋ ਸਾਨੂੰ ਭਰਮਾਂ ਵਿੱਚ ਰੱਖਦੇ ਹਨ, ਜਿੰਨ੍ਹਾਂ ਵਿਚਾਰਾਂ ਕਰਕੇ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ, ਆਪਣੀ ਇੱਕ ਵੱਖਰੀ ਹੋਂਦ ਸਮਝਦੇ ਹਾਂ ਜਦ ਕਿ ਇਸ ਵਿੱਚ ਸਚਾਈ ਨਹੀਂ ਹੈ ਭਾਵ ਇਹ ਸਾਡਾ ਭਰਮ ਹੈ ਕਿ ਮਨੁੱਖੀ ਹੋਂਦ ਪ੍ਰਮਾਤਮਾ ਨਾਲੋਂ ਕੋਈ ਵੱਖਰੀ ਹੋਂਦ ਹੈ।ਇਸ ਗੱਲ ਦੀ ਸਮਝ ਮਨ ਦਾ ਭਰਮ ਨਿਕਲਣ ਦੁਆਰਾ ਹੀ ਪੈਂਦੀ ਹੈ ਜੋ ਭਰਮ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਕੱਢਦਾ ਹੈ ਜੋ ਕਿ ਇਕੋ ਇਕ ਸੰਸਾਰ ਦਾ ਅਜੂਬਾ ਹੈ, ਚਮਤਕਾਰ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।ਪ੍ਰਮਾਤਮਾ ਦੇ ਆਪਣੇ ਵਿਸ਼ਵਾਸ ਦਿਵਾਏ ਬਿਨਾਂ ਕਿਸੇ ਨੂੰ ਇਸ ਗੱਲ ਤੇ ਪੂਰਨ ਰੂਪ ਵਿੱਚ ਵਿਸ਼ਵਾਸ ਨਹੀਂ ਆ ਸਕਦਾ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਜੋ ਇਸ ਮਨੁੱਖੀ ਦੇਹ ਨੂੰ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਗਿਆਨ ਰਾਹੀਂ ਆਪ ਹੀ ਚਲਾ ਰਿਹਾ ਹੈ ਤੇ ਮਨੁੱਖ ਭਰਮ ਵਿੱਚ ਹੀ ਇਸ ਦੇਹ ਦੇ ਰੂਪ ਵਿੱਚ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝੀ ਬੈਠਾ ਹੈ, ਮਨ ਦੇ ਭਰਮ ਰਾਹੀਂ ਵੱਖਰੀ ਹੋਂਦ ਸਮਝੀ ਬੈਠਾ

34/4036

ਹੈ।ਮਨ ਦੀ ਇਹ ਭਰਮ ਵਾਲੀ ਅਵਸਥਾ ਹੀ ਸਾਡੀ ਹਉਮੈ ਹੈ, ਸਾਡੇ ਅੰਦਰ ਹਉਮੈਂ ਰੂਪ ਪੜਦਾ ਹੈ,ਹਉਮੈ ਰੂਪ ਦੀਵਾਰ ਹੈ ਜੋ ਕਿ ਸਾਡੇ ਅੰਦਰ ਭਰਮ ਰੂਪ ਵਿਚਾਰਾਂ ਦੇ ਰੂਪ ਵਿੱਚ ਹੈ ਜੋ ਦੀਵਾਰ ਕੇਵਲ ਨਾਮ ਦੁਆਰਾ ਦੂਰ ਹੋ ਸਕਦੀ ਹੈ ਭਾਵ ਬ੍ਰਹਮ ਗਿਆਨ ਦੁਆਰਾ ਦੂਰ ਹੋ ਸਕਦੀ ਹੈ।ਪ੍ਰਮਾਤਮਾ ਸਾਡੇ ਅੰਦਰ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ, ਨਾਮ ਦੇ ਰੂਪ ਵਿੱਚ ਹੀ ਹੈ ਤੇ ਉਸ ਦੇ ਸਾਡੇ ਅੰਦਰ ਵੱਸਣ ਦੁਆਰਾ ਭਾਵ ਪ੍ਰਗਟ ਹੋਣ ਦੁਆਰਾ ਹੀ ਹਉਮੈ ਤੋਂ ਛੁਟਕਾਰਾ ਹੁੰਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ, ਨਾਮ ਨੂੰ ਜਾਨਣ ਬਾਰੇ, ਧਰਮ ਦੇ ਮਾਰਗ ਨੂੰ ਜਾਨਣ ਬਾਰੇ ਹਰ ਭਰਮ ਤੋਂ ਛੁਟਕਾਰਾ ਹੁੰਦਾ ਹੈ।(**ਅਚਿੰਤ ਮਿਟਿਓ ਹੈ ਸਗਲੋ ਭਰਮਾ ॥ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥**)

{ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥
ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ ॥
ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥
ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥੯॥}

(ਅੰਗ ੨੫੨)

{ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥}

(ਅੰਗ ੪੦੯)

{ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥
ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥}

(ਅੰਗ ੪੫੪)

{ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ ॥

ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥}

(ਅੰਗ ੫੪੩)

{ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥
ਬਿਨਵੰਤਿ ਨਾਨਕ ਸੁਣਿ ਮੰਤ੍ਰ ਸਖੀਏ ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥}

(ਅੰਗ ੫੪੪)

{ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥੩॥
ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥}

(ਅੰਗ ੬੧੬)

{ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥੩॥
ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥੪॥}

(ਅੰਗ ੬੨੪)

34/4037

{ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ ॥
ਬਿਸਮ ਭਏ ਨਾਨਕ ਜਸੁ ਗਾਵਤ ਠਾਕੁਰ ਗੁਨੀ ਗਹੀਰ ॥੨॥੨॥੩॥}

(ਅੰਗ ੬੭੬)

{ਜਲਿ ਥਲਿ ਪੂਰਨ ਅੰਤਰਜਾਮੀ ॥ ਘਟਿ ਘਟਿ ਰਵਿਆ ਅਛਲ ਸੁਆਮੀ ॥
ਭਰਮ ਭੀਤਿ ਖੋਈ ਗੁਰਿ ਪੂਰੈ ਏਕੁ ਰਵਿਆ ਸਰਬੰਗਨਾ ॥੮॥}

(ਅੰਗ ੧੦੮੦)

{ਪ੍ਰੀਤਮ ਬਸਤ ਰਿਦ ਮਹਿ ਖੋਰ ॥ ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ ॥੧॥ ਰਹਾਉ ॥}

(ਅੰਗ ੧੧੨੧)

{ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥
ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥}

(ਅੰਗ ੧੨੦੬)

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥}

(ਅੰਗ ੧੨੬੩)

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥

ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥}

(ਅੰਗ ੧੯)

{ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥}

(ਅੰਗ ੨੧)

{ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥
ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥}

(ਅੰਗ ੨੩)

{ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ ੪੦)

{ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ ੫੧)

34/4038

{ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥
ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥}

(ਅੰਗ ੬੦)

{ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥}

(ਅੰਗ ੬੭)

{ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥

ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥}

(ਅੰਗ ੬੭)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

{ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥
ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥}

(ਅੰਗ ੧੦੭)

{ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥
ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥}

(ਅੰਗ ੧੦੭)

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥}

(ਅੰਗ ੧੧੨)

{ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ ਗੁਰ ਕਾ ਸਬਦੁ ਮੰਨਿ ਵਸਾਏ ॥
ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥}

(ਅੰਗ ੧੧੩-੧੧੪)

{ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥}

(ਅੰਗ ੧੧੪)

{ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥}

(ਅੰਗ ੧੧੪)

{ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥}

(ਅੰਗ ੧੧੬)

{ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥}

(ਅੰਗ ੧੨੬)

{ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥ ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥}

(ਅੰਗ ੧੪੫)

{ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ ੧੫੩)

{ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥}

(ਅੰਗ ੧੬੧)

{ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥
ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥ ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥}

(ਅੰਗ ੧੬੧)

{ਕਿਰਪਾ ਕਰਿ ਸਤਿਗੁਰੂ ਮਿਲਾਏ ॥ ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥}

(ਅੰਗ ੧੬੧)

{ਬਾਬਾ ਤੂੰ ਐਸੇ ਭਰਮੁ ਚੁਕਾਹੀ ॥ ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ਰਹਾਉ॥}

(ਅੰਗ ੧੬੨)

{ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥}

(ਅੰਗ ੧੬੨)

{ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥
ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥}

(ਅੰਗ ੧੬੬)

{ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥}

(ਅੰਗ ੧੭੮)

{ਦੂਖ ਦਰਦ ਬਿਨਸੇ ਭੈ ਭਰਮ ॥ ਆਵਣ ਜਾਣ ਰਖੇ ਕਰਿ ਕਰਮ ॥੨॥}

(ਅੰਗ ੧੮੩)

{ਜਾ ਕੈ ਬਿਨਸਿਓ ਮਨ ਤੇ ਭਰਮਾ ॥ ਤਾ ਕੈ ਕਛੂ ਨਾਹੀ ਡਰੁ ਜਮਾ ॥੩॥}

(ਅੰਗ ੧੮੬)

34/4040

{ਦੂਖੁ ਦਰਦੁ ਭਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥੪॥੫੦॥੧੧੯॥}

(ਅੰਗ ੧੮੯)

{ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ ਰਹਾਉ ॥}

(ਅੰਗ ੧੯੦)

{ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧਸੰਗਿ ਭੈ ਭਰਮ ਮਿਟਾਇਆ ॥੩॥}

(ਅੰਗ ੧੯੩)

{ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥}

(ਅੰਗ ੧੯੬)

{ਮਾਨ ਮੋਹ ਖੋਏ ਗੁਰਿ ਭਰਮ ॥ ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੮੧॥੧੫੦॥}

(ਅੰਗ ੧੯੬)

{ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥}

(ਅੰਗ ੨੦੦)

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥}

(ਅੰਗ ੨੦੫)

{ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥}

(ਅੰਗ ੨੦੫)

{ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੫)

{ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥
ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥}

(ਅੰਗ ੨੦੮)

{ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥
ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥੨॥}

(ਅੰਗ ੨੧੫)

{ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥
ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥}

(ਅੰਗ ੨੧੬)

{ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥}

(ਅੰਗ ੨੨੧)

{ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥}

(ਅੰਗ ੨੨੩)

34/4041

{ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥}

(ਅੰਗ ੨੨੬)

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥
ਨਿਹਚਲ ਮਹਲੁ ਨਹੀ ਛਾਇਆ ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥}

(ਅੰਗ ੨੨੮)

{ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥
ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥}

(ਅੰਗ ੨੨੯)

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥}

(ਅੰਗ ੨੨੯)

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥}

(ਅੰਗ ੨੩੦)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥
ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ ੨੩੧)

{ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥

ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥}

(ਅੰਗ ੨੩੨)

{ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥}

(ਅੰਗ ੨੩੪)

{ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥}

(ਅੰਗ ੨੩੨)

{ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥}

(ਅੰਗ ੨੩੯)

{ਜਬ ਇਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥}

(ਅੰਗ ੨੩੫)

{ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥}

(ਅੰਗ ੨੪੪)

{ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥
ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥}

(ਅੰਗ ੨੫੦)

34/4042

{ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥
ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥}

(ਅੰਗ ੨੫੮)

{ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥
ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥}

(ਅੰਗ ੨੭੪)

{ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥}

(ਅੰਗ ੨੮੪)

{ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥}

(ਅੰਗ ੨੮੭)

{ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥}

(ਅੰਗ ੨੮੭)

{ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥}

(ਅੰਗ ੨੯੪)

{ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥}

(ਅੰਗ ੨੯੬)

{ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ ॥ ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥}

(ਅੰਗ ੨੯੭)

{ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥
ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ ॥੧॥}

(ਅੰਗ ੩੦੫)

{ਭੋਰੀ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ ॥ ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ ॥੧॥}

(ਅੰਗ ੩੨੨)

{ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

{ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥}

(ਅੰਗ ੩੩੦)

34/4043

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ ੩੩੬)

{ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥
ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥}

(ਅੰਗ ੩੩੮)

{ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ ॥
ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ ॥
ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ ॥੨॥}

(ਅੰਗ ੩੩)

{ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥
ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥
ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥
ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥}

(ਅੰਗ ੩੫)

{ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ॥
ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥੧॥}

(ਅੰਗ ੩੬)

{ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥}

(ਅੰਗ ੬੦)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥}

(ਅੰਗ ੬੮)

{ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਏ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥}

(ਅੰਗ ੬੮)

{ਇਹੁ ਜਗਤੁ ਭਰਮਿ ਭੁਲਾਇਆ ॥ ਆਪਹੁ ਤੁਧੁ ਖੁਆਇਆ ॥
ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ ॥੬॥}

(ਅੰਗ ੭੨)

{ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥
ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥
ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ ॥
ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥}

(ਅੰਗ ੮੨)

{ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥}

(ਅੰਗ ੯੨)

34/4044

{ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥}

(ਅੰਗ ੯੨)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥}

(ਅੰਗ ੧੦੨)

{ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥}

(ਅੰਗ ੧੧੦)

{ਤੇਰੀਆ ਖਾਣੀ ਤੇਰੀਆ ਬਾਣੀ ॥ ਬਿਨੁ ਨਾਵੈ ਸਭ ਭਰਮਿ ਭੁਲਾਣੀ ॥}

(ਅੰਗ ੧੧੬)

{ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥}

(ਅੰਗ ੧੧੭)

{ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥}

(ਅੰਗ ੧੧੯)

{ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥
ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥}

(ਅੰਗ ੧੨੯)

{ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥ ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥}

(ਅੰਗ ੧੪੪)

{ਬਾਝੁ ਗੁਰੂ ਸਭ ਭਰਮਿ ਭੁਲਾਈ ॥ ਬਿਨੁ ਨਾਵੈ ਬਹੁਤਾ ਦੁਖੁ ਪਾਈ ॥}

(ਅੰਗ ੧੫੯)

{ਹਉਮੈ ਵਿਚਿ ਸਭੁ ਜਗੁ ਬਉਰਾਨਾ ॥ ਦੂਜੈ ਭਾਇ ਭਰਮਿ ਭੁਲਾਨਾ ॥
ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ ਧੰਧਾ ਕਰਤਿਆ ਅਨਦਿਨੁ ਵਿਹਾਨਾ ॥੧॥}

(ਅੰਗ ੧੫੯)

{ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ ॥
ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ ॥੨॥}

(ਅੰਗ ੨੦੭)

{ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥
ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ ੨੨੧)

34/4045

{ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥
ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥}

(ਅੰਗ ੨੩੦)

{ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥
ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥੬॥}

(ਅੰਗ ੨੩੩)

{ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ ॥
ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ ॥}

(ਅੰਗ ੨੪੬)

{ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥
ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥੧੫॥}

(ਅੰਗ ੩੦੯)

{ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥
ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ ॥੧॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥ ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥੧॥ਰਹਾਉ॥}

(ਅੰਗ ੩੩੪)

{ਮਨਮੁਖਿ ਭਰਮਿ ਭੁਲੈ ਸੰਸਾਰੁ ॥ ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥}

(ਅੰਗ ੩੬੩)

{ਮਨਮੁਖਿ ਝੂਠੋ ਝੂਠੁ ਕਮਾਵੈ ॥ ਖਸਮੈ ਕਾ ਮਹਲੁ ਕਦੇ ਨ ਪਾਵੈ ॥
ਦੂਜੈ ਲਗੀ ਭਰਮਿ ਭੁਲਾਵੈ ॥ ਮਮਤਾ ਬਾਧਾ ਆਵੈ ਜਾਵੈ ॥੧॥}

(ਅੰਗ ੩੬੩)

{ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥}

(ਅੰਗ ੩੯੮)

{ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥ ਭਰਮਿ ਭੁਲਾਨਾ ਫਿਰਿ ਪਛੁਤਾਨਾ ॥
ਗਲਿ ਫਾਹੀ ਬਉਰਾ ਬਉਰਾਨਾ ॥੭॥}

(ਅੰਗ ੪੧੪)

{ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥ }

(ਅੰਗ ੪੧੬)

{ਜਿਨ੍ੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥
ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥੧॥ }

(ਅੰਗ ੪੨੦)

{ਮਨਮੁਖਿ ਮੋਹਿ ਭਰਮਿ ਭੋਲਾਣੀ ॥ ਬਿਨੁ ਨਾਵੈ ਸਭ ਫਿਰੈ ਬਉਰਾਣੀ ॥੫॥ }

(ਅੰਗ ੪੨੪)

{ਇਕਿ ਪਿਰੁ ਹਦੂਰਿ ਨ ਜਾਣਨ੍ੀ ਦੂਜੈ ਭਰਮਿ ਭੁਲਾਇ ॥
ਕਿਉ ਪਾਇਨ੍ਿ ਡੋਹਾਗਣੀ ਦੁਖੀ ਰੈਣਿ ਵਿਹਾਇ ॥੨॥ }

(ਅੰਗ ੪੨੯)

34/4046

{ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ॥
ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ ॥੪॥}

(ਅੰਗ ੪੨੯)

{ਬਿਨੁ ਨਾਵੈ ਸੁਖੁ ਨ ਪਾਈਐ ਨਾ ਦੁਖੁ ਵਿਚਹੁ ਜਾਇ ॥
ਇਹੁ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਰਮਿ ਭੁਲਾਇ ॥੪॥}

(ਅੰਗ ੪੩੦)

{ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥}

(ਅੰਗ ੪੩੪)

{ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥}

(ਅੰਗ ੪੩੫)

{ਦੂਜੜੈ ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ ॥

ਕਾਮਣਿ ਗੁਣੁ ਨਾਹੀ ਬਿਰਥਾ ਜਨਮੁ ਗਵਾਏ ਰਾਮ ॥
ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣਵੰਤੀ ਝੂਰੇ ॥}

(ਅੰਗ ੪੩੯)

{ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥
ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥
ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥
ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥
ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥
ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥੯॥}

(ਅੰਗ ੪੪੧)

{ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥
ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥
ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥
ਮਹਾ ਜੁਧ ਜੋਧ ਬਹੁ ਕੀਨੇ ਵਿਚਿ ਹਉਮੈ ਪਚੈ ਪਚਾਇ ਜੀਉ ॥
ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥੩॥}

(ਅੰਗ ੪੪੫)

{ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ ॥
ਹਰਿ ਭਾਣਾ ਤਾ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ ॥
ਜਾ ਹਰਿ ਬਖਸੇ ਤਾ ਗੁਰ ਮਿਲੈ ਅਸਥਿਰੁ ਰਹੈ ਸਮਾਇ ॥
ਨਾਨਕ ਮਨ ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ ॥੨॥}

(ਅੰਗ ੫੧੩)

{ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥॥

(ਅੰਗ ੫੧੪)

{ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ ॥
ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੂਲੇ ਫਿਰਦਿਆ ॥}

(ਅੰਗ ੫੪੨)

{ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ ॥
ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ ॥੨॥}

(ਅੰਗ ੫੪੬)

34/4047

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥}

(ਅੰਗ ੫੫੮)

{ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ ॥
ਸਦਾ ਦਇਆ ਕਰਹੁ ਅਪਣੀ ਤਾਮਿ ਨਾਮੁ ਵਖਾਣਾ ॥੧॥}

(ਅੰਗ ੫੬੬)

{ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ ॥
ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥੧॥}

(ਅੰਗ ੫੬੯)

{ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥}

(ਅੰਗ ੫੭੧)

{ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥
ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ ॥
ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ ॥
ਨਾਮਿ ਰਤੀਆ ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ ॥}

(ਅੰਗ ੫੮੫)

{ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ ॥
ਪਇਐ ਕਿਰਤਿ ਕਮਾਵਣਾ ਕਹਣਾ ਕਛੂ ਨ ਜਾਇ ॥}

(ਅੰਗ ੫੮੭)

{ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥}

(ਅੰਗ ੬੦੪)

{ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥}

(ਅੰਗ ੬੦੪)

{ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥}

(ਅੰਗ ੬੩੫)

{ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥}

(ਅੰਗ ੬੩੫)

34/4048

{ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ॥
ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥੧॥}

(ਅੰਗ ੬੩੭)

{ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥}

(ਅੰਗ ੬੪੪)

{ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥}

(ਅੰਗ ੬੪੪-੬੪੫)

{ਐਸੇ ਭਰਮਿ ਭੁਲੇ ਸੰਸਾਰਾ ॥ ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥
ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥
ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥}

(ਅੰਗ ੬੭੬)

{ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥
ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ ॥੨॥੩॥}

(ਅੰਗ ੬੯੨)

{ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥}

(ਅੰਗ ੬੯੬)

{ਖਰੀ ਸਿਆਣੀ ਕੰਤ ਨ ਭਾਣੀ ॥ ਮਾਇਆ ਲਾਗੀ ਭਰਮਿ ਭੁਲਾਣੀ ॥੫॥
ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥}

(ਅੰਗ ੭੫੦)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ ੭੫੨)

{ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥੬॥}

(ਅੰਗ ੭੫੪)

{ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥
ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥
ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥
ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥
ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥
ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥}

(ਅੰਗ ੭੬੩)

34/4049

{ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩}

(ਅੰਗ ੭੬੮)

{ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ ਹਰਿ ਕਾ ਮਹਲੁ ਨ ਪਾਇਆ ਰਾਮ ॥
ਗੁਰਮੁਖੇ ਇਕਿ ਮੇਲਿ ਮਿਲਾਇਆ ਤਿਨ ਕੇ ਦੂਖ ਗਵਾਇਆ ਰਾਮ ॥}

(ਅੰਗ ੭੭੧)

{ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥
ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥}

(ਅੰਗ ੭੭੬)

{ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥ ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥}

(ਅੰਗ ੭੮੭)

{ਮਨਮੁਖ ਭਰਮਿ ਭੁਲੇ ਬਉਰਾਨੇ ॥ ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ ॥੧॥}

(ਅੰਗ ੭੯੬)

{ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥
ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥
ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥੨॥}

(ਅੰਗ ੭੯੬)

{ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥
ਇਕਨਾ ਘਰ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ ॥੪॥੩॥}

(ਅੰਗ ੭੯੭)

{ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥
ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥}

(ਅੰਗ ੮੩੪)

{ਵੀਰਵਾਰਿ ਵੀਰ ਭਰਮਿ ਭੁਲਾਏ ॥ ਪ੍ਰੇਤ ਭੂਤ ਸਭਿ ਦੂਜੈ ਲਾਏ ॥}

(ਅੰਗ ੮੪੧)

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥

ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥}

(ਅੰਗ ੮੫੨)

{ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

34/4050

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥
ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥
ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥}

(ਅੰਗ ੮੫੪)

{ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥ ਮੈ ਬਿਗਰਿਓ ਬਿਗਰੈ ਮਤਿ ਅਉਰਾ ॥੧॥ਰਹਾਉ॥
ਆਪਿ ਨ ਬਉਰਾ ਰਾਮ ਕੀਓ ਬਉਰਾ ॥ ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥}

(ਅੰਗ ੮੫੫)

{ਸੋ ਬਉਰਾ ਜੋ ਆਪੁ ਨ ਪਛਾਨੈ ॥ ਆਪੁ ਪਛਾਨੈ ਤ ਏਕੈ ਜਾਨੈ ॥੪॥}

(ਅੰਗ ੮੫੫)

{ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥}

(ਅੰਗ ੮੮੦)

{ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥}

(ਅੰਗ ੨੧)

{ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥}

(ਅੰਗ ੧੧੪)

{ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥ ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥}

(ਅੰਗ ੧੪੨)

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥}

(ਅੰਗ ੨੨੯)

{ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥
ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥}

(ਅੰਗ ੪੨੫)

{ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥}

(ਅੰਗ ੫੨੬)

{ਘਰ ਮਹਿ ਠਾਕੁਰੁ ਨਦਰਿ ਨ ਆਵੈ ॥ ਗਲ ਮਹਿ ਪਾਹਣੁ ਲੈ ਲਟਕਾਵੈ ॥੧॥
ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥}

(ਅੰਗ ੭੩੯)

{ਸਿਧ ਸਾਧਿਕ ਜੇ ਕੋ ਕਹੈ ਕਹਾਏ ॥ ਭਰਮੇ ਭੂਲਾ ਆਵੈ ਜਾਏ ॥
ਸਤਿਗੁਰੁ ਸੇਵੈ ਸੋ ਜਨੁ ਬੂਝੈ ॥ ਹਉਮੈ ਮਾਰੇ ਤਾ ਦਰੁ ਸੂਝੈ ॥੨॥}

(ਅੰਗ ੮੪੨)

{ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥
ਭਰਮੇ ਭੂਲਾ ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮ ਗਤਿ ਲਹੈ ॥
ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥}

(ਅੰਗ ੯੪੮)

34/4051

{ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥}

(ਅੰਗ ੯੮੧)

{ਮਨੁ ਕਠੋਰੁ ਦੂਜੈ ਭਾਇ ਲਾਗਾ ॥ ਭਰਮੇ ਭੂਲਾ ਫਿਰੈ ਅਭਾਗਾ ॥}

(ਅੰਗ ੧੦੬੧)

{ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥}

(ਅੰਗ ੧੦੬੪)

{ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧਸੰਗੇਹੁ ॥
ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥੨॥}

(ਅੰਗ ੧੨੨੬)

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥}

(ਅੰਗ ੧੩੪੩)

{ਆਪਹੁ ਕੋਈ ਮਿਲੈ ਨ ਭੂਲੈ ॥ ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੂਲੈ ॥}

(ਅੰਗ ੩੯੧)

{ਕੀਤਾ ਹੋਵੈ ਤਿਸੁ ਕਿਆ ਕਹੀਐ ॥ ਗੁਰਮੁਖਿ ਨਾਮੁ ਪਦਾਰਥੁ ਲਹੀਐ ॥
ਜਿਸੁ ਆਪਿ ਭੁਲਾਏ ਸੋਈ ਭੂਲੈ ਸੋ ਬੂਝੈ ਜਿਸਹਿ ਬੁਝਾਇਦਾ ॥੩॥}

(ਅੰਗ ੧੦੭੫)

{ਕੋਈ ਜਾਣਿ ਨ ਭੂਲੈ ਭਾਈ ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥੧॥ ਰਹਾਉ ॥}

(ਅੰਗ ੧੩੪੪)

{ਸਗਲੀ ਭੂਲੈ ਨਹੀ ਸਬਦੁ ਅਚਾਰੁ ॥ ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥}

(ਅੰਗ ੧੧੯੦)

ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡਾ ਸਭ ਤੋਂ ਵੱਡਾ ਭਰਮ ਇਸੇ ਗੱਲ ਨੂੰ ਸਮਝਣ ਵਿੱਚ ਹੈ ਕਿ "ਭਰਮ" ਅਸਲ ਵਿੱਚ ਕੀ ਹੈ। ਉਪਰ ਅਨੇਕਾਂ ਸ਼ਬਦਾਂ ਦੁਆਰਾ ਅਸੀ ਇਹੀ ਗੱਲ ਸਮਝੀ ਹੈ ਕਿ ਭਰਮ ਕੀ ਹੈ। ਸਾਡੇ ਅੰਦਰ ਭਰਮ ਅਨੇਕ ਰੂਪ ਵਿੱਚ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਹੀ ਪਾਇਆ ਹੋਇਆ ਹੈ। ਭਰਮ ਸਾਡੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਆਉਂਦਾ ਹੈ ਤੇ ਸਾਨੂੰ ਭਰਮ ਵਿੱਚ ਰੱਖਣ ਵਾਲੇ ਸਾਡੇ ਮਨ ਦੇ ਵਿਚਾਰ ਹੀ ਹਨ ਤੇ ਹੋਰ

34/4052

ਕੋਈ ਸਾਡੇ ਅੰਦਰ ਭਰਮ ਪੈਣ ਦਾ ਤਰੀਕਾ ਨਹੀਂ ਹੈ। ਭਰਮ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਨੂੰ ਚਲਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਆਪਣੀ ਹੀ ਜੁਗਤਿ ਹੈ, ਮਾਇਆ ਰੂਪ ਜੁਗਤਿ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਤੇ ਉਸ ਨੂੰ ਪਾਉਂਣ ਦੇ ਅਸਲ ਤਰੀਕੇ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਭਾਵ ਸੱਚ ਦੇ ਮਾਰਗ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਭਰਮ ਤੋਂ ਦੂਜਾ ਪਾਸਾ "ਸਚੁ" ਦਾ ਹੈ, ਨਾਮ ਦਾ ਹੈ ਜਿਸ ਦਾ ਮਕਸਦ ਸਾਨੂੰ ਮਨ ਦੇ ਭਰਮ ਵਿੱਚੋਂ ਕੱਢਣ ਦਾ ਹੀ ਹੈ। ਮਨ ਦੇ ਭਰਮ ਵਿੱਚੋਂ ਨਿਕਲਕੇ ਹੀ ਅਸੀ ਉਸ ਪੜਦੇ ਵਿੱਚੋਂ ਨਿਕਲਦੇ ਹਾਂ ਜਿਸ ਵਿੱਚੋਂ ਨਿਕਲਣ ਦੁਆਰਾ ਸਾਨੂੰ ਸਾਡੇ ਅੰਦਰੋਂ ਹੀ "ਸਚੁ" ਰੂਪ, ਨਾਮ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ।ਪ੍ਰਮਾਤਮਾ ਦਾ ਇਹ ਨਾਮ ਰੂਪ ਸਾਡੇ ਅੰਦਰ ਸ਼ਬਦਾਂ ਦੇ ਵਿਚਾਰ ਰੂਪ ਵਿੱਚ ਹੀ ਹੈ।ਜਿਸ ਨੂੰ ਪ੍ਰਮਾਤਮਾ ਭਰਮ ਦੇ ਪੜਦੇ ਵਿੱਚੋਂ ਕੱਢਦਾ ਹੈ ਉਸ ਨੂੰ ਸ਼ਬਦਾਂ ਦੀ ਵਿਚਾਰ ਦੇ ਨਾਲ ਹੀ ਜੋੜਦਾ ਹੈ। ਸਬਦਾਂ ਦੀ ਵਿਚਾਰ ਦੁਆਰਾ ਭਾਵ ਸ਼ਬਦਾਂ ਦੀ ਸੋਝੀ ਦੁਆਰਾ ਮਨ ਦੇ ਵਿੱਚ ਜੋ ਵੀ ਸਮਝ ਪੈਂਦੀ ਹੈ ਉਹ ਸਚੁ ਹੈ। ਪ੍ਰਮਾਤਮਾ ਇਸ ਸਚੁ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜਦ ਤਕ ਅਸੀ ਭਰਮ ਵਾਲੀ ਅਵਸਥਾ ਵਿੱਚ ਹਾਂ ਤਦ ਤਕ ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ। ਭਰਮ ਵਿੱਚੋਂ, ਤ੍ਰੈ ਗੁਣਾਂ ਵਿੱਚੋਂ ਕੇਵਲ ਸਾਨੂੰ ਚਉਥੇ ਪਦ ਦਾ ਗਿਆਨ ਹੀ ਕੱਢ ਸਕਦਾ ਹੈ ਭਾਵ ਨਾਮ ਹੀ ਕੱਢ ਸਕਦਾ ਹੈ, ਬ੍ਰਹਮ ਗਿਆਨ ਹੀ ਕੱਢ ਸਕਦਾ ਹੈ ਭਾਵ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ। ਜਦ ਤਕ ਅਸੀਂ ਆਪਣੀ ਸੁਰਤਿ ਦੇ ਵਿਚਾਰਾਂ ਦੇ ਨਾਲ ਜੁੜੇ ਹੋਏ ਹਾਂ ਤਦ ਤਕ ਅਸੀ ਭਰਮ ਵਾਲੇ ਵਿਚਾਰਾਂ ਦੇ ਨਾਲ ਜੁੜੇ ਹੋਏ ਹਾਂ ਭਾਵ ਹਉਮੈਂ ਵਿੱਚ ਹਾਂ, ਦੁਬਿਧਾ ਵਿੱਚ ਹਾਂ, ਦੁਚਿਤੀ ਵਿੱਚ ਹਾਂ ਜਿਸ ਵਿੱਚ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਜਾਨਣ ਬਾਰੇ ਸੋਝੀ ਨਹੀਂ ਪੈਂਦੀ। ਸ਼ਬਦਾਂ ਦੇ ਵਿਚਾਰ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹਨ, ਉਹਨਾਂ ਦੀ ਵਿਚਾਰ ਦੇ ਅੰਦਰ ਨਿਰੋਲ ਸੱਚ ਹੈ ਜਿਸ ਨੂੰ ਕਦੇ ਝੂਠਾ ਸਾਬਿਤ ਨਹੀਂ ਕੀਤਾ ਜਾ ਸਕਦਾ। ਜਿਸ ਬਾਣੀ ਦੇ ਅੰਦਰ ਸ਼ਬਦਾਂ ਦੀ ਵਿਚਾਰ ਹੈ ਭਾਵ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ ਉਹ ਸੱਚੀ ਬਾਣੀ ਹੈ ਤੇ ਇਸੇ ਲਈ ਸੱਚੀ ਬਾਣੀ ਦੇ ਬੋਲ ਅਟੱਲ ਹਨ ਜੋ ਕਦੇ ਬਦਲ ਨਹੀਂ ਸਕਦੇ ,ਜੋ ਬੋਲ ਸਦਾ ਥਿਰ ਰਹਿਣ ਵਾਲੇ ਹਨ।ਜਿੱਥੇ ਸੱਚੀ ਬਾਣੀ ਦੇ ਬੋਲ

34/4053

ਨਹੀਂ ਹਨ ਉਹ ਕੱਚੀ ਬਾਣੀ ਹੈ ਭਾਵ ਉਸ ਵਿੱਚ ਭਰਮ ਨਾਲ ਹੀ ਚਲਦਾ ਹੈ। ਭਰਮ ਵਾਲੇ ਬੋਲ ਥਿਰ ਨਹੀਂ ਰਹਿ ਸਕਦੇ।

ਜਦੋਂ ਸੱਚ ਸਾਹਮਣੇ ਆਉਂਦਾ ਹੈ, ਭਰਮ ਵਾਲੇ ਬੋਲ ਡੋਲ ਜਾਂਦੇ ਹਨ ਭਾਵ ਉਹ ਬੋਲ ਥਿਰ ਨਹੀਂ ਹਨ। ਸਾਡੇ ਜੀਵਨ ਦਾ ਮਕਸਦ ਤਾਂ ਪੂਰਾ ਹੋਣਾ ਹੈ ਜਦੋਂ ਸਾਡਾ ਮਨ ਅਡੋਲਤਾ ਵਾਲੀ ਅਵਸਥਾ ਵਿੱਚ ਆ ਜਾਵੇਗਾ। ਸਾਡੇ ਮਨ ਨੂੰ ਅਡੋਲ ਕਰਨ ਵਾਲੇ ਕੇਵਲ ਸ਼ਬਦ ਦੇ ਵਿਚਾਰ ਹਨ। ਸ਼ਬਦ ਦੇ ਵਿਚਾਰ ਹੀ ਨਾਮ ਹਨ। ਪੂਰੀ ਗੁਰਬਾਣੀ ਵਿੱਚ ਸ਼ਬਦ ਦੇ ਵਿਚਾਰ ਹਨ ਜੋ ਕਿ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹਨ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਉਸ ਨੂੰ ਪਾਉਂਣ ਦਾ ਤਰੀਕਾ ਸਾਡੀ ਸਮਝ ਵਿੱਚ ਨਹੀਂ ਆਉਂਦਾ ਕਿਉਂਕਿ ਅਸੀਂ ਭਰਮ ਵਾਲੀ ਅਵਸਥਾ ਵਿੱਚ ਹਾਂ ਤੇ ਅਸੀਂ ਭਗਤੀ ਦਾ ਮਾਰਗ ਉਨ੍ਹਾਂ ਕੋਲੋਂ ਸਿੱਖਿਆ ਹੋਇਆ ਹੈ ਜੋ ਖੁਦ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹੇ ਹਨ ਭਾਵ ਜਿੰਨ੍ਹਾਂ ਨੂੰ ਇਸ ਗੱਲ ਦੀ ਰੱਤੀ ਭਰ ਵੀ ਸਮਝ ਨਹੀਂ ਹੈ ਕਿ ਤ੍ਰੈ ਗੁਣਾਂ ਵਿੱਚ ਤੇ ਚਉਥੇ ਪਦ ਵਿੱਚ ਕੀ ਭੇਦ ਹੈ ਭਾਵ ਭਰਮ ਤੇ ਸੱਚ ਵਿੱਚ ਕੀ ਭੇਦ ਹੈ, ਹਉਮੈ ਤੇ ਨਾਮ ਵਿੱਚ ਕੀ ਭੇਦ ਹੈ, ਅਗਿਆਨਤਾ ਤੇ ਸੱਚੇ ਗਿਆਨ ਵਿੱਚ ਕੀ ਭੇਦ ਹੈ,ਬ੍ਰਹਮ ਗਿਆਨ ਨੂੰ ਸਮਝਣ ਵਿੱਚ ਤੇ ਬ੍ਰਹਮ ਗਿਆਨੀ ਅਖਵਾਉਂਣ ਵਿੱਚ ਕੀ ਭੇਦ ਹੈ।ਮਨ ਦਾ ਭਰਮ ਮਿਟੇ ਬਿਨਾਂ ਨਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ "ਸਬਦੁ" ਰੂਪ ਵਿੱਚ, "ਗੁਰੂ" ਰੂਪ ਵਿੱਚ, "ਸੰਤ" ਰੂਪ ਵਿੱਚ, "ਸਾਧ" ਰੂਪ ਵਿੱਚ, "ਭਗਤ" ਰੂਪ ਵਿੱਚ, "ਬ੍ਰਹਮ ਗਿਆਨੀ" ਰੂਪ ਵਿੱਚ, "ਜਨੁ" ਰੂਪ ਵਿੱਚ, "ਸੇਵਕ" ਰੂਪ ਵਿੱਚ, "ਸਿੱਖ" ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਇਸ ਰੂਪ ਨੂੰ ਉਹੀ ਸਮਝ ਸਕਦਾ ਹੈ, ਜਿਸ ਦੀ ਆਪਣੀ ਹਉਮੈ, ਆਪਣੀ ਮੈਂ ਭਾਵ ਆਪਣੀ ਹੋਂਦ ਮਿੱਟ ਜਾਂਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੇ ਭਰਮ ਵਿੱਚ ਰਹਿੰਦਿਆ ਹਰ ਕੋਈ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝੀ ਬੈਠਾ ਹੈ ਤੇ ਮਨ ਦੇ ਭਰਮ ਕਰਕੇ ਹੀ ਕੋਈ ਆਪਣੇ ਆਪ ਨੂੰ ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਂਦਾ ਹੈ, ਧਰਮ ਦਾ ਉੱਚਾ ਗਿਆਤਾ ਅਖਵਾਉਂਦਾ ਹੈ ਤੇ ਸਾਨੂੰ ਉਹੋ ਜਿਹੇ ਭਗਤੀ ਦੇ ਤਰੀਕੇ ਸਮਝਾਉਂਦਾ ਹੈ ਜਿੰਨ੍ਹਾਂ ਤਰੀਕਿਆਂ ਦਾ ਗੁਰਬਾਣੀ ਦੀ ਸੱਚੀ ਸਿਖਿਆਂ ਰਾਹੀਂ ਬਾਰ ਬਾਰ ਖੰਡਨ ਕੀਤਾ ਹੋਇਆ ਹੈ। ਜੋ ਆਪ ਭਰਮ ਵਿੱਚ ਰਹੇ ਹਨ ਉਨ੍ਹਾਂ ਨੇ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਇਆ ਹੈ ਤੇ ਉਹੋ ਜਿਹਿਆਂ ਦੇ ਭਰਮਾਏ ਹੋਏ ਅਜ ਵੀ ਸੰਸਾਰ ਨੂੰ ਭਰਮ ਵਿੱਚ ਪਾ ਰਹੇ ਹਨ। ਗੁਰਬਾਣੀ ਦੀ ਰਚਨਾ ਕਰਨ ਦਾ

34/4054

ਮਕਸਦ ਸੰਸਾਰ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ, ਅਗਿਆਨਤਾ ਦੇ ਸਾਗਰ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀ ਭਗਤੀ ਦੇ ਭਰਮਾਂ ਵਾਲੇ ਤਰੀਕਿਆਂ ਵਿੱਚੋਂ ਨਿਕਲੀਏ ਤੇ ਗੁਰਬਾਣੀ ਦੇ ਸਮਝਾਏ ਹੋਏ ਸੱਚ ਦੇ ਨਾਲ ਜੁੜੀਏ, ਨਾਮ ਦੇ ਨਾਲ ਜੁੜੀਏ ਭਾਵ ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜੀਏ ਤੇ ਭਰਮਿਆਂ ਹੋਇਆਂ ਦੀਆਂ ਵਿਚਾਰਾਂ ਵਿੱਚੋਂ ਨਿਕਲੀਏ ਤੇ ਭਗਤੀ ਦੇ ਸੱਚੇ ਮਾਰਗ ਨਾਲ ਜੁੜੀਏ ਜੋ ਤਰੀਕਾ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਜਿਸ ਦੁਆਰਾ ਸੰਸਾਰ ਦਾ ਭਲਾ ਹੋ ਸਕਦਾ ਹੈ ਭਾਵ ਸੱਚ ਦੇ ਮਾਰਗ ਤੇ ਚਲੀਏ। ਪ੍ਰਮਾਤਮਾ ਆਪ ਸੱਚ ਰੂਪ ਹੈ ਤੇ ਉਸ ਨੂੰ ਸੱਚ ਦੇ ਮਾਰਗ ਤੇ ਹੀ ਚਲਕੇ ਪਾਇਆ ਜਾ ਸਕਦਾ ਹੈ । ਜਿੱਥੇ ਭਰਮ ਹੈ ਉਥੇ ਸੱਚ ਨਹੀਂ ਹੈ। ਸੱਚ ਕੇਵਲ ਗੁਰੂ ਕੋਲ ਹੈ, ਸ਼ਬਦ ਦੇ ਕੋਲ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜੋ ਸੱਚ ਉਸ ਸੱਚ ਰੂਪ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ। ਇਸ ਗੱਲ ਨੂੰ ਉਹ ਹੀ ਸਮਝ ਸਕਦਾ ਹੈ ਜਿਸ ਦਾ ਮਨ ਦੇ ਵਿੱਚ ਉਸ ਸੱਚ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਜਿਸ ਸੱਚ ਦੇ ਮੇਲ ਦਾ ਮਕਸਦ ਸਾਨੂੰ ਹਰ ਧਾਰਮਿਕ ਭਰਮ ਵਿੱਚੋਂ ਕੱਢਣ ਦਾ ਹੀ ਹੈ, ਪ੍ਰਮਾਤਮਾ ਦੀ ਅਸਲੀਅਤ ਜਾਨਣ ਬਾਰੇ ਭਰਮ ਨੂੰ ਕੱਢਣ ਦਾ ਹੀ ਹੈ। ਪ੍ਰਮਾਤਮਾ ਨਿਰਗੁਣ ਰੂਪ ਹੈ, "ਸਚੁ" ਨਿਰਗੁਣ ਰੂਪ ਹੈ ਜੋ ਕਿ ਗਿਆਨ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ, ਜੋ ਪੰਜਾਂ ਤੱਤਾਂ ਤੋਂ ਬਾਹਰ ਹੈ। ਜਿਸ ਨੇ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਨਹੀਂ ਜਾਣਿਆ ਉਸ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ। ਜੋ ਪ੍ਰਮਾਤਮਾ ਦੇ ਕਿਸੇ ਸਰਗੁਣ ਰੂਪ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ ਇਹ ਉਹਨਾਂ ਦਾ ਭਰਮ ਹੈ ਜਿਸ ਵਿੱਚ ਸੱਚ ਨਹੀਂ।ਅਸੀ ਉਹੋ ਜਿਹਿਆਂ ਦੇ ਪਿੱਛੇ ਲੱਗੇ ਹੋਏ ਹਾਂ ਜਿੰਨ੍ਹਾਂ ਨੇ ਸੱਚ ਨੂੰ ਨਹੀਂ ਜਾਣਿਆਂ ਭਾਵ ਉਹ ਆਪ ਭਰਮ ਵਿੱਚ ਰਹੇ ਹਨ ਤੇ ਸੰਸਾਰ ਨੂੰ ਉਹਨਾਂ ਨੇ ਭਰਮ ਵਿੱਚ ਹੀ ਪਾਇਆ ਹੈ।

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥}

(ਅੰਗ ੧੦੨)

{ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥
ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥}

(ਅੰਗ ੧੨੩੩)

{ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥
ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥੫॥}

(ਅੰਗ ੧੨੩੩)

34/4055

{ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ ॥
ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥੨॥}

(ਅੰਗ ੧੨੩੪)

{ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥
ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥
ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥
ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥
ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥}

(ਅੰਗ ੧੨੩੩)

{ਜਿਨ੍ ਦਰੁ ਸੂਝੈ ਸੇ ਕਦੇ ਨ ਵਿਗਾੜਹਿ ਸਤਿਗੁਰਿ ਬੂਝ ਬੁਝਾਈ ॥
ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ ਆਵਣ ਜਾਣੁ ਰਹਾਈ ॥੬॥
ਸੇ ਦਰਿ ਸਾਚੈ ਸਾਚੁ ਕਮਾਵਹਿ ਜਿਨ ਗੁਰਮੁਖਿ ਸਾਚੁ ਅਧਾਰਾ ॥
ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ ॥੭॥}

(ਅੰਗ ੧੨੩੪)

{ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ ॥
ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥੧॥ ਰਹਾਉ ॥}

(ਅੰਗ ੩੯੯)

{ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥
ਬਿਨਵੰਤਿ ਨਾਨਕ ਸੁਣਿ ਮੰਤ੍ਰ ਸਖੀਏ ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥}

(ਅੰਗ ੫੪੪)

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥}

(ਅੰਗ ੧੧੭)

{ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੭)

{ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥
ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ ॥੨॥}

(ਅੰਗ ੧੫੩)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥}

(ਅੰਗ ੮੬)

34/4056

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥
ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥
ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ ੧੫੩)

{ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥}

(ਅੰਗ ੨੦੦)

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥}

(ਅੰਗ ੨੦੫)

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥}

(ਅੰਗ ੨੨੦)

{ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥}

(ਅੰਗ ੨੨੧)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ ੩੩੬)

{ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥
ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥
ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥
ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥}

(ਅੰਗ ੩੫)

{ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥}

(ਅੰਗ ੯੨)

{ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥}

(ਅੰਗ ੧੧੦)

{ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥}

(ਅੰਗ ੪੧੬)

34/4057

{ਇਕਿ ਪਿਰੁ ਹਦੂਰਿ ਨ ਜਾਣਨ੍ੀ ਦੂਜੈ ਭਰਮਿ ਭੁਲਾਇ ॥
ਕਿਉ ਪਾਇਨ੍ਿ ਡੋਹਾਗਣੀ ਦੁਖੀ ਰੈਣਿ ਵਿਹਾਇ ॥੨॥}

(ਅੰਗ ੪੨੯)

{ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥}

(ਅੰਗ ੫੧੪)

{ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥}

(ਅੰਗ ੧੧੭)

ਸਾਡੇ ਸਭ ਦੇ ਅੰਦਰ ਦਾ ਬੰਧਨ ਸਾਡੇ ਅੰਦਰ ਦਾ ਭਰਮ ਹੈ ਭਾਵ ਮਾਇਆ ਮੋਹ ਦੀ ਜੁਗਤਿ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਅਸੀ ਮੁਕਤੀ ਇਸ ਬੰਧਨ ਤੋਂ ਹੀ ਲੈਣੀ ਹੈ ਤੇ ਇਹ ਮੁਕਤੀ ਸਾਨੂੰ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਮਿਲ ਸਕਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਅੰਦਰ ਵਸਾ ਕੇ ਮਿਲ ਸਕਦੀ ਹੈ, ਨਾਮ ਨੂੰ ਆਪਣੇ ਅੰਦਰ ਵਸਾ ਕੇ ਮਿਲ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜੇਕਰ ਅਸੀਂ ਕੇਵਲ ਗੁਰੂ ਦੇ ਸੱਚੇ ਗਿਆਨ ਨੂੰ ਦਿਨ ਰਾਤ ਪੜੀ ਸੁਣੀ ਜਾਈਏ ਉਸ ਨਾਲ ਸਾਡੇ ਮਨ ਦੀ ਅਗਿਆਨਤਾ ਦੂਰ ਨਹੀਂ ਹੋ ਸਕਦੀ ਭਾਵ ਅਸੀਂ ਭਰਮ ਦੇ ਬੰਧਨਾਂ ਵਿੱਚੋਂ ਨਹੀਂ ਨਿਕਲ ਸਕਦੇ। ਇਹ ਭਰਮ ਦੇ ਬੰਧਨ ਸਾਡੇ ਮਨਮਤਿ ਵਾਲੇ ਵਿਚਾਰ ਹੀ ਹਨ, ਹਉਮੈ ਵਾਲੇ ਵਿਚਾਰ ਹੀ ਹਨ।ਜਿਉਂ ਜਿਉਂ ਅਸੀ ਆਪਣੇ ਭਰਮ ਵਾਲੇ ਵਿਚਾਰਾਂ ਵਿੱਚੋਂ ਮੁਕਤਿ ਹੋਈ ਜਾਂਵਾਗੇ ਅਸੀ ਮਨ ਦੇ ਬੰਧਨਾਂ ਤੋਂ ਮੁਕਤਿ ਹੋਈ ਜਾਵਾਂਗੇ। ਜੋ ਆਪਣੀ ਮਤਿ ਦਾ ਵਿਚਾਰ ਅਸੀ ਛੱਡ ਦਿੰਦੇ ਹਾਂ, ਤਿਆਗ ਦਿੰਦੇ ਹਾਂ ਉਸ ਵਿਚਾਰ ਤੋਂ ਅਸੀਂ ਮੁਕਤਿ ਹੋ ਜਾਂਦੇ ਹਾਂ। ਸਾਡੇ ਅੰਦਰ ਧਰਮ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਅਨੇਕਾਂ ਹੀ ਅਨੇਕਾਂ ਭਰਮ ਪਏ ਹੋਏ ਹਨ। ਅਸੀ ਹਰ ਭਰਮ ਵਿੱਚੋਂ ਨਿਕਲਣਾ ਹੈ, ਹਰ ਭਰਮ ਵਾਲੇ ਵਿਚਾਰ ਤੋਂ ਮੁਕਤਿ ਹੋਣਾ ਹੈ ਭਾਵ ਜਿਉਂ ਜਿਉਂ ਅਸੀ ਗੁਰੂ ਦੀ ਮਤਿ ਵਾਲੇ ਵਿਚਾਰਾਂ ਨੂੰ ਮੰਨਦੇ ਜਾਵਾਂਗੇ ਤਿਉਂ ਤਿਉਂ ਅਸੀਂ ਮਨਮਤਿ ਵਾਲੇ ਵਿਚਾਰਾਂ ਤੋਂ ਮੁਕਤਿ ਹੁੰਦੇ ਜਾਵਾਂਗੇ।ਜੇਕਰ ਅਸੀਂ ਸਾਰੀ ਉਮਰ ਸਮਾਧੀ ਲਗਾ ਕੇ ਬੈਠੇ ਰਹੀਏ ਤੇ ਕਿਸੇ ਅੱਖਰ ਨੂੰ ਜਪੀ ਜਾਈਏ ਉਸ ਦੇ ਨਾਲ ਸਾਡੀ ਮਤਿ ਵਿੱਚ ਕੀ ਬਦਲਾਵ ਆਵੇਗਾ ਭਾਵ ਸਾਡਾ ਭਰਮ ਕਿਵੇਂ ਨਿਕਲੇਗਾ ਇਸੇ ਲਈ ਸਾਨੂੰ ਗੁਰਬਾਣੀ ਰਾਹੀਂ ਬਾਰ ਬਾਰ ਸਮਝਾਇਆ ਹੈ ਕਿ ਗੁਰਬਾਣੀ ਦਾ ਮਕਸਦ ਸਾਨੂੰ ਭਰਮਾਂ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ

34/4058

ਤਾਂ ਜੋ ਅਸੀ ਸੱਚ ਨਾਲ ਜੁੜ ਸਕੀਏ ਭਾਵ ਨਾਮ ਦੇ ਨਾਲ ਭਾਵ ਸ਼ਬਦ ਦੇ ਵਿਚਾਰਾਂ ਦੇ ਨਾਲ ਜੁੜ ਸਕੀਏ।

ਸ਼ਬਦ ਦੀ ਵਿਚਾਰ ਬੰਧਨ ਤੋਂ ਮੁਕਤਿ ਹੈ ਭਾਵ ਭਰਮ ਤੋਂ ਮੁਕਤਿ ਹੈ। ਪ੍ਰਮਾਤਮਾ ਤੇ ਮਨੁੱਖ ਦੇ ਵਿੱਚ ਪੜਦਾ ਕੇਵਲ ਭਰਮ ਦਾ ਹੀ ਹੈ ਜੋ ਕਿ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰ ਇਹ ਪੜਦਾ ਸੁਰਤਿ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਤੇ ਜਿਉਂ ਜਿਉਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨ ਕੇ ਆਪਣੇ ਅੰਦਰ ਵਸਾਈ ਜਾਂਦੇ ਹਾਂ ਭਾਵ ਜਪੀ ਜਾਂਦੇ ਹਾਂ, ਤਿਉਂ ਤਿਉਂ ਅਸੀਂ ਸੁਰਤਿ ਦੇ ਵਿਚਾਰਾਂ ਤੋਂ ਮੁਕਤਿ ਹੋਈ ਜਾਂਦੇ ਹਾਂ ਤੇ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਘੱਟਦੀ ਜਾਂਦੀ ਹੈ। ਜਿਉਂ ਜਿਉਂ ਸਾਡੇ ਅੰਦਰ ਮਨਮਤਿ ਵਧਦੀ ਜਾਂਦੀ ਹੈ ਤਿਉਂ ਤਿਉਂ ਸਾਡੇ ਅੰਦਰ ਭਰਮ ਵੱਧਦਾ ਜਾਂਦਾ ਹੈ ਭਾਵ ਸਾਡੀ ਸੱਚ ਨਾਲੋਂ, ਨਾਮ ਨਾਲੋਂ, ਪ੍ਰਮਾਤਮਾ ਨਾਲੋਂ ਦੂਰੀ ਵਧਦੀ ਜਾਂਦੀ ਹੈ।ਅਸੀ ਅਨੇਕਾਂ ਹੀ ਉਹੋ ਜਿਹੇ ਮਨੁੱਖਾਂ ਦੀ ਮਤਿ ਦੇ ਨਾਲ ਜੁੜੇ ਹੋਏ ਹਾਂ ਜੋ ਸਾਨੂੰ ਧਰਮ ਦੇ ਨਾਮ ਤੇ ਅਨੇਕਾਂ ਹੀ ਭਰਮਾਂ ਵਿੱਚ ਪਾਉਂਦੇ ਹਨ, ਆਪਣੀ ਆਪਣੀ ਮਤਿ ਦੇ ਨਾਲ ਜੋੜਦੇ ਹਨ ਜਿਸ ਕਰਕੇ ਸਾਡੇ ਅੰਦਰ ਭਰਮ ਵੱਧਦਾ ਜਾਂਦਾ ਹੈ ਭਾਵ ਪ੍ਰਮਾਤਮਾ ਨਾਲੋਂ ਦੂਰੀ ਵੱਧਦੀ ਜਾਂਦੀ ਹੈ। ਅਸੀਂ ਆਪਣੇ ਆਪ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਧਰਮ ਦੇ ਮਾਰਗ ਨੂੰ ਲੈ ਕੇ ਭਰਮ ਵਿੱਚੋਂ ਨਿਕਲਿਆ ਹੋਇਆ ਕੌਣ ਹੈ ਪਰ ਅਸੀਂ ਕਿਸੇ ਮਨੁੱਖ ਦੇ ਬਾਹਰੀ ਦਿਖਾਵਿਆਂ ਨਾਲ ਜੁੜਕੇ ਉਸ ਨੂੰ ਧਰਮ ਦੇ ਮਾਰਗ ਦੀ ਸੋਝੀ ਵਾਲਾ ਸਮਝ ਬੈਠਦੇ ਹਾਂ।ਇਹ ਸਾਡਾ ਭਰਮ ਹੈ। ਜੇਕਰ ਅਸੀ ਗੁਰੂ ਨੂੰ ਛੱਡਕੇ ਭਾਵ ਗੁਰੂ ਦੀ ਮਤਿ ਨੂੰ ਛੱਡਕੇ ਹੋਰਨਾਂ ਦੀ ਮਤਿ ਪਿੱਛੇ ਹੀ ਲਗਣਾ ਹੈ ਫਿਰ ਗੁਰਬਾਣੀ ਦੀ ਰਚਨਾ ਦਾ ਮਕਸਦ ਹੀ ਕੀ ਰਹਿ ਗਿਆ। ਅਸੀਂ ਗੁਰੂ ਦਾ ਸਤਿਕਾਰ ਉਸ ਦੀ ਗੱਲ ਨੂੰ ਪੜਨ ਸੁਣਨ ਦੁਆਰਾ ਕਰਦੇ ਹਾਂ, ਮੱਥੇ ਟੇਕਣ ਦੁਆਰਾ ਕਰਦੇ ਹਾਂ ਜਿਸ ਦੁਆਰਾ ਗੁਰੂ ਦਾ ਮਕਸਦ ਪੂਰਾ ਨਹੀਂ ਹੁੰਦਾ। ਗੁਰੂ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਤੇ ਇਸੇ ਲਈ ਸਾਨੂੰ ਬਾਰ ਬਾਰ ਸਮਝਾਇਆ ਹੈ ਕਿ "ਕੇਵਲ ਨਾਮ " ਜਪੋ ਭਾਵ ਕੇਵਲ ਗੁਰੂ ਦੀ ਮਤਿ ਨੂੰ ਮੰਨੋ, ਆਪਣੇ ਅੰਦਰ ਵਸਾਉ ਭਾਵ ਕਿਸੇ ਹੋਰ ਦੀ ਮਤਿ ਪਿਛੇ ਨਾ ਲਗੋ ਤਾਂ ਜੋ ਅਸੀ ਭਰਮਾਂ ਵਿੱਚ ਪੈਣ ਦੀ ਬਜਾਏ ਭਰਮਾਂ ਵਿੱਚੋਂ ਨਿਕਲੀਏ ਤਾਂ ਜੋ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਘਟੇ ਭਾਵ ਅਸੀਂ ਗੁਰੂ ਪ੍ਰਮਾਤਮਾ ਦੇ ਨੇੜੇ ਲਗੀਏ ਭਾਵ ਹਉਮੈ ਦੀ ਨਾਮ ਨਾਲੋਂ ਵਿਰੋਧਤਾ ਘਟੇ। ਅਸੀਂ ਪ੍ਰਮਾਤਮਾ ਨਾਲੋਂ ਦੂਰੀ ਘਟਾਉਂਣ ਦਾ ਉਦਮ ਹੀ ਕਰਨਾ ਹੈ ਜੋ ਕਿ ਸਾਡਾ ਸੱਚਾ ਉਦਮ ਹੈ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਆਪ

34/4059

ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਸਾਨੂੰ ਆਪਣਾ ਸੱਚਾ ਗਿਆਨ ਬਖਸ਼ਦਾ ਹੈ ਤੇ ਸਾਨੂੰ ਭਰਮਾਂ ਤੋਂ ਪੂਰੀ ਤਰ੍ਹਾਂ ਮੁਕਤਿ ਕਰ ਦਿੰਦਾ ਹੈ ਭਾਵ ਆਪਣੀ ਸੱਚੀ ਗੁਰਮਤਿ ਬਖਸ਼ਕੇ ਮਨਮਤਿ ਤੋਂ ਪੂਰੀ ਤਰ੍ਹਾਂ ਮੁਕਤਿ ਕਰ ਦਿੰਦਾ ਹੈ। ਆਪਣਾ ਨਾਮ ਬਖਸ਼ਕੇ ਹਉਮੈ ਤੋਂ ਪੂਰੀ ਤਰ੍ਹਾਂ ਮੁਕਤਿ ਕਰ ਦਿੰਦਾ ਹੈ, ਮਨ ਦੀ ਅਗਿਆਨਤਾ ਦੇ ਬੰਧਨ ਤੋਂ ਮੁਕਤਿ ਹੋ ਕੇ ਹੀ ਸਾਨੂੰ ਇਹ ਸਮਝ ਲਗਦੀ ਹੈ ਕਿ ਸਾਡੇ ਅੰਦਰ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਇਸੇ ਰੂਪ ਦੁਆਰਾ ਉਹ ਸਭ ਵਿੱਚ ਸਮਾਇਆ ਹੋਇਆ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਉਸ ਨੇ ਆਪ ਹੀ ਸਭ ਨੂੰ ਮਨ ਦੇ ਹਨੇਰੇ ਖੂਹ ਵਿੱਚ ਰਖਿਆ ਹੋਇਆ ਹੈ ਭਾਵ ਮਨ ਦੀ ਘੋਰ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਇਸ ਹਨੇਰੇ ਖੂਹ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੇ ਹਨ ਕਿਉਂਕਿ ਇਹ ਹਨੇਰਾਂ ਖੂਹ ਹੀ ਸਾਡਾ ਬੰਧਨ ਹੈ।ਇਹ ਹਨੇਰੇ ਦਾ ਬੰਧਨ ਪ੍ਰਮਾਤਮਾ ਆਪ ਹੀ ਤੋੜਦਾ ਹੈ ਤੇ ਮਨ ਦੇ ਵਿੱਚ ਆਪਣੇ ਦਰਸ਼ਨ ਦਿੰਦਾ ਹੈ ਤੇ ਕਿਸੇ ਨੂੰ ਆਪਣਾ ਸੰਤ ਰੂਪ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਜਦ ਤਕ ਅਸੀਂ ਮਨ ਦੇ ਭਰਮ ਵਿੱਚ ਹਾਂ ਤਦ ਤਕ ਅਸੀਂ ਅਨੇਕਾਂ ਜੂਨਾਂ ਵਿੱਚ ਭਟਕਦੇ ਰਹਿੰਦੇ ਹਾਂ।ਮਨ ਦੇ ਭਰਮ ਤੋਂ ਮੁਕਤਿ ਹੋ ਕੇ ਹੀ ਅਸੀ ਸੰਸਾਰਿਕ ਆਵਾਗਉਣ ਤੋਂ ਮੁਕਤਿ ਹੁੰਦੇ ਹਾਂ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ।

{ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥

ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੁਝਹਿ ਹਰਿ ਨੇਰਾ ॥੩॥

ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥}

(ਅੰਗ ੩੮੮)

{ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ ॥

ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ ਸਭ ਪੂਰਨ ਹੋਈ ਆਸਾ ॥੨॥}

(ਅੰਗ ੧੨੧੧)

{ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥
ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥੨॥}

(ਅੰਗ ੩੯੩)

{ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥}

(ਅੰਗ ੨੯)

34/4060

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥}

(ਅੰਗ ੩੦)

{ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥}

(ਅੰਗ ੩੮)

{ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥}

(ਅੰਗ ੬੦)

{ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ ॥
ਹਰਿ ਸੁਖਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ ॥੪॥}

(ਅੰਗ ੬੫)

{ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥

ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥}

(ਅੰਗ ੬੮}

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥}

(ਅੰਗ ੭੮)

{ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥ }

(ਅੰਗ ੧੧੦)

{ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥}

(ਅੰਗ ੧੧੩)

{ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥
ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥}

(ਅੰਗ ੧੧੬)

34/4061

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥}

(ਅੰਗ ੧੨੪)

{ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥}

(ਅੰਗ ੧੨੪)

{ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥}

(ਅੰਗ ੧੨੫)

{ਪਿਰੁ ਪਰਦੇਸਿ ਸਿਗਾਰੁ ਬਣਾਏ ॥ ਮਨਮੁਖ ਅੰਧੁ ਐਸੇ ਕਰਮ ਕਮਾਏ ॥

ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ ॥੭॥}

(ਅੰਗ ੧੨੭)

{ਅੰਧ ਕੂਪ ਤੇ ਕੰਢੈ ਚਾੜੇ ॥ ਕਰਿ ਕਿਰਪਾ ਦਾਸ ਨਦਰਿ ਨਿਹਾਲੇ ॥
ਗੁਣ ਗਾਵਹਿ ਪੂਰਨ ਅਬਿਨਾਸੀ ਕਹਿ ਸੁਣਿ ਤੋਟਿ ਨ ਆਵਣਿਆ ॥੪॥}

(ਅੰਗ ੧੩੨)

{ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥}

(ਅੰਗ ੧੩੮)

{ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥}

(ਅੰਗ ੧੪੦)

{ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥
ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥}

(ਅੰਗ ੧੪੧)

{ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

{ਘਟਿ ਘਟਿ ਰਮਈਆ ਰਮਤ ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥
ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥੨॥
ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥}

(ਅੰਗ ੧੭੨)

34/4062

{ਜਿਉ ਬੋਹਿਥੁ ਭੈ ਸਾਗਰ ਮਾਹਿ ॥ ਅੰਧਕਾਰ ਦੀਪਕ ਦੀਪਾਹਿ ॥

(ਅੰਗ ੧੭੯)

{ਅੰਧ ਕੂਪ ਤੇ ਕਾਢੇ ਆਪਿ ॥ ਗਣ ਗੋਵਿੰਦ ਅਚਰਜ ਪਰਤਾਪ ॥੨॥
ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥ ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥੩॥}

(ਅੰਗ ੧੯੮)

{ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥}

(ਅੰਗ ੨੦੪)

{ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥}

(ਅੰਗ ੧੬੦)

{ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥੩॥}

(ਅੰਗ ੧੬੧)

{ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ॥੧॥}

(ਅੰਗ ੨੦੯)

{ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ ॥੧॥ ਰਹਾਉ ॥
ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥
ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ ॥੧॥}

(ਅੰਗ ੨੧੨)

{ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥}

(ਅੰਗ ੨੨੯)

{ਮਾਇਆ ਮੋਹਿ ਨਟਿ ਬਾਜੀ ਪਾਈ ॥
ਮਨਮੁਖ ਅੰਧ ਰਹੇ ਲਪਟਾਈ ॥ ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥}

(ਅੰਗ ੨੩੦)

{ਬਿਨੁ ਗੁਰ ਸਾਚੇ ਭਰਮਿ ਭੁਲਾਏ ॥
ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥}

(ਅੰਗ ੨੩੧)

{ਦੁਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥}

(ਅੰਗ ੨੪੧)

{ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥੨॥
ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ ॥੩॥}

(ਅੰਗ ੨੪੧)

34/4063

{ਰੰਗਿ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ ॥੧॥
ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ ॥ ਰਹਾਉ ॥}

(ਅੰਗ ੨੪੨)

{ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥}

(ਅੰਗ ੨੪੪)

{ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ ॥
ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ ਆਪੁ ਗਣਾਏ ॥}

(ਅੰਗ ੨੪੭)

{ਭਗਤਿ ਵਛਲ ਪੁਰਖ ਪੂਰਨ ਮਨਹਿ ਚਿੰਦਿਆ ਪਾਈਐ ॥
ਤਮ ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ ॥}

(ਅੰਗ ੨੪੯)

{ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥
ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥੧॥}

(ਅੰਗ ੨੫੨)

{ਵਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ ॥
ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ ॥}

(ਅੰਗ ੨੫੫)

{ਬਾਧਿਓ ਆਪਨ ਹਉ ਹਉ ਬੰਧਾ ॥ ਦੋਸੁ ਦੇਤ ਆਗਹ ਕਉ ਅੰਧਾ ॥
ਬਾਤ ਚੀਤ ਸਭ ਰਹੀ ਸਿਆਨਪ ॥ ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥੩੯॥}

(ਅੰਗ ੨੫੮)

{ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥}

(ਅੰਗ ੨੬੪)

{ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ ਅੰਧਾ ਜਾਨਤ ਦੂਰੇ ॥}

(ਅੰਗ ੨੬੭)

{ਜਿਉ ਅੰਧਕਾਰ ਦੀਪਕ ਪਰਗਾਸੁ ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥}

(ਅੰਗ ੨੮੨)

{ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥}

(ਅੰਗ ੨੮੭)

{ਆਠ ਪਹਰ ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥
ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥੫॥}

(ਅੰਗ ੨੯੩)

34/4064

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥}

(ਅੰਗ ੨੯੩)

{ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥}

(ਅੰਗ ੫੪)

{ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥}

(ਅੰਗ ੫੪)

{ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਦਿਨੁ ਨੇੜੈ ਆਇਆ ਸੋਇ ॥੪॥}

(ਅੰਗ ੭੯)

{ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥}

(ਅੰਗ ੮੭)

{ਜਿਉ ਅੰਧਿਆਰੈ ਦੀਪਕੁ ਪਰਗਾਸਾ ॥ ਭਰਤਾ ਚਿਤਵਤ ਪੂਰਨ ਆਸਾ ॥
ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥੩॥}

(ਅੰਗ ੧੦੦)

{ਹਉਮੈ ਮੇਰਾ ਠਾਕਿ ਰਹਾਇਆ ॥ ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥}

(ਅੰਗ ੧੧੦)

{ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥}

(ਅੰਗ ੧੨੬)

{ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥}

(ਅੰਗ ੧੨੮)

34/4065

{ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ ੧੨੯)

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥
ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥
ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}

(ਅੰਗ ੧੬੩)

{ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥}

(ਅੰਗ ੧੭੨)

{ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥}

(ਅੰਗ ੧੮੨)

{ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥
ਗੁਰਿ ਪੂਰੈ ਮੇਟਿਆ ਅੰਧਿਆਰਾ ॥ ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥੨੪॥੯੩॥}

(ਅੰਗ ੧੯੪)

{ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥}

(ਅੰਗ ੨੧੦)

{ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥
ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥੩॥}

(ਅੰਗ ੨੨੯)

{ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥}

(ਅੰਗ ੨੨੯)

{ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥
ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ ॥
ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ ॥੩॥}

(ਅੰਗ ੩੧੨)

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ ੪੧੯)

{ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥
ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥੪॥}

(ਅੰਗ ੪੪੩)

{ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥੩॥
ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥
ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥}

(ਅੰਗ ੪੯੫)

34/4066

{ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥
ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ ॥੨॥੧॥}

(ਅੰਗ ੫੨੭)

{ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥
ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥
ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥
ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥}

(ਅੰਗ ੫੯੬)

{ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥
ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਅਪੁਨੋ ਕਰਿ ਮਾਨੈ ॥੧॥}

(ਅੰਗ ੬੧੬)

{ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥
ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥}

(ਅੰਗ ੬੫੫)

{ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥
ਅਗਿਆਨ ਮੋਹ ਮਗਨ ਮਹਾ ਪ੍ਰਾਨੀ ਅੰਧਿਆਰੇ ਮਹਿ ਦੀਪ ॥੧॥ ਰਹਾਉ ॥}

(ਅੰਗ ੭੦੧)

{ਖਿਨ ਮਾਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ ॥
ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥੧॥}

(ਅੰਗ ੭੨੪)

{ਜਨਮੁ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹ ਦਿਸ ਅੰਧਿਆਰਾ ॥}

(ਅੰਗ ੭੯੪)

{ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥
ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥}

(ਅੰਗ ੭੯੬)

{ਕਿਉ ਕਰਿ ਬਾਧਾ ਸਰਪਨਿ ਖਾਧਾ ॥ ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥
ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥}

(ਅੰਗ ੯੩੯)

{ਸਬਦੁ ਭਾਖਤ ਸਸਿ ਜੋਤਿ ਅਪਾਰਾ ॥
ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥}

(ਅੰਗ ੯੪੩)

{ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥ ਓਹੁ ਆਪੇ ਤਖਤਿ ਬਹੈ ਸਚਿਆਰਾ ॥
ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ ॥੧੪॥}

(ਅੰਗ ੧੦੨੬)

{ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

34/4067

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ ੧੦੬੯)

{ਡਰ ਚੁਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥}

(ਅੰਗ - ੧੦੭੭)

{ਵਾਰੀ ਆਵੈ ਕਵਣੁ ਜਗਾਵੈ ਸੁਤੀ ਜਮ ਰਸੁ ਚੁਸਏ ॥
ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੁਸਏ ॥}

(ਅੰਗ ੧੧੧੦)

{ਸਾਚਾ ਧਨੁ ਸਾਚੀ ਵਡਿਆਈ ॥ ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥
ਕਰਿ ਕਿਰਪਾ ਜਿਸੁ ਰਾਖਨਹਾਰਾ ॥ ਤਾ ਕਾ ਸਗਲ ਮਿਟੈ ਅੰਧਿਆਰਾ ॥੩॥}

(ਅੰਗ ੧੧੪੮)

{ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥
ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥ ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥
ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥ ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥
ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥}

(ਅੰਗ ੧੨੪੧-੧੨੪੨)

{ਚੂਕਾ ਗਉਣੁ ਮਿਟਿਆ ਅੰਧਿਆਰੁ ॥ ਗੁਰਿ ਦਿਖਲਾਇਆ ਮੁਕਤਿ ਦੁਆਰੁ ॥}

(ਅੰਗ ੧੩੪੮)

{ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥ ਰਾਮ ਰਤਨੁ ਪਾਇਆ ਕਰਤ ਬੀਚਾਰਾ ॥੧॥ ਰਹਾਉ ॥}

(ਅੰਗ ੧੩੪੯)

{ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥
ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥}

(ਅੰਗ ੧੩੮੦)

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥}

(ਅੰਗ ੩੦)

{ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥ ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥}

(ਅੰਗ ੩੫)

{ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥}

(ਅੰਗ ੬੮)

{ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥}

(ਅੰਗ ੭੫)

34/4068

{ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ ॥
ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ ॥}

(ਅੰਗ - ੭੭)

{ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥
ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥}

(ਅੰਗ - ੧੧੬)

{ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥
ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥}

(ਅੰਗ ੩੫੪)

{ਅਹਿਨਿਸਿ ਅੰਧੁਲੇ ਦੀਪਕੁ ਦੇਇ ॥ ਭਉਜਲ ਡੂਬਤ ਚਿੰਤ ਕਰੇਇ ॥
ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥}

(ਅੰਗ ੩੫੪)

{ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ ॥
ਸਬਦੈ ਸਿਉ ਚਿਤੁ ਨ ਲਾਵਈ ਜਿਤੁ ਸੁਖੁ ਵਸੈ ਮਨਿ ਆਇ ॥}

(ਅੰਗ ੫੫੪)

{ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥}

(ਅੰਗ ੫੫੬)

{ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥
ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ ਨੋ ਕਿਰਪਾ ਕਰੇ ਰਜਾਇ ॥੧॥}

(ਅੰਗ ੫੫੬)

{ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ ॥
ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ ॥}

(ਅੰਗ ੫੬੯)

{ਸਤਿਗੁਰ ਕੀ ਸੇਵ ਨ ਕੀਨੀਆ ਕਿਆ ਓਹੁ ਕਰੇ ਵੀਚਾਰੁ ॥
ਸਬਦੈ ਸਾਰ ਨ ਜਾਣਈ ਬਿਖੁ ਭੂਲਾ ਗਾਵਾਰੁ ॥
ਅਗਿਆਨੀ ਅੰਧੁ ਬਹੁ ਕਰਮ ਕਮਾਵੈ ਦੂਜੈ ਭਾਇ ਪਿਆਰੁ ॥
ਅਣਹੋਦਾ ਆਪੁ ਗਣਾਇਦੇ ਜਮੁ ਮਾਰਿ ਕਰੇ ਤਿਨ ਖੁਆਰੁ ॥
ਨਾਨਕ ਕਿਸ ਨੋ ਆਖੀਐ ਜਾ ਆਪੇ ਬਖਸਣਹਾਰੁ ॥੨॥}

(ਅੰਗ ੫੮੯)

{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥}

(ਅੰਗ ੫੮੯)

{ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥}

(ਅੰਗ ੫੯੩)

34/4069

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥}

(ਅੰਗ ੬੦੦)

{ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥
ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥੨॥}

(ਅੰਗ ੬੦੩)

{ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਧੈ ਘਰੈ ਅੰਦਰਿ ਸਚੁ ਪਾਏ ॥੪॥੧੦॥}

(ਅੰਗ ੬੦੩)

{ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥
ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥ ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥}

(ਅੰਗ ੬੪੬)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ ੬੪੬)

{ਹਮ ਅੰਧੁਲੇ ਅੰਧ ਬਿਧੇ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥
ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ ॥੧॥}

(ਅੰਗ ੬੬੭)

{ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥}

(ਅੰਗ ੯੯੨)

{ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥
ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥}

(ਅੰਗ ੧੦੦੯)

{ਕਾਲੀ ਹੂ ਫੁਨਿ ਧਉਲੇ ਆਏ ॥ ਵਿਣੁ ਨਾਵੈ ਗਥੁ ਗਇਆ ਗਵਾਏ ॥
ਦੁਰਮਤਿ ਅੰਧੁਲਾ ਬਿਨਸਿ ਬਿਨਾਸੈ ਮੂਠੇ ਰੋਇ ਪੂਕਾਰਾ ਹੇ ॥੯॥}

(ਅੰਗ ੧੦੨੭)

{ਮਨਮੁਖ ਅੰਧੁਲੇ ਸੋਝੀ ਨਾਹੀ ॥ ਆਵਹਿ ਜਾਹਿ ਮਰਹਿ ਮਰਿ ਜਾਹੀ ॥
ਪੂਰਬਿ ਲਿਖਿਆ ਲੇਖੁ ਨ ਮਿਟਈ ਜਮ ਦਰਿ ਅੰਧੁ ਖੁਆਰਾ ਹੇ ॥੩॥}

(ਅੰਗ ੧੦੨੮)

{ਕਿਰਤ ਕੇ ਬਾਧੇ ਪਾਪ ਕਮਾਵਹਿ ॥ ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ ॥੪॥}

(ਅੰਗ ੧੦੨੯)

34/4070

{ਆਪੇ ਕਰਤਾ ਕਰਿ ਕਰਿ ਵੇਖੈ ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥
ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ ਅਗਿਆਨੀ ਅੰਧੁ ਕਮਾਈ ਹੇ ॥੨॥}

(ਅੰਗ ੧੦੪੭)

{ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਆ ॥੫॥}

(ਅੰਗ ੧੦੬੪)

{ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥
ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥੬॥}

(ਅੰਗ ੧੦੬੭)

{ਦੇਹ ਅੰਧਾਰੀ ਅੰਧੁ ਸੁੰਞੀ ਨਾਮ ਵਿਹੂਣੀਆ ॥ ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੨॥}

(ਅੰਗ ੧੦੯੯)

{ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥
ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥੩॥}

(ਅੰਗ ੧੧੨੬)

{ਅੰਧੁਲੇ ਕਿਆ ਪਾਇਆ ਜਗਿ ਆਇ ॥
ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥੧॥ ਰਹਾਉ ॥}

(ਅੰਗ ੧੧੨੬)

{ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥
ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥੪॥੪॥੫॥}

(ਅੰਗ ੧੧੨੬)

{ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥
ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥੩॥}

(ਅੰਗ ੧੧੨੬)

{ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ ॥
ਬਿਨੁ ਗੁਰ ਸਬਦ ਮੁਕਤਿ ਨਹੀ ਕਬ ਹੀ ਅੰਧੁਲੇ ਧੰਧੁ ਪਸਾਰਾ ॥੩॥}

(ਅੰਗ ੧੧੨੭)

{ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥}

(ਅੰਗ ੨੯)

{ਗਿਆਨ ਵਿਹੂਣੀ ਪਿਰਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥}

(ਅੰਗ ੩੮)

34/4071

{ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

{ਅੰਧੇ ਤੂੰ ਬੈਠਾ ਕੰਧੀ ਪਾਹਿ ॥ ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥੧॥ ਰਹਾਉ ॥}

(ਅੰਗ ੪੩)

{ਪੇਈਅੜੈ ਜਗਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥
ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ ॥
ਹਰਿ ਸੁਖਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ ॥੪॥}

(ਅੰਗ ੬੫)

{ਤਿਨ ਕੀ ਸਰਣਿ ਪਰਿਆ ਮਨੁ ਮੇਰਾ ॥ ਮਾਣੁ ਤਾਣੁ ਤਜਿ ਮੋਹੁ ਅੰਧੇਰਾ ॥
ਨਾਮੁ ਦਾਨੁ ਦੀਜੈ ਨਾਨਕ ਕਉ ਤਿਸੁ ਪ੍ਰਭ ਅਗਮ ਅਗਾਧੇ ਜੀਉ ॥੪॥੨੦॥੨੭॥}

(ਅੰਗ ੧੦੨)

{ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥

ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥}

(ਅੰਗ ੧੧੩)

{ਮਨਮੁਖਿ ਅੰਧੇ ਸੁਧਿ ਨ ਕਾਈ ॥ ਆਤਮ ਘਾਤੀ ਹੈ ਜਗਤ ਕਸਾਈ ॥
ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥੪॥}

(ਅੰਗ ੧੧੮)

{ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥}

(ਅੰਗ ੧੨੪)

{ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥}

(ਅੰਗ ੧੪੧)

{ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ ॥
ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ ॥੩॥}

(ਅੰਗ ੩੩੪)

{ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ ੩੬੮)

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥}

(ਅੰਗ ੪੫੦)

34/4072

{ਮਿਟੀ ਤਿਆਸ ਅਗਿਆਨ ਅੰਧੇਰੇ ॥ ਸਾਧ ਸੇਵਾ ਅਘ ਕਟੇ ਘਨੇਰੇ ॥੧॥}

(ਅੰਗ ੩੮੭)

{ਕਰਨ ਕਰਾਵਨ ਸਰਨਿ ਪਰਿਆ ॥
ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥}

(ਅੰਗ ੩੯੩)

{ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥

ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥}

(ਅੰਗ ੪੪੪)

{ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥
ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥}

(ਅੰਗ ੪੯੯)

{ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥}

(ਅੰਗ ੨੪੦)

{ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ॥
ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥੨॥}

(ਅੰਗ ੫੦੬)

{ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ ॥
ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥}

(ਅੰਗ ੫੪੫)

{ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਏ ॥
ਸਤਿਗੁਰ ਕੈ ਭੈ ਭੰਨਿ ਨ ਘੜਿਓ ਰਹੈ ਅੰਕਿ ਸਮਾਏ ॥
ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥
ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥}

(ਅੰਗ ੫੪੯)

{ਤਾਮਸਿ ਲਗਾ ਸਦਾ ਫਿਰੈ ਅਹਿਨਿਸਿ ਜਲਤੁ ਬਿਹਾਇ ॥
ਜੋ ਤਿਸੁ ਭਾਵੈ ਸੋ ਥੀਐ ਕਹਣਾ ਕਿਛੂ ਨ ਜਾਇ ॥੧॥}

(ਅੰਗ ੫੫੪)

{ਗੁਰ ਗਿਆਨ ਅੰਜਨੁ ਸਤਿਗੁਰੁ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥}

(ਅੰਗ ੫੭੩)

{ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ॥
ਸੋ ਸਤਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥੩॥}

(ਅੰਗ ੫੮੬)

{ਨਾਨਕ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥
ਮਨਮੁਖ ਘਰਿ ਹੋਦੀ ਵਥੁ ਨ ਜਾਣਨੀ ਅੰਧੇ ਭਉਕਿ ਮੁਏ ਬਿਲਲਾਇ ॥੧॥}

(ਅੰਗ ੫੯੦)

34/4073

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

{ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥}

(ਅੰਗ ੬੧੦)

{ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥ ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥}

(ਅੰਗ ੬੧੫)

{ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥}

(ਅੰਗ ੬੩੯)

{ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ ॥
ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ ॥}

(ਅੰਗ ੬੪੭)

{ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥}

(ਅੰਗ ੬੬੨)

{ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥}

(ਅੰਗ ੬੯੬)

{ਨ ਸਬਦੁ ਬੂਝੈ ਨ ਜਾਣੈ ਬਾਣੀ ॥ ਮਨਮੁਖਿ ਅੰਧੇ ਦੁਖਿ ਵਿਹਾਣੀ ॥
ਸਤਿਗੁਰੁ ਭੇਟੇ ਤਾ ਸੁਖੁ ਪਾਏ ॥ ਹਉਮੈ ਵਿਚਹੁ ਠਾਕਿ ਰਹਾਏ ॥੩॥}

(ਅੰਗ ੬੬੫)

{ਸੁਖਿ ਅਰਾਧਨੁ ਦੁਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ ॥
ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥}

(ਅੰਗ ੭੦੦)

{ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥
ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥}

(ਅੰਗ ੭੬੫)

34/4074

{ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥}

(ਅੰਗ ੭੮੯)

{ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥}

(ਅੰਗ ੭੯੧)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥}

(ਅੰਗ ੭੯੮)

{ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥}

(ਅੰਗ ੮੪੫)

{ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥}

(ਅੰਗ ੮੪੯)

{ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥
ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥੨॥}

(ਅੰਗ ੮੫੨)

{ਹਰਿ ਹਰਿ ਨਾਮੁ ਜਪਹੁ ਮੇਰੇ ਮੀਤ ॥ ਨਿਰਮਲ ਹੋਇ ਤੁਮ੍ਹਾਰਾ ਚੀਤ ॥
ਮਨ ਤਨ ਕੀ ਸਭ ਮਿਟੈ ਬਲਾਇ ॥ ਦੂਖੁ ਅੰਧੇਰਾ ਸਗਲਾ ਜਾਇ ॥੧॥}

(ਅੰਗ ੮੬੬-੮੬੭)

{ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥
ਸਤਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥੩॥}

(ਅੰਗ ੮੭੬)

{ਅਠ ਦਸ ਬੇਦ ਸੁਨੇ ਕਹ ਡੋਰਾ ॥ ਕੋਟਿ ਪ੍ਰਗਾਸ ਨ ਦਿਸੈ ਅੰਧੇਰਾ ॥}

(ਅੰਗ ੮੯੨)

{ਦੂਖੁ ਅੰਧੇਰਾ ਮਨ ਤੇ ਜਾਇ ॥ ਦੁਰਮਤਿ ਬਿਨਸੈ ਰਾਚੈ ਹਰਿ ਨਾਇ ॥੨॥}

(ਅੰਗ ੮੯੩)

{ਸਗਲ ਦੂਖ ਕਾ ਡੇਰਾ ਭੰਨਾ ਸੰਤ ਧੂਰਿ ਮੁਖਿ ਲਾਈ ॥੨॥
ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ ॥੩॥}

(ਅੰਗ ੯੧੫)

{ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥}

(ਅੰਗ ੯੩੯)

34/4075

{ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥}

(ਅੰਗ ੯੫੧)

{ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ ੯੫੪)

{ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥}

(ਅੰਗ ੯੫੪)

{ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ ॥ ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ ॥}

(ਅੰਗ ੯੫੯)

{ਅਨਲ ਵਾਉ ਭਰਮਿ ਭੁਲਾਈ ॥ ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ ॥੧੪॥}

(ਅੰਗ ੧੦੪੮-੧੦੪੯)

{ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥}

(ਅੰਗ ੧੦੫੬)

{ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ ਮਨਮੁਖ ਅੰਧੇ ਸਾਦੁ ਨ ਪਾਵਹਿ ॥
ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥}

(ਅੰਗ ੧੦੫੮)

{ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥}

(ਅੰਗ ੧੦੬੩)

{ਵਡੈ ਭਾਗਿ ਇਹੁ ਸਰੀਰੁ ਪਾਇਆ ॥ ਮਾਣਸ ਜਨਮਿ ਸਬਦਿ ਚਿਤੁ ਲਾਇਆ ॥
ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ ॥੫॥}

(ਅੰਗ ੧੦੬੫)

{ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥}

(ਅੰਗ ੧੦੬੭)

{ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥੩॥}

(ਅੰਗ ੧੧੦੩)

34/4076

{ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥}

(ਅੰਗ ੧੧੧੬)

{ਤਪਤਿ ਬੁਝੀ ਪੂਰਨ ਸਭ ਆਸਾ ॥ ਮਿਟੇ ਅੰਧੇਰ ਭਏ ਪਰਗਾਸਾ ॥}

(ਅੰਗ ੧੧੪੩)

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥}

(ਅੰਗ ੧੧੭੫)

{ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥}

(ਅੰਗ ੧੧੭੮)

{ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ ॥
ਭਇਆ ਪ੍ਰਗਾਸੁ ਰਿਦੈ ਉਲਾਸੁ ਪ੍ਰਭੁ ਲੋੜੀਦਾ ਪਾਇਆ ॥
ਦੁਖੁ ਨਾਠਾ ਸੁਖੁ ਘਰ ਮਹਿ ਵੂਠਾ ਮਹਾ ਅਨੰਦ ਸਹਜਾਇਆ ॥
ਕਹੁ ਨਾਨਕ ਮੈ ਪੂਰਾ ਪਾਇਆ ਕਰਿ ਕਿਰਪਾ ਅਪੁਨੇ ਪਹਿ ਆਇਆ ॥੪॥੧॥}

(ਅੰਗ ੧੨੩੭)

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥}

(ਅੰਗ ੧੨੪੬)

{ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥}

(ਅੰਗ ੧੨੪੬)

{ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥
ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥}

(ਅੰਗ ੧੨੫੬)

{ਇਕਿ ਮੂਰਖ ਅੰਧੇ ਮੁਗਧ ਗਵਾਰ ॥ ਇਕਿ ਸਤਿਗੁਰ ਕੈ ਭੈ ਨਾਮ ਅਧਾਰ ॥}

(ਅੰਗ ੧੨੭੫)

ਅਸੀਂ ਉਪਰ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ ਕਿ ਸਾਡੀ ਪ੍ਰਮਾਤਮਾ ਦੇ ਨਾਲੋਂ ਦੂਰੀ ਮਨ ਦੇ ਭਰਮ ਦੇ ਕਾਰਨ ਹੈ, ਮਨ ਦੀ ਅਗਿਆਨਤਾ ਦੇ ਕਾਰਣ ਹੈ, ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਨਾ ਪੈਣ ਦਾ ਕਾਰਨ ਸਾਡੇ ਮਨ ਦਾ ਭਰਮ ਹੀ ਹੈ ਜੋ ਸਾਨੂੰ ਹਉਮੈ ਵਿਚ ਰਖੱਦਾ ਹੈ ਭਾਵ ਮਨਮਤਿ ਵਾਲੇ ਵਿਚਾਰਾਂ ਵਿਚ ਰਖਦਾ ਹੈ ਭਾਵ ਗੁਰਮਤਿ ਨੂੰ ਸਮਝਣ ਤੋਂ ਦੂਰ ਰਖਦਾ ਹੈ, ਨਾਮ ਨੂੰ ਸਮਝਣ ਤੋਂ, ਪ੍ਰਮਾਤਮਾ ਨੂੰ ਸਮਝਣ ਤੋਂ ਭਾਵ ਮਨ ਦੀ ਅਗਿਆਨਤਾ ਸਾਨੂੰ ਬ੍ਰਹਮ ਗਿਆਨ ਤੋਂ ਦੂਰ ਰਖਦੀ ਹੈ।

34/4077

ਬ੍ਰਹਮ ਗਿਆਨ ਤੋਂ ਦੂਰੀ ਹੀ ਪ੍ਰਮਾਤਮਾ ਨਾਲੋਂ ਦੂਰੀ ਹੈ। ਸਾਡੇ ਜੀਵਨ ਦਾ ਮਕਸਦ ਇਸ ਦੂਰੀ ਨੂੰ ਮਿਟਾਉਣ ਦਾ ਹੀ ਹੈ। ਇਹ ਦੂਰੀ ਨਾਮ ਨੇ ਮਿਟਾਉਣੀ ਹੈ ਤੇ ਉਹ ਦੂਰੀ ਤਾਂ ਹੀ ਮਿਟੇਗੀ ਜਦੋਂ ਅਸੀਂ ਨਾਮ ਨੂੰ ਅਸਲ ਰੂਪ ਵਿੱਚ ਸਮਝਾਂਗੇ ਭਾਵ ਨਾਮ ਦੇ ਮਕਸਦ ਨੂੰ ਸਮਝਾਂਗੇ, ਨਾਮ ਦਾ ਮਕਸਦ ਸਾਨੂੰ ਹਰ ਭਰਮ ਵਿਚੋਂ ਕੱਢਣ ਦਾ ਹੀ ਹੈ ਤੇ ਸਾਨੂੰ ਭਗਤੀ ਦਾ ਸੱਚਾ ਮਾਰਗ ਦਿਖਾਉਣ ਲਈ ਹੀ ਹੈ। ਪੂਰੀ ਗੁਰਬਾਣੀ ਵਿੱਚ ਨਾਮ ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ। ਅਸੀਂ ਇਸ ਸੱਚੇ ਗਿਆਨ ਨੂੰ ਹੀ ਆਪਣੇ ਅੰਦਰ ਜਪਣਾ ਹੈ , ਧਿਆਉਣਾ ਹੈ ਭਾਵ ਆਪਣੇ ਮਨ ਦੇ ਅੰਦਰ ਵਸਾਉਣਾ ਹੈ। ਗੁਰੂ ਦੀ ਜਿਹੜੀ ਗੱਲ ਨੂੰ ਅਸੀਂ ਮੰਨ ਲੈਂਦੇ ਹਾਂ ਉਸ ਗੱਲ ਨੂੰ ਅਸੀਂ ਆਪਣੇ ਅੰਦਰ ਧਿਆ ਲੈਂਦੇ ਹਾਂ, ਜਪ ਲੈਂਦੇ ਹਾਂ, ਸਿਮਰ ਲੈਂਦੇ ਹਾਂ ਤੇ ਗੁਰੂ ਦੀ ਉਹ ਗੱਲ ਸਾਡੇ ਵਿਚਾਰਾਂ ਵਿੱਚ ਵੱਸ ਜਾਂਦੀ ਹੈ।

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ॥
ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ ੨੭)

ਗੁਰੂ ਦੀ ਗੱਲ ਨੂੰ ਮੰਨਣਾ ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਹੈ ਭਾਵ ਅਸੀਂ ਆਪਣੇ ਅੰਦਰ ਸ਼ਬਦ ਦੇ ਵਿਚਾਰਾਂ ਨੂੰ ਹੀ ਧਿਆਉਣਾ ਹੈ, ਜਪਣਾ ਹੈ, ਸਿਮਰਨਾ ਹੈ। ਸ਼ਬਦ ਦੇ ਵਿਚਾਰ ਹੀ ਨਾਮ ਹਨ। ਸ਼ਬਦ ਦੇ ਵਿਚਾਰਾਂ ਨੂੰ ਜਪਣਾ ਨਾਮ ਜਪਣਾ ਹੈ। ਸ਼ਬਦ ਦੇ ਵਿਚਾਰਾਂ ਨੇ ਸਾਡੇ ਅੰਦਰੋਂ ਸਾਡੀ ਸੁਰਤਿ ਦੇ ਵਿਚਾਰਾਂ ਨੂੰ ਹੀ ਕੱਢਣਾ ਹੈ। ਸਾਡੀ ਸੁਰਤਿ ਦੇ ਵਿਚਾਰ ਜੋ ਸ਼ਬਦ ਦੇ ਵਿਚਾਰਾਂ ਦੇ ਅਨੁਸਾਰ ਨਹੀਂ ਹਨ ਉਹ ਸਾਡਾ ਭਰਮ ਹੈ, ਸਾਡੀ ਹਉਮੈ ਹੈ, ਗੁਰੂ ਦੀ ਗੱਲ ਨੂੰ ਨਾ ਮੰਨਣਾ ਭਾਵ ਨਾ ਜਪਣਾ ਹੀ ਸਾਡੀ ਹਉਮੈ ਹੈ।

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ॥
ਕਹਿਆ ਸਬਦੁ ਨ ਮਾਨਣੀ ਹਉਮੈ ਛਡੈ ਨ ਕੋਇ॥ ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ॥}

ਸਾਡੇ ਅੰਦਰ ਬੰਧਨ ਭਰਮ ਦਾ ਹੈ, ਹਉਮੈ ਦਾ ਹੈ, ਅਗਿਆਨਤਾ ਦਾ ਹੈ ਭਾਵ ਮੋਹ ਮਾਇਆ ਵਾਲੀ ਅਵਸਥਾ ਦਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦਾ, ਪੁਠੇ ਕਮਲ ਵਾਲੀ ਅਵਸਥਾ ਦਾ ਹੈ ਜਿਸ ਦੁਆਰਾ ਅਸੀਂ ਆਪਣੀ ਸੁਰਤਿ ਦੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ।

34/4078

ਬੰਧਨ ਸਾਡੇ ਮਨ ਦੇ ਵਿਚਾਰਾਂ ਵਿਚ ਹੀ ਹੈ, ਮਨ ਦੀ ਸੋਚ ਦੇ ਵਿੱਚ ਹੀ ਹੈ ਜਿਸ ਰਾਹੀਂ ਸਾਨੂੰ ਮਨ ਦੇ ਵਿੱਚ ਸਾਰਾ ਗਿਆਨ ਮਿਲਦਾ ਹੈ ਭਾਵ ਸਾਡੇ ਅੰਦਰ ਜੋ ਬੰਧਨ ਹੈ ਉਹ ਗਿਆਨ ਰੂਪ ਵਿੱਚ ਹੈ। ਸਾਡੇ ਅੰਦਰ ਦਾ ਭਰਮ ਵਾਲਾ ਗਿਆਨ ਸਾਡੇ ਅੰਦਰ ਦਾ ਬੰਧਨ ਹੈ ਤੇ ਇਹੀ ਸਾਡੇ ਅੰਦਰ ਹਉਮੈ ਰੂਪ ਬੰਧਨ ਹੈ। ਭਰਮ ਦੇ ਬੰਧਨ ਨੂੰ ਕੇਵਲ ਸੱਚਾ ਗਿਆਨ ਹੀ ਤੋੜ ਸਕਦਾ ਹੈ ਭਾਵ ਬ੍ਰਹਮ ਗਿਆਨ ਹੀ ਤੋੜ ਸਕਦਾ ਹੈ। ਬ੍ਰਹਮ ਗਿਆਨ ਹੀ ਨਾਮ ਹੈ, ਆਪ ਪ੍ਰਮਾਤਮਾ ਹੈ ਜੋ ਕਿ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਸ਼ਬਦ ਦੇ ਵਿਚਾਰ ਭਰਮ ਦੇ ਬੰਧਨ ਤੋਂ ਮੁਕਤਿ ਹਨ। ਜਿਸ ਨੂੰ ਪ੍ਰਮਾਤਮਾ ਭਰਮ ਦੇ ਬੰਧਨ ਤੋਂ ਮੁਕਤ ਕਰਦਾ ਹੈ ਉਸ ਨੂੰ ਮਨ ਦੇ ਵਿੱਚ ਹੀ ਕਰਦਾ ਹੈ, ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਕਰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕੀਤਾ ਹੈ। ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਹੈ ਭਾਵ ਨਾਮ ਹੈ ਜਿਸ ਦਾ ਮਕਸਦ ਸਾਨੂੰ ਹਉਮੈ ਤੋਂ ਭਾਵ ਸਾਡੀ ਸੁਰਤਿ ਦੇ ਵਿਚਾਰਾਂ ਤੋਂ, ਤ੍ਰੈ ਗੁਣਾਂ ਵਾਲੇ ਵਿਚਾਰਾਂ ਤੋਂ, ਮਾਇਆ ਮੋਹ ਵਾਲੇ ਵਿਚਾਰਾਂ ਤੋਂ ਮੁਕਤਿ ਕਰਨ ਦਾ ਹੈ। ਸਾਡੀ ਮੁਕਤੀ ਨਾਮ ਮਿਲਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਜੁੜਨ ਦੁਆਰਾ, ਬ੍ਰਹਮ ਗਿਆਨ ਦੇ ਸ੍ਰੋਤ ਨਾਲ ਜੁੜਨ ਦੁਆਰਾ ਹੀ ਹੁੰਦੀ ਹੈ। ਮੁਕਤਿ ਹੋਏ ਬਿਨਾਂ ਭਾਵ ਅਗਿਆਨਤਾ ਤੋਂ ਮੁਕਤਿ ਹੋਏ ਬਿਨਾਂ ਨਾ ਕੋਈ ਨਾਮ ਵਾਲਾ ਹੈ ਤੇ ਨਾ ਹੀ ਕੋਈ ਪ੍ਰਮਾਤਮਾ ਦੇ ਨਾਲ ਮੇਲ ਵਾਲਾ ਹੈ। ਨਾਮ ਦਾ ਮਿਲਣਾ ਜਾਂ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਇਕੋ ਗੱਲ ਹੀ ਹੈ। ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਭਰਮ ਤੋਂ ਮੁਕਤਿ ਕਰ ਦਿੰਦਾ ਹੈ ਉਹ ਫਿਰ ਕਿਸੇ ਅਖੱਰ ਨੂੰ ਨਾਮ ਨਹੀਂ ਕਹਿ ਸਕਦਾ ਤੇ ਨਾ ਹੀ ਆਪਣੇ ਆਪ ਨੂੰ ਉੱਚਾ ਕਹਿ ਸਕਦਾ ਹੈ, ਸੰਤ, ਬ੍ਰਹਮ ਗਿਆਨੀ, ਧਰਮ ਦਾ ਵਿਦਵਾਨ ਆਦਿ ਕਹਿ ਸਕਦਾ ਹੈ ਕਿਉਂਕਿ ਉਸ ਨੂੰ ਸਮਝ ਲਗ ਜਾਂਦੀ ਹੈ ਕਿ ਜੋ ਆਪਣੇ ਆਪ ਨੂੰ ਉੱਚਾ ਥਾਪੀ ਬੈਠੇ ਹਨ ਉਹ ਸਭ ਭਰਮ ਵਿੱਚ ਹਨ, ਹਉਮੈ ਵਿੱਚ ਹਨ ਭਾਵ ਉਹਨਾਂ ਨੂੰ ਨਾਮ ਦੀ ਰੱਤੀ ਭਰ ਵੀ ਸਮਝ ਨਹੀਂ ਹੈ। ਉਹ ਆਪ ਭਰਮ ਵਿੱਚ ਰਹੇ ਹਨ ਤੇ ਉਹਨਾਂ ਨੇ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਇਆ ਹੈ। ਨਾ ਉਹਨਾਂ ਨੇ ਆਪ ਪ੍ਰਮਾਤਮਾ ਨੂੰ ਪਾਇਆ ਹੈ ਤੇ ਉਲਟਾ ਦੂਸਰਿਆਂ ਨੂੰ ਵੀ ਪੁੱਠੇ ਮਾਰਗ ਪਾਇਆ ਹੈ ਤੇ ਇਸੇ ਲਈ ਗੁਰਬਾਣੀ ਰਾਹੀਂ ਇਹੋ ਜਿਹੇ ਉੱਚਾ ਅਖਵਾਉਣ ਵਾਲਿਆਂ ਦੀ ਬਾਰ ਬਾਰ ਨਿਖੇਧੀ ਕੀਤੀ ਹੋਈ ਹੈ ਤਾਂ ਜੋ ਅਸੀਂ ਉਹਨਾਂ ਦੀ ਮਤਿ ਦੇ ਪਿਛੇ ਨਾ ਲੱਗੀਏ ਤੇ ਪ੍ਰਮਾਤਮਾ ਨੂੰ ਪਾਉਣ ਦਾ ਉਹੋ ਜਿਹਾ ਉਪਰਾਲਾ ਕਰੀਏ ਜੋ ਕਿ ਭਰਮਾਂ ਵਿਚੋਂ ਭਾਵ ਭਗਤੀ ਨੂੰ ਲੈ ਕੇ ਜੋ ਸਾਡੇ ਅੰਦਰ ਅਨੇਕਾਂ ਭਰਮ ਵਸੇ ਹੋਏ ਹਨ,

34/4079

ਅਸੀਂ ਉਹਨਾਂ ਵਿਚੋਂ ਨਿਕਲੀਏ ਭਾਵ ਗੁਰਮਤਿ ਨੂੰ ਮੰਨੀਏ ਤੇ ਭਰਮ ਵਾਲੀ, ਮਨਮਤਿ ਨੂੰ ਛੱਡੀਏ। ਹਰ ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਕੁਝ ਸਮਝਾਉਣ ਲਈ ਹੈ ਤਾਂ ਜੋ ਅਸੀਂ ਗੱਲ ਨੂੰ ਸਮਝੀਏ ਤੇ ਉਸ ਨੂੰ ਮੰਨ ਕੇ ਆਪਣਾ ਭਰਮ ਛੱਡੀਏ ਭਾਵ ਹਉਮੈ ਨੂੰ ਛੱਡੀਏ, ਪੂਰੀ ਗੁਰਬਾਣੀ ਸਾਨੂੰ ਇਸ ਤਰੀਕੇ ਦਾ ਨਾਮ ਜਪਣ ਲਈ ਸਮਝਾ ਰਹੀ ਹੈ। ਇਹੋ ਜਿਹਾ ਨਾਮ ਜੋ ਵੀ ਜਪੇਗਾ, ਉਹ ਹਉਮੈ ਵਿਚੋਂ ਨਿਕਲੇਗਾ ਭਾਵ ਮਨ ਦੇ ਮਾੜੇ ਵਿਚਾਰਾਂ ਵਿਚੋਂ ਨਿਕਲੇਗਾ ਤੇ ਉਹੋ ਜਿਹੇ ਕਰਮ ਕਰੇਗਾ, ਉਹੋ ਜਿਹੀ ਸੰਸਾਰਿਕ ਵਿਚਰਨ ਕਰੇਗਾ ਜੋ ਸ਼ਬਦਾਂ ਦੀ ਵਿਚਾਰ ਦੇ ਅਨੁਸਾਰ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਸਰੀਰਕ ਜਪਾਂ ਤਪਾਂ ਤੋਂ ਮਨਾ ਕਰਦੀ ਹੈ ਤੇ ਅਨੇਕਾਂ ਹੀ ਭਗਤੀ ਦੇ ਦਿਖਾਵਿਆਂ ਤੋਂ ਮਨਾ ਕਰਦੀ ਹੈ ਜੋ ਕਿ ਅਸੀਂ ਭਰਮ ਵਿੱਚ ਹੀ ਅਪਨਾਏ ਹੋਏ ਹਨ। ਕਿਸੇ ਖਾਸ ਵੇਲੇ ਨੂੰ ਉੱਚਾ ਵੇਲਾ ਮੰਨਣਾ ਭਾਵ ਅ੍ਰਮਿਤਵੇਲਾ ਮੰਨਣਾ ਤੇ ਉਸ ਵੇਲੇ ਦੀ ਸੰਭਾਲ ਕਰਨ ਨੂੰ ਭਗਤੀ ਦਾ ਮਾਰਗ ਸਮਝਣਾ ਭਾਵ ਵੇਲੇ ਵੇਲੇ ਵਿੱਚ ਫਰਕ ਸਮਝਣਾ ਸ਼ਬਦ ਦੀ ਵਿਚਾਰ ਦੇ ਉਲਟ ਹੈ ਭਾਵ ਸਾਡਾ ਭਰਮ ਹੈ। ਹਰ ਵੇਲਾ ਚੰਗਾ ਹੈ ਕਿਉਂਕਿ ਹਰ ਵੇਲੇ ਗੁਰੂ ਇਕੋ ਜਿਹੀ ਮਤਿ ਹੀ ਦਿੰਦਾ ਹੈ ਭਾਵੇਂ ਜਿਸ ਵੇਲੇ ਮਰਜੀ ਲੈ ਲਈਏ । ਮਕਸਦ ਤਾਂ ਭਰਮ ਵਿਚੋਂ ਨਿਕਲਣ ਦਾ ਹੈ ਜਿਸ ਲਈ ਹਰ ਵੇਲਾ ਇਕੋ ਜਿਹਾ ਹੀ ਹੈ।

ਜੋ ਸਾਡੇ ਅੰਦਰ ਦਾ ਭਰਮ ਹੈ ਉਹੀ ਸਾਡੇ ਅੰਦਰ ਦੀ ਦੁਚਿਤੀ ਹੈ, ਸਹਸਾ ਹੈ, ਦੁਬਿਧਾ ਹੈ, ਦੁਰਮਤਿ ਹੈ, ਸਾਡੇ ਅੰਦਰ ਦਾ ਪੁਠਾ ਕਮਲ ਹੈ। ਨਾਮ ਦਾ ਮਕਸਦ ਸਾਨੂੰ ਮਨ ਦੀ ਇਸ ਅਵਸਥਾ ਵਿੱਚੋਂ ਕੱਢਣ ਦਾ ਹੀ ਹੈ ਜਿਸ ਅਵਸਥਾ ਦੇ ਰਹਿੰਦਿਆਂ ਅਸੀਂ ਮਨ ਦੇ ਵਿੱਚ ਹੀ ਪ੍ਰਮਾਤਮਾ ਕੋਲੋਂ ਵਿਛੜੇ ਰਹਿੰਦੇ ਹਾਂ ਤੇ ਉਸ ਦੇ ਨਾਲ ਮੇਲ ਨਾਮ ਨੂੰ ਆਪਣੇ ਅੰਦਰ ਵਸਾ ਕੇ ਭਾਵ ਸ਼ਬਦ ਦੀ ਵਿਚਾਰ ਨੂੰ ਆਪਣੇ ਅੰਦਰ ਵਸਾ ਕੇ ਹੀ ਹੁੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਪੂਰੀ ਤਰ੍ਹਾਂ ਇਸ ਭਰਮ ਤੋਂ ਮੁਕਤ ਹੋ ਜਾਈਏ ਕਿ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਕਿਸ ਕਰਕੇ ਹੈ ਤੇ ਉਸ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਤੇ ਕਿਸ ਰੂਪ ਵਿੱਚ ਹੁੰਦਾ ਹੈ।

{ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ॥}

(ਅੰਗ - ੨੧)

34/4080

{ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥}

(ਅੰਗ ੩੦)

{ਭਾਈ ਰੇ ਸੁਖੁ ਸਾਧਸੰਗਿ ਪਾਇਆ ॥
ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ ॥੧॥ ਰਹਾਉ ॥}

(ਅੰਗ ੪੨)

{ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥}

(ਅੰਗ ੧੨੮)

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥}

(ਅੰਗ ੧੩੮)

{ਜਾ ਕੈ ਹਿਰਦੈ ਠਾਕੁਰੁ ਹੋਇ ॥ ਤਾ ਕਉ ਸਹਸਾ ਨਾਹੀ ਕੋਇ ॥੨॥}

(ਅੰਗ ੧੯੮)

{ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ ਰਹਾਉ ॥}

(ਅੰਗ ੧੯੦)

{ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥
ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥}

(ਅੰਗ ੨੦੫)

{ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥
ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥੩॥}

(ਅੰਗ ੨੦੭)

{ਦੁਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿ ਰਾਇ ॥

ਮਨਿ ਚਿੰਦੇ ਫਲ ਪਾਇਆ ਨਾਨਕ ਹਰਿ ਗੁਨ ਗਾਇ ॥੧੭॥}

(ਅੰਗ ੩੦੦)

{ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ ਰਹਾਉ ॥}

(ਅੰਗ ੩੭੩)

{ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ ॥
ਗੁਨ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੁਖੁ ਮਿਟਾਇ ॥੨॥੩੧॥}

(ਅੰਗ ੩੭੮)

{ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ ॥ ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥੧॥}

(ਅੰਗ ੪੨੨)

34/4081

{ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ ॥
ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ ॥}

(ਅੰਗ ੫੦੮)

{ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ ॥
ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ ॥
ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥}

(ਅੰਗ ੫੧੨)

{ਸਭ ਤੈ ਉਪਾਈ ਭਰਮ ਭੁਲਾਈ ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥
ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥੩॥}

(ਅੰਗ ੫੨੫)

{ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥
ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥}

(ਅੰਗ ੫੫੦)

{ਸਹਸਾ ਮੂਲਿ ਨ ਹੋਵਈ ਹਾਣਤ ਕਦੇ ਨ ਹੋਇ ॥
ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥੨॥}

(ਅੰਗ ੫੫੫)

{ਬਿਨਵੰਤਿ ਨਾਨਕੁ ਜਾਇ ਸਹਸਾ ਬੂਝੈ ਗੁਰ ਬੀਚਾਰਾ ॥
ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥}

(ਅੰਗ ੫੬੭)

{ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥}

(ਅੰਗ ੫੭੦)

{ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥
ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥}

(ਅੰਗ ੫੯੧)

{ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥
ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥੧॥}

(ਅੰਗ ੬੨੫-੬੨੬)

{ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥
ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥}

(ਅੰਗ ੬੪੫)

{ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥
ਮਨਮੁਖਾ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥}

(ਅੰਗ ੬੪੬)

34/4082

{ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥}

(ਅੰਗ ੭੩੦)

{ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥}

(ਅੰਗ ੮੩੦)

{ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ ॥
ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ॥੫॥੧॥੩॥}

(ਅੰਗ ੮੪੭)

{ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ ॥੪॥੨॥}

(ਅੰਗ ੮੭੭)

{ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ ॥
ਸਹਸਾ ਤੂਟੈ ਨਿਰਮਲੁ ਹੋਵੈ ਜੋਗੁ ਜੁਗਤਿ ਇਵ ਪਾਏ ॥੬॥}

(ਅੰਗ ੯੦੮)

{ਅੰਧ ਕੂਪ ਬਿਖਿਆ ਤੇ ਕਾਢਿਓ ਸਾਚ ਸਬਦਿ ਬਣਿ ਆਈ ॥੬॥
ਜਨਮ ਮਰਣ ਕਾ ਸਹਸਾ ਚੂਕਾ ਬਾਹੁੜਿ ਕਤਹੁ ਨ ਧਾਈ ॥੭॥}

(ਅੰਗ ੯੧੫)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥}

(ਅੰਗ ੯੪੭)

{ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥
ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥}

(ਅੰਗ ੯੯੩)

{ਜੇਤਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ ਛੀਨਿ ਖਰੇ ॥
ਤਨੁ ਧਨੁ ਬਿਨਸੈ ਸਹਸੈ ਸਹਸਾ ਫਿਰਿ ਪਛੁਤਾਵੈ ਮੁਖਿ ਧੂਰਿ ਪਰੇ ॥੬॥}

(ਅੰਗ ੧੦੧੪)

{ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥
ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥}

(ਅੰਗ ੧੦੧੯)

{ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥}

(ਅੰਗ ੯੧੯)

34/4083

{ਗਣਤ ਗਣੀਐ ਸਹਸਾ ਜੀਐ ॥ ਕਿਉ ਸੁਖੁ ਪਾਵੈ ਦੂਐ ਤੀਐ ॥
ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥}

(ਅੰਗ ੧੦੨੩)

{ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥ ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥
ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥੧੬॥}

(ਅੰਗ ੧੦੩੮)

{ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥

ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥੧੪॥}

(ਅੰਗ ੧੦੩੯)

{ਮਨਮੁਖ ਸਹਸਾ ਬੂਝ ਨ ਪਾਈ ॥ ਮਰਿ ਮਰਿ ਜੰਮੈ ਜਨਮੁ ਗਵਾਈ ॥
ਗੁਰਮੁਖਿ ਨਾਮਿ ਰਤੇ ਸੁਖੁ ਪਾਇਆ ਸਹਜੇ ਸਾਚਿ ਸਮਾਈ ਹੇ ॥੩॥}

(ਅੰਗ ੧੦੪੭)

{ਗੁਰਮੁਖਿ ਨਾਮੁ ਦੇਵਹਿ ਤੂ ਆਪੇ ਸਹਸਾ ਗਣਤ ਨ ਤਾਹਾ ਹੇ ॥੧੫॥}

(ਅੰਗ ੧੦੫੬)

{ਗਣਤ ਗਣੇ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥
ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥੯॥}

(ਅੰਗ ੧੦੬੨)

{ਨਿਰਮਲ ਬਾਣੀ ਕੋ ਮੰਨਿ ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥}

(ਅੰਗ ੧੦੬੨)

{ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ ॥
ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥}

(ਅੰਗ ੧੦੯੨)

{ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ ॥
ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥੧॥}

(ਅੰਗ ੧੧੯੮)

{ਸੁਖਿ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ ॥
ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ ॥੧॥}

(ਅੰਗ ੧੨੦੪)

{ਜਾ ਕੋ ਮੰਤ੍ਰੁ ਉਤਾਰੈ ਸਹਸਾ ਊਣੇ ਕਉ ਸੁਭਰ ਭਰਨ ॥
ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥੨॥}

(ਅੰਗ ੧੨੦੬)

{ਅਬ ਮੋਰੋ ਸਹਸਾ ਦੂਖੁ ਗਇਆ ॥
ਅਉਰ ਉਪਾਵ ਸਗਲ ਤਿਆਗਿ ਛੋਡੇ ਸਤਿਗੁਰ ਸਰਣਿ ਪਇਆ ॥੧॥ ਰਹਾਉ ॥}

(ਅੰਗ ੧੨੧੩)

34/4084

{ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਨ ਕਾ ਸਹਸਾ ॥

ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥}

(ਅੰਗ ੧੨੫੭)

{ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥}

(ਅੰਗ ੧੯)

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥}

(ਅੰਗ ੧੯)

{ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥}

(ਅੰਗ ੨੮)

{ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥}

(ਅੰਗ ੩੫)

{ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥
ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥}

(ਅੰਗ ੫੫)

{ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥}

(ਅੰਗ ੬੭)

{ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥}

(ਅੰਗ ੧੦੯)

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ ੧੧੩)

{ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥}

(ਅੰਗ ੧੧੯)

{ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥}

(ਅੰਗ ੧੨੭)

34/4085

{ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥}

(ਅੰਗ ੧੩੬)

{ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥
ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ ॥੨॥}

(ਅੰਗ ੧੫੩)

{ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥
ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥
ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ ॥੨॥}

(ਅੰਗ ੧੬੩)

{ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥}

(ਅੰਗ ੧੬੮)

{ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥
ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥}

(ਅੰਗ ੨੩੬-੨੩੭)

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥}

(ਅੰਗ ੨੩੭)

{ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੮)

{ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥
ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥}

(ਅੰਗ ੨੪੩)

{ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥੨॥}

(ਅੰਗ ੨੪੪)

{ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥

ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥}

(ਅੰਗ ੨੪੫)

{ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥}

(ਅੰਗ ੨੪੫)

34/4086

{ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥}

(ਅੰਗ ੩੩੩)

{ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥੭॥}

(ਅੰਗ ੩੪੩)

{ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥
ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥}

(ਅੰਗ ੩੫੨)

{ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥}

(ਅੰਗ ੪੧੫)

{ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥
ਜਿਸੁ ਤੂੰ ਬਖਸਹਿ ਨਾਮੁ ਜਪਾਇ ॥ ਦੂਤੁ ਨ ਲਾਗਿ ਸਕੈ ਗੁਨ ਗਾਇ ॥2॥}

(ਅੰਗ ੪੧੬)

{ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥}

(ਅੰਗ ੪੧੯)

{ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥
ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥੭॥}

(ਅੰਗ ੪੨੯)

{ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥}

(ਅੰਗ ੪੯੧)

{ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ ॥੫॥}

(ਅੰਗ ੫੦੭)

{ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥
ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥
ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥
ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥1॥}

(ਅੰਗ ੫੫੩)

{ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥}

(ਅੰਗ ੫੯੦)

{ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥}

(ਅੰਗ ੫੯੪)

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥}

(ਅੰਗ ੫੯੮)

34/4087

{ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥}

(ਅੰਗ ੬੦੩)

{ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥
ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥
ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥1॥
ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥
ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥}

(ਅੰਗ ੬੩੪)

{ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥2॥}

(ਅੰਗ ੬੪੧)

{ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥
ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥

ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥੨॥}

(ਅੰਗ ੬੪੯)

{ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥1॥}

(ਅੰਗ ੬੬੧)

{ਏਕੁ ਅਚਰਜੁ ਜਨ ਦੇਖਹੁ ਭਾਈ ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥
ਨਾਮੁ ਅਮੋਲਕੁ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥3॥}

(ਅੰਗ ੬੬੩)

{ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥2॥}

(ਅੰਗ ੬੮੫)

{ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥}

(ਅੰਗ ੬੮੬)

{ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥
ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ
ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ ਰਹਾਉ ॥}

(ਅੰਗ ੭੪੬)

{ਗੁਰ ਪਰਸਾਦਿ ਵਸੈ ਮਨਿ ਆਇ ॥ ਤਾ ਕੋ ਜਾਣੈ ਦੁਬਿਧਾ ਜਾਇ ॥੧॥ ਰਹਾਉ ॥}

(ਅੰਗ ੭੯੭)

{ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ ॥
ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥1॥
ਜੋ ਤੁਮ੍ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ ॥
ਨਾਨਕ ਕੇ ਪ੍ਰਭ ਤੁਮ ਹੀ ਦਾਤੇ ਸੰਤਸੰਗਿ ਲੇ ਮੋਹਿ ਉਧਰਹੁ ॥2॥3॥119॥}

(ਅੰਗ ੮੨੮)

{ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥
ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥
ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥20॥1॥}

(ਅੰਗ ੮੪੦)

34/4088

{ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥}

(ਅੰਗ ੮੮੦)

{ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥ ਏਕੋ ਏਕੁ ਨਿਰੰਜਨ ਪੂਜਾ ॥
ਜਤ ਕਤ ਦੇਖਉ ਆਪਿ ਦਇਆਲ ॥ ਕਹੁ ਨਾਨਕ ਪ੍ਰਭ ਮਿਲੇ ਰਸਾਲ ॥4॥4॥15॥}

(ਅੰਗ ੮੮੭)

{ਦੇਹੀ ਧੋਇ ਨ ਉਤਰੈ ਮੈਲੁ ॥ ਹਉਮੈ ਬਿਆਪੈ ਦੁਬਿਧਾ ਫੈਲੁ ॥
ਹਰਿ ਹਰਿ ਅਉਖਧੁ ਜੋ ਜਨੁ ਖਾਇ ॥ ਤਾ ਕਾ ਰੋਗੁ ਸਗਲ ਮਿਟਿ ਜਾਇ ॥3॥}

(ਅੰਗ ੮੯੩)

{ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ ਰਹਾਉ ॥}

(ਅੰਗ ੯੦੩)

{ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥7॥}

(ਅੰਗ ੯੦੪)

{ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥
ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥}

(ਅੰਗ ੯੩੪)

{ਸੁਣਿਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥}

(ਅੰਗ ੯੩੭)

{ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥}

(ਅੰਗ ੯੯੩)

{ਤ੍ਰੈਤੈ ਧਰਮ ਕਲਾ ਇਕ ਚੂਕੀ ॥ ਤੀਨਿ ਚਰਣ ਇਕ ਦੁਬਿਧਾ ਸੂਕੀ ॥}

(ਅੰਗ ੧੦੨੩)

{ਮਾਇਆ ਬਿਖੁ ਭੁਇਅੰਗਮ ਨਾਲੇ ॥ਇਨਿ ਦੁਬਿਧਾ ਘਰ ਬਹੁਤੇ ਗਾਲੇ।।}

(ਅੰਗ ੧੦੨੯)

{ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥}

(ਅੰਗ ੧੦੪੨)

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥
ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥

ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥
ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥2॥}

(ਅੰਗ ੧੦੯੩)

{ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥}

(ਅੰਗ ੧੧੦੬)

{ਭਵਜਲੁ ਬਿਨੁ ਸਬਦੈ ਕਿਉ ਤਰੀਐ ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥ ਰਹਾਉ ॥}

(ਅੰਗ ੧੧੨੫)

34/4089

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥}

(ਅੰਗ ੧੧੨੮)

{ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥4॥}

(ਅੰਗ ੧੧੨੯)

{ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥}

(ਅੰਗ ੧੧੩੦)

{ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥}

(ਅੰਗ ੧੧੩੦)

{ਸਦਾ ਅਨੰਦੁ ਰਾਮ ਰਸਿ ਰਾਤੇ ॥
ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ॥}

(ਅੰਗ ੧੧੩੧)

{ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥
ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥੨॥}

(ਅੰਗ ੧੧੩੩)

{ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ ॥
ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ ॥3॥
ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ ॥
ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ ॥4॥}

(ਅੰਗ ੧੧੩੩)

{ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥}

(ਅੰਗ ੧੧੫੩)

{ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥
ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥੩॥}

(ਅੰਗ ੧੧੫੫)

{ਸਾਈ ਪ੍ਰੀਤਿ ਜਿ ਆਪੇ ਲਾਏ ॥ ਗੁਰ ਪਰਸਾਦੀ ਦੁਬਿਧਾ ਜਾਏ ॥
ਕਬਹੁ ਨ ਤੂਟਸਿ ਰਹਿਆ ਸਮਾਇ ॥ ਨਾਮੇ ਚਿਤੁ ਲਾਇਆ ਸਚਿ ਨਾਇ ॥3॥}

(ਅੰਗ ੧੧੬੪)

{ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥}

(ਅੰਗ ੧੧੬੭)

{ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥}

(ਅੰਗ ੧੧੬੭)

{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥}

(ਅੰਗ ੧੧੮੫)

34/4090

{ਦੁਬਿਧਾ ਦੁਰਮਤਿ ਅਧੁਲੀ ਕਾਰ ॥ ਮਨਮੁਖਿ ਭਰਮੈ ਮਝਿ ਗੁਬਾਰ ॥1॥
ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥1॥ ਰਹਾਉ ॥}

(ਅੰਗ ੧੧੯੦)

{ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥}

(ਅੰਗ ੧੧੯੮)

{ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥}

(ਅੰਗ ੧੨੩੩)

{ਸਹਜੇ ਸੁਖਿ ਸੁਤੀ ਸਬਦਿ ਸਮਾਇ ॥ ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥
ਦੁਬਿਧਾ ਚੂਕੀ ਸਹਜਿ ਸੁਭਾਇ ॥ ਅੰਤਰਿ ਨਾਮੁ ਵਸਿਆ ਮਨਿ ਆਇ ॥
ਸੇ ਕੰਠਿ ਲਾਏ ਜਿ ਭੰਨਿ ਘੜਾਇ ॥ ਨਾਨਕ ਜੋ ਧੁਰਿ ਮਿਲੇ ਸੇ ਹੁਣਿ ਆਣਿ ਮਿਲਾਇ ॥1॥}

(ਅੰਗ ੧੨੪੭)

{ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥
ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥੧॥ ਰਹਾਉ ॥}

(ਅੰਗ ੧੨੬੧)

{ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥}

(ਅੰਗ ੧੨੮੯)

{ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥
ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥}

(ਅੰਗ ੧੩੧੦)

{ਦੁਬਿਧਾ ਬਉਰੀ ਮਨੁ ਬਉਰਾਇਆ ॥
ਝੂਠੈ ਲਾਲਚਿ ਜਨਮੁ ਗਵਾਇਆ ॥ ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥}

(ਅੰਗ ੧੩੪੨)

{ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥}

(ਅੰਗ ੧੩੪੩)

{ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥
ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥}

(ਅੰਗ ੧੩੫੦)

{ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥
ਭਾਵੈ ਲਾਂਬੇ ਕੇਸ ਕਰੁ ਭਾਵੈ ਘਰਿ ਮੁਡਾਇ ॥੨੫॥}

(ਅੰਗ ੧੩੬੫)

34/4091

ਉੱਪਰ ਅਨੇਕ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਦੁਬਿਧਾ, ਸਹਿਸਾ ਕਿਸ ਰੂਪ ਵਿੱਚ ਹੈ ਭਾਵ ਇਹਨਾਂ ਦਾ ਮਕਸਦ ਸਾਨੂੰ ਹਰ ਵੇਲੇ ਭਰਮ ਵਿੱਚ ਰਖਣ ਦਾ ਹੈ, ਦੁਚਿਤੀ ਵਿੱਚ, ਮਨਮਤਿ ਵਿੱਚ, ਦੁਰਮਤਿ ਵਿੱਚ ਰਖਣ ਦਾ ਹੈ ਜਿਸਦੇ ਕਾਰਣ ਅਸੀਂ ਸ਼ਬਦ ਦੇ ਵਿਚਾਰਾਂ ਦੀ ਸੋਝੀ ਤੋਂ ਦੂਰ ਰਹਿੰਦੇ ਹਾਂ ਭਾਵ ਸ਼ਬਦ ਦੇ ਵਿਚਾਰਾਂ ਦੀ ਸੋਝੀ ਤੋਂ ਦੂਰ ਰਹਿਣਾ ਹੈ। ਸਾਡੇ ਅੰਦਰ ਦੇ ਇਹ ਭਰਮ ਵਾਲੇ ਵਿਚਾਰ ਸਾਡੇ ਅੰਦਰ ਦੀ ਹਉਮੈ ਹੈ ਜੋ ਕਿ ਸ਼ਬਦ ਦੇ ਵਿਚਾਰਾਂ ਦੇ ਨਾਲ ਪੜਦਾ ਬਣਾਈ ਰਖਦੀ ਹੈ ਭਾਵ ਪ੍ਰਮਾਤਮਾ ਦੇ ਮੇਲ ਵਿੱਚ ਸਾਡੇ ਅੰਦਰ ਇੱਕ ਦੀਵਾਰ ਦਾ ਕੰਮ ਕਰਦੀ ਹੈ ਜਿਸ ਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਸਦਾ ਹੀ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਵਿਚਰ ਰਿਹਾ ਹੈ। ਪ੍ਰਮਾਤਮਾ ਨੇ ਆਪ ਸਾਨੂੰ ਭਰਮ ਦੇ ਇਸ ਪੜਦੇ ਵਿੱਚ ਰਖਿਆ ਹੋਇਆ ਹੈ, ਮਨ ਦੇ ਵਿਚਾਰਾਂ ਦੇ ਰਾਹੀਂ ਹੀ ਪੜਦੇ ਵਿੱਚ ਰਖਿਆ ਹੋਇਆ ਹੈ ਤੇ ਇਸੇ ਲਈ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਗੁਰ ਪ੍ਰਸਾਦਿ ਹੈ ਭਾਵ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ ਕਿ ਉਹ ਆਪਣੇ ਆਪ ਨੂੰ ਕਿਸ ਸਰੀਰ ਰਾਹੀਂ ਪ੍ਰਗਟ ਕਰਦਾ ਹੈ। ਉਹ ਆਪਣੇ ਆਪ ਨੂੰ ਸਾਡੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹੀ ਪ੍ਰਗਟ ਕਰਦਾ ਹੈ, ਮਨ ਦੀ ਸੋਚ ਰਾਹੀਂ ਪ੍ਰਗਟ ਕਰਦਾ ਹੈ ਤੇ ਤਾਂ ਹੀ ਕਿਸੇ ਦਾ ਇਹ ਭਰਮ ਦੂਰ ਹੁੰਦਾ ਹੈ ਕਿ ਇਹ ਮਨ ਦੇ ਵਿੱਚ ਪੈਦਾ ਹੋਣ ਵਾਲੇ ਵੀਚਾਰ ਕਿੱਥੋਂ ਆਉਂਦੇ ਹਨ ਭਾਵ ਇੰਨ੍ਹਾਂ ਵਿਚਾਰਾਂ ਦਾ ਮਾਲਕ ਕੌਣ ਹੈ ਜਿਸ

ਰਾਹੀਂ ਮਨ ਦੇ ਵਿੱਚੋਂ ਉਸ ਪ੍ਰਮਾਤਮਾ ਦੇ ਨਿਰਗੁਣ ਰੂਪ ਦੇ ਦਰਸ਼ਨ ਹੁੰਦੇ ਹਨ, ਉਸਦੇ ਗਿਆਨ ਰੂਪ ਦਰਸ਼ਨ ਹੁੰਦੇ ਹਨ ਜਿਸ ਰਾਹੀਂ ਉਹ ਸਭ ਦੇ ਅੰਦਰ ਤੇ ਸਭ ਜਗ੍ਹਾ ਵਸਿਆ ਹੋਇਆ ਹੈ ਤੇ ਆਪਣੇ ਇਸ ਗੁਪਤ ਰੂਪ ਰਾਹੀਂ ਸਾਰੀ ਸ੍ਰਿਸ਼ਟੀ ਨੂੰ ਆਪ ਬਣਾ ਕੇ ਆਪ ਹੀ ਚਲਾ ਰਿਹਾ ਹੈ। ਸਾਡੇ ਅੰਦਰ ਪ੍ਰਮਾਤਮਾ ਵਿਚਾਰਾਂ ਦੇ ਰੂਪ ਵਿੱਚ ਹੈ। ਜਿਸ ਮਨ ਦੇ ਵਿੱਚ ਪਰਮਾਤਮਾ ਪ੍ਰਗਟ ਹੁੰਦਾ ਹੈ ਉਥੇ ਉਹ ਆਪਣੇ ਸ਼ਬਦ ਰੂਪ ਵਿਚਾਰ ਦੇਂਦਾ ਹੈ ਜੋ ਸਾਨੂੰ ਹਰ ਭਰਮ ਵਿੱਚੋਂ ਕੱਢਦੇ ਹਨ। ਸ਼ਬਦ ਦੇ ਵਿਚਾਰ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹਨ ਤੇ ਇਸੇ ਲਈ ਸਾਰੀ ਗੁਰਬਾਣੀ ਭਰਮ ਤੋਂ ਰਹਿਤ ਹੈ ਕਿਉਂਕਿ ਉਸ ਵਿੱਚ ਸ਼ਬਦ ਦੇ ਵਿਚਾਰ ਹਨ ਭਾਵ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ ਜੋ ਉਸ ਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਦਿੱਤੇ ਹਨ। ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪੂਰਨ ਸੱਚ ਹੁੰਦਾ

34/4092

ਹੈ ਤੇ ਇਸੇ ਲਈ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਜੋ ਕਿ ਪਰਮਾਤਮਾ ਦਾ ਆਪਣਾ ਰੂਪ ਹੈ, ਉਸ ਦਾ ਬ੍ਰਹਮ ਗਿਆਨ ਰੂਪ ਹੈ। ਜਿਸ ਰੂਪ ਵਿੱਚ ਪਰਮਾਤਮਾ ਸਾਡੇ ਅੰਦਰ ਹੈ ਉਸੇ ਰੂਪ ਵਿੱਚ ਹੀ ਉਹ ਸਭ ਦੇ ਅੰਦਰ ਹੈ ਹਰ ਵਸਤੂ ਦੇ ਅੰਦਰ ਸ਼ਬਦ ਦੀ ਵਿਚਾਰ ਹੀ ਹੈ ਭਾਵ ਪਰਮਾਤਮਾ ਦੀ ਆਪਣੀ ਪਾਈ ਹੋਈ ਵਿਚਾਰ ਹੀ ਹੈ ਭਾਵੇਂ ਕੋਈ ਵਸਤੂ ਕਿਸੇ ਰੂਪ ਵਿੱਚ ਹੈ। ਪੰਜਾਂ ਤੱਤਾਂ ਦਾ ਮੂਲ ਸ਼ਬਦ ਦੀ ਵਿਚਾਰ ਹੀ ਹੈ ਭਾਵ ਪਰਮਾਤਮਾ ਦਾ ਆਪਣਾ ਪਾਇਆ ਹੋਇਆ ਗਿਆਨ ਹੀ ਹੈ ਭਾਵ ਸਭ ਦੇ ਅੰਦਰ ਪਰਮਾਤਮਾ ਦਾ ਨਾਮ ਹੀ ਹੈ, ਬ੍ਰਹਮ ਗਿਆਨ ਹੀ ਹੈ। ਹਰ ਵਸਤੂ ਵਿੱਚ ਪਰਮਾਤਮਾ ਦੀ ਸਾਇੰਸ ਹੀ ਹੈ, ਹਰ ਵਸਤੂ ਦੇ ਅੰਦਰ ਪਰਮਾਤਮਾ ਸਾਇੰਸ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ। ਪੂਰੀ ਸਾਇੰਸ ਪਰਮਾਤਮਾ ਦਾ ਬ੍ਰਹਮ ਗਿਆਨ ਹੈ। ਇਹ ਪੂਰੀ ਸ੍ਰਿਸ਼ਟੀ ਪਰਮਾਤਮਾ ਦੀ ਸਾਈਂਟੀਫਿਕ ਰਚਨਾ ਹੈ ਅਤੇ ਸਾਈਂਟਿਫਿਕਲੀ ਹੀ ਚੱਲ ਰਹੀ ਹੈ।

{ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥
ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥}

(ਅੰਗ ੭੫੩)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

{ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩॥}

(ਅੰਗ ੭੬੮-੭੬੯)

{ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥ ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ ॥ ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥
ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥੧੩॥}

(ਅੰਗ ੧੨੪੨)

{ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥
ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥
ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥੧॥}

(ਅੰਗ ੨੯)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ ੪੫੬)

ਮਨੁੱਖ ਵੀ ਪਰਮਾਤਮਾ ਦੀ ਇਕ ਸਾਇੰਟਿਫਿਕ ਰਚਨਾ ਹੈ ਜਿਸ ਨੂੰ ਪਰਮਾਤਮਾ ਸਾਇੰਟਿਫਿਕਲੀ ਚਲਾ ਰਿਹਾ ਹੈ, ਪੂਰੀ ਸਾਇੰਸ ਪਰਮਾਤਮਾ ਦੀ ਆਪਣੀ ਬਣਾਈ ਹੋਈ ਕਲਾ ਹੈ ਤੇ ਉਹ ਆਪਣੀ ਕਲਾ ਰਾਹੀਂ ਹੀ ਹਰ ਵਸਤੂ ਨੂੰ ਚਲਾ ਰਿਹਾ ਹੈ। ਪਰਮਾਤਮਾ ਦੀ ਇਹ ਕਲਾ ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਜਿਸ ਨੂੰ ਦੇਖਿਆ ਨਹੀਂ ਜਾ ਸਕਦਾ ਤੇ ਕੇਵਲ ਮਨ ਦੇ ਗਿਆਨ ਦੁਆਰਾ ਜਾਣਿਆ ਜਾ ਸਕਦਾ ਹੈ ਕਿ ਪਰਮਾਤਮਾ ਆਪਣੀ ਕਲਾ ਕਿਸ ਤਰੀਕੇ ਵਰਤਾਉਂਦਾ ਹੈ, ਪਰਮਾਤਮਾ ਦੀ ਇਸ ਕਲਾ ਨੂੰ ਮਨ ਦੇ ਭਰਮ ਵਿੱਚੋਂ ਨਿਕਲ ਕੇ ਹੀ ਜਾਣਿਆ ਜਾ ਸਕਦਾ ਹੈ। ਮਨ ਦੇ ਵਿਚੋਂ ਉਹ ਆਪਣੇ ਦਰਸ਼ਨ, ਆਪਣੀ ਕਲਾ ਵਰਤਾ ਕੇ ਹੀ ਦਿਖਾਉਂਦਾ ਹੈ, ਆਪਣੀ ਗਿਆਨ ਰੂਪ ਕਲਾ ਵਰਤਾ ਕੇ ਦਿਖਾਉਂਦਾ ਹੈ ।

{ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥
ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥}

(ਅੰਗ ੯੭੪)

ਉੱਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਬਹੁਤ ਪਹਿਲੇ ਸਮਝੇ ਹਨ। ਜਿਸ ਰਾਹੀਂ ਅਕਾਲ ਪੁਰਖ ਨੇ ਧੰਨ ਧੰਨ ਭਗਤ ਬੇਣੀ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣਾ ਆਪ ਸਮਝਾਇਆ ਹੋਇਆ ਹੈ ਕਿ ਉਹ ਸਾਡੇ ਸਭ ਦੇ ਅੰਦਰ ਕਿਸ ਰੂਪ ਵਿੱਚ ਵਿਚਰਦਾ ਹੈ। ਜਿਸ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਸਮਝਿਆ ਹੈ ਉਨ੍ਹਾਂ ਨੇ ਪਰਮਾਤਮਾ ਦੇ ਗਿਆਨ ਰੂਪ ਨੂੰ ਹੀ ਸਮਝਿਆ ਹੈ। ਪਰਮਾਤਮਾ ਦਾ ਗਿਆਨ ਰੂਪ ਜਦੋਂ ਕਿਸੇ ਦੇ ਅੰਦਰ ਪ੍ਰਗਟ ਹੁੰਦਾ ਹੈ ਤਾਂ ਹੀ ਕਿਸੇ ਦਾ ਮਨ ਦੇ ਭਰਮ ਤੋਂ ਛੁਟਕਾਰਾ ਹੁੰਦਾ ਹੈ

34/4093

ਭਾਵ ਭਰਮ ਤੋਂ ਮੁਕਤੀ ਹੁੰਦੀ ਹੈ। ਮਨ ਦੇ ਭਰਮ ਤੋਂ ਮੁਕਤ ਹੋਏ ਬਿਨਾ ਕਿਸੇ ਦਾ ਵੀ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਛੁਟਕਾਰਾ ਨਹੀਂ ਹੁੰਦਾ, ਹਉਮੈ ਵਾਲੀ ਅਵਸਥਾ ਤੋਂ ਛੁਟਕਾਰਾ ਨਹੀਂ ਹੁੰਦਾ ਜਿਸ ਤੋਂ ਛੁਟਕਾਰਾ ਹੋਏ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਪਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਆਪ ਚਉਥੇ ਪਦ ਵਿਚ ਹੈ, ਬ੍ਰਹਮ ਗਿਆਨ ਦੇ ਪਦ ਵਿੱਚ ਹੈ, ਨਾਮ ਦੇ ਪਦ ਵਿੱਚ ਹੈ, ਪਰਮ ਪਦ ਵਿਚ ਹੈ ਤੇ ਸਾਰੇ ਸੰਸਾਰ ਨੂੰ ਆਪ ਹੀ ਉਸ ਨੇ ਭਰਮ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ। ਮਨ ਦੇ ਵਿਚਾਰਾਂ ਰਾਹੀਂ ਆਪ ਹੀ ਭਰਮ ਦੇ ਵਿਚ ਰੱਖਿਆ ਹੋਇਆ ਹੈ ਤਾਂ ਜੋ ਪਰਮਾਤਮਾ ਦੀ ਇਸ ਖੇਡ ਨੂੰ ਕੋਈ ਸਮਝ ਨਾ ਸਕੇ, ਉਸ ਦੀ ਮਾਇਆ ਰੂਪ ਜੁਗਤਿ ਨੂੰ ਕੋਈ ਸਮਝ ਨਾ ਸਕੇ ਜੋ ਸਾਡੇ ਸਭ ਦੇ ਅੰਦਰ ਮਾਇਆ ਦੇ ਛਲ ਰੂਪ ਵਿੱਚ ਵਿਚਰ ਰਹੀ ਹੈ। ਅਸੀਂ ਮੁਕਤੀ ਮਾਇਆ ਦੇ ਛਲ ਤੋਂ ਹੀ ਪਾਉਣੀ ਹੈ ਜਿਸ ਦਾ ਮਕਸਦ ਹੀ ਸਾਨੂੰ ਮਨ ਦੇ ਭਰਮ ਵਿੱਚ, ਹਉਮੈ ਵਿੱਚ ਰੱਖਣ ਦਾ ਹੈ, ਪਰਮਾਤਮਾ ਦੇ ਨਾਲੋਂ ਪੜਦਾ ਬਣਾ ਕੇ ਉਸ ਤੋਂ ਦੂਰ ਰਖਣ ਦਾ ਹੈ। ਪਰਮਾਤਮਾ ਨੇ ਸਾਨੂੰ ਸਭ ਨੂੰ ਆਪ ਹੀ ਆਪਣੇ

ਤੋ ਦੂਰ ਰਖਿਆ ਹੋਇਆ ਹੈ ਤੇ ਆਪ ਹੀ ਆਪਣਾ ਪੜਦਾ ਗੁਰਬਾਣੀ ਰਾਹੀਂ ਖੋਲਿਆ ਹੋਇਆ ਹੈ, ਸਾਰੇ ਸੰਸਾਰ ਲਈ ਖੋਲਿਆ ਹੋਇਆ ਹੈ ਜੋ ਪੜਦਾ ਪ੍ਰਮਾਤਮਾ ਨੇ ਸਾਡੇ ਸਭ ਲਈ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਖੋਲ੍ਹਿਆ ਹੈ, ਆਪਣਾ ਸੱਚਾ ਗਿਆਨ ਬਖਸ਼ ਕੇ ਖੋਲਿਆ ਹੈ, ਗੁਰਬਾਣੀ ਰਾਹੀਂ ਆਪਣਾ ਨਾਮ ਬਖਸ਼ ਕੇ ਖੋਲਿਆ ਹੈ, ਬ੍ਰਹਮ ਗਿਆਨ ਬਖਸ਼ ਕੇ ਖੋਲਿਆ ਹੈ। ਬ੍ਰਹਮ ਗਿਆਨ ਭਰਮ ਤੋਂ ਰਹਿਤ ਹੈ, ਨਾਮ ਭਰਮ ਤੋਂ ਰਹਿਤ ਹੈ ਜੋ ਕਿ ਚਉਥੇ ਪਦ ਦਾ ਗਿਆਨ ਹੈ ਭਾਵ ਪਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਜਿਸ ਦਾ ਮਕਸਦ ਹੀ ਸਾਨੂੰ ਪ੍ਰਮਾਤਮਾਂ ਦੀ ਭਗਤੀ ਨਾਲ ਜੁੜੇ ਹੋਏ ਭਰਮਾਂ ਵਿੱਚੋਂ ਕਢਣ ਦਾ ਹੈ। ਪਰਮਾਤਮਾ ਦੀ ਭਗਤੀ ਨੂੰ ਲੈ ਕੇ ਭਾਵ ਪਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਸੰਸਾਰ ਵਿੱਚ ਕਿਤਨੇ ਕ੍ਯੂ ਭਰਮ ਹਨ ਇਹਨਾਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਭਾਵ ਪੂਰਾ ਸੰਸਾਰ ਅਨੇਕਾਂ ਹੀ ਮਤਾਂ ਦੇ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਨੂੰ ਹਰ ਕੋਈ ਆਪਣੀ ਸੱਚੀ ਭਗਤੀ ਸਮਝਦਾ ਹੈ ਕਿਉਂਕਿ ਭਗਤੀ ਇੱਕ ਆਸਥਾ ਦਾ ਮਾਰਗ ਹੈ ਤੇ ਜਿਹੋ ਜਿਹੇ ਤਰੀਕੇ ਨਾਲ ਕੋਈ ਜੁੜਿਆ ਹੁੰਦਾ ਹੈ ਉਸ ਵਿੱਚ ਹੀ ਹਰ ਕਿਸੇ ਦੀ ਆਸਥਾ ਹੁੰਦੀ ਹੈ। ਕਿਸੇ ਦੀ ਆਸਥਾ ਨੂੰ ਗਲਤ ਕਹਿਣ ਨਾਲ ਉਸ ਨੂੰ ਠੇਸ ਪਹੁੰਚਦੀ ਹੈ, ਜੇਕਰ ਕਿਸੇ ਨੂੰ ਸੱਚ ਸਮਝਾਉਣ ਨਾਲ ਠੇਸ ਪਹੁੰਚਦੀ ਹੈ ਤਾਂ ਫਿਰ ਇਹ ਉਸਦਾ ਭਰਮ ਹੈ।

34/4094

ਪੂਰੀ ਗੁਰਬਾਣੀ ਸਾਨੂੰ ਸੱਚ ਸਮਝਾ ਰਹੀ ਹੈ, ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਸਮਝਾ ਰਹੀ ਹੈ। ਸੱਚ ਨੂੰ ਮੰਨਣਾ ਬਹੁਤ ਔਖਾ ਹੈ, ਸੱਚ ਹੀ ਨਾਮ ਹੈ ਤੇ ਇਸ ਲਈ ਨਾਮ ਜਪਣਾ ਬਹੁਤ ਔਖਾ ਹੈ ਭਾਵ ਸੱਚ ਨੂੰ ਕਬੂਲ ਕਰਨਾ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸੰਤ ਰੂਪ ਵਿੱਚ ਗੁਰੂ ਆਪ ਹੈ, ਪਰਮਾਤਮਾ ਆਪ ਹੈ, ਭਗਤ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਜੋ ਕਿ ਉਹ ਆਪਣੇ ਸ਼ਬਦ ਰੂਪ ਦੁਆਰਾ ਹੈ। ਪੂਰੀ ਗੁਰਬਾਣੀ ਵਿਚ ਪਰਮਾਤਮਾ ਆਪਣੇ ਸ਼ਬਦ ਰੂਪ ਦੁਆਰਾ ਗੁਰੂ ਹੈ, ਸੰਤ ਹੈ, ਸਾਧ ਹੈ, ਭਗਤ ਹੈ ਤੇ ਆਪਣੇ ਆਪ ਨੂੰ ਜਿਥੇ ਉਹ ਪ੍ਰਗਟ ਕਰਦਾ ਹੈ ਉਹ ਉਸ ਦਾ ਗੁਰੂ ਰੂਪ ਹੈ, ਸੰਤ ਰੂਪ ਹੈ, ਸਾਧ ਰੂਪ ਹੈ, ਭਗਤ ਰੂਪ ਹੈ, ਜਿਸ ਰੂਪ ਰਾਹੀਂ ਉਹ ਆਪ ਹੀ ਆਪਣਾ ਸੇਵਕ ਹੈ, ਦਾਸ ਹੈ, ਜਨ ਹੈ, ਬ੍ਰਹਮਗਿਆਨੀ ਹੈ, ਪੰਡਿਤ ਹੈ ਭਾਵ ਵਿਦਵਾਨ ਹੈ। ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿੱਥੇ ਉਹ ਬ੍ਰਹਮਗਿਆਨੀ ਰੂਪ ਵਿਦਵਾਨ ਭਾਵ ਪ੍ਰਮਾਤਮਾ ਮਨ ਦੇ ਰਾਹੀਂ ਪ੍ਰਗਟ ਹੋਇਆ ਹੁੰਦਾ ਹੈ ਤੇ ਉਹ ਫਿਰ ਆਪਣੇ ਆਪ ਨੂੰ ਵਿਦਵਾਨ ਨਹੀਂ ਸਮਝਦੇ, ਆਪਣੀ ਵਡਿਆਈ ਨਹੀਂ ਸਮਝਦੇ ਤੇ ਉਹ ਆਪਣੀ ਹਰ ਗੱਲ ਵਿਚ ਪਰਮਾਤਮਾ ਨੂੰ ਹੀ ਵਡਿਆਉਂਦੇ ਹਨ ਕਿਉਂਕਿ ਉਹ ਭਰਮ ਤੋ ਰਹਿਤ ਹੋ ਜਾਂਦੇ ਹਨ ਭਾਵ ਆਪਣੇ ਅੰਦਰੋਂ ਗਿਆਨ ਰੂਪ ਪ੍ਰਮਾਤਮਾ ਨੂੰ ਦੇਖ ਲੈਂਦੇ ਹਨ। ਜਿਸ ਦਾ ਭਰਮ ਦੂਰ ਨਹੀਂ ਹੁੰਦਾ ਉਹੀ ਆਪਣੇ ਆਪ ਨੂੰ ਸੰਤ, ਗਿਆਨੀ, ਧਰਮ ਦਾ ਵਿਦਵਾਨ ਆਦਿ ਅਖਵਾ ਸਕਦਾ ਹੈ, ਜਿਵੇਂ ਕਿ ਸਭ ਪਾਸੇ ਦੇਖਣ ਨੂੰ ਮਿਲਦਾ ਹੈ। ਆਪਣੇ ਮਨ ਦੇ ਭਰਮ ਦੇ ਕਾਰਣ ਹੀ ਉਹ ਪਰਮਾਤਮਾ ਦੀ ਭਗਤੀ ਨੂੰ ਲੈ ਕੇ ਭੁਲੇਖਿਆ ਵਿਚ, ਭਰਮਾਂ ਵਿੱਚ ਪੈਂਦੇ ਹਨ ਤੇ ਸੰਸਾਰ ਵਿੱਚ ਧਾਰਮਿਕ ਭਰਮ ਫੈਲਾਉਣ ਵਾਲੇ ਇਹੋ ਜਿਹੇ ਹੀ ਹਨ। ਉਹ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ ਜੋ ਕਿ ਉਹ ਝੂਠੀ ਸੋਭਾ ਲੈਂਦੇ ਹਨ। ਇਸ ਵਿੱਚ ਸੱਚ ਨਹੀਂ ਹੈ ਤੇ ਇਸੇ ਲਈ ਗੁਰਬਾਣੀ ਇਹੋ ਜਿਹਿਆ ਦੀ ਮਤ ਦਾ ਬਾਰ ਬਾਰ ਖੰਡਨ ਕਰ ਰਹੀ ਹੈ ਤੇ ਇਹੋ ਜਿਹਿਆਂ ਦੇ ਫੈਲਾਏ ਹੋਏ ਅਨੇਕਾਂ ਹੀ ਅਨੇਕਾਂ ਭਗਤੀ ਦੇ ਤਰੀਕਿਆਂ ਦਾ ਖੰਡਨ ਕਰ ਰਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਇਹੋ ਜਿਹੇ ਉਚ੍ਹਾ ਅਖਵਾਉਣ ਵਾਲੇ ਗੁਰਬਾਣੀ ਦੀ ਸੱਚੀ ਗੱਲ ਨੂੰ ਕਬੂਲ ਨਹੀਂ ਕਰਦੇ ਕਿਉਂਕਿ ਇਹ ਗੱਲ ਕਬੂਲ ਕਰਨ ਨਾਲ ਉਨ੍ਹਾਂ ਨੂੰ ਠੇਸ ਪਹੁੰਚਦੀ ਹੈ। ਠੇਸ ਅਸਲ ਕਰਕੇ ਉਨ੍ਹਾਂ ਦੇ ਮਾਣ ਨੂੰ ਪਹੁੰਚਦੀ ਹੈ, ਝੂਠੀ ਸੋਭਾ ਨੂੰ ਪਹੁੰਚਦੀ ਹੈ ਜਿਸ ਕਰਕੇ ਉਹਨਾਂ ਨੂੰ ਗੁਰੂ ਦੀ ਗੱਲ ਕਬੂਲ ਨਹੀਂ ਹੁੰਦੀ। ਗੁਰੂ ਦੀ ਗੱਲ ਨੂੰ ਨਾ ਮਨ ਕੇ ਉਹ ਗੁਰੂ ਦੇ ਮਾਣ ਨੂੰ ਠੇਸ ਪਹੁੰਚਾਉਂਦੇ ਹਨ ਭਾਵ ਗੁਰਮਤਿ ਨੂੰ ਠੇਸ ਪਹੁੰਚਾਉਂਦੇ ਹਨ,

34/4095

ਗੁਰਮਤਿ ਦੇ ਮਾਣ ਨੂੰ ਠੇਸ ਪਹੁਚਾਂਦੇ ਹਨ। ਗੁਰੂ ਦਾ ਮਾਣ ਸੱਚਾ ਮਾਣ ਹੈ ਕਿਉਂਕਿ ਉਸ ਦੇ ਕੋਲ ਸੱਚ ਹੈ ਸੱਚ ਰੂਪ ਵਿਚ ਆਪ ਪਰਮਾਤਮਾ ਹੈ । ਅਸੀਂ ਆਪਣਾ ਝੂਠਾ ਮਾਣ ਬਚਾਉਣ ਲਈ ਸੱਚੇ ਮਾਣ ਦੀ ਵਿਰੋਧਤਾ ਕਰਦੇ ਹਾਂ। ਗੁਰੂ ਦਾ ਸੱਚਾ ਮਾਣ ਉਸ ਦੇ ਨਾਮ ਦੇ ਕਾਰਨ ਹੈ ਤੇ ਭਰਮੇ ਹੋਏ ਆਪਣਾ ਉਚਾ ਮਾਣ ਸਮਝਣ ਵਾਲੇ ਆਪਣੀ ਹਉਮੈ ਦਾ ਮਾਣ ਕਰਦੇ ਹਨ ਭਾਵ ਆਪਣੀ ਝੂਠੀ ਮਤਿ ਦਾ ਮਾਣ ਕਰਦੇ ਹਨ। ਸਾਡੀ ਝੂਠੀ ਮਤਿ ਸਾਡੀ ਹਉਮੈ ਹੈ ਤੇ ਗੁਰੂ ਦੀ ਸਚੀ ਮਤਿ ਨਾਮ ਹੈ ਇਹੀ ਹਉਮੈ ਦਾ ਨਾਮ ਨਾਲ ਵਿਰੋਧ ਹੈ ਤੇ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਹਰ ਵੇਲੇ ਨਾਮ ਦੀ ਵਿਰੋਧਤਾ ਕਰਦੇ ਹਨ। ਕਿਸੇ ਅੱਖਰ ਨੂੰ ਨਾਮ ਸਮਝਣਾ ਸਾਡੀ ਹਉਮੈ ਭਾਵ ਸਾਡੀ ਅਗਿਆਨਤਾ ਹੈ, ਭਰਮ ਹੈ ਤੇ ਜਿਤਨਾ ਕੋਈ ਜਿਆਦਾ ਅਖਰ ਦਾ ਨਾਮ

ਜਪਣ ਵਾਲਾ ਹੈ, ਉਸ ਦਾ ਪ੍ਰਚਾਰ ਕਰਨ ਵਾਲਾ ਹੈ ਉਤਨੀ ਹੀ ਉਸ ਦੇ ਅੰਦਰ ਹਉਮੈ ਜਿਆਦਾ ਹੈ ਭਾਵ ਉਹ ਆਪਣੇ ਝੂਠੇ ਨਾਮ ਦੁਆਰਾ ਸੱਚੇ ਨਾਮ ਦੀ ਵਿਰੋਧਤਾ ਕਰਦੇ ਹਨ। ਸੱਚੇ ਨਾਮ ਦਾ ਮਕਸਦ ਸਾਨੂੰ ਭਰਮਾਂ ਤੋਂ ਮੁਕਤ ਕਰਨ ਦਾ ਹੀ ਹੈ। ਅਸੀਂ ਅੱਖਰਾਂ ਦੀ ਕਥਨੀ ਵਿੱਚ ਧਰਮ ਦਾ ਮਾਰਗ ਸਮਝਿਆ ਹੋਇਆ ਹੈ, ਜਦ ਕਿ ਧਰਮ ਦਾ ਮਾਰਗ ਸਾਡੀ ਸੱਚੀ ਕਰਣੀ ਦਾ ਮਾਰਗ ਹੈ ਜਿਵੇਂ ਕਿ ਬਾਰ ਬਾਰ ਅਸੀਂ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਤੇ ਹੇਠ ਦਿਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। (**ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥3॥ ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥ ਸੰਤਨ ਕੀ ਰੇਨੁ ਨਾਨਕ ਦਾਨੁ ਪਾਇਆ ॥4॥26॥96॥**) (ਅੰਗ 51)

ਉੱਪਰਲੀਆ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਹ ਸਮਝ ਸਕੀਏ ਕਿ ਅਸੀਂ "ਗਤਿ" ਭਾਵ ਮੁਕਤੀ ਕਿਸ ਗੱਲ ਤੋਂ ਪਾਉਣੀ ਹੈ ਤੇ ਕਿਸ ਰੂਪ ਵਿੱਚ ਪਾਉਣੀ ਹੈ ਭਾਵ ਮੁਕਤੀ ਪਾਉਣ ਦਾ ਮਕਸਦ ਕੀ ਹੈ। "ਗਤਿ" ਭਾਵ ਮੁਕਤੀ ਅਸੀਂ ਭਰਮ ਤੋਂ ਹੀ ਪਾਉਣੀ ਹੈ ਤੇ ਉਪਰਲੀਆਂ ਪੰਗਤੀਆਂ ਦੁਆਰਾ ਸਾਡਾ ਭਰਮ ਹੀ ਸਮਝਾਇਆ ਹੋਇਆ ਹੈ ਤੇ ਉਸ ਤੋਂ ਮੁਕਤ ਹੋਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ।

34/4096

ਪਰਮਾਤਮਾ ਦੀ ਭਗਤੀ ਭਰਮ ਤੋਂ ਮੁਕਤ ਹੋ ਕੇ ਹੀ ਹੋ ਸਕਦੀ ਹੈ ਭਾਵ ਪਰਮਾਤਮਾ ਦਾ ਜੱਸ ਭਰਮ ਤੋਂ ਮੁਕਤ ਹੋ ਕੇ ਗਾਇਆ ਜਾ ਸਕਦਾ ਹੈ ਕਿਉਂਕਿ ਭਰਮ ਵਿੱਚ ਰਹਿੰਦਿਆ ਹੋਇਆ ਸਾਨੂੰ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ ਕਿ ਅਸੀਂ ਪਰਮਾਤਮਾ ਦਾ ਜੱਸ ਕਿਵੇ ਗਾਉਣਾ ਹੈ। ਮਨ ਦੇ ਭਰਮ ਵਿੱਚ ਰਹਿੰਦਿਆਂ ਹੋਇਆਂ ਭਾਵ ਮਨ ਦੇ ਵਿਚ ਧਰਮ ਦੇ ਮਾਰਗ ਦੀ ਸਚੀ ਸੋਝੀ ਨਾ ਹੋਏ ਬਿਨਾਂ ਅਸੀਂ ਉਸ ਗੱਲ ਵਿੱਚ ਭਗਤੀ ਸਮਝਦੇ ਹਾਂ ਜੋ ਅਸਲ ਵਿਚ ਭਗਤੀ ਦਾ ਮਾਰਗ ਨਹੀਂ ਹੈ, ਪਰਮਾਤਮਾ ਦਾ ਜੱਸ ਗਾਉਣ ਦਾ ਮਾਰਗ ਨਹੀ ਹੈ। ਮਨ ਦੇ ਭਰਮ ਵਿਚ ਰਹਿੰਦੇ ਹੋਏ ਅਸੀਂ ਕਥਨੀ ਵਿਚ ਹੀ ਆਪਣੀ ਭਗਤੀ ਸਮਝਦੇ ਹਾਂ ਭਾਵ ਸ਼ਬਦਾਂ ਦੀ ਕਥਨੀ ਕਰਨ ਵਿੱਚ ਜਾਂ ਕਿਸੇ ਅੱਖਰ ਦਾ ਜਪ ਕਰਨ ਵਿੱਚ ਭਗਤੀ ਦਾ ਮਾਰਗ ਸਮਝਦੇ ਹਾਂ, ਪਰਮਾਤਮਾ ਦੀ "ਕੀਰਤਿ" ਭਾਵ ਜੱਸ ਗਾਉਣ ਦਾ ਮਾਰਗ ਸਮਝਦੇ ਹਾਂ। ਅਸੀਂ ਆਪ ਵੀ ਕਥਨੀ ਦੇ ਨਾਲ ਜੁੜਦੇ ਹਾਂ ਤੇ ਦੂਸਰਿਆਂ ਨੂੰ ਵੀ ਕਥਨੀ ਕਰਨੀ ਸਮਝਾਉਦੇ ਹਾਂ। (**ਕਹਨ ਕਹਾਵਨ ਇਹੁ ਕੀਰਤਿ ਕਰਲਾ ॥**)

"ਕਰਲਾ" ਤੋ ਭਾਵ ਇਹ ਹੈ, ਰਸਤਾ ਭਾਵ ਮਾਰਗ ਭਾਵ ਪਰਮਾਤਮਾ ਦਾ ਜਸ ਗਾਉਣ ਦਾ ਮਾਰਗ। ਇਹੋ ਜਿਹੇ ਕਥਨੀ ਦੇ ਮਾਰਗ ਤੇ ਚਲਣ ਵਾਲੇ ਤੇ ਦੂਸਰਿਆਂ ਨੂੰ ਇਹ ਮਾਰਗ ਸਮਝਾਉਣ ਵਾਲੇ ਭਰਮੇ ਹੋਏ ਹਨ ਭਾਵ ਮਨਮੁਖ ਹਨ। ਜੋ ਕਥਨੀ ਦੇ ਮਾਰਗ ਤੋ ਮੁਕਿਤ ਹੈ ਭਾਵ ਜੋ ਕਥਨੀ ਨੂੰ ਪਰਮਾਤਮਾ ਦਾ ਜਸ ਗਾਉਣ ਦਾ ਮਾਰਗ ਨਹੀਂ ਸਮਝਦੇ ਉਹ ਗੁਰਮੁਖ ਹਨ ,ਜੋ ਕਿ ਕੋਈ ਵਿਰਲਾ ਹੀ ਹੁੰਦਾ ਹੈ। ਆਪਣੀ ਸੱਚੀ ਭਗਤੀ ਦੀ ਸੋਝੀ ਪਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ, ਉਸ ਦੇ ਅੰਦਰ ਆਪ ਪ੍ਰਗਟ ਹੋ ਕੇ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਤੇ ਉਨ੍ਹਾਂ ਨੂੰ ਭਗਤੀ ਦੇ ਮਾਰਗ ਦੀ ਸੋਝੀ ਪਾਈ ਹੈ, ਜੋ ਕਿ ਕਥਨੀ ਦਾ ਨਹੀਂ ਬਲਕਿ ਕਰਨੀ ਦਾ ਮਾਰਗ ਹੈ। ਕਥਨੀ ਕੇਵਲ ਭਗਤੀ ਦਾ ਮਾਰਗ ਸਿੱਖਣ ਦੇ ਲਈ ਹੈ ਤੇ ਸਿੱਖਿਆ ਤੇ ਚੱਲਣ ਦਾ ਮਾਰਗ ਭਗਤੀ ਦਾ ਮਾਰਗ ਹੈ ਜੋ ਕਿ ਸਾਡੀ ਕਰਣੀ ਦੇ ਨਾਲ ਜੁੜਿਆ ਹੋਇਆ ਹੈ ਤਾਂ ਜੋ ਅਸੀਂ ਸੰਸਾਰ ਦੇ ਵਿਚ ਸੱਚੇ ਸੁੱਚੇ ਜੀਵਨ ਵਾਲੇ ਬਣ ਕੇ ਵਿਚਰੀਏ। **(ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥3॥)**

ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸਾਡੀ ਮੁਕਤੀ ਕਿਵੇਂ ਹੁੰਦੀ ਹੈ, ਜੋ ਕਿ ਸਾਡੇ ਜਿਉਂਦੇ ਜੀ ਹੀ ਹੋ ਸਕਦੀ ਹੈ।

"ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥ ਸੰਤਨ ਕੀ ਰੇਨੁ ਨਾਨਕ ਦਾਨੁ ਪਾਇਆ ॥੪॥੨੬॥੯੬॥"

34/4097

"ਗਤਿ" ਤੋਂ ਭਾਵ ਹੈ ਮੁਕਤੀ "ਅਵਗਤਿ" ਤੋਂ ਭਾਵ ਹੈ, ਮੁਕਤੀ ਦਾ ਨਾ ਹੋਣਾ। ਸਾਡੀ ਮੁਕਤੀ ਕੀ ਹੈ ਭਾਵ ਮੁਕਤੀ ਦਾ ਹੋਣਾ ਕੀ ਹੈ ਤੇ ਮੁਕਤੀ ਦਾ ਨਾ ਹੋਣਾ ਕੀ ਹੈ, ਇਸ ਗੱਲ ਦੀ ਮਨੁੱਖ ਨੂੰ ਆਪਣੇ ਆਪ ਸਮਝ ਨਹੀਂ ਪੈ ਸਕਦੀ। ਹਰ ਕਿਸੇ ਨੂੰ ਪਰਮਾਤਮਾ ਨੇ ਆਪ ਹੀ ਭਰਮ ਵਿਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ, ਮਾਇਆ ਮੋਹ ਦੀ ਅਵਸਥਾ

ਵਿਚ ਰੱਖਿਆ ਹੋਇਆ ਹੈ ਜਿਸ ਉੱਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਹੈ ਜਿਸ ਦੁਆਰਾ ਉਹ ਸਮਝ ਸਕੇ ਕਿ ਮੇਰੇ ਅੰਦਰ ਦਾ ਭਰਮ ਕੀ ਹੈ ਤੇ ਭਰਮ ਦੇ ਵਿੱਚੋਂ ਨਿਕਲਣਾ ਕੀ ਹੈ। ਮਨੁੱਖ ਭਰਮ ਵਿੱਚ ਰਹਿੰਦੇ ਹੋਏ ਇਹ ਨਹੀਂ ਮੰਨਦਾ ਕਿ ਮੈਂ ਭਰਮ ਵਿਚ ਹਾਂ ਭਾਵ ਮੈਂ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਵਿਚ ਹਾਂ। ਹਰ ਕੋਈ ਆਪਣੇ ਆਪ ਨੂੰ ਠੀਕ ਹੀ ਸਮਝਦਾ ਹੈਂ ਕਿ ਮੈਂ ਜਿਹੋ ਜਿਹੇ ਭਗਤੀ ਦੇ ਮਾਰਗ ਤੇ ਲੱਗਾ ਹੋਇਆ ਹਾਂ ਉਹੀ ਠੀਕ ਮਾਰਗ ਹੈ। ਭਰਮ ਵਿੱਚ ਰਹਿੰਦੇ ਹੋਏ ਅਸੀਂ ਧਰਮ ਦੇ ਮਾਰਗ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ ਤੇ ਆਪਣੀ ਝੂਠੀ ਗੱਲ ਨੂੰ ਹੀ ਸਦਾ ਸੱਚ ਸਮਝਦੇ ਹਾਂ। ਇਹੀ ਸਾਡਾ ਭਰਮ ਹੈ ਤੇ ਭਰਮ ਦੇ ਉਤੇ ਸਾਡਾ ਕੋਈ ਜੋਰ ਨਹੀਂ ਚਲਦਾ, ਕਿਉਂਕਿ ਇਹ ਭਰਮ ਪਰਮਾਤਮਾ ਦਾ ਸਾਡੇ ਅੰਦਰ ਆਪਣਾ ਹੀ ਪਾਇਆ ਹੋਇਆ ਹੈ। ਸਾਡਾ ਪਰਮਾਤਮਾ ਦੇ ਨਾਲ ਕੋਈ ਜੋਰ ਨਹੀਂ ਹੈ ਤੇ ਇਸੇ ਲਈ ਕੋਈ ਆਪਣੀ ਮਰਜ਼ੀ ਨਾਲ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ, ਕਿਉਂਕਿ ਭਰਮ ਵਿਚੋਂ ਨਿਕਲੇ ਬਿਨਾਂ ਅਸੀਂ ਅਪਣੇ ਅੰਦਰੋਂ ਪਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ। ਪਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਕਰਨਾ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਭਾਵ ਉਸ ਦੀ ਆਪਣੀ ਕਿਰਪਾ ਹੈ, ਉਸ ਦਾ ਆਪਣਾ ਦਾਨ ਹੈ, ਨਾਮ ਦਾ ਦਾਨ ਹੈ ਜੋ ਕਿ ਬ੍ਰਹਮ ਗਿਆਨ ਰੂਪ ਦਾਨ ਹੈ ਜਿਸ ਦੁਆਰਾ ਉਹ ਕਿਸੇ ਨੂੰ ਮਨ ਦੇ ਭਰਮ ਤੋਂ ਮੁਕਤਿ ਕਰਦਾ ਹੈ। ਉਸ ਦਾ ਨਾਮ ਦਾਨ "ਸੰਤ ਦੀ ਰੇਣ" ਦੇ ਰੂਪ ਵਿਚ ਮਿਲਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਮਿਲਦਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਅੰਦਰੋ ਹੀ ਗੁਰਮਤਿ ਦੀ ਸੱਚੀ ਸੋਝੀ ਪੈਂਦੀ ਹੈ, ਸੱਚ ਦੀ ਪੂਰਨ ਸੋਝੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਪਰਮਾਤਮਾ ਨੂੰ ਜਾਣਨ ਬਾਰੇ ਤੇ ਭਗਤੀ ਦਾ ਮਾਰਗ ਜਾਣਨ ਬਾਰੇ ਮਨ ਦੇ ਹਰ ਭਰਮ ਤੋਂ ਦੂਰ ਹੋ ਜਾਂਦਾ ਹੈ। ਜਦ ਤਕ ਅਸੀਂ ਆਪਣੀ ਸੁਰਤਿ ਤੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ ਤੱਦ ਤੱਕ ਅਸੀਂ ਭਰਮ ਵਾਲੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ। ਮਨ ਦੇ ਵਿੱਚ ਸ਼ਬਦ ਦੇ ਵਿਚਾਰ ਮਿਲਣ ਦੇ ਨਾਲ ਭਾਵ ਪਰਮਾਤਮਾ ਦਾ "ਦਾਨ" ਮਿਲਣ ਨਾਲ ਅਸੀਂ ਸ਼ਬਦ ਦੇ ਵਿਚਾਰਾਂ ਵਾਲੀ ਸੋਝੀ ਵਾਲੇ ਬਣ ਜਾਂਦੇ ਹਾਂ

34/4098

ਜਿਸ ਦੁਆਰਾ ਸਾਡੀ ਭਰਮ ਤੋਂ ਗਤਿ ਹੁੰਦੀ ਹੈ ਭਾਵ ਮੁਕਤੀ ਹੁੰਦੀ ਹੈ। ਸਾਡੇ ਕੋਲ ਮੁਕਤੀ ਦਾ ਸਾਧਨ ਗੁਰਬਾਣੀ ਹੈ ਭਾਵ ਸ਼ਬਦ ਗੁਰੂ ਹੈ ਜੋ ਆਪਣੇ ਵਿਚਾਰਾਂ ਰਾਹੀਂ ਸਾਨੂੰ ਹਰ ਭਰਮ ਤੋਂ ਮੁਕਤ ਕਰਦਾ ਹੈ। ਸਾਡੇ ਲਈ ਮੁਕਤੀ ਦਾ ਤਰੀਕਾ ਇਹੀ ਹੈ ਕਿ ਅਸੀਂ ਸੁਰਤਿ ਦੇ ਵਿਚਾਰਾਂ ਨੂੰ ਛੱਡੀਏ ਤੇ ਸ਼ਬਦ ਦੇ ਵਿਚਾਰਾਂ ਨਾਲ ਜੁੜੀਏ। ਸ਼ਬਦ ਦੇ ਵਿਚਾਰ ਸਾਨੂੰ ਭਗਤੀ ਦਾ ਇਕੋ ਇਕ ਤਰੀਕਾ ਸਮਝਾਉਂਦੇ ਹਨ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਹੈ ਤੇ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਮਾਰਗ ਹੈ ਭਾਵ ਔਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਮਾਰਗ ਹੈ। ਕੇਵਲ ਕਥਨੀ ਕਰਨ ਦੁਆਰਾ ਅਸੀਂ ਪਰਮਾਤਮਾ ਦਾ ਜਸ ਨਹੀਂ ਗਾ ਸਕਦੇ ਜੋ ਕਿ ਕੇਵਲ ਸਾਡਾ ਭਰਮ ਹੈ ਤੇ ਉਸ ਤੋਂ ਮੁਕਤ ਹੋਣ ਦੀ ਲੋੜ ਹੈ। (**ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥3॥ ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥ ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ॥4॥26॥96॥**)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

ਸਾਡੇ ਅੰਦਰ ਦੀ ਸੋਝੀ ਦੇ ਵਿੱਚ ਹੀ ਇਹ "ਅਵਗਤਿ" ਹੈ ਤੇ ਸਾਡੀ ਸੋਝੀ ਦੇ ਅੰਦਰ ਹੀ ਸਾਡੀ ਗਤਿ ਹੁੰਦੀ ਹੈ ਜੋ ਕਿ ਗੁਰੂ ਰੂਪ ਪਰਮਾਤਮਾ ਆਪ ਹੀ ਕਰਦਾ ਹੈ। ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਗਤਿ ਦੇ ਨਾਲ ਜੁੜਨਾ ਹੀ ਸਾਡੀ ਗਤਿ ਹੈ ਜਿਸ ਨਾਲ ਮਨੁੱਖ ਨੂੰ ਚੰਗੀ "ਅਕਲ" ਆਉਂਦੀ ਹੈ। "ਗਤਿ" ਹੋਏ ਬਿਨਾਂ ਹਰ ਕੋਈ ਬੇਅਕਲ ਹੈ ਭਾਵ ਪਰਮਾਤਮਾ ਦੀ ਭਗਤੀ ਦੇ ਸੱਚੇ ਮਾਰਗ ਨੂੰ ਜਾਣਨ ਤੋਂ ਬੇਸਮਝ ਹੈ ਭਾਵ ਭਰਮ ਵਿੱਚ ਹੈ। (**ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥4॥**) ਅੰਗ 239

{ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥}

(ਅੰਗ ੨੧)

{ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥
ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥੨॥}

(ਅੰਗ ੨੬)

34/4099

{ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥}

(ਅੰਗ ੬੭)

{ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥
ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥}

(ਅੰਗ ੬੭)

{ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ॥
ਲਖ ਚਉਰਾਸੀਹ ਫੇਰੁ ਪਇਆ ਬਿਨੁ ਸਬਦੈ ਮੁਕਤਿ ਨ ਪਾਏ ॥
ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ ॥੬॥}

(ਅੰਗ ੬੭)

{ਸਤਿਗੁਰ ਕਉ ਬਲਿ ਜਾਈਐ ॥ ਜਿਤੁ ਮਿਲਿਐ ਪਰਮ ਗਤਿ ਪਾਈਐ ॥
ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥}

(ਅੰਗ ੭੧)

{ਮੈ ਧਰ ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ ਮਤਿ ॥
ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ ॥}

(ਅੰਗ ੮੨)

{ਅਮੋਘ ਦਰਸਨ ਬੇਅੰਤ ਅਪਾਰਾ ॥ ਵਡ ਸਮਰਥੁ ਸਦਾ ਦਾਤਾਰਾ ॥

ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ ॥੪॥੬॥੧੩॥}

(ਅੰਗ ੯੮)

{ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥
ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥}

(ਅੰਗ ੧੦੩)

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

{ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥}

(ਅੰਗ ੧੪੫)

{ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ ਗਤਿ ਭਈ ਹਮਾਰੀ ॥੪॥੫੬॥੧੨੫॥}

(ਅੰਗ ੧੯੧)

{ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥}

(ਅੰਗ ੨੨੬)

34/4100

{ਸਤਿਗੁਰੁ ਦੇਖਿਆ ਦੀਖਿਆ ਲੀਨੀ ॥
ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥੪॥}

(ਅੰਗ ੨੨੭)

{ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥}

(ਅੰਗ ੨੩੨)

{ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥
ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥}

(ਅੰਗ ੨੪੩)

{ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥
ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ ॥}

(ਅੰਗ ੨੫੭)

{ਸਾਧਸੰਗਿ ਭਏ ਆਗਿਆਕਾਰੀ ॥ ਸਾਧਸੰਗਿ ਗਤਿ ਭਈ ਹਮਾਰੀ॥}

(ਅੰਗ ੨੭੨)

{ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

{ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਸੁਨਤ ਕਹਤ ਰਹਤ ਗਤਿ ਪਾਵਹੁ ॥}

(ਅੰਗ ੨੮੯)

{ਬਿਸਮਨ ਬਿਸਮ ਰਹੇ ਬਿਸਮਾਦ ॥ ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥}

(ਅੰਗ ੨੯੧)

{ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥੪॥੧॥੪॥੫੫॥}

(ਅੰਗ ੩੩੫)

{ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥ ਸਾਚਾ ਆਪਿ ਵਸੈ ਮਨਿ ਸੋਇ ॥੧॥ ਰਹਾਉ ॥}

(ਅੰਗ ੩੬੧)

{ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥੩॥}

(ਅੰਗ ੩੬੧)

{ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ॥
ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ॥੪॥੩੯॥੧੩॥੫੨॥}

(ਅੰਗ ੩੬੫)

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥}

(ਅੰਗ ੩੮੮)

35/4101

{ਅੰਤਰਿ ਨਾਵਣੁ ਸਾਚੁ ਪਛਾਣੈ ॥
ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥}

(ਅੰਗ ੪੧੪)

{ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥
ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥
ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥
ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥

ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥
ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥੯॥}

(ਅੰਗ ੪੪੧)

{ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥
ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥}

(ਅੰਗ ੪੪੩)

{ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ ॥
ਮਨੁ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ ਹਰਿ ਰਾਮੋ ਨਾਮੁ ਰਸਾਏ ॥
ਜਨ ਕੀ ਪੈਜ ਰਖੈ ਰਾਮ ਨਾਮਾ ਪ੍ਰਹਿਲਾਦ ਉਧਾਰਿ ਤਰਾਏ ॥}

(ਅੰਗ ੪੪੩)

{ਜੀਵਨ ਗਤਿ ਸੁਆਮੀ ਅੰਤਰਜਾਮੀ ਆਪਿ ਲੀਏ ਲੜਿ ਲਾਏ ॥
ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ ॥}

(ਅੰਗ ੪੫੪)

{ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥}

(ਅੰਗ ੪੮੪)

{ਕੋਟਿ ਜਤਨ ਉਪਾਵ ਮਿਥਿਆ ਕਛੁ ਨ ਆਵੈ ਕਾਮਿ ॥
ਸਰਣਿ ਸਾਧੂ ਨਿਰਮਲਾ ਗਤਿ ਹੋਇ ਪ੍ਰਭ ਕੈ ਨਾਮਿ ॥੩॥}

(ਅੰਗ ੫੦੧)

{ਨ ਜਾਣਾ ਹਰੇ ਮੇਰੀ ਕਵਨ ਗਤੇ ॥
ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥੧॥ ਰਹਾਉ ॥}

(ਅੰਗ ੮੭੬)

{ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ ॥
ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ ॥੧੯॥}

(ਅੰਗ ੧੦੯੩)

{ਸੰਤ ਜਨਾ ਕੀ ਲੇਹੁ ਮਤੇ ॥ ਸਾਧਸੰਗਿ ਪਾਵਹੁ ਪਰਮ ਗਤੇ ॥੧॥ ਰਹਾਉ ॥}

(ਅੰਗ ੧੧੩੬)

{ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥
ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥}

(ਅੰਗ ੧੨੯੩)

{ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ ॥
ਹਰਖ ਸੋਗ ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ ॥੧॥ ਰਹਾਉ ॥}

(ਅੰਗ ੧੩੩੭)

35/4102

{ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥ ਪੂਛਹੁ ਸਗਲ ਬੇਦ ਸਿੰਮ੍ਰਿਤੇ ॥
ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥੭॥}

(ਅੰਗ ੧੩੪੮)

{ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ ॥
ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥
ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥
ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥}

(ਅੰਗ ੧੪੦੧)

ਸਾਡੀ ਗਤਿ ਕਿਵੇਂ ਹੋਣੀ ਹੈ, ਮੁਕਤੀ ਕਿਵੇਂ ਹੋਣੀ ਹੈ ਇਹ ਗੱਲ ਬਾਣੀ ਸਾਨੂੰ ਬਾਰ ਬਾਰ ਸਮਝਾ ਰਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤਾਂ ਜੋ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਸਕੇ ਕਿ ਗੁਰਬਾਣੀ ਰਾਹੀਂ ਸਾਨੂੰ ਗਤਿ ਦਾ, ਮੁਕਤੀ ਦਾ ਹੋਰ ਕੋਈ ਤਰੀਕਾ ਨਹੀਂ ਸਮਝਾਇਆ ਹੋਇਆ ਤਾਂ ਜੋ ਅਸੀਂ ਓਹੋ ਜਿਹਾ ਉੱਦਮ ਕਰੀਏ ਜਿਸ ਦੁਆਰਾ ਸਾਡੀ ਸੰਸਾਰ ਤੋਂ ਮੁਕਤੀ ਹੋ ਸਕੇ, ਆਵਾਗਉਣ ਤੋਂ ਮੁਕਤੀ ਹੋ ਸਕੇ। ਸਾਡੀ ਆਵਾਗਉਣ ਤੋਂ ਮੁਕਤੀ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ, ਮਨ ਦੇ ਗਿਆਨ ਦੇ ਨਾਲ ਜੁੜੀ ਹੋਈ ਹੈ। ਜਦ ਤਕ ਅਸੀ ਮਨ ਦੇ ਗਿਆਨ ਰਾਹੀਂ, ਮਨ ਦੀ ਸੋਝੀ ਰਾਹੀਂ ਭਰਮ ਤੋਂ ਮੁਕਤ ਨਹੀਂ ਹੁੰਦੇ ਤਦ ਤਕ ਅਸੀ ਸੰਸਾਰ ਦੇ ਆਵਾਗਉਣ ਤੋਂ ਮੁਕਤ ਨਹੀਂ ਹੋ ਸਕਦੇ। ਸੰਸਾਰ ਦੇ ਆਵਾਗਉਣ ਤੋਂ ਮੁਕਤੀ ਕੇਵਲ ਪਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੁੰਦੀ ਹੈ ਜੋ ਮੇਲ ਪਰਮਾਤਮਾ ਦੇ ਨਾਲ ਮਨ ਦੇ ਵਿਚ ਹੀ ਹੁੰਦਾ ਹੈ, ਮਨ ਦੇ ਗਿਆਨ ਰਾਹੀਂ ਹੁੰਦਾ ਹੈ ਭਾਵ ਮਨ ਦੇ ਭਰਮ ਵਿੱਚੋਂ ਨਿਕਲਕੇ ਹੁੰਦਾ ਹੈ। ਸਾਡੇ ਜੀਵਨ ਦਾ ਮਕਸਦ ਮਨ ਦੇ ਭਰਮ ਤੋਂ ਮੁਕਤ ਹੋਣਾ ਹੀ ਹੈ ਜਿਸ ਦੀ ਕਿ ਸਮਝ ਪੂਰੇ ਸੰਸਾਰ ਵਿੱਚ ਕਿਸੇ ਨੂੰ ਨਹੀਂ ਹੈ। ਇਸ ਗੱਲ ਦੀ ਸਮਝ ਪਰਮਾਤਮਾ ਨੇ ਕੇਵਲ ਉਨ੍ਹਾਂ ਨੂੰ ਹੀ ਪਾਈ ਹੈ ਜਿਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਮਨ ਦੇ ਭਰਮ ਤੋਂ ਰਹਿਤ ਹੋ ਕੇ ਗੁਰਬਾਣੀ ਦੀ ਰਚਨਾ ਕੀਤੀ ਹੈ ਜੋ ਕਿ ਪਰਮਾਤਮਾ ਨੇ ਆਪ ਹੀ ਮਨੁੱਖੀ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਕੀਤੀ ਹੈ ਤੇ ਆਪ ਹੀ ਸੰਸਾਰ ਨੂੰ ਮੁਕਤੀ ਦਾ ਸਾਧਨ ਦਸਿਆ ਹੈ। ਮਨ ਦੀ ਮੁਕਤੀ ਕੀ ਹੈ ਇਸ ਗੱਲ ਦੀ ਸਮਝ ਮਨ ਦੀ ਮੁਕਤੀ ਮਿਲਣ ਤੋਂ ਬਾਅਦ ਹੀ ਆਉਂਦੀ ਹੈ ਭਾਵ ਭਰਮ ਵਿਚੋਂ ਨਿਕਲਨਾ ਕੀ ਹੈ ਇਸ ਗੱਲ ਦੀ ਸਮਝ ਮਨ ਦੇ ਭਰਮ ਵਿਚੋਂ ਨਿਕਲਕੇ ਹੀ ਆ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਭਾਵ ਮਨ ਦੇ

35/4103

ਵਿੱਚੋਂ ਗਿਆਨ ਰੂਪ ਪਰਮਾਤਮਾ ਦੇ ਦਰਸ਼ਨ ਹੋਏ ਬਿਨਾ, ਉਸ ਦੇ ਨਿਰਗੁਣ ਰੂਪ ਦੇ ਦਰਸ਼ਨ ਹੋਏ ਬਿਨਾ ਕੋਈ ਨਹੀਂ ਸਮਝ ਸਕਦਾ ਕਿ ਮੁਕਤੀ ਕੀ ਹੈ, ਕਿਵੇਂ ਹੁੰਦੀ ਹੈ ਤੇ ਕੌਣ ਕਰਦਾ ਹੈ। ਜਿਸ ਪਰਮਾਤਮਾ ਨੇ ਪੂਰੇ ਸੰਸਾਰ ਨੂੰ ਭਰਮ ਦੇ ਬੰਧਨ ਵਿੱਚ ਰਖਿਆ ਹੋਇਆ ਹੈ, ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਾਲਾ ਰਖਿਆ ਹੋਇਆ ਹੈ ਜੋ ਬੰਧਨ ਉਹ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਖੋਲਦਾ ਹੈ ਤੇ ਕਿਸੇ ਨੂੰ ਆਪਣੇ ਚਉਥੇ ਪਦ ਦੇ ਗਿਆਨ ਨਾਲ ਰਲਾਉਂਦਾ ਹੈ, ਸਹਜ ਦੀ ਅਵਸਥਾ ਦੇ ਨਾਲ ਰਲਾਂਉਦਾ ਹੈ। ਗੁਰਬਾਣੀ ਦੀ ਰਚਨਾ ਚਉਥੇ ਪਦ ਦੇ ਗਿਆਨ ਦੁਆਰਾ ਹੋਈ ਹੈ ਭਾਵ ਸ਼ਬਦਾਂ ਦੇ ਵਿਚਾਰ ਦੀ ਸੋਝੀ ਚਉਥੇ ਪਦ ਦੇ ਗਿਆਨ ਨਾਲ ਜੁੜੀ ਹੋਈ ਹੈ ਜਿਸ ਦੇ ਅੰਦਰੂਨੀ ਭਾਵ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਭਾਵ ਕੇਵਲ ਕੁਝ ਮਾਤਰ ਰੂਪ ਹੀ ਸਮਝਿਆ ਜਾ ਸਕਦਾ ਹੈ ਕਿਉਂਕਿ ਤ੍ਰੈ ਗੁਣਾਂ ਵਾਲੀ ਅਵਸਥਾ ਦੁਚਿੱਤੀ

ਵਾਲੀ ਅਵਸਥਾ ਹੈ ਜੋ ਸਾਨੂੰ ਚਉਥੇ ਪਦ ਨੂੰ ਸਮਝਣ ਤੋਂ ਦੂਰ ਰੱਖਦੀ ਹੈ, ਭਰਮ ਵਿੱਚ ਰੱਖਦੀ ਹੈ। ਅਸੀਂ ਆਪਣੀ ਇਸ ਦੁਚਿੱਤੀ ਵਾਲੀ ਅਵਸਥਾ ਤੋਂ ਹੀ ਮੁਕਤ ਹੋਣਾ ਹੈ ਜਿਸ ਦੇ ਰਹਿੰਦਿਆ ਅਸੀ ਚਉਥੇ ਪਦ ਤੋਂ ਦੂਰ ਰਹਿੰਦੇ ਹਾਂ, ਪਰਮਾਤਮਾ ਨੂੰ ਮਿਲਣ ਤੋਂ ਦੂਰ ਰਹਿੰਦੇ ਹਾਂ। ਪਰਮਾਤਮਾ ਨੂੰ ਮਿਲਣ ਦਾ ਇਕੋ ਇਕ ਸਾਧਨ ਮਨ ਦੇ ਹਰ ਭਰਮ ਵਿਚੋਂ ਨਿਕਲਣ ਦਾ ਹੈ ਭਾਵ ਉਹ ਕੁਝ ਕਰਨ ਦਾ ਹੈ ਜੋ ਗੁਰਬਾਣੀ ਦਾ ਚਉਥੇ ਪਦ ਦਾ ਗਿਆਨ ਸਾਨੂੰ ਸਮਝਾਉਂਦਾ ਹੈ। ਚੌਥਾ ਪਦ ਭਰਮ ਤੋਂ ਰਹਿਤ ਪਦ ਹੈ। ਪਰਮਾਤਮਾ ਦਾ ਨਾਮ ਚੌਥਾ ਪਦ ਹੈ ਭਾਵ ਚਉਥੇ ਪਦ ਦਾ ਗਿਆਨ ਹੈ। ਚਉਥੇ ਪਦ ਦਾ ਗਿਆਨ ਹੀ ਪਰਮਾਤਮਾ ਦਾ ਅੰਮ੍ਰਿਤ ਹੈ ਜੋ ਕਿ ਮਨ ਦੇ ਪੀਣ ਦਾ ਅੰਮ੍ਰਿਤ ਹੈ ਜਿਸ ਨੂੰ ਸਾਡੇ ਮਨ ਦੀ ਸੋਝੀ ਨੇ ਪੀਣਾ ਹੈ। ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਨਾਮ ਹੈ ਜਿਸ ਦਾ ਮਕਸਦ ਸਾਡੇ ਮਨ ਦੀ ਸੋਝੀ ਨੂੰ ਬਦਲਣ ਦਾ ਹੈ। ਜਿਉਂ ਜਿਉਂ ਅਸੀਂ ਸ਼ਬਦ ਦੇ ਵਿਚਾਰਾਂ ਦਾ ਅੰਮ੍ਰਿਤ ਪੀਵਾਂਗੇ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਾਗੇ ਤਿਉਂ ਤਿਉਂ ਸਾਡੇ ਮਨ ਦੀ ਸੋਝੀ ਬਦਲਦੀ ਜਾਵੇਗੀ। ਆਪਣੇ ਮਨ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਅਨੁਸਾਰ ਢਾਲਣਾ ਹੀ ਅੰਮ੍ਰਿਤ ਪੀਣਾ ਹੈ ਜਿਸ ਦਾ ਮਕਸਦ ਸਾਡੇ ਮਨ ਦੇ ਭਰਮਾ ਵਿਚੋਂ ਕੱਢਣ ਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਕਤੀਆਂ ਦੁਆਰਾ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਅੰਮ੍ਰਿਤ ਨਾਮ ਕੀ ਹੈ ਤੇ ਉਸ ਦਾ ਮਕਸਦ ਕੀ ਹੈ।

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥
ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

35/4104

{ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

{ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥}

(ਅੰਗ ੩੫੪)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥}

(ਅੰਗ ੧੦੬੯)

{ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥
ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥}

(ਅੰਗ ੧੪੦੧)

{ਜੀਅਰੇ ਰਾਮ ਜਪਤ ਮਨੁ ਮਾਨੁ ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥}

(ਅੰਗ ੨੦)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥}

(ਅੰਗ ੨੧)

{ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥}

(ਅੰਗ ੨੯)

{ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥}

(ਅੰਗ ੩੮)

{ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥
ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ॥1॥}

(ਅੰਗ ੪੫)

{ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥
ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥
ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥7॥}

(ਅੰਗ ੬੦)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥}

(ਅੰਗ ੫੯)

35/4105

{ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥}

(ਅੰਗ ੬੦)

{ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥}

(ਅੰਗ ੬੧)

{ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

{ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥}

(ਅੰਗ ੭੫)

{ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥}

(ਅੰਗ ੭੮)

{ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥ ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥}

(ਅੰਗ ੧੦੦)

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥7॥}

(ਅੰਗ ੧੧੭)

{ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥}

(ਅੰਗ ੧੨੧)

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥}

(ਅੰਗ ੧੨੪)

{ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ ੧੨੯)

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥}

(ਅੰਗ ੧੪੭)

35/4106

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ ੧੧੭੦)

{ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥
ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥੧॥}

(ਅੰਗ ੧੫੮)

{ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥ ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥
ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥੪॥੭॥੨੭॥}

(ਅੰਗ ੧੬੦)

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥
ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥}

(ਅੰਗ ੧੬੦)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

{ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥}

(ਅੰਗ ੧੬੨)

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥
ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥
ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}

(ਅੰਗ ੧੬੩)

{ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥ ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥੧॥}

(ਅੰਗ ੧੭੩)

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥}

(ਅੰਗ ੨੧੮)

{ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥}

(ਅੰਗ ੨੧੯)

{ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥}

(ਅੰਗ ੨੨੦-੨੨੧)

35/4107

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥

ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥}

(ਅੰਗ ੨੨੧)

{ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥}

(ਅੰਗ ੨੨੨)

{ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥}

(ਅੰਗ ੨੨੩)

{ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥
ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥੩॥}

(ਅੰਗ ੨੨੮)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥}

(ਅੰਗ ੨੩੫)

{ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੮)

{ਨਾਰਾਇਣ ਹਰਿ ਰੰਗ ਰੰਗੋ ॥ ਜਪਿ ਜਿਹਵਾ ਹਰਿ ਏਕ ਮੰਗੋ ॥੧॥ ਰਹਾਉ ॥
ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥}

(ਅੰਗ ੨੪੧)

{ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥}

(ਅੰਗ ੨੪੧)

{ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥
ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥੨॥}

(ਅੰਗ ੨੪੧)

{ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥}

(ਅੰਗ ੨੫੪)

{ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥

ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥}

(ਅੰਗ ੨੫੫)

{ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥
ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥
ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥}

(ਅੰਗ ੨੬੦)

35/4108

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥}

(ਅੰਗ- ੨੮੫)

{ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥}

(ਅੰਗ ੨੯੫)

{ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥}

(ਅੰਗ ੨੯੮)

{ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥
ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥}

(ਅੰਗ -੩੧੭)

{ਐਸਾ ਗਿਆਨੁ ਕਥੈ ਬਨਵਾਰੀ ॥ ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ ॥੧॥ ਰਹਾਉ ॥}

(ਅੰਗ - ੩੨੭)

{ਕਹੁ ਰੇ ਪੰਡੀਆ ਕਉਨ ਪਵੀਤਾ ॥ ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥}

(ਅੰਗ - ੩੩੧)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ - ੩੩੬)

{ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰ ਇਹੈ
ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥}

(ਅੰਗ ੧੪੦੩)

{ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ ॥

ਸਭ ਤਜੀ ਮਨੈ ਕੀ ਕਾਮ ਕਰਾ ॥}

(ਅੰਗ - ੪੦੮)

{ਐਸਾ ਗਿਆਨੁ ਸੁਨਹੁ ਅਭ ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥}

(ਅੰਗ - ੪੧੧)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥}

(ਅੰਗ - ੪੧੧)

{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥
ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥
ਐਸੇ ਪ੍ਰੇਮ ਭਗਤਿ ਵੀਚਾਰੀ ॥ ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥}

(ਅੰਗ - ੪੧੪)

35/4109

{ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥ ਤੀਨ ਭਵਨ ਨਿਹਕੇਵਲ ਗਿਆਨੁ ॥
ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥
ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥
ਪੰਚ ਸਮਾਈ ਸੁਖੀ ਸਭੁ ਲੋਗੁ ॥੩॥}

(ਅੰਗ ੪੧੪)

{ਸੰਤ ਭਗਤ ਕੀ ਸੰਗਤਿ ਰਾਮੁ ॥
ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥}

(ਅੰਗ ੪੧੬)

{ਸੁਣਿ ਮਨ ਮੇਰੇ ਤਤੁ ਗਿਆਨੁ ॥
ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥}

(ਅੰਗ ੪੨੩)

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥
ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥}

(ਅੰਗ ੯੫)

{ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥
ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥}

(ਅੰਗ ੪੨੪)

{ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥
ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥}

(ਅੰਗ ੪੨੮-੪੨੯)

{ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥
ਇਨ੍ਹ ਬਿਧਿ ਨਗਰੁ ਢੂਠਾ ਮੇਰੇ ਭਾਈ ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥}

(ਅੰਗ ੪੩੦)

{ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥
ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥}

(ਅੰਗ ੪੪੪)

{ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥
ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥
ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥}

(ਅੰਗ ੪੪੫)

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥}

(ਅੰਗ ੪੫੦)

35/4110

{ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥
ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥}

(ਅੰਗ ੪੬੦)

{ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥2॥}

(ਅੰਗ ੪੬੫)

{ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥5॥}

(ਅੰਗ ੪੬੯)

{ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥1॥}

(ਅੰਗ ੪੭੨)

{ਬਾਬਾ ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥1॥ ਰਹਾਉ ॥}

(ਅੰਗ ੪੮੨)

{ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥}

(ਅੰਗ ੪੯੫)

{ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥
ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥੧॥}

(ਅੰਗ ੫੦੧)

{ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪੜੂ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ ੫੦੩)

{ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ ੫੧੨)

{ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥੨॥}

(ਅੰਗ ੫੧੬)

{ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥ ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥}

(ਅੰਗ ੫੨੦)

{ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥
ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥
ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥
ਬਪਾਈਅਨ੍ਹਿ ਸਭਿ ਨਿਧਾਨ ਸਾਹਿਬਿ ਤੁਠਿਆ ॥੧੨॥}

(ਅੰਗ ੫੨੧)

35/4111

{ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥
ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥੧॥ ਰਹਾਉ ॥}

(ਅੰਗ ੫੩੨)

{ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥
ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥੩॥}

(ਅੰਗ ੫੪੬)

{ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥}

(ਅੰਗ ੫੫੩)

{ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥
ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥}

(ਅੰਗ ੫੫੯)

{ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਿ ਸਾਚੇ ਲਗੈ ਧਿਆਨੁ ॥੧॥
ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥ ਸਦਾ ਨਿਬਹੈ ਚਲੈ ਤੇਰੈ ਨਾਲਿ ॥ ਰਹਾਉ ॥}

(ਅੰਗ ੫੫੯)

{ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥
ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥
ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥}

(ਅੰਗ ੫੭੩)

{ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥
ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥}

(ਅੰਗ ੫੭੫)

{ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ ॥ ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ ॥
ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ ਮਿਤਿ ਜਾਣੀਆ ॥
ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ ॥}

(ਅੰਗ ੫੭੫)

{ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥

ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥ ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥}

(ਅੰਗ ੫੮੭)

35/4112

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥}

(ਅੰਗ ੬੮੭)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ ੫੯੩)

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ ੬੦੦)

{ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥੧੩॥੨੪॥}

(ਅੰਗ ੬੧੫)

{ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥
ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥}

(ਅੰਗ ੬੩੪)

{ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥}

(ਅੰਗ ੬੩੭)

{ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥
ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥}

(ਅੰਗ ੬੩੭)

{ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥}

(ਅੰਗ ੬੪੧)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ ੬੪੬)

{ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥}

(ਅੰਗ ੬੫੦)

{ਅਬ ਕਿਆ ਕਥੀਐ ਗਿਆਨੁ ਬੀਚਾਰਾ ॥ ਨਿਜ ਨਿਰਖਤ ਗਤ ਬਿਉਹਾਰਾ ॥੧॥ ਰਹਾਉ ॥}

(ਅੰਗ ੬੫੫)

{ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥}

(ਅੰਗ ੬੯੪)

35/4113

{ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥੨॥੪॥੯॥੯॥੧੩॥੫੮॥੪॥੯੩॥}

(ਅੰਗ ੬੯੫)

{ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥
ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥}

(ਅੰਗ ੯੭)

{ਹਉ ਹਉ ਕਰਤ ਨ ਤ੍ਰਿਸਨ ਬੂਝੈ ਨਹ ਕਾਂਮ ਪੂਰਨ ਗਿਆਨੇ ॥
ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਨੇ ॥੩॥}

(ਅੰਗ ੫੪੯)

{ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥
ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥
ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥
ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥੪॥੧॥}

(ਅੰਗ ੭੬੪)

{ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥
ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥ ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥}

(ਅੰਗ ੧੦੧੨)

ਉਪਰਲੇ ਅਨੇਕਾਂ ਸ਼ਬਦਾਂ ਰਾਹੀਂ ਅਸੀਂ ਇਸੇ ਗੱਲ ਨੂੰ ਸਮਝਿਆ ਹੈ ਕਿ ਪਰਮਾਤਮਾ ਦਾ ਸੱਚਾ ਗਿਆਨ ਹੀ ਉਸ ਦਾ ਨਾਮ ਹੈ। ਸਭ ਤੋਂ ਪਹਿਲਾ ਅਸੀਂ ਇਸੇ ਭਰਮ ਤੋਂ ਮੁਕਤ ਹੋਣਾ ਹੈ ਕਿ ਨਾਮ ਕੀ ਹੈ। ਜਦੋਂ ਅਸੀਂ ਇਸ ਗੱਲ ਤੋਂ ਮੁਕਤ ਹੋ ਜਾਵਾਂਗੇ ਫਿਰ ਤਾਂ ਹੀ ਸਾਨੂੰ ਸਮਝ ਆਵੇਗੀ ਕਿ ਨਾਮ ਦਾ ਕੀ ਮਕਸਦ ਹੈ।

ਪੂਰੀ ਗੁਰਬਾਣੀ ਵਿਚ ਨਾਮ ਹੈ ਜਿਸ ਦਾ ਮਕਸਦ ਸਾਨੂੰ ਮਨ ਦੇ ਹਰ ਭਰਮ ਵਿਚੋਂ ਕੱਢਣ ਦਾ ਹੈ। ਨਾਮ ਨੂੰ ਸਮਝਣ ਵਿਚ ਜੋ ਸਾਡੇ ਅੰਦਰ ਭਰਮ ਹੈ ਇਹ ਭਰਮ ਵੀ ਗੁਰਬਾਣੀ ਰਾਹੀਂ ਕੱਢਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਨਾਮ ਦੀ ਸਮਝ ਆਉਣ ਤੋਂ ਬਾਅਦ ਹੀ ਫਿਰ ਸਾਨੂੰ ਇਹ ਸਮਝ ਲਗ ਸਕਦੀ ਹੈ ਕਿ ਨਾਮ ਜਪਣਾ ਕੀ ਹੈ। ਨਾਮ ਜਪਣ ਦਾ ਮਕਸਦ ਸਾਨੂੰ ਹਰ ਭਰਮ ਵਿਚੋਂ ਕੱਢਣ ਦਾ ਹੈ। ਨਾਮ ਸ਼ਬਦ ਦੀ ਵਿਚਾਰ ਹੈ ਤੇ ਨਾਮ ਨੂੰ ਜਪਣਾ ਸ਼ਬਦ ਦੀ ਵਿਚਾਰ ਨੂੰ ਜਪਣਾ ਹੈ ਜਿਸ ਦੁਆਰਾ ਅਸੀਂ ਆਪਣੇ ਸੁਰਤਿ ਦੇ ਵਿਚਾਰਾਂ ਵਿੱਚੋਂ ਨਿਕਲਣਾ ਹੈ ਜਿਨ੍ਹਾਂ ਦੁਆਰਾ ਅਸੀਂ ਭਰਮ ਵਿੱਚ ਰਹਿੰਦੇ ਹਾਂ। ਪਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੇ ਭਰਮ ਕਰਕੇ ਹੈ। ਇਹ ਦੂਰੀ ਸਾਡੇ ਸੁਰਤ ਦੇ ਵਿਚਾਰਾਂ ਦੀ ਸ਼ਬਦ ਦੇ ਵਿਚਾਰਾਂ ਦੇ ਨਾਲ ਹੈ। ਜਿਉਂ ਜਿਉਂ ਸਾਡੇ ਅੰਦਰ ਸ਼ਬਦਾਂ

35/4114

ਦੀ ਵਿਚਾਰ ਵਸਦੀ ਜਾਵੇਗੀ ਸਾਡੀ ਪਰਮਾਤਮਾ ਨਾਲੋਂ ਦੂਰੀ ਘਟਦੀ ਜਾਵੇਗੀ ਭਾਵ ਸਾਡੇ ਅੰਦਰੋ ਹਉਮੈ ਵਾਲੀ ਸੋਝੀ ਘਟਦੀ ਜਾਵੇਗੀ ਤੇ ਨਾਮ ਵਾਲੀ ਸੋਝੀ ਵਧਦੀ ਜਾਵੇਗੀ। ਮੁਕਤੀ ਅਸੀਂ ਹਉਮੈ ਵਾਲੇ ਵਿਚਾਰਾਂ ਤੋਂ ਹੀ ਲੈਣੀ ਹੈ ਜਿੰਨ੍ਹਾਂ ਕਰਕੇ ਅਸੀਂ ਭਰਮ ਵਿੱਚ ਰਹਿੰਦੇ ਹਾਂ ਭਾਵ ਅਸੀਂ ਹਉਮੈ ਵਾਲੇ ਵਿਚਾਰਾਂ ਤੋਂ ਹੀ ਮੁਕਤਿ ਹੋਣਾ ਹੈ ਤੇ ਹਉਮੈ ਵਾਲੇ ਵਿਚਾਰਾਂ ਤੋਂ ਪੂਰਨ ਮੁਕਤੀ ਸਾਡੀ ਤਾਂਹੀ ਹੋ ਸਕਦੀ ਹੈ ਜਦੋਂ ਸ਼ਬਦ ਦੀ ਹਰ ਵਿਚਾਰ ਸਾਡੇ ਅੰਦਰ ਵੱਸ ਜਾਵੇ। ਮਨ ਦੀ ਇਹ ਅਵਸਥਾ ਪਰਮਾਤਮਾ ਸਾਨੂੰ ਆਪ ਹੀ ਬਖਸ਼ਦਾ ਹੈ, ਮਨ ਦੇ ਵਿਚ ਪ੍ਰਗਟ ਹੋ ਕੇ ਬਖਸ਼ਦਾ ਹੈ ਪਰ ਹਉਮੈ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਸਿਰ ਹੈ। ਅਸੀਂ ਆਪਣੇ ਉੱਦਮ ਤੇ ਪੂਰਾ ਉਤਰਨਾ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਆਪਣੀ ਸੁਰਤ ਦੇ ਵਿਚਾਰਾਂ ਦੇ ਨਾਲ ਰਲਾਉਣ ਦਾ ਉੱਦਮ ਕਰਨਾ ਹੈ। ਸਾਡੇ ਜੀਵਨ ਦਾ ਮਨੋਰਥ ਸ਼ਬਦ ਸੁਰਤ ਦਾ ਮੇਲ ਹੈ, ਪਰਮਾਤਮਾ ਦੇ ਨਾਲ ਇਕ ਮਿਕ ਹੋਣ ਦਾ ਹੈ ਜੋ ਕਿ ਅਸੀਂ ਆਪਣੇ ਮਨ ਦੇ ਵਿਚ ਹੀ ਹੋਣਾ ਹੈ, ਮਨ ਦੇ ਵਿਚਾਰਾਂ ਰਾਹੀਂ ਹੋਣਾ ਹੈ। ਸ਼ਬਦ ਦੇ ਵਿਚਾਰਾਂ ਦੇ ਨਾਲ ਸਾਡੀ ਸੁਰਤ ਦੇ ਵਿਚਾਰਾਂ ਦਾ ਇਕ ਹੋਣਾ ਪਰਮਾਤਮਾ ਦੇ ਨਾਲ ਇਕ ਮਿਕ ਹੋਣਾ ਹੈ, ਇੱਕ ਮਨ ਇੱਕ ਚਿਤ ਹੋਣਾ ਹੈ ਜੋ ਕਿ ਸਾਡੀ ਸੁਰਤ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਨਾਲ ਮੇਲ ਹੈ। ਜਿਸ ਨੂੰ ਪਰਮਾਤਮਾ ਭਰਮ ਤੋਂ ਮੁਕਤ ਕਰਦਾ ਹੈ ਉਸ ਨੂੰ ਮਨ ਦੀ ਇਸ ਅਵਸਥਾ ਦੁਆਰਾ ਹੀ ਕਰਦਾ ਹੈ, ਮਨ ਦੇ ਵਿਚ ਆਪਣੇ ਸ਼ਬਦਾਂ ਦੀ ਵਿਚਾਰ ਸਮਝਾ ਕੇ ਉਸ ਤੇ ਆਪ ਹੀ ਦ੍ਰਿੜ ਕਰਦਾ ਹੈ। ਇਹੀ ਸਾਡੇ ਅੰਦਰ ਨਾਮ ਦਾ ਦ੍ਰਿੜ ਹੋਣਾ ਹੈ, ਗੁਰੂ ਦੇ ਸੱਚੇ ਗਿਆਨ ਦਾ ਦ੍ਰਿੜ ਹੋਣਾ ਹੈ ਜੋ ਸਾਨੂੰ ਮਨ ਦੇ ਹਰ ਭਰਮ ਤੋਂ ਮੁਕਤ ਕਰ ਦਿੰਦਾ ਹੈ ਜਿਸ ਦੁਆਰਾ ਪਰਮਾਤਮਾ ਦੀ ਭਗਤੀ ਨੂੰ ਸਮਝਣ ਵਿਚ ਕੋਈ ਭਰਮ ਨਹੀਂ ਰਹਿੰਦਾ ਤੇ ਮਨੁੱਖ ਪੂਰੀ ਤਰਾਂ ਭਰਮ ਤੋਂ ਰਹਿਤ ਹੋ ਕੇ ਵਿਚਾਰਦਾ ਹੈ। ਪਰਮਾਤਮਾ ਦਾ ਨਾਮ ਮਨ ਦੇ ਭਰਮ ਤੋਂ ਰਹਿਤ ਹੋ ਕੇ ਹੀ ਜਪਿਆ ਜਾ ਸਕਦਾ ਹੈ ਜਿਉਂ ਜਿਉਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਜਪਣ ਦਾ ਉੱਦਮ ਕਰਦੇ ਹਾਂ ਭਾਵ ਆਪਣੇ ਅੰਦਰ ਉਨ੍ਹਾਂ ਨੂੰ ਮੰਨ ਕੇ ਵਸਾਉਣ ਦਾ ਉੱਦਮ ਕਰਦੇ ਹਾਂ ਤਿਉਂ ਤਿਉਂ ਅਸੀਂ ਹਉਮੈ ਤੋਂ, ਭਰਮ ਤੋਂ ਮੁਕਤ ਹੋਣ ਦਾ ਉੱਦਮ ਕਰਦੇ ਹਾਂ ਜੋ ਕਿ ਸਾਡਾ ਸੱਚਾ ਉੱਦਮ ਹੈ। ਅਸੀਂ ਆਪਣੇ ਇਹੋ ਜਿਹੇ ਉੱਦਮ ਦੁਆਰਾ ਹੀ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣ ਸਕਦੇ ਹਾਂ ਤਾਂ ਜੋ ਉਸ ਦੀ ਸਾਡੇ ਤੇ ਕਿਰਪਾ ਹੋ ਸਕੇ ਤੇ ਉਹ ਸਾਡੇ ਅੰਦਰ ਪ੍ਰਗਟ ਹੋ ਕੇ ਸਾਨੂੰ ਭਰਮ ਤੋਂ ਮੁਕਤ ਕਰ ਦੇਵੇ ਤੇ ਆਪਣੇ ਸੱਚੇ ਗਿਆਨ ਨਾਲ, ਬ੍ਰਹਮ ਗਿਆਨ ਨਾਲ, ਨਾਮ ਨਾਲ ਜੋੜ ਲਵੇ ਭਾਵ ਆਪਣੇ ਆਪ ਨਾਲ ਜੋੜ ਲਵੇ।

35/4115

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥}

(ਅੰਗ ੧੧੭)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ ੫੯੩)

{ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥

ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ॥੧॥}

(ਅੰਗ ੪੫)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ ੩੩੬)

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥1॥}

(ਅੰਗ ੨੭)

{ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥}

(ਅੰਗ ੫੧)

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

{ਸੋਹਨਿ ਭਗਤ ਪ੍ਰਭੂ ਦਰਬਾਰੇ ॥ ਮੁਕਤੁ ਭਏ ਹਰਿ ਦਾਸ ਤੁਮਾਰੇ॥
ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥੨॥}

(ਅੰਗ ੧੦੩੪)

{ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥6॥}

(ਅੰਗ ੧੦੦੯)

{ਕਾਟੇ ਬੰਧਨ ਠਾਕੁਰਿ ਜਾ ਕੇ ॥ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥
ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥੨॥੧੮॥}

(ਅੰਗ ੧੦੦੪)

{ਜੀਅ ਕੀ ਕੈ ਪਹਿ ਬਾਤ ਕਹਾ ॥
ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ ॥੧॥ ਰਹਾਉ ॥}

(ਅੰਗ ੧੦੦੩)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਣੀ ਹਉਮੈ ਛਡੈ ਨ ਕੋਇ ॥

ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ ੯੪੮)

{ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥
ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥4॥
ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥5॥2॥}

(ਅੰਗ - ੧੦੦੧)

{ਬੰਧਚਿ ਬੰਧਨੁ ਪਾਇਆ ॥ ਮੁਕਤੈ ਗੁਰਿ ਅਨਲੁ ਬੁਝਾਇਆ ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥ ਤਬ ਅੰਤਰਿ ਮਜਨੁ ਕੀਨ੍ਹਾ ॥1॥}

(ਅੰਗ ੯੭੧)

{ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥
ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥
ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥25॥}

(ਅੰਗ ੯੪੦-੯੪੧)

{ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥
ਮਨਮੁਖਿ ਬਿਨਸੈ ਆਵੈ ਜਾਇ ॥ ਨਾਨਕ ਗੁਰਮੁਖਿ ਸਾਚਿ ਸਮਾਇ ॥13॥॥}

(ਅੰਗ ੯੩੯)

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥26॥}

(ਅੰਗ ੯੨੦)

{ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥
ਸਦਾ ਮੁਕਤੁ ਤਾ ਕੇ ਪੂਰੇ ਕਾਮ ॥ ਜਾ ਕੈ ਰਿਦੈ ਵਸੈ ਹਰਿ ਨਾਮ ॥2॥}

(ਅੰਗ ੯੯੦-੯੯੧)

{ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ ॥3॥
ਸਤਿਗੁਰਿ ਮਿਲਿਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ ॥

ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ ਜਨ ਨਾਨਕ ਸਦ ਕੁਰਬਾਨੀ ॥4॥2॥}

(ਅੰਗ ੮੮੩)

{ਦੁਖ ਹਰਤਾ ਹਰਿ ਨਾਮੁ ਪਛਾਨੋ ॥
ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ॥੧॥ ਰਹਾਉ ॥}

(ਅੰਗ ੮੩੦)

{ਆਪ ਹੀ ਮੰਦਰੁ ਆਪਹਿ ਸੇਵਾ ॥ ਆਪ ਹੀ ਪੂਜਾਰੀ ਆਪ ਹੀ ਦੇਵਾ ॥3॥
ਆਪਹਿ ਜੋਗ ਆਪ ਹੀ ਜੁਗਤਾ ॥ ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥4॥1॥6॥}

(ਅੰਗ ੮੦੩)

{ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥
ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥
ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥2॥
ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥
ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥
ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥3॥}

(ਅੰਗ ੭੯੬)

{ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥
ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥
ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥4॥6॥7॥5॥7॥12॥}

(ਅੰਗ ੭੭੨)

{ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥
ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥
ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ ॥
ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮ੍ਹਾਲੇ ॥}

(ਅੰਗ ੭੭੧)

35/4116

{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥
ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥1॥
ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥1॥ ਰਹਾਉ ॥}

(ਅੰਗ ੭੩੫)

{ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥
ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥੩॥}

(ਅੰਗ ੬੯੦)

{ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥2॥5॥36॥}

(ਅੰਗ ੬੮੦)

{ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥ ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥
ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥3॥}

(ਅੰਗ ੬੬੪)

{ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥}

(ਅੰਗ ੫੯੭)

{ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥
ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥੨॥}

(ਅੰਗ ੫੭੮)

{ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥
ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ ॥੨॥}

(ਅੰਗ ੫੪੨)

{ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥}

(ਅੰਗ ੫੨੬)

{ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥ ਤਿਸ ਕੀ ਗਣੀ ਬਲਾਇ ਮਿਟੇ ਅੰਦੇਸਿਆ ॥
ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥ ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥
ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥ ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥
ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥
ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥5॥}

(ਅੰਗ ੫੧੯)

{ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ ॥
ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ ॥
ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ ॥

ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ ॥2॥}

(ਅੰਗ ੫੦੯-੫੧੦)

35/4117

{ਸੋਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥}

(ਅੰਗ ੪੯੦)

{ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥ ਜਗਜੀਵਨੁ ਦਾਤਾ ਪਾਇਆ ॥6॥}

(ਅੰਗ ੪੬੬)

{ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ ॥
ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਾ ਸਾਚੋ ਭਾਈ ॥੧॥}

(ਅੰਗ ੪੨੬)

{ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥6॥}

(ਅੰਗ ੪੧੩)

{ਸਬਦਿ ਮਰੈ ਤਾਂ ਏਕ ਲਿਵ ਲਾਏ ॥ ਅਚਰੁ ਚਰੈ ਤਾਂ ਭਰਮੁ ਚੁਕਾਏ ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥ ਗੁਰਮੁਖਿ ਹੋਇ ਤ ਸਚਿ ਸਮਾਏ ॥3॥}

(ਅੰਗ ੪੧੨)

{ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥
ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥4॥}

(ਅੰਗ ੪੧੨)

{ਸਤਿਗੁਰ ਪੂਰੈ ਸਾਚੁ ਕਹਿਆ ॥
ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥੧॥ ਰਹਾਉ ॥}

(ਅੰਗ ੩੯੩)

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥ਮੁਕਤੇ ਸੰਤ ਬੁਝਹਿ ਹਰਿ ਨੇਰਾ ॥੩॥}

(ਅੰਗ ੩੮੮)

{ਤਨੁ ਧਨੁ ਥਾਪਿ ਕੀਓ ਸਭੁ ਅਪਨਾ ਕੋਮਲ ਬੰਧਨ ਬਾਂਧਿਆ ॥
ਗੁਰ ਪਰਸਾਦਿ ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ ॥੩॥}

(ਅੰਗ ੩੮੩)

{ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥

ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥੨॥}

(ਅੰਗ ੩੯੩)

{ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥8॥23॥}

(ਅੰਗ ੨੯੪-੨੯੫)

{ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥3॥}

(ਅੰਗ ੨੭੩)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥3॥}

(ਅੰਗ ੨੩੨)

35/4118

{ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥
ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ ਪ੍ਰਭ ਰੂਪ ਨ ਰੇਖੰ ॥1॥}

(ਅੰਗ ੨੨੩)

{ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ॥
ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ ॥੨॥}

(ਅੰਗ ੨੧੪)

{ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ ॥
ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥੪॥੧੪॥੧੫੨॥}

(ਅੰਗ ੨੧੩)

{ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥2॥
ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥3॥
ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥4॥43॥112॥}

(ਅੰਗ ੧੮੮)

{ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥2॥
ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥3॥
ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥4॥29॥98॥}

(ਅੰਗ ੧੮੫)

{ਹਰਖ ਸੋਗ ਦੁਹਹੂੰ ਤੇ ਮੁਕਤੇ ॥ ਸਦਾ ਅਲਿਪਤੁ ਜੋਗ ਅਰੁ ਜੁਗਤੇ ॥}

(ਅੰਗ ੧੮੧)

{ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥2॥}

(ਅੰਗ ੧੫੨)

{ਆਪੇ ਕਰਤਾ ਆਪੇ ਭੁਗਤਾ ॥ ਬੰਧਨ ਤੋੜੇ ਸਦਾ ਹੈ ਮੁਕਤਾ ॥
ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥4॥}

(ਅੰਗ ੧੨੫)

{ਮਰਿ ਮਰਿ ਜੀਵੈ ਤਾ ਕਿਛੁ ਪਾਏ ॥ ਗੁਰ ਪਰਸਾਦੀ ਹਰਿ ਮੰਨਿ ਵਸਾਏ ॥
ਸਦਾ ਮੁਕਤੁ ਹਰਿ ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ ॥3॥}

(ਅੰਗ ੧੨੩)

{ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥
ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥5॥
ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥
ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥6॥}

(ਅੰਗ ੧੧੬)

{ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥3॥}

(ਅੰਗ ੧੧੦)

{ਮਨਮੁਖੁ ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥
ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥4॥}

(ਅੰਗ ੧੦੯)

{ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥
ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥੩॥}

(ਅੰਗ - ੧੦੧)

35/4120

{ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥ ਤਿਸੁ ਲਗਿ ਮੁਕਤੁ ਭਏ ਘਣੇਰੇ ॥
ਨਾਮੁ ਨਿਧਾਨਾ ਗੁਰਮੁਖਿ ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ ॥4॥15॥22॥}

(ਅੰਗ ੧੦੧)

{ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ ॥
ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ ॥
ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥
ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥2॥}

(ਅੰਗ ੮੬)

{ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥
ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥3॥
ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥
ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥4॥27॥97॥}

(ਅੰਗ ੫੧-੫੨)

{ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥
ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥2॥}

(ਅੰਗ ੪੩)

ਸੰਸਾਰ ਦੇ ਵਿੱਚ ਕੋਈ ਵੀ ਮਨੁੱਖ ਚੰਗਾ ਜਾਂ ਮਾੜਾ ਮਨ ਦੇ ਵਿਚਾਰਾਂ ਕਰਕੇ ਹੀ ਹੈ ਭਾਵ ਸਾਡੀ ਸਾਰੀ ਸੰਸਾਰਿਕ ਵਿਚਰਨ ਮਨ ਦੇ ਵਿਚਾਰਾਂ ਨਾਲ ਹੀ ਜੁੜੀ ਹੋਈ ਹੈ। ਸਾਡੀ ਜਿਸ ਵਿਚਾਰ ਵਿੱਚ ਭਰਮ ਹੈ ਉਥੇ ਅਸੀਂ ਗਲਤ ਹੁੰਦੇ ਹਾ ਤੇ ਜੋ ਵਿਚਾਰ ਸਾਡੀ ਭਰਮ ਤੋਂ ਰਹਿਤ ਹੈ ਉਸ ਦੁਆਰਾ ਅਸੀਂ ਠੀਕ ਹੁੰਦੇ ਹਾਂ। ਗਲਤ ਕੀ ਹੈ ਤੇ ਠੀਕ ਕੀ ਹੈ ਇਸ ਦਾ ਫੈਸਲਾ ਸਾਡੇ ਮਨ ਦੇ ਵਿਚਾਰ ਹੀ ਕਰਦੇ ਹਨ। ਇਹ ਫੈਸਲਾ ਕਰਨਾ ਹੀ ਸਾਡੇ ਜੀਵਨ ਦਾ ਅਸਲ ਮਨੋਰਥ ਹੈ। ਜੇਕਰ ਸਾਡਾ ਫੈਸਲਾ ਝੂਠਾ ਹੈ ਤਾਂ ਫਿਰ ਅਸੀਂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕਦੇ ਸੱਚੇ ਨਹੀਂ ਹੋ ਸਕਦੇ। ਸਾਡੇ ਧਰਮ ਦਾ ਮਾਰਗ ਸਾਡੇ ਮਨ ਦੇ ਵਿਚਾਰਾਂ ਦੇ ਫੈਸਲੇ ਨਾਲ ਜੁੜਿਆ ਹੋਇਆ ਹੈ। ਸਾਡਾ ਮਾੜਾ ਫੈਸਲਾ ਸਾਨੂੰ ਧਰਮ ਦੇ ਸੱਚੇ ਮਾਰਗ ਤੋਂ ਦੂਰ ਰੱਖਦਾ ਹੈ। ਧਰਮ ਦਾ ਸੱਚਾ ਫੈਸਲਾ ਕੇਵਲ ਗੁਰੂ ਹੀ ਕਰ ਸਕਦਾ ਹੈ ਜਿਸ ਨੂੰ ਫੈਸਲਾ ਕਰਨਾ ਪ੍ਰਮਾਤਮਾ ਨੇ ਆਪ ਸਿਖਾਇਆ ਹੋਇਆ ਹੈ। ਜਿਸ ਤੋਂ ਉਪਰ ਹੋਰ ਕੋਈ ਫੈਂਸਲਾ ਨਹੀਂ ਹੋ ਸਕਦਾ। ਅਸੀਂ ਆਪਣੇ ਸੁਰਤ ਦੇ ਵਿਚਾਰਾਂ ਦੇ ਨਾਲ ਜੋ ਵੀ ਧਾਰਮਿਕ ਫੈਸਲਾ ਕਰਦੇ ਹਾਂ ਉਸ ਤੇ ਹੀ ਵਿਸ਼ਵਾਸ ਰੱਖਦੇ ਹਾਂ ਕਿ ਸਾਡਾ ਫੈਂਸਲਾ ਠੀਕ ਹੈ। ਜੇਕਰ ਅਸੀਂ ਆਪਣੇ ਕੀਤੇ ਹੋਏ ਫੈਂਸਲੇ ਹੀ ਮੰਨਣੇ ਹਨ, ਮਨੁੱਖੀ ਫੈਸਲੇ ਹੀ ਮੰਨਣੇ ਹਨ, ਤ੍ਰੈ ਗੁਣਾਂ ਵਾਲੀ ਅਵਸਥਾ ਦੇ ਫੈਸਲੇ ਹੀ ਮੰਨਣੇ ਹਨ, ਫਿਰ ਗੁਰੂ ਦੀ ਲੋੜ ਹੀ ਨਹੀਂ ਰਹਿ ਜਾਂਦੀ ਭਾਵ ਗੁਰੂ ਦਾ ਫੈਸਲਾ ਮਨੰਣ ਦੀ ਲੋੜ ਹੀ ਨਹੀਂ ਰਹਿ ਜਾਂਦੀ। ਗੁਰੂ ਦਾ ਮਕਸਦ ਹੀ ਸੱਚੇ ਫੈਸਲੇ ਕਰਨ ਦਾ ਹੈ ਤਾਂ ਜੋ ਅਸੀਂ ਕਿਸੇ ਝੂਠੇ ਫੈਸਲੇ ਨਾਲ ਨਾ ਜੁੜ ਜਾਈਏ। ਕੇਵਲ ਗੁਰੂ ਨੂੰ ਮਥੇ ਟੇਕੀ ਜਾਣ ਨਾਲ ਜਾਂ ਗੁਰੂ ਦੀ ਗੱਲ ਨੂੰ ਪੜੀ ਸੁਣੀ ਜਾਣ ਨਾਲ ਗੁਰੂ ਦਾ ਮਕਸਦ ਪੂਰਾ ਨਹੀਂ ਹੁੰਦਾ ਤੇ ਨਾ ਹੀ ਸਾਡੇ ਜੀਵਨ ਦਾ ਮਕਸਦ ਪੂਰਾ ਹੋ ਸਕਦਾ ਹੈ। ਗੁਰੂ ਦਾ ਮਕਸਦ

ਸਾਡੇ ਜੀਵਨ ਨੂੰ ਸਵਾਰਨ ਦਾ ਹੈ, ਸਫਲ ਕਰਨ ਦਾ ਹੈ। ਗੁਰੂ ਆਪ ਸਫਲ ਹੈ ਜੋ ਕਿ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਸਫਲ ਹੈ। ਗੁਰੂ ਕੋਲ ਸਭ ਤੋਂ ਉੱਚੇ ਗਿਆਨ ਦਾ ਫਲ ਹੈ ਜੋ ਕਿ ਉਸਦੇ ਕੋਲ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਗੁਰੂ ਨੂੰ ਉੱਚਾ ਕਰਨ ਵਾਲੀ ਸ਼ਬਦਾਂ ਦੀ ਵਿਚਾਰ ਹੈ ਜਿਸ ਤੋਂ ਉਪਰ ਵਿਚਾਰ ਹੋਰ ਕੋਈ ਨਹੀਂ ਹੋ ਸਕਦੀ ਜੋ ਸਾਨੂੰ ਧਰਮ ਦਾ ਮਾਰਗ ਸਮਝਾ ਸਕੇ ਭਾਵ ਸੱਚ ਸਮਝਾ ਸਕੇ ਭਾਵ ਸਾਨੂੰ ਭਰਮ ਵਿਚੋਂ ਕੱਢ ਸਕੇ। ਆਮ ਮਨੁੱਖ ਦੇ ਵਿੱਚ ਤੇ ਗੁਰੂ ਦੇ ਵਿੱਚ ਵਿਚਾਰਾਂ ਦਾ ਹੀ ਭੇਦ ਹੈ ਭਾਵ ਮਨ ਦੇ ਗਿਆਨ ਦਾ ਹੀ ਭੇਦ ਹੈ। ਗੁਰੂ ਦਾ ਆਪਣਾ ਜੀਵਨ ਉੱਚਾ ਹੈ ਜੋ ਕਿ ਉਸ ਦੀ ਸੋਝੀ ਕਰਕੇ ਉੱਚਾ ਹੈ ਜਿਸ ਦੁਆਰਾ ਉਸ ਨੂੰ ਹਰ ਗੱਲ ਦੀ ਸਮਝ ਹੈ ਕਿ ਮਨੁੱਖ ਲਈ ਕੀ ਮਾੜਾ ਹੈ ਤੇ ਕੀ ਚੰਗਾ ਹੈ। ਅਸੀਂ ਮਾੜੇ ਵੀ ਮਨ ਦੇ ਵਿਚਾਰਾਂ ਕਰਕੇ ਹੀ ਹਾਂ ਤੇ ਚੰਗੇ ਵੀ ਮਨ ਦੇ ਵਿਚਾਰਾਂ ਦੇ ਨਾਲ ਹੀ ਬਣ ਸਕਦੇ ਹਾਂ ਜਿਸ ਨੂੰ ਕਿ ਹਰ ਕੋਈ ਸਮਝ

ਸਕਦਾ ਹੈ।

ਸ਼ਬਦਾਂ ਦੀ ਵਿਚਾਰ ਤੋਂ ਚੰਗੀ ਹੋਰ ਕੋਈ ਵਿਚਾਰ ਨਹੀਂ ਹੈ ਜੋ ਸਾਨੂੰ ਸਭ ਤੋਂ ਚੰਗਾ ਬਣਾ ਸਕੇ। ਸਾਡੀ ਜੋ ਵੀ ਵਿਚਾਰ ਸ਼ਬਦ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੀ ਉਹ ਸਾਡੀ ਮਾੜੀ ਵਿਚਾਰ ਹੈ ਭਾਵ ਉਸ ਵਿਚਾਰ ਵਿੱਚ ਸੱਚ ਨਹੀਂ ਹੈ ਭਾਵ ਉਸ ਵਿਚ ਭਰਮ ਹੈ। ਅਸੀਂ ਜਿਤਨੇ ਵੀ ਭਗਤੀ ਵਾਲੇ ਤਰੀਕੇ ਅਪਨਾਏ ਹੋਏ ਹਨ, ਅਨੇਕਾਂ ਦੀ ਮਤਿ ਦੇ ਪਿੱਛੇ ਲੱਗ ਕੇ ਬਣਾਏ ਹੋਏ ਹਨ, ਸਦੀਆਂ ਤੋਂ ਬਣਾਏ ਹੋਏ ਹਨ ਉਨ੍ਹਾਂ ਸਭ ਦਾ ਸ਼ਬਦਾਂ ਦੀ ਵਿਚਾਰ ਰਾਹੀਂ ਖੰਡਣ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਨ੍ਹਾਂ ਤਰੀਕਿਆਂ ਨੂੰ ਸਾਡੀ ਭਗਤੀ ਦੇ ਦਿਖਾਵੇ ਦਸਿਆ ਹੈ ਪਰ ਉਨ੍ਹਾਂ ਵਿੱਚ ਭਗਤੀ ਦਾ ਸੱਚ ਨਹੀਂ ਹੈ, ਸਤਿ ਨਹੀਂ ਹੈ, ਸਾਰ ਤੱਤ ਨਹੀਂ ਹੈ ਭਾਵ ਭਰਮ ਹੈ। ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਭਰਮ ਵਿਚੋਂ ਨਿਕਲਣਾ ਹੈ।

ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਆਪ ਪਰਮਾਤਮਾ ਹੈ ਜੋ ਕਿ ਸੱਚ ਰੂਪ ਹੈ। ਸਚੁ ਰੂਪ ਭਰਮ ਤੋਂ ਰਹਿਤ ਰੂਪ ਹੈ, ਹਉਮੈ ਤੋਂ ਰਹਿਤ ਰੂਪ ਹੈ ਭਾਵ ਨਾਮ ਰੂਪ ਹੈ। ਜਿਉਂ ਜਿਉਂ ਅਸੀਂ ਸ਼ਬਦ ਦੀਆਂ ਵਿਚਾਰਾਂ ਨੂੰ ਮੰਨੀ ਜਾਵਾਂਗੇ ਤਿਉਂ ਤਿਉਂ ਅਸੀਂ ਭਰਮ ਤੋਂ ਰਹਿਤ ਹੋਈ ਜਾਵਾਂਗੇ ਭਾਵ ਪ੍ਰਮਾਤਮਾ ਦੇ ਸਚੁ ਰੂਪ ਨਾਲ, ਨਾਮ ਰੂਪ ਨਾਲ ਜੁੜਦੇ ਜਾਵਾਂਗੇ। ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨਾ, ਸੱਚ ਸਮਝੇ ਬਿਨਾ ਕੋਈ ਧਰਮ ਦੇ ਮਾਰਗ ਤੇ ਚਲ ਸਕੇ ਇਹ ਨਾਮੁਮਕਿਨ ਹੈ ਭਾਵ ਮਨ ਦਾ ਭਰਮ ਛੱਡੇ ਬਿਨਾ ਕੋਈ ਪਰਮਾਤਮਾ ਦੇ ਨਾਲ ਮੇਲ ਦਾ ਉਦਮ ਕਰ ਸਕੇ ਇਹ ਨਾਮੁਮਕਿਨ ਹੈ। ਮਨਮਤਿ ਦੇ ਪਿੱਛੇ ਲਗ ਕੇ ਨਾ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ। ਹਉਮੈ ਛਡੇ ਬਿਨਾਂ ਅਸੀਂ ਨਾਮ ਦੇ ਨਾਲ ਭਾਵ ਸ਼ਬਦ ਦੀ ਵਿਚਾਰ ਦੇ ਨਾਲ ਨਹੀਂ ਜੁੜ ਸਕਦੇ। ਸਾਡੀ ਸੁਰਤਿ ਦੇ ਵਿਚਾਰ ਹਉਮੈ ਹਨ ਤੇ ਸ਼ਬਦ ਦੇ ਵਿਚਾਰ ਨਾਮ ਹਨ।

35/4122

ਸਾਡੀ ਸੁਰਤਿ ਦੇ ਵਿਚਾਰ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ ਤੇ ਸ਼ਬਦ ਦੇ ਵਿਚਾਰ ਸਾਨੂੰ ਭਰਮਾਂ ਵਿਚੋਂ ਕੱਢਦੇ ਹਨ। ਇਹ ਫੈਸਲਾ ਅਸੀਂ ਹੀ ਕਰਨਾ ਹੈ ਕਿ ਅਸੀਂ ਕਿਹੜੇ ਵਿਚਾਰਾਂ ਨਾਲ ਜੁੜਨਾ ਹੈ ਭਾਵ ਭਰਮਾਂ ਵਿੱਚ ਹੀ ਫਸੇ ਰਹਿਣਾ ਹੈ ਜਾਂ ਇਹਨਾਂ ਵਿੱਚੋਂ ਨਿਕਲਣ ਦਾ ਉਦਮ ਕਰਨਾ ਹੈ ਭਾਵ ਸੰਸਾਰ ਦੇ ਆਵਾ-ਗਉਣ ਵਿੱਚ ਹੀ ਫਸੇ ਰਹਿਣਾ ਹੈ ਜਾਂ ਇਸ ਵਿਚੋਂ ਨਿਕਲਣ ਦਾ ਉਦਮ ਕਰਨਾ ਹੈ। ਉਪਰ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਹੀ ਸਮਝਿਆ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਮੰਨ ਸਕੀਏ ਕਿ ਅਸੀਂ ਭਰਮ ਵਿਚ ਹਾਂ ਜਿਸ ਗੱਲ ਨੂੰ ਮੰਨਣਾ ਸਭ ਤੋਂ ਔਖਾ ਕੰਮ ਹੈ ਕਿਉਂਕਿ ਜਿਹੋ ਜਿਹੇ ਧਰਮ ਦੇ ਮਾਰਗ ਤੇ ਕੋਈ ਲਗਿਆ ਹੁੰਦਾ ਹੈ ਉਹ ਉਸ ਨੂੰ ਸੱਚ ਸਮਝ ਕੇ ਲਗਿਆ ਹੁੰਦਾ ਹੈ।

ਧਰਮ ਦੇ ਝੂਠੇ ਮਾਰਗ ਨੂੰ ਸੱਚਾ ਸਮਝਣਾ ਸੰਸਾਰ ਦਾ ਸਭ ਤੋਂ ਵੱਡਾ ਭਰਮ ਹੈ ਤੇ ਇਸ ਵਿਚੋਂ ਨਿਕਲਣਾ ਹੀ ਸੱਚ ਦੇ ਨਾਲ ਜੁੜਨਾ ਹੈ ਭਾਵ ਨਾਮ ਦੇ ਨਾਲ ਜੁੜਨਾ ਹੈ ਜਿਸ ਨਾਲ ਜੁੜੇ ਬਿਨਾ ਉਸ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ। ਝੂਠੇ ਮਾਰਗ ਨੂੰ ਸੱਚਾ ਸਮਝਣਾ ਤੇ ਸੱਚੇ ਮਾਰਗ ਨੂੰ ਝੂਠਾ ਸਮਝਣਾ ਇਹ ਸਾਡੇ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ। ਇਸ ਗੱਲ ਨੂੰ ਧੰਨ ਧੰਨ ਪੰਜਵੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਹੋਏ ਅਕਾਲਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਦੁਪਦੇ

ੴ ਸਤਿਗੁਰ ਪ੍ਰਸਾਦਿ ॥

ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥੧॥

ਕਹਹੁ ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ ਤਿਸ ਸਿਉ ਨੇਹ ॥੧॥ ਰਹਾਉ ॥

ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥

ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥੩॥

ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥੨੯॥੯੮॥”

(ਅੰਗ ੧੮੫)

ਉਪਰਲੇ ਸ਼ਬਦ ਰਾਹੀਂ ਸਾਡੀ ਭਰਮ ਵਾਲੀ ਅਵਸਥਾ ਹੀ ਸਮਝਾਈ ਹੋਈ ਹੈ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹੀ ਹੀ ਹੈ। ਅਸੀਂ ਇਸ ਭਰਮ ਤੋਂ ਹੀ ਮੁਕਤਿ ਹੋਣਾ ਹੈ ਤੇ ਭਰਮ ਤੋਂ ਮੁਕਤਿ ਉਹੀ ਹੁੰਦਾ ਹੈ ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲ ਲੈਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਵੀ ਮਨ ਦੇ ਵਿਚ ਹੁੰਦਾ ਹੈ ਤੇ ਮਨੁੱਖ ਮੁਕਤਿ ਵੀ ਮਨ ਦੇ ਵਿੱਚ ਹੁੰਦਾ ਹੈ ਭਾਵ ਭਰਮ ਵਾਲੇ ਵਿਚਾਰ ਤੋਂ ਮੁਕਤਿ ਹੁੰਦਾ ਹੈ।

ਜਿਵੇਂ ਕਿ ਬਾਣੀ ਰਾਹੀਂ ਬਾਰ-ਬਾਰ ਸਾਨੂੰ ਸਮਝਾਇਆ ਗਿਆ ਹੈ ਹਰ ਕਿਸੇ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਦਾ ਮੂਲ ਸਾਡੇ ਮਨ ਦਾ ਭਰਮ ਹੈ। ਮਨ ਦੇ ਭਰਮ ਵਿੱਚ ਰਹਿੰਦੇ ਹੋਏ ਅਸੀਂ ਮਾਇਆ ਦੇ ਨਾਲ ਪਿਆਰ ਜੋੜੀ ਰਖਦੇ ਹਾਂ। ਜੋ ਕੁਝ ਵੀ ਅਸੀਂ ਅੱਖਾਂ

ਨਾਲ ਦੇਖ ਸਕਦੇ ਹਾਂ ਉਹ ਸਭ ਮਾਇਆ ਹੀ ਹੈ। ਕਿਸੇ ਮਨੁੱਖੀ ਦੇਹ ਨਾਲ ਪ੍ਰੇਮ ਮਾਇਆ ਹੀ ਹੈ। ਮਨ ਦੇ ਭਰਮ ਵਿੱਚ ਰਹਿੰਦੇ ਹੋਏ ਅਸੀਂ ਜਿਹੋ ਜਿਹੇ ਮਾਰਗ ਤੇ ਵੀ ਚਲਦੇ ਹਾਂ ਓਹ ਮਾਇਆ ਮੋਹ ਹੈ ਭਾਵੇਂ ਉਸ ਵਿਚ ਧਰਮ ਦਾ ਮਾਰਗ ਸਮਝਦੇ ਹਾਂ। ਸਾਡੀ ਜਿਹੜੀ ਗੱਲ ਵਿਚ ਭਰਮ ਹੈ ਉਥੇ ਮਾਇਆ ਮੋਹ ਹੈ। ਸਾਡੇ ਅੰਦਰ ਦੀ "ਮੈਂ" ਮਾਇਆ ਮੋਹ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

ਬਾਣੀ ਸਾਨੂੰ ਬਾਰ ਬਾਰ ਹਉਮੈ ਤਜਣ ਲਈ ਸਮਝਾਉਂਦੀ ਹੈ ਭਾਵ ਆਪਣੀ ਮਤਿ ਤਜਣ ਲਈ ਸਮਝਾਉਂਦੀ ਹੈ। ਅਉਗਣ ਛਡਣ ਲਈ ਸਮਝਾਉਂਦੀ ਹੈ ਪਰ ਅਸੀਂ ਇਨ੍ਹਾਂ ਨੂੰ ਤਜਣਾ ਨਹੀਂ ਚਾਹੁੰਦੇ। ਇਹਨਾਂ ਨੂੰ ਤਜਣ ਲਈ ਸਾਨੂੰ ਆਪਣੇ ਮਨ ਦੇ ਵਿਚਾਰ ਹੀ ਤਜਣੇ ਪੈਂਦੇ ਹਨ ਪਰ ਅਸੀਂ ਉਨ੍ਹਾਂ ਦੇ ਨਾਲ ਰਚਨਾ ਹੀ ਚੰਗਾ ਸਮਝਦੇ ਹਾਂ। ਇਹ ਮਨ ਦੇ ਵਿਚਾਰਾਂ ਨੂੰ ਅਸੀਂ ਆਪਣੇ ਵਿਚਾਰ ਸਮਝਦੇ ਹਾਂ ਇਸੇ ਲਈ ਇਹ ਵਿਚਾਰ ਸਾਨੂੰ ਚੰਗੇ ਲਗਦੇ ਹਨ। ਸਾਡੇ ਅੰਦਰ ਦੇ ਇਹ ਵਿਚਾਰ ਸਾਡੇ ਆਪਣੇ ਨਹੀਂ ਹਨ ਬਲਕਿ ਸਾਡੇ ਅੰਦਰ ਦਾ ਮਾਇਆ ਮੋਹ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਨ੍ਹਾਂ ਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਤੋਂ ਦੂਰ ਰੱਖਣ ਦਾ ਹੈ। ਆਪਣੇ ਮਨ ਦੇ ਵਿਚਾਰਾਂ ਨੂੰ ਛੱਡੇ ਬਿਨਾਂ ਅਸੀਂ ਪ੍ਰਮਾਤਮਾ ਦੇ ਨਾਲ ਨਹੀਂ ਮਿਲ ਸਕਦੇ ਭਾਵ ਜੋ ਸਾਡੇ ਵਿਚਾਰ ਛਡਣ ਦੇ ਲਾਇਕ ਹਨ ਅਸੀਂ ਉਹਨਾਂ ਦੇ ਨਾਲ ਨੇਹ ਬਣਾਇਆ ਹੋਇਆ ਹੈ। ਆਪਣੇ ਵਿਚਾਰਾਂ ਦੇ ਨਾਲ ਨੇਹ ਛੱਡੇ ਬਿਨਾਂ ਅਸੀਂ ਪ੍ਰਮਾਤਮਾ ਦੇ ਨਾਲ ਨਹੀਂ ਮਿਲ ਸਕਦੇ।

ਅਸੀਂ ਜਿਹੋ ਜਿਹੇ ਧਰਮ ਦੇ ਮਾਰਗ ਨਾਲ ਜੁੜੇ ਹੋਏ ਹਾਂ ਸਾਨੂੰ ਉਹਨਾਂ ਵਿਚਾਰਾਂ ਦੇ ਨਾਲ ਨੇਹ ਹੈ ਭਾਵੇਂ ਉਹ ਸ਼ਬਦ ਦੇ ਵਿਚਾਰਾਂ ਤੇ ਪੂਰੇ ਨਹੀਂ ਉਤਰਦੇ। ਸੱਚਾ ਨੇਹ ਕੇਵਲ ਸ਼ਬਦ ਦੇ ਵਿਚਾਰਾਂ ਦਾ ਹੈ। ਸ਼ਬਦ ਦੇ ਵਿਚਾਰਾਂ ਨਾਲ ਸਾਡਾ ਨੇਹੁ, ਪਿਆਰ ਤਾਂ ਹੀ ਬਣੇਗਾ ਜਦੋਂ ਅਸੀਂ ਪਹਿਲਾਂ ਆਪਣੇ ਮਨ ਦੇ ਵਿਚਾਰ ਛਡਾਂਗੇ ਜੋ ਸਾਨੂੰ ਭਰਮ ਵਿਚ ਰੱਖਦੇ ਹਨ ਤਾਂ ਜੋ ਅਸੀਂ ਭਰਮ ਦੇ ਵਿੱਚੋਂ ਨਿਕਲਕੇ ਸੱਚੇ ਵਿਚਾਰਾਂ ਨਾਲ ਜੁੜ ਸਕੀਏ ਭਾਵ ਹਉਮੈ ਵਿਚੋਂ ਨਿਕਲਕੇ ਨਾਮ ਨਾਲ ਜੁੜ ਸਕੀਏ, ਪ੍ਰਮਾਤਮਾ ਦੇ ਨਾਲ ਮਿਲ ਸਕੀਏ। (**ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥1॥ ਕਹਹੁ ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ ਤਿਸ ਸਿਉ ਨੇਹ ॥1॥ ਰਹਾਉ ॥**)

ਸਾਡੇ ਮਨ ਦੇ ਭਰਮ ਵਾਲੇ ਵਿਚਾਰ, ਹਉਮੈ ਵਾਲੇ ਵਿਚਾਰ ਸਾਨੂੰ ਕਿਹੋ ਜਿਹੀ ਅਵਸਥਾ ਵਿਚ ਰਖਦੇ ਹਨ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥

ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥੩॥”

35/4124

ਜਿਵੇਂ ਕਿ ਬਾਰ ਬਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਮਨੁੱਖ ਦੇ ਕੋਲ ਕੇਵਲ ਸੋਚ ਹੀ ਹੈ ਜੋ ਕਿ ਸਾਡੇ ਮਨ ਦੇ ਵਿਚੋਂ ਉਪਜਣ ਵਾਲੇ ਵਿਚਾਰ ਹਨ। ਸੋਚ ਤੋਂ ਬਿਨਾ ਮਨੁੱਖ ਦੇ ਪਲੇ ਕੁਝ ਨਹੀਂ ਹੈ। ਮਨੁੱਖ ਦਾ ਜੀਵਨ ਮਨ ਦੀ ਸੋਚ ਨਾਲ ਹੀ ਜੁੜਿਆ ਹੋਇਆ ਹੈ। ਸਾਡੇ ਅੰਦਰ ਦੀ ਸੋਚ ਹੀ ਸਾਡੇ ਅੰਦਰ ਦੀ ਜੋਤਿ ਹੈ ਤੇ ਜਦ ਤਕ ਸਾਡੇ ਅੰਦਰ ਜੋਤਿ ਚਲਦੀ ਰਹਿੰਦੀ ਹੈ ਭਾਵ ਸੋਚ ਚਲਦੀ ਰਹਿੰਦੀ ਹੈ, ਮਨ ਦੇ ਵਿਚਾਰ ਚਲਦੇ ਰਹਿੰਦੇ ਹਨ ਤਦ ਤਕ ਹੀ ਮਨੁੱਖ ਦਾ ਜੀਵਨ ਹੈ ਭਾਵ ਸਾਡੇ ਮਿੱਟੀ ਰੂਪ ਸਰੀਰ ਦੀ ਕੀਮਤ ਕੇਵਲ ਸਾਡੇ ਅੰਦਰ ਦੀ ਜੋਤਿ ਹੈ, ਸਾਡੇ ਅੰਦਰ ਦੀ ਸੋਚ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦਾ ਹੈ ਉਸ ਵਿਚਾਰ ਦੇ ਕੇਵਲ ਦੋ ਰੂਪ ਹੀ ਹੁੰਦੇ ਹਨ। ਉਸ ਵਿਚਾਰ ਦੇ ਅੰਦਰ ਸੱਚ ਹੁੰਦਾ ਹੈ ਜਾਂ ਝੂਠ ਹੁੰਦਾ ਹੈ ਭਾਵ ਨਾਮ ਹੁੰਦਾ ਹੈ ਜਾਂ ਹਉਮੈ ਹੁੰਦੀ ਹੈ ਭਾਵ ਜਾਂ ਸੱਚ ਹੁੰਦਾ ਹੈ ਜਾਂ ਭਰਮ ਹੁੰਦਾ ਹੈ ਤੇ ਹੋਰ ਕੁਝ ਵੀ ਨਹੀਂ ਹੁੰਦਾ।

ਮਨ ਦੀਆਂ ਕੇਵਲ ਦੋ ਅਵਸਥਾਵਾਂ ਹੀ ਹੁੰਦੀਆਂ ਹਨ। ਜਦ ਤਕ ਸਾਡੇ ਅੰਦਰ ਇਹ ਦੋ ਅਵਸਥਾਵਾਂ ਬਣੀਆਂ ਰਹਿੰਦੀਆਂ ਹਨ ਤਦ ਤਕ ਸਾਡੇ ਮਨ ਦੀ ਅਵਸਥਾ ਦੁਚਿੱਤੀ ਵਾਲੀ ਹੈ, ਸਹਸਾ ਵਾਲੀ ਹੈ, ਭਰਮ ਵਾਲੀ ਹੈ, ਦੁਬਿਧਾ ਵਾਲੀ ਹੈ, ਪੁੱਠੇ ਕਮਲ ਵਾਲੀ ਹੈ ਭਾਵ ਤ੍ਰੈ ਗੁਣਾਂ ਵਾਲੀ ਹੈ। ਪ੍ਰਮਾਤਮਾ ਆਪਣੇ ਇਸ ਸੰਸਾਰ ਦੀ ਖੇਡ ਨੂੰ ਮਨ ਦੀ ਇਸ ਅਵਸਥਾ ਵਿੱਚ ਰੱਖ ਕੇ ਹੀ ਚਲਾ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਚਲਾ ਰਿਹਾ ਹੈ। ਮਨ ਦੀ ਇਸ ਅਵਸਥਾ ਵਿੱਚ ਰਹਿੰਦੇ ਹੋਏ ਕੋਈ ਨਹੀਂ ਜਾਣ ਸਕਦਾ ਕਿ ਮਨੁੱਖ ਆਪ ਕੀ ਹੈ ਤੇ ਪ੍ਰਮਾਤਮਾ ਕੀ ਹੈ। ਉਹ ਸਾਡੇ ਸਭ ਦੇ ਅੰਦਰ ਹੀ ਹੈ ਪਰ ਉਹ ਆਪ ਭਰਮ ਤੋਂ ਮੁਕਤਿ ਹੈ ਤੇ ਸਭ ਨੂੰ ਭਰਮ ਵਿੱਚ ਰੱਖਣ ਦੀ ਸਮਰੱਥਾ ਰੱਖਦਾ ਹੈ ਤਾਂ ਜੋ ਉਸ ਨੂੰ ਕੋਈ ਜਾਣ ਨਾ ਸਕੇ, ਉਸ ਦੀ ਖੇਡ ਨੂੰ ਸਮਝ ਨਾ ਸਕੇ ਕਿਉਂਕਿ ਅਸਲ ਵਿੱਚ ਉਹ ਸਭ ਕੁਝ ਆਪ ਹੀ ਹੈ ਪਰ ਸਾਨੂੰ ਮਨ ਦੇ ਭਰਮ ਵਿੱਚ ਰੱਖਕੇ ਸਾਨੂੰ ਇਹ ਸਮਝਣ ਨਹੀਂ ਦਿੰਦਾ ਕਿ ਮਨੁੱਖ ਦਾ ਅਸਲ ਵਿੱਚ ਆਪਣਾ ਵਜੂਦ ਕੀ ਹੈ।

ਅਸੀਂ ਆਪਣਾ ਵਜੂਦ ਮਨ ਦੇ ਵਿਚਾਰਾਂ ਕਰਕੇ ਹੀ ਸਮਝਦੇ ਹਾਂ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਅਸੀਂ ਜਾਣ ਸਕੀਏ ਕਿ ਅਸੀਂ ਕੀ ਹਾਂ। ਭਰਮ ਸਭ ਦੇ ਅੰਦਰ ਹੈ ਤੇ ਇਸੇ ਲਈ ਕੋਈ ਇਕ ਦੂਜੇ ਨੂੰ ਇਹ ਗੱਲ ਸਮਝਾ ਵੀ ਨਹੀਂ ਸਕਦਾ ਕਿ ਸਾਡਾ ਮਨੁੱਖੀ ਵਜੂਦ ਕੀ ਹੈ ਤੇ ਪ੍ਰਮਾਤਮਾ ਆਪ ਕੀ ਹੈ। ਪ੍ਰਮਾਤਮਾ ਨੂੰ ਉਹੀ ਜਾਣ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਭਰਮ ਦੇ ਪੜਦੇ ਵਿੱਚੋਂ ਕੱਢਦਾ ਹੈ ਤੇ ਪੂਰੇ ਸੰਸਾਰ ਵਿੱਚ ਅਰਬਾਂ ਖਰਬਾਂ ਵਿਚੋਂ ਕਦੇ ਹੀ ਕਿਸੇ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣੇ ਆਪ ਦੀ ਸੋਝੀ ਪਾਉਂਦਾ ਹੈ ਤਾਂ ਜੋ ਸੰਸਾਰ ਨੂੰ ਉਹ ਸੱਚ ਸਮਝਾ ਵੀ ਦੇਵੇ ਕਿ ਸੰਸਾਰ ਦਾ ਸੱਚ ਅਸਲ ਵਿਚ ਕੀ ਹੈ।

ਸੰਸਾਰ ਦੇ ਸੱਚ ਨੂੰ ਜਾਨਣਾ ਇਤਨੀ ਕੁ ਵੱਡੀ ਗੱਲ ਹੈ, ਇਤਨੀ ਕੁ ਜਿਆਦਾ ਵੱਡੀ ਗੱਲ ਹੈ ਜਿਸਦਾ

35/4125

ਕੋਈ ਪ੍ਰਮਾਣ ਨਹੀਂ ਦਿਤਾ ਜਾ ਸਕਦਾ। ਇਹ ਕੇਵਲ ਬਿਸਮਾਦ ਹੈ ਜਿਸ ਨੂੰ ਦੇਖਣ ਤੇ ਹੀ ਇਸ ਗੱਲ ਦਾ ਅੰਦਾਜਾ ਹੋ ਸਕਦਾ ਹੈ। ਮਨ ਦੀ ਇਹ ਅਵਸਥਾ ਕਿਸੇ ਦੇ ਅੰਦਾਜੇ ਤੋਂ ਵੀ ਪਰੇ ਹੈ ਤੇ ਇਸੇ ਲਈ ਸਾਨੂੰ ਗੁਰੂ ਦੀਆਂ ਗੱਲਾਂ ਤੇ ਵਿਸ਼ਵਾਸ ਨਹੀਂ ਆਉਂਦਾ। ਸਾਡਾ ਮਨ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਤੇ ਸਾਰਾ ਸੰਸਾਰ ਹੀ ਹਉਮੈ ਵਾਲੀ ਅਵਸਥਾ ਵਿੱਚ ਹੈ ਜਿਸ ਕਰਕੇ ਤ੍ਰੈ ਗੁਣ ਵਾਲੀ ਅਵਸਥਾ ਕਦੇ ਨਹੀਂ ਸਮਝ ਸਕਦੀ ਕਿ ਚੌਥਾ ਪਦ ਕੀ ਹੈ ਜੋ ਕਿ ਸਾਡੇ ਅੰਦਰ ਹੀ ਹੈ, ਪ੍ਰਮਾਤਮਾ ਦੇ ਆਪਣੇ ਰੂਪ ਵਿਚ ਹੈ। ਸਾਨੂੰ ਤ੍ਰੈ ਗੁਣਾਂ ਵਿਚ ਰੱਖਣ ਵਾਲਾ ਚੌਥਾ ਪਦ ਆਪ ਹੀ ਹੈ। ਆਪਣੇ ਚੌਥੇ ਪਦ ਦੁਆਰਾ ਪ੍ਰਮਾਤਮਾ ਗਿਆਨ ਦਾ ਭੰਡਾਰ ਹੈ। ਉਸ ਕੋਲ ਹਰ ਗਿਆਨ ਹੈ, ਗਿਆਨ ਦੀ ਹਰ ਕਲਾ ਹੈ ਜਿਸ ਦੁਆਰਾ ਉਸ ਨੇ ਸੰਸਾਰ ਨੂੰ ਬਣਾਇਆ ਹੈ ਤੇ ਆਪ ਹੀ ਆਪਣੀ ਕਲਾ ਦੁਆਰਾ ਚਲਾ ਰਿਹਾ ਹੈ।

ਮਨ ਦੇ ਭਰਮ ਵਿੱਚ ਰਹਿੰਦਿਆ ਅਸੀਂ ਝੂਠ ਤੇ ਸੱਚ ਵਿੱਚ ਫਰਕ ਨਹੀਂ ਕਰ ਸਕਦੇ ਤੇ ਇਹੀ ਸਾਡੇ ਅੰਦਰ ਮਾਇਆ ਦੀ ਜੁਗਤਿ ਹੈ। ਮਾਇਆ ਮੋਹ ਦਾ ਮਕਸਦ ਪ੍ਰਮਾਤਮਾ ਨਾਲ ਮੇਲ ਤੋਂ ਦੂਰ ਰੱਖਣ ਦਾ ਹੈ, ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਤੋਂ

ਦੂਰ ਰੱਖਣ ਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਅਸੀਂ ਝੂਠੀ ਗੱਲ ਨੂੰ ਸੱਚੀ ਸਮਝ ਬੈਠਦੇ ਹਾਂ ਭਾਵ ਅਸੀਂ ਸੱਚ ਨਾਲ ਜੁੜਨ ਤੋਂ ਦੂਰ ਰਹਿੰਦੇ ਹਾਂ। ਸੱਚ ਨਾਲ ਜੁੜੇ ਬਿਨਾ ਅਸੀਂ ਪ੍ਰਮਾਤਮਾ ਨਾਲ ਨਹੀਂ ਜੁੜ ਸਕਦੇ। ਮਾਇਆ ਮੋਹ ਸਾਨੂੰ ਝੂਠੀ ਮਤਿ ਨਾਲ ਜੋੜ ਕੇ ਰਖਦਾ ਹੈ ਭਾਵ ਪ੍ਰਮਾਤਮਾ ਦੇ ਨਾਲ, ਸੱਚ ਦੇ ਨਾਲ ਭਾਵ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਸਾਨੂੰ ਰੱਤੀ ਭਰ ਵੀ ਜੁੜਨ ਨਹੀਂ ਦਿੰਦਾ ਭਾਵ ਅਸੀਂ ਝੂਠੀ ਮਤਿ ਵਿੱਚ ਹੀ ਆਪਣੇ ਆਪ ਨੂੰ ਸੱਚਾ ਸਮਝੀ ਰੱਖਦੇ ਹਾਂ, ਭਗਤੀ ਦੇ ਝੂਠੇ ਮਾਰਗ ਨੂੰ ਹੀ ਸੱਚਾ ਸਮਝੀ ਰੱਖਦੇ ਹਾਂ। (**ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥**)

ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਣਾ ਝੂਠ ਹੈ ਭਾਵ ਇਸ ਵਿਚ ਸੱਚ ਨਹੀਂ ਹੈ ਪਰ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦਾ ਹੈ ਤੇ ਇਹ ਸਾਡਾ ਭਰਮ ਹੈ ਭਾਵ ਇਸ ਵਿੱਚ ਸੱਚ ਨਹੀਂ ਹੈ ਕਿਉਂਕਿ ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਸੱਚ ਮਨ ਦਾ ਭਰਮ ਨਿਕਲਣ ਦੁਆਰਾ ਹੀ ਸਮਝ ਆਉਂਦਾ ਹੈ।

ਸਾਡੇ ਅੰਦਰ ਦਾ ਭਰਮ ਸਾਡੇ ਅੰਦਰ ਕਿਸ ਰੂਪ ਵਿੱਚ ਵਰਤਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥੩॥”

(ਅੰਗ ੧੮੫)

35/4126

ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਸਾਡੇ ਅੰਦਰ ਭਰਮ ਦੇ ਹੋਣ ਜਾਂ ਨਾ ਹੋਣ ਦੇ ਨਾਲ ਜੁੜਿਆ ਹੋਇਆ ਹੈ। ਜਦ ਤਕ ਸਾਡੇ ਅੰਦਰ ਭਰਮ ਹੈ ਭਾਵ ਭਰਮ ਵਾਲੀ ਅਵਸਥਾ ਹੈ ਤਦ ਤਕ ਸਾਡੇ ਮਨ ਨੂੰ ਭਗਤੀ ਦੇ ਸਿੱਧੇ ਮਾਰਗ ਦੀ ਸੋਝੀ ਹੀ ਨਹੀਂ ਪੈਂਦੀ ਤੇ ਸਿੱਧੇ ਮਾਰਗ ਦੀ ਸਮਝ ਪਏ ਬਿਨਾ ਅਸੀਂ ਭਗਤੀ ਦੇ ਸਹੀ ਮਾਰਗ ਤੇ ਨਹੀਂ ਚਲ ਸਕਦੇ ਤੇ ਭਗਤੀ ਦੇ ਸਹੀ ਮਾਰਗ ਤੇ ਚੱਲੇ ਬਿਨਾ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਣਾ ਜਾਂ ਨਾ ਜਾਣ ਸਕਣਾ ਸਾਡੇ ਵੱਸ ਨਹੀਂ ਹੈ ਕਿਉਂਕਿ ਸਾਡੇ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। ਜਦ ਤਕ ਪ੍ਰਮਾਤਮਾ ਨੇ ਸਾਡੇ ਅੰਦਰ ਭਰਮ ਪਾਇਆ ਹੋਇਆ ਹੈ ਤਦ ਤਕ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਨਾ ਸਮਝ ਕੇ ਪੁੱਠੇ ਮਾਰਗ ਤੇ ਹੀ ਚਲੇ ਜਾਂਦੇ ਹਾਂ ਭਾਵ ਸਿੱਧੇ ਮਾਰਗ ਦੀ ਸਾਨੂੰ ਸੋਝੀ ਹੀ ਨਹੀਂ ਪੈਂਦੀ ਤੇ ਜੇਕਰ ਸਾਨੂੰ ਸਿਧੀ ਸੋਝੀ ਤੇ ਕੋਈ ਪਾਉਣਾ ਚਾਹੇ ਅਸੀਂ ਫਿਰ ਵੀ ਪੁੱਠੇ ਮਾਰਗ ਨੂੰ ਹੀ ਠੀਕ ਸਮਝਦੇ ਹਾਂ। (**ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥**)

ਇਹ ਸਾਡੇ ਅੰਦਰ ਮਨ ਦੇ ਵਿਚਾਰਾਂ ਦੀ ਬੁਨਤਰ ਹੈ ਜਿਸ ਨੂੰ ਬੁਣਨ ਵਾਲੇ ਅਸੀਂ ਨਹੀਂ ਹਾਂ। ਜੇਕਰ ਸਾਡੇ ਵਿਚਾਰ ਸਾਡੇ ਹਥ ਹੋਣ ਤਾਂ ਫਿਰ ਸੰਸਾਰ ਦਾ ਕੋਈ ਵੀ ਮਨੁੱਖ ਭਰਮ ਵਿਚ ਨਾ ਰਹੇ, ਮੈਂ ਵਿਚ ਨਾ ਰਹੇ, ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਨਾ ਰਹੇ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਕਿਸੇ ਮਨੁਖ ਨੂੰ ਕਿਹੋ ਜਿਹੀ ਮਨ ਦੀ ਅਵਸਥਾ ਵਿਚ ਰਖਦਾ ਹੈ, ਕਿਸ ਨੂੰ ਕਿਹੋ ਜਿਹੇ ਭਰਮ ਵਿਚ ਰੱਖਦਾ ਹੈ। ਮਨ ਦੀ ਇਸ ਅਵਸਥਾ ਵਿਚ ਰਹਿੰਦੇ ਹੋਏ ਸਾਨੂੰ ਆਪਣੇ ਜੀਵਨ ਦੀ ਸਹੀ ਸੋਝੀ ਨਹੀਂ ਪੈਂਦੀ ਕਿ ਸਾਡੇ ਲਈ ਕੀ ਚੰਗਾ ਹੈ, ਕੀ ਮਾੜਾ ਹੈ, ਕਿਸ ਗੱਲ ਵਿਚ ਧਰਮ ਹੈ ਤੇ ਕਿਸ ਗੱਲ ਵਿਚ ਅਧਰਮ ਹੈ, ਧਰਮ ਦੇ ਕਿਸ ਮਾਰਗ ਵਿਚ ਸੱਚ ਹੈ ਤੇ ਕਿਸ ਮਾਰਗ ਵਿੱਚ ਝੂਠ ਹੈ।

ਧਰਮ ਗ੍ਰੰਥਾਂ ਦੀ ਰਚਨਾ ਦਾ ਮਕਸਦ ਸਾਨੂੰ ਮਨ ਦੇ ਝੂਠ ਵਿੱਚੋਂ ਕੱਢਕੇ ਭਾਵ ਭਰਮ ਵਿਚੋਂ ਕੱਢ ਕੇ ਸੱਚ ਨਾਲ ਜੋੜਨ ਦਾ ਹੈ, ਨਾਮ ਨਾਲ ਜੋੜਨ ਦਾ ਹੈ। ਨਾਮ ਦੀ ਮਤਿ ਭਰਮ ਤੋਂ ਰਹਿਤ ਹੈ ਜੋ ਨਾਮ ਰੂਪ ਮਤਿ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਹੈ। ਪੂਰੀ ਗੁਰਬਾਣੀ ਵਿੱਚ ਨਾਮ ਹੈ ਜੋ ਸਾਨੂੰ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸਿੱਖਿਆ ਦੇ ਰਹੀ ਹੈ ਜਿਸ ਤੇ ਚੱਲਣ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਪੂਰੀ ਗੁਰਬਾਣੀ ਵਿੱਚ ਸਾਨੂੰ ਧਰਮ ਦਾ ਸਿੱਧਾ ਮਾਰਗ ਸਮਝਾਇਆ ਹੋਇਆ ਹੈ, ਪ੍ਰਮਾਤਮਾ ਨੂੰ ਪਾਉਣ ਦਾ ਸਿੱਧਾ ਮਾਰਗ ਸਮਝਾਇਆ ਹੋਇਆ ਹੈ

35/4127

ਜੋ ਕਿ ਮਾਇਆ ਮੋਹ ਤੋਂ ਰਹਿਤ ਹੋ ਕੇ, ਮਨ ਦੀਆਂ ਤ੍ਰਿਸ਼ਨਾਵਾਂ ਤੋਂ, ਅਉਗਣਾਂ ਤੋਂ ਰਹਿਤ ਹੋ ਕੇ ਸੱਚੀ ਸੁੱਚੀ ਕਿਰਤ ਕਰਨ ਦਾ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦਾ ਹੈ ਤੇ ਭਗਤੀ ਦੇ ਦਿਖਾਵਿਆਂ ਵਿਚੋਂ ਨਿਕਲਣ ਦਾ ਹੈ, ਸਰੀਰਕ ਜਪਾਂ ਤਪਾਂ ਆਦਿ

ਵਿਚੋਂ ਨਿਕਲਣ ਦਾ ਹੈ ਭਾਵ ਓਹੋ ਜਿਹੇ ਸਭ ਤਰੀਕਿਆਂ ਵਿਚੋਂ ਨਿਕਲਣ ਦਾ ਹੈ ਜਿਨ੍ਹਾਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਜਿਨ੍ਹਾਂ ਵਿਚ ਸਭ ਤੋਂ ਵੱਡਾ ਭਰਮ ਕਿਸੇ ਅੱਖਰ ਨੂੰ ਨਾਮ ਸਮਝਣ ਦਾ ਹੈ। ਗੁਰਬਾਣੀ ਰਾਹੀਂ ਸਾਨੂੰ ਸਿੱਧਾ ਮਾਰਗ ਸਮਝ ਆਉਂਦੇ ਹੋਏ ਵੀ ਉਸ ਨੂੰ ਕਬੂਲ ਨਹੀਂ ਕਰਦੇ ਤੇ ਪੁੱਠੇ ਮਾਰਗ ਨੂੰ ਹੀ ਸੱਚਾ ਮਾਰਗ ਸਮਝਦੇ ਹਾਂ ਜਿਵੇਂ ਕਿ ਸਭ ਜਗ੍ਹਾ ਦੇਖਿਆ ਜਾ ਸਕਦਾ ਹੈ, ਹਰ ਕੋਈ ਭਗਤੀ ਦੇ ਪੁੱਠੇ ਮਾਰਗ ਨੂੰ ਹੀ ਸਿੱਧਾ ਮਾਰਗ ਸਮਝੀ ਬੈਠਾ ਹੈ ਭਾਵ ਆਪਣੀ ਮਤਿ ਨੂੰ, ਇਧਰੋਂ ਓਧਰੋਂ ਲਈ ਹੋਈ ਪੁੱਠੀ ਮਤਿ ਨੂੰ ਸੱਚੀ ਸਮਝੀ ਬੈਠਾ ਹੈ।

ਇਹ **"ਭਰਮ"** ਹੈ ਜਿਸ ਭਰਮ ਵਿੱਚੋਂ ਨਿਕਲਣ ਲਈ ਬਾਣੀ ਸਾਨੂੰ ਬਾਰ ਬਾਰ ਸਮਝਾ ਰਹੀ ਹੈ ਜਿਸ ਵਿਚੋਂ ਨਿਕਲੇ ਬਿਨਾਂ ਉਸ ਪ੍ਰਮਾਤਮਾ ਨੂੰ ਕੋਈ ਸੁਪਨੇ ਵਿਚ ਵੀ ਨਹੀਂ ਪਾ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ ਪਰ ਸਾਡੇ ਅੰਦਰ ਭਰਮ ਰੂਪ ਪਰਦਾ ਪਾ ਕੇ ਉਸ ਨੇ ਆਪਣੇ ਆਪ ਨੂੰ ਲੁਕਾਇਆ ਹੋਇਆ ਹੈ। ਸਾਡੇ ਅੰਦਰ ਦਾ ਭਰਮ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਹੈ ਜਿਸ ਵਿੱਚੋਂ ਨਿਕਲਣਾ ਹੀ ਸਾਡਾ ਸੱਚਾ ਉਦਮ ਹੈ ਭਾਵ ਗੁਰੂ ਦੀ ਹਰ ਗੱਲ ਨੂੰ ਪੂਰੇ ਵਿਸ਼ਵਾਸ ਨਾਲ ਮੰਨ ਕੇ ਉਸ ਨੂੰ ਆਪਣੇ ਅੰਦਰ ਵਸਾਉਣਾ ਹੀ ਸਾਡਾ ਸੱਚਾ ਉਦਮ ਹੈ। ਗੁਰੂ ਦੀ ਮਤਿ ਨੂੰ ਸਿੱਧੀ ਸਮਝਣਾ ਤੇ ਆਪਣੀ ਮਤਿ ਨੂੰ ਪੁੱਠੀ ਮਤਿ ਕਬੂਲ ਕਰਨਾ ਹੀ ਸਾਡਾ ਸੱਚਾ ਉਦਮ ਹੈ ਜਿਸ ਦੁਆਰਾ ਅਸੀਂ ਭਗਤੀ ਦੇ ਮਾਰਗ ਤੇ ਚਲ ਸਕਦੇ ਹਾਂ ਤੇ ਭਗਤੀ ਦੇ ਦਿਖਾਵਿਆਂ ਤੋਂ ਬਚ ਸਕਦੇ ਹਾਂ। (**ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥2॥ ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥3॥**)

ਜਿਵੇਂ ਕਿ ਅਸੀਂ ਬਾਰ ਬਾਰ ਸਮਝਦੇ ਆ ਰਹੇ ਹਾਂ ਮਨ ਦੇ ਭਰਮ ਤੋਂ ਮੁਕਤਿ ਹੋਣ ਦੁਆਰਾ ਹੀ ਅਸੀਂ ਆਪਣੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਭਾਵ ਉਸ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ, ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਭਰਮਾਂ ਦੇ ਵਿੱਚੋਂ ਨਿਕਲਣ ਦਾ ਉਦਮ ਕਰੀਏ ਭਾਵ ਗੁਰੂ ਦੀ ਦਸੀ ਹੋਈ

35/4128

ਹਰ ਗੱਲ ਨੂੰ "ਹੂ-ਬ-ਹੂ" ਸੱਚ ਕਰ ਕੇ ਜਾਣੀਏ ਤੇ ਓਹੋ ਜਿਹਿਆਂ ਦੀਆਂ ਦਸੀਆਂ ਹੋਈਆਂ ਗੱਲਾਂ ਵਿੱਚੋਂ ਨਿਕਲੀਏ ਜਿਨ੍ਹਾਂ ਨੇ ਸਾਨੂੰ ਭਰਮਾਂ ਵਿਚ ਹੀ ਪਾਇਆ ਹੈ ਭਾਵ ਭਗਤੀ ਦੇ ਝੂਠੇ ਮਾਰਗ ਨਾਲ ਹੀ ਜੋੜਿਆ ਹੈ, ਸਰੀਰਕ ਜਪਾਂ ਤਪਾਂ ਆਦਿ ਨਾਲ ਹੀ ਜੋੜਿਆ ਹੈ। ਜੋ ਵੀ ਭਗਤੀ ਦਾ ਤਰੀਕਾ ਗੁਰਮਤਿ ਤੇ ਪੂਰਾ ਨਹੀਂ ਉਤਰਦਾ ਉਹ ਸਾਡਾ ਭਰਮ ਹੈ ਤੇ ਇਹਨਾਂ ਭਰਮਾਂ ਤੋਂ ਅਸੀਂ ਮੁਕਤੀ ਪਾਉਣੀ ਹੈ ਤਾਂ ਜੋ ਅਸੀਂ ਭਰਮ ਰਹਿਤ ਪ੍ਰਮਾਤਮਾ ਦੇ ਨਾਲ, ਭਰਮ ਰਹਿਤ ਨਾਮ ਦੇ ਨਾਲ ਮੇਲ ਕਰ ਸਕੀਏ।

"ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥"

ਉਪਰਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੋਹਾਂ ਸਿਰਿਆਂ ਦਾ ਖਸਮ ਕਿਸ ਰੂਪ ਵਿੱਚ ਹੈ। ਪ੍ਰਮਾਤਮਾ ਸਾਡਾ ਸਭ ਦਾ ਖਸਮ ਹੈ ਤੇ ਜੋ ਉਸ ਖਸਮ ਨੂੰ ਪਾ ਲੈਂਦਾ ਹੈ ਉਹੀ ਉਸ ਦੀ ਸੁਹਾਗਣ ਬਣਨ ਦਾ ਮਾਣ ਪ੍ਰਾਪਤ ਕਰਦਾ ਹੈ। ਜੇਕਰ ਅਸੀਂ ਪਹਿਲੇ ਆਪਣੇ ਖਸਮ ਦੇ ਰੂਪ ਨੂੰ ਸਮਝਾਂਗੇ ਫਿਰ ਤਾਂ ਹੀ ਉਸ ਨੂੰ ਪਾ ਸਕਾਂਗੇ। ਜਿਵੇਂ ਕਿ ਅਸੀਂ ਪਹਿਲੀਆਂ ਉਪਰਲੀਆਂ ਪੰਗਤੀਆਂ ਦੁਆਰਾ ਜਾਣਿਆ ਹੈ ਕਿ ਸਾਡੇ ਅੰਦਰ ਮਨ ਦੀਆਂ ਦੋ ਅਵਸਥਾਵਾਂ ਹੀ ਹਨ। ਸਾਡੀ ਇਕ ਅਵਸਥਾ ਹਉਮੈ ਵਾਲੀ ਹੈ ਤੇ ਦੂਸਰੀ ਅਵਸਥਾ ਨਾਮ ਵਾਲੀ ਹੈ। ਸਾਡੇ ਅੰਦਰ ਸੋਚ ਹੀ ਉਪਜਦੀ ਹੈ। ਸਾਡੇ ਅੰਦਰ ਦੀ ਸੋਚ ਹੀ ਸਾਡੇ ਅੰਦਰ ਹਉਮੈ ਰੂਪ ਹੈ ਤੇ ਸਾਡੇ ਅੰਦਰ ਦੀ ਸੋਚ ਹੀ ਨਾਮ ਰੂਪ ਹੈ। ਹਉਮੈ ਵਾਲੀ ਅਵਸਥਾ ਵਿੱਚ ਰਹਿੰਦੇ ਅਸੀਂ ਭਰਮ ਵਿੱਚ ਰਹਿੰਦੇ ਹਾਂ ਤੇ ਨਾਮ ਵਾਲੀ ਅਵਸਥਾ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੋਣ ਦੀ ਅਵਸਥਾ ਹੈ। ਆਮ ਮਨੁੱਖ ਦੀ ਅਵਸਥਾ ਵਿੱਚ ਤੇ ਗੁਰੂ ਦੀ ਅਵਸਥਾ ਵਿੱਚ ਮਨ ਦੇ ਗਿਆਨ ਦਾ ਹੀ ਫਰਕ ਹੈ ਭਾਵ ਮਨ ਦੇ ਵਿਚਾਰਾਂ ਦਾ ਹੀ ਫਰਕ ਹੈ। ਮਨ ਦੇ ਵਿਚਾਰਾਂ ਰਾਹੀਂ ਭਾਵ ਮਨ ਦੀ ਸੋਚ ਰਾਹੀਂ ਹੀ ਅਸੀਂ ਹਉਮੈ ਵਿੱਚ ਰਹਿੰਦੇ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਹਉਮੈ ਵਾਲੇ ਵਿਚਾਰਾਂ ਤੋਂ ਮੁਕਤਿ ਹੁੰਦੇ ਹਾਂ ਤੇ ਕੇਵਲ ਨਾਮ ਦੇ ਵਿਚਾਰਾਂ ਵਾਲੇ ਬਣਦੇ ਹਾਂ ਭਾਵ ਪੂਰਨ ਸੱਚ ਵਾਲੇ ਵਿਚਾਰ ਸਾਡੇ ਅੰਦਰ ਵੱਸ ਜਾਂਦੇ ਹਨ ਜੋ ਕਿ ਸਾਡੇ ਅੰਦਰ ਨਾਮ ਦਾ ਵੱਸਣਾ ਹੈ। ਪ੍ਰਮਾਤਮਾ ਸਚੁ ਰੂਪ ਵਿੱਚ ਹੈ, ਨਾਮ ਰੂਪ ਵਿੱਚ ਹੈ ਜੋ ਸਾਡੇ ਅੰਦਰ ਉਸ ਦਾ ਖਸਮ ਰੂਪ ਹੈ। (**ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥ ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥39॥**) ਅੰਗ - 922

35/4129

ਪ੍ਰਮਾਤਮਾ ਦਾ ਘਰ ''ਸਚੁ'' ਰੂਪ ਹੈ ਜੋ ਕਿ ਸਾਡੇ ਅੰਦਰ ਹੀ ਹੈ, ਸਾਡੀ ਸੋਚ ਦੇ ਵਿੱਚ ਹੀ ਹੈ ਭਾਵ ਜਦੋਂ ਸਾਡੀ ਸੋਚ ਭਰਮ ਵਾਲੇ ਵਿਚਾਰਾਂ ਵਿੱਚੋਂ ਨਿਕਲ ਜਾਂਦੀ ਹੈ, ਭਰਮ ਵਾਲੇ ਵਿਚਾਰਾਂ ਤੋਂ ਮੁਕਤਿ ਹੋ ਜਾਂਦੀ ਹੈ ਫਿਰ ਸਾਡੇ ਅੰਦਰ ਦੀ ਸੋਚ ਸੱਚ ਰੂਪ ਵਿੱਚ ਬਦਲ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਘਰ ਦੇ ਰੂਪ ਵਿੱਚ ਬਦਲ ਜਾਂਦੀ ਹੈ। ਪ੍ਰਮਾਤਮਾ ਸਾਡੇ ਅੰਦਰ ਦੇ ਭਰਮ ਵਾਲੇ, ਹਉਮੈ ਵਾਲੇ, ਸੁਰਤਿ ਵਾਲੇ ਵਿਚਾਰਾਂ ਨੂੰ ਆਪਣੇ ਸ਼ਬਦ ਦੇ ਵਿਚਾਰਾਂ ਵਿੱਚ ਬਦਲ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਸੱਚ ਦੀ ਸੋਝੀ ਪੈ ਜਾਂਦੀ ਹੈ, ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ, ਨਾਮ ਦੀ ਸੋਝੀ ਪੈ ਜਾਂਦੀ ਹੈ ਤੇ ਫਿਰ ਸਭ ਜਗ੍ਹਾ ਨਾਮ ਹੀ ਨਜ਼ਰ ਆਉਂਦਾ ਹੈ, ਪ੍ਰਮਾਤਮਾ ਹੀ ਨਜਰ ਆਉਂਦਾ ਹੈ, ਸੱਚ ਹੀ ਨਜ਼ਰ ਆਉਂਦਾ ਹੈ ਭਾਵ ਹਰ ਵਸਤੂ, ਹਰ ਹੋਂਦ ਪ੍ਰਮਾਤਮਾ ਦੀ ਹੋਂਦ ਹੀ ਨਜਰ ਆਉਂਦੀ ਹੈ।

ਮਹਲਾ ੨ ॥

{ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥}

(ਅੰਗ ੪੬੩)

ਪੂਰੀ ਗੁਰਬਾਣੀ ਦੇ ਵਿੱਚ ਸੱਚ ਹੈ ਭਾਵ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਕਰਕੇ ਪੋਥੀ ਸੱਚ ਦਾ ਘਰ ਹੈ, ਪ੍ਰਮਾਤਮਾ ਦਾ ਆਪਣਾ ਘਰ ਹੈ। ਪੂਰੀ ਗੁਰਬਾਣੀ ਮਨ ਦੇ ਵਿੱਚੋਂ ਹੀ ਆਈ ਹੈ, ਸੱਚ ਦੇ ਘਰ ਵਿੱਚੋਂ ਹੀ ਆਈ ਹੈ ਭਾਵ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲਾਂ ਆਪਣੇ ਸਚੁ ਰੂਪ ਘਰ ਵਿੱਚ ਵਸਾਇਆ ਹੈ ਉਨ੍ਹਾਂ ਦੇ ਰਾਹੀਂ ਹੀ ਗੁਰਬਾਣੀ ਪ੍ਰਮਾਤਮਾ ਦਾ ਸਚੁ ਰੂਪ ਘਰ ਹੈ। ਪ੍ਰਮਾਤਮਾ ਆਪਣੇ ਇਸ ਸਚੁ ਰੂਪ ਦੁਆਰਾ ਹੀ ਸਭ ਦਾ ਖਸਮ ਹੈ ਤੇ ਜੋ ਮਨ ਦੇ ਵਿੱਚ ਉਸ ਪ੍ਰਮਾਤਮਾ ਦੇ ਸਚੁ ਰੂਪ ਘਰ ਵਿੱਚ ਪਹੁੰਚਦਾ ਹੈ ਉਸ ਨੂੰ ਹੀ ਇਸ ਗੱਲ ਦੀ ਸਮਝ ਲਗਦੀ ਹੈ ਕਿ ਪ੍ਰਮਾਤਮਾ ਉਨ੍ਹਾਂ ਦਾ ''ਖਸਮ'' ਕਿਸ ਰੂਪ ਵਿੱਚ ਹੈ ਤੇ ਉਹ ਉਸ ਦੀ ਸੁਹਾਗਣ ਕਿਸ ਰੂਪ ਵਿਚ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਸਾਡਾ ਵਿਆਹ ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਰਾਹੀਂ ਹੀ ਹੁੰਦਾ ਹੈ ਜੋ ਪ੍ਰਕਾਸ਼ ਪ੍ਰਮਾਤਮਾ ਆਪ ਹੀ ਕਰਦਾ ਹੈ, ਸ਼ਬਦਾਂ ਦੇ ਵਿਚਾਰਾਂ ਰਾਹੀਂ ਕਰਦਾ ਹੈ ਜਿਸ ਦੁਆਰਾ ਉਹ ਆਪ ਹੀ ਕਿਸੇ ਨੂੰ ਆਪਣੀ ਸੁਹਾਗਣ ਬਣਾਉਂਦਾ ਹੈ। ਪ੍ਰਮਾਤਮਾ ਦੀ ਸੁਹਾਗਣ ਬਣਨ ਤੋਂ ਪਹਿਲਾਂ ਹਰ ਕੋਈ ਪ੍ਰਮਾਤਮਾ ਦੀ ਦੁਹਾਗਣ ਹੈ, ਛੁੱਟੜ ਹੈ ਭਾਵ ਉਸ ਤੋਂ ਵਿਛੁੜੀ ਹੋਈ ਹੈ।

ਪ੍ਰਮਾਤਮਾ ਦਾ ''ਦੁਹਾਗਣ ਰੂਪ'' ਸਾਡੇ ਮਨ ਦੀ ਸੋਚ ਹੀ ਹੈ ਭਾਵ ਭਰਮ ਵਾਲੀ ਅਵਸਥਾ ਹੀ ਹੈ, ਹਉਮੈ ਵਾਲੀ ਅਵਸਥਾ ਹੀ ਹੈ। ਸਾਡੇ ਮਨ ਦੇ ਦੋਨਾਂ ਸਿਰਿਆਂ ਦਾ ਭਾਵ ਹਉਮੈ ਵਾਲੀ ਅਵਸਥਾ ਦਾ ਤੇ ਨਾਮ ਵਾਲੀ ਅਵਸਥਾ ਦਾ ''ਸੁਆਮੀ'' ਭਾਵ ''ਖਸਮ'' ਪ੍ਰਮਾਤਮਾ ਆਪ ਹੀ ਹੈ ਭਾਵ

35/4130

ਸਾਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲਾ ਤੇ ਉਸ ਵਿੱਚੋਂ ਕੱਢਣ ਵਾਲਾ ਭਾਵ ਚੌਥੇ ਪਦ ਵਿੱਚ ਵਾਸਾ ਕਰਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਸਾਡੇ ਹਰ ਵਿਚਾਰ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਭਾਵ ਸਾਡੀ ਸੋਚ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਉਹ ਸਾਡੇ ਦੋਨਾਂ ਸਿਰਿਆਂ ਦਾ ਸੁਆਮੀ ਆਪ ਹੈ, ਸਾਡੀ ਸੋਚ ਦੇ ਦੋਨਾਂ ਸਿਰਿਆਂ ਦਾ ਸੁਆਮੀ ਆਪ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਕਿ ਉਹ ਸਾਨੂੰ ਮਨ ਦੀ ਕਿਹੋ ਜਿਹੀ ਅਵਸਥਾ ਵਿੱਚ ਰੱਖਣਾ ਚਾਹੁੰਦਾ ਹੈ ਭਾਵ ਹਉਮੈ ਵਿੱਚ ਰੱਖਣਾ ਚਾਹੁੰਦਾ ਹੈ ਜਾਂ ਆਪਣੇ ਨਾਮ ਨਾਲ ਜੋੜਨਾ ਚਾਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸ ਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਮੇਲਦਾ ਹੈ ਤੇ ਉਹ ਮਨੁੱਖ ਹੀ ਮਨ ਦੇ ਹਰ ਭਰਮ ਤੋਂ ਮੁਕਤਿ ਹੁੰਦਾ ਹੈ। ਸਾਡੀ ਮੁਕਤੀ ਪ੍ਰਮਾਤਮਾ ਆਪ ਹੀ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਕਰਦਾ ਹੈ ਤੇ ਇਸ ਗੱਲ ਨੂੰ ਕੇਵਲ ਉਹ ਹੀ ਸਮਝ ਸਕਦਾ ਹੈ ਕਿ ਇਸ ਸੰਸਾਰ ਤੋਂ ਮੁਕਤਿ ਹੋਣਾ ਕੀ ਹੈ।

ਪ੍ਰਮਾਤਮਾ ਆਪ "ਮੁਕਤਿ" ਹੈ ਜੋ ਕਿ ਸੱਚ ਦੁਆਰਾ ਮੁਕਤਿ ਹੈ, ਨਾਮ ਦੁਆਰਾ ਮੁਕਤਿ ਹੈ ਭਾਵ ਬ੍ਰਹਮਗਿਆਨ ਦੁਆਰਾ ਅਗਿਆਨਤਾ ਤੋਂ ਪੂਰੀ ਤਰ੍ਹਾਂ ਮੁਕਤ ਹੈ। ਪ੍ਰਮਾਤਮਾ ਦੇ ਇਸ ਰੂਪ ਨਾਲ ਮਿਲਣ ਦੁਆਰਾ ਹੀ ਕੋਈ ਮਨ ਦੀ ਅਗਿਆਨਤਾ ਤੋਂ ਮੁਕਤਿ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਮਿਲਦੀ ਹੈ ਜਿਸ ਆਵਾਗਉਣ ਦਾ ਕਾਰਨ ਮਨ ਦੀ ਭਰਮਾਂ ਵਾਲੀ ਸਮਝ ਹੀ ਹੈ ਕਿਉਂਕਿ ਅਸਲ ਵਿੱਚ ਕੋਈ ਮਨੁੱਖ ਦਾ ਅਵਾਗਉਣ ਹੈ ਹੀ ਨਹੀਂ ਕਿਉਂਕਿ ਸਭ ਕੁਝ, ਹਰ ਮਨੁੱਖ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਜਦ ਤਕ ਮਨੁੱਖ ਭਰਮ ਦੇ ਵਿੱਚ ਰਹਿੰਦੇ ਹੋਏ ਇਸ ਸੰਸਾਰ ਤੋਂ ਜਾਂਦਾ ਹੈ, ਹਉਮੈ ਵਿਚ ਰਹਿੰਦੇ ਹੋਏ ਜਾਂਦਾ ਹੈ ਉਹ ਫਿਰ ਆਪਣੇ ਆਪ ਨੂੰ ਸੰਸਾਰ ਦੇ ਝੂਠੇ ਆਵਾਗਉਣ ਵਿੱਚ ਸਮਝਕੇ ਹੀ ਜਾਂਦਾ ਹੈ। ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਤੇ ਜਦ ਤਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ, ਆਪਣੇ ਜਿਉਂਦੇ ਹੋਏ ਨਹੀਂ ਸਮਝਦੇ ਤਦ ਤਕ ਸਾਡਾ ਹਉਮੈ ਰੂਪ ਹੀ ਸੰਸਾਰ ਵਿਚ ਆਉਂਦਾ ਜਾਂਦਾ ਰਹਿੰਦਾ ਹੈ, ਸਹਸਾ ਰੂਪ ਹੀ ਆਉਂਦਾ ਜਾਂਦਾ ਹੈ। ਮੁਕਤੀ ਸਾਨੂੰ ਮਨ ਦੇ ਵਿੱਚੋਂ ਹੀ ਮਿਲਣੀ ਹੈ ਤੇ ਇਸੇ ਲਈ ਸਾਡੇ ਸਭ ਦੇ ਲਈ ਸੱਚਾ ਉਦਮ ਇਹੀ ਹੈ ਕਿ ਅਸੀਂ ਆਪਣੇ ਭਰਮ ਵਾਲੇ ਵਿਚਾਰਾਂ ਤੋਂ ਮੁਕਤਿ ਹੋਈਏ ਭਾਵ ਸ਼ਬਦ ਦੇ ਵਿਚਾਰਾਂ ਨੂੰ ਅਪਨਾਈਏ ਤੇ ਆਪਣੇ ਮਨਮਤਿ ਵਾਲੇ ਵਿਚਾਰਾਂ ਤੋਂ ਮੁਕਤੀ ਪਾਉਣ ਦਾ ਉਦਮ ਕਰੀਏ।

(ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥)

(ਅੰਗ ੧੮੫)

{ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ ਆਪਨ ਬੀਚਾਰੈ ॥
ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥
ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥}

(ਅੰਗ ੨੨੨)

{ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥
ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ ॥੧॥
ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥
ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ ॥੧॥ ਰਹਾਉ ॥}

(ਅੰਗ ੧੧੭੯)

35/4131

ਮਨ ਦੇ ਭਰਮ ਤੋਂ ਮੁਕਤੀ ਪਾਉਣਾ, ਹਉਮੈ ਤੋਂ ਮੁਕਤੀ ਪਾਉਣਾ, ਮਾਇਆ ਮੋਹ ਤੋਂ ਮੁਕਤੀ ਪਾਉਣਾ ਇਕੋ ਹੀ ਗੱਲ ਹੈ। ਅਸਲ ਵਿੱਚ ਅਸੀਂ ਮੁਕਤੀ ਮਾਇਆ ਮੋਹ ਦੀ ਜੁਗਤਿ ਤੋਂ ਪਾਉਣੀ ਹੈ ਜੋ ਜੁਗਤਿ ਸਭ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ। ਸਾਡੇ ਅੰਦਰ ਤ੍ਰੈ ਗੁਣਾਂ ਦੀ ਅਵਸਥਾ ਮਾਇਆ ਮੋਹ ਦੀ ਜੁਗਤਿ ਹੈ ਜਿਸ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ। ਮਾਇਆ ਮੋਹ ਦੀ ਜੁਗਤਿ ਵਿੱਚੋਂ ਨਿਕਲਣ ਦਾ ਇੱਕੋ ਇੱਕ ਦਾਰੂ ਨਾਮ ਹੈ ਭਾਵ ਗੁਰੂ ਪ੍ਰਮਾਤਮਾ ਦਾ ਆਪਣਾ ਬਖਸ਼ਿਆ ਹੋਇਆ ਸੱਚਾ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਭਰਮ ਦੀ ਮੈਲ ਵਿੱਚੋਂ ਕੱਢਣ ਦਾ ਹੈ। ਮਨ ਦੀ ਇਹ ਭਰਮ ਰੂਪ ਮੈਲ ਨਿਕਲਣ ਦੁਆਰਾ ਹੀ ਅਸੀਂ ਸਚੁ ਰੂਪ ਖਸਮ ਨਾਲ ਮੇਲ ਕਰ ਸਕਦੇ ਹਾਂ। ਸਾਰਾ ਸੰਸਾਰ ਹੀ ਇਸ ਭਰਮ ਦੀ ਮੈਲ ਦਾ ਰੋਗੀ ਹੈ ਤੇ ਸਾਰੇ ਸੰਸਾਰ ਲਈ ਦਾਰੂ ਵੀ ਇੱਕ ਹੀ ਹੈ, ਨਾਮ ਵੀ ਇਕੋ ਹੀ ਹੈ, ਜੋ ਸਾਨੂੰ ਇਸ ਭਰਮ ਦੀ ਮੈਲ ਤੋਂ ਮੁਕਤਿ ਕਰ ਸਕਦਾ ਹੈ।

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}

(ਅੰਗ ੬੮੭)

{ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥
ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥੪॥}

(ਅੰਗ ੪੯੧)

{ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ ੨੪੫)

{ਸਹਜੇ ਸੁਖਿ ਸੁਤੀ ਸਬਦਿ ਸਮਾਇ ॥ ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥
ਦੁਬਿਧਾ ਚੂਕੀ ਸਹਜਿ ਸੁਭਾਇ ॥ ਅੰਤਰਿ ਨਾਮੁ ਵਸਿਆ ਮਨਿ ਆਇ ॥}

(ਅੰਗ ੧੨੪੭)

{ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥
ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥
ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥}

(ਅੰਗ ੧੨੩੩)

{ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥

ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥}

(ਅੰਗ ੬੩੫)

{ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥
ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥੩॥}

(ਅੰਗ ੧੧੫੫)

35/4132

{ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ ॥
ਭਵਜਲੁ ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ ॥੬॥}

(ਅੰਗ ੧੧੫੫)

{ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥
ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥੨॥}

(ਅੰਗ ੩੩੫)

{ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥}

(ਅੰਗ ੧੨੫੭)

{ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥
ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥}

(ਅੰਗ ੩੫੨)

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥}

(ਅੰਗ ੧੧੨)

{ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥}

(ਅੰਗ ੨੧)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥

ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥}

(ਅੰਗ ੧੦੦੨)

ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ ਸਾਨੂੰ ਮੁਕਤੀ ਨਾਮ ਦੁਆਰਾ ਮਿਲਣੀ ਹੈ ਤੇ ਇਸ ਗੱਲ ਨੂੰ ਵੀ ਹਰ ਕੋਈ ਸਮਝਦਾ ਹੈ ਕਿ ਮੁਕਤੀ ਸਾਨੂੰ ਪ੍ਰਮਾਤਮਾ ਨੇ ਹੀ ਬਖਸ਼ਣੀ ਹੈ। ਨਾ ਹੀ ਕਿਸੇ ਨੂੰ ਨਾਮ ਦੀ ਸਮਝ ਹੈ ਤੇ ਨਾ ਹੀ ਕਿਸੇ ਨੂੰ ਪ੍ਰਮਾਤਮਾ ਦੀ ਸਮਝ ਹੈ ਤੇ ਇਸੇ ਲਈ ਮੁਕਤੀ ਸਾਨੂੰ ਕਿਵੇਂ ਮਿਲਣੀ ਹੈ ਇਸ ਗੱਲ ਨੂੰ ਸਮਝਣਾ ਵੀ ਸਾਡੇ ਵੱਸ ਵਿੱਚ ਨਹੀਂ ਹੈ। ਮੁਕਤੀ ਮਿਲੇ ਬਿਨਾਂ ਨਾ ਕੋਈ ਮੁਕਤਿ ਹੋਣਾ ਸਮਝ ਸਕਦਾ ਹੈ ਤੇ ਨਾ ਹੀ ਕਿਸੇ ਨੂੰ ਮੁਕਤਿ ਹੋਣਾ ਸਮਝਾ ਸਕਦਾ ਹੈ। ਅਸੀਂ ਮਨੁੱਖੀ ਸਰੀਰਾਂ ਨੂੰ ਉਹਨਾਂ ਦੇ ਸਰੀਰ ਬਿਨਸਣ ਤੋਂ ਬਾਅਦ ਮੁਕਤੀ ਦਿਵਾਉਣ ਦਾ ਉਪਰਾਲਾ ਕਰਦੇ ਹਾਂ ਜਿਵੇਂ ਕਿ ਪ੍ਰਾਚੀਨ ਸਮੇਂ ਤੋਂ ਇਹ ਪ੍ਰਥਾ ਚਲਦੀ ਆ ਰਹੀ ਹੈ ਜੋ ਕਿ ਤੀਰਥਾਂ ਆਦਿ ਤੇ ਜਾ ਕੇ ਕਿਸੇ ਖਾਸ ਵਿਧੀਆਂ ਦੁਆਰਾ ਮੁਕਤੀ ਦਾ ਦਰ ਸਮਝਿਆ ਜਾਂਦਾ ਹੈ, ਆਪਣੀ ਆਪਣੀ ਧਾਰਮਿਕ ਅਵਸਥਾ ਅਨੁਸਾਰ ਸਮਝਿਆ ਜਾਂਦਾ ਹੈ। ਇਹ ਮਨੁੱਖ ਦਾ ਬਹੁਤ ਵੱਡਾ ਭਰਮ ਹੈ ਤੇ ਸਿੱਖ ਜਗਤ ਵੀ ਇਸ

ਤੋਂ ਬਾਹਰ ਨਹੀਂ ਹੈ। ਇਹੋ ਜਿਹੇ ਮੁਕਤੀ ਦਿਵਾਉਣ ਦੇ ਭਰਮਾਂ ਵਿੱਚੋਂ ਅਸੀਂ ਜਿਉਂਦੇ ਜੀਅ ਮੁਕਤਿ ਹੋਣਾ ਹੈ ਤਾਂ ਜੋ ਅਸੀਂ ਉਹੋ ਜਿਹੀਆਂ ਮੁਕਤੀਆਂ ਪਿੱਛੇ ਨਾ ਜਾਈਏ ਜੋ ਆਪਣੇ ਆਪ ਵਿੱਚ ਹੀ ਭਰਮ ਹਨ, ਸਾਡੇ ਮਨ ਦੇ ਭਰਮ ਹਨ। ਮੁਕਤਿ ਹੋਣ ਦਾ ਮਕਸਦ ਪਰਮਾਤਮਾ ਵਿੱਚ ਸਮਾ ਜਾਣਾ ਹੈ ਜੋ ਕਿ ਇਸ ਜੀਵਨ ਦੇ ਵਿੱਚ ਹੀ ਸਮਾਇਆ ਜਾ ਸਕਦਾ ਹੈ ਭਾਵ ਪਰਮਾਤਮਾ ਨੂੰ ਜਿਉਂਦਿਆਂ ਹੀ ਪਾਇਆ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ ਨਾ ਕਿ ਮਰਨ ਤੋਂ ਬਾਦ। ਮਰਨ ਤੋਂ ਬਾਦ ਮੁਕਤੀਆਂ ਦੀਆਂ ਗੱਲਾਂ ਕਰਨੀਆਂ ਫਜੂਲ ਦੀ ਗੱਲ ਹੈ। ਮੁਕਤਿ ਤਾਂ ਅਸੀਂ ਮਨ ਦੇ ਗਿਆਨ ਦੁਆਰਾ ਹੋਣਾ ਹੈ ਤੇ ਮਰੇ ਹੋਏ ਮਨੁੱਖ ਦੇ ਸਰੀਰ ਅੰਦਰ ਗਿਆਨ ਨਹੀਂ ਪਾਇਆ ਜਾ ਸਕਦਾ। ਗਿਆਨ ਅਸੀਂ ਜਿਉਂਦੇ ਜੀਅ ਹੀ ਲੈ ਸਕਦੇ ਹਾਂ, ਗੁਰੂ ਦੇ ਸ਼ਬਦਾਂ ਦੀ ਵਿਚਾਰ ਰਾਹੀਂ ਲੈ ਸਕਦੇ ਹਾਂ ਜਿਸ ਦੁਆਰਾ ਅਸੀਂ ਨਿਰਗੁਣ ਰੂਪ ਵਿੱਚ ਮੁਕਤਿ ਹੋਣਾ ਹੈ, ਲੇਖੇ ਤੋਂ ਮੁਕਤਿ ਹੋਣਾ ਹੈ ਜੋ ਲੇਖਾ ਨਿਰਗੁਣ ਰੂਪ ਵਿੱਚ ਹੁੰਦਾ ਹੈ, ਸਾਡੇ ਮਨ ਨੂੰ ਦੇਣਾ ਪੈਂਦਾ ਹੈ।

ਮੁਕਤੀ ਸਾਡੇ ਮਨ ਦੀ ਹੋਣੀ ਹੈ ਤੇ ਮਨ ਦੇ ਵਿੱਚ ਹੀ ਹੋਣੀ ਹੈ ਜਿਸ ਦੁਆਰਾ ਅਸੀਂ ਮਨ ਦੇ ਵਿੱਚ ਹੀ ਉਸ ਪ੍ਰਮਾਤਮਾ ਦੇ ਨਾਲ ਰਲ ਜਾਂਦੇ ਹਾਂ, ਉਸ ਦੇ ਬ੍ਰਹਮ ਗਿਆਨ ਦੇ ਨਾਲ ਇਕ ਹੋ ਜਾਂਦੇ ਹਾਂ। ਭਰਮ ਤੋਂ ਮੁਕਤਿ ਕੇਵਲ ਬ੍ਰਹਮ ਗਿਆਨ ਹੈ, ਨਾਮ ਹੈ, ਗੁਰੂ ਹੈ, ਪ੍ਰਮਾਤਮਾ ਆਪ ਹੈ ਜਿਸ ਦੇ ਨਾਲ ਸਾਡਾ ਜਿਉਂਦੇ ਹੋਏ ਹੀ ਮੇਲ ਹੋ ਸਕਦਾ ਹੈ, ਚਉਥੇ ਪਦ ਵਿੱਚ ਪਹੁੰਚ ਕੇ ਮੇਲ ਹੋ ਸਕਦਾ ਹੈ, ਸਹਜ ਦੀ ਅਵਸਥਾ ਦੀ ਪ੍ਰਾਪਤੀ ਦੁਆਰਾ ਹੋ ਸਕਦਾ ਹੈ। ਸਹਜ ਦੀ ਅਵਸਥਾ ਵਿੱਚ ਪਹੁੰਚ ਕੇ ਹੀ ਸਾਨੂੰ ਇਸ ਗੱਲ ਦੀ ਸਮਝ ਲੱਗਦੀ ਹੈ ਕਿ ਨਾਮ ਕੀ ਹੈ, ਪ੍ਰਮਾਤਮਾ ਕੀ ਹੈ, ਉਸ ਦਾ ਗੁਰੂ ਰੂਪ ਕੀ ਹੈ ਤੇ ਮੁਕਤੀ ਕੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜੋ ਆਪ ਮੁਕਤੀ ਦਾ ਮਾਲਕ ਹੈ ਤੇ ਸਾਨੂੰ ਆਪਣੀ ਬਾਣੀ ਰਾਹੀਂ ਮੁਕਤੀ ਦਾ ਮਾਰਗ ਸਮਝਾਇਆ ਹੈ।

ਗਉੜੀ ਮਹਲਾ ੧ ॥

“ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥
ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥੧॥
ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥
ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥
ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥
ਸਾਝ ਬਿਹਾਗ ਤਕਹਿ ਆਗਾਸੁ ॥ ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥

ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥
ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ ਲੋਗ ॥
ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬॥"

(ਅੰਗ ੧੫੨)

ਸ਼ਬਦ ਦੇ ਪਹਿਲੇ ਪਦੇ ਨੂੰ ਹੀ ਧਿਆਨ ਨਾਲ ਸਮਝੋ ਕਿ ਮੁਕਤੀ ਪਾਉਣਾ ਕੀ ਹੈ। ਮੁਕਤੀ ਸਾਡੇ ਮਨ ਦੀ ਸੋਝੀ ਨਾਲ ਜੁੜੀ ਹੋਈ ਹੈ, ਸਾਡੇ ਮਨ ਦੀ ਸਮਝ ਨਾਲ ਜੁੜੀ ਹੋਈ ਹੈ। ਸ਼ਬਦ ਦੇ ਪਹਿਲੇ ਪਦੇ

35/4134

ਰਾਹੀਂ ਸਾਡੇ ਲਈ ਇਕ ਸਵਾਲ , ਪ੍ਰਸ਼ਨ ਬਣਾਇਆ ਹੋਇਆ ਹੈ। ਇਸ ਪ੍ਰਸ਼ਨ ਦੀ ਸਮਝ ਆ ਜਾਣਾ ਸਾਡੀ ਮੁਕਤੀ ਹੈ। ਇਸ ਪ੍ਰਸ਼ਨ ਦਾ ਜਵਾਬ ਸ਼ਬਦ ਦੇ ਦੂਜੇ ਪਦੇ ਰਾਹੀਂ ਦਿੱਤਾ ਹੋਇਆ ਹੈ ਜਿਸ ਦੁਆਰਾ ਸਾਡੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜੋ ਕਿ ਰਹਾਉ ਵਾਲੀ ਪੰਗਤੀ ਦੇ ਨਾਲ ਜੁੜੀ ਹੋਈ ਹੈ। ਪਹਿਲੇ ਪਦੇ ਰਾਹੀਂ ਪ੍ਰਸ਼ਨ ਇਹ ਕੀਤਾ ਹੋਇਆ ਹੈ ਕਿ ਮਨੁੱਖ ਆਉਂਦਾ ਕਿੱਥੋਂ ਹੈ ਤੇ ਜਾਂਦਾ ਕਿੱਥੇ ਹੈ, ਕਿਥੋਂ ਉਪਜਦਾ ਹੈ ਤੇ ਕਿਸ ਦੇ ਵਿੱਚ ਸਮਾ ਜਾਂਦਾ ਹੈ। ਕਿਸ ਕਰਕੇ ਮਨੁੱਖ ਬੰਧਨ ਵਿੱਚ ਹੈ, ਕਿਸ ਤਰੀਕੇ ਮਨੁੱਖ ਨੂੰ ਮੁਕਤੀ ਮਿਲਦੀ ਹੈ ਤੇ ਕਿਸ ਤਰ੍ਹਾਂ ਪ੍ਰਮਾਤਮਾ ਸਾਡੇ ਅੰਦਰ ਸਮਾਉਂਦਾ ਹੈ, ਸਹਜ ਦੀ ਅਵਸਥਾ ਦੁਆਰਾ ਸਮਾਉਂਦਾ ਹੈ ਭਾਵ ਕਿਸ ਤਰ੍ਹਾਂ ਪ੍ਰਮਾਤਮਾ ਦੇ ਸਾਨੂੰ ਆਪਣੇ ਅੰਦਰੋਂ ਦਰਸ਼ਨ ਹੁੰਦੇ ਹਨ। (**ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥1॥**)

ਪਹਿਲੇ ਪਦੇ ਰਾਹੀਂ ਜੋ ਸਾਨੂੰ ਪ੍ਰਸ਼ਨ ਸਮਝਾਏ ਹਨ ਉਹਨਾਂ ਦੀ ਸੋਝੀ ਪੈਣ ਦਾ ਤਰੀਕਾ "ਰਹਾਉ" ਰਾਹੀਂ ਸਮਝਾਇਆ ਹੋਇਆਂ ਹੈ ਤੇ ਸੋਝੀ ਕਿਸ ਰੂਪ ਵਿੱਚ ਪੈਂਦੀ ਹੈ ਇਹ ਗੱਲ ਦੂਸਰੇ ਪਦੇ ਰਾਹੀਂ ਸਮਝਾਈ ਹੋਈ ਹੈ।

ਪ੍ਰਮਾਤਮਾ ਨੂੰ ਜਾਨਣ ਦਾ ਮਾਰਗ, ਮੁਕਤੀ ਨੂੰ ਜਾਨਣ ਦਾ ਮਾਰਗ, ਆਵਾਗਉਣ ਨੂੰ ਜਾਨਣ ਦਾ ਮਾਰਗ "ਨਾਮੁ" ਨਾਲ ਜੁੜਿਆ ਹੋਇਆ ਹੈ। ਨਾਮ ਦਾ ਮਕਸਦ ਸਾਨੂੰ ਸੋਝੀ ਪਾਉਣ ਨਾਲ ਹੀ ਹੈ, ਧਰਮ ਦੇ ਮਾਰਗ ਨਾਲ ਜੁੜੀ ਹੋਈ ਹਰ ਸੱਚੀ ਸੋਝੀ ਪਾਉਣ ਦੇ ਨਾਲ ਹੀ ਹੈ। ਨਾਮ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ, ਬ੍ਰਹਮ ਗਿਆਨ ਹੈ। ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਜਿਸ ਦੇ ਹਿਰਦੇ ਅੰਦਰ ਨਾਮ ਵੱਸ ਜਾਂਦਾ ਹੈ ਉਸ ਦੇ ਅੰਦਰ "ਅੰਮ੍ਰਿਤੁ" ਰੂਪ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਜਿਸ ਦੁਆਰਾ ਉਸ ਨੂੰ ਮੁਕਤੀ ਦੇ ਮਾਰਗ ਦੀ ਸੋਝੀ ਪੈ ਜਾਂਦੀ ਹੈ, ਆਵਾਗਉਣ ਬਾਰੇ ਸਮਝ ਪੈ ਜਾਂਦੀ ਹੈ। ਇਹੋ ਜਿਹੇ ਮਨੁੱਖ ਦੇ ਮੁਖ ਤੇ ਫਿਰ ਹਰ ਵੇਲੇ ਨਾਮ ਹੀ ਹੁੰਦਾ ਹੈ ਭਾਵ ਸੱਚ ਹੀ ਹੁੰਦਾ ਹੈ ਭਾਵ ਉਹ ਸੱਚੀ ਸਿਖਿਆ ਦੁਆਰਾ ਹੀ ਵਿਚਰਦਾ ਹੈ, ਹਰ ਭਰਮ ਤੋਂ, ਅਉਗਣਾਂ ਤੋ ਮੁਕਤਿ ਹੋ ਕੇ ਹੀ ਵਿਚਰਦਾ ਹੈ, ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਭਾਵ ਨਿਹਕਾਮ ਹੋ ਕੇ ਵਿਚਰਦਾ ਹੈ, ਪ੍ਰਮਾਤਮਾ ਦਾ ਰੂਪ ਬਣ ਕੇ ਵਿਚਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਵਿਚਰੇ ਹਨ, ਨਾਮ ਦੀ ਪ੍ਰਾਪਤੀ ਦੁਆਰਾ ਪ੍ਰਮਾਤਮਾ ਦਾ ਰੂਪ ਬਣਕੇ ਵਿਚਰੇ ਹਨ। (**ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ ਨਿਹਕਾਮੁ ॥1॥ ਰਹਾਉ ॥**)

ਪਹਿਲੇ ਪਦੇ ਦੇ ਪ੍ਰਸ਼ਨਾਂ ਦੀ ਸੋਝੀ ਨਾਮ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਗਲੇ ਪਦੇ ਦੁਆਰਾ ਪਾਈ ਹੋਈ ਹੈ, ਗੁਰੂ ਰੂਪ ਪ੍ਰਮਾਤਮਾ ਨੇ ਆਪ ਪਾਈ ਹੋਈ ਹੈ।

35/4135

"ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥"

ਉਪਰ ਵਾਲੇ ਪਦੇ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਮਨੁੱਖ ਦਾ ਇਸ ਸੰਸਾਰ

ਵਿੱਚ ਆਉਣਾ ਜਾਣਾ ਕੀ ਹੈ। ਮਨੁੱਖ ਆਪਣੇ ਆਪ ਵਿੱਚ ਅਸਲ ਵਿੱਚ ਕੁਝ ਵੀ ਨਹੀਂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆਏ ਹਾਂ। ਮਨੁੱਖੀ ਹੋਂਦ ਸਮਝਣਾ ਕੇਵਲ ਸਾਡਾ ਭਰਮ ਹੈ। ਮਨੁੱਖ ਜੋ ਕੁਝ ਵੀ ਆਪਣੇ ਆਪ ਨੂੰ ਸਮਝਦਾ ਹੈ ਉਹ ਮਨ ਦੇ ਵਿਚਾਰਾਂ ਦੁਆਰਾ ਹੀ ਸਮਝਦਾ ਹੈ। ਸਾਰੀ ਗੱਲ ਇਸ ਗੱਲ ਨੂੰ ਸਮਝਣ ਦੀ ਹੈ ਕਿ ਸਾਡੇ ਵਿਚਾਰ ਕਿਥੋਂ ਆਉਂਦੇ ਹਨ। ਇਸ ਗੱਲ ਦੀ ਸਮਝ ਨਾਮ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ, ਸਹਜ ਦੀ ਅਵਸਥਾ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਸਾਡੇ ਅੰਦਰ ਮਨ ਦੇ ਗਿਆਨ ਰਾਹੀਂ ਹੀ ਵਿਚਰ ਰਿਹਾ ਹੈ, ਆਪਣੀ ਜੋਤਿ ਰਾਹੀਂ ਵਿਚਰ ਰਿਹਾ ਹੈ ਜਿਸ ਦੁਆਰਾ ਸਾਡੇ ਅੰਦਰ ਹਰ ਵਿਚਾਰ ਪੈਦਾ ਹੁੰਦਾ ਹੈ। ਸਾਡੇ ਅੰਦਰ ਪ੍ਰਮਾਤਮਾ ਸਹਜ ਦੀ ਅਵਸਥਾ ਦੁਆਰਾ ਹੀ ਵਿਚਰਦਾ ਹੈ ਜੋ ਕਿ ਸਾਡੇ ਅੰਦਰ ਚੌਥੇ ਪਦ ਵਾਲੀ ਅਵਸਥਾ ਹੈ। ਸਾਡੇ ਅੰਦਰ ਹਰ ਵਿਚਾਰ ਦੇ ਪੈਦਾ ਹੋਣ ਦੇ ਮੂਲ ਨੂੰ ਸਮਝਣਾ ਸਾਡੇ ਅੰਦਰ ਸਹਜ ਵਾਲੀ ਅਵਸਥਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ ਤੇ ਮਨੁੱਖ ਭਰਮ ਵਿੱਚ ਹੀ ਇਹ ਸਮਝੀ ਰਖਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ "ਮੈਂ" ਹਾਂ ਭਾਵ ਮੇਰੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਹੈ।

ਸਹਜ ਦੀ ਅਵਸਥਾ ਦੁਆਰਾ ਮਨੁੱਖ ਦਾ ਇਹ ਭਰਮ ਮਿਟ ਜਾਂਦਾ ਹੈ ਕਿ ਮਨੁੱਖੀ ਹੋਂਦ ਕੇਵਲ ਸਾਡਾ ਭਰਮ ਹੈ। ਪ੍ਰਮਾਤਮਾ ਸਾਡੇ ਅੰਦਰ "ਸਹਜੁ" ਦੇ ਰੂਪ ਵਿੱਚ ਹੈ ਜੋ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਭਰਮ ਵਿੱਚ ਰਖਦਾ ਹੈ ਜਿਸ ਦੁਆਰਾ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਮਨੁੱਖ ਇਸ ਦੁਨੀਆ ਵਿੱਚ ਆਉਂਦਾ ਹੈ ਤੇ ਜਾਂਦਾ ਹੈ। ਅਸਲ ਵਿੱਚ ਕੋਈ ਮਨੁੱਖੀ ਰੂਪ ਹੈ ਹੀ ਨਹੀਂ ਜੋ ਆ ਜਾ ਸਕੇ। ਸਾਡਾ ਸੰਸਾਰ ਵਿੱਚ ਆਉਣਾ ਜਾਣਾ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਇਹ ਮਹਿਸੂਸ ਹੁੰਦਾ ਹੈ, ਮਨ ਦੇ ਰਾਹੀਂ ਮਹਿਸੂਸ ਹੁੰਦਾ ਹੈ ਕਿ ਮਨੁੱਖ ਸੰਸਾਰ ਵਿੱਚ ਆ ਜਾ ਰਿਹਾ ਹੈ। ਅਸਲ ਵਿੱਚ ਇਹ ਸਾਡੇ ਅੰਦਰ ਵਿਚਾਰਾਂ ਦੀ ਖੇਡ ਹੈ ਜੋ ਪ੍ਰਮਾਤਮਾ ਸਾਡੇ ਅੰਦਰ ਆਪ ਸਹਜ ਦੀ ਅਵਸਥਾ ਵਿੱਚ ਹੁੰਦੇ ਹੋਏ ਕੇਵਲ ਇਹ ਜਤਾਉਂਦਾ ਹੈ ਕਿ ਮਨੁੱਖ ਆ ਜਾ ਰਿਹਾ ਹੈ। ਸਾਡੇ ਅੰਦਰ ਮਨ ਦੇ ਵਿੱਚ ਇਹੋ

35/4136

ਜਿਹੇ ਵਿਚਾਰ ਹੀ ਉਪਜਦੇ ਹਨ ਜਿਨ੍ਹਾਂ ਉਤੇ ਸਾਡਾ ਕੋਈ ਵੱਸ ਨਹੀਂ ਹੈ। ਜਿਹੋ ਜਿਹੀ ਸਾਡੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਸੋਝੀ ਉਪਜਦੀ ਹੈ ਤੇ ਅਸੀਂ ਉਹੋ ਜਿਹੀ ਸੋਝੀ ਵਿੱਚ ਹੀ ਸਮਾ ਜਾਂਦੇ ਹਾਂ ਭਾਵ ਅਸੀਂ ਮਨ ਦੀ ਸੋਝੀ ਤੋਂ ਬਾਹਰ ਨਹੀਂ ਨਿਕਲ ਸਕਦੇ ਤੇ ਮਨੁੱਖੀ ਆਵਾਗਉਣ ਨੂੰ ਨਹੀਂ ਸਮਝ ਸਕਦੇ ਭਾਵ ਸਾਡੇ ਅੰਦਰ ਭਰਮ ਉਪਜਦਾ ਹੈ ਤੇ ਅਸੀਂ ਭਰਮ ਵਿੱਚ ਹੀ ਸਮਾ ਜਾਂਦੇ ਹਾਂ ਜਿਸ ਦੁਆਰਾ ਅਸੀਂ ਇਸ ਸੰਸਾਰ ਦੇ ਆਵਾਗਉਣ ਨੂੰ ਨਹੀਂ ਸਮਝ ਸਕਦੇ। ਸਾਡੇ ਅੰਦਰ ਬੰਧਨ ਪ੍ਰਮਾਤਮਾ ਨੇ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਪਾਇਆ ਹੋਇਆ ਹੈ ਜਿਸ ਕਰਕੇ ਅਸੀਂ ਇਹ ਕਦੇ ਨਹੀਂ ਜਾਣ ਸਕਦੇ ਕਿ ਅਸਲ ਵਿੱਚ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। (**ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥**)

ਇਸ ਉਪਰਲੀ ਪੰਗਤੀ ਰਾਹੀਂ ਸਾਨੂੰ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਜੋ ਗੱਲ ਪ੍ਰਸ਼ਨ ਦੇ ਰੂਪ ਵਿੱਚ ਪੁੱਛੀ ਹੋਈ ਹੈ ਉਸ ਦਾ ਜੁਆਬ ਹੀ ਦਿੱਤਾ ਹੋਇਆ ਹੈ ਜਿਸ ਗੱਲ ਨੂੰ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ।

ਪ੍ਰਸ਼ਨ: (ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥)

ਉੱਤਰ: (ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥)

ਆਓ ਹੁਣ ਅਗਲੇ ਪ੍ਰਸ਼ਨ ਨੂੰ ਸਮਝੀਏ ਤੇ ਉਸ ਦੇ ਉੱਤਰ ਨੂੰ ਸਮਝੀਏ।

ਪ੍ਰਸ਼ਨ: (ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥੧॥)

ਉੱਤਰ: (ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥)

ਪ੍ਰਸ਼ਨ ਕੀ ਹੈ ਇਸ ਗੱਲ ਨੂੰ ਅਸੀਂ ਪਹਿਲੇ ਉਪਰ ਜਾਣ ਹੀ ਚੁੱਕੇ ਹਾਂ ਤੇ ਹੁਣ ਇਸ ਦੇ ਉੱਤਰ ਨੂੰ ਸਮਝਦੇ ਹਾਂ। ਇਸ ਉੱਤਰ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਉਹ ਪੰਗਤੀਆਂ ਧਿਆਨ ਵਿੱਚ ਰੱਖਣ ਦੀ ਲੋੜ ਹੈ ਜਿਨ੍ਹਾਂ ਰਾਹੀਂ ਅਸੀਂ ਪਹਿਲੇ ਪ੍ਰਸ਼ਨ ਦੇ ਉੱਤਰ ਨੂੰ ਸਮਝਿਆ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਨਾਲ ਸੰਬਧਿਤ ਹੈ। ਮੁਕਤੀ ਸਾਡੇ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ ਭਾਵ ਮਨ ਦੀ ਸੋਝੀ ਦੇ ਨਾਲ ਜੁੜੀ ਹੋਈ ਹੈ। ਮੁਕਤੀ ਸਾਨੂੰ ਸਹਜ ਦੀ ਅਵਸਥਾ ਮਿਲਣ ਦੁਆਰਾ ਹੀ ਮਿਲਦੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਮਿਲਦੀ ਹੈ। ਚੌਥਾ ਪਦ ਸੱਚੇ ਗਿਆਨ ਦਾ ਪਦ ਹੈ, ਬ੍ਰਹਮ ਗਿਆਨ ਦਾ ਪਦ ਹੈ ਜੋ

35/4137

ਸਾਨੂੰ ਹਰ ਭਰਮ ਤੋਂ ਮੁਕਤਿ ਕਰਦਾ ਹੈ। ਇਹ ਪਦ ਨਾਮ ਦਾ ਪਦ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਵਿਚਰ ਰਿਹਾ ਹੈ ਤੇ ਸੰਸਾਰ ਦੇ ਵਿੱਚ ਪ੍ਰਮਾਤਮਾ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਪ੍ਰਮਾਤਮਾ ਤੋਂ ਬਿਨਾਂ ਕੋਈ ਹੋਰ ਹੋਂਦ ਸਮਝਣਾ ਕੇਵਲ ਸਾਡੇ ਮਨ ਦਾ ਭਰਮ ਹੈ, ਹਉਮੈ ਹੈ ਭਾਵ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਦਾ ਹੋਣਾ ਹੈ। ਇਸ ਭਰਮ ਦੇ ਬੰਧਨ ਤੋਂ ਜਿਸ ਨੂੰ ਪ੍ਰਮਾਤਮਾ ਮੁਕਤਿ ਕਰਦਾ ਹੈ ਉਸ ਨੂੰ ਹੀ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ। ਪ੍ਰਮਾਤਮਾ ਆਪਣੇ ਨਾਲ ਮੇਲ ਤੋਂ ਬਾਅਦ ਮਨ ਦੇ ਅੰਦਰ ਆਪਣੇ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ ਜੋ ਕਿ ਉਸ ਦਾ ਨਾਮ ਹੈ। ਸ਼ਬਦਾਂ ਦੀ ਵਿਚਾਰ ਹੀ ਸਾਨੂੰ ਭਰਮਾਂ ਤੋਂ ਮੁਕਤਿ ਕਰਦੀ ਹੈ। ਸਾਡੀ ਸੁਰਤਿ ਦੇ ਵਿਚਾਰ ਸਾਨੂੰ ਭਰਮ ਵਿੱਚ ਰੱਖਦੇ ਹਨ ਤੇ ਸ਼ਬਦ ਦੀ ਵਿਚਾਰ, ਨਾਮ ਦੀ ਵਿਚਾਰ ਸਾਨੂੰ ਭਰਮਾਂ ਵਿੱਚੋਂ ਕੱਢਦੀ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਸ਼ਬਦਾਂ ਦੀ ਵਿਚਾਰ ਦੇ ਨਾਲ ਜੋੜਿਆ ਹੈ ਉਨ੍ਹਾਂ ਸਰੀਰਾਂ ਰਾਹੀਂ ਹੀ ਗੁਰਬਾਣੀ ਦੀ ਰਚਨਾ ਹੋਈ ਹੈ ਜਿਸ ਕਰਕੇ ਪੂਰੀ ਗੁਰਬਾਣੀ ਭਰਮ ਤੋਂ ਰਹਿਤ ਹੈ, ਪੂਰੀ ਗੁਰਬਾਣੀ ਵਿੱਚ ਨਾਮ ਹੈ ਜਿਸ ਦਾ ਮਕਸਦ ਸਾਨੂੰ ਭਰਮ ਦੇ ਬੰਧਨ ਵਿੱਚੋਂ ਕੱਢਣ ਦਾ ਹੈ ਜਿਸ ਬੰਧਨ ਵਿਚੋਂ ਨਿਕਲੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਜਿਸ ਨੇ ਆਪ ਹੀ ਸਾਰੇ ਸੰਸਾਰ ਨੂੰ ਬੰਧਨ ਵਿੱਚ ਰੱਖਿਆ ਹੋਇਆ ਹੈ, ਮਨ ਦੀ ਸੋਝੀ ਰਾਹੀਂ ਬੰਧਨ ਵਿੱਚ ਰੱਖਿਆ ਹੋਇਆ ਹੈ।

ਪ੍ਰਸ਼ਨ: (ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥
ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥੧॥)

ਉੱਤਰ: (ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥)

ਉਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਅਸੀਂ ਉਸੇ ਗੱਲ ਨੂੰ ਸਮਝਿਆ ਹੈ ਜਿਸ ਗੱਲ ਨੂੰ ਅਸੀਂ ਹੋਰ ਵੀ ਕੁਝ ਸ਼ਬਦਾਂ ਰਾਹੀਂ ਪਿਛੇ ਲੇਖ ਵਿੱਚ ਸਮਝਿਆ ਹੈ। ਬਾਰ-ਬਾਰ ਸਾਨੂੰ ਬਾਣੀ ਵਿੱਚ ਇਹ ਗੱਲ ਸਮਝਾਈ ਗਈ ਹੈ ਕਿ ਪ੍ਰਮਾਤਮਾ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੈ।

35/4138

ਜੇਕਰ ਕੋਈ ਹੋਰ ਹੈ ਹੀ ਨਹੀਂ ਤਾਂ ਫਿਰ ਮਰਦਾ ਕੌਣ ਹੈ। ਪ੍ਰਮਾਤਮਾ ਤਾਂ ਆਪ ਮਰਣ ਤੋਂ ਰਹਿਤ ਹੈ ਜੋ ਸਭ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਹੈ, ਗਿਆਨ ਦੇ ਰੂਪ ਵਿੱਚ ਹੈ। ਆਪਣੇ ਅੰਦਰੋਂ ਜੋਤਿ ਨੂੰ ਪਛਾਣੇ ਬਿਨਾ ਕੋਈ ਇਸ ਭਰਮ ਵਿੱਚੋਂ ਨਹੀਂ ਨਿਕਲ ਸਕਦਾ ਕਿ ਸਭ ਕੁਝ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਰੂਪ ਨੂੰ ਬਣਾ ਕੇ ਉਹ ਆਪ ਹੀ ਚਲਾ ਰਿਹਾ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਹੈ। ਜਦ ਤਕ ਅਸੀਂ ਆਪਣੇ ਜਿਉਂਦੇ ਹੋਏ ਇਸ ਭਰਮ ਵਿੱਚੋਂ ਨਹੀਂ ਨਿਕਲਦੇ ਕਿ ਮਨੁੱਖੀ ਹੋਂਦ ਇਕ ਝੂਠੀ ਹੋਂਦ ਹੈ ਤਦ ਤਕ ਅਸੀਂ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਸਾਨੂੰ ਫਿਰ ਤੋਂ ਹਉਮੈ ਰੂਪ ਚੋਲਾ ਪਾ ਕੇ ਪ੍ਰਮਾਤਮਾ ਜੂਨਾਂ ਦੇ ਗੇੜ ਵਿੱਚ ਪਾਈ ਰੱਖਦਾ ਹੈ।

ਅਸਲ ਵਿੱਚ ਹਉਮੈ ਹੀ ਆ ਜਾ ਰਹੀ ਹੈ, ਭਰਮ, ਸਹਸਾ ਹੀ ਆ ਜਾ ਰਹੀ ਹੈ ਜਿਵੇਂ ਕਿ ਅਸੀਂ ਪਿਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਭ ਕੁਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਤੇ ਇਸੇ ਲਈ ਸਾਡੇ ਲਈ ਸੱਚਾ ਉਦਮ ਇਹੀ ਹੈ ਕਿ ਅਸੀਂ ਸ਼ਬਦ ਦੀ ਵਿਚਾਰ ਨੂੰ ਅਪਨਾਈਏ ਤੇ ਆਪਣੇ ਸੁਰਤਿ ਦੇ ਵਿਚਾਰਾਂ ਨੂੰ ਛਡੀਏ ਭਾਵ ਨਾਮ ਨਾਲ ਜੁੜੀਏ ਤੇ ਹਉਮੈ ਛਡੀਏ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਜੁੜੀਏ ਤੇ ਭਰਮਾਂ ਵਿੱਚੋਂ ਨਿਕਲੀਏ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝੀਏ ਤੇ ਵਿਖਾਵੇ ਵਾਲੀ ਭਗਤੀ ਵਿੱਚੋਂ ਨਿਕਲੀਏ ਜੋ ਕਿ ਕੇਵਲ ਸਾਡੇ ਮਨ ਦਾ ਭਰਮ ਹੈ। ਮਨ ਦੇ ਭਰਮ ਵਿੱਚੋਂ ਨਿਕਲੇ ਬਿਨਾਂ ਨਾ ਹੀ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ ਤੇ ਨਾ ਹੀ ਕੋਈ ਹਉਮੈ ਰੂਪ ਆਵਾਗਉਣ ਵਿੱਚੋਂ ਨਿਕਲ ਸਕਦਾ ਹੈ।

{ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥ ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥
ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ ੭੫੨)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ ੧੦੦੩)

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥}

(ਅੰਗ ੧੩੮)

35/4139

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੮੮੫)

ਮਨ ਦੇ ਭਰਮ ਤੋਂ ਮੁਕਤਿ ਹੋਏ ਬਿਨਾ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਨਹੀਂ ਜਾਣ ਸਕਦੇ ਅਤੇ ਸਰੀਰਕ ਕਿਰਿਆਵਾਂ

ਆਦਿ ਵਿੱਚ ਹੀ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਾਂ। ਇਹ ਸਾਡੇ ਅੰਦਰ ਹਉਮੈ ਵਾਲੀ ਅਵਸਥਾ ਹੈ ਜੋ ਕਿ ਸਾਡੇ ਮਨ ਦਾ ਰੋਗ ਹੈ। ਅਸੀਂ ਇਸ ਮਨ ਦੇ ਰੋਗ ਤੋਂ ਹੀ ਮੁਕਤਿ ਹੋਣਾ ਹੈ। ਜਦ ਤਕ ਅਸੀਂ ਮਨ ਦੇ ਰੋਗ ਤੋਂ ਮੁਕਤਿ ਨਹੀਂ ਹੁੰਦੇ ਭਾਵ ਅਗਿਆਨਤਾ ਦੇ ਰੋਗ ਤੋਂ ਮੁਕਤਿ ਨਹੀਂ ਹੁੰਦੇ ਅਸੀਂ ਸਰਗੁਣ ਰੂਪ ਨਾਲ ਹੀ ਜੁੜੇ ਰਹਿੰਦੇ ਹਾਂ, ਆਕਾਰ ਰੂਪ ਨਾਲ ਹੀ ਜੁੜੇ ਰਹਿੰਦੇ ਹਾਂ। ਅਸੀਂ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝਦੇ ਹਾਂ ਤੇ ਆਕਾਰ ਰੂਪ ਕਿਰਿਆਵਾਂ ਦੁਆਰਾ ਹੀ ਪਾਉਣਾ ਸਮਝਦੇ ਹਾਂ ਭਾਵ ਮਨ ਦੇ ਭਰਮ ਨਾਲ ਹੀ ਜੁੜੇ ਰਹਿੰਦੇ ਹਾਂ। ਜਦ ਤਕ ਕੋਈ ਮਨੁੱਖ ਭਰਮ ਵਿਚ ਹੈ ਤਦ ਤਕ ਉਹ ਪ੍ਰਮਾਤਮਾ ਦੇ ਨਾਲ, ਨਾਮ ਦੇ ਨਾਲ ਆਪਣਾ ਝਗੜਾ ਹੀ ਦਿਖਾਉਂਦਾ ਹੈ। ਜਦ ਤਕ ਅਸੀਂ ਅਗਿਆਨਤਾ ਵਿੱਚ ਹਾਂ ਤਦ ਤਕ ਸਾਨੂੰ ਪ੍ਰਮਾਤਮਾ ਨੇ ਖਿਮਾ ਨਹੀਂ ਬਖਸ਼ੀ ਭਾਵ ਆਵਾਗਉਣ ਤੋਂ ਖਿਮਾ ਨਹੀਂ ਬਖਸ਼ੀ। ਜਿਸ ਨੂੰ ਪ੍ਰਮਾਤਮਾ ਖਿਮਾ ਬਖਸ਼ਦਾ ਹੈ ਉਸ ਨੂੰ ਮਨ ਦੇ ਭਰਮ ਤੋਂ ਹੀ ਮੁਕਤਿ ਕਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚੋਂ ਹੀ ਉਸ ਨਿਰਗੁਣ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥”

(ਅੰਗ - ੨੨੩)

ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਪ੍ਰਮਾਤਮਾ ਦੀ ਭਗਤੀ ਮਨ ਦੇ ਵਿੱਚ ਸੀਲ ਸੰਤੋਖ ਦੁਆਰਾ ਹੁੰਦੀ ਹੈ ਭਾਵ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਹੁੰਦੀ ਹੈ ਜਿਸ ਦੁਆਰਾ ਅਸੀਂ ਅਉਗਣਾਂ ਤੋਂ ਮੁਕਤਿ ਹੋ ਕੇ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ ਤੇ ਇਹੀ ਉਸ ਪ੍ਰਮਾਤਮਾ ਦਾ ਹਰ ਵੇਲੇ ਨਾਮ ਜਪਣਾ ਹੈ ਭਾਵ ਹਰ ਵੇਲੇ ਗੁਰੂ ਦੀ ਸੱਚੀ ਮਤਿ ਨਾਲ ਜੁੜੇ ਰਹਿਣਾ ਹੈ। ਮਨ ਦੀ ਇਹ ਅਵਸਥਾ ਮਨੁੱਖ ਨੂੰ ਉਦੋਂ ਹੀ ਪ੍ਰਾਪਤ ਹੁੰਦੀ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਖਿਮਾ ਬਖਸ਼ ਦਿੰਦਾ ਹੈ, ਮਨੁੱਖ ਨੂੰ ਮੁਆਫ ਕਰ ਦਿੰਦਾ ਹੈ ਭਾਵ ਸਾਰੇ ਅਉਗਣਾਂ ਤੋਂ ਮੁਆਫ ਕਰ ਦਿੰਦਾ ਹੈ, ਕਾਮ, ਕ੍ਰੋਧ,

ਲੋਭ, ਮੋਹ, ਅਹੰਕਾਰ ਆਦਿ ਤੋਂ ਮੁਆਫ ਕਰ ਦਿੰਦਾ ਹੈ ਜਿਸ ਦੁਆਰਾ ਮਨੁੱਖ ਫਿਰ ਸੀਲ ਸੰਤੋਖ ਵਿੱਚ ਆ ਜਾਂਦਾ ਹੈ। ਮਨੁੱਖ ਨੂੰ ਆਵਾਗਉਣ ਤੋਂ ਮੁਆਫੀ ਭਾਵ ਛੁਟਕਾਰਾ ਮਨ ਦੀ ਇਸ ਅਵਸਥਾ ਦੁਆਰਾ ਹੀ ਮਿਲਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਮਨੁੱਖ ਮਨ ਦੇ “ਰੋਗ” ਤੋਂ ਮੁਕਤਿ ਹੁੰਦਾ ਹੈ ਜੋ ਕਿ ਸਾਡੇ ਅੰਦਰ ਹਉਮੈ ਵਾਲੀ ਅਵਸਥਾ ਹੈ, ਮਨਮਤਿ ਵਾਲੀ ਅਵਸਥਾ ਹੈ ਜੋ ਸਾਨੂੰ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਤੋਂ ਦੂਰ ਰਖਦੀ ਹੈ ਭਾਵ ਮਾਇਆ ਮੋਹ ਵਿੱਚ ਰੱਖਦੀ ਹੈ ਜਿਸ ਦੁਆਰਾ ਅਸੀਂ ਮਨ ਦੇ ਸੰਤੋਖ ਤੋਂ ਦੂਰ ਰਹਿੰਦੇ ਹਾਂ। ਸਾਡੇ ਅੰਦਰ ਮਨ ਦੇ ਰੋਗ ਵਾਲੀ ਅਵਸਥਾ ਸਾਨੂੰ ਜਮਾਂ ਦੇ ਦੁੱਖ ਵਿੱਚ ਪਾਉਂਦੀ ਹੈ ਭਾਵ ਅਉਗਣਾਂ ਨਾਲ ਜੋੜ ਕੇ ਰਖਦੀ ਹੈ ਜੋ ਸਾਡੇ ਦੁੱਖਾਂ ਦਾ ਕਾਰਣ ਬਣਦੇ ਹਨ।

ਪ੍ਰਮਾਤਮਾ ਜਦੋਂ ਕਿਸੇ ਨੂੰ ਖਿਮਾ ਬਖਸ਼ਦਾ ਹੈ ਉਸ ਨੂੰ ਮਨ ਦੇ ਇਸ ਰੋਗ ਤੋਂ ਹੀ ਮੁਕਤਿ ਕਰਦਾ ਹੈ ਭਾਵ ਹਉਮੈ ਰੋਗ ਤੋਂ ਮੁਕਤਿ ਕਰਦਾ ਹੈ। ਮਨ ਦੇ ਵਿੱਚ ਇਹ ਮੁਕਤੀ ਮਿਲਣ ਦੁਆਰਾ ਹੀ ਮਨੁੱਖ ਹਉਮੈ ਤੋਂ ਮੁਕਤਿ ਹੋ ਕੇ ਨਾਮ ਨਾਲ ਜੁੜਦਾ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਨਾਲ ਜੁੜਦਾ ਹੈ, ਬ੍ਰਹਮ ਗਿਆਨ ਨਾਲ ਜੁੜਦਾ ਹੈ ਜੋ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ। ਮਨ ਦੀ ਇਸ ਮੁਕਤੀ ਤੋਂ ਬਾਅਦ ਹੀ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਉਸ ਦੇ ਨਿਰਗੁਣ ਰੂਪ ਦੇ ਦਰਸ਼ਨ ਹੁੰਦੇ ਹਨ, ਗਿਆਨ ਰੂਪ ਦੇ ਦਰਸ਼ਨ ਹੁੰਦੇ ਹਨ, ਪ੍ਰਮਾਤਮਾ ਦੇ ਜਿਸ ਰੂਪ ਦਾ ਕੋਈ ਰੂਪ ਰੇਖ ਨਹੀਂ ਹੈ, ਕੋਈ ਆਕਾਰ ਰੂਪ ਨਹੀਂ ਹੈ ਭਾਵ ਜੋ ਰੂਪ ਪ੍ਰਮਾਤਮਾ ਦਾ ਪੰਜਾਂ ਤੱਤਾਂ ਤੋਂ ਬਾਹਰ ਹੈ ਜਿਸ ਨੂੰ ਕੇਵਲ ਮਨ ਦੇ ਗਿਆਨ ਦੁਆਰਾ ਦੇਖਿਆ ਜਾ ਸਕਦਾ ਹੈ, ਉਸ ਦੇ ਗਿਆਨ ਰੂਪ ਨੂੰ ਕੇਵਲ ਮਨ ਦੇ ਗਿਆਨ ਰੂਪ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਉਸ ਦੇ ਨਿਰਗੁਣ ਰੂਪ ਨੂੰ ਕੇਵਲ ਮਨ ਦੇ ਨਿਰਗੁਣ ਰੂਪ ਦੁਆਰਾ ਦੇਖਿਆ ਜਾ ਸਕਦਾ ਹੈ, ਮਨ ਦੇ ਵਿੱਚੋਂ ਹਉਮੈ ਰੋਗ ਤੋਂ ਮੁਕਤਿ ਹੋ ਕੇ ਦੇਖਿਆ ਜਾ ਸਕਦਾ ਹੈ, ਪ੍ਰਮਾਤਮਾ ਕੋਲੋਂ ਖਿਮਾ ਮਿਲਣ ਤੇ ਦੇਖਿਆ ਜਾ ਸਕਦਾ ਹੈ ਜੋ ਖਿਮਾ ਕੇਵਲ ਉਸ ਦੇ ਆਪਣੇ ਹੱਥ ਵਿੱਚ ਹੈ ਭਾਵ ਕੇਵਲ ਗੁਰ ਪ੍ਰਸਾਦਿ ਹੈ। (**ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ ਪ੍ਰਭ ਰੂਪ ਨ ਰੇਖੰ ॥1॥**)

ਉਪਰਲੀਆਂ ਪੰਗਤੀਆਂ ਰਾਹੀਂ ਹੁਣ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਜੋ ਸਾਨੂੰ ਪ੍ਰਮਾਤਮਾ ਦਾ ਕਿਸੇ ਆਕਾਰ ਰੂਪ

ਵਿੱਚ ਹੋਣਾ ਸਮਝਾਉਂਦੇ ਹਨ ਤੇ ਕਿਸੇ ਆਕਾਰ ਰੂਪ ਨੂੰ ਪ੍ਰਮਾਤਮਾ ਦੇ ਦਰਸ਼ਨ ਸਮਝਦੇ ਹਨ, ਪ੍ਰਮਾਤਮਾ ਨੂੰ ਕਿਤੇ ਖੰਡਾਂ ਬ੍ਰਹਮੰਡਾਂ ਵਿੱਚ, ਆਕਾਰ ਰੂਪ ਵਿੱਚ ਹੋਣਾ ਸਮਝਦੇ ਹਨ, ਕਿਸੇ ਦੇਹ ਰੂਪ ਦੇ ਦਰਸ਼ਨਾਂ

35/4141

ਵਿੱਚ, ਗੁਰੂ ਸਾਹਿਬਾਨ ਦੀਆਂ ਦੇਹਾਂ ਦੇ ਰੂਪ ਵਿੱਚ ਪ੍ਰਮਾਤਮਾ ਦੇ ਦਰਸ਼ਨ ਕਰਨੇ ਸਮਝਦੇ ਹਨ ਕੀ ਉਹ ਭਰਮ ਤੋਂ ਮੁਕਤਿ ਹੋਏ ਹਨ ਭਾਵ ਨਹੀਂ ਹੋਏ ਹਨ। ਮੁਕਤਿ ਹੋਣ ਤੋਂ ਬਾਅਦ ਪ੍ਰਮਾਤਮਾ ਨਿਰਗੁਣ ਰੂਪ ਵਿੱਚ ਹੀ ਨਜ਼ਰ ਆਉਂਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਨਜਰ ਆਉਂਦਾ ਹੈ ਤੇ ਪਰਮਾਤਮਾ ਦੇ ਸੱਚੇ ਦਰਸ਼ਨ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੇ ਵਿੱਚੋਂ ਗਿਆਨ ਰੂਪ ਦਰਸ਼ਨ ਕੀਤੇ ਬਿਨਾ ਹਰ ਕੋਈ ਪ੍ਰਮਾਤਮਾ ਦੇ ਦਰਸ਼ਨਾਂ ਦੀਆਂ ਗੱਲਾਂ ਕਰਨ ਵਾਲਾ ਕੋਰੇ ਭਰਮ ਵਿੱਚ ਹੈ ਤੇ ਅਸੀਂ ਸਭ ਉਹੋ ਜਿਹਿਆਂ ਦੀ ਮਤਿ ਪਿੱਛੇ ਹੀ ਲੱਗੇ ਹੋਏ ਹਾਂ ਜਿਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਪ੍ਰਮਾਤਮਾ ਦੇ ਨਾਲ ਮੇਲ ਵਾਲੇ ਸਮਝਿਆ ਹੋਇਆ ਹੈ। ਉਹ ਆਪ ਇਸ ਸੰਸਾਰ ਵਿੱਚੋਂ ਭਰਮ ਵਿੱਚ ਗਏ ਹਨ, ਦੁਚਿੱਤੀ ਵਿੱਚ ਗਏ ਹਨ ਤੇ ਦੂਸਰਿਆਂ ਨੂੰ ਭਰਮ ਵਿੱਚ ਪਾ ਕੇ ਗਏ ਹਨ। ਅਸੀਂ ਉਹੋ ਜਿਹਿਆਂ ਨੂੰ ਆਪਣੇ ਸੱਜਣ ਸਮਝਿਆ ਹੋਇਆ ਹੈ। ਸਾਡਾ ਸੱਚਾ ਸੱਜਣ ਕੇਵਲ ਗੁਰੂ ਹੈ, ਆਪ ਪ੍ਰਮਾਤਮਾ ਹੈ ਜੋ ਭਰਮ ਤੋਂ ਮੁਕਤਿ ਹੈ। ਝੂਠੇ ਸੱਜਣਾਂ ਦੀ ਮਤਿ ਪਿਛੇ ਲੱਗ ਕੇ ਅਸੀਂ ਸੱਚੇ ਸੱਜਣ ਤੋਂ ਵਿਛੁੜ ਜਾਂਦੇ ਹਾਂ ਜੋ ਸਾਨੂੰ ਸੱਚੀ ਭਗਤੀ ਸਮਝਣ ਤੋਂ ਦੂਰ ਰੱਖਦੇ ਹਨ।

ਸੱਚੇ ਸੱਜਣ ਦੀ ਮਤਿ ਦੇ ਨਾਲ ਜੁੜੇ ਬਿਨਾਂ ਅਸੀਂ ਕਦੇ ਭਰਮ ਤੋਂ ਮੁਕਤਿ ਨਹੀਂ ਹੋ ਸਕਦੇ ਤੇ ਉਸ ਪ੍ਰਮਾਤਮਾ ਦੇ ਨਿਰਗੁਣ ਰੂਪ ਦਰਸ਼ਨ ਕਦੇ ਨਹੀਂ ਕਰ ਸਕਦੇ ਜੋ ਦਰਸ਼ਨ ਮਨ ਦੇ ਭਰਮ ਤੋਂ ਮੁਕਤਿ ਹੋ ਕੇ ਹੀ ਹੁੰਦੇ ਹਨ। ਝੂਠੇ ਸੱਜਣਾਂ ਦੀ ਮਤਿ ਵਿੱਚੋਂ ਨਿਕਲਣਾ ਹੀ ਭਰਮ ਤੋਂ ਮੁਕਤੀ ਲੈਣ ਦੇ ਮਾਰਗ ਨਾਲ ਜੁੜਨਾ ਹੈ ਜੋ ਮਾਰਗ ਕੇਵਲ ਗੁਰੂ ਦੇ ਕੋਲ ਹੈ, ਗੁਰਮਤਿ ਦੇ ਰੂਪ ਵਿੱਚ ਹੈ। ਅਸੀਂ ਆਪਣੇ ਮਨਮਤਿ ਵਾਲੇ ਵਿਚਾਰਾਂ ਨੂੰ ਗੁਰਮਤਿ ਵਾਲੇ ਵਿਚਾਰ ਬਣਾਨ ਦਾ ਉਦਮ ਹੀ ਕਰਨਾ ਹੈ। ਮਨਮਤਿ ਭਰਮ ਹੈ, ਹਉਮੈ ਹੈ ਤੇ ਗੁਰਮਤਿ ਸੱਚਾ ਗਿਆਨ ਹੈ, ਨਾਮ ਹੈ, ਬ੍ਰਹਮ ਗਿਆਨ ਹੈ। ਅਸੀਂ ਕਿਹੋ ਜਿਹੀ ਅਵਸਥਾ ਵਿੱਚ ਰਹਿਣਾ ਚਾਹੁੰਦੇ ਹਾਂ ਇਹ ਫੈਸਲਾ ਸਾਡਾ ਸਭ ਤੋਂ ਅਹਿਮ ਫੈਂਸਲਾ ਹੈ ਭਾਵ ਅਸੀਂ ਇਸ ਸੰਸਾਰ ਤੋਂ ਦੁਚਿੱਤੀ ਵਾਲੀ, ਡੁਮਣੀ ਵਾਲੀ ਅਵਸਥਾ ਵਿੱਚ ਹੀ ਰਹਿਣਾ ਚਾਹੁੰਦੇ ਹਾਂ ਜਾਂ ਇਸ ਅਵਸਥਾ ਵਿਚੋਂ ਨਿਕਲ ਕੇ ਜਾਣਾ ਚਾਹੁੰਦੇ ਹਾਂ।

{ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥}

(ਅੰਗ ੨੩)

{ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ ॥
ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥੧॥}

(ਅੰਗ ੧੩੧੮)

35/4142

{ਫਰੀਦਾ ਗਲੰਾ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥
ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ ॥੯੭॥}

(ਅੰਗ ੧੩੯੨)

{ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥੧॥}

(ਅੰਗ ੧੧੦੨)

ਮਨ ਦੇ ਭਰਮ ਤੋਂ ਮੁਕਤਿ ਹੋਏ ਬਿਨਾ ਅਸੀਂ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ ਤੇ ਮੁਕਤਿ ਪ੍ਰਮਾਤਮਾ ਉਸ ਨੂੰ ਹੀ ਕਰਦਾ ਹੈ ਜਿਸ ਨੂੰ ਉਹ ਖਿਮਾ ਬਖਸ਼ਦਾ ਹੈ। ਜਦ ਤਕ ਸਾਡੇ ਅੰਦਰ ਮਾਇਆ ਮੋਹ ਹੈ ਭਾਵ ਹਉਮੈ ਹੈ, ਮਨਮਤਿ ਹੈ ਤਦ ਤਕ ਅਸੀਂ ਪ੍ਰਮਾਤਮਾ ਦੀ ਖਿਮਾ ਤੋਂ ਦੂਰ ਹਾਂ। ਅਸੀਂ ਖਿਮਾ ਪ੍ਰਮਾਤਮਾ ਦੇ ਕੋਲੋਂ ਮੰਗਣੀ ਹੈ ਜੋ ਕਿ ਸਾਡਾ ਸੱਚਾ ਉਦਮ ਹੈ। ਜਦ ਤਕ ਸਾਡੇ ਅੰਦਰ ਇਹ ਗੱਲ ਘਰ ਨਹੀਂ ਕਰਦੀ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਅਸੀਂ ਉਸ ਕੋਲੋਂ ਖਿਮਾ ਕਿਸ ਰੂਪ ਵਿੱਚ ਮੰਗਣੀ ਹੈ ਤਦ ਤਕ ਅਸੀਂ ਖਿਮਾ ਵਾਲੇ ਪਾਸੇ ਤੁਰ ਹੀ ਨਹੀਂ ਸਕਦੇ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਸੱਚ ਦੇ ਰੂਪ ਵਿੱਚ ਹੈ, ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ। ਅਸੀਂ ਖਿਮਾ ਪ੍ਰਮਾਤਮਾ ਦੇ ਇਸ ਰੂਪ ਕੋਲੋਂ ਹੀ ਮੰਗਣੀ ਹੈ ਜੋ ਕਿ ਉਸ ਦਾ ਨਿਰਗੁਣ ਰੂਪ ਹੈ। ਉਸ ਦੇ ਨਿਰਗੁਣ ਰੂਪ ਕੋਲੋਂ ਖਿਮਾ ਵੀ ਸਾਡੇ ਨਿਰਗੁਣ ਰੂਪ ਨੇ ਮੰਗਣੀ ਹੈ।

ਸਾਡਾ ਨਿਰਗੁਣ ਰੂਪ ਸਾਡੇ ਅੰਦਰ ਮਨ ਦੇ ਵਿੱਚ ਹੀ ਹੈ ਜੋ ਕਿ ਸਾਡੇ ਵਿਚਾਰਾਂ ਦੇ ਰੂਪ ਵਿੱਚ ਹੈ, ਸੁਰਤਿ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਮਨਮਤਿ ਦੇ ਰੂਪ ਵਿੱਚ ਹੈ, ਭਰਮ ਦੇ ਰੂਪ ਵਿੱਚ ਹੈ, ਤ੍ਰੈ ਗੁਣਾਂ ਦੇ ਰੂਪ ਵਿੱਚ ਹੈ, ਮਾਇਆ ਮੋਹ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਵੀ ਮਨ ਦੇ ਨਿਰਗੁਣ ਰੂਪ ਵਿੱਚ ਹੈ। ਇਹ ਝਗੜਾ ਸਾਡੇ ਮਨਮਤਿ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਨੂੰ ਨਾ ਮੰਨਣ ਦਾ ਹੈ। ਸ਼ਬਦ ਦੇ ਵਿਚਾਰਾਂ ਨੂੰ ਮੰਨੇ ਬਿਨਾ ਸਾਨੂੰ ਪ੍ਰਮਾਤਮਾ ਕੋਲੋਂ ਖਿਮਾ ਨਹੀਂ ਮਿਲ ਸਕਦੀ। ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਸੱਚੇ ਦਿਲੋਂ ਪ੍ਰਮਾਤਮਾ ਕੋਲੋਂ ਖਿਮਾ ਮੰਗੀਏ ਭਾਵ ਮਨਮਤਿ ਛੱਡ ਕੇ ਗੁਰਮਤਿ ਅਪਨਾਈਏ। ਇਹ ਖਿਮਾ ਹਉਮੈ ਨੇ ਨਾਮ ਕੋਲੋਂ ਮੰਗਣੀ ਹੈ, ਮਨਮਤਿ ਨੇ ਗੁਰਮਤਿ ਕੋਲੋਂ ਮੰਗਣੀ ਹੈ, ਝੂਠ ਨੇ ਸੱਚ ਕੋਲੋਂ ਮੰਗਣੀ ਹੈ ਭਾਵ ਸਾਡੀ ਸੁਰਤਿ ਦੇ ਵਿਚਾਰਾਂ ਨੇ ਸ਼ਬਦ

35/4143

ਦੇ ਵਿਚਾਰਾਂ ਕੋਲੋਂ ਮੰਗਣੀ ਹੈ ਕਿ ਅਸੀਂ ਗਲਤ ਹਾਂ ਤੇ ਸਾਨੂੰ ਸਾਡੀ ਗਲਤੀ ਮੁਆਫ ਕਰ ਦੇਵੋ ਕਿ ਅਸੀਂ ਹੁਣ ਤਕ ਤੁਹਾਡੀ ਗੱਲ ਨਹੀਂ ਮੰਨੀ।

ਸ਼ਬਦ ਦੇ ਵਿਚਾਰ ਸਾਡੀ ਗਲਤੀ ਮੁਆਫ ਕਰਨ ਲਈ ਤਿਆਰ ਹਨ। ਜੋ ਗੱਲ ਅਸੀਂ ਸ਼ਬਦ ਦੇ ਵਿਚਾਰਾਂ ਦੀ ਮੰਨ ਲੈਂਦੇ ਹਾਂ ਉਹ ਸਾਡੇ ਲਈ ਮੁਆਫੀ ਹੈ। ਅਸੀਂ ਸ਼ਬਦ ਦੀ ਹਰ ਵਿਚਾਰ ਨੂੰ ਮੰਨਣ ਦਾ ਉਦਮ ਕਰਨਾ ਹੈ, ਸੱਚੇ ਦਿਲੋਂ ਕਰਨਾ ਹੈ ਤੇ ਪ੍ਰਮਾਤਮਾ ਕੋਲੋਂ ਖਿਮਾ ਲੈਣ ਦਾ ਇਹੀ ਤਰੀਕਾ ਹੈ। ਸ਼ਬਦ ਦੀ ਹਰ ਵਿਚਾਰ ਸਾਨੂੰ ਨਾਮ ਦੇ ਨਾਲ ਜੋੜਦੀ ਹੈ, ਸੱਚ ਦੇ ਮਾਰਗ ਨਾਲ ਜੋੜਦੀ ਹੈ ਭਾਵ ਸਾਨੂੰ ਭਰਮਾਂ ਵਿੱਚੋਂ ਕੱਢਦੀ ਹੈ, ਮਨਮਤਿ ਵਿੱਚੋਂ ਕੱਢਦੀ ਹੈ। ਜਿਉਂ-ਜਿਉਂ ਅਸੀਂ ਆਪਣੀ ਮਤਿ ਛੱਡਦੇ ਜਾਵਾਂਗੇ ਤਿਉਂ-ਤਿਉਂ ਅਸੀਂ ਭਰਮਾਂ ਤੋਂ ਮੁਕਤਿ ਹੋਈ ਜਾਵਾਂਗੇ ਤੇ ਅਸੀਂ ਪ੍ਰਮਾਤਮਾ ਦੀ ਖਿਮਾ ਦੇ ਪਾਤਰ ਬਣਦੇ ਜਾਵਾਂਗੇ। ਜਦੋਂ ਕਿਸੇ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਆਪਣੀ ਖਿਮਾ ਦੁਆਰਾ ਹੀ ਕਰਦਾ ਹੈ, ਜਿਸ ਦੁਆਰਾ ਉਹ ਆਪਣਾ ਸੱਚਾ ਗਿਆਨ ਬਖਸ਼ ਕੇ ਸਾਨੂੰ ਹਰ ਭਰਮ ਤੋਂ ਮੁਕਤਿ ਕਰ ਦਿੰਦਾ ਹੈ ਤੇ ਮਨ ਦੇ ਵਿੱਚ ਆਪ ਹੀ ਆਪਣੇ ਨਿਰਗੁਣ ਰੂਪ ਦੇ ਦਰਸ਼ਨ ਕਰਵਾਉਂਦਾ ਹੈ। ਪ੍ਰਮਾਤਮਾ ਤੋਂ ਖਿਮਾ ਮਿਲੇ ਬਿਨਾਂ ਅਸੀਂ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਨਹੀਂ ਹੋ ਸਕਦੇ ਕਿਉਂਕਿ ਮਨ ਦੇ ਭਰਮ ਤੋਂ ਮੁਕਤੀ ਹੀ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਹੈ।

{ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥
ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥
ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥
ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥
ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥
ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥
ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥
ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥}

(ਅੰਗ ੨੬੧)

{ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥
ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ਜੁਗ ਚਾਰੇ ਹੋਇ ॥}

(ਅੰਗ - ੯੩੨)

{ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥}

(ਅੰਗ ੯੩੨)

{ਖਖਾ ਇਹੈ ਖੋੜਿ ਮਨ ਆਵਾ ॥ ਖੋੜੇ ਛਾਡਿ ਨ ਦਹ ਦਿਸ ਧਾਵਾ ॥
ਖਸਮਹਿ ਜਾਣਿ ਖਿਮਾ ਕਰਿ ਰਹੈ ॥ ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥੮॥}

(ਅੰਗ ੩੪੦)

{ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥
ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥
ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥
ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬॥
ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥
ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥
ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥
ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ ॥੮॥}

(ਅੰਗ ੮੩੬)

{ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥
ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥
ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥}

(ਅੰਗ ੧੩੩੪)

35/4144

{ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥
ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ ॥

ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ ॥}

(ਅੰਗ ੯੩੭)

{ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥}

(ਅੰਗ ੧੩੭੨)

{ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥੭॥}

(ਅੰਗ ੩੪੩)

{ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥}

(ਅੰਗ ੧੦੩੦)

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥
ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥}

(ਅੰਗ ੨੩੩)

ਜਦ ਤਕ ਅਸੀਂ ਮਨ ਦੇ ਭਰਮ ਤੋਂ ਮੁਕਤਿ ਨਹੀਂ ਹੁੰਦੇ ਤਦ ਤਕ ਅਸੀਂ ਇਹ ਕਦੇ ਨਹੀਂ ਸਮਝ ਸਕਦੇ ਕਿ "ਸੰਤ" ਕੌਣ ਹੈ, "ਭਗਤੁ" ਕੌਣ ਹੈ, "ਜਨੁ" ਕੌਣ ਹੈ। ਅਸੀਂ ਕਿਸੇ ਮਨੁੱਖ ਨੂੰ ਹੀ ਭਾਵ ਕਿਸੇ ਮਨੁੱਖੀ ਦੇਹ ਨੂੰ ਹੀ ਸੰਤ, ਭਗਤ ਜਾਂ ਪ੍ਰਮਾਤਮਾ ਦਾ ਜਨ ਸਮਝਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ ਕਿਉਂਕਿ ਭਰਮ ਦੇ ਰਹਿੰਦਿਆ ਅਸੀਂ ਕਦੇ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਅਸਲ ਵਿੱਚ ਸੰਤ, ਭਗਤ, ਜਨ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਨਿਰਗੁਣ ਰੂਪ ਵਿੱਚ ਹੈ। ਆਪਣੇ ਅੰਦਰੋਂ ਨਿਰਗੁਣ ਰੂਪ ਨੂੰ ਜਾਣੇ ਬਿਨਾ ਹੀ ਕੋਈ ਆਪਣੇ ਆਪ ਨੂੰ ਸੰਤ, ਭਗਤ ਜਾਂ ਉਸ ਦਾ ਜਨ ਅਖਵਾ ਸਕਦਾ ਹੈ। ਮਨ ਦਾ ਭਰਮ ਨਿਕਲਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਸੰਤ, ਭਗਤ ਨਹੀਂ ਕਹਿ ਸਕਦਾ ਭਾਵ ਆਪਣੀ ਦੇਹ ਨੂੰ ਉੱਚਾ ਨਹੀਂ ਕਹਿ ਸਕਦਾ, ਆਪਣੀ ਦੇਹ ਤੇ ਮਾਣ ਨਹੀਂ ਕਰ ਸਕਦਾ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਧਨਾਸਰੀ ਮਹਲਾ ੫ ॥

"ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥
ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥
ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥
ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥"

(ਅੰਗ ੬੮੦)

35/4145

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਤੇ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਜਦ ਤਕ ਸਾਡੇ ਅੰਦਰ ਭਰਮ ਹੈ ਤਦ ਤਕ ਨਾ ਕਿਸੇ ਨੂੰ ਭਗਤੀ

ਦੇ ਮਾਰਗ ਦੀ ਸਮਝ ਪੈ ਸਕਦੀ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ। ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋਏ ਬਿਨਾ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸੋਝੀ ਨਹੀਂ ਪੈ ਸਕਦੀ। ਉਪਰਲੇ ਸ਼ਬਦ ਰਾਹੀਂ ਸਾਨੂੰ ਇਹ ਸੋਝੀ ਹੀ ਪਾਈ ਹੋਈ ਹੈ। ਭਗਤੀ ਦਾ ਮਾਰਗ ਕੇਵਲ ਸੱਚੇ ਸੁੱਚੇ ਕਰਮ ਕਰਨ ਦਾ ਹੈ ਨਾ ਕਿ ਭਗਤੀ ਦੇ ਦਿਖਾਵੇ ਕਰਨ ਦਾ। ਅਸੀਂ ਆਪਣੇ ਵਿਖਾਵਿਆਂ ਦੁਆਰਾ ਇਹ ਦਿਖਾਉਂਦੇ ਹਾਂ ਕਿ ਅਸੀਂ ਨਿਰਬਾਣ ਹੋ ਕੇ ਵਿਚਰਦੇ ਹਾਂ ਪਰ ਨਿਰਬਾਣ ਹੋ ਕੇ ਵਿਚਰਨਾ ਕੀ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਹੈ। ਜੋ ਮਨੁੱਖ ਵਿਕਾਰੀ ਹੈ, ਦੂਸਰਿਆਂ ਦਾ ਹਕ ਮਾਰਨ ਵਾਲਾ ਹੈ ਪਰ ਨਾਲ ਭਗਤੀ ਦੇ ਦਿਖਾਵੇ ਵੀ ਕਰਦਾ ਹੈ ਉਹ ਭਰਮ ਵਿੱਚ ਹੈ ਕਿ ਉਹ ਪ੍ਰਮਾਤਮਾ ਦੀ ਭਗਤੀ ਕਰ ਰਿਹਾ ਹੈ।

ਮਨ ਦੇ ਵਿੱਚ ਵਿਕਾਰਾਂ ਦੇ ਰਹਿੰਦੇ ਹੋਏ ਕੋਈ ਨਿਰਬਾਣ ਨਹੀਂ ਹੈ, ਵਾਸ਼ਨਾਵਾਂ ਰਹਿਤ ਨਹੀਂ ਹੈ। ਆਪਣੇ ਆਪ ਨੂੰ ਭਗਤੀ ਵਾਲਾ ਅਖਵਾਉਣਾ ਵੀ ਸਾਡੀ ਤ੍ਰਿਸ਼ਨਾ ਹੈ ਜਿਸ ਦੁਆਰਾ ਅਸੀਂ ਆਪਣੇ ਮਾੜੇ ਕਰਮਾਂ ਤੇ ਪਰਦਾ ਪਾਉਂਦੇ ਹਾਂ ਪਰ ਉਸ ਪ੍ਰਮਾਤਮਾ ਕੋਲੋਂ ਕੁਝ ਵੀ ਛੁਪਿਆ ਹੋਇਆ ਨਹੀਂ ਹੈ ਕਿਉਂਕਿ ਉਹ ਸਾਡੇ ਅੰਦਰ ਹੀ ਹੈ ਪਰ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਪ੍ਰਮਾਤਮਾ ਕਿਸ ਤਰ੍ਹਾਂ ਹਰ ਗੱਲ ਨੂੰ ਜਾਣਦਾ ਹੈ ਭਾਵ ਇਸ ਗੱਲ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ ਤੇ ਇਸੇ ਲਈ ਮਨੁੱਖ ਕਿਸੇ ਦਾ ਮਾੜਾ ਕਰਨ ਤੋਂ ਨਹੀਂ ਡਰਦਾ। (**ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥ ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥1॥**)

ਮਨੁੱਖ ਮਾੜੇ ਕਰਮ ਤੇ ਭਗਤੀ ਦੇ ਦਿਖਾਵੇ ਕਿਸ ਭਰਮ ਕਰਕੇ ਕਰਦਾ ਹੈ, ਕਿਸ ਅਗਿਆਨਤਾ ਕਰਕੇ ਕਰਦਾ ਹੈ ਇਹੀ ਗੱਲ ਸਾਨੂੰ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥”

ਪ੍ਰਮਾਤਮਾ ਦੀ ਭਗਤੀ ਨੂੰ ਲੈ ਕੇ ਜੋ ਸਾਡੇ ਅੰਦਰ ਭਰਮ ਹੈ ਉਪਰਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ। ਸੰਸਾਰ ਦਾ ਸਭ ਤੋਂ ਵੱਡਾ ਭਰਮ ਇਹੀ ਹੈ ਕਿ ਪ੍ਰਮਾਤਮਾ ਨੂੰ ਹਰ ਕੋਈ ਆਪਣੇ ਤੋਂ ਦੂਰ ਹੀ ਸਮਝਦਾ ਹੈ ਜਦਕਿ ਉਹ ਪ੍ਰਮਾਤਮਾ

ਕਿਤੇ ਦੂਰ ਨਹੀਂ ਹੈ ਉਹ ਸਚਮੁਚ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਪ੍ਰਮਾਤਮਾ ਨੂੰ ਜਾਨਣ ਲਈ ਅਸੀਂ ਧਰਮ ਗ੍ਰੰਥਾਂ ਦਾ ਆਸਰਾ ਲੈਂਦੇ ਹਾਂ, ਆਪਣੀ ਆਪਣੀ ਆਸਥਾ ਅਨੁਸਾਰ ਧਰਮ ਗ੍ਰੰਥਾਂ ਨਾਲ ਜੁੜੇ ਹੋਏ ਹਾਂ। ਧਰਮ ਗ੍ਰੰਥਾਂ ਕੋਲੋਂ ਅਸੀਂ ਸੋਝੀ ਹੀ ਲੈਣੀ ਹੈ ਤਾਂ ਜੋ ਅਸੀਂ ਉਹਨਾਂ ਦੀ ਸੱਚੀ ਸੋਝੀ ਨੂੰ ਸਮਝਕੇ ਉਸ ਅਨੁਸਾਰ ਚਲ ਸਕੀਏ। ਹਰ ਧਰਮ ਗ੍ਰੰਥ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਸਮਝਾਉਂਦਾ ਹੈ ਜੋ ਕਿ ਲੋਭ ਨੂੰ ਛੱਡਣ ਦਾ ਹੈ ਭਾਵ ਮਾਇਆ ਮੋਹ ਨੂੰ, ਵਿਕਾਰਾਂ ਨੂੰ ਛੱਡਣ ਦਾ ਹੈ ਤਾਂ ਜੋ ਅਸੀਂ ਕੋਈ ਪਾਪ ਨਾ ਕਰੀਏ ਭਾਵ ਮਾੜਾ ਕਰਮ ਨਾ ਕਰੀਏ। ਅਸੀਂ ਧਰਮ ਗ੍ਰੰਥਾਂ ਨੂੰ ਵੇਖਦੇ ਹਾਂ, ਪੜ੍ਹਦੇ ਹਾਂ, ਸੁਣਦੇ ਹਾਂ ਤੇ ਇਸੇ ਵਿੱਚ ਹੀ ਭਗਤੀ ਦਾ ਮਾਰਗ ਸਮਝਦੇ ਹਾਂ ਤੇ ਇਸੇ ਗੱਲ ਦਾ ਪ੍ਰਚਾਰ ਕਰਦੇ ਹਾਂ ਕਿ ਧਰਮ ਗ੍ਰੰਥ ਸਾਨੂੰ ਇਹੀ ਸਮਝਾਉਂਦੇ ਹਨ ਭਾਵ ਧਰਮ ਗ੍ਰੰਥਾਂ ਦਾ ਮਕਸਦ ਇਹੀ ਹੈ ਕਿ ਅਸੀਂ ਰੋਜ ਉਹਨਾਂ ਦੇ ਦਰਸ਼ਨ ਕਰੀਏ ਭਾਵ ਉਹਨਾਂ ਨੂੰ ਵੇਖਣ ਸੁਣਨ ਨਾਲ ਜੁੜੇ ਰਹੀਏ। **(ਉਤ ਤਾਕੈ ਉਤ ਤੇ ਉਤ ਪੇਖੈ)** “ਉਤ” ਤੋਂ ਭਾਵ ਹੈ ਉਸ ਵੱਲ ਭਾਵ ਉਸ ਧਰਮ ਗ੍ਰੰਥ ਵੱਲ ਜਿਸ ਰਾਹੀਂ ਅਸੀਂ ਧਰਮ ਦਾ ਮਾਰਗ ਸਿਖਣਾ ਹੈ।

ਅਸੀਂ ਉਸ ਧਰਮ ਗ੍ਰੰਥ ਦੇ ਰਾਹੀਂ ਇਹੀ ਸਿਖਿਆ ਲੈਂਦੇ ਹਾਂ ਕਿ ਧਰਮ ਗ੍ਰੰਥਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ ਜਿਸ ਕਰਕੇ ਅਸੀਂ ਸਵੇਰ ਸ਼ਾਮ ਧਰਮ ਗ੍ਰੰਥਾਂ ਅਗੇ ਮੱਥੇ ਟੇਕਣ ਵਿੱਚ ਹੀ ਜੁੜੇ ਰਹਿੰਦੇ ਹਾਂ ਤੇ ਇਸ ਵਿੱਚ ਹੀ ਧਰਮ ਗ੍ਰੰਥਾਂ ਦੀ ਸੱਚੀ ਸਿਖਿਆ ਸਮਝਦੇ ਹਾਂ ਕਿ ਧਰਮ ਗ੍ਰੰਥਾਂ ਦੇ ਦਰਸ਼ਨ ਕਰਨਾ ਹੀ, ਉਸ ਦੇ ਬਚਨਾਂ ਨੂੰ ਪੜਨਾ ਸੁਨਣਾ ਹੀ ਧਰਮ ਦਾ ਮਾਰਗ ਹੈ ਭਾਵ ਕਰਦੇ ਅਸੀਂ ਮਨਮਤਿ ਹਾਂ ਪਰ ਉਸ ਨੂੰ ਗੁਰਮਤਿ ਦਾ ਨਾਮ ਦਿੰਦੇ ਹਾਂ ਕਿ ਅਸੀਂ ਗੁਰਮਤਿ ਤੇ ਹੀ ਚਲ ਰਹੇ ਹਾਂ। ਧਰਮ ਗ੍ਰੰਥਾਂ ਦਾ ਮਾਰਗ ਸਾਨੂੰ ਇਸ ਗੱਲ ਨਾਲ ਜੋੜਦਾ ਹੈ ਕਿ ਅਸੀਂ ਮਨ ਦੇ ਲੋਭ ਤੋਂ ਮੁਕਤਿ ਹੋਈਏ ਭਾਵ ਮਾਇਆ ਮੋਹ ਤੋਂ ਮੁਕਤਿ ਹੋਈਏ ਤਾਂ ਜੋ ਅਸੀਂ ਚੰਗੇ ਕਰਮ ਕਰ ਸਕੀਏ ਜੋ ਕਿ ਭਗਤੀ ਦਾ ਅਸਲ ਮਾਰਗ ਹੈ।

ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜਿਸ ਨੂੰ ਭਗਤੀ ਦੇ ਸੱਚੇ ਮਾਰਗ ਤੇ ਚਲਕੇ ਹੀ ਪਾਇਆ ਜਾ ਸਕਦਾ ਹੈ ਭਾਵ ਧਰਮ ਗ੍ਰੰਥਾਂ ਦੀ ਗੱਲ ਨੂੰ ਮੰਨ ਕੇ ਹੀ ਪਾਇਆ ਜਾ ਸਕਦਾ ਹੈ ਜਿਸ ਦੁਆਰਾ ਅਸੀਂ ਨਿਰਬਾਣ ਹੋ ਕੇ ਵਿਚਰ ਸਕਦੇ ਹਾਂ ਤੇ ਮਨ ਦਾ ਲੋਭ

ਲਾਲਚ ਛੱਡੇ ਬਿਨਾ ਅਸੀਂ ਆਵਾਗਉਣ ਦੇ ਗੇੜ ਵਿੱਚ ਹੀ ਪਏ ਰਹਿੰਦੇ ਹਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਕਿ ਕਿਤੇ ਦੂਰ ਨਹੀਂ ਹੈ, ਸਿਰਫ ਮਨ ਦੇ ਭਰਮ ਕਰਕੇ ਦੂਰ ਹੈ, ਭਗਤੀ ਦੇ ਦਿਖਾਵੇ ਸਾਡਾ ਭਰਮ ਹੀ ਹਨ। (**ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ॥ ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥1॥ ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥**)

35/4147

ਜਿਹੋ ਜਿਹੇ ਭਗਤੀ ਦੇ ਦਿਖਾਵਿਆਂ ਨੂੰ ਅਸੀਂ ਭਗਤੀ ਸਮਝਿਆ ਹੋਇਆ ਹੈ ਤੇ ਉਸ ਪ੍ਰਮਾਤਮਾ ਨੂੰ ਕਿਤੇ ਦੂਰ ਸਮਝਿਆ ਹੋਇਆ ਹੈ ਭਾਵ ਆਪਣੇ ਆਪ ਤੋਂ ਵੱਖਰਾ ਸਮਝਿਆ ਹੋਇਆ ਹੈ ਤਦ ਤਕ ਹਰ ਕੋਈ ਭਰਮ ਵਿੱਚ ਹੀ ਹੈ ਭਾਵ ਕੋਈ ਵੀ ਭਰਮ ਤੋਂ ਮੁਕਤਿ ਨਹੀਂ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥

ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥”

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਮੁਕਤੀ ਕੀ ਹੈ ਤੇ ਮੁਕਤਿ ਕੌਣ ਹੈ ਤੇ ਕਿਸ ਰੂਪ ਵਿੱਚ ਮੁਕਤਿ ਹੈ। ਮਨ ਦੇ ਭਰਮ ਦੀ ਸਮਝ ਕਿਸੇ ਨੂੰ ਨਹੀਂ ਹੈ। ਇਸ ਦੀ ਸਮਝ ਕੇਵਲ ਉਸੇ ਨੂੰ ਹੀ ਲੱਗ ਸਕਦੀ ਹੈ ਜਿੱਥੇ ਪ੍ਰਮਾਤਮਾ ਆਪਣਾ “ਸੰਤੁ” ਰੂਪ, “ਭਗਤੁ” ਰੂਪ, “ਜਨੁ” ਰੂਪ ਧਾਰ ਲੈਂਦਾ ਹੈ ਤੇ ਇਸ ਰੂਪ ਵਿੱਚ ਹੀ ਸਮਝ ਲਗਦੀ ਹੈ ਕਿ ਪ੍ਰਮਾਤਮਾ ਕਿਤੇ ਦੂਰ ਨਹੀਂ ਹੈ ਭਾਵ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ। ਜਿਸ ਨੂੰ ਪ੍ਰਮਾਤਮਾ ਭਰਮ ਵਿੱਚੋਂ ਕੱਢਦਾ ਹੈ ਭਾਵ ਭਰਮ ਤੋਂ ਮੁਕਤਿ ਕਰਦਾ ਹੈ ਉਥੇ ਹੀ ਪ੍ਰਮਾਤਮਾ ਦਾ ਸੰਤੁ, ਭਗਤੁ, ਜਨੁ ਰੂਪ ਹੈ। ਜਿਸ ਨੂੰ ਪ੍ਰਮਾਤਮਾ ਨੇ ਆਪਣਾ ਇਹ ਰੂਪ ਬਖਸ਼ਿਆ ਹੈ ਉਹਨਾਂ ਸਰੀਰਾਂ ਰਾਹੀਂ ਹੀ ਪ੍ਰਮਾਤਮਾ ਨੇ ਆਪ ਗੁਰਬਾਣੀ ਦੀ ਰਚਨਾ ਕੀਤੀ ਹੈ ਜਿਸ ਕਰਕੇ ਗੁਰਬਾਣੀ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ ਤੇ ਸਾਨੂੰ ਉਹ ਸੱਚੀ ਸਿਖਿਆ ਸਮਝਾਈ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗੁਰਬਾਣੀ ਸਾਨੂੰ ਭਰਮਾਂ ਵਿੱਚੋਂ ਹੀ ਕੱਢ ਰਹੀ ਹੈ।

ਜੇਕਰ ਅਸੀਂ ਸੰਤ, ਭਗਤ ਜਾਂ ਜਨ ਕਿਸੇ ਮਨੁੱਖ ਨੂੰ ਸਮਝਦੇ ਹਾਂ ਇਹ ਵੀ ਸਾਡਾ ਵੱਡਾ ਭਰਮ ਹੈ। ਇਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੁੰਦਾ ਹੈ, ਮਨ ਦੇ ਵਿੱਚ ਨਿਰਗੁਣ ਰੂਪ ਵਿੱਚ, ਜੋਤਿ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਲਗਦੀ ਹੈ ਕਿ ਇਹ ਮਨੁੱਖੀ ਦੇਹ ਕੋਈ ਸੰਤ, ਭਗਤ ਜਾਂ ਜਨ ਨਹੀਂ ਹੈ ਬਲਕਿ ਸੰਤ ਰੂਪ, ਭਗਤ ਰੂਪ, ਜਨ ਰੂਪ ਸਾਡੇ ਅੰਦਰ ਦੀ ਜੋਤਿ ਰੂਪ ਹੈ ਜੋ ਸਾਰੇ ਗਿਆਨ ਦਾ ਸ੍ਰੋਤਿ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਗੁਰੂ ਰੂਪ ਨੂੰ, ਸਾਧ ਰੂਪ ਨੂੰ ਜਾਨਣ ਤੋਂ ਬਾਦ ਕੋਈ ਜਹਿਰ ਖਾਣਾ ਤੇ ਚੰਗਾ ਸਮਝੇਗਾ ਪਰ ਆਪਣੇ ਆਪ ਨੂੰ ਉੱਚਾ ਅਖਵਾ ਲਵੇ, ਸੰਤ, ਬ੍ਰਹਮ ਗਿਆਨੀ ਆਦਿ ਅਖਵਾ ਲਵੇ ਇਹ ਨਹੀਂ ਹੋ ਸਕਦਾ। ਜੋ ਆਪਣੇ ਆਪ ਨੂੰ ਇਹ ਕੁਝ ਅਖਵਾਉਂਦੇ ਹਨ ਇਹ ਉਹਨਾਂ ਦਾ ਵੱਡਾ ਭਰਮ ਹੈ ਭਾਵ ਭਰਮ ਤੋਂ ਮੁਕਤਿ ਨਹੀਂ ਹਨ ਤੇ ਉਹਨਾਂ ਨੂੰ ਇਹ ਕੁਝ ਸਮਝਣ

35/4148

ਵਾਲੇ ਵੀ ਵੱਡੇ ਭਰਮ ਵਿੱਚ ਹਨ। ਮਨ ਦੇ ਭਰਮ ਵਿੱਚ ਰਹਿੰਦੇ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਜਾਣ ਸਕਦਾ ਹੈ ਤੇ ਕੇਵਲ ਭਗਤੀ ਦੇ ਦਿਖਾਵਿਆਂ ਨਾਲ ਹੀ ਜੁੜਿਆ ਰਹਿੰਦਾ ਹੈ। ਭਰਮ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਦੀ ਸੱਚੀ ਕਦਰ ਨਹੀਂ ਪਾ ਸਕਦੇ, ਪ੍ਰਮਾਤਮਾ ਦੀ ਕਦਰ ਨਹੀਂ ਪਾ ਸਕਦੇ ਜੋ ਕਿ ਗੁਰਬਾਣੀ ਦੇ ਰੂਪ ਵਿੱਚ ਆਪ ਹੀ ਹੈ, ਸਾਡੇ ਕੋਲ ਇਸ ਸਮੇ ਸੰਤ, ਭਗਤ ਜਨ, ਪ੍ਰਮਾਤਮਾ ਆਪ ਹੀ ਗੁਰਬਾਣੀ ਦੇ ਰੂਪ ਵਿੱਚ ਹੈ ਜਿਸ ਨੂੰ ਛੱਡ ਕੇ ਕਿਸੇ ਹੋਰ ਨੂੰ ਭਾਵ ਕਿਸੇ ਮਨੁੱਖੀ ਦੇਹ ਨੂੰ ਇਹ ਉਪਾਧੀ ਦੇਣਾ ਕੇਵਲ ਸਾਡਾ ਭਰਮ ਹੈ। ਆਉ ਇਸ ਭਰਮ ਤੋਂ ਮੁਕਤਿ ਹੋਈਏ ਤੇ ਉਹਨਾਂ ਝੂਠੇ ਸੰਤਾ ਆਦਿ ਦੇ ਮਗਰ ਨਾ ਲਗੀਏ ਜੋ ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ।(**ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥ ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥2॥5॥36॥**)

“ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥

ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥”

(ਅੰਗ ੨੩੨)

ਉਪਰਲੀਆਂ ਪੰਗਤੀਆਂ ਰਾਹੀਂ ਸਮਝੋ ਕਿ ਅਸੀਂ ਮੁਕਤੀ ਕਿਸ ਅਵਸਥਾ ਤੋਂ ਪਾਉਣੀ ਹੈ। ਮੁਕਤੀ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਹੀ ਪਾਉਣੀ ਹੈ। ਤ੍ਰੈ ਗੁਣਾਂ ਤੋਂ ਮੁਕਤੀ ਅਸੀਂ ਪਰਮ ਪਦਾਰਥ ਦੁਆਰਾ ਪਾਉਣੀ ਹੈ। ਪ੍ਰਮਾਤਮਾ ਦਾ ਪਰਮ ਪਦਾਰਥ ਭਾਵ ਪ੍ਰਮਾਤਮਾ ਦਾ ਸਭ ਤੋਂ ਉੱਚਾ ਪਦਾਰਥ ਸੱਚੇ ਗਿਆਨ ਦਾ ਪਦਾਰਥ ਹੈ, ਬ੍ਰਹਮ ਗਿਆਨ ਰੂਪ ਪਦਾਰਥ ਹੈ, ਨਾਮ ਪਦਾਰਥ ਹੈ ਜੋ ਸਾਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਮੁਕਤਿ ਕਰਦਾ ਹੈ ਜੋ ਮੁਕਤੀ ਅਸੀਂ ਆਪਣੇ ਇਸੇ ਜੀਵਨ ਵਿੱਚ ਹੀ ਪਾਉਣੀ ਹੈ ਜੋ ਮੁਕਤੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਆਪਣਾ ਗੁਰਮੁਖਿ ਰੂਪ ਬਣਾ ਕੇ ਬਖਸ਼ਦਾ ਹੈ ਜਿਸ ਦੁਆਰਾ ਕੋਈ ਮਨੁੱਖ "ਨਿਰਮਲੁ" ਬਣਦਾ ਹੈ, ਪਵਿੱਤਰ ਬਣਦਾ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਕੋਈ ਨਿਰਮਲ ਨਹੀਂ ਹੈ, ਕੋਈ ਗੁਰਮੁਖ ਨਹੀਂ ਹੈ ਭਾਵੇਂ ਕੋਈ ਭਰਮ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਸੰਤ ਅਖਵਾਏ ਜਾਂ ਬ੍ਰਹਮ ਗਿਆਨੀ ਅਖਵਾਏ ਇਹ ਕਿਸੇ ਦੀ ਆਪਣੀ ਮਰਜ਼ੀ ਹੈ ਜੋ ਕਿ ਕਿਸੇ ਨੂੰ ਸਮਝਾਉਣਾ ਬਹੁਤ ਔਖਾ ਹੈ, ਕਿਸੇ ਨੂੰ ਭਰਮ ਵਿੱਚੋਂ ਕੱਢਣਾ ਬਹੁਤ ਔਖਾ ਹੈ ਕਿਉਂਕਿ ਭਰਮ ਸਭ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਤ੍ਰੈ ਗੁਣਾਂ ਵਿੱਚੋਂ ਸਾਨੂੰ ਸਹਜ ਦੀ ਅਵਸਥਾ ਹੀ ਕੱਢਦੀ ਹੈ ਭਾਵ ਚੌਥੇ ਪਦ ਦਾ ਗਿਆਨ ਕੱਢਦਾ ਹੈ ਜੋ ਕਿ ਪ੍ਰਮਾਤਮਾ ਦਾ ਪਰਮ ਪਦਾਰਥ ਹੈ ਤੇ

35/4149

ਤਾਂ ਹੀ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਆਪਣੇ ਆਪ ਨੂੰ ਉੱਚਾ ਉਹੀ ਕਹਿ ਸਕਦਾ ਹੈ ਜੋ ਤ੍ਰੈ ਗੁਣਾਂ ਵਿੱਚ ਹੈ, ਭਰਮ ਵਿੱਚ ਹੈ ਭਾਵ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ, ਜਿਸ ਨੂੰ ਚੌਥੇ ਪਦ ਦੀ ਪ੍ਰਾਪਤੀ ਨਹੀਂ ਹੋਈ। (**ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥ ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥3॥**)

{ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ ੧੧੨੩)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥}

(ਅੰਗ ੬੮)

ਜੋ ਪ੍ਰਮਾਤਮਾ ਦਾ ਪਰਮ ਪਦਾਰਥ ਹੈ ਉਹੀ ਉਸ ਦਾ ਮੁਕਤ ਪਦਾਰਥ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਸੋਝੀ ਪੈਂਦੀ ਹੈ ਕਿ ਭਗਤੀ ਦਾ ਮਾਰਗ ਕੀ ਹੈ ਤੇ ਤਾਂ ਹੀ ਮਨੁੱਖ ਅਉਗੁਣਾਂ ਤੋਂ ਮੁਕਤਿ ਹੁੰਦਾ ਹੈ। ਇਹ ਮੁਕਤਿ ਪਦਾਰਥ "ਰਤਨੁ ਬੀਚਾਰ" ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ ਜਿਸ ਦੀ ਪ੍ਰਾਪਤੀ ਸਤਿਗੁਰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ। ਗੁਰੂ ਤੋਂ ਬਿਨਾ ਹੋਰ ਕੋਈ ਨਹੀਂ ਜਿਸ ਕੋਲੋਂ ਅਸੀਂ ਇਹ ਮੁਕਤੀ ਦਾ ਪਦਾਰਥ ਪਾ ਸਕਦੇ ਹਾਂ, ਸ਼ਬਦਾਂ ਦੀ ਵੀਚਾਰ ਦੇ ਰੂਪ ਵਿੱਚ, ਸੱਚੇ ਗਿਆਨ ਦੇ ਰੂਪ ਵਿੱਚ ਪਾ ਸਕਦੇ ਹਾਂ। ਇਸ ਮੁਕਤ ਪਦਾਰਥ ਦੀ ਪ੍ਰਾਪਤੀ ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲੇ ਬ੍ਰਹਮਾ, ਨਾਰਦ, ਬਿਆਸ ਅਖਵਾਉਣ ਵਾਲਿਆਂ ਨੂੰ ਵੀ ਨਹੀਂ ਹੋਈ ਭਾਵ ਉਹ ਵੀ ਤ੍ਰੈ ਗੁਣਾਂ ਵਿੱਚ ਰਹੇ ਹਨ ਤੇ ਚੌਥੇ ਪਦ ਦੀ ਪ੍ਰਾਪਤੀ ਨਹੀਂ ਹੋਈ, ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਗੁਰੂ ਦਾ ਭੰਡਾਰ ਮੁਕਤੀ

ਦੇ ਪਦਾਰਥ ਨਾਲ ਭਰਿਆ ਹੋਇਆ ਹੈ ਭਾਵ ਸ਼ਬਦਾਂ ਦੀ ਵੀਚਾਰ ਦੇ ਨਾਲ ਭਰਿਆ ਹੋਇਆ ਹੈ ਜਿਸ ਤੋਂ ਕੀਮਤੀ ਹੋਰ ਕੋਈ ਪਦਾਰਥ ਨਹੀਂ ਹੈ, ਇਹੀ ਗੁਰੂ ਦੇ ਕੋਲ ਭਗਤੀ ਦਾ ਭੰਡਾਰ ਹੈ ਜਿਸ ਦੁਆਰਾ ਉਸ ਨੂੰ ਆਪ ਭਗਤੀ ਦੀ ਸੋਝੀ ਹੈ ਤੇ ਉਹ ਦੁਨੀਆ ਨੂੰ ਭਗਤੀ ਦੀ ਸੋਝੀ ਵੰਡਦਾ ਹੈ। ਗੁਰੂ ਦੇ ਸ਼ਬਦਾਂ ਦਾ ਸੱਚਾ ਗਿਆਨ ਹੀ ਉਸ ਦੇ ਲਾਲ, ਜਵੇਹਰ, ਮਾਣਕ ਹਨ ਜੋ ਗੁਰੂ ਤੋਂ ਇਲਾਵਾ ਕਿਸੇ ਹੋਰ ਕੋਲੋਂ ਨਹੀਂ ਮਿਲ ਸਕਦੇ ਭਾਵ ਸ਼ਬਦਾਂ ਦੀ ਵੀਚਾਰ ਤੋਂ ਵਿਛੁੜਕੇ ਕਿਸੇ ਹੋਰ ਦੀ ਵੀਚਾਰ ਨਾਲ ਜੁੜਕੇ ਅਸੀਂ ਕਦੇ ਮੁਕਤਿ ਨਹੀਂ ਹੋ ਸਕਦੇ। ਭਰਮ ਤੋਂ ਮੁਕਤਿ ਕੇਵਲ ਸ਼ਬਦ ਦੀ ਵੀਚਾਰ ਹੈ ਤੇ ਗੁਰੂ ਪ੍ਰਮਾਤਮਾ ਆਪਣੇ ਇਸ ਭੰਡਾਰ ਦੁਆਰਾ ਹੀ ਮੁਕਤਿ ਹੈ, ਸੱਚੇ ਗਿਆਨ ਦੁਆਰਾ ਭਰਮ ਤੋਂ ਮੁਕਤਿ ਹੈ। (**ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ॥ ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ॥1॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥1॥ਰਹਾਉ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥ ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥2॥**) ਅੰਗ - 59

35/4150

{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥}

(ਅੰਗ ੫੯੯)

{ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥
ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ਜੁਗ ਚਾਰੇ ਹੋਇ ॥
ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥}

(ਅੰਗ ੯੩੨)

{ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥}

(ਅੰਗ ੧੨੯੦)

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ ੪੧)

ਬੰਧਨ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ, ਮਾਇਆ ਦੀ ਜੁਗਤਿ ਹੈ ਜਿਸ ਵਿੱਚ ਹਰ ਵੇਲੇ ਸਾਡੇ ਮਨ ਦੇ ਵਿਚਾਰ ਮਾਇਆ ਵਿੱਚ ਫਸੇ ਰਹਿੰਦੇ ਹਨ। ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਣਾ ਹੀ ਬੰਧਨ ਤੋਂ ਮੁਕਤਿ ਹੋਣਾ ਹੈ। ਆਪਣੇ ਅੰਦਰੋਂ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਜਿੱਤਣਾ ਹੀ ਆਪਣੇ ਮਨ ਨੂੰ ਜਿੱਤਣਾ ਹੈ। ਆਪਣੇ ਮਨ ਨੂੰ ਅਸੀਂ ਤਾਂ ਹੀ ਜਿੱਤ ਸਕਦੇ ਹਾਂ ਜਦੋਂ ਸਾਡਾ ਦਸਵੇ ਦੁਆਰ ਵਿੱਚ ਵਾਸਾ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚ ਵਾਸਾ ਹੋ ਜਾਂਦਾ ਹੈ, ਜੋਤਿ ਦੇ ਘਰ ਵਿੱਚ ਵਾਸਾ ਹੋ ਜਾਂਦਾ ਹੈ ਭਾਵ ਜਦੋਂ ਮਨੁੱਖ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਇੱਕ ਹੋ ਜਾਂਦਾ ਹੈ, ਮਨ ਦੇ ਵਿੱਚ ਸਾਡੀ ਪ੍ਰਮਾਤਮਾ ਦੇ ਨਾਲ ਸੋਚ ਰਲ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਸੋਚ ਇਕ ਹੋ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਅਸੀਂ ਮਨ ਦੇ ਗਿਆਨ ਰਾਹੀਂ ਇੱਕ ਹੋ ਜਾਂਦੇ ਹਾਂ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ਤੇ ਮੁਕਤਿ ਹੋਣ ਲਈ ਉਹੋ ਜਿਹਾ ਉਦਮ ਕਰੀਏ ਜਿਸ ਨੇ ਸਾਨੂੰ ਭਰਮ

35/4151

ਮੋਹ ਦੇ ਬੰਧਨ ਤੋਂ ਮੁਕਤਿ ਕਰਨਾ ਹੈ, ਸਾਨੂੰ ਮਨਮਤਿ ਵਾਲੇ ਵਿਚਾਰਾਂ ਤੋਂ, ਹਉਮੈ ਤੋਂ ਮੁਕਤਿ ਕਰਨਾ ਹੈ ਜਿਸ ਕਰਕੇ ਸਾਰਾ ਸੰਸਾਰ ਹੀ ਮਨ ਦੇ ਬੰਧਨ ਵਿੱਚ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਦੀ ਜੋਤਿ ਨੂੰ ਜਾਨਣ ਤੋਂ ਦੂਰ ਹੈ।

“ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥
ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥”

(ਅੰਗ ੪੯੦-੪੯੧)

ਉਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਅਸਲ ਵਿੱਚ ਮੁਕਤੀ ਦਾ ਮਾਰਗ ਕੀ ਹੈ ਤੇ ਅਸੀਂ ਮੁਕਤਿ ਕਿਸ ਚੀਜ ਨੂੰ ਕਰਨਾ ਹੈ। ਮੁਕਤੀ ਮਨ ਨੂੰ ਜਿੱਤਣ ਦੁਆਰਾ ਮਿਲਣੀ ਹੈ ਭਾਵ ਮੁਕਤੀ ਮਨ ਦੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ, ਮਨ ਦੇ ਗਿਆਨ ਰਾਹੀਂ ਹੀ ਹੈ, ਮਨ ਦੀ ਸੋਝੀ ਰਾਹੀਂ ਹੀ ਹੈ। ਅਸੀਂ ਆਪਣੇ ਮਨ ਨੂੰ ਇਸ ਲਈ ਜਿੱਤਣਾ ਹੈ ਤਾਂ ਜੋ ਅਸੀਂ ਫਿਰ ਤੋਂ ‘‘ਧਾਤਿ’’ ਦੇ ਨਾਲ ਨਾ ਜੁੜੀਏ ਭਾਵ ਮਾਇਆ ਮੋਹ ਦੇ ਨਾਲ, ਤ੍ਰਿਸ਼ਨਾਵਾਂ ਦੇ ਨਾਲ, ਵਿਕਾਰਾਂ ਦੇ ਨਾਲ ਨਾ ਜੁੜੀਏ ਜਿਸ ਦਾ ਕਾਰਣ ਸਾਡੇ ਅੰਦਰ ਸੱਚੀ ਸੋਝੀ ਦਾ ਨਾ ਹੋਣਾ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਾਇਆ ਮੋਹ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਮੁਕਤਿ ਕਰਦਾ ਹੈ ਉਸ ਨੂੰ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਕਰਦਾ ਹੈ। ਪ੍ਰਮਾਤਮਾ ਸਾਡੇ ਅੰਦਰ ਦਸਵੇਂ ਦੁਆਰ ਦੇ ਰੂਪ ਵਿੱਚ ਹੈ ਜੋ ਕਿ ਸਾਡੇ ਮਨ ਦੇ ਅੰਦਰ ਹੀ ਹੈ। ਸਾਡੇ ਅੰਦਰ ਦੇ ਭਰਮ ਵਾਲੇ ਵਿਚਾਰ ਹੀ ਉਹ ਦਰਵਾਜਾ ਹਨ ਜਿਨ੍ਹਾਂ ਰਾਹੀਂ ਪ੍ਰਮਾਤਮਾ ਨੇ ਦਸਵੇਂ ਦੁਆਰ ਦਾ ਦਰਵਾਜ਼ਾ ਬੰਦ ਕੀਤਾ ਹੋਇਆ ਹੈ ਤੇ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੁੰਦੇ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚੋਂ ਆਪਣੇ ਦਰਸ਼ਨ ਕਰਵਾਉਂਦਾ ਹੈ ਉਹ ਦਸਵੇਂ ਦੁਆਰ ਰਾਹੀਂ ਹੀ ਕਰਵਾਉਂਦਾ ਹੈ। ਇਹ ਦਸਵਾਂ ਦੁਆਰ ਸਾਡੇ ਸਭ ਦੇ ਅੰਦਰ ਗਿਆਨ ਦਾ ਦੁਆਰ ਹੈ ਜਿਸ ਰਾਹੀਂ ਮਨੁੱਖ ਨੂੰ ਸਭ ਗਿਆਨ ਮਿਲਦਾ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸੋਝੀ ਵੀ ਦਸਵੇਂ ਦੁਆਰ ਤੋਂ ਹੀ ਆਉਂਦੀ ਹੈ ਪਰ ਇਹ ਦੁਆਰ ਖੁੱਲੇ ਬਿਨਾ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਦਾ ਗਿਆਨ ਕਿੱਥੋਂ ਆਉਂਦਾ ਹੈ। ਇਹ ਗਿਆਨ ਦਾ ਦੁਆਰ ਖੁੱਲੇ ਬਿਨਾਂ ਅਸੀਂ ਮਨ ਦੇ ਭਰਮ ਵਿੱਚ ਹੀ ਰਹਿੰਦੇ ਹਾਂ ਤੇ ਮਨ ਦੇ ਗਿਆਨ ਨੂੰ ਆਪਣਾ ਗਿਆਨ ਸਮਝਦੇ ਹਾਂ, ਆਪਣੀ ਸਮਝ, ਆਪਣੀ ਸੋਚ ਸਮਝਦੇ ਹਾਂ ਜਿਸ

35/4152

ਦੁਆਰਾ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਆਪਣੇ ਮਨੁੱਖੀ ਰੂਪ ਵਿੱਚ ਮੈਂ ਆਪ ਹਾਂ ਤੇ ਇਸੇ ਤਰ੍ਹਾਂ ਹਰ ਮਨੁੱਖ ਆਪਣੇ ਆਪ ਵਿੱਚ ਇੱਕ ਮਨੁੱਖੀ ਰੂਪ ਹੈ ਪਰ ਇਹ ਸਾਡਾ ਭਰਮ ਹੈ ਜਿਸ ਭਰਮ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰਖਿਆ ਹੋਇਆ ਹੈ।

ਦਸਵਾਂ ਦੁਆਰ ਖੁੱਲਣ ਨਾਲ ਮਨੁੱਖ ਦਾ ਇਹ ਭਰਮ ਦੂਰ ਹੋ ਜਾਂਦਾ ਹੈ, ਉਸ ਨੂੰ ਮਨ ਦੇ ਵਿੱਚੋਂ ਇਹ ਸੋਝੀ ਪੈ ਜਾਂਦੀ ਹੈ

ਕਿ ਇਸ ਮਨੁੱਖੀ ਰੂਪ ਵਿੱਚ ਮੈਂ ਨਹੀਂ ਹਾਂ। ਨਾ ਹੀ ਇਹ ਦੇਹ ਮੇਰੀ ਹੈ ਤੇ ਨਾ ਹੀ ਇਹ ਮਨ ਦਾ ਗਿਆਨ ਮੇਰਾ ਹੈ ਬਲਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਜੋ ਸਾਰੇ ਜਗ ਨੂੰ ਭਰਮ ਵਿੱਚ ਰੱਖਕੇ, ਮਾਇਆ ਦੀ ਜੁਗਤਿ ਵਿੱਚ ਰਖਕੇ ਆਪਣੀ ਖੇਡ ਚਲਾ ਰਿਹਾ ਹੈ ਜਿਸ ਨੂੰ ਕਿ ਦਸਵਾਂ ਦੁਆਰ ਖੁਲਣ ਤੋਂ ਬਿਨਾ ਕੋਈ ਨਹੀਂ ਸਮਝ ਸਕਦਾ। ਦਸਵਾਂ ਦੁਆਰ ਖੁੱਲਣ ਤੋਂ ਬਾਅਦ ਫਿਰ ਪ੍ਰਮਾਤਮਾ ਇਸ ਮਨੁੱਖੀ ਰੂਪ ਨੂੰ ਆਪਣੇ ਸੱਚੇ ਗਿਆਨ ਦੇ ਨਾਲ ਜੋੜ ਲੈਂਦਾ ਹੈ ਤੇ ਮਨੁੱਖ ਨੂੰ ਇਸ ਸੰਸਾਰ ਦੀ ਸੋਝੀ ਪੈ ਜਾਂਦੀ ਹੈ, ਤ੍ਰਿਭਵਣ ਦੀ ਸੋਝੀ ਪੈ ਜਾਂਦੀ ਹੈ ਕਿ ਆਪਣੇ ਮਾਇਆ ਰੂਪ ਨੂੰ ਬਣਾਕੇ, ਆਕਾਰ ਰੂਪ ਨੂੰ ਬਣਾਕੇ ਪ੍ਰਮਾਤਮਾ ਆਪ ਹੀ ਆਪਣੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ, ਗਿਆਨ ਰੂਪ ਦੁਆਰਾ ਚਲਾ ਰਿਹਾ ਹੈ। ਜਿਸ ਨੂੰ ਪ੍ਰਮਾਤਮਾ ਮੁਕਤੀ ਬਖਸ਼ਦਾ ਹੈ ਉਸ ਨੂੰ ਇਸ ਤਰੀਕੇ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮੁਕਤ ਕੀਤਾ ਹੈ ਤੇ ਉਹਨਾਂ ਨੂੰ ਇਸ ਸੰਸਾਰ ਦੀ ਅਸਲੀਅਤ ਦੀ ਸੋਝੀ ਪਈ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। (**ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ॥ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥3॥**)

ਜਿਥੇ ਪ੍ਰਮਾਤਮਾ ਆਪਣਾ ਗੁਰੂ ਰੂਪ, ਭਗਤ ਰੂਪ ਧਾਰਣ ਕਰਦਾ ਹੈ ਉਹ ਮਨ ਦੀ ਇਹ ਅਵਸਥਾ ਬਖਸ਼ਣ ਦੁਆਰਾ ਹੀ ਕਰਦਾ ਹੈ ਤੇ ਦਸਵੇਂ ਦੁਆਰ ਵਿੱਚ ਵਾਸਾ ਹੋਣਾ ਹੀ ਉਸ ਦੀ ਜੋਤਿ ਵਿੱਚ ਸਮਾ ਜਾਣਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥

ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥”

35/4153

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਜਿਸ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਉਹ ਗੁਰੂ ਰੂਪ ਕਿਸ ਤਰੀਕੇ ਬਣੇ ਹਨ। ਜਿਵੇਂ ਕਿ ਅਸੀਂ ਬਾਰ ਬਾਰ ਜਾਣਦੇ ਆ ਰਹੇ ਹਾਂ ਕਿ ਗੁਰੂ ਪ੍ਰਮਾਤਮਾ ਆਪ ਹੀ ਹੈ ਤੇ ਸਾਰੀ ਗੱਲ ਇਸ ਵਿੱਚ ਹੈ ਕਿ ਪ੍ਰਮਾਤਮਾ ਆਪਣਾ ਗੁਰੂ ਰੂਪ ਕਿਸ ਤਰੀਕੇ ਪ੍ਰਗਟ ਕਰਦਾ ਹੈ। ਧੰਨ ਧੰਨ ਤੀਜੀ ਪਾਤਸ਼ਾਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਉਹ ਗੁਰੂ ਰੂਪ ਕਿਵੇਂ ਬਣੇ ਹਨ ਤੇ ਉਹਨਾਂ ਨੂੰ ਗੁਰੂ ਕਿਸ ਨੇ ਬਣਾਇਆ ਹੈ। ਉਹ ਕਹਿ ਰਹੇ ਹਨ ਕਿ “ਗੁਰ ਤੇ ਗੁਰੁ ਹੋਇਆ” ਭਾਵ ਉਸ ਜਗਤ ਗੁਰੂ ਨੇ, ਪ੍ਰਮਾਤਮਾ ਨੇ ਆਪ ਹੀ ਮੈਨੂੰ ਗੁਰੂ ਬਣਾਇਆ ਭਾਵ ਮੇਰੇ ਅੰਦਰ ਆਪਣਾ ਗੁਰੂ ਰੂਪ ਧਾਰਨ ਕੀਤਾ।

ਇਹ “ਕਾਰਣੁ” ਕੇਵਲ ਪ੍ਰਮਾਤਮਾ ਆਪ ਹੀ ਕਰ ਸਕਦਾ ਹੈ ਜੋ ਸਾਡੇ ਅੰਦਰ ਸਾਰੇ ਗਿਆਨ ਦਾ ਮਾਲਕ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਜੋਤਿ ਦੇ ਵਿੱਚ ਰਲਾ ਲੈਂਦਾ ਹੈ ਭਾਵ ਆਪਣੇ ਦਸਵੇਂ ਦੁਆਰ ਦੇ ਵਿੱਚ ਵਸਾ ਲੈਂਦਾ ਹੈ ਜਿੱਥੋਂ ਪ੍ਰਮਾਤਮਾ ਆਪਣਾ ਬ੍ਰਹਮਗਿਆਨ ਬਖਸ਼ਦਾ ਹੈ ਉਥੇ ਹੀ ਪ੍ਰਮਾਤਮਾ ਆਪਣਾ ਗੁਰੂ ਰੂਪ, ਭਗਤ ਰੂਪ ਪ੍ਰਗਟ ਕਰਦਾ ਹੈ। ਪ੍ਰਮਾਤਮਾ ਸਾਡੇ ਅੰਦਰ ਗਿਆਨ ਰੂਪ ਵਿੱਚ ਹੈ, ਬ੍ਰਹਮ ਗਿਆਨ ਰੂਪ ਵਿੱਚ ਹੈ ਜਿਸ ਰੂਪ ਵਿੱਚ ਉਹ ਆਪ ਹੀ ਗੁਰੂ ਹੈ। ਗੁਰਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ ਕਿਉਂਕਿ ਪੂਰੀ ਗੁਰਬਾਣੀ ਵਿੱਚ ਬ੍ਰਹਮਗਿਆਨ ਹੈ। ਬ੍ਰਹਮ ਗਿਆਨ ਹੀ ਅਸਲ ਵਿੱਚ ਸਾਡਾ ਗੁਰੂ ਹੈ ਜਿਸ ਵਿੱਚ ਪ੍ਰਮਾਤਮਾ ਆਪ ਹੈ। ਇਹ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਕਿਸ ਸਰੀਰ ਰਾਹੀਂ ਆਪਣਾ ਇਹ ਰੂਪ ਪ੍ਰਗਟ ਕਰਦਾ ਹੈ ਭਾਵ ਕਿਸ ਨੂੰ ਭਰਮ ਤੋਂ ਮੁਕਤਿ ਕਰਦਾ ਹੈ ਤੇ ਦਸਵੇਂ ਦੁਆਰ ਰਾਹੀਂ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ, ਆਪਣੀ ਜੋਤਿ ਨਾਲ ਜੋੜਦਾ ਹੈ। (**ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥ ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥3॥ ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥4॥3॥5॥**)

{ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥

ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥

ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥}

(ਅੰਗ – ੫੪)

{ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥}

(ਅੰਗ ੧੫੨)

35/4154

{ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥}

(ਅੰਗ ੪੪੧)

{ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਣੀ ਪਾਇਆ ॥
ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥੩੯॥}

(ਅੰਗ ੯੨੨)

{ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥
ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥}

(ਅੰਗ ੧੦੩੧)

{ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥}

(ਅੰਗ ੧੧੫੯)

{ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥
ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥
ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥
ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥੩॥}

(ਅੰਗ ੧੧੨੩)

ਆਮ ਕਰਕੇ ਪਾਪਾਂ ਤੋਂ ਮੁਕਤੀ ਪਾਉਣ ਦੀ ਗੱਲ ਕੀਤੀ ਜਾਂਦੀ ਹੈ। ਜੇਕਰ ਸਾਨੂੰ ਪਹਿਲੇ ਇਹ ਸਮਝ ਹੋਵੇਗੀ ਕਿ ਪਾਪੀ ਕੌਣ ਹਨ ਭਾਵ ਅਸੀਂ ਪਾਪੀ ਕਿਸ ਕਰਕੇ ਹਾਂ ਫਿਰ ਤਾਂ ਹੀ ਅਸੀਂ ਪਾਪਾਂ ਤੋਂ ਮੁਕਤੀ ਪਾ ਸਕਦੇ ਹਾਂ। ਪਾਪੀ ਸਾਡੇ ਮਨ ਦੇ ਵਿਚਾਰ ਹੀ ਹਨ, ਮਾੜੇ ਵਿਚਾਰ ਹੀ ਹਨ, ਮਨਮਤਿ ਵਾਲੇ, ਮਾਇਆ ਮੋਹ ਵਾਲੇ ਵਿਚਾਰ ਹੀ ਹਨ ਭਾਵ ਸਾਡੇ ਅੰਦਰ ਹਉਮੈ ਵਾਲੇ ਵਿਚਾਰ ਹਨ ਜੋ ਸਾਨੂੰ ਸ਼ਬਦ ਦੇ ਵਿਚਾਰਾਂ ਤੋਂ ਦੂਰ ਰੱਖਦੇ ਹਨ, ਨਾਮ ਤੋਂ, ਗੁਰਮਤਿ ਤੋਂ ਦੂਰ ਰੱਖਦੇ ਹਨ। ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਅਸੀਂ ਆਪਣੇ ਹਉਮੈ ਵਾਲੇ ਵਿਚਾਰਾਂ ਦੁਆਰਾ ਗੁਰਮਤਿ ਵਾਲੇ ਵਿਚਾਰਾਂ ਨਾਲ ਵਿਰੋਧ ਕਰਦੇ ਹਾਂ, ਝਗੜਾ ਕਰਦੇ ਹਾਂ ਜਿਸ ਦੁਆਰਾ ਅਸੀਂ ਗੁਰੂ ਦੇ, ਗੁਰਮਤਿ ਦੇ, ਸੰਤ ਦੇ, ਪ੍ਰਮਾਤਮਾ ਦੇ ਦੋਖੀ

ਬਣਦੇ ਹਾਂ। ਮਨ ਦੀ ਇਹ ਬਿਰਤੀ ਹੀ ਸਾਡੇ ਅੰਦਰ ਪਾਪਾਂ ਵਾਲੀ ਬਿਰਤੀ ਹੈ ਭਾਵ ਜੋ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਸ ਵਿੱਚ ਪਾਪ ਹੈ ਤੇ ਜੋ ਕਰਮ ਅਸੀਂ ਗੁਰਮਤਿ ਅਨੁਸਾਰ ਕਰਦੇ ਹਾਂ ਉਸ ਵਿੱਚ ਪੁੰਨ ਹੈ। ਜੋ ਕਰਮ ਅਸੀਂ ਗੁਰਮਤਿ ਅਨੁਸਾਰ ਕਰਦੇ ਹਾਂ ਉਹ ਚੰਗਾ ਹੈ ਤੇ ਜੋ ਵੀ ਕਰਮ ਅਸੀਂ ਮਨਮਤਿ ਦੁਆਰਾ ਕਰਦੇ ਹਾਂ ਉਹ ਮਾੜਾ ਹੈ। ਸਾਡਾ ਹਰ ਮਾੜਾ ਕਰਮ ਪਾਪ ਹੈ। ਸਾਡਾ ਹਰ ਕਰਮ ਮਨ ਦੀ ਸੋਝੀ ਦੇ

35/4155

ਨਾਲ ਜੁੜਿਆ ਹੋਇਆ ਹੈ ਤੇ ਜੇਕਰ ਮਨ ਦੀ ਸੋਝੀ ਮਾੜੀ ਹੈ ਫਿਰ ਅਸੀਂ ਮਾੜੇ ਕਰਮ ਹੀ ਕਰਦੇ ਹਾਂ। ਗੁਰਮਤਿ ਦੇ ਉਲਟ ਕਰਮ ਕਰਨਾ ਸਾਡਾ ਅਉਗਣ ਹੈ ਤੇ ਹਰ ਅਉਗਣ ਸਾਨੂੰ ਪਾਪੀ ਬਣਾਉਂਦਾ ਹੈ, ਗੁਰੂ ਪ੍ਰਮਾਤਮਾ ਦੀਆਂ ਨਜ਼ਰਾਂ ਵਿੱਚ ਪਾਪੀ ਬਣਾਉਂਦਾ ਹੈ, ਸਾਡੇ ਵਿਚਾਰ ਹੀ ਭਾਵ ਨਾ ਸਮਝੀ ਵਾਲੇ ਵਿਚਾਰ ਹੀ ਸਾਨੂੰ ਪਾਪੀ ਬਣਾਉਂਦੇ ਹਨ ਤੇ ਮਨ ਦੇ ਗੁਰਮਤਿ ਰੂਪ ਵਿਚਾਰ ਹੀ ਸਾਨੂੰ ਇਹਨਾਂ ਤੋਂ ਮੁਕਤਿ ਕਰਦੇ ਹਨ। ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥
ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥
ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥੪॥”

(ਅੰਗ ੭੭੨)

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਆਪਣੇ ਮਨ ਦੀ ਅਵਸਥਾ ਸਮਝਾ ਰਹੇ ਹਨ ਕਿ ਉਹਨਾਂ ਨੇ ਪਾਪੀਆਂ ਤੋਂ ਮੁਕਤੀ ਕਿਵੇਂ ਪਾਈ ਹੈ। ਪਾਪੀਆਂ ਤੋਂ ਮੁਕਤੀ ਆਪਣਾ ਆਪ ਗਵਾਉਣ ਦੁਆਰਾ ਹੁੰਦੀ ਹੈ ਤੇ ਆਪਣਾ ਆਪ ਗਵਾਏ ਬਿਨਾ ਨਿਜ ਘਰ ਦੇ ਵਿੱਚ ਵਾਸਾ ਨਹੀਂ ਹੁੰਦਾ ਭਾਵ ਪ੍ਰਮਾਤਮਾ ਦੇ ਘਰ ਵਿੱਚ ਵਾਸਾ ਨਹੀਂ ਹੁੰਦਾ ਜੋ ਕਿ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਮਨ ਦੇ ਵਿੱਚ ਕੇਵਲ ਵਿਚਾਰ ਹੀ ਹੁੰਦੇ ਹਨ। ਜਦ ਤਕ ਸਾਡੇ ਅੰਦਰ ਮਨਮਤਿ ਵਾਲੇ ਵਿਚਾਰ ਹਨ ਇਹ ਸਾਡੇ ਅੰਦਰ ਦਾ ਆਪਾ ਹੈ ਭਾਵ ਸਾਡੀ ਹਉਮੈ ਹੈ। ਅਸੀਂ ਇਸ ਆਪੇ ਤੋਂ ਹੀ ਮੁਕਤੀ ਪਾਉਣੀ ਹੈ ਭਾਵ ਆਪੇ ਵਾਲੇ ਵਿਚਾਰਾਂ ਤੋਂ ਹੀ ਮੁਕਤੀ ਪਾਉਣੀ ਹੈ ਜੋ ਸਾਨੂੰ ਗੁਰਮਤਿ ਨਾਲ ਜੁੜਨ ਤੋਂ, ਨਾਮ ਨਾਲ ਜੁੜਨ ਤੋਂ ਦੂਰ ਰੱਖਦੇ ਹਨ ਤੇ ਸਾਡੇ ਵਿਚਾਰਾਂ ਨੂੰ ਮਾੜਾ ਬਣਾ ਕੇ ਰੱਖਦੇ ਹਨ, ਅਉਗਣਾਂ ਵਾਲੇ ਬਣਾਕੇ ਰਖਦੇ ਹਨ ਜਿਨਾਂ ਦੁਆਰਾ ਅਸੀਂ ਗੁਰਮਤਿ ਦੇ ਵਿਚਾਰਾਂ ਦੀ ਵਿਰੋਧਤਾ ਕਰਦੇ ਹਾਂ। ਮਨ ਦੇ ਇਹੋ ਜਿਹੇ ਵਿਚਾਰ ਹੀ ਸਾਨੂੰ ਗੁਰੂ ਦੀਆਂ ਨਜ਼ਰਾਂ ਵਿੱਚ ਪਾਪੀ ਬਣਾਉਂਦੇ ਹਨ। ਅਸੀਂ ਇਹਨਾਂ ਪਾਪੀ ਵਿਚਾਰਾਂ ਤੋਂ ਹੀ ਮੁਕਤੀ ਪਾਉਣੀ ਹੈ ਜੋ ਮੁਕਤੀ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਕੇ ਹੀ ਹੁੰਦੀ ਹੈ, ਗੁਰਮਤਿ ਰੂਪ ਸੱਚਾ ਗਿਆਨ ਮਿਲਣ ਦੁਆਰਾ ਹੁੰਦੀ ਹੈ।

(ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥)

ਸਾਡੇ ਪਾਪੀ ਵਿਚਾਰਾਂ ਦੀ ਮੁਕਤੀ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਮੁਕਤਿ ਹੋਣ ਲਈ ਉਹੋ ਜਿਹਾ ਉਪਰਾਲਾ ਕਰੀਏ ਜੋ ਮੁਕਤਿ ਹੋਣ ਦਾ ਅਸਲ ਸਾਧਨ ਹੈ।

35/4156

“ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥”

ਨਿਜ ਘਰ ਦੇ ਵਿੱਚੋਂ, ਮੁਕਤੀ ਦੇ ਘਰ ਦੇ ਵਿੱਚੋਂ ਭਾਵ ਪ੍ਰਮਾਤਮਾ ਦੇ ਘਰ ਦੇ ਵਿੱਚੋਂ ਜਿਸ ਚੀਜ ਦੀ ਪ੍ਰਾਪਤੀ ਹੁੰਦੀ ਹੈ, ਉਪਰਲੀਆਂ ਪੰਗਤੀਆਂ ਰਾਹੀਂ ਉਹ ਪ੍ਰਾਪਤੀ ਹੀ ਸਮਝਾਈ ਹੋਈ ਹੈ। ਜਿਸ ਦਾ ਵੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਸ ਨੂੰ ਇਹ ਪ੍ਰਾਪਤੀ ਹੀ ਹੁੰਦੀ ਹੈ। ਪ੍ਰਮਾਤਮਾ ਦੇ ਘਰ ਦੇ ਵਿੱਚੋਂ ਗੁਰਮਤਿ ਦੀ ਸੱਚੀ ਸੋਝੀ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਗੁਰਮਤਿ ਦਾ ਸੱਚਾ ਗਿਆਨ ਹੀ ਉਸ ਦਾ ਨਾਮ ਹੈ ਤੇ ਮਨ ਦੇ ਵਿੱਚੋਂ ਗੁਰਮਤਿ ਦੀ ਸੱਚੀ ਸੋਝੀ ਪੈਣਾ ਹੀ ਸਾਡੇ

ਅੰਦਰ ਨਾਮ ਦਾ ਪ੍ਰਕਾਸ਼ ਹੋਣਾ ਹੈ ਜਿਸ ਦੁਆਰਾ ਸਾਡੀ ਬੁੱਧੀ ਹੀ ਬਦਲਦੀ ਹੈ, ਸਾਡੀ ਮਤਿ ਹੀ ਬਦਲਦੀ ਹੈ। ਸਾਡੀ ਮਾੜੀ ਬੁਧੀ, ਤ੍ਰੈ ਗੁਣਾਂ ਵਾਲੀ ਬੁਧੀ, ਅਗਿਆਨਤਾ ਵਾਲੀ ਬੁਧੀ "ਬਿਬੇਕ ਬੁਧੀ" ਵਿੱਚ ਬਦਲ ਜਾਂਦੀ ਹੈ, ਬ੍ਰਹਮ ਵਾਲੀ ਬੁੱਧੀ ਵਿੱਚ ਬਦਲ ਜਾਂਦੀ ਹੈ ਜਿਸ ਦੁਆਰਾ ਮਨੁੱਖ ਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਪੈ ਜਾਂਦੀ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ ਤੇ ਸ਼ਬਦਾਂ ਦੀ ਵਿਚਾਰ ਬਿਬੇਕ ਬੁਧਿ ਹੈ ਜਿਸ ਦੁਆਰਾ ਸਾਨੂੰ ਸੱਚ ਝੂਠ ਦੀ ਪਰਖ ਹੋ ਜਾਂਦੀ ਹੈ, ਨਾਮ ਤੇ ਹਉਮੈ ਵਿੱਚ ਫਰਕ ਸਮਝ ਲੱਗ ਜਾਂਦਾ ਹੈ ਤੇ ਅਸੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਿਰਗੁਣ ਰੂਪ ਨਾਲ ਜੁੜ ਜਾਂਦੇ ਹਾਂ, ਉਸ ਦੀ ਬਿਬੇਕ ਬੁਧਿ ਨਾਲ ਜੁੜ ਜਾਂਦੇ ਹਾਂ, ਉਸ ਦੇ ਚਉਥੇ ਪਦ ਵਾਲੀ ਬਿਬੇਕ ਬੁਧਿ ਨਾਲ ਜੁੜ ਜਾਂਦੇ ਹਾਂ ਜੋ ਸਾਨੂੰ ਸਾਰੇ ਮਾੜੇ ਵਿਚਾਰਾਂ ਵਿੱਚੋਂ ਕੱਢ ਲੈਂਦੀ ਹੈ, ਭਰਮ ਵਾਲੇ ਵਿਚਾਰਾਂ ਵਿੱਚੋਂ ਕੱਢ ਲੈਂਦੀ ਹੈ ਭਾਵ ਸਾਨੂੰ ਇਹਨਾਂ ਵਿਚਾਰਾਂ ਤੋਂ ਮੁਕਤਿ ਕਰ ਦਿੰਦੀ ਹੈ। ਮਨ ਦੀ ਇਹੋ ਜਿਹੇ ਸੱਚੇ ਗਿਆਨ ਵਾਲੀ ਅਵਸਥਾ ਸਾਨੂੰ ਮਨ ਦੇ ਸੁੱਖ ਨਾਲ ਜੋੜ ਕੇ ਰੱਖਦੀ ਹੈ ਭਾਵ ਗੁਣਾਂ ਨਾਲ ਜੋੜ ਕੇ ਰਖਦੀ ਹੈ ਤੇ ਦੁਖ ਰੂਪ ਅਉਗਣਾਂ ਵਿੱਚੋਂ ਕੱਢ ਲੈਂਦੀ ਹੈ ਜਿਸ ਦੁਆਰਾ ਮਨੁੱਖ ਦਾ ਜੀਵਨ ਗੁਰਮਤਿ ਦੇ ਨਾਲ ਜੁੜਿਆ ਰਹਿੰਦਾ ਹੈ ਭਾਵ ਉਹ ਹਰ ਵੇਲੇ ਨਾਮ ਦੀ ਮਤਿ ਦੇ ਨਾਲ ਜੁੜਿਆ ਰਹਿੰਦਾ ਹੈ ਭਾਵ ਆਪਣਾ ਜੀਵਨ ਗੁਰਮਤਿ ਅਨੁਸਾਰ ਬਤੀਤ ਕਰਦਾ ਹੈ, ਆਪਣਾ ਜੀਵਨ ਮਨ ਦੇ ਪਾਪੀ ਵਿਚਾਰਾਂ ਤੋਂ, ਮਨ ਦੇ ਵਿਚਾਰਾਂ ਤੋਂ ਮੁਕਤਿ ਹੋ ਕੇ ਬਤੀਤ ਕਰਦਾ ਹੈ। (**ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥ ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥**)

{ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥
ਸੁਧੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥
ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥
ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥੩॥}

(ਅੰਗ ੯੪੭)

{ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥}

(ਅੰਗ ੭੯੩)

ਮਨ ਦੀ ਇਹ ਅਵਸਥਾ ਹੀ ਦਿਨ ਰਾਤ ਹਰਿ

35/4157

ਹਰਿ ਕਰਨ ਵਾਲੀ ਅਵਸਥਾ ਹੈ, ਮਨ ਦੇ ਵਿੱਚ "ਅਨਦੁ" ਦੀ ਅਵਸਥਾ ਹੈ ਜਿਸ ਦੁਆਰਾ ਹਰਿ ਦੀ ਮਤਿ ਮਿੱਠੀ ਲਗਦੀ ਹੈ ਭਾਵ ਗੁਰਮਤਿ ਤੇ ਚਲਣਾ ਮਿੱਠਾ ਲੱਗਦਾ ਹੈ ਜਿਸ ਦੁਆਰਾ ਮਨੁੱਖ ਮਨੁੱਖਤਾ ਦੀ ਸੇਵਾ ਵਿੱਚ ਲੱਗਦਾ ਹੈ ਤੇ ਹਰ ਵੇਲੇ ਪ੍ਰਮਾਤਮਾ ਦੇ ਨਾਮ ਵਿੱਚ ਸਮਾਇਆ ਰਹਿੰਦਾ ਹੈ, ਮਨ ਦੇ ਗਿਆਨ ਰਾਹੀਂ, ਮਨ ਦੀ ਬਿਬੇਕ ਬੁਧਿ ਰਾਹੀਂ ਪ੍ਰਮਾਤਮਾ ਵਿੱਚ ਸਮਾਇਆ ਰਹਿੰਦਾ ਹੈ। (**ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥ ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥4॥6॥7॥5॥7॥12॥**)

{ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥
ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥੨॥
ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥
ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥੩॥
ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ ੧੨੨੬)

{ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥
ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥
ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥
ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ ॥
ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥}

(ਅੰਗ ੧੨੨੭)

35/4157-ਅ-1

ਜਿਵੇਂ ਕਿ ਅਸੀਂ ਉਪਰ ਸਮਝਿਆ ਹੈ ਕਿ ਪਾਪੀ ਸਾਡੇ ਮਨ ਦੇ ਮਾੜੇ ਵਿਚਾਰ ਹਨ। ਇਸੇ ਤਰ੍ਹਾਂ ਸਾਡੇ ਅੰਦਰ ਚੰਗੇ ਵਿਚਾਰ ਪੁੰਨ ਵਾਲੇ ਵਿਚਾਰ ਹਨ। ਚੰਗਾ ਵਿਚਾਰ ਉਹ ਹੈ ਜੋ ਗੁਰੂ ਦਾ ਵਿਚਾਰ ਹੈ, ਸ਼ਬਦ ਦਾ ਵਿਚਾਰ ਹੈ। ਜੋ ਸ਼ਬਦ ਦੇ ਵਿਚਾਰ ਸਾਡੇ ਅੰਦਰ ਵੱਸ ਜਾਂਦੇ ਹਨ ਉਹ ਵਿਚਾਰ ਸਾਡੇ ਪੁੰਨ ਵਾਲੇ ਵਿਚਾਰ ਬਣ ਜਾਂਦੇ ਹਨ। ਪ੍ਰਮਾਤਮਾ ਜਿਸ ਦੇ ਵਿਚਾਰਾਂ ਨੂੰ ਪੁੰਨ ਵਾਲੇ ਵਿਚਾਰ ਬਣਾਉਂਦਾ ਹੈ ਉਹਨਾਂ ਅੰਦਰ ਪੁੰਨ ਵਾਲੇ ਵਿਚਾਰਾਂ ਦਾ ਬੀਜ ਭਾਵ ਗੁਰਮਤਿ ਰੂਪ ਸੱਚੇ ਵਿਚਾਰਾਂ ਦਾ ਬੀਜ ਆਪ ਹੀ ਬੀਜਦਾ ਹੈ। ਨਾਮ ਵਾਲੇ ਬੀਜ ਸਾਡੇ ਅੰਦਰ ਪੁੰਨ ਵਾਲੇ ਬੀਜ ਹਨ। ਜਿਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਪੁੰਨ ਵਾਲੇ ਬੀਜ ਬੀਜੇ ਹਨ ਉਹਨਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਪੁੰਨ ਵਾਲੇ ਬੀਜ ਪਾਏ ਹਨ, ਸ਼ਬਦਾਂ ਦੀ ਵਿਚਾਰ ਰਾਹੀਂ ਪਾਏ ਹਨ ਤਾਂ ਜੋ ਉਹਨਾਂ ਵਿਚਾਰਾਂ ਦੇ ਨਾਲ ਜੁੜਕੇ ਅਸੀਂ ਆਪਣੇ ਪਾਪੀ ਵਿਚਾਰਾਂ ਨੂੰ ਪੁੰਨ ਵਾਲੇ ਵਿਚਾਰ ਬਣਾ ਸਕੀਏ। ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥
ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥
ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥
ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥”

(ਅੰਗ ੪੫੦)

ਜਿਸ ਨੂੰ ਪ੍ਰਮਾਤਮਾ ਆਪਣਾ ਗੁਰਸਿਖ ਬਣਾਉਂਦਾ ਹੈ ਉਸ ਨੂੰ ਆਪਣਾ ਨਾਮ ਬਖਸ਼ਕੇ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਗੁਰੂ ਰੂਪ ਵਿੱਚ, ਭਗਤ ਰੂਪ ਵਿੱਚ ਜੋ ਸਿਖਿਆ ਗੁਰੂ ਦਿੰਦਾ ਹੈ ਉਸ ਸਿਖਿਆ ਤੇ ਆਪ ਵੀ ਚਲਕੇ ਦਿਖਾਉਂਦਾ ਹੈ ਜਿਸ ਦੁਆਰਾ ਗੁਰੂ ਆਪ ਹੀ ਗੁਰਸਿਖ ਹੈ, ਸੇਵਕ ਹੈ ਜਿਵੇਂ ਕਿ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਗੁਰੂ ਦੀ ਸਿਖਿਆ ਨਾਲ ਪ੍ਰੀਤ ਹੀ ਗੁਰੂ ਪ੍ਰਮਾਤਮਾ ਨਾਲ ਪ੍ਰੀਤ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰੂ ਦੀ ਅਵਸਥਾ ਹੀ ਸਮਝਾਈ ਹੋਈ ਹੈ, ਭਗਤਾਂ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿਨ੍ਹਾਂ ਦੇ ਅੰਦਰੋਂ ਭੁੱਖ ਮਿਟੀ ਹੋਈ ਹੈ, ਤ੍ਰਿਸ਼ਨਾ ਰੂਪ ਭੁੱਖ ਮਿਟੀ ਹੋਈ ਹੈ, ਮਾਇਆ ਮੋਹ ਮਿਟਿਆ ਹੋਇਆ ਹੈ ਜਿਸ ਦੁਆਰਾ ਉਹ ਹਰ ਵੇਲੇ ਪ੍ਰਮਾਤਮਾ ਦੀ ਸੇਵਾ ਵਿੱਚ ਲਗੇ ਰਹਿੰਦੇ ਹਨ। ਉਹ ਆਪਣੇ ਅੰਦਰ ਹਰ ਵੇਲੇ ਨਾਮ ਰੂਪ ਭੋਜਨ ਛਕਦੇ ਹਨ, ਗੁਰੂ ਦੀ ਸਿਖਿਆ ਰੂਪ ਭੋਜਨ ਛਕਦੇ ਹਨ ਜਿਸ ਦੁਆਰਾ ਉਹ ਤ੍ਰਿਸ਼ਨਾ ਦੀ ਭੁੱਖ ਤੋਂ ਮੁਕਤਿ ਰਹਿੰਦੇ ਹਨ। ਜਿਸ

35/4157-ਅ-2

ਭੋਜਨ ਨੂੰ ਉਨ੍ਹਾਂ ਨੇ ਆਪ ਛਕਿਆ ਹੈ ਉਹ ਹੀ ਨਾਮ ਰੂਪ ਭੋਜਨ ਗੁਰਬਾਣੀ ਰਾਹੀਂ ਸਾਰੇ ਸੰਸਾਰ ਲਈ ਛਕਣ ਨੂੰ ਦਿੱਤਾ ਹੈ। ਅਨੇਕਾਂ ਹੀ ਮਨੁੱਖ ਉਨ੍ਹਾਂ ਦਾ ਦਿੱਤਾ ਹੋਇਆ ਭੋਜਨ ਗੁਰਬਾਣੀ ਵਿੱਚੋਂ ਛਕਦੇ ਹਨ ਜਿਸ ਨੂੰ ਛਕਣ ਦੁਆਰਾ ਭਾਵ ਗੁਰੂ ਦੀ

ਸਿੱਖਿਆ ਨੂੰ ਮੰਨਣ ਦੁਆਰਾ ਉਹ ਆਪਣੀ ਤ੍ਰਿਸ਼ਨਾ ਰੂਪ ਭੁੱਖ ਮਿਟਾ ਸਕਦੇ ਹਨ। ਇਹ ਨਾਮ ਰੂਪ ਭੋਜਨ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਇਆ ਹੈ ਭਾਵ ਸੱਚੇ ਗਿਆਨ ਦੇ ਵਿਚਾਰ ਆਪ ਹੀ ਪਾਏ ਹਨ, ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਬੀਜ ਆਪ ਹੀ ਬੀਜੇ ਹਨ। ਇਹ ਬੀਜ ਪ੍ਰਮਾਤਮਾ ਦੇ "ਪੁੰਨ" ਰੂਪ ਬੀਜ ਹਨ ਜੋ ਸਾਨੂੰ ਪਾਪਾਂ ਵਾਲੀ ਬਿਰਤੀ ਵਿੱਚੋਂ ਕੱਢ ਲੈਂਦੇ ਹਨ। ਇਹ ਪੁੰਨ ਵਾਲੇ ਬੀਜ ਹੀ ਪ੍ਰਮਾਤਮਾ ਦੇ ਸੱਚੇ ਗਿਆਨ ਦਾ ਧਨ ਹੈ, ਨਾਮ ਦਾ ਧਨ ਹੈ ਜਿਸ ਦੀ ਫਿਰ ਪ੍ਰਮਾਤਮਾ ਕਦੇ ਤੋਟ ਨਹੀਂ ਆਉਣ ਦਿੰਦਾ ਭਾਵ ਉਹ ਮਨ ਦੇ ਵਿੱਚ ਆਪਣੇ ਸ਼ਬਦਾਂ ਦੀ ਵੀਚਾਰ ਦਿੰਦਾ ਰਹਿੰਦਾ ਹੈ, ਸਮਝਾਉਂਦਾ ਰਹਿੰਦਾ ਹੈ ਤੇ ਆਪ ਹੀ ਉਹਨਾਂ ਤੇ ਚਲਾਉਂਦਾ ਰਹਿੰਦਾ ਹੈ। (**ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥ ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥ ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥ ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥3॥**)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥ ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥ ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

ਜਿਸ ਦੇ ਅੰਦਰ ਪ੍ਰਮਾਤਮਾ ਆਪਣੇ "ਪੁੰਨ" ਰੂਪ ਬੀਜ, ਨਾਮ ਵਾਲੇ ਬੀਜ ਬੀਜਦਾ ਹੈ ਉਹ ਮਨੁੱਖ ਹੀ "ਪੁੰਨ ਪਰਾਣੀ" ਬਣਦਾ ਹੈ, ਵੱਡੇ ਭਾਗਾਂ ਵਾਲਾ ਬਣਦਾ ਹੈ। "ਪੁੰਨ" ਰੂਪ ਬੀਜਾਂ ਦਾ ਰਸ ਹੀ ਨਾਮ ਰੂਪ ਰਸ ਹੈ, ਗੁਰਮਤਿ ਰੂਪ ਰਸ ਹੈ ਭਾਵ ਸੱਚੀ ਗੁਰਮਤਿ ਰੂਪ ਸੋਝੀ ਹੈ ਜਿਸ ਸੋਝੀ ਦੁਆਰਾ ਮਨੁੱਖ ਸਚੁ ਰੂਪ ਪ੍ਰਮਾਤਮਾ ਦੇ ਨਾਲ ਜੁੜ ਜਾਂਦਾ ਹੈ ਜਿਸ ਅਵਸਥਾ ਦੁਆਰਾ ਸੱਚੀ ਗੁਰਬਾਣੀ ਦੀ ਰਚਨਾ ਹੋਈ ਹੈ। ਜਿਨ੍ਹਾਂ ਨੇ ਵੀ ਆਪਣੇ ਅੰਦਰੋਂ "ਸਚੁ" ਨੂੰ ਪਹਿਚਾਣਿਆ ਹੈ ਭਾਵ ਪ੍ਰਮਾਤਮਾ ਨੂੰ ਪਹਿਚਾਣਿਆ ਹੈ ਉਨ੍ਹਾਂ ਨੇ ਮਨ ਦੇ ਵਿੱਚ ਸੱਚ ਦੇ ਬੀਜ ਉਪਜਣ ਦੁਆਰਾ ਹੀ ਪਹਿਚਾਣਿਆ ਹੈ ਭਾਵ ਸੱਚੇ ਗਿਆਨ ਰੂਪ ਵਿਚਾਰ ਉਪਜਣ ਦੁਆਰਾ, ਸ਼ਬਦ ਰੂਪ ਵਿਚਾਰ ਉਪਜਣ ਦੁਆਰਾ ਹੀ ਪਹਿਚਾਣਿਆ ਹੈ ਜਿਸ ਅਵਸਥਾ ਕਰਕੇ ਉਹ ਸਦਾ ਹੀ ਜਾਗਦੇ ਰਹਿੰਦੇ ਹਨ, ਗੁਰਮਤਿ ਵਿੱਚ ਜਾਗਦੇ

35/4157-ਅ-3

ਰਹਿੰਦੇ ਹਨ ਕਿਉਂਕਿ ਉਹਨਾਂ ਦੇ ਅੰਦਰੋਂ ਮਨਮਤਿ ਮਿਟ ਜਾਂਦੀ ਹੈ, ਮਾਇਆ ਮੋਹ ਮਿਟ ਜਾਂਦਾ ਹੈ। ਮਨ ਦੀ ਇਹ ਅਵਸਥਾ ਪ੍ਰਾਪਤ ਹੋਏ ਬਿਨਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾਂ ਹਰ ਕੋਈ ਅਨਜਾਣ ਭਾਵ ਨਾਸਮਝ ਹੀ ਰਹਿੰਦਾ ਹੈ, ਅਗਿਆਨਤਾ ਵਿੱਚ ਹੀ ਰਹਿੰਦਾ ਹੈ ਕਿ ਪ੍ਰਮਾਤਮਾ ਕੀ ਹੈ, ਮਨੁੱਖ ਕੀ ਹੈ ਤੇ ਇਸ ਸੰਸਾਰ ਦਾ ਸੱਚ ਕੀ ਹੈ ਤੇ ਮਨੁੱਖ ਵਿਅਰਥ ਹੀ ਇਸ ਸੰਸਾਰ ਤੋਂ ਆਪਣਾ ਜੀਵਨ ਗਵਾਕੇ ਚਲਾ ਜਾਂਦਾ ਹੈ। (**ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥ ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥ ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ ॥ ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ ॥ ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ ॥17॥**)
ਅੰਗ - 515

35/4157

ਇਹ ਮੁਕਤੀ ਦਾ ਦੁਆਰ ਬਹੁਤ ਔਖਾ ਹੈ ਕਿਉਂਕਿ ਗੁਰਮਤਿ ਨੂੰ ਪਹਿਲਾਂ ਅਸੀਂ ਜਾਨਣਾ ਹੈ ਤੇ ਫਿਰ ਉਸ ਨੂੰ ਮੰਨਣਾ ਹੈ। ਸਾਰੀ ਗੱਲ ਮਨ ਦੀ ਹਉਮੈ ਤੋਂ ਮੁਕਤਿ ਹੋਣ ਦੀ ਹੈ ਜੋ ਸਾਨੂੰ ਨਾਮ ਦੇ ਨਾਲ ਜੁੜਨ ਨਹੀਂ ਦਿੰਦੀ। ਮੁਕਤਿ ਹੋਣ ਲਈ ਹਉਮੈ ਛੱਡਣ ਤੋਂ ਇਲਾਵਾ ਭਾਵ ਮਾਇਆ ਮੋਹ ਛੱਡਣ ਤੋਂ ਇਲਾਵਾ, ਆਪਣਾ ਝੂਠਾ ਮਾਣ ਛੱਡਣ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ ਹੈ। ਮੁਕਤੀ ਦਾ ਦੁਆਰ ਬਹੁਤ ਹੀ ਛੋਟਾ ਹੈ, ਬਹੁਤ ਹੀ ਭੀੜਾ ਹੈ, ਸੁਈ ਦੇ ਨੱਕੇ ਦੀ ਤਰ੍ਹਾਂ ਹੈ ਭਾਵ ਉਸ ਵਿਚੋਂ ਨਿਕਲਣਾ ਬਹੁਤ ਔਖਾ ਹੈ। ਇਹ ਮੁਕਤੀ ਦਾ ਦੁਆਰ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ

ਹੈ। ਸਾਡੇ ਮਨ ਦੇ ਵਿੱਚ ਸਾਡੇ ਵਿਚਾਰਾਂ ਨੇ ਹੀ ਇਸ ਛੋਟੇ ਜਿਹੇ ਦੁਆਰ ਵਿੱਚੋਂ ਨਿਕਲਣਾ ਹੈ। ਇਹ ਭੀੜਾ ਦੁਆਰ ਗੁਰਮਤਿ ਰੂਪ ਵਿਚਾਰਾਂ ਦਾ ਹੈ ਜਿਸ ਦੇ ਵਿੱਚੋਂ ਸਾਡੇ ਮਨਮਤਿ ਰੂਪ ਵਿਚਾਰਾਂ ਨੇ ਨਿਕਲਣਾ ਹੈ ਭਾਵ ਹਉਮੈ ਰੂਪ ਵਿਚਾਰਾਂ ਨੇ ਸ਼ਬਦ ਰੂਪ ਵਿਚਾਰਾਂ ਦੇ ਨੱਕੇ ਵਿਚੋਂ ਨਿਕਲਣਾ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਕਿਉਂਕਿ ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਬਹੁਤ ਔਖਾ ਹੈ। ਸਾਡੇ ਅੰਦਰ ਦੀ ਹਉਮੈ ਸਾਡੇ ਮਨ ਦੇ ਵਿਚਾਰਾਂ ਨੂੰ ਬਹੁਤ ਮੋਟਾ ਬਣਾ ਕੇ ਰੱਖਦੀ ਹੈ ਤੇ ਮੋਟੀ ਚੀਜ ਛੋਟੇ ਜਿਹੇ ਨੱਕੇ ਵਿਚੋਂ ਨਹੀਂ ਨਿਕਲ ਸਕਦੀ ਤੇ ਉਸ ਵਿਚੋਂ ਨਿਕਲੇ ਬਿਨਾਂ ਮੁਕਤੀ ਨਹੀਂ ਹੈ। ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

35/4158

{ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ ॥
ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ ॥
ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ ॥
ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ ॥}

(ਅੰਗ ੫੦੯)

ਉਪਰ ਵਾਲੀਆਂ ਪੰਗਤੀਆਂ ਨੂੰ ਪੜਕੇ ਕਿਸ ਨੂੰ ਇਹ ਸਮਝ ਨਹੀਂ ਲਗਦੀ ਕਿ ਮੁਕਤੀ ਨਾ ਮਿਲਣ ਦਾ ਕਾਰਣ ਕੀ ਹੈ। ਇਹ ਕਾਰਣ ਸਾਡੀ ਹਉਮੈ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਵੱਡਾ ਕੀਤਾ ਹੋਇਆ ਹੈ, ਉੱਚਾ ਕੀਤਾ ਹੋਇਆ ਹੈ, ਧਰਮ ਦੇ ਮਾਰਗ ਤੇ ਉੱਚਾ ਕੀਤਾ ਹੋਇਆ ਹੈ, ਆਪਣੀ ਮੈਂ ਨੂੰ ਉੱਚਾ ਕੀਤਾ ਹੋਇਆ ਹੈ। ਜਿਤਨੀ ਕਿਸੇ ਦੀ ਮੈਂ ਉੱਚੀ ਹੈ ਉਤਨੀ ਹੀ ਉਸ ਦੇ ਲਈ ਮੁਕਤੀ ਔਖੀ ਹੈ। ਸਾਡੇ ਅੰਦਰ ਦੀ ਹਉਮੈ ਕੀ ਹੈ ਇਸ ਗੱਲ ਨੂੰ ਅਸੀਂ ਬਾਰ ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਜੋ ਵੀ ਵਿਚਾਰ ਸ਼ਬਦ ਦੇ ਵਿਚਾਰਾਂ ਦੇ ਨਾਲ ਮੇਲ ਨਹੀਂ ਖਾਂਦੇ ਉਹ ਸਾਡੇ ਅੰਦਰ ਦੀ ਹਉਮੈ ਹੈ। (**ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥ ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥ ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥ ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥2॥**)

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੀ ਹੈ, ਨਾਮ ਕੀ ਹੈ, ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਵਿਸਥਾਰ ਵਿੱਚ ਜਾਣ ਚੁੱਕੇ ਹਾਂ ਕਿ ਜਿਸ ਦਾ ਸਰੀਰਕ ਜਪਾਂ ਤਪਾਂ ਆਦਿ ਨਾਲ ਕੋਈ ਵਾਸਤਾ ਨਹੀਂ ਹੈ ਬਲਕਿ ਕੇਵਲ ਦਿਖਾਵਾ ਹੈ ਜਿਸ ਨਾਲ ਸਾਡੀ ਮੈਂ ਹੀ ਵਧਦੀ ਹੈ ਕਿ ਮੈਂ ਬੜੀ ਭਗਤੀ ਵਾਲਾ ਹਾਂ ਤੇ ਮੈਨੂੰ ਭਗਤੀ ਦੀ ਬੜੀ ਸਮਝ ਹੈ ਤੇ ਸਾਨੂੰ ਸਮਾਜ ਵਿੱਚੋਂ ਮਾਣ ਵੀ ਇਨ੍ਹਾਂ ਗੱਲਾਂ ਦਾ ਹੀ ਮਿਲਦਾ ਹੈ ਜਿਸ ਦੁਆਰਾ ਅਸੀਂ ਆਪ ਭਗਤੀ ਦੇ ਮਾਰਗ ਤੋਂ ਉਲਟ ਚਲਦੇ ਹਾਂ ਤੇ ਦੂਸਰਿਆਂ ਨੂੰ ਵੀ ਉਲਟੇ ਰਸਤੇ ਪਾਉਂਦੇ ਹਾਂ ਭਾਵ ਆਪ ਮੈਂ ਵਿੱਚ ਹਾਂ ਤੇ ਦੂਸਰਿਆਂ ਨੂੰ ਵੀ ਮੈਂ ਸਿਖਾਉਂਦੇ ਹਾਂ ਭਾਵ ਦੂਸਰਿਆਂ ਦੇ ਅੰਦਰ ਹਉਮੈ ਦ੍ਰਿੜ ਕਰਦੇ ਹਾਂ ਕਿ ਸਾਡੀ ਮੈਂ ਸੱਚੀ ਹੈ। ਜਿਨ੍ਹਾਂ ਗੱਲਾਂ ਕਰਕੇ ਅਸੀਂ ਆਪਣੀ ਹਉਮੈ ਵਧਾਈ ਹੋਈ ਹੈ, ਮਨਮਤਿ ਉੱਚੀ ਕੀਤੀ ਹੋਈ ਹੈ ਉਨ੍ਹਾਂ ਵਿਚਾਰਾਂ ਤੋਂ ਹੀ ਅਸੀਂ ਮੁਕਤੀ ਪਾਉਣੀ ਹੈ, ਮਾਇਆ ਮੋਹ ਤੋਂ ਮੁਕਤੀ ਪਾਉਣੀ ਹੈ, ਮਨ ਦੀ ਅਗਿਆਨਤਾ ਤੋਂ ਮੁਕਤੀ ਪਾਉਣੀ ਹੈ ਤਾਂ ਜੋ ਅਸੀਂ ਸ਼ਬਦ ਦੀ ਵਿਚਾਰਾਂ ਦੇ ਨਾਲ ਜੁੜ ਸਕੀਏ। ਜਦ ਤਕ ਸਾਡੀ ਮਨਮਤਿ ਉੱਚੀ ਹੈ, ਮੋਟੀ ਹੈ ਤਦ ਤਕ ਅਸੀਂ ਕਦੇ ਮੁਕਤਿ ਨਹੀਂ ਹੋ ਸਕਦੇ।

35/4159

ਮੁਕਤੀ ਦਾ ਦੁਆਰ ਆਪਣੀ ਮੈਂ ਨੂੰ ਨੀਵਾਂ ਕਰਨ ਦਾ ਹੈ ਭਾਵ ਆਪਣੀ ਹਉਮੈ ਵਾਲੀ ਮਤਿ ਨੂੰ ਪਤਲਾ, ਬਾਰੀਕ ਕਰਨ ਦਾ ਹੈ ਤਾਂ ਜੋ ਅਸੀਂ ਅਤਿ ਬਰੀਕ ਚੀਜ ਦੇ ਵਿੱਚੋਂ ਨਿਕਲ ਸਕੀਏ, ਸੁਈ ਦੇ ਨੱਕੇ ਵਾਲੀ ਵਿੱਥ ਵਿੱਚੋਂ ਨਿਕਲ ਸਕੀਏ ਭਾਵ ਤਨੋ ਮਨੋ ਸ਼ਬਦ ਦੇ ਵਿਚਾਰਾਂ ਨੂੰ ਅਪਨਾਉਣ ਦਾ ਉਦਮ ਕਰੀਏ। ਇਸ ਵਿੱਚੋਂ ਕੱਢਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਉਦਮ ਅਸੀਂ ਹੀ ਕਰਨਾ ਹੈ।

“ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨ ਕੂਟੈ ਤਉ ਜਮ ਤੇ ਛੂਟੈ ॥

ਕੁਟਿ ਕੁਟਿ ਮਨੁ ਕਸਵਟੀ ਲਾਵੈ ॥ ਸੋ ਕੂਟਨੁ ਮੁਕਤਿ ਬਹੁ ਪਾਵੈ ॥੧॥"

(ਅੰਗ ੯੭੨)

ਜਦੋਂ ਅਸੀਂ ਕਿਸੇ ਵਸਤੂ ਨੂੰ ਕੁਟਦੇ ਹਾਂ ਉਸ ਨੂੰ ਪਤਲਾ ਕਰਨ ਲਈ, ਬਰੀਕ ਕਰਨ ਲਈ ਕੁਟਦੇ ਹਾਂ। ਇਸੇ ਤਰ੍ਹਾਂ ਅਸੀਂ ਆਪਣੇ ਹਉਮੈ ਵਾਲੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਨਾਲ ਕੁਟਣਾ ਹੈ ਤੇ ਸਾਨੂੰ ਇਹੋ ਜਿਹੀ "ਕੂਟਨੁ" ਨੇ ਮੁਕਤਿ ਕਰਵਾਉਣਾ ਹੈ। ਅਸੀਂ ਗੁਰਮਤਿ ਦੀ ਕਸਵਟੀ ਤੇ ਹੀ ਪੂਰਾ ਉਤਰਨਾ ਹੈ, ਸ਼ਬਦਾਂ ਦੀ ਵਿਚਾਰ ਦੀ ਕਸਵਟੀ ਤੇ ਹੀ ਪੂਰਾ ਉਤਰਨਾ ਹੈ। ਸਾਡਾ ਜੋ ਮਨਮਤਿ ਵਾਲਾ ਵਿਚਾਰ ਸ਼ਬਦ ਦੀ ਵਿਚਾਰ ਦੇ ਨਾਲ ਕੁਟਿਆ ਜਾਵੇਗਾ ਭਾਵ ਜੋ ਵਿਚਾਰ ਭਾਵ ਮਨਮਤਿ ਵਾਲਾ ਵਿਚਾਰ ਮੁਕ ਜਾਵੇਗਾ ਉਹ ਵਿਚਾਰ ਗੁਰਮਤਿ ਦੀ ਕਸਵਟੀ ਤੇ ਪੂਰਾ ਉਤਰ ਜਾਵੇਗਾ। ਮਨ ਨੂੰ ਇਸ ਤਰ੍ਹਾਂ ਕੂਟਣ ਨਾਲ ਹੀ ਜਮਾਂ ਤੋਂ ਛੁਟਕਾਰਾ ਮਿਲਦਾ ਹੈ ਭਾਵ ਅਵਗੁਣਾਂ ਤੋਂ ਛੁਟਕਾਰਾ ਮਿਲਦਾ ਹੈ ਭਾਵ ਅਸੀਂ ਮਾੜੇ ਵਿਚਾਰਾਂ ਤੋਂ ਮੁਕਤਿ ਹੁੰਦੇ ਹਾਂ। **(ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨ ਕੂਟੈ ਤਉ ਜਮ ਤੇ ਛੂਟੈ ॥ ਕੁਟਿ ਕੁਟਿ ਮਨੁ ਕਸਵਟੀ ਲਾਵੈ ॥ ਸੋ ਕੂਟਨੁ ਮੁਕਤਿ ਬਹੁ ਪਾਵੈ ॥1॥)**

{ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥ ਮਨਸਾ ਮਾਰਿ ਮਨੈ ਸਿਉ ਲੂਝੈ ॥
ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥}

(ਅੰਗ ੧੦੨੧)

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥}

(ਅੰਗ ੪੯੬)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ ੮੭੮)

35/4160

ਜੋ ਮੁਕਤਿ ਦੁਆਰਾ ਭਾਵ ਮੁਕਤੀ ਦਾ ਸਾਧਨ ਅਸੀਂ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਸਲੋਕ ਦੁਆਰਾ ਸਮਝਿਆ ਹੈ। ਉਹੀ ਮੁਕਤੀ ਦਾ ਸਾਧਨ ਸਾਨੂੰ ਨਾਲ ਦੇ ਸਲੋਕ ਦੁਆਰਾ ਧੰਨ ਧੰਨ ਭਗਤ ਕਬੀਰ ਜੀ ਦੀ ਬਾਣੀ ਦੁਆਰਾ ਸਮਝਾਇਆ ਹੈ। ਜੋ ਕਿ ਮਨ ਦੀ ਹਉਮੈ ਤੋਂ ਮੁਕਤਿ ਹੋਣ ਦਾ ਮਾਰਗ ਹੈ ਜਿਵੇਂ ਕਿ ਹੇਠ ਦਿੱਤੇ ਸਲੋਕ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ ॥
ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੧॥"

(ਅੰਗ ੫੦੯)

ਉਪਰ ਸ਼ਬਦ ਰਾਹੀਂ ਸਾਡੇ ਮਨ ਦੀ ਤੁਲਨਾ ਹਾਥੀ ਨਾਲ ਕੀਤੀ ਹੋਈ ਹੈ ਭਾਵ ਹਾਥੀ ਵਾਲੀ ਬਿਰਤੀ ਨਾਲ ਕੀਤੀ ਹੋਈ ਹੈ ਜਿਸ ਨੂੰ ਕਿਸੇ ਦੀ ਪ੍ਰਵਾਹ ਨਹੀਂ ਹੁੰਦੀ ਤੇ ਹਰ ਗੱਲ ਵਿੱਚ ਆਪਣੀ ਮਰਜੀ ਵਰਤਦਾ ਹੈ ਤੇ ਜਿਥੇ ਕਿਥੇ ਉਜਾੜਾ ਪਾਉਂਦਾ ਹੈ। ਅਸੀਂ ਮਨ ਦੇ ਇਹੋ ਜਿਹੇ ਵਿਚਾਰਾਂ ਤੋਂ ਹੀ ਮੁਕਤੀ ਪਾਉਣੀ ਹੈ ਭਾਵ ਆਪਣੀ ਮਤਿ ਹੀ ਛੱਡਣੀ ਹੈ ਜੋ ਕਿ ਕੇਵਲ ਸ਼ਬਦਾਂ ਦੇ ਵਿਚਾਰਾਂ ਅਨੁਸਾਰ ਹੀ ਛੱਡਣੀ ਹੈ। ਸਾਡੇ ਮਨ ਦੇ ਇਹਨਾਂ ਵਿਚਾਰਾਂ ਦੀ ਮੁਕਤੀ ਗੁਰੂ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਹੁੰਦੀ

ਹੈ ਜੋ ਕਿ ਕੇਵਲ ਤੇ ਕੇਵਲ ਗੁਰੂ ਪਰਸਾਦਿ ਹੈ, ਉਸ ਦੀ ਆਪਣੀ ਕਿਰਪਾ ਹੈ। ਮੁਕਤੀ ਦਾ ਦੁਆਰ ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਅੰਦਰ ''ਸਹਜ'' ਵਾਲੀ ਅਵਸਥਾ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ ਜੋ ਅਵਸਥਾ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਆਪ ਹੀ ਬਖਸ਼ਦਾ ਹੈ ਜਿਸ ਦੁਆਰਾ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ, ਹਉਮੈ ਵਾਲੀ ਅਵਸਥਾ ਤੋਂ, ਮਨ ਦੇ ਵਿੱਚ ਹੀ ਮੁਕਤਿ ਹੁੰਦੇ ਹਾਂ। ਮੁਕਤੀ ਦਾ ਦੁਆਰ ਖੁੱਲਣ ਨਾਲ ਫਿਰ ਇਹ ਦੁਆਰਾ ਸਾਡੇ ਲਈ ਮੋਕਲਾ ਹੋ ਜਾਂਦਾ ਹੈ, ਖੁੱਲਾ ਹੋ ਜਾਂਦਾ ਹੈ ਕਿਉਂਕਿ ਸਾਨੂੰ ਪ੍ਰਮਾਤਮਾ ਕੋਲੋਂ ਸ਼ਬਦ ਰੂਪ ਵਿਚਾਰ ਇਸ ਦੁਆਰ ਰਾਹੀਂ ਹੀ ਮਿਲਦੇ ਹਨ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਇਹ ਦੁਆਰਾ ਸਭ ਦੇ ਲਈ ਬਹੁਤ ਹੀ ਭੀੜਾ ਹੈ ਕਿਉਂਕਿ ਉਸ ਅਵਸਥਾ ਵਿੱਚ ਨਾ ਸਾਨੂੰ ਸ਼ਬਦ ਦੇ ਵਿਚਾਰਾਂ ਦੀ ਪੂਰੀ ਤਰ੍ਹਾਂ ਸੋਝੀ ਹੁੰਦੀ ਹੈ ਤੇ ਨਾ ਹੀ ਉਹਨਾ ਉਪਰ ਚੱਲਿਆ ਜਾ ਸਕਦਾ ਹੈ। ਅਸੀਂ ਸ਼ਬਦ ਦੇ ਵਿਚਾਰਾਂ ਨੂੰ ਸਮਝਣ ਦਾ ਤੇ ਉਹਨਾਂ ਤੇ ਚੱਲਣ ਦਾ ਉਦਮ ਹੀ ਕਰਣਾ ਹੈ ਤੇ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਆਪ ਹੀ ਇਸ ਨੂੰ ਖੁੱਲਾ ਕਰ ਦਿੰਦਾ ਹੈ ਭਾਵ ਸਾਡੇ ਲਈ ਮਨ ਦੇ ਵਿੱਚ ਆਪਣੇ ਦੁਆਰ ਖੋਲ ਦਿੰਦਾ ਹੈ ਸੱਚੇ ਗਿਆਨ ਦਾ ਦੁਆਰ ਖੋਲ ਦਿੰਦਾ ਹੈ ਤੇ ਸਾਡੇ ਮਨ ਦੇ ਵਿਚਾਰ ਹਰ ਵੇਲੇ ਇਸ

35/4161

ਦੁਆਰ ਦੇ ਵਿੱਚ ਆਉਂਦੇ ਜਾਂਦੇ ਰਹਿੰਦੇ ਹਨ ਭਾਵ ਪਰਮਾਤਮਾ ਦੇ ਨਾਲ ਸਾਡੇ ਮਨ ਦੇ ਵਿੱਚ ਵਿਚਾਰਾਂ ਰਾਹੀਂ ਆਦਾਨ ਪ੍ਰਦਾਨ ਹੁੰਦਾ ਰਹਿੰਦਾ ਹੈ, ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੱਚੀ ਸੋਝੀ ਮਿਲਦੀ ਰਹਿੰਦੀ ਹੈ। ਪਰਮਾਤਮਾ ਕੋਲੋਂ ਮਨ ਦੇ ਵਿੱਚ ਸੱਚ ਦੀ ਸੋਝੀ ਮਿਲਦੀ ਰਹਿੰਦੀ ਹੈ ਮਨ ਦੇ ਵਿਚ ਪਰਮਾਤਮਾ ਦੇ ਨਾਲ ਗੋਸਟ ਹੁੰਦੀ ਰਹਿੰਦੀ ਹੈ ਜਿਸ ਦੁਆਰਾ ਮਨੁੱਖ ਗੁਰਮਤਿ ਰੂਪ ਸੱਚੇ ਵਿਚਾਰਾਂ ਨਾਲ ਜੁੜਿਆ ਰਹਿੰਦਾ ਹੈ ਤੇ ਧਰਮ ਦੇ ਮਾਰਗ ਨੂੰ ਸਮਝਣ ਲਈ ਤੇ ਉਸ ਤੇ ਚੱਲਣ ਲਈ ਮਨਮਤਿ ਤੋਂ, ਹਉਮੈ ਤੋਂ ਮੁਕਤ ਹੋ ਜਾਂਦਾ ਹੈ। ਮਨ ਦੀ ਇਸ ਅਵਸਥਾ ਦੀ ਪ੍ਰਾਪਤੀ ਹੋਏ ਬਿਨਾ ਅਸੀਂ ਪਰਮਾਤਮਾ ਦੇ ਉਸ ਰੂਪ ਨਾਲ ਨਹੀਂ ਜੁੜ ਸਕਦੇ ਜੋ ਰੂਪ ਪ੍ਰਮਾਤਮਾ ਦਾ ਆਵਾਗਉਣ ਤੋਂ ਮੁਕਤਿ ਹੈ। ਪਰਮਾਤਮਾ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ ਜੋ ਰੂਪ ਉਸ ਦਾ ਨਿਰਗੁਣ ਰੂਪ ਹੈ ਤੇ ਪਰਮਾਤਮਾ ਦਾ ਇਹ ਨਿਰਗੁਣ ਰੂਪ ਸਦਾ ਥਿਰ ਰਹਿਣ ਵਾਲਾ ਹੈ ਜੋ ਕਦੇ ਬਿਨਸ ਨਹੀਂ ਸਕਦਾ। ਪਰਮਾਤਮਾ ਦੇ ਇਸ ਰੂਪ ਵਿੱਚ ਮਿਲਣ ਦੁਆਰਾ ਅਸੀਂ ਫਿਰ ਸਦਾ ਲਈ ਮੁਕਤ ਹੋ ਜਾਂਦੇ ਹਾਂ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਮੁਕਤ ਹੋਏ ਹਨ। ਉਹ ਅੱਜ ਵੀ ਪਰਮਾਤਮਾ ਦਾ ਰੂਪ ਹਨ ਕਿਉਂਕਿ ਉਹ ਆਪਣੇ ਬ੍ਰਹਮ ਗਿਆਨ ਰੂਪ ਨਾਲ ਪਰਮਾਤਮਾ ਨਾਲ ਇੱਕ ਹੀ ਹਨ। ਉਨ੍ਹਾਂ ਦੀ ਰਚੀ ਹੋਈ ਗੁਰਬਾਣੀ ਦੇ ਰੂਪ ਵਿੱਚ ਉਹ ਆਪ ਹਨ ਤੇ ਉਸੇ ਰੂਪ ਵਿੱਚ ਹੀ ਪਰਮਾਤਮਾ ਆਪ ਗੁਰਬਾਣੀ ਵਿੱਚ ਹੈ। ਪੂਰੀ ਗੁਰਬਾਣੀ ਆਪਣੇ ਨਿਰਗੁਣ ਰੂਪ ਵਿੱਚ ਹੀ ਮੁਕਤ ਹੈ ਜੋ ਕਿ ਤ੍ਰੈ ਗੁਣਾਂ ਤੋਂ ਮੁਕਤ ਹੈ, ਹਉਮੈ ਤੋਂ ਮੁਕਤ ਹੈ ਭਾਵ ਮਨਮਤਿ ਤੋਂ ਮੁਕਤ ਹੈ। ਅਸੀਂ ਪਰਮਾਤਮਾ ਦੇ ਸੱਚ ਰੂਪ ਨਾਲ ਜੁੜਨਾ ਹੈ ਜੋ ਕਿ ਪਰਮਾਤਮਾ ਦਾ ਆਪਣਾ ਰੂਪ ਹੈ ਤੇ ਪੂਰੀ ਗੁਰਬਾਣੀ ਵਿੱਚ ਪਰਮਾਤਮਾ ਆਪਣੇ ਇਸ ਰੂਪ ਵਿੱਚ ਹੀ ਹੈ ਜੋ ਕਿ ਉਸ ਦਾ ਸ਼ਬਦ ਰੂਪ ਹੈ, ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਜੇਕਰ ਅਸੀਂ ਮੁਕਤੀ ਚਾਹੁੰਦੇ ਹਾਂ ਤਾਂ ਫਿਰ ਇਸ ਲਈ ਪੂਰੇ ਸੰਸਾਰ ਵਿੱਚ ਇਸ ਤੋਂ ਬਿਨਾਂ ਹੋਰ ਕੋਈ ਮੁਕਤੀ ਦਾ ਸਾਧਨ ਨਹੀਂ ਹੈ ਤੇ ਇਸ ਤੋਂ ਬਿਨਾਂ ਜੋ ਵੀ ਅਸੀਂ ਸਾਧਨ ਸਮਝੇ ਹੋਏ ਹਨ ਉਹ ਕੇਵਲ ਸਾਡੇ ਸਭ ਦੇ ਭਰਮ ਹਨ ਜਿੰਨ੍ਹਾਂ ਵਿੱਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤਿ ਹੋਣ ਦੇ ਸੱਚ ਨਾਲ ਜੁੜੀਏ ਤੇ ਝੂਠੇ ਵਿਚਾਰਾਂ ਨਾਲੋਂ ਆਪਣੇ ਆਪ ਨੂੰ ਦੂਰ ਕਰੀਏ। ਇਹ ਆਪਣੀ ਮੈਂ ਛੱਡਣ ਦਾ ਮਾਰਗ ਹੈ ਭਾਵ ਸਾਡੇ ਅੰਦਰੋਂ ਮੈਂ ਨਿਕਲਣ ਦਾ ਮਾਰਗ ਹੈ ਤੇ ਤੂੰ ਦੇ ਵੱਸਣ ਦਾ ਮਾਰਗ ਹੈ। ਤੂੰ ਦੇ ਵਸੇ ਬਿਨਾਂ ਕੋਈ ਵੀ ਮੈ ਤੋਂ ਮੁਕਤਿ ਨਹੀਂ ਹੋ ਸਕਦਾ। ਤੂੰ ਦੇ ਵੱਸਣ ਨਾਲ ਫਿਰ ਕਦੇ ਕੋਈ ਇਹ ਨਹੀਂ ਕਹਿ ਸਕਦਾ ਕਿ ਇਸ ਮਨੁੱਖੀ ਰੂਪ ਵਿੱਚ ਮੈਂ ਹਾਂ, ਮੈਂ ਬ੍ਰਹਮ ਹਾਂ, ਮੈਂ ਵੱਡਾ ਹਾਂ, ਮੈਂ ਰਿਸ਼ੀ ਹਾਂ, ਮੈਂ ਮੁਨੀ ਹਾਂ, ਮੈਂ ਦੇਵੀ ਹਾਂ, ਮੈਂ ਦੇਵਤਾ ਹਾਂ, ਮੈਂ ਸਾਧ ਹਾਂ,

35/4162

ਮੈਂ ਸੰਤ ਹਾਂ, ਮੈਂ ਬ੍ਰਹਮ ਗਿਆਨੀ ਹਾਂ। ਇਸ ਮੈਂ ਤੋਂ ਹੀ ਅਸੀਂ ਮੁਕਤਿ ਹੋਣਾ ਹੈ। ਜਿਸ ਨਾਲ ਸਾਨੂੰ ਇਹ ਸਮਝ ਪੈਂਦੀ ਹੈ ਕਿ ਕੇਵਲ ਇੱਕ ਪਰਮਾਤਮਾ ਦੀ ਆਪਣੀ ਹੋਂਦ ਹੀ ਸੱਚੀ ਹੈ, ਕੇਵਲ ਨਾਮ ਹੀ ਸਤਿ ਹੈ ਤੇ ਕਿਸੇ ਵੀ ਹੋਰ ਹੋਂਦ ਨੂੰ ਸਮਝਣਾ ਝੂਠ ਹੈ, ਭਰਮ ਹੈ। (**ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥ ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰ�ि ਜਾਇ ॥ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥1॥**)

ਜਿਸ ਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪਰਮਾਤਮਾ ਆਪ ਹੀ ਹੈ ਪਰ ਫਿਰ ਵੀ ਉਹ ਸਭ ਲਈ ਅਗਮ ਹੈ, ਅਗਾਧਿ ਹੈ, ਸਾਡੇ ਅੰਦਰ ਹੁੰਦੇ ਹੋਏ ਵੀ ਸਾਡੀ ਪਹੁੰਚ ਤੋਂ ਬਾਹਰ ਹੈ ਉਹ ਮਨੁੱਖ ਹੀ ਭਰਮ ਤੋਂ ਮੁਕਤ ਹੁੰਦਾ ਹੈ ਭਾਵ ਪਰਮਾਤਮਾ ਦੀ ਸਮਝ ਆਉਣ ਨਾਲ ਹੀ ਕਿ ਉਹ ਸਭ ਕੁਝ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ ਤਾਂ ਹੀ ਕੋਈ ਮੁਕਤਿ ਹੋ ਸਕਦਾ ਹੈ ਤੇ ਉਸ ਨੂੰ ਹੀ ਪਰਮਾਤਮਾ ਦੀ ਅਚਰਜ ਕਥਾ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਾਧ ਜਨਾਂ ਨੂੰ ਪਈ ਹੈ ਤੇ ਉਨ੍ਹਾਂ ਨੇ ਸਾਨੂੰ ਪਰਮਾਤਮਾ ਦੀ ਕਥਾ ਬੇਨਤੀ ਦੇ ਰੂਪ ਵਿੱਚ ਸਮਝਾਈ ਹੈ ਭਾਵ ਪਰਮਾਤਮਾ ਦਾ ਹੁਕਮ ਉਨ੍ਹਾਂ ਨੇ ਸਾਨੂੰ ਬੇਨਤੀ ਦੇ ਰੂਪ ਵਿੱਚ ਸਮਝਾਇਆ ਹੈ ਕਿਉਂਕਿ ਉਹ ਆਪਣੀ ਮੈਂ ਵਿੱਚੋਂ ਨਿਕਲ ਚੁੱਕੇ ਹਨ, ਮੈਂ ਤੋਂ ਮੁਕਤਿ ਹੋ ਚੁੱਕੇ ਹਨ। (**ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥ ਸੁਨਿ ਮੀਤਾ ਨਾਨਕੁ ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥1॥**) ਅੰਗ - 271

ਸਭ ਕੁਝ ਪਰਮਾਤਮਾ ਆਪ ਹੀ ਹੈ ਪਰ ਮਨ ਦਾ ਭਰਮ ਨਿਕਲੇ ਬਿਨਾ ਇਸ ਗੱਲ ਨੂੰ ਕਦੇ ਨਹੀਂ ਸਮਝਿਆ ਜਾ ਸਕਦਾ। ਸਭ ਨੂੰ ਪਰਮਾਤਮਾ ਨੇ ਮਨ ਦੇ ਭਰਮ ਦੁਆਰਾ ਹੀ ਆਪਣੇ ਆਪ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਜਿਸ ਕਰਕੇ ਸਾਨੂੰ ਪ੍ਰਮਾਤਮਾ ਦੇ ਨਿਰਗੁਣ ਰੂਪ ਦੀ ਕਦੇ ਵੀ ਸੋਝੀ ਨਹੀਂ ਪੈ ਸਕਦੀ। ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਨਿਰਗੁਣ ਰੂਪ ਹੈ ਤੇ ਸਾਡੇ ਅੰਦਰ ਦਾ ਭਰਮ ਵੀ ਨਿਰਗੁਣ ਰੂਪ ਹੈ ਭਾਵ ਸਾਡੇ ਅੰਦਰ ਭਰਮ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ ਭਾਵ ਭਰਮ ਵਾਲੇ ਗਿਆਨ ਦੇ ਰੂਪ ਵਿੱਚ ਹੈ ਤੇ ਉਸਦੀ ਮਰਜੀ ਬਿਨਾਂ ਕੋਈ ਭਰਮ ਵਿੱਚੋਂ ਨਹੀਂ ਨਿਕਲ ਸਕਦਾ ਤੇ ਨਾ ਹੀ ਕੋਈ ਉਸ ਨੂੰ ਆਪਣੇ ਅੰਦਰੋਂ ਦੇਖ ਸਕਦਾ ਹੈ। ਧਰਮ ਗ੍ਰੰਥਾਂ ਨੂੰ ਜਿਤਨਾ ਮਰਜੀ ਪੜੀ ਸੁਣੀ ਜਾਈਏ ਪਰ ਉਹਨਾਂ

35/4163

ਦੀ ਸੋਝੀ ਲਏ ਬਿਨਾਂ, ਉਹਨਾਂ ਦੀ ਸੋਝੀ ਨੂੰ ਮੰਨੇ ਬਿਨਾਂ ਅਸੀਂ ਕਦੇ ਭਰਮ ਵਿੱਚੋਂ ਨਹੀਂ ਨਿਕਲ ਸਕਦੇ। ਅਸੀਂ ਜਿਤਨੇ ਮਰਜੀ ਸਰੀਰਕ ਜਪ ਤਪ ਕਰ ਲਈਏ, ਕਰੋੜਾਂ ਸਾਲ ਲਗੇ ਰਹੀਏ ਉਹ ਸਾਨੂੰ ਮਨ ਦੇ ਭਰਮ ਵਿੱਚੋਂ ਨਹੀਂ ਕੱਢ ਸਕਦੇ, ਜਿਤਨਾ ਮਰਜੀ ਤੀਰਥਾਂ ਤੇ ਭਵੀ ਜਾਈਏ ਤੇ ਇਸ਼ਨਾਨ ਕਰੀ ਜਾਈਏ ਉਸ ਨਾਲ ਅਸੀਂ ਮਨ ਦੇ ਭਰਮਾਂ ਵਿੱਚੋਂ ਨਹੀਂ ਨਿਕਲ ਸਕਦੇ, ਜਿਤਨੀ ਮਰਜੀ ਸਰੀਰਕ ਸੁਚਿ ਵਰਤ ਲਈਏ, ਸੁੱਚੇ ਚੌਂਕੇ ਬਣਾਕੇ ਸੁੱਚੇ ਖਾਣੇ ਖਾ ਲਈਏ, ਜਿਹੋ ਜਿਹੇ ਸੁੱਚੇ ਬਰਤਨਾਂ ਵਿੱਚ ਖਾ ਲਈਏ ਅਸੀਂ ਕਦੇ ਮਨ ਦੇ ਭਰਮ ਵਿੱਚੋਂ ਨਹੀਂ ਨਿਕਲ ਸਕਦੇ, ਜਿਤਨੇ ਮਰਜੀ ਇਸ ਸਰੀਰ ਨੂੰ ਕਸ਼ਟ ਦੇਈ ਜਾਈਏ, ਗਰਮੀ ਸਰਦੀ ਦੇ ਦੁੱਖ ਸਹੀ ਜਾਈਏ, ਵਸਤਰਹੀਣ ਹੋ ਕੇ ਫਿਰੀ ਜਾਈਏ, ਪਹਾੜਾਂ ਦੀਆਂ ਕੁੰਦਰਾਂ ਵਿੱਚ ਵੜੇ ਰਹੀਏ, ਪਹਾੜਾਂ ਦੀਆਂ ਟੀਸੀਆਂ ਤੇ ਬੈਠੇ ਰਹੀਏ ਤੇ ਕਿਸੇ ਅੱਖਰ ਨੂੰ ਨਾਮ ਸਮਝਕੇ ਰਟੀ ਜਾਈਏ ਉਸ ਨਾਲ ਸਾਡਾ ਕਿਹੜਾ ਭਰਮ ਦੂਰ ਹੋ ਸਕਦਾ ਹੈ, ਘਰ-ਬਾਰ ਤਿਆਗ ਕੇ ਜੋਗੀਆਂ ਵਾਲਾ ਜੀਵਨ ਅਪਨਾ ਲਈਏ, ਜੰਗਲਾਂ ਵਿੱਚ ਘੁੰਮੀ ਫਿਰੀ ਜਾਈਏ, ਕਿਤੇ ਡੇਰੇ ਬਣਾ ਕੇ ਬੈਠ ਜਾਈਏ ਤੇ ਕੋਈ ਜਪ ਤਪ ਕਰੀ ਜਾਈਏ, ਭੋਰਿਆਂ ਵਿੱਚ ਸਮਾਧੀ ਲਗਾ ਕੇ ਬੈਠੇ ਰਹੀਏ ਉਸ ਨਾਲ ਅਸੀਂ ਮਨ ਦੇ ਭਰਮਾਂ ਵਿਚੋਂ ਨਹੀਂ ਨਿਕਲ ਸਕਦੇ, ਇਸੇ ਤਰ੍ਹਾਂ ਜਲ ਵਿੱਚ ਇੱਕ ਲੱਤ ਤੇ ਖਲੋ ਕੇ ਕੋਈ ਜਪ ਕਰੀ ਜਾਈਏ ਉਸ ਦੇ ਨਾਲ ਸਾਡੇ ਮਨ ਦੀ ਅਵਸਥਾ ਨਹੀਂ ਬਦਲ ਸਕਦੀ ਭਾਵ ਮਨ ਦਾ ਭਰਮ ਨਹੀਂ ਨਿਕਲ ਸਕਦਾ, ਇਹ ਸਭ ਕੁਝ ਕਰਨਾ ਸਾਡੇ ਅੰਦਰ ਦਾ ਮਾਇਆ ਮੋਹ ਹੈ, ਹਉਮੈ ਹੈ, ਪਰਮਾਤਮਾ ਦੀ ਭਗਤੀ ਨੂੰ ਜਾਨਣ ਵਿੱਚ ਤੇ ਉਸ ਤੇ ਚੱਲਣ ਵਿੱਚ ਸਾਡੀ ਅਗਿਆਨਤਾ ਹੈ ਭਾਵ ਭਰਮ ਹੈ। ਅਸੀਂ ਸਭ ਤੋਂ ਪਹਿਲਾਂ ਭਗਤੀ ਦੇ ਮਾਰਗ ਨੂੰ ਸਮਝਣ ਤੋਂ ਮੁਕਤ ਹੋਣਾ ਹੈ ਤਾਂ ਜੋ ਅਸੀਂ ਸੱਚੀ ਸੋਝੀ ਦੇ ਨਾਲ ਵਿਚਰ ਸਕੀਏ, ਸ਼ਬਦ ਦੀ ਵਿਚਾਰ ਅਨੁਸਾਰ ਵਿਚਰ ਸਕੀਏ ਜਿਸ ਦਾ ਮਕਸਦ ਸਾਨੂੰ ਸੱਚੇ-ਸੁੱਚੇ ਇਨਸਾਨ ਬਨਾਉਣ ਲਈ ਹੈ, ਆਪਣੇ ਗ੍ਰਹਿਸਥ ਜੀਵਨ ਵਿੱਚ ਰਹਿ ਕੇ ਆਪਣੀ ਗ੍ਰਹਿਸਥੀ ਨੂੰ ਸੱਚੇ-ਸੁੱਚੇ ਢੰਗ ਨਾਲ ਚਲਾਉਣ ਲਈ ਹੈ ਭਾਵ ਵਿਕਾਰਾਂ ਤੋਂ ਮੁਕਤਿ ਹੋ ਕੇ ਵਿਚਰਨ ਲਈ ਹੈ ਤਾਂ ਜੋ ਅਸੀਂ ਸੰਸਾਰ ਵਿਚ ਕੋਈ ਮਾੜਾ ਕਰਮ ਨਾ ਕਰੀਏ, ਮਨੁੱਖ ਮਨੁੱਖ ਦੇ ਵਿੱਚ ਕੋਈ ਭੇਦ ਨਾ ਕਰੀਏ, ਵੱਖਰੇ ਵੱਖਰੇ ਧਰਮਾਂ ਦਾ ਭੇਦ ਨਾ ਕਰੀਏ ਤੇ ਮਨੁੱਖਤਾ ਦੀ ਸੇਵਾ ਵਿੱਚ ਹੀ ਗੁਰੂ ਪਰਮਾਤਮਾ ਦੀ ਸੇਵਾ ਸਮਝੀਏ ਜਿਸ ਦੁਆਰਾ ਅਸੀਂ ਭਲਾਈ ਵਾਲਾ ਜੀਵਨ ਜੀ ਸਕਦੇ ਹਾਂ ਜਿਸ ਦੁਆਰਾ ਅਸੀਂ ਕਿਸੇ ਨੂੰ ਦੁਖ ਨਹੀਂ ਦਿੰਦੇ।

35/4164

ਸੰਸਾਰ ਨੂੰ ਦੁਖੀ ਕਰਨਾ ਗੁਰੂ ਪਰਮਾਤਮਾ ਨੂੰ ਦੁਖ ਦੇਣ ਵਾਲੀ ਗੱਲ ਹੈ, ਸੰਤ ਦੇ ਦੋਖੀ ਬਣਨ ਵਾਲੀ ਗੱਲ ਹੈ। ਇਹੋ ਜਿਹੀ ਮਨ ਦੀ ਅਵਸਥਾ ਸਾਡੇ ਮਨ ਦਾ ਭਰਮ ਹੈ ਜਿਸ ਵਿੱਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਅਸੀਂ ਪਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੇ ਚੱਲੀਏ। ਸ਼ਬਦ ਦੀ ਵਿਚਾਰ ਅਨੁਸਾਰ ਵਿਚਰਨਾ ਸੱਚੀ ਭਗਤੀ ਦਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ, ਗੁਰਮਤਿ ਦੀ ਸੱਚੀ ਸੋਝੀ ਅਨੁਸਾਰ ਵਿਚਰਣ ਦਾ ਮਾਰਗ ਹੈ। ਮਨ ਦਾ ਭਰਮ ਨਿਕਲੇ ਬਿਨਾਂ ਅਸੀਂ ਮਨ ਦੀ ਭਟਕਣਾ ਦੁਆਰਾ ਵਿਚਰਦੇ ਹਾਂ ਤੇ ਇਸ ਸੰਸਾਰ ਦੇ ਸੱਚ ਨੂੰ ਜਾਣੇ ਬਿਨਾਂ ਮਨ ਦੀ ਭਟਕਣਾ ਵਿਚ ਹੀ ਇਸ ਸੰਸਾਰ ਤੋਂ ਚਲੇ ਜਾਂਦੇ ਹਾਂ ਭਾਵ ਹਉਮੈ ਵਾਲੀ, ਸਹਸਾ ਵਾਲੀ ਅਵਸਥਾ ਵਿੱਚ ਹੀ ਇਸ ਸੰਸਾਰ ਤੋਂ ਚਲੇ ਜਾਂਦੇ ਹਾਂ, ਪਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਭਰਮ ਵਿੱਚ ਹੀ ਇਸ ਸੰਸਾਰ ਤੋਂ ਚਲੇ ਜਾਂਦੇ ਹਾਂ ਤੇ ਭਰਮ ਵਿੱਚੋਂ ਨਿਕਲੇ ਬਿਨਾਂ ਸੰਸਾਰ ਦੇ ਆਵਾਗਉਣ ਵਿਚ ਫਸੇ ਰਹਿੰਦੇ ਹਾਂ। ਸਾਡੇ ਅੰਦਰ ਭਰਮ ਕਿਸ ਤਰਾਂ ਵਿਚਰਦਾ ਹੈ ਤੇ ਸਾਨੂੰ ਪਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦਾ ਹੈ, ਇਸ ਸੰਸਾਰ ਦੀ ਅਸਲੀਅਤ ਜਾਣਨ ਤੋਂ ਦੂਰ ਰੱਖਦਾ ਹੈ। ਇਸ ਗੱਲ ਨੂੰ ਧੰਨ ਧੰਨ ਭਗਤ ਰਵਿਦਾਸ ਜੀ ਦੀ ਬਾਣੀ ਰਾਹੀਂ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਪਰਮਾਤਮਾ ਨੂੰ ਪਾਉਣ ਦਾ ਉਹੋ ਜਿਹਾ ਉਪਰਾਲਾ ਕਰੀਏ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਹੀ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ।

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

“ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੂ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲ�ि ਪਰੇ ਅਬ ਕਹਤੇ ਕਹਨੁ ਨ ਆਇਆ ॥੩॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥”

(ਅੰਗ ੬੫੭-੬੫੮)

“ਭਰਮ” ਉਹ ਚੀਜ ਹੈ ਜੋ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਣ ਦਿੰਦਾ ਕਿ ਭਰਮ ਕੀ ਹੈ। ਭਰਮ ਨੂੰ ਜਾਣਨ ਲਈ ਸਾਡੇ ਅੰਦਰੋਂ ਭਰਮ ਵਿਚੋਂ ਨਿਕਲਣ ਦਾ ਸਾਧਨ ਕੀ ਹੈ ਇਸ ਗੱਲ ਲਈ ਅਸੀਂ ਗੁਰੂ ਤੇ ਵਿਸ਼ਵਾਸ ਕਰੀਏ ਭਾਵ ਸ਼ਬਦ ਦੀ ਵਿਚਾਰ ਤੇ ਵਿਸ਼ਵਾਸ ਕਰੀਏ। ਭਰਮ ਵਿੱਚੋਂ ਨਿਕਲਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਜਿੰਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ, ਸੱਚਾ ਮੇਲ ਹੋਇਆ ਹੈ ਭਾਵ ਮਨ ਦੇ ਅੰਦਰ ਨਿਰਗੁਣ ਰੂਪ ਵਿੱਚ ਮੇਲ ਹੋਇਆ

ਹੈ ਉਹਨਾਂ ਨੂੰ ਹੀ ਇਸ ਗੱਲ ਦੀ ਸਮਝ ਪਈ ਹੈ ਕਿ ਪਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੇ ਭਰਮ ਕਰਕੇ ਹੀ ਹੈ ਜਿੰਨ੍ਹਾਂ ਦਾ ਭਰਮ ਪ੍ਰਮਾਤਮਾ ਨੇ ਸ਼ਬਦਾਂ ਦੀ ਵਿਚਾਰ ਦੁਆਰਾ ਕੱਢਿਆ ਹੈ। ਕੇਵਲ ਸ਼ਬਦ ਦੀ ਵਿਚਾਰ ਭਰਮ ਤੋਂ ਰਹਿਤ ਹੈ ਤੇ ਇਸੇ ਲਈ ਸ਼ਬਦ ਦੀ ਵਿਚਾਰ ਤੇ ਵਿਸ਼ਵਾਸ਼ ਕੀਤੇ ਬਿਨਾਂ, ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਵਿਚਾਰ ਤੇ ਵਿਸ਼ਵਾਸ ਕੀਤੇ ਬਿਨਾ ਹੋਰ ਕੋਈ ਸੰਸਾਰ ਦੀ ਐਸੀ ਵਿਚਾਰ ਨਹੀ ਹੈ ਜੋ ਸਾਨੂੰ ਭਰਮ ਵਿੱਚੋਂ ਕੱਢ ਸਕੇ। ਧਰਮ ਦੇ ਮਾਰਗ ਨੂੰ ਲੈ ਕੇ, ਪਰਮਾਤਮਾ ਨੂੰ ਜਾਨਣ ਦੇ ਮਾਰਗ ਨੂੰ ਲੈ ਕੇ ਜੋ ਕੋਈ ਵੀ ਕਿਸੇ ਦੀ ਵਿਚਾਰ ਸ਼ਬਦਾਂ ਦੀ ਵਿਚਾਰ ਨਾਲ ਮੇਲ ਨਹੀਂ ਖਾਂਦੀ ਉਹ ਭਰਮ ਹੈ। ਗੁਰਬਾਣੀ ਦਾ ਮਕਸਦ ਸਾਨੂੰ ਹਰ ਭਰਮ ਵਿੱਚੋਂ ਕਢਣ ਦਾ ਹੈ ਤੇ ਇਸ ਸੰਸਾਰ ਦਾ ਸੱਚ ਸਮਝਾਉਣ ਦੇ ਨਾਲ ਹੈ ਕਿ ਪ੍ਰਮਾਤਮਾ ਦੀ ਅਸਲੀਅਤ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ, ਸਾਡੀ ਅਸਲੀਅਤ ਕੀ ਹੈ। ਉਪਰ ਸ਼ਬਦ ਰਾਹੀਂ ਭਗਤ ਰਵਿਦਾਸ ਜੀ ਸਾਨੂੰ ਇਹ ਅਸਲੀਅਤ ਹੀ ਸਮਝਾ ਰਹੇ ਹਨ ਜਿਸ ਤੇ ਪੂਰਨ ਵਿਸ਼ਵਾਸ ਕਰਨ ਦੀ ਲੋੜ ਹੈ ਜਿਵੇਂ ਕਿ ਹਰ ਸ਼ਬਦ ਦੀ ਵਿਚਾਰ ਤੇ ਪੂਰਨ ਵਿਸ਼ਵਾਸ ਕਰਨ ਦੀ ਲੋੜ ਹੈ। ਹਰ ਸ਼ਬਦ ਦੀ ਵਿਚਾਰ ਇੱਕੋ ਇੱਕ ਪਰਮਾਤਮਾ ਦੇ ਕੋਲੋਂ ਹੀ ਆਈ ਹੈ। ਪਹਿਲੇ ਇਸ ਗੱਲ ਤੇ ਵਿਸ਼ਵਾਸ ਆਉਣਾ ਹੀ ਜਰੂਰੀ ਹੈ ਕਿ ਪੂਰੀ ਗੁਰਬਾਣੀ ਵਿੱਚ ਪਰਮਾਤਮਾ ਨੇ ਆਪ ਹੀ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪਣੀ ਵਿਚਾਰ ਪਾਈ ਹੋਈ ਹੈ।

ਉਪਰ ਪਹਿਲੀ ਪੰਗਤੀ ਰਾਹੀਂ ਹੀ ਸਮਝੋ ਕਿ ਭਗਤ ਰਵਿਦਾਸ ਜੀ ਸਾਨੂੰ ਪਰਮਾਤਮਾ ਦੇ ਨਾਲ ਆਪਣਾ ਮੇਲ ਕਿਸ ਰੂਪ ਵਿੱਚ ਸਮਝਾ ਰਹੇ ਹਨ। ਸਾਰੀ ਗੱਲ ਸਾਡੇ ਮਨ ਦੀ ਸੋਝੀ ਤੇ, ਮਨ ਦੇ ਗਿਆਨ ਤੇ ਟਿਕੀ ਹੋਈ ਹੈ ਭਾਵ ਸਾਡੇ ਮਨ ਦੀ ਅਵਸਥਾ ਤੇ ਟਿਕੀ ਹੋਈ ਹੈ। ਜਦ ਤੱਕ ਸਾਨੂੰ ਅਪਣੇ ਅੰਦਰੋਂ ਹੀ ਪਰਮਾਤਮਾ ਇਹ ਗੱਲ ਨਹੀਂ ਸਮਝਾਉਂਦਾ ਕਿ ਇਹ ਮਨੁੱਖੀ ਰੂਪ ਕੀ ਹੈ ਤਦ ਤੱਕ ਪ੍ਰਮਾਤਮਾ ਨੂੰ ਨਹੀਂ ਜਾਣਿਆਂ ਜਾ ਸਕਦਾ। ਸਾਡੇ ਅੰਦਰ ਮੈਂ ਪਾਉਣ ਵਾਲਾ ਵੀ ਪਰਮਾਤਮਾ ਆਪ ਹੈ ਤੇ ਸਾਡੇ ਅੰਦਰੋਂ ਮੈਂ ਕੱਢਣ ਵਾਲਾ ਵੀ ਉਹ ਆਪ ਹੈ। ਜਦ ਤਕ ਅਸੀਂ ਆਪਣੇ ਆਪ ਨੂੰ ਇੱਕ “ਮੈਂ” ਸਮਝਦੇ ਹਾਂ ਭਾਵ ਇਸ ਸਰੀਰ

ਦੇ ਰੂਪ ਵਿੱਚ "ਮੈਂ" ਹਾਂ ਤਦ ਤੱਕ ਅਸੀਂ ਉਸ ਪਰਮਾਤਮਾ ਨੂੰ ਨਹੀਂ ਜਾਣਿਆ, "ਤੂੰ" ਨੂੰ ਨਹੀਂ ਜਾਣਿਆ ਭਾਵ ਤਦ ਤਕ ਅਸੀਂ ਭਰਮ ਵਿੱਚ ਹੀ ਹਾਂ। ਜਦੋਂ ਸਾਨੂੰ ਆਪਣੇ ਅੰਦਰੋ ਉਸ "ਤੂੰ" ਦੀ ਪਹਿਚਾਣ ਹੋ ਜਾਂਦੀ ਹੈ, ਮਨ ਦੇ ਵਿਚਾਰਾਂ ਰਾਹੀ ਪਹਿਚਾਣ ਹੋ ਜਾਂਦੀ ਹੈ ਜੋ ਪਹਿਚਾਣ ਪਰਮਾਤਮਾ ਅੰਦਰ ਪ੍ਰਗਟ ਹੋ ਕੇ

35/4166

ਆਪ ਹੀ ਕਰਵਾਉਦਾ ਹੈ ਤਾਂ ਫਿਰ ਸਾਡਾ ਇਹ ਸਰੀਰ ਭਾਵ ਮਨੁੱਖੀ ਰੂਪ ਤੂੰ ਵਿੱਚ ਬਦਲ ਜਾਂਦਾ ਹੈ ਭਾਵ ਸਾਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਹਰ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਤੇ ਭਰਮ ਵਿੱਚ ਹੀ ਮਨੁੱਖ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝੀ ਰੱਖਦਾ ਹੈ।

(ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥)

ਪ੍ਰਮਾਤਮਾ ਦੇ ਨਾਲ ਮਨੁੱਖ ਦਾ ਰਿਸ਼ਤਾ ਕੇਵਲ ਵੇਖਣ ਨੂੰ ਵਖਰਾ ਹੈ ਭਾਵ ਮਨ ਦੀ ਸੋਝੀ ਨਾ ਹੋਣ ਦੁਆਰਾ ਵੱਖਰਾ ਹੈ ਜਦ ਕਿ ਭੇਦ ਨਹੀਂ ਹੈ। ਇਹ ਰਿਸ਼ਤਾ ਉਸ ਤਰ੍ਹਾਂ ਦਾ ਹੈ ਜਿਵੇਂ ਸਮੁੰਦਰ ਦੇ ਪਾਣੀ ਦਾ ਤੇ ਉਸ ਵਿੱਚ ਉਠਣ ਵਾਲੀਆਂ ਲਹਿਰਾਂ ਦਾ ਹੈ, ਵੇਖਣ ਨੂੰ ਲਹਿਰਾਂ ਸਾਨੂੰ ਵਖਰੀਆਂ ਨਜਰ ਆਉਂਦੀਆਂ ਹਨ ਪਰ ਅਸਲ ਵਿੱਚ ਪਾਣੀ ਵਿੱਚ ਤੇ ਲਹਿਰਾਂ ਵਿੱਚ ਭੇਦ ਨਹੀਂ ਹੈ ਭਾਵ ਇਕੋ ਹੀ ਗੱਲ ਹੈ । ਮਨੁੱਖੀ ਰੂਪ ਵਿੱਚ ਮਨ ਦੇ ਵਿਚਾਰਾਂ ਰਾਹੀਂ ਇਸ ਸਰੀਰ ਨੂੰ ਚਲਾਉਣ ਵਾਲਾ ਆਪ ਹੀ ਹੈ ਭਾਵ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਦੀ ਆਪਣੀ ਹੋਂਦ ਹੀ ਹੈ, ਪਰ ਮਨ ਦੀ ਅਗਿਆਨਤਾ ਦੇ ਕਾਰਣ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। (**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥1॥**)

ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਕਿਉਂ ਨਹੀਂ ਨਜਰ ਆਉਂਦਾ ਭਾਵ ਅਸੀਂ ਆਪਣੀ ਮਨੁੱਖੀ ਹੋਂਦ ਨੂੰ ਪ੍ਰਮਾਤਮਾ ਤੋਂ ਵੱਖਰਾ ਕਿਉ ਸਮਝਦੇ ਹਾਂ ਇਹੀਂ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਇਸ ਦਾ ਕਾਰਣ ਸਾਡੇ ਮਨ ਦਾ ਭਰਮ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਬਣਿਆ ਰਹਿੰਦਾ ਹੈ।

"ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥"

"ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥"

ਉਪਰ ਵਾਲੀ ਪੰਗਤੀ ਰਹਾਉ ਵਾਲੀ ਪੰਗਤੀ ਹੈ। ਜਿਸ ਰਾਹੀਂ ਸਾਰੇ ਸ਼ਬਦ ਦਾ ਸਾਰ ਸਮਝਾਇਆ ਹੁੰਦਾ ਹੈ।ਪੂਰੇ ਸ਼ਬਦ ਦਾ ਮਕਸਦ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਇਸ ਗੱਲ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਸਾਡੇ ਮਨ ਦੀ ਅਵਸਥਾ ਦੇ ਨਾਲ ਜੁੜਿਆ ਹੋਇਆ ਹੈ। ਭਰਮ ਸਾਡੇ ਮਨ ਦੀ ਅਵਸਥਾ ਹੈ ਜਿਸ ਦਾ ਮਕਸਦ ਹੀ ਸਾਨੂੰ ਸੱਚ ਨਾਲੋਂ ਦੂਰ ਰੱਖਣ ਦਾ ਹੁੰਦਾ ਹੈ। ਪ੍ਰਮਾਤਮਾ ਆਪ ਸੱਚ ਰੂਪ ਹੈ ਤੇ ਜਿਥੇ ਭਰਮ ਹੈ ਉਥੇ ਸੱਚ ਨਹੀ ਹੈ। ਸਾਡੇ ਅੰਦਰੋਂ ਭਰਮ ਨੂੰ ਸੱਚ ਨੇ ਹੀ ਕੱਢਣਾ ਹੈ। ਸੱਚ ਉਹ ਹੈ ਜੋ ਸ਼ਬਦ

35/4167

ਦੀ ਵਿਚਾਰ ਹੈ। ਸ਼ਬਦ ਵੀ ਵਿਚਾਰ ਦੇ ਵਿਚ ਹੀ ਪ੍ਰਮਾਤਮਾ ਆਪ ਵਿਚਰਦਾ ਹੈ। ਸੱਚ ਦਾ ਪਦ ਚਉਥੇ ਪਦ ਦੇ ਗਿਆਨ ਦਾ ਪਦ ਹੈ। ਪੂਰਨ ਗੁਰਬਾਣੀ ਚਉਥੇ ਪਦ ਵਿੱਚ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦਾ ਭਰਮ ਨਿਕਲਣ ਦੁਆਰਾ ਹੀ ਹੁੰਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਕਰਦਾ ਹੈ। ਜਿਨ੍ਹਾਂ ਦਾ ਪ੍ਰਮਾਤਮਾ ਨੇ ਭਰਮ ਕੱਢਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ। ਜਿਸ ਰਾਹੀਂ ਗੁਰਬਾਣੀ ਸਾਰੇ ਸੰਸਾਰ ਨੂੰ ਭਰਮਾਂ ਵਿਚੋਂ ਕੱਢ ਰਹੀ ਹੈ ਸਾਰਾ ਸੰਸਾਰ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿਚ ਤੇ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਸਮਝਣ ਵਿੱਚ ਭਰਮ ਵਿੱਚ ਹੈ। ਅਸੀਂ ਜਿਹੋ ਜਿਹੇ ਭਗਤੀ ਦੇ ਮਾਰਗ ਬਣਾਏ ਹੋਏ ਹਨ ਉਨ੍ਹਾਂ ਵਿਚ ਕੇਵਲ ਭਰਮ ਹੈ ਪਰ ਅਸੀਂ ਓਹਨਾਂ ਨੂੰ ਭਗਤੀ ਦਾ ਸੱਚਾ ਮਾਰਗ ਮੰਨਿਆ ਹੋਇਆ ਹੈ। ਭਰਮ ਦਾ ਮਕਸਦ ਹੀ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਣ ਦਾ ਹੈ ਜੋ ਕਿ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਪ੍ਰਮਾਤਮਾ ਇਸ ਸੰਸਾਰ ਦੀ ਖੇਡ ਨੂੰ ਮਨ ਦੇ ਭਰਮ ਰਾਹੀਂ ਹੀ ਚਲਾ ਰਿਹਾ ਹੈ ਜਿਸ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਓਹੋ ਜਿਹੇ ਯਤਨ ਕਰਦੇ ਹਾਂ ਜਿਨ੍ਹਾਂ ਵਿੱਚ ਅਸਲੀਅਤ ਨਹੀਂ ਹੁੰਦੀ। ਪ੍ਰਮਾਤਮਾ ਆਪਣੀ ਖੇਡ ਦੀ ਸੋਝੀ ਕਦੇ ਹੀ ਅਰਬਾਂ ਖਰਬਾਂ ਵਿਚੋਂ ਕਿਸੇ ਨੂੰ ਪਾਉਂਦਾ ਹੈ ਕਿਉਂਕਿ ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ।

ਪ੍ਰਮਾਤਮਾ ਨੇ ਸੰਸਾਰ ਨਾਲੋਂ ਆਪਣਾ ਪੜਦਾ ਮਨ ਦੇ ਭਰਮ ਰਾਹੀਂ ਹੀ ਰਖਿਆ ਹੋਇਆ ਹੈ। ਜਿਸ ਦੇ ਰਹਿੰਦਿਆਂ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ, ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਮੰਨਦੇ ਹਾਂ ਪਰ ਇਸ ਵਿਚ ਅਸਲੀਅਤ ਨਹੀਂ ਹੈ ਭਾਵ ਇਸ ਵਿੱਚ ਸਾਡਾ ਭਰਮ ਹੈ। ਜਿਸ ਦਾ ਪ੍ਰਮਾਤਮਾ ਪਹਿਲਾਂ ਇਹ ਭਰਮ ਕੱਢਦਾ ਹੈ ਕਿ ਇਹ ਮਨੁੱਖੀ ਹੋਂਦ ਸਾਡੀ ਨਹੀਂ ਹੈ ਉਸ ਦਾ ਹੀ ਪ੍ਰਮਾਤਮਾ ਫਿਰ ਧਰਮ ਦੇ ਮਾਰਗ ਨੂੰ ਲੈ ਕੇ ਸਾਰੇ ਭਰਮ ਕੱਢਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਕੀ ਹੈ ਇਹ ਭਰਮ ਵਿਚੋਂ ਕੱਢ ਕੇ ਆਪ ਹੀ ਸਮਝਾਉਂਦਾ ਹੈ। ਸਭ ਤੋਂ ਵੱਡਾ ਭਰਮ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿੱਚ ਸਮਝਣ ਦਾ ਹੈ ਜੋ ਭਰਮ ਮਨ ਦੇ ਵਿਚੋਂ ਉਸਦੇ ਨਿਰਗੁਣ ਰੂਪ ਨਾਲ ਮੇਲ ਹੋਣ ਦੁਆਰਾ ਨਿਕਲਦਾ ਹੈ। (**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥1॥ ਰਹਾਉ ॥**)

35/4168

ਸਾਡੇ ਅੰਦਰ ਭਰਮ ਵਾਲੀ ਅਵਸਥਾ ਕਿਸ ਤਰ੍ਹਾਂ ਵਿਚਰਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥”

“ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥”

ਉਪਰ ਪੰਗਤੀਆਂ ਰਾਹੀਂ ਸਾਡੇ ਮਨ ਦੇ ਭਰਮ ਦੀ ਤੁਲਨਾ ਸੁਪਨੇ ਨਾਲ ਕੀਤੀ ਹੋਈ ਹੈ। ਜਦੋਂ ਮਨੁੱਖ ਸੁਪਨੇ ਵਿਚ ਹੁੰਦਾ ਹੈ ਉਸ ਵਿੱਚ ਮਨੁੱਖ ਜੋ ਕੁੱਝ ਵੀ ਸਮਝਦਾ ਹੈ ਉਸ ਨੂੰ ਠੀਕ ਹੀ ਸਮਝਦਾ ਹੈ ਭਾਵ ਸੁਪਨੇ ਵਾਲੀ ਗੱਲ ਨੂੰ ਸੱਚੀ ਹੀ ਸਮਝਦਾ ਹੈ ਜਦ ਕਿ ਉਹ ਸੱਚ ਨਹੀ ਹੁੰਦਾ ਭਾਵ ਸਾਡਾ ਭਰਮ ਹੁੰਦਾ ਹੈ। ਜਿਵੇਂ ਕਿ ਕੋਈ ਰਾਜਾ ਸੁਪਨੇ ਵਿੱਚ ਆਪਣੇ ਆਪ ਨੂੰ ਭਿਖਾਰੀ ਸਮਝ ਲੈਂਦਾ ਹੈ ਉਸ ਵਿੱਚ ਸਚਾਈ ਨਹੀਂ ਹੁੰਦੀ। ਸੁਪਨਾ ਟੁਟੱਣ ਤੇ ਸੱਚਾਈ ਸਾਹਮਣੇ ਆ ਜਾਂਦੀ ਹੈ ਭਾਵ ਉਹ ਰਾਜਾ ਹੀ ਰਹਿੰਦਾ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਇਕ ਰਾਜੇ ਦੇ ਸੁਪਨੇ ਦੀ ਤਰ੍ਹਾਂ ਹੀ ਹੈ ਜੋ ਕਿ ਭਰਮ ਵਿੱਚ ਹੀ ਆਪਣੇ ਆਪ ਨੂੰ ਭਿਖਾਰੀ ਸਮਝ ਲੈਂਦਾ ਹੈ।

ਅਸੀਂ ਅਸਲ ਵਿੱਚ ਪ੍ਰਮਾਤਮਾ ਦਾ ਰੂਪ ਹੀ ਹਾਂ ਪਰ ਭਰਮ ਵਿੱਚ ਹਾਂ, ਸਾਡਾ ਪ੍ਰਮਾਤਮਾ ਦੇ ਨਾਲ ਰਿਸ਼ਤਾ ਇਕ ਰਾਜੇ ਤੇ ਭਿਖਾਰੀ ਵਾਂਗ ਬਣਿਆ ਰਹਿੰਦਾ ਹੈ। ਭਰਮ ਨਿਕਲਣ ਤੋਂ ਬਾਅਦ ਹੀ ਸਾਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਅਸੀਂ ਉਸ ਰਾਜੇ ਦਾ ਰੂਪ ਹੀ ਹਾਂ।

(ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥)

ਸਾਡੇ ਅੰਦਰ ਭਰਮ ਕਿਵੇਂ ਵਿਚਰਦਾ ਹੈ ਇਹ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਦੂਸਰੇ ਤਰੀਕੇ ਨਾਲ ਸਮਝਾਈ ਹੋਈ ਹੈ।

“ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥”

“ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥”

ਉਪਰ ਪੰਗਤੀਆਂ ਰਾਹੀਂ ਸਾਨੂੰ ਮਨ ਦਾ ਭਰਮ ਰੱਸੀ ਤੇ ਸੱਪ ਦੀ ਕਹਾਵਤ ਦੁਆਰਾ ਸਮਝਾਇਆ ਹੋਇਆ ਹੈ ਜੋ ਕਹਾਵਤ ਸਦੀਆਂ ਤੋਂ ਚਲਦੀ ਆ ਰਹੀ ਹੈ। ਜਦੋਂ ਹਨੇਰਾ ਹੁੰਦਾ ਹੈ ਉਸ ਵੇਲੇ ਅਸੀਂ ਕਿਸੇ ਜਗ੍ਹਾ ਤੇ ਰੱਸੀ ਪਈ ਹੋਵੇ ਤਾਂ ਉਸਨੂੰ ਸੱਪ ਸਮਝ ਬੈਠਦੇ ਹਾਂ ਤੇ ਬੇਵਜ੍ਹਾ ਹੀ ਉਸ ਦੇ

35/4169

ਕੋਲ ਜਾਣ ਤੋਂ ਡਰਦੇ ਹਾਂ। ਜਦੋਂ ਹਨੇਰਾ ਮਿਟ ਜਾਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਇਹ ਤਾਂ ਰੱਸੀ ਹੀ ਹੈ ਤੇ ਅਸੀਂ ਭਰਮ ਵਿੱਚ ਹੀ ਇਸਨੂੰ ਸੱਪ ਸਮਝੀ ਬੈਠੇ ਸੀ। ਸਾਡੇ ਮਨ ਦੀ ਅਵਸਥਾ ਹਰ ਵੇਲੇ ਇਹੋ ਜਿਹੀ ਬਣੀ ਰਹਿੰਦੀ ਹੈ ਭਾਵ ਅਸੀਂ ਹਰ ਵੇਲੇ ਮਨ ਦੇ ਭਰਮ ਵਿਚ ਰਹਿਣ ਦੇ ਕਾਰਨ ਆਪਣੇ ਆਪ ਨੂੰ ਉਹ ਕੁਝ ਸਮਝਿਆ ਹੋਇਆ ਹੈ ਜੋ ਕਿ ਅਸੀਂ ਨਹੀਂ ਹਾਂ। ਜਦੋਂ ਸਾਨੂੰ ਸੋਝੀ ਪੈ ਜਾਂਦੀ ਹੈ ਭਾਵ ਜਦੋਂ ਮਨ ਦੀ ਅਗਿਆਨਤਾ ਦੂਰ ਹੋ ਜਾਂਦੀ ਹੈ। ਫਿਰ ਸਾਨੂੰ ਇਸ ਗੱਲ ਦੀ ਸਮਝ ਪੈਂਦੀ

ਹੈ ਕਿ ਸਾਡੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ।

ਇਸੇ ਤਰ੍ਹਾਂ ਉਪਰ ਸ਼ਬਦ ਵਿੱਚ "ਅਨਿਕ ਕਟਕ" ਭਾਵ ਅਨੇਕਾਂ ਕੜਿਆਂ ਦੀ ਗੱਲ ਕੀਤੀ ਹੋਈ ਹੈ। ਕੜੇ ਅਨੇਕਾਂ ਪ੍ਰਕਾਰ ਦੇ ਹੁੰਦੇ ਹਨ ਜਿਵੇਂ ਕਿ ਲੋਹੇ ਦੇ, ਪਿੱਤਲ ਦੇ, ਚਾਂਦੀ ਦੇ, ਸੋਨੇ ਦੇ ਤੇ ਅਸੀਂ ਸਭ ਕੜਿਆਂ ਦੇ ਵੱਖਰੇ ਵੱਖਰੇ ਰੂਪ ਸਮਝਦੇ ਹਾਂ ਜਿਸਨੂੰ ਕਿ ਸਾਡੀ ਭੁੱਲ ਇਸ ਲਈ ਕਿਹਾ ਹੋਇਆ ਹੈ ਕਿਉਂਕਿ ਸਾਨੂੰ ਹਰ ਕੜੇ ਵਿੱਚ ਇੱਕੋ ਇੱਕ ਪ੍ਰਮਾਤਮਾ ਦਾ ਰੂਪ ਨਜਰ ਨਹੀਂ ਆਉਂਦਾ ਜੋ ਕਿ ਹਰ ਆਕਾਰ ਰੂਪ ਵਿੱਚ ਇੱਕੋ ਇੱਕ ਆਪ ਹੀ ਹੈ। ਇਸ ਗੱਲ ਦੀ ਸਮਝ ਕਿਸੇ ਨੂੰ ਤਾਂ ਹੀ ਪੈ ਸਕਦੀ ਹੈ ਜਦੋਂ ਸ੍ਰਿਸ਼ਟੀ ਦਾ ਮਾਲਕ ਕਿਸੇ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪਣਾ ਇਹ "ਮਰਮੁ" ਭਾਵ ਆਪਣਾ ਇਹ ਭੇਦ ਜਣਾ ਦਿੰਦਾ ਹੈ ਕਿ ਸਭ ਕੁਝ ਉਹ ਆਪ ਹੀ ਹੈ। (**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥ ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥3॥**)

ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਕਿਤਨਾ ਦੂਰ ਸਮਝਦੇ ਹਾਂ ਪਰ ਉਹ ਕਿਤਨਾ ਕੁ ਨੇੜੇ ਹੈ ਇਸ ਦੀ ਸਮਝ ਸਾਨੂੰ ਨਹੀਂ ਹੈ ਕਿਉਂਕਿ ਹਰ ਕੋਈ ਮਨ ਦੇ ਭਰਮ ਕਰ ਕੇ ਹੀ ਪ੍ਰਮਾਤਮਾ ਨੂੰ ਆਪਣੇ ਆਪ ਤੋਂ ਦੂਰ ਸਮਝਦਾ ਹੈ। ਪ੍ਰਮਾਤਮਾ ਆਪ ਇਕੋ ਹੀ ਹੈ ਤੇ ਉਸ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੈ। ਸਭ ਦੇ ਅੰਦਰ ਉਹ ਆਪ ਹੀ ਹੈ ਜੋ ਮਨ ਦੇ ਗਿਆਨ ਰਾਹੀਂ ਸਭ ਨੂੰ ਭੋਗ ਰਿਹਾ ਹੈ ਪਰ ਸਹਜ ਦੀ ਅਵਸਥਾ ਦੀ ਪ੍ਰਾਪਤੀ ਤੋਂ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ। ਪ੍ਰਮਾਤਮਾ ਜੋ ਕੁਝ ਵੀ ਸਾਡੇ ਅੰਦਰ ਵਿਚਾਰ ਪਾਉਂਦਾ ਹੈ ਇਸ ਦੀ ਸੋਝੀ ਸਹਜ ਦੀ ਅਵਸਥਾ ਦੁਆਰਾ ਹੀ ਪੈਂਦੀ ਹੈ ਭਾਵ ਚਉਥੇ ਪਦ ਦੇ ਗਿਆਨ ਦੁਆਰਾ ਹੀ ਪੈਂਦੀ ਹੈ। ਚਉਥੇ ਪਦ ਦਾ ਗਿਆਨ ਹੀ ਸਾਨੂੰ ਹਰ ਭਰਮ ਵਿਚੋਂ ਕੱਢਦਾ ਹੈ ਤੇ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਪਾਉਣ ਦਾ ਤਰੀਕਾ ਕੀ ਹੈ। (**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥4॥1॥**)

35/4170

ਹੁਣ ਅਸੀਂ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਸਾਡੇ ਮਨ ਦੀ ਚਿੰਤਾ ਕਿਸ ਰੂਪ ਵਿੱਚ ਹੈ। ਸਾਡੇ ਅੰਦਰ ਦਾ ਭਰਮ ਹੀ ਸਾਡੇ ਅੰਦਰ ਦੀ ਮਾੜੀ ਚਿੰਤਾ ਹੈ, ਜੋ ਸਾਨੂੰ ਪ੍ਰਮਾਤਮਾ ਕੋਲੋਂ ਦੂਰ ਰਖੱਦੀ ਹੈ ਤੇ ਮਨੁੱਖ ਪ੍ਰਮਾਤਮਾ ਨਾਲੋਂ ਵਿਛੋੜੇ ਦੇ ਦੁਖ ਦੀ ਚਿੰਤਾ ਵਿਚ ਹੀ ਰਹਿੰਦਾ ਹੈ। ਪ੍ਰਮਾਤਮਾ ਆਪ ਅਚਿੰਤ ਹੈ ਕਿਉਂਕਿ ਉਹ ਭਰਮ ਦੀ ਚਿੰਤਾ ਤੋਂ ਮੁਕਤ ਹੈ। ਸੱਚ ਚਿੰਤਾ ਤੋਂ ਮੁਕਤ ਹੁੰਦਾ ਹੈ। ਅਸੀਂ ਲੇਖ ਵਿੱਚ ਕੁਝ ਪਿਛੇ ਪ੍ਰਮਾਤਮਾ ਦੇ ਅਚਿੰਤ ਰੂਪ ਨੂੰ ਸਮਝਿਆ ਹੈ, ਸ਼ਬਦ ਦੇ ਪਹਿਲੇ ਚਾਰ ਪਦਿਆਂ ਦੁਆਰਾ ਸਮਝਿਆ ਹੈ। ਜਿਸ ਨੂੰ ਪ੍ਰਮਾਤਮਾ ਚਿੰਤਾ ਮੁਕਤ ਕਰਦਾ ਹੈ, ਉਸ ਨੂੰ ਮਨ ਦੇ ਹਨੇਰੇ ਵਿਚੋਂ ਕੱਢ ਕੇ ਹੀ ਮੁਕਤ ਕਰਦਾ ਹੈ। ਜਿਵੇਂ ਕਿ ਉਸ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ ਕਿਉਂਕਿ ਉਸ ਪ੍ਰਮਾਤਮਾ ਦੇ ਦਰਸ਼ਨ ਹੀ ਸਾਨੂੰ ਮਨ ਦੀ ਚਿੰਤਾ ਤੋਂ ਮੁਕਤ ਕਰਦੇ ਹਨ। ਪ੍ਰਮਾਤਮਾ ਦਾ ਸੱਚਾ ਜੱਸ ਅਸੀਂ ਮਨ ਦੀ ਇਸ ਅਵਸਥਾ ਦੁਆਰਾ ਹੀ ਕਰ ਸਕਦੇ ਹਾਂ ਜਦੋਂ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਦਾ ਕੀਰਤਨ ਕੀ ਹੈ। ਸੱਚ ਦੁਆਰਾ ਵਿਚਰਨਾ, ਗੁਰਮਤਿ ਦੇ ਸੱਚੇ ਗਿਆਨ ਦੁਆਰਾ ਵਿਚਾਰਨਾ ਹੀ ਪ੍ਰਮਾਤਮਾ ਦਾ ਕੀਰਤਨ ਕਰਨਾ ਹੈ ਉਸ ਦਾ ਜਸ ਗਾਉਣਾ ਹੈ, ਕਿਉਂਕਿ ਮਨ ਦੀ ਉਸ ਅਵਸਥਾ ਦੁਆਰਾ ਹੀ ਮਨੁੱਖ ਨੂੰ ਗੁਰਮਤਿ ਅਨੁਸਾਰ ਵਿਚਰਨਾ, ਮਾਇਆ ਮੋਹ ਰਹਿਤ ਹੋ ਕੇ ਵਿਚਰਨਾ ਮਿੱਠਾ ਲਗਦਾ ਹੈ ਭਾਵ ਚੰਗਾ ਲਗਦਾ ਹੈ। (**ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥**)

ਮਨੁੱਖ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦਾ ਹੈ। ਸਾਡੇ ਅੰਦਰ ਸੁਖ ਨਾ ਵਸਣ ਦਾ ਕਾਰਣ ਭਾਵ ਪ੍ਰਮਾਤਮਾ ਦੇ ਨਾ ਵਸਣ ਦਾ ਕਾਰਣ ਸਾਡੇ ਮਨ ਦਾ ਭਰਮ ਹੀ ਹੈ। ਪ੍ਰਮਾਤਮਾ ਦਾ ਅਨਹਦ ਨਾਦ ਸਾਨੂੰ ਮਨ ਦੇ ਭਰਮ ਵਿਚੋਂ ਹੀ ਕੱਢਦਾ ਹੈ ਜੋ ਆਪਣਾ ਨਾਦ ਪ੍ਰਮਾਤਮਾ ਮਨ ਵਿਚ ਆਪ ਹੀ ਸੁਣਾਉਂਦਾ ਹੈ। ਪ੍ਰਮਾਤਮਾ ਦਾ ਨਾਦ ਸਾਡੇ ਅੰਦਰ ਬ੍ਰਹਮ ਗਿਆਨ ਦੇ ਰੂਪ ਵਿੱਚ ਵੱਸਦਾ ਹੈ, ਬਿਨਾਂ ਅਵਾਜ ਤੋਂ ਵੱਜਦਾ ਹੈ। ਜੋ ਨਾਦ ਪ੍ਰਮਾਤਮਾ ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਵਜਾਉਂਦਾ ਹੈ ਜੋ ਮਨੁੱਖ ਨੂੰ ਹਰ ਭਰਮ ਤੋਂ ਮੁਕਤ ਕਰਦਾ ਹੈ। ਇਹੀ ਸਾਡੇ ਅੰਦਰ ਪ੍ਰਮਾਤਮਾ ਦਾ ਗੱਜਣਾ ਹੈ ਜਿਸ ਰਾਹੀਂ ਸਾਨੂੰ ਇਹ ਪਤਾ ਲਗਦਾ ਹੈ ਕਿ ਸਾਡੇ ਅੰਦਰ ਮਨੁੱਖੀ ਹੋਂਦ ਨੂੰ ਸਮਝਣਾ ਸਾਡਾ ਵੱਡਾ ਭਰਮ ਹੈ। ਸਾਡੇ ਅੰਦਰ ਉਹੀ ਹੈ ਜੋ ਸਾਨੂੰ ਆਪ ਗੱਜ ਕੇ ਦਿਖਾਉਦਾ ਹੈ, ਬਿਨਾਂ

35/4171

ਬੋਲਣ ਤੋਂ ਗੱਜ ਕੇ ਦਿਖਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਚੁੱਪ-ਚੁਪੀਤੇ ਗੱਜ ਕੇ ਵਿਖਾਉਂਦਾ ਹੈ ਕਿ ਹੇ ਮਨੁੱਖ ਦੇਖ ਤੇਰੇ ਅੰਦਰ ਕੌਣ ਹੈ ਤੇ ਤਾਂ ਹੀ ਮਨੁੱਖ ਆਪਣੀ ਮੈਂ ਛੱਡਦਾ ਹੈ ਜੋ ਕਿ ਸਾਡਾ ਭਰਮ ਹੈ। (**ਅਚਿੰਤ ਮਿਟਿਓ ਹੈ ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥ ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥6॥**)

ਆਪਣੇ ਅੰਦਰੋਂ ਪਰਮਾਤਮਾ ਨੂੰ ਜਾਣੇ ਬਿਨਾਂ ਅਗਰ ਕੋਈ ਇਹ ਕਹੇ ਕਿ ਉਸ ਦਾ ਮਨ ਪਰਮਾਤਮਾ ਦੇ ਨਾਲ ਪਤੀਜ ਗਿਆ ਹੈ ਭਾਵ ਉਸਨੂੰ ਪਰਮਾਤਮਾ ਦੀ ਸਮਝ ਲੱਗ ਗਈ ਹੈ, ਇਹ ਉਸਦਾ ਭਰਮ ਹੈ। ਪਰਮਾਤਮਾ ਨਿਹਚਲ ਧਨ ਦਾ ਮਾਲਕ ਹੈ ਉਸ ਦਾ ਨਿਹਚਲ ਧਨ ਸਦਾ ਅਡੋਲ ਰਹਿਣ ਵਾਲਾ ਧਨ ਉਸਦਾ ਸੱਚਾ ਗਿਆਨ ਹੈ, ਬ੍ਰਹਮਗਿਆਨ ਹੈ ਜੋ ਧਨ ਮਨ ਦੇ ਵਿਚ ਪਰਮਾਤਮਾ ਆਪ ਹੀ ਦਿੰਦਾ ਹੈ। ਇਹ ਉਸ ਦਾ ਨਾਮ-ਧਨ ਹੈ ਜੋ ਉਸ ਦੇ ਦਰਸ਼ਨਾਂ ਤੋਂ ਬਾਅਦ ਹੀ ਮਿਲਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲਿਆ ਹੈ ਆਪਣੇ ਅੰਦਰੋਂ ਪਰਮਾਤਮਾ ਦੀ ਪਹਿਚਾਣ ਉਸ ਨਿਹਚਲ ਧਨੀ ਦੇ ਰੂਪ ਵਿੱਚ ਹੀ ਹੁੰਦੀ ਹੈ ਭਾਵ ਬ੍ਰਹਮਗਿਆਨੀ ਦੇ ਰੂਪ ਵਿੱਚ ਹੀ ਹੁੰਦੀ ਹੈ ਤੇ ਤਾਂ ਹੀ ਸਮਝ ਲੱਗਦੀ ਹੈ ਕਿ ਬ੍ਰਹਮਗਿਆਨੀ ਆਪ ਪਰਮਾਤਮਾ ਹੈ। ਉਸ ਬ੍ਰਹਮਗਿਆਨੀ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹੀ ਕੋਈ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਿ ਸਕਦਾ ਹੈ। ਜਿਨ੍ਹਾਂ ਨੇ ਉਸ ਨਿਹਚਲ ਧਨੀ ਨੂੰ ਆਪਣੇ ਅੰਦਰੋਂ ਪਹਿਚਾਨਿਆ ਹੈ ਉਹਨਾਂ ਗੁਰਬਾਣੀ ਰਾਹੀਂ ਆਪਣੇ ਆਪ ਨੂੰ ਬ੍ਰਹਮ ਗਿਆਨੀ ਨਹੀਂ ਕਿਹਾ ਬਲਕਿ ਪਰਮਾਤਮਾ ਨੂੰ ਬ੍ਰਹਮਗਿਆਨੀ ਕਿਹਾ ਹੈ, ਉਸਦਾ ਬ੍ਰਹਮਗਿਆਨ ਹੀ ਉਸ ਦਾ ਨਿਰੰਕਾਰ ਰੂਪ ਹੈ। (**ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥**)

ਅਗਲੀਆਂ ਪੰਗਤੀਆਂ ਰਾਹੀਂ ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ ਜਿਸ ਨਾਲ ਸਾਨੂੰ ਸਭ ਸੋਝੀ ਪੈਂਦੀ ਹੈ ਸੱਚੀ ਸੋਝੀ ਪੈਂਦੀ ਹੈ।

“ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥”

ਜਦ ਤੱਕ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ, ਸਾਡੇ ਅੰਦਰ ਦੇ ਗਿਆਨ ਦਾ ਸਰੋਤ ਕੀ ਹੈ ਤੱਦ ਤੱਕ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ। ਪੂਰੀ ਗੁਰਬਾਣੀ ਦੀ ਰਚਨਾ ਬਿਬੇਕ

ਬੁਧ ਦੁਆਰਾ ਹੋਈ ਹੈ ਭਾਵ ਮਨ ਦੀ ਸੱਚੀ ਸੋਝੀ ਦੁਆਰਾ ਹੋਈ ਹੈ, ਬ੍ਰਹਮ ਗਿਆਨ ਦੁਆਰਾ ਹੋਈ ਹੈ ਭਾਵ ਬਿਬੇਕ ਬੁਧ ਦੁਆਰਾ ਹੋਈ ਹੈ। ਸਾਡੇ ਅੰਦਰ ਬਿਬੇਕ ਬੁਧ ਵਾਲੇ ਵਿਚਾਰ ਉਪਜਾਉਣ ਵਾਲਾ ਭਾਵ ਹਰ ਸੱਚ ਦੀ ਸੋਝੀ ਪਾਉਣ ਵਾਲਾ, ਹਰ ਭਰਮ ਵਿਚੋਂ ਕਢਣ ਵਾਲਾ ਪਰਮਾਤਮਾ ਆਪ ਹੈ ਜਿਸ ਦੁਆਰਾ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਪਰਮਾਤਮਾ ਸਾਡੇ ਸਭ ਦੇ ਅੰਦਰ ਕਿਸ ਰੂਪ ਵਿੱਚ ਵਿਚਰ ਰਿਹਾ ਹੈ। ਜਦ ਤਕ ਸਾਡੇ ਅੰਦਰ ਬਿਬੇਕ ਬੁੱਧ ਨਹੀਂ ਉਪਜਦੀ ਤਦ ਤਕ ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਹੈ ਜਿਸ ਵਿਚੋਂ ਪਰਮਾਤਮਾ ਆਪ ਹੀ ਬਿਬੇਕ ਬੁੱਧ ਬਖਸ਼ ਕੇ ਕੱਢਦਾ ਹੈ। ਪਰਮਾਤਮਾ ਆਪ ਸਾਡੇ ਅੰਦਰ ਬਿਬੇਕ ਬੁੱਧ ਦੇ ਰੂਪ ਵਿੱਚ ਹੀ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਤੇ ਇਸ ਲਈ ਪਰਮਾਤਮਾ ਆਪ ਹੀ ਗੁਰੂ ਹੈ ਜਿਸ ਨੇ ਆਪਣੀ ਬਿਬੇਕ ਬੁਧ ਦੁਆਰਾ ਪੂਰੀ ਗੁਰਬਾਣੀ ਵਿਚ ਆਪਣਾ ਸੱਚਾ ਗਿਆਨ ਪਾਇਆ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਪਾਇਆ ਹੈ। ਮਨ ਦੇ ਵਿੱਚ ਇਹੋ ਜਿਹੇ ਸੱਚ ਦੀ ਸੋਝੀ ਪੈਣ ਨਾਲ ਫਿਰ ਮਨੁੱਖ ਪਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਦੁਆਰਾ ਹੀ ਵਿਚਰਦਾ ਹੈ ਭਾਵ ਆਪਣੇ ਹਰ ਵਿਚਰਨ ਵਿਚ ਪਰਮਾਤਮਾ ਦੀ ਟੇਕ ਲੈਂਦਾ ਹੈ, ਉਸ ਦੀ ਮਤਿ ਦੇ ਆਸਰੇ ਤੇ ਚਲਦਾ ਹੈ। ਆਪਣੀ ਸੱਚੀ ਮਤਿ ਦੇ ਕੇ ਪਰਮਾਤਮਾ ਆਪ ਹੀ ਉਸ ਨੂੰ ਚਲਾਉਂਦਾ ਹੈ ਭਾਵ ਆਪਣਾ ਨਾਮ ਬਖਸ਼ ਕੇ ਆਪ ਹੀ ਉਸ ਤੇ ਚਲਣ ਦੀ ਦ੍ਰਿੜਤਾ ਬਖਸ਼ਦਾ ਹੈ। (**ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥7॥**)

ਬਿਬੇਕ ਬੁੱਧ ਦੇ ਰੂਪ ਵਿੱਚ ਸਾਡੇ ਅੰਦਰ ਕੌਣ ਹੈ ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਹੇਠ ਲਿਖੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥

ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥”

(ਅੰਗ - ੭੯੩)

ਸੰਤ ਅਖਵਾਉਣ ਵਾਲੇ ਤਾਂ ਬਹੁਤ ਹਨ ਜੋ ਪਰਮਾਤਮਾ ਦੇ ਨਾਲ ਆਪਣੇ ਆਪ ਨੂੰ ਇਕ-ਮਿਕ ਸਮਝਦੇ ਹਨ ਪਰ ਕੀ ਉਨ੍ਹਾਂ ਵਿੱਚੋਂ ਕੋਈ ਇਹ ਗੱਲ ਕਹਿ ਸਕਦਾ ਹੈ ਕਿ ਉਹਨਾਂ ਦਾ ਗੁਰੂ ਕੌਣ ਹੈ। ਸੰਤ ਕਬੀਰ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਉਨ੍ਹਾਂ ਵਿਚ ਤੇ ਪਰਮਾਤਮਾ ਵਿੱਚ ਕੋਈ ਫਰਕ ਨਹੀਂ ਹੈ ਭਾਵ ਉਹ ਇਕੋ ਰੂਪ ਹੀ ਹਨ।

35/4173

ਜੋ ਪਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ ਉਹ ਨਿਰਗੁਣ ਰੂਪ ਵਿਚ ਹੀ ਇੱਕ ਹੁੰਦਾ ਹੈ, ਮਨ ਦੇ ਗਿਆਨ ਰੂਪ ਰਾਹੀਂ ਹੀ ਇਕ ਹੁੰਦਾ ਹੈ। ਪਰਮਾਤਮਾ ਦੇ ਨਾਲ ਮਨ ਦੇ ਵਿਚ ਇਕ ਹੋਣ ਨਾਲ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਸਭ ਦਾ ਗੁਰੂ ਕੌਣ ਹੈ, ਸਾਰੇ ਸੰਸਾਰ ਦਾ ਗੁਰੂ ਇਕੋ ਹੀ ਹੈ ਜੋ ਕਿ ਆਪ ਪਰਮਾਤਮਾ ਹੈ ਤੇ ਜਦੋਂ ਪਰਮਾਤਮਾ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਆਪ ਨੂੰ "ਬਿਬੇਕੁ" ਰੂਪ ਵਿਚ ਹੀ ਪ੍ਰਗਟ ਕਰਦਾ ਹੈ ਜਿਸ ਦੁਆਰਾ ਉਸ ਮਨੁਖੀ ਰੂਪ ਦੀ ਬੁਧ ਬਿਬੇਕ ਬੁਧ ਵਾਲੀ ਬਣਾ ਦਿੰਦਾ ਹੈ ਤੇ ਸਾਰਾ ਗਿਆਨ ਉਹ ਆਪ ਹੀ ਦਿੰਦਾ ਹੈ। ਪਰਮਾਤਮਾ ਆਪ ਗਿਆਨ ਰੂਪ ਹੈ ਭਾਵ ਸਾਰੇ ਗਿਆਨ ਦਾ ਮਾਲਕ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ ਜਿਸ ਗੱਲ ਨੂੰ ਉਸ ਦੇ ਨਾਲ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ, ਉਸ ਦਾ ਸੰਤ ਰੂਪ ਬਣ ਕੇ ਹੀ, ਭਗਤ ਰੂਪ ਬਣ ਕੇ ਹੀ ਸਮਝਿਆ ਜਾ ਸਕਦਾ ਹੈ। ਪਰਮਾਤਮਾ ਆਪਣੇ ਨਿਰਗੁਣ ਰੂਪ ਦੁਆਰਾ ਗੁਰੂ ਹੈ, ਬ੍ਰਹਮਗਿਆਨ ਰੂਪ ਦੁਆਰਾ ਗੁਰੂ ਹੈ ਤੇ ਪੂਰੀ ਗੁਰਬਾਣੀ ਵਿੱਚ ਪਰਮਾਤਮਾ ਇਸੇ ਰੂਪ ਦੁਆਰਾ ਹੀ ਸਾਰੇ ਸੰਸਾਰ ਦਾ ਗੁਰੂ ਹੈ। ਪੂਰੀ ਗੁਰਬਾਣੀ ਦੇ ਵਿਚ ਬਿਬੇਕ ਬੁਧ ਹੈ ਜੋ ਬੁਧ ਉਸ ਬਿਬੇਕ ਗੁਰੂ ਦੀ ਆਪਣੀ ਬੁਧ ਹੈ। (**ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥ ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥4॥5॥**)

ਜੋ ਆਪਣੇ ਅੰਦਰੋਂ ਬਿਬੇਕ ਗੁਰੂ ਦੇ ਭਾਵ ਪਰਮਾਤਮਾ ਦੇ ਦਰਸ਼ਨ ਕਰਦਾ ਹੈ ਉਸਨੂੰ ਪਰਮਾਤਮਾ ਅਪਣੀ ਬਿਬੇਕ ਬੁਧ ਬਖਸ਼ ਕੇ ਮਨ ਦੇ ਭਰਮ ਵਿਚੋਂ ਹੀ ਕੱਢਦਾ ਹੈ, ਮਨ ਦੇ ਭਰਮ ਵਿੱਚੋਂ ਨਿਕਲ ਕੇ ਹੀ ਮਨੁੱਖ ਸਮਦਰਸੀ ਬਣਦਾ ਹੈ ਭਾਵ ਉਸਨੂੰ ਮਨੁੱਖ ਮਨੁੱਖ ਵਿੱਚ ਭੇਦ ਨਜਰ ਨਹੀਂ ਆਉਂਦਾ ਕਿਉਂਕਿ ਉਸਨੂੰ ਸਭ ਦੇ ਵਿਚ ਫਿਰ ਇੱਕੋ ਇੱਕ ਪਰਮਾਤਮਾ ਹੀ ਨਜਰ ਆਉਂਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਵੇ। ਇਸ ਗੱਲ ਨੂੰ ਧੰਨ ਧੰਨ ਚਉਥੀ ਪਾਤਸ਼ਾਹੀ ਦੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ

{ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥

ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥}

(ਅੰਗ ੯੮੧)

35/4174

ਉੱਪਰਲੀਆ ਪੰਗਤੀਆਂ ਦੁਆਰਾ ਹੁਣ ਇਸ ਗੱਲ ਨੂੰ ਸਮਝੋ ਕਿ ਗੁਰੂ ਮਨੁੱਖੀ ਦੇਹ ਹੈ ਜਾਂ ਅੰਦਰ ਦੀ ਜੋਤ ਹੈ, ਅੰਦਰ ਦਾ ਗਿਆਨ ਹੈ ਭਾਵ ਗੁਰੂ ਸਰਗੁਣ ਰੂਪ ਹੈ ਜਾਂ ਨਿਰਗੁਣ ਰੂਪ ਹੈ, ਗੁਰੂ ਬਿਨਸਨਹਾਰ ਨਹੀਂ ਹੈ ਕਿਉਂਕਿ ਉਹ ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਜੋ ਪੰਜਾਂ ਤੱਤਾਂ ਤੋਂ ਬਾਹਰ ਹੈ । ਦੇਹ ਬਿਨਸਨਹਾਰ ਹੈ ਭਾਵ ਇਹ ਦੇਹ ਗੁਰੂ ਨਹੀਂ ਹੈ, ਗੁਰੂ ਦੇਹ ਦੁਆਰਾ ਬੋਲੇ ਹੋਏ ਬੋਲ ਹਨ, ਬਚਨ ਹਨ ਜੋ ਸਾਨੂੰ ਸੱਚਾ ਗਿਆਨ ਦਿੰਦੇ ਹਨ। ਨਾ ਬਿਨਸਨਹਾਰ ਗੁਰੂ ਦੇ ਸੱਚੇ ਬੋਲ ਹਨ ਤੇ ਇਸੇ ਲਈ ਗੁਰੂ ਦੇ ਬਚਨਾਂ ਦੀ ਪੂਜਾ ਹੀ ਗੁਰੂ ਦੀ ਪੂਜਾ ਹੈ ।

(ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥5॥)

(ਅੰਗ ੧੩੦੯)

ਸਾਰਗ ਮਹਲਾ ੫ ॥

{ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥

ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥}

(ਅੰਗ ੧੨੦੪)

ਭਗਤੀ ਦਾ ਮਾਰਗ ਗੁਰੂ ਦੇ ਨਿਰਗੁਣ ਰੂਪ ਦੇ ਨਾਲ ਜੁੜ ਕੇ ਭਾਵ ਗੁਰੂ ਦੇ ਬਚਨਾਂ ਦੇ ਨਾਲ ਜੁੜ ਕੇ ਉਸ ਦੇ ਬਚਨਾਂ ਨੂੰ ਪੂਜਣ ਦਾ ਮਾਰਗ ਹੈ ਭਾਵ ਗੁਰੂ ਦੇ ਬਚਨ ਜੋ ਕੁਝ ਸਾਨੂੰ ਸਮਝਾਉਂਦੇ ਹਨ ਉਨ੍ਹਾਂ ਨੂੰ ਮੰਨ ਕੇ ਉਹਨਾਂ ਅਨੁਸਾਰ ਵਿਚਰਨ ਦਾ ਮਾਰਗ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਅਪਨਾਉਣ ਦਾ ਮਾਰਗ ਹੈ ।

ਸਲੋਕੁ ਮਃ ੩ ॥

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

ਜਿਹੜੇ ਗੁਰੂ ਦੇ ਬਚਨਾਂ ਨੂੰ ਮੰਨਦੇ ਨਹੀਂ ਤੇ ਕੇਵਲ ਗੁਰੂ ਦੇ ਆਕਾਰ ਰੂਪ ਨਾਲ ਹੀ ਜੁੜੇ ਰਹਿੰਦੇ ਹਨ ਭਾਵ ਆਕਾਰ ਰੂਪ ਨੂੰ ਪੜ੍ਹਦੇ ਸੁਣਦੇ ਹਨ ਤੇ ਆਕਾਰ ਰੂਪ ਨੂੰ ਮੱਥੇ ਟੇਕਣ ਵਿੱਚ ਹੀ ਭਗਤੀ ਦਾ ਮਾਰਗ ਸਮਝਦੇ ਹਨ ਉਹ ਭਗਤੀ ਦੇ ਮਾਰਗ ਨੂੰ ਸਮਝਣ ਵਿਚ ਭਰਮ ਵਿਚ ਹੀ ਹਨ। ਇਹਨਾਂ ਭਰਮਾਂ ਵਿਚੋਂ ਨਿਕਲੇ ਬਿਨਾ ਅਸੀਂ ਭਗਤੀ ਦੇ ਮਾਰਗ ਨਾਲ ਨਹੀਂ ਜੁੜ ਸਕਦੇ, ਭਗਤੀ ਦੇ ਮਾਰਗ ਨਾਲ ਸਾਨੂੰ ਗੁਰੂ ਦਾ ਨਿਰਗੁਣ ਰੂਪ ਜੋੜਦਾ ਹੈ ਤੇ ਆਕਾਰ ਰੂਪ ਦਾ ਮਕਸਦ ਆਪਣੇ ਅੰਦਰ ਨਿਰਗੁਣ ਰੂਪ ਨੂੰ ਟਿਕਾਉਣ ਦਾ ਹੀ ਹੈ।

35/4175

ਸਾਡੇ ਮਨੋਰਥ ਦੀ ਪੂਰਤੀ ਨਿਰਗੁਣ ਰੂਪ ਨਾਲ ਜੁੜ ਕੇ ਹੀ ਹੋਣੀ ਹੈ ਕਿਉਂਕੀ ਨਿਰਗੁਣ ਰੂਪ ਹੀ ਸਾਡਾ ਗੁਰੂ ਹੈ ਜਿਸ ਨੇ ਸਾਨੂੰ ਹਰ ਭਰਮ ਵਿਚੋਂ ਕੱਢਣਾ ਹੈ ਤੇ ਸਚ ਦੀ ਸੋਝੀ ਪਾਉਣੀ ਹੈ।

ਜਿਸ ਨੂੰ ਪਰਮਾਤਮਾ ਭਰਮ ਦੇ ਵਿਚੋਂ ਕੱਢ ਕੇ ਮਨ ਦੇ ਵਿੱਚ ਆਪਣੇ ਦਰਸ਼ਨ ਕਰਵਾਉਂਦਾ ਹੈ, ਇਹੀ ਗੱਲ ਸਾਨੂੰ ਮੁਖ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਜਿਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲੇ ਕਿਸ ਤਰਾਂ ਭਰਮ ਦੇ ਵਿਚੋਂ ਕੱਢਿਆ ਹੈ ਤੇ ਸਭ ਨੂੰ ਇੱਕੋ ਜਿਹਾ ਭਗਤੀ ਦਾ ਤਰੀਕਾ ਹੀ ਸਮਝਾਇਆ ਹੈ, ਸਭ ਨੂੰ ਆਪਣੀ ਸੱਚੀ ਸ਼ਬਦ ਵਿਚਾਰ ਦਿੱਤੀ ਹੈ।

“ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥
ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥”

(ਅੰਗ ੧੧੫੭)

ਸ਼ਬਦ ਦੀਆਂ ਪਹਿਲੀਆਂ ਦੋਨੋਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਪਰਮਾਤਮਾ ਸਾਨੂੰ ਕਿਸ ਤਰੀਕੇ ਮਿਲਦਾ ਹੈ, ਪਰਮਾਤਮਾ ਸਾਨੂੰ “ਧੁਰਿ” ਤੋ ਲੇਖ ਲਿਖਣ ਦੁਆਰਾ ਮਿਲਦਾ ਹੈ। ਜਿਸ ਨੂੰ ਪਰਮਾਤਮਾ ਮਿਲ ਜਾਂਦਾ ਹੈ ਉਸਨੂੰ ਫਿਰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਧੁਰਿ ਤੋਂ ਲੇਖ ਕਿਸ ਤਰੀਕੇ ਲਿਖੇ ਜਾਂਦੇ ਹਨ। “ਧੁਰਿ” ਤੋ ਭਾਵ ਹੈ ਪਰਮਾਤਮਾ ਦਾ ਟਿਕਾਣਾ, ਜਿਸ ਟਿਕਾਣੇ ਤੇ ਪਰਮਾਤਮਾ ਨਿਵਾਸ ਕਰਦਾ ਹੈ, ਸਾਡੇ ਅੰਦਰ ਪਰਮਾਤਮਾ ਦਾ ਟਿਕਾਣਾ ਸਾਡਾ ਮਨ ਹੈ ਸਾਡੇ ਜੋ ਲੇਖ ਪਰਮਾਤਮਾ ਲਿਖਦਾ ਹੈ ਉਹ ਸਾਡੇ ਅੰਦਰ ਆਪ ਹੀ ਲਿਖਦਾ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਇਹ ਸਾਡੇ ਅੰਦਰ ਪਰਮਾਤਮਾ ਦੇ ਲਿਖੇ ਹੋਏ ਲੇਖ ਹਨ ਤੇ ਜਿਹੋ ਜਿਹੇ ਲੇਖ ਕਿਸੇ ਦੇ ਅੰਦਰ ਲਿਖੇ ਜਾਂਦੇ ਹਨ ਮਨੁੱਖ ਉਹਨਾਂ ਲੇਖਾਂ ਅਨੁਸਾਰ ਹੀ ਵਿਚਰਦਾ ਹੈ ਭਾਵ ਮਨ ਦੇ ਵਿਚਾਰਾਂ ਅਨੁਸਾਰ ਹੀ ਵਿਚਰਦਾ ਹੈ। ਮਨੁੱਖ ਨੂੰ ਮਨ ਦੇ ਵਿਚੋਂ ਜੋ ਵੀ ਸੋਝੀ ਪੈਂਦੀ ਹੈ ਉਹ ਮਨ ਦੇ ਵਿਚਾਰਾਂ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੇ ਲੇਖਾਂ ਦੁਆਰਾ ਹੀ ਪੈਂਦੀ ਹੈ ਭਾਵ ਸਾਨੂੰ ਉਹ ਕੁਝ ਕਰਨਾ ਪੈਂਦਾ ਹੈ ਜਿਹੋ ਜਿਹੇ ਲੇਖ ਪਰਮਾਤਮਾ ਸਾਡੇ ਅੰਦਰ ਲਿਖਦਾ ਹੈ, ਧੁਰਿ ਤੋਂ ਲਿਖਦਾ ਹੈ।

35/4176

ਜਦ ਤੱਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਪਰਮਾਤਮਾਂ ਸਾਡੇ ਅੰਦਰ ਲੇਖ ਕਿਸ ਰੂਪ ਵਿੱਚ ਲਿਖਦਾ ਹੈ ਤਦ ਤੱਕ ਅਸੀਂ ਪਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ। ਪਰਮਾਤਮਾ ਸਾਡੇ ਅੰਦਰ ਮਨ ਦੇ ਲੇਖਾਂ ਦੇ ਰੂਪ ਵਿਚ ਹੀ ਵਿਚਰਦਾ ਹੈ ਭਾਵ ਮਨ ਦੀ ਸੋਝੀ ਦੇ ਰੂਪ ਵਿਚ, ਮਨ ਦੇ ਗਿਆਨ ਦੇ ਰੂਪ ਵਿਚ ਹੀ ਵਿਚਰਦਾ ਹੈ। ਜਦ ਤੱਕ ਪਰਮਾਤਮਾ ਮਨ ਦੇ ਅੰਦਰ ਪ੍ਰਗਟ ਹੋ ਕੇ ਕਿਸੇ ਨੂੰ ਇਸ ਗੱਲ ਦੀ ਸੋਝੀ ਨਹੀਂ ਪਾਉਂਦਾ ਕਿ ਮਨੁੱਖ ਦੀ ਸੋਚ ਕਿੱਥੋਂ ਉਪਜਦੀ ਹੈ, ਸਾਡੀ ਸੋਚ ਕਿਸ ਦੇ ਵੱਸ ਵਿੱਚ ਹੈ ਤੱਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। (**ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥**)

ਆਪਣੇ ਅੰਦਰ ਲਿਖੇ ਜਾ ਰਹੇ ਇਨ੍ਹਾਂ ਲੇਖਾਂ ਨੂੰ ਕੋਈ ਨਹੀਂ ਮੇਟ ਸਕਦਾ ਕਿਉਂਕਿ ਸਾਡੇ ਅੰਦਰ ਲਿਖੇ ਜਾਣ ਵਾਲੇ ਲੇਖ ਹੀ ਪਰਮਾਤਮਾ ਦਾ ਹੁਕਮ ਹਨ ਜੋ ਸਾਡੇ ਸਭ ਦੇ ਅੰਦਰ ਹੀ ਸਦਾ ਹੀ ਵਰਤ ਰਿਹਾ ਹੈ, ਪਰ ਮਨੁੱਖ ਨੂੰ ਇਸ ਗੱਲ ਦੀ ਸੋਝੀ ਨਹੀਂ ਹੈ ਕਿ ਪਰਮਾਤਮਾ ਕਿਸ ਤਰੀਕੇ ਸਭ ਨੂੰ ਆਪਣੇ ਹੁਕਮ ਅੰਦਰ ਰਖਦਾ ਹੈ। ਜਿਨ੍ਹਾਂ ਨੂੰ ਪਰਮਾਤਮਾ ਨੇ ਆਪਣਾ ਨਾਮ ਧਨ ਬਖਸ਼ਿਆ ਹੈ ਭਾਵ ਸੱਚੇ ਗਿਆਨ ਦਾ ਧਨ ਬਖਸ਼ਿਆ ਹੈ, ਬ੍ਰਹਮਗਿਆਨ ਰੂਪ ਧਨ ਬਖਸ਼ਿਆ ਹੈ ਉਨ੍ਹਾਂ ਅੰਦਰ ਪਰਮਾਤਮਾ ਨੇ ਮਨ ਦੇ ਵਿੱਚ ਲੇਖ ਲਿਖਣ ਦੁਆਰਾ ਹੀ ਬਖਸ਼ਿਆ ਹੈ, ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਜੀ ਦੇ ਹੇਠ ਦਿੱਤੇ ਸਲੋਕ ਦੁਆਰਾ ਸਮਝਿਆ ਜਾ ਸਕਦਾ ਹੈ ।

ਮਃ ੫ ॥
“ਜੋ ਧੁਰਿ ਲਿਖਿਆ ਲੇਖੁ ਪ੍ਰਭ ਮੇਟਣਾ ਨ ਜਾਇ ॥
ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ ॥੨॥”

(ਅੰਗ ੩੧੫)

ਉੱਪਰਲੀਆ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ ਤਾਂ ਜੋ ਅਸੀਂ ਸਮਝ ਸਕੀਏ ਕਿ ਨਾਮ ਧਿਆਉਣਾ ਕੀ ਹੈ । ਨਾਮ ਉਹੀ ਧਿਆਉਂਦਾ ਹੈ ਜਿਸ ਨੂੰ ਪਹਿਲੇ ਪਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਨਾਮ ਧਨ ਵਖਰ ਬ੍ਰਹਮਗਿਆਨ ਰੂਪ ਧਨ ਹੈ

35/4177

ਜੋ ਧਨ ਪ੍ਰਮਾਤਮਾ ਮਨ ਦੇ ਵਿਚ ਆਪ ਹੀ ਦਿੰਦਾ ਹੈ ਤੇ ਉਹ ਆਪ ਵੀ ਇਸੇ ਧਨ ਦੇ ਰੂਪ ਵਿੱਚ ਹੀ ਹੈ। ਜਿਸ ਨੂੰ ਪਰਮਾਤਮਾ ਆਪਣਾ ਇਹ ਧਨ ਬਖਸ਼ਦਾ ਹੈ ਉਹ ਹੀ ਇਸ ਧਨ ਨੂੰ ਭਾਵ ਨਾਮ ਨੂੰ, ਪਰਮਾਤਮਾ ਨੂੰ ਆਪਣੇ ਅੰਦਰ ਧਿਆਉਂਦਾ ਹੈ ਭਾਵ ਉਸ ਦੇ ਅੰਦਰ ਸੱਚੀ ਮਤਿ ਵਸੀ ਰਹਿੰਦੀ ਹੈ, ਗੁਰਮਤਿ ਰੂਪ ਮਤਿ ਵਸੀ ਰਹਿੰਦੀ ਹੈ। ਇਸ ਗੱਲ ਨੂੰ ਉਹੀ ਸਮਝ ਸਕਦੇ ਹਨ ਜਿਨ੍ਹਾਂ ਨੂੰ ਨਾਮ-ਧਨ ਵਖਰ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਪਰਮਾਤਮਾ ਦੇ ਲਿਖੇ ਹੋਏ ਲੇਖ ਕੋਈ ਮੇਟ ਨਹੀਂ ਸਕਦਾ ਭਾਵ ਸਭ ਨੂੰ ਆਪਣੇ ਮਨ ਦੇ ਵਿਚਾਰਾਂ ਰਾਹੀਂ ਹੀ ਵਿਚਰਣਾ ਪੈਂਦਾ ਹੈ । ਅਸੀਂ ਆਪਣੇ ਅੰਦਰੋਂ ਮਨ ਦੇ ਵਿਚਾਰਾਂ ਨੂੰ ਰੋਕ ਸਕੀਏ, ਬਦਲ ਸਕੀਏ, ਖਤਮ ਕਰ ਸਕੀਏ, ਇਹ ਸਾਡੇ ਵੱਸ ਨਹੀਂ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਜਿਹੋ-ਜਿਹੇ ਵਿਚਾਰ ਸਾਡੇ ਅੰਦਰ ਉਪਜਦੇ ਹਨ ਉਹ ਸਾਡੇ ਅੰਦਰ ਪਰਮਾਤਮਾ ਦੇ ਲਿਖੇ ਹੋਏ ਲੇਖ ਹੀ ਹਨ ਜੋ ਸਾਨੂੰ ਭਰਮ ਵਿੱਚ ਰੱਖਦੇ ਹਨ ਭਾਵ ਪਰਮਾਤਮਾਂ ਨੇ ਆਪ ਹੀ ਸਭ ਨੂੰ ਮਨ ਦੇ ਵਿਚ ਵਿਚਾਰਾਂ ਰਾਹੀਂ, ਮਨ ਦੇ ਲੇਖ ਰਾਹੀਂ ਭਰਮ ਵਿਚ ਰੱਖਿਆ ਹੋਇਆ ਹੈ। ਨਾਮ ਧਨ ਦੇ ਰੂਪ ਵਿੱਚ ਲੇਖ ਵੀ ਪ੍ਰਮਾਤਮਾ ਸਾਡੇ ਅੰਦਰ ਆਪ ਹੀ ਲਿਖਦਾ ਹੈ ਭਾਵ ਸ਼ਬਦ ਦੀ ਵਿਚਾਰਾਂ ਦੇ ਰੂਪ ਵਿੱਚ ਲਿਖਦਾ ਹੈ ਜੋ ਸਾਨੂੰ ਮਨ ਦੇ ਹਰ ਭਰਮ ਵਿੱਚੋਂ ਕੱਢ ਲੈਂਦੇ ਹਨ ਤੇ ਮਨ ਦੇ ਅੰਦਰ ਸਦਾ ਸ਼ਬਦਾਂ ਦੀ ਵਿਚਾਰ ਵੱਸੀ ਰਹਿੰਦੀ ਹੈ, ਨਾਮ ਧਨ ਵਖਰ ਸਦਾ ਵੱਸਿਆ ਰਹਿੰਦਾ ਹੈ, ਪਰਮਾਤਮਾ ਆਪ ਸਦਾ ਵਸਿਆ ਰਹਿੰਦਾ ਹੈ, ਜੋ ਫਿਰ ਕਦੇ ਨਹੀ ਵਿਛੜਦਾ।

(ਜੋ ਧੁਰਿ ਲਿਖਿਆ ਲੇਖੁ ਪ੍ਰਭ ਮੇਟਣਾ ਨ ਜਾਇ ॥ ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ ॥2॥)

“ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥ ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ ॥
ਹੁਕਮੇ ਬਾਧਾ ਕਾਰ ਕਮਾਇ ॥ ਏਕ ਸਬਦਿ ਰਾਚੈ ਸਚਿ ਸਮਾਇ ॥੭॥”

(ਅੰਗ ੧੨੭੫)

ਜਿਹੋ ਜਿਹੇ ਲੇਖ ਪਰਮਾਤਮਾ ਸਾਡੇ ਅੰਦਰ ਲਿਖ ਰਿਹਾ ਹੈ ਉਹ ਹੀ ਉਸਦਾ ਸਾਡੇ ਲਈ ਹੁਕਮ ਹੈ ਜਿਸ ਦੁਆਰਾ ਅਸੀਂ ਪਰਮਾਤਮਾ ਦੇ ਹੁਕਮ ਵਿੱਚ ਹੀ ਚਲਦੇ ਹਾਂ ਭਾਵ ਉਸ ਦੇ ਦਿਤੇ ਹੋਏ ਵਿਚਾਰਾਂ ਅਨੁਸਾਰ ਹੀ ਚੱਲਦੇ ਹਾਂ ਪਰ ਉਸ ਪਰਮਾਤਮਾ ਦਾ ਹੁਕਮ ਆਪਣੇ ਅੰਦਰੋਂ ਬੁਝੇ ਬਿਨਾਂ ਭਾਵ ਉਸ ਦੇ ਹੁਕਮ ਨੂੰ ਪਛਾਣੇ ਬਿਨਾਂ ਕਿ ਸਾਡੇ ਅੰਦਰ ਇਹ ਵਿਚਾਰ ਰੂਪ ਹੁਕਮ ਕੌਣ ਪਾਉਂਦਾ ਹੈ

35/4178

ਤੱਦ ਤੱਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਤਦ ਤੱਕ ਸਾਡੀ ਮੈਂ ਦੂਰ ਨਹੀਂ ਹੋ ਸਕਦੀ ਹੈ ਕਿ ਮਨੁੱਖ ਦੀ ਅਸਲੀਅਤ ਕੀ ਹੈ। ਸਾਨੂੰ ਸਭ ਨੂੰ ਪਰਮਾਤਮਾ ਆਪਣੇ ਹੁਕਮ ਵਿਚ ਹੀ ਚਲਾ ਰਿਹਾ ਹੈ ਅਸੀਂ ਉਸ ਦੇ ਹੁਕਮ ਦੇ ਬੱਝੇ ਹੋਏ ਹੀ ਹਾਂ। ਮਨ ਦੇ ਵਿੱਚ ਲਿਖੇ ਜਾਣ ਵਾਲੇ ਲੇਖਾਂ ਦੇ ਬਝੇ ਹੋਏ ਹੀ ਹਾਂ ਪਰ ਸਾਨੂੰ ਇਸ ਦੀ ਸਮਝ ਨਹੀਂ ਹੈ। ਮਨ ਦੀ ਇਸ ਬੇਸਮਝੀ ਵਿਚੋਂ ਭਾਵ ਭਰਮ ਵਿਚੋਂ ਪਰਮਾਤਮਾ ਆਪ ਹੀ ਕਿਸੇ ਨੂੰ ਕੱਢਦਾ ਹੈ ਤੇ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਹਰ ਕੋਈ ਪਰਮਾਤਮਾ ਦੇ ਹੁਕਮ ਦਾ ਬੱਝਾ ਹੋਇਆ ਹੀ ਹੈ ਜੋ ਹੁਕਮ ਉਸ ਦਾ ਗਿਆਨ ਰੂਪ ਵਿੱਚ ਹੈ । ਹਰ ਵਸਤੂ ਦੇ ਵਿੱਚ ਪਰਮਾਤਮਾ ਦਾ ਗਿਆਨ ਰੂਪ ਹੁਕਮ ਹੀ ਵਰਤ ਰਿਹਾ ਹੈ। ਹਰ ਵਸਤੂ ਪਰਮਾਤਮਾ ਦੇ ਪਾਏ ਹੋਏ ਗਿਆਨ ਦੁਆਰਾ ਹੀ ਬਣੀ ਹੈ ਤੇ ਚੱਲ ਰਹੀ ਹੈ ਤੇ ਗਿਆਨ ਦੁਆਰਾ ਹੀ ਸਰਗੁਣ ਸਰੂਪ ਬਿਨਸ ਜਾਂਦਾ ਹੈ। ਨਾ ਬਿਨਸਨ ਵਾਲਾ ਕੇਵਲ ਆਪ ਗਿਆਨ ਹੈ ਜਿਸ ਰੂਪ ਵਿੱਚ ਪਰਮਾਤਮਾ ਆਪ ਹੈ ਜੋ ਕਿ ਬਿਨਸਨਹਾਰ ਨਹੀਂ ਹੈ। ਪਰਮਾਤਮਾ ਹਰ ਕਿਸੇ ਦੇ ਅੰਦਰ ਆਪਣੇ ਇਸ ਨਿਰਗੁਣ ਰੂਪ ਦੁਆਰਾ ਹੀ ਵਿਚਰ ਰਿਹਾ ਹੈ ਜਿਸ ਦੀ ਸਮਝ ਕੇਵਲ ਉਸ ਦੇ ਹੁਕਮ ਨੂੰ ਆਪਣੇ ਅੰਦਰੋਂ ਜਾਣਨ ਨਾਲ ਹੀ ਪੈਂਦੀ ਹੈ ਭਾਵ ਮਨ ਦਾ ਭਰਮ ਨਿਕਲਣ ਨਾਲ ਹੀ ਪੈਂਦੀ ਹੈ। ਮਨ ਦਾ ਭਰਮ ਗੁਰੂ ਦੇ ਸ਼ਬਦ ਦੁਆਰਾ ਨਿਕਲਦਾ ਹੈ, ਗੁਰੂ ਦੇ ਨਾਮ ਦੁਆਰਾ ਨਿਕਲਦਾ ਹੈ ਭਾਵ ਸ਼ਬਦ ਦੀ ਵਿਚਾਰ ਦੁਆਰਾ ਨਿਕਲਦਾ ਹੈ ਤੇ ਜਿਸ ਨੂੰ ਪਰਮਾਤਮਾ ਆਪਣੇ ਸ਼ਬਦ ਨਾਲ ਜੋੜ ਲੈਂਦਾ ਹੈ ਭਾਵ ਸ਼ਬਦ ਦੇ ਗਿਆਨ ਨਾਲ ਜੋੜ ਲੈਂਦਾ ਹੈ ਉਹ ਆਪਣੇ ਅੰਦਰੋਂ ਪਰਮਾਤਮਾ ਦੇ ਹੁਕਮ ਨੂੰ ਬੁਝ ਲੈਂਦਾ ਹੈ ਤੇ ਉਸ ਨੂੰ ਸੋਝੀ ਪੈ ਜਾਂਦੀ ਹੈ ਕਿ ਸਾਡੇ ਸਭ ਦੇ ਅੰਦਰ ਪਰਮਾਤਮਾ ਲੇਖ ਕਿਸ ਰੂਪ ਵਿਚ ਲਿਖ ਰਿਹਾ ਹੈ। (**ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥ ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ ॥ ਹੁਕਮੇ ਬਾਧਾ ਕਾਰ ਕਮਾਇ ॥ ਏਕ ਸਬਦਿ ਰਾਚੈ ਸਚਿ ਸਮਾਇ ॥7॥**)

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥ ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥ ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥}

(ਅੰਗ ੧੩੯੫)

ਉਪਰਲੇ ਪੂਰੇ ਸਬਦ ਦੇ ਅਰਥ ਅਸੀਂ ਇਸ ਲੇਖ ਵਿਚ ਕਾਫੀ ਪਿੱਛੇ ਪਹਿਲਾਂ ਹੀ ਜਾਣ ਚੁੱਕੇ ਹਾਂ ਉਪਰਲੇ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਅਵਸਥਾ ਸਮਝਾਈ ਹੋਈ ਹੈ ਜੋ ਪਰਮਾਤਮਾ ਦੇ ਨਿਰੰਕਾਰ ਰੂਪ ਦੇਸ਼ ਵਿੱਚ ਵਸਿਆ ਹੋਇਆ ਹੈ

35/4179

ਭਾਵ ਆਕਾਰ-ਰਹਿਤ ਦੇਸ਼ ਵਿੱਚ ਵਸਿਆ ਹੋਇਆ ਹੈ ਜੋ ਦੇਸ਼ ਪੰਜ ਤੱਤਾਂ ਤੋਂ ਰਹਿਤ ਹੈ। ਪਰਮਾਤਮਾ ਦਾ ਹੁਕਮ ਪਰਮਾਤਮਾ ਦੇ ਇਸ ਦੇਸ਼ ਵਿੱਚੋਂ ਹੀ ਬੁੱਝਿਆ ਜਾ ਸਕਦਾ ਹੈ ਭਾਵ ਨਿਰਗੁਣ ਰੂਪ ਦੇਸ਼ ਵਿੱਚੋਂ ਹੀ ਬੁਝਿਆ ਜਾ ਸਕਦਾ ਹੈ ਜੋ ਦੇਸ਼ ਉਸ ਦਾ ਸਾਡੇ ਅੰਦਰ ਹੀ ਹੈ, ਮਨ ਦੇ ਗਿਆਨ ਰੂਪ ਵਿੱਚ ਹੀ ਹੈ ਤੇ ਪਰਮਾਤਮਾ ਦੇ ਉਸ ਦੇਸ਼ ਦੇ ਵਿਚੋਂ ਭਾਵ ਮਨੁੱਖ ਦੇ ਮਨ ਦੇ ਵਿਚੋਂ ਵਿਚਾਰ ਹੀ ਮਿਲਦੇ ਹਨ, ਸ਼ਬਦ ਰੂਪ ਵਿਚਾਰ ਹੀ ਮਿਲਦੇ ਹਨ ਜੋ ਵਿਚਾਰ ਪ੍ਰਮਾਤਮਾ ਆਪ ਹੀ ਦਿੰਦਾ ਹੈ। ਜਿਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਸ਼ਬਦਾਂ ਦੀ ਵਿਚਾਰ ਦੁਆਰਾ ਹੀ ਕੀਤੀ ਹੈ ਤੇ ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਪਰਮਾਤਮਾ ਦਾ ਹੁਕਮ ਹੀ ਸੁਣਾਇਆ ਹੈ। ਪੂਰੀ ਗੁਰਬਾਣੀ ਵਿੱਚ ਪਰਮਾਤਮਾ ਦਾ ਆਪਣਾ ਸੁਣਾਇਆ ਹੋਇਆ ਹੁਕਮ ਹੀ ਹੈ, ਉਸ ਦਾ ਫੁਰਮਾਣ ਹੀ ਹੈ ਜੋ ਉਸ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਸੁਣਾਇਆ ਹੈ । ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੇਸ ਨੂੰ ਜਾਣਿਆ ਹੈ ਉਨ੍ਹਾਂ ਨੂੰ ਹੀ ਪਰਮਾਤਮਾ ਦੇ ਹੁਕਮ ਦੀ ਸੋਝੀ ਪਈ ਹੈ । ਪਰਮਾਤਮਾ ਦਾ ਹੁਕਮ ਆਪਣੇ ਅੰਦਰੋਂ ਬੁਝੇ ਬਿਨਾਂ ਹਰ ਕੋਈ ਹਉਮੈ ਵਿਚ ਹੀ ਰਹਿੰਦਾ ਹੈ ਭਾਵ ਮਨ ਦੇ ਵਿਚ ਭਰਮ ਦੇ ਪੜਦੇ ਵਿੱਚ ਹੀ ਰਹਿੰਦਾ ਹੈ ਜੋ ਪੜਦਾ ਨਿਕਲੇ ਬਿਨਾਂ ਆਪਣੇ ਅੰਦਰੋਂ ਉਸ ਪਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ। **(ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ॥)**

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ – ੧)

ਆਸਾ ਮਹਲਾ ੪ ॥

{ਜਨਮੁ ਪਦਾਰਥੁ ਪਾਇ ਨਾਮੁ ਧਿਆਇਆ ॥
ਗੁਰ ਪਰਸਾਦੀ ਬੁਝਿ ਸਚਿ ਸਮਾਇਆ ॥੧॥
ਜਿਨ੍ ਧੁਰਿ ਲਿਖਿਆ ਲੇਖੁ ਤਿਨ੍ੀ ਨਾਮੁ ਕਮਾਇਆ ॥
ਦਰਿ ਸਚੈ ਸਚਿਆਰ ਮਹਲਿ ਬੁਲਾਇਆ ॥੧॥ ਰਹਾਉ ॥
ਅੰਤਰਿ ਨਾਮੁ ਨਿਧਾਨੁ ਗੁਰਮੁਖਿ ਪਾਈਐ ॥
ਅਨਦਿਨੁ ਨਾਮੁ ਧਿਆਇ ਹਰਿ ਗੁਣ ਗਾਈਐ ॥੨॥
ਅੰਤਰਿ ਵਸਤੁ ਅਨੇਕ ਮਨਮੁਖਿ ਨਹੀ ਪਾਈਐ ॥
ਹਉਮੈ ਗਰਬੈ ਗਰਬੁ ਆਪਿ ਖੁਆਈਐ ॥੩॥
ਨਾਨਕ ਆਪੇ ਆਪਿ ਆਪਿ ਖੁਆਈਐ ॥
ਗੁਰਮਤਿ ਮਨਿ ਪਰਗਾਸੁ ਸਚਾ ਪਾਈਐ ॥੪॥੧੩॥੬੫॥}

(ਅੰਗ ੩੬੯)

{ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਮਾਇਸੀ ॥ ਜਾ ਹੋਵੈ ਖਸਮੁ ਦਇਆਲੁ ਤਾ ਮਹਲੁ ਘਰੁ ਪਾਇਸੀ ॥}

(ਅੰਗ ੫੭੦)

35/4180

{ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥
ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥}

(ਅੰਗ ੫੭੧)

{ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥}

(ਅੰਗ ੧੩੮)

ਉਪਰ ਵਾਲੇ ਦੋਨਾਂ ਸ਼ਬਦਾਂ ਦੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ "ਧੁਰਿ" ਕੀ ਹੈ। ਅਸੀਂ ਉਹੋ ਜਿਹੀ ਕਾਰ ਕਮਾਉਂਦੇ ਹਾਂ ਭਾਵ ਵਿਚਰਦੇ ਹਾਂ ਜੋ ਪਰਮਾਤਮਾ "ਧੁਰਿ" ਤੋਂ ਲਿਖਦਾ ਹੈ ਭਾਵ ਜਿਹੋ ਜਿਹਾ ਹੁਕਮ ਉਹ ਆਪ ਸਾਡੇ ਅੰਦਰ ਪਾਉਂਦਾ ਹੈ ਅਸੀ ਉਸੇ ਅਨੁਸਾਰ ਹੀ ਵਿਚਰਦੇ ਹਾਂ ਤੇ ਉਸ ਦੇ ਹੁਕਮ ਨੂੰ ਕੋਈ ਨਹੀਂ ਮੇਟ ਸਕਦਾ ਜੋ ਕਿ ਹਰ ਵੇਲੇ ਸਾਡੇ ਸਭ ਦੇ ਅੰਦਰ ਹੀ ਚਲ ਰਿਹਾ ਹੈ। ਦੂਸਰੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਜੋ ਵੀ ਕਰਮ ਅਸੀਂ ਕਮਾਉਂਦੇ ਹਾਂ ਭਾਵ ਕਰਦੇ ਹਾਂ ਉਹ ਅਸੀਂ ਨਹੀਂ ਕਰਦੇ ਤੇ ਸਾਡੇ ਅੰਦਰ ਕਰਮ ਕਮਾਉਣ ਵਾਲਾ ਪਰਮਾਤਮਾ ਆਪ ਹੈ ਜੋ ਸਾਡੇ ਅੰਦਰ ਹੀ ਬੈਠਾ ਹੈ ਭਾਵ ਉਸ ਦੀ "ਧੁਰਿ" ਭਾਵ ਉਸ ਦਾ ਟਿਕਾਣਾ ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਜਿਨ੍ਹਾਂ ਵਿਚਾਰਾਂ ਦੁਆਰਾ ਅਸੀਂ ਹਰ ਕਰਮ ਕਰਦੇ ਹਾਂ। ਸਾਨੂੰ ਚਲਾਉਣ ਵਾਲੇ ਸਾਡੇ ਮਨ ਦੇ ਵਿਚਾਰ ਹੀ ਹਨ ਭਾਵ ਸਾਡੇ ਅੰਦਰ ਦੀ "ਜੋਤਿ" ਹੀ ਹੈ। ਸਾਡੇ ਅੰਦਰ ਦੀ ਜੋਤਿ ਵਿਚ ਬੋਲਣ ਵਾਲਾ ਪਰਮਾਤਮਾ ਆਪ ਹੀ ਹੈ ਜਿਸ ਰਾਹੀਂ ਉਹ ਜਿਹੋ ਜਿਹੇ ਕਰਮ ਕਰਵਾਉਣ ਲਈ ਸਾਡੇ ਅੰਦਰ ਲਿਖਦਾ ਹੈ ਭਾਵ ਵਿਚਾਰ ਪਾਉਂਦਾ ਹੈ ਮਨੁੱਖ ਉਹੀ ਕੁਝ ਕਰਦਾ ਹੈ ਜਿਸ ਦੀ ਕਿ ਮਨੁੱਖ ਨੂੰ ਸਮਝ ਨਹੀਂ ਹੈ। ਮਨੁੱਖ ਦੀ ਆਪਣੀ ਹੋਂਦ ਹੀ ਨਹੀਂ ਹੈ ਤੇ ਇਹ ਸੰਸਾਰ ਪਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ ਜਿਸ ਨੂੰ ਬਣਾ ਕੇ ਉਹ ਆਪ ਹੀ ਚਲਾ ਰਿਹਾ ਹੈ ਤੇ ਹਰ ਕਿਸੇ ਨੂੰ ਮਨ ਦੇ ਭਰਮ ਵਿਚ ਰੱਖਕੇ ਆਪਣੀ ਇਹ ਖੇਡ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ।

{ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੮)

{ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ ॥
ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ ॥੪॥੪॥}

(ਅੰਗ ੬੦੧)

{ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥ ਕੋਇ ਨ ਮੇਟੈ ਧੁਰਿ ਫੁਰਮਾਇਆ ॥
ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ ॥੧੫॥}

(ਅੰਗ ੧੦੪੪)

{ਮਨਮੁਖ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥}

(ਅੰਗ ੧੦੫੭)

{ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ ॥
ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥}

(ਅੰਗ ੧੪੧੭)

{ਜਨ ਦੇਹੁ ਮਤੀ ਉਪਦੇਸੁ ਵਿਚਹੁ ਭਰਮੁ ਜਾਇ ॥ ਜੋ ਧੁਰਿ ਲਿਖਿਆ ਲੇਖੁ ਸੋਈ ਸਭ ਕਮਾਇ ॥
ਸਭੁ ਕਛੁ ਤਿਸ ਦੈ ਵਸਿ ਦੂਜੀ ਨਾਹਿ ਜਾਇ ॥ ਨਾਨਕ ਸੁਖ ਅਨਦ ਭਏ ਪ੍ਰਭ ਕੀ ਮੰਨਿ ਰਜਾਇ ॥੭॥}

(ਅੰਗ ੧੪੨੫)

ਉਹ ਅਚਿੰਤ ਰੂਪ ਪ੍ਰਭੂ ਜਦੋਂ ਵੀ ਸਾਨੂੰ ਮਿਲਦਾ ਹੈ ਮਨ ਦੇ ਵਿੱਚ ਮਿਲਦਾ ਹੈ। ਉਸ ਦੀ ਪਹਿਚਾਣ ਮਨ ਦੇ ਅੰਦਰੋਂ ਮਨ ਦੇ ਲੇਖ ਦੁਆਰਾ ਹੀ ਹੁੰਦੀ ਹੈ ਜੋ ਲੇਖ ਸਾਡੇ ਅੰਦਰ ਉਹ ਆਪ ਹੀ ਲਿਖਦਾ ਹੈ । ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿਛੇ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਜਾਣਿਆਂ ਹੈ। (**ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ, ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਗੁਰੂ ਸਾਹਿਬਾਨ ਦੁਆਰਾ ਰਚੀ ਹੋਈ ਗੁਰਬਾਣੀ ਵਿਚ ਧੰਨ ਧੰਨ ਬਾਬਾ ਨਾਨਕ ਜੀ ਦਾ ਨਾਮ ਹੀ ਕਿਸ ਲਈ ਵਰਤਿਆ ਗਿਆ ਹੈ ਭਾਵ ਹਰ ਸ਼ਬਦ ਦੀ ਰਚਨਾ ਕਰਨ ਵਿੱਚ "ਨਾਨਕ" ਨਾਮ ਕਿਸ ਲਈ ਵਰਤਿਆ ਗਿਆ ਹੈ।

"ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥"

35/4181

ਇਸ ਗੱਲ ਨੂੰ ਅਸੀਂ ਪੂਰੇ ਸ਼ਬਦ ਰਾਹੀ ਬਰੀਕੀ ਨਾਲ ਸਮਝਿਆ ਹੈ ਕਿ ਅਚਿੰਤ ਦੀ ਅਵਸਥਾ ਵਿੱਚ ਪ੍ਰਮਾਤਮਾ ਆਪ ਹੈ ਤੇ ਜਿਸ ਮਨੁੱਖ ਦੇ ਅੰਦਰ ਪ੍ਰਮਾਤਮਾ ਵਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ ਉਸ ਮਨੁੱਖ ਨੂੰ ਉਹ ਆਪਣੇ ਅਚਿੰਤ ਰੂਪ ਨਾਲ ਜੋੜ ਲੈਂਦਾ ਹੈ ਜਿਸ ਦੁਆਰਾ ਮਨੁੱਖ ਹਰ ਚਿੰਤਾ ਤੋਂ ਮੁਕਤ ਹੋ ਜਾਂਦਾ ਹੈ। ਮਨੁੱਖ ਦੇ ਅੰਦਰ ਸਭ ਤੋਂ ਵੱਡੀ ਚਿੰਤਾ ਪਰਮਾਤਮਾ ਦੇ ਨਾਲ ਵਿਛੋੜੇ ਦੀ ਹੀ ਹੈ ਜਿਸ ਦੁਆਰਾ ਮਨੁੱਖ ਦਾ ਇਹ ਜੀਵਨ ਸਫਲ ਨਹੀਂ ਹੁੰਦਾ ਤੇ ਮਨੁੱਖ ਸੰਸਾਰ ਦੇ ਆਵਾਗਉਣ ਤੋ ਮੁਕਤ ਨਹੀਂ ਹੁੰਦਾ। ਮਨੁੱਖ ਦੀ ਇਹ ਚਿੰਤਾ ਪਰਮਾਤਮਾ ਦੇ ਅੰਚਿਤ ਰੂਪ ਵਿੱਚ ਸਮਾਉਣ ਦੁਆਰਾ ਹੀ ਜਾਂਦੀ ਹੈ ਭਾਵ ਪਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਜਾਂਦੀ ਹੈ। ਗੁਰਬਾਣੀ ਦੀ ਰਚਨਾ ਜਿਨ੍ਹਾਂ ਨੇ ਕੀਤੀ ਹੈ ਉਹ ਪਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਕੀਤੀ ਹੈ ਭਾਵ ਪਰਮਾਤਮਾ ਦਾ ਅਚਿੰਤ ਰੂਪ ਬਣ ਕੇ ਹੀ ਕੀਤੀ ਹੈ, ਸਾਰੇ ਗੁਰੂ ਸਾਹਿਬਾਨ ਅਚਿੰਤ ਰੂਪ ਵਿਚ ਹੀ ਹਨ, ਪੂਰੀ ਗੁਰਬਾਣੀ ਵਿੱਚ ਉਹਨਾਂ ਦਾ ਅਚਿੰਤ ਰੂਪ ਹੀ ਹੈ। ਗੁਰੂ ਸਾਹਿਬਾਨ ਦੁਆਰਾ ਗੁਰਬਾਣੀ ਦੀ ਰਚਨਾ ਕਰਨ ਲਈ ਸਭ ਤੋਂ ਪਹਿਲਾਂ ਪਰਮਾਤਮਾ ਨੇ ਆਪਣੇ ਆਪ ਨੂੰ ਧੰਨ ਧੰਨ ਪਹਿਲੀ ਪਾਤਿਸ਼ਾਹੀ ਬਾਬਾ ਨਾਨਕ ਦੇਵ ਜੀ ਦੇ ਰਾਹੀਂ ਪ੍ਰਗਟ ਕੀਤਾ ਹੈ ਅਤੇ ਉਨ੍ਹਾਂ ਨੂੰ ਆਪਣੇ ਸ਼ਬਦਾਂ ਦੀ ਵਿਚਾਰ ਦੇ ਕੇ ਗੁਰਬਾਣੀ ਰਾਹੀਂ ਸੰਸਾਰ ਨੂੰ ਗਿਆਨ ਦਿੱਤਾ ਹੈ ਉਹ ਗਿਆਨ ਦਿਤਾ ਹੈ ਜਿਸ ਰਾਹੀਂ ਉਸਨੇ ਗੁਰਬਾਣੀ ਦੀ ਰਚਨਾ ਲਈ ਪਹਿਲੇ ਰਚਨਾ ਕਰਨ ਵਾਲਿਆਂ ਨੂੰ ਮਨ ਦੇ ਗਿਆਨ ਰਾਹੀਂ ਚਿੰਤਾ ਤੋਂ ਮੁਕਤ ਕੀਤਾ ਹੈ ਤੇ ਸਾਰੇ ਸੰਸਾਰ ਨੂੰ ਸੱਚੇ ਗਿਆਨ ਰਾਹੀਂ ਚਿੰਤਾ ਤੋਂ ਮੁਕਤ ਹੋਣਾ ਸਮਝਾਇਆ ਹੈ ਭਾਵ ਪਰਮਾਤਮਾ ਦੇ ਅਚਿੰਤ ਰੂਪ ਨੂੰ ਜਾਨਣ ਲਈ ਤੇ ਉਸ ਦੇ ਅਚਿੰਤ ਰੂਪ ਵਿਚ ਰਲਣ ਲਈ ਸਮਝਾਇਆ ਹੈ ਜਿਨ੍ਹਾਂ ਰਾਹੀਂ ਪਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਾਈ ਹੈ ਤੇ ਪਰਮਾਤਮਾ ਨੇ ਸਭ ਨੂੰ ਇਕੋ ਜਿਹਾ ਗਿਆਨ ਦੇ ਕੇ ਇਕੋ ਜਿਹੇ ਤਰੀਕੇ ਨਾਲ ਹੀ ਚਿੰਤਾ ਮੁਕਤ ਕੀਤਾ ਹੈ। ਜਿਹੋ ਜਿਹੀ ਚਿੰਤਾ ਵਿਚੋਂ ਉਹਨਾਂ ਨੇ ਬਾਬੇ ਨਾਨਕ ਨੂੰ ਮੁਕਤ ਕੀਤਾ ਹੈ ਉਹੋ ਜਿਹੀ ਚਿੰਤਾ ਵਿਚੋਂ ਹੀ ਪ੍ਰਮਾਤਮਾ ਨੇ ਬਾਕੀ ਦੇ ਗੁਰੂ ਸਾਹਿਬਾਨ ਨੂੰ ਚਿੰਤਾ ਤੋਂ ਮੁਕਤ ਕੀਤਾ ਹੈ। ਕਿਉਂਕਿ ਸਭ ਨੇ ਪਰਮਾਤਮਾ ਨੂੰ ਉਸੇ ਰੂਪ ਵਿਚ ਪਾਇਆ ਹੈ ਜਿਵੇਂ ਕਿ ਬਾਬੇ ਨਾਨਕ ਨੇ ਪਾਇਆ ਹੈ ਤੇ ਉਸ ਤੋਂ ਪਹਿਲਾਂ ਭਗਤਾਂ ਨੇ ਪਾਇਆ ਹੈ ਜਿਨ੍ਹਾਂ ਨੇ ਕਾਫੀ ਪਹਿਲੇ ਤੋਂ ਉਹੋ ਜਿਹੀ ਹੀ ਸ਼ਬਦ

ਵਿਚਾਰ ਦਿੱਤੀ ਹੋਈ ਹੈ ਜੋ ਸ਼ਬਦ ਵਿਚਾਰ ਗੁਰੂ ਸਾਹਿਬਨ ਨੇ ਦਿੱਤੀ ਹੈ।

35/4182

ਗੁਰਬਾਣੀ ਰਾਹੀਂ ਬਾਬੇ ਨਾਨਕ ਤੋਂ ਬਾਅਦ ਦੂਜੀ, ਤੀਜੀ, ਚੌਥੀ, ਪੰਜਵੀਂ ਤੇ ਨੌਵੀਂ ਪਾਤਸ਼ਾਹੀ ਦੀ ਬਾਣੀ ਦਰਜ ਹੈ ਜਿਨ੍ਹਾਂ ਦਾ ਰਚਨਕਾਰ ਬਾਬੇ ਨਾਨਕ ਨੂੰ ਹੀ ਦੱਸਿਆ ਹੋਇਆ ਹੈ ਭਾਵ ਬਾਬੇ ਨਾਨਕ ਦਾ ਨਾਮ ਹੀ ਵਰਤਿਆ ਗਿਆ ਹੈ। ਬਾਬਾ ਨਾਨਕ ਆਪ ਪਰਮਾਤਮਾ ਦਾ ਰੂਪ ਹੈ ਇਹ ਹਰ ਗੁਰੂ ਸਾਹਿਬਾਨ ਵਿਚ ਉਹ ਪਰਮਾਤਮਾ ਉਸੇ ਰੂਪ ਵਿਚ ਹੈ ਜਿਸ ਰੂਪ ਵਿਚ ਉਹ ਬਾਬੇ ਨਾਨਕ ਦੇ ਵਿਚ ਹੈ। ਪ੍ਰਮਾਤਮਾ ਦੇਹ ਦੇ ਰੂਪ ਵਿੱਚ ਨਹੀਂ ਹੈ ਬਲਕਿ ਉਹ ਸਾਡੇ ਅੰਦਰ ਨਿਰਗੁਣ ਰੂਪ ਦੇ ਵਿਚ ਹੈ ਜੋ ਰੂਪ ਉਸਦਾ ਸਭ ਦੇ ਅੰਦਰ ਇੱਕੋ ਜਿਹਾ ਹੀ ਹੈ। ਪਰਮਾਤਮਾ ਦਾ ਇਹ ਰੂਪ ਬ੍ਰਹਮਗਿਆਨ ਦੇ ਰੂਪ ਵਿਚ ਹੈ ਤੇ ਬਾਣੀ ਦੇ ਵਿੱਚ ਪਰਮਾਤਮਾ ਬਾਬੇ ਨਾਨਕ ਦੇ ਰਾਹੀਂ ਭਾਵ ਬਾਬੇ ਨਾਨਕ ਦਾ ਨਾਮ ਵਰਤ ਕੇ ਆਪ ਹੀ ਹੈ ਤੇ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਬਾਣੀ ਪਰਮਾਤਮਾ ਨੇ ਆਪ ਰਚੀ ਹੈ ਭਾਵ ਜਿਸਦੇ ਰਾਹੀਂ ਵੀ ਉਸ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ । ਓਥੇ ਸਭ ਜਗ੍ਹਾ ਉਸ ਦਾ ਆਪਣਾ ਰੂਪ ਹੀ ਹੈ ਭਾਵ ਹਰ ਗੁਰੂ ਸਾਹਿਬਾਨ ਦੇ ਅੰਦਰ ਪਰਮਾਤਮਾ ਨਾਨਕ ਰੂਪ ਵਿੱਚ ਆਪ ਹੀ ਹੈ ਜਿਹੋ ਜਿਹੇ ਜੋਤ ਰੂਪ ਵਿੱਚ ਪਰਮਾਤਮਾ ਬਾਬੇ ਨਾਨਕ ਦੇ ਅੰਦਰ ਹੈ ਉਸੇ ਰੂਪ ਵਿੱਚ ਉਹ ਆਪਣੇ ਹਰ ਗੁਰੂ ਰੂਪ ਵਿਚ ਹੈ ਤੇ ਪਰਮਾਤਮਾ ਇਸੇ ਲਈ ਆਪ ਹੀ ਗੁਰੂ ਹੈ ਭਾਵੇਂ ਉਹ ਕਿਸੇ ਵੀ ਦੇਹ ਰੂਪ ਰਾਹੀਂ ਪ੍ਰਗਟ ਹੋਇਆ ਹੈ। ਉੱਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਪਰਮਾਤਮਾ ਦਾ ਆਪਣਾ ਰੂਪ, ਪ੍ਰਭੂ ਰੂਪ, ਨਾਨਕ ਰੂਪ ਕਹਿ ਕੇ ਸਮਝਾਇਆ ਹੋਇਆ ਹੈ ਜਿਸ ਰਾਹੀਂ ਉਸ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। (**ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥8॥3॥6॥**)

{ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥}

(ਅੰਗ ੧੪੦੮)

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੨੨੬)

35/4183

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥
ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥
ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥੧॥}

(ਅੰਗ ੭੪੬)

ਪੂਰੇ ਲੇਖ ਰਾਹੀਂ ਹੁਣ ਤੱਕ ਸਾਨੂੰ ਸਮਝ ਆ ਚੁੱਕਾ ਹੈ ਕਿ ਪਰਮਾਤਮਾ ਨੂੰ ਜਾਨਣ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੇ ਗਿਆਨ ਦੇ ਨਾਲ ਜੁੜਿਆ ਹੋਇਆ ਹੈ। ਸਾਡੇ ਅੰਦਰ ਦਾ ਗਿਆਨ ਹੀ ਸਾਡੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਭਾਵ ਹਉਮੈ ਵਾਲੀ, ਭਰਮ ਵਾਲੀ ਅਵਸਥਾ ਹੈ ਤੇ ਸਾਡੇ ਅੰਦਰ ਦਾ ਗਿਆਨ ਹੀ ਸਾਨੂੰ ਚੌਥੇ ਪਦ ਦੇ ਨਾਲ ਜੋੜਦਾ ਹੈ ਜਿਸ ਰੂਪ ਵਿੱਚ ਪਰਮਾਤਮਾ ਸਾਡੇ ਅੰਦਰ ਹੀ ਹੈ। ਪਰਮਾਤਮਾ ਦੇ ਨਾਲ ਸਾਨੂੰ ਕੇਵਲ ਗੁਰੂ ਹੀ ਜੋੜ ਸਕਦਾ ਹੈ ਜੋ ਆਪਣੇ ਗਿਆਨ ਰਾਹੀਂ ਭਾਵ ਚਉਥੇ ਪਦ ਦੇ ਗਿਆਨ ਰਾਹੀਂ ਪਰਮਾਤਮਾ ਦੇ ਨਾਲ ਇਕ ਹੈ ਭਾਵ ਪਰਮਾਤਮਾ ਦੇ ਵਿਚ

ਸਮਾਇਆ ਹੋਇਆ ਹੈ। ਪੂਰੀ ਗੁਰਬਾਣੀ ਆਪਣੇ ਚਉਥੇ ਪਦ ਦੇ ਗਿਆਨ ਰਾਹੀਂ ਭਾਵ ਬ੍ਰਹਮਗਿਆਨ ਰਾਹੀਂ ਪਰਮਾਤਮਾ ਦੇ ਵਿਚ ਸਮਾਈ ਹੋਈ ਹੈ ਭਾਵ ਪਰਮਾਤਮਾ ਦੇ ਨਾਲ ਇਕ ਹੀ ਹੈ ਭਾਵ ਗੁਰਬਾਣੀ ਦੀ ਪਰਮਾਤਮਾ ਦੇ ਨਾਲ ਇੱਕ ਸੋਚ ਹੈ ਭਾਵ ਪਰਮਾਤਮਾ ਦੀ ਸੋਚ ਵਿਚ ਤੇ ਗੁਰਬਾਣੀ ਦੀ ਸੋਚ ਵਿੱਚ ਭਾਵ ਦੋਨਾਂ ਦੇ ਵਿਚਾਰਾਂ ਦੇ ਵਿੱਚ ਕੋਈ ਭੇਦ ਨਹੀਂ ਹੈ ਭਾਵ ਆਪਣੇ ਵਿਚਾਰਾਂ ਰਾਹੀਂ ਪਰਮਾਤਮਾ ਤੇ ਗੁਰਬਾਣੀ ਇਕੋ ਹੀ ਹਨ। ਕਿਉਂਕਿ ਗੁਰਬਾਣੀ ਦੇ ਅੰਦਰ ਜੋ ਵੀ ਗਿਆਨ ਹੈ ਉਹ ਪਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ, ਵਖਰੇ ਵਖਰੇ ਸਰੀਰਾਂ ਰਾਹੀ ਪ੍ਰਗਟ ਹੋ ਕੇ ਆਪ ਹੀ ਪਾਇਆ ਹੋਇਆ ਹੈ ਭਾਵ ਸਭ ਨੂੰ ਆਪ ਹੀ ਉਸ ਨੇ ਆਪਣੀ ਹੀ ਇਕ ਸੋਚ ਨਾਲ ਮਿਲਾਇਆ ਹੈ ਜਿਸ ਕਰਕੇ ਹਰ ਸ਼ਬਦ ਦਾ ਗਿਆਨ ਦੂਸਰੇ ਸ਼ਬਦਾਂ ਦੇ ਗਿਆਨ ਦੇ ਨਾਲ ਮੇਲ ਖਾਂਦਾ ਹੈ। ਸਾਡੇ ਜੀਵਨ ਦਾ ਮਕਸਦ ਉਸ ਪਰਮਾਤਮਾ ਨੂੰ ਪਾਉਣ ਦਾ ਹੈ, "ਸੁਖੁ" ਰੂਪ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਨਾਲ ਹੈ ਭਾਵ ਉਸ "ਸੁਖੁ" ਰੂਪ ਪਰਮਾਤਮਾ ਨੂੰ ਆਪਣੇ ਅੰਦਰ ਵਸਾਉਣ ਦਾ ਹੈ। ਉਸ "ਸੁਖੁ" ਦੀ ਪ੍ਰਾਪਤੀ ਕਰਨ ਦਾ ਸਾਡੇ ਕੋਲ ਇੱਕੋ ਇੱਕ ਸਾਧਨ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਜਿਸ ਨਾਲ ਜੁੜ ਕੇ ਹੀ ਅਸੀਂ ਪਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਭਾਵ ਕਿਸੇ ਵੀ ਹੋਰ ਦੀ ਮਤਿ ਦੇ ਨਾਲ

35/4184

ਜੁੜਕੇ ਅਸੀਂ ਪਰਮਾਤਮਾ ਨੂੰ ਨਹੀਂ ਪਾ ਸਕਦੇ। ਆਪਣੀ ਆਪਣੀ ਮਤ ਨਾਲ ਜੋੜਨ ਵਾਲੇ ਬਹੁਤ ਹਨ ਜੋ ਜਗ੍ਹਾ ਜਗ੍ਹਾ ਆਪਣੇ ਡੇਰੇ ਬਣਾ ਕੇ ਬੈਠੇ ਹਨ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠੇ ਹਨ ਤੇ ਸਾਨੂੰ ਉਹੋ ਜਿਹੇ ਧਰਮ ਦੇ ਮਾਰਗ ਨਾਲ ਜੋੜਦੇ ਹਨ, ਸਰੀਰਕ ਜਪਾਂ ਤਪਾਂ ਆਦਿ ਦੇ ਨਾਲ ਜੋੜਦੇ ਹਨ, ਕਿਸੇ ਅੱਖਰ ਆਦਿ ਦੇ ਜਪ ਨਾਲ ਜੋੜਦੇ ਹਨ ਜੋ ਕਿ ਗੁਰੂ ਦੇ ਗਿਆਨ ਦੇ ਉਲਟ ਚਲਦੇ ਹਨ। ਜਿਸ ਨੂੰ ਗੁਰੂ ਦੇ ਸੱਚੇ ਗਿਆਨ ਦੀ ਸਮਝ ਨਹੀਂ ਹੈ, ਬ੍ਰਹਮਗਿਆਨ ਦੀ ਸਮਝ ਨਹੀਂ ਹੈ ਉਹ ਨਾਮ ਵਿਹੂਣਾ ਹੀ ਹੈ, ਮਨਮੁਖ ਹੀ ਹੈ, ਜੋ ਆਪਣਾ ਜਨਮ ਗਵਾ ਕੇ ਜਾਂਦੇ ਹਨ। ਅਸੀ ਉਹੋ ਜਿਹਿਆਂ ਦੇ ਪਿੱਛੇ ਲੱਗੇ ਹੋਏ ਹਾਂ ਜੋ ਆਪਣਾ ਜਨਮ ਗਵਾ ਕੇ ਗਏ ਹਨ ਤੇ ਹੁਣ ਵੀ ਗਵਾ ਰਹੇ ਹਨ। ਜੇਕਰ ਅਸੀਂ ਆਪਣੇ ਜਨਮ ਨੂੰ ਸਫਲ ਕਰਨਾ ਚਾਹੁੰਦੇ ਹਾਂ ਤੇ ਆਉ ਫਿਰ ਗੁਰੂ ਦੇ ਗਿਆਨ ਨਾਲ ਜੁੜੀਏ ਤੇ ਉਹਨਾਂ ਦੀ ਮਤ ਨੂੰ ਛੱਡੀਏ ਜਿਨ੍ਹਾਂ ਨੂੰ ਗੁਰੂ ਦੇ ਗਿਆਨ ਦੀ ਸਮਝ ਨਹੀਂ ਹੈ। ਜਿਵੇਂ ਕਿ ਹੇਠ ਦਿਤੇ ਸਲੋਕ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਇਹ ਵੀ ਸਮਝ ਪੈ ਜਾਂਦੀ ਹੈ ਕਿ ਗਿਆਨ ਵਿਹੂਣਾ ਹੀ ਨਾਮ ਵਿਹੂਣਾ ਹੈ ।

{ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥}

(ਅੰਗ ੬੫੦)

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਅਸੀਂ ਆਪਣੇ ਜੀਵਨ ਵਿੱਚ ਸੱਚਾ ਸੌਦਾ ਕਰਨ ਲਈ ਆਏ ਹਾਂ, ਸੱਚਾ ਵਪਾਰ ਕਰਨ ਲਈ ਆਏ ਹਾਂ ਭਾਵ ਨਾਮ ਦਾ ਵਪਾਰ ਕਰਨ ਲਈ ਆਏ ਹਾਂ ਭਾਵ ਪਰਮਾਤਮਾ ਦਾ ਵਪਾਰ ਕਰਨ ਲਈ ਆਏ ਹਾਂ ਭਾਵ ਵਪਾਰ ਰਾਹੀਂ ਪਰਮਾਤਮਾ ਦੇ ਨਾਲ ਮੇਲ ਕਰਨ ਲਈ ਆਏ ਹਾਂ। ਜੋ ਪਰਮਾਤਮਾ ਨੂੰ ਪਾ ਲੈਂਦਾ ਹੈ ਉਹ ਇਸ ਸੰਸਾਰ ਤੋਂ ਸੱਚਾ ਵਪਾਰ ਕਰਕੇ ਜਾਂਦਾ ਹੈ, ਨਾਮ ਦਾ ਵਪਾਰ ਕਰਕੇ ਜਾਂਦਾ ਹੈ, ਸਚਾ ਸੌਦਾ ਖਟ ਕੇ ਜਾਂਦਾ ਹੈ। ਸਾਰੀ ਗੱਲ ਇਹ ਸਮਝਣ ਦੀ ਹੈ ਕਿ ਸਾਨੂੰ ਉਹ ਸੱਚਾ ਸੌਦਾ ਮਿਲਣਾ ਕਿਹੜੀ ਹਟੀ ਤੋਂ ਹੈ, ਜਗ੍ਹਾ ਜਗ੍ਹਾ ਸਾਨੂੰ ਸੌਦਾ ਦੇਣ ਲਈ, ਸੌਦਾ ਵੇਚਣ ਲਈ ਆਪਣੀਆਂ ਆਪਣੀਆਂ ਹੱਟੀਆਂ ਖੋਲ੍ਹ ਕੇ ਬੈਠੇ ਹਨ ਭਾਵ ਆਪਣੇ ਆਪਣੇ ਡੇਰੇ ਬਣਾ ਕੇ ਬੈਠੇ ਹਨ। ਇਹ ਸੱਚਾ ਸੌਦਾ ਕੇਵਲ ਇੱਕੋ ਇੱਕ ਹੱਟੀ ਤੇ ਮਿਲਦਾ ਹੈ ਜੋ ਹੱਟੀ "ਸਚੁ" ਰੂਪ ਹੈ ਭਾਵ ਸੱਚੀ ਹੱਟੀ ਹੈ ਇਸ ਸਚੀ ਹੱਟੀ ਦੇ ਨਾਲ ਜੁੜੇ ਬਿਨਾਂ ਕੋਈ ਵੀ ਇਸ ਸੰਸਾਰ ਤੋਂ ਸੱਚਾ ਸੌਦਾ ਖੱਟ ਕੇ ਨਹੀਂ ਜਾ ਸਕਦਾ

35/4185

ਭਾਵ ਨਾਮ ਦੀ ਖੱਟੀ ਕਰਕੇ ਨਹੀਂ ਜਾ ਸਕਦਾ। ਨਾਮ ਸ਼ਬਦ ਦੀ ਵਿਚਾਰ ਹੈ ਤੇ ਜਿਸ ਹੱਟੀ ਤੇ ਸ਼ਬਦ ਦੀ ਵਿਚਾਰ ਮਿਲਦੀ ਹੈ ਕੇਵਲ ਉਹ ਹੱਟੀ ਹੀ ਸੱਚ ਹੈ. ਉਹ ਹੱਟੀ ਕੇਵਲ ਗੁਰਬਾਣੀ ਹੈ ਜਿਸ ਵਿਚ ਇਕੋ ਇਕ ਗੁਰੂ ਪਰਮਾਤਮਾ ਆਪ ਹੈ। ਆਓ ਸੱਚੀ ਹੱਟੀ ਦੇ ਨਾਲ ਜੁੜੀਏ ਜਿਥੇ ਪਰਮਾਤਮਾ ਆਪ ਹੀ ਬੈਠ ਕੇ ਸੌਦਾ ਵੇਚ ਰਿਹਾ ਹੈ ਜੋ ਕਿ ਸੱਚਾ ਸੌਦਾ ਹੈ। ਇਹ ਸੌਦਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਆਓ ਇਸ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ

ਹੋਏ ਨਾਮ ਦੁਆਰਾ ਸਮਝੀਏ, ਉਨ੍ਹਾਂ ਦੇ ਮੁੱਖੋਂ ਉਚਾਰੀ ਹੋਈ ਸ਼ਬਦ ਦੀ ਵਿਚਾਰ ਦੇ ਦੁਆਰਾ ਸਮਝੀਏ ਜਿਸ ਵਿਚਾਰ ਦੇ ਵਿਚ ਪਰਮਾਤਮਾ ਆਪ ਵੱਸਦਾ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਵੱਸਦਾ ਹੈ, ਨਾਮ ਦੇ ਰੂਪ ਵਿੱਚ ਵੱਸਦਾ ਹੈ। ਹਰ ਸ਼ਬਦ ਦੀ ਵਿਚਾਰ ਬ੍ਰਹਮਗਿਆਨ ਹੈ, ਨਾਮ ਹੈ, ਜੋ ਸਾਰੇ ਸੰਸਾਰ ਦੇ ਲਈ ਸੱਚਾ ਸੌਦਾ ਹੈ ਜਿਸ ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ।

ਮਃ ੩ ॥

"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥
ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥
ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥"

(ਅੰਗ ੬੪੬)

ਉਪਰ ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਤਾਂ ਕਿ ਸਾਨੂੰ ਇਸ ਗੱਲ ਦੀ ਸਮਝ ਲੱਗ ਸਕੇ ਕਿ ਸੱਚੀ ਗੁਰਬਾਣੀ ਕਿਸ ਲਈ ਹੈ ਤੇ ਕੱਚੀ ਬਾਣੀ ਕਿਸ ਲਈ ਸਚੀ ਬਾਣੀ ਤੋਂ ਵੱਖਰੀ ਹੈ । ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ, ਸ਼ਬਦਾਂ ਦੀ ਵਿਚਾਰ ਹੈ, ਪੂਰੀ ਗੁਰਬਾਣੀ ਵਿੱਚ "**ਇਕੋ ਸਬਦੁ**" ਦੀ ਵਿਚਾਰ ਹੈ। "**ਇੱਕੋ ਸਬਦੁ**" ਤੋਂ ਭਾਵ ਹੈ ਇੱਕੋ ਇੱਕ ਪਰਮਾਤਮਾ ਆਪ ਜੋ ਕਿ "**ਸਬਦੁ**" ਰੂਪ ਵਿੱਚ ਵਿਚਰਦਾ ਹੈ ਭਾਵ ਸ਼ਬਦ ਦੇ ਸੱਚੇ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ। ਪੂਰੀ ਗੁਰਬਾਣੀਂ ਵਿਚ ਜੋ ਵੀ ਵਿਚਾਰ ਹੈ ਉਹ ਇਕੋ ਇਕ "**ਸਬਦੁ**" ਰੂਪ ਪਰਮਾਤਮਾ ਦੇ ਕੋਲੋ ਆਈ ਹੈ ਤੇ ਇਸੇ ਲਈ ਗੁਰਬਾਣੀ ਦੇ ਰੂਪ ਵਿੱਚ "**ਇੱਕ ਗੁਰੂ**" ਹੈ ਭਾਵ ਆਪ ਪਰਮਾਤਮਾ ਹੈ ਜੋ ਸ਼ਬਦਾਂ ਦੀ ਵਿਚਾਰ ਦਾ ਮਾਲਕ ਹੈਂ। ਪੂਰੀ ਬਾਣੀ ਦੇ ਰੂਪ ਵਿੱਚ ਇੱਕੋ ਇੱਕ ਪਰਮਾਤਮਾ ਆਪ ਹੈ ਭਾਵ ਪੂਰੀ ਬਾਣੀ ਇਕੋ ਇਕ ਪਰਮਾਤਮਾ ਦੇ ਕੋਲੋਂ ਆਈ ਹੈ ਤੇ ਉਸ ਦੇ ਵਿਚ ਕਿਸੇ ਹੋਰ ਦੀ ਬਾਣੀ ਨਹੀਂ ਹੈ ਭਾਵ ਬਾਣੀ ਦੇ ਵਿੱਚ ਕਿਸੇ ਮਨੁੱਖ ਦੇ ਆਪਣੇ ਵਿਚਾਰ ਨਹੀਂ ਹਨ।

35/4186

ਬਾਣੀਂ ਭਾਵੇਂ ਵੱਖਰੇ-ਵੱਖਰੇ ਸਰੀਰਾਂ ਰਾਹੀ ਆਈ ਹੈ ਪਰ ਹਰ ਕਿਸੇ ਦੇ ਮੁੱਖੋਂ ਉਚਾਰੀ ਹੋਈ ਸ਼ਬਦਾਂ ਦੀ ਵਿਚਾਰ ਦਾ ਸ੍ਰੋਤ ਇਕੋ ਹੀ ਹੈ ਭਾਵ ਆਪ ਪ੍ਰਮਾਤਮਾ ਹੀ ਹੈ ਜੋ ਕਿ ਮਨ ਦੇ ਅੰਦਰ ਪ੍ਰਗਟ ਹੋ ਕੇ ਇੱਕੋ ਜਿਹੇ ਵਿਚਾਰ ਹੀ ਦਿੰਦਾ ਹੈ, ਸਭ ਨੂੰ ਇੱਕੋ ਜਿਹਾ ਬ੍ਰਹਮ ਗਿਆਨ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। ਜਿਥੇ ਪਰਮਾਤਮਾ ਆਪ ਪ੍ਰਗਟ ਹੁੰਦਾ ਹੈ ਉੱਥੇ ਫਿਰ ਕਿਸੇ ਵੀ ਸ਼ਬਦ ਦੀ ਵਿਚਾਰ ਦੂਸਰੇ ਸ਼ਬਦ ਦੀ ਵਿਚਾਰ ਨਾਲੋਂ ਵੱਖਰੀ ਨਹੀਂ ਹੋ ਸਕਦੀ ਭਾਵ ਸ਼ਬਦ ਦੀ ਵਿਚਾਰ ਸਾਨੂੰ ਇਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦੀ ਹੈ, ਇਕੋ ਜਿਹਾ ਨਾਮ ਹੀ ਸਮਝਾਉਂਦੀ ਹੈ, ਪਰਮਾਤਮਾ ਦੇ ਨਾਲ ਮੇਲ ਕਰਨ ਦਾ ਇਕੋ ਜਿਹਾ ਮਾਰਗ ਹੀ ਸਮਝਾਉਂਦੀ ਹੈ ਜੋ ਕਿ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਨਿਰਗੁਣ ਰੂਪ ਵਿੱਚ ਹੁੰਦਾ ਹੈ, ਗਿਆਨ ਰੂਪ ਵਿੱਚ ਹੁੰਦਾ ਹੈ। (**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥**)

{ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ॥ ਤੁਧੁ ਆਪੇ ਕਥੀ ਅਕਥ ਕਹਾਣੀ॥
ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ ॥੧੪॥}

(ਅੰਗ ੧੦੫੬)

ਆਪਣੇ ਆਪ ਨੂੰ ਪਰਮਾਤਮਾ ਦੇ ਨਾਲ ਮਿਲੇ ਹੋਏ ਅਖਵਾਉਣ ਵਾਲੇ ਤਾਂ ਬਹੁਤ ਹਨ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਣ ਵਾਲੇ, ਧਰਮ ਦੇ ਵਿਦਵਾਨ ਅਖਵਾਉਣ ਵਾਲੇ ਤਾਂ ਬਹੁਤ ਹਨ ਪਰ ਉਨ੍ਹਾਂ ਦੇ ਵਿਚਾਰ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ, ਗੁਰਬਾਣੀ ਦੇ ਨਾਲ ਬਿਲਕੁਲ ਵੀ ਮੇਲ ਨਹੀਂ ਖਾਂਦੇ ਜਿਸ ਦਾ ਕਾਰਣ ਇਹ ਹੈ ਕਿ ਉਹਨਾਂ ਦੇ ਅੰਦਰ ਪਰਮਾਤਮਾ ਆਪ

ਪ੍ਰਗਟ ਨਹੀਂ ਹੋਇਆ ਤੇ ਇਸੇ ਲਈ ਇਹੋ ਜਿਹੇ ਪ੍ਰਮਾਤਮਾਂ ਨੂੰ ਕਿਸੇ ਸਰਗੁਣ ਰੂਪ ਵਿੱਚ ਮਿਲਣ ਦੀਆਂ ਗੱਲਾਂ ਕਰਦੇ ਹਨ ਜੋ ਕਿ ਕੇਵਲ ਉਹਨਾਂ ਦੇ ਮਨ ਦਾ ਭਰਮ ਹੈ ਭਾਵ ਉਹ ਸਭ ਕੱਚੇ ਹਨ, ਉਹਨਾਂ ਦੇ ਬੋਲ ਕੱਚੇ ਹਨ, ਉਨ੍ਹਾਂ ਦੀ ਬਾਣੀ ਕੱਚੀ ਹੈ ਭਾਵ ਉਨ੍ਹਾਂ ਦੀ ਬਾਣੀ ਵਿੱਚ ਭਾਵ ਕਥਨੀ ਵਿਚ ਸੱਚ ਨਹੀਂ ਹੈ। ਸੱਚੀ ਬਾਣੀ ਉਹੀ ਹੈ ਜੋ "**ਸਚੁ**" ਰੂਪ ਪਰਮਾਤਮਾ ਦੇ ਕੋਲੋਂ ਆਈ ਹੈ, ਉਸ ਦੇ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਈ ਹੈ ਭਾਵ ਗੁਰਬਾਣੀ ਸੱਚੀ ਬਾਣੀ ਹੈ ਤੇ ਜਿਨ੍ਹਾਂ ਦੀ ਗੱਲ ਗੁਰਬਾਣੀ ਤੇ ਖਰੀ ਨਹੀਂ ਉਤਰਦੀ ਉਹ ਸਭ ਕੱਚੀ ਬਾਣੀ ਹੈ।

ਸਾਡੇ ਜੀਵਨ ਦਾ ਮਕਸਦ ਉਸ "**ਸਚੁ**" ਰੂਪ ਪਰਮਾਤਮਾ ਨੂੰ ਪਾਉਣ ਦਾ ਹੈ ਤੇ ਉਸ ਸੱਚ ਰੂਪ ਪਰਮਾਤਮਾ ਨੂੰ ਜਾਨਣ ਦੀ ਜਗ੍ਹਾ, ਪਾਉਣ ਦੀ ਜਗ੍ਹਾ, ਸੱਚ ਦਾ ਵਪਾਰ ਕਰਨ ਦੀ ਜਗ੍ਹਾ ਕੇਵਲ ਸੱਚੀ ਹੱਟੀ ਹੈ ਜੋ ਕਿ ਕੇਵਲ ਤੇ ਕੇਵਲ ਗੁਰਬਾਣੀ ਹੈ, ਸੱਚਾ ਸੌਦਾ ਵੇਚਣ ਵਾਲੀ ਕੇਵਲ ਸੱਚੀ ਹੱਟੀ ਹੈ

35/4187

ਜਿੱਥੋਂ ਅਸੀਂ ਸੱਚਾ ਸੌਦਾ ਖਰੀਦ ਸਕਦੇ ਹਾਂ। ਸੱਚੇ ਸੌਦੇ ਦੇ ਰੂਪ ਵਿੱਚ ਪਰਮਾਤਮਾ ਆਪ ਹੈ। ਸੱਚਾ ਸੌਦਾ ਪਰਮਾਤਮਾ ਦਾ ਨਾਮ ਹੈ। ਸੱਚੀ ਹੱਟੀ ਦੇ ਅੰਦਰ ਕੇਵਲ ਨਾਮ ਹੀ ਹੈ। ਪੂਰੀ ਗੁਰਬਾਣੀ ਨਾਮ ਦਾ ਭੰਡਾਰ ਹੈ, ਇਹ ਭੰਡਾਰ ਸ਼ਬਦਾਂ ਦੇ ਰੂਪ ਵਿਚ ਹੈ ਭਾਵ ਰਤਨਾਂ ਦੇ ਰੂਪ ਵਿੱਚ ਹੈ। ਰਤਨ ਕੀਮਤੀ ਹੁੰਦੇ ਹਨ ਤੇ ਉਨ੍ਹਾਂ ਦੀ ਕੀਮਤ ਦਾ ਕਾਰਨ ਉਨ੍ਹਾਂ ਦੇ ਅੰਦਰ ਖੋਟ ਦਾ ਨਾ ਹੋਣਾ ਹੈ। ਸ਼ਬਦਾਂ ਦੀ ਵਿਚਾਰ ਰਤਨ ਹੈ ਭਾਵ ਪੂਰੀ ਤਰਾਂ ਖੋਟ ਤੋਂ ਰਹਿਤ ਹੈ ਭਾਵ ਭਰਮ ਦੀ ਖੋਟ ਤੋਂ ਰਹਿਤ ਹੈ ਕਿਉਂਕਿ ਸ਼ਬਦਾਂ ਦੀ ਵਿਚਾਰ ਵਿੱਚ ਪੂਰਨ ਸੱਚ ਹੁੰਦਾ ਹੈ। ਸ਼ਬਦਾਂ ਦੀ ਵਿਚਾਰ ਦੇ ਅੰਦਰ ਦਾ ਪੂਰਨ ਸਚ ਹੀ ਨਾਮ ਹੈ, ਬ੍ਰਹਮਗਿਆਨ ਹੈ ਜਿਸ ਰੂਪ ਵਿੱਚ ਪਰਮਾਤਮਾ ਆਪ ਹੈ। ਸ਼ਬਦਾਂ ਦੀ ਸੱਚੀ ਵਿਚਾਰ ਹੀ "**ਸੱਚਾ ਸੌਦਾ**" ਹੈ ਜਿਸ ਸੌਦੇ ਦੀ ਪ੍ਰਾਪਤੀ ਸਾਡਾ ਮਨੋਰਥ ਹੈ। ਇਹ ਸੱਚਾ ਸੌਦਾ ਕੇਵਲ ਸੱਚੀ ਹੱਟੀ ਤੋਂ ਹੀ ਮਿਲਦਾ ਹੈ ਭਾਵ ਗੁਰਬਾਣੀ ਕੇ ਕੋਲੋਂ ਮਿਲਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਮਿਲਦਾ ਹੈ ਜਿਸ ਦੇ ਰਾਹੀਂ ਪਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੀ ਹੁੰਦਾ ਹੈ ਤੇ ਜਿਹਨਾਂ ਸਰੀਰਾਂ ਨੇ ਸਾਨੂੰ ਗੁਰਬਾਣੀ ਰਾਹੀਂ ਸ਼ਬਦਾਂ ਦੀ ਵਿਚਾਰ ਦਿੱਤੀ ਹੈ ਉਨ੍ਹਾਂ ਦੇ ਪਰਮਾਤਮਾ ਦੇ ਨਾਲ ਵਿਚਾਰ ਹੀ ਇੱਕ ਹੋਏ ਹਨ। ਆਪਣੇ ਵਿਚਾਰ ਪਰਮਾਤਮਾ ਆਪ ਹੀ ਦਿੰਦਾ ਹੈ ਜੋ ਕਿ ਕੇਵਲ ਉਸ ਦੀ ਆਪਣੀ ਕਿਰਪਾ ਹੈ ਤੇ ਅਸੀਂ ਸ਼ਬਦਾਂ ਦੀ ਵਿਚਾਰ ਦੇ ਨਾਲ ਭਾਵ ਨਾਮ ਦੇ ਨਾਲ ਜੁੜਨ ਦਾ ਉਦਮ ਕਰਨਾ ਹੈ। (**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥ ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥**)

ਇਹ ਸੱਚਾ ਸੌਦਾ ਸਾਨੂੰ ਪਰਮਾਤਮਾ ਦੇ ਕੋਲੋ ਹੀ ਮਿਲਦਾ ਹੈ, "**ਨਾਮੁ**" ਦੇ ਰੂਪ ਵਿੱਚ ਮਿਲਦਾ ਹੈ ਜੋ ਸਾਡੇ ਜੀਵਨ ਦਾ ਅਸਲ ਲਾਭ ਹੈ, ਲਾਹਾ ਹੈ ਜਿਸ ਲਾਹੇ ਵਾਸਤੇ ਅਸੀਂ ਇਸ ਸੰਸਾਰ ਵਿੱਚ ਆਏ ਹਾਂ। (**ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥**)

ਜਦ ਤੱਕ ਸਾਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਸੱਚੇ ਸੌਦੇ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਪਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਤਦ ਤਕ ਹਰ ਕੋਈ "**ਵਿਖੁ**" ਵਾਲੀ ਅਵਸਥਾ ਵਿੱਚ ਹੀ ਹੁੰਦਾ ਹੈ ਭਾਵ ਮਨ ਮਤਿ ਵਾਲੀ, ਭਰਮ ਵਾਲੀ, ਹਉਮੈ ਵਾਲੀ ਅਵਸਥਾ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

35/4188

"ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥

ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥"

ਜਿਸ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਹੀ "**ਵਿਖੁ**" ਵਿੱਚ ਤੇ "**ਅੰਮ੍ਰਿਤੁ**" ਵਿੱਚ ਫਰਕ ਸਮਝ ਸਕਦਾ ਹੈ ਉੱਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ । ਜਿਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੋਈ ਹੋਈ ਹੈ, ਅੰਮ੍ਰਿਤ ਦੀ ਪ੍ਰਾਪਤੀ ਹੋਈ ਹੋਈ ਹੈ । ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਅੰਮ੍ਰਿਤ ਦੇ ਰੂਪ ਵਿਚ ਕੌਣ ਹੈ, "ਨਾਮੁ" ਦੇ ਰੂਪ ਵਿਚ ਕੌਣ ਹੈ। ਅੰਮ੍ਰਿਤ ਸਾਡੇ ਅੰਦਰ ਪ੍ਰਗਟ ਹੁੰਦਾ ਹੈ, ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਸਾਡੇ ਅੰਦਰ ਪਰਮਾਤਮਾ ਆਪ ਹੀ ਪ੍ਰਗਟ ਹੁੰਦਾ ਹੈ ਤੇ ਹੋਰ ਕੋਈ ਪ੍ਰਗਟ ਨਹੀਂ ਹੋ ਸਕਦਾ। ਅੰਮ੍ਰਿਤ ਦੇ ਰੂਪ ਵਿੱਚ,

ਨਾਮੁ ਦੇ ਰੂਪ ਵਿੱਚ ਪਰਮਾਤਮਾ ਆਪ ਹੈ ਜੋ ਕਿ ਉਸਦਾ ਬ੍ਰਹਮਗਿਆਨ ਰੂਪ ਹੈ। ਪਰਮਾਤਮਾ ਜਿਥੇ ਵੀ ਆਪਣੇ ਆਪ ਨੂ ਪ੍ਰਗਟ ਕਰਦਾ ਹੈ ਉਹ ਆਪਣੇ ਇਸੇ ਰੂਪ ਵਿਚ ਹੀ ਪ੍ਰਗਟ ਕਰਦਾ ਹੈ। ਅੰਮ੍ਰਿਤ ਦੀ ਪ੍ਰਾਪਤੀ ਤੋਂ ਪਹਿਲਾਂ ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੈ ਜੋ ਕਿ ਸਾਡੇ ਅੰਦਰ ਦੀ "ਵਿਖੁ" ਹੈ ਭਾਵ ਹਉਮੈ ਹੈ। ਸ਼ਬਦ ਦੀ ਵੀਚਾਰ ਅੰਮ੍ਰਿਤ ਹੈ ਤੇ ਜੋ ਵੀ ਵਿਚਾਰ ਸ਼ਬਦ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੀ ਉਹ ਸਾਡੇ ਅੰਦਰ ਦੀ ਵਿਖੁ ਹੈ ਭਾਵ ਮਾਇਆ ਮੋਹੁ ਹੈ ਭਾਵ ਸਾਡੀ ਸੁਰਤਿ ਦੇ ਵਿਚਾਰ ਹਨ ਜੋ ਸ਼ਬਦ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੇ। ਜਿਸ ਨੂੰ ਵੀ ਪ੍ਰਮਾਤਮਾ ਵਿਖੁ ਵਾਲੀ ਅਵਸਥਾ ਵਿਚੋਂ ਕੱਢਦਾ ਹੈ ਭਾਵ ਭਰਮ ਵਾਲੇ ਵਿਚਾਰਾਂ ਵਿੱਚੋਂ ਕੱਢਦਾ ਹੈ ਉਸਨੂੰ ਮਨ ਦੇ ਵਿਚ ਆਪਣੇ "ਅੰਮ੍ਰਿਤੁ" ਰੂਪ ਦੁਆਰਾ ਪ੍ਰਗਟ ਕਰਕੇ ਹੀ ਕੱਢਦਾ ਹੈ। ਆਪਣਾ ਬ੍ਰਹਮਗਿਆਨ ਰੂਪ ਅੰਮ੍ਰਿਤ, ਸ਼ਬਦਾਂ ਦੀ ਵਿਚਾਰ ਰੂਪ ਅੰਮ੍ਰਿਤ ਪਰਮਾਤਮਾ ਆਪ ਹੀ ਪਿਆਉਂਦਾ ਹੈ, ਆਪਣੀ ਕਿਰਪਾ ਦੁਆਰਾ ਪਿਆਉਂਦਾ ਹੈ ਜਿਸ ਦੁਆਰਾ ਉਸ "ਸਚੁ" ਰੂਪ ਪਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਸਾਡੇ ਲਈ ਉਦਮ ਇਹੀ ਹੈ ਕਿ ਅਸੀਂ "ਸਚੁ" ਨੂੰ ਸਲਾਹੀਏ ਭਾਵ ਉਸ ਗੱਲ ਨੂੰ ਸਲਾਹੀਏ ਜਿਸ ਵਿਚ ਸੱਚ ਹੈ। ਪੂਰੀ ਗੁਰਬਾਣੀ ਵਿਚ ਸੱਚ ਹੈ ਕਿਉਂਕਿ ਸ਼ਬਦਾਂ ਦੀ ਵਿਚਾਰ ਹੀ ਸੱਚ ਹੈ। ਸੱਚ ਰੂਪ ਹੀ ਗੁਰਮਤਿ ਹੈ ਭਾਵ ਸਾਨੂੰ ਕੇਵਲ ਗੁਰੂ ਦੀ ਮਤਿ ਨੂੰ ਹੀ ਸਲਾਹੁਣਾ ਚਾਹੀਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨਾ ਚਾਹੀਦਾ ਹੈ ਤੇ ਉਨ੍ਹਾਂ ਦੀ ਮਤ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਜਿਥੇ ਸੱਚ ਨਹੀਂ ਹੈ ਭਾਵ ਮਨਮਤਿ ਹੈ। (**ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥ ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥2॥**)

35/4189

ਪ੍ਰਮਾਤਮਾ ਉਸੇ ਦਾ ਹੀ ਸਵਾਰਦਾ ਹੈ ਜੋ ਉਸ ਦੀ ਗੁਰਬਾਣੀ ਰਾਹੀਂ ਸਮਝਾਏ ਹੋਏ ਸੱਚ ਅਨੁਸਾਰ ਵਿਚਰਦਾ ਹੈ ਭਾਵ ਗੁਰਬਾਣੀ ਦੇ ਦੱਸੇ ਹੋਏ ਸੱਚ ਨੂੰ ਜਪਦਾ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਦਾ ਹੈ ਤੇ ਜੋ ਇਹ ਉਮੀਦ ਲਗਾਈ ਬੈਠੇ ਹਨ ਕਿ ਅਸੀਂ ਝੂਠਿਆਂ ਦੀ ਗੱਲ ਪਿੱਛੇ ਲੱਗ ਕੇ, ਕੱਚਿਆਂ ਦੇ ਪਿੱਛੇ ਲੱਗ ਕੇ ਕੁੱਝ ਸਵਾਰ ਲਵਾਂਗੇ ਉਹ ਵੱਡੇ ਭਰਮ ਵਿੱਚ ਹਨ। ਸਾਡਾ ਸਵਾਰਨ ਵਾਲਾ ਉਹ ਸੱਚ ਰੂਪ ਪਰਮਾਤਮਾ ਆਪ ਹੈ ਤੇ ਉਹ ਉਨ੍ਹਾਂ ਦਾ ਸਵਾਰਦਾ ਹੈ ਜੋ ਉਸ ਦੇ ਦੱਸੇ ਹੋਏ ਸੱਚ ਤੇ ਚੱਲਦੇ ਹਨ ਭਾਵ ਝੂਠਿਆਂ ਦੀ ਮਤਿ ਪਿਛੇ ਨਹੀ ਲਗਦੇ। ਜਿਨ੍ਹਾਂ ਦਾ ਆਪਣਾ ਨਹੀਂ ਸਵਰਿਆ ਉਨ੍ਹਾਂ ਦੇ ਪਿੱਛੇ ਲੱਗ ਕੇ ਕਿਸੇ ਦਾ ਕੀ ਸਵਰ ਸਕਦਾ ਹੈ। ਸਾਡੇ ਲਈ ਸੱਚਾ ਉਦਮ ਕੇਵਲ ਇਹੀ ਹੈ ਕਿ ਅਸੀਂ ਗੁਰੂ ਦੇ ਗਿਆਨ ਨੂੰ ਸਮਝੀਏ ਤੇ ਭਰਮਿਆਂ ਹੋਇਆਂ ਦੀ ਮਤਿ ਨੂੰ ਤਿਆਗੀਏ ਤਾਂ ਜੋ ਅਸੀਂ ਆਪਣੇ ਜੀਵਨ ਨੂੰ ਸਵਾਰ ਸਕੀਏ। ਸੱਚ ਸੱਚੀ ਹੱਟੀ ਤੇ ਵਿਕਦਾ ਹੈ, ਝੂਠਿਆਂ ਦੀ ਹੱਟੀ ਤੇ ਝੂਠ ਵਿਕਦਾ ਹੈ ਫੈਸਲਾ ਅਸੀਂ ਕਰਨਾ ਹੈ ਕਿ ਅਸੀਂ ਸੱਚਾ ਸੌਦਾ ਕਰਨਾ ਹੈ ਜਾ ਝੂਠਾ ਸੌਦਾ ਕਰਨਾ ਹੈ। ਜਦ ਤੱਕ ਕੋਈ ਪਰਮਾਤਮਾ ਨੂੰ ਆਪਣੇ ਅੰਦਰੋਂ ਵੇਖ ਨਹੀਂ ਲੈਂਦਾ ਤਦ ਤਕ ਉਸ ਪਰਮਾਤਮਾ ਦੀ ਸਿਫਤ ਸਾਲਾਹ ਕਰਨੀ ਕੀ ਹੈ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ। ਜਿਸ ਨੇ ਵੀ ਪਰਮਾਤਮਾ ਨੂੰ ਆਪਣੇ ਅੰਦਰੋਂ ਵੇਖਿਆ ਹੈ ਉਸ ਨੇ ਮਨ ਦੇ ਗਿਆਨ ਰਾਹੀਂ ਹੀ ਦੇਖਿਆ ਹੈ ਤੇ ਮਨ ਦੇ ਗਿਆਨ ਰਾਹੀਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪਰਮਾਤਮਾ ਦੀ ਭਗਤੀ ਕਰਨੀ ਕੀ ਹੈ, ਉਸ ਦੀ ਸਿਫਤ ਸਲਾਹ ਕਰਨੀ ਕੀ ਹੈ ਭਾਵ ਪਰਮਾਤਮਾ ਦੀ ਸਿਫਤ-ਸਾਲਾਹ ਸਾਡੇ ਮਨ ਦੀ ਸੋਝੀ ਨਾਲ ਜੁੜੀ ਹੋਈ ਹੈ। ਪ੍ਰਮਾਤਮਾ ਆਪ "**ਗਿਆਨੁ**" ਰੂਪ ਹੈ ਤੇ ਪੂਰੀ ਗੁਰਬਾਣੀ ਵਿੱਚ ਪਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਜਿਸ ਰੂਪ ਵਿਚ ਪਰਮਾਤਮਾ ਆਪ ਗੁਰਬਾਣੀ ਵਿਚ ਵਸਿਆ ਹੋਇਆ ਹੈ। ਕੇਵਲ ਗੁਰਬਾਣੀ ਦੇ ਗਿਆਨ ਨਾਲ ਜੁੜ ਕੇ ਹੀ ਅਸੀਂ ਉਸ ਗਿਆਨ ਰੂਪ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਗਿਆਨ ਦੇਣ ਵਾਲੇ ਸਾਨੂੰ ਬਹੁਤ ਹਨ ਜੋ ਕਿ ਸਾਨੂੰ ਆਪਣੀ ਆਪਣੀ ਮਤ ਦੇ ਨਾਲ ਹੀ ਜੋੜਦੇ ਹਨ ਤੇ ਸਾਨੂੰ ਗੁਰਬਾਣੀ ਦੇ ਸੱਚੇ ਗਿਆਨ ਨਾਲੋਂ ਤੋੜਦੇ ਹਨ।

35/4190

ਆਓ ਉਸ ਗਿਆਨ ਦੇ ਨਾਲ ਜੁੜੀਏ ਭਾਵ ਗੁਰਬਾਣੀ ਦੇ ਗਿਆਨ ਨਾਲ ਜੁੜੀਏ ਜੋ ਗਿਆਨ ਉਸ ਗਿਆਨ ਰੂਪ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਇਆ ਹੈ । ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਗੁਰੂ ਦਾ ਗਿਆਨ ਕਿਤਨਾ ਉੱਚਾ ਹੈ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ।

ਸਲੋਕ ਮਃ ੩ ॥

"ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥

ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥”

(ਅੰਗ ੬੪੬)

ਸਲੋਕ ਦੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਤਾਂ ਜੋ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਸਕੇ ਕਿ ਸਾਨੂੰ ਆਪਣੇ ਅੰਦਰੋ ਪਰਮਾਤਮਾ ਦੇ ਦਰਸ਼ਨ ਕਿਵੇਂ ਹੁੰਦੇ ਹਨ ਤੇ ਕਿਸ ਰੂਪ ਵਿਚ ਹੁੰਦੇ ਹਨ। “ਗਿਆਨੁ” ਰੂਪ ਪਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿ ਸਾਡੇ ਅੰਦਰ “ਗਿਆਨੁ” ਦਾ ਆਉਣਾ ਜਾਂ ਪ੍ਰਮਾਤਮਾ ਦਾ ਆਉਣਾ ਇੱਕੋ ਹੀ ਗੱਲ ਹੈ। ਜਦੋਂ ਪਰਮਾਤਮਾ ਸਾਡੇ ਅੰਦਰ “ਗਿਆਨੁ” ਰੂਪ ਵਿਚ ਆਉਂਦਾ ਹੈ, ਉਹ ਬ੍ਰਹਮ ਗਿਆਨ ਦੇ ਰੂਪ ਵਿੱਚ ਆਉਂਦਾ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਵਿਚਰ ਰਿਹਾ ਹੈ। ਪਰਮਾਤਮਾ ਦੇ ਸਾਡੇ ਅੰਦਰ ਆਉਣ ਨਾਲ ਸਾਨੂੰ ਆਪਣੇ ਆਪ ਹੀ ਆਪਨੇ ਆਪ ਦੀ ਸੋਝੀ ਪਾਉਂਦਾ ਹੈ ਕਿ ਸਾਡੇ ਮਨ ਦੇ ਵਿਚ ਕੌਣ ਵਿਚਰ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਕੌਣ ਵਿਚਰ ਰਿਹਾ ਹੈ। ਜਦ ਤਕ ਗਿਆਨ ਰੂਪ ਪ੍ਰਮਾਤਮਾ ਆਪ ਮਨ ਦੇ ਵਿਚ ਪ੍ਰਗਟ ਹੋ ਕੇ ਸੋਝੀ ਨਹੀਂ ਪਾਉਂਦਾ ਤਦ ਤਕ ਕੋਈ ਉਸ ਪਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਡਿਠ ਸਕਦਾ ਭਾਵ ਪਰਮਾਤਮਾ ਨੂੰ ਨਹੀਂ ਜਾਣ ਸਕਦਾ। ਪਰਮਾਤਮਾ ਨੂੰ ਆਪਣੇ ਅੰਦਰੋਂ ਡਿਠੇ ਬਿਨਾਂ ਪ੍ਰਮਾਤਮਾ ਨੂੰ ਨਹੀਂ ਸਲਾਹਿਆ ਜਾ ਸਕਦਾ ਕਿਉਂਕਿ ਜਦ ਤਕ ਅਸੀਂ ਇਸ ਗੱਲ ਨੂੰ ਜਾਣਦੇ ਹੀ ਨਹੀਂ ਕਿ ਪ੍ਰਮਾਤਮਾ ਕੀ ਹੈ, ਉਹ ਕਿਸ ਰੂਪ ਵਿੱਚ ਹੈ ਅਸੀਂ ਪ੍ਰਮਾਤਮਾ ਦੀ ਸਿਫਤ ਕਰ ਵੀ ਕਿਵੇਂ ਸਕਦੇ ਹਾਂ । ਪਰਮਾਤਮਾ ਨੂੰ ਆਪਣੇ ਅੰਦਰੋਂ ਡਿਠਣ ਨਾਲ ਹੀ ਇਹ ਸਮਝ ਲਗਦੀ ਹੈ ਕਿ ਸਭ ਕੁਝ ਪਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਤੇ ਮਨੁੱਖ ਦੀ ਆਪਣੀ ਹੋਂਦ ਹੀ ਇਕ ਝੂਠੀ ਹੋਂਦ ਹੈ।

35/4191

ਪਰਮਾਤਮਾ ਕਿਤਨਾ ਕੁ ਵੱਡਾ ਹੈ, ਕਿਤਨਾ ਕੁ ਗਿਆਨਵਾਨ ਹੈ ਇਹ ਉਸ ਨੂੰ ਜਾਨਣ ਤੋਂ ਬਾਅਦ ਹੀ ਪਤਾ ਲਗਦਾ ਹੈ। ਅਸੀਂ ਮਨੁੱਖੀ ਦੇਹਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਕਰਕੇ ਸਲਾਹੁੰਦੇ ਹਾਂ, ਉਹਨਾਂ ਨੂੰ ਸੰਤ, ਬ੍ਰਹਮਗਿਆਨੀ ਸਮਝ ਕੇ ਸੁਲਾਹੁੰਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ, ਇਸ ਵਿਚ ਪਰਮਾਤਮਾ ਦੀ ਵਡਿਆਈ ਨਹੀ ਹੈ। ਸੰਤ ਰੂਪ, ਬ੍ਰਹਮਗਿਆਨੀ ਰੂਪ ਪਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਸਾਡੇ ਅੰਦਰ ਉਸਦਾ ਨਿਰਗੁਣ ਰੂਪ ਹੈ, ਗਿਆਨ ਰੂਪ ਹੈ ਭਾਵ ਬ੍ਰਹਮਗਿਆਨ ਰੂਪ ਹੈ ਇਸੇ ਲਈ ਜਿਹਨਾਂ ਨੇ ਪਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਹਨਾਂ ਨੇ ਪਰਮਾਤਮਾ ਨੂੰ ਹੀ ਬ੍ਰਹਮਗਿਆਨੀ ਕਿਹਾ ਹੈ। ਜਿਸ ਦੇਹ ਦੇ ਅੰਦਰ ਉਹ ਬ੍ਰਹਮਗਿਆਨੀ ਰੂਪ ਪਰਮਾਤਮਾ ਪ੍ਰਗਟ ਹੋ ਜਾਂਦਾ ਹੈ ਕੇਵਲ ਉਹ ਦੇਹ ਹੀ ਬ੍ਰਹਮਗਿਆਨੀ ਰੂਪ ਹੈ, ਸੰਤ ਰੂਪ ਹੈ ਭਾਵ ਪਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਕਰਕੇ ਉਸ ਦੇਹ ਦੀ ਵਡਿਆਈ ਸੱਚੀ ਵਡਿਆਈ ਹੈ। ਭਗਤਾਂ ਦੀ, ਗੁਰੂ ਸਾਹਿਬਾਨ ਦੀ ਜਿੰਨ੍ਹਾਂ ਦੇ ਰਾਹੀਂ ਪ੍ਰਮਾਤਮਾ ਨੇ ਆਪਣਾ ਸੰਤ ਰੂਪ ਪ੍ਰਗਟ ਕਰਕੇ, ਬ੍ਰਹਮ ਗਿਆਨੀ ਰੂਪ ਪ੍ਰਗਟ ਕਰਕੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਸਰੀਰਾਂ ਦੀ ਵਡਿਆਈ ਸੱਚੀ ਵਡਿਆਈ ਹੈ ਕਿਉਂਕਿ ਉਨ੍ਹਾਂ ਸਰੀਰਾਂ ਨੂੰ ਵਡਿਆਈ ਨਿਰਗੁਣ ਰੂਪ ਪਰਮਾਤਮਾ ਨੇ ਜੋਤਿ ਰੂਪ, ਬ੍ਰਹਮ ਗਿਆਨ ਰੂਪ ਪ੍ਰਮਾਤਮਾ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੱਤੀ ਹੈ। ਜਿਸ ਮਨੁੱਖੀ ਦੇਹ ਦੇ ਅੰਦਰ ਪਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਕੇਵਲ ਉਸੇ ਮਨੁੱਖੀ ਦੇਹ ਦੀ ਵਡਿਆਈ ਸੱਚੀ ਵਡਿਆਈ ਹੈ। ਉਨਾਂ ਦੀ ਵਡਿਆਈ ਅਸਲ ਵਿਚ ਪਰਮਾਤਮਾ ਦੀ ਹੀ ਵਡਿਆਈ ਹੈ ਕਿਉਂਕਿ ਉਹਨਾਂ ਦੇਹਾਂ ਰਾਹੀਂ ਹੀ ਪਰਮਾਤਮਾ ਦੀ ਸੱਚੀ ਵਡਿਆਈ ਹੋਈ ਹੈ ਤੇ ਜਦੋਂ ਵੀ ਪ੍ਰਮਾਤਮਾ ਦੀ ਸੱਚੀ ਵਡਿਆਈ ਹੋਵੇਗੀ ਉਹ ਉਸੇ ਦੇਹ ਰਾਹੀਂ ਹੀ ਹੋਵੇਗੀ ਜਿਸ ਦੇਹ ਰਾਹੀਂ ਪਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰੇਗਾ। ਪ੍ਰਮਾਤਮਾ ਦੀ ਸੱਚੀ ਵਡਿਆਈ ਕੇਵਲ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਹੋ ਸਕਦੀ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਪੈਣ ਦੁਆਰਾ ਹੀ ਹੋ ਸਕਦੀ ਹੈ ਜੋ ਸੋਝੀ “ਗਿਆਨ” ਰੂਪ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ। ਮਨ ਦੇ ਵਿੱਚ ਪਰਮਾਤਮਾ ਦੇ ਆਪ ਸੋਝੀ ਪਾਏ ਬਿਨਾਂ ਹਰ ਕੋਈ ਮਨ ਦਾ ਅੰਧਾ ਹੀ ਹੈ, ਮਨ ਦੇ ਭਰਮ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ

35/4192

ਤੇ ਧਰਮ ਦੇ ਸੱਚੇ ਮਾਰਗ ਦੀ ਸੋਝੀ ਪਏ ਬਿਨਾਂ ਉਹ ਅੰਧ ਹੀ ਕਮਾਉਂਦਾ ਹੈ ਭਾਵ ਉਹੋ ਜਿਹੇ ਕਰਮ ਕਰਦਾ ਹੈ ਜਿਨ੍ਹਾਂ ਵਿੱਚ

ਧਰਮ ਦਾ ਮਾਰਗ ਨਹੀਂ ਹੁੰਦਾ। ਧਰਮ ਦਾ ਮਾਰਗ ਸਮਝਾਉਂਣ ਵਾਲੇ ਬਹੁਤ ਹਨ ਪਰ ਮਨ ਦੀ ਅਗਿਆਨਤਾ ਵਿਚੋਂ ਨਿਕਲੇ ਬਿਨਾਂ ਸਾਨੂੰ ਸੱਚ ਦੀ ਸੋਝੀ ਨਹੀਂ ਲਗ ਸਕਦੀ। ਮਨ ਦੀ ਅਗਿਆਨਤਾ ਵਿਚੋਂ ਨਿਕਲੇ ਬਿਨਾਂ ਕੋਈ ਵੀ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ ਜਿਸ ਦੇ ਦਿੱਤੇ ਗਿਆਨ ਰਾਹੀਂ ਹਰ ਕੋਈ ਵਿਚਰ ਰਿਹਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦੁਆਰਾ ਵਿਚਰ ਰਿਹਾ ਹੈ ਜਿਸ ਦੇ ਵਿਚੋਂ ਨਿਕਲਣਾ ਮਨੁੱਖ ਦੇ ਵੱਸ ਵਿਚ ਨਹੀਂ ਹੈ। ਪਰਮਾਤਮਾ ਦੇ ਆਪ ਮਨ ਵਿਚ ਸੋਝੀ ਪਾਏ ਬਿਨਾਂ ਨਾ ਕੋਈ ਚਉਥੇ ਪਦ ਵਿਚ ਪਹੁੰਚ ਸਕਦਾ ਹੈ ਤੇ ਨਾ ਹੀ ਕਿਸੇ ਦੀ ਅਗਿਆਨਤਾ ਦੂਰ ਹੋ ਸਕਦੀ ਹੈ ਤੇ ਨਾਂ ਹੀ ਉਸ ਪਰਮਾਤਮਾ ਨੂੰ ਸਲਾਹਿਆ ਜਾ ਸਕਦਾ ਹੈ। ਆਪਣੇ ਆਪਣੇ ਵਿਖਾਵਿਆਂ ਦੁਆਰਾ ਅਸੀਂ ਆਪਣੇ ਵੱਲੋਂ ਸਿਫਤ-ਸਾਲਾਹ ਪਰਮਾਤਮਾ ਦੀ ਕਰਦੇ ਹਾਂ, ਸੁਰਤੀਆਂ, ਸਮਾਧੀਆਂ ਲਗਾਉਣ ਦੁਆਰਾ ਕਰਦੇ ਹਾਂ ਪਰ ਉਸ ਵਿਚ ਪਰਮਾਤਮਾ ਦੀ ਕੋਈ ਸਿਫਤ-ਸਲਾਹ ਨਹੀਂ ਹੁੰਦੀ ਬਲਕਿ ਸਾਡੀ ਆਪਣੀ ਸਿਫਤ ਹੁੰਦੀ ਹੈ, ਸਾਨੂੰ ਵਡਿਆਈ ਮਿਲਦੀ ਹੈ। ਪਰਮਾਤਮਾ ਸਾਡੇ ਸਭ ਦੇ ਅੰਦਰ ''ਸਬਦੁ'' ਰੂਪ ਵਿੱਚ ਹੀ ਵਿਚਰਦਾ ਹੈ ਭਾਵ ਗਿਆਨ ਰੂਪ ਵਿੱਚ ਵਿਚਰਦਾ ਹੈ ਤੇ ਆਪਣੇ ਸ਼ਬਦ ਰੂਪ ਦੀ ਪਹਿਚਾਣ ਪਰਮਾਤਮਾ ਮਨ ਦੇ ਵਿਚੋਂ ਆਪ ਹੀ ਕਰਾਉਂਦਾ ਹੈ, ਆਪ ਸੋਝੀ ਪਾਉਣ ਦੁਆਰਾ ਕਰਾਉਂਦਾ ਹੈ ਤੇ ਆਪਣੇ ਅੰਦਰੋਂ ''**ਸਬਦੁ**'' ਨੂੰ ਪਹਿਚਾਨਣਾ ਹੀ ''**ਨਾਮੁ**'' ਨੂੰ ਪਹਿਚਾਨਣਾ ਹੈ ਭਾਵ ਪਰਮਾਤਮਾ ਨੂੰ ਪਹਿਚਾਨਣਾ ਹੈ ਜਿਸ ਦੁਆਰਾ ਨਾਮ ਸਾਡੇ ਅੰਦਰ ਵਸਦਾ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ। ਉਸ ਦੇ ''ਸਬਦੁ'' ਰੂਪ, ''ਨਾਮੁ'' ਰੂਪ ਨੂੰ ਆਪਣੇ ਅੰਦਰੋਂ ਪਹਿਚਾਨਣ ਨਾਲ ਹੀ ਇਹ ਸਮਝ ਲੱਗਦੀ ਹੈ ਕਿ ਸਾਰੇ ਸੰਸਾਰ ਦਾ ਗੁਰੂ ਕੌਣ ਹੈ, ''ਸਬਦੁ'' ਰੂਪ ਵਿੱਚ ਪਰਮਾਤਮਾ ਆਪ ਹੀ ਗੁਰੂ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਪੂਰੀ ਗੁਰਬਾਣੀ ਵਿੱਚ ਪਰਮਾਤਮਾ ਸ਼ਬਦ ਰੂਪ ਵਿੱਚ ਹੀ ਹੈ ਭਾਵ ਬ੍ਰਹਮਗਿਆਨ ਦੇ ਰੂਪ ਵਿੱਚ ਹੀ ਹੈ, ਕੋਈ ਮਨੁੱਖੀ ਦੇਹ ਗੁਰੂ ਨਹੀਂ ਹੈ, ਪਰਮਾਤਮਾ ਆਪ ਹੀ ਗੁਰੂ ਹੈ ਤੇ ਜਿਸ ਮਨੁੱਖੀ ਦੇਹ ਰਾਹੀਂ ਪਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ।

35/4193

ਉਹ ਮਨੁੱਖੀ ਦੇਹ ਰਾਹੀਂ ਪਰਮਾਤਮਾ ਆਪ ਹੀ ਗੁਰੂ ਹੈ ,ਸੰਤ ਹੈ ,ਸਾਧ ਹੈ, ਭਗਤ ਹੈ ਤੇ ਉਸ ਦੇਹ ਰਾਹੀਂ ਪਰਮਾਤਮਾ ਆਪ ਹੀ ਆਪਣਾ ਸੇਵਕ ਰੂਪ ਹੈ, ਦਾਸ ਰੂਪ ਹੈ, ਜਨ ਰੂਪ ਹੈ। ਇਸ ਗੱਲ ਨੂੰ ਕੇਵਲ ਮਨ ਦੇ ਗਿਆਨ ਰਾਹੀਂ, ਮਨ ਦੀ ਸੋਝੀ ਰਾਹੀਂ ਸਮਝਿਆ ਜਾ ਸਕਦਾ ਹੈ ਤੇ ਮਨ ਦੀ ਸੋਝੀ ਰਾਹੀਂ ਹੀ ਬਿਆਨ ਕੀਤਾ ਜਾ ਸਕਦਾ ਹੈ ਜੋ ਸੋਝੀ ਮਨੁੱਖ ਦੇ ਵੱਸ ਨਹੀਂ ਹੈ। ਪਰਮਾਤਮਾ ਦੇ ਆਪ ਸੋਝੀ ਪਾਏ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਸਾਡੇ ਅੰਦਰ ਜੋ ਵੀ ਸੋਝੀ ਆਉਂਦੀ ਹੈ ਉਹ ਕਿੱਥੋਂ ਆਉਂਦੀ ਹੈ, ਪ੍ਰਮਾਤਮਾ ਦੇ ਨਾਲ ਸਾਡਾ ਭੇਦ ਮਨ ਦੀ ਸੋਝੀ ਦੇ ਨਾਲ ਹੀ ਜੁੜਿਆ ਹੋਇਆ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਸੋਝੀ ਹੈ ਭਾਂਵੇ ਉਹ ਵੱਖਰੇ-ਵੱਖਰੇ ਸਰੀਰਾਂ ਰਾਹੀਂ ਆਈ ਹੈ ਪਰ ਉਨ੍ਹਾਂ ਦਾ ਸ੍ਰੋਤ ਇਕੋ ਹੀ ਹੈ । ਗੁਰਬਾਣੀ ਦੀ ਸੱਚੀ ਸੋਝੀ ਨਾਲ ਜੁੜੇ ਬਿਨਾਂ ਅਸੀਂ ਪਰਮਾਤਮਾ ਦੀ ਸੱਚੀ ਸੋਝੀ ਨਾਲ ਨਹੀਂ ਜੁੜ ਸਕਦੇ ਜਿਸਦੇ ਨਾਲ ਜੁੜੇ ਬਿਨਾਂ ਅਸੀਂ ਉਸ ਪਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ। ਜਿੱਥੇ ਕਿੱਥੇ ਸਾਨੂੰ ਆਪਣੀ ਆਪਣੀ ਝੂਠੀ ਸੋਝੀ ਨਾਲ ਜੋੜਨ ਵਾਲੇ ਬੈਠੇ ਹੋਏ ਹਨ, ਆਪਣੇ ਆਪ ਨੂੰ ਉੱਚਾ ਥਾਪਕੇ ਬੈਠੇ ਹੋਏ ਹਨ ਜਾਂ ਸਾਨੂੰ ਝੂਠੀ ਸੋਝੀ ਵਿਚ ਪਾ ਕੇ ਇਥੋਂ ਜਾ ਚੁੱਕੇ ਹਨ, ਸੰਸਾਰ ਤੋਂ ਜਾ ਚੁੱਕੇ ਹਨ ਪਰ ਅਸੀਂ ਉਹੋ ਜਿਹੀਆਂ ਦੀ ਸੋਝੀ ਵਿਚੋਂ ਨਿਕਲੇ ਬਿਨਾਂ ਗੁਰਬਾਣੀ ਦੀ ਸੋਝੀ ਨਾਲ ਨਹੀਂ ਜੁੜ ਸਕਦੇ ਜਿਸ ਸੋਝੀ ਦੇ ਰੂਪ ਵਿੱਚ ਹੀ ਪਰਮਾਤਮਾ ਆਪ ਪੂਰੀ ਗੁਰਬਾਣੀ ਵਿੱਚ ਵਸਿਆ ਹੋਇਆ ਹੈ। (**ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥ ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥1॥**)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ ੯)

ਜਿਸ ਗਿਆਨ ਦੇ ਰਾਹੀਂ ਪਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਹ ਗਿਆਨ ਅਸੀਂ ਕਿੱਥੋਂ ਲੈਣਾ ਹੈ, ਇਸੇ ਗੱਲ ਨੂੰ ਸਮਝਣ ਵਿੱਚ ਹੀ ਭੇਦ ਹੈ।

35/4194

ਉਹ ਗਿਆਨ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਗੁਰੂ ਦੇ ਸ਼ਬਦ ਦੀ ਵਿਚਾਰ ਦੇ ਰਾਹੀਂ ਮਿਲਦਾ ਹੈ। ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦੇ ਹਾਂ। ਅਸੀਂ ਭਗਤੀ ਦੇ ਮਾਰਗ ਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਸਮਝਦੇ ਹਾਂ ਤੇ ਜਿਨ੍ਹਾਂ ਵਿਚਾਰਾਂ ਤੇ ਸਾਨੂੰ ਵਿਸ਼ਵਾਸ ਆ ਜਾਂਦਾ ਹੈ ਅਸੀਂ ਉਹੋ ਜਿਹੇ ਭਗਤੀ ਦੇ ਮਾਰਗ ਤੇ ਜੁੜ ਜਾਂਦੇ ਹਾਂ। ਸਾਡਾ ਸੰਸਾਰ ਦੇ ਆਵਾਗਉਣ ਤੋਂ ਛੁਟਕਾਰਾ ਪਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੋਣਾ ਹੈ ਤੇ ਪਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ "ਗਿਆਨ" ਰੂਪ ਵਿੱਚ ਹੋਣਾ ਹੈ, ਸਾਨੂੰ ਜੋ ਵੀ ਵਿਚਾਰ ਮਨ ਦੇ ਵਿੱਚ ਮਿਲਦੇ ਹਨ ਉਹ ਮਨ ਦੇ ਗਿਆਨ ਰਾਹੀਂ ਹੀ ਮਿਲਦੇ ਹਨ। ਸਾਰੀ ਗੱਲ ਸੱਚੇ ਵਿਚਾਰਾਂ ਨਾਲ ਜੁੜਨ ਦੀ ਹੈ ਭਾਵ ਉਨ੍ਹਾਂ ਵਿਚਾਰਾਂ ਦੇ ਨਾਲ ਜੁੜਣ ਦੀ ਹੈ ਜਿਹੜੇ ਵਿਚਾਰ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਾ ਸਕਦੇ ਹਨ। ਉਹ ਸੱਚੇ ਵਿਚਾਰ ਕੇਵਲ ਗੁਰੂ ਦੇ ਕੋਲ ਹਨ, ਸ਼ਬਦ ਦੇ ਕੋਲ ਹਨ। ਅਸੀਂ ਮਨੁੱਖੀ ਵਿਚਾਰਾਂ ਦੇ ਨਾਲ ਜੁੜੇ ਹੋਏ ਹਾਂ ਕਿਉਂਕਿ ਸਾਨੂੰ ਉਨ੍ਹਾਂ ਦੇ ਵਿਚਾਰਾਂ ਤੇ ਵਿਸ਼ਵਾਸ਼ ਆਇਆ ਹੋਇਆ ਹੈ ਭਾਵੇਂ ਉਹ ਵਿਚਾਰ ਸ਼ਬਦ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੇ। ਇਹ ਸਾਡਾ ਬਹੁਤ ਵੱਡਾ ਭਰਮ ਹੈ ਕਿ ਅਸੀਂ ਉਹਨਾਂ ਵਿਚਾਰਾਂ ਤੇ ਵਿਸ਼ਵਾਸ ਟਿਕਾਇਆ ਹੋਇਆ ਹੈ ਜਿਹਨਾਂ ਨਾਲੋਂ ਟੁੱਟੇ ਬਿਨਾਂ ਅਸੀਂ ਸ਼ਬਦ ਦੀ ਵਿਚਾਰ ਨਾਲ ਨਹੀਂ ਜੁੜ ਸਕਦੇ। ਗੁਰੂ ਦੇ ਸੱਚੇ ਵਿਚਾਰ ਸਾਨੂੰ ਆਤਮਿਕ ਤੌਰ ਤੇ ਜਿੰਦਾ ਕਰਦੇ ਹਨ ਤੇ ਸ਼ਬਦ ਨਾਲੋਂ ਦੂਸਰੇ ਵਿਚਾਰ ਸਾਨੂੰ ਆਤਮਿਕ ਤੌਰ ਤੇ ਮ੍ਰਿਤਕ ਬਣਾਉਂਦੇ ਹਨ। ਸਾਡਾ ਸੰਸਾਰ ਦੇ ਵਿਚ ਅਸਲ ਜਿਉਣਾਂ ਓਦੋਂ ਹੋਵੇਗਾ ਜਦੋਂ ਅਸੀਂ ਸ਼ਬਦ ਦੇ ਵਿਚਾਰਾਂ ਰਾਹੀ ਜੀਵਾਂਗੇ ਭਾਵ ਸ਼ਬਦ ਦੇ ਸੱਚੇ ਵਿਚਾਰਾਂ ਰਾਹੀਂ ਆਪਣੇ ਝੂਠੇ ਵਿਚਾਰਾਂ ਨੂੰ ਮਾਰਾਂਗੇ । ਪਰਮਾਤਮਾ ਦੇ ਨਾਲ ਮੇਲ ਸਾਡਾ ਇਸੇ ਵਿਧੀ ਦੁਆਰਾ ਹੋ ਸਕਦਾ ਹੈ ਤੇ ਹੋਰ ਕਈ ਤਰੀਕਾ ਨਹੀਂ ਹੈ ਆਓ ਇਸ ਗੱਲ ਨੂੰ ਹੇਠ ਦਿੱਤੇ ਸਲੋਕ ਦੁਆਰਾ ਸਮਝੀਏ।

"ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥

ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥”

(ਅੰਗ ੮੮)

ਗੁਰੂ ਦੇ ਸ਼ਬਦ ਨਾਲ ਜੁੜਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸ਼ਬਦ ਦੀ ਵਿਚਾਰ ਦੇ ਨਾਲ ਜੁੜਨਾ ਹੀ ਸ਼ਬਦ ਦੇ ਨਾਲ ਜੁੜਨਾ ਹੈ

35/4195

ਭਾਵ ਗੁਰੂ ਦੀ ਵਿਚਾਰ ਦੇ ਨਾਲ ਜੁੜਨਾ ਹੀ ਗੁਰੂ ਦੇ ਨਾਲ ਜੁੜਨਾ ਹੈ ਤੇ ਗੁਰੂ ਦੀ ਵਿਚਾਰ ਲੈ ਕੇ ਉਸ ਅਨੁਸਾਰ ਜੀਵਨ ਵਿਚ ਵਿਚਰਨਾ ਹੀ ਗੁਰੂ ਦੀ ਸੇਵਾ ਕਰਨਾ ਹੈ। ਜਦ ਤਕ ਅਸੀਂ ਸ਼ਬਦ ਦੀ ਵਿਚਾਰ ਦੇ ਨਾਲ ਨਹੀਂ ਜੁੜੇ ਹੋਏ ਤਦ ਤੱਕ ਅਸੀਂ ਗੁਰੂ ਦੇ ਨਾਲ ਨਹੀਂ ਜੁੜੇ ਹੋਏ, ਅਸੀਂ ਹਰ ਵੇਲੇ ਕਿਸੇ ਵਿਚਾਰ ਦੁਆਰਾ ਹੀ ਵਿਚਰਦੇ ਹਾਂ ਤੇ ਜਿਹੋ ਜਿਹੇ ਭਗਤੀ ਦੇ ਮਾਰਗ ਤੇ ਅਸੀਂ ਚਲਦੇ ਹਾਂ ਉਹ ਕਿਸੇ ਵਿਚਾਰ ਦੁਆਰਾ ਹੀ ਚਲਦੇ ਹਾਂ, ਉਹ ਵਿਚਾਰ ਅਸੀਂ ਕਿਥੋਂ ਲਏ ਹੋਏ ਹਨ ਉਸ ਨਾਲ ਹੀ ਇਹ ਤਹਿ ਹੁੰਦਾ ਹੈ ਕਿ ਸਾਡੇ ਅੰਦਰ ਗਿਆਨ ਕਿਸ ਦਾ ਵਸਿਆ ਹੋਇਆ ਹੈ ਭਾਵ ਗੁਰੂ ਦਾ ਗਿਆਨ ਵਸਿਆ ਹੋਇਆ ਹੈ ਜਾਂ ਕਿਸੇ ਹੋਰ ਦਾ ਗਿਆਨ ਵਸਿਆ ਹੋਇਆ ਹੈ। ਸਾਡੇ ਅੰਦਰ “ਗਿਆਨੁ” ਰੂਪ ਪ੍ਰਮਾਤਮਾ ਤਾਂ ਹੀ ਆਉਂਦਾ ਹੈ, ਤਾਂ ਹੀ ਵਸਦਾ ਹੈ ਜੇਕਰ ਗਿਆਨ ਅਸੀਂ ਗੁਰੂ ਦੇ ਕੋਲੋਂ ਲੈਂਦੇ ਹਾਂ ਭਾਵ ਸ਼ਬਦਾਂ ਦੀ ਵਿਚਾਰ ਦੇ ਰਾਹੀਂ ਲੈਂਦੇ ਹਾਂ, ਗੁਰੂ ਪਰਮਾਤਮਾ ਉਸ ਦੀ ਸੇਵਾ ਕਰਨ ਦੁਆਰਾ ਹੀ ਪ੍ਰਸੰਨ ਹੁੰਦਾ ਹੈ ਤੇ ਉਸ ਦੀ ਸੇਵਾ ਤਾਂ ਹੀ ਹੁੰਦੀ ਹੈ ਜੇਕਰ ਅਸੀਂ ਗੁਰੂ ਦੇ ਦੱਸੇ ਹੋਏ ਮਾਰਗ ਅਨੁਸਾਰ ਵਿਚਰੀਏ ਭਾਵ ਉਸਦੀ ਦਿੱਤੀ ਹੋਈ ਵਿਚਾਰ ਦੇ ਅਨੁਸਾਰ ਵਿਚਰੀਏ। ਜਦ ਤਕ ਸਾਡੇ ਅੰਦਰ ਗੁਰਮਤਿ ਦਾ ਸੱਚਾ ਗਿਆਨ ਨਹੀਂ ਹੈ ਤਦ ਤਕ ਅਸੀਂ ਮਿਰਤਕ ਰੂਪ ਹਾਂ ਭਾਵ ਮਨ ਦੇ ਵਿਚਾਰਾਂ ਰਾਹੀਂ ਮਿਰਤਕ ਰੂਪ ਹਾਂ। ਜਦ ਤਕ ਅਸੀਂ ਮਨਮਤਿ ਰਾਹੀਂ ਵਿਚਰਦੇ ਹਾਂ ਅਸੀਂ ਮ੍ਰਿਤਕ ਰੂਪ ਹਾਂ ਭਾਵੇਂ ਸਰੀਰ ਰਾਹੀਂ ਅਸੀਂ ਜੀਵਤ ਹਾਂ ਪਰ ਧਰਮ ਦੇ ਮਾਰਗ ਨੂੰ ਸਮਝਕੇ ਉਸ ਤੇ ਚੱਲਣ ਲਈ ਸਾਡੇ ਵਿਚਾਰ ਨਾਸਮਝ ਹਨ, ਮਾੜੇ ਹਨ ਭਾਵ ਆਤਮਕ ਤੌਰ ਮਰੇ ਹੋਏ ਮਨੁੱਖ ਦੇ ਬਰਾਬਰ ਹਨ ਜੋ ਔਗੁਣਾ ਰਾਹੀਂ ਕਿਸੇ ਕੰਮ ਨਹੀਂ ਆਉਂਦੇ ਭਾਵ ਵਿਅਰਥ ਜਾਂਦੇ ਹਨ। (**ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥**)

ਸਾਡੇ ਬਾਰ-ਬਾਰ ਜੂਨਾਂ ਵਿੱਚ ਪੈਣ ਦਾ ਕਾਰਨ, ਸਾਡੇ ਆਵਾਗਉਣ ਦਾ ਕਾਰਣ ਸਾਡੇ ਮਨ ਦੇ ਮਾੜੇ ਵਿਚਾਰ ਹੀ ਹਨ ਭਾਵ ਉਹ ਵਿਚਾਰ ਹਨ ਜੋ ਸ਼ਬਦ ਦੀ ਵਿਚਾਰ ਤੇ ਖਰੇ ਨਹੀਂ ਉਤਰਦੇ ਤੇ ਸਾਡੇ ਕੋਲੋਂ ਉਹੋ ਜਿਹੇ ਕਰਮ ਕਰਾਉਂਦੇ ਹਨ ਜਿਨ੍ਹਾਂ ਵਿੱਚ ਕੇਵਲ ਭਰਮ ਹੈ, ਮਾਇਆ ਮੋਹ ਹੈ, ਵਿਕਾਰ ਹਨ। ਸਾਡਾ ਜੋ ਵੀ ਕਰਮ ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹੈ ਉਹ ਸਾਡਾ ਅਉਗੁਣ ਹੀ ਹੈ ਕਿਉਂਕਿ ਉਹਨਾਂ ਵਿਚਾਰਾਂ ਦੁਆਰਾ ਅਸੀਂ ਗੁਰਮਤਿ ਦੇ ਉਲਟ ਚੱਲਦੇ ਹਾਂ, ਗੁਰਮਤਿ ਨੂੰ ਨਿੰਦਦੇ ਹਾਂ ਭਾਵ ਆਪਣੀ ਹਉਮੈ ਦੁਆਰਾ, ਨਾਸਮਝੀ ਦੁਆਰਾ ਨਾਮ ਦੀ ਵਿਰੋਧਤਾ ਕਰਦੇ ਹਾਂ, ਸ਼ਬਦ ਦੇ ਵਿਚਾਰਾਂ ਦੀ ਵਿਰੋਧਤਾ ਕਰਦੇ ਹਾਂ। ਅਸੀਂ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿੰਨ੍ਹਾਂ ਤਰੀਕਿਆ

35/4196

ਦੀ ਸ਼ਬਦ ਦੇ ਵਿਚਾਰਾਂ ਦੁਆਰਾ ਮਨਾਹੀ ਕੀਤੀ ਹੋਈ ਹੈ ਪਰ ਅਸੀਂ ਫਿਰ ਵੀ ਉਹੋ ਜਿਹਿਆਂ ਤਰੀਕਿਆਂ ਤੇ ਚੱਲਣ ਦੁਆਰਾ ਸ਼ਬਦ ਦੇ ਵਿਚਾਰਾਂ ਦੀ ਉਲੰਘਣਾ ਕਰਦੇ ਹਾਂ ਜਿਸ ਕਰਕੇ ਸਾਨੂੰ ਆਵਾਗਉਣ ਤੋ ਮੁਕਤੀ ਨਹੀ ਮਿਲ ਸਕਦੀ। ਅਸੀਂ ਜਿਹੋ ਜਿਹੇ ਕਰਮਾਂ ਦੁਆਰਾ ਭਾਵ ਮਨਮਤਿ ਵਾਲੀ ਸੋਝੀ ਦੁਆਰਾ ਆਪਣੇ ਵਲੋਂ ਗੁਰੂ ਦੀ ਸੇਵਾ ਕਰਨੀ ਸਮਝਦੇ ਹਾਂ ਉਸ ਵਿਚ ਸੇਵਾ ਨਹੀਂ ਹੈ ਕਿਉਂਕਿ ਗੁਰੂ ਦੀ ਸੇਵਾ ਕੇਵਲ ਉਸ ਵਿਚ ਹੈ ਜੋ ਕਰਮ ਸ਼ਬਦ ਦੀ ਵਿਚਾਰ ਦੇ ਅਨੁਸਾਰ ਹੈ। ਜਿਸ ਕੋਲੋਂ ਪਰਮਾਤਮਾ ਆਪਣੀ ਸੇਵਾ ਕਰਾਉਂਦਾ ਹੈ ਉਸਨੂੰ ਆਪ ਹੀ ਮਨ ਦੇ ਸੱਚੇ ਗਿਆਨ ਦੁਆਰਾ, ਸ਼ਬਦਾਂ ਦੀ ਵਿਚਾਰ ਦੁਆਰਾ ਆਪਣਾ ਸੇਵਕ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਜੋ ਸ਼ਬਦ ਦੀ ਵਿਚਾਰ ਤੋਂ ਵਿਛੜੇ

ਹੋਏ ਹਨ ਉਹ ਗੁਰੂ ਪਰਮਾਤਮਾ ਨਾਲੋਂ ਵਿਛੜੇ ਹੋਏ ਹਨ ਤੇ ਸ਼ਬਦ ਦੀ ਵਿਚਾਰਾਂ ਦੇ ਨਾਲ ਜੁੜੇ ਬਿਨਾ, ਗੁਰੂ ਦੇ ਸੱਚੇ ਗਿਆਨ ਨਾਲ ਜੁੜੇ ਬਿਨਾਂ ਅਸੀਂ ਉਸ "ਗਿਆਨ" ਰੂਪ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ ਤੇ ਉਸ ਨੂੰ ਪਾਏ ਬਿਨਾਂ ਅਸੀਂ ਆਵਾਗਉਣ ਦੇ ਗੇੜ ਵਿਚੋਂ ਨਹੀਂ ਨਿਕਲ ਸਕਦੇ। (**ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥**)

ਸਾਡੇ ਜੀਵਨ ਦਾ ਮਕਸਦ ਪਰਮਾਤਮਾ ਦੇ ਨਾਲ ਮੇਲ ਕਰਨ ਦਾ ਹੈ, "ਨਾਮ" ਦੇ ਨਾਲ ਮੇਲ ਕਰਨ ਦਾ ਹੈ। ਪਰਮਾਤਮਾ ਆਪ "ਨਾਮ" ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਪ੍ਰਮਾਤਮਾ ਨਾਮ ਦਾ ਖਜਾਨਾ ਹੈ, ਬ੍ਰਹਮ ਗਿਆਨ ਦਾ ਖਜਾਨਾ ਹੈ। ਅਸੀਂ ਇਸ "ਨਾਮ ਨਿਧਾਨੁ " ਦੀ ਪ੍ਰਾਪਤੀ ਕਰਨੀ ਹੈ। ਹਰ ਸ਼ਬਦ ਦੀ ਵਿਚਾਰ ਵਿੱਚ ਨਾਮ ਹੈ। ਗੁਰਬਾਣੀ ਸ਼ਬਦ ਦੀ ਵਿਚਾਰ ਵਿਚ ਨਾਮ ਹੈ, ਗੁਰਬਾਣੀ ਸ਼ਬਦਾਂ ਦੀ ਵਿਚਾਰ ਦਾ ਭੰਡਾਰ ਹੈ ਭਾਵ ਖਜਾਨਾ ਹੈ। ਇਹ "ਨਾਮ ਨਿਧਾਨ" ਸਾਨੂੰ ਕਿਥੋਂ ਮਿਲਣਾ ਹੈ ਤੇ ਕਿਸ ਰੂਪ ਵਿੱਚ ਮਿਲਣਾ ਹੈ ਇਸ ਗੱਲ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥"

35/4197

ਸਾਡਾ ਸਤਿਗੁਰੂ ਸਾਡੇ ਕੋਲ ਗੁਰਬਾਣੀ ਦੇ ਰੂਪ ਵਿੱਚ ਹੈ ਜਿਸ ਗੱਲ ਨੂੰ ਹਰ ਕੋਈ ਸਮਝਦਾ ਹੈ ਤੇ ਮੰਨਦਾ ਹੈ, ਉਪਰ ਪਹਿਲੀ ਪੰਗਤੀ ਰਾਹੀਂ ਇਸ ਗੱਲ ਨੂੰ ਸਮਝੋ ਕਿ ਗੁਰੂ ਦੇ ਅੰਦਰ ਕੀ ਹੈ ਭਾਵ ਗੁਰਬਾਣੀ ਦੇ ਵਿੱਚ ਕੀ ਹੈ। ਗੁਰਬਾਣੀ ਦੇ ਵਿੱਚ "ਨਾਮ ਨਿਧਾਨੁ" ਹੈ ਭਾਵ ਪੂਰੀ ਗੁਰਬਾਣੀ ਦੇ ਵਿੱਚ ਨਾਮ ਦਾ ਖਜਾਨਾ ਹੈ ਇਹ ਖਜਾਨਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਭਾਵ ਪਰਮਾਤਮਾ ਦੀ ਅਪਣੀ ਦਿਤੀ ਹੋਈ ਵਿਚਾਰ ਦੇ ਰੂਪ ਵਿਚ ਹੈ, ਉਸ ਦੇ ਆਪਣੇ ਦਿਤੇ ਹੋਏ ਗਿਆਨ ਦੇ ਰੂਪ ਵਿਚ ਹੈ, ਉਸ ਦੇ ਸ਼ਬਦਾਂ ਦੁਆਰਾ ਪਾਈ ਹੋਈ ਸੋਝੀ ਦੇ ਵਿੱਚ ਹੈ। ਹਰ ਸ਼ਬਦ ਦੀ ਵਿਚਾਰ ਦੇ ਵਿੱਚ ਪਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। ਬ੍ਰਹਮਗਿਆਨ ਹੀ "ਨਾਮ ਨਿਧਾਨੁ" ਹੈ ਤੇ ਪਰਮਾਤਮਾ ਆਪ ਹੀ ਪੂਰੀ ਗੁਰਬਾਣੀ ਵਿਚ ਇਸ "ਨਾਮ ਨਿਧਾਨੁ" ਦੇ ਰੂਪ ਵਿਚ ਹੈ, "ਨਾਮ ਨਿਧਾਨ'" ਦੀ ਪ੍ਰਾਪਤੀ ਜਾਂ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਇਕੋ ਹੀ ਗੱਲ ਹੈ ਜੋ ਪ੍ਰਾਪਤੀ ਵੱਡੇ ਭਾਗਾਂ ਦੁਆਰਾ ਹੁੰਦੀ ਹੈ। ਆਪਣਾ ਇਹ ਨਾਮ ਰੂਪ ਖਜਾਨਾ ਪਰਮਾਤਮਾ ਆਪ ਹੀ ਕਿਸੇ ਨੂੰ ਬਖਸ਼ਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਬਖਸ਼ਦਾ ਹੈ । ਜੇਕਰ ਅਸੀਂ ਪਰਮਾਤਮਾ ਨਾਲ ਮੇਲ ਕਰਨਾ ਚਾਹੁੰਦੇ ਹਾਂ ਤਾਂ ਉਸ ਲਈ ਇਕੋ ਇਕ ਤਰੀਕਾ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜਨ ਦਾ ਹੈ, ਗੁਰਬਾਣੀ ਦੀ ਮਤਿ ਨਾਲ ਜੁੜਨ ਦਾ ਹੈ ਜਿਥੋਂ ਅਸੀਂ ਇਸ ਖਜਾਨੇ ਦੀ ਪ੍ਰਾਪਤੀ ਕਰ ਸਕਦੇ ਹਾਂ। ਇਹ ਨਾਮ ਦਾ ਖਜਾਨਾ ਹੋਰ ਕਿਸੇ ਕੋਲ ਨਹੀਂ ਹੈ ਭਾਵ ਦੂਸਰਿਆਂ ਦੀ ਮਤਿ ਦੇ ਨਾਲ ਜੁੜਨ ਦੁਆਰਾ ਸਾਨੂੰ ਕਦੇ "ਨਾਮ ਨਿਧਾਨੁ" ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਪਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ। (**ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥**)

ਨਾਮ ਨਿਧਾਨ ਸੱਚ ਦਾ ਖਜਾਨਾ ਹੈ ਭਾਵ ਸੱਚੇ ਵਿਚਾਰਾਂ ਦਾ ਖਜਾਨਾ ਹੈ ਜਿਹਨਾਂ ਵਿਚਾਰਾਂ ਦੇ ਅੰਦਰ ਕੋਈ ਭਰਮ ਨਹੀਂ ਹੈ। ਜੋ ਵਿਚਾਰ ਭਰਮ ਤੋਂ ਰਹਿਤ ਹੁੰਦੀ ਹੈ ਉਥੇ ਹੀ ਕੇਵਲ ਸਚ ਹੁੰਦਾ ਹੈ, ਨਾਮ ਹੁੰਦਾ ਹੈ ਤੇ ਇਸੇ ਲਈ ਗੁਰਬਾਣੀ ਸਚ ਦਾ ਖਜਾਨਾ ਹੈ। ਜੋ ਗੁਰੂ ਦੀ ਸ਼ਬਦ ਦੀ ਵਿਚਾਰ ਨਾਲ ਰਤਿਆ ਜਾਂਦਾ ਹੈ ਭਾਵ ਜਿਸਦੇ ਅੰਦਰ ਗੁਰੂ ਦੇ ਸ਼ਬਦ

35/4198

ਦੀ ਵਿਚਾਰ ਵੱਸ ਜਾਂਦੀ ਹੈ ਉਹ ਸੱਚ ਦੇ ਨਾਲ ਰੱਤੇ ਜਾਂਦੇ ਹਨ, ਸੱਚ ਰੂਪ ਪਰਮਾਤਮਾ ਦੇ ਨਾਲ ਰਤੇ ਜਾਂਦੇ ਹਨ। ਗੁਰੂ ਦੇ ਸ਼ਬਦ ਦੀ ਵਿਚਾਰ ਨਾਲ ਰਤਣਾ ਹੀ ਸਾਡੇ ਅੰਦਰ ਦੀ ਸੱਚੀ ਲਿਵ ਹੈ ਜੋ ਲਿਵ ਸਾਨੂੰ ਮਾਇਆ ਮੋਹ ਦੀ ਲਿਵ ਵਿਚੋਂ ਕੱਢ ਲੈਂਦੀ ਹੈ, ਭਰਮ ਵਾਲੇ ਵਿਚਾਰਾਂ ਵਿਚੋਂ ਕੱਢ ਲੈਂਦੀ ਹੈ ਭਾਵ ਸਾਨੂੰ ਸਦਾ ਗੁਰਮਤਿ ਦੇ ਨਾਲ ਜੋੜ ਕੇ ਰੱਖਦੀ ਹੈ ਤੇ ਅਸੀਂ ਮਨ ਮਤਿ ਵਿਚੋਂ ਨਿਕਲ ਜਾਂਦੇ ਹਾਂ। (**ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥ ਸਚਿ ਰਤੇ ਗੁਰ ਸਬਦ**

ਸਿਉ ਤਿਨ ਸਚੀ ਸਦਾ ਲਿਵ ਹੋਇ ॥)

ਇਹੋ ਜਿਹੀ ਮਨ ਦੀ ਅਵਸਥਾ ਗੁਰੂ ਦੀ ਆਪਣੀ ਅਵਸਥਾ ਹੈ ਜਿਸਦਾ ਪਰਮਾਤਮਾ ਦੇ ਨਾਲ ਮੇਲ ਹੋ ਚੁੱਕਾ ਹੈ ਤੇ ਇਸ ਮੇਲ ਦੁਆਰਾ ਫਿਰ ਪਰਮਾਤਮਾ ਨਾਲੋਂ ਵਿਛੋੜਾ ਕਦੇ ਨਹੀਂ ਹੁੰਦਾ। ਪ੍ਰਮਾਤਮਾ ਨਾਲ ਇਹ ਮੇਲ ਕੋਈ ਸਰਗੁਣ ਰੂਪ ਭਾਵ ਅਕਾਰ ਰੂਪ ਮੇਲ ਨਹੀਂ ਹੈ ਜੋ ਵਿਛੜ ਸਕੇ। ਇਹ ਪਰਮਾਤਮਾ ਦੇ ਨਾਲ ਨਿਰਗੁਣ ਰੂਪ ਵਿੱਚ ਮੇਲ ਹੈ, ਗਿਆਨ ਰੂਪ ਵਿੱਚ ਮੇਲ ਹੈ ਜਿਸ ਦੁਆਰਾ ਮਨੁੱਖ ਸਦਾ ਲਈ ਪਰਮਾਤਮਾ ਵਿੱਚ ਸਮਾ ਜਾਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਸਦਾ ਹੀ ਪਰਮਾਤਮਾ ਦੇ ਨਾਲ ਜੁੜਿਆ ਰਹਿੰਦਾ ਹੈ। ਜਿਸ ਨੂੰ ਵੀ ਪਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ ਆਪਣਾ "ਨਾਮ ਨਿਧਾਨ" ਬਖਸ਼ ਕੇ ਹੀ ਮੇਲਦਾ ਹੈ ਜਿਸ ਦੁਆਰਾ ਮਨੁੱਖ ਨੂੰ "ਸਹਜ" ਦੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਭਾਵ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਜੋ ਸਾਨੂੰ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿਚੋਂ ਕੱਢ ਲੈਂਦਾ ਹੈ। (**ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥1॥**)

ਜੋ ਗੱਲ ਅਸੀ ਉਪਰ ਪੰਗਤੀਆਂ ਦੁਆਰਾ ਸਮਝੀ ਹੈ ਉਹੀ ਗੱਲ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝੀ ਜਾ ਸਕਦੀ ਹੈ। ਪਰਮਾਤਮਾ ਨੂੰ ਪਾਉਣ ਦਾ ਭੇਦ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਸ਼ਬਦ ਦੀ ਵਿਚਾਰ ਦੇ ਨਾਲ ਜੁੜਿਆ ਹੋਇਆ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਣ ਦੇ ਨਾਲ ਜੁੜਿਆ ਹੋਇਆ ਹੈ।

35/4199

"ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥"

(ਅੰਗ ੪੧੨)

ਪਰਮਾਤਮਾ ਨੂੰ ਪਾਉਣ ਲਈ ਸਾਰੀ ਗੱਲ ਆਪਣੀ ਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਨੂੰ ਅਪਣਾਉਣ ਦੀ ਹੈ ਭਾਵ ਮਨਮਤਿ ਛੱਡ ਕੇ ਗੁਰਮਤਿ ਨਾਲ ਜੁੜਨ ਦੀ ਹੈ, ਹਉਮੈ ਛਡ ਕੇ ਨਾਮ ਨਾਲ ਜੁੜਨ ਦੀ ਹੈ, ਝੂਠੀ ਮਤਿ ਛੱਡ ਕੇ ਸੱਚੀ ਮਤਿ ਨਾਲ ਜੁੜਨ ਦੀ ਹੈ। ਸੱਚੀ ਮਤਿ ਕੇਵਲ ਗੁਰਬਾਣੀ ਦੇ ਕੋਲ ਹੈ ਜਿਸ ਵਿੱਚ ਪੂਰਨ ਸੱਚ ਹੈ ਤੇ ਸਾਡੇ ਅੰਦਰ ਜਦੋਂ ਗੁਰਬਾਣੀ ਦੀ ਮਤਿ ਵਸ ਜਾਂਦੀ ਹੈ ਉਹ ਸਾਨੂੰ ਸੱਚ ਨਾਲ ਜੋੜ ਦਿੰਦੀ ਹੈ ਭਾਵ ਪਰਮਾਤਮਾ ਦੀ ਸੱਚੀ ਮਤਿ ਦੇ ਨਾਲ ਜੋੜ ਦਿੰਦੀ ਹੈ ਜਿਸ ਦੁਆਰਾ ਮਨੁੱਖ ਸਚ ਦੇ ਵਿੱਚ ਸਮਾ ਜਾਂਦਾ ਹੈ ਭਾਵ ਪਰਮਾਤਮਾ ਦੇ ਵਿਚ ਸਮਾ ਜਾਂਦਾ ਹੈ, ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਸੱਚੇ ਗਿਆਨ ਰਾਹੀਂ ਪਰਮਾਤਮਾ ਵਿੱਚ ਸਮਾ ਜਾਂਦਾ ਹੈ। ਮਨ ਦੇ ਵਿਚ ਸੱਚੀ ਸੋਝੀ ਮਿਲਣ ਦੁਆਰਾ ਹੀ ਸਾਨੂੰ ਸਮਝ ਪੈਂਦੀ ਹੈ ਕਿ ਇਹ ਸੰਸਾਰ ਦੀ ਰਚਨਾ ਕੀ ਹੈ, ਸੰਸਾਰ ਦਾ ਸੱਚ ਕੀ ਹੈ ਤੇ ਇਸ ਨੂੰ ਕੋਣ ਚਲਾ ਰਿਹਾ ਹੈ ਤੇ ਕਿਸ ਤਰੀਕੇ ਨਾਲ ਚਲਾ ਰਿਹਾ ਹੈ ਭਾਵ ਮਨ ਦੀ ਸੋਝੀ ਦੁਆਰਾ ਹੀ ਸਾਨੂੰ ਪ੍ਰਮਾਤਮਾ ਦਾ ਭੇਦ ਸਮਝ ਆਉਂਦਾ ਹੈ ਜੋ ਕਿ ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ। ਜਿਨ੍ਹਾਂ ਨੂੰ ਉਸ ਨੇ ਬਾਣੀ ਦੀ ਸੋਝੀ ਪਾਈ ਹੈ ਉਨ੍ਹਾਂ ਨੇ ਹੀ ਬਾਣੀ ਰਾਹੀਂ ਸਾਰੇ ਸੰਸਾਰ ਨੂੰ ਪਰਮਾਤਮਾ ਦੇ ਨਾਲ ਜੁੜਨ ਦਾ ਭੇਦ ਸਮਝਾਇਆ ਹੈ ਜੋ ਕਿ ਆਪਣੀ ਮਤਿ ਨੂੰ ਛੱਡ ਕੇ, ਝੂਠਿਆਂ ਦੀ ਮਤਿ ਨੂੰ ਛੱਡ ਕੇ, ਭਰਮੇ ਹੋਇਆਂ ਦੀ ਮਤਿ ਨੂੰ ਛਡ ਕੇ ਗੁਰਬਾਣੀ ਦੀ ਮਤਿ ਨਾਲ ਜੁੜਨ ਦਾ ਹੈ, ਕੱਚਿਆਂ ਦੀ ਮਤਿ ਨੂੰ ਛੱਡਕੇ ਸੱਚੀ ਮਤਿ ਦੇ ਨਾਲ ਜੁੜਣ ਦਾ ਹੈ। (**ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥**)

ਬਾਣੀ ਦੀ ਸੋਝੀ ਪਰਮਾਤਮਾ ਦੇ ਮੇਲ ਦੁਆਰਾ ਹੀ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ। ਪਰਮਾਤਮਾ ਨਾਲ ਮੇਲ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਗੁਰਬਾਣੀ ਦੀ ਉਹਨਾਂ ਨੂੰ ਕਿਤਨੀ ਕੁ ਸਮਝ ਲੱਗੀ ਹੈ

35/4200

ਇਸ ਨੂੰ ਸਮਝਿਆ ਜਾ ਸਕਦਾ ਹੈ ਕਿ ਉਹ ਕਿਤਨੇ ਵੱਡੇ ਭਰਮ ਵਿੱਚ ਹਨ ਜਿਨ੍ਹਾਂ ਨੂੰ ਨਾਮ ਦੀ ਰੱਤੀ ਭਰ ਵੀ ਸਮਝ ਨਹੀਂ ਹੈ। ਪੂਰੀ ਗੁਰਬਾਣੀ ਵਿੱਚ ਨਾਮ ਹੈ ਤੇ ਨਾਮ ਦੀ ਸਮਝ ਤਾਂ ਹੀ ਲੱਗ ਸਕਦੀ ਹੈ ਜੇਕਰ ਤੁਹਾਨੂੰ ਪੂਰੀ ਗੁਰਬਾਣੀ ਦੀ ਸਮਝ ਹੈ ਕਿ ਗੁਰਬਾਣੀ ਦੀ ਰਚਨਾ ਕਿਸ ਤਰੀਕੇ ਹੋਈ ਹੈ ਜੋ ਕਿ ਪਰਮਾਤਮਾ ਨੇ ਆਪ ਹੀ ਕੀਤੀ ਹੈ।

ਗੁਰੂ ਨਾਲ ਲਿਵ ਜੋੜਨੀ, ਸ਼ਬਦ ਨਾਲ ਲਿਵ ਜੋੜਨੀ, ਸ਼ਬਦਾਂ ਦੀ ਵਿਚਾਰ ਦੇ ਨਾਲ ਲਿਵ ਜੋੜਨੀ ਹੈ ਭਾਵ ਸ਼ਬਦ ਦੀ ਸੋਝੀ

ਦੇ ਨਾਲ ਲਿਵ ਜੋੜਨੀ ਹੈ, ਸ਼ਬਦ ਦੀ ਸੋਝੀ ਦੇ ਨਾਲ ਲਿਵ ਜੁੜਨਾ ਹੀ ਪਰਮਾਤਮਾ ਦੇ ਨਾਲ ਲਿਵ ਜੁੜਨਾ ਹੈ ਜੋ ਲਿਵ ਇਕ ਵਾਰ ਜੁੜਨ ਦੇ ਨਾਲ ਫਿਰ ਸਦਾ ਜੁੜੀ ਹੀ ਰਹਿੰਦੀ ਹੈ। ਅਸੀਂ ਸ਼ਬਦ ਦੀ ਵਿਚਾਰਾਂ ਦੇ ਨਾਲ ਆਪਣੀ ਲਿਵ ਜੋੜਨ ਦਾ ਉਦਮ ਹੀ ਕਰਨਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਸਮਝ ਕੇ ਉਨ੍ਹਾਂ ਨੂੰ ਮੰਨਣ ਦਾ ਉਦਮ ਹੀ ਕਰਨਾ ਹੈ ਭਾਵ ਅਸੀਂ ਸ਼ਬਦ ਦੀ ਵਿਚਾਰ ਨੂੰ ਛੱਡ ਕੇ ਕਿਸੇ ਹੋਰ ਵਿਚਾਰਾਂ ਨਾਲ ਨਹੀਂ ਜੁੜਨਾ ਇਹੀ ਸਾਡਾ ਨਾਮ ਜਪਣ ਦਾ ਉੱਦਮ ਹੈ ਭਾਵ ਅਸੀਂ ਕੇਵਲ ਸ਼ਬਦ ਦੀ ਵਿਚਾਰ ਨਾਲ ਜੁੜਨਾ ਹੈ ਤੇ ਉਹ ਪਰਮਾਤਮਾ ਫਿਰ ਆਪ ਹੀ ਅਪਣੀ ਕਿਰਪਾ ਕਰਨ ਦੁਆਰਾ ਸਾਡਾ ਕਾਰਜ ਸਵਾਰਦਾ ਹੈ ਭਾਵ ਸਾਡੇ ਜੀਵਨ ਦੇ ਮਨੋਰਥ ਨੂੰ ਸਫਲ ਕਰਦਾ ਹੈ ਜੋ ਕਿ ਉਸ ਦੇ ਨਾਲ ਮੇਲ ਕਰਨ ਦਾ ਹੈ। (**ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥8॥2॥**)

ਹਰ ਕੋਈ ਸ਼ਬਦ ਦੇ ਨਾਲ ਜੁੜਨ ਦੀਆਂ ਗੱਲਾਂ ਕਰਦਾ ਹੈ। ਸ਼ਬਦ ਨਾਲ ਜੁੜਨਾ ਕੀ ਹੈ ਇਸ ਗੱਲ ਦੀ ਕਿਸੇ ਨੂੰ ਸਮਝ ਨਹੀਂ ਹੈ। "ਸਬਦੁ" ਰੂਪ ਵਿੱਚ ਪਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਆਪਣੇ ਆਪ ਨੂੰ ਸ਼ਬਦ ਨਾਲ਼ ਜੁੜਿਆ ਹੋਇਆ ਕਹਿਣ ਵਾਲੇ ਅਨੇਕਾਂ ਹੀ ਅਨੇਕਾਂ ਹਨ ਜੋ ਕਿ ਕਿਸੇ ਅੱਖਰ ਦੇ ਨਾਲ ਜੁੜਨ ਨੂੰ ਹੀ ਸ਼ਬਦ ਦੇ ਨਾਲ, ਨਾਮ ਦੇ ਨਾਲ ਜੁੜਨਾ ਸਮਝਦੇ ਹਨ ਤੇ ਇਸੇ ਗੱਲ ਦਾ ਜਗ੍ਹਾ ਜਗ੍ਹਾ ਪ੍ਰਚਾਰ ਕਰਦੇ ਹਨ ਭਾਵ ਆਪ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮ ਵਿੱਚ ਪਾਉਂਦੇ ਹਨ। ਪਰਮਾਤਮਾ ਦੇ ਨਾਲ ਮੇਲ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਤੇ ਸਾਡੀ ਸੋਝੀ ਦਾ ਸ੍ਰੋਤ ਕੀ ਹੈ ਇਹ ਸਾਡੇ ਲਈ ਸਭ ਤੋਂ ਵੱਡੀ ਗੱਲ ਹੈ। ਸਾਡੀ ਸੋਝੀ ਦਾ ਸੱਚਾ ਸ੍ਰੋਤ ਗੁਰਬਾਣੀ ਹੈ ਭਾਵ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵੀਚਾਰ ਹੈ

35/4201

ਜੋ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਾ ਸਕਦੀ ਹੈ। ਸ਼ਬਦ ਦੀ ਵਿਚਾਰ ਸੱਚਾ ਧਨ ਹੈ, ਨਾਮ ਧਨ ਹੈ। ਗੁਰੂ ਦੇ ਕੋਲ ਇਹ ਧਨ ਹੈ ਜੋ ਉਸ ਦੇ ਕੋਲ ਸੱਚੇ ਗਿਆਨ ਦੇ ਰੂਪ ਵਿੱਚ ਹੈ। ਇਹ ਗੁਰੂ ਪ੍ਰਮਾਤਮਾ ਦੀ ਆਪਣੀ ਅਮਾਨਤ ਹੈ। ਗੁਰੂ ਕੋਲ ਇਹ ਅਮਾਨਤ ਮਨ ਦੀ ਸੋਝੀ ਹੈ। ਗੁਰੂ ਪ੍ਰਮਾਤਮਾ ਆਪ ਹੈ ਤੇ ਗੁਰੂ ਨੇ ਇਹ ਸੋਝੀ ਕਿਸੇ ਕੋਲੋਂ ਨਹੀਂ ਲਈ ਹੈ। ਗੁਰੂ ਪ੍ਰਮਾਤਮਾ ਆਪ ਸੋਝੀ ਦਾ ਮੂਲ ਹੈ, ਆਪ ਗਿਆਨ ਦਾ ਮੂਲ ਹੈ ਤੇ ਇਸੇ ਲਈ ਜੋ ਵੀ ਗਿਆਨ ਸੰਸਾਰ ਵਿਚ ਆਉਂਦਾ ਹੈ ਉਹ ਪ੍ਰਮਾਤਮਾ ਦੀ ਆਪਣੀ ਅਮਾਨਤ ਹੈ ਜਿਸ ਤੇ ਕਿਸੇ ਹੋਰ ਦਾ ਕੋਈ ਹਕ ਨਹੀਂ ਹੈ। ਜਦ ਤਕ ਕਿਸੇ ਨੂੰ ਗਿਆਨ ਦੇ ਮੂਲ ਦੀ ਸੋਝੀ ਨਹੀਂ ਪੈਂਦੀ ਹਰ ਕੋਈ ਮਨ ਦੇ ਗਿਆਨ ਨੂੰ ਆਪਣਾ ਗਿਆਨ ਸਮਝਦਾ ਹੈ ਜਦ ਕਿ ਸਾਡੇ ਮਨ ਦੀ ਸੋਝੀ ਪਰਾਈ ਸੋਝੀ ਹੈ, ਸਾਡੇ ਅੰਦਰ ਪਰਾਈ ਅਮਾਨਤ ਹੈ। ਜਦ ਤਕ ਇਸ ਪਰਾਈ ਅਮਾਨਤ ਨੂੰ ਅਸੀਂ ਆਪਣੀ ਅਮਾਨਤ ਸਮਝਿਆ ਹੋਇਆ ਹੈ ਤਦ ਤਕ ਅਸੀਂ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹਾਂ ਤੇ ਗਿਆਨ ਰੂਪ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਹਾਂ, ਸ਼ਬਦ ਰੂਪ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਹਾਂ। ਸਾਡੇ ਜੀਵਨ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਪਰਾਈ ਅਮਾਨਤ ਨੂੰ ਭਾਵ ਤ੍ਰੈ ਗੁਣਾਂ ਵਾਲੀ ਮਤਿ ਨੂੰ ਛਡੀਏ। ਇਹ ਮਤਿ ਸਾਨੂੰ ਹਉਮੈ ਵਿਚ ਰਖਦੀ ਹੈ ਤੇ ਹਉਮੈ ਵਿਚੋਂ ਨਿਕਲੇ ਬਿਨਾ ਅਸੀਂ ਸ਼ਬਦ ਦੀ ਮਤਿ ਨਾਲ ਨਹੀਂ ਜੁੜ ਸਕਦੇ ਤੇ ਸ਼ਬਦ ਦੀ ਮਤਿ ਨਾਲ ਜੁੜੇ ਬਿਨਾ ਅਸੀਂ "ਸੁਖੁ" ਦੀ ਪ੍ਰਾਪਤੀ ਨਹੀਂ ਕਰ ਸਕਦੇ ਭਾਵ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ। ਜਿਸ ਨੂੰ ਗੁਰੂ ਪ੍ਰਮਾਤਮਾ ਆਪਣੀ ਇਹ ਅਮਾਨਤ ਸੌਂਪਦਾ ਹੈ ਉਸ ਦਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਪੂਰੀ ਗੁਰਬਾਣੀ ਵਿਚ ਨਾਮ ਦਾ ਧਨ ਪ੍ਰਮਾਤਮਾ ਦੀ ਆਪਣੀ ਅਮਾਨਤ ਹੈ ਜੋ ਕਿ ਚੌਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ। ਅਸੀਂ ਗੁਰੂ ਕੋਲੋਂ ਇਹ ਅਮਾਨਤ ਲੈ ਕੇ ਉਸ ਦੀ ਸੰਭਾਲ ਕਰਨੀ ਹੈ, ਆਪਣੇ ਮਨ ਦੇ ਵਿਚ ਸੰਭਾਲ ਕਰਨੀ ਹੈ ਜੋ ਕਿ ਗੁਰਮਤਿ ਦੇ ਰੂਪ ਵਿਚ ਹੈ, ਨਾਮ ਦੇ ਰੂਪ ਵਿਚ ਹੈ। ਜੇਕਰ ਅਸੀਂ ਪ੍ਰਮਾਤਮਾ ਦੀ ਇਸ ਅਮਾਨਤ ਨੂੰ ਪੰਜ ਚੋਰਾਂ ਕੋਲੋਂ ਬਚਾ ਕੇ ਰਖਦੇ ਹਾਂ ਤਾਂ ਫਿਰ ਅਸੀਂ ਇਸ ਅਮਾਨਤ ਦੀ ਆਪਣੇ ਅੰਦਰ ਸੰਭਾਲ ਕਰਦੇ ਹਾਂ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨ ਕੇ ਉਹਨਾਂ ਨੂੰ ਆਪਣੇ ਅੰਦਰ ਦ੍ਰਿੜਤਾ ਦੇ ਨਾਲ ਵਸਾਈ ਰਖਦੇ ਹਾਂ ਭਾਵ ਉਨ੍ਹਾਂ ਤੇ ਦ੍ਰਿੜਤਾ ਨਾਲ ਅਮਲ ਕਰਦੇ ਹਾਂ। ਗੁਰੂ ਪ੍ਰਮਾਤਮਾ ਕੋਲੋਂ ਸਾਨੂੰ ਇਹ ਅਮਾਨਤ ਮਨ ਦੀ ਸੱਚੀ ਸੋਝੀ ਦੇ ਰੂਪ ਵਿਚ ਮਿਲਦੀ ਹੈ। ਅਸੀਂ ਆਪਣੇ ਅੰਦਰ ਇਹ ਅਮਾਨਤ ਕਿਸ ਕੋਲੋਂ ਲੈ ਕੇ ਟਿਕਾਈ ਹੋਈ ਹੈ, ਇਸ ਨੂੰ ਸਮਝਣ ਦੀ ਲੋੜ ਹੈ। ਜੋ ਅਮਾਨਤ ਅਸੀਂ ਗੁਰੂ ਕੋਲੋਂ ਨਹੀਂ ਲਈ ਭਾਵ ਗੁਰੂ ਤੋਂ ਬਿਨਾ ਕਿਸੇ ਹੋਰ ਕੋਲੋਂ ਲਈ ਹੈ ਉਹ ਪਰਾਈ ਅਮਾਨਤ ਹੈ ਭਾਵ ਦੂਸਰਿਆਂ ਕੋਲੋਂ ਲਈ ਹੋਈ ਵਿਚਾਰ ਹੈ ਜਿਸ ਨੂੰ ਛੱਡੇ ਬਿਨਾ ਅਸੀਂ ਗੁਰੂ ਦੀ ਅਮਾਨਤ ਨਾਲ ਨਹੀਂ ਜੁੜ ਸਕਦੇ ਭਾਵ ਗੁਰੂ ਦੀ ਅਮਾਨਤ ਦੀ ਆਪਣੇ ਅੰਦਰ ਸੰਭਾਲ ਨਹੀਂ ਕਰ ਸਕਦੇ ਤੇ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ। ਆਉ ਇਸ ਗੱਲ ਨੂੰ ਹੇਠ ਦਿਤੇ ਸ਼ਬਦ ਦੁਆਰਾ ਸਮਝੀਏ ਕਿ ਅਕਾਲ ਪੁਰਖ

ਸਾਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਕੀ ਸਮਝਾ ਰਹੇ ਹਨ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

ਸਲੋਕ ਮਃ ੩ ॥

“ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥
ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥
ਅੰਨੇ੍ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ॥
ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ ॥
ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਉ ਪਰਖਾਇ ॥
ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ ਪਲੈ ਪਾਇ ॥
ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥
ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥
ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥
ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ ॥੧॥”

(ਅੰਗ - ੧੨੪੯)

ਉਪਰਲੇ ਸ਼ਬਦ ਨੂੰ ਗਹਿਰਾਈ ਨਾਲ ਪੜ੍ਹੋ ਤੇ ਸਮਝਣ ਦੀ ਕੋਸ਼ਿਸ਼ ਕਰੋ ਕਿ ਸਾਰੇ ਸੰਸਾਰ ਨੂੰ ਅਕਾਲ ਪੁਰਖ ਕੀ ਸਮਝਾ ਰਹੇ ਹਨ। ਅਕਾਲ ਪੁਰਖ ਦੇ ਨਾਲ ਸਾਡਾ ਪੜਦਾ ਮਨ ਦੇ ਭਰਮ ਦੇ ਰੂਪ ਵਿਚ ਹੈ, ਹਉਮੈ ਦੇ ਰੂਪ ਵਿਚ ਹੈ। ਜਿੰਨ੍ਹਾਂ ਕਿਸੇ ਵਿਰਲਿਆਂ ਨੂੰ ਪਰਮਾਤਮਾ ਨੇ ਭਰਮ ਦੇ ਪੜਦੇ ਵਿਚੋਂ ਕੱਢਿਆ ਹੈ ਉਹਨਾਂ ਨੇ ਹੀ ਆਪਣੇ ਅੰਦਰੋਂ ਪਰਮਾਤਮਾ ਨੂੰ ਜਾਣਿਆ ਹੈ। ਹਰ ਕਿਸੇ ਨੂੰ ਪਰਮਾਤਮਾ ਨੇ ਭਰਮ ਦੇ ਪੜਦੇ ਵਿਚ ਹੀ ਰੱਖਿਆ ਹੈ ਜਿਸ ਕਰਕੇ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਪਰਮਾਤਮਾ ਕੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਕੀ ਹੈ। ਪਰਮਾਤਮਾ ਨੂੰ ਆਪਣੇ ਅੰਦਰੋਂ

ਕੇਵਲ ਉਹੀ ਜਾਣ ਸਕਦਾ ਹੈ ਜਿਥੇ ਪਰਮਾਤਮਾ ਆਪਣੇ ਆਪ ਨੂੰ ਸ਼ਬਦ ਰੂਪ ਵਿਚ ਪ੍ਰਗਟ ਕਰ ਦਿੰਦਾ ਹੈ। ਪੂਰੀ ਗੁਰਬਾਣੀ ਵਿਚ ਪਰਮਾਤਮਾ ਸ਼ਬਦ ਰੂਪ ਵਿਚ ਸਦਾ ਹੀ ਪ੍ਰਗਟ ਹੈ ਜਿਸ ਕਰਕੇ ਗੁਰਬਾਣੀ ਹੀ ਇਸ ਗੱਲ ਨੂੰ ਜਾਣਦੀ ਹੈ ਕਿ ਪਰਮਾਤਮਾ ਕੀ ਹੈ ਤੇ ਉਸਨੂੰ ਕਿਸ ਤਰੀਕੇ ਪਾਇਆ ਜਾ ਸਕਦਾ ਹੈ। ਉਪਰਲੇ ਪੂਰੇ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਗੁਰੂ ਤੋਂ ਬਿਨਾ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਪਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ। ਸਾਨੂੰ ਪਰਮਾਤਮਾ ਦੇ ਨਾਲ ਮੇਲ ਕਰਨ ਦੀਆਂ ਮੱਤਾਂ ਦੇਣ ਵਾਲੇ ਬਹੁਤ ਹਨ, ਜਗ੍ਹਾ ਜਗ੍ਹਾ ਆਪਣੇ ਪਸਾਰੇ ਬਣਾ ਕੇ ਬੈਠੇ ਹੋਏ ਹਨ ਤੇ ਅਨੇਕਾਂ ਹੀ ਪਰਮਾਤਮਾ ਨੂੰ ਪਾਉਣ ਦਾ ਦਾਵਾ ਕਰਦੇ ਹਨ। ਅਸੀਂ ਉਹਨਾਂ ਦੇ ਦਿਖਾਵਿਆਂ ਵਿਚ ਆ ਜਾਂਦੇ ਹਾਂ, ਜਿੰਨ੍ਹਾਂ ਨੂੰ ਅਸੀਂ ਪਰਮਾਤਮਾ ਦੀ ਭਗਤੀ ਵਾਲੇ ਸਮਝਦੇ ਹਾਂ ਤੇ ਸਾਨੂੰ ਜਿਹੋ ਜਿਹੀ ਉਹ ਸਿਖਿਆ ਦਿੰਦੇ ਹਨ ਉਸ ਨੂੰ ਅਸੀਂ ਸੱਚ ਸਮਝ ਕੇ ਮੰਨਦੇ ਹਾਂ ਭਾਵ ਉਹਨਾਂ ਦੀ ਸੋਝੀ ਨੂੰ ਸੱਚੀ ਸੋਝੀ ਮੰਨਦੇ ਹਾਂ ਤੇ ਉਸੇ ਅਨੁਸਾਰ ਹੀ ਅਸੀਂ ਆਪਣਾ ਜੀਵਨ ਬਨਾਉਣ ਦਾ ਉਦਮ ਕਰਦੇ ਹਾਂ। ਭਗਤੀ ਦੇ ਅਨੇਕਾਂ ਹੀ ਤਰੀਕੇ ਸਾਨੂੰ ਇਹੋ ਜਿਹਿਆਂ ਨੇ ਸਿਖਾਏ ਹੋਏ ਹਨ, ਨਾਮ ਵੀ ਅਸੀਂ ਇਹੋ ਜਿਹਿਆਂ ਕੋਲੋਂ ਹੀ ਸਿਖਿਆ ਹੋਇਆ ਹੈ। ਦੂਜਿਆਂ ਕੋਲੋਂ ਭਾਵ ਗੁਰੂ ਤੋਂ ਬਿਨਾ ਕਿਸੇ ਹੋਰ ਕੋਲੋਂ ਸੋਝੀ ਲੈਣਾ, ਧਰਮ ਦੇ ਮਾਰਗ ਦੀ ਸਿਖਿਆ ਲੈਣਾ ਆਪਣੇ ਅੰਦਰ ਪਰਾਈ ਅਮਾਨਤ ਰਖਣ ਵਾਲੀ ਗੱਲ ਹੈ। ਸਾਡੇ ਅੰਦਰ ਆਪਣੀ ਅਮਾਨਤ ਉਹ ਹੈ ਜੋ ਅਮਾਨਤ ਸਾਨੂੰ ਗੁਰੂ ਦਿੰਦਾ ਹੈ। ਸਾਨੂੰ ਗੁਰੂ ਦੇ ਨਾਲ ਗੁਰੂ ਦੀ ਸਿਖਿਆ ਜੋੜਦੀ ਹੈ ਭਾਵ ਗੁਰੂ ਦੀ ਅਮਾਨਤ ਜੋੜਦੀ ਹੈ। ਅਸੀਂ ਆਪਣੇ ਅੰਦਰ ਗੁਰੂ ਦੀ ਦਿੱਤੀ ਹੋਈ ਅਮਾਨਤ ਦੀ ਸੰਭਾਲ ਕਰਨੀ ਹੈ ਨਾ ਕਿ ਦੂਸਰਿਆਂ ਕੋਲੋਂ ਲਈ ਹੋਈ ਅਮਾਨਤ। ਜਿਵੇਂ ਕਿਸੇ ਕੋਲੋਂ ਲਈ ਹੋਈ ਮਾਇਆ ਰੂਪ ਅਮਾਨਤ ਮੋੜਣੀ ਹੀ ਚੰਗੀ ਗੱਲ ਹੁੰਦੀ ਹੈ ਇਸੇ ਤਰ੍ਹਾਂ ਦੂਸਰਿਆਂ ਕੋਲੋਂ ਲਈ ਹੋਈ ਅਮਾਨਤ ਭਾਵ ਮਨਮਤਿ ਰੂਪ ਲਈ ਹੋਈ ਸੋਝੀ ਵਾਲੀ ਅਮਾਨਤ ਮੋੜਣੀ ਹੀ ਸਾਡੇ ਲਈ ਚੰਗਾ ਹੈ ਭਾਵ ਦੂਸਰਿਆਂ ਦੀ ਮਤਿ ਨੂੰ ਛੱਡਣਾ ਹੀ ਸਾਡੇ ਲਈ ਚੰਗਾ ਹੈ।

ਹਰ ਕੋਈ "ਸੁਖੁ" ਦੀ

35/4203

ਪ੍ਰਾਪਤੀ ਕਰਨਾ ਚਾਹੁੰਦਾ ਹੈ ਭਾਵ ਪਰਮਾਤਮਾ ਦੇ ਨਾਲ ਮੇਲ ਦਾ "ਸੁਖੁ" ਪ੍ਰਾਪਤ ਕਰਨਾ ਚਾਹੁੰਦਾ ਹੈ ਤੇ ਉਹ "ਸੁਖੁ" ਦੂਸਰਿਆਂ ਤੋਂ ਲਈ ਹੋਈ ਮਤਿ ਨੂੰ ਛੱਡਣ ਦੁਆਰਾ ਹੀ ਮਿਲ ਸਕਦਾ ਹੈ ਭਾਵ ਗੁਰੂ ਦੀ ਮਤਿ ਨਾਲ ਜੁੜ ਕੇ ਹੀ ਮਿਲ ਸਕਦਾ ਹੈ। ਗੁਰੂ ਦਾ ਸ਼ਬਦ ਭਾਵ ਗੁਰੂ ਦਾ ਗਿਆਨ ਗੁਰੂ ਦੇ ਅੰਦਰ ਹੀ ਟਿਕਿਆ ਹੋਇਆ ਹੈ ਜਿਥੇ ਗੁਰੂ ਰੂਪ ਪ੍ਰਮਾਤਮਾ ਆਪ ਸਦਾ ਹੀ ਪ੍ਰਗਟ ਹੈ ਤੇ ਦੂਸਰਿਆਂ ਕੋਲੋਂ ਇਹ ਸੱਚਾ ਗਿਆਨ ਭਾਵ ਸ਼ਬਦ ਦੀ ਵਿਚਾਰ ਨਹੀਂ ਮਿਲ ਸਕਦੀ ਕਿਉਂਕਿ ਉਹ ਪਰਮਾਤਮਾ ਨੂੰ ਨਹੀਂ ਜਾਣਦੇ, ਉਨਾਂ ਦੇ ਅੰਦਰ ਸ਼ਬਦ ਰੂਪ ਪਰਮਾਤਮਾ ਪ੍ਰਗਟ ਨਹੀਂ ਹੁੰਦਾ ਭਾਵ ਉਹਨਾਂ ਨੂੰ ਸ਼ਬਦ ਦੇ ਵਿਚਾਰ ਦੀ ਸੱਚੀ ਸੋਝੀ ਵਾਲੇ ਸਮਝਣਾ ਸਾਡਾ ਭਰਮ ਹੈ ਤੇ ਉਹਨਾਂ ਦੀ ਮਤਿ ਨੂੰ ਤਿਆਗਣ ਦੀ ਲੋੜ ਹੈ। ਗੁਰੂ ਤੋਂ ਬਿਨਾ ਜਿਨ੍ਹਾਂ ਕੋਲੋਂ ਵੀ ਅਸੀਂ ਮਤਿ ਲੈਂਦੇ ਹਾਂ, ਸਾਨੂੰ ਇਹ ਹੀ ਲਗਦਾ ਹੈ ਕਿ ਇਹਨਾਂ ਕੋਲ ਉੱਚੀ ਮਤਿ ਹੈ, ਇਹ ਉੱਚੀ ਸੋਝੀ ਵਾਲੇ ਹਨ, ਸਾਡੇ ਤੋਂ ਜਿਆਦਾ ਸੋਝੀ ਵਾਲੇ ਹਨ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਸੋਝੀ ਕਿਸੇ ਕੋਲ ਵੀ ਆਪਣੀ ਨਹੀਂ ਹੈ। ਮਨ ਦੀ ਸੋਝੀ ਨੂੰ ਉਹੀ ਆਪਣੀ ਸੋਝੀ ਕਹਿ ਸਕਦਾ ਹੈ ਜਿਸਨੂੰ ਮਨ ਦੀ ਸਮਝ ਨਹੀਂ ਹੈ, ਮਨ ਦੇ ਵਿਚਾਰਾਂ ਦੇ ਮੂਲ ਦੀ ਸਮਝ ਨਹੀਂ ਹੈ। ਪ੍ਰਮਾਤਮਾ ਨੇ ਸਭ ਨੂੰ ਮਨ ਦੀ ਸੋਝੀ ਰਾਹੀਂ ਹੀ ਭਰਮ ਵਿਚ ਰਖਿਆ ਹੋਇਆ ਹੈ। ਜਿਨਾਂ ਕੋਲ ਖੁਦ ਪਰਾਈ ਸੋਝੀ ਹੈ ਉਹ ਮਨ ਦੀ ਸੋਝੀ ਨੂੰ ਆਪਣੀ ਸੋਝੀ ਸਮਝ ਕੇ, ਆਪਣੇ ਆਪ ਨੂੰ ਉੱਚਾ ਕਰਦੇ ਹਨ, ਭਰਮ ਵਾਲੇ ਵਿਚਾਰਾਂ ਰਾਹੀਂ ਉਚਾ ਕਰਦੇ ਹਨ ਤੇ ਦੂਸਰਿਆਂ ਨੂੰ ਆਪਣੇ ਵਿਚਾਰਾਂ ਨਾਲ ਜੋੜਦੇ ਹਨ। ਇਹੋ ਜਿਹੇ ਵਿਚਾਰਾਂ ਨੂੰ, ਪਰਾਈ ਅਮਾਨਤ ਨੂੰ ਛੱਡਣ ਦੀ ਲੋੜ ਹੈ ਤਾਂ ਜੋ ਅਸੀਂ ਸ਼ਬਦ ਦੀ, ਗੁਰੂ ਦੀ ਮਤਿ ਨਾਲ ਜੁੜ ਸਕੀਏ। ਗੁਰੂ ਦੀ ਸੱਚੀ ਮਤਿ ਗੁਰੂ ਕੋਲੋਂ ਹੀ ਮਿਲ ਸਕਦੀ ਹੈ ਜੋ ਕਿ ਉਸ ਦੀ ਆਪਣੀ ਅਮਾਨਤ ਹੈ ਜਿਥੇ ਪ੍ਰਮਾਤਮਾ ਆਪ ਹੀ ਗਿਆਨ ਰੂਪ ਵਿਚ ਪ੍ਰਗਟ ਹੈ। (**ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥ ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਹੋਰ ਸਪਸ਼ਟ ਕਰਕੇ ਸਮਝਾਈ ਹੋਈ ਹੈ। ਜਿਹੋ ਜਿਹਿਆਂ ਦੀ ਮਤਿ ਦੇ ਨਾਲ ਅਸੀਂ ਜੁੜੇ ਹੋਏ ਹਾਂ ਭਾਵ ਜਿੰਨਾ ਕੋਲੋਂ ਅਸੀਂ ਭਗਤੀ ਦਾ ਮਾਰਗ ਸਿਖਿਆ ਹੋਇਆ ਹੈ, ਪਰਮਾਤਮਾ ਨੂੰ ਪਾਉਣ ਦਾ ਮਾਰਗ ਸਿਖਿਆ ਹੋਇਆ ਹੈ ਉਹਨਾਂ ਨੂੰ ਅੰਨ੍ਹੇ ਕਹਿ ਕੇ ਸਮਝਾਇਆ ਹੈ ਭਾਵ ਮਨ ਦੇ ਅੰਨ੍ਹੇ, ਅਗਿਆਨੀ ਕਹਿ ਕੇ ਸਮਝਾਇਆ ਹੈ ਜੋ ਆਪਣੇ ਆਪ ਨੂੰ ਗੁਰਮਤਿ ਦੇ ਪਾਰਖੂ ਸਮਝਦੇ ਹਨ ਪਰ ਅਸਲ ਵਿਚ ਉਨਹਾਂ ਨੂੰ ਸਮਝ ਨਹੀਂ ਹੈ। ਗੁਰੂ ਦੀ ਮਤਿ "ਮਾਣਕੁ" ਰੂਪ ਹੈ ਭਾਵ ਬਹੁਤ ਕੀਮਤੀ ਹੈ ਜਿਸਦੀ ਕਿ ਅਗਿਆਨੀਆਂ ਨੂੰ ਸਮਝ ਨਹੀਂ ਹੈ। ਗੁਰਮਤਿ ਦੀ ਸਮਝ ਨਾ ਹੋਣ ਕਰਕੇ, ਗੁਰਮਤਿ ਸਾਡੇ ਲਈ ਕਿਤਨੀ ਕੁ ਉੱਚੀ ਹੈ, ਗੁਰਮਤਿ ਦਾ ਮੁੱਲ ਕਿਤਨਾ ਕੁ ਉੱਚਾ ਹੈ ਇਸ ਗੱਲ ਦੀ ਉਹਨਾਂ ਨੂੰ ਸਮਝ ਨਹੀਂ ਪੈਂਦੀ ਤੇ ਉਹ ਗੁਰਮਤਿ ਦਾ ਮੁੱਲ ਕਉਡੀ ਜਿਤਨਾ ਵੀ ਨਹੀਂ ਪਾਉਂਦੇ ਭਾਵ ਆਪਣੀ ਮਨਮਤਿ ਨੂੰ ਹੀ ਗੁਰਮਤਿ ਦਾ ਰੂਪ ਸਮਝਾਉਂਦੇ ਹਨ ਤੇ ਘਰ ਘਰ ਇਹੀ ਪ੍ਰਚਾਰ ਕਰਦੇ ਹਨ ਭਾਵ ਸਭ ਨੂੰ ਇਹੀ ਪ੍ਰਚਾਰ ਕਰਦੇ ਹਨ ਕਿ ਉਹ ਗੁਰਮਤਿ ਦੀ ਸਮਝ ਰਖਣ ਵਾਲੇ ਹਨ ਜਦ ਕਿ ਗੁਰਮਤਿ ਦੇ ਸੱਚੇ ਮੁੱਲ ਨੂੰ ਉਹ ਬਹੁਤ ਨੀਵਾਂ ਕਰ ਦਿੰਦੇ ਹਨ। ਗੁਰਮਤਿ

35/4204

ਦੇ ਰੂਪ ਵਿਚ ਆਪ ਪਰਮਾਤਮਾ ਹੈ। ਜੋ ਗੁਰਮਤਿ ਦੀ ਸੋਝੀ ਸਾਡਾ ਪਰਮਾਤਮਾ ਦੇ ਨਾਲ ਮੇਲ ਕਰਵਾ ਦਿੰਦੀ ਹੈ ਉਸ ਗੁਰਮਤਿ ਨੂੰ ਉਹ ਕਉਡੀਆਂ ਦੇ ਮੁਲ ਵੇਚੀ ਜਾਂਦੇ ਹਨ ਭਾਵ ਗੁਰਮਤਿ ਦੀ ਬੇਕਦਰੀ ਕਰਦੇ ਹਨ। ਸਾਨੂੰ ਸਮਝਾਉਣ ਦਾ ਮਕਸਦ ਇਹ ਹੈ ਕਿ ਸਾਨੂੰ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਨਹੀਂ ਲਗਣਾ ਚਾਹੀਦਾ ਜੋ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ। (**ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ॥ ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ ॥**)

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੈ ਕਿ ਸਾਨੂੰ ਆਪਣੀ ਮਤਿ ਨਾਲ ਧਰਮ ਦੇ ਮਾਰਗ ਦੇ ਸੱਚ ਦੀ ਸੋਝੀ ਨਹੀਂ ਪੈ ਸਕਦੀ ਤੇ ਇਸੇ ਲਈ ਸਾਨੂੰ ਉਸ ਦੇ ਕੋਲੋਂ ਸਿਖਿਆ ਲੈਣੀ ਚਾਹੀਦੀ ਹੈ ਜਿਸਦੇ ਕੋਲ ਸੱਚੀ ਪਰਖ ਹੈ। ਸੱਚੀ ਪਰਖ ਗੁਰੂ ਦੇ ਕੋਲ ਹੈ ਭਾਵ ਸਾਨੂੰ ਆਪਣੀ ਮਤਿ ਤੇ ਭਰੋਸਾ ਨਹੀਂ ਰੱਖਣਾ ਚਾਹੀਦਾ ਤੇ ਕੇਵਲ ਗੁਰੂ ਦੀ ਮਤਿ ਤੇ ਭਰੋਸਾ ਰਖਣਾ ਚਾਹੀਦਾ ਹੈ। (**ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓ ਪਰਖਾਇ ॥**) ਅਸੀਂ ਆਪਣੇ ਚਿੱਤ ਨੂੰ ਭਾਵ ਆਪਣੀ ਮਤਿ ਨੂੰ ਕੇਵਲ ਪਾਰਖੂ ਦੀ ਮਤਿ ਦੇ ਨਾਲ ਹੀ ਜੋੜਣਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਹੀ ਜੋੜਣਾ ਹੈ ਤੇ ਤਾਂ

ਹੀ ਸਾਨੂੰ ਉਸ "ਵਥੁ" ਦੀ ਪ੍ਰਾਪਤੀ ਹੋ ਸਕਦੀ ਹੈ ਜਿਸ "ਵਥੁ" ਨੂੰ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਨੋਰਥ ਹੈ। ਇਹ "ਵਥੁ" ਨਾਮ ਦੇ ਰੂਪ ਵਿਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿਚ ਹੈ ਜੋ ਕਿ ਕੇਵਲ ਗੁਰੂ ਪ੍ਰਮਾਤਮਾ ਦੇ ਆਪਣੇ ਕੋਲ ਹੈ। ਗੁਰੂ ਦੇ ਬ੍ਰਹਮ ਗਿਆਨ ਦੇ ਨਾਲ ਜੁੜ ਕੇ ਹੀ ਅਸੀਂ ਉਸਦੀ ਬ੍ਰਹਮ ਗਿਆਨ ਰੂਪ "ਵਥੁ" ਨੂੰ ਪ੍ਰਾਪਤ ਕਰ ਸਕਦੇ ਹਾਂ। ਇਹ "ਵਥੁ" ਹੋਰ ਕਿਸੇ ਦੇ ਕੋਲ ਨਹੀਂ ਹੈ ਜੋ ਕਿ ਕੇਵਲ ਪਰਮਾਤਮਾ ਦੇ ਆਪਣੇ ਕੋਲ ਹੈ। ਪੂਰੀ ਗੁਰਬਾਣੀ ਵਿਚ ਪਰਮਾਤਮਾ ਨੇ ਆਪਣੀ ਇਹ "**ਵਥੁ**" ਪਾਈ ਹੋਈ ਹੈ ਜਿਸ ਦੀ ਕੀਮਤ ਸਭ ਤੋਂ ਉੱਚੀ ਹੈ ਜਿਸ ਲਈ ਉਹ "**ਨਉ ਨਿਧਿ**" ਹੈ ਭਾਵ ਪਰਮਾਤਮਾ ਦਾ ਆਪਣਾ ਖਜ਼ਾਨਾ ਹੈ, ਨਾਮ ਰੂਪ ਖਜ਼ਾਨਾ ਹੈ। ਗੁਰਬਾਣੀ ਵਿਚ ਇਹ ਖਜ਼ਾਨਾ ਗੁਰਮਤਿ ਦੇ ਰੂਪ ਵਿਚ ਹੀ ਹੈ ਤੇ ਗੁਰੂ ਦੀ ਮਤਿ ਨਾਲ ਜੁੜਣ ਦਾ ਉਦਮ ਕਰਨਾ ਹੀ ਇਸ ਖਜ਼ਾਨੇ ਨਾਲ ਜੁੜਣ ਦਾ ਉਦਮ ਕਰਨਾ ਹੈ। (**ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ ਪਲੈ ਪਾਇ ॥**)

35/4205

ਇਹ "ਵਥੁ", ਇਹ ਖਜ਼ਾਨਾ ਗਿਆਨ ਦੇ ਰੂਪ ਵਿਚ ਹੈ ਜੋ ਕਿ ਸਾਨੂੰ ਮਨ ਦੇ ਵਿਚੋਂ ਹੀ ਮਿਲਦਾ ਹੈ, ਮਨ ਦੀ ਸੋਝੀ ਦੇ ਰੂਪ ਵਿਚ ਮਿਲਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥"

ਜੋ ਵਥੁ ਭਾਵ ਜੋ ਵੱਖਰ ਅਸੀਂ ਪ੍ਰਾਪਤ ਕਰਨ ਲਈ ਆਏ ਹਾਂ ਉਹ ਵੱਖਰ ਨਾਮ ਧਨ ਦੇ ਰੂਪ ਵਿਚ ਹੈ। ਉਹ ਧਨ ਸਾਡੇ ਅੰਦਰ ਹੀ ਹੈ। ਇਹ ਧਨ ਸਾਡੇ ਅੰਦਰ ਬ੍ਰਹਮਗਿਆਨ ਦੇ ਰੂਪ ਵਿਚ ਹੈ ਭਾਵ ਚਉਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ, ਸਹਜ ਦੀ ਅਵਸਥਾ ਦੇ ਰੂਪ ਵਿਚ ਹੈ ਜੋ ਕਿ ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿਚ ਹੈ। ਬ੍ਰਹਮਗਿਆਨ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਭਾਵ ਇਹ ਨਾਮ ਧਨ ਕੇਵਲ ਗੁਰੂ ਦੇ ਕੋਲ ਹੈ। ਇਸ ਧਨ ਦੀ ਸੋਝੀ ਦੇ ਰੂਪ ਵਿਚ ਹੀ ਪਰਮਾਤਮਾ ਆਪ ਹੈ ਜਿਸ ਕਰਕੇ ਗੁਰੂ ਪ੍ਰਮਾਤਮਾ ਦੇ ਨਾਲ ਜੁੜਿਆ ਰਹਿੰਦਾ ਹੈ ਭਾਵ ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ। ਇਸ ਧਨ ਦੇ ਰੂਪ ਵਿਚ ਪਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਫਿਰ ਵੀ ਹਰ ਕੋਈ ਇਸ ਧਨ ਦੀ ਪ੍ਰਾਪਤੀ ਤੋਂ ਦੂਰ ਰਹਿੰਦਾ ਹੈ ਭਾਵ ਸਾਰਾ ਜਗ ਇਸ ਧਨ ਤੋਂ ਭੁੱਖਾ ਹੀ ਰਹਿੰਦਾ ਹੈ। ਪਰਮਾਤਮਾ ਨੇ ਆਪ ਹੀ ਸਭ ਨੂੰ, ਸਾਰੇ ਜਗਤ ਨੂੰ ਇਸ ਧਨ ਦੀ ਭੁੱਖ ਵਿਚ ਰਖਿਆ ਹੋਇਆ ਹੈ। (**ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥**)

ਪਰਮਾਤਮਾ ਸਾਡੇ ਅੰਦਰ ਇਸ ਧਨ ਦੇ ਰੂਪ ਵਿਚ ਹੈ ਤੇ ਪਰਮਾਤਮਾ ਦਾ ਇਹ ਰੂਪ ਹੀ ਭਾਵ ਉਸਦਾ ਬ੍ਰਹਮਗਿਆਨ ਰੂਪ ਹੀ ਉਸਦਾ "ਸਬਦੁ" ਰੂਪ ਹੈ ਜਿਸ ਰੂਪ ਵਿਚ ਪਰਮਾਤਮਾ ਸਾਡੇ ਅੰਦਰ ਤੇ ਸਭ ਦੇ ਅੰਦਰ ਵਰਤਦਾ ਹੈ। ਪਰਮਾਤਮਾ ਦਾ ਇਹ ਰੂਪ ਹੀ ਉਸਦਾ ਗੁਰੂ ਰੂਪ ਹੈ ਤੇ ਪੂਰੀ ਗੁਰਬਾਣੀ ਵਿਚ ਪਰਮਾਤਮਾ ਆਪਣੇ ਇਸ ਰੂਪ ਵਿਚ ਹੀ ਹੈ। ਜਦੋਂ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਵਸਾਉਂਦਾ ਹੈ ਭਾਵ ਪ੍ਰਗਟ ਕਰਦਾ ਹੈ ਉਹ ਆਪਣੇ ਇਸੇ ਰੂਪ ਦੁਆਰਾ ਹੀ ਪ੍ਰਗਟ ਕਰਦਾ ਹੈ, ਸਬਦੁ ਰੂਪ ਵਿਚ, ਨਾਮ ਧਨ ਦੇ ਰੂਪ ਵਿਚ ਪ੍ਰਗਟ ਕਰਦਾ ਹੈ ਭਾਵ ਬ੍ਰਹਮਗਿਆਨ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਪ੍ਰਮਾਤਮਾ ਦੇ ਨਾਲੋਂ ਮਨੁੱਖ ਦਾ

35/4206

ਵਿਜੋਗ ਭਾਵ ਵਿਛੋੜਾ ਪਰਮਾਤਮਾ ਦੇ ਮਨ ਦੇ ਵਿਚ ਵੱਸਣ ਦੁਆਰਾ ਹੀ ਦੂਰ ਹੁੰਦਾ ਹੈ ਤੇ ਉਸ ਤੋਂ ਬਾਅਦ ਮਨੁੱਖ ਸੋਗ ਰਹਿਤ ਹੋ ਜਾਂਦਾ ਹੈ, ਦੁੱਖ ਰਹਿਤ ਹੋ ਜਾਂਦਾ ਹੈ ਕਿਉਂਕਿ ਉਸਨੂੰ ਪਰਮਾਤਮਾ ਦੇ ਨਾਲ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਦੁਆਰਾ ਫਿਰ ਮਨੁੱਖ ਸਦਾ ਲਈ ਸੁੱਖ ਵਿਚ ਹੀ ਸਮਾ ਜਾਂਦਾ ਹੈ। ਸੁੱਖ ਮਨ ਦੇ "ਸੀਤਲੁ" ਹੋਣ ਦੁਆਰਾ ਮਿਲਦਾ ਹੈ ਭਾਵ ਮਨ ਦੇ ਸੰਤੋਖ ਦੁਆਰਾ ਮਿਲਦਾ ਹੈ ਜੋ ਸੰਤੋਖ ਮਨ ਦੇ ਵਿਚ ਸੱਚੇ ਗਿਆਨ ਦੀ ਸੋਝੀ ਪੈਣ ਦੁਆਰਾ ਮਿਲਦਾ ਹੈ ਜੋ ਮਨ ਦੀ ਸੋਝੀ ਮਨੁੱਖ ਨੂੰ ਮਾਇਆ ਮੋਹ ਵਿਚੋਂ, ਤ੍ਰਿਸ਼ਨਾਵਾਂ ਵਿਚੋਂ ਕੱਢ ਲੈਂਦੀ ਹੈ ਜਿਸ ਰਾਹੀਂ ਉਸਨੂੰ ਮਾਇਆ ਦੇ ਨਾਲ ਜੁੜੇ ਹੋਏ ਸੁੱਖਾਂ ਦੇ ਵਿਛੋੜੇ ਦਾ ਦੁੱਖ ਮਹਿਸੂਸ ਨਹੀਂ ਹੁੰਦਾ ਭਾਵ ਉਸਨੂੰ ਪਰਮਾਤਮਾ ਦੀ ਇੱਛਾ ਅਨੁਸਾਰ, ਉਸਦੀ ਸਮਝਾਈ ਹੋਈ ਗੁਰਮਤਿ ਅਨੁਸਾਰ ਉਸਦੇ ਭਾਣੇ ਵਿਚ ਚਲਣਾ ਹੀ ਚੰਗਾ ਲੱਗਦਾ ਹੈ ਭਾਵ ਉਸਨੂੰ ਉਸ ਦੇ ਭਾਣੇ ਵਿਚ ਹੀ ਸੁੱਖ ਮਹਿਸੂਸ ਹੁੰਦਾ ਹੈ। (**ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥ ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥**)

ਜਿਹੜੀ "**ਵਸਤੁ**" ਦੀ ਅਸੀਂ ਪ੍ਰਾਪਤੀ ਕਰਨੀ ਹੈ ਉਸ ਨੂੰ ਸਮਝੇ ਬਿਨਾ ਅਸੀਂ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਨਹੀਂ ਸਮਝ ਸਕਦੇ। ਅਸੀਂ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਇਹ ਸਮਝਿਆ ਹੈ ਕਿ ਪਰਾਈ ਅਮਾਣ ਕੀ ਹੈ ਤੇ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਉਹੀ ਗੱਲ "**ਪਰਾਈ ਵਸਤੁ**" ਕਹਿ ਕੇ ਸਮਝਾਈ ਹੋਈ ਹੈ। ਇਹ "ਵਸਤੁ" ਸਾਡੇ ਸਭ ਦੇ ਅੰਦਰ ਹੈ ਜੋ ਕਿ ਸਾਡੇ ਮਨ ਦੀ ਸੋਝੀ ਦੇ ਰੂਪ ਵਿਚ ਹੈ, ਮਨ ਦੀ ਸੋਚ ਦੇ ਰੂਪ ਵਿਚ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ ਜਿਸ ਰਾਹੀਂ ਮਨੁੱਖ ਨੂੰ ਸਭ ਗਿਆਨ ਮਿਲਦਾ ਹੈ ਤੇ ਮਨੁੱਖ ਨੂੰ ਚਲਾਉਣ ਵਾਲੀ ਇਹ "ਵਸਤੁ" ਹੀ ਹੈ। ਮਨ ਦੀ ਇਸ "ਵਸਤੁ" ਰਾਹੀਂ ਹੀ ਪ੍ਰਮਾਤਮਾ ਨੇ ਸਭ ਨੂੰ ਆਪਣੇ ਆਪ ਤੋਂ ਦੂਰ ਰਖਿਆ ਹੋਇਆ ਹੈ ਤੇ ਮਨ ਦੀ ਇਸ ਵਸਤੁ ਰਾਹੀਂ ਹੀ ਪ੍ਰਮਾਤਮਾ ਮਨ ਦੇ ਵਿਚ ਆਪਣੇ ਆਪ ਦੇ ਦਰਸ਼ਨ ਕਰਵਾਉਂਦਾ ਹੈ। ਇਹ "ਵਸਤੁ" ਸਾਡੇ ਅੰਦਰ ਪਾਉਣ ਵਾਲਾ ਕੌਣ ਹੈ ਇਸ ਗੱਲ ਦੀ ਸੋਝੀ ਮਨ ਦੇ ਵਿਚ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ। ਸਾਡੇ ਅੰਦਰ ਜੋ "ਵਸਤੁ" ਹੈ ਉਹ ਸਾਡੀ ਨਹੀਂ ਹੈ ਭਾਵ ਮਨ ਦੇ ਅੰਦਰ ਜੋ ਸੋਚ ਉਪਜਦੀ ਹੈ ਉਹ ਸਾਡੀ ਨਹੀਂ ਹੈ। ਇਹ "**ਪਰਾਈ**" ਵਸਤੁ ਹੈ ਭਾਵ ਪ੍ਰਮਾਤਮਾ ਦੀ ਦਿੱਤੀ ਹੋਈ "**ਵਸਤੁ**" ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਇਸ ਵਸਤੁ ਨੂੰ ਨਹੀਂ ਪਹਿਚਾਣਦੇ ਤਦ ਤਕ ਅਸੀਂ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹਾਂ। ਮਨ ਦੀ ਇਸ ਵਸਤੁ ਦੁਆਰਾ ਹੀ ਪ੍ਰਮਾਤਮਾ ਨੇ ਸਾਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ ਕਿਉਂਕਿ ਇਸ ਵਸਤੁ ਰਾਹੀਂ ਪ੍ਰਮਾਤਮਾ

35/4207

ਆਪ ਹੀ ਸਭ ਨੂੰ ਭਰਮ ਵਿਚ ਰਖਦਾ ਹੈ ਤੇ ਮਨ ਦੇ ਭਰਮ ਕਰਕੇ ਮਨੁੱਖ ਇਸ "ਵਸਤੁ" ਨੂੰ ਭਾਵ ਮਨ ਦੀ ਸੋਚ ਨੂੰ ਆਪਣੀ ਸੋਚ ਸਮਝਦਾ ਹੈ, ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦਾ ਹੈ ਜਦ ਕਿ ਸਾਡੇ ਅੰਦਰ ਦੇ ਇਹ ਵਿਚਾਰ ਸਾਡੇ ਨਹੀਂ ਹਨ ਤੇ ਅਸੀਂ ਆਪਣੇ ਮਨ ਦੇ ਭਰਮ ਕਰਕੇ ਆਪਣੇ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ ਤੇ ਸਾਡਾ ਆਪਾ ਮਨ ਦੀ ਇਸ ਵਸਤੁ ਕਰਕੇ ਹੀ ਹੈ ਭਾਵ ਸਾਡੀ ਹਉਮੈ ਮਨ ਦੇ ਵਿਚਾਰਾਂ ਰਾਹੀਂ ਹੀ ਆਉਂਦੀ ਹੈ। ਬਾਣੀ ਵਿਚ ਸਾਨੂੰ ਇਸੇ ਲਈ ਬਾਰ ਬਾਰ ਮੂਰਖ ਕਿਹਾ ਹੈ ਕਿ ਅਸੀਂ ਆਪਣੇ ਮਨ ਦੇ ਗਿਆਨ ਦਾ ਗਰਬ ਕਰਦੇ ਹਾਂ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਾਂ। (**ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥**) ਇਸ "ਵਸਤੁ" ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੇ ਕੋਲ ਇਹ "ਵਸਤੁ" ਚੌਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ। ਸਾਡਾ ਪ੍ਰਮਾਤਮਾ ਦੇ ਨਾਲ ਮੇਲ ਇਸ "ਵਸਤੁ" ਦੁਆਰਾ ਹੀ ਹੋਣਾ ਹੈ ਤੇ ਗੁਰੂ ਦੀ ਸੱਚੀ ਵਸਤੁ ਸਾਨੂੰ ਤਾਂ ਹੀ ਪ੍ਰਾਪਤ ਹੋਵੇਗੀ ਜਦੋਂ ਅਸੀਂ ਉਸ ਵਸਤੁ ਨੂੰ ਤਿਆਗਾਂਗੇ ਜੋ ਵਸਤੁ ਸਾਡੀ ਹੈ ਹੀ ਨਹੀਂ। ਇਹ ਸਾਡੇ ਅੰਦਰ ਪਰਾਈ ਵਸਤੁ ਹੈ। ਗੁਰੂ ਤੋਂ ਬਿਨਾ ਹਰ ਕਿਸੇ ਦੇ ਅੰਦਰ ਇਹ ਵਸਤੁ "ਸਚੁ" ਦੇ ਰੂਪ ਵਿਚ ਨਹੀਂ ਹੈ ਭਾਵ ਨਾਮ ਦੇ ਰੂਪ ਵਿਚ ਨਹੀਂ ਹੈ ਭਾਵ ਹਉਮੈ ਦੇ ਰੂਪ ਵਿਚ ਹੈ। ਇਸ ਵਸਤੁ ਨੂੰ ਤਿਆਗਣਾ ਜਾਂ ਹਉਮੈ ਨੂੰ ਤਿਆਗਣਾ ਇਕੋ ਹੀ ਗੱਲ ਹੈ। ਗੁਰੂ ਤੋਂ ਬਿਨ੍ਹਾਂ ਜਿੰਨ੍ਹਾਂ ਕੋਲੋਂ ਵੀ ਅਸੀਂ ਧਰਮ ਦੇ ਮਾਰਗ ਦੀ ਸੋਝੀ ਲਈ ਹੋਈ ਹੈ ਉਹ ਸਾਡੇ ਅੰਦਰ ਪਰਾਈ ਅਮਾਣ ਹੀ ਹੈ ਭਾਵ ਉਸ ਦੇ ਅੰਦਰ ਗੁਰਮਤਿ ਰੂਪ ਸੱਚੀ ਸੋਝੀ ਨਹੀਂ ਹੈ। ਜਿੰਨ੍ਹਾਂ ਨੂੰ ਖੁਦ ਇਸ ਵਸਤੁ ਦੀ ਸੋਝੀ ਨਹੀਂ ਹੈ ਉਹ ਦੂਸਰਿਆਂ ਨੂੰ ਵੀ ਆਪਣੀ ਮਾੜੀ ਵਸਤੁ ਦਿੰਦੇ ਹਨ ਭਾਵ ਮਾੜੀ ਸੋਝੀ ਦਿੰਦੇ ਹਨ। ਜਦ ਤਕ ਅਸੀਂ ਪਰਾਈ ਸੋਝੀ ਨੂੰ ਨਹੀਂ ਛੱਡਦੇ ਤਦ ਤਕ ਅਸੀਂ ਗੁਰੂ ਦੀ ਸੱਚੀ ਸੋਝੀ ਨਾਲ ਨਹੀਂ ਜੁੜ ਸਕਦੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਮਨ ਦੀ ਸੋਝੀ ਦੁਆਰਾ ਹੀ ਬੁਝਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਨੂੰ ਅਸੀਂ ਤਾਂ ਹੀ ਬੁਝ ਪਾਵਾਂਗੇ ਜੇਕਰ ਪਹਿਲਾਂ ਉਸ ਸੋਝੀ ਨਾਲ ਜੁੜਾਂਗੇ ਜਿੰਨ੍ਹਾਂ ਨੇ ਪਹਿਲਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁਝਿਆ ਹੋਇਆ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਲਈ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਾਇਆ ਹੈ, ਗੁਰਬਾਣੀ ਦੇ ਗਿਆਨ ਰਾਹੀਂ ਸਮਝਾਇਆ ਹੈ, ਬ੍ਰਹਮਗਿਆਨ ਰਾਹੀਂ ਸਮਝਾਇਆ ਹੈ ਤੇ ਪੂਰੀ ਗੁਰਬਾਣੀ ਵਿਚ ਉਹ "ਵਥੁ" ਪਾਈ ਹੈ ਜਿਸ "ਵਥੁ" ਦੀ ਅਸੀਂ ਪ੍ਰਾਪਤੀ ਕਰਨੀ ਹੈ ਤਾਂ ਜੋ ਅਸੀਂ ਆਵਾ ਗਉਣ ਦੇ ਗੇੜ ਤੋਂ ਬਚ ਸਕੀਏ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ। (**ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥ ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ ॥1॥**)

ਜਦ ਤੱਕ ਉਸ ਪਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਦੇਖ

35/4208

ਨਹੀਂ ਲੈਂਦਾ ਤਦ ਤਕ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਮਤਿ ਦੇਣ ਵਾਲਾ ਕੌਣ ਹੈ, ਇਸ ਗੱਲ ਨੂੰ ਉਹਨਾਂ ਨੇ ਹੀ ਜਾਣਿਆ ਹੈ ਜਿੰਨਾ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਇਸੇ ਲਈ ਕੇਵਲ ਉਨਾਂ ਕੋਲ ਹੀ ਉਹ ਸੱਚੀ ਮਤਿ ਹੈ ਜਿਸ ਦੁਆਰਾ ਗੁਰਬਾਣੀ ਸੱਚੀ ਬਾਣੀ ਹੈ। ਸੱਚੀ ਬਾਣੀ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨਾਲ ਜੁੜਣਾ ਸਾਡਾ ਵੱਡਾ ਭਰਮ ਹੈ ਭਾਵ ਜਿਸ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੈ ਕਿ ਸਾਡੇ ਅੰਦਰ ਮਤਿ ਕਿਥੋਂ ਆਉਂਦੀ ਹੈ। ਉਨਾਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਲਗ ਸਕਦੀ ਕਿ ਸੱਚੀ ਮਤਿ ਵਿਚ ਤੇ ਕੱਚੀ ਮਤਿ ਵਿਚ ਕੀ ਭੇਦ ਹੈ। ਹੇਠ ਦਿਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਸਾਡਾ ਉਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਕੇਵਲ ਗੁਰੂ ਦੀ ਮਤਿ ਨੂੰ ਸੱਚਾ ਕਰ ਕੇ ਜਾਣੀਏ ਤੇ ਉਹਨਾਂ ਦੀ ਮਤਿ ਵਿਚੋਂ ਨਿਕਲੀਏ ਜਿੰਨਾਂ ਦੀ ਮਤਿ ਨੂੰ ਅਸੀਂ ਭਰਮ ਵਿਚ ਹੀ ਸੱਚਾ ਸਮਝਿਆ ਹੋਇਆ ਹੈ ਤੇ ਕੇਵਲ ਉਹਨਾਂ ਦੇ ਦਿਖਾਵਿਆਂ ਦੁਆਰਾ ਉਨਾਂ ਦੇ ਨਾਲ ਜੁੜੇ ਹੋਏ ਹਾਂ।

{“ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥
ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥”}

(ਅੰਗ - ੬੩੪)

ਸਹਜ ਦੀ ਅਵਸਥਾ ਦੀ ਪ੍ਰਾਪਤੀ ਬਿਨਾ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੀ ਭਰਮ ਤੋਂ ਮੁਕਤੀ ਕਿਵੇਂ ਹੁੰਦੀ ਹੈ। ਭਰਮ ਤੋਂ ਮੁਕਤੀ ਸਾਡੀ ਮਨ ਦੀ ਸੋਚ ਦੁਆਰਾ ਹੀ ਹੁੰਦੀ ਹੈ ਤੇ ਆਪਣੇ ਅੰਦਰ ਦੀ ਸੋਚ ਨੂੰ ਪਹਿਚਾਨਣਾ ਹੀ ਭਾਵ ਸੋਚ ਦੇ ਮਾਲਕ ਨੂੰ ਪਹਿਚਾਨਣਾ ਹੀ ਸਾਡੀ ਮੁਕਤੀ ਹੈ ਪਰ ਜਦ ਤਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਸਾਡੇ ਅੰਦਰ ਮਤਿ ਪਾਉਣ ਵਾਲਾ ਕੌਣ ਹੈ ਤਦ ਤਕ ਹਰ ਕੋਈ ਭਰਮ ਵਿਚ ਹੈ ਤੇ ਗੁਰੂ ਤੋਂ ਬਿਨਾ ਅਸੀਂ ਜਿਸ ਦੀ ਮਤਿ ਪਿੱਛੇ ਵੀ ਲਗਦੇ ਹਾਂ ਉਹ ਪਰਾਈ ਮਤਿ ਪਿੱਛੇ ਹੀ ਲੱਗਦੇ ਹਾਂ। ਮਤਿ ਕਿਸੇ ਦੀ ਵੀ ਆਪਣੀ ਨਹੀਂ ਹੈ ਤੇ ਦੂਸਰਿਆਂ ਦੀ ਮਤਿ ਰਾਹੀਂ ਜੋ ਅਸੀਂ ਭਰਮ ਵਿਚ ਪੈਂਦੇ ਹਾਂ ਉਹ ਸਾਨੂੰ ਭਰਮ ਵਿਚ ਪਾਉਣ ਦਾ ਪਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਤਰੀਕਾ ਹੈ ਜਿਸ ਦੁਆਰਾ ਉਸ ਨੇ ਸਾਰੇ ਸੰਸਾਰ ਨੂੰ ਉਲਝਾਇਆ ਹੋਇਆ ਹੈ। ਇਸ ਉਲਝਣ ਵਿਚੋਂ ਨਿਕਲਣ ਦਾ ਇਕੋ ਤਰੀਕਾ ਇਹੀ ਹੈ ਕਿ ਅਸੀਂ ਗੁਰਬਾਣੀ ਦੀ ਮਤਿ

35/4209

ਦੇ ਨਾਲ ਜੁੜੀਏ। ਜੇਕਰ ਪ੍ਰਮਾਤਮਾ ਨੇ ਸਾਨੂੰ ਉਲਝਣਾ ਵਿਚ ਆਪ ਪਾਇਆ ਹੋਇਆ ਹੈ, ਉਸ ਵਿਚੋਂ ਨਿਕਲਣ ਦਾ ਤਰੀਕਾ ਵੀ ਗੁਰਬਾਣੀ ਰਾਹੀਂ ਉਸ ਨੇ ਆਪ ਹੀ ਸਮਝਾਇਆ ਹੈ। ਗੁਰਬਾਣੀ ਦੀ ਰਚਨਾ ਕਰ ਕੇ ਪਰਮਾਤਮਾ ਨੇ ਇਸ ਸੰਸਾਰ ਤੇ ਬਹੁਤ ਵੱਡਾ ਉਪਕਾਰ ਕੀਤਾ ਹੈ ਜਿਸ ਦੀ ਮਤਿ ਨਾਲ ਜੁੜ ਕੇ ਹੀ ਅਸੀਂ ਭਰਮਾਂ ਵਿਚੋਂ ਨਿਕਲ ਸਕਦੇ ਹਾਂ ਤੇ ਉਹਨਾਂ ਖੁਆਰੀਆਂ ਵਿਚੋਂ ਨਿਕਲ ਸਕਦੇ ਹਾਂ ਜੋ ਖੁਆਰੀਆਂ ਅਸੀਂ ਮਨ ਦੇ ਭਰਮ ਕਰ ਕੇ ਭਗਤੀ ਦੇ ਉਹਨਾਂ ਤਰੀਕਿਆਂ ਨਾਲ ਜੁੜ ਕੇ ਕਰੀ ਜਾਂਦੇ ਹਾਂ ਭਾਵ ਆਪਣੇ ਸਰੀਰ ਨੂੰ ਵਿਅਰਥ ਵਿਚ ਹੀ ਦੁੱਖਾਂ ਵਿਚ ਪਾਈ ਜਾਂਦੇ ਹਾਂ ਜੋ ਤਰੀਕੇ ਅਸਲ ਵਿਚ ਭਗਤੀ ਦਾ ਮਾਰਗ ਹੈ ਹੀ ਨਹੀਂ। ਸੱਚੇ ਸੁੱਚੇ ਕਰਮ ਕਰਨ ਤੋਂ ਬਿਨਾ ਜੇਕਰ ਅਸੀਂ ਕਿਸੇ ਵੀ ਆਪਣੇ ਕਰਮ ਨੂੰ ਭਗਤੀ ਦਾ ਮਾਰਗ ਸਮਝਦੇ ਹਾਂ ਤਾਂ ਉਹ ਕੇਵਲ ਸਾਡਾ ਭਰਮ ਹੈ, ਭਗਤੀ ਦਾ ਦਿਖਾਵਾ ਹੈ, ਭਗਤੀ ਦਾ ਪਾਖੰਡ ਹੈ ਜੋ ਪਾਖੰਡ ਸਾਨੂੰ ਉਨਾਂ ਨੇ ਸਿਖਾਏ ਹਨ ਜਿੰਨਾਂ ਨੂੰ ਗੁਰੂ ਦੀ ਮਤਿ ਦੀ ਸਮਝ ਨਹੀਂ ਹੈ।

ਪੂਰੀ ਗੁਰਬਾਣੀ ਮਨ ਦੇ ਰਾਹੀਂ ਆਈ ਹੈ ਭਾਵ ਪਰਮਾਤਮਾ ਦੀ ਜੋਤਿ ਰਾਹੀਂ ਆਈ ਹੈ, ਸ਼ਬਦ ਰੂਪ ਵਿਚ ਆਈ ਹੈ। ਜਿਸ ਦੇ ਮਨ ਨੂੰ ਪਰਮਾਤਮਾ ਆਪ ਆਪਣੇ ਸ਼ਬਦਾਂ ਰਾਹੀਂ ਬੇਧਦਾ ਹੈ, ਮਨ ਦੇ ਗਿਆਨ ਰਾਹੀਂ ਬੇਧਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਲਗ ਸਕਦੀ ਹੈ ਕਿ ਸਾਡੇ ਅੰਦਰ ਗਿਆਨ ਦਾ ਮੂਲ ਕੌਣ ਹੈ। ਇਹ ਸੋਝੀ ਕੇਵਲ ਗੁਰੂ ਦੇ ਕੋਲ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਕੋਲ ਹੈ। ਇਸ ਗੱਲ ਦੀ ਸਮਝ ਆਉਣ ਦੇ ਨਾਲ ਹੀ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਗੁਰਬਾਣੀ ਦਾ ਗਿਆਨ ਕਿਤਨਾ ਕੁ ਉੱਚਾ ਹੈ ਤੇ ਆਪ ਪਰਮਾਤਮਾ ਉਸ ਗਿਆਨ ਦੇ ਰੂਪ ਵਿਚ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਕੇਵਲ ਗੁਰੂ ਦੇ ਗਿਆਨ ਨਾਲ ਜੁੜੀਏ ਭਾਵ ਕੇਵਲ ਨਾਮ

ਦੇ ਨਾਲ ਜੁੜੀਏ।

“ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥
ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥”

(ਅੰਗ - ੬੩੪)

ਉਪਰ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿਸ ਰਾਹੀਂ ਉਹਨਾਂ ਨੇ ਆਪਣੇ

35/4210

ਅੰਦਰੋਂ ਪਰਮਾਤਮਾ ਕੋਲੋਂ ਗੁਰਬਾਣੀ ਨੂੰ ਜਾਣਿਆ ਹੈ ਤੇ ਉਚਾਰਿਆ ਹੈ। ਸਾਡੇ ਅੰਦਰ ਬੈਰਾਗ ਵਾਲੀ ਅਵਸਥਾ ਕੀ ਹੈ ਇਸ ਗੱਲ ਦੀ ਸੋਝੀ ਵੀ ਨਾਲ ਹੀ ਪੈ ਜਾਂਦੀ ਹੈ। ਸਾਡੇ ਮਨ ਦਾ ਬੈਰਾਗ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਸਾਡੇ ਮਨ ਦੇ ਅੰਦਰ ਬੈਰਾਗ ਸ਼ਬਦ ਦੁਆਰਾ ਹੀ ਆਉਂਦਾ ਹੈ ਭਾਵ ਸ਼ਬਦ ਦੇ ਮਨ ਨੂੰ ਬੇਧਣ ਦੁਆਰਾ ਹੀ ਆਉਂਦਾ ਹੈ। ਸਾਡੇ ਮਨ ਨੂੰ ਸ਼ਬਦ ਦੀ ਵਿਚਾਰ ਹੀ ਬੇਧਦੀ ਹੈ ਭਾਵ ਸ਼ਬਦ ਦੇ ਵਿਚਾਰ ਸਾਡੀ ਸੁਰਤ ਦੇ ਵਿਚਾਰਾਂ ਨੂੰ ਬੇਧਦੇ ਹਨ, ਨਾਮ ਦੇ ਵਿਚਾਰ ਸਾਡੇ ਹਉਮੈ ਵਾਲੇ ਵਿਚਾਰਾਂ ਨੂੰ ਬੇਧਦੇ ਹਨ, ਗੁਰਮਤਿ ਵਾਲੇ ਵਿਚਾਰ ਸਾਡੇ ਮਨਮਤਿ ਵਾਲੇ ਵਿਚਾਰਾਂ ਨੂੰ ਬੇਧਦੇ ਹਨ ਜਿਸ ਦੁਆਰਾ ਸਾਡੇ ਮਨ ਦੀ ਸੋਝੀ ਗੁਰੂ ਦੇ ਸੱਚੇ ਵਿਚਾਰ ਵਾਲੀ ਬਣ ਜਾਂਦੀ ਹੈ ਜਿਸ ਦੁਆਰਾ ਮਨੁੱਖ ਗੁਰਮਤਿ ਦਾ ਬੈਰਾਗੀ ਬਣ ਜਾਂਦਾ ਹੈ ਭਾਵ ਉਹ ਗੁਰਮਤਿ ਤੇ ਦ੍ਰਿੜ ਹੋ ਕੇ ਵਿਚਰਦਾ ਹੈ, ਸੱਚ ਤੇ ਦ੍ਰਿੜ ਹੋ ਕੇ ਵਿਚਰਦਾ ਹੈ। ਜਿਸਦੇ ਅੰਦਰ ਪਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਆਪਣੇ ਸ਼ਬਦ ਰੂਪ ਵਿਚ ਹੀ ਪ੍ਰਗਟ ਕਰਦਾ ਹੈ ਤੇ ਉਸ ਮਨ ਨੂੰ ਆਪਣੇ ਸ਼ਬਦਾਂ ਦੀ ਵਿਚਾਰ ਦੁਆਰਾ ਬੇਧਦਾ ਹੈ ਭਾਵ ਉਸ ਮਨ ਦੇ ਅੰਦਰ ਸ਼ਬਦਾਂ ਦੀ ਵਿਚਾਰ ਰੂਪ ਗਿਆਨ ਪਾਉਂਦਾ ਹੈ। ਸ਼ਬਦਾਂ ਦੀ ਵਿਚਾਰ ਹੀ ਗੁਰਬਾਣੀ ਹੈ। ਮਨ ਦੇ ਵਿਚ ਇਹ ਵਿਚਾਰ “ਜੋਤਿ” ਰਾਹੀਂ ਹੀ ਆਉਂਦੇ ਹਨ ਜਿਸ “ਜੋਤਿ” ਰੂਪ ਵਿਚ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਵਿਚਰ ਰਿਹਾ ਹੈ। ਜਦ ਤਕ ਪਰਮਾਤਮਾ ਕਿਸੇ ਅੰਦਰ ਆਪਣੇ ਆਪ ਨੂੰ ਆਪਣੀ ਜੋਤਿ ਰਾਹੀਂ ਪ੍ਰਗਟ ਨਹੀਂ ਕਰਦਾ ਤਦ ਤਕ ਉਹ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਬਾਣੀ ਸੰਸਾਰ ਵਿਚ ਕਿਸ ਤਰੀਕੇ ਆਈ ਹੈ। ਜਦੋਂ ਪ੍ਰਮਾਤਮਾ ਮਨ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ ਫਿਰ ਉਹ ਮਨੁੱਖੀ ਮਨ ਨੂੰ “ਨਿਰੰਤਰਿ” ਭਾਵ ਲਗਾਤਾਰ ਆਪਣੀ ਬਾਣੀ ਨਾਲ ਜੋੜੀ ਰੱਖਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਭਾਵ ਸ਼ਬਦਾਂ ਦੇ ਗਿਆਨ ਰਾਹੀਂ ਆਪਣੇ ਨਾਲ ਜੋੜੀ ਰੱਖਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਲਗਦੀ ਹੈ ਕਿ ਸਾਡੇ ਅੰਦਰ ਗਿਆਨ ਦਾ ਸਰੋਤ ਕੀ ਹੈ। ਪੂਰੀ ਗੁਰਬਾਣੀ ਦੀ ਰਚਨਾ ਪਰਮਾਤਮਾ ਨੇ ਆਪ ਹੀ ਆਪਣੀ ਜੋਤਿ ਦੁਆਰਾ ਕੀਤੀ ਹੈ, ਆਪਣੇ ਗਿਆਨ ਦੁਆਰਾ ਕੀਤੀ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ, ਗਿਆਨ ਰੂਪ ਵਿਚ ਭਾਵ ਬ੍ਰਹਮਗਿਆਨ ਰੂਪ

35/4211

ਵਿਚ, ਨਾਮ ਰੂਪ ਵਿਚ ਗੁਰੂ ਹੈ। ਜਿਸ ਦੀ ਪ੍ਰਮਾਤਮਾ ਦੇ ਨਾਲ ਲਿਵ ਜੁੜਦੀ ਹੈ, ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਰਾਹੀਂ ਹੀ ਜੁੜਦੀ ਹੈ ਜਿਸ ਦੁਆਰਾ ਪਰਮਾਤਮਾ ਕੋਲੋਂ ਉਸਦਾ ਸੱਚਾ ਗਿਆਨ ਮਿਲਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲਿਆ ਹੈ। (**ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥ ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥**)

ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਕੇਵਲ ਉਹ ਹੀ ਜਾਣਦੇ ਹਨ ਕਿ ਪ੍ਰਮਾਤਮਾ ਸਾਡੇ ਅੰਦਰ ਤੇ ਸਭ ਜਗ੍ਹਾ, ਸਭ ਵਿਚ ਆਪਣੇ ਗਿਆਨ ਰੁਪ ਵਿਚ ਹੀ ਵਿਚਰ ਰਿਹਾ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੇ ਗਿਆਨ ਰਾਹੀਂ ਭਾਵ ਮਨ ਦੀ ਸੋਝੀ ਰਾਹੀਂ ਹੀ ਕਰਦੇ ਹਾਂ ਤੇ ਭਗਤੀ ਮਨ ਦੀ ਸੋਝੀ ਦੁਆਰਾ ਹੀ ਹੁੰਦੀ ਹੈ ਜੋ ਭਗਤੀ ਪ੍ਰਮਾਤਮਾ ਮਨ ਦੇ ਵਿਚ ਪ੍ਰਗਟ ਹੋ ਕੇ ਆਪ ਹੀ ਕਰਾਉਂਦਾ ਹੈ, ਮਨ ਦੇ ਗਿਆਨ ਰਾਹੀਂ ਕਰਾਉਂਦਾ ਹੈ ਜਿਸ ਨੂੰ ਕਿ ਹੇਠ ਦਿਤੀਆਂ ਪੰਗਤੀਆਂ ਰਾਹੀਂ ਹਰ ਕੋਈ ਸਮਝ ਸਕਦਾ ਹੈ ਤੇ ਇਹ ਵੀ ਸਮਝ ਲਗ ਜਾਂਦੀ ਹੈ ਕਿ ਪ੍ਰਮਾਤਮਾ ਸਭ ਦੀ ਪਹੁੰਚ ਤੋਂ ਬਾਹਰ ਕਿਸ ਕਰਕੇ ਹੈ ਜਿਸ ਲਈ ਉਸ ਨੂੰ ਆਪਣੇ ਆਪ ਕੋਈ ਨਹੀਂ ਜਾਣ ਸਕਦਾ।

“ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥

ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥"

(ਅੰਗ - ੬੩੪)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਪ੍ਰਮਾਤਮਾ ਦਾ ਉਹ ਕਿਹੜਾ ਰੂਪ ਸਮਝਾਇਆ ਹੋਇਆ ਹੈ ਜੋ ਸਾਡੀ ਪਹੁੰਚ ਤੋਂ ਬਾਹਰ ਹੈ ਭਾਵ ਸਭ ਦੇ ਲਈ ਅਗੰਮ ਹੈ। ਪ੍ਰਮਾਤਮਾ ਦਾ ਇਹ ਰੂਪ "ਗਿਆਨ" ਰੂਪ ਹੈ ਜੋ ਕਿ ਪ੍ਰਮਾਤਮਾ ਦਾ ਨਿਰਗੁਣ ਰੂਪ ਹੈ। ਕੇਵਲ ਇਕ ਗਿਆਨ ਹੀ ਉਹ ਤੱਤ ਹੈ ਜੋ ਪੰਜਾਂ ਤੱਤਾਂ ਤੋਂ ਬਾਹਰ ਹੈ। ਪੰਜ ਤੱਤ ਆਕਾਰ ਰੂਪ ਵਿਚ ਹਨ ਤੇ ਛੇਵਾਂ ਤੱਤ ਨਿਰਗੁਣ ਰੂਪ ਹੈ, ਆਕਾਰ ਰਹਿਤ ਰੂਪ ਹੈ ਜਿਸ ਨੂੰ ਸਰੀਰਕ ਅੱਖਾਂ ਦੁਆਰਾ ਨਹੀਂ ਦੇਖਿਆ ਜਾ ਸਕਦਾ। ਇਹ ਛੇਵਾਂ ਤੱਤ ਸਾਡੇ ਅੰਦਰ ਮਨ ਦੇ ਰੂਪ ਵਿਚ ਹੈ ਭਾਵ ਗਿਆਨ ਦੇ ਰੂਪ ਵਿਚ ਹੈ। ਪੰਜਾਂ ਤੱਤਾਂ ਨੂੰ ਬਨਾਉਣ ਵਾਲਾ ਇਹ ਛੇਵਾਂ ਤੱਤ ਹੈ ਜਿਸ ਤੱਤ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ। ਪੰਜਾਂ ਤੱਤਾਂ ਨੂੰ ਬਨਾਉਣ ਵਾਲਾ ਤੇ ਚਲਾਉਣ ਵਾਲਾ ਇਹ ਛੇਵਾਂ ਤੱਤ ਹੈ। ਇਹ ਛੇਵਾਂ ਤੱਤ ਕੀ ਹੈ ਤੇ ਕਿਥੋਂ ਆਉਂਦਾ ਹੈ ਇਸ ਦੀ ਸਮਝ ਕੇਵਲ ਉਸ ਨੂੰ ਹੀ ਲਗ ਸਕਦੀ ਹੈ ਜੋ ਆਪਣੇ ਅੰਦਰੋਂ ਇਸ ਛੇਵੇਂ ਤੱਤ ਨੂੰ, ਗਿਆਨ ਰੂਪ ਤੱਤ ਨੂੰ ਪਹਿਚਾਣ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਹਿਚਾਣਿਆ ਹੈ। ਇਹ ਛੇਵਾਂ ਤੱਤ "ਸਬਦੁ" ਰੂਪ ਵਿਚ ਹੈ, ਨਾਮ ਰੂਪ ਵਿਚ ਹੈ ਤੇ ਸਭ ਦੇ ਅੰਦਰ ਹੀ ਹੈ ਜੋ ਇਸ ਪੰਜਾਂ ਤੱਤਾਂ ਦੇ ਸਰੀਰ ਨੂੰ ਬਣਾਕੇ ਉਸ ਨੂੰ ਚਲਾ ਰਿਹਾ ਹੈ। ਸਾਡੇ ਅੰਦਰ ਗਿਆਨ ਤੱਤ ਦੇ ਹੋਏ ਬਿਨਾ ਇਸ ਪੰਜ ਤੱਤਾਂ ਵਾਲੇ ਸਰੀਰ ਦਾ ਕੋਈ ਵਜੂਦ ਹੀ ਨਹੀਂ ਬਣਦਾ ਤੇ

35/4212

ਨਾ ਹੀ ਇਸ ਪੰਜ ਤੱਤਾਂ ਵਾਲੇ ਸਰੀਰ ਦਾ ਕੋਈ ਮਨੋਰਥ ਰਹਿ ਜਾਂਦਾ ਹੈ। ਸਭ ਸਰੀਰਾਂ ਨੂੰ ਚਲਾਉਣ ਵਾਲਾ, ਹਰ ਵਸਤੂ ਨੂੰ, ਹਰ ਆਕਾਰ ਰੂਪ ਨੂੰ ਚਲਾਉਣ ਵਾਲਾ "ਗਿਆਨੁ" ਰੂਪ ਤੱਤ ਹੀ ਹੈ ਜਿਸ ਤੋਂ ਬਿਨਾ ਕਿਸੇ ਆਕਾਰ ਰੂਪ ਦਾ ਮਨੋਰਥ ਹੀ ਪੂਰਾ ਨਹੀਂ ਹੁੰਦਾ। ਮਨੁੱਖੀ ਸਰੀਰ ਦਾ ਮਨੋਰਥ ਇਸ ਸੰਸਾਰ ਵਿਚ ਵਿਚਰਨ ਦਾ ਹੈ ਭਾਵ ਕਰਮ ਕਰਨ ਦਾ ਹੈ। ਸਾਡੇ ਪੰਜ ਤੱਤ ਰੂਪ ਸਰੀਰ ਨੂੰ ਹਰਕਤ ਵਿਚ ਲਿਆਉਣ ਵਾਲਾ ਸਾਡੇ ਅੰਦਰ ਦਾ ਗਿਆਨ ਰੂਪ ਤੱਤ ਹੀ ਹੈ। ਇਹ ਤੱਤ ਸਾਇੰਟਿਫਿਕ ਹੈ ਭਾਵ ਸਾਇੰਸ ਦਾ ਮੂਲ ਹੈ ਜਿਸਨੂੰ ਸਮਝਣਾ ਭਾਵ ਸਾਇੰਸ ਦੇ ਮੂਲ ਨੂੰ ਸਮਝਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ। ਸੰਸਾਰ ਦੇ ਵੱਡੇ ਵਿਗਿਆਨੀਆਂ ਨੇ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਸੰਸਾਰ ਦੀ ਰਚਨਾ ਕਿਵੇਂ ਹੋਈ ਹੈ ਪਰ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਿਆ। ਆਪਣੇ ਸਾਰੇ ਤਜਰਬੇ ਕਰਨ ਤੋਂ ਬਾਅਦ ਉਹ ਵੱਧ ਤੋਂ ਵੱਧ ਇਸ ਨਤੀਜੇ ਤੱਕ ਪਹੁੰਚੇ ਹਨ ਕਿ ਅਸੀਂ ਸਭ ਤੋਂ ਸੂਖਮ ਪਾਰਟੀਕਲ ਨੂੰ ਜਾਣ ਲਿਆ ਹੈ ਪਰ ਉਹ ਸੂਖਮ ਤੋਂ ਸੂਖਮ ਪਾਰਟੀਕਲ ਵੀ ਆਕਾਰ ਰੂਪ ਹੀ ਹੈ ਭਾਵ ਪੰਜਾਂ ਤੱਤਾਂ ਦਾ ਹਿੱਸਾ ਹੀ ਹੈ ਜਿਸ ਨੂੰ ਕਿ ਗਾਡ ਪਾਰਟੀਕਲ ਦਾ ਨਾਮ ਦਿੱਤਾ ਗਿਆ ਹੈ ਪਰ ਇਹ ਗਾਡ ਪਾਰਟੀਕਲ ਆਇਆ ਕਿਥੋਂ ਹੈ, ਇਸ ਪਾਰਟੀਕਲ ਦਾ ਮੂਲ ਕੀ ਹੈ, ਇਸ ਨੂੰ ਬਣਾਇਆ ਕਿਸ ਨੇ ਹੈ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ। ਪਰਮਾਤਮਾ ਨੇ ਕਿਸੇ ਦੇ ਮਨ ਦੇ ਵਿਚ ਉਹ ਸੋਝੀ ਹੀ ਨਹੀਂ ਪਾਈ ਜੋ ਆਕਾਰ ਰੂਪ ਦੇ ਮੂਲ ਨੂੰ ਸਮਝ ਸਕੇ। ਅਸੀਂ ਸਾਇੰਟਿਫਿਕ ਤਰੀਕੇ ਨਾਲ ਹੋਰ ਸਭ ਕੁਝ ਸਮਝ ਸਕਦੇ ਹਾਂ ਪਰ ਸਾਇੰਸ ਦੇ ਮੂਲ ਨੂੰ ਨਹੀਂ ਸਮਝ ਸਕਦੇ। ਸਾਇੰਸ ਦਾ ਮੂਲ ਆਪ "ਗਿਆਨੁ" ਹੈ ਭਾਵ ਆਪ ਪ੍ਰਮਾਤਮਾ ਹੈ ਜੋ ਆਪ ਹੀ ਸਾਨੂੰ ਸਭ ਸੋਝੀ ਪਾਉਣ ਵਾਲਾ ਹੈ ਤੇ ਸਭ ਦੇ ਅੰਦਰ ਹੀ ਵਿਚਰ ਰਿਹਾ ਹੈ। ਸਾਡੇ ਮਨ ਦੀ ਸੋਝੀ ਕੇਵਲ ਉਸ ਦੇ ਹਥ ਵਿਚ ਹੀ ਹੈ ਤੇ ਜਿਸ ਨੂੰ ਪਰਮਾਤਮਾ ਆਪਣਾ ਇਹ "ਗਿਆਨੁ" ਰੂਪ ਦਿਖਾਉਂਦਾ ਹੈ ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਰਜਾ ਹੈ ਜਿਸ ਉੱਤੇ ਮਨੁੱਖ ਦਾ ਕੋਈ ਜੋਰ ਨਹੀਂ ਹੈ। ਜੇਕਰ ਸਾਡੀ ਸੋਚ ਸਾਡੇ ਵੱਸ ਹੋਵੇ ਤਾਂ ਫਿਰ ਅਸੀਂ ਜੋ ਵੀ ਕਰਮ ਕਰੀਏ ਉਹ ਅਸੀਂ ਆਪਣੀ ਇੱਛਾ ਅਨੁਸਾਰ ਕਰ ਸਕਦੇ ਹਾਂ ਪਰ ਅਸੀਂ ਕਿਹੋ ਜਿਹੇ ਕਰਮ ਕਰਦੇ ਹਾਂ ਇਸੇ ਲਈ ਉਹ ਸਾਡੇ ਵੱਸ ਨਹੀਂ ਹਨ। ਭਗਤੀ ਦਾ ਮਾਰਗ ਸਾਡੇ ਕਰਮਾਂ ਨਾਲ ਜੁੜਿਆ ਹੋਇਆ ਹੈ ਭਾਵ ਜਦੋਂ ਅਸੀਂ ਮਾੜੇ ਕਰਮ ਕਰਦੇ ਹਾਂ ਉਹ ਅਸੀਂ ਭਗਤੀ ਦੇ

35/4213

ਉਲਟ ਚਲਦੇ ਹਾਂ। ਜਿਸ ਕੋਲੋਂ ਪਰਮਾਤਮਾ ਆਪਣੀ ਸੱਚੀ ਭਗਤੀ ਕਰਵਾਉਂਦਾ ਹੈ ਉਹ ਆਪ ਹੀ ਕਰਵਾਉਂਦਾ ਹੈ, ਮਨ ਦੇ ਵਿਚ ਸੁਕਰਮ ਭਾਵ ਚੰਗੇ ਕਰਮ ਕਰਨ ਵਾਲੇ ਵਿਚਾਰ ਦੇ ਕੇ ਆਪ ਹੀ ਕਰਵਾਉਂਦਾ ਹੈ। ਭਗਤੀ ਦੀ ਸੋਝੀ ਪਾਉਣ ਵਾਲਾ ਵੀ ਉਹ ਆਪ ਹੈ ਤੇ ਆਪਣੀ ਭਗਤੀ ਕਰਵਾਉਣ ਵਾਲਾ ਵੀ ਉਹ ਆਪ ਹੈ। ਜਿੰਨ੍ਹਾਂ ਨੂੰ ਪਰਮਾਤਮਾ ਨੇ ਆਪਣੀ ਭਗਤੀ ਸਮਝਾਈ

ਹੈ ਉਨਾਂ ਨੇ ਆਪ ਆਪਣੇ ਜੀਵਨ ਵਿਚ ਸੁਕਰਮ ਕੀਤੇ ਹਨ ਤੇ ਉਹੋ ਭਗਤੀ ਦਾ ਮਾਰਗ ਸਾਰੇ ਸੰਸਾਰ ਨੂੰ ਸਮਝਾਇਆ ਹੈ। (**ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥**) ਪਰਮਾਤਮਾ ਦੀ ਭਗਤੀ ਭਾਵ ਸੱਚੇ ਸੁੱਚੇ ਕਰਮ ਮਨ ਦੀ ਜੂਠ ਉਤਰਣ ਦੁਆਰਾ ਹੀ ਹੁੰਦੇ ਹਨ ਭਾਵ ਮਾੜੇ ਵਿਚਾਰ ਨਿਕਲਣ ਦੁਆਰਾ ਹੀ ਹੁੰਦੇ ਹਨ, ਭਗਤੀ ਦਾ ਭਰਮ ਨਿਕਲਣ ਦੁਆਰਾ ਭਾਵ ਜਿੰਨਾ ਤਰੀਕਿਆਂ ਨੂੰ ਅਸੀਂ ਆਪਣੀ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ ਉਹ ਵਿਚਾਰ ਛੱਡਣ ਦੁਆਰਾ ਹੀ ਹੁੰਦੇ ਹਨ ਭਾਵ ਮਨ ਦਾ ਭਰਮ ਨਿਕਲਣ ਦੁਆਰਾ ਹੀ ਹੁੰਦੇ ਹਨ, ਗੁਰਮਤਿ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਹੁੰਦੇ ਹਨ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

“ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥”

ਪਰਮਾਤਮਾ ਦੀ ਭਗਤੀ ਮਨ ਦੇ ਵਿਚ ਪਰਮਾਤਮਾ ਦਾ “ਭੈ” ਵੱਸਣ ਦੁਆਰਾ ਹੀ ਹੁੰਦੀ ਹੈ। ਇਹ “ਭੈ” ਕੀ ਹੈ ਇਸ ਨੂੰ ਅਸੀਂ ਪਿੱਛੇ ਬਰੀਕੀ ਨਾਲ ਵਿਚਾਰਿਆ ਹੈ। ਇਹ “ਭੈ” ਗੁਰੂ ਦੀ ਗੱਲ ਨੂੰ ਮੰਨਣ ਦਾ ਹੈ, ਸੱਚ ਨੂੰ ਮੰਨਣ ਦਾ ਹੈ, ਸ਼ਬਦ ਦੀ ਵਿਚਾਰ ਨੂੰ ਮੰਨਣ ਦਾ ਹੈ ਭਾਵ ਨਾਮ ਨੂੰ ਮੰਨਣ ਦਾ ਹੈ, ਆਪਣੀ ਹਉਮੈ ਛੱਡਣ ਦਾ ਹੈ, ਮਾਇਆ ਮੋਹ ਛੱਡਣ ਦਾ ਹੈ ਭਾਵ ਮਨਮਤਿ ਛੱਡਣ ਦਾ ਹੈ ਤੇ ਗੁਰਮਤਿ ਨੂੰ ਅਪਨਾਉਣ ਦਾ ਹੈ। ਸਾਡੀ ਮਨਮਤਿ ਹੀ ਸਾਡੇ ਮਨ ਦੀ ਜੂਠ ਹੈ ਭਾਵ ਸਾਡੇ ਅੰਦਰ ਦੀ ਜੂਠ ਹੈ। ਜਿਸ ਦਾ ਮਨ ਜੂਠਾ ਹੈ ਉਸਦਾ ਮੁਖ ਵੀ ਜੂਠਾ ਹੈ ਭਾਵ ਜਿਸਦਾ ਮਨ ਸੱਚਾ ਹੈ ਉਸਦਾ ਮੁਖਿ ਵੀ ਸੱਚਾ ਹੈ। ਆਪਣੀ ਭਗਤੀ ਦੀ ਸੱਚੀ ਸੋਝੀ ਪਾਉਣ ਦੁਆਰਾ ਮਨ ਦੇ ਵਿਚਾਰਾਂ ਰਾਹੀਂ, ਸ਼ਬਦ ਦੇ ਵਿਚਾਰਾਂ ਰਾਹੀਂ ਪਰਮਾਤਮਾ ਮਨੁੱਖ ਦੇ ਮਨ ਦੀ ਮੈਲ ਹੀ ਧੋਂਦਾ ਹੈ, ਅਗਿਆਨਤਾ ਦੀ ਮੈਲ ਹੀ ਧੋਂਦਾ ਹੈ। ਇਹ ਮਨ ਦੀ ਮੈਲ ਕੇਵਲ ਪਰਮਾਤਮਾ ਆਪ ਹੀ ਧੋ ਸਕਦਾ ਹੈ ਭਾਵ ਸਾਡੇ

ਅੰਦਰੋਂ ਅਗਿਆਨਤਾ ਦੀ ਮੈਲ, ਹਉਮੈ ਦੀ ਮੈਲ ਪਰਮਾਤਮਾ ਆਪ ਹੀ ਧੋਂਦਾ ਹੈ। ਮਨ ਦੀ ਮੈਲ ਕੇਵਲ ਸੱਚੇ ਗਿਆਨ ਦੁਆਰਾ ਧੁੱਪਦੀ ਹੈ, ਬ੍ਰਹਮਗਿਆਨ ਦੁਆਰਾ ਧੁੱਪਦੀ ਹੈ ਤੇ ਉਸਨੂੰ ਧੋਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਪਰਮਾਤਮਾ ਆਪ “ਗਿਆਨੁ” ਰੂਪ ਹੈ ਤੇ ਇਸ ਲਈ ਉਹ ਆਪ ਹੀ ਸਾਰੇ ਮਨ ਦੀ ਮੈਲ ਧੋ ਸਕਦਾ ਹੈ। ਮਨੁੱਖ ਆਪਣੇ ਮਨ ਦੀ ਅਗਿਆਨਤਾ ਦੀ ਮੈਲ ਆਪ ਨਹੀਂ ਧੋ ਸਕਦਾ ਤੇ ਇਸੇ ਲਈ ਕੋਈ ਆਪਣੇ ਅੰਦਰੋਂ ਪਰਮਾਤਮਾ ਨੂੰ ਨਹੀਂ ਜਾਣ ਸਕਦਾ। ਪਰਮਾਤਮਾ ਆਪਣੇ “ਗਿਆਨੁ” ਰੂਪ ਵਿਚ ਭਾਵ ਆਪਣੇ ਨਿਰੰਕਾਰ ਰੂਪ ਵਿਚ “ਅਗੰਮ” ਹੈ ਭਾਵ ਕਿਸੇ ਵੀ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ। ਪਰਮਾਤਮਾ ਆਪਣਾ ਇਹ ਰੂਪ ਕੇਵਲ ਆਪਣੀ ਰਜ਼ਾ ਦੁਆਰਾ ਹੀ ਦਿਖਾਉਂਦਾ ਹੈ, ਅਰਬਾਂ ਖਰਬਾਂ ਵਿਚੋਂ ਕਿਸੇ ਵਿਰਲੇ ਨੂੰ ਹੀ ਦਿਖਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿਖਾਇਆ ਹੈ। ਜਦ ਤਕ ਉਹ ਆਪ ਆਪਣਾ ਰੂਪ ਕਿਸੇ ਨੂੰ ਨਹੀਂ ਦਿਖਾਉਂਦਾ ਉਹ ਸਭ ਲਈ ਅਗੰਮ ਹੀ ਹੈ। (**ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥ ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥5॥**)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ - ੪੫੬)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੨॥}

(ਅੰਗ - ੧੧੫੨)

{ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥
ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥

ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥੧੬॥੪੯॥}

(ਅੰਗ - ੩੨)

35/4215

{ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥}

(ਅੰਗ - ੬੮)

{ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥੧॥ ਰਹਾਉ ॥}

(ਅੰਗ - ੧੨੯)

{ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ ॥
ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ ॥੩॥}

(ਅੰਗ - ੨੧੩)

{ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥
ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥੩॥
ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥
ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥੪॥}

(ਅੰਗ - ੨੧੬)

{ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥ }

(ਅੰਗ - ੨੫੦)

{"ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥
ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥"}

(ਅੰਗ - ੨੫੦)

ਪਰਮਾਤਮਾ ਦਾ ਆਪਣਾ ਮੂਲ ਰੂਪ ਉਸ ਦਾ ਗਿਆਨ ਰੂਪ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਤੇ ਪ੍ਰਮਾਤਮਾ ਦਾ ਇਹ ਨਿਰੰਕਾਰ ਰੂਪ ਹੀ ਆਕਾਰ ਰੂਪ ਨੂੰ ਬਨਾਉਣ ਵਾਲਾ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਸਭ ਸਰਗੁਣ ਰੂਪ ਵੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਉਸ ਦਾ ਆਪਣਾ ਰਚਿਆ ਹੋਇਆ ਰੂਪ ਹੈ ਜਿਸ ਕਰਕੇ ਹਰ ਵਸਤੂ ਦਾ ਉਹ ਆਪ ਹੀ ਮਾਲਕ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਸਾਨੂੰ ਇਸ ਗੱਲ ਦੀ ਸਮਝ ਲਗ ਜਾਣੀ ਕਿ ਸਭ ਕੁਝ ਪ੍ਰਮਾਤਮਾ ਆਪ ਹੈ ਇਹੀ ਪ੍ਰਮਾਤਮਾ ਨੂੰ ਜਾਨਣਾ ਹੈ। ਜਦ ਤਕ ਕਿਸੇ ਵੀ ਵਸਤੂ ਨੂੰ ਅਸੀਂ ਉਸ ਦੀ ਵਖਰੀ ਹੋਂਦ ਕਰਕੇ ਜਾਣਦੇ ਹਾਂ ਤਦ ਤਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣਦੇ ਭਾਵ ਆਪਣੇ ਅੰਦਰੋਂ ਵਿਸ਼ਵਾਸ ਨਾਲ ਇਸ ਗੱਲ ਨੂੰ ਨਹੀਂ ਜਾਣਦੇ। ਹਰ ਵਸਤੂ ਵਿਚ, ਹਰ ਆਕਾਰ ਰੂਪ ਵਿਚ ਅਸੀਂ ਆਪ ਵੀ ਆਉਂਦੇ ਹਾਂ ਤੇ ਜਦ ਤਕ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਨਹੀਂ ਜਾਣਦੇ ਭਾਵ ਜਦ ਤਕ

35/4216

ਮਨੁੱਖੀ ਹੋਂਦ ਨੂੰ ਝੂਠੀ ਹੋਂਦ ਨਹੀਂ ਜਾਣਦੇ ਤਦ ਤਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣਦੇ। ਆਪਣੇ ਆਪ ਨੂੰ ਮੈਂ ਸਮਝਣਾ, ਪ੍ਰਮਾਤਮਾ ਤੋਂ ਵੱਖਰਾ ਸਮਝਣਾ ਸਾਡਾ ਭਰਮ ਹੈ। ਆਪਣੇ ਸਰਗੁਣ ਰੂਪ ਨੂੰ, ਆਕਾਰ ਰੂਪ ਨੂੰ ਜਾਨਣ ਦਾ ਜਰੀਆ ਨਿਰੰਕਾਰ ਰੂਪ ਹੈ ਜਿਸ ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਉਸ ਦਾ ਗਿਆਨ ਰੂਪ ਹੈ। ਜਦ ਤਕ ਪ੍ਰਮਾਤਮਾ ਨੇ ਸਾਨੂੰ ਤ੍ਰੈ ਗੁਣਾਂ ਵਾਲੇ ਗਿਆਨ ਦੀ ਅਵਸਥਾ ਵਿਚ ਰਖਿਆ ਹੋਇਆ ਹੈ ਤਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਭਾਵ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਭਿੰਨ ਹੀ ਸਮਝਦੇ ਹਾਂ। ਸਾਨੂੰ ਸਰਗੁਣ ਰੂਪ ਦੀ ਸੋਝੀ ਮਨ ਦਾ ਗਿਆਨ ਹੀ ਪਾਉਂਦਾ ਹੈ ਭਾਵ ਪਰਮਾਤਮਾ ਦਾ ਨਿਰਗੁਣ ਰੂਪ ਹੀ ਪਾਉਂਦਾ ਹੈ ਤੇ ਪ੍ਰਮਾਤਮਾ ਦਾ ਉਹ ਨਿਰਗੁਣ ਰੂਪ ਬ੍ਰਹਮਗਿਆਨ ਦੇ ਰੂਪ ਵਿਚ ਹੈ। ਜਦੋਂ ਵੀ ਪ੍ਰਮਾਤਮਾ ਕਿਸੇ ਨੂੰ ਸਰਗੁਣ ਰੂਪ ਦੀ, ਆਕਾਰ ਰੂਪ ਦੀ ਸੋਝੀ ਪਾਉਂਦਾ ਹੈ, ਇਸ ਸੰਸਾਰ ਦੇ ਸੱਚ ਦੀ ਸੋਝੀ ਪਾਉਂਦਾ ਹੈ ਉਹ ਆਪਣੇ ਨਿਰਗੁਣ ਰੂਪ ਦੁਆਰਾ ਹੀ ਪਾਉਂਦਾ ਹੈ ਜਿਸ ਰਾਹੀਂ ਮਨੁੱਖ ਨੂੰ ਸਮਝ ਲਗਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾ ਸੰਸਾਰ ਵਿਚ ਕੁਝ ਵੀ ਹੋਰ ਸਮਝਣਾ ਕੇਵਲ ਸਾਡੇ ਮਨ ਦਾ ਭਰਮ ਹੈ ਭਾਵ ਸਾਡੇ ਅੰਦਰ ਦੇ ਤ੍ਰੈ ਗੁਣਾਂ ਵਾਲੀ ਅਵਸਥਾ ਹੈ। (**ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥**)

ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ ਨਿਰਗੁਣ ਰੂਪ ਵਿਚ ਭਾਵ ਨਿਰੰਕਾਰ ਰੂਪ ਵਿਚ ਹੀ ਹੈ ਜੋ ਰੂਪ ਉਸ ਦਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿਚ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਨਾਲ ਜੋੜਦਾ ਹੈ ਉਸ ਨੂੰ ਆਪਣੇ ਸ਼ਬਦਾਂ ਦੀ ਵਿਚਾਰ ਦੇ ਨਾਲ ਹੀ ਜੋੜਦਾ ਹੈ, ਸ਼ਬਦਾਂ ਦੇ ਸੱਚੇ ਗਿਆਨ ਰਾਹੀਂ ਜੋੜਦਾ ਹੈ ਜਿਸ ਰਾਹੀਂ ਉਹ ਆਪਣੀ ਸੱਚੀ ਗੁਰਮਤਿ ਦੀ ਸੋਝੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੇ ਨਿਰੰਕਾਰ ਰੂਪ ਨਾਲ ਜੋੜਿਆ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥
ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥”

(ਅੰਗ - ੯੦੪)

ਬੜੇ ਹੀ ਧਿਆਨ ਨਾਲ ਸਮਝੋ ਕਿ ਸਾਨੂੰ ਉਪਰਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਪਰਮਾਤਮਾ ਦੇ ਨਿਰੰਕਾਰ ਰੂਪ ਦੇ ਨਾਲ ਜੁੜਣ ਲਈ ਕਿਹੜਾ ਤਰੀਕਾ ਸਮਝਾਇਆ ਹੋਇਆ ਹੈ। ਜਿਸ ਰੂਪ ਵਿਚ ਪਰਮਾਤਮਾ ਆਪ ਨਿਰੰਕਾਰ ਰੂਪ ਹੈ ਉਸਦੇ ਉਸੇ ਰੂਪ ਨਾਲ ਜੁੜ ਕੇ ਹੀ ਅਸੀਂ ਉਸਦੇ ਨਿਰੰਕਾਰ ਰੂਪ ਵਿਚ ਰਲ ਸਕਦੇ ਹਾਂ ਭਾਵ ਉਸਦੇ ਨਾਲ ਮੇਲ ਕਰ ਸਕਦੇ ਹਾਂ। ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਿਆ ਹੈ ਕਿ ਪਰਮਾਤਮਾ

ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ, ਨਾਮ ਦੇ ਰੂਪ ਵਿਚ ਹੈ ਭਾਵ ਬ੍ਰਹਮਗਿਆਨ ਦੇ ਰੂਪ ਵਿਚ ਹੈ। ਇਹ ਬ੍ਰਹਮ ਗਿਆਨ ਰੂਪ ਹੀ ਪਰਮਾਤਮਾ ਦਾ ਨਿਰੰਕਾਰ ਰੂਪ ਹੈ ਭਾਵ ਆਕਾਰ ਰਹਿਤ ਰੂਪ ਹੈ ਭਾਵ ਪੰਜਾਂ ਤੱਤਾਂ ਤੋਂ ਰਹਿਤ ਰੂਪ ਹੈ। ਪਰਮਾਤਮਾ ਪੰਜ ਤੱਤਾਂ ਦੇ ਬਣਾਉਣ ਵਾਲਾ ਹੈ ਤੇ ਜਿਸ “ਤਤੁ” ਦੁਆਰਾ ਪਰਮਾਤਮਾ ਨੇ ਮਾਇਆ ਰੂਪ ਵਿਚ ਪੰਜ ਤਤੁ ਬਣਾਏ ਹਨ। ਇਹ ਤਤੁ, ਨਿਰਗੁਣ ਰੂਪ ਤਤੁ ਗਿਆਨ ਤੱਤ ਹੈ ਭਾਵ ਛੇਹਵਾਂ ਤਤੁ ਹੈ ਜਿਸਨੂੰ ਹੋਰ ਕੋਈ ਨਹੀਂ ਬਣਾ ਸਕਦਾ। ਇਹ ਪਰਮਾਤਮਾ ਦਾ ਆਪਣਾ ਤਤੁ ਹੈ ਜਿਸ ਦੁਆਰਾ ਉਸਨੇ ਸਾਰੇ ਸੰਸਾਰ ਨੂੰ ਬਣਾਇਆ ਹੈ ਤੇ ਉਸਨੂੰ ਚਲਾ ਰਿਹਾ ਹੈ। ਜਿਸਨੂੰ ਪਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸਨੂੰ ਆਪਣੇ ਇਸ ਤਤੁ ਵਿਚ ਹੀ ਰਲਾਉਂਦਾ ਹੈ ਭਾਵ ਗਿਆਨ ਤਤੁ ਵਿਚ ਹੀ ਰਲਾਉਂਦਾ ਹੈ ਜੋ ਤੱਤ ਉਸਦਾ ਨਿਰੰਕਾਰ ਰੂਪ ਹੈ। (**ਸਬਦੁ ਬੀਚਾਰਿ ਭਏ ਨਿਰੰਕਾਰੀ ॥**)

ਪਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜਣ ਨਾਲ ਮਨੁੱਖ ਨੂੰ ਪ੍ਰਾਪਤੀ ਕਿਸ ਰੂਪ ਵਿਚ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੈ।

“ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥”

ਸਮਝੋ ਕਿ ਪਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ। ਪਰਮਾਤਮਾ ਦਾ ਇਹ ਨਿਰੰਕਾਰ ਰੂਪ ਗੁਰਮਤਿ ਦਾ ਸੱਚਾ ਗਿਆਨ ਹੈ ਜੋ ਸਾਨੂੰ ਮਨ ਦੀ ਸੋਝੀ ਰਾਹੀਂ ਜਗਾਉਂਦਾ ਹੈ। ਹਰ ਕੋਈ ਗੁਰਮਤਿ ਦੀ ਸੋਝੀ ਪਏ ਬਿਨਾ ਦੁਰਮਤਿ ਵਿਚ ਹੀ ਹੈ, ਮਨਮਤਿ ਵਿਚ ਹੀ ਹੈ, ਮਾਇਆ ਮੋਹ ਵਿਚ, ਹਉਮੈ ਵਿਚ ਹੀ ਹੈ ਜਿਸ ਅਵਸਥਾ ਦੇ ਰਹਿੰਦਿਆਂ ਹਰ ਕੋਈ ਸੁੱਤਾ ਹੋਇਆ ਹੀ ਹੈ ਭਾਵ

ਅਗਿਆਨਤਾ ਵਿਚ ਸੁੱਤਾ ਹੋਇਆ ਹੀ ਹੈ। ਸ਼ਬਦ ਦੀ ਵਿਚਾਰ ਦਾ ਮਕਸਦ, ਸਾਡੇ ਮਨ ਨੂੰ ਜਗਾਉਣ ਨਾਲ ਹੀ ਹੈ, ਭਰਮ ਵਿਚੋਂ ਜਗਾਉਣ ਲਈ ਹੀ ਹੈ। ਮਨ ਦੀ ਮਾੜੀ ਸੋਝੀ ਕਰਕੇ ਹਰ ਕੋਈ ਸੁੱਤਾ ਹੋਇਆ ਹੈ, ਸੱਚ ਨੂੰ ਜਾਨਣ ਤੋਂ, ਪਰਮਾਤਮਾ ਨੂੰ ਜਾਨਣ ਤੋਂ ਸੁੱਤਾ ਹੋਇਆ ਹੀ ਹੈ ਤੇ ਪਰਮਾਤਮਾ ਦਾ ਨਿਰਗੁਣ ਰੂਪ ਸਾਨੂੰ ਸਾਡੀ ਮਾੜੀ ਮਤਿ ਵਿਚੋਂ ਜਗਾਉਂਦਾ ਹੈ ਤੇ ਸਾਡੇ ਅੰਦਰ ਗੁਰਮਤਿ ਰੂਪ ਵਿਚ ਪ੍ਰਗਟ ਹੋ ਕੇ ਸਾਨੂੰ ਦੁਰਮਤਿ ਵਿਚੋਂ ਕੱਢ ਲੈਂਦਾ ਹੈ। ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਸਾਡੀ ਮਾੜੀ ਮਤਿ ਵਿਚੋਂ ਕਢਣ ਦਾ ਹੀ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ ਜਿਸਦਾ ਮਕਸਦ

35/4218

ਸਾਨੂੰ ਭਰਮ ਵਾਲੀ ਮਤਿ ਵਿਚੋਂ ਕਢਣ ਦਾ ਹੀ ਹੈ। ਸ਼ਬਦ ਦੀ ਵਿਚਾਰ ਨੂੰ ਮੰਨੇ ਬਿਨਾ ਭਾਵ ਆਪਣੇ ਅੰਦਰ ਵਸਾਏ ਬਿਨਾ ਕੋਈ ਦੁਰਮਤਿ ਵਿਚੋਂ ਨਹੀਂ ਨਿਕਲ ਸਕਦਾ। ਸਾਰਾ ਦਿਨ ਸ਼ਬਦ ਦੀ ਵਿਚਾਰ ਨੂੰ ਰੱਟੀ ਜਾਈਏ, ਕਿਸੇ ਸ਼ਬਦ ਨੂੰ, ਕਿਸੇ ਅੱਖਰ ਨੂੰ ਰੱਟੀ ਜਾਈਏ ਉਸ ਨਾਲ ਸਾਡੀ ਦੁਰਮਤਿ ਕਿਵੇਂ ਨਿਕਲ ਸਕਦੀ ਹੈ ਤੇ ਅਸੀਂ ਆਪਣੀ ਸੁੱਤੀ ਹੋਈ ਮਤਿ ਤੋਂ ਕਿਵੇਂ ਜਾਗ ਸਕਦੇ ਹਾਂ। (**ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥**)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥}

(ਅੰਗ - ੩੭੫)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ - ੨੨੫)

ਮੁਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝੋ ਕਿ ਅਸੀਂ ਮੁਕਤੀ ਕਿਸ ਗੱਲ ਤੋਂ ਲੈਣੀ ਹੈ ਤੇ ਸਾਨੂੰ ਮੁਕਤੀ ਮਿਲਣੀ ਕਿਸ ਰੂਪ ਵਿਚ ਹੈ। ਮੁਕਤਿ ਅਸੀਂ ਮਨ ਦੀ ਮਾੜੀ ਸੋਝੀ ਤੋਂ ਹੀ ਹੋਣਾ ਹੈ, ਭਰਮ ਵਾਲੀ ਸੋਝੀ ਤੋਂ ਭਾਵ ਦੁਰਮਤਿ ਤੋਂ ਹੀ ਹੋਣਾ ਹੈ ਤੇ ਸਾਨੂੰ ਮੁਕਤ ਗੁਰਮਤਿ ਨੇ ਕਰਨਾ ਹੈ ਭਾਵ ਗੁਰਮਤਿ ਵਾਲੇ ਗਿਆਨ ਨੇ ਕਰਨਾ ਹੈ।

“ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥4॥”

ਸਾਡਾ ਅਨਦਿਨ ਜਾਗਣਾ ਕੀ ਹੈ ਤੇ ਪ੍ਰਮਾਤਮਾ ਨਾਲ ਲਿਵ ਜੁੜਨੀ ਕੀ ਹੈ ਇਹ ਸਭ ਕੁਝ ਸਾਡੇ ਮਨ ਦੀ ਸੋਝੀ ਨਾਲ ਭਾਵ ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ ਤੇ ਮੁਕਤੀ ਵੀ ਸਾਡੇ ਅੰਦਰ ਦੀ ਸੋਝੀ ਨਾਲ ਜੁੜੀ ਹੋਈ ਹੈ ਕਿ ਸਾਡੇ ਅੰਦਰ ਭਾਵ ਮਨ ਦੇ ਵਿਚਾਰਾਂ ਵਿਚ ਕਿਹੋ ਜਿਹਾ ਗਿਆਨ ਵਸਿਆ ਹੋਇਆ ਹੈ। ਮਨਮਤਿ, ਦੁਰਮਤਿ ਵੀ ਸਾਡੇ ਮਨ ਦਾ ਗਿਆਨ ਹੈ ਭਾਵ

35/4219

ਸਾਡੇ ਮਨ ਦੀ ਸੋਝੀ ਹੈ ਤੇ ਗੁਰਮਤਿ ਵੀ ਸਾਡੇ ਮਨ ਦਾ ਗਿਆਨ ਹੈ, ਸਾਡੇ ਮਨ ਦੀ ਸੋਝੀ ਹੈ। ਮਨਮਤਿ ਵਾਲੀ ਸੋਝੀ ਦੇ ਰਹਿੰਦਿਆਂ ਅਸੀਂ ਮਨ ਦੇ ਬੰਧਨ ਵਿਚ ਹਾਂ ਭਾਵ ਹਉਮੈ ਵਾਲੀ ਅਵਸਥਾ ਵਿਚ ਅਸੀਂ ਮਨ ਦੇ ਬੰਧਨ ਵਿਚ ਹਾਂ ਤੇ ਇਸ ਬੰਧਨ ਤੋਂ ਮੁਕਤੀ ਸਾਨੂੰ ਗੁਰਮਤਿ ਦੇ ਗਿਆਨ ਦੁਆਰਾ ਮਿਲਦੀ ਹੈ ਭਾਵ ਨਾਮ ਦੁਆਰਾ ਮਿਲਦੀ ਹੈ। ਜਦ ਤਕ ਸਾਡਾ ਮਨ ਸੁੱਤਾ ਹੋਇਆ ਹੈ ਭਾਵ ਅਗਿਆਨਤਾ ਵਿਚ ਸੁੱਤਾ ਹੋਇਆ ਹੈ ਤਦ ਤਕ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਤੇ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਇਸ ਬੰਧਨ ਵਿਚ ਰਖਿਆ ਹੋਇਆ ਹੈ। ਮਨ ਦੇ ਵਿਚੋਂ ਪ੍ਰਮਾਤਮਾ ਦੇ ਦਰਸ਼ਨ ਮਨ ਦੀ ਮੁਕਤੀ ਭਾਵ ਬੰਧਨ ਤੋਂ ਮੁਕਤੀ ਦੁਆਰਾ ਹੀ ਹੁੰਦੇ ਹਨ। ਇਕ ਵਾਰੀ ਜਦੋਂ ਮਨੁੱਖ ਦੀ ਬੰਧਨ ਤੋਂ ਭਾਵ ਮਨ ਦੀ ਅਗਿਆਨਤਾ ਤੋਂ ਮੁਕਤੀ ਹੋ ਜਾਂਦੀ ਹੈ ਉਹ ਮੁਕਤੀ ਸਦਾ ਲਈ ਹੋ ਜਾਂਦੀ ਹੈ ਤੇ ਫਿਰ ਮਨ ਹਰ ਵੇਲੇ, ਅੱਠੇ ਪਹਿਰ ਭਾਵ ਅਨਦਿਨ ਜਾਗਦਾ ਹੀ ਰਹਿੰਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਮਨੁੱਖ ਮਾਇਆ ਮੋਹ ਵਿਚੋਂ, ਵਿਕਾਰਾਂ ਵਿਚੋਂ ਨਿਕਲ ਜਾਂਦਾ ਹੈ ਤੇ ਜਾਗਦੇ ਹੋਏ ਮਨ ਵਿਚ ਫਿਰ ਪੰਜ ਚੋਰ ਨਹੀਂ ਵੜ ਸਕਦੇ ਕਿਉਂਕਿ ਮਨ ਦੇ ਵਿਚਾਰਾਂ ਰਾਹੀਂ, ਮਨ ਦੀ ਸੋਝੀ ਰਾਹੀਂ ਮਨੁੱਖ ਨੂੰ ਇਹ ਸਮਝ ਲਗ ਜਾਂਦੀ ਹੈ ਕਿ ਗੁਰਮਤਿ ਦਾ ਮਕਸਦ ਕੀ ਹੈ, ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੀ ਹੈ, ਨਾਮ ਜਪਣਾ ਕੀ ਹੈ ਜੋ

ਸੋਝੀ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਨਾਲ ਲਿਵ ਜੋੜਨ ਦੁਆਰਾ ਪਾਉਂਦਾ ਹੈ। ਸਾਡੇ ਮਨ ਦੀ ਸੋਝੀ ਦਾ ਮਨ ਦੇ ਵਿਚ ਪ੍ਰਮਾਤਮਾ ਦੀ ਸੋਝੀ ਦੇ ਨਾਲ ਜੁੜਨਾ ਸਾਡੀ ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਹੈ ਜੋ ਸਾਡੇ ਮਨ ਨੂੰ ਸੱਚੇ ਗਿਆਨ ਦੁਆਰਾ ਹਰ ਵੇਲੇ ਜਗਾ ਕੇ ਰੱਖਦੀ ਹੈ ਜਿਸ ਦੁਆਰਾ ਮਨੁੱਖ ਮਨਮਤਿ ਵਿਚੋਂ ਨਿਕਲ ਕੇ ਗੁਰਮਤਿ ਨਾਲ ਜੁੜਿਆ ਰਹਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਿਆ ਰਹਿੰਦਾ ਹੈ, ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜਿਆ ਰਹਿੰਦਾ ਹੈ। (**ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥4॥**)

ਜਦੋਂ ਵੀ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਉਹ ਉਸ ਦੇ ਨਾਲ ਨਿਰੰਕਾਰ ਰੂਪ ਵਿਚ ਹੀ ਹੋਇਆ ਹੈ ਭਾਵ ਗਿਆਨ ਰੂਪ ਵਿਚ ਹੀ ਹੋਇਆ ਹੈ, ਨਾਮ ਰੂਪ ਵਿਚ ਹੀ ਹੋਇਆ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਇੱਕੋ ਹੀ ਹੈ ਜੋ ਕਿ ਆਪਣੇ ਅੰਦਰੋਂ ਅਉਗੁਣਾਂ ਨੂੰ ਤਿਆਗਣ ਦਾ ਹੈ ਭਾਵ ਮਨਮਤਿ ਛੱਡ ਕੇ ਗੁਰਮਤਿ ਨਾਲ ਜੁੜਨ ਦਾ ਹੈ। ਗੁਰਮਤਿ ਨਾਲ ਜੁੜਨਾ ਭਾਵ ਗੁਰੂ ਦੀ ਸੱਚੀ ਮਤਿ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜਨਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

35/4220

“ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥
ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥
ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥”

(ਅੰਗ - ੩੨)

ਆਪਣੇ ਆਪ ਨੂੰ ਪ੍ਰਮਾਤਮਾ ਦੇ ਰੰਗ ਵਿਚ ਰੱਤੇ ਹੋਏ ਕਹਿਣ ਵਾਲੇ ਤਾਂ ਬਹੁਤ ਹਨ ਪਰ ਉਸ ਦੇ ਰੰਗ ਵਿਚ ਰੱਤਣਾ ਕੀ ਹੈ ਇਹ ਸਮਝ ਉਪਰ ਪਹਿਲੀ ਪੰਗਤੀ ਨੂੰ ਸਮਝਕੇ ਹੀ ਲਗ ਜਾਂਦੀ ਹੈ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ, ਭਰਮ ਵਿਚ ਆਪਣੇ ਆਪ ਨੂੰ ਨਾਮ ਰੱਤੇ ਕਹਿਣ ਵਾਲੇ ਵੀ ਸਮਝ ਸਕਦੇ ਹਨ। ਗੁਰੂ ਦੀ ਮਤਿ ਦੇ ਨਾਲ ਰੱਤਣਾ ਹੀ ਗੁਰੂ ਪ੍ਰਮਾਤਮਾ ਦੇ ਰੰਗ ਵਿਚ ਰੱਤਣਾ ਹੈ ਭਾਵ ਗੁਰੂ ਦੇ ਗਿਆਨ ਨਾਲ ਰਤਣਾ ਹੀ ਗੁਰੂ ਨਾਲ ਰਤਣਾ ਹੈ। ਗੁਰਮਤਿ ਸਾਨੂੰ ਅਉਗਣ ਛੱਡਣ ਲਈ ਸਮਝਾਉਂਦੀ ਹੈ, ਹਉਮੈ ਛੱਡਣ ਲਈ ਸਮਝਾਉਂਦੀ ਹੈ ਭਾਵ ਆਪਣੀ ਮਤਿ ਛਡਣ ਲਈ ਸਮਝਾਉਂਦੀ ਹੈ। ਜੋ ਆਪਣੀ ਮਤਿ ਛੱਡ ਦਿੰਦਾ ਹੈ, ਮੈਂ ਛੱਡ ਦਿੰਦਾ ਹੈ, ਵਿਕਾਰਾਂ ਨੂੰ ਛੱਡ ਦਿੰਦਾ ਹੈ ਉਹ ਮਨੋ ਤਨੋ ਗੁਰੂ ਪ੍ਰਮਾਤਮਾ ਦੇ ਰੰਗ ਵਿਚ ਰਤਿਆ ਜਾਂਦਾ ਹੈ ਭਾਵ ਉਸ ਮਨੁੱਖ ਦੇ ਮਨ ਦੇ ਵਿਚ ਗੁਰਮਤਿ ਦਾ ਰੰਗ ਚੜ ਜਾਂਦਾ ਹੈ ਤੇ ਉਹ ਮਨੁੱਖ ਮਨੋ ਤਨੋ ਸੱਚਾ ਸੁੱਚਾ ਹੋ ਕੇ ਵਿਚਰਦਾ ਹੈ। ਇਕ ਵਾਰੀ ਮਨ ਦੇ ਵਿਚ ਗੁਰਮਤਿ ਦਾ ਰੰਗ ਚੜ ਜਾਵੇ ਭਾਵ ਗੁਰਮਤਿ ਦੀ ਸੱਚੀ ਸੋਝੀ ਟਿਕ ਜਾਵੇ ਫਿਰ ਉਹ ਦਿਨ ਰਾਤ ਟਿਕੀ ਹੀ ਰਹਿੰਦੀ ਹੈ, ਇਸ ਤਨ ਦੇ ਸੁੱਤੇ ਜਾਗਦੇ ਟਿਕੀ ਹੀ ਰਹਿੰਦੀ ਹੈ ਭਾਵ ਮਨੁੱਖ ਦਿਨ ਰਾਤ ਮਨ ਦੀ ਸੁਚਿ ਦੁਆਰਾ ਹੀ ਵਿਚਰਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਮਨੁੱਖ ਫਿਰ ਦਿਨ ਰਾਤ ਪ੍ਰਮਾਤਮਾ ਦਾ ਨਾਮ ਜਪਦਾ ਹੈ ਭਾਵ ਹਰ ਵੇਲੇ ਉਸ ਦੇ ਅੰਦਰ ਨਾਮ ਵਸਿਆ ਰਹਿੰਦਾ ਹੈ, ਉਹ ਨਿਰੰਕਾਰ ਰੂਪ ਪ੍ਰਮਾਤਮਾ ਵਸਿਆ ਰਹਿੰਦਾ ਹੈ ਜੋ ਆਪ ਹੀ ਮਨੁੱਖ ਨੂੰ ਆਪਣੇ ਨਾਮ ਦੁਆਰਾ ਹਉਮੈ ਤੋਂ, ਵਿਕਾਰਾਂ ਤੋਂ ਮੁਕਤਿ ਕਰਕੇ ਰਖਦਾ ਹੈ। ਪ੍ਰਮਾਤਮਾ ਜਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ ਉਹ ਇਸੇ ਤਰੀਕੇ ਹੀ ਮਿਲਾਉਂਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਬਖਸ਼ਕੇ ਹੀ ਮਿਲਾਉਂਦਾ ਹੈ, ਆਪਣੇ ਨਿਰੰਕਾਰ ਰੂਪ ਵਿਚ ਮਿਲਾਉਂਦਾ ਹੈ ਜੋ ਨਿਰੰਕਾਰ ਰੂਪ ਉਸ ਦਾ ਸਾਡੇ ਅੰਦਰ ਹੀ ਹੈ, ਨਾਮ ਦੇ ਰੂਪ ਵਿਚ ਸਾਡੇ ਅੰਦਰ ਹੀ ਹੈ। (**ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥ ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥4॥**)

ਸਾਡੇ ਜੀਵਨ ਦਾ ਮਕਸਦ ਉਸ ਪ੍ਰਮਾਤਮਾ ਨੂੰ ਜਾਨਣ ਦਾ ਹੈ ਜੋ ਕਿ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ ਭਾਵ ਪ੍ਰਮਾਤਮਾ ਗਿਆਨ ਦੇ

35/4221

ਤੱਤ ਦੇ ਰੂਪ ਵਿਚ ਹੈ। ਕਿਸੇ ਵੀ ਚੀਜ ਦੀ, ਵਸਤੂ ਦੀ ਅਸਲੀਅਤ ਉਸ ਦੇ ਅੰਦਰ ਦਾ ਤੱਤ ਹੈ। ਕਿਸੇ ਵੀ ਵਸਤੂ ਦੇ ਤੱਤ

ਨੂੰ ਜਾਨਣ ਦੁਆਰਾ ਉਸ ਵਸਤੂ ਦੀ ਕੀਮਤ ਪੈਂਦੀ ਹੈ। ਅਸੀਂ ਆਪਣੇ ਜੀਵਨ ਵਿਚ ਅਨੇਕਾਂ ਹੀ ਅਨੇਕਾਂ ਵਸਤੂਆਂ ਨੂੰ ਵਰਤਦੇ ਹਾਂ, ਉਹਨਾਂ ਦੇ ਗੁਣਾਂ ਕਰਕੇ ਉਹਨਾਂ ਨੂੰ ਵਰਤਦੇ ਹਾਂ। ਕਿਸੇ ਵੀ ਵਸਤੂ ਦੇ ਅੰਦਰ ਦਾ ਗੁਣ ਉਸ ਵਸਤੂ ਦਾ ਤੱਤ ਹੈ ਭਾਵ ਨਿਚੋੜ ਹੈ ਜਿਸ ਦੁਆਰਾ ਉਸ ਦੀ ਕੀਮਤ ਪੈਂਦੀ ਹੈ। ਹਰ ਵਸਤੂ ਦੇ ਵਿਚ ਗੁਣ ਪਾਉਣ ਵਾਲਾ ਗਿਆਨ ਹੈ ਤੇ ਹਰ ਵਸਤੂ ਦਾ ਗੁਣ ਜਾਨਣ ਲਈ ਵੀ ਗਿਆਨ ਚਾਹੀਦਾ ਹੈ ਭਾਵ ਹਰ ਵਸਤੂ ਦਾ ਮੂਲ ਗਿਆਨ ਹੈ। ਹਰ ਵਸਤੂ ਦੀ ਕੀਮਤ ਗਿਆਨ ਨਾਲ ਹੀ ਬਣਦੀ ਹੈ ਤੇ ਗਿਆਨ ਦੁਆਰਾ ਹੀ ਉਸ ਦੀ ਕੀਮਤ ਦੀ ਪਹਿਚਾਣ ਹੁੰਦੀ ਹੈ। ਹਰ ਵਸਤੂ ਪੰਜਾਂ ਤੱਤਾਂ ਤੋਂ ਬਣੀ ਹੋਈ ਹੈ ਪਰ ਇਹਨਾਂ ਪੰਜਾਂ ਤੱਤਾਂ ਦੀ ਕੀਮਤ ਕਿਵੇਂ ਪੈਂਦੀ ਹੈ ਇਸ ਗੱਲ ਦੀ ਸਮਝ ਕੇਵਲ ਗਿਆਨ ਤੱਤ ਦੁਆਰਾ ਪੈਂਦੀ ਹੈ ਭਾਵ ਨਿਰੰਕਾਰ ਰੂਪ ਤੱਤ ਦੁਆਰਾ ਪੈਂਦੀ ਹੈ। ਪੰਜਾਂ ਤੱਤਾਂ ਦੇ ਮੂਲ ਨੂੰ ਜਾਣੇ ਬਿਨਾ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ ਕਿ ਇਹ ਪੰਜ ਤੱਤ ਕਿਥੋਂ ਆਏ ਹਨ, ਕਿਸ ਨੇ ਬਣਾਏ ਹਨ ਤੇ ਇਹਨਾਂ ਨੂੰ ਕੌਣ ਚਲਾ ਰਿਹਾ ਹੈ ਤੇ ਕਿਵੇਂ ਚਲਾ ਰਿਹਾ ਹੈ। ਗਿਆਨ ਤੱਤ ਨੂੰ ਜਾਣੇ ਬਿਨਾ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਭਾਵ ਨਿਰੰਕਾਰ ਨੂੰ ਜਾਣ ਸਕਦਾ ਹੈ ਤੇ ਨਾ ਹੀ ਇਸ ਸ੍ਰਿਸ਼ਟੀ ਨੂੰ ਜਾਣ ਸਕਦਾ ਹੈ। ਹਰ ਪੰਜ ਤੱਤ ਦੇ ਵਿਚ ਛੇਵਾਂ ਤੱਤ ਹੈ ਜੋ ਕਿ ਗਿਆਨ ਰੂਪ ਤੱਤ ਹੈ, ਨਿਰੰਕਾਰ ਰੂਪ ਤੱਤ ਹੈ ਜਿਸ ਨਾਲ ਜੁੜੇ ਬਿਨਾ ਮਨੁੱਖ ਭਰਮ ਵਿਚ ਹੀ ਰਹਿੰਦਾ ਹੈ ਭਾਵ ਭਰਮ ਵਿਚ ਇਸ ਸੰਸਾਰ ਵਿਚ ਆਉਂਦਾ ਹੈ ਤੇ ਭਰਮ ਵਿਚ ਹੀ ਇਥੋਂ ਚਲਾ ਜਾਂਦਾ ਹੈ। ਜਿਸ ਨੂੰ ਪ੍ਰਮਾਤਮਾ ਨੇ ਭਰਮ ਵਿਚੋਂ ਕੱਢਿਆ ਹੈ ਉਸ ਨੂੰ ਆਪਣੇ ਨਿਰੰਕਾਰ ਰੂਪ ਵਿਚ ਮਿਲਾ ਕੇ ਕੱਢਿਆ ਹੈ ਜਿਵੇਂ ਕਿ ਅਸੀਂ ਪਿਛੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਜੋ ਵੀ ਇਹ ਪਸਾਰਾ ਹੈ ਉਹ ਸਭ ਕੁਝ ਬ੍ਰਹਮ ਬੀਚਾਰ ਹੀ ਹੈ, ਬ੍ਰਹਮ ਗਿਆਨ ਹੀ ਹੈ ਭਾਵ ਹਰ ਪਸਾਰੇ ਵਿਚ ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੁਆਰਾ, ਨਾਮ ਦੁਆਰਾ ਸਮਾਇਆ ਹੋਇਆ ਹੈ।

“ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥
ਜੋ ਦੀਸੈ ਸੋ ਸਗਲ ਤ੍ਰੈਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥”

(ਅੰਗ - ੫੧)

ਉਪਰ ਪਹਿਲੇ ਪਦੇ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ ਤੇ ਦੂਸਰੇ ਪਦੇ ਰਾਹੀਂ ਮੇਲ ਦੁਆਰਾ ਸਾਨੂੰ ਕੀ ਸਮਝ ਲਗਦੀ ਹੈ ਭਾਵ ਕਿਹੋ ਜਿਹੀ ਸੋਝੀ ਪੈਂਦੀ ਹੈ, ਇਹ ਗੱਲ ਸਮਝਾਈ ਹੋਈ ਹੈ।

ਸਾਡੀ ਉੱਤਮ ਕਰਨੀ ਕੀ ਹੈ, ਪਹਿਲੀ ਪੰਗਤੀ ਰਾਹੀਂ

35/4222

ਸਾਨੂੰ ਇਹ ਗੱਲ ਸਮਝਾਈ ਗਈ ਹੈ। ਸਾਡੀ ਇਹ ਉੱਤਮ ਕਰਣੀ ਹੀ ਸਾਡੇ ਜੀਵਨ ਦਾ ਸੱਚਾ ਮਾਰਗ ਹੈ ਜੋ ਕਿ ਮਨ ਦੇ “ਸਤੁ ਸੰਤੋਖੁ” ਨਾਲ ਜੁੜਿਆ ਹੋਇਆ ਹੈ ਜਿਸ ਦੁਆਰਾ ਅਸੀਂ ਕਿਸੇ ਦਾ ਮਾੜਾ ਨਹੀਂ ਕਰਦੇ ਭਾਵ ਮਨ ਦੀ ਨਿਮਰਤਾ ਦੁਆਰਾ ਵਿਚਰਦੇ ਹਾਂ, ਦਇਆ ਦੁਆਰਾ ਵਿਚਰਦੇ ਹਾਂ ਭਾਵ ਪਰਉਪਕਾਰੀ ਬਣਕੇ ਵਿਚਰਦੇ ਹਾਂ ਭਾਵ ਦੂਸਰਿਆਂ ਨੂੰ ਦੁਖਾਂ ਵਿਚ ਨਹੀਂ ਪਾਉਂਦੇ, ਦੂਸਰਿਆਂ ਦੇ ਸੁਖ ਦਾ ਖਿਆਲ ਰਖਦੇ ਹਾਂ। ਇਹ ਸਾਡੀ ਸੁਕ੍ਰਿਤ ਕਰਣੀ ਹੈ, ਸੱਚੇ ਸੁੱਚੇ ਹੋ ਕੇ ਵਿਚਰਨ ਦਾ ਮਾਰਗ ਹੈ ਜਿਸ ਲਈ ਸਾਨੂੰ ਗੁਰਬਾਣੀ ਬਾਰ ਬਾਰ ਸਮਝਾ ਰਹੀ ਹੈ ਤੇ ਸਾਡੀ ਇਹੋ ਜਿਹੀ ਵਿਚਰਨ ਹੀ ਗੁਰੂ ਦੀ ਸੇਵਾ ਹੈ, ਉਸ ਦੀ ਭਗਤੀ ਹੈ, ਉਸ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਆਪਣੀ ਇਹੋ ਜਿਹੀ ਕਰਣੀ ਨੂੰ ਛੱਡ ਕੇ ਅਸੀਂ ਜਿਹੋ ਜਿਹੇ ਭਗਤੀ ਦੇ ਉਪਰਾਲੇ ਕਰਦੇ ਹਾਂ ਭਾਵ ਸਰਰਿਕ ਜਪ ਤਪ ਆਦਿ ਕਰਦੇ ਹਾਂ ਉਹ ਸਾਡੇ ਪਾਖੰਡ ਹੀ ਹਨ। (**ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥**)

{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ - ੧੩੪੩)

ਸਾਡੇ ਅੰਦਰ “ਸਚੁ” ਵਾਲੀ ਬਿਰਤੀ, ਸਤੁ ਸੰਤੋਖੁ ਵਾਲੀ ਬਿਰਤੀ “ਸਚੁ” ਰੂਪ ਪ੍ਰਮਾਤਮਾ ਦੇ ਵੱਸਣ ਦੁਆਰਾ ਹੀ ਆਉਂਦੀ

ਹੈ ਪਰ ਉਸ ਸੱਚ ਨੂੰ ਆਪਣੇ ਅੰਦਰ ਵਸਾਉਣ ਦਾ ਉਪਰਾਲਾ ਅਸੀਂ ਹੀ ਕਰਨਾ ਹੈ ਜੋ ਕਿ ਗੁਰੂ ਦੇ "ਸਚੁ" ਰੂਪ ਵਿਚਾਰਾਂ ਨੂੰ ਭਾਵ ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣ ਦਾ ਹੈ। "ਸਚੁ" ਰੂਪ ਵਿਚਾਰ ਸਾਡੇ ਅੰਦਰ ਤਾਂ ਹੀ ਵਸਦੇ ਹਨ ਜਦੋਂ ਅਸੀਂ ਆਪਣੇ ਵਿਚਾਰਾਂ ਨੂੰ ਛਡਾਂਗੇ ਭਾਵ ਆਪਣੀ ਮਤਿ ਨੂੰ ਛਡਾਂਗੇ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥"

ਸਾਡੇ ਅੰਦਰ ਗੁਰਮਤਿ ਵਾਲੇ ਵਿਚਾਰ ਤਾਂ ਹੀ ਵੱਸਣਗੇ ਜੇ ਪਹਿਲਾਂ ਅਸੀਂ ਆਪਣਾ ਆਪ ਛੱਡਾਂਗੇ ਭਾਵ ਆਪਣੀ ਮੈਂ ਛੱਡਾਂਗੇ, ਆਪਣੀ ਮਤਿ ਛੱਡਾਂਗੇ। ਅਸੀਂ ਆਪਣਾ ਆਪ ਤਾਂ ਛੱਡਦੇ ਹਾਂ ਜਦੋਂ ਸਾਨੂੰ ਗੁਰੂ ਦੀ ਰੇਣ ਭਾਵ ਗੁਰੂ ਦੀ ਚਰਨ ਧੂੜ ਮਿਲ ਜਾਵੇ। ਗੁਰੂ ਦੀ ਚਰਨ ਧੂੜ ਉਸਦੇ ਸ਼ਬਦਾਂ ਦੀ ਵਿਚਾਰ ਹੈ ਜਿਸ ਦੁਆਰਾ ਸਾਡੇ ਮਨਮਤਿ ਵਾਲੇ ਵਿਚਾਰ ਦੂਰ ਹੁੰਦੇ ਹਨ। ਸਭ ਦੀ ਰੇਣ ਅਸੀਂ ਤਾਂ ਹੀ ਬਣ ਸਕਦੇ ਹਾਂ ਜਦੋਂ ਗੁਰੂ ਦੀ ਰੇਣ ਸਾਨੂੰ ਮਿਲ ਜਾਂਦੀ ਹੈ ਜੋ ਰੇਣ ਪਰਮਾਤਮਾ ਮਨ ਦੇ ਵਿਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ, ਉਹ ਨਿਰੰਕਾਰ ਰੂਪ

35/4223

ਪਰਮਾਤਮਾ ਆਪ ਹੀ ਦਿੰਦਾ ਹੈ, ਆਪਣੀ ਸੱਚੀ ਮਤਿ ਦੇ ਰੂਪ ਵਿਚ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਸਭ ਦੇ ਵਿਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਭਾਵ ਹਰ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ ਤੇ ਮਨ ਦੀ ਇਸ ਅਵਸਥਾ ਦੁਆਰਾ ਫਿਰ ਮਨੁੱਖ ਕਿਸੇ ਦੂਸਰੇ ਦਾ ਮਾੜਾ ਨਹੀਂ ਕਰਦਾ, ਕਿਸੇ ਦੂਸਰੇ ਨੂੰ ਨੀਵਾਂ ਨਹੀਂ ਸਮਝਦਾ, ਮਨ ਦੀ ਇਹ ਅਵਸਥਾ ਹੀ ਸਭ ਦੀ ਰੇਣ ਹੋਣਾ ਹੈ। ਸਾਰੀ ਗੱਲ ਸਾਡੇ ਮਨ ਦੀ ਸੋਝੀ ਨਾਲ ਜੁੜੀ ਹੋਈ ਹੈ ਤੇ ਗੁਰੂ ਦੀ ਰੇਣ ਦਾ ਮਕਸਦ, ਚਰਨ ਧੂੜ ਦਾ ਮਕਸਦ ਸਾਨੂੰ ਮਨਮਤਿ ਵਿਚੋਂ ਕਢਣ ਦਾ ਹੀ ਹੈ, ਮਨ ਦੀ ਅਗਿਆਨਤਾ ਵਿਚੋਂ ਕਢਣ ਦਾ ਹੀ ਹੈ ਜਿਸ ਦੁਆਰਾ ਅਸੀਂ ਸ਼ਬਦ ਰੂਪ ਸੱਚੇ ਵਿਚਾਰ ਨਾਲ ਜੁੜ ਜਾਂਦੇ ਹਾਂ, ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜ ਜਾਂਦੇ ਹਾਂ। (**ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥3॥**)

ਜਿਸਨੂੰ ਪਰਮਾਤਮਾ ਆਪਣੀ ਚਰਨ ਧੂੜ ਦੇ ਦਿੰਦਾ ਹੈ, ਉਸਨੂੰ ਇਹ ਚਰਨਧੂੜ ਕਿਸ ਰੂਪ ਵਿਚ ਮਿਲਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

ਜੋ ਦੀਸੈ ਸੋ ਸਗਲ ਤ੍ਰੈਹੈ ਪਸਰਿਆ ਪਾਸਾਰੁ ॥

ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥"

ਪਰਮਾਤਮਾ ਦੀ ਚਰਨਧੂੜ ਦਾ ਮਕਸਦ ਸਾਨੂੰ ਮਨ ਦੇ ਭਰਮ ਵਿਚੋਂ ਕਢਣ ਦਾ ਹੀ ਹੈ, ਮਨ ਦੀ ਅਗਿਆਨਤਾ ਵਿਚੋਂ, ਹਉਮੈ ਵਿਚੋਂ, ਮਨਮਤਿ ਵਿਚੋਂ ਕਢਣ ਦਾ ਹੀ ਹੈ ਭਾਵ ਮਨ ਦੇ ਵਿਚ ਆਪਣੇ ਸੱਚੇ ਗਿਆਨ ਦੁਆਰਾ, ਬ੍ਰਹਮ ਗਿਆਨ ਦੁਆਰਾ, ਨਾਮ ਦੁਆਰਾ ਉਹ ਸੋਝੀ ਪਾਉਣ ਦੇ ਨਾਲ ਹੈ ਜਿਸ ਸੋਝੀ ਦੁਆਰਾ ਸਾਨੂੰ ਮਨ ਦੇ ਵਿਚੋਂ ਪਰਮਾਤਮਾ ਦੇ ਗਿਆਨ ਰੂਪ ਭਾਵ ਨਿਰੰਕਾਰ ਰੂਪ ਦੇ ਦਰਸ਼ਨ ਹੁੰਦੇ ਹਨ। ਜੋ ਨਿਰੰਕਾਰ ਰੂਪ ਪਰਮਾਤਮਾ ਦਾ ਮਨ ਦੇ ਵਿਚ ਨਜਰ ਆਉਂਦਾ ਹੈ ਉਹੀ ਰੂਪ ਸਾਰੇ ਸੰਸਾਰ ਵਿਚ ਭਾਵ ਹਰ ਪਸਾਰੇ ਵਿਚ ਨਜਰ ਆਉਂਦਾ ਹੈ। ਹਰ ਵਸਤੂ ਵਿਚ ਆਪ ਨਿਰੰਕਾਰ ਹੀ ਹੈ। ਪਰਮਾਤਮਾ ਦਾ ਇਹ ਨਿਰੰਕਾਰ ਰੂਪ "ਬ੍ਰਹਮ ਬੀਚਾਰੁ" ਦੇ ਰੂਪ ਵਿਚ ਹੈ ਭਾਵ ਬ੍ਰਹਮਗਿਆਨ ਦੇ ਰੂਪ ਵਿਚ ਹੈ। ਪਰਮਾਤਮਾ ਸਭ ਜਗਾ ਆਪਣੇ ਇਸ ਰੂਪ ਵਿਚ ਹੀ ਹੈ ਭਾਵ ਨਿਰੰਕਾਰ ਰੂਪ ਵਿਚ ਹੀ ਹੈ ਭਾਵ ਗਿਆਨ ਦੇ ਤੱਤ

35/4224

ਦੇ ਰੂਪ ਵਿਚ ਹੀ ਹੈ। ਪਰਮਾਤਮਾ ਦਾ ਇਹ ਗਿਆਨ ਤਤ ਹੀ ਸਾਰੇ ਪਸਾਰੇ ਦਾ ਮੂਲ ਹੈ ਤੇ ਆਪ ਹੀ ਸਭ ਦੇ ਅੰਦਰ ਪਰਮਾਤਮਾ ਆਪਣੇ ਇਸ ਗੁਪਤ ਰੂਪ ਵਿਚ ਵਸਿਆ ਹੋਇਆ ਹੈ, ਸਮਾਇਆ ਹੋਇਆ ਹੈ ਜਿਸ ਨੂੰ ਆਕਾਰ ਰੂਪ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਪਰਮਾਤਮਾ ਦਾ ਨਿਰੰਕਾਰ ਰੂਪ ਕੇਵਲ ਨਿਰੰਕਾਰ ਰੂਪ ਅੱਖਾਂ ਨਾਲ ਹੀ ਦਿੱਸਦਾ ਹੈ ਭਾਵ ਮਨ ਦੀਆਂ ਅੱਖਾਂ ਦੁਆਰਾ ਦਿੱਸਦਾ ਹੈ ਭਾਵ ਮਨ ਦੇ ਗਿਆਨ ਦੁਆਰਾ, ਮਨ ਦੀ ਸੋਝੀ ਦੁਆਰਾ ਦਿੱਸਦਾ ਹੈ। ਜਦ ਤਕ ਸਾਡੇ ਅੰਦਰ ਭਰਮ ਵਾਲੀ ਬਿਰਤੀ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਤਦ ਤਕ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਸਕਦੇ ਕਿਉਂਕਿ ਉਸਨੂੰ ਜਾਣਨ ਦੇ ਵਿਚ ਸਾਡੇ ਅੰਦਰ ਭਰਮ ਰੂਪ ਪੜਦਾ ਪਰਮਾਤਮਾ ਨੇ ਆਪ ਹੀ ਪਾਇਆ ਹੈ। ਪੂਰੀ ਗੁਰਬਾਣੀ

ਵਿਚ ਪਰਮਾਤਮਾ ਆਪਣੇ ‘‘ਬ੍ਰਹਮਬੀਚਾਰੁ’’ ਰੂਪ ਵਿਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਭਾਵ ਆਪਣੇ ਨਿਰੰਕਾਰ ਰੂਪ ਵਿਚ ਹੈ। ਜਿੰਨਾ ਸਰੀਰਾਂ ਰਾਹੀਂ ਪਰਮਾਤਮਾ ਨੇ ਆਪਣਾ ਇਹ ਨਿਰੰਕਾਰ ਰੂਪ ਪ੍ਰਗਟ ਕੀਤਾ ਹੈ ਉਹਨਾਂ ਰਾਹੀਂ ਹੀ ਉਸਨੇ ਗੁਰਬਾਣੀ ਵਿਚ ਆਪਣਾ ਨਿਰੰਕਾਰ ਰੂਪ ਪ੍ਰਗਟ ਕੀਤਾ ਹੈ। ਜੇਕਰ ਅਸੀਂ ਪਰਮਾਤਮਾ ਨੂੰ ਭਾਵ ਉਸਦੇ ਨਿਰੰਕਾਰ ਰੂਪ ਨੂੰ ਆਪਣੇ ਅੰਦਰੋਂ ਦੇਖਣਾ ਚਾਹੁੰਦੇ ਹਾਂ ਤੇ ਫਿਰ ਉਸ ਲਈ ਸਾਡੇ ਲਈ ਸੱਚਾ ਉਦਮ ਇਹੀ ਹੈ ਕਿ ਅਸੀਂ ਗੁਰਬਾਣੀ ਦੇ ਉਸ ਰੂਪ ਨਾਲ ਜੁੜੀਏ ਜਿਸ ਰੂਪ ਵਿਚ ਪਰਮਾਤਮਾ ਪੂਰੀ ਗੁਰਬਾਣੀ ਵਿਚ ਹੈ। ਸ਼ਬਦ ਦੀ ਵਿਚਾਰ ਨਾਲ ਜੁੜੇ ਬਿਨਾ ਅਸੀਂ ਪਰਮਾਤਮਾ ਦੇ ਨਿਰਗੁਣ ਰੂਪ ਨਾਲ ਨਹੀਂ ਜੁੜ ਸਕਦੇ। ਖਾਲੀ ਸ਼ਬਦਾਂ ਨੂੰ ਰਟੀ ਜਾਣਾ ਸ਼ਬਦਾਂ ਦੇ ਆਕਾਰ ਰੂਪ ਨਾਲ ਜੁੜਣ ਵਾਲੀ ਗੱਲ ਹੈ। ਕੇਵਲ ਗੁਰੂ ਨੂੰ ਮੱਥਾ ਟੇਕੀ ਜਾਣਾ ਗੁਰੂ ਦੇ ਆਕਾਰ ਰੂਪ ਨਾਲ ਜੁੜਣ ਵਾਲੀ ਗੱਲ ਹੈ ਜਿਸ ਦੁਆਰਾ ਅਸੀਂ ਨਿਰੰਕਾਰ ਰੂਪ ਨਾਲ ਜੁੜਣ ਤੋਂ ਦੂਰ ਰਹਿੰਦੇ ਹਾਂ। ਇਹ ਸਾਡੇ ਮਨ ਦਾ ਭਰਮ ਹੈ ਕਿ ਪਰਮਾਤਮਾ ਕਿਸੇ ਆਕਾਰ ਰੂਪ ਵਿਚ ਹੈ। ਉਹ ਆਕਾਰ ਰੂਪ ਨੂੰ ਬਣਾਉਣ ਵਾਲਾ ਹੈ ਭਾਵ ਆਕਾਰ ਰੂਪ ਦਾ ਮਾਲਕ ਹੈ ਤੇ ਆਕਾਰ ਰੂਪ ਦਾ ਮਾਲਕ ਨਿਰੰਕਾਰ ਰੂਪ ਹੈ। ਅਸੀਂ ਮਾਲਕ ਦੇ ਨਾਲ ਜੁੜਣਾ ਹੈ ਨਾ ਕਿ ਮਾਲਕ ਦੀ ਬਣਾਈ ਹੋਈ ਰਚਨਾ ਦੇ ਨਾਲ। ਆਉ ਇਸ ਭਰਮ ਵਿਚੋਂ ਨਿਕਲੀਏ ਤੇ ਪਰਮਾਤਮਾ ਦੇ ਨਿਰੰਕਾਰ ਰੂਪ ਨਾਲ, ਗਿਆਨ ਤਤ ਰੂਪ ਨਾਲ ਜੁੜਣ ਦਾ ਉਦਮ ਕਰੀਏ। ਸ਼ਬਦ ਵਿਚਾਰ

35/4225

ਹੀ ਗਿਆਨ ਤਤੁ ਹੈ ਜਿਸ ਦੁਆਰਾ ਸਾਨੂੰ ਤਤੁ ਦੀ ਭਾਵ ਅਸਲੀਅਤ ਦੀ ਸੋਝੀ ਹੁੰਦੀ ਹੈ, ਸਚ ਦੀ ਸੋਝੀ ਪੈਂਦੀ ਹੈ। ਜਿਥੇ ਗਿਆਨ ਤਤੁ ਹੈ ਉਥੇ ਹੀ ਸੱਚ ਹੈ ਭਾਵ ਆਪ ਪਰਮਾਤਮਾ ਹੈ। (**ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥ ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥4॥**)

ਬ੍ਰਹਮ ਬੀਚਾਰ ਹੀ ਨਾਮ ਹੈ ਭਾਵ ਗਿਆਨ ਦਾ ਤਤੁ ਹੈ।

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ - ੭੫੯)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ - ੫੯੪)

ਉਪਰ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪਰਮਾਤਮਾ ਦਾ ਨਿਰੰਕਾਰ ਰੂਪ ਉਸ ਦਾ ਗਿਆਨ ਰੂਪ ਹੈ। ਸ਼ਬਦਾਂ ਦੀ ਵਿਚਾਰ ਦੇ ਵਿਚ ਪ੍ਰਮਾਤਮਾ ਆਪ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਹੀ ਗਿਆਨ ਦੇ ਰੂਪ ਵਿਚ ਹੈ। ਪ੍ਰਮਾਤਮਾ ਜਦੋਂ ਵੀ ਸਾਡੇ ਅੰਦਰ ਵੱਸਦਾ ਹੈ ਭਾਵ ਪ੍ਰਗਟ ਹੁੰਦਾ ਹੈ ਉਹ ਆਪਣੇ ਨਿਰੰਕਾਰ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ ਭਾਵ ਗਿਆਨ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ ਜੋ ਉਸ ਦਾ ਨਿਰੰਕਾਰ ਰੂਪ ਹੈ। ਜਿਸ ਨੂੰ ਪਰਮਾਤਮਾ ਮਨ ਦੇ ਬੰਧਨ ਤੋਂ ਮੁਕਤਿ ਕਰਦਾ ਹੈ ਭਾਵ ਮਨ ਦੀ ਅਗਿਆਨਤਾ ਤੋਂ ਮੁਕਤਿ ਕਰਦਾ ਹੈ ਉਸ ਨੂੰ ਆਪਣਾ ਨਿਰੰਕਾਰ ਰੂਪ ਪ੍ਰਗਟ ਕਰਨ ਦੁਆਰਾ ਹੀ ਕਰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥"

(ਅੰਗ - ੫੯੮)

ਉਪਰ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜੋ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜੇ ਹੋਏ ਹਨ। ਜਦ ਤਕ ਅਸੀਂ ਮਨ ਦੇ ਬੰਧਨ ਵਿਚ ਹਾਂ ਤਦ ਤਕ ਕੋਈ ਆਪਣੇ ਅੰਦਰੋਂ

ਨਿਰੰਕਾਰ ਰੂਪ ਨੂੰ ਨਹੀਂ ਜਾਣ ਸਕਦਾ, ਅਕਾਲ ਪੁਰਖ ਨੂੰ ਨਹੀਂ ਜਾਣ ਸਕਦਾ। ਸਾਡੇ ਮਨ ਦਾ ਬੰਧਨ ਮਨ ਦੇ ਵਿਚ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਟੁੱਟਦਾ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਤੋਂ ਮੁਕਤਿ ਕਰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਆਪਣੇ ਆਪ ਨੂੰ ਦੂਸਰਿਆਂ ਤੋਂ ਭਾਵ ਸੰਸਾਰ ਤੋਂ ਨਿਰਾਰਾ ਕਿਸ ਕਰਕੇ ਕਹਿ ਰਹੇ ਹਨ, ਆਪਣੇ ਆਪ ਨੂੰ ਸੰਸਾਰ ਤੋਂ ਵੱਖਰਾ ਕਿਸ ਕਰਕੇ ਕਹਿ ਰਹੇ ਹਨ। ਗੁਰੂ ਸੰਸਾਰ ਨਾਲੋਂ ਨਿਰਾਲਾ ਮਨ ਦੇ ਗਿਆਨ ਕਰਕੇ ਹੈ ਕਿਉਂਕਿ ਉਸ ਦੇ ਅੰਦਰ "ਗਿਆਨ ਰਤਨੁ" ਦਾ ਪ੍ਰਕਾਸ਼ ਹੈ ਭਾਵ ਬ੍ਰਹਮ ਗਿਆਨ ਦਾ ਪ੍ਰਕਾਸ਼ ਹੈ ਜਿਸ ਰੂਪ ਵਿਚ ਪਰਮਾਤਮਾ ਉਸਦੇ ਅੰਦਰ ਆਪਣੇ ਨਿਰੰਕਾਰ ਰੂਪ ਵਿਚ ਵਸਿਆ ਹੋਇਆ ਹੈ। ਗੁਰੂ ਦਾ ਉੱਚਾ ਗਿਆਨ ਹੀ ਭਾਵ ਬ੍ਰਹਮ ਗਿਆਨ ਹੀ ਗੁਰੂ ਨੂੰ ਸਭ ਨਾਲੋਂ ਵੱਖਰਾ ਬਣਾਉਂਦਾ ਹੈ। ਜਿਸ ਮਨ ਵਿਚ ਗਿਆਨ ਰੂਪ ਪਰਮਾਤਮਾ ਪ੍ਰਗਟ ਨਹੀਂ ਹੁੰਦਾ ਉਹ ਮਨੁੱਖ ਅਗਿਆਨਤਾ ਦੇ ਬੰਧਨ ਵਿਚ ਹੀ ਰਹਿੰਦਾ ਹੈ, ਭਰਮ ਮੋਹ ਦੇ ਬੰਧਨ ਵਿਚ ਹੀ ਰਹਿੰਦਾ ਹੈ ਭਾਵ ਉਸਦੇ ਮਨ ਦੀ ਸੋਝੀ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੀ ਰਹਿੰਦੀ ਹੈ ਜਿਸ ਦੁਆਰਾ ਮਨੁੱਖ ਬ੍ਰਹਮ ਗਿਆਨ ਦੀ ਸੋਝੀ ਤੋਂ ਦੂਰ ਰਹਿੰਦਾ ਹੈ। ਆਮ ਮਨੁੱਖ ਵਿਚ ਤੇ ਗੁਰੂ ਵਿਚ ਮਨ ਦੀ

ਸੋਝੀ ਦਾ ਹੀ ਫਰਕ ਹੈ। ਇਹ ਮਨ ਦੀ ਸੋਝੀ ਮਨੁੱਖ ਦੇ ਆਪਣੇ ਵਸ ਨਹੀਂ ਹੈ ਤੇ ਇਸੇ ਲਈ ਕੋਈ ਵੀ ਆਪਣੇ ਆਪ ਬੰਧਨ ਤੋਂ ਮੁਕਤ ਨਹੀ ਹੋ ਸਕਦਾ ਤੇ ਆਪਣੇ ਅੰਦਰੋਂ ਨਿਰੰਕਾਰ ਰੂਪ ਪਰਮਾਤਮਾ ਨੂੰ ਨਹੀਂ ਜਾਣ ਸਕਦਾ। ਜਦ ਤਕ ਅਸੀਂ ਆਪਣੇ ਅੰਦਰ, ਮਨ ਦੇ ਅੰਦਰ ਪਰਮਾਤਮਾ ਦੇ ਨਿਰੰਕਾਰ ਰੂਪ ਨਾਲ ਨਹੀਂ ਜੁੜਦੇ ਤਦ ਤਕ ਅਸੀਂ ਸੰਸਾਰ ਦੇ ਆਵਾਗਉਣ ਤੋਂ ਨਹੀਂ ਨਿਕਲ ਸਕਦੇ। ਆਵਾਗਉਣ ਤੋਂ ਅਸੀਂ ਤਦ ਹੀ ਨਿਕਲ ਸਕਦੇ ਹਾਂ ਜਦੋਂ ਅਸੀਂ ਪਰਮਾਤਮਾ ਦੇ ਉਸ ਰੂਪ ਨਾਲ ਜੁੜ ਜਾਂਦੇ ਹਾਂ ਜੋ ਰੂਪ ਪ੍ਰਮਾਤਮਾ ਦਾ ਆਵਾਗਉਣ ਤੋਂ ਰਹਿਤ ਹੈ। ਆਵਾਗਉਣ ਤੋਂ ਰਹਿਤ ਕੇਵਲ ਪਰਮਾਤਮਾ ਦਾ ਸੱਚਾ ਰੂਪ ਹੈ, ਬ੍ਰਹਮਗਿਆਨ ਰੂਪ ਹੈ ਜੋ ਕਦੇ ਨਹੀਂ ਬਿਨਸ ਸਕਦਾ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਦਾ ਨਾ ਬਿਨਸਨਹਾਰ ਰੂਪ ਹੈ ਜੋ ਕਿ ਉਸਦਾ ਨਾਮ ਰੂਪ ਹੈ। ਆਪਣੇ ਅੰਦਰੋਂ ਨਾਮ ਨੂੰ ਜਾਣੇ ਬਿਨਾ ਅਸੀਂ ਪਰਮਾਤਮਾ ਦੇ ਨਿਰੰਕਾਰ ਰੂਪ ਨਾਲ ਨਹੀਂ ਜੁੜ ਸਕਦੇ। ਆਪਣੇ ਅੰਦਰੋਂ ਪਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਦਾ ਸਾਧਨ ਸਾਡੇ ਕੋਲ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਸੱਚੀ ਮਤਿ ਹੈ, ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਹੈ ਜੋ ਸਦਾ ਥਿਰ ਰਹਿਣ ਵਾਲੀ ਹੈ। ਝੂਠੀ ਮਤਿ,

35/4227

ਅਗਿਆਨਤਾ ਵਾਲੀ ਮਤਿ, ਹਉਮੈ ਵਾਲੀ ਮਤਿ ਬਿਨਸਨਹਾਰ ਹੈ ਜੋ ਟਿਕਣ ਵਾਲੀ ਨਹੀਂ ਹੈ। ਜਦ ਤਕ ਅਸੀਂ ਝੂਠੀ ਮਤਿ ਨਾਲ ਜੁੜੇ ਹੋਏ ਹਾਂ ਤਦ ਤਕ ਅਸੀਂ ਬਿਨਸਨਹਾਰ ਮਤਿ ਨਾਲ ਜੁੜੇ ਹੋਏ ਹਾਂ ਜੋ ਸੱਚ ਸਾਹਮਣੇ ਆਉਣ ਨਾਲ ਬਿਨਸ ਜਾਂਦੀ ਹੈ। ਨਾ ਬਿਨਸਨਹਾਰ ਕੇਵਲ ਸੱਚਾ ਗਿਆਨ ਹੈ ਜਿਸ ਨਾਲ ਜੁੜੇ ਬਿਨਾ ਅਸੀਂ ਆਪਣੇ ਸੰਸਾਰਕ ਆਵਾਗਉਣ ਵਿਚੋਂ ਨਹੀਂ ਨਿਕਲ ਸਕਦੇ ਤੇ ਪਰਮਾਤਮਾ ਦੇ ਨਿਰੰਕਾਰ ਰੂਪ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ, "ਗਿਆਨ ਰਤਨੁ" ਦੇ ਰੂਪ ਵਿਚ ਹੈ। (**ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥4॥**)

{ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥}

(ਅੰਗ - ੯੪੩)

{"ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥"}

(ਅੰਗ - ੧੩੯੫)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ - ੧੦੬੯)

ਸਾਡੇ ਅੰਦਰ ਨਾਮ ਦਾ ਵੱਸਣਾ, ਗਿਆਨ ਦਾ ਵੱਸਣਾ ਜਾਂ ਨਿਰੰਕਾਰ ਦਾ ਵਸਣਾ ਇਕੋ ਹੀ ਗੱਲ ਹੈ ਜਿਵੇਂ ਕਿ ਉਪਰਲੇ ਕੁਝ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ। ਇਸ ਗੱਲ ਤੇ ਵਿਸ਼ਵਾਸ ਉਸੇ ਨੂੰ ਆ ਸਕਦਾ ਹੈ ਜਿਸ ਨੇ ਨਿਰੰਕਾਰ ਦੇ ਦੇਸ ਨੂੰ ਵੇਖਿਆ ਹੈ, ਪਰਮਾਤਮਾ ਦੇ ਆਕਾਰ ਰਹਿਤ ਦੇਸ ਨੂੰ ਵੇਖਿਆ ਹੈ ਜੋ ਕਿ ਸਾਡੇ ਅੰਦਰ ਹੀ ਹੈ, ਸਾਡੇ ਮਨ ਦੇ ਰੂਪ ਵਿਚ ਹੀ ਹੈ। ਪਰਮਾਤਮਾ ਦੇ ਇਸ ਦੇਸ ਦੇ ਵਿਚੋਂ ਸਾਨੂੰ ਵਿਚਾਰ ਹੀ ਮਿਲਦੇ ਹਨ, ਸ਼ਬਦਾਂ ਦੇ ਵਿਚਾਰ ਹੀ ਮਿਲਦੇ ਹਨ ਭਾਵ ਨਾਮ ਰੂਪ ਗਿਆਨ ਹੀ ਮਿਲਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲਿਆ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪਣਾ ਹੁਕਮ ਆਪਣੇ ਇਸ ਆਕਾਰ ਰਹਿਤ ਦੇਸ ਵਿਚੋਂ, ਆਪਣੇ ਆਕਾਰ ਰਹਿਤ ਮਹਿਲ ਵਿਚੋਂ ਹੀ ਚਲਾ ਰਿਹਾ ਹੈ ਜੋ ਹੁਕਮ ਉਸ ਦਾ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੀ ਚਲ ਰਿਹਾ ਹੈ। ਪ੍ਰਮਾਤਮਾ ਆਪਣਾ ਹੁਕਮ ਕਿਵੇਂ ਚਲਾਉਂਦਾ ਹੈ ਇਸ ਦੀ ਸੋਝੀ ਉਸ ਦੇ ਨਿਰੰਕਾਰ ਰੂਪ ਮਹਿਲ ਵਿਚ ਪਹੁੰਚ ਕੇ ਹੀ ਪੈਂਦੀ ਹੈ ਭਾਵ ਆਪਣੇ

35/4228

ਮਨ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ। ਆਪਣੇ ਨਿਰੰਕਾਰ ਰੂਪ ਦੇਸ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਨਾਮ ਵਿਚ ਕਿਸੇ ਨੂੰ ਆਪ ਹੀ ਰਲਾਉਂਦਾ ਹੈ, ਆਪਣੇ ਗਿਆਨ ਦੇ ਖਜਾਨੇ ਵਿਚ ਭਾਵ ਬ੍ਰਹਮ ਗਿਆਨ ਦੇ ਖਜਾਨੇ ਵਿਚ ਕਿਸੇ ਨੂੰ ਆਪ ਹੀ ਰਲਾਉਂਦਾ ਹੈ ਤੇ ਮਨੁੱਖ ਨੂੰ ਮਨ ਦੀ ਅਗਿਆਨਤਾ ਤੋਂ, ਮਾਇਆ ਮੋਹ ਤੋਂ, ਵਿਕਾਰਾਂ ਤੋਂ ਆਪ ਹੀ ਮੁਕਤ ਕਰਦਾ ਹੈ ਜਿਸ ਦੁਆਰਾ ਉਸ ਦੇ ਨਾਲ ਲਿਵ ਜੁੜਦੀ ਹੈ, ਸਾਡੀ ਗੁਰਮਤਿ ਦੇ ਨਾਲ ਲਿਵ ਜੁੜਦੀ ਹੈ। ਮਨਮਤਿ ਨਾਲੋਂ ਲਿਵ ਟੁੱਟਣ ਦੁਆਰਾ ਹੀ ਸਾਡੀ ਲਿਵ ਗੁਰਮਤਿ ਵਿਚ ਜੁੜਦੀ ਹੈ, ਗੁਰਮਤਿ ਦੀ ਸੋਝੀ ਦੇ ਨਾਲ ਸਾਡੀ ਲਿਵ ਜੁੜਦੀ ਹੈ, ਗੁਰਮਤਿ ਦੇ ਗਿਆਨ ਨਾਲ ਸਾਡੀ ਲਿਵ ਜੁੜਦੀ ਹੈ। ਪਰਮਾਤਮਾ ਦੇ ਨਾਲ ਲਿਵ ਕੇਵਲ ਮਨ ਦੀ ਸੋਝੀ ਦੁਆਰਾ ਜੁੜਦੀ ਹੈ ਨਾ ਕਿ ਕਿਸੇ ਸਰੀਰਕ ਕਿਰਿਆ ਦੁਆਰਾ, ਸਮਾਧੀਆਂ ਆਦਿ ਲਗਾਉਣ ਦੁਆਰਾ ਜਿੰਨ੍ਹਾਂ ਰਾਹੀਂ ਸਾਨੂੰ ਕੋਈ ਗਿਆਨ ਨਹੀਂ ਮਿਲਦਾ। ਪਰਮਾਤਮਾ ਸਾਡੇ ਅੰਦਰ ਨਿਰੰਕਾਰ ਰੂਪ ਵਿਚ ਗਿਆਨ ਤੱਤ ਦੇ ਰੂਪ ਵਿਚ ਹੈ ਤੇ ਅਸੀਂ ਪ੍ਰਮਾਤਮਾ ਦੇ ਇਸ ਤੱਤ ਦੀ ਪ੍ਰਾਪਤੀ ਹੀ ਕਰਨੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਇਸ ਗਿਆਨ ਤੱਤ ਦੇ ਵਿਚ ਮਿਲਣ ਦੁਆਰਾ ਹੀ ਹੁੰਦਾ ਹੈ ਜਿਸ ਲਈ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਸਾਡੇ ਮਨ ਦੇ ਵਿਚ ਹੀ ਹੋ ਸਕਦਾ ਹੈ ਤੇ ਹੋਰ ਕੋਈ ਜਗ੍ਹਾ ਜਾਂ ਸਾਧਨ ਨਹੀਂ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣ ਸਕੀਏ ਤੇ ਉਸ ਨਾਲ ਮੇਲ ਕਰ ਸਕੀਏ।

(ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥)

(ਅੰਗ - ੧੩੯੫)

ਗੁਰਬਾਣੀ ਰਾਹੀਂ ਸੈਂਕੜੇ ਸ਼ਬਦਾਂ ਦੁਆਰਾ ਪਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਤੇ ਹਰ ਸ਼ਬਦ ਰਾਹੀਂ ਪ੍ਰਮਾਤਮਾ ਦੇ ਨਾਲ ਇਕੋ ਇਕ ਜਗ੍ਹਾ ਜਿਥੇ ਮੇਲ ਹੁੰਦਾ ਹੈ ਉਹ ਸਾਡਾ ਮਨ ਹੈ ਤੇ ਮੇਲ ਕਰਨ ਦੀ ਵਿਧੀ ਤੇ ਮੇਲ ਦੀ ਸਮਝ ਆਉਣ ਦੀ ਵਿਧੀ ਸਾਡੇ ਮਨ ਦੀ ਸੋਝੀ ਹੈ ਭਾਵ ਮਨ ਦਾ ਗਿਆਨ ਹੈ। ਪ੍ਰਮਾਤਮਾ ਦੇ ਮੇਲ ਵਿਚ ਭਾਵ ਮੇਲ ਦੀ ਸੋਝੀ ਵਿਚ ਪੜਦਾ ਵੀ ਸਾਡੇ ਮਨ ਦੀ ਸੋਝੀ ਹੀ ਹੈ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਸਾਡੇ ਮਨ ਦਾ ਭਰਮ, ਦੁਚਿੱਤੀ, ਅਗਿਆਨਤਾ, ਮਾਇਆ ਮੋਹ ਵਾਲੀ ਅਵਸਥਾ, ਹਉਮੈ ਵਾਲੀ ਅਵਸਥਾ ਭਾਵ ਤ੍ਰੈ ਗੁਣਾਂ

ਵਾਲੀ ਅਵਸਥਾ ਸਾਡੇ ਮਨ ਦੀ ਸੋਝੀ ਹੀ ਹੈ। ਮਨ ਦੀ ਇਹ ਮਾੜੀ ਸੋਝੀ ਸਾਡੀ ਮਨਮਤਿ ਵਾਲੀ ਸੋਝੀ ਹੈ ਜੋ ਸਾਡਾ ਪਰਮਾਤਮਾ ਦੇ ਨਾਲ ਮੇਲ ਕਰਨ ਵਿਚ ਰੁਕਾਵਟ ਹੈ, ਭਰਮ ਰੂਪ ਦੀਵਾਰ ਹੈ, ਭਰਮ ਰੂਪ ਕਿਵਾੜ ਹੈ ਜਿਸ ਦੇ ਹਟੇ ਬਿਨਾ, ਦੂਰ ਹੋਏ ਬਿਨਾ, ਨਿਕਲੇ ਬਿਨਾ ਅਸੀਂ ਆਪਣੇ ਅੰਦਰੋਂ ਪਰਮਾਤਮਾ ਦੇ, ਉਸ ਦੇ ਨਿਰੰਕਾਰ ਰੂਪ ਦੇ ਦਰਸ਼ਨ ਨਹੀਂ ਕਰ ਸਕਦੇ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸੋਝੀ ਦੇ ਰੂਪ ਵਿਚ ਵੀ ਨਿਰੰਕਾਰ ਆਪ ਹੀ ਹੈ, ਪਰਮਾਤਮਾ ਆਪ ਹੀ ਹੈ ਪਰ ਇਸ ਗੱਲ ਦੀ ਸਮਝ ਕੇਵਲ ਤ੍ਰੈ ਗੁਣਾਂ ਵਾਲੀ ਅਵਸਥਾ ਵਿਚੋਂ ਨਿਕਲ ਕੇ ਭਾਵ ਚਉਥੇ ਪਦ ਵਾਲੀ ਅਵਸਥਾ ਵਿਚ ਪਹੁੰਚ ਕੇ ਹੀ ਪੈਂਦੀ ਹੈ। ਤ੍ਰੈਗੁਣਾਂ ਵਿਚ ਤੇ ਚਉਥੇ ਪਦ ਵਿਚ ਕੇਵਲ ਮਨ ਦੇ ਗਿਆਨ ਦਾ ਹੀ ਫਰਕ ਹੈ ਭਾਵ ਮਨ ਦੀ ਸੋਝੀ ਦਾ ਹੀ ਫਰਕ ਹੈ, ਮਨ ਦੇ ਵਿਚਾਰਾਂ ਦਾ ਹੀ ਫਰਕ ਹੈ। ਜਦ ਤਕ ਸਾਡੇ ਅੰਦਰ ਵਿਚਾਰ ਮਨਮਤਿ ਵਾਲੇ ਹਨ ਤਦ ਤਕ ਅਸੀਂ ਨਿਰੰਕਾਰ ਦੇ ਦੇਸ਼ ਤੋਂ ਵਿਛੜੇ ਹੋਏ ਹਾਂ। ਨਿਰੰਕਾਰ ਦੇ ਦੇਸ਼ ਵਿਚ ਪਹੁੰਚ ਕੇ ਸਾਨੂੰ ਗੁਰਮਤਿ ਰੂਪ ਵਿਚਾਰ ਮਿਲਦੇ ਹਨ ਭਾਵ ਸ਼ਬਦਾਂ ਦੇ ਸੱਚੇ ਵਿਚਾਰ ਮਿਲਦੇ ਹਨ ਜੋ ਕਿ ਚਉਥੇ ਪਦ ਦੇ ਵਿਚਾਰ ਹਨ ਤੇ ਸਾਨੂੰ ਮਨਮਤਿ ਵਾਲੇ ਵਿਚਾਰਾਂ ਵਿਚੋਂ ਭਾਵ ਭਰਮ ਦੇ ਪੜਦੇ ਵਾਲੇ ਵਿਚਾਰਾਂ ਵਿਚੋਂ ਕਢ ਲੈਂਦੇ ਹਨ ਜਿਸ ਦੁਆਰਾ ਸਾਡਾ ਪਰਮਾਤਮਾ ਦੇ ਨਾਲ ਪੜਦਾ ਦੂਰ ਹੋ ਜਾਂਦਾ ਹੈ ਤੇ ਅਸੀਂ ਆਪਣੇ ਅੰਦਰੋਂ ਹੀ ਉਸ ਪਰਮਾਤਮਾ ਨੂੰ ਜਾਣ ਲੈਂਦੇ ਹਾਂ ਜੋ ਸਾਡੇ ਅੰਦਰ ਹਰ ਵਿਚਾਰ ਦਾ ਮਾਲਕ ਹੈ ਭਾਵ ਹਰ ਵਿਚਾਰ ਉਪਜਾਉਣ ਵਾਲਾ ਆਪ ਹੀ ਹੈ। ਇਸੇ ਲਈ ਆਪਣੇ ਆਪ ਕੋਈ ਭਰਮ ਦੇ ਪੜਦੇ ਵਿਚੋਂ ਨਹੀਂ ਨਿਕਲ ਸਕਦਾ ਭਾਵ ਭਰਮ ਤੋਂ ਮੁਕਤ ਨਹੀਂ ਹੋ ਸਕਦਾ ਤੇ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਪ੍ਰਮਾਤਮਾ ਨੂੰ ਜਾਨਣਾ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ ਭਾਵ ਉਸ ਦੀ ਆਪਣੀ ਕਿਰਪਾ ਹੈ, ਆਪਣੀ ਰਜਾ ਹੈ। ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਵੀ ਸਾਡੀ ਮਨ ਦੀ ਸੋਝੀ ਰਾਹੀਂ ਹੀ ਆਏ ਹਨ ਭਾਵ ਸਾਨੂੰ ਸਭ ਨੂੰ ਪ੍ਰਮਾਤਮਾ ਨੇ

ਆਪ ਹੀ ਉਲਝਾਇਆ ਹੋਇਆ ਹੈ ਤੇ ਅਸੀਂ ਅਨੇਕਾਂ ਹੀ ਅਨੇਕਾਂ ਤਰੀਕਿਆਂ ਦੁਆਰਾ ਜੋ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰਦੇ ਹਾਂ ਉਹ ਕੇਵਲ ਸਾਡੇ ਮਨ ਦੇ ਭਰਮ ਹਨ ਭਾਵ ਪ੍ਰਮਾਤਮਾ ਨੇ ਆਪ ਹੀ ਸਾਨੂੰ ਪ੍ਰਮਾਤਮਾ ਦੇ ਜਾਨਣ ਦੇ ਸੱਚ ਤੋਂ ਦੂਰ ਰਖਿਆ ਹੋਇਆ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸੰਸਾਰ ਤੇ ਬਹੁਤ ਵੱਡੀ ਕਿਰਪਾ ਕੀਤੀ ਹੈ ਜਿਸ ਰਾਹੀਂ ਉਸ ਨੇ ਆਪਣੇ ਆਪ ਨੂੰ ਜਾਨਣ ਦਾ ਪੜਦਾ ਦੂਰ ਕੀਤਾ ਹੈ, ਸ਼ਬਦਾਂ ਦੇ ਵਿਚਾਰਾਂ ਰਾਹੀਂ ਭਰਮ ਦਾ ਪੜਦਾ ਦੂਰ ਕੀਤਾ ਹੈ ਤੇ ਆਪਣੇ ਆਪ ਦੀ ਅਸਲੀਅਤ ਸਮਝਾਈ ਹੈ ਕਿ ਉਸ ਦਾ ਨਿਰਗੁਣ ਰੂਪ, ਨਿਰੰਕਾਰ ਰੂਪ ਕੀ ਹੈ ਤੇ ਉਸ ਨੂੰ ਕਿਸ ਤਰੀਕੇ ਤੇ ਕਿਸ ਜਗ੍ਹਾ ਮਿਲਿਆ ਜਾ ਸਕਦਾ ਹੈ। ਜਿਸ ਤਰੀਕੇ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਉਹ ਸਦੀਆਂ ਤੋਂ ਉਸੇ ਤਰੀਕੇ ਹੀ ਚਲਦੇ ਆ ਰਹੇ ਹਨ ਜੋ ਕਿ ਕੇਵਲ ਸਾਡੇ ਮਨ ਦੀ ਉਲਝਣ

35/4230

ਹੈ। ਸਾਡੀਆਂ ਸਰੀਰਕ ਕਿਰਿਆਵਾਂ ਆਦਿ ਤੇ ਹੋਰ ਵੀ ਅਨੇਕਾਂ ਬਣਾਏ ਹੋਏ ਤਰੀਕਿਆਂ ਦਾ ਬਾਣੀ ਰਾਹੀਂ ਬਾਰ ਬਾਰ ਖੰਡਨ ਕੀਤਾ ਹੋਇਆ ਹੈ ਜਿੰਨ੍ਹਾਂ ਦਾ ਮਨ ਦੇ ਗਿਆਨ ਨਾਲ ਕੋਈ ਵਾਸਤਾ ਨਹੀਂ ਹੈ। ਕਿਸੇ ਸਰੀਰਕ ਕਿਰਿਆ ਨੇ ਜਾਂ ਅੱਖਰ ਦੀ ਕਥਨੀ ਨੇ ਸਾਨੂੰ ਕੋਈ ਗਿਆਨ ਨਹੀਂ ਦੇਣਾ ਭਾਵ ਸਾਨੂੰ ਕਿਸੇ ਭਰਮ ਵਿਚੋਂ ਨਹੀਂ ਕੱਢਣਾ ਤੇ ਇਸੇ ਹੀ ਤਰ੍ਹਾਂ ਕਿਸੇ ਵੀ ਤਰ੍ਹਾਂ ਦੇ ਭੋਜਨ ਜਾਂ ਬਰਤਨ ਇਸਤੇਮਾਲ ਕਰਨ ਨਾਲ ਅਸੀਂ ਕਿਸੇ ਮਨ ਦੇ ਭਰਮ ਤੋਂ ਮੁਕਤਿ ਨਹੀਂ ਹੋਣਾ ਤੇ ਨਾ ਹੀ ਕਿਸੇ ਸਰੀਰਕ ਬਾਣੇ ਨੇ ਸਾਨੂੰ ਕਿਸੇ ਭਰਮ ਵਿਚੋਂ ਕੱਢਣਾ ਹੈ। ਅਸੀਂ ਭਾਵੇਂ ਜਿਤਨੀ ਮਰਜੀ ਲੰਬੀ ਸਮਾਧੀ ਲਗਾ ਕੇ ਬੈਠ ਜਾਈਏ ਤੇ ਭਾਵੇਂ ਇਸ ਸਰੀਰ ਨੂੰ ਜਿਤਨੇ ਮਰਜੀ ਕਸ਼ਟਾਂ ਵਿਚ ਪਾ ਲਈਏ, ਘਰ ਬਾਰ ਤਿਆਗ ਲਈਏ ਉਸ ਨਾਲ ਸਾਡੇ ਮਨ ਨੂੰ ਕੋਈ ਸੱਚਾ ਗਿਆਨ ਨਹੀਂ ਮਿਲ ਸਕਦਾ ਤੇ ਅਸੀਂ ਮਨ ਦੇ ਭਰਮ ਵਿਚ ਹੀ ਰਹਿੰਦੇ ਹਾਂ ਭਾਵ ਮਨ ਦੇ ਉਸ ਪੜਦੇ ਵਿਚ ਹੀ ਰਹਿੰਦੇ ਹਾਂ ਜਿਸ ਕਰਕੇ ਸਾਡਾ ਨਿਰੰਕਾਰ ਨਾਲੋਂ ਵਿਛੋੜਾ ਹੈ, ਮਨ ਦੇ ਵਿਚ ਹੀ ਵਿਛੋੜਾ ਹੈ। ਪਰਮਾਤਮਾ ਨਾਲ ਮੇਲ ਕਰਨ ਦਾ ਇਕੋ ਇਕ ਸਾਧਨ ਮਨ ਦੀ ਦੁਬਿਧਾ ਵਿਚੋਂ ਨਿਕਲਣ ਦਾ ਹੈ ਕਿਉਂਕਿ ਮਨ ਦੀ ਦੁਬਿਧਾ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ। ਜਿਹੋ ਜਿਹੇ ਵੀ ਤਰੀਕੇ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਬਣਾਏ ਹੋਏ ਹਨ, ਸਰੀਰਕ ਜਪ ਤਪ ਆਦਿ ਬਣਾਏ ਹੋਏ ਹਨ ਉਹ ਸਾਡੇ ਮਨ ਦੀ ਦੁਬਿਧਾ ਹੈ, ਹੋਰ ਕੁਝ ਵੀ ਨਹੀਂ ਹੈ। ਦੁਬਿਧਾ ਛੱਡੇ ਬਿਨਾ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਦੁਬਿਧਾ ਤੋਂ ਬਾਹਰ ਕੇਵਲ ਸ਼ਬਦ ਦੇ ਵਿਚਾਰ ਹਨ ਤੇ ਜਿਉਂ ਜਿਉਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨੀ ਜਾਵਾਂਗੇ ਭਾਵ ਆਪਣੇ ਅੰਦਰ ਵਸਾਈ ਜਾਵਾਂਗੇ ਤਿਉਂ ਤਿਉਂ ਅਸੀਂ ਦੁਬਿਧਾ ਤੋਂ ਭਾਵ ਆਪਣੇ ਹਉਮੈ ਵਾਲੇ ਵਿਚਾਰਾਂ ਤੋਂ ਮੁਕਤਿ ਹੋਈ ਜਾਵਾਂਗੇ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ, ਨਿਰੰਕਾਰ ਨੂੰ ਆਪਣੇ ਅੰਦਰੋਂ ਜਾਨਣ ਦਾ ਭਾਵ ਪ੍ਰਮਾਤਮਾ ਦਾ ਨਿਰੰਕਾਰੀ ਰੂਪ ਬਣਨ ਦਾ ਸਾਡਾ ਇਹੀ ਸੱਚਾ ਉਦਮ ਹੈ ਕਿ ਅਸੀਂ ਮਨ ਦੀ ਦੁਬਿਧਾ ਵਿਚੋਂ ਨਿਕਲੀਏ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ ਕਿ ਦੁਬਿਧਾ ਸਾਡੇ ਲਈ ਕਿਤਨੀ ਕੁ ਮਾੜੀ ਹੈ ਜਿਸ ਨੇ ਸਾਨੂੰ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਕੀਤਾ ਹੋਇਆ ਹੈ।

“ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥”

(ਅੰਗ - ੬੮੫)

ਜਦ ਤਕ ਸਾਡੇ ਅੰਦਰ ਦੁਬਿਧਾ ਹੈ ਤਦ ਤਕ ਸਾਨੂੰ ਆਪਣੇ ਜੀਵਨ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ, ਭਗਤੀ ਦੇ ਸੱਚੇ ਮਾਰਗ ਦੀ ਭਾਵ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ। ਧਰਮ

35/4231

ਦੇ ਸੱਚੇ ਮਾਰਗ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਜੋ ਮਨੁੱਖ ਸ਼ਬਦਾਂ ਦੀ ਵਿਚਾਰ ਨੂੰ ਅਪਣਾ ਲੈਂਦਾ ਹੈ ਉਹ ਫਿਰ ਧਰਮ ਦੇ ਮਾਰਗ ਤੇ ਫਿਰ ਗੁਰੂ ਦੇ ਦਰਸਾਏ ਹੋਏ ਮਾਰਗ ਦੇ ਅਨੁਸਾਰ ਹੀ ਆਪਣੇ ਕਦਮ ਪੁਟਦਾ ਹੈ ਭਾਵ ਉਸ ਮਨੁੱਖ ਦੀ ਵਿਚਰਨ ਫਿਰ ਗੁਰੂ ਦੇ ਗਿਆਨ ਅਨੁਸਾਰ ਬਣ ਜਾਂਦੀ ਹੈ, ਗੁਰਮਤਿ ਅਨੁਸਾਰ ਬਣ ਜਾਂਦੀ ਹੈ ਭਾਵ ਉਹ ਮਨ ਦੀ ਦੁਬਿਧਾ ਤੋਂ ਰਹਿਤ ਹੋ ਕੇ ਭਾਵ ਮਨਮਤਿ ਤੋਂ ਰਹਿਤ ਹੋ ਕੇ ਵਿਚਰਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਵਾਲਾ ਮਨੁੱਖ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣਦਾ ਹੈ ਭਾਵ ਉਸ ਦੇ ਨਿਰੰਕਾਰ ਰੂਪ ਨਾਲ ਇੱਕ ਹੋ ਜਾਂਦਾ ਹੈ। ਮਨੁੱਖ ਨੂੰ ਦੁਬਿਧਾ ਤੋਂ ਮੁਕਤਿ ਨਿਰੰਕਾਰ ਆਪ ਹੀ ਕਰਦਾ ਹੈ ਭਾਵ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਕਰਦਾ

ਹੈ। ਭਰਮ ਤੋਂ ਮੁਕਤੀ ਕੇਵਲ ਮਨ ਦੇ ਗਿਆਨ ਦੁਆਰਾ ਹੀ ਹੁੰਦੀ ਹੈ, ਮਨ ਦੇ ਅਗਿਆਨਤਾ ਵਾਲੇ ਵਿਚਾਰਾਂ ਤੋਂ ਮੁਕਤੀ ਮਨ ਦੇ ਵਿਚ ਸੱਚੇ ਵਿਚਾਰ ਵੱਸਣ ਦੁਆਰਾ ਹੀ ਹੁੰਦੀ ਹੈ ਭਾਵ ਸ਼ਬਦ ਦੇ ਵਿਚਾਰ ਵੱਸਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੀ ਸੱਚੀ ਸੋਝੀ ਸਾਨੂੰ ਮਨ ਦੀ ਮਾੜੀ ਸੋਝੀ ਤੋਂ ਮੁਕਤਿ ਕਰਦੀ ਹੈ। ਗੁਰਮਤਿ ਰੂਪ ਸੱਚਾ ਗਿਆਨ ਹੀ ਪਰਮਾਤਮਾ ਦਾ "ਮੁਕਤਿ ਪਦਾਰਥੁ" ਹੈ ਤੇ ਇਹੀ "ਹਰਿ ਰਸ" ਹੈ ਜਿਸ ਨੂੰ ਮਨ ਦੇ ਵਿਚ ਚੱਖਣ ਦੁਆਰਾ ਭਾਵ ਸੋਝੀ ਪੈਣ ਦੁਆਰਾ ਮਨੁੱਖ ਦੁਬਿਧਾ ਤੋਂ ਮੁਕਤਿ ਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਆਪ ਰਖਦਾ ਹੈ ਭਾਵ ਆਪ ਰਖਿਆ ਕਰਦਾ ਹੈ ਉਸ ਨੂੰ ਮਨ ਦੀ ਦੁਬਿਧਾ ਵਿਚੋਂ ਹੀ ਕੱਢਦਾ ਹੈ ਕਿਉਂਕਿ ਮਨ ਦੀ ਦੁਬਿਧਾ ਵਿਚੋਂ ਨਿਕਲੇ ਬਿਨਾ ਮੁਕਤੀ ਨਹੀਂ ਹੈ ਤੇ ਮੁਕਤਿ ਹੋਏ ਬਿਨਾ ਅਸੀਂ ਉਸ ਨਿਰੰਕਾਰ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। (**ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥ ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥2॥**)

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥

ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥

ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥}

(ਅੰਗ - ੯੫)

{ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥

ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਿਗੁਰਿ ਦੀਆ ਨਾਮੁ ॥੨॥}

(ਅੰਗ - ੨੧)

{ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥

ਨਾਮੁ ਨਿਧਾਨੁ ਸਤਿਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥}

(ਅੰਗ - ੨੯)

35/4232

{ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥

ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥}

(ਅੰਗ - ੬੬)

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥

ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ - ੪੧)

ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਸਮਝੇ ਬਿਨਾ ਅਸੀਂ ਉਸ ਦੇ ਨਿਰੰਕਾਰ ਰੂਪ ਨਾਲ ਜੁੜਨ ਦਾ ਉਦਮ ਵੀ ਨਹੀਂ ਕਰ ਸਕਦੇ। ਪ੍ਰਮਾਤਮਾ ਆਪ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ। ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਉਹ ਆਪਣੇ ਨਿਰੰਕਾਰ ਰੂਪ ਵਿਚ ਹੀ ਗੁਰੂ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿਚ ਹੀ ਗੁਰੂ ਹੈ ਜੋ ਰੂਪ ਉਸ ਦਾ ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ। **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥)** ਅੰਗ 120 ਸ਼ਬਦਾਂ ਦੀ ਲਿਖਤ ਅੱਖਰਾਂ ਦੇ ਰੂਪ ਵਿਚ ਹੈ ਭਾਵ ਆਕਾਰ ਰੂਪ ਅੱਖਰਾਂ ਦੇ ਰੂਪ ਵਿਚ ਹੈ। ਜੇਕਰ ਅਸੀਂ ਆਕਾਰ ਰੂਪ ਅੱਖਰਾਂ ਨਾਲ ਜੁੜੇ ਰਹਾਂਗੇ ਭਾਵ ਕੇਵਲ ਅੱਖਰਾਂ ਨੂੰ ਪੜੀ ਗੁਣੀ ਜਾਵਾਂਗੇ ਤਾਂ ਫਿਰ ਅਸੀਂ ਅੱਖਰਾਂ ਦੇ ਆਕਾਰ ਰੂਪ ਨਾਲ ਹੀ ਜੁੜੇ ਰਹਿੰਦੇ ਹਾਂ। ਅੱਖਰਾਂ ਦੇ ਅੰਦਰ ਦਾ ਜੋ ਗਿਆਨ ਹੈ ਉਹ ਸ਼ਬਦ ਦਾ ਨਿਰੰਕਾਰ ਰੂਪ ਹੈ। ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜਨਾ ਹੈ ਭਾਵ ਸ਼ਬਦਾਂ ਦੀ ਸੋਝੀ ਦੇ ਨਾਲ ਜੁੜਨਾ ਹੈ, ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਨਾ ਹੈ। ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਨਾ ਹੀ ਨਾਮ ਦੇ ਨਾਲ ਜੁੜਨਾ ਹੈ। (**ਸਾਚੁ ਨਾਮੁ ਗੁਰ**

ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥1॥ ਰਹਾਉ ॥) ਅੰਗ 355 (**ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥**) ਅੰਗ 229 ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜਨ ਦੁਆਰਾ ਅਸੀਂ ਮਨ ਦੀ ਅਗਿਆਨਤਾ ਵਿਚੋਂ ਹੀ ਨਿਕਲਦੇ ਹਾਂ ਭਾਵ ਮਨ ਦੀ ਕਲਿ ਵਿਚੋਂ ਹੀ ਨਿਕਲਦੇ ਹਾਂ ਭਾਵ ਮਨ ਦੇ ਭਰਮ ਵਿਚੋਂ ਹੀ ਨਿਕਲਦੇ ਹਾਂ। ਸਾਡੇ ਮਨ ਦੇ ਭਰਮ ਹੀ ਸਾਡੇ ਅੰਦਰ ਪਰਮਾਤਮਾ ਦੇ ਨਾਲ ਵਿਛੋੜੇ ਦਾ ਕਾਰਣ ਹਨ। ਸ਼ਬਦ ਦੇ ਵਿਚਾਰ ਸਾਨੂੰ ਮਨਮਤਿ ਵਾਲੇ ਵਿਚਾਰਾਂ ਤੋਂ ਹੀ ਮੁਕਤ ਕਰਦੇ ਹਨ। ਸ਼ਬਦਾਂ ਦੀ ਲਿਖਤ ਦੇ ਨਾਲ ਜੁੜੇ ਰਹਿਣ ਨਾਲ ਜਾਂ ਸ਼ਬਦਾਂ ਦੀ ਲਿਖਤ ਨੂੰ ਕੇਵਲ ਸੁਣੀ ਜਾਣ ਨਾਲ ਅਸੀਂ ਕਦੇ ਭਰਮ ਤੋਂ, ਮਨ ਦੀ ਕਲਿ ਤੋਂ ਮੁਕਤ ਨਹੀਂ ਹੋ ਸਕਦੇ ਕਿਉਂਕਿ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਨਹੀਂ ਜੁੜਦੇ ਜਿਸ ਦਾ ਮਕਸਦ ਸਾਨੂੰ ਮਨ ਦੇ ਭਰਮਾਂ ਵਿਚੋਂ ਕੱਢਣ ਦਾ ਹੈ। ਗੁਰੂ ਆਪਣੇ ਨਿਰੰਕਾਰ ਰੂਪ ਦੁਆਰਾ ਉੱਚਾ ਹੈ ਭਾਵ ਬ੍ਰਹਮ ਗਿਆਨ ਰੂਪ ਦੁਆਰਾ ਉੱਚਾ ਹੈ ਕਿਉਂਕਿ ਗੁਰੂ ਪ੍ਰਮਾਤਮਾ

ਦਾ ਹੀ ਰੂਪ ਹੈ। ਗੁਰੂ ਦੀ ਉਪਮਾ ਗੁਰੂ ਨੂੰ ਕਥਨ ਦੁਆਰਾ ਨਹੀਂ ਹੁੰਦੀ ਬਲਕਿ ਉਸ ਦੇ ਨਿਰੰਕਾਰ ਰੂਪ ਨੂੰ ਸਮਝ ਕੇ ਹੁੰਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥”

(ਅੰਗ - ੫੨)

ਸਭ ਤੋਂ ਪਹਿਲਾਂ ਤਾਂ ਉਪਰ ਵਾਲੀਆਂ ਪੰਗਤੀਆਂ ਨੂੰ ਸਮਝੋ ਕਿ ਸਾਡਾ ਗੁਰੂ ਕੌਣ ਹੈ ਤੇ ਉਹ ਕਿਸ ਰੂਪ ਵਿਚ ਹੈ। ਗੁਰੂ ਸਮਰਥ ਹੈ, ਗੁਰੂ ਉੱਚਾ ਹੈ, ਗੁਰੂ ਅਗਮ ਹੈ, ਗੁਰੂ ਅਪਾਰ ਹੈ। ਜੇਕਰ ਗੁਰੂ ਆਕਾਰ ਰੂਪ ਹੋਵੇ ਤਾਂ ਫਿਰ ਹਰ ਕੋਈ ਉਸ ਕੋਲ ਪਹੁੰਚ ਕਰ ਸਕਦਾ ਹੈ। ਸਾਡਾ ਗੁਰੂ ਗੁਰਬਾਣੀ ਹੈ ਜੋ ਕਿ ਦਿੱਸਣ ਵਿਚ ਆਕਾਰ ਰੂਪ ਹੈ ਤੇ ਉਸ ਕੋਲ ਹਰ ਕੋਈ ਪਹੁੰਚ ਕਰ ਸਕਦਾ ਹੈ ਜਿਵੇਂ ਕਿ ਅਸੀਂ ਹਰ ਰੋਜ ਇਸ ਗੱਲ ਨੂੰ ਦੇਖਦੇ ਹਾਂ ਤੇ ਗੁਰੂ ਦੇ ਆਕਾਰ ਰੂਪ ਨੂੰ ਮੱਥਾ ਟੇਕਦੇ ਹਾਂ ਭਾਵ ਆਕਾਰ ਰੂਪ ਵਿਚ ਗੁਰੂ ਅਗਮ ਨਹੀਂ ਹੈ। ਗੁਰੂ ਅਸਲ ਵਿਚ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ ਜੋ ਆਕਾਰ ਰੂਪ ਦੇ ਅੰਦਰ ਹੀ ਸਮਾਇਆ ਹੋਇਆ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ, ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਵੱਸਿਆ ਹੋਇਆ ਹੈ। ਕਿਸੇ ਦੇਹ ਨੂੰ, ਆਕਾਰ ਰੂਪ ਨੂੰ ਗੁਰੂ ਸਮਝਣਾ ਸਾਡਾ ਭਰਮ ਹੈ। ਜੇਕਰ ਸਾਨੂੰ ਗੁਰੂ ਦਾ ਅਸਲ ਰੂਪ ਸਮਝ ਆ ਜਾਵੇ ਫਿਰ ਅਸੀਂ ਗੁਰੂ ਦੇ ਨਿਰੰਕਾਰ ਰੂਪ ਨਾਲ ਜੁੜਾਂਗੇ। ਨਿਰੰਕਾਰ ਰੂਪ ਵਿਚ ਪ੍ਰਮਾਤਮਾ ਆਪ ਹੈ ਜਿਸ ਰੂਪ ਵਿਚ ਕੇਵਲ ਉਹ ਆਪ ਹੀ ਹੋ ਸਕਦਾ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਨਿਰੰਕਾਰ ਰੂਪ ਕਿਸੇ ਆਕਾਰ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ ਤੇ ਜਿਥੇ ਵੀ ਪ੍ਰਮਾਤਮਾ ਨੇ ਭਾਵ ਜਿਹੜੇ ਸਰੀਰਾਂ ਰਾਹੀਂ ਵੀ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਪ੍ਰਗਟ ਕੀਤਾ ਹੈ ਭਾਵ ਬ੍ਰਹਮ ਗਿਆਨ ਰੂਪ ਵਿਚ ਹੀ ਪ੍ਰਗਟ ਕੀਤਾ ਹੈ ਜਿਥੇ ਉਸ ਨੇ ਸ਼ਬਦਾਂ ਦੀ ਵਿਚਾਰ ਰਾਹੀਂ, ਸ਼ਬਦਾਂ ਦੇ ਗਿਆਨ ਰਾਹੀਂ ਆਪਣਾ ਨਿਰੰਕਾਰ ਰੂਪ ਪ੍ਰਗਟ ਕੀਤਾ ਹੈ ਤੇ ਪ੍ਰਮਾਤਮਾ ਦਾ ਉਹੀ ਨਿਰੰਕਾਰ ਰੂਪ ਪੂਰੀ ਗੁਰਬਾਣੀ ਵਿਚ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਹੀ ਗੁਰਬਾਣੀ ਰਾਹੀਂ ਸਾਡਾ ਗੁਰੂ ਹੈ। ਗੁਰਬਾਣੀ ਦਾ ਆਕਾਰ ਰੂਪ ਆਪਣੇ ਅੰਦਰ ਨਿਰੰਕਾਰ ਰੂਪ ਨੂੰ ਟਿਕਾਉਣ ਲਈ ਹੈ। ਅੱਖਰਾਂ ਦੀ ਲਿਖਤ ਆਕਾਰ ਰੂਪ ਵਿਚ ਹੈ ਤੇ ਅੱਖਰਾਂ ਦੇ ਅੰਦਰ ਦੀ ਸੋਝੀ ਨਿਰੰਕਾਰ ਰੂਪ ਵਿਚ ਹੈ ਭਾਵ ਸਾਡਾ ਗੁਰੂ ਅੱਖਰਾਂ ਦਾ ਗਿਆਨ ਹੈ। ਅੱਖਰਾਂ ਦੇ ਗਿਆਨ ਨਾਲ ਜੁੜਨਾ ਹੀ ਪ੍ਰਮਾਤਮਾ ਦੇ, ਗੁਰੂ ਦੇ ਨਿਰੰਕਾਰ ਰੂਪ ਨਾਲ ਜੁੜਨਾ ਹੈ। ਗੁਰੂ ਪ੍ਰਮਾਤਮਾ ਆਪਣੇ ਇਸ ਨਿਰੰਕਾਰ ਰੂਪ ਦੁਆਰਾ ਹੀ ਸਮਰਥ ਹੈ ਭਾਵ ਉਹ ਸਭ ਕੁਝ ਕਰ ਸਕਦਾ ਹੈ। ਆਕਾਰ ਰੂਪ ਨੂੰ ਬਣਾਉਣ ਵਾਲਾ ਨਿਰੰਕਾਰ ਰੂਪ ਹੈ ਤੇ ਇਸੇ ਲਈ ਨਿਰੰਕਾਰ ਰੂਪ ਹੀ ਉੱਚਾ ਹੈ, ਸਮਰਥ ਹੈ। ਪ੍ਰਮਾਤਮਾ ਆਪਣੇ ਇਸ ਨਿਰੰਕਾਰ ਰੂਪ

ਦੁਆਰਾ ਹੀ ਅਗਮ ਹੈ ਭਾਵ ਸਾਡੀ ਸਭ ਦੀ ਪਹੁੰਚ ਤੋਂ ਬਾਹਰ ਹੈ। ਉਸ ਦਾ ਨਿਰੰਕਾਰ ਰੂਪ ਸਾਡੇ ਅੰਦਰ ਹੀ ਹੈ ਜਿਥੇ ਕਿ ਉਸ ਤਕ ਪਹੁੰਚ ਕੀਤੀ ਜਾ ਸਕਦੀ ਹੈ। ਉਸ ਨਾਲ ਪਹੁੰਚ ਕਰਨ ਦਾ ਤਰੀਕਾ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ। ਪਹਿਲਾਂ ਅਸੀਂ ਗੁਰਬਾਣੀ ਦੇ ਨਿਰੰਕਾਰ ਰੂਪ ਨਾਲ ਜੁੜਾਂਗੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਸਮਝਾਂਗੇ ਤੇ ਉਹਨਾਂ ਨੂੰ ਮੰਨਾਂਗੇ

ਤੇ ਤਾਂ ਹੀ ਉਸ ਨਿਰੰਕਾਰ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰਾਂਗੇ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਪਿਆਰ ਕਰਨਾ ਹੀ ਪ੍ਰਮਾਤਮਾ ਦੇ ਨਾਲ ਪਿਆਰ ਕਰਨਾ ਹੈ। ਪੂਰੀ ਗੁਰਮਤਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਤੇ ਗੁਰਮਤਿ ਨਾਲ ਪਿਆਰ ਹੀ ਗੁਰੂ ਪ੍ਰਮਾਤਮਾ ਨਾਲ ਪਿਆਰ ਹੈ। ਜੋ ਗੁਰਮਤਿ ਦਾ ਪਿਆਰਾ ਬਣਦਾ ਹੈ ਉਹੀ ਪਰਮਾਤਮਾ ਦਾ ਪਿਆਰਾ ਬਣਦਾ ਹੈ ਤੇ ਪ੍ਰਮਾਤਮਾ ਆਪਣੀ ਕਿਰਪਾ ਉਸ ਤੇ ਕਰਦਾ ਹੈ ਭਾਵ ਆਪਣੇ ਦਰਸ਼ਨ, ਨਿਰੰਕਾਰ ਰੂਪ ਦਰਸ਼ਨ ਮਨ ਦੇ ਵਿਚੋਂ ਉਸੇ ਨੂੰ ਕਰਾਉਂਦਾ ਹੈ ਜੋ ਉਸ ਦੇ ਨਿਰੰਕਾਰ ਰੂਪ ਨਾਲ ਪਿਆਰ ਕਰਦੇ ਹਨ ਭਾਵ ਪ੍ਰਮਾਤਮਾ ਆਪਣਾ ਨਾਮ ਉਸੇ ਨੂੰ ਦਿੰਦਾ ਹੈ ਜੋ ਉਸ ਦੇ ਨਾਮ ਦੇ ਨਾਲ ਪਿਆਰ ਕਰਦੇ ਹਨ, ਸੱਚੇ ਗਿਆਨ ਦੇ ਨਾਲ ਪ੍ਰੇਮ ਕਰਦੇ ਹਨ। ਕੇਵਲ ਅੱਖਰਾਂ ਦੀ ਕਥਨੀ ਕਰੀ ਜਾਣ ਨਾਲ ਪ੍ਰਮਾਤਮਾ ਦੀ ਉਪਮਾ, ਵਡਿਆਈ, ਸਿਫਤ ਸਲਾਹ ਨਹੀਂ ਹੁੰਦੀ ਭਾਵ ਉਸ ਦੇ ਆਕਾਰ ਰੂਪ ਨਾਲ ਜੁੜਨ ਦੁਆਰਾ ਉਸ ਦੀ ਉਪਮਾ ਨਹੀਂ ਹੁੰਦੀ। ਪ੍ਰਮਾਤਮਾ ਦੀ ਉਪਮਾ ਉਸ ਦੇ ਨਿਰਗੁਣ ਰੂਪ, ਨਿਰੰਕਾਰ ਰੂਪ ਨਾਲ ਜੁੜਨ ਦੁਆਰਾ ਹੁੰਦੀ ਹੈ। (**ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥ ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥3॥**)

{ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥੨॥}

(ਅੰਗ - ੫੨)

ਜਦ ਤਕ ਕੋਈ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਲੈਂਦਾ ਤਦ ਤਕ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਇਹ ਸੰਸਾਰ ਕਿਵੇਂ ਬਣਿਆ ਹੈ, ਕਿਸ ਨੇ ਬਣਾਇਆ ਹੈ, ਕਿਸ ਵਿਧੀ ਦੁਆਰਾ ਬਣਾਇਆ ਹੈ ਤੇ ਕਿਸ ਵਿਧੀ ਦੁਆਰਾ ਚਲ ਰਿਹਾ ਹੈ। ਅਸੀਂ ਆਕਾਰ ਰੂਪ ਨੂੰ ਤਦ ਤਕ ਹੀ ਉੱਚਾ ਮੰਨਦੇ ਹਾਂ ਤੇ ਉਸ ਨਾਲ ਜੁੜਦੇ ਹਾਂ, ਉਸ ਨੂੰ ਪੂਜਦੇ ਹਾਂ ਜਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਲੈਂਦੇ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਸਾਨੂੰ ਆਕਾਰ

ਦੀ ਪੂਜਾ ਤੋਂ ਹਟਾਇਆ ਹੈ, ਮੂਰਤੀ ਪੂਜਾ ਤੋਂ, ਦੇਵੀ ਦੇਵਤਿਆਂ ਆਦਿ ਦੀ ਪੂਜਾ ਤੋਂ ਹਟਾਇਆ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਹਟਾਇਆ ਹੈ ਕਿਉਂਕਿ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਤੋਂ ਬਾਦ ਹੀ ਸਾਨੂੰ ਪ੍ਰਮਾਤਮਾ ਦੇ ਸ਼ਬਦ ਰੂਪ ਦੀ ਸੋਝੀ ਪੈਂਦੀ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਉਸ ਦਾ ਸ਼ਬਦ ਰੂਪ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਗੁਰੂ ਹੈ। ਆਕਾਰ ਰੂਪ ਕੇਵਲ ਨਿਰੰਕਾਰ ਰੂਪ ਦਾ ਬਣਾਇਆ ਹੋਇਆ ਕੇਵਲ ਇਕ ਪੁਤਲਾ ਹੈ ਜਿਸ ਦੀ ਆਪਣੀ ਕੋਈ ਹਸਤੀ ਨਹੀਂ ਹੈ। ਮਨੁੱਖ ਦੀ ਆਪਣੀ ਵੀ ਕੋਈ ਹਸਤੀ ਨਹੀਂ ਹੈ, ਕੋਈ ਹੋਂਦ ਨਹੀਂ ਹੈ ਪਰ ਮਨ ਦੇ ਭਰਮ ਕਰਕੇ ਅਸੀਂ ਆਪਣੀ ਹੋਂਦ ਸਮਝਦੇ ਹਾਂ ਜੋ ਕਿ ਸਾਡੀ ਹਉਮੈ ਹੈ। ਪਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਤੋਂ ਬਾਦ ਹੀ ਕੋਈ ਹਉਮੈ ਮੁਕਤ ਹੁੰਦਾ ਹੈ ਤੇ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਸ ਨੇ ਇਸ ਆਕਾਰ ਰੂਪ ਨੂੰ ਬਣਾਇਆ ਹੈ ਤੇ ਉਸ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਿਹਾ ਹੈ, ਆਪਣੀ ਖੇਡ ਬਣਾਕੇ ਚਲਾ ਰਿਹਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਕੁਝ ਸੰਖੇਪ ਵਿਚ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ

"ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥ ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥

ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥
ਗੁਰਮੁਖਿ ਏਕਸੁ ਸਿਉ ਲਿਵ ਲਾਏ ॥ ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥
ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ ਗੁਰ ਪਰਸਾਦੀ ਸਹਜੇ ਮਾਤੇ ॥
ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥
ਮਾਇਆ ਮੋਹਿ ਭਰਮਿ ਨ ਪਾਏ ॥ ਦੂਜੈ ਭਾਇ ਲਗਾ ਦੁਖੁ ਪਾਏ ॥
ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥
ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥
ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥
ਮਨਮੁਖੁ ਬਹੁਤੁ ਕਰੇ ਅਭਿਮਾਨੁ ॥ ਦਰਗਹ ਕਬ ਹੀ ਨ ਪਾਵੈ ਮਾਨੁ ॥
ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥
ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥
ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥ ਮੇਰੈ ਠਾਕੁਰਿ ਇਹ ਬਣਤ ਬਣਾਈ ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥
ਸਚਾ ਮਹਲੁ ਸਚੇ ਭੰਡਾਰਾ ॥ ਆਪੇ ਦੇਵੈ ਦੇਵਣਹਾਰਾ ॥
ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥
ਆਪੇ ਸਚਾ ਸਬਦਿ ਮਿਲਾਏ ॥ ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥”

(ਅੰਗ - ੧੦੬੬)

ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਲੇਖ ਵਿਚ ਕਾਫੀ ਪਿੱਛੇ ਜਾਣੇ ਹਨ। ਇਹ ਸੰਸਾਰ ਪਰਮਾਤਮਾ ਦੀ ਬਣਾਈ ਹੋਈ ਇਕ ਖੇਡ ਹੈ। ਪਰਮਾਤਮਾ ਦੀ ਇਹ ਖੇਡ ਆਕਾਰ ਰੂਪ ਤੇ ਨਿਰੰਕਾਰ ਰੂਪ ਦੇ ਮੇਲ ਦੁਆਰਾ ਬਣੀ ਹੋਈ ਹੈ। ਆਕਾਰ ਰੂਪ ਨੂੰ ਹਰ ਕੋਈ ਦੇਖ ਸਕਦਾ ਹੈ ਪਰ ਆਕਾਰ ਰੂਪ ਨੂੰ ਦੇਖਣ ਦੁਆਰਾ ਇਸ ਖੇਡ ਦੀ ਸੋਝੀ ਨਹੀਂ ਪੈ ਸਕਦੀ ਕਿ ਇਹ ਖੇਡ ਕਿਵੇਂ ਚੱਲ ਰਹੀ ਹੈ। ਇਸ ਖੇਡ ਦਾ ਮੂਲ ਪਰਮਾਤਮਾ ਦਾ ਨਿਰੰਕਾਰ ਰੂਪ ਹੈ ਜਿਸ ਨੇ ਇਸ ਸਾਰੇ ਆਕਾਰ ਰੂਪ ਨੂੰ ਬਣਾਇਆ ਹੈ ਤੇ ਹਰ

ਆਕਾਰ ਰੂਪ ਵਿਚ ਉਹ ਆਪਣੇ ਨਿਰੰਕਾਰ ਰੂਪ ਵਿਚ ਸਮਾਇਆ ਹੋਇਆ ਹੈ। ਉਸਦਾ ਨਿਰੰਕਾਰ ਰੂਪ ਗਿਆਨ ਰੂਪ ਹੈ। ਪਰਮਾਤਮਾ ਸਭ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿਚ ਹੈ ਤੇ ਉਸਦੀ ਜੋਤਿ ਹੀ ਉਸਦਾ ਨਿਰੰਕਾਰ ਰੂਪ ਹੈ। ਸਾਡੇ ਸਭ ਦੇ ਅੰਦਰ ਪਰਮਾਤਮਾ ਦੀ ਜੋਤਿ ਹੀ ਵਰਤ ਰਹੀ ਹੈ ਜੋ ਕਿ ਸਾਡੇ ਮਨ ਦੇ ਵਿਚ ਉਸ ਦੇ ਗਿਆਨ ਦਾ ਪ੍ਰਕਾਸ਼ ਕਰਦੀ ਹੈ ਭਾਵ ਸਭ ਸੋਝੀ ਪਾਉਂਦੀ ਹੈ ਭਾਵ ਸਾਡੇ ਅੰਦਰ ਜੋ ਵੀ ਸੋਝੀ ਉਪਜਦੀ ਹੈ ਉਹ ਪਰਮਾਤਮਾ ਦਾ ਨਿਰੰਕਾਰ ਰੂਪ ਹੈ। ਇਹ ਸੰਸਾਰ ਦੀ ਰਚਨਾ ਸੋਝੀ ਦੇ ਨਾਲ ਹੀ ਹੋਈ ਹੈ। ਹਰ ਰਚਨਾ ਕਿਸੇ ਸੋਝੀ ਦੁਆਰਾ ਹੀ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ

35/4236

ਹੈ। ਸੋਝੀ ਦਾ ਮੂਲ ਪਰਮਾਤਮਾ ਆਪ ਹੈ ਜਿਵੇਂ ਕਿ ਉਪਰ ਸ਼ਬਦ ਰਾਹੀਂ ਵੀ ਸਮਝਾਇਆ ਹੋਇਆ ਹੈ। (**ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥**) ਜੋ ਵੀ ਸੋਝੀ ਇਸ ਸੰਸਾਰ ਵਿਚ ਆਉਂਦੀ ਹੈ ਉਹ ਪਰਮਾਤਮਾ ਦੇ ਕੋਲੋਂ ਹੀ ਆਉਂਦੀ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿਉਂਕਿ ਜੋ ਸਾਡੇ ਅੰਦਰ ਸੋਝੀ ਦਾ ਮਾਲਕ ਹੈ ਇਹ ਕੇਵਲ ਤੇ ਕੇਵਲ ਉਸਦੀ ਰਜ਼ਾ ਹੈ ਕਿ ਉਹ ਸਾਨੂੰ ਕਿਹੋ ਜਿਹੀ ਸੋਝੀ ਪਾਉਂਦਾ ਹੈ। ਸੰਸਾਰ ਵਿਚ ਵੇਦਾਂ ਦੀ ਸੋਝੀ ਪਾਉਣ ਵਾਲਾ ਵੀ ਉਹ ਆਪ ਹੈ ਪਰ ਬ੍ਰਹਮਾ ਨੂੰ ਉਸਨੇ ਇਸ ਗੱਲ ਦੀ ਸਮਝ ਨਹੀਂ ਆਉਣ ਦਿੱਤੀ ਕਿ ਸਾਡੇ ਅੰਦਰ ਸੋਝੀ ਕਿਥੋਂ ਆਉਂਦੀ ਹੈ। ਮਨ ਦੇ ਅੰਦਰੋਂ ਸੋਝੀ ਪਾਉਣ ਵਾਲੇ ਨੂੰ ਜਾਣੇ ਬਿਨਾ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਸਕਦੇ ਕਿ ਇਹ ਆਕਾਰ ਰੂਪ ਦਾ ਮਾਲਕ ਕੌਣ ਹੈ। ਅਸੀਂ ਬ੍ਰਹਮਾ ਦੀ ਵਡਿਆਈ ਕਰਦੇ ਹਾਂ ਭਾਵ ਆਕਾਰ ਰੂਪ ਨੂੰ ਪੂਜਦੇ ਹਾਂ ਤੇ ਇਸੇ ਤਰਾਂ ਹੋਰ ਵੀ ਅਨੇਕਾਂ ਹੀ ਅਨੇਕਾਂ ਦੀ ਪੂਜਾ ਆਕਾਰ ਰੂਪ ਵਿਚ ਕਰਦੇ ਹਾਂ ਜਿਸ ਦੁਆਰਾ ਪਰਮਾਤਮਾ ਦੇ ਨਿਰੰਕਾਰ ਰੂਪ ਦੀ ਪੂਜਾ ਨਹੀਂ ਹੁੰਦੀ। ਅਸੀਂ ਆਕਾਰ ਰੂਪ ਨੂੰ ਉੱਚਾ ਸਮਝਦੇ ਹਾਂ ਜੋ ਕਿ ਸਾਡਾ ਵੱਡਾ ਭਰਮ ਹੈ। ਆਕਾਰ ਰੂਪ ਨੂੰ ਬਣਾਉਣ ਵਾਲਾ ਵੀ ਨਿਰੰਕਾਰ ਰੂਪ ਹੈ ਤੇ ਉਸਨੂੰ ਚਲਾਉਣ ਵਾਲਾ ਵੀ ਨਿਰੰਕਾਰ ਰੂਪ ਹੈ। ਹਰ ਆਕਾਰ ਰੂਪ ਵਿਚ ਪਰਮਾਤਮਾ ਆਪਣੇ ਨਿਰੰਕਾਰ ਰੂਪ ਦੁਆਰਾ ਹੈ ਜੋ ਉਸ ਆਕਾਰ ਰੂਪ ਨੂੰ ਚਲਾਉਂਦਾ ਹੈ। ਪੂਰੀ ਸਾਇੰਸ ਪਰਮਾਤਮਾ ਦਾ ਨਿਰੰਕਾਰ ਰੂਪ ਹੈ ਜਿਸ ਦੁਆਰਾ ਉਹ ਇਸ ਸੰਸਾਰ ਨੂੰ ਚਲਾ ਰਿਹਾ ਹੈ। ਹਰ ਵਸਤੂ ਦੇ ਅੰਦਰ ਪਰਮਾਤਮਾ ਆਪਣੇ ਸਾਇੰਟਿਫਿਕ ਗਿਆਨ ਦੁਆਰਾ ਵਸਿਆ ਹੋਇਆ ਹੈ ਜਿਸਨੂੰ ਕਿ ਕੋਈ ਸਮਝ ਨਹੀਂ ਸਕਦਾ। ਇਹ ਸੋਝੀ ਪਰਮਾਤਮਾ ਨੇ ਸਾਇੰਸਦਾਨਾਂ ਦੇ ਸਮਝਣ ਤੋਂ ਵੀ ਬਾਹਰ ਰੱਖੀ ਹੈ। ਇਹ ਸੋਝੀ ਕੇਵਲ ਪਰਮਾਤਮਾ ਉਥੇ ਬਖਸ਼ਦਾ ਹੈ ਜਿਥੇ ਪ੍ਰਗਟ ਹੋ ਕੇ ਉਹ ਆਪਣਾ ਧਾਰਮਿਕ ਗਿਆਨ ਦਿੰਦਾ ਹੈ ਤੇ ਮਨੁੱਖ ਨੂੰ ਸਮਝ ਲਗਦੀ ਹੈ ਕਿ ਪਰਮਾਤਮਾ ਕੀ ਹੈ, ਇਸ ਸੰਸਾਰ ਨੂੰ ਬਣਾ ਕੇ ਚਲਾਉਣ ਵਾਲਾ ਕੌਣ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਇੰਟਿਫਿਕ ਗਿਆਨ ਦੀ ਗੱਲ ਕੀਤੀ ਹੋਈ ਹੈ ਜਿਸ ਦੁਆਰਾ ਉਹਨਾਂ ਨੇ ਪਰਮਾਤਮਾ ਦੀ ਉਪਮਾ ਸਮਝਾਈ ਹੈ। ਪਰਮਾਤਮਾ ਦੀ ਉਪਮਾ ਉਸਦੇ ਨਿਰਗੁਣ ਰੂਪ ਨੂੰ ਜਾਨਣ ਦੁਆਰਾ ਹੀ ਹੋ ਸਕਦੀ ਹੈ। ਪਰਮਾਤਮਾ ਦੀ ਉਪਮਾ ਵਿਚ ਉਹਨਾਂ ਨੇ ਗੁਰਬਾਣੀ ਰਾਹੀਂ

35/4237

ਸੰਸਾਰ ਨੂੰ ਸੈਂਕੜੇ ਸਾਲ ਪਹਿਲੇ ਇਹ ਸਮਝਾਇਆ ਹੈ ਕਿ ਇਹ ਧਰਤੀ ਦੋ ਤਰੀਕੇ ਨਾਲ ਘੁੰਮ ਰਹੀ ਹੈ, ਸਾਰਾ ਬ੍ਰਹਮੰਡ ਹੀ ਘੁੰਮਣ ਵਿਚ ਹੈ, ਸੂਰਜ ਤੋਂ ਵੱਡੇ ਹੋਰ ਵੀ ਅਨੇਕਾਂ ਸੂਰਜ ਹਨ ਤੇ ਖੰਡਾਂ ਬ੍ਰਹਮੰਡਾਂ ਦਾ ਕੋਈ ਅੰਤ ਨਹੀਂ ਹੈ ਤੇ ਹਰ ਕੋਈ ਚਲਣ ਵਿਚ ਹੀ ਹੈ ਭਾਵ ਇਕ ਜਗ੍ਹਾ ਟਿਕਿਆ ਹੋਇਆ ਕੋਈ ਵੀ ਨਹੀਂ ਹੈ। ਸਾਇੰਸਦਾਨ ਜਿੰਨ੍ਹਾਂ ਗੱਲਾਂ ਨੂੰ ਅੱਜ ਸਮਝ ਰਹੇ ਹਨ ਉਹ ਗੱਲਾਂ ਪਰਮਾਤਮਾ ਨੂੰ ਜਾਨਣ ਵਾਲਿਆਂ ਨੇ ਸਦੀਆਂ ਪਹਿਲੇ ਹੀ ਲਿਖੀਆਂ ਹੋਈਆਂ ਹਨ ਕਿਉਂਕਿ ਉਹਨਾਂ ਨੇ ਪਰਮਾਤਮਾ ਦੇ ਨਿਰਗੁਣ ਰੂਪ ਨੂੰ, ਨਿਰੰਕਾਰ ਰੂਪ ਨੂੰ ਜਾਣਿਆ ਹੈ, ਉਸਦੇ ਗਿਆਨ ਰੂਪ ਨੂੰ ਜਾਣਿਆ ਹੈ ਤੇ ਪ੍ਰਮਾਤਮਾ ਨੇ ਆਪ ਹੀ ਆਪਣਾ ਭੇਦ ਸਮਝਾਇਆ ਹੈ ਕਿ ਉਹ ਕੀ ਹੈ ਤੇ ਸੰਸਾਰ ਦੀ ਰਚਨਾ ਕਿਵੇਂ ਹੋਈ ਹੈ ਤੇ ਇਹ ਰਚਨਾ ਕਿਵੇਂ ਚਲ ਰਹੀ ਹੈ। ਇਸ ਸੰਸਾਰ ਵਿਚ ਕੋਈ ਕਰਾਮਾਤ ਨਹੀਂ ਹੁੰਦੀ ਭਾਵ ਸਭ ਕੁਝ ਸਾਇੰਟਿਫਿਕਲੀ ਹੀ ਹੁੰਦਾ ਹੈ ਤੇ ਇਕੋ ਇਕ ਕਰਾਮਾਤ ਇਹੀ ਹੈ ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਆਪਣੇ ਨਿਰਗੁਣ ਰੂਪ ਦੁਆਰਾ ਪ੍ਰਗਟ ਕਰਦਾ ਹੈ। ਸਾਨੂੰ ਸਾਇੰਟਿਫਿਕ ਗਿਆਨ ਤ੍ਰੈ ਗੁਣਾਂ ਵਾਲੀ ਅਵਸਥਾ ਦੁਆਰਾ ਮਿਲਦਾ ਹੈ ਪਰ ਉਸ ਰਾਹੀਂ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਸਕਦੇ, ਆਕਾਰ ਰੂਪ ਦੇ ਮੂਲ ਨੂੰ ਨਹੀਂ ਜਾਣ ਸਕਦੇ। ਇਹ ਸੋਝੀ ਪਰਮਾਤਮਾ ਕਦੇ ਹੀ ਕਿਸੇ ਵਿਰਲੇ ਸਰੀਰ ਰਾਹੀਂ, ਅਰਬਾਂ ਖਰਬਾਂ ਵਿਚ ਕਦੇ ਹੀ ਕਿਸੇ ਸਰੀਰ ਰਾਹੀਂ ਪ੍ਰਗਟ ਹੋ ਕੇ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਤੇ ਇਸੇ ਲਈ ਉਹਨਾਂ ਦੁਆਰਾ ਗੁਰਬਾਣੀ ਵਿਚ ਪਾਈ ਹੋਈ ਸੋਝੀ ਸੱਚ ਹੈ ਜੋ ਸਦਾ ਸੱਚ ਹੀ

ਰਹਿਣੀ ਹੈ। ਸਦੀਆਂ ਪਹਿਲੇ ਪਾਈ ਹੋਈ ਸੋਝੀ ਅੱਜ ਸੱਚ ਸਾਬਤ ਹੋ ਰਹੀ ਹੈ ਜੋ ਕਿ ਸਾਰੇ ਸੰਸਾਰ ਦੇ ਸਾਹਮਣੇ ਹੈ। ਸਾਨੂੰ ਸਾਡੇ ਧਰਮ ਬਾਰੇ, ਨਾਮ ਬਾਰੇ ਜੋ ਵੀ ਸੋਝੀ ਗੁਰਬਾਣੀ ਰਾਹੀਂ ਪਾਈ ਗਈ ਹੈ ਉਹ ਬਿਲਕੁਲ ਉਸੇ ਤਰ੍ਹਾਂ ਸੱਚ ਹੈ। ਜੇਕਰ ਅਸੀਂ ਪਰਮਾਤਮਾ ਦੇ ਨਿਰੰਕਾਰ ਰੂਪ ਨਾਲ ਮੇਲ ਕਰਨਾ ਚਾਹੁੰਦੇ ਹਾਂ ਤਾਂ ਉਸ ਲਈ ਸਾਡੇ ਲਈ ਸਭ ਤੋਂ ਜਰੂਰੀ ਗੱਲ ਇਹ ਹੈ ਕਿ ਅਸੀਂ ਗੁਰਬਾਣੀ ਦੇ ਨਿਰੰਕਾਰ ਰੂਪ ਨਾਲ ਜੁੜੀਏ। ਗੁਰਬਾਣੀ ਦਾ ਨਿਰੰਕਾਰ ਰੂਪ ਹੀ ਉਸਦਾ ਸੱਚ ਰੂਪ ਹੈ, ਪ੍ਰਮਾਤਮਾ ਦਾ ਸੱਚ ਰੂਪ ਹੈ, ਉਸਦਾ ਨਾਮ ਰੂਪ ਹੈ। ਪਰਮਾਤਮਾ ਦੇ ਸੱਚ ਰੂਪ ਨਾਲ ਜੁੜਨ ਦੁਆਰਾ ਭਾਵ ਨਿਰੰਕਾਰ ਰੂਪ ਨਾਲ ਜੁੜਨ ਦੁਆਰਾ ਅਸੀਂ ਕਦੇ ਮਾੜੇ ਕਰਮ ਨਹੀਂ ਕਰ ਸਕਦੇ ਭਾਵ

35/4238

ਗੁਰੂ ਦੀ ਸੱਚੀ ਸੋਝੀ ਨਾਲ ਜੁੜਣ ਦੁਆਰਾ ਅਸੀਂ ਮਾੜੇ ਕਰਮ ਨਹੀਂ ਕਰ ਸਕਦੇ ਭਾਵ ਚੰਗੇ ਤੇ ਸੱਚੇ ਸੁੱਚੇ ਕਰਮ ਹੀ ਕਰਾਂਗੇ ਜੋ ਕਿ ਪਰਮਾਤਮਾ ਦੀ ਭਗਤੀ ਦਾ ਸੱਚਾ ਮਾਰਗ ਹੈ, ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਹੈ। ਆਕਾਰ ਰੂਪ ਨੂੰ ਪੂਜਣ ਦੁਆਰਾ ਅਸੀਂ ਨਿਰੰਕਾਰ ਰੂਪ ਨਾਲ ਨਹੀਂ ਜੁੜਦੇ, ਸ਼ਬਦ ਰੂਪ ਨਾਲ ਭਾਵ ਸ਼ਬਦ ਦੇ ਗਿਆਨ ਦੇ ਨਾਲ ਨਹੀਂ ਜੁੜਦੇ ਤੇ ਮਾਇਆ ਮੋਹ ਵਿਚ ਹੀ ਰਹਿੰਦੇ ਹਾਂ ਜਿਸ ਦੁਆਰਾ ਅਸੀਂ ਧਰਮ ਦੇ ਮਾਰਗ ਤੋਂ ਦੂਰ ਰਹਿੰਦੇ ਹਾਂ। ਪਰਮਾਤਮਾ ਆਪਣੀ ਇਹ ਖੇਡ ਸਾਰੇ ਸੰਸਾਰ ਨੂੰ ਮਾਇਆ ਮੋਹ ਦੇ ਬੰਧਨ ਵਿਚ ਰੱਖ ਕੇ ਹੀ ਚਲਾ ਰਿਹਾ ਹੈ ਜੋ ਕਿ ਸਾਡੇ ਅੰਦਰ ਉਸਦਾ ਹੁਕਮ ਹੀ ਚਲ ਰਿਹਾ ਹੈ ਜਿਸ ਹੁਕਮ ਨੂੰ ਅਸੀਂ ਆਪਣੇ ਆਪ ਸਮਝ ਨਹੀਂ ਸਕਦੇ ਜੋ ਕਿ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿਚ ਚਲ ਰਿਹਾ ਹੈ। ਮਾਇਆ ਮੋਹ ਵਿਚੋਂ ਅਸੀਂ ਕੇਵਲ ਸ਼ਬਦ ਦੀ ਵਿਚਾਰ ਨਾਲ ਜੁੜ ਕੇ ਹੀ ਨਿਕਲ ਸਕਦੇ ਹਾਂ। ਜਦ ਤਕ ਉਸ ਪਰਮਾਤਮਾ ਨੂੰ ਅਸੀਂ ਆਪਣੇ ਅੰਦਰੋਂ ਨਹੀਂ ਸੁਣਦੇ ਤਦ ਤਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ ਸਾਡੇ ਅੰਦਰ ਹੁਕਮ ਕਿਸ ਦਾ ਚਲ ਰਿਹਾ ਹੈ। ਹੁਕਮ ਉਸੇ ਦਾ ਚਲ ਰਿਹਾ ਹੈ ਪਰ ਉਸ ਦੇ ਹੁਕਮ ਨੂੰ ਬੁਝੇ ਬਿਨਾ ਅਸੀਂ ਆਪਣੇ ਅੰਦਰੋਂ ਉਸਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਸਕਦੇ ਜੋ ਸਾਡੇ ਆਕਾਰ ਰੂਪ ਨੂੰ ਬਣਾ ਕੇ ਆਪ ਹੀ ਆਪਣੇ ਹੁਕਮ ਦੁਆਰਾ ਚਲਾ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਆਪਣੇ ਹੁਕਮ ਦੁਆਰਾ ਚਲਾ ਰਿਹਾ ਹੈ। (**ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥ ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥2॥**)

ਪਰਮਾਤਮਾ ਦਾ ਨਿਰੰਕਾਰ ਰੂਪ ਹੀ ਉਸਦਾ "ਅੰਮ੍ਰਿਤੁ" ਰੂਪ ਹੈ, "ਸਬਦੁ" ਰੂਪ ਹੈ ਜਿਸ ਦੀ ਸੋਝੀ ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ ਕਿਉਂਕਿ ਉਸਦਾ ਕੋਈ ਰੂਪ ਰੇਖ ਨਹੀਂ ਹੈ। ਜੋ ਹੈ ਹੀ ਨਿਰੰਕਾਰ ਉਸਦਾ ਰੂਪ ਰੇਖ ਹੋ ਵੀ ਕਿਵੇਂ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸਲੋਕ ਤੇ ਨਾਲ ਲਗਦੀ ਪਉੜੀ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਪਰਮਾਤਮਾ ਦੇ ਉਸ ਸ਼ਬਦ ਰੂਪ ਨਾਲ ਜੁੜੀਏ, ਅੰਮ੍ਰਿਤ ਰੂਪ ਨਾਲ ਜੁੜੀਏ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਤੇ ਉਹ ਸਾਡੇ ਅੰਦਰ ਹੀ ਹੈ ਜਿਸ ਦੀ ਸੋਝੀ ਕੇਵਲ ਮਨ ਦੇ ਗਿਆਨ ਦੁਆਰਾ ਪੈਂਦੀ ਹੈ।

35/4239

ਮਃ ੩ ॥

"ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥
ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥
ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥"

(ਅੰਗ - ੬੪੪)

ਪਉੜੀ ॥

"ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥
ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥
ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥
ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥"

(ਅੰਗ - ੬੪੪)

"ਅੰਮ੍ਰਿਤੁ" ਦੇ ਰੂਪ ਵਿਚ ਪਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪਰਮਾਤਮਾ ਸਾਡੇ ਅੰਦਰ "ਅੰਮ੍ਰਿਤੁ" ਰੂਪ ਵਿਚ ਹੀ ਹੈ ਜੋ "ਅੰਮ੍ਰਿਤੁ" ਸਾਡੇ ਅੰਦਰ ਬ੍ਰਹਮਗਿਆਨ ਦੇ ਰੂਪ ਵਿਚ ਹੈ। ਬ੍ਰਹਮਗਿਆਨ ਸਾਡੇ ਸਭ ਦੇ ਅੰਦਰ ਭਰਪੂਰ ਹੈ ਪਰ ਆਪਣੇ ਅੰਦਰੋਂ ਇਸ ਨੂੰ ਚੱਖੇ ਬਿਨਾ ਹਰ ਕੋਈ ਮਨਮੁਖ ਹੀ ਹੈ ਭਾਵ ਅਗਿਆਨਤਾ ਵਾਲੀ ਅਵਸਥਾ ਵਿਚ ਹੀ ਹੈ ਜਿਸ ਨੇ ਆਪਣੇ ਅੰਦਰੋਂ ਬ੍ਰਹਮਗਿਆਨ ਦੇ ਸੁਆਦ ਨੂੰ ਨਹੀਂ ਚਖਿਆ। ਗਿਆਨ ਦੇ ਰਸ ਨੂੰ ਹੀ ਮਹਾ ਰਸ ਕਿਹਾ ਹੈ ਜਿਸ ਦਾ ਸੁਆਦ ਸਭ ਤੋਂ ਉੱਚਾ ਹੈ ਜੋ ਮਨੁੱਖ ਨੂੰ ਸਭ ਤੋਂ ਉੱਚੀ ਸੋਝੀ ਬਖਸ਼ਦਾ ਹੈ। ਮਨ ਦੇ ਵਿਚੋਂ ਪ੍ਰਮਾਤਮਾ ਦੇ ਦਰਸ਼ਨ ਅੰਮ੍ਰਿਤ ਦਾ ਸੁਆਦ ਚਖਣ ਦੁਆਰਾ ਹੀ ਹੁੰਦੇ ਹਨ ਭਾਵ ਮਨ ਦੇ ਵਿਚੋਂ ਪਰਮਾਤਮਾ ਦੇ ਦਰਸ਼ਨ "ਅੰਮ੍ਰਿਤੁ" ਰੂਪ ਪਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੇ ਹਨ। ਪਰਮਾਤਮਾ ਸਾਡੇ ਅੰਦਰ ਹੀ ਹੈ ਪਰ ਮਨੁੱਖ ਨੂੰ ਇਸ ਦੀ ਸਮਝ ਨਹੀਂ ਹੈ ਤੇ ਉਹ ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਲੱਭਦੇ ਹਨ, ਕਿਸੇ ਸਰਗੁਣ ਰੂਪ ਵਿਚ ਲੱਭਦੇ ਹਨ, ਖੰਡਾਂ ਬ੍ਰਹਮੰਡਾਂ ਵਿਚੋਂ ਖੋਜਣ ਦੀਆਂ ਗੱਲਾਂ ਕਰਦੇ ਹਨ ਜੋ ਕਿ ਕੇਵਲ ਮਨ ਦਾ ਭਰਮ ਹੈ। ਸਾਡੇ ਮਨ ਦੇ ਭਰਮ ਦੀ ਤੁਲਣਾ ਹਿਰਣ ਦੇ, "ਮਿਰਗੁ" ਦੇ ਭਰਮ ਦੇ ਨਾਲ ਕੀਤੀ ਹੋਈ ਹੈ। ਕਸਤੂਰੀ ਹਿਰਣ ਦੇ ਅੰਦਰ ਹੀ ਹੁੰਦੀ ਹੈ ਪਰ ਹਿਰਣ ਨੂੰ ਇਸ ਦੀ ਸਮਝ ਨਹੀਂ ਪੈਂਦੀ ਤੇ ਉਹ ਭਰਮ ਵਿਚ ਕਸਤੂਰੀ ਨੂੰ ਇਧਰੋਂ ਉਧਰੋਂ ਭਾਲਦਾ ਹੈ ਤੇ ਵਿਅਰਥ ਵਿਚ ਹੀ ਭੱਜਾ ਫਿਰਦਾ ਹੈ। ਜਿਵੇਂ ਕਸਤੂਰੀ ਬਾਹਰੋਂ

ਨਹੀਂ ਲਭ ਸਕਦੀ ਇਸੇ ਤਰ੍ਹਾਂ ਸਾਨੂੰ ਪਰਮਾਤਮਾ ਬਾਹਰੋਂ ਨਹੀਂ ਲਭ ਸਕਦਾ ਤੇ ਅਸੀਂ ਵਿਅਰਥ ਹੀ ਮਿਰਗ ਵਾਂਗ ਇਧਰ ਉਧਰ ਟਕਰਾਂ ਮਾਰਦੇ ਫਿਰਦੇ ਹਾਂ ਭਾਵ ਖੁਆਰ ਹੁੰਦੇ ਫਿਰਦੇ ਹਾਂ। "ਅੰਮ੍ਰਿਤੁ" ਰੂਪ ਪਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਵਿਚ ਹੀ ਹੈ ਤੇ ਉਸਨੂੰ ਕੇਵਲ ਅੰਦਰੋਂ ਹੀ ਖੋਜਿਆ ਜਾ ਸਕਦਾ ਹੈ, ਗੁਰਮਤਿ ਨਾਲ ਜੁੜ ਕੇ

ਖੋਜਿਆ ਜਾ ਸਕਦਾ ਹੈ। ਪਰਮਾਤਮਾ ਨਿਰੰਕਾਰ ਰੂਪ ਹੈ ਤੇ ਮਨੁੱਖ ਵਿਅਰਥ ਵਿਚ ਹੀ ਉਸਨੂੰ ਕਿਤੇ ਆਕਾਰ ਰੂਪ ਸਮਝ ਕੇ ਖੋਜਦਾ ਹੈ। (**ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥**)

ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਕਿ ਪਰਮਾਤਮਾ ਸਾਡੇ ਅੰਦਰ ਹੀ ਹੈ ਪਰ ਮਨ ਦੇ ਭਰਮ ਕਰ ਕੇ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਭਾਵ ਸਾਡੀ ਸਮਝ ਵਿਚ ਹੀ ਫਰਕ ਹੈ ਜੋ ਸਾਨੂੰ ਪਰਮਾਤਮਾ ਦੇ ਨਾਲ ਜੁੜਣ ਨਹੀਂ ਦਿੰਦੀ। ਸਾਡੇ ਭਰਮ ਦਾ ਕਾਰਣ ਕੀ ਹੈ ਜਿਸ ਕਰਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰਹਿੰਦੇ ਹਾਂ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿੰਨਾਂ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਵਿਸ਼ਵਾਸ ਕਰ ਸਕੀਏ ਕਿ ਪਰਮਾਤਮਾ ਨਾਲੋਂ ਸਾਡੇ ਵਿਛੋੜੇ ਦਾ ਕਾਰਣ ਕੀ ਹੈ।

"ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥"

ਸਾਰਾ ਭੇਦ ਬਿਖ ਤੇ ਅੰਮ੍ਰਿਤ ਵਿਚ ਫਰਕ ਸਮਝਣ ਦਾ ਹੈ ਜੋ ਫਰਕ ਸਮਝ ਆਏ ਬਿਨਾ ਅਸੀਂ ਪਰਮਾਤਮਾ ਨਾਲ ਜੁੜਣ ਦਾ ਸੱਚਾ ਉਪਰਾਲਾ ਨਹੀਂ ਕਰ ਸਕਦੇ। ਅੰਮ੍ਰਿਤ ਤੇ ਬਿਖ ਵਿਚ ਕੀ ਫਰਕ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਅੰਮ੍ਰਿਤੁ "ਨਾਮ" ਹੈ ਤੇ ਬਿਖ ਸਾਡੀ ਹਉਮੈ ਹੈ। ਅੰਮ੍ਰਿਤੁ ਨਾਮ "ਗੁਰਮਤਿ" ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਤੇ ਹਉਮੈ ਸਾਡੀ ਮਨਮਤਿ ਹੈ ਭਾਵ ਸਾਡੀ ਅਗਿਆਨਤਾ ਹੈ, ਮਾਇਆ ਮੋਹ ਵਾਲੀ ਬਿਰਤੀ ਹੈ। ਦੋਨਾਂ ਦਾ ਫਰਕ ਸਾਡੇ ਮਨ ਦੀ ਸੋਝੀ ਨਾਲ ਹੀ ਜੁੜਿਆ ਹੋਇਆ ਹੈ। ਅੰਮ੍ਰਿਤ ਦਾ ਮਕਸਦ ਸਾਨੂੰ ਸਾਡੇ ਮਨ ਦੀ ਮਾੜੀ ਸੋਝੀ ਵਿਚੋਂ ਕੱਢਣ ਦਾ ਹੀ ਹੈ, ਬਿਖ ਵਾਲੀ ਸੋਝੀ ਵਿਚੋਂ ਕੱਢਣ ਦਾ ਹੀ ਹੈ ਭਾਵ ਹਉਮੈ ਵਿਚੋਂ ਕੱਢਣ ਦਾ ਹੀ ਹੈ। ਜਦ ਤਕ ਅਸੀਂ ਮਨਮਤਿ ਨਾਲ ਜੁੜੇ ਹੋਏ ਹਾਂ ਤਦ ਤਕ ਅਸੀਂ ਬਿਖ ਨਾਲ ਜੁੜੇ ਹੋਏ ਹਾਂ। ਅਸੀਂ ਅਨੇਕਾਂ ਹੀ ਅਨੇਕਾਂ ਕੋਲੋਂ ਮਤਿ ਲੈਂਦੇ ਹਾਂ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਿਆ ਹੋਇਆ ਹੈ ਪਰ ਉਹਨਾਂ ਦੇ ਵਿਚਾਰ ਗੁਰਮਤਿ ਦੀ

ਕਸਵਟੀ ਤੇ ਨਹੀਂ ਟਿਕਦੇ। ਜੋ ਵੀ ਵਿਚਾਰ ਗੁਰਮਤਿ ਦੀ ਕਸਵਟੀ ਤੇ ਨਹੀਂ ਟਿਕਦਾ ਉਹ ਬਿਖ ਹੈ ਭਾਵ ਸਾਡੇ ਲਈ ਜਹਿਰ ਹੈ ਜੋ ਸਾਨੂੰ ਆਤਮਕ ਮੌਤ ਮਾਰਦਾ ਹੈ ਭਾਵ ਸਾਡੀ ਆਤਮਕ ਸੋਝੀ ਨੂੰ ਗੰਦਾ ਕਰਦਾ ਹੈ, ਅਪਵਿਤਰ ਕਰਦਾ ਹੈ ਜੋ ਵਿਚਾਰ ਸਾਨੂੰ ਗੁਰਮਤਿ ਤੋਂ ਦੂਰ ਕਰ ਕੇ ਰਖਦੇ ਹਨ ਤੇ ਅਸੀਂ ਉਹਨਾਂ ਗੱਲਾਂ ਵਿਚ ਧਰਮ ਦਾ ਮਾਰਗ ਸਮਝਦੇ ਹਾਂ ਜੋ ਅਸਲ ਵਿਚ ਧਰਮ ਦਾ ਮਾਰਗ ਨਹੀਂ ਹੈ। ਅਸੀਂ ਜਿੰਨੇ ਵੀ ਇਹੋ ਜਿਹੇ ਵਿਚਾਰ ਆਪਣੇ ਅੰਦਰ ਇਕੱਠੇ ਕਰਦੇ ਹਾਂ ਉਹ ਆਪਣੇ ਅੰਦਰ "ਬਿਖੁ" ਇਕੱਠੀ ਕਰਦੇ ਹਾਂ। ਬਿਖੁ ਇਕੱਠੀ ਕਰਨ ਨਾਲ ਅਸੀਂ "ਅੰਮ੍ਰਿਤੁ" ਨੂੰ ਤਜਿ ਦਿੰਦੇ ਹਾਂ ਕਿਉਂਕਿ ਦੋਨਾਂ ਦਾ ਆਪਸ ਵਿਚ ਕੋਈ ਮੇਲ ਨਹੀਂ ਹੈ। ਜਿੱਥੇ ਅੰਮ੍ਰਿਤ ਹੁੰਦਾ ਹੈ ਉਥੇ ਬਿਖ ਨਹੀਂ ਹੁੰਦੀ ਭਾਵ ਜਿਥੇ ਨਾਮ ਹੁੰਦਾ ਹੈ ਉਥੇ ਹਉਮੈ ਨਹੀਂ ਹੁੰਦੀ। ਹਉਮੈ ਦਾ ਨਾਮ ਦੇ ਨਾਲ ਵਿਰੋਧ ਹੈ ਭਾਵ ਹਉਮੈ ਵਾਲੇ ਵਿਚਾਰ ਨਾਮ ਦੇ ਵਿਚਾਰਾਂ ਦੀ ਵਿਰੋਧਤਾ ਕਰਦੇ ਹਨ ਤੇ ਇਸੇ ਲਈ ਦੋਵੇਂ ਇਕ ਜਗ੍ਹਾ ਨਹੀਂ ਟਿਕ ਸਕਦੇ। "ਅੰਮ੍ਰਿਤੁ" ਸ਼ਬਦ ਦੇ ਵਿਚਾਰ ਹਨ ਤੇ ਬਿਖ ਸਾਡੀ ਸੁਰਤਿ ਦੇ ਵਿਚਾਰ ਹਨ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ। ਬਿਖ ਵਾਲੇ ਵਿਚਾਰ ਸਾਨੂੰ ਭਰਮਾਂ ਵਿਚ ਪਾਉਂਦੇ ਹਨ ਤੇ ਅੰਮ੍ਰਿਤ ਰੂਪ ਵਿਚਾਰ ਸਾਨੂੰ ਭਰਮਾਂ ਵਿਚੋਂ ਕੱਢ ਕੇ ਸੱਚ ਦੇ ਨਾਲ ਜੋੜਦੇ ਹਨ ਭਾਵ ਪਰਮਾਤਮਾ ਦੇ ਨਾਲ ਜੋੜਦੇ ਹਨ, ਨਾਮ ਦੇ ਨਾਲ ਜੋੜਦੇ ਹਨ। ਇਹ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ। ਜੋ ਆਪਣੇ ਅੰਦਰ ਬਿਖੁ ਵਾਲੇ ਵਿਚਾਰ ਇਕੱਠੇ ਕਰਦਾ ਹੈ ਉਹ ਖੁਆਰ ਹੀ ਹੁੰਦਾ ਹੈ ਭਾਵ ਬਿਖੁ ਵਾਲੇ ਵਿਚਾਰਾਂ ਰਾਹੀਂ ਮਨੁੱਖ ਆਪਣੇ ਵਲੋਂ ਧਰਮ ਦਾ ਮਾਰਗ ਅਪਣਾਉਂਦਾ ਹੈ, ਸਰੀਰਕ ਜਪ ਤਪ ਆਦਿ ਕਰਦਾ ਹੈ, ਭੋਜਨ ਆਦਿ ਦਾ ਤਿਆਗ ਕਰਦਾ ਹੈ, ਸਰੀਰ ਨੂੰ ਕਸ਼ਟਾਂ ਵਿਚ

ਪਾਉਂਦਾ ਹੈ ਜਿਸ ਦੁਆਰਾ ਉਹ ਆਪਣੀ ਖੁਆਰੀ ਹੀ ਕਰਦਾ ਹੈ ਕਿਉਂਕਿ ਇਨਾਂ ਤਰੀਕਿਆਂ ਨਾਲ ਕਦੇ ਪਰਮਾਤਮਾ ਨਹੀਂ ਮਿਲ ਸਕਦਾ। ਜਿਸ ਨੂੰ ਪਰਮਾਤਮਾ ਖੁਆਰੀ ਤੋਂ ਬਚਾਉਂਦਾ ਹੈ ਉਸਨੂੰ ਸੱਚੀ ਸੋਝੀ ਨਾਲ ਜੋੜਦਾ ਹੈ ਤੇ ਉਸ ਕੋਲੋਂ ਉਹੋ ਜਿਹੇ ਧਰਮ ਕਰਮ ਨਹੀਂ ਕਰਵਾਉਂਦਾ ਜਿਨਾਂ ਵਿਚ ਕੇਵਲ ਪਾਖੰਡ ਹੁੰਦਾ ਹੈ। ਸਾਡੇ ਵਿਚਾਰ ਪਰਮਾਤਮਾ ਦੇ ਹੱਥ ਹੀ ਹਨ ਪਰ ਮਾੜੇ ਵਿਚਾਰਾਂ ਵਿਚੋਂ, ਬਿਖੁ ਵਿਚੋਂ, ਹਉਮੈ ਵਿਚੋਂ, ਮਾਇਆ ਮੋਹ ਵਿਚੋਂ ਨਿਕਲਣ ਦਾ ਉਦਮ ਉਸਨੇ ਮਨੁੱਖ ਦੇ ਸਿਰ ਹੀ ਰਖਿਆ ਹੋਇਆ ਹੈ। ਗੁਰਬਾਣੀ ਦੀ ਰਚਨਾ ਕਰ ਕੇ ਪਰਮਾਤਮਾ ਨੇ ਸਾਨੂੰ ਆਪਣੇ ਸ਼ਬਦਾਂ ਦੀ ਵਿਚਾਰ ਦਿੱਤੀ ਹੈ ਜੋ ਕਿ ਉਸਦਾ ਅੰਮ੍ਰਿਤੁ ਹੈ।

35/4242

ਜੇਕਰ ਅਸੀਂ ਆਪਣੇ ਅੰਦਰੋਂ ਉਸ ਅੰਮ੍ਰਿਤੁ ਰੂਪ ਪਰਮਾਤਮਾ ਦੀ ਪ੍ਰਾਪਤੀ ਕਰਨੀ ਹੈ ਫਿਰ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਗੁਰਬਾਣੀ ਦੀ ਅੰਮ੍ਰਿਤੁ ਰੂਪ ਸੋਝੀ ਨਾਲ ਜੁੜੀਏ ਕਿਉਂਕਿ ਪਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੀ ਸੱਚੀ ਸੋਝੀ ਨੇ ਹੀ ਕਰਵਾਉਣਾ ਹੈ। ਪਰਮਾਤਮਾ ਨਾਲ ਪਿਆਰ ਜਤਾਉਣ ਦਾ ਤਰੀਕਾ ਉਸ ਦੇ ਸ਼ਬਦਾਂ ਦੀ ਵਿਚਾਰ ਨੂੰ ਅਪਣਾਉਣ ਦਾ ਹੈ ਤੇ ਜਿਸ ਤੇ ਪਰਮਾਤਮਾ ਖੁਸ਼ ਹੁੰਦਾ ਹੈ ਉਸ ਤੇ ਹੀ ਉਹ ਕਿਰਪਾ ਕਰ ਕੇ ਮਨ ਦੀ ਸੋਝੀ ਦੁਆਰਾ ਆਪਣੇ ਦਰਸ਼ਨ ਕਰਵਾਉਂਦਾ ਹੈ, ਆਪਣੇ ਅੰਮ੍ਰਿਤ ਰੂਪ ਦਰਸ਼ਨ ਕਰਵਾਉਂਦਾ ਹੈ। (**ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥**)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥}

(ਅੰਗ - ੧੩੪੩)

35/4243

"ਅੰਮ੍ਰਿਤੁ" ਸਾਡੇ ਅੰਦਰ ਹੀ ਹੈ ਤੇ ਬਿਖ ਵੀ ਸਾਡੇ ਅੰਦਰ ਹੀ ਹੈ। ਜਦ ਤਕ ਸਾਡੇ ਅੰਦਰ ਬਿਖ ਹੈ ਤਦ ਤਕ ਸਾਡਾ ਅੰਮ੍ਰਿਤੁ ਦੇ ਨਾਲ ਮੇਲ ਨਹੀਂ ਹੁੰਦਾ। ਸਾਡੇ ਅੰਦਰ ਬਿਖ ਵਾਲੀ ਬਿਰਤੀ ਸਾਨੂੰ ਅੰਮ੍ਰਿਤੁ ਦੀ ਪ੍ਰਾਪਤੀ ਤੋਂ ਦੂਰ ਰੱਖਦੀ ਹੈ। ਜੋ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਉਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥
ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥2॥"

(ਅੰਗ - ੨੨੧)

"ਅੰਮ੍ਰਿਤੁ" ਸਾਡੇ ਅੰਦਰ ਹੀ ਹੈ, ਮਨ ਦੇ ਵਿਚ ਹੀ ਹੈ ਪਰ ਅਸੀਂ ਉਸ "ਅੰਮ੍ਰਿਤੁ" ਨੂੰ ਪ੍ਰਾਪਤ ਨਹੀਂ ਕਰ ਸਕਦੇ। ਪ੍ਰਾਪਤੀ ਨਾ ਹੋਣ ਦੀ ਵਜ੍ਹਾ ਵੀ ਸਮਝਾਈ ਹੋਈ ਹੈ ਜਿਸ ਨੂੰ ਕਿ ਹਰ ਕੋਈ ਸਮਝ ਸਕਦਾ ਹੈ। ਸਾਡੇ ਅੰਦਰ ਹੀ "ਅੰਮ੍ਰਿਤੁ" ਦੇ ਚੋਰ ਹਨ ਭਾਵ ਨਾਮ ਦੇ ਚੋਰ ਹਨ। ਇਹ ਚੋਰ ਸਾਡੇ ਮਨ ਦੇ ਵਿਚਾਰ ਹਨ ਜੋ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਰੂਪ ਵਿਚ ਹਨ ਜਿਵੇਂ ਕਿ ਅਸੀਂ ਪਿਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। "ਅੰਮ੍ਰਿਤੁ" ਭਾਵ ਨਾਮ ਸਾਡੇ ਮਨ ਦੇ ਚੰਗੇ ਵਿਚਾਰ ਹਨ, ਗੁਣਾਂ ਵਾਲੇ ਵਿਚਾਰ ਹਨ ਜਿਹੋ ਜਿਹੇ ਵਿਚਾਰ ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਮਿਲਦੇ ਹਨ, ਗੁਰਮਤਿ ਰਾਹੀਂ ਮਿਲਦੇ ਹਨ ਜਿੰਨ੍ਹਾਂ ਦਾ ਮਕਸਦ ਸਾਨੂੰ ਅਉਗਣਾਂ ਵਾਲੇ ਵਿਚਾਰਾਂ ਤੋਂ ਦੂਰ ਕਰਨ ਦਾ ਹੈ ਭਾਵ ਮਨ ਦੇ ਚੋਰਾਂ ਤੋਂ ਦੂਰ ਕਰਨ ਦਾ ਹੈ ਤਾਂ ਜੋ ਉਹ ਸਾਡੇ ਅੰਦਰ ਗੁਣਾਂ ਵਾਲੇ ਵਿਚਾਰਾਂ ਨੂੰ ਟਿੱਕਣ ਦੇਣ ਭਾਵ ਵੱਸਣ ਦੇਣ। ਚੰਗੇ ਗੁਰਮਤਿ ਵਾਲੇ ਵਿਚਾਰ ਸਾਡੇ ਅੰਦਰ ਤਾਂ ਹੀ ਟਿੱਕ ਸਕਦੇ ਹਨ ਜਦੋਂ ਅਸੀਂ ਉਹਨਾਂ ਵਿਚਾਰਾਂ ਨੂੰ ਮੰਨਾਂਗੇ ਜਿੰਨ੍ਹਾਂ ਦੇ ਟਿਕਣ ਦੁਆਰਾ ਹੀ ਅਸੀਂ ਮਾੜੇ ਵਿਚਾਰਾਂ ਵਿਚੋਂ ਨਿਕਲ ਸਕਦੇ ਹਾਂ। ਇਹ ਮਾੜੇ ਵਿਚਾਰ ਸਾਡੇ ਅੰਦਰ ਦੀ ਬਿਖ ਹੈ ਜੋ ਸਾਡੇ ਅੰਦਰ ਅੰਮ੍ਰਿਤੁ ਨੂੰ, ਨਾਮ ਨੂੰ ਭਾਵ ਗੁਰਮਤਿ ਵਾਲੇ ਵਿਚਾਰਾਂ ਨੂੰ ਟਿੱਕਣ ਨਹੀਂ ਦੇਂਦੀ। ਜਿਸ ਨੇ ਆਪਣੇ ਅੰਦਰ ਜਿਤਨਾ ਜਿਆਦਾ ਬਿਖ ਇਕੱਠੀ ਕੀਤੀ ਹੋਈ ਹੈ ਉਸ ਨੇ ਉਤਨੀ ਹੀ ਆਪਣੇ ਅੰਦਰ ਹਉਮੈ ਇਕੱਠੀ ਕੀਤੀ ਹੋਈ ਹੈ ਭਾਵ ਮਨਮਤਿ ਇਕੱਠੀ ਕੀਤੀ ਹੋਈ ਹੈ ਜੋ ਸਾਨੂੰ ਗੁਰਮਤਿ ਵਾਲੇ "ਅੰਮ੍ਰਿਤੁ" ਰੂਪ ਵਿਚਾਰਾਂ ਤੋਂ ਦੂਰ ਰਖਦੀ ਹੈ ਭਾਵ ਸਾਡੇ ਮਨ ਦੀ ਮਾੜੀ ਸੋਝੀ ਸਾਨੂੰ ਚੰਗੀ ਸੋਝੀ ਤੋਂ ਦੂਰ ਰਖਦੀ ਹੈ। ਸੋਝੀ ਸਾਡੇ ਮਨ ਦਾ ਗਿਆਨ ਹੈ। ਜਦ ਤਕ ਅਸੀਂ ਮਨਮਤਿ ਵਾਲੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ ਅਸੀਂ ਅਗਿਆਨਤਾ ਵਾਲੀ ਸੋਝੀ ਦੇ ਨਾਲ ਜੁੜੇ ਰਹਿੰਦੇ ਹਾਂ ਭਾਵ ਗੁਰੂ ਦੇ ਸੱਚੇ ਗਿਆਨ ਵਾਲੀ ਸੋਝੀ ਤੋਂ ਦੂਰ ਰਹਿੰਦੇ ਹਾਂ। ਪ੍ਰਮਾਤਮਾ "ਅੰਮ੍ਰਿਤੁ" ਰੂਪ ਵਿਚ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿਚ ਹੈ।

35/4244

ਪ੍ਰਮਾਤਮਾ ਆਪਣਾ "ਅੰਮ੍ਰਿਤੁ" ਰੂਪ ਉਸ ਮਨ ਵਿਚ ਪ੍ਰਗਟ ਕਰਦਾ ਹੈ ਜੋ ਉਸ ਦੇ "ਅੰਮ੍ਰਿਤੁ" ਰੂਪ ਵਿਚਾਰਾਂ ਨਾਲ ਜੁੜਦਾ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਦੇ ਅੰਮ੍ਰਿਤੁ ਰੂਪ ਵਿਚਾਰ ਹਨ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹਨ ਭਾਵ ਨਾਮ ਦੇ ਰੂਪ ਵਿਚ ਹਨ। ਸਾਡੇ ਮਨ ਦੇ ਮਾੜੇ ਵਿਚਾਰ ਸਾਡੀਆਂ ਤ੍ਰਿਸ਼ਨਾਵਾਂ ਦੀਆਂ ਪੂਰਤੀ ਕਰਦੇ ਹਨ ਭਾਵ ਸਾਨੂੰ ਮਾਇਆ ਮੋਹ ਨਾਲ ਜੋੜ ਕੇ ਰਖਦੇ ਹਨ, ਮਾਇਆ ਦੇ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਨਾਲ ਜੋੜ ਕੇ ਰਖਦੇ ਹਨ ਜਿੰਨ੍ਹਾਂ ਦੀ ਪ੍ਰਾਪਤੀ ਲਈ, ਮਾਇਆ ਦਾ ਧਨ ਇਕੱਠਾ ਕਰਨ ਲਈ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ, ਦੂਸਰਿਆਂ ਦਾ ਹੱਕ ਖਾਂਦਾ ਹੈ ਜਿਸ ਕਰਕੇ ਅਸੀਂ ਗੁਰਮਤਿ ਵਾਲੇ ਵਿਚਾਰਾਂ ਤੋਂ ਦੂਰ ਰਹਿੰਦੇ ਹਾਂ ਤੇ ਉਹਨਾਂ ਵਿਚ ਰਹਿ ਕੇ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਪਾ ਸਕਦਾ, "ਅੰਮ੍ਰਿਤੁ" ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਮਾਇਆ ਮੋਹ ਪ੍ਰਮਾਤਮਾ ਨੇ ਬਹੁਤ ਮਿੱਠਾ ਬਣਾਇਆ ਹੈ ਜਿਸ ਵਿਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਸੇ ਲਈ ਅਸੀਂ ਆਪਣੇ ਅੰਦਰ ਦੇ ਚੋਰਾਂ ਨੂੰ ਭਾਵ ਮਾੜੇ ਵਿਚਾਰਾਂ ਨੂੰ ਛਡਦੇ ਨਹੀਂ ਭਾਵ ਆਪ ਹੀ ਆਪਣੇ ਅੰਦਰੋਂ ਅੰਮ੍ਰਿਤ ਨਾਮ ਦੀ ਚੋਰੀ ਕਰਦੇ ਹਾਂ। ਸਾਡੇ ਅੰਦਰੋਂ ਸਾਡੇ ਮਾੜੇ ਵਿਚਾਰ, ਹਉਮੈ ਵਾਲੇ ਵਿਚਾਰ ਦਿਨ ਰਾਤ ਸਾਡੇ ਅੰਦਰੋਂ ਚੋਰੀ ਕਰਦੇ ਰਹਿੰਦੇ ਹਨ ਪਰ ਅਸੀਂ ਉਹਨਾਂ ਨੂੰ ਚੋਰੀ ਕਰਨ ਤੋਂ ਨਹੀਂ ਰੋਕਦੇ ਭਾਵ ਉਹ ਚੋਰ ਸਾਡੀ ਮਰਜੀ ਨਾਲ ਹੀ ਚੋਰੀ ਕਰਦੇ ਹਨ। (**ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥**) "ਨੰਨਾਕਾਰੁ" ਤੋਂ ਭਾਵ ਹੈ ਮੰਨ੍ਹਾਂ ਕਰਨਾ ਭਾਵ ਇਨਕਾਰ ਕਰਨਾ ਭਾਵ ਅਸੀਂ ਚੋਰਾਂ ਨੂੰ ਆਪਣੇ ਅੰਦਰੋਂ ਚੋਰੀ ਕਰਨ ਤੋਂ ਮਨ੍ਹਾਂ ਨਹੀਂ ਕਰਦੇ ਭਾਵ ਉਸ ਵਿਚ ਸਾਡੀ ਆਪਣੀ ਹੀ ਮਰਜੀ ਹੁੰਦੀ ਹੈ।

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥}

(ਅੰਗ - ੩੫੬)

ਸਾਡੇ ਅੰਦਰ ਦੇ ਚੋਰ ਭਾਵ ਮਾੜੇ ਵਿਚਾਰ ਹੀ ਸਾਡੇ ਅੰਦਰ ਦੇ ਜਮ ਹਨ ਜੋ ਮਨੁੱਖ ਨੂੰ ਸਜਾਵਾਂ ਦਾ ਪਾਤਰ ਬਣਾਉਂਦੇ ਹਨ, ਪ੍ਰਮਾਤਮਾ ਦੀਆਂ ਨਜਰਾਂ ਵਿਚ ਨੀਵਾਂ ਕਰਦੇ ਹਨ। ਇਹਨਾਂ ਵਿਚਾਰਾਂ ਨੂੰ ਛੱਡਣ ਦਾ ਜ਼ਿੱਮਾ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਹੀ ਲਗਾਇਆ ਹੋਇਆ ਹੈ। ਜਿਸ ਤਰ੍ਹਾਂ ਕਿਸੇ ਨੇ ਅਗਰ ਆਪਣੇ ਪੈਰਾਂ ਵਿਚ ਘੁੰਘਰੂ ਬੰਨੇ ਹੋਣ ਤਾਂ ਉਹ ਘੁੰਘਰੂ ਤਾਂ ਹੀ ਵੱਜਦੇ

ਹਨ ਜਦੋਂ ਉਹਨਾਂ ਨੂੰ ਮਨੁੱਖ ਵਜਾਉਣਾ ਚਾਹਵੇ। ਬਿਨਾ ਵਜਾਉਣ ਤੋਂ ਘੁੰਘਰੂ ਆਪਣੇ ਆਪ ਨਹੀਂ ਵਜਦੇ ਭਾਵ ਮਨੁੱਖ ਦੀ ਮਰਜੀ ਨਾਲ ਹੀ ਵਜਦੇ

35/4245

ਹਨ। ਇਸੇ ਤਰ੍ਹਾਂ ਸਾਡੇ ਅੰਦਰ ਦੇ ਵਿਕਾਰਾਂ ਵਾਲੇ ਵਿਚਾਰ ਸਾਡੀ ਮਰਜੀ ਨਾਲ ਹੀ ਚਲਦੇ ਹਨ। ਮਾੜੇ ਕਰਮ ਕਰਨ ਤੋਂ ਪਹਿਲਾਂ, ਝੂਠ ਬੋਲਣ ਤੋਂ ਪਹਿਲਾਂ ਮਨੁੱਖ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਉਹ ਲੋਭ ਲਾਲਚ ਕਰ ਰਿਹਾ ਹੈ, ਕਿਸੇ ਦਾ ਮਾੜਾ ਕਰ ਰਿਹਾ ਹੈ ਪਰ ਉਹ ਫਿਰ ਵੀ ਜੇਕਰ ਉਹਨਾਂ ਨੂੰ ਕਰਦਾ ਹੈ ਤੇ ਫਿਰ ਇਸ ਵਿਚ ਉਸ ਦੀ ਆਪਣੀ ਮਰਜੀ ਹੀ ਹੁੰਦੀ ਹੈ ਜਿਸ ਕਰਕੇ ਸਜਾਵਾਂ ਵੀ ਉਸ ਨੂੰ ਹੀ ਭੁਗਤਣੀਆਂ ਪੈਂਦੀਆਂ ਹਨ।

ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ। ‘‘ਅੰਮ੍ਰਿਤੁ’’ ਰੂਪ ਵਿਚਾਰਾਂ ਵਿਚ ਭਾਵ ਸਚੁ ਰੂਪ ਵਿਚਾਰਾਂ ਵਿਚ ਉਹ ਆਪ ਹੀ ਹੈ ਤੇ ਸਾਨੂੰ ਬਿਖ ਵਾਲੇ ਵਿਚਾਰਾਂ ਵਿਚ ਰੱਖਣ ਵਾਲਾ ਵੀ ਉਹ ਆਪ ਹੈ ਪਰ ਉਹਨਾਂ ਵਿਚੋਂ ਨਿਕਲਣ ਦਾ ਉਦਮ ਅਸੀਂ ਹੀ ਕਰਨਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਮੇਹਰ ਕਰਦਾ ਹੈ ਉਸ ਨੂੰ ਬਿਖ ਵਾਲੇ ਵਿਚਾਰਾਂ ਵਿਚੋਂ ਪੂਰੀ ਤਰ੍ਹਾਂ ਕੱਢ ਕੇ ਆਪਣੇ ਅੰਮ੍ਰਿਤ ਵਾਲੇ ਵਿਚਾਰਾਂ ਨਾਲ ਜੋੜ ਲੈਂਦਾ ਹੈ ਭਾਵ ਮਨ ਦੇ ਵਿਚ ਆਪਣੇ ਨਾਲ ਜੋੜ ਲੈਂਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਸੱਚੀ ਵਡਿਆਈ ਬਖਸ਼ਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ। (**ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥2॥**)

ਪਿਛੇ ਮੁੱਖ ਸ਼ਬਦ ਦੀਆਂ ਹੇਠ ਦਿਤੀਆਂ ਪੰਗਤੀਆਂ ਨੂੰ ਅਸੀਂ ਸਮਝਿਆ ਹੈ ਕਿ ‘‘ਅੰਮ੍ਰਿਤੁ’’ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਮਨ ਦੇ ਵਿਚ ਭਰਮ ਹੋਣ ਕਰਕੇ, ਬਿਖ ਵਾਲੇ ਵਿਚਾਰ ਹੋਣ ਕਰਕੇ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਤੇ ਅਸੀਂ ਮਨ ਦੇ ਭਰਮ ਕਰਕੇ ਉਹੋ ਜਿਹੇ ਭਗਤੀ ਦੇ ਦਿਖਾਵਿਆਂ ਵਿਚ ਲਗੇ ਰਹਿੰਦੇ ਹਾਂ ਜਿੰਨ੍ਹਾਂ ਦੁਆਰਾ ਅਸੀਂ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਾਂ।

{ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥}

(ਅੰਗ – ੬੪੪)

ਪ੍ਰਮਾਤਮਾ ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿਚ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿਚ ਹੈ ਜੋ ਕਿ ਪ੍ਰਮਾਤਮਾ ਦਾ ‘‘ਅੰਮ੍ਰਿਤੁ’’ ਰੂਪ ਹੈ ਤੇ ਪ੍ਰਮਾਤਮਾ ਦਾ ਇਹੀ ਰੂਪ ਉਸ ਦਾ ‘‘ਸਬਦੁ’’ ਰੂਪ ਹੈ ਜੋ ਕਿ ਸਾਡੇ ਅੰਦਰ ਹੀ ਹੈ ਜਿਸ ਰਾਹੀਂ ਪ੍ਰਮਾਤਮਾ ਨਿਰੰਕਾਰ ਰੂਪ ਹੈ। ਸਾਡੇ ਮਨ ਦੇ ਗਿਆਨ ਦਾ ਕੋਈ ਆਕਾਰ ਨਹੀਂ ਹੈ ਤੇ ਨਾ ਹੀ ਗਿਆਨ ਦਾ ਕੋਈ ਅੰਤ ਹੈ। ਇਸੇ ਗੱਲ ਨੂੰ ਹੀ ਅਸੀਂ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਤੇ ਪਉੜੀ ਰਾਹੀਂ ਸਮਝਣਾ ਹੈ।

35/4246

“ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥
ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥”

(ਅੰਗ – ੬੪੪)

ਉਪਰਲੀਆਂ ਪੰਗਤੀਆਂ ਤੋਂ ਪਹਿਲੇ ਇਹਨਾਂ ਤੋਂ ਪਹਿਲੀ ਪੰਗਤੀ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਪ੍ਰਮਾਤਮਾ ਸਾਨੂੰ ਮਨ ਦੇ ਅੰਦਰ ਮਨ ਦੀ ਸੋਝੀ ਦੁਆਰਾ ਦਿਸਦਾ ਹੈ ਜੋ ਸੋਝੀ ਪ੍ਰਮਾਤਮਾ ਕਦੇ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਜਿਵੇਂ ਕਿ ਉਸ

ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। (**ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥**)

ਅਗਲੀ ਪੰਗਤੀ ਰਾਹੀਂ ਹੁਣ ਇਸ ਗੱਲ ਨੂੰ ਸਮਝੋ ਕਿ ਉਹ ਕਿਹੜੀ ਰਸਨਾ ਹੈ ਜਿਸ ਨੂੰ "ਹਰਿ ਸਾਦੁ" ਆਉਂਦਾ ਹੈ। ਇਹ "ਸਾਦੁ" ਭਾਵ ਸੁਆਦ, ਅਨੰਦ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਭਾਵ ਪ੍ਰਮਾਤਮਾ ਦੇ ਮਨ ਦੇ ਵਿਚੋਂ ਦਰਸ਼ਨ ਹੋਣ ਦੁਆਰਾ ਹੀ ਆਉਂਦਾ ਹੈ, ਉਸ ਦੇ ਨਿਰੰਕਾਰ ਰੂਪ ਦਰਸ਼ਨ ਹੋਣ ਦੁਆਰਾ ਹੀ ਆਉਂਦਾ ਹੈ। ਰਸਨਾ ਦਾ ਇਹ ਸੁਆਦ ਕੋਈ ਰਸਨਾ ਨਾਲ ਮੁਖੋਂ ਬੋਲੀ ਜਾਣ ਦਾ ਸੁਆਦ ਨਹੀਂ ਹੈ। ਮਨ ਦੇ ਵਿਚ ਸੋਝੀ ਦੁਆਰਾ ਪ੍ਰਮਾਤਮਾ ਕੋਲੋਂ ਉਸ ਦਾ ਸੱਚਾ ਗਿਆਨ ਹੀ ਮਿਲਦਾ ਹੈ ਜਿਸ ਦੁਆਰਾ ਇਹ ਸਮਝ ਪੈਂਦੀ ਹੈ ਕਿ "ਹਰਿ" ਕਰਨਾ ਕੀ ਹੈ। ਮਨ ਦੀ ਸੋਝੀ ਰਾਹੀਂ ਪਹਿਲੇ ਮਨੁੱਖ ਦਾ "ਮਨੁ ਤਨੁ" ਸੀਤਲੁ ਹੁੰਦਾ ਹੈ। ਸਾਡਾ ਮਨ ਤ੍ਰਿਸ਼ਨਾ ਦੀ ਅਗਨਿ ਤੋਂ ਸੀਤਲ ਹੁੰਦਾ ਹੈ ਤੇ ਤਾਂ ਹੀ ਸਾਡਾ ਤਨ ਸੀਤਲ ਹੁੰਦਾ ਹੈ ਭਾਵ ਸਾਡੇ ਤਨ ਦੇ ਇੰਦਰੇ ਵੱਸ ਵਿਚ ਆਉਂਦੇ ਹਨ ਜਿੰਨ੍ਹਾਂ ਕਰਕੇ ਸਾਡਾ ਤਨ ਫਿਰ ਮਾੜੇ ਕਰਮ ਨਹੀਂ ਕਰਦਾ ਭਾਵ ਮਨੁੱਖ ਮਨ ਦੇ ਵਿਚ ਸੱਚੀ ਸੋਝੀ ਦੁਆਰਾ ਤ੍ਰਿਸ਼ਨਾ ਦੀ ਅਗਨਿ ਤੋਂ ਮੁਕਤਿ ਹੋ ਕੇ, ਮਾਇਆ ਮੋਹ ਤੋਂ, ਵਿਕਾਰਾਂ ਤੋਂ ਮੁਕਤਿ ਹੋ ਕੇ ਫਿਰ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਤੇ ਇਹੀ ਆਪਣੀ ਰਸਨਾ ਦੁਆਰਾ ਹਰਿ ਹਰਿ ਕਰਨਾ ਹੈ। ਜਦੋਂ ਮਨੁੱਖ ਨੂੰ ਗੁਰਮਤਿ ਤੇ ਚਲਣਾ ਚੰਗਾ ਲਗਦਾ ਹੈ ਭਾਵ ਜਦੋਂ ਮਨੁੱਖ ਗੁਰਮਤਿ ਅਨੁਸਾਰ ਵਿਚਰਨ ਵਿਚ ਹੀ ਅਨੰਦ ਸਮਝਦਾ ਹੈ, ਗੁਰੂ ਪ੍ਰਮਾਤਮਾ ਦੇ ਭਾਣੇ ਵਿਚ ਚੱਲਣ ਵਿਚ ਹੀ ਚੰਗਾ ਸਮਝਦਾ ਹੈ ਇਹੀ ਰਸਨਾ ਦੁਆਰਾ ਹਰਿ ਕਰਨ ਦਾ ਅਨੰਦ ਹੈ ਭਾਵ ਨਾਮ ਜਪਣ ਦਾ ਅਨੰਦ ਹੈ। ਹਰਿ ਕਰਨ ਵਾਲੀ ਰਸਨਾ ਸੱਚ ਹੀ ਬੋਲਦੀ ਹੈ ਜੋ ਕਦੇ ਝੂਠ ਨਹੀਂ ਬੋਲ ਸਕਦੀ ਕਿਉਂਕਿ ਮਨ ਦੇ ਅੰਦਰ ਪ੍ਰਮਾਤਮਾ ਜਦੋਂ ਪ੍ਰਗਟ ਹੋ ਜਾਂਦਾ ਹੈ ਉਹ ਮਨੁੱਖ

35/4247

ਨੂੰ ਫਿਰ ਸੱਚ ਅਨੁਸਾਰ ਹੀ ਚਲਾਉਂਦਾ ਹੈ, ਸੱਚੇ ਆਤਮਿਕ ਗਿਆਨ ਦੁਆਰਾ ਹੀ ਚਲਾਉਂਦਾ ਹੈ। (**ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥**)

ਸਾਡੇ ਅੰਦਰ ਸੱਚੇ ਵਿਚਾਰਾਂ ਦੀ ਉਪਜ ਪ੍ਰਮਾਤਮਾ ਆਪ ਹੀ ਕਰਦਾ ਹੈ, ਆਪਣੇ ਸ਼ਬਦ ਰੂਪ ਦੁਆਰਾ ਕਰਦਾ ਹੈ, ਆਪਣੇ ਨਿਰੰਕਾਰ ਰੂਪ ਦੁਆਰਾ ਕਰਦਾ ਹੈ। ਸਾਡੇ ਅੰਦਰ ਸੱਚੇ ਵਿਚਾਰਾਂ ਦਾ, ਸ਼ਬਦ ਰੂਪ ਵਿਚਾਰਾਂ ਦੀ ਸੋਝੀ ਦਾ ਉਪਜਣਾ ਹੀ ਸਾਡੇ ਅੰਦਰ ਨਾਮ ਦਾ ਉਪਜਣਾ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸ ਨੂੰ ਮਨ ਦੇ ਵਿਚ ਇਸੇ ਤਰੀਕੇ ਹੀ ਮਿਲਾਉਂਦਾ ਹੈ। (**ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥**)

ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਸ਼ਬਦ ਰੂਪ ਵਿਚ ਹੀ ਹੁੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿਚ ਆਪਣੇ ਸੱਚੇ ਗਿਆਨ ਦੀ ਸੋਝੀ ਪਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਅਗਿਆਨਤਾ ਦੇ ਵਿਚੋਂ ਕੱਢਦਾ ਹੈ, ਮਨ ਦੇ ਬਉਰੇਪਨ ਵਿਚੋਂ ਕੱਢਦਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਹੋਏ ਬਿਨਾ ਸੰਸਾਰ ਦਾ ਹਰ ਮਨੁੱਖ "ਬਉਰਾਨਾ" ਹੀ ਹੈ ਭਾਵੇਂ ਕੋਈ ਆਪਣੇ ਆਪ ਨੂੰ ਕਿਤਨਾ ਵੱਡਾ ਧਰਮ ਦੇ ਗਿਆਨ ਵਾਲਾ ਅਖਵਾਉਂਦਾ ਹੋਵੇ। ਬਾਣੀ ਵਿਚ ਇਹੋ ਜਿਹਿਆਂ ਨੂੰ ਬਾਰ ਬਾਰ ਮੂਰਖ ਕਹਿ ਕੇ ਸਮਝਾਇਆ ਹੈ ਜੋ ਕਿ ਬਹੁਤ ਹੀ ਵੱਡੀ ਹਕੀਕਤ ਹੈ ਜੋ ਕਿਸੇ ਨੂੰ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਸਮਝ ਨਹੀਂ ਆ ਸਕਦੀ। ਸਾਡੇ ਮਨ ਦਾ ਗਿਆਨ ਸਾਡੇ ਵੱਸ ਨਹੀਂ ਹੈ ਤੇ ਜੋ ਵੀ ਆਪਣੇ ਆਪ ਨੂੰ ਉੱਚਾ ਗਿਆਨਵਾਨ ਅਖਵਾਉਂਦਾ ਹੈ ਉਹ ਸਚਮੁਚ ਵੱਡਾ ਅਗਿਆਨੀ ਹੀ ਹੈ ਜੋ ਉਸ ਗਿਆਨ ਦੇ ਮਾਲਕ ਨੂੰ ਨਹੀਂ ਜਾਣ ਸਕਦਾ। ਜੋ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ ਉਹ ਫਿਰ ਕਦੇ ਆਪਣੇ ਆਪ ਨੂੰ ਗਿਆਨੀ, ਬ੍ਰਹਮਗਿਆਨੀ, ਸੰਤ ਆਦਿ ਨਹੀਂ ਅਖਵਾ ਸਕਦਾ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਸ ਦਾ ਗਿਆਨ ਰੂਪ ਜਾਣੇ ਬਿਨਾ ਹਰ ਕੋਈ ਇਸ ਸੰਸਾਰ ਵਿਚ ਆਪਣਾ ਜਨਮ ਬਿਰਥਾ ਹੀ ਗਵਾ ਕੇ ਜਾਂਦਾ ਹੈ ਭਾਵੇਂ ਕੋਈ ਆਪਣੇ ਆਪ ਨੂੰ ਜਿਤਨਾ ਮਰਜੀ ਉੱਚਾ ਅਖਵਾਕੇ ਗਏ ਹਨ। (**ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥**) ਪ੍ਰਮਾਤਮਾ ਨੂੰ "ਸਬਦੁ" ਰੂਪ ਵਿਚ ਪਾਉਣਾ ਜਾਂ "ਅੰਮ੍ਰਿਤੁ" ਰੂਪ ਵਿਚ ਪਾਉਣਾ ਇੱਕੋ ਹੀ ਗੱਲ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ ਤੇ ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ ਇਸੇ ਰੂਪ ਵਿਚ ਹੀ ਹੈ। ਪ੍ਰਮਾਤਮਾ ਸਬਦੁ ਰੂਪ ਵਿਚ ਹੀ ਆਪ ਗੁਰੂ ਹੈ ਤੇ ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਦਾ ਅੰਮ੍ਰਿਤੁ ਭੋਜਨ ਹੈ, ਉਸ ਦਾ ਨਾਮ ਰੂਪ ਭੋਜਨ ਹੈ ਜੋ ਕਿ ਗੁਰਬਾਣੀ ਵਿਚ ਉਹਨਾਂ ਨੇ ਪਾਇਆ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਦੇ ਇਸੇ ਰੂਪ ਨੂੰ ਆਪਣੇ ਅੰਦਰੋਂ ਜਾਣਿਆ ਹੈ। ਜਿਸ ਨੂੰ ਪ੍ਰਮਾਤਮਾ ਆਪਣਾ

35/4248

ਗੁਰਮੁਖਿ ਰੂਪ ਬਣਾਉਂਦਾ ਹੈ ਉਸ ਨੂੰ ਮਨ ਦੇ ਵਿਚ ਆਪਣਾ ਅੰਮ੍ਰਿਤੁ ਰੂਪ, ਸਬਦੁ ਰੂਪ ਪ੍ਰਗਟ ਕਰਕੇ ਹੀ ਬਣਾਉਂਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਲਗਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ, ਗੁਰਬਾਣੀ ਵਿਚ ਕਿਸ ਰੂਪ ਵਿਚ ਹੈ, ਹਰ ਵਸਤੂ ਵਿਚ ਕਿਸ ਰੂਪ ਵਿਚ ਹੈ। ਪ੍ਰਮਾਤਮਾ ਹਰ ਜਗ੍ਹਾ ਆਪਣੇ ਇਸ ਨਿਰੰਕਾਰ ਰੂਪ ਵਿਚ ਹੀ ਹੈ ਜੋ ਰੂਪ ਉਸ ਦਾ ਕੇਵਲ ਮਨ ਦੇ ਵਿਚੋਂ ਹੀ ਜਾਣਿਆ ਜਾ ਸਕਦਾ ਹੈ, ਮਨ ਦਾ ਬਉਰਾਪਨ ਦੂਰ ਹੋਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜੋ ਬਉਰਾਪਨ ਉਹ ਆਪ ਹੀ ਦੂਰ ਕਰਦਾ ਹੈ। ਪੂਰੀ ਗੁਰਬਾਣੀ ਦਾ ਮਕਸਦ ਸਾਨੂੰ ਮਨ ਦੇ ਬਉਰੇਪਨ ਵਿਚੋਂ ਕੱਢਣ ਦਾ ਹੀ ਹੈ ਤੇ ਆਪਣੇ ਸੱਚੇ ਮਕਸਦ ਦੇ ਉਦਮ ਨਾਲ ਜੁੜਨਾ ਹੀ ਸਾਡਾ ਸੱਚਾ ਉਦਮ ਹੈ ਤੇ ਵਿਅਰਥ ਦੇ ਜਪਾਂ ਤਪਾਂ ਵਿਚ ਅਸੀਂ ਕੇਵਲ ਆਪਣੀ ਖੁਆਰੀ ਹੀ ਕਰਦੇ ਹਾਂ ਤੇ ਮਨ ਦੇ ਬਉਰੇਪਨ ਕਰਕੇ ਅਸੀਂ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਾਂ ਤੇ ਦੂਸਰਿਆਂ ਨੂੰ ਬਉਰੇਪਨ ਵਿਚ ਰੱਖਣ ਦਾ ਭਾਰ ਆਪਣੇ ਸਿਰ ਚੁਕਦੇ ਹਾਂ। ਆਉ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੁੜੀਏ ਤੇ ਮਨ ਦੇ ਬਉਰੇਪਨ ਵਿਚੋਂ, ਅਗਿਆਨਤਾ ਵਿਚੋਂ, ਭਰਮਾਂ ਵਿਚੋਂ ਨਿਕਲੀਏ ਜਿਸ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਦੇ ਅੰਮ੍ਰਿਤੁ ਰੂਪ ਨੂੰ, ਸਬਦੁ ਰੂਪ ਨੂੰ ਜਾਣਿਆ ਜਾ ਸਕਦਾ ਹੈ। (**ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥2॥**)

{“ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ ॥ ਤੁਧੁ ਆਪੇ ਕਥੀ ਅਕਥ ਕਹਾਣੀ ॥
ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ ॥੧੪॥”}

(ਅੰਗ - ੧੦੫੬)

ਜਿਸ ਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਉਸ ਨੇ ਪ੍ਰਮਾਤਮਾ ਨੂੰ ਅੰਮ੍ਰਿਤ ਰੂਪ ਵਿਚ, ਸ਼ਬਦ ਰੂਪ ਵਿਚ ਹੀ ਜਾਣਿਆ ਹੈ। ਜਿਸ ਨੇ ਪ੍ਰਮਾਤਮਾ ਨੂੰ ਸ਼ਬਦ ਰੂਪ ਵਿਚ ਨਹੀਂ ਜਾਣਿਆ ਫਿਰ ਉਸ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ ਤੇ ਇਹੋ ਜਿਹੇ ਭਰਮੇ ਹੋਏ ਹੀ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿਚ, ਆਕਾਰ ਰੂਪ ਵਿਚ ਸਮਝਦੇ ਹਨ ਤੇ ਉਸ ਨੂੰ ਕਿਸੇ ਆਕਾਰ ਰੂਪ ਵਿਚ ਮਿਲਣ ਦੀਆਂ ਗੱਲਾਂ ਕਰਦੇ ਹਨ। ਜਿਸ ਦਾ ਪ੍ਰਮਾਤਮਾ ਦੇ ਨਾਲ ਸ਼ਬਦ ਰੂਪ ਵਿਚ ਮੇਲ ਹੋਇਆ ਹੈ ਉਸ ਨੂੰ ਹੀ ਇਸ ਗੱਲ ਦੀ ਸਮਝ ਹੈ ਕਿ ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿਚ ਹੀ ਗੁਰੂ ਹੈ ਜਿਸ ਰੂਪ ਵਿਚ ਉਸ ਨੇ ਸਾਰਾ ਗਿਆਨ ਦਿੱਤਾ ਹੈ ਜਿਸ ਦੁਆਰਾ ਉਸ ਦੀ ਅਕਥ ਕਥਾ ਲਿਖੀ ਗਈ ਹੈ।

36/4249

ਸਾਰੀ ਗੁਰਬਾਣੀ ਪ੍ਰਮਾਤਮਾ ਦੀ ਅਕਥ ਕਥਾ ਹੈ ਜੋ ਕਿ ਮਨ ਦੇ ਵਿਚ ਪ੍ਰਗਟ ਹੋ ਕੇ ਮਨ ਦੇ ਗਿਆਨ ਰਾਹੀਂ ਆਪ ਹੀ ਲਿਖਵਾਈ ਹੈ। ਸਦਾ ਤੋਂ ਸੰਸਾਰ ਦਾ ਗੁਰੂ ਪ੍ਰਮਾਤਮਾ ਆਪ ਹੀ ਹੈ ਜੋ ਕਿ ਸ਼ਬਦ ਰੂਪ ਵਿਚ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ, ਬ੍ਰਹਮ ਗਿਆਨ ਦੇ ਰੂਪ ਵਿਚ ਗੁਰੂ ਹੈ। ਇਸ ਗੱਲ ਦੀ ਸਮਝ ਉਸੇ ਨੂੰ ਪੈਂਦੀ ਹੈ ਜੋ ਉਸ ਦਾ ਨਾਮ ਜਪ ਲੈਂਦਾ ਹੈ ਭਾਵ ਜਿਸ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਸਮਝ ਲਗਦੀ ਹੈ ਕਿ ਪ੍ਰਮਾਤਮਾ ਆਪ ਹੀ ਸਭ ਕੁਝ ਹੈ ਤੇ ਉਹ ਆਪਣੇ ਸ਼ਬਦ ਰੂਪ ਵਿਚ ਸਭ ਦੇ ਅੰਦਰ ਸਮਾਇਆ ਹੋਇਆ ਹੈ। (**ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ ॥ ਤੁਧੁ ਆਪੇ ਕਥੀ ਅਕਥ ਕਹਾਣੀ ॥ ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ ॥14॥**)

ਜਿਸ ਨੇ ਆਪਣੇ ਅੰਦਰੋਂ “ਸਬਦੁ” ਰੂਪ ਗੁਰੂ ਨੂੰ ਨਹੀਂ ਜਾਣਿਆ ਉਹ ਮਨੁੱਖ ਫਿਰ ਮਨ ਦੀ ਅਗਿਆਨਤਾ ਵਿਚ ਹੀ ਹੈ, ਪ੍ਰਮਾਤਮਾ ਨੂੰ ਜਾਨਣ ਵਿਚ ਭਰਮ ਵਿਚ ਹੀ ਹੈ ਜਿਵੇਂ ਕਿ ਇਹ ਭਰਮ ਬ੍ਰਹਮਾ ਦਾ ਵੀ ਦੂਰ ਨਹੀਂ ਹੋਇਆ ਜਿਸ ਕਰਕੇ ਉਸ ਨੇ ਆਪਣੇ ਆਪ ਨੂੰ ਗੁਰੂ ਕਿਹਾ ਹੈ, ਗਿਆਨ ਦਾ ਦਾਤਾ ਕਿਹਾ ਹੈ। ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿਚ ਬ੍ਰਹਮ ਗਿਆਨੀ ਹੈ ਤੇ ਇਸੇ ਲਈ ਸੰਸਾਰ ਵਿਚ ਪ੍ਰਮਾਤਮਾ ਤੋਂ ਬਿਨਾ ਹੋਰ ਕੋਈ ਬ੍ਰਹਮ ਗਿਆਨੀ ਨਹੀਂ ਹੈ ਤੇ ਜੇਕਰ ਕੋਈ ਸਮਝਦਾ ਹੈ ਤਾਂ ਇਹ ਉਸ ਦਾ ਭਰਮ ਹੈ। ਆਪਣੇ ਸ਼ਬਦ ਰਾਹੀਂ ਪ੍ਰਮਾਤਮਾ ਜੋ ਗਿਆਨ ਦਿੰਦਾ ਹੈ ਉਹ ਬ੍ਰਹਮ ਗਿਆਨ ਹੈ ਭਾਵ ਨਾਮ ਹੈ, ਅੰਮ੍ਰਿਤ ਹੈ। ਪ੍ਰਮਾਤਮਾ ਤੋਂ ਬਿਨਾ ਨਾ ਹੋਰ ਕੋਈ ਬ੍ਰਹਮ ਗਿਆਨੀ ਹੈ ਤੇ ਨਾ ਹੀ ਕੋਈ ਦੂਸਰਾ ਬ੍ਰਹਮ ਗਿਆਨੀ ਹੋ ਸਕਦਾ ਹੈ, ਨਾ ਹੀ ਦੂਸਰਾ ਨਾਮ ਹੋ ਸਕਦਾ ਹੈ, ਨਾ ਹੀ ਦੂਸਰਾ ਅੰਮ੍ਰਿਤ ਹੋ ਸਕਦਾ ਹੈ। ਪ੍ਰਮਾਤਮਾ ਦਾ ਇਹ ਨਾਮ ਅੰਮ੍ਰਿਤ ਮਨ ਦੇ ਵਿਚੋਂ ਹੀ ਮਿਲਦਾ ਹੈ, ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ, ਉਸ ਦੇ ਆਪਣੇ ਦੇਣ ਦੁਆਰਾ ਮਿਲਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਰੂਪ

ਅੰਮ੍ਰਿਤ ਪਿਲਾਉਂਦਾ ਹੈ, ਬ੍ਰਹਮ ਗਿਆਨ ਰੂਪ ਅੰਮ੍ਰਿਤ ਪਿਲਾਉਂਦਾ ਹੈ ਉਹ ਇੱਕੋ ਜਿਹਾ ਹੀ ਪਿਲਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਿਲਾਇਆ ਹੈ। ਇਸੇ ਲਈ ਗੁਰਬਾਣੀ ਰਾਹੀਂ ਉਨ੍ਹਾਂ ਸਭ ਨੇ ਪ੍ਰਮਾਤਮਾ ਦੀ ਭਗਤੀ ਦੀ ਤੇ ਉਸ ਦੇ ਨਾਲ ਮੇਲ ਕਰਨ ਦੀ ਇਕੋ ਜਿਹੀ ਗੱਲ ਸਮਝਾਈ ਹੈ ਤੇ ਪ੍ਰਮਾਤਮਾ ਨੂੰ ਹੀ ਬ੍ਰਹਮ ਗਿਆਨੀ ਕਿਹਾ ਹੈ, ਗਿਆਨ ਦਾ ਦਾਤਾ ਕਿਹਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਾਮ ਦੀ ਵਡਿਆਈ ਕੀਤੀ ਹੈ ਉਨ੍ਹਾਂ ਨੇ ਮਨ ਦੇ ਵਿਚੋਂ

36/4250

ਪ੍ਰਮਾਤਮਾ ਦੇ ਕੋਲੋਂ ਅੰਮ੍ਰਿਤ ਛਕ ਕੇ ਕੀਤੀ ਹੈ ਤੇ ਇਕੋ ਜਿਹੀ ਨਾਮ ਦੀ ਵਡਿਆਈ ਕੀਤੀ ਹੈ, ਪ੍ਰਮਾਤਮਾ ਦੀ ਇਕੋ ਜਿਹੀ ਵਡਿਆਈ ਕੀਤੀ ਹੈ ਜਿਵੇਂ ਕਿ ਹੇਠ ਦਿੱਤੇ ਸਲੋਕ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕ ਮਹਲਾ ੨ ॥

“ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥”

(ਅੰਗ - ੧੨੩੮)

ਪ੍ਰਮਾਤਮਾ ਦੇ ਨਾਮ ਦੀ ਵਡਿਆਈ ਕਰਨ ਵਾਲੇ ਤਾਂ ਬਹੁਤ ਹਨ ਪਰ ਨਾਮ ਦੀ ਵਡਿਆਈ ਹੁੰਦੀ ਕਿਵੇਂ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ। ਨਾਮ ਹੀ ਅੰਮ੍ਰਿਤ ਹੈ ਜੋ ਅੰਮ੍ਰਿਤ ਸਾਡੇ ਅੰਦਰ ਹੀ ਹੈ। ਜਦ ਤਕ ਕਿਸੇ ਨੇ ਆਪਣੇ ਮਨ ਦੇ ਰਾਹੀਂ ਇਹ ਅੰਮ੍ਰਿਤ ਨਹੀਂ ਪੀਤਾ ਤਦ ਤਕ ਨਾਮ ਦੀ ਵਡਿਆਈ ਵੀ ਨਹੀਂ ਹੋ ਸਕਦੀ। ਪੂਰੇ ਸੰਸਾਰ ਵਿਚ “ਅੰਮ੍ਰਿਤੁ” ਇੱਕ ਹੀ ਹੈ ਤੇ ਦੂਸਰਾ ਅੰਮ੍ਰਿਤ ਨਹੀਂ ਹੋ ਸਕਦਾ ਜਿਵੇਂ ਕਿ ਇਸ ਸ਼ਬਦ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ। ਜੇਕਰ ਸੰਸਾਰ ਵਿਚ “ਅੰਮ੍ਰਿਤੁ” ਇੱਕ ਹੈ ਫਿਰ ਨਾਮ ਵੀ ਇੱਕ ਹੀ ਹੈ ਭਾਵ ਦੋ ਨਾਮ ਨਹੀਂ ਹੋ ਸਕਦੇ। “ਅੰਮ੍ਰਿਤੁ” ਰੂਪ ਵਿਚ, ਨਾਮ ਰੂਪ ਵਿਚ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ। ਪ੍ਰਮਾਤਮਾ ਇਕੋ ਹੀ ਹੈ ਫਿਰ ਬ੍ਰਹਮ ਗਿਆਨ ਵੀ ਇਕੋ ਹੀ ਹੈ ਭਾਵ ਦੋ ਬ੍ਰਹਮ ਗਿਆਨ, ਇੱਕ ਤੋਂ ਜਿਆਦਾ ਬ੍ਰਹਮ ਗਿਆਨ ਨਹੀਂ ਹੋ ਸਕਦੇ। ਬ੍ਰਹਮ ਗਿਆਨੀ ਆਪ ਇਕੋ ਹੈ, ਸ਼ਬਦ ਇਕੋ ਹੈ ਫਿਰ ਸ਼ਬਦ ਦੀ ਦਿੱਤੀ ਹੋਈ ਵਿਚਾਰ ਵੀ ਇੱਕ ਹੀ ਹੁੰਦੀ ਹੈ ਜੋ ਕਿ ਨਾਮ ਹੈ, ਅੰਮ੍ਰਿਤ ਹੈ। ਇੱਕ ਸ਼ਬਦ ਦੀ ਵਿਚਾਰ ਇੱਕ ਹੀ ਹੁੰਦੀ ਹੈ ਭਾਵ ਇੱਕ ਸ਼ਬਦ ਦੀਆਂ ਦੋ ਵਿਚਾਰਾਂ ਨਹੀਂ ਹੋ ਸਕਦੀਆਂ ਭਾਵ ਇਕ ਸ਼ਬਦ ਰਾਹੀਂ ਜੋ ਗੱਲ ਸਮਝਾਈ ਹੁੰਦੀ ਹੈ ਉਸ ਦੇ ਦੋ ਮਤਲਬ ਨਹੀਂ ਹੋ ਸਕਦੇ ਭਾਵ ਪੂਰੇ ਸ਼ਬਦ ਵਿਚ ਇਕੋ ਭਾਵ ਹੀ ਹੁੰਦਾ ਹੈ ਤੇ ਉਸ ਦੇ ਵੱਖਰੇ ਵੱਖਰੇ ਭਾਵ ਨਹੀਂ ਹੋ ਸਕਦੇ। ਸ਼ਬਦ ਦੇ ਅੰਦਰ ਦਾ ਭਾਵ ਨਾਮ ਹੁੰਦਾ ਹੈ, ਅੰਮ੍ਰਿਤ ਹੁੰਦਾ ਹੈ। ਇੱਕ ਸ਼ਬਦ ਦੇ ਵਿਚ ਇਕੋ ਨਾਮ, ਇਕੋ ਅੰਮ੍ਰਿਤ ਹੁੰਦਾ ਹੈ।ਪੂਰੀ ਗੁਰਬਾਣੀ ਵਿਚ ਅੰਮ੍ਰਿਤ ਨਾਮ ਇਸੇ ਰੂਪ ਵਿਚ ਹੀ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੀ ਹੈ। ਜਿਸ ਸ਼ਬਦ ਰੂਪ ਪ੍ਰਮਾਤਮਾ ਨੇ ਸ਼ਬਦ ਉਚਾਰੇ ਹਨ ਉਹ ਹਰ ਸ਼ਬਦ ਕਿਸੇ ਮਕਸਦ ਲਈ ਉਚਾਰਿਆ ਹੈ, ਸਾਨੂੰ ਕੁਝ ਖਾਸ ਗੱਲ ਸਮਝਾਉਣ ਲਈ ਉਚਾਰਿਆ ਹੈ ਤੇ ਜੇਕਰ ਅਸੀਂ ਉਸ ਸ਼ਬਦ ਦੇ ਅਸਲ ਭਾਵ

36/4251

ਨੂੰ ਨਹੀਂ ਸਮਝਦੇ ਤਾਂ ਫਿਰ ਅਸੀਂ ਅੰਮ੍ਰਿਤ ਨਾਲ, ਨਾਮ ਨਾਲ ਨਹੀਂ ਜੁੜ ਸਕਦੇ। ਆਪਣੇ ਆਪ ਨੂੰ ਉੱਚੇ ਗਿਆਨ ਵਾਲੇ ਕਹਿਣ ਵਾਲੇ ਬਹੁਤ ਹਨ, ਸੰਤ, ਬ੍ਰਹਮ ਗਿਆਨੀ ਆਦਿ ਕਹਿਣ ਵਾਲੇ ਵੀ ਬਹੁਤ ਹਨ, ਪ੍ਰਮਾਤਮਾ ਦੇ ਨਾਲ ਮਿਲੇ ਹੋਏ ਕਹਿਣ ਵਾਲੇ ਵੀ ਬਹੁਤ ਹਨ ਪਰ ਉਨ੍ਹਾਂ ਨੂੰ ਕੀ ਪ੍ਰਮਾਤਮਾ ਨੇ ਵੱਖਰਾ ਵੱਖਰਾ ਅੰਮ੍ਰਿਤ ਪੀਆਇਆ ਹੈ ਭਾਵ ਸ਼ਬਦਾਂ ਦੀ ਵੱਖਰੀ ਵੱਖਰੀ ਸੋਝੀ ਦਿੱਤੀ ਹੈ ਜਿਸ ਕਰਕੇ ਉਹ ਆਪਣੀ ਆਪਣੀ ਮਤਿ ਅਨੁਸਾਰ ਸ਼ਬਦਾਂ ਦੇ ਵੱਖਰੇ ਵੱਖਰੇ ਅਰਥ ਕਰਦੇ ਹਨ ਤੇ ਨਾਮ ਬਾਰੇ ਨਿਰਾ ਭਰਮ ਹੀ ਪਾਉਂਦੇ ਹਨ। ਮਨ ਦੇ ਵਿਚੋਂ ਪ੍ਰਮਾਤਮਾ ਦਾ ਅੰਮ੍ਰਿਤ ਰੂਪ ਨਾਮ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿਚ ਮਿਲਦਾ ਹੈ ਜਿਸ ਦੇ ਮਿਲਣ ਤੋਂ ਬਾਦ ਇੱਕ ਸ਼ਬਦ ਦੀਆਂ ਇੱਕ ਤੋਂ ਵੱਧ ਵਿਚਾਰਾਂ ਨਹੀਂ ਹੋ ਸਕਦੀਆਂ। ਵਿਚਾਰਾਂ ਦੀ ਸੋਝੀ ਪਏ ਬਿਨਾ ਪ੍ਰਮਾਤਮਾ ਦੇ ਨਾਮ ਦੀ ਵਡਿਆਈ ਨਹੀਂ ਹੁੰਦੀ ਕਿਉਂਕਿ ਸ਼ਬਦਾਂ ਦੀ ਵਿਚਾਰ ਮਿਲਣ ਦੁਆਰਾ ਹੀ ਇਹ ਪਤਾ ਲਗਦਾ ਹੈ ਕਿ

ਸ਼ਬਦ ਰੂਪ ਵਿਚ, ਅੰਮ੍ਰਿਤ ਰੂਪ ਵਿਚ, ਨਾਮ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਉਹ ਬ੍ਰਹਮ ਗਿਆਨੀ ਆਪ ਹੀ ਹੈ। ਪ੍ਰਮਾਤਮਾ ਕੋਲੋਂ ਉਸ ਦਾ ਅੰਮ੍ਰਿਤ ਉਸ ਦੇ ਕੋਲੋਂ ਹੀ ਮਿਲਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਕੇਵਲ ਉਸ ਦੀ ਕਿਰਪਾ ਦੁਆਰਾ ਹੀ ਮਿਲਦਾ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਦੇ ਰੰਗ ਵਿਚ ਰੰਗਿਆ ਜਾ ਸਕਦਾ ਹੈ। (**ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥ ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥ ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥1॥**)

ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿਚ, ਅੰਮ੍ਰਿਤ ਰੂਪ ਵਿਚ, ਨਾਮ ਰੂਪ ਵਿਚ ਹੀ ਅਦ੍ਰਿਸ਼ਟ ਹੈ, ਅਗਮ ਹੈ ਜਿਸ ਕਰਕੇ ਉਸ ਨੂੰ ਕੋਈ ਅੱਖਾਂ ਨਾਲ ਦੇਖ ਨਹੀਂ ਸਕਦਾ ਭਾਵ ਉਹ ਨਿਰੰਕਾਰ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੋ ਸਕਦਾ ਪਰ ਫਿਰ ਵੀ ਉਸ ਨੂੰ ਦੇਖਿਆ ਜਾ ਸਕਦਾ ਹੈ ਜੋ ਕਿ ਕੇਵਲ ਮਨ ਦੀ ਸੋਝੀ ਦੁਆਰਾ ਦੇਖਿਆ ਜਾ ਸਕਦਾ ਹੈ, ਉਸ ਦੇ ਆਪਣੇ ਦਿਖਾਉਣ ਦੁਆਰਾ ਦੇਖਿਆ ਜਾ ਸਕਦਾ ਹੈ ਕਿਉਂਕਿ ਸਾਡੇ ਮਨ ਦੀ ਸੋਝੀ ਉਸ ਦੇ ਹੱਥ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਪਉੜੀ ਦੁਆਰਾ ਸਮਝਾਈ ਹੋਈ ਹੈ। ਮੁਖ ਸਲੋਕ ਦੀ ਆਖਰੀ ਪੰਗਤੀ ਰਾਹੀਂ ਅਸੀਂ ਪਿਛੇ ਇਹ ਜਾਣਿਆ ਹੈ ਕਿ "ਅੰਮ੍ਰਿਤ" ਰੂਪ ਵਿਚ ਤੇ "ਸਬਦੁ" ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਜਿਸ ਨੂੰ ਕਿ ਕੇਵਲ

36/4252

ਗੁਰਮੁਖਿ ਵਾਲੀ ਅਵਸਥਾ ਦੁਆਰਾ ਭਾਵ ਚੌਥੇ ਪਦ ਵਾਲੇ ਗਿਆਨ ਦੀ ਅਵਸਥਾ ਦੁਆਰਾ ਪਾਇਆ ਜਾ ਸਕਦਾ ਹੈ। (**ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥2॥**)

ਪਉੜੀ ॥

"ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥
ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥
ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥
ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥"

(ਅੰਗ - ੬੪੪)

ਉਪਰ ਪਉੜੀ ਦੀਆਂ ਪਹਿਲੀਆਂ ਤਿੰਨ ਪੰਗਤੀਆਂ ਰਾਹੀਂ ਸਾਡੇ ਅੰਦਰ ਦੇ ਸਵਾਲ ਹਨ ਕਿ ਉਸ ਪ੍ਰਮਾਤਮਾ ਨੂੰ ਕਿਵੇਂ ਪਾਈਏ ਜੋ ਕਿ "ਅਗੰਮੁ" ਹੈ ਭਾਵ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ। ਉਹ ਪਹੁੰਚ ਤੋਂ ਬਾਹਰ ਕਿਸ ਲਈ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਕਿਉਂਕਿ ਉਸ ਦਾ ਕੋਈ ਰੂਪ ਰੇਖ ਨਹੀਂ ਹੈ ਭਾਵ ਉਸ ਦਾ ਕੋਈ ਆਕਾਰ ਰੂਪ ਨਹੀਂ ਹੈ ਜਿਸ ਕਰਕੇ ਉਸ ਨੂੰ ਦੇਖਿਆ ਨਹੀਂ ਜਾ ਸਕਦਾ ਤੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰ ਕਿਸ ਰੂਪ ਵਿਚ ਧਿਆਈਏ ਜਿਸ ਦੀ ਕੋਈ ਸਮਝ ਹੀ ਨਹੀਂ ਹੈ। ਜਿਸ ਚੀਜ ਨੂੰ ਦੇਖਿਆ ਹੀ ਨਹੀਂ ਜਾ ਸਕਦਾ ਤੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰ ਕਿਸ ਰੂਪ ਵਿਚ ਧਿਆਈਏ ਜਿਸ ਦੀ ਕੋਈ ਸਮਝ ਹੀ ਨਹੀਂ ਹੈ। ਜਿਸ ਚੀਜ ਨੂੰ ਦੇਖਿਆ ਹੀ ਨਹੀਂ ਜਾ ਸਕਦਾ, ਜੋ ਹੈ ਹੀ ਨਿਰੰਕਾਰ ਰੂਪ , ਜੋ ਹੈ ਹੀ ਨਿਰੰਜਨ ਰੂਪ ਭਾਵ ਜੋ ਮਾਇਆ ਰੂਪ ਵਿਚ ਨਹੀਂ ਹੈ ਉਸ ਦੇ ਫਿਰ ਗੁਣ ਅਸੀਂ ਕਿਵੇਂ ਗਾਈਏ। ਜਿਸ ਚੀਜ ਦਾ ਆਕਾਰ ਹੀ ਨਹੀਂ, ਜਿਸ ਦੇ ਗੁਣ ਸਾਨੂੰ ਨਜਰ ਹੀ ਨਹੀਂ ਆਉਂਦੇ ਫਿਰ ਉਸ ਦੇ ਗੁਣਾਂ ਦਾ ਬਿਆਨ ਕੀ ਕਰੀਏ ਭਾਵ ਪ੍ਰਮਾਤਮਾ ਨੂੰ ਜਾਨਣਾ ਮਨੁੱਖੀ ਸਮਰਥਾ ਤੋਂ ਬਿਲਕੁਲ ਬਾਹਰ ਹੈ। (**ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥ ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥ ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥**)

ਸਾਡੇ ਇਹਨਾਂ ਸਵਾਲਾਂ ਦਾ ਜਵਾਬ ਅਗਲੀਆਂ ਪੰਗਤੀਆਂ ਰਾਹੀਂ ਦਿੱਤਾ ਹੋਇਆ ਹੈ ਜਿੰਨ੍ਹਾਂ ਨੂੰ ਧਿਆਨ ਨਾਲ ਤੇ ਮਨ ਦੇ ਵਿਸ਼ਵਾਸ ਨਾਲ ਸਮਝਣ ਦੀ ਲੋੜ ਹੈ ਕਿ ਗੁਰਬਾਣੀ ਰਾਹੀਂ ਜੋ ਕੁਝ ਵੀ ਸਾਨੂੰ ਸਮਝਾਇਆ ਹੋਇਆ ਹੈ ਉਹ ਪੂਰੀ ਤਰ੍ਹਾਂ, ਪੂਰਨ ਰੂਪ ਵਿਚ ਸੱਚ ਹੈ।

“ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥

ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥”

36/4253

ਪ੍ਰਮਾਤਮਾ ਨੂੰ ਕੇਵਲ ਮਨ ਦੀ ਸੋਝੀ ਦੁਆਰਾ ਦੇਖਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਭਾਵ ਉਸ ਪ੍ਰਮਾਤਮਾ ਨੂੰ ਮਨ ਦੇ ਅੰਦਰੋਂ ਹੀ ਬੁਝਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਵੇਂ ਬੁਝਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਕਿਸ ਮਾਰਗ ਤੇ ਚਲ ਕੇ ਬੁਝਿਆ ਜਾ ਸਕਦਾ ਹੈ ਇਸ ਦੀ ਸਮਝ ਮਨੁੱਖ ਨੂੰ ਨਹੀਂ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਆਪ ਬੁਝਾਉਂਦਾ ਹੈ ਉਸ ਨੂੰ ਭਗਤੀ ਦਾ ਮਾਰਗ ਵੀ ਆਪ ਹੀ ਸਮਝਾਉਂਦਾ ਹੈ। ਜਦ ਤਕ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੈ, ਭਰਮ ਵਾਲੀ ਅਵਸਥਾ ਵਿਚ ਹੈ ਤਦ ਤਕ ਅਸੀਂ ਭਗਤੀ ਦੇ ਅਨੇਕਾਂ ਤਰੀਕੇ ਬਣਾਏ ਹੋਏ ਹਨ, ਸਦੀਆਂ ਤੋਂ ਵੱਖਰੀ ਵਖਰੀ ਮਤਿ ਅਨੁਸਾਰ ਬਣਾਏ ਹੋਏ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ, ਆਪਣੀ ਆਪਣੀ ਮਤਿ ਅਨੁਸਾਰ, ਆਸਥਾ ਅਨੁਸਾਰ ਨਾਮ ਬਣਾਏ ਹੋਏ ਹਨ ਜਿਹੋ ਜਿਹੇ ਸਾਰੇ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਇਹੋ ਜਿਹੇ ਤਰੀਕੇ ਉਨ੍ਹਾਂ ਨੇ ਬਣਾਏ ਹਨ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਮਨ ਵਿਚ ਪ੍ਰਗਟ ਹੋ ਕੇ ਨਹੀਂ ਸਮਝਾਇਆ ਭਾਵ ਉਹੋ ਜਿਹੇ ਤਰੀਕੇ ਦੱਸਣ ਵਾਲੇ ਤੇ ਉਨ੍ਹਾਂ ਨੂੰ ਅਪਨਾਉਣ ਵਾਲੇ ਸਭ ਭਰਮ ਵਿਚ ਹੀ ਹਨ। ਉਪਰ ਵਾਲੀ ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝੋ। “**ਜਿਸੁ ਆਪਿ ਬੁਝਾਏ ਆਪਿ**” ਤੋਂ ਭਾਵ ਹੈ ਕਿ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਜਿਸ ਨੂੰ ਉਹ ਸਮਝਾਉਂਦਾ ਹੈ ਉਸ ਰੂਪ ਵਿਚ ਉਹ ਆਪ ਹੀ ਹੈ ਭਾਵ ਉਹ ਮਨੁੱਖੀ ਹੋਂਦ ਨਹੀਂ ਹੈ ਬਲਕਿ ਮਨੁੱਖੀ ਹੋਂਦ ਵਿਚ ਪ੍ਰਮਾਤਮਾ ਆਪ ਹੀ ਹੈ। ਜਿਸ ਦੇ ਮਨ ਵਿਚ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਸੋਝੀ ਪਾਉਂਦਾ ਹੈ ਉਸ ਮਨੁੱਖ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਜਿਸ ਤਰੀਕੇ ਪਰਮਾਤਮਾ ਮੇਰੇ ਅੰਦਰ ਆਪ ਹੈ, ਮਨ ਦੀ ਸੋਚ ਰਾਹੀਂ ਆਪ ਹੈ ਉਸੇ ਤਰਾਂ ਹੀ ਉਹ ਸਭ ਦੇ ਅੰਦਰ ਹੈ, ਗਿਆਨ ਰੂਪ ਵਿਚ ਆਪ ਹੈ ਪਰ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਹੈ। ਮਨ ਦੇ ਵਿਚ ਹਰ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਉਸ ਨੇ ਆਪ ਹੀ ਸਭ ਨੂੰ ਮਨ ਦੇ ਭਰਮ ਵਿਚ ਰਖਿਆ ਹੋਇਆ ਹੈ ਤੇ ਆਪਣੇ ਆਪ ਨਾ ਕੋਈ ਮਨ ਦੇ ਭਰਮ ਵਿਚੋਂ ਨਿਕਲ ਸਕਦਾ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਇਹ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ

36/4254

ਨੂੰ ਮਨ ਦੇ ਵਿਚ ਪ੍ਰਗਟ ਹੋ ਕੇ ਆਪਣਾ ਆਪ ਸਮਝਾਵੇ ਤੇ ਭਗਤੀ ਦਾ ਸਹੀ ਮਾਰਗ ਸਮਝਾਵੇ ਜੋ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੀ ਸੋਝੀ ਰਾਹੀਂ ਸਮਝਾਇਆ ਹੈ। ਮਨ ਦੀ ਸੋਝੀ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਉਹ ਗੁਰੂ ਰੂਪ ਵਿਚ ਪੂਰਨ ਹੈ ਭਾਵ ਉਸ ਦੀ ਦਿੱਤੀ ਹੋਈ ਸਿਖਿਆ ਪੂਰੀ ਹੈ ਜਿਸ ਵਿਚ ਕੋਈ ਕਮੀ ਨਹੀਂ ਹੋ ਸਕਦੀ। ਆਪਣਾ ਆਪ ਪ੍ਰਮਾਤਮਾ ਆਪ ਹੀ ਦਿਖਾਉਂਦਾ ਹੈ, ਮਨ ਦੇ ਗਿਆਨ ਰਾਹੀਂ ਦਿਖਾਉਂਦਾ ਹੈ ਤੇ ਹੋਰ ਕੋਈ ਨਹੀਂ ਦਿਖਾ ਸਕਦਾ। ਪ੍ਰਮਾਤਮਾ ਨਿਰੰਕਾਰ ਰੂਪ ਵਿਚ ਹੈ ਜੋ ਕਿ ਸਾਡੇ ਅੰਦਰ ਹੀ ਹੈ। ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਇਕੋ ਹੀ ਹੈ ਜੋ ਸਾਨੂੰ ਗੁਰਬਾਣੀ ਰਾਹੀਂ ਬਾਰ ਬਾਰ ਸਮਝਾਇਆ ਹੋਇਆ ਹੈ ਜੋ ਕਿ “ਗੁਰ ਸੇਵਾ” ਹੈ ਜਿਸ ਨੂੰ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸ਼ਬਦਾਂ ਦੀ ਵਿਚਾਰ ਤੇ ਪੂਰਾ ਉਤਰਨਾ ਹੀ ਗੁਰ ਸੇਵਾ ਹੈ। ਸ਼ਬਦਾਂ ਦੀ ਵਿਚਾਰ ਤੇ ਜੇਕਰ ਅਸੀਂ ਪੂਰਾ ਉਤਰਨਾ ਚਾਹੁੰਦੇ ਹਾਂ ਤਾਂ ਉਸ ਲਈ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਪਹਿਲਾਂ ਉਨ੍ਹਾਂ ਦੀ ਵਿਚਾਰ ਛਡੀਏ ਜਿੰਨ੍ਹਾਂ ਦੀ ਵਿਚਾਰ ਸ਼ਬਦਾਂ ਦੀ ਵਿਚਾਰ ਨਾਲ ਮੇਲ ਨਹੀਂ ਖਾਂਦੀ। ਭਗਤੀ ਦੇ ਜੋ ਸਾਰੇ ਮਾਰਗ ਅਸੀਂ ਇਧਰੋਂ ਉਧਰੋਂ ਸਿਖੇ ਹੋਏ ਹਨ, ਸ਼ਬਦ ਦੀ ਵਿਚਾਰ ਸਾਨੂੰ ਉਹ ਤਰੀਕੇ ਛਡਣ ਲਈ ਸਮਝਾਉਂਦੀ ਹੈ ਤੇ ਤਾਂ ਹੀ ਅਸੀਂ ਭਗਤੀ ਦੇ ਸਹੀ ਮਾਰਗ ਤੇ ਚਲ ਸਕਦੇ ਹਾਂ ਜੋ ਕਿ ਗੁਰਮਤਿ ਅਨੁਸਾਰ ਭਾਵ ਸੱਚ ਅਨੁਸਾਰ ਵਿਚਰਨ ਦਾ ਹੈ, ਮਾਇਆ ਮੋਹ, ਤ੍ਰਿਸ਼ਨਾ ਛਡ ਕੇ ਵਿਚਰਨ ਦਾ ਹੈ। (**ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥ ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥4॥**)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ - ੨੨੩)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ - ੩੫੫)

36/4255

{ਸੇਵ ਕੀਤੀ ਸੰਤੋਖੀਣੀਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ - ੪੬੬-੪੬੭)

ਜੋ ਤਰੀਕਾ ਗੁਰੂ ਦੀ ਸੇਵਾ ਕਰਨ ਦਾ ਹੈ ਉਹੀ ਤਰੀਕਾ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਹੈ ਜਿਵੇਂ ਕਿ ਉਪਰਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਆਪਣੇ ਅੰਦਰ ਸੱਚ ਨੂੰ ਧਿਆਉਣਾ ਜਾਂ ਨਾਮ ਨੂੰ ਧਿਆਉਣਾ ਇਕੋ ਹੀ ਗੱਲ ਹੈ ਜਿਸ ਦਾ ਮਕਸਦ ਸਾਡੀ ਸੁਕ੍ਰਿਤ ਕਰਣੀ ਹੈ ਭਾਵ ਉਹੋ ਜਿਹੀ ਚੰਗੀ ਕਰਨੀ ਹੈ ਜਿਸ ਰਾਹੀਂ ਮਨੁੱਖ ਕੋਈ ਮਾੜਾ ਕਰਮ ਨਾ ਕਰੇ। ਇਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਜਿਸ ਦੇ ਲਈ ਕੇਵਲ ਮਨ ਦੀ ਸੋਝੀ ਦੀ ਲੋੜ ਹੈ, ਭਗਤੀ ਦੇ ਸਹੀ ਮਾਰਗ ਦੀ ਲੋੜ ਹੈ। ਸਾਡੀ ਸੁਕ੍ਰਿਤ ਕਰਣੀ ਹੀ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ ਜਿਸ ਦੁਆਰਾ ਉਸ ਵੱਡੇ ਨੂੰ ਪਾਇਆ ਜਾ ਸਕਦਾ ਹੈ, ਨਿਰੰਕਾਰ ਨੂੰ ਪਾਇਆ ਜਾ ਸਕਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਮੂਹੋਂ ਕੇਵਲ ਬੋਲੀ ਜਾਣ ਨਾਲ, ਕਿਸੇ ਅੱਖਰ ਦਾ ਜਪ ਕਰੀ ਜਾਣਾ ਕੇਵਲ ਇਕ ਰੌਲਾ ਪਾਉਣ ਵਾਲੀ ਗੱਲ ਹੈ ਜਿਸ ਵਿਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਬਲਕਿ ਸਾਡੀ ਆਪਣੀ ਵਡਿਆਈ ਹੁੰਦੀ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਜਿਤਨਾ ਕੋਈ ਬਹੁਤਾ ਰੌਲਾ ਪਾਉਂਦਾ ਹੈ ਉਸ ਨੂੰ ਉਤਨੀ ਹੀ ਵੱਡੀ ਵਡਿਆਈ ਮਿਲਦੀ ਹੈ। ਰੌਲਾ ਪਾਉਣਾ ਸਿਖਾਉਣ ਵਾਲਿਆਂ ਨੂੰ ਵੀ ਇਸੇ ਗੱਲ ਦੀ ਵਡਿਆਈ ਮਿਲਦੀ ਹੈ ਕਿ ਉਹ ਬਹੁਤ ਸੂਝਵਾਨ ਹਨ ਜਦ ਕਿ ਇਸ ਵਿਚ ਉਹਨਾਂ ਦੇ ਆਪਣੇ ਵਿਚਾਰ ਹਨ ਭਾਵ ਸ਼ਬਦ ਦੀ ਵਿਚਾਰ ਨਹੀਂ ਹੈ, ਨਾਮ ਨਹੀਂ ਹੈ।

{ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥}

(ਅੰਗ - ੧੨੩੮)

ਪਰਮਾਤਮਾ ਕਿਸ ਰੂਪ ਵਿਚ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪਰਮਾਤਮਾ ਨਿਰਗੁਣ ਰੂਪ ਵਿਚ ਵੀ ਆਪ ਹੈ ਤੇ ਸਰਗੁਣ

36/4256

ਰੂਪ ਵਿਚ ਵੀ ਆਪ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਦੀ ਸੋਝੀ ਮਨੁੱਖ ਨੂੰ ਤਾਂ ਹੀ ਪੈਂਦੀ ਹੈ ਜਦੋਂ ਮਨੁੱਖ ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਭਾਵ ਨਿਰੰਕਾਰ ਰੂਪ ਨੂੰ ਜਾਣ ਲੈਂਦਾ ਹੈ ਜੋ ਆਕਾਰ ਰੂਪ ਨੂੰ ਬਨਾਉਣ ਵਾਲਾ ਤੇ ਚਲਾਉਣ ਵਾਲਾ ਹੈ। ਕੋਈ ਵੀ ਆਕਾਰ ਰੂਪ ਬਿਨਾ ਨਿਰੰਕਾਰ ਰੂਪ ਤੋਂ ਨਹੀਂ ਹੈ ਭਾਵ ਹਰ ਆਕਾਰ ਰੂਪ ਦੇ ਵਿਚ ਨਿਰੰਕਾਰ ਰੂਪ ਹੈ ਜੋ ਕਿਸੇ ਨੂੰ ਨਜਰ ਨਹੀਂ ਆਉਂਦਾ ਤੇ ਉਸ ਨਿਰੰਕਾਰ ਰੂਪ ਨੂੰ ਕੇਵਲ ਮਨ ਦੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਕਿ ਪ੍ਰਮਾਤਮਾ ‘‘ਜੋਤਿ’’ ਰੂਪ ਵਿਚ ਹੈ ਤੇ ਉਹ ਹਰ ਵਸਤੂ ਵਿਚ ਆਪਣੇ ਜੋਤਿ ਰੂਪ ਵਿਚ ਹੈ। ਮਨੁੱਖ ਦੇ ਅੰਦਰ ਵੀ ਉਹ ਜੋਤਿ ਰੂਪ ਵਿਚ ਹੈ ਜੋ ਕਿ ਸਾਡੇ ਮਨ ਦੇ ਰੂਪ ਵਿਚ ਹੈ। ਪਰਮਾਤਮਾ ਦਾ ਜੋਤਿ ਰੂਪ

ਹੀ ਉਸ ਦਾ ਨਿਰੰਕਾਰ ਰੂਪ ਹੈ। ਅਸੀਂ ਪਿਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਸ਼ਬਦ ਰੂਪ ਹੈ, ਸ਼ਬਦ ਦੇ ਗਿਆਨ ਦੇ ਰੂਪ ਵਿਚ, ਸ਼ਬਦ ਦੀ ਸੋਝੀ ਦੇ ਰੂਪ ਵਿਚ ਹੈ ਜੋ ਕਿ ਉਸ ਦਾ ਨਾਮ ਰੂਪ ਹੈ, ਅੰਮ੍ਰਿਤ ਰੂਪ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦੇ ਇਹ ਰੂਪ ਬਿਆਨ ਕੀਤੇ ਹਨ, ਗੁਰਬਾਣੀ ਰਾਹੀਂ ਬਿਆਨ ਕੀਤੇ ਹਨ ਉਨ੍ਹਾਂ ਨੇ ਪ੍ਰਮਾਤਮਾ ਦੇ ਇਹ ਰੂਪ ਕਿਵੇਂ ਬਿਆਨ ਕੀਤੇ ਹਨ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਜੋਤਿ ਰੂਪ ਵਿਚ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਵੀ ਉਸ ਦੀ ਜੋਤਿ ਵਿਚ ਰਲਣ ਦੁਆਰਾ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਦੀ ਜੋਤਿ ਵਿਚ ਰਲਣਾ ਕੀ ਹੈ ਭਾਵ ਉਸ ਦੇ ਨਾਲ ਮੇਲ ਕੀ ਹੈ ਇਸ ਦੀ ਸੋਝੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਹੀ ਪਈ ਹੈ ਤੇ ਤਾਂ ਹੀ ਉਹਨਾਂ ਨੇ ਸਾਨੂੰ ਪ੍ਰਮਾਤਮਾ ਦਾ ਨਿਰੰਕਾਰ ਰੂਪ ਸਮਝਾਇਆ ਹੈ, ਉਸ ਦਾ ਸ਼ਬਦ ਰੂਪ, ਨਾਮ ਰੂਪ, ਗੁਰਮਤਿ ਰੂਪ, ਅੰਮ੍ਰਿਤ ਰੂਪ, ''ਸਹਜ'' ਰੂਪ ਸਮਝਾਇਆ ਹੈ ਭਾਵ ਬ੍ਰਹਮ ਗਿਆਨ ਰੂਪ ਸਮਝਾਇਆ ਹੈ ਤੇ ਪ੍ਰਮਾਤਮਾ ਨੂੰ, ਨਿਰੰਕਾਰ ਰੂਪ ਬ੍ਰਹਮਗਿਆਨੀ ਕਹਿ ਕੇ ਸਮਝਾਇਆ ਹੈ ਜਿਸ ਬ੍ਰਹਮ ਗਿਆਨੀ ਦਾ ਕੋਈ ਰੂਪ ਰੇਖ ਨਹੀਂ ਹੈ। ਜਿਸ ਦਾ ਰੂਪ ਰੇਖ ਹੈ ਉਹ ਬ੍ਰਹਮ ਗਿਆਨੀ ਨਹੀਂ ਹੋ ਸਕਦਾ ਭਾਵ ਮਨੁੱਖੀ ਆਕਾਰ ਰੂਪ ਬ੍ਰਹਮ ਗਿਆਨੀ ਨਹੀਂ ਹੋ ਸਕਦਾ ਬਲਕਿ ਬ੍ਰਹਮ ਗਿਆਨੀ ਮਨੁੱਖ ਦੇ ਅੰਦਰ ਦਾ ਨਿਰੰਕਾਰ ਰੂਪ ਹੈ ਜੋ ਕਿ ਸਾਡਾ ਮਨ ਹੈ, ਸਾਡੇ ਅੰਦਰ ਦੀ ਜੋਤਿ ਹੈ। ਆਪਣੇ ਅੰਦਰ ਦੀ ਜੋਤਿ ਨੂੰ ਜਾਣੇ ਬਿਨਾ ਹੀ ਕੋਈ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਿ ਸਕਦਾ ਹੈ। ਬ੍ਰਹਮ ਗਿਆਨੀ ਕੌਣ ਹੈ ਤੇ ਬ੍ਰਹਮ ਗਿਆਨ ਕੀ ਹੈ ਇਸ ਗੱਲ ਨੂੰ ਅੰਦਰ ਦੀ ਜੋਤਿ ਨੂੰ ਜਾਨਣ ਦੁਆਰਾ ਭਾਵ ਉਸ ਜੋਤਿ ਵਿਚ ਰਲਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਸਮਝ ਲਗਦੀ ਹੈ ਕਿ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿਚ ਕੀ ਹੈ ਤੇ ਉਹ ਕਿਸ ਤਰ੍ਹਾਂ ਸਭ ਵਿਚ ਸਮਾਇਆ ਹੋਇਆ ਹੈ, ਹਰ ਸਰਗੁਣ ਰੂਪ ਵਿਚ ਆਪਣੇ ਨਿਰਗੁਣ ਰੂਪ ਦੁਆਰਾ ਸਮਾਇਆ ਹੋਇਆ ਹੈ। ਆਉ ਇਸ ਗੱਲ ਨੂੰ

36/4257

ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਲਾਰ ਮਹਲਾ ੩ ॥

"ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ ਸਬਦੇ ਪਾਇਆ ਜਾਈ ॥
ਭਗਤੀ ਰਾਤੇ ਸਦ ਬੈਰਾਗੀ ਦਰਿ ਸਾਚੈ ਪਤਿ ਪਾਈ ॥੧॥
ਮਨ ਰੇ ਮਨ ਸਿਉ ਰਹਉ ਸਮਾਈ ॥
ਗੁਰਮੁਖਿ ਰਾਮ ਨਾਮਿ ਮਨੁ ਭੀਜੈ ਹਰਿ ਸੇਤੀ ਲਿਵ ਲਾਈ ॥੧॥ ਰਹਾਉ ॥
ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥
ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥੨॥
ਆਪੇ ਸਬਦੁ ਸਚੁ ਸਾਖੀ ਆਪੇ ਜਿਨ੍ ਜੋਤੀ ਜੋਤਿ ਮਿਲਾਈ ॥
ਦੇਹੀ ਕਾਚੀ ਪਉਣੁ ਵਜਾਏ ਗੁਰਮੁਖਿ ਅੰਮ੍ਰਿਤੁ ਪਾਈ ॥੩॥
ਆਪੇ ਸਾਜੇ ਸਭ ਕਾਰੈ ਲਾਏ ਸੋ ਸਚੁ ਰਹਿਆ ਸਮਾਈ ॥
ਨਾਨਕ ਨਾਮ ਬਿਨਾ ਕੋਈ ਕਿਛੁ ਨਾਹੀ ਨਾਮੇ ਦੇਇ ਵਡਾਈ ॥੪॥"

(ਅੰਗ - ੧੨੬੦)

ਪ੍ਰਮਾਤਮਾ ਸ਼ਬਦ ਰੂਪ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਜਿਸ ਨੂੰ ਆਪਣੇ ਨਾਲ ਮਿਲਾਉਂਦਾ ਹੈ ਉਸ ਨੂੰ ਆਪਣੇ ਸ਼ਬਦ ਰੂਪ ਵਿਚ ਹੀ ਮਿਲਾਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸ਼ਬਦ ਰੂਪ ਵਿਚ ਹੈ ਤੇ ਪ੍ਰਮਾਤਮਾ ਸ਼ਬਦ ਰੂਪ ਵਿਚ ਹੀ ਗੁਰੂ ਹੈ। ਪ੍ਰਮਾਤਮਾ ਸਾਡੇ ਅੰਦਰ ਜੋਤਿ ਰੂਪ ਵਿਚ ਹੈ। ਪ੍ਰਮਾਤਮਾ ਦੀ ਜੋਤਿ ਵਿਚ ਰਲਣਾ ਹੀ ਉਸ ਦੇ ਸ਼ਬਦ ਰੂਪ ਵਿਚ ਰਲਣਾ ਹੈ। ਆਪਣੇ ਸ਼ਬਦ ਰੂਪ ਵਿਚ ਪ੍ਰਮਾਤਮਾ ਸ਼ਬਦਾਂ ਦਾ ਗਿਆਨ ਹੀ ਦਿੰਦਾ ਹੈ, ਸੱਚੀ ਸਿਖਿਆ ਦੇ ਰੂਪ ਵਿਚ ਦਿੰਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਦਿੰਦਾ ਹੈ ਜਿਸ ਕਰਕੇ ਪ੍ਰਮਾਤਮਾ ਆਪ ਬ੍ਰਹਮ ਗਿਆਨੀ ਹੈ ਜੋ ਕਿ ਆਪਣੇ ਬ੍ਰਹਮ ਗਿਆਨ ਦੁਆਰਾ ਸਭ ਵਿਚ ਵਿਚਰ ਰਿਹਾ ਹੈ।

ਸਾਡੇ ਅੰਦਰ ਦਾ ਦੁਖ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਹੈ ਜੋ ਦੁਖ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਦੂਰ ਹੁੰਦਾ ਹੈ। ਇਹ ਦੁਖ ਦੂਰ ਕਰਨ ਦਾ ਤਰੀਕਾ ਗੁਰੂ ਦੇ ਸ਼ਬਦ ਨਾਲ ਜੁੜਨ ਦਾ ਹੈ, ਗੁਰੂ ਦੇ ਨਾਮ ਨਾਲ ਜੁੜਨ ਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦਾ ਹੈ, ਬ੍ਰਹਮ ਗਿਆਨ ਨਾਲ ਜੁੜਨ ਦਾ ਹੈ। ਪੂਰੀ ਗੁਰਬਾਣੀ ਵਿਚ ਬ੍ਰਹਮ ਗਿਆਨ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਨ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਦੇ ਵਿਚ ਰਤਿਆ ਜਾ ਸਕਦਾ ਹੈ। ਸ਼ਬਦਾਂ ਦੀ ਵਿਚਾਰ ਦਾ ਬੈਰਾਗ ਹੀ ਸਾਨੂੰ ਪ੍ਰਮਾਤਮਾ ਦਾ ਬੈਰਾਗੀ ਬਣਾਉਂਦਾ ਹੈ। ਸ਼ਬਦਾਂ ਦੀ ਵਿਚਾਰ ਤੇ ਦ੍ਰਿੜ ਰਹਿਣਾ ਪ੍ਰਮਾਤਮਾ ਦਾ ਬੈਰਾਗੀ ਬਣਨਾ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਪਤਿ ਮਿਲਦੀ ਹੈ, ਇੱਜਤ ਮਿਲਦੀ ਹੈ ਕਿਉਂਕਿ ਜੋ ਸ਼ਬਦਾਂ ਦਾ ਵਿਚਾਰੀ ਬਣ ਜਾਂਦਾ ਹੈ, ਨਾਮ ਦਾ ਵਿਚਾਰੀ ਬਣ ਜਾਂਦਾ ਹੈ ਉਹ ਫਿਰ ਮਨਮਤਿ ਵਾਲੇ, ਹਉਮੈ ਵਾਲੇ, ਮਾਇਆ ਮੋਹ ਵਾਲੇ ਮਾੜੇ ਵਿਚਾਰਾਂ ਵਿਚੋਂ ਨਿਕਲ ਜਾਂਦਾ ਹੈ ਤੇ ਗੁਰੂ ਦੀ ਸਮਝਾਈ ਹੋਈ ਸ਼ਬਦਾਂ ਦੀ ਮਤਿ ਦੁਆਰਾ ਹੀ ਵਿਚਰਦਾ ਹੈ। (**ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ ਸਬਦੇ ਪਾਇਆ ਜਾਈ ॥ ਭਗਤੀ ਰਾਤੇ ਸਦ ਬੈਰਾਗੀ ਦਰਿ ਸਾਚੈ ਪਤਿ ਪਾਈ ॥1॥**)

ਪ੍ਰਮਾਤਮਾ ਦੇ ਨਾਲ ਸਾਡੀ ਲਿਵ ਮਨ ਦੇ ਵਿਚ ਹੀ ਲਗਦੀ ਹੈ। ਸ਼ਬਦਾਂ ਦੀ ਵਿਚਾਰ ਦੇ ਨਾਲ ਲਿਵ ਜੁੜਨੀ ਹੀ ਭਾਵ ਸ਼ਬਦਾਂ ਦੀ ਸੋਝੀ

ਦੇ ਨਾਲ ਜੁੜਨਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਜੁੜਨਾ ਹੈ, ਉਸ ਦੇ ਨਾਲ ਲਿਵ ਲਗਣਾ ਹੈ। ਸ਼ਬਦਾਂ ਦੀ ਵਿਚਾਰ ਦੇ ਨਾਲ ਭਿਜਣਾ ਹੀ ਸਾਡਾ ਰਾਮ ਨਾਮ ਦੇ ਨਾਲ ਭਿਜਣਾ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਡਾ ਸੱਚਾ ਉਦਮ ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਨ ਦਾ ਹੈ ਤੇ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਮਨ ਦੇ ਵਿਚ ਪ੍ਰਗਟ ਹੋ ਕੇ ਆਪਣੇ ਸ਼ਬਦਾਂ ਦੀ ਵਿਚਾਰ ਦੇ ਨਾਲ ਹੀ ਜੋੜਦਾ ਹੈ, ਸ਼ਬਦਾਂ ਦੀ ਪੂਰਨ ਸੋਝੀ ਦੇ ਨਾਲ ਹੀ ਜੋੜਦਾ ਹੈ ਜਿਸ ਰੂਪ ਵਿਚ ਉਹ ਆਪ ਹੈ, ਸਾਡੇ ਮਨ ਦੇ ਵਿਚ ਹੀ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਹੀ ਸਮਾਇਆ ਜਾ ਸਕਦਾ ਹੈ। ਸਾਡੇ ਮਨ ਨੇ ਹੀ ਮਨ ਦੇ ਵਿਚ ਸਮਾਉਣਾ ਹੈ ਭਾਵ ਸਾਡੇ ਮਨ ਦੇ ਤ੍ਰੈ ਗੁਣਾਂ ਵਾਲੇ ਵਿਚਾਰਾਂ ਨੇ, ਹਉਮੈ ਵਾਲੇ ਵਿਚਾਰਾਂ ਨੇ ਸ਼ਬਦ ਦੇ ਵਿਚਾਰਾਂ ਵਿਚ ਸਮਾਉਣਾ ਹੈ, ਨਾਮ ਦੇ ਵਿਚਾਰਾਂ ਵਿਚ ਸਮਾਉਣਾ ਹੈ ਜੋ ਵਿਚਾਰ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਚੌਥੇ ਪਦ ਵਾਲੇ ਵਿਚਾਰਾਂ ਦੇ ਨਾਲ ਜੁੜ ਜਾਂਦਾ ਹੈ। ਮਨ ਦੇ ਇਹਨਾਂ ਵਿਚਾਰਾਂ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਸਾਡੀ ਲਿਵ ਜੁੜੀ ਰਹਿੰਦੀ ਹੈ। (**ਮਨ ਰੇ ਮਨ ਸਿਉ ਰਹਉ ਸਮਾਈ ॥ ਗੁਰਮੁਖਿ ਰਾਮ ਨਾਮਿ ਮਨੁ ਭੀਜੈ ਹਰਿ ਸੇਤੀ ਲਿਵ ਲਾਈ ॥1॥ ਰਹਾਉ ॥**)

ਪ੍ਰਮਾਤਮਾ ਦੇ ਨਾਲ ਸਾਡੀ ਲਿਵ ਕਿਵੇਂ ਜੁੜਦੀ ਹੈ ਤੇ ਉਸ ਦੇ ਨਾਲ ਲਿਵ ਜੁੜਨ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਪ੍ਰਮਾਤਮਾ ਨੂੰ ਸ਼ਬਦਾਂ ਦੁਆਰਾ ਪਾਉਣ ਦਾ ਕੀ ਤਰੀਕਾ ਹੈ ਜੋ ਅਸੀਂ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ।

“ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥

ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥”

ਅਸੀਂ ਬਾਰ ਬਾਰ ਬਾਣੀ ਰਾਹੀਂ ਇਹ ਪੜਦੇ ਹਾਂ ਕਿ ਪ੍ਰਮਾਤਮਾ “ਅਗਮ” ਹੈ, “ਅਗੋਚਰੁ” ਹੈ ਭਾਵ ਉਹ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ ਕਿਉਂਕਿ ਪ੍ਰਮਾਤਮਾ ਕੋਈ ਆਕਾਰ ਰੂਪ ਨਹੀਂ ਹੈ ਜਿਥੇ ਕੋਈ ਆਪਣੀ ਪਹੁੰਚ ਬਣਾ ਸਕੇ। ਉਹ ਅਗਮ ਅਗੋਚਰ ਆਪਣੇ ਨਿਰੰਕਾਰ ਰੂਪ ਵਿਚ ਹੈ ਭਾਵ ਗਿਆਨ ਰੂਪ ਵਿਚ ਹੈ ਜਿਸ ਨੂੰ ਕੇਵਲ ਮਨ ਦੀ ਸੋਝੀ ਦੁਆਰਾ, ਮਨ ਦੇ ਗਿਆਨ ਦੁਆਰਾ ਸਮਝਿਆ ਜਾ ਸਕਦਾ ਹੈ। ਗਿਆਨ ਰੂਪ ਨੂੰ ਕੇਵਲ ਗਿਆਨ ਰੂਪ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਨਿਰੰਕਾਰ ਰੂਪ

ਨੂੰ ਕੇਵਲ ਨਿਰੰਕਾਰ ਰੂਪ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਸਾਡੇ ਅੰਦਰ ਨਿਰੰਕਾਰ ਰੂਪ ਸਾਡਾ ਮਨ ਹੈ ਜੋ ਸਾਡੇ ਅੰਦਰ ਗਿਆਨ ਦਾ ਸ੍ਰੋਤ ਹੈ। ਸਾਡੇ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਜਿਸ ਰਾਹੀਂ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਸੋਝੀ ਹੀ ਪੈਂਦੀ ਹੈ, ਗਿਆਨ ਹੀ ਮਿਲਦਾ ਹੈ ਜੋ ਕਿ ਨਿਰੰਕਾਰ ਰੂਪ ਹੈ ਜਿਸ ਦਾ ਕੋਈ ਆਕਾਰ ਨਹੀਂ ਹੈ। ਸਾਡੇ ਅੰਦਰ ਤ੍ਰੈ ਗੁਣਾਂ

ਵਾਲਾ ਗਿਆਨ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ, ਨਿਰੰਕਾਰ ਹੀ ਹੈ। ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਵੀ ਉਸ ਦਾ ਨਿਰੰਕਾਰ ਰੂਪ ਹੈ ਜੋ ਕਿ ਉਸ ਦੇ ਸੱਚੇ ਗਿਆਨ ਦਾ ਰੂਪ ਹੈ, ਚੌਥੇ ਪਦ ਵਾਲੇ ਗਿਆਨ ਦਾ ਰੂਪ ਹੈ। ਪ੍ਰਮਾਤਮਾ ਆਪਣੇ ਇਸ ਚੌਥੇ ਪਦ ਵਾਲੇ ਗਿਆਨ ਦੁਆਰਾ ਗੁਰਮਤਿ ਦੀ ਸੱਚੀ ਸੋਝੀ ਪਾਉਂਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿਚ ਸੋਝੀ ਪਾਉਂਦਾ ਹੈ ਜਿਸ ਦੁਆਰਾ ਉਹ ਆਪਣੇ ਆਪ ਦੀ ਸੋਝੀ ਪਾਉਂਦਾ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ। ਉਹ ਸਾਡੇ ਅੰਦਰ ਗੁਰਮਤਿ ਦੇ ਰੂਪ ਵਿਚ ਹੀ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਰੂਪ ਨੂੰ ਜਾਨਣ ਦੁਆਰਾ ਅਸੀਂ ਉਸ "ਅਗਮ ਅਗੋਚਰੁ" ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਪ੍ਰਮਾਤਮਾ ਨੇ ਉਹਨਾਂ ਨੂੰ ਆਪ ਹੀ ਗੁਰਮਤਿ ਸਮਝਾਈ ਹੈ ਜੋ ਗੁਰਮਤਿ ਉਹਨਾਂ ਨੇ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਸਮਝਾਈ ਹੈ। (**ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥**) ਅਸੀਂ ਸ਼ਬਦਾਂ ਦੀ ਲਿਖਤ ਦੇ ਨਾਲ ਜੁੜੇ ਰਹਿੰਦੇ ਹਾਂ ਜਦਕਿ ਉਹ ਪ੍ਰਮਾਤਮਾ, ਉਹ "**ਅਗਮ ਅਗੋਚਰੁ**" ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ। ਸ਼ਬਦਾਂ ਦੀ ਲਿਖਤ ਆਕਾਰ ਰੂਪ ਹੈ ਤੇ ਸ਼ਬਦਾਂ ਦੇ ਅੰਦਰ ਦੀ ਸੋਝੀ ਨਿਰੰਕਾਰ ਰੂਪ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

ਪ੍ਰਮਾਤਮਾ ਦੇ ਗਿਆਨ ਰੂਪ ਨੂੰ ਜਾਣੇ ਬਿਨਾ ਭਾਵ ਨਿਰੰਕਾਰ ਰੂਪ ਨੂੰ ਜਾਣੇ ਬਿਨਾ ਉਸਦੇ ਨਾਲ ਲਿਵ ਨਹੀਂ ਜੁੜ ਸਕਦੀ ਕਿਉਂਕਿ ਸਾਡੀ ਲਿਵ ਸ਼ਬਦਾਂ ਦੀ ਸੋਝੀ ਦੇ ਨਾਲ ਹੀ ਜੁੜਦੀ ਹੈ ਜੋ ਲਿਵ ਮਨ ਦੇ ਅੰਦਰ ਪਰਮਾਤਮਾ ਆਪ ਹੀ ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਜੋੜਦਾ ਹੈ, ਗੁਰਮਤਿ ਦੇ ਰੂਪ ਵਿਚ ਜੋੜਦਾ ਹੈ ਜਿਵੇਂ ਕਿ ਮੁਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਤੇ ਲਿਵ ਜੁੜਣ ਦਾ ਮਕਸਦ ਕੀ ਹੈ, ਇਹ ਵੀ

ਨਾਲ ਹੀ ਸਮਝਾਇਆ ਹੋਇਆ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਹੋ ਜਿਹੀ ਲਿਵ ਲਾਉਣ ਤੋਂ ਬਚੀਏ ਜੋ ਕਿ ਅਸੀਂ ਸਰੀਰਿਕ ਸਮਾਧੀਆਂ ਦੁਆਰਾ ਲਾਉਂਦੇ ਹਾਂ।

"ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥੨॥"

ਪਰਮਾਤਮਾ ਦੇ ਨਾਲ ਸਾਡੀ ਲਿਵ ਜੁੜਣ ਦਾ ਮਕਸਦ ਸਾਡੀ ਕਰਣੀ ਦੇ ਨਾਲ ਹੈ ਜਿਸ ਦੀ ਸੋਝੀ ਗੁਰਮਤਿ ਦੀ ਸੋਝੀ ਪੈਣ ਦੁਆਰਾ ਹੀ ਪੈਂਦੀ ਹੈ। ਇਸ ਤੋਂ ਪਹਿਲੀ ਪੰਗਤੀ ਦੁਆਰਾ ਅਸੀਂ ਇਹੀ ਗੱਲ ਸਮਝੀ ਹੈ ਕਿ ਗੁਰਮਤਿ ਪਰਮਾਤਮਾ ਆਪ ਹੀ ਸਮਝਾਉਂਦਾ ਹੈ ਜਿਸ ਦੁਆਰਾ ਉਸਦੇ ਨਾਲ ਲਿਵ ਜੁੜਦੀ ਹੈ। ਗੁਰਮਤਿ ਦੀ ਸੋਝੀ ਪੈਣ ਦੁਆਰਾ ਸਾਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ "ਸਚੁ" ਕੀ ਹੈ। ਗੁਰਮਤਿ ਰੂਪ ਗਿਆਨ ਸਾਨੂੰ ਜੋ ਕੁਝ ਸਮਝਾਉਂਦਾ ਹੈ ਉਹ "ਸਚੁ" ਹੈ ਭਾਵ ਨਾਮ ਹੈ। ਪਰਮਾਤਮਾ ਸਾਡੇ ਅੰਦਰ ਇਸ "ਸਚੁ" ਰੂਪ ਵਿਚ, ਨਾਮ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ ਜੋ ਉਸਦਾ ਬ੍ਰਹਮ ਗਿਆਨ ਰੂਪ ਹੈ। ਮਨ ਦੇ ਇਸ ਸੱਚੇ ਗਿਆਨ ਦੁਆਰਾ ਫਿਰ ਮਨੁੱਖ ਆਪਣੇ ਮਨ ਦੇ ਵਿਚਾਰਾਂ ਨੂੰ "ਸਚੁ ਸੰਜਮੁ" ਵਿਚ ਹੀ ਰੱਖਦਾ ਹੈ ਭਾਵ ਸਾਡੇ ਅੰਦਰ ਸਚੁ ਰੂਪ ਸੰਜਮੁ ਬਣਿਆ ਰਹਿੰਦਾ ਹੈ ਜਿਸ ਦੁਆਰਾ ਮਨੁੱਖ ਸਚੁ ਨਾਲ ਜੁੜਿਆ ਰਹਿੰਦਾ ਹੈ ਜੋ ਕਿ ਸਾਡੇ ਲਈ ਅਸਲ ਸੰਜਮ ਹੈ ਭਾਵ ਆਪਣੇ ਮਨ ਨੂੰ, ਮਨ ਦੇ ਵਿਚਾਰਾਂ ਨੂੰ ਸੱਚ ਰਾਹੀਂ ਵੱਸ ਵਿਚ ਰੱਖਣ ਦਾ ਹੈ ਤਾਂ ਜੋ ਮਨ ਸਚੁ ਤੇ ਟਿਕਿਆ ਰਹੇ ਤੇ ਸਚੁ ਤੋਂ ਬਾਹਰ ਨਾ ਜਾਏ। ਮਨ ਦੀ ਇਸ ਅਵਸਥਾ ਦੁਆਰਾ ਫਿਰ ਮਨੁੱਖ ਮਾਇਆ ਮੋਹ ਤੋਂ ਰਹਿਤ ਹੋ ਕੇ ਵਿਚਰਦਾ ਹੈ ਭਾਵ ਮਨ ਦੇ ਸੰਤੋਖ ਦੁਆਰਾ ਵਿਚਰਦਾ ਹੈ, ਅਉਗਣਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਦਾ ਹੈ ਭਾਵ ਸੱਚੀ ਸੁਚੀ ਕਿਰਤ ਕਰਦਾ ਹੈ ਭਾਵ ਇਹੋ ਜਿਹੇ ਮਨੁੱਖ ਦੀ ਕਰਣੀ ਕਦੇ ਮਾੜੀ ਨਹੀਂ ਹੋ ਸਕਦੀ। ਪ੍ਰਮਾਤਮਾ ਦੇ ਨਾਲ ਲਿਵ ਦਾ ਜੁੜਣਾ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ, ਗੁਰਮਤਿ ਰੂਪ ਸੱਚੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਸਾਡੀ ਕਰਣੀ ਦੇ ਨਾਲ ਜੁੜਿਆ ਹੋਇਆ ਹੈ ਨਾ ਕਿ ਕਥਨੀ ਦੇ ਨਾਲ, ਕਿਸੇ ਸੁਰਤੀਆਂ ਸਮਾਧੀਆਂ ਜੋੜਣ ਦੇ ਨਾਲ ਜਿਵੇਂ ਕਿ ਹਰ ਕੋਈ ਲੱਗਾਂ ਹੋਇਆ ਹੈ ਤੇ ਇਸੇ ਲਈ ਸਾਨੂੰ ਇਹੋ ਜਿਹੇ ਭਰਮਾਂ ਵਿਚੋਂ ਨਿਕਲਣ ਲਈ ਬਾਣੀ ਸਾਨੂੰ ਬਾਰ ਬਾਰ ਸਮਝਾ ਰਹੀ ਹੈ। ਪਰਮਾਤਮਾ ਦੀ ਭਗਤੀ ਦਾ ਮਾਰਗ ਸਾਡੀ

36/4261

ਕਰਣੀ ਦੇ ਨਾਲ ਜੁੜਿਆ ਹੋਇਆ ਹੈ, ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਿਆ ਹੋਇਆ ਹੈ, ਗੁਰਮਤਿ ਦੀ ਸੱਚੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। (**ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ ਸਬਦੇ ਪਾਇਆ ਜਾਈ ॥ ਭਗਤੀ ਰਾਤੇ ਸਦ ਬੈਰਾਗੀ ਦਰਿ ਸਾਚੈ ਪਤਿ ਪਾਈ ॥1॥ ਮਨ ਰੇ ਮਨ ਸਿਉ ਰਹਉ ਸਮਾਈ ॥ ਗੁਰਮੁਖਿ ਰਾਮ ਨਾਮਿ ਮਨੁ ਭੀਜੈ ਹਰਿ ਸੇਤੀ ਲਿਵ ਲਾਈ ॥1॥ ਰਹਾਉ ॥ ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥ ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥2॥**)

{ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥
ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥}

(ਅੰਗ - ੨੬)

{ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥}

(ਅੰਗ - ੮੬)

{ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥}

(ਅੰਗ - ੯੧)

{ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਿ ਸਾਚੇ ਲਗੈ ਧਿਆਨੁ ॥੧॥}

(ਅੰਗ - ੫੫੯)

{ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ - ੧੨੯)

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥}

(ਅੰਗ - ੧੧੭)

{ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥}

(ਅੰਗ - ੫੧੨)

36/4262

ਸਾਡੇ ਅੰਦਰ ''ਸਚੁ ਸੰਜਮੁ'' ਵਾਲੀ ਅਵਸਥਾ ਉਦੋਂ ਹੀ ਬਣਦੀ ਹੈ ਜਦੋਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਮਨੁੱਖ ਨੂੰ ਗੁਰਮਤਿ ਦੀ, ਸੱਚ ਦੀ ਪੂਰਨ ਰੂਪ ਵਿਚ ਸੋਝੀ ਪੈ ਜਾਂਦੀ ਹੈ ਜਿਵੇਂ ਕਿ ਅਸੀਂ ਮੁਖ ਸ਼ਬਦ ਦੇ ਪਦੇ ਦੁਆਰਾ ਸਮਝਿਆ

ਹੈ ਤੇ ਉਪਰ ਦਿਤੇ ਹੋਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਸਾਡੇ ਅੰਦਰ ਇਹ ਗੁਰਮਤਿ ਰੂਪ ਸੋਝੀ, ਸਚੁ ਸੰਜਮੁ ਵਾਲੀ ਸੋਝੀ ਕਿਸ ਤਰੀਕੇ ਪੈਂਦੀ ਹੈ ਇਹੀ ਗੱਲ ਸਾਨੂੰ ਮੁਖ ਸ਼ਬਦ ਦੇ ਅਗਲੇ ਸ਼ਬਦ ਦੁਆਰਾ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦੀ ਜੋਤਿ ਵਿਚ ਚਲਣਾ ਕੀ ਹੈ ਤੇ ਉਸ ਦੁਆਰਾ ਪ੍ਰਾਪਤੀ ਕੀ ਹੁੰਦੀ ਹੈ।

“ਆਪੇ ਸਬਦੁ ਸਚੁ ਸਾਖੀ ਆਪੇ ਜਿਨ੍ ਜੋਤੀ ਜੋਤਿ ਮਿਲਾਈ ॥

ਦੇਹੀ ਕਾਚੀ ਪਉਣੁ ਵਜਾਏ ਗੁਰਮੁਖਿ ਅੰਮ੍ਰਿਤੁ ਪਾਈ ॥੩॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦਾ ਰੂਪ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ ਤੇ ਗੁਰਬਾਣੀ ਦੇ ਵਿਚ ਪ੍ਰਮਾਤਮਾ ਕਿਸ ਰੂਪ ਵਿਚ ਹੈ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜੋ ਪ੍ਰਮਾਤਮਾ ਦੀ ਜੋਤਿ ਵਿਚ ਰਲ ਕੇ ਉਸ ਨਾਲ ਇਕ ਹੋ ਜਾਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਹੋਏ ਹਨ। ਪ੍ਰਮਾਤਮਾ ਦੀ ਜੋਤਿ ਵਿਚ ਉਸ ਦੇ ਨਾਲ ਇਕ ਹੋਣ ਦੇ ਨਾਲ ਪ੍ਰਮਾਤਮਾ ਕੋਲੋਂ ਉਸ ਦੀ ਜੋਤਿ ਰਾਹੀਂ ਮਨ ਦੇ ਵਿਚ ਗਿਆਨ ਹੀ ਮਿਲਦਾ ਹੈ। ਪ੍ਰਮਾਤਮਾ ਦੀ ਜੋਤਿ ਦਾ ਮਕਸਦ ਸਾਡੇ ਅੰਦਰ ਗਿਆਨ ਦਾ ਪਰਕਾਸ਼ ਕਰਨ ਦੇ ਨਾਲ ਹੀ ਹੈ ਭਾਵ ਸਾਡੇ ਮਨ ਦੇ ਵਿਚ ਮਨ ਦੀਆਂ ਸੋਚਾਂ ਰਾਹੀਂ ਵਿਚਾਰਾਂ ਪਾਉਣ ਦਾ ਹੀ ਹੈ ਭਾਵ ਸਾਨੂੰ ਸੋਝੀ ਪਾਉਣ ਲਈ ਹੀ ਹੈ। ਜਦੋਂ ਪ੍ਰਮਾਤਮਾ ਦੀ ਜੋਤਿ ਰਾਹੀਂ ਸਾਨੂੰ ਮਨ ਦੇ ਵਿਚ ਗਿਆਨ ਮਿਲਦਾ ਹੈ ਤਾਂ ਹੀ ਮਨ ਦੇ ਵਿਚੋਂ ਪ੍ਰਮਾਤਮਾ ਆਪ ਹੀ ਇਹ ਸਮਝਾਉਂਦਾ ਹੈ ਕਿ ਤੁਹਾਡੇ ਅੰਦਰ ਵਿਚਾਰ ਪਾਉਣ ਵਾਲਾ ਮੈਂ ਆਪ ਹੀ ਹਾਂ ਭਾਵ ਤੁਹਾਡੇ ਅੰਦਰ ਦੀ ਸੋਚ ਤੁਹਾਡੀ ਨਹੀਂ ਹੈ। ਮਨ ਦੇ ਵਿਚੋਂ ਮਨੁੱਖ ਦਾ ਇਹ ਭਰਮ ਪ੍ਰਮਾਤਮਾ ਆਪ ਹੀ ਕੱਢਦਾ ਹੈ ਜਿਵੇਂ ਕਿ ਦਾਸ ਨੇ ਇਸ ਗੱਲ ਦੀ ਸਾਂਝ ਲੇਖ ਵਿਚ ਕਾਫੀ ਪਿਛੇ ਵੀ ਕੀਤੀ ਹੈ ਕਿ ਪ੍ਰਮਾਤਮਾ ਮਨੁੱਖ ਦਾ ਇਹ ਭਰਮ ਕਿਸ ਤਰੀਕੇ ਕੱਢਦਾ ਹੈ। ਉਹ ਮਨੁੱਖ ਨੂੰ ਹਕੀਕਤ ਵਿਚ ਕਠਪੁਤਲੀ ਬਣਾਕੇ ਦਿਖਾਉਂਦਾ ਹੈ ਕਿ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਚਲ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਚਲ ਰਿਹਾ ਹੈ। ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਉਸ ਦੇ ਕੋਲੋਂ ਉਸ ਦੇ ਵਿਚਾਰ ਹੀ ਕਰਵਾਉਂਦੇ ਹਨ ਤੇ ਆਪਣੇ ਵਿਚਾਰਾਂ ਤੇ ਮਨੁੱਖ ਦਾ ਕੋਈ ਵੱਸ ਨਹੀਂ ਹੈ। ਇਸ ਗੱਲ ਦੀ ਸਮਝ ਕੇਵਲ ਮਨ

ਦੇ ਵਿਚ ਪ੍ਰਮਾਤਮਾ ਦੇ ਨਾਲ ਉਸ ਦੀ ਜੋਤਿ ਵਿਚ ਰਲਣ ਦੁਆਰਾ ਹੀ ਪੈਂਦੀ ਹੈ। ਸਾਡੇ ਅੰਦਰ ਦੇ ਵਿਚਾਰ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੈ। ਜਦੋਂ ਸਾਡੇ ਤ੍ਰੈ ਗੁਣਾਂ ਵਾਲੇ ਵਿਚਾਰ ਚੌਥੇ ਪਦ ਦੇ ਵਿਚਾਰਾਂ ਵਿਚ ਰਲ ਜਾਂਦੇ ਹਨ। ਇਹ ਪ੍ਰਮਾਤਮਾ ਦੀ ਜੋਤਿ ਵਿਚ ਰਲਣਾ ਹੈ, ਜੋਤੀ ਜੋਤਿ ਸਮਾਉਣਾ ਹੈ ਜੋ ਕਿ ਅਸੀਂ ਆਪਣੇ ਜਿਉਂਦੇ ਹੀ ਸਮਾਉਂਦੇ ਹਾਂ ਭਾਵ ਉਸ ਦੇ ਨਾਲ ਇਕ ਹੋ ਜਾਂਦੇ ਹਾਂ। ਉਸ ਦੀ ਜੋਤਿ ਵਿਚ ਰਲਣ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ‘‘ਸਬਦੁ’’ ਰੂਪ ਵਿਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿਚ ਹੈ, ਜਿਸ ਰੂਪ ਵਿਚ ਉਹ ਆਪ ਹੀ ਗੁਰੂ ਹੈ। ਆਪਣੇ ਇਸ ‘‘ਸਬਦੁ’’ ਰੂਪ ਵਿਚ ਪ੍ਰਮਾਤਮਾ ਮਨ ਦੇ ਵਿਚ ਆਪਣੀ ‘‘ਸਚੁ ਸਾਖੀ’’ ਭਾਵ ਸੱਚੀ ਸਿਖਿਆ ਸੁਣਾਉਂਦਾ ਹੈ ਜਿਸ ਰਾਹੀਂ ਮਨੁੱਖ ਨੂੰ ਮਨ ਦੇ ਵਿਚ ਹੀ ਪ੍ਰਮਾਤਮਾ ਕੋਲੋਂ ਗੁਰਮਤਿ ਰੂਪ ਸੱਚੀ ਸਿਖਿਆ ਮਿਲਦੀ ਹੈ, ਗੁਰੂ ਰੂਪ ਪ੍ਰਮਾਤਮਾ ਕੋਲੋਂ ਸੱਚੀ ਸਿਖਿਆ ਮਿਲਦੀ ਹੈ ਜੋ ਸਿਖਿਆ ਬ੍ਰਹਮ ਗਿਆਨ ਦੇ ਰੂਪ ਵਿਚ ਮਿਲਦੀ ਹੈ। ਪ੍ਰਮਾਤਮਾ ਸਾਡੇ ਅੰਦਰ ਸੱਚੀ ਸਿਖਿਆ ਦੇ ਰੂਪ ਵਿਚ ਹੀ ਵਿਚਰਦਾ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿਚ ਵਿਚਰਦਾ ਹੈ। ਬ੍ਰਹਮ ਗਿਆਨ ਦੇਣ ਵਾਲਾ ਉਹ ਆਪ ਹੈ ਜੋ ਸਿਖਿਆ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਦਿੰਦਾ ਹੈ ਤੇ ਇਸੇ ਲਈ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿਚ ਹੀ ਬ੍ਰਹਮ ਗਿਆਨੀ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਜੋਤਿ ਵਿਚ ਮਿਲਾਉਂਦਾ ਹੈ ਉਸ ਨੂੰ ਮਨ ਦੇ ਵਿਚ ਗਿਆਨ ਦੁਆਰਾ ਹੀ ਮਿਲਾਉਂਦਾ ਹੈ। ਮਨ ਦੇ ਵਿਚ ਪ੍ਰਮਾਤਮਾ ਦੇ ਗਿਆਨ ਨਾਲ ਇਕ ਹੋਣਾ ਹੀ ਪ੍ਰਮਾਤਮਾ ਦੇ ਨਾਲ ਇਕ ਹੋਣਾ ਹੈ, ਉਸ ਦੇ ਵਿਚ ਸਮਾ ਜਾਣਾ ਹੈ, ਮਨ ਦੇ ਵਿਚਾਰਾਂ ਰਾਹੀਂ ਉਸ ਦੇ ਵਿਚ ਸਮਾ ਜਾਣਾ ਹੈ। ਜੋ ਪ੍ਰਮਾਤਮਾ ਵਿਚ ਸਮਾਏ ਹਨ ਉਹਨਾਂ ਸਰੀਰਾਂ ਦੁਆਰਾ ਹੀ ਗੁਰਬਾਣੀ ਦੀ ਰਚਨਾ ਹੋਈ ਹੈ ਪਰ ਗੁਰਬਾਣੀ ਦੀ ਰਚਨਾ ਮਨ ਦੁਆਰਾ ਭਾਵ ਜੋਤਿ ਦੁਆਰਾ, ਜੋਤਿ ਦੇ ਗਿਆਨ ਦੁਆਰਾ ਹੋਈ ਹੈ ਭਾਵ ਨਿਰੰਕਾਰ ਰੂਪ ਦੁਆਰਾ ਹੋਈ ਹੈ ਨਾ ਕਿ ਸਰੀਰ ਦੇ ਆਕਾਰ ਰੂਪ ਦੁਆਰਾ। ਇਸੇ ਲਈ ਸ਼ਬਦ ਗੁਰੂ ਹੈ, ਗੁਰੂ ਦੀ ਸਿਖਿਆ ਗੁਰੂ ਹੈ ਤੇ ਮਨੁੱਖੀ ਸਰੀਰ ਗੁਰੂ ਨਹੀਂ ਹੈ। ਆਕਾਰ ਰੂਪ ਦੀ ਪੂਜਾ ਗੁਰੂ ਪ੍ਰਮਾਤਮਾ ਦੀ ਪੂਜਾ ਨਹੀਂ ਹੈ। ਸ਼ਬਦ ਦੀ ਪੂਜਾ ਭਾਵ ਸ਼ਬਦ ਦੀ ਸਿਖਿਆ ਦੀ ਪੂਜਾ ਗੁਰੂ ਪ੍ਰਮਾਤਮਾ ਦੀ ਪੂਜਾ ਹੈ। ਗੁਰੂ ਦੀ ਸਿੱਖਿਆ ਸਾਨੂੰ ਅਉਗਣਾਂ ਦਾ ਤਿਆਗ ਕਰਕੇ ਗੁਣਾਂ ਨੂੰ ਅਪਨਾਉਣ ਲਈ

ਸਮਝਾਉਂਦੀ ਹੈ ਤੇ ਇਸੇ ਲਈ ਗੁਣਾਂ ਦੀ ਪੂਜਾ ਹੀ ਸਾਡੀ ਸੱਚੀ ਪੂਜਾ ਹੈ ਜੋ ਕਿ ਸ਼ਬਦ ਦੀ ਪੂਜਾ ਹੈ, ਨਿਰੰਕਾਰ ਦੀ ਪੂਜਾ ਹੈ। ਸ਼ਬਦ ਸਾਡਾ ਸੱਚੇ ਗਿਆਨ ਦੇ ਰੂਪ ਵਿਚ ਗੁਰੂ ਹੈ ਤੇ ਪ੍ਰਮਾਤਮਾ ਆਪ ਗਿਆਨ ਰੂਪ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ ਜਿਸ ਰੂਪ ਰਾਹੀਂ ਉਹ ਹਰ ਆਕਾਰ ਰੂਪ ਵਿਚ

36/4264

ਸਮਾਇਆ ਹੋਇਆ ਹੈ। (**ਆਪੇ ਸਬਦੁ ਸਚੁ ਸਾਖੀ ਆਪੇ ਜਿਨ੍ ਜੋਤੀ ਜੋਤਿ ਮਿਲਾਈ ॥**)

{ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥

ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥}

(ਅੰਗ - ੬੩੪)

ਉਪਰਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਜਿਸ ਦੇ ਮਨ ਨੂੰ ਪ੍ਰਮਾਤਮਾ ਆਪਣੇ ਸ਼ਬਦ ਦੁਆਰਾ ਬੇਧਦਾ ਹੈ ਉਸ ਨੂੰ ਜੋਤਿ ਰਾਹੀਂ ਭਾਵ ਜੋਤਿ ਦੇ ਵਿਚ ਹੀ ਬੇਧਦਾ ਹੈ ਤੇ ਉਸ ਤੋਂ ਬਾਦ ਮਨੁੱਖ ਮਨ ਦੇ ਅੰਦਰ ਲਗਾਤਾਰ ਬਾਣੀ ਨਾਲ ਜੁੜ ਜਾਂਦਾ ਹੈ ਭਾਵ ਆਪਣੀ ਬਾਣੀ ਦੀ ਸੋਝੀ ਪ੍ਰਮਾਤਮਾ ਜੋਤਿ ਰਾਹੀਂ ਹੀ ਪਾਉਂਦਾ ਹੈ। ਮਨ ਦੇ ਵਿਚ ਜੋਤਿ ਰਾਹੀਂ ਸੱਚੀ ਬਾਣੀ ਨਾਲ ਜੁੜੇ ਰਹਿਣਾ ਹੀ ਪ੍ਰਮਾਤਮਾ ਦੇ ਨਾਲ ਲਿਵ ਲਗਣੀ ਹੈ ਜਿਸ ਰਾਹੀਂ ਮਨੁੱਖ ਨੂੰ ਮਨ ਦੇ ਵਿਚੋਂ ਹਰ ਵੇਲੇ ਸੱਚਾ ਗਿਆਨ ਹੀ ਮਿਲਦਾ ਹੈ ਤੇ ਉਹ ਉਸੇ ਅਨੁਸਾਰ ਹੀ ਵਿਚਰਦਾ ਹੈ।

ਮਨ ਦੇ ਵਿਚ ਪ੍ਰਮਾਤਮਾ ਦੇ ਕੋਲੋਂ ਉਸ ਦੀ ਸੱਚੀ ਸਿਖਿਆ ਮਿਲਣੀ ਹੀ "ਅੰਮ੍ਰਿਤੁ" ਦੀ ਪ੍ਰਾਪਤੀ ਹੈ ਜਿਵੇਂ ਕਿ ਮੁਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਦੇਹੀ ਕਾਚੀ ਪਉਣੁ ਵਜਾਏ ਗੁਰਮੁਖਿ ਅੰਮ੍ਰਿਤੁ ਪਾਈ ॥੩॥"

ਉਪਰਲੀ ਪੰਗਤੀ ਨੂੰ ਸਮਝਣ ਤੋਂ ਪਹਿਲੇ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਇਸ ਗੱਲ ਨੂੰ ਸਮਝੀਏ ਕਿ "ਪਉਣੁ" ਤੋਂ ਭਾਵ ਕੀ ਹੈ। ਇਸ ਅੱਖਰ ਦੀ ਵਰਤੋਂ ਹੋਰ ਸ਼ਬਦਾਂ ਵਿਚ ਵੀ ਕੀਤੀ ਹੋਈ ਹੈ ਜਿੰਨ੍ਹਾਂ ਰਾਹੀਂ ਅਸੀਂ ਇਹ ਸਮਝ ਸਕਦੇ ਹਾਂ ਕਿ ਇਸ ਸ਼ਬਦ ਤੋਂ ਭਾਵ ਕੀ ਹੈ। ਹੇਠ ਦਿੱਤੇ ਕੁਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

{ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥

ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥}

(ਅੰਗ - ੧੫੨)

{ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥

ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥}

(ਅੰਗ - ੧੭੪)

{ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥

ਜਿਹਬਾ ਨੇਤ੍ਰ ਸੋਤ੍ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥}

(ਅੰਗ - ੬੩੪)

36/4265

{ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥

ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥}

(ਅੰਗ - ੧੦੪੦)

{ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥

ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥}

(ਅੰਗ - ੧੦੫੬)

{ਬਾਜਹਿ ਬਾਜੇ ਧੁਨਿ ਆਕਾਰਾ ॥ ਆਪਿ ਵਜਾਏ ਵਜਾਵਣਹਾਰਾ ॥
ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ ॥੪॥}

(ਅੰਗ - ੧੦੬੧)

{ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥}

(ਅੰਗ - ੧੦੯੧)

ਉਪਰ ਵਾਲੇ ਇਨ੍ਹਾਂ ਸ਼ਬਦਾਂ ਦੀਆਂ ਪੰਗਤੀਆਂ ਨੂੰ ਅਸੀਂ ਵਾਰੀ ਵਾਰੀ ਸਮਝਦੇ ਹਾਂ। ਇਨਾਂ ਸਾਰੀਆਂ ਪੰਗਤੀਆਂ ਦੇ ਅੰਦਰ "ਪਉਣ" ਤੋਂ ਭਾਵ ਇਕ ਹੀ ਹੈ। ਪਉਣ ਹਵਾ ਨੂੰ ਕਹਿੰਦੇ ਹਨ ਜਿਸ ਗੱਲ ਨੂੰ ਹਰ ਕੋਈ ਸਮਝਦਾ ਹੈ ਜੋ ਹਵਾ ਪੰਜਾਂ ਤੱਤਾਂ ਵਿਚੋਂ ਇਕ ਹੈ ਜੋ ਕਿ ਆਕਾਰ ਰੂਪ ਹੈ। ਉਪਰਲੀਆਂ ਪੰਗਤੀਆਂ ਤੋਂ ਭਾਵ ਸਾਡੇ ਮਨ ਦੇ ਨਾਲ ਹੈ, ਸਾਡੇ ਮਨ ਦੇ ਅੰਦਰ ਦੀ ਪਉਣ ਦੇ ਨਾਲ ਹੈ ਜੋ ਕਿ ਨਿਰੰਕਾਰ ਰੂਪ ਹੈ ਜਿਸ ਰੂਪ ਵਿਚ ਪਰਮਾਤਮਾ ਸਾਡੇ ਅੰਦਰ ਆਪ ਵਿਚਰ ਰਿਹਾ ਹੈ। ਪਰਮਾਤਮਾ ਸਭ ਕੁਝ ਆਪ ਹੀ ਹੈ ਤੇ ਉਪਰਲੀਆਂ ਪੰਗਤੀਆਂ ਰਾਹੀਂ ਪਰਮਾਤਮਾ ਦੇ ਨਿਰਗੁਣ ਰੂਪ ਨੂੰ, ਨਿਰੰਕਾਰ ਰੂਪ ਨੂੰ "ਪਉਣੁ" ਰੂਪ ਕਿਹਾ ਹੋਇਆ ਹੈ ਜਿਸ ਦੁਆਰਾ ਪਰਮਾਤਮਾ ਸਾਡੇ ਮਨ ਨੂੰ ਚਲਾਉਂਦਾ ਹੈ ਭਾਵ ਸਾਡੇ ਅੰਦਰ ਵਿਚਰਦਾ ਹੈ। ਪਰਮਾਤਮਾ ਦਾ ਇਹ "ਪਉਣੁ" ਰੂਪ ਸਾਡੇ ਅੰਦਰ ਉਸਦਾ ਗਿਆਨ ਰੂਪ ਹੈ ਜਿਸ ਦੁਆਰਾ ਪਰਮਾਤਮਾ ਸਾਡੇ ਸਭ ਦੇ ਅੰਦਰ ਬੋਲ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ।

"ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥"

ਜਿਵੇਂ ਕਿ ਅਸੀਂ ਪਹਿਲੇ ਵੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਮਰਦਾ ਅਸਲ ਵਿਚ ਕੋਈ ਵੀ ਨਹੀਂ ਹੈ ਕਿਉਂਕਿ

ਸਭ ਵਿਚ ਪਰਮਾਤਮਾ ਆਪ ਹੀ ਵਿਚਰ ਰਿਹਾ ਹੈ ਜੋ ਕਿ ਸਾਡੇ ਅੰਦਰ ਜੋਤਿ ਰੂਪ ਵਿਚ ਹੈ, ਨਿਰੰਕਾਰ ਰੂਪ ਵਿਚ ਹੈ ਜੋ ਕਿ ਕਦੇ ਮਰ ਨਹੀਂ ਸਕਦਾ। ਨਿਰੰਕਾਰ ਰੂਪ ਕਦੇ ਮਰ ਨਹੀਂ ਸਕਦਾ। ਅਸੀਂ ਸਰੀਰ ਦੇ ਮਰਨ ਨੂੰ ਮਨੁੱਖ ਦਾ ਮਰਨਾ ਸਮਝਦੇ ਹਾਂ ਜੱਦ ਕਿ ਇਸ ਸਰੀਰ ਨੂੰ ਚਲਾਉਣ ਵਾਲੀ, ਜਿੰਦਾ ਰੱਖਣ ਵਾਲੀ ਭਾਵ ਚਲਦਾ ਫਿਰਦਾ ਰੱਖਣ ਵਾਲੀ ਸਾਡੇ ਅੰਦਰ ਦੀ ਜੋਤਿ ਹੈ ਜਿਸ ਕਰਕੇ ਇਹ ਮਿੱਟੀ ਦਾ ਪੁਤਲਾ ਤੁਰਦਾ ਫਿਰਦਾ ਨਜ਼ਰ ਆਉਂਦਾ ਹੈ। ਉਪਰਲੇ ਸ਼ਬਦ ਰਾਹੀਂ "ਗਿਆਨੀ" ਅਖਵਾਉਣ ਵਾਲਿਆਂ ਨੂੰ ਇਹ ਕਹਿ ਕੇ ਉਹਨਾਂ ਨੂੰ ਇਮਤਿਹਾਨ ਵਿਚ ਪਾਇਆ ਹੈ ਕਿ ਜੇਕਰ ਤੁਸੀਂ ਅਸਲ ਵਿਚ ਗਿਆਨੀ ਹੋ ਤਾਂ ਫਿਰ ਇਹ ਦੱਸੋ ਕਿ ਮਰਦਾ ਕੌਣ ਹੈ। ਜੋ ਇਸ ਸਰੀਰ ਦੇ ਮਰਨ ਨੂੰ ਮਨੁੱਖ ਦਾ ਮਰਨਾ ਸਮਝਦਾ ਹੈ ਉਹ ਫਿਰ ਗਿਆਨੀ ਨਹੀਂ ਹੈ ਕਿਉਂਕਿ ਜਿਸ ਨੂੰ ਪ੍ਰਮਾਤਮਾ ਮਨ ਦੇ ਵਿਚ ਆਪ ਗਿਆਨ ਦਿੰਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਮਰਦਾ ਅਸਲ ਵਿਚ ਕੋਈ ਵੀ ਨਹੀਂ ਹੈ। ਇਸ ਦੇਹਿ ਨੂੰ ਮਿੱਟੀ ਹੀ ਕਿਹਾ ਹੈ ਭਾਵ ਦੇਹਿ ਦਾ ਮਰਨਾ, ਸਰੀਰ ਦਾ ਮਰਨਾ ਕੋਈ ਮਰਨਾ ਨਹੀਂ ਹੈ ਕਿਉਂਕਿ ਇਹ ਮਿੱਟੀ ਮਿੱਟੀ ਦੇ ਵਿਚ ਹੀ ਰੱਲ ਜਾਂਦੀ ਹੈ ਭਾਵ ਮਿੱਟੀ ਦਾ ਰੂਪ ਹੀ ਬਦਲਦਾ ਹੈ। ਇਸ ਸਰੀਰ ਰੂਪ ਮਿੱਟੀ ਦੇ ਅੰਦਰ ਬੋਲਣ ਵਾਲਾ ਭਾਵ ਮਨ ਦੇ ਵਿਚ ਬੋਲਣ ਵਾਲਾ "ਪਉਣੁ" ਹੈ ਭਾਵ ਆਪ ਪਰਮਾਤਮਾ ਹੈ ਜੋ ਕਿ ਸਾਡੇ ਅੰਦਰ ਜੋਤਿ ਰੂਪ ਵਿਚ ਹੈ ਤੇ ਸਾਡੇ ਅੰਦਰ ਗਿਆਨ ਰਾਹੀਂ ਭਾਵ ਮਨ ਦੇ ਵਿਚਾਰਾਂ ਰਾਹੀਂ ਬੋਲ ਰਿਹਾ ਹੈ ਜਿਸ ਦੇ ਬੋਲਣ ਦੀ ਕੋਈ ਆਵਾਜ ਨਹੀਂ ਹੁੰਦੀ ਭਾਵ ਉਹ ਸਾਡੇ ਅੰਦਰ ਨਿਰੰਕਾਰ ਰੂਪ ਵਿਚ ਹੀ ਬੋਲ ਰਿਹਾ ਹੈ। ਸਰੀਰ ਦੇ ਮਰਨ ਨਾਲ ਉਹ ਨਿਰੰਕਾਰ ਰੂਪ ਨਹੀਂ ਮਰਦਾ ਜੋ ਕਿ ਇਸ ਸਰੀਰ ਨੂੰ ਚਲਾਉਣ ਵਾਲਾ ਹੈ ਭਾਵ ਮਰਦਾ ਕੋਈ ਵੀ ਨਹੀਂ ਹੈ ਤੇ ਇਸ ਗੱਲ ਨੂੰ ਮਨ ਦੇ ਗਿਆਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਜੋ ਗਿਆਨ ਮਨ ਦੇ ਅੰਦਰ ਪ੍ਰਗਟ ਹੋ ਕੇ ਉਹ ਬ੍ਰਹਮਗਿਆਨੀ ਰੂਪ ਪ੍ਰਮਾਤਮਾ ਆਪ ਹੀ ਦਿੰਦਾ ਹੈ। (**ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥**) ਮਨੁੱਖ ਅਸਲ ਵਿਚ ਮਰਦਾ ਕਿਸ

ਲਈ ਨਹੀਂ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਸਾਨੂੰ ਇਸ ਦੀ ਸਮਝ ਕਿਉਂ ਨਹੀਂ ਲਗਦੀ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

36/4267

"ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥"

ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਦੇ ਆ ਰਹੇ ਹਾਂ ਕਿ ਪਰਮਾਤਮਾ ਸਾਡੇ ਅੰਦਰ ਹੀ ਹੈ ਜੋ ਸਾਨੂੰ ਸਭ ਨੂੰ ਮਨ ਦੇ ਵਿਚਾਰਾਂ ਰਾਹੀਂ ਦੇਖ ਰਿਹਾ ਹੈ, ਚਲਾ ਰਿਹਾ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਭਾਵ ਸਾਰੀ ਗੱਲ ਸਾਡੇ ਮਨ ਦੀ ਸੋਝੀ ਨਾਲ ਜੁੜੀ ਹੋਈ ਹੈ, ਸਾਡੀ ਸੁਰਤਿ ਦੇ ਨਾਲ ਜੁੜੀ ਹੋਈ ਹੈ। ਸਾਨੂੰ ਜੋ ਵੀ ਸਾਡੇ ਅੰਦਰੋਂ ਸੋਝੀ ਪੈਂਦੀ ਹੈ ਉਹ ਮਨ ਦੀ ਸੁਰਤਿ ਰਾਹੀਂ ਪੈਂਦੀ ਹੈ। ਜਦੋਂ ਸਾਡੀ ਸੁਰਤਿ ਦੇ ਵਿਚ ਗੁਰਮਤਿ ਰੂਪ ਸੱਚਾ ਗਿਆਨ ਵਸ ਜਾਂਦਾ ਹੈ ਉਹ ਮਨੁੱਖ ਆਤਮਿਕ ਤੋਰ ਤੇ ਜਿਉਂਦਾ ਹੈ ਤੇ ਜਦੋਂ ਮਨੁੱਖ ਦੇ ਅੰਦਰ ਹਉਮੈ ਵਾਲੀ ਬਿਰਤੀ ਰਹਿੰਦੀ ਹੈ, ਮਾਇਆ ਮੋਹ ਵਾਲੀ ਬਿਰਤੀ ਰਹਿੰਦੀ ਹੈ ਉਸਦੀ ਸੁਰਤਿ ਮਰੀ ਹੋਈ ਹੁੰਦੀ ਹੈ ਭਾਵ ਇਹ ਸਾਡੇ ਅੰਦਰ ਆਤਮਿਕ ਤੌਰ ਤੇ ਮਰੇ ਹੋਣ ਵਾਲੀ ਬਿਰਤੀ ਹੈ ਜਿਸ ਮਾੜੀ ਬਿਰਤੀ ਦੁਆਰਾ ਮਨੁੱਖ ਅਹੰਕਾਰ ਵਿਚ ਰਹਿੰਦਾ ਹੈ, ਆਪਣੀ ਮਤਿ ਤੇ ਅਹੰਕਾਰ ਕਰਦਾ ਹੈ ਜੋ ਕਿ ਗੁਰੂ ਪਰਮਾਤਮਾ ਦੇ ਨਾਲ ਆਪਣਾ ਝਗੜਾ ਦਿਖਾਉਣਾ ਹੈ। ਮਨ ਦੀ ਇਹ ਅਵਸਥਾ ਹਉਮੈ ਦਾ ਨਾਮੁ ਦੇ ਨਾਲ ਵਿਰੋਧ ਹੈ, ਮਨਮਤਿ ਦਾ ਗੁਰਮਤਿ ਦੇ ਨਾਲ ਵਿਰੋਧ ਹੈ। ਜਦ ਤਕ ਮਨੁੱਖ ਇਹੋ ਜਿਹੀ ਅਵਸਥਾ ਵਿਚ ਰਹਿੰਦਾ ਹੈ ਤਦ ਤਕ ਉਹ ਆਪਣੇ ਅੰਦਰੋਂ ਪਰਮਾਤਮਾ ਨੂੰ ਨਹੀਂ ਜਾਣ ਸਕਦਾ ਜੋ ਸਾਡੇ ਅੰਦਰ ਨਿਰੰਕਾਰ ਰੂਪ ਵਿਚ ਮਨ ਦੇ ਗਿਆਨ ਰਾਹੀਂ ਸਭ ਨੂੰ ਦੇਖ ਰਿਹਾ ਹੈ, ਚਲਾ ਰਿਹਾ ਹੈ। ਉਹ ਪਰਮਾਤਮਾ ਕਦੇ ਮਰ ਨਹੀਂ ਸਕਦਾ ਤੇ ਇਸੇ ਲਈ ਮਨੁੱਖ ਸਰੀਰ ਰੂਪ ਵਿਚ ਜੋ ਮਰਦਾ ਹੈ ਉਹ ਅਸਲ ਵਿਚ ਮਰਣਾ ਨਹੀਂ ਹੈ ਭਾਵ ਮਿੱਟੀ ਹੀ ਮਰਦੀ ਹੈ ਤੇ ਜੋ ਸਾਡੇ ਅੰਦਰ ਹੈ, ਇਹ ਸਰੀਰ ਦਾ ਮਾਲਕ ਹੈ ਉਹ ਨਹੀਂ ਮਰਦਾ ਭਾਵ ਮਨੁੱਖ ਭਰਮ ਵਿਚ ਹੀ ਇਸ ਸਰੀਰ ਦੇ ਬਿਨਸਨ ਨੂੰ ਮਨੁੱਖੀ ਮੌਤ ਸਮਝਦਾ ਹੈ। ਅਸਲ ਵਿਚ ਮਰਦਾ ਕੋਈ ਵੀ ਨਹੀਂ ਹੈ ਜਿਸ ਦੀ ਸੋਝੀ ਕੇਵਲ ਮਨ ਦੇ ਗਿਆਨ ਦੁਆਰਾ ਹੀ ਮਿਲਦੀ ਹੈ ਜੋ ਸੋਝੀ ਪਰਮਾਤਮਾ ਆਪ ਦਿੰਦਾ ਹੈ। (**ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥2॥**)

36/4268

ਰਾਮਕਲੀ ਮਹਲਾ ੫ ॥

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥
ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥}

(ਅੰਗ - ੮੮੫)

{ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥

ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥}

(ਅੰਗ - ੧੩੫੦)

{ਪੂਰਬਿ ਲਿਖਿਆ ਪਾਇਆ ਮਿਲਿਆ ਤਿਸੈ ਰਜਾਇ ॥
ਪਰਮੇਸਰਿ ਜੀਵਾਲਿਆ ਨਾਨਕ ਤਿਸੈ ਧਿਆਇ ॥੧॥}

(ਅੰਗ - ੩੨੧)

{ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥
ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥੧॥}

(ਅੰਗ - ੮੨੦)

{ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥
ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥
ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥
ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਬਿਨੁ ਨਾਵੈ ਅਵਰੁ ਨ ਕੋਇ ਜੀਉ ॥
ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥੪॥}

(ਅੰਗ - ੪੪੭)

ਜਿਵੇਂ ਕਿ ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ "ਪਉਣੁ" ਰੂਪ ਵਿਚ ਪ੍ਰਮਾਤਮਾ ਆਪ ਹੈ, ਇਹੀ ਗੱਲ ਅਸੀਂ ਹੁਣ ਅਗਲੇ ਸ਼ਬਦ ਰਾਹੀਂ ਸਮਝਦੇ ਹਾਂ।

"ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥
ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥
ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥
ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥੪॥"

(ਅੰਗ - ੧੨੪)

ਉਪਰ ਪਹਿਲੀਆਂ ਦੋ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ। ਜੋ ਪ੍ਰਮਾਤਮਾ ਦਾ "ਨਾਮ" ਰੂਪ ਹੈ, ਸ਼ਬਦ ਰੂਪ ਹੈ, ਉਹੀ ਪ੍ਰਮਾਤਮਾ ਦਾ ਸਾਡੇ ਅੰਦਰ "ਪਉਣੁ" ਰੂਪ ਹੈ। ਸਾਡੇ ਸਭ ਦੇ ਅੰਦਰ ਆਪਣਾ ਵਾਜਾ ਵਜਾਉਣ ਵਾਲਾ ਆਪ ਪ੍ਰਮਾਤਮਾ ਹੈ। ਉਹ ਆਪਣਾ ਵਾਜਾ ਸਾਡੇ ਅੰਦਰ ਸ਼ਬਦਾਂ ਦੇ ਰੂਪ ਵਿਚ

ਵਜਾਉਂਦਾ ਹੈ ਜਿਸ ਦੀ ਸਮਝ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਆਪਣਾ ਵਾਜਾ ਭਾਵ ਆਪਣਾ ਅਨਹਦ ਨਾਦ ਵਜਾਇਆ ਹੈ ਉਹ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੀ ਵਜਾਇਆ ਹੈ ਜੋ ਗਿਆਨ ਉਹਨਾਂ ਨੇ ਸਾਨੂੰ ਗੁਰਬਾਣੀ ਰਾਹੀਂ ਦਿੱਤਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਦਿੱਤਾ ਹੈ, "ਨਾਮ ਨਿਧਾਨੁ" ਦੇ ਰੂਪ ਵਿਚ ਦਿੱਤਾ ਹੈ। ਪ੍ਰਮਾਤਮਾ ਆਪ "ਨਾਮ ਨਿਧਾਨੁ" ਦੇ ਰੂਪ ਵਿਚ ਹੈ ਤੇ ਉਸ ਦਾ ਉਹੀ ਰੂਪ ਗੁਰਬਾਣੀ ਦੇ ਵਿਚ ਹੈ। ਪ੍ਰਮਾਤਮਾ ਦਾ ਇਹ ਰੂਪ ਹੀ ਉਸ ਦਾ ਸ਼ਬਦ ਰੂਪ ਹੈ, "**ਪਉਣੁ**" ਰੂਪ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਹੀ ਮਨ ਦੇ ਅੰਦਰ ਗਜ ਕੇ ਦਿਖਾਉਂਦਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। (**ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ ਹਰਿ**

ਆਪਿ ਵਜਾਏ ਤਿਉ ਵਾਜੈ ਜੀਉ ॥ ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥)

ਇਹੋ ਜਿਹੀ ਅਵਸਥਾ ਪ੍ਰਮਾਤਮਾ ਦੇ ਭਗਤਾਂ ਦੀ ਹੁੰਦੀ ਹੈ ਜੋ ਉਸ ਨੂੰ ਪਾ ਲੈਂਦੇ ਹਨ। ਗੁਰੂ ਪ੍ਰਮਾਤਮਾ ਦੀ ਸ਼ਰਨ ਵਿਚ ਮਨ ਦੀ ਇਸ ਅਵਸਥਾ ਦੁਆਰਾ ਹੀ ਆਇਆ ਜਾ ਸਕਦਾ ਹੈ ਜਦੋਂ ਮਨੁੱਖ ਨੂੰ ਪ੍ਰਮਾਤਮਾ ਦੇ ਕੋਲੋਂ ਉਸ ਦੇ ਸ਼ਬਦਾਂ ਦਾ ਸੱਚਾ ਗਿਆਨ ਮਿਲ ਜਾਂਦਾ ਹੈ ਤੇ ਉਹ ਫਿਰ ਗੁਰਮਤਿ ਦੁਆਰਾ ਹੀ ਵਿਚਰਦੇ ਹਨ। ਪ੍ਰਮਾਤਮਾ ਆਪਣੇ ਭਗਤਾਂ ਦੀ ਲਾਜ ਉਹਨਾਂ ਨੂੰ ਮਾਇਆ ਮੋਹ, ਅਉਗਣਾਂ ਤੋਂ ਬਚਾ ਕੇ ਰਖਦਾ ਹੈ ਤੇ ਸਭ ਜਗ੍ਹਾ ਆਪ ਹੀ ਉਨ੍ਹਾਂ ਦਾ ਸਹਾਈ ਬਣਕੇ ਰਹਿੰਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਆਪਣੀ ਸੰਗਤਿ ਵਿਚ ਮਿਲਾ ਕੇ ਵਡਭਾਗੀ ਬਣਾਉਂਦਾ ਹੈ ਜਿਸ ਦੁਆਰਾ ਉਹ ਆਪਣਾ ਨਾਮ ਬਖਸ਼ਕੇ ਉਹਨਾਂ ਦਾ ਕਾਜ ਸਿਧ ਕਰਦਾ ਹੈ ਭਾਵ ਉਨ੍ਹਾਂ ਦਾ ਜਨਮ ਸਫਲ ਕਰਦਾ ਹੈ। (**ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥ ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥4॥**)

“ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥
ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੁਝੀ ਤੁਝਹਿ ਬੁਝਾਈ ॥
ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥
ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥੩॥”

(ਅੰਗ - ੬੩੪)

ਉਪਰ ਪੰਗਤੀਆਂ ਰਾਹੀਂ ਸਾਡੇ ਮਨ ਨੂੰ “ਪਉਣੁ” ਰੂਪ ਕਹਿ ਕੇ ਸਮਝਾਇਆ ਹੋਇਆ ਹੈ। ਸਾਡੇ ਮਨ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਇਹ “ਪਉਣੁ” ਰੂਪ ਮਨ ਸਾਡੇ ਅੰਦਰ ਇਕ ਰੱਤੀ ਭਰ ਨਾਮ ਵੱਸਣ ਦੁਆਰਾ ਹੀ ਸੁਖ ਵਿਚ ਆ ਜਾਂਦਾ

ਹੈ ਭਾਵ ਸੁਖਵਾਸੀ ਬਣ ਜਾਂਦਾ ਹੈ। ਸਾਡੇ ਅੰਦਰ ਨਾਮ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ ਤੇ ਉਸ ਦੇ ਕੋਲੋਂ ਇੱਕ ਰੱਤੀ ਭਰ ਨਾਮ ਮਿਲਣਾ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁਝ ਲੈਣਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਪੈ ਜਾਂਦੀ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ। ਇੱਕ ਵਾਰੀ ਪ੍ਰਮਾਤਮਾ ਕੋਲੋਂ ਗਿਆਨ ਮਿਲਣਾ ਸ਼ੁਰੂ ਹੋ ਜਾਵੇ ਫਿਰ ਉਹ ਮਿਲਦਾ ਹੀ ਰਹਿੰਦਾ ਹੈ ਭਾਵ ਉਹ ਮਨੁੱਖ ਨੂੰ ਇਕ ਵਾਰੀ ਆਪਣੇ ਬ੍ਰਹਮ ਗਿਆਨ ਦੇ ਸ੍ਰੋਤ ਨਾਲ ਜੋੜ ਲਵੇ ਤੇ ਫਿਰ ਉਸ ਦੇ ਗਿਆਨ ਵਿਚ ਆਪ ਹੀ ਵਾਧਾ ਕਰਦਾ ਰਹਿੰਦਾ ਹੈ। (**ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥**) ਸਾਡੇ ਸਰੀਰ ਦੇ ਸਾਰੇ ਅੰਗ ਭਾਵ “**ਸੋਤ੍ਰ**”, ਜਿਹਬਾ, ਨੇਤ੍ਰ ਆਦਿ ਸਭ ਸਾਡੇ ਮਨ ਦੇ ਗੁਲਾਮ ਹੀ ਹਨ। ਜਦੋਂ ਸਾਡੇ ਮਨ ਦੇ ਅੰਦਰ ਨਾਮ ਵੱਸ ਜਾਂਦਾ ਹੈ ਭਾਵ ਜਦੋਂ ਮਨ ਦੇ ਅੰਦਰ ਪ੍ਰਮਾਤਮਾ ਨਾਮ ਦੁਆਰਾ ਸੱਚੀ ਸੋਝੀ ਪਾ ਦਿੰਦਾ ਹੈ ਫਿਰ ਤਾਂ ਹੀ ਮਨੁੱਖ ਸੱਚ ਦੇ ਨਾਲ ਰਤਿਆ ਜਾਂਦਾ ਹੈ ਭਾਵ ਗੁਰਮਤਿ ਦੇ ਨਾਲ ਰਤਿਆ ਜਾਂਦਾ ਹੈ ਜਿਸ ਦੁਆਰਾ ਫਿਰ ਮਨੁੱਖ ਤ੍ਰਿਸ਼ਨਾ ਦੀ ਅਗਨਿ ਵਿਚੋਂ ਨਿਕਲ ਜਾਂਦਾ ਹੈ ਜੋ ਕਿ ਸੱਚੇ ਗਿਆਨ ਦਾ, ਨਾਮ ਦਾ ਮਕਸਦ ਹੈ। ਜੇਕਰ ਸਾਡਾ ਮਨ ਸੱਚਾ ਬਣ ਜਾਵੇ ਤਾਂ ਫਿਰ ਇਹ ਤਨ ਆਪੇ ਹੀ ਸੱਚਾ ਬਣ ਜਾਂਦਾ ਹੈ, ਸਾਰੇ ਅੰਗ ਆਪੇ ਹੀ ਸੱਚੀ ਮਤਿ ਨਾਲ ਜੁੜ ਜਾਂਦੇ ਹਨ ਤੇ ਮਨੁੱਖ ਸਰੀਰ ਰਾਹੀਂ ਫਿਰ ਕੋਈ ਅਉਗਣ ਨਹੀਂ ਕਰਦਾ। ਸਾਡੀ ਜੀਭ ਫਿਰ ਝੂਠ ਨਹੀਂ ਬੋਲਦੀ ਤੇ ਸਾਡੇ ਨੇਤ੍ਰ ਫਿਰ ਪਰਾਈ ਇਸਤਰੀ ਵਲ ਨਹੀਂ ਤਕਦੇ ਭਾਵ ਮਨੁੱਖ ਕਿਸੇ ਨੂੰ ਫਿਰ ਬੁਰੀ ਨਜਰ ਨਾਲ ਨਹੀਂ ਦੇਖਦਾ। (**ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥ ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੁਝੀ ਤੁਝਹਿ ਬੁਝਾਈ ॥**)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥}

(ਅੰਗ - ੧੪੦)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥}

(ਅੰਗ - ੫੫)

{ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ ॥
ਬੰਧਨ ਤੋੜੇ ਮੁਕਤਿ ਘਰਿ ਰਹੈ ॥ ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥}

(ਅੰਗ - ੧੨੬੨)

{ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥}

(ਅੰਗ - ੨੭੨)

36/4271

ਮਨ ਦੇ ਵਿਚ ਸੱਚ ਵੱਸਣ ਨਾਲ, ਨਾਮ ਵੱਸਣ ਨਾਲ ਸਾਡੀ ਤ੍ਰਿਸ਼ਨਾ ਕਿਸ ਰੂਪ ਵਿਚ ਬੁਝਦੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥
ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥੩॥"

(ਅੰਗ - ੬੩੪)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਨਾਮ ਦੀ ਪ੍ਰਾਪਤੀ, ਅੰਮ੍ਰਿਤ ਦੀ ਪ੍ਰਾਪਤੀ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਮਕਸਦ ਉਹੀ ਹੈ ਜੋ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਪ੍ਰਮਾਤਮਾ ਦਾ ਬੈਰਾਗੀ ਬਣਨ ਦੀਆਂ ਗੱਲਾਂ ਕਰਨ ਵਾਲੇ ਵੀ ਬਹੁਤ ਹਨ ਪਰ ਅਸਲ ਬੈਰਾਗੀ ਬਣਨਾ ਕੀ ਹੈ ਇਸ ਗੱਲ ਦੀ ਸਮਝ ਉਨ੍ਹਾਂ ਨੂੰ ਨਹੀਂ ਹੈ। ਹਰ ਕੋਈ ਆਪਣੇ ਸਰੀਰਕ ਦਿਖਾਵਿਆਂ ਦੁਆਰਾ, ਭੇਖ ਦੁਆਰਾ ਬੈਰਾਗਪਨ ਦਿਖਾਉਂਦਾ ਹੈ। ਕੋਈ ਅੱਖਾਂ ਵਿਚੋਂ ਅਥਰੂ ਕੇਰ ਕੇ ਬੈਰਾਗ ਦਿਖਾਉਂਦਾ ਹੈ, ਕੋਈ ਅੱਖਾਂ ਮੀਟ ਕੇ ਮੁੱਖ ਦੇ ਇਸ਼ਾਰਿਆਂ ਦੁਆਰਾ ਬੈਰਾਗ ਦਿਖਾਉਂਦਾ ਹੈ ਤੇ ਕੋਈ ਬੈਰਾਗਮਈ ਗੱਲਾਂ ਕਰਨ ਦੁਆਰਾ ਆਪਣਾ ਬੈਰਾਗ ਦਿਖਾਉਂਦਾ ਹੈ। ਬੈਰਾਗ ਤਾਂ ਸਾਡੇ ਮਨ ਨੇ ਕਰਨਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਕਰਨਾ ਹੈ ਜੋ ਬੈਰਾਗ ਅਸੀਂ ਆਪਣੀ ਕਰਨੀ ਵਿਚ ਦਿਖਾਉਣਾ ਹੈ, ਮਾਇਆ ਮੋਹ ਵਿਚੋਂ, ਤ੍ਰਿਸ਼ਨਾਵਾਂ ਵਿਚੋਂ ਭਾਵ ਮਨ ਦੀਆਂ ਆਸ਼ਾਵਾਂ ਤੋਂ ਨਿਰਾਸ਼ ਹੋਣ ਦੁਆਰਾ ਦਿਖਾਣਾ ਹੈ ਭਾਵ ਗੁਰਮਤਿ ਨੂੰ ਅਪਨਾਉਣ ਦੁਆਰਾ ਦਿਖਾਉਣਾ ਹੈ। ਮਨੁੱਖ ਦੀ ਇਹ ਅਵਸਥਾ ਆਪਣੇ ਨਿਜ ਘਰ ਵਿਚ ਪਹੁੰਚਕੇ ਹੀ ਬਣਦੀ ਹੈ ਜਦੋਂ ਮਨੁੱਖ ਦੀ ਨਿਰਗੁਣ ਰੂਪ ਵਿਚ ਭਾਵ ਗਿਆਨ ਰੂਪ ਵਿਚ ਮਨ ਦੇ ਵਿਚ ਹੀ ਸਮਾਧੀ ਲਗੀ ਰਹਿੰਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਨ ਦੇ ਵਿਚਾਰਾਂ ਰਾਹੀਂ ਮਨ ਦੇ ਵਿਚ ਹੀ ਸਮਾਧੀ ਲਗੀ ਰਹਿੰਦੀ ਹੈ, ਚੌਥੇ ਪਦ ਵਿਚ ਸਮਾਧੀ ਲਗੀ ਰਹਿੰਦੀ ਹੈ। ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਭਾਵ ਉਸ ਦੇ ਨਾਮ ਦੀ ਭਿਖਿਆ ਮਨ ਦੇ ਵਿਚ ਇਸ ਸਮਾਧੀ ਦੁਆਰਾ ਹੀ ਮਿਲਦੀ ਹੈ। ਪ੍ਰਮਾਤਮਾ ਕੋਲੋਂ ਇਹ ਨਾਮ ਦੀ ਭਿਖਿਆ ਉਸ ਦੇ ਕੋਲੋਂ ਸੱਚੇ ਗਿਆਨ ਦੀ ਸਿਖਿਆ ਦੇ ਰੂਪ ਵਿਚ ਮਿਲਦੀ ਹੈ, ਬ੍ਰਹਮ ਗਿਆਨ ਦੇ ਰੂਪ ਵਿਚ, ਗੁਰਮਤਿ ਦੇ ਰੂਪ ਵਿਚ ਮਿਲਦੀ ਹੈ ਜਿਸ ਦੁਆਰਾ ਮਨੁੱਖ ਆਪਣੀਆਂ ਤ੍ਰਿਸ਼ਨਾਵਾਂ ਵਲੋਂ, ਮਾਇਆ ਮੋਹ ਵਲੋਂ ਰਜ ਜਾਂਦਾ ਹੈ ਤੇ ਮਨ ਦੇ ਸੰਤੋਖ ਵਿਚ ਆ ਜਾਂਦਾ ਹੈ ਜਿਸ ਦੁਆਰਾ ਮਨੁੱਖ ਫਿਰ ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਵਿਚਰਦਾ ਹੈ, ਸੱਚੇ ਸੁਚੇ ਕਰਮ ਹੀ ਕਰਦਾ ਹੈ। ਪ੍ਰਮਾਤਮਾ ਕੋਲੋਂ ਮਨ ਦੇ ਵਿਚ ਇਹ ਸੱਚੀ ਸਿਖਿਆ ਦਾ ਮਿਲਣਾ ਹੀ ਉਸ ਦੇ ਕੋਲੋਂ "ਅੰਮ੍ਰਿਤੁ" ਦੀ ਦਾਤਿ ਦਾ ਮਿਲਣਾ ਹੈ ਜੋ ਕਿ ਚੌਥੇ ਪਦ ਵਿਚ ਪਹੁੰਚ ਕੇ ਹੀ ਮਿਲਦਾ ਹੈ, ਸਹਜਿ ਦੀ ਅਵਸਥਾ ਦੀ ਪ੍ਰਾਪਤੀ ਦੁਆਰਾ ਹੀ ਮਿਲਦਾ ਹੈ। (**ਮਨੂਆ ਪਉਣੂ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥ ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥ ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥ ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥3॥**)

36/4272

ਜਿਵੇਂ ਅਸੀਂ ਪਿਛਲੇ ਸ਼ਬਦਾਂ ਦੁਆਰਾ ‘‘ਪਉਣੁ’’ ਰੂਪ ਨੂੰ ਸਮਝਿਆ ਹੈ, ਉਹੀ ਗੱਲ ਅਸੀਂ ਹੁਣ ਅਗਲੇ ਸ਼ਬਦ ਦੁਆਰਾ ਸਮਝਦੇ ਹਾਂ।

“ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥
ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥”

(ਅੰਗ - ੧੦੪੦)

ਉਪਰਲੇ ਸ਼ਬਦ ਰਾਹੀਂ ਸਾਡੇ ਅੰਦਰ ਅਨਾਹਦ ਸ਼ਬਦ ਕੌਣ ਵਜਾਉਂਦਾ ਹੈ ਤੇ ਉਸ ਦੇ ਵੱਜਣ ਦਾ ਮਕਸਦ ਕੀ ਹੈ ਸਾਨੂੰ ਇਹ ਗੱਲ ਸਮਝਾਈ ਹੋਈ ਹੈ। ਜਿਵੇਂ ਕਿ ਅਸੀਂ ਬਾਰ ਬਾਰ ਸਮਝਦੇ ਆ ਰਹੇ ਹਾਂ ਸਾਡਾ ਮਨ ਚੰਚਲ ਸੁਭਾਵ ਵਾਲਾ ਹੈ ਭਾਵ ਸਾਡਾ ਮਨ ਹਰ ਵੇਲੇ ਮਾਇਆ ਮੋਹ ਵਿਚ, ਤ੍ਰਿਸ਼ਨਾਵਾਂ ਵਿਚ ਉੜਦਾ ਰਹਿੰਦਾ ਹੈ ਭਾਵ ਇਹ ਮਨ ਸੰਤੋਖ ਵਿਚ ਨਹੀਂ ਆਉਂਦਾ। ਸਾਡਾ ਮਨ ਵਿਚਾਰਾਂ ਰਾਹੀਂ ਹੀ ਉੜਦਾ ਰਹਿੰਦਾ ਹੈ ਭਾਵ ਇਹ ਮਨ ਟਿਕਦਾ ਨਹੀਂ ਹੈ। ਮਨ ਦੇ ਨਾ ਟਿੱਕਣ ਦਾ ਕਾਰਨ ਇਸ ਮਨ ਦੇ ਵਿਚਾਰਾਂ ਦਾ ਸਾਡੇ ਵੱਸ ਵਿਚ ਨਾ ਹੋਣਾ ਹੈ ਭਾਵ ਸਾਡੇ ਮਨ ਦੇ ਵਿਚਾਰ ਕਿਥੋਂ ਉਪਜਦੇ ਹਨ, ਕੌਣ ਉਪਜਾਉਂਦਾ ਹੈ, ਇਸ ਗੱਲ ਦੀ ਸਾਨੂੰ ਸਮਝ ਨਹੀਂ ਹੈ। ਅਸੀਂ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ, ਇਹ ਸਾਡਾ ਭਰਮ ਹੈ। ਉਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਤੇ ਸਮਝਾਇਆ ਹੈ ਕਿ ਸਾਡੇ ਅੰਦਰ ਵਿਚਾਰ ਉਪਜਾਉਣ ਵਾਲਾ ਆਪ ਪ੍ਰਮਾਤਮਾ ਹੈ ਤੇ ਇਸ ਗੱਲ ਦੀ ਸਮਝ ਉਸੇ ਨੂੰ ਹੀ ਲਗਦੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਅਨਾਹਦ ਸ਼ਬਦ ਨੂੰ ਸੁਣ ਲੈਂਦਾ ਹੈ ਜੋ ਸ਼ਬਦ ਪ੍ਰਮਾਤਮਾ ਮਨ ਦੇ ਵਿਚ ਪ੍ਰਗਟ ਹੋ ਕੇ, ਨਿਰੰਕਾਰ ਰੂਪ ਵਿਚ ਪ੍ਰਗਟ ਹੋ ਕੇ ਆਪ ਹੀ ਸੁਣਾਉਂਦਾ ਹੈ। ਪ੍ਰਮਾਤਮਾ ਦਾ ਇਹ ਅਨਾਹਦ ਨਾਦ ਸਾਡੇ ਅੰਦਰ ਹਰ ਵੇਲੇ ਵੱਜ ਰਿਹਾ ਹੈ ਪਰ ਸਾਨੂੰ ਇਸ ਦੀ ਸਮਝ ਨਹੀਂ ਹੈ। ਪ੍ਰਮਾਤਮਾ ਦਾ ਇਹ ਨਾਦ ਸਾਡੇ ਅੰਦਰ ਸਾਡੇ ਮਨ ਦੀ ਸੋਚ ਰਾਹੀਂ ਵੱਜ ਰਿਹਾ ਹੈ ਜੋ ਕਿ ਬਿਲਕੁਲ ਅਵਾਜ ਤੋਂ ਰਹਿਤ ਹੈ ਭਾਵ ਅਨਾਹਦ ਰੂਪ ਹੈ। ਸਾਡੇ ਮਨ ਦੇ ਵਿਚਾਰਾਂ ਨੂੰ

36/4273

ਉਡਾਉਣ ਵਾਲੀ ਭਾਵ ਨਾ ਟਿਕਣ ਦੇਣ ਵਾਲੀ ਸਾਡੀ ਸੋਚ ਹੈ ਤੇ ਉਹਨਾਂ ਨੂੰ ਟਿਕਾਉਣ ਵਾਲੀ ਵੀ ਸਾਡੇ ਮਨ ਦੀ ਸੋਚ ਹੈ। ਪ੍ਰਮਾਤਮਾ ਆਪਣੇ ‘‘ਪਉਣੁ’’ ਰੂਪ ਦੁਆਰਾ ਸਾਡੇ ਮਨ ਦੀ ਸੋਚ ਦੇ ਰੂਪ ਵਿਚ ਹੀ ਹੈ ਭਾਵੇਂ ਉਹ ਮਨ ਦੀ ਸੋਚ ਰਾਹੀਂ ਇਸ ਨੂੰ ਉੜਦਾ ਹੋਇਆ ਬਣਾਈ ਰੱਖੇ ਭਾਵੇਂ ਆਪਣੇ ‘‘ਪਉਣੁ’’ ਰੂਪ ਦੁਆਰਾ ਇਸ ਨੂੰ ਟਿਕਾ ਦੇਵੇ ਭਾਵ ਸਭ ਕੁਝ ਸਾਡੇ ਮਨ ਦੇ ਗਿਆਨ ਨਾਲ, ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਜੋ ਸਾਡੇ ਵੱਸ ਵਿਚ ਨਹੀਂ ਹੈ, ਜਿਸ ਦੇ ਉੱਤੇ ਵੱਸ ਉਸ ‘‘ਪਉਣੁ’’ ਰੂਪ ਪ੍ਰਮਾਤਮਾ ਦਾ ਆਪਣਾ ਹੈ ਜੋ ਸਾਡੇ ਸਭ ਦੇ ਅੰਦਰ ਆਪਣੇ ਪਉਣੁ ਰੂਪ ਵਿਚ ਵਿਚਰ ਰਿਹਾ ਹੈ। (**ਨਾ ਮਨੁ ਚਲੈ ਨ ਪਉਣੁ ਉਡਾਵੈ ॥**) ਜਦੋਂ ਪ੍ਰਮਾਤਮਾ ਕਿਸੇ ਉੜਦੇ ਹੋਏ ਮਨ ਨੂੰ ਸੰਤੋਖ ਵਿਚ ਲਿਆਉਂਦਾ ਹੈ ਉਸ ਮਨੁੱਖ ਨੂੰ ਫਿਰ ਇਹ ਸਮਝ ਲਗ ਜਾਂਦੀ ਹੈ ਕਿ ਇਸ ਮਨੁੱਖੀ ਰੂਪ ਵਿਚ ਮੈਂ ਨਹੀਂ ਹਾਂ ਬਲਕਿ ਆਪ ਪ੍ਰਮਾਤਮਾ ਹੀ ਹੈ ਭਾਵ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਇਹ ਸਮਝ ਲਗ ਜਾਂਦੀ ਹੈ ਕਿ ਮਨੁੱਖੀ ਸਰੀਰ ਰਾਹੀਂ ਪ੍ਰਮਾਤਮਾ ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਪ੍ਰਗਟ ਕਰਨ ਵਾਲਾ ਵੀ ਉਹ ਆਪ ਹੈ ਤੇ ਪ੍ਰਗਟ ਹੋਣ ਵਾਲਾ ਵੀ ਉਹ ਆਪ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੋਗੀ ਸਬਦੁ ਅਨਾਹਦੁ ਵਾਵੈ ॥ ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥”

ਜੋਗੀ ਉਹ ਹੈ ਜਿਸ ਦਾ ਪ੍ਰਮਾਤਮਾ ਦੇ ਨਾਲ ਜੋਗ ਹੋ ਜਾਂਦਾ ਹੈ ਤੇ ਜੋਗੀ ਨੂੰ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਇਸ ਮਨੁੱਖੀ ਰੂਪ ਵਿਚ ਮੈਂ ਨਹੀਂ ਹਾਂ ਬਲਕਿ ਮੇਰੇ ਰੂਪ ਵਿਚ ਆਪ ਪ੍ਰਮਾਤਮਾ ਹੀ ਹੈ ਜੋ ਕਿ ਮਨ ਦੇ ਅੰਦਰ ਨਿਰੰਕਾਰ ਰੂਪ ਵਿਚ ਹੈ, ਜੋਤਿ ਰੂਪ ਵਿਚ ਹੈ, ਮਨ ਦੇ ਗਿਆਨ ਰੂਪ ਵਿਚ ਹੈ ਜੋ ਇਸ ਸਰੀਰ ਨੂੰ ਆਪ ਹੀ ਚਲਾ ਰਿਹਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਹ ‘‘ਜੋਗੀ’’ ਰੂਪ ਬਣਕੇ ਹੀ ਹੋਈ ਹੈ। ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ, ਆਪਣਾ ਜੋਗੀ ਰੂਪ ਧਾਰਕੇ ਕੀਤੀ ਹੈ ਜੋ ਕਿ ਉਸ ਦਾ ਭਗਤ ਰੂਪ ਹੈ, ਗੁਰੂ ਰੂਪ ਹੈ। ਆਪਣੇ ਇਸ ਰੂਪ ਰਾਹੀਂ ਪ੍ਰਮਾਤਮਾ ਨੇ ‘‘ਅਨਾਹਦੁ ਸਬਦੁ’’ ਗਾਏ ਹਨ। ਪੂਰੀ ਗੁਰਬਾਣੀ ਵਿਚ ਅਨਾਹਦੁ ਸਬਦੁ ਹਨ ਜਿੰਨ੍ਹਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਬ੍ਰਹਮ

ਗਿਆਨ ਦਿੱਤਾ ਹੈ। ਪ੍ਰਮਾਤਮਾ ਦੇ ਇਹ ਸਾਰੇ ਸ਼ਬਦ ''ਪੰਚ ਸ਼ਬਦ'' ਹਨ ਜੋ ਸ਼ਬਦ ਪ੍ਰਮਾਤਮਾ ਪਹਿਲੇ ਮਨ ਦੇ ਵਿਚ ਗਾ ਕੇ ਸੁਣਾਉਂਦਾ ਹੈ ਭਾਵ ਜਿੰਨ੍ਹਾਂ ਰਾਹੀਂ ਪ੍ਰਮਾਤਮਾ ਪਹਿਲੇ ਆਪ ਹੀ ਮਨ ਦੇ ਵਿਚ ਸੋਝੀ ਪਾਉਂਦਾ ਹੈ। ਮਨ ਦੇ ਵਿਚੋਂ ਪ੍ਰਮਾਤਮਾ

ਦੇ ਕੋਲੋਂ ਇਹ ਸ਼ਬਦ ਸੁਣ ਕੇ ਹੀ ਕੋਈ ਪ੍ਰਮਾਤਮਾ ਦਾ ''ਪੰਚ'' ਬਣਦਾ ਹੈ ਭਾਵ ਉਸ ਦੇ ਸੱਚੇ ਗਿਆਨ ਵਾਲਾ ਬਣਦਾ ਹੈ, ਸੱਚੀ ਗੁਰਮਤਿ ਵਾਲਾ ਬਣਦਾ ਹੈ ਤੇ ਸੱਚੀ ਗੁਰਮਤਿ ਤੇ ਦ੍ਰਿੜ ਹੋ ਕੇ ਚਲਦਾ ਹੈ। ਮਨ ਦੇ ਵਿਚ ਇਹ ਪੰਚ ਸ਼ਬਦ ਬਿਨਾ ਕਿਸੇ ਸਾਜ਼ ਤੋਂ ਵਜਦੇ ਹਨ, ''ਨਿਰਾਲਮੁ'' ਰੂਪ ਵਿਚ ਵਜਦੇ ਹਨ ਭਾਵ ਕਿਸੇ ਅਵਾਜ ਤੋਂ ਰਹਿਤ ਹੁੰਦੇ ਹਨ ਭਾਵ ਮਨ ਦੇ ਵਿਚ ਵਿਚਾਰਾਂ ਰਾਹੀਂ ਸੁਣੇ ਜਾਂਦੇ ਹਨ ਜਿੰਨ੍ਹਾਂ ਦਾ ਕੋਈ ਆਕਾਰ ਨਹੀਂ ਹੁੰਦਾ। ਇਹ ਸਾਡੇ ਅੰਦਰ ਗਿਆਨ ਰੂਪ ਅਵਾਜ ਹੈ, ਪ੍ਰਮਾਤਮਾ ਦੇ ਬ੍ਰਹਮ ਗਿਆਨ ਦੀ ਝੁਣਕਾਰ ਹੈ ਜਿਸ ਦੁਆਰਾ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਗੱਲਾਂ ਹੁੰਦੀਆਂ ਹਨ ਜੋ ਬਹੁਤ ਸੁਰੀਲੀਆਂ ਲਗਦੀਆਂ ਹਨ, ਮਿਠੀਆਂ ਲਗਦੀਆਂ ਹਨ, ਬਹੁਤ ਅਨੰਦਦਾਇਕ ਹੁੰਦੀਆਂ ਹਨ। ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦਾ ਨਜ਼ਾਰਾ ਬਹੁਤ ਵੱਡਾ ਨਜ਼ਾਰਾ ਹੈ ਜੋ ਕਦੇ ਹੀ ਉਸ ਪ੍ਰਮਾਤਮਾ ਦੀ ਕਿਰਪਾ ਦੁਆਰਾ ਕਿਸੇ ਵਿਰਲੇ ਨੂੰ ਨਸੀਬ ਹੋਇਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਨਸੀਬ ਹੋਇਆ ਹੈ ਜਿੰਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਅਨਾਹਦ ਸਬਦ ਸੁਣਾਏ ਹਨ। (**ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥ ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੪॥**)

''ਪਉਣੁ'' ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਗਿਆਨ ਰੂਪ ਵਿਚ ਹੀ ਵਿਚਰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

''ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥''

(ਅੰਗ - ੧੦੫੬)

ਸਾਡੇ ਅੰਦਰ ਸਿਵ ਸਕਤੀ ਦਾ ਮੇਲ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿਚ ਕਾਫੀ ਪਿੱਛੇ ਬਰੀਕੀ ਨਾਲ ਸਮਝਿਆ ਹੈ। ਸਿਵ ਰੂਪ ਵਿਚ ਆਪ ਪ੍ਰਮਾਤਮਾ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪਣੇ ਆਪ ਨੂੰ ਮਨੁੱਖ ਦੇ ਅੰਦਰ ਪ੍ਰਗਟ ਕਰਦਾ ਹੈ। ਇਹ ਰੂਪ ਉਸ ਦਾ ਬ੍ਰਹਮ ਗਿਆਨ ਰੂਪ ਹੈ, ''ਸਬਦੁ'' ਰੂਪ ਹੈ ਭਾਵ ਸੱਚੇ ਗਿਆਨ ਵਾਲਾ ਰੂਪ ਹੈ। ਸ਼ਕਤੀ ਰੂਪ ਵਿਚ ਵੀ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਤ੍ਰੈ ਗੁਣਾਂ ਵਾਲਾ ਰੂਪ ਹੈ ਭਾਵ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਦਾ ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਮਨ ਦੇ ਭਰਮ ਵਿਚ, ਮਾਇਆ ਮੋਹ ਵਾਲੀ ਬਿਰਤੀ ਵਿਚ, ਹਉਮੈ ਵਿਚ, ਮਨਮਤਿ ਵਿਚ, ਮਨ ਦੇ ਪੁੱਠੇ ਕਮਲ ਵਾਲੀ ਭਾਵ ਮਨ ਦੀ ਪੁੱਠੀ ਮਤਿ ਵਿਚ ਰਖਿਆ ਹੋਇਆ ਹੈ ਜਿਸ ਦੁਆਰਾ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸੋਝੀ ਨਹੀਂ ਪੈਂਦੀ ਤੇ ਸਾਡੇ ਮਨ ਦੇ ਵਿਚਾਰ ਸਾਨੂੰ ਇਸੇ ਭਰਮ ਵਿਚ ਰਖਦੇ ਹਨ ਕਿ ਇਹ ਸਰੀਰ ਸਾਡਾ ਹੈ, ਇਸ ਮਨੁੱਖੀ ਰੂਪ

ਵਿਚ ਅਸੀਂ ਆਪ ਹਾਂ। ਇਹ ਸਾਡੇ ਅੰਦਰ ਪ੍ਰਮਾਤਮਾ ਦਾ ਸਕਤੀ ਰੂਪ ਹੈ। ਇਸ ਰੂਪ ਵਿਚ ਵੀ ਪ੍ਰਮਾਤਮਾ ਆਪ ਹੈ ਤੇ ਸਕਤੀ ਰੂਪ ਵਿਚ ਵੀ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦੇ ਇਹ ਦੋਨੋਂ ਰੂਪ ਪ੍ਰਮਾਤਮਾ ਦਾ ''ਪਉਣੁ ਰੂਪ'' ਭਾਵ ਸਾਡੇ ਮਨ ਦਾ ਗਿਆਨ ਰੂਪ ਹਨ, ਸਾਡੇ ਮਨ ਦੀ ਸੋਝੀ ਦਾ ਰੂਪ ਹਨ। ਪ੍ਰਮਾਤਮਾ ਸਾਡੇ ਅੰਦਰ ਆਪਣਾ ਗਿਆਨ ਰੂਪ ਵਾਜਾ ਸਾਡੇ ਸਭ ਦੇ ਅੰਦਰ ਆਪ ਹੀ ਵਜਾ ਰਿਹਾ ਹੈ। ਜਦ ਤਕ ਅਸੀਂ ਸਕਤੀ ਰੂਪ ਨਾਲ ਜੁੜੇ ਹੋਏ ਹਾਂ ਤਦ ਤਕ ਅਸੀਂ ਮਨ ਦੀ ਪੁਠੀ ਮਤਿ ਨਾਲ ਜੁੜੇ ਹੋਏ ਹਾਂ। ਇਸ ਪੁੱਠੀ ਮਤਿ ਵਿਚੋਂ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣੀ ਕਿਰਪਾ ਦੁਆਰਾ ਕੱਢਦਾ ਹੈ ਤੇ ਸਾਡੀ ਪੁੱਠੀ ਮਤਿ ਨੂੰ ਉਹ ਮਨ ਦੇ ਵਿਚ ਪ੍ਰਗਟ ਹੋ ਕੇ ਸਿੱਧੀ ਕਰ ਦਿੰਦਾ ਹੈ, ਮਨ ਦੇ ਵਿਚ ਆਪਣਾ ''ਸਬਦੁ'' ਰੂਪ ਪ੍ਰਗਟ ਕਰ ਕੇ ਸਾਡੀ ਮਤਿ ਨੂੰ ਬਦਲ ਦਿੰਦਾ ਹੈ। ਪ੍ਰਮਾਤਮਾ ਦਾ ''ਸਬਦੁ'' ਰੂਪ ਉਸ ਦਾ ''ਗਿਆਨ ਰਤਨੁ'' ਰੂਪ ਹੈ। ਪ੍ਰਮਾਤਮਾ ਦਾ ਇਹ ਗਿਆਨ ਰਤਨੁ ਰੂਪ ਹੀ

ਉਸ ਦਾ ਸਾਡੇ ਅੰਦਰ ਸਿਵ ਰੂਪ ਹੈ ਜਿਸ ਦੁਆਰਾ ਮਨੁੱਖ ਸਕਤੀ ਰੂਪ ਵਿਚੋਂ ਭਾਵ ਮਨ ਦੀ ਅਗਿਆਨਤਾ ਵਾਲੇ ਰੂਪ ਵਿਚੋਂ, ਹਉਮੈ ਵਿਚੋਂ ਨਿਕਲ ਜਾਂਦਾ ਹੈ ਤੇ ਨਾਮ ਦੀ ਅਵਸਥਾ ਵਾਲਾ, ਸੱਚੇ ਗਿਆਨ ਦੀ ਅਵਸਥਾ ਵਾਲਾ ਬਣ ਜਾਂਦਾ ਹੈ। ਇਹ ਕੇਵਲ ਗੁਰ ਪਰਸਾਦਿ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਗਿਆਨ ਰਾਹੀਂ ਮਨ ਦੇ ਵਿਚ ਹੀ ਆਪਣੇ ਦਰਸ਼ਨ ਦਿੰਦਾ ਹੈ। (**ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥2॥**)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥
ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ - ੭੫੯)

ਸ਼ਬਦ ਦਾ ਮਕਸਦ, ਨਾਮ ਦਾ ਮਕਸਦ, ਸਾਡੇ ਅੰਦਰ ਸਿੱਧੀ ਮਤਿ ਦਾ ਮਕਸਦ, ਸਾਡੇ ਅੰਦਰ ਦੀ ਅਗਿਆਨਤਾ ਨੂੰ ਮਿਟਾਉਣਾ ਹੀ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਲਗਦੀ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੈ ਤੇ ਸਭ ਦੇ ਅੰਦਰ ਪ੍ਰਮਾਤਮਾ ਆਪਣੇ "ਪਉਣੁ" ਰੂਪ ਵਿਚ ਭਾਵ ਗਿਆਨ ਰੂਪ ਵਿਚ, ਸਬਦੁ ਰੂਪ ਵਿਚ, ਨਾਮ ਰੂਪ ਵਿਚ ਹੀ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥"

(ਅੰਗ - ੧੦੫੬)

36/4276

ਇਸ ਤੋਂ ਪਹਿਲੇ ਪਦੇ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਸਿਵ ਸਕਤੀ ਕਿਸ ਰੂਪ ਵਿਚ ਹੈ। (**ਸਿਵ ਸਕਤੀ ਦੇਹੀ ਮਹਿ ਪਾਏ ॥**) ਉਪਰਲੇ ਪਦੇ ਰਾਹੀਂ ਅੰਧੇਰੇ ਤੇ ਚਾਨਣ ਦੀ ਗੱਲ ਕੀਤੀ ਹੋਈ ਹੈ। ਜੋ ਭਾਵ ਸਿਵ ਸਕਤੀ ਤੋਂ ਹੈ, ਉਹੀ ਭਾਵ ਮਨ ਦੇ ਅੰਧੇਰੇ ਚਾਨਣ ਤੋਂ ਹੈ। ਸਕਤੀ ਵਾਲੀ ਅਵਸਥਾ ਸਾਡੇ ਅੰਦਰ ਮਨ ਦੇ ਅੰਧੇਰੇ ਵਾਲੀ ਅਵਸਥਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ, ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ ਅਵਸਥਾ ਹੈ ਤੇ ਸਾਡੇ ਅੰਦਰ "ਚਾਨਣੁ" ਵਾਲੀ ਅਵਸਥਾ ਸਾਡੇ ਅੰਦਰ ਸਿਵ ਵਾਲੀ ਅਵਸਥਾ ਹੈ ਭਾਵ ਪ੍ਰਮਾਤਮਾ ਦੇ ਮਨ ਦੇ ਵਿਚ ਪ੍ਰਗਟ ਹੋਣ ਵਾਲੀ ਅਵਸਥਾ ਹੈ ਜਿਸ ਦੁਆਰਾ ਉਹ ਮਨ ਦੇ ਵਿਚ ਆਪ ਹੀ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ। ਇਸ ਗੱਲ ਦੀ ਸੋਝੀ ਮਨੁੱਖ ਨੂੰ ਤਾਂ ਹੀ ਪੈਂਦੀ ਹੈ ਜਦੋਂ ਉਹ ਮਨੁੱਖ ਦੀ ਮਤਿ ਨੂੰ ਬਦਲਕੇ ਉਲਟੀ ਕਰ ਦਿੰਦਾ ਹੈ, "ਗਿਆਨ ਰਤਨੁ" ਦੁਆਰਾ, "ਸਬਦੁ" ਦੁਆਰਾ ਉਲਟੀ ਕਰ ਦਿੰਦਾ ਹੈ। ਜਦੋਂ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ, ਮਨ ਦੇ ਗਿਆਨ ਰਾਹੀਂ ਦੇਖ ਲੈਂਦਾ ਹੈ ਫਿਰ ਤਾਂ ਹੀ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਆਪਣੇ ਆਪ ਦੀ ਮਨੁੱਖ ਨੂੰ ਸੋਝੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਕੇ

ਹੀ ਪੈਂਦੀ ਹੈ ਕਿ ਮੇਰੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਭਾਵ ਮੇਰੇ ਵਿਚ ਆਪ ਪ੍ਰਮਾਤਮਾ ਹੀ ਹੈ। ਸਾਡੇ ਅੰਦਰ ਸਾਡੀ ਮਤਿ ਦਾ ਸਿੱਧਾ ਹੋਣਾ ਹੀ ਸਾਡੇ ਅੰਦਰ ਕਮਲ ਦਾ ਖਿੜਨਾ ਹੈ ਭਾਵ ਪੁੱਠੇ ਕਮਲ ਦਾ ਸਿੱਧਾ ਹੋਣਾ ਹੈ। ਇਹ ਕੇਵਲ ਗੁਰਪ੍ਰਸਾਦਿ ਹੈ ਕਿ ਪ੍ਰਮਾਤਮਾ ਕਿਸੇ ਦੀ ਪੁੱਠੀ ਮਤਿ ਨੂੰ ਸਿੱਧਾ ਕਰ ਦੇਵੇ ਭਾਵ ਉਸ ਨੂੰ ਭਰਮ ਵਾਲੀ ਮਤਿ ਵਿਚੋਂ ਕੱਢਕੇ ਮਨ ਦੇ ਵਿਚ ਕਿਸੇ ਨੂੰ ਆਪਣੇ ਦਰਸ਼ਨ ਦੇ ਦੇਵੇ, ਆਪਣੇ ਗਿਆਨ ਰੂਪ ਦਰਸ਼ਨ ਦੇ ਦੇਵੇ, ਨਿਰੰਕਾਰ ਰੂਪ ਦਰਸ਼ਨ ਦੇ ਦੇਵੇ ਜਿਸ ਰੂਪ ਵਿਚ ਉਹ ਸਭ ਵਿਚ ਤੇ ਸਭ ਜਗ੍ਹਾ ਸਮਾਇਆ ਹੋਇਆ ਹੈ। ਉਸ ਨਿਰੰਕਾਰ ਰੂਪ ਪ੍ਰਮਾਤਮਾ ਦੇ ਨਾਲ ਕੇਵਲ ਮਨ ਦੇ ਗਿਆਨ ਰਾਹੀਂ ਮਿਲਿਆ ਜਾ ਸਕਦਾ ਹੈ ਜੋ ਕਿ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਮਨ ਦੇ ਭਰਮ ਵਿਚੋਂ ਕੱਢ ਲਵੇ। (**ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥ ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥3॥**)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ - ੨੨੫)

ਜਿਵੇਂ ਕਿ ਅਸੀਂ ਪਿਛਲੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ "ਪਉਣੁ" ਰੂਪ ਵਿਚ ਹੈ, ਇਸ ਗੱਲ ਨੂੰ ਅਗਲੇ

ਸ਼ਬਦ ਰਾਹੀਂ ਹੋਰ ਵੀ ਦ੍ਰਿੜ ਕੀਤਾ ਜਾ ਰਿਹਾ ਹੈ ਤਾਂ ਜੋ ਅਸੀਂ ਕਿਸੇ ਭਰਮ ਵਿਚ ਨ ਰਹੀਏ ਤੇ ਗੁਰਬਾਣੀ ਨੂੰ ਸਹੀ ਭਾਵ ਵਿਚ ਸਮਝ ਸਕੀਏ ਤੇ ਉਸ ਤੋਂ ਲਾਭ ਲੈ ਸਕੀਏ ਤੇ ਭਰਮਿਆਂ ਹੋਇਆਂ ਦੀਆਂ ਗੱਲਾਂ ਵਿਚ ਨਾ ਆਈਏ ਜੋ ਜਗ੍ਹਾ ਜਗ੍ਹਾ ਭਰਮ ਦੇ ਅੱਡੇ ਬਣਾ ਕੇ ਬੈਠੇ ਹੋਏ ਹਨ।

"ਬਾਜਹਿ ਬਾਜੇ ਧੁਨਿ ਆਕਾਰਾ ॥ ਆਪਿ ਵਜਾਏ ਵਜਾਵਣਹਾਰਾ ॥

ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ ॥੪॥"

(ਅੰਗ - ੧੦੬੧)

ਸਾਡੇ ਅੰਦਰ ਪਰਮਾਤਮਾ ਦਾ "ਪਉਣੁ" ਰੂਪ ਹੀ ਉਸਦਾ ਸਾਡੇ ਅੰਦਰ "ਧੁਨਿ" ਰੂਪ ਹੈ। ਸਾਡੇ ਅੰਦਰ ਦੀ ਧੁਨਿ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿਚ ਕਾਫੀ ਪਿਛੇ ਬਰੀਕੀ ਨਾਲ ਸਮਝਿਆ ਹੈ। ਹਰ ਆਕਾਰ ਰੂਪ ਦੇ ਵਿਚ ਭਾਵ ਸਰਗੁਣ ਰੂਪ ਦੇ ਵਿਚ "ਧੁਨਿ" ਪਰਮਾਤਮਾ ਦੀ ਹੀ ਵਜ ਰਹੀ ਹੈ ਜੋ ਇਸ ਆਕਾਰ ਰੂਪ ਨੂੰ ਚਲਾਉਂਦੀ ਹੈ। ਸਾਡੇ ਅੰਦਰ ਪਰਮਾਤਮਾ ਦੀ "ਧੁਨਿ" ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿਚ ਹੈ ਜੋ ਸਾਡੇ ਕੋਲੋਂ ਸਭ ਕੁਝ ਕਰਵਾਉਂਦੀ ਹੈ। ਜਿਸ ਗੱਲ ਤੇ ਸਾਡੇ ਮਨ ਦੇ ਵਿਚਾਰ ਟਿੱਕ ਜਾਂਦੇ ਹਨ ਉਹ ਸਾਡੇ ਮਨ ਦੀ "ਧੁਨਿ" ਹੈ। ਸਾਡਾ ਮਨ ਉਸ ਗੱਲ ਤੇ ਟਿਕਦਾ ਹੈ ਜਿਸ ਗੱਲ ਤੇ ਸਾਨੂੰ ਵਿਸ਼ਵਾਸ ਆ ਜਾਂਦਾ ਹੈ ਕਿ ਇਹ ਗੱਲ ਸਾਡੇ ਲਈ ਚੰਗੀ ਹੈ। ਸਾਡੇ ਅੰਦਰ ਦਾ ਵਿਸ਼ਵਾਸ ਹੀ ਸਾਡੇ ਅੰਦਰ ਦੀ ਧੁਨਿ ਹੈ ਜੋ ਸਾਨੂੰ ਚਲਾਉਂਦੀ ਹੈ। ਸਾਨੂੰ ਗੁਰੂ ਦਾ ਚੇਲਾ ਸਾਡੇ ਮਨ ਦੀ "ਧੁਨਿ" ਹੀ ਬਣਾਉਂਦੀ ਹੈ। ਗੁਰੂ ਗੁਰਮਤਿ ਦੇ ਰੂਪ ਵਿਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਭਾਵ ਆਪਣੀ ਸਿਖਿਆ ਦੇ ਰੂਪ ਵਿਚ ਹੈ। ਜਦੋਂ ਸਾਡੇ ਮਨ ਨੂੰ ਗੁਰੂ ਦੀ ਸਿਖਿਆ ਤੇ ਵਿਸ਼ਵਾਸ ਆ ਜਾਂਦਾ ਹੈ ਫਿਰ ਅਸੀਂ ਉਸ ਗੱਲ ਨੂੰ ਮਨ ਲੈਂਦੇ ਹਾਂ ਭਾਵ ਸਾਡੇ ਮਨ ਦੀ "ਧੁਨਿ" ਗੁਰੂ ਦੀ ਸਿਖਿਆ ਦੇ ਨਾਲ ਜੁੜ ਜਾਂਦੀ ਹੈ, ਨਾਮ ਦੇ ਨਾਲ ਜੁੜ ਜਾਂਦੀ ਹੈ ਤੇ ਮਨੁੱਖ ਫਿਰ ਗੁਰੂ ਦੀ ਸਿਖਿਆ ਅਨੁਸਾਰ ਹੀ ਵਿਚਰਦਾ ਹੈ, ਸ਼ਬਦ ਦੀ ਸਿਖਿਆ ਅਨੁਸਾਰ ਹੀ ਵਿਚਰਦਾ ਹੈ। (**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**) ਅੰਗ - 943 ਸਾਡੇ ਮਨ ਦੀ ਧੁਨਿ ਮਾਇਆ ਦੇ ਨਾਲ ਜੁੜੀ ਰਹਿੰਦੀ ਹੈ ਭਾਵ ਸਾਡੇ ਅੰਦਰ ਦਾ ਵਿਸ਼ਵਾਸ ਸਾਨੂੰ ਮਾਇਆ ਮੋਹ ਦੇ ਨਾਲ ਜੋੜ ਕੇ ਰਖਦਾ ਹੈ ਕਿ ਸਾਡੇ ਲਈ ਮਾਇਆ ਚੰਗੀ ਹੈ ਜੋ ਸਾਨੂੰ ਦੁਨਿਆਵੀ ਸੁਖ ਦਿੰਦੀ ਹੈ ਜਿਸ ਨੂੰ ਕਮਾਉਣ ਲਈ ਮਨੁੱਖ ਮਾੜੇ ਕਰਮ

ਵੀ ਕਰਦਾ ਹੈ। ਸਾਡੇ ਅੰਦਰ ਇਹ ਮਾਇਆ ਦੀ "ਧੁਨਿ" ਸ਼ਬਦ ਦੀ "ਧੁਨਿ" ਨਾਲ ਜੁੜਣ ਨਹੀਂ ਦਿੰਦੀ ਭਾਵ ਗੁਰੂ ਦੀ ਸਿਖਿਆ ਦੇ ਨਾਲ ਜੁੜਣ ਨਹੀਂ ਦਿੰਦੀ।

ਸਾਡੇ ਅੰਦਰ "ਧੁਨਿ" ਰੂਪ ਵਾਜੇ ਵਜਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਮਨ ਦੇ ਵਿਚ ਮਨ ਦੇ ਵਿਚਾਰਾਂ ਰਾਹੀਂ ਹਰ ਵੇਲੇ ਆਪਣੇ ਵਾਜੇ ਵਜਾ ਰਿਹਾ ਹੈ, ਆਪਣਾ ਅਨਹਦ ਨਾਦ ਵਜਾ ਰਿਹਾ ਹੈ। (**ਬਾਜਹਿ ਬਾਜੇ ਧੁਨਿ ਆਕਾਰਾ ॥ ਆਪਿ ਵਜਾਏ ਵਜਾਵਣਹਾਰਾ ॥**) ਸਾਡੇ ਅੰਦਰ ਦੀ "ਧੁਨਿ" ਹੀ ਸਾਡੇ ਮਨ ਦੀ ਲਗਣ ਹੈ, ਸਾਡੇ ਮਨ ਦੀ ਲਿਵ ਹੈ ਜਿਸ ਦਾ ਮੂਲ ਸਾਡੇ ਮਨ ਦਾ ਵਿਸ਼ਵਾਸ ਹੈ ਕਿ ਸਾਨੂੰ ਕੀ ਚੰਗਾ ਲੱਗਦਾ ਹੈ। ਅਸੀਂ ਧਰਮ ਦਾ ਮਾਰਗ ਜਿੰਨ੍ਹਾਂ ਕੋਲੋਂ ਸਿਖਿਆ ਹੋਇਆ ਹੈ, ਨਾਮ ਜਪਣਾ ਜਿੰਨਾ ਕੋਲੋਂ ਸਿਖਿਆ ਹੋਇਆ ਹੈ ਉਹਨਾਂ ਤੇ ਵਿਸ਼ਵਾਸ ਕਰ ਕੇ ਹੀ ਸਿਖਿਆ ਹੋਇਆ ਹੈ ਕਿ ਉਹਨਾਂ ਨੇ ਸਾਨੂੰ ਸੱਚੀ ਸਿਖਿਆ ਦੇ ਨਾਲ ਜੋੜਿਆ ਹੈ, ਗੁਰੂ ਦੀ ਸੱਚੀ ਸਿਖਿਆ ਦੇ ਨਾਲ ਹੀ ਜੋੜਿਆ ਹੈ ਭਾਵ ਉਹਨਾਂ ਨੇ ਸਾਨੂੰ ਸੱਚੀ ਗੁਰਮਤਿ ਹੀ ਸਮਝਾਈ ਹੈ। ਸਾਡੇ ਮਨ ਦੀ ਲਗਣ ਉਹਨਾਂ ਦੇ ਨਾਲ ਹੀ ਲਗੀ ਹੋਈ ਹੈ। ਸਾਰੀ ਗੱਲ ਸਾਡੇ ਮਨ ਦੇ ਵਿਸ਼ਵਾਸ ਦੀ ਹੈ। ਜਦੋਂ ਸਾਨੂੰ ਗੁਰੂ ਦੀ ਸਿਖਿਆ ਤੇ ਵਿਸ਼ਵਾਸ ਆ ਜਾਵੇਗਾ ਫਿਰ ਤਾਂ ਸਾਡੀ "ਧੁਨਿ", ਸਾਡੀ ਲਗਣ, ਸਾਡੀ ਲਿਵ ਸ਼ਬਦ ਦੇ ਨਾਲ ਜੁੜੇਗੀ ਤੇ ਅਸੀਂ ਗੁਰੂ ਦੇ ਚੇਲੇ ਬਣ ਸਕਾਂਗੇ। ਅਸੀਂ ਉਹਨਾਂ ਦੇ ਚੇਲੇ ਬਣੇ ਹੋਏ ਹਾਂ ਜਿੰਨਾਂ ਨੇ ਸਾਨੂੰ ਸੱਚੀ ਸਿਖਿਆ ਨਹੀਂ ਸਮਝਾਈ ਭਾਵ ਅਸੀਂ ਝੂਠੇ ਵਿਸ਼ਵਾਸ ਨਾਲ ਜੁੜੇ ਹੋਏ ਹਾਂ। ਇਹ ਝੂਠਾ ਵਿਸ਼ਵਾਸ ਮਾਇਆ ਮੋਹ ਹੈ ਜਿਸ ਵਿਚ ਪਰਮਾਤਮਾ ਨੇ ਆਪ ਹੀ ਸਭ ਨੂੰ ਰਖਿਆ ਹੋਇਆ ਹੈ, ਮਾਇਆ ਦੀ ਜੁਗਤਿ ਦੁਆਰਾ ਪਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿਚ ਰਖਿਆ ਹੋਇਆ ਹੈ ਜਿਸ ਦੇ ਹੱਥ ਵਿਚ ਸਾਡੇ ਮਨ ਦੀ "ਧੁਨਿ" ਹੈ, ਉਹ ਜਿੱਥੇ ਚਾਹੇ ਸਾਡੇ ਮਨ ਦੀ "ਧੁਨਿ" ਨੂੰ ਜੋੜ ਸਕਦਾ ਹੈ। ਸਾਡੇ ਅੰਦਰ ਧੁਨਿ ਰੂਪ ਵਾਜੇ ਵਜਾਉਣ ਵਾਲਾ ਉਹ ਆਪ ਹੀ ਹੈ ਜੋ ਮਨ ਵਿਚ ਬੈਠਾ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। ਪਰਮਾਤਮਾ ਕਿਸੇ ਵਿਰਲੇ ਤੇ ਹੀ ਆਪਣੀ ਕਿਰਪਾ ਕਰ ਕੇ ਕਿਸੇ ਨੂੰ ਆਪਣੀ ਸੱਚੀ "ਧੁਨਿ" ਦੇ ਨਾਲ ਜੋੜਦਾ ਹੈ ਤੇ ਉਸਦੇ ਦਰਸ਼ਨ ਵੀ ਮਨ ਦੇ ਵਿਚੋਂ ਉਸ ਦੀ "ਧੁਨਿ" ਦੇ ਨਾਲ ਜੁੜ ਕੇ ਹੀ ਹੁੰਦੇ ਹਨ। (**ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥ ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥2॥ ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥ ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥3॥ ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥ ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥4॥**) ਅੰਗ - 879

36/4279

ਸਾਡੇ ਮਨ ਦੀ "ਧੁਨਿ" ਪਰਮਾਤਮਾ ਦੇ ਹੱਥ ਹੈ ਤੇ ਸਾਡੇ ਅੰਦਰ ਪਰਮਾਤਮਾ ਦਾ ਪਉਣੁ ਰੂਪ ਵੀ ਉਸਦਾ "ਧੁਨਿ" ਰੂਪ ਹੈ ਭਾਵ ਗਿਆਨ ਰੂਪ ਹੈ ਜਿਸ ਦੁਆਰਾ ਉਹ ਸਭ ਦੇ ਅੰਦਰ ਵਿਚਰ ਰਿਹਾ ਹੈ, ਘਟਿ ਘਟਿ ਦੇ ਵਿਚ ਵਿਚਰ ਰਿਹਾ ਹੈ, ਇਕੋ ਤਰੀਕੇ ਹੀ ਸਭ ਦੇ ਅੰਦਰ ਵਿਚਰ ਰਿਹਾ ਹੈ। ਜਦੋਂ ਸਾਡਾ ਪਰਮਾਤਮਾ ਦੇ ਨਾਲ ਮਨ ਦੇ ਅੰਦਰ ਮੇਲ ਹੁੰਦਾ ਹੈ ਉਹ ਪਵੁਣੁ ਰੂਪ ਵਿਚ ਹੀ ਹੁੰਦਾ ਹੈ ਭਾਵ ਮਨ ਦੇ ਗਿਆਨ ਰਾਹੀਂ, ਮਨ ਦੀ ਧੁਨਿ ਰਾਹੀਂ, ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ। ਉਸ ਪਉਣੁ ਰੂਪ ਪਰਮਾਤਮਾ ਦੇ ਨਾਲ ਮਿਲ ਕੇ ਹੀ ਇਸ ਗੱਲ ਦੀ ਸਮਝ ਲਗਦੀ ਹੈ ਕਿ ਸਭ ਦੇ ਅੰਦਰ ਉਹ ਵਾਜੇ ਵਜਾਉਣ ਵਾਲਾ ਉਹ ਪਰਮਾਤਮਾ ਆਪ ਹੀ ਹੈ, ਮਨ ਦੀ "ਧੁਨਿ" ਵਿਚ ਰਖਣ ਵਾਲਾ ਉਹ ਪਰਮਾਤਮਾ ਆਪ ਹੀ ਹੈ। ਉਹ ਮਨੁੱਖ ਨੂੰ ਕਿਹੋ ਜਿਹੀ ਧੁਨਿ ਵਿਚ ਰਖਦਾ ਹੈ ਇਹ ਉਸਦੀ ਆਪਣੀ ਰਜ਼ਾ ਹੈ। ਇਸੇ ਲਈ ਪਰਮਾਤਮਾ ਦੇ ਨਾਲ ਮੇਲ ਕਰਨਾ ਸਾਡੇ ਵੱਸ ਨਹੀਂ ਹੈ ਕਿਉਂਕਿ ਸਾਡੇ ਮਨ ਦੀ ਧੁਨਿ ਸਾਡੇ ਵੱਸ ਨਹੀਂ ਹੈ। (**ਬਾਜਹਿ ਬਾਜੇ ਧੁਨਿ ਆਕਾਰਾ ॥ ਆਪਿ ਵਜਾਏ ਵਜਾਵਣਹਾਰਾ ॥ ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ ॥4॥**)

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥
ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥}

(ਅੰਗ - ੬)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥}

(ਅੰਗ - ੫੯)

36/4280

{ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥}

(ਅੰਗ - ੯੩)

{ਚਰਣ ਠਾਕੁਰ ਕੇ ਰਿਦੈ ਸਮਾਣੇ ॥ ਕਲਿ ਕਲੇਸ ਸਭ ਦੂਰਿ ਪਇਆਣੇ ॥
ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥੧॥}

(ਅੰਗ - ੧੦੫)

{ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥
ਹਰਿ ਆਪੇ ਵੇਖੈ ਵਿਗਸੈ ਆਪੇ ॥ ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥੨॥}

(ਅੰਗ - ੧੬੫)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥
ਬੰਧਨ ਨ ਤੂਟਹਿ ਮੁਕਤਿ ਨ ਪਾਇ ॥ ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥
ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ - ੨੩੧)

{ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥}

(ਅੰਗ - ੨੪੫)

{ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥}

(ਅੰਗ - ੨੯੬)

{ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥}

(ਅੰਗ - ੩੫੦)

{ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥}

(ਅੰਗ - ੪੧੫)

{ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥}

(ਅੰਗ - ੪੪੦-੪੪੧)

{ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥
ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ ॥੧॥}

(ਅੰਗ - ੪੪੨)

36/4281

{ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥}

(ਅੰਗ - ੪੮੯)

{ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ - ੫੧੨)

{ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥
ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥੧॥}

(ਅੰਗ - ੫੬੪)

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥}

(ਅੰਗ - ੬੦੪)

{ਆਪੇ ਸਿੰਙੀ ਨਾਦੁ ਹੈ ਪਿਆਰਾ ਧੁਨਿ ਆਪਿ ਵਜਾਏ ਆਪੈ ॥
ਆਪੇ ਜੋਗੀ ਪੁਰਖੁ ਹੈ ਪਿਆਰਾ ਆਪੇ ਹੀ ਤਪੁ ਤਾਪੈ ॥
ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ ॥੩॥}

(ਅੰਗ - ੬੦੫)

{ਹਿਰਦੈ ਹਰਿ ਕੇ ਚਰਣ ਵਸਾਈ ॥
ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ ॥ ਰਹਾਉ ॥}

(ਅੰਗ - ੬੧੯)

{ਸਤਿਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥
ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥}

(ਅੰਗ - ੬੯੮)

{ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥}

(ਅੰਗ - ੭੩੦)

{ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥}

(ਅੰਗ - ੭੬੪)

{ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥}

(ਅੰਗ - ੭੭੪)

{ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥}

(ਅੰਗ - ੮੩੪)

36/4282

{ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥
ਅਨਹਦ ਬਾਜਿੜਾ ਤਿਸੁ ਧੁਨਿ ਦਰਬਾਰਾ ਰਾਮ ॥
ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥
ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ ॥
ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥
ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥੧॥}

(ਅੰਗ - ੮੪੬)

{ਧੁਨਿ ਵਾਜੇ ਅਨਹਦ ਘੋਰਾ ॥ ਮਨੁ ਮਾਨਿਆ ਹਰਿ ਰਸਿ ਮੋਰਾ ॥}

(ਅੰਗ - ੮੭੯)

{ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥
ਸਦਾ ਮੁਕਤੁ ਤਾ ਕੇ ਪੂਰੇ ਕਾਮ ॥ ਜਾ ਕੈ ਰਿਦੈ ਵਸੈ ਹਰਿ ਨਾਮ ॥੨॥}

(ਅੰਗ - ੮੯੦-੮੯੧)

{ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥
ਵਾਜੈ ਅਨਹਦੁ ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥}

(ਅੰਗ - ੯੦੩)

{ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥}

(ਅੰਗ - ੯੫੪)

{ਭਵਨ ਚਤੁਰ ਦਸ ਭਾਠੀ ਕੀਨ੍ਹੀ ਬ੍ਰਹਮ ਅਗਨਿ ਤਨਿ ਜਾਰੀ ਰੇ ॥
ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ ॥੨॥}

(ਅੰਗ - ੯੬੯)

{ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥
ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥}

(ਅੰਗ - ੯੭੦)

{ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥
ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥}

(ਅੰਗ - ੧੦੧੩)

{ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥ ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥
ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥੧੬॥
ਸਤਿਗੁਰ ਤੇ ਪਾਏ ਵੀਚਾਰਾ ॥ ਸੁੰਨ ਸਮਾਧਿ ਸਚੇ ਘਰ ਬਾਰਾ ॥
ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ ॥੧੭॥}

(ਅੰਗ - ੧੦੩੮)

{ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥
ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥੧॥}

(ਅੰਗ - ੧੦੩੯)

36/4283

{ਨਿਰਭਉ ਸਤਿਗੁਰੁ ਹੈ ਰਖਵਾਲਾ ॥ ਭਗਤਿ ਪਰਾਪਤਿ ਗੁਰ ਗੋਪਾਲਾ ॥
ਧੁਨਿ ਅਨੰਦ ਅਨਾਹਦੁ ਵਾਜੈ ਗੁਰ ਸਬਦਿ ਨਿਰੰਜਨੁ ਪਾਇਆ ॥੧੧॥}

(ਅੰਗ - ੧੦੪੨)

{ਸਾਚਾ ਦਰੁ ਸਾਚਾ ਦਰਵਾਰਾ ॥ ਸਚੇ ਸੇਵਹਿ ਸਬਦਿ ਪਿਆਰਾ ॥
ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ ॥੯॥}

(ਅੰਗ - ੧੦੬੮)

{ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥}

(ਅੰਗ - ੧੦੬੯)

{ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥ ਕਰਿ ਕਿਰਪਾ ਕੀਨੇ ਘਰ ਗੋਲੇ ॥
ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥੧੨॥}

(ਅੰਗ - ੧੦੭੨)

{ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥
ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥੮॥}

(ਅੰਗ - ੧੦੭੭)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥}

(ਅੰਗ - ੧੧੯੮)

{ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ ॥
ਸਹਜ ਅਨਦ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ ॥੧॥}

(ਅੰਗ - ੧੨੨੪)

{ਨੀਕੀ ਰਾਮ ਕੀ ਧੁਨਿ ਸੋਇ ॥
ਚਰਨ ਕਮਲ ਅਨੂਪ ਸੁਆਮੀ ਜਪਤ ਸਾਧੂ ਹੋਇ ॥੧॥ ਰਹਾਉ ॥}

(ਅੰਗ - ੧੨੨੮)

{ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥
ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥}

(ਅੰਗ - ੧੨੩੨)

{ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥
ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥੬॥}

(ਅੰਗ - ੧੨੩੪)

{ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥}

(ਅੰਗ - ੧੨੯੧)

{ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥
ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥}

(ਅੰਗ - ੧੩੪੬)

36/4284

ਉਪਰ ਅਨੇਕਾਂ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਅਸੀਂ ਆਪਣੇ ਅੰਦਰ ਦੇ ਧੁਨਿ ਰੂਪ ਨੂੰ ਹੀ ਸਮਝਿਆ ਹੈ ਕਿ ਸਾਡੇ ਅੰਦਰ ਦੀ ਇਹ ਧੁਨਿ ਕੀ ਹੈ ਤੇ ਇਸ ਧੁਨਿ ਨੂੰ ਵਜਾਉਣ ਵਾਲਾ ਕੌਣ ਹੈ। ਸਾਡੇ ਅੰਦਰ ਜੋ ਵੀ ਗਿਆਨ ਉਪਜਦਾ ਹੈ, ਸੋਚ ਉਪਜਦੀ ਹੈ ਉਹ ਸਾਡੇ ਅੰਦਰ ਦੀ ਧੁਨਿ ਹੈ ਜਿਸ ਦੁਆਰਾ ਮਨੁੱਖ ਆਪਣੇ ਜੀਵਨ ਵਿਚ ਵਿਚਰਦਾ ਹੈ। ਸਾਡੇ ਮਨ ਦੀ ਸੋਝੀ ਸਾਡੇ ਮਨ ਦੀ ਧੁਨਿ ਹੈ ਜੋ ਸਾਡੇ ਤਨ ਨੂੰ ਚਲਾਉਂਦੀ ਹੈ। ਸਾਡੀ ਸੰਸਾਰਿਕ ਵਿਚਰਨ ਕਿਹੋ ਜਿਹੀ ਹੁੰਦੀ ਹੈ ਇਹ ਗੱਲ ਸਾਡੇ ਮਨ ਦੀ ਧੁਨਿ ਤੇ ਨਿਰਭਰ ਹੈ। ਸਾਡੇ ਮਨ ਦੀ ਧੁਨਿ ਹੀ ਸਾਨੂੰ ਮਾਇਆ ਮੋਹ ਵਿਚ ਰੱਖਦੀ ਹੈ ਤੇ ਸਾਡੇ ਮਨ ਦੀ ਧੁਨਿ ਹੀ ਸਾਨੂੰ ਗੁਰੂ ਦੇ ਸ਼ਬਦ ਨਾਲ ਜੋੜਦੀ ਹੈ ਜੋ ਸਾਨੂੰ ਮਾਇਆ ਮੋਹ ਵਿਚੋਂ ਕੱਢ ਕੇ ਸ਼ਬਦ ਦੀ ਧੁਨਿ ਨਾਲ ਜੋੜਦੀ ਹੈ ਜਿਸ ਦੁਆਰਾ ਅਸੀਂ ਸ਼ਬਦ ਦੇ ਵੀਚਾਰੀ ਬਣਦੇ ਹਾਂ ਭਾਵ ਨਾਮ ਦੇ ਵਿਚਾਰੀ ਬਣਦੇ ਹਾਂ। ਜਦੋਂ ਸਾਡੇ ਮਨ ਦੇ ਵਿਚਾਰ ਸ਼ਬਦ ਦੀ ਵਿਚਾਰ ਵਾਲੇ ਬਣ ਜਾਂਦੇ ਹਨ ਇਹ ਸਾਡੇ ਅੰਦਰ **"ਨਾਮ ਧੁਨਿ"** ਹੈ, ਸਹਜ ਧੁਨਿ ਹੈ ਭਾਵ ਸਾਡੇ ਅੰਦਰ ਚੌਥੇ ਪਦ ਵਾਲੇ ਸੱਚੇ ਗਿਆਨ ਦੀ ਅਵਸਥਾ ਹੈ ਜੋ ਸਾਨੂੰ ਹਉਮੈ ਵਾਲੇ ਵਿਚਾਰਾਂ ਵਿਚੋਂ ਕੱਢ ਲੈਂਦੇ

ਹਨ ਤੇ ਮਨੁੱਖ ਨੂੰ ਸਮਝ ਲਗ ਜਾਂਦੀ ਹੈ ਕਿ ਸਾਡੇ ਅੰਦਰ ਵਿਚਾਰ ਪਾਉਣ ਵਾਲਾ, ਧੁਨਿ ਵਜਾਉਣ ਵਾਲਾ ਆਪ ਪ੍ਰਮਾਤਮਾ ਹੈ। ਇਹ ਕੇਵਲ ਉਸ ਦੀ ਰਜਾ ਹੈ ਕਿ ਉਹ ਸਾਨੂੰ ਮਨ ਦੀ ਕਿਹੋ ਜਿਹੀ ਧੁਨਿ ਵਿਚ ਰਖਦਾ ਹੈ। ਪ੍ਰਮਾਤਮਾ ਸਾਡੇ ਅੰਦਰ **"ਪਉਣੁ"** ਰੂਪ ਵਿਚ ਹੀ ਹੈ ਜੋ ਕਿ ਉਸ ਦਾ ਗਿਆਨ ਰੂਪ ਹੈ ਤੇ ਉਸ ਦੇ **"ਪਉਣੁ"** ਰੂਪ ਨਾਲ ਮੇਲ ਦੁਆਰਾ ਹੀ ਸਾਨੂੰ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਸਭ ਵਿਚ ਆਪਣੀ ਧੁਨਿ ਵਜਾਉਣ ਵਾਲਾ ਉਹ ਆਪ ਹੀ ਹੈ ਜੋ ਸਭ ਨੂੰ ਮਨ ਦੀ ਧੁਨਿ ਦੁਆਰਾ ਚਲਾ ਰਿਹਾ ਹੈ। (**ਬਾਜਹਿ ਬਾਜੇ ਧੁਨਿ ਆਕਾਰਾ ॥ ਆਪਿ ਵਜਾਏ ਵਜਾਵਣਹਾਰਾ॥ ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ ॥੪॥**)

ਅਸੀਂ ਕੁਝ ਸ਼ਬਦਾਂ ਦੁਆਰਾ ਪ੍ਰਮਾਤਮਾ ਦੇ **"ਪਉਣੁ"** ਰੂਪ ਨੂੰ ਸਮਝਦੇ ਆ ਰਹੇ ਹਾਂ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ। ਪ੍ਰਮਾਤਮਾ ਨੇ ਆਪਣੇ ਪਉਣੁ ਰੂਪ ਵਿਚ ਹੀ ਸਾਨੂੰ ਸਭ ਨੂੰ ਹਉਮੈ ਵਿਚ, ਤ੍ਰਿਸ਼ਨਾ ਵਿਚ ਰਖਿਆ ਹੋਇਆ ਹੈ ਤੇ ਆਪਣੇ ਇਸ ਰੂਪ ਦੁਆਰਾ ਹੀ ਉਹ ਕਿਸੇ ਨੂੰ ਹਉਮੈ ਵਿਚੋਂ ਕੱਢਦਾ ਹੈ ਤੇ ਆਪਣੇ ਨਾਮ ਦੇ ਨਾਲ ਜੋੜਦਾ ਹੈ

36/4285

ਜਿਸ ਦੁਆਰਾ ਮਨ ਦੇ ਵਿਚੋਂ ਉਸ ਦੇ ਪਉਣੁ ਰੂਪ ਦਰਸ਼ਨ ਹੁੰਦੇ ਹਨ ਭਾਵ ਗਿਆਨ ਰੂਪ ਦਰਸ਼ਨ ਹੁੰਦੇ ਹਨ ਜਿਸ ਰੂਪ ਦੁਆਰਾ, ਨਿਰੰਕਾਰ ਰੂਪ ਦੁਆਰਾ ਉਹ ਸਾਨੂੰ ਸਭ ਨੂੰ ਚਲਾ ਰਿਹਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥
ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥"

(ਅੰਗ - ੧੦੯੧)

ਉਪਰਲੀਆਂ ਪੰਗਤੀਆਂ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ, ਗਹਿਰਾਈ ਨਾਲ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਮਨ ਦੇ ਵਿਚ ਹੀ ਹੈ ਜਿਸ ਦਾ ਕਾਰਣ ਸਾਡੇ ਅੰਦਰ ਹਉਮੈ ਰੂਪ ਪੜਦਾ ਹੈ ਜਿਸ ਦੁਆਰਾ ਅਸੀਂ ਆਪਣਾ ਮੈਂ ਰੂਪ ਸਮਝਦੇ ਹਾਂ ਭਾਵ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ। ਜਦ ਤਕ ਅਸੀਂ ਮੈਂ ਵਿਚ ਰਹਿੰਦੇ ਹਾਂ, ਹਉਮੈ ਵਿੱਚ ਰਹਿੰਦੇ ਹਾਂ ਤਦ ਤੱਕ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ, ਮਨ ਦੀ ਤ੍ਰਿਸ਼ਨਾ ਵਿਚ ਰਹਿੰਦੇ ਹਾਂ ਭਾਵ ਮਨਮਤਿ ਵਿਚ ਹੀ ਰਹਿੰਦੇ ਹਾਂ ਤੇ ਨਾਮ ਤੋਂ ਵਿਛੜੇ ਰਹਿੰਦੇ ਹਾਂ, ਗੁਰੂ ਪ੍ਰਮਾਤਮਾ ਦੇ ਸੱਚੇ ਗਿਆਨ ਤੋਂ ਭਾਵ ਮਨ ਦੀ ਸੱਚੀ ਸੋਝੀ ਤੋਂ ਵਿਛੜੇ ਰਹਿੰਦੇ ਹਾਂ। ਮਨ ਦੀ ਤ੍ਰਿਸ਼ਨਾ ਤੋਂ, ਮਾਇਆ ਮੋਹ ਤੋਂ ਅਸੀਂ ਆਪ ਮੁਕਤੀ ਨਹੀਂ ਪਾ ਸਕਦੇ ਕਿਉਂਕਿ ਇਹ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ। ਸਾਡੇ ਮਨ ਦੇ ਵਿਚਾਰ ਪ੍ਰਮਾਤਮਾ ਦੇ ਹੱਥ ਵਿਚ ਹਨ ਜੋ ਸਾਡੇ ਸਭ ਦੇ ਅੰਦਰ **"ਪਉਣੁ"** ਰੂਪ ਵਿਚ ਵਿਚਰ ਰਿਹਾ ਹੈ, ਮਨ ਦੇ ਗਿਆਨ ਦੇ ਰੂਪ ਵਿਚ ਵਿਚਰ ਰਿਹਾ ਹੈ। ਉਹ ਪ੍ਰਮਾਤਮਾ ਗਿਆਨ ਦਾ **"ਦਰੀਆਉ"** ਹੈ ਭਾਵ ਗਿਆਨ ਦਾ ਸਾਗਰ ਹੈ। ਉਹ ਗਿਆਨ ਦਾ ਸਾਗਰ ਸਾਨੂੰ ਮਨ ਦੀ ਅਗਿਆਨਤਾ ਵਿਚੋਂ ਕੱਢ ਸਕਦਾ ਹੈ, **"ਹਉ"** ਵਿਚੋਂ ਕੱਢ ਸਕਦਾ ਹੈ ਤੇ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਹਉਮੈ ਵਿਚੋਂ ਕੱਢ ਲੈਂਦਾ ਹੈ। (**ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥**) **"ਹਉ ਮੁਆ**" ਤੋਂ ਭਾਵ ਹੈ ਕਿ ਮੇਰੀ ਹਉ ਮਰ ਗਈ ਹੈ ਭਾਵ ਮੇਰੀ ਹਉਮੈ ਮਰ ਗਈ ਹੈ। **"ਮੈਂ ਮਾਰਿਆ**" ਤੋਂ ਭਾਵ ਹੈ ਕਿ ਮੈਨੂੰ ਮਾਰਿਆ ਗਿਆ ਹੈ ਭਾਵ ਮੇਰੀ ਹਉਮੈ ਆਪਣੇ ਆਪ ਨਹੀਂ ਮਰੀ ਭਾਵ ਮੇਰੇ ਮਾਰਨ ਨਾਲ ਨਹੀਂ ਮਰੀ ਬਲਕਿ ਮੇਰੀ ਹਉਮੈ ਭਾਵ ਮੇਰੇ ਮਨ ਦੀ ਅਗਿਆਨਤਾ ਉਸ **"ਪਉਣੁ"** ਰੂਪ ਗਿਆਨ ਦੇ ਸਾਗਰ ਨੇ ਮਾਰੀ ਹੈ ਜੋ ਸਾਗਰ ਸਾਡੇ ਅੰਦਰ ਹੀ

36/4286

ਵਗ ਰਿਹਾ ਹੈ। ਹਉਮੈ ਮਰਨ ਨਾਲ ਹੀ ਅਸੀਂ ਨਾਮ ਦੇ ਨਾਲ ਜੁੜਦੇ ਹਾਂ ਭਾਵ ਸੱਚੇ ਗਿਆਨ ਦੇ ਨਾਲ, ਬ੍ਰਹਮ ਗਿਆਨ ਦੇ ਨਾਲ ਭਾਵ ਗੁਰਮਤਿ ਰੂਪ ਸੋਝੀ ਦੇ ਨਾਲ ਜੁੜਦੇ ਹਾਂ ਜੋ ਸੋਝੀ ਪ੍ਰਮਾਤਮਾ ਮਨ ਦੇ ਵਿਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਆਪ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਮਨ ਦੀ ਤ੍ਰਿਸ਼ਨਾ ਵਿਚੋਂ ਨਿਕਲ ਜਾਂਦਾ ਹੈ, ਮਾਇਆ ਮੋਹ ਵਿਚੋਂ ਨਿਕਲ ਜਾਂਦਾ ਹੈ ਜਿਸ ਦਾ ਕਾਰਣ ਸਾਡੇ ਮਨ ਦੇ ਵਿਚਾਰ ਹੀ ਹਨ, ਮਨ ਦੇ ਵਿਚ ਗੁਰਮਤਿ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ। ਜਦ ਤਕ ਮਨੁੱਖ ਤ੍ਰਿਸ਼ਨਾ ਵਿਚ ਹੈ ਤਦ ਤਕ ਉਹ ਨਾਮ ਦੇ ਨਾਲ ਰਤਿਆ ਹੋਇਆ ਨਹੀਂ ਹੁੰਦਾ। ਤ੍ਰਿਸ਼ਨਾ ਦੇ ਵਿਚੋਂ ਨਿਕਲਣ ਦਾ ਉਪਰਾਲਾ ਕਰਨਾ ਹੀ ਸਾਡਾ ਨਾਮ ਦੇ ਨਾਲ ਜੁੜਨ

ਦਾ ਸੱਚਾ ਉਦਮ ਹੈ ਤਾਂ ਜੋ ਅਸੀਂ ਗੁਰਮਤਿ ਅਨੁਸਾਰ ਸੱਚੇ ਸੁੱਚੇ ਵਿਚਾਰਾਂ ਦੁਆਰਾ ਵਿਚਰ ਸਕੀਏ। (**ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥**)

ਪ੍ਰਮਾਤਮਾ **"ਪਵਨ"** ਰੂਪ ਹੈ ਤੇ ਉਸ ਦੇ ਪਵਨ ਰੂਪ ਨੂੰ ਜਿੰਨ੍ਹਾਂ ਨੇ ਜਾਣਿਆ ਹੈ ਉਸ ਦੇ ਨਾਲ ਪਵਨ ਰੂਪ ਹੋ ਕੇ ਹੀ ਜਾਣਿਆ ਹੈ, ਉਸ ਦੇ ਪਉਣੁ ਰੂਪ ਵਿਚ ਸਮਾਉਣ ਦੁਆਰਾ ਹੀ ਜਾਣਿਆ ਹੈ। ਮਨੁੱਖ ਦਾ ਭਰਮ ਉਸ ਦੇ ਪਵਨ ਰੂਪ ਵਿਚ ਸਮਾ ਕੇ ਹੀ ਦੂਰ ਹੁੰਦਾ ਹੈ ਕਿ ਪ੍ਰਮਾਤਮਾ ਨਿਰੰਕਾਰ ਰੂਪ ਵਿਚ ਵਿਚਰਦਾ ਹੈ ਤੇ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿਚ ਲੱਭਣਾ, ਸਮਝਣਾ ਸਾਡਾ ਭਰਮ ਹੈ। ਪ੍ਰਮਾਤਮਾ ਦੇ ਪਵਨ ਰੂਪ ਵਿਚ ਸਮਾ ਕੇ ਹੀ ਉਸਦਾ ਨਾਮ ਧਿਆਇਆ ਜਾ ਸਕਦਾ ਹੈ ਭਾਵ ਉਸ ਦੇ ਨਾਮ ਰੂਪ ਵਿੱਚ ਸਮਾ ਕੇ ਹੀ ਉਸਦਾ ਨਾਮ ਧਿਆਇਆ ਜਾ ਸਕਦਾ ਹੈ। ਪ੍ਰਮਾਤਮਾ ਦੇ ਪਵਨ ਰੂਪ ਵਿੱਚ ਸਮਾਉਣਾ, ਨਾਮ ਵਿਚ ਸਮਾਉਣਾ, ਸ਼ਬਦਾਂ ਵਿਚ ਸਮਾਉਣਾ, **"ਸੁੰਨ"** ਰੂਪ ਵਿਚ ਸਮਾਉਣਾ ਇੱਕੋ ਹੀ ਗੱਲ ਹੈ। ਇਹ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਜਿਸ ਰੂਪ ਵਿਚ ਉਹ ਸਾਡੇ ਅੰਦਰ ਵਿਚਰ ਰਿਹਾ ਹੈ। ਆਉ ਇਹੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੇ ਮੁਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

"ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥
ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥੧॥ ਬਹੁਰਿ ਹਮ ਕਾਹੇ ਆਵਹਿਗੇ ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥
ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥
ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥੨॥
ਜਿਤੁ ਹਮ ਲਾਏ ਤਿਤੁ ਹੀ ਲਾਗੇ ਤੈਸੇ ਕਰਮ ਕਮਾਵਹਿਗੇ ॥
ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ ॥੩॥
ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ ॥
ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ ॥੪॥੪॥"

(ਅੰਗ ੧੧੦੩-੧੧੦੪)

"**ਉਦਕ**" ਪਾਣੀ ਨੂੰ ਕਹਿੰਦੇ ਹਨ, ਸਲਲ ਵੀ ਪਾਣੀ ਨੂੰ ਕਹਿੰਦੇ ਹਨ ਤੇ ਪਾਣੀ ਦੇ ਵਿਚ ਉਠਣ ਵਾਲੀਆਂ ਤਰੰਗਾਂ ਵੀ ਪਾਣੀ ਹੀ ਹੁੰਦੀਆਂ ਹਨ ਜੋ

ਸਮੁੰਦਰ ਤੇ ਨਦੀ ਵਿਚ ਉਠਦੀਆਂ ਹਨ। ਵੇਖਣ ਦੇ ਵਿਚ ਸਾਨੂੰ ਨਦੀ ਤੇ ਸਮੁੰਦਰ ਵੱਖਰੇ ਨਜਰ ਆਉਂਦੇ ਹਨ, ਉਹਨਾਂ ਦੇ ਵਿਚ ਉਠਣ ਵਾਲੀਆਂ ਤਰੰਗਾਂ ਵਖਰੀਆਂ ਨਜਰ ਆਉਂਦੀਆਂ ਹਨ ਪਰ ਅਸਲ ਵਿਚ ਸਭ ਦਾ ਮੂਲ ਪਾਣੀ ਹੀ ਹੈ। ਇਸੇ ਤਰ੍ਹਾਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਕਿ ਸਾਡਾ ਪ੍ਰਮਾਤਮਾ ਦੇ ਵਿਚ ਸਮਾਉਣਾ ਕੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜੋ ਕਿ ਨਿਰੰਕਾਰ ਰੂਪ ਵਿਚ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਸਾਨੂੰ ਮਨ ਦੇ ਵਿਚਾਰ ਆਪਣੇ ਲਗਦੇ ਹਨ, ਮਨ ਦੀ ਸੋਝੀ ਆਪਣੀ ਲਗਦੀ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ, ਪਾਣੀ ਤੇ ਪਾਣੀ ਦੀਆਂ ਲਹਿਰਾਂ ਦੀ ਤਰ੍ਹਾਂ ਵੱਖਰਾ ਸਮਝਦੇ ਹਾਂ ਪਰ ਜਦੋਂ ਸਾਨੂੰ ਮਨ ਦੇ ਵਿਚਾਰਾਂ ਦੀ ਸੋਝੀ ਪੈ ਜਾਂਦੀ ਹੈ ਕਿ ਇਹ ਸਾਡੇ ਅੰਦਰ ਕਿਵੇਂ ਉਪਜਦੇ ਹਨ ਭਾਵ ਜਦੋਂ ਸਾਨੂੰ ਸੋਝੀ ਦੇ ਮੂਲ ਦੀ ਸਮਝ ਪੈ ਜਾਂਦੀ ਹੈ ਕਿ ਸਾਡੇ ਅੰਦਰ ਸੋਝੀ ਦੇ ਰੂਪ ਵਿਚ ਆਪ ਪ੍ਰਮਾਤਮਾ ਹੈ ਤਾਂ ਫਿਰ ਅਸੀਂ ਮਨ ਦੀ ਸੋਝੀ ਦੇ ਵਿਚ ਹੀ ਪ੍ਰਮਾਤਮਾ ਦੇ ਵਿਚ ਸਮਾ ਜਾਂਦੇ ਹਾਂ ਭਾਵ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਦੇ ਵਿਚ ਸਮਾ ਜਾਂਦੇ ਹਾਂ, ਸਾਡੇ ਮਨ ਦੀ ਮਾੜੀ ਸੋਝੀ ਉਸ ਦੀ ਚੰਗੀ ਸੋਝੀ ਦੇ ਵਿਚ ਸਮਾ ਜਾਂਦੀ ਹੈ, ਸਾਡੀ ਤ੍ਰੈ ਗੁਣਾਂ ਵਾਲੀ ਮਤਿ, ਹਉਮੈ ਵਾਲੀ ਮਤਿ ਨਾਮ ਦੀ ਮਤਿ ਦੇ ਵਿਚ ਸਮਾ ਜਾਂਦੀ ਹੈ ਜੋ ਸੱਚੀ ਮਤਿ, ਚੌਥੇ ਪਦ ਵਾਲੀ ਮਤਿ, ਸਹਜ ਗਿਆਨ ਵਾਲੀ ਮਤਿ ਮਨ ਦੇ ਵਿਚ, ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪ ਹੀ ਦਿੰਦਾ ਹੈ। ਪ੍ਰਮਾਤਮਾ ਸਾਡੇ ਮਨ ਦੇ ਵਿਚ **"ਸੁੰਨ"** ਅਵਸਥਾ ਵਿਚ ਹੀ ਵਿਚਰ ਰਿਹਾ ਹੈ ਭਾਵ ਖਾਮੋਸ਼ ਅਵਸਥਾ ਵਿਚ ਹੀ ਵਿਚਰ ਰਿਹਾ ਹੈ ਜੋ ਸਾਡੇ ਅੰਦਰ ਉਸ ਦਾ ਗਿਆਨ ਰੂਪ ਹੈ ਜਿਸ ਰੂਪ ਵਿਚ ਉਸ ਨੇ ਸਭ ਦੇ ਅੰਦਰ ਆਪਣੀ ਸਮਾਧੀ ਲਗਾਈ ਹੋਈ ਹੈ, ਨਿਰੰਕਾਰ ਰੂਪ ਸਮਾਧੀ ਲਗਾਈ ਹੋਈ ਹੈ ਤੇ ਸਾਰੇ ਸੰਸਾਰ ਨੂੰ ਮਨ ਦੇ ਗਿਆਨ ਰਾਹੀਂ ਚਲਾ ਰਿਹਾ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚ **"ਸੁੰਨ"** ਅਵਸਥਾ ਵਿਚ ਹੀ ਹੁੰਦਾ ਹੈ ਜੋ ਅਵਸਥਾ ਉਹ ਮਨ ਦੇ ਵਿਚ ਆਪ

ਹੀ ਬਖਸ਼ਦਾ ਹੈ। ਪ੍ਰਮਾਤਮਾ ਦਾ ਇਹ **"ਸੁੰਨ"** ਰੂਪ ਹੀ ਉਸਦਾ **"ਪਉਣ"** ਰੂਪ ਹੈ ਜਿਸ ਦੇ ਨਾਲ ਮੇਲ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਲ ਸਮਦਰਸੀ ਹੋ ਜਾਂਦਾ ਹੈ ਭਾਵ ਉਸ ਦੀ ਦ੍ਰਿਸ਼ਟੀ ਵਾਲਾ ਹੋ ਜਾਂਦਾ ਹੈ ਜਿਸ ਮਨ ਦੀ ਦ੍ਰਿਸ਼ਟੀ ਦੁਆਰਾ ਭਾਵ ਮਨ ਦੀ ਸੋਝੀ ਦੁਆਰਾ ਪ੍ਰਮਾਤਮਾ ਦਾ ਨਿਰਗੁਣ ਰੂਪ ਸਮਝ ਆ ਜਾਂਦਾ ਹੈ ਤੇ ਫਿਰ ਸਭ ਜਗ੍ਹਾ ਤੇ ਸਭ ਵਿਚ ਪ੍ਰਮਾਤਮਾ ਹੀ ਨਜਰ ਆਉਂਦਾ ਹੈ, ਹਰ ਆਕਾਰ ਰੂਪ ਵਿਚ ਪ੍ਰਮਾਤਮਾ ਦਾ ਨਿਰੰਕਾਰ ਰੂਪ ਨਜਰ ਆਉਂਦਾ ਹੈ। (**ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥ ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥੧॥**)

36/4288

ਜਦ ਤਕ ਮਨੁੱਖ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਇੱਕ ਨਹੀਂ ਹੁੰਦਾ ਭਾਵ ਆਪਣੇ ਅੰਦਰ ਤੇ ਸਭ ਦੇ ਅੰਦਰ ਪ੍ਰਮਾਤਮਾ ਦਾ ਨਿਰੰਕਾਰ ਰੂਪ, ਉਸ ਦਾ ਗਿਆਨ ਰੂਪ ਨਜਰ ਨਹੀਂ ਆਉਂਦਾ ਤਦ ਤਕ ਮਨੁੱਖ ਦਾ ਇਸ ਸੰਸਾਰ ਤੋਂ ਆਵਾਗਉਣ ਨਹੀਂ ਮਿਟਦਾ। ਜਦ ਤਕ ਮਨੁੱਖ ਦਾ ਇਹ ਭਰਮ ਨਹੀਂ ਮਿਟਦਾ ਕਿ ਮੇਰੀ ਆਪਣੀ ਕੋਈ ਮਨੁੱਖੀ ਹੋਂਦ ਨਹੀਂ ਹੈ ਤਦ ਤਕ ਸਾਡਾ ਇਸ ਸੰਸਾਰ ਤੋਂ ਆਵਾਗਉਣ ਨਹੀਂ ਮਿਟਦਾ। ਸਾਡੇ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਚੱਲ ਰਿਹਾ ਹੈ ਜੋ ਹੁਕਮ ਉਹ ਸਭ ਦੇ ਅੰਦਰ ਸੁੰਨ ਅਵਸਥਾ ਵਿਚ ਚਲਾ ਰਿਹਾ ਹੈ, ਮਨ ਦੇ ਗਿਆਨ ਰਾਹੀਂ ਚਲਾ ਰਿਹਾ ਹੈ। ਮਨ ਦੇ ਅੰਦਰੋਂ ਪ੍ਰਮਾਤਮਾ ਦਾ ਇਹ ਹੁਕਮ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਬੁਝਿਆ ਜਾ ਸਕਦਾ ਹੈ, ਉਸ ਦੇ ਨਾਲ ਸਮਦਰਸੀ ਹੋ ਕੇ, ਪਵਨ ਰੂਪ ਹੋ ਕੇ ਹੀ ਬੁਝਿਆ ਜਾ ਸਕਦਾ ਹੈ ਜੋ ਹੁਕਮ ਬੁਝਣ ਦੁਆਰਾ ਮਨੁੱਖ ਉਸ ਦੇ ਵਿਚ ਹੀ ਸਮਾ ਜਾਂਦਾ ਹੈ, ਉਸ ਦੇ ਹੁਕਮ ਵਿਚ ਹੀ ਸਮਾ ਜਾਂਦਾ ਹੈ। (**ਬਹੁਰਿ ਹਮ ਕਾਹੇ ਆਵਹਿਗੇ ॥ ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥**)

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ - ੧)

{ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ ॥ ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ ॥}

(ਅੰਗ - ੯੫੦)

ਇਸ ਗੱਲ ਨੂੰ ਕਹਿਣਾ ਬਹੁਤ ਸੌਖਾ ਹੈ ਕਿ ਸਭ ਜਗ੍ਹਾ ਪ੍ਰਮਾਤਮਾ ਦਾ ਹੁਕਮ ਹੀ ਚਲਦਾ ਹੈ ਪਰ ਪ੍ਰਮਾਤਮਾ ਦੇ ਹੁਕਮ ਨੂੰ ਸਮਝਣਾ ਉਤਨਾ ਹੀ ਔਖਾ ਹੈ। ਪ੍ਰਮਾਤਮਾ ਦਾ ਹੁਕਮ ਸਭ ਜਗ੍ਹਾ ਤੇ ਸਭ ਵਿਚ ਕਿਸ ਰੂਪ ਵਿਚ ਚਲ ਰਿਹਾ ਹੈ ਇਸ ਗੱਲ ਨੂੰ ਕੇਵਲ ਤਾਂ ਹੀ ਸਮਝਿਆ ਜਾ ਸਕਦਾ ਹੈ ਜਦੋਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁਝ ਲੈਂਦੇ ਹਾਂ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਰੂਪ ਵਿਚ ਚਲ ਰਿਹਾ ਹੈ। ਸਾਡੇ ਅੰਦਰ ਹੁਕਮ ਸਾਡੇ ਮਨ ਦੇ ਵਿਚਾਰਾਂ ਦਾ ਚਲਦਾ ਹੈ ਕਿਉਂਕਿ ਮਨੁੱਖ ਉਹੀ ਕੁਝ ਕਰਦਾ ਹੈ ਜੋ ਮਨੁੱਖ ਦੇ ਵਿਚਾਰ ਮਨੁੱਖ ਦੇ ਕੋਲੋਂ ਕਰਵਾਉਂਦੇ ਹਨ, ਮਨੁੱਖ ਉਸੇ ਗੱਲ ਪਿੱਛੇ ਲੱਗਦਾ ਹੈ ਜਿਸ ਪਾਸੇ ਮਨ ਦੇ ਵਿਚਾਰ ਉਸ ਨੂੰ ਲਗਾਉਂਦੇ ਹਨ। ਇਸ ਸੰਸਾਰ ਵਿਚ ਆਉਣਾ ਜਾਣਾ ਕੀ ਹੈ ਇਸ ਗੱਲ ਦੀ ਸੋਝੀ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਪੈਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ ਤੇ ਮਨੁੱਖ ਇਸ ਸੰਸਾਰ ਵਿਚ ਆਉਂਦਾ ਜਾਂਦਾ ਹੈ। ਜਦੋਂ ਅਸੀਂ ਆਪਣੇ ਅੰਦਰੋਂ ਮਨ ਦੇ ਵਿਚਾਰਾਂ ਰਾਹੀਂ ਚਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ

36/4289

ਲੈਂਦੇ ਹਾਂ ਫਿਰ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਹੋਂਦ ਨਹੀਂ ਹੈ ਬਲਕਿ ਸਾਡੀ ਆਕਾਰ ਰੂਪ ਹੋਂਦ ਪ੍ਰਮਾਤਮਾ ਦੀ ਆਪਣੀ ਹੀ ਹੈ ਤੇ ਉਹ ਆਪ ਹੀ ਇਸ ਹੋਂਦ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਮਨ ਦੇ ਵਿਚਾਰਾਂ ਦੁਆਰਾ ਚਲਾ ਰਿਹਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝੇ ਬਿਨਾ ਅਸੀਂ **"ਮੈਂ"** ਵਿਚ ਰਹਿੰਦੇ ਹਾਂ ਭਾਵ ਹਉਮੈ ਵਿਚ ਰਹਿੰਦੇ ਹਾਂ ਕਿ ਇਹ ਮਨੁੱਖੀ ਸਰੀਰ ਮੇਰਾ ਹੈ ਤੇ ਜਦੋਂ ਕਿਸੇ ਦਾ ਸਰੀਰ ਬਿਨਸਦਾ ਹੈ ਅਸੀਂ ਇਹ ਸਮਝਦੇ ਹਾਂ ਕਿ ਕਿਸੇ ਮਨੁੱਖ ਦੀ ਮੌਤ ਹੋਈ ਹੈ। ਜਦੋਂ ਕੋਈ ਮਨੁੱਖੀ ਹੋਂਦ ਹੈ ਹੀ ਨਹੀਂ ਫਿਰ ਕਿਸੇ ਮਨੁੱਖੀ ਹੋਂਦ ਦੀ ਮੌਤ ਹੋ ਵੀ ਕਿਵੇਂ ਸਕਦੀ ਹੈ। ਇਸ ਹੋਂਦ ਨੂੰ ਚਲਾਉਣ ਵਾਲਾ ਆਪ ਨਿਰੰਕਾਰ ਰੂਪ ਮਨ ਹੈ ਜਿਸ ਦਾ ਹੁਕਮ ਸਭ ਦੇ ਅੰਦਰ ਚਲ ਰਿਹਾ ਹੈ। ਮਨ ਦੇ ਹੁਕਮ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਰੂਪ ਪੜਦੇ ਵਿਚ ਰਖਿਆ ਹੋਇਆ ਹੈ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਦੇ ਹਾਂ ਜਦ ਕਿ ਅਸੀਂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਾਂ। ਸਾਰੀ ਗੱਲ ਸਾਡੇ ਮਨ ਦੀ ਸੋਝੀ ਨਾਲ ਜੁੜੀ ਹੋਈ ਹੈ, ਮਨ ਦੇ ਵਿਚ ਚਲ ਰਹੇ ਪ੍ਰਮਾਤਮਾ ਦੇ ਹੁਕਮ ਨਾਲ ਜੁੜੀ ਹੋਈ ਹੈ ਕਿ ਉਹ ਸਾਨੂੰ ਭਰਮ ਵਿਚ ਹੀ ਰੱਖਣਾ ਚਾਹੁੰਦਾ ਹੈ ਜਾਂ ਭਰਮ ਵਿਚੋਂ ਕੱਢ ਕੇ ਸਾਨੂੰ ਸਾਡੀ ਅਸਲੀਅਤ ਸਮਝਾਉਣੀ

ਚਾਹੁੰਦਾ ਹੈ ਕਿ ਅਸੀਂ ਕੀ ਹਾਂ। ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁੱਝੇ ਬਿਨਾ ਅਸੀਂ ਇੱਕ ਮਨੁੱਖ ਹਾਂ ਜੋ ਕਿ ਝੂਠੀ ਗੱਲ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁੱਝਣ ਦੁਆਰਾ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਜੋ ਕਦੇ ਮਰ ਨਹੀਂ ਸਕਦਾ। ਮਰਦਾ ਅਸਲ ਵਿਚ ਕੋਈ ਵੀ ਨਹੀਂ ਹੈ ਭਾਵ ਮਨੁੱਖ ਦੇ ਰੂਪ ਵਿਚ ਬਾਰ-ਬਾਰ ਭਰਮ ਹੀ ਆ ਜਾ ਰਿਹਾ ਹੈ, ਸਹਸਾ ਹੀ ਆ ਜਾ ਰਹੀ ਹੈ, ਹਉਮੈ ਹੀ ਆ ਜਾ ਰਹੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁੱਝ ਲੈਣ ਦੇ ਨਾਲ ਫਿਰ ਮਨੁੱਖ ਆਵਾਗਉਣ ਤੋਂ ਮੁਕਤ ਹੋ ਜਾਂਦਾ ਹੈ ਕਿਉਂਕਿ ਫਿਰ ਉਸ ਨੂੰ ਸਮਝ ਲਗ ਜਾਂਦੀ ਹੈ ਕਿ ਅਸਲ ਵਿਚ ਸਭ ਕੁਝ ਪ੍ਰਮਾਤਮਾ ਹੀ ਹੈ ਜੋ ਕਿ ਆਵਾਗਉਣ ਤੋਂ ਮੁਕਤ ਹੈ। ਅਸੀਂ ਪ੍ਰਮਾਤਮਾ ਦਾ ਰੂਪ ਬਣਕੇ ਹੀ ਆਵਾਗਉਣ ਤੋਂ ਮੁਕਤ ਹੁੰਦੇ ਹਾਂ। ਜਦ ਤਕ ਅਸੀਂ ਮਨ ਦੇ ਬੰਧਨ ਵਿਚ ਹਾਂ ਅਸੀਂ ਆਵਾਗਉਣ ਨਾਲ ਜੁੜੇ ਹੋਏ ਹਾਂ ਤੇ ਮਨ ਦੇ ਭਰਮ ਰੂਪ ਬੰਧਨ ਵਿਚੋਂ ਨਿਕਲਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਲੈਂਦੇ ਹਾਂ ਤੇ ਉਸ ਦੇ ਵਿਚ ਹੀ ਸਮਾ ਜਾਂਦੇ ਹਾਂ, ਉਸ ਦੇ ਨਿਰੰਕਾਰ ਰੂਪ ਵਿਚ, ਬ੍ਰਹਮ ਗਿਆਨ ਰੂਪ ਵਿਚ ਸਮਾ ਜਾਂਦੇ ਹਾਂ ਤੇ ਆਵਾਗਉਣ ਤੋਂ ਮੁਕਤ ਹੋ ਜਾਂਦੇ ਹਾਂ। ਜਿਸਨੂੰ ਵੀ ਪ੍ਰਮਾਤਮਾ ਆਵਾਗਉਣ ਤੋਂ ਮੁਕਤ ਕਰਦਾ ਹੈ ਉਸ ਨੂੰ ਜਿਉਂਦੇ ਹੋਏ ਹੀ ਮੁਕਤ ਕਰਦਾ ਹੈ। (**ਬਹੁਰਿ ਹਮ ਕਾਹੇ ਆਵਹਿਗੇ॥ ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥**)

36/4290

ਮਨੁੱਖ ਦਾ ਆਵਾਗਉਣ ਕੀ ਹੈ ਭਾਵ ਮਨੁੱਖ ਕਿਥੋਂ ਆਉਂਦਾ ਹੈ ਤੇ ਕਿਥੇ ਜਾਂਦਾ ਹੈ ਇਸ ਗੱਲ ਨੂੰ ਅਸੀਂ ਲੇਖ ਵਿਚ ਕੁਝ ਪਿਛੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਹੈ।

“ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥
ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥੧॥
ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥
ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥”

(ਅੰਗ - ੧੫੨)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਜੋ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ। ਮਨੁੱਖ ਦਾ ਆਵਾਗਉਣ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਅਸੀਂ ਭਰਮ ਦੇ ਬੰਧਨ ਵਿਚ ਹਾਂ ਜਾਂ ਭਰਮ ਦੇ ਬੰਧਨ ਤੋਂ ਮੁਕਤ ਹਾਂ। ਸਾਡੇ ਅੰਦਰ ਭਰਮ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ **“ਸਹਜੁ”** ਦੇ ਰੂਪ ਵਿਚ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ ਤੇ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਵਿਚ ਆਪਣੇ ਹੁਕਮ ਰਾਹੀਂ ਸਾਨੂੰ ਆਪ ਹੀ ਇਹ ਸੋਝੀ ਪਾਉਂਦਾ ਹੈ ਕਿ ਅਸੀਂ ਇੱਕ ਮਨੁੱਖ ਹਾਂ ਜੋ ਕਿ ਅਸਲ ਵਿਚ ਅਸੀਂ ਪ੍ਰਮਾਤਮਾ ਤੋਂ ਵੱਖਰਾ ਰੂਪ ਨਹੀਂ ਹਾਂ ਭਾਵ ਇਹ ਸਾਡਾ ਭਰਮ ਹੈ ਜੋ ਮਨ ਦੇ ਵਿਚੋਂ ਹੀ ਉਪਜਦਾ ਹੈ ਤੇ ਉਸ ਭਰਮ ਦੀ ਸਮਝ ਆਏ ਬਿਨਾ ਮਨ ਦੇ ਭਰਮ ਵਿਚ ਹੀ ਰਹਿ ਜਾਂਦਾ ਹੈ। ਆਪਣੀ ਮਨੁੱਖੀ ਹੋਂਦ ਸਮਝਣਾ ਇਹ ਮਨ ਦਾ ਭਰਮ ਹੀ ਹੈ ਕਿਉਂਕਿ ਪੂਰਾ ਜੀਵਨ ਅਸੀਂ ਮਨੁੱਖੀ ਹੋਂਦ ਵਾਲੀ ਸੋਝੀ ਜੋ ਸਾਡੇ ਮਨ ਦੇ ਵਿਚੋਂ ਉਪਜਦੀ ਹੈ ਤੇ ਮਨ ਦੇ ਵਿਚ ਹੀ ਰਹਿੰਦੀ ਹੈ, ਜੀਵਨ ਦੇ ਅੰਤ ਤੱਕ ਹੀ ਰਹਿੰਦੀ ਹੈ ਭਾਵ ਜੋ ਭਰਮ ਪੂਰਾ ਜਨਮ ਬਣਿਆ ਹੀ ਰਹਿੰਦਾ ਹੈ, ਅਸੀਂ ਭਰਮ ਵਿਚ ਹੀ ਸਮਾਏ ਰਹਿੰਦੇ ਹਾਂ ਕਿ ਇਹ ਸਰੀਰ ਮੇਰਾ ਹੈ ਜੋ ਕਿ ਅਸਲ ਵਿੱਚ ਸਾਡੀ ਨਾਸਮਝੀ ਹੈ ਕਿਉਂਕਿ ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਆਕਾਰ ਰੂਪ ਉਸਦਾ ਆਪਣਾ ਰੂਪ ਹੀ ਹੈ ਤੇ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ। ਇਸ ਭਰਮ ਵਾਲੇ ਵਿਚਾਰਾਂ ਵਿਚੋਂ ਜਦੋਂ ਪ੍ਰਮਾਤਮਾ ਕਿਸੇ ਨੂੰ ਕੱਢ ਲੈਂਦਾ ਹੈ ਉਹ ਫਿਰ ਪ੍ਰਮਾਤਮਾ ਦੇ ਸੱਚੇ ਗਿਆਨ ਵਾਲੇ ਵਿਚਾਰਾਂ ਵਿਚ ਸਮਾ ਜਾਂਦਾ ਹੈ ਜਿੰਨ੍ਹਾਂ ਵਿਚਾਰਾਂ ਦੁਆਰਾ ਮਨੁੱਖ ਨੂੰ ਇਹ ਸਮਝ ਲਗ ਜਾਂਦੀ ਹੈ ਕਿ ਇਸ ਮਨੁੱਖੀ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਜੋ ਇਸ ਮਨੁੱਖੀ ਰੂਪ ਨੂੰ ਆਪ ਆਪਣੇ ਗਿਆਨ ਦੁਆਰਾ ਬਣਾਕੇ ਆਪ ਹੀ ਇਸ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਿਹਾ ਹੈ, ਜੋਤਿ ਰੂਪ ਗਿਆਨ ਦੁਆਰਾ ਚਲਾ ਰਿਹਾ ਹੈ। ਜਦ ਤਕ ਮਨੁੱਖ ਦੇ ਅੰਦਰ ਜੋਤਿ ਚੱਲਦੀ ਰਹਿੰਦੀ ਹੈ ਤਦ ਤਕ ਹੀ ਇਹ ਆਕਾਰ ਰੂਪ ਦੇਹ ਚਲਦੀ ਹੈ। ਅੰਦਰੋਂ ਜੋਤਿ ਦੇ ਨਿਕਲਣ ਦੁਆਰਾ ਇਹ ਮਿੱਟੀ ਰੂਪ ਸਰੀਰ ਮਿੱਟੀ ਵਿਚ ਹੀ ਰਲ ਜਾਂਦਾ ਹੈ ਤੇ ਇਸ ਸਰੀਰ ਨੂੰ ਬਨਾਉਣ ਵਾਲੀ ਜੋਤਿ ਤੇ ਚਲਾਉਣ ਵਾਲੀ ਜੋਤਿ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਜੋ ਕਦੇ ਮਰ ਨਹੀਂ ਸਕਦਾ। ਜਦ ਤਕ ਸਾਡੇ ਅੰਦਰ ਭਰਮ ਹੈ ਤਦ ਤਕ ਅਸੀਂ ਇੱਕ ਮਨੁੱਖ ਹਾਂ

36/4291

ਜਿਸ ਕਰਕੇ ਅਸੀਂ ਆਪਣੇ ਆਪ ਨੂੰ ਜਨਮ ਮਰਣ ਨਾਲ ਜੋੜਿਆ ਹੋਇਆ ਹੈ। ਮਨ ਦਾ ਭਰਮ ਨਿਕਲਣ ਦੇ ਨਾਲ ਅਸੀਂ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਾਂ। ਇਹੀ ਸਾਡੀ ਮੁਕਤੀ ਹੈ ਜੋ ਮਨ ਦੇ ਵਿਚਾਰਾਂ ਰਾਹੀਂ ਮਨ ਦੇ ਵਿਚੋਂ ਹੀ ਮਿਲਦੀ ਹੈ ਜੋ ਮੁਕਤੀ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਜਿਉਂਦੇ ਹੋਏ ਹੀ ਦਿੰਦਾ ਹੈ। ਮਰਨ ਤੋਂ ਬਾਦ ਮੁਕਤੀ ਦੀ ਆਸ ਰਖਣਾ ਸਾਡਾ ਭਰਮ ਹੀ ਹੈ। (**ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ॥ ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ॥**) ਮੁਕਤੀ ਨਾਮ ਦੀ ਪ੍ਰਾਪਤੀ ਨਾਲ ਹੀ ਹੁੰਦੀ ਹੈ ਜੋ ਕਿ ਸਾਡੇ ਅੰਦਰ ਗਿਆਨ ਦੇ ਰੂਪ ਵਿਚ ਹੀ ਹੈ।

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥}

(ਅੰਗ - ੧੧੭)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ - ੫੯੩)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ - ੧੦੬੯)

ਮੁਕਤੀ ਮਨੁੱਖ ਨੂੰ ਆਪਣੇ ਜਿਉਂਦੇ ਹੋਏ ਹੀ ਮਿਲ ਸਕਦੀ ਹੈ ਜੋ ਕਿ ਮਨ ਦੇ ਵਿਚੋਂ ਮਨ ਦੀ ਸੋਝੀ ਦੁਆਰਾ ਹੀ ਮਿਲਦੀ ਹੈ ਜੋ ਮੁਕਤੀ ਮਨ ਦੇ ਵਿਚ ਪ੍ਰਮਾਤਮਾ ਪ੍ਰਗਟ ਹੋ ਕੇ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਬਖਸ਼ਦਾ ਹੈ ਤੇ ਮੁਕਤੀ ਨੂੰ ਕੇਵਲ ਉਹੀ ਮਨੁੱਖ ਜਾਣ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣ ਲੈਂਦਾ ਹੈ। ਜਿਸ ਨੂੰ ਮੁਕਤੀ ਦੀ ਸਮਝ ਨਹੀਂ ਹੈ ਉਸ ਨੂੰ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਨਹੀਂ ਹੈ, ਪ੍ਰਮਾਤਮਾ ਦੇ ਨਾਮ ਰੂਪ ਦੀ ਸਮਝ ਨਹੀਂ ਹੈ। ਸਾਰਾ ਸੰਸਾਰ ਭਰਮ ਵਿਚ ਹੀ ਹੈ ਕਿ ਮੁਕਤੀ ਦੀ ਪ੍ਰਾਪਤੀ ਕਰਨਾ ਕੀ ਹੈ। ਪੂਰੀ ਗੁਰਬਾਣੀ ਭਰਮ ਤੋਂ ਮੁਕਤ ਹੈ, ਆਪਣੇ ਸੱਚੇ ਗਿਆਨ ਰਾਹੀਂ ਮੁਕਤ ਹੈ ਭਾਵ ਬ੍ਰਹਮ ਗਿਆਨ ਰਾਹੀਂ ਮੁਕਤ ਹੈ। ਜਿਸ ਨੂੰ ਵੀ ਪ੍ਰਮਾਤਮਾ ਮੁਕਤ ਕਰਦਾ ਹੈ ਉਸਨੂੰ ਜਿਉਂਦੇ ਜੀਅ ਹੀ ਮੁਕਤ ਕਰਦਾ ਹੈ, ਆਪਣਾ ਬ੍ਰਹਮ ਗਿਆਨ ਬਖਸ਼ਕੇ, ਨਾਮ ਬਖਸ਼ਕੇ ਮੁਕਤ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ

36/4292

ਰਚਨਾ ਕਰਨ ਵਾਲਿਆਂ ਨੂੰ ਜਿਉਂਦੇ ਜੀਅ ਮੁਕਤ ਕੀਤਾ ਹੈ। ਇਸ ਗੱਲ ਨੂੰ ਧੰਨ ਧੰਨ ਭਗਤ ਬੇਣੀ ਜੀ ਦੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਜੋ ਉਹਨਾਂ ਦੇ ਮੁਖੋਂ ਪ੍ਰਮਾਤਮਾ ਨੇ ਆਪ ਹੀ ਉਚਾਰੀਆਂ ਹੋਈਆਂ ਹਨ।

“ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥”

(ਅੰਗ - ੯੩)

ਉਪਰ ਪਹਿਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਅਸੀਂ ਮੁਕਤੀ ਕਿਸ ਚੀਜ ਤੋਂ ਪਾਉਣੀ ਹੈ, ਕਿਸ ਗੱਲ ਤੋਂ ਪਾਉਣੀ ਹੈ। ਮੁਕਤੀ ਅਸੀਂ ਆਪਣੀ ਹਉਮੈ ਤੋਂ ਹੀ ਪਾਉਣੀ ਹੈ ਜਿਸ ਹਉਮੈ ਦੇ ਰਹਿੰਦਿਆਂ ਅਸੀਂ ਆਪਣੀ ਦੇਹ ਨੂੰ, ਆਪਣੇ ਸਰੀਰ ਨੂੰ

ਆਪਣਾ ਸਮਝਦੇ ਹਾਂ ਭਾਵ ਆਪਣੀ ਹੋਂਦ ਸਮਝਦੇ ਹਾਂ ਤੇ ਮਨੁੱਖੀ ਦੇਹ ਦਾ ਮਾਣ ਕਰਦੇ ਹਾਂ। ਇਹ ਸਾਡੀ ਮੈਂ ਹੈ। ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਇਸ ਮਨੁੱਖੀ ਦੇਹ ਦੇ ਰੂਪ ਵਿਚ ਮੈਂ ਨਹੀਂ ਹੈ ਭਾਵ ਇਸ ਦੇਹ ਨੂੰ ਚਲਾਉਣ ਵਾਲਾ ਆਪ ਪ੍ਰਮਾਤਮਾ ਹੈ ਤਾਂ ਫਿਰ ਅਸੀਂ ਮਨ ਦੇ ਭਰਮ ਤੋਂ ਮੁਕਤ ਹੋ ਜਾਂਦੇ ਹਾਂ ਕਿ ਮਨੁੱਖ ਦਾ ਆਪਣਾ ਕੋਈ ਵਜੂਦ ਨਹੀਂ ਹੈ ਬਲਕਿ ਮਨੁੱਖੀ ਰੂਪ ਵਿਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ। ਮਨ ਦੇ ਵਿਚ ਇਸ ਗੱਲ ਦੀ ਸੋਝੀ ਪੈਣਾ ਹੀ ਸਾਡੀ ਮੁਕਤੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਪੰਜਾਂ ਤੱਤਾਂ ਨੂੰ ਬਣਾਕੇ ਆਪ ਹੀ ਉਹਨਾਂ ਨੂੰ ਵੱਖਰੇ ਵੱਖਰੇ ਆਕਾਰਾਂ ਵਿਚ ਬਦਲਕੇ ਆਪਣੇ ਛੇਵੇਂ ਤੱਤ ਦੁਆਰਾ ਚਲਾ ਰਿਹਾ ਹੈ ਭਾਵ ਪੰਜੇ ਤੱਤਾਂ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਕੇ ਉਹਨਾਂ ਨੂੰ ਅਪਣੇ ਨਿਰੰਕਾਰ ਰੂਪ ਦੁਆਰਾ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦਾ ਇਹ ਨਿਰੰਕਾਰ ਰੂਪ ਹੀ ਉਸਦਾ ਆਪਣਾ ਗਿਆਨ ਰੂਪ ਹੈ ਜੋ ਉਸਦਾ ਗਿਆਨ ਤੱਤ ਹੈ। ਸਾਡੇ ਮਨ ਦੇ ਵਿਚ ਪ੍ਰਮਾਤਮਾ ਆਪਣੇ ਗਿਆਨ ਤੱਤ ਦੁਆਰਾ, ਛੇਵੇਂ ਤੱਤ ਦੁਆਰਾ ਹੀ ਵਿਚਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਸਭ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ ਤੇ ਆਕਾਰ ਰੂਪ ਕੀ ਹੈ। ਸਾਡਾ ਸਰੀਰ ਆਕਾਰ ਰੂਪ ਹੈ ਜਿਸ ਦੀ ਸਮਝ ਨਿਰੰਕਾਰ ਰੂਪ ਦੁਆਰਾ ਪੈਂਦੀ ਹੈ ਤੇ ਸਮਝ ਲਗਦੀ ਹੈ ਕਿ ਆਕਾਰ ਤੇ ਨਿਰੰਕਾਰ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਭਾਵ ਇਹ ਸਰੀਰ ਦੇ ਰੂਪ ਵਿਚ ਉਸ ਨੂੰ ਆਪਣੇ ਨਿਰੰਕਾਰ ਰੂਪ ਵਿਚ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਦੀ ਸੋਝੀ ਪਏ ਬਿਨਾ ਕਿ ਜਿਸ ਦੇਹ ਦਾ ਅਸੀਂ ਮਾਣ ਕਰਦੇ ਹਾਂ ਉਸ ਦੇਹ ਦੀ ਆਪਣੀ ਕੋਈ ਵੁਕਤ ਨਹੀਂ ਹੈ ਭਾਵ ਇਹ ਦੇਹ ਇੱਕ **"ਨਿਕੁਟੀ"** ਜਿਹੀ ਵਸਤੂ ਹੈ ਜਿਸ ਨੂੰ ਅਸੀਂ ਉੱਚਾ ਸਮਝਿਆ ਹੋਇਆ ਹੈ ਤੇ ਵਿਅਰਥ ਵਿਚ ਹੀ ਉਸ

ਦਾ ਮਾਣ ਕਰਦੇ ਹਾਂ। ਅਸੀਂ ਉਸ ਚੀਜ ਦਾ ਮਾਣ ਕਰਦੇ ਹਾਂ ਜੋ ਚੀਜ ਸਾਡੀ ਹੈ ਹੀ ਨਹੀਂ। ਆਕਾਰ ਰੂਪ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਵਸਤੂ ਹੈ ਜੋ ਵਸਤੂ ਉਸ ਲਈ ਬਹੁਤ ਛੋਟੀ ਹੈ ਭਾਵ **"ਨਿਕੁਟੀ"** ਹੈ। ਇਸ ਗੱਲ ਦੀ ਸਮਝ ਸਾਨੂੰ ਮਨ ਦੇ ਵਿਚੋਂ ਹੀ ਪੈਂਦੀ ਹੈ, ਮਨ ਦੀ **"ਧੁਨਿ"** ਦੁਆਰਾ ਹੀ ਪੈਂਦੀ ਹੈ। ਸਾਡੀ ਮਨ ਦੀ ਧੁਨਿ ਕੀ ਹੈ ਇਸ ਗੱਲ ਨੂੰ ਅਸੀਂ ਪਿਛੇ ਬਰੀਕੀ ਨਾਲ ਸਮਝਿਆ ਹੈ। ਸਾਡੇ ਮਨ ਦੀ ਧੁਨਿ ਸਾਡੇ ਮਨ ਦੀ ਸੋਝੀ ਹੈ, ਸਾਡੇ ਮਨ ਦੇ ਵਿਚਾਰ ਹਨ ਜਿੰਨ੍ਹਾਂ ਦੁਆਰਾ ਸਾਨੂੰ ਸਭ ਸਮਝ ਪੈਂਦੀ ਹੈ। ਜਦ ਤਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹਾਂ ਤਦ ਤਕ ਅਸੀਂ ਮਾਇਆ ਦੀ ਧੁਨਿ ਵਿਚ ਰਹਿੰਦੇ ਹਾਂ ਜੋ ਮਨ ਦੀ ਸੋਝੀ ਸਾਨੂੰ ਅਗਿਆਨਤਾ ਨਾਲ ਜੋੜ ਕੇ ਰਖਦੀ ਹੈ, ਭਰਮਾਂ ਵਿਚ ਰਖਦੀ ਹੈ ਤੇ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਣ ਦਿੰਦੀ ਕਿ ਇਹ ਸਰੀਰ ਕੀ ਹੈ ਤੇ ਇਸ ਨੂੰ ਕੌਣ ਚਲਾ ਰਿਹਾ ਹੈ। ਜਦੋਂ ਸਾਨੂੰ ਇਸ ਸਰੀਰ ਦੀ ਸੋਝੀ ਪੈਂਦੀ ਹੈ ਫਿਰ ਸਾਡੇ ਅੰਦਰੋਂ ਸੱਚੇ ਗਿਆਨ ਵਾਲੀ ਧੁਨਿ ਉਪਜਦੀ ਹੈ ਜੋ ਸਾਨੂੰ ਸਾਡੀ ਅਸਲੀਅਤ ਸਮਝਾਉਂਦੀ ਹੈ ਕਿ ਸਾਡੇ ਮਨ ਦੇ ਅੰਦਰ ਕੌਣ ਹੈ ਜਿਸ ਰਾਹੀਂ ਸਾਡੇ ਅੰਦਰ ਸਾਰੇ ਵਿਚਾਰ ਉਪਜਦੇ ਹਨ। ਸਾਡੇ ਅੰਦਰ ਸੱਚੀ ਧੁਨਿ ਉਪਜਣ ਨਾਲ ਸਾਡੀ ਮੈਂ ਮਿੱਟ ਜਾਂਦੀ ਹੈ, ਸਾਡਾ ਦੇਹ ਦਾ ਮਾਣ ਖਤਮ ਹੋ ਜਾਂਦਾ ਹੈ ਭਾਵ ਸਾਡੀ ਹਉਮੈ ਮਿੱਟ ਜਾਂਦੀ ਹੈ। ਜਦ ਤਕ ਅਸੀਂ ਮੈਂ ਵਿਚ ਰਹਿੰਦੇ ਹਾਂ ਤਦ ਤਕ ਅਸੀਂ ਇਹ ਨਹੀਂ ਜਾਣ ਸਕਦੇ ਕਿ ਮਨੁੱਖ ਦੀ ਅਸਲੀਅਤ ਕੀ ਹੈ, ਇਸ ਦੇਹ ਦੀ ਸਚਾਈ ਕੀ ਹੈ। (**ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥**)

ਸਾਡੀ ਮੈਂ ਕਿਉਂ ਨਹੀਂ ਜਾਂਦੀ ਭਾਵ ਸਾਨੂੰ ਸਾਡੀ ਅਸਲੀਅਤ ਦੀ ਸੋਝੀ ਕਿਉਂ ਨਹੀਂ ਪੈਂਦੀ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥"

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਆਪਣੀ ਮੈਂ ਤੋਂ ਮੁਕਤੀ ਦਾ ਹੈ ਭਾਵ ਮੈਂ ਖਤਮ ਕਰਨ ਦਾ ਹੈ ਪਰ ਮਨ ਦੀ ਮਾੜੀ ਸੋਝੀ ਕਰਕੇ ਮਨੁੱਖ ਆਪਣੇ ਜੀਵਨ ਵਿਚ ਆਪਣੇ ਆਪ ਨੂੰ ਹੋਰ ਉੱਚਾ ਕਰਨ ਦਾ ਉਪਰਾਲਾ ਕਰਦਾ ਹੈ। ਇਹ ਸਾਡਾ ਲਾਲਚ ਹੈ, ਮਨ ਦਾ ਲੋਭ ਹੈ ਕਿ ਸਾਨੂੰ ਸਾਰੇ ਵੱਡਾ ਕਰਕੇ ਜਾਨਣ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਾਬਿਤ ਕਰਨਾ ਵੀ ਸਾਡੇ ਮਨ ਦਾ ਲਾਲਚ ਹੀ ਹੈ ਜਿਸ ਨਾਲ ਸਾਡੀ ਹਉਮੈ ਹੀ ਉੱਚੀ ਹੁੰਦੀ ਹੈ ਤੇ ਸਾਨੂੰ ਸਮਾਜ ਦੇ ਵਿਚੋਂ

ਮਾਣ ਮਿਲਦਾ ਹੈ। ਆਪਣੇ ਜੀਵਨ ਵਿਚ ਹਰ ਕੋਈ ਉੱਚਾ ਪਦ ਹਾਸਿਲ ਕਰਨਾ ਚਾਹੁੰਦਾ ਹੈ ਜਿਸ ਦੁਆਰਾ ਵਡਿਆਈ ਮਨੁੱਖ ਦੀ ਹੁੰਦੀ ਹੈ ਜਿਸ ਵਿਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ ਜੋ ਇਸ ਸਰੀਰ ਦਾ ਅਸਲ ਵਿਚ ਮਾਲਕ ਹੈ। ਮਨੁੱਖ ਦੀ ਵਡਿਆਈ ਸਾਨੂੰ ਪ੍ਰਮਾਤਮਾ ਦੀ ਵਡਿਆਈ ਤੋਂ ਦੂਰ ਕਰਦੀ ਹੈ। ਆਪਣੇ ਆਪ ਨੂੰ ਉੱਚਾ ਕਰਨਾ ਸਾਡੀ ਅਗਿਆਨਤਾ ਹੈ, ਸਾਡਾ ਅੰਧਾਪਨ ਹੈ। ਅਸੀਂ

ਮੁਕਤੀ ਇਸ ਅੰਧੇਪਨ ਤੋਂ ਹੀ ਪਾਉਣੀ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੀ ਹੈ। ਜਿਹੋ ਜਿਹੇ ਭਗਤੀ ਦੇ ਮਾਰਗ ਤੇ ਅਸੀਂ ਚਲ ਰਹੇ ਹਾਂ ਉਸ ਨਾਲ ਸਾਡੀ ਮੈਂ ਹੀ ਵੱਧਦੀ ਹੈ ਜੋ ਕਿ ਸਾਡਾ ਅੰਧਾਪਨ ਹੈ। ਪੂਰੀ ਗੁਰਬਾਣੀ ਵਿਚ ਸਾਨੂੰ ਅੰਧੇ ਮਾਰਗ ਵਿਚੋਂ ਨਿਕਲਕੇ ਸਹੀ ਮਾਰਗ ਤੇ ਚਲਣਾ ਸਮਝਾਇਆ ਹੋਇਆ ਹੈ ਜੋ ਸਾਡੀ ਹਉਮੈ ਖਤਮ ਕਰਨ ਦਾ ਮਾਰਗ ਹੈ, ਸੱਚ ਤੇ ਚੱਲਣ ਦਾ ਮਾਰਗ ਹੈ, ਭਰਮਾਂ ਤੋਂ ਰਹਿਤ ਹੋਣ ਦਾ ਮਾਰਗ ਹੈ। (**ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥ ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥**)

ਜਿਸ ਦੇਹ ਦਾ ਅਸੀਂ ਮਾਣ ਕਰਦੇ ਹਾਂ ਉਸ ਦੇਹ ਦੀ ਕੀ ਵੁਕਤ ਪੈਂਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਹੀ ਇਹ ਸਮਝਾਇਆ ਹੋਇਆ ਹੈ ਕਿ ਮੁਕਤੀ ਇਸ ਦੇਹ ਨੂੰ ਨਹੀਂ ਮਿਲਣੀ। ਮੁਕਤੀ ਉਸ ਗੱਲ ਤੋਂ ਮਿਲਣੀ ਹੈ ਜਿਸ ਕਰਕੇ ਅਸੀਂ ਇਸ ਦੇਹ ਨੂੰ ਉੱਚਾ ਸਮਝਦੇ ਹਾਂ ਭਾਵ ਮੁਕਤੀ ਮਨ ਦੀ ਸੋਝੀ ਨਾਲ ਮਿਲਣੀ ਹੈ ਜੋ ਮੁਕਤੀ ਸਾਡੇ ਜਿਉਂਦੇ ਹੋਏ ਹੀ ਮਿਲ ਸਕਦੀ ਹੈ।

“ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥”

ਸਾਡੀ ਦੇਹ ਦੀ ਕਦਰ ਤਾਂ ਉਦੋਂ ਤੱਕ ਹੀ ਪੈਂਦੀ ਹੈ ਜਦ ਤੱਕ ਇਹ ਦੇਹ ਜਿਉਂਦੀ ਹੈ। ਦੇਹ ਤਾਂ ਸਾਡੀ ਉਹੀ ਰਹਿੰਦੀ ਹੈ ਜੋ ਸਾਨੂੰ ਜਿਉਂਦੇ ਹੋਏ ਦਿਸਦੀ ਹੈ ਜਾਂ ਦੇਹ ਦੇ ਬਿਨਸਨ ਤੋਂ ਬਾਅਦ ਜਿਹੋ ਜਿਹੀ ਦਿਸਦੀ ਹੈ। ਜੋ ਦੇਹ ਸਾਨੂੰ ਦਿਸਦੀ ਹੈ ਉਸਦੇ ਬਿਨਸਨ ਤੋਂ ਬਾਅਦ ਅਸੀਂ ਕੀਮਤ ਨਹੀਂ ਪਾਉਂਦੇ ਫਿਰ ਜਿਉਂਦੇ ਹੋਏ ਕੀਮਤ ਕਿਸ ਗੱਲ ਕਰਕੇ ਪੈਂਦੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਸਾਡੀ ਦੇਹ ਆਕਾਰ ਰੂਪ ਹੈ ਤੇ ਜਦ ਤਕ ਇਹ ਦੇਹ ਜਿਉਂਦੀ ਹੈ ਇਹ ਆਪਣੇ ਅੰਦਰ ਨਿਰੰਕਾਰ ਰੂਪ ਦੁਆਰਾ ਜਿਉਂਦੀ ਹੈ ਭਾਵ ਅੰਦਰ ਦੀ ਜੋਤਿ ਦੁਆਰਾ ਜਿਉਂਦੀ ਹੈ, ਮਨ ਦੇ

ਹੋਣ ਦੁਆਰਾ ਜਿਉਂਦੀ ਹੈ ਭਾਵ ਇਸ ਦੇਹ ਦੀ ਕੀਮਤ ਨਿਰੰਕਾਰ ਰੂਪ ਦੇ ਅੰਦਰ ਰਹਿੰਦੇ ਹੋਏ ਪੈਂਦੀ ਹੈ। ਦੇਹ ਦੇ ਵਿੱਚੋਂ ਨਿਰੰਕਾਰ ਰੂਪ ਦੇ ਨਿਕਲਣ ਤੋਂ ਬਾਅਦ ਇਸ ਆਕਾਰ ਰੂਪ ਦੀ ਕੀਮਤ ਨਹੀਂ ਰਹਿੰਦੀ ਜਿਸ ਤੋਂ ਬਾਅਦ ਇਸ ਨੂੰ ਭਾਵ ਬਿਨਸੀ ਹੋਈ ਦੇਹ ਨੂੰ ਆਪਣੇ ਘਰ ਆਂਗਣ ਵਿਚ ਰੱਖਣਾ ਵੀ ਚੰਗਾ ਨਹੀਂ ਸਮਝਿਆ ਜਾਂਦਾ। ਜਦ ਤਕ ਸਾਡੇ ਅੰਦਰ ਮਨ ਹੈ ਤਦ ਤਕ ਹੀ ਸਾਡੇ ਅੰਦਰ ਤੇਜ ਹੈ ਭਾਵ ਇਸ ਸਰੀਰ ਨੂੰ ਤੇਜ ਦੇਣ ਵਾਲਾ ਭਾਵ ਬਲ ਦੇਣ ਵਾਲਾ ਸਾਡਾ ਮਨ ਹੈ। ਮਨ ਦੇ ਰਾਹੀਂ ਮਨੁੱਖ ਨੂੰ ਗਿਆਨ ਹੀ ਮਿਲਦਾ ਹੈ, ਆਪਣੇ ਅੰਦਰੋਂ ਸੋਝੀ ਹੀ ਮਿਲਦੀ ਹੈ ਭਾਵ ਇਸ ਸਰੀਰ ਦਾ ਬਲ ਇਸ ਸਰੀਰ ਦੇ ਅੰਦਰ ਦਾ ਗਿਆਨ ਹੈ ਭਾਵ ਅੰਦਰ ਦਾ ਨਿਰੰਕਾਰ ਰੂਪ ਹੈ। ਨਿਰੰਕਾਰ ਰੂਪ ਤੋਂ ਬਿਨਾ ਇਸ ਆਕਾਰ ਰੂਪ ਦੀ ਕੀਮਤ ਨਹੀਂ ਹੈ। ਜਦ ਤਕ ਸਾਡੇ ਅੰਦਰ ਦਾ ਮਨ ਭਰਮ ਵਾਲੀ ਸੋਝੀ ਵਿਚ ਰਹਿੰਦਾ ਹੈ ਤਦ ਤਕ ਅਸੀਂ ਇਸ ਦੇਹ ਨੂੰ ਉੱਚਾ ਸਮਝਦੇ ਹਾਂ ਤੇ ਸਾਨੂੰ ਇਸ ਦੇਹ ਤੋਂ ਮੁਕਤੀ ਕਿਵੇਂ ਮਿਲਣੀ ਹੈ ਭਾਵ ਆਵਾਗਉਣ ਤੋਂ ਮੁਕਤੀ ਕਿਵੇਂ ਮਿਲਣੀ ਹੈ ਇਸ ਗੱਲ ਦੀ ਸਮਝ ਨਹੀਂ ਪੈਂਦੀ। ਇਸ ਦੇਹ ਤੋਂ ਮੁਕਤੀ ਇਸ ਦੇਹ ਨੂੰ ਸਮਝਣ ਦੀ ਹੈ ਕਿ ਇਸ ਦੇਹ ਦੇ ਰੂਪ ਵਿੱਚ ਕੌਣ ਹੈ ਭਾਵ ਇਸ ਦੇਹ ਦੇ ਰੂਪ ਵਿੱਚ ਹੋਂਦ ਕਿਸ ਦੀ ਹੈ। ਜਦ ਤਕ ਅਸੀਂ ਦੇਹ ਦੇ ਰੂਪ ਵਿਚ ਮਨੁੱਖੀ ਹੋਂਦ ਸਮਝਦੇ ਹਾਂ ਤਦ ਤੱਕ ਅਸੀਂ ਮੁਕਤ ਨਹੀਂ ਹਾਂ। ਇਸ ਦੇਹ ਤੋਂ ਮੁਕਤੀ ਸਾਡੇ ਮਨ ਦੀ ਸੋਝੀ ਨਾਲ ਜੁੜੀ ਹੋਈ ਹੈ ਜਿਸ ਦੁਆਰਾ ਸਾਨੂੰ ਇਹ ਸਮਝ ਪੈਂਦੀ ਹੈ ਕਿ ਇਸ ਦੇਹ ਦੇ ਰੂਪ ਵਿਚ ਕੌਣ ਹੈ। ਇਹ ਸੋਝੀ ਸਾਨੂੰ ਜਿਉਂਦੇ ਹੋਏ ਹੀ ਪੈ ਸਕਦੀ ਹੈ ਭਾਵ ਮੁਕਤੀ ਅਸੀਂ ਮਨ ਦੇ ਭਰਮ ਤੋਂ ਲੈਣੀ ਹੈ, ਹਉਮੈ ਤੋਂ ਲੈਣੀ ਹੈ ਤਾਂ ਜੋ ਸਾਨੂੰ ਸਮਝ ਲੱਗ ਸਕੇ ਕਿ ਇਸ ਦੇਹ ਦੀ ਅਸਲੀਅਤ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ। ਇਸ ਦੇਹ ਦੇ ਬਿਨਸਣ ਤੋਂ ਬਾਅਦ ਕਿਸੇ ਦੀ ਮੁਕਤੀ ਨਹੀਂ ਹੋ ਸਕਦੀ। ਉਪਰਲੀਆਂ ਪੰਗਤੀਆਂ ਰਾਹੀਂ ਭਗਤ ਬੇਣੀ ਜੀ ਭਗਤ ਅਖਵਾਉਣ ਵਾਲਿਆਂ ਨੂੰ ਹੀ ਇਹ ਸਮਝਾ ਰਹੇ ਹਨ ਕਿ ਤੁਸੀਂ ਭਗਤ ਤਾਂ ਅਖਵਾਉਂਦੇ ਹੋ ਭਾਵ ਸੰਤ ਆਦਿ ਤਾਂ ਅਖਵਾਉਂਦੇ ਹੋ, ਧਰਮ ਦੇ ਵਿਦਵਾਨ ਆਦਿ ਤਾਂ ਅਖਵਾਉਂਦੇ ਹੋ ਪਰ ਤੁਹਾਨੂੰ ਮੁਕਤੀ ਦੀ ਸਮਝ ਨਹੀਂ ਹੈ। ਮੁਕਤੀ ਸਾਡੇ ਜਿਉਂਦੇ ਹੋਏ ਹੀ ਹੋ ਸਕਦੀ ਹੈ ਤੇ ਜੋ ਜਿਉਂਦੇ ਜੀਅ ਮੁਕਤ ਹੁੰਦਾ ਹੈ ਉਸ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਭਗਤ ਅਖਵਾਉਣਾ ਕੀ ਹੈ,

ਭਗਤੀ ਵਾਲਾ ਅਖਵਾਉਣਾ ਕੀ ਹੈ। ਪ੍ਰਮਾਤਮਾ ਦੀ ਭਗਤੀ ਦੀ ਸੋਝੀ ਮਨ ਦੇ ਭਰਮ ਤੋਂ ਮੁਕਤ ਹੋ ਕੇ ਹੀ ਪੈਂਦੀ ਹੈ ਜੋ ਸੋਝੀ ਮਨ ਦੇ

ਵਿਚ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਤੇ ਕਿਸੇ ਸਰੀਰ ਰਾਹੀਂ ਆਪ ਹੀ ਆਪਣਾ ਭਗਤ ਰੂਪ, ਗੁਰੂ ਰੂਪ ਧਾਰਦਾ ਹੈ ਜਿਸ ਕਰਕੇ ਉਸ ਨੂੰ ਇਹ ਸੋਝੀ ਪੈਂਦੀ ਹੈ ਕਿ ਮੇਰੇ ਸਰੀਰ ਦੇ ਰੂਪ ਵਿਚ, ਮਨੁੱਖੀ ਹੋਂਦ ਦੇ ਰੂਪ ਵਿਚ ਪਰਮਾਤਮਾ ਆਪ ਹੀ ਹੈ ਜਿਸ ਨੇ ਆਪਣੇ ਨਿਰੰਕਾਰ ਰੂਪ ਦੁਆਰਾ, ਬ੍ਰਹਮ ਗਿਆਨ ਰੂਪ ਦੁਆਰਾ ਆਪ ਹੀ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਆਪ ਹੀ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਸਰੀਰ ਦੇ ਬਿਨਸਨ ਤੋਂ ਬਾਅਦ ਮੁਕਤੀ ਦੀਆਂ ਗੱਲਾਂ ਕਰਨੀਆਂ, ਤੀਰਥਾਂ ਆਦਿ ਤੇ ਜਾ ਕੇ ਮੁਕਤੀ ਦੇ ਉਪਰਾਲੇ ਕਰਨੇ, ਮੁਕਤੀ ਦੀਆਂ ਅਰਦਾਸਾਂ ਕਰਨੀਆਂ ਸਾਡਾ ਭਰਮ ਹੀ ਹੈ। ਸਿਖ ਜਗਤ ਵੀ ਇਸ ਭਰਮ ਤੋਂ ਮੁਕਤ ਨਹੀਂ ਹੈ। ਜਿਸ ਨੇ ਆਪਣੇ ਆਪ ਨੂੰ ਵੱਡਾ ਅਖਵਾ ਲਿਆ ਉਹ ਭਰਮ ਵਿਚ ਹੀ ਹੈ ਭਾਵੇਂ ਕੋਈ ਆਪਣੇ ਆਪ ਨੂੰ ਸੰਤ ਕਹਿਕੇ ਵੱਡਾ ਅਖਵਾਉਂਦਾ ਹੈ, ਭਗਤ ਕਹਿ ਕੇ ਵੱਡਾ ਅਖਵਾਉਂਦਾ ਹੈ, ਗਿਆਨੀ, ਬ੍ਰਹਮਗਿਆਨੀ ਆਦਿ ਕਹਿ ਕੇ ਵੱਡਾ ਅਖਵਾਉਂਦਾ ਹੈ ਤੇ ਦੂਸਰਿਆਂ ਨੂੰ ਮੁਕਤੀ ਸਮਝਾਉਂਦੇ ਹਨ ਜੋ ਆਪ ਮੁਕਤ ਨਹੀਂ ਹਨ। ਭਰਮ ਤੋਂ ਮੁਕਤ ਕੇਵਲ ਗੁਰਬਾਣੀ ਹੈ ਭਾਵ ਗੁਰਬਾਣੀ ਦੀ ਵੀਚਾਰ ਭਰਮ ਤੋਂ ਮੁਕਤ ਹੈ ਜਿਸ ਵਿਚਾਰ ਨਾਲ ਜੁੜਕੇ ਅਸੀਂ ਮਨ ਦੇ ਭਰਮ ਤੋਂ ਮੁਕਤ ਹੋਣ ਦਾ ਉਪਰਾਲਾ ਕਰ ਸਕਦੇ ਹਾਂ ਤੇ ਆਪਣੇ ਆਪ ਦੀ ਅਸਲੀਅਤ, ਪ੍ਰਮਾਤਮਾ ਦੀ ਅਸਲੀਅਤ ਨੂੰ ਜਾਣ ਸਕਦੇ ਹਾਂ। (**ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥ ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥**)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥}

(ਅੰਗ - ੧੦੬੬)

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥}

(ਅੰਗ - ੪੯੧)

36/4297

{ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥}

(ਅੰਗ - ੧੫੨)

ਸਾਡੀ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਮਨ ਦਾ ਭਰਮ ਮਿੱਟਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਸਾਡੇ ਮਨ ਦਾ ਭਰਮ ਸਾਡੇ ਅੰਦਰ ਚਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਬੁਝਣ ਦੁਆਰਾ ਹੀ ਮਿਟਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁਝੇ ਬਿਨਾ ਹਰ ਕੋਈ ਭਰਮ ਵਿਚ ਹੀ ਰਹਿੰਦਾ ਹੈ ਕਿ ਇਸ ਮਨੁੱਖੀ ਰੂਪ ਵਿਚ ਮੈਂ ਹਾਂ। ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁੱਝਣ ਨਾਲ ਫਿਰ ਮਨ ਦੇ ਗਿਆਨ ਰਾਹੀਂ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਨਹੀਂ ਸਮਝਦਾ ਤੇ ਮਨ ਦੇ ਗਿਆਨ ਰਾਹੀਂ, ਮਨ ਦੀ ਸੋਝੀ ਰਾਹੀਂ ਪ੍ਰਮਾਤਮਾ ਵਿਚ ਹੀ ਸਮਾ ਜਾਂਦਾ ਹੈ ਭਾਵ ਮਨੁੱਖ ਨੂੰ ਸਮਝ ਲਗ ਜਾਂਦੀ ਹੈ ਕਿ ਮਨੁੱਖੀ ਰੂਪ ਵਿਚ ਆਪ ਪ੍ਰਮਾਤਮਾ ਹੀ ਹੈ ਜੋ ਸਭ ਨੂੰ ਮਨ ਦੇ ਗਿਆਨ ਰਾਹੀਂ ਆਪਣੇ ਹੁਕਮ ਵਿਚ ਚਲਾ ਰਿਹਾ ਹੈ। **(ਬਹੁਰਿ ਹਮ ਕਾਹੇ ਆਵਹਿਗੇ॥ ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥)** ਜਦੋਂ ਮਨੁੱਖ ਪ੍ਰਮਾਤਮਾ ਦਾ ਰੂਪ ਹੀ ਬਣ ਜਾਵੇ ਫਿਰ ਆਵਾਗਉਣ ਕਿਸ ਦਾ ਹੋਇਆ ਭਾਵ ਫਿਰ ਮਰਦਾ ਕੌਣ ਹੈ ਤੇ ਆਉਂਦਾ ਜਾਂਦਾ ਕੌਣ ਹੈ। ਆਉਂਦਾ ਜਾਂਦਾ ਅਸਲ ਵਿਚ ਕੋਈ ਵੀ ਨਹੀਂ ਹੈ। ਭਰਮ ਹੀ ਆਉਂਦਾ ਜਾਂਦਾ ਹੈ, ਹਉਮੈ ਹੀ ਆਉਂਦੀ ਜਾਂਦੀ ਹੈ, ਸਹਸਾ ਹੀ ਆਉਂਦੀ ਜਾਂਦੀ ਹੈ ਜੋ ਹੁਉਮੈ ਭਾਵ ਮਨ ਦੀ ਅਗਿਆਨਤਾ ਮਨੁੱਖੀ ਸਰੀਰ ਦਾ ਸਾਥ ਤਦ ਤੱਕ ਨਹੀਂ ਛੱਡਦੀ, ਪੂਰਾ ਜੀਵਨ ਨਹੀਂ ਛੱਡਦੀ ਜਦ ਤੱਕ ਮਨ ਦੀ ਸਮਝ ਦੇ ਮਾਲਕ ਨੂੰ ਜਿਉਂਦੇ ਜੀਅ ਆਪਣੇ ਅੰਦਰੋਂ ਬੁਝ ਨਹੀਂ ਲਿਆ ਜਾਂਦਾ। ਮਨ ਦੀ ਨਾਸਮਝੀ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਝੂਠੇ ਜਨਮ ਮਰਨ ਦੇ ਗੇੜ ਵਿੱਚ ਸਮਝਦਾ ਹੈ ਕਿਉਂਕਿ ਉਹ ਆਪਣੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਸਮਝੀ ਰੱਖਦਾ ਹੈ। ਆਪਣੀ ਮੈਂ ਵਿੱਚੋਂ ਨਿਕਲਣ ਦਾ ਸਾਧਨ ਕੇਵਲ ਸ਼ਬਦ ਦੀ ਵੀਚਾਰ ਹੈ ਜੋ ਭਰਮ ਤੋਂ ਮੁਕਤ ਹੈ। ਸਾਨੂੰ ਮੁਕਤ ਸ਼ਬਦ ਦੀ ਵਿਚਾਰ ਨੇ ਹੀ ਕਰਨਾ ਹੈ ਤੇ ਮੁਕਤੀ ਅਸੀਂ ਮਨ ਦੇ ਵਿਚਾਰਾਂ ਤੋਂ ਹੀ ਪਾਉਣੀ ਹੈ, ਮਨਮਤਿ ਤੋਂ ਹੀ ਪਾਉਣੀ ਹੈ। ਗੁਰਮਤਿ ਨੂੰ ਮੰਨੇ ਬਿਨਾ ਕੋਈ ਮਨਮਤਿ ਤੋਂ ਮੁਕਤ ਨਹੀਂ ਹੋ ਸਕਦਾ, ਮਨ ਦੀ ਅਗਿਆਨਤਾ ਤੋਂ ਮੁਕਤ ਨਹੀਂ ਹੋ ਸਕਦਾ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਬੁਝ ਸਕਦਾ।

36/4298

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾ, ਉਸਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾ ਸਾਨੂੰ ਹਉਮੈ ਰੂਪ ਚੋਲਾ ਪਾ ਕੇ ਭਾਵ ਅਗਿਆਨਤਾ ਵਾਲੀ ਅਵਸਥਾ ਵਿਚ ਹੀ ਸੰਸਾਰ ਵਿਚ ਰਹਿਣਾ ਪੈਂਦਾ ਹੈ ਕਿਉਂਕਿ ਹਉਮੈ ਮਨੁੱਖ ਦੇ ਅੰਦਰ ਉਸਦੇ ਸੰਸਾਰਿਕ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਜੋ ਮਨੁੱਖ ਨੂੰ ਪੂਰਾ ਜੀਵਨ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਭਾਵ ਨਾਮ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਜਾਨਣ ਤੋਂ ਦੂਰ ਰੱਖਦੀ ਹੈ ਜਿਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਨਣ ਕਰਕੇ ਹੀ ਮਨੁੱਖ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ। ਸਾਡੇ ਮਨ ਦੀ ਅਗਿਆਨਤਾ ਵਾਲੀ ਸੋਝੀ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ, ਗੁਰਮਤਿ ਦੇ ਉਲਟ ਕੰਮ ਕਰਵਾਉਂਦੀ ਹੈ ਜਿਸਦੇ ਰਹਿੰਦਿਆਂ ਅਸੀਂ ਮਨ ਦੀ ਝੂਠੀ ਸਮਝ ਵਿੱਚ ਰਹਿੰਦੇ ਹਾਂ ਜੋ ਸਾਨੂੰ ਝੂਠੇ ਆਵਾਗਉਣ ਵਿੱਚ ਰੱਖਦੀ ਹੈ । ਸਾਡਾ ਉਹ ਹਰ ਕਰਮ ਮਾੜਾ ਹੈ, ਅਉਗੁਣ ਹੈ ਜੋ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਤੇ ਸਾਡੇ ਇਹੋ ਜਿਹੇ ਕਰਮ ਸਾਨੂੰ ਆਵਾਗਉਣ ਵਿਚ ਹੀ ਪਾਉਂਦੇ ਹਨ। ਧਰਮ ਦੇ ਮਾਰਗ ਦੀ ਸੱਚੀ ਸੋਝੀ ਨਾ ਹੋਣ ਕਰਕੇ ਅਸੀਂ ਧਰਮ ਵਾਲੇ ਉਹੋ ਜਿਹੇ ਕਰਮ ਕਰਦੇ ਹਾਂ ਭਾਵ ਜਪਾਂ ਤਪਾਂ ਆਦਿ ਦੁਆਰਾ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਾਂ ਭਾਵ ਭਰਮਾਂ ਨੂੰ ਆਪਣੇ ਅੰਦਰ ਹੋਰ ਦ੍ਰਿੜ ਕਰਦੇ ਹਾਂ, ਹਉਮੈ ਨੂੰ ਆਪਣੇ ਅੰਦਰ ਦ੍ਰਿੜ ਕਰਦੇ ਹਾਂ। ਇਹਨਾਂ ਭਰਮਾਂ ਵਿਚੋਂ ਨਿਕਲਣ ਦਾ ਮਾਰਗ ਗੁਰੂ ਦਾ ਨਾਮ ਹੈ ਜਿਸ ਦੀ ਕਿਸੇ ਨੂੰ ਸਮਝ ਨਹੀਂ ਹੈ। ਜਦ ਤਕ ਅਸੀਂ ਅਸਲ ਰੂਪ ਵਿਚ ਨਾਮ ਨੂੰ ਨਹੀਂ ਸਮਝਦੇ ਤੇ ਉਸ ਅਨੁਸਾਰ ਅਸੀਂ ਆਪਣਾ ਜੀਵਨ ਨਹੀਂ ਬਣਾਉਂਦੇ ਤਦ ਤਕ ਅਸੀਂ ਭਰਮ ਵਿਚੋਂ ਨਿਕਲਣ ਦਾ ਉਪਰਾਲਾ ਨਹੀਂ ਕਰਦੇ। ਜਦ ਤਕ ਅਸੀਂ ਭਰਮ ਵਿਚ ਹਾਂ ਤਦ ਤਕ ਅਸੀਂ ਪ੍ਰਮਾਤਮਾ ਨੂੰ ਵੀ ਕਿਸੇ ਆਕਾਰ ਰੂਪ ਵਿਚ ਹੀ ਸਮਝਦੇ ਹਾਂ ਤੇ ਉਸ ਦੇ ਸਰਗੁਣ ਰੂਪ ਦੇ ਦਰਸ਼ਨ ਕਰਣ ਦੀਆਂ ਗੱਲਾਂ ਕਰਦੇ ਹਾਂ, ਆਕਾਰ ਰੂਪ ਦੇ ਦਰਸ਼ਨਾਂ ਦੀਆਂ ਗੱਲਾਂ ਕਰਦੇ ਹਾਂ। ਜਿਸ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਨਿਰੰਕਾਰ ਰੂਪ ਵਿਚ ਹੁੰਦਾ ਹੈ ਉਹੀ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ ਕਿਉਂਕਿ ਨਾਮ ਦੀ ਸੋਝੀ ਹੀ ਸਾਨੂੰ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੋੜਦੀ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿਚ ਸਮਝਣਾ ਸਾਡੀ ਕਿੰਨੀ ਵੱਡੀ ਭੁੱਲ ਹੈ, ਭਰਮ ਹੈ।

“ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥
ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥੨॥”

(ਅੰਗ - ੧੧੦੩)

ਉਪਰਲੀਆਂ ਪੰਗਤੀਆਂ ਨੂੰ ਬਹੁਤ ਹੀ ਗਹਿਰਾਈ ਨਾਲ

36/4299

ਸਮਝਣ ਦੀ ਲੋੜ ਹੈ ਜਿਸ ਰਾਹੀਂ ਸੰਸਾਰ ਦਾ ਸਭ ਤੋਂ ਵੱਡਾ ਭਰਮ ਕੱਢਿਆ ਹੋਇਆ ਹੈ। ਹਰ ਕੋਈ ਇਸ ਸੰਸਾਰ ਨੂੰ ਪੰਜ ਤੱਤਾਂ ਦੀ ਰਚਨਾ ਸਮਝਦਾ ਹੈ। ਇਹ ਸੰਸਾਰ ਦਾ ਸਭ ਤੋਂ ਵੱਡਾ ਭਰਮ ਹੈ। ਪੰਜ ਤੱਤ ਆਕਾਰ ਰੂਪ ਹਨ ਜਿੰਨ੍ਹਾਂ ਨੂੰ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ। ਜਦ ਤਕ ਸੰਸਾਰ ਪੰਜ ਤੱਤਾਂ ਦੀ ਰਚਨਾ ਦੇ ਮੂਲ ਨੂੰ ਨਹੀਂ ਸਮਝਦਾ ਭਾਵ ਉਸ ਤੱਤ ਨੂੰ ਨਹੀਂ ਸਮਝਦਾ ਕਿ ਪੰਜਾਂ ਤੱਤਾਂ ਨੂੰ ਬਣਾਉਣ ਵਾਲਾ ਕਿਹੜਾ ਤੱਤ ਹੈ ਤਦ ਤਕ ਹਰ ਕੋਈ ਪੰਜਾਂ ਤੱਤਾਂ ਨਾਲ ਹੀ ਜੁੜਿਆ ਰਹਿੰਦਾ ਹੈ ਤੇ ਇਸ ਸੰਸਾਰ ਨੂੰ ਪੰਜ ਤੱਤਾਂ ਦੀ ਰਚਨਾ ਹੀ ਸਮਝਦਾ ਹੈ। ਪੰਜ ਤੱਤਾਂ ਨੂੰ ਬਨਾਉਣ ਵਾਲਾ ਤੇ ਚਲਾਉਣ ਵਾਲਾ ਉਹ ਤੱਤ ਹੈ ਜਿਸ ਦਾ ਕੋਈ ਆਕਾਰ ਨਹੀਂ ਹੈ ਭਾਵ ਉਹ ਤੱਤ ਨਿਰੰਕਾਰ ਹੈ। ਉਹ ਤੱਤ ਛੇਵਾਂ ਤੱਤ ਹੈ ਜੋ ਪੰਜਾਂ ਤੱਤਾਂ ਦਾ ਮੂਲ ਹੈ। ਪ੍ਰਮਾਤਮਾ ਉਸ ਛੇਵੇਂ ਤੱਤ ਵਿਚ ਵਿਚਰਦਾ ਹੈ ਜੋ ਕਿ ਗਿਆਨ ਰੂਪ ਤੱਤ ਹੈ ਜਿਸ ਦਾ ਕੋਈ ਆਕਾਰ ਨਹੀਂ ਬਣ ਸਕਦਾ। ਇਹ ਛੇਵਾਂ ਤੱਤ ਸਾਡੇ ਸਭ ਦੇ ਅੰਦਰ ਹੀ ਹੈ ਜਿਸ ਰਾਹੀਂ ਸਾਨੂੰ ਹਰ ਗੱਲ ਦੀ ਸੋਝੀ ਪੈਂਦੀ ਹੈ। ਇਹ ਤੱਤ ਸਾਡੇ ਅੰਦਰ ਸਾਡਾ ਮਨ ਹੈ ਜਿਸ ਨੂੰ ਅਸੀਂ ਆਤਮਾ ਸਮਝਦੇ ਹਾਂ। ਅਸਲ ਵਿਚ ਇਹ ਤੱਤ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਆਪਣੇ ਹਰ ਆਕਾਰ ਰੂਪ ਵਿਚ ਇਸ ਤੱਤ ਦੁਆਰਾ ਹੀ ਵਿਚਰ ਰਿਹਾ ਹੈ। ਹਰ ਆਕਾਰ ਰੂਪ ਗਿਆਨ ਦੀ ਸੋਝੀ ਦੁਆਰਾ ਬਣਿਆ ਹੈ ਤੇ ਗਿਆਨ ਦੀ ਸੋਝੀ ਦੁਆਰਾ ਹੀ ਉਸ ਦੀ ਹੋਂਦ ਟਿਕੀ ਹੋਈ ਹੈ। ਸਾਰੀ ਵਨਸਪਤੀ, ਸਾਰੇ ਜੀਵ ਕਿਸੇ ਸੋਝੀ ਦੁਆਰਾ ਹੀ ਚਲ ਰਹੇ ਹਨ ਭਾਵ ਗਿਆਨ ਰੂਪ ਤੱਤ ਦੁਆਰਾ ਚੱਲ ਰਹੇ ਹਨ, ਸਾਇੰਟਿਫਿਕ ਗਿਆਨ ਦੁਆਰਾ ਚਲ ਰਹੇ ਹਨ। ਪੂਰੀ ਸਾਇੰਸ ਗਿਆਨ ਤੱਤ ਹੈ ਜਿਸ ਦੁਆਰਾ ਇਹ ਸ੍ਰਿਸ਼ਟੀ ਬਣੀ ਹੈ ਤੇ ਚਲ ਰਹੀ ਹੈ ਭਾਵ ਸਭ ਕੁਝ ਸਾਇੰਟਿਫਿਕਲੀ ਬਣਿਆ ਹੈ ਤੇ ਸਾਇੰਟਿਫਿਕਲੀ ਹੀ ਚੱਲ ਰਿਹਾ ਹੈ। ਇਹ ਪੰਜ ਤੱਤ ਕਿਥੋਂ ਆਏ ਹਨ ਤੇ ਕਿਵੇਂ ਚਲ ਰਹੇ ਹਨ ਜਦ ਤਕ ਸਾਨੂੰ ਇਸ

ਗੱਲ ਦੀ ਸਮਝ ਨਹੀਂ ਪੈਂਦੀ ਕਿ ਇਹ ਸੰਸਾਰ ਕੇਵਲ ਪੰਜ ਤੱਤਾਂ ਦਾ ਬਣਿਆ ਹੋਇਆ ਨਹੀਂ ਹੈ ਬਲਕਿ ਇਸ ਦੇ ਅੰਦਰ ਛੇਵਾਂ ਤੱਤ ਭਾਵ ਗਿਆਨ ਰੂਪ ਤੱਤ ਸ਼ਾਮਿਲ ਹੈ ਤਦ ਤਕ ਹਰ ਕੋਈ ਮਨੁੱਖ ਇਸ ਸੰਸਾਰ ਦੀ ਅਸਲੀਅਤ ਨੂੰ ਜਾਨਣ ਤੋਂ, ਸਮਝਣ ਤੋਂ ਭਰਮ ਵਿਚ ਹੀ ਹੈ। (**ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥**)

{ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥
ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥}

(ਅੰਗ - ੭੩੬)

36/4300

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ - ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ - ੧੨੦)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

ਸਾਡੇ ਅੰਦਰ ਪ੍ਰਮਾਤਮਾ ਗਿਆਨ ਤੱਤ ਦੇ ਰੂਪ ਵਿੱਚ ਹੈ ਜੋ ਸਾਡੇ ਅੰਦਰ ਸਾਇੰਟਿਫਿਕਲੀ ਵਿਚਰ ਰਿਹਾ ਹੈ। ਸਾਨੂੰ ਮਨ ਦੇ ਭਰਮ ਵਿੱਚ ਰੱਖਣ ਵਾਲਾ ਵੀ ਗਿਆਨ ਤੱਤ ਹੈ ਤੇ ਭਰਮ ਵਿੱਚੋਂ ਕੱਢਣ ਵਾਲਾ ਵੀ ਗਿਆਨ ਤੱਤ ਹੈ। ਜਦ ਤੱਕ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੈ ਤਦ ਤਕ ਹਰ ਕੋਈ ਗਿਆਨ ਤੱਤ ਨੂੰ ਜਾਨਣ ਵਿਚ ਅਸਮਰਥ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਵਿੱਚ ਅਸਮਰਥ ਹੈ। ਗਿਆਨ ਤੱਤ ਦੀ ਸੋਝੀ ਚੌਥੇ ਪਦ ਵਿੱਚ ਪੈਂਦੀ ਹੈ ਜੋ ਸਾਨੂੰ ਭਰਮ ਵਾਲੀ ਅਵਸਥਾ ਵਿਚੋਂ ਕੱਢ ਕੇ **"ਸਚੁ"** ਦੇ ਨਾਲ ਜੋੜ ਦਿੰਦਾ ਹੈ, ਨਾਮ ਦੇ ਨਾਲ ਜੋੜ ਦਿੰਦਾ ਹੈ ਭਾਵ ਬ੍ਰਹਮ ਗਿਆਨ ਦੇ ਨਾਲ ਜੋੜ ਦਿੰਦਾ ਹੈ ਭਾਵ ਬ੍ਰਹਮ ਗਿਆਨ ਦੇ ਮਾਲਕ ਬ੍ਰਹਮਗਿਆਨੀ ਦੇ ਨਾਲ ਜੋੜ ਦਿੰਦਾ ਹੈ ਤੇ ਮਨੁੱਖ ਨੂੰ ਪਤਾ ਚੱਲਦਾ ਹੈ ਕਿ ਸਾਡੇ ਸਭ ਦੇ ਅੰਦਰ ਗਿਆਨ ਕਿਥੋਂ ਆਉਂਦਾ ਹੈ। ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿਚ ਉਸ ਦੇ ਨਾਲ ਗਿਆਨ ਰੂਪ ਵਿਚ ਜੁੜਕੇ ਹੀ ਹੁੰਦੇ ਹਨ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਜੋ ਮਨੁੱਖ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝਦੇ ਹਨ, ਆਕਾਰ ਰੂਪ ਵਿੱਚ ਉਸਦੇ ਦਰਸ਼ਨਾਂ ਦੀਆਂ ਗੱਲਾਂ ਕਰਦੇ ਹਨ ਉਹ ਕਿਤਨੇ ਵੱਡੇ ਭਰਮ ਵਿਚ ਹਨ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥੨॥"

ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ

36/4301

ਉਸਦਾ ਪ੍ਰਮਾਤਮਾ ਨੂੰ ਜਾਨਣ ਬਾਰੇ ਭਰਮ ਮਿੱਟ ਜਾਂਦਾ ਹੈ ਤੇ ਸਮਝ ਲਗ ਜਾਂਦੀ ਹੈ ਕਿ ਪ੍ਰਮਾਤਮਾ ਪੰਜਾਂ ਤੱਤਾਂ ਤੋਂ ਬਾਹਰ ਹੈ ਭਾਵ ਨਿਰੰਕਾਰ ਰੂਪ ਵਿਚ ਹੈ। ਉਹ ਮਨੁੱਖ ਫਿਰ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਦਰਸ਼ਨ ਕਰਨ ਦੀ ਗੱਲ ਨਹੀਂ ਕਰਦਾ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੇ ਵਿਚ ਹੁੰਦਾ ਹੈ ਜੋ ਕਿ ਮਨ ਦੀ ਸੋਝੀ ਦੇ ਰੂਪ ਵਿਚ ਹੁੰਦਾ ਹੈ ਜਿਸ ਦੁਆਰਾ ਮਨੁੱਖ ਦੀ ਸੋਝੀ ਚੌਥੇ ਪਦ ਵਾਲੇ ਗਿਆਨ ਦੀ ਹੋ ਜਾਂਦੀ ਹੈ ਭਾਵ ਉਹ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਸਮਦਰਸੀ ਬਣ ਜਾਂਦਾ ਹੈ, ਇਕੋ ਜਿਹੀ ਦ੍ਰਿਸ਼ਟੀ ਵਾਲਾ ਬਣ ਜਾਂਦਾ ਹੈ, ਦਿਬ ਦ੍ਰਿਸ਼ਟੀ ਵਾਲਾ ਬਣ ਜਾਂਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਦੀ ਸੋਝੀ ਵਾਲਾ ਬਣ ਜਾਂਦਾ ਹੈ। ਮਨ ਦੇ ਵਿਚ ਇਹ

ਸੱਚੀ ਸੋਝੀ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਆਪ ਹੀ ਕਿਸੇ ਨੂੰ ਆਪਣੇ ਨਾਲ ਸਮਦਰਸੀ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ, ਸਭ ਨੂੰ ਇਕੋ ਜਿਹਾ ਸਮਦਰਸੀ ਭਾਵ ਇਕੋ ਜਿਹੇ ਗਿਆਨ ਵਾਲਾ ਬਣਾਇਆ ਹੈ ਜਿਸ ਕਰਕੇ ਸਭ ਨੇ ਪ੍ਰਮਾਤਮਾ ਬਾਰੇ ਇਕੋ ਜਿਹੀ ਗੱਲ ਸਮਝਾਈ ਹੈ, ਇਕੋ ਜਿਹੀ ਸ਼ਬਦਾਂ ਦੀ ਵਿਚਾਰ ਦਿਤੀ ਹੈ ਭਾਵ ਇਕੋ ਜਿਹਾ ਨਾਮ ਸਮਝਾਇਆ ਹੈ, ਇਕੋ ਜਿਹਾ ਸੱਚ ਸਮਝਾਇਆ ਹੈ ਜੋ ਸੱਚ, ਜੋ ਨਾਮ, ਜੋ ਗੁਰਮਤਿ ਰੂਪ ਸਿਖਿਆ ਸਾਰੇ ਸੰਸਾਰ ਲਈ ਇਕੋ ਜਿਹੀ ਹੀ ਹੈ ਤੇ ਮਨੁੱਖ ਮਨੁੱਖ ਵਿਚ ਭੇਦ ਨਹੀਂ ਕਰਦੀ। ਹਰ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਸੱਚ ਸਭ ਲਈ ਇੱਕੋ ਜਿਹਾ ਹੁੰਦਾ ਹੈ ਭਾਵ ਨਾਮ ਸਭ ਲਈ ਇੱਕੋ ਜਿਹਾ ਹੁੰਦਾ ਹੈ। ਸੱਚ ਦਾ ਇੱਕ ਪੱਖ ਹੀ ਹੁੰਦਾ ਹੈ ਭਾਵ ਦੋ ਨਹੀਂ ਹੋ ਸਕਦੇ, ਨਾਮ ਦਾ ਇੱਕ ਪੱਖ ਹੀ ਹੁੰਦਾ ਹੈ ਤੇ ਦੋ ਨਹੀਂ ਹੋ ਸਕਦੇ। ਜਿਥੇ ਸੱਚ ਨਹੀਂ, ਨਾਮ ਨਹੀਂ ਉਥੇ ਗੁਰੂ ਦੀ ਸਿਖਿਆ ਨਹੀਂ। ਗੁਰੂ ਦੀ ਸਿਖਿਆ ਦੇ ਦੋ ਪੱਖ ਨਹੀਂ ਹੋ ਸਕਦੇ। ਸਾਰੇ ਸੰਸਾਰ ਲਈ ਨਾਮ ਇੱਕੋ ਹੀ ਹੈ ਭਾਵ ਗੁਰੂ ਦੀ ਸਿਖਿਆ ਇੱਕੋ ਜਿਹੀ ਹੀ ਹੈ ਜਿਸ ਦੀ ਸੋਝੀ ਪ੍ਰਮਾਤਮਾ ਦੇ ਨਾਲ ਸਮਦਰਸੀ ਹੋਣ ਦੁਆਰਾ ਹੀ ਪੈ ਸਕਦੀ ਹੈ। ਜੋ ਪ੍ਰਮਾਤਮਾ ਦੇ ਨਾਲ ਸਮਦਰਸੀ ਹੋਏ ਹਨ ਉਹਨਾਂ ਨੂੰ ਪ੍ਰਮਾਤਮਾ ਨੇ ਇੱਕੋ ਜਿਹਾ ਨਾਮ ਹੀ ਸਿਖਾਇਆ ਹੈ ਤੇ ਉਹਨਾਂ ਨੇ ਸਾਰੇ ਸੰਸਾਰ ਨੂੰ ਇੱਕੋ ਜਿਹੀ ਨਾਮ ਦੀ ਸਿਖਿਆ ਹੀ ਦਿੱਤੀ ਹੈ। ਉਹਨਾਂ ਨੇ **"ਏਕੋ ਨਾਮੁ"** ਧਿਆਇਆ ਹੈ ਤੇ ਸਾਰੇ ਸੰਸਾਰ ਨੂੰ **"ਏਕੋ ਨਾਮੁ"** ਸਿਖਾਇਆ ਹੈ। **(ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥ ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥੨॥)**

36/4302

{“ਪੜਿ੍ ਪੜਿ੍ ਪੰਡਿਤ ਮੁੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥
ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥”}

(ਅੰਗ - ੧੨੪੬)

ਉਪਰਲੇ ਸਲੋਕ ਰਾਹੀਂ ਸਾਨੂੰ ਕਿਤਨਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਨਾਮ ਇੱਕੋ ਹੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕ ਹੀ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਸਾਨੂੰ ਨਾਮ ਦੀ ਸਮਝ ਨਹੀਂ ਪੈਂਦੀ ਤੇ ਇਸੇ ਲਈ ਅਸੀਂ ਵੱਖਰੇ ਵੱਖਰੇ ਨਾਮ ਨਾਲ ਜੁੜੇ ਹੋਏ ਹਾਂ, ਆਪਣੀ ਆਪਣੀ ਮਤਿ ਅਨੁਸਾਰ ਜੁੜੇ ਹੋਏ ਹਾਂ ਭਾਵ ਸਭ ਮਨਮਤਿ ਵਿਚ ਹੀ ਹਨ। ਗੁਰੂ ਦੀ ਮਤਿ ਸਾਨੂੰ ਸਾਰੇ ਸੰਸਾਰ ਲਈ ਇੱਕੋ ਨਾਮ ਹੀ ਸਮਝਾਉਂਦੀ ਹੈ। ਸਾਰੇ ਧਰਮ ਗ੍ਰੰਥ ਸਾਨੂੰ ਇਕੋ ਨਾਮ ਹੀ ਸਮਝਾਉਂਦੇ ਹਨ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਹੈ ਭਾਵ ਗੁਣਾਂ ਦੁਆਰਾ ਵਿਚਰਨ ਦਾ ਮਾਰਗ ਹੈ। ਇਹੋ ਜਿਹਾ ਨਾਮ ਹੀ ਸਾਨੂੰ ਉਪਰਲੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ ਜੋ ਕਿ ਸ਼ਬਦ ਦੀ ਆਖਰੀ ਪੰਗਤੀ ਦੁਆਰਾ ਸਪਸ਼ਟ ਕੀਤਾ ਹੋਇਆ ਹੈ। ਅਸੀਂ ਧਰਮ ਗ੍ਰੰਥਾਂ ਦਾ ਪਾਠ ਕਰਦੇ ਹਾਂ ਪਰ ਪਾਠ ਪੜਣ ਦਾ ਮਕਸਦ ਨਹੀਂ ਸਮਝਦੇ। ਪਾਠ ਪੜਣ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਕਿ ਅਸੀਂ ਪਾਠ ਦੁਆਰਾ ਸਮਝਾਈ ਹੋਈ ਗੱਲ ਨੂੰ ਸਮਝੀਏ ਭਾਵ ਆਪਣੇ ਅਉਗਣਾਂ ਨੂੰ ਛਡੀਏ ਜੋ ਸਾਨੂੰ ਗੁਰੂ ਦਾ ਪਾਠ ਸਮਝਾਉਂਦਾ ਹੈ। ਜੇਕਰ ਅਸੀਂ ਪਾਠ ਪੜਣ ਤੋਂ ਬਾਦ ਵੀ ਵਿਕਾਰ ਨਹੀਂ ਛੱਡੇ ਤੇ ਕੇਵਲ ਪਾਠ ਕਰੀ ਜਾਣ ਨੂੰ ਹੀ ਅਸੀਂ ਆਪਣੀ ਭਗਤੀ ਸਮਝ ਲੈਂਦੇ ਹਾਂ ਫਿਰ ਇਹ ਸਾਡਾ ਗਵਾਰਾਪੁਣਾ ਹੀ ਹੈ ਭਾਵ ਪਾਠ ਪੜਣ ਦਾ ਕੋਈ ਮਕਸਦ ਹੀ ਨਹੀਂ ਰਹਿ ਜਾਂਦਾ ਭਾਵ ਕੇਵਲ ਸਾਡਾ ਦਿਖਾਵਾ ਹੈ, ਭਗਤੀ ਦਾ ਭੇਖ ਹੈ। ਪਾਠ ਪੜੀ ਜਾਣ ਨੂੰ ਹੀ ਭਗਤੀ ਸਮਝਣਾ ਸਾਡੀ ਮੂਰਖਤਾ ਹੈ, ਸਾਡੀ ਤ੍ਰੈ ਗੁਣਾਂ ਵਾਲੀ ਅਵਸਥਾ ਦਾ ਨਤੀਜਾ ਹੈ ਭਾਵ ਸਾਡੇ ਅੰਦਰ ਦਾ ਮਾਇਆ ਮੋਹ ਹੈ। ਨਾਮ ਦੀ ਤਾਂ ਅਸੀਂ ਪ੍ਰਾਪਤੀ ਕਰਨੀ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਕੇਵਲ ਕਥਨੀ ਕਰੀ ਜਾਣ ਨਾਲ, ਅੱਖਰਾਂ ਦੀ ਕਥਨੀ ਕਰੀ ਜਾਣ ਨਾਲ ਅਸੀਂ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦੇ। ਸਾਡੇ ਅੰਦਰ ਦੀ ਇਹੋ ਜਿਹੀ ਸੋਝੀ ਭਾਵ ਇਹੋ ਜਿਹਾ ਭਗਤੀ ਦਾ ਦਿਖਾਵਾ ਤ੍ਰੈ ਗੁਣਾਂ ਵਾਲੀ ਮਤਿ ਦੀ ਸੇਵਾ ਹੈ ਭਾਵ ਗੁਰਮਤਿ ਦੀ ਸੇਵਾ ਨਹੀਂ ਹੈ, ਗੁਰੂ ਦੀ ਸੇਵਾ ਨਹੀਂ ਹੈ। ਗੁਰੂ ਦੀ ਸੇਵਾ ਸ਼ਬਦ ਦੀ ਵਿਚਾਰ ਮੰਨਣ ਦੁਆਰਾ ਹੁੰਦੀ ਹੈ। **(ਪੜਿ੍ ਪੜਿ੍ ਪੰਡਿਤ ਮੁੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥ ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥ ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥ ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ॥)**

36/4303

ਗੁਰੂ ਦੀ ਸੇਵਾ ਗੁਰੂ ਦੀ ਗੱਲ ਨੂੰ ਮੰਨ ਕੇ ਹੁੰਦੀ ਹੈ ਭਾਵ ਆਪਣੀ ਹਉਮੈ ਤਿਆਗਣ ਦੁਆਰਾ, ਮਨਮਤਿ ਤਿਆਗਣ ਦੁਆਰਾ ਹੁੰਦੀ ਹੈ ਭਾਵ ਅਉਗਣ ਛੱਡਣ ਦੁਆਰਾ ਹੁੰਦੀ ਹੈ ਭਾਵ ਪਾਠ ਪੜਨ ਦੇ ਮਕਸਦ ਨੂੰ ਮੰਨਣ ਦੁਆਰਾ ਹੁੰਦੀ ਹੈ ਤੇ **“ਸੁਖੁ”** ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹਉਮੈ ਛੱਡਣ ਦੁਆਰਾ ਹੀ ਹੁੰਦੀ ਹੈ। **(ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥)** ਸਾਡੀ ਹਉਮੈ ਮਰਨ ਦਾ ਤਰੀਕਾ ਕੀ ਹੈ, ਪਾਠ ਪੜਨ ਦਾ ਮਕਸਦ ਕੀ ਹੈ ਤੇ ਨਾਮ ਕੀ ਹੈ, ਨਾਮ ਜਪਣਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਭਾਵ ਆਖਰੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਜਿਸ ਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਦ੍ਰਿੜ ਕਰ ਸਕੀਏ ਕਿ ਨਾਮ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਤੇ ਪਾਠ ਪੜਨ ਦਾ ਮਕਸਦ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ।

“ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥”

ਜੋ ਸੱਚੇ ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਹੈ ਭਾਵ ਜੋ ਸੱਚੇ ਧਰਮ ਗ੍ਰੰਥਾਂ ਦੀ ਸਿੱਖਿਆ ਹੈ ਉਹ ਨਾਮ ਹੈ ਜੋ ਕਿ ਸਭ ਲਈ

ਭਾਵ ਸੰਸਾਰ ਦੇ ਹਰ ਮਨੁੱਖ ਲਈ ਗੁਰੂ ਦੇ ਨਾਮ ਨੂੰ ਸਮਝਣ ਦਾ ਤੇ ਨਾਮ ਨੂੰ ਜਪਣ ਦਾ ਇੱਕੋ ਜਿਹਾ ਤਰੀਕਾ ਹੀ ਹੈ ਜੋ ਕਿ ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰਨ ਦਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਬਾਰ-ਬਾਰ ਇਸ ਗੱਲ ਨੂੰ ਸਮਝਦੇ ਹੀ ਆ ਰਹੇ ਹਾਂ ਕਿ ਨਾਮ ਜਪਣਾ ਕੀ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਨਾਮ ਹੀ ਸਮਝਾਉਂਦਾ ਹੈ ਭਾਵ ਗੁਰੂ ਪ੍ਰਮਾਤਮਾ ਦੀ ਧਰਮ ਗ੍ਰੰਥਾਂ ਦੇ ਸ਼ਬਦਾਂ ਦੁਆਰਾ ਸਮਝਾਈ ਹੋਈ ਸੱਚੀ ਸਿੱਖਿਆ ਅਨੁਸਾਰ ਚੱਲਣ ਦਾ ਤਰੀਕਾ ਹੀ ਸਮਝਾਉਂਦਾ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚੇ ਸੁੱਚੇ ਭਾਵ ਚੰਗੇ ਕਰਮ ਕਰਨ ਲਈ ਹੀ ਸਮਝਾਉਂਦਾ ਹੈ ਜੋ ਚੰਗੇ ਕਰਮ ਹਰ ਅਉਗੁਣ ਨੂੰ ਤਿਆਗਕੇ ਕੀਤੇ ਜਾ ਸਕਦੇ ਹਨ ਭਾਵ ਗੁਣੀ ਬਣਕੇ ਹੀ ਕੀਤੇ ਜਾ ਸਕਦੇ ਹਨ। ਪਾਠ ਪੜਨ ਦਾ ਮਕਸਦ ਭਾਵ ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਉਹਨਾਂ ਵਿਚੋਂ **"ਗੁਣ"** ਲੈਣ ਦਾ ਹੈ, ਆਪਣੇ ਆਪ ਨੂੰ ਗੁਣੀ ਬਨਾਉਣ ਦਾ ਹੈ। ਗੁਣੀ ਅਸੀਂ ਤਾਂ ਹੀ ਬਣ ਸਕਦੇ ਹਾਂ ਜੇਕਰ ਪਹਿਲਾਂ ਅਉਗਣ ਛੱਡਾਂਗੇ, ਵਿਕਾਰ ਛੱਡਾਂਗੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਾਂਗੇ ਭਾਵ ਆਪਣੇ ਅੰਦਰ ਉਹੋ ਜਿਹੀ ਮਤਿ ਵਸਾਵਾਂਗੇ, ਉਹੀ ਜਿਹੀ ਮਤਿ ਜਪਾਂਗੇ ਭਾਵ ਮੰਨਾਂਗੇ ਜਿਹੋ ਜਿਹੀ ਮਤਿ ਸਾਨੂੰ ਧਰਮ ਗ੍ਰੰਥਾਂ ਨੇ ਸਮਝਾਈ ਹੈ। ਦੁਨੀਆ ਦਾ ਇਹੋ ਜਿਹਾ ਕਿਹੜਾ ਧਰਮ ਗ੍ਰੰਥ ਹੈ ਜੋ ਸਾਨੂੰ ਅਉਗੁਣ ਛੱਡਣ ਲਈ ਨਹੀਂ ਕਹਿੰਦਾ ਭਾਵ ਗੁਣਾਂ ਨੂੰ ਅਪਨਾਉਣ ਲਈ ਨਹੀਂ ਕਹਿੰਦਾ। ਸਾਰੇ ਸੰਸਾਰ ਲਈ ਨਾਮ ਜਪਣਾ ਇੱਕੋ ਹੀ ਹੈ ਜੋ ਕਿ ਧਰਮ ਗ੍ਰੰਥਾਂ ਨੂੰ ਪੜਨ ਦੁਆਰਾ ਉਹਨਾਂ ਵਿੱਚੋਂ ਗੁਣਾਂ ਨੂੰ ਲੈ ਕੇ ਆਪਣੇ ਆਪ ਨੂੰ ਗੁਣੀ ਬਨਾਉਣ ਦਾ ਹੈ ਤਾਂ ਜੋ ਅਸੀਂ ਆਪਣੇ ਮਨ ਨੂੰ ਸੁੱਚਾ ਕਰੀਏ, ਮਨ ਨੂੰ ਸੱਚਾ ਕਰੀਏ ਜਿਸ ਦੁਆਰਾ ਅਸੀਂ ਸੰਸਾਰ

ਦੇ ਵਿਚ ਸੱਚੇ ਸੁੱਚੇ ਹੋ ਕੇ ਵਿਚਰੀਏ। ਸਾਰੇ ਧਰਮ ਗ੍ਰੰਥ ਸਾਨੂੰ ਇਹੋ ਜਿਹੀ ਮਤਿ ਹੀ ਸਮਝਾਉਂਦੇ ਹਨ ਤੇ ਧਰਮ ਗ੍ਰੰਥਾਂ ਦੀ ਸੱਚੀ ਮਤਿ ਹੀ ਸਾਰੇ ਸੰਸਾਰ ਲਈ ਇੱਕੋ ਇੱਕ ਨਾਮ ਹੈ ਜੋ ਸਭ ਨੇ ਜਪਣਾ ਹੈ। ਗੁਰੂ ਪ੍ਰਮਾਤਮਾ ਦੀ ਰਚੀ ਹੋਈ ਬਾਣੀ ਭਾਵ ਗੁਰਬਾਣੀ ਸਾਨੂੰ ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦੀ ਹੈ ਤੇ ਗੁਰਬਾਣੀ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਵੇਦਾਂ ਵਿੱਚ ਵੀ ਨਾਮ ਹੈ, ਸ਼ਾਸਤਰਾਂ ਵਿੱਚ ਵੀ ਨਾਮ ਹੈ, ਕੁਰਾਨ ਵਿੱਚ ਵੀ ਨਾਮ ਹੈ ਭਾਵ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਨਾਮ ਹੀ ਹੈ। ਸੱਚਾ ਧਰਮ ਗ੍ਰੰਥ ਉਹ ਹੈ ਜੋ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਸਮਝਾਉਂਦਾ ਹੈ ਤੇ ਸੱਚ ਦਾ ਮਾਲਕ ਜੋ ਕਿ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਉਹ ਆਪਣੇ ਸੱਚ ਨੂੰ ਆਪ ਹੀ ਬਿਆਨ ਕਰ ਸਕਦਾ ਹੈ। ਅਨੇਕਾਂ ਹੀ ਬਾਈਬਲ ਰੂਪ ਧਰਮ ਗ੍ਰੰਥ ਨੂੰ ਮੰਨਣ ਵਾਲੇ ਹਨ ਜੋ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਲਈ ਹੀ ਸਮਝਾਉਂਦਾ ਹੈ ਤੇ ਸੱਚ ਨੂੰ ਹੀ ਪ੍ਰਮਾਤਮਾ ਦਾ ਰੂਪ ਸਮਝਾਉਂਦਾ ਹੈ ਤੇ ਸੱਚ ਨੂੰ ਹੀ ਪੂਰੀ ਗੁਰਬਾਣੀ ਉਸ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਸਮਝਾਉਂਦੀ ਹੈ ਭਾਵ ਬਾਈਬਲ ਵੀ ਸੱਚਾ ਗ੍ਰੰਥ ਹੈ ਜਿਸ ਧਰਮ ਗ੍ਰੰਥ ਦੀ ਸੋਝੀ ਪਾਉਣ ਵਾਲਾ ਉਹ ਸੱਚ ਰੂਪ ਅਕਾਲ ਪੁਰਖ ਆਪ ਹੀ ਹੈ ਪਰ ਉਸਦੇ ਸੱਚ ਰੂਪ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹਰ ਕੋਈ ਇਸ ਭਰਮ ਵਿੱਚ ਹੀ ਰਹਿੰਦਾ ਹੈ ਕਿ ਉਹ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ, ਸਭ ਦੇ ਅੰਦਰ ਕਿਸ ਰੂਪ ਵਿੱਚ ਹੈ। ਉਸ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਰੂਪ ਕੀ ਹੈ ਉਹ ਆਪਣਾ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਸਰੀਰਾਂ ਰਾਹੀਂ ਹੀ ਪ੍ਰਗਟ ਕੀਤਾ ਹੈ ਜਿਨ੍ਹਾਂ ਸਰੀਰਾਂ ਰਾਹੀਂ ਉਸਨੇ ਪੂਰੀ ਗੁਰਬਾਣੀ ਦੀ ਰਚਨਾ ਕਰਵਾਈ ਹੈ ਤੇ ਉਨ੍ਹਾਂ ਨੇ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਆਪਣੇ ਆਪ ਨੂੰ ਗੁਰੂ ਨਹੀਂ ਕਹਾਇਆ ਭਾਵ ਆਪਣੀ ਦੇਹ ਨੂੰ ਗੁਰੂ ਨਹੀਂ ਕਹਾਇਆ ਪਰ ਅਕਾਲ ਪੁਰਖ ਦੇ, ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦ ਰੂਪ ਨੂੰ ਭਾਵ ਉਸਦੇ ਬ੍ਰਹਮ ਗਿਆਨ ਰੂਪ ਨੂੰ ਹੀ ਗੁਰੂ ਆਖਿਆ ਹੈ ਜੋ ਪੂਰੇ ਗਿਆਨ ਦਾ ਮਾਲਕ ਹੈ ਜਿਸਨੇ ਆਪ ਹੀ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੈ ਪਰ ਉਸਦੇ ਗਿਆਨ ਰੂਪ ਨੂੰ ਕੇਵਲ ਤੇ ਕੇਵਲ ਉਹੀ ਜਾਣ ਸਕਦਾ ਹੈ, ਕੇਵਲ ਉਹੀ ਸਮਝ ਸਕਦਾ ਹੈ ਜਿਸ ਮਨੁੱਖੀ ਸਮਝ ਦੇ ਅੰਦਰ ਉਹ ਆਪਣਾ ਗਿਆਨ ਰੂਪ ਭਾਵ ਸ਼ਬਦ ਰੂਪ ਭਾਵ ਸ਼ਬਦਾਂ ਦੇ ਅੰਦਰ ਦਾ ਗਿਆਨ ਰੂਪ ਪ੍ਰਗਟ ਕਰਦਾ ਹੈ ਤੇ ਆਪ ਹੀ ਧਰਮ ਗ੍ਰੰਥ ਦੀ ਰਚਨਾ ਕਰਵਾਉਂਦਾ ਹੈ ਜਿਵੇਂ ਕਿ ਉਸਨੇ ਆਪਣਾ ਇਹ ਸੱਚਾ ਗਿਆਨ ਰੂਪ ਭਾਵ ਬ੍ਰਹਮ ਗਿਆਨ ਰੂਪ, ਗੁਰਬਾਣੀ ਰੂਪ ਧਰਮ ਗ੍ਰੰਥ ਦੀ ਰਚਨਾ ਕਰਨ ਵਾਲਿਆਂ ਦੇ ਮਨ ਦੀ ਸਮਝ ਦੇ ਅੰਦਰ ਪ੍ਰਗਟ ਕੀਤਾ ਹੈ ਜਿਸ ਮਨ ਦੀ ਸਮਝ ਦੁਆਰਾ ਭਾਵ ਉਹਨਾਂ ਦੀ ਸਮਝ ਦੇ ਅੰਦਰ ਆਪਣੇ ਚੌਥੇ ਪਦ ਦਾ ਗਿਆਨ ਪਾਉਣ ਦੁਆਰਾ ਭਾਵ ਨਾਮ ਦੀ ਸਮਝ ਵਾਲਾ ਗਿਆਨ ਪਾਉਣ ਦੁਆਰਾ ਭਾਵ ਬ੍ਰਹਮ ਗਿਆਨ ਵਾਲੀ ਸਮਝ ਪਾਉਣ ਦੁਆਰਾ ਪੂਰੇ ਗੁਰਬਾਣੀ ਰੂਪ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੈ। ਉਹ ਗਿਆਨ ਦਾ ਮਾਲਕ ਅਕਾਲ ਪੁਰਖ ਸੰਸਾਰ ਦਾ ਕੋਈ ਵੀ ਸੱਚਾ ਧਰਮ ਗ੍ਰੰਥ ਹੋਵੇ ਉਸ ਧਰਮ ਗ੍ਰੰਥ ਨੂੰ ਲਿਖਣ ਦੀ ਸਮਝ ਉਹ ਆਪ ਹੀ ਪਾਉਂਦਾ ਹੈ ਭਾਵੇਂ ਉਸਦੇ ਲਿਖਣ ਵਾਲੇ ਨੂੰ ਇਸ ਗੱਲ ਦੀ ਸਮਝ ਪਾਵੇ ਜਾਂ ਨਾ ਪਾਵੇ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ ਭਾਵ ਆਪਣੀ ਮਰਜੀ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਨਾਮ ਹੀ ਹੈ ਭਾਵ ਬ੍ਰਹਮ ਗਿਆਨ ਹੀ ਹੈ ਭਾਵ ਉਹ ਗਿਆਨ ਮੂਲ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਉਸਦਾ ਸੱਚਾ ਨਾਮ, ਸ਼ਬਦਾਂ ਦੇ ਅੰਦਰ ਦੀ ਜੋ

ਸੱਚੀ ਵਿਚਾਰ ਹੈ ਭਾਵ ਸ਼ਬਦਾਂ ਦੇ ਅੰਦਰ ਜੋ ਸੱਚਾ ਗਿਆਨ ਹੈ ਉਸਦੇ ਰੂਪ ਵਿੱਚ ਹੀ ਹੈ। ਕਿਸੇ ਵੀ ਸੱਚੇ ਧਰਮ ਗ੍ਰੰਥ ਦੀ ਸੱਚੀ ਵਿਚਾਰ ਨੂੰ ਮੰਨਣਾ ਨਾਮ ਜਪਣਾ ਹੀ ਹੈ ਤੇ ਕੇਵਲ ਨਾਮ ਜਪਣ ਦਾ ਮਕਸਦ ਇਹ ਹੈ ਕਿ ਅਸੀਂ ਕੇਵਲ ਤੇ ਕੇਵਲ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੇ ਵਿਚਾਰ ਨੂੰ ਮੰਨੀਏ ਭਾਵ ਉਨ੍ਹਾਂ ਦੀ ਵਿਚਾਰ ਨੂੰ ਨਾ ਮੰਨੀਏ ਜੋ ਸਾਨੂੰ ਉਹੋ ਜਿਹਾ ਨਾਮ ਜਪਣ ਦੇ ਨਾਲ ਜੋੜਦੇ ਹਨ ਭਾਵ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਹੀ ਨਾਮ ਸਮਝ ਕੇ ਉਸ ਅੱਖਰ ਨੂੰ ਮੂੰਹੋਂ ਬੋਲੀ ਜਾਣਾ ਹੀ ਨਾਮ ਜਪਣਾ ਸਮਝਦੇ ਹਨ ਜਿਹੋ ਜਿਹੇ ਨਾਮ ਜਪਣ ਦਾ ਪੂਰੀ ਬਾਣੀ ਵਿੱਚ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਕੇਵਲ ਗੁਰੂ ਰੂਪ ਪ੍ਰਮਾਤਮਾ ਦੀ ਸੱਚੀ ਮਤਿ ਤੇ ਅਮਲ ਕਰਨਾ ਹੀ ਕੇਵਲ ਨਾਮ ਜਪਣਾ ਹੈ ਤੇ ਕਿਸੇ ਹੋਰ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਕੇਵਲ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜ ਸਕਦੇ ਭਾਵ ਕੇਵਲ ਨਾਮ ਨਹੀਂ ਜਪ ਸਕਦੇ ਭਾਵ ਗੁਰੂ ਪ੍ਰਮਾਤਮਾ ਦੇ ਆਪਣੇ ਸਮਝਾਏ ਹੋਏ ਸੱਚ ਨੂੰ ਨਹੀਂ ਮੰਨ ਸਕਦੇ ਜਿਸ ਉਸਦੇ ਸਮਝਾਏ ਹੋਏ ਸੱਚ ਨੂੰ ਮੰਨੇ ਬਿਨਾਂ ਭਾਵ ਉਸ ਤੇ ਅਮਲ ਕੀਤੇ ਬਿਨਾਂ ਗੁਰੂ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ। ਹਰ ਸੱਚਾ ਧਰਮ ਗ੍ਰੰਥ ਸਾਨੂੰ ਅਉਗੁਣ ਛੱਡਣ ਲਈ ਸਮਝਾਉਂਦਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਕੇ ਚੰਗੇ ਕਰਮ ਕਰਨ ਲਈ ਸਮਝਾਉਂਦਾ ਹੈ ਤੇ ਆਪਣਾ ਹਰ ਅਉਗੁਣ ਛੱਡਕੇ ਗੁਰੂ ਦੀ ਸਮਝਾਈ ਹੋਈ ਮਤਿ ਅਨੁਸਾਰ ਆਪਣੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਕਰਨਾ ਹੀ ਹਰ ਵੇਲੇ ਭਾਵ ਅੱਠੇ ਪਹਿਰ ਗੁਰੂ ਦਾ ਨਾਮ ਜਪਣਾ ਹੈ ਭਾਵ ਇੱਕੋ ਇੱਕ ਨਾਮ ਜਪਣਾ ਹੈ ਭਾਵ ਇੱਕੋ ਇੱਕ ਗੁਰੂ ਪ੍ਰਮਾਤਮਾ ਦੀ ਸਮਝ ਅਨੁਸਾਰ ਸੰਸਾਰ ਵਿੱਚ ਵਿਚਰਨਾ ਹੈ ਤੇ ਉਨ੍ਹਾਂ ਦੀ ਮਤਿ ਤੋਂ ਦੂਰ ਰਹਿਣਾ ਹੈ ਜੋ ਸਾਨੂੰ ਆਪਣੀ ਆਪਣੀ ਮਤਿ ਅਨੁਸਾਰ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਨਾਮ ਜਪਣਾ ਸਮਝਾਉਂਦੇ ਹਨ।

{ਪ੍ਰਾਣੀ ਏਕੋ ਨਾਮੁ ਧਿਆਵਹੁ ॥ ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥} ਅੰਗ ੧੨੫੪ **{ਸਾਸਤ੍ਰ ਸਿੰਮ੍ਰਿਤਿ ਨਾਮੁ ਦ੍ਰਿੜਮੰ ॥ ਗੁਰਮੁਖਿ ਸਾਂਤਿ ਊਤਮ ਕਰਮੰ ॥}** ਅੰਗ ੮੩੧ **{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥ ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}** ਅੰਗ ੯੧੯ **{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥}** ਅੰਗ ੧੪੧ **{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥ ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥ ਕਰਿ ਕਿਰਪਾ ਜਿਸੁ ਰਾਖੈ ਆਪਿ॥ ਸੋਈ ਭਗਤੁ ਜਪੈ ਨਾਮ ਜਾਪ ॥ ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}** ਅੰਗ ੧੧੪੭ **{ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥ ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥ ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥ ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥ ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥}** ਅੰਗ ੬੪੬ ਪੂਰੀ ਗੁਰਬਾਣੀ ਸਾਨੂੰ ਇਹੋ ਜਿਹਾ ਨਾਮ ਹੀ ਸਮਝਾ ਰਹੀ ਹੈ। ਅਉਗੁਣਾਂ ਨੂੰ ਤਿਆਗ ਕੇ ਆਪਣੇ ਅੰਦਰ ਗੁਣਾਂ ਨੂੰ ਵਸਾਉਣਾ ਹੀ ਨਾਮ ਜਪਣਾ ਹੈ ਭਾਵ ਸੰਸਾਰ ਵਿਚ ਸੱਚੇ ਸੁੱਚੇ ਬਣਕੇ ਵਿਚਰਨਾ ਹੀ ਨਾਮ ਜਪਣਾ ਹੈ, ਆਪਣੇ ਹਰ ਕਰਮ ਵਿਚ ਗੁਰੂ ਦੀ ਮਤਿ ਨੂੰ ਵਰਤਣਾ ਹੀ ਨਾਮ ਜਪਣਾ ਹੈ। ਇਹੋ ਜਿਹਾ ਨਾਮ ਜਪਣ ਦੁਆਰਾ ਹੀ ਸਾਰਾ ਸੰਸਾਰ ਸੁਖੀ ਵੱਸ ਸਕਦਾ ਹੈ। ਅਸੀਂ ਨਾਮ ਜਪਣ ਦਾ ਉਪਰਾਲਾ ਹੀ ਕਰਨਾ ਹੈ ਜਿਸ ਲਈ ਕਿਸੇ ਭੇਖ ਦੀ, ਦਿਖਾਵੇ ਦੀ, ਸਰੀਰਕ ਜਪ ਤਪ ਆਦਿ ਦੀ, ਤੀਰਥਾਂ ਤੇ ਇਸ਼ਨਾਨ ਆਦਿ ਦੀ, ਕਿਸੇ ਖਾਸ ਖਾਣੇ ਦੀ, ਸੁੱਚਿ ਦੀ ਤੇ ਹੋਰ ਵੀ ਅਨੇਕਾਂ ਬਣਾਈਆਂ ਹੋਈਆਂ ਮਨਮਤਿ ਵਾਲੀਆਂ ਮਰਿਯਾਦਾਵਾਂ ਦੀ ਲੋੜ ਨਹੀਂ ਹੈ ਜੋ ਕਿ ਸਾਡੇ ਕੇਵਲ ਭਗਤੀ ਦੇ ਦਿਖਾਵੇ ਹੀ ਹਨ। ਪ੍ਰਮਾਤਮਾ ਦੀ ਭਗਤੀ ਲਈ, ਨਾਮ ਜਪਣ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। ਅਸੀਂ ਕੇਵਲ ਕਥਨੀ ਕਰੀ ਜਾਣ ਨੂੰ ਹੀ, ਕੇਵਲ ਪਾਠ ਪੜੀ ਜਾਣ ਨੂੰ ਹੀ ਆਪਣਾ ਵੱਡਾ ਗੁਣ ਸਮਝਦੇ ਹਾਂ ਤੇ ਇਹੋ ਜਿਹੀ ਸੋਚ ਰੱਖਣ ਵਾਲਿਆਂ ਨੂੰ ਤੇ ਇਹੋ ਜਿਹਾ ਪ੍ਰਚਾਰ ਕਰਨ ਵਾਲਿਆਂ ਨੂੰ ਗਵਾਰ ਕਹਿ ਕੇ ਸਮਝਾਇਆ ਹੈ ਭਾਵ ਨਾਸਮਝ ਕਹਿ ਕੇ ਸਮਝਾਇਆ ਹੈ। ਗੁਣੀ ਅਸੀਂ ਤਾਂ ਹੀ ਬਣਾਂਗੇ ਜਦੋਂ ਧਰਮ ਗ੍ਰੰਥਾਂ ਦੇ ਪਾਠ ਨੂੰ ਪੜ ਕੇ ਅਉਗੁਣ ਛੱਡਾਂਗੇ। ਨਾਮ ਦੀ ਸਮਝ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ, ਆਪਣੇ ਮੇਲ ਦੁਆਰਾ ਪਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ।

(ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥)

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥}

(ਅੰਗ - ੧੦੧੩)

{ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥}

(ਅੰਗ - ੧੪੦)

{ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥}

(ਅੰਗ - ੧੨੫੩)

36/4305

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥}

(ਅੰਗ - ੮੩੧)

{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ - ੯੧੯)

{ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥੪॥}

(ਅੰਗ - ੧੦੮੩)

{ਕਾਜੀ ਤੈ ਕਵਨ ਕਤੇਬ ਬਖਾਨੀ ॥ ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥}

(ਅੰਗ - ੪੭੭)

{ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥}

(ਅੰਗ - ੧੦੮੪)

{ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥ਰਾਮ ਨਾਮ ਸਾਰੁ ਰਸੁ ਪੀਵੈ ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥
ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥}

(ਅੰਗ - ੨੭੪)

{ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥ ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ॥

ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥
ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ ॥੧॥}

(ਅੰਗ - ੫੧੨)

{ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥
ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥}

(ਅੰਗ - ੨੨੦)

ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣਾ ਕੋਈ ਗੁਣ ਨਹੀਂ ਹੈ ਪਰ ਹਰ ਕੋਈ ਇਸੇ ਭਰਮ ਵਿਚ ਹੀ ਹੈ ਤੇ ਇਸੇ ਗੱਲ ਵਿਚ ਹਰ ਕੋਈ ਆਪਣੇ ਆਪ ਨੂੰ ਗੁਣੀ ਸਮਝਦਾ ਹੈ। ਅਉਗਣਾਂ ਨੂੰ ਛੱਡੇ ਬਿਨਾ ਕੋਈ ਗੁਣੀ ਨਹੀਂ ਅਖਵਾ ਸਕਦਾ। ਪੂਰਾ ਸੰਸਾਰ ਇਸੇ ਭਰਮ ਵਿਚ ਹੀ ਹੈ ਕਿ ਧਰਮ ਗ੍ਰੰਥਾਂ ਨੂੰ ਪੜੀ ਜਾਣਾ ਹੀ ਗੁਣ ਹੈ। ਜੋ ਗੱਲ ਅਸੀਂ ਪਿਛਲੇ ਸ਼ਬਦ ਰਾਹੀਂ ਸਮਝੀ ਹੈ ਉਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਪਾਠ ਪੜਨ ਦਾ ਮਕਸਦ ਕੀ ਹੈ।

36/4306

"ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥"

(ਅੰਗ - ੬੫੦)

"ਪੜਣਾ ਗੁੜਣਾ" ਤੋਂ ਭਾਵ ਹੈ ਪਾਠ ਪੜਨ ਵਿਚ ਗੁੜੇ ਹੋਏ ਹੋਣਾ ਭਾਵ ਪੜਨ ਵਿਚ ਪੂਰੀ ਰੁਚੀ ਦਿਖਾਉਣੀ, ਪੜਨ ਵਿਚ ਕੋਈ ਕਮੀ ਨਾ ਛੱਡਣੀ ਭਾਵ ਪੜਨ ਵਿਚ ਪੂਰਾ ਪਰਫੈਕਟ ਹੋਣਾ ਕਿ ਪੜਨ ਵਿਚ ਕਿਸੇ ਤਰੀਕੇ ਵੀ ਕਮੀ ਨ ਰਹਿ ਜਾਵੇ ਭਾਵ ਧਰਮ ਗ੍ਰੰਥਾਂ ਦੇ ਪਾਠ ਨੂੰ ਉਸੇ ਤਰੀਕੇ ਪੜਨਾ ਜਿਸ ਤਰੀਕੇ ਨਾਲ ਧਰਮ ਗ੍ਰੰਥ ਲਿਖੇ ਹੋਏ ਹਨ ਭਾਵ ਹਰ ਅੱਖਰ ਨੂੰ ਉਸੇ ਤਰੀਕੇ ਨਾਲ ਪੜਨਾ ਜਿਸ ਤਰੀਕੇ ਜੋ ਅੱਖਰ ਲਿਖਿਆ ਹੋਇਆ ਹੈ। ਸਾਰੇ ਸੰਸਾਰ ਨੂੰ ਇਸੇ ਭਰਮ ਵਿਚ ਦਸਿਆ ਹੈ ਕਿ ਹਰ ਕੋਈ ਧਰਮ ਗ੍ਰੰਥਾਂ ਨੂੰ ਪੜਨਾ ਹੀ, ਬਰੀਕੀ ਨਾਲ ਪੜਨਾ ਹੀ, ਬਾਰ-ਬਾਰ ਪੜਨਾ ਹੀ ਆਪਣੀ ਸੱਚੀ ਕਾਰ ਸਮਝਦਾ ਹੈ ਕਿ ਧਰਮ ਗ੍ਰੰਥਾਂ ਦਾ ਮਕਸਦ ਇਹੀ ਹੈ ਕਿ ਉਹਨਾਂ ਨੂੰ ਪੜੀ ਜਾਈਏ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਧਰਮ ਗ੍ਰੰਥਾਂ ਦਾ ਮਕਸਦ ਇਹ ਨਹੀਂ ਹੈ ਜੋ ਸੰਸਾਰ ਨੇ ਸਮਝਿਆ ਹੋਇਆ ਹੈ। ਸਿੱਖ ਜਗਤ ਵੀ ਇਹੋ ਜਿਹੀ ਕਾਰ ਵਿੱਚ ਹੀ ਲਗਾ ਹੋਇਆ ਹੈ ਤੇ ਆਪਣੇ ਆਪ ਨੂੰ ਉਚੀਆਂ ਜਥੇਬੰਦੀਆਂ ਅਖਵਾਉਣ ਵਾਲੀਆਂ ਇਸੇ ਗੱਲ ਦਾ ਪ੍ਰਚਾਰ ਕਰਦੀਆਂ ਹਨ। ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਆਪਣੇ ਅੰਦਰੋਂ ਤ੍ਰਿਸ਼ਨਾ ਨੂੰ, ਵਿਕਾਰਾਂ ਨੂੰ ਛੱਡਣ ਦਾ ਹੈ। ਜੇਕਰ ਅਸੀਂ ਆਪਣੀ ਤ੍ਰਿਸ਼ਨਾ ਨਹੀਂ ਛੱਡੀ, ਵਿਕਾਰ ਨਹੀਂ ਛੱਡੇ ਫਿਰ ਧਰਮ ਗ੍ਰੰਥਾਂ ਦੇ ਮਕਸਦ ਦੀ ਕੋਈ ਪੂਰਤੀ ਨਹੀਂ ਹੁੰਦੀ ਭਾਵ ਕੇਵਲ ਸਾਡਾ ਭਗਤੀ ਦਾ ਦਿਖਾਵਾ ਹੀ ਰਹਿ ਜਾਂਦਾ ਹੈ। ਸਭ ਪਾਸੇ ਇਹੋ ਕੁਝ ਹੀ ਹੋ ਰਿਹਾ ਹੈ। **(ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥)** ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣਾ ਤੇ ਉਹਨਾਂ ਦੁਆਰਾ ਦਿੱਤੀ ਹੋਈ ਮਤਿ ਨੂੰ ਨਾ ਅਪਨਾਉਣਾ ਸਾਡੀ ਹਉਮੈ ਹੈ, ਸਾਡੇ ਅੰਦਰ ਦਾ ਦੂਜਾ ਭਾਉ ਹੈ ਭਾਵ ਸਾਨੂੰ ਉਹਨਾਂ ਦੀ ਮਤਿ ਨਾਲ ਪਿਆਰ ਹੈ ਜਿੰਨ੍ਹਾਂ ਨੇ ਸਾਨੂੰ ਇਹ ਕੁਝ ਸਿਖਾਇਆ ਹੈ ਭਾਵ ਮਨਮਤਿ ਦੇ ਨਾਲ ਪਿਆਰ ਹੈ ਤੇ ਗੁਰੂ ਨਾਲ ਭਾਵ ਗੁਰਮਤਿ ਨਾਲ ਪਿਆਰ ਨਹੀਂ ਹੈ। ਸੰਸਾਰ ਵਿਚ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਵਾਲੇ ਸਭ ਥਕ ਚੁਕੇ ਹਨ ਭਾਵ ਇਸ ਤਰੀਕੇ ਪ੍ਰਮਾਤਮਾ ਨੂੰ ਕਿਸੇ ਨੇ ਨਹੀਂ ਪਾਇਆ ਤੇ ਕੇਵਲ ਆਪਣੇ ਆਪ ਨੂੰ ਖੁਆਰ ਹੀ ਕੀਤਾ ਹੈ। ਸਭ ਪਾਸੇ ਆਪਣੇ ਆਪ ਨੂੰ ਇਹੋ ਜਿਹੇ ਭਗਤੀ ਦੇ ਦਿਖਾਵਿਆਂ ਦੁਆਰਾ ਸਭ ਆਪਣੇ ਆਪ ਨੂੰ ਖੁਆਰ ਕਰਨ ਵਿਚ ਹੀ ਲਗੇ ਹੋਏ ਹਨ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ, ਕਿਹੋ ਜਿਹੇ ਧਰਮ ਗ੍ਰੰਥ ਨਾਲ

36/4307

ਜੁੜਿਆ ਹੋਇਆ ਹੈ। **(ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥)**

ਕੇਵਲ ਧਰਮ ਗ੍ਰੰਥਾਂ ਦੇ ਪੜੀ ਜਾਣ ਵਾਲਿਆਂ ਨੂੰ ਗੁਰੂ ਸਾਹਿਬ ਪੜਿਆ ਹੋਇਆ ਨਹੀਂ ਕਹਿੰਦੇ, ਸਿਆਣਾ ਨਹੀਂ ਕਹਿੰਦੇ, ਸ਼ਬਦ ਦਾ ਵੀਚਾਰੀ ਨਹੀਂ ਕਹਿੰਦੇ ਜਿਵੇਂ ਕਿ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥"

ਬੜਾ ਸਪਸ਼ਟ ਹੈ ਕਿ ਧਰਮ ਗ੍ਰੰਥਾਂ ਦੇ ਪੜਨ ਵਾਲਾ ਉਹ ਹੈ ਭਾਵ ਪੜਿਆ ਹੋਇਆ ਉਹ ਹੈ, ਸਿਆਣਾ ਉਹ ਹੈ, ਧਰਮ ਦਾ ਵਿਦਵਾਨ ਉਹ ਹੈ, ਧਰਮ ਦੇ ਗਿਆਨ ਵਾਲਾ ਉਹ ਹੈ ਜੋ ਧਰਮ ਗ੍ਰੰਥਾਂ ਦੇ ਮਕਸਦ ਨੂੰ ਸਮਝਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਸਮਝਦਾ ਹੈ ਜਿੰਨ੍ਹਾਂ ਦਾ ਮਕਸਦ ਇਹ ਹੈ ਕਿ ਅਸੀਂ ਆਪਣੀ ਤ੍ਰਿਸ਼ਨਾ ਨੂੰ ਛਡੀਏ ਭਾਵ ਮਾਇਆ ਮੋਹ ਛਡੀਏ, ਵਿਕਾਰਾਂ ਨੂੰ ਛਡੀਏ ਭਾਵ ਕੋਈ ਮਾੜਾ ਕਰਮ ਨਾ ਕਰੀਏ ਤੇ ਸੰਸਾਰ ਵਿਚ ਸੱਚੇ ਸੁੱਚੇ ਹੋ ਕੇ ਵਿਚਰੀਏ। ਸ਼ਬਦ ਦੀ ਵਿਚਾਰ ਹੀ ਨਾਮ ਹੈ ਭਾਵ ਨਾਮ ਦਾ ਮਕਸਦ ਇਹੀ ਹੈ ਕਿ ਅਸੀਂ ਸੱਚੇ ਸੁੱਚੇ ਇਨਸਾਨ ਬਣੀਏ, ਆਪਣੀ ਹਉਮੈ ਭਾਵ ਮਨਮਤਿ ਛਡੀਏ। **(ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥)**

{ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥}

(ਅੰਗ - ੧੪੦)

ਕਿਸੇ ਅੱਖਰ ਦਾ ਜਪ ਕਰੀ ਜਾਣ ਵਾਲੇ ਜਿਸ ਨੂੰ ਉਹ ਨਾਮ ਦਾ ਜਪ ਕਰਨਾ ਸਮਝਦੇ ਹਨ ਉਹ ਆਪਣੇ ਆਪ ਨੂੰ ਸ਼ਬਦ ਦੇ ਵੀਚਾਰੀ ਹੀ ਸਮਝਦੇ ਹਨ। ਉਹ ਕਿਤਨੀ ਕੂ ਵੱਡੀ ਅਗਿਆਨਤਾ ਵਿਚ ਹਨ ਇਹ ਗੱਲ ਗੁਰਬਾਣੀ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਸਮਝਾ ਰਹੀ ਹੈ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾ ਰਹੀ ਹੈ। ਇਹੋ ਜਿਹੇ ਭਰਮਿਆਂ ਹੋਇਆਂ ਨੂੰ ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਸਮਝਦੇ ਹਨ ਇਹਨਾਂ ਨੂੰ ਕਿਤਨੀ ਕੂ ਸ਼ਬਦਾਂ ਦੀ ਵਿਚਾਰ ਸਮਝ ਆਈ

36/4308

ਹੈ ਇਸ ਗੱਲ ਦਾ ਅੰਦਾਜਾ ਹਰ ਕੋਈ ਲਗਾ ਸਕਦਾ ਹੈ।

ਧਰਮ ਗ੍ਰੰਥਾਂ ਦੇ ਪੜਨ ਦਾ ਮਕਸਦ, ਸ਼ਬਦਾਂ ਦੀ ਵਿਚਾਰ ਦਾ ਮਕਸਦ ਆਪਣੇ ਅਉਗਣਾਂ ਨੂੰ ਤਿਆਗਣ ਦਾ ਹੀ ਹੈ ਤਾਂ ਜੋ ਅਸੀਂ ਆਪਣੇ ਜੀਵਨ ਦੇ ਉਸ ਅਸਲ ਮਕਸਦ ਨੂੰ ਪਾ ਸਕੀਏ ਜੋ ਕਿ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜਣ ਦਾ ਹੈ, ਮੁਕਤੀ ਪਾਉਣ ਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥"

ਜਿਸ **"ਤਤੁ"** ਦੀ ਅਸੀਂ ਪ੍ਰਾਪਤੀ ਕਰਨ ਆਏ ਹਾਂ ਉਹ **"ਤਤੁ"** ਸਾਡੇ ਅੰਦਰ ਹੀ ਹੈ ਜੋ ਤਤੁ ਪ੍ਰਮਾਤਮਾ ਦੇ ਰੂਪ ਵਿਚ ਹੈ। ਇਹ ਗਿਆਨ ਤਤੁ ਹੈ ਜੋ ਕਿ ਛੇਵਾਂ ਤਤੁ ਹੈ ਜਿਸ ਦਾ ਕੋਈ ਆਕਾਰ ਨਹੀਂ ਹੈ। ਇਹ ਤਤੁ ਪੰਜਾਂ ਤੱਤਾਂ ਤੋਂ ਬਾਹਰ ਹੈ ਭਾਵ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। ਆਪਣੇ ਅੰਦਰ ਅਉਗਣਾਂ ਦੇ ਰਹਿੰਦਿਆਂ, ਮਾਇਆ ਮੋਹ ਦੇ ਰਹਿੰਦਿਆਂ ਇਸ ਤਤੁ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਸ ਤਤੁ ਦੀ ਪ੍ਰਾਪਤੀ ਸ਼ਬਦ ਦੀ ਵਿਚਾਰ ਨੂੰ ਮੰਨ ਕੇ ਹੀ ਹੁੰਦੀ ਹੈ। ਇਹ ਤਤੁ ਸਾਡੇ ਅੰਦਰ ਸ਼ਬਦ ਦੀ ਵਿਚਾਰ ਦੇ ਰੂਪ ਵਿਚ ਹੀ ਹੈ ਜੋ ਸ਼ਬਦਾਂ ਦੀ ਵਿਚਾਰ ਦਾ ਮਾਲਕ ਹੈ ਭਾਵ ਜੋ ਸ਼ਬਦ ਰੂਪ ਵਿਚ ਸਾਡੇ ਅੰਦਰ ਹੀ ਹੈ। ਉਸ ਦੇ ਦਿੱਤੇ ਹੋਏ ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨਾ ਅਸੀਂ ਉਸ ਸ਼ਬਦ ਦੀ ਵਿਚਾਰ ਦੇ ਮਾਲਕ ਨਾਲ ਨਹੀਂ ਮਿਲ ਸਕਦੇ, ਨਾਮ ਦੀ ਸਿਖਿਆ ਨਾਲ ਜੁੜੇ ਬਿਨਾ ਅਸੀਂ ਉਸ ਨਾਮ ਦੇ ਮਾਲਕ ਨਾਲ ਨਹੀਂ ਮਿਲ ਸਕਦੇ ਜੋ ਕਿ ਹਰ ਵੇਲੇ ਸਾਡੇ ਅੰਦਰ ਹੀ ਹੈ ਤੇ ਮਾਇਆ ਮੋਹ ਦੇ ਰਹਿੰਦਿਆਂ, ਹਉਮੈ ਵਾਲੇ ਵਿਚਾਰਾਂ ਦੇ ਰਹਿੰਦਿਆਂ ਉਸ ਤਤੁ ਦੀ ਪ੍ਰਾਪਤੀ ਨਹੀਂ ਕਰ ਸਕਦੇ, ਬ੍ਰਹਮ ਗਿਆਨ ਰੂਪ ਤਤੁ ਦੀ ਪ੍ਰਾਪਤੀ ਨਹੀਂ ਕਰ ਸਕਦੇ ਤੇ ਇਸ ਤਤੁ ਦੀ ਪ੍ਰਾਪਤੀ ਹੋਏ ਬਿਨਾ ਅਸੀਂ ਮੁਕਤੀ ਨਹੀਂ ਪਾ ਸਕਦੇ। ਮੁਕਤੀ ਹਉਮੈ ਵਾਲੇ ਵਿਚਾਰਾਂ ਤੋਂ ਹੀ ਪਾਉਣੀ ਹੈ ਜੋ ਕਿ ਸ਼ਬਦ ਦਾ ਵੀਚਾਰੀ ਬਣਕੇ ਹੀ ਪਾਈ ਜਾ ਸਕਦੀ ਹੈ, ਸ਼ਬਦ ਦੇ ਵਿਚਾਰਾਂ ਨੂੰ ਮੰਨ ਕੇ ਹੀ ਪਾਈ ਜਾ ਸਕਦੀ ਹੈ। (**ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥**)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ - ੪੧੮)

36/4309

{ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ - ੧੧੯੮)

ਸਾਡੇ ਅੰਦਰ ਤਤੁ ਰੂਪ ਪ੍ਰਮਾਤਮਾ ਚੌਥੇ ਪਦ ਦੇ ਰੂਪ ਵਿਚ ਹੈ, ਸਹਜ ਦੀ ਅਵਸਥਾ ਦੇ ਰੂਪ ਵਿਚ ਹੈ ਜਿਸ ਰਾਹੀਂ ਪ੍ਰਮਾਤਮਾ ਕੋਲੋਂ ਮਨ ਦੇ ਵਿਚ ਵਿਚਾਰ ਹੀ ਮਿਲਦੇ ਹਨ, ਸ਼ਬਦ ਰੂਪ ਵਿਚਾਰ ਹੀ ਮਿਲਦੇ ਹਨ ਜੋ ਕਿ ਪ੍ਰਮਾਤਮਾ ਦਾ ਨਾਮ ਹੈ ਤੇ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਦਿੰਦਾ ਹੈ। ਅਸੀਂ ਸੰਸਾਰ ਵਿਚ ਇਸ ਨਾਮ ਦਾ ਵਾਪਾਰ ਕਰਨ ਲਈ ਆਏ ਹਾਂ ਜੋ ਮਨ ਦੇ ਵਿਚੋਂ ਹੀ ਮਿਲਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥

ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥"

ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਆਪਣੇ ਅੰਦਰੋਂ ਤਤੁ ਖੋਜਣ ਦੀ ਗੱਲ ਸਮਝਾਈ ਹੋਈ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿਚੋਂ ਮੁਕਤੀ ਮਿਲਦੀ ਹੈ ਜੋ ਕਿ ਸਾਡੇ ਜਿਉਂਦੇ ਹੋਏ ਹੀ ਮਿਲਦੀ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ **"ਗੁਣ ਨਿਧਾਨੁ"** ਦੀ ਪ੍ਰਾਪਤੀ ਸਮਝਾਈ ਹੋਈ ਹੈ ਜੋ ਪ੍ਰਾਪਤੀ **"ਹਰਿ"** ਦੇ ਰੂਪ ਵਿਚ ਸਮਝਾਈ ਹੋਈ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਸਮਝਾਈ ਹੋਈ ਹੈ। ਮਨ ਦੀ ਇਸ ਪ੍ਰਾਪਤੀ ਦੁਆਰਾ ਮਨੁੱਖ ਨੂੰ ਗੁਣਾਂ ਦੇ ਖਜਾਨੇ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਦੇ ਗੁਣਾਂ ਦਾ ਖਜਾਨਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਪੂਰੀ ਗੁਰਬਾਣੀ ਗੁਣਾਂ ਦਾ ਖਜਾਨਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਖਜਾਨੇ ਵਿਚ ਰਲਾਉਂਦਾ ਹੈ ਉਸ ਨੂੰ ਸਹਜ ਦੀ ਅਵਸਥਾ ਬਖਸ਼ਕੇ ਰਲਾਉਂਦਾ ਹੈ ਤੇ ਉਹ ਮਨੁੱਖ ਮਨ ਦੇ ਵਿਚ ਹੀ ਪ੍ਰਮਾਤਮਾ ਦੇ ਨਾਲ **"ਵੀਚਾਰੁ"** ਕਰਦਾ ਹੈ ਜਿਸ ਰਾਹੀਂ ਉਸਨੂੰ ਪ੍ਰਮਾਤਮਾ ਕੋਲੋਂ ਮਨ ਦੇ ਵਿਚ ਸ਼ਬਦਾਂ ਦੀ ਵਿਚਾਰ ਮਿਲਦੀ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਪ੍ਰਗਟ ਹੋ ਕੇ ਸ਼ਬਦਾਂ ਦੀ ਵਿਚਾਰ ਦਿੱਤੀ ਹੈ ਉਹ ਸਹਜ ਦੀ ਅਵਸਥਾ ਦੁਆਰਾ ਹੀ ਦਿੱਤੀ ਹੈ ਜੋ ਸ਼ਬਦਾਂ ਦੀ ਵਿਚਾਰ ਉਹਨਾਂ ਨੇ ਗੁਰਬਾਣੀ ਰਾਹੀਂ ਸਾਰੇ

36/4310

ਸੰਸਾਰ ਨੂੰ ਦਿੱਤੀ ਹੈ। ਇਹ ਸ਼ਬਦਾਂ ਦੀ ਵੀਚਾਰ ਹੀ ਨਾਮ ਹੈ ਜੋ ਕਿ ਨਾਮ ਰੂਪ ਖਜਾਨਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਇਹ ਨਾਮ ਰੂਪ ਖਜਾਨਾ ਸੌਂਪਿਆ ਹੈ ਉਹਨਾਂ ਨੇ ਹੀ ਨਾਮ ਦਾ ਵਾਪਾਰ ਕੀਤਾ ਹੈ। ਉਹਨਾਂ ਨੇ ਆਪਣੇ ਜੀਵਨ ਵਿਚ ਆਪ ਨਾਮ ਜਪਿਆ ਹੈ ਭਾਵ ਆਪ ਸ਼ਬਦਾਂ ਦੀ ਵਿਚਾਰ ਦੁਆਰਾ ਵਿਚਰੇ ਹਨ ਤੇ ਸਾਰੇ ਸੰਸਾਰ ਨੂੰ ਨਾਮ ਦਾ ਵਾਪਾਰ ਕਰਨਾ ਸਮਝਾਇਆ ਹੈ। ਸ਼ਬਦਾਂ ਦੀ ਵੀਚਾਰ ਦੀ ਟੇਕ ਰੱਖਣਾ ਹੀ ਨਾਮ ਦਾ ਆਧਾਰ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਰੱਖਣਾ ਹੀ ਨਾਮ ਦਾ ਆਧਾਰ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਗੁਰਮੁਖਿ ਰੂਪ ਬਣ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। **(ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥ ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥)**

ਨਾਮ ਦਾ ਵਾਪਾਰ **"ਸਚੁ"** ਦਾ ਵਾਪਾਰ ਹੈ ਜੋ ਕਿ ਮਨ ਦੇ ਅੰਦਰ ਸਚੁ ਵੱਸਣ ਦੁਆਰਾ ਹੁੰਦਾ ਹੈ। ਸਾਡੇ ਅੰਦਰ ਸਚੁ ਵੱਸਣ ਦੁਆਰਾ ਹੀ ਮਨੁੱਖ ਗੁਣੀ ਬਣਦਾ ਹੈ। ਜਿੱਥੇ ਸੱਚ ਹੁੰਦਾ ਹੈ, ਨਾਮ ਹੁੰਦਾ ਹੈ ਉਥੇ ਅਉਗਣ ਨਹੀਂ ਹੁੰਦੇ, ਤ੍ਰਿਸ਼ਨਾ ਨਹੀਂ ਹੁੰਦੀ, ਵਿਕਾਰ ਨਹੀਂ ਹੁੰਦੇ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿਤੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥

ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥

ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥"

(ਅੰਗ - ੩੬-੩੭)

ਜਿਸ ਮਨੁੱਖ ਦੇ ਅੰਦਰ ਤ੍ਰਿਸ਼ਨਾ ਹੈ, ਅਉਗਣ ਹਨ ਉਹ ਫਿਰ ਗੁਣਾਂ ਵਾਲਾ ਕਿਵੇਂ ਅਖਵਾ ਸਕਦਾ ਹੈ, ਨਾਮ ਵਾਲਾ ਕਿਵੇਂ ਅਖਵਾ

ਸਕਦਾ ਹੈ। ਇਹੋ ਜਿਹਾ ਮਨੁੱਖ ਭਾਵੇਂ ਜਿਤਨੇ ਮਰਜੀ ਪਾਠ ਪੜੀ ਜਾਵੇ, ਜਿਤਨੇ ਮਰਜੀ ਗੁਰ ਸ਼ਬਦ ਉਚਾਰੀ ਜਾਵੇ, ਰਸਨਾ ਨਾਲ ਬੋਲੀ ਜਾਣ ਦੁਆਰਾ, ਅੱਖਰ ਜਪੀ ਜਾਣ ਦੁਆਰਾ ਗੁਰੂ ਦੇ ਨਾਲ ਰੰਗਿਆ ਹੋਇਆ ਅਖਵਾਈ ਜਾਵੇ, ਗੁਰੂ ਦੇ ਨਾਲ ਪ੍ਰੇਮ ਪਿਆਰ ਕਰਨ ਵਾਲਾ ਅਖਵਾਈ ਜਾਵੇ ਉਹ ਕੇਵਲ ਉਸ ਦਾ ਭਰਮ ਹੈ ਤੇ ਇਹੋ ਜਿਹਿਆਂ ਨੂੰ ਗੁਰੂ ਦੇ ਪਿਆਰੇ ਸਮਝਣ ਵਾਲੇ ਵੀ ਭਰਮ ਵਿਚ ਹੀ ਹਨ। ਗੁਰੂ ਦੇ ਸ਼ਬਦ ਨਾਲ ਪਿਆਰ ਕਰਨ ਵਾਲੇ ਉਹ ਹਨ, ਗੁਰੂ ਦੇ ਸ਼ਬਦਾਂ ਨਾਲ ਪਿਆਰ ਕਰਨ ਵਾਲੀ ਰਸਨਾ ਉਹਨਾਂ ਦੀ ਹੈ ਜਿੰਨ੍ਹਾਂ ਨੇ ਅਉਗਣਾਂ ਨੂੰ ਛੱਡ ਕੇ

36/4311

ਗੁਣਾਂ ਨੂੰ ਅਪਣਾਇਆ ਹੋਇਆ ਹੈ। ਕਿਸੇ ਅੱਖਰ ਦਾ ਜਾਪ ਕਰਨ ਵਾਲੇ ਭਰਮ ਵਿਚ ਹੀ ਗੁਰੂ ਦੇ ਪਿਆਰੇ ਬਣੇ ਬੈਠੇ ਹਨ, ਪਵਿੱਤਰ ਰਸਨਾ ਵਾਲੇ ਬਣੇ ਬੈਠੇ ਹਨ। ਜਦ ਤਕ ਮਨ ਪਵਿੱਤਰ ਨਹੀਂ ਹੈ ਤਦ ਤਕ ਕੋਈ ਰਸਨਾ ਪਵਿੱਤਰ ਨਹੀਂ ਹੈ। ਜਦ ਤਕ ਮਨ ਸ਼ੁੱਧ ਨਹੀਂ ਹੈ ਤਦ ਤਕ ਕੋਈ ਰਸਨਾ ਸ਼ੁੱਧ ਨਹੀਂ ਹੈ। ਜਿਸ ਮਨੁੱਖ ਨੂੰ ਗੁਰੂ ਦੇ ਸ਼ਬਦ ਨਾਲ ਪਿਆਰ ਹੈ ਉਸ ਮਨੁੱਖ ਦੇ ਮਨ ਵਿਚ ਫਿਰ ਮੈਲ ਨਹੀਂ ਹੋ ਸਕਦੀ ਭਾਵ ਅਉਗਣ ਨਹੀਂ ਹੋ ਸਕਦੇ, ਕਿਸੇ ਮਾਇਆ ਦੇ ਪਦਾਰਥਾਂ ਦੀ ਤ੍ਰਿਸ਼ਨਾ ਨਹੀਂ ਹੋ ਸਕਦੀ। ਜਦ ਤਕ ਸਾਡੇ ਅੰਦਰ ਤ੍ਰਿਸ਼ਨਾ ਹੈ, ਵਿਕਾਰ ਹਨ ਤਦ ਤਕ ਸਾਡਾ ਮਨ ਮੈਲਾ ਹੈ ਤੇ ਹਰ ਕੋਈ ਮਨਮੁਖਿ ਹੈ ਤੇ ਭਰਮ ਵਿਚ ਹੀ ਆਪਣੇ ਆਪ ਨੂੰ ਰਸਨਾ ਦੇ ਜਪ ਦੁਆਰਾ ਆਪਣੇ ਆਪ ਨੂੰ ਕੋਈ ਗੁਰਮਖਿ ਸਮਝੀ ਜਾਵੇ, ਭਗਤੀ ਵਾਲਾ ਸਮਝੀ ਜਾਵੇ ਇਹ ਉਸ ਦਾ ਕੋਰਾ ਭਰਮ ਹੈ। ਸਭ ਪਾਸੇ ਇਹੋ ਕੁਝ ਹੀ ਹੋ ਰਿਹਾ ਹੈ। **(ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥ ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥)**

{ਜਿਨ ਗੁਣ ਤਿਨ ਸਦ ਮਨਿ ਵਸੈ ਅਉਗਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ - ੨੭)

{ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥ ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥
ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥੭॥}

(ਅੰਗ - ੬੦)

{ਗਣਤ ਗਣੈ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥
ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥੯॥}

(ਅੰਗ - ੧੦੬੨)

{ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥
ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥੨॥}

(ਅੰਗ - ੪੮੩)

36/4312

{ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥}

(ਅੰਗ - ੬੫੫)

ਸਾਡੇ ਸਭ ਦੇ ਅੰਦਰ ਇਹ ਬਹੁਤ ਵੱਡਾ ਭਰਮ ਵੱਸਿਆ ਹੋਇਆ ਹੈ ਕਿ ਜਿਤਨੀ ਕੋਈ ਜਿਆਦਾ ਧਰਮ ਗ੍ਰੰਥਾਂ ਦੀ ਬਾਣੀ ਨੂੰ ਪੜਦਾ,

ਸੁਣਦਾ ਹੈ ਉਤਨਾ ਹੀ ਉਹ ਪ੍ਰਮਾਤਮਾ ਨੂੰ ਖੁਸ਼ ਕਰਦਾ ਹੈ। ਪ੍ਰਮਾਤਮਾ ਕਥਨੀ ਨਾਲ ਖੁਸ਼ ਨਹੀਂ ਹੁੰਦਾ ਭਾਵੇਂ ਸਾਰੀ ਜ਼ਿੰਦਗੀ ਕਥਨੀ ਨਾਲ ਜੁੜੇ ਰਹੋ। ਪ੍ਰਮਾਤਮਾ ਸਾਡੀ ਕਰਣੀ ਨਾਲ ਖੁਸ਼ ਹੁੰਦਾ ਹੈ ਜੋ ਕਿ ਸਾਡੀ ਕਥਨੀ ਦਾ ਮਕਸਦ ਹੈ, ਧਰਮ ਗ੍ਰੰਥਾਂ ਨੂੰ ਪੜਣ ਸੁਣਨ ਦਾ ਮਕਸਦ ਹੈ। ਧਰਮ ਗ੍ਰੰਥਾਂ ਦਾ ਮਕਸਦ ਸ਼ਬਦਾਂ ਦੇ ਗਿਆਨ ਵਿਚ ਹੈ ਨਾ ਕਿ ਸ਼ਬਦਾਂ ਦੀ ਕਥਨੀ ਵਿਚ ਹੈ। ਗਿਆਨ ਦਾ ਮਕਸਦ ਗਿਆਨ ਨੂੰ ਮੰਨਣ ਦੁਆਰਾ ਪੂਰਾ ਹੁੰਦਾ ਹੈ ਭਾਵ ਕੇਵਲ ਗਿਆਨ ਲੈਣ ਦਾ ਵੀ ਕੀ ਮਨੋਰਥ ਰਹਿ ਜਾਂਦਾ ਹੈ। ਅੱਖਰਾਂ ਦੀਆਂ ਗਿਣਤੀਆਂ ਮਿਣਤੀਆਂ ਵਿਚ ਪਏ ਰਹਿਣ ਨਾਲ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਕੁਝ ਹਾਸਿਲ ਨਹੀਂ ਹੋਣਾ ਜਿਸ ਨਾਲ ਕੇਵਲ ਸਾਡਾ ਸਮਾਜ ਵਿਚ ਰੁਤਬਾ ਜ਼ਰੂਰ ਵੱਧ ਜਾਂਦਾ ਹੈ ਭਾਵ ਸਾਡੀ ਮੈਂ ਹੀ ਉੱਚੀ ਹੁੰਦੀ ਹੈ, ਸਾਡੀ ਹਉਮੈ ਹੀ ਵੱਧਦੀ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਤੋਂ ਪੁੱਠਾ ਮਾਰਗ ਹੈ। ਜਿਤਨੀ ਮਰਜੀ ਕੋਈ ਅੱਖਰਾਂ ਦੀਆਂ ਗਿਣਤੀਆਂ ਮਿਣਤੀਆਂ ਨਾਲ ਜੁੜਿਆ ਰਹੇ, ਧਾਰਮਿਕ ਬਾਣੀਆਂ ਨੂੰ ਜਿਤਨਾ ਮਰਜੀ ਪੜ ਲਵੇ, ਜਿਤਨਾ ਮਰਜੀ ਅੱਖਰਾਂ ਦਾ ਜਪ ਕਰ ਲਵੇ ਪਰ ਇਸ ਤਰੀਕੇ ਕੋਈ ਪ੍ਰਮਾਤਮਾ ਨੂੰ ਪਾ ਲਵੇ ਇਹ ਨਾਮੁਮਕਿਨ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥
ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥
ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥
ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥”

(ਅੰਗ - ੯੩੪)

ਉਪਰਲੇ ਸ਼ਬਦ ਰਾਹੀਂ ਸਾਨੂੰ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਵੇਂ ਕਿ ਅਸੀਂ ਬਾਰ ਬਾਰ ਸਮਝਦੇ ਆ ਰਹੇ ਹਾਂ ਨਾਮ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿਚੋਂ, ਮਨ ਦੀ ਦੁਬਿਧਾ ਵਿਚੋਂ ਕੱਢਣ ਦਾ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੀ ਅਗਿਆਨਤਾ ਦੂਰ ਹੋਣ ਦੇ ਨਾਲ ਹੁੰਦਾ ਹੈ ਪਰ ਨਾਮ ਦਾ ਮਕਸਦ ਸਮਝ

36/4313

ਨਾ ਹੋਣ ਕਰਕੇ ਅਸੀਂ ਕਿਸੇ ਅੱਖਰ ਦੇ ਜਪ ਨਾਲ ਜੁੜੇ ਰਹਿੰਦੇ ਹਾਂ ਤੇ ਇਹ ਸਮਝਦੇ ਹਾਂ ਕਿ ਜਿਤਨਾ ਕੋਈ ਜਿਆਦਾ ਅੱਖਰਾਂ ਦਾ ਜਪ ਕਰਦਾ ਹੈ, ਅੱਖਰਾਂ ਦੀ ਗਿਣਤੀ ਵਿਚ ਅੱਗੇ ਹੁੰਦਾ ਹੈ ਉਤਨਾ ਹੀ ਉਸ ਨੂੰ ਨਾਮ ਜਪਣ ਵਿਚ ਅਗੇ ਸਮਝਿਆ ਜਾਂਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਸਿੱਖ ਜਗਤ ਵਿਚ ਅੱਖਰ ਨੂੰ ਜਪਣ ਦੀ ਹੋੜ ਲਗੀ ਹੋਈ ਹੈ। ਕੋਈ ਕਿਹੋ ਜਿਹਾ ਅੱਖਰ ਜਪਦਾ ਹੈ ਇਸ ਨਾਲ ਕੀ ਫਰਕ ਪੈਂਦਾ ਹੈ। ਅੱਖਰਾਂ ਦਾ ਮਕਸਦ ਸਾਨੂੰ ਗਿਆਨ ਦੇਣ ਦੇ ਨਾਲ ਹੈ ਭਾਵ ਸਾਡੇ ਮਨ ਦਾ ਭਰਮ ਕੱਢਣ ਦੇ ਨਾਲ ਹੈ। ਜੇਕਰ ਅਸੀਂ ਮਨ ਦੇ ਭਰਮ ਨੂੰ ਕੱਢਣਾ ਨਾਮ ਨਹੀਂ ਸਮਝਦੇ ਫਿਰ ਇਸ ਗੱਲ ਨਾਲ ਕੀ ਫਰਕ ਪੈਂਦਾ ਹੈ ਕਿ ਕੋਈ ਕਿਹੋ ਜਿਹੇ ਅੱਖਰ ਦਾ ਨਾਮ ਜਪਦਾ ਹੈ।

ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਸਾਡੇ ਅੰਦਰ ਨਾਮ ਨੂੰ ਨਾ ਸਮਝਣ ਦਾ ਕਾਰਨ ਉਹਨਾਂ ਕੋਲੋਂ ਲਈ ਹੋਈ ਮਤਿ ਹੈ ਜਿੰਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ। ਨਾਮ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ। ਉਪਰ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਨੂੰ ਨਾਮ ਦੀ ਸੋਝੀ ਕੇਵਲ ਗੁਰੂ ਕੋਲੋਂ ਲੈਣੀ ਚਾਹੀਦੀ ਹੈ ਤੇ ਤਾਂ ਹੀ ਅਸੀਂ ਮਨ ਦੇ ਭਰਮ ਵਿਚੋਂ ਨਿਕਲਕੇ, ਮਨ ਦੀ ਅਗਿਆਨਤਾ ਵਿਚੋਂ ਨਿਕਲਕੇ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸੰਸਾਰ ਵਿਚ ਐਸਾ ਕੋਈ ਮਨੁੱਖ ਨਹੀਂ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਜੁੜਨਾ ਸਿਖਾ ਸਕੇ। ਗੁਰੂ ਤੋਂ ਬਿਨਾ ਹੋਰ ਕੋਈ ਨਹੀਂ ਜੋ ਦੁਬਿਧਾ ਵਿਚ ਨਾ ਹੋਵੇ ਭਾਵ ਮਨ ਦੇ ਭਰਮ ਵਿਚ ਨਾ ਹੋਵੇ। ਜੋ ਖੁੱਦ ਦੁਬਿਧਾ ਵਿਚ ਹੈ ਉਹ ਦੂਸਰਿਆਂ ਨੂੰ ਦੁਬਿਧਾ ਵਿੱਚੋਂ ਕਿਵੇਂ ਕੱਢ ਸਕਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਮਨ ਦੀ ਦੁਬਿਧਾ ਦੇ ਕਰਕੇ ਹੀ ਹੈ। ਹਰ ਕੋਈ ਦੁਬਿਧਾ ਦੇ ਰੋਗ ਨਾਲ ਗ੍ਰਸਤ ਹੈ ਤੇ ਇਸੇ ਲਈ ਹਰ ਕੋਈ ਆਵਾਗਉਣ ਵਿਚ ਹੀ ਹੈ। ਪ੍ਰਮਾਤਮਾ ਨੇ ਹਰ ਕਿਸੇ ਨੂੰ ਦੁਬਿਧਾ ਵਿਚ, ਮਨ ਦੀ ਹਉਮੈ ਵਿਚ ਰੱਖਿਆ ਹੋਇਆ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਜਿਸ ਦੁਆਰਾ ਪ੍ਰਮਾਤਮਾ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਜੋ ਵੀ ਸੰਸਾਰ ਵਿਚ ਆਇਆ ਹੈ ਉਹ ਮਨ ਦੇ ਇਸ ਰੋਗ ਨਾਲ ਹੀ ਆਇਆ ਹੈ ਭਾਵ ਦੁਬਿਧਾ ਦੇ ਰੋਗ ਨਾਲ ਹੀ ਆਇਆ ਹੈ ਤੇ ਜੋ ਵੀ ਸੰਸਾਰ ਵਿਚ ਆਏਗਾ ਉਹ ਦੁਬਿਧਾ ਦੇ ਵਿਚ ਹੀ

36/4314

ਆਵੇਗਾ ਭਾਵ ਸੰਸਾਰ ਜਿਸ ਵਿਧੀ ਦੁਆਰਾ ਚਲ ਰਿਹਾ ਹੈ ਉਸੇ ਵਿਧੀ ਦੁਆਰਾ ਹੀ ਚਲਦਾ ਰਹੇਗਾ। ਦੁਬਿਧਾ ਵਿਚੋਂ ਪ੍ਰਮਾਤਮਾ ਕਦੇ ਕਿਸੇ ਵਿਰਲੇ ਨੂੰ ਹੀ ਕੱਢਦਾ ਹੈ, ਆਪਣਾ ਗੁਰੂ ਰੂਪ, ਭਗਤ ਰੂਪ ਧਾਰਣ ਕਰਨ ਦੁਆਰਾ ਕੱਢਦਾ ਹੈ ਜਿਸ ਨੂੰ ਉਹ ਆਪਣੇ ਨਾਲ ਮੇਲਣ ਦੁਆਰਾ ਆਪ ਹੀ ਆਪਣਾ ਨਾਮ ਦਿੰਦਾ ਹੈ ਤਾਂ ਜੋ ਉਹ ਸੰਸਾਰ ਨੂੰ ਨਾਮ ਸਮਝਾ ਸਕੇ। ਪੂਰੀ ਗੁਰਬਾਣੀ ਵਿਚ ਨਾਮ ਦੀ ਸਿਖਿਆ ਹੈ ਜਿਸ ਰਾਹੀਂ ਪ੍ਰਮਾਤਮਾ ਸਦਾ ਹੀ ਪ੍ਰਗਟ ਹੈ। ਗੁਰਬਾਣੀ ਕੋਲ ਉਹ ਸੱਚਾ ਗਿਆਨ ਹੈ ਜੋ ਸਾਨੂੰ ਸੱਚਾ ਨਾਮ ਸਮਝਾਉਣ ਦੁਆਰਾ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦੀ ਹੈ। ਸੰਸਾਰ ਵਿਚ ਗੁਰੂ ਤੋਂ ਬਿਨਾ ਕੋਈ ਹੋਰ ਇਹੋ ਜਿਹੀ ਮਤਿ ਵਾਲਾ ਨਹੀਂ ਜੋ ਸਾਨੂੰ ਦੁਬਿਧਾ ਵਿਚੋਂ ਕੱਢ ਸਕੇ ਤੇ ਪ੍ਰਮਾਤਮਾ ਦੇ ਨਾਲ ਮਿਲਾ ਸਕੇ। **(ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥)**

{ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ - ੨੩੮)

ਬ੍ਰਹਮ ਬੀਚਾਰ ਹੀ ਨਾਮ ਹੈ ਜੋ ਕਿ ਪੂਰੀ ਗੁਰਬਾਣੀ ਵਿਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਤੇ ਇਸੇ ਲਈ ਜਿਸ ਮਨ ਵਿਚ ਦੁਬਿਧਾ ਹੈ ਉਹ ਨਾਮ ਵਿਹੂਣਾ ਹੈ ਭਾਵ ਬ੍ਰਹਮ ਬੀਚਾਰ ਤੋਂ ਵਿਹੂਣਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥"

ਨਾਮ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਤੇ ਜਿੱਥੇ ਸੱਚਾ ਗਿਆਨ ਨਹੀਂ ਹੈ ਭਾਵ ਜੋ ਸੱਚੇ ਗਿਆਨ ਤੋਂ ਵਿਹੂਣਾ ਹੈ ਉਥੇ ਦੁਬਿਧਾ ਹੈ ਭਾਵ ਭਰਮ ਹੈ, ਅਗਿਆਨਤਾ ਹੈ ਜਿਸ ਅਵਸਥਾ ਤੋਂ ਬਾਹਰ ਕੋਈ ਨਹੀਂ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਖਿਆ ਹੋਇਆ ਹੈ। ਸਾਡੇ ਅੰਦਰ ਦੀ ਨਾਮ ਵਿਹੂਣੀ ਮਤਿ ਕੱਚੀ ਮਤਿ ਹੈ ਜੋ ਕਿ ਇੱਕ ਕੱਲਰ ਦੀ ਕੰਧ ਦੀ ਤਰ੍ਹਾਂ ਹੈ, ਇੱਕ ਕੱਚੀ ਕੰਧ ਦੀ ਤਰ੍ਹਾਂ ਹੈ ਜੋ ਟਿਕ ਨਹੀਂ ਸਕਦੀ। ਸਾਡੀ ਕੱਚੀ ਮਤਿ ਭਾਵ ਨਾਮ ਵਿਹੂਣੀ ਮਤਿ ਮਾਇਆ ਮੋਹ ਵਿਚ ਰਹਿੰਦੀ ਹੈ ਭਾਵ ਸਾਡਾ ਮਨ ਮਾਇਆ ਮੋਹ ਵਿਚ ਰਹਿਣ ਕਰਕੇ ਟਿਕਦਾ ਨਹੀਂ, ਗੁਰਮਤਿ ਤੇ, ਸੱਚ ਤੇ ਟਿਕਦਾ ਨਹੀਂ। ਸਾਡੀ ਇਸ ਮਨ ਦੀ ਅਵਸਥਾ ਦਾ ਕਾਰਣ ਸਾਡੇ ਮਨ ਦੀ ਅਗਿਆਨਤਾ ਹੈ ਜੋ ਸਾਨੂੰ ਨਾ ਸੱਚ

36/4315

ਦੀ ਸਮਝ ਆਉਣ ਦਿੰਦੀ ਹੈ ਤੇ ਨਾ ਹੀ ਮਨੁੱਖ ਸੱਚ ਤੇ ਟਿਕ ਸਕਦਾ ਹੈ ਭਾਵ ਸਾਡਾ ਮਨ ਮਾਇਆ ਮੋਹ ਦੇ, ਭਰਮ ਦੇ ਬੰਧਨ ਵਿਚ ਹੀ ਰਹਿੰਦਾ ਹੈ ਜਿਸ ਤੋਂ ਸਾਡਾ ਛੁਟਕਾਰਾ ਨਹੀਂ ਹੁੰਦਾ। ਛੁਟਕਾਰਾ ਨਾਮ ਨਾਲ ਹੀ ਹੋਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਹੀ ਹੋਣਾ ਹੈ ਤੇ ਉਹ ਛੁਟਕਾਰਾ ਤਾਂ ਹੀ ਹੋਵੇਗਾ ਜੇਕਰ ਅਸੀਂ ਨਾਮ ਦੀ ਸਿਖਿਆ ਗੁਰੂ ਕੋਲੋਂ ਲਵਾਂਗੇ ਜੋ ਦੁਬਿਧਾ ਤੋਂ ਬਾਹਰ ਹੈ। ਅਸੀਂ ਸਿਖਿਆ ਉਹਨਾਂ ਤੋਂ ਲਈ ਹੋਈ ਹੈ ਜਿੰਨ੍ਹਾਂ ਦੇ ਆਪਣੇ ਅੰਦਰ ਕੱਲਰ ਵਾਲੀ ਕੰਧ ਹੈ ਭਾਵ ਜੋ ਆਪ ਨਾਮ ਵਿਹੂਣੇ ਰਹੇ ਹਨ ਤੇ ਹੁਣ ਵੀ ਹਨ। ਸਾਡੀ ਮਾੜੀ ਮਤਿ ਨੇ ਆਖਰ ਸਾਨੂੰ "**ਰਸਾਤਲਿ**" ਵਿਚ ਹੀ ਪਾਉਣਾ ਹੈ ਭਾਵ ਨਰਕ ਵਿਚ ਹੀ ਪਾਉਣਾ ਹੈ, ਆਵਾਗਉਣ ਵਿਚ ਹੀ ਪਾਉਣਾ ਹੈ। ਸਾਡੀ ਮਾੜੀ ਮਤਿ ਹੀ ਅਸਲ ਵਿਚ ਨਰਕ ਹੈ ਜਿਸ ਮਤਿ ਵਿਚ ਮਨੁੱਖ ਫਿਰ ਤੋਂ ਪੈਂਦਾ ਹੈ ਤੇ ਇਸ ਮਾੜੀ ਮਤਿ ਵਿਚੋਂ ਨਿਕਲੇ ਬਿਨਾ ਸਾਡਾ ਸੰਸਾਰ ਤੋਂ ਛੁਟਕਾਰਾ ਨਹੀਂ ਹੋ ਸਕਦਾ। ਸਾਡੇ ਮਨ ਦੀ ਦੁਬਿਧਾ, ਹਉਮੈ ਹੀ ਅਸਲ ਵਿਚ "**ਰਸਾਤਲਿ**" ਹੈ ਜਿਸ ਵਿਚੋਂ ਅਸੀਂ ਆਪਣੇ ਜਿਉਂਦੇ ਹੋਏ ਹੀ ਨਿਕਲਣਾ ਹੈ। **(ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥ ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥)** ਅਸੀਂ ਨਾਮ ਜਪਣ ਵਾਲੀ ਮਤਿ ਉਹਨਾਂ ਕੋਲੋਂ ਲਈ ਹੋਈ ਹੈ ਜੋ ਖੁਦ ਨਾਮ ਵਿਹੂਣੇ ਹਨ। ਇਹੋ ਜਿਹੇ ਨਾਮ ਵਿਹੂਣੇ ਕਿਸੇ ਅੱਖਰ ਦੇ ਜਪ ਨੂੰ ਨਾਮ ਜਪਣਾ ਸਮਝਦੇ ਹਨ। ਜਿਹੋ ਜਿਹਾ ਨਾਮ ਉਹਨਾਂ ਨੇ ਆਪ ਜਪਿਆ ਹੈ ਉਹੋ ਜਿਹਾ ਨਾਮ ਹੀ ਉਹਨਾਂ ਨੇ ਦੂਸਰਿਆਂ ਨੂੰ ਜਪਣਾ ਸਿਖਾਇਆ ਹੈ। ਸਭ ਨੇ ਕਿਸੇ ਅੱਖਰ ਨੂੰ ਜਪਿਆ ਹੈ ਤੇ ਕਿਸੇ ਅੱਖਰ ਨੂੰ ਜਪਣਾ ਹੀ ਸਿਖਾਇਆ ਹੈ ਤੇ ਜੋ ਅੱਖਰ ਦੇ ਜਪ ਨੂੰ ਵੱਧ ਤੋਂ ਵੱਧ ਜਪਦਾ ਹੈ ਉਸ ਨੂੰ ਉਤਨਾ ਹੀ ਜਿਆਦਾ ਨਾਮ ਜਪਣ ਵਾਲਾ ਸਮਝਿਆ ਜਾਂਦਾ ਹੈ। ਅਗਲੀਆਂ ਪੰਗਤੀਆਂ ਰਾਹੀਂ ਇਹੋ ਜਿਹਿਆਂ ਭਰਮਿਆਂ ਹੋਇਆਂ ਦੀ ਮਤਿ ਦਾ ਖੰਡਨ ਹੀ ਕੀਤਾ ਹੋਇਆ ਹੈ ਜਿੰਨ੍ਹਾਂ ਨੂੰ ਅਗਿਆਨੀ ਤੇ ਮਤਿਹੀਣ

ਕਹਿ ਕੇ ਸਮਝਾਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਅੱਖਰੀ ਜਪ ਤਪ ਤੋਂ ਬਚ ਸਕੀਏ ਜੋ ਕੇਵਲ ਸਾਡੀ ਅਗਿਆਨਤਾ ਹੈ ਤੇ ਖੁਆਰੀ ਹੈ।

36/4316

"ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥"

ਪ੍ਰਮਾਤਮਾ ਦਾ ਕੋਈ ਅੰਤ ਨਹੀਂ ਹੈ ਕਿ ਉਹ ਕਿਤਨਾ ਕੁ ਵੱਡਾ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਗਿਣਤੀਆਂ ਤੋਂ ਬਾਹਰ ਹੈ, ਪ੍ਰਮਾਤਮਾ ਦੇ ਗੁਣ ਗਿਣਤੀਆਂ ਤੋਂ ਬਾਹਰ ਹਨ। ਹਰ ਵਸਤੂ ਗੁਣਾਂ ਨਾਲ ਭਰਪੂਰ ਹੈ। ਜਿਸ ਦੀਆਂ ਵਸਤੂਆਂ ਹੀ ਗਿਣਤੀ ਤੋਂ ਬਾਹਰ ਹਨ, ਜਿਸ ਦੇ ਖੰਡ ਬ੍ਰਹਮੰਡ ਹੀ ਗਿਣਤੀਆਂ ਤੋਂ ਬਾਹਰ ਹਨ, ਕੀ ਉਸਦੇ ਗੁਣਾਂ ਦੀ ਗਿਣਤੀ ਕੀਤੀ ਜਾ ਸਕਦੀ ਹੈ। ਪ੍ਰਮਾਤਮਾ **"ਅਗਣਤੁ"** ਰੂਪ ਵਿਚ ਹੈ। ਅਸੀਂ ਪ੍ਰਮਾਤਮਾ ਨੂੰ ਕਿਸੇ ਅੱਖਰ ਦੇ ਰੂਪ ਵਿਚ ਜਪਦੇ ਹਾਂ, ਸ਼ਬਦ ਦੇ ਬੋਲਾਂ ਦੇ ਰੂਪ ਵਿਚ ਜਪਦੇ ਹਾਂ ਤੇ ਇਹ ਸਮਝਦੇ ਹਾਂ ਕਿ ਜਿਤਨਾ ਕੋਈ ਪ੍ਰਮਾਤਮਾ ਨੂੰ ਜਿਆਦਾ ਵਾਰੀ ਜਪਦਾ ਹੈ ਭਾਵ ਜਿਆਦਾ ਅੱਖਰ ਜਪਦਾ ਹੈ, ਜਿਆਦਾ ਵਾਰੀ ਪੜਦਾ ਹੈ, ਬੋਲਦਾ ਹੈ ਉਹ ਉਤਨਾ ਜਿਆਦਾ ਪ੍ਰਮਾਤਮਾ ਨੂੰ ਪ੍ਰਸੰਨ ਕਰਦਾ ਹੈ ਤੇ ਉਹ ਪ੍ਰਮਾਤਮਾ ਨੂੰ ਬਹੁਤ ਜਿਆਦਾ ਜਪਣ ਵਾਲਾ ਹੈ, ਬਹੁਤ ਜਿਆਦਾ ਪੜਨ ਸੁਣਨ ਵਾਲਾ ਹੈ। ਜੋ ਪ੍ਰਮਾਤਮਾ ਹੈ ਹੀ ਅਗਣਤ ਭਾਵ ਜੋ ਹੈ ਹੀ ਗਿਣਤੀ ਤੋਂ ਬਾਹਰ ਉਸ ਨੂੰ ਅਸੀਂ ਅੱਖਰਾਂ ਦੀਆਂ ਗਿਣਤੀਆਂ ਮਿਣਤੀਆਂ ਦੁਆਰਾ ਪਾਉਣਾ ਚਾਹੁੰਦੇ ਹਾਂ ਜੋ ਕਿ ਸਾਡੀ ਵੱਡੀ ਅਗਿਆਨਤਾ ਹੈ। ਅੱਖਰਾ ਦੀਆਂ ਗਿਣਤੀਆਂ ਗਿਣਨ ਵਾਲਿਆਂ ਨੂੰ ਬੜੇ ਸਪਸ਼ਟ ਤੌਰ ਤੇ ਅਗਿਆਨੀ ਤੇ ਮਤਹੀਣ ਕਹਿ ਕੇ ਸਮਝਾਇਆ ਹੈ ਕਿ ਇਹਨਾਂ ਨੂੰ ਗੁਰੂ ਦੀ ਮਤਿ ਦਾ ਗਿਆਨ ਨਹੀਂ ਹੈ ਭਾਵ ਗੁਰੂ ਸਾਨੂੰ ਇਹੋ ਜਿਹਾ ਗਿਆਨ ਨਹੀਂ ਦਿੰਦਾ, ਇਹੋ ਜਿਹੀ ਮਤਿ ਨਹੀਂ ਦਿੰਦਾ ਕਿ ਅਸੀਂ ਅੱਖਰਾਂ ਦੀਆਂ ਗਿਣਤੀਆਂ ਵਿਚ ਪਏ ਰਹੀਏ। ਇਹ ਕੁਝ ਅਸੀਂ ਜਿੰਨ੍ਹਾਂ ਕੋਲੋਂ ਸਿਖਿਆ ਹੈ ਉਹਨਾਂ ਨੇ ਸਾਨੂੰ ਗੁਰਮਤਿ ਰੂਪ ਗਿਆਨ ਤੋਂ ਦੂਰ ਹੀ ਕੀਤਾ ਹੈ ਭਾਵ ਮਨਮਤਿ ਹੀ ਸਿਖਾਈ ਹੈ। ਮਨਮਤਿ ਵਿਚ ਰਹਿ ਕੇ ਗੁਰੂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਗੁਰਮਤਿ ਸਾਨੂੰ ਇਹ ਸਮਝਾਉਂਦੀ ਹੈ ਕਿ ਅੱਖਰਾਂ ਨੂੰ ਜਪੀ ਜਾਣਾ ਨਾਮ ਨਹੀਂ ਹੈ ਤੇ ਨਾ ਹੀ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਵਿਚ ਪ੍ਰਮਾਤਮਾ ਦੀ ਕੋਈ ਵਡਿਆਈ ਹੁੰਦੀ ਹੈ। ਗੁਰੂ ਪ੍ਰਮਾਤਮਾ ਦੀ ਵਡਿਆਈ ਗੁਰੂ ਦੇ ਦਿੱਤੇ ਹੋਏ ਗਿਆਨ ਨੂੰ ਮੰਨ ਕੇ ਹੁੰਦੀ ਹੈ, ਗੁਰੂ ਦੀ ਮਤਿ ਨੂੰ ਮੰਨ ਕੇ ਹੁੰਦੀ ਹੈ, ਮਾਇਆ ਮੋਹ ਤਿਆਗਣ ਦੁਆਰਾ, ਹਉਮੈ ਛੱਡਣ ਦੁਆਰਾ, ਅਉਗਣ ਤਿਆਗਣ ਦੁਆਰਾ, ਤ੍ਰਿਸ਼ਨਾ ਛੱਡਣ ਦੁਆਰਾ ਭਾਵ ਸੱਚੇ ਸੁੱਚੇ ਇਨਸਾਨ ਬਣਨ ਦੁਆਰਾ ਹੁੰਦੀ ਹੈ। ਅੱਖਰਾਂ

36/4317

ਦਾ ਜਪ ਕਰੀ ਜਾਣਾ ਕੇਵਲ ਸਾਡੀ ਹਉਮੈ ਹੈ ਭਾਵ ਸਾਡੀ ਮਨਮਤਿ ਹੈ, ਅਗਿਆਨਤਾ ਹੈ, ਗੁਰਮਤਿ ਦੇ ਉਲਟ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਸਾਡੀ ਆਪਣੀ ਵਡਿਆਈ ਜਰੂਰ ਹੋਣ ਲਗ ਪੈਂਦੀ ਹੈ ਜੋ ਕਿ ਸਭ ਪਾਸੇ ਹੋ ਰਿਹਾ ਹੈ। **(ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ॥)**

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥}

(ਅੰਗ - ੭੩੨)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥

ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ - ੩੯)

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥}

(ਅੰਗ - ੫੫੫)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ - ੯)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥}

(ਅੰਗ - ੭੯੫)

{ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ - ੭੯੫)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ - ੬੫੫)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ - ੫੩)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ - ੧੨੩੯)

36/4318

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ - ੫੮)

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ - ੪੬੭)

{ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥
ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥}

(ਅੰਗ - ੩੫੧)

{ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥
ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥}

(ਅੰਗ - ੩੫੧)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥॥੩॥੧॥}

(ਅੰਗ - ੧੫੧)

{ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥
ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ॥ ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥}

(ਅੰਗ - ੮੧੪)

{ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥ ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥
ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥ ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥੨॥}

(ਅੰਗ - ੧੩੯)

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥}

(ਅੰਗ - ੮੦੦)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

ਜਦ ਤਕ ਅਸੀਂ ਅੱਖਰਾਂ ਦੀ ਗਿਣਤੀ ਮਿਣਤੀ ਨਾਲ ਜੁੜੇ ਹੋਏ ਹਾਂ ਤਦ ਤਕ ਅਸੀਂ ਅਗਿਆਨੀ ਹੀ ਹਾਂ, ਮਤਿਹੀਣ ਹੀ ਹਾਂ ਭਾਵ ਗੁਰਮਤਿ ਨੂੰ ਸਮਝਣ ਵਿਚ ਅਸੀਂ ਅਗਿਆਨਤਾ ਵਿਚ

ਹਾਂ, ਭਰਮ ਵਿਚ ਹਾਂ ਕਿ ਪ੍ਰਮਾਤਮਾ ਦਾ ਨਾਮ ਕੀ ਹੈ, ਨਾਮ ਜਪਣਾ ਕੀ ਹੈ ਤੇ ਨਾਮ ਮਿਲਣਾ ਕੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਕੀ

ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ। ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ ਤੇ ਉਸ ਦੇ ਨਾਲ ਮੇਲ ਮਨ ਦੇ ਵਿਚ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਹੁੰਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥”

ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਅੱਖਰ ਜਪੀ ਜਾਣ ਵਾਲਿਆਂ ਨੂੰ ਅਗਿਆਨੀ ਕਹਿ ਕੇ ਸਮਝਾਇਆ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਨਾਲ ਵਿਛੋੜਾ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਦੂਰ ਹੁੰਦਾ ਹੈ। ਅੱਖਰਾਂ ਨੂੰ ਅਸੀਂ ਜੇਕਰ ਕੇਵਲ ਪੜੀ ਸੁਣੀ ਜਾਂਦੇ ਹਾਂ ਜਾਂ ਕਿਸੇ ਅੱਖਰ ਦਾ ਜਪ ਕਰੀ ਜਾਂਦੇ ਹਾਂ ਉਸ ਦੇ ਨਾਲ ਅੱਖਰ ਦਾ ਮਨੋਰਥ ਪੂਰਾ ਨਹੀਂ ਹੁੰਦਾ। ਅੱਖਰ ਦਾ ਮਨੋਰਥ ਗਿਆਨ ਦੇਣਾ ਹੈ। ਕੋਈ ਅੱਖਰ ਅਗਿਆਨੀ ਨਹੀਂ ਹੁੰਦਾ ਭਾਵ ਅੰਧਾ ਨਹੀਂ ਹੁੰਦਾ ਪਰ ਅਸੀਂ ਅੱਖਰ ਨੂੰ ਅੰਧਾ ਸਮਝਕੇ ਜਪਦੇ ਹਾਂ ਭਾਵ ਅੱਖਰ ਦੇ ਮਨੋਰਥ ਨੂੰ ਨਹੀਂ ਸਮਝਦੇ ਹਾਂ ਜਿਵੇਂ ਕਿ ਅਸੀਂ ਪਿਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। **(ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥)** ਅੰਗ - ੧੫੧ ਸਾਡੇ ਅੱਖਰਾਂ ਦੇ ਜਪ ਨੂੰ, ਪਾਠ ਨੂੰ ਕੇਵਲ ਪੜੀ ਸੁਣੀ ਜਾਣ ਨੂੰ **“ਰਬਾਬ”** ਦੇ ਨਾਲ ਭਾਵ ਆਵਾਜ ਵਾਲੇ ਸਾਜ ਦੇ ਨਾਲ ਤੁਲਨਾ ਕਰਕੇ ਸਮਝਾਇਆ ਹੋਇਆ ਹੈ। ਰਬਾਬ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇ ਉਸ ਵਿਚੋਂ ਆਵਾਜ ਨਿਕਲੇ, ਸੁਰੀਲੀ ਆਵਾਜ ਨਿਕਲੇ। ਜੇਕਰ ਰਬਾਬ ਵਿਚੋਂ ਕੋਈ ਆਵਾਜ ਹੀ ਪੈਦਾ ਨਾ ਹੋਵੇ ਫਿਰ ਉਹ ਰਬਾਬ ਕਿਸ ਕੰਮ ਦੀ। ਜੇਕਰ ਰਬਾਬ ਦੀ ਤਾਰ ਟੁੱਟੀ ਹੋਵੇ ਫਿਰ ਉਸ ਵਿਚੋਂ ਆਵਾਜ ਨਹੀਂ ਨਿਕਲਦੀ ਭਾਵ ਰਬਾਬ ਦੇ ਬਣਨ ਦਾ ਮਨੋਰਥ ਖਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਜਦ ਤਕ ਅਸੀਂ ਕਿਸੇ ਅੱਖਰ ਕੋਲੋਂ ਗਿਆਨ ਨਹੀਂ ਲੈਂਦੇ ਭਾਵ ਉਸ ਕੋਲੋਂ ਗਿਆਨ ਲੈ ਕੇ ਆਪਣੀ ਅਗਿਆਨਤਾ ਦੂਰ ਨਹੀਂ ਕਰਦੇ, ਸ਼ਬਦ ਦੇ ਅੱਖਰਾਂ ਕੋਲੋਂ ਗੁਰਮਤਿ ਲੈ ਕੇ ਆਪਣੀ

ਮਨਮਤਿ ਦੂਰ ਨਹੀਂ ਕਰਦੇ ਤਦ ਤਕ ਸ਼ਬਦ ਦੇ ਅੱਖਰਾਂ ਦਾ ਮਨੋਰਥ ਪੂਰਾ ਨਹੀਂ ਹੁੰਦਾ ਭਾਵ ਉਹ ਅੱਖਰ ਉਸ ਰਬਾਬ ਦੀ ਤਰ੍ਹਾਂ ਹਨ ਜਿਸ ਰਬਾਬ ਦੀ ਤਾਰ ਟੁੱਟੀ ਹੋਈ ਹੈ। ਸਾਡਾ ਪ੍ਰਮਾਤਮਾ ਨਾਲ ਵਿਜੋਗ ਇਸੇ ਕਰਕੇ ਹੀ ਹੈ ਕਿ ਅਸੀਂ ਅੱਖਰਾਂ ਦੇ ਮਨੋਰਥ ਨੂੰ ਨਹੀਂ ਸਮਝਦੇ। ਜਿਵੇਂ ਇਕ ਰਬਾਬ ਤਾਰ ਟੁੱਟਣ ਦੇ ਨਾਲ ਭਾਵ ਤਾਰ ਦੇ ਨਾਲੋਂ ਵਿਜੋਗ ਹੋਣ ਦੇ ਨਾਲ ਨਹੀਂ ਵਜਦੀ ਇਸੇ ਤਰ੍ਹਾਂ ਸ਼ਬਦ ਦੇ ਗਿਆਨ ਦੇ ਨਾਲੋਂ ਸਾਡਾ ਵਿਜੋਗ ਹੋਣ ਦੇ ਨਾਲ ਸਾਡੀ ਮਨ ਰੂਪ ਰਬਾਬ ਨਹੀਂ ਵਜਦੀ ਭਾਵ ਮਨ ਦੇ ਵਿਚੋਂ ਗਿਆਨ ਰੂਪ ਸੁਰ ਨਹੀਂ ਨਿਕਲਦੀ, ਮਨ ਦੀ ਸੋਝੀ ਰੂਪ ਸੁਰ ਨਹੀਂ ਨਿਕਲਦੀ ਜਿਸ ਦੇ ਨਾਲ ਸਾਡੀ ਸੁਰ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਜੁੜਦੀ ਹੈ ਜੋ ਸਾਡੇ ਅੰਦਰ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੀ ਹੈ, ਅੱਖਰਾਂ ਦੇ ਗਿਆਨ ਦੇ ਰੂਪ ਵਿਚ ਹੀ ਹੈ। ਗੁਰਬਾਣੀ ਰਾਹੀਂ ਦਿੱਤੇ ਹੋਏ ਅੱਖਰਾਂ ਦਾ ਗਿਆਨ ਬ੍ਰਹਮ ਗਿਆਨ ਹੈ, ਸਹਜ ਗਿਆਨ ਹੈ, ਨਾਮ ਰੂਪ ਗਿਆਨ ਹੈ ਜਿਸ ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਹੀ ਹੈ।ਜਦ ਤਕ ਅਸੀਂ ਅੱਖਰਾਂ ਦੇ ਗਿਆਨ ਨਾਲ ਨਹੀਂ ਜੁੜਦੇ ਤਦ ਤਕ ਸਾਡੀ ਪ੍ਰਮਾਤਮਾ ਨਾਲੋਂ ਸੁਰ ਟੁੱਟੀ ਹੋਈ ਹੈ ਤੇ ਅਸੀਂ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਵਿਚ ਹਾਂ, ਮਨ ਦੀ ਅਗਿਆਨਤਾ ਰਾਹੀਂ ਵਿਛੋੜੇ ਵਿਚ ਹਾਂ। ਜੇਕਰ ਰਬਾਬ ਦੀ ਟੁੱਟੀ ਹੋਈ ਤਾਰ ਜੁੜ ਜਾਵੇ ਤੇ ਰਬਾਬ ਵੱਜਣ ਲਗ ਪੈਂਦੀ ਹੈ ਇਸੇ ਤਰ੍ਹਾਂ ਪ੍ਰਮਾਤਮਾ ਜਦੋਂ ਕਿਸੇ ਤੇ ਆਪਣੀ ਕਿਰਪਾ ਕਰਦਾ ਹੈ ਉਹਨਾਂ ਨੂੰ ਅੱਖਰਾਂ ਦੇ ਗਿਆਨ ਰਾਹੀਂ ਆਪਣੇ ਨਾਲ ਮੇਲ ਲੈਂਦਾ ਹੈ ਜਿਸ ਦੁਆਰਾ ਮਨੁੱਖ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਦੂਰ ਹੁੰਦਾ ਹੈ, ਵਿਜੋਗ ਦੂਰ ਹੁੰਦਾ ਹੈ ਤੇ ਪ੍ਰਮਾਤਮਾ ਦੇ ਨਾਲ ਸੰਜੋਗ ਹੋ ਜਾਂਦਾ ਹੈ। **(ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥ ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥)**

ਹੁਣ ਧਿਆਨ ਨਾਲ ਵਿਚਾਰੋ ਕਿ ਜੇਕਰ ਅਸੀਂ ਅੱਖਰਾਂ ਦੀ ਗਿਣਤੀ ਮਿਣਤੀ ਨਾਲ ਹੀ ਜੁੜੇ ਰਹਾਂਗੇ, ਧਰਮ ਗ੍ਰੰਥਾਂ ਦੇ ਪਾਠ ਨੂੰ ਕੇਵਲ ਪੜੀ ਜਾਣ ਨਾਲ ਹੀ ਜੁੜੇ ਰਹਾਂਗੇ ਫਿਰ ਕੀ ਸਾਡੇ ਜੀਵਨ ਦਾ ਮਨੋਰਥ ਪੂਰਾ ਹੋਵੇਗਾਂ ਜੋ ਕਿ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦਾ ਹੈ ਭਾਵ ਇਸ

ਤਰੀਕੇ ਸਾਡਾ ਇਹ ਮਨੋਰਥ ਕਦੇ ਪੂਰਾ ਨਹੀਂ ਹੋ ਸਕਦਾ। ਅਸੀਂ ਵੱਧ ਤੋਂ ਵੱਧ ਬਾਣੀਆਂ ਪੜਨ ਵਿਚ ਵਿਸ਼ਵਾਸ ਟਿਕਾਇਆ ਹੋਇਆ ਹੈ ਕਿਉਂਕਿ ਸਾਨੂੰ ਸਮਝਾਉਣ ਵਾਲੇ ਇਹੀ ਕੁਝ ਸਮਝਾਉਂਦੇ ਹਨ। ਸਵੇਰ, ਦੁਪਹਿਰ, ਸ਼ਾਮ ਜਾਂ ਰਾਤ ਵੇਲੇ ਅਸੀਂ ਬਾਣੀਆਂ ਦੇ ਪਾਠ ਕਰਦੇ ਹਾਂ ਤੇ ਆਪਣੀ ਆਪਣੀ ਆਸਥਾ ਅਨੁਸਾਰ ਲਗਾਤਾਰ ਪਾਠ ਕਰਦੇ ਹਾਂ ਜਾਂ ਕਿਸੇ ਕੋਲੋਂ ਕਰਾਉਂਦੇ ਹਾਂ ਜਿਸ ਨੂੰ ਅਸੀਂ ਅਖੰਡ ਪਾਠ ਦਾ ਨਾਮ ਦਿੱਤਾ ਹੋਇਆ ਹੈ। ਕੀ ਇਹੋ ਜਿਹਾ ਕਰਨ ਨਾਲ ਪਾਠ ਦਾ ਮਨੋਰਥ ਕਦੇ ਪੂਰਾ ਹੋ ਸਕਦਾ ਹੈ ਕਿ ਪਾਠ ਕਿਸ ਲਈ ਬਣਿਆ ਹੈ, ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਪਾਠ ਦੀ ਰਚਨਾ ਕਿਸ ਮਕਸਦ ਲਈ ਕੀਤੀ ਹੈ। ਅਸੀਂ ਕੇਵਲ ਗਿਣਤੀਆਂ ਮਿਣਤੀਆਂ ਵਿਚ ਪੈ ਚੁਕੇ ਹਾਂ। ਪਾਠ ਕਰਨ ਵਿਚ ਜਿਤਨੀਆਂ ਕੋਈ ਜਿਆਦਾ ਬਾਣੀਆਂ ਜੋੜਦਾ ਹੈ ਉਸ ਨੂੰ ਉਤਨੀ ਹੀ ਅਹਿਮੀਅਤ ਦਿੱਤੀ ਜਾਂਦੀ ਹੈ ਭਾਵ ਗਿਣਤੀਆਂ ਮਿਣਤੀਆਂ ਨੂੰ ਹੀ ਅਹਿਮੀਅਤ ਦਿੱਤੀ ਜਾਂਦੀ ਹੈ। ਜਿਹੜੀ ਜਥੇਬੰਦੀ ਜਿਆਦਾ ਬਾਣੀਆਂ ਪੜਣ ਲਈ ਪ੍ਰੇਰਦੀ ਹੈ ਉਸ ਜਥੇਬੰਦੀ ਨੂੰ ਉਤਨੀ ਜਿਆਦਾ ਅਹਿਮੀਅਤ ਮਿਲਦੀ ਹੈ। ਸਿਖ ਜਗਤ ਵਿਚ ਇਸ ਗੱਲ ਦੀ ਅਹਿਮੀਅਤ ਕੁਝ ਜਿਆਦਾ ਹੀ ਵਧੀ ਹੋਈ ਹੈ ਭਾਵ ਹਰ ਕੋਈ ਆਪਣੀ ਆਪਣੀ ਮਤਿ ਦੁਆਰਾ ਪਾਠ ਨੂੰ ਵੱਧ ਤੋਂ ਵੱਧ ਗਿਣਤੀਆਂ ਮਿਣਤੀਆਂ ਨਾਲ ਜੋੜਨਾ ਸਿਖਾਉਂਦਾ ਹੈ ਪਰ ਪਾਠ ਦਾ ਮਕਸਦ ਕੀ ਹੈ ਇਸ ਗੱਲ ਦੀ ਚਿੰਤਾ ਕਿਸੇ ਨੂੰ ਨਹੀਂ ਹੈ। ਇਹੋ ਜਿਹੀਆਂ ਗਿਣਤੀਆਂ ਮਿਣਤੀਆਂ ਕਰਨ ਵਾਲਿਆਂ ਨੇ, ਕਿਸੇ ਅੱਖਰ ਦਾ ਜਪ ਕਰਨ ਵਾਲਿਆਂ ਨੇ ਸੰਸਾਰ ਵਿਚ ਆਪਣੀ ਆਪਣੀ ਵਡਿਆਈ ਤਾਂ ਬਹੁਤ ਕਰਵਾਈ ਹੈ ਤੇ ਹੁਣ ਵੀ ਹੋ ਰਹੀ ਹੈ ਪਰ **“ਪਾਠ”** ਦੀ ਵਡਿਆਈ ਕਿਸੇ ਨੂੰ ਸਮਝ ਨਹੀਂ ਆਈ ਕਿ ਅਸੀਂ ਪਾਠ ਦੀ ਵਡਿਆਈ ਕਿਵੇਂ ਕਰਨੀ ਹੈ। ਪਾਠ ਦੀ ਵਡਿਆਈ ਪਾਠ ਦੀਆਂ ਗਿਣਤੀਆਂ ਮਿਣਤੀਆਂ ਵਿਚ ਨਹੀਂ ਹੈ ਬਲਕਿ ਪਾਠ ਦੇ ਮਕਸਦ ਵਿਚ ਹੈ। ਪਾਠ ਦਾ ਮਕਸਦ ਕੀ ਹੈ, ਇਹ ਪਾਠ ਨੂੰ ਪੜਣ ਦੁਆਰਾ ਹੀ ਸਮਝ ਆਉਂਦਾ ਹੈ, ਪਾਠ ਨੂੰ ਸਮਝਣ ਦੁਆਰਾ ਸਮਝ ਆਉਂਦਾ ਹੈ ਤੇ ਉਸ ਨੂੰ ਸਮਝ ਕੇ ਉਸ ਨੂੰ ਮੰਨਣ ਦੁਆਰਾ ਪਾਠ ਦਾ ਮਕਸਦ ਪੂਰਾ ਹੁੰਦਾ ਹੈ। ਪਾਠ ਦਾ ਮਕਸਦ ਸਾਨੂੰ ਸੱਚੇ ਸੁੱਚੇ ਇਨਸਾਨ ਬਨਾਉਣ ਦਾ ਹੀ ਹੈ ਤੇ ਹੋਰ ਕੇਵਲ ਸਾਡੀ ਅਗਿਆਨਤਾ ਹੈ, ਭਰਮ ਹੈ ਤੇ ਆਪਣੇ ਆਪ ਨੂੰ ਉੱਚਾ ਕਰਨ ਦੀ, ਵਡਿਆਈਆਂ ਲੈਣ ਦੀ ਚਤੁਰਾਈ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਮੰਨੀਏ ਵੀ ਨਾਂ ਤੇ ਗਿਣਤੀਆਂ ਮਿਣਤੀਆਂ ਦੀ ਚਤੁਰਾਈ ਨਾਲ ਹੀ, ਜਪਾਂ

ਤਪਾਂ ਦੀ ਚਤੁਰਾਈ ਨਾਲ ਹੀ ਧਰਮ ਦੇ ਮਾਰਗ ਤੇ ਉੱਚੇ ਅਖਵਾ ਲਈਏ ਤੇ ਉਹੋ ਜਿਹੇ ਤਰੀਕੇ ਅਪਣਾਕੇ ਉੱਚੇ ਅਖਵਾ ਲਈਏ ਜਿੰਨ੍ਹਾਂ ਗੱਲਾਂ ਲਈ ਸਾਨੂੰ ਪਾਠ ਮਨਾਹੀ ਕਰਦਾ ਹੈ। **(ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥)** ਅੰਗ ੪੧੨

ਸਾਨੂੰ ਪਾਠ ਪੜਨ ਦਾ ਮਕਸਦ ਉਹਨਾਂ ਨੇ ਹੀ ਸਮਝਾਇਆ ਹੈ ਜਿੰਨ੍ਹਾਂ ਨੇ ਗੁਰਬਾਣੀ ਰਾਹੀਂ ਪਾਠ ਉਚਾਰਿਆ ਹੈ। ਪਾਠ ਉਹਨਾਂ ਨੇ ਉਚਾਰਿਆ ਹੈ ਜਿੰਨ੍ਹਾਂ ਨੇ ਮਨ ਨੂੰ ਜਾਣਿਆ ਹੈ ਕਿ ਇਹ ਮਨ ਕੀ ਹੈ ਜੋ ਕਿ ਆਪ ਪ੍ਰਮਾਤਮਾ ਹੀ ਹੈ। ਮਨ ਨੂੰ ਜਾਣੇ ਬਿਨਾ ਹਰ ਕੋਈ ਭਰਮ ਵਿਚ ਹੀ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨਾ ਕੀ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਕੀ ਹੈ। ਇਸ ਮਨ ਨੂੰ ਜਾਣੇ ਬਿਨਾ ਭਾਵ ਪ੍ਰਮਾਤਮਾ ਨੂੰ ਜਾਣੇ ਬਿਨਾ ਹਰ ਕੋਈ ਹਉਮੈ ਵਿਚ ਹੀ ਹੈ ਭਾਵ ਮਨਮਤਿ ਵਿਚ ਹੀ ਹੈ ਤੇ ਜਿਹੋ ਜਿਹੇ ਭਗਤੀ ਦੇ ਤਰੀਕੇ ਅਸੀਂ ਅਪਣਾਏ ਹੋਏ ਹਨ, ਸਰੀਰਕ ਜਪ ਤਪ ਆਦਿ ਅਪਨਾਏ ਹੋਏ ਹਨ ਇਹ ਸਭ ਕੁਝ ਸਾਨੂੰ ਉਹਨਾਂ ਨੇ ਹੀ ਸਿਖਾਇਆ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ ਭਾਵ ਜੋ ਹਉਮੈ ਵਿਚ ਹੀ ਰਹੇ ਹਨ, ਮਨ ਦੀ ਅਗਿਆਨਤਾ ਵਿਚ ਹੀ ਰਹੇ ਹਨ। ਜਦ ਤਕ ਅਸੀਂ ਇਹੋ ਜਿਹਿਆਂ ਦੀ ਮਤਿ ਵਿਚੋਂ ਨਹੀਂ ਨਿਕਲਦੇ ਤਦ ਤਕ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਨਾਲ ਨਹੀਂ ਜੁੜ ਸਕਦੇ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਨੂੰ ਅਸੀਂ ਲੇਖ ਵਿਚ ਬਹੁਤ ਪਿੱਛੇ ਜਾਣਿਆ ਹੈ ਤੇ ਫਿਰ ਤੋਂ ਸਮਝਿਆ ਜਾ ਸਕਦਾ ਹੈ ਕਿ ਜੋ ਸਾਰਾ ਸਾਰਾ ਦਿਨ ਸਮਾਧੀਆਂ ਲਗਾ ਕੇ ਬੈਠੇ ਰਹਿੰਦੇ ਹਨ, ਅੱਖਰਾਂ ਦਾ ਜਪ ਕਰੀ ਜਾਂਦੇ ਹਨ ਉਹ ਕਿਤਨੇ ਵੱਡੇ ਭਰਮ ਵਿਚ ਹਨ ਜਿਸ ਦੁਆਰਾ ਨਾ ਕਿਸੇ ਨੇ ਕਦੇ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਨਾ ਹੀ ਕਦੇ ਜਾਣਿਆ ਜਾ ਸਕਦਾ ਹੈ ਭਾਵ ਸਾਨੂੰ ਭਗਤੀ ਨੂੰ ਸਮਝਣ ਦੇ ਭਰਮਾਂ ਵਿਚੋਂ ਨਿਕਲਣ ਦੀ ਲੋੜ ਹੈ।

“ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥

ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥”

(ਅੰਗ - ੧੨੪)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸਭ ਕੁਝ ਬੜੇ ਸਰਲ ਤਰੀਕੇ ਨਾਲ, ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਜਿਸ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ,

36/4323

ਵੱਡੇ ਤੋਂ ਵੱਡੇ ਭਰਮੇ ਹੋਏ ਵੀ ਆਸਾਨੀ ਨਾਲ ਸਮਝ ਸਕਦੇ ਹਨ। ਆਪਣੇ ਆਪ ਨੂੰ ਗੁਰਮੁਖਿ ਅਖਵਾਉਣ ਵਾਲੇ ਬਹਤੁ ਹਨ। ਸਿਖ ਜਗਤ ਵਿਚ ਖਾਸ ਕਰਕੇ ਬਹੁਤ ਹਨ। ਜਿਤਨਾ ਕੋਈ ਜਿਆਦਾ ਅੱਖਰਾਂ ਦੀਆਂ, ਅੱਖਰਾਂ ਦੇ ਜਿਆਦਾ ਜਪ ਤਪ ਨਾਲ ਜੁੜਿਆ ਹੋਇਆ ਹੈ ਉਸ ਨੂੰ ਉਤਨਾ ਹੀ ਵੱਡਾ ਗੁਰਮੁਖਿ ਸਮਝਿਆ ਜਾਂਦਾ ਹੈ ਭਾਵ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿਚ ਜਿਤਨਾ ਕੋਈ ਜਿਆਦਾ ਭਰਮ ਵਿਚ ਹੈ ਉਸ ਨੂੰ ਜਿਆਦਾ ਗੁਰਮੁਖਿ ਸਮਝਿਆ ਜਾਂਦਾ ਹੈ। ਜਿਸ ਦੇ ਅੰਦਰ ਜਿਤਨਾ ਜਿਆਦਾ ਭਰਮ ਹੈ ਭਾਵ ਜਿਤਨੀ ਕੋਈ ਜਿਆਦਾ ਮਨਮਤਿ ਵਰਤਦਾ ਹੈ ਉਹ ਸਾਡੀ ਹਉਮੈ ਹੈ ਭਾਵ ਜੋ ਜਿਤਨੀ ਜਿਆਦਾ ਹਉਮੈ ਦਿਖਾਉਂਦਾ ਹੈ ਉਸ ਨੂੰ ਉਤਨਾ ਵੱਡਾ ਗੁਰਮੁਖਿ ਸਮਝਿਆ ਜਾਂਦਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ ਕਿ ਜਦ ਤਕ ਕੋਈ ਆਪਣੇ ਅੰਦਰੋਂ ਮਨ ਨੂੰ ਨਹੀਂ ਦੇਖ ਲੈਂਦਾ ਕਿ ਇਹ ਮਨ ਕੀ ਹੈ, ਸਾਡੇ ਮਨ ਦੇ ਵਿਚਾਰ ਕਿਥੋਂ ਆਉਂਦੇ ਹਨ, ਸਾਡੇ ਮਨ ਦੇ ਅੰਦਰ ਵਿਚਾਰ ਕੌਣ ਪਾਉਂਦਾ ਹੈ ਭਾਵ ਜਦ ਤਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਲੈਂਦਾ ਤਦ ਤਕ ਨਾ ਹੀ ਕੋਈ ਗੁਰਮੁਖਿ ਹੈ ਤੇ ਨਾ ਹੀ ਤਦ ਤਕ ਕਿਸੇ ਦੀ ਹਉਮੈ ਮਿੱਟ ਸਕਦੀ ਹੈ। ਆਪਣੇ ਅੰਦਰੋਂ ਮਨ ਨੂੰ ਦੇਖਣ ਨਾਲ ਹੀ ਪਤਾ ਚਲਦਾ ਹੈ ਕਿ ਇਹ ਮਨੁੱਖੀ ਹੋਂਦ ਮੇਰੀ ਨਹੀਂ ਹੈ ਜਿਸ ਦੁਆਰਾ ਸਾਡੀ ਮੈਂ ਦੂਰ ਹੁੰਦੀ ਹੈ ਤੇ ਮਨ ਦੇ ਵਿਚ ਆਪਣਾ ਸੱਚਾ ਗਿਆਨ ਬਖਸ਼ਕੇ, ਬ੍ਰਹਮ ਗਿਆਨ ਬਖਸ਼ਕੇ ਕਦੇ ਹੀ ਕਿਸੇ ਵਿਰਲੇ ਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ, ਉਹਨਾਂ ਦੀ ਹਉਮੈ ਮੇਟਣ ਦੁਆਰਾ ਬਣਾਇਆ ਹੈ। ਪ੍ਰਮਾਤਮਾ ਦੀ ਭਗਤੀ ਉਸ ਦਾ ਗੁਰਮੁਖਿ ਰੂਪ ਬਣਨ ਦੁਆਰਾ ਹੀ ਸਮਝ ਆਉਂਦੀ ਹੈ ਜੋ ਭਗਤੀ ਪ੍ਰਮਾਤਮਾ ਮਨ ਦੇ ਵਿਚ ਆਪ ਹੀ ਸਮਝਾਉਂਦਾ ਹੈ ਤੇ ਤਾਂ ਹੀ ਕਿਸੇ ਦਾ ਉਸ ਦੀ ਭਗਤੀ ਨਾਲ ਪਿਆਰ ਜੁੜਦਾ ਹੈ, ਗੁਰਮਤਿ ਦੀ ਸੋਝੀ ਪੈਣ ਨਾਲ ਗੁਰਮਤਿ ਨਾਲ ਪਿਆਰ ਜੁੜਦਾ ਹੈ ਜੋ ਪਿਆਰ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਜੋੜਦਾ ਹੈ। ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਬਹੁਤ ਹੋਏ ਹਨ ਤੇ ਅੱਜ ਵੀ ਬਹੁਤ ਹਨ ਤੇ ਇਹੋ ਜਿਹੇ ਉੱਚਾ ਅਖਵਾਉਣ ਵਾਲੇ ਸਰੀਰਕ ਜਪਾਂ ਤਪਾਂ ਆਦਿ ਨੂੰ ਹੀ, ਸਮਾਧੀਆਂ ਆਦਿ ਵਿਚ ਬੈਠਣ ਨੂੰ ਹੀ ਪ੍ਰਮਾਤਮਾ ਦੇ ਨਾਲ ਲਿਵ ਜੋੜਨੀ ਸਮਝਦੇ ਹਨ। ਇਹੋ ਜਿਹੇ ਸਮਾਧੀਆਂ ਲਗਾਉਣ ਵਾਲੇ ਇਸ ਸੰਸਾਰ ਤੋਂ ਹਾਰ ਕੇ ਚਲੇ

36/4324

ਗਏ ਹਨ ਪਰ ਕਿਸੇ ਨੂੰ ਵੀ ਮਨ ਦੀ ਸੋਝੀ ਨਹੀਂ ਪਈ ਹੈ ਭਾਵ ਕਿਸੇ ਨੇ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਕਿਉਂਕਿ ਇਹ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੀ ਨਹੀਂ ਹੈ। ਅੱਜ ਵੀ ਸਭ ਇਹੋ ਜਿਹੇ ਤਰੀਕਿਆਂ ਵਿਚ ਹੀ ਉਲਝੇ ਹੋਏ ਹਨ ਜਿੰਨ੍ਹਾਂ ਵਿਚ ਸਿਖ ਜਗਤ ਵੀ ਵੱਧ ਚੜ ਕੇ ਹਿੱਸਾ ਲੈ ਰਿਹਾ ਹੈ ਤੇ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ। ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਜੋ ਕਿ ਪਾਠ ਪੜਨ ਦੇ ਮਕਸਦ ਨਾਲ ਜੁੜਿਆ ਹੋਇਆ ਹੈ ਨਾ ਕਿ ਕਿਸੇ ਸਰੀਰਕ ਦਿਖਾਵਿਆਂ ਦੇ ਨਾਲ। ਸਾਰਾ ਦਿਨ ਬੈਠ ਕੇ ਪਾਠ ਪੜੀ ਜਾਣਾ ਪਰ ਉਸ ਤੇ ਅਮਲ ਨਾ ਕਰਨਾ ਕੇਵਲ ਸਾਡੀ ਸਰੀਰਕ ਕਿਰਿਆ ਹੀ ਹੈ ਤੇ ਹੋਰ ਕੁਝ ਵੀ ਨਹੀਂ ਹੈ ਜਿਸ ਨਾਲ ਸਾਨੂੰ ਕੇਵਲ ਦੁਨਿਆਵੀ ਵਡਿਆਈਆਂ ਮਿਲਦੀਆਂ ਹਨ ਤੇ ਅਸੀਂ ਝੂਠੀ ਤਸੱਲੀ ਵਿਚ ਰਹਿੰਦੇ ਹਾਂ ਕਿ ਅਸੀਂ ਸੱਚੇ ਮਾਰਗ ਤੇ ਲਗੇ ਹੋਏ ਹਾਂ। ਸੱਚਾ ਮਾਰਗ ਕੇਵਲ ਸੱਚ ਨੂੰ ਮੰਨਣ ਦਾ ਹੈ ਤੇ ਬਾਕੀ ਸਭ ਸਾਡਾ ਦਿਖਾਵਾ ਹੀ ਹੈ ਜੋ ਕਿ ਭਗਤੀ ਦਾ ਪੁੱਠਾ ਮਾਰਗ ਹੈ ਭਾਵ ਜਿਸ ਨਾਲ ਸਾਡੀ ਹਉਮੈ ਹੀ ਵੱਧਦੀ ਹੈ। **(ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥ ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥)**

{ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ ॥

ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥੧॥ ਇਹੁ ਮਨੂਆ ਕਿਉ ਕਰਿ ਵਸਿ ਆਵੈ ॥

ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥}

(ਅੰਗ - ੪੨੬)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥॥੯॥੧॥੩੬॥}

(ਅੰਗ - ੩੩੦)

ਭੈਰਉ ਮਹਲਾ ੩ ॥

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੂਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

36/4325

ਗਉੜੀ ਕਬੀਰ ਜੀ ॥

{ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰਿ ਕਵਨ ਸਿਧਿ ਥਾਪੀ ॥੧॥
ਕਵਨੁ ਸੁ ਮੁਨਿ ਜੋ ਮਨੁ ਮਾਰੈ ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥੧॥ ਰਹਾਉ ॥
ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥
ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥੨੮॥}

(ਅੰਗ - ੩੨੮-੩੨੯)

{ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥

ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹ ਮਾਨੁ ॥੨॥
ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥
ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥}

(ਅੰਗ - ੨੬)

ਭਗਤੀ ਦੇ ਮਾਰਗ ਨੂੰ ਗਿਣਤੀਆਂ ਮਿਣਤੀਆਂ ਨਾਲ ਜੋੜਨਾ ਸਾਡਾ ਬਹੁਤ ਵੱਡਾ ਭਰਮ ਹੈ ਜਿਸ ਨਾਲ ਕਦੇ ਵੀ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਇਹ ਉਹਨਾਂ ਦੇ ਅੰਦਰੋਂ ਭਰਮ ਦੀ ਉਪਜ ਹੈ ਜੋ ਸਾਨੂੰ ਗਿਣਤੀਆਂ ਮਿਣਤੀਆਂ ਵਿਚ ਪਾਉਂਦੇ ਹਨ। ਹੇਠ ਦਿੱਤੇ ਸ਼ਬਦ ਦੁਆਰਾ ਵੀ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਜੋ ਅਸੀਂ ਪਾਠ ਪੜਦੇ ਹਾਂ ਉਹ ਨਾਮ ਹੈ। ਨਾਮ ਨੂੰ ਪੜਨਾ ਵੀ ਸਾਡਾ ਫਰਜ ਹੈ, ਨਾਮ ਨੂੰ ਬੁੱਝਣਾ ਵੀ ਸਾਡਾ ਫਰਜ ਹੈ ਭਾਵ ਗੁਰਮਤਿ ਦੀ ਵਿਚਾਰ ਨੂੰ ਪੜਨਾ ਤੇ ਸਮਝਣਾ ਸਾਡਾ ਫਰਜ ਹੈ ਤੇ ਉਸਨੂੰ ਆਪਣੇ ਅੰਦਰ ਵਿਚਾਰਨਾ ਅਸਲ ਗੱਲ ਹੈ ਜੋ ਪਾਠ ਪੜਨ ਦਾ ਮਕਸਦ ਹੈ। ਜੇਕਰ ਪਾਠ ਪੜਕੇ, ਨਾਮ ਪੜਕੇ ਅਉਗਣ ਨਹੀਂ ਛੱਡੇ ਫਿਰ ਅਸੀਂ ਗੁਰੂ ਦੀਆਂ ਨਜਰਾਂ ਵਿਚ ਮੂਰਖ ਹੀ ਅਖਵਾਉਂਦੇ ਹਾਂ ਭਾਵ ਕੇਵਲ ਗਿਣਤੀਆਂ ਮਿਣਤੀਆਂ ਵਿਚ ਪਏ ਰਹਿਣਾ ਸਾਡੀ ਮੂਰਖਤਾ ਹੈ ਜੇਕਰ ਅਸੀਂ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨਦੇ ਨਹੀਂ, ਨਾਮ ਨੂੰ ਮੰਨਦੇ ਨਹੀਂ। ਨਾਮ ਗੁਰੂ ਦੀ ਮਤਿ ਹੈ ਜਿਸ ਨੂੰ ਰੱਟੀ ਜਾਣ ਦਾ ਕੋਈ ਲਾਭ ਨਹੀਂ ਹੈ। ਪ੍ਰਮਾਤਮਾ ਦੇ ਦਰ ਤੇ ਲਾਭ ਕੇਵਲ ਉਸੇ ਨੂੰ ਮਿਲਦਾ ਹੈ ਜੋ ਨਾਮ ਨੂੰ ਪੜਕੇ ਉਸ ਨੂੰ ਮੰਨਦਾ ਹੈ। ਸ਼ਬਦ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਪਉੜੀ ॥

"ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥"

(ਅੰਗ - ੧੪੦)

ਉਪਰਲਾ ਸ਼ਬਦ ਪਉੜੀ ਦੇ ਰੂਪ ਵਿਚ ਹੈ ਜਿਸ ਵਿਚ ਸਲੋਕਾਂ ਰਾਹੀਂ ਸਮਝਾਈ ਹੋਈ ਗੱਲ ਦਾ ਨਿਚੋੜ ਹੁੰਦਾ ਹੈ, ਸਾਰ ਹੁੰਦਾ ਹੈ। ਇਸ ਤੋਂ ਪਹਿਲੇ ਸਲੋਕ ਨੂੰ ਅਸੀਂ ਲੇਖ ਵਿਚ ਬਹੁਤ ਪਿਛੇ ਸਮਝਿਆ ਹੈ ਜੋ ਕਿ ਹੇਠ ਦਿੱਤਾ ਜਾ ਰਿਹਾ ਹੈ।

ਮਃ ੧ ॥

{ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥
ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥
ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥}

(ਅੰਗ - ੧੪੦)

36/4326

ਉਪਰ ਸਲੋਕ ਰਾਹੀਂ ਸਾਨੂੰ ਸਾਡੇ ਧਰਮ ਦੇ ਆਗੂਆਂ ਦੀ ਅਵਸਥਾ ਸਮਝਾਈ ਹੋਈ ਹੈ ਜਿਸ ਨੂੰ ਕਿ ਅਸੀਂ ਲੇਖ ਵਿਚ ਕਾਫੀ ਪਿੱਛੇ ਸਮਝਿਆ ਹੈ। ਆਗੂਆਂ ਨੂੰ ਖੁਦ ਤਾਂ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ, ਖੁਦ ਤਾਂ ਧਰਮ ਦੇ ਮਾਰਗ ਦੇ ਅੰਨੇ ਹਨ ਪਰ ਦੂਸਰਿਆਂ ਨੂੰ ਧਰਮ ਦੇ ਮਾਰਗ ਦਾ ਰਾਹ ਦਿਖਾਉਂਦੇ ਹਨ। ਇਹ ਆਪ ਤਾਂ ਪ੍ਰਮਾਤਮਾ ਦੇ ਦਰਬਾਰ ਵਿਚ ਖੁਆਰ ਹੁੰਦੇ ਹੀ ਹਨ ਭਾਵ ਆਪ ਤਾਂ

ਆਪਣੀ ਮਾੜੀ ਸੋਝੀ ਦੁਆਰਾ ਡੁੱਬਦੇ ਹੀ ਹਨ ਤੇ ਦੂਸਰਿਆਂ ਨੂੰ ਵੀ ਆਪਣੇ ਪਿੱਛੇ ਲਗਾ ਕੇ ਡੁਬੋਂਦੇ ਹਨ।

ਉਪਰ ਪਉੜੀ ਰਾਹੀਂ ਇਹੋ ਜਿਹੇ ਧਰਮ ਦੇ ਆਗੂਆਂ ਨੇ, ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਨੇ ਸਾਨੂੰ ਕਿਹੋ ਜਿਹਾ ਭਗਤੀ ਦਾ ਮਾਰਗ ਸਿਖਾਇਆ ਹੈ ਉਹ ਕੁਝ ਹੀ ਬਿਆਨ ਕੀਤਾ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਹੋ ਜਿਹੇ ਆਗੂਆਂ ਦੀ ਮਤਿ ਤੋਂ ਬਚ ਸਕੀਏ ਜਿੰਨ੍ਹਾਂ ਦੇ ਪਿਛੇ ਅਸੀਂ ਲਗੇ ਹੋਏ ਹਾਂ।

“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥”

ਉਪਰ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਅਕਾਲ ਪੁਰਖ ਸਾਨੂੰ ਕੀ ਸਮਝਾ ਰਹੇ ਹਨ ਤਾਂ ਜੋ ਅਸੀਂ ਕਿਸੇ ਸਮੇ ਦੀ ਵੰਡ ਨਾਲ ਨਾ ਜੁੜੀਏ ਕਿ ਕੋਈ ਸਮਾ ਭਗਤੀ ਲਈ ਚੰਗਾ ਹੁੰਦਾ ਹੈ ਭਾਵ ਕੋਈ ਖਾਸ ਵੇਲਾ ਚੰਗਾ ਹੁੰਦਾ ਹੈ ਜਿਸ ਵੇਲੇ ਸਾਨੂੰ ਭਗਤੀ ਕਰਨੀ ਚਾਹੀਦੀ ਹੈ। ਅਸੀਂ ਮਹੀਨਿਆਂ ਦੀ ਵੰਡ ਵੀ ਥਿੱਤਾਂ ਦੇ ਹਿਸਾਬ ਨਾਲ ਕਰਦੇ ਹਾਂ ਭਾਵ ਮਹੀਨੇ ਨੂੰ ਅਸੀਂ ਪੂਰਨਮਾਸ਼ੀ ਜਾਂ ਮਸਿਆ ਆਦਿ ਦੇ ਨਾਲ ਜੋੜਦੇ ਹਾਂ, ਸੰਗਰਾਂਦ ਦੇ ਨਾਲ ਜੋੜਦੇ ਹਾਂ ਕਿ ਉਸ ਦਿਨ ਧਰਮ ਅਸਥਾਨਾਂ ਤੇ ਜਰੂਰ ਜਾਣਾ ਚਾਹੀਦਾ ਹੈ ਜਿਸ ਨਾਲ ਗੁਰੂ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਤੇ ਉਸ ਦਿਨ ਪਾਠ ਪੜਿਆ, ਸੁਣਿਆ ਲੇਖੇ ਲਗਦਾ ਹੈ। ਅਸੀਂ ਖਾਸ ਸਮੇਂ ਦੇ ਮਹੂਰਤ ਵੀ ਕਢਵਾਉਂਦੇ ਹਾਂ ਕਿ ਉਸ ਖਾਸ ਵੇਲੇ ਸਾਡੇ ਲਈ ਕੰਮ ਅਰੰਭਣਾ ਸ਼ੁਭ ਹੁੰਦਾ ਹੈ। ਅਸੀਂ ਪ੍ਰਭਾਤ ਦੇ ਵੇਲੇ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਲਈ ਚੰਗੀ ਘੜੀ ਸਮਝਦੇ ਹਾਂ ਭਾਵ ਚੰਗਾ ਸਮਾ ਸਮਝਦੇ ਹਾਂ। ਅਸੀਂ ਇਹਨਾਂ ਸਮਿਆਂ ਆਦਿ ਨੂੰ ਭਗਤੀ ਦੇ ਨਾਲ ਇਸ ਲਈ ਜੋੜਦੇ ਹਾਂ ਕਿ ਉਸ ਵੇਲੇ ਸਾਡੇ ਵਿਚਾਰਾਂ ਨੂੰ ਸ਼ੁੱਧਤਾ

36/4327

ਮਿਲਦੀ ਹੈ ਭਾਵ ਸਾਨੂੰ ਆਤਮਿਕ ਤੌਰ ਤੇ ਲਾਭ ਮਿਲਦਾ ਹੈ। ਜੇਕਰ ਸਾਨੂੰ ਇਸ ਗੱਲ ਦੀ ਸਮਝ ਲਗ ਜਾਵੇ ਕਿ ਹਰ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਫਿਰ ਅਸੀਂ ਕਿਸੇ ਸਮੇ ਵਿਚ, ਕਿਸੇ ਘੜੀ ਵਿਚ ਕੋਈ ਭੇਦ ਨਹੀਂ ਸਮਝਾਂਗੇ। ਮਾਹ ਦੇ ਰੂਪ ਵਿਚ ਵੀ ਪ੍ਰਮਾਤਮਾ ਆਪ ਹੈ, ਹਰ ਰੁਤਿ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ , ਹਰ ਘੜੀ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ, ਹਰ ਮੂਰਤ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ, ਮਨੁੱਖ ਦੇ ਹਰ ਵਿਚਾਰ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ ਭਾਵ ਜੇਕਰ ਅਸੀਂ ਕਿਸੇ ਵੇਲੇ ਵਿਚ ਫਰਕ ਸਮਝਦੇ ਹਾਂ, ਕਿਸੇ ਖਾਸ ਵੇਲੇ ਨੂੰ ਉੱਚਾ ਸਮਝਦੇ ਹਾਂ ਜਿਵੇਂ ਕਿ ਪ੍ਰਭਾਤ ਦੇ ਵੇਲੇ ਨੂੰ ਅਸੀਂ ਭਗਤੀ ਲਈ ਚੰਗਾ ਸਮਝਦੇ ਹਾਂ ਫਿਰ ਅਸੀਂ ਪ੍ਰਮਾਤਮਾ ਵਿਚ ਹੀ ਭੇਦ ਕਰਦੇ ਹਾਂ ਕਿ ਪ੍ਰਮਾਤਮਾ ਕਿਸੇ ਵੇਲੇ ਚੰਗਾ ਹੈ ਤੇ ਕਿਸੇ ਵੇਲੇ ਚੰਗਾ ਨਹੀਂ ਹੈ ਭਾਵ ਕਿਸੇ ਵੀ ਤਰੀਕੇ ਸਮੇ ਦੀ ਵੰਡ ਨਾਲ ਜੁੜਨਾ, ਕਿਸੇ ਥਿੱਤ ਵਾਰ ਨਾਲ ਜੁੜਨਾ, ਕਿਸੇ ਸਮੇਂ ਨੂੰ ਚੰਗਾ ਮਾੜਾ ਸਮਝਣਾ, ਛੋਟਾ ਵੱਡਾ ਸਮਝਣਾ ਪ੍ਰਮਾਤਮਾ ਨੂੰ ਮਾੜਾ ਸਮਝਣ ਵਾਲੀ ਗੱਲ ਹੈ, ਪ੍ਰਮਾਤਮਾ ਨੂੰ ਛੋਟਾ ਵੱਡਾ ਸਮਝਣ ਵਾਲੀ ਗੱਲ ਹੈ। ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ ਤੇ ਵਿਚਾਰਾਂ ਨੂੰ ਸ਼ੁੱਧ ਕਰਨ ਲਈ ਹਰ ਸਮਾ ਇੱਕੋ ਜਿਹਾ ਹੈ। ਜੋ ਸਾਨੂੰ ਸਮੇਂ ਦੀ ਵੰਡ ਨਾਲ ਜੋੜਦੇ ਹਨ, ਥਿਤਾਂ ਵਾਰਾਂ ਨਾਲ ਜੋੜਦੇ ਹਨ ਉਹ ਭਰਮ ਵਿਚ ਹਨ ਭਾਵ ਉਹਨਾਂ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਹੈ ਤੇ ਇਹ ਸਭ ਕੁਝ ਉਹਨਾਂ ਕੋਲੋਂ ਸਿਖਿਆ ਹੋਇਆ ਹੈ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਆਗੂ ਮੰਨਿਆ ਹੈ ਤੇ ਅਜ ਵੀ ਮੰਨ ਰਹੇ ਹਾਂ। ਇਹੋ ਜਿਹੇ ਧਰਮ ਦੇ ਆਗੂਆਂ ਨੇ ਹੀ ਸਾਨੂੰ ਗਿਣਤੀਆਂ ਮਿਣਤੀਆਂ ਵਿਚ ਪਾਇਆ ਹੈ ਕਿ ਸਾਨੂੰ ਵੱਧ ਤੋਂ ਵੱਧ ਬਾਣੀਆਂ ਨਾਲ ਜੁੜਨਾ ਚਾਹੀਦਾ ਹੈ ਭਾਵ ਕੇਵਲ ਬਾਣੀਆਂ ਨੂੰ ਪੜੀ ਜਾਣ ਨਾਲ ਜੋੜਿਆ ਹੈ, ਅੱਖਰਾਂ ਦੇ ਵੱਧ ਤੋਂ ਵੱਧ ਜਪ ਕਰਨ ਨਾਲ ਜੋੜਿਆ ਹੈ। ਆਪ ਅਕਾਲ ਪੁਰਖ ਸਾਨੂੰ ਸਮਝਾ ਰਹੇ ਹਨ ਕਿ ਗਿਣਤੀਆਂ ਮਿਣਤੀਆਂ ਦੁਆਰਾ ਪ੍ਰਮਾਤਮਾ ਨੂੰ ਕਿਸੇ ਨੇ ਨਹੀਂ ਪਾਇਆ ਕਿਉਂਕਿ ਇਹ ਉਸ ਨੂੰ ਪਾਉਣ ਦਾ ਤਰੀਕਾ ਹੀ ਨਹੀਂ ਹੈ। ਕਿਸੇ ਖਾਸ ਸਮੇ ਨਾਲ ਜੁੜਕੇ, ਥਿੱਤਾਂ ਵਾਰਾਂ ਆਦਿ ਨਾਲ ਜੁੜਕੇ ਤੇ ਕੇਵਲ ਪਾਠ ਪੜੀ ਜਾਣ ਨਾਲ, ਜਪ ਤਪ ਆਦਿ ਕਰੀ ਜਾਣ ਨਾਲ ਪ੍ਰਮਾਤਮਾ ਨੂੰ ਅਜ ਤਕ ਕਿਸੇ ਨੇ ਨਹੀਂ ਪਾਇਆ ਪਰ ਫਿਰ ਵੀ ਸਮਝਣ ਵਾਲੇ ਇਹੀ ਸਮਝਦੇ ਹਨ ਕਿ ਉਹਨਾਂ ਨੇ ਹੀ ਪ੍ਰਮਾਤਮਾ ਨੂੰ ਪਾਇਆ ਹੈ ਤੇ ਇਹੀ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ।

36/4328

ਸਭ ਭਰਮ ਹੈ ਕਿ ਇਸ ਤਰੀਕੇ ਪ੍ਰਮਾਤਮਾ ਨੂੰ ਕਿਸੇ ਨੇ ਪਾਇਆ ਹੈ। ਇਹੋ ਜਿਹਿਆਂ ਤਰੀਕਿਆਂ ਨਾਲ ਪਾਉਣ ਦੁਆਰਾ ਪ੍ਰਮਾਤਮਾ ਅਲਖ ਹੀ ਰਹਿੰਦਾ ਹੈ ਜੋ ਕਿ ਸਾਡੇ ਮਨ ਦੇ ਅੰਦਰ ਹੀ ਹੈ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਹ ਫਿਰ ਗਿਣਤੀਆਂ ਮਿਣਤੀਆਂ ਵਿਚ ਨਹੀਂ ਪੈਂਦਾ, ਕਿਸੇ ਖਾਸ ਸਮੇ, ਘੜੀ ਨਾਲ ਨਹੀਂ ਜੁੜਦਾ ਬਲਕਿ ਦੂਸਰਿਆਂ ਨੂੰ ਭਗਤੀ ਦਾ ਸਹੀ ਮਾਰਗ ਸਮਝਾਉਂਦਾ ਹੈ, ਇਹਨਾਂ ਵਿਚੋਂ ਨਿਕਲਣ ਲਈ ਸਮਝਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਾਇਆ ਹੈ। **(ਮਾਹਾ ਰੁਤੀ ਸਭ**

ਤੂੰ ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥)

{ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਿਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥}

(ਅੰਗ - ੪)

{ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}

(ਅੰਗ - ੮੪੩)

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥}

(ਅੰਗ - ੩੫)

{ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥}

(ਅੰਗ - ੧੧੫)

{ਥਿਤੀ ਵਾਰ ਸਭਿ ਆਵਹਿ ਜਾਹਿ ॥ ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥}

(ਅੰਗ - ੮੪੨)

{ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥ ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥
ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥੧॥}

(ਅੰਗ - ੯੯)

36/4329

{ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ ॥ ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥੧॥}

(ਅੰਗ - ੫੬੩)

{ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥੧॥}

(ਅੰਗ - ੧੪੬)

{ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ ਫਿਰਿ ਹੋਇ ਪਰਭਾਤਿ ॥੨॥
ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ - ੩੭੫)

ਜਿਨ੍ਹਾਂ ਨੇ ਸਾਨੂੰ ਖਾਸ ਸਮੇਂ ਨਾਲ ਜੁੜਨਾ ਸਿਖਾਇਆ ਹੈ, ਗਿਣਤੀਆਂ ਮਿਣਤੀਆਂ ਨਾਲ ਜੁੜਣਾ ਸਿਖਾਇਆ ਹੈ ਪਰ ਜਿਸ ਕਾਰਨ ਅਸੀਂ ਪਾਠ ਪੜਨਾ ਹੈ ਭਾਵੇਂ ਕਿਸੇ ਵੀ ਸਮੇਂ ਪੜਨਾ ਹੈ ਇਸ ਗੱਲ ਨੂੰ ਨਾ ਉਹ ਆਪ ਸਮਝਦੇ ਹਨ ਤੇ ਨਾ ਹੀ ਪਾਠ ਪੜਨ ਦੇ ਮਕਸਦ ਦਾ ਪ੍ਰਚਾਰ ਕਰਦੇ ਹਨ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ ਕਿ ਗਿਣਤੀਆਂ

ਮਿਣਤੀਆਂ ਨਾਲ ਜੁੜੇ ਰਹਿਣਾ ਸਾਡੀ ਮੂਰਖਤਾ ਹੈ ਜਦ ਤਕ ਅਸੀਂ ਪਾਠ ਪੜਨ ਦੇ ਮਕਸਦ ਨੂੰ ਨਹੀਂ ਸਮਝਦੇ।

“ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥”

ਹੁਣ ਧਿਆਨ ਨਾਲ ਸਮਝੋ ਕਿ ਪਾਠ ਪੜਨ ਦਾ ਮਕਸਦ ਕੀ ਕਿਸੇ ਖਾਸ ਸਮੇ ਨਾਲ ਜੁੜਕੇ ਪੂਰਾ ਹੁੰਦਾ ਹੈ ਭਾਵ ਪ੍ਰਭਾਤ ਵੇਲੇ ਨਾਲ ਜੁੜਕੇ ਪੂਰਾ ਹੁੰਦਾ ਹੈ ਜਿਸ ਨੂੰ ਅਸੀਂ ਅੰਮ੍ਰਿਤ ਵੇਲਾ ਕਹਿੰਦੇ ਹਾਂ। ਕੀ ਪਾਠ ਪੜਨ ਦਾ ਮਕਸਦ ਕਿਸੇ ਸੰਗਰਾਦ ਵਾਲੇ ਦਿਨ, ਕਿਸੇ ਪੂਰਨਮਾਸ਼ੀ ਜਾਂ ਮਸਿਆ ਵਾਲੇ ਦਿਨ ਪਾਠ ਪੜਨ, ਸੁਣਨ ਦੁਆਰਾ ਪੂਰਾ ਹੁੰਦਾ ਹੈ ਜਾਂ ਕੋਈ ਖਾਸ ਸਰੀਰਕ ਜਪ ਤਪ ਕਰਨ ਦੁਆਰਾ ਹੁੰਦਾ ਹੈ, ਦੁਪਹਿਰ ਵੇਲੇ, ਸ਼ਾਮ ਵੇਲੇ, ਰਾਤ ਵੇਲੇ, ਅੱਧੀ ਰਾਤ ਵੇਲੇ ਕੇਵਲ ਪੜਨ ਨਾਲ ਪੂਰਾ ਹੁੰਦਾ ਹੈ। ਪਾਠ ਪੜਨ ਦਾ ਮਕਸਦ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਪੂਰਾ ਹੁੰਦਾ ਹੈ ਭਾਵੇਂ ਜਿਹੜੇ ਮਰਜੀ ਵੇਲੇ ਮੰਨ ਲਵੋ, ਤੁਰਦੇ ਫਿਰਦੇ ਮੰਨ ਲਵੋ ਜਾਂ ਬੈਠ ਕੇ ਮੰਨ ਲਵੋ, ਰੋਂਦੇ ਹੋਏ ਮਨ ਲਵੋ ਜਾਂ ਹੱਸਦੇ ਖੇਡਦੇ ਮੰਨ ਲਵੋ ਭਾਵ ਜਿਹੜੇ ਵੇਲੇ ਮਰਜੀ ਮੰਨ ਲਵੋ। ਵੇਲਾ ਉਹ ਚੰਗਾ ਹੈ ਜਿਸ ਵੇਲੇ ਅਸੀਂ ਗੁਰੂ ਦੀ ਗੱਲ ਨੂੰ ਮੰਨਦੇ ਹਾਂ ਭਾਵ ਆਪਣੇ ਅੰਦਰੋਂ ਲਬ, ਲੋਭ, ਅਹੰਕਾਰ ਛੱਡਦੇ ਹਾਂ, ਮਾਇਆ ਮੋਹ ਛੱਡਦੇ ਹਾਂ, ਵਿਕਾਰਾਂ ਨੂੰ ਛੱਡਦੇ ਹਾਂ ਭਾਵ ਤ੍ਰਿਸ਼ਨਾ ਨੂੰ ਛੱਡਦੇ ਹਾਂ।

36/4330

ਸਾਡੀ ਮੂਰਖਤਾ ਉਦੋਂ ਦੂਰ ਹੋਣੀ ਹੈ ਜਦੋਂ ਅਸੀਂ ਵਿਕਾਰਾਂ ਨੂੰ ਛੱਡਣ ਦੁਆਰਾ ਗੁਰੂ ਦੀ ਗੱਲ ਤੇ ਅਮਲ ਕਰਾਂਗੇ। ਕਿਸੇ ਖਾਸ ਵੇਲੇ ਨੂੰ ਉੱਚਾ ਮੰਨਕੇ ਉਸ ਵੇਲੇ ਜੁੜਨ ਦੁਆਰਾ ਤੇ ਕੇਵਲ ਪਾਠ ਨੂੰ ਬਾਰ-ਬਾਰ ਪੜੀ ਜਾਣ ਦੁਆਰਾ ਹੀ ਹਰ ਕਿਸੇ ਨੇ ਆਪਣੇ ਆਪ ਨੂੰ ਸਿਆਣਾ ਸਮਝਿਆ ਹੋਇਆ ਹੈ ਜਿਸ ਨਾਲ ਸਮਾਜ ਵਿਚੋਂ ਸਾਨੂੰ ਮਾਣ ਮਿਲਦਾ ਹੈ। ਇਹ ਮਾਣ ਸਾਡੀਆਂ ਝੂਠੀਆਂ ਸਿਆਣਪਾ ਦਾ ਹੈ, ਚਤੁਰਾਈਆਂ ਦਾ ਹੈ ਪਰ ਗੁਰੂ ਦੀਆਂ ਨਜਰਾਂ ਵਿੱਚ ਅਸੀਂ ਮੂਰਖ ਹੀ ਹਾਂ, ਅਗਿਆਨੀ ਹੀ ਹਾਂ ਜਿੰਨ੍ਹਾਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਕਿ ਭਗਤੀ ਦਾ ਮਾਰਗ ਅਸਲ ਵਿੱਚ ਕੀ ਹੈ, ਨਾਮ ਦਾ ਮਕਸਦ ਅਸਲ ਵਿੱਚ ਕੀ ਹੈ। ਪੂਰੀ ਗੁਰਬਾਣੀ ਨਾਮ ਹੈ ਜਿਸ ਨੂੰ ਅਸੀਂ ਪੜਨਾ ਵੀ ਹੈ, ਉਸ ਨੂੰ ਸਮਝਣਾ ਵੀ ਹੈ ਤੇ ਆਪਣੇ ਅੰਦਰ ਵਿਚਾਰਨਾ ਵੀ ਹੈ ਭਾਵ ਮੰਨਣਾ ਵੀ ਹੈ। ਸਾਡੀ ਮੂਰਖਤਾ ਨਾਮ ਨੂੰ ਆਪਣੇ ਅੰਦਰ ਵਿਚਾਰਨ ਦੁਆਰਾ ਭਾਵ ਗੁਰਮਤਿ ਨੂੰ ਆਪਣੇ ਅੰਦਰ ਵਿਚਾਰਨ ਦੁਆਰਾ ਹੀ ਦੂਰ ਹੋਣੀ ਹੈ ਜੋ ਕਿ ਨਾਮ ਦਾ ਮਕਸਦ ਹੈ ਭਾਵ ਪਾਠ ਨੂੰ ਪੜਨ ਦਾ ਮਕਸਦ ਹੈ। **(ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥)**

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥}

(ਅੰਗ - ੧੨੪੬)

36/4330-A

ਉਪਰ ਵਾਲੇ ਸ਼ਬਦ ਨੂੰ ਕੁਝ ਅਸੀਂ ਲੇਖ ਵਿਚ ਕਾਫੀ ਪਿਛੇ ਸਮਝਿਆ ਹੈ ਜਿਸ ਰਾਹੀਂ ਸਾਨੂੰ ਅੱਖਰਾਂ ਨੂੰ ਪੜਨ ਦਾ, ਪਾਠ ਪੜਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਗੁਰੂ ਦੁਆਰਾ ਉਚਾਰਿਆ ਹੋਇਆ ਹਰ ਅੱਖਰ ਸਾਨੂੰ ਕੁਝ ਸਮਝਾਉਣ ਲਈ ਹੀ ਹੈ, ਸਾਨੂੰ ਸਾਡੇ ਜੀਵਨ ਦਾ ਮਨੋਰਥ ਸਮਝਾਉਣ ਲਈ ਹੀ ਹੈ ਪਰ ਜਿਹੜੇ ਕੇਵਲ ਅੱਖਰਾਂ ਨੂੰ ਬੋਲੀ, ਜਪੀ ਜਾਂਦੇ ਹਨ ਜਾਂ ਕੇਵਲ ਸੁਣੀ ਹੀ ਜਾਂਦੇ ਹਨ ਤੇ ਅੱਖਰਾਂ ਦੁਆਰਾ ਸਮਝਾਈ ਹੋਈ ਗੱਲ ਨੂੰ ਨਹੀਂ ਮੰਨਦੇ ਉਹਨਾਂ ਨੂੰ ਮੰਨ ਦੇ ਅੰਧੇ ਕਿਹਾ ਹੈ ਭਾਵ ਅਗਿਆਨੀ ਕਿਹਾ ਹੈ, ਪੁੱਠੇ ਕਮਲ ਵਾਲੇ ਭਾਵ ਪੁੱਠੀ ਮਤਿ ਵਾਲੇ ਕਿਹਾ ਹੈ, ਕਰੂਪ ਕਿਹਾ ਹੈ ਭਾਵ ਮਾੜੇ ਮਨੁੱਖ ਕਿਹਾ ਹੈ ਕਿਉਂਕਿ ਉਹ ਉਹੇ ਜਿਹੇ ਆਚਾਰ ਨਹੀਂ ਛਡਦੇ ਜੋ ਆਚਾਰ ਸਾਨੂੰ ਗੁਰੂ ਦੁਆਰਾ ਉਚਾਰੇ ਹੋਏ ਅੱਖਰ ਛੱਡਣ ਲਈ ਸਮਝਾਉਂਦੇ ਹਨ। ਗੁਰੂ ਦੇ ਹਰ ਅੱਖਰ ਦਾ ਮਕਸਦ ਸਾਨੂੰ ਗੁਣੀ ਬਨਾਉਣ ਨਾਲ ਹੈ ਤੇ ਗੁਣੀ ਅਸੀਂ ਤਾਂ ਹੀ ਬਣ ਸਕਦੇ ਹਾਂ ਜੇ ਅਉਗਣ ਛੱਡਾਂਗੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਾਂਗੇ ਭਾਵ ਆਪਣੀ ਮਤਿ ਛੱਡਾਂਗੇ। ਬਿਨਾ ਗੁਣਾਂ ਨੂੰ ਅਪਨਾਉਣ ਦੇ ਅੱਖਰਾਂ ਨੂੰ ਜਪੀ ਜਾਣ ਵਾਲੇ ਆਪਣੇ ਆਪ ਨੂੰ ਗੁਣੀ ਸਮਝਣ

ਦਾ ਗਰਬ ਕਰਦੇ ਹਨ ਕਿ ਉਹ ਬਹੁਤ ਪਾਠ ਪੜਦੇ ਹਨ, ਅੱਖਰ ਦਾ ਜਪ ਕਰਦੇ ਹਨ ਪਰ ਇਹੋ ਜਿਹਾ ਗਰਬ ਕਰਨ ਵਾਲਿਆਂ ਨੂੰ ਅਸਲ ਖੋਤੇ ਕਹਿ ਕੇ ਉਹਨਾਂ ਦਾ ਭਰਮ ਹੀ ਕੱਢਿਆ ਹੋਇਆ ਹੈ ਤੇ ਸੁਚੇਤ ਕੀਤਾ ਹੈ ਕਿ ਉਹਨਾਂ ਦੀ ਗੁਰੂ ਪ੍ਰਮਾਤਮਾ ਦੀ ਨਜਰ ਵਿਚ ਕੀ ਕਦਰ ਹੈ। ਗੁਰੂ ਪ੍ਰਮਾਤਮਾ ਦੀ ਨਜਰ ਵਿਚ ਉਹਨਾਂ ਦੀ ਕਦਰ ਪੈਂਦੀ ਹੈ ਜੋ ਅੱਖਰਾਂ ਦੀ ਗੱਲ ਨੂੰ ਮੰਨ ਕੇ ਗੁਣਾਂ ਨੂੰ ਅਪਨਾਉਂਦੇ ਹਨ। ਅੱਖਰਾਂ ਦਾ ਜਪ ਅਸੀਂ ਭਾਵੇਂ ਜਿਹੜੇ ਵੇਲੇ ਮਰਜੀ ਕਰੀਏ ਭਾਵ ਅੱਖਰਾਂ ਕੋਲੋਂ ਸਿਖਿਆ ਭਾਵੇਂ ਜਿਹੜੇ ਵੇਲੇ ਮਰਜੀ ਲਈਏ ਉਹ ਹਰ ਵੇਲੇ ਗੁਣਾਂ ਤੇ ਚੱਲਣ ਦੀ ਸਿਖਿਆ ਹੀ ਦਿੰਦੇ ਹਨ। ਗੱਲ ਕੇਵਲ ਮੰਨਣ ਦੀ ਹੈ ਤੇ ਕਿਸੇ ਵੇਲੇ ਨੂੰ ਚੰਗਾ ਜਾਂ ਮਾੜਾ ਸਮਝਣਾ ਕੇਵਲ ਸਾਡਾ ਭਰਮ ਹੈ ਜਿਸ ਵਿਚੋਂ ਨਿਕਲਣ ਦੀ ਲੋੜ ਹੈ।

{ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥}

(ਅੰਗ - ੫੨੨)

{ਸਭਨਾ ਜੀਆ ਵਿਚਿ ਹਰਿ ਆਪਿ ਸੋ ਭਗਤਾ ਕਾ ਮਿਤੁ ਹਰਿ ॥
ਸਭੁ ਕੋਈ ਹਰਿ ਕੈ ਵਸਿ ਭਗਤਾ ਕੈ ਅਨੰਦੁ ਘਰਿ ॥ ਹਰਿ ਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ॥
ਹਰਿ ਸਭਨਾ ਕਾ ਹੈ ਖਸਮੁ ਸੋ ਭਗਤ ਜਨ ਚਿਤਿ ਕਰਿ ॥
ਤੁਧੁ ਅਪੜਿ ਕੋਇ ਨ ਸਕੈ ਸਭ ਝਖਿ ਝਖਿ ਪਵੈ ਝੜਿ॥੨॥}

(ਅੰਗ - ੮੪੯)

ਜੋ ਨਾਮ ਨੂੰ ਮੰਨਦਾ ਹੈ ਭਾਵ ਜੋ ਸ਼ਬਦ ਦੇ ਵਿਚਾਰਾਂ ਨੂੰ ਮੰਨਦਾ ਹੈ, ਜੋ ਗੁਰਮਤਿ ਨੂੰ ਮੰਨਦਾ ਹੈ ਉਹੀ ਮਨੁੱਖ ਨਾਮ ਧਨ ਦੀ ਪ੍ਰਾਪਤੀ ਕਰਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ, ਨਾਮ ਨੂੰ ਮੰਨਣ ਦੁਆਰਾ ਜੋ ਸਾਡੇ ਅੰਦਰ ਮਤਿ ਆਉਂਦੀ ਹੈ, ਸੋਝੀ ਆਉਂਦੀ ਹੈ, ਗਿਆਨ ਆਉਂਦਾ ਹੈ ਉਹ ਨਾਮ ਧਨ ਹੈ ਜਿਸ ਮਨ ਦੀ ਸੋਝੀ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਮਨ ਦੇ ਵਿਚ ਇਹ ਸੱਚਾ ਗਿਆਨ ਵੱਸਣ ਦੁਆਰਾ ਹੀ ਸਾਡਾ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ।

36/4331

“ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥”

ਜੋ ਗੁਰੂ ਦੀ ਮਤਿ ਨੂੰ ਮੰਨਦਾ ਹੈ ਭਾਵ ਜੋ ਅੱਖਰਾਂ ਦੇ ਮਕਸਦ ਨੂੰ ਸਮਝਦਾ ਹੈ, ਪਾਠ ਦੇ ਮਕਸਦ ਨੂੰ ਸਮਝਦਾ ਹੈ ਉਹ ਮਨੁੱਖ ਫਿਰ ਲਬ, ਲੋਭ, ਅਹੰਕਾਰ ਆਦਿ ਤਿਆਗ ਦਿੰਦਾ ਹੈ ਭਾਵ ਮਾਇਆ ਮੋਹ ਨੂੰ, ਵਿਕਾਰਾਂ ਨੂੰ ਤਿਆਗ ਦਿੰਦਾ ਹੈ। ਸਾਡੇ ਅੰਦਰ ਗੁਰੂ ਦੇ ਸੱਚੇ ਵਿਚਾਰਾਂ ਦਾ, ਪਾਠ ਦੇ ਵਿਚਾਰਾਂ ਦਾ, ਸ਼ਬਦ ਦੇ ਵਿਚਾਰਾਂ ਦਾ ਵੱਸਣਾ ਹੀ ਸਾਡੇ ਅੰਦਰ ਨਾਮ ਧਨ ਦੀ ਪ੍ਰਾਪਤੀ ਹੈ। ਇਹ ਧਨ ਸਾਡੇ ਅੰਦਰ ਉਦੋਂ ਹੀ ਵੱਸਦਾ ਹੈ ਜਦੋਂ ਇਹ ਧਨ ਪੰਜਾਂ ਚੋਰਾਂ ਤੋਂ ਮੁਕਤ ਹੋ ਜਾਂਦਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਮੁਕਤ ਹੋ ਜਾਂਦਾ ਹੈ। ਸਾਡੇ ਅੰਦਰ ਗੁਰੂ ਦੇ ਸੱਚੇ ਵਿਚਾਰਾਂ ਦਾ ਧਨ ਹੀ ਭਗਤੀ ਦਾ ਭੰਡਾਰ ਹੈ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਜੋ ਕਿ ਅਉਗਣਾਂ ਤੋਂ ਰਹਿਤ ਹੋ ਕੇ ਹੀ ਹੁੰਦੀ ਹੈ ਭਾਵ ਸੱਚੇ ਸੁੱਚੇ ਇਨਸਾਨ ਬਣ ਕੇ ਹੀ ਹੁੰਦੀ ਹੈ। ਨਾਮ ਨੂੰ ਮੰਨਣ ਵਾਲੇ ਇਹੋ ਜਿਹੇ ਸੱਚੇ ਵਿਚਾਰਾਂ ਵਾਲੇ ਹੁੰਦੇ ਹਨ, ਸੱਚੀ ਮਤਿ ਵਾਲੇ ਹੁੰਦੇ ਹਨ ਜਿਸ ਦੁਆਰਾ ਉਹ ਪ੍ਰਮਾਤਮਾ ਦੇ ਦਰ ਤੇ ਸੱਚੇ ਅਖਵਾਉਂਦੇ ਹਨ ਭਾਵ ਜਦ ਤਕ ਸਾਡੇ ਮਨ ਦੇ ਅੰਦਰ ਸੱਚ ਨਹੀਂ ਵੱਸਦਾ, ਸ਼ਬਦ ਦੇ ਸੱਚੇ ਵਿਚਾਰ ਸਾਡੇ ਅੰਦਰ ਨਹੀਂ ਵੱਸਦੇ ਤਦ ਤਕ ਅਸੀਂ ਪ੍ਰਮਾਤਮਾ ਦੇ ਦਰ ਤੇ ਸੱਚੇ ਨਹੀਂ ਬਣ ਸਕਦੇ। ਪ੍ਰਮਾਤਮਾ ਦਾ ਦਰ ਸਾਡੇ ਅੰਦਰ ਹੀ ਹੈ ਜੋ ਕਿ ਸਾਡਾ ਮਨ ਹੈ ਤੇ ਅਸੀਂ ਮਨ ਦੇ ਵਿਚ ਹੀ ਸੱਚੇ ਬਣਨਾ ਹੈ, ਨਾਮ ਨੂੰ ਮੰਨ ਕੇ ਸੱਚੇ ਬਣਨਾ ਹੈ। ਅੱਖਰਾਂ ਨੂੰ ਕੇਵਲ ਬੋਲੀ ਜਾਣ ਨਾਲ ਭਾਵ ਕਥਨੀ ਨਾਲ ਕੋਈ ਸੱਚਾ ਨਹੀਂ ਬਣ ਸਕਦਾ। ਸੱਚਾ ਨਾਮ ਦੀ ਸਿਖਿਆ ਨੂੰ ਮੰਨਕੇ ਹੀ ਬਣਿਆ ਜਾ ਸਕਦਾ ਹੈ। **(ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥ ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥)**

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

ਸਾਨੂੰ ਮਨ ਦੇ ਵਿਚੋਂ ਪ੍ਰਮਾਤਮਾ ਦੇ ਦਰਸ਼ਨ, ਜੋਤਿ ਰੂਪ ਦੇ ਦਰਸ਼ਨ ਉਸ ਦੇ ਨਾਮ ਨੂੰ ਮੰਨਣ ਦੁਆਰਾ ਹੀ ਹੁੰਦੇ ਹਨ। ਆਪਣਾ ਨਾਮ ਧਨ ਭਾਵ ਸੱਚੀ ਮਤਿ ਦਾ ਧਨ ਮਨ ਦੇ ਵਿਚ ਉਹ ਆਪ ਹੀ ਦਿੰਦਾ ਹੈ, ਆਪਣੀ ਕਿਰਪਾ ਦੁਆਰਾ ਦਿੰਦਾ ਹੈ ਪਰ ਇਹ ਨਾਮ ਧਨ ਖੱਟਣ ਦਾ ਉਦਮ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦਾ ਉਦਮ ਅਸੀਂ ਹੀ ਕਰਨਾ ਹੈ। ਜਿੰਨ੍ਹਾਂ ਨੇ ਇਹ ਨਾਮ ਧਨ ਖੱਟਿਆ ਹੈ ਉਹਨਾਂ ਨੇ ਹੀ ਨਾਮ ਧਨ ਪੂਰੀ ਗੁਰਬਾਣੀ ਵਿੱਚ ਪਾਇਆ ਹੈ ਤੇ ਉਹਨਾਂ ਨੇ ਹੀ ਇਸ ਗੱਲ ਨੂੰ ਸਮਝਿਆ ਹੈ ਕਿ ਨਾਮ ਧਨ ਦੇਣ ਵਾਲਾ ਪ੍ਰਮਾਤਮਾ ਆਪ ਹੈ, ਆਪਣਾ ਨਾਮ ਦੇਣ ਵਾਲਾ ਪ੍ਰਮਾਤਮਾ ਆਪ ਹੈ। ਇਸ ਗੱਲ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਅਗਲੀਆਂ ਪੰਗਤੀਆਂ ਰਾਹੀਂ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ, ਨਾਮ ਨੂੰ ਮੰਨਣ ਦਾ ਫਲ ਹੀ ਸਮਝਾਇਆ ਹੋਇਆ ਹੈ।

36/4332

"ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥"

ਸਾਡੇ ਇਸ ਸਰਗੁਣ ਰੂਪ ਸਰੀਰ ਨੂੰ ਪ੍ਰਾਣ ਦੇਣ ਵਾਲਾ, ਜੀਵਨ ਦੇਣ ਵਾਲਾ, ਅੰਦਰ ਦਾ ਜੀਵ ਰੂਪ ਦੇਣ ਵਾਲਾ ਪ੍ਰਮਾਤਮਾ ਹੈ ਜਿਵੇਂ ਕਿ ਹਰ ਕੋਈ ਕਹਿੰਦਾ ਹੈ। ਅੰਦਰ ਦੀ ਜੀਵ ਆਤਮਾ ਤੋਂ ਬਿਨਾ ਇਹ ਸਰੀਰ ਕੇਵਲ ਮਿੱਟੀ ਹੈ ਭਾਵ ਪ੍ਰਾਣ ਰਹਿਤ ਹੈ ਭਾਵ ਇਸ ਸਰੀਰ ਦੀ ਕੀਮਤ ਅੰਦਰ ਦੀ ਜੀਵ ਆਤਮਾ ਦੇ ਨਾਲ ਹੀ ਹੈ। ਸਾਡੇ ਅੰਦਰ ਦੀ ਇਹ ਜੀਵ ਆਤਮਾ ਸਾਡੇ ਅੰਦਰ ਦੀ ਜੋਤਿ ਹੈ ਜੋ ਕਿ ਸਾਡਾ ਮਨ ਹੈ। ਸਾਡੇ ਅੰਦਰ ਮਨ ਦਾ ਮਕਸਦ ਕੇਵਲ ਸਾਡੇ ਸਰੀਰ ਨੂੰ ਸੋਝੀ ਪਾਉਣ ਨਾਲ ਹੈ, ਗਿਆਨ ਦੇਣ ਨਾਲ ਹੈ ਜਿਸ ਦੁਆਰਾ ਉਹ ਸਰੀਰ ਚਲਦਾ ਹੈ, ਤੁਰਦਾ ਫਿਰਦਾ ਹੈ। ਮਨ ਦੀ ਸੋਝੀ ਖਤਮ ਹੋ ਜਾਣ ਦੇ ਨਾਲ ਇਹ ਸਰੀਰ ਮੁੱਕ ਜਾਂਦਾ ਹੈ। ਆਪਣੇ ਅੰਦਰ ਦੀ ਜੋਤਿ ਨੂੰ ਸਮਝਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸਮਝਣਾ ਹੈ ਕਿ ਮਨੁੱਖ ਦੇ ਅੰਦਰ ਪ੍ਰਾਣ ਕਿਥੋਂ ਆਉਂਦੇ ਹਨ। ਸਾਡੇ ਅੰਦਰ ਦੇ ਪ੍ਰਾਣ ਸਾਡੇ ਅੰਦਰ ਦੀ ਗਿਆਨ ਰੂਪ ਸੋਝੀ ਹੈ ਜਿਸ ਕਰਕੇ ਅਸੀਂ ਜੀਵ ਹਾਂ ਭਾਵ ਜੀਵਤ ਰਹਿੰਦੇ ਹਾਂ। ਸਾਡੇ ਅੰਦਰ ਸੋਝੀ ਦਾ ਮੂਲ, ਗਿਆਨ ਦਾ ਮੂਲ ਸਾਡੇ ਅੰਦਰ ਦੀ ਜੋਤਿ ਹੈ ਜਿਸ ਰੂਪ ਵਿਚ, ਪ੍ਰਮਾਤਮਾ ਸਾਡੇ ਸਭ ਦੇ ਅੰਦਰ ਵਿਚਰ ਰਿਹਾ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦਾ ਹੈ ਉਹ ਜੋਤਿ ਰਾਹੀਂ ਹੀ ਉਪਜਦਾ ਹੈ। ਸਾਡੇ ਅੰਦਰ ਆਪਣੀ ਜੋਤਿ ਰਾਹੀਂ ਹੀ ਪ੍ਰਮਾਤਮਾ **"ਸਚਾ ਸਾਹੁ"** ਹੈ ਭਾਵ ਇਕੋ ਇਕ ਸੱਚੇ ਧਨ ਦਾ ਮਾਲਕ ਹੈ, ਸ਼ਾਹੂਕਾਰ ਹੈ ਜਿਸ ਕੋਲੋਂ ਸਾਨੂੰ ਨਾਮ ਧਨ ਦੀ ਦਾਤਿ ਮਿਲ ਸਕਦੀ ਹੈ। ਇਹ ਸੱਚੇ ਗਿਆਨ ਦਾ ਧਨ ਹੈ ਜੋ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਸਾਰਾ ਜਗਤ ਸੰਸਾਰ ਵਿੱਚ ਇਸ ਨਾਮ ਧਨ ਦੀ ਵਣਜ ਲਈ ਹੀ ਆਇਆ ਹੈ, ਇਹ ਨਾਮ ਧਨ ਖੱਟਣ ਲਈ ਹੀ ਆਇਆ ਹੈ ਜਿਸ ਨਾਮ ਧਨ ਦੀ ਪ੍ਰਾਪਤੀ ਦੁਆਰਾ ਭਾਵ ਬ੍ਰਹਮ ਗਿਆਨ ਰੂਪ ਧਨ ਦੀ ਪ੍ਰਾਪਤੀ ਦੁਆਰਾ ਸਾਨੂੰ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਇਸ ਸੰਸਾਰ ਵਿਚ ਆਉਣ ਦੇ ਮਕਸਦ ਦੀ ਪ੍ਰਾਪਤੀ ਹੁੰਦੀ ਹੈ ਕਿ ਇਸ ਸੰਸਾਰ ਦਾ ਸੱਚ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ। ਪ੍ਰਮਾਤਮਾ ਆਪਣਾ ਇਹ ਸੱਚਾ ਧਨ ਉਹਨਾਂ ਨੂੰ ਹੀ ਦਿੰਦਾ ਹੈ ਜੋ ਪਹਿਲੇ ਉਸ ਦੇ ਨਾਮ ਧਨ ਦੀ ਸਿਖਿਆ ਨੂੰ ਮੰਨਦੇ ਹਨ ਭਾਵ ਵਿਕਾਰਾਂ ਨੂੰ ਛੱਡਦੇ ਹਨ ਤੇ ਸੱਚਾ ਸੁੱਚਾ ਜੀਵਨ ਅਪਨਾਉਣ ਦਾ ਉਦਮ ਕਰਦੇ ਹਨ। **(ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥ ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥ ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥)**

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ - ੪੧੮)

36/4333

{ਸਾਚ ਧਰਮ ਕੀ ਕਰਿ ਦੀਨੀ ਵਾਰਿ ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥

ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥
ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥}

(ਅੰਗ - ੪੩੦)

{ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ - ੬੩੬)

{ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥}

(ਅੰਗ - ੫੬)

{ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥
ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ
ਵਾਕਿ ਹਰਿ ਧਨੁ ਲਇਆ ਨ ਜਾਈ॥੨॥}

(ਅੰਗ - ੭੩੪)

{ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥ ਦੂਜਾ ਭਰਮੁ ਗੁਰ ਸਬਦਿ ਜਲਾਏ ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥}

(ਅੰਗ - ੧੧੫)

{ਕੂੜੁ ਛੋਡਿ ਸਾਚੇ ਕਉ ਧਾਵਹੁ ॥ ਜੋ ਇਛਹੁ ਸੋਈ ਫਲੁ ਪਾਵਹੁ ॥
ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥}

(ਅੰਗ - ੧੦੨੮)

ਨਾਮ ਦੀ ਵਣਜ ਸਾਡੇ ਮਨ ਨੇ ਹੀ ਕਰਨੀ ਹੈ ਤੇ ਮਨ ਦੇ ਵਿੱਚੋਂ ਹੀ ਕਰਨੀ ਹੈ। ਮਨ ਦੇ ਵਿੱਚ ਕੇਵਲ ਵਿਚਾਰ ਹੀ ਹੁੰਦੇ ਹਨ ਤੇ ਮਨ ਦੇ ਵਿਚਾਰਾਂ ਨੇ ਵਿਚਾਰਾਂ ਦੀ ਹੀ ਵਣਜ ਕਰਨੀ ਹੈ। ਸਾਡੇ ਅੰਦਰ ਜੋ ਵੀ ਵਿਚਾਰ ਹਨ ਉਹ ਸਾਡੀ ਸੁਰਤਿ ਦੇ ਵਿਚਾਰ ਹਨ ਜਿੰਨ੍ਹਾਂ ਦੇ ਵਿਚ ਮਾਇਆ ਮੋਹ ਹੈ, ਅਉਗਣ ਹਨ। ਇਹ ਵਣਜ ਮਾੜੇ ਵਿਚਾਰ ਛੱਡ ਕੇ ਚੰਗੇ ਵਿਚਾਰ ਲੈਣ ਦੀ ਹੈ ਭਾਵ ਸੁਰਤਿ ਦੇ ਵਿਚਾਰ ਛੱਡ ਕੇ ਸ਼ਬਦ ਦੇ ਵਿਚਾਰ ਲੈਣ ਦੀ ਹੈ ਭਾਵ ਸੁਰਤਿ ਦੇ ਵਿਚਾਰਾਂ ਨੂੰ ਛੱਡ ਕੇ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੀ ਹੈ। ਜੋ ਵਾਪਾਰ ਅਸੀਂ ਕਰਨ ਲਈ ਆਏ ਹਾਂ ਉਸ ਲਈ ਸਾਨੂੰ ਰਾਸਿ ਦੀ ਵੀ ਭਾਵ ਪੂੰਜੀ ਦੀ ਵੀ ਲੋੜ ਹੈ। ਅਸੀਂ ਕੋਈ ਵੀ ਵਾਪਾਰ ਕਰੀਏ, ਦੁਨਿਆਵੀ ਵਾਪਾਰ ਕਰੀਏ ਉਸ ਲਈ ਪੂੰਜੀ ਦੀ ਲੋੜ ਹੁੰਦੀ ਹੈ ਜਿਸ ਲਈ ਪੂੰਜੀ ਮਾਇਆ ਹੈ ਭਾਵ ਮਾਇਆ ਦਾ ਧਨ ਹੈ। ਨਾਮ ਦਾ ਵਾਪਾਰ ਵੀ ਪੂੰਜੀ ਦੇ ਨਾਲ ਹੀ ਹੁੰਦਾ ਹੈ ਜੋ ਪੂੰਜੀ ਸਾਨੂੰ ਨਜਰ ਨਹੀਂ ਆਉਂਦੀ। ਇਹ ਪੂੰਜੀ ਸਾਡੀ ਮਤਿ ਦੀ ਹੈ। ਇਹ ਵਾਪਾਰ ਸਾਡੀ ਚੰਗੀ ਮਤਿ ਦੇ ਨਾਲ ਹੁੰਦਾ ਹੈ ਭਾਵ ਗਿਆਨ ਦੀ ਰਾਸਿ ਨਾਲ ਹੁੰਦਾ ਹੈ। ਸਾਡੇ ਅੰਦਰ ਦੀ ਮਾੜੀ ਮਤਿ ਸਾਡੇ ਅੰਦਰ ਦਾ ਬੇਸਮਝ ਗਿਆਨ ਹੈ, ਭਰਮ ਵਾਲਾ ਗਿਆਨ ਹੈ ਜੋ ਕਿ ਮਨਮਤਿ ਹੈ। ਨਾਮ ਦੀ ਵਣਜ ਸੱਚੀ ਰਾਸਿ ਦੇ ਨਾਲ ਹੁੰਦੀ ਹੈ ਭਾਵ ਸੱਚੇ ਗਿਆਨ ਦੀ ਰਾਸਿ ਦੇ ਨਾਲ ਹੁੰਦੀ ਹੈ। ਗੁਰੂ ਦੀ ਮਤਿ ਸੱਚੇ

ਗਿਆਨ ਵਾਲੀ ਰਾਸਿ ਹੈ ਭਾਵ ਸੱਚੀ ਪੂੰਜੀ ਹੈ ਜਿਸ ਦੁਆਰਾ ਨਾਮ ਦਾ ਵਾਪਾਰ ਹੁੰਦਾ ਹੈ। ਅਸੀਂ ਇਸ ਸੱਚੀ ਪੂੰਜੀ ਨੂੰ ਅਪਨਾਉਣ ਦਾ, ਇਕੱਠਾ ਕਰਨ ਦਾ ਭਾਵ ਮਨ ਦੇ ਭਰਮਾਂ ਵਿਚੋਂ ਨਿਕਲਕੇ, ਮਨ ਦੀ ਮਾੜੀ ਸੋਝੀ ਵਿਚੋਂ ਨਿਕਲਕੇ ਗੁਰੂ ਦੀ ਸੱਚੀ ਸੋਝੀ ਨਾਲ

ਜੁੜਨ ਦਾ ਉਦਮ ਹੀ ਕਰਨਾ ਹੈ ਭਾਵ ਗੁਰੂ ਦੀ ਸੱਚੀ ਸੋਝੀ ਦੁਆਰਾ ਵਿਚਰਨ ਦਾ ਉਦਮ ਹੀ ਕਰਨਾ ਹੈ ਤੇ ਇਹੀ ਸਾਡਾ ਨਾਮ ਜਪਣ ਦਾ ਉਦਮ ਹੈ ਜਿਸ ਦੁਆਰਾ ਅਸੀਂ ਉਸ ਸੱਚੀ ਸੋਝੀ ਦੇ ਮਾਲਕ ਦੇ ਨਾਲ, ਨਾਮ ਦੇ ਮਾਲਕ ਦੇ ਨਾਲ, ਬ੍ਰਹਮ ਗਿਆਨ ਦੇ ਮਾਲਕ ਦੇ ਨਾਲ ਮੇਲ ਕਰ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ। ਉਸ ਦੇ ਨਾਲ ਮੇਲ ਹੋਣ ਦੁਆਰਾ ਹੀ ਸਾਡੀ ਨਾਮ ਦੀ ਵਣਜ ਪੂਰੀ ਹੁੰਦੀ ਹੈ, ਲਾਹੇ ਦੀ ਪ੍ਰਾਪਤੀ ਹੁੰਦੀ ਹੈ ਭਾਵ ਇਸ ਜੀਵਨ ਮਿਲਣ ਦੇ ਲਾਭ ਦੀ ਪ੍ਰਾਪਤੀ ਹੁੰਦੀ ਹੈ ਜੋ ਲਾਭ ਲੈਣ ਲਈ ਅਸੀਂ ਇਸ ਸੰਸਾਰ ਵਿਚ ਆਏ ਹਾਂ। ਇਹ ਵਾਪਾਰ ਕਰਨਾ ਬਹੁਤ ਔਖਾ ਹੈ ਜੋ ਗੁਰੂ ਦੀ ਸੱਚੀ ਮਤਿ ਨੂੰ ਅਪਣਾਏ ਬਿਨਾ ਨਹੀਂ ਹੋ ਸਕਦਾ। ਵਾਪਾਰ ਲੈਣ ਦੇਣ ਨਾਲ ਹੁੰਦਾ ਹੈ ਭਾਵ ਕੋਈ ਵਸਤੂ ਲੈਣ ਲਈ, ਖਰੀਦਣ ਲਈ ਉਸ ਦੇ ਬਦਲੇ ਕੁਝ ਦੇਣਾ ਵੀ ਪੈਂਦਾ ਹੈ। ਅਸੀਂ ਸੱਚਾ ਧਨ ਖਰੀਦਣ ਲਈ ਆਏ ਹਾਂ ਜਿਸ ਦੇ ਬਦਲੇ ਸਾਨੂੰ ਜੋ ਦੇਣਾ ਪੈਂਦਾ ਹੈ ਉਹੀ ਸਾਡੇ ਲਈ ਸਭ ਤੋਂ ਔਖਾ ਕੰਮ ਹੈ। ਇਸ ਸੱਚੇ ਧਨ ਦੇ ਬਦਲੇ ਸਾਨੂੰ ਆਪਣਾ ਮਨ ਦੇਣਾ ਪੈਂਦਾ ਹੈ, ਗੁਰੂ ਨੂੰ ਆਪਣਾ ਮਨ ਵੇਚਨਾ ਪੈਂਦਾ ਹੈ ਜਿਸ ਦੇ ਬਦਲੇ ਸਾਨੂੰ ਗੁਰੂ ਆਪਣਾ ਸੱਚਾ ਧਨ ਦਿੰਦਾ ਹੈ। ਸਾਡਾ ਮਨ ਸਾਡੀ ਮਤਿ ਹੈ, ਸਾਡੀ ਮਾਇਆ ਮੋਹ ਵਾਲੀ ਮਤਿ ਹੀ ਹੈ, ਸਾਡੇ ਮਾਇਆ ਮੋਹ ਵਾਲੇ ਵਿਚਾਰ ਹੀ ਹਨ ਜੋ ਸਾਨੂੰ ਬਹੁਤ ਪਿਆਰੇ ਲਗਦੇ ਹਨ, ਮਾਇਆ ਸਾਨੂੰ ਬਹੁਤ ਪਿਆਰੀ ਲਗਦੀ ਹੈ ਜਿੰਨ੍ਹਾਂ ਵਿਚਾਰਾਂ ਨੂੰ ਛਡਣਾ ਬਹੁਤ ਔਖਾ ਹੈ, ਤ੍ਰਿਸ਼ਨਾ ਛਡਣੀ ਬਹੁਤ ਔਖੀ ਹੈ, ਦੁਨਿਆਵੀ ਮਾਣ ਛਡਣਾ ਬਹੁਤ ਔਖਾ ਹੈ, ਲੋਕਾਚਾਰ ਛਡਣਾ ਬਹੁਤ ਔਖਾ ਹੈ, ਕਾਮ ਵਾਸ਼ਨਾ ਤਿਆਗਣੀ ਬਹੁਤ ਔਖੀ ਹੈ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗਣਾ ਬਹੁਤ ਔਖਾ ਹੈ ਭਾਵ ਹਉਮੈ ਤਿਆਗਣੀ ਬਹੁਤ ਔਖੀ ਹੈ ਜਿਸ ਨੂੰ ਤਿਆਗੇ ਬਿਨਾ ਅਸੀਂ ਨਾਮ ਨਾਲ ਨਹੀਂ ਜੁੜ ਸਕਦੇ ਤੇ ਨਾਮ ਨਾਲ ਜੁੜੇ ਬਿਨਾ ਨਾਮ ਦਾ ਵਾਪਾਰ ਨਹੀਂ ਹੋ ਸਕਦਾ। ਬਹੁਤ ਔਖਾ ਹੈ ਨਾਮ ਦਾ ਵਾਪਾਰ। ਕੋਈ ਵਿਰਲਾ ਹੀ ਇਹ ਵਾਪਾਰ ਕਰ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਹੀ ਆਪਣੀ ਸੱਚੇ ਗਿਆਨ ਦੀ ਰਾਸਿ, ਸੱਚੀ ਮਤਿ ਦੀ ਪੂੰਜੀ ਬਖਸ਼ਦਾ ਹੈ ਤੇ ਉਸ ਦੇ ਉਤੇ ਚੱਲਣ ਦੀ ਸਮਰਥਾ ਬਖਸ਼ਦਾ ਹੈ ਜਿਸ ਦੁਆਰਾ ਮਨੁੱਖ ਸੰਸਾਰ ਤੋਂ ਉਹ ਸੌਦਾ ਪ੍ਰਾਪਤ ਕਰਦਾ ਹੈ, ਉਹ ਵੱਖਰ ਅਕਾਲ ਪੁਰਖ ਦੇ ਦਰ ਤੋਂ ਪ੍ਰਾਪਤ ਕਰਦਾ ਹੈ, ਉਹ ਵਾਪਾਰ ਕਰਦਾ ਹੈ

36/4335

ਜੋ ਸੌਦਾ ਲੈਣ ਲਈ ਮਨੁੱਖ ਇਸ ਸੰਸਾਰ ਵਿਚ ਆਇਆ ਹੈ। ਇਹ ਸੌਦਾ ਅੱਖਰਾਂ ਦੀ ਕਥਨੀ ਕਰਨ ਦੁਆਰਾ ਨਹੀਂ ਮਿਲਦਾ, ਕੇਵਲ ਪਾਠ ਪੜੀ ਜਾਣ ਦੁਆਰਾ ਨਹੀਂ ਮਿਲਦਾ ਬਲਕਿ ਗੁਰੂ ਦੇ ਅੱਖਰਾਂ ਦੀ ਗੱਲ ਨੂੰ ਮੰਨਣ ਦੁਆਰਾ ਮਿਲਦਾ ਹੈ, ਸੱਚੇ ਗਿਆਨ ਦੀ ਪੂੰਜੀ ਦੁਆਰਾ ਮਿਲਦਾ ਹੈ ਜੋ ਪੂੰਜੀ ਅੱਖਰਾਂ ਦੀ ਮਤਿ ਨੂੰ ਮੰਨਣ ਦੁਆਰਾ ਸਾਡੇ ਅੰਦਰ ਵੱਸਦੀ ਹੈ, ਇਕੱਠੀ ਹੁੰਦੀ ਹੈ।

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥}

(ਅੰਗ - ੧੧੦੨)

ਗਉੜੀ ਕਬੀਰ ਜੀ ਤਿਪਦੇ ॥

{ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥
ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥
ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥੨॥
ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥}

(ਅੰਗ - ੩੨੭)

{ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥ ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥}

(ਅੰਗ ੨੮੬-੨੮੭)

{ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥}

(ਅੰਗ - ੮੧੪)

{ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥}

(ਅੰਗ - ੨੦੯)

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥}

(ਅੰਗ - ੮੦੦)

ਜੋ ਵੱਖਰ ਲੈਣ ਲਈ ਇਸ ਸੰਸਾਰ ਵਿਚ ਅਸੀਂ ਆਏ ਹਾਂ, ਜੋ ਵਣਜ ਕਰਨ ਲਈ ਅਸੀਂ ਇਸ ਸੰਸਾਰ ਵਿਚ ਆਏ ਹਾਂ ਉਸ ਦੀ ਪ੍ਰਾਪਤੀ ਸਾਨੂੰ ਸੱਚੇ ਗਿਆਨ ਦੇ ਰੂਪ ਵਿਚ ਹੁੰਦੀ ਹੈ, ਨਾਮ ਦੇ ਰੂਪ ਵਿਚ ਹੁੰਦੀ ਹੈ ਤੇ ਗੁਰੂ ਦਾ ਹਰ ਸ਼ਬਦ ਸਾਨੂੰ ਗਿਆਨ ਹੀ ਦਿੰਦਾ ਹੈ, ਮਨ ਦੀ ਸੋਝੀ ਹੀ ਦਿੰਦਾ ਹੈ ਜਿਸ ਦੁਆਰਾ ਸਾਡੇ ਅੰਦਰ ਸੱਚੇ ਗਿਆਨ ਦੀ ਸੋਝੀ ਦਾ ਵਾਧਾ ਹੁੰਦਾ ਹੈ। ਜਿਉਂ ਜਿਉਂ ਅਸੀਂ ਪਾਠ ਪੜਨ ਦੁਆਰਾ ਸੋਝੀ ਲੈਂਦੇ ਹਾਂ ਤਿਉਂ ਤਿਉਂ ਸਾਡੇ ਮਨ ਦਾ

36/4336

ਭਰਮ ਨਿਕਲਦਾ ਹੈ ਤੇ ਮਨ ਦਾ ਭਰਮ ਨਿਕਲਣ ਦੁਆਰਾ ਅਸੀਂ ਫਿਰ ਉਹ ਕੁਝ ਕਰਦੇ ਹਾਂ ਜੋ ਸਾਨੂੰ ਗੁਰੂ ਦਾ ਸ਼ਬਦ ਕਰਨ ਲਈ ਸਿਖਾਉਂਦਾ ਹੈ ਭਾਵ ਸਾਡਾ ਅਸਲ ਉਦਮ ਇਹੀ ਹੈ ਕਿ ਅਸੀਂ ਪਾਠ ਪੜਨ ਦੁਆਰਾ, ਸ਼ਬਦਾਂ ਦੀ ਵਿਚਾਰ ਲੈ ਕੇ ਆਪਣੀ ਮਾੜੀ ਸੋਝੀ ਨੂੰ ਚੰਗੀ ਬਣਾਈਏ ਭਾਵ ਮਨਮਤਿ ਵਾਲੀ ਸੋਝੀ ਨੂੰ ਗੁਰਮਤਿ ਵਾਲੀ ਸੋਝੀ ਬਣਾਈਏ, ਗੁਰੂ ਦੇ ਸੱਚੇ ਗਿਆਨ ਵਾਲੀ ਸੋਝੀ ਬਣਾਈਏ ਤੇ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੀ ਸੱਚੀ ਸੋਝੀ ਨੇ ਹੀ ਕਰਵਾਉਣਾ ਹੈ। ਗੁਰਬਾਣੀ ਆਪਣੇ ਸ਼ਬਦ ਦੇ ਵਿਚਾਰਾਂ ਰਾਹੀਂ ਸਾਨੂੰ ਬਾਰ ਬਾਰ ਇਹ ਸਮਝਾ ਰਹੀ ਹੈ ਕਿ ਪ੍ਰਮਾਤਮਾ ਪੰਜਾਂ ਤੱਤਾਂ ਤੋਂ ਬਾਹਰ ਹੈ ਤੇ ਉਹ ਪੰਜਾਂ ਤੱਤਾਂ ਦੀ ਰਚਨਾ ਕਰਨ ਵਾਲਾ ਆਪ ਨਿਰੰਕਾਰ ਰੂਪ ਹੈ। ਅਸੀਂ ਪ੍ਰਮਾਤਮਾ ਨੂੰ ਪੰਜ ਤੱਤਾਂ ਦੀ ਰਚਨਾ ਵਿਚੋਂ ਭਾਵ ਆਕਾਰ ਰੂਪ ਵਿਚੋਂ ਲਭਦੇ ਹਾਂ ਜੋ ਕਿ ਸਾਡਾ ਭਰਮ ਹੈ। ਇਹ ਪੰਜਾਂ ਤੱਤਾਂ ਦੀ ਰਚਨਾ ਜਰੂਰ ਹੈ ਪਰ ਇਸ ਦੇ ਅੰਦਰ ਹੀ ਨਿਰੰਕਾਰ ਰੂਪ ਹੈ ਭਾਵ ਛੇਵਾਂ ਤੱਤ ਹੈ ਜੋ ਇਸ ਆਕਾਰ ਰੂਪ ਨੂੰ ਬਣਾਕੇ ਚਲਾ ਰਿਹਾ ਹੈ ਜੋ ਕਿ ਗਿਆਨ ਤੱਤ ਹੈ। ਅਸੀਂ ਪ੍ਰਮਾਤਮਾ ਨੂੰ ਗਿਆਨ ਤੱਤ ਦੇ ਰੂਪ ਵਿਚ ਖੋਜਣਾ ਹੈ, ਆਪਣੇ ਅੰਦਰੋਂ ਹੀ ਖੋਜਣਾ ਹੈ, ਨਿਰੰਕਾਰ ਰੂਪ ਵਿਚ ਖੋਜਣਾ ਹੈ ਜਿਵੇਂ ਕਿ ਬਾਣੀ ਸਾਨੂੰ ਬਾਰ ਬਾਰ ਇਹ ਗੱਲ ਸਮਝਾ ਰਹੀ ਹੈ ਕਿ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿਚ ਖੋਜਣਾ ਜਾਂ ਸਮਝਣਾ ਕੇਵਲ ਸਾਡਾ ਭਰਮ ਹੈ। ਅਸੀਂ ਇਸ ਭਰਮ ਵਿਚੋਂ ਨਿਕਲਣਾ ਹੈ ਭਾਵ ਸ਼ਬਦ ਦੀ ਇਸ ਗੱਲ ਨੂੰ ਮੰਨਣਾ ਹੈ ਕਿ ਪ੍ਰਮਾਤਮਾ ਕਿਸੇ ਆਕਾਰ ਰੂਪ ਵਿਚ ਨਹੀਂ ਮਿਲਦਾ, ਉਸ ਦੇ ਦਰਸ਼ਨ ਆਕਾਰ ਰੂਪ ਵਿਚ ਨਹੀਂ ਹੁੰਦੇ ਬਲਕਿ ਗਿਆਨ ਰੂਪ ਵਿਚ ਹੁੰਦੇ ਹਨ, ਉਸ ਦੇ ਨਾਲ ਸਮਦਰਸੀ ਹੋਣ ਦੁਆਰਾ ਹੁੰਦੇ ਹਨ, ਗਿਆਨ ਰੂਪ ਵਿਚ ਇਕੋ ਜਿਹੀ ਸੋਝੀ ਹੋਣ ਦੁਆਰਾ ਹੁੰਦੇ ਹਨ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੁੰਦੇ ਹਨ ਜੋ ਪ੍ਰਾਪਤੀ ਸਾਨੂੰ ਮਨ ਦੇ ਵਿਚੋਂ ਹੀ ਹੁੰਦੀ ਹੈ, ਨਿਰੰਕਾਰ ਰੂਪ ਪ੍ਰਮਾਤਮਾ ਦੇ ਕੋਲੋਂ ਹੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਸਭ ਭਰਮਾਂ ਤੋਂ ਮੁਕਤ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ, ਉਸ ਦਾ ਨਿਰੰਕਾਰ ਰੂਪ ਜਾਨਣ ਬਾਰੇ ਤੇ ਉਸ ਦੇ ਆਕਾਰ ਰੂਪ ਨੂੰ ਸਮਝਣ ਦੇ ਭਰਮ ਤੋਂ ਮੁਕਤ ਹੋ ਜਾਂਦਾ ਹੈ ਤੇ ਸਮਝ ਲਗ ਜਾਂਦੀ ਹੈ ਕਿ ਪ੍ਰਮਾਤਮਾ ਨੂੰ ਆਕਾਰ ਰੂਪ ਵਿੱਚ ਖੋਜਣਾ ਕੇਵਲ ਇੱਕ ਭਰਮ ਹੀ ਹੈ। ਪਾਠ ਪੜਨ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ

36/4337

ਦਾ ਹੀ ਹੈ। ਪਾਠ ਦੇ ਅੰਦਰ ਦੀ ਸੋਝੀ ਨਿਰੰਕਾਰ ਰੂਪ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦੇ ਇਸ ਰੂਪ ਨਾਲ ਜੁੜਨ ਦੁਆਰਾ ਭਾਵ ਸ਼ਬਦਾਂ ਦੀ ਸੋਝੀ ਦੇ ਨਾਲ ਜੁੜਨ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮਿਲਣ ਦਾ ਸੱਚਾ ਉਦਮ ਕਰ ਸਕਦੇ ਹਾਂ। ਇਹੀ ਗੱਲ ਅਸੀਂ ਪਿਛੇ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਸ਼ਬਦ ਦੁਆਰਾ ਸਮਝੀ ਹੈ। ਮਨ ਦਾ ਭਰਮ ਨਿਕਲਣ ਦੁਆਰਾ ਹੀ ਮਨੁੱਖ ਪ੍ਰਮਾਤਮਾ ਦੇ ਨਾਲ ਜੁੜਦਾ ਹੈ, ਪ੍ਰਮਾਤਮਾ ਦੇ ਨਿਰੰਕਾਰ ਰੂਪ ਦੇ ਨਾਲ ਜੁੜਦਾ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਦਾ ਮਕਸਦ ਭਾਵ ਨਾਮ ਦਾ ਮਕਸਦ ਹੀ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੈ ਤੇ ਭਰਮਾਂ ਵਿਚੋਂ ਨਿਕਲਕੇ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਭਾਵ ਨਾਮ ਦੀ ਵਣਜ ਹੁੰਦੀ ਹੈ ਜਿਸ ਦੀ ਪ੍ਰਾਪਤੀ ਸਾਡੇ ਜੀਵਨ ਦਾ ਮਕਸਦ ਹੈ। **(ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥ ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥੨॥)**

ਨਾਮ ਦਾ ਮਕਸਦ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢ ਕੇ ਸੱਚ ਦੇ ਨਾਲ ਜੋੜਨ ਦਾ ਹੈ, ਸ਼ਬਦਾਂ ਦੀ ਵਿਚਾਰ ਦੇ ਨਾਲ ਜੋੜਨ ਦਾ ਹੈ ਜਿਸ ਦੁਆਰਾ ਅਸੀਂ ਹਰ ਵੇਲੇ ਨਾਮ ਦੀ ਮਤਿ ਨੂੰ ਆਪਣੇ ਧਿਆਨ ਵਿੱਚ ਰੱਖਦੇ ਹਾਂ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਉਹੋ ਜਿਹੇ ਕਰਮ ਕਰੀਏ ਜਿਹੋ ਜਿਹੇ ਕਰਮ ਸਾਨੂੰ ਗੁਰੂ ਦੀ ਮਤਿ ਕਰਨ ਲਈ ਸਮਝਾਉਂਦੀ ਹੈ। ਭਗਤ ਕਬੀਰ ਜੀ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਜਿਹਾ ਨਾਮ ਧਿਆਉਣ ਲਈ ਹੀ ਸਮਝਾ ਰਹੇ ਹਨ ਜਿਹੋ ਜਿਹਾ ਨਾਮ ਉਹਨਾਂ ਨੇ ਆਪਣੇ ਜੀਵਨ ਵਿਚ ਧਿਆਇਆ ਹੈ।

“ਜਿਤੁ ਹਮ ਲਾਏ ਤਿਤੁ ਹੀ ਲਾਗੇ ਤੈਸੇ ਕਰਮ ਕਮਾਵਹਿਗੇ ॥
ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ ॥੩॥”

ਉਪਰਲੀਆਂ ਪੰਗਤੀਆਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਭਗਤ ਕਬੀਰ ਜੀ ਨੇ ਇੱਕੋ ਨਾਮ ਧਿਆਉਣ ਦੀ ਗੱਲ ਸਮਝਾਈ ਹੈ ਜੋ ਨਾਮ ਮਨੁੱਖ ਪ੍ਰਮਾਤਮਾ ਦੇ ਦਰਸ਼ਨਾਂ ਤੋਂ ਭਾਵ ਮਨ ਦੇ ਵਿਚ ਉਸ ਦੇ ਨਿਰਗੁਣ ਰੂਪ ਦਰਸ਼ਨਾਂ ਤੋਂ ਬਾਦ ਹੀ ਧਿਆ ਸਕਦਾ ਹੈ, ਭਰਮ ਤੋਂ ਮੁਕਤਿ ਹੋਣ ਤੋਂ ਬਾਅਦ ਹੀ ਧਿਆ ਸਕਦਾ ਹੈ, ਪ੍ਰਮਾਤਮਾ ਦੇ ਨਾਲ ਸਮਦਰਸੀ ਹੋਣ ਤੋਂ ਬਾਦ ਹੀ ਧਿਆ ਸਕਦਾ ਹੈ ਜਦੋਂ ਮਨੁੱਖ ਨੂੰ ਪ੍ਰਮਾਤਮਾ ਦੇ ਕੋਲੋਂ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਨਾਮ ਕੀ ਹੈ, ਸ਼ਬਦ ਦੀ ਵੀਚਾਰ ਕੀ ਹੈ। ਉਪਰਲੀਆਂ

36/4338

ਪੰਗਤੀਆਂ ਰਾਹੀਂ ਮਨੁੱਖ ਨਾਮ ਨੂੰ ਕਿਸ ਰੂਪ ਵਿਚ ਧਿਆਉਂਦਾ ਹੈ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਨਾਮ ਨੂੰ ਅਸੀਂ ਆਪਣੇ ਕਰਮ ਕਰਨ ਦੁਆਰਾ ਧਿਆਉਣਾ ਹੈ ਭਾਵ ਆਪਣੇ ਹਰ ਕਰਮ ਕਰਨ ਵਿੱਚ ਗੁਰੂ ਦੀ ਮਤਿ ਨੂੰ ਧਿਆਨ ਵਿੱਚ ਰੱਖਣਾ ਹੈ। ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ, ਉਸ ਦੇ ਨਾਲ ਸਮਦਰਸੀ ਬਣ ਜਾਂਦਾ ਹੈ ਜਿਵੇਂ ਕਿ ਉਸ ਦੇ ਭਗਤ ਬਣੇ ਹਨ, ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਉਹਨਾਂ ਨੂੰ ਫਿਰ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਸਾਡੇ ਅੰਦਰ ਕਰਮ ਕਰਵਾਉਣ ਵਾਲਾ ਕੌਣ ਹੈ, ਸਾਡੇ ਅੰਦਰ ਵਿਚਾਰ ਪਾਉਣ ਵਾਲਾ ਕੌਣ ਹੈ ਜਿਸ ਰਾਹੀਂ ਮਨੁੱਖ ਸਭ ਕਰਮ ਕਰਦਾ ਹੈ। ਸਾਡੇ ਅੰਦਰ ਵਿਚਾਰ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਜਿਸ ਪਾਸੇ ਵੀ ਕੋਈ ਲੱਗਿਆ ਹੋਇਆ ਹੈ ਭਾਵ ਜਿਹੋ ਜਿਹੀ ਕਰਨੀ ਨਾਲ ਕੋਈ ਜੁੜਿਆ ਹੋਇਆ ਹੈ ਉਹ ਪ੍ਰਮਾਤਮਾ ਦੀ ਮਰਜੀ ਨਾਲ ਹੀ ਜੁੜਿਆ ਹੋਇਆ ਹੈ। ਸਾਨੂੰ ਮਨ ਦੇ ਵਿਚਾਰਾਂ ਰਾਹੀਂ ਮਾਇਆ ਮੋਹ ਵਿਚ ਰਖਣ ਵਾਲਾ ਪ੍ਰਮਾਤਮਾ ਆਪ ਹੀ ਹੈ। ਜਿੰਨ੍ਹਾਂ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਹੀ ਕਰਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸੱਚੀ ਮਤਿ ਦੇਣ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਉਹ ਮਾਇਆ ਮੋਹ ਵਾਲੇ ਵਿਚਾਰਾਂ ਵਿਚੋਂ ਕੱਢ ਲੈਂਦਾ ਹੈ ਤੇ ਮਨੁੱਖ ਨੂੰ ਸੱਚੀ ਕਰਨੀ ਨਾਲ ਜੋੜ ਲੈਂਦਾ ਹੈ ਜਿਸ ਦੁਆਰਾ ਮਨੁੱਖ ਇਕੋ ਗਰੂ ਦੀ ਸੱਚੀ ਮਤਿ ਦੁਆਰਾ ਹੀ ਵਿਚਰਦਾ ਹੈ ਭਾਵ ਉਹ ਹਰ ਵੇਲੇ ਇਕੋ ਨਾਮ ਹੀ ਧਿਆਉਂਦਾ ਹੈ, ਆਪਣੇ ਹਰ ਕਰਮ ਵਿਚ ਇਕੋ ਨਾਮ ਹੀ ਧਿਆਉਂਦਾ ਹੈ। ਇਹ ਕੇਵਲ ਉਸ ਗੁਰੂ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਹੁੰਦਾ ਹੈ। ਸ਼ਬਦ ਦੀ ਮਤਿ ਵਿੱਚ ਸਮਾਉਣਾ ਹੀ ਉਸ ਪ੍ਰਮਾਤਮਾ ਵਿੱਚ ਸਮਾਉਣਾ ਹੈ ਭਾਵ ਮਨ ਦੇ ਵਿੱਚ ਸੱਚੇ ਵਿਚਾਰਾਂ ਰਾਹੀਂ ਮਨੁੱਖ ਉਸ ਪ੍ਰਮਾਤਮਾ ਵਿਚ ਸਮਾ ਜਾਂਦਾ ਹੈ, ਹਰ ਵੇਲੇ ਉਸ ਵਿਚ ਸਮਾਇਆ ਰਹਿੰਦਾ ਹੈ। **(ਜਿਤੁ ਹਮ ਲਾਏ ਤਿਤੁ ਹੀ ਲਾਗੇ ਤੈਸੇ ਕਰਮ ਕਮਾਵਹਿਗੇ ॥ ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ ॥੩॥)**

ਸ਼ਬਦ ਵਿਚ ਸਮਾਉਣਾ ਜਾਂ ਨਾਮ ਵਿਚ

36/4339

ਸਮਾਉਣਾ ਇੱਕੋ ਹੀ ਗੱਲ ਹੈ। ਦੋਨਾਂ ਤੋਂ ਭਾਵ ਸ਼ਬਦ ਦੀ ਵਿਚਾਰ ਵਿੱਚ ਸਮਾਉਣਾ ਹੀ ਹੈ ਤੇ ਇਹੀ ਪ੍ਰਮਾਤਮਾ ਦੇ ਵਿੱਚ ਸਮਾਉਣਾ ਹੈ ਜਿਸ ਦੁਆਰਾ ਮਨੁੱਖ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੁੰਦਾ ਹੈ। ਮੁਕਤ ਅਸੀਂ ਮਨ ਦੇ ਭਰਮ ਤੋਂ ਹੀ ਹੋਣਾ ਹੈ ਜਿਸ ਰਾਹੀਂ ਅਸੀਂ ਆਵਾਗਉਣ ਤੋਂ ਮੁਕਤ ਹੁੰਦੇ ਹਾਂ। ਮਨ ਦੇ ਭਰਮ ਤੋਂ ਮੁਕਤ ਸਾਨੂੰ ਸ਼ਬਦ ਦੀ ਵਿਚਾਰ ਹੀ ਕਰਦੀ ਹੈ, ਨਾਮ ਹੀ ਕਰਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ ॥

ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ ॥੪॥੪॥”

ਜਿਵੇਂ ਕਿ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਮਨੁੱਖ ਦਾ ਜਨਮ ਮਰਨ ਮਨ ਦੇ ਵਿੱਚ ਹੀ ਹੁੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੁੰਦਾ ਹੈ। ਜਦ ਤਕ ਸਾਡੇ ਮਨ ਦੇ ਵਿੱਚ ਹਉਮੈ ਵਾਲੇ ਵਿਚਾਰ ਹਨ ਉਹ ਸਾਡਾ ਅਸਲ ਜੀਵਨ ਨਹੀਂ ਹੈ। ਮਨ ਦੇ ਭਰਮ ਵਾਲੇ ਵਿਚਾਰਾਂ ਰਾਹੀਂ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਜੋ ਕਿ ਸਾਡਾ ਇੱਕ ਝੂਠਾ ਜੀਵਨ ਹੈ। ਅਸੀਂ ਇਸ ਝੂਠੇ ਜੀਵਨ ਵਿੱਚੋਂ ਹੀ ਮੁਕਤੀ ਪਾਉਣੀ ਹੈ ਤਾਂ ਜੋ ਅਸੀਂ ਆਪਣੀ ਅਸਲੀਅਤ ਨੂੰ ਸਮਝ ਸਕੀਏ ਕਿ ਅਸੀਂ ਮਨੁੱਖੀ ਰੂਪ ਵਿੱਚ ਕੌਣ ਹਾਂ। ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਤੇ ਜਦੋਂ ਸਾਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਇਹੀ ਸਾਡਾ ਜਿਉਂਦੇ ਹੋਏ ਮਰਨਾ ਹੈ। ਮਰਦਾ ਮਨ ਦਾ ਭਰਮ ਹੀ ਹੈ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ। ਸਾਡੀ ਹਉਮੈ ਦਾ ਮਰਨਾ ਹੀ ਸਾਡਾ ਜਿਉਂਦੇ ਹੋਏ ਮਰਨਾ ਹੈ। ਸਾਡੀ ਹਉਮੈ ਸ਼ਬਦ ਦੁਆਰਾ ਹੀ ਮਰਦੀ ਹੈ ਭਾਵ ਸ਼ਬਦ ਦੇ ਗਿਆਨ ਦੁਆਰਾ ਹੀ ਮਰਦੀ ਹੈ, ਨਾਮ ਦੁਆਰਾ ਹੀ ਮਰਦੀ ਹੈ। ਮਨ ਦੇ ਵਿੱਚ ਜਦੋਂ ਸਾਨੂੰ ਪ੍ਰਮਾਤਮਾ ਦੇ ਕੋਲੋਂ ਗਿਆਨ ਮਿਲਦਾ ਹੈ, ਉਸ ਦੇ ਸ਼ਬਦਾਂ ਦੀ ਵਿਚਾਰ ਮਿਲਦੀ

ਹੈ ਉਹ ਸਾਨੂੰ ਹਰ ਭਰਮ ਤੋਂ ਮੁਕਤ ਕਰਦੀ ਹੈ, ਹਉਮੈ ਤੋਂ ਮੁਕਤ ਕਰਦੀ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਦਾ ਅਸਲ ਜੀਵਨ ਸ਼ੁਰੂ ਹੁੰਦਾ ਹੈ ਜਦੋਂ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ। ਇਹੀ ਮਨੁੱਖ ਦਾ ਆਵਾਗਉਣ ਵਿਚੋਂ ਨਿਕਲਣਾ ਹੈ। ਆਵਾਗਉਣ ਵਿਚੋਂ ਸਾਡੇ ਮਨ ਨੇ ਹੀ ਨਿਕਲਣਾ ਹੈ। ਜਦ ਤਕ ਮਨੁੱਖ ਭਰਮ ਵਿਚ ਹੈ ਤਦ ਤੱਕ ਮਨੁੱਖ ਆਵਾਗਉਣ ਵਿਚ ਹੈ। ਮਨ ਦੇ ਭਰਮ ਵਿੱਚੋਂ ਨਿਕਲਕੇ ਮਨੁੱਖ ਪ੍ਰਮਾਤਮਾ

36/4340

ਦੇ ਨਾਲ ਇੱਕ ਹੋ ਜਾਂਦਾ ਹੈ, ਉਸ ਦੇ ਨਾਲ ਸਮਦਰਸੀ ਬਣ ਜਾਂਦਾ ਹੈ ਤੇ ਸਦਾ ਲਈ ਭਰਮ ਤੋਂ ਮੁਕਤ ਹੋ ਜਾਂਦਾ ਹੈ। ਇਹੀ ਸਾਡਾ ਆਵਾਗਉਣ ਤੋਂ ਮੁਕਤ ਹੋਣਾ ਹੈ ਭਾਵ ਜਿਉਂਦੇ ਹੋਏ ਮਰਨ ਦੇ ਨਾਲ ਫਿਰ ਮਨੁੱਖ ਨੂੰ ਦੁਬਾਰਾ ਭਰਮ ਰੂਪ ਚੋਲਾ ਪਾ ਕੇ ਸੰਸਾਰ ਵਿੱਚ ਨਹੀਂ ਆਉਣਾ ਪੈਂਦਾ। ਹਉਮੈ ਤੋਂ ਮੁਕਤ ਹੋਣਾ ਹੀ ਜਨਮ ਮਰਨ ਦੇ ਗੇੜ ਤੋਂ ਮੁਕਤ ਹੋਣਾ ਹੈ। ਜਦ ਤਕ ਅਸੀਂ ਆਪਣੇ ਜਿਉਂਦੇ ਹੋਏ ਆਪਣੇ ਆਪ ਨੂੰ ਇੱਕ ਮਨੁੱਖ ਸਮਝੀ ਰੱਖਦੇ ਹਾਂ ਤਦ ਤੱਕ ਅਸੀਂ ਆਵਾਗਉਣ ਤੋਂ ਮੁਕਤ ਨਹੀਂ ਹਾਂ। ਸਾਡੇ ਅੰਦਰ ਦਾ ਮਨੁੱਖੀ ਰੂਪ ਸਾਡੇ ਅੰਦਰ ਦਾ ਭਰਮ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ। ਇਸ ਭਰਮ ਵਿਚੋਂ ਅਸੀਂ ਆਪਣੇ ਜਿਉਂਦੇ ਹੋਏ ਹੀ ਨਿਕਲਣਾ ਹੈ ਕਿ ਅਸੀਂ ਮਨੁੱਖ ਨਹੀਂ ਬਲਕਿ ਪ੍ਰਮਾਤਮਾ ਦਾ ਹੀ ਰੂਪ ਹਾਂ ਭਾਵ ਸਾਡੇ ਰੂਪ ਵਿਚ ਆਪ ਪ੍ਰਮਾਤਮਾ ਹੀ ਹੈ। ਇਹ ਸਮਝ ਲਗੇ ਬਿਨਾ ਭਾਵ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਮੇਲ ਹੋਏ ਬਿਨਾ, ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਸਾਨੂੰ ਆਵਾਗਉਣ ਵਿਚ ਹੀ ਰਹਿਣਾ ਪੈਂਦਾ ਹੈ, ਭਰਮ ਰੂਪ ਚੋਲੇ ਵਿਚ ਭਾਵ ਭਰਮ ਵਾਲੀ ਮਤਿ ਵਿਚ, ਹਉਮੈ ਵਾਲੀ ਮਤਿ ਵਿਚ ਜਨਮ ਮਰਨ ਦੇ ਗੇੜ ਵਿਚ ਰਹਿਣਾ ਪੈਂਦਾ ਹੈ। ਸਾਨੂੰ ਇਸ ਭਰਮ ਵਿਚੋਂ ਨਾਮ ਹੀ ਕੱਢਦਾ ਹੈ ਭਾਵ ਬ੍ਰਹਮ ਗਿਆਨ ਹੀ ਕੱਢਦਾ ਹੈ ਤੇ ਜੋ ਨਾਮ ਦੇ ਵਿਚ ਸਮਾ ਜਾਂਦਾ ਹੈ, ਮਨ ਦੇ ਗਿਆਨ ਰਾਹੀਂ ਉਸ ਪ੍ਰਮਾਤਮਾ ਦੇ ਨਾਲ, ਬ੍ਰਹਮ ਗਿਆਨ ਦੇ ਨਾਲ ਇੱਕ ਹੋ ਜਾਂਦਾ ਹੈ ਉਹ ਨਾਮ ਦੇ ਵਿਚ ਸਮਾ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਲਿਵ ਮਨ ਦੇ ਵਿੱਚ ਸੱਚੇ ਗਿਆਨ ਰਾਹੀਂ ਹੀ ਜੁੜਦੀ ਹੈ ਜੋ ਲਿਵ ਉਹ ਆਪ ਹੀ ਜੋੜਦਾ ਹੈ। ਪ੍ਰਮਾਤਮਾ ਸਾਡੇ ਅੰਦਰ ਬ੍ਰਹਮ ਗਿਆਨ ਰੂਪ ਵਿਚ ਹੈ, ਨਾਮ ਰੂਪ ਵਿੱਚ ਹੈ ਤੇ ਇਹੀ ਪ੍ਰਮਾਤਮਾ ਦਾ **"ਸੁੰਨ"** ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਸਭ ਵਿੱਚ ਸਮਾਇਆ ਹੋਇਆ ਹੈ, ਹਰ ਵਸਤੂ ਵਿੱਚ ਸਮਾਇਆ ਹੋਇਆ ਹੈ। ਮਨੁੱਖ ਪ੍ਰਮਾਤਮਾ ਦੇ ਇਸ ਰੂਪ ਨਾਲ ਜੁੜਕੇ ਫਿਰ ਸੁੰਨ ਅਵਸਥਾ ਵਿਚ ਹੀ ਰਹਿੰਦਾ ਹੈ ਭਾਵ ਪ੍ਰਮਾਤਮਾ ਦੇ ਬ੍ਰਹਮ ਗਿਆਨ ਨਾਲ ਹੀ ਜੁੜਿਆ ਰਹਿੰਦਾ ਹੈ, ਗੁਰਮਤਿ ਦੀ ਸੱਚੀ ਸੋਝੀ, ਸ਼ਬਦ ਦੇ ਵਿਚਾਰਾਂ ਦੀ ਸੱਚੀ ਸੋਝੀ ਨਾਲ ਹੀ ਜੁੜਿਆ ਰਹਿੰਦਾ ਹੈ ਜੋ ਉਸ ਨੂੰ ਭਰਮਾਂ ਤੋਂ ਮੁਕਤ ਰਖਦੀ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ

36/4341

ਉਹ ਆਪ ਹੀ ਹੈ। **(ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ ॥ ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ ॥੪॥੪॥)**

ਪ੍ਰਮਾਤਮਾ ਦਾ ਨਾਮ ਰੂਪ ਹੀ ਉਸ ਦਾ **"ਸੁੰਨ"** ਰੂਪ ਹੈ, ਉਸ ਦਾ ਸ਼ਬਦ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਭ ਵਿੱਚ ਸਮਾਇਆ ਹੋਇਆ ਹੈ। ਜਦ ਤਕ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦਾ ਸੁੰਨ ਰੂਪ ਨਜਰ ਨਹੀਂ ਆਉਂਦਾ ਤਦ ਤੱਕ ਸਾਨੂੰ ਬਾਹਰ ਉਸ ਦਾ ਇਹ ਰੂਪ ਨਜਰ ਨਹੀਂ ਆ ਸਕਦਾ। ਪ੍ਰਮਾਤਮਾ ਦਾ ਇਹ ਸੁੰਨ ਰੂਪ ਸਾਨੂੰ ਮਨ ਦੇ ਚੌਥੇ ਪਦ ਵਿਚ ਪਹੁੰਚ ਕੇ ਹੀ ਸਮਝ ਆਉਂਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਸਾਡੇ ਅੰਦਰ ਪ੍ਰਮਾਤਮਾ ਆਪ ਚੌਥੇ ਪਦ ਵਿੱਚ ਹੈ ਜੋ ਕਿ ਸੱਚੇ ਗਿਆਨ ਦਾ, ਬ੍ਰਹਮ ਗਿਆਨ ਦਾ ਪਦ ਹੈ, ਨਾਮ ਦਾ ਪਦ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਹੀ ਸ਼ਬਦਾਂ ਦੀ ਵਿਚਾਰ ਦਿੰਦਾ ਹੈ। ਪ੍ਰਮਾਤਮਾ ਦੇ ਇਸ ਰੂਪ ਨੂੰ ਹੇਠ ਦਿਤੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ।

"ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥
ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥
ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥

ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥"

(ਅੰਗ - ੯੪੩)

"ਸੁੰਨ" ਕੀ ਹੈ, **"ਸੁੰਨ ਸਮਾਧਿ"** ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿਚ ਕਾਫੀ ਪਿੱਛੇ ਵੀ ਸਮਝਿਆ ਹੈ। ਸੁੰਨ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਚੁੱਪ ਚਪੀਤੇ ਭਾਵ ਬਿਨਾ ਕੋਈ ਆਵਾਜ ਕਰਨ ਦੇ ਸਭ ਦੇ ਅੰਦਰ ਵਿਚਰ ਰਿਹਾ ਹੈ ਜੋ ਰੂਪ ਉਸ ਦਾ ਗੁਪਤ ਰੂਪ ਹੈ ਤੇ ਕਿਸੇ ਨੂੰ ਨਜਰ ਨਹੀਂ ਆਉਂਦਾ। ਇਹ ਪ੍ਰਮਾਤਮਾ ਦਾ **"ਜੋਤਿ"** ਰੂਪ ਹੀ ਹੈ, ਸ਼ਬਦ ਰੂਪ ਹੀ ਹੈ, ਨਾਮ ਰੂਪ ਹੀ ਹੈ ਭਾਵ ਬ੍ਰਹਮ ਗਿਆਨ ਰੂਪ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਸਾਡੇ ਅੰਦਰ ਸੁੰਨ ਰੂਪ ਵਿਚ ਹੀ ਹੈ ਜਿਸ ਨੇ ਸਦਾ ਹੀ ਸਾਡੇ ਅੰਦਰ, ਸਭ ਦੇ ਅੰਦਰ ਆਪਣੀ ਸੁੰਨ ਸਮਾਧ ਲਗਾਈ ਹੋਈ ਹੈ। ਜਦੋਂ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤਾਂ ਹੀ ਪ੍ਰਮਾਤਮਾ ਦੇ ਸੁੰਨ ਰੂਪ ਦੀ ਸਮਝ ਪੈਂਦੀ ਹੈ। ਸਭ ਜਗ੍ਹਾ ਪ੍ਰਮਾਤਮਾ ਦਾ ਸੁੰਨ ਰੂਪ ਤਾਂ ਹੀ ਨਜਰ ਆਉਂਦਾ ਹੈ ਜਦੋਂ ਪਹਿਲੇ ਆਪਣੇ ਅੰਦਰੋਂ ਪ੍ਰਮਾਤਮਾ ਦਾ ਇਹ ਸੁੰਨ ਰੂਪ ਨਜਰ ਆ ਜਾਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਇਆ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ

36/4342

ਚੌਥੇ ਪਦ ਵਿੱਚ ਵਿਚਰਦਾ ਹੈ ਜੋ ਕਿ ਬ੍ਰਹਮ ਗਿਆਨ ਦਾ ਪਦ ਹੈ, ਨਾਮ ਦਾ ਪਦ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦਾ ਭਾਵ ਸ਼ਬਦਾਂ ਦੀ ਸੱਚੀ ਸੋਝੀ ਦਾ ਪਦ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਸੁੰਨ ਰੂਪ ਨੂੰ ਉਹੀ ਜਾਣ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪਣੇ ਚੌਥੇ ਪਦ ਵਿਚ ਮਿਲਾ ਲੈਂਦਾ ਹੈ, ਸੱਚੇ ਗਿਆਨ ਦੇ ਪਦ ਵਿਚ ਮਿਲਾ ਲੈਂਦਾ ਹੈ ਭਾਵ ਸਹਜ ਵਾਲੀ ਅਵਸਥਾ ਬਖਸ਼ ਦਿੰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿਚੋਂ, ਅਗਿਆਨਤਾ ਵਾਲੀ, ਦੁਬਿਧਾ ਵਾਲੀ, ਸਹਸਾ ਵਾਲੀ, ਹਉਮੈ ਵਾਲੀ, ਮਨਮਤਿ ਵਾਲੀ ਅਵਸਥਾ ਵਿਚੋਂ ਕੱਢ ਲੈਂਦਾ ਹੈ। ਜਦ ਤਕ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੈ ਤਦ ਤਕ ਉਹ ਪਾਪ ਪੁੰਨ ਵਾਲੀ ਅਵਸਥਾ ਵਿਚ ਹੀ ਹੈ ਜਿਸ ਦੁਆਰਾ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਅਸਲ ਪਾਪ ਕੀ ਹੈ ਤੇ ਪੁੰਨ ਕੀ ਹੈ ਕਿਉਂਕਿ ਇਹਨਾਂ ਗੱਲਾਂ ਦਾ ਫੈਂਸਲਾ ਉਹ ਮਨਮਤਿ ਦੁਆਰਾ ਕਰਦਾ ਹੈ ਤੇ ਉਸ ਨੂੰ ਧਰਮ ਦੇ ਅਸਲ ਮਾਰਗ ਦੀ ਸੋਝੀ ਨਹੀਂ ਪੈਂਦੀ। ਧਰਮ ਦੇ ਸੱਚੇ ਮਾਰਗ ਦੀ ਸੋਝੀ ਚੌਥੇ ਪਦ ਵਿਚ ਪਹੁੰਚ ਕੇ ਪੈਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਪੈਂਦੀ ਹੈ ਜੋ ਸੋਝੀ ਉਹ ਸ਼ਬਦਾਂ ਦੀ ਵਿਚਾਰ ਦੁਆਰਾ ਆਪ ਹੀ ਪਾਉਂਦਾ ਹੈ। **(ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥)** ਅਗਲੀ ਪੰਗਤੀ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸੁੰਨ ਰੂਪ ਪ੍ਰਮਾਤਮਾ ਆਪ ਹੈ ਜਿਸ ਰੂਪ ਵਿਚ ਉਹ ਸਭ ਦੇ ਅੰਦਰ ਵਿਚਰ ਰਿਹਾ ਹੈ, ਘੱਟ ਘੱਟ ਵਿੱਚ ਵਿਚਰ ਰਿਹਾ ਹੈ। ਜੋ ਆਪਣੇ ਘੱਟ ਵਿੱਚ ਪ੍ਰਮਾਤਮਾ ਦੇ ਸੁੰਨ ਰੂਪ ਨੂੰ ਜਾਣ ਲੈਂਦਾ ਹੈ ਉਸ ਨੂੰ ਹੀ ਫਿਰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਆਪਣੇ ਇਸੇ ਰੂਪ ਵਿਚ ਹੀ ਹੈ। **(ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥)** ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਸੁੰਨ ਰੂਪ ਨੂੰ ਜਾਣ ਲੈਂਦਾ ਹੈ ਉਸ ਨੂੰ ਹੀ ਨਾਮ ਦੀ ਸਮਝ ਪੈਂਦੀ ਹੈ। ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਨਾਮ ਦੇ ਨਾਲ ਰੱਤਿਆ ਹੋਇਆ ਕੌਣ ਹੁੰਦਾ ਹੈ।

"ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥"

36/4343

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦਾ ਉਹ **"ਜਨੁ"** ਕਿਹੜਾ ਹੁੰਦਾ ਹੈ, ਉਹ ਆਪਣੇ ਆਪ ਵਿਚ ਕੌਣ ਹੁੰਦਾ ਹੈ, ਉਸਦੀ ਆਪਣੀ ਪਹਿਚਾਣ ਕਿਹੋ ਜਿਹੀ ਹੁੰਦੀ ਹੈ ਜੋ ਪ੍ਰਮਾਤਮਾ ਦੇ ਨਾਮ ਨਾਲ ਰੱਤਿਆ ਹੁੰਦਾ ਹੈ। ਪਹਿਲੀ ਗੱਲ ਤਾਂ ਇਹ ਹੈ ਜਿਸ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਉਹ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰਲੇ ਸ਼ਬਦ ਰਾਹੀਂ ਵੀ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਸੁੰਨ ਰੂਪ ਨੂੰ ਜਾਣ ਲੈਂਦਾ ਹੈ ਉਹ ਪ੍ਰਮਾਤਮਾ ਦਾ **"ਜਨੁ"** ਬਣ ਜਾਂਦਾ ਹੈ ਤੇ ਉਸ ਦੇ ਨਾਮ ਵਿਚ ਰੱਤਿਆ ਜਾਂਦਾ ਹੈ। ਉਸਦਾ **"ਜਨੁ"** ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਿਆ ਹੈ। ਉਸਦਾ ਜਨ ਉਹੀ ਹੁੰਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜੋ ਕਿ ਵਿਰਲਾ ਹੀ ਕੋਈ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਉਸਦੇ ਜਨ ਹੋਏ ਹਨ। ਜੋ ਪ੍ਰਮਾਤਮਾ ਦਾ **"ਜਨੁ"** ਰੂਪ ਹੁੰਦਾ ਹੈ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ ਕਿਉਂਕਿ ਉਸ ਰੂਪ ਰਾਹੀਂ ਉਸ ਨੂੰ

ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਤੇ ਮੈਂ ਹੁਣ ਤਕ ਆਪਣੇ ਆਪ ਨੂੰ ਭਰਮ ਵਿਚ ਹੀ ਪ੍ਰਮਾਤਮਾ ਨਾਲੋਂ ਵੱਖਰਾ ਸਮਝਿਆ ਹੋਇਆ ਸੀ। ਹਰ ਮਨੁੱਖੀ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ, ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਪਰ ਇਸ ਗੱਲ ਦੀ ਸਮਝ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ, ਉਸਦਾ **"ਜਨੁ"** ਬਣਕੇ ਹੀ ਪੈਂਦੀ ਹੈ। ਗੁਰੂ ਰੂਪ, ਭਗਤ ਰੂਪ, ਸੇਵਕ ਰੂਪ, ਦਾਸ ਰੂਪ ਪ੍ਰਮਾਤਮਾ ਦਾ ਆਪਣਾ ਹੀ **"ਜਨੁ"** ਰੂਪ ਹੈ ਤੇ ਪ੍ਰਮਾਤਮਾ ਦੇ ਨਾਮ ਵਿੱਚ ਉਸਦਾ ਆਪਣਾ ਰੂਪ ਬਣਨ ਦੁਆਰਾ ਹੀ ਰੱਤਿਆ ਜਾ ਸਕਦਾ ਹੈ। ਆਪਣਾ ਜਨ ਰੂਪ ਧਾਰਕੇ ਪ੍ਰਮਾਤਮਾ ਆਪ ਹੀ ਆਪਣਾ ਨਾਮ ਜਪਦਾ ਹੈ। ਨਾਮ ਤਾਂ ਅਸਲ ਵਿੱਚ ਸਾਡਾ ਮਨ ਜਪਦਾ ਹੈ, ਅੰਦਰ ਦੀ ਜੋਤਿ ਜਪਦੀ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਜਪਦੀ ਹੈ। ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇਣ ਵਾਲਾ ਹੈ ਤੇ ਆਪ ਹੀ ਆਪਣਾ ਜਨ ਰੂਪ ਧਾਰਨ ਕਰਕੇ ਸ਼ਬਦਾਂ ਦੀ ਵਿਚਾਰ ਲੈਣ ਵਾਲਾ ਹੈ। ਕੇਵਲ ਮਨ ਦਾ ਭੁਲੇਖਾ ਹੀ ਦੂਰ ਹੁੰਦਾ ਹੈ ਕਿ ਪ੍ਰਮਾਤਮਾ ਜੋ ਅੰਦਰ ਗੁਪਤ ਰੂਪ ਵਿਚ ਸੀ ਹੁਣ ਉਸ ਨੇ ਆਪਣੇ ਆਪ ਨੂੰ

ਪ੍ਰਗਟ ਕਰ ਲਿਆ ਹੈ। ਇਸ ਗੱਲ ਦੀ ਸਮਝ ਪ੍ਰਮਾਤਮਾ ਦਾ ਜਨ ਰੂਪ ਬਣਕੇ ਹੀ ਸਮਝ ਲਗ ਸਕਦੀ ਹੈ ਕਿ ਨਾਮ ਜਪਣ ਵਾਲਾ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ ਜੋ ਕਿ ਦੇਖਣ ਵਾਲਿਆਂ ਨੂੰ ਕੇਵਲ ਇੱਕ ਮਨੁੱਖ ਹੀ ਨਜਰ ਆਉਂਦਾ ਹੈ। ਅੰਦਰ ਦੀ ਜੋਤਿ ਕਿਸੇ ਨੂੰ ਨਜਰ ਨਹੀਂ ਆਉਂਦੀ ਜੋ ਇਸ ਮਨੁੱਖੀ ਰੂਪ ਦੀ ਮਾਲਕ ਹੈ, ਇਸ ਮਨੁੱਖੀ ਰੂਪ ਨੂੰ ਬਣਾਕੇ ਆਪ ਹੀ ਉਸ ਨੂੰ ਚਲਾ ਰਹੀ ਹੈ। ਆਪਣਾ ਨਾਮ ਅਸਲ ਵਿਚ ਪ੍ਰਮਾਤਮਾ ਆਪ ਹੀ ਆਪਣਾ ਜਨ ਰੂਪ ਧਾਰ ਕੇ ਜਪਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰਾਂ ਰਾਹੀਂ ਜਪਿਆ ਹੈ। **(ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥)**

ਨਾਮ ਨੂੰ ਸਮਝਣ ਵਿੱਚ ਹਰ ਕੋਈ ਕਿਤਨੇ ਕੁ ਵੱਡੇ ਭਰਮ ਵਿੱਚ ਹੈ ਇਸ ਗੱਲ ਦਾ ਅੰਦਾਜਾ ਉਪਰਲੀਆਂ ਪੰਗਤੀਆਂ ਰਾਹੀਂ ਲਗਾਇਆ ਜਾ ਸਕਦਾ ਹੈ ਜਿੰਨ੍ਹਾਂ ਰਾਹੀਂ ਇਹ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜੋ ਜਨ ਨਾਮ ਵਿੱਚ ਰੱਤਿਆ ਹੋਇਆ ਹੁੰਦਾ ਹੈ ਉਹ ਪ੍ਰਮਾਤਮਾ ਆਪ ਹੀ ਹੰਦਾ ਹੈ, ਉਹ **"ਜਨੁ"** ਆਪ **"ਪੁਰਖ ਬਿਧਾਤਾ"** ਹੀ ਹੁੰਦਾ ਹੈ। ਆਪਣੇ ਆਪ ਨੂੰ ਨਾਮ ਵਿਚ ਰੱਤੇ ਹੋਏ ਕਹਿਣ ਵਾਲੇ ਕਰੋੜਾਂ ਹੀ ਹਨ ਪਰ ਕੀ ਉਹ ਆਪਣੇ ਆਪ ਨੂੰ **"ਪੁਰਖੁ ਬਿਧਾਤਾ"** ਕਹਿ ਸਕਦੇ ਹਨ। ਜੇਕਰ ਨਹੀਂ ਕਹਿ ਸਕਦੇ ਫਿਰ ਉਹ ਨਾਮ ਰੱਤੇ ਨਹੀਂ ਹਨ ਭਾਵ ਉਹਨਾਂ ਨੂੰ ਨਾਮ ਦੀ ਸਮਝ ਨਹੀਂ ਹੈ ਭਾਵ ਉਹ ਵੱਡੇ ਭਰਮ ਵਿੱਚ ਹਨ ਜਿਸ ਭਰਮ ਦੀ ਤੁਲਨਾ ਵੀ ਨਹੀਂ ਕੀਤੀ ਜਾ ਸਕਦੀ। ਨਾਮ ਰੱਤੇ ਅਖਵਾਉਣ ਵਾਲਿਆਂ ਨਾਲ ਪੂਰਾ ਭਾਰਤ ਵਰਸ਼ ਭਰਿਆ ਪਿਆ ਹੈ, ਸਿਖ ਜਗਤ ਇਸ ਵਿੱਚ ਹੋਰ ਵੀ ਅੱਗੇ ਹੈ ਤੇ ਇਹੋ ਜਿਹਾ ਭਰਮ ਹੀ ਦੂਸਰੇ ਮੁਲਕਾਂ ਵਿੱਚ ਜਾ ਕੇ ਫੈਲਾਇਆ ਜਾ ਰਿਹਾ ਹੈ ਜਿਸ ਰਾਹੀਂ ਉਹ ਉੱਚੀ ਸੋਭਾ ਲੈਂਦੇ ਹਨ. ਆਪਣੇ ਆਪ ਨੂੰ ਧਰਮ ਗ੍ਰੰਥਾਂ ਦੇ ਗਿਆਤੇ ਅਖਵਾਉਂਦੇ ਹਨ। ਇਹੋ ਜਿਹੇ ਗਿਆਨੀ, ਪੰਡਿਤ ਭਾਵ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ ਜੋ ਸਦੀਆਂ ਤੋਂ ਨਾਮ ਨੂੰ ਲੈ ਕੇ ਸੰਸਾਰ ਨੂੰ ਭਰਮਾਂ ਵਿਚ ਪਾਉਂਦੇ ਰਹੇ ਹਨ ਤੇ ਅੱਜ ਵੀ ਪਾ ਰਹੇ ਹਨ। ਗੁਰਬਾਣੀ ਨੇ ਸਾਨੂੰ ਅਨੇਕਾਂ ਹੀ ਅਨੇਕਾਂ

ਸ਼ਬਦਾਂ ਦੁਆਰਾ ਨਾਮ ਸਮਝਾਇਆ ਹੈ ਤੇ ਬਾਰ-ਬਾਰ ਨਾਮ ਨੂੰ ਸਮਝਣ ਦੇ ਭਰਮ ਵਿੱਚੋਂ ਕੱਢਿਆ ਹੈ ਪਰ ਇਹ ਭਰਮ ਸਦੀਆਂ ਤੋਂ ਇਤਨਾ ਜਿਆਦਾ ਪ੍ਰਬਲ ਹੈ ਕਿ ਹਰ ਕੋਈ ਕਿਸੇ ਅੱਖਰ ਦੇ ਜਪ ਨਾਲ ਹੀ ਜੁੜਿਆ ਹੋਇਆ ਹੈ, ਆਪਣੀ ਆਪਣੀ ਆਸਥਾ ਅਨੁਸਾਰ ਜੁੜਿਆ ਹੋਇਆ ਹੈ ਜਿਸ ਨੂੰ ਉਹ ਨਾਮ ਦਾ ਜਪ ਕਹਿੰਦੇ ਹਨ ਤੇ ਕੋਈ ਸਮਾਧੀਆਂ ਲਗਾ ਕੇ ਜਪ ਕਰੀ ਜਾਂਦਾ ਹੈ, ਕੋਈ ਮਾਲਾ ਫੇਰਨ ਤੇ ਲੱਗਾ ਹੋਇਆ ਹੈ। ਸਭ ਨੂੰ ਭਰਮ ਵਿਚ ਪਾਉਣ ਵਾਲੇ ਇਹ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਹੀ ਹਨ ਤੇ ਇਸੇ ਲਈ ਇਹੋ ਜਿਹੇ ਝੂਠੇ ਵਿਦਵਾਨ ਅਖਵਾਉਣ ਵਾਲਿਆਂ ਦੀ ਬਾਣੀ ਦੇ ਅਨੇਕਾਂ ਸ਼ਬਦਾਂ ਰਾਹੀਂ ਨਿਖੇਧੀ ਕੀਤੀ ਹੋਈ ਹੈ। ਬਾਣੀ ਜੋ ਵੀ ਸਮਝਾਉਂਦੀ ਹੈ ਉਹ ਸੱਚ ਹੈ ਭਾਵ ਇਹਨਾਂ ਦੀ ਨਿਖੇਧੀ ਵੀ ਸੱਚੀ ਹੈ। ਜੋ ਸੱਚ ਹੈ ਉਹ ਨਾਮ ਹੈ ਭਾਵ ਨਾਮ ਹੀ ਇਹੋ ਜਿਹੇ ਅੱਖਰ ਦਾ ਨਾਮ ਜਪਣ ਵਾਲਿਆਂ ਦੀ ਨਿਖੇਧੀ ਕਰਦਾ ਹੈ ਭਾਵ ਸੱਚਾ ਨਾਮ ਝੂਠੇ ਨਾਮ ਦੀ ਨਿਖੇਧੀ ਕਰਦਾ ਹੈ। ਕਿਸੇ ਅੱਖਰ ਦਾ ਜਾਪ ਕਰਨਾ, ਉਸ ਨੂੰ ਨਾਮ ਦਾ ਜਪ ਕਹਿਣਾ ਸੱਚੇ ਨਾਮ ਦੀ ਨਿਖੇਧੀ ਹੈ, ਗੁਰਮਤਿ ਦੀ ਨਿਖੇਧੀ ਹੈ। ਗੁਰਮਤਿ ਦੀ ਨਿਖੇਧੀ ਕਰਨ ਵਾਲਿਆਂ ਦੀ ਹੀ ਗੁਰਮਤਿ ਨਿਖੇਧੀ ਕਰਦੀ ਹੈ, ਗੁਰਬਾਣੀ ਨਿਖੇਧੀ ਕਰਦੀ ਹੈ ਭਾਵ ਗੁਰਬਾਣੀ ਰਾਹੀਂ ਸੱਚ ਝੂਠ ਦੀ ਨਿਖੇਧੀ ਕਰਦਾ ਹੈ, ਝੂਠ ਸਿਖਾਉਣ ਵਾਲਿਆਂ ਦੀ ਨਿਖੇਧੀ ਕਰਦਾ ਹੈ। ਇਹ ਝੂਠ ਸਿਖਾਉਣ ਵਾਲੇ ਸਾਨੂੰ ਸੁੰਨ ਸਮਾਧ ਲਗਾਉਣੀ ਵੀ ਸਿਖਾਉਂਦੇ ਹਨ ਜੋ ਕਿ ਸਮਾਧੀਆਂ ਲਗਾਉਣੀਆਂ ਸਿਖਾਉਂਦੇ ਹਨ। ਇਹੋ ਜਿਹਿਆਂ ਨੂੰ ਖੁਦ ਸੁੰਨ ਦੀ ਸਮਝ ਨਹੀਂ ਹੈ ਪਰ ਫਿਰ ਵੀ ਸਿਖਾਉਣ ਤੋਂ ਪਿਛੇ ਨਹੀਂ ਹਟਦੇ।

ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥”

ਉਪਰਲੇ ਸ਼ਬਦ ਨੂੰ ਬੜੇ ਧਿਆਨ ਨਾਲ ਸਮਝੋ। ਜੋ ਅਵਸਥਾ ਇਸ ਤੋਂ ਪਹਿਲੇ ਸ਼ਬਦ ਰਾਹੀਂ ਨਾਮ ਰਤਿਆਂ ਦੀ ਸਮਝਾਈ ਹੈ ਉਹੀ ਅਵਸਥਾ ਉਪਰਲੇ ਸ਼ਬਦ ਰਾਹੀਂ **“ਸੁੰਨਿ”** ਰਤਿਆਂ ਦੀ ਸਮਝਾਈ ਹੈ ਭਾਵ ਜੋ ਨਾਮ ਰੱਤਾ ਹੈ ਉਹੀ **“ਸੁੰਨਿ”** ਰੱਤਾ ਹੈ।

36/4346

ਜੋ ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ ਉਹੀ ਨਾਮ ਰੱਤਾ ਹੈ ਤੇ ਉਹੀ ਸੁੰਨਿ ਰੱਤਾ ਹੈ ਭਾਵ ਜਿਸ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਰੂਪ ਵਿਚ ਆਪ ਪ੍ਰਮਾਤਮਾ ਹੈ ਉਹੀ ਨਾਮ ਰੱਤਾ ਹੈ ਤੇ ਉਹੀ ਸੁੰਨਿ ਰੱਤਾ ਹੈ। ਇਹੀ ਗੱਲ ਸਾਨੂੰ ਉਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ।

ਪ੍ਰਾਚੀਨ ਕਾਲ ਤੋਂ ਜੋਗੀ ਆਦਿ ਪ੍ਰਮਾਤਮਾ ਨੂੰ ਸੁੰਨ ਅਵਸਥਾ ਵਿਚ ਪਹੁੰਚਕੇ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਆਏ ਹਨ ਜਿਸ ਦੁਆਰਾ ਉਹ ਆਪਣੇ ਮਨ ਨੂੰ ਸਮਾਧੀਆਂ ਦੁਆਰਾ ਸੁੰਨ ਅਵਸਥਾ ਵਿੱਚ ਟਿਕਾਉਣ ਦੀਆਂ ਗੱਲਾਂ ਕਰਦੇ ਹਨ ਜਿਸ ਨੂੰ ਉਹ **“ਅਫੁਰ”** ਅਵਸਥਾ ਵਿਚ ਲੈ ਜਾਣ ਦੀਆਂ ਗੱਲਾਂ ਕਰਦੇ ਹਨ। ਇਹੋ ਜਿਹੀਆਂ ਗੱਲਾਂ ਕਰਨ ਵਾਲਿਆਂ ਨੂੰ ਭਰਮ ਵਿਚ ਦੱਸਿਆ ਹੈ ਕਿ ਇਸ ਤਰੀਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਇਹੋ ਜਿਹੀਆਂ ਗੱਲਾਂ ਉਹੀ ਕਰਦੇ ਹਨ ਜਿੰਨ੍ਹਾਂ ਨੂੰ **“ਸੁੰਨ”** ਦੀ ਸਮਝ ਨਹੀਂ ਹੈ। ਪ੍ਰਮਾਤਮਾ ਸਾਡੇ ਅੰਦਰ “**ਸੁੰਨ**” ਰੂਪ ਵਿਚ ਹੀ ਹੈ ਪਰ ਪਰਮਾਤਮਾ ਦਾ ਇਹ **“ਸੁੰਨ”** ਰੂਪ ਸਾਡੇ ਅੰਦਰ **“ਅਨਹਤ”** ਦੇ ਰੂਪ ਵਿਚ ਹੈ ਭਾਵ ਅਨਹਤ ਨਾਦ ਦੇ ਰੂਪ ਵਿਚ ਹੈ, ਅਨਾਹਦ ਨਾਦ ਦੇ ਰੂਪ ਵਿਚ ਹੈ ਜੋ ਨਾਦ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਵਜਾ ਰਿਹਾ ਹੈ ਜਿਸ ਦੀ ਕੋਈ ਆਵਾਜ ਨਹੀਂ ਹੁੰਦੀ ਜਿਵੇਂ ਕਿ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਇਹ ਅਨਹਤ ਨਾਦ ਸਭ ਦੇ ਅੰਦਰ ਉਸ ਦੇ ਗਿਆਨ ਦਾ ਨਾਦ ਹੈ ਜੋ ਸਭ ਦੇ ਅੰਦਰ ਮਨ ਦੀ ਸੋਚਿ ਦੇ ਰੂਪ ਵਿਚ ਹੈ। ਸਾਡੇ ਅੰਦਰ ਇਹ ਮਨ ਦੀ ਸੋਚਿ ਕਿਥੋਂ ਉਪਜਦੀ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਦਾ ਸਾਡੇ ਅੰਦਰ ਅਨਹਤ ਰੂਪ ਕੀ ਹੈ। ਇਸ ਗੱਲ ਦੀ ਸਮਝ ਚੌਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਇਹ ਅਨਹਤ ਨਾਦ ਸਾਡੇ ਅੰਦਰ ਹਰ ਵੇਲੇ ਵੱਜਦਾ ਰਹਿੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਮਨ ਦੀ ਸੋਚ ਰਾਹੀਂ, ਮਨ ਦੇ ਗਿਆਨ ਰਾਹੀਂ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਪਰ ਇਸ ਗੱਲ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ

36/4347

ਨਾਲ ਮੇਲ ਦੁਆਰਾ ਹੀ ਪੈਂਦੀ ਹੈ, ਉਸ ਦੇ ਨਾਲ ਚੌਥੇ ਪਦ ਦੀ ਸਾਂਝ ਹੋਣ ਦੁਆਰਾ ਹੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਫਿਰ **“ਅਨਹਤ ਸੁੰਨ”** ਵਿੱਚ ਰੱਤਿਆ ਜਾਂਦਾ ਹੈ ਭਾਵ ਉਸ ਦੇ ਸੱਚੇ ਗਿਆਨ ਵਿੱਚ ਰੱਤਿਆ ਜਾਂਦਾ ਹੈ, ਉਸ ਦੇ ਨਾਮ ਵਿੱਚ ਰਤਿਆ ਜਾਂਦਾ ਹੈ, ਬ੍ਰਹਮ ਗਿਆਨ ਵਿੱਚ ਰਤਿਆ ਜਾਂਦਾ ਹੈ, ਸ਼ਬਦਾਂ ਦੀ ਸੱਚੀ ਸੋਝੀ ਵਿੱਚ ਰਤਿਆ ਜਾਂਦਾ ਹੈ ਜਿਸ ਸੋਝੀ ਦੁਆਰਾ ਪ੍ਰਮਾਤਮਾ ਆਪ ਵਿਚਰਦਾ ਹੈ। ਪ੍ਰਮਾਤਮਾ ਦੀ ਇਸ ਸੋਝੀ ਵਿੱਚ ਰੱਤੇ ਜਾਣ ਨਾਲ ਮਨੁੱਖ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ ਭਾਵ ਜਿਸ ਤੋਂ ਮਨੁੱਖ ਉਪਜਦਾ ਹੈ ਉਸਦੇ ਵਰਗਾ ਹੀ ਬਣ ਜਾਂਦਾ ਹੈ। ਮਨੁੱਖ ਦੀ ਉਪਜ ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦੀ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਮਨੁੱਖ ਉਨਾਂ ਵਿਚਾਰਾਂ ਵਿਚ ਰੱਲ ਜਾਂਦਾ ਹੈ ਜੋ ਵਿਚਾਰ ਪ੍ਰਮਾਤਮਾ ਦੇ ਕੋਲੋਂ ਆਉਂਦੇ ਹਨ। ਪ੍ਰਮਾਤਮਾ ਦੇ ਵਿਚਾਰਾਂ ਵਿਚ ਰਲਣਾ ਹੀ ਪ੍ਰਮਾਤਮਾ ਵਿਚ ਰਲਣਾ ਹੈ ਭਾਵ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਇੱਕ ਸੋਚ ਹੋ ਜਾਣਾ ਪ੍ਰਮਾਤਮਾ ਦਾ ਰੂਪ ਬਣ ਜਾਣਾ ਹੈ। ਮਨੁੱਖ ਦਾ ਮੂਲ ਮਨੁੱਖ ਦੀ ਸੋਚ ਹੈ ਜੋ ਕਿ ਮਨੁੱਖ ਦੀ ਆਪਣੀ ਨਹੀਂ ਹੈ। ਇਹ ਸੋਚ ਪ੍ਰਮਾਤਮਾ ਦੀ ਆਪਣੀ ਹੈ ਜੋ ਕਿ ਸਭ ਦੇ ਅੰਦਰ ਉਸ ਦਾ ਅਨਹਤ ਰੂਪ ਹੈ, ਸੁੰਨ ਰੂਪ ਹੈ ਜਿਸ ਵਿੱਚ ਮਿਲਕੇ ਮਨੁੱਖ ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ, ਉਸ ਦਾ ਜੋਤਿ ਰੂਪ ਬਣ ਜਾਂਦਾ ਹੈ। ਮਿੱਟਦਾ ਸਾਡੇ ਮਨ ਦਾ ਭਰਮ ਹੀ ਹੈ। ਜਦ ਤਕ ਅਸੀਂ ਭਰਮ ਵਿੱਚ ਹਾਂ ਸਾਨੂੰ ਭਰਮ ਵਿੱਚ ਰੱਖਣ ਵਾਲੀ ਸਾਡੀ ਸੋਚ ਹੀ ਹੈ ਤੇ ਸਾਨੂੰ ਭਰਮ ਵਿੱਚੋਂ ਕੱਢਣ ਵਾਲੀ ਵੀ ਸਾਡੀ ਸੋਚ ਹੀ ਹੈ ਭਾਵ ਸਾਨੂੰ ਭਰਮ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਭਰਮ ਵਿੱਚੋਂ ਕੱਢਣ ਵਾਲਾ ਵੀ ਪ੍ਰਮਾਤਮਾ ਆਪ ਹੈ ਜਿਸ ਦੁਆਰਾ ਮਨੁੱਖ ਉਸ ਦੇ ਅਨਹਤ ਰੂਪ ਵਿਚ, ਸੁੰਨ ਰੂਪ ਵਿਚ ਰੱਤਿਆ ਜਾਂਦਾ ਹੈ ਭਾਵ ਉਸ ਵਿੱਚ ਸਮਾ

ਕੇ ਉਸੇ ਦਾ ਰੂਪ ਬਣ ਜਾਂਦਾ ਹੈ। (**ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥ ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ॥**)

"**ਅਨਹਤ ਸੁੰਨਿ ਰਤੇ**", "**ਨਾਮ ਰਤੇ**" ਭਾਵ ਜਿੰਨਾ ਦਾ ਮਨ ਦੇ ਵਿਚ ਪਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ, ਜੋ ਪਰਮਾਤਮਾ ਦਾ ਹੀ ਰੂਪ ਬਣ ਜਾਂਦੇ ਹਨ, ਉਹ ਪਰਮਾਤਮਾ ਦਾ ਰੂਪ ਕਿਸ ਤਰੀਕੇ ਬਣਦੇ ਹਨ ਭਾਵ ਉਹਨਾਂ ਨੂੰ ਇਹ ਗੱਲ ਕਿਸ ਤਰੀਕੇ ਸਮਝ ਆਉਂਦੀ ਹੈ ਕਿ ਮਨੁੱਖੀ ਰੂਪ ਵਿਚ ਪਰਮਾਤਮਾ

36/4348

ਆਪ ਹੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨੁੱਖ ਜਨਮ ਮਰਨ ਤੋਂ ਰਹਿਤ ਕਿਵੇਂ ਹੁੰਦਾ ਹੈ।

"ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥"

ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਤੇ ਸਾਡਾ ਆਵਾਗਉਣ ਵੀ ਮਨ ਦੀ ਸੋਝੀ ਨਾਲ ਹੀ ਜੁੜਿਆ ਹੋਇਆ ਹੈ ਤੇ ਧਰਮ ਦੇ ਮਾਰਗ ਦੀ ਸੋਝੀ ਭਾਵ ਸੱਚੀ ਸੋਝੀ ਵੀ ਸਾਡੇ ਮਨ ਦੇ ਨਾਲ ਹੀ ਜੁੜੀ ਹੋਈ ਹੈ। ਨਾਮ ਨਾਲ ਰੱਤੇ ਜਾਣਾ ਜਾਂ ਅਨਹਤ ਸੁੰਨਿ ਨਾਲ ਰੱਤੇ ਜਾਣਾ ਇੱਕੋ ਹੀ ਗੱਲ ਹੈ ਜਿਸਦਾ ਮਕਸਦ ਗੁਰੂ ਦੇ ਸੱਚੇ ਗਿਆਨ ਨਾਲ ਭਾਵ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਸੱਚੇ ਗਿਆਨ ਨਾਲ ਰਤੇ ਜਾਣਾ ਹੈ ਜਿਸ ਗਿਆਨ ਰਾਹੀਂ ਪ੍ਰਮਾਤਮਾ ਮਨ ਦੇ ਵਿਚ ਆਪਣੀ ਧਰਮ ਦੇ ਮਾਰਗ ਤੇ ਚਲਣ ਦੀ ਸੱਚੀ ਮਤਿ ਦਿੰਦਾ ਹੈ, ਗੁਰਮਤਿ ਸਮਝਾਉਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਮਕਸਦ ਗੁਰਮਤਿ ਰੂਪ ਸੱਚੇ ਗਿਆਨ ਦੇ ਨਾਲ ਮੇਲ ਹੀ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਵਿਚਰਦਾ ਹੈ। ਜਿਸ ਰੂਪ ਵਿਚ ਮਨ ਦੇ ਵਿਚ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ ਉਹੀ ਪ੍ਰਮਾਤਮਾ ਦਾ ਰੂਪ ਪੂਰੀ ਗੁਰਬਾਣੀ ਵਿਚ ਹੈ। ਜਿਸ ਤਰੀਕੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਹਿਲੇ ਆਪਣੇ ਮਨ ਨੂੰ ਸਮਝਾਇਆ ਹੈ, ਪ੍ਰਮਾਤਮਾ ਕੋਲੋਂ ਗਿਆਨ ਮਿਲਣ ਦੁਆਰਾ ਸਮਝਾਇਆ ਹੈ ਉਸੇ ਮਕਸਦ ਲਈ ਉਹਨਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਤਾਂ ਜੋ ਅਸੀਂ ਗੁਰਬਾਣੀ ਕੋਲੋਂ ਸੱਚੀ ਸੋਝੀ ਲੈ ਕੇ ਆਪਣੇ ਮਨ ਨੂੰ ਸਮਝਾ ਸਕੀਏ। ਆਪਣੇ ਮਨ ਦੇ ਅੰਦਰੋਂ ਪ੍ਰਮਾਤਮਾ ਕੋਲੋਂ ਸੱਚਾ ਗਿਆਨ ਲੈਣਾ ਜਾਂ ਗੁਰਬਾਣੀ ਕੋਲੋਂ ਸੱਚਾ ਗਿਆਨ ਲੈਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਉਸ ਦੇ ਸੱਚੇ ਗਿਆਨ ਵਿਚ ਰਲ ਕੇ ਹੀ ਹੋਣਾ ਹੈ। ਮਨ ਦੀ ਸੱਚੀ ਸੋਝੀ ਨੇ ਹੀ ਸਾਨੂੰ ਜਨਮ ਮਰਨ ਦੇ ਗੇੜ ਵਿਚੋਂ ਕੱਢਣਾ ਹੈ ਕਿਉਂਕਿ ਮਨ ਦੇ ਸੱਚੇ ਗਿਆਨ ਨੇ ਹੀ ਸਾਨੂੰ ਭਰਮ ਤੋਂ ਮੁਕਤ ਕਰਨਾ ਹੈ ਕਿ ਮਨੁੱਖ ਅਸਲ ਵਿਚ ਭਰਮ ਵਿਚ

36/4349

ਹੀ ਆਪਣੇ ਆਪ ਨੂੰ ਇੱਕ ਮਨੁੱਖ ਸਮਝਦਾ ਹੈ। ਮਨ ਦੇ ਭਰਮ ਤੋਂ ਮੁਕਤ ਹੋਣਾ ਹੀ ਜਨਮ ਮਰਨ ਦੇ ਗੇੜ ਤੋਂ ਮੁਕਤ ਹੋਣਾ ਹੈ, ਆਵਾਗਉਣ ਤੋਂ ਮੁਕਤ ਹੋਣਾ ਹੈ। (**ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥ ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥ ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥**)

ਜਿਵੇਂ ਕਿ ਅਸੀਂ ਉਪਰਲੇ ਤੇ ਇਸ ਤੋਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਕਿ ਪਰਮਾਤਮਾ ਸਾਡੇ ਸਭ ਦੇ ਅੰਦਰ "**ਸੁੰਨੁ**" ਰੂਪ ਵਿਚ ਹੈ, **"ਨਾਮੁ"** ਰੂਪ ਵਿਚ ਹੈ ਜੋ ਕਿ ਸਾਡੇ ਅੰਦਰ ਉਸਦਾ ਸੱਚੇ ਗਿਆਨ ਦਾ ਰੂਪ ਹੈ। ਪ੍ਰਮਾਤਮਾ ਜਦੋਂ ਵੀ ਮਨੁੱਖ ਦੇ ਅੰਦਰ ਪ੍ਰਗਟ ਹੁੰਦਾ ਹੈ ਉਹ ਆਪਣੇ ਇਸੇ ਰੂਪ ਦੁਆਰਾ ਹੀ ਪ੍ਰਗਟ ਹੁੰਦਾ ਹੈ।ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਪ੍ਰਮਾਤਮਾ ਦੇ ਮਨ ਦੇ ਵਿਚ ਪ੍ਰਗਟ ਹੋਣ ਦੁਆਰਾ ਹੀ ਸੰਸਾਰ ਵਿਚ ਪ੍ਰਗਟ ਹੋਈ ਹੈ। ਸਾਡੇ ਅੰਦਰ ਗੁਰਬਾਣੀ ਦਾ ਪ੍ਰਗਟ ਹੋਣਾ ਜਾਂ ਪ੍ਰਮਾਤਮਾ ਦਾ ਪ੍ਰਗਟ ਹੋਣਾ ਇੱਕੋ ਹੀ ਗੱਲ ਹੈ ਤੇ ਇਹੀ ਗੱਲ ਸਾਨੂੰ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥"

(ਅੰਗ ੯੪੩-੯੪੪)

ਉਪਰ ਸ਼ਬਦ ਰਾਹੀਂ ਉਹਨਾਂ ਦੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜੋ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਨ ਭਾਵ ਜੋ ਪ੍ਰਮਾਤਮਾ ਦਾ **"ਨਾਮ"** ਰੂਪ, **"ਸੁੰਨ"** ਰੂਪ ਬਣ ਜਾਂਦੇ ਹਨ। ਸਾਡਾ ਮੰਨ ਪ੍ਰਮਾਤਮਾ ਦਾ ਆਪਣਾ ਸਰੋਵਰ ਹੀ ਹੈ ਭਾਵ ਉਸਦਾ ਜਲ ਰੂਪ ਹੈ, ਅੰਮ੍ਰਿਤ ਜਲ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਸਰੀਰ ਦੇ ਜੋ ਨੌਂ ਦਰਵਾਜੇ ਹਨ ਉਨਾਂ ਨੂੰ ਵੱਸ ਵਿੱਚ ਕਰਨ ਵਾਲਾ ਸਾਡਾ ਮਨ ਹੀ ਹੈ ਭਾਵ ਇਸ ਸਰੀਰ ਨੂੰ ਵੱਸ ਵਿਚ ਕਰਨ ਵਾਲਾ ਸਾਡਾ ਮਨ ਹੀ ਹੈ। ਮਨੁੱਖ ਕਰਮ

36/4350

ਸਰੀਰ ਦੁਆਰਾ ਹੀ ਕਰਦਾ ਹੈ ਤੇ ਜਦੋਂ ਸਰੀਰ ਦੇ ਇੰਦਰੇ, ਨੌਂ ਇੰਦਰੇ ਵੱਸ ਵਿੱਚ ਆ ਜਾਂਦੇ ਹਨ ਫਿਰ ਮਨੁੱਖ ਇਸ ਸਰੀਰ ਦੁਆਰਾ ਮਾੜੇ ਕਰਮ ਨਹੀਂ ਕਰਦਾ ਭਾਵ ਸਭ ਚੰਗੇ ਕਰਮ ਹੀ ਕਰਦਾ ਹੈ। ਸਰੀਰ ਦੇ ਇਹ ਨੌਂ ਦਰਵਾਜੇ ਅੰਮ੍ਰਿਤ ਜਲ ਨਾਲ ਤਾਂ ਹੀ ਪੂਰੇ ਹੁੰਦੇ ਹਨ ਜਦੋਂ ਦਸਵੇਂ ਦੁਆਰ ਦਾ ਜਲ ਇਨਾਂ ਨੂੰ ਆਪ ਪੂਰੇ ਕਰਦਾ ਹੈ ਭਾਵ ਮਨ ਦਾ ਸੱਚੇ ਗਿਆਨ ਦਾ ਅੰਮ੍ਰਿਤ ਜਲ ਸਰੀਰ ਦੇ ਨੌਂ ਦਰਵਾਜਿਆਂ ਨੂੰ ਆਪ ਹੀ ਵੱਸ ਵਿਚ ਕਰਦਾ ਹੈ। (**ਨਉ ਸਰ ਸੁਭਰ ਦਸਵੈ ਪੂਰੇ ॥**) ਦਸਵਾਂ ਦੁਆਰ ਸਾਡਾ ਮਨ ਹੈ ਜਿਸ ਰਾਹੀਂ ਮਨੁੱਖ ਨੂੰ ਗਿਆਨ ਹੀ ਮਿਲਦਾ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਵੀ ਗਿਆਨ ਸਾਨੂੰ ਮਨ ਦੇ ਰਾਹੀਂ ਹੀ ਮਿਲਦਾ ਹੈ ਪਰ ਇਸ ਅਵਸਥਾ ਵਿਚ ਰਹਿੰਦੇ ਹੋਏ ਅਸੀਂ ਮਾਇਆ ਮੋਹ ਵਿਚ ਰਹਿੰਦੇ ਹਾਂ ਤੇ ਸਾਡੇ ਸਰੀਰ ਦੇ ਦਰਵਾਜੇ ਭਾਵ ਸਰੀਰ ਦੇ ਇੰਦਰੇ ਮਾੜੇ ਕਰਮਾਂ ਵਿਚ ਪੈਂਦੇ ਹਨ। ਜਦੋਂ ਸਾਡੇ ਮਨ ਦੀ ਅਵਸਥਾ ਬਦਲ ਜਾਂਦੀ ਹੈ ਭਾਵ ਚਉਥੇ ਪਦ ਵਾਲੀ ਬਣ ਜਾਂਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਵਾਲੀ ਬਣ ਜਾਂਦੀ ਹੈ ਤਾਂ ਫਿਰ ਇਸ ਮਨ ਨੂੰ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸੋਝੀ ਮਨ ਦੇ ਵਿਚੋਂ ਹੀ ਪੈ ਜਾਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜਦ ਤੱਕ ਮਨ ਦੇ ਵਿੱਚ ਸੱਚੇ ਗਿਆਨ ਦੀ ਸੋਝੀ ਨਹੀਂ ਪੈਂਦੀ ਤਦ ਤੱਕ ਸਾਡੇ ਅੰਦਰ ਝੂਠ ਦੇ ਤੂਰੇ ਵੱਜਦੇ ਹਨ, ਮਾਇਆ ਮੋਹ ਦੇ ਤੂਰੇ ਵਜਦੇ ਹਨ ਭਾਵ ਮਾੜੇ ਵਿਚਾਰਾਂ ਦਾ ਬੋਲ ਬਾਲਾ ਹੁੰਦਾ ਹੈ ਤੇ ਜਦੋਂ ਸੱਚੇ ਗਿਆਨ ਦੀ ਸੋਝੀ ਪੈ ਜਾਂਦੀ ਹੈ ਫਿਰ ਸਾਡੇ ਅੰਦਰ ਅਨਹਤ ਤੂਰੇ ਵੱਜਦੇ ਹਨ, ਗੁਰਮਤਿ ਦੇ ਸੱਚੇ ਗਿਆਨ ਦੇ ਤੂਰੇ ਵੱਜਦੇ ਹਨ, ਸੱਚੇ ਵਿਚਾਰਾਂ ਦੇ ਤੂਰੇ ਵੱਜਦੇ ਹਨ ਜੋ ਸਾਡੇ ਸਰੀਰ ਦੇ ਅੰਗਾਂ ਕੋਲੋਂ ਚੰਗੇ ਕਰਮ ਕਰਵਾਉਂਦੇ ਹਨ ਤੇ ਇਹੀ ਸਾਡੇ ਅੰਦਰ ਅਨਹਤ ਤੂਰੇ ਵੱਜਣ ਦਾ ਮਕਸਦ ਹੈ। (**ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥**)

{ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ ॥
ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥੧॥}

(ਅੰਗ - ੬੫੬)

36/4351

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥}

(ਅੰਗ - ੧੯)

{ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥}

(ਅੰਗ - ੯੨੨)

ਸਾਡੇ ਅੰਦਰ ਅਨਹਤ ਤੂਰੇ ਵਜਾਉਣ ਵਾਲਾ ਪ੍ਰਮਾਤਮਾ ਆਪ ਹੈ ਜੋ ਤੂਰੇ ਸਾਡੇ ਅੰਦਰ ਉਹ ਆਪਣੇ ਮੇਲ ਦੁਆਰਾ ਹੀ ਵਜਾਉਂਦਾ ਹੈ ਭਾਵ ਆਪਣੇ ਸ਼ਬਦਾਂ ਦੁਆਰਾ ਸਿਖਿਆ ਦੇ ਕੇ ਆਪਣੀ ਸਿਖਿਆ ਨੂੰ ਮਨ ਦੇ ਵਿਚ ਆਪ ਹੀ ਉੱਚਾ ਕਰਦਾ ਹੈ। ਆਪਣੀ ਸਿਖਿਆ ਦੇ ਰੂਪ ਵਿਚ ਹੀ ਪਰਮਾਤਮਾ ਆਪ ਹੈ। ਜੋ ਉਸਦੀ ਸਿਖਿਆ ਨੂੰ ਉੱਚਾ ਕਰਦਾ ਹੈ ਇਸਦੇ ਰਾਹੀਂ ਹੀ ਉਹ ਮਨੁੱਖ ਪਰਮਾਤਮਾ ਨੂੰ ਉੱਚਾ ਕਰਦਾ ਹੈ, ਪ੍ਰਮਾਤਮਾ ਦੇ ਗੁਣ ਗਾਉਂਦਾ ਹੈ। ਆਪਣੀ ਸਿਖਿਆ ਨੂੰ ਪ੍ਰਮਾਤਮਾ ਆਪ ਹੀ ਉੱਚਾ ਕਰਵਾਉਂਦਾ ਹੈ, ਮਨ ਦੇ ਵਿਚ

ਆਪਣੀ ਸਿਖਿਆ ਦੇ ਤੁਰੇ ਆਪ ਹੀ ਵਜਾਉਂਦਾ ਹੈ। ਮਨ ਦੇ ਵਿਚ ਪ੍ਰਮਾਤਮਾ ਆਪਣੇ ਦਰਸ਼ਨ ਇਸੇ ਰੂਪ ਵਿਚ ਹੀ ਦਿੰਦਾ ਹੈ ਤੇ ਇਹੀ ਗੱਲ ਮੁਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥

ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥"

ਸੱਚ ਵਿੱਚ ਰੱਚਨ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ। ਸੱਚ ਹੀ ਨਾਮ ਹੈ। ਸੱਚ ਵਿਚ ਰੱਚਨਾ ਜਾਂ ਨਾਮ ਵਿੱਚ ਰੱਚਨਾ ਇੱਕੋ ਹੀ ਗੱਲ ਹੈ। ਸੱਚ ਹੀ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਵਿੱਚ ਰੱਚਨਾ ਜਾਂ ਸੱਚ ਵਿਚ ਰੱਚਨਾ ਇੱਕੋ ਹੀ ਗੱਲ ਹੈ। ਸੱਚ ਵਿਚ, ਨਾਮ ਵਿਚ ਤਾਂ ਹੀ ਰੱਚਿਆ ਜਾ ਸਕਦਾ ਹੈ ਜਦੋਂ ਉਸ ਪ੍ਰਮਾਤਮਾ ਨੂੰ ਕੋਈ ਆਪਣੇ

36/4352

ਅੰਦਰੋਂ ਹਾਜਰ ਨਾਜਰ ਦੇਖ ਲੈਂਦਾ ਹੈ ਤੇ ਫਿਰ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਜੋ ਮੇਰੇ ਘੱਟ ਦੇ ਅੰਦਰ ਹੈ, ਮਨ ਦੇ ਅੰਦਰ ਹੈ ਉਹੀ ਹਰ ਘੱਟ ਦੇ ਵਿਚ ਹੈ ਜਿਸਦੀ ਕਿ ਕਿਸੇ ਨੂੰ ਸਮਝ ਨਹੀਂ ਹੈ ਤੇ ਇਸ ਗੱਲ ਤੇ ਯਕੀਨ ਕੇਵਲ ਉਸ ਨੂੰ ਆਉਂਦਾ ਹੈ ਜੋ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ, ਉਸਦੇ ਨਿਰੰਕਾਰ ਰੂਪ ਨੂੰ ਦੇਖ ਲੈਂਦਾ ਹੈ। (**ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥**) ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਪ੍ਰਗਟ ਹੁੰਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਪੂਰੇ ਧਿਆਨ ਨਾਲ ਤੇ ਪੂਰੇ ਵਿਸ਼ਵਾਸ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਅਸਲ ਰੂਪ ਨੂੰ ਜਾਣ ਸਕੀਏ ਜਿਸ ਰੂਪ ਵਿਚ ਪ੍ਰਮਾਤਮਾ ਸਭ ਦੇ ਅੰਦਰ ਗੁਪਤ ਰੂਪ ਵਿਚ ਵਿਚਰ ਰਿਹਾ ਹੈ।

"ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥"

"ਬਾਣੀ" ਸਾਡੇ ਬੋਲ ਹਨ ਜੋ ਹਰ ਕੋਈ ਬੋਲਦਾ ਹੈ। ਜਿਹੋ ਜਿਹੇ ਬੋਲ ਕੋਈ ਮਨੁੱਖ ਬੋਲਦਾ ਹੈ ਉਹ ਉਸ ਦੀ ਬਾਣੀ ਹੈ। ਸਾਰੀ ਗੱਲ ਆਪਣੇ ਇਹਨਾਂ ਬੋਲਾਂ ਨੂੰ ਭਾਵ ਆਪਣੇ ਅੰਦਰ ਦੀ ਬਾਣੀ ਨੂੰ ਪਹਿਚਾਨਣ ਦੀ ਹੈ ਕਿ ਸਾਡੇ ਅੰਦਰ ਇਹ ਬੋਲ ਕਿਥੋਂ ਆਉਂਦੇ ਹਨ। ਜਦ ਤੱਕ ਸਾਨੂੰ ਆਪਣੀ ਬਾਣੀ ਦੀ ਸਮਝ ਨਹੀਂ ਲਗਦੀ ਕਿ ਇਹ ਬੋਲ ਕਿਥੋਂ ਆਉਂਦੇ ਹਨ ਤਦ ਤਕ ਅਸੀਂ ਆਪਣੇ ਬੋਲੇ ਹੋਏ ਬੋਲਾਂ ਨੂੰ ਆਪਣੇ ਬੋਲ ਹੀ ਸਮਝਦੇ ਹਾਂ। ਜਦ ਤੱਕ ਅਸੀਂ ਆਪਣੀ ਬਾਣੀ ਦੇ ਮਾਣਿਕ ਨੂੰ ਨਹੀਂ ਸਮਝਦੇ ਭਾਵ ਆਪਣੀ ਸਮਝਦੇ ਹਾਂ ਤਦ ਤੱਕ ਇਹ ਬਾਣੀ ਭਾਵ ਸਾਡੇ ਬੋਲ ਗੁਪਤ ਬੋਲ ਹਨ, ਗੁਪਤੀ ਬਾਣੀ ਹੈ। ਅਸਲ ਵਿਚ ਜੋ ਵੀ ਬੋਲ ਅਸੀਂ ਬੋਲਦੇ ਹਾਂ ਉਹ ਪਹਿਲਾਂ ਸਾਡੇ ਮਨ ਦੇ ਅੰਦਰ ਉਪਜਦੇ ਹਨ, ਸਾਡੀ ਮਨ ਦੀ ਸੋਚ ਰਾਹੀਂ ਉਪਜਦੇ ਹਨ, ਮਨ ਦੇ ਵਿਚਾਰਾਂ ਰਾਹੀਂ ਉਪਜਦੇ ਹਨ। ਜਦੋਂ ਅਸੀਂ ਆਪਣੇ ਵਿਚਾਰ ਮੁੱਖ ਰਾਹੀਂ ਬੋਲ ਦਿੰਦੇ ਹਾਂ ਫਿਰ ਇਹ ਸਾਡੀ ਬਾਣੀ ਬਣ ਜਾਂਦੀ ਹੈ। ਸਾਰੀ ਗੱਲ ਆਪਣੀ ਇਸ ਬਾਣੀ ਨੂੰ ਸਮਝਣ ਦੀ ਹੀ ਹੈ ਕਿ ਇਸ ਬਾਣੀ ਦਾ ਮੂਲ ਕੀ ਹੈ, ਸਾਡੇ ਮਨ ਦੇ ਵਿਚਾਰਾਂ ਦਾ, ਸਾਡੀ ਮਨ ਦੀ ਸੋਚ ਦਾ, ਸਾਡੇ ਮਨ ਦੇ ਗਿਆਨ ਦਾ ਮੂਲ

36/4353

ਕੀ ਹੈ। ਜਦ ਤਕ ਅਸੀਂ ਇਸ ਬਾਣੀ ਨੂੰ ਨਹੀਂ ਸਮਝਦੇ ਤਦ ਤੱਕ ਪ੍ਰਮਾਤਮਾ ਸਾਡੇ ਸਭ ਦੇ ਲਈ ਗੁਪਤ ਹੀ ਹੈ ਭਾਵ ਸਾਡੀ ਸਮਝ ਤੋਂ ਦੂਰ ਹੀ ਹੈ। ਸਾਡੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ। ਅਸੀਂ ਆਪਣੀ ਮਨ ਦੀ ਸਮਝ ਦੇ ਗੁਲਾਮ ਹਾਂ। ਸਾਡੇ ਮਨ ਦੀ ਸਮਝ ਹੀ ਸਾਨੂੰ ਇਹ ਸਮਝਣ ਤੋਂ ਦੂਰ ਰੱਖਦੀ ਹੈ ਕਿ ਸਾਡੇ ਅੰਦਰ ਇਹ ਸਮਝ, ਇਹ ਸੋਚ ਕਿਥੋਂ ਆਉਂਦੀ ਹੈ। ਜਦੋਂ ਪ੍ਰਮਾਤਮਾ ਆਪਣੇ ਆਪ ਨੂੰ ਸਾਡੇ ਅੰਦਰ ਪਰਗਟ ਕਰਦਾ ਹੈ ਉਹ ਮਨ ਦੀ ਸੋਝੀ ਰਾਹੀਂ, ਮਨ ਦੇ ਗਿਆਨ ਰਾਹੀਂ ਹੀ ਪ੍ਰਗਟ ਕਰਦਾ ਹੈ ਕਿ ਸਾਡੇ ਅੰਦਰ ਇਹ ਵਿਚਾਰ ਕਿਥੋਂ ਆਉਂਦੇ ਹਨ, ਸਾਡੇ ਅੰਦਰ ਇਹ ਬੋਲ ਕਿਥੋਂ ਉਪਜਦੇ ਹਨ ਜਿਸ ਰਾਹੀਂ ਅਸੀਂ ਆਪਣੇ ਮੁਖੋਂ ਬਾਣੀ ਬੋਲਦੇ ਹਾਂ। ਜਦ ਤਕ ਸਾਨੂੰ ਆਪਣੇ ਅੰਦਰ ਬਾਣੀ ਦੇ ਸ੍ਰੋਤ ਦੀ ਸਮਝ ਨਹੀਂ ਹੈ ਭਾਵ ਪਰਖ ਨਹੀਂ ਹੈ ਕਿ ਸਾਡੇ ਅੰਦਰ ਬਾਣੀ ਦਾ ਮੂਲ ਕੀ ਹੈ ਤਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਸਾਡੇ ਮਨ ਦੇ ਵਿਚਾਰਾਂ ਵਿਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਾਡੇ ਅੰਦਰ ਵਿਚਾਰਾਂ ਦੇ ਮੂਲ ਦੇ ਰੂਪ ਵਿਚ ਹੈ। ਜਦੋਂ ਮਨੁੱਖ ਆਪਣੇ ਅੰਦਰ ਆਪਣੀ ਬਾਣੀ ਦੇ ਮੂਲ ਨੂੰ ਪਰਖ ਲੈਂਦਾ ਹੈ ਭਾਵ ਜਾਣ ਲੈਂਦਾ ਹੈ ਕਿ ਸਾਡੇ ਅੰਦਰ ਇਹ ਬੋਲ ਕਿਵੇਂ ਉਪਜਦੇ ਹਨ, ਕੌਣ ਉਪਜਾਉਂਦਾ ਹੈ ਤਾਂ ਫਿਰ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਬਾਣੀ ਦੇ ਰੂਪ ਵਿਚ ਉਹ "**ਸਚੁ**" ਰੂਪ ਪ੍ਰਮਾਤਮਾ ਆਪ ਹੀ ਹੈ। (**ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥**) ਜਦ ਤਕ ਸਾਨੂੰ ਆਪਣੇ ਅੰਦਰੋਂ ਇਸ ਗੱਲ ਦੀ ਪਰਖ ਨਹੀਂ ਹੁੰਦੀ ਕਿ ਸਾਡੇ ਅੰਦਰ ਬਾਣੀ ਕਿਵੇਂ ਉਪਜਦੀ ਹੈ, ਸਾਡੇ ਅੰਦਰ ਮਨ ਦੇ ਬੋਲ ਕਿਵੇਂ ਉਪਜਦੇ ਹਨ ਤਦ ਤੱਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਜਾਣ ਸਕਦੇ ਕਿ

ਉਹ ਸਾਡੇ ਸਭ ਦੇ ਅੰਦਰ ਕਿਸ ਰੂਪ ਵਿੱਚ ਵਿਚਰ ਰਿਹਾ ਹੈ, ਕਿਸ ਗੁਪਤ ਰੂਪ ਵਿਚ ਵਿਚਰ ਰਿਹਾ ਹੈ। ਇਸ ਗੱਲ ਨੂੰ ਸਮਝੇ ਬਿਨਾ ਅਸੀਂ ਸੱਚੀ ਬਾਣੀ ਤੇ ਕੱਚੀ ਬਾਣੀ ਦੇ ਭੇਦ ਨੂੰ ਵੀ ਕਦੇ ਨਹੀਂ ਸਮਝ ਸਕਦੇ। ਜਦ ਤੱਕ ਅਸੀਂ ਆਪਣੇ ਅੰਦਰੋਂ ਬਾਣੀ ਦੇ ਮੂਲ ਨੂੰ ਨਹੀਂ ਪਛਾਣਦੇ ਤਦ ਤਕ ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੈ, ਮਨ ਦੇ ਭਰਮ ਵਾਲੀ ਅਵਸਥਾ ਦੇ ਵਿਚ ਹੈ, ਮਨ ਦੀ ਦੁਚਿਤੀ ਵਾਲੀ ਅਵਸਥਾ ਵਿਚ ਹੈ। ਮਨ ਦੀ ਇਹ ਅਵਸਥਾ ਸਾਡੀ ਕੱਚੀ ਮਤਿ ਹੈ ਤੇ ਕੱਚੀ ਮਤਿ ਦੁਆਰਾ ਲਿਖੀ ਹੋਈ ਹਰ ਬਾਣੀ ਕੱਚੀ ਬਾਣੀ ਹੈ ਜਿਸ ਵਿਚ ਭਰਮ ਨਾਲ ਨਾਲ ਹੀ ਚਲਦਾ ਹੈ ਭਾਵ ਜਿਸ ਦੇ ਅੰਦਰ ਕਦੇ

36/4354

ਪੂਰਨ ਸੱਚ ਨਹੀਂ ਹੋ ਸਕਦਾ। ਸੱਚੀ ਬਾਣੀ ਉਹ ਹੁੰਦੀ ਹੈ ਜਿਸ ਦੇ ਅੰਦਰ ਪੂਰਨ ਸੱਚ ਹੁੰਦਾ ਹੈ। ਪੂਰਨ ਸੱਚ ਉਥੇ ਹੁੰਦਾ ਹੈ ਜਦੋਂ ਮਨੁੱਖ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ ਤੇ ਉਸ ਤੋਂ ਬਾਅਦ ਉਹ ਸਚੁ ਰੂਪ ਪ੍ਰਮਾਤਮਾ ਮਨੁੱਖ ਦੇ ਮੁੱਖੋਂ ਸੱਚੇ ਬੋਲ ਹੀ ਕਢਵਾਉਂਦਾ ਹੈ ਭਾਵ ਸੱਚੀ ਬਾਣੀ ਹੀ ਬੁਲਵਾਉਂਦਾ ਹੈ ਜੋ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੁੰਦੀ ਹੈ। ਪੂਰੀ ਗੁਰਬਾਣੀ ਦੀ ਰਚਨਾ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੋਈ ਹੈ ਜਿੰਨ੍ਹਾਂ ਨੇ ਪਹਿਲਾਂ ਆਪਣੇ ਅੰਦਰੋਂ ਸਚੁ ਰੂਪ ਪ੍ਰਮਾਤਮਾ ਨੂੰ ਪਹਿਚਾਣਿਆ ਹੈ ਤੇ ਉਸ ਸਚੁ ਰੂਪ ਪ੍ਰਮਾਤਮਾ ਨੇ ਆਪ ਹੀ ਸਚੁ ਰੂਪ ਬਾਣੀ ਲਿਖਵਾਈ ਹੈ, ਸੱਚੀ ਬਾਣੀ ਲਿਖਵਾਈ ਹੈ। ਜਿੱਥੇ ਪੂਰਨ ਸੱਚ ਹੈ ਉਥੇ ਹੀ ਨਾਮ ਹੈ। ਪੂਰੀ ਗੁਰਬਾਣੀ ਵਿਚ ਨਾਮ ਹੈ, ਹਰ ਸ਼ਬਦ ਦੀ ਵਿਚਾਰ ਨਾਮ ਹੈ। ਨਾਮ ਦੀ ਸੋਝੀ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਜਿਹੋ ਜਿਹੇ ਨਾਮ ਨਾਲ ਅਸੀਂ ਜੁੜੇ ਹੋਏ ਹਾਂ ਭਾਵ ਆਪਣੀ ਆਪਣੀ ਮਤਿ ਅਨੁਸਾਰ ਕਿਸੇ ਅੱਖਰ ਦੇ ਜਪ ਨਾਲ ਜੁੜੇ ਹੋਏ ਹਾਂ ਉਹ ਕੱਚੀ ਮਤਿ ਦੀ ਉਪਜ ਹੈ ਭਾਵ ਉਹਨਾਂ ਦੇ ਬੋਲ ਕੱਚੇ ਹਨ, ਉਹਨਾਂ ਦੀ ਬਾਣੀ ਕੱਚੀ ਹੈ ਜਿੰਨ੍ਹਾਂ ਨੇ ਸਾਨੂੰ ਇਹੋ ਜਿਹਾ ਨਾਮ ਜਪਣਾ ਸਿਖਾਇਆ ਹੈ। (**ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥ ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥**) ਅੰਗ ੯੪੩-੯੪੪

{ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥}

(ਅੰਗ - ੯੨੦)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥}

(ਅੰਗ - ੨੨੩)

ਪ੍ਰਭਾਤੀ ਮਹਲਾ ੩ ਬਿਭਾਸ

ੴ ਸਤਿਗੁਰ ਪ੍ਰਸਾਦਿ ॥

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥
ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥
ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥
ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥}

(ਅੰਗ - ੧੩੪੬)

ਪਹਿਲੇ ਉਪਰ ਸ਼ਬਦਾਂ ਰਾਹੀਂ ਅਸੀਂ ਪ੍ਰਮਾਤਮਾ ਦੇ **"ਸੁੰਨ"** ਰੂਪ ਨੂੰ ਸਮਝਿਆ ਹੈ ਜੋ ਕਿ ਸਾਡੇ ਅੰਦਰ ਉਸਦਾ

ਨਿਰੰਕਾਰ ਰੂਪ ਹੈ, ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਪ੍ਰਮਾਤਮਾ ਦਾ ਇਹ "**ਸੁੰਨ**" ਰੂਪ ਹੀ ਉਸਦਾ "**ਸਬਦੁ**" ਰੂਪ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ। ਜਿਸ ਮਨ ਰਾਹੀਂ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉਹ ਆਪਣੇ ਇਸ ਸ਼ਬਦ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਉਹ ਆਪ ਹੀ ਆਪਣੀ ਸੱਚੀ ਬਾਣੀ ਉਚਾਰਦਾ ਹੈ, ਆਪਣਾ ਗੁਰੂ ਰੂਪ ਧਾਰਨ ਦੁਆਰਾ ਉਚਾਰਦਾ ਹੈ। ਪ੍ਰਮਾਤਮਾ ਦਾ ਇਹ ਸ਼ਬਦ ਰੂਪ ਹੀ ਉਸ ਦਾ ਭਰਮ ਰਹਿਤ ਰੂਪ ਹੈ। ਇਸੇ ਗੱਲ ਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਿਆ ਜਾ ਸਕਦਾ ਹੈ।

"ਸਹਜ ਭਾਇ ਮਿਲੀਐ ਸੁਖੁ ਹੋਵੈ ॥ ਗੁਰਮੁਖਿ ਜਾਗੈ ਨੀਦ ਨ ਸੋਵੈ ॥
ਸੁੰਨ ਸਬਦੁ ਅਪਰੰਪਰਿ ਧਾਰੈ ॥ ਕਹਤੇ ਮੁਕਤੁ ਸਬਦਿ ਨਿਸਤਾਰੈ ॥
ਗੁਰ ਕੀ ਦੀਖਿਆ ਸੇ ਸਚਿ ਰਾਤੇ ॥ ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥"

(ਅੰਗ ੯੪੪)

ਉਪਰਲੇ ਸ਼ਬਦ ਰਾਹੀਂ ਵੀ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਸਹਜ ਦੀ ਅਵਸਥਾ ਵਿਚ ਹੀ ਹੁੰਦਾ ਹੈ ਭਾਵ ਚੌਥੇ ਪਦ ਦੀ ਅਵਸਥਾ ਵਿਚ ਹੀ ਹੁੰਦਾ ਹੈ ਜਿਸ ਅਵਸਥਾ ਵਿਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ। ਮਨ ਦੀ ਇਸ ਅਵਸਥਾ ਵਿਚ ਪ੍ਰਮਾਤਮਾ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ, ਗੁਰਮਤਿ ਰੂਪ ਸੱਚਾ ਗਿਆਨ ਹੀ ਦਿੰਦਾ ਹੈ। ਇਹ ਗਿਆਨ ਮਿਲਣ ਤੋਂ ਪਹਿਲਾਂ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦਿਆਂ ਮਨੁੱਖ ਨੂੰ ਮਾਇਆ ਮੋਹ ਹੀ ਭਾਉਂਦਾ ਹੈ ਭਾਵ ਚੰਗਾ ਲੱਗਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਜੋ ਸਹਜ ਦੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਉਹ ਗੁਰਮਤਿ ਦੀ ਸੱਚੀ ਸੋਝੀ ਦੀ ਅਵਸਥਾ ਹੈ, ਨਾਮ ਵਾਲੀ ਅਵਸਥਾ ਹੈ ਜਿਸ ਅਵਸਥਾ ਵਿਚ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਮਨੁੱਖ ਨੂੰ ਸੱਚੀ ਗੁਰਮਤਿ ਰਾਹੀਂ ਹੀ ਚਲਾਉਂਦਾ ਹੈ ਤੇ ਉਸ ਨੂੰ ਫਿਰ ਸੱਚੀ ਗੁਰਮਤਿ ਹੀ ਭਾਉਂਦੀ ਹੈ। ਇਹ ਅਵਸਥਾ ਦੀ ਪ੍ਰਾਪਤੀ ਹੀ "**ਸੁਖੁ**" ਦੀ ਪ੍ਰਾਪਤੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਸ ਅਵਸਥਾ ਵਿਚ ਮਨੁੱਖ ਨੂੰ ਸੱਚ ਹੀ ਭਾਉਂਦਾ ਹੈ ਭਾਵ ਸੱਚ ਤੇ ਚੱਲਣ ਵਿਚ ਹੀ "**ਸੁਖੁ**" ਮਹਿਸੂਸ ਹੁੰਦਾ ਹੈ। ਇਸ ਚੌਥੇ ਪਦ ਦੀ ਪ੍ਰਾਪਤੀ ਤੋਂ ਪਹਿਲਾਂ ਮਨੁੱਖ ਮਨ ਦੇ ਰਾਹੀਂ, ਮਨ ਦੇ ਗਿਆਨ ਰਾਹੀਂ, ਮਨ ਦੇ ਭਰਮ ਵਾਲੇ ਵਿਚਾਰਾਂ ਰਾਹੀਂ ਮਨ ਦੀ ਨੀਂਦ ਵਿਚ ਹੀ ਰਹਿੰਦਾ ਹੈ ਤੇ ਮਨ ਦੀ ਇਹ ਅਵਸਥਾ ਹੀ ਮਨੁੱਖ ਨੂੰ ਮਨ ਦੀ ਨੀਂਦ ਵਿਚੋਂ ਜਗਾਉਂਦੀ ਹੈ।
(**ਸਹਜ ਭਾਇ ਮਿਲੀਐ ਸੁਖੁ ਹੋਵੈ॥ ਗੁਰਮੁਖਿ ਜਾਗੈ ਨੀਦ ਨ ਸੋਵੈ ॥**)

36/4356

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ - ੧੪੧੪)

{ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥}

(ਅੰਗ - ੧੦੧੬)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥
ਏਕੋ ਜਾਣੈ ਅਵਰੁ ਨ ਕੋਇ ॥ ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥}

(ਅੰਗ - ੧੩੪੩)

{ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥

ਆਸਾ ਵਿਚਿ ਸੁਤੇ ਕਈ ਲੋਈ ॥ ਸੋ ਜਾਗੈ ਜਾਗਾਵੈ ਸੋਈ ॥੧॥}

(ਅੰਗ - ੪੨੩)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ - ੩੭੫)

{ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ ॥੧॥}

(ਅੰਗ - ੧੩੦੧)

{ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥
ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਨਿ ਵਿਹਾਣੀ ॥੨॥}

(ਅੰਗ - ੧੧੧੧)

{ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ ॥ ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ ॥
ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ ॥੮॥}

(ਅੰਗ - ੧੨੮੨)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

ਸਾਡਾ ਅਸਲ ਜਾਗਣਾ ਜਾਂ ਸੌਣਾ ਕੀ ਹੈ ਇਸ ਗੱਲ ਨੂੰ ਅਸੀਂ ਉਪਰਲੇ ਸ਼ਬਦਾਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝ ਸਕਦੇ ਹਾਂ ਜੋ ਗੱਲ ਅਸੀਂ ਮੁੱਖ ਸ਼ਬਦ ਰਾਹੀਂ ਸਮਝੀ ਹੈ। ਪ੍ਰਮਾਤਮਾ ਦੀ ਭਗਤੀ ਸਾਡੇ ਮਨ ਦੇ ਜਾਗਣ ਨਾਲ ਜੁੜੀ ਹੋਈ ਹੈ ਭਾਵ ਮਨ ਦੇ ਗਿਆਨ ਨਾਲ ਜੁੜੀ ਹੋਈ ਹੈ, ਮਨ ਦੀ ਸੋਝੀ ਨਾਲ ਜੁੜੀ ਹੋਈ ਹੈ। ਜਦ ਤੱਕ ਸਾਡੇ ਅੰਦਰ ਮਨਮਤਿ ਵਾਲਾ ਗਿਆਨ ਹੈ ਭਾਵ ਹਉਮੈ ਵਾਲੀ ਮਤਿ ਹੈ, ਤ੍ਰੈ ਗੁਣਾਂ ਵਾਲੀ ਮਤਿ ਹੈ ਤਦ ਤੱਕ ਹਰ ਕੋਈ ਮਨ ਦੀ ਅਗਿਆਨਤਾ ਰਾਹੀਂ ਸੁੱਤਾ ਹੋਇਆ ਹੈ, ਮਾਇਆ ਮੋਹ ਵਿਚ

36/4357

ਸੁੱਤਾ ਹੋਇਆ ਹੈ ਤੇ ਮਨ ਦੀ ਇਹੋ ਜਿਹੀ ਅਵਸਥਾ ਵਿੱਚ ਹਰ ਕੋਈ ਮਨਮੁਖਿ ਵਾਲੀ ਅਵਸਥਾ ਵਿਚ ਹੈ। ਮਨ ਦੇ ਰਾਹੀਂ ਜਾਗਣਾ ਸਾਡੀ ਗੁਰਮੁਖਿ ਵਾਲੀ ਅਵਸਥਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਸਾਡੇ ਮੇਲ ਦੀ ਅਵਸਥਾ ਹੈ ਜਿਵੇਂ ਕਿ ਅਸੀਂ ਮੁਖ ਸ਼ਬਦ ਰਾਹੀਂ ਸਮਝਿਆ ਹੈ। (**ਸਹਜ ਭਾਇ ਮਿਲੀਐ ਸੁਖੁ ਹੋਵੈ ॥ ਗੁਰਮੁਖਿ ਜਾਗੈ ਨੀਦ ਨ ਸੋਵੈ ॥**) ਮਨ ਦੇ ਵਿੱਚ ਇਹੋ ਜਿਹੀ ਗੁਰਮੁਖਿ ਵਾਲੀ ਅਵਸਥਾ ਹੀ ਸਾਡੇ ਅੰਦਰ "**ਸੁੰਨ ਸਬਦੁ**" ਵਾਲੀ ਅਵਸਥਾ ਹੈ ਜਿਸ ਅਵਸਥਾ ਵਿਚ ਸਾਡੇ ਅੰਦਰ ਆਪ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸੁੰਨ ਸਬਦੁ ਅਪਰੰਪਰਿ ਧਾਰੈ ॥ ਕਹਤੇ ਮੁਕਤੁ ਸਬਦਿ ਨਿਸਤਾਰੈ ॥"

"**ਸੁੰਨ ਸਬਦੁ**" ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ, ਉਹ ਅਪਰੰਪਰ ਆਪ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਂਦਾ ਹੈ ਭਾਵ ਜਿਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਵੱਸਦਾ ਹੈ ਉਹ ਆਪਣੇ ਇਸੇ ਰੂਪ ਦੁਆਰਾ ਹੀ ਵੱਸਦਾ ਹੈ ਤੇ ਇਸ ਗੱਲ ਨੂੰ ਭਾਵ ਪ੍ਰਮਾਤਮਾ ਦੇ ਇਸ ਰੂਪ ਨੂੰ, ਉਸ ਦੇ ਨਿਰੰਕਾਰ ਰੂਪ ਨੂੰ ਆਪਣੇ ਅੰਦਰ ਵੱਸਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਹ ਮਨ ਦੀ ਇਸ ਅਵਸਥਾ ਦੁਆਰਾ ਹੀ ਹੋਈ ਹੈ। ਉਨ੍ਹਾਂ ਨੇ ਆਪਣੇ ਮੁਖੋਂ ਸ਼ਬਦ ਹੀ ਉਚਾਰੇ

ਹਨ, ਸ਼ਬਦ ਹੀ ਕਹੇ ਹਨ। ਪ੍ਰਮਾਤਮਾ ਨੇ ਉਨ੍ਹਾਂ ਨੂੰ "**ਮੁਕਤੁ**" ਸ਼ਬਦਾਂ ਦਾ ਉਚਾਰਣ ਕਰਨ ਦੁਆਰਾ ਹੀ ਕੀਤਾ ਹੈ। ਸ਼ਬਦਾਂ ਦਾ ਗਿਆਨ ਭਰਮ ਤੋਂ ਮੁਕਤ ਹੈ। ਪਹਿਲੇ ਉਹ ਮਨੁੱਖ ਭਰਮ ਤੋਂ ਮੁਕਤ ਹੁੰਦਾ ਹੈ ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਬਖਸ਼ਦਾ ਹੈ ਜਿਸ ਦੁਆਰਾ ਉਹ ਮਨੁੱਖ ਦਾ ਨਿਸਤਾਰਾ ਕਰਦਾ ਹੈ। ਪੂਰੀ ਗੁਰਬਾਣੀ ਇਸੇ ਲਈ ਭਰਮ ਤੋਂ ਮੁਕਤ ਹੈ ਕਿਉਂਕਿ ਉਹ ਉਨ੍ਹਾਂ ਸਰੀਰਾਂ ਰਾਹੀਂ ਆਈ ਹੈ ਭਾਵ ਉਨ੍ਹਾਂ ਸਰੀਰਾਂ ਦੇ ਮਨ ਰਾਹੀਂ ਆਈ ਹੈ, ਉਨ੍ਹਾਂ ਸਰੀਰਾਂ ਦੀ ਜੋਤਿ ਰਾਹੀਂ ਆਈ ਹੈ ਜਿੰਨ੍ਹਾਂ ਦੀ ਜੋਤਿ ਰਾਹੀਂ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਉਨ੍ਹਾਂ ਨੂੰ ਸ਼ਬਦਾਂ ਦੀ ਸੱਚੀ ਵਿਚਾਰ ਦੁਆਰਾ ਮੁਕਤ ਕੀਤਾ ਹੈ, ਭਰਮ ਤੋਂ ਮੁਕਤ ਕੀਤਾ ਹੈ ਤੇ ਉਹਨਾਂ ਨੂੰ ਸ਼ਬਦਾਂ ਦੇ ਗਿਆਨ ਰਾਹੀਂ ਨਿਸਤਾਰਿਆ ਹੈ, ਭਰਮ ਮੋਹ ਵਾਲੇ ਵਿਚਾਰਾਂ ਤੋਂ ਤਾਰਿਆ ਹੈ। (**ਸੁੰਨ ਸਬਦੁ ਅਪਰੰਪਰਿ ਧਾਰੈ ॥ ਕਹਤੇ ਮੁਕਤੁ ਸਬਦਿ ਨਿਸਤਾਰੈ ॥**) ਜਿੰਨ੍ਹਾਂ ਨੂੰ ਪ੍ਰਮਾਤਮਾ ਮਨ ਦੇ ਵਿਚ ਸ਼ਬਦਾਂ ਦੀ ਵਿਚਾਰ ਦੁਆਰਾ ਮੁਕਤਿ ਕਰਦਾ ਹੈ ਉਨ੍ਹਾਂ ਨੂੰ ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ

36/4358

ਰਾਹੀਂ ਆਪਣੀ ਗੁਰਮਤਿ ਰੂਪ ਸਚੀ ਸਿਖਿਆ ਹੀ ਬਖਸ਼ਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਗੁਰ ਕੀ ਦੀਖਿਆ ਸੇ ਸਚਿ ਰਾਤੇ ॥ ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥"

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸੱਚ ਨਾਲ ਰੱਤੇ ਜਾਣਾ ਕੀ ਹੈ ਭਾਵ ਨਾਮ ਨਾਲ ਰੱਤੇ ਜਾਣਾ ਕੀ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਕੋਈ ਸੱਚ ਨਾਲ ਰਤਿਆ ਹੋਇਆ ਨਹੀਂ ਬਣ ਸਕਦਾ। ਸਚੁ ਰੂਪ ਵਿਚ ਹੀ ਪ੍ਰਮਾਤਮਾ ਆਪ ਹੈ। ਸੱਚ ਉੱਥੇ ਹੈ ਜਿੱਥੇ ਗੁਰੂ ਦੀ ਸੱਚੀ ਸਿੱਖਿਆ ਹੈ। ਪੂਰੇ ਸ਼ਬਦਾਂ ਦੀ ਵਿਚਾਰ ਵਿਚ ਗੁਰੂ ਦੀ ਸਿਖਿਆ ਹੈ, ਗੁਰੂ ਦੀ ਸੱਚੀ ਮਤਿ ਹੈ ਤੇ ਇਹੀ ਪੂਰਨ ਸੱਚ ਹੈ ਭਾਵ ਨਾਮ ਹੈ ਤੇ ਇਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਜਿਹੋ ਜਿਹਾ ਰੂਪ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਗਟ ਕੀਤਾ ਹੈ ਉਹੀ ਰੂਪ ਪ੍ਰਮਾਤਮਾ ਦਾ ਪੂਰੀ ਗੁਰਬਾਣੀ ਦੇ ਵਿਚ ਹੈ ਜੋ ਕਿ ਗੁਰੂ ਦੀ ਸਿਖਿਆ ਦੇ ਰੂਪ ਵਿਚ ਹੈ, ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿਚ ਹੈ। ਜਦੋਂ ਮਨੁੱਖ ਨੂੰ ਪ੍ਰਮਾਤਮਾ ਮਨ ਦੇ ਵਿਚ ਆਪਣੇ ਇਸ ਰੂਪ ਨਾਲ ਜੋੜ ਲੈਂਦਾ ਹੈ ਫਿਰ ਮਨੁੱਖ ਦੀ ਆਪਣੀ ਮਤਿ ਭਾਵ ਹਉਮੈ ਮਿੱਟ ਜਾਂਦੀ ਹੈ, ਆਪਾ ਮਿੱਟ ਜਾਂਦਾ ਹੈ ਤੇ ਮਨੁੱਖ ਮਨ ਦੇ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੋ ਜਾਂਦਾ ਹੈ ਜੋ ਕਿ ਸਾਡੇ ਮਨ ਦੀ ਭਟਕਣਾ ਦਾ ਕਾਰਨ ਹੈ। (**ਗੁਰ ਕੀ ਦੀਖਿਆ ਸੇ ਸਚਿ ਰਾਤੇ ॥ ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥**)

ਧਰਮ ਦੇ ਮਾਰਗ ਨੂੰ ਲੈ ਕੇ ਭਾਵ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਭਰਮ ਇਹੀ ਹੈ ਕਿ ਧਰਮ ਦੇ ਮਾਰਗ ਨੂੰ ਭਾਵ ਸੱਚ ਦੇ ਮਾਰਗ ਨੂੰ ਕਿਥੋਂ ਸਮਝੀਏ। ਜਿੰਨ੍ਹਾਂ ਕੋਲੋਂ ਅਸੀਂ ਧਰਮ ਦਾ ਮਾਰਗ ਸਮਝਿਆ ਹੋਇਆ ਹੈ ਉਨ੍ਹਾਂ ਨੂੰ ਸੱਚੇ ਸਮਝਕੇ ਹੀ ਸਮਝਿਆ ਹੋਇਆ ਹੈ। ਸੱਚ ਦੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜਿਸ ਦੇ ਅੰਦਰ ਸਚੁ ਰੂਪ ਪ੍ਰਮਾਤਮਾ ਆਪ ਪ੍ਰਗਟ ਹੈ, ਸਦਾ ਹੀ ਪ੍ਰਗਟ ਹੈ, ਸੱਚੀ ਸਿਖਿਆ ਦੇ ਰੂਪ ਵਿਚ ਪ੍ਰਗਟ ਹੈ। ਅਸੀਂ ਕਿਸੇ ਦੇ ਬਾਹਰੀ ਰੂਪ ਨਾਲ ਜੁੜ ਕੇ

36/4359

ਉਸਨੂੰ ਸੱਚਾ ਮੰਨ ਲੈਂਦੇ ਹਾਂ, ਧਰਮ ਦੇ ਮਾਰਗ ਤੇ ਉੱਚਾ ਮੰਨ ਲੈਂਦੇ ਹਾਂ। ਧਰਮ ਦੇ ਮਾਰਗ ਤੇ ਉੱਚਾ ਕੇਵਲ ਉਹ ਹੈ ਜੋ ਮਨ ਦੇ ਗਿਆਨ ਰਾਹੀਂ ਭਾਵ ਮਨ ਦੀ ਸੋਝੀ ਰਾਹੀਂ ਸੱਚ ਦੇ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਪੂਰੀ ਗੁਰਬਾਣੀ ਜੁੜੀ ਹੋਈ ਹੈ। ਇਸ ਗੱਲ ਨੂੰ ਹੀ ਅਗਲੇ ਕੁਝ ਸ਼ਬਦਾਂ ਦੁਆਰਾ ਅਸੀਂ ਦ੍ਰਿੜ ਕਰਨਾ ਹੈ ਤਾਂ ਜੋ ਅਸੀਂ ਉਹਨਾਂ ਦੀ ਮਤਿ ਵਿਚੋਂ ਨਿਕਲ ਸਕੀਏ ਜਿੰਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਧਰਮ ਦੇ ਮਾਰਗ ਦੇ ਸੱਚੇ ਸਮਝਿਆ ਹੋਇਆ ਹੈ। ਅਸੀਂ ਗੁਰੂ ਅੱਗੇ ਝੁੱਕ ਝੁੱਕ ਕੇ ਮੱਥੇ ਟੇਕਦੇ ਹਾਂ ਭਾਵ ਸਰੀਰਕ ਤੌਰ ਤੇ ਝੁੱਕ ਝੁੱਕ ਕੇ ਮੱਥੇ ਟੇਕਦੇ ਹਾਂ ਪਰ ਗੁਰੂ ਅੱਗੇ ਅਸਲ ਝੁੱਕਣਾ ਕੀ ਹੈ ਇਸ ਗੱਲ ਦੀ ਸੋਝੀ ਹੇਠ ਦਿੱਤੇ ਸ਼ਬਦਾਂ ਦੁਆਰਾ ਪੈ ਜਾਵੇਗੀ। ਜੋ ਗੁਰੂ ਅੱਗੇ ਬਹੁਤਾ ਝੁਕਦੇ ਹਨ, ਝੁੱਕ ਝੁੱਕ ਕੇ ਦਿਖਾਉਂਦੇ ਹਨ ਉਹ ਸਾਨੂੰ ਧਰਮ ਦੇ ਮਾਰਗ ਤੇ ਉੱਚੇ ਨਜਰ ਆਉਂਦੇ ਹਨ ਤੇ ਅਸੀਂ ਇਹੋ ਜਿਹਿਆਂ ਦੀ ਸਿਖਿਆ ਦੇ ਨਾਲ ਜੁੜ ਜਾਂਦੇ ਹਾਂ। ਸੱਚਾਈ ਕੀ ਹੈ, ਗੁਰੂ ਅੱਗੇ ਅਸਲ ਝੁੱਕਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ। ਬਰੀਕੀ ਨਾਲ ਸਮਝਣ ਦੀ ਲੋੜ ਹੈ।

ਸਲੋਕ ਮਃ ੩ ॥

"ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ ॥ ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ ॥
ਰੰਗੁ ਰਹਿਆ ਤਿਨ੍ ਕਾਮਣੀ ਜਿਨ੍ ਮਨਿ ਭਉ ਭਾਉ ਹੋਇ ॥

ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ ॥੧॥"

(ਅੰਗ - ੧੨੮੦)

ਮਃ ੩ ॥

"ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ ॥
ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ ॥੨॥"

(ਅੰਗ - ੧੨੮੦)

ਪਉੜੀ ॥

"ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥
ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥
ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥
ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ ਸਤਿਗੁਰੁ ਸੇਵਨਿ ਆਪਣਾ ਤਿਨ੍ਾ ਵਿਟਹੁ ਹਉ ਵਾਰਿਆ॥੫॥"

(ਅੰਗ - ੧੨੮੦)

ਸਲੋਕ ਮਃ ੩ ॥

"ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥ ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥੧॥"

(ਅੰਗ - ੧੨੮੦)

36/4360

ਮਃ ੩ ॥

"ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥ ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥
ਨਾਨਕ ਨਦਰੀ ਬਾਹਰੀ ਸਭ ਕਰਣ ਪਲਾਹ ਕਰੇਇ ॥੨॥"

(ਅੰਗ - ੧੨੮੦)

ਪਉੜੀ ॥

"ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ ॥
ਆਡਾਣੇ ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰ ॥
ਆਪੇ ਜਗਤੁ ਉਪਾਇ ਕੈ ਕੁਦਰਤਿ ਕਰੇ ਵੀਚਾਰ ॥ ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥ ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥
ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥
ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥"

(ਅੰਗ ੧੨੮੦-੧੨੮੧)

ਉਪਰਲੇ ਸ਼ਬਦਾਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਕਿ ਕੇਵਲ ਗੁਰੂ ਦੀ ਮਤਿ ਨਾਲ ਜੁੜਨ ਦੁਆਰਾ ਹੋ ਸਕਦਾ ਹੈ। ਸਾਨੂੰ ਉਹਨਾਂ ਦੀ ਮਤਿ ਤੋਂ ਦੂਰ ਰਹਿਣ ਲਈ ਸਮਝਾਇਆ ਹੋਇਆ ਹੈ ਜਿੰਨ੍ਹਾਂ ਦੀ ਮਤਿ

ਨੂੰ ਅਸੀਂ ਭਰਮ ਵਿੱਚ ਰਹਿੰਦੇ ਹੋਏ ਉੱਚੀ ਮਤਿ ਵਾਲਾ ਸਮਝਦੇ ਹਾਂ। ਉਪਰ ਤਿੰਨ ਸਲੋਕਾਂ ਵਿਚ "**ਊਂਨਵਿ ਊਂਨਵਿ**" ਅੱਖਰਾਂ ਦੀ ਵਰਤੋਂ ਕੀਤੀ ਗਈ ਹੈ। "**ਊਂਨਵਿ**" ਤੋਂ ਭਾਵ ਹੁੰਦਾ ਹੈ ਨੀਵਾਂ ਹੋਣਾ ਭਾਵ ਝੁਕਣਾ। ਉਪਰ ਸ਼ਬਦਾਂ ਰਾਹੀਂ ਸਾਨੂੰ ਬਦਲਾਂ ਦਾ ਪ੍ਰਮਾਣ ਦੇ ਕੇ ਸਮਝਾਇਆ ਹੋਇਆ ਹੈ ਜੋ ਕਿ ਸਾਵਨ ਦੇ ਮਹੀਨੇ ਵਿਚ ਬਦੱਲ ਝੁੱਕ ਝੁੱਕ ਕੇ ਵਰਸਦੇ ਹਨ ਤੇ ਸਾਨੂੰ ਚੰਗੇ ਲੱਗਦੇ ਹਨ ਕਿਉਂਕਿ ਉਹ ਖੁੱਲ ਕੇ ਮੀਂਹ ਵਰਸਾਉਂਦੇ ਹਨ ਜਿਸ ਦੁਆਰਾ ਧਰਤੀ ਤੇ ਉਪਜ ਵੱਧਦੀ ਹੈ। ਝੁੱਕਣ ਵਾਲੇ ਬਦਲਾਂ ਦੀ ਤੁਲਣਾ ਉਹੋ ਜਿਹੇ ਮਨੁੱਖਾਂ ਨਾਲ ਕੀਤੀ ਹੋਈ ਹੈ ਜੋ ਗੁਰੂ ਦੇ ਅੱਗੇ ਆਪਣੇ ਸਰੀਰ ਰਾਹੀਂ ਝੁੱਕ ਕੇ ਦਿਖਾਉਂਦੇ ਹਨ, ਵੱਡੇ ਵੱਡੇ ਮੱਥੇ ਟੇਕਦੇ ਹਨ ਕਿ ਸਾਨੂੰ ਗੁਰੂ ਨਾਲ ਬਹੁਤ ਪਿਆਰ ਹੈ। ਉਹ ਆਪਣੀ ਇਹੋ ਜਿਹੀ ਸਰੀਰਕ ਕਿਰਿਆ ਦੁਆਰਾ ਗੁਰੂ ਪ੍ਰਮਾਤਮਾ ਨਾਲ ਆਪਣਾ ਰੰਗ ਦਿਖਾਉਂਦੇ ਹਨ ਕਿ ਅਸੀਂ ਗੁਰੂ ਦੇ ਨਾਲ ਰੰਗੇ ਹੋਏ ਹਾਂ। ਇਹੋ ਜਿਹੇ ਮਨੁੱਖ ਗੁਰਮਤਿ ਨੂੰ ਨਹੀਂ ਸਮਝਦੇ ਕਿ ਗੁਰੂ ਅੱਗੇ ਅਸਲ ਝੁੱਕਣਾ ਕੀ ਹੈ। ਗੁਰੂ ਅੱਗੇ ਅਸਲ ਝੁਕਣਾ ਸਾਡੀ ਮਤਿ ਦਾ ਝੁਕਣਾ ਹੈ ਭਾਵ ਆਪਣੀ ਮਤਿ ਛੱਡਣਾ ਹੈ, ਹਉਮੈ ਛੱਡਣਾ ਹੈ ਜੋ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹੋ ਜਿਹੇ ਮਨੁੱਖ ਆਪਣੇ ਬਾਹਰੀ ਦਿਖਾਵਿਆਂ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ। ਕਿਸੇ ਅੱਖਰ ਦਾ ਜਪ ਕਰੀ ਜਾਣਾ ਜਾਂ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣਾ ਤੇ ਸਵੇਰੇ ਸ਼ਾਮ ਧਰਮ ਅਸਥਾਨਾਂ ਤੇ ਆ ਕੇ

ਮੱਥੇ ਟੇਕੀ ਜਾਣਾ ਕੇਵਲ ਭਗਤੀ ਦਾ ਦਿਖਾਵਾ ਹੈ। ਜੋ ਆਪ ਇਹੋ ਜਿਹੇ ਦਿਖਾਵੇ ਕਰਦੇ ਹਨ ਉਹੀ ਕੁੱਝ ਕਰਨਾ ਉਹ ਦੂਸਰਿਆਂ ਨੂੰ ਸਮਝਾਉਂਦੇ ਹਨ। ਸਮਾਜ ਦੇ ਵਿੱਚ ਇਹੋ ਜਿਹੇ ਹੀ ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ ਪਰ ਇਹਨਾਂ ਨੂੰ ਭਗਤੀ ਦੇ ਅਸਲ ਮਾਰਗ ਦੀ ਸੋਝੀ ਨਹੀਂ ਹੈ ਜਿਸ ਦੁਆਰਾ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਰੰਗ ਲਗਦਾ ਹੈ ਭਾਵ ਪਿਆਰ ਜੁੜਦਾ ਹੈ। (**ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ ॥ ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ ॥**)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ - ੫੯੪)

ਜਦ ਤੱਕ ਸਾਡੇ ਅੰਦਰ ਵਿਕਾਰ ਹਨ ਤਦ ਤੱਕ ਸਾਡਾ ਮਨ ਭਾਵ ਸਾਡੀ ਮਤਿ ਗੁਰੂ ਦੀ ਮਤਿ ਅੱਗੇ ਨਹੀਂ ਝੁੱਕੀ। ਕੇਵਲ ਸਰੀਰ ਦਾ ਝੁੱਕਣਾ ਸਾਡਾ ਦਿਖਾਵਾ ਹੀ ਹੈ ਤੇ ਇਹੀ ਸਭ ਪਾਸੇ ਹੋ ਰਿਹਾ ਹੈ ਜਿਸ ਦੁਆਰਾ ਹਰ ਕੋਈ ਆਪਣੇ ਆਪ ਨੂੰ ਭਗਤੀ ਵਾਲਾ ਅਖਵਾਉਂਦਾ ਹੈ। ਸਾਡੇ ਅੰਦਰ ਇਹੋ ਜਿਹੀ ਮਤਿ ਦਾ ਹੋਣਾ ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਭਰਮ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਭਗਤੀ ਦੇ ਅਸਲ ਮਾਰਗ ਦੀ ਸੋਝੀ ਨਹੀਂ ਪੈਂਦੀ। ਜੋ ਆਪ ਦੁਬਿਧਾ ਵਿਚ ਰਹੇ ਹਨ ਉਹਨਾਂ ਕੋਲੋਂ ਹੀ ਅਸੀਂ ਭਗਤੀ ਦਾ ਮਾਰਗ ਸਿਖਿਆ ਹੋਇਆ ਹੈ। ਜਿੰਨ੍ਹਾਂ ਨੇ ਆਪਣੇ ਆਪ ਨੂੰ ਇਹੋ ਜਿਹੇ ਦਿਖਾਵਿਆਂ ਨਾਲ ਉੱਚਾ ਕੀਤਾ ਹੈ ਉਹਨਾਂ ਨੇ **"ਸਿੰਮਲ ਰੁਖੁ"** ਦੀ ਤਰ੍ਹਾਂ ਉੱਚਾ ਕੀਤਾ ਹੈ ਜਿਨ੍ਹਾਂ ਕੋਲੋਂ ਮਤਿ ਤਾਂ ਅਸੀਂ ਲਈ ਹੋਈ ਹੈ ਪਰ ਉਹਨਾਂ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਕਦੇ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੇ। ਪ੍ਰਮਾਤਮਾ ਦੇ ਨਾਲ ਜੁੜਨ ਦਾ ਇਕੋ ਇਕ ਤਰੀਕਾ ਇਹੀ ਹੈ ਕਿ ਅਸੀਂ ਆਪਣੇ ਮਨ ਦੀ ਮੈਲ ਤੋਂ ਸ਼ੁਧਿ ਹੋਈਏ ਭਾਵ ਵਿਕਾਰਾਂ ਨੂੰ ਤਿਆਗੀਏ। (**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥ ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥**)
ਅੰਗ - ੪੭੦

{ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥}

(ਅੰਗ - ੭੨੯)

ਓਸ ਪ੍ਰਮਾਤਮਾ ਦੇ ਨਾਲ ਸਾਡਾ ਰੰਗ ਕਿਵੇਂ ਰਹਿੰਦਾ ਹੈ ਭਾਵ ਪਿਆਰ ਕਿਵੇਂ ਜੁੜਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ

ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਰੰਗੁ ਰਹਿਆ ਤਿਨ੍ ਕਾਮਣੀ ਜਿਨ੍ ਮਨਿ ਭਉ ਭਾਉ ਹੋਇ ॥
ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ ॥੧॥”

36/4362

ਪ੍ਰਮਾਤਮਾ ਦੇ ਨਾਲ ਰੰਗ ਲਗਣਾ ਸਾਡੇ ਮਨ ਦੇ ਨਾਲ ਜੁੜਿਆ ਹੋਇਆ ਹੈ ਨਾ ਕਿ ਤਨ ਦੇ ਦਿਖਾਵਿਆਂ ਦੇ ਨਾਲ ਜਿਵੇਂ ਕਿ ਹਰ ਕੋਈ ਲੱਗਾ ਹੋਇਆ ਹੈ, ਮਨ ਦੀ ਦੁਬਿਧਾ ਕਰਕੇ ਲੱਗਾ ਹੋਇਆ ਹੈ, ਦੂਜਿਆਂ ਦੀ ਮਤਿ ਦੇ ਪਿੱਛੇ ਲਗ ਕੇ ਲਗਾ ਹੋਇਆ ਹੈ। ਉਪਰ ਪੰਗਤੀਆਂ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਜਿੰਨ੍ਹਾਂ ਦੇ ਮਨ ਦੇ ਵਿਚ “**ਭਉ ਭਾਉ**” ਹੈ ਉਹਨਾਂ ਦਾ ਹੀ ਗੁਰੂ ਪ੍ਰਮਾਤਮਾ ਦੇ ਨਾਲ “**ਰੰਗੁ**” ਲਗਾ ਹੋਇਆ ਹੈ ਭਾਵ ਪਿਆਰ ਜੁੜਿਆ ਹੋਇਆ ਹੈ। ਸਾਡੇ ਮਨ ਦੇ ਵਿਚ ਗੁਰੂ ਪ੍ਰਮਾਤਮਾ ਦਾ ਭਉ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਪਿਛੇ ਲੇਖ ਵਿਚ ਬਰੀਕੀ ਨਾਲ ਸਮਝਿਆ ਹੈ। ਇਹ ਭਉ ਗੁਰੂ ਦੀ ਮਤਿ ਨੂੰ ਮੰਨਣ ਦਾ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਭਾਵ ਮਾਇਆ ਮੋਹ ਛੱਡਣ ਦਾ ਹੈ, ਤ੍ਰਿਸ਼ਨਾ ਛੱਡਣ ਦਾ ਹੈ, ਵਿਕਾਰਾਂ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਦਾ ਹੈ ਜੋ ਕਿ ਬਹੁਤ ਔਖਾ ਹੈ। ਇਹੀ **“ਨਾਮ”** ਹੈ ਜਿਸ ਨੂੰ ਜਪਣਾ ਬਹੁਤ ਔਖਾ ਹੈ। ਕੇਵਲ ਗੁਰੂ ਦੀ ਗੱਲ ਨੂੰ ਪੜੀ ਸੁਣੀ ਜਾਣ ਨਾਲ, ਸਵੇਰ ਸ਼ਾਮ ਮੱਥੇ ਟੇਕੀ ਜਾਣ ਨਾਲ, ਧਰਮ ਅਸਥਾਨਾਂ ਦੇ ਦਰਸ਼ਨ ਕਰੀ ਜਾਣ ਨਾਲ, ਵੱਡੇ ਵੱਡੇ ਧਾਰਮਿਕ ਸਮਾਗਮ ਕਰਾਈ ਜਾਣ ਨਾਲ ਤੇ ਉਥੇ ਹਾਜਰੀਆਂ ਭਰੀ ਜਾਣ ਨਾਲ ਅਸੀਂ ਗੁਰੂ ਨਾਲ ਆਪਣਾ ਪਿਆਰ ਨਹੀਂ ਦਿਖਾ ਸਕਦੇ ਜਿਵੇਂ ਕਿ ਹਰ ਕੋਈ ਲੱਗਾ ਹੋਇਆ ਹੈ। ਜਦ ਤਕ ਗੁਰਮਤਿ ਦਾ ਭਉ ਸਾਡੇ ਅੰਦਰ ਨਹੀਂ ਵੱਸਦਾ ਤਦ ਤੱਕ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਭਾਉ ਭਾਵ ਪਿਆਰ ਨਹੀਂ ਜੁੜਦਾ। ਪ੍ਰਮਾਤਮਾ ਦੀ ਸੱਚੀ ਨਾਰ ਉਹੀ ਹੈ, ਉਸਦੀ ਸੁਹਾਗਣ ਉਹੀ ਹੈ ਜਿਸ ਦੇ ਅੰਦਰ ਗੁਰਮਤਿ ਦਾ ਭਉ ਵੱਸ ਜਾਂਦਾ ਹੈ। ਜਿਨ੍ਹਾਂ ਦੇ ਅੰਦਰ ਗੁਰਮਤਿ ਦਾ ਭਉ ਨਹੀਂ ਵੱਸਦਾ ਉਹਨਾਂ ਦੇ ਅੰਦਰ ਕਦੇ “**ਸੁਖੁ**” ਨਹੀਂ ਵੱਸ ਸਕਦਾ ਭਾਵ ਪ੍ਰਮਾਤਮਾ ਨਹੀਂ ਵੱਸ ਸਕਦਾ। ਪ੍ਰਮਾਤਮਾ ਦੀ ਭਗਤੀ ਗੁਰਮਤਿ ਨੂੰ ਮੰਨਣ ਦਾ ਮਾਰਗ ਹੈ ਨਾ ਕਿ ਸਰੀਰਕ ਦਿਖਾਵਿਆਂ ਦਾ। (**ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ ॥ ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ ॥ ਰੰਗੁ ਰਹਿਆ ਤਿਨ੍ ਕਾਮਣੀ ਜਿਨ੍ ਮਨਿ ਭਉ ਭਾਉ ਹੋਇ॥ ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ ॥੧॥**)

ਜਦ ਤਕ ਸਾਡੇ ਅੰਦਰ ਮਾਇਆ ਦੀ ਤ੍ਰਿਸ਼ਨਾ ਹੈ ਭਾਵ ਮਾਇਆ ਮੋਹ ਹੈ ਤਦ ਤਕ ਕਿਸੇ ਦੇ ਅੰਦਰ ਵੀ ਗੁਰੂ ਪ੍ਰਮਾਤਮਾ ਦਾ ਭਉ ਨਹੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

ਸਲੋਕੁ ਮਃ ੩ ॥

“ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥”

(ਅੰਗ - ੧੦੮੯)

36/4363

ਉਪਰ ਵਾਲੇ ਸਲੋਕ ਦੀ ਆਖਰੀ ਪੰਗਤੀ ਨੂੰ ਪੜ ਕੇ ਹਰ ਕੋਈ ਸਮਝ ਸਕਦਾ ਹੈ, ਵੱਡੇ ਤੋਂ ਵੱਡਾ ਭਰਮਿਆ ਹੋਇਆ ਵੀ ਸਮਝ ਸਕਦਾ ਹੈ, ਵੱਡੇ ਤੋਂ ਵੱਡਾ ਧਰਮ ਦਾ ਵਿਦਵਾਨ ਅਖਵਾਉਣ ਵਾਲਾ ਵੀ ਸਮਝ ਸਕਦਾ ਹੈ ਕਿ ਸਾਡੇ ਅੰਦਰ “**ਭੈ**” ਦਾ ਵੱਸਣਾ ਕੀ ਹੈ ਜਾਂ ਗੁਰੂ ਦੇ “**ਭਉ**” ਦਾ ਸਾਡੇ ਅੰਦਰ ਵੱਸਣਾ ਕੀ ਹੈ ਤੇ ਉਸ ਭਉ ਦੇ ਵੱਸਣ ਦਾ ਮਕਸਦ ਕੀ ਹੈ। ਗੁਰੂ ਦੇ ਭੈ ਦੇ ਸਾਡੇ ਅੰਦਰ ਵੱਸਣ ਦਾ ਮਕਸਦ ਸਾਡੀ ਕਰਣੀ ਨਾਲ ਜੁੜਿਆ ਹੋਇਆ ਹੈ ਭਾਵ ਚੰਗੀ ਕਰਨੀ ਨਾਲ ਜੁੜਿਆ ਹੋਇਆ ਹੈ। ਮਨੁੱਖ ਚੰਗੀ ਕਰਣੀ ਤਾਂ ਹੀ ਕਰ ਸਕਦਾ ਹੈ ਜਦੋਂ ਉਹ ਵਿਕਾਰਾਂ ਤੋਂ ਰਹਿਤ ਹੋਵੇ, ਮਾਇਆ ਮੋਹ ਤੋਂ ਰਹਿਤ ਹੋਵੇ। ਜਦ ਤਕ ਸਾਡੇ ਅੰਦਰ ਤ੍ਰਿਸ਼ਨਾ ਹੈ ਇਹ ਸਾਨੂੰ ਮਾਇਆ ਮੋਹ ਵਿਚ ਰੱਖਦੀ ਹੈ। ਆਪਣੀ ਤ੍ਰਿਸ਼ਨਾ ਦੀ ਪੂਰਤੀ ਕਰਨ ਲਈ ਅਸੀਂ ਅਉਗਣਾਂ ਦਾ ਆਸਰਾ ਲੈਂਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦਾ ਆਸਰਾ ਲੈਂਦੇ ਹਾਂ ਜਿਸ ਕਰਕੇ ਸਾਡੀ ਕਰਣੀ ਮਾੜੀ ਹੁੰਦੀ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਮਾੜੀ ਹੁੰਦੀ ਹੈ। ਗੁਰੂ ਦੇ ਭਉ ਵਿਚ ਰਹਿਣ ਵਾਲੇ ਭਾਵ ਭਉ ਵਿਚ ਅਖਵਾਉਣ ਵਾਲੇ ਅਨੇਕਾਂ ਹੀ ਅਨੇਕਾਂ ਹਨ ਜੋ ਗੁਰੂ ਦੇ ਦੁਆਰੇ ਤੇ ਜਾ ਕੇ ਸਵੇਰੇ ਸ਼ਾਮ ਮੱਥੇ ਟੇਕਦੇ ਹਨ, ਕਿਸੇ ਵੇਲੇ ਨੂੰ ਉੱਚਾ ਮੰਨ ਕੇ ਉਸਦੀ ਸੰਭਾਲ ਕਰਦੇ ਹਨ ਜਿਸਨੂੰ ਕਿ ਉਹ ਅੰਮ੍ਰਿਤ ਵੇਲੇ ਦੀ ਸੰਭਾਲ

ਕਰਨਾ ਕਹਿੰਦੇ ਹਨ, ਸਰੀਰਕ ਜਪ ਤਪ ਆਦਿ ਕਰਦੇ ਹਨ, ਧਾਰਮਿਕ ਸਮਾਗਮਾਂ ਆਦਿ ਤੇ ਜਾਂਦੇ ਹਨ ਉਹ ਇਸ ਵਿਚ ਆਪਣੇ ਆਪ ਨੂੰ ਆਪਣੇ ਅੰਦਰ ਗੁਰੂ ਪ੍ਰਮਾਤਮਾ ਦਾ ਭਉ ਵਸਾਉਣ ਵਾਲੇ ਹੀ ਸਮਝਦੇ ਹਨ ਕਿਉਂਕਿ ਉਹ ਇਸ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ ਕਿ ਉਹਨਾਂ ਦੇ ਅੰਦਰ ਪ੍ਰਮਾਤਮਾ ਦੀ ਭਗਤੀ ਦਾ ਭਉ ਭਾਉ ਵੱਸਿਆ ਹੋਇਆ ਹੈ। ਇਹਨਾਂ ਗੱਲਾਂ ਵਿਚ ਗੁਰੂ ਦੇ ਭਉ ਭਾਉ ਵਾਲੇ ਸਮਝਣਾ ਕੇਵਲ ਮਨ ਦਾ ਭਰਮ ਹੈ, ਦੁਬਿਧਾ ਹੈ ਭਾਵ ਮਨ ਦੀ ਅਗਿਆਨਤਾ ਹੈ ਕਿ ਅਸੀਂ ਪ੍ਰਮਾਤਮਾ ਦੀ ਭਗਤੀ ਵਿਚ ਲੱਗੇ ਹੋਏ ਹਾਂ। ਗੁਰੂ ਪ੍ਰਮਾਤਮਾ ਦਾ ਭਉ ਉਸਨੂੰ ਹੈ ਜਿਸ ਦੇ ਅੰਦਰ ਗੁਰਮਤਿ ਨੂੰ ਮੰਨਣ ਦਾ ਭਉ ਹੈ, ਸ਼ਬਦ ਦੀ ਵਿਚਾਰ ਨੂੰ ਮੰਨਣ ਦਾ ਭਉ ਹੈ ਭਾਵ ਤ੍ਰਿਸ਼ਨਾ ਨੂੰ ਛੱਡਣ ਦਾ ਭਉ ਹੈ, ਸੱਚੀ ਸੁੱਚੀ ਕਰਣੀ ਕਰਣ ਦਾ ਭਉ ਹੈ ਭਾਵ ਸੱਚ ਤੇ ਚੱਲਣ ਦਾ ਭਉ ਹੈ। ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਦਿਖਾਉਣ ਦਾ ਇਹੀ ਤਰੀਕਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। (**ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥**)

36/4364

ਜਦ ਤਕ ਸਾਨੂੰ ਭੈ ਦੀ ਸਮਝ ਨਹੀਂ ਪੈਂਦੀ ਕਿ ਗੁਰੂ ਪ੍ਰਮਾਤਮਾ ਦਾ ਭੈ ਮੰਨਣਾ ਕੀ ਹੈ, ਉਸ ਦੇ ਭੈ ਵਿਚ ਰਹਿਣਾ ਕੀ ਹੈ ਤਦ ਤਕ ਸਾਨੂੰ ਸਲੋਕ ਦੀਆਂ ਪਹਿਲੀਆਂ ਪੰਗਤੀਆਂ ਦੀ ਸਮਝ ਨਹੀਂ ਲਗ ਸਕਦੀ। ਗੁਰਮਤਿ ਨੂੰ ਮੰਨਣਾ ਗੁਰੂ ਦੇ ਭੈ ਨੂੰ ਮੰਨਣਾ ਹੈ। ਜਦ ਤਕ ਸਾਡੇ ਅੰਦਰ ਗੁਰਮਤਿ ਨਹੀਂ ਵੱਸਦੀ ਤਦ ਤਕ ਸਾਡਾ ਮਨ ਉੱਜਲ ਨਹੀਂ ਹੁੰਦਾ ਭਾਵ ਤਦ ਤਕ ਅਸੀਂ ਮਨ ਦੀ ਕਾਲਖ ਵਿਚ ਹਾਂ, ਕਾਲੀ ਬਿਰਤੀ ਵਾਲੇ ਹਾਂ, ਸਾਡਾ ਮਨ ਕਊਏ ਦੀ ਤਰ੍ਹਾਂ, ਕਾਗ ਦੀ ਤਰ੍ਹਾਂ ਕਾਲਾ ਹੈ ਭਾਵ ਮਨਮਤਿ ਕਾਲੀ ਹੈ ਤੇ ਗੁਰਮਤਿ ਉੱਜਲੀ ਹੈ। ਸਲੋਕ ਦੀਆਂ ਪਹਿਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥”

ਉਪਰ ਪੰਗਤੀਆਂ ਰਾਹੀਂ ਸਾਨੂੰ “**ਪਿਰਮ ਪਦਾਰਥੁ**” ਮੰਨਣ ਲਈ ਸਮਝਾਇਆ ਹੋਇਆ ਹੈ ਭਾਵ “**ਪਿਰਮ ਪਦਾਰਥੁ**” ਸਾਡੇ ਮੰਨਣ ਲਈ ਹੈ। “**ਪਿਰਮ ਪਦਾਰਥੁ**” ਪ੍ਰਮਾਤਮਾ ਦਾ ਪਦਾਰਥ ਹੈ। ਪੂਰੀ ਗੁਰਬਾਣੀ ਵਿਚ “**ਪਿਰਮ ਪਦਾਰਥੁ**” ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ ਜਿਸ ਰਾਹੀਂ ਸਾਨੂੰ ਗੁਰਮਤਿ ਸਮਝਾਈ ਹੋਈ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਗੁਰਮਤਿ ਸਮਝਾਈ ਹੋਈ ਹੈ। ਸ਼ਬਦਾਂ ਦੀ ਵਿਚਾਰ ਰਾਹੀਂ ਸਾਨੂੰ ਜੋ ਵੀ ਸੱਚਾ ਗਿਆਨ ਮਿਲਦਾ ਹੈ ਇਹ “**ਪਿਰਮ ਪਦਾਰਥੁ**” ਹੈ। ਇਹ “**ਪਿਰਮ ਪਦਾਰਥੁ**” ਹੀ “**ਨਾਮ**” ਦਾ ਪਦਾਰਥ ਹੈ। (**ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ॥ ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥**) ਅੰਗ - ੭੫੯

“**ਪਿਰਮ ਪਦਾਰਥੁ**” ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸੱਚੀ ਮਤਿ ਹੈ ਜਿਸ ਨੂੰ ਮੰਨਣ ਦਾ ਉਪਦੇਸ਼ ਕੀਤਾ ਹੋਇਆ ਹੈ। ਜੋ ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਨੂੰ ਮੰਨਦਾ ਹੈ ਉਸ ਦਾ ਹੀ ਪ੍ਰਮਾਤਮਾ ਸਵਾਰਦਾ ਹੈ ਭਾਵ ਉਸ ਦੇ ਜੀਵਨ ਨੂੰ ਸਵਾਰਦਾ ਹੈ। ਸਾਡਾ ਜੀਵਨ ਮਾੜਾ ਕਿਸ ਲਈ ਹੈ ਇਹ ਗੱਲ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਗੁਰੂ ਦੀ ਸੱਚੀ ਮਤਿ ਨੂੰ ਮੰਨੇ ਬਿਨਾ ਸਾਡੇ ਮਨ ਦੀ ਮਤਿ ਭਾਵ ਮਨਮਤਿ ਕਊਏ ਦੀ ਤਰ੍ਹਾਂ ਕਾਲੀ ਹੈ ਜੋ ਤਾਂ ਹੀ ਉਜਲੀ ਹੋ ਸਕਦੀ ਹੈ ਜੇਕਰ ਅਸੀਂ “**ਪਿਰਮ ਪਦਾਰਥੁ**” ਨੂੰ ਮੰਨੀਏ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨੀਏ। ਮਨਮਤਿ ਵਿਚ ਰਹਿੰਦਿਆਂ ਹੋਇਆਂ ਸਾਡੀ ਮਤਿ ਇਕ ਲੋਹੇ ਦੀ ਨਾਵ ਦੀ

36/4365

ਤਰ੍ਹਾਂ ਹੈ ਜਿਸ ਤੇ ਚੜ੍ਹ ਕੇ ਕਦੇ ਅਸੀਂ ਸਾਗਰ ਵਿਚੋਂ ਪਾਰ ਨਹੀਂ ਉਤਰ ਸਕਦੇ। ਸਾਡੇ ਸਭ ਦੇ ਅੰਦਰ ਇਹ ਸਾਗਰ ਮਾਇਆ ਮੋਹ ਵਾਲੇ ਵਿਚਾਰਾਂ ਦੇ ਰੂਪ ਵਿਚ ਹੈ। ਜਿਵੇਂ ਲੋਹੇ ਵਾਲੀ ਨਾਵ ਪਾਣੀ ਵਿਚ ਡੁੱਬ ਜਾਂਦੀ ਹੈ ਇਸੇ ਤਰ੍ਹਾਂ ਸਾਡੇ ਅੰਦਰ ਦੀ ਮਾੜੀ ਮਤਿ ਨੇ, ਮਾਇਆ ਮੋਹ ਵਾਲੇ ਮਾੜੇ ਵਿਚਾਰਾਂ ਨੇ ਸਾਡੇ ਜੀਵਨ ਨੂੰ ਡੁਬੋਇਆ ਹੋਇਆ ਹੈ। ਸਾਡੇ ਡੁੱਬਣ ਦਾ ਕਾਰਨ ਭਾਵ ਮਨਮਤਿ ਵਿਚ ਰਹਿਣ ਦਾ ਕਾਰਨ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਨਾ ਵੱਸਣਾ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਅਸੀਂ ਮਾਇਆ ਮੋਹ ਦੇ ਸਾਗਰ ਵਿਚ ਡੁੱਬੇ ਹੋਏ ਹਾਂ ਤੇ ਗੁਰੂ ਦਾ ਸੱਚਾ ਗਿਆਨ ਉਹ ਨਾਵ ਹੈ ਜਿਸ ਤੇ ਬੈਠ ਕੇ ਅਸੀਂ ਇਸ ਮਾਇਆ ਮੋਹ ਦੇ ਭਿਆਨਕ ਸਾਗਰ ਵਿਚੋਂ ਨਿਕਲ ਸਕਦੇ ਹਾਂ। ਜਿਸ ਦਾ ਜੀਵਨ ਵੀ ਪ੍ਰਮਾਤਮਾ ਸਵਾਰਦਾ ਹੈ ਉਸ ਨੂੰ ਮਾਇਆ ਮੋਹ ਵਿਚੋਂ ਕੱਢਕੇ ਹੀ ਸਵਾਰਦਾ ਹੈ, ਮਨ ਦੀ ਤ੍ਰਿਸ਼ਨਾ ਵਿਚੋਂ, ਵਿਕਾਰਾਂ ਵਿਚੋਂ ਕੱਢਕੇ ਹੀ ਸਵਾਰਦਾ ਹੈ। (**ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥**)

{ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ - ੪੦)

{ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥੨॥
ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ ॥੩॥}

(ਅੰਗ - ੨੪੧)

{ਜਿਉ ਬੋਹਿਥੁ ਭੈ ਸਾਗਰ ਮਾਹਿ ॥ ਅੰਧਕਾਰ ਦੀਪਕ ਦੀਪਾਹਿ ॥}

(ਅੰਗ - ੧੭੬)

{ਬਿਖਿਆ ਬਿਆਪਿਆ ਸਗਲ ਸੰਸਾਰੁ ॥ ਬਿਖਿਆ ਲੈ ਡੂਬੀ ਪਰਵਾਰੁ ॥੧॥
ਰੇ ਨਰ ਨਾਵ ਚਉੜਿ ਕਤ ਬੋੜੀ ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥੧॥ ਰਹਾਉ ॥}

(ਅੰਗ - ੩੨੮)

{ਮਨ ਧਰ ਤਰਬੇ ਹਰਿ ਨਾਮ ਨੋ ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥
ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥}

(ਅੰਗ - ੨੧੦)

{ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥}

(ਅੰਗ - ੫੯)

36/4366

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥}

(ਅੰਗ - ੨੦)

{ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥ ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥}

(ਅੰਗ - ੮੧੦)

{ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥
ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥੪॥}

(ਅੰਗ - ੮੩੩)

{ਨਾਰਾਇਣ ਮਨ ਮਾਹਿ ਅਧਾਰ ॥ ਨਾਰਾਇਣ ਬੋਹਿਥ ਸੰਸਾਰ ॥}

(ਅੰਗ - ੮੬੮)

{ਗੁਰੁ ਬੋਹਿਥੁ ਵਡਭਾਗੀ ਮਿਲਿਆ ॥ ਨਾਨਕ ਦਾਸ ਸੰਗਿ ਪਾਥਰ ਤਰਿਆ ॥੮॥੨॥}

(ਅੰਗ - ੯੧੩)

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥}

(ਅੰਗ - ੯੯੨)

{ਮਾਇਆ ਮੋਹੁ ਬਿਖਮੁ ਹੈ ਭਾਰੀ ॥ ਕਿਉ ਤਰੀਐ ਦੁਤਰੁ ਸੰਸਾਰੀ ॥}

(ਅੰਗ - ੯੯੮)

{ਖੋਜਤ ਖੋਜਤ ਸਹਜੁ ਉਪਜਿਆ ਫਿਰਿ ਜਨਮਿ ਨ ਮਰਣਾ ॥
ਹਿਆਇ ਕਮਾਇ ਧਿਆਇਆ ਪਾਇਆ ਸਾਧ ਸਰਣਾ ॥
ਬੋਹਿਥੁ ਨਾਨਕ ਦੇਉ ਗੁਰੁ ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ ॥੨੨॥}

(ਅੰਗ - ੧੧੦੨)

{ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ ॥ ਅਗਨਿ ਭਖੈ ਭੜਹਾੜੁ ਅਨਦਿਨੁ ਭਖਸੀ ॥
ਫਾਥਾ ਚੁਗੈ ਚੋਗ ਹੁਕਮੀ ਛੁਟਸੀ ॥ ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ ॥੨੬॥}

(ਅੰਗ - ੧੨੬੦)

{ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥}

(ਅੰਗ - ੧੪੧੭)

{ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥}

(ਅੰਗ - ੧੪੨੪)

36/4367

ਉੱਪਰ ਦਿੱਤੇ ਇਹਨਾਂ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਅਸੀਂ ਮਾਇਆ ਮੋਹ ਦੇ ਸਾਗਰ ਨੂੰ ਪਾਰ ਕਰਨ ਦਾ ਤਰੀਕਾ ਹੀ ਸਮਝਿਆ ਹੈ ਭਾਵ ਆਪਣੀ ਕਾਲੀ ਮਤਿ ਨੂੰ ਉੱਜਲ ਕਰਨ ਦਾ ਤਰੀਕਾ ਹੀ ਸਮਝਿਆ ਹੈ ਜੋ ਕਿ ਕੇਵਲ ਤੇ ਕੇਵਲ ਆਪਣੇ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਤਿਆਗਣਾ ਹੈ ਭਾਵ ਗੁਰੂ ਦੀ ਸਮਝਾਈ ਹੋਈ ਸਿੱਖਿਆ ਨੂੰ ਮੰਨਣਾ ਹੈ। ਸਾਡੀ ਤ੍ਰੈ ਗੁਣਾਂ ਵਾਲੀ ਮਤਿ ਲੋਹੇ ਦੀ ਬੇੜੀ ਹੈ ਜਿਸ ਦਾ ਡੁੱਬਣਾ ਤੈਅ ਹੈ। ਜੋ ਬੇੜੀ ਸਾਨੂੰ ਪਾਰ ਲੰਘਾ ਸਕਦੀ ਹੈ ਉਹ ਗੁਰੂ ਦੀ ਚਉਥੇ ਪਦ ਵਾਲੀ ਮਤਿ ਹੈ ਜਿਸਨੂੰ ਮੰਨੇ ਬਿਨਾ ਅਸੀਂ ਕਦੇ ਮਾਇਆ ਮੋਹ ਦੇ ਸਾਗਰ ਤੋਂ ਪਾਰ ਨਹੀਂ ਉਤਰ ਸਕਦੇ ਭਾਵ ਸਾਡਾ ਜੀਵਨ ਸਫਲ ਨਹੀਂ ਹੋ ਸਕਦਾ ਤੇ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ ਜੋ ਸਾਡੇ ਅੰਦਰ ਆਪ ਹੀ "**ਬੋਹਿਥੁ**" ਦੇ ਰੂਪ ਵਿਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ।

{ਨਾਰਾਇਣ ਮਨ ਮਾਹਿ ਅਧਾਰ ॥ ਨਾਰਾਇਣ ਬੋਹਿਥ ਸੰਸਾਰ ॥}

(ਅੰਗ - ੮੬੮)

{ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥}

(ਅੰਗ - ੧੪੧੭)

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ। (**ਕਾਗਉ ਹੋਇ ਨ ਉਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥**)

ਪ੍ਰਮਾਤਮਾ ਦਾ ਇਹ ਬੋਹਿਥ ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ। ਜਦ ਤਕ ਸਾਡੇ ਅੰਦਰ ਤ੍ਰੈ ਗੁਣਾਂ ਵਾਲੇ ਵਿਚਾਰ ਹਨ ਤਦ ਤਕ ਅਸੀਂ ਉਸ ਬੋਹਿਥ ਨੂੰ ਆਪਣੇ ਅੰਦਰੋਂ ਨਹੀਂ ਪਹਿਚਾਣ ਸਕਦੇ। ਪ੍ਰਮਾਤਮਾ ਦਾ ਇਹ ਬੋਹਿਥ ਸਾਡੇ ਅੰਦਰ

ਉਸ ਦੇ "**ਹੁਕਮੁ**" ਦੇ ਰੂਪ ਵਿਚ ਹੈ ਜੋ ਉਸ ਦਾ ਹੁਕਮ ਹਰ ਵੇਲੇ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿਚ, ਮਨ ਦੀਆਂ ਸੋਚਾਂ ਦੇ ਰੂਪ ਵਿਚ ਚੱਲ ਰਿਹਾ ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਪਹਿਚਾਣਦੇ ਤਦ ਤਕ ਸਾਡਾ ਮਨ ਉੱਜਲ ਨਹੀਂ ਹੋ ਸਕਦਾ ਭਾਵ ਤਦ ਤਕ ਅਸੀਂ ਮਨ ਦੀ ਕਾਲਖ ਵਿਚੋਂ ਨਹੀਂ ਨਿਕਲ ਸਕਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ

36/4368

ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥"

ਉਪਰਲੀਆਂ ਪੰਗਤੀਆਂ ਵਿਚੋਂ ਨੀਚੇ ਵਾਲੀ ਪੰਗਤੀ ਨੂੰ ਅਸੀਂ ਪਹਿਲੇ ਸਮਝ ਚੁਕੇ ਹਾਂ ਜੋ ਕਿ ਗੁਰੂ ਦੇ ਭੈ ਨੂੰ ਮੰਨਣ ਦੀ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਦੀ ਹੈ। ਤ੍ਰਿਸ਼ਨਾਵਾਂ ਛਡਣੀਆਂ ਬਹੁਤ ਔਖੀਆਂ ਹਨ। ਇਹ ਤ੍ਰਿਸ਼ਨਾਵਾਂ ਹੀ ਸਾਡੇ ਅੰਦਰ ਦੀ ਲੋਹੇ ਦੀ ਬੇੜੀ ਹਨ ਜੋ ਸਾਨੂੰ ਡੁਬੋਦੀਆਂ ਹਨ। ਅਸੀਂ ਆਪਣੀਆਂ ਤ੍ਰਿਸ਼ਨਾਵਾਂ ਤੋਂ ਹੀ ਉਬਰਨਾ ਹੈ, ਤਰਨਾ ਹੈ ਭਾਵ ਪਾਰ ਪਾਉਣਾ ਹੈ। ਇਹ ਮਨੁੱਖ ਦੇ ਆਪਣੇ ਵੱਸ ਨਹੀਂ ਹੈ ਕਿ ਉਹ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਪਾਰ ਪਾ ਸਕੇ। ਜਦੋਂ ਮਨੁੱਖ ਆਪਣੇ ਅੰਦਰੋਂ ਚਲ ਰਹੇ ਹੁਕਮ ਨੂੰ ਪਹਿਚਾਣ ਲੈਂਦਾ ਹੈ ਉਹ ਫਿਰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ ਜੋ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰ ਉਪਜਾਉਣ ਰਾਹੀਂ ਆਪਣਾ ਹੁਕਮ ਚਲਾ ਰਿਹਾ ਹੈ। ਜਦ ਤਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹਾਂ ਸਾਡੇ ਅੰਦਰ ਹੁਕਮ ਉਸੇ ਦਾ ਹੀ ਚਲ ਰਿਹਾ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ ਸਾਡੇ ਅੰਦਰ ਇਹ ਸੋਚਾਂ ਕਿਥੋਂ ਉਪਜਦੀਆਂ ਹਨ ਜਿੰਨ੍ਹਾਂ ਦੁਆਰਾ ਮਨੁੱਖ ਵਿਚਰਦਾ ਹੈ। ਜਦੋਂ ਕਿਸੇ ਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਵੇ ਤੇ ਤਾਂ ਹੀ ਕੋਈ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਹੁਕਮ ਨੂੰ ਪਹਿਚਾਣਦਾ ਹੈ ਜੋ ਪਹਿਚਾਣ ਉਹ ਆਪ ਹੀ ਕਰਾਉਂਦਾ ਹੈ, ਮਨ ਦੀਆਂ ਸੋਚਾਂ ਰਾਹੀਂ ਮਨ ਦੇ ਵਿਚ ਹੀ ਕਰਵਾਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਸਾਰੇ ਵਿਚਾਰ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਹਰ ਕੋਈ ਮਨ ਦੇ ਵਿਚਾਰਾਂ ਰਾਹੀਂ ਹੀ ਚਲਦਾ ਹੈ ਪਰ ਮਨੁੱਖ ਨੂੰ ਇਹ ਵਿਚਾਰ ਆਪਣੇ ਲਗਦੇ ਹਨ ਜੋ ਕਿ ਸਾਡੇ ਅੰਦਰ ਦਾ ਭਰਮ ਹੈ, ਭਰਮ ਰੂਪ ਪੜਦਾ ਹੈ, ਹਉਮੈ ਰੂਪ ਪੜਦਾ ਹੈ। ਮਨ ਦਾ ਇਹ ਭਰਮ ਰੂਪ ਪੜਦਾ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਚਲ ਰਹੇ ਹੁਕਮ ਨੂੰ ਪਹਿਚਾਨਣ ਦੁਆਰਾ ਹੀ ਦੂਰ ਹੁੰਦਾ ਹੈ ਤੇ ਮਨ ਦੇ ਵਿਚ ਪ੍ਰਮਾਤਮਾ ਮਨੁੱਖ ਦੀ ਸੋਝੀ ਨੂੰ ਬਿਲਕੁਲ ਬਦਲ ਦਿੰਦਾ ਹੈ, ਉਸ ਦੀ ਮਨਮਤਿ

36/4369

ਵਾਲੀ ਸੋਝੀ ਨੂੰ ਗੁਰਮਤਿ ਵਾਲੀ ਸੋਝੀ ਵਿਚ ਬਦਲ ਦਿੰਦਾ ਹੈ ਭਾਵ ਸਾਡੀ ਕਾਲੀ ਮਤਿ ਨੂੰ ਉੱਜਲ ਕਰ ਦਿੰਦਾ ਹੈ। ਸਾਡੇ ਅੰਦਰ ਦੀ ਇਹ ਉੱਜਲ ਰੂਪ ਮਤਿ ਹੀ ਪ੍ਰਮਾਤਮਾ ਦੀ "**ਸਚੁ**" ਰੂਪ ਬੇੜੀ ਹੈ, ਲਕੜ ਵਾਲੀ ਬੇੜੀ ਹੈ ਜੋ ਕਿ ਡੁੱਬਦੀ ਨਹੀਂ ਬਲਕਿ ਉਸ ਦੇ ਨਾਲ ਲੋਹਾ ਵੀ ਤਰ ਜਾਂਦਾ ਹੈ ਭਾਵ ਗੁਰਮਤਿ ਮਨਮਤਿ ਨੂੰ ਤਾਰ ਦਿੰਦੀ ਹੈ, ਮਾਇਆ ਮੋਹ ਦੇ ਸਾਗਰ ਤੋਂ ਤਾਰ ਦਿੰਦੀ ਹੈ, ਤ੍ਰਿਸ਼ਨਾ ਦੇ ਸਾਗਰ ਤੋਂ ਤਾਰ ਦਿੰਦੀ ਹੈ ਭਾਵ ਮਨੁੱਖ ਫਿਰ ਤ੍ਰਿਸ਼ਨਾਵਾਂ ਵਿਚ ਨਹੀਂ ਪੈਂਦਾ ਤੇ ਉਸ ਦੇ ਅੰਦਰ ਗੁਰਮਤਿ ਨੂੰ ਮੰਨਣ ਦਾ ਭੈ ਵੱਸ ਜਾਂਦਾ ਹੈ, ਸੱਚ ਨੂੰ ਮੰਨਣ ਦਾ ਭੈ ਵੱਸ ਜਾਂਦਾ ਹੈ, ਸ਼ਬਦਾਂ ਦੀ ਵਿਚਾਰ ਦੁਆਰਾ ਵਿਚਰਨ ਦਾ ਭੈ ਵੱਸ ਜਾਂਦਾ ਹੈ ਭਾਵ ਨਾਮ ਦਾ ਭੈ ਵੱਸ ਜਾਂਦਾ ਹੈ। ਇਹ ਨਾਮ ਦਾ ਭੈ ਹੀ ਉਹ ਬੇੜੀ ਹੈ ਜਿਸ ਤੇ ਚੜ ਕੇ ਭਾਵ ਮੰਨ ਕੇ ਅਸੀਂ ਮਨਮਤਿ ਦੇ ਸਾਗਰ ਤੋਂ, ਅਗਿਆਨਤਾ ਦੇ ਸਾਗਰ ਤੋਂ ਭਾਵ ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਰ ਸਕਦੇ ਹਾਂ। ਜੋ ਹੁਕਮ ਸਾਡੇ ਅੰਦਰੋਂ ਪ੍ਰਮਾਤਮਾ ਸੱਚ ਦੇ ਰੂਪ ਵਿਚ ਆਪ ਬੁਝਾਉਂਦਾ ਹੈ ਉਹੀ ਹੁਕਮ ਪ੍ਰਮਾਤਮਾ ਨੇ ਸਾਨੂੰ ਗੁਰਬਾਣੀ ਰਾਹੀਂ ਸੁਣਾਇਆ ਹੋਇਆ ਹੈ, ਗੁਰਮਤਿ ਦੇ ਰੂਪ ਵਿਚ ਸੁਣਾਇਆ ਹੋਇਆ ਹੈ, ਨਾਮ ਦੇ ਰੂਪ ਵਿਚ ਸੁਣਾਇਆ ਹੋਇਆ ਹੈ ਜਿਸ ਹੁਕਮ ਨੂੰ ਮੰਨਣ ਦਾ ਅਸੀਂ ਦਿਲੋਂ ਉਪਰਾਲਾ ਕਰਨਾ ਹੈ ਭਾਵ ਨਾਮ ਰੂਪ ਬੋਹਿਥ ਤੇ ਚੜਨ ਦਾ ਉਪਰਾਲਾ ਕਰਨਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੀ ਕਿਰਪਾ ਦੁਆਰਾ ਆਪਣੇ ਅੰਦਰ ਚਲ ਰਹੇ ਹੁਕਮ ਨੂੰ ਪਹਿਚਾਣ ਸਕੀਏ ਤੇ ਉਸ ਦੇ ਬੋਹਿਥ ਤੇ ਬੈਠ ਸਕੀਏ, ਬ੍ਰਹਮ ਗਿਆਨ ਰੂਪ ਬੋਹਿਥ ਤੇ ਬੈਠ ਸਕੀਏ ਜੋ ਕਿ ਸਾਡੇ ਅੰਦਰ ਹੀ ਹੈ। ਇਸ ਬੋਹਿਥ ਤੇ ਬੈਠਣ ਦਾ ਇਕੋ ਇਕ ਤਰੀਕਾ ਆਪਣੀ ਕਰਨੀ ਨੂੰ ਸੁਧਾਰਨ ਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੇ ਬੋਹਿਥ ਤੇ ਬਿਠਾ ਕੇ ਮਾਇਆ ਮੋਹ ਦੇ ਸਾਗਰ ਤੋਂ , ਤ੍ਰਿਸ਼ਨਾ ਦੇ ਸਾਗਰ ਤੋਂ ਪਾਰ ਉਤਾਰ ਦਿੰਦਾ ਹੈ ਉਹ ਫਿਰ ਚੰਗੀ ਕਰਨੀ ਹੀ ਕਰਦਾ ਹੈ ਤੇ ਦੂਸਰਿਆਂ ਨੂੰ ਚੰਗੀ ਕਰਨੀ ਕਰਣ ਦਾ ਹੀ ਉਪਦੇਸ਼ ਦਿੰਦਾ ਹੈ ਭਾਵ ਸੱਚੇ ਧਰਮ ਦੇ ਮਾਰਗ ਤੇ ਚੱਲਣ ਦਾ ਉਪਦੇਸ਼ ਹੀ ਦਿੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਦਿੱਤਾ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਮਨ ਦੇ ਵਿਚ ਆਪਣੇ ਬੋਹਿਥ ਤੇ ਬਿਠਾ ਕੇ ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਾਰਿਆ ਹੈ। (**ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥ ਹੁਕਮੁ**

ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥)

36/4370

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ - ੧)

{ਸਤਿਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥}

(ਅੰਗ - ੭੨)

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥}

(ਅੰਗ - ੨੦)

{ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥
ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥}

(ਅੰਗ - ੮੭)

{ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥ ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥
ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥੪॥}

(ਅੰਗ - ੫੯)

ਉਪਰਲੇ ਸ਼ਬਦ ਰਾਹੀਂ "**ਭੈ**" ਨੂੰ ਬੋਹਿਥ ਕਹਿ ਕੇ ਸਮਝਾਇਆ ਹੋਇਆ ਹੈ। ਭੈ ਰੂਪ ਬੋਹਿਥ ਤੇ ਅਸੀਂ ਤਾਂ ਹੀ ਬੈਠ ਸਕਦੇ ਹਾਂ ਜੇਕਰ ਅਸੀਂ ਗੁਰੂ ਦੇ ਭੈ ਨੂੰ ਮੰਨੀਏ ਭਾਵ ਗੁਰਮਤਿ ਦੇ ਭੈ ਨੂੰ ਮੰਨੀਏ ਭਾਵ ਤ੍ਰਿਸ਼ਨਾ ਵਿਚੋਂ ਨਿਕਲਣ ਦੇ ਭੈ ਨੂੰ ਮੰਨੀਏ ਕਿਉਂਕਿ ਤ੍ਰਿਸ਼ਨਾ ਨੂੰ ਛੱਡੇ ਬਿਨਾ ਕਿਸੇ ਦੇ ਅੰਦਰ ਗੁਰੂ ਦਾ ਭੈ ਨਹੀ ਵੱਸ ਸਕਦਾ ਜਿਵੇਂ ਕਿ ਅਸੀਂ ਉਪਰ ਸ਼ਬਦ ਰਾਹੀਂ ਸਮਝਿਆ ਹੈ। ਗੁਰੂ ਦੇ ਭੈ ਨੂੰ ਮੰਨਣ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਸਾਡੀ ਕਰਣੀ ਚੰਗੀ ਹੋਵੇ ਭਾਵ ਜਿਸ ਦੀ ਕਰਣੀ ਚੰਗੀ ਨਹੀਂ ਹੈ ਉਸ ਦੇ ਅੰਦਰ ਗੁਰੂ ਪ੍ਰਮਾਤਮਾ ਦਾ ਭਉ ਨਹੀਂ ਵੱਸਿਆ ਹੋਇਆ। ਪ੍ਰਮਾਤਮਾ ਦੀ ਭਗਤੀ ਕੇਵਲ ਸਾਡੀ ਉੱਤਮ ਕਰਣੀ ਵਿਚ ਹੀ ਹੈ ਤੇ ਉੱਤਮ ਕਰਣੀ ਤੋਂ ਬਿਨਾ ਹੋਰ ਜੋ ਵੀ ਅਸੀਂ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਉਹਨਾਂ ਨੂੰ ਅਪਨਾਉਣਾ, ਗੁਰੂ ਦਾ ਭੈ ਸਮਝਣਾ ਕੇਵਲ ਸਾਡਾ ਭਰਮ ਹੈ ਜਿਸ ਵਿਚੋਂ ਨਿਕਲਣ ਦੀ ਲੋੜ ਹੈ। ਗੁਰੂ ਦੇ ਬੋਹਿਥ ਤੇ ਅਸੀਂ ਤਾਂ ਹੀ ਬੈਠ ਸਕਦੇ ਹਾਂ ਜੇਕਰ ਅਸੀਂ ਭਰਮਾਂ ਵਿਚੋਂ ਨਿਕਲਣ ਦਾ ਉਦਮ ਕਰਾਂਗੇ। ਗੁਰੂ ਦੇ ਬੋਹਿਥ ਦਾ ਮਕਸਦ ਹੀ ਸਾਨੂੰ ਭਰਮਾਂ ਵਿਚੋਂ ਕੱਢਕੇ ਸੱਚੀ ਸੁੱਚੀ ਕਰਨੀ ਦੇ ਨਾਲ ਜੋੜਨ ਦਾ ਹੈ। ਗੁਰੂ ਦਾ ਭੈ ਰੂਪ ਬੋਹਿਥ ਸੱਚ ਰੂਪ ਬੋਹਿਥ ਹੈ, ਨਾਮ ਰੂਪ ਬੋਹਿਥ ਹੈ ਜਿਸ ਦਾ ਮਕਸਦ ਸਾਨੂੰ ਤ੍ਰਿਸ਼ਨਾ ਦੇ ਸਾਗਰ ਵਿਚੋਂ ਕੱਢਣ ਦਾ ਹੈ ਜਿਸ ਦਾ ਮੂਲ ਸਾਡੇ ਅੰਦਰ ਭਗਤੀ ਦੀ ਸੱਚੀ ਸੋਝੀ ਦਾ ਨਾ ਹੋਣਾ ਹੈ ਤੇ ਅਸੀਂ ਅਸਲ ਮਾਰਗ ਨੂੰ ਛੱਡ ਕੇ ਉਹੋ ਜਿਹੇ ਮਾਰਗ ਤੇ ਤੁਰੇ ਹੋਏ ਹਾਂ ਜਿੰਨ੍ਹਾਂ ਵਿਚ

36/4371

ਭਗਤੀ ਨਹੀਂ ਬਲਕਿ ਭਗਤੀ ਦਾ ਦਿਖਾਵਾ ਹੈ। (**ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥**) ਅੰਗ - ੧੦੮੯

ਗੁਰੂ ਦੇ ਭੈ ਨੂੰ ਮੰਨਣਾ ਕੀ ਹੈ ਇਸ ਗੱਲ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥
ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥}

(ਅੰਗ - ੧੫੩)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ - ੩੩੬)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥}

(ਅੰਗ - ੧੦੧੦)

{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥
ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥}

(ਅੰਗ - ੩੫)

{ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥ ਕੋਲੂ ਚਰਖਾ ਚਕੀ ਚਕੁ ॥
ਥਲ ਵਾਰੋਲੇ ਬਹੁਤੁ ਅਨੰਤੁ ॥ ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥
ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥ ਬੰਧਨ ਬੰਧਿ ਭਵਾਏ ਸੋਇ ॥
ਪਇਐ ਕਿਰਤਿ ਨਚੈ ਸਭੁ ਕੋਇ ॥ ਨਚਿ ਨਚਿ ਹਸਹਿ ਚਲਹਿ ਸੇ ਰੋਇ ॥ ਉਡਿ ਨ ਜਾਹੀ ਸਿਧ ਨ ਹੋਹਿ ॥
ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥}

(ਅੰਗ - ੪੬੫)

ਹੁਣ ਅਸੀਂ ਉਸ ਮੁੱਖ ਸ਼ਬਦ ਨੂੰ ਹੋਰ ਆਸਾਨੀ ਨਾਲ ਸਮਝ ਸਕਦੇ ਹਾਂ ਜਿਸ ਨੂੰ ਸਮਝਣ ਲਈ ਪਹਿਲੇ "**ਭੈ**" ਨੂੰ ਸਮਝਣਾ ਬਹੁਤ ਜਰੂਰੀ ਹੈ ਕਿਉਂਕਿ ਗੁਰੂ ਦੇ ਭੈ ਨੂੰ ਮੰਨੇ ਬਿਨਾ ਭਾਵ ਗੁਰਮਤਿ ਤੇ ਚੱਲਣ ਦੇ ਭੈ ਨੂੰ ਮੰਨੇ ਬਿਨਾ ਕਿਸੇ ਦਾ ਗੁਰੂ ਪ੍ਰਮਾਤਮਾ ਦੇ ਨਾਲ ਰੰਗ ਨਹੀਂ ਲਗ ਸਕਦਾ, ਪਿਆਰ ਨਹੀਂ ਜੁੜ ਸਕਦਾ। ਗੁਰੂ ਦੇ ਅੱਗੇ ਸਰੀਰਕ ਤੌਰ ਤੇ ਝੁਕਣ ਦੁਆਰਾ ਤੇ ਸਰੀਰਕ ਕਿਰਿਆਵਾਂ ਦੁਆਰਾ ਅਸੀਂ ਗੁਰੂ ਨਾਲ ਆਪਣਾ ਪਿਆਰ ਨਹੀਂ ਜਿੱਤ ਸਕਦੇ। ਜਿੰਨ੍ਹਾਂ ਦੀਆਂ ਗੱਲਾਂ ਨੂੰ ਅਸੀਂ ਉੱਚਾ ਸਮਝਕੇ ਮੰਨਿਆ ਹੋਇਆ ਹੈ ਸਾਡੇ ਅੰਦਰ ਅਸਲ ਭਉ ਉਹਨਾਂ ਦਾ ਬੈਠਿਆ ਹੋਇਆ ਹੈ ਤੇ ਉਹਨਾਂ ਦੀਆਂ ਗੱਲਾਂ ਨੂੰ ਮੰਨਣ ਵਿਚ ਹੀ

ਅਸੀਂ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ। (**ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ ॥ ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ ॥ ਰੰਗੁ ਰਹਿਆ ਤਿਨ੍ ਕਾਮਣੀ ਜਿਨ੍ ਮਨਿ ਭਉ ਭਾਉ ਹੋਇ ॥ ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ ॥੧॥**)

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥}

(ਅੰਗ - ੪੭੪)

{ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥ ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥

ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥}

(ਅੰਗ - ੪੭੪)

ਉਪਰਲੇ ਸ਼ਬਦਾਂ ਦੇ ਪ੍ਰਮਾਣ ਰਾਹੀਂ ਇਹੀ ਸਪਸ਼ਟ ਕੀਤਾ ਹੋਇਆ ਹੈ ਕਿ ਗੁਰੂ ਤੋਂ ਬਿਨਾ ਹਰ ਕਿਸੇ ਦੀ ਮਤਿ ਬਹਤੁ ਛੋਟੀ ਹੈ, ਬਹੁਤ ਅੰਜਾਣੀ ਮਤਿ ਹੈ ਪਰ ਫਿਰ ਵੀ ਅਸੀਂ ਭਰਮ ਦੇ ਕਾਰਣ ਉਹਨਾਂ ਦੀ ਮਤਿ ਨੂੰ ਉੱਚੀ ਸਮਝਕੇ ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ। ਅੰਜਾਣਿਆ ਕੋਲੋਂ ਮਤਿ ਲੈ ਕੇ ਅਸੀਂ ਜਿਹੋ ਜਿਹੀ ਭਗਤੀ ਕਰਦੇ ਹਾਂ ਉਹੋ ਜਿਹੀ ਭਗਤੀ ਕਦੇ "**ਰਾਸਿ**" ਨਹੀਂ ਆ ਸਕਦੀ ਭਾਵ ਕਦੇ ਸਿਰੇ ਨਹੀਂ ਚੜ ਸਕਦੀ। ਜਦ ਤਕ ਦੂਜਿਆਂ ਕੋਲੋਂ ਭਾਵ ਅੰਜਾਣਿਆਂ ਕੋਲੋਂ ਲਈ ਹੋਈ ਮਤਿ ਸਾਡੇ ਅੰਦਰੋਂ ਨਹੀਂ ਨਿਕਲਦੀ ਤਦ ਤੱਕ ਸਾਡੇ ਅੰਦਰ ਗੁਰੂ ਦੀ ਮਤਿ ਨਹੀਂ ਵੱਸ ਸਕਦੀ। ਪ੍ਰਮਾਤਮਾ ਅੱਗੇ ਸਾਡੀ ਅਰਦਾਸ ਉਹ ਹੁੰਦੀ ਹੈ ਜਿਸ ਦੇ ਅੰਦਰ ਸੱਚ ਹੁੰਦਾ ਹੈ ਭਾਵ ਜਿਸ ਭਗਤੀ ਦੇ ਵਿਚ ਸੱਚ ਹੁੰਦਾ ਹੈ ਤੇ ਜਿਸ ਭਗਤੀ ਦੇ ਤਰੀਕਿਆਂ ਵਿਚ ਸੱਚ ਨਹੀਂ ਹੁੰਦਾ ਭਾਵ ਗੁਰੂ ਦੀ ਮਤਿ ਨਹੀਂ ਹੁੰਦੀ ਉਸ ਦੇ ਵਿਚ ਗੁਰੂ ਦਾ ਹੁਕਮ ਨਹੀਂ ਹੁੰਦਾ ਬਲਕਿ ਸਾਡਾ ਹੁਕਮ ਹੁੰਦਾ ਹੈ ਭਾਵ ਗੁਰੂ ਤੋਂ ਦੂਸਰੀ ਮਤਿ ਹੁੰਦੀ ਹੈ, ਅੰਜਾਣੀ ਮਤਿ ਹੁੰਦੀ ਹੈ। ਕੂੜੀ ਮਤਿ ਛੱਡੇ ਬਿਨਾ ਪ੍ਰਮਾਤਮਾ ਦੀ ਸਿਫਤ ਨਹੀਂ ਕੀਤੀ ਜਾ ਸਕਦੀ ਕਿਉਂਕਿ ਪ੍ਰਮਾਤਮਾ ਦੀ ਸਿਫਤ ਸਾਲਾਹ ਗੁਰਮਤਿ ਦੁਆਰਾ ਵਿਚਰਨ ਨਾਲ ਹੀ ਹੁੰਦੀ ਹੈ।

ਆਉ ਹੁਣ ਮੁਖ ਸ਼ਬਦਾਂ ਦੇ ਅਗਲੇ ਸਲੋਕ ਨੂੰ ਸਮਝੀਏ ਕਿ ਗੁਰੂ ਅੱਗੇ ਜੋ ਬਦਲਾਂ ਦੀ ਤਰ੍ਹਾਂ ਝੁੱਕ ਝੁੱਕ ਕੇ ਮੱਥੇ ਟੇਕਦੇ ਹਨ ਇਹਨਾਂ ਦੇ ਆਪਣੇ ਅੰਦਰ ਕਿਹੋ ਜਿਹਾ **"ਨੀਰੁ"** ਹੁੰਦਾ ਹੈ, ਜਲ ਹੁੰਦਾ ਹੈ ਜਿਸ ਕਰਕੇ ਅਸੀਂ ਇਹਨਾਂ ਨੂੰ ਉੱਚਾ ਸਮਝਿਆ ਹੋਇਆ ਹੈ ਤੇ ਇਹਨਾਂ ਦੀ ਮਤਿ ਦੇ ਪਿੱਛੇ ਲੱਗੇ ਹੋਏ ਹਾਂ ਭਾਵ ਭਗਤੀ ਦੇ ਦਿਖਾਵੇ ਕਰਨ ਵਾਲੇ ਨਾਸਮਝਾਂ ਦੇ ਪਿੱਛੇ ਲੱਗੇ ਹੋਏ ਹਾਂ।

37/4373

"ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ ॥
ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ ॥੨॥"

(ਅੰਗ - ੧੨੮੦)

ਜਿਹੋ ਜਿਹੇ ਭਗਤੀ ਦੇ ਦਿਖਾਵੇ ਕਰਨ ਵਾਲਿਆਂ ਦੀ ਗੱਲ ਪਿਛਲੇ ਸਲੋਕ ਰਾਹੀਂ ਕੀਤੀ ਹੈ ਉਹੋ ਜਿਹਿਆਂ ਦੀ ਗੱਲ ਹੀ ਉਪਰ ਸਲੋਕ ਦੁਆਰਾ ਕੀਤੀ ਹੋਈ ਹੈ, ਝੁੱਕਣ ਵਾਲੇ ਬੱਦਲਾਂ ਨਾਲ ਤੁਲਨਾ ਕਰਕੇ ਕੀਤੀ ਹੋਈ ਹੈ। ਉਹ ਭਾਵੇਂ ਆਪਣਾ ਰੰਗ ਪ੍ਰਮਾਤਮਾ ਨਾਲ ਦਿਖਾਉਂਦੇ ਹਨ ਪਰ ਉਹਨਾਂ ਦਾ ਰੰਗ ਨਾ ਜੁੜਨ ਦਾ ਕਾਰਨ ਕੀ ਹੈ ਇਹ ਗੱਲ ਉਪਰ ਸਲੋਕ ਰਾਹੀਂ ਸਮਝਾਈ ਹੋਈ ਹੈ। ਬਦਲਾਂ ਦੇ ਵਿਚੋਂ ਨੀਰ ਹੀ ਵਰਸਦਾ ਹੈ ਤੇ ਉਹੋ ਜਿਹਾ ਨੀਰ ਹੀ ਵਰਸਦਾ ਹੈ ਜਿਹੋ ਜਿਹਾ ਨੀਰ ਉਹਨਾਂ ਦੇ ਅੰਦਰ ਹੁੰਦਾ ਹੈ। ਜੋ ਭਗਤੀ ਦਾ ਦਿਖਾਵਾ ਕਰਦੇ ਹਨ, ਬੱਦਲਾਂ ਦੀ ਤਰ੍ਹਾਂ ਝੁੱਕ ਝੁੱਕ ਕੇ ਦਿਖਾਵਾ ਕਰਦੇ ਹਨ ਇਹਨਾਂ ਦੇ ਆਪਣੇ ਅੰਦਰ ਕਿਹੋ ਜਿਹਾ ਨੀਰ ਹੈ, ਜਲ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਉਪਰ ਸਲੋਕ ਰਾਹੀਂ **"ਨਿਪੰਗੁ ਨੀਰੁ"** ਵਰਸਣ ਦੀ ਗੱਲ ਕੀਤੀ ਹੋਈ ਹੈ। ਸਾਡੇ ਸਭ ਦੇ ਅੰਦਰ **"ਨੀਰੁ"** ਵਰਸਦਾ ਹੈ, ਜਲ ਵਰਸਦਾ ਹੈ ਜਿਵੇਂ ਕਿ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਡੇ ਸਭ ਦੇ ਅੰਦਰ ਜਲ ਦਾ ਸਰੋਵਰ ਹੈ ਜੋ ਕਿ ਸੱਚੇ ਗਿਆਨ ਦਾ ਸਰੋਵਰ ਹੈ ਜਿਸ ਰੂਪ ਵਿਚ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਆਪ ਹੈ। ਸਾਡੇ ਸਭ ਦੇ ਅੰਦਰ ਜਲ ਦੀ ਵਰਖਾ ਕਰਨ ਵਾਲਾ ਉਹ ਆਪ ਹੈ ਜੋ ਕਿ ਉਹ ਸਾਡੇ ਵਿਚਾਰਾਂ ਦੇ ਰੂਪ ਵਿਚ ਕਰਦਾ ਹੈ, ਵਿਚਾਰਾਂ ਦੇ ਗਿਆਨ ਦੇ ਰੂਪ ਵਿਚ ਕਰਦਾ ਹੈ। ਸਾਡਾ ਪ੍ਰਮਾਤਮਾ ਦੇ ਨਾਲ ਰੰਗ ਮਨ ਦੇ ਵਿਚੋਂ ਹੀ ਜੁੜਦਾ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਮਨ ਦੇ ਵਿਚ ਆਪਣੀ ਸੱਚੀ ਗੁਰਮਤਿ ਦੀ ਸੋਝੀ ਪਾ ਕੇ ਆਪਣੀ ਗੁਰਮਤਿ ਦੇ ਵਿਚ ਰੰਗ ਲੈਂਦਾ ਹੈ, ਨਾਮ ਦੇ ਨਾਲ ਰੰਗ ਲੈਂਦਾ ਹੈ। ਜਦ ਤਕ ਕੋਈ ਗੁਰਬਾਣੀ ਦੇ ਸੱਚੇ ਗਿਆਨ ਨਾਲ ਨਹੀਂ ਜੁੜਦਾ ਨਾਮ ਰੂਪ ਪਵਿੱਤਰ ਜਲ ਨਾਲ ਨਹੀਂ ਜੁੜਦਾ, ਅੰਮ੍ਰਿਤ ਜਲ ਨਾਲ ਨਹੀਂ ਜੁੜਦਾ ਤਦ ਤਕ ਉਸ ਦਾ ਮਨ ਪ੍ਰਮਾਤਮਾ ਦੇ ਨਾਲ "ਭੰਗੁ" ਰਹਿੰਦਾ ਹੈ ਭਾਵ ਉਸ ਦੇ ਨਾਲ ਰੰਗ ਨਹੀਂ ਲਗਦਾ। ਉਹਨਾਂ ਨੂੰ **"ਸੁਖੁ"** ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਉਹ **"ਦੁਖੁ"** ਵਿਚ ਹੀ ਰਹਿੰਦੇ ਹਨ, ਪ੍ਰਮਾਤਮਾ ਨਾਲੋਂ ਵਿਛੋੜੇ ਦੇ ਦੁੱਖ ਵਿਚ ਹੀ ਰਹਿੰਦੇ ਹਨ। ਪੂਰੀ ਗੁਰਬਾਣੀ ਵਿਚ **"ਨਿਪੰਗੁ"** ਨੀਰ ਵਰਸ ਰਿਹਾ ਹੈ, ਅੰਮ੍ਰਿਤ ਜਲ ਵਰਸ ਰਿਹਾ ਹੈ ਭਾਵ ਪੂਰੀ ਗੁਰਬਾਣੀ ਵਿਚ ਨਾਮ ਜਲ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਇਹ ਨੀਰ ਸਾਡੇ ਮਨ ਦੇ ਪੀਣ ਦਾ ਨੀਰ ਹੈ ਤੇ ਜਦ ਤਕ ਅਸੀਂ ਇਸ ਅੰਮ੍ਰਿਤ ਜਲ ਨੂੰ ਨਹੀਂ ਛੱਕਦੇ

37/4374

ਭਾਵ ਗੁਰੂ ਦੀ ਸੱਚੀ ਮਤਿ ਨੂੰ ਨਹੀਂ ਮੰਨਦੇ ਤਦ ਤਕ ਸਾਡਾ ਉਸ ਕੰਤ ਦੇ ਨਾਲ ਮਨ **"ਭੰਗੁ"** ਹੀ ਰਹਿੰਦਾ ਹੈ ਤੇ ਅਸੀਂ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦੇ ਦੁੱਖ ਵਿੱਚ ਹੀ ਰਹਿੰਦੇ ਹਾਂ। (**ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ ॥ ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ ॥੨॥**)

ਧਰਮ ਦਾ ਮਾਰਗ ਕਿਸੇ ਸਰੀਰਕ ਦਿਖਾਵੇ ਦਾ ਮਾਰਗ ਨਹੀਂ ਹੈ ਬਲਕਿ ਗੁਰੂ ਦੀ ਸੱਚੀ ਮਤਿ ਨੂੰ ਮੰਨ ਕੇ ਉਸ ਅਨੁਸਾਰ ਵਿਚਰਨ ਦਾ ਮਾਰਗ ਹੈ। ਸਾਡੇ ਸਭ ਦੇ ਅੰਦਰ ਮਨਮਤਿ ਪਾਉਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਧਰਮ ਗ੍ਰੰਥਾਂ ਰਾਹੀਂ ਸੱਚੀ ਮਤਿ ਸਮਝਾਉਣ ਵਾਲਾ ਵੀ ਉਹ ਆਪ ਹੈ। ਜਦ ਤਕ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਅਸੀਂ ਨਹੀਂ ਅਪਨਾਉਂਦੇ ਤੇ ਕੇਵਲ ਉਹਨਾਂ ਨੂੰ ਪੜਨ ਸੁਣਨ ਤੱਕ ਹੀ ਰਹਿੰਦੇ ਹਾਂ, ਉਹਨਾਂ ਅਗੇ ਮੱਥੇ ਟੇਕਣ ਤਕ ਹੀ ਰਹਿੰਦੇ ਹਾਂ ਤਦ ਤੱਕ ਸਾਡਾ ਪ੍ਰਮਾਤਮਾ ਦੇ ਨਾਲ ਰੰਗ ਨਹੀਂ ਲੱਗ ਸਕਦਾ। ਇਹੀ ਗੱਲ ਸਾਨੂੰ ਉਪਰਲੇ ਸਲੋਕਾਂ ਦੀ **"ਪਉੜੀ"** ਦੁਆਰਾ ਸਮਝਾਈ ਹੋਈ ਹੈ ਭਾਵ ਭਗਤੀ ਦਾ ਅਸਲ ਮਕਸਦ ਸਮਝਾਇਆ ਹੋਇਆ ਹੈ।

ਪਉੜੀ ॥

"ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥
ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥
ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥
ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ ਸਤਿਗੁਰੁ ਸੇਵਨਿ ਆਪਣਾ ਤਿਨ੍ਾ ਵਿਟਹੁ ਹਉ ਵਾਰਿਆ॥੫॥"

(ਅੰਗ - ੧੨੮੦)

ਜਿਵੇਂ ਕਿ ਅਸੀਂ ਹੁਣ ਤਕ ਸਮਝਦੇ ਆਏ ਹਾਂ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਜੇਕਰ ਸਾਡਾ ਪ੍ਰਮਾਤਮਾ ਨਾਲ ਰੰਗ ਲਗਦਾ ਹੈ, ਪਿਆਰ ਜੁੜਦਾ ਹੈ ਉਹ ਮਨ ਦੇ ਵਿਚ ਹੀ ਜੁੜਦਾ ਹੈ ਤੇ ਜੇਕਰ ਉਸ ਦੇ ਨਾਲ ਸਾਡਾ ਝਗੜਾ ਹੈ ਉਹ ਵੀ ਮਨ ਦੇ ਵਿਚ ਹੀ ਹੈ। ਉਪਰ ਪਉੜੀ ਰਾਹੀਂ ਸਾਨੂੰ ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ। ਸਾਡੇ ਮਨ ਦੀ ਅਵਸਥਾ ਕਿਹੋ ਜਿਹੀ ਹੈ ਉਸ ਦੇ ਨਾਲ ਹੀ ਇਸ ਗੱਲ ਦਾ ਫੈਸਲਾ ਹੁੰਦਾ ਹੈ ਕਿ ਅਸੀਂ ਪ੍ਰਮਾਤਮਾ ਦੇ, ਗੁਰੂ ਦੇ ਨੇੜੇ ਹਾਂ ਜਾਂ ਦੂਰ ਹਾਂ, ਅਸੀਂ ਧਰਮ ਤੇ ਚੱਲਣ ਵਾਲੇ ਹਾਂ ਜਾਂ ਧਰਮ ਤੋਂ ਦੂਰ ਹਾਂ ਭਾਵ ਸਭ ਕੁਝ ਸਾਡੇ ਮਨ ਦੀ ਅਵਸਥਾ ਨਾਲ, ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਆਉ ਪਹਿਲੇ ਪਉੜੀ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਧਿਆਨ ਨਾਲ ਸਮਝੀਏ।

37/4375

"ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥"

ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਹਉਮੈ ਵਾਲੀ ਅਵਸਥਾ ਵੀ ਸਾਡੇ ਮਨ ਦੇ ਅੰਦਰ ਹੈ ਤੇ ਨਾਮ ਵਾਲੀ ਅਵਸਥਾ ਵੀ ਸਾਡੇ ਮਨ ਦੇ ਅੰਦਰ ਹੈ। ਹਉਮੈ ਵਾਲੀ ਅਵਸਥਾ ਸਾਡੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਤੇ ਨਾਮ ਵਾਲੀ ਅਵਸਥਾ ਸਾਡੀ ਚੌਥੇ ਪਦ ਵਾਲੀ ਅਵਸਥਾ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਸਾਡੇ ਅੰਦਰ ਭਰਮ ਵਾਲੀ ਅਵਸਥਾ ਹੈ, ਅਗਿਆਨਤਾ ਵਾਲੀ ਅਵਸਥਾ ਹੈ ਤੇ ਚਉਥੇ ਪਦ ਵਾਲੀ ਅਵਸਥਾ ਸੱਚੇ ਗਿਆਨ ਵਾਲੀ, ਬ੍ਰਹਮ ਗਿਆਨ ਵਾਲੀ, ਨਾਮ ਵਾਲੀ ਅਵਸਥਾ ਹੈ। ਬਾਰ ਬਾਰ ਬਾਣੀ ਵਿਚ ਸਿਵ ਸਕਤੀ ਦੀ ਗੱਲ ਆਉਂਦੀ ਹੈ। ਸਿਵ ਸਕਤੀ ਸਾਡੇ ਮਨ ਦੀ ਅਵਸਥਾ ਹੀ ਹੈ ਤੇ ਇਹ ਅਵਸਥਾ ਕਿਸ ਰੂਪ ਵਿਚ ਹੈ ਇਸ ਗੱਲ ਨੂੰ ਅਸੀਂ ਲੇਖ ਵਿਚ ਕਾਫੀ ਪਿੱਛੇ ਸਮਝਿਆ ਹੈ। **"ਸਕਤੀ"** ਵਾਲੀ ਅਵਸਥਾ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਤੇ **"ਸਿਵ"** ਵਾਲੀ ਅਵਸਥਾ ਚੌਥੇ ਪਦ ਵਾਲੀ ਅਵਸਥਾ ਹੈ ਜਿਸ ਅਵਸਥਾ ਵਿਚ ਸਾਨੂੰ ਆਪਣੇ ਅੰਦਰੋਂ ਸਿਵ ਦੇ ਭਾਵ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਮਨ ਦੀਆਂ ਦੋਨਾਂ ਅਵਸਥਾਵਾਂ ਵਿਚ ਪ੍ਰਮਾਤਮਾ ਆਪ ਹੀ ਹੈ ਭਾਵ ਮਨ ਦੇ ਵਿਚ ਜੋ ਵੀ ਗਿਆਨ ਆਉਂਦਾ ਹੈ ਭਾਵੇਂ ਉਹ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਆਉਂਦਾ ਹੈ ਜਾਂ ਚਉਥੇ ਪਦ ਵਾਲੀ ਅਵਸਥਾ ਵਿੱਚ ਆਉਂਦਾ ਹੈ ਉਹਨਾਂ ਦਾ ਸ੍ਰੋਤ ਇੱਕੋ ਹੀ ਹੈ ਜੋ ਕਿ ਪ੍ਰਮਾਤਮਾ ਆਪ ਹੈ। ਇਸ ਗੱਲ ਦੀ ਸਮਝ ਕੇਵਲ

ਚੌਥੇ ਪਦ ਵਿਚ ਹੀ ਪੈਂਦੀ ਹੈ ਭਾਵ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਤੇ ਇਹ ਕੇਵਲ **"ਗੁਰ ਪ੍ਰਸਾਦਿ"** ਹੈ ਭਾਵ ਇਹ ਮਨੁੱਖ ਦੇ ਆਪਣੇ ਹੱਥ ਵੱਸ ਨਹੀਂ ਹੈ ਕਿ ਉਹ ਆਪਣੇ ਮਨ ਦੇ ਵਿਚਾਰਾਂ ਨੂੰ ਜਾਣ ਸਕੇ ਕਿ ਇਹ ਕਿਥੋਂ ਆਉਂਦੇ ਹਨ ਭਾਵ ਇਹਨਾਂ ਦਾ ਸ੍ਰੋਤ ਕੀ ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਇਸ ਗੱਲ ਨੂੰ ਨਹੀਂ ਜਾਣ ਲੈਂਦੇ ਕਿ ਸਾਡੇ ਵਿਚਾਰ ਕਿਥੋਂ ਆਉਂਦੇ ਹਨ ਤਦ ਤੱਕ ਅਸੀਂ **"ਮੈਂ"** ਵਿਚ ਰਹਿੰਦੇ ਹਾਂ ਭਾਵ ਮਨ ਦੀ ਹਉਮੈ ਵਿਚ ਰਹਿੰਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਤੇ ਸਾਨੂੰ ਸਮਝਾਉਣ ਵਾਲੇ ਸਾਡੇ ਵਿਚਾਰ ਹੀ ਹਨ ਜਿੰਨ੍ਹਾਂ ਉਪਰ ਸਾਡਾ ਕੋਈ ਵੱਸ ਨਹੀਂ ਹੈ। ਜਦ ਤਕ ਅਸੀਂ ਮੈਂ ਵਿਚ ਹਾਂ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਇਹ ਸੱਚਾਈ ਤੋਂ ਉਲਟ ਗੱਲ ਹੈ ਭਾਵ ਆਪਣੇ ਆਪ ਨੂੰ ਮਨੁੱਖ ਸਮਝਣਾ ਸੱਚ ਨਹੀਂ ਹੈ, ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਣਾ ਸੱਚ ਨਹੀਂ ਹੈ। ਜੋ ਗੱਲ ਸੱਚ ਨਹੀਂ ਹੈ ਉਹ ਝੂਠ ਹੈ। ਸੱਚ ਹੀ ਨਾਮ ਹੈ। ਜਿਥੇ ਝੂਠ ਹੈ

37/4376

ਉਥੇ ਨਾਮ ਨਹੀਂ ਹੈ। ਜਿਥੇ ਨਾਮ ਨਹੀਂ ਉਥੇ ਗੁਰਮਤਿ ਨਹੀਂ ਹੈ ਭਾਵ ਮਨਮਤਿ ਹੈ। ਆਪਣੇ ਆਪ ਨੂੰ ਕੋਈ ਮਨੁੱਖ ਸਮਝਣਾ ਮਨਮਤਿ ਹੈ, ਝੂਠ ਹੈ। ਇਹ ਝੂਠ ਦਾ ਸੱਚ ਦੇ ਨਾਲ ਝਗੜਾ ਹੈ, ਵਾਦ ਹੈ। ਉਪਰ ਪਉੜੀ ਦੀਆਂ ਪੰਗਤੀਆਂ ਰਾਹੀਂ **"ਵਾਦੁ"** ਦੀ ਗੱਲ ਕੀਤੀ ਹੋਈ ਹੈ, ਝਗੜੇ ਦੀ ਗੱਲ ਕੀਤੀ ਹੋਈ ਹੈ। ਇਹ ਝਗੜਾ ਇਸੇ ਗੱਲ ਦਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਡੇ ਅੰਦਰ ਹੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਤੇ ਸਾਡੇ ਅੰਦਰ ਹੀ ਚਉਥੇ ਪਦ ਵਾਲੀ ਅਵਸਥਾ ਹੈ। ਬਾਣੀ, ਬੇਦ ਸੰਸਾਰ ਵਿਚ ਕਿਵੇਂ ਆਏ ਹਨ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਕਿ ਬੇਦ ਰੂਪ ਬਾਣੀ ਬ੍ਰਹਮਾ ਨੇ ਉਚਾਰੀ ਹੈ ਭਾਵ ਬੇਦਾਂ ਦੇ ਅੰਦਰ ਬ੍ਰਹਮਾ ਦੀ ਮਤਿ ਹੈ। ਸਾਡੇ ਅੰਦਰ ਸਭ ਕੁਝ ਸਮਝਾਉਣ ਵਾਲਾ, ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੈ ਪਰ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦੇ ਅਸੀਂ ਮਨ ਦੇ ਗਿਆਨ ਨੂੰ ਆਪਣਾ ਸਮਝਦੇ ਹਾਂ ਤੇ ਉਸ ਗਿਆਨ ਦੀ ਵਡਿਆਈ ਆਪ ਲੈਂਦੇ ਹਾਂ। ਇਹ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਹੀ ਹੈ ਕਿ ਅਸੀਂ ਸੱਚ ਨਹੀਂ ਕਹਿੰਦੇ ਭਾਵ ਮਨ ਦੇ ਗਿਆਨ ਨੂੰ ਆਪਣਾ ਕਹਿੰਦੇ ਹਾਂ ਭਾਵ ਝੂਠ ਕਹਿੰਦੇ ਹਾਂ। ਬ੍ਰਹਮਾ ਨੇ ਵੀ ਵੇਦਾਂ ਦਾ ਉਚਾਰਨ ਕਰਕੇ ਉਹਨਾਂ ਨੂੰ ਆਪਣਾ ਗਿਆਨ ਕਿਹਾ ਹੈ ਜੋ ਕਿ ਝੂਠੀ ਗੱਲ ਹੈ ਭਾਵ ਸੱਚ ਨਹੀਂ ਹੈ। ਪ੍ਰਮਾਤਮਾ ਆਪ ਸਚੁ ਰੂਪ ਹੈ ਤੇ ਸੱਚ ਦੇ ਉਲਟ ਕੁਝ ਵੀ ਕਹਿਣਾ ਝੂਠ ਹੈ ਭਾਵ ਸੱਚ ਦੇ ਨਾਲ ਝਗੜਾ ਹੈ। ਇਹ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਤਾਂ ਹੀ ਨਿਪਟ ਸਕਦਾ ਹੈ ਜਦੋਂ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿਚੋਂ ਨਿਕਲ ਕੇ ਸੰਸਾਰ ਦੇ ਸੱਚ ਨੂੰ ਜਾਣ ਸਕੀਏ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਉਹ ਸਚੁ ਰੂਪ ਪ੍ਰਮਾਤਮਾ ਆਪ ਹੀ ਹੈ। ਸਾਡੇ ਅੰਦਰ ਝਗੜੇ ਵਾਲੀ ਬਿਰਤੀ ਪਾਉਣ ਵਾਲਾ ਭਾਵ ਅਗਿਆਨਤਾ ਵਿੱਚ ਰੱਖਣ ਵਾਲਾ ਵੀ ਆਪ ਹੈ ਤੇ ਉਸ ਦੇ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ। (**ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥**)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ - ੨੩੧)

{ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥੧॥}

(ਅੰਗ - ੪੮੯)

37/4377

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ - ੫੦੯)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥}

(ਅੰਗ - ੭੩੫)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥}

(ਅੰਗ - ੯੦੯)

{ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥}

(ਅੰਗ - ੧੦੯੪)

{ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥}

(ਅੰਗ - ੧੨੭੯)

{ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ ਬੈਠਾ ਤਾੜੀ ਲਾਇ ਕਵਲੁ ਛਪਾਇਆ ॥
ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥ ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥
ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥
ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ ਸਚੇ ਹੀ ਪਤੀਆਇ ਸਚਿ ਸਮਾਇਆ ॥੨॥}

(ਅੰਗ - ੧੨੭੯)

ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਵੱਡਾ ਉਹ ਹੀ ਅਖਵਾ ਸਕਦਾ ਹੈ ਜਿਸ ਨੇ ਆਪਣੇ ਅੰਦਰੋਂ ਉਸ ਵੱਡੇ ਨੂੰ ਨਹੀਂ ਵੇਖਿਆ। ਆਪਣੇ ਆਪ ਨੂੰ ਕੋਈ ਜਿਤਨਾ ਵੱਡਾ ਅਖਵਾਉਂਦਾ ਹੈ ਇਹ ਉਸ ਦੀ ਉੱਚੀ ਹਉਮੈ ਹੀ ਹੈ ਜਿਸ ਕਰਕੇ ਨਾਮ ਨਾਲ ਝਗੜਾ ਵੱਧਦਾ ਹੀ ਹੈ, ਸੱਚ ਨਾਲ, ਪ੍ਰਮਾਤਮਾ ਨਾਲ ਝਗੜਾ ਵੱਧਦਾ ਹੀ ਹੈ। ਭਗਤੀ ਦੇ ਦਿਖਾਵਿਆਂ ਨਾਲ ਅਸੀਂ ਆਪਣੇ ਆਪ ਨੂੰ ਉੱਚਾ ਹੀ ਕਰਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਵਧਾਉਂਦੇ ਹੀ ਹਾਂ। ਭਗਤੀ ਦਾ ਮਾਰਗ ਮਨ ਨੂੰ ਭਾਵ ਆਪਣੀ ਮਤਿ ਨੂੰ ਨੀਵਾਂ ਕਰਨ ਦਾ ਮਾਰਗ ਹੈ, ਆਪਣੀ ਹਉਮੈ ਵਾਲੀ ਮਤਿ ਨੂੰ ਗੁਰਮਤਿ ਅੱਗੇ ਝੁਕਾਉਣ ਦਾ ਮਾਰਗ ਹੈ ਜੋ ਕਿ ਗੁਰਮਤਿ ਨੂੰ ਮੰਨਣ ਦੁਆਰਾ ਹੀ ਮਨਮਤਿ ਨੂੰ ਝੁਕਾਇਆ ਜਾ ਸਕਦਾ ਹੈ। ਸਰੀਰ ਨੂੰ ਜਿਤਨਾ ਮਰਜੀ ਗੁਰੂ ਅੱਗੇ ਝੁਕਾਈ ਜਾਉ ਉਸ ਨਾਲ ਲਾਭ ਨਹੀਂ ਮਿਲਣਾ। ਲਾਭ ਭਾਵ ਲਾਹਾ ਗੁਰਮਤਿ ਨੂੰ ਮੰਨਣ ਦੁਆਰਾ ਹੀ ਮਿਲਣਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਮਨ ਦੇ ਵਿਚ ਹੈ ਤੇ ਮਨ ਦੇ ਵਿਚ ਹੀ ਨਿਬੜਨਾ ਹੈ ਭਾਵ ਮਨਮਤਿ ਛੱਡਣ ਦੁਆਰਾ ਹੀ ਨਿਬੜਨਾ ਹੈ। ਸਾਡੇ ਅੰਦਰ ਮਨਮਤਿ ਵਿਚ ਵੀ ਉਹ ਆਪ ਹੈ ਤੇ ਗੁਰਮਤਿ ਵਿਚ ਵੀ ਉਹ ਆਪ ਹੈ। ਮਨ ਦੇ ਵਿਚ ਉਸ ਨੇ ਸਾਨੂੰ ਆਪਣੀ ਗੁਰਮਤਿ ਵਿਚ ਆਪ ਹੀ

ਰਲਾਉਣਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਨਾ ਹੈ ਪਰ ਉਸ ਲਈ ਉੱਦਮ ਅਸੀਂ ਹੀ ਕਰਨਾ ਹੈ, ਗੁਰਬਾਣੀ ਰਾਹੀਂ ਸਮਝਾਈ ਹੋਈ ਮਤਿ ਨਾਲ ਜੁੜਨ ਦਾ ਉਦਮ ਅਸੀਂ ਆਪ ਹੀ ਕਰਨਾ ਹੈ। (**ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥**)

ਸਾਡੇ ਅੰਦਰ "ਦੋਵੈ ਤਰਫਾ" ਦੇ ਰੂਪ ਵਿਚ ਪ੍ਰਮਾਤਮਾ ਕਿਸ ਤਰੀਕੇ ਨਾਲ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ ॥ ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ ॥
ਗੁਰਿ ਸੇਵਿਐ ਸਾਤਿ ਪਾਈਐ ਜਪਿ ਸਾਸ ਗਿਰਾਸਾ ॥ ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ ॥
ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ ॥੧੦॥"

(ਅੰਗ - ੧੦੯੦)

ਉਪਰ ਪਹਿਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਸਾਡੇ ਅੰਦਰ **"ਦੋਵੈ ਤਰਫਾ"** ਦੇ ਰੂਪ ਵਿਚ ਕਿਸ ਤਰੀਕੇ ਹੈ। ਇਹ ਦੋਵੇਂ ਤਰਫਾ ਸਾਡੇ ਅੰਦਰ **"ਸਿਵ ਸਕਤਿ"** ਦੇ ਰੂਪ ਵਿਚ ਹਨ। ਸਿਵ ਰੂਪ ਪ੍ਰਮਾਤਮਾ ਦਾ ਸਾਡੇ ਅੰਦਰ ਆਪਣਾ ਸੱਚਾ ਰੂਪ ਹੈ, ਚੌਥੇ ਪਦ ਵਾਲਾ ਰੂਪ ਹੈ ਭਾਵ ਬ੍ਰਹਮ ਗਿਆਨ ਵਾਲਾ ਰੂਪ ਹੈ, ਸਾਡੇ ਅੰਦਰ ਸਹਜ ਦੀ ਅਵਸਥਾ ਵਾਲਾ ਰੂਪ ਹੈ, ਸਿੱਧੇ ਕਮਲ ਵਾਲਾ ਰੂਪ ਹੈ ਭਾਵ ਸਿੱਧੀ ਮਤਿ ਵਾਲਾ ਰੂਪ ਹੈ ਜਿਸ ਰੂਪ ਦੀ ਪ੍ਰਾਪਤੀ ਦੁਆਰਾ ਉਹ ਇਸ ਆਪਣੇ ਮਨੁੱਖੀ ਰੂਪ ਨੂੰ ਪੂਰਨ ਸੋਝੀ ਵਾਲਾ ਰੂਪ ਬਣਾਉਂਦਾ ਹੈ, ਪੂਰੀ ਮਤਿ ਵਾਲਾ ਰੂਪ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਸਾਡੇ ਅੰਦਰ ਸਕਤਿ ਰੂਪ ਵਿਚ ਵੀ ਪ੍ਰਮਾਤਮਾ ਆਪ ਹੀ ਵਰਤਦਾ ਹੈ ਜੋ ਕਿ ਉਸ ਦਾ ਸਾਡੇ ਅੰਦਰ ਮਾਇਆ ਦੀ ਜੁਗਤਿ ਵਾਲਾ ਰੂਪ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਭਰਮ ਵਿਚ ਰੱਖਿਆ ਹੋਇਆ ਹੈ ਕਿ ਇਹ **"ਮਨ"** ਕੀ ਹੈ ਭਾਵ ਸਾਡੇ ਅੰਦਰ ਦਾ ਨਿਰੰਕਾਰ ਰੂਪ ਕੀ ਹੈ। ਸਕਤਿ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਕਦੇ ਵੀ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਕਿਉਂਕਿ ਇਹ ਉਸ ਦੀ ਆਪਣੀ ਹੀ ਰਜਾ ਹੈ ਕਿ ਉਸਨੂੰ ਕੋਈ ਨਾ ਜਾਣ ਸਕੇ, ਉਸਦੀ ਖੇਡ ਨੂੰ ਕੋਈ ਨਾ ਜਾਣ ਸਕੇ ਜੋ ਖੇਡ ਉਹ ਮਨ ਦੇ ਵਿਚ ਬੈਠਾ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਸਾਨੂੰ ਖਿਡਾ ਰਿਹਾ ਹੈ। ਉਸਦੀ ਇਹ ਖੇਡ ਸਭ ਨੂੰ ਮਨ ਦੇ ਭਰਮ ਵਿਚ ਰੱਖਣ ਦੁਆਰਾ ਹੀ ਚੱਲ

ਰਹੀ ਹੈ। ਉਸਦੀ ਇਹ ਖੇਡ ਸਿਵ ਸਕਤੀ ਦੇ ਮੇਲ ਦੁਆਰਾ ਹੀ ਸਮਝ ਆਉਂਦੀ ਹੈ ਭਾਵ ਸਾਡੀ ਤ੍ਰੈ ਗੁਣਾਂ ਵਾਲੀ ਅਵਸਥਾ ਦਾ ਜਦ ਮਨ ਦੇ ਵਿਚ ਚੌਥੇ ਪਦ ਨਾਲ ਮੇਲ ਹੋ ਜਾਂਦਾ ਹੈ ਤਾਂ ਹੀ ਸਮਝ ਆਉਂਦੀ ਹੈ ਕਿ ਸਾਡੇ ਅੰਦਰ ਇਹ ਖੇਡ ਕਿਵੇਂ ਚੱਲ ਰਹੀ ਹੈ ਤੇ ਕੌਣ ਚਲਾ ਰਿਹਾ ਹੈ, ਕਿਸ ਤਰੀਕੇ ਚਲਾ ਰਿਹਾ ਹੈ। ਇਹੀ ਸਾਡੇ ਅੰਦਰ ਸ਼ਬਦ ਸੁਰਤਿ ਦਾ ਮੇਲ ਹੈ। ਸਾਡੇ ਅੰਦਰ ਸ਼ਬਦ ਰੂਪ ਵਿਚ ਉਹ ਪ੍ਰਮਾਤਮਾ ਆਪ ਹੈ, ਸਿਵ ਆਪ ਹੈ ਤੇ ਸਾਡੇ ਅੰਦਰ ਦਾ **"ਸਕਤਿ ਰੂਪ"** ਸਾਨੂੰ ਸ਼ਬਦ ਦੇ ਵਿਚਾਰਾਂ ਦੇ ਮੇਲ ਤੋਂ ਦੂਰ ਰੱਖਦਾ ਹੈ। ਸਾਡੀ ਸੁਰਤਿ ਵਾਲੇ ਵਿਚਾਰ ਮਾਇਆ ਮੋਹ ਵਾਲੇ ਵਿਚਾਰ ਹਨ ਤੇ ਇਹੀ ਮਾਇਆ ਦੀ ਜੁਗਤਿ ਹੈ ਕਿ ਉਹ ਸਾਨੂੰ ਭਰਮ ਵਾਲੇ ਵਿਚਾਰਾਂ ਵਿਚ ਰੱਖੇ, ਹਉਮੈ ਵਾਲੇ ਵਿਚਾਰਾਂ ਵਿਚ ਰੱਖੇ। (**ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥ ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ ਬਿਨੁ ਸਬਦੈ ਭਰਮੁ ਨ ਚੁਕਈ ਨਾ ਵਿਚਹੁ ਹਉਮੈ ਜਾਇ ॥**) ਅੰਗ - 67 । **"ਸਕਤਿ"** ਦਾ ਮਕਸਦ ਸਾਨੂੰ ਮਨ ਦੇ ਭਰਮ ਵਿਚ ਰੱਖਣ ਦਾ ਹੈ। ਪ੍ਰਮਾਤਮਾ ਦਾ ਇਹ ਸਕਤਿ ਰੂਪ ਸਾਡੇ ਅੰਦਰ ਭਰਮ ਰੂਪ ਪੜਦਾ ਹੈ, ਹਉਮੈ ਰੂਪ ਪੜਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪ ਹੀ ਮਨ ਦੇ ਵਿਚ ਸਭ ਨਾਲ ਪੜਦਾ ਰੱਖਿਆ ਹੋਇਆ ਹੈ, ਮਨ ਦੇ ਪੜਦੇ ਵਿਚ ਰੱਖਿਆ ਹੋਇਆ ਹੈ ਜਿਸ ਦੁਆਰਾ ਅਸੀਂ ਉਸ ਸਿਵ ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਜੋ ਕਿ ਸਾਡੇ ਅੰਦਰ ਆਪ ਹੀ ਵਿਚਰ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਵਿਚਰ ਰਿਹਾ ਹੈ। ਸਾਡੇ ਅੰਦਰ ਮਨ ਦੇ ਵਿਚਾਰ ਹੀ ਪ੍ਰਮਾਤਮਾ ਦਾ **"ਸਕਤਿ"** ਰੂਪ ਹਨ ਤੇ ਮਨ ਦੇ ਵਿਚਾਰ ਹੀ ਉਸ ਦਾ **"ਸਿਵ"** ਰੂਪ ਹਨ। ਫਰਕ ਕੇਵਲ ਵਿਚਾਰਾਂ ਦੀ ਸੋਝੀ ਵਿਚ ਹੈ। ਜਦ ਤਕ ਸਾਡੇ ਵਿਚਾਰਾਂ ਦੀ ਸੋਝੀ ਸਾਨੂੰ ਭਰਮ ਵਿਚ ਰੱਖਦੀ ਹੈ ਇਹੋ ਜਿਹੀ ਮਨ ਦੀ ਸੋਝੀ ਪ੍ਰਮਾਤਮਾ ਦਾ **"ਸਕਤਿ"** ਰੂਪ ਹੈ ਤੇ ਜਦੋਂ ਸਾਡੇ ਮਨ ਦੀ ਸੋਝੀ ਸੱਚੇ ਗਿਆਨ ਦੇ ਵਿਚ ਬਦਲ ਜਾਂਦੀ ਹੈ ਇਹ ਪ੍ਰਮਾਤਮਾ ਦਾ ਸਾਡੇ ਅੰਦਰ **"ਸਿਵ"** ਰੂਪ ਹੈ ਭਾਵ ਸਭ ਕੁਝ ਸਾਡੇ ਮਨ ਦੀ ਸੋਚ ਨਾਲ ਜੁੜਿਆ ਹੋਇਆ ਹੈ। ਸਾਡੇ ਅੰਦਰ ਦੀ ''ਸੋਚ'' ਹੀ ਸਿਵ ਹੈ ਤੇ **"ਸੋਚ"** ਹੀ ਸਕਤਿ ਹੈ ਭਾਵ ਸਾਡਾ ਮਨ ਹੀ **"ਸਕਤਿ"** ਰੂਪ ਹੈ ਤੇ ਮਨ ਹੀ **"ਸਿਵ"** ਰੂਪ ਹੈ। ਸਾਡੇ ਅੰਦਰ ਦਾ **"ਸਕਤਿ"** ਰੂਪ ਸਾਡਾ ਹਉਮੈ ਰੂਪ ਹੈ ਤੇ **"ਸਿਵ"** ਰੂਪ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਜਦ ਤਕ ਅਸੀਂ ਮਨ ਦੇ **"ਸਕਤਿ"** ਰੂਪ ਵਿਚ ਹਾਂ ਤਦ ਤਕ ਅਸੀਂ ਪ੍ਰਮਾਤਮਾ ਦੇ ਨਾਲੋਂ ਵਿਛੜੇ ਹੋਏ ਹਾਂ। ਇਸ ਰੂਪ ਵਿਚ ਰਹਿੰਦਿਆਂ ਅਸੀਂ ਮਾਇਆ ਮੋਹ ਵਿਚ ਰਹਿੰਦੇ ਹਾਂ, ਮਨ ਦੀਆਂ ਤ੍ਰਿਸ਼ਨਾਵਾਂ ਵਿਚ ਰਹਿੰਦੇ ਹਾਂ ਭਾਵ ਗੁਰਮਤਿ ਦੀ ਸੱਚੀ ਸੋਝੀ ਤੋਂ ਦੂਰ ਰਹਿੰਦੇ ਹਾਂ ਜਿਸ ਵਿਚ ਰਹਿੰਦਿਆਂ ਸਾਨੂੰ

ਭਗਤੀ ਦੇ ਅਸਲ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਮਨ ਦੇ ਭਰਮ ਕਰਕੇ ਅਸੀਂ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਭਗਤੀ ਵਾਲੇ ਕਰਮ ਸਮਝਦੇ ਹਾਂ। ਭਗਤੀ ਦਾ ਅਸਲ ਮਾਰਗ ਪ੍ਰਮਾਤਮਾ ਦੇ **"ਸਿਵ"** ਰੂਪ ਨਾਲ ਮੇਲ ਦੁਆਰਾ ਹੀ ਸਮਝ ਆਉਂਦਾ ਹੈ ਜੋ ਮਾਰਗ ਪ੍ਰਮਾਤਮਾ ਮਨ ਦੇ ਵਿਚ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਰਾਹੀਂ ਸਮਝਾਇਆ ਹੈ ਤੇ ਇਹ ਮਾਰਗ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਜੋ ਕਿ ਕੇਵਲ ਤੇ ਕੇਵਲ ਸੱਚ ਤੇ

ਚੱਲਣ ਦਾ ਹੈ। ਸੱਚ ਤੇ ਮਨੁੱਖ ਤਾਂ ਹੀ ਚਲ ਸਕਦਾ ਹੈ ਜੇਕਰ ਗੁਰੂ ਦੀ ਸੱਚੀ ਸਿਖਿਆ ਨੂੰ ਮੰਨੇ ਭਾਵ ਤ੍ਰਿਸ਼ਨਾਵਾਂ ਤੋਂ ਮੁਕਤਿ ਹੋਵੇ, ਅਉਗਣਾਂ ਤੋਂ ਮੁਕਤਿ ਹੋਵੇ ਭਾਵ ਆਪਣੀ ਸੰਸਾਰਿਕ ਵਿਚਰਨ ਨੂੰ ਸੱਚੀ ਸੁੱਚੀ ਕਰੇ ਤੇ ਇਸੇ ਵਿਚ ਹੀ ਆਪਣੀ ਭਗਤੀ ਸਮਝੇ ਤੇ ਭਗਤੀ ਦੇ ਦਿਖਾਵਿਆਂ ਤੋਂ ਬਚੇ। ਸੱਚ ਕੇਵਲ ਉਥੇ ਹੈ ਜਿਥੇ ਗੁਰੂ ਦੀ ਮਤਿ ਹੈ ਤੇ ਜਿਥੇ ਗੁਰੂ ਦੀ ਮਤਿ ਨਹੀਂ ਹੈ ਉਹ ਮਨਮਤਿ ਹੈ ਭਾਵ ਸਾਡੇ ਅੰਦਰ ਭਰਮ ਵਾਲੀ ਬਿਰਤੀ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਭਰਮ ਛੱਡਣ ਦੁਆਰਾ ਹੀ ਹੋ ਸਕਦੀ ਹੈ, ਮਨਹਠਿ ਛੱਡਣ ਦੁਆਰਾ ਹੀ ਹੋ ਸਕਦੀ ਹੈ। ਸਾਡੀਆਂ ਸਰੀਰਕ ਕਿਰਿਆਵਾਂ ਜਿੰਨ੍ਹਾਂ ਨੂੰ ਅਸੀਂ ਭਗਤੀ ਦਾ ਮਾਰਗ ਸਮਝਦੇ ਹਾਂ ਉਹ ਕੇਵਲ ਸਾਡੀ ਮਨਹਠਿ ਹੈ ਭਾਵ ਸਾਡੇ ਅੰਦਰ **"ਸਕਤਿ"** ਵਾਲੀ ਬਿਰਤੀ ਹੈ ਜਿਸ ਵਿਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਕਿਸੇ ਨੇ ਨਹੀਂ ਪਾਇਆ ਤੇ ਨਾ ਹੀ ਪਾਇਆ ਜਾ ਸਕਦਾ ਹੈ।ਆਪਣੀ ਇਹੋ ਜਿਹੀ ਮਤਿ ਛੱਡੇ ਬਿਨਾ ਹਰ ਕੋਈ ਆਪਣਾ ਜਨਮ ਗਵਾ ਕੇ ਹੀ ਜਾਂਦਾ ਹੈ ਭਾਵ ਪ੍ਰਮਾਤਮਾ ਨੂੰ ਪਾਏ ਬਿਨਾ ਆਪਣਾ ਮਨੁੱਖੀ ਜੀਵਨ ਵਿਅਰਥ ਗੁਆ ਕੇ ਜਾਂਦਾ ਹੈ। (**ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ ॥ ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ ॥**)

"ਸਿਵ ਸਕਤਿ" ਦੀ ਗੱਲ ਬਾਣੀ ਵਿਚ ਬਾਰ ਬਾਰ ਸ਼ਬਦਾਂ ਰਾਹੀਂ ਕੀਤੀ ਹੋਈ ਹੈ ਜਿਸ ਨੂੰ ਕਿ ਅਸੀਂ ਪਹਿਲੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਉਹੋ ਜਿਹਾ ਉਪਰਾਲਾ ਕਰੀਏ ਜੋ ਕਿ ਅਸਲ ਵਿਚ ਸਕਤਿ ਵਾਲੀ ਬਿਰਤੀ ਵਿਚੋਂ ਨਿਕਲਕੇ ਸੱਚ ਵਾਲੀ ਬਿਰਤੀ, ਨਾਮ ਵਾਲੀ ਬਿਰਤੀ ਭਾਵ ਪ੍ਰਮਾਤਮਾ ਦੇ ਨਾਲ ਮਿਲਣ ਵਾਲੀ ਬਿਰਤੀ ਹੈ।

ਗੂਜਰੀ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

{"ਨਿਰਤਿ ਕਰੀ ਇਹੁ ਮਨੁ ਨਚਾਈ ॥ ਗੁਰ ਪਰਸਾਦੀ ਆਪੁ ਗਵਾਈ ॥
ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ ॥੧॥ ਨਾਚੁ ਰੇ ਮਨ ਗੁਰ ਕੈ ਆਗੈ ॥
ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ ॥ ਰਹਾਉ ॥
ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ॥
ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥੨॥
ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ ॥
ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥੩॥
ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥
ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥
ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥
ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥
ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥੭॥
ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥੮॥
ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ ॥

ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ ॥੯॥
ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ ॥
ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ ॥੧੦॥੧॥੬॥"}

(ਅੰਗ - ੫੦੬)

37/4381

ਉਪਰ ਸ਼ਬਦ ਰਾਹੀਂ ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਕਿ ਸਾਡੇ ਮਨ ਦਾ ਨਚਣਾ ਕੀ ਹੈ। ਇਸ ਗੱਲ ਨੂੰ ਅਸੀਂ ਲੇਖ ਵਿਚ ਕਾਫੀ ਪਿੱਛੇ ਵੀ ਸਮਝਿਆ ਹੈ ਤੇ ਕੁਝ ਸੰਖੇਪ ਵਿਚ ਫਿਰ ਤੋਂ ਸਮਝਿਆ ਜਾ ਸਕਦਾ ਹੈ। ਸਾਡੇ ਮਨ ਦਾ ਨੱਚਣਾ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ। ਸਾਡਾ ਮਨ ਹੀ **"ਸਕਤੀ"** ਦਾ ਘਰ ਹੈ ਤੇ ਸਾਡਾ ਮਨ ਹੀ **"ਸਿਵ"** ਦਾ ਘਰ ਹੈ। ਫਰਕ ਕੇਵਲ ਮਨ ਦੇ ਵਿਚਾਰਾਂ ਦਾ ਹੈ। ਜਦ ਤਕ ਅਸੀਂ ਸਕਤੀ ਦੇ ਘਰ ਵਿਚ ਹਾਂ ਤਦ ਤਕ ਮਨ ਦੀ ਸੋਝੀ ਦੇ ਰਾਹੀਂ ਹਰ ਕੋਈ ਸੁੱਤਾ ਹੋਇਆ ਹੈ ਭਾਵ ਅਗਿਆਨਤਾ ਵਿਚ ਸੁੱਤਾ ਹੋਇਆ ਹੈ। ਪ੍ਰਮਾਤਮਾ ਨੇ ਪੂਰੇ ਸੰਸਾਰ ਨੂੰ ਮਨ ਦੀ ਇਹੋ ਜਿਹੀ ਬਿਰਤੀ ਨਾਲ ਹੀ ਸਵਾਇਆ ਹੋਇਆ ਹੈ ਭਾਵ ਹਰ ਕਿਸੇ ਨੂੰ ਮਾਇਆ ਮੋਹ ਵਾਲੀ ਬਿਰਤੀ ਵਿੱਚ ਰੱਖਕੇ ਮਨਮੁਖਿ ਵਾਲੀ ਬਿਰਤੀ ਵਿੱਚ ਰੱਖਿਆ ਹੋਇਆ ਹੈ ਜਿਸ ਬਿਰਤੀ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀ ਹੋ ਸਕਦੀ ਕਿਉਂਕਿ ਇਹੋ ਜਿਹੀ ਬਿਰਤੀ ਦੁਆਰਾ ਮਨੁੱਖ ਪ੍ਰਮਾਤਮਾ ਦੇ ਗੁਣ ਨਹੀਂ ਗਾਉਂਦਾ ਭਾਵ ਗੁਰੂ ਦੇ ਦੱਸੇ ਹੋਏ ਮਾਰਗ ਤੇ ਨਹੀਂ ਚਲਦਾ ਬਲਕਿ ਗੁਰੂ ਤੋਂ ਦੂਸਰੀ ਮਤਿ ਨੂੰ ਗਾਉਂਦਾ ਹੈ ਭਾਵ ਦੂਸਰੀ ਮਤਿ ਅਨੁਸਾਰ ਵਿਚਰਦਾ ਹੈ। (**ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥੩॥**)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ - ੨੨੫)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ - ੧੪੧੪)

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥}

(ਅੰਗ ੩੭੫-੩੭੬)

37/4382

ਜੋ ਵੀ ਸੰਸਾਰ ਵਿਚ ਆਉਂਦਾ ਹੈ ਉਹ ਮਨ ਦੇ ਵਿਚ ਮਾਇਆ ਮੋਹ ਵਾਲੀ ਬਿਰਤੀ ਦੁਆਰਾ ਹੀ ਆਉਂਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੀ ਆਉਂਦਾ ਹੈ। ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ। ਜਿਸ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਸ ਨੇ ਇਸ ਮਾਇਆ ਰੂਪ ਵਿਚ ਹੀ ਪਾਇਆ ਹੈ। ਪਹਿਲਾਂ ਮਨੁੱਖ ਦਾ ਮਨ ਦੇ ਇਸ ਮਾਇਆ ਰੂਪ ਦੁਆਰਾ ਪ੍ਰਮਾਤਮਾ ਤੋਂ ਵੱਖਰਾ ਰੂਪ ਬਣਦਾ ਹੈ, ਹਉਮੈ ਰੂਪ ਬਣਦਾ ਹੈ ਤੇ ਇਸ ਰੂਪ ਦੁਆਰਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਮਨ ਦੇ ਵਿਚ ਹੀ ਪਾਇਆ ਜਾ ਸਕਦਾ ਹੈ ਭਾਵ ਮਨ ਦੇ ਵਿਚ ਹੀ ਮਨ ਦਾ ਭਰਮ ਰੂਪ ਪੜਦਾ ਨਿਕਲਣ ਦੁਆਰਾ ਪ੍ਰਮਾਤਮਾ ਦੇ ਨਾਲ ਇੱਕ ਹੋਇਆ ਜਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਇੱਕ ਹੋਣ ਤੋਂ ਬਾਦ ਫਿਰ ਮਨੁੱਖ ਆਵਾਗਉਣ ਤੋਂ ਨਿਕਲ ਜਾਂਦਾ ਹੈ ਭਾਵ ਜਦੋਂ ਕੋਈ ਵੀ ਸਰੀਰ ਸੰਸਾਰ ਵਿਚ ਮਨੁੱਖੀ ਰੂਪ ਵਿਚ ਆਉਂਦਾ ਹੈ ਉਹ ਮਾਇਆ ਰੂਪ ਵਿਚ ਹੀ ਆਉਂਦਾ ਹੈ। (**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥ ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥ ਲਿਵ ਛੁਡਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥ ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥29॥**) ਅੰਗ - 921

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥}

(ਅੰਗ - ੯੯੯)

{ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ ॥੨॥
ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥

ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥ ਕਿਰਪਾ ਕਰਿ ਸਤਿਗੁਰੂ ਮਿਲਾਏ ॥
ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥}

(ਅੰਗ - ੧੬੧)

{ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ ॥
ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ ॥੩॥}

(ਅੰਗ - ੧੦੧੩)

ਹਰ ਕੋਈ ਮਨ ਦੀ ਸੋਝੀ ਦੇ ਰਾਹੀਂ ਸ਼ਕਤੀ ਦੇ ਘਰ ਵਿਚ ਹੀ ਵੱਸਿਆ ਹੋਇਆ ਹੈ ਭਾਵ ਜਦ ਤਕ ਅਸੀਂ ਮਨ ਦੇ ਵਿਚ ਸਿਵ ਦੇ ਘਰ ਵਿਚ ਭਾਵ ਪ੍ਰਮਾਤਮਾ ਦੇ ਘਰ ਵਿਚ ਨਹੀਂ ਪਹੁੰਚਦੇ ਤਦ ਤਕ ਮਨ ਦੀ ਅਗਿਆਨਤਾ ਰਾਹੀਂ ਹਰ ਕੋਈ ਸੁੱਤਾ ਹੋਇਆ ਹੀ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ ਤੇ ਪ੍ਰਮਾਤਮਾ ਦੀ ਭਗਤੀ ਕਰਨੀ ਕੀ ਹੈ ਇਸ ਬਾਰੇ ਹਰ ਕੋਈ

ਭਰਮ ਵਿਚ ਹੀ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹਰ ਕੋਈ ਮਨਮੁਖਿ ਰੂਪ ਹੈ ਭਾਵ ਮਨਮਤਿ ਵਾਲਾ ਹੈ ਤੇ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਹੀ ਨਹੀਂ ਸਕਦੀ ਜਿਵੇਂ ਕਿ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਪਰ ਫਿਰ ਵੀ ਹਰ ਕੋਈ ਆਪਣੇ ਆਪ ਨੂੰ ਆਪਣੇ ਆਪਣੇ ਭਗਤੀ ਦੇ ਤਰੀਕਿਆਂ ਦੁਆਰਾ ਭਗਤੀ ਵਾਲਾ ਬਣਾਈ ਬੈਠਾ ਹੈ ਜੋ ਕਿ ਕੇਵਲ ਸਾਡੇ ਮਨ ਦਾ ਭਰਮ ਹੈ ਹੋਰ ਕੁਝ ਵੀ ਨਹੀਂ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਨਾ ਭਗਤੀ ਦੀ ਸਮਝ ਲਗ ਸਕਦੀ ਹੈ ਤੇ ਨਾ ਹੀ ਭਗਤੀ ਹੋ ਸਕਦੀ ਹੈ। ਪ੍ਰਮਾਤਮਾ ਦੀ ਭਗਤੀ ਹੁੰਦੀ ਹੀ ਵਿਕਾਰਾਂ ਤੋਂ ਰਹਿਤ ਹੋ ਕੇ ਹੈ। (**ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥3॥**) ਅੰਗ - 506

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥}

(ਅੰਗ - ੧੧੮੯)

ਗਉੜੀ ਮਹਲਾ ੧ ॥

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥ ਗੁਰ ਕੀ ਸੇਵਾ ਸਬਦੁ ਵੀਚਾਰੁ ॥
ਹਉਮੈ ਮਾਰੇ ਕਰਣੀ ਸਾਰੁ ॥੭॥ ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ - ੨੨੩)

ਭੈਰਉ ਮਹਲਾ ੫ ॥

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥
ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥

ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥
ਸਾਧ ਜਨਾ ਕੈ ਸੰਗਿ ਨਿਸਤਰੇ ॥੨॥ ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦}

(ਅੰਗ - ੧੧੪੭)

{ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥}

(ਅੰਗ - ੧੮੭)

ਆਸਾ ਬਾਣੀ ਭਗਤ ਧੰਨੇ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥
ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥
ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥}

(ਅੰਗ - ੪੮੭)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ - ੧੦੩੨)

37/4384

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ - ੧੧੮੮)

{ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥ ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ - ੧੩੪੩)

ਜਦ ਤਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹਾਂ ਇਸ ਵਿਚ ਰਹਿੰਦੇ ਹੋਏ ਅਸੀਂ ਭਗਤੀ ਦਾ ਉਦਮ ਹੀ ਕਰ ਸਕਦੇ ਹਾਂ ਭਾਵ ਅਸੀਂ ਆਪਣੀ ਮਨਮਤਿ ਨੂੰ ਛੱਡਣ ਦਾ ਉਦਮ ਕਰਨਾ ਹੈ, ਗੁਰਮਤਿ ਨੂੰ ਆਪਣੇ ਅੰਦਰ ਵਸਾਉਣ ਦਾ ਉਦਮ ਕਰਨਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਇਹੋ ਜਿਹਾ ਕੋਈ ਕਰਮ ਨਾ ਕਰੀਏ ਜੋ ਗੁਰਮਤਿ ਦੇ ਉਲਟ ਹੋਵੇ। ਸਾਡਾ ਜੋ ਵੀ ਕਰਮ ਗੁਰਮਤਿ ਦੇ ਉਲਟ ਹੁੰਦਾ ਹੈ ਉਸ ਵਿਚ **"ਸਕਤਿ"** ਵਾਲੀ ਮਤਿ ਹੁੰਦੀ ਹੈ ਤੇ ਸਾਡਾ ਜੋ ਵੀ ਕਰਮ ਗੁਰਮਤਿ ਦੇ ਅਨੁਸਾਰ ਹੁੰਦਾ ਹੈ ਉਸ ਵਿਚ **"ਸਿਵ"** ਵਾਲੀ ਮਤਿ ਹੁੰਦੀ ਹੈ। **"ਸਿਵ"** ਦੇ ਘਰ ਵਿਚ ਪਹੁੰਚਣ ਲਈ ਸਾਡਾ ਇਹੀ ਇੱਕੋ ਇੱਕ ਸੱਚਾ ਉਦਮ ਹੈ। ਸਿਵ ਦੇ ਘਰ ਵਿਚ ਪਹੁੰਚਕੇ ਫਿਰ ਪ੍ਰਮਾਤਮਾ ਮਨੁੱਖ ਦੇ ਮਨ ਨੂੰ ਭਾਵ ਮਨੁੱਖ ਦੀ ਮਤਿ ਨੂੰ ਪੂਰੀ ਤਰ੍ਹਾਂ ਨੀਂਦ ਵਿਚੋਂ ਜਗਾ ਦਿੰਦਾ ਹੈ ਭਾਵ ਪੂਰੀ ਤਰ੍ਹਾਂ ਮਨ ਦੀ ਅਗਿਆਨਤਾ ਵਿਚੋਂ, ਭਰਮ ਵਿਚੋਂ, ਦੁਬਿਧਾ ਵਿਚੋਂ, ਸਹਸਾ ਵਿਚੋਂ ਭਾਵ ਮਾਇਆ ਮੋਹ ਵਾਲੀ ਬਿਰਤੀ ਵਿਚੋਂ ਕੱਢ ਲੈਂਦਾ ਹੈ ਜਿਵੇਂ ਕੇ ਮੁੱਖ ਸ਼ਬਦ ਦੀ ਨਾਲ ਦੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਫਿਰ ਮਨੁੱਖ ਦਾ ਮਨ ਮਾਇਆ ਮੋਹ ਵਿਚ ਨਹੀਂ ਨੱਚਦਾ ਭਾਵ ਗੁਰਮਤਿ ਅਨੁਸਾਰ ਨੱਚਦਾ ਹੈ ਭਾਵ ਉਸ ਨੂੰ ਮਾਇਆ ਮੋਹ ਵਿਚ ਸੁਖ ਮਹਿਸੂਸ ਨਹੀਂ ਹੁੰਦਾ ਬਲਕਿ ਗੁਰਮਤਿ ਤੇ ਚੱਲਣ ਤੇ **"ਸੁਖੁ"** ਮਹਿਸੂਸ ਹੁੰਦਾ ਹੈ, **"ਅੰਨਦ"** ਮਹਿਸੂਸ ਹੁੰਦਾ ਹੈ।(**ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ ॥**) ਇਹੋ ਜਿਹਾ ਮਨ ਦਾ ਨੱਚਣਾ ਮਨੁੱਖ ਦੇ ਸੱਚੇ ਗਿਆਨ ਵਾਲੀ ਬੁਧਿ ਹੈ, ਮਨੁੱਖ ਸੱਚੇ ਗਿਆਨ ਦਾ ਵੀਚਾਰੀ ਹੁੰਦਾ ਹੈ, ਗੁਰਮਤਿ ਵਾਲੀ ਸੱਚੀ ਬੁਧਿ ਦਾ ਵੀਚਾਰੀ ਹੁੰਦਾ ਹੈ ਭਾਵ ਗੁਰਮੁਖਿ ਵਾਲੀ ਅਵਸਥਾ ਵਾਲਾ ਹੁੰਦਾ ਹੈ। ਅਸਲ ਸਿਧ, ਸਾਧਕ, ਸੁਰਿ, ਨਰ ਇਹੋ ਜਿਹੀ ਬਿਰਤੀ ਵਾਲੇ ਹੁੰਦੇ ਹਨ ਜਿਵੇਂ ਕਿ ਸ਼ਬਦ ਦੀਆਂ ਨਾਲ ਦੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਲਿਵ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਲਗਦੀ ਹੈ। (**ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥ ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥4॥**)

37/4385

ਸਾਡੇ ਅੰਦਰ ਸਿਵ ਦਾ ਵਾਸਾ, ਪ੍ਰਮਾਤਮਾ ਦਾ ਵਾਸਾ ਸਾਡੀ ਬੁਧਿ ਦੇ ਵਿੱਚ ਹੀ ਹੈ ਤੇ ਉਸ ਬੁਧਿ ਦੇ ਵਿੱਚ ਹੈ ਜੋ ਸੱਚੇ ਗਿਆਨ ਵਾਲੀ ਬੁਧਿ ਹੁੰਦੀ ਹੈ। ਪ੍ਰਮਾਤਮਾ ਦੀ ਪੁਰੀ, ਸਿਵ ਦੀ ਪੁਰੀ ਭਾਵ ਸਾਡੇ ਅੰਦਰ ਰਹਿਣ ਦਾ ਅਸਥਾਨ ਸਾਡਾ ਮਨ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ। ਹੇਠ ਦਿੱਤੇ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿਚ ਕਾਫੀ ਪਿਛੇ ਪਹਿਲੇ ਹੀ ਜਾਣ ਚੁਕੇ ਹਾਂ ਤੇ ਕੁਝ ਪੰਗਤੀਆਂ ਨੂੰ ਫਿਰ ਤੋਂ ਵਿਚਾਰਦੇ ਹਾਂ।

{“ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥ ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥ ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥ ਮੂਲ ਦੁਆਰੈ ਬੰਧਿਆ ਬੰਧੁ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥ ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥”}

(ਅੰਗ - ੧੧੫੯)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਪ੍ਰਮਾਤਮਾ ਦਾ, ਸਿਵ ਦਾ ਟਿਕਾਣਾ ਸਾਡੇ ਅੰਦਰ ਕਿਸ ਰੂਪ ਵਿਚ ਹੈ ਬੜੇ ਹੀ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦਾ ਟਿਕਾਣਾ ਸਾਡੀ ਬੁਧਿ ਦੇ ਵਿੱਚ ਹੈ ਭਾਵ ਸਾਡੀ ਮਤਿ ਦੇ ਵਿਚ ਹੈ ਭਾਵ ਮਨ ਦੇ ਵਿਚਾਰਾਂ ਦੇ ਵਿੱਚ ਹੈ, ਮਨ ਦੀ ਸੋਝੀ ਦੇ ਵਿੱਚ ਹੈ, ਮਨ ਦੇ ਗਿਆਨ ਦੇ ਵਿੱਚ ਹੈ। ਪ੍ਰਮਾਤਮਾ ਦਾ ਟਿਕਾਣਾ **“ਸਾਰੁ”** ਵਾਲੀ ਬੁਧਿ ਵਿੱਚ ਹੁੰਦਾ ਹੈ ਭਾਵ ਸਭ ਤੋਂ ਉੱਤਮ ਬੁਧਿ ਵਿੱਚ ਹੁੰਦਾ ਹੈ ਜੋ ਬੁਧਿ ਤੱਤ ਗਿਆਨ ਵਾਲੀ ਬੁਧਿ ਹੁੰਦੀ ਹੈ। **“ਸਾਰੁ”** ਵਾਲੀ ਬੁਧਿ ਕਿਹੋ ਜਿਹੀ ਹੁੰਦੀ ਹੈ ਇਸ ਗੱਲ ਨੂੰ ਰਹਾਉ ਵਾਲੀ ਪੰਗਤੀ ਦੁਆਰਾ ਸਪਸ਼ਟ ਕੀਤਾ ਹੋਇਆ ਹੈ। **“ਸਾਰੁ”** ਵਾਲੀ ਬੁਧਿ ਦੇ ਰੂਪ ਵਿਚ ਸਾਡੇ ਅੰਦਰ ਪ੍ਰਮਾਤਮਾ ਆਪ ਹੈ ਜੋ ਕਿ **“ਬ੍ਰਹਮ ਗਿਆਨੁ”** ਦੇ ਰੂਪ ਵਿਚ ਹੈ। ਇਹੀ ਪ੍ਰਮਾਤਮਾ ਦਾ ਨਾਮ ਰੂਪ ਹੈ ਜਿਵੇਂ ਕਿ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਜਦੋਂ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਧਿਆਨ ਜੁੜਦਾ ਹੈ ਉਹ ਮਨ ਦੇ ਵਿਚ ਬ੍ਰਹਮ ਗਿਆਨ ਦੇ ਨਾਲ ਹੀ ਜੁੜਦਾ ਹੈ। ਸਾਡੇ ਅੰਦਰ ਇਹ ਬ੍ਰਹਮ ਗਿਆਨ ਦਾ ਪਦ ਹੀ ਪ੍ਰਮਾਤਮਾ ਦਾ **“ਨਿਜ ਪਦ”** ਹੈ, ਨਿਜ ਘਰ ਹੈ। ਇਹੀ ਅਸਲ ਵਿਚ ਮਨੁੱਖ ਦਾ ਆਪਣਾ ਘਰ ਹੈ ਜਿਸ ਤੋਂ ਮਨੁੱਖ ਵਿਛੁੜਿਆ ਹੋਇਆ ਹੈ, ਮਨ ਦੇ ਭਰਮ ਕਰਕੇ ਵਿਛੜਿਆ ਹੋਇਆ ਹੈ। ਅਸੀਂ ਇਸ ਘਰ ਦੇ ਵਿਚ ਹੀ ਜਾਣਾ ਹੈ, ਬ੍ਰਹਮ ਗਿਆਨ ਦੇ ਘਰ ਦੇ ਵਿਚ ਹੀ ਜਾਣਾ ਹੈ। ਅਸੀਂ ਮਨ ਦੇ ਵਿਚ ਸ਼ਕਤੀ ਦੇ ਘਰ ਵਿਚ ਵੱਸਦੇ ਹਾਂ, ਮਨ ਦੀ ਅਗਿਆਨਤਾ ਦੇ ਘਰ ਵਿਚ ਵੱਸਦੇ ਹਾਂ ਪਰ ਸਾਡਾ ਅਸਲ ਘਰ **“ਬ੍ਰਹਮ ਗਿਆਨੁ”** ਰੂਪ ਘਰ ਹੈ ਜਿਸ

37/4386

ਘਰ ਵਿਚ ਪਹੁੰਚਕੇ ਅਸੀਂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਾਂ, ਮਨ ਦੇ ਗਿਆਨ ਰਾਹੀਂ ਇੱਕ ਹੋ ਜਾਂਦੇ ਹਾਂ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੇ ਗਿਆਨ ਰਾਹੀਂ ਹੁੰਦਾ ਹੈ ਤੇ ਫਿਰ ਪ੍ਰਮਾਤਮਾ ਨਾਲ ਮੇਲ ਤੋਂ ਬਾਅਦ ਉਸ ਦੇ ਕੋਲੋਂ ਮਨ ਦੇ ਵਿੱਚ ਸੋਝੀ ਹੀ ਮਿਲ ਸਕਦੀ ਹੈ, ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਸਾਰੀ ਅੱਗੇ ਪਿੱਛੇ ਦੀ ਸੋਝੀ ਹੀ ਪਾਉਂਦਾ ਹੈ ਭਾਵ ਆਪਣਾ ਅਸਲ ਰੂਪ ਹੀ ਸਮਝਾਉਂਦਾ ਹੈ, ਸੰਸਾਰ ਦੀ, ਮਨੁੱਖ ਦੀ ਅਸਲੀਅਤ ਸਮਝਾਉਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਕਰਦਾ ਹੈ ਤੇ ਜੋ ਵੀ ਕਰਮ ਕਰਦਾ ਹੈ ਉਹਨਾਂ ਨੂੰ ਆਪਣੇ ਕਰਮ ਸਮਝਦਾ ਹੈ ਕਿਉਂਕਿ ਉਹ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦਾ ਹੈ। ਜਦ ਤੱਕ ਮਨੁੱਖ ਇਹ ਸਮਝਦਾ ਹੈ ਕਿ ਕਰਮ ਕਰਨ ਵਾਲਾ ਮੈਂ ਹਾਂ ਇਹ ਉਸ ਦਾ ਭਰਮ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਦ ਮਨ ਦੀ ਸੋਝੀ ਰਾਹੀਂ ਇਹ ਸਮਝ ਪੈਂਦੀ ਹੈ ਕਿ ਜੋ ਵੀ ਮੈਂ ਕਰਮ ਕਰਦਾ ਹਾਂ ਉਹ ਕਰਮ ਕਰਨ ਵਾਲਾ ਮੈਂ ਨਹੀਂ ਹਾਂ ਬਲਕਿ ਪ੍ਰਮਾਤਮਾ ਆਪ ਹੈ ਜੋ ਅੰਦਰ ਬੈਠਾ ਆਪ ਹੀ ਮਨੁੱਖ ਕੋਲੋਂ ਸਭ ਕੁਝ ਕਰਵਾ ਰਿਹਾ ਹੈ। ਸਾਡੇ ਮਰਨ ਦਾ ਕਾਰਣ ਭਾਵ ਸਾਡੇ ਜੀਵਨ ਦੇ

ਵਿਅਰਥ ਜਾਣ ਦਾ ਕਾਰਨ ਇਹੀ ਹੈ ਕਿ ਅਸੀਂ ਕਰਮ ਕਰਨ ਵਿਚ ਆਪਣੇ ਆਪ ਨੂੰ ਸਮਝਦੇ ਹਾਂ ਭਾਵ ਮਨ ਦੇ ਵਿਚਾਰਾਂ ਨੂੰ ਆਪਣਾ ਸਮਝਦੇ ਹਾਂ। (**ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥ ਈਤ ਊਤ ਕੀ ਸੋਝੀ ਪਰੈ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥ ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥**)

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥

ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥

ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥

ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ - ੧੩੮)

ਕਹਿਣ ਨੂੰ ਤਾਂ ਹਰ ਕੋਈ ਕਹਿ ਦਿੰਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਕਰਾਉਂਦਾ ਹੈ ਪਰ ਆਪਣੇ ਕਰਮ ਕਰਨ ਦੀਆਂ ਵਡਿਆਈਆਂ ਮਨੁੱਖ ਆਪ ਲੈਂਦਾ ਹੈ। ਪ੍ਰਮਾਤਮਾ ਸਾਡੇ ਕੋਲੋਂ ਕਰਮ ਕਿਸ ਰੂਪ ਵਿਚ ਕਰਾਉਂਦਾ ਹੈ ਇਸ ਗੱਲ ਦੀ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਸਾਡੇ ਅੰਦਰ ਪ੍ਰਮਾਤਮਾ ਜੋਤਿ ਰੂਪ ਵਿਚ

ਹੀ ਹੈ ਤੇ ਸਾਡੀ ਜੋਤਿ ਵਿੱਚ ਬੋਲਣ ਵਾਲਾ ਉਹ ਆਪ ਹੈ ਜੋ ਹਰ ਵੇਲੇ ਮਨ ਦੇ ਵਿਚਾਰਾਂ ਰਾਹੀਂ ਸਾਡੇ ਅੰਦਰ ਬੋਲ ਰਿਹਾ ਹੈ ਪਰ ਇਸ ਗੱਲ ਦੀ ਸੋਝੀ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਜੋਤਿ ਰੂਪ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ। ਸਾਨੂੰ ਸਾਰੀ ਸੋਝੀ ਮਨ ਰੂਪ ਜੋਤਿ ਰਾਹੀਂ ਹੀ ਪੈਂਦੀ ਹੈ। ਸਾਡੇ ਅੰਦਰ ਦੀ ਜੋਤਿ ਹੀ ਸਾਡਾ **"ਸਕਤਿ"** ਰੂਪ ਘਰ ਹੈ ਤੇ ਸਾਡੇ ਅੰਦਰ ਦੀ ਜੋਤਿ ਹੀ ਸਾਡਾ **"ਸਿਵ"** ਰੂਪ ਘਰ ਹੈ। ਜਦ ਤੱਕ ਅਸੀਂ ਆਪਣੇ ਅੰਦਰ ਦੀ ਜੋਤਿ ਨੂੰ ਨਹੀਂ ਜਾਣਦੇ ਤਦ ਤੱਕ ਅਸੀਂ ਸਕਤਿ ਰੂਪ ਘਰ ਵਿੱਚ ਹਾਂ ਭਾਵ ਮਨ ਦੀ ਅਗਿਆਨਤਾ ਦੇ ਘਰ ਵਿੱਚ ਹਾਂ, ਭਰਮ ਮੋਹ ਦੇ ਘਰ ਵਿੱਚ ਹਾਂ, ਮਾਇਆ ਦੇ ਘਰ ਵਿੱਚ ਹਾਂ ਤੇ ਜਦੋਂ ਅਸੀਂ ਆਪਣੇ ਅੰਦਰ ਦੀ ਜੋਤਿ ਨੂੰ ਜਾਣ ਲੈਂਦੇ ਹਾਂ ਫਿਰ ਅਸੀਂ ਸਕਤਿ ਦੇ ਘਰ ਵਿੱਚੋਂ ਨਿਕਲ ਕੇ ਸਿਵ ਦੇ ਘਰ ਵਿੱਚ ਪਹੁੰਚ ਜਾਂਦੇ ਹਾਂ। **"ਸਕਤਿ"** ਦੇ ਘਰ ਵਿਚ ਵੀ ਅਸੀਂ ਮਨ ਦੇ ਵਿਚਾਰਾਂ ਰਾਹੀਂ ਹਾਂ ਤੇ **"ਸਿਵ"** ਦੇ ਘਰ ਵਿੱਚ ਵੀ ਅਸੀਂ ਮਨ ਦੇ ਵਿਚਾਰਾਂ ਰਾਹੀਂ ਹੀ ਵੱਸਦੇ ਹਾਂ। ਫਰਕ ਕੇਵਲ ਸਾਡੇ ਮਨ ਦੇ ਵਿਚਾਰਾਂ ਦੀ ਸੋਝੀ ਵਿੱਚ ਪੈਂਦਾ ਹੈ, ਮਨ ਦੇ ਗਿਆਨ ਵਿੱਚ ਪੈਂਦਾ ਹੈ ਭਾਵ ਸਾਡੇ ਮਨ ਦੇ ਅਗਿਆਨਤਾ ਵਾਲੇ ਵਿਚਾਰ ਸੱਚੇ ਗਿਆਨ ਵਾਲੇ ਵਿਚਾਰ ਬਣ ਜਾਂਦੇ ਹਨ। ਸਾਡੇ ਮਨ ਦੇ ਵਿਚਾਰਾਂ ਦੇ ਗਿਆਨ ਦਾ ਸ੍ਰੋਤ ਸਾਡੇ ਅੰਦਰ ਦੀ ਜੋਤਿ ਹੀ ਹੈ ਜਿਸ ਰੂਪ ਵਿੱਚ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ। ਜਦ ਤੱਕ ਸਾਨੂੰ ਜੋਤਿ ਦੀ ਸਮਝ ਨਹੀਂ ਪੈਂਦੀ ਤਦ ਤੱਕ ਅਸੀਂ ਭਰਮ ਵਾਲੇ ਵਿਚਾਰਾਂ ਵਿੱਚ ਰਹਿੰਦੇ ਹਾਂ ਤੇ ਸਾਨੂੰ ਭਰਮ ਵਾਲੇ ਵਿਚਾਰਾਂ ਵਿੱਚ ਰੱਖਣ ਵਾਲੀ ਮਨ ਦੀ ਜੋਤਿ ਹੀ ਹੈ ਭਾਵ ਆਪ ਪ੍ਰਮਾਤਮਾ ਹੀ ਹੈ। ਸਾਡੇ ਅੰਦਰ ਦੇ ਭਰਮ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਬੰਧਨ ਹੈ, ਭਰਮ ਮੋਹ ਰੂਪ ਬੰਧਨ ਹੈ। ਮਨ ਦੇ ਇਸ ਬੰਧਨ ਵਿਚ ਰਹਿੰਦੇ ਹੋਏ ਹਰ ਕੋਈ **"ਸਕਤਿ"** ਦੇ ਘਰ ਵਿਚ ਹੈ। ਇਹੀ ਸਾਡੇ ਅੰਦਰ ਮਾਇਆ ਦਾ ਬੰਧਨ ਹੈ ਜਿਸ ਵਿਚੋਂ ਨਿਕਲਣਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ ਕਿਉਂਕਿ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ। ਸਾਡੀ ਜੋਤਿ ਵਿਚ ਬੋਲਣ ਵਾਲਾ ਆਪ ਪ੍ਰਮਾਤਮਾ ਹੈ ਤੇ ਇਸੇ ਲਈ ਉਹ ਆਪ ਹੀ ਸਾਨੂੰ ਭਰਮ ਮੋਹ ਦੇ ਬੰਧਨ ਵਿਚ ਰੱਖਣ ਵਾਲਾ ਹੈ ਤੇ ਆਪ ਹੀ ਇਸ ਬੰਧਨ ਵਿਚੋਂ ਕੱਢਣ ਵਾਲਾ ਹੈ। ਮਨ ਦੇ ਇਸ ਬੰਧਨ ਵਿਚੋਂ ਨਿਕਲੇ ਬਿਨਾ, ਅਗਿਆਨਤਾ ਰੂਪ ਬੰਧਨ ਵਿਚੋਂ ਨਿਕਲੇ ਬਿਨਾ ਕੋਈ ਸਿਵ ਦੇ ਘਰ ਵਿਚ ਨਹੀਂ ਵੱਸ ਸਕਦਾ ਭਾਵ ਪ੍ਰਮਾਤਮਾ ਦੀ ਰਜ਼ਾ ਬਿਨਾ ਕੋਈ ਉਸ ਦੇ ਘਰ ਨਹੀਂ ਵੱਸ ਸਕਦਾ ਭਾਵ ਕੋਈ ਵੀ ਉਸ ਨੂੰ

ਨਹੀਂ ਜਾਣ ਸਕਦਾ ਜੋ ਕਿ ਹਰ ਵੇਲੇ ਸਾਡੇ ਅੰਦਰ ਹੀ ਹੈ ਤੇ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। ਮਨੁੱਖ ਦੇ ਮਨ ਦਾ ਬੰਧਨ ਮਨ ਦੇ ਵਿਚਾਰ ਹੀ ਹਨ ਭਾਵ ਭਰਮ ਵਾਲੇ ਵਿਚਾਰ ਹੀ ਹਨ। ਇਹਨਾਂ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਸਾਨੂੰ ਸਿਵ ਆਪ ਹੀ ਕੱਢਦਾ ਹੈ ਭਾਵ ਮਨੁੱਖ ਇਸ ਬੰਧਨ ਵਿੱਚੋਂ ਸਿਵ ਦੇ ਘਰ ਪਹੁੰਚਣ ਦੁਆਰਾ ਹੀ ਨਿਕਲਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਾਰੇ ਸੰਸਾਰ ਨੂੰ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ, ਗਿਆਨ ਰੂਪ ਦੁਆਰਾ ਚਲਾਉਣ ਵਾਲਾ ਆਪ ਹੀ ਹੈ। ਹਰ ਵਸਤੂ ਦੇ ਅੰਦਰ ਪ੍ਰਮਾਤਮਾ ਆਪਣੇ ਸਿਵ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਰੂਪ ਵਿੱਚ ਹੀ ਹੈ। ਪਰਮਾਤਮਾ ਦਾ ਸਿਵ ਰੂਪ ਹੀ ਉਸਦਾ ਨਾਮ ਰੂਪ ਹੈ ਜੋ ਕਿ ਸਾਡੇ ਅੰਦਰ ਹੀ ਹੈ। ਨਾਮ ਦੀ ਪ੍ਰਾਪਤੀ ਸਾਨੂੰ ਆਪਣੇ ਅੰਦਰੋਂ ਹੀ ਹੁੰਦੀ ਹੈ, ਸਿਵ ਦੇ ਘਰ ਵਿੱਚ ਪਹੁੰਚਕੇ ਹੁੰਦੀ ਹੈ।

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

ਸਾਡੇ ਸਭ ਦੇ ਜੀਵਨ ਦਾ ਮਨੋਰਥ ਸਿਵ ਦੇ ਘਰ ਵਿੱਚ ਵਾਸ ਕਰਨ ਦਾ ਹੈ ਭਾਵ ਪਰਮਾਤਮਾ ਦੇ ਨਾਲ ਮੇਲ ਕਰਨ ਦਾ ਹੈ ਜੋ ਪ੍ਰਾਪਤੀ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਹੀ ਹੋ ਸਕਦੀ ਹੈ ਭਾਵ **"ਸਕਤੀ"** ਦੇ ਘਰ ਵਿੱਚੋਂ ਨਿਕਲ ਕੇ ਹੀ ਹੋ ਸਕਦੀ ਹੈ। ਸਕਤੀ ਵੀ ਸਾਡੇ ਅੰਦਰ ਹੈ ਤੇ ਸਿਵ ਵੀ ਸਾਡੇ ਅੰਦਰ ਹੈ ਭਾਵ ਪ੍ਰਮਾਤਮਾ ਨਾਲ ਮੇਲ ਕਰਨ ਦਾ ਤਰੀਕਾ ਵੀ ਸਾਡੇ ਮਨ ਦੀ ਸੋਝੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਵੀ ਸਾਡੇ ਮਨ ਦੀ ਸੋਝੀ ਹੈ ਭਾਵ ਸਭ ਕੁਝ ਸਾਡੇ ਮਨ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ। ਜਦ ਤਕ ਅਸੀਂ ਮਨਮਤਿ ਵਿੱਚ ਹਾਂ ਅਸੀਂ ਸਕਤੀ ਦੇ ਘਰ ਵਿੱਚ ਹਾਂ ਤੇ ਸਿਵ ਦਾ ਘਰ ਸੱਚੀ ਗੁਰਮਤਿ ਦਾ ਘਰ ਹੈ। ਧਰਮ ਦਾ ਮਾਰਗ ਆਪਣੀ ਮਤਿ ਨੂੰ ਬਦਲਣ ਦਾ ਮਾਰਗ ਹੈ ਭਾਵ ਆਪਣੀ ਪੁੱਠੀ ਮਤਿ ਨੂੰ ਸਿੱਧੀ ਕਰਨ ਦਾ ਮਾਰਗ ਹੈ। ਸਾਡੀ ਮਨਮਤਿ ਵਾਲੀ ਮਤਿ ਪੁੱਠੀ ਮਤਿ ਹੈ ਤੇ ਗੁਰਮਤਿ ਵਾਲੀ ਮਤਿ ਸਿੱਧੀ ਮਤਿ ਹੈ। ਸਾਡੀ ਪੁੱਠੀ ਮਤਿ ਨੂੰ ਸਿੱਧਾ ਕਰਨ ਵਾਲਾ ਗੁਰੂ

ਦਾ ਸ਼ਬਦ ਹੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਹੈ ਤੇ ਸਾਡੇ ਜੀਵਨ ਦਾ ਮਨੋਰਥ ਭਾਵ ਪਰਮਾਤਮਾ ਦੇ ਨਾਲ ਮੇਲ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਸ਼ਬਦ ਦੀ ਮਤਿ ਨੂੰ ਅਪਨਾਕੇ ਆਪਣੀ ਮਨਮਤਿ ਵਿੱਚੋਂ ਨਿਕਲਣ ਦਾ ਉੱਦਮ ਕਰੀਏ, ਆਪਣੀ ਪੁੱਠੀ ਮਤਿ ਨੂੰ ਸਿੱਧੀ ਮਤਿ ਵਿੱਚ ਬਦਲਣ ਦਾ ਉਦਮ ਕਰੀਏ। ਇਹੀ ਸ਼ਕਤੀ ਦੇ ਘਰ ਵਿੱਚੋਂ ਨਿਕਲ ਕੇ ਸਿਵ ਦੇ ਘਰ ਵਿਚ ਜਾਣ ਲਈ ਸੱਚਾ ਉੱਦਮ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਮਾਰੂ ਮਹਲਾ ੩ ॥

"ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥
ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥
ਅਪਣੀ ਗਹਣ ਗਤਿ ਆਪੇ ਜਾਣੈ ॥ ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥
ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥

ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥
ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥
ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥
ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥
ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥
ਸੇਵਕ ਸੇਵਹਿ ਸਬਦਿ ਸਲਾਹਹਿ ॥ ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥
ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ ॥੧੧॥
ਸਬਦੇ ਅਕਥੁ ਕਥੇ ਸਾਲਾਹੇ ॥ ਮੇਰੇ ਪ੍ਰਭ ਸਾਚੇ ਵੇਪਰਵਾਹੇ ॥
ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ ॥੧੨॥
ਮਨਮੁਖੁ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥
ਆਪੇ ਆਪਿ ਆਪਿ ਸਾਲਾਹੇ ॥ ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥
ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ ॥੧੪॥
ਬਿਨੁ ਗੁਰ ਦਾਤੇ ਕੋਇ ਨ ਪਾਏ ॥ ਲਖ ਕੋਟੀ ਜੇ ਕਰਮ ਕਮਾਏ ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥
ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥ ਸਾਚੀ ਬਾਣੀ ਸਬਦਿ ਸੁਹਾਏ ॥
ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥੪॥੧੩॥"

(ਅੰਗ ੧੦੫੬-੧੦੫੭)

ਜੇਕਰ ਹੁਣ ਤੱਕ ਪੂਰੇ ਲੇਖ ਨੂੰ ਅਸੀਂ ਧਿਆਨ ਨਾਲ ਪੜਿਆ ਹੈ, ਸਮਝਿਆ ਹੈ ਫਿਰ ਉਪਰ ਵਾਲੇ ਸਾਰੇ ਸ਼ਬਦ ਨੂੰ ਅਸੀਂ ਪੂਰੀ ਤਰਾਂ ਸਮਝ ਸਕਦੇ ਹਾਂ ਭਾਵ ਬਹੁਤ ਜਿਆਦਾ ਵਿਆਖਿਆ ਦੀ ਲੋੜ ਨਹੀਂ ਹੈ। ਸਾਡਾ ਵੱਡਾ ਮੱਕਸਦ ਸਿਵ ਸਕਤੀ ਵਾਲੀ ਅਵਸਥਾ ਨੂੰ ਸਮਝਣ ਦਾ ਹੈ ਜਿਸ ਨੂੰ ਕਿ ਕੁਝ ਪੰਗਤੀਆਂ ਦੀ ਵਿਆਖਿਆ ਦੁਆਰਾ ਸਮਝਿਆ ਜਾ ਸਕਦਾ ਹੈ।

ਪੂਰੇ ਸੰਸਾਰ ਦੀ ਰਚਨਾ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਇੱਕ ਖੇਡ ਹੈ ਤੇ ਆਪਣੀ ਇਸ ਖੇਡ ਦਾ ਆਨੰਦ ਲੈਣ ਲਈ ਪਰਮਾਤਮਾ ਨੇ ਸਭ ਨੂੰ ਇੱਕ ਦੂਸਰੇ ਤੋਂ ਵੱਖਰਾ ਬਣਾਇਆ ਹੈ। ਮਨੁੱਖੀ ਰੂਪ ਵਿੱਚ ਪਰਮਾਤਮਾ ਨੇ ਤਨ ਰਾਹੀਂ ਤੇ ਮਨ ਰਾਹੀਂ ਵੱਖਰਾ ਵੱਖਰਾ ਬਣਾਇਆ ਹੋਇਆ ਹੈ। ਤਨ ਰਾਹੀਂ ਵੱਖਰਾਪਨ ਅਸੀਂ ਸਮਝ ਸਕਦੇ ਹਾਂ ਤੇ ਮਨ ਰਾਹੀਂ ਸਾਡਾ ਵੱਖਰਾਪਨ ਸਾਡੇ ਵਿਚਾਰਾਂ ਦੁਆਰਾ ਹੈ। ਆਪਣੇ ਆਪਣੇ ਵਿਚਾਰਾਂ ਰਾਹੀਂ ਮਨੁੱਖ ਭਾਵੇਂ ਇਕ ਦੂਸਰੇ ਤੋਂ ਆਪਣੇ ਆਪ ਨੂੰ ਵੱਖਰਾ ਸਮਝਦੇ ਹਨ ਪਰ ਉਹਨਾਂ ਵਿਚ

37/4390

ਇਹ ਵੱਖਰਾਪਨ ਪਾਉਣ ਵਾਲਾ ਪਰਮਾਤਮਾ ਆਪ ਹੀ ਹੈ। ਸਾਰੇ ਰੱਸ ਵੀ ਸਾਡੀ ਦੇਹੀ ਵਿਚ ਹੀ ਹਨ ਜੋ ਕਿ ਸਾਡੇ ਮਨ ਦੇ ਵਿਚਾਰਾਂ ਵਿਚ ਹੀ ਹਨ। ਅੰਨਰਸ ਵੀ ਸਾਡੇ ਵਿਚਾਰਾਂ ਵਿਚ ਹਨ ਜੋ ਕਿ ਮਾਇਆ ਮੋਹ ਦੇ ਰੱਸ ਹਨ। ਮਾਇਆ ਮੋਹ ਵਾਲੇ ਵਿਚਾਰ ਸਾਡੇ ਅੰਨਰੱਸ ਹਨ ਜੋ ਕਿ ਅਨੇਕਾਂ ਹੀ ਹਨ ਤੇ ਸਭ ਮਨੁੱਖ ਇਹਨਾਂ ਰਸਾਂ ਨਾਲ ਜੁੜੇ ਹੋਏ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਹਨਾਂ ਰੱਸਾਂ ਨੂੰ ਸਮਝਿਆ ਹੈ। ਹਰਿ ਰੱਸ ਵੀ ਸਾਡੇ ਅੰਦਰ ਹੀ ਹੈ ਜੋ ਕਿ ਗੁਰਮਤਿ ਰੂਪ ਸੱਚੀ ਸੋਝੀ ਦਾ ਰੱਸ ਹੈ, ਸੱਚੇ ਗਿਆਨ ਦਾ ਰੱਸ ਹੈ ਜਿਸ ਦੀ ਪ੍ਰਾਪਤੀ ਅੰਨਰੱਸ ਛੱਡਣ ਦੁਆਰਾ ਹੁੰਦੀ ਹੈ, ਮਾਇਆ ਦੇ ਰੱਸ ਛੱਡਣ ਦੁਆਰਾ ਹੁੰਦੀ ਹੈ। (**ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥ ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥**)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥}

(ਅੰਗ - ੧੧੫)

{ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥ ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥}

(ਅੰਗ - ੫੧੨)

{ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥
ਨਾਮੁ ਨਿਧਾਨੁ ਸਤਿਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥}

(ਅੰਗ - ੨੯)

ਆਸਾ ਮਹਲਾ ੩ ॥

{ਅਨ ਰਸ ਮਹਿ ਭੋਲਾਇਆ ਬਿਨੁ ਨਾਮੈ ਦੁਖ ਪਾਇ ॥ ਸਤਿਗੁਰੁ ਪੁਰਖੁ ਨ ਭੇਟਿਓ ਜਿ ਸਚੀ ਬੂਝ ਬੁਝਾਇ ॥੧॥
ਏ ਮਨ ਮੇਰੇ ਬਾਵਲੇ ਹਰਿ ਰਸੁ ਚਖਿ ਸਾਦੁ ਪਾਇ ॥
ਅਨ ਰਸਿ ਲਾਗਾ ਤੂੰ ਫਿਰਹਿ ਬਿਰਥਾ ਜਨਮੁ ਗਵਾਇ ॥੧॥ ਰਹਾਉ ॥}

(ਅੰਗ - ੪੩੦)

{ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥
ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥੧॥}

(ਅੰਗ - ੪੩੯)

37/4391

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥}

(ਅੰਗ - ੪੫੨)

{ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥}

(ਅੰਗ - ੩੬੦)

{ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥}

(ਅੰਗ - ੩੫੮)

{ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥ ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥}

(ਅੰਗ - ੨੯੭)

{ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥}

(ਅੰਗ - ੯੨)

{ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥}

(ਅੰਗ - ੪੧੪)

{ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥}

(ਅੰਗ - ੪੧੪)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥}

(ਅੰਗ - ੧੦੬)

37/4392

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ - ੪੧)

{ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥}

(ਅੰਗ - ੪੧)

ਸਾਰੇ ਰੱਸ ਸਾਡੇ ਮਨ ਦੀ ਸੋਝੀ ਨਾਲ ਜੁੜੇ ਹੋਏ ਹਨ ਜਿਵੇਂ ਕਿ ਉਪਰਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਪਸ਼ਟ ਕੀਤਾ ਹੋਇਆ ਹੈ। ਸਾਡੇ ਅੰਦਰ ਸਿਵ ਸ਼ਕਤੀ ਵਾਲੀ ਅਵਸਥਾ ਸਾਡੇ ਮਨ ਦੀ ਸੋਝੀ ਹੀ ਹੈ ਤੇ ਜਦ ਤੱਕ ਅਸੀਂ ਮਨ ਦੀ ਇਹੋ ਜਿਹੀ ਸੋਝੀ ਨਾਲ ਜੁੜੇ ਰਹਿੰਦੇ ਹਾਂ ਤਦ ਤੱਕ ਅਸੀਂ ਮਾਇਆ ਮੋਹ ਦੇ ਰੱਸਾਂ ਨਾਲ ਜੁੜੇ ਰਹਿੰਦੇ ਹਾਂ ਜਿੰਨਾ ਦੇ ਰਹਿੰਦੇ ਹੋਏ ਅਸੀਂ ਹਰਿ ਰੱਸ ਨਾਲ ਨਹੀਂ ਜੁੜ ਸਕਦੇ ਭਾਵ ਗੁਰਮਤਿ ਨਾਲ ਨਹੀਂ ਜੁੜ ਸਕਦੇ ਜਿਸ ਰੱਸ ਨਾਲ ਜੁੜਨ ਦੁਆਰਾ ਅਸੀਂ ਭਗਤੀ

ਦੇ ਮਾਰਗ ਤੇ ਚਲ ਸਕਦੇ ਹਾਂ। ਜਦੋਂ ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਕਰਦਾ ਹੈ ਉਹ ਮਨੁੱਖ ਨੂੰ ਸਿਵ ਸਕਤੀ ਵਾਲੀ ਅਵਸਥਾ ਵਿੱਚੋਂ ਕੱਢ ਲੈਂਦਾ ਹੈ ਭਾਵ ਉਸ ਦੇ ਮਨ ਦੀ ਸੋਝੀ ਨੂੰ, ਉਸ ਮਨੁੱਖ ਦੀ ਮਤਿ ਨੂੰ ਉਲਟ ਕੇ ਸਿਧੀ ਮਤਿ ਕਰ ਦਿੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥

ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥”

ਸਿਵ ਸਕਤੀ ਵਾਲੀ ਅਵਸਥਾ ਸਾਡੇ ਅੰਦਰ ਕੀ ਹੈ ਇਸ ਗੱਲ ਨੂੰ ਸ਼ਬਦ ਦੇ ਉਪਰਲੇ ਪਦੇ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤੇ ਸਾਡੇ ਅੰਦਰ ਪਉਣ ਦਾ ਵੱਜਣਾ ਕੀ ਹੈ ਇਸ ਗੱਲ ਨੂੰ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਪਿੱਛੇ ਕੁਝ ਸ਼ਬਦਾਂ ਦੁਆਰਾ ਅਸੀਂ ਆਪਣੇ ਅੰਦਰ ਪਰਮਾਤਮਾ ਦੇ **“ਪਉਣੁ”** ਰੂਪ ਨੂੰ ਸਮਝਿਆ ਹੈ ਜਿਸ ਦੁਆਰਾ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਵਰਤ ਰਿਹਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ

37/4393

ਦੇ ਰੂਪ ਵਿੱਚ ਵਿਚਰ ਰਿਹਾ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ ਜੋ ਕਿ ਸਾਡੇ ਅੰਦਰ ਉਸਦਾ ਪਉਣ ਰੂਪ ਹੈ। ਸਾਡੇ ਅੰਦਰ ਸਿਵ ਸਕਤੀ ਵਾਲੀ ਅਵਸਥਾ ਪਾਉਣ ਵਾਲਾ ਪਰਮਾਤਮਾ ਆਪ ਹੈ ਜੋ ਕਿ ਉਹ ਆਪਣੇ **“ਪਉਣੁ”** ਰੂਪ ਦੁਆਰਾ ਪਾਉਂਦਾ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਪਾਉਂਦਾ ਹੈ, ਮਨ ਦੀ ਸੋਝੀ ਰਾਹੀਂ ਪਾਉਂਦਾ ਹੈ। ਸਾਡੇ ਅੰਦਰ ਸਿਵ ਸਕਤੀ ਵਾਲੀ ਅਵਸਥਾ ਭਾਵ ਸਿਵ ਸਕਤੀ ਵਾਲੀ ਸੋਝੀ ਪਰਮਾਤਮਾ ਆਪਣੇ ਪਉਣੁ ਰੂਪ ਦੁਆਰਾ ਪਾਉਂਦਾ ਹੈ, ਆਪਣਾ **“ਪਉਣੁ”** ਰੂਪ ਵਜਾਉਣ ਦੁਆਰਾ, ਆਪਣਾ ਗਿਆਨ ਰੂਪ ਨਾਦ ਵਜਾਉਣ ਦੁਆਰਾ ਪਾਉਂਦਾ ਹੈ। ਜਦ ਤੱਕ ਸਾਡੇ ਅੰਦਰ ਮਨ ਦੀ ਅਵਸਥਾ ਭਾਵ ਮਨ ਦੀ ਸੋਝੀ ਸਿਵ ਸਕਤੀ ਵਾਲੇ ਵਿਚਾਰਾਂ ਵਾਲੀ ਰਹਿੰਦੀ ਹੈ ਤਦ ਤਕ ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦਾ ਹੈ ਭਾਵ ਮਾਇਆ ਮੋਹ ਵਾਲੀ ਅਵਸਥਾ ਵਿਚ ਰਹਿੰਦਾ ਹੈ ਜੋ ਮਨੁੱਖ ਨੂੰ ਦੁਚਿੱਤੀ ਵਿਚ, ਸਹਸਾ ਵਿਚ ਭਾਵ ਮਨ ਦੇ ਭਰਮ ਵਿਚ, ਅਗਿਆਨਤਾ ਵਿਚ ਰੱਖਦੀ ਹੈ ਕਿ ਸਾਡਾ ਮਨ ਕੀ ਹੈ ਤੇ ਸਾਡੇ ਮਨ ਦੇ ਵਿਚਾਰ ਕਿਥੋਂ ਆਉਂਦੇ ਹਨ। ਜਦ ਤਕ ਅਸੀਂ ਮਨ ਦੀ ਇਹੋ ਜਿਹੀ ਅਵਸਥਾ ਵਿਚ ਹਾਂ ਤਦ ਤਕ ਅਸੀਂ ਮਨ ਦੇ ਭਰਮ ਰਾਹੀਂ ਮਨ ਦੇ ਵਿਚ ਹੀ ਪਰਮਾਤਮਾ ਕੋਲੋਂ ਵਿਛੜੇ ਰਹਿੰਦੇ ਹਾਂ ਭਾਵ ਉਸ ਪ੍ਰਮਾਤਮਾ ਨੂੰ ਆਪਣੇ ਅੰਦਰ ਹੁੰਦੇ ਹੋਏ ਵੀ, ਉਸ ਸਿਵ ਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਜਾਣ ਨਹੀਂ ਸਕਦੇ। ਜਿਸ ਨੂੰ ਪ੍ਰਮਾਤਮਾ ਮਨ ਦੇ ਵਿਚ ਆਪਣੇ ਦਰਸ਼ਨ ਕਰਵਾਉਂਦਾ ਹੈ ਉਸਦੀ ਇਹੋ ਜਿਹੀ ਮਤਿ ਨੂੰ ਹੀ ਉਲਟਦਾ ਹੈ ਭਾਵ ਮਨ ਦੀ ਪੁੱਠੀ ਮਤਿ ਨੂੰ ਉਲਟ ਕੇ ਸਿੱਧਾ ਕਰ ਦਿੰਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਸਾਡੀ ਅਗਿਆਨਤਾ ਵਾਲੀ ਮਤਿ ਨੂੰ ਸਿੱਧਾ ਕਰ ਦਿੰਦਾ ਹੈ। ਪਰਮਾਤਮਾ ਸਾਡੇ ਅੰਦਰ **“ਸਬਦੁ”** ਰੂਪ ਵਿਚ ਹੈ, ਸੱਚੇ ਗਿਆਨ ਦੇ ਰੂਪ ਵਿਚ ਹੈ ਜੋ ਕਿ ਉਸਦਾ **“ਗਿਆਨ ਰਤਨੁ”** ਰੂਪ ਹੈ ਜੋ ਰੂਪ ਪਰਮਾਤਮਾ ਦਾ ਮਨ ਦੀ ਮਤਿ ਸਿੱਧੀ ਹੋਣ ਦੁਆਰਾ ਹੀ ਨਜਰ ਆਉਂਦਾ ਹੈ ਭਾਵ ਮਨ ਦੀਆਂ ਅੱਖਾਂ ਰਾਹੀਂ ਭਾਵ ਮਨ ਦੀ ਸੱਚੀ ਸੋਝੀ ਰਾਹੀਂ ਨਜਰ ਆਉਂਦਾ ਹੈ ਭਾਵ ਜਿਸ ਨੂੰ ਪਰਮਾਤਮਾ ਆਪਣੇ ਦਰਸ਼ਨ ਕਰਵਾਉਂਦਾ ਹੈ ਉਸਨੂੰ ਮਨ ਦੇ ਵਿਚ ਉਸਦੀ ਅਗਿਆਨਤਾ ਵਾਲੀ ਮਤਿ ਨੂੰ ਸੱਚੇ ਗਿਆਨ ਵਾਲੀ ਮਤਿ ਦੇ ਵਿਚ ਬਦਲ ਕੇ ਹੀ ਕਰਵਾਉਂਦਾ ਹੈ। ਪਰਮਾਤਮਾ ਦੇ ਦਰਸ਼ਨ ਕੇਵਲ ਤੇ ਕੇਵਲ ਗੁਰਪ੍ਰਸਾਦੀ ਹਨ ਭਾਵ ਕੇਵਲ ਪਰਮਾਤਮਾ ਦੀ ਆਪਣੀ ਰਜ਼ਾ ਹੈ। ਸਾਡੇ ਮਨ ਦਾ ਗਿਆਨ ਸਾਡੇ ਵੱਸ ਨਹੀਂ ਹੈ ਤੇ ਮਨ ਦੇ ਗਿਆਨ ਤੋਂ ਬਿਨਾ ਭਾਵ ਸੱਚੇ ਗਿਆਨ ਤੋਂ ਬਿਨਾ,

37/4394

ਬ੍ਰਹਮਗਿਆਨ ਤੋਂ ਬਿਨਾਂ ਮਨ ਦੇ ਵਿਚੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ, ਉਸ ਬ੍ਰਹਮਗਿਆਨ ਦੀ ਕਿਰਪਾ ਬਿਨਾਂ ਮਨੁੱਖ ਨੂੰ ਉਸ ਬ੍ਰਹਮਗਿਆਨੀ ਰੂਪ ਪਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ। ਮਨ ਦੇ ਵਿਚ ਬ੍ਰਹਮਗਿਆਨ ਦੀ ਪ੍ਰਾਪਤੀ ਦੁਆਰਾ ਹੀ ਉਸ ਬ੍ਰਹਮਗਿਆਨ ਰੂਪ ਪਰਮਾਤਮਾ ਦੇ ਵਿਚ ਸਮਾਇਆ ਜਾ ਸਕਦਾ ਹੈ ਭਾਵ ਮਨ ਦੀ ਸੋਝੀ ਦੁਆਰਾ ਹੀ ਉਸ ਪਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। (**ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥**)

ਪਰਮਾਤਮਾ ਦਾ **“ਗਿਆਨ ਰਤਨੁ”** ਰੂਪ ਹੀ ਉਸਦਾ **“ਨਾਮੁ”** ਰੂਪ ਹੈ ਜਿਵੇਂ ਕਿ ਅਸੀਂ ਪਿਛੇ ਪਹਿਲੇ ਹੀ ਜਾਣਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

ਸਾਡੇ ਅੰਦਰ ਸਾਡੀ ਪੁੱਠੀ ਮਤਿ ਦਾ ਸਿੱਧਾ ਹੋਣਾ ਹੀ ਸਾਡੇ ਅੰਦਰ ਕਮਲ ਦਾ ਖਿੜਨਾ ਹੈ ਭਾਵ ਮਨ ਦੀ ਅਗਿਆਨਤਾ ਦਾ ਦੂਰ ਹੋਣਾ ਹੀ ਸਾਡੇ ਅੰਦਰ ਕਮਲ ਦਾ ਬਿਗਸਣਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥"

ਇਸ ਪਦੇ ਤੋਂ ਪਹਿਲੇ ਪਦੇ ਰਾਹੀਂ ਅਸੀਂ ਸਿਵ ਸਕਤੀ ਵਾਲੀ ਮਤਿ ਦਾ ਪੁੱਠਾ ਹੋਣਾ ਸਮਝਿਆ ਹੈ, ਗਿਆਨ ਰਤਨ ਦੁਆਰਾ,

37/4395

"ਸਬਦੁ" ਦੁਆਰਾ ਪੁੱਠਾ ਹੋਣਾ ਸਮਝਿਆ ਹੈ। ਸਿਵ ਸਕਤੀ ਵਾਲੀ ਅਵਸਥਾ ਸਾਡੇ ਅੰਦਰ ਮਨ ਦੇ ਹਨੇਰੇ ਵਾਲੀ ਭਾਵ ਮਨ ਦੀ ਅਗਿਆਨਤਾ ਵਾਲੀ ਅਵਸਥਾ ਹੈ ਤੇ ਸਾਡੇ ਅੰਦਰ ਸੱਚੇ ਗਿਆਨ ਵਾਲੀ ਅਵਸਥਾ ਸਾਡੇ ਅੰਦਰ ''ਚਾਨਣੁ'' ਵਾਲੀ ਅਵਸਥਾ ਹੈ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਸਾਡੇ ਅੰਦਰ ਹਨੇਰਾ ਕਰਨ ਵਾਲਾ ਵੀ ਪਰਮਾਤਮਾ ਆਪ ਹੈ ਤੇ ਸਾਡੇ ਅੰਦਰ **"ਚਾਨਣੁ"** ਕਰਨ ਵਾਲਾ ਵੀ ਪਰਮਾਤਮਾ ਆਪ ਹੈ ਭਾਵ ਸਾਡੇ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। ਮਨ ਦੇ ਹਨੇਰੇ ਰਾਹੀਂ ਪਰਮਾਤਮਾ ਨੇ ਆਪ ਹੀ ਸਾਨੂੰ **"ਚਾਨਣੁ"** ਤੋਂ ਦੂਰ ਰਖਿਆ ਹੋਇਆ ਹੈ ਭਾਵ ਆਪਣੇ ਆਪ ਤੋਂ ਦੂਰ ਰਖਿਆ ਹੋਇਆ ਹੈ। ਪਰਮਾਤਮਾ ਦੇ ਦਰਸ਼ਨ ਮਨ ਦੇ ਵਿਚੋਂ ਮਨ ਦੇ ਚਾਨਣ ਦੁਆਰਾ ਹੀ ਹੁੰਦੇ ਹਨ। ਜਦ ਤਕ ਸਾਡੇ ਮਨ ਵਿਚ ਹਨੇਰਾ ਹੈ ਇਹ ਸਾਡੇ ਅੰਦਰ ਪਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਭਰਮ ਰੂਪ ਪੜਦਾ ਹੈ, ਹਉਮੈ ਰੂਪ ਪੜਦਾ ਹੈ ਜਿਸ ਪੜਦੇ ਵਿਚ ਰਹਿੰਦੇ ਹੋਏ ਅਸੀਂ ਆਪਣੇ ਆਪ ਦੀ ਅਸਲੀਅਤ ਨੂੰ ਨਹੀਂ ਜਾਣ ਸਕਦੇ ਭਾਵ ਆਪਣੇ ਆਪ ਨੂੰ ਨਹੀਂ ਪਹਿਚਾਣ ਸਕਦੇ ਕਿ ਅਸਲ ਵਿੱਚ ਅਸੀਂ ਕੀ ਹਾਂ। ਮਨ ਦੇ ਭਰਮ ਵਿਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਮਨੁੱਖ ਹੀ ਸਮਝਦੇ ਹਾਂ ਤੇ ਆਪਣੇ ਆਪ ਨੂੰ ਪਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜੋ ਕਿ ਅਸਲੀਅਤ ਨਹੀਂ ਹੈ, ਸੱਚ ਨਹੀਂ ਹੈ। ਸਾਨੂੰ ਆਪਣੇ ਆਪ ਦੀ ਸੋਝੀ ਸਾਡੇ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਪੈਂਦੀ ਹੈ, **"ਕਮਲੁ"** ਬਿਗਸਣ ਦੁਆਰਾ ਭਾਵ ਖਿੜਣ ਦੁਆਰਾ ਹੀ ਪੈਂਦੀ ਹੈ। ਜਦ ਤਕ ਸਾਡੇ ਅੰਦਰ ਦਾ ਕਮਲ ਨਹੀਂ ਖਿੜਦਾ ਭਾਵ ਜਦ ਤਕ ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ ਤਦ ਤਕ ਸਾਡੇ ਅੰਦਰ ਉਹੋ ਜਿਹੀ **"ਬੁਧਿ"** ਨਹੀਂ ਹੁੰਦੀ, ਮਨ ਦੀ ਸੋਝੀ ਨਹੀਂ ਹੁੰਦੀ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਪਰਮਾਤਮਾ ਨੂੰ ਪਹਿਚਾਣ ਸਕੀਏ ਤੇ ਆਪਣੇ ਆਪ ਨੂੰ ਪਹਿਚਾਣ ਸਕੀਏ। ਜਦ ਤਕ ਸਾਡੇ ਅੰਦਰ ਦਾ ਕਮਲ ਨਹੀਂ ਖਿੜਦਾ ਤਦ ਤਕ ਸਾਡੇ ਅੰਦਰ ਦਾ ਕਮਲ ਪੁੱਠਾ ਹੈ ਭਾਵ ਸਾਡੇ ਅੰਦਰ ਦੀ ਮਤਿ ਪੁੱਠੀ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਵਿਚ ਰੱਖਦੀ ਹੈ। ਪ੍ਰਮਾਤਮਾ ਕਿਸੇ ਨੂੰ ਮਨ ਦੀ ਅਗਿਆਨਤਾ ਵਿਚੋਂ ਕੱਢਕੇ ਆਪਣੇ ਆਪ ਦੇ ਦਰਸ਼ਨ ਕਰਵਾਏ, ਮਨੁੱਖ ਨੂੰ ਆਪਣੇ ਆਪ ਦੀ ਪਹਿਚਾਣ ਕਰਵਾਏ ਇਹ ਕੇਵਲ ਗੁਰਪਰਸਾਦਿ ਹੈ ਭਾਵ ਮਨੁੱਖ ਦੀ ਸਮਰਥਾ ਤੋਂ ਬਿਲਕੁੱਲ ਬਾਹਰ

37/4396

ਹੈ ਕਿਉਂਕਿ ਸਾਡੇ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। (**ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥ ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥**)

ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਾਡੇ ਅੰਦਰ **"ਸਕਤਿ"** ਰੂਪ ਪਾ ਕੇ ਸਾਨੂੰ ਸਭ ਨੂੰ ਪਰਮਾਤਮਾ

ਨੇ ਮਨ ਦੇ ਹਨੇਰੇ ਵਾਲੀ ਅਵਸਥਾ ਵਿਚ ਭਾਵ ਮਨ ਦੇ ਭਰਮ ਵਾਲੀ ਅਵਸਥਾ ਵਿਚ ਰੱਖਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਪਰਮਾਤਮਾ ਦਾ ਆਪਣਾ ਪਾਇਆ ਹੋਇਆ ਭਰਮ ਰੂਪ ਬੰਧਨ ਹੈ ਜੋ ਬੰਧਨ ਟੁੱਟੇ ਬਿਨਾ ਅਸੀਂ ਮਨ ਦੇ ਵਿਚੋਂ ਉਸ **"ਸਿਵ"** ਰੂਪ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ। ਸਾਡੇ ਅੰਦਰ ਇਹ **"ਸਕਤਿ"** ਹੀ ਸਾਡੇ ਅੰਦਰ ਦੀ **"ਕਲ"** ਹੈ ਜਿਸ ਨੂੰ ਅਸੀਂ ਲੇਖ ਵਿਚ ਪਿੱਛੇ ਸਮਝਿਆ ਹੈ। ਸਾਡੇ ਅੰਦਰ ਦਾ **"ਕਲ"** ਰੂਪ ਸਾਡੇ ਅੰਦਰ ਦਾ ਅਗਿਆਨਤਾ ਰੂਪ ਹੈ ਭਾਵ ਸਾਡੇ ਅੰਦਰ **"ਸਕਤਿ"** ਦਾ ਹੋਣਾ ਜਾਂ ਕਲ ਦਾ ਹੋਣਾ ਇੱਕੋ ਹੀ ਗੱਲ ਹੈ ਜਿੰਨ੍ਹਾਂ ਦਾ ਮਕਸਦ ਸਾਨੂੰ ਭਰਮ ਦੇ ਬੰਧਨ ਵਿਚ ਰੱਖਣ ਦਾ ਹੈ ਜਿਸ ਵਿਚੋਂ ਨਿਕਲੇ ਬਿਨਾ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥
ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥੨॥"

(ਅੰਗ - ੩੩੨)

ਉਪਰ ਪੰਗਤੀਆਂ ਰਾਹੀਂ ਸਾਨੂੰ ਬੜੇ ਹੀ ਸਪਸ਼ਟ ਤਰੀਕੇ ਨਾਲ **"ਸਿਵ"** ਦੇ ਘਰ ਭਾਵ ਪ੍ਰਮਾਤਮਾ ਦੇ ਘਰ ਵਿੱਚ ਸਾਡਾ ਵਾਸ ਕਿਵੇਂ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਕਿਵੇਂ ਹੁੰਦਾ ਹੈ, ਇਹੀ ਗੱਲ ਸਮਝਾਈ ਹੋਈ ਹੈ। ਬੜਾ ਸਪਸ਼ਟ ਹੈ ਕਿ ਜਦ ਤਕ ਮਨੁੱਖ ਭ੍ਰਮ ਰੂਪ ਬੰਧਨ ਵਿਚ ਹੈ ਤਦ ਤਕ ਉਹ ਪ੍ਰਮਾਤਮਾ ਦੇ ਘਰ ਵਿੱਚ ਨਹੀਂ ਹੈ ਜੋ ਘਰ ਪ੍ਰਮਾਤਮਾ ਦਾ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ। ਸਾਡੇ ਅੰਦਰ ਇਸ ਭਰਮ ਦੀ ਜੇਵੜੀ ਨੂੰ ਅੰਧੇਰ ਜੇਵੜੀ ਕਿਹਾ ਹੈ ਭਾਵ ਅਗਿਆਨਤਾ ਦੀ ਜੇਵੜੀ ਕਿਹਾ ਹੈ ਜਿਸ ਨੇ ਸਾਡੇ ਮਨ ਨੂੰ ਜੁੜਿਆ ਹੋਇਆ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਨੂੰ ਰੱਸੇ ਨਾਲ ਬੰਨਿਆ ਹੋਇਆ ਹੇ, ਜਕੜਿਆ ਹੋਇਆ ਹੈ। ਮਨ ਦੇ ਇਸ ਬੰਧਨ ਨੂੰ ਹੀ **"ਬਜਰ ਕਲ"**

37/4397

ਕਿਹਾ ਹੈ ਭਾਵ ਬੜੀ ਕਰੜੀ ਅਗਿਆਨਤਾ ਦੀ ਜਕੜ ਕਿਹਾ ਹੈ ਜਿਸ ਨੂੰ ਛੇਦਣਾ ਸਾਡੇ ਵੱਸ ਨਹੀਂ ਹੈ। ਇਸ ਭਰਮ ਦੀ ਜਕੜ ਨੂੰ ਕੇਵਲ ਗੁਰੂ ਦੇ ਬਾਣ ਛੇਦ ਸਕਦੇ ਹਨ। ਗੁਰੂ ਪ੍ਰਮਾਤਮਾ ਦੇ ਬਾਣ ਉਸ ਦੇ ਸ਼ਬਦ ਹਨ ਭਾਵ ਸ਼ਬਦਾਂ ਦੇ ਅੰਦਰ ਦੀ ਵਿਚਾਰ ਹੈ, ਸ਼ਬਦਾਂ ਦੇ ਅੰਦਰ ਦੀ ਸੋਝੀ ਹੈ, ਸ਼ਬਦਾਂ ਦੇ ਅੰਦਰ ਦਾ ਗਿਆਨ ਹੈ ਭਾਵ ਬ੍ਰਹਮਗਿਆਨ ਹੈ ਜੋ ਸਾਡੇ ਮਨ ਦੀ ਅਗਿਆਨਤਾ ਨੂੰ ਛੇਦ ਦਿੰਦੇ ਹਨ, ਸ਼ਬਦ ਦੇ ਵਿਚਾਰ ਸਾਡੇ ਅਗਿਆਨਤਾ ਵਾਲੇ ਵਿਚਾਰਾਂ ਨੂੰ ਛੇਦ ਦਿੰਦੇ ਹਨ, ਸਾਡੇ ਮਨਮਤਿ ਵਾਲੇ ਵਿਚਾਰਾਂ ਨੂੰ ਛੇਦ ਦਿੰਦੇ ਹਨ। ਜਿਸ ਨੂੰ ਪ੍ਰਮਾਤਮਾ ਮਨ ਦੀ ਅਗਿਆਨਤਾ ਵਿਚੋਂ ਕੱਢਦਾ ਹੈ ਉਸ ਨੂੰ ਮਨ ਦੇ ਵਿਚ ਪ੍ਰਗਟ ਹੋ ਕੇ ਹੀ ਕੱਢਦਾ ਹੈ, ਮਨ ਦੇ ਪ੍ਰਗਾਸ ਦੁਆਰਾ ਹੀ ਕੱਢਦਾ ਹੈ। ਜਦ ਤਕ ਅਸੀਂ ਤ੍ਰੈ ਗੁਣਾਂ ਵਿਚ ਹਾਂ ਤਦ ਤਕ ਅਸੀਂ ਭਰਮ ਵਿੱਚ ਹਾਂ। ਪ੍ਰਮਾਤਮਾ ਸਾਡੇ ਅੰਦਰ ਚੌਥੇ ਪਦ ਵਿੱਚ ਹੈ। ਇਹ ਚੌਥਾ ਪਦ ਸੱਚੇ ਗਿਆਨ ਦੇ ਪ੍ਰਗਾਸ ਵਾਲਾ ਪਦ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿਚ ਪ੍ਰਗਟ ਹੋਣ ਦੁਆਰਾ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦਿੰਦਾ ਹੈ ਜੋ ਸਾਨੂੰ ਭਰਮ ਵਾਲੇ ਵਿਚਾਰਾਂ ਵਿਚੋਂ ਕੱਢ ਲੈਂਦੇ ਹਨ, ਸਾਡੇ ਅੰਦਰੋਂ ਕਲ ਵਾਲੀ ਬਿਰਤੀ ਦੂਰ ਕਰ ਦਿੰਦੇ ਹਨ, **"ਸਕਤਿ"** ਰੂਪ ਅੰਧੇਰ ਜੇਵੜੀ ਕੱਟ ਦਿੰਦੇ ਹਨ ਭਾਵ ਮਨੁੱਖ ਨੂੰ ਭਰਮ ਦੇ ਬੰਧਨ ਵਿੱਚੋਂ ਕੱਢ ਦਿੰਦੇ ਹਨ ਜਿਸ ਦੁਆਰਾ ਮਨੁੱਖ ਮਨ ਦੇ ਵਿਚ ਹੀ ਸਿਵ ਦੇ ਘਰ ਵਿੱਚ ਵੱਸ ਜਾਂਦਾ ਹੈ। ਪ੍ਰਮਾਤਮਾ ਦਾ ਸਾਡੇ ਅੰਦਰ ਇਹ ਘਰ **"ਨਿਹਚਲੁ"** ਰੂਪ ਵਿੱਚ ਹੈ ਭਾਵ ਨਿਹਚਲ ਮਤਿ ਦੇ ਰੂਪ ਵਿੱਚ ਹੈ ਜੋ ਮਤਿ ਕਦੇ ਡੋਲਦੀ ਨਹੀਂ। ਇਹ ਮਤਿ ਮਾਇਆ ਮੋਹ ਤੋਂ ਉਪਰ ਹੈ ਜਿਸ ਨੂੰ ਮਾਇਆ ਮੋਹ ਵਾਲੇ ਵਿਚਾਰ ਡੁਲਾ ਨਹੀਂ ਸਕਦੇ ਭਾਵ ਮਨ ਦੇ ਵਿਚਾਰ ਸੱਚੀ ਗੁਰਮਤਿ ਤੇ ਦ੍ਰਿੜ ਰਹਿੰਦੇ ਹਨ, ਸ਼ਬਦਾਂ ਦੀ ਵਿਚਾਰ ਤੇ ਦ੍ਰਿੜ ਰਹਿੰਦੇ ਹਨ, ਨਾਮ ਤੇ ਦ੍ਰਿੜ ਰਹਿੰਦੇ ਹਨ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਘਰ ਵਿੱਚ ਵਸਾਇਆ ਹੈ ਉਨ੍ਹਾਂ ਨੂੰ ਭਰਮ ਦੇ ਬੰਧਨਾਂ ਵਿੱਚੋਂ ਕੱਢ ਕੇ ਹੀ ਵਸਾਇਆ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਵਸਾਇਆ ਹੈ, ਆਪਣੇ ਨਿਹਚਲ ਘਰ ਵਿਚ ਵਸਾਇਆ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਨਿਹਚਲ ਘਰ ਹੈ ਜੋ ਕਿ ਉਸ ਦੇ ਸੱਚੇ ਵਿਚਾਰਾਂ ਦਾ ਘਰ ਹੈ। ਸੱਚੇ ਵਿਚਾਰ ਕਦੇ ਨਹੀਂ ਡੋਲਦੇ। ਸੱਚੇ ਵਿਚਾਰ ਸਦਾ ਅਟਲ ਰਹਿੰਦੇ ਹਨ, ਨਿਹਚਲ ਰਹਿੰਦੇ ਹਨ। ਪ੍ਰਮਾਤਮਾ ਦੇ ਘਰ ਵਿਚ ਪਹੁੰਚਣ ਲਈ ਅਸੀਂ ਗੁਰਬਾਣੀ ਦੇ

37/4398

ਸੱਚੇ ਵਿਚਾਰਾਂ ਨਾਲ ਹੀ ਜੁੜਨਾ ਹੈ, ਗੁਰਮਤਿ ਰੂਪ ਸੱਚੇ ਵਿਚਾਰਾਂ ਨਾਲ ਹੀ ਜੁੜਨਾ ਹੈ। ਜਦ ਤਕ ਅਸੀਂ ਮਨਮਤਿ ਵਾਲੇ ਵਿਚਾਰਾਂ

ਵਿਚ ਹਾਂ ਅਸੀਂ ਡੋਲਣ ਵਾਲੇ ਵਿਚਾਰਾਂ ਨਾਲ ਜੁੜੇ ਹੋਏ ਹਾਂ, ਭਰਮ ਵਾਲੇ ਵਿਚਾਰਾਂ ਨਾਲ ਜੁੜੇ ਹੋਏ ਹਾਂ, ਸਕਤਿ ਰੂਪ ਵਿਚਾਰਾਂ ਨਾਲ ਜੁੜੇ ਹੋਏ ਹਾਂ, ਕਲ ਰੂਪ ਵਿਚਾਰਾਂ ਨਾਲ ਜੁੜੇ ਹੋਏ ਹਾਂ। ਇਹੋ ਜਿਹੇ ਵਿਚਾਰਾਂ ਨਾਲ ਜੁੜੇ ਰਹਿਣ ਨਾਲ ਅਸੀਂ ਕਦੇ ਪ੍ਰਮਾਤਮਾ ਦੇ ਘਰ ਵਿਚ ਵਾਸਾ ਨਹੀਂ ਕਰ ਸਕਦੇ। ਸ਼ਬਦ ਦੇ ਵਿਚਾਰਾਂ ਦਾ ਮਕਸਦ ਸਾਨੂੰ ਭਰਮ ਵਾਲੇ ਵਿਚਾਰਾਂ ਵਿਚੋਂ ਕੱਢਣ ਦਾ ਹੀ ਹੈ। ਨਾਮ ਵਾਲੇ ਵਿਚਾਰ ਭਾਵ ਸ਼ਬਦਾਂ ਦੇ ਵਿਚਾਰ ਨਿਹਚਲ ਹਨ ਤੇ ਹਉਮੈ ਵਾਲੇ ਵਿਚਾਰ ਡੋਲਣ ਵਾਲੇ ਵਿਚਾਰ ਹਨ, ਦੁਚਿੱਤੀ ਵਾਲੇ ਵਿਚਾਰ ਹਨ ਜਿੰਨ੍ਹਾਂ ਵਿਚੋਂ ਨਿਕਲੇ ਬਿਨਾਂ ਅਸੀਂ ਸਿਵ ਦੇ ਘਰ ਵਿੱਚ ਨਹੀਂ ਪਹੁੰਚ ਸਕਦੇ ਜੋ ਘਰ ਪ੍ਰਮਾਤਮਾ ਦਾ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦਾ ਘਰ **"ਸਚੁ"** ਰੂਪ ਹੈ, **"ਨਾਮੁ"** ਰੂਪ ਹੈ ਜਿਸ ਦੇ ਵਿਚ ਪਹੁੰਚਣ ਲਈ ਸਾਡੇ ਅੰਦਰ ਹੀ ਭਰਮ ਰੂਪ ਦੀਵਾਰ ਹੈ, ਬੰਧਨ ਹੈ ਜਿਸ ਵਿਚੋਂ ਨਿਕਲਣਾ ਹੀ ਸਾਡੇ ਜੀਵਨ ਦਾ ਮਕਸਦ ਹੈ। ਮਨਮਤਿ ਸਾਡਾ ਬੰਧਨ ਹੈ ਤੇ ਗੁਰਮਤਿ ਪਰਮਾਤਮਾ ਦਾ ਘਰ ਹੈ ਭਾਵ ਹਉਮੈ ਬੰਧਨ ਹੈ ਤੇ ਨਾਮ ਪ੍ਰਮਾਤਮਾ ਦਾ ਘਰ ਹੈ। ਸਾਰੀ ਗੱਲ ਸਾਡੇ ਮਨ ਦੀ ਸੋਝੀ ਨਾਲ ਜੁੜੀ ਹੋਈ ਹੈ, ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ ਕਿ ਸਾਡੇ ਅੰਦਰ ਵਿਚਾਰ ਕਿਹੋ ਜਿਹੇ ਹਨ। ਸਾਡੇ ਅੰਦਰ ਜੋ ਵੀ ਵਿਚਾਰ ਗੁਰਮਤਿ ਤੇ ਪੂਰਾ ਨਹੀਂ ਉਤਰਦਾ ਉਸ ਵਿੱਚ ਮਨਮਤਿ ਹੈ, ਭਰਮ ਹੈ ਭਾਵ ਉੱਥੇ ਸੱਚ ਨਹੀਂ ਹੈ। ਬੰਧਨ ਸਾਡੇ ਮਨ ਦੇ ਵਿਚਾਰਾਂ ਵਿਚ ਹੀ ਹੈ ਤੇ ਜਿਉਂ ਜਿਉਂ ਸਾਡੇ ਅੰਦਰ ਗੁਰਮਤਿ ਵਾਲੇ ਵਿਚਾਰ ਵੱਸਦੇ ਜਾਂਦੇ ਹਨ ਤਿਉਂ ਤਿਉਂ ਅਸੀਂ ਭਰਮ ਵਾਲੇ ਵਿਚਾਰਾਂ ਤੋਂ ਮੁਕਤਿ ਹੁੰਦੇ ਜਾਂਦੇ ਹਾਂ। ਭਰਮ ਦੇ ਬੰਧਨਾਂ ਤੋਂ ਮੁਕਤਿ ਹੋਏ ਬਿਨਾ ਅਸੀਂ ਪ੍ਰਮਾਤਮਾ ਦੇ ਘਰ ਵਿਚ ਨਹੀਂ ਪਹੁੰਚ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮਿਲਣ ਦਾ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨੀਏ ਭਾਵ ਨਾਮ ਜਪੀਏ ਤੇ ਆਪਣੇ ਹਉਮੈ ਵਾਲੇ ਵਿਚਾਰ, ਮਨਮਤਿ ਵਾਲੇ ਵਿਚਾਰ ਛੱਡੀਏ। (**ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥ ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥੨॥**) 37/4399

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥ ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥}

(ਅੰਗ - ੧੦੦੨)

{ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ - ੪੦)

ਰਾਗੁ ਗਉੜੀ ਪੂਰਬੀ ਮਹਲਾ ੫
ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥

ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥ ਗੁਰ ਸਬਦੀ ਖੋਲਾਈਅਨ੍ ਹਰਿ ਨਾਮੁ ਜਪਾਨੀ ॥
ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥੧੪॥}

(ਅੰਗ - ੫੧੪)

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥}

(ਅੰਗ - ੧੨੬੩)

{ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥}

(ਅੰਗ - ੧੦੫੬)

ਜਿਨ੍ਹਾਂ ਨੇ ਆਪਣੇ ਮੁੱਖੋਂ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੂੰ ਪਹਿਲਾਂ ਪ੍ਰਮਾਤਮਾ ਨੇ ਸਕਤਿ ਵਾਲੀ ਅਵਸਥਾ ਵਿੱਚੋਂ ਹੀ ਕੱਢਿਆ ਹੈ, ਮਨ ਦੇ ਵਿੱਚ ਆਪਣੇ ਗਿਆਨ ਦੀ ਜੋਤਿ ਜਗਾਉਣ ਦੁਆਰਾ ਹੀ ਕੱਢਿਆ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਉਹ ਪ੍ਰਮਾਤਮਾ ਦੇ ਵਿੱਚ, ਉਸ ਦੇ ਨਾਮ ਦੇ ਵਿੱਚ ਸਮਾਏ ਹਨ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ ॥

“ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥ ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥ ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥”

(ਅੰਗ - ੧੨੩੮)

ਉਪਰ ਸ਼ਬਦ ਰਾਹੀਂ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਹਨਾਂ ਦੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ। ਗੁਰਬਾਣੀ ਦੀ ਰਚਨਾ

ਉਹਨਾਂ ਨੇ ਹੀ ਕੀਤੀ ਹੈ ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਉਹਨਾਂ ਦੇ ਅੰਦਰ ਪ੍ਰਗਟ ਕੀਤਾ ਹੈ। ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਖੇਡ ਹੈ ਤੇ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪਣੀ ਖੇਡ ਚਲਾ ਰਿਹਾ ਹੈ। ਇਹ ਖੇਡ ਪ੍ਰਮਾਤਮਾ ਸਭ ਦੇ ਅੰਦਰ **“ਸਕਤਿ”** ਰੂਪ ਦੁਆਰਾ ਚਲਾ ਰਿਹਾ ਹੈ ਜਿਸ ਰਾਹੀਂ ਉਸ ਨੇ ਸਭ ਨੂੰ ਮਨ ਦੇ ਭਰਮ ਵਿਚ ਰੱਖਿਆ ਹੋਇਆ ਹੈ ਭਾਵ ਪ੍ਰਮਾਤਮਾ ਆਪਣੀ ਇਹ ਖੇਡ ਸਭ ਨੂੰ ਭਰਮ ਵਿਚ ਰੱਖ ਕੇ ਹੀ ਚਲਾ ਰਿਹਾ ਹੈ ਜਿਸ ਕਰਕੇ ਕੋਈ ਵੀ ਉਸ ਦੀ ਖੇਡ ਨੂੰ ਸਮਝ ਨਹੀਂ ਸਕਦਾ। ਜਿਸ ਨੂੰ ਵੀ ਪ੍ਰਮਾਤਮਾ ਆਪਣੀ ਇਹ ਖੇਡ ਸਮਝਾਉਂਦਾ ਹੈ ਉਸ ਨੂੰ ਆਪ ਅੰਦਰ ਪ੍ਰਗਟ ਹੋ ਕੇ ਹੀ ਸਮਝਾਉਂਦਾ ਹੈ। ਜਦ ਤਕ ਪ੍ਰਮਾਤਮਾ ਕਿਸੇ ਦੇ ਅੰਦਰ ਪ੍ਰਗਟ ਨਹੀਂ ਹੁੰਦਾ ਤਦ ਤਕ ਮਨ ਦੇ ਭਰਮ ਕਰਕੇ ਮਨੁੱਖ ਸੱਚ ਤੋਂ ਦੂਰ ਰਹਿੰਦਾ ਹੈ ਤੇ ਅਉਗਣਾਂ ਦਾ ਭਰਿਆ ਰਹਿੰਦਾ ਹੈ। ਸੱਚ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝਣਾ ਵੀ ਸਾਡਾ ਭਰਮ ਹੈ ਜੋ ਕਿ ਸਾਡਾ ਅਉਗਣ ਹੈ। ਸਾਡੀ ਹਉਮੈ ਸਾਡਾ ਅਉਗਣਾਂ ਦਾ ਘਰ ਹੈ। ਜੋ ਵੀ ਗੱਲ ਗੁਰਮਤਿ ਅਨੁਸਾਰ ਨਹੀਂ ਹੈ ਉਹ ਸਾਡਾ ਅਉਗਣ ਹੈ ਭਾਵ ਉਸ ਵਿਚ ਸੱਚ ਨਹੀਂ, ਭਰਮ ਹੈ। ਪ੍ਰਮਾਤਮਾ ਜਿੱਥੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਗੁਣ ਰੂਪ ਵਿਚ ਹੀ ਪ੍ਰਗਟ ਕਰਦਾ ਹੈ ਤੇ ਇਸੇ ਲਈ ਜਿੰਨ੍ਹਾਂ ਨੇ ਆਪਣੇ ਮੁਖੋਂ ਗੁਰਬਾਣੀ ਉਚਾਰੀ ਹੈ ਉਸ ਰਾਹੀਂ ਉਨ੍ਹਾਂ ਨੇ ਪੂਰਨ ਰੂਪ ਵਿਚ ਗੁਣ ਹੀ ਉਚਾਰੇ ਹਨ। (**ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥**)

ਜਿਸ ਪ੍ਰਮਾਤਮਾ ਨੇ ਸਾਡੇ ਅੰਦਰ “ਸਕਤਿ” ਵਾਲੀ ਭਾਵ ਭਰਮ ਵਾਲੀ ਜੁਗਤਿ ਪਾਈ ਹੋਈ ਹੈ ਉਹ ਆਪ ਹੀ ਸਾਨੂੰ ਇਸ ਜੁਗਤਿ ਵਿਚੋਂ ਬਾਹਰ ਕੱਢ ਸਕਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕੱਢਿਆ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਜੋਤਿ ਰੂਪ ਵਿਚ ਹੈ। ਸਾਡੇ ਅੰਦਰ ਸਕਤਿ ਵਾਲੀ ਅਵਸਥਾ ਵੀ ਉਸ ਦਾ ਜੋਤਿ ਰੂਪ ਹੈ ਤੇ ਇਸ ਅਵਸਥਾ ਵਿਚੋਂ ਕੱਢਣ ਵਾਲਾ ਵੀ ਉਸ ਦਾ ਜੋਤਿ ਰੂਪ ਹੈ ਭਾਵ ਸਾਡੇ ਅੰਦਰ ਵਿਚਾਰਾਂ ਦਾ ਸ੍ਰੋਤ ਆਪ ਜੋਤਿ ਰੂਪ ਹੈ। ਸਾਨੂੰ ਮਨ ਦੀ ਅਗਿਆਨਤਾ ਰਾਹੀਂ ਸਵਾਉਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਮਨ ਦੇ ਵਿਚ ਆਪਣਾ ਸੱਚਾ ਗਿਆਨ ਦੇ ਕੇ ਭਰਮ ਵਿਚੋਂ ਜਗਾਉਣ ਵਾਲਾ ਵੀ ਪ੍ਰਮਾਤਮਾ ਆਪ ਹੈ। ਮਨ ਦੀ ਸਕਤਿ ਵਿਚੋਂ ਨਿਕਲ ਕੇ ਮਨੁੱਖ

ਸਿਵ ਦੇ ਘਰ ਵਿਚ ਪਹੁੰਚ ਜਾਂਦਾ ਹੈ ਤੇ ਫਿਰ ਉਹ ਮਨ ਦੀ ਜੋਤਿ ਰਾਹੀਂ ਭਾਵ ਮਨ ਦੇ ਗਿਆਨ ਰਾਹੀਂ ਸਦਾ ਜਾਗਦਾ ਰਹਿੰਦਾ ਹੈ। (**ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥**)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੯)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ - ੩੭੫)

ਜਿਸ ਨੂੰ ਪ੍ਰਮਾਤਮਾ ਭਰਮ ਦੀ ਨੀਂਦ ਵਿਚੋਂ, ਮਾਇਆ ਮੋਹ ਵਾਲੀ ਅਵਸਥਾ ਵਿਚੋਂ ਜਗਾਉਂਦਾ ਹੈ ਭਾਵ ਜਿਸ ਦੀ "ਸਕਤਿ" ਵਾਲੀ ਅਵਸਥਾ ਦੂਰ ਕਰਦਾ ਹੈ ਉਸ ਦਾ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਸਹਜ ਦੀ ਅਵਸਥਾ ਦੀ ਭਾਵ ਚੌਥੇ ਪਦ ਦੀ ਪ੍ਰਾਪਤੀ ਹੁੰਦੀ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਦੇ ਨਾਮ ਦੇ ਵਿਚ ਸਮਾ ਸਕਦਾ ਹੈ ਭਾਵ ਬ੍ਰਹਮ ਗਿਆਨ ਦੇ ਵਿਚ ਸਮਾ ਸਕਦਾ ਹੈ। ਪ੍ਰਮਾਤਮਾ ਇਹ ਮਨ ਦੇ ਮੇਲ ਦੀ ਅਵਸਥਾ ਕਿਸੇ ਭਾਗਾਂ ਵਾਲੇ ਨੂੰ ਹੀ ਬਖਸ਼ਦਾ ਹੈ, ਆਪਣਾ ਨਾਮ ਉਹ ਕਿਸੇ ਭਾਗਾਂ ਵਾਲੇ ਨੂੰ ਹੀ ਬਖਸ਼ਦਾ ਹੈ। (**ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥ ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥**)

ਜੋ ਗੱਲ ਅਸੀਂ ਉਪਰਲੇ ਸ਼ਬਦ ਰਾਹੀਂ ਸਮਝੀ ਹੈ ਉਹੀ ਗੱਲ ਸਾਨੂੰ ਧੰਨ ਧੰਨ ਭਗਤ ਕਬੀਰ ਜੀ ਆਪਣਾ ਅਕਾਲ ਪੁਰਖ ਦੇ ਨਾਲ ਮੇਲ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਮਝਾ ਰਹੇ ਹਨ ਕਿਉਂਕਿ ਸਦਾ ਤੋਂ ਪ੍ਰਮਾਤਮਾ ਦੇ ਨਾਲ ਜਿਸ ਦਾ ਮੇਲ ਹੋਇਆ ਹੈ ਉਹ ਮਨ ਦੀ ਇਸੇ ਅਵਸਥਾ ਰਾਹੀਂ ਹੀ ਹੋਇਆ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਦਾ ਕੋਈ ਹੋਰ ਤਰੀਕਾ ਨਾ ਹੈ ਤੇ ਨਾ ਹੀ ਰਹਿੰਦੀ ਦੁਨੀਆ ਤਕ ਕੋਈ ਹੋਰ ਹੋ ਸਕਦਾ ਹੈ। ਮਨ ਦੇ ਵਿਚ ਮੇਲ ਤੋਂ ਬਿਨਾ ਜੋ ਵੀ ਕੋਈ ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਸਮਝਾਉਂਦਾ ਹੈ ਉਹ ਆਪ ਭਰਮ ਵਿਚ ਹੈ ਭਾਵ ਸਕਤਿ ਵਾਲੀ ਅਵਸਥਾ ਵਿਚ ਹੈ ਤੇ ਉਹੋ ਜਿਹਿਆਂ ਨੂੰ ਪਰਮਾਤਮਾ ਨਾਲ ਮਿਲੇ ਹੋਏ ਸਮਝਣ ਵਾਲੇ ਵੀ ਸਭ ਸਕਤਿ ਵਾਲੀ ਅਵਸਥਾ ਵਿਚ ਹੀ ਹਨ। ਸਾਡੇ ਅੰਦਰ ਦੀ ਸਕਤਿ ਵਾਲੀ ਅਵਸਥਾ ਦੀ ਸਮਝ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਦੁਆਰਾ ਹੀ ਸਮਝ ਆ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ।

37/4402

ਸਾਡੇ ਲਈ ਸਭ ਤੋਂ ਜਰੂਰੀ ਇਹ ਗੱਲ ਹੈ ਕਿ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਰਖੀਏ ਕਿ ਉਸ ਤੋਂ ਬਿਨਾ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਭਾਵ ਪ੍ਰਮਾਤਮਾ ਨੂੰ ਸਰਗੁਣ ਰੂਪ ਵਿਚ ਸਮਝਣ ਵਾਲੇ ਨਿਰੇ ਹੀ ਭਰਮ ਵਿਚ ਹਨ, ਕਿਸੇ ਦੇਹੀ ਦੇ ਦਰਸ਼ਨਾਂ ਨੂੰ ਪ੍ਰਮਾਤਮਾ ਦੇ ਦਰਸ਼ਨਾਂ ਨਾਲ ਜੋੜਨ ਵਾਲੇ ਕੋਰੇ ਭਰਮ ਵਿਚ ਹਨ।

"ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥
ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥"

(ਅੰਗ - ੩੩੯)

ਆਪਣੇ ਆਪ ਕੋਈ ਮਨ ਦੇ ਭਰਮ ਤੋਂ ਮੁਕਤਿ ਹੋ ਜਾਵੇ ਇਹ ਨਾਮੁਮਕਿਨ ਹੈ। ਇਸ ਗੱਲ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆ ਸਕਦੀ ਹੈ ਕਿ ਮਨ ਕੀ ਹੈ ਤੇ ਸਾਡੇ ਮਨ ਦੇ ਵਿਚਾਰਾਂ ਦਾ ਸ੍ਰੋਤ ਕੀ ਹੈ ਭਾਵ ਸਾਡੇ ਮਨ ਨੂੰ ਚਲਾਉਣ ਵਾਲਾ ਕੌਣ ਹੈ, ਸਾਡੇ ਮਨ ਦਾ ਮਾਲਕ ਕੌਣ ਹੈ। ਸਾਰਾ ਭਰਮ ਆਪਣੇ ਮਨ ਨੂੰ ਸਮਝਣ ਦਾ ਹੀ ਹੈ। ਆਪਣੇ ਮਨ ਨੂੰ ਆਪਣਾ ਸਮਝਣਾ ਭਾਵ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਣਾ, ਮਨ ਦੇ ਗਿਆਨ ਨੂੰ ਆਪਣਾ ਗਿਆਨ ਸਮਝਣਾ ਸੰਸਾਰ ਦਾ ਸਭ ਤੋਂ ਵੱਡਾ ਭਰਮ ਹੈ ਤੇ ਇਹ ਭਰਮ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਭਰਮ ਹੈ ਜਿਸ ਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ। ਪ੍ਰਮਾਤਮਾ ਦਾ ਹਰ ਕੰਮ ਪ੍ਰਫੈਕਟ ਹੈ, ਉਹ ਕਰਤਾ ਪੁਰਖ ਹੈ ਜੋ ਹਰ ਗੱਲ ਦੇ ਸਮਰਥ ਹੈ, ਪਰਫੈਕਟਲੀ ਸਮਰਥ ਹੈ। ਉਸ ਦੀ ਪਰਫੈਕਸ਼ਨ ਵਿਚ ਕੋਈ ਛੇਦ ਨਹੀਂ ਕਰ ਸਕਦਾ, ਉਹ ਅਛੇਦ ਹੈ। ਮਨ ਦੇ ਭਰਮ ਨੂੰ ਕੋਈ ਛੇਦ ਨਹੀਂ ਸਕਦਾ। ਇਹ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਰਾਹੀਂ ਉਸ ਨੇ ਸਾਰੇ ਸੰਸਾਰ ਨੂੰ ਹਉਮੈ ਵਿੱਚ ਰੱਖਿਆ ਹੋਇਆ ਹੈ, ਦੁਚਿੱਤੀ ਵਿਚ, ਸਹਸਾ ਵਿਚ, ਦੁਬਿਧਾ ਵਿਚ, ਅਗਿਆਨਤਾ ਵਿਚ ਭਾਵ ਪਰਫੈਕਟਲੀ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਭਾਵ ਸਕਤਿ ਵਾਲੀ ਅਵਸਥਾ ਵਿਚ ਰੱਖਿਆ ਹੋਇਆ ਹੈ ਜਿਸ ਅਵਸਥਾ ਵਿਚ ਰਹਿੰਦੇ ਹੋਏ ਸੱਚ ਤੇ ਭਰਮ ਨਾਲ ਨਾਲ ਹੀ ਚਲਦੇ ਹਨ ਭਾਵ ਕਿਸੇ ਦੇ ਅੰਦਰ ਪੂਰਨ ਸੱਚ ਨਹੀਂ ਵੱਸ ਸਕਦਾ ਜੋ ਕਿ ਬਹੁਤ ਹੀ ਉੱਚੀ ਗੱਲ ਹੈ। ਪ੍ਰਮਾਤਮਾ ਪੂਰਨ ਸੱਚ ਵਾਲੀ ਅਵਸਥਾ ਵਿਚ ਵੱਸਦਾ ਹੈ ਭਾਵ ਨਾਮ ਵਾਲੀ ਅਵਸਥਾ

37/4403

ਵਿਚ ਵਸਦਾ ਹੈ ਜੋ ਕਿ ਸਾਡੇ ਅੰਦਰ ਹੀ ਉਸ ਦਾ ਸਿਵ ਰੂਪ ਹੈ। ਇਹ ਪ੍ਰਮਾਤਮਾ ਦਾ ਸਾਡੇ ਅੰਦਰ **"ਸਹਜੁ"** ਦੀ ਅਵਸਥਾ ਵਾਲਾ ਰੂਪ ਹੈ, ਸੱਚੇ ਗਿਆਨ ਦੀ ਅਵਸਥਾ ਵਾਲਾ ਰੂਪ ਹੈ ਭਾਵ ਬ੍ਰਹਮ ਗਿਆਨ ਦੀ ਅਵਸਥਾ ਵਾਲਾ ਰੂਪ ਹੈ ਜਿਸ ਅਵਸਥਾ ਰਾਹੀਂ ਪ੍ਰਮਾਤਮਾ ਆਪ ਹੀ ਬ੍ਰਹਮ ਗਿਆਨੀ ਹੈ। ਜਿਸ ਨੂੰ ਪ੍ਰਮਾਤਮਾ **"ਸਕਤਿ"** ਵਾਲੀ ਅਵਸਥਾ ਵਿਚੋਂ ਕੱਢਦਾ ਹੈ ਉਸ ਦੇ ਅੰਦਰ ਆਪਣਾ **"ਸਹਜੁ"** ਰੂਪ ਭਾਵ ਚੌਥੇ ਪਦ ਵਾਲਾ ਰੂਪ ਪ੍ਰਗਟ ਕਰਨ ਦੁਆਰਾ ਹੀ ਕੱਢਦਾ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਲਗਦੀ ਹੈ ਕਿ ਸਭ ਕੁਝ ਇਕੋ ਇਕ ਪ੍ਰਮਾਤਮਾ ਆਪ ਹੀ ਹੈ ਜੋ ਆਪਣੇ ਉੱਚੇ ਗਿਆਨ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਸਭ ਦੇ ਵਿਚ ਸਮਾਇਆ ਹੋਇਆ ਹੈ ਜਿਸ ਰੂਪ ਨੂੰ ਤਨ ਦੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਤੇ ਕੇਵਲ ਮਨ ਦੀਆਂ ਅੱਖਾਂ ਦੁਆਰਾ ਭਾਵ ਗਿਆਨ ਰੂਪ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਸਮਝਿਆ ਜਾ ਸਕਦਾ ਹੈ ਭਾਵ ਆਪਣੇ ਮਨ ਦੇ ਵਿਚ ਮੰਨਿਆ ਜਾ ਸਕਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਮਨ ਦੀ ਸੋਝੀ ਦੁਆਰਾ ਹੀ ਮਨੁੱਖ ਭਰਮਾਂ ਤੋਂ ਦੂਰ ਹੁੰਦਾ ਹੈ। ਪ੍ਰਮਾਤਮਾ ਨੂੰ ਜਾਨਣ ਤੋਂ ਪਹਿਲਾਂ ਮਨੁੱਖ ਭਰਮਾਂ ਦਾ ਭਰਿਆ ਰਹਿੰਦਾ ਹੈ, ਇਸ ਸੰਸਾਰ ਦੇ ਸੱਚ ਨੂੰ ਸਮਝਣ ਵਿਚ, ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿਚ, ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਸਮਝਣ ਵਿਚ ਭਾਵ ਪ੍ਰਮਾਤਮਾ ਦੇ ਦਰਸ਼ਨਾਂ ਨੂੰ ਸਮਝਣ ਵਿਚ ਭਰਮਾਂ ਦਾ ਭਰਿਆ ਰਹਿੰਦਾ ਹੈ। ਪ੍ਰਮਾਤਮਾ ਨੂੰ ਜਾਨਣ ਤੋਂ ਬਾਦ ਮਨੁੱਖ ਇਹਨਾਂ ਸਾਰੇ ਭਰਮਾਂ ਤੋਂ ਮੁਕਤਿ ਹੋ ਜਾਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਮੁਕਤਿ ਹੋਏ ਹਨ ਤੇ ਉਹਨਾਂ ਨੇ ਤਾਂ ਹੀ ਸਾਰੇ ਸੰਸਾਰ ਨੂੰ ਪ੍ਰਮਾਤਮਾ ਦੇ ਨਾਲ ਸੱਚਾ ਮੇਲ ਸਮਝਾਇਆ ਹੈ, ਮਨ ਦੀ ਸੋਝੀ ਪਾਈ ਹੈ ਤੇ ਭਗਤੀ ਦਾ ਸਹੀ ਮਾਰਗ ਸਮਝਾਇਆ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਤੇ ਸੰਸਾਰ ਨੂੰ ਉਹਨਾਂ ਸਾਰੇ ਭਰਮਾਂ ਵਿਚੋਂ ਕੱਢਿਆ ਹੈ ਜਿੰਨ੍ਹਾਂ ਨੂੰ ਉਹਨਾਂ ਨੇ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ ਜੋ ਕਿ ਆਪਣੀ ਆਪਣੀ ਮਤਿ ਅਨੁਸਾਰ ਸਭ ਨੇ ਬਣਾਏ ਹੋਏ ਹਨ ਤੇ ਵਿਅਰਥ ਹੀ ਸਰੀਰਕ ਕਿਰਿਆਵਾਂ ਨਾਲ ਜੁੜ ਕੇ ਖੁਆਰ ਹੋ ਰਹੇ ਹਨ, ਇਧਰ ਉਧਰ ਭਟਕਦੇ ਫਿਰਦੇ ਹਨ ਤੇ ਵਿਅਰਥ ਵਿਚ ਹੀ ਸਰੀਰ ਨੂੰ ਕਸ਼ਟ ਦੇਣ ਵਿਚ ਲੱਗੇ ਹੋਏ ਹਨ। ਸਾਰੀ ਗੱਲ ਮਨ ਦੇ ਭਰਮਾਂ ਵਿਚੋਂ ਨਿਕਲਣ ਦੀ ਹੈ ਭਾਵ ਮਨਮਤਿ ਵਿਚੋਂ ਨਿਕਲਣ ਦੀ ਹੈ ਭਾਵ ਗੁਰਮਤਿ ਨੂੰ ਮੰਨਣ ਦੀ ਹੈ ਜੋ ਹਰ ਭਰਮ ਤੋਂ ਮੁਕਤਿ ਹੈ ਤੇ ਇਸੇ ਲਈ ਗੁਰਮਤਿ ਸੱਚ ਹੈ, ਨਾਮ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ। ਪ੍ਰਮਾਤਮਾ

37/4404

ਦੇ ਨਾਲ ਮੇਲ ਦਾ ਸੱਚਾ ਉਦਮ ਇਹੀ ਹੈ ਕਿ ਅਸੀਂ ਉਸ ਮਤਿ ਦੇ ਨਾਲ ਜੁੜੀਏ ਜੋ ਭਰਮ ਤੋਂ ਰਹਿਤ ਹੈ। ਭਰਮ ਤੋਂ ਰਹਿਤ ਕੇਵਲ ਗੁਰੂ ਦੀ ਮਤਿ ਹੈ ਤੇ ਜਿੰਨ੍ਹਾਂ ਦੀ ਮਤਿ ਪਿੱਛੇ ਲੱਗ ਕੇ ਸੰਸਾਰ ਪ੍ਰਮਾਤਮਾ ਨੂੰ ਲਭਣ ਦਾ ਉਪਰਾਲਾ ਕਰਨ ਲੱਗਾ ਹੋਇਆ ਹੈ, ਉਹ ਆਪ ਭਰਮ ਵਿਚ ਰਹੇ ਹਨ ਤੇ ਉਹਨਾਂ ਨੇ ਦੂਸਰਿਆਂ ਦਾ ਭਰਮ ਕੀ ਕੱਢਣਾ ਹੈ ਭਾਵ ਸਭ ਨੇ ਸਾਡੇ ਅੰਦਰ ਹੋਰ ਭਰਮ ਹੀ ਦ੍ਰਿੜ ਕਰਨਾ ਹੈ ਜਿਸ ਕਰਕੇ ਉਹਨਾਂ ਦੀ ਮਤਿ ਵਿਚੋਂ ਨਿਕਲੇ ਬਿਨਾ ਅਸੀਂ ਭਰਮਾਂ ਵਿਚੋਂ ਨਹੀਂ ਨਿਕਲ ਸਕਦੇ ਤੇ ਭਗਤੀ ਦੇ ਅਸਲ ਮਾਰਗ ਨੂੰ, ਪ੍ਰਮਾਤਮਾ ਦੇ ਪਾਉਣ ਦੇ ਅਸਲ ਮਾਰਗ ਨੂੰ ਨਹੀਂ ਸਮਝ ਸਕਦੇ। ਅਸਲ ਮਾਰਗ ਪੂਰੇ ਸੰਸਾਰ ਵਿਚ ਕੇਵਲ ਤੇ ਕੇਵਲ ਗੁਰਬਾਣੀ ਦੇ ਕੋਲ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੇ ਮਨ ਦੇ ਵਿਚੋਂ ਹੀ ਦਰਸ਼ਨ ਕਰਨ ਦਾ ਸੱਚਾ ਮਾਰਗ ਸਮਝਾ ਰਹੀ ਹੈ। ਗੁਰਬਾਣੀ ਸਾਰੇ ਜਗਤ ਨੂੰ ਇਕੋ ਜਿਹਾ ਮਾਰਗ ਹੀ ਸਮਝਾ ਰਹੀ ਹੈ ਜੋ ਕਿ ਕੇਵਲ ਤੇ ਕੇਵਲ ਸੱਚ ਤੇ ਚਲਣ ਦਾ ਹੈ। ਕੇਵਲ ਸੱਚ ਹੀ ਭਰਮ ਤੋਂ ਰਹਿਤ ਹੈ ਤੇ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਆਪਣੇ ਆਪ ਨੂੰ ਭਰਮਾਂ ਤੋਂ ਮੁਕਤਿ ਕਰੀਏ। ਸ਼ਬਦਾਂ ਨੂੰ ਕਥੀ ਜਾਣ ਨਾਲ ਅਸੀਂ ਭਰਮਾਂ ਤੋਂ ਮੁਕਤਿ ਨਹੀਂ ਹੋ ਸਕਦੇ। ਭਰਮਾਂ ਤੋਂ ਮੁਕਤੀ ਸ਼ਬਦ ਦੀ ਮਤਿ ਨੂੰ ਮੰਨਣ ਨਾਲ ਹੀ ਹੋਣੀ ਹੈ, ਸਾਡੇ ਅੰਦਰ ਚੱਲ ਰਹੀ ਸਕਤਿ ਵਾਲੀ ਅਵਸਥਾ ਤੋਂ ਮੁਕਤੀ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਹੋਣੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਮਨ ਦੇ ਭਰਮ ਰੂਪ ਪੜਦੇ ਤੋਂ ਮੁਕਤਿ ਹੋਣ ਦਾ ਹੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। (**ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥ ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥**)

ਸਾਡੇ ਅੰਦਰ ਇਹ ਸਿਵ ਸਕਤੀ ਵਾਲੀ ਅਵਸਥਾ ਹੀ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਇਹ ਖੇਡ ਚੱਲਾ ਰਿਹਾ ਹੈ ਤੇ ਪ੍ਰਮਾਤਮਾ ਨੇ ਸਭ ਨੂੰ ਮਨ ਦੀ ਇਸ ਅਵਸਥਾ ਦੁਆਰਾ ਹੀ ਵਿਜੋਗ ਵਿਚ ਭਾਵ ਵਿਛੋੜੇ ਦੇ ਦੁੱਖ ਵਿਚ ਰਖਿਆ ਹੋਇਆ ਹੈ ਭਾਵ ਮਨ ਦੀ ਇਸ ਅਵਸਥਾ ਵਿਚੋਂ ਨਿਕਲਣ ਦੁਆਰਾ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁੱਖ ਦੂਰ ਹੁੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ

ਤਾਂ ਜੋ ਅਸੀਂ ਪ੍ਰਮਾਤਮਾ ਨਾਲ ਮੇਲ ਕਰਨ ਦਾ ਉਹੋ ਜਿਹਾ ਉੱਦਮ ਕਰੀਏ ਜੋ

37/4405

ਸਾਡੇ ਲਈ ਅਸਲ ਉੱਦਮ ਹੈ।

“ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥”

(ਅੰਗ - ੨੧)

ਉਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਡੀ ਪ੍ਰਮਾਤਮਾ ਦੇ ਨਾਲ ਵਿਛੋੜੇ ਵਾਲੀ ਅਵਸਥਾ ਸਮਝਾਈ ਹੋਈ ਹੈ ਤੇ ਦੂਸਰੇ ਪਦੇ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵਸਥਾ ਸਮਝਾਈ ਹੋਈ ਹੈ। ਸ਼ਬਦ ਦੇ ਦੋਵੇਂ ਪਦਿਆਂ ਰਾਹੀਂ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ। ਜਦ ਤਕ ਸਾਡੇ ਅੰਦਰ ਸਿਵ ਸਕਤੀ ਵਾਲੀ ਅਵਸਥਾ ਹੈ ਤਦ ਤਕ ਹਰ ਕੋਈ ਤ੍ਰੈ ਗੁਣਾਂ ਵਾਲੇ ਬੰਧਨ ਵਿੱਚ ਹੈ ਜਿਸ ਰਾਹੀਂ ਪ੍ਰਮਾਤਮਾ ਆਪਣੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹਰ ਕੋਈ ਪ੍ਰਮਾਤਮਾ ਦੇ ਨਾਲ ਵਿਜੋਗ ਦੇ ਦੁੱਖ ਵਿਚ ਹੈ, ਵਿਛੋੜੇ ਦੇ ਦੁੱਖ ਵਿਚ ਹੈ ਜੋ ਵਿਛੋੜਾ ਸਾਡੇ ਮਨ ਦੇ ਵਿਚ ਹੀ ਹੈ ਤੇ ਮਨ ਦੀ ਇਸ ਅਵਸਥਾ ਦੁਆਰਾ ਹਰ ਕੋਈ ਮਨਮੁਖਿ ਹੈ ਭਾਵ ਮਨਮਤਿ ਵਿੱਚ ਹੈ। ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜਾ ਮਨਮਤਿ ਵਾਲੀ ਸੋਝੀ ਕਰਕੇ ਹੀ ਹੈ ਭਾਵ ਸਾਡੇ ਅੰਦਰ ਗੁਰਮੁਖਿ ਰੂਪ ਸੱਚੀ ਸੋਝੀ ਨਾ ਹੋਣ ਕਰਕੇ ਹੈ ਭਾਵ ਸੱਚੇ ਗਿਆਨ ਦੇ ਨਾ ਹੋਣ ਕਰਕੇ ਹੈ। (**ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥ ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥**)

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥}

(ਅੰਗ - ੯੨੦)

ਪ੍ਰਮਾਤਮਾ ਦੇ ਨਾਲ ਸਾਡਾ ਮਨ ਦੇ ਵਿੱਚ ਵਿਛੋੜਾ ਕਿਵੇਂ ਦੂਰ ਹੁੰਦਾ ਹੈ ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਗੁਰਮੁਖਿ ਵਾਲੀ ਅਵਸਥਾ ਕਿਸੇ ਨੂੰ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ, ਮਨ ਦੇ ਵਿਚ ਮੇਲ ਦੁਆਰਾ ਬਖਸ਼ਦਾ ਹੈ।

“ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥”

ਇਸ ਤੋਂ ਪਹਿਲੇ ਪਦੇ ਰਾਹੀਂ ਸਾਡਾ ਪ੍ਰਮਾਤਮਾ ਨਾਲ ਜੋ

37/4406

ਵਿਛੋੜਾ ਸਮਝਾਇਆ ਹੋਇਆ ਹੈ ਉਹ ਮਨ ਦੇ ਵਿੱਚ ਸਿਵ ਸਕਤੀ ਵਾਲੀ ਅਵਸਥਾ ਦਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦਾ ਹੈ ਜੋ ਕਿ ਸਾਡੇ ਮਨ ਦਾ ਬੰਧਨ ਹੈ। ਉਪਰਲੇ ਪਦੇ ਰਾਹੀਂ ਅਗਰ ਧਿਆਨ ਨਾਲ ਸਮਝੋਗੇ ਤਾਂ ਫਿਰ ਫਰਕ ਮਨ ਦੀ ਸੋਝੀ ਦਾ

ਹੀ ਸਮਝਾਇਆ ਹੋਇਆ ਹੈ। ਸਾਡੇ ਮਨ ਦੀ ਸੋਝੀ ਸਾਡੇ ਮਨ ਦੇ ਗਿਆਨ ਨਾਲ ਜੁੜੀ ਹੋਈ ਹੈ ਕਿ ਸਾਨੂੰ ਸਾਡੇ ਅੰਦਰੋਂ ਗਿਆਨ ਕਿਹੋ ਜਿਹਾ ਮਿਲਦਾ ਹੈ। ਉਪਰਲੇ ਪਦੇ ਰਾਹੀਂ ਸਾਡਾ ਪ੍ਰਮਾਤਮਾ ਦੇ ਘਰ ਵਿਚ ਵਾਸਾ ਸਮਝਾਇਆ ਹੋਇਆ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਘਰ ਸੱਚੇ ਗਿਆਨ ਦਾ ਘਰ ਹੈ, ਸਭ ਤੋਂ ਉੱਚੇ ਗਿਆਨ ਦਾ ਘਰ ਹੈ ਭਾਵ ਬ੍ਰਹਮ ਗਿਆਨ ਰੂਪ ਘਰ ਹੈ। ਪ੍ਰਮਾਤਮਾ ਦੇ ਇਸ ਘਰ ਵਿਚੋਂ **"ਗਿਆਨ ਮਹਾਰਸੁ"** ਭੋਗਣ ਦੀ ਗੱਲ ਸਮਝਾਈ ਹੋਈ ਹੈ। ਇਹ ਗਿਆਨ ਰੂਪ ਮਹਾਰਸ ਸਾਡਾ ਮਨ ਹੀ ਭੋਗਦਾ ਹੈ ਜਿਸ ਦੇ ਨਾਲ ਸਾਡੇ ਮਨ ਦੀ ਸੋਝੀ ਜੁੜੀ ਹੋਈ ਹੈ। ਜਦ ਤਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦੇ ਹਾਂ ਤਦ ਤਕ ਅਸੀਂ **"ਗਿਆਨ ਮਹਾਰਸੁ"** ਤੋਂ ਵਾਂਝੇ ਰਹਿੰਦੇ ਹਾਂ ਭਾਵ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਬ੍ਰਹਮ ਗਿਆਨ ਵਿਚ ਤੇ ਤ੍ਰੈ ਗੁਣਾਂ ਵਾਲੇ ਗਿਆਨ ਵਿਚ ਕੀ ਫਰਕ ਹੈ ਤੇ ਸਾਡੇ ਅੰਦਰ ਗਿਆਨ ਦਾ ਸ੍ਰੋਤ ਕੀ ਹੈ ਭਾਵ ਸਾਡੇ ਅੰਦਰ ਗਿਆਨ ਪਾਉਣ ਵਾਲਾ ਕੌਣ ਹੈ। ਐਥੇ ਹੀ ਸਾਡਾ ਸਭ ਦਾ ਪ੍ਰਮਾਤਮਾ ਦੇ ਨਾਲ ਭੇਦ ਛੁਪਿਆ ਹੋਇਆ ਹੈ ਜੋ ਕਿ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਮਨ ਦੇ ਵਿਚ ਪ੍ਰਮਾਤਮਾ ਦੇ ਘਰ ਵਿਚ ਪਹੁੰਚ ਕੇ ਹੀ **"ਗਿਆਨ ਮਹਾਰਸੁ"** ਦੀ ਪ੍ਰਾਪਤੀ ਹੁੰਦੀ ਹੈ ਜਿਸ ਤੋਂ ਉਪਰ ਸੰਸਾਰ ਦਾ ਹੋਰ ਕੋਈ ਰਸ ਨਹੀਂ ਹੈ। ਇਹ ਉੱਚੇ ਗਿਆਨ ਦਾ ਰਸ ਹੀ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਕਰਾਉਂਦਾ ਹੈ, ਮਨ ਦੇ ਵਿਚ ਗਿਆਨ ਰਾਹੀਂ ਭਾਵ ਮਨ ਦੀ ਸੋਝੀ ਰਾਹੀਂ ਪ੍ਰਮਾਤਮਾ ਦੇ ਦਰਸ਼ਨ ਕਰਾਉਂਦਾ ਹੈ। ਮਨ ਦੇ ਵਿਚ ਆਪਣੇ ਉੱਚੇ ਗਿਆਨ ਦੁਆਰਾ ਪ੍ਰਮਾਤਮਾ ਸੱਚ ਦੀ ਸੋਝੀ ਹੀ ਪਾਉਂਦਾ ਹੈ, ਨਾਮ ਦੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਫਿਰ ਹਰ ਵੇਲੇ ਸੱਚ ਦੇ ਭੈ ਵਿਚ ਹੀ ਰਹਿੰਦਾ ਹੈ ਭਾਵ ਉਸ ਦੇ ਅੰਦਰ ਸੱਚ ਤੇ ਚੱਲਣ ਦਾ, ਨਾਮ ਦੁਆਰਾ ਵਿਚਰਨ ਦਾ ਭੈ ਵਸਿਆ ਰਹਿੰਦਾ ਹੈ। ਸੱਚ ਦੁਆਰਾ ਪ੍ਰਮਾਤਮਾ ਗੁਰਮਤਿ ਹੀ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ। ਮਨ ਦੇ ਵਿਚ ਇਹੋ ਜਿਹਾ ਗਿਆਨ ਉਪਜਣ ਦੁਆਰਾ ਹੀ ਮਨੁੱਖ ਮਾਇਆ ਮੋਹ ਦੇ ਭੈ ਵਿਚੋਂ ਨਿਕਲਦਾ ਹੈ, ਤ੍ਰਿਸ਼ਨਾ ਰੂਪ ਭੁੱਖ ਵਿਚੋਂ ਨਿਕਲਦਾ ਹੈ ਤੇ ਇਹੋ ਜਿਹੀ ਸੋਝੀ ਵਾਲਾ ਮਨ ਹੀ ਬੈਰਾਗੀ ਮਨ

ਹੁੰਦਾ ਹੈ ਭਾਵ ਉਸ ਦੇ ਅੰਦਰ ਹਰ ਵੇਲੇ ਗੁਰਮਤਿ ਰੂਪ ਸੱਚ ਤੇ ਚੱਲਣ ਦਾ ਬੈਰਾਗ ਵਸਿਆ ਰਹਿੰਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਹੀ ਮਨ ਨੂੰ ਮਾਰਨ ਵਾਲੀ ਅਵਸਥਾ ਹੈ ਜੋ ਕਿ ਮਨ ਦੇ ਵਿਚੋਂ ਮਾਇਆ ਮੋਹ ਵਾਲੇ ਵਿਚਾਰਾਂ ਨੂੰ, ਤ੍ਰਿਸ਼ਨਾ ਵਾਲੇ ਵਿਚਾਰਾਂ ਨੂੰ, ਅਉਗਣਾਂ ਵਾਲੇ ਵਿਚਾਰਾਂ ਨੂੰ ਮਾਰਨ ਵਾਲੀ ਅਵਸਥਾ ਹੈ ਜਿਸ ਦੁਆਰਾ ਮਨੁੱਖ ਮਨ ਦੇ ਵਿਚ ਪ੍ਰਮਾਤਮਾ ਨਾਲੋਂ ਵਿਛੋੜੇ ਦੇ ਦੁਖ ਤੋਂ ਦੂਰ ਹੁੰਦਾ ਹੈ। ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਸਾਡੇ ਮਾੜੇ ਵਿਚਾਰ ਹੀ ਹਨ, ਮਨ ਦੇ ਮੈਲੇ ਵਿਚਾਰ ਹੀ ਹਨ ਜਿੰਨ੍ਹਾਂ ਦਾ ਕਾਰਨ ਮਨ ਦੇ ਵਿਚ ਸੱਚੇ ਗਿਆਨ ਦੀ ਸੋਝੀ ਦਾ ਨਾ ਹੋਣਾ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਘਰ ਹੈ। ਸਾਡੇ ਵਿਚਾਰਾਂ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਉਸ ਦੀ ਰਜ਼ਾ ਤੋਂ ਬਿਨਾ ਉਸ ਦੇ ਮਨ ਰੂਪ ਘਰ ਵਿਚ ਕੋਈ ਨਹੀਂ ਵੱਸ ਸਕਦਾ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚੋਂ ਨਿਕਲਣਾ ਕਿਸੇ ਦੇ ਵੱਸ ਨਹੀਂ ਹੈ। ਅਸੀਂ ਕੇਵਲ ਉਦਮ ਹੀ ਕਰ ਸਕਦੇ ਹਾਂ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਚੌਥੇ ਪਦ ਦਾ ਘਰ ਹੈ, ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਰੂਪ ਘਰ ਹੈ, ਨਾਮ ਰੂਪ ਘਰ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਅਸੀਂ ਤ੍ਰੈ ਗੁਣਾਂ ਵਿਚ ਹਉਮੈ ਰੂਪ ਘਰ ਵਿਚ ਵੱਸੇ ਹੋਏ ਹਾਂ ਤੇ ਇਸ ਘਰ ਵਿਚੋਂ ਨਿਕਲਕੇ ਚੌਥੇ ਪਦ ਰੂਪ ਘਰ ਵਿਚ ਪਹੁੰਚਣ ਦਾ ਤਰੀਕਾ ਇਕੋ ਇਕ ਇਹੀ ਹੈ ਕਿ ਅਸੀਂ ਹਉਮੈ ਵਾਲੇ ਵਿਚਾਰਾਂ ਵਿਚੋਂ ਨਿਕਲੀਏ ਤੇ ਸ਼ਬਦ ਦੇ ਵਿਚਾਰਾਂ ਨਾਲ ਜੁੜੀਏ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਸੱਚਾ ਘਰ ਹੈ। (**ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥ ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥**)

{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥

ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥}

(ਅੰਗ - ੧੨੪)

{ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥}

(ਅੰਗ - ੬੧੦)

37/4408

{ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥}

(ਅੰਗ - ੭੬੪)

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ - ੧੨੨੬)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

ਜਦ ਤੱਕ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਭਾਵ **"ਸਕਤਿ"** ਵਾਲੀ ਅਵਸਥਾ ਵਿਚ ਹੈ ਤਦ ਤੱਕ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਨਾਮ ਕੀ ਹੈ। ਨਾਮ ਸਾਡੇ ਅੰਦਰ ਸਿਵ ਦਾ ਘਰ ਹੈ, ਪ੍ਰਮਾਤਮਾ ਦਾ ਆਪਣਾ ਘਰ ਹੈ ਤੇ ਉਸ ਦੇ ਘਰ ਵਿੱਚ ਪਹੁੰਚੇ ਬਿਨਾ ਨਾ ਕੋਈ ਪ੍ਰਮਾਤਮਾ ਨੂੰ ਸਮਝ ਸਕਦਾ ਹੈ ਤੇ ਨਾ ਹੀ ਨਾਮ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਬ੍ਰਹਮ ਗਿਆਨ ਨੂੰ ਸਮਝ ਸਕਦਾ ਹੈ ਕਿ ਬ੍ਰਹਮ ਗਿਆਨ ਕਿਥੋਂ ਆਉਂਦਾ ਹੈ ਭਾਵ ਬ੍ਰਹਮ ਗਿਆਨ ਦਾ ਮਾਲਕ ਕੌਣ ਹੈ। ਜਦ ਤਕ ਅਸੀਂ **"ਸਕਤਿ"** ਵਾਲੀ ਅਵਸਥਾ ਵਿਚ ਹਾਂ ਤਦ ਤਕ ਹਰ ਕੋਈ ਦੁਰਮਤਿ ਵਿਚ ਹੈ ਤੇ ਇਹੀ ਸਾਡੇ ਅੰਦਰ ਦਾ ਸੂਹਾ ਰੰਗ ਹੈ। ਲਾਲ ਰੰਗ ਦੀ ਪ੍ਰਾਪਤੀ ਮਨ ਦੇ ਵਿਚ ਮੇਲ ਦੁਆਰਾ ਹੀ ਹੁੰਦੀ ਹੈ। ਨਾਮ ਦਾ ਰੰਗ ਲਾਲ ਰੰਗ ਹੈ ਤੇ ਹਉਮੈ ਸਾਡੇ ਅੰਦਰ ਦਾ ਸੂਹਾ ਰੰਗ ਹੈ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਨਾਲ, ਗਿਆਨ ਨਾਲ ਜੁੜਿਆ ਹੋਇਆ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕੁ ਮਃ ੩ ॥

"ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥
ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥
ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥
ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥"

(ਅੰਗ - ੭੮੬)

ਉਪਰ ਸਲੋਕ ਰਾਹੀਂ ਸਾਨੂੰ ਸਾਡੀ ਸਕਤਿ ਵਾਲੀ ਅਵਸਥਾ ਵਿੱਚ ਤੇ ਸਿਵ ਵਾਲੀ ਅਵਸਥਾ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਫਰਕ ਸਾਡੇ ਮਨ ਦੀ ਸੋਝੀ ਦਾ ਹੀ ਹੈ, ਮਨ ਦੇ ਵਿਚਾਰਾਂ ਦਾ ਹੀ ਹੈ।

37/4409

ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਰੇ ਸੰਸਾਰ ਨੂੰ ਕਿਹੋ ਜਿਹੇ ਰੰਗ ਵਿੱਚ ਦੱਸਿਆ ਹੋਇਆ ਹੈ ਤੇ ਉਹ ਰੰਗ ਸਭ ਦੇ ਅੰਦਰ ਕਿਸ ਰੂਪ ਦੇ ਵਿੱਚ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਸੂਹੇ ਰੰਗ ਵਿਚ ਰੱਖਿਆ ਹੋਇਆ ਹੈ। ਸੂਹਾ ਰੰਗ ਸਾਡੇ ਅੰਦਰ ਦੀ ਝੂਠੀ ਮਤਿ ਹੈ, ਮਾੜੀ ਮਤਿ ਹੈ, ਭਰਮ ਵਾਲੀ ਮਤਿ ਹੈ ਭਾਵ ਦੁਰਮਤਿ ਹੈ ਜਿਸ ਮਤਿ ਨੂੰ ਗੁਰਮਤਿ ਦੀ ਸੋਝੀ ਨਹੀਂ ਹੈ, ਜਿਸ ਦੇ ਅੰਦਰ ਗੁਰਮਤਿ ਰੂਪ ਵਿਚਾਰ ਨਹੀਂ ਹਨ। ਗੁਰੂ ਦੀ ਮਤਿ ਗੁਰਮਤਿ ਵਿਚਾਰਾਂ ਵਾਲੀ ਹੈ, ਸ਼ਬਦ ਦੇ ਵਿਚਾਰਾਂ ਵਾਲੀ ਮਤਿ ਹੈ ਭਾਵ ਸੱਚੇ ਗਿਆਨ ਵਾਲੀ ਮਤਿ ਹੈ ਜਿਸ ਮਤਿ ਨੂੰ ਇਸ ਗੱਲ ਦੀ ਸਮਝ ਹੈ ਕਿ ਗੁਰੂ ਪ੍ਰਮਾਤਮਾ ਕੌਣ ਹੈ ਤੇ ਉਸ ਦਾ ਟਿਕਾਣਾ ਸਾਡੇ ਅੰਦਰ ਕਿਸ ਰੂਪ ਵਿਚ ਹੈ। ਗੁਰੂ ਦੀ ਮਤਿ ਪੂਰਨ ਸੱਚ ਵਾਲੀ ਮਤਿ ਹੈ ਜੋ ਸਦਾ ਟਿਕਣ ਵਾਲੀ ਮਤਿ ਹੈ ਤੇ ਗੁਰਮਤਿ ਰੂਪ ਬੋਲ ਭਾਵ ਗੁਰੂ ਦੇ ਬੋਲੇ ਹੋਏ ਬੋਲ ਕਦੇ ਬਿਨਸ ਨਹੀਂ ਸਕਦੇ। ਜੋ ਬੋਲ ਗੁਰਮਤਿ ਤੇ ਪੂਰੇ ਨਹੀਂ ਉਤਰਦੇ ਉਹ ਝੂਠੇ ਬੋਲ ਹਨ ਭਾਵ ਉਹਨਾਂ ਅੰਦਰ ਦੁਰਮਤਿ ਹੈ, ਜੋ ਬੋਲ ਟਿੱਕ ਨਹੀਂ ਸਕਦੇ। ਝੂਠੇ ਬੋਲ ਇਸੇ ਤਰ੍ਹਾਂ ਬਿਨਸ ਜਾਂਦੇ ਹਨ ਜਿਵੇਂ ਇੱਕ ਬਿਰਖ ਦੀ ਛਾਂ ਬਿਨਸ ਜਾਂਦੀ ਹੈ ਭਾਵ ਜਿਵੇਂ ਬਿਰਖ ਦੀ ਛਾਂ ਨਹੀਂ ਟਿਕਦੀ ਇਸੇ ਤਰ੍ਹਾਂ ਦੁਰਮਤਿ ਨਹੀਂ ਟਿਕਦੀ। ਟਿੱਕਣ ਵਾਲੀ ਮਤਿ ਕੇਵਲ ਗੁਰਮਤਿ ਹੈ। ਗੁਰੂ ਦੇ ਨਾਲ ਸੱਚਾ ਪਿਆਰ ਉਸ ਮਨੁੱਖ ਦੇ ਅੰਦਰ ਹੈ ਜਿਸ ਦੇ ਅੰਦਰ ਗੁਰਮਤਿ ਰੂਪ ਵਿਚਾਰ ਵੱਸੇ ਹੋਏ ਹਨ, ਸ਼ਬਦਾਂ ਦੇ ਵਿਚਾਰ ਵੱਸੇ ਹੋਏ ਹਨ। ਜੋ ਮਨੁੱਖ ਗੁਰਮਤਿ ਦੇ ਵਿਚਾਰਾਂ ਵਾਲਾ ਨਹੀਂ ਹੈ ਉਸ ਦੇ ਅੰਦਰ ਦੁਰਮਤਿ ਹੈ, ਦੂਜਾ ਭਾਉ ਹੈ ਭਾਵ ਉਸ ਦਾ ਪਿਆਰ ਮਨਮਤਿ ਦੇ ਨਾਲ ਹੈ। ਇਹ ਮਨਮਤਿ ਹੀ ਸਾਡੇ ਅੰਦਰ ਦਾ ਸੂਹਾ ਰੰਗ ਹੈ ਜੋ ਕੇਵਲ ਦਿਸਣ ਨੂੰ ਚੰਗਾ ਲੱਗਦਾ ਹੈ ਪਰ ਮਨ ਦਾ ਇਹ ਰੰਗ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦਾ ਹੈ ਤੇ ਭਗਤੀ ਦੇ ਉਹੋ ਜਿਹੇ ਤਰੀਕਿਆਂ ਨਾਲ ਜੋੜ ਕੇ ਰੱਖਦਾ ਹੈ ਜਿੰਨ੍ਹਾਂ ਵਿਚ ਕੇਵਲ ਦਿਖਾਵਾ ਹੁੰਦਾ ਹੈ। ਭਗਤੀ ਨੂੰ ਸਮਝਣ ਵਿਚ ਸਾਰਾ ਸੰਸਾਰ ਸੂਹੇ ਵੇਸ ਵਿਚ ਹੈ ਭਾਵ ਮਨਮਤਿ ਵਿਚ ਹੀ ਹੈ ਭਾਵ ਮਨ ਦੀ ਮਾੜੀ ਸੋਝੀ ਵਿਚ ਹੀ ਹੈ, ਗੁਰੂ ਦੀ ਸੱਚੀ ਮਤਿ ਤੋਂ ਦੂਰ ਹੀ ਹੈ। (**ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥ ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥**)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ - ੨੨੫)

ਸਾਡੇ ਅੰਦਰ ਦਾ ਪੁੱਠਾ ਕਮਲ ਭਾਵ ਪੁੱਠੀ ਮਤਿ ਸਾਨੂੰ ਦੁਰਮਤਿ

37/4410

ਵਿੱਚ ਹੀ ਰੱਖਦੀ ਹੈ ਭਾਵ ਸੂਹੇ ਵੇਸ ਨਾਲ ਜੋੜਕੇ ਹੀ ਰੱਖਦੀ ਹੈ ਤੇ ਸਭ ਦੇ ਅੰਦਰ ਪ੍ਰਮਾਤਮਾ ਨੇ ਮੂਲ ਰੂਪ ਵਿੱਚ ਹੀ ਆਪਣੀ ਹਉਮੈ ਵਾਲੀ ਜੁਗਤਿ ਪਾਈ ਹੋਈ ਹੈ, ਮਾਇਆ ਮੋਹ ਵਾਲੀ ਜੁਗਤਿ ਪਾਈ ਹੋਈ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਗੁਰਮਤਿ ਨਾਲ ਜੁੜਨ ਤੋਂ ਦੂਰ ਰੱਖਦੀ ਹੈ ਤੇ ਸਭ ਨੂੰ ਦੁਰਮਤਿ ਵਿਚ ਹੀ ਰੱਖਦੀ ਹੈ। ਦੁਰਮਤਿ ਵਿਚ ਕੇਵਲ ਸ਼ਬਦ ਦੀ ਵਿਚਾਰ ਦੁਆਰਾ ਉਬਰਿਆ ਜਾ ਸਕਦਾ ਹੈ ਭਾਵ ਗੁਰਮਤਿ ਦੁਆਰਾ ਉਬਰਿਆ ਜਾ ਸਕਦਾ ਹੈ। ਸਾਡੇ ਅੰਦਰ ਮਾੜੀ ਮਤਿ ਸਾਨੂੰ ਸੂਹੇ ਵੇਸ ਨਾਲ ਹੀ ਜੋੜਦੀ ਹੈ , ਸਾਨੂੰ ਭਗਤੀ ਦੇ ਉਹੋ ਜਿਹੇ ਤਰੀਕਿਆਂ ਨਾਲ ਜੋੜਦੀ ਹੈ ਜਿੰਨ੍ਹਾਂ ਵਿਚ ਭਗਤੀ ਦਾ ਸੱਚ ਨਹੀਂ ਹੁੰਦਾ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥ ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥”

(ਅੰਗ - ੫੩-੫੪)

ਉਪਰ ਵਾਲੀਆਂ ਪੰਗਤੀਆਂ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲਾਂ ਵੀ ਸਮਝਿਆ ਹੈ। ਉਪਰ ਪੰਗਤੀਆਂ ਰਾਹੀਂ ਸਾਡਾ ਸੂਹਾ ਵੇਸ ਅਸੀਂ ਕਿਸ ਰੂਪ ਵਿਚ ਦਿਖਾਉਂਦੇ ਹਾਂ ਭਾਵ ਆਪਣੀ ਭਗਤੀ ਕਿਸ ਰੂਪ ਵਿੱਚ ਦਿਖਾਉਂਦੇ ਹਾਂ, ਇਸ ਗੱਲ ਨੂੰ ਸਮਝਾਇਆ ਹੋਇਆ ਹੈ। ਆਪਣੀ ਆਪਣੀ ਮਤਿ ਨਾਲ ਭਗਤੀ ਦਾ ਪ੍ਰਗਟਾਵਾ ਕਰਨ ਵਾਲੇ ਆਪਣੇ ਆਪ ਨੂੰ ਪ੍ਰਮਾਤਮਾ ਦੀਆਂ ਇਸਤਰੀਆਂ ਭਾਵ ਉਸ ਦੀਆਂ ਸੁਹਾਗਣਾਂ ਸਮਝਦੇ ਹਨ, ਆਪਣਾ ਭਗਤੀ ਦਾ ਸ਼ਿੰਗਾਰ ਸਮਝਦੀਆਂ ਹਨ ਕਿ ਅਸੀਂ ਆਪਣੇ ਸ਼ਿੰਗਾਰ ਦੁਆਰਾ ਪ੍ਰਮਾਤਮਾ ਨੂੰ ਉਸ ਦੀ ਨਾਰ ਬਣਕੇ ਖੁਸ਼ ਕਰ ਰਹੀਆਂ ਹਾਂ। ਇਹ ਭਗਤੀ ਦਾ ਸ਼ਿੰਗਾਰ ਅਸੀਂ ਗਿਣਤੀਆਂ ਮਿਣਤੀਆਂ ਦੁਆਰਾ ਦਿਖਾਉਂਦੇ ਹਾਂ ਭਾਵ ਅਸੀਂ ਗੁਰੂ ਦੇ ਸ਼ਬਦਾਂ ਨੂੰ ਕੇਵਲ ਪੜਨ ਸੁਣਨ ਵਿਚ ਲੱਗੇ ਰਹਿੰਦੇ ਹਾਂ, ਸਵੇਰੇ ਸ਼ਾਮ

ਧਰਮ ਅਸਥਾਨਾਂ ਤੇ ਹਾਜਰੀਆਂ ਭਰਨ ਦੀਆਂ ਗਿਣਤੀਆਂ ਮਿਣਤੀਆਂ ਵਿਚ ਲੱਗੇ ਰਹਿੰਦੇ ਹਾਂ ਭਾਵ ਧਰਮ ਦਾ ਦਿਖਾਵਾ ਕਰਦੇ ਹਾਂ ਪਰ ਧਰਮ ਦੇ ਅਸਲ ਮਾਰਗ ਨੂੰ ਨਹੀਂ ਸਮਝਦੇ ਜੋ ਕਿ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ। ਅਸੀਂ ਪ੍ਰਮਾਤਮਾ ਦੇ ਨਾਲ

37/4411

ਆਪਣਾ ਪ੍ਰੇਮ ਗਿਣਤੀਆਂ ਮਿਣਤੀਆਂ ਦੁਆਰਾ ਹੀ ਦਿਖਾਉਂਦੇ ਹਾਂ ਜਿਸ ਵਿਚ ਭਗਤੀ ਨਹੀਂ ਬਲਕਿ ਭਗਤੀ ਦਾ ਪਾਖੰਡ ਹੈ, ਝੂਠਾ ਦਿਖਾਵਾ ਹੈ। ਸਾਡਾ ਇਹੋ ਜਿਹਾ ਦਿਖਾਵਾ ਇੱਕ **"ਸੂਹਾ ਵੇਸੁ"** ਹੈ ਜੋ ਕਿ ਸਾਡਾ ਵਿਕਾਰ ਦੱਸਿਆ ਹੈ ਕਿਉਂਕਿ ਸਾਡਾ ਹਰ ਭਗਤੀ ਦਾ ਦਿਖਾਵਾ ਸਾਡਾ ਵਿਕਾਰ ਹੀ ਹੈ ਜੋ ਸਾਡੀ ਹਉਮੈ ਹੀ ਵਧਾਉਂਦਾ ਹੈ, ਸਮਾਜ ਵਿਚ ਸਾਡਾ ਝੂਠਾ ਮਾਣ ਹੀ ਵਧਾਉਂਦਾ ਹੈ। ਸਾਡੇ ਇਹੋ ਜਿਹੇ ਝੂਠੇ ਦਿਖਾਵਿਆਂ ਦਾ ਕਾਰਨ ਸਾਡੇ ਅੰਦਰ ਭਗਤੀ ਦੀ ਸੱਚੀ ਸੋਝੀ ਦਾ ਨਾ ਹੋਣਾ ਹੀ ਹੈ, ਗੁਰਮਤਿ ਰੂਪ ਸੱਚੀ ਸੋਝੀ ਦਾ ਨਾ ਹੋਣਾ ਹੀ ਹੈ ਭਾਵ ਸਾਡੇ ਅੰਦਰ ਦੀ ਮਨਮਤਿ ਹੈ, ਦੁਰਮਤਿ ਹੈ ਜੋ ਸਾਨੂੰ ਸੂਹੇ ਰੰਗ ਨਾਲ ਜੋੜ ਕੇ ਰੱਖਦੀ ਹੈ। ਸਾਡੇ ਅੰਦਰ ਦਾ ਸੂਹਾ ਰੰਗ ਹੀ ਸਾਨੂੰ ਸੂਹੇ ਵੇਸ ਨਾਲ ਜੋੜਦਾ ਹੈ। (**ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥ ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥**)

ਸੂਹਾ ਰੰਗ ਸਾਡੇ ਅੰਦਰ ਦਾ ਝੂਠਾ ਰੰਗ ਹੈ ਭਾਵ ਝੂਠੀ ਮਤਿ ਦਾ ਰੰਗ ਹੈ ਤੇ ਸਾਡੇ ਅੰਦਰ ਦਾ ਲਾਲ ਰੰਗ, **"ਮਜੀਠ"** ਰੰਗ ਸਾਡੇ ਅੰਦਰ ਗੁਰਮਤਿ ਰੂਪ ਸੱਚਾ ਰੰਗ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਅੰਦਰ ਸੂਹਾ ਰੰਗ ਹੋਣ ਦਾ ਜਾਂ ਲਾਲ ਰੰਗ ਹੋਣ ਦਾ ਕਾਰਨ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥
ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥"

(ਅੰਗ - ੭੮੬)

"ਗੁਰਮੁਖਿ ਲਾਲੋ ਲਾਲੁ ਹੈ" ਤੋਂ ਭਾਵ ਹੈ ਕਿ ਗੁਰਮਤਿ ਰੂਪ ਰੰਗ **"ਲਾਲੁ"** ਦੁਆਰਾ ਲਾਲ ਹੈ ਭਾਵ ਗੁਰਮਤਿ ਦਾ ਰੰਗ ਗੁਰੂ ਦੇ ਕੋਲ ਹੈ ਤੇ ਗੁਰੂ ਨੂੰ ਲਾਲ ਰੰਗ ਉਸਨੇ ਦਿੱਤਾ ਹੈ ਜੋ ਆਪ ਲਾਲ ਹੈ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਵਿਚ ਸਾਰੀ ਮਤਿ ਪਾਉਣ ਵਾਲਾ ਪ੍ਰਮਾਤਮਾ ਆਪ ਹੈ। ਗੁਰਮਤਿ ਦਾ ਰੰਗ ਪੱਕਾ ਰੰਗ ਹੈ, ਮਜੀਠ ਰੰਗ ਹੈ ਜੋ ਸੱਚ ਦੀ ਤਰ੍ਹਾਂ ਪੱਕਾ ਹੈ। ਇਹ ਮਨ ਦੀ ਸੋਝੀ ਦੇ ਅੰਦਰ ਦਾ ਰੰਗ ਹੈ। ਜਿਸ ਦੇ ਮਨ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਕੇ ਗੁਰਮਤਿ ਰੂਪ ਸੱਚਾ ਰੰਗ ਚੜਾ ਦਿੰਦਾ ਹੈ, ਗੁਰਮਤਿ ਰੂਪ ਸੱਚੀ ਸੋਝੀ ਵਾਲਾ ਰੰਗ ਚੜਾ ਦਿੰਦਾ ਹੈ ਉਸ ਮਨ ਨੂੰ ਗੁਰਮਤਿ ਤੇ ਪੱਕਾ ਕਰ ਦਿੰਦਾ ਹੈ, ਉਸ ਮਨ ਨੂੰ ਅਡੋਲ ਕਰ ਦਿੰਦਾ ਹੈ ਜੋ ਮਤਿ ਫਿਰ ਪੂਰੀ ਤਰ੍ਹਾਂ ਝੂਠ ਤੋਂ ਰਹਿਤ ਹੋ ਜਾਂਦੀ ਹੈ, ਭਰਮ ਤੋਂ, ਮਾਇਆ ਮੋਹ ਤੋਂ, ਵਿਕਾਰਾਂ ਤੋਂ ਰਹਿਤ ਹੋ ਜਾਂਦੀ ਹੈ, ਇਹ ਮਨ ਦੇ ਵਿਚ ਸੱਚ ਨੂੰ ਸਮਝਕੇ ਸੱਚ ਦੀ ਅਡੋਲਤਾ ਤੇ

37/4412

ਚੱਲਣ ਦਾ ਰੰਗ ਹੈ। ਗੁਰੂ ਦੀ ਮਤਿ ਇਹੋ ਜਿਹੇ ਸੱਚ ਤੇ ਰੰਗੀ ਹੋਈ ਹੈ ਜਿਸ ਕਰਕੇ ਉਹ ਦੁਰਮਤਿ ਵਾਲੀ ਝੂਠੀ ਮਤਿ ਤੋਂ ਰਹਿਤ ਹੈ, ਸੂਹੇ ਰੰਗ ਤੋਂ ਰਹਿਤ ਹੈ। (**ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥**)

ਸਾਡੀ ਮਤਿ ਲਾਲ ਰੰਗ ਨਾਲ ਕਿਸ ਤਰੀਕੇ ਰੰਗੀ ਜਾਂਦੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਸਾਰਾ ਫਰਕ ਮਨ ਦੀ ਸੋਝੀ ਵਿਚ ਹੀ ਹੈ ਭਾਵ ਮਨ ਦੇ ਵਿਚ ਸਕਤਿ ਵਾਲੀ ਅਵਸਥਾ ਜਾਂ ਸਿਵ ਵਾਲੀ ਅਵਸਥਾ ਵਿਚ ਹੀ ਹੈ।

"ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥"

ਹਰ ਕਿਸੇ ਨੂੰ ਪ੍ਰਮਾਤਮਾ ਨੇ ਮਨ ਦੀ ਸਕਤਿ ਵਾਲੀ ਅਵਸਥਾ ਵਿਚ ਹੀ ਰੱਖਿਆ ਹੋਇਆ ਹੈ ਭਾਵ ਪੁੱਠੀ ਮਤਿ ਵਿਚ ਰੱਖਿਆ ਹੈ, ਦੁਰਮਤਿ ਵਾਲੀ ਮਤਿ ਵਿਚ ਰੱਖਿਆ ਹੋਇਆ ਹੈ ਭਾਵ ਉਸ ਨੇ ਆਪ ਹੀ ਸਭ ਨੂੰ ਆਪਣੇ **"ਸਚੁ"** ਰੂਪ ਘਰ ਤੋਂ ਦੂਰ ਰੱਖਿਆ ਹੋਇਆ ਹੈ, ਮਨ ਦੀ ਸੋਝੀ ਰਾਹੀ ਦੂਰ ਰੱਖਿਆ ਹੋਇਆ ਹੈ। ਜਦ ਤਕ ਸਾਡੇ ਅੰਦਰ ਸਕਤਿ ਰੂਪ ਮਤਿ ਉਲਟੀ ਨਹੀਂ ਹੁੰਦੀ ਭਾਵ ਜਦ ਤਕ ਸਾਡੇ ਅੰਦਰ ਦੀ ਮਤਿ ਪੁੱਠੀ ਤੋਂ ਸਿੱਧੀ ਨਹੀਂ ਹੁੰਦੀ ਤਦ ਤਕ ਅਸੀਂ ਆਪਣੇ ਮਨ ਦੇ ਵਿਚ ਸਿਵ ਦੇ ਘਰ ਵਿਚ ਨਹੀਂ ਪਹੁੰਚਦੇ। ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਿਵ ਦੇ ਘਰ ਵਿਚ ਆਉਣਾ ਕੀ

ਹੈ। ਸਿਵ ਦੇ ਘਰ ਵਿਚ ਸਾਡੀ ਮਤਿ ਹੀ ਆਉਂਦੀ ਹੈ ਭਾਵ ਸਾਡੇ ਮਨ ਦੇ ਵਿਚਾਰ ਹੀ ਸਿਵ ਦੇ ਘਰ ਵਿਚ ਪਹੁੰਚਦੇ ਹਨ। (**ਉਲਟੀ ਸਕਤਿ ਸਿਵੈ ਘਰਿ ਆਈ**) ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਵੀ ਮਨ ਦੀ ਮਤਿ ਕਰਕੇ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਹੈ ਤੇ ਮੇਲ ਵੀ ਮਨ ਦੇ ਵਿਚ ਹੀ ਹੈ ਜੋ ਕਿ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੁੰਦਾ ਹੈ। ਸਾਡੀ ਅਗਿਆਨਤਾ ਵਾਲੀ ਮਤਿ ਹੀ ਸੱਚੇ ਗਿਆਨ ਦੇ ਘਰ ਵਿਚ ਪਹੁੰਚਦੀ ਹੈ, ਸਾਡੀ ਤ੍ਰੈ ਗੁਣਾਂ ਵਾਲੀ ਮਤਿ ਸਹਜ ਰੂਪ ਗਿਆਨ ਦੇ ਘਰ ਵਿਚ ਪਹੁੰਚਦੀ ਹੈ ਭਾਵ ਚੌਥੇ ਪਦ ਰੂਪ ਗਿਆਨ ਦੇ ਘਰ ਪਹੁੰਚਦੀ ਹੈ। ਸਾਡੇ ਅੰਦਰ ਇਹ ਸੱਚਾ ਗਿਆਨ ਰੂਪ ਘਰ ਹੀ ਸਾਡੇ ਅੰਦਰ ਸਿਵ ਦਾ ਘਰ ਹੈ, ਪ੍ਰਮਾਤਮਾ ਦਾ ਘਰ ਹੈ। ਪ੍ਰਮਾਤਮਾ ਦਾ ਘਰ ਹੀ ਸਾਡੇ ਅੰਦਰ ਅੰਮ੍ਰਿਤ ਨਾਮ ਰੂਪ ਘਰ ਹੈ ਭਾਵ ਬ੍ਰਹਮ ਗਿਆਨ ਰੂਪ ਘਰ ਹੈ। ਜਿਸ ਨੂੰ ਵੀ ਅਜ ਤਕ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ ਹੈ ਉਸ ਨੂੰ ਹੀ ਨਾਮ ਦੀ ਪ੍ਰਾਪਤੀ ਹੋਈ ਹੈ ਤੇ ਉਸ ਨੂੰ ਹੀ ਸਮਝ ਲੱਗੀ ਹੈ ਕਿ ਬ੍ਰਹਮ ਗਿਆਨੀ ਕੌਣ ਹੈ ਭਾਵ ਆਪ ਨਿਰੰਕਾਰ ਹੈ ਜਿਸ

ਦਾ ਕੋਈ ਆਕਾਰ ਨਹੀਂ ਹੈ, ਕੋਈ ਰੂਪ ਰੇਖ ਨਹੀਂ ਹੈ। ਪ੍ਰਮਾਤਮਾ ਦਾ ਇਹ ਨਿਰੰਕਾਰ ਰੂਪ ਘਰ ਸਾਡੇ ਅੰਦਰ ਹੀ ਹੈ ਜੋ ਕਿ ਮਨ ਦੀ ਸੋਝੀ ਦੇ ਰੂਪ ਵਿਚ ਹੈ। ਬ੍ਰਹਮ ਗਿਆਨ ਵਾਲੀ ਸੋਝੀ ਸਾਡੇ ਅੰਦਰ ਨਿਰੰਕਾਰ ਦਾ ਰੂਪ ਹੈ। ਮਨ ਦੀ ਸੋਝੀ ਦਾ ਕੋਈ ਰੂਪ ਰੇਖ ਨਹੀਂ ਹੁੰਦਾ। ਜਿੰਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਪਾਇਆ ਹੈ ਉਹਨਾਂ ਨੇ ਮਨ ਦੇ ਗਿਆਨ ਰਾਹੀਂ ਹੀ ਪਾਇਆ ਹੈ ਤੇ ਉਹਨਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਸੰਸਾਰ ਨੂੰ ਨਾਮ ਸਮਝਾਇਆ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਸਮਝਾਇਆ ਹੈ। ਪੂਰੀ ਗੁਰਬਾਣੀ ਵਿਚ ਨਾਮ **"ਬ੍ਰਹਮ ਗਿਆਨ"** ਦੇ ਰੂਪ ਵਿਚ ਹੈ। ਬ੍ਰਹਮ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਬ੍ਰਹਮ ਗਿਆਨ ਦੇ ਰੂਪ ਵਿਚ ਆਪ ਹੀ ਹੈ ਭਾਵ ਗੁਰਬਾਣੀ ਕੋਈ ਮਨੁੱਖੀ ਰਚਨਾ ਨਹੀਂ ਹੈ। ਸਾਰੀ ਗੁਰਬਾਣੀ ਇਕੋ ਜੋਤਿ ਤੋਂ ਹੀ ਆਈ ਹੈ, ਇੱਕੋ ਗਿਆਨ ਦੇ ਸ੍ਰੋਤ ਤੋਂ ਹੀ ਆਈ ਹੈ। ਪ੍ਰਮਾਤਮਾ ਜਿਸ ਰੂਪ ਵਿਚ ਸਾਡੇ ਮਨ ਰੂਪ ਘਰ ਵਿਚ ਹੈ ਉਸੇ ਰੂਪ ਵਿਚ ਪ੍ਰਮਾਤਮਾ ਗੁਰਬਾਣੀ ਰੂਪ ਘਰ ਦੇ ਵਿਚ ਹੈ। ਜਦ ਤਕ ਅਸੀਂ ਮਨ ਦੇ ਵਿਚ ਸਕਤਿ ਰੂਪ ਨਾਲ ਜੁੜੇ ਹੋਏ ਹਾਂ ਅਸੀਂ ਪ੍ਰਮਾਤਮਾ ਦੇ ਘਰ ਤੋਂ ਵਿਛੜੇ ਹੋਏ ਹਾਂ। ਸਕਤਿ ਰੂਪ ਵਾਲੀ ਬਿਰਤੀ ਵਿਚੋਂ ਨਿਕਲੇ ਬਿਨਾ ਭਾਵ ਭਰਮ ਵਾਲੀ ਮਤਿ, ਪੁੱਠੀ ਮਤਿ ਸਿੱਧੀ ਹੋਏ ਬਿਨਾ, ਮਨ ਦਾ ਪੁੱਠਾ ਕਮਲ ਸਿੱਧਾ ਹੋਏ ਬਿਨਾ ਅਸੀਂ ਮਨ ਦੀ ਸੋਝੀ ਦੁਆਰਾ ਮਨ ਦੇ ਵਿਚ ਪ੍ਰਮਾਤਮਾ ਦੇ ਘਰ ਵਿਚ ਨਹੀਂ ਪਹੁੰਚ ਸਕਦੇ, ਨਾਮ ਦੇ ਘਰ ਵਿਚ ਨਹੀਂ ਵੱਸ ਸਕਦੇ ਭਾਵ ਸੂਹੇ ਰੰਗ ਵਿਚੋਂ ਨਿਕਲਕੇ ਲਾਲ ਰੰਗ ਨਾਲ ਨਹੀਂ ਜੁੜ ਸਕਦੇ। ਲਾਲ ਰੰਗ ਦੀ ਪ੍ਰਾਪਤੀ ਮਨ ਦੇ ਵਿਚ ਪ੍ਰਮਾਤਮਾ ਦੇ ਘਰ ਵਿਚ ਪਹੁੰਚ ਕੇ ਹੀ ਹੁੰਦੀ ਹੈ। ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਰੰਗ ਭਾਵ ਬ੍ਰਹਮ ਗਿਆਨ ਵਾਲੀ ਸੋਝੀ ਸਾਡੇ ਅੰਦਰ ਦਾ ਲਾਲ ਰੰਗ ਹੈ, ਮਜੀਠ ਰੰਗ ਹੈ ਜਿਸ ਵਿਚ ਕੇਵਲ ਸੱਚ ਹੁੰਦਾ ਹੈ ਜੋ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੁੰਦਾ ਹੈ। (**ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥ ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥**) ਜਿੰਨ੍ਹਾਂ ਨੇ ਪ੍ਰਮਾਤਮਾ ਦੇ ਗੁਣ ਗਾਏ ਹਨ ਭਾਵ ਗੁਰਬਾਣੀ ਰਾਹੀਂ ਪ੍ਰਮਾਤਮਾ ਦੇ ਗੁਣਾਂ ਦਾ ਬਿਆਨ ਕੀਤਾ ਹੈ, ਸੱਚੇ ਗੁਰੂ ਦੇ ਗੁਣਾਂ ਦਾ ਬਿਆਨ ਕੀਤਾ ਹੈ ਉਹਨਾਂ ਨੇ ਮਨ ਦੀ ਸਕਤਿ ਵਿਚੋਂ ਨਿਕਲਕੇ ਪ੍ਰਮਾਤਮਾ ਦੇ ਗਿਆਨ ਰੂਪ ਘਰ ਵਿਚ ਪਹੁੰਚਕੇ ਹੀ ਕੀਤਾ ਹੈ ਭਾਵ ਉਸ ਗੁਰੂ ਰੂਪ ਪ੍ਰਮਾਤਮਾ ਦੇ ਨਾਲ ਮਿਲ ਕੇ ਹੀ ਉਸ ਦੇ ਗੁਣ ਗਾਏ ਹਨ ਤੇ ਉਸ ਗੁਰ ਪ੍ਰਮਾਤਮਾ ਤੋਂ ਬਲਿਹਾਰੇ ਜਾਂਦੇ ਹਾਂ ਜਿਸ ਨੇ ਆਪ ਹੀ ਉਨ੍ਹਾਂ ਕੋਲੋਂ ਆਪਣੇ ਗੁਣ ਬਿਆਨ ਕਰਵਾਏ ਹਨ। (**ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥**)

37/4414

ਬਾਣੀ ਵਿੱਚ ਬਾਰ-ਬਾਰ ਜਿਉਂਦਿਆਂ ਮਰਨ ਦੀ ਗੱਲ ਆਉਂਦੀ ਹੈ ਤੇ ਜਿਉਂਦੇ ਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪਿਛੇ ਸਮਝਿਆ ਹੈ। ਸਾਡੇ ਅੰਦਰੋਂ ਭਰਮ ਵਾਲੀ ਮਤਿ ਦਾ ਮਰਨਾ, ਅਗਿਆਨਤਾ ਵਾਲੀ ਮਤਿ ਦਾ ਮਰਨਾ ਭਾਵ ਹਉਮੈ ਦਾ ਮਰਨਾ ਹੀ ਜਿਉਂਦਿਆਂ ਮਰਨਾ ਹੈ ਭਾਵ ਜਦੋਂ ਸਾਨੂੰ ਆਪਣੇ ਜਿਉਂਦੇ ਹੋਏ ਇਹ ਸਮਝ ਲੱਗ ਜਾਵੇ ਕਿ ਇਸ ਮਨੁੱਖੀ ਰੂਪ ਵਿਚ ਅਸੀਂ ਆਪ ਨਹੀਂ ਬਲਕਿ ਪ੍ਰਮਾਤਮਾ ਹੈ ਇਹ ਸਾਡੇ ਜਿਉਂਦੇ ਮਰਨਾ ਹੈ। ਇਹ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਜਿਸ ਰਾਹੀਂ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਪੈਂਦੀ ਹੈ ਕਿ ਮਨੁੱਖ ਦੀ ਅਸਲੀਅਤ ਕੀ ਹੈ। ਮਨੁੱਖ ਦੀ ਅਸਲੀਅਤ ਇਹ ਹੈ ਕਿ ਉਹ ਕੁਝ ਵੀ ਨਹੀਂ ਪਰ ਮਨ ਦੇ ਭਰਮ ਕਰਕੇ ਉਹ ਪ੍ਰਮਾਤਮਾ ਤੋਂ ਆਪਣੀ ਵੱਖਰੀ ਹੋਂਦ ਸਮਝਦਾ ਹੈ। ਜਦ ਤੱਕ ਅਸੀਂ ਸਕਤਿ ਵਾਲੇ ਵਿਚਾਰਾਂ ਵਿਚ ਹਾਂ ਤਦ ਤਕ ਅਸੀਂ ਮੈਂ ਵਿਚ ਹਾਂ ਭਾਵ ਤਦ ਤਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣਦੇ। ਸਾਡੀ ਮੈਂ ਪ੍ਰਮਾਤਮਾ ਦੇ ਘਰ ਵਿਚ ਪਹੁੰਚਕੇ ਹੀ ਮਰਦੀ ਹੈ ਤੇ ਇਹੀ ਸਾਡਾ ਜਿਉਂਦੇ ਮਰਨਾ ਹੈ। (**ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥**) ਅੰਗ - ੧੨੫੭

ਸਾਡੇ ਸਭ ਦੇ ਅੰਦਰ ਪ੍ਰਮਾਤਮਾ ਜੋਤਿ ਰੂਪ ਵਿਚ ਹੀ ਹੈ। ਸਾਡੇ ਅੰਦਰ ਜੋਤਿ ਰੂਪ ਹੀ ਸਾਨੂੰ **"ਸਕਤਿ"** ਵਿਚ ਰੱਖਦਾ ਹੈ ਭਾਵ ਭਰਮ ਵਾਲੇ ਵਿਚਾਰਾਂ ਵਿਚ ਰੱਖਦਾ ਹੈ ਤੇ ਉਸ ਦਾ ਜੋਤਿ ਰੂਪ ਹੀ ਸਾਨੂੰ ਸਿਵ ਦੇ ਘਰ ਵਿਚ ਭਾਵ ਆਪਣੇ ਘਰ ਵਿਚ ਵਸਾਉਂਦਾ ਹੈ ਭਾਵ ਸਾਡੇ ਮਨ ਦੀ ਸੋਝੀ ਦਾ ਸ੍ਰੋਤ ਇਕੋ ਇਕ ਮਨ ਦੀ ਜੋਤਿ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਸਭ ਦੇ ਅੰਦਰ ਹੈ। ਉਹ ਸਾਨੂੰ ਮਨ ਦੀ ਕਿਹੋ ਜਿਹੀ ਸੋਝੀ ਵਿਚ ਰੱਖਦਾ ਹੈ ਇਹ ਉਸ ਦੀ ਆਪਣੀ ਰਜ਼ਾ ਹੈ ਭਾਵ ਉਹ ਮਨ ਦੇ ਵਿਚੋਂ ਕਿਸ ਨੂੰ ਆਪਣੇ ਦਰਸ਼ਨ ਕਰਾਉਂਦਾ ਹੈ, ਮਨ ਦੀ ਜੋਤਿ ਰਾਹੀਂ ਕਿਸ ਦੀ ਸੋਝੀ ਨੂੰ ਸਕਤਿ ਵਾਲੀ ਅਵਸਥਾ ਵਿਚੋਂ ਕੱਢਦਾ ਹੈ ਇਹ ਸਭ ਕੁਝ ਸਾਡੀ ਜੋਤਿ ਦੇ ਵੱਸ ਹੈ ਕਿਉਂਕਿ ਸਾਡੇ ਅੰਦਰ ਦੀ ਜੋਤਿ ਹੀ ਸਾਡੇ ਅੰਦਰ ਦਾ ਸਕਤਿ ਰੂਪ ਹੈ ਤੇ ਜੋਤਿ ਹੀ ਸਾਡੇ ਅੰਦਰ ਦਾ ਸਿਵ ਰੂਪ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

37/4415

"ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ ਭਰੀਜੈ ॥
ਮੈਨਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ ॥੩॥"

(ਅੰਗ - ੧੩੨੪)

ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰਮੁਖਿ ਵਾਲੀ ਅਵਸਥਾ ਤੇ ਮਨਮੁਖਿ ਵਾਲੀ ਅਵਸਥਾ ਵਿਚ ਫਰਕ ਹੀ ਸਮਝਾਇਆ ਹੋਇਆ ਹੈ ਭਾਵ ਗੁਰੂ ਦੀ ਸੋਝੀ ਵਿਚ ਤੇ ਆਮ ਮਨੁੱਖ ਦੀ ਸੋਝੀ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਗੁਰਮੁਖਿ ਰੂਪ ਸੋਝੀ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵਸਥਾ ਹੈ ਤੇ ਮਨ ਦੇ ਵਿਚ ਪ੍ਰਮਾਤਮਾ ਨਾਲ ਮੇਲ ਹੋਏ ਬਿਨਾ ਕੋਈ ਵੀ ਗੁਰਮੁਖਿ ਰੂਪ ਸੋਝੀ ਵਾਲਾ ਨਹੀਂ ਹੈ। ਗੁਰਮੁਖਿ ਰੂਪ ਸੋਝੀ ਵਾਲਾ ਗੁਰੂ ਆਪ ਹੈ ਜੋ ਮਨ ਦੀ ਜੋਤਿ ਰਾਹੀਂ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ, ਸਿਵ ਦੇ ਨਾਲ ਮਿਲਿਆ ਹੋਇਆ ਹੈ। ਗੁਰਮੁਖਿ ਮਨੁੱਖ ਦੇ ਅੰਦਰ ਵਾਲੀ ਜੋਤਿ ਭਲੀ ਹੈ, ਨੀਕੀ ਹੈ ਭਾਵ ਚੰਗੀ ਹੈ। ਇਸ ਗੱਲ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਕਿ ਮਨੁੱਖ ਚੰਗਾ ਜਾਂ ਮਾੜਾ ਕਿਸ ਕਰਕੇ ਹੁੰਦਾ ਹੈ। ਸਾਨੂੰ ਭਲਾ ਜਾਂ ਚੰਗਾ ਬਨਾਉਣ ਵਾਲੀ ਸਾਡੇ ਅੰਦਰ ਦੀ ਜੋਤਿ ਹੈ ਭਾਵ ਸਾਡਾ ਮਨ ਹੈ ਭਾਵ ਸਾਡੇ ਮਨ ਦੇ ਵਿਚਾਰ ਹਨ। ਸਾਡੇ ਸਭ ਦੇ ਅੰਦਰ ਵਿਚਾਰਾਂ ਦਾ ਸ੍ਰੋਤ ਇੱਕ ਹੀ ਹੈ, ਗਿਆਨ ਦਾ ਸ੍ਰੋਤ ਇਕ ਹੀ ਹੈ ਜੋ ਕਿ ਸਾਡੇ ਅੰਦਰ ਦੀ ਜੋਤਿ ਹੈ, ਸਾਡਾ ਮਨ ਹੈ। ਜੋਤਿ ਸਾਡੇ ਵੱਸ ਵਿਚ ਨਹੀਂ ਹੈ। ਜੋਤਿ ਰੂਪ ਪ੍ਰਮਾਤਮਾ ਆਪ ਹੈ। ਸਾਨੂੰ ਭਲਾ ਜਾਂ ਚੰਗਾ ਬਨਾਉਣ ਵਾਲੀ ਸਾਡੇ ਅੰਦਰ ਦੀ ਜੋਤਿ ਹੈ ਭਾਵ ਸਾਡੇ ਅੰਦਰ ਦੇ ਵਿਚਾਰ ਹਨ ਭਾਵ ਸਾਡੇ ਅੰਦਰ ਦੀ ਸੋਝੀ ਹੈ ਭਾਵ ਸਾਡੇ ਅੰਦਰ ਦੀ ਸੋਚ ਹੈ। ਸਾਡੀ ਸੋਚ ਸਾਡੇ ਵੱਸ ਨਹੀਂ ਹੈ। ਗੁਰਮੁਖਿ ਰੂਪ ਵਿਚ ਤੇ ਮਨਮੁਖ ਰੂਪ ਵਿਚ ਮਨ ਦੀ ਸੋਝੀ ਦਾ ਹੀ ਫਰਕ ਹੁੰਦਾ ਹੈ ਭਾਵ ਮਨ ਦੇ ਵਿਚਾਰਾਂ ਦਾ ਹੀ ਫਰਕ ਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਗੁਰਮੁਖਿ ਰੂਪ ਬਣਾਉਂਦਾ ਹੈ ਉਸ ਨੂੰ ਮਨ ਰੂਪ ਜੋਤਿ ਰਾਹੀਂ ਹੀ ਬਣਾਉਂਦਾ ਹੈ। ਜਦੋਂ ਸਾਡੀ ਜੋਤਿ ਦੇ ਅੰਦਰ ਆਪ ਸਿਵ ਪ੍ਰਗਟ ਹੋ ਜਾਂਦਾ ਹੈ ਫਿਰ ਉਹ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਗਿਆਨ ਰਾਹੀਂ ਉਸ ਮਨੁੱਖ ਨੂੰ ਚੰਗੇ ਵਿਚਾਰਾਂ ਵਾਲਾ, ਉੱਚੇ ਵਿਚਾਰਾਂ ਵਾਲਾ ਬਣਾ ਦਿੰਦਾ ਹੈ ਜਿੰਨ੍ਹਾਂ ਵਿਚਾਰਾਂ ਵਿਚ ਪੂਰਨ ਸੱਚ ਹੁੰਦਾ ਹੈ ਤੇ ਪ੍ਰਮਾਤਮਾ ਦੇ ਦਰਸ਼ਨ ਵੀ ਮਨ ਦੇ ਵਿਚਾਰਾਂ ਰਾਹੀਂ ਮਨ ਦੇ ਵਿਚੋਂ ਹੀ ਹੁੰਦੇ ਹਨ ਭਾਵ ਇਸ ਸੰਸਾਰ ਦੀ ਅਸਲੀਅਤ, ਮਨੁੱਖ ਦੀ ਅਸਲੀਅਤ,

ਪ੍ਰਮਾਤਮਾ ਦੀ ਅਸਲੀਅਤ, ਭਗਤੀ ਦੀ ਅਸਲੀਅਤ, ਪ੍ਰਮਾਤਮਾ ਨੂੰ ਪਾਉਣ ਦੀ ਅਸਲੀਅਤ ਮਨ ਦੇ ਵਿਚਾਰਾਂ ਰਾਹੀਂ ਭਾਵ ਜੋਤਿ ਰਾਹੀਂ ਹੀ ਸਮਝ ਆਉਂਦੀ ਹੈ। ਸਾਰੀ ਸ਼ਬਦਾਂ ਦੀ ਵਿਚਾਰ ਮਨ ਦੇ ਵਿਚੋਂ ਜੋਤਿ ਰਾਹੀਂ ਹੀ ਮਿਲਦੀ ਹੈ। ਸ਼ਬਦਾਂ ਤੋਂ ਉੱਚੀ ਵਿਚਾਰ ਕੋਈ

37/4416

ਹੋਰ ਵਿਚਾਰ ਨਹੀਂ ਹੋ ਸਕਦੀ ਭਾਵ ਜੋ ਵਿਚਾਰ ਮਨ ਦੇ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਦਿੰਦਾ ਹੈ ਉਸ ਤੋਂ ਉੱਚੀ ਵਿਚਾਰ ਕੋਈ ਹੋਰ ਵਿਚਾਰ ਨਹੀਂ ਹੋ ਸਕਦੀ ਕਿਉਂਕਿ ਇਹ ਵਿਚਾਰ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੁੰਦੀ ਹੈ। ਗੁਰਮੁਖਿ ਰੂਪ ਸੋਝੀ ਸੰਸਾਰ ਦੀ ਸਭ ਤੋਂ ਉੱਚੀ ਸੋਝੀ ਹੈ, ਭਲੀ ਸੋਝੀ ਹੈ, ਚੰਗੀ ਸੋਝੀ ਹੈ ਤੇ ਪੂਰੀ ਗੁਰਬਾਣੀ ਵਿਚ ਗੁਰਮੁਖਿ ਰੂਪ ਸੋਝੀ ਹੈ ਭਾਵ ਸੰਸਾਰ ਦਾ ਸਭ ਤੋਂ ਉੱਚਾ ਗਿਆਨ ਹੈ ਜਿਸ ਦੇ ਅੰਦਰ ਪੂਰਨ ਸੱਚ ਹੈ। (**ਗੁਰਮੁਖਿ ਜੋਤਿ ਭਲੀ ਸਿਵ ਨੀਕੀ**)

ਜੋਤਿ ਤਾਂ ਸਭ ਦੇ ਅੰਦਰ ਪ੍ਰਮਾਤਮਾ ਦੀ ਹੀ ਹੈ। ਗੁਰਮੁਖਿ ਰੂਪ ਮਨੁੱਖ ਦੀ ਜੋਤਿ ਵਿਚ ਭਾਵ ਗੁਰੂ ਰੂਪ, ਭਗਤ ਰੂਪ ਜੋਤਿ ਵਿਚ ਤੇ ਆਮ ਮਨੁੱਖਾਂ ਦੀ ਜੋਤਿ ਵਿਚ ਕੀ ਫਰਕ ਹੁੰਦਾ ਹੈ ਇਹੀ ਉਪਰਲੀ ਪੰਗਤੀ ਦੇ ਬਾਕੀ ਹਿੱਸੇ ਰਾਹੀਂ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਆਨਿ ਪਾਨੀ ਸਕਤਿ ਭਰੀਜੈ ॥”

“ਆਨਿ” ਤੋਂ ਭਾਵ ਹੈ ਹੋਰ ਭਾਵ ਦੂਸਰੇ ਭਾਵ ਜੋ ਗੁਰਮੁਖਿ ਰੂਪ ਨਹੀਂ ਹਨ ਭਾਵ ਜਿੰਨ੍ਹਾਂ ਦੇ ਅੰਦਰ ਗੁਰਮੁਖਿ ਰੂਪ ਉੱਚੇ ਵਿਚਾਰ ਨਹੀਂ ਉਪੱਜਦੇ। ਵਿਚਾਰ ਤਾਂ ਸਭ ਦੇ ਅੰਦਰ ਉਪਜਦੇ ਹਨ ਪਰ ਉੱਚੇ ਵਿਚਾਰ ਭਾਵ ਸ਼ਬਦ ਰੂਪ ਸੱਚੇ ਵਿਚਾਰ ਗੁਰਮੁਖਿ ਰੂਪ ਜੋਤਿ ਰਾਹੀਂ ਉਪਜਦੇ ਹਨ ਤੇ ਦੂਸਰਿਆਂ ਦੇ ਅੰਦਰ ਪ੍ਰਮਾਤਮਾ ਦਾ **“ਸਕਤਿ”** ਰੂਪ ਵਰਤਦਾ ਹੈ। ਸਕਤਿ ਰੂਪ ਵਿਚ ਵੀ ਪ੍ਰਮਾਤਮਾ ਆਪ ਹੈ ਭਾਵ ਉਸ ਦੇ ਵਿਚ ਵੀ ਉਸ ਦੀ ਆਪਣੀ ਜੋਤਿ ਹੈ। ਸਕਤਿ ਰੂਪ ਪ੍ਰਮਾਤਮਾ ਦੇ ਹੁਕਮ ਵਿਚ ਹੀ ਹੈ, ਸਕਤਿ ਰੂਪ ਭਾਵ ਪ੍ਰਮਾਤਮਾ ਦੀ ਮਾਇਆ ਵਾਲੀ ਜੁਗਤਿ ਪ੍ਰਮਾਤਮਾ ਦਾ ਪਾਣੀ ਭਰਦੀ ਹੈ ਭਾਵ ਪ੍ਰਮਾਤਮਾ ਦੇ ਹੁਕਮ ਵਿਚ ਵਰਤਦੀ ਹੈ ਭਾਵ ਸਕਤਿ ਰੂਪ ਵਿਚ ਸੰਸਾਰ ਨੂੰ ਰੱਖਣ ਵਾਲਾ ਪ੍ਰਮਾਤਮਾ ਆਪ ਹੈ ਤੇ ਸਕਤਿ ਰੂਪ ਵਿਚ ਰਹਿੰਦੇ ਹੋਏ ਮਨੁੱਖ ਦੇ ਅੰਦਰ ਜੋ ਵੀ ਵਿਚਾਰ ਆਉਂਦੇ ਹਨ ਉਹ ਪ੍ਰਮਾਤਮਾ ਦੀ ਜੋਤਿ ਰਾਹੀਂ ਹੀ ਆਉਂਦੇ ਹਨ ਪਰ ਉਹ ਵਿਚਾਰ ਮਾਇਆ ਦੀ ਜੁਗਤਿ ਵਾਲੇ ਹੁੰਦੇ ਹਨ ਜੋ ਮਨੁੱਖ ਨੂੰ ਮਾਇਆ ਮੋਹ ਵਿਚ ਰੱਖਦੇ ਹਨ, ਭਰਮਾਂ ਵਿੱਚ ਰੱਖਦੇ ਹਨ। ਇਹ ਸਾਡੇ ਸਭ ਦੇ ਅੰਦਰ, ਸੰਸਾਰ ਦੇ ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਜੁਗਤਿ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਸਭ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ, ਹਉਮੈ ਵਾਲੀ ਅਵਸਥਾ ਵਿਚ ਰੱਖਿਆ ਹੋਇਆ ਹੈ ਜਿਸ ਅਵਸਥਾ ਵਿਚ ਰਹਿੰਦੇ ਹੋਏ ਹਰ ਕੋਈ ਮਨਮੁਖਿ ਰੂਪ ਹੈ ਭਾਵ ਹਰ ਕੋਈ ਮਨਮਤਿ ਵਾਲੀ ਅਵਸਥਾ ਵਿਚ ਹੈ ਤੇ ਉਹ ਗੁਰਮੁਖਿ ਵਾਲੀ ਅਵਸਥਾ ਤੋਂ ਦੂਰ ਰਹਿੰਦਾ ਹੈ ਜਿਸ ਅਵਸਥਾ

37/4417

ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਵਿਚਰਦਾ ਹੈ। ਗੁਰਮੁਖਿ ਵਾਲੀ ਅਵਸਥਾ ਸਾਡੇ ਅੰਦਰ ਚੌਥੇ ਪਦ ਵਾਲੀ ਅਵਸਥਾ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਸਾਡੇ ਅੰਦਰ ਸਕਤਿ ਵਾਲੀ ਭਾਵ ਮਨ ਦੇ ਭਰਮ ਵਾਲੀ, ਮਾਇਆ ਦੀ ਜੁਗਤਿ ਵਾਲੀ ਅਵਸਥਾ ਦਾ ਮਕਸਦ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ, ਮਨ ਦੀ ਜੋਤਿ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ। (**ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ ਭਰੀਜੈ ॥**)

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥}

(ਅੰਗ - ੯੨੦)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ ਜਾਈ ॥

ਮਨੁ ਟਿਕਣੁ ਨ ਪਾਵੈ ਰਾਈ ॥ ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ ੧੦੦੩-੧੦੦੪)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥}

(ਅੰਗ - ੬੮)

ਮੁੱਖ ਸ਼ਬਦ ਦੀ ਹੁਣ ਅਗਲੀ ਪੰਗਤੀ ਨੂੰ ਸਮਝੋ ਕਿ ਗੁਰਮੁਖਿ ਜੋਤਿ ਭਲੀ, ਸਿਵ ਨੀਕੀ ਭਾਵ ਚੰਗੀ ਕਿਸ ਰੂਪ ਵਿਚ ਹੁੰਦੀ ਹੈ, ਕਿਸ ਵਜ੍ਹਾ ਕਰਕੇ ਹੁੰਦੀ ਹੈ ਭਾਵ ਮਨ ਦੀ ਚੰਗੀ ਸੋਝੀ ਦਾ ਮਕਸਦ ਕੀ ਹੁੰਦਾ ਹੈ।

"ਮੈਨਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ ॥੩॥"

"ਮੈਨਦੰਤ" ਮੋਮ ਦੇ ਦੰਦਾਂ ਨੂੰ ਕਹਿੰਦੇ ਹਨ ਭਾਵ ਕੋਮਲ ਦੰਦਾਂ ਨੂੰ ਕਹਿੰਦੇ ਹਨ ਤੇ ਕੋਮਲ ਦੰਦਾ ਦੁਆਰਾ **"ਸਾਰੁ"** ਨੂੰ ਚੱਬਣ ਦੀ ਗੱਲ ਸਮਝਾਈ ਹੋਈ ਹੈ ਭਾਵ ਇੱਕ ਨਾਮੁਮਕਿਨ ਗੱਲ ਨੂੰ ਮੁਮਕਿਨ ਕਰਨ ਵਾਲੀ ਗੱਲ ਸਮਝਾਈ ਹੋਈ ਹੈ। ਇਸ ਰਾਹੀਂ ਸਾਨੂੰ ਅਗਰ ਧਿਆਨ ਨਾਲ ਸਮਝੋਗੇ ਤਾਂ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ, **"ਹਰਿ ਰਸੁ"** ਪੀਣਾ ਹੀ ਸਮਝਾਇਆ ਹੋਇਆ ਹੈ। ਨਾਮ ਜਪਣਾ ਬਹੁਤ ਔਖਾ ਹੈ, ਹਰਿ ਰਸੁ ਪੀਣਾ ਬਹੁਤ ਔਖਾ ਹੈ, ਇਤਨਾ ਔਖਾ ਹੈ ਜਿਵੇਂ ਕਿ ਮੋਮ ਵਾਲੇ ਦੰਦਾਂ ਦੁਆਰਾ ਲੋਹੇ ਨੂੰ ਚਬਾਉਣਾ। ਸਾਡੇ ਆਪਣੇ ਲਈ ਇਹ ਮੁਮਕਿਨ ਨਹੀਂ ਹੈ। ਉਪਰਲੀ ਪੰਗਤੀ ਰਾਹੀਂ ਸਾਨੂੰ ਗੁਰੂ ਦੇ ਬਚਨਾਂ ਤੇ ਪੂਰਾ ਉਤਰਨਾ ਹੀ ਸਿਖਾਇਆ ਹੋਇਆ ਹੈ। ਗੁਰੂ ਦੇ ਬਚਨਾਂ ਤੇ ਪੂਰਾ ਉਤਰਨਾ ਹੀ ਨਾਮ ਜਪਣਾ ਹੈ। ਗੁਰੂ ਦੇ ਬਚਨਾਂ ਨੂੰ

ਮੰਨਣਾ ਹੀ ਹਰਿ ਰੱਸ ਪੀਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੇ ਬਚਨ ਸਾਨੂੰ ਮਾਇਆ ਮੋਹ ਵਿਚੋਂ ਨਿਕਲਣ ਲਈ ਸਮਝਾਉਂਦੇ ਹਨ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦੇ ਹਨ, ਅਉਗਣ ਛੱਡਣ ਲਈ ਸਮਝਾਉਂਦੇ ਹਨ ਪਰ ਜਦ ਤੱਕ ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰ ਵੱਸੇ ਰਹਿੰਦੇ ਹਨ, ਸਕਤਿ ਰੂਪ ਵਿਚਾਰ ਵੱਸੇ ਰਹਿੰਦੇ ਹਨ ਭਾਵ ਜਦ ਤਕ ਸਾਡੇ ਅੰਦਰ ਸਿਵ ਰੂਪ ਵਿਚਾਰ ਨਹੀਂ ਉਪਜਦੇ, ਉਹ ਸੱਚੇ ਵਿਚਾਰ ਨਹੀਂ ਉਪਜਦੇ ਜਿੰਨ੍ਹਾਂ ਦੁਆਰਾ ਸਾਨੂੰ ਮਾਇਆ ਮੋਹ ਵਾਲੇ ਵਿਚਾਰ ਛੱਡਣ ਦਾ ਬਲ ਮਿਲਦਾ ਹੈ, ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦਾ ਬਲ ਮਿਲਦਾ ਹੈ, ਨਾਮ ਵਾਲੇ ਵਿਚਾਰਾਂ ਤੇ ਚੱਲਣ ਦੀ ਦ੍ਰਿੜਤਾ ਮਿਲਦੀ ਹੈ ਤਦ ਤਕ ਅਸੀਂ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਆਪਣੇ ਅੰਦਰੋਂ ਨਹੀਂ ਖਾ ਸਕਦੇ। ਇਹ ਮਾਇਆ ਮੋਹ ਵਾਲੇ ਵਿਚਾਰ ਸਾਡੇ ਅੰਦਰ ਲੋਹੇ ਦੀ ਤਰ੍ਹਾਂ ਕਰੜੇ ਹਨ ਪਰ ਜਦੋਂ ਮਨ ਦੇ ਵਿਚ ਪ੍ਰਮਾਤਮਾ ਸੱਚੇ ਗਿਆਨ ਦੀ ਸੋਝੀ ਪਾ ਦਿੰਦਾ ਹੈ, ਗੁਰੂ ਦੇ ਬਚਨਾਂ ਤੇ ਚੱਲਣ ਦੀ ਦ੍ਰਿੜਤਾ ਬਖਸ਼ ਦਿੰਦਾ ਹੈ ਤਾਂ ਸਾਡੇ ਅੰਦਰ ਸੰਤੋਖ ਰੂਪ ਵਿਚਾਰ ਉਪਜਦੇ ਹਨ ਭਾਵ ਸੰਤੋਖ ਰੂਪ ਨਰਮ ਦੰਦ ਲੋਹੇ ਰੂਪ ਸਖਤ ਵਿਚਾਰਾਂ ਨੂੰ, ਕਰੜੇ ਵਿਚਾਰਾਂ ਨੂੰ, ਮਾਇਆ ਮੋਹ ਵਾਲੇ ਵਿਚਾਰਾਂ ਨੂੰ, ਤ੍ਰਿਸ਼ਨਾ ਵਾਲੇ ਵਿਚਾਰਾਂ ਨੂੰ, ਅਉਗਣਾਂ ਵਾਲੇ ਵਿਚਾਰਾਂ ਨੂੰ ਖਾ ਜਾਂਦੇ ਹਨ। ਸਾਡੇ ਅੰਦਰ ਭਲੀ ਜੋਤਿ ਦਾ ਮਕਸਦ ਇਹੀ ਹੈ ਕਿ ਅਸੀਂ ਮਾਇਆ ਮੋਹ ਵਿਚੋਂ ਨਿਕਲੀਏ ਤੇ ਸੰਸਾਰ ਵਿਚ ਸੱਚੇ ਸੁੱਚੇ ਕਰਮ ਕਰੀਏ ਭਾਵ ਸੱਚ ਦੇ ਮਾਰਗ ਤੇ ਚਲੀਏ, ਧਰਮ ਦੇ ਮਾਰਗ

ਤੇ ਚਲੀਏ, ਸੱਚੀ ਭਗਤੀ ਦੇ ਮਾਰਗ ਤੇ ਚਲੀਏ। ਹਰਿ ਰਸੁ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਮਨ ਦੀ ਜਿਸ ਸੋਝੀ ਦੁਆਰਾ ਅਸੀਂ ਗੁਰੂ ਦੇ ਬਚਨਾਂ ਨੂੰ ਮੰਨਦੇ ਹਾਂ ਉਹਨਾਂ ਬਚਨਾਂ ਨੂੰ ਮੰਨਣਾ ਹੀ ਹਰਿ ਰਸੁ ਪੀਣਾ ਹੈ। ਜੋ ਮਨ ਦੇ ਵਿਚ ਹਰਿ ਰਸੁ ਪੀਂਦਾ ਹੈ ਉਹੀ ਗੁਰੂ ਦੇ ਬਚਨਾਂ ਨੂੰ ਮੰਨਦਾ ਹੈ। ਮਨ ਦੇ ਵਿੱਚ ਹਰਿ ਰਸੁ ਪੀਆਉਣ ਵਾਲਾ ਪ੍ਰਮਾਤਮਾ ਆਪ ਹੈ ਜੋ ਮਨ ਦੀ ਜੋਤਿ ਰਾਹੀਂ ਪੀਆਉਂਦਾ ਹੈ, ਸੱਚੀ ਮਤਿ ਦੇ ਰੂਪ ਵਿਚ, ਸੱਚੇ ਗਿਆਨ ਦੇ ਰੂਪ ਵਿਚ ਪੀਆਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਕੇ ਉਹਨਾਂ ਨੂੰ ਮੰਨਣ ਦੇ ਰੂਪ ਵਿਚ ਪੀਆਉਂਦਾ ਹੈ। (**ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ ਭਰੀਜੈ॥ ਮੈਨਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ ॥੩॥**)

37/4419

{ਮੈਣ ਕੇ ਦੰਤ ਕਿਉ ਖਾਈਐ ਸਾਰੁ ॥ ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥}

(ਅੰਗ - ੯੪੩)

{ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥
ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥}

(ਅੰਗ - ੯੪੩)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥}

(ਅੰਗ - ੪੧)

{ਮਨ ਏਕੋ ਸਾਹਿਬੁ ਭਾਈ ਰੇ ॥ ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ॥}

(ਅੰਗ - ੧੫੬)

{ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥}

(ਅੰਗ - ੧੦੬)

ਆਪਣੇ ਅੰਦਰੋਂ ਲੋਹਾ ਰੂਪ ਵਿਚਾਰਾਂ ਨੂੰ ਖਾਣਾ ਜਾਂ **"ਅਚਰੁ"** ਚਰਨਾ ਇੱਕੋ ਹੀ ਗੱਲ ਹੈ। ਅਚਰੁ ਚਰਨਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿਚ ਕਾਫੀ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਅਚਰੁ ਨੂੰ ਤਾਂ ਹੀ ਚਰਿਆ ਜਾ ਸਕਦਾ ਹੈ ਜਦੋਂ ਮਨ ਦੇ ਵਿਚ ਸਾਡਾ ਸਿਵ ਦੇ ਘਰ ਵਿਚ ਵਾਸਾ ਹੋ ਜਾਂਦਾ ਹੈ ਤੇ ਅਸੀਂ ਸਕਤਿ ਵਾਲੀ ਅਵਸਥਾ ਵਿਚੋਂ ਨਿਕਲ ਜਾਂਦੇ ਹਾਂ ਜੋ ਕਿ ਕੇਵਲ ਤੇ ਕੇਵਲ ਗੁਰ ਪਰਸਾਦਿ ਹੈ।

"ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥"

(ਅੰਗ - ੧੨੨੬)

ਉਪਰ ਪੰਗਤੀਆਂ ਰਾਹੀਂ ਸਿਵ ਦੇ ਘਰ ਵਿਚ ਜੰਮਣ ਦੀ ਗੱਲ ਕੀਤੀ ਹੋਈ ਹੈ। ਮਨੁੱਖ ਦਾ ਅਸਲ ਜਨਮ ਮਰਨ ਮਨ ਦੇ ਵਿਚ ਹੀ ਹੈ। ਜਦ ਤਕ ਅਸੀਂ ਮਨ ਦੇ ਰਾਹੀਂ ਭਾਵ ਮਨ ਦੇ ਵਿਚਾਰਾਂ ਰਾਹੀਂ ਸਕਤਿ ਰੂਪ ਘਰ ਦੇ ਵਿਚ ਹਾਂ ਤਦ ਤਕ ਸਾਡਾ

ਇਹ ਜਨਮ ਝੂਠਾ ਹੈ ਭਾਵ ਤਦ ਤਕ ਅਸੀਂ ਭਰਮ ਵਾਲੇ ਵਿਚਾਰਾਂ ਵਿਚ ਰਹਿੰਦੇ ਹਾਂ, ਹਉਮੈ ਵਾਲੇ ਵਿਚਾਰਾਂ ਵਿਚ ਰਹਿੰਦੇ ਹਾਂ ਤੇ ਮਨ ਦੇ ਭਰਮ ਕਰਕੇ ਆਪਣੇ ਆਪ ਨੂੰ ਮਨੁੱਖੀ ਰੂਪ ਵਿਚ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ, ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਜੋ ਕਿ ਸੱਚ ਨਹੀਂ

37/4420

ਹੈ ਭਾਵ ਝੂਠ ਹੈ। ਸੱਚ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਪਰ ਇਸ ਗੱਲ ਦੀ ਸੋਝੀ ਮਨੁੱਖ ਨੂੰ **"ਸਕਤਿ"** ਵਾਲੀ ਬਿਰਤੀ ਵਿਚੋਂ ਨਿਕਲਕੇ ਹੀ ਪੈਂਦੀ ਹੈ ਭਾਵ ਸਿਵ ਦੇ ਘਰ ਵਿੱਚ ਜੰਮਣ ਦੁਆਰਾ ਹੀ ਪੈਂਦੀ ਹੈ। ਮਨੁੱਖ ਦਾ ਅਸਲ ਜਨਮ ਉਦੋਂ ਹੁੰਦਾ ਹੈ ਜਦੋਂ ਉਸ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿਚ ਆਪ ਪ੍ਰਮਾਤਮਾ ਹੀ ਹੈ ਭਾਵ ਮਨੁੱਖ ਦਾ ਜਨਮ ਮਰਨ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਜਦ ਤਕ ਅਸੀਂ ਸਕਤਿ ਰੂਪ ਘਰ ਦੇ ਵਿਚ ਹਾਂ ਤਦ ਤਕ ਅਸੀਂ ਜਿਉਂਦੇ ਹੋਏ ਵੀ ਮਨ ਦੀ ਅਗਿਆਨਤਾ ਰਾਹੀਂ ਸੁੱਤੇ ਰਹਿੰਦੇ ਹਾਂ ਭਾਵ ਹਕੀਕਤ ਤੋਂ ਦੂਰ ਰਹਿੰਦੇ ਹਾਂ, ਆਪਣੀ ਅਸਲੀਅਤ ਜਾਨਣ ਤੋਂ ਦੂਰ ਰਹਿੰਦੇ ਹਾਂ। ਮਨੁੱਖ ਦਾ ਅਸਲ ਜੀਵਨ ਉਦੋਂ ਹੀ ਸ਼ੁਰੂ ਹੁੰਦਾ ਹੈ ਜਦੋਂ ਉਹ ਮਨ ਦੇ ਵਿਚਾਰਾਂ ਰਾਹੀਂ ਸਿਵ ਦੇ ਘਰ ਵਿੱਚ ਜੰਮਦਾ ਹੈ। ਇਹੀ ਮਨੁੱਖ ਦਾ ਜਿਉਂਦੇ ਜੀਅ ਮਰ ਕੇ ਅਸਲ ਜਿਉਣਾ ਹੈ। ਮਰਦਾ ਸਾਡਾ ਭਰਮ ਹੀ ਹੈ ਤੇ ਜਿਉਂਦਾ ਮਨੁੱਖ ਮਨ ਦੇ ਸੱਚੇ ਗਿਆਨ ਦੁਆਰਾ ਹੀ ਹੈ। ਪ੍ਰਮਾਤਮਾ ਦੇ ਘਰ ਵਿਚ ਜੰਮਣਾ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਕਿਉਂਕਿ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ। (**ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥**) ਸਿਵ ਦੇ ਘਰ ਵਿਚ ਜੰਮ ਕੇ ਸਾਡਾ ਅਸਲ ਜੀਵਨ ਕਿਵੇਂ ਸ਼ੁਰੂ ਹੁੰਦਾ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥"

ਸਿਵ ਦੇ ਘਰ ਵਿੱਚ ਜੰਮਣ ਨਾਲ ਸਾਨੂੰ ਪ੍ਰਾਪਤੀ ਕੀ ਹੁੰਦੀ ਹੈ ਤੇ ਕਿਵੇਂ ਹੁੰਦੀ ਹੈ ਤੇ ਉਸ ਦੀ ਪ੍ਰਾਪਤੀ ਦਾ ਮਕਸਦ ਕੀ ਹੁੰਦਾ ਹੈ ਇਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝ ਸਕੀਏ ਕਿ ਸਾਡਾ ਪ੍ਰਮਾਤਮਾ ਦੇ ਘਰ ਵਿਚ ਜੰਮਣਾ, ਪ੍ਰਮਾਤਮਾ ਦੇ ਘਰ ਵਿੱਚ ਪਹੁੰਚਣਾ, ਪ੍ਰਮਾਤਮਾ ਦੇ ਘਰ ਵਿੱਚ ਵੱਸਣਾ ਕੀ ਹੈ ਜੋ ਘਰ ਉਸ ਦਾ ਸਾਡੇ ਅੰਦਰ ਹੀ ਹੈ ਜਿਸ ਘਰ ਦਾ ਕੋਈ ਆਕਾਰ ਨਹੀਂ ਹੈ, ਕੋਈ ਰੂਪ ਰੇਖ ਨਹੀਂ ਹੈ ਭਾਵ ਨਿਰੰਕਾਰ ਰੂਪ ਹੈ। ਸਭ ਤੋਂ ਪਹਿਲੇ ਤਾਂ ਇਹ ਸਮਝੋ ਕਿ ਸਿਵ ਦੇ ਘਰ ਵਿੱਚ ਜੰਮਣ ਨਾਲ ਸਾਨੂੰ ਪ੍ਰਾਪਤੀ ਕਿਸ ਰੂਪ ਵਿੱਚ

37/4421

ਹੋਈ ਭਾਵ ਅਸੀਂ ਪਾਇਆ ਕਿਸ ਚੀਜ ਨੂੰ। ਪ੍ਰਾਪਤੀ ਸਾਨੂੰ ਬਿਬੇਕ ਬੁਧਿ ਦੇ ਰੂਪ ਵਿੱਚ ਹੋਈ ਭਾਵ ਜਦ ਤਕ ਅਸੀਂ ਸਕਤਿ ਰੂਪ ਘਰ ਵਿਚ ਹੁੰਦੇ ਹਾਂ ਤਦ ਤਕ ਕੋਈ ਵੀ ਮਨੁੱਖ ਬਿਬੇਕ ਬੁਧਿ ਵਾਲਾ ਨਹੀਂ ਹੁੰਦਾ। ਬਿਬੇਕ ਬੁਧਿ ਸਭ ਤੋਂ ਉੱਚੇ ਗਿਆਨ ਵਾਲੀ ਬੁਧਿ ਹੁੰਦੀ ਹੈ, ਚੌਥੇ ਪਦ ਦੇ ਗਿਆਨ ਵਾਲੀ ਬੁਧਿ ਹੁੰਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿਚ ਪਿੱਛੇ ਵੀ ਸਮਝਿਆ ਹੈ। ਬਿਬੇਕ ਬੁਧਿ ਦੀ ਪ੍ਰਾਪਤੀ ਦੇ ਨਾਲ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਸਮਝਾਈ ਹੋਈ ਹੈ ਭਾਵ ਬਿਬੇਕ ਬੁਧਿ ਦੀ ਪ੍ਰਾਪਤੀ ਹੋਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਸਿਵ ਦੇ ਘਰ ਵਿਚ ਜੰਮਣ ਨਾਲ ਮਨ ਦੀ ਸੋਝੀ ਹੀ ਉੱਚੀ ਹੁੰਦੀ ਹੈ ਕਿਉਂਕਿ ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੈ ਹੀ ਉੱਚੀ ਸੋਝੀ ਦਾ ਘਰ ਭਾਵ ਉੱਚੇ ਗਿਆਨ ਦਾ ਘਰ। ਸੰਸਾਰ ਵਿਚ ਸਭ ਤੋਂ ਉੱਚਾ ਗਿਆਨ ਬ੍ਰਹਮ ਗਿਆਨ ਹੈ ਜੋ ਕਿ ਪੂਰੀ ਗੁਰਬਾਣੀ ਵਿਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਜੋ ਬੁਧਿ ਸ਼ਬਦਾਂ ਦੀ ਵਿਚਾਰ ਵਾਲੀ ਬੁਧਿ ਹੈ ਉਹ ਬਿਬੇਕ ਬੁਧਿ ਹੈ। ਜਦ ਤਕ ਮਨੁੱਖ ਸਕਤਿ ਰੂਪ ਘਰ ਵਿਚ ਰਹਿੰਦਾ ਹੈ ਤਦ ਤਕ ਮਨੁੱਖ ਮਾਇਆ ਮੋਹ ਵਾਲੇ ਵਿਚਾਰਾਂ ਵਿਚ ਰਹਿੰਦਾ ਹੈ ਜੋ ਸਾਨੂੰ ਮਾਇਆ ਦੇ ਪਦਾਰਥਾਂ ਦੇ ਮੋਹ ਨਾਲ ਜੋੜ ਕੇ ਰੱਖਦੇ ਹਨ, ਦੁਨਿਆਵੀ ਮਾਣ ਦੀ ਪ੍ਰਾਪਤੀ ਕਰਨ ਦੇ ਨਾਲ ਜੋੜ ਕੇ ਰੱਖਦੇ ਹਨ ਭਾਵੇਂ ਉਹ ਮਾਣ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਨਾਲ ਮਿਲਦਾ ਹੋਵੇ ਜੋ ਕਿ ਭਗਤੀ ਦੇ ਦਿਖਾਵੇ ਕਰਨ ਦੁਆਰਾ ਮਿਲਦਾ ਹੈ। ਇਹ ਸਭ ਮਾਇਆ ਮੋਹ ਹੀ ਹੈ। ਇਹਨਾਂ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਸਕਤਿ ਰੂਪ ਘਰ ਦੇ ਵਿਚ ਰਹਿੰਦੇ ਹੋਏ, ਮਨਮਤਿ ਦੇ ਘਰ ਵਿਚ ਰਹਿੰਦੇ ਹੋਏ, ਹਉਮੈ ਦੇ ਘਰ ਵਿਚ ਰਹਿੰਦੇ ਹੋਏ ਨਹੀਂ ਚਰਿਆ ਜਾ ਸਕਦਾ ਭਾਵ ਨਹੀਂ ਖਾਇਆ ਜਾ ਸਕਦਾ ਕਿਉਂਕਿ ਸਾਨੂੰ ਮਾਇਆ ਰੂਪ ਪਦਾਰਥਾਂ ਦੇ ਸੁੱਖ ਚੰਗੇ ਲੱਗਦੇ

ਹਨ ਤੇ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਤੇ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਭਗਤੀ ਦਾ ਮਾਰਗ ਮਾਇਆ ਮੋਹ ਛੱਡਣ ਦਾ ਹੀ ਹੈ, ਤ੍ਰਿਸ਼ਨਾਵਾਂ ਨੂੰ ਛੱਡਣ ਦਾ ਹੀ ਹੈ, ਦੁੱਖਾਂ ਸੁੱਖਾਂ ਨੂੰ ਇਕੋ ਜਿਹਾ ਕਰਕੇ ਜਾਨਣ ਦਾ ਹੀ ਹੈ, ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣ ਦਾ ਹੀ ਹੈ। ਇਹ ਵਿਸ਼ਵਾਸ ਮਨੁੱਖ ਨੂੰ ਸਿਵ ਦੇ ਘਰ ਵਿਚ ਜੰਮਣ ਦੁਆਰਾ ਹੀ ਆਉਂਦਾ ਹੈ ਭਾਵ ਭਗਤੀ ਦੀ ਸੱਚੀ ਸੋਝੀ ਸਿਵ ਦੇ ਘਰ ਵਿਚ ਜੰਮਣ ਦੁਆਰਾ ਹੀ ਪੈਂਦੀ ਹੈ ਤੇ ਮਨ ਦੇ ਵਿਚ ਇਹ ਸੱਚੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਉਸ ਸੱਚੀ ਸੋਝੀ ਅਨੁਸਾਰ ਚੱਲਣ ਦੀ ਦ੍ਰਿੜਤਾ ਆਪ ਹੀ ਬਖਸ਼ਦਾ ਹੈ ਕਿਉਂਕਿ ਮਨ ਦੇ ਵਿਚਾਰਾਂ ਦਾ ਮਾਲਕ ਉਹ ਆਪ ਹੀ ਹੈ। ਅਚਰੁ ਚਰਨਾ ਬਹੁਤ ਔਖਾ ਹੈ ਤੇ ਇਸ ਨੂੰ ਚਰੇ ਬਿਨਾ

ਭਾਵ ਆਪਣੀਆਂ ਤ੍ਰਿਸ਼ਨਾਵਾਂ ਨੂੰ ਖਾਏ ਬਿਨਾ ਭਗਤੀ ਦੇ ਮਾਰਗ ਤੇ ਨਹੀਂ ਚਲਿਆ ਜਾ ਸਕਦਾ, ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ ਭਾਵ ਗੁਰਮਤਿ ਅਨੁਸਾਰ ਨਹੀਂ ਵਿਚਰਿਆ ਜਾ ਸਕਦਾ। ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ ਕਿ ਮਨ ਦੇ ਗਿਆਨ ਰਾਹੀਂ ਉਹ ਕਿਸੇ ਨੂੰ ਆਪਣੇ ਆਪ ਦੇ ਨਾਲ ਮਿਲਾਏ, ਸਕਤਿ ਦੇ ਘਰ ਵਿਚੋਂ ਕੱਢ ਕੇ ਭਗਤੀ ਦੇ ਮਾਰਗ ਤੇ ਚਲਾਵੇ। (**ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥ ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥**)

{ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥

ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥}

(ਅੰਗ - ੭੯੩)

{ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥

ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ॥੩॥}

(ਅੰਗ - ੪੭੬)

ਉਪਰਲੀਆਂ ਪੰਗਤੀਆਂ ਰਾਹੀਂ ਭਗਤ ਕਬੀਰ ਜੀ ਆਪਣੇ ਆਪ ਨੂੰ ਪ੍ਰਮਾਤਮਾ ਦਾ ਸੰਤ ਰੂਪ ਕਹਿ ਰਹੇ ਹਨ, ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਕਹਿ ਰਹੇ ਹਨ। ਉਹ ਪ੍ਰਮਾਤਮਾ ਦੇ ਨਾਲ ਆਪਣਾ ਮੇਲ ਬਿਬੇਕ ਬੁਧਿ ਦੀ ਪ੍ਰਾਪਤੀ ਦੇ ਰੂਪ ਵਿਚ ਹੀ ਸਮਝਾ ਰਹੇ ਹਨ। ਉਹ ਆਪਣਾ ਗੁਰੂ ਤੇ ਖਸਮ ਪ੍ਰਮਾਤਮਾ ਨੂੰ ਕਹਿ ਰਹੇ ਹਨ ਜੋ ਕਿ ਸਾਡੇ ਅੰਦਰ ਬਿਬੇਕ ਬੁਧਿ ਦੇ ਰੂਪ ਵਿਚ ਹੈ ਭਾਵ ਸਭ ਤੋਂ ਉੱਚੇ ਗਿਆਨ ਦੇ ਰੂਪ ਵਿਚ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਕਿਸੇ ਨੂੰ ਇਸ ਗੱਲ ਦੀ ਸਮਝ ਲੱਗਦੀ ਹੈ ਕਿ ਸੰਤ ਅਖਵਾਉਣਾ ਕੀ ਹੈ ਭਾਵ ਅਸਲ ਸੰਤ ਕੌਣ ਹੈ। ਸੰਤ ਵਿਚ ਤੇ ਪ੍ਰਮਾਤਮਾ ਵਿਚ ਕੋਈ ਫਰਕ ਨਹੀਂ ਹੈ ਜਿਵੇਂ ਕਿ ਉਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਸੰਤ ਰੂਪ ਬਣਾਉਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਵੀ ਸਮਝ ਹੁੰਦੀ ਹੈ ਕਿ ਉਹ ਸੰਤ ਰੂਪ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ ਜੋ ਕਿ ਆਪ ਹੀ ਗੁਰੂ ਹੈ, ਬਿਬੇਕ ਬੁਧਿ ਦੇ ਰੂਪ ਵਿਚ ਗੁਰੂ ਹੈ। ਸਕਤਿ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਕੋਈ ਵੀ ਸੰਤ ਅਖਵਾਉਣ ਵਾਲਾ ਆਪਣੇ ਆਪ ਨੂੰ ਹੀ ਸੰਤ ਅਖਵਾਉਂਦਾ ਹੈ ਜਦ ਕਿ ਉਸ ਨੂੰ ਸੰਤ ਰੂਪ ਪ੍ਰਮਾਤਮਾ ਕੀ ਹੈ ਇਸ ਦੀ ਰੱਤੀ ਭਰ ਵੀ ਸੋਝੀ ਨਹੀਂ ਹੋ ਸਕਦੀ। ਇਸ ਮਨ ਨੂੰ ਜਾਨਣ ਤੋਂ ਬਾਦ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਦ ਕੋਈ ਆਪਣੇ ਆਪ

ਨੂੰ ਸੰਤ ਅਖਵਾ ਜਾਵੇ ਇਹ ਨਾਮੁਮਕਿਨ ਹੈ ਭਾਵ ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ ਵੱਡੇ ਭਰਮ ਵਿਚ ਹਨ, ਝੂਠਾ ਮਾਣ ਲੈਣ ਦੁਆਰਾ ਵੱਡੇ ਮਾਇਆ ਮੋਹ ਵਿਚ ਹਨ।

{ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥ ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥}

(ਅੰਗ - ੩੯੭)

{ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥

ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥}

(ਅੰਗ - ੨੮)

{ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥
ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥੨੮॥੯੮॥}

(ਅੰਗ - ੫੨)

{ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥}

(ਅੰਗ - ੧੨੮)

{ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥੨॥}

(ਅੰਗ - ੧੬੮)

{ਕਰਨ ਕਰਾਵਨ ਸਭੁ ਕਿਛੁ ਏਕੈ ॥ ਆਪੇ ਬੁਧਿ ਬੀਚਾਰਿ ਬਿਬੇਕੈ ॥
ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥}

(ਅੰਗ - ੨੩੬)

{ਮਨ ਤਨ ਰੰਗਿ ਰਤੇ ਰੰਗ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥}

(ਅੰਗ - ੨੬੪)

{ਬੂਝੈ ਦੇਖੈ ਕਰੈ ਬਿਬੇਕ ॥ ਆਪਹਿ ਏਕ ਆਪਹਿ ਅਨੇਕ ॥
ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ ਰਹਿਆ ਸਮਾਇ ॥੬॥}

(ਅੰਗ - ੨੭੬)

{ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ - ੨੮੫)

{ਜਿਹਬਾ ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ ॥}

(ਅੰਗ - ੨੮੭)

{ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥ ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ ॥}

(ਅੰਗ - ੨੯੭)

{ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥}

(ਅੰਗ - ੩੫੫)

37/4424

{ਸਭ ਮਹਿ ਜਾਨਉ ਕਰਤਾ ਏਕ ॥ ਸਾਧਸੰਗਤਿ ਮਿਲਿ ਬੁਧਿ ਬਿਬੇਕ ॥੩॥}

(ਅੰਗ - ੩੭੭)

{ਨਕਟੀ ਕੋ ਠਨਗਨੁ ਬਾਡਾ ਭੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥}

(ਅੰਗ - ੪੭੬)

{ਸਤਿਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥}

(ਅੰਗ - ੪੮੧)

{ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥੧॥ ਰਹਾਉ ॥}

(ਅੰਗ - ੪੮੬)

ਉਪਰਲੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਅਸੀਂ ਬਿਬੇਕ ਬੁਧਿ ਵਾਲੀ ਅਵਸਥਾ ਨੂੰ ਹੀ ਸਮਝਿਆ ਹੈ ਕਿਉਂਕਿ ਮਨ ਦੇ ਵਿਚ ਪ੍ਰਮਾਤਮਾ ਦੇ ਦਰਸ਼ਨ ਬਿਬੇਕ ਬੁਧਿ ਵਾਲੀ ਅਵਸਥਾ ਦੁਆਰਾ ਹੀ ਹੁੰਦੇ ਹਨ। ਪ੍ਰਮਾਤਮਾ ਦੇ ਕੋਲੋਂ ਬਿਬੇਕ ਬੁਧਿ ਦੀ ਪ੍ਰਾਪਤੀ ਦਾ ਹੋਣਾ ਜਾਂ ਨਾਮ ਦਾ ਮਿਲਣਾ ਇੱਕੋ ਹੀ ਗੱਲ ਹੈ। ਸਾਡੇ ਅੰਦਰ ਬਿਬੇਕ ਵਾਲੀ ਬਧਿ ਹੀ ਨਾਮ ਵਾਲੀ ਬੁਧਿ ਹੈ ਭਾਵ ਬ੍ਰਹਮ ਗਿਆਨ ਵਾਲੀ ਬੁਧਿ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਭਗਤ ਰੂਪ ਬਣਾਉਂਦਾ ਹੈ ਉਸ ਨੂੰ ਮਨ ਦੇ ਵਿੱਚ ਸੱਚਾ ਗਿਆਨ ਬਖਸ਼ਕੇ ਹੀ ਬਣਾਉਂਦਾ ਹੈ ਭਾਵ ਨਾਮ ਬਖਸ਼ਕੇ, ਬਿਬੇਕ ਬੁਧਿ ਬਖਸ਼ਕੇ ਹੀ ਬਣਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

"ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥ ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥੧॥"

(ਅੰਗ - ੫੦੧)

ਨਾਮ ਦੀ ਟੇਕ ਲੈਣ ਦੀ, ਨਾਮ ਦਾ ਆਸਰਾ ਲੈਣ ਦੀ ਗੱਲ ਬਾਣੀ ਵਿਚ ਬਾਰ-ਬਾਰ ਆਉਂਦੀ ਹੈ ਤੇ ਇਹ ਵੀ ਸਮਝਾਇਆ ਹੁੰਦਾ ਹੈ ਕਿ ਅੱਗੇ ਜਾ ਕੇ ਨਾਮ ਹੀ ਕੰਮ ਆਉਂਦਾ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੇ ਭਗਤਾਂ ਨੇ ਨਾਮ ਦੀ ਟੇਕ ਕਿਸ ਰੂਪ ਵਿੱਚ ਲਈ ਹੋਈ ਹੈ। ਨਾਮ ਦਾ ਆਸਰਾ ਉਹੀ ਲੈਂਦਾ ਹੈ ਜਿਸ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਨਾਮ ਦੀ ਪ੍ਰਾਪਤੀ ਕੇਵਲ ਪ੍ਰਮਾਤਮਾ ਦੇ ਕੋਲੋਂ ਹੀ ਹੁੰਦੀ ਹੈ ਜੋ ਨਾਮ ਦਾ ਮਾਲਕ ਹੈ ਜਿਵੇਂ ਕਿ ਅਸੀਂ

37/4425

ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਦੀ ਸਮਝ ਉਸੇ ਨੂੰ ਹੀ ਲਗਦੀ ਹੈ ਜਿਸ ਨੂੰ ਨਾਮ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ ਜਿਵੇਂ ਕਿ ਪ੍ਰਮਾਤਮਾ ਦੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਸਮਝ ਲਗੀ ਹੈ ਤੇ ਉਹਨਾਂ ਨੇ ਉਹੀ ਸਮਝ ਸਾਨੂੰ ਗੁਰਬਾਣੀ ਰਾਹੀਂ ਦਿੱਤੀ ਹੈ। ਉਪਰ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਭਗਤਾਂ ਨੂੰ ਭਾਵ ਸੱਚੇ ਭਗਤਾਂ ਨੂੰ ਨਾਮ ਆਪ ਪ੍ਰਮਾਤਮਾ ਨੇ ਕਿਸ ਰੂਪ ਵਿਚ ਦਿੱਤਾ ਹੈ ਇਹ ਗੱਲ ਸਪਸ਼ਟ ਕਰਕੇ ਸਮਝਾਈ ਹੋਈ ਹੈ। ਆਪਣੇ ਭਗਤਾਂ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਗੁਰੂ ਰੂਪ ਵਿਚ ਹੀ ਪ੍ਰਗਟ ਕਰਦਾ ਹੈ ਭਾਵ ਗਿਆਨ ਉਹ ਆਪ ਹੀ ਦਿੰਦਾ ਹੈ। ਆਪਣੇ ਉੱਚੇ ਗਿਆਨ ਕਰਕੇ ਹੀ ਗੁਰੂ ਦਾ ਦੂਸਰਿਆਂ ਨਾਲੋਂ ਵੱਖਰਾ ਰੂਪ ਬਣਦਾ ਹੈ। ਪ੍ਰਮਾਤਮਾ ਆਪਣਾ ਨਾਮ **"ਗੁਰ ਗਿਆਨੁ"** ਦੇ ਰੂਪ ਵਿਚ ਹੀ ਦਿੰਦਾ ਹੈ। ਗੁਰ ਗਿਆਨੁ ਸਾਡੀ ਬੁਧਿ ਦੇ ਵਿਚ ਹੀ ਆਉਂਦਾ ਹੈ ਭਾਵ ਮਤਿ ਦੇ ਵਿਚ ਹੀ ਆਉਂਦਾ ਹੈ ਤੇ ਜਿਸ ਬੁਧਿ ਦੇ ਵਿਚ **"ਗੁਰ ਗਿਆਨੁ"** ਆ ਜਾਂਦਾ ਹੈ ਉਹ ਬੁਧਿ ਬਿਬੇਕ ਵਾਲੀ ਬਣ ਜਾਂਦੀ ਹੈ ਭਾਵ ਉੱਚੇ ਗਿਆਨ ਵਾਲੀ ਬਣ ਜਾਂਦੀ ਹੈ, ਬ੍ਰਹਮ ਗਿਆਨ ਵਾਲੀ ਬਣ ਜਾਂਦੀ ਹੈ ਕਿਉਂਕਿ ਉਸ ਬੁਧਿ ਦੇ ਅੰਦਰ ਗਿਆਨ ਦੇਣ ਵਾਲਾ ਆਪ ਬ੍ਰਹਮ ਹੀ ਹੁੰਦਾ ਹੈ, ਪ੍ਰਮਾਤਮਾ ਹੀ ਹੁੰਦਾ ਹੈ ਜੋ ਆਪਣੇ ਆਪ ਨੂੰ ਮਨੁੱਖ ਦੀ ਬੁਧਿ ਵਿਚ ਪ੍ਰਗਟ ਕਰਨ ਦੁਆਰਾ ਉੱਚਾ ਗਿਆਨ ਦਿੰਦਾ ਹੈ, **"ਗੁਰ ਗਿਆਨੁ"** ਦੇ ਰੂਪ ਵਿਚ ਦਿੰਦਾ ਹੈ। ਇਹ **"ਗੁਰ ਗਿਆਨੁ"** ਹੀ ਨਾਮ ਹੈ ਜੋ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਦਿੰਦਾ ਹੈ। ਪ੍ਰਮਾਤਮਾ ਦੇ ਭਗਤ ਮਨ ਦੇ ਇਹੋ ਜਿਹੇ ਉੱਚੇ ਗਿਆਨ ਦੀ ਭਾਵ ਨਾਮ ਦੀ ਟੇਕ ਲੈਂਦੇ ਹਨ ਭਾਵ ਸੱਚੇ ਗਿਆਨ ਦੁਆਰਾ, ਸੱਚੀ ਗੁਰਮਤਿ ਰੂਪ ਗਿਆਨ ਦੁਆਰਾ ਆਪਣੇ ਜੀਵਨ ਵਿਚ ਵਿਚਰਦੇ ਹਨ ਤੇ ਪ੍ਰਮਾਤਮਾ ਦੀ ਦਰਗਾਹ ਵਿਚ ਇਹੋ ਜਿਹਾ ਨਾਮ ਕੰਮ ਆਉਂਦਾ ਹੈ। (**ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥ ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥੧॥**)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥ ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ - ੭੫੯)

{ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥}

(ਅੰਗ - ੫੪)

{ਸਤਿਗੁਰ ਸਬਦਿ ਉਜਾਰੋ ਦੀਪਾ ॥

ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥}

(ਅੰਗ - ੮੨੧)

37/4426

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥

ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ - ੧੦੬੯)

{ਕਰਨ ਕਰਾਵਨ ਸਰਨਿ ਪਰਿਆ ॥

ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥}

(ਅੰਗ - ੩੯੩)

ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਮਨ ਦੇ ਸੱਚੇ ਗਿਆਨ ਨਾਲ ਜੁੜਿਆ ਹੋਇਆ ਹੈ ਭਾਵ ਉਸ ਗਿਆਨ ਨਾਲ ਜੁੜਿਆ ਹੋਇਆ ਹੈ ਜੋ ਗਿਆਨ ਸੰਸਾਰ ਦੇ ਵਿੱਚ ਬਿਬੇਕ ਬੁਧਿ ਰਾਹੀਂ ਆਇਆ ਹੈ, ਜਿਸ ਬੁਧਿ ਰਾਹੀਂ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਸੰਸਾਰ ਨੂੰ ਉਹ ਗਿਆਨ ਦਿੱਤਾ ਹੈ ਜਿਸ ਅੰਦਰ ਪੂਰਨ ਸੱਚ ਹੈ। ਪੂਰੀ ਗੁਰਬਾਣੀ ਵਿੱਚ ਬਿਬੇਕ ਬੁਧਿ ਰਾਹੀਂ ਆਇਆ ਹੋਇਆ ਗਿਆਨ ਹੈ ਜਿਸ ਰਾਹੀਂ ਗੁਰਬਾਣੀ ਸੱਚੀ ਬਾਣੀ ਹੈ ਭਾਵ ਉਸ ਦੇ ਵਿਚ ਸੱਚੇ ਪ੍ਰਮਾਤਮਾ ਦੁਆਰਾ ਪਾਈ ਹੋਈ ਸੱਚੀ ਮਤਿ ਹੈ ਜੋ ਪੂਰੀ ਤਰ੍ਹਾਂ ਭਰਮਾਂ ਤੋਂ ਰਹਿਤ ਹੈ। ਪੂਰੇ ਸੰਸਾਰ ਵਿਚ ਪ੍ਰਮਾਤਮਾ ਨੂੰ ਪਾਉਣ ਲਈ ਅਨੇਕਾਂ ਤਰੀਕੇ ਅਪਣਾਏ ਜਾ ਰਹੇ ਹਨ ਤੇ ਜੋ ਵੀ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਗੁਰਬਾਣੀ ਦੀ ਮਤਿ ਤੇ ਖਰਾ ਨਹੀਂ ਉਤੱਰਦਾ ਉਸ ਵਿੱਚ ਭਰਮ ਹੈ ਭਾਵ ਉਸ ਵਿਚ ਕੱਚੀ ਮਤਿ ਹੈ, ਹਉਮੈ ਹੈ। ਸਾਡੇ ਜੀਵਨ ਦਾ ਮਕਸਦ ਹਉਮੈ ਵਿਚੋਂ ਨਿਕਲਣ ਦਾ ਹੈ ਕਿਉਂਕਿ ਅਸਲ ਵਿੱਚ ਇਹ ਹਉਮੈ ਹੀ ਸਾਡੇ ਅੰਦਰ ਦਾ ਉਹ ਪੜਦਾ ਹੈ, ਭਰਮ ਰੂਪ ਪੜਦਾ ਹੈ ਜਿਸ ਵਿਚੋਂ ਨਿਕਲੇ ਬਿਨਾ ਕੋਈ ਵੀ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਜੋ ਹਰ ਵੇਲੇ ਸਾਡੇ ਅੰਦਰ ਹੀ ਹੈ ਤੇ ਮਨ ਦੇ ਭਰਮਾਂ ਕਰਕੇ ਅਸੀਂ ਉਸ ਨੂੰ ਆਪਣੇ ਤੋਂ ਬਹੁਤ ਦੂਰ ਸਮਝਿਆ ਹੋਇਆ ਹੈ। ਦੂਰੀ ਦਾ ਕਾਰਣ ਸਮਝੇ ਬਿਨਾ ਅਸੀਂ ਆਪਣੇ ਅੰਦਰ ਦੀ ਉਸ ਦੂਰੀ ਨੂੰ ਕਿਵੇਂ ਦੂਰ ਕਰ ਸਕਦੇ ਹਾਂ। ਅਸੀਂ ਪ੍ਰਮਾਤਮਾ ਨਾਲੋਂ ਆਪਣੀ ਦੂਰੀ ਸਰੀਰਕ ਕਿਰਿਆਵਾਂ ਦੁਆਰਾ ਦੂਰ ਕਰਨੀ ਚਾਹੁੰਦੇ ਹਾਂ ਜਿਸ ਦੁਆਰਾ ਸਾਡੀ ਦੂਰੀ ਦੂਰ ਹੋ ਜਾਵੇ, ਇਹ ਨਾਮੁਮਕਿਨ ਹੈ। ਹਰ ਕੋਈ ਨਾਮੁਮਕਿਨ ਗੱਲ ਨੂੰ ਮੁਮਕਿਨ ਕਰਨ ਵਿਚ ਲੱਗਾ ਹੋਇਆ ਹੈ ਤੇ ਸਦੀਆਂ ਤੋਂ ਚਲਦੀ ਆ ਰਹੀ ਇਸ ਪ੍ਰਥਾ ਦੇ ਵਿਚ ਗੁਰਬਾਣੀ ਨੂੰ ਪੜਣ ਵਾਲੇ ਵੀ ਉਸੇ ਤਰ੍ਹਾਂ ਜੋਰ ਸ਼ੋਰ ਵਿਚ ਲੱਗੇ ਹੋਏ ਹਨ ਭਾਵ ਸਰੀਰਕ ਕਿਰਿਆਵਾਂ ਵਿਚ ਹੀ ਉਲਝੇ ਹੋਏ ਹਨ ਭਾਵ

37/4427

ਨਾਮੁਮਕਿਨ ਨੂੰ ਮੁਮਕਿਨ ਕਰਨ ਵਿੱਚ ਹੀ ਲੱਗੇ ਹੋਏ ਹਨ। ਪ੍ਰਮਾਤਮਾ ਨੇ ਜੋ ਸਭ ਦੇ ਅੰਦਰ ਭਰਮ ਵਾਲੀ ਅਵਸਥਾ ਪਾਈ ਹੋਈ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਪਾਈ ਹੋਈ ਹੈ ਉਸ ਤੋਂ ਬਾਹਰ ਕੋਈ ਵੀ ਨਹੀਂ ਹੈ ਭਾਵੇਂ ਉਹ ਗੁਰਬਾਣੀ ਦੇ ਪੜਨ ਵਾਲੇ ਹਨ। ਭਰਮ ਦਾ ਮਕਸਦ ਹੀ ਸਭ ਨੂੰ ਭਰਮ ਵਿੱਚ ਰੱਖਣ ਦਾ ਹੈ ਫਿਰ ਇਸ ਗੱਲ ਨਾਲ ਫਰਕ ਵੀ ਕੀ ਪੈਂਦਾ ਹੈ ਕਿ ਅਸੀਂ ਕਿਸ ਧਰਮ ਗ੍ਰੰਥ ਨੂੰ ਪੜਦੇ ਹਾਂ ਭਾਵ ਕਿਸੇ ਉੱਚੇ ਧਰਮ ਗ੍ਰੰਥ ਨੂੰ ਪੜਕੇ ਅਸੀਂ ਉੱਚੇ ਨਹੀਂ ਹੋ ਜਾਂਦੇ। ਗੁਰਬਾਣੀ ਇਸ ਲਈ ਉੱਚੀ ਹੈ ਕਿ ਉਹ ਹਰ ਭਰਮ ਤੋਂ ਰਹਿਤ ਹੈ। ਜੇਕਰ ਅਸੀਂ ਆਪਣੇ ਆਪ ਨੂੰ ਉੱਚਾ ਕਰਨਾ ਚਾਹੁੰਦੇ ਹਾਂ ਤਾਂ ਉਸ ਲਈ ਇਕੋ ਇਕ ਤਰੀਕਾ ਭਰਮਾਂ ਵਿਚੋਂ ਨਿਕਲਣ ਦਾ ਹੈ ਭਾਵ ਗੁਰਬਾਣੀ ਦੀ ਸਿਖਿਆ ਤੇ ਪੂਰਨ ਵਿਸ਼ਵਾਸ ਕਰਨ ਦਾ ਹੈ ਕਿ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਜੋ ਤਰੀਕਾ ਸਮਝਾਇਆ ਗਿਆ ਹੈ ਉਸ ਵਿਚ ਪੂਰਨ ਸੱਚ ਹੈ। ਪ੍ਰਮਾਤਮਾ ਸਾਰੇ

ਸੰਸਾਰ ਲਈ ਇਕੋ ਜਿਹਾ ਹੀ ਹੈ ਤੇ ਸਾਰੇ ਸੰਸਾਰ ਲਈ ਪਾਉਣ ਦਾ ਤਰੀਕਾ ਵੀ ਇਕੋ ਜਿਹਾ ਹੀ ਹੈ ਜੋ ਕਿ ਕੇਵਲ ਤੇ ਕੇਵਲ ਸੱਚ ਨਾਲ ਜੁੜਨ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੈ। ਸੱਚ ਤੇ ਚੱਲਣਾ ਹੀ ਨਾਮ ਜਪਣਾ ਹੈ ਤੇ ਹਰ ਧਰਮ ਗ੍ਰੰਥ ਸਾਨੂੰ ਸੱਚ ਤੇ ਚਲਣਾ ਹੀ ਸਿਖਾਉਂਦਾ ਹੈ ਭਾਵੇਂ ਉਹ ਵੇਦਾਂ ਦੇ ਰੂਪ ਵਿਚ ਹਨ, ਸਿਮ੍ਰਿਤ ਸ਼ਾਸਤਰਾਂ ਦੇ ਰੂਪ ਵਿਚ ਹਨ, ਪੁਰਾਨ ਦੇ ਰੂਪ ਵਿਚ ਹਨ ਜਾਂ ਕੁਰਾਨ ਦੇ ਰੂਪ ਵਿਚ ਹਨ, ਬਾਈਬਲ ਦੇ ਰੂਪ ਵਿਚ ਹਨ। ਗੁਰਬਾਣੀ ਦੀ ਸਿਖਿਆ ਕਿਸੇ ਖਾਸ ਵਰਗ ਲਈ ਨਹੀਂ ਹੈ ਬਲਕਿ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ। ਪ੍ਰਮਾਤਮਾ ਨੇ ਆਪਣਾ ਨਿਰਗੁਣ ਰੂਪ ਭਾਵ ਨਿਰੰਕਾਰ ਰੂਪ ਗੁਰਬਾਣੀ ਰਾਹੀਂ ਹੀ ਸਮਝਾਇਆ ਹੈ ਪਰ ਉਸ ਨਿਰੰਕਾਰ ਰੂਪ ਤਕ ਪਹੁੰਚਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਧਾਰਮਿਕ ਆਸਥਾ ਨੂੰ ਲੈ ਕੇ ਮਨੁੱਖ ਮਨੁੱਖ ਵਿਚ ਭੇਦ ਸਮਝਣਾ ਭਾਵ ਮਾੜਾ ਚੰਗਾ ਸਮਝਣਾ ਸੱਚ ਨਹੀਂ ਹੈ ਭਾਵ ਧਰਮ ਨਹੀਂ ਹੈ। ਜੇਕਰ ਸਾਡੇ ਅੰਦਰ ਇਹ ਸੱਚ ਹੀ ਨਹੀਂ ਆਉਂਦਾ ਕਿ ਹਰ ਮਨੁੱਖ ਇਕੋ ਪ੍ਰਮਾਤਮਾ ਦਾ ਹੀ ਰੂਪ ਹੈ ਫਿਰ ਅਸੀਂ ਧਰਮ ਦੇ ਮਾਰਗ ਤੇ ਚਲ ਹੀ ਕਿਵੇਂ ਸਕਦੇ ਹਾਂ। ਧਰਮ ਦਾ ਮਾਰਗ ਸਾਡੀ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਨਾ ਕਿ ਆਪਣੀ ਆਪਣੀ ਮਤਿ ਅਨੁਸਾਰ ਕਿਸੇ ਸਰੀਰਕ ਕਿਰਿਆਵਾਂ ਨਾਲ ਜੁੜੇ ਰਹਿਣਾ, ਵੱਖਰੀਆਂ ਵੱਖਰੀਆਂ ਧਾਰਮਿਕ ਮਰਿਯਾਦਾਵਾਂ ਬਣਾਈ ਰੱਖਣਾ। ਧਰਮ ਦੀ ਮਰਿਯਾਦਾ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ

ਕਿ ਆਪਣੇ ਅੰਦਰੋਂ ਅਉਗਣਾਂ ਨੂੰ ਛੱਡ ਕੇ ਗੁਣਾਂ ਦੁਆਰਾ ਵਿਚਰਨ ਦੀ ਹੈ। ਇਹੋ ਜਿਹੇ ਧਰਮ ਦੇ ਮਾਰਗ ਤੇ ਚੱਲਣ ਲਈ ਮਨ ਦੇ ਵਿਚ ਸੱਚੀ ਸੋਝੀ ਨੂੰ ਦ੍ਰਿੜ ਕਰਨ ਦੀ ਲੋੜ ਹੈ ਨਾ ਕਿ ਕਿਸੇ ਭਗਤੀ ਦੇ ਦਿਖਾਵੇ ਕਰਨ ਦੀ। ਭਗਤੀ ਦੇ ਦਿਖਾਵੇ ਕਰਨ ਦੁਆਰਾ, ਆਪਣੀ ਆਪਣੀ ਆਸਥਾ ਅਨੁਸਾਰ ਭਗਤੀ ਦੇ ਦਿਖਾਵੇ ਕਰਨ ਦੁਆਰਾ ਸਾਡੀ ਸੰਸਾਰ ਵਿਚ ਇੱਕ ਦੂਜੇ ਤੋਂ ਦੂਰੀ ਹੀ ਵੱਧਦੀ ਹੈ ਭਾਵ ਝੂਠੀ ਧਾਰਮਿਕ ਆਸਥਾ ਸੰਸਾਰ ਵਿਚ ਫੇੜ ਪਾਉਂਦੀ ਹੈ, ਝਗੜੇ ਵਧਾਉਂਦੀ ਹੈ ਜਿਸਦਾ ਕਾਰਣ ਕੇਵਲ ਮਨ ਦੀ ਅਗਿਆਨਤਾ ਹੈ ਭਾਵ ਭਗਤੀ ਦੇ ਸਹੀ ਮਾਰਗ ਦੀ ਸੋਝੀ ਦਾ ਨਾ ਹੋਣਾ ਹੈ।

ਜਿਵੇਂ ਕਿ ਅਸੀਂ ਉਪਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ, ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਗੁਰਬਾਣੀ ਦੀ ਬਿਬੇਕ ਬੁਧਿ ਨਾਲ ਜੁੜਨ ਦਾ ਹੈ। ਬਿਬੇਕ ਬੁਧਿ ਹੀ ਅਸਲ ਵਿਚ ਸਾਡਾ ਗੁਰੂ ਹੈ ਜਿਸ ਰਾਹੀਂ ਸੱਚੀ ਸਿਖਿਆ ਉਪਜੀ ਹੈ, ਸੱਚੇ ਵਿਚਾਰ ਉਪਜੇ ਹਨ ਭਾਵ ਸ਼ਬਦਾਂ ਦੇ ਵਿਚਾਰ ਉਪਜੇ ਹਨ। ਪ੍ਰਮਾਤਮਾ ਸੱਚੀ ਸਿਖਿਆ ਦੇ ਰੂਪ ਵਿਚ ਗੁਰੂ ਹੈ ਤੇ ਇਸੇ ਲਈ ਬਿਬੇਕ ਨੂੰ ਹੀ ਸਾਡਾ ਗੁਰੂ ਕਿਹਾ ਹੈ। ਸਾਡੇ ਅੰਦਰ ਪ੍ਰਮਾਤਮਾ ਬਿਬੇਕ ਬੁਧਿ ਦੇ ਰੂਪ ਵਿਚ ਹੀ ਹੈ ਜੋ ਕਿ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚੋਂ ਨਿਕਲੇ ਬਿਨਾ ਅਸੀਂ ਆਪਣੇ ਅੰਦਰ ਦੀ ਬਿਬੇਕ ਬੁਧਿ ਨਾਲ ਨਹੀਂ ਜੁੜ ਸਕਦੇ ਭਾਵ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੇ। ਪ੍ਰਮਾਤਮਾ ਦਾ ਨਾਮ ਬਿਬੇਕ ਬੁਧਿ ਦੁਆਰਾ ਹੀ ਜਪਿਆ ਜਾ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥
ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥”

(ਅੰਗ - ੭੬੧)

ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਸ਼ਬਦ ਰਾਹੀਂ ਸਮਝਿਆ ਹੈ ਪ੍ਰਮਾਤਮਾ ਦੇ ਭਗਤਾਂ ਦੇ ਅੰਦਰ ਨਾਮ ਉਹਨਾਂ ਦੀ ਬਿਬੇਕ ਬੁਧਿ ਦੇ ਰੂਪ ਵਿੱਚ ਹੈ। ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਸਭ ਦੇ ਅੰਦਰ ਬਿਬੇਕ ਬੁਧਿ ਦੇ ਰੂਪ ਵਿੱਚ ਹੀ ਹੈ ਤੇ ਜਿਸ ਨੂੰ ਪ੍ਰਮਾਤਮਾ ਮਨ ਦੇ ਵਿਚ ਆਪਣੀ ਬਿਬੇਕ ਬੁਧਿ

ਦੇ ਨਾਲ ਜੋੜ ਲੈਂਦਾ ਹੈ ਉਹੀ ਉਸ ਦਾ ਭਗਤ ਬਣਦਾ ਹੈ ਤੇ ਉਹੀ ਉਸ ਦਾ ਨਾਮ ਜਪਦਾ ਹੈ ਭਾਵ ਸੱਚ ਤੇ ਚੱਲਦਾ ਹੈ, ਸੱਚ ਦੀ ਟੇਕ ਲੈਂਦਾ ਹੈ ਭਾਵ ਆਪਣੀ ਹਰ ਕਰਨੀ ਵਿਚ ਸੱਚ ਦਾ ਆਸਰਾ ਲੈਂਦਾ ਹੈ, ਗੁਰਮਤਿ ਦਾ ਆਸਰਾ ਲੈਂਦਾ ਹੈ ਭਾਵ ਬਿਬੇਕ ਬੁਧਿ ਦਾ ਆਸਰਾ ਲੈਂਦਾ ਹੈ। ਜਿਥੇ ਬਿਬੇਕ ਬੁਧਿ ਹੈ ਉਥੇ ਫਿਰ ਮਨਮਤਿ ਨਹੀਂ ਹੋ ਸਕਦੀ, ਹਉਮੈ ਨਹੀਂ ਹੋ ਸਕਦੀ, ਭਰਮ

ਨਹੀਂ ਹੋ ਸਕਦਾ, ਮਾਇਆ ਮੋਹ ਨਹੀਂ ਹੋ ਸਕਦਾ। ਅਸੀਂ ਇਹੋ ਜਿਹੀ ਬੁਧਿ ਨਾਲ ਜੁੜਨ ਦਾ ਉਦਮ ਹੀ ਕਰਨਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ। ਸਰੀਰਕ ਕਿਰਿਆਵਾਂ ਕਰੀ ਜਾਣ ਨਾਲ, ਸਮਾਧੀਆਂ ਵਿਚ ਬੈਠੇ ਰਹਿਣ ਨਾਲ ਸਾਡੇ ਅੰਦਰ ਦੀ ਮਨਮਤਿ ਨਹੀਂ ਨਿਕਲ ਸਕਦੀ ਬਲਕਿ ਹੋਰ ਦ੍ਰਿੜ ਹੋ ਜਾਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਨਾ ਹੀ ਕਦੇ ਕਿਸੇ ਨੇ ਪਾਇਆ ਹੈ ਤੇ ਨਾ ਹੀ ਕਦੇ ਕੋਈ ਪਾ ਸਕਦਾ ਹੈ। ਇਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਜੋ ਅਸੂਲ ਗੁਰਬਾਣੀ ਸਾਨੂੰ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾ ਰਹੀ ਹੈ ਪਰ ਸਾਡੇ ਮਨ ਦਾ ਭਰਮ ਸਾਨੂੰ ਸੱਚ ਨਾਲ ਜੁੜਨ ਨਹੀਂ ਦਿੰਦਾ ਭਾਵ ਸ਼ਬਦਾਂ ਦੀ ਵਿਚਾਰ ਨਾਲ ਜੁੜਨ ਨਹੀਂ ਦਿੰਦਾ, ਨਾਮ ਨਾਲ ਜੁੜਨ ਨਹੀਂ ਦਿੰਦਾ। ਸਭ ਤੋਂ ਵੱਡਾ ਭਰਮ ਨਾਮ ਨੂੰ ਸਮਝਣ ਦਾ ਹੀ ਹੈ ਜਿਸ ਦੀ ਪੂਰਨ ਰੂਪ ਵਿਚ ਸਮਝ ਹੀ ਬਿਬੇਕ ਬੁਧਿ ਦੁਆਰਾ ਆਉਂਦੀ ਹੈ। ਬਿਬੇਕ ਬੁਧਿ ਦੀ ਪ੍ਰਾਪਤੀ ਹੋਏ ਬਿਨਾ ਭਗਤੀ ਨੂੰ ਸਮਝਣ ਵਿਚ ਸਭ ਪਾਸੇ ਭਰਮ ਹੀ ਭਰਮ ਹੈ। ਗੁਰਬਾਣੀ ਦਾ ਮਕਸਦ ਸਾਨੂੰ ਇਹਨਾਂ ਭਰਮਾਂ ਵਿਚੋਂ ਕੱਢਣ ਦਾ ਹੀ ਹੈ ਭਾਵ ਨਾਮ ਨਾਲ ਜੋੜਨ ਦਾ ਹੀ ਹੈ ਜੋ ਨਾਮ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ। (**ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥ ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥**)

ਸਾਡੇ ਜੀਵਨ ਦਾ ਮਨੋਰਥ ਇਸ ਸੰਸਾਰ ਤੋਂ ਮੁਕਤੀ ਪਾਉਣ ਦਾ ਹੈ ਤੇ ਮੁਕਤਿ ਅਸੀਂ ਤਾਂ ਹੀ ਹੋਣਾ ਹੈ ਜੇਕਰ ਅਸੀਂ ਪ੍ਰਮਾਤਮਾ ਨੂੰ ਪਾ ਲਈਏ ਭਾਵ ਜਿਉਂਦੇ ਹੋਏ ਹੀ ਮੁਕਤਿ ਹੋਣਾ ਹੈ। ਮੁਕਤੀ ਤਾਂ ਅਸੀਂ ਮਨ ਦੇ ਭਰਮ ਤੋਂ ਲੈਣੀ ਹੈ ਤੇ ਭਰਮਾਂ ਤੋਂ ਮੁਕਤਿ ਸਾਨੂੰ ਸੱਚੇ ਗਿਆਨ ਨੇ ਕਰਨਾ ਹੈ, ਨਾਮ ਨੇ ਕਰਨਾ ਹੈ। ਮੁਕਤਿ ਅਸੀਂ ਮਨ ਦੇ ਵਿੱਚ ਹੀ ਹੋਣਾ ਹੈ ਤੇ ਮਨ ਦੇ ਵਿੱਚ ਮੁਕਤਿ ਕਰਨ ਵਾਲੀ ਬਿਬੇਕ ਬੁਧਿ ਹੈ ਜੋ ਹਰ ਭਰਮ ਤੋਂ ਮੁਕਤਿ ਹੈ। ਮੁਕਤਿ ਸਾਨੂੰ ਆਪ ਪ੍ਰਮਾਤਮਾ ਹੀ ਕਰ ਸਕਦਾ ਹੈ ਤੇ ਹੋਰ ਕੋਈ ਨਹੀਂ ਕਰ ਸਕਦਾ। ਸਾਡੇ ਅੰਦਰ ਬਿਬੇਕ ਬੁਧਿ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ ਤੇ ਇਸੇ ਲਈ ਅਸੀਂ ਮੁਕਤੀ ਵੀ ਕੇਵਲ ਬਿਬੇਕ ਬੁਧਿ ਦੁਆਰਾ ਪਾ ਸਕਦੇ ਹਾਂ ਤੇ ਹੋਰ ਕੋਈ ਸਾਧਨ ਨਹੀਂ ਹੈ ਭਾਵ ਸਾਡੇ ਜੀਵਨ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਬਿਬੇਕ ਬੁਧਿ ਵਾਲੇ ਵਿਚਾਰਾਂ ਦੇ ਨਾਲ ਜੁੜਕੇ ਆਪਣੇ

ਆਪ ਨੂੰ ਭਰਮਾਂ ਤੋਂ ਮੁਕਤਿ ਕਰੀਏ। ਮੁਕਤਿ ਅਸੀਂ ਮਨ ਦੇ ਵਿਚਾਰਾਂ ਤੋਂ ਹੀ ਹੋਣਾ ਹੈ ਭਾਵ ਉਹਨਾਂ ਵਿਚਾਰਾਂ ਤੋਂ ਮੁਕਤਿ ਹੋਣਾ ਹੈ ਜੋ ਸਾਨੂੰ ਭਰਮਾਂ ਵਿਚ ਰਖਦੇ ਹਨ, ਮਾਇਆ ਮੋਹ ਵਿਚ ਰੱਖਦੇ ਹਨ ਤੇ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ। ਮਾੜੇ ਵਿਚਾਰਾਂ ਤੋਂ ਮੁਕਤੀ ਮਨ ਦੇ ਵਿਚ ਬਿਬੇਕ ਬੁਧਿ ਦੁਆਰਾ ਹੀ ਹੁੰਦੀ ਹੈ। ਇਸ ਗੱਲ ਨੂੰ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥
ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥
ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥”

(ਅੰਗ - ੭੭੨)

ਅਗਰ ਧਿਆਨ ਨਾਲ ਸਮਝੋਗੇ ਤੇ ਉਪਰਲੀਆਂ ਪੰਗਤੀਆਂ ਰਾਹੀਂ ਬਹੁਤ ਕੁਝ ਸਮਝ ਆ ਜਾਵੇਗਾ ਕਿ ਪ੍ਰਮਾਤਮਾ ਨੂੰ ਪਾਉਣ ਦਾ ਅਸਲ ਤਰੀਕਾ ਕੀ ਹੈ। ਉਪਰ ਪਹਿਲੀ ਪੰਗਤੀ ਰਾਹੀਂ ਨਿਜ ਘਰ ਵਿੱਚ ਵਾਸੇ ਦੀ ਗੱਲ ਕੀਤੀ ਹੋਈ ਹੈ ਭਾਵ ਆਪਣੇ ਅਸਲ ਘਰ ਵਿਚ ਭਾਵ ਪ੍ਰਮਾਤਮਾ ਦੇ ਘਰ ਵਿਚ ਵਾਸੇ ਦੀ ਗੱਲ ਕੀਤੀ ਹੋਈ ਹੈ। ਨਿਜ ਘਰ ਵਿਚ ਵਾਸਾ ਪਾਉਣ ਲਈ ਪਾਪੀਆਂ ਨੂੰ **“ਮੁਕਤੁ”** ਕਰਾਉਣ ਦੀ ਗੱਲ ਕੀਤੀ ਹੋਈ ਹੈ, ਆਪ ਗਵਾਉਣ ਦੀ ਗੱਲ ਕੀਤੀ ਹੋਈ ਹੈ। ਜਿੰਨ੍ਹਾਂ ਪਾਪੀਆਂ ਦੀ ਉਪਰ ਗੱਲ ਕੀਤੀ ਹੋਈ ਹੈ ਉਹ ਪਾਪੀ ਸਾਡੇ ਮਨ ਦੇ ਮਾੜੇ ਵਿਚਾਰ ਹਨ, ਮਾਇਆ ਮੋਹ ਵਾਲੇ ਵਿਚਾਰ ਹਨ, ਅਉਗਣਾਂ ਵਾਲੇ ਵਿਚਾਰ ਹਨ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਭਾਵ ਪਾਪ ਕਰਾਉਂਦੇ ਹਨ ਜਿੰਨ੍ਹਾਂ ਕਰਕੇ ਅਸੀਂ ਸੱਚ ਤੇ ਨਹੀਂ ਚਲ ਸਕਦੇ, ਗੁਰਮਤਿ ਤੇ ਨਹੀਂ ਚਲ ਸਕਦੇ। ਮੁਕਤੀ ਅਸੀਂ ਇਹੋ ਜਿਹੇ ਵਿਚਾਰਾਂ ਤੋਂ ਹੀ ਪਾਉਣੀ ਹੈ ਜਿੰਨ੍ਹਾਂ ਦਾ ਕਾਰਣ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ, ਸਾਡੇ ਅੰਦਰ ਬਿਬੇਕ ਬੁਧਿ ਦਾ ਨਾ ਹੋਣਾ ਹੈ, ਨਾਮ ਦੇ ਪ੍ਰਗਾਸ ਦਾ ਨਾ ਹੋਣਾ ਹੈ ਭਾਵ ਗੁਰਮਤਿ ਦੀ ਬਜਾਏ ਆਪਣੀ ਮਤਿ ਦਾ ਹੋਣਾ ਹੈ, ਹਉਮੈ ਦਾ ਹੋਣਾ ਹੈ, ਆਪੇ ਦਾ ਹੋਣਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਇਹਨਾਂ ਪਾਪਾਂ ਤੋਂ ਮੁਕਤਿ ਕਰਦਾ ਹੈ, ਆਪੇ ਤੋਂ ਮੁਕਤਿ ਕਰਦਾ ਹੈ ਉਸ ਨੂੰ ਹੀ ਆਪਣੇ ਘਰ ਵਿੱਚ, ਨਿੱਜ ਘਰ ਵਿੱਚ ਨਿਵਾਸ ਬਖਸ਼ਦਾ ਹੈ। ਉਸ ਦਾ ਘਰ ਸਾਡੇ ਅੰਦਰ ਬਿਬੇਕ ਬੁਧੀ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਇਸ ਬਿਬੇਕ ਬੁਧਿ ਰੂਪ ਘਰ ਵਿੱਚ ਪਹੁੰਚਕੇ ਫਿਰ ਮਨੁੱਖ ਦਾ ਜੀਵਨ ਦਿਨ ਰਾਤ ਭਾਵ ਹਰ ਵੇਲੇ, ਅੱਠੇ ਪਹਿਰ ਸੁੱਖ ਵਿੱਚ ਬਤੀਤ ਹੁੰਦਾ ਹੈ ਭਾਵ

ਦੁੱਖਾਂ ਤੋਂ ਰਹਿਤ ਹੋ ਕੇ ਭਾਵ ਅਉਗਣਾਂ ਤੋਂ ਰਹਿਤ ਹੋ ਕੇ ਗੁਣ ਰੂਪ ਸੁੱਖਾਂ ਵਿੱਚ ਬਤੀਤ ਹੁੰਦਾ ਹੈ। ਬਿਬੇਕ ਬੁਧਿ ਵਾਲੀ ਅਵਸਥਾ ਵਿੱਚ ਪਹੁੰਚਕੇ ਪ੍ਰਮਾਤਮਾ ਗੁਰਮਤਿ ਰੂਪ ਸੱਚਾ ਗਿਆਨ ਆਪਣੇ ਘਰ ਦੇ ਵਿੱਚੋਂ ਆਪ ਹੀ ਬਖਸ਼ਦਾ ਹੈ ਤੇ ਉਸਦਾ ਇਹ ਗਿਆਨ ਹੀ ਮਨੁੱਖ ਦੇ ਅੰਦਰ ਨਾਮ ਦਾ ਪ੍ਰਕਾਸ਼ ਹੈ ਭਾਵ ਸੱਚੇ ਗਿਆਨ ਦਾ ਪ੍ਰਕਾਸ਼ ਹੈ, ਬ੍ਰਹਮ ਗਿਆਨ ਰੂਪ ਪ੍ਰਕਾਸ਼ ਹੈ। ਪਾਪਾਂ ਤੋਂ ਮੁਕਤੀ ਸਾਨੂੰ ਭਾਵ ਮਾੜੇ ਵਿਚਾਰਾਂ ਤੋਂ ਮੁਕਤੀ ਸਾਨੂੰ, ਮਨ ਦੇ ਹਰ ਭਰਮ ਤੋਂ ਮੁਕਤੀ ਸਾਨੂੰ ਮਨ ਦੇ ਵਿਚ ਹੀ ਮਿਲਦੀ ਹੈ ਜੋ ਸੱਚੇ ਗਿਆਨ ਦੀ ਮਤਿ ਦੇ ਰੂਪ ਵਿਚ ਮਿਲਦੀ ਹੈ। ਮਨ ਦੇ ਵਿਚ ਇਸ ਸੋਝੀ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ

ਹੈ ਕਿ ਮਨੁੱਖੀ ਰੂਪ ਨੂੰ ਬਣਾ ਕੇ ਉਸ ਨੂੰ ਮਨ ਦੇ ਗਿਆਨ ਰਾਹੀਂ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੈ। ਮਨੁੱਖ ਨੂੰ ਜਦੋਂ ਇਹ ਸਮਝ ਲਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤਾਂ ਹੀ ਫਿਰ ਮਨੁੱਖ ਦੀ ਸੰਸਾਰ ਦੇ ਆਵਾਗਉਣ ਤੋਂ ਮੁਕਤੀ ਹੁੰਦੀ ਹੈ। ਮੁਕਤੀ ਅਸਲ ਵਿਚ ਮਨ ਦੇ ਭਰਮਾਂ ਤੋਂ ਹੀ ਹੁੰਦੀ ਹੈ ਜਿੰਨ੍ਹਾਂ ਕਰਕੇ ਸਾਡਾ ਮਨ ਦੇ ਵਿਚ ਹੀ ਪ੍ਰਮਾਤਮਾ ਨਾਲੋਂ ਵਿਛੋੜਾ ਬਣਿਆ ਰਹਿੰਦਾ ਹੈ ਤੇ ਅਸੀਂ ਪ੍ਰਮਾਤਮਾ ਦੇ ਸੱਚੇ ਗਿਆਨ ਦੇ ਘਰ ਨੂੰ ਜਾਨਣ ਤੋਂ, ਉਸ ਘਰ ਵਿਚ ਵਾਸਾ ਕਰਨ ਤੋਂ ਦੂਰ ਰਹਿੰਦੇ ਹਾਂ। (**ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ॥ ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥**) ਬਾਣੀ ਰਾਹੀਂ ਸਾਨੂੰ ਬਾਰ ਬਾਰ ਹਰਿ ਹਰਿ ਨਾਮ ਜਪਣ ਲਈ ਪ੍ਰੇਰਿਆ ਹੋਇਆ ਹੈ। ਪ੍ਰਮਾਤਮਾ ਦਾ ਹਰਿ ਹਰਿ ਨਾਮ ਮਨ ਦੇ ਵਿਚ ਨਾਮ ਦਾ ਪ੍ਰਗਾਸ ਹੋਣ ਦੁਆਰਾ ਹੀ ਜਪਿਆ ਜਾ ਸਕਦਾ ਹੈ, ਪ੍ਰਮਾਤਮਾ ਕੋਲੋਂ ਨਾਮ ਮਿਲਣ ਦੁਆਰਾ ਹੀ ਹਰਿ ਹਰਿ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਦਾ ਨਾਮ ਮਿਲਣ ਤੋਂ ਪਹਿਲਾਂ ਭਾਵ ਪ੍ਰਮਾਤਮਾ ਦੇ ਘਰ ਵਿਚੋਂ, ਬਿਬੇਕ ਬੁਧਿ ਵਿਚੋਂ ਗੁਰਮਤਿ ਰੂਪ ਸੱਚੀ ਸੋਝੀ ਪੈਣ ਤੋਂ ਪਹਿਲਾਂ ਸਾਨੂੰ ਗੁਰਮਤਿ ਮਿੱਠੀ ਨਹੀਂ ਲਗਦੀ, ਪ੍ਰਮਾਤਮਾ ਦਾ ਨਾਮ ਮਿੱਠਾ ਨਹੀਂ ਲਗਦਾ ਭਾਵ ਸੱਚ ਤੇ ਚੱਲਣਾ ਮਿੱਠਾ ਨਹੀਂ ਲਗਦਾ ਭਾਵ ਮਾਇਆ ਮੋਹ ਛੱਡਣਾ ਮਿੱਠਾ ਨਹੀਂ ਲਗਦਾ, ਚੰਗਾ ਨਹੀਂ ਲਗਦਾ। ਆਪਣੀ ਗੁਰਮਤਿ ਸਮਝਾਕੇ ਉਸ ਉੱਤੇ ਚੱਲਣ ਦੀ ਦ੍ਰਿੜਤਾ ਵੀ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਦੁਆਰਾ ਫਿਰ ਮਨੁੱਖ ਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ, ਗੁਰੂ ਦੇ ਹੁਕਮ ਨੂੰ ਮਿੱਠਾ ਕਰਕੇ ਮੰਨਦਾ ਹੈ ਤੇ ਉਸ ਨੂੰ ਮੰਨਣ ਵਿਚ ਅਨੰਦ ਮਹਿਸੂਸ ਕਰਦਾ ਹੈ। ਗੁਰੂ ਦੇ ਹੁਕਮ ਨੂੰ ਮਿੱਠਾ ਕਰਕੇ ਮੰਨਣਾ ਹੀ ਹਰਿ ਹਰਿ ਕਰਨਾ ਹੈ, ਦਿਨ ਰਾਤ ਹਰਿ ਹਰਿ ਕਰਨਾ ਹੈ, ਦਿਨ ਰਾਤ ਪ੍ਰਮਾਤਮਾ ਦੇ ਨਾਮ ਵਿਚ ਸਮਾਏ ਰਹਿਣਾ ਹੈ। (**ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥ ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥**)

37/4432

ਜਦ ਤਕ ਕੋਈ ਪਾਪਾਂ ਵਾਲੇ ਵਿਚਾਰਾਂ ਤੋਂ ਮੁਕਤਿ ਨਹੀਂ ਹੁੰਦਾ ਤਦ ਤਕ ਹਰਿ ਹਰਿ ਨਾਮ ਨਹੀਂ ਜਪਿਆ ਜਾ ਸਕਦਾ। ਕਿਸੇ ਅੱਖਰ ਨੂੰ ਨਾਮ ਸਮਝਕੇ ਜਪੀ ਜਾਣਾ ਕੇਵਲ ਸਾਡਾ ਭਰਮ ਹੈ। ਅਸੀਂ ਇਹਨਾਂ ਭਰਮਾਂ ਤੋਂ ਹੀ ਮੁਕਤਿ ਹੋਣਾ ਹੈ ਤੇ ਭਰਮਾਂ ਤੋਂ ਮੁਕਤਿ ਹੋਏ ਬਿਨਾ ਪ੍ਰਮਾਤਮਾ ਨੂੰ ਪਾਉਣਾ ਨਾਮੁਮਕਿਨ ਹੈ।

"ਬਿਬੇਕੁ" ਨੂੰ ਸਮਝਣ ਵਿਚ ਸਭ ਦੇ ਅੰਦਰ ਭਰਮ ਹੈ। ਸਿੱਖ ਜਗਤ ਵਿਚ ਵੀ ਵੱਡਾ ਭਰਮ ਹੈ ਤੇ ਜਿਆਦਾ ਤਰ ਖਾਣੇ ਆਦਿ ਦੀ ਸੁਚਿ ਨਾਲ ਜੁੜੇ ਹੋਏ, ਸਰੀਰਕ ਸੁਚਿ ਨਾਲ ਜੁੜੇ ਹੋਏ ਆਪਣੇ ਆਪ ਨੂੰ **"ਬਿਬੇਕੀ"** ਅਖਵਾਉਂਦੇ ਹਨ ਕਿਉਂਕਿ ਇਹੋ ਜਿਹੇ ਉਹਨਾਂ ਦੀ ਮਤਿ ਪਿੱਛੇ ਲੱਗੇ ਹੋਏ ਹਨ ਜਿੰਨ੍ਹਾਂ ਨੂੰ ਬਿਬੇਕ ਬਾਰੇ ਰੱਤੀ ਭਰ ਵੀ ਸਮਝ ਨਹੀਂ ਆਈ ਭਾਵ ਉਹ ਆਪ ਭਰਮ ਵਿਚ ਰਹੇ ਹਨ ਤੇ ਅਨੇਕਾਂ ਨੂੰ ਭਰਮ ਨਾਲ ਜੋੜਕੇ ਗਏ ਹਨ। **"ਬਿਬੇਕੁ"** ਦਾ ਮਕਸਦ ਹੀ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੈ ਕਿਉਂਕਿ **"ਬਿਬੇਕੁ"** ਰੂਪ ਵਿਚ ਪ੍ਰਮਾਤਮਾ ਆਪ ਹੈ ਜੋ ਕਿ **"ਗਿਆਨੁ"** ਰੂਪ ਹੈ। **"ਬਿਬੇਕੁ"** ਦੀ ਪ੍ਰਾਪਤੀ, **"ਗਿਆਨੁ"** ਦੀ ਪ੍ਰਾਪਤੀ, **"ਪ੍ਰਮਾਤਮਾ"** ਨਾਲ ਮੇਲ ਦੀ ਪ੍ਰਾਪਤੀ, **"ਨਾਮੁ"** ਦੀ ਪ੍ਰਾਪਤੀ ਇੱਕੋ ਹੀ ਗੱਲ ਹੈ। ਸਭ ਦਾ ਮਕਸਦ ਸਾਨੂੰ ਅਗਿਆਨਤਾ ਵਿਚੋਂ ਕੱਢਣ ਦਾ ਹੀ ਹੈ, ਭਰਮਾਂ ਵਿਚੋਂ ਕੱਢਣ ਦਾ ਹੀ ਹੈ ਜਿੰਨ੍ਹਾਂ ਵਿਚੋਂ ਨਿਕਲੇ ਬਿਨਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਬੜੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਮਃ ੩ ॥

"ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥
ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥
ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥
ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥੩॥"

(ਅੰਗ - ੯੪੭)

"ਸੁਖੁ" ਦੀ ਪ੍ਰਾਪਤੀ ਹਰ ਕੋਈ ਕਰਨੀ ਚਾਹੁੰਦਾ ਹੈ। **"ਸੁਖੁ"** ਦੀ ਪ੍ਰਾਪਤੀ ਪ੍ਰਮਾਤਮਾ ਦੇ ਮੇਲ ਵਿਚ ਹੈ ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰਲੇ ਸ਼ਬਦ ਰਾਹੀਂ ਸਾਨੂੰ **"ਸੁਖੁ"** ਦੀ ਵਿਆਖਿਆ ਕਰਕੇ ਹੀ

ਸਮਝਾਈ ਹੋਈ ਹੈ ਕਿ ਸਾਡੇ ਅੰਦਰ **"ਸੁਖੁ"** ਦੀ ਪ੍ਰਾਪਤੀ ਕੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕੀ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸੁੱਖ ਦੀ ਪ੍ਰਾਪਤੀ ਦਾ ਉੱਦਮ ਉਸ ਤਰੀਕੇ ਕਰੀਏ ਜਿਸ ਦੁਆਰਾ ਇਹ ਪ੍ਰਾਪਤੀ ਹੋ ਸਕਦੀ ਹੈ। **"ਸੁਖੁ"** ਦੀ ਪ੍ਰਾਪਤੀ ਕਰਨ ਦਾ

37/4433

ਤਰੀਕਾ ਸਾਰੇ ਸੰਸਾਰ ਲਈ ਇੱਕੋ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਸਭ ਦੇ ਅੰਦਰ ਇੱਕੋ ਜਿਹਾ ਹੀ ਵਰਤਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਵਰਤਦਾ ਹੈ ਤੇ ਉਸ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਭ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਦਾ ਸਭ ਨਾਲੋਂ ਪੜਦਾ ਮਨ ਦੇ ਵਿਚ ਮਨ ਦੀ ਅਗਿਆਨਤਾ ਕਰਕੇ ਹੈ, ਮਨ ਦੇ ਭਰਮ ਕਰਕੇ ਹੈ ਤੇ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇਕੋ ਹੀ ਹੈ। ਭਾਵੇਂ ਪੂਰੇ ਸੰਸਾਰ ਵਿਚ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹਰ ਕੋਈ ਵੱਖਰਾ ਵੱਖਰਾ ਸਮਝਦਾ ਹੈ ਪਰ ਅਸਲ ਵਿਚ ਉਹ ਸਭ ਦਾ ਭਰਮ ਹੈ। ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਭਰਮਾਂ ਵਿਚ ਪਾ ਕੇ ਹੀ ਆਪਣੀ ਸੰਸਾਰਿਕ ਖੇਡ ਬਣਾਈ ਹੋਈ ਹੈ ਜਿਸ ਖੇਡ ਦਾ ਉਹ ਅਨੰਦ ਲੈ ਰਿਹਾ ਹੈ ਭਾਵ ਇਹ ਉਸ ਦੀ ਆਪਣੀ ਮੌਜ ਹੈ ਕਿ ਉਹ ਸੰਸਾਰ ਨੂੰ ਕਿਸ ਤਰੀਕੇ ਖਿਡਾਉਣਾ ਚਾਹੁੰਦਾ ਹੈ। ਉਸ ਦੀ ਖੇਡ ਨੂੰ ਸਮਝਣ ਦਾ ਤਰੀਕਾ ਇੱਕੋ ਇੱਕ ਹੀ ਹੈ ਜੋ ਕਿ ਸਾਡੇ ਮਨ ਦੇ ਵਿਚ ਹੀ ਹੈ ਭਾਵ ਮਨ ਦੇ ਵਿਚ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਕੇ ਹੀ ਉਸ ਦੀ ਖੇਡ ਨੂੰ ਸਮਝਿਆ ਜਾ ਸਕਦਾ ਹੈ। ਸਾਰੇ ਸੰਸਾਰ ਲਈ ਪ੍ਰਮਾਤਮਾ ਦੇ ਘਰ ਵਿਚ ਪਹੁੰਚਣ ਦਾ ਇੱਕੋ ਇੱਕ ਤਰੀਕਾ ਮਨ ਦੀ ਅਗਿਆਨਤਾ ਵਿਚੋਂ ਨਿਕਲਣ ਦਾ ਹੀ ਹੈ ਭਾਵ ਸ਼ਬਦਾਂ ਦੀ ਵਿਚਾਰ ਦੁਆਰਾ ਮਨ ਦੀ ਅਗਿਆਨਤਾ ਵਿਚੋਂ ਨਿਕਲਣ ਦਾ ਹੀ ਹੈ। **"ਸੁਖੁ"** ਦੀ ਪ੍ਰਾਪਤੀ ਮਨ ਦੇ ਵਿਚ ਹੀ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ **"ਗਿਆਨੁ"** ਰੂਪ ਘਰ ਵਿਚ ਪਹੁੰਚਣ ਦੁਆਰਾ ਹੀ ਹੈ।

"ਸੁਖੁ" ਪ੍ਰਮਾਤਮਾ ਦੇ ਨਾਲ ਮੇਲ ਦੇ ਵਿਚ ਹੈ, ਸਤਿਗੁਰ ਦੇ ਨਾਲ ਮੇਲ ਦੇ ਵਿਚ ਹੈ ਕਿਉਂਕਿ ਆਪ ਹੀ ਸਤਿਗੁਰ ਹੈ ਤੇ ਉਹ ਕਿਸੇ ਨੂੰ ਆਪਣੇ ਨਾਲ ਆਪ ਹੀ ਮੇਲਦਾ ਹੈ ਭਾਵ ਇਹ ਕੇਵਲ ਗੁਰ ਪਰਸਾਦਿ ਹੈ। (**ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥**) ਇਸ **"ਸੁਖੁ"** ਦੀ ਪ੍ਰਾਪਤੀ ਸਾਨੂੰ ਕਿਸ ਰੂਪ ਵਿਚ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"**ਸੁਧੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥**

ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਬੜੇ ਹੀ ਸਪਸ਼ਟ

37/4434

ਤਰੀਕੇ ਨਾਲ ਮਨ ਦੇ ਵਿਚ **"ਸੁਖੁ"** ਵਾਲੀ ਅਵਸਥਾ ਸਮਝਾਈ ਹੋਈ ਹੈ ਜੋ ਕਿ ਮਨ ਦੇ **"ਬਿਬੇਕੁ"** ਦੇ ਰੂਪ ਵਿਚ ਸਮਝਾਈ ਹੋਈ ਹੈ (**ਸੁਧੈ ਏਹੁ ਬਿਬੇਕੁ ਹੈ**) । ਮਨ ਦੇ ਵਿਚ ਸੁੱਖ ਦੀ ਪ੍ਰਾਪਤੀ ਨਾਲ ਭਾਵ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਨਾਲ ਮਨ ਦੇ ਵਿਚ "ਬਿਬੇਕੁ" ਰੂਪ ਪ੍ਰਾਪਤੀ ਹੁੰਦੀ ਹੈ ਭਾਵ ਮਨ ਦੇ ਵਿੱਚ **"ਬਿਬੇਕੁ"** ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਮਨ ਦੇ ਵਿਚ ਇਸ ਪ੍ਰਾਪਤੀ ਦੇ ਨਾਲ ਹੀ ਸਾਡਾ ਮਨ, ਸਾਡਾ **"ਅੰਤਰੁ" "ਨਿਰਮਲੁ"** ਹੁੰਦਾ ਹੈ ਭਾਵ ਪਵਿੱਤਰ ਹੁੰਦਾ ਹੈ ਭਾਵ ਸਾਡੇ ਮਨ ਨੂੰ ਸਾਡੇ ਅੰਦਰ ਦੀ ਬਿਬੇਕ ਬੁਧਿ ਹੀ ਨਿਰਮਲ ਕਰਦੀ ਹੈ। ਸਾਡੇ ਅੰਦਰ ਦੀ ਬਿਬੇਕ ਬੁਧਿ ਸਾਡੇ ਮਨ ਨੂੰ ਨਿਰਮਲ ਕਿਸ ਰੂਪ ਵਿਚ ਕਰਦੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਸਾਡੇ ਅੰਦਰ ਦਾ ਬਿਬੇਕ ਭਾਵ ਸਾਡੇ ਅੰਦਰ ਦੀ ਬਿਬੇਕ ਵਾਲੀ ਬੁਧਿ ਸਾਨੂੰ ਮਨ ਦੀ ਅਗਿਆਨਤਾ ਵਿਚੋਂ ਕੱਢਦੀ ਹੈ ਭਾਵ ਮਨ ਦੇ ਭਰਮਾਂ ਵਿਚੋਂ ਕੱਢਦੀ ਹੈ। ਸਾਡੇ ਅੰਦਰ ਭਰਮਾਂ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਭਾਵ ਸਾਡੇ ਅੰਦਰ ਦਾ **"ਬਿਬੇਕੁ"** ਸਾਡੇ ਮਨ ਦੀ ਅਗਿਆਨਤਾ ਨੂੰ ਕਟਦਾ ਹੈ, ਬਿਬੇਕ ਬੁਧਿ ਦੁਆਰਾ ਮਨੁੱਖ ਨੂੰ ਭਾਵ ਪ੍ਰਮਾਤਮਾ ਦੇ ਨਾਲ ਮਨੁੱਖ ਨੂੰ **"ਗਿਆਨੁ"** ਰੂਪ ਪ੍ਰਾਪਤੀ ਹੁੰਦੀ ਹੈ ਜੋ ਮਨ ਦੇ ਅਗਿਆਨਤਾ ਵਾਲੇ ਵਿਚਾਰਾਂ ਨੂੰ, ਭਰਮ ਵਾਲੇ ਵਿਚਾਰਾਂ ਨੂੰ ਕੱਟ ਦਿੰਦਾ ਹੈ, ਦੂਰ ਕਰ ਦਿੰਦਾ ਹੈ ਭਾਵ ਮਨੁੱਖ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਜੋ **"ਸੁਖੁ"** ਦੇ ਰੂਪ ਵਿਚ ਹੁੰਦੀ ਹੈ ਉਹ ਮਨ ਦੇ ਵਿਚ ਸੱਚੇ ਗਿਆਨ ਦੇ ਰੂਪ ਵਿਚ ਹੁੰਦੀ ਹੈ, ਮਨ ਦੇ ਵਿਚ **"ਬਿਬੇਕੁ"** ਦੇ ਦੁਆਰਾ ਹੁੰਦੀ ਹੈ ਜੋ ਮਨ ਨੂੰ ਅਗਿਆਨਤਾ ਵਾਲੇ, ਭਰਮਾਂ ਵਾਲੇ ਵਿਚਾਰਾਂ ਵਿਚੋਂ ਕੱਢ ਕੇ ਨਿਰਮਲ ਕਰ

ਦਿੰਦਾ ਹੈ। (**ਸੁਧੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥ ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥**) ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿਚੋਂ **"ਗਿਆਨੁ"** ਦੀ ਪ੍ਰਾਪਤੀ ਦੁਆਰਾ ਹੀ ਹੁੰਦੇ ਹਨ ਜਿਸ ਰੂਪ ਵਿਚ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਵੱਸ ਰਿਹਾ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿਚ, ਬ੍ਰਹਮ ਗਿਆਨ ਦੇ ਰੂਪ ਵਿਚ ਵੱਸ ਰਿਹਾ ਹੈ, ਨਾਮ ਦੇ ਰੂਪ ਵਿਚ ਵੱਸ ਰਿਹਾ ਹੈ। ਜੋ ਰੂਪ ਪ੍ਰਮਾਤਮਾ ਦਾ ਮਨ ਦੇ ਵਿਚ ਨਜਰ ਆਉਂਦਾ ਹੈ ਉਹੀ ਰੂਪ ਪ੍ਰਮਾਤਮਾ ਦਾ ਫਿਰ ਸਭ ਜਗ੍ਹਾ, ਸਭ ਵਿਚ ਨਜਰ ਆਉਂਦਾ ਹੈ ਭਾਵ ਸਭ ਜਗ੍ਹਾ ਪ੍ਰਮਾਤਮਾ ਆਪਣੇ ਗਿਆਨ ਰੂਪ ਵਿਚ, ਬ੍ਰਹਮ ਗਿਆਨ ਰੂਪ ਵਿਚ ਨਜਰ ਆਉਂਦਾ ਹੈ। (**ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥੩॥**)

37/4435

ਪ੍ਰਮਾਤਮਾ ਦੀ ਸੋਝੀ ਮਨ ਦੇ ਅੰਦਰ **"ਬਿਬੇਕੁ"** ਆਉਣ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਪੈਂਦੀ ਹੈ (**ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥4॥**) ਅੰਗ - 355

ਇਹ ਗੱਲ ਤਾਂ ਹੁਣ ਸਾਨੂੰ ਸਪਸ਼ਟ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਬਿਬੇਕ ਬੁਧਿ ਦੇ ਰੂਪ ਵਿੱਚ ਹੈ ਤੇ ਮਨ ਦੇ ਵਿੱਚੋਂ ਉਸ ਦੇ ਦਰਸ਼ਨ ਵੀ ਬਿਬੇਕ ਬੁਧਿ ਦੁਆਰਾ ਹੀ ਹੁੰਦੇ ਹਨ ਭਾਵ ਬਿਬੇਕ ਬੁਧਿ ਦੀ ਪ੍ਰਾਪਤੀ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਜੋ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਸਮਝਿਆ ਹੈ ਉਹ ਮਾਇਆ ਮੋਹ ਵਿਚੋਂ ਨਿਕਲਣ ਦਾ ਹੈ ਭਾਵ ਪ੍ਰਮਾਤਮਾ ਦੇ ਦਰਸ਼ਨ ਮਾਇਆ ਮੋਹ ਛੱਡਣ ਦਾ ਮਾਰਗ ਹੈ। ਬਿਬੇਕ ਬੁਧਿ ਦਾ ਮਕਸਦ ਸਾਨੂੰ ਮਾਇਆ ਮੋਹ ਵਿਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਕਿ ਸਾਡਾ ਮਨ ਬਿਬੇਕ ਬੁਧਿ ਦੁਆਰਾ ਹੀ ਨਿਰਮਲ ਹੁੰਦਾ ਹੈ। ਜਦ ਤਕ ਸਾਡੇ ਅੰਦਰ ਮਾਇਆ ਮੋਹ ਹੈ, ਤ੍ਰਿਸ਼ਨਾ ਹੈ, ਵਿਕਾਰ ਹਨ, ਅਉਗਣ ਹਨ ਭਾਵ ਮਨਮਤਿ ਹੈ ਤਦ ਤਕ ਸਾਡਾ ਹਿਰਦਾ ਸ਼ੁਧਿ ਨਹੀਂ ਹੈ ਭਾਵ ਨਿਰਮਲ ਨਹੀਂ ਹੈ। ਬਿਬੇਕ ਬੁਧਿ ਉਹ ਹੈ ਜੋ ਬੁਧਿ ਗੁਰੂ ਦੇ ਕੋਲੋਂ ਮਿਲਦੀ ਹੈ ਤੇ ਸਾਡਾ ਹਿਰਦਾ ਤਾਂ ਹੀ ਸ਼ੁਧ ਹੁੰਦਾ ਹੈ ਜੇਕਰ ਅਸੀਂ ਬਿਬੇਕ ਬੁਧਿ ਨੂੰ ਭਾਵ ਗੁਰੂ ਦੀ ਬੁਧਿ ਨੂੰ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਦੇ ਹਾਂ। ਗੁਰੂ ਦੀ ਮਤਿ ਹੀ ਨਾਮ ਹੈ ਜਿਸ ਨੂੰ ਮੰਨਣ ਦੁਆਰਾ ਭਾਵ ਆਪਣੇ ਅੰਦਰ ਵਿਚਾਰਨ ਦੁਆਰਾ ਸਾਡਾ ਹਿਰਦਾ ਸ਼ੁਧ ਹੋ ਸਕਦਾ ਹੈ। ਜੋ ਵੀ ਗੁਰੂ ਨੇ ਸ਼ਬਦਾਂ ਦੀ ਵਿਚਾਰ ਕੀਤੀ ਹੈ ਉਸ ਵਿੱਚ ਬਿਬੇਕ ਬੁਧਿ ਹੈ। ਸ਼ਬਦਾਂ ਦੀ ਵਿਚਾਰ ਵਿਚ ਭਾਵ ਸ਼ਬਦਾਂ ਦੀ ਸੋਝੀ ਵਿਚ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਸੇ ਕਰਕੇ ਬਿਬੇਕ ਬੁਧਿ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ। ਹਰ ਸ਼ਬਦ ਦੀ ਸੋਝੀ ਦੇ ਅੰਦਰ ਬਿਬੇਕ ਬੁਧਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਬੁਧਿ ਹੈ। ਸ਼ਬਦਾਂ ਦੀ ਵਿਚਾਰ ਨਾਮ ਹੈ ਤੇ ਇਸੇ ਲਈ ਬਿਬੇਕ ਬੁਧਿ ਵੀ ਨਾਮ ਹੈ ਭਾਵ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਨਾਮ ਦਾ ਮਕਸਦ ਹੈ ਉਹੀ ਬਿਬੇਕ ਬੁਧਿ ਦਾ ਮਕਸਦ ਹੈ ਭਾਵ ਸਾਡੇ ਹਿਰਦੇ ਨੂੰ **"ਸੁਧੁ"** ਕਰਨ ਦਾ ਹੈ ਭਾਵ ਮਾਇਆ ਮੋਹ ਵਿਚੋਂ ਕੱਢਣ ਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਪਉੜੀ ॥

"ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥
ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥
ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥ ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ॥
ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥"

(ਅੰਗ - ੫੯੯)

37/4436

ਉਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੀ, ਪ੍ਰਮਾਤਮਾ ਦੇ ਜਨ ਦੀ ਅਵਸਥਾ ਸਮਝਾਕੇ ਉਸ ਦੀ ਮਹਿਮਾ ਬਿਆਨ ਕੀਤੀ ਹੋਈ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦਾ ਹਿਰਦਾ **"ਸੁਧੁ"** ਹੈ, ਨਿਰਮਲ ਹੈ, ਪਵਿੱਤਰ ਹੈ ਜਿਸ ਕਰਕੇ ਗੁਰੂ ਦਾ ਰੁਤਬਾ ਉੱਚਾ ਹੈ ਭਾਵ ਪੂਜਣ ਲਾਇਕ ਹੈ ਜਿਸ ਕਰਕੇ ਸਭ ਉਸ ਦੇ ਅੱਗੇ ਝੁੱਕਦੇ ਹਨ। (**ਜਿਸੁ ਅੰਤਰੁ ਹਿਰਦਾ ਸੁਧੁ**

ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥) ਗੁਰੂ ਦਾ ਹਿਰਦਾ **"ਸੁਧੁ"** ਕਿਸ ਕਰਕੇ ਹੈ , ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥

ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥

ਉਪਰਲੀਆਂ ਪੰਗਤੀਆਂ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਮਨ ਦੇ ਅੰਦਰ **"ਨਾਮ"** ਦਾ ਹੋਣਾ ਜਾਂ **"ਬੁਧਿ ਬਿਬੇਕੁ"** ਦਾ ਹੋਣਾ ਇੱਕੋ ਹੀ ਗੱਲ ਹੈ ਭਾਵ ਗੁਰੂ ਦੇ ਅੰਦਰ ਦੀ ਜੋ ਉੱਚੀ ਮਤਿ ਹੈ ਉਹ ਉਸ ਦੇ ਅੰਦਰ ਦਾ ਨਾਮ ਹੈ ਭਾਵ ਗੁਰੂ ਦਾ ਹਿਰਦਾ ਉਸ ਦੀ ਉੱਚੀ ਮਤਿ ਕਰਕੇ ਸ਼ੁੱਧ ਹੈ, ਉੱਚੇ ਗਿਆਨ ਕਰਕੇ, ਨਾਮ ਕਰਕੇ ਭਾਵ ਬ੍ਰਹਮ ਗਿਆਨ ਕਰਕੇ ਸੁਧੁ ਹੈ। ਜਦ ਤਕ ਸਾਡੇ ਅੰਦਰ ਉੱਚੀ ਮਤਿ ਭਾਵ ਗੁਰੂ ਵਰਗੀ ਮਤਿ ਨਹੀਂ ਵੱਸਦੀ ਤਦ ਤਕ ਸਾਡਾ ਹਿਰਦਾ ਸੁਧੁ ਨਹੀਂ ਹੈ ਭਾਵ ਸਾਡਾ ਹਿਰਦਾ ਸੁਧੁ ਨਾ ਹੋਣ ਦਾ ਕਾਰਣ ਸਾਡੇ ਅੰਦਰ ਦੀ ਉਹ ਮਤਿ ਹੈ ਜੋ ਮਤਿ ਗੁਰੂ ਦੀ ਮਤਿ ਦੇ ਅਨੁਸਾਰ ਨਹੀਂ ਹੈ ਭਾਵ ਮਨਮਤਿ ਦੇ ਰਹਿੰਦਿਆਂ ਸਾਡਾ ਹਿਰਦਾ ਸੁਧੁ ਨਹੀਂ ਹੈ। ਜਿਸ ਮਨ ਦੇ ਅੰਦਰ ਨਾਮ ਨਹੀਂ ਹੈ ਉਥੇ ਹਉਮੈ ਹੈ ਤੇ ਹਉਮੈ ਦੇ ਰਹਿੰਦਿਆਂ ਕੋਈ ਹਿਰਦਾ ਸੁਧੁ ਨਹੀਂ ਹੋ ਸਕਦਾ ਕਿਉਂਕਿ ਜਦ ਤਕ ਸਾਡੇ ਅੰਦਰ ਹਉਮੈ ਹੈ ਤਦ ਤਕ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਭਗਤੀ ਦਾ ਸੱਚਾ ਮਾਰਗ ਕੇਵਲ ਗੁਰੂ ਦੇ ਕੋਲ ਹੈ ਜਿਸ ਦੇ ਅੰਦਰ **"ਨਾਮੁ ਨਿਧਾਨੁ"** ਹੈ ਭਾਵ ਗੁਰਮਤਿ ਰੂਪ ਖਜਾਨਾ ਹੈ ਜੋ ਖਜਾਨਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿਚ ਹੈ। ਗੁਰੂ ਦਾ ਹਿਰਦਾ ਉੱਚੇ ਗਿਆਨ ਦੁਆਰਾ ਹੀ ਸ਼ੁੱਧ ਹੈ, ਹਉਮੈ ਨਿਕਲਣ ਦੁਆਰਾ, ਅਗਿਆਨਤਾ ਨਿਕਲਣ ਦੁਆਰਾ, ਮਾਇਆ ਮੋਹ ਨਿਕਲਣ ਦੁਆਰਾ, ਤ੍ਰਿਸ਼ਨਾ ਨਿਕਲਣ ਦੁਆਰਾ, ਝੂਠਾ ਮਾਣ ਨਿਕਲਣ ਦੁਆਰਾ ਭਾਵ ਭਗਤੀ ਦੇ ਸੱਚੇ ਮਾਰਗ ਦੀ ਸੋਝੀ

37/4437

ਦੁਆਰਾ ਹੀ ਸ਼ੁੱਧ ਹੈ। ਗੁਰੂ ਆਪਣੇ ਇਸ ਸੱਚੇ ਗਿਆਨ ਦੁਆਰਾ ਹੀ ਸੰਸਾਰ ਨੂੰ ਸੱਚੀ ਸਿਖਿਆ ਦਿੰਦਾ ਹੈ ਜਿਸ ਕਰਕੇ ਉਸ ਦੀ ਮਹਿਮਾ ਸੱਚੀ ਹੈ। (**ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥ ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥ ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥**) ਇਹੋ ਜਿਹੀ ਹਿਰਦਾ ਸੁਧੁ ਵਾਲੀ ਅਵਸਥਾ ਗੁਰੂ ਰੂਪ ਦੀ ਹੈ ਜਿਸ ਮਨ ਵਿਚ ਪ੍ਰਮਾਤਮਾ ਆਪਣੇ **"ਨਾਮੁ"** ਰੂਪ ਵਿਚ ਪ੍ਰਗਟ ਹੁੰਦਾ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ ॥

ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥"

ਗੁਰੂ ਸਭਨਾ ਦਾ **"ਮਿਤੁ"** ਹੀ ਹੈ ਕਿਉਂਕਿ ਗੁਰੂ ਨੂੰ ਇਸ ਗੱਲ ਦੀ ਸਮਝ ਹੈ ਕਿ ਮਨੁੱਖ ਮਨੁੱਖ ਵਿੱਚ ਕੋਈ ਭੇਦ ਨਹੀਂ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਗੁਰੂ ਰੂਪ ਨੂੰ ਇਸ ਗੱਲ ਦੀ ਸਮਝ ਹੈ ਕਿ ਜਿਸ ਰੂਪ ਵਿਚ ਪ੍ਰਮਾਤਮਾ ਮੇਰੇ ਅੰਦਰ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਸਭ ਦੇ ਅੰਦਰ ਹੈ ਭਾਵ ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਇਸੇ ਲਈ ਗੁਰੂ ਨੂੰ ਹਰ ਮਨੁੱਖੀ ਰੂਪ ਪਿਆਰਾ ਲਗਦਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੋਵੇ, ਭਾਵੇਂ ਕੋਈ ਜਿਤਨੀ ਮਰਜੀ ਭੁੱਲ ਵਿਚ ਹੋਵੇ। ਗੁਰੂ ਨੂੰ ਇਸ ਗੱਲ ਦੀ ਸਮਝ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਆਤਮਾ ਦੇ ਰੂਪ ਵਿਚ ਹੈ ਭਾਵ ਮਨ ਦੇ ਰੂਪ ਵਿਚ ਹੈ ਭਾਵ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ। ਮਨੁੱਖ ਦੀ ਸਮਝ ਵੀ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ ਤੇ ਮਨੁੱਖ ਦੀ ਭੁੱਲ ਵੀ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ। ਪੂਰਾ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ ਜੋ ਮਨ ਦੇ ਰਾਹੀਂ ਉਹ ਆਪ ਹੀ ਚਲਾ ਰਿਹਾ ਹੈ। ਭਾਵੇਂ ਕੋਈ ਮਨੁੱਖ ਕਿਹੋ ਜਿਹੀ ਆਸਥਾ ਨਾਲ ਵੀ ਜੁੜਿਆ ਹੋਇਆ ਹੈ ਉਸ ਨੂੰ ਉਸ ਆਸਥਾ ਨਾਲ ਜੋੜਨ ਵਾਲਾ ਪ੍ਰਮਾਤਮਾ ਆਪ ਹੀ ਹੈ। ਹਰ ਮਨੁੱਖੀ ਰੂਪ ਵਿਚ ਗੁਰੂ ਨੂੰ ਹਕੀਕਤ ਵਿਚ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਤੇ ਇਸੇ ਲਈ ਗੁਰੂ ਸਾਰੇ ਸੰਸਾਰ ਦੇ ਭਲੇ ਦੀ ਗੱਲ ਕਰਦਾ ਹੈ, ਸਭ ਨਾਲ ਪਿਆਰ ਕਰਦਾ ਹੈ ਤੇ ਸਭ ਨੂੰ ਇਕੋ ਜਿਹੀ ਸਿਖਿਆ ਦਿੰਦਾ ਹੈ ਜਿਸ ਰਾਹੀਂ ਸੰਸਾਰ ਮਾੜੇ ਕਰਮਾਂ ਤੋਂ ਬਚੇ ਤੇ ਕਿਸੇ ਦਾ ਮਾੜਾ ਨਾ ਕਰੇ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੋਵੇ। ਸਭ ਦੇ ਵਿਚ ਪ੍ਰਮਾਤਮਾ ਜਦ ਤਕ ਨਜਰ ਨਹੀਂ ਆਉਂਦਾ ਤਦ ਤਕ ਮਨੁੱਖ ਵੱਖਰੀ

ਵੱਖਰੀ ਧਾਰਮਿਕ ਆਸਥਾ ਅਨੁਸਾਰ ਪ੍ਰਮਾਤਮਾ ਨੂੰ ਆਪਣੀ ਆਪਣੀ ਮਤਿ ਅਨੁਸਾਰ ਸਮਝਦਾ ਹੈ ਤੇ ਪੂਜਦਾ ਹੈ ਤੇ ਆਪਣੀ ਆਸਥਾ ਨੂੰ ਚੰਗੀ ਆਸਥਾ ਤੇ

37/4438

ਦੂਸਰਿਆਂ ਦੀ ਆਸਥਾ ਨੂੰ ਝੂਠੀ ਆਸਥਾ ਸਮਝਦਾ ਹੈ। ਫਰਕ ਕੇਵਲ ਮਨ ਦੀ ਬੁਧਿ ਦਾ ਹੀ ਹੈ, ਮਨ ਦੀ ਸੋਝੀ ਦਾ ਹੀ ਹੈ, ਮਨ ਦੇ ਗਿਆਨ ਦਾ ਹੀ ਹੈ ਭਾਵ ਆਪਣੇ ਅੰਦਰ ਬਿਬੇਕ ਬੁਧਿ ਦਾ ਨਾ ਹੋਣਾ ਹੈ। ਜਦੋਂ ਅਸੀਂ ਆਪਣੇ ਅੰਦਰੋਂ ਗੁਰੂ ਵਾਲੀ ਬੁਧਿ ਨੂੰ ਵਿਚਾਰ ਲਵਾਂਗੇ ਫਿਰ ਤਾਂ ਹੀ ਸਾਨੂੰ ਸਭ ਦੇ ਅੰਦਰ ਪ੍ਰਮਾਤਮਾ ਨਜਰ ਆ ਸਕਦਾ ਹੈ ਤੇ ਹਰ ਮਨੁੱਖ ਰੂਪ ਸਾਨੂੰ ਪਿਆਰਾ ਲਗੇਗਾ ਜਿਵੇਂ ਗੁਰੂ ਨੂੰ ਲਗਦਾ ਹੈ। ਇਹ ਕੇਵਲ ਤੇ ਕੇਵਲ ਗੁਰੂ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਆਪਣੀ ਬਿਬੇਕ ਬੁਧਿ ਨਾਲ ਜੋੜੇ, ਗੁਰਮਤਿ ਨਾਲ ਜੋੜੇ, ਨਾਮ ਨਾਲ ਜੋੜੇ ਤਾਂ ਜੋ ਅਸੀਂ ਆਪਣੇ ਅੰਦਰੋਂ ਉਸ ਬੁਧਿ ਦੇ ਮਾਲਕ ਨੂੰ, ਗਿਆਨ ਦੇ ਮਾਲਕ ਨੂੰ ਜਾਣ ਸਕੀਏ ਤੇ ਇਸ ਸੰਸਾਰ ਦੀ ਅਸਲੀਅਤ ਨੂੰ, ਆਪਣੇ ਆਪ ਦੀ ਅਸਲੀਅਤ ਨੂੰ ਸਮਝ ਸਕੀਏ ਤੇ ਮਨੁੱਖ ਮਨੁੱਖ ਵਿਚ ਭੇਦ ਨਾ ਕਰੀਏ, ਧਾਰਮਿਕ ਆਸਥਾ ਅਨੁਸਾਰ ਆਪਸ ਵਿਚ ਵੰਡੀਆਂ ਨਾ ਪਾਈਏ (**ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥ ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ॥ ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥ ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ ॥ ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥**)

ਬਿਬੇਕ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਬਿਬੇਕ ਅਸਲ ਵਿਚ ਕੀ ਹੈ ਇਸ ਗੱਲ ਦੀ ਬਿਬੇਕੀ ਅਖਵਾਉਣ ਵਾਲਿਆਂ ਨੂੰ ਰੱਤੀ ਭਰ ਵੀ ਸਮਝ ਨਹੀਂ। **"ਬਿਬੇਕੁ"** ਰੂਪ ਵਿਚ ਪ੍ਰਮਾਤਮਾ ਆਪ ਹੈ ਤੇ ਆਪਣੇ ਅੰਦਰੋਂ **"ਬਿਬੇਕੁ"** ਨੂੰ ਉਹੀ ਜਾਣ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਬੁਝਾਉਂਦਾ ਹੈ, ਮਨ ਦੇ ਵਿਚ ਪ੍ਰਗਟ ਹੋ ਕੇ ਬੁਝਾਉਂਦਾ ਹੈ। **"ਬਿਬੇਕੁ"** ਨੂੰ ਸਮਝਣ ਤੋਂ ਬਾਦ ਹੀ ਕੋਈ ਸਮਝ ਸਕਦਾ ਹੈ ਕਿ ਆਪਣੇ ਆਪ ਨੂੰ ਬਿਬੇਕੀ ਅਖਵਾਉਣ ਵਾਲੇ ਕਿਤਨੇ ਜਿਆਦਾ ਭਰਮੇ ਹੋਏ ਹਨ। (**ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ ॥ ਸੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ ॥**) ਅੰਗ - 646

{ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥}

(ਅੰਗ - ੭੧੧)

{ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ ॥
ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥}

(ਅੰਗ - ੧੧੧੪)

37/4439

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥}

(ਅੰਗ - ੧੧੩੨)

ਉਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਕਿਤਨਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਜਿਸ ਮਨੁੱਖ ਦੇ ਅੰਦਰ ਬਿਬੇਕ ਨਹੀਂ ਹੈ ਉਸ ਮਨੁੱਖ ਦੇ ਮਨ ਦੀ ਆਸਥਾ ਕਿਹੋ ਜਿਹੀ ਹੁੰਦੀ ਹੈ ਤੇ ਉਸ ਮਨੁੱਖ ਦਾ ਜੀਵਨ ਕਿਹੋ ਜਿਹਾ ਹੁੰਦਾ ਹੈ। ਜਿਸ ਮਨੁੱਖ ਦੇ ਅੰਦਰ ਹਉਮੈ ਹੈ, ਮਾਇਆ ਮੋਹ ਹੈ, ਲੋਭ ਲਾਲਚ ਹੈ ਉਸ ਮਨੁੱਖ ਦੇ ਅੰਦਰ ਬਿਬੇਕ ਨਹੀਂ ਹੈ ਭਾਵ ਇਹੋ ਜਿਹਾ ਮਨੁੱਖ ਬਿਬੇਕੀ ਨਹੀਂ ਹੋ ਸਕਦਾ ਭਾਵ ਬਿਬੇਕੀ ਹੋਣ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੀ ਹਉਮੈ ਛੱਡੀਏ, ਮਨਮਤਿ ਛੱਡੀਏ, ਮਾਇਆ ਮੋਹ ਛੱਡੀਏ, ਲੋਭ ਲਾਲਚ ਛੱਡੀਏ ਜੋ ਸਾਡੇ ਦੁੱਖਾਂ ਦਾ ਕਾਰਣ ਹੈ ਭਾਵ ਸਾਡੇ ਅਉਗਣ ਸਾਡੇ ਦੁੱਖਾਂ ਦਾ ਕਾਰਨ ਹਨ।

ਮਨ ਦੇ ਇਹੋ ਜਿਹੇ ਵਿਚਾਰਾਂ ਦੁਆਰਾ ਅਸੀਂ ਮਨਮੁਖਿ ਹਾਂ ਜਿਸ ਕਰਕੇ ਅਸੀਂ ਸੰਸਾਰ ਵਿਚ ਮਾੜਾ ਜੀਵਨ ਜਿਉਂਦੇ ਹਾਂ ਤੇ ਇਹੋ ਜਿਹਾ ਜੀਵਨ ਜਿਉਣ ਵਾਲੇ ਨੂੰ ਫਿਟਕਾਰ ਪਾਈ ਹੋਈ ਹੈ, **"ਧ੍ਰਿਗੁ ਜੀਵਣੁ"** ਵਾਲੇ ਕਿਹਾ ਹੋਇਆ ਹੈ ਤੇ ਇਹੋ ਜਿਹੇ ਮਨੁੱਖਾਂ ਨੇ ਸੁਪਨੇ ਵਿਚ ਵੀ ਰਾਮ ਨਾਮ ਨਹੀਂ ਚੇਤਿਆ ਭਾਵ ਇਹੋ ਜਿਹੇ ਮਨੁੱਖ, ਮਾਇਆ ਮੋਹ ਵਾਲੇ, ਲੋਭ ਲਾਲਚ ਵਾਲੇ ਮਨੁੱਖ ਪੂਰੀ ਤਰ੍ਹਾਂ ਨਾਮ ਤੋਂ ਵਿਹੂਣੇ ਹਨ ਭਾਵ ਇਹੋ ਜਿਹੇ ਮਨੁੱਖ ਬਿਬੇਕ ਵਾਲੇ ਭਾਵ ਬਿਬੇਕੀ ਮਨੁੱਖ ਨਹੀਂ ਹੋ ਸਕਦੇ ਤੇ ਭਗਤੀ ਦੇ ਮਾਰਗ ਨੂੰ ਸਮਝਣ ਵਿਚ, ਨਾਮ ਨੂੰ ਸਮਝਣ ਵਿਚ ਪੂਰੀ ਤਰ੍ਹਾਂ ਭਰਮ ਵਿਚ ਹਨ, ਮਨ ਦੀ ਅਗਿਆਨਤਾ ਵਿੱਚ ਹਨ। ਆਪਣੇ ਆਪ ਨੂੰ ਬਿਬੇਕੀ ਅਖਵਾਉਣਾ ਬਹੁਤ ਸੌਖਾ ਹੈ, ਕੋਈ ਵੀ ਅਖਵਾ ਸਕਦਾ ਹੈ ਪਰ ਅਸਲ ਵਿਚ ਬਿਬੇਕੀ ਬਣਨਾ ਕੀ ਹੈ, ਮਨ ਦਾ ਬਿਬੇਕ ਕੀ ਹੈ ਇਸ ਗੱਲ ਦੀ ਉਹਨਾਂ ਨੂੰ ਰੱਤੀ ਭਰ ਵੀ ਸਮਝ ਨਹੀਂ ਹੈ। ਜਿਸ ਮਨੁੱਖ ਦੇ ਅੰਦਰ ਬਿਬੇਕ ਹੈ ਉਹ ਮਾੜੇ ਕਰਮ ਕਰ ਹੀ ਨਹੀਂ ਸਕਦਾ ਭਾਵ ਉਸ ਨੂੰ ਹੀ ਨਾਮ ਜਪਣ ਦੀ ਸਮਝ ਹੈ ਜੋ ਕਿ ਮਨ ਦੀ ਸੱਚੀ ਸੋਝੀ ਦੁਆਰਾ ਸੱਚੇ ਸੁੱਚੇ ਕਰਮ ਕਰਨ ਦਾ ਮਾਰਗ ਹੈ। (**ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥ ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥ ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ

37/4440

ਮਾੜੇ ਕਰਮ ਕਰਨ ਵਾਲਿਆਂ ਦੀ ਤੁਲਨਾ ਪਸ਼ੂਆਂ ਨਾਲ ਕੀਤੀ ਹੋਈ ਹੈ ਜਿਸ ਦਾ ਕਾਰਨ ਮਨ ਦੀ ਮਾੜੀ ਸੋਝੀ ਹੈ, ਮਨ ਦੀ ਪੁੱਠੀ ਮਤਿ ਦੱਸੀ ਹੋਈ ਹੈ।

"ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥"

ਸਾਡੇ ਜੀਵਨ ਵਿੱਚ ਗੁਰੂ ਦੀ ਜਰੂਰਤ ਸਾਨੂੰ ਕਿਸ ਲਈ ਹੈ, ਗੁਰੂ ਦੀ ਮਤਿ ਦਾ ਸਾਡੇ ਲਈ ਕੀ ਮਕਸਦ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਗੁਰੂ ਦਾ ਮਕਸਦ ਸਾਨੂੰ ਆਪਣੀ ਮਤਿ ਦੇ ਕੇ ਸਾਡੇ ਜੀਵਨ ਨੂੰ ਸਵਾਰਨ ਦਾ ਹੈ ਤਾਂ ਜੋ ਅਸੀਂ ਕੋਈ ਮਾੜੇ ਕਰਮ ਨਾ ਕਰੀਏ। ਧਰਮ ਦੇ ਮਾਰਗ ਨੂੰ ਗੁਰੂ ਹੀ ਸਮਝਦਾ ਹੈ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਹੈ ਤੇ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜੋ ਵੀ ਮਨੁੱਖ ਕੂੜੇ ਕਰਮ ਕਰਦਾ ਹੈ ਭਾਵ ਮਾੜੇ ਕਰਮ ਕਰਦਾ ਹੈ ਭਾਵੇਂ ਉਹ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਉਸ ਦੇ ਉਹ ਕਰਮ ਪਸ਼ੂਆਂ ਵਾਲੇ ਕਰਮ ਹਨ ਭਾਵ ਉਸਦੇ ਅੰਦਰ ਪਸ਼ੂਆਂ ਵਾਲੀ ਮਤਿ ਹੈ ਭਾਵ ਧਰਮ ਦੇ ਮਾਰਗ ਨਾਲੋਂ ਪੁੱਠੀ ਮਤਿ ਹੈ। ਗੁਰੂ ਦਾ ਮਕਸਦ ਆਪਣੀ ਸਿੱਧੀ ਮਤਿ ਦੇਣ ਦੁਆਰਾ ਸਾਡੀ ਪੁੱਠੀ ਮਤਿ ਨੂੰ ਸਿੱਧਾ ਕਰਨ ਦੇ ਨਾਲ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ। ਅਸੀਂ ਪ੍ਰਮਾਤਮਾ ਨੂੰ ਆਪਣੀ ਆਪਣੀ ਮਤਿ ਅਨੁਸਾਰ ਬਣਾਏ ਹੋਏ ਤਰੀਕਿਆਂ ਨਾਲ ਜਿੰਨ੍ਹਾਂ ਨੂੰ ਅਸੀਂ ਆਪਣੇ ਆਪਣੇ ਧਾਰਮਿਕ ਤਰੀਕੇ ਸਮਝਦੇ ਹਾਂ ਉਨ੍ਹਾਂ ਦੇ ਰਾਹੀਂ ਪ੍ਰਮਾਤਮਾ ਨੂੰ ਖੋਜਣ ਦੀਆਂ ਗੱਲਾਂ ਕਰਦੇ ਹਾਂ ਜਿੰਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਖੁਸ਼ ਕਰਨਾ ਚਾਹੁੰਦੇ ਹਾਂ। ਬਿਬੇਕੀ ਅਖਵਾਉਣ ਵਾਲੇ ਵੀ ਭਾਵ ਖਾਣੇ ਆਦਿ ਦੀ ਸੁੱਚ ਨਾਲ ਜੁੜੇ ਹੋਏ, ਸਰੀਰਕ ਸੁੱਚ ਨਾਲ ਜੁੜੇ ਹੋਏ ਆਪਣੇ ਵਲੋਂ ਪ੍ਰਮਾਤਮਾ ਨੂੰ ਖੋਜਣ ਦਾ ਮਾਰਗ ਹੀ ਸਮਝਦੇ ਹਨ। ਇਸੇ ਤਰ੍ਹਾਂ ਸਰੀਰਕ ਜਪਾਂ ਤਪਾਂ ਆਦਿ ਨਾਲ ਜੁੜੇ ਹੋਏ, ਕਿਸੇ ਅੱਖਰ ਦੇ ਜਪ ਨਾਲ ਜੁੜੇ ਹੋਏ, ਸਵੇਰ ਸ਼ਾਮ ਧਾਰਮਿਕ ਸਥਾਨਾਂ ਤੇ ਹਾਜਰੀਆਂ ਭਰਨ ਵਾਲੇ, ਤੀਰਥ ਸਥਾਨਾਂ ਦਾ ਗਮਨ ਕਰਨ ਵਾਲੇ ਤੇ ਹੋਰ ਵੀ ਅਨੇਕਾਂ ਤਰੀਕੇ ਅਪਨਾਉਣ ਵਾਲੇ ਆਪਣੇ ਆਪਣੇ ਤਰੀਕੇ ਦੁਆਰਾ ਪ੍ਰਮਾਤਮਾ ਨੂੰ ਖੋਜਣ ਦਾ ਮਾਰਗ ਹੀ ਸਮਝਦੇ ਹਨ। ਪ੍ਰਮਾਤਮਾ ਨੂੰ ਖੋਜਣ ਦਾ ਮਾਰਗ

37/4441

ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਜੋ ਕਿ ਪਸ਼ੂਆਂ ਵਾਲੀ, ਅਗਿਆਨਤਾ ਵਾਲੀ ਬਿਰਤੀ ਵਿੱਚੋਂ ਨਿਕਲਣ ਦਾ ਹੈ ਭਾਵ ਸੱਚ ਨੂੰ ਸਮਝਣ ਦਾ ਹੈ, ਗੁਰੂ ਦੀ ਮਤਿ ਨੂੰ ਸਮਝਕੇ ਆਪਣੀ ਮਤਿ ਨੂੰ ਬਦਲਣ ਦਾ ਹੈ ਤਾਂ ਜੋ ਅਸੀਂ ਪਸ਼ੂਆਂ ਦੀ ਤਰ੍ਹਾਂ ਕੋਈ ਮਾੜੇ ਕਰਮ ਨਾ ਕਰੀਏ ਭਾਵ ਆਪਣੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਬਣਾਈਏ ਜਿਸ ਦੁਆਰਾ ਅਸੀਂ ਆਪਣੀ ਸਿੱਧੀ ਮਤਿ ਦੇ ਰਾਹੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਸਕੀਏ। ਇਸ ਤਰੀਕੇ ਕੋਈ ਵਿਰਲਾ ਹੀ ਪ੍ਰਮਾਤਮਾ ਦਾ ਜਨ ਬਣਕੇ ਉਸ ਦੀ ਕਿਰਪਾ

ਦੁਆਰਾ ਉਸ ਨੂੰ ਆਪਣੇ ਅੰਦਰੋਂ ਖੋਜ ਸਕਦਾ ਹੈ। (**ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥ ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥**)

ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਗੁਰੂ ਨੂੰ ਮਿਲਣ ਦਾ ਮਕਸਦ ਸਮਝਿਆ ਹੈ ਜੋ ਮਕਸਦ ਗੁਰੂ ਦੀ ਮਤਿ ਨੂੰ ਲੈ ਕੇ ਆਪਣੀ ਮਤਿ ਨੂੰ ਬਦਲਣ ਦਾ ਹੈ। ਆਪਣੀ ਮਤਿ ਨੂੰ ਬਦਲਣ ਦਾ ਉਪਰਾਲਾ ਅਸੀਂ ਤਾਂ ਹੀ ਕਰਾਂਗੇ ਜਦੋਂ ਸਾਨੂੰ ਇਸ ਗੱਲ ਤੇ ਵਿਸ਼ਵਾਸ ਹੋਵੇ ਕਿ ਗੁਰੂ ਦੀ ਮਤਿ ਹੀ ਕੇਵਲ ਸੱਚੀ ਹੈ ਤੇ ਹੋਰ ਹਰ ਮਤਿ ਉਸ ਦੇ ਅੱਗੇ ਕੱਚੀ ਹੈ ਭਾਵ ਭਰਮ ਵਾਲੀ ਮਤਿ ਹੈ। ਸਾਨੂੰ ਸਭ ਤੋਂ ਪਹਿਲਾਂ ਇਹ ਮੰਨਣ ਦੀ ਲੋੜ ਹੈ ਕਿ ਸਾਡੇ ਅੰਦਰ ਜੋ ਮਤਿ ਹੈ ਭਾਵ ਜੋ ਮਨਮਤਿ ਹੈ ਉਸ ਵਿਚ ਭਰਮ ਹੈ ਤੇ ਗੁਰੂ ਤੋਂ ਬਿਨਾ ਅਸੀਂ ਜਿਥੋਂ ਵੀ ਧਰਮ ਨੂੰ ਸਮਝਣ ਦੀ ਮਤਿ ਲਈ ਹੋਈ ਹੈ ਜੇਕਰ ਉਹ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਫਿਰ ਉਹ ਕੱਚੀ ਮਤਿ ਹੈ ਭਾਵ ਉਸ ਮਤਿ ਦੇ ਅੰਦਰ ਭਰਮ ਹੈ। ਜਿੱਥੇ ਭਰਮ ਹੈ ਉੱਥੇ ਕਦੇ ਸੱਚ ਨਹੀਂ ਹੋ ਸਕਦਾ ਭਾਵ ਉਥੇ ਕਦੇ ਨਾਮ ਨਹੀਂ ਹੋ ਸਕਦਾ। ਸੱਚ ਕੇਵਲ ਗੁਰੂ ਦੇ ਕੋਲ ਹੈ, ਨਾਮ ਕੇਵਲ ਗੁਰੂ ਦੇ ਕੋਲ ਹੈ ਤੇ ਇਸੇ ਲਈ ਗੁਰੂ ਆਪਣੀ ਬਿਬੇਕ ਬੁਧਿ ਦੁਆਰਾ **"ਸਮਦਰਸੀ"** ਹੈ ਭਾਵ ਉਹ ਸਭ ਨੂੰ ਇਕੋ ਜਿਹਾ ਹੀ ਵੇਖਦਾ ਹੈ। ਉਸ ਨੂੰ ਮਨੁੱਖ ਮਨੁੱਖ ਵਿਚ ਕੋਈ ਭੇਦ ਨਜਰ ਨਹੀਂ ਆਉਂਦਾ ਭਾਵ ਉਸ ਨੂੰ ਸਭ ਦੇ ਅੰਦਰ ਇੱਕੋ ਪ੍ਰਮਾਤਮਾ ਹੀ ਨਜਰ ਆਉਂਦਾ ਹੈ। ਗੁਰੂ ਦਾ **"ਪਰਮ ਪਦੁ"** ਇਸੇ ਲਈ ਹੈ ਕਿਉਂਕਿ ਉਸ ਦੇ ਕੋਲ **"ਬਿਬੇਕ ਬੁਧਿ"** ਹੈ ਜਿਸ ਕਰਕੇ ਉਹ ਸਮਦਰਸੀ ਹੈ ਭਾਵ ਉਹ ਪੂਰੇ ਗਿਆਨ ਵਾਲਾ ਹੈ ਜਿਸ ਦੇ ਅੰਦਰ ਭਰਮ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ। ਗੁਰੂ ਨੂੰ ਸਾਡੇ ਮਿਲਣ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਲੈ ਕੇ ਆਪਣੀ ਸ਼ੰਕਾ ਕੱਢੀਏ ਭਾਵ ਆਪਣੀ ਭਰਮ ਵਾਲੀ ਮਤਿ ਨੂੰ ਛੱਡੀਏ, ਆਪਣੀ ਮਨਮਤਿ ਨੂੰ ਛੱਡੀਏ ਜਿਸ ਦੇ ਰਹਿੰਦਿਆਂ ਸਾਨੂੰ ਸੱਚ ਦੀ ਸਮਝ ਹੀ ਨਹੀਂ ਪੈਂਦੀ ਕਿ ਸੱਚ ਦਾ ਮਾਰਗ

ਕੀ ਹੈ, ਨਾਮ ਦਾ ਮਾਰਗ ਕੀ ਹੈ। ਜਦ ਤਕ ਸੱਚ ਦੀ ਸਮਝ ਹੀ ਨਹੀਂ ਲਗੇਗੀ ਤਦ ਤੱਕ ਅਸੀਂ ਸੱਚ ਨੂੰ ਜਪਾਂਗੇ ਕੀ, ਨਾਮ ਨੂੰ ਜਪਾਂਗੇ ਕੀ ਭਾਵ ਸੱਚ ਨੂੰ ਮੰਨਾਂਗੇ ਕੀ, ਗੁਰਮਤਿ ਨੂੰ ਮੰਨਾਂਗੇ ਕੀ। ਜੇਕਰ ਸਾਰਾ ਦਿਨ ਬੈਠੈ ਗੁਰੂ ਗੁਰੂ ਕਰੀ ਜਾਵਾਂਗੇ ਤਾਂ ਉਸ ਦੇ ਨਾਲ ਸਾਡੀ ਕੀ ਸ਼ੰਕਾ ਉਤਰੇਗੀ ਭਾਵ ਜਦ ਤਕ ਕੋਈ ਗੱਲ ਨੂੰ ਸਮਝਾਂਗੇ ਹੀ ਨਹੀਂ ਤਦ ਤਕ ਮੰਨਾਂਗੇ ਕੀ ਭਾਵ ਸਾਡੇ ਅੰਦਰ ਭਰਮ ਉਸੇ ਤਰ੍ਹਾਂ ਬਣੇ ਰਹਿਣਗੇ, ਮਨਮਤਿ ਉਸੇ ਤਰ੍ਹਾਂ ਵੱਸੀ ਰਹੇਗੀ, ਅਉਗਣ ਉਸੇ ਤਰ੍ਹਾਂ ਵੱਸੇ ਰਹਿਣਗੇ, ਝੂਠ ਉਸੇ ਤਰ੍ਹਾਂ ਵੱਸਿਆ ਰਹੇਗਾ ਭਾਵੇਂ ਸਾਰੀ ਜ਼ਿੰਦਗੀ ਮੁੱਖੋਂ ਗੁਰੂ ਗੁਰੂ ਕਰੀ ਜਾਈਏ ਭਾਵ ਗੁਰੂ ਨੇ ਕਿਸ ਮਕਸਦ ਲਈ ਬਾਣੀ ਉਚਾਰੀ ਹੈ ਉਹ ਮਕਸਦ ਕਦੇ ਵੀ ਪੂਰਾ ਨਹੀਂ ਹੋ ਸਕਦਾ ਤੇ ਜਿਸ ਮਕਸਦ ਲਈ ਅਸੀਂ ਗੁਰੂ ਗੁਰੂ ਕਰਦੇ ਹਾਂ ਭਾਵ ਆਪਣੇ ਵਲੋਂ ਪ੍ਰਮਾਤਮਾ ਨੂੰ ਪਾਉਣ ਦਾ ਜੋ ਉਦਮ ਕਰਦੇ ਹਾਂ ਉਹ ਮਕਸਦ ਕਦੇ ਪੂਰਾ ਨਹੀਂ ਹੋ ਸਕਦਾ। ਮਨ ਦੇ ਭਰਮ ਛੱਡੇ ਬਿਨਾ ਕੋਈ ਉਸ ਪ੍ਰਮਾਤਮਾ ਦੇ ਨਾਲ ਨਹੀਂ ਮਿਲ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ ਤੇ ਉਸ ਨਾਲੋਂ ਸਾਡੀ ਦੂਰੀ ਮਨ ਦੇ ਭਰਮਾਂ ਕਰਕੇ ਹੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥"

(ਅੰਗ - ੯੮੧)

ਆਪਣੇ ਆਪ ਨੂੰ ਬਿਬੇਕੀ ਅਖਵਾਉਣਾ ਜਾਂ ਗੁਰੂ ਅਖਵਾਉਣਾ ਇੱਕੋ ਹੀ ਗੱਲ ਹੈ ਭਾਵ ਬਿਬੇਕੀ ਅਖਵਾਉਣ ਵਾਲੇ ਵੱਡੇ ਭਰਮ ਵਿਚ ਹਨ ਭਾਵ ਉਹਨਾਂ ਦੀ ਸ਼ੰਕਾ ਨਹੀਂ ਉਤਰੀ, ਮਨ ਦਾ ਭਰਮ ਨਹੀਂ ਨਿਕਲਿਆ ਕਿ ਪ੍ਰਮਾਤਮਾ ਕਿਸ ਰੂਪ ਵਿਚ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਕੀ ਹੈ। ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ ਉਹ ਫਿਰ ਨਾ ਆਪਣੇ ਆਪ ਨੂੰ ਬਿਬੇਕੀ ਅਖਵਾ ਸਕਦਾ ਹੈ ਤੇ ਨਾ ਹੀ ਕਿਸੇ ਨੂੰ ਉਹੋ ਜਿਹੇ ਬਿਬੇਕ ਸਿਖਾਉਣ ਦੀਆਂ ਗੱਲਾਂ ਕਰ ਸਕਦਾ ਹੈ ਜਿਹੋ ਜਿਹੇ ਬਿਬੇਕ ਨੂੰ ਭਗਤੀ ਦਾ ਮਾਰਗ ਸਮਝਿਆ ਜਾਂਦਾ ਹੈ। ਗੁਰੂ ਕੋਲ **"ਪਰਮ ਪਦੁ"** ਆਪਣੀ ਬਿਬੇਕ ਬੁਧਿ ਕਰਕੇ ਹੈ ਤੇ ਸਾਡੇ ਜੀਵਨ ਦਾ ਮਕਸਦ ਬਿਬੇਕ ਬੁਧਿ ਦੀ ਪ੍ਰਾਪਤੀ ਕਰਨ ਦਾ ਹੈ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਕਰਨ ਦਾ ਹੈ ਜੋ ਮਕਸਦ ਭਰਮਾਂ ਵਿਚੋਂ ਨਿਕਲਣ ਦੁਆਰਾ ਹੀ ਹੋ ਸਕਦਾ ਹੈ।

ਆਪਣੇ ਆਪ ਨੂੰ ਬਿਬੇਕੀ ਅਖਵਾਉਣਾ ਵੀ ਭਰਮ ਹੈ ਜਿਸ ਭਰਮ ਵਿਚੋਂ ਨਿਕਲਣ ਦੀ ਲੋੜ ਹੈ ਜੋ ਕਿ ਭਗਤੀ ਦਾ ਮਾਰਗ ਨਹੀਂ ਹੈ। ਭਰਮਾਂ ਵਿੱਚੋਂ ਨਿਕਲਕੇ ਹੀ ਅਸੀਂ ਸੱਚੀ ਭਗਤੀ ਦੇ ਮਾਰਗ ਤੇ ਪੈ ਸਕਦੇ ਹਾਂ ਜੋ ਮਾਰਗ ਅਉਗਣਾਂ ਨੂੰ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਮਾਰਗ ਹੈ, ਸਾਰੇ ਸੰਸਾਰ ਲਈ ਇਕੋ ਜਿਹਾ ਬਿਬੇਕੀ ਬਣਨ ਦਾ ਮਾਰਗ ਹੈ ਭਾਵ ਗੁਰੂ ਦੀ ਬਿਬੇਕ ਬੁਧਿ ਨਾਲ ਜੁੜਨ ਦਾ ਮਾਰਗ ਹੈ ਜਿਸ ਦੁਆਰਾ ਅਸੀਂ ਪਰਮ ਪਦ ਦੀ ਪ੍ਰਾਪਤੀ ਕਰ ਸਕਦੇ ਹਾਂ। ਪਰਮ ਪਦ ਸੱਚੇ ਗਿਆਨ ਦਾ ਪਦ ਹੈ, ਚੌਥੇ ਪਦ ਦੇ ਗਿਆਨ ਦਾ ਪਦ ਹੈ, ਬ੍ਰਹਮ ਗਿਆਨ ਦਾ ਪਦ ਹੈ ਜਿਸਦੀ ਪ੍ਰਾਪਤੀ ਦੁਆਰਾ ਉਸ ਸਤਿਗੁਰ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਹੀ ਮੇਲ ਕਰ ਸਕਦੇ ਹਾਂ ਜੋ ਮੇਲ ਉਸ ਦੀ ਕਿਰਪਾ ਦੁਆਰਾ ਹੀ ਹੋ ਸਕਦਾ ਹੈ। ਭਗਤੀ ਦੇ ਮਾਰਗ ਦੀ ਸੱਚੀ ਸੋਝੀ ਉਸ ਦੀ ਕਿਰਪਾ ਦੁਆਰਾ ਹੀ ਪੈਂਦੀ ਹੈ ਜੋ ਆਪ ਸਾਡੀ ਸੋਝੀ ਦਾ ਮਾਲਕ ਹੈ। ਜਿਸ ਨੂੰ ਉਹ ਸੱਚੀ ਸੋਝੀ ਪਾਉਂਦਾ ਹੈ ਉਸ ਨੂੰ ਭਰਮਾਂ ਵਿਚੋਂ ਹੀ ਕੱਢਦਾ ਹੈ। ਭਰਮਾਂ ਵਿਚੋਂ ਨਿਕਲਣ ਦਾ ਉਦਮ ਸਾਡੇ ਸਿਰ ਹੀ ਹੈ ਜੋ ਕਿ ਸਾਡੇ ਲਈ ਸੱਚਾ ਉਦਮ ਹੈ, ਪ੍ਰਮਾਤਮਾ ਦੇ ਨਾਲ ਮੇਲ ਲਈ ਸੱਚਾ ਉਦਮ ਹੈ। (**ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥ ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥**)

ਬਿਬੇਕ ਨੂੰ ਸਮਝਣ ਵਿਚ ਜੇਕਰ ਅਜੇ ਵੀ ਸਾਡੇ ਅੰਦਰ ਕੋਈ ਭਰਮ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਵੇਂ ਪਾਇਆ ਜਾ ਸਕਦਾ ਹੈ ਇਸ ਗੱਲ ਨੂੰ ਸਮਝਣ ਵਿਚ ਜੇਕਰ ਅਜੇ ਵੀ ਕੋਈ ਭਰਮ ਹੈ ਤੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਉਹ ਜਿਹਿਆਂ ਦੀ ਮਤਿ ਵਿਚੋਂ ਨਿਕਲ ਸਕੀਏ ਜਿੰਨ੍ਹਾਂ ਨੇ ਸਾਨੂੰ ਬਿਬੇਕੀ ਬਣਨਾ ਸਿਖਾਇਆ ਹੈ ਭਾਵ ਭਰਮਾਂ ਵਿਚ ਪਾਇਆ ਹੈ।

“ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ ॥
ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ ॥੧॥”

(ਅੰਗ - ੧੦੦੭)

ਬੜਾ ਸਪਸ਼ਟ ਹੈ ਕਿ ਜਿਸ ਪ੍ਰਮਾਤਮਾ ਨੂੰ ਹਰ ਕੋਈ ਪਾਉਣਾ ਚਾਹੁੰਦਾ ਹੈ ਉਸ ਨੂੰ ਕੇਵਲ ਮਨ ਦੀ ਸੋਝੀ ਦੁਆਰਾ ਪਾਇਆ ਜਾ ਸਕਦਾ ਹੈ ਭਾਵ ਮਨ ਦੀ ਸੋਝੀ ਦੁਆਰਾ ਮਨ ਦੇ ਵਿਚੋਂ ਹੀ ਬੁਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ

ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਮਨ ਦੇ ਭਰਮ ਵਾਲੇ ਵਿਚਾਰਾਂ ਵਿੱਚ ਰਹਿੰਦਿਆਂ, ਭਰਮ ਦੇ ਪੜਦੇ ਵਿੱਚ ਰਹਿੰਦਿਆਂ, ਹਉਮੈ ਰੂਪ ਪੜਦੇ ਵਿੱਚ ਰਹਿੰਦਿਆਂ ਭਾਵ ਮਨ ਦੀ ਅਗਿਆਨਤਾ ਵਿੱਚ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬਿਬੇਕ ਬੁਧਿ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜੋ ਬੁਧਿ ਪੂਰੀ ਤਰ੍ਹਾਂ ਭਰਮਾਂ ਤੋਂ ਰਹਿਤ ਬੁਧਿ ਹੁੰਦੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਦੁਆਰਾ ਜਾਣਿਆ ਹੈ। ਸਾਡੀ ਰਾਖੀ ਕਰਨ ਵਾਲਾ ਭਾਵ ਸਾਡੀ ਪਾਲਨਾ ਕਰਨ ਵਾਲਾ ਆਪ ਪ੍ਰਮਾਤਮਾ ਹੀ ਹੈ ਜੋ ਮਨ ਦੇ ਵਿੱਚ ਹੀ ਮਨ ਦੇ ਗਿਆਨ ਰਾਹੀਂ ਸਾਨੂੰ ਸਭ ਨੂੰ ਪਾਲ ਰਿਹਾ ਹੈ ਭਾਵ ਚੱਲਾ ਰਿਹਾ ਹੈ। ਜਿਸ ਮਨੁੱਖ ਦੀ ਪ੍ਰਮਾਤਮਾ ਰਾਖੀ ਕਰਦਾ ਹੈ ਉਸ ਨੂੰ ਅਉਗਣਾਂ ਤੋਂ ਬਚਾ ਕੇ ਰੱਖਦਾ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਉਸ ਦੀ ਰਾਖੀ ਕਰਦਾ ਹੈ, ਮਨ ਦੇ ਵਿੱਚ ਸੱਚੇ ਵਿਚਾਰਾਂ ਰਾਹੀਂ ਉਸ ਦੀ ਰਾਖੀ ਕਰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਰਜ਼ਾ ਦੇ ਵਿਚ ਪਾਲਦਾ ਹੈ ਉਸ ਨੂੰ ਮਨ ਦੇ ਵਿਚਾਰਾਂ ਰਾਹੀਂ ਸੱਚਾ ਸੁੱਚਾ ਜੀਵਨ ਬਖਸ਼ਦਾ ਹੈ ਭਾਵ ਉਸ ਨੂੰ ਮਾਇਆ ਮੋਹ ਵਾਲੇ ਵਿਚਾਰਾਂ ਦਾ ਸੇਕ ਨਹੀਂ ਲੱਗਣ ਦਿੰਦਾ, ਤ੍ਰਿਸ਼ਨਾਵਾਂ ਦੀ ਅਗਨੀ ਦਾ ਸੇਕ ਨਹੀਂ ਲਗਣ ਦਿੰਦਾ ਭਾਵ ਉਸ ਤਰੀਕੇ ਉਸ ਦੇ ਜੀਵਨ ਦੀ ਰੱਖਿਆ ਕਰਦਾ ਹੈ ਜਿਵੇਂ ਮਾਤਾ ਗਰਭ ਦੇ ਵਿਚ ਬੱਚੇ ਦੀ ਰੱਖਿਆ ਕਰਦੀ ਹੈ ਭਾਵ ਬੱਚੇ ਦੀ ਪਾਲਣਾ ਵਿਚ ਉਸ ਦਾ ਭਲਾ ਕਰਦੀ ਹੈ। ਪ੍ਰਮਾਤਮਾ ਸਾਡੇ ਜੀਵਨ ਦਾ ਭਲਾ ਹੀ ਕਰਦਾ ਹੈ ਜੋ ਕਿ ਉਹ ਆਤਮਿਕ ਸੋਝੀ ਦੁਆਰਾ ਕਰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਮਨ ਦੇ ਵਿਚਾਰਾਂ ਰਾਹੀਂ ਅਉਗੁਣਾਂ ਵਾਲੇ ਵਿਚਾਰਾਂ ਤੋਂ ਬਚਾ ਕੇ ਰੱਖਦਾ ਹੈ। ਜਿਹੋ ਜਿਹਾ ਜੀਵਨ ਸਾਨੂੰ ਪ੍ਰਮਾਤਮਾ ਆਪਣੇ ਮੇਲ ਦੁਆਰਾ ਬਖਸ਼ਦਾ ਹੈ ਭਾਵ ਉਸ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਬਖਸ਼ਦਾ ਹੈ ਉਹੀ ਸਾਡੇ ਲਈ ਸੱਚਾ ਜੀਵਨ ਹੈ। ਜਿਹੋ ਜਿਹਾ ਜੀਵਨ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਬਣਦਾ ਹੈ ਉਹੋ ਜਿਹਾ ਜੀਵਨ ਹੀ ਗੁਰਬਾਣੀ ਸਾਨੂੰ ਅਪਨਾਉਣ ਲਈ ਸਮਝਾਉਂਦੀ ਹੈ ਜਿਹੋ ਜਿਹਾ ਜੀਵਨ

ਅਪਨਾਉਣ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਅਸੀਂ ਉਹੋ ਜਿਹੀ ਜੀਵਨ ਜਾਚ ਲਈ ਹੀ ਉਦਮ ਕਰਨਾ ਹੈ ਜਿਹੋ ਜਿਹਾ ਜੀਵਨ ਪ੍ਰਮਾਤਮਾ ਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪ ਜੀਅ ਕੇ

37/4445

ਦਿਖਾਇਆ ਹੈ। ਆਪਣੇ ਨਾਲ ਮੇਲ ਤੋਂ ਬਾਦ ਪ੍ਰਮਾਤਮਾ ਮਨੁੱਖ ਨੂੰ ਪੂਰੀ ਤਰ੍ਹਾਂ ਅਉਗਣਾਂ ਵਿਚੋਂ ਕੱਢਕੇ ਉਸ ਦੇ ਜੀਵਨ ਦੀ ਰੱਖਿਆ ਕਰਦਾ ਹੈ ਤੇ ਅਸੀਂ ਉਹੋ ਜਿਹੇ ਸੱਚੇ ਜੀਵਨ ਨੂੰ ਅਪਨਾਉਣ ਦਾ ਉਦਮ ਹੀ ਕਰਨਾ ਹੈ ਜਿਸ ਦੇ ਲਈ ਕਿਸੇ ਸਰੀਰਕ ਕਿਰਿਆਵਾਂ ਦੀ ਲੋੜ ਨਹੀਂ ਹੈ ਜਿੰਨ੍ਹਾਂ ਨੂੰ ਅਪਨਾਉਣਾ ਸਾਡਾ ਭਰਮ ਹੈ ਜਿਹੋ ਜਿਹੇ ਅਨੇਕਾਂ ਭਰਮ ਸਾਡੇ ਅੰਦਰ ਵੱਸੇ ਹੋਏ ਹਨ ਜਿੰਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ। ਅਸੀਂ ਇਹੋ ਜਿਹੇ ਸਾਰੇ ਭਰਮਾਂ ਵਿਚੋਂ ਹੀ ਨਿਕਲਣ ਦਾ ਉੱਦਮ ਕਰਨਾ ਹੈ ਤਾਂ ਜੋ ਅਸੀਂ ਭਗਤੀ ਦੇ ਸਹੀ ਮਾਰਗ ਨਾਲ ਜੁੜ ਸਕੀਏ ਜੋ ਕਿ ਸੱਚੀ ਸੁੱਚੀ ਜੀਵਨ ਜਾਚ ਅਪਨਾਉਣ ਦਾ ਹੈ ਤੇ ਇਹੋ ਜਿਹੇ ਸੱਚੇ ਉਦਮ ਕਰਨ ਨਾਲ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾ ਸਕਦੇ ਹਾਂ, ਗੁਰੂ ਦੀ ਬਿਬੇਕ ਬੁਧਿ ਨਾਲ ਜੁੜਕੇ ਪਾ ਸਕਦੇ ਹਾਂ ਜੋ ਪੂਰੀ ਤਰ੍ਹਾਂ ਭਰਮਾਂ ਤੋਂ ਰਹਿਤ ਹੈ ਜਿਸ ਕਰਕੇ ਉਹ ਸੱਚੀ ਮਤਿ ਹੈ ਭਾਵ ਜਿਸ ਵਿਚ ਪੂਰਨ ਸੱਚ ਹੈ, ਪੂਰਨ ਬ੍ਰਹਮ ਗਿਆਨ ਹੈ। ਬਿਬੇਕ ਬੁਧਿ ਨਾਲ ਜੁੜਕੇ ਹੀ ਅਸੀਂ ਬਿਬੇਕ ਬੁਧਿ ਦੇ ਮਾਲਕ ਨਾਲ ਮੇਲ ਕਰ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ। (**ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ ॥ ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ॥੧॥**)

{ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥
ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥੧॥}

(ਅੰਗ - ੧੨੦੯)

{ਗੁਰਮੁਖਿ ਬੂਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥੪੪॥}

(ਅੰਗ - ੧੪੧੮)

{ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥
ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥੧੬॥}

(ਅੰਗ - ੧੪੨੨)

"ਬਿਬੇਕ ਬੁਧਿ" ਸਮਝਣ ਤੋਂ ਪਹਿਲਾਂ ਅਸੀਂ ਮਨ ਦੀ ਸਿਵ ਸਕਤਿ ਵਾਲੀ ਅਵਸਥਾ ਨੂੰ ਸਮਝਿਆ ਹੈ। ਜਦ ਤਕ ਅਸੀਂ **"ਸਕਤਿ"** ਦੇ ਘਰ ਵਿੱਚ ਹਾਂ ਤਦ ਤਕ ਸਾਡੇ ਅੰਦਰ ਬਿਬੇਕ ਬੁਧਿ ਨਹੀਂ ਹੈ। ਬਿਬੇਕ ਬੁਧਿ ਸਾਨੂੰ ਮਨ ਦੇ ਵਿੱਚੋਂ ਹੀ ਮਿਲਦੀ ਹੈ ਤੇ ਉਦੋਂ ਮਿਲਦੀ ਹੈ ਜਦੋਂ ਅਸੀਂ ਸਕਤਿ ਵਾਲੀ ਅਵਸਥਾ ਵਿੱਚੋਂ ਨਿਕਲ ਜਾਂਦੇ ਹਾਂ ਭਾਵ ਸਿਵ ਦੇ ਘਰ ਵਿੱਚ ਪਹੁੰਚ ਜਾਂਦੇ ਹਾਂ, ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਂਦੇ ਹਾਂ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਕੇ ਚੌਥੇ ਪਦ ਵਿੱਚ

37/4446

ਪਹੁੰਚ ਜਾਂਦੇ ਹਾਂ ਜੋ ਕਿ ਕੇਵਲ ਗੁਰ ਪ੍ਰਸਾਦਿ ਹੈ।

{ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥

ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ - ੧੨੭੬)

ਉਪਰ ਵਾਲੀਆਂ ਪੰਗਤੀਆਂ ਨੂੰ ਅਸੀਂ ਲੇਖ ਵਿੱਚ ਕੁੱਝ ਪਿੱਛੇ ਪਹਿਲੇ ਵੀ ਸਮਝਿਆ ਹੈ ਤੇ ਉਸ ਤੋਂ ਬਾਅਦ ਸਿਵ ਸਕਤਿ ਵਾਲੀ ਅਵਸਥਾ ਨੂੰ ਹੋਰ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਇਸ ਗੱਲ ਨੂੰ ਅਸੀਂ ਭਾਵ ਸਿਵ ਸਕਤਿ ਦੀ ਅਵਸਥਾ ਨੂੰ ਅਸੀਂ **"ਦੋਵੈ ਤਰਫਾ"** ਭਾਵ ਮਨ ਦੇ ਦੋਵੇਂ ਪਾਸੇ ਭਾਵ ਮਨ ਦੀਆਂ ਦੋਨੋਂ ਅਵਸਥਾਵਾਂ ਜਾਨਣ ਲਈ ਸਮਝਿਆ ਹੈ ਤੇ ਸਾਡੇ ਅੰਦਰ ਇਹਨਾਂ ਦੋਨੋਂ ਅਵਸਥਾਵਾਂ ਵਿੱਚ ਪ੍ਰਮਾਤਮਾ ਆਪ ਹੀ ਹੈ। ਸਕਤਿ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ ਤੇ ਨਾ ਹੀ ਅੱਜ ਤੱਕ ਕਿਸੇ ਨੇ ਪਾਇਆ ਹੈ ਭਾਵ ਜਿਸ ਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਸ ਨੇ ਮਨ ਦੇ ਵਿੱਚੋਂ ਹੀ ਪਾਇਆ ਹੈ ਤੇ ਸਕਤਿ ਵਾਲੀ ਅਵਸਥਾ ਵਿਚੋਂ ਨਿਕਲਕੇ ਹੀ ਪਾਇਆ ਹੈ ਭਾਵ ਮਨ ਦੇ ਵਿੱਚ ਹੀ ਸਿਵ ਦੇ ਘਰ ਵਿੱਚ ਪਹੁੰਚਕੇ ਪਾਇਆ ਹੈ ਤੇ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਜਾਣੇ ਬਿਨਾ ਜੋ ਵੀ ਮਨੁੱਖ ਸੰਸਾਰ ਵਿੱਚੋਂ ਗਿਆ ਹੈ ਭਾਵ ਜਿਸਦਾ ਸਰੀਰ ਬਿਨਸਿਆ ਹੈ ਭਾਵੇਂ ਉਹ ਧਰਮ ਦੇ ਮਾਰਗ ਤੇ ਕਿਤਨਾ ਵੱਡਾ ਅਖਵਾ ਕੇ ਗਿਆ ਹੈ ਉਹ ਸੰਸਾਰ ਤੋਂ ਆਪਣਾ ਜਨਮ ਬਿਰਥਾ ਗਵਾ ਕੇ ਗਿਆ ਹੈ ਭਾਵ ਮਾਇਆ ਮੋਹ ਵਾਲੀ ਅਵਸਥਾ ਵਿਚ, ਹਉਮੈ ਵਿਚ, ਮਨ ਦੀ ਅਗਿਆਨਤਾ ਵਿਚ ਭਾਵ ਭਰਮ ਵਿਚ ਰਹਿੰਦੇ ਹੋਏ ਹੀ ਗਿਆ ਹੈ। (**ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ ॥ ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ ॥**) ਅੰਗ ੧੦੯੦

ਹੁਣ ਅਸੀਂ ਉਸ ਮੁੱਖ ਸ਼ਬਦ ਦੀ ਪਉੜੀ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿਉਂਕਿ ਹੁਣ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝ ਲਿਆ ਹੈ ਕਿ **"ਦੋਵੈ ਤਰਫਾ"** ਤੋਂ ਭਾਵ ਕੀ ਹੈ।

ਪਉੜੀ ॥

"ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥

ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥

ਮਨਮੁਖ ਕਚੇ ਕੂੜਿਆਰ ਤਿਨੀ ਨਿਹਚਉ ਦਰਗਹ ਹਾਰਿਆ ॥

ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥

ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ॥ ਸਤਿਗੁਰੁ ਸੇਵਨਿ ਆਪਣਾ ਤਿਨ੍ਹਾ ਵਿਟਹੁ ਹਉ ਵਾਰਿਆ ॥੫॥"

(ਅੰਗ - ੧੨੮੦)

ਉਪਰ ਪਉੜੀ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਪਿੱਛੇ ਪਹਿਲੇ ਸਮਝ ਚੁੱਕੇ ਹਾਂ। (**ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥**)

37/4447

ਸਾਡੇ ਮਨ ਦੇ ਅੰਦਰ ਦੋਵੇਂ ਤਰਫਾ ਸਿਵ ਸਕਤਿ ਦੇ ਰੂਪ ਵਿਚ ਹਨ ਤੇ ਦੋਨਾਂ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਵੀ ਪ੍ਰਮਾਤਮਾ ਆਪ ਹੈ ਤੇ ਚੌਥੇ ਪਦ ਵਿੱਚ ਵੀ ਆਪ ਹੈ ਭਾਵ ਭਰਮ ਵਾਲੀ ਅਵਸਥਾ

ਵਿੱਚ ਵੀ ਆਪ ਹੈ ਤੇ ਭਰਮ ਰਹਿਤ ਅਵਸਥਾ ਵਿੱਚ ਵੀ ਆਪ ਹੈ ਭਾਵ ਹਉਮੈ ਵਿਚ ਵੀ ਆਪ ਹੈ ਤੇ ਨਾਮ ਵਿੱਚ ਵੀ ਆਪ ਹੈ। ਇੱਕ ਸਮੇਂ ਸਾਡੇ ਅੰਦਰ ਇੱਕ ਅਵਸਥਾ ਹੀ ਹੁੰਦੀ ਹੈ ਭਾਵ ਜਦ ਤਕ ਹਉਮੈ ਹੈ ਤਦ ਤਕ ਨਾਮ ਨਹੀਂ ਹੈ ਤੇ ਜਦੋਂ ਅਸੀਂ ਨਾਮ ਵਾਲੀ ਅਵਸਥਾ ਵਾਲੇ ਬਣ ਜਾਂਦੇ ਹਾਂ ਫਿਰ ਅਸੀਂ ਹਉਮੈ ਤੋਂ ਰਹਿਤ ਹੋ ਜਾਂਦੇ ਹਾਂ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡੇ ਮਨ ਦੀਆਂ ਇਹੀ ਅਵਸਥਾਵਾਂ ਦੂਸਰੇ ਤਰੀਕੇ ਨਾਲ ਸਮਝਾਈਆਂ ਹੋਈਆਂ ਹਨ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥”

“ਹਾਠਾ” ਤੋਂ ਭਾਵ ਹੈ ਤਰਫਾਂ ਭਾਵ ਸਾਡੇ ਮਨ ਦੇ ਦੋ ਪਾਸੇ ਭਾਵ ਸਾਡੇ ਮਨ ਦੀਆਂ ਦੋ ਅਵਸਥਾਵਾਂ। **“ਪਰਵਿਰਤਿ”** ਵਾਲੀ ਅਵਸਥਾ ਅੰਦਰ **“ਸਕਤਿ”** ਵਾਲੀ ਅਵਸਥਾ ਹੈ ਤੇ **“ਨਿਰਵਿਰਤਿ”** ਵਾਲੀ ਅਵਸਥਾ ਸਾਡੇ ਅੰਦਰ **“ਸਿਵ”** ਵਾਲੀ ਅਵਸਥਾ ਹੈ ਭਾਵ ਭੇਦ ਹਉਮੈ ਤੇ ਨਾਮ ਦਾ ਹੀ ਹੈ, ਭੇਦ ਮਨ ਦੀ ਭਰਮ ਵਾਲੀ ਅਵਸਥਾ ਵਿਚ ਤੇ ਸੱਚੇ ਗਿਆਨ ਵਾਲੀ ਅਵਸਥਾ ਵਿਚ ਹੈ ਭਾਵ ਸਾਡੇ ਮਨ ਦੀ ਸੋਝੀ ਨਾਲ ਹੀ ਹੈ, ਧਰਮ ਦੇ ਮਾਰਗ ਨੂੰ ਸਮਝਣ ਨਾਲ ਹੀ ਹੈ। ਪਰਵਿਰਤਿ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਅਸੀਂ ਮਾਇਆ ਮੋਹ ਨਾਲ ਜੁੜੇ ਰਹਿੰਦੇ ਹਾਂ ਤੇ ਧਰਮ ਦੇ ਮਾਰਗ ਨੂੰ ਸਮਝਣ ਤੇ ਉਸ ਤੇ ਚਲਣ ਤੋਂ ਭਰਮ ਵਿਚ ਰਹਿੰਦੇ ਹਾਂ ਪਰ ਫਿਰ ਵੀ ਆਪਣੇ ਆਪ ਨੂੰ ਧਰਮ ਵਾਲੇ ਸਮਝਦੇ ਹਾਂ ਜਿਵੇਂ ਕਿ ਸਭ ਪਾਸੇ ਹੋ ਰਿਹਾ ਹੈ, ਧਰਮ ਦਾ ਮਾਰਗ ਪੂਰਨ ਸੱਚ ਤੇ ਚੱਲਣ ਦਾ ਮਾਰਗ ਹੈ ਜਿਸ ਦੀ ਸਮਝ **“ਨਿਰਵਿਰਤਿ”** ਵਾਲੀ ਅਵਸਥਾ ਵਿਚ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਵਿਚ ਪੈਂਦੀ ਹੈ ਤੇ ਤਾਂ ਹੀ ਉਸ ਤੇ ਪੂਰਨ ਰੂਪ ਵਿਚ ਚਲਿਆ ਜਾ ਸਕਦਾ ਹੈ। ਜਦ ਤਕ ਅਸੀਂ ਪਰਵਿਰਤਿ ਵਾਲੀ ਅਵਸਥਾ ਵਿਚ ਹਾਂ ਤਦ ਤਕ ਸਾਨੂੰ ਸੱਚ ਦੀ ਪੂਰਨ ਰੂਪ ਵਿਚ ਸਮਝ ਨਹੀਂ ਪੈਂਦੀ ਤੇ ਇਸੇ ਲਈ ਧਰਮ ਨੂੰ ਦੋਨੋਂ ਅਵਸਥਾਵਾਂ ਵਿਚ **“ਰੈਬਾਰਿਆ”** ਕਹਿ ਕੇ ਸਮਝਾਇਆ ਹੈ ਭਾਵ ਇੱਕ ਵਿਚੋਲੇ ਦੀ ਤਰ੍ਹਾਂ ਕਹਿ ਕੇ ਸਮਝਾਇਆ ਹੈ। ਮਨਮਤਿ ਵਿਚ ਰਹਿੰਦੇ ਹੋਏ ਭਾਵ ਪਰਵਿਰਤਿ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਅਸੀਂ **“ਨਿਰਵਿਰਤਿ”** ਵਾਲੀ ਅਵਸਥਾ ਨੂੰ ਅਪਨਾਉਣਾ ਹੈ ਭਾਵ ਪੂਰਨ ਗੁਰਮਤਿ ਵਾਲੀ ਅਵਸਥਾ ਨਾਲ ਜੁੜਨਾ ਹੈ

37/4448

ਜਿਸ ਕੋਲ ਧਰਮ ਵਾਲੀ ਸੱਚੀ ਸੋਝੀ ਹੈ। ਸਾਡੀ ਪਰਵਿਰਤਿ ਵਾਲੀ ਸੋਝੀ ਭਾਵ ਸਾਡੇ ਮਾਇਆ ਮੋਹ ਵਾਲੇ ਵਿਚਾਰ ਸਾਨੂੰ ਨਿਰਵਿਰਤਿ ਵਾਲੇ ਵਿਚਾਰਾਂ ਨਾਲ ਭਾਵ ਗੁਰੂ ਦੇ ਸੱਚੇ ਵਿਚਾਰਾਂ ਨਾਲ, ਸ਼ਬਦ ਦੇ ਸੱਚੇ ਵਿਚਾਰਾਂ ਨਾਲ ਜੁੜਨ ਨਹੀਂ ਦਿੰਦੇ ਭਾਵ ਧਰਮ ਦੇ ਮਾਰਗ ਨੂੰ ਅਪਨਾਉਣ ਨਹੀਂ ਦਿੰਦੇ ਭਾਵ ਸਾਡੇ ਅੰਦਰ ਧਰਮ ਵਾਲੀ ਸੋਝੀ ਨੂੰ ਟਿੱਕਣ ਨਹੀਂ ਦਿੰਦੇ ਭਾਵ ਧਰਮ ਦੋਨਾਂ ਅਵਸਥਾਵਾਂ ਵਿਚ ਇੱਕ ਵਿਚੋਲੇ ਦੀ ਤਰ੍ਹਾਂ ਕੰਮ ਕਰਦਾ ਹੈ, ਸਾਡੇ ਮਨ ਦੇ ਮਾੜੇ ਵਿਚਾਰਾਂ ਨੂੰ ਸਮਝਾਉਣ ਦਾ ਕੰਮ ਕਰਦਾ ਹੈ ਪਰ ਸਾਡੇ ਭਰਮ ਵਾਲੇ ਵਿਚਾਰ ਧਰਮ ਦੇ ਮਾਰਗ ਨੂੰ ਹੋਰ ਤਰੀਕੇ ਨਾਲ ਸਮਝਦੇ ਹਨ, ਮਨਮਤਿ ਦੇ ਤਰੀਕਿਆਂ ਨੂੰ ਹੀ ਧਰਮ ਦਾ ਸੱਚਾ ਮਾਰਗ ਸਮਝਦੇ ਹਨ ਭਾਵ ਪਰਵਿਰਤਿ ਵਾਲੀ ਅਵਸਥਾ ਵਿੱਚ ਧਰਮ ਵਾਲੇ ਵਿਚਾਰ ਚੱਕਰ ਕੱਟਦੇ ਰਹਿ ਜਾਂਦੇ ਹਨ, ਸਮਝਾਉਣ ਵਿੱਚ ਹੀ ਰਹਿ ਜਾਂਦੇ ਹਨ ਪਰ ਉਹਨਾਂ ਵਿਚਾਰਾਂ ਦੀ ਸੁਣਵਾਈ ਨਹੀਂ ਹੁੰਦੀ। ਜੋ ਧਰਮ ਵਾਲੇ ਵਿਚਾਰਾਂ ਨੂੰ ਸੁਣ ਲੈਂਦਾ ਹੈ ਭਾਵ ਮੰਨ ਲੈਂਦਾ ਹੈ ਉਹੀ ਪਰਵਿਰਤਿ ਵਾਲੀ ਅਵਸਥਾ ਵਿੱਚੋਂ ਨਿਕਲ ਕੇ ਨਿਰਵਿਰਤਿ ਵਾਲੀ ਅਵਸਥਾ ਨਾਲ ਜੁੜ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ, ਚੌਥੇ ਪਦ ਦੀ ਪ੍ਰਾਪਤੀ ਦਾ ਸੱਚਾ ਉੱਦਮ ਕਰ ਸਕਦਾ ਹੈ। (**ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥**)

ਜਿਹੜੇ ਮਨੁੱਖ ਧਰਮ ਦੀ ਗੱਲ ਨਹੀਂ ਸੁਣਦੇ ਭਾਵ ਨਿਰਵਿਰਤਿ ਵਾਲੇ ਗੁਰੂ ਦੇ ਵਿਚਾਰਾਂ ਨੂੰ ਨਹੀਂ ਸੁਣਦੇ, ਗੁਰਮਤਿ ਦੀ ਗੱਲ ਨੂੰ ਨਹੀਂ ਮੰਨਦੇ ਭਾਵ ਪਰਵਿਰਤਿ ਵਾਲੇ, ਮਨਮਤਿ ਵਾਲੇ, ਮਾਇਆ ਮੋਹ ਵਾਲੇ ਵਿਚਾਰ ਨਹੀਂ ਛੱਡਦੇ ਉਹਨਾਂ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ ਤੇ ਜੋ ਗੁਰੂ ਦੀ ਮਤਿ ਨੂੰ ਮੰਨ ਲੈਂਦੇ ਹਨ ਉਹਨਾਂ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ ਭਾਵ ਧਰਮ ਦੇ ਮਾਰਗ ਤੇ ਨਾ ਚੱਲਣ ਵਾਲੇ ਜਾਂ ਚੱਲਣ ਵਾਲੇ ਮਨੁੱਖਾਂ ਵਿਚ ਕੀ ਫਰਕ ਹੁੰਦਾ ਹੈ ਇਹ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਧਰਮ ਦੇ ਮਾਰਗ ਨੂੰ ਸਮਝ ਸਕੀਏ, ਮਨਮਤਿ ਤੇ ਗੁਰਮਤਿ ਵਿਚ, ਪਰਵਿਰਤਿ ਤੇ ਨਿਰਵਿਰਤਿ ਵਾਲੀ ਅਵਸਥਾ ਵਿਚ ਫਰਕ ਸਮਝ ਸਕੀਏ।

“ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥

ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥”

37/4449

ਸਾਡੀ ਸਭ ਦੀ ਭਗਤੀ ਦਾ ਮਨੋਰਥ, ਪ੍ਰਮਾਤਮਾ ਨੂੰ ਜਪਣ ਦਾ ਮਨੋਰਥ, ਗੁਰੂ ਦੇ ਸ਼ਬਦਾਂ ਨੂੰ ਪੜਨ ਸੁਣਨ ਦਾ ਮਨੋਰਥ ਭਾਵ ਸਾਡਾ ਸੱਚਾ ਮਨੋਰਥ ਇਹੀ ਹੈ ਕਿ ਅਸੀਂ ਪ੍ਰਮਾਤਮਾ ਦੀ ਦਰਗਾਹ ਤਕ ਪਹੁੰਚੀਏ ਭਾਵ ਉਸ ਦੀ ਦਰਗਾਹ ਤੱਕ ਪਹੁੰਚਣ ਦੀ ਜਿੱਤ ਹਾਸਲ ਕਰੀਏ ਤੇ ਪ੍ਰਮਾਤਮਾ ਦੀ ਦਰਗਾਹ ਵਿਚ ਸਾਨੂੰ ਮਾਣ ਮਿਲੇ। ਪ੍ਰਮਾਤਮਾ ਦੀ ਦਰਗਾਹ ਵਿਚ ਪਹੁੰਚਣ ਦਾ ਮਾਰਗ ਧਰਮ ਦਾ ਮਾਰਗ ਹੈ ਜੋ ਮਾਰਗ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ, ਸ਼ਬਦਾਂ ਰਾਹੀਂ ਸਮਝਾਉਂਦੀ ਹੈ। ਸ਼ਬਦਾਂ ਰਾਹੀਂ ਭਾਵ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਗੁਰੂ ਸਾਨੂੰ ਸੱਚ ਝੂਠ ਵਿਚ ਫਰਕ ਸਮਝਾਉਂਦਾ ਹੈ ਭਾਵ ਸੱਚੇ ਮਾਰਗ ਵਿਚ ਤੇ ਝੂਠੇ ਮਾਰਗ ਵਿਚ ਫਰਕ ਸਮਝਾਉਂਦਾ ਹੈ। ਪ੍ਰਮਾਤਮਾ ਨੇ ਸਭ ਨੂੰ ਮਨਮਤਿ ਵਿਚ, ਪਰਵਿਰਤਿ ਵਾਲੀ ਅਵਸਥਾ ਵਿਚ ਭਾਵ ਮਾਇਆ ਮੋਹ ਵਾਲੀ ਬਿਰਤੀ ਵਿਚ ਰੱਖਿਆ ਹੋਇਆ ਹੈ ਜਿਸ ਵਿਚ ਰਹਿੰਦੇ ਹੋਏ ਅਸੀਂ ਧਰਮ ਦੇ ਮਾਰਗ ਤੇ ਭਾਵ ਸੱਚ ਦੇ ਮਾਰਗ ਤੇ ਨਹੀਂ ਚੱਲਦੇ ਭਾਵ ਅਸੀਂ ਮਨ ਦੀ ਨਾਸਮਝੀ ਕਰਕੇ ਧਰਮ ਤੋਂ ਪੁੱਠੇ ਮਾਰਗ ਤੇ ਚਲਦੇ ਹਾਂ ਜਿਸ ਕਰਕੇ ਅਸੀਂ ਮਨਮੁਖਿ ਹਾਂ, ਕੱਚੇ ਹਾਂ ਭਾਵ ਧਰਮ ਦੇ ਮਾਰਗ ਤੇ ਕੱਚੇ ਹਾਂ, ਨਾਸਮਝ ਹਾਂ ਭਾਵ ਆਪਣੀ ਕੂੜੀ ਮਤਿ ਪਿੱਛੇ ਲਗਕੇ ਕੂੜੇ ਕਰਮ ਕਰਦੇ ਹਾਂ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਮਾਇਆ ਮੋਹ ਵਿਚ ਫੱਸ ਕੇ ਮਾੜੇ ਕਰਮ ਕਰਦੇ ਹਾਂ ਭਾਵ ਮਨ ਦੇ ਵਿਚ ਅਉਗਣਾਂ ਨੂੰ ਵੱਸਾ ਕੇ ਰੱਖਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਵੱਸਾ ਕੇ ਰੱਖਦੇ ਹਾਂ ਭਾਵ ਹਉਮੈ ਦੁਆਰਾ ਵਿਚਰਦੇ ਹਾਂ ਭਾਵ ਸਾਡੀ ਸੰਸਾਰਿਕ ਵਿਚਰਨ ਮਾੜੀ ਹੁੰਦੀ ਹੈ ਜੋ ਕਿ ਧਰਮ ਦਾ ਮਾਰਗ ਨਹੀਂ ਹੈ। ਗੁਰੂ ਸਾਨੂੰ ਧਰਮ ਦਾ ਮਾਰਗ ਸਮਝਾਉਂਦਾ ਹੈ, ਆਪਣੀ ਮਤਿ ਦੇਣ ਦੁਆਰਾ ਸਮਝਾਉਂਦਾ ਹੈ, ਨਿਰਵਿਰਤਿ ਰੂਪ ਮਤਿ ਦੇਣ ਦੁਆਰਾ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ ਕਿ ਅਸੀਂ ਆਪਣੀ ਕੂੜੀ ਮਤਿ ਨੂੰ ਛਡੀਏ ਭਾਵ ਅਉਗਣਾਂ ਨੂੰ ਛੱਡੀਏ ਤਾਂ ਜੋ ਅਸੀਂ ਧਰਮ ਦੇ ਮਾਰਗ ਤੇ ਚਲ ਸਕੀਏ ਜੋ ਕਿ ਸਾਡੀ ਸੱਚੀ ਸੁਚੀ ਸੰਸਾਰਿਕ ਵਿਚਰਨ ਦਾ ਮਾਰਗ ਹੈ ਜੋ ਵਿਚਰਨ ਅਉਗਣਾਂ ਨੂੰ ਤਿਆਗ ਕੇ ਹੀ ਹੋ ਸਕਦੀ ਹੈ। ਅਸੀਂ ਗੁਰੂ ਦੀ ਮਤਿ ਦਾ ਮਕਸਦ ਜੇਕਰ ਕੇਵਲ ਸ਼ਬਦਾਂ ਨੂੰ ਪੜੀ ਜਾਣ ਦਾ ਹੀ ਸਮਝਿਆ ਹੋਇਆ ਹੈ ਜਾਂ ਸੁਣੀ ਜਾਣ ਦਾ ਹੀ ਸਮਝਿਆ ਹੋਇਆ ਹੈ ਜਾਂ ਕਿਸੇ ਸ਼ਬਦ ਦਾ ਜਪ ਕਰੀ ਜਾਣ ਨੂੰ ਹੀ ਸਮਝਿਆ ਹੋਇਆ ਹੈ ਫਿਰ ਅਸੀਂ ਵੱਡੀ ਭੁੱਲ ਵਿਚ ਹਾਂ। ਸ਼ਬਦ ਹੀ ਨਾਮ ਹੈ ਪਰ ਸ਼ਬਦ ਆਪਣੀ ਵਿਚਾਰ ਦੁਆਰਾ ਨਾਮ ਹੈ। ਸ਼ਬਦ ਦੀ ਵਿਚਾਰ, ਗੁਰੂ ਦੀ ਵਿਚਾਰ ਭਾਵ ਗੁਰੂ ਦੀ ਮਤਿ ਸਾਨੂੰ ਅਉਗਣ ਛੱਡਣ ਲਈ ਸਮਝਾਉਂਦੀ ਹੈ ਤੇ ਸ਼ਬਦ ਦਾ ਸੂਰਮਾ ਉਹ ਹੈ ਜੋ ਸ਼ਬਦ ਦੀ ਮਤਿ ਨੂੰ

37/4450

ਮੰਨਦਾ ਹੈ ਜੋ ਆਪਣੇ ਅੰਦਰੋਂ ਕਾਮ, ਕ੍ਰੋਧ ਆਦਿ ਨੂੰ ਮਾਰਦਾ ਹੈ ਭਾਵ ਅਉਗਣਾਂ ਨੂੰ ਤਿਆਗਦਾ ਹੈ। ਸ਼ਬਦਾਂ ਦਾ ਸੂਰਮਾ ਅਖਵਾਉਣ ਵਾਲੇ ਸਮਾਜ ਵਿਚ ਕਿਹੋ ਜਿਹੇ ਹਨ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਾਰੇ ਪਾਸੇ ਇਹੋ ਜਿਹੇ ਹੀ ਸ਼ਬਦ ਦੇ ਸੂਰਮੇ ਬਣੀ ਬੈਠੇ ਹਨ ਜੋ ਸਮਾਧੀਆਂ ਲਗਾ ਕੇ ਕਿਸੇ ਸ਼ਬਦ ਨੂੰ ਰੱਟੀ ਜਾਂਦੇ ਹਨ ਭਾਵ ਹਰ ਕੋਈ ਕਥਨੀ ਦਾ ਹੀ ਸੂਰਮਾ ਹੈ ਜਦ ਕਿ ਸ਼ਬਦ ਦਾ ਸੂਰਮਾ ਉਹ ਹੈ ਜੋ ਸ਼ਬਦਾਂ ਦੀ ਕਥਨੀ ਨੂੰ ਆਪਣੀ ਕਰਣੀ ਵਿਚ ਬਦਲਦਾ ਹੈ ਭਾਵ ਸ਼ਬਦ ਦੇ ਮਕਸਦ ਨੂੰ, ਗੁਰੂ ਦੇ ਮਕਸਦ ਨੂੰ ਪੂਰਾ ਕਰਦਾ ਹੈ, ਗੁਰਮਤਿ ਦੇ ਮਕਸਦ ਨੂੰ ਪੂਰਾ ਕਰਦਾ ਹੈ। ਭਗਤੀ ਦਾ ਮਾਰਗ, ਧਰਮ ਦਾ ਮਾਰਗ, ਸੱਚ ਦਾ ਮਾਰਗ, ਨਾਮ ਦਾ ਮਾਰਗ ਕਿਸੇ ਦਿਖਾਵੇ ਦਾ ਮਾਰਗ ਨਹੀਂ ਹੈ, ਕਿਸੇ ਸਰੀਰਕ ਜਪਾਂ ਤਪਾਂ ਦਾ ਮਾਰਗ ਨਹੀਂ ਹੈ ਬਲਕਿ ਆਪਣੇ ਜੀਵਨ ਨੂੰ ਅਮਲੀ ਤੌਰ ਤੇ ਸੱਚਾ ਬਨਾਉਣ ਦਾ ਮਾਰਗ ਹੈ। ਪ੍ਰਮਾਤਮਾ ਦੀ ਦਰਗਾਹ ਵਿਚ ਸਾਡੀ ਕਦਰ ਇਹੋ ਜਿਹੇ ਸ਼ਬਦਾਂ ਦੇ ਸੂਰਮੇ ਬਣਨ ਦੁਆਰਾ ਪੈਂਦੀ ਹੈ ਜਿਹੋ ਜਿਹੇ ਸੂਰਮੇ ਬਣਨਾ ਸਾਨੂੰ ਉਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਝੂਠੇ, ਕਥਨੀ ਵਾਲੇ ਸੂਰਮੇ ਅਖਵਾਉਣ ਵਾਲਿਆਂ ਦਾ, ਵੱਡੇ ਵੱਡੇ ਨਾਮ ਜਪੀਏ ਸਮਝਣ ਵਾਲਿਆਂ ਦਾ ਭਾਵ ਅੱਖਰ ਜਪਣ ਵਾਲੇ ਤੇ ਆਪਣੇ ਆਪ ਨੂੰ ਸੂਰਮੇ ਅਖਵਾਉਣ ਵਾਲਿਆਂ ਦਾ ਪ੍ਰਮਾਤਮਾ ਦੀ ਦਰਗਾਹ ਵਿਚ ਹਾਰਨਾ ਤਹਿ ਹੈ, **“ਨਿਹਚਉ”** ਹੈ ਭਾਵ ਉਹਨਾਂ ਦਾ ਹਾਰਨਾ ਪੱਕਾ ਹੈ। (**ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥ ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥**) ਇਹੋ ਜਿਹੇ ਸ਼ਬਦ ਦੇ ਸੂਰਮੇ ਭਾਵ ਅਉਗਣਾਂ ਨੂੰ ਤਿਆਗਣ ਵਾਲੇ ਸੂਰਮੇ ਹੀ ਪ੍ਰਮਾਤਮਾ ਦੇ ਮਹਲ ਵਿਚ ਪਹੁੰਚਦੇ ਹਨ। ਜਿੰਨ੍ਹਾਂ ਦਾ ਪ੍ਰਮਾਤਮਾ ਆਪਣੇ ਸ਼ਬਦ ਦੁਆਰਾ ਸਵਾਰਦਾ ਹੈ ਉਸ ਦਾ ਜੀਵਨ ਅਉਗਣਾਂ ਵਿਚੋਂ ਕੱਢਣ ਦੁਆਰਾ ਹੀ ਸਵਾਰਦਾ ਹੈ ਤੇ ਪ੍ਰਮਾਤਮਾ ਦੇ ਭਗਤ ਇਹੋ ਜਿਹੇ ਹੀ ਹੁੰਦੇ ਹਨ ਜੋ ਉਸ ਨੂੰ ਭਾਉਂਦੇ ਹਨ

ਤੇ ਪ੍ਰਮਾਤਮਾ ਦੇ ਇਹੋ ਜਿਹੇ ਭਗਤ ਨਾਮ ਦੇ ਪਿਆਰ ਵਾਲੇ ਹੁੰਦੇ ਹਨ। ਗੁਰੂ ਪ੍ਰਮਾਤਮਾ ਦੀ ਸੇਵਾ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਭਾਵ ਸ਼ਬਦ ਦੇ ਸੱਚੇ ਸੂਰਮੇ ਬਣਨ ਦੁਆਰਾ ਭਾਵ ਸੱਚੇ ਸੁੱਚੇ ਜੀਵਨ ਵਾਲੇ ਬਣਨ ਦੁਆਰਾ ਹੁੰਦੀ ਹੈ ਭਾਵ ਆਪਣੀ ਹਉ ਛੱਡ ਕੇ, ਹਉਮੈ ਛੱਡ ਕੇ ਹੀ ਹੁੰਦੀ ਹੈ। (**ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥ ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ ਸਤਿਗੁਰੁ ਸੇਵਨਿ ਆਪਣਾ ਤਿਨ੍ਹ੍ਹਾ ਵਿਟਹੁ ਹਉ ਵਾਰਿਆ ॥੫॥**)

37/4451

{ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥}

(ਅੰਗ - ੧੦੨੩)

{ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥
ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥}

(ਅੰਗ - ੧੦੧੯)

{ਜਿਸ ਕਉ ਨਦਰਿ ਕਰੇ ਗੁਰੁ ਪੂਰਾ ॥ ਸਬਦਿ ਮਿਲਾਏ ਗੁਰਮਤਿ ਸੂਰਾ ॥
ਨਾਨਕ ਗੁਰ ਕੇ ਚਰਨ ਸਰੇਵਹੁ ਜਿਨਿ ਭੂਲਾ ਮਾਰਗਿ ਪਾਇਆ ॥੫॥}

(ਅੰਗ - ੧੦੪੩)

{ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ ॥
ਸਾਧਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ ॥॥੨॥੬੭॥੯੦॥}

(ਅੰਗ - ੧੨੨੧)

{ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥}

(ਅੰਗ - ੩੯੨)

{ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥}

(ਅੰਗ - ੧੦੨੦)

ਮੁੱਖ ਸ਼ਬਦ ਦੀ ਪਉੜੀ ਤੋਂ ਪਹਿਲਾਂ ਅਸੀਂ ਦੋ ਸਲੋਕਾਂ ਨੂੰ ਸਮਝਿਆ ਹੈ ਜਿਸ ਰਾਹੀਂ ਸਾਨੂੰ ਮੇਘ ਦਾ ਪ੍ਰਮਾਣ ਦੇਣ ਦੁਆਰਾ **"ਊਂਨਵਿ ਊਂਨਵਿ"** ਮੀਂਹ ਦਾ ਵਰਸਣਾ ਸਮਝਾਇਆ ਹੋਇਆ ਹੈ ਭਾਵ ਬਦਲਾਂ ਦਾ ਹਵਾਲਾ ਦੇ ਕੇ ਭਾਵ ਝੁੱਕੇ ਹੋਏ ਬਦਲਾਂ ਦਾ ਹਵਾਲਾ ਦੇ ਕੇ ਮੀਂਹ ਵਰਸਣਾ ਸਮਝਾਇਆ ਹੋਇਆ ਹੈ ਜੋ ਵੇਖਣ ਵਿੱਚ ਸਾਨੂੰ ਚੰਗੇ ਲਗਦੇ ਹਨ। ਅਸਲ ਮੀਂਹ ਦਾ ਵਰਸਣਾ ਸਾਡੇ ਮਨ ਦੇ ਅੰਦਰ ਦਾ ਹੈ ਜਿਸ ਜਲ ਦੇ ਵਰਸਣ ਨਾਲ ਸਾਨੂੰ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਪੈਂਦੀ ਹੈ। ਇਹ ਮੀਂਹ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਵਰਸਾਉਂਦਾ ਹੈ, ਅੰਮ੍ਰਿਤ ਜਲ ਦੇ ਰੂਪ ਵਿਚ ਵਰਸਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਵਰਸਾਉਂਦਾ ਹੈ ਜਿਸ ਦੁਆਰਾ ਮਨੁੱਖ ਸੱਚੀ ਭਗਤੀ ਦੇ ਮਾਰਗ ਤੇ ਚਲਦਾ ਹੈ। ਇਸੇ ਗੱਲ ਨੂੰ ਅਗਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ।

ਸਲੋਕ ਮਃ ੩ ॥

"ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥ ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥੧॥"

(ਅੰਗ - ੧੨੮੦)

37/4452

ਉਪਰਲੇ ਸਲੋਕ ਰਾਹੀਂ ਉਹਨਾਂ ਦੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ। ਜੋ ਉਸ ਬ੍ਰਹਮ ਗਿਆਨ ਰੂਪ ਪ੍ਰਮਾਤਮਾ ਨੂੰ ਪਾ ਲੈਂਦੇ ਹਨ, ਅੰਮ੍ਰਿਤ ਜਲ ਦੇ ਸਰੋਵਰ ਨੂੰ ਆਪਣੇ ਅੰਦਰੋਂ ਪਾ ਲੈਂਦੇ ਹਨ ਉਹਨਾਂ ਦੇ ਅੰਦਰ ਪ੍ਰਮਾਤਮਾ ਫਿਰ ਅੰਮ੍ਰਿਤ ਜਲ ਵਰਸਾਉਣ ਦੀ ਝੜੀ ਹੀ ਲਗਾਉਂਦਾ ਹੈ ਜਿਵੇਂ ਕਿ ਬਾਹਰ ਬੱਦਲ ਪੂਰੀ ਤਰ੍ਹਾਂ ਝੁੱਕ ਕੇ ਮੀਂਹ ਦੀ ਝੜੀ ਲਗਾਉਂਦੇ ਹਨ। ਸਾਡੇ ਅੰਦਰ ਪ੍ਰਮਾਤਮਾ ਇਹ ਝੜੀ ਅੰਮ੍ਰਿਤ ਧਾਰਾ ਦੇ ਰੂਪ ਵਿੱਚ ਲਗਾਉਂਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਲਗਾਉਂਦਾ ਹੈ ਜਿਸ ਰਾਹੀਂ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਗੁਰਮਤਿ ਰੂਪ ਸੱਚਾ ਗਿਆਨ ਬਖਸ਼ਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਬਖਸ਼ਦਾ ਹੈ, ਨਾਮ ਦੇ ਰੂਪ ਵਿੱਚ ਬਖਸ਼ਦਾ ਹੈ। ਮਨ ਦੀ ਇਹੋ ਜਿਹੀ ਸੋਝੀ ਮਿਲਣ ਦੁਆਰਾ ਮਨ ਦੇ ਵਿੱਚੋਂ ਹੀ ਧਰਮ ਦੇ ਮਾਰਗ ਦੀ ਸੱਚੀ ਸੋਝੀ ਪੈਂਦੀ ਹੈ, ਸਿਵ ਦੇ ਘਰ ਵਿੱਚ ਪਹੁੰਚਕੇ ਪੈਂਦੀ ਹੈ ਜੋ ਮਨੁੱਖ ਨੂੰ ਪਰਵਿਰਤਿ ਵਾਲੀ ਅਵਸਥਾ ਵਿੱਚੋਂ ਕੱਢਕੇ ਨਿਰਵਿਰਤਿ ਵਾਲੀ ਅਵਸਥਾ ਨਾਲ ਜੋੜ ਲੈਂਦੀ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਸੋਝੀ ਦੁਆਰਾ ਹੁੰਦੀ ਹੈ ਜਿਸ ਦੁਆਰਾ ਮਨੁੱਖ ਫਿਰ ਹਰ ਵੇਲੇ ਪ੍ਰਮਾਤਮਾ ਦੇ ਭਾਣੇ ਵਿਚ ਹੀ ਰਹਿੰਦਾ ਹੈ ਭਾਵ ਜੋ ਕੁੱਝ ਵੀ ਕਰਦਾ ਹੈ ਉਹ ਗੁਰੂ ਪ੍ਰਮਾਤਮਾ ਦੇ ਭਾਣੇ ਅਨੁਸਾਰ ਹੀ ਕਰਦਾ ਹੈ, ਗੁਰੂ ਦੇ ਹੁਕਮ ਅਨੁਸਾਰ ਹੀ ਚਲਦਾ ਹੈ। ਮਨੁੱਖ ਦਾ ਅਸਲ ਅਨੰਦ ਮਾਨਣਾ, ਰਲੀਆਂ ਮਾਨਣਾ ਇਹੋ ਹੀ ਹੈ ਕਿ ਉਸ ਨੂੰ ਗੁਰੂ ਦਾ ਭਾਣਾ ਮੰਨਣ ਵਿਚ ਆਨੰਦ ਆਵੇ ਭਾਵ ਮਾਇਆ ਮੋਹ ਛੱਡਣ ਵਿਚ ਦੁਖ ਮਹਿਸੂਸ ਨਾ ਹੋਵੇ। (**ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥ ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥੧॥**)

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ - ੧੦੨)

{ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥ ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ॥
ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ॥ ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ॥
ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ ॥੨॥}

(ਅੰਗ - ੧੨੮੨)

ਇਹ ਜਲ ਸਭ ਦੇ ਅੰਦਰ ਵਰਸ ਰਿਹਾ ਹੈ, ਮਨ

ਦੇ ਗਿਆਨ ਦੇ ਰੂਪ ਵਿੱਚ ਵਰਸ ਰਿਹਾ ਹੈ ਪਰ ਇਸ ਗੱਲ ਦੀ ਸੋਝੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਕਿ ਇਹ ਜਲ ਸਭ ਜਗ੍ਹਾ ਤੇ ਸਭ ਵਿਚ ਕਿਸ ਤਰੀਕੇ ਵਰਸ ਰਿਹਾ ਹੈ ਤੇ ਕੌਣ ਵਰਸਾ ਰਿਹਾ ਹੈ। ਇਹ ਜਲ ਸਾਨੂੰ ਮਨ ਦੇ ਵਿੱਚ ਸੋਝੀ ਪਾਉਣ ਦੇ ਲਈ ਹੀ ਹੈ ਭਾਵ ਗਿਆਨ ਰੂਪ ਵਿੱਚ ਹੈ। ਮਨ ਦੇ ਵਿੱਚ ਵਿਚਾਰ ਹੀ ਉਪਜਦੇ ਹਨ ਤੇ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਇਹ ਜਲ ਵਿਚਾਰਾਂ ਦੇ ਰੂਪ ਵਿਚ ਵਰਸਾ ਰਿਹਾ ਹੈ। ਇਸ ਜਲ ਦੀ ਸੋਝੀ ਚੌਥੇ ਪਦ ਵਿਚ ਹੀ ਪੈਂਦੀ ਹੈ, ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣਕੇ ਹੀ ਪੈਂਦੀ ਹੈ ਤੇ ਤਾਂ ਹੀ ਮਨੁੱਖ ਦੀ ਤਿੱਖ ਬੁਝਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਤਿੱਖ

ਬੁਝਦੀ ਹੈ ਜਦੋਂ ਪ੍ਰਮਾਤਮਾ ਆਪ ਹੀ ਕਿਸੇ ਨੂੰ ਮਨ ਦੇ ਵਿਚ ਆਪਣਾ ਜਲ ਵਰਸਾ ਕੇ ਦਿਖਾਉਂਦਾ ਹੈ ਭਾਵ ਆਪ ਹੀ ਇਸ ਗੱਲ ਦੀ ਸੋਝੀ ਪਾਉਂਦਾ ਹੈ ਕਿ ਸਾਡੇ ਅੰਦਰ ਜਲ ਦਾ ਮੂਲ ਕੀ ਹੈ, ਗਿਆਨ ਦਾ ਮੂਲ ਕੀ ਹੈ, ਸਾਡੇ ਵਿਚਾਰਾਂ ਦਾ ਮੂਲ ਕੀ ਹੈ ਭਾਵ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਜਲ ਦੇ ਰੂਪ ਵਿਚ ਹੈ ਤੇ ਇਸ ਦੀ ਸੋਝੀ ਮਨ ਦੇ ਵਿਚ ਉਸ ਦੇ ਅੰਮ੍ਰਿਤ ਜਲ ਨਾਲ ਜੁੜ ਕੇ ਪੈਂਦੀ ਹੈ, ਉਸ ਦੇ ਅੰਮ੍ਰਿਤ ਸਰੋਵਰ ਨਾਲ ਜੁੜਕੇ ਪੈਂਦੀ ਹੈ ਭਾਵ ਬ੍ਰਹਮ ਗਿਆਨ ਰੂਪ ਸਰੋਵਰ ਨਾਲ ਜੁੜਕੇ ਪੈਂਦੀ ਹੈ ਜਿਸ ਦੇ ਨਾਲ ਉਹ ਸਰੋਵਰ ਦਾ ਮਾਲਕ ਆਪ ਹੀ ਜੋੜਦਾ ਹੈ। (**ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥ ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ ॥ ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ॥ ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ ॥ ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ ॥੨॥**)

ਜਦ ਤੱਕ ਸਾਨੂੰ ਜਲ ਦੇ ਸ੍ਰੋਤ ਦੀ ਸਮਝ ਨਹੀਂ ਆਉਂਦੀ ਭਾਵ ਗਿਆਨ ਦੇ ਸ੍ਰੋਤ ਦੀ ਸਮਝ ਨਹੀਂ ਆਉਂਦੀ ਤਦ ਤੱਕ ਅਸੀਂ ਉਹੋ ਜਿਹਿਆਂ ਦੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ ਜੋ ਸਾਨੂੰ ਆਪਣੀ ਮਤਿ ਦੁਆਰਾ ਆਪਣੇ ਗਿਆਨ ਦੇ ਨਾਲ ਜੋੜਦੇ ਹਨ ਭਾਵ ਸਾਡੇ ਉੱਤੇ ਆਪਣੇ ਵਿਚਾਰਾਂ ਦੀ ਵਰਖਾ ਕਰਦੇ ਹਨ। ਉਹ ਗੁਰੂ ਦੇ ਦੁਆਰੇ ਤੇ ਬਦਲਾਂ ਦੀ ਤਰ੍ਹਾਂ ਝੁੱਕ ਝੁੱਕ ਕੇ ਆਉਂਦੇ ਹਨ ਭਾਵ ਊਂਨਵਿ ਊਂਨਵਿ ਕਰ ਕੇ ਆਉਂਦੇ ਹਨ ਤੇ ਅਸੀਂ ਇਹੋ ਜਿਹਿਆਂ ਦੇ ਵਿਚਾਰਾਂ ਦੀ ਵਰਖਾ ਨਾਲ ਜੁੜ ਜਾਂਦੇ ਹਾਂ ਜਿੰਨ੍ਹਾਂ ਦੇ ਵਿਚਾਰ ਅਸੀਂ ਉੱਚੇ ਕਰਕੇ ਮੰਨਦੇ ਹਾਂ ਤੇ ਉਹਨਾਂ ਦਾ ਉੱਚਾ ਰੁਤਬਾ ਬਣਾਉਂਦੇ ਹਾਂ। ਅਸੀਂ ਇਹੋ ਜਿਹਿਆਂ ਨੂੰ ਗੁਰੂ ਵਰਗਾ ਮਾਣ ਦਿੰਦੇ ਹਾਂ ਭਾਵ ਗਿਆਨੀ, ਸੰਤ ਆਦਿ ਸਮਝਕੇ ਇਹਨਾਂ ਦੇ ਪਿੱਛੇ ਲਗਦੇ ਹਾਂ ਤੇ ਜਦੋਂ ਇਹੋ ਜਿਹੇ ਉੱਚਾ ਰੁਤਬਾ ਮਾਨਣ ਵਾਲੇ ਭਾਵੇਂ ਗੁਰੂ ਦੀ ਹਜੂਰੀ ਵਿਚ ਬੈਠੇ ਹੋਏ ਵੀ ਸਾਡੇ ਸਾਹਮਣੇ ਆਉਂਦੇ ਹਨ ਤੇ ਅਸੀਂ ਉੱਠ ਉੱਠ ਕੇ ਉਹਨਾਂ ਨੂੰ ਦੇਖਦੇ ਹਾਂ ਭਾਵ ਉਹਨਾਂ ਦੇ ਸਤਿਕਾਰ ਲਈ ਉੱਠ ਕੇ ਖਲੋ ਜਾਂਦੇ ਹਾਂ ਤੇ ਇਹੋ ਜਿਹਿਆਂ

ਨੂੰ ਮੱਥੇ ਟੇਕਣ ਵਾਲਿਆਂ ਦੀ ਵੀ ਕਮੀ ਨਹੀਂ ਹੁੰਦੀ। ਜਿਸ ਦੇ ਅੰਦਰ ਮੇਘ ਵਰਸਦੇ ਹਨ ਭਾਵ ਜਿੰਨ੍ਹਾਂ ਨੂੰ ਇਸ ਗੱਲ ਦੀ ਸੋਝੀ ਹੈ ਕਿ ਉੱਚਾ ਰੁਤਬਾ ਕੇਵਲ ਗੁਰੂ ਦਾ ਹੈ ਜਿਸ ਨੂੰ ਮਨ ਦੇ ਵਿਚ ਪ੍ਰਗਟ ਹੋ ਕੇ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੈ ਉਹ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਇਹੋ ਜਿਹੇ ਬਦਲਾਂ ਦੀ ਤਰ੍ਹਾਂ ਝੁੱਕ ਝੁੱਕ ਕੇ ਦਿਖਾਉਣ ਵਾਲੇ, ਆਪਣਾ ਉੱਚਾ ਰੁਤਬਾ ਦਿਖਾਉਣ ਵਾਲੇ ਸੱਚੇ ਨਹੀਂ ਹਨ ਭਾਵ ਉਹਨਾਂ ਦਾ ਰੁਤਬਾ ਸੱਚਾ ਨਹੀਂ ਹੈ ਤੇ ਉਹਨਾਂ ਦੇ ਪਿੱਛੇ ਲੱਗਣ ਵਾਲੇ ਭਰਮ ਵਿਚ ਹੀ ਉਹਨਾਂ ਦਾ ਉੱਚਾ ਰੁਤਬਾ ਸਮਝਦੇ ਹਨ। ਇਹੀ ਗੱਲ ਸਾਨੂੰ ਮੁੱਖ ਸਲੋਕ ਦੇ ਅਗਲੇ ਸਲੋਕ ਰਾਹੀਂ ਤੇ ਪਉੜੀ ਰਾਹੀਂ ਸਮਝਾਈ ਹੋਈ ਹੈ।

ਮਃ ੩ ॥

“ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥ ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥
ਨਾਨਕ ਨਦਰੀ ਬਾਹਰੀ ਸਭ ਕਰਣ ਪਲਾਹ ਕਰੇਇ ॥੨॥”

(ਅੰਗ - ੧੨੮੦)

ਇਸ ਗੱਲ ਵਿਚ ਵੱਡੀ ਸੱਚਾਈ ਹੈ ਕਿ ਅਸੀਂ ਧਰਮ ਦੇ ਮਾਰਗ ਤੇ ਦੇਹ ਧਾਰੀਆਂ ਨੂੰ ਮਾਣ ਦਿੰਦੇ ਹਾਂ। ਸਾਰੇ ਸੰਸਾਰ ਵਿੱਚ ਅਸੀਂ ਕਿਸੇ ਨਾ ਕਿਸੇ ਰੂਪ ਵਿੱਚ ਦੇਹ ਨੂੰ ਹੀ ਉੱਚਾ ਮੰਨਦੇ ਹਾਂ ਭਾਵ ਆਕਾਰ ਰੂਪ ਨੂੰ ਉੱਚਾ ਮੰਨਦੇ ਹਾਂ ਤੇ ਉਹਨਾਂ ਨੂੰ ਉੱਚਾ ਰੁਤਬਾ ਦੇ ਕੇ ਉਹਨਾਂ ਦਾ ਮਾਣ ਕਰਦੇ ਹਾਂ। ਸਿੱਖ ਜਗਤ ਵਿੱਚ ਵੀ ਇਹੋ ਜਿਹਿਆਂ ਦੀ ਕਮੀ ਨਹੀਂ ਹੈ। ਉੱਚਾ ਰੁਤਬਾ ਕੇਵਲ ਗੁਰੂ ਦਾ ਹੈ ਜੋ ਕਿ ਸ਼ਬਦ ਰੂਪ ਹੈ ਭਾਵ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੈ। **{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}** ਅੰਗ ੯੦੪ ਜੇਕਰ ਕੋਈ ਸੰਸਾਰ ਦੇ ਵਿੱਚ ਸ਼ਬਦ ਦੀ ਵਿਚਾਰ ਤੋਂ ਉੱਚੀ ਵਿਚਾਰ ਦੇ ਸਕਦਾ ਹੈ ਫਿਰ ਉਸਦਾ ਰੁਤਬਾ ਗੁਰੂ ਦੇ ਰੁਤਬੇ ਤੋਂ ਉੱਚਾ ਮੰਨਿਆ ਜਾ ਸਕਦਾ ਹੈ ਪਰ ਸ਼ਬਦ ਦੀ ਵਿਚਾਰ ਤੋਂ ਉੱਚੀ ਵਿਚਾਰ ਕੋਈ ਦੇ ਸਕੇ, ਪੂਰੇ ਸੰਸਾਰ ਵਿਚ ਕੋਈ ਦੇ ਸਕੇ ਇਹ ਨਾਮੁਮਕਿਨ ਹੈ। ਸ਼ਬਦ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਕੀ ਕੋਈ ਪ੍ਰਮਾਤਮਾ ਨਾਲੋਂ ਉੱਚੀ ਵਿਚਾਰ ਦੇ ਸਕਦਾ ਹੈ, ਬ੍ਰਹਮ ਗਿਆਨ ਨਾਲੋਂ ਉੱਚੀ ਵਿਚਾਰ ਦੇ ਸਕਦਾ ਹੈ ਭਾਵ ਨਾਮੁਮਕਿਨ ਹੈ। ਧਰਮ ਦੇ ਮਾਰਗ ਤੇ ਸੱਚਾ ਮਾਣ ਕੇਵਲ ਸ਼ਬਦ ਦਾ ਮਾਣ ਹੈ ਭਾਵ ਸ਼ਬਦ ਦੀ ਵਿਚਾਰ ਦਾ ਮਾਣ ਕਰਨਾ ਸੱਚਾ ਮਾਣ ਹੈ ਜਿਸ ਵਿੱਚ

ਪ੍ਰਮਾਤਮਾ ਦਾ ਆਪਣਾ ਮਾਣ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪ ਆਪਣੇ ਆਪ ਨੂੰ ਪ੍ਰਗਟ ਕਰਕੇ, ਸ਼ਬਦ ਰੂਪ ਵਿੱਚ ਭਾਵ ਸ਼ਬਦਾਂ ਦੀ

37/4455

ਵਿਚਾਰ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਉਸ ਸਰੀਰ ਨੂੰ ਫਿਰ ਇਹ ਸਮਝ ਲਗ ਜਾਂਦੀ ਹੈ ਕਿ ਕਿਸੇ ਨੂੰ ਸਰੀਰਕ ਰੂਪ ਵਿੱਚ ਉੱਚਾ ਸਮਝਣਾ ਉਸ ਸਰੀਰ ਦਾ ਸੱਚਾ ਮਾਣ ਨਹੀਂ ਹੈ। ਇਹ ਸਰੀਰ ਕੇਵਲ ਇਸ ਗੱਲ ਕਰਕੇ ਉੱਚਾ ਹੈ ਕਿਉਂਕਿ ਸ਼ਬਦ ਰੂਪ ਆਪਣੇ ਆਪ ਨੂੰ ਕਿਸੇ ਸਰੀਰ ਰਾਹੀਂ ਹੀ ਭਾਵ ਆਕਾਰ ਰਾਹੀਂ ਹੀ ਪ੍ਰਗਟ ਕਰਦਾ ਹੈ ਕਿਉਂਕਿ ਆਪਣੇ ਆਪ ਵਿੱਚ ਸ਼ਬਦ ਰੂਪ ਇੱਕ ਨਿਰਗੁਣ ਰੂਪ ਹੈ ਜਿਸਦਾ ਆਪਣਾ ਕੋਈ ਆਕਾਰ ਨਹੀਂ ਹੈ। ਜਿਸ ਆਕਾਰ ਰੂਪ ਵਿੱਚ ਸ਼ਬਦ ਰੂਪ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਕਾਰ ਰੂਪ ਫਿਰ ਇਸ ਲਈ ਮਾਣਯੋਗ ਬਣ ਜਾਂਦਾ ਹੈ ਕਿਉਂਕਿ ਉਸ ਰਾਹੀਂ ਆਪ ਸ਼ਬਦ ਰੂਪ ਉਸ ਵਿੱਚ ਪ੍ਰਗਟ ਹੁੰਦਾ ਹੈ ਜਿਵੇਂ ਕਿ ਸ਼ਬਦ ਰੂਪ ਨੇ ਆਪਣੇ ਆਪ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਰਾਹੀਂ ਪ੍ਰਗਟ ਕੀਤਾ ਹੈ। **{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥}** ਅੰਗ ੭੪੬ ਇਹੋ ਜਿਹੇ ਸਰੀਰ ਫਿਰ ਆਪਣੇ ਆਪ ਨੂੰ ਉੱਚਾ ਨਹੀਂ ਕਹਿੰਦੇ, ਆਪਣੇ ਆਪ ਨੂੰ ਗੁਰੂ ਨਹੀਂ ਕਹਿੰਦੇ ਬਲਕਿ ਉਹਨਾਂ ਸਰੀਰਾਂ ਰਾਹੀਂ, ਉਹਨਾਂ ਸਰੀਰਾਂ ਦੀ ਜੋਤਿ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਪ੍ਰਮਾਤਮਾ ਆਪ ਹੀ ਆਪਣੇ ਆਪ ਨੂੰ ਗੁਰੂ ਅਖਵਾਉਂਦਾ ਹੈ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

“ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥”

(ਅੰਗ - ੧੪੦੮)

ਬਹੁਤ ਹੀ ਬਰੀਕੀ ਨਾਲ ਸਮਝੋ ਕਿ ਉਪਰਲੀ ਪੰਗਤੀ ਰਾਹੀਂ ਸਾਰੇ ਸੰਸਾਰ ਨੂੰ ਕੀ ਸੁਨੇਹਾ ਦਿੱਤਾ ਹੋਇਆ ਹੈ। ਕੀ ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਗੁਰੂ ਅਖਵਾਇਆ ਹੈ? ਜਵਾਬ ਹੈ ਕਿ ਨਹੀਂ। ਬਾਬੇ ਨਾਨਕ ਨੇ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ ਬਲਕਿ ਪ੍ਰਮਾਤਮਾ ਨੇ ਜੋ ਕਿ ਬਾਬੇ ਨਾਨਕ ਦੇ ਸਰੀਰ ਵਿਚ ਜੋਤਿ ਰੂਪ ਵਿਚ ਹੈ ਉਸਨੇ ਆਪ ਹੀ ਆਪਣੇ ਆਪ ਨੂੰ ਗੁਰੂ ਕਿਹਾ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ ਗੁਰੂ ਕਿਹਾ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ ਬਾਬੇ ਨਾਨਕ ਦੇ ਵਿਚ ਆਪਣੇ ਆਪ ਨੂੰ ਜੋਤਿ ਰਾਹੀਂ ਪ੍ਰਗਟ ਕਰਕੇ ਗੁਰੂ ਨਾਨਕ ਅਖਵਾਇਆ ਹੈ ਭਾਵ ਬਾਬੇ ਨਾਨਕ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਗੁਰੂ ਹੈ। ਇਸੇ ਤਰ੍ਹਾਂ ਉਹਨਾਂ ਸਰੀਰਾਂ ਰਾਹੀਂ ਜਿੱਥੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਭਗਤਾਂ ਦੇ ਸਰੀਰਾਂ ਰਾਹੀਂ ਜਾਂ ਭੱਟ ਸਾਹਿਬਾਨ ਦੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਆਪਣੀ ਜੋਤਿ ਦੇ ਰਾਹੀਂ ਪ੍ਰਗਟ ਕਰਕੇ ਗੁਰਬਾਣੀ ਉਚਾਰੀ ਹੈ, ਸ਼ਬਦਾਂ ਦੀ ਵਿਚਾਰ ਉਚਾਰੀ ਹੈ ਉਹਨਾਂ ਸਰੀਰਾਂ ਰਾਹੀਂ ਪ੍ਰਮਾਤਮਾ ਆਪ ਹੀ ਗੁਰੂ ਹੈ। ਇਸੇ ਲਈ ਉਹ ਹਰ ਸਰੀਰ ਮਾਣਯੋਗ ਹੈ, ਧੰਨਤਾ ਯੋਗ ਹੈ ਭਾਵ ਸੱਚੇ ਮਾਣ ਦੇ ਯੋਗ ਹੈ

37/4456

ਜਿੱਥੇ ਪ੍ਰਮਾਤਮਾ ਸਦਾ ਹੀ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਗਟ ਹੈ। ਇਹੋ ਜਿਹੇ ਸਰੀਰਾਂ ਨੂੰ ਮਾਣ ਦੇਣਾ ਅਸਲ ਵਿੱਚ ਪ੍ਰਮਾਤਮਾ ਨੂੰ ਮਾਣ ਦੇਣਾ ਹੀ ਹੈ ਜਿੰਨ੍ਹਾਂ ਰਾਹੀਂ ਉਹ ਆਪ ਸਦਾ ਹੀ ਪ੍ਰਗਟ ਹੈ, ਪ੍ਰਤੱਖ ਰੂਪ ਵਿੱਚ ਪ੍ਰਗਟ ਹੈ। ਪੂਰੀ ਗੁਰਬਾਣੀ ਆਕਾਰ ਰੂਪ ਵਿੱਚ ਤੇ ਨਿਰੰਕਾਰ ਰੂਪ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਪਰ ਉਸ ਦੇ ਆਕਾਰ ਰੂਪ ਨੂੰ ਉੱਚਾ ਕਰਨ ਵਾਲਾ ਉਸ ਦੇ ਅੰਦਰ ਦਾ ਨਿਰੰਕਾਰ ਰੂਪ ਹੈ ਭਾਵ ਆਕਾਰ ਰੂਪ ਨੂੰ ਮਾਣ ਦੇਣ ਵਾਲਾ ਉਸ ਦੇ ਅੰਦਰ ਦਾ ਨਿਰੰਕਾਰ ਰੂਪ ਹੈ, ਸ਼ਬਦ ਰੂਪ ਹੈ, ਗਿਆਨ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਆਕਾਰ ਰੂਪ ਦਾ ਸੱਚਾ ਮਾਣ ਤਾਂ ਹੀ ਹੁੰਦਾ ਹੈ ਜਦੋਂ ਅਸੀਂ ਉਸ ਦੇ ਅੰਦਰ ਦੇ ਨਿਰੰਕਾਰ ਰੂਪ ਨੂੰ ਮਾਣ ਦਿੰਦੇ ਹਾਂ ਭਾਵ ਉਹਨਾਂ ਦੀ ਗੱਲ ਨੂੰ ਮੰਨਦੇ ਹਾਂ। ਜਿੰਨ੍ਹਾਂ ਨੇ ਗੁਰੂ ਰੂਪ ਬਾਬੇ ਨਾਨਕ ਦੀ ਗੱਲ ਨੂੰ ਉਹਨਾਂ ਦੇ ਜੀਵਨ ਕਾਲ ਵਿਚ ਮੰਨਿਆ ਸੀ ਉਹਨਾਂ ਨੇ ਹੀ ਅਸਲ ਵਿਚ ਪ੍ਰਮਾਤਮਾ ਨੂੰ ਮੰਨਿਆ ਸੀ ਤੇ ਉਹਨਾਂ ਨੂੰ ਹੀ ਲਾਭ ਮਿਲਿਆ ਸੀ ਭਾਵ ਆਕਾਰ ਰੂਪ ਦਾ ਸੱਚਾ ਮਾਣ ਉਦੋਂ ਹੀ ਹੁੰਦਾ ਹੈ ਜਦੋਂ ਅਸੀਂ ਉਸ ਦੇ ਅੰਦਰ ਦੇ ਨਿਰੰਕਾਰ ਰੂਪ ਦਾ ਮਾਣ ਕਰਦੇ ਹਾਂ ਭਾਵ ਸੱਚਾ ਮਾਣ ਨਿਰੰਕਾਰ ਰੂਪ ਦਾ ਹੈ ਤੇ ਆਕਾਰ ਰੂਪ ਆਪਣੇ ਅੰਦਰ ਨਿਰੰਕਾਰ ਰੂਪ ਨੂੰ ਟਿਕਾਉਣ ਦਾ ਇੱਕ ਸਾਧਨ ਹੈ। **{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ**

ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥} ਅੰਗ ੫੯੪ ਆਕਾਰ ਰੂਪ ਨਿਰੰਕਾਰ ਰੂਪ ਦੀ ਆਪਣੀ ਘੜੀ ਹੋਈ ਰਚਨਾ ਹੈ ਤੇ ਨਿਰੰਕਾਰ ਰੂਪ ਆਕਾਰ ਰੂਪ ਦਾ ਮਾਲਕ ਹੈ। ਜਦੋਂ ਅਸੀਂ ਆਕਾਰ ਰੂਪ ਨੂੰ ਉੱਚਾ ਮੰਨ ਲੈਂਦੇ ਹਾਂ ਫਿਰ ਅਸੀਂ ਨਿਰੰਕਾਰ ਰੂਪ ਨਾਲੋਂ ਟੁੱਟ ਜਾਂਦੇ ਹਾਂ, ਸ਼ਬਦ ਰੂਪ ਨਾਲੋਂ ਟੁੱਟ ਜਾਂਦੇ ਹਾਂ। ਆਕਾਰ ਰੂਪ ਮਾਇਆ ਰੂਪ ਹੈ ਤੇ ਆਕਾਰ ਰੂਪ ਨੂੰ ਪੂਜਣਾ ਮਾਇਆ ਨੂੰ ਪੂਜਣਾ ਹੀ ਹੈ। ਨਿਰੰਕਾਰ ਰੂਪ ਸਾਨੂੰ ਆਕਾਰ ਰੂਪ ਦੀ ਬੇਅਦਬੀ ਕਰਨੀ ਨਹੀਂ ਸਿਖਾਉਂਦਾ ਬਲਕਿ ਆਕਾਰ ਰੂਪ ਦਾ ਮਕਸਦ ਸਮਝਾਉਂਦਾ ਹੈ ਜਿਸ ਦਾ ਹੋਣਾ ਵੀ ਜਰੂਰੀ ਹੈ ਜਿਸ ਰਾਹੀਂ ਇਸ ਸੰਸਾਰ ਦੀ ਰਚਨਾ ਹੋਈ ਹੈ। ਅਸੀਂ ਆਪਣੇ ਜੀਵਨ ਨੂੰ ਆਕਾਰ ਰੂਪ ਦੇ ਰਾਹੀਂ ਹੀ ਜਿਉਂਦੇ ਹਾਂ ਤੇ ਇਸ ਆਕਾਰ ਰੂਪ ਨੂੰ ਚਲਾਉਣ ਦਾ ਮਾਰਗ ਸਾਨੂੰ ਨਿਰੰਕਾਰ ਰੂਪ ਹੀ ਸਮਝਾਉਂਦਾ ਹੈ, ਆਕਾਰ ਰੂਪ ਦੀ ਵਿਚਰਨ ਸਾਨੂੰ ਨਿਰੰਕਾਰ ਰੂਪ ਹੀ ਸਮਝਾਉਂਦਾ ਹੈ। ਆਕਾਰ ਰੂਪ ਨੂੰ ਜੋ ਦੁਖ ਤਕਲੀਫ ਆਉਂਦੇ ਹਨ ਉਹਨਾਂ ਨੂੰ ਠੀਕ ਕਰਨ ਦੀ ਸੋਝੀ ਸਾਨੂੰ ਨਿਰੰਕਾਰ ਰੂਪ ਹੀ ਪਾਉਂਦਾ ਹੈ ਭਾਵ ਨਿਰੰਕਾਰ ਰੂਪ ਸਾਨੂੰ ਆਕਾਰ ਰੂਪ

37/4457

ਨੂੰ ਸੁੱਖੀ ਰੱਖਣਾ ਹੀ ਸਿਖਾਉਂਦਾ ਹੈ। ਗੱਲ ਸਾਰੀ ਨਿਰੰਕਾਰ ਰੂਪ ਨੂੰ ਸਮਝਣ ਦੀ ਹੈ ਭਾਵ ਸ਼ਬਦ ਰੂਪ ਨੂੰ ਸਮਝਣ ਦੀ ਹੈ। ਨਿਰੰਕਾਰ ਰੂਪ ਕੋਈ ਆਕਾਰ ਰੂਪ ਦਾ ਬੁਰਾ ਨਹੀਂ ਚਾਹੁੰਦਾ ਬਲਕਿ ਭਲਾ ਚਾਹੁੰਦਾ ਹੈ ਪਰ ਅਸੀਂ ਆਕਾਰ ਰੂਪ ਨੂੰ ਜਦੋਂ ਉੱਚਾ ਸਮਝ ਲੈਂਦੇ ਹਾਂ ਤੇ ਆਕਾਰ ਰੂਪ ਨੂੰ ਪੂਜਣ ਦੁਆਰਾ ਨਿਰੰਕਾਰ ਰੂਪ ਦੇ ਅਦਬ ਨੂੰ ਠੇਸ ਪਹੁੰਚਾਉਂਦੇ ਹਾਂ। ਨਿਰੰਕਾਰ ਰੂਪ ਨੂੰ ਠੇਸ ਪਹੁੰਚਾਉਣੀ ਗੁਰੂ ਪ੍ਰਮਾਤਮਾ ਨੂੰ ਠੇਸ ਪਹੁੰਚਾਉਣੀ ਹੈ।

ਜੋ ਆਪਣੇ ਅੰਦਰ ਦੇ ਸ਼ਬਦ ਰੂਪ ਨੂੰ ਨਹੀਂ ਪਹਿਚਾਣਦੇ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਪਹਿਚਾਣਦੇ ਉਹੀ ਆਪਣੇ ਆਪ ਨੂੰ ਆਕਾਰ ਰੂਪ ਵਿਚ ਉੱਚਾ ਸਮਝਦੇ ਹਨ, ਮਨੁੱਖੀ ਰੂਪ ਨੂੰ ਉੱਚਾ ਸਮਝਦੇ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਦੇ ਹਨ, ਉੱਚੇ ਗਿਆਨੀ, ਵਿਦਵਾਨ, ਸੰਤ, ਬ੍ਰਹਮ ਗਿਆਨੀ ਆਦਿ ਆਪਣੇ ਆਪ ਨੂੰ ਸਮਝਦੇ ਹਨ ਤੇ ਉਹਨਾਂ ਦੇ ਪਿੱਛੇ ਲੱਗਣ ਵਾਲੇ ਵੀ ਉਹਨਾਂ ਦੇ ਆਕਾਰ ਰੂਪ ਨੂੰ ਉੱਚਾ ਮੰਨਦੇ ਹਨ ਭਾਵ ਉਹਨਾਂ ਦੇ ਅੰਦਰ ਦੇ ਨਿਰੰਕਾਰ ਰੂਪ ਦੀ ਕਿਸੇ ਨੂੰ ਸਮਝ ਨਹੀਂ ਹੁੰਦੀ ਭਾਵ ਨਾ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲੇ ਨਿਰੰਕਾਰ ਰੂਪ ਨੂੰ ਸਮਝਦੇ ਹਨ ਤੇ ਨਾ ਇਹੋ ਜਿਹਿਆਂ ਨੂੰ ਉੱਚਾ ਸਮਝਣ ਵਾਲੇ ਨਿਰੰਕਾਰ ਰੂਪ ਨੂੰ ਸਮਝਦੇ ਹਨ। ਨਿਰੰਕਾਰ ਰੂਪ ਨੂੰ ਜਾਨਣ ਵਾਲਾ ਆਪਣੇ ਆਪ ਨੂੰ ਉੱਚਾ ਕਹਿ ਹੀ ਨਹੀਂ ਸਕਦਾ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਆਕਾਰ ਰੂਪ ਨੂੰ ਉੱਚਾ ਨਹੀਂ ਕਿਹਾ ਬਲਕਿ ਆਪਣੇ ਅੰਦਰ ਦੇ ਨਿਰੰਕਾਰ ਰੂਪ ਨੂੰ ਭਾਵ ਜੋਤਿ ਰੂਪ ਨੂੰ, ਸ਼ਬਦ ਰੂਪ ਨੂੰ, ਗਿਆਨ ਰੂਪ ਨੂੰ ਭਾਵ ਸੱਚੇ ਗਿਆਨ ਨੂੰ, ਬ੍ਰਹਮ ਗਿਆਨ ਨੂੰ, ਨਾਮ ਨੂੰ ਉੱਚਾ ਕਿਹਾ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਹੈ ਭਾਵ ਉਹਨਾਂ ਨੇ ਆਪਣੀ ਵਡਿਆਈ ਨਹੀਂ ਕਰਵਾਈ ਬਲਕਿ ਪ੍ਰਮਾਤਮਾ ਦੀ ਵਡਿਆਈ ਕੀਤੀ ਹੈ, ਸ਼ਬਦ ਰੂਪ ਦੀ ਵਡਿਆਈ ਕੀਤੀ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸ਼ਬਦ ਦੀ ਸੱਚੀ ਵਡਿਆਈ ਕੀਤੀ ਹੈ। ਜਿੰਨ੍ਹਾਂ ਦੇ ਅੰਦਰ ਸ਼ਬਦ ਦੀ ਵਿਚਾਰ ਨਹੀਂ ਹੈ ਉੱਥੇ ਨਾਮ ਨਹੀਂ ਹੈ ਭਾਵ ਉੱਥੇ ਹਉਮੈ ਹੈ, ਭਰਮ ਹੈ, ਅਗਿਆਨਤਾ ਹੈ। ਜਦੋਂ ਅਸੀਂ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲਿਆਂ ਦੀ ਭਾਵ ਵੱਡੇ ਵੱਡੇ ਵਿਦਵਾਨ ਅਖਵਾਉਣ ਵਾਲਿਆਂ ਦੀ, ਸੰਤ, ਬ੍ਰਹਮਗਿਆਨੀ ਆਦਿ ਅਖਵਾਉਣ ਵਾਲਿਆਂ ਦੀ ਮਤਿ ਦੀ ਵਡਿਆਈ ਕਰਦੇ ਹਾਂ ਭਾਵ ਉਹਨਾਂ ਦੇ ਬੋਲਾਂ ਨੂੰ ਉੱਚਾ ਮੰਨਦੇ ਹਾਂ ਇਹ ਹਉਮੈ ਦੀ ਵਡਿਆਈ ਹੈ, ਮਨਮਤਿ ਦੀ ਵਡਿਆਈ ਹੈ, ਅਗਿਆਨਤਾ ਦੀ ਵਡਿਆਈ ਹੈ ਜੋ ਵਡਿਆਈ ਕਰਨ ਨਾਲ ਗੁਰੂ ਦੀ ਮਤਿ ਦੀ ਬੇਅਦਬੀ ਹੁੰਦੀ ਹੈ, ਸ਼ਬਦ ਦੇ

37/4458

ਵਿਚਾਰਾਂ ਦੀ ਬੇਅਦਬੀ ਹੁੰਦੀ ਹੈ, ਨਾਮ ਦੀ ਬੇਅਦਬੀ ਹੁੰਦੀ ਹੈ ਭਾਵ ਗੁਰੂ ਪ੍ਰਮਾਤਮਾ ਦੀ ਬੇਅਦਬੀ ਹੁੰਦੀ ਹੈ। ਇਸੇ ਲਈ ਉਪਰ ਸ਼ਬਦ ਰਾਹੀਂ ਸਾਨੂੰ ਉਹੋ ਜਿਹੇ ਉੱਚੇ ਅਖਵਾਉਣ ਵਾਲਿਆਂ ਦਾ ਮਾਣ ਕਰਨ ਤੋਂ ਦੂਰ ਰਹਿਣ ਲਈ ਸਮਝਾਇਆ ਹੋਇਆ ਹੈ ਜੋ ਆਪਣੇ ਆਪ ਨੂੰ ਉੱਚਾ ਥਾਪ ਕੇ ਵੇਖਣ ਨੂੰ ਬਹੁਤ ਚੰਗੇ ਲਗਦੇ ਹਨ, ਮੇਘ ਦੀ ਤਰ੍ਹਾਂ ਜੋ ਝੁੱਕ ਝੁੱਕ ਕੇ ਵਰਖਾ ਕਰਦੇ ਹਨ ਤੇ ਚੰਗੇ ਲਗਦੇ ਹਨ ਤੇ ਅਸੀਂ ਉੱਠ ਉੱਠ ਕੇ ਉਹਨਾਂ ਦੇ ਪਿੱਛੇ ਜਾਂਦੇ ਹਾਂ, ਗੁਰੂ ਦੀ ਹਜੂਰੀ ਵਿਚ ਬੈਠੇ ਹੋਏ ਵੀ ਉਹਨਾਂ ਦਾ ਸਤਿਕਾਰ ਕਰਨ ਲਈ ਉਠ ਕੇ ਉਹਨਾਂ ਦੇ ਪਿਛੇ ਜਾਂਦੇ ਹਾਂ ਇਸ ਤਰੀਕੇ ਅਸੀਂ ਉਹਨਾਂ ਨੂੰ ਝੂਠਾ ਮਾਣ ਦਿੰਦੇ ਹਾਂ, ਉਹਨਾਂ ਦੀ ਹਉਮੈ ਨੂੰ ਮਾਣ ਦਿੰਦੇ ਹਾਂ ਭਾਵ ਉਹਨਾਂ ਦੀ ਅਗਿਆਨਤਾ ਦਾ ਮਾਣ ਕਰਦੇ ਹਾਂ ਕਿਉਂਕਿ ਉਹਨਾਂ ਨੂੰ ਜੇਕਰ ਸ਼ਬਦਾਂ ਦੇ ਵਿਚਾਰਾਂ ਦੀ ਸੋਝੀ ਹੁੰਦੀ ਤਾਂ ਕੋਈ ਵੀ ਝੂਠਾ ਮਾਣ ਨਹੀਂ ਲੈ ਸਕਦਾ। ਸੱਚਾ ਮਾਣ ਨਿਰੰਕਾਰ ਰੂਪ ਦਾ ਹੈ ਜਿਸ ਨੇ ਆਕਾਰ ਰੂਪ ਨੂੰ

ਬਣਾਇਆ ਹੈ, ਜਿਸ ਨੇ ਮੇਘ ਬਣਾਏ ਹਨ, ਆਕਾਰ ਰੂਪ ਬਣਾਏ ਹਨ। ਆਪਣੇ ਅੰਦਰ ਉਸ ਨਿਰੰਕਾਰ ਰੂਪ ਨੂੰ ਵਸਾਉਣਾ ਚਾਹੀਦਾ ਹੈ ਜੋ ਆਕਾਰ ਰੂਪ ਦਾ ਮਾਲਕ ਹੈ ਭਾਵ ਆਕਾਰ ਰੂਪ ਨੂੰ ਅਸੀਂ ਤਾਂ ਹੀ ਉੱਚਾ ਕਰ ਕੇ ਪੂਜਦੇ ਹਾਂ ਜਦੋਂ ਸਾਨੂੰ ਆਕਾਰ ਰੂਪ ਨੂੰ ਬਨਾਉਣ ਵਾਲੇ ਦੀ ਸੋਝੀ ਨਹੀਂ ਹੈ ਜੋ ਕਿ ਨਿਰੰਕਾਰ ਰੂਪ ਵਿਚ ਸਾਡੇ ਅੰਦਰ ਹੀ ਹੈ, ਸੱਚੇ ਗਿਆਨ ਦੇ ਰੂਪ ਵਿਚ ਸਾਡੇ ਅੰਦਰ ਹੀ ਹੈ। ਗੁਰੂ ਦੀ ਸੱਚੀ ਮਤਿ ਨੂੰ ਆਪਣੇ ਅੰਦਰ ਵਸਾਉਣਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਣਾ ਹੈ ਜਿਸ ਦੁਆਰਾ ਸਾਨੂੰ ਆਕਾਰ ਰੂਪ ਦੀ ਸੋਝੀ ਪੈ ਸਕਦੀ ਹੈ ਤੇ ਨਿਰੰਕਾਰ ਰੂਪ ਦੀ ਵਡਿਆਈ ਸਮਝ ਆ ਸਕਦੀ ਹੈ। (**ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥ ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥**)

ਜਿਸ ਦੇ ਅੰਦਰ ਪ੍ਰਮਾਤਮਾ ਵੱਸਦਾ ਹੈ ਉਹ ਸੱਚੀ ਗੁਰਮਤਿ ਦੇ ਰੂਪ ਵਿਚ ਹੀ ਵੱਸਦਾ ਹੈ, ਸ਼ਬਦ ਦੇ ਰੂਪ ਵਿਚ ਹੀ ਵੱਸਦਾ ਹੈ ਤੇ ਕੇਵਲ ਆਪਣੀ ਕਿਰਪਾ ਦੁਆਰਾ ਹੀ ਵੱਸਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਆਕਾਰ ਰੂਪ ਦੇ ਆਪਣੇ ਵੱਸ ਕੁਝ ਵੀ ਨਹੀਂ ਹੈ ਭਾਵ ਸਭ ਕੁਛ ਨਿਰੰਕਾਰ ਦੇ ਵੱਸ ਹੈ,

37/4459

ਸ਼ਬਦ ਦੇ ਵੱਸ ਹੈ, ਬ੍ਰਹਮ ਗਿਆਨ ਦੇ ਵੱਸ ਹੈ। ਆਪਣਾ ਬ੍ਰਹਮ ਗਿਆਨ ਪ੍ਰਮਾਤਮਾ ਉਸ ਦੇ ਅੰਦਰ ਵਸਾਉਂਦਾ ਹੈ ਜਿਸ ਤੇ ਉਹ ਆਪਣੀ ਕਿਰਪਾ ਕਰਦਾ ਹੈ ਤੇ ਆਪਣੇ ਨਿਰੰਕਾਰ ਰੂਪ ਨਾਲ ਜੋੜਦਾ ਹੈ ਤੇ ਉਸ ਦੀ ਇਹੋ ਜਿਹੀ ਕਿਰਪਾ ਹੋਏ ਬਿਨਾ ਹਰ ਕੋਈ ਪ੍ਰਮਾਤਮਾ ਦੇ ਵਿਰਲਾਪ ਵਿਚ ਹੀ ਰਹਿੰਦਾ ਹੈ, ਉਸ ਨੂੰ ਜਾਨਣ ਤੋਂ ਦੂਰ ਹੀ ਰਹਿੰਦਾ ਹੈ, ਉਸ ਦੇ ਵਿਛੋੜੇ ਦੇ ਦੁਖ ਵਿਚ ਹੀ ਰਹਿੰਦਾ ਹੈ। ਆਪਣੇ ਆਪ ਨੂੰ ਵੱਡਾ ਦਿਖਾਉਣਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁਖ ਹੀ ਹੈ। (**ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥ ਨਾਨਕ ਨਦਰੀ ਬਾਹਰੀ ਸਭ ਕਰਣ ਪਲਾਹ ਕਰੇਇ ॥੨॥**)

ਜੋ ਕੁਝ ਅਸੀਂ ਸਲੋਕਾਂ ਰਾਹੀਂ ਪੜਦੇ ਹਾਂ ਉਹਨਾਂ ਦੇ ਅੰਦਰ ਦੀ ਲਿਖਤ ਦੇ ਮਕਸਦ ਨੂੰ ਪਉੜੀ ਰਾਹੀਂ ਸਪਸ਼ਟ ਕੀਤਾ ਹੁੰਦਾ ਹੈ ਤਾਂ ਜੋ ਅਸੀਂ ਸਲੋਕਾਂ ਵਿਚ ਲਿਖੀ ਹੋਈ ਗੱਲ ਨੂੰ ਸਮਝਣ ਵਿਚ ਕਿਸੇ ਭਰਮ ਵਿਚ ਨਾ ਰਹਿ ਜਾਈਏ। ਉਪਰ ਸਲੋਕਾਂ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਅਸਲ ਉੱਚਾ ਰੁਤਬਾ ਗੁਰੂ ਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਪਰ ਗੁਰੂ ਦੀ ਤਰ੍ਹਾਂ ਬਲਕਿ ਗੁਰੂ ਤੋਂ ਵੀ ਉੱਚਾ ਰੁਤਬਾ ਦਿਖਾਉਣ ਵਾਲੇ ਅਨੇਕਾਂ ਹੀ ਹਨ ਭਾਵ ਸੰਤ, ਬ੍ਰਹਮਗਿਆਨੀ, ਮਹਾ ਬ੍ਰਹਮਗਿਆਨੀ ਆਦਿ ਅਖਵਾਉਣ ਵਾਲੇ ਅਨੇਕਾਂ ਹੀ ਹਨ ਜਿੰਨ੍ਹਾਂ ਪਿੱਛੇ ਅਸੀਂ ਭੱਜ ਭੱਜ ਕੇ ਜਾਂਦੇ ਹਾਂ, ਗੁਰੂ ਦੀ ਹਜੂਰੀ ਨੂੰ ਵੀ ਛੱਡ ਕੇ ਚਲੇ ਜਾਂਦੇ ਹਾਂ ਭਾਵ ਗੁਰੂ ਦੀ ਹਜੂਰੀ ਦੀ ਪਰਵਾਹ ਨਹੀਂ ਕਰਦੇ ਤੇ ਉਹਨਾਂ ਦੇ ਪਿੱਛੇ ਦੌੜਦੇ ਹਾਂ। ਅਸੀਂ ਇਸ ਗੱਲ ਨੂੰ ਮਹੱਤਵ ਦਿੰਦੇ ਹਾਂ ਕਿ ਇਹੋ ਜਿਹੇ ਉੱਚਾ ਅਖਵਾਉਣ ਵਾਲਿਆਂ ਦੀ ਸਾਡੇ ਉੱਤੇ ਨਜਰ ਪੈ ਜਾਵੇ ਜਿਸ ਨਾਲ ਸਾਡਾ ਜੀਵਨ ਸਫਲ ਹੋ ਜਾਵੇ ਭਾਵ ਇਹਨਾਂ ਦੀਆਂ ਨਜਰਾਂ ਨੂੰ ਅਸੀਂ ਗੁਰੂ ਦੀਆਂ ਨਜਰਾਂ ਨਾਲੋਂ ਵੀ ਉੱਚਾ ਸਮਝਦੇ ਹਾਂ। ਪਉੜੀ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਸਾਡਾ ਸੱਚਾ ਬੇਲੀ ਗੁਰੂ ਹੈ ਜੋ ਕਿ ਆਪ ਪ੍ਰਮਾਤਮਾ ਦਾ ਰੂਪ ਹੀ ਹੈ ਤੇ ਗੁਰੂ ਨੂੰ ਛੱਡ ਕੇ ਕਿਸੇ ਮਨੁੱਖ ਨੂੰ ਪੂਜਣਾ ਸਾਨੂੰ ਸਜਾਵਾਂ ਵਿਚ ਹੀ ਪਾਉਂਦਾ ਹੈ ਭਾਵ ਸਾਨੂੰ ਕੇਵਲ ਗੁਰੂ ਦੀ ਮਤਿ ਦੇ ਪਿੱਛੇ ਲੱਗਣਾ ਚਾਹੀਦਾ ਹੈ ਜਿਸ ਨੇ ਸਾਨੂੰ ਲੇਖੇ ਵਿਚੋਂ ਛੁਡਵਾਉਣਾ ਹੈ। ਜਿਹੜੇ ਆਪ ਲੇਖੇ ਵਿਚ ਹਨ ਉਹਨਾਂ ਨੇ ਕਿਸੇ ਨੂੰ ਕੀ ਛੁਡਾਉਣਾ ਹੈ।

ਪਉੜੀ ॥

“ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ ॥
ਆਡਾਣੇ ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰ ॥
ਆਪੇ ਜਗਤੁ ਉਪਾਇ ਕੈ ਕੁਦਰਤਿ ਕਰੇ ਵੀਚਾਰ ॥
ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥
ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥
ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥
ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥”

(ਅੰਗ ੧੨੮੦-੧੨੮੧)

ਇੱਕ ਗੱਲ ਹੁਣ ਤਕ ਸਭ ਨੂੰ ਸਪਸ਼ਟ ਹੋ ਚੁੱਕੀ ਹੋਵੇਗੀ ਕਿ ਗੁਰੂ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ ਹੈ ਭਾਵ ਪ੍ਰਮਾਤਮਾ ਆਪ ਹੀ ਗੁਰੂ ਹੈ।

37/4460

ਲੇਖ ਦੀ ਸ਼ੁਰੂਆਤ ਵਿਚ ਅਸੀਂ ਸਭ ਤੋਂ ਪਹਿਲੇ ਗੁਰੂ ਤੇ ਪ੍ਰਮਾਤਮਾ ਦਾ ਰਿਸ਼ਤਾ ਹੀ ਸਮਝਿਆ ਸੀ ਕਿ ਦੋਨੋਂ ਇੱਕ ਹੀ ਹਨ ਭਾਵ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਨਿਰਗੁਣ ਰੂਪ ਵਿਚ ਭਾਵ ਨਿਰੰਕਾਰ ਰੂਪ ਵਿੱਚ ਗੁਰੂ ਹੈ। ਉਪਰ ਪਉੜੀ ਰਾਹੀਂ ਸਾਨੂੰ ਗੁਰੂ ਦੀ ਮਹਿਮਾ ਹੀ ਸਮਝਾਈ ਹੋਈ ਹੈ। ਪਹਿਲੇ ਮਹਿਮਾ ਪ੍ਰਮਾਤਮਾ ਦੀ ਸਮਝਾਈ ਹੈ ਫਿਰ ਉਹੀ ਮਹਿਮਾ ਗੁਰੂ ਦੀ ਮਹਿਮਾ ਦੇ ਰੂਪ ਵਿਚ ਸਮਝਾਈ ਹੈ। ਗੁਰੂ ਦੀ ਮਹਿਮਾ ਸਮਝਾਉਣ ਦਾ ਮਕਸਦ ਵੀ ਨਾਲ ਹੀ ਸਮਝਾਇਆ ਹੋਇਆ ਹੈ। ਗੁਰੂ ਦੀ ਮਹਿਮਾ ਗੁਰਮੁਖਿ ਰੂਪ ਵਿੱਚ ਹੈ ਤੇ ਜੋ ਗੁਰੂ ਦੇ ਗੁਰਮੁਖਿ ਰੂਪ ਨਾਲ ਨਹੀਂ ਜੁੜਦਾ ਭਾਵ ਜੋ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜਦਾ ਉਹ ਮਨਮੁਖਿ ਹੈ ਭਾਵ ਮਨਮਤਿ ਨਾਲ ਜੁੜਿਆ ਰਹਿੰਦਾ ਹੈ। ਸਾਨੂੰ ਲੇਖੇ ਵਿਚੋਂ ਕੇਵਲ ਗੁਰੂ ਛੁੜਾ ਸਕਦਾ ਹੈ ਭਾਵ ਕੇਵਲ ਗੁਰੂ ਦੀ ਮਤਿ ਛੁੜਾ ਸਕਦੀ ਹੈ ਤੇ ਕਿਸੇ ਮਨੁੱਖੀ ਮਤਿ ਦੇ ਪਿੱਛੇ ਲੱਗ ਕੇ ਜਿੰਨ੍ਹਾਂ ਦੀ ਮਤਿ ਨੂੰ ਅਸੀਂ ਭਰਮ ਵਿਚ ਹੀ ਉੱਚੀ ਸਮਝ ਬੈਠਦੇ ਹਾਂ ਉਹਨਾਂ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਲੇਖੇ ਵਿਚੋਂ ਨਹੀਂ ਛੁੱਟ ਸਕਦੇ ਭਾਵ ਸਜਾਵਾਂ ਤੋਂ ਨਹੀਂ ਬੱਚ ਸਕਦੇ।

ਪਉੜੀ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੀ ਸੇਵਾ ਵਿਚ ਲੱਗਣ ਲਈ ਸਮਝਾਇਆ ਹੋਇਆ ਹੈ ਭਾਵ ਗੁਰੂ ਦੀ ਸੇਵਾ ਜਾਂ ਪ੍ਰਮਾਤਮਾ ਦੀ ਸੇਵਾ ਇੱਕੋ ਹੀ ਗੱਲ ਹੈ। ਗੁਰੂ ਦੀ ਸੇਵਾ ਜਾਂ ਪ੍ਰਮਾਤਮਾ ਦੀ ਸੇਵਾ ਸ਼ਬਦ ਦੀ ਵਿਚਾਰ ਹੈ ਭਾਵ

ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ ਜੋ ਉਸਨੇ ਆਪਣੇ ਗੁਰੂ ਰੂਪ ਰਾਹੀਂ ਦਿੱਤੀ ਹੈ ਭਾਵ ਸਮਝਾਈ ਹੈ, ਪੂਰੀ ਗੁਰਬਾਣੀ ਰਾਹੀਂ ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਈ ਹੈ। (**ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ॥7॥**) ਅੰਗ 223 (**ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ ਗੁਰ ਕਾ ਸਬਦੁ ਸਹਜਿ ਵੀਚਾਰੁ ॥**) ਅੰਗ 364 **{ਮੇਰੇ ਮਨ ਸਤਿਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥}** ਅੰਗ ੫੦ ਭਗਤੀ ਦੇ ਮਾਰਗ ਦੇ ਨਾਲ ਜੁੜਨ ਦਾ ਮਕਸਦ, ਗੁਰੂ ਦੀ ਸੇਵਾ ਦੇ ਨਾਲ ਜੁੜਨ ਦਾ ਮਕਸਦ ਤਾਂ ਸਾਡਾ ਇਹੋ ਹੀ ਹੁੰਦਾ ਹੈ ਕਿ ਅਸੀਂ ਪ੍ਰਮਾਤਮਾ ਨੂੰ ਖੁਸ਼ ਕਰ ਸਕੀਏ ਤੇ ਅੱਗੇ ਦੇ ਲੇਖੇ ਤੋਂ ਬੱਚ ਸਕੀਏ, ਸਜਾਵਾਂ ਤੋਂ ਬੱਚ ਸਕੀਏ। ਲੇਖੇ ਤੋਂ ਤਾਂ ਹੀ ਬਚਾਂਗੇ ਜਦੋਂ ਉਸ ਦੀ ਸੇਵਾ ਕਰਾਂਗੇ ਜਿਸ ਨੇ ਸਾਨੂੰ ਲੇਖੇ ਤੋਂ ਬਚਾਉਣਾ ਹੈ। ਜਿਸ ਪ੍ਰਮਾਤਮਾ ਨੇ ਇਤਨਾ ਵੱਡਾ ਪਸਾਰਾ ਬਣਾਇਆ ਹੈ, ਜੋ ਸਾਰੀ ਰਚਨਾ ਕਰਨ ਵਾਲਾ ਹੈ, ਜੋ ਇੱਕ ਘੜੀ ਵਿਚ ਸਭ ਕੁਝ ਕਰ ਸਕਦਾ ਹੈ ਤੇ ਆਪਣੀ ਕੁਦਰਤ ਬਣਾਕੇ ਆਪ ਹੀ ਉਸ ਨੂੰ ਚਲਾ ਰਿਹਾ ਹੈ ਕੀ ਉਸ ਦੀ ਦਿੱਤੀ ਹੋਈ ਮਤਿ ਨੂੰ ਛੱਡ ਕੇ ਜਿਸ ਨੇ ਆਪ ਹੀ ਆਪਣਾ ਗੁਰੂ ਰੂਪ ਧਾਰਨ ਕਰਨ ਦੁਆਰਾ

ਮਤਿ ਦਿੱਤੀ ਹੈ, ਸ਼ਬਦਾਂ ਦੀ ਵਿਚਾਰ ਦਿੱਤੀ ਹੈ, ਕਿਸੇ ਹੋਰ ਦੀ ਮਤਿ ਦੇ ਪਿੱਛੇ ਲੱਗ ਕੇ ਭਾਵ ਕਿਸੇ ਮਨਮੁਖਿ ਦੀ ਮਤਿ ਦੇ ਪਿੱਛੇ ਲੱਗ ਕੇ ਕੀ ਅਸੀਂ ਲੇਖੇ ਤੋਂ ਬੱਚ ਸਕਦੇ ਹਾਂ ਭਾਵ ਨਹੀਂ ਬੱਚ ਸਕਦੇ। ਲੇਖੇ ਤੋਂ ਅਸੀਂ ਕੇਵਲ ਗੁਰਮੁਖਿ ਦੀ ਮਤਿ ਦੇ ਪਿੱਛੇ ਲੱਗ ਕੇ ਬੱਚ ਸਕਦੇ ਹਾਂ ਭਾਵ ਕੇਵਲ ਗੁਰੂ ਦੀ ਮਤਿ ਪਿੱਛੇ ਲੱਗ ਕੇ ਹੀ ਲੇਖੇ ਤੋਂ ਛੁੱਟ ਸਕਦੇ ਹਾਂ। ਪ੍ਰਮਾਤਮਾ ਦੀ ਸਿਫਤ, ਉਸ ਦੀ ਸੇਵਾ ਕੇਵਲ ਗੁਰੂ ਦੀ ਮਤਿ ਪਿੱਛੇ ਲੱਗ ਕੇ ਹੀ ਕੀਤੀ ਜਾ ਸਕਦੀ ਹੈ ਜਿਸ ਮਤਿ ਦੇ ਕੋਲ ਪ੍ਰਮਾਤਮਾ ਦੀ ਸਿਫਤਾਂ ਦੇ ਭੰਡਾਰ ਹਨ ਜੋ ਸਿਫਤਾਂ ਦੇ ਭੰਡਾਰ ਪ੍ਰਮਾਤਮਾ ਨੇ ਆਪ ਹੀ ਦਿੱਤੇ ਹੋਏ ਹਨ ਜਿਸ ਨੇ ਸਾਰੀ ਸ੍ਰਿਸ਼ਟੀ ਰਚੀ ਹੈ, ਗੁਰਬਾਣੀ ਰਚੀ ਹੈ, ਸੱਚੇ ਧਰਮ ਗ੍ਰੰਥ ਰਚੇ ਹਨ। ਕੇਵਲ ਉਸਦੀ ਮਤਿ ਪਿੱਛੇ ਲੱਗ ਕੇ ਹੀ ਅਸੀਂ ਆਪਣਾ ਅੱਗਾ ਸਵਾਰ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਦਰ ਤੇ ਪਹੁੰਚਣ ਲਈ ਆਪਣੀ ਮਤਿ ਨੂੰ ਸਵਾਰ ਸਕਦੇ ਹਾਂ ਕਿਉਂਕਿ ਪ੍ਰਮਾਤਮਾ ਦੇ ਦਰ ਤੇ ਜਾਣ ਲਈ ਅਸੀਂ ਆਪਣੀ ਮਨਮਤਿ ਵਾਲੀ ਸਮਝ ਤੋਂ ਅੱਗੇ ਵੱਧਣਾ ਹੈ ਭਾਵ ਗੁਰਮਤਿ ਵਾਲੀ ਸਮਝ ਨੂੰ ਅਪਨਾਉਣਾ ਹੈ ਜਿਸਨੇ ਸਾਨੂੰ ਮਨਮਤਿ ਤੋਂ ਅੱਗੇ ਵਧਾਉਣਾ ਹੈ ਭਾਵ ਗੁਰਮਤਿ ਵਾਲੀ ਸਮਝ ਤੱਕ ਪਹੁੰਚਾਣਾ ਹੈ ਜਿਸ ਸਮਝ ਵਿੱਚ ਪ੍ਰਮਾਤਮਾ ਆਪ ਵੱਸਦਾ ਹੈ ਤੇ ਪੂਰੀ ਗੁਰਬਾਣੀ ਵਿੱਚ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਗੁਰਮਤਿ ਰੂਪ ਸੱਚੀ ਸਮਝ ਦੇ ਰੂਪ ਵਿੱਚ ਹੀ ਹੈ। ਜਿੱਥੇ ਗੁਰੂ ਦੀ ਮਤਿ ਨਹੀਂ ਹੈ ਉਹ ਮਨਮੁਖਿ ਹੈ ਤੇ ਮਨਮੁਖਾਂ ਦੀ ਮਤਿ ਪਿੱਛੇ ਲੱਗਣਾ ਵੀ ਸਾਡੀ ਮਨਮੁਖਤਾ ਹੈ ਜਿਸ ਮਤਿ ਪਿਛੇ ਲਗ ਕੇ ਕੋਈ ਲੇਖੇ ਤੋਂ ਨਹੀਂ ਛੁੱਟ ਸਕਦਾ। (**ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ ॥ ਆਡਾਣੇ ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰ ॥ ਆਪੇ ਜਗਤੁ ਉਪਾਇ ਕੈ ਕੁਦਰਤਿ ਕਰੇ ਵੀਚਾਰ ॥ ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥ ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥**)

{ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥}

(ਅੰਗ - ੪੬੨)

ਪਉੜੀ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕਿਸ ਗੱਲ ਲਈ ਸੁਚੇਤ ਕੀਤਾ ਹੋਇਆ ਹੈ।

“ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥ ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥

ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥”

ਜਦ ਤੱਕ ਅਸੀਂ ਮਨਮਤਿ ਨਾਲ ਜੁੜੇ ਹੋਏ ਹਾਂ ਤਦ ਤੱਕ ਨਾ ਹੀ ਕੋਈ ਲੇਖੇ ਵਿਚੋਂ ਨਿਕਲ ਸਕਦਾ ਹੈ ਤੇ ਨਾ ਹੀ ਕੋਈ ਸਜਾਵਾਂ ਤੋਂ ਬੱਚ ਸਕਦਾ ਹੈ। ਸਜਾਵਾਂ ਸਾਨੂੰ ਅਉਗਣਾਂ ਦੀਆਂ ਹੀ ਮਿਲਦੀਆਂ ਹਨ ਤੇ ਜੋ ਵੀ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਹ ਸਾਡਾ ਅਉਗਣ ਹੈ। ਗੁਰੂ ਤੋਂ ਬਿਨਾ ਭਾਵ ਗੁਰੂ ਦੀ ਸਿਖਿਆ ਤੋਂ ਬਿਨਾ ਕਿਸੇ ਹੋਰ ਨੂੰ ਉੱਚਾ ਥਾਪਣਾ, ਕਿਸੇ ਸਰੀਰ ਨੂੰ ਉੱਚਾ ਥਾਪਣਾ ਜਾਂ ਕਿਸੇ ਦੀ ਸਿੱਖਿਆ ਨੂੰ ਉੱਚਾ ਥਾਪਣਾ ਸਾਡਾ ਅਉਗਣ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਅਸੀਂ ਮਨਮਤਿ ਨਾਲ ਭਰਿਆਂ ਹੋਇਆਂ ਨੂੰ

ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ ਕਿ ਇਹ ਸਾਡੀ ਪ੍ਰਮਾਤਮਾ ਦੇ ਦਰਬਾਰ ਵਿਚ ਰਾਖੀ ਕਰਣਗੇ, ਸਾਡੀ ਸਹਾਇਤਾ ਕਰਨਗੇ, ਇਹ ਸਾਡਾ ਭਰਮ ਹੈ। ਪ੍ਰਮਾਤਮਾ ਦੇ ਦਰ ਤੱਕ ਕਿਸੇ ਦਾ ਹੱਥ ਨਹੀਂ ਪਹੁੰਚਦਾ ਭਾਵ ਗੁਰੂ ਤੋਂ ਬਿਨਾ ਕੋਈ ਪ੍ਰਮਾਤਮਾ ਨੂੰ ਨਹੀਂ ਜਾਣਦਾ ਭਾਵ ਪ੍ਰਮਾਤਮਾ ਨੂੰ ਕੇਵਲ ਉਹੀ ਜਾਣਦਾ ਹੈ ਜੋ ਉਸ ਦੇ ਨਿਰੰਕਾਰ ਰੂਪ ਨੂੰ ਜਾਣਦਾ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਜਿਸ ਨੂੰ ਪਤਾ ਹੈ ਕਿ ਗੁਰੂ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ। ਜਿੱਥੇ ਸਾਡਾ ਲੇਖਾ ਹੋਣਾ ਹੈ ਉੱਥੇ ਸਾਨੂੰ ਗੁਰੂ ਤੋਂ ਬਿਨਾ ਹੋਰ ਕੋਈ ਨਹੀਂ ਛੁੜਾ ਸਕਦਾ ਭਾਵ ਸਾਡਾ ਬੇਲੀ ਕੇਵਲ ਗੁਰੂ ਹੈ ਭਾਵ ਆਪ ਪ੍ਰਮਾਤਮਾ ਹੈ ਜੋ ਸਾਨੂੰ ਅਗਿਆਨਤਾ ਦੇ ਸਾਗਰ ਵਿਚੋਂ ਕੱਢ ਕੇ ਲੇਖੇ ਵਿਚੋਂ ਕੱਢ ਸਕਦਾ ਹੈ ਜਿਸ ਕਰਕੇ ਫਿਰ ਸਾਨੂੰ ਮਨ ਦੀ ਸਮਝ ਦੀਆਂ ਜੂਨਾਂ ਵਿਚ ਨਹੀਂ ਪੈਣਾ ਪੈਂਦਾ ਭਾਵ ਸਾਡਾ ਇਹ ਮਨੁੱਖਾ ਜੀਵਨ ਸਫਲ ਹੋ ਜਾਂਦਾ ਹੈ, ਆਖਰੀ ਜੀਵਨ ਬਣ ਜਾਂਦਾ ਹੈ ਜਿਸ ਤੋਂ ਬਾਅਦ ਫਿਰ ਆਵਾਗਉਣ ਦਾ ਚੱਕਰ ਮੁੱਕ ਜਾਂਦਾ ਹੈ। ਇਹ ਜੂਨਾਂ ਕੀ ਹਨ ਜਿਨ੍ਹਾਂ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੈ ਇਸ ਗੱਲ ਨੂੰ ਲੇਖ ਵਿੱਚ ਅੱਗੇ ਚੱਲ ਕੇ ਬਾਰੀਕੀ ਨਾਲ ਸਮਝਾਂਗੇ ਜਦੋਂ ਇਸ ਗੱਲ ਤੇ ਵਿਸ਼ਵਾਸ ਆ ਜਾਵੇਗਾ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ ਫਿਰ ਜੂਨਾਂ ਵਿੱਚ ਪੈਣਾ ਕੀ ਹੋਇਆ ਇਹ ਸਭ ਮਨ ਦਾ ਭਰਮ ਹੀ ਹੈ। ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਨੂੰ ਇਹ ਸਭ ਕੁਝ ਬਾਰੀਕੀ ਨਾਲ ਸਮਝਾਇਆ ਹੋਇਆ ਹੈ ਕਿ ਸਾਰੀ ਗੱਲ ਸ਼ਬਦਾਂ ਦੇ ਅੰਦਰ ਦੀ ਅਸਲ ਵਿਚਾਰ ਨੂੰ ਸਮਝਣ ਦੀ ਹੀ ਹੈ ਜੋ ਸ਼ਬਦਾਂ ਦੀ ਅਸਲ ਵਿਚਾਰ ਸ੍ਰਿਸ਼ਟੀ ਦਾ ਕਰਤਾ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਕਿਸੇ ਨੂੰ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਆਪਣਾ ਆਪ ਸਭ ਕੁੱਝ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਸਮਝਾਇਆ ਹੈ ਜੋ ਸਭ ਕੁੱਝ ਆਪ ਹੀ ਹੈ ਤੇ ਉਸਨੇ ਆਪ ਹੀ ਮਨ ਦੀ ਸਮਝ ਰਾਹੀਂ ਸਭ ਨੂੰ ਭਰਮਾਂ ਵਿੱਚ ਰੱਖਿਆ ਹੋਇਆ ਹੈ ਜਿਸ ਭਰਮ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਮਨੁੱਖ ਦਾ ਆਵਾਗਉਣ ਕੀ ਹੈ ਤੇ ਆਪਣਾ ਆਵਾਗਉਣ ਸਮਝਣਾ ਕੇਵਲ ਮਨ ਦਾ ਭਰਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। **{ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ ॥}** ਅੰਗ ੪੪੧ **{ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥ ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥੧੫॥}** ਅੰਗ ੧੨੪੩ **{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ॥ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥ ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ॥ ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥ ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥ ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥ ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}** ਅੰਗ ੭੩੨ **{ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥ ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥ ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥ ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥ ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥ ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥}** ਅੰਗ ੭੬੯ **{ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥ ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰ ਬਾਰ ॥੧॥}** ਅੰਗ ੧੨੨੩ (**ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥ ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥**)

ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਇਹ ਜੀਵਨ ਸਫਲ ਹੋ ਜਾਵੇ ਤਾਂ ਫਿਰ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਕੇਵਲ ਗੁਰੂ ਨੂੰ ਆਪਣਾ ਬੇਲੀ ਸਮਝੀਏ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਗੁਰੂ ਨੂੰ ਛੱਡ ਕੇ ਕਿਸੇ ਹੋਰ ਦੇ ਪਿੱਛੇ ਨਾ ਲੱਗੀਏ, ਕਿਸੇ ਹੋਰ ਦੀ ਸੇਵਾ ਵਿੱਚ ਨਾ ਲਗੀਏ ਭਾਵ ਸੰਤ ਆਦਿ ਅਖਵਾਉਣ ਵਾਲਿਆਂ ਦੀ ਸੇਵਾ ਵਿਚ ਨਾ ਲੱਗੀਏ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠ ਜਾਂਦੇ ਹਨ। ਇਹੀ ਗੱਲ ਸਾਨੂੰ ਪਉੜੀ ਦੀ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥”

ਉਪਰ ਪੰਗਤੀ ਰਾਹੀਂ ਸਾਰੇ ਸੰਸਾਰ ਦੇ ਜੰਤਾਂ ਲਈ ਭਾਵ ਸਾਰੀ ਮਨੁੱਖਤਾ ਲਈ ਸੇਵਾ ਕਰਨ ਦਾ ਤਰੀਕਾ ਇੱਕੋ ਜਿਹਾ ਹੀ ਸਮਝਾਇਆ ਹੈ। ਕੇਵਲ ਗੁਰੂ ਦੀ ਸੇਵਾ ਨੂੰ ਹੀ ਸੱਚੀ ਸੇਵਾ ਦੱਸਿਆ ਹੈ। ਫਰਕ ਕੇਵਲ ਗੁਰੂ ਨੂੰ ਸਮਝਣ ਵਿਚ ਹੈ। ਗੁਰੂ ਸਾਰੇ ਸੰਸਾਰ ਦਾ ਇਕੋ ਹੀ ਹੈ ਜੋ ਕਿ ਪ੍ਰਮਾਤਮਾ ਆਪ ਹੈ। ਹਰ ਧਰਮ ਗ੍ਰੰਥ ਰਾਹੀਂ ਸਿਖਿਆ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ

ਤੇ ਸੱਚੀ

37/4463

ਸਿੱਖਿਆ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਗੁਰੂ ਹੈ, ਜੁਗਾਂ ਜੁਗਾਂ ਤੋਂ ਆਪ ਹੀ ਗੁਰੂ ਹੈ ਤੇ ਸਦਾ ਲਈ ਉਸ ਨੇ ਆਪ ਹੀ ਗੁਰੂ ਰਹਿਣਾ ਹੈ ਕਿਉਂਕਿ ਗਿਆਨ ਦਾ ਸ੍ਰੋਤ ਉਹ ਇੱਕੋ ਇੱਕ ਆਪ ਹੀ ਹੈ। ਉਸ ਗਿਆਨ ਦੇ ਸ੍ਰੋਤ ਨਾਲ ਜੁੜੇ ਬਿਨਾ ਹਰ ਕੋਈ ਭਰਮ ਵਿੱਚ ਹੀ ਹੈ। ਪ੍ਰਮਾਤਮਾ ਤੋਂ ਬਿਨਾ ਕਿਸੇ ਹੋਰ ਨੂੰ ਗੁਰੂ ਸਮਝਣਾ ਜਾਂ ਭਗਤੀ ਦੀ ਸਿੱਖਿਆ ਦਾ ਵਿਦਵਾਨ ਸਮਝਣਾ ਸਾਡਾ ਭਰਮ ਹੀ ਹੈ। ਗੁਰੂ ਦੀ ਸੱਚੀ ਸੇਵਾ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਸਾਡੀ ਸੁਕ੍ਰਿਤ ਕਰਨੀ ਦਾ ਮਾਰਗ ਹੈ ਭਾਵ ਆਪਣੀ ਮਤਿ ਤਿਆਗ ਕੇ ਗੁਰੂ ਦੀ ਵਿਚਾਰ ਤੇ ਚੱਲਣ ਦਾ ਮਾਰਗ ਹੈ। ਇਹੋ ਜਿਹੀ ਸੇਵਾ ਤੋਂ ਬਿਨਾ ਅਸੀਂ ਜੋ ਸੇਵਾ ਦੇ ਦੂਸਰੇ ਮਾਰਗ ਸਮਝੇ ਹੋਏ ਹਨ ਭਾਵ ਉਹਨਾਂ ਮਨੁੱਖਾਂ ਦੀ ਸੇਵਾ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ ਜਾਂ ਮੂਰਤੀਆਂ ਦੀ ਸੇਵਾ ਕਰੀ ਜਾਣਾ ਆਦਿ ਅਸਲ ਸੇਵਾ ਨਹੀਂ ਹੈ ਜਿਹੋ ਜਿਹੀ ਸੇਵਾ ਦੁਆਰਾ ਸਾਡਾ ਕਦੇ ਆਵਾਗਉਣ ਤੋਂ ਛੁਟਕਾਰਾ ਨਹੀਂ ਹੋ ਸਕਦਾ ਭਾਵ ਲੇਖੇ ਤੋਂ ਕਦੇ ਛੁਟਕਾਰਾ ਨਹੀਂ ਹੋ ਸਕਦਾ। ਗੁਰੂ ਦੀ ਸੇਵਾ ਸੱਚੀ ਸੇਵਾ ਇਸੇ ਲਈ ਹੈ ਕਿ ਗੁਰੂ ਦੇ ਅੰਦਰ ਆਪ ਪ੍ਰਮਾਤਮਾ ਹੈ ਭਾਵ ਗੁਰੂ ਦੀ ਮਤਿ ਦੇ ਅੰਦਰ ਆਪ ਪ੍ਰਮਾਤਮਾ ਹੈ। ਗੁਰੂ ਦੀ ਸੇਵਾ ਅਉਗਣਾਂ ਨੂੰ ਤਿਆਗਣ ਦੁਆਰਾ ਹੀ ਹੁੰਦੀ ਹੈ ਭਾਵ ਸੱਚ ਨਾਲ ਵਿਚਰਨ ਦੁਆਰਾ ਹੀ ਹੁੰਦੀ ਹੈ ਜਿਸ ਰਾਹੀਂ ਅਸੀਂ ਕਿਸੇ ਵੀ ਮਨੁੱਖ ਦਾ ਮਾੜਾ ਨਹੀਂ ਕਰਦੇ ਭਾਵ ਸਭ ਦੇ ਭਲੇ ਲਈ ਹੀ ਵਿਚਰਦੇ ਹਾਂ। ਇਹੀ ਸਾਰੇ ਸੰਸਾਰ ਦੇ ਲਈ ਧਰਮ ਦਾ ਮਾਰਗ ਹੈ, ਨਾਮ ਜਪਣ ਦਾ ਮਾਰਗ ਹੈ, ਭਗਤੀ ਦਾ ਮਾਰਗ ਹੈ। ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਥਾਪ ਕੇ ਆਪਣੀ ਸੇਵਾ ਕਰਵਾਉਣਾ ਤੇ ਉਸ ਨੂੰ ਭਗਤੀ ਦਾ ਮਾਰਗ ਸਮਝਾਉਣਾ ਕੇਵਲ ਚਤੁਰਾਈ ਹੈ, ਭਗਤੀ ਦਾ ਦਿਖਾਵਾ ਹੈ ਜਿਸ ਵਿਚ ਗੁਰਮਤਿ ਦੀ ਸੇਵਾ ਨਹੀਂ ਬਲਕਿ ਮਨਮਤਿ ਦੀ ਸੇਵਾ ਹੈ, ਸੱਚ ਦੀ ਸੇਵਾ ਨਹੀਂ ਬਲਕਿ ਭਰਮ ਦੀ ਸੇਵਾ ਹੈ, ਨਾਮ ਦੀ ਸੇਵਾ ਨਹੀਂ ਬਲਕਿ ਹਉਮੈ ਦੀ ਸੇਵਾ ਹੈ, ਗੁਣਾਂ ਦੀ ਸੇਵਾ ਨਹੀਂ ਬਲਕਿ ਅਉਗਣਾਂ ਦੀ ਸੇਵਾ ਹੈ। ਗੁਣਾਂ ਦੀ ਪੂਜਾ ਹੀ ਗੁਰੂ ਦੀ ਸੇਵਾ ਹੈ। (**ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥**)

{ਸੇਵ ਕੀਤੀ ਸੰਤੋਖੀਣੀ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

{ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥ ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥੪॥}

(ਅੰਗ - ੨੭)

37/4464

{ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥}

(ਅੰਗ - ੩੧)

{ਮਨ ਰੇ ਦੂਜਾ ਭਾਉ ਚੁਕਾਇ ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥}

(ਅੰਗ - ੩੩)

{ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥ ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥
ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥
ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥}

(ਅੰਗ ੩੩-੩੪)

{ਮੇਰੇ ਮਨ ਸਤਿਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥}

(ਅੰਗ - ੫੦)

{ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥}

(ਅੰਗ - ੬੧)

{ਭਾਈ ਰੇ ਦਾਸਨਿ ਦਾਸਾ ਹੋਇ ॥ ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥}

(ਅੰਗ - ੬੬)

{ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ ॥
ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ ॥੧੦॥}

(ਅੰਗ - ੮੬)

{ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ ॥
ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥}

(ਅੰਗ - ੮੮)

{ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥
ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥}

(ਅੰਗ - ੧੦੧)

{ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥}

(ਅੰਗ - ੮੮)

{ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥
ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥ ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ ॥
ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ ॥੨॥}

(ਅੰਗ - ੯੦)

37/4465

{ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥}

(ਅੰਗ - ੧੦੮)

{ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥}

(ਅੰਗ - ੧੬੧)

{ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ - ੧੬੧)

{ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥}

(ਅੰਗ - ੧੬੩)

{ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥}

(ਅੰਗ - ੧੭੬)

{ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ - ੪੫)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ - ੨੨੩)

{ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥}

(ਅੰਗ - ੨੨੪)

{ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ ਬਿਆਧਿ ਤਿਆਗੈ ਕਵਰੇ ॥ ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥}

(ਅੰਗ - ੨੨੫)

{ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥}

(ਅੰਗ - ੨੨੭)

{ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥}

(ਅੰਗ - ੨੨੭)

{ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥੪॥}

(ਅੰਗ - ੨੨੮)

{ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥}

(ਅੰਗ - ੨੨੯)

37/4466

{ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥}

(ਅੰਗ - ੨੩੩)

{ਗੁਰ ਸੇਵਾ ਤੇ ਨਾਮੇ ਲਾਗਾ ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥}

(ਅੰਗ - ੨੩੬)

{ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ ॥ ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ ॥੮॥੧੨॥}

(ਅੰਗ - ੨੪੧)

{ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥}

(ਅੰਗ - ੨੪੪)

{ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਣਿ ਪਿਆਰੇ ॥੪॥੧॥}

(ਅੰਗ - ੨੪੪)

{ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥}

(ਅੰਗ ੨੮੬-੨੮੭)

{ਮਨ ਰੇ ਹਉਮੈ ਛੋਡਿ ਗੁਮਾਨੁ ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥}

(ਅੰਗ - ੨੧)

{ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹ ਮਾਨੁ ॥੨॥}

(ਅੰਗ - ੨੬)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥
ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥}

(ਅੰਗ - ੨੬)

{ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥
ਸਤਿਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥}

(ਅੰਗ - ੨੯)

{ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥}

(ਅੰਗ - ੩੧)

{ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥ ਸਤਿਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ॥
ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ ॥੧॥}

(ਅੰਗ - ੩੨)

37/4467

{ਜਿਨੀ ਪੁਰਖੀ ਸਤਿਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥
ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ ॥
ਸਤਿਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ ॥
ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ ॥੧॥}

(ਅੰਗ - ੩੪)

ਜਿੰਨ੍ਹਾਂ ਨੂੰ ਪ੍ਰਮਾਤਮਾ ਦੀ ਸੇਵਾ ਦੀ ਸਮਝ ਹੈ, ਭਗਤੀ ਦੀ ਸਮਝ ਹੈ, ਨਾਮ ਦੀ ਸਮਝ ਹੈ ਉਹਨਾਂ ਨੂੰ ਇਸ ਗੱਲ ਦੀ ਵੀ ਸਮਝ ਹੁੰਦੀ ਹੈ ਕਿ ਇਹੋ ਜਿਹੀ ਅਵਸਥਾ ਮਨੁੱਖ ਦੀ ਉਦੋਂ ਹੀ ਬਣਦੀ ਹੈ ਜਦੋਂ ਉਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਆਪ ਹੀ ਆਪਣਾ ਸੇਵਕ ਰੂਪ ਹੈ, ਨਾਮ ਜਪਣ ਵਾਲਾ ਰੂਪ ਹੈ, ਭਗਤ ਰੂਪ ਹੈ ਭਾਵ ਭਗਤੀ ਕਰਨ ਵਾਲਾ ਰੂਪ ਹੈ। ਜਦ ਤਕ ਕਿਸੇ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤਕ ਹਰ ਕੋਈ ਆਪਣੇ ਆਪ ਨੂੰ ਇੱਕ ਮਨੁੱਖ ਹੀ ਸਮਝਦਾ ਹੈ ਜਿਸ ਰਾਹੀਂ ਉਹ ਭਗਤੀ ਦਾ ਦਿਖਾਵਾ ਹੀ ਕਰਦਾ ਹੈ, ਨਾਮ ਵਾਲਾ ਅਖਵਾਉਣ ਦਾ ਦਿਖਾਵਾ ਹੀ ਕਰਦਾ ਹੈ, ਸੇਵਕ ਅਖਵਾਉਣ ਦਾ ਦਿਖਾਵਾ ਹੀ ਕਰਦਾ ਹੈ ਭਾਵ ਹਰ ਕੋਈ ਭਰਮ ਵਿਚ ਹੀ ਹੈ ਕਿ ਉਹ ਪ੍ਰਮਾਤਮਾ ਦੀ ਭਗਤੀ ਵਿਚ ਲੱਗਾ ਹੋਇਆ ਹੈ, ਨਾਮ ਜਪਣ ਲੱਗਾ ਹੋਇਆ ਹੈ। ਆਪਣੇ ਇਹਨਾਂ ਦਿਖਾਵਿਆਂ ਨਾਲ ਹਰ ਕੋਈ ਆਪਣਾ ਮਾਣ ਹੀ ਉੱਚਾ ਕਰਦਾ ਹੈ, ਦੁਨਿਆਵੀ ਵਡਿਆਈਆਂ ਲੈਂਦਾ ਹੈ ਜੋ ਕਿ ਝੂਠੀਆਂ ਵਡਿਆਈਆਂ ਹਨ। ਪਿਛਲੇ ਸ਼ਬਦ ਰਾਹੀਂ ਅਸੀਂ ਇਹੀ ਗੱਲ ਸਮਝੀ ਹੈ ਕਿ ਭਗਤੀ ਦਾ ਦਿਖਾਵਾ ਦੁਨੀਆ ਦੀਆਂ ਨਜਰਾਂ ਵਿਚ ਭਾਵੇਂ ਉੱਚਾ ਕਰਦਾ ਹੈ ਪਰ ਪ੍ਰਮਾਤਮਾ ਦੀਆਂ ਨਜਰਾਂ ਵਿਚ ਅਸੀਂ ਆਪਣੇ ਦਿਖਾਵਿਆਂ ਦੁਆਰਾ ਨੀਵੇਂ ਹੀ ਹੁੰਦੇ ਹਾਂ। ਮਨੁੱਖ ਦੀ ਸੱਚੀ ਸੁੱਚੀ ਕਰਨੀ ਤੋਂ ਬਿਨਾ ਸਭ ਕੁਝ ਭਗਤੀ ਦਾ ਪਾਖੰਡ ਹੀ ਹੈ ਤੇ ਭਗਤੀ ਦੀ ਸਮਝ ਮਨ ਦੇ ਵਿਚ **"ਸਚੁ"** ਵੱਸਣ ਦੁਆਰਾ ਸਮਝ ਆਉਂਦੀ ਹੈ ਭਾਵ ਪ੍ਰਮਾਤਮਾ ਦੇ ਵੱਸਣ ਦੁਆਰਾ ਸਮਝ ਆਉਂਦੀ ਹੈ ਜੋ ਸਾਡੇ ਅੰਦਰ ਵੱਸਦਾ ਹੀ ਸੱਚੀ ਭਗਤੀ ਦੀ ਸੋਝੀ ਦੇ ਰੂਪ ਵਿਚ ਹੈ, ਸੱਚੀ ਭਗਤੀ ਦੇ ਗਿਆਨ ਦੇ ਰੂਪ ਵਿਚ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ।

"ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥"

(ਅੰਗ - ੧੩੪੩)

ਜਦ ਤਕ ਸਾਨੂੰ ਹਰ ਕਿਸੇ ਦੇ ਅੰਦਰ, ਹਰ ਵਸਤੂ ਦੇ

37/4468

ਅੰਦਰ ਪ੍ਰਮਾਤਮਾ ਦਾ ਨਿਰੰਕਾਰ ਰੂਪ ਨਜਰ ਨਹੀਂ ਆਉਂਦਾ ਭਾਵ ਜਦ ਤਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਤਦ ਤਕ ਸਾਡੇ ਅੰਦਰ ਸੱਚ ਨਹੀਂ ਹੈ। ਮਨ ਦੇ ਰੂਪ ਵਿਚ ਆਪ ਪ੍ਰਮਾਤਮਾ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ। ਅੰਦਰ ਸੱਚ ਵੱਸਣ ਦੇ ਨਾਲ ਫਿਰ ਸਭ ਵਿਚ ਸੱਚ ਹੀ ਨਜਰ ਆਉਂਦਾ ਹੈ, ਸਭ ਪਾਸੇ ਸੱਚ ਹੀ ਨਜਰ

ਆਉਂਦਾ ਹੈ। ਜਦ ਤਕ ਸਾਡੇ ਅੰਦਰ ਸੱਚ ਨਹੀਂ ਵੱਸਦਾ ਤਦ ਤਕ ਸਾਡੇ ਅੰਦਰ ਭਰਮ ਹੈ। ਭਰਮ ਸੱਚ ਦਾ ਦੂਸਰਾ ਪਾਸਾ ਹੈ ਜਿਸ ਦੇ ਰਹਿੰਦਿਆਂ ਸਾਨੂੰ ਕਦੇ ਇਸ ਗੱਲ ਦੀ ਸਮਝ ਨਹੀਂ ਲੱਗ ਸਕਦੀ ਕਿ ਮਨੁੱਖ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਮਨ ਦੇ ਅੰਦਰ ਸੱਚ ਵੱਸਣ ਦੁਆਰਾ ਹੀ ਮਨੁੱਖ ਭਰਮ ਤੋਂ ਮੁਕਤ ਹੁੰਦਾ ਹੈ ਤੇ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਮਨੁੱਖ ਨੂੰ ਹਰ ਭਰਮ ਤੋਂ ਮੁਕਤ ਕਰਦਾ ਹੈ। ਮਨੁੱਖ ਦਾ ਸਭ ਤੋਂ ਵੱਡਾ ਭਰਮ ਆਪਣੇ ਆਪ ਨੂੰ ਇੱਕ ਮਨੁੱਖ ਸਮਝਣਾ ਹੈ ਭਾਵ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਣਾ ਹੈ ਜਿਸ ਵਿਚ ਸੱਚ ਨਹੀਂ ਹੈ ਭਾਵ ਝੂਠ ਹੈ। ਜਿਸ ਗੱਲ ਵਿਚ ਭਰਮ ਹੈ ਉਥੇ ਝੂਠ ਹੈ। ਪ੍ਰਮਾਤਮਾ ਤੋਂ ਬਿਨਾ ਕੋਈ ਵੀ ਹੋਰ ਹੋਂਦ ਸਮਝਣਾ ਝੂਠ ਹੈ, ਭਰਮ ਹੈ। ਮਨ ਦੇ ਵਿਚ ਭਰਮ ਵਾਲੀ ਬਿਰਤੀ ਰਹਿੰਦੇ ਹੋਏ, ਅਗਿਆਨਤਾ ਵਾਲੀ ਬਿਰਤੀ ਰਹਿੰਦੇ ਹੋਏ ਅਸੀਂ ਧਰਮ ਦੇ ਮਾਰਗ ਦੇ ਸੱਚ ਨੂੰ ਨਹੀਂ ਸਮਝ ਸਕਦੇ, ਸ਼ਬਦਾਂ ਦੀ ਵਿਚਾਰ ਦੁਆਰਾ ਸਮਝਾਏ ਹੋਏ ਸੱਚ ਨੂੰ ਨਹੀਂ ਸਮਝ ਸਕਦੇ ਤੇ ਇਸੇ ਲਈ ਮਨ ਦੇ ਭਰਮ ਵਿਚ ਰਹਿੰਦੇ ਹੋਏ ਅਸੀਂ ਆਪਣੀ ਆਪਣੀ ਮਤਿ ਦੁਆਰਾ ਧਰਮ ਦੇ ਮਾਰਗ ਬਣਾਏ ਹੋਏ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿੰਨ੍ਹਾਂ ਅੰਦਰ ਸੱਚ ਨਹੀਂ ਹੈ। ਭਗਤੀ ਦੇ ਮਾਰਗ ਦਾ ਇੱਕੋ ਇੱਕ ਸੱਚ ਸਾਡੀ ਚੰਗੀ ਕਰਣੀ ਹੈ, ਸੱਚੀ ਸੁੱਚੀ ਕਿਰਤ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ ਜੋ ਸਾਰੇ ਸੰਸਾਰ ਲਈ ਇਕੋ ਜਿਹੀ ਹੀ ਹੈ ਤੇ ਇਸ ਤੋਂ ਇਲਾਵਾ ਜੋ ਵੀ ਅਸੀਂ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਉਹ ਕੇਵਲ ਪਾਖੰਡ ਹੈ ਭਾਵ ਸਾਡੇ ਅੰਦਰ ਦੇ ਭਰਮ ਦਾ ਨਤੀਜਾ ਹੈ, ਸਾਡੇ ਅੰਦਰ ਸੱਚ ਦੇ ਨਾ ਵੱਸਣ ਦਾ ਨਤੀਜਾ ਹੈ ਭਾਵ ਸੱਚਾ ਗਿਆਨ ਨਾ ਹੋਣ ਦਾ ਨਤੀਜਾ ਹੈ ਜਿਹੋ ਜਿਹੀ ਭਗਤੀ ਦੁਆਰਾ ਪ੍ਰਮਾਤਮਾ ਤਾਂ ਪ੍ਰਸੰਨ ਨਹੀਂ ਹੁੰਦਾ ਪਰ ਅਸੀਂ ਆਪਣੀ ਵਿਅਰਥ ਵਿਚ ਹੀ ਖੁਆਰੀ ਕਰੀ ਜਾਂਦੇ ਹਾਂ। (**ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥**)

37/4469

“ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥
ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥”

(ਅੰਗ - ੨੮)

ਸਾਡੇ ਕੋਲੋਂ ਭਗਤੀ ਦੇ ਪਾਖੰਡ ਕਰਾਉਣ ਵਾਲੀ, ਸਾਨੂੰ ਖੁਆਰ ਕਰਨ ਵਾਲੀ ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਸਾਡੇ ਅੰਦਰ ਦਾ ਭਰਮ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਮਨ ਦੀ ਦੁਬਿਧਾ ਵਿਚੋਂ ਸਾਨੂੰ ਸ਼ਬਦ ਦੇ ਵਿਚਾਰ ਹੀ ਕੱਢਦੇ ਹਨ ਭਾਵ ਬਿਬੇਕ ਵਿਚਾਰ ਹੀ ਕੱਢਦੇ ਹਨ। ਪ੍ਰਮਾਤਮਾ **“ਬਿਬੇਕ ਬੀਚਾਰੁ”** ਦੇ ਰੂਪ ਵਿਚ ਹੀ ਆਪ ਗੁਰੂ ਹੈ ਜਿਵੇਂ ਕਿ ਅਸੀਂ ਪਿਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਬਿਬੇਕ ਬਿਚਾਰ ਚਉਥੇ ਪਦ ਦਾ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਮਨ ਦੀ ਦੁਬਿਧਾ ਵਿਚੋਂ ਕੱਢਣ ਦਾ ਹੀ ਹੈ ਭਾਵ ਭਗਤੀ ਦਾ ਸਹੀ ਮਾਰਗ ਸਮਝਾਉਣ ਦਾ ਹੀ ਹੈ। ਪੂਰੀ ਗੁਰਬਾਣੀ ਵਿੱਚ **“ਬਿਬੇਕ ਬੀਚਾਰੁ”** ਹਨ ਭਾਵ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹਨ ਜਿੰਨ੍ਹਾਂ ਅੰਦਰ ਪੂਰਨ ਸੱਚ ਹੈ ਜੋ ਭਰਮ ਤੋਂ ਪੂਰੀ ਤਰ੍ਹਾਂ ਮੁਕਤ ਹਨ। ਸਾਨੂੰ ਭਗਤੀ ਦਾ ਸਹੀ ਮਾਰਗ ਗੁਰੂ ਦੇ ਵਿਚਾਰ ਹੀ ਸਮਝਾ ਸਕਦੇ ਹਨ ਪਰ ਅਸੀਂ ਭਗਤੀ ਦਾ ਮਾਰਗ ਉਹਨਾਂ ਕੋਲੋਂ ਸਿੱਖਿਆ ਹੋਇਆ ਹੈ ਜੋ ਆਪ ਦੁੱਬਿਧਾ ਵਿੱਚ ਰਹੇ ਹਨ ਤੇ ਉਹਨਾਂ ਨੇ ਦੂਸਰਿਆਂ ਨੂੰ ਦੁੱਬਿਧਾ ਵਿਚ ਹੀ ਪਾਇਆ ਹੈ। ਉਹ ਆਪ ਸੰਸਾਰ ਤੋਂ ਖੁਆਰ ਹੋ ਕੇ ਗਏ ਹਨ ਤੇ ਉਹਨਾਂ ਦੀ ਮਤਿ ਦੇ ਪਿੱਛੇ ਲੱਗ ਕੇ ਹਰ ਕੋਈ ਆਪਣੇ ਆਪ ਨੂੰ ਖੁਆਰ ਹੀ ਕਰ ਰਿਹਾ ਹੈ। ਪ੍ਰਮਾਤਮਾ ਦਾ ਜਨ ਬਿਬੇਕ ਬੀਚਾਰ ਵਾਲਾ ਹੁੰਦਾ ਹੈ ਤੇ ਇਸੇ ਲਈ ਉਹ ਸੰਸਾਰ ਤੋਂ ਵੱਖਰੀ ਗੱਲ ਸਮਝਾਉਂਦਾ ਹੈ ਭਾਵ ਉਹਨਾਂ ਦੀ ਦਿੱਤੀ ਹੋਈ ਵਿਚਾਰ ਦੂਸਰਿਆਂ ਦੇ ਵਿਚਾਰਾਂ ਨਾਲ ਨਹੀਂ ਰਲਦੀ ਜੋ ਦੁਬਿਧਾ ਵਿਚ ਹੈ। ਮਨ ਦੀ ਦੁਬਿਧਾ ਵਾਲੀ ਬਿਰਤੀ ਵਿਚ ਤੇ ਬਿਬੇਕ ਬਿਚਾਰ ਵਾਲੀ ਬਿਰਤੀ ਵਿਚ ਮਨ ਦੀ ਸਮਝ ਦਾ ਹੀ ਫਰਕ ਹੈ, ਮਨ ਦੀ ਸੋਝੀ ਦਾ ਹੀ ਫਰਕ ਹੈ

37/4470

ਭਾਵ ਮਨ ਦੇ ਗਿਆਨ ਦਾ ਹੀ ਫਰਕ ਹੈ। ਦੁਬਿਧਾ ਵਿਚ ਭਰਮ ਹੈ ਤੇ ਬਿਬੇਕ ਬੀਚਾਰ ਵਾਲੀ ਸੋਝੀ ਦੁਬਿਧਾ ਤੋਂ ਰਹਿਤ ਹੈ। ਗੁਰੂ ਦੇ ਵਿੱਚ ਤੇ ਆਮ ਮਨੁੱਖ ਦੇ ਵਿਚ ਮਨ ਦੀ ਸੋਝੀ ਦਾ ਹੀ ਫਰਕ ਹੈ, ਮਨ ਦੇ ਗਿਆਨ ਦਾ ਹੀ ਫਰਕ ਹੈ। ਗੁਰੂ ਆਪਣੀ

ਸੋਝੀ ਕਰਕੇ ਹੀ ਉੱਚਾ ਹੈ, ਆਪਣੇ ਸੱਚੇ ਗਿਆਨ ਕਰਕੇ ਹੀ ਉੱਚਾ ਹੈ, ਬ੍ਰਹਮ ਗਿਆਨ ਕਰਕੇ ਹੀ ਉੱਚਾ ਹੈ, ਨਾਮ ਕਰਕੇ ਹੀ ਉੱਚਾ ਹੈ। ਇਸੇ ਲਈ ਸਬਦਾਂ ਦੀ ਵਿਚਾਰ ਭਾਵ ਗੁਰੂ ਦੀ ਵਿਚਾਰ ਸਭ ਤੋਂ ਉੱਚੀ ਵਿਚਾਰ ਹੈ, ਬਿਬੇਕ ਬਿਚਾਰ ਹੈ ਕਿਉਂਕਿ ਉਹ ਬਿਚਾਰ ਮਨ ਦੇ ਵਿਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਰਾਹੀਂ ਉਹ ਮਨੁੱਖ ਨੂੰ ਹਰ ਭਰਮ ਵਿਚੋਂ ਕੱਢ ਲੈਂਦਾ ਹੈ। (**ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥ ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥**)

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੭-੨੩੮)

{ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥
ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥}

(ਅੰਗ - ੫੫)

ਬਿਨਾ ਸੱਚ ਨੂੰ ਸਮਝੇ ਭਾਵ ਬਿਨਾ ਸ਼ਬਦ ਦੀ ਵਿਚਾਰ ਨੂੰ ਸਮਝੇ ਸਾਡੀ ਸਭ ਭਗਤੀ ਪਾਖੰਡ ਹੈ ਜਿਸ ਭਗਤੀ ਦੁਆਰਾ ਪ੍ਰਮਾਤਮਾ ਨੂੰ ਕੋਈ ਨਹੀਂ ਪਾ ਸਕਦਾ ਤੇ ਨਾ ਹੀ ਕਦੇ ਕਿਸੇ ਨੇ ਪਾਇਆ ਹੈ ਪਰ ਫਿਰ ਵੀ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਕਿ ਉਹਨਾਂ ਨੇ ਆਪਣੇ ਸਰੀਰਕ ਜਪਾਂ ਤਪਾਂ ਦੁਆਰਾ ਪ੍ਰਮਾਤਮਾ ਨੂੰ ਪਾਇਆ ਹੈ ਜੋ ਕਿ ਕੇਵਲ ਉਹਨਾਂ ਦਾ ਭਰਮ ਹੈ। ਪ੍ਰਮਾਤਮਾ ਤਾਂ ਹੈ ਹੀ ਸਾਡੇ ਅੰਦਰ ਸੱਚ ਦੇ ਰੂਪ ਵਿੱਚ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ, ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ। ਪਾਖੰਡ ਰੂਪ ਭਗਤੀ ਕਰਨ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀਆਂ ਕੇਵਲ ਗੱਲਾਂ ਕਰਨੀਆਂ ਵੀ ਪਾਖੰਡ ਹੈ। ਇਸ ਗੱਲ ਨੂੰ

37/4471

ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥
ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥
ਸਤਿਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥
ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥
ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥”

(ਅੰਗ - ੮੮)

ਜਿਵੇਂ ਕਿ ਅਸੀਂ ਬਾਰ ਬਾਰ ਸਮਝਦੇ ਆ ਰਹੇ ਹਾਂ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਕਹਾਉਣਾ ਸਾਡਾ ਭਰਮ ਹੈ, ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਸਾਡੇ ਅੰਦਰ ਦਾ **“ਕਪਟੁ”** ਹੈ ਭਾਵ ਮਾਇਆ ਦਾ ਛਲ ਹੈ, ਮਾਇਆ ਦੀ ਛਲ ਵਾਲੀ ਜੁਗਤ ਹੈ ਜਿਸ ਨੇ ਸਭ ਨੂੰ ਸਾਡੇ ਅੰਦਰ ਦੀ ਹਕੀਕਤ ਨੂੰ ਭਾਵ ਇਸ ਮਨ ਨੂੰ ਸਮਝਣ ਤੋਂ ਦੂਰ ਰਖਿਆ ਹੋਇਆ ਹੈ, ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਤੋਂ, ਪ੍ਰਮਾਤਮਾ ਦੇ **“ਸਚੁ ਰੂਪ”** ਨੂੰ ਸਮਝਣ ਤੋਂ ਦੂਰ ਰਖਿਆ ਹੋਇਆ ਹੈ। ਜਦ ਤਕ ਸਾਨੂੰ ਆਪਣੇ ਅੰਦਰ ਦੇ ਇਸ **“ਕਪਟੁ”** ਦੀ ਸਮਝ ਨਹੀਂ ਪੈਂਦੀ ਸਾਨੂੰ ਕਦੇ ਨਹੀਂ ਸਮਝ ਲਗ ਸਕਦੀ ਕਿ ਸਾਡੇ ਮਨ ਦੇ ਵਿਚ ਕੌਣ ਹੈ ਭਾਵ ਸਾਡੇ ਮਨ ਦੇ ਵਿਚਾਰ ਕਿੱਥੋਂ ਆਉਂਦੇ ਹਨ। ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਮਨ ਦਾ **“ਕਪਟੁ”** ਭਾਵ ਮਾਇਆ ਦਾ ਛਲ ਦੂਰ ਹੋਣ ਦੁਆਰਾ ਹੀ ਪੈਂਦੀ ਹੈ ਤੇ ਇਹ **“ਕਪਟੁ”** ਦੂਰ ਹੋਣ ਦੁਆਰਾ ਮਨੁੱਖ ਨੂੰ ਆਪਣੀ ਅਸਲੀਅਤ ਦੀ ਸਮਝ ਪੈ ਜਾਂਦੀ ਹੈ ਕਿ ਉਸਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ ਤੇ ਫਿਰ ਕੋਈ ਮਨੁੱਖ ਆਪਣੇ ਆਪ ਨੂੰ ਉੱਚਾ ਕਿਵੇਂ ਕਹਿ ਸਕਦਾ ਹੈ ਭਾਵ ਜੋ ਹਸਤੀ ਹੈ ਹੀ ਨਹੀਂ ਉਹ ਆਪਣੇ ਆਪ ਨੂੰ ਵੱਡਾ ਕਿਵੇਂ ਕਹਿ ਸਕਦਾ ਹੈ। ਮਨ ਦਾ **“ਕਪਟੁ”** ਦੂਰ ਹੋਣ ਤੋਂ ਬਾਅਦ ਫਿਰ ਕੇਵਲ ਇੱਕ ਪਰਮਾਤਮਾ ਦੀ ਹੋਂਦ ਹੀ ਨਜਰ ਆਉਂਦੀ ਹੈ ਤੇ ਫਿਰ ਮਨੁੱਖ ਕੇਵਲ ਪਰਮਾਤਮਾ ਨੂੰ ਹੀ ਉੱਚਾ ਸਮਝਦਾ ਹੈ ਜੋ ਕਿ ਸਾਡੇ ਅੰਦਰ ਜੋਤਿ ਦੇ ਰੂਪ ਵਿੱਚ ਹੈ ਤੇ ਹਰ ਵਸਤੂ ਦੇ ਅੰਦਰ ਆਪਣੀ ਗਿਆਨ ਰੂਪ ਜੋਤਿ ਦੁਆਰਾ ਵੱਸਿਆ ਹੋਇਆ ਹੈ। ਉਹ ਆਪਣੀ ਜੋਤਿ ਦੁਆਰਾ ਹੀ ਹਰ ਆਕਾਰ ਰੂਪ ਨੂੰ ਬਣਾਉਣ ਵਾਲਾ ਤੇ ਚਲਾਉਣ ਵਾਲਾ ਹੈ ਭਾਵ ਸਭ ਕੁਝ ਆਪ ਹੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾਏ ਬਿਨਾ ਸਾਨੂੰ ਪਰਮਾਤਮਾ ਦੀ ਭਗਤੀ ਸਮਝ ਹੀ ਨਹੀਂ ਲੱਗ ਸਕਦੀ ਤੇ ਅਨੇਕਾਂ ਹੀ ਕਿਰਿਆਵਾਂ ਦੁਆਰਾ ਤੇ ਅਨੇਕਾਂ ਹੀ ਤਰੀਕਿਆਂ ਦੁਆਰਾ

37/4472

ਉਹੋ ਜਿਹੀਆਂ ਗੱਲਾਂ ਵਿਚ ਭਗਤੀ ਸਮਝਦੇ ਹਾਂ ਜਿੰਨਾਂ ਵਿੱਚ ਭਗਤੀ ਨਹੀਂ ਬਲਕਿ ਭਗਤੀ ਦਾ ਦਿਖਾਵਾ ਹੁੰਦਾ ਹੈ ਜੋ ਕਿ ਕੇਵਲ ਭਗਤੀ ਦਾ ਪਾਖੰਡ ਹੈ ਤੇ ਆਪਣੇ ਇਹਨਾਂ ਪਾਖੰਡਾਂ ਦੁਆਰਾ ਹੀ ਭਰਮ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਅਨੇਕਾਂ ਹੀ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਨ ਭਾਵੇਂ ਉਹ ਆਪਣੇ ਆਪ ਨੂੰ ਕਿਸ ਰੂਪ ਵਿੱਚ ਉੱਚਾ ਕਹਾਉਂਦੇ ਹਨ। ਆਪਣੇ ਆਪ ਨੂੰ ਭਗਉਤੀ ਅਖਵਾਉਣਾ ਵੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾ ਕੇ ਕੋਈ ਵੀ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ ਤੇ ਕੇਵਲ ਦੁਨੀਆਂ ਦੀਆਂ ਨਜਰਾਂ ਵਿੱਚ ਹੀ ਉਹ ਉੱਚੇ ਬਣੇ ਰਹਿੰਦੇ ਹਨ ਕਿਉਂਕਿ ਹਰ ਕਿਸੇ ਦੇ ਅੰਦਰ ਮਾਇਆ ਦਾ **“ਕਪਟੁ”** ਵਰਤ ਰਿਹਾ ਹੈ ਜੋ ਹਰ ਕਿਸੇ ਨੂੰ ਦੁਬਿਧਾ ਵਿਚ ਰਖਦਾ ਹੈ, ਭਰਮ ਵਿਚ, ਮਨ ਦੀ ਅਗਿਆਨਤਾ ਵਿਚ, ਮਨ ਦੀ **“ਕਲਿ”** ਵਿਚ ਰਖਦਾ ਹੈ। (**ਅੰਤਰਿ ਕਪਟੁ ਭਗਉਤੀ ਕਹਾਏ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥**)

ਜੋ ਗੱਲ ਭਗਉਤੀ ਅਖਵਾਉਣ ਵਾਲਿਆਂ ਉੱਤੇ ਖਰੀ ਉਤਰਦੀ ਹੈ ਉਹੀ ਗੱਲ ਸੰਤ ਆਦਿ ਅਖਵਾਉਣ ਵਾਲਿਆਂ ਉੱਤੇ ਖਰੀ ਉਤਰਦੀ ਹੈ ਭਾਵ ਸਾਡੇ ਅੰਦਰ ਦਾ **“ਕਪਟੁ”** ਹੀ ਸਾਡੀ ਅਗਿਆਨਤਾ ਦਾ ਕਾਰਣ ਹੈ ਜੋ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਜਾਨਣ ਤੋਂ ਦੂਰ ਰਖਦਾ ਹੈ।

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥

ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥
ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥੪॥੪॥੬॥}

(ਅੰਗ - ੪੯੧)

ਉਪਰਲੇ ਸ਼ਬਦ ਨੂੰ ਅਸੀਂ ਲੇਖ ਵਿਚ ਕਾਫੀ ਪਿੱਛੇ ਪਹਿਲੇ ਹੀ ਸਮਝਿਆ ਹੈ ਕਿ ਸਾਡੇ ਅੰਦਰ ਦਾ **"ਕਪਟੁ"** ਕੀ ਹੈ, ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਵੱਡਾ ਅਖਵਾਉਣ ਵਾਲੇ ਬਹੁਤ ਹਨ ਤੇ ਉਨਾਂ ਨੂੰ ਵੱਡਾ ਸਮਝਣ ਵਾਲਿਆਂ ਦੀ ਵੀ ਕਮੀ ਨਹੀਂ ਹੈ ਪਰ ਇਸ ਦਾ ਕਾਰਣ ਸਾਡੇ ਅੰਦਰ ਮਾਇਆ ਦਾ **"ਕਪਟੁ"** ਹੈ। ਸਾਡੇ ਅੰਦਰ ਦੀ ਹਉਮੈ, ਦੁਬਿਧਾ ਦਾ ਕਾਰਣ ਸਾਡੇ ਅੰਦਰ ਇਹ ਮਾਇਆ ਦਾ **"ਕਪਟੁ"** ਹੀ ਹੈ ਭਾਵ ਪ੍ਰਮਾਤਮਾ ਦੀ ਪਾਈ ਹੋਈ ਪ੍ਰਮਾਤਮਾ ਦੀ ਜੁਗਤ ਹੀ ਹੈ ਜਿਵੇਂ ਕਿ ਉਪਰ ਸ਼ਬਦ ਰਾਹੀਂ

37/4473

ਸਮਝਾਇਆ ਹੋਇਆ ਹੈ। ਮਨ ਦੀ ਇਹ ਅਵਸਥਾ ਹੀ ਸਾਨੂੰ ਤ੍ਰਿਸ਼ਨਾਵਾਂ ਵਿਚ ਰੱਖਦੀ ਹੈ ਤੇ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਣਾ ਵੀ ਸਾਡੀ ਤ੍ਰਿਸ਼ਨਾ ਹੈ। ਸਾਡੇ ਅੰਦਰੋਂ ਮਾਇਆ ਦਾ **"ਕਪਟੁ"** ਦੂਰ ਹੋਣ ਨਾਲ ਮਨੁੱਖ ਫਿਰ ਮਨ ਦੇ ਵਿਚ ਆਪਣੇ ਆਪ ਹੀ ਮਾਇਆ ਮੋਹ ਵਾਲੀ ਬਿਰਤੀ ਵਿੱਚੋਂ, ਦੁਬਿਧਾ ਵਾਲੀ ਬਿਰਤੀ ਵਿੱਚੋਂ ਹਉਮੈ ਵਾਲੀ ਬਿਰਤੀ ਵਿੱਚੋਂ, ਮਨ ਦੀਆਂ ਤ੍ਰਿਸ਼ਨਾਵਾਂ ਵਾਲੀ ਬਿਰਤੀ ਵਿੱਚੋਂ ਨਿਕਲ ਜਾਂਦਾ ਹੈ ਭਾਵ ਸਾਰੀ ਗੱਲ ਮਨ ਦੇ **"ਕਪਟੁ"** ਵਿੱਚੋਂ ਨਿਕਲਣ ਦੀ ਹੈ। ਮਾਇਆ ਦੇ **"ਕਪਟੁ"** ਤੋਂ ਰਹਿਤ ਕੇਵਲ ਗੁਰੂ ਹੈ ਭਾਵ ਗੁਰੂ ਦਾ ਗਿਆਨ ਹੈ ਭਾਵ ਸ਼ਬਦਾਂ ਦੀ ਵਿਚਾਰ ਹੈ ਜਿਸ ਦਾ ਮਕਸਦ ਹੀ ਸਾਨੂੰ, ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੈ, ਮਨ ਦੀ ਦੁਬਿਧਾ ਵਿੱਚੋਂ ਕੱਢਣ ਦਾ ਹੈ ਤੇ ਉਹ ਅਸੀਂ ਤਾਂ ਹੀ ਨਿਕਲਾਂਗੇ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਅਪਣਾਵਾਂਗੇ। ਜਦੋਂ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਅਪਨਾਵਾਂਗੇ ਤਾਂ ਫਿਰ ਅਸੀਂ ਉਹਨਾਂ ਦੀ ਵਿਚਾਰ ਵਿਚੋਂ ਆਪੇ ਹੀ ਨਿਕਲ ਜਾਵਾਂਗੇ ਜਿੰਨਾਂ ਦੀ ਵਿਚਾਰ ਲੈ ਕੇ ਅਸੀਂ ਉਹੋ ਜਿਹੇ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਜਿੰਨਾ ਵਿਚ ਭਗਤੀ ਨਹੀਂ ਬਲਕਿ ਕੇਵਲ ਭਗਤੀ ਦਾ ਪਾਖੰਡ ਹੈ ਤੇ ਉਹ ਅਸਲ ਵਿਚ ਆਪ ਹੀ ਪਾਖੰਡੀ ਹਨ ਜਿੰਨਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪੀ ਬੈਠੇ ਹਾਂ। ਪਾਖੰਡ ਤੋਂ ਰਹਿਤ ਕੇਵਲ ਸੱਚ ਹੈ ਤੇ ਸੱਚ ਉੱਥੇ ਹੈ ਜਿੱਥੇ ਸ਼ਬਦ ਦੀ ਵਿਚਾਰ ਹੈ। ਸ਼ਬਦ ਦੀ ਵਿਚਾਰ ਨਾਲ ਜੁੜੇ ਬਿਨਾ ਅਸੀਂ ਕਦੇ ਪਾਖੰਡਾਂ ਵਿਚੋਂ ਨਹੀਂ ਨਿਕਲ ਸਕਦੇ ਤੇ ਨਾ ਹੀ ਪਾਖੰਡੀਆਂ ਦੀ ਮਤਿ ਨਾਲੋਂ ਵੱਖਰੇ ਹੋ ਸਕਦੇ ਹਾਂ। ਸੱਭ ਤੋਂ ਵੱਡੀ ਗੱਲ ਸੱਚ ਨੂੰ ਸਮਝਣ ਦੀ ਹੈ ਜੋ ਕਿ ਕੇਵਲ ਗੁਰੂ ਦੇ ਕੋਲ ਹੈ। ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਨਾਮ ਦੇ ਰੂਪ ਵਿਚ ਪਰਮਾਤਮਾ ਆਪ ਹੈ ਤੇ ਨਾਮ ਦਾ ਮਿਲਨਾ ਪ੍ਰਮਾਤਮਾ ਦੇ ਨਾਲ ਮੇਲ ਹੈ ਤੇ ਆਪਣਾ ਨਾਮ ਪ੍ਰਮਾਤਮਾ ਕਿਸੇ ਨੂੰ ਆਪ ਹੀ ਮਨ ਦੇ ਵਿਚ ਪ੍ਰਗਟ ਹੋ ਕੇ ਦਿੰਦਾ ਹੈ ਤੇ ਨਾਮ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਸੱਚ ਦੇ ਰੂਪ ਵਿਚ ਹੈ। ਸ਼ਬਦ ਦੀ ਵਿਚਾਰ ਸੱਚ ਹੈ ਤੇ ਇਸੇ ਲਈ ਸ਼ਬਦ ਦੀ ਵਿਚਾਰ ਹੀ ਨਾਮ ਹੈ ਜਿਵੇਂ ਕਿ ਬਾਰ-ਬਾਰ ਸਾਨੂੰ ਇਹ ਗੱਲ ਬਾਣੀ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦਾ ਨਾਮ ਉਹੀ ਜਪਦਾ ਹੈ ਜੋ ਪਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ ਭਾਵ ਜਿਥੇ ਪ੍ਰਮਾਤਮਾ ਆਪਣੇ

37/4474

ਆਪ ਨੂੰ ਕਿਸੇ ਦੇ ਅੰਦਰ ਆਪਣੇ ਨਾਮ ਰੂਪ ਦੁਆਰਾ ਪ੍ਰਗਟ ਕਰ ਲੈਂਦਾ ਹੈ। ਜਦ ਤਕ ਕੋਈ ਪ੍ਰਮਾਤਮਾ ਦਾ ਰੂਪ ਨਹੀਂ ਬਣ ਜਾਂਦਾ ਤਦ ਤਕ ਕੋਈ ਨਾਮ ਜਪ ਹੀ ਨਹੀਂ ਸਕਦਾ ਭਾਵ ਜਦ ਤਕ ਕਿਸੇ ਨੂੰ ਸੱਚ ਦੀ ਸਮਝ ਨਹੀਂ ਪੈਂਦੀ ਤਦ ਤਕ ਕੋਈ ਸੱਚ ਤੇ ਚੱਲ ਹੀ ਨਹੀਂ ਸਕਦਾ। ਸੰਸਾਰ ਦਾ ਪਹਿਲਾ ਸੱਚ ਹੀ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੈ ਤੇ ਇਹ ਗੱਲ ਮਨੁੱਖ ਤਾਂ ਹੀ ਕਹਿ ਸਕਦਾ ਹੈ ਜਦੋਂ ਕਿਸੇ ਦੇ ਅੰਦਰ **"ਸਚੁ"** ਰੂਪ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨਾ ਭਾਵ ਪ੍ਰਮਾਤਮਾ ਦਾ ਰੂਪ ਬਣੇ ਬਿਨਾ, ਪ੍ਰਮਾਤਮਾ ਦਾ ਜਨ ਬਣੇ ਬਿਨਾ ਕੋਈ ਨਾਮ ਜਪਣ ਵਾਲਾ ਨਹੀਂ ਬਣ ਸਕਦਾ ਜਿਵੇਂ ਕਿ ਗੁਰਬਾਣੀ ਦੇ ਵਿਚ ਸਪਸ਼ਟ ਕੀਤਾ ਹੋਇਆ ਹੈ ਤੇ ਅਸੀਂ ਪਿੱਛੇ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਹੈ।

"ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥"

(ਅੰਗ - ੯੪੩)

ਨਾਮ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਭਾਵ ਕੇਵਲ ਸ਼ਬਦ ਦੀ ਵਿਚਾਰ ਨੂੰ ਹੀ ਸਮਝ ਹੈ ਕਿ ਨਾਮ ਕੀ ਹੈ ਪਰ ਆਪਣੇ

ਆਪ ਨੂੰ ਵੱਡਾ ਅਖਵਾਉਣ ਵਾਲੇ ਕਿਹੋ ਜਿਹੇ ਨਾਮ ਨਾਲ ਜੁੜੇ ਹੋਏ ਹਨ ਤੇ ਹੋਰਨਾਂ ਨੂੰ ਉਹਨਾਂ ਨੇ ਕਿਹੋ ਜਿਹੇ ਨਾਮ ਨਾਲ ਜੋੜਿਆ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਝੂਠੇ ਨਾਮ ਨਾਲ ਜੁੜਨਾ ਤੇ ਕੋਈ ਝੂਠਾ ਨਾਮ ਜਪੀ ਜਾਣਾ ਕੇਵਲ ਇਕ ਪਾਖੰਡ ਨਹੀਂ ਤੇ ਹੋਰ ਕੀ ਹੈ। ਜੋ ਆਪ ਪਾਖੰਡੀ ਹਨ ਉਹਨਾਂ ਨੇ ਦੂਸਰਿਆਂ ਨੂੰ ਪਾਖੰਡ ਹੀ ਸਿਖਾਇਆ ਹੈ ਤੇ ਪੂਰੇ ਜੋਰ ਨਾਲ ਸਿਖਾਇਆ ਜਾ ਰਿਹਾ ਹੈ। ਸਿੱਖ ਜਗਤ ਵਿਚ ਇਹ ਪਾਖੰਡ ਪੂਰੇ ਜੋਰਾਂ ਨਾਲ ਚੱਲ ਰਿਹਾ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਮਤਿ ਦੀ ਭਾਵ ਸ਼ਬਦ ਦੇ ਵਿਚਾਰਾਂ ਦੀ ਘੋਰ ਅਵਗਿਆ ਕਰਨ ਤੇ ਲੱਗੇ ਹੋਏ ਹਾਂ ਭਾਵ ਅਸੀਂ ਇਹ ਸਾਬਤ ਕਰਨ ਤੇ ਲਗੇ ਹੋਏ ਹਾਂ ਕਿ ਗੁਰਬਾਣੀ ਨੇ ਹੀ ਸਾਨੂੰ ਇਹ ਕੁਝ ਸਿਖਾਇਆ ਹੈ ਭਾਵ ਅਸੀਂ ਗੁਰੂ ਨੂੰ ਹੀ ਪਾਖੰਡੀ ਸਾਬਿਤ ਕਰਨ ਤੇ ਤੁਲੇ ਹੋਏ ਹਾਂ, ਆਪਣੀ ਝੂਠੀ ਜਿੱਦ ਤੇ ਅੜੇ ਹੋਏ ਹਾਂ ਕਿ ਅਸੀਂ ਸੱਚਾ ਨਾਮ ਜਪਣ ਵਾਲੇ ਹਾਂ। ਗੁਰੂ ਦੀ ਮਤਿ ਨੂੰ ਝੂਠਾ ਸਾਬਿਤ ਕਰਨ ਵਾਲੇ ਤੇ ਝੂਠਿਆਂ ਦੀ ਮਤਿ ਨੂੰ ਸੱਚਾ ਸਾਬਿਤ ਕਰਨ ਵਾਲੇ ਕੀ ਕਦੇ ਉਸ ਪ੍ਰਮਾਤਮਾ ਦੀ ਦਰਗਾਹ ਵਿੱਚ ਪ੍ਰਵਾਨ ਹੋ ਸਕਦੇ ਹਨ ਜਿਸ ਨੇ ਆਪ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ, ਹਰ ਸ਼ਬਦ ਦੀ ਵਿਚਾਰ ਦਿੱਤੀ ਹੈ, ਵੱਖਰੇ

37/4475

ਵੱਖਰੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਸਾਰੇ ਸੰਸਾਰ ਲਈ ਇਕੋ ਜਿਹਾ ਸੱਚ ਸਮਝਾਇਆ ਹੈ, ਨਾਮ ਸਮਝਾਇਆ ਹੈ। ਭਰਮੇ ਹੋਏ ਆਪਣੇ ਆਪ ਨੂੰ ਉੱਚਾ ਅਖਵਾਉਣ ਲਈ ਗੁਰੂ ਨੂੰ ਝੂਠਾ ਸਾਬਿਤ ਕਰਨ ਵਿਚ ਲੱਗੇ ਹੋਏ ਹਨ ਤੇ ਫਿਰ ਵੀ ਉਸ ਗੁਰੂ ਪ੍ਰਮਾਤਮਾ ਕੋਲੋਂ ਉਮੀਦ ਲਾਈ ਬੈਠੇ ਹਨ ਕਿ ਉਹ ਉਸ ਦੇ ਦਰ ਤੇ ਪ੍ਰਵਾਨ ਹੋ ਜਾਣਗੇ। ਬਹੁਤ ਵੱਡੇ ਭਰਮ ਵਿੱਚ ਹਨ ਤੇ ਇਹੋ ਜਿਹਿਆਂ ਨੂੰ ਉੱਚਾ ਸਮਝਣ ਵਾਲੇ ਵੀ ਵੱਡੇ ਭਰਮ ਵਿੱਚ ਹਨ।

{ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੁ ਕੀਨੋ ਸਾਬੁਨੁ ਸੂਧੁ ॥
ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਣਹੋਂਦੀ ਹਿਰੈ ॥੨॥}

(ਅੰਗ - ੯੦੦)

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ - ੩੬੧)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥}

(ਅੰਗ - ੪੯੧)

{ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ - ੧੪੧੧)

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ - ੧੨੮੬)

37/4476

ਸਲੋਕੁ ਮਃ ੩ ॥

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ - ੬੫੦)

ਸਲੋਕ ਮਃ ੩ ॥

{ਪੜਿ੍ ਪੜਿ੍ ਪੰਡਿਤ ਮੁੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥
ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥

ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥}

(ਅੰਗ - ੧੨੪੬)

ਜਿਵੇਂ ਕਿ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਤੇ ਉਪਰ ਕੁੱਝ ਸ਼ਬਦਾਂ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਸਾਰੀ ਗੱਲ ਧਰਮ ਗ੍ਰੰਥਾਂ ਨੂੰ ਪੜ ਕੇ ਮੰਨਣ ਦੀ ਹੈ ਕਿਉਂਕਿ ਧਰਮ ਗ੍ਰੰਥਾਂ ਦੀ ਸੱਚੀ ਸਿਖਿਆ ਹੀ ਨਾਮ ਹੈ ਜਿਸ ਰਾਹੀਂ ਸਾਨੂੰ ਸਾਰੇ ਅਵਗੁਣ ਤਿਆਗ ਕੇ ਗੁਣਾਂ ਦਾ ਧਾਰਣੀ ਬਣਨਾ ਸਿਖਾਇਆ ਹੋਇਆ ਹੈ। ਪੂਰੀ ਤਰ੍ਹਾਂ ਗੁਣਾਂ ਦਾ ਧਾਰਣੀ ਬਣਨਾ ਹੀ ਨਾਮ ਜਪਣਾ ਹੈ ਜੋ ਸਾਡਾ ਸੱਚਾ ਉਦਮ ਹੈ। ਜਦ ਤਕ ਸਾਡੇ ਅੰਦਰ ਅਵਗੁਣ ਹਨ ਤਦ ਤਕ ਸਾਡੇ ਅੰਦਰ ਨਾਮ ਨਹੀਂ ਹੈ ਤੇ ਨਾਮ ਦੀ ਪ੍ਰਾਪਤੀ ਹੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੀ ਅਵਗੁਣ ਤਿਆਗਣ ਦੁਆਰਾ ਹੁੰਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਹੈ। ਅਵਗੁਣ ਤਿਆਗੇ ਬਿਨਾ ਅਸੀਂ ਜੋ ਵੀ ਭਗਤੀ ਦੇ ਉਪਰਾਲੇ ਸਮਝੇ ਹੋਏ ਹਨ ਉਹ ਸਭ ਸਾਡੇ ਪਾਖੰਡ ਹੀ ਹਨ। ਕੇਵਲ ਕਿਸੇ ਅੱਖਰ ਨੂੰ ਜਪੀ ਜਾਣਾ, ਬੋਲ ਬੋਲ ਕੇ ਜਪੀ ਜਾਣਾ ਕੇਵਲ ਸਾਡਾ ਪਾਖੰਡ ਹੈ ਤੇ ਇਸੇ ਲਈ ਉਪਰ ਸ਼ਬਦ ਰਾਹੀਂ ਇਹੋ ਜਿਹਾ ਅੱਖਰ ਦਾ ਜਪ ਕਰੀ ਜਾਣ ਵਾਲਿਆਂ ਨੂੰ ਅਸਲ ਖਰ ਭਾਵ ਉਨ੍ਹਾਂ ਦੀ ਤੁਲਨਾ ਖੋਤਿਆਂ ਨਾਲ ਕੀਤੀ ਹੋਈ ਹੈ ਜਿੰਨ੍ਹਾਂ ਨੂੰ ਭਗਤੀ ਦੀ ਜਰਾ ਜਿੰਨੀ ਸਮਝ ਨਹੀਂ ਹੈ ਪਰ ਇਹੋ ਜਿਹੇ ਜਪ ਤਪ ਕਰਨ ਵਾਲੇ ਹੀ ਧਰਮ ਦੇ ਚੌਧਰੀ ਬਣੇ ਬੈਠੇ

37/4477

ਹਨ ਭਾਵ ਆਪਣੇ ਪਾਖੰਡ ਦੁਆਰਾ ਹਰ ਕੋਈ ਚੌਧਰੀ ਬਣਿਆ ਬੈਠਾ ਹੈ ਤੇ ਦੂਸਰਿਆਂ ਨੂੰ ਇਹੋ ਜਿਹਾ ਨਾਮ ਸਮਝਾਉਣ ਵਾਲੇ ਆਪਣੇ ਆਪ ਨੂੰ ਵੱਡੇ ਧਰਮ ਦੇ ਵਿਦਵਾਨ ਸਮਝਦੇ ਹਨ ਤੇ ਸਮਾਜ ਉਹਨਾਂ ਨੂੰ ਇਨਾਂ ਗੱਲਾਂ ਦੀ ਹੀ ਇਜੱਤ ਦਿੰਦਾ ਹੈ ਭਾਵ ਪਾਖੰਡ ਨੂੰ ਮਾਣ ਦਿੱਤਾ ਜਾਂਦਾ ਹੈ ਜਿਸ ਕਰ ਕੇ ਪਾਖੰਡੀ ਹੋਰ ਵੱਧਦੇ ਜਾਂਦੇ ਹਨ ਤੇ ਪਾਖੰਡ ਦਾ ਖਲੇਰਾ ਵੱਧਦਾ ਜਾ ਰਿਹਾ ਹੈ। ਸ਼ਬਦ ਦੀ ਵਿਚਾਰ ਨੂੰ ਸਮਝੇ ਬਿਨਾ, ਮੰਨੇ ਬਿਨਾ ਅਸੀਂ ਇਸ ਧਾਰਮਿਕ ਪਾਖੰਡ ਵਿੱਚੋਂ ਨਹੀਂ ਨਿਕਲ ਸਕਦੇ। ਇਹ ਝੂਠਾ ਮਾਣ ਸਾਡੇ ਲਈ ਕਿਤਨਾ ਕੂ ਮਾੜਾ ਹੈ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਧੰਨ ਧੰਨ ਭਗਤ ਕਬੀਰ ਜੀ ਦੇ ਮੁਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਸ਼ਬਦ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਝੂਠਾ ਮਾਣ ਦੇਣ ਤੋਂ ਵੀ ਬਚੀਏ ਤੇ ਝੂਠਾ ਮਾਣ ਲੈਣ ਤੋਂ ਵੀ ਬਚੀਏ।

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥
"ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥
ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥
ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥
ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥
ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥"

(ਅੰਗ - ੩੨੬)

ਉਪਰਲੇ ਸ਼ਬਦ ਰਾਹੀਂ ਸਾਨੂੰ ਮਨਮਤਿ ਵਾਲੀ ਸੋਝੀ ਤੇ ਗੁਰਮਤਿ ਵਾਲੀ ਸੋਝੀ ਵਿਚ ਫਰਕ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਸ਼ਬਦ ਦੀਆਂ ਆਖਰੀ ਪੰਗਤੀਆਂ ਦੁਆਰਾ ਸਪਸ਼ਟ ਕੀਤਾ ਹੋਇਆ ਹੈ। ਸਮਝਾਇਆ ਸਾਨੂੰ ਭਗਤੀ ਦਾ ਮਾਰਗ ਹੀ ਹੋਇਆ ਹੈ। ਜਦ ਤਕ ਸਾਡੇ ਅੰਦਰ ਮਨਮਤਿ ਹੈ ਅਸੀਂ ਭਗਤੀ ਦੇ ਮਾਰਗ ਨੂੰ ਆਪਣੀ ਮਤਿ ਦੁਆਰਾ ਤਹਿ ਕਰਦੇ ਹਾਂ ਤੇ ਸੰਸਾਰ ਵਿਚ ਇਹ ਮਤਿ ਹੀ ਵਰਤਦੀ ਹੈ ਭਾਵ ਤ੍ਰੈ ਗੁਣਾਂ ਵਾਲੀ ਮਤਿ ਹੀ ਵਰਤਦੀ ਹੈ ਜਿਸ ਦੁਆਰਾ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿਚ ਅਸਮਰਥ ਰਹਿੰਦੇ ਹਾਂ ਤੇ ਭਗਤੀ ਦੇ ਉਹੋ ਜਿਹੇ ਤਰੀਕਿਆਂ ਨਾਲ ਜੁੜੇ ਰਹਿੰਦੇ ਹਾਂ ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦੇ। ਭਗਤੀ ਕਰਨ ਵਾਲਾ ਹਰ ਕੋਈ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਕਰਕੇ ਦਿਖਾਉਣਾ ਚਾਹੁੰਦਾ

ਹੈ ਭਾਵ ਮਾਣ ਪ੍ਰਾਪਤ ਕਰਨਾ ਚਾਹੁੰਦਾ ਹੈ। ਜਿਹੜੇ ਤਰੀਕਿਆਂ ਨਾਲ ਮਾਣ

37/4478

ਮਿਲਦਾ ਹੈ ਸਾਨੂੰ ਉਹੀ ਤਰੀਕੇ ਭਾਉਂਦੇ ਹਨ। ਮਾਣ ਸਭ ਨੂੰ ਚੰਗਾ ਲੱਗਦਾ ਹੈ ਤੇ ਜਿਸ ਗੱਲ ਵਿੱਚ ਮਾਣ ਮਿਲਦਾ ਹੈ ਅਸੀਂ ਉਸ ਗੱਲ ਤੇ ਹੋਰ ਦ੍ਰਿੜ ਹੋ ਕੇ ਚੱਲਦੇ ਹਾਂ ਕਿ ਸਾਨੂੰ ਸੱਚਾ ਮਾਣ ਮਿਲ ਰਿਹਾ ਹੈ ਭਾਵ ਸਮਾਜ ਵਿੱਚ ਸਾਡੀ ਭਗਤੀ ਪ੍ਰਵਾਨ ਹੋ ਰਹੀ ਹੈ ਕਿਉਂਕਿ ਭਗਤੀ ਦੇ ਤਰੀਕਿਆਂ ਨੂੰ ਲੈ ਕੇ ਹਰ ਕੋਈ ਹੀ ਭਰਮ ਵਿਚ ਹੈ ਜੋ ਭਰਮ ਸਦੀਆਂ ਤੋਂ ਚਲਦੇ ਆ ਰਹੇ ਹਨ। ਭਗਤੀ ਨੂੰ ਲੈ ਕੇ ਸਭ ਤੋਂ ਵੱਡਾ ਭਰਮ ਪ੍ਰਮਾਤਮਾ ਦਾ ਨਾਮ ਜਪਣ ਦਾ ਹੈ ਜੋ ਕਿ ਹਰ ਕਿਸੇ ਨੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ, ਆਪਣੀ ਆਪਣੀ ਮਤਿ ਅਨੁਸਾਰ ਕਿਸੇ ਅੱਖਰ ਦੇ ਜਪ ਨੂੰ, ਕਿਸੇ ਸ਼ਬਦ ਦੇ ਜਪ ਨੂੰ ਭਾਵ ਬੋਲ ਬੋਲ ਕੇ ਜਪਣ ਨੂੰ ਨਾਮ ਜਪਣਾ ਬਣਾਇਆ ਹੋਇਆ ਹੈ ਤੇ ਇਹੋ ਜਿਹੇ ਜਪ ਜਪਣ ਦਾ ਪ੍ਰਚਾਰ ਕੀਤਾ ਜਾਂਦਾ ਹੈ। ਆਪਣੇ ਵਲੋਂ ਤਾਂ ਹਰ ਕੋਈ ਇਹੋ ਜਿਹੇ ਜਪ ਨੂੰ ਸੱਚਾ ਜਪ ਹੀ ਸਮਝਦਾ ਹੈ ਕਿ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਵਿਚ ਲੱਗੇ ਹੋਏ ਹਾਂ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਲਵਾਂਗੇ ਭਾਵ ਫਲ ਦੀ ਪ੍ਰਾਪਤੀ ਕਰ ਲਵਾਂਗੇ ਪਰ ਉਪਰਲੇ ਸ਼ਬਦ ਰਾਹੀਂ ਸੰਸਾਰ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਇਹੋ ਜਿਹਾ ਜਪ ਇੱਕ ਵਿਅਰਥ ਦੀ ਕਿਰਿਆ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ ਪਰ ਇਹੋ ਜਿਹੇ ਜਪਾਂ ਤਪਾਂ ਦੁਆਰਾ ਸਾਨੂੰ ਸਮਾਜ ਵਿਚੋਂ ਝੂਠਾ ਮਾਣ ਮਿਲਦਾ ਹੈ ਜੋ ਸਾਨੂੰ ਉਲਟਾ ਨਰਕਾਂ ਵੱਲ ਧਕੇਲਦਾ ਹੈ ਭਾਵ ਮਨ ਦੇ ਦੁੱਖਾਂ ਵੱਲ ਧਕੇਲਦਾ ਹੈ ਜਿਨ੍ਹਾਂ ਦੁੱਖਾਂ ਦੇ ਕਾਰਨ ਦੀ ਮਨੁੱਖ ਨੂੰ ਸਮਝ ਹੀ ਨਹੀਂ ਹੈ ਪਰ ਇਹੋ ਜਿਹੇ ਜਪ ਦੁਆਰਾ ਅਸੀਂ ਉਲਟਾ ਆਪਣੇ ਆਪ ਨੂੰ ਖੁਆਰ ਕਰਦੇ ਹਾਂ, ਪ੍ਰਮਾਤਮਾ ਦੀ ਖੁਸ਼ੀ ਵਲੋਂ ਖੁਆਰ ਕਰਦੇ ਹਾਂ। **{ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥}** ਅੰਗ ੨੯੭ **{ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥੧॥}** ਅੰਗ ੯੧੫ **{ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥}** ਅੰਗ ੯੦੬ **{ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥ ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰ ਬਾਰ ॥੧॥}** ਅੰਗ ੧੨੨੩ **{ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥ ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ ॥੧॥}** ਅੰਗ ੧੨੨੫

“ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥”

ਉਪਰਲੀ ਪੰਗਤੀ ਰਾਹੀਂ ਸਾਡਾ ਭਗਤੀ ਦਾ ਭਰਮ ਹੀ ਸਮਝਾਇਆ ਹੋਇਆ ਹੈ, ਕਿਸੇ ਅੱਖਰ ਦਾ ਨਾਮ ਜਪਣ ਵਾਲਾ ਭਰਮ ਹੀ ਸਮਝਾਇਆ ਹੋਇਆ ਹੈ ਜੋ ਕਿ ਅਗਲੀਆਂ ਪੰਗਤੀਆਂ ਵਿਚ ਜਾ ਕੇ ਸਪਸ਼ਟ ਕੀਤਾ ਹੋਇਆ ਹੈ। ਜਿਹੋ ਜਿਹੀ ਭਗਤੀ ਵਿਚ ਸੰਸਾਰ ਲਗਿਆ ਹੋਇਆ ਹੈ ਉਸ ਨੂੰ ਭਗਤ ਕਬੀਰ ਜੀ ਇੱਕ ਅਜੀਬੋ ਗਰੀਬ ਗੱਲ ਕਹਿ ਕੇ ਸਮਝਾ ਰਹੇ ਹਨ, ਇੱਕ ਅਜਬ ਤਮਾਸ਼ਾ ਕਹਿ ਕੇ ਸਮਝਾ ਰਹੇ ਹਨ ਜਿਸ ਵਿਚ ਕੋਈ ਭਗਤੀ ਦਾ ਫਲ ਨਹੀਂ ਹੋ ਸਕਦਾ। ਜੇਕਰ ਅਸੀਂ ਦੁਧ ਨੂੰ ਰਿੜਕੀਏ ਤੇ ਤਾਂ ਹੀ ਉਸ ਵਿਚ ਮੱਖਣ ਰੂਪ ਫਲ ਨਿਕਲਦਾ ਹੈ ਪਰ ਜੇਕਰ ਅਸੀਂ ਪਾਣੀ ਨੂੰ ਰਿੜਕੀ ਜਾਈਏ ਫਿਰ ਕੀ ਕਦੇ ਉਸ ਵਿਚੋਂ ਮੱਖਣ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਕਦੇ ਨਹੀਂ ਹੋ ਸਕਦੀ। ਅਸਚਰਜਤਾ ਇਸ ਗੱਲ ਦੀ ਹੈ ਕਿ ਜਿਹੋ ਜਿਹੀ ਭਗਤੀ ਨੂੰ ਸੰਸਾਰ ਲਗਾ ਹੋਇਆ ਹੈ ਭਾਵ ਜਿਹੋ ਜਿਹਾ ਨਾਮ

37/4479

ਕੋਈ ਜਪਣ ਲੱਗਾ ਹੋਇਆ ਹੈ ਉਹ ਆਪਣੇ ਵਲੋਂ ਦੁੱਧ ਰਿੜਕਣ ਵਿੱਚ ਹੀ ਲੱਗੇ ਹੋਏ ਹਨ ਪਰ ਅਸਲ ਵਿੱਚ ਉਹ ਪਾਣੀ ਰਿੜਕਣ ਵਿੱਚ ਲੱਗੇ ਹੋਏ ਹਨ ਤੇ ਇਹ ਉਮੀਦ ਲਗਾਈ ਬੈਠੇ ਹਨ ਕਿ ਅਸੀਂ ਪਾਣੀ ਵਿੱਚੋਂ ਹੀ ਮੱਖਣ ਦੀ ਪ੍ਰਾਪਤੀ ਕਰ ਲਵਾਂਗੇ ਭਾਵ ਕੇਵਲ ਭਗਤੀ ਦਾ ਤਮਾਸ਼ਾ ਹੀ ਹੋ ਰਿਹਾ ਹੈ ਭਾਵ ਭਗਤੀ ਦੀ ਸਮਝ ਨਹੀਂ ਹੈ ਤੇ ਹਰ ਕੋਈ ਵਿਅਰਥ ਵਿਚ ਹੀ ਆਪਣੇ ਆਪ ਨੂੰ ਉੱਚਾ ਸਾਬਿਤ ਕਰਨ ਵਿਚ ਲੱਗਾ ਹੋਇਆ ਹੈ। (**ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ॥੧॥ ਰਹਾਉ ॥**)

ਸਾਨੂੰ ਪਾਣੀ ਰਿੜਕਣਾ ਕਿਉਂ ਚੰਗਾ ਲਗਦਾ ਹੈ ਭਾਵ ਭਰਮ ਵਾਲੀ ਭਗਤੀ ਦਾ ਮਾਰਗ ਕਿਉਂ ਚੰਗਾ ਲਗਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥
ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥”

ਪ੍ਰਮਾਤਮਾ ਦੀ ਭਗਤੀ ਵਾਲੇ ਅਖਵਾਉਣਾ ਸਭ ਨੂੰ ਚੰਗਾ ਲਗਦਾ ਹੈ ਜਿਸ ਦੁਆਰਾ ਸਾਡਾ ਸਮਾਜ ਵਿਚ ਰੁਤਬਾ ਉੱਚਾ ਹੁੰਦਾ ਹੈ। ਮਨੁੱਖ ਨੂੰ ਉਹੀ ਕੰਮ ਕਰਨਾ ਚੰਗਾ ਲਗਦਾ ਹੈ ਜਿਸ ਵਿਚ ਕੋਈ ਪ੍ਰਾਪਤੀ ਵੀ ਹੋਵੇ, ਕੋਈ ਲਾਭ ਵੀ ਹੋਵੇ ਭਾਵ ਕੋਈ ਫਲ ਵੀ ਮਿਲੇ। ਸਾਨੂੰ ਜਿਹੋ ਜਿਹਾ ਫਲ ਚੰਗਾ ਲਗਦਾ ਹੈ ਉਸ ਦੀ ਤੁਲਨਾ **"ਹਰੀ ਅੰਗੂਰੀ"** ਨਾਲ ਕੀਤੀ ਹੋਈ ਹੈ ਭਾਵ ਹਰੀ ਹਰੀ ਫੁੱਟੀ ਹੋਈ ਘਾਹ ਦੇ ਨਾਲ ਕੀਤੀ ਹੋਈ ਹੈ, ਘਾਹ ਦੀਆਂ ਕੋਮਲ ਪੱਤੀਆਂ ਨਾਲ ਕੀਤੀ ਹੋਈ ਹੈ ਜੋ ਕਿ ਪਸ਼ੂਆਂ ਨੂੰ ਬਹੁਤ ਚੰਗੀ ਲਗਦੀ ਹੈ। ਜੇਕਰ ਕਿਸੇ ਗੱਧੇ ਨੂੰ ਭਾਵ ਖੋਤੇ ਨੂੰ ਇਸ ਗੱਲ ਕਰਕੇ ਹਰੀ ਘਾਹ ਖਾਣ ਨੂੰ ਮਿਲ ਜਾਵੇ ਕਿ ਉਹ ਰੋਜ ਸਵੇਰੇ ਉਠ ਕੇ ਪਹਿਲਾਂ ਉਹ ਹਿੰਗੇ ਜਿਵੇਂ ਕਿ ਖੋਤਿਆਂ ਦੇ ਬੋਲਣ ਦਾ ਤਰੀਕਾ ਹੈ ਤਾਂ ਫਿਰ ਉਹ ਹਰੀ ਘਾਹ ਦੇ ਲਾਲਚ ਵਿਚ ਰੋਜ ਹੀ ਉਠ ਕੇ ਜਰੂਰ ਹਿੰਗੇਗਾ। ਸਾਡੇ ਲਈ ਹਰੀ ਅੰਗੂਰੀ ਉਸ ਫਲ ਦੀ ਤਰ੍ਹਾਂ ਹੈ ਜੋ ਸਾਨੂੰ ਰੋਜ ਉੱਠ ਕੇ ਬੋਲ ਬੋਲ ਕੇ ਜਪ ਕਰਨ ਦੁਆਰਾ ਮਿਲਦੀ ਹੈ। ਸਾਡੇ ਰੋਜ ਉੱਠ ਕੇ ਇਸ ਤਰ੍ਹਾਂ ਬੋਲਣ ਦੀ ਤੁਲਨਾ ਖੋਤਿਆਂ ਦੇ ਹਿੰਗਣ ਨਾਲ ਕੀਤੀ ਹੋਈ ਹੈ। ਸਾਡੇ ਲਈ ਇਹ ਹਰੀ ਅੰਗੂਰੀ ਸਾਡੇ ਲਈ ਉਹ ਮਾਣ ਹੈ, ਸਤਿਕਾਰ ਹੈ ਜੋ ਸਾਨੂੰ ਸਮਾਜ ਵਿਚੋਂ ਮਿਲਦਾ ਹੈ, ਕਿਸੇ ਅੱਖਰ ਨੂੰ ਜਪੀ ਜਾਣ ਦਾ ਮਿਲਦਾ ਹੈ ਜੋ ਅੱਖਰ ਅਸੀਂ ਰੋਜ ਉਠ ਕੇ ਬੋਲ ਬੋਲ ਕੇ ਜਪਦੇ ਹਾਂ, ਝੂਠੇ ਲਾਲਚ ਪਿੱਛੇ ਜਪਦੇ ਹਾਂ ਕਿ ਸਾਨੂੰ ਸਮਾਜ ਵਿਚੋਂ ਮਾਣ ਮਿਲੇਗਾ ਤੇ ਸਾਡਾ ਧਰਮ ਦੇ ਮਾਰਗ ਤੇ ਨਾਮ ਉੱਚਾ ਹੋਵੇਗਾ। ਇਹੀ ਕੁਝ ਸਭ ਜਗ੍ਹਾ ਹੋ ਰਿਹਾ ਹੈ ਤੇ ਧਰਮ ਦੇ

ਮਾਰਗ ਤੇ ਉੱਚਾ ਅਖਵਾਉਣ ਵਾਲੇ ਕਿਸੇ ਅੱਖਰ ਦਾ ਜਪ ਕਰਨ ਦੁਆਰਾ ਹੀ ਉੱਚਾ ਬਣੀ ਬੈਠੇ ਹਨ ਕਿ ਉਹ ਰੋਜ ਸਵੇਰੇ ਉੱਠ ਕੇ ਨਾਮ ਜਪਦੇ ਹਨ, ਬੋਲ ਬੋਲ ਕੇ ਆਪਣਾ ਉੱਚਾਪਨ ਦਿਖਾਉਂਦੇ ਹਨ ਤੇ ਇਸੇ ਗੱਲ ਦਾ ਹੀ ਪ੍ਰਚਾਰ ਕਰਦੇ ਹਨ ਕਿ ਰੋਜ ਉਠ ਕੇ ਵੇਲੇ ਦੀ ਸੰਭਾਲ ਕਰਨੀ ਚਾਹੀਦੀ ਹੈ ਤੇ ਕਿਸੇ ਅੱਖਰ ਦਾ ਜਪ ਕਰਨਾ ਚਾਹੀਦਾ ਹੈ। ਇਹਨਾਂ ਗੱਲਾਂ ਨਾਲ ਮਾਣ ਮਿਲਣ ਦੁਆਰਾ ਅਸੀਂ ਹੱਸਦੇ ਹਾਂ ਭਾਵ ਖੁਸ਼ ਹੁੰਦੇ ਹਾਂ ਕਿਉਂਕਿ ਮਾਣ ਸਭ ਨੂੰ ਚੰਗਾ ਲਗਦਾ ਹੈ ਪਰ ਇਹ ਝੂਠਾ ਮਾਣ ਹੈ ਭਾਵ ਝੂਠੀ ਭਗਤੀ ਦਾ ਮਾਣ ਹੈ ਜੋ ਕਿ ਅਸਲ ਵਿਚ ਸਾਡੇ ਮਰਨ ਦਾ ਕਾਰਨ ਹੈ ਭਾਵ ਜੀਵਨ ਨੂੰ ਮਾਰਨ ਦਾ ਕੰਮ ਹੈ, ਜੀਵਨ ਦੇ ਵਿਅਰਥ ਜਾਣ ਦਾ ਕਾਰਨ ਹੈ ਭਾਵ ਉਸ ਵਿਚ ਕੋਈ ਫਲ ਦੀ ਪ੍ਰਾਪਤੀ ਨਹੀਂ ਹੈ ਭਾਵ ਕੇਵਲ ਪਾਣੀ ਰਿੜਕਣ ਵਾਲੀ ਗੱਲ ਹੈ ਜਿਸ ਦਾ ਕੋਈ ਲਾਭ ਨਹੀਂ ਹੈ ਤੇ ਵਿਅਰਥ ਵਿਚ ਸਾਡੇ ਜੀਵਨ ਦੀ ਖੁਆਰੀ ਹੈ। (**ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥**)

ਇਹੋ ਜਿਹਾ ਅੱਖਰ ਦਾ ਜਪ ਕਰਨ ਵਾਲੇ ਆਪਣੇ ਆਪ ਨੂੰ ਬਿਲਕੁਲ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਵਾਲਾ ਸਮਝਦੇ ਹਨ ਤੇ ਜੇਕਰ ਕੋਈ ਉਹਨਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਇਸ ਵਿਚ ਗੁਰੂ ਦੀ ਮਤਿ ਨਹੀਂ ਹੈ ਤੇ ਉਹ ਇਸ ਗੱਲ ਨੂੰ ਕਦੇ ਮੰਨਣ ਨੂੰ ਤਿਆਰ ਨਹੀਂ ਹੁੰਦੇ ਭਾਵ ਉਹਨਾਂ ਦੇ ਅੰਦਰ ਮਨਹਠਿ ਬਹੁਤ ਦ੍ਰਿੜ ਹੁੰਦੀ ਹੈ, ਉਹ ਆਪਣੀ ਜਿਦ ਛੱਡਣ ਨੂੰ ਤਿਆਰ ਨਹੀਂ ਹੁੰਦੇ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥"

ਉਪਰਲੀ ਪੰਗਤੀ ਵਿਚ ਭਗਤੀ ਦੇ ਮਾਰਗ ਤੇ ਭਟਕੇ ਹੋਇਆਂ ਦੀ ਤੁਲਣਾ ਇੱਕ ਮਸਤੇ ਹੋਏ ਭੈਂਸੇ ਨਾਲ, ਮਸਤੇ ਹੋਏ ਸਾਂਡ ਨਾਲ ਕੀਤੀ ਹੋਈ ਹੈ ਜੋ ਕਿ ਅਮੋੜ ਮਤਿ ਦੇ ਹੁੰਦੇ ਹਨ ਭਾਵ ਉਹਨਾਂ ਨੂੰ ਜਿਤਨਾ ਮਰਜੀ ਕਿਸੇ ਮਾੜੇ ਕੰਮ ਤੋਂ ਹਟਾਉਣ ਦੀ ਕੋਸ਼ਿਸ਼ ਕਰੋ, ਕਿਸੇ ਖੇਤ ਵਿਚ ਚਾਰਾ ਚਰਨ ਤੋਂ ਮਨਾ ਕਰੋ ਪਰ ਉਹ ਨਹੀਂ ਮੁੜਦੇ ਤੇ ਕੁਦਿ ਕੁਦਿ ਕੇ ਭਾਵ ਪੂਰੇ ਉਤਸ਼ਾਹ ਨਾਲ ਉਹੀ ਕੰਮ ਕਰਦੇ ਹਨ ਜੋ ਉਹਨਾਂ ਨੂੰ ਚੰਗਾ ਲੱਗਦਾ ਹੈ। ਇਸੇ ਤਰ੍ਹਾਂ ਰੋਜ ਉਠ ਕੇ ਅੱਖਰ ਦਾ ਜਪ ਕਰਨ ਵਾਲਿਆਂ ਨੂੰ ਭਾਵੇਂ ਜਿਤਨਾ ਮਰਜੀ ਕੋਈ ਉਹਨਾਂ ਨੂੰ ਉਹਨਾਂ ਦੇ ਮਾਰਗ ਤੋਂ ਹਟਾਉਣ ਦੀ

ਕੋਸ਼ਿਸ਼ ਕਰੇ, ਸਮਝਾਉਣ ਦੀ ਕੋਸ਼ਿਸ਼ ਕਰੇ ਉਹ ਇੱਕ ਅਮੋੜ ਸੰਡੇ ਦੀ ਤਰ੍ਹਾਂ ਆਪਣੀ ਜਿਦ ਤੇ ਅੜੇ ਰਹਿੰਦੇ ਹਨ ਭਾਵ ਆਪਣੀ ਮਤਿ ਨਹੀਂ ਛਡਦੇ ਕਿਉਂਕਿ ਉਹਨਾਂ ਨੂੰ ਉਸੇ ਵਿਚ ਹੀ ਪ੍ਰਮਾਤਮਾ ਦੀ ਭਗਤੀ ਨਜਰ ਆਉਂਦੀ ਹੈ ਕਿਉਂਕਿ ਉਹਨਾਂ ਨੂੰ ਸਮਾਜ ਵਿਚੋਂ ਇਸੇ ਗੱਲ ਦਾ ਮਾਣ ਮਿਲਦਾ ਹੈ ਭਾਵ ਉਹ ਹਰੀ ਅੰਗੂਰੀ ਖਾਣਾ ਕਦੇ ਨਹੀਂ ਛੱਡ ਸਕਦੇ। ਇਹੋ ਜਿਹਾ ਝੂਠਾ ਮਾਣ ਲੈਣ ਨਾਲ ਉਹ ਆਪਣੇ ਆਪ ਨੂੰ **"ਰਸਾਤਲਿ"** ਵਿਚ ਪਾਉਂਦੇ ਹਨ ਭਾਵ ਨਰਕ ਵਿਚ ਪਾਉਂਦੇ ਹਨ ਭਾਵ ਆਪਣੇ ਜੀਵਨ ਨੂੰ ਵਿਅਰਥ ਗੁਆਉਂਦੇ ਹਨ ਜਿਵੇਂ ਕਿ ਅਸੀਂ ਕੁੱਝ ਪਿੱਛੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਹ ਸਮਝਿਆ ਹੀ ਹੈ ਕਿ ਮਨੁੱਖ ਦਾ

ਨਰਕਾਂ ਵਿੱਚ ਪੈਣਾ ਕੀ ਹੈ ਜੋ ਕਿ ਆਪਣੀ ਮਨਮਤਿ ਨੂੰ ਨਾ ਛੱਡਣ ਦਾ ਹੀ ਹੈ। ਸਾਡੀ ਮਨਮਤਿ ਵਾਲੀ ਨਾਸਮਝ ਮਤਿ ਭਾਵ ਸਾਡੇ ਕੋਲੋਂ ਮਾੜੇ ਕਰਮ ਕਰਵਾਉਣ ਵਾਲੀ ਮਤਿ ਸਾਡੇ ਅੰਦਰ ਦਾ ਨਰਕ ਹੈ ਤੇ ਗੁਰਮਤਿ ਦੀ ਸਮਝ ਵਾਲੇ ਸੱਚੇ ਗਿਆਨ ਵਾਲੀ ਸਮਝ ਸਾਡੇ ਅੰਦਰ ਦਾ ਸਵਰਗ ਹੈ ਜੋ ਸਾਨੂੰ ਹਰ ਮਾੜੇ ਕਰਮ ਤੋਂ ਬਚਾ ਕੇ ਰੱਖਦੀ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਕੋਈ ਮਾੜਾ ਕਰਮ ਨਾ ਕਰਨ ਕਰਕੇ ਹਰ ਵੇਲੇ ਸੁੱਖ ਮਹਿਸੂਸ ਕਰਦਾ ਹੈ ਭਾਵ ਮਨ ਦੀ ਹਰ ਤ੍ਰਿਸ਼ਨਾ ਨੂੰ ਤਿਆਗਕੇ ਅਕਾਲ ਪੁਰਖ ਦਾ ਭਾਣਾ ਮੰਨਣ ਦੁਆਰਾ ਮਨ ਦੇ ਸੰਤੋਖ ਵਿੱਚ ਰਹਿੰਦਾ ਹੈ। **{ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥ ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥ ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥ ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥ ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥}** ਅੰਗ ੨੭੯ **{ਤੀਰਥਿ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ ॥੧॥ ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥੧॥ ਰਹਾਉ ॥ ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥੨॥ ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥ ਕਰਮ ਕਰਤ ਜੀਅ ਕਉ ਜੰਜਾਰ ॥੩॥ ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥੪॥ ਸਾਧਸੰਗਿ ਹਰਿ ਕੀਰਤਨੁ ਗਾਈਐ ॥ ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ ਰਹਾਉ ਦੂਜਾ ॥੭॥੫੮॥}** ਅੰਗ ੩੮੫ **{ਰੋਵਨਹਾਰੈ ਝੂਠੁ ਕਮਾਨਾ ॥ ਹਸਿ ਹਸਿ ਸੋਗੁ ਕਰਤ ਬੇਗਾਨਾ ॥੧॥ ਕੋ ਮੂਆ ਕਾ ਕੈ ਘਰਿ ਗਾਵਨੁ ॥ ਕੋ ਰੋਵੈ ਕੋ ਹਸਿ ਹਸਿ ਪਾਵਨੁ ॥੧॥ ਰਹਾਉ ॥ ਬਾਲ ਬਿਵਸਥਾ ਤੇ ਬਿਰਧਾਨਾ ॥ ਪਹੁਚਿ ਨ ਮੂਕਾ ਫਿਰਿ ਪਛੁਤਾਨਾ ॥੨॥ ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥੩॥ ਕਹੁ ਨਾਨਕ ਜੋ ਲਾਇਆ ਨਾਮ ॥ ਸਫਲ ਜਨਮੁ ਤਾ ਕਾ ਪਰਵਾਨ ॥੪॥੨੪॥੭੫॥}** ਅੰਗ ੩੮੯ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਧਿਆਨ ਨਾਲ ਸਮਝਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਨਰਕ ਸਵਰਗ ਕੀ ਹੈ ਭਾਵ ਇਹ ਸਾਡੇ ਮਨ ਦੇ ਵਿਚਾਰ ਹੀ ਹਨ। ਜੋ ਸਾਡੇ ਮਨ ਦੇ ਵਿਚਾਰ ਸਾਨੂੰ ਦੁੱਖਾਂ ਵਿੱਚ ਪਾਉਂਦੇ ਹਨ ਭਾਵ ਸਾਡੇ ਜੀਵਨ ਨੂੰ ਔਖਾ ਕਰਦੇ ਹਨ ਉਹ ਮਨ ਦੇ ਮਾੜੇ ਵਿਚਾਰ ਸਾਡੇ ਅੰਦਰ ਦਾ ਨਰਕ ਹੈ ਤੇ ਜੋ ਸਾਡੇ ਅੰਦਰ ਦੇ ਵਿਚਾਰ ਸਾਨੂੰ ਸੱਚਾ ਸੁੱਖ ਮਹਿਸੂਸ ਕਰਵਾਉਂਦੇ ਹਨ ਭਾਵ ਸਦਾ ਹੀ ਸੁੱਖ ਵਿੱਚ ਰੱਖਦੇ ਹਨ ਉਹ ਸਾਡੇ ਅੰਦਰ ਦਾ ਸਵਰਗ ਹਨ। ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਅਸੀਂ ਮਾਇਆ ਦੀ ਪ੍ਰਾਪਤੀ ਨੂੰ ਹੀ ਆਪਣਾ ਅਸਲ ਸੁੱਖ ਸਮਝਦੇ ਹਾਂ ਜੋ ਸੁੱਖ ਸ੍ਰਿਸ਼ਟੀ ਦਾ ਕਰਤਾ ਸਾਡੇ ਕੋਲੋਂ ਕਦੇ ਵੀ ਖੋਹ ਸਕਦਾ ਹੈ ਭਾਵ ਮਾਇਆ ਦਾ ਸੁੱਖ ਸਦਾ ਰਹਿਣ ਵਾਲਾ ਨਹੀਂ ਹੈ ਜੋ ਮਾਇਆ ਦਾ ਸੁੱਖ ਦੂਰ ਹੋਣ ਦੁਆਰਾ ਅਸੀਂ ਹੋਰ ਦੁੱਖ ਮਹਿਸੂਸ ਕਰਦੇ ਹਾਂ ਭਾਵ ਇਹ ਸੱਚਾ ਸੁੱਖ ਨਹੀਂ ਹੈ। ਸੱਚਾ ਸੁੱਖ ਕੇਵਲ ਤੇ ਕੇਵਲ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਦੂਰ ਹੋਣ ਦਾ ਹੈ ਭਾਵ ਮਨ ਦੇ ਸੰਤੋਖ ਦੇ ਵਿੱਚ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਰਜਾ ਦੇ ਵਿੱਚ ਰਹਿਣ ਦਾ ਹੈ ਭਾਵ ਹਰ ਅਉਗੁਣ ਤਿਆਗਕੇ ਗੁਣਾਂ ਵਾਲੀ ਸਮਝ ਵਿੱਚ ਵਿਚਰਨ ਦਾ ਹੈ ਭਾਵ ਜੋ ਕੁੱਝ ਵੀ ਸੱਚ ਤੇ ਚੱਲਣ ਦੁਆਰਾ ਮਿਲਦਾ ਹੈ, ਗੁਰਮਤਿ ਅਨੁਸਾਰ ਵਿਚਰਨ ਦੁਆਰਾ ਮਿਲਦਾ ਹੈ ਉਸੇ ਵਿੱਚ ਹੀ ਸੰਤੋਖ ਮਹਿਸੂਸ ਕਰਨਾ ਅਸਲ ਸਵਰਗ ਹੈ। ਇਹ ਨਰਕ ਸਵਰਗ ਮਨ ਦੇ ਵਿੱਚ ਭਾਵ ਦੁੱਖ ਸੁੱਖ ਵਾਲੇ ਵਿਚਾਰ ਮਨ ਦੇ ਵਿੱਚ ਉਪਜਦੇ ਹੀ ਰਹਿੰਦੇ ਹਨ ਤੇ ਇਨ੍ਹਾਂ ਦੁੱਖ ਸੁੱਖ ਵਾਲੇ ਵਿਚਾਰਾਂ ਵਿੱਚੋਂ ਨਿਕਲਣਾ ਹੀ ਅਸਲ ਸੁੱਖ ਦੀ ਪ੍ਰਾਪਤੀ ਕਰਨਾ ਹੈ। ਉਪਰ ਸ਼ਬਦ ਰਾਹੀਂ ਜੋ ਨਰਕ ਸਵਰਗ ਵਿੱਚ ਫਿਰ ਫਿਰ ਅਵਤਾਰ ਦੀ ਗੱਲ ਕੀਤੀ ਹੋਈ ਹੈ ਉਹ ਮਨ ਦੇ ਵਿਚਾਰਾਂ ਦੀ ਹੀ ਗੱਲ ਕੀਤੀ ਹੋਈ ਹੈ। ਮਨ ਦੇ ਨਰਕ ਵਾਲੇ ਵਿਚਾਰਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਇਸ ਲਈ ਮਾਇਆ ਮੋਹ ਪੂਰੀ ਤਰ੍ਹਾਂ ਤਿਆਗਣਾ ਪੈਂਦਾ ਹੈ ਤੇ ਮਾਇਆ ਮੋਹ ਵਿੱਚ ਗਲਤਾਣ ਹੋਏ ਬਿਨਾਂ ਭਾਵ ਕੋਈ ਵੀ ਮਾੜਾ ਕਰਮ ਕੀਤੇ ਬਿਨਾਂ ਸਾਨੂੰ ਜੋ ਕੁੱਝ ਵੀ ਮਿਲਦਾ ਹੈ ਉਸੇ ਵਿੱਚ ਹੀ ਸੁੱਖ ਮਹਿਸੂਸ ਕਰਨਾ ਸਾਡੇ ਅੰਦਰ ਦਾ ਸਵਰਗ ਹੈ ਤੇ ਇਹੋ ਜਿਹੇ ਸਵਰਗ ਦੀ ਜੋ ਮਨੁੱਖ ਪ੍ਰਾਪਤੀ ਕਰ ਲੈਂਦਾ ਹੈ ਉਹ ਫਿਰ ਸਦਾ ਲਈ ਸਵਰਗ ਵਿੱਚ ਵਾਸ ਕਰਦਾ ਹੈ ਜੋ ਵਾਸ ਕੋਈ ਆਪਣੇ ਆਪ ਕਰ ਲਵੇ ਇਹ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ ਕਿਉਂਕਿ ਮਨੁੱਖ ਦੀ ਸਮਝ, ਮਨੁੱਖ ਦੇ ਮਨ ਵਿੱਚ ਉਪਜਣ ਵਾਲੇ ਵਿਚਾਰ ਮਨੁੱਖ ਦੇ ਵੱਸ ਵਿੱਚ ਨਹੀਂ ਹਨ। ਸਾਨੂੰ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਉਹੀ ਮੁਕਤ ਕਰ ਸਕਦਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਮਨ ਦੀ ਸਮਝ ਵਿੱਚ ਪ੍ਰਗਟ ਹੋ ਕੇ ਆਪ ਹੀ ਕਰ ਸਕਦਾ ਹੈ ਤੇ ਕਿਸੇ ਦੇ ਅੰਦਰ ਦੀ ਸਮਝ ਨੂੰ ਮਾਇਆ ਮੋਹ ਵਾਲੀ ਸਮਝ ਵਿੱਚੋਂ ਕੱਢ ਕੇ, ਹਉਮੈ ਵਾਲੀ ਸਮਝ ਵਿੱਚੋਂ ਕੱਢ ਕੇ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢ ਕੇ, ਪੁੱਠੇ ਕਮਲ ਵਾਲੀ ਸਮਝ ਵਿੱਚੋਂ ਕੱਢ ਕੇ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਜੋੜ ਸਕਦਾ ਹੈ ਭਾਵ ਆਪਣੇ ਨਾਮ ਦੇ ਨਾਲ ਜੋੜ ਸਕਦਾ ਹੈ ਜਿਸ ਦੁਆਰਾ ਉਹ ਆਪਣੀ ਸੱਚੀ ਭਗਤੀ ਦੀ ਸਮਝ ਪਾਉਣ ਦੁਆਰਾ ਕਿਸੇ ਨੂੰ ਉਹ ਉਸ ਨਰਕ ਵਿੱਚੋਂ ਕੱਢ ਸਕਦਾ ਹੈ ਜਿਸ ਨਰਕ ਵਿੱਚ ਉਸਨੇ ਭਾਵ ਦੁੱਖਾਂ ਵਾਲੀ ਸਮਝ ਵਿੱਚ ਉਸਨੇ ਆਪ ਹੀ ਸੰਸਾਰ ਦੇ ਹਰ ਮਨੁੱਖ

ਨੂੰ ਪਾਇਆ ਹੋਇਆ ਹੈ ਤੇ ਉਸਨੂੰ ਮਨ ਦੇ ਨਰਕ ਵਾਲੀ ਸਮਝ ਵਿੱਚੋਂ ਕੱਢ ਕੇ ਮਨ ਦੇ ਸਵਰਗ ਵਾਲੀ ਸਮਝ ਦੇ ਨਾਲ ਜੋੜ ਸਕਦਾ ਹੈ ਭਾਵ ਮਨ ਦੀ ਸਮਝ ਨੂੰ ਮਾਇਆ ਮੋਹ ਤੋਂ ਮੁਕਤ ਕਰ ਸਕਦਾ ਹੈ, ਹਰ ਤ੍ਰਿਸ਼ਨਾ ਤੋਂ ਮੁਕਤ ਕਰ ਸਕਦਾ ਹੈ ਤੇ ਗੁਰਮਤਿ ਦੀ ਸੱਚੀ ਸਮਝ ਦੁਆਰਾ ਉਸਦਾ ਜੀਵਨ ਬਤੀਤ ਕਰਵਾ ਸਕਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਦਾ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦਾ ਜੀਵਨ ਮਨ ਦੇ ਮਾਇਆ ਮੋਹ ਤੋਂ ਮੁਕਤ ਕਰਵਾਕੇ ਬਿਤਾਇਆ ਹੈ ਭਾਵ ਉਨ੍ਹਾਂ ਨੂੰ ਹਰ ਵੇਲੇ ਮਨ ਦੀ ਸੱਚੀ ਸਮਝ ਰਾਹੀਂ ਮਨ ਦੇ ਸੰਤੋਖ ਵਿੱਚ ਰੱਖਿਆ ਹੈ ਭਾਵ ਸਵਰਗਾਂ ਦੇ ਵਰਗੀ ਖੁਸ਼ੀ ਵਿੱਚ ਰੱਖਿਆ ਹੈ। ਇਹ ਸਵਰਗ ਦੇ ਵਿੱਚ ਰਹਿਣ ਵਾਲੀ ਖੁਸ਼ੀ ਕੇਵਲ ਤੇ ਕੇਵਲ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦੁਆਰਾ ਹੀ ਆਉਂਦੀ ਹੈ ਜਿਸਦੇ ਨਾਲ ਮੇਲ ਤੋਂ ਬਾਅਦ ਮਨੁੱਖ ਦੀ ਹਰ ਚਿੰਤਾ ਦੂਰ ਹੋ ਜਾਂਦੀ ਹੈ ਤੇ ਕਿਸੇ ਗੱਲ ਵਿੱਚ ਵੀ ਫਿਰ ਦੁੱਖ ਮਹਿਸੂਸ ਨਹੀਂ ਹੁੰਦਾ। ਇਹ ਬਹੁਤ ਹੀ ਅਸਚਰਜਤਾ ਵਾਲੀ ਗੱਲ ਹੈ ਤੇ ਮਨ ਦੇ ਵਿੱਚ ਉਸ ਅਸਚਰਜ ਰੂਪ ਅਕਾਲ ਪੁਰਖ ਦੇ ਨਾਲ ਮੇਲ ਦੁਆਰਾ ਹੀ ਕੋਈ ਸਮਝ ਸਕਦਾ ਹੈ ਕਿ ਸਵਰਗ ਨਰਕ ਕੀ ਹੈ ਜਿਸਨੂੰ ਸਮਝਣ ਵਿੱਚ ਹਰ ਮਨੁੱਖ ਭਰਮ ਵਿੱਚ ਹੀ ਹੈ ਤੇ ਮਨ ਦਾ ਇਹ ਭਰਮ ਕਿਸੇ ਦਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਕੱਢਦਾ ਹੈ ਜਿਵੇਂ ਕਿ ਉਸਨੇ ਇਹ ਭਰਮ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸਨੇ ਆਪ ਹੀ ਕੱਢਿਆ ਹੈ। ਕਿਸੇ ਵੀ ਇਹੋ ਜਿਹੇ ਨਾਮ ਰੱਸੀਏ ਅਖਵਾਉਣ ਵਾਲੇ ਨੂੰ, ਧਰਮ ਦੇ ਮਾਰਗ ਤੇ ਝੂਠੀ ਭਗਤੀ ਦੁਆਰਾ ਉੱਚਾ ਅਖਵਾਉਣ ਵਾਲਿਆਂ ਨੂੰ, ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਨੂੰ, ਸੰਤ ਆਦਿ ਅਖਵਾਉਣ ਵਾਲਿਆਂ ਨੂੰ ਭਾਵ ਅੱਖਰ ਦੇ ਜਪ ਦਾ ਪ੍ਰਚਾਰ ਕਰਨ ਵਲਿਆਂ ਨੂੰ ਕੋਈ ਸਮਝਾਕੇ ਦੇਖ ਲਵੇ ਇਹ ਕਦੇ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਉਹ ਗਲਤ ਹਨ ਉਲਟਾ ਸਮਝਾਉਣ ਵਾਲੇ ਨੂੰ ਹੀ ਗਲਤ ਕਹਿਣਗੇ ਤੇ ਮਾੜਾ ਬੋਲਣਗੇ ਭਾਵ ਸਮਝਾਉਣ ਵਾਲੇ ਨੂੰ ਹੀ ਮਾੜਾ ਸਮਝਣਗੇ, ਅਗਿਆਨੀ ਸਮਝਣਗੇ, ਭਗਤੀ ਹੀਣ ਸਮਝਣਗੇ, ਪੁੱਠਾ ਪ੍ਰਚਾਰ ਕਰਨ ਵਾਲਾ ਸਮਝਣਗੇ। ਭਗਤੀ ਦਾ ਸੱਚਾ ਪ੍ਰਚਾਰ ਕਰਨ ਵਾਲਿਆਂ ਨਾਲ ਇਹ ਕੁਝ ਹੁੰਦਾ ਹੀ ਆਇਆ ਹੈ ਕਿਉਂਕਿ ਭਗਤੀ ਦੇ ਸੱਚੇ ਮਾਰਗ ਦੀ ਸਮਝ ਪ੍ਰਮਾਤਮਾ ਕਦੇ ਕਿਸੇ ਵਿਰਲੇ ਨੂੰ ਹੀ ਪਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਵੀ ਨਾਸਮਝਾਂ ਨੇ ਮਾੜਾ ਆਖਿਆ ਹੈ ਤੇ ਅੱਜ ਵੀ ਉਹਨਾਂ ਨੂੰ ਮਾੜਾ ਸਮਝਣ ਵਾਲੇ ਅਨੇਕਾਂ ਹਨ ਭਾਵ ਸੰਸਾਰ ਸੱਚੇ ਮਾਰਗ ਨੂੰ ਸਮਝਣ ਵਿਚ ਭਰਮ ਵਿਚ ਹੀ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੇ ਭਰਮ ਦੇ ਬੰਧਨ ਵਿਚ ਰਖਿਆ ਹੈ ਜੋ ਬੰਧਨ ਟੁੱਟੇ ਬਿਨਾ ਸੱਚ ਦੀ ਸਮਝ ਹੀ ਨਹੀਂ ਪੈਂਦੀ। ਦਾਸ ਦੇ ਨਾਲ ਇਹ ਪ੍ਰਤੱਖ ਰੂਪ ਵਿਚ ਅਨੇਕਾਂ ਵਾਰੀ ਵਰਤਿਆ ਹੈ ਕਿਉਂਕਿ ਮਤਿ ਦੇ ਭਰਮੇ ਹੋਇਆਂ ਨੂੰ ਸਮਝਾਉਣਾ ਬਹੁਤ ਹੀ ਔਖਾ ਹੈ। ਕੋਈ ਇਹ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿ ਜੋ ਮਾਰਗ ਸਦੀਆਂ ਤੋਂ ਚਲਦਾ ਆ ਰਿਹਾ ਹੈ ਉਹ ਗਲਤ ਕਿਵੇਂ ਹੋ ਸਕਦਾ ਹੈ। ਉਹ ਗੁਰਬਾਣੀ ਦੀ ਗੱਲ ਨੂੰ ਗਲਤ ਸਾਬਿਤ ਕਰਨ ਲਈ ਤਿਆਰ ਹੁੰਦੇ ਹਨ ਪਰ ਇਹ ਕਦੇ ਨਹੀਂ ਮੰਨਣਾ ਚਾਹੁੰਦੇ ਕਿ ਜਿੰਨ੍ਹਾਂ ਕੋਲੋਂ ਉਹਨਾਂ ਨੇ ਨਾਮ ਜਪਣਾ ਸਿਖਿਆ ਹੈ ਉਹ ਗਲਤ ਸਨ। ਉਹਨਾਂ ਭਰਮਿਆਂ ਹੋਇਆਂ ਨੂੰ ਸੱਚੇ ਸਾਬਿਤ ਕਰਨ ਲਈ ਉਹ

37/4482

ਗੁਰੂ ਨੂੰ ਝੂਠਾ ਸਾਬਿਤ ਕਰਨ ਵਿਚ ਜਿਆਦਾ ਤਸੱਲੀ ਮਹਿਸੂਸ ਕਰਦੇ ਹਨ ਭਾਵ ਆਪਣਾ ਝੂਠਾ ਮਾਣ ਹੀ ਸਭ ਨੂੰ ਚੰਗਾ ਲਗਦਾ ਹੈ, ਹਰੀ ਅੰਗੂਰੀ ਹੀ ਇਹੋ ਜਿਹਿਆਂ ਨੂੰ ਚੰਗੀ ਲਗਦੀ ਹੈ। (**ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥**)

ਇਹ ਸੰਸਾਰ ਦੀ ਰਚਨਾ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ ਜਿਸ ਖੇਡ ਨੂੰ ਉਹ ਮਾਇਆ ਮੋਹ ਦੀ ਜੁਗਤਿ ਦੁਆਰਾ ਚਲਾ ਰਿਹਾ ਹੈ ਭਾਵ ਸਭ ਨੂੰ ਮਨ ਦੇ ਭਰਮ ਵਿੱਚ ਰੱਖਕੇ ਚਲਾ ਰਿਹਾ ਹੈ। ਜਿਹੋ ਜਿਹੀ ਭਗਤੀ ਵਿਚ ਹਰ ਕੋਈ ਲੱਗਾ ਹੋਇਆ ਹੈ ਇਹ ਉਸ ਪ੍ਰਮਾਤਮਾ ਦੀ ਖੇਡ ਦਾ ਹਿੱਸਾ ਹੀ ਹੈ ਤੇ ਜਿਸ ਨੂੰ ਪ੍ਰਮਾਤਮਾ ਆਪਣੀ ਇਹ ਖੇਡ ਸਮਝਾ ਦਿੰਦਾ ਹੈ ਉਸ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਦਾ ਅਸਲ ਮਾਰਗ ਕੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪ੍ਰਮਾਤਮਾ ਨੇ ਆਪਣੀ ਖੇਡ ਸਮਝਾਈ ਹੈ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਉਹ ਖੇਡ ਸਾਡੇ ਸਭ ਦੇ ਅੰਦਰ ਕਿਵੇਂ ਵਰਤਦੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥

ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥”

ਪ੍ਰਮਾਤਮਾ ਦੀ ਖੇਡ ਸਾਡੇ ਅੰਦਰ ਹੀ ਚੱਲ ਰਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਆਪਣੀ ਖੇਡ ਸਾਡੇ ਮਨ ਦੇ ਵਿਚਾਰਾਂ ਰਾਹੀਂ ਹੀ ਚਲਾ ਰਿਹਾ ਹੈ ਜਿਸ ਦੀ ਸਮਝ ਕੇਵਲ ਤੇ ਕੇਵਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਸਮਝ ਆਉਂਦੀ ਹੈ। ਸਾਡੇ ਅੰਦਰ ਮਾਇਆ ਮੋਹ ਵਾਲੀ ਜੁਗਤ ਭਾਵ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ, ਮਨ ਦੀ ਭਰਮ ਵਾਲੀ ਅਵਸਥਾ ਸਾਡੇ ਅੰਦਰ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ। ਇਸ ਖੇਡ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਸਾਡੇ ਤੋਂ ਵੱਖਰਾ ਰੱਖਿਆ ਹੋਇਆ ਹੈ, ਮਨ ਦੇ ਵਿਚਾਰਾਂ ਰਾਹੀਂ ਵੱਖਰਾ ਰੱਖਿਆ ਹੋਇਆ ਹੈ। ਇਹ ਖੇਡ ਸਾਡੇ ਅੰਦਰ ਪ੍ਰਮਾਤਮਾ ਸਾਨੂੰ ਪੁੱਠੀ ਮਤਿ ਵਿਚ ਰੱਖ ਕੇ ਚਲਾ ਰਿਹਾ ਹੈ, ਪੁੱਠੇ ਕਮਲ ਵਾਲੀ ਅਵਸਥਾ ਵਿਚ ਰੱਖ ਕੇ ਚਲਾ ਰਿਹਾ ਹੈ ਜਿਸ ਮਤਿ ਦੇ ਵਿਚ ਰਹਿੰਦੇ ਹੋਏ ਸਾਨੂੰ ਸਿੱਧੀ ਗੱਲ ਸਮਝ ਨਹੀਂ ਆਉਂਦੀ ਭਾਵ ਧਰਮ ਦੇ ਮਾਰਗ ਦੀ ਸਿੱਧੀ ਗੱਲ

37/4483

ਸਮਝ ਨਹੀਂ ਆਉਂਦੀ, ਸਿੱਧੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਬਲਕਿ ਪੁੱਠੀ ਗੱਲ ਤੇ ਵਿਸ਼ਵਾਸ ਆਉਂਦਾ ਹੈ। ਗੁਰੂ ਦੀ ਮਤਿ, ਸ਼ਬਦ ਦੀ ਵਿਚਾਰ ਸਾਨੂੰ ਧਰਮ ਦੇ ਮਾਰਗ ਦੀ ਸਿੱਧੀ ਗੱਲ ਸਮਝਾਉਂਦੀ ਹੈ ਪਰ ਸਾਨੂੰ ਉਸ ਤੇ ਵਿਸ਼ਵਾਸ ਨਹੀਂ ਆਉਂਦਾ। ਸਾਨੂੰ ਵਿਸ਼ਵਾਸ ਤ੍ਰੈ ਗੁਣਾਂ ਵਾਲੀ ਮਤਿ ਤੇ ਆਉਂਦਾ ਹੈ ਭਾਵ ਆਪਣੀ ਸੁਰਤ ਦੇ ਵਿਚਾਰਾਂ ਤੇ ਵਿਸ਼ਵਾਸ ਆਉਂਦਾ ਹੈ। ਜਿਵੇਂ ਕਿ ਬਾਣੀ ਵਿਚ ਬਾਰ-ਬਾਰ ਲਿਖਿਆ ਹੋਇਆ ਹੈ ਕਿ ਪਰਮਾਤਮਾ ਸਾਡੇ ਅੰਦਰ ਹੀ ਹੈ ਪਰ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤੇ ਉਹਨਾਂ ਦੀ ਗੱਲ ਤੇ ਵਿਸ਼ਵਾਸ ਆ ਜਾਂਦਾ ਹੈ ਜੋ ਪ੍ਰਮਾਤਮਾ ਨੂੰ ਕਿਸੇ ਸਰਗੁਣ ਰੂਪ ਵਿਚ ਕਹਿੰਦੇ ਹਨ ਤੇ ਕਿਸੇ ਖੰਡ ਬ੍ਰਹਮੰਡ ਵਿਚ ਹੋਣ ਦੀਆਂ ਗੱਲਾਂ ਕਰਦੇ ਹਨ ਭਾਵ ਪੁੱਠੀਆਂ ਗੱਲਾਂ ਕਰਦੇ ਹਨ ਪਰ ਫਿਰ ਵੀ ਵਿਸ਼ਵਾਸ ਉਹਨਾਂ ਤੇ ਹੀ ਆਉਂਦਾ ਹੈ। ਇਹ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਸਾਡੇ ਅੰਦਰ ਦੀ ਖੇਡ ਦਾ ਹਿੱਸਾ ਹੈ ਜਿਸ ਦਾ ਮਕਸਦ ਹੀ ਸਾਨੂੰ ਭਰਮ ਵਾਲੇ ਵਿਚਾਰਾਂ ਵਿਚ ਰੱਖਣ ਦਾ ਹੈ। ਇਸੇ ਤਰ੍ਹਾਂ ਸਾਨੂੰ ਬਾਰ ਬਾਰ ਗੁਰਬਾਣੀ ਰਾਹੀਂ ਨਾਮ ਸਮਝਾਇਆ ਹੋਇਆ ਹੈ ਪਰ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤੇ ਅਸੀਂ ਉਹਨਾਂ ਗੱਲਾਂ ਨੂੰ, ਅੱਖਰਾਂ ਨੂੰ, ਨਾਮ ਬਣਾਇਆ ਹੋਇਆ ਹੈ ਜੋ ਕਿ ਪੁੱਠੀ ਮਤਿ ਵਾਲਿਆਂ ਨੇ ਸਮਝਾਇਆ ਹੈ ਤੇ ਉਸ ਤੇ ਵਿਸ਼ਵਾਸ ਵੀ ਸਾਡੀ ਪੁੱਠੀ ਮਤਿ ਦੁਆਰਾ ਹੀ ਆਉਂਦਾ ਹੈ। ਸਾਡੇ ਅੰਦਰ ਪੁੱਠੀ ਮਤਿ ਪਾਉਣ ਵਾਲਾ ਵੀ ਆਪ ਪ੍ਰਮਾਤਮਾ ਹੈ ਤੇ ਪੁੱਠੀ ਮਤਿ ਤੇ ਵਿਸ਼ਵਾਸ ਦਿਵਾਉਣ ਵਾਲਾ ਵੀ ਆਪ ਪ੍ਰਮਾਤਮਾ ਹੈ ਕਿਉਂਕਿ ਇਹ ਉਸਦੀ ਰਚੀ ਹੋਈ ਖੇਡ ਹੈ ਜੋ ਕਿ ਪੂਰੀ ਤਰ੍ਹਾਂ ਪਰਫੈਕਟ ਹੈ। ਬਾਣੀ ਵਿਚ ਬਾਰ ਬਾਰ ਲਿਖਿਆ ਹੋਇਆ ਹੈ ਕਿ ਸੁਰਤੀਆਂ ਸਮਾਧੀਆਂ ਜੋੜ ਕੇ ਬੈਠਣ ਦਾ ਕੋਈ ਲਾਭ ਨਹੀਂ ਹੈ, ਸਰੀਰਿਕ ਜਪ ਤਪ ਕਰਨ ਦਾ ਕੋਈ ਲਾਭ ਨਹੀਂ ਭਾਵ ਇਹ ਭਗਤੀ ਦਾ ਮਾਰਗ ਨਹੀਂ, ਨਾਮ ਜਪਣ ਦਾ ਮਾਰਗ ਨਹੀਂ ਪਰ ਫਿਰ ਵੀ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਬਲਕਿ ਉਹਨਾਂ ਦੀ ਮਤਿ ਤੇ ਵਿਸ਼ਵਾਸ ਆਉਂਦਾ ਹੈ ਜਿੰਨ੍ਹਾਂ ਦੀ ਮਤਿ ਗੁਰੂ ਦੀ ਮਤਿ ਨਾਲੋਂ ਪੁੱਠੀ ਹੈ ਭਾਵ ਮਨਮਤਿ ਹੈ। ਮਨਮਤਿ ਪੁੱਠੀ ਮਤਿ ਹੈ ਤੇ ਗੁਰਮਤਿ ਸਿੱਧੀ ਮਤਿ ਹੈ। ਮਨਮਤਿ ਨੂੰ ਗੁਰਮਤਿ ਨਾਲੋਂ ਵੱਖਰਾ ਰੱਖਣਾ ਹੀ ਪ੍ਰਮਾਤਮਾ ਦੀ ਖੇਡ ਹੈ ਜੋ ਕਿ ਉਹ ਮਨ ਦੇ ਭਰਮ ਦੁਆਰਾ ਚਲਾ ਰਿਹਾ ਹੈ। ਬਾਣੀ ਵਿਚ ਉਹਨਾਂ ਅਨੇਕਾਂ ਹੀ ਅਨੇਕਾਂ ਤਰੀਕਿਆਂ ਦਾ ਖੰਡਣ ਕੀਤਾ ਹੋਇਆ ਹੈ ਜਿੰਨਾਂ ਵਿਚ ਅਸੀਂ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ, ਆਪਣੀ

37/4484

ਆਪਣੀ ਧਾਰਮਿਕ ਆਸਥਾ ਅਨੁਸਾਰ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ ਪਰ ਕੋਈ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦਾ ਕਿ ਉਹ ਭਗਤੀ ਦੇ ਸਹੀ ਮਾਰਗ ਤੋਂ ਭਟਕਿਆ ਹੋਇਆ ਹੈ ਭਾਵ ਉਸਨੂੰ ਉਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਜਿਸ ਵਿਚ ਉਸਦੀ ਆਪਣੀ ਆਸਥਾ ਜੁੜੀ ਹੁੰਦੀ ਹੈ। ਇਹ ਸਭ ਸਾਡੇ ਅੰਦਰ ਦੇ ਭਰਮ ਦਾ ਨਤੀਜਾ ਹੈ ਜੋ ਪ੍ਰਮਾਤਮਾ ਦੀ ਖੇਡ ਦਾ ਨਤੀਜਾ ਹੈ। ਜੇਕਰ ਸਭ ਦਾ ਭਰਮ ਹੀ ਦੂਰ ਹੋ ਜਾਵੇ ਤਾਂ ਫਿਰ ਪ੍ਰਮਾਤਮਾ ਦੀ ਇਹ ਖੇਡ ਚੱਲ ਹੀ ਨਹੀਂ ਸਕਦੀ ਜੋ ਖੇਡ ਉਹ ਮਨ ਦੇ ਵਿੱਚ ਬੈਠਾ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਚਲਾ ਰਿਹਾ ਹੈ। ਜਦ ਤੱਕ ਉਹ ਆਪਣੀ ਖੇਡ ਨੂੰ ਪ੍ਰਗਟ ਨਹੀਂ ਕਰਦਾ, ਕਿਸੇ ਦੇ ਅੰਦਰ ਆਪ ਪ੍ਰਗਟ ਹੋ ਕੇ ਆਪਣੀ ਖੇਡ ਨਹੀਂ ਸਮਝਾਉਂਦਾ ਤਦ ਤੱਕ ਕੋਈ ਪ੍ਰਮਾਤਮਾ ਦੀ ਇਸ ਖੇਡ ਨੂੰ ਨਹੀਂ ਸਮਝ ਸਕਦਾ। ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਆਪਣੀ ਖੇਡ ਦੁਆਰਾ ਉਸਨੇ ਆਪ ਹੀ ਸਭ ਨੂੰ ਆਪਣੀ ਇਹ ਖੇਡ ਜਾਨਣ ਤੋਂ ਦੂਰ ਰਖਿਆ ਹੋਇਆ ਹੈ। ਉਪਰ ਪੰਗਤੀ ਰਾਹੀਂ ਪ੍ਰਮਾਤਮਾ ਦੀ ਇਸ ਖੇਡ ਨੂੰ "**ਲੇਲੇ ਕਉ ਚੂਘੈ ਨਿਤ ਭੇਡ**" ਕਹਿ ਕੇ ਸਮਝਾਇਆ ਹੋਇਆ ਹੈ ਭਾਵ ਸਾਡੀ ਪੁੱਠੀ ਮਤਿ ਕਹਿ ਕੇ ਸਮਝਾਇਆ ਹੋਇਆ ਹੈ। ਅਸਲੀਅਤ ਇਹ ਹੈ ਕਿ

ਲੇਲਾ ਭੇਡ ਨੂੰ ਚੁੰਘਦਾ ਹੈ ਤੇ ਪੁੱਠੀ ਗੱਲ ਇਹ ਹੈ ਕਿ ਭੇਡ ਲੇਲੇ ਨੂੰ ਚੁੰਘਦੀ ਹੈ। ਇਹ ਸਾਡੇ ਅੰਦਰ ਦੀ ਅਵਸਥਾ ਹੀ ਹੈ ਜੋ ਸਾਡੇ ਮਨ ਦੇ ਵਿਚਾਰਾਂ ਰਾਹੀਂ ਸਾਡੇ ਅੰਦਰ ਆਪ ਹੀ ਪ੍ਰਮਾਤਮਾ ਨੇ ਪਾਈ ਹੋਈ ਹੈ, ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ, ਹਉਮੈ ਵਿਚ, ਮਾਇਆ ਮੋਹ ਦੀ ਜੁਗਤਿ ਵਿਚ, ਪੁੱਠੇ ਕਮਲ ਦੀ ਜੁਗਤ ਦੁਆਰਾ ਪਾਈ ਹੋਈ ਹੈ। ਪ੍ਰਮਾਤਮਾ ਦੀ ਇਸ ਖੇਡ ਨੂੰ ਜਾਣੇ ਬਿਨਾ ਹਰ ਕੋਈ ਮਨ ਦੇ ਭਰਮ ਵਿਚ ਹੀ ਹੈ, ਸੱਚ ਨੂੰ ਪੂਰਨ ਰੂਪ ਵਿਚ ਸਮਝਣ ਤੋਂ, ਸੰਸਾਰ ਦੀ ਅਸਲੀਅਤ ਨੂੰ ਸਮਝਣ ਤੋਂ, ਭਗਤੀ ਦੇ ਅਸਾਨ ਮਾਰਗ ਨੂੰ ਸਮਝਣ ਤੋਂ, ਨਾਮ ਨੂੰ ਸਮਝਣ ਤੋਂ ਤੇ ਉਸਨੂੰ ਜਪਣ ਤੋਂ ਦੂਰ ਹੀ ਹੈ। (**ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥**)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ - ੨੨੫)

37/4485

ਸਲੋਕੁ ਮਃ ੩ ॥

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ - ੯੪੭)

ਪ੍ਰਭਾਤੀ ॥

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ - ੧੩੫੧)

ਪਉੜੀ ॥

{ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥
ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ ॥
ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ ॥ ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ ॥
ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ ॥੨੪॥}

(ਅੰਗ - ੩੧੪)

{ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥
ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥੪॥}

(ਅੰਗ - ੬੭੩)

{ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ ॥

ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥੧॥}

(ਅੰਗ - ੩੩੫)

{ਆਦਿ ਪੁਰਖਿ ਇਕੁ ਚਲਤੁ ਦਿਖਾਇਆ ਜਹ ਦੇਖਾ ਤਹ ਸੋਈ ॥
ਨਾਨਕ ਹਰਿ ਕੀ ਭਗਤਿ ਨ ਛੋਡਉ ਸਹਜੇ ਹੋਇ ਸੁ ਹੋਈ ॥੨॥}

(ਅੰਗ - ੪੩੭)

{ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੁੰਨਹੁ ਉਪਜੀ ਸੁੰਨਿ ਸਮਾਣੀ ॥
ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥੭॥}

(ਅੰਗ - ੧੦੩੭)

{ਸਦਾ ਸਦਾ ਸਦ ਹੋਵਣਹਾਰਾ ॥ ਊਚਾ ਅਗਮੁ ਅਥਾਹੁ ਅਪਾਰਾ ॥
ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥}

(ਅੰਗ - ੧੦੭੭)

37/4486

{ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ ਕਰਦਾ ਆਇਆ ॥੧॥}

(ਅੰਗ - ੧੧੫੪)

{ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥
ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥੩॥}

(ਅੰਗ - ੧੧੯੧)

ਸਾਰਗ ਮਹਲਾ ੫ ॥

{ਨੈਨਹੁ ਦੇਖਿਓ ਚਲਤੁ ਤਮਾਸਾ ॥ ਸਭ ਹੂ ਦੂਰਿ ਸਭ ਹੂ ਤੇ ਨੇਰੈ ਅਗਮ ਅਗਮ ਘਟ ਵਾਸਾ ॥੧॥ ਰਹਾਉ ॥}

(ਅੰਗ - ੧੨੧੧)

ਪਉੜੀ ॥

{ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥
ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥
ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥}

(ਅੰਗ - ੧੨੩੮)

ਪਉੜੀ ਨਵੀ ਮਃ ੫ ॥

{ਸਭੋ ਵਰਤੈ ਚਲਤੁ ਚਲਤੁ ਵਖਾਣਿਆ ॥ ਪਾਰਬ੍ਰਹਮੁ ਪਰਮੇਸਰੁ ਗੁਰਮੁਖਿ ਜਾਣਿਆ ॥
ਲਬੇ ਸਭਿ ਵਿਕਾਰ ਸਬਦਿ ਨੀਸਾਣਿਆ ॥ ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ॥
ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ ॥ ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ॥
ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ॥ ਨਾਨਕ ਲਏ ਮਿਲਾਇ ਖਸਮੈ ਭਾਣਿਆ ॥੨੭॥}

(ਅੰਗ - ੧੨੯੧)

ਉਪਰਲੇ ਸ਼ਬਦਾਂ ਦੇ ਪਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਣ ਦਾ ਉਦਮ ਹੀ ਕੀਤਾ ਹੈ ਕਿ ਪਰਮਾਤਮਾ ਦੀ ਖੇਡ, ਉਸਦਾ **"ਚਲਤ"** ਭਾਵ ਉਸਦਾ ਤਮਾਸ਼ਾ ਸਾਡੇ ਅੰਦਰ ਕਿਵੇਂ ਚੱਲ ਰਿਹਾ ਹੈ। ਉਸਦੀ ਖੇਡ ਸਮਝ ਆਏ ਬਿਨਾ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਸਭ ਨੂੰ ਭਰਮ ਵਿਚ ਰੱਖਣ ਵਾਲਾ ਭਾਵ ਮਨ ਦੀ ਪੁੱਠੀ ਮਤਿ ਵਿਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ ਭਾਵ ਉਹ ਆਪਣੀ ਖੇਡ ਸਾਡੇ ਮਨ ਦੇ ਵਿਚਾਰਾਂ

37/4487

ਦੁਆਰਾ ਹੀ ਖੇਡ ਰਿਹਾ ਹੈ। ਸਾਡੇ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪਣੀ ਇਹ ਖੇਡ ਹਰ ਮਨੁੱਖ ਦੇ ਅੰਦਰ ਕਿਸ ਤਰੀਕੇ ਖੇਡ ਰਿਹਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਸ਼ਬਦ ਦਾ ਭਾਵ ਗਹਿਰਾ ਹੈ ਜੋ ਕਿ ਇਸ ਮਨ ਨੂੰ ਜਾਨਣ ਤੋਂ ਬਾਅਦ ਹੀ ਸਮਝ ਪੈ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਸਮਝ ਪੈ ਸਕਦਾ ਹੈ। ਇਹ ਪ੍ਰਮਾਤਮਾ ਦੀ ਖੇਡ ਹੈ ਜੋ ਉਸ ਨੇ ਸਭ ਤੋਂ ਛੁਪਾ ਕੇ ਰੱਖੀ ਹੋਈ ਹੈ, ਜਾਦੂਗਰ ਦੀ ਤਰ੍ਹਾਂ ਛੁਪਾ ਕੇ ਰੱਖੀ ਹੋਈ ਹੈ। ਖੇਡ ਤਦ ਤਕ ਹੀ ਉੱਚੀ ਲਗਦੀ ਹੈ ਭਾਵ ਜਾਦੁਗਰ ਦੀ ਵਡਿਆਈ ਤਦ ਤਕ ਹੀ ਬਣੀ ਰਹਿੰਦੀ ਹੈ ਜਦ ਤਕ ਉਸਦੀ ਖੇਡ ਸਮਝ ਨਾ ਆ ਜਾਵੇ। ਪ੍ਰਮਾਤਮਾ ਆਪਣੀ ਖੇਡ ਕਿਸੇ ਨੂੰ ਸਮਝ ਨਹੀਂ ਆਉਣ ਦਿੰਦਾ ਤੇ ਕਦੇ ਅਰਬਾਂ ਖਰਬਾਂ ਵਿਚੋਂ ਕਿਸੇ ਵਿਰਲੇ ਸਰੀਰ ਰਾਹੀਂ ਪ੍ਰਗਟ ਹੋ ਕੇ ਹੀ ਉਹ ਆਪਣੀ ਖੇਡ ਸਮਝਾਉਂਦਾ ਹੈ। ਅਸਲ ਵਿਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਆਪ ਨੂੰ ਗੁਪਤ ਰੱਖਣ ਲਈ ਪ੍ਰਮਾਤਮਾ ਆਪਣੀ ਇਹ ਖੇਡ ਚਲਾ ਰਿਹਾ ਹੈ।

“ਆਪੇ ਸਤਿ ਸਤਿ ਸਤਿ ਸਾਚਾ ॥ ਓਤਿ ਪੋਤਿ ਭਗਤਨ ਸੰਗਿ ਰਾਚਾ ॥
ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ ਪਸਾਰਣਾ ॥੪॥ ਸਦਾ ਸਦਾ ਸਦ ਹੋਵਣਹਾਰਾ ॥
ਊਚਾ ਅਗਮੁ ਅਥਾਹੁ ਅਪਾਰਾ ॥ ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥”

(ਅੰਗ - ੧੦੨੨)

ਉਪਰ ਪੰਗਤੀਆਂ ਵਿੱਚ ਪਹਿਲੇ ਪਦੇ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਇਸ ਗੱਲ ਦੀ ਸੋਝੀ ਕੇਵਲ ਉਸਦੇ ਭਗਤਾਂ ਨੂੰ ਹੀ ਪੈਂਦੀ ਹੈ ਜਿੰਨਾ ਸਰੀਰਾਂ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਪ੍ਰਗਟ ਕਰ ਦਿੰਦਾ ਹੈ ਕਿ ਉਹ ਕੀ ਹੈ। ਜੋ ਵੀ ਅਸੀਂ ਸੰਸਾਰ ਵਿੱਚ **“ਪਰਗਟੁ”** ਰੂਪ ਦੇਖਦੇ ਹਾਂ ਇਹ ਸਭ ਮਾਇਆ ਰੂਪ ਹੈ, ਆਕਾਰ ਰੂਪ ਹੈ। ਇਸ ਰੂਪ ਵਿੱਚ ਭਾਵ ਸਰਗੁਣ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਤੇ ਸਾਡੇ ਅੰਦਰ ਗੁਪਤ ਰੂਪ ਉਸਦਾ ਨਿਰੰਕਾਰ ਰੂਪ ਹੈ ਜੋ ਕਿ ਗਿਆਨ ਰੂਪ ਹੈ। ਜਦੋਂ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਕਰਦਾ ਹੈ ਭਾਵ ਆਪਣੇ ਗੁਪਤ ਰੂਪ ਦੁਆਰਾ ਹੀ ਪ੍ਰਗਟ ਕਰਦਾ ਹੈ ਤੇ ਤਾਂ ਹੀ ਮਨੁੱਖ ਨੂੰ ਸੋਝੀ ਪੈਂਦੀ ਹੈ

37/4488

ਕਿ ਜੋ ਵੀ ਆਕਾਰ ਰੂਪ ਅਸੀਂ ਦੇਖ ਰਹੇ ਹਾਂ ਇਹ ਸਭ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਰੂਪ ਹੈ ਜਿਸ ਰੂਪ ਰਾਹੀਂ ਉਹ ਸਭ ਜਗਾ ਪ੍ਰਗਟ ਹੈ ਪਰ ਅਸੀਂ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦੇ। ਵਿਸ਼ਵਾਸ ਤਦੋਂ ਹੀ ਆਉਂਦਾ ਹੈ ਜਦੋਂ ਅਸੀਂ ਉਸਦੇ ਗੁਪਤ ਰੂਪ ਨੂੰ ਜਾਣ ਲੈਂਦੇ ਹਾਂ। ਜੋ ਕੁਝ ਵੀ ਅਸੀਂ ਦੇਖਦੇ ਹਾਂ ਉਹ ਸਭ ਪ੍ਰਮਾਤਮਾ ਦਾ ਰੂਪ ਹੀ ਹੈ ਭਾਵ ਸਭ **“ਸਤਿ ਸਤਿ ਸਤਿ”** ਹੀ ਹੈ, ਆਪ ਸੱਚਾ ਪ੍ਰਮਾਤਮਾ ਹੀ ਹੈ। ਸਭ ਜਗਾ ਆਪਣਾ ਰੂਪ ਬਣਾ ਕੇ ਭਾਵ ਆਕਾਰ ਰੂਪ ਬਣਾ ਕੇ ਪ੍ਰਮਾਤਮਾ ਨੇ ਆਪ ਹੀ ਆਪਣਾ ਪਸਾਰਾ ਕੀਤਾ ਹੋਇਆ ਹੈ ਤੇ ਆਪਣੇ ਪਸਾਰੇ ਨੂੰ ਉਹ ਆਪ ਹੀ ਗੁਪਤ ਰੂਪ ਦੁਆਰਾ ਚਲਾ ਰਿਹਾ ਹੈ, ਨਿਰੰਕਾਰ ਰੂਪ ਦੁਆਰਾ ਸਾਰੇ ਪਸਾਰੇ ਨੂੰ ਬਣਾ ਕੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਿਹਾ ਹੈ। ਉਹ ਆਪਣੇ ਭਗਤਾਂ ਦੇ ਨਾਲ ਆਪਣੇ ਗੁਪਤ ਰੂਪ ਦੁਆਰਾ ਭਾਵ ਮਨ ਦੇ ਗਿਆਨ ਰੂਪ ਦੁਆਰਾ ਇਕ ਮਿਕ ਹੋ ਜਾਂਦਾ ਹੈ, ਓਤਿ ਪੋਤਿ ਰਚਿ ਜਾਂਦਾ ਹੈ ਜਿਸ ਰਾਹੀਂ ਉਹ ਆਪਣੇ ਭਗਤਾਂ ਨੂੰ ਆਪਣੇ ਗੁਪਤ ਰੂਪ ਦੁਆਰਾ ਸਾਰੀ ਸੋਝੀ ਪਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੁਆਰਾ ਸੋਝੀ ਪਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। (**ਆਪੇ ਸਤਿ ਸਤਿ ਸਤਿ ਸਾਚਾ ॥ ਓਤਿ ਪੋਤਿ ਭਗਤਨ ਸੰਗਿ ਰਾਚਾ ॥**)

ਮਹਲਾ ੨ ॥

{ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥}

(ਅੰਗ - ੪੬੩)

ਮਹਲਾ ੨ ॥

{ਆਪੇ ਸਾਜੇ ਕਰੇ ਆਪਿ ਜਾਣੀ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥
ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥}

(ਅੰਗ - ੪੭੫)

ੴ ਸਤਿਗੁਰ ਪ੍ਰਸਾਦਿ ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ - ੪੮੫)

37/4489

ਪ੍ਰਮਾਤਮਾ ਆਪਣੀ ਖੇਡ ਸਭ ਦੇ ਅੰਦਰ ਆਪਣੇ ਆਪ ਨੂੰ ਗੁਪਤ ਰੱਖ ਕੇ ਹੀ ਚਲਾ ਰਿਹਾ ਹੈ, ਸਾਡੇ ਮਨ ਦੇ ਅੰਦਰ ਗੁਪਤ ਰੂਪ ਵਿਚ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। ਇਹੀ ਗੱਲ ਸਾਨੂੰ ਮੁਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਦਾ ਸਦਾ ਸਦ ਹੋਵਣਹਾਰਾ ॥ ਊਚਾ ਅਗਮੁ ਅਥਾਹੁ ਅਪਾਰਾ ॥
ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥"

ਉਪਰ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਨੂੰ ਫਿਰ ਤੋਂ ਇਹ ਸਮਝਾਇਆ ਹੋਇਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਬਹੁਤ ਹੀ ਵੱਡਾ ਹੈ ਤੇ ਉਹ ਹਰ ਕਿਸੇ ਦੀ ਪਹੁੰਚ ਤੋਂ ਬਾਹਰ ਹੈ। ਉਹ ਸਾਡੀ ਪਹੁੰਚ ਤੋਂ ਕਿਸ ਲਈ ਬਾਹਰ ਹੈ, ਉਸਦੀ ਖੇਡ ਨੂੰ ਸਮਝਣਾ ਸਾਡੀ ਸਮਝ ਤੋਂ ਕਿਸ ਲਈ ਬਾਹਰ ਹੈ ਇਹੀ ਗੱਲ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥"

ਮਨੁੱਖ ਜੋ ਵੀ ਹੈ ਭਾਵ ਮਨੁੱਖ ਕੀ ਹੈ ਇਸ ਗੱਲ ਦੀ ਸਮਝ ਮਨੁੱਖ ਨੂੰ ਮਨ ਦੇ ਵਿਚੋਂ ਹੀ ਪੈਂਦੀ ਹੈ। ਮਨੁੱਖ ਦੀ ਆਪਣੀ ਕੋਈ ਸਮਰੱਥਾ ਨਹੀਂ ਕਿ ਉਹ ਆਪ ਆਪਣੇ ਅੰਦਰ ਵਿਚਾਰ ਪਾ ਸਕੇ। ਸਾਡੇ ਮਨ ਦਾ ਵਿਸਥਾਰ ਇੱਕ ਸਾਇੰਟਿਫਿਕ ਰਚਨਾ ਹੈ ਜੋ ਰਚਨਾ ਮਨੁੱਖ ਦੀ ਉਤਪੱਤੀ ਦੇ ਨਾਲ ਹੀ ਜੁੜੀ ਹੋਈ ਹੈ। ਮਨੁੱਖ ਦੀ ਆਪਣੀ ਉਤਪੱਤੀ ਉਸਦੇ ਆਪਣੇ ਹੱਥ ਵਿਚ ਨਹੀਂ ਹੈ ਭਾਵ ਮਨੁੱਖ ਆਪਣੇ ਆਪ ਪੈਦਾ ਨਹੀਂ ਹੋਇਆ, ਮਨੁੱਖੀ ਹੋਂਦ ਆਪਣੇ ਆਪ ਨਹੀਂ ਬਣੀ ਭਾਵ ਇਹ ਮਨੁੱਖੀ ਹੋਂਦ ਬਣਾਈ ਗਈ ਹੈ। ਜਿਸ ਨੇ ਇਹ ਮਨੁੱਖੀ ਹੋਂਦ ਬਣਾਈ ਹੈ ਇਸ ਹੋਂਦ ਨੂੰ ਚਲਾਉਣ ਦਾ ਸਿਸਟਮ ਵੀ ਨਾਲ ਹੀ ਪਾਇਆ ਗਿਆ ਹੈ। ਸਾਡੇ ਅੰਦਰ ਦਾ ਮਨ ਵੀ ਸਾਡੀ ਮਨੁੱਖੀ ਹੋਂਦ ਦਾ ਹਿੱਸਾ ਹੈ। ਸਾਡੀ ਮਨੁੱਖੀ ਹੋਂਦ ਨਜ਼ਰ ਆਉਂਦੀ ਹੈ, ਉਸਦੇ ਅੰਦਰ ਦਿਮਾਗ ਦਾ ਆਕਾਰ ਰੂਪ ਵੀ ਨਜ਼ਰ ਆਉਂਦਾ ਹੈ ਜੋ ਕਿਸੇ ਗਿਆਨ ਨਾਲ ਹੀ ਬਣਿਆ ਹੈ

37/4490

ਭਾਵ ਮਨੁੱਖ ਦੀ ਉਤਪੱਤੀ ਕਿਸੇ ਗਿਆਨ ਨਾਲ ਹੀ ਹੋਈ ਹੈ ਭਾਵ ਮਨੁੱਖ ਦੀ ਉਤਪੱਤੀ ਤੋਂ, ਸੰਸਾਰ ਦੀ ਉਤਪੱਤੀ ਤੋਂ ਪਹਿਲੇ ਗਿਆਨ ਮੌਜੂਦ ਸੀ। ਉਤਪੱਤੀ ਤਾਂ ਪ੍ਰਮਾਤਮਾ ਨੇ ਹੀ ਕੀਤੀ ਹੈ ਜਿਸ ਗੱਲ ਤੇ ਹਰ ਕਿਸੇ ਨੂੰ ਵਿਸ਼ਵਾਸ ਹੈ। ਜਿਸ ਨੇ ਆਪਣੇ ਐਨੇ ਵੱਡੇ ਗਿਆਨ ਨਾਲ ਉਤਪੱਤੀ ਕੀਤੀ ਹੈ ਉਸ ਨੇ ਆਪਣੀ ਉਤਪੱਤੀ ਨੂੰ ਚਲਾਉਣ ਦਾ ਸਾਧਨ ਵੀ ਨਾਲ ਹੀ ਆਪਣੀ ਉਤਪੱਤੀ ਵਿਚ ਪਾਇਆ ਹੋਇਆ ਹੈ। ਮਨੁੱਖ ਦੇ ਅੰਦਰ ਗਿਆਨ ਦੀ ਉਤਪੱਤੀ ਹੁੰਦੀ ਹੈ, ਦਿਮਾਗ ਦੇ ਵਿਚ ਹੁੰਦੀ ਹੈ। ਦਿਮਾਗ

ਦਾ ਆਕਾਰ ਰੂਪ ਸਾਨੂੰ ਨਜ਼ਰ ਆਉਂਦਾ ਹੈ ਪਰ ਉਸ ਵਿਚੋਂ ਨਿਕਲਣ ਵਾਲਾ, ਪੈਦਾ ਹੋਣ ਵਾਲਾ ਗਿਆਨ ਸਾਨੂੰ ਨਜ਼ਰ ਨਹੀਂ ਆਉਂਦਾ ਜੋ ਇਸ ਸਰੀਰ ਨੂੰ ਚਲਾਉਣ ਦਾ ਸਾਧਨ ਹੈ। ਜੇਕਰ ਆਕਾਰ ਰੂਪ ਦਿੱਸਣ ਵਾਲਾ ਦਿਮਾਗ ਪ੍ਰਮਾਤਮਾ ਨੇ ਬਣਾਇਆ ਹੈ ਫਿਰ ਉਸ ਦੇ ਅੰਦਰੋਂ ਉਪਜਣ ਵਾਲਾ ਗਿਆਨ ਕਿਸ ਦਾ ਹੋਇਆ ਭਾਵ ਗਿਆਨ ਉਤਪਨ ਕਰਨ ਵਾਲਾ ਆਪ ਪ੍ਰਮਾਤਮਾ ਹੈ। ਸਾਡੇ ਅੰਦਰ ਹੁਕਮ ਸਾਡੇ ਮਨ ਦਾ ਹੀ ਚਲਦਾ ਹੈ ਜਿਸ ਰਾਹੀਂ ਇਹ ਸਰੀਰ ਮਨ ਦੇ ਹੁਕਮ ਵਿਚ ਚਲਦਾ ਹੈ। ਮਨੁੱਖ ਦੀ ਸਭ ਤੋਂ ਵੱਡੀ ਭੁੱਲ ਆਪਣੇ ਅੰਦਰ ਦੇ ਗਿਆਨ ਨੂੰ ਆਪਣਾ ਸਮਝਣ ਦੀ ਹੈ। ਜੇਕਰ ਅਸੀਂ ਆਪਣੇ ਮਨੁੱਖੀ ਸਰੀਰ ਦੀ ਉਤਪੱਤੀ ਆਪ ਨਹੀਂ ਕੀਤੀ ਫਿਰ ਉਸਦੇ ਅੰਦਰ ਉਪਜਣ ਵਾਲੇ ਗਿਆਨ ਦੀ ਉਤਪੱਤੀ ਮਨੁੱਖ ਦੇ ਵੱਸ ਕਿਵੇਂ ਹੋ ਸਕਦੀ ਹੈ। ਉਪਰਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਮਨੁੱਖ ਨੂੰ **"ਊਣਾ"** ਕਹਿ ਕੇ ਸੰਬੋਧਨ ਕੀਤਾ ਹੈ ਭਾਵ ਖਾਲੀ ਕਹਿ ਕੇ ਸੰਬੋਧਨ ਕੀਤਾ ਹੈ ਭਾਵ ਮਨੁੱਖ ਆਪਣੇ ਮਨ ਦੇ ਗਿਆਨ ਵਲੋਂ ਸੱਖਣਾ ਹੈ ਭਾਵ ਮਨੁੱਖੀ ਗਿਆਨ ਮਨੁੱਖ ਦੇ ਵੱਸ ਨਹੀਂ ਹੈ ਤੇ ਆਪਣੇ ਆਪ ਵਿਚ ਉਹ ਊਣਾ ਹੈ। ਊਣੇ ਨੂੰ ਭਰਨ ਵਾਲਾ ਪ੍ਰਮਾਤਮਾ ਆਪ ਹੈ ਭਾਵ ਸਾਡੇ ਮਨ ਦੇ ਵਿਚ ਉਸਨੂੰ ਗਿਆਨ ਨਾਲ ਭਰਨ ਵਾਲਾ ਪ੍ਰਮਾਤਮਾ ਹੈ ਜਿਸਨੂੰ ਉਹ ਮਨ ਦੇ ਵਿਚਾਰਾਂ ਰਾਹੀਂ ਭਰਦਾ ਹੈ। **"ਊਣੇ ਭਰੇ ਭਰੇ ਭਰਿ ਊਣੇ"** ਤੋਂ ਭਾਵ ਕੀ ਹੈ ਇਸ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਇਸ ਤੋਂ ਸਿੱਧਾ ਭਾਵ ਇਹ ਹੈ ਕਿ ਪਹਿਲੇ ਪ੍ਰਮਾਤਮਾ ਨੇ ਊਣੇ ਨੂੰ ਭਰਿਆ ਭਾਵ ਖਾਲੀ ਨੂੰ ਭਰਿਆ ਤੇ ਫਿਰ ਭਰੇ ਹੋਏ ਨੂੰ ਹੋਰ ਭਰਨ ਦੁਆਰਾ ਉਸਨੂੰ ਖਾਲੀ ਕਰ ਦਿੱਤਾ ਭਾਵ ਬੜੀ ਅਜੀਬ ਗੱਲ ਹੈ, ਹੈਰਾਨ ਕਰਨ ਵਾਲੀ ਗੱਲ ਹੈ, ਇੱਕ ਜਾਦੂਮਈ ਗੱਲ ਹੈ। ਇੱਕ ਪਹਿਲੇ ਤੋਂ ਭਰੀ ਹੋਈ ਚੀਜ ਨੂੰ ਹੋਰ ਭਰਨ ਦੁਆਰਾ ਖਾਲੀ ਕਿਵੇਂ ਕੀਤਾ ਜਾ ਸਕਦਾ ਹੈ ਪਰ ਜੇਕਰ ਅਸੀਂ ਆਪਣੇ ਮਨ ਦੀ ਅਵਸਥਾ ਨੂੰ ਸਮਝਾਂਗੇ ਤਾਂ ਇਹ ਗੱਲ ਬਿਲਕੁਲ ਸੱਚ ਹੈ। ਪ੍ਰਮਾਤਮਾ ਸਾਡੇ ਅੰਦਰ ਆਪਣੀ ਖੇਡ, ਆਪਣੇ **"ਚਲਤ"** ਇਸੇ ਤਰੀਕੇ ਚਲਾ ਰਿਹਾ ਹੈ, ਉਹ ਜਾਦੂਗਰ

37/4491

ਸਾਡੇ ਅੰਦਰ ਆਪਣਾ ਜਾਦੂ ਇਸੇ ਤਰੀਕੇ ਹੀ ਚਲਾ ਰਿਹਾ ਹੈ ਜਿਸਨੂੰ ਸਮਝਿਆ ਨਹੀਂ ਜਾ ਸਕਦਾ। ਪ੍ਰਮਾਤਮਾ ਆਪਣੀ ਇਹ ਖੇਡ ਕਿਸੇ ਨੂੰ ਸਮਝ ਨਹੀਂ ਆਉਣ ਦਿੰਦਾ ਤੇ ਉਸਨੇ ਸਭ ਨੂੰ ਹੀ ਮਨ ਦੇ ਪਰਦੇ ਵਿਚ ਰੱਖਿਆ ਹੋਇਆ ਹੈ, ਭਰਮ ਰੂਪ ਪਰਦੇ ਵਿਚ ਰਖਿਆ ਹੋਇਆ ਹੈ। ਜਿਸਦਾ ਉਹ ਭਰਮ ਦਾ ਪਰਦਾ ਖੋਲਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦਾ ਖੋਲਿਆ ਹੈ ਉਹਨਾਂ ਨੂੰ ਹੀ ਇਹ ਖੇਡ ਸਮਝ ਆਈ ਹੈ ਜੋ ਖੇਡ ਸਾਡੇ ਸਭ ਦੇ ਅੰਦਰ ਹਰ ਵੇਲੇ ਚਲ ਰਹੀ ਹੈ। (**ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥**) ਹੁਣ ਇਸ ਗੱਲ ਨੂੰ ਬਰੀਕੀ ਨਾਲ ਸਮਝਦੇ ਹਾਂ ਜੋ ਕਿ ਸਾਡੇ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ, ਪ੍ਰਮਾਤਮਾ ਦੀ ਇਹ ਖੇਡ ਸਾਡੇ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ। ਜਦੋਂ ਸਾਡੇ ਅੰਦਰ ਕੋਈ ਨਵਾਂ ਵਿਚਾਰ ਪੈਦਾ ਹੁੰਦਾ ਹੈ ਉਸ ਤੋਂ ਪਹਿਲਾਂ ਸਾਡਾ ਮਨ ਉਸ ਵਿਚਾਰ ਵੱਲੋਂ ਖਾਲੀ ਹੁੰਦਾ ਹੈ। ਜਿਵੇਂ ਕਿ ਸਾਡੇ ਅੰਦਰ ਅਚਾਨਕ ਖਿਆਲ ਪੈਦਾ ਹੁੰਦਾ ਹੈ ਕਿ ਸੈਰ ਕਰਨ ਲਈ ਪਹਾੜਾਂ ਤੇ ਜਾਵਾਂ। ਇਹ ਖਿਆਲ ਪੈਦਾ ਹੋਣ ਦੇ ਪਿੱਛੇ ਵੀ ਕੋਈ ਕਾਰਨ ਹੁੰਦਾ ਹੈ ਜਿਵੇਂ ਕਿ ਅਖਬਾਰ ਪੜਦੇ ਹੋਏ ਸਾਨੂੰ ਪਹਾੜਾਂ ਦੀ ਖੂਬਸੂਰਤੀ ਚੰਗੀ ਲੱਗੇ ਜਾਂ ਕਿਸੇ ਦੇ ਕਹਿਣ ਦੇ ਨਾਲ ਸਾਡੇ ਅੰਦਰ ਇਹ ਉਤਸ਼ਾਹ ਪੈਦਾ ਹੋ ਜਾਵੇ ਤੇ ਅਸੀਂ ਆਪਣੇ ਆਪ ਨੂੰ ਪਹਾੜਾਂ ਤੇ ਜਾਣ ਲਈ ਤਿਆਰ ਕਰਨ ਲਗ ਪੈਂਦੇ ਹਾਂ ਭਾਵ ਸਾਡਾ ਜੋ ਮਨ ਇਹੋ ਜਿਹੇ ਵਿਚਾਰਾਂ ਤੋਂ ਪਹਿਲੇ ਖਾਲੀ ਸੀ ਉਹ ਹੁਣ ਇਹਨਾਂ ਖਿਆਲਾਂ ਨਾਲ ਭਰ ਜਾਂਦਾ ਹੈ। ਹੁਣ ਪ੍ਰਮਾਤਮਾ ਸਾਨੂੰ ਇਹਨਾ ਭਰੇ ਹੋਏ ਖਿਆਲਾਂ ਤੋਂ ਖਾਲੀ ਕਰਨਾ ਚਾਹੁੰਦਾ ਹੈ। ਇਹ ਖਿਆਲ ਆਪਣੇ ਆਪ ਖਾਲੀ ਨਹੀਂ ਹੁੰਦੇ ਬਲਕਿ ਇਹਨਾਂ ਭਰੇ ਹੋਏ ਖਿਆਲਾਂ ਦੇ ਵਿਚ ਕੋਈ ਹੋਰ ਖਿਆਲ ਭਰਿਆ ਜਾਂਦਾ ਹੈ ਜੋ ਪਹਿਲਾਂ ਭਰੇ ਹੋਏ ਖਿਆਲਾਂ ਨੂੰ ਮਨ ਦੇ ਵਿੱਚੋਂ ਖਾਲੀ ਕਰ ਦਿੰਦਾ ਹੈ ਜਿਵੇਂ ਕਿ ਨਾਲ ਹੀ ਇਹ ਖਿਆਲ ਆ ਜਾਵੇ ਕਿ ਜਦੋਂ ਪਹਾੜਾਂ ਤੇ ਜਾਣਾ ਹੈ ਉਸਦੇ ਲਈ ਜਿਤਨਾ ਖਰਚਾ ਹੋਣਾ ਹੈ ਉਸ ਵਿਚ ਮੁਸ਼ਕਿਲ ਆਵੇਗੀ ਕਿਉਂਕਿ ਉਸ ਮਹੀਨੇ ਬੱਚਿਆਂ ਦੀ ਫੀਸ ਵੀ ਦੇਣੀ ਹੈ ਤੇ ਹੋਰ ਵੀ ਕਈ ਗੱਲਾਂ ਸਾਹਮਣੇ ਆ ਜਾਂਦੀਆਂ ਹਨ ਜਿੰਨਾਂ ਕਰਕੇ ਪਹਾੜਾਂ ਦੀ ਸੈਰ ਦਾ ਖਿਆਲ ਛਡਣਾ ਪੈਂਦਾ ਹੈ ਭਾਵ ਪਹਿਲੇ ਤੋਂ ਭਰੇ ਹੋਏ ਖਿਆਲਾਂ ਨੂੰ ਖਾਲੀ ਕਰਨ ਲਈ ਉਹਨਾਂ ਵਿਚ ਹੋਰ ਖਿਆਲ ਭਰੇ ਜਾਣ ਨਾਲ ਹੀ ਉਹ ਖਾਲੀ ਹੁੰਦੇ ਹਨ ਤੇ ਹਰ ਖਿਆਲ

37/4492

ਦੇ ਪਿੱਛੇ ਕੋਈ ਕਾਰਨ ਵੀ ਜਰੂਰ ਬਣਦਾ ਹੈ ਭਾਵ ਅਸੀਂ ਜੋ ਕੁਝ ਵੀ ਕਰਦੇ ਹਾਂ ਉਸਦੇ ਲਈ ਪਹਿਲੇ ਕੋਈ ਨਾ ਕੋਈ ਕਾਰਨ ਜਰੂਰ ਬਣਦਾ ਹੈ। ਪ੍ਰਮਾਤਮਾ ਆਪਣੀ ਇਹ ਖੇਡ, ਆਪਣਾ ਇਹ ਚਲਤ ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹੀ ਖੇਡ ਰਿਹਾ ਹੈ ਕਿਉਂਕਿ ਮਨੁੱਖ ਸਭ ਕੁਝ ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ। ਸਾਡੇ ਮਨ ਦੇ ਵਿਚਾਰ ਭਰਦੇ ਤੇ ਖਾਲੀ ਹੁੰਦੇ

ਰਹਿੰਦੇ ਹਨ ਤੇ ਇਹ ਵਿਚਾਰ ਸਾਡੇ ਵੱਸ ਨਹੀਂ ਹਨ। ਜਿਸ ਨੇ ਸਾਡੀ ਮਨੁੱਖੀ ਰਚਨਾ ਕੀਤੀ ਹੈ ਇਸ ਮਨੁੱਖੀ ਸਰੀਰ ਨੂੰ ਚਲਾਉਣ ਦਾ ਉਪਰਾਲਾ ਵੀ ਉਸਨੇ ਨਾਲ ਹੀ ਕੀਤਾ ਹੋਇਆ ਹੈ, ਮਨ ਦੇ ਵਿਚਾਰਾਂ ਰਾਹੀਂ ਇਹ ਸਰੀਰ ਨੂੰ ਚਲਾਉਣ ਦਾ ਉਪਰਾਲਾ ਕੀਤਾ ਹੋਇਆ ਹੈ। ਸਾਡੇ ਮਨ ਦੇ ਵਿਚਾਰ ਸਾਡੇ ਅੰਦਰ ਕਿਥੋਂ ਆਉਂਦੇ ਹਨ ਇਹ ਮਨੁੱਖ ਦੀ ਸਮਝ ਤੋਂ ਬਾਹਰ ਹੈ ਤੇ ਇਸੇ ਲਈ ਮਨੁੱਖ ਪ੍ਰਮਾਤਮਾ ਦੀ ਖੇਡ ਨੂੰ ਸਮਝਣ ਤੋਂ ਬਾਹਰ ਹੈ। ਗੱਲ ਮਨ ਦੇ ਗਿਆਨ ਤੇ ਅਗਿਆਨਤਾ ਦੀ ਹੀ ਹੈ। ਮਨ ਦੀ ਅਗਿਆਨਤਾ ਵਿਚ ਰਹਿੰਦੇ ਅਸੀਂ ਉਸ ਗਿਆਨ ਰੂਪ ਪ੍ਰਮਾਤਮਾ ਨੂੰ, ਉਸ ਗਿਆਨ ਦੇ ਜਾਦੂਗਰ ਨੂੰ ਕਦੇ ਨਹੀਂ ਜਾਣ ਸਕਦੇ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ ਕਿ ਉਹ ਜਾਦੂਗਰ ਕਿਸੇ ਨੂੰ ਆਪਣੇ ਜਾਦੂ ਦੀ ਸਮਝ ਪਾਵੇ, ਖੇਡ ਦੀ ਸਮਝ ਪਾਵੇ। (**ਸਦਾ ਸਦਾ ਸਦ ਹੋਵਣਹਾਰਾ ॥ ਊਚਾ ਅਗਮੁ ਅਥਾਹੁ ਅਪਾਰਾ ॥ ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥**)

ਪ੍ਰਮਾਤਮਾ ਨੇ ਆਪਣੀ ਇਸ ਖੇਡ ਦੁਆਰਾ ਹੀ ਸਾਰੀ ਮਨੁੱਖਤਾ ਨੂੰ ਭਰਮ ਵਿਚ ਰੱਖਿਆ ਹੋਇਆ ਹੈ ਭਾਵ ਮਨਮੁੱਖ ਬਣਾਕੇ ਰੱਖਿਆ ਹੋਇਆ ਹੈ। ਜਿਸ ਨੂੰ ਵੀ ਪ੍ਰਮਾਤਮਾ ਆਪਣੀ ਇਹ ਖੇਡ ਸਮਝਾਉਂਦਾ ਹੈ ਉਸ ਨੂੰ ਮਨ ਦੀ ਭੁੱਲ ਵਿਚੋਂ ਕੱਢਕੇ ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਗੁਰਮੁਖਿ ਰੂਪ ਬਣਾ ਲੈਂਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਹੀ ਪ੍ਰਮਾਤਮਾ ਦੀ ਇਸ ਖੇਡ ਨੂੰ ਸਮਝ ਜਾਂਦਾ ਹੈ। ਸਾਡੇ ਮਨਮੁਖਿ ਬਣਨ ਦਾ ਵੀ ਕਾਰਣ ਹੈ ਤੇ ਗੁਰਮੁਖਿ ਬਣਨ ਦਾ ਵੀ ਕਾਰਣ ਹੈ। ਕਾਰਨ ਸਾਡੇ ਮਨ ਦੇ ਵਿਚ ਹੀ ਹੈ ਜੋ ਕਿ ਸਾਡੇ ਮਨ ਦੀ ਸੋਝੀ ਹੈ ਭਾਵ ਇਹ ਕਾਰਨ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ। ਮਨ ਦੀ ਸੋਝੀ ਸਾਡੇ ਹੱਥ ਨਹੀਂ ਹੈ ਤੇ ਇਸੇ ਲਈ ਕਾਰਨ ਸਾਡੇ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੇ ਵੱਸ ਹੈ ਕਿ ਭਾਵੇਂ ਉਹ ਸਾਨੂੰ ਮਨ ਦੀ ਭੁੱਲ ਵਿਚ ਰੱਖ ਕੇ ਆਪਣੇ ਆਪ ਤੋਂ ਦੂਰ ਰੱਖੇ ਤੇ ਭਾਵੇਂ ਮਨ ਦੀ ਭੁੱਲ ਵਿਚੋਂ,

37/4493

ਮਨ ਦੇ ਭਰਮ ਵਿੱਚੋਂ, ਅਗਿਆਨਤਾ ਵਿੱਚੋਂ, ਦੁਬਿਧਾ ਵਿਚੋਂ ਕੱਢ ਕੇ ਆਪਣੇ ਆਪ ਨਾਲ ਮਿਲਾ ਲਵੇ। ਆਉ ਉਸ ਦੀ ਇਸ ਖੇਡ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ।

“ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ ਕਰਦਾ ਆਇਆ ॥੧॥”

(ਅੰਗ - ੧੧੫੪)

ਉਪਰ ਪੰਗਤੀਆਂ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਇਹ ਖੇਡ ਸਾਡੇ ਮਨ ਦੇ ਗਿਆਨ ਨਾਲ ਜੁੜੀ ਹੋਈ ਹੈ। ਆਪਣੀ ਇਸ ਖੇਡ ਰਾਹੀਂ ਪ੍ਰਮਾਤਮਾ ਸਭ ਨੂੰ ਭੁਲਾ ਕੇ ਰੱਖਦਾ ਹੈ ਤੇ ਕਿਸੇ ਵਿਰਲੇ ਨੂੰ ਹੀ ਉਹ ਆਪਣੀ ਖੇਡ ਬੁਝਾਉਂਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਇਹ ਖੇਡ ਬੁਝਾਉਂਦਾ ਹੈ ਉਸ ਨੂੰ ਮਨ ਦੇ ਵਿੱਚ ਆਪਣੀ **“ਸਬਦੁ”** ਰੂਪ ਬਾਣੀ ਸੁਣਾਉਂਦਾ ਹੈ, ਅਨਹਦ ਬਾਣੀ ਸੁਣਾਉਂਦਾ ਹੈ ਜਿਸ ਰਾਹੀਂ ਉਹ ਆਪਣਾ ਸੱਚਾ ਗਿਆਨ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ। ਇਹ ਸੱਚਾ ਗਿਆਨ, ਸ਼ਬਦ ਰੂਪ ਗਿਆਨ ਹੀ ਭਾਵ ਬ੍ਰਹਮ ਗਿਆਨ ਹੀ ਸਾਡਾ ਅਸਲ ਵਿੱਚ ਗੁਰੂ ਹੈ। ਪੂਰੀ ਗੁਰਬਾਣੀ ਵਿਚ ਇਹ ਸ਼ਬਦ ਰੂਪ ਗਿਆਨ ਹੀ ਸਾਡਾ ਗੁਰੂ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਗਿਆਨ ਦੇ ਰਿਹਾ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਸਮਝਾ ਰਿਹਾ ਹੈ, ਇੱਕੋ ਜਿਹਾ ਨਾਮ ਸਮਝਾ ਰਿਹਾ ਹੈ। ਸਾਡੀ ਭੁੱਲ ਦਾ ਕਾਰਨ ਵੀ ਪ੍ਰਮਾਤਮਾ ਆਪ ਹੈ ਤੇ ਸਾਨੂੰ ਭੁੱਲ ਵਿਚੋਂ ਕੱਢਣ ਦਾ ਕਾਰਨ ਵੀ ਪ੍ਰਮਾਤਮਾ ਆਪ ਹੀ ਬਣਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਬਣਾਉਂਦਾ ਹੈ ਕਿਉਂਕਿ ਮਨ ਦੇ ਵਿਚਾਰਾਂ ਦੇ ਵਿੱਚ ਹੀ ਪ੍ਰਮਾਤਮਾ ਸਭ ਦੇ ਅੰਦਰ ਵਿਚਰ ਰਿਹਾ ਹੈ ਜਿਸ ਰਾਹੀਂ ਉਹ ਆਪਣੀ ਖੇਡ ਚਲਾ ਰਿਹਾ ਹੈ। (**ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥ ਮਨਮੁਖਿ ਭੂਲੇ ਗੁਰਮੁਖਿ ਬੁਝਾਇਆ॥ ਕਾਰਣੁ ਕਰਤਾ ਕਰਦਾ ਆਇਆ ॥੧॥**)

ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚ ਹੀ ਹੁੰਦਾ ਹੈ, ਸ਼ਬਦ ਦੁਆਰਾ ਹੀ ਹੁੰਦਾ ਹੈ ਪਰ ਜਦ ਤਕ ਅਸੀਂ ਸ਼ਬਦ ਦੇ ਮਕਸਦ ਨੂੰ ਨਹੀਂ ਸਮਝਦੇ ਤੇ ਉਸ ਤੇ ਅਮਲ ਨਹੀਂ ਕਰਦੇ ਤਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਬੁਝ ਸਕਦੇ, ਉਸ ਦੇ ਮਹਿਲ ਵਿਚ ਨਹੀਂ ਪਹੁੰਚ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ ਤੇ ਉਸ ਦੀ ਖੇਡ ਉਸ ਦੇ ਮਹਿਲ ਵਿਚ ਪਹੁੰਚਣ ਦੁਆਰਾ ਸਮਝ ਆਉਂਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਦ੍ਰਿੜ ਕਰੀਏ।

37/4494

“ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥”

(ਅੰਗ - ੧੧੭)

ਇਸ ਤੋਂ ਪਹਿਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੀ ਖੇਡ ਮਨ ਦੀ ਸੋਝੀ ਦੁਆਰਾ ਸਮਝ ਆਉਂਦੀ ਹੈ ਭਾਵ ਉਸ ਸੋਝੀ ਦੁਆਰਾ ਸਮਝ ਆਉਂਦੀ ਹੈ ਜਦੋਂ ਸਾਡੀ ਸੋਝੀ ਸ਼ਬਦ ਦੇ ਗਿਆਨ ਵਾਲੀ ਬਣ ਜਾਂਦੀ ਹੈ ਭਾਵ ਜਦੋਂ ਸਾਡੀ ਸੋਝੀ ਸ਼ਬਦਾਂ ਦੀ ਵਿਚਾਰ ਵਾਲੀ ਬਣ ਜਾਂਦੀ ਹੈ ਭਾਵ ਜਦੋਂ ਸਾਡੀ ਸੋਝੀ ਨਾਮ ਵਾਲੀ ਬਣ ਜਾਂਦੀ ਹੈ ਭਾਵ ਜਦੋਂ ਸਾਡੀ ਸੋਝੀ ਗੁਰੂ ਪ੍ਰਮਾਤਮਾ ਦੇ ਨਾਲ ਇਕ ਹੋ ਜਾਂਦੀ ਹੈ ਭਾਵ ਜਦੋਂ ਅਸੀਂ ਮਨ ਦੀ ਸੋਚ ਦੁਆਰਾ ਪ੍ਰਮਾਤਮਾ ਦੇ ਨਾਲ **“ਇਕੁ ਸੋਚ”** ਵਾਲੇ ਬਣ ਜਾਂਦੇ ਹਾਂ ਭਾਵ ਜਦੋਂ ਸਾਡੇ ਅੰਦਰੋਂ ਦੁਚਿੱਤੀ ਖਤਮ ਹੋ ਜਾਂਦੀ ਹੈ। ਸ਼ਬਦ ਦਾ ਮਕਸਦ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਗੁਰੂ ਦੀ ਸੋਚ ਨਾਲ ਇੱਕ ਹੋ ਸਕੀਏ।

ਗੁਰੂ ਦਾ ਹਰ ਸ਼ਬਦ ਸਾਨੂੰ ਕੋਈ ਭੇਦ ਹੀ ਦਿੰਦਾ ਹੈ ਭਾਵ ਕੋਈ ਵਿਚਾਰ ਹੀ ਦਿੰਦਾ ਹੈ। ਸਾਡਾ ਮਕਸਦ ਗੁਰੂ ਦੇ ਸ਼ਬਦ ਕੋਲੋਂ ਇਸ ਭੇਦ ਨੂੰ ਲੈਣ ਦਾ ਹੈ ਭਾਵ ਉਸਦੇ ਵਿਚਾਰਾਂ ਨੂੰ ਲੈਣ ਦਾ ਹੈ ਤਾਂ ਜੋ ਅਸੀਂ ਆਪਣੇ ਸੁਰਤ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਅਨੁਸਾਰ ਸੋਧ ਸਕੀਏ ਭਾਵ ਆਪਣੇ ਮਨਮਤਿ ਵਾਲੇ ਵਿਚਾਰਾਂ ਨੂੰ ਗੁਰਮਤਿ ਅਨੁਸਾਰ ਬਣਾ ਸਕੀਏ। ਜਦ ਤਕ ਅਸੀਂ ਗੁਰੂ ਦੇ ਸ਼ਬਦਾਂ ਦਾ ਭੇਦ ਨਹੀਂ ਲੈਂਦੇ ਤਦ ਤਕ ਅਸੀਂ ਗੁਰੂ ਪ੍ਰਮਾਤਮਾ ਦੇ ਮਹਲ ਵਿਚ ਨਹੀਂ ਪਹੁੰਚ ਸਕਦੇ ਜੋ ਮਹਲ ਉਸਦਾ ਸਾਡੇ ਅੰਦਰ ਨਿਰਗੁਣ ਰੂਪ ਵਿਚ ਹੈ, ਨਿਰੰਕਾਰ ਰੂਪ ਵਿਚ ਹੈ, ਜੋਤਿ ਰੂਪ ਵਿਚ ਹੈ ਭਾਵ ਮਨ ਦੇ ਰੂਪ ਵਿੱਚ ਹੈ ਭਾਵ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਪਰਮਾਤਮਾ ਦੀ ਖੇਡ ਉਸਦੇ ਮਹਲ ਵਿੱਚੋਂ ਹੀ ਚੱਲਦੀ ਹੈ ਜੋ ਕਿ ਹਰ ਕਿਸੇ ਦੇ ਅੰਦਰ ਚੱਲ ਰਹੀ ਹੈ ਪਰ ਉਸਦੀ ਸਮਝ ਉਸਦੇ ਮਹਲ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਤੇ ਉਸਦੇ ਮਹਲ ਵਿੱਚ ਉਸੇ ਸ਼ਬਦ ਰੂਪ ਗੁਰੂ ਪ੍ਰਮਾਤਮਾ ਦੇ ਵਿਚਾਰਾਂ ਦੇ ਭੇਦ ਨਾਲ ਜੁੜ ਕੇ ਪਹੁੰਚਿਆ ਜਾ ਸਕਦਾ ਹੈ। ਆਪਣੇ ਮਹਲ ਵਿੱਚ ਪ੍ਰਮਾਤਮਾ ਆਪ ਹੀ ਬੁਲਾਉਂਦਾ ਹੈ ਤੇ ਆਪਣੇ ਆਪ ਉੱਥੇ ਕੋਈ ਨਹੀਂ ਪਹੁੰਚ ਸਕਦਾ। ਇਹ ਕੇਵਲ ਗੁਰ ਪ੍ਰਸਾਦਿ ਹੈ ਤੇ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ

37/4495

ਸ਼ਬਦਾਂ ਦੇ ਭੇਦ ਨੂੰ ਸਮਝੀਏ ਤੇ ਉਹਨਾਂ ਦੇ ਭੇਦ ਨੂੰ ਆਪਣੇ ਮਨ ਵਿਚ ਵਸਾਈਏ। (**ਤਿਨਿ ਕਰਤੈ ਇਕੁ ਖੇਲੁ ਰਚਾਇਆ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥ ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥**)

ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਮਨ ਦੇ ਹਨੇਰੇ ਵਿੱਚੋਂ ਕੱਢਣ ਦਾ ਹੈ ਤੇ ਮਨ ਦੇ ਹਨੇਰੇ ਵਿੱਚੋਂ ਨਿਕਲੇ ਬਿਨਾ, ਮਨ ਦੇ ਭਰਮ ਵਿੱਚੋਂ, ਮਨ ਦੀ ਅਗਿਆਨਤਾ ਵਿਚੋਂ ਨਿਕਲੇ ਬਿਨਾ ਅਸੀਂ ਕਦੇ ਵੀ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ ਜੋ ਕਿ ਸਾਡੇ ਮਨ ਰੂਪ ਮਹਲ ਦੇ ਅੰਦਰ ਹੀ ਹੈ, ਮਨ ਰੂਪ ਕੋਠੜੀ ਦੇ ਅੰਦਰ ਹੀ ਹੈ। ਇਹ ਮਨ ਰੂਪ ਕੋਠੜੀ ਸ਼ਬਦ ਦੇ ਗਿਆਨ ਦੁਆਰਾ ਹੀ ਖੁਲਦੀ ਹੈ ਕਿਉਂਕਿ ਇਹ ਕੋਠੜੀ ਭਰਮ ਦੇ ਪਰਦੇ ਦੁਆਰਾ ਬੰਦ ਹੈ, ਭਰਮ ਦੀ ਦੀਵਾਰ ਦੁਆਰਾ ਬੰਦ ਹੈ। ਮਨ ਦੇ ਭਰਮ ਰੂਪ ਕਿਵਾੜ ਖੁਲੇ ਬਿਨਾ ਕਦੇ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ ਭਾਵ ਸੱਚੇ ਦਰਸ਼ਨ ਨਹੀਂ ਹੋ ਸਕਦੇ। ਝੂਠੇ ਦਰਸ਼ਨਾਂ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਜੋ ਕਿ ਉਹਨਾਂ ਦੇ ਭਰਮ ਦਾ ਨਤੀਜਾ ਹੈ ਭਾਵ ਕੇਵਲ ਉਨਾਂ ਦੇ ਅੰਦਰ ਮਾਇਆ ਦਾ ਛੱਲ ਹੈ ਜੋ ਉਹਨਾਂ ਕੋਲੋਂ ਇਹ ਕੁਝ ਕਰਵਾਉਂਦਾ ਹੈ। ਅਸੀਂ ਇਸ ਮਾਇਆ ਦੇ ਛੱਲ ਵਿਚੋਂ ਹੀ ਨਿਕਲਣਾ ਹੈ। ਪ੍ਰਮਾਤਮਾ ਦੀ ਖੇਡ ਮਾਇਆ ਦੇ ਛੱਲ ਦੁਆਰਾ ਹੀ ਚਲ ਰਹੀ ਹੈ ਜਿਸ ਦਾ ਮਕਸਦ ਹੀ ਸਭ ਨੂੰ ਭਰਮ ਦੇ ਪਰਦੇ ਵਿਚ ਰੱਖਣ ਦਾ ਹੈ, ਤ੍ਰੈ ਗੁਣਾਂ ਵਿਚ ਰੱਖਣ ਦਾ ਹੈ ਭਾਵ ਪੁੱਠੀ ਮਤਿ ਨਾਲ ਜੋੜ ਕੇ ਰੱਖਣ ਦਾ ਹੈ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਅਤੇ ਉਸਦੇ ਚੱਲਣ ਤੋਂ ਦੂਰ ਰੱਖਣ ਦਾ ਹੈ ਭਾਵ ਮਾਇਆ ਮੋਹ ਵਿੱਚ ਰੱਖਣ ਦਾ ਹੈ। ਮਾਇਆ ਦੇ ਛੱਲ ਵਿੱਚੋਂ ਨਿਕਲਣ ਦਾ ਭਾਵ ਹਉਮੈ ਵਿਚੋਂ, ਮਨਮਤਿ ਵਿਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਸ਼ਬਦ ਦੀ ਵਿਚਾਰ ਦੇ ਨਾਲ, ਸ਼ਬਦ ਦੇ ਗਿਆਨ ਦੇ ਨਾਲ ਜੁੜਨ ਦਾ ਹੈ ਤਾਂ ਜੋ ਅਸੀਂ ਮਨ ਦੇ ਵਿੱਚੋਂ ਭਰਮ ਦੀ ਦੀਵਾਰ ਨੂੰ ਤੋੜ ਸਕੀਏ ਤੇ ਮਨ ਦੇ ਵਿੱਚ ਪ੍ਰਮਾਤਮਾ ਦੀ ਕੋਠੜੀ ਵਿੱਚ ਦਾਖਲਾ ਪਾ ਸਕੀਏ ਜੋ ਕਿ ਰਤਨਾਂ ਦੇ ਨਾਲ ਭਰੀ ਹੋਈ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਮਨਮਤਿ ਛੱਡਣ ਦਾ

ਉਪਰਾਲਾ ਕਰੀਏ, ਆਪਣੀ ਹਉਮੈ ਰੂਪ ਦੀਵਾਰ ਨੂੰ ਤੋੜਣ ਦਾ

37/4496

ਉਪਰਾਲਾ ਕਰੀਏ ਜੋ ਕਿ ਸਾਰੇ ਸੰਸਾਰ ਲਈ ਇੱਕੋ ਇੱਕ ਸੱਚਾ ਉਦਮ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾ ਸਕਦੇ ਹਾਂ ਤੇ ਇਸ ਸੰਸਾਰ ਦੀ ਖੇਡ ਨੂੰ ਸਮਝ ਸਕਦੇ ਹਾਂ।

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭

ੴ ਸਤਿਗੁਰ ਪ੍ਰਸਾਦਿ ॥

“ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥
ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥
ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥੧॥
ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥
ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥੩॥
ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥
ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥੪॥੧॥੯੭॥”

(ਅੰਗ - ੮੨੧)

ਉਪਰਲੇ ਸ਼ਬਦ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਜੋ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਤੇ ਸ਼ਬਦ ਦੁਆਰਾ ਹੀ ਹੁੰਦਾ ਹੈ। ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਦੇ ਨਾਲੋਂ ਸਾਡਾ ਵਿਛੋੜਾ ਮਨ ਦੇ ਵਿੱਚ ਹੀ ਹੈ ਭਾਵ ਮਨ ਦੇ ਵਿੱਚ ਭਰਮ ਦੇ ਪਰਦੇ ਦੇ ਕਾਰਨ ਹੈ, ਮਨ ਦੀ ਅਗਿਆਨਤਾ ਦੇ ਕਾਰਨ ਹੈ ਭਾਵ ਹਉਮੈ ਦੇ ਕਾਰਨ ਹੈ। ਮਨ ਦੇ ਵਿੱਚੋਂ ਇਹ ਭਰਮ ਦਾ ਪਰਦਾ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਦੂਰ ਹੁੰਦਾ ਹੈ ਤੇ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਗੁਰੂ ਦੇ ਸ਼ਬਦਾਂ ਦੁਆਰਾ ਹੀ ਹੁੰਦਾ ਹੈ ਜੋ ਗੁਰੂ ਦੇ ਸ਼ਬਦਾਂ ਦਾ ਮਕਸਦ ਹੈ। ਗੁਰੂ ਦੇ ਸ਼ਬਦਾਂ ਦਾ ਮਕਸਦ ਸਾਰੇ ਸੰਸਾਰ ਵਿਚ ਗਿਆਨ ਦਾ ਪ੍ਰਕਾਸ਼ ਕਰਨ ਨਾਲ ਹੀ ਹੈ ਭਾਵ ਸੰਸਾਰ ਨੂੰ ਭਰਮਾਂ ਦੇ ਵਿਚੋਂ ਕੱਢ ਕੇ ਭਗਤੀ ਦੇ, ਧਰਮ ਦੇ ਸਹੀ ਮਾਰਗ ਤੇ ਪਾਉਣ ਦਾ ਹੀ ਹੈ। ਜਿੰਨਾ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਸੰਸਾਰ ਨੂੰ ਭਗਤੀ ਦਾ ਮਾਰਗ ਸਮਝਾਇਆ ਹੈ, ਗੁਰਬਾਣੀ ਰਾਹੀਂ ਸਮਝਾਇਆ ਹੈ ਉਹਨਾਂ ਦੇ ਅੰਦਰ ਆਪਣੇ ਸ਼ਬਦਾਂ ਦਾ ਪ੍ਰਕਾਸ਼ ਕਰਨ ਦੁਆਰਾ ਹੀ ਸਮਝਾਇਆ ਹੈ। ਜਿਹੋ ਜਿਹਾ ਪ੍ਰਕਾਸ਼ ਉਸਨੇ ਆਪ ਅੰਦਰ ਪ੍ਰਗਟ ਹੋ ਕੇ ਕੀਤਾ ਹੈ ਉਹੋ ਜਿਹਾ ਪ੍ਰਕਾਸ਼ ਹੀ ਸਾਰੀ ਗੁਰਬਾਣੀ ਸਾਰੇ ਸੰਸਾਰ ਲਈ ਕਰ ਰਹੀ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਸੰਗ੍ਰਹਿ ਹੈ, ਸ਼ਬਦਾਂ ਦਾ ਖਜਾਨਾ ਹੈ। ਇਹ ਸ਼ਬਦਾਂ ਦਾ ਖਜਾਨਾ ਮਨੁੱਖ ਦੇ ਅੰਦਰ ਹੀ ਹੈ ਜੋ ਕਿ ਰਤਨਾ ਦੀ ਖਾਨ ਦੇ ਰੂਪ ਵਿਚ ਹੈ। ਰਤਨਾ ਦੀ ਕੋਠੜੀ ਸਾਡਾ ਮਨ ਹੀ ਹੈ ਜੋ ਕਿ ਸਾਡੇ ਅੰਦਰ ਚਉਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ, ਬ੍ਰਹਮਗਿਆਨ ਦੇ ਰੂਪ ਵਿਚ ਹੈ, ਨਾਮ ਦੇ ਰੂਪ ਵਿਚ ਹੈ। ਪ੍ਰਮਾਤਮਾ

37/4497

ਸਾਡੇ ਅੰਦਰ ਇਸ ਖਜਾਨੇ ਦੇ ਰੂਪ ਵਿੱਚ ਹੀ ਹੈ ਜਿਸ ਖਜਾਨੇ ਦੇ ਵਿੱਚ ਉਹ ਜਿਸ ਕਿਸੇ ਨੂੰ ਵੀ ਰਲਾਉਂਦਾ ਹੈ ਉਸਨੂੰ ਇੱਕੋ ਜਿਹਾ ਗਿਆਨ ਹੀ ਬਖਸ਼ਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਬਖਸ਼ਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਬਖਸ਼ਿਆ ਹੈ। ਪ੍ਰਮਾਤਮਾ ਦੀ ਇਹ ਰਤਨ ਰੂਪ ਕੋਠੜੀ ਸਾਡੇ ਸਭ ਦੇ ਅੰਦਰ ਮਨ ਦੀ ਅਗਿਆਨਤਾ ਕਰ ਕੇ ਬੰਦ ਹੈ ਭਾਵ ਭਰਮ ਰੂਪ ਦਰਵਾਜੇ ਕਰ ਕੇ ਬੰਦ ਹੈ, ਭਰਮ ਰੂਪ ਦੀਵਾਰ ਕਰ ਕੇ ਬੰਦ ਹੈ, ਹਉਮੈ ਰੂਪ ਦੀਵਾਰ ਕਰ ਕੇ ਬੰਦ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਕਰ ਕੇ ਬੰਦ ਹੈ ਜੋ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਬੰਧਨ ਹੈ, ਮਾਇਆ ਮੋਹ ਰੂਪ ਬੰਧਨ ਹੈ ਜਿਸ ਦੇ ਰਹਿੰਦਿਆਂ ਅਸੀਂ ਭਰਮ ਵਾਲੀ ਬਿਰਤੀ

ਵਿਚ ਰਹਿੰਦੇ ਹਾਂ, ਉਸ 'ਸਚੁ' ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰਹਿੰਦੇ ਹਾਂ। ਸਾਡਾ ਇਹ ਸਰੀਰ ਪ੍ਰਮਾਤਮਾ ਦਾ ਆਪਣਾ ਹੀ ਮੰਦਰ ਹੈ ਜਿਸ ਦੇ ਵਿਚ ਉਹ ਆਪ ਹੀ ਮਨ ਦੇ ਰੂਪ ਵਿਚ ਹੈ ਜੋ ਇਸ ਸਰੀਰ ਨੂੰ ਬਣਾ ਕੇ ਚਲਾ ਰਿਹਾ ਹੈ। ਜਦ ਤਕ ਉਹ ਆਪਣੇ ਆਪ ਨੂੰ ਮਨ ਦੇ ਵਿਚ ਆਪਣੇ ਸ਼ਬਦਾਂ ਦੇ ਪ੍ਰਕਾਸ਼ ਦੁਆਰਾ, ਗੁਰਮਤਿ ਰੂਪ ਸੱਚੇ ਵਿਚਾਰਾਂ ਦੁਆਰਾ ਪ੍ਰਗਟ ਨਹੀਂ ਕਰਦਾ ਤਦ ਤਕ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਲਗ ਸਕਦੀ ਕਿ ਇਹ ਸਰੀਰ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪਣੀ ਖੇਡ ਸਭ ਨੂੰ ਮਨ ਦੇ ਭਰਮ ਵਿਚ ਰੱਖ ਕੇ ਚਲਾ ਰਿਹਾ ਹੈ ਜਿਸ ਖੇਡ ਨੂੰ ਕੋਈ ਵੀ ਆਪਣੇ ਆਪ ਨਹੀਂ ਸਮਝ ਸਕਦਾ ਕਿਉਂਕਿ ਇਹ ਮਨ ਦੀ ਸੋਝੀ ਸਾਡੇ ਵੱਸ ਨਹੀਂ ਹੈ। ਸਾਡੇ ਮਨ ਦੀ ਸੋਝੀ ਦਾ ਮਾਲਕ ਸਾਡੇ ਅੰਦਰ ਹੀ ਹੈ ਤੇ ਜਦੋਂ ਵੀ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ ਤਾਂ ਹੀ ਮਨੁੱਖ ਦੇ ਅੰਦਰ ਦੀ ਰਤਨ ਕੋਠੜੀ ਖੁੱਲਦੀ ਹੈ ਜੋ ਕੋਠੜੀ ਬਹੁਤ ਹੀ ਅਨੂਪ ਹੈ, ਬਹੁਤ ਹੀ ਸੁੰਦਰ ਹੈ ਜਿੱਥੇ ਸੰਸਾਰ ਦੇ ਸਭ ਤੋਂ ਸੁੰਦਰ ਵਿਚਾਰ ਭਰੇ ਹੋਏ ਹਨ, ਬ੍ਰਹਮਗਿਆਨ ਰੂਪ ਵਿਚਾਰ ਭਰੇ ਹੋਏ ਹਨ ਜੋ ਵਿਚਾਰ ਪ੍ਰਮਾਤਮਾ ਆਪ ਦਿੰਦਾ ਹੈ। ਇਹ ਸੰਸਾਰ ਦਾ ਸਭ ਤੋਂ ਵੱਡਾ ਬਿਸਮਾਦ ਹੈ ਜੋ ਕਦੇ ਹੀ ਕਿਸੇ ਵਿਰਲੇ ਨੂੰ ਨਸੀਬ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਨਸੀਬ ਹੋਇਆ ਹੈ। (**ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥**)

37/4498

ਪ੍ਰਮਾਤਮਾ ਤਾਂ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਮਿਲਦਾ ਹੈ ਜੋ ਪ੍ਰਕਾਸ਼ ਪ੍ਰਮਾਤਮਾ ਆਪ ਹੀ ਕਰਦਾ ਹੈ ਪਰ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਅਨੇਕਾਂ ਹੀ ਹਨ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਤੇ ਸਿੱਖ ਜਗਤ ਵਿੱਚ ਵੀ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਭਾਵ ਭਰਮ ਦਾ ਪਰਦਾ ਸਭ ਦੇ ਅੰਦਰ ਇੱਕੋ ਜਿਹਾ ਹੀ ਹੈ। ਭਰਮ ਦਾ ਪਰਦਾ ਦੂਰ ਹੋਣ ਦੇ ਨਾਲ ਸਭ ਨੂੰ ਪ੍ਰਮਾਤਮਾ ਦਾ ਇੱਕੋ ਜਿਹਾ ਰੂਪ ਹੀ ਨਜਰ ਆਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਇਆ ਹੈ। ਪ੍ਰਮਾਤਮਾ ਦਾ ਇਹ ਰੂਪ ਉਸਦਾ ਨਿਰੰਕਾਰ ਰੂਪ ਹੈ ਜਿਸ ਦਾ ਕੋਈ ਆਕਾਰ ਨਹੀਂ ਹੈ, ਕੋਈ ਰੂਪ ਰੇਖ ਨਹੀਂ ਹੈ ਤੇ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝਣ ਜਾਂ ਦੱਸਣ ਵਾਲੇ ਨਿਰੇ ਹੀ ਭਰਮ ਵਿੱਚ ਹਨ ਜੋ ਆਪ ਭਰਮ ਵਿੱਚ ਰਹੇ ਹਨ ਤੇ ਉਹਨਾਂ ਨੇ ਸੰਸਾਰ ਨੂੰ ਭਰਮਾਂ ਵਿੱਚ ਹੀ ਪਾਇਆ ਹੈ। ਸੰਸਾਰ ਵਿੱਚ ਇਹੋ ਜਿਹਿਆਂ ਨੂੰ ਹੀ ਧਰਮ ਦੇ ਮਾਰਗ ਤੇ ਉੱਚਾ ਮੰਨ ਕੇ ਉਹਨਾਂ ਨੂੰ ਮਾਣ ਮਿਲਦਾ ਹੈ, ਉਹਨਾਂ ਦੀ ਪੂਜਾ ਹੁੰਦੀ ਹੈ ਭਾਵ ਸਭ ਸਾਡੇ ਅੰਦਰ ਦੇ ਭਰਮ ਦਾ ਨਤੀਜਾ ਹੈ, ਮਾਇਆ ਦੇ ਛੱਲ ਦਾ ਨਤੀਜਾ ਹੈ। ਜੋ ਮਾਇਆ ਦੇ ਛੱਲ ਦਾ ਮਕਸਦ ਹੈ ਉਹ ਮਕਸਦ ਹੀ ਸਭ ਦੇ ਅੰਦਰ ਵਰਤ ਰਿਹਾ ਹੈ। ਬਾਣੀ ਰਾਹੀਂ ਇਹੋ ਜਿਹੇ ਭਰਮੇ ਹੋਏ ਹੀ ਆਪਣੇ ਆਪ ਨੂੰ ਵੱਡਾ ਕਹਾਉਂਦੇ ਹਨ ਭਾਵ ਝੂਠਾ ਮਾਣ ਲੈਂਦੇ ਹਨ ਜਿਸ ਕਰ ਕੇ ਉਹਨਾਂ ਦੀ ਗੁਰਬਾਣੀ ਰਾਹੀਂ ਬਾਰ ਬਾਰ ਨਿਖੇਧੀ ਕੀਤੀ ਗਈ ਹੈ। ਉਹਨਾਂ ਨੇ ਦੂਸਰਿਆਂ ਨੂੰ ਧਰਮ ਦੇ ਮਾਰਗ ਵੀ ਉਹੋ ਜਿਹੇ ਸਮਝਾਏ ਹਨ ਜਿੰਨਾਂ ਵਿਚ ਭਰਮ ਹੈ ਭਾਵ ਉਹਨਾਂ ਨੇ ਸੰਸਾਰ ਨੂੰ ਭਰਮਾਂ ਵਿਚ ਹੀ ਪਾਇਆ ਹੈ। ਇਸ ਸਰੀਰ ਨੂੰ ਪ੍ਰਮਾਤਮਾ ਦਾ ਮੰਦਰ ਕਹਿਣ ਵਾਲੇ ਤਾਂ ਅਨੇਕਾਂ ਮਿਲ ਜਾਣਗੇ ਪਰ ਇਹ ਪ੍ਰਮਾਤਮਾ ਦਾ ਮੰਦਰ ਕਿਸ ਰੂਪ ਵਿਚ ਹੈ ਤੇ ਪ੍ਰਮਾਤਮਾ ਅੰਦਰੋਂ ਕਿਸ ਰੂਪ ਵਿਚ ਪ੍ਰਗਟ ਹੁੰਦਾ ਹੈ ਇਸ ਦੀ ਸਮਝ ਕਿਸੇ ਨੂੰ ਨਹੀਂ ਹੈ।

"ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥"

(ਅੰਗ - ੧੩੪੬)

ਜਿਵੇਂ ਕਿ ਉਪਰਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਪ੍ਰਮਾਤਮਾ ਜਦੋਂ ਵੀ ਕਿਸੇ ਸਰੀਰ ਰਾਹੀਂ ਆਪਣੇ ਆਪ

37/4499

ਨੂੰ ਪ੍ਰਗਟ ਕਰਦਾ ਹੈ ਉਹ ਗਿਆਨ ਰਤਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ। ਸ਼ਬਦਾਂ ਦਾ ਗਿਆਨ ਹੀ ਰਤਨ ਹੈ ਜਿਸ ਦੀ ਕੀਮਤ ਸਭ ਤੋਂ ਉੱਚੀ ਹੈ। ਪ੍ਰਮਾਤਮਾ ਦੀ ਕੀਮਤ ਆਪਣੇ ਇਸੇ ਰੂਪ ਕਰ ਕੇ ਉੱਚੀ ਹੈ। ਸ਼ਬਦ ਦੀ ਵਿਚਾਰ ਤੋਂ ਉਪਰ ਕੋਈ ਵਿਚਾਰ ਨਹੀਂ ਹੈ। ਇਹ ਉਹ ਵਿਚਾਰ ਹੈ ਜੋ ਵਿਚਾਰ ਮਨ ਦੇ ਵਿਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਦਿੰਦਾ ਹੈ, ਸ਼ਬਦਾਂ ਦੇ ਗਿਆਨ

ਦੇ ਰੂਪ ਵਿਚ ਦਿੰਦਾ ਹੈ। ਪ੍ਰਮਾਤਮਾ ਦੇ ਅੰਦਰ ਪ੍ਰਗਟ ਹੋਏ ਬਿਨਾ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਇਹ ਸਰੀਰ ਹਕੀਕਤ ਵਿਚ ਹੀ ਪ੍ਰਮਾਤਮਾ ਦਾ ਮੰਦਰ ਹੈ। ਇਸ ਸਰੀਰ ਨੂੰ ਪ੍ਰਮਾਤਮਾ ਦਾ ਰੂਪ ਜਾਣੇ ਬਿਨਾ ਹਰ ਕੋਈ ਮਨਮੁਖ ਹੀ ਹੈ, ਹਰ ਕੋਈ **"ਮਾਣਸਿ"** ਰੂਪ ਹੀ ਹੈ ਭਾਵ ਹਰ ਕੋਈ ਹਉਮੈ ਵਿਚ ਹੀ ਹੈ ਜਿਸ ਕਰਕੇ ਹਰ ਕੋਈ ਇਸ ਸਰੀਰ ਨੂੰ ਮਨੁੱਖੀ ਰੂਪ ਸਮਝਦਾ ਹੈ ਜੋ ਕਿ ਸਾਡਾ ਸਭ ਦਾ ਭਰਮ ਹੈ। (**ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥ ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥**)

"ਗਿਆਨ ਰਤਨ" ਦੇ ਰੂਪ ਵਿਚ ਸਾਡੇ ਅੰਦਰ ਪ੍ਰਮਾਤਮਾ ਆਪ ਹੈ ਤੇ ਇਹ ਹੀ ਪ੍ਰਮਾਤਮਾ ਦਾ ਆਪਣਾ ਨਾਮ ਰੂਪ ਹੈ। ਆਪਣਾ ਨਾਮ ਪ੍ਰਮਾਤਮਾ ਕਿਸੇ ਨੂੰ ਆਪ ਹੀ ਦੇ ਸਕਦਾ ਹੈ ਤੇ ਆਪ ਹੀ ਦਿੰਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਨਾਮ ਦਿੱਤਾ ਹੈ ਗਿਆਨ ਰਤਨ ਦੇ ਰੂਪ ਵਿਚ ਹੀ ਦਿੱਤਾ ਹੈ, ਮਨ ਦੇ ਵਿਚ ਪ੍ਰਗਟ ਹੋ ਕੇ ਦਿੱਤਾ ਹੈ ਤੇ ਉਹਨਾਂ ਨੇ ਹੀ ਪੂਰੀ ਗੁਰਬਾਣੀ ਵਿਚ ਨਾਮ ਰੂਪ ਗਿਆਨ ਪਾਇਆ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਪਾਇਆ ਹੈ, ਬ੍ਰਹਮਗਿਆਨ ਦੇ ਰੂਪ ਵਿਚ ਪਾਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥"

(ਅੰਗ - ੧੦੬੯)

37/4500

ਉਪਰ ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ **"ਸਤਿਗੁਰ"** ਕਿਸ ਰੂਪ ਵਿਚ ਹੈ। ਸਾਡੇ ਜੀਵਨ ਦਾ ਮਨੋਰਥ ਸਤਿਗੁਰ ਦੇ ਨਾਲ ਮੇਲ ਕਰਨ ਦਾ ਹੈ। ਸਤਿਗੁਰ ਦੇ ਰੂਪ ਵਿਚ ਹੀ ਆਪ ਪ੍ਰਮਾਤਮਾ ਹੈ। ਸਤਿਗੁਰ **"ਗਿਆਨੁ ਰਤਨੁ"** ਦੇ ਰੂਪ ਵਿਚ ਹੈ ਜਿਸ ਦੀ ਕੀਮਤ ਬਹੁਤ ਭਾਰੀ ਹੈ ਭਾਵ ਬਹੁਤ ਉੱਚੀ ਹੈ ਜੋ ਕਿ ਬੜੇ ਹੀ ਕਰਮਾਂ ਨਾਲ ਮਿਲਦਾ ਹੈ ਤੇ ਉਸਦੀ ਪ੍ਰਾਪਤੀ ਦੇ ਨਾਲ ਹੀ **"ਸੁਖੁ"** ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਉਪਰ ਸ਼ਬਦ ਦੀਆਂ ਪੂਰੀਆਂ ਪੰਗਤੀਆਂ ਨੂੰ ਧਿਆਨ ਨਾਲ ਵਿਚਾਰਨ ਤੋਂ ਬਾਅਦ ਇਸ ਗੱਲ ਵਿਚ ਕੋਈ ਭਰਮ ਨਹੀਂ ਬੱਚਦਾ ਕਿ ਨਾਮ ਕੀ ਹੈ, ਨਾਮ ਕੌਣ ਦਿੰਦਾ ਹੈ, ਨਾਮ ਸਾਨੂੰ ਕਿਸ ਰੂਪ ਵਿਚ ਮਿਲਦਾ ਹੈ ਤੇ ਨਾਮ ਮਿਲਣ ਦਾ ਮਕਸਦ ਕੀ ਹੈ ਭਾਵ ਸਭ ਕੁੱਝ ਆਸਾਨੀ ਨਾਲ ਸਮਝ ਆ ਜਾਂਦਾ ਹੈ ਜਿਸਨੂੰ ਕਿ ਹਰ ਕੋਈ ਸਮਝ ਸਕਦਾ ਹੈ ਪਰ ਫਿਰ ਵੀ ਕਿਸੇ ਨੂੰ ਸਮਝ ਨਹੀਂ ਆਉਂਦਾ ਭਾਵ ਸਾਡੇ ਅੰਦਰ ਦਾ ਭਰਮ, ਸਾਡੇ ਅੰਦਰ ਦੀ ਮਾਇਆ ਦੀ ਜੁਗਤਿ ਸਾਨੂੰ ਸੱਚਾਈ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਸਾਨੂੰ ਸਿੱਧੀ ਗੱਲ ਵੀ ਸਮਝ ਨਹੀਂ ਆਉਂਦੀ ਤੇ ਅਸੀਂ ਪੁੱਠੀ ਮਤਿ ਨਾਲ ਹੀ ਜੁੜੇ ਰਹਿੰਦੇ ਹਾਂ। ਉਪਰ ਸ਼ਬਦਾਂ ਰਾਹੀਂ ਸਾਡਾ ਭਰਮ ਹੀ ਕੱਢਿਆ ਹੋਇਆ ਹੈ ਕਿ ਨਾਮ ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਗਿਆਨ ਦੇ ਰਤਨ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਆਪ ਇਸ **"ਗਿਆਨੁ ਰਤਨੁ"** ਦੇ ਰੂਪ ਵਿੱਚ ਹੈ ਤੇ ਆਪਣੇ ਇਸੇ ਰੂਪ ਦੁਆਰਾ ਸਾਡੇ ਅੰਦਰ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਆਪਣਾ ਨਾਮ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਦਿੰਦਾ ਹੈ ਭਾਵ ਇਸ ਵਿੱਚ ਮਨੁੱਖ ਦੀ ਆਪਣੀ ਕੋਈ ਵਡਿਆਈ ਨਹੀਂ ਹੈ, ਆਪਣਾ ਕੋਈ ਮਾਣ ਨਹੀਂ ਹੈ ਕਿ ਉਹ ਨਾਮ ਲੈ ਸਕੇ। ਸਾਡੇ ਅੰਦਰ ਨਾਮ ਦਾ ਪ੍ਰਗਟ ਹੋਣਾ ਜਾਂ ਗਿਆਨੁ ਰਤਨ ਦਾ ਪ੍ਰਗਟ ਹੋਣਾ ਸੂਰਜ ਦੇ ਪ੍ਰਕਾਸ਼ ਦੀ ਤਰ੍ਹਾਂ ਹੈ ਜਿਸ ਦਾ ਮਕਸਦ ਸੰਸਾਰ ਵਿਚ ਹਨੇਰੇ ਨੂੰ ਦੂਰ ਕਰਨ ਦਾ ਹੈ। ਗੁਰੂ ਦਾ ਗਿਆਨ ਭਾਵ ਗੁਰੂ ਦਾ ਨਾਮ ਸਾਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਦਾ ਹੈ ਜਿਸ ਹਨੇਰੇ ਵਿਚੋਂ ਭਾਵ ਭਰਮ ਰੂਪ ਹਨੇਰੇ ਵਿਚੋਂ ਨਿਕਲ ਕੇ ਹੀ ਮਨ ਦੇ ਵਿਚ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਸੁਖੁ ਦੀ ਪ੍ਰਾਪਤੀ ਹੁੰਦੀ ਹੈ ਭਾਵ ਇਸ ਜੀਵਨ ਦੇ ਮਨੋਰਥ ਦੀ

37/4501

ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਕਰ ਕੇ ਹੈ ਜੋ ਕਿ ਸ਼ਬਦਾਂ ਦੇ ਗਿਆਨ ਦੁਆਰਾ ਦੂਰ ਹੁੰਦਾ ਹੈ, ਨਾਮ ਦੁਆਰਾ ਦੂਰ ਹੁੰਦਾ ਹੈ ਤੇ ਤਾਂ ਹੀ ਮਨ ਦੇ ਵਿਚੋਂ ਉਸ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਦਰਸ਼ਨ ਉਸਦੀ ਕਿਰਪਾ ਦੁਆਰਾ ਹੀ ਹੁੰਦੇ ਹਨ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਸ਼ਬਦਾਂ ਦੀ ਵਿਚਾਰ ਦੇ ਨਾਲ ਹੀ ਜੋੜਦਾ ਹੈ। ਕੇਵਲ ਸ਼ਬਦਾਂ ਨੂੰ ਜਾਂ ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਨੂੰ ਕੋਈ ਰੱਟੀ ਜਾਣ ਨਾਲ ਸਾਡੇ ਮਨ ਦੀ ਅਗਿਆਨਤਾ ਦੂਰ ਨਹੀਂ ਹੋ ਸਕਦੀ। ਇਹ ਕੇਵਲ ਸਾਡੇ ਮਨ ਦਾ ਭਰਮ ਹੈ ਕਿ ਅਸੀਂ ਕਿਸੇ ਅੱਖਰ ਦੇ ਰੂਪ ਵਿਚ ਨਾਮ ਜਪ ਰਹੇ ਹਾਂ। ਭਰਮ ਦੇ ਨਾਲ ਜੁੜ ਕੇ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਪਾਇਆ ਜਾ ਸਕਦਾ ਹੈ। ਸਾਰੀ ਗੱਲ ਮਨਮਤਿ ਵਿਚੋਂ ਨਿਕਲਣ ਦੀ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਣ ਦੀ ਹੈ। ਪ੍ਰਮਾਤਮਾ ਦੀ ਖੇਡ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਨਾਲ ਹੀ ਜੁੜੀ ਹੋਈ ਹੈ, ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚਾਰਾਂ ਦੇ ਨਾਲ ਹੀ ਜੁੜਿਆ ਹੈ। ਜਦ ਤਕ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਤੋਂ ਦੂਰ ਹਾਂ ਤਦ ਤਕ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਸੱਚੇ ਉਦਮ ਤੋਂ ਦੂਰ ਹਾਂ ਭਾਵ ਭਰਮ ਵਿਚ ਹਾਂ। ਜੋ ਆਪ ਭਗਤੀ ਦੇ, ਨਾਮ ਦੇ ਮਾਰਗ ਨੂੰ ਲੈ ਕੇ ਭਰਮ ਵਿਚ ਹਨ ਉਹ ਦੂਸਰਿਆਂ ਨੂੰ ਭਰਮ ਵਿਚ ਹੀ ਪਾ ਰਹੇ ਹਨ ਜਿਸ ਵਿਚੋਂ ਨਿਕਲਣ ਦੀ ਲੋੜ ਹੈ। (**ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥ ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥ ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥ ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥**)

ਪੂਰੀ ਗੁਰਬਾਣੀ ਵਿੱਚ **"ਗਿਆਨੁ ਰਤਨੁ", "ਨਾਮੁ ਰਤਨੁ"** ਗੁਰੂ ਦੇ ਬਚਨਾਂ ਦੇ ਰੂਪ ਵਿੱਚ ਹੈ ਜਿੰਨਾਂ ਬਚਨਾਂ ਰਾਹੀਂ ਗੁਰੂ ਨੇ ਸਾਰੇ ਸੰਸਾਰ ਨੂੰ ਸੱਚਾ ਗਿਆਨ ਦਿੱਤਾ ਹੈ। ਜੋ ਗੁਰੂ ਦੇ ਬਚਨਾਂ ਨੂੰ ਮੰਨਦਾ ਹੈ, ਜੋ ਗੁਰੂ ਦੇ ਗਿਆਨ ਨੂੰ ਮੰਨਦਾ ਹੈ ਉਸਦੀ ਅਗਿਆਨਤਾ ਹੀ ਦੂਰ ਹੁੰਦੀ ਹੈ। ਗੁਰੂ ਆਪਣੇ ਬਚਨਾਂ ਦੁਆਰਾ

37/4502

ਸਾਨੂੰ ਜੋ ਗਿਆਨ ਦਿੰਦਾ ਹੈ, ਜੋ ਮਤਿ ਦਿੰਦਾ ਹੈ ਗੁਰੂ ਦੀ ਉਹ ਮਤਿ **"ਹਰਿ ਰਸੁ"** ਹੈ। ਪੂਰੀ ਬਾਣੀ ਸਾਨੂੰ ਇਹੋ ਜਿਹੇ **"ਹਰਿ ਰਸੁ"** ਨਾਲ ਜੋੜ ਰਹੀ ਹੈ ਜੋ **"ਹਰਿ ਰਸੁ"** ਸਾਨੂੰ ਅਗਿਆਨਤਾ ਵਿਚੋਂ ਕਢਦਾ ਹੈ, ਮਨ ਦੇ ਭਰਮਾਂ ਵਿਚੋਂ ਕਢਦਾ ਹੈ, ਮਨਮਤਿ ਵਿਚੋਂ ਕਢਦਾ ਹੈ। ਇਹੋ ਜਿਹੇ **"ਹਰਿ ਰਸੁ"** ਨੂੰ ਖਾਣਾ ਸਾਡੇ ਜੀਵਨ ਦਾ ਸੱਚਾ ਉਦਮ ਹੈ। ਇਹ **"ਹਰਿ ਰਸੁ"** ਹੀ ਅੰਮ੍ਰਿਤ ਰਸ ਹੈ ਜਿਸ ਨੇ ਸਾਨੂੰ ਭਰਮਾਂ ਵਿਚੋਂ ਕਢ ਕੇ ਮਨ ਦੇ ਵਿਚ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਵਾਉਣਾ ਹੈ ਜੋ ਸਾਡੇ ਅੰਦਰ ਹੀ ਹੈ। ਜਿਸਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ, ਆਪਣੀ ਸੁਹਾਗਣ ਬਣਾਉਂਦਾ ਹੈ ਉਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਨ ਦੁਆਰਾ ਇਹ **"ਹਰਿ ਰਸੁ"** ਆਪ ਹੀ ਪਿਆਉਂਦਾ ਹੈ, ਆਪਣਾ ਸੱਚਾ ਬ੍ਰਹਮਗਿਆਨ ਰੂਪ ਅੰਮ੍ਰਿਤ ਮਨ ਦੇ ਵਿਚ ਆਪ ਹੀ ਪਿਆਉਂਦਾ ਹੈ ਭਾਵ ਗੁਰੂ ਦੇ ਬਚਨਾਂ ਦੀ ਸੱਚੀ ਸੋਝੀ ਪਾ ਕੇ ਉਹਨਾਂ ਨੂੰ ਆਪ ਹੀ ਮਨਾਉਂਦਾ ਹੈ, ਗੁਰੂ ਦੇ ਬਚਨਾਂ ਤੇ ਆਪ ਹੀ ਚਲਾਉਂਦਾ ਹੈ। ਪ੍ਰਮਾਤਮਾ ਆਪ ਸਾਡੇ ਅੰਦਰ ਇਸ **"ਹਰਿ ਰਸੁ"** ਦੇ ਰੂਪ ਵਿਚ, ਅੰਮ੍ਰਿਤ ਦੇ ਰੂਪ ਵਿਚ, ਸੱਚੇ ਗਿਆਨ ਦੇ ਰੂਪ ਵਿਚ ਹੀ ਹੈ ਜਿਸ ਰੂਪ ਦੁਆਰਾ ਪ੍ਰਮਾਤਮਾ ਸਭ ਵਿਚ ਸਮਾਇਆ ਹੋਇਆ ਹੈ।

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥

ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥}

(ਅੰਗ - ੪੧)

ਕੁੱਝ ਪਿੱਛੇ ਅਸੀਂ ਜਿਸ ਸ਼ਬਦ ਦੁਆਰਾ ਸਾਡੇ ਅੰਦਰ **"ਰਤਨੁ ਕੋਠੜੀ"** ਖੁੱਲਣ ਦੀ ਗੱਲ ਸਮਝੀ ਹੈ ਉਸ ਗੱਲ ਨੂੰ ਹੁਣ ਅਸੀਂ ਉਪਰਲੇ ਸ਼ਬਦ ਦੀ ਵਿਆਖਿਆ ਦੁਆਰਾ ਹੋਰ ਬਰੀਕੀ ਨਾਲ ਸਮਝ ਸਕਦੇ ਹਾਂ ਕਿ ਗੁਰੂ ਦੇ ਸ਼ਬਦਾਂ ਦਾ ਮਕਸਦ ਸਾਡੇ ਅੰਦਰੋਂ

37/4503

ਆਪਣੇ ਸੱਚੇ ਗਿਆਨ ਦੁਆਰਾ, ਗੁਰਮਤਿ ਰੂਪ ਸੱਚੀ ਮਤਿ ਦੁਆਰਾ ਸਾਡੇ ਅੰਦਰ ਦੀ ਅਗਿਆਨਤਾ ਨੂੰ ਦੂਰ ਕਰਨ ਦੇ ਨਾਲ ਹੈ ਜੋ ਅਗਿਆਨਤਾ ਦਾ ਕਾਰਨ ਸਾਡੇ ਅੰਦਰ ਦੀ ਮਨਮਤਿ ਹੈ ਭਾਵ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਤੋਂ ਦੂਰ ਹਾਂ, **"ਹਰਿ ਰਸੁ"** ਤੋਂ ਦੂਰ ਹਾਂ ਜਿਸ ਕਰਕੇ ਸਾਡੇ ਅੰਦਰ ਅਗਿਆਨਤਾ ਰੂਪ ਦਰਵਾਜਾ ਹੈ ਜਿਸਨੇ ਰਤਨਾਂ ਦੀ ਕੋਠੜੀ ਨੂੰ ਬੰਦ ਕੀਤਾ ਹੋਇਆ ਹੈ। ਪ੍ਰਮਾਤਮਾ ਸਾਡੇ ਅੰਦਰ ਰਤਨ ਕੋਠੜੀ ਦੇ ਰੂਪ ਵਿਚ ਹੀ ਹੈ ਤੇ ਉਸ ਰਤਨ ਕੋਠੜੀ ਤੱਕ ਪਹੁੰਚਣ ਦਾ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਅਪਣਾਈਏ ਤੇ ਉਹਨਾਂ ਦੀ ਵਿਚਾਰ ਤੋਂ ਬਚੀਏ ਜਿੰਨ੍ਹਾਂ ਪਿੱਛੇ ਲਗ ਕੇ ਅਸੀਂ ਸ਼ਬਦਾਂ ਦੀ ਵਿਚਾਰ ਤੋਂ ਟੁੱਟੇ ਹੋਏ ਹਾਂ ਭਾਵ ਭਰਮ ਨਾਲ ਜੁੜੇ ਹੋਏ ਹਾਂ। ਅਸੀਂ ਇਸ ਭਰਮ ਰੂਪ ਹਨੇਰੇ ਵਿਚੋਂ ਹੀ ਨਿਕਲਣਾ ਹੈ ਤੇ ਤਾਂ ਹੀ ਅਸੀਂ ਰਤਨ ਕੋਠੜੀ ਤਕ ਪਹੁੰਚ ਸਕਦੇ ਹਾਂ ਜੋ ਸਾਡੇ ਅੰਦਰ ਹੀ ਹੈ। (**ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥**)

ਮਨ ਦੀ ਰਤਨ ਕੋਠੜੀ ਖੁੱਲਣ ਦੁਆਰਾ ਸਾਨੂੰ ਕੀ ਮਹਿਸੂਸ ਹੁੰਦਾ ਹੈ ਤੇ ਸਾਨੂੰ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥
ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥੧॥
ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥"

(ਅੰਗ - ੮੨੧)

ਉਪਰ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਸੰਸਾਰ ਦਾ ਸਭ ਤੋਂ ਵੱਡਾ ਬਿਸਮਾਦ ਸਮਝਾਇਆ ਹੋਇਆ ਹੈ ਭਾਵ ਸੰਸਾਰ ਦੀ ਸਭ ਤੋਂ ਵੱਡੀ ਹੈਰਾਨ ਕਰਨ ਵਾਲੀ ਗੱਲ ਸਮਝਾਈ ਹੋਈ ਹੈ। ਇਸ ਬਿਸਮਾਦ ਨੂੰ ਜੋ ਦੇਖ ਲੈਂਦਾ ਹੈ ਉਹੀ ਸਮਝ ਸਕਦਾ ਹੈ। ਇਹ ਬਿਸਮਾਦ ਮਨ ਦੀ ਰਤਨ ਕੋਠੜੀ ਖੁੱਲਣ ਦੁਆਰਾ ਹੀ ਨਜਰ ਆਉਂਦਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਜਿਸ ਰਾਹੀਂ ਸਾਡੇ ਸਰੀਰ ਨੂੰ ਚਲਾ

37/4504

ਰਿਹਾ ਹੈ ਭਾਵ ਮਨੁੱਖੀ ਹੋਂਦ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦਾ ਹਨੇਰਾ ਦੂਰ ਹੋਏ ਬਿਨਾ, ਮਨ ਦੀ ਅਗਿਆਨਤਾ ਰੂਪ ਦੀਵਾਰ ਦੂਰ ਹੋਏ ਬਿਨਾ ਮਨੁੱਖ ਆਪਣੀ ਵੱਖਰੀ ਹੋਂਦ ਸਮਝੀ ਰੱਖਦਾ ਹੈ ਕਿ ਮੈਂ ਪ੍ਰਮਾਤਮਾ ਨਾਲੋਂ ਵੱਖਰਾ ਹਾਂ। ਉਸਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਸਾਡੇ ਅੰਦਰ ਮਨ ਦੇ ਵਿਚਾਰ ਕਿਥੋਂ ਆਉਂਦੇ ਹਨ, ਸਾਡੇ ਅੰਦਰ ਹੁਕਮ ਕਿਸਦਾ ਚੱਲਦਾ ਹੈ। ਮਨੁੱਖ ਸੰਸਾਰ ਦੇ ਹਰ ਬਿਸਮਾਦ ਨੂੰ ਸਮਝ ਸਕਦਾ ਹੈ, ਸਾਇੰਟਿਫਿਕਲੀ ਸਮਝ ਸਕਦਾ ਹੈ ਪਰ ਪ੍ਰਮਾਤਮਾ ਕੀ ਹੈ ਤੇ ਸਾਡੇ ਅੰਦਰ ਕਿਸ ਰੂਪ ਵਿਚ ਹੈ ਇਸ ਗੱਲ ਨੂੰ ਸਮਝਣਾ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। ਇਹ ਬਿਸਮਾਦ ਪ੍ਰਮਾਤਮਾ ਕਿਸੇ ਨੂੰ ਆਪ ਹੀ ਦਿਖਾ ਸਕਦਾ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਨਿਰੰਕਾਰ ਰੂਪ ਸਮਝ ਆਉਂਦਾ ਹੈ ਤੇ ਸਮਝ ਪੈਂਦੀ ਹੈ ਕਿ ਹਰ ਸਰਗੁਣ ਰੂਪ ਨੂੰ ਬਣਾ ਕੇ ਉਸਨੂੰ ਚਲਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਉਹ ਹਰ ਵਸਤੂ ਅੰਦਰ ਆਪਣੇ ਨਿਰੰਕਾਰ ਰੂਪ ਵਿਚ ਹੈ ਜਿਸ ਰੂਪ ਦੁਆਰਾ ਉਹ ਇਹ ਸੰਸਾਰ ਨੂੰ ਚਲਾ ਰਿਹਾ ਹੈ। ਉਸਦਾ ਗਿਆਨ ਰੂਪ ਉਸਦਾ ਨਿਰੰਕਾਰ ਰੂਪ ਹੈ ਜਿਸ ਦੀ ਸੋਝੀ ਕੇਵਲ ਤੇ ਕੇਵਲ ਮਨ ਦੇ ਵਿਚੋਂ ਹੀ ਪੈ ਸਕਦੀ ਹੈ, ਮਨ ਦੀ ਅਗਿਆਨਤਾ ਰੂਪ ਦੀਵਾਰ, ਹਉਮੈ ਰੂਪ ਦੀਵਾਰ ਦੂਰ ਹੋਣ ਦੁਆਰਾ ਹੀ ਪੈ ਸਕਦੀ ਹੈ। ਜਿਸ ਨੇ ਸਾਡੇ ਅੰਦਰ ਇਹ ਭਰਮ ਰੂਪ ਦੀਵਾਰ ਪਾਈ ਹੋਈ ਹੈ, ਭਰਮ ਰੂਪ ਪਰਦਾ, ਭਰਮ ਰੂਪ ਬੰਧਨ ਪਾਇਆ ਹੋਇਆ ਹੈ ਉਹ ਆਪ ਹੀ ਸਾਨੂੰ ਇਸ ਬੰਧਨ ਵਿਚੋਂ ਕਢ ਸਕਦਾ ਹੈ ਤੇ ਮਨ ਦੇ ਵਿਚੋਂ ਆਪਣੇ ਦਰਸ਼ਨ ਕਰਵਾ ਸਕਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਉਸਦੀ ਵਡਿਆਈ ਸਮਝ ਆਉਂਦੀ ਹੈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਕਿਉਂਕਿ ਫਿਰ ਹਰ ਰੂਪ ਵਿਚ ਪ੍ਰਮਾਤਮਾ ਹੀ ਪ੍ਰਮਾਤਮਾ ਨਜ਼ਰ ਆਉਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚ ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ ਤੇ ਮਨ ਦੇ ਵਿਚ ਆਪਣਾ ਸੱਚਾ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਦਿੰਦਾ ਹੈ। ਮਨ ਦੇ ਵਿਚ ਮੇਲ ਤੋਂ ਬਾਅਦ ਮਨੁੱਖ ਮਨ ਦੇ ਵਿਚ ਪ੍ਰਮਾਤਮਾ ਨਾਲ ਹੀ ਮਗਨ ਰਹਿੰਦਾ ਹੈ, ਉਸਦੇ ਦਿੱਤੇ ਹੋਏ ਸੱਚੇ ਵਿਚਾਰਾਂ ਨਾਲ ਹੀ ਰਤਿਆ ਰਹਿੰਦਾ ਹੈ, ਸੱਚੇ ਵਿਚਾਰਾਂ ਵਿਚ ਹੀ ਮਸਤ ਰਹਿੰਦਾ ਹੈ ਭਾਵ ਉਹ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ

37/4505

"ਓਤਿ ਪੋਤਿ" ਲਪਟਿਆ ਰਹਿੰਦਾ ਹੈ, ਪ੍ਰਮਾਤਮਾ ਦੇ ਨਾਲ ਇੱਕ ਹੋਇਆ ਰਹਿੰਦਾ ਹੈ ਭਾਵ ਉਸਦੀ ਦੁਚਿੱਤੀ ਵਾਲੀ ਸੋਚ ਮਿੱਟ ਕੇ ਪ੍ਰਮਾਤਮਾ ਦੀ ਦਿੱਤੀ ਹੋਈ ਸੋਚ ਦੇ ਨਾਲ ਇੱਕ ਹੋ ਜਾਂਦੀ ਹੈ। (**ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥ ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥੧॥**)

ਮਨੁੱਖ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਕਿਸ ਤਰੀਕੇ **"ਓਤਿ ਪੋਤਿ"** ਹੋ ਜਾਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥”

ਜਿਵੇਂ ਕਿ ਅਸੀਂ ਉਪਰ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਇਹ ਪੂਰਾ ਸ਼ਬਦ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਨਾਲ ਜੁੜਿਆ ਹੋਇਆ ਹੈ, ਸਾਡੇ ਅੰਦਰ ਸ਼ਬਦ ਦੇ ਪ੍ਰਕਾਸ਼ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਤੇ ਗਿਆਨ ਦੇ ਫਰਕ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਜਾਂ ਵਿਛੋੜਾ ਮਨ ਦੇ ਗਿਆਨ, ਅਗਿਆਨਤਾ ਨਾਲ ਹੀ ਜੁੜਿਆ ਹੋਇਆ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਡੇ ਅੰਦਰ ਸ਼ਬਦ ਦੇ ਪ੍ਰਕਾਸ਼ ਦੁਆਰਾ ਕੀ ਪ੍ਰਾਪਤੀ ਹੁੰਦੀ ਹੈ ਉਹੀ ਗੱਲ ਸਮਝਾਈ ਹੋਈ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਦੂਰ ਹੁੰਦਾ ਹੈ। ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਹੋਣ ਤੋਂ ਪਹਿਲੇ ਭਾਵ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਤੋਂ ਪਹਿਲੇ ਅਸੀਂ ਮਾਇਆ ਮੋਹ ਵਾਲੀ ਅਵਸਥਾ ਵਿਚ ਹੁੰਦੇ ਹਾਂ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹੁੰਦੇ ਹਾਂ ਜੋ ਸਾਨੂੰ **“ਮੈਂ”** ਵਾਲੀ ਮਤਿ ਵਿਚ ਰੱਖਦੀ ਹੈ ਭਾਵ **“ਅਹੰਬੁਧਿ”** ਵਾਲੀ ਮਤਿ ਵਿਚ ਰੱਖਦੀ ਹੈ। ਸਾਡੇ ਅੰਦਰ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਇਹੀ ਹੈ ਜੋ ਹਉਮੈ ਦੇ ਰੂਪ ਵਿਚ ਹੈ, ਭਰਮ ਦੇ ਪਰਦੇ ਦੇ ਰੂਪ ਵਿਚ ਹੈ। ਮਨ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਮਨੁੱਖ ਮਨ ਦੀ ਇਸ ਅਵਸਥਾ ਵਿੱਚੋਂ ਨਿਕਲ ਜਾਂਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਕੱਢਦਾ ਹੈ। ਮਨੁੱਖ ਦੇ ਅੰਦਰ **“ਅਹੰਬੁਧਿ”** ਭੋਰਾ ਭਰ ਵੀ ਨਹੀਂ ਰਹਿੰਦੀ ਭਾਵ ਰੱਤੀ ਭਰ ਵੀ ਨਹੀਂ ਬੱਚਦੀ ਭਾਵ ਮਨਮਤਿ

37/4506

ਪੂਰੀ ਤਰ੍ਹਾਂ ਦੂਰ ਹੋ ਜਾਂਦੀ ਹੈ ਤੇ ਅੰਦਰ ਸਾਡੀ ਬੁਧਿ ਗੁਰਮਤਿ ਵਾਲੀ ਬਣ ਜਾਂਦੀ ਹੈ, ਸ਼ਬਦ ਦੇ ਵਿਚਾਰਾਂ ਵਾਲੀ ਬਣ ਜਾਂਦੀ ਹੈ। ਇਹ ਸ਼ਬਦ ਦੇ ਵਿਚਾਰਾਂ ਵਾਲੀ ਬੁਧਿ ਨਾਮ ਵਾਲੀ ਬੁਧਿ ਹੈ ਜੋ ਹਉਮੈ ਤੋਂ ਰਹਿਤ ਹੈ। ਇਹ ਬੁਧਿ ਹਉਮੈ ਖਤਮ ਹੋਣ ਦੁਆਰਾ ਹੀ ਵੱਸਦੀ ਹੈ। ਇਹ ਬੁਧਿ ਹਰ ਭਰਮ ਤੋਂ ਰਹਿਤ ਹੁੰਦੀ ਹੈ ਕਿਉਂਕਿ ਇਸ ਵਿਚ ਪੂਰਨ ਸੱਚ ਹੁੰਦਾ ਹੈ। ਪੂਰੀ ਗੁਰਬਾਣੀ ਵਿਚ ਗੁਰੂ ਦੀ ਇਹ ਬੁਧਿ ਹੀ ਹੈ ਜੋ **“ਅਹੰਬੁਧਿ”** ਤੋਂ ਰਹਿਤ ਹੈ ਜਿਸ ਵਿਚ ਪੂਰਨ ਸੱਚ ਹੈ। ਪੂਰੀ ਗੁਰਬਾਣੀ ਮਨ ਦੀ ਇਸ ਅਵਸਥਾ ਵਿਚੋਂ ਹੀ ਆਈ ਹੈ ਭਾਵੇਂ ਉਹ ਕਿਸੇ ਸਰੀਰ ਰਾਹੀਂ ਆਈ ਹੈ। ਜਿਸ ਮਨ ਦੀ ਰਤਨ ਕੋਠੜੀ ਖੁੱਲੀ ਹੈ ਉਸੇ ਮਨ ਰਾਹੀਂ ਗੁਰਬਾਣੀ ਆਈ ਹੈ। (**ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥**) ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਸਾਡਾ ਪ੍ਰਮਾਤਮਾ ਨਾਲੋਂ ਮਨ ਦੇ ਵਿਚ ਵਿਛੋੜਾ ਕਿਸ ਕਾਰਨ ਹੈ, ਮਨ ਦੇ ਵਿਚ ਪ੍ਰਮਾਤਮਾ ਨਾਲੋਂ ਦੂਰੀ ਕਿਸ ਕਾਰਨ ਹੈ।

“ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥”

ਉਪਰ ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜੋ ਸਾਡੀ **“ਅਹੰਬੁਧਿ”** ਨਿਕਲਣ ਤੋਂ ਬਾਅਦ ਦੀ ਅਵਸਥਾ ਹੈ ਭਾਵ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ, ਹਉਮੈ ਤੋਂ, ਅਗਿਆਨਤਾ ਤੋਂ ਰਹਿਤ ਹੋਣ ਦੀ ਅਵਸਥਾ ਹੈ। ਇਹ ਮਨ ਦੇ ਅੰਦਰ ਸੱਚੀ ਸੋਝੀ ਦੀ ਅਵਸਥਾ ਹੈ, ਸੱਚੇ ਗਿਆਨ ਦੀ ਅਵਸਥਾ ਹੈ ਜਿਸ ਅਵਸਥਾ ਦੁਆਰਾ ਮਨ ਦੇ ਵਿਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਸਮਝ ਲਗਦੀ ਹੈ ਕਿ ਸਭ ਕੁਝ ਉਹ ਪ੍ਰਮਾਤਮਾ ਹੀ ਹੈ, ਸਭ ਤੋਂ ਉੱਚਾ ਆਪ ਪ੍ਰਮਾਤਮਾ ਹੀ ਹੈ। **“ਊਚਨ ਊਚਾ”** ਵਾਲੀ ਅਵਸਥਾ ਸਾਡੇ ਮਨ ਦੀ ਅਵਸਥਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ। ਜਦ ਤੱਕ ਸਾਡੇ ਅੰਦਰ **“ਅਹੰਬੁਧਿ”** ਹੈ ਭਾਵ ਮਨਮਤਿ ਹੈ, ਮਾਇਆ ਮੋਹ ਹੈ ਇਹ ਸਾਡੇ ਮਨ ਦੀ ਨੀਵੀਂ ਅਵਸਥਾ ਹੈ ਭਾਵ ਨੀਵੀਂ ਮਤਿ ਵਾਲੀ ਅਵਸਥਾ ਹੈ। ਗੁਰਮਤਿ ਵਾਲੀ ਅਵਸਥਾ ਮਨ ਦੀ ਉੱਚੀ ਅਵਸਥਾ ਹੈ ਜੋ ਅਵਸਥਾ ਗੁਰੂ ਰੂਪ ਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵਸਥਾ ਹੈ ਜੋ ਸਾਡੀ ਨੀਵੀਂ ਮਤਿ ਨੂੰ ਉੱਚੀ ਮਤਿ ਬਣਾ ਦਿੰਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਮਤਿ ਨੂੰ ਚਉਥੇ ਪਦ ਦੇ ਗਿਆਨ ਵਾਲੀ ਮਤਿ ਬਣਾ ਦਿੰਦਾ ਹੈ। ਮਨ ਦੀ ਨੀਵੀਂ ਮਤਿ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ ਤੇ ਅਸਲ ਵਿਚ ਸਾਡੇ ਅੰਦਰ ਦੀ ਨੀਵੀਂ ਮਤਿ ਹੀ ਉਹ ਪੜਦਾ ਹੈ ਜੋ ਸਾਨੂੰ ਉੱਚੀ ਮਤਿ ਨੂੰ ਜਾਨਣ ਤੋਂ ਦੂਰ ਰੱਖਦਾ ਹੈ। ਪ੍ਰਮਾਤਮਾ ਸਾਡੇ ਅੰਦਰ ਉਚੀ ਮਤਿ ਦੇ ਰੂਪ ਵਿਚ ਹੈ। ਅਸੀਂ ਆਪਣੀ ਮਤਿ ਨੂੰ ਆਪ ਉੱਚਾ ਨਹੀਂ ਕਰ ਸਕਦੇ ਭਾਵ ਤ੍ਰੈਗੁਣਾਂ ਵਾਲੀ ਮਤਿ ਨੂੰ ਆਪ ਚਉਥੇ ਪਦ ਵਾਲੀ ਮਤਿ ਨਹੀਂ ਬਣਾ ਸਕਦੇ। ਪ੍ਰਮਾਤਮਾ ਆਪ ਹੀ ਸਾਡੀ ਨੀਵੀਂ ਮਤਿ ਨੂੰ ਉੱਚਾ ਬਣਾ ਸਕਦਾ ਹੈ। **“ਊਚਨ ਊਚਾ”** ਤੋਂ ਭਾਵ ਹੈ ਕਿ ਸਾਨੂੰ ਮਨ ਦੇ ਵਿਚ ਪ੍ਰਮਾਤਮਾ **“ਅਹੰਬੁਧਿ”** ਵਿੱਚੋਂ ਕੱਢ ਕੇ ਆਪ ਹੀ ਉੱਚਾ ਬਣਾਉਂਦਾ ਹੈ ਭਾਵ ਉੱਚੀ ਮਤਿ ਵਾਲਾ ਬਣਾਉਂਦਾ ਹੈ ਭਾਵ ਉਹ ਉੱਚਾ ਪ੍ਰਮਾਤਮਾ ਮਨ ਦੀ ਮਤਿ ਦੁਆਰਾ ਆਪ ਹੀ ਮਨੁੱਖ ਨੂੰ ਆਪਣਾ ਉੱਚਾ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ।

ਪ੍ਰਮਾਤਮਾ ਦੇ ਵਿੱਚ ਤੇ ਮਨੁੱਖ ਦੇ ਵਿੱਚ ਸਾਂਝ ਮਨ ਦੇ ਵਿੱਚ ਹੀ ਹੈ ਪਰ ਮਨ ਦੇ ਵਿੱਚ ਦੀ ਇਸ ਸਾਂਝ ਵਿਚ ਜੋ **"ਖੀਚਾ"** ਹੈ ਉਹ ਦੂਰ ਹੋ ਜਾਂਦੀ ਹੈ ਭਾਵ ਜੋ ਚੀਜ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰਖਦੀ ਹੈ ਉਹ ਦੂਰ ਹੋ ਜਾਂਦੀ ਹੈ, ਉਹ ਪੜਦਾ ਦੂਰ ਹੋ ਜਾਂਦਾ ਹੈ। ਸਾਡੇ ਸਭ ਦੇ ਅੰਦਰ ਇਹ **"ਖੀਚਾ"** ਭਾਵ

37/4507

ਪੜਦਾ, ਦੀਵਾਰ ਰੂਪ ਪੜਦਾ ਦੂਰ ਹੋ ਜਾਂਦਾ ਹੈ। ਸਾਡੇ ਅੰਦਰ ਇਹ **"ਖੀਚਾ"** ਸਾਡੀ **"ਅਹੰਬੁਧਿ"** ਦੇ ਰੂਪ ਵਿਚ ਹੈ, ਤ੍ਰੈਗੁਣਾਂ ਵਾਲੀ ਅਵਸਥਾ ਦੇ ਰੂਪ ਵਿਚ ਹੈ ਜੋ ਸਾਨੂੰ ਮਨ ਦੇ ਵਿਚ ਸੱਚੀ ਸੋਝੀ ਪੈਣ ਤੋਂ ਦੂਰ ਰੱਖਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਤੋਂ ਦੂਰ ਰੱਖਦੀ ਹੈ ਜਿਸ ਦੇ ਰਹਿੰਦਿਆਂ ਅਸੀਂ ਮਨ ਦੇ ਵਿਚੋਂ ਮਨ ਦੀ ਸੋਝੀ ਦੁਆਰਾ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਸਾਡੇ ਅੰਦਰ ਇਹ **"ਖੀਚਾ"** ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸਨੂੰ ਉਹ ਮਨ ਦੇ ਵਿੱਚ ਗਿਆਨ ਦਾ ਸੱਚਾ ਪ੍ਰਕਾਸ਼ ਕਰਨ ਦੁਆਰਾ ਆਪ ਹੀ ਕਢਦਾ ਹੈ ਤੇ ਉਸ ਤੋਂ ਬਾਅਦ ਮਨ ਦੇ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ ਭੇਦ ਮਿੱਟ ਜਾਂਦਾ ਹੈ ਭਾਵ ਅਸੀਂ ਪ੍ਰਮਾਤਮਾ ਦੇ ਨਾਲ ਜੁੜ ਕੇ ਉਸੇ ਦਾ ਰੂਪ ਬਣ ਜਾਂਦੇ ਹਾਂ। ਪ੍ਰਮਾਤਮਾ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ ਤੇ ਅਸੀਂ ਮਨ ਦੇ ਵਿਚ ਪ੍ਰਮਾਤਮਾ ਕੋਲੋਂ ਬ੍ਰਹਮ ਗਿਆਨ ਰੂਪ ਸ਼ਬਦ ਦੇ ਪ੍ਰਕਾਸ਼ ਦੁਆਰਾ ਪ੍ਰਮਾਤਮਾ ਦੇ ਨਾਲ ਇਕ ਹੋ ਕੇ ਉਸੇ ਦਾ ਰੂਪ ਬਣ ਜਾਂਦੇ ਹਾਂ ਭਾਵ ਮਨੁੱਖ ਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਭਾਵ ਮਨੁੱਖ ਦਾ ਭਰਮ ਹੀ ਮਿੱਟਦਾ ਹੈ ਜਿਸ ਰਾਹੀਂ ਉਹ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਸਭ ਕੁਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। **"ਅਹੰਬੁਧਿ"** ਵੀ ਸਾਡੇ ਮਨ ਦੀ ਸੋਝੀ ਹੈ ਜੋ ਸਾਡੇ ਅੰਦਰ ਪੜਦੇ ਦਾ ਕੰਮ ਕਰਦੀ ਹੈ ਤੇ ਨਾਮ ਰੂਪ ਗਿਆਨ ਵੀ ਸਾਡੇ ਮਨ ਦੀ ਸੋਝੀ ਹੈ ਜੋ ਸਾਡੇ ਅੰਦਰੋਂ ਭਰਮ ਦਾ ਪੜਦਾ ਦੂਰ ਕਰਕੇ ਮਨ ਦੇ ਵਿੱਚੋਂ ਹੀ ਪ੍ਰਮਾਤਮਾ ਦੇ ਦਰਸ਼ਨ ਕਰਵਾਉਂਦੀ ਹੈ। (**ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥**) ਪ੍ਰਮਾਤਮਾ ਜਦ ਤੱਕ ਆਪ ਕਿਸੇ ਨੂੰ ਮਨ ਦੇ ਗਿਆਨ ਦੁਆਰਾ ਉੱਚਾ ਨਹੀਂ ਬਣਾਉਂਦਾ ਤਦ ਤਕ ਕੋਈ ਵੀ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਇਸ ਗੱਲ ਨੂੰ ਜਪੁਜੀ ਬਾਣੀ ਦੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥"

(ਅੰਗ - ੫)

ਪੂਰੇ ਸ਼ਬਦ ਨੂੰ ਅਸੀਂ ਜਪੁਜੀ ਬਾਣੀ ਦੇ ਅਰਥਾਂ ਵਿੱਚ ਅੱਗੇ ਜਾ ਕੇ ਸਮਝਾਂਗੇ ਤੇ ਹੁਣ ਉਪਰ ਵਾਲੀਆਂ ਕੁੱਝ ਪੰਗਤੀਆਂ ਨੂੰ ਸਮਝਦੇ ਹਾਂ। ਪ੍ਰਮਾਤਮਾ ਦਾ ਅਸਥਾਨ ਉੱਚਾ ਹੈ, ਪ੍ਰਮਾਤਮਾ ਆਪ ਉੱਚਾ ਹੈ ਪਰ ਉਹ ਪ੍ਰਮਾਤਮਾ ਕਿਸ ਰੂਪ ਵਿੱਚ ਉੱਚਾ ਹੈ ਇਹੀ ਗੱਲ ਸਾਨੂੰ ਉਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਉੱਚਾ ਬਣਾਉਣ ਵਾਲਾ ਉਸਦਾ ਨਾਮ ਹੈ ਭਾਵ ਬ੍ਰਹਮ ਗਿਆਨ ਹੈ। ਪ੍ਰਮਾਤਮਾ ਬ੍ਰਹਮ ਗਿਆਨ ਦਾ ਸ੍ਰੋਤ ਹੈ ਜਿਸ ਕਰਕੇ ਪ੍ਰਮਾਤਮਾ ਬ੍ਰਹਮ ਗਿਆਨੀ ਹੈ। ਬ੍ਰਹਮ ਗਿਆਨੀ ਨੂੰ ਉੱਚਾ ਬਣਾਉਣ ਵਾਲਾ ਬ੍ਰਹਮ ਗਿਆਨ ਹੈ ਭਾਵ ਉੱਚੇਪਨ ਦਾ ਮੂਲ ਬ੍ਰਹਮ ਗਿਆਨ ਹੈ ਭਾਵ ਨਾਮ ਹੈ। ਜੋ ਉੱਚਾ ਹੈ ਉਹ ਨਾਮ ਕਰਕੇ ਉੱਚਾ ਹੈ ਭਾਵ ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਕਰਕੇ ਉੱਚਾ ਹੈ। (**ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥**) ਪ੍ਰਮਾਤਮਾ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਜਿਸਦਾ ਕੋਈ ਆਕਾਰ ਰੂਪ ਨਹੀਂ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਥੇ ਨਿਰੰਕਾਰ ਰੂਪ ਵਿਚ ਹੀ ਪ੍ਰਗਟ ਕਰਦਾ ਹੈ ਤੇ ਇਸੇ ਲਈ ਉਹ ਜਿਸ ਮਨੁੱਖੀ ਰੂਪ ਨੂੰ ਉੱਚਾ ਬਣਾਉਂਦਾ ਹੈ ਉਸ ਨੂੰ ਮਨ ਦੇ ਗਿਆਨ ਰਾਹੀਂ ਹੀ ਉੱਚਾ ਬਣਾਉਂਦਾ ਹੈ, ਮਨ ਦੀ ਮਤਿ ਰਾਹੀਂ ਹੀ ਉੱਚਾ ਬਣਾਉਂਦਾ ਹੈ ਭਾਵ ਉਸ ਮਨੁੱਖ ਦੇ ਅੰਦਰ ਦੀ ਮਨਮਤਿ ਨੂੰ ਕੱਢਣ ਦੁਆਰਾ ਬਣਾਉਂਦਾ ਹੈ ਭਾਵ ਉਸਦੀ ਮਨਮਤਿ ਨੂੰ ਗੁਰਮਤਿ ਰੂਪ ਵਿਚ ਬਦਲ ਕੇ ਉਸ ਨੂੰ ਉੱਚਾ ਬਣਾਉਂਦਾ ਹੈ। ਜਿਸ ਰੂਪ ਵਿਚ ਪ੍ਰਮਾਤਮਾ ਆਪ ਉੱਚਾ ਹੈ ਉਸੇ ਰੂਪ ਵਿੱਚ ਹੀ ਉਹ ਆਪਣੇ ਮਨੁੱਖੀ ਰੂਪ ਨੂੰ ਉੱਚਾ ਬਣਾਉਂਦਾ ਹੈ। ਪ੍ਰਮਾਤਮਾ ਨੇ ਮਨੁੱਖ ਨਾਲੋਂ ਆਪਣੀ ਦੂਰੀ ਮਨ ਦੇ ਵਿੱਚ ਆਪਣੇ ਉੱਚੇਪਨ ਦੁਆਰਾ ਰੱਖੀ ਹੋਈ ਹੈ ਭਾਵ ਗਿਆਨ ਦੇ ਉੱਚੇ ਲੈਵਲ ਦੁਆਰਾ ਰੱਖੀ ਹੋਈ ਹੈ ਤੇ ਮਨੁੱਖ ਨੂੰ ਉਸਨੇ ਗਿਆਨ ਦੇ ਨੀਵੇਂ ਲੈਵਲ ਵਿੱਚ ਰੱਖਿਆ ਹੋਇਆ ਹੈ। ਨੀਵੇਂ ਲੈਵਲ ਵਾਲਾ ਗਿਆਨ ਉੱਚੇ ਗਿਆਨ ਵਾਲੀ ਗੱਲ ਨਹੀਂ ਸਮਝ ਸਕਦਾ ਜਿਵੇਂ ਛੋਟੇ ਸਕੂਲ ਵਿਚ ਪੜਾਈ ਕਰਨ ਵਾਲਾ

ਬੱਚਾ ਵੱਡੇ ਕਾਲਜ ਦੀ ਪੜਾਈ ਨੂੰ ਨਹੀਂ ਸਮਝ ਸਕਦਾ। ਵੱਡੇ ਲੈਵਲ ਦੀ ਪੜਾਈ ਦੀ ਸਮਝ ਵੱਡੇ ਲੈਵਲ ਵਿਚ ਜਾ ਕੇ ਹੀ ਸਮਝ ਆਉਂਦੀ ਹੈ। ਇਸੇ ਤਰ੍ਹਾਂ ਪ੍ਰਮਾਤਮਾ ਦੇ ਗਿਆਨ ਦੇ ਲੈਵਲ ਦੀ ਗੱਲ ਮਨ ਦੇ ਵਿਚ ਉਸਦੇ ਲੈਵਲ ਵਾਲਾ ਬਣ ਕੇ ਹੀ ਸਮਝ ਆਉਂਦੀ ਹੈ। ਮਨ ਦੇ ਵਿਚ ਉਹ ਆਪਣੇ ਲੈਵਲ ਦੀ ਪੜ੍ਹਾਈ ਆਪ ਹੀ ਕਰਵਾਉਂਦਾ ਹੈ ਭਾਵ ਬ੍ਰਹਮ ਗਿਆਨ ਵਾਲਾ ਲੈਵਲ ਮਨ ਦੇ ਵਿਚ ਕਿਸੇ ਨੂੰ ਆਪ ਹੀ ਬਖਸ਼ਦਾ ਹੈ ਭਾਵ ਆਪਣੇ ਉੱਚੇ ਮਨ ਵਿਚ ਕਿਸੇ ਨੂੰ ਉਹ ਆਪ ਹੀ ਰਲਾਉਂਦਾ ਹੈ, ਮਿਲਾਉਂਦਾ ਹੈ। ਮਨ ਦੇ ਵਿਚ ਉਸ ਪ੍ਰਮਾਤਮਾ ਨੂੰ ਉਸਦੇ ਲੈਵਲ ਵਿਚ ਪਹੁੰਚ ਕੇ ਹੀ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ। (**ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥**) ਮਨੁੱਖ ਤ੍ਰੈ ਗੁਣਾਂ ਵਾਲੀ ਮਤਿ ਵਿਚ ਹੈ, ਅਹੰਬੁਧਿ ਵਾਲੀ ਮਤਿ ਵਿਚ ਹੈ ਭਾਵ ਛੋਟੀ ਮਤਿ ਵਿਚ ਹੈ ਤੇ ਛੋਟੀ ਮਤਿ ਵਿਚ ਰਹਿ ਕੇ ਵੱਡੀ ਮਤਿ ਵਾਲੀ ਗੱਲ ਸਮਝ ਨਹੀਂ ਆਉਂਦੀ ਭਾਵ ਜਿੰਨੀ ਵੱਡੀ ਕਿਸੇ ਦੀ ਮਤਿ ਹੁੰਦੀ ਹੈ ਉਸੇ ਲੈਵਲ ਦੀ ਗੱਲ ਹੀ ਸਮਝ ਆਉਂਦੀ ਹੈ। ਕਿਸੇ ਦੀ ਛੋਟੀ ਮਤਿ ਨੂੰ ਵੱਡੀ ਮਤਿ ਪ੍ਰਮਾਤਮਾ ਆਪ ਹੀ ਕਰਦਾ ਹੈ ਭਾਵ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ, ਉਸਦੀ ਆਪਣੀ ਦਾਤਿ ਹੈ, ਬ੍ਰਹਮਗਿਆਨ ਰੂਪ ਦਾਤਿ ਹੈ, ਨਾਮ ਦੀ ਦਾਤਿ ਹੈ ਜੋ ਵੱਡੇ ਕਰਮਾਂ ਨਾਲ ਹੀ ਮਿਲਦੀ ਹੈ ਭਾਵ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ ਤੇ ਉਹ ਆਪ ਆਪਣੀ ਤ੍ਰੈਗੁਣਾਂ ਵਾਲੀ ਮਤਿ ਨੂੰ ਬਦਲ ਕੇ ਚਉਥੇ ਪਦ ਦੇ ਗਿਆਨ ਵਾਲੀ ਮਤਿ ਕਰ ਲਵੇ ਤੇ ਮਨ ਦੇ ਵਿਚੋਂ ਪ੍ਰਮਾਤਮਾ ਦੇ ਦਰਸ਼ਨ ਕਰ ਲਵੇ। ਪ੍ਰਮਾਤਮਾ ਦੇ ਦਰਸ਼ਨ ਸਾਡੇ ਮਨ ਦੇ ਗਿਆਨ ਨਾਲ ਜੁੜੇ ਹੋਏ ਹਨ। **(ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥)**

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

ਪ੍ਰਮਾਤਮਾ ਦਾ ਉੱਚਾਪਨ, ਵੱਡਾਪਨ ਮਨੁੱਖ ਨੂੰ ਤਾਂ ਹੀ ਸਮਝ ਆਉਂਦਾ ਹੈ ਜਦੋਂ ਮਨੁੱਖ ਦੇ ਵਿੱਚੋਂ ਭਰਮ ਦਾ ਪੜਦਾ, **"ਅਹੰਬੁਧਿ"** ਪੜਦਾ ਦੂਰ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਕਿਸ ਰੂਪ ਵਿਚ ਹੈ ਤੇ ਕਿਸ ਲਈ ਵੱਡਾ ਹੈ ਤੇ ਉਸ ਦਾ ਵੱਡਾਪਨ ਕਿਸ ਰੂਪ ਵਿਚ ਹੈ ਇਸ ਗੱਲ ਤੇ ਵਿਸ਼ਵਾਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਦੁਆਰਾ ਹੀ ਆਉਂਦਾ ਹੈ ਜਦੋਂ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਕੀਕਤ ਵਿਚ ਉਹ ਸਭ ਕੁਝ ਆਪ ਹੀ ਹੈ ਤੇ ਮਨੁੱਖੀ ਰੂਪ ਵਿਚ ਵੀ

37/4508

ਉਹ ਆਪ ਹੀ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ। (**ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥੩॥**)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ - ੯)

ਪ੍ਰਮਾਤਮਾ, ਅੱਲ੍ਹਾ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਹਰ ਰੂਪ ਵਿੱਚ ਸਭ ਕੁਝ ਕਿਵੇਂ ਬਣਿਆ ਹੈ ਤੇ ਉਸ ਦੇ ਆਪਣੇ ਰੂਪ ਵਿਚ, ਸਰਗੁਣ ਨਿਰਗੁਣ ਰੂਪ ਵਿਚ ਵਾਧਾ ਕਿਵੇਂ ਹੁੰਦਾ ਰਹਿੰਦਾ ਹੈ ਤੇ ਪ੍ਰਮਾਤਮਾ ਦਾ ਕੋਈ ਅੰਤ ਨਹੀਂ ਹੈ, ਉਸ ਦੇ ਰੂਪ ਦਾ ਕੋਈ ਅੰਤ ਨਹੀਂ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥

ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥੪॥੧॥੯੭”

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਕਿ ਪ੍ਰਮਾਤਮਾ ਸਰਗੁਣ ਰੂਪ ਵਿੱਚ ਵੀ ਆਪ ਹੈ ਤੇ ਨਿਰਗੁਣ ਰੂਪ ਵਿੱਚ ਵੀ ਆਪ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦਾ ਆਪਣਾ ਮੂਲ ਰੂਪ ਨਿਰੰਕਾਰ ਰੂਪ ਹੈ ਤੇ ਆਪਣੇ ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਤੇ ਉਸ ਨੂੰ ਚਲਾਉਣ ਵਾਲਾ ਨਿਰੰਕਾਰ ਰੂਪ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਭਾਵ ਮੂਲ ਰੂਪ ਗਿਆਨ ਰੂਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦਾ ਇਹ ਮੂਲ ਰੂਪ ਉਸ ਦਾ ਸਾਇੰਟਿਫਿਕ ਰੂਪ ਹੈ ਜਿਸ ਰੂਪ ਦੁਆਰਾ ਉਸ ਨੇ ਹਰ ਆਕਾਰ ਰੂਪ ਨੂੰ ਰੱਚਿਆ ਹੈ ਤੇ ਆਪਣੇ ਹਰ ਆਕਾਰ ਰੂਪ ਨੂੰ ਚਲਾਉਣ ਦਾ ਸਿਸਟਮ ਸਭ ਦੇ ਵਿਚ ਨਾਲ ਹੀ ਪਾਇਆ ਹੋਇਆ ਹੈ, ਸਭ ਦੇ ਅੰਦਰ ਸਾਇੰਟਿਫਿਕਲੀ ਪਾਇਆ ਹੋਇਆ ਹੈ। ਪ੍ਰਮਾਤਮਾ ਦੀ ਹਰ ਰਚਨਾ ਸਾਇੰਟਿਫਿਕਲੀ ਹੀ ਵਿਚਰਦੀ ਹੈ ਭਾਵੇਂ ਉਹ ਮਨ ਦੇ ਗਿਆਨ ਦੁਆਰਾ ਵਿਚਰਦੀ ਹੈ ਭਾਵੇਂ ਜੈਨੇਟਿਕ ਸਿਸਟਮ ਨਾਲ ਵਿਚਰਦੀ ਹੈ ਭਾਵ ਸਭ ਕੁਝ ਸਾਇੰਟਿਫਿਕ ਹੈ। ਇਸ ਸੰਸਾਰ ਵਿਚ ਜੋ ਵੀ ਉਤਪੱਤੀ ਹੁੰਦੀ ਹੈ ਉਹ ਸਾਇੰਟਿਫਿਕਲੀ ਹੀ ਹੁੰਦੀ

37/4509

ਹੈ। ਮਨੁੱਖ ਤੋਂ ਅੱਗੇ ਦੂਜੇ ਮਨੁੱਖ ਦੀ ਉਤਪੱਤੀ ਹੁੰਦੀ ਹੈ, ਇੱਕ ਜੀਵ ਤੋਂ ਦੂਸਰੇ ਜੀਵ ਦੀ ਉਤਪਤੀ ਹੁੰਦੀ ਹੈ, ਇੱਕ ਪੇੜ ਤੋਂ ਦੂਸਰੇ ਪੇੜਾਂ ਦੀ ਉਤਪੱਤੀ ਹੁੰਦੀ ਹੈ ਭਾਵ ਜੀਵਾਂ ਤੋਂ ਜੀਵਾਂ ਦੀ ਉਤਪੱਤੀ ਹੁੰਦੀ ਹੈ, ਬਨਸਪਤੀ ਤੋਂ ਬਨਸਪਤੀ ਦੀ ਉਤਪੱਤੀ ਹੁੰਦੀ ਹੈ ਭਾਵ ਹਰ ਕਿਸੇ ਵਸਤੂ ਦੀ ਉਤਪੱਤੀ ਦਾ ਸਾਧਨ ਪ੍ਰਮਾਤਮਾ ਨੇ ਉਸ ਦੇ ਵਿੱਚ ਹੀ ਪਾਇਆ ਹੋਇਆ ਹੈ। ਕਿਸੇ ਵਕਤ ਮਨੁੱਖਤਾ ਦੀ ਸ਼ੁਰੂਆਤ ਹੋਈ ਹੋਵੇਗੀ ਤੇ ਹੁਣ ਮਨੁੱਖਤਾ ਦੀ ਤਦਾਦ, ਗਿਣਤੀ ਕਰੋੜਾਂ ਅਰਬਾਂ ਵਿਚ ਹੈ ਭਾਵ ਵਾਧਾ ਚੱਲਦਾ ਰਹਿੰਦਾ ਹੈ। ਇਸੇ ਤਰ੍ਹਾਂ ਪੇੜਾਂ ਤੋਂ ਅੱਗੇ ਪੇੜ ਬਣਦੇ ਰਹਿੰਦੇ ਹਨ ਭਾਵ ਵਾਧਾ ਚੱਲਦਾ ਰਹਿੰਦਾ ਹੈ, ਜੀਵਾਂ ਤੋਂ ਅੱਗੇ ਹੋਰ ਜੀਵ ਵੱਧਦੇ ਰਹਿੰਦੇ ਹਨ। ਮਨੁੱਖ ਨੇ ਮਨ ਦੇ ਗਿਆਨ ਰਾਹੀਂ ਅਨੇਕਾਂ ਹੀ ਵਸਤੂਆਂ ਬਣਾਈਆਂ ਹਨ ਤੇ ਮਨ ਦੇ ਗਿਆਨ ਰਾਹੀਂ ਵਸਤੂਆਂ ਵਿਚ ਵਾਧਾ ਹੁੰਦਾ ਰਹਿੰਦਾ ਹੈ ਭਾਵ ਹਰ ਵਸਤੂ ਦੀ ਹੋਂਦ ਦੇ ਪਿੱਛੇ ਮੂਲ ਰੂਪ ਵਿਚ ਗਿਆਨ ਹੈ। ਇਹ ਗਿਆਨ ਕੀ ਹੈ, ਇਸ ਦਾ ਮੂਲ ਕੀ ਹੈ, ਗਿਆਨ ਦਾ ਸ੍ਰੋਤ ਕੀ ਹੈ ਇਸ ਗੱਲ ਨੂੰ ਸਮਝੇ ਬਿਨਾ ਨਾ ਹੀ ਨਿਰੰਕਾਰ ਰੂਪ ਦੀ ਸਮਝ ਆ ਸਕਦੀ ਹੈ ਤੇ ਨਾ ਹੀ ਆਕਾਰ ਰੂਪ ਦੀ ਸਮਝ ਆ ਸਕਦੀ ਹੈ ਕਿ ਇਹ ਸ੍ਰਿਸ਼ਟੀ ਕਿਵੇਂ ਬਣੀ ਹੈ, ਕਿਸ ਨੇ ਬਣਾਈ ਹੈ ਤੇ ਕਿਸ ਮਕਸਦ ਲਈ ਬਣਾਈ ਹੈ। ਗਿਆਨ ਦੇ ਮੂਲ ਰੂਪ ਵਿਚ ਪ੍ਰਮਾਤਮਾ ਆਪ ਹੈ ਜਿਸ ਦੀ ਸਮਝ ਕੇਵਲ ਤੇ ਕੇਵਲ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਲਗ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਇਹ ਸਮਝ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਦੁਆਰਾ ਲੱਗ ਸਕਦੀ ਹੈ ਕਿਉਂਕਿ ਇਹ ਸ੍ਰਿਸ਼ਟੀ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਖੇਡ ਹੈ ਤੇ ਉਹ ਆਪਣੀ ਖੇਡ ਕਿਸੇ ਨੂੰ ਸਮਝ ਨਹੀਂ ਆਉਣ ਦਿੰਦਾ ਤੇ ਮਨ ਦੇ ਵਿਚ ਸਭ ਨੂੰ ਮਨ ਦੀ ਅਗਿਆਨਤਾ ਦੁਆਰਾ ਆਪ ਹੀ ਸਭ ਨੂੰ ਭਰਮ ਵਿਚ ਰੱਖਿਆ ਹੋਇਆ ਹੈ। ਸ੍ਰਿਸ਼ਟੀ ਦਾ ਮੂਲ ਉਹ ਆਪ ਹੈ, ਹਰ ਰਚਨਾ ਦਾ ਮੂਲ ਉਹ ਆਪ ਹੈ। ਮਨੁੱਖਤਾ ਦਾ ਮੂਲ ਉਹ ਆਪ ਹੈ, ਹਰ ਜੀਵ ਦਾ ਮੂਲ ਉਹ ਆਪ ਹੈ, ਹਰ ਬਨਸਪਤੀ ਦਾ ਮੂਲ ਉਹ ਆਪ ਹੈ ਭਾਵ ਹਰ ਆਕਾਰ ਰੂਪ ਦਾ ਮੂਲ ਉਹ ਆਪ **“ਨਿਰਮਲ ਰੂਪ”** ਪ੍ਰਮਾਤਮਾ ਆਪ ਹੈ ਜੋ ਕਿ ਮੂਲ ਰੂਪ ਵਿਚ **“ਸੂਚਾ”** ਹੈ। ਜੇਕਰ ਮੂਲ ਰੂਪ ਵਿਚ ਪ੍ਰਮਾਤਮਾ ਆਪ ਹੈ, ਨਿਰਮਲ ਹੈ ਤੇ ਨਿਰਮਲ ਵਿਚ ਜਦੋਂ ਵਾਧਾ ਹੋਵੇਗਾ ਉਹ ਫਿਰ ਨਿਰਮਲ ਰੂਪ ਹੀ ਬਣੇਗਾ ਭਾਵ ਪ੍ਰਮਾਤਮਾ ਦੇ

37/4510

ਪਹਿਲੇ ਰੂਪ ਤੋਂ ਦੂਸਰਾ ਰੂਪ ਪ੍ਰਮਾਤਮਾ ਦਾ ਹੀ ਬਣੇਗਾ ਭਾਵ ਨਿਰਮਲ ਤੋਂ ਨਿਰਮਲ ਹੀ ਬਣੇਗਾ ਤੇ ਜਿਉਂ ਜਿਉਂ ਉਤਪੱਤੀ ਹੋਵੇਗੀ ਨਿਰਮਲ ਰੂਪ ਵਿਚ ਵਾਧਾ ਹੋਈ ਜਾਵੇਗਾ ਭਾਵ ਪ੍ਰਮਾਤਮਾ ਤੋਂ ਪ੍ਰਮਾਤਮਾ ਦੀ ਉਤਪੱਤੀ ਹੁੰਦੀ ਜਾਵੇਗੀ ਭਾਵ ਆਕਾਰ ਤੋਂ ਆਕਾਰ ਵੱਧਦਾ ਜਾਵੇਗਾ ਪਰ ਅੰਦਰ ਦਾ ਨਿਰੰਕਾਰ ਰੂਪ, ਜੋਤਿ ਰੂਪ ਪ੍ਰਮਾਤਮਾ ਦਾ ਉਹੀ ਰਹਿੰਦਾ ਹੈ ਜੋ ਕਿ ਉਸਦਾ ਗਿਆਨ ਰੂਪ ਹੈ, ਮੂਲ ਰੂਪ ਹੈ। ਇਸੇ ਤਰ੍ਹਾਂ ਜੇਕਰ ਪ੍ਰਮਾਤਮਾ **“ਸੂਚਾ”** ਰੂਪ ਹੈ, ਉਸ ਦੇ ਸੂਚੇ ਰੂਪ ਤੋਂ ਹੋਰ **“ਸੂਚਾ”** ਰੂਪ ਹੀ ਬਣੀ ਜਾਂਦੇ ਹਨ ਭਾਵ ਸੂਚਾ ਰੂਪ ਨੂੰ ਅੱਗੇ ਵਧਾਉਣ ਵਾਲਾ ਭਾਵ ਉਸ ਵਿੱਚ ਵਾਧਾ ਕਰਨ ਵਾਲਾ ਆਪ ਪ੍ਰਮਾਤਮਾ ਹੀ ਹੈ। (**ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥**)

ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੈ ਭਾਵ ਉਸ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੈ। ਪ੍ਰਮਾਤਮਾ ਦੇ ਕਿਤਨੇ ਕੂ

ਆਕਾਰ ਰੂਪ ਹਨ ਉਹਨਾਂ ਦਾ ਕੋਈ ਅੰਤ ਹੋ ਹੀ ਨਹੀਂ ਸਕਦਾ ਭਾਵ ਉਸ ਦੀ ਰਚਨਾ ਪਰੇ ਤੋਂ ਪਰੇ ਹੈ, ਗਿਣਤੀ ਮਿਣਤੀ ਤੋਂ ਬਾਹਰ ਹੈ। ਪ੍ਰਮਾਤਮਾ ਦੀ ਵਡਿਆਈ, ਉਸ ਦਾ ਉੱਚਾਪਨ ਤਾਂ ਹੀ ਨਜਰ ਆਉਂਦਾ ਹੈ ਜਦੋਂ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਹਕੀਕਤ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾ ਕੋਈ ਵੀ ਹੋਰ ਹੋਂਦ ਸਮਝਣਾ ਕੇਵਲ ਸਾਡੇ ਮਨ ਦਾ ਭਰਮ ਹੈ। ਇਹ ਭਰਮ ਵੀ ਸਾਡਾ ਨਹੀਂ ਹੈ। ਭਰਮ ਦਾ ਮਾਲਕ ਵੀ ਪ੍ਰਮਾਤਮਾ ਆਪ ਹੈ। ਉਹ ਸਭ ਕੁਝ ਆਪ ਹੀ ਹੈ ਤੇ ਉਸਦੀ ਵਡਿਆਈ ਦਾ, ਉਸ ਦੇ ਉੱਚੇਪਨ ਦਾ ਕੋਈ ਅੰਤ ਨਹੀਂ ਹੈ। (**ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥**)

ਅਸੀਂ ਸੰਸਾਰ ਵਿਚ ਜੋ ਵੀ ਵਸਤੂ ਦੇਖਦੇ ਹਾਂ ਉਸ ਦਾ ਕੋਈ ਨਾ ਕੋਈ ਨਾਮ ਹੁੰਦਾ ਹੈ। ਇਸੇ ਲਈ ਬਾਣੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਭਾਵੇਂ ਅਸੀਂ ਕਿਸੇ ਵੀ ਵਸਤੂ ਦਾ ਨਾਮ ਲੈਂਦੇ ਹਾਂ ਉਸ ਵਸਤੂ ਦੇ ਰੂਪ ਵਿੱਚ ਪ੍ਰਮਾਤਮਾ ਹੈ। ਪ੍ਰਮਾਤਮਾ ਦੇ ਨਾਮ ਅਸੰਖ ਹਨ ਭਾਵ ਗਿਣਤੀ ਤੋਂ ਬਾਹਰ ਹਨ ਕਿਉਂਕਿ ਹਰ ਰੂਪ ਵਿੱਚ ਉਹ ਆਪ ਹੀ ਹੈ। ਪ੍ਰਮਾਤਮਾ ਦਾ ਇਹ ਉੱਚਾਪਨ ਮਨ ਦੀ ਸੋਝੀ ਦੁਆਰਾ ਨਜਰ ਆਉਂਦਾ ਹੈ ਨਾ ਕਿ ਸੁਰਤੀਆਂ ਜੋੜਕੇ ਬੈਠਣ ਦੁਆਰਾ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਇਹਨਾਂ

37/4511

ਗੱਲਾਂ ਨਾਲ ਉੱਚਾ ਅਖਵਾਉਣ ਦੁਆਰਾ, ਗੁਣੀ ਗਿਆਨੀ ਅਖਵਾਉਣ ਦੁਆਰਾ। ਸਮਾਧੀਆਂ ਲਗਾ ਕੇ ਜੋ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ ਉਹ ਪ੍ਰਮਾਤਮਾ ਦੀ ਕੀਮਤ ਕਿਤਨੀ ਉੱਚੀ ਹੈ, ਉਹ ਕਿਤਨਾ ਵੱਡਾ ਹੈ ਇਸ ਗੱਲ ਨੂੰ ਇੱਕ ਤਿਲ ਜਿਤਨਾ ਵੀ ਨਹੀਂ ਜਾਣ ਸਕਦੇ ਕਿਉਂਕਿ ਇਹ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਹੀ ਨਹੀਂ ਹੈ। **(ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥ ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧॥)** ਅੰਗ - ੧੩੧੯

{ਤੇਰਾ ਦਾਸਨਿ ਦਾਸਾ ਕਹਉ ਰਾਇ ॥ ਜਗਜੀਵਨ ਜੁਗਤਿ ਨ ਮਿਲੈ ਕਾਇ ॥੧॥ ਰਹਾਉ ॥

ਤੇਰੀ ਮੂਰਤਿ ਏਕਾ ਬਹੁਤੁ ਰੂਪ ॥ ਕਿਸੁ ਪੂਜ ਚੜਾਵਉ ਦੇਉ ਧੂਪ ॥

ਤੇਰਾ ਅੰਤੁ ਨ ਪਾਇਆ ਕਹਾ ਪਾਇ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥੨॥

ਤੇਰੇ ਸਠਿ ਸੰਬਤ ਸਭਿ ਤੀਰਥਾ ॥ ਤੇਰਾ ਸਚੁ ਨਾਮੁ ਪਰਮੇਸਰਾ ॥

ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ ਅਣਜਾਣਤ ਨਾਮੁ ਵਖਾਣੀਐ ॥੩॥

ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥

ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥}

(ਅੰਗ - ੧੧੬੮)

{ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥}

(ਅੰਗ - ੯੩੪)

ਪਿੱਛਲੇ ਕੁੱਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਦ੍ਰਿੜ ਕੀਤਾ ਹੈ ਕਿ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਤੇ ਜਿਸ ਤਰੀਕੇ ਹਰ ਕੋਈ ਪ੍ਰਮਾਤਮਾ ਨੂੰ ਪਾਉਣ ਦੇ ਜਤਨ ਕਰਦੇ ਹਨ ਉਹ ਬਿਲਕੁਲ ਵਿਅਰਥ ਹਨ। ਪ੍ਰਮਾਤਮਾ ਸਾਡੇ ਅੰਦਰ ਆਪਣੀ ਖੇਡ ਮਨ ਦੀ ਸੋਝੀ ਦੁਆਰਾ ਹੀ ਚਲਾ ਰਿਹਾ ਹੈ ਭਾਵ ਉਸ ਨੇ ਆਪ ਹੀ ਸਭ ਨੂੰ ਮਨ ਦੇ ਭਰਮ ਵਾਲੀ ਮਤਿ ਵਿਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰੱਖਿਆ ਹੋਇਆ ਹੈ, ਪੁੱਠੇ ਕਮਲ ਵਾਲੀ ਅਵਸਥਾ ਵਿਚ ਭਾਵ ਪੁੱਠੀ ਮਤਿ ਵਿਚ ਰੱਖਿਆ ਹੋਇਆ ਹੈ ਜਿਸ ਦੁਆਰਾ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਭਾਵ ਗੁਰੂ ਦੀ ਮਤਿ ਨੂੰ ਸਮਝਣ ਤੇ ਮੰਨਣ ਤੋਂ ਦੂਰ ਰਹਿੰਦੇ ਹਾਂ। ਇਹੀ ਗੱਲ ਅਸੀਂ ਮੁਖ ਸ਼ਬਦ ਦੁਆਰਾ ਪਿਛੇ ਸਮਝੀ ਹੈ ਜਿਸ ਨੂੰ ਦ੍ਰਿੜ ਕਰਨ ਲਈ ਅਸੀਂ ਹੋਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ।

(**ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥**)

ਅਸੀਂ ਆਪ ਪੁੱਠੀ ਮਤਿ ਵਿਚ ਹਾਂ ਤੇ ਜੇਕਰ ਪੁੱਠੀ ਮਤਿ ਵਾਲਿਆਂ ਪਿਛੇ ਹੀ ਲੱਗੇ ਰਹਾਂਗੇ ਭਾਵ ਜੇਕਰ ਭੇਡ ਬਣਕੇ

37/4512

ਲੇਲੇ ਨੂੰ ਹੀ ਚੁੰਘੀ ਜਾਵਾਂਗੇ ਤਾਂ ਫਿਰ ਅਸੀਂ ਪ੍ਰਮਾਤਮਾ ਦੀ ਆਪਣੇ ਅੰਦਰ ਚੱਲ ਰਹੀ ਖੇਡ ਨੂੰ ਕਦੇ ਨਹੀਂ ਸਮਝ ਸਕਦੇ, ਸੁਪਨੇ ਵਿੱਚ ਵੀ ਨਹੀਂ ਸਮਝ ਸਕਦੇ। ਜਿੰਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੀ ਇਹ ਖੇਡ ਪ੍ਰਗਟ ਕੀਤੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਗਟ ਕੀਤੀ ਹੈ ਉਹ ਖੇਡ ਪ੍ਰਮਾਤਮਾ ਨੇ ਕਿਸ ਤਰੀਕੇ ਪ੍ਰਗਟ ਕੀਤੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥”

(ਅੰਗ - ੩੨੬)

ਧਿਆਨ ਨਾਲ ਸਮਝੋ ਉਪਰ ਵਾਲੀਆਂ ਪੰਗਤੀਆਂ ਨੂੰ ਕਿ ਸਾਡੇ ਅੰਦਰ ਪ੍ਰਮਾਤਮਾ ਆਪਣੀ ਖੇਡ ਨੂੰ ਕਿਸ ਤਰੀਕੇ ਪ੍ਰਗਟ ਕਰਦਾ ਹੈ ਭਾਵ ਸਾਨੂੰ ਇਸ ਗੱਲ ਦੀ ਸੋਝੀ ਕਿਵੇਂ ਪੈਂਦੀ ਹੈ ਕਿ ਸਭ ਦੇ ਅੰਦਰ ਭੇਡ ਲੇਲੇ ਨੂੰ ਕਿਸ ਤਰੀਕੇ ਚੁੰਘ ਰਹੀ ਹੈ। ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਮਨ ਦੇ ਵਿਚ **“ਮਤਿ”** ਰਾਹੀਂ ਹੀ ਪ੍ਰਗਟ ਕਰਦਾ ਹੈ। ਸਾਡੇ ਅੰਦਰ ਸਾਡੀ **“ਮਤਿ”** ਹੀ ਪ੍ਰਗਟ ਹੁੰਦੀ ਹੈ। ਜਦੋਂ ਮਨ ਦੇ ਅੰਦਰ ਮਨੁੱਖ ਰਾਮ ਦੇ ਨਾਲ ਰਮਿਆ ਜਾਂਦਾ ਹੈ ਉਹ ਮਨ ਦੀ ਮਤਿ ਰਾਹੀਂ ਹੀ ਰਮਿਆ ਜਾਂਦਾ ਹੈ, ਮਨ ਦੇ ਗਿਆਨ ਰਾਹੀਂ ਭਾਵ ਮਨ ਦੀ ਸੋਝੀ ਰਾਹੀਂ ਹੀ ਰਮਿਆ ਜਾਂਦਾ ਹੈ। ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਰਮੇ ਜਾਣ ਨਾਲ ਸਾਡੀ ਨਾਸਮਝ ਮਤਿ ਭਾਵ ਭਰਮ ਵਾਲੀ ਮਤਿ ਸੱਚੀ ਸੋਝੀ ਵਾਲੀ ਮਤਿ ਬਣ ਜਾਂਦੀ ਹੈ ਭਾਵ ਸੱਚੇ ਗਿਆਨ ਵਾਲੀ ਮਤਿ ਬਣ ਜਾਂਦੀ ਹੈ ਜੋ ਮਤਿ ਮਨ ਦੇ ਵਿਚ ਗੁਰੂ ਰੂਪ ਪ੍ਰਮਾਤਮਾ ਆਪ ਹੀ ਦਿੰਦਾ ਹੈ। ਮਨ ਦੇ ਵਿਚ ਪ੍ਰਮਾਤਮਾ ਸੱਚੀ ਸੋਝੀ ਪਾਉਣ ਦੁਆਰਾ ਮਨੁੱਖ ਨੂੰ ਸਾਰੇ ਭਰਮਾਂ ਤੋਂ ਰਹਿਤ ਕਰ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦੀ ਸੋਝੀ ਪਾਉਣ ਦੁਆਰਾ ਹਰ ਭਰਮ ਤੋਂ ਰਹਿਤ ਕਰ ਦਿੰਦਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਭਾਵ ਮਾੜੀ ਸੋਝੀ ਤੋਂ, ਮਨ ਦੀ ਅਗਿਆਨਤਾ ਤੋਂ ਰਹਿਤ ਕਰ ਦਿੰਦਾ ਹੈ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਤੋਂ ਦੂਰ ਰੱਖਦੀ ਹੈ ਭਾਵ ਸੱਚੀ ਮਤਿ ਤੋਂ, ਸਿੱਧੀ ਮਤਿ ਤੋਂ ਦੂਰ ਰੱਖਦੀ ਹੈ। ਸੱਚੀ ਮਤਿ ਤੋਂ ਦੂਰ ਰੱਖਣ ਵਾਲੀ ਮਤਿ

37/4513

ਹੀ ਸਾਡੀ ਪੁੱਠੀ ਮਤਿ ਹੈ। ਸਾਡੀ ਜੋ ਵੀ ਮਤਿ ਸ਼ਬਦ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੀ ਉਹ ਪੁੱਠੀ ਮਤਿ ਹੈ ਭਾਵ ਉਹ ਭੇਡ ਵਾਲੀ ਮਤਿ ਹੈ ਜੋ ਲੇਲੇ ਨੂੰ ਚੁੰਘਦੀ ਹੈ ਭਾਵ ਸਾਡੇ ਕੋਲੋਂ ਪੁੱਠੇ ਕੰਮ ਕਰਵਾਉਂਦੀ ਹੈ, ਧਰਮ ਦੇ ਪੁੱਠੇ ਮਾਰਗ ਤੇ ਤੋਰਦੀ ਹੈ। ਸਭ ਕੁਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਤੇ ਜਦ ਤਕ ਉਹ ਗੁਰੂ ਰੂਪ ਪ੍ਰਮਾਤਮਾ ਕਿਸੇ ਦੇ ਅੰਦਰ ਪ੍ਰਗਟ ਹੋ ਕੇ, ਮਤਿ ਰਾਹੀਂ ਪ੍ਰਗਟ ਹੋ ਕੇ ਸੱਚੀ ਸੋਝੀ ਨਹੀਂ ਪਾਉਂਦਾ, ਬ੍ਰਹਮ ਗਿਆਨ ਰੂਪ, ਨਾਮ ਰੂਪ, ਸਹਜ ਰੂਪ ਭਾਵ ਚੌਥੇ ਪਦ ਦਾ ਗਿਆਨ ਨਹੀਂ ਬਖਸ਼ਦਾ ਤਦ ਤੱਕ ਹਰ ਕੋਈ ਤ੍ਰੈ ਗੁਣਾਂ ਵਾਲੀ ਮਤਿ ਵਿੱਚ ਹੀ ਰਹਿੰਦਾ ਹੈ, ਮਨ ਦੇ ਪੁੱਠੇ ਕਮਲ ਵਾਲੀ ਮਤਿ ਵਿੱਚ ਹੀ ਰਹਿੰਦਾ ਹੈ ਜੋ ਸਾਨੂੰ ਸੱਚ ਦਾ ਮਾਰਗ ਸਮਝਣ ਅਤੇ ਉਸ ਤੇ ਚੱਲਣ ਤੋਂ ਦੂਰ ਰੱਖਦੀ ਹੈ ਤੇ ਤਦ ਤਕ ਨਾ ਹੀ ਕੋਈ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਹਰ ਵੇਲੇ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿਚ ਸਾਡੇ ਅੰਦਰ ਹੀ ਹੈ। (**ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥**)

ਜਦ ਤਕ ਕਿਸੇ ਨੂੰ ਪ੍ਰਮਾਤਮਾ ਮਨ ਦੇ ਵਿਚ ਸੱਚੀ ਸੋਝੀ ਨਹੀਂ ਪਾਉਂਦਾ ਉਸ ਨੂੰ ਭਗਤੀ ਦਾ ਸੱਚਾ ਮਾਰਗ ਕਦੇ ਸਮਝ ਨਹੀਂ ਆ ਸਕਦਾ ਤੇ ਹਰ ਕੋਈ ਉਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੁੜਿਆ ਰਹਿੰਦਾ ਹੈ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ ਭਾਵ ਹਰ ਕੋਈ ਵਿਅਰਥ ਵਿਚ ਹੀ ਭਗਤੀ ਦੇ ਝੂਠੇ ਉਪਰਾਲਿਆਂ ਨਾਲ ਜੁੜਿਆ ਰਹਿੰਦਾ ਹੈ। ਮਨ ਦੀ ਮਾੜੀ ਸੋਝੀ ਨਾਲ, ਪੁੱਠੀ ਮਤਿ ਨਾਲ ਜੁੜਿਆ ਰਹਿੰਦਾ ਹੈ ਜਿਵੇਂ ਕਿ ਅਸੀਂ ਪਿੱਛਲੇ ਸ਼ਬਦ ਰਾਹੀਂ ਸਮਝਿਆ ਹੈ, ਲੇਲੇ ਤੇ ਭੇਡ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਉਸੇ ਗੱਲ ਨੂੰ ਧੰਨ ਧੰਨ ਪੰਜਵੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਹੋਏ ਜੋਤਿ ਰੂਪ ਗੁਰੂ ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਜਿੱਥੇ ਸਾਨੂੰ ਗਊ ਦੀ ਬਜਾਏ ਬੈਲ ਵਿਚੋਂ ਦੁੱਧ ਚੋਵਣ ਦਾ ਪ੍ਰਮਾਣ ਦੇ ਕੇ ਤੇ ਹੋਰ ਵੀ ਉਹੋ ਜਿਹੇ ਪ੍ਰਮਾਣ ਦੇ ਕੇ ਭਰਮਾਂ ਵਿੱਚੋਂ ਕੱਢਿਆ ਹੋਇਆ ਹੈ ਕਿ ਗੁਰੂ ਤੋਂ ਬਿਨਾ ਭਗਤੀ ਦਾ ਮਾਰਗ ਕਿਸੇ ਨੂੰ ਸਮਝ ਨਹੀਂ ਹੈ ਭਾਵ ਸਾਨੂੰ ਭਗਤੀ ਦਾ ਮਾਰਗ ਕੇਵਲ ਗੁਰੂ ਕੋਲੋਂ ਸਮਝਣਾ ਚਾਹੀਦਾ ਹੈ ਤੇ ਉਹੋ ਜਿਹਿਆਂ ਦੇ ਪਿੱਛੇ ਨਹੀਂ

ਲੱਗਣਾ ਚਾਹੀਦਾ ਜੋ ਆਪਣੀ

37/4514

ਪੁੱਠੀ ਮਤਿ ਨੂੰ ਸਿੱਧੀ ਮਤਿ ਕਹਿ ਕੇ ਆਪਣੇ ਪਿੱਛੇ ਲਗਾਉਂਦੇ ਹਨ।

ਗਉੜੀ ਮਹਲਾ ੫ ॥

“ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ ਰਹਾਉ ॥
ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥
ਬੈਲ ਕਉ ਨੇੜਾ ਪਾਇ ਦੁਹਾਵੈ ॥ ਗਊ ਚਰਿ ਸਿੰਘ ਪਾਛੈ ਪਾਵੈ ॥੨॥
ਗਾਡਰ ਲੇ ਕਾਮਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥
ਨਾਨਕ ਰਾਮ ਨਾਮੁ ਜਪਿ ਚੀਤ ॥ ਸਿਮਰਿ ਸੁਆਮੀ ਹਰਿ ਸਾ ਮੀਤ ॥੪॥੯੧॥੧੬੦॥”

(ਅੰਗ - ੧੯੮)

ਉਪਰਲੇ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਮਤਿ ਦੇ ਵਿੱਚ ਤੇ ਉਹਨਾਂ ਦੀ ਮਤਿ ਦੇ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਜੋ ਆਪਣੇ ਆਪ ਨੂੰ ਗੁਰੂ ਦੀ ਮਤਿ ਦੇ ਬਰਾਬਰ ਵਾਲੀ ਸੋਝੀ ਵਾਲਾ ਸਮਝਦੇ ਹਨ ਭਾਵ ਸਿੱਧੀ ਮਤਿ ਤੇ ਪੁੱਠੀ ਮਤਿ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਭਾਵ ਉਹੋ ਜਿਹਿਆਂ ਦਾ ਭਰਮ ਹੀ ਕੱਢਿਆ ਹੋਇਆ ਹੈ ਜਿੰਨ੍ਹਾਂ ਨੂੰ ਧਰਮ ਦੇ ਮਾਰਗ ਦੀ ਸੋਝੀ ਨਹੀਂ ਹੈ ਪਰ ਸਮਝਦੇ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਹੀ ਹਨ ਭਾਵ ਪੁੱਠੀ ਮਤਿ ਵਿੱਚ ਰਹਿੰਦੇ ਹੋਏ ਵੀ ਆਪਣੇ ਆਪ ਨੂੰ ਸਿੱਧੀ ਮਤਿ ਵਾਲਾ ਸਾਬਿਤ ਕਰਦੇ ਹਨ। ਗੁਰੂ ਦੀ ਮਤਿ ਦੇ ਸਾਹਮਣੇ ਹਰ ਕਿਸੇ ਦੀ ਮਤਿ ਬਹੁਤ ਛੋਟੀ ਹੈ, ਚੌਥੇ ਪਦ ਵਾਲੀ ਮਤਿ ਦੇ ਸਾਹਮਣੇ ਤ੍ਰੈ ਗੁਣਾਂ ਵਾਲੀ ਮਤਿ ਬਹੁਤ ਹੀ ਛੋਟੀ ਹੈ। ਦੋਨਾਂ ਦੀ ਮਤਿ ਵਿਚ ਇਤਨਾ ਜਿਆਦਾ ਫਰਕ ਹੈ ਜਿਤਨਾ ਕਿ ਅਸਮਾਨ ਤੇ ਪਾਤਾਲ ਵਿਚ। ਪਾਤਾਲ ਪੁੱਠੀ ਮਤਿ ਹੈ ਤੇ ਅਸਮਾਨ ਸਿੱਧੀ ਮਤਿ ਹੈ। ਇਸ ਗੱਲ ਨੂੰ ਅਸੀਂ ਲੇਖ ਵਿਚ ਕਾਫੀ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

“ਊਪਰਿ ਦਰਿ ਅਸਮਾਨਿ ਪਇਆਲਿ ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥
ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥”

(ਅੰਗ - ੧੨੫੬)

ਉਪਰ ਵਾਲੀਆਂ ਪੰਗਤੀਆਂ ਦੁਆਰਾ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਦਾ ਹੀ ਭਰਮ ਤੋੜਿਆ ਹੋਇਆ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਸਮਝਾਉਂਦੇ ਹਨ, ਕਿਸੇ ਅੱਖਰ ਨੂੰ ਰਸਨਾ ਨਾਲ ਬੋਲੀ ਜਾਣ ਨੂੰ ਨਾਮ ਜਪਣਾ ਕਹਿ ਕੇ ਸਮਝਾਉਂਦੇ ਹਨ। ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਪਹਿਲੇ ਹੀ ਕਾਫੀ ਪਿੱਛੇ ਜਾਣ ਚੁੱਕੇ ਹਾਂ ਜਿਸ ਦੁਆਰਾ ਧਰਮ ਦੇ ਵਿਦਵਾਨਾਂ ਨੂੰ ਸਵਾਲ ਕਰ ਕੇ ਉਹਨਾਂ ਕੋਲੋਂ ਜਵਾਬ ਪੁੱਛੇ ਹੋਏ ਹਨ। ਉਪਰਲੀਆਂ ਪੰਗਤੀਆਂ ਦੁਆਰਾ ਵੀ ਧਰਮ ਦੇ ਵਿਦਵਾਨਾਂ ਕੋਲੋਂ ਜਵਾਬ ਮੰਗਿਆ ਹੋਇਆ

37/4515

ਹੈ ਕਿ ਸਾਡੇ ਉਤੇ ਭਾਵ ਸਾਡੇ ਅੰਦਰ ਜੋ ਪ੍ਰਮਾਤਮਾ ਦਾ ਦਰ ਹੈ ਉਸ ਦੇ ਦਰ ਦੇ ਵਿੱਚ ਹੀ ਅਸਮਾਨ ਹੈ ਤੇ ਉਸ ਦੇ ਦਰ ਦੇ ਵਿਚ ਹੀ ਪਤਾਲ ਹੈ ਤੇ ਇਹ ਅਸਮਾਨ ਤੇ ਪਾਤਾਲ ਸਾਡੇ ਅੰਦਰ ਭਾਵ ਸਾਡੇ ਮਨ ਦੇ ਵਿਚ ਕਿਸ ਰੂਪ ਵਿਚ ਹੈ ਇਸੇ ਗੱਲ ਦਾ ਵਿਚਾਰ ਧਰਮ ਦੇ ਵਿਦਵਾਨਾਂ ਕੋਲੋਂ ਪੁੱਛਿਆ ਹੋਇਆ ਹੈ। ਜੋ ਆਪਣੀ ਜੀਭ ਦੇ ਨਾਲ, ਰਸਨਾ ਦੇ ਨਾਲ ਨਾਮ ਜਪਣਾ ਸਮਝਦੇ ਹਨ, ਕਿਸੇ ਅੱਖਰ ਨੂੰ ਬੋਲੀ ਜਾਣਾ ਨਾਮ ਜਪਣਾ ਸਮਝਦੇ ਹਨ ਤੇ ਦੂਸਰਿਆਂ ਨੂੰ ਇਹੋ ਜਿਹਾ ਨਾਮ ਜਪਣਾ ਸਮਝਾਉਂਦੇ ਹਨ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਵਿਦਵਾਨ ਸਮਝਦੇ ਹਨ ਉਹਨਾਂ ਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦਾ ਨਾਮ ਕੋਈ ਜੀਭ ਨਾਲ ਬੋਲੀ ਜਾਣ ਦਾ, ਜਪੀ ਜਾਣ ਦਾ ਮਾਰਗ ਨਹੀਂ ਹੈ। ਨਾਮ ਤਾਂ ਸਾਡੇ ਅੰਦਰ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿਚ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ ਜਿਸ ਦੀ ਸੋਝੀ ਮਨ ਦੇ ਵਿਚੋਂ ਹੀ ਪੈਂਦੀ ਹੈ ਤੇ ਉਹ ਸੋਝੀ

ਮਨ ਦੇ ਵਿਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਦਰ ਤੋਂ ਆਪ ਹੀ ਪਾਉਂਦਾ ਹੈ। ਮਨ ਦੇ ਵਿਚ ਬ੍ਰਹਮ ਗਿਆਨ ਰੂਪ ਸੋਝੀ ਪੈਣ ਦੁਆਰਾ ਹੀ ਮਨੁੱਖ ਨੂੰ ਇਹ ਗੱਲ ਸਮਝ ਆਉਂਦੀ ਹੈ ਕਿ ਚੌਥੇ ਪਦ ਦੇ ਗਿਆਨ ਵਿਚ ਤੇ ਤ੍ਰੈ ਗੁਣਾਂ ਵਾਲੀ ਅਵਸਥਾ ਦੇ ਗਿਆਨ ਵਿਚ ਕਿਤਨਾ ਵੱਡਾ ਫਰਕ ਹੈ। ਇਤਨਾ ਜਿਆਦਾ ਫਰਕ ਹੈ ਜਿਤਨਾ ਅਸਮਾਨ ਤੇ ਪਾਤਾਲ ਵਿਚ ਫਰਕ ਹੈ। ਗੁਰੂ ਦੇ ਕੋਲ ਚੌਥੇ ਪਦ ਦਾ ਗਿਆਨ ਹੈ ਜਿਸ ਦੁਆਰਾ ਉਹ ਧਰਮ ਦਾ ਵਿਦਵਾਨ ਹੈ ਤੇ ਉਸ ਤੋਂ ਬਿਨਾ ਭਾਵ ਗੁਰੂ ਰੂਪ ਤੋਂ ਬਿਨਾ, ਭਗਤ ਰੂਪ ਤੋਂ ਬਿਨਾ, ਪ੍ਰਮਾਤਮਾ ਦਾ ਦਾਸ ਰੂਪ ਬਣਨ ਤੋਂ ਬਿਨਾ ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੀ ਹੈ, ਅਸਮਾਨ ਦੇ ਮੁਕਾਬਲੇ ਪਾਤਾਲ ਵਾਲੀ ਅਵਸਥਾ ਵਿਚ ਹੀ ਹੈ। ਇਹ ਦੋਨੋਂ ਅਵਸਥਾਵਾਂ ਸਾਡੇ ਮਨ ਦੇ ਵਿਚ ਹੀ ਹਨ ਤੇ ਸਾਡੇ ਮਨ ਦੇ ਰੂਪ ਵਿਚ ਆਪ ਪ੍ਰਮਾਤਮਾ ਹੈ। ਸਾਨੂੰ ਤ੍ਰੈ ਗੁਣਾਂ ਵਾਲੀ ਭਾਵ ਛੋਟੀ ਬੁਧੀ ਵਿਚ ਰੱਖਣ ਵਾਲਾ ਵੀ ਉਹ ਆਪ ਹੈ ਤੇ ਉਸ ਵਿਚੋਂ ਕੱਢਕੇ ਚੌਥੇ ਪਦ ਵਿਚ ਰੱਖਣ ਵਾਲਾ ਵੀ ਉਹ ਆਪ ਹੈ ਭਾਵ ਦੋਨਾਂ ਅਵਸਥਾਵਾਂ ਦਾ ਜੋੜ ਸਾਡੇ ਮਨ ਦੀ ਸੋਝੀ ਨਾਲ ਹੀ ਜੁੜਿਆ ਹੋਇਆ ਹੈ। ਸਾਡੇ ਮਨ ਦੀ ਚੌਥੇ ਪਦ ਵਾਲੇ ਗਿਆਨ ਦੀ ਸੋਝੀ ਸਾਡੇ ਅੰਦਰ ਨਾਮ ਵਾਲੀ ਸੋਝੀ ਹੈ। ਇਹ ਸੋਝੀ ਦੀ ਪ੍ਰਾਪਤੀ ਸਾਡੀ ਜੀਭ ਦੁਆਰਾ ਬੋਲਣ ਨਾਲ ਨਹੀਂ ਹੋ ਸਕਦੀ, ਕਿਸੇ ਅੱਖਰ ਨੂੰ ਬੋਲੀ ਜਾਣ ਦੁਆਰਾ ਨਹੀਂ ਹੋ ਸਕਦੀ। ਕੁਝ ਬੋਲੀ ਜਾਣ ਨਾਲ ਸਾਨੂੰ ਕੁਝ ਗਿਆਨ ਨਹੀਂ ਮਿਲਦਾ। ਗਿਆਨ ਸਾਨੂੰ ਮਨ ਦੇ ਅੰਦਰੋਂ ਮਿਲਦਾ ਹੈ ਭਾਵ ਗਿਆਨ ਨੂੰ ਸਾਡਾ ਮਨ ਜਪਦਾ ਹੈ ਭਾਵ ਗਿਆਨ ਨੂੰ ਸਾਡਾ ਮਨ ਆਪਣੇ ਅੰਦਰ ਵਸਾਉਂਦਾ ਹੈ, ਸਾਡੇ ਮਨ ਦੀ ਸੋਝੀ ਗਿਆਨ ਨੂੰ

37/4516

ਆਪਣੇ ਅੰਦਰ ਵਸਾਉਂਦੀ ਹੈ। ਜੋ ਆਪਣੇ ਮਨ ਦੇ ਅੰਦਰ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਮਨ ਦੇ ਅੰਦਰੋਂ ਗਿਆਨ ਪ੍ਰਾਪਤ ਕਰਦਾ ਹੈ ਉਹ ਆਪਣੇ ਅੰਦਰ ਚਉਥੇ ਪਦ ਦੇ ਗਿਆਨ ਨੂੰ ਵਸਾਉਂਦਾ ਹੈ। ਇਹ ਨਾਮ ਦਾ ਜਪਣਾ ਹੈ, ਆਪਣੇ ਅੰਦਰ ਬ੍ਰਹਮਗਿਆਨ ਨੂੰ ਜਪਣਾ ਹੈ ਜੋ ਸਾਡੇ ਮਨ ਦੀ ਸੋਝੀ ਨੂੰ ਤ੍ਰੈ ਗੁਣਾਂ ਵਾਲੀ ਸੋਝੀ ਦੇ ਮੁਕਾਬਲੇ ਬਹੁਤ ਉਚੀ ਬਣਾ ਦਿੰਦਾ ਹੈ। ਸ਼ਬਦਾਂ ਦੀ ਵਿਚਾਰ ਦੀ ਸੋਝੀ ਮਨ ਦੀ ਇਸ ਅਵਸਥਾ ਦੁਆਰਾ ਹੀ ਪੈਂਦੀ ਹੈ। ਸ਼ਬਦਾਂ ਦੀ ਵਿਚਾਰ ਨਾਮ ਹੈ ਜੋ ਕਿ ਚਉਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ। ਜੋ ਮਨ ਦੇ ਵਿਚ ਪ੍ਰਮਾਤਮਾ ਦੇ ਇਸ ਉਚੇ ਗਿਆਨ ਨੂੰ ਜਪਦਾ ਹੈ ਉਹੀ ਸਮਝ ਸਕਦਾ ਹੈ ਕਿ ਨਾਮ ਕੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਿਆ ਹੈ। ਜਿਸ ਨੂੰ ਵੀ ਪ੍ਰਮਾਤਮਾ ਧਰਮ ਦਾ ਵਿਦਵਾਨ ਬਣਾਉਂਦਾ ਹੈ ਉਸ ਨੂੰ ਮਨ ਦੇ ਵਿਚ ਇਹੋ ਜਿਹਾ ਨਾਮ ਜਪਾਉਂਦਾ ਹੈ। ਜਿਨ੍ਹਾਂ ਨੇ ਪ੍ਰਮਾਤਮਾ ਕੋਲੋਂ ਨਾਮ ਜਪਿਆ ਹੈ ਉਹ ਮਨ ਦੇ ਵਿੱਚ ਹੀ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੋਏ ਹਨ, ਉਸਦਾ ਨਾਮ ਰੂਪ ਹੋਏ ਹਨ, ਬ੍ਰਹਮ ਗਿਆਨ ਰੂਪ ਹੋਏ ਹਨ ਤੇ ਸਾਰੀ ਬਾਣੀ ਰਾਹੀਂ ਸੰਸਾਰ ਨੂੰ ਨਾਮ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਬ੍ਰਹਮ ਗਿਆਨ ਦੇਣ ਦੁਆਰਾ ਨਾਮ ਸਮਝਾਇਆ ਹੈ। ਗੁਰੂ ਰੂਪ ਗੁਰਬਾਣੀ ਆਪਣੇ ਇਹੋ ਜਿਹੇ ਨਾਮ ਦੁਆਰਾ ਸੰਸਾਰ ਦੀ ਗੁਰੂ ਹੈ, ਧਰਮ ਦਾ ਵਿਦਵਾਨ ਹੈ, ਬ੍ਰਹਮ ਗਿਆਨ ਦੁਆਰਾ ਵਿਦਵਾਨ ਹੈ। ਧਰਮ ਦੇ ਵਿਦਵਾਨ ਦੀ ਮਤਿ ਬਹੁਤ ਉੱਚੀ ਹੈ, ਅਸਮਾਨ ਵਰਗੀ ਉੱਚੀ ਹੈ ਜਿਸ ਦੇ ਅੰਦਰ ਪੂਰਨ ਸੱਚ ਹੈ ਕਿਉਂਕਿ ਇਹ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੈ। ਸੰਸਾਰ ਨੂੰ ਪ੍ਰਮਾਤਮਾ ਨੇ ਪਾਤਾਲ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਜੋ ਮਤਿ ਭਰਮਾਂ ਨਾਲ ਭਰੀ ਹੋਈ ਹੈ ਤੇ ਇਹੋ ਜਿਹੀ ਭਰਮਾਂ ਵਾਲੀ ਮਤਿ ਦੁਆਰਾ ਹੀ ਅਨੇਕਾਂ ਹੀ ਅਨੇਕਾਂ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਬਣਾਈ ਬੈਠੇ ਹਨ। ਇਹ ਝੂਠੇ ਵਿਦਵਾਨ ਕਿਸੇ ਅੱਖਰ ਨੂੰ ਨਾਮ ਸਮਝਦੇ ਹਨ ਤੇ ਸਮਝਾਉਂਦੇ ਹਨ ਤੇ ਬੋਲ ਬੋਲ ਕੇ ਨਾਮ ਜਪਣਾ ਸਮਝਾਉਂਦੇ ਹਨ ਜਦਕਿ ਨਾਮ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਜਿਸਨੂੰ ਸਾਡੇ ਮਨ ਨੇ ਜਪਣਾ ਹੈ। ਜਦ ਤਕ ਸਾਡੇ ਮਨ ਨੇ ਨਾਮ ਨਹੀਂ ਜਪਿਆ ਤਦ ਤੱਕ ਸਾਡੀ ਜਿਹਵਾਂ ਨਾਮ ਨਹੀਂ ਜਪ ਸਕਦੀ। ਨਾਮ ਸੱਚ ਹੈ ਤੇ ਜਦ ਤਕ ਮਨ ਨੂੰ ਸੱਚ ਦੀ ਸਮਝ ਨਹੀਂ ਪੈਂਦੀ ਤਦ ਤੱਕ ਸਾਡੀ ਜਿਹਵਾ ਸੱਚ ਨਹੀਂ ਬੋਲ ਸਕਦੀ। (**ਉਪਰਿ ਦਰਿ ਅਸਮਾਨਿ ਪਇਆਲਿ ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥ ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥**)

37/4517

“ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ ਰਹਾਉ ॥
ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥
ਬੈਲ ਕਉ ਨੇੜਾ ਪਾਇ ਦੁਹਾਵੈ ॥ ਗਊ ਚਰਿ ਸਿੰਘ ਪਾਛੈ ਪਾਵੈ ॥੨॥
ਗਾਡਰ ਲੇ ਕਾਮਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥
ਨਾਨਕ ਰਾਮ ਨਾਮੁ ਜਪਿ ਚੀਤ ॥ ਸਿਮਰਿ ਸੁਆਮੀ ਹਰਿ ਸਾ ਮੀਤ ॥੪॥੯੧॥੧੬੦॥”

ਅੰਗ ੧੯੮

ਜਿਸ ਮੁੱਖ ਸ਼ਬਦ ਨੂੰ ਹੁਣ ਅਸੀਂ ਸਮਝਣਾ ਹੈ ਉਥੇ ਸੱਚੇ ਧਰਮ ਦੇ ਵਿਦਵਾਨ ਵਿਚ ਤੇ ਝੂਠੇ ਧਰਮ ਦੇ ਵਿਦਵਾਨ ਵਿਚ ਫਰਕ ਹੀ ਸਮਝਾਇਆ ਹੋਇਆ ਹੈ। ਜੋ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਨੂੰ ਜਾਣਦਾ ਹੈ ਉਹ ਪ੍ਰਮਾਤਮਾ ਦਾ ਦਾਸ ਹੈ ਜਿਸ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਆਪਣਾ ਦਾਸ ਬਣ ਕੇ ਪ੍ਰਗਟ ਹੁੰਦਾ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲੇ ਪ੍ਰਮਾਤਮਾ ਦਾ ਹੀ ਰੂਪ ਹਨ ਤੇ ਉਹ ਆਪ ਹੀ ਦਾਸ ਰੂਪ ਹਨ। ਗੁਰੂ ਪ੍ਰਮਾਤਮਾ ਦਾ ਸੇਵਕ ਰੂਪ ਵੀ ਉਹ ਆਪ ਹੀ ਹਨ ਕਿਉਂਕਿ ਪ੍ਰਮਾਤਮਾ ਦੀ ਸੇਵਾ ਉਹੀ ਕਰ ਸਕਦਾ ਹੈ ਜੋ ਉਸਦੀ ਸੇਵਾ ਨੂੰ ਸਮਝਦਾ ਹੈ। ਭਗਤੀ ਉਹੀ ਕਰ ਸਕਦਾ ਹੈ ਜੋ ਖੁਦ ਭਗਤ ਰੂਪ ਹੈ। ਜਿਸ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਹੈ ਭਾਵ ਜਿਸ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ, ਜਿਸ ਨੂੰ ਪ੍ਰਮਾਤਮਾ ਨੇ ਆਪਣਾ ਦਾਸ ਰੂਪ, ਸੇਵਕ ਰੂਪ ਨਹੀਂ ਬਣਾਇਆ ਉਹ ਹਰ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੀ ਹੈ, ਮਾਇਆ ਮੋਹ ਦੀ ਜੁਗਤਿ ਦੇ ਵਿਚ ਹੀ ਹੈ ਜੋ ਕਿ ਮਨੁੱਖ ਦਾ, ਸਾਕਤ ਰੂਪ ਹੈ। ਪ੍ਰਮਾਤਮਾ ਦੀ ਭਗਤੀ ਵਿਚ ਅਨੇਕਾਂ ਹੀ ਅਨੇਕਾਂ ਲੱਗੇ ਹੋਏ ਹਨ, ਮਾਇਆ ਮੋਹ ਵਿਚ ਰਹਿੰਦੇ ਹੋਏ ਲੱਗੇ ਹੋਏ ਹਨ ਭਾਵ ਬਿਨਾ ਭਗਤੀ ਦੀ ਸੋਝੀ ਤੋਂ ਆਪਣੀ ਆਪਣੀ ਮਤਿ ਦੁਆਰਾ, ਆਪਣੀ ਆਪਣੀ ਆਸਥਾ ਦੁਆਰਾ ਆਪਣੇ ਵਲੋਂ ਭਗਤੀ ਵਿੱਚ ਲੱਗੇ ਹੋਏ ਹਨ ਤੇ ਆਪਣੇ ਆਪ ਨੂੰ ਹਰ ਕੋਈ ਸਿਆਣਾ ਹੀ ਸਮਝਦਾ ਹੈ ਕਿ ਉਹ ਸੱਚੀ ਭਗਤੀ ਵਿੱਚ ਲੱਗਾ ਹੋਇਆ ਹੈ। ਬਾਣੀ ਰਾਹੀਂ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਦਾਸ ਬਣਨਾ ਕੀ ਹੈ ਤੇ ਸਾਕਤ ਵਾਲੀ ਅਵਸਥਾ ਕੀ ਹੈ। ਜੋ ਪ੍ਰਮਾਤਮਾ ਦਾ ਦਾਸ ਨਹੀਂ ਹੈ ਉਹ ਹਰ ਕੋਈ ਸਾਕਤ ਰੂਪ ਹੀ ਹੈ। ਪ੍ਰਮਾਤਮਾ ਦੇ ਦਾਸ ਦਾ ਤੇ ਸਾਕਤ ਦਾ ਆਪਸ ਵਿਚ ਕਦੇ ਜੋੜ ਨਹੀਂ ਹੋ ਸਕਦਾ ਭਾਵ ਦੋਹਾਂ ਦੀ ਮਤਿ ਵਿਚ ਕਦੇ ਮੇਲ ਨਹੀਂ ਹੋ ਸਕਦਾ, ਸੰਗ ਨਹੀਂ ਹੋ ਸਕਦਾ। ਸਾਕਤ ਮਾਇਆ ਮੋਹ ਵਿਚ ਹੁੰਦਾ ਹੈ, ਮਨ ਦੇ ਵਿਕਾਰਾਂ ਨਾਲ ਜੁੜਿਆ ਹੁੰਦਾ ਹੈ। ਜਿਸ ਦੇ ਅੰਦਰ ਮਾਇਆ ਮੋਹ ਹੈ ਉਸਦਾ ਪ੍ਰਮਾਤਮਾ ਦੇ ਨਾਲ ਸੰਗ ਕਦੇ ਨਹੀਂ ਜੁੜ ਸਕਦਾ ਭਾਵੇਂ ਉਹ ਆਪਣੇ ਵੱਲੋਂ ਆਪਣੇ ਬਾਹਰੀ ਦਿਖਾਵਿਆਂ ਦੁਆਰਾ,

37/4518

ਸਰੀਰਕ ਜਪ ਤਪ ਕਰਨ ਦੁਆਰਾ ਆਪਣੇ ਆਪ ਨੂੰ ਪ੍ਰਮਾਤਮਾ ਦੇ ਰੰਗ ਵਿਚ ਰੰਗੇ ਹੋਏ ਸਮਝਦੇ ਹਨ। ਪ੍ਰਮਾਤਮਾ ਦੇ ਰੰਗ ਵਿਚ ਉਹੀ ਰੰਗਿਆ ਹੁੰਦਾ ਹੈ ਜੋ ਉਸਦੀ ਸੱਚੀ ਮਤਿ ਦੇ ਨਾਲ ਰੰਗਿਆ ਹੁੰਦਾ ਹੈ ਭਾਵ ਉਸਦਾ ਦਾਸ ਹੀ ਰਾਮ ਦੇ ਰੰਗ ਵਿਚ ਰੰਗਿਆ ਹੁੰਦਾ ਹੈ। (**ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ ਰਹਾਉ ॥**)

ਪ੍ਰਮਾਤਮਾ ਦੇ ਦਾਸ ਦੇ ਵਿੱਚ ਤੇ ਸਾਕਤ ਦੇ ਵਿਚ ਕੀ ਫਰਕ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਕੁਝ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਫਰਕ ਮਨ ਦੀ ਸੋਝੀ ਦਾ ਹੀ ਹੈ। ਸਾਕਤ ਮਾਇਆ ਮੋਹ ਵਾਲੀ ਜੁਗਤ ਦੇ ਵਿੱਚ ਵਿਚਰਦਾ ਹੈ ਤੇ ਪ੍ਰਮਾਤਮਾ ਦਾ ਦਾਸ ਮਾਇਆ ਮੋਹ ਦੀ ਜੁਗਤਿ ਵਿੱਚੋਂ ਨਿਕਲ ਕੇ ਪ੍ਰਮਾਤਮਾ ਦੇ ਨਾਲ ਇਕ ਹੋ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਇਕ ਹੋਏ ਬਿਨਾ ਕੋਈ ਉਸਦੇ ਰੰਗ ਵਿੱਚ ਨਹੀਂ ਰੰਗਿਆ ਜਾ ਸਕਦਾ।

{ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਗੁਰਮਤਿ ਜਾਨਿਆ ਸੋਈ ॥੪॥੫॥}

(ਅੰਗ - ੫੯੭)

{ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥ ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥
ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥

ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ॥
ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥੧॥}

(ਅੰਗ - ੧੧੧੨)

{ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥}

(ਅੰਗ - ੧੧੭੧)

{ਦਾਸ ਅਨਿੰਨ ਮੇਰੋ ਨਿਜ ਰੂਪ ॥
ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥}

(ਅੰਗ - ੧੨੫੨)

{ਹਰਿ ਕੇ ਦਾਸ ਸੁਹੇਲੇ ਭਾਈ ॥ ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ ਰਹਾਉ ॥}

(ਅੰਗ - ੬੦੧)

{ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥ ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥੨॥}

(ਅੰਗ - ੧੯੧)

37/4519

{ਵਡੇ ਵਡੇ ਜੋ ਦੁਨੀਆਦਾਰ ॥ ਕਾਹੂ ਕਾਜਿ ਨਾਹੀ ਗਾਵਾਰ ॥
ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥ ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥੨॥}

(ਅੰਗ - ੨੩੮)

{ਹਰਿ ਕੇ ਦਾਸ ਜੀਵੇ ਲਗਿ ਪ੍ਰਭ ਕੀ ਚਰਣੀ ॥ ਕੰਠਿ ਲਗਾਇ ਲੀਏ ਤਿਸੁ ਠਾਕੁਰ ਸਰਣੀ ॥
ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥
ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥ ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥
ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥}

(ਅੰਗ - ੪੬੦)

{ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ ॥ ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ ॥
ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ ॥੧॥}

(ਅੰਗ - ੫੭੮)

{ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤੁ ॥ ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ ॥}

(ਅੰਗ - ੬੫੨)

{ਹਰਿ ਕੇ ਦਾਸ ਹਰਿ ਸੇਤੀ ਰਾਤੇ ॥ ਰਾਮ ਰਸਾਇਣਿ ਅਨਦਿਨੁ ਮਾਤੇ ॥੨॥
ਬਾਹ ਪਕਰਿ ਪ੍ਰਭਿ ਆਪੇ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥੩॥}

(ਅੰਗ - ੭੪੪)

{ਹਰਿ ਕਾ ਦਾਸੁ ਸਾਚਾ ਦਰਬਾਰਿ ॥ ਜਨ ਨਾਨਕ ਕਹਿਆ ਤਤੁ ਬੀਚਾਰਿ ॥੪॥੪੧॥੫੪॥}

(ਅੰਗ - ੧੧੫੨)

{ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ ॥
ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥੨॥}

(ਅੰਗ - ੧੨੬੪)

{ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥}

(ਅੰਗ - ੧੧੭੧)

{ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥
ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥
ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥
ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥੩॥}

(ਅੰਗ - ੨੮)

{ਸੋਹਾਗਨਿ ਕਿਰਪਨ ਕੀ ਪੂਤੀ ॥ ਸੇਵਕ ਤਜਿ ਜਗਤ ਸਿਉ ਸੂਤੀ ॥
ਸਾਧੂ ਕੈ ਠਾਢੀ ਦਰਬਾਰਿ ॥ ਸਰਨਿ ਤੇਰੀ ਮੋ ਕਉ ਨਿਸਤਾਰਿ ॥੨॥}

(ਅੰਗ - ੮੭੨)

{ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥}

(ਅੰਗ - ੫੧)

37/4520

{ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥
ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥}

(ਅੰਗ - ੧੦੨)

{ਠਾਕੁਰ ਕਉ ਸੇਵਕੁ ਜਾਨੈ ਸੰਗਿ ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥}

(ਅੰਗ - ੨੮੫)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥}

(ਅੰਗ - ੮੮)

{ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ - ੪੫)

{ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥}

(ਅੰਗ - ੨੨੪)

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥}

(ਅੰਗ - ੪੬੬)

ਪਉੜੀ ॥

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ ੩੦੯-੩੧੦)

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥}

(ਅੰਗ - ੩੫੫)

ਉਪਰ ਕੁਝ ਦਿੱਤੇ ਹੋਏ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਵਾਲਾ ਕੌਣ ਹੁੰਦਾ ਹੈ ਭਾਵ ਉਸ ਮਨ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ ਜੋ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਅਖਵਾ ਸਕਦਾ ਹੈ ਭਾਵ ਸੱਚੀ ਭਗਤੀ ਵਾਲਾ ਅਖਵਾ ਸਕਦਾ ਹੈ, ਪ੍ਰਮਾਤਮਾ ਦਾ ਦਾਸ ਅਖਵਾ ਸਕਦਾ ਹੈ, ਪ੍ਰਮਾਤਮਾ

ਦਾ ਸੇਵਕ ਅਖਵਾ ਸਕਦਾ ਹੈ, ਪ੍ਰਮਾਤਮਾ ਦਾ ਜਨ ਅਖਵਾ ਸਕਦਾ ਹੈ। ਜਿਵੇਂ ਕਿ ਅਸੀਂ ਉਪਰਲੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਦਾ ਦਾਸ, ਪ੍ਰਮਾਤਮਾ ਦਾ ਸੇਵਕ, ਪ੍ਰਮਾਤਮਾ ਦਾ ਭਗਤ, ਪ੍ਰਮਾਤਮਾ ਦਾ ਜਨ ਉਹੀ ਹੈ ਜੋ ਪ੍ਰਮਾਤਮਾ ਨੂੰ ਜਾਣਦਾ ਹੈ ਭਾਵ ਜਿਸ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੈ। ਪ੍ਰਮਾਤਮਾ ਆਪਣੀ ਭਗਤੀ ਦੀ ਸੋਝੀ ਉਸਨੂੰ ਹੀ ਪਾਉਂਦਾ ਹੈ ਜਿਥੇ ਉਹ ਪ੍ਰਗਟ ਹੁੰਦਾ ਹੈ ਪਰ ਪ੍ਰਮਾਤਮਾ ਦਾ ਭਗਤ ਅਖਵਾਉਣ ਵਾਲਿਆਂ ਦੀ, ਦਾਸ, ਸੇਵਕ, ਜਨ ਅਖਵਾਉਣ ਵਾਲਿਆਂ ਦੀ ਕਮੀ ਨਹੀਂ ਹੈ। ਅਜ ਕਲ ਸੰਤ, ਬ੍ਰਹਮਗਿਆਨੀ ਅਖਵਾਉਣ ਵਾਲੇ ਵੀ ਬਹੁਤ ਹੋ ਗਏ ਹਨ ਜੋ ਦੂਸਰਿਆਂ ਨੂੰ ਭਗਤੀ ਦਾ ਮਾਰਗ ਸਮਝਾਉਂਦੇ ਹਨ, ਧਰਮ ਦੇ ਵਿਦਵਾਨ ਅਖਵਾਉਣ ਵਾਲੇ ਵੀ ਅਨੇਕਾਂ ਹਨ ਜੋ ਆਪਣੀ ਆਪਣੀ ਮਤਿ ਅਨੁਸਾਰ ਭਗਤੀ ਦਾ ਮਾਰਗ ਸਮਝਾਉਂਦੇ ਹਨ। ਸਾਰੇ ਸੰਸਾਰ ਲਈ ਭਗਤੀ ਦਾ, ਪ੍ਰਮਾਤਮਾ ਦੀ ਸੇਵਾ ਦਾ ਮਾਰਗ ਇੱਕੋ ਹੀ ਹੈ ਜੋ ਸਾਨੂੰ ਬਾਰ ਬਾਰ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਕੋਈ ਵੀ ਮਨੁੱਖ ਜੋ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਸਮਝਦਾ ਹੈ ਉਹ ਆਪਣੇ ਆਪ ਨੂੰ ਮਨ ਦੇ ਭਰਮ ਕਰ ਕੇ ਹੀ ਭਗਤੀ ਵਾਲਾ ਸਮਝਦਾ ਹੈ, ਪ੍ਰਮਾਤਮਾ ਦਾ ਦਾਸ ਸਮਝਦਾ ਹੈ, ਸੇਵਕ, ਸੰਤ, ਬ੍ਰਹਮਗਿਆਨੀ ਆਦਿ ਸਮਝਦਾ ਹੈ।

ਉਪਰ ਮੁੱਖ ਸ਼ਬਦ ਰਾਹੀਂ ਪ੍ਰਮਾਤਮਾ ਦੇ ਦਾਸ ਦੀ ਤੁਲਨਾ ਭਾਵ ਪ੍ਰਮਾਤਮਾ ਦੀ ਸੱਚੀ ਭਗਤੀ ਕਰਨ ਵਾਲੇ ਦੀ ਤੁਲਨਾ, ਪ੍ਰਮਾਤਮਾ ਦੀ ਸੱਚੀ ਭਗਤੀ ਸਮਝਣ ਵਾਲੇ ਦੀ ਤੁਲਨਾ ਉਹਨਾਂ ਦੇ ਨਾਲ ਕੀਤੀ ਹੋਈ ਹੈ ਜਿੰਨਾ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਹੈ ਪਰ ਉਹ ਆਪਣੇ ਆਪ ਨੂੰ ਭਗਤੀ ਦੀ ਉੱਚੀ ਸਮਝ ਵਾਲੇ ਸਮਝਦੇ ਹਨ। ਇਹੋ ਜਿਹਿਆਂ ਨੂੰ ਪ੍ਰਮਾਤਮਾ ਦੇ ਸੱਚੇ ਦਾਸ ਦੀ ਤੁਲਨਾ ਵਿਚ **"ਸਾਕਤ"** ਕਹਿ ਕੇ ਸਮਝਾਇਆ ਹੈ। ਸਾਕਤ ਉਹ ਹਨ ਜੋ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਨ, ਮਾਇਆ ਮੋਹ ਦੀ ਜੁਗਤ ਦੇ ਵਿਚ ਹਨ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਦੇ ਵਿਚ ਮਨ ਦੇ ਭਰਮ ਵਿਚ ਹਨ। ਮਨੁੱਖ ਦਾ ਸਾਕਤ ਰੂਪ ਕੀ ਹੈ ਇਹ ਸਾਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਜੋ ਕਿ ਅਸੀਂ ਲੇਖ

ਵਿਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁਝ ਪੰਗਤੀਆਂ

37/4522

ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਆਮ ਮਨੁੱਖ ਦੀ ਮਤਿ ਗੁਰੂ ਦੀ ਮਤਿ ਅੱਗੇ ਪ੍ਰਮਾਤਮਾ ਨੇ ਆਪ ਹੀ ਬੜੀ ਨੀਵੀਂ ਰੱਖੀ ਹੋਈ ਹੈ, ਭਰਮ ਵਿੱਚ ਰੱਖੀ ਹੋਈ ਹੈ ਜੋ ਮਨ ਦੇ ਭਰਮ ਪ੍ਰਮਾਤਮਾ ਦੇ ਪ੍ਰਗਟ ਹੋਣ ਨਾਲ ਹੀ ਨਿਕਲਦੇ ਹਨ ਜਿਵੇਂ ਕਿ ਉਸ ਦੇ ਦਾਸ ਰੂਪ, ਸੇਵਕ ਰੂਪ ਭਾਵ ਸੱਚੇ ਸੰਤ ਰੂਪ ਭਾਵ ਗੁਰੂ ਰੂਪ, ਸੱਚੇ ਬ੍ਰਹਮ ਗਿਆਨੀ ਰੂਪ, ਸਾਧ ਰੂਪ, ਜਨ ਰੂਪ, ਗੁਰਮੁਖਿ ਰੂਪ ਦੇ ਉਸ ਨੇ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਕੱਢੇ ਹਨ ਤੇ ਉਹਨਾਂ ਨੇ ਮਨ ਦੇ ਭਰਮਾਂ ਤੋਂ ਰਹਿਤ ਹੋ ਕੇ ਗੁਰਬਾਣੀ ਦੀ ਰਚਨਾ ਕਰਨ ਦੁਆਰਾ ਸੰਸਾਰ ਨੂੰ ਇੱਕੋ ਜਿਹੇ ਧਰਮ ਦੀ, ਇੱਕੋ ਜਿਹੀ ਸੇਵਾ ਦੀ, ਇੱਕੋ ਜਿਹਾ ਨਾਮ ਜਪਣ ਦੀ ਸੋਝੀ ਪਾਈ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਪ੍ਰਗਟ ਨਹੀਂ ਹੈ ਉਹ ਮਨ ਭਰਮ ਦਾ ਭਰਿਆ ਰਹਿੰਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੀ ਰਹਿੰਦਾ ਹੈ ਤੇ ਇਹੋ ਜਿਹਾ ਹਰ ਸਰੀਰ ਸਾਕਤ ਰੂਪ ਹੈ ਜਿਸ ਦੀ ਸੋਝੀ ਗੁਰੂ ਦੀ ਸੋਝੀ ਦੇ ਮੁਕਾਬਲੇ, ਗੁਰੂ ਦੇ ਦਾਸ ਦੀ ਸੋਝੀ ਦੇ ਮੁਕਾਬਲੇ ਬਹੁਤ ਨੀਵੀਂ ਹੁੰਦੀ ਹੈ।

ਸਿਰੀਰਾਗੁ ਮਹਲਾ ੧ ॥

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਿਸੰਗਤਿ ਸਤਿਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ - ੨੨)

{ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ ॥
ਰਾਮ ਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ ॥੨॥
ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥
ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥੩॥}

(ਅੰਗ - ੧੧੯੧)

{ਮੇਰੇ ਮਨ ਜਪਿ ਹਰਿ ਹਰਿ ਹਰਿ ਮਨਿ ਜਪੀਐ ॥
ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ ਗੁਰ ਸਤਿਗੁਰ ਪੀਛੈ ਛੁਟੀਐ ॥੧॥ ਰਹਾਉ ॥
ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ ਜਿਤੁ ਸੇਵਿਐ ਨਿਜ ਘਰਿ ਵਸੀਐ ॥
ਗੁਰਮੁਖਿ ਜਾਇ ਲਹਹੁ ਘਰੁ ਅਪਨਾ ਘਸਿ ਚੰਦਨੁ ਹਰਿ ਜਸੁ ਘਸੀਐ ॥੨॥
ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ ਲੈ ਲਾਹਾ ਹਰਿ ਮਨਿ ਹਸੀਐ ॥
ਹਰਿ ਹਰਿ ਆਪਿ ਦਇਆ ਕਰਿ ਦੇਵੈ ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥੩॥
ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥}

(ਅੰਗ - ੧੭੦)

ਗਉੜੀ ਕਬੀਰ ਜੀ ਤਿਪਦੇ ਚਾਰਤੁਕੇ ॥

{ਜਮ ਤੇ ਉਲਟਿ ਭਏ ਹੈ ਰਾਮ ॥ ਦੁਖ ਬਿਨਸੇ ਸੁਖ ਕੀਓ ਬਿਸਰਾਮ ॥
ਬੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥੧॥
ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥ ਸਾਂਤਿ ਭਈ ਜਬ ਗੋਬਿਦੁ ਜਾਨਿਆ ॥੧॥ ਰਹਾਉ ॥
ਤਨ ਮਹਿ ਹੋਤੀ ਕੋਟਿ ਉਪਾਧਿ ॥ ਉਲਟਿ ਭਈ ਸੁਖ ਸਹਜਿ ਸਮਾਧਿ ॥
ਆਪੁ ਪਛਾਨੈ ਆਪੈ ਆਪ ॥ ਰੋਗੁ ਨ ਬਿਆਪੈ ਤੀਨੌ ਤਾਪ ॥੨॥
ਅਬ ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥
ਕਹੁ ਕਬੀਰ ਸੁਖਿ ਸਹਜਿ ਸਮਾਵਉ ॥ ਆਪਿ ਨ ਡਰਉ ਨ ਅਵਰ ਡਰਾਵਉ ॥੩॥੧੭॥}

(ਅੰਗ ੩੨੬-੩੨੭)

{ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥
ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥੨॥}

(ਅੰਗ - ੬੯੮)

37/4523

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥ ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ ॥੧॥}

(ਅੰਗ - ੮੫੪)

{ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥
ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦ ਸੁਰਤਿ ਬਿਨੁ ਆਈਐ ਜਾਈਐ ॥
ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥}

(ਅੰਗ - ੧੦੪੨)

{ਘਰਿ ਰਹੁ ਰੇ ਮਨ ਮੁਗਧ ਇਆਨੇ ॥ ਰਾਮੁ ਜਪਹੁ ਅੰਤਰਗਤਿ ਧਿਆਨੇ ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥
ਜਿਸੁ ਬਿਸਰਿਐ ਜਮੁ ਜੋਹਣਿ ਲਾਗੈ ॥ ਸਭਿ ਸੁਖ ਜਾਹਿ ਦੁਖਾ ਫੁਨਿ ਆਗੈ ॥
ਰਾਮ ਨਾਮੁ ਜਪਿ ਗੁਰਮੁਖਿ ਜੀਅੜੇ ਏਹੁ ਪਰਮ ਤਤੁ ਵੀਚਾਰਾ ਹੇ ॥੨॥
ਹਰਿ ਹਰਿ ਨਾਮੁ ਜਪਹੁ ਰਸੁ ਮੀਠਾ ॥ ਗੁਰਮੁਖਿ ਹਰਿ ਰਸੁ ਅੰਤਰਿ ਡੀਠਾ ॥
ਅਹਿਨਿਸਿ ਰਾਮ ਰਹਹੁ ਰੰਗਿ ਰਾਤੇ ਏਹੁ ਜਪੁ ਤਪੁ ਸੰਜਮੁ ਸਾਰਾ ਹੇ ॥੩॥

ਰਾਮ ਨਾਮੁ ਗੁਰ ਬਚਨੀ ਬੋਲਹੁ ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥
ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥੪॥
ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ ॥ ਤਤੁ ਵੀਚਾਰਹੁ ਹਰਿ ਲਿਵ ਲਾਵਹੁ ॥
ਅੰਤ ਕਾਲਿ ਜਮੁ ਜੋਹਿ ਨ ਸਾਕੈ ਹਰਿ ਬੋਲਹੁ ਰਾਮੁ ਪਿਆਰਾ ਹੇ ॥੫॥
ਸਤਿਗੁਰੁ ਪੁਰਖੁ ਦਾਤਾ ਵਡ ਦਾਣਾ ॥ ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਣਾ ॥
ਜਿਸ ਕਉ ਸਤਿਗੁਰੁ ਮੇਲਿ ਮਿਲਾਏ ਤਿਸੁ ਚੂਕਾ ਜਮ ਭੈ ਭਾਰਾ ਹੇ ॥੬॥
ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥
ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥
ਸਾਕਤ ਕੂੜ ਕਪਟ ਮਹਿ ਟੇਕਾ ॥ ਅਹਿਨਿਸਿ ਨਿੰਦਾ ਕਰਹਿ ਅਨੇਕਾ ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥
ਸਾਕਤ ਜਮ ਕੀ ਕਾਣਿ ਨ ਚੂਕੈ ॥ ਜਮ ਕਾ ਡੰਡੁ ਨ ਕਬਹੂ ਮੂਕੈ ॥
ਬਾਕੀ ਧਰਮ ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ ॥੧੦॥
ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥ ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥
ਗੁਰ ਕੀ ਦਾਤਿ ਨ ਮੇਟੈ ਕੋਈ ॥ ਜਿਸੁ ਬਖਸੇ ਤਿਸੁ ਤਾਰੇ ਸੋਈ ॥
ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥੧੨॥
ਗੁਰ ਤੇ ਭੂਲੇ ਆਵਹੁ ਜਾਵਹੁ ॥ ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥
ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥
ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥੧੪॥
ਹਉਮੈ ਮਮਤਾ ਕਰਦਾ ਆਇਆ ॥ ਆਸਾ ਮਨਸਾ ਬੰਧਿ ਚਲਾਇਆ ॥
ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥੧੫॥
ਹਰਿ ਕੀ ਭਗਤਿ ਕਰਹੁ ਜਨ ਭਾਈ ॥ ਅਕਥੁ ਕਥਹੁ ਮਨੁ ਮਨਹਿ ਸਮਾਈ ॥
ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ ਦੁਖੁ ਕਾਟੇ ਕਾਟਣਹਾਰਾ ਹੇ ॥੧੬॥
ਹਰਿ ਗੁਰ ਪੂਰੇ ਕੀ ਓਟ ਪਰਾਤੀ ॥ ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ॥
ਨਾਨਕ ਰਾਮ ਨਾਮਿ ਮਤਿ ਊਤਮ ਹਰਿ ਬਖਸੇ ਪਾਰਿ ਉਤਾਰਾ ਹੇ ॥੧੭॥੪॥੧੦॥}

(ਅੰਗ ੧੦੩੦-੧੦੩੧)

ਉਪਰਲੇ ਕੁਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਅਸੀਂ ਮਨੁੱਖ ਦੇ ਸਾਕਤ ਰੂਪ ਨੂੰ ਸਮਝਿਆ ਹੈ। ਜੋ ਵੀ ਮਨੁੱਖ ਮਾਇਆ ਮੋਹ ਦੀ ਜੁਗਤਿ ਵਿੱਚ ਹੈ, ਮਾਇਆ ਮੋਹ ਵਿੱਚ ਹੈ ਭਾਵ ਜਿਸ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ, ਜਿਸ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋਈ, ਜੋ ਹਉਮੈ ਵਿਚ ਹੈ ਉਹ ਹਰ ਮਨੁੱਖ ਸਾਕਤ ਰੂਪ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਭਾਵ ਨੂੰ ਹੋਰ

ਆਸਾਨੀ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੇ ਦਾਸ ਦਾ ਤੇ ਸਾਕਤ ਦਾ ਆਪਸ ਵਿਚ ਸੰਗ ਕਿਉਂ ਨਹੀਂ ਹੁੰਦਾ। **"ਸੰਗ"** ਨਾ ਹੋਣ ਦਾ ਕਾਰਨ ਦੋਨਾਂ ਦੇ ਮਨ ਦੇ ਵਿਚਾਰਾਂ ਦਾ ਭੇਦ ਹੈ। ਜਿੱਥੇ ਵੀ ਸਾਡਾ ਸੰਸਾਰ ਵਿਚ ਕਿਸੇ ਨਾਲ ਸੰਗ ਨਹੀਂ ਜੁੜਦਾ ਭਾਵ ਆਪਸ ਵਿੱਚ ਬਣ ਨਹੀਂ ਆਉਂਦੀ ਉਥੇ ਆਪਸ ਵਿੱਚ ਵਿਚਾਰਾਂ ਦਾ ਨਾ ਰੱਲਣਾ ਹੀ ਹੁੰਦਾ ਹੈ। ਸਾਕਤ ਦੇ ਵਿਚਾਰ ਹਉਮੈ ਵਾਲੇ ਵਿਚਾਰ ਹਨ ਤੇ ਪ੍ਰਮਾਤਮਾ ਦੇ ਦਾਸ ਦੇ ਵਿਚਾਰ ਨਾਮ ਵਾਲੇ ਵਿਚਾਰ ਹਨ। ਜਿਥੇ ਵਿਚਾਰ ਨਹੀਂ ਰੱਲਦੇ ਉਹ ਝਗੜੇ ਦਾ ਕਾਰਨ ਹੁੰਦੇ ਹਨ। ਸਾਕਤ ਦਾ ਪ੍ਰਮਾਤਮਾ ਦੇ ਦਾਸ ਨਾਲ ਝਗੜੇ ਦਾ ਕਾਰਨ ਇਹੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਇਹ ਹਉਮੈ ਦਾ ਨਾਮ ਦੇ ਨਾਲ ਵਿਰੋਧ ਹੈ ਤੇ ਇਸੇ ਲਈ ਜਦ ਤਕ ਸਾਡੇ ਅੰਦਰ ਹਉਮੈ ਵਾਲੇ ਵਿਚਾਰ ਹਨ ਉਹ ਸਾਡੇ ਅੰਦਰ ਨਾਮ ਵਾਲੇ ਵਿਚਾਰਾਂ ਨੂੰ ਟਿਕਣ ਨਹੀਂ ਦਿੰਦੇ ਭਾਵ ਨਾਮ ਵਾਲੇ ਵਿਚਾਰਾਂ ਨੂੰ ਕਬੂਲ ਨਹੀਂ ਕਰਦੇ। ਨਾਮ ਵਾਲੇ ਵਿਚਾਰਾਂ ਵਿਚ ਆਪ ਗੁਰੂ ਪ੍ਰਮਾਤਮਾ ਹੈ ਜਿਸ ਰੂਪ ਵਿਚ ਆਪ ਪ੍ਰਮਾਤਮਾ ਗੁਰਬਾਣੀ ਵਿਚ ਵੱਸਿਆ ਹੋਇਆ ਹੈ, ਸ਼ਬਦ ਰੂਪ ਵਿਚ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਵੱਸਿਆ ਹੋਇਆ ਹੈ। ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਦਾਸ ਰੂਪ ਹੈ ਤੇ ਜਿਸ ਮਨੁੱਖ ਦੇ ਵਿਚਾਰ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਖਾਂਦੇ ਉਹਨਾਂ ਦਾ ਆਪਸ ਵਿਚ ਜੋੜ ਨਹੀਂ ਹੋ ਸਕਦਾ। ਸਾਡੇ ਹਉਮੈ ਵਾਲੇ ਵਿਚਾਰ ਸਾਨੂੰ **"ਬਿਖਈ"** ਬਣਾਕੇ ਰੱਖਦੇ ਹਨ ਭਾਵ ਮਾਇਆ ਮੋਹ

37/4524

ਨਾਲ ਜੋੜਕੇ ਰੱਖਦੇ ਹਨ, ਭਰਮਾਂ ਨਾਲ ਜੋੜਕੇ ਰੱਖਦੇ ਹਨ, ਅਗਿਆਨਤਾ ਵਾਲੇ ਵਿਚਾਰਾਂ ਨਾਲ ਜੋੜਕੇ ਰੱਖਦੇ ਹਨ ਭਾਵ ਗੁਰਮਤਿ ਰੂਪ ਵਿਚਾਰਾਂ ਤੋਂ ਦੂਰ ਰੱਖਦੇ ਹਨ। ਜਿੱਥੇ ਗੁਰਮਤਿ ਵਾਲੇ ਵਿਚਾਰ ਨਹੀਂ ਹਨ ਉਥੇ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਰੰਗ ਨਹੀਂ ਹੈ ਭਾਵ ਉਥੇ ਰਾਮ ਦੇ ਨਾਲ ਰੰਗ ਨਹੀਂ ਹੈ। ਪ੍ਰਮਾਤਮਾ ਦਾ ਦਾਸ ਆਪਣੇ ਉੱਚੇ ਤੇ ਸੱਚੇ ਵਿਚਾਰਾਂ ਰਾਹੀਂ, ਭਰਮ ਰਹਿਤ ਵਿਚਾਰਾਂ ਰਾਹੀਂ ਸਦਾ ਹੀ ਪ੍ਰਮਾਤਮਾ ਦੇ ਰੰਗ ਵਿਚ ਰੰਗਿਆ ਹੋਇਆ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। (**ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ ਰਹਾਉ ॥**)

ਪ੍ਰਮਾਤਮਾ ਦੀ ਭਗਤੀ ਕਿਵੇਂ ਹੁੰਦੀ ਹੈ ਇਸ ਗੱਲ ਦੀ ਸੋਝੀ ਪ੍ਰਮਾਤਮਾ ਦੇ ਦਾਸ ਰੂਪ ਨੂੰ ਹੈ ਭਾਵ ਗੁਰੂ ਨੂੰ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਹੀ ਸਦਾ ਪ੍ਰਗਟ ਹੈ। ਸਾਕਤ ਰੂਪ ਹੁੰਦੇ ਹੋਏ ਵੀ ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਦੀ ਸੋਝੀ ਵਾਲਾ ਸਮਝਦੇ ਹਨ ਉਹ ਆਪਣੇ ਵਲੋਂ ਆਪਣੇ ਆਪ ਨੂੰ ਗੁਰੂ ਵਰਗਾ ਸਿਆਣਾ ਹੀ ਸਮਝਦੇ ਹਨ ਭਾਵ ਗੁਰਮਤਿ ਦੀ ਸੋਝੀ ਵਾਲੇ ਹੀ ਸਮਝਦੇ ਹਨ ਕਿ ਸਾਨੂੰ ਭਗਤੀ ਦੀ ਸੋਝੀ ਹੈ, ਨਾਮ ਜਪਣ ਦੀ ਸਮਝ ਹੈ ਜਿਸ ਸਮਝ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਲਵਾਂਗੇ ਭਾਵ ਭਰਮ ਦੇ ਵਿਚ ਰਹਿੰਦੇ ਹੋਏ ਹੀ ਆਪਣੇ ਆਪ ਨੂੰ ਸਿਆਣੇ ਸਮਝਦੇ ਹਨ, ਭਗਤੀ ਦੇ ਪੁੱਠੇ ਤਰੀਕਿਆਂ ਨਾਲ ਜੁੜੇ ਹੋਏ ਵੀ ਭਾਵ ਸਰੀਰਕ ਕਿਰਿਆਵਾਂ ਆਦਿ ਨਾਲ ਭਾਵ ਸਰੀਰਕ ਜਪਾਂ ਤਪਾਂ ਆਦਿ ਨਾਲ ਜੁੜੇ ਹੋਏ ਵੀ, ਅਨੇਕਾਂ ਮਨ ਘੜੰਤ ਮਰਯਾਦਾਵਾਂ ਨਾਲ ਜੁੜੇ ਹੋਏ ਵੀ ਆਪਣੇ ਆਪ ਨੂੰ ਗੁਰਮਤਿ ਵਾਲਾ ਸਮਝਦੇ ਹਨ ਭਾਵ ਜਿੰਨ੍ਹਾਂ ਭਗਤੀ ਦੇ ਤਰੀਕਿਆਂ ਦਾ ਬਾਣੀ ਰਾਹੀਂ ਬਾਰ ਬਾਰ ਖੰਡਣ ਕੀਤਾ ਹੋਇਆ ਹੈ ਉਨ੍ਹਾਂ ਤਰੀਕਿਆਂ ਨਾਲ ਜੁੜੇ ਹੋਏ ਵੀ ਆਪਣੇ ਆਪ ਨੂੰ ਭਗਤੀ ਵਾਲੇ ਸਮਝਦੇ ਹਨ ਭਾਵ ਆਪਣੀ ਝੂਠੀ ਮਤਿ ਨੂੰ ਗੁਰੂ ਦੀ ਸੱਚੀ ਮਤਿ ਵਾਲਾ ਰੂਪ ਦਿੰਦੇ ਹਨ ਭਾਵ ਵੱਡੇ ਭਰਮ ਵਿਚ ਹਨ। ਉਹਨਾਂ ਦੇ ਇਸ ਭਰਮ ਨੂੰ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਉਜਾਗਰ ਕਰਕੇ ਉਹਨਾਂ ਨੂੰ ਸ਼ਰਮਸਾਰ ਕੀਤਾ ਹੋਇਆ ਹੈ।

"ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥
ਬੈਲ ਕਉ ਨੇੜਾ ਪਾਇ ਦੁਹਾਵੈ ॥ ਗਊ ਚਰਿ ਸਿੰਘ ਪਾਛੈ ਪਾਵੈ ॥੨॥
ਗਾਡਰ ਲੇ ਕਾਮਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥
ਨਾਨਕ ਰਾਮ ਨਾਮੁ ਜਪਿ ਚੀਤ ॥ ਸਿਮਰਿ ਸੁਆਮੀ ਹਰਿ ਸਾ ਮੀਤ ॥੪॥੯੧॥੧੬੦॥"

(ਅੰਗ ੧੯੮)

37/4525

ਜਿਹੋ ਜਿਹੀ ਭਗਤੀ ਵਿਚ ਹਰ ਕੋਈ ਲੱਗਾ ਹੋਇਆ ਹੈ ਉਹ ਭਗਤੀ ਦਾ ਮਾਰਗ ਭਾਵੇਂ ਝੂਠਾ ਹੈ ਭਾਵ ਗੁਰਮਤਿ ਅਨੁਸਾਰ ਨਹੀਂ ਹੈ ਪਰ ਸਮਾਜ ਵਿਚੋਂ ਸ਼ੋਭਾ ਇਹਨਾਂ ਗੱਲਾਂ ਦੀ ਹੀ ਮਿਲਦੀ ਹੈ। ਇੱਕ ਝੂਠਾ ਨਾਮ ਜਪਣ ਵਾਲਿਆਂ ਨੂੰ ਜਿਤਨਾ ਕੋਈ

ਜਿਆਦਾ ਸਮਾ ਕਿਸੇ ਅੱਖਰ ਦੇ ਜਪ ਵਿਚ ਲਗਾਉਂਦਾ ਹੈ ਉਤਨਾ ਵੱਡਾ ਨਾਮ ਰਸੀਆ ਸਮਝਿਆ ਜਾਂਦਾ ਹੈ ਭਾਵ ਉਤਨਾ ਜਿਆਦਾ ਮਾਣ ਮਿਲਦਾ ਹੈ। ਇਸੇ ਤਰ੍ਹਾਂ ਜਿਤਨਾ ਕੋਈ ਜਿਆਦਾ ਸਰੀਰਕ ਸੁਚਿ ਨਾਲ ਜੁੜਿਆ ਹੁੰਦਾ ਹੈ, ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਭਾਵ ਅੰਮ੍ਰਿਤ ਵੇਲਾ ਮੰਨ ਕੇ ਉਸ ਦੀ ਸੰਭਾਲ ਕਰਨ ਵਿਚ ਲੱਗਾ ਰਹਿੰਦਾ ਹੈ, ਜਿਤਨਾ ਕੋਈ ਕਿਸੇ ਖਾਸ ਖਾਣ ਪਾਣ ਦੀ ਮਰਯਾਦਾ ਨਾਲ ਜੁੜਿਆ ਰਹਿੰਦਾ ਹੈ, ਬਰਤਨਾਂ, ਚੌਂਕਿਆਂ ਦੀ ਸੁਚਿ ਨਾਲ ਜੁੜਿਆ ਰਹਿੰਦਾ ਹੈ ਉਸਨੂੰ ਉਤਨਾ ਜਿਆਦਾ ਮਾਣ ਮਿਲਦਾ ਹੈ। ਜਿਤਨਾ ਕੋਈ ਜਿਆਦਾ ਮੂਰਤੀ ਪੂਜਾ ਕਰਦਾ ਹੈ, ਜਿਤਨਾ ਕੋਈ ਜਿਆਦਾ ਤੀਰਥ ਅਸਥਾਨ ਤੇ ਭਉਂਦਾ ਹੈ, ਜਿਤਨਾ ਕੋਈ ਜਿਆਦਾ ਧਰਮ ਅਸਥਾਨ ਤੇ ਮੱਥੇ ਟੇਕਦਾ ਹੈ ਉਸਨੂੰ ਸਮਾਜ ਵਿੱਚੋਂ ਜਿਆਦਾ ਮਾਣ ਮਿਲਦਾ ਹੈ। ਭਾਵੇਂ ਘਰ ਬਾਰ ਨੂੰ ਤੱਜ ਕੇ ਇਕਾਂਤ ਵਿਚ ਚਲੇ ਜਾਣਾ, ਜੋਗੀ ਆਦਿ ਬਣਕੇ ਜੰਗਲਾਂ ਵਿਚ ਫਿਰੀ ਜਾਣਾ, ਘਰੋਂ ਘਰੀ ਮੰਗ ਕੇ ਖਾਣਾ ਭਾਵੇਂ ਭਗਤੀ ਦਾ ਮਾਰਗ ਨਹੀਂ ਹੈ ਪਰ ਇਹੋ ਜਿਹਿਆਂ ਨੂੰ ਸਮਾਜ ਵਿਚੋਂ ਵੱਡਾ ਮਾਣ ਮਿਲਦਾ ਹੈ। ਆਪਣੇ ਸਰੀਰ ਨੂੰ ਕਸ਼ਟਾਂ ਵਿਚ ਪਾਉਣਾ ਭਗਤੀ ਦਾ ਮਾਰਗ ਨਹੀਂ ਹੈ ਪਰ ਫਿਰ ਵੀ ਜੋ ਅਨੇਕਾਂ ਤਰੀਕਿਆਂ ਨਾਲ ਆਪਣੇ ਸਰੀਰ ਨੂੰ ਕਸ਼ਟਾਂ ਵਿਚ ਪਾਉਣ ਨੂੰ, ਸਰੀਰਕ ਦੁੱਖ ਸਹਿਣ ਨੂੰ ਭਗਤੀ ਦੇ ਮਾਰਗ ਨਾਲ ਜੋੜਦੇ ਹਨ ਉਹਨਾਂ ਨੂੰ ਸਮਾਜ ਵਿਚੋਂ ਮਾਣ ਮਿਲਦਾ ਹੈ ਕਿ ਇਹ ਭਗਤੀ ਨਾਲ ਜੁੜੇ ਹੋਏ ਹਨ। ਇਸੇ ਤਰ੍ਹਾਂ ਭਾਵੇਂ ਵਰਤ ਆਦਿ ਰੱਖਣੇ, ਰੋਜੇ ਰੱਖਣੇ ਭਾਵੇਂ ਭਗਤੀ ਦਾ ਮਾਰਗ ਨਹੀਂ ਹੈ ਪਰ ਇਹੋ ਜਿਹਾ ਕਰਨ ਵਾਲਿਆਂ ਨੂੰ ਸਮਾਜ ਵਿਚ ਉੱਚਾ ਮਾਣ ਮਿਲਦਾ ਹੈ। ਭਾਵੇਂ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਦਾ ਪਰ ਉਹਨਾਂ ਦੀ ਗੱਲ ਤੇ ਅਮਲ ਨਾ ਕਰਨ ਵਿਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਪਰ ਫਿਰ ਵੀ ਇਹੋ ਜਿਹਿਆਂ ਨੂੰ ਸਮਾਜ ਵਿਚ ਉੱਚਾ ਮਾਣ ਮਿਲਦਾ ਹੈ।ਸਾਰਾ ਸਾਰਾ ਦਿਨ ਧਰਮ ਗ੍ਰੰਥਾਂ ਦੀ ਗੱਲ ਨੂੰ ਸੁਣੀ ਜਾਣ ਵਾਸਤੇ, ਕੀਰਤਨ ਆਦਿ ਸੁਣੀ ਜਾਣ ਵਾਸਤੇ ਧਰਮ ਅਸਥਾਨਾਂ ਤੇ ਬੈਠੇ ਰਹਿਣਾ ਪਰ ਗੁਰੂ ਦੀ ਗੱਲ ਨੂੰ ਅਮਲ ਵਿਚ ਨਾ ਲਿਆਣਾ ਭਗਤੀ ਨਹੀਂ ਹੈ ਪਰ ਫਿਰ ਵੀ ਇਹੋ ਜਿਹਿਆਂ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਸਮਝਿਆ ਜਾਂਦਾ ਹੈ।

37/4526

ਤੀਰਥਾਂ ਆਦਿ ਤੇ ਜਾ ਕੇ ਸਰੀਰਕ ਇਸ਼ਨਾਨ ਕਰੀ ਜਾਣ ਵਿਚ ਕੋਈ ਭਗਤੀ ਨਹੀਂ ਹੈ ਪਰ ਇਹਨਾਂ ਗੱਲਾਂ ਨਾਲ ਸਮਾਜ ਵਿੱਚੋਂ ਮਾਣ ਮਿਲਦਾ ਹੈ। ਥਿੱਤਾਂ, ਵਾਰਾਂ ਨੂੰ ਪੂੱਜਣ ਦਾ ਕੋਈ ਲਾਭ ਨਹੀਂ ਹੈ ਭਾਵ ਇਸ ਵਿਚ ਪ੍ਰਮਾਤਮਾ ਦੀ ਕੋਈ ਭਗਤੀ ਨਹੀ ਹੈ ਪਰ ਫਿਰ ਵੀ ਅਨੇਕਾਂ ਹੀ ਅਨੇਕਾਂ **"ਮਸਿਆ"**, **"ਸੰਗਰਾਂਦ"** ਆਦਿ ਥਿੱਤਾਂ ਵਾਰਾਂ ਨਾਲ ਜੁੜੇ ਹੋਏ ਹਨ ਜਿੰਨ੍ਹਾਂ ਰਾਹੀਂ ਉਹ ਭਗਤੀ ਦਾ ਮਾਰਗ ਸਮਝਦੇ ਹਨ, ਗੁਰੂ ਪ੍ਰਮਾਤਮਾ ਦੇ ਨਾਲ ਆਪਣੀ ਸ਼ਰਧਾ ਦਿਖਾਉਣ ਦਾ ਮਾਰਗ ਸਮਝਦੇ ਹਨ। ਸਿੱਖ ਜਗਤ ਵੀ ਇਸ ਵਿਚ ਪਿੱਛੇ ਨਹੀਂ ਹੈ ਬਲਕਿ ਗੁਰੂ ਦੇ ਦਵਾਰਿਆਂ ਤੇ ਥਿਤਾਂ ਵਾਰਾਂ ਲਿਖ ਕੇ ਉਹਨਾਂ ਨੂੰ ਗੁਰਮਤਿ ਰੂਪ ਦਿੱਤਾ ਹੁੰਦਾ ਹੈ ਕਿ ਇਹ ਸਭ ਗੁਰਮਤਿ ਅਨੁਸਾਰ ਹੈ ਤੇ ਇਹਨਾਂ ਨਾਲ ਜੁੜਨ ਤੇ ਜੋੜਨ ਵਾਲਿਆਂ ਨੂੰ ਮਾਣ ਦਿੱਤਾ ਜਾਂਦਾ ਹੈ, ਗੁਰੂ ਵਿਚ ਸ਼ਰਧਾ ਰੱਖਣ ਵਾਲੇ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਸੰਸਾਰ ਵਿਚ ਆਪਣੀ ਆਪਣੀ ਮਤਿ ਅਨੁਸਾਰ ਅਨੇਕਾਂ ਹੀ ਅਨੇਕਾਂ ਭਗਤੀ ਦੇ ਮਾਰਗ ਬਣੇ ਹੋਏ ਹਨ ਜੋ ਕਿ ਅਸਲ ਭਗਤੀ ਦਾ ਮਾਰਗ ਨਹੀਂ ਹਨ ਪਰ ਉਹਨਾਂ ਤੇ ਚੱਲਣ ਵਾਲਿਆਂ ਨੂੰ ਪ੍ਰਮਾਤਮਾ ਦੀ ਭਗਤੀ ਵਾਲੇ ਸਮਝਿਆ ਜਾਂਦਾ ਹੈ ਤੇ ਉਹਨਾਂ ਨੂੰ ਇਸ ਗੱਲ ਦਾ ਸਮਾਜ ਵਿਚੋਂ ਮਾਣ ਮਿਲਦਾ ਹੈ। ਜਿਤਨਾ ਕੋਈ ਜਿਆਦਾ ਇਹੋ ਜਿਹੀ ਭਗਤੀ ਦੇ ਦਿਖਾਵੇ ਕਰਦਾ ਹੈ ਉਸਨੂੰ ਉਤਨਾ ਹੀ ਜਿਆਦਾ ਮਾਣ ਮਿਲਣ ਲੱਗ ਪੈਂਦਾ ਹੈ ਤੇ ਅਨੇਕਾਂ ਹੀ ਆਪਣੇ ਆਪ ਨੂੰ ਇਸ ਤਰੀਕੇ ਉੱਚਾ ਥਾਪ ਲੈਂਦੇ ਹਨ ਕਿ ਸੰਸਾਰ ਵਾਲੇ ਉਹਨਾਂ ਦੀ ਭਗਤੀ ਨੂੰ ਕਬੂਲ ਕਰ ਰਹੇ ਹਨ। ਜਿਤਨਾ ਕਿਸੇ ਨੂੰ ਜਿਆਦਾ ਮਾਣ ਮਿਲਣ ਲੱਗ ਪੈਂਦਾ ਹੈ ਉਤਨੀ ਹੀ ਉਸ ਮਨੁੱਖ ਦੀ ਹਉਮੈ ਵੱਧ ਜਾਂਦੀ ਹੈ, ਉਸ ਦੇ ਅੰਦਰ ਦੀ ਮੈਂ ਵੱਧ ਜਾਂਦੀ ਹੈ ਕਿ ਮੈਂ ਹੁਣ ਭਗਤੀ ਦੇ ਮਾਰਗ ਤੇ ਬਹੁਤ ਉੱਚਾ ਹੋ ਗਿਆ ਹਾਂ, ਮੈਂ ਹੁਣ ਪ੍ਰਮਾਤਮਾ ਦੇ ਬਹੁਤ ਨੇੜੇ ਲੱਗ ਗਿਆ ਹਾਂ ਤੇ ਕਈਆਂ ਨੂੰ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਵੀ ਸਮਝਿਆ ਜਾਣ ਲੱਗ ਪੈਂਦਾ ਹੈ। ਉਪਰ ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਇਹੋ ਜਿਹਿਆਂ ਦੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜੋ ਕਿ ਸਾਕਤ ਹੁੰਦੇ ਹੋਏ ਵੀ ਆਪਣੇ ਆਪ ਨੂੰ ਉੱਚੀ ਗੁਰਮਤਿ ਵਾਲਾ ਸਮਝਦੇ ਹਨ ਭਾਵ ਗੁਰੂ ਦੇ ਗਿਆਨ ਦੀ ਬਰਾਬਰੀ ਵਾਲਾ ਸਮਝਦੇ ਹਨ। ਇਹੋ ਜਿਹਿਆਂ ਦੇ ਮਨ ਦੀ ਅਵਸਥਾ ਉਹੋ ਜਿਹੀ ਬਣ ਜਾਂਦੀ ਹੈ ਜਿਵੇਂ ਕਿ ਮਨ ਕਿਸੇ ਸ਼ਿੰਗਾਰੀ ਹੋਈ ਘੋੜੀ

37/4527

ਤੇ ਸਵਾਰ ਹੋਇਆ ਹੋਵੇ ਭਾਵ ਉਹ ਆਪਣੇ ਆਪ ਨੂੰ ਬਹੁਤ ਉੱਚਾ ਸਮਝਣ ਲੱਗ ਪੈਂਦੇ ਹਨ, ਉੱਚੀ ਮਤਿ ਵਾਲਾ ਸਮਝਣ ਲਗ ਪੈਂਦੇ ਹਨ ਭਾਵ ਉਹ ਇਹ ਮਹਿਸੂਸ ਕਰਦੇ ਹਨ ਕਿ ਭਗਤੀ ਦੇ ਮਾਰਗ ਤੇ ਉਹੀ ਬੜੀ ਤੇਜੀ ਨਾਲ ਅੱਗੇ ਵੱਧ ਰਹੇ ਹਨ ਤੇ

ਦੁਨੀਆ ਦੀ ਵਾਹ ਵਾਹ ਉਹਨਾਂ ਲਈ ਘੋੜੀ ਦਾ ਕੰਮ ਕਰਦੀ ਹੈ ਭਾਵ ਝੂਠਾ ਮਾਣ ਉਹਨਾਂ ਦੇ ਮਨ ਦੇ ਵਿਚਾਰਾਂ ਨੂੰ ਬਹੁਤ ਉੱਚਾ ਬਣਾ ਦਿੰਦਾ ਹੈ। (**ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥**) ਪਰ ਇਹੋ ਜਿਹਿਆਂ ਦਾ ਮਾਣ ਕਿਤਨਾ ਝੂਠਾ ਹੈ ਭਾਵ ਪ੍ਰਮਾਤਮਾ ਦੀਆਂ ਨਜਰਾਂ ਵਿਚ, ਗੁਰੂ ਦੀਆਂ ਨਜਰਾਂ ਵਿਚ ਇਹਨਾਂ ਦੀ ਕੀ ਕੀਮਤ ਹੈ ਭਾਵ ਇਹ ਆਪਣੀ ਭਗਤੀ ਨੂੰ ਲੈ ਕੇ ਕਿਤਨੇ ਵੱਡੇ ਭਰਮ ਵਿਚ ਹਨ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥”

ਜੋ ਸਾਕਤ ਰੂਪ ਹੁੰਦੇ ਹੋਏ ਵੀ ਭਾਵ ਮਾਇਆ ਮੋਹ ਦੀ ਜੁਗਤਿ ਵਿਚ ਹੁੰਦੇ ਹੋਏ ਵੀ ਭਾਵ ਹਉਮੈ ਵਿਚ ਰਹਿੰਦੇ ਹੋਏ ਵੀ ਆਪਣੇ ਆਪ ਨੂੰ ਭਗਤੀ ਵਾਲਾ ਸਮਝਦੇ ਹਨ ਤੇ ਆਪਣੀ ਇਹੋ ਜਿਹੀ ਅਵਸਥਾ ਦੁਆਰਾ ਗੁਰੂ ਪ੍ਰਮਾਤਮਾ ਦੇ ਨਾਲ ਸੰਗ ਕਰਨਾ ਸਮਝਦੇ ਹਨ ਭਾਵ ਮੇਲ ਕਰਨਾ ਸਮਝਦੇ ਹਨ ਉਹਨਾਂ ਦੀ ਤੁਲਨਾ **“ਕਾਪੁਰਖੁ”** ਨਾਲ ਕੀਤੀ ਹੋਈ ਹੈ ਭਾਵ **“ਖੁਸਰੇ”** ਨਾਲ ਕੀਤੀ ਹੋਈ ਹੈ। ਖੁਸਰਾ ਇਸਤਰੀ ਦੇ ਨਾਲ ਸੰਗ ਨਹੀਂ ਕਰ ਸਕਦਾ ਪਰ ਫਿਰ ਵੀ ਜੇਕਰ ਖੁਸਰਾ ਇਹ ਚਾਹੇ ਕਿ ਮੈਂ ਇਸਤਰੀ ਨਾਲ ਸੰਗ ਕਰ ਲਵਾਂ ਉਹ ਵੱਡੇ ਭਰਮ ਵਿਚ ਹੈ। ਭਗਤੀ ਦਾ ਮਾਰਗ ਹਉਮੈ ਛੱਡਣ ਦਾ ਮਾਰਗ ਹੈ ਭਾਵ ਆਪਣੀ ਮਤਿ ਛੱਡਣ ਦਾ ਮਾਰਗ ਹੈ ਤੇ ਆਪਣੀ ਮਤਿ ਛੱਡੇ ਬਿਨਾ ਅਸੀਂ ਆਪਣੇ ਆਪ ਨੂੰ ਗੁਰਮਤਿ ਦਾ ਸੰਗ ਕਰਨ ਵਾਲੇ ਸਮਝੀਏ ਫਿਰ ਅਸੀਂ ਇੱਕ ਖੁਸਰੇ ਦੀ ਤਰ੍ਹਾਂ ਭਰਮ ਵਿਚ ਬੈਠੇ ਹਾਂ ਕਿ ਅਸੀਂ ਇਸਤਰੀ ਨਾਲ ਸੰਗ ਕਰ ਲਵਾਂਗੇ। ਮਨ ਨੂੰ ਹਵਾਈ ਘੋੜਿਆਂ ਤੇ ਬਿਠਾ ਕੇ ਉੱਡਣ ਨਾਲ ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਾਂ ਫਿਰ ਅਸੀਂ ਇੱਕ ਖੁਸਰੇ ਦੀ ਤਰ੍ਹਾਂ ਭਰਮ ਵਿੱਚ ਬੈਠੇ ਹਾਂ ਕਿ ਸਾਡਾ ਕਿਸੇ ਇਸਤਰੀ ਨਾਲ ਸੰਗ ਹੋ ਜਾਵੇਗਾ। ਸਾਕਤ ਦੀ ਮਤਿ ਦਾ ਸੰਗ ਗੁਰੂ ਦੀ ਮਤਿ ਦੇ ਨਾਲ ਸੰਗ ਨਹੀਂ ਹੋ ਸਕਦਾ। ਗੁਰੂ ਦਾ ਸੰਗੀ ਬਣਨ ਲਈ ਆਪਣੀ ਹਉਮੈ ਛੱਡਣੀ ਹੀ ਪੈਂਦੀ ਹੈ, ਆਪਣੀ ਮਤਿ ਛੱਡਣੀ ਹੀ ਪੈਂਦੀ ਹੈ ਭਾਵ ਗੁਰੂ ਦੀ ਮਤਿ ਮੰਨਣੀ ਹੀ ਪੈਂਦੀ ਹੈ। ਸ਼ਬਦ ਦੇ ਵਿਚਾਰੀ ਬਣਨ ਲਈ ਆਪਣੇ ਸੁਰਤਿ ਦੇ ਵਿਚਾਰ ਛੱਡਣੇ ਹੀ ਪੈਂਦੇ ਹਨ। ਸਾਰੀ ਗੱਲ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੀ ਹੈ ਜਿਸ ਲਈ ਕਿਸੇ ਸਰੀਰਕ ਕਿਰਿਆਵਾਂ ਦੀ, ਸਰੀਰਕ ਜਪ ਤਪ ਦੀ ਲੋੜ ਨਹੀਂ ਹੈ ਭਾਵ ਕਿਸੇ

ਭਗਤੀ ਦੇ ਦਿਖਾਵਿਆਂ ਦੀ ਲੋੜ ਨਹੀਂ ਹੈ। ਜੇਕਰ ਭਗਤੀ ਦੇ ਦਿਖਾਵਿਆਂ ਵਿੱਚ ਰਹਿੰਦੇ ਹੋਏ ਕੋਈ ਇਹ ਉਮੀਦ ਲਗਾਈ ਬੈਠਾ ਹੈ ਕਿ ਉਹ ਗੁਰੂ ਪ੍ਰਮਾਤਮਾ ਦੇ ਨਾਲ ਸੰਗ ਕਰ ਲਵੇਗਾ ਤਾਂ ਫਿਰ ਉਹ ਖੁਸਰੇ ਦੀ ਤਰ੍ਹਾਂ ਭਰਮ ਵਿਚ ਹੀ ਬੈਠਾ ਹੈ ਜਿਸ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ। (**ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥**)

ਜਿਹੋ ਜਿਹਾ ਸਾਕਤਾਂ ਦਾ ਭਰਮ ਉਪਰ ਪੰਗਤੀਆਂ ਰਾਹੀਂ ਕੱਢਿਆ ਹੈ ਉਹੀ ਭਰਮ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਦੱਸਿਆ ਹੋਇਆ ਹੈ।

“ਬੈਲ ਕਉ ਨੇੜਾ ਪਾਇ ਦੁਹਾਵੈ ॥ ਗਊ ਚਰਿ ਸਿੰਘ ਪਾਛੈ ਪਾਵੈ ॥੨॥”

ਉਪਰ ਪੰਗਤੀਆਂ ਰਾਹੀਂ ਵੀ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਸਮਝਣ ਵਿੱਚ ਸਾਡੀ ਮਨਮਤਿ ਵਾਲੀ ਸੋਝੀ, ਹਉਮੈ ਵਾਲੀ ਸੋਝੀ, ਅਗਿਆਨਤਾ ਵਾਲੀ ਸੋਝੀ ਹੀ ਉਜਾਗਰ ਕੀਤੀ ਹੋਈ ਹੈ ਭਾਵ ਸਾਡੀ ਮਨਮਤਿ ਨੂੰ ਗੁਰਮਤਿ ਦੇ ਮੁਕਾਬਲੇ ਪੁੱਠੀ ਮਤਿ ਕਹਿ ਕੇ ਸਮਝਾਇਆ ਹੋਇਆ ਹੈ ਭਾਵ ਸਾਕਤ ਦੀ ਮਤਿ ਦਾ ਮੁਕਾਬਲਾ ਪ੍ਰਮਾਤਮਾ ਦੇ ਦਾਸ ਦੀ ਮਤਿ ਦੇ ਨਾਲ ਕੀਤਾ ਹੋਇਆ ਹੈ। ਮਨਮਤਿ ਗੁਰਮਤਿ ਦੇ ਮੁਕਾਬਲੇ ਪੁੱਠੀ ਮਤਿ ਹੈ ਤੇ ਪੁੱਠੀ ਮਤਿ ਦਾ ਮੇਲ ਸਿੱਧੀ ਮਤਿ ਦੇ ਨਾਲ ਕਿਵੇਂ ਹੋ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਸਾਡੀ ਸਿੱਧੀ ਮਤਿ ਦੁਆਰਾ ਹੋ ਸਕਦਾ ਹੈ ਤੇ ਸਿੱਧੀ ਮਤਿ ਤੇ ਚੱਲ ਕੇ ਅਸੀਂ ਉਹੋ ਕੁਝ ਕਰਾਂਗੇ ਜੋ ਗੁਰੂ ਦੀ ਸਿੱਧੀ ਮਤਿ ਸਮਝਾਉਂਦੀ ਹੈ। ਪੁੱਠੀ ਮਤਿ ਨਾਲ ਚਲ ਕੇ ਅਸੀਂ ਭਗਤੀ ਤੋਂ ਉਲਟ ਮਾਰਗ ਤੇ ਹੀ ਚਲਾਂਗੇ ਭਾਵ ਪੁੱਠੇ ਮਾਰਗ ਤੇ ਹੀ ਚਲਾਂਗੇ ਜਿਵੇਂ ਕਿ ਉਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਪੁੱਠੀ ਮਤਿ ਦੁਆਰਾ ਪ੍ਰਮਾਤਮਾ ਨੂੰ ਪਾਉਣ ਦੀ ਗੱਲ ਕਰਨੀ ਜਾਂ ਪ੍ਰਮਾਤਮਾ ਨੂੰ ਪਾਉਣ ਦੀ ਉਮੀਦ ਰੱਖਣੀ ਇਤਨੀ ਬੇਤੁਕੀ ਗੱਲ ਹੈ ਜਿਵੇਂ ਕਿ ਇੱਕ ਬੈਲ ਨੂੰ ਨੇੜਾ ਪਾ ਕੇ ਉਸ ਵਿਚੋਂ ਦੁੱਧ ਚੋਣਾ। ਬੈਲ ਕਦੇ ਦੁੱਧ ਨਹੀਂ ਦੇ ਸਕਦਾ ਭਾਵ ਬਿਲਕੁੱਲ ਹੀ ਝੂਠੀ ਆਸ ਹੈ ਭਾਵ ਸਾਡੇ ਅੰਦਰ ਭਰਮ ਦੀ ਨਿਸ਼ਾਨੀ ਹੈ। ਜਿਵੇਂ ਬੈਲ ਕੋਲੋਂ ਕਦੇ ਦੁੱਧ ਦੀ ਪ੍ਰਾਪਤੀ ਨਹੀਂ ਹੋ ਸਕਦੀ ਉਸੇ ਤਰ੍ਹਾਂ ਮਨਮਤਿ ਨਾਲ ਜੁੜ ਕੇ ਕਦੇ ਪ੍ਰਮਾਤਮਾ ਦੇ ਨਾਲ ਮੇਲ ਦੇ ਫਲ ਦੀ ਪ੍ਰਾਪਤੀ ਨਹੀਂ ਹੋ ਸਕਦੀ। (**ਬੈਲ ਕਉ ਨੇੜਾ ਪਾਇ ਦੁਹਾਵੈ ॥**)

37/4529

ਇਸੇ ਤਰ੍ਹਾਂ ਅਗਲੀ ਪੰਗਤੀ ਰਾਹੀਂ ਸਾਡਾ ਇਹ ਭਰਮ ਦੂਸਰੇ ਤਰੀਕੇ ਨਾਲ ਕੱਢਿਆ ਹੋਇਆ ਹੈ ਭਾਵ ਸਾਡੀ ਪੁੱਠੀ ਮਤਿ ਦਾ ਨਤੀਜਾ ਦੂਸਰੇ ਤਰੀਕੇ ਸਮਝਾਇਆ ਹੋਇਆ ਹੈ।

“ਗਊ ਚਰਿ ਸਿੰਘ ਪਾਛੈ ਪਾਵੈ ॥੨॥”

ਸ਼ੇਰ ਗਊ ਨੂੰ ਪਕੜਨ ਲਈ ਉਸ ਦੇ ਪਿੱਛੇ ਦੌੜਦਾ ਹੈ ਇਹ ਮੰਨਣ ਵਾਲੀ ਗੱਲ ਹੈ ਭਾਵ ਇਹ ਠੀਕ ਗੱਲ ਹੈ। ਪਰ ਪ੍ਰਮਾਤਮਾ ਦੀ ਭਗਤੀ ਨੂੰ ਲੈ ਕੇ ਜੋ ਆਪਣੀ ਪੁੱਠੀ ਮਤਿ ਨਾਲ ਜੁੜੇ ਹੋਏ ਹਨ ਉਹ ਭਗਤੀ ਦੇ ਮਾਰਗ ਦੀ ਪੁੱਠੀ ਗੱਲ ਹੀ ਸਮਝਾਉਂਦੇ ਹਨ, ਪ੍ਰਮਾਤਮਾ ਨੂੰ ਪੁੱਠੀ ਮਤਿ ਨਾਲ ਪਾਉਣਾ ਚਾਹੁੰਦੇ ਹਨ, ਬੇਤੁਕੀ ਗੱਲ ਨਾਲ ਪਾਉਣਾ ਚਾਹੁੰਦੇ ਹਨ ਜਿਸ ਵਿਚ ਸੱਚ ਨਹੀਂ ਹੈ ਭਾਵ ਝੂਠ ਹੈ। ਜਿਵੇਂ ਕੋਈ ਗਾਂ ਦੇ ਉਪਰ ਬੈਠ ਕੇ ਉਸ ਨੂੰ ਸ਼ੇਰ ਦੇ ਪਿੱਛੇ ਭਜਾਕੇ ਸ਼ੇਰ ਨੂੰ ਫੜਨ ਦੀ ਗੱਲ ਕਰੇ ਇਹ ਕਿਤਨੀ ਬੇਤੁਕੀ ਗੱਲ ਹੈ ਭਾਵ ਝੂਠੀ ਗੱਲ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਜੇਕਰ ਗਊ ਤੇ ਚੜਕੇ ਸ਼ੇਰ ਦੇ ਪਿੱਛੇ ਭਜਾ ਕੇ ਸ਼ੇਰ ਨੂੰ ਨਹੀਂ ਪਕੜਿਆ ਜਾ ਸਕਦਾ ਇਸੇ ਤਰ੍ਹਾਂ ਸਾਕਤ ਵਾਲੀ ਮਤਿ ਵਿਚ ਰਹਿੰਦੇ ਹੋਏ ਗੁਰਮਤਿ ਦੇ ਦਾਤੇ, ਗੁਰਮਤਿ ਦੇ ਗਿਆਨੀ, ਸੱਚੇ ਗਿਆਨ ਦੇ ਦਾਤੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਮਨਮਤਿ ਵਿਚ ਰਹਿੰਦੇ ਹੋਏ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਤੇ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ ਭਾਵ ਮਨਮਤਿ ਛੱਡੇ ਬਿਨਾ ਪ੍ਰਮਾਤਮਾ ਨੂੰ ਪਾਉਣਾ ਨਾਮੁਮਕਿਨ ਹੈ, ਹਉਮੈ ਛੱਡੇ ਬਿਨਾ ਨਾਮ ਦੀ ਪ੍ਰਾਪਤੀ ਕਰਨਾ ਨਾਮੁਮਕਿਨ ਹੈ। (**ਬੈਲ ਕਉ ਨੇੜਾ ਪਾਇ ਦੁਹਾਵੈ ॥ ਗਊ ਚਰਿ ਸਿੰਘ ਪਾਛੈ ਪਾਵੈ ॥੨॥**)

ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਸੇ ਤਰ੍ਹਾਂ ਹੋਰ ਸੁਚੇਤ ਕੀਤਾ ਹੋਇਆ ਹੈ ਕਿ ਜਿਸ ਚੀਜ ਦੀ ਪ੍ਰਾਪਤੀ ਲਈ ਅਸੀਂ ਸੰਸਾਰ ਵਿੱਚ ਆਏ ਹਾਂ ਉਹ ਪ੍ਰਾਪਤੀ ਮਨ ਦੀ ਪੁੱਠੀ ਮਤਿ ਦੇ ਪਿਛੇ ਲੱਗ ਕੇ ਨਹੀਂ ਹੋ ਸਕਦੀ। ਸਾਡੀ ਭਗਤੀ ਦਾ ਮਕਸਦ ਇਸ ਜੀਵਨ ਦੇ ਮਨੋਰਥ ਨੂੰ ਪੂਰਾ ਕਰਨ ਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਹੈ। ਇਸ ਮਨੋਰਥ ਦੀ ਪੂਰਤੀ ਮਨਮਤਿ ਛਡੇ ਬਿਨਾ ਨਹੀਂ ਹੋ ਸਕਦੀ ਜੋ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ।

37/4530

“ਗਾਡਰ ਲੇ ਕਾਮਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥”

ਪ੍ਰਮਾਤਮਾ ਦੀ ਭਗਤੀ ਜੋ ਵੀ ਕਰਦਾ ਹੈ ਉਹ ਕਿਸੇ ਮਕਸਦ ਲਈ ਕਰਦਾ ਹੈ, ਕਿਸੇ ਫਲ ਦੀ ਪ੍ਰਾਪਤੀ ਲਈ ਕਰਦਾ ਹੈ। ਪ੍ਰਮਾਤਮਾ ਦੀ ਭਗਤੀ ਦਾ ਸੱਚਾ ਮਕਸਦ ਪ੍ਰਮਾਤਮਾ ਦੇ ਨਾਲ ਮੇਲ ਰੂਪ ਫਲ ਦੀ ਪ੍ਰਾਪਤੀ ਹੈ। ਹਿੰਦੂ ਧਰਮ ਵਿੱਚ ਆਸਥਾ ਰੱਖਣ ਵਾਲਿਆਂ ਲਈ **“ਕਾਮਧੇਨੁ”** ਦੀ ਪ੍ਰਾਪਤੀ ਭਗਤੀ ਦੇ ਫਲ ਦੀ ਪ੍ਰਾਪਤੀ ਮੰਨਿਆ ਜਾਂਦਾ ਹੈ ਜਿਸ ਨੂੰ ਕਿ ਮਨ ਦੀਆਂ ਇਛਾਵਾਂ ਦੀ ਪ੍ਰਾਪਤੀ ਨਾਲ ਜੋੜਿਆ ਹੋਇਆ ਹੈ। **“ਕਾਮਧੇਨੁ”** ਨੂੰ ਗਊ ਰੂਪ ਸਮਝਿਆ ਜਾਂਦਾ ਹੈ ਜੋ ਸਭ ਦੀਆਂ ਇਛਾਵਾਂ ਪੂਰੀਆਂ ਕਰਦੀ ਹੈ। ਸਭ ਦੀਆਂ ਇਛਾਵਾਂ ਪੂਰੀਆਂ ਕਰਨ ਵਾਲਾ ਤਾਂ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਨਹੀਂ ਹੈ। **“ਕਾਮਧੇਨੁ”** ਦੀ ਪ੍ਰਾਪਤੀ ਕੀ ਹੈ ਗੁਰਬਾਣੀ ਰਾਹੀਂ ਇਹ ਗੱਲ ਵੀ ਸਮਝਾਈ ਹੋਈ ਹੈ। ਗੁਰਬਾਣੀ ਨੇ ਸਾਡੇ ਸਭ ਦੇ ਭਰਮ ਹੀ ਕੱਢੇ ਹੋਏ ਹਨ ਭਾਵ ਹਰ ਕਿਸੇ ਨੂੰ ਉਸ ਤਰੀਕੇ ਨਾਲ ਸਮਝਾਇਆ ਹੈ ਜਿਸ ਤਰੀਕੇ ਉਹ ਆਪਣੀ ਆਪਣੀ ਆਸਥਾ ਅਨੁਸਾਰ ਸਮਝ ਸਕੇ। ਬਾਣੀ ਰਾਹੀਂ **“ਕਾਮਧੇਨੁ”** ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿਚ ਹੀ ਸਮਝਾਈ ਹੋਈ ਹੈ ਭਾਵ **“ਕਾਮਧੇਨੁ”** ਆਪਣੇ ਆਪ ਵਿਚ ਕੋਈ ਵੱਖਰੀ ਹੋਂਦ ਨਹੀਂ ਹੈ। ਇਸੇ ਤਰ੍ਹਾਂ **“ਪਾਰਜਾਤੁ”** ਦੀ ਗੱਲ ਵੀ ਸਮਝਾਈ ਹੋਈ ਹੈ। **“ਪਾਰਜਾਤੁ”** ਨੂੰ ਕੋਈ ਸਵਰਗ ਦਾ ਰੁੱਖ ਸਮਝਿਆ ਜਾਂਦਾ ਹੈ ਜਿਸ ਨਾਲ ਮਨੁੱਖ ਦੇ ਮਨ ਦੀਆਂ ਇਛਾਵਾਂ ਪੂਰੀਆਂ ਹੁੰਦੀਆਂ ਹਨ। ਬਾਣੀ ਰਾਹੀਂ ਪ੍ਰਮਾਤਮਾ ਦੇ ਨਾਮ ਨੂੰ ਹੀ **“ਪਾਰਜਾਤੁ”** ਰੁੱਖ ਕਿਹਾ ਹੈ, **“ਕਾਮਧੇਨੁ”** ਨੂੰ ਵੀ ਪ੍ਰਮਾਤਮਾ ਦਾ ਨਾਮ ਰੂਪ ਕਿਹਾ ਹੈ ਭਾਵ ਪ੍ਰਮਾਤਮਾ ਦਾ ਸੱਚਾ ਗਿਆਨ ਹੀ **“ਕਾਮਧੇਨੁ”** ਹੈ, **“ਪਾਰਜਾਤੁ”** ਹੈ ਜਿਸ ਰਾਹੀਂ ਮਨੁੱਖ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ, ਜਿਸ ਰਾਹੀਂ ਮਨੁੱਖ ਦੀ ਹਰ ਇੱਛਾ ਪੂਰੀ ਹੋ ਜਾਂਦੀ ਹੈ। ਇਸ ਗੱਲ ਨੂੰ ਸ਼ਬਦਾਂ ਦੀਆਂ ਕੁਝ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥
ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥
ਨਾਮ ਕੀ ਮਹਿਮਾ ਸੰਤ ਰਿਦ ਵਸੈ ॥ ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥
ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥
ਨਾਮ ਤੁਲਿ ਕਛੁ ਅਵਰੁ ਨ ਹੋਇ ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥}

(ਅੰਗ - ੨੬੫)

37/4531

{ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ॥
ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ ॥੧॥}

(ਅੰਗ - ੬੫੮)

{ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥}

(ਅੰਗ - ੬੬੯)

{ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥

ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ ॥੨॥੧੦॥੨੯॥}

(ਅੰਗ - ੭੧੭)

{ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨੁ ਸੋਹੀ ਦਰਬਾਰੇ ॥
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥੬॥}

(ਅੰਗ - ੧੦੭੮)

ਸਾਰਗ ਮਹਲਾ ੫ ਅਸਟਪਦੀ ਘਰੁ ੬

ੴ ਸਤਿਗੁਰ ਪ੍ਰਸਾਦਿ ॥

{ਅਗਮ ਅਗਾਧਿ ਸੁਨਹੁ ਜਨ ਕਥਾ ॥ ਪਾਰਬ੍ਰਹਮ ਕੀ ਅਚਰਜ ਸਭਾ ॥੧॥ ਰਹਾਉ ॥
ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥
ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥੧॥
ਮਿਤਿ ਨਾਹੀ ਜਾ ਕਾ ਬਿਸਥਾਰੁ ॥ ਸੋਭਾ ਤਾ ਕੀ ਅਪਰ ਅਪਾਰ ॥
ਅਨਿਕ ਰੰਗ ਜਾ ਕੇ ਗਨੇ ਨ ਜਾਹਿ ॥ ਸੋਗ ਹਰਖ ਦੁਹਹੂ ਮਹਿ ਨਾਹਿ ॥੨॥
ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥ ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥
ਅਨਿਕ ਪੁਰਖ ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ ਦਰਬਾਰ ॥੩॥
ਅਨਿਕ ਪਵਨ ਪਾਵਕ ਅਰੁ ਨੀਰ ॥ ਅਨਿਕ ਰਤਨ ਸਾਗਰ ਦਧਿ ਖੀਰ ॥
ਅਨਿਕ ਸੂਰ ਸਸੀਅਰ ਨਖਿਆਤਿ ॥ ਅਨਿਕ ਦੇਵੀ ਦੇਵਾ ਬਹੁ ਭਾਂਤਿ ॥੪॥
ਅਨਿਕ ਬਸੁਧਾ ਅਨਿਕ ਕਾਮਧੇਨ ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥
ਅਨਿਕ ਅਕਾਸ ਅਨਿਕ ਪਾਤਾਲ ॥ ਅਨਿਕ ਮੁਖੀ ਜਪੀਐ ਗੋਪਾਲ ॥੫॥
ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥ ਅਨਿਕ ਜੁਗਤਿ ਹੋਵਤ ਬਖਿਆਨ ॥
ਅਨਿਕ ਸਰੋਤੇ ਸੁਨਹਿ ਨਿਧਾਨ ॥ ਸਰਬ ਜੀਅ ਪੂਰਨ ਭਗਵਾਨ ॥੬॥
ਅਨਿਕ ਧਰਮ ਅਨਿਕ ਕੁਮੇਰ ॥ ਅਨਿਕ ਬਰਨ ਅਨਿਕ ਕਨਿਕ ਸੁਮੇਰ ॥
ਅਨਿਕ ਸੇਖ ਨਵਤਨ ਨਾਮੁ ਲੇਹਿ ॥ ਪਾਰਬ੍ਰਹਮ ਕਾ ਅੰਤੁ ਨ ਤੇਹਿ ॥੭॥
ਅਨਿਕ ਪੁਰੀਆ ਅਨਿਕ ਤਹ ਖੰਡ ॥ ਅਨਿਕ ਰੂਪ ਰੰਗ ਬ੍ਰਹਮੰਡ ॥
ਅਨਿਕ ਬਨਾ ਅਨਿਕ ਫਲ ਮੂਲ ॥ ਆਪਹਿ ਸੂਖਮ ਆਪਹਿ ਅਸਥੂਲ ॥੮॥
ਅਨਿਕ ਜੁਗਾਦਿ ਦਿਨਸ ਅਰੁ ਰਾਤਿ ॥ ਅਨਿਕ ਪਰਲਉ ਅਨਿਕ ਉਤਪਾਤਿ ॥
ਅਨਿਕ ਜੀਅ ਜਾ ਕੇ ਗ੍ਰਿਹ ਮਾਹਿ ॥ ਰਮਤ ਰਾਮ ਪੂਰਨ ਸ੍ਰਬ ਠਾਂਇ ॥੯॥
ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥ ਅਨਿਕ ਕਲਾ ਖੇਲੈ ਹਰਿ ਰਾਇ ॥
ਅਨਿਕ ਧੁਨਿਤ ਲਲਿਤ ਸੰਗੀਤ ॥ ਅਨਿਕ ਗੁਪਤ ਪ੍ਰਗਟੇ ਤਹ ਚੀਤ ॥੧੦॥
ਸਭ ਤੇ ਊਚ ਭਗਤ ਜਾ ਕੈ ਸੰਗਿ ॥ ਆਠ ਪਹਰ ਗੁਨ ਗਾਵਹਿ ਰੰਗਿ ॥
ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥੧੧॥
ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥

ਅਪੁਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥
ਕ੍ਰਿਪਾ ਨਿਧਾਨ ਨਾਨਕ ਦਇਆਲ ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥}

(ਅੰਗ ੧੨੩੫-੧੨੩੬)

"ਕਾਮਧੇਨੁ" ਕੀ ਹੈ, **"ਪਾਰਜਾਤੁ"** ਕੀ ਹੈ ਇਸ ਗੱਲ ਨੂੰ ਉਪਰ ਦਿੱਤੇ ਸ਼ਬਦਾਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਭਾਵ ਸਭ ਕੁਝ ਪ੍ਰਮਾਤਮਾ ਦੇ ਮੇਲ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿਚ ਗਿਆਨ ਦੇ ਪ੍ਰਕਾਸ਼ ਨਾਲ ਜੁੜਿਆ ਹੋਇਆ ਹੈ ਜਿਸ ਰਾਹੀਂ ਸਾਡੇ ਮਨ ਦੀ ਅਗਿਆਨਤਾ ਦੂਰ ਹੁੰਦੀ ਹੈ।

"ਕਾਮਧੇਨੁ" ਨੂੰ ਹਿੰਦੂ ਮਤਿ ਵਿਚ ਸਵਰਗ ਦੀ ਗਊ ਸਮਝ ਕੇ ਪੂਜਿਆ ਜਾਂਦਾ ਹੈ, ਉਸ ਦੀ ਪ੍ਰਾਪਤੀ ਲਈ ਪੂਜਿਆ ਜਾਂਦਾ ਹੈ ਜਿਸ ਰਾਹੀਂ ਸਾਡਾ ਭਰਮ ਕਢਿਆ ਹੋਇਆ ਹੈ। ਜਿਸ ਚੀਜ ਦੀ ਅਸੀਂ ਪ੍ਰਾਪਤੀ ਕਰਨਾ ਚਾਹੁੰਦੇ ਹਾਂ ਜੇਕਰ ਉਸੇ ਚੀਜ ਨੂੰ ਪੂਜਾਂਗੇ ਤੇ ਤਾਂ ਹੀ ਉਸ ਚੀਜ ਦੀ ਪ੍ਰਾਪਤੀ ਹੋਵੇਗੀ। ਪ੍ਰਾਪਤੀ ਤਾਂ ਅਸੀਂ ''ਕਾਮਧੇਨੁ'' ਦੀ ਭਾਵ ਗਊ ਦੀ ਕਰਨੀ ਚਾਹੁੰਦੇ ਹਾਂ ਪਰ

37/4532

ਉਸ ਦੀ ਜਗਾ ਜੇਕਰ **"ਗਾਡਰ"** ਨੂੰ ਭਾਵ ਭੇਡ ਨੂੰ ਪੂਜੀ ਜਾਵਾਂਗੇ ਤਾਂ ਫਿਰ ਕੀ ਅਸੀਂ **"ਕਾਮਧੇਨੁ"** ਦੀ ਪ੍ਰਾਪਤੀ ਕਰ ਸਕਦੇ ਹਾਂ ਭਾਵ ਅਸੀਂ ਪੁਠੀ ਪੂਜਾ ਵਿੱਚ ਲੱਗੇ ਹੋਏ ਹਾਂ ਭਾਵ ਸਾਨੂੰ ਪੂਜਾ ਦੀ ਸਮਝ ਹੀ ਨਹੀਂ ਹੈ। ਭਗਤੀ ਦਾ ਮਾਰਗ ਤਾਂ ਪ੍ਰਮਾਤਮਾ ਦੇ ਨਾਲ ਮੇਲ ਦਾ ਹੈ ਜਿਸ ਦੁਆਰਾ ਮਨੁੱਖ ਦੀ ਹਰ ਇੱਛਾ ਪੂਰੀ ਹੁੰਦੀ ਹੈ ਪਰ ਜੇਕਰ ਪੁੱਠੀ ਭਗਤੀ ਕਰੀ ਜਾਵਾਂਗੇ ਭਾਵ ਜੇਕਰ ਭਗਤੀ ਵਿੱਚ ਪੁੱਠੀ ਮਤਿ ਵਰਤਾਂਗੇ ਭਾਵ ਭਗਤੀ ਦੇ ਉਹਨਾਂ ਤਰੀਕਿਆਂ ਨੂੰ ਅਪਣਾਵਾਂਗੇ ਜਿੰਨਾ ਨਾਲ ਪ੍ਰਮਾਤਮਾ ਦੀ ਭਗਤੀ ਹੋ ਹੀ ਨਹੀਂ ਸਕਦੀ ਫਿਰ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੋ ਸਕਦਾ ਹੈ। ਸਾਕਤ ਰੂਪ ਮਨੁੱਖ ਇਹੋ ਜਿਹੀ ਭਗਤੀ ਵਿਚ ਹੀ ਲੱਗੇ ਹੋਏ ਹਨ ਜਿਸ ਦੁਆਰਾ ਉਹਨਾਂ ਦਾ ਗੁਰੂ ਪ੍ਰਮਾਤਮਾ ਦੇ ਨਾਲ ਸੰਗ ਕਿਵੇਂ ਹੋ ਸਕਦਾ ਹੈ ਭਾਵ ਮਨ ਦੇ ਭਰਮ ਤਿਆਗੇ ਬਿਨਾ, ਸ਼ਬਦ ਦੇ ਵਿਚਾਰਾਂ ਨੂੰ ਅਪਣਾਏ ਬਿਨਾ ਅਸੀਂ ਭਗਤੀ ਦੇ ਸਹੀ ਮਾਰਗ ਤੇ ਨਹੀਂ ਚਲ ਸਕਦੇ ਜੋ ਕਿ **"ਕਾਮਧੇਨੁ"** ਦੀ ਜਗਾ ਭੇਡ ਨੂੰ ਪੂੱਜਣ ਵਾਲੀ ਗੱਲ ਹੈ, ਗੁਰਮਤਿ ਤੇ ਚੱਲਣ ਦੀ ਬਜਾਏ ਮਨਮਤਿ ਤੇ ਚੱਲਣ ਵਾਲੀ ਗੱਲ ਹੈ, ਸਿੱਧੇ ਭਗਤੀ ਦੇ ਮਾਰਗ ਤੇ ਚੱਲਣ ਦੀ ਬਜਾਏ ਪੁੱਠੀ ਭਗਤੀ ਦੇ ਮਾਰਗ ਤੇ ਚੱਲਣ ਵਾਲੀ ਗੱਲ ਹੈ ਜਿਵੇਂ ਕਿ ਹਰ ਕੋਈ ਲੱਗਾ ਹੋਇਆ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਦੀ ਝੂਠੀ ਉਮੀਦ ਲਾਈ ਬੈਠਾ ਹੈ। (**ਗਾਡਰ ਲੇ ਕਾਮਧੇਨੁ ਕਰਿ ਪੂਜੀ ॥**) ਦੁਨਿਆਵੀ ਤੌਰ ਤੇ ਅਸੀਂ ਜਦੋਂ ਵੀ ਬਾਜਾਰ ਵਿਚੋਂ ਕੁਝ ਖਰੀਦਣਾ ਚਾਹੁੰਦੇ ਹਾਂ ਉਸ ਦੇ ਲਈ ਪੂੰਜੀ ਦੀ ਲੋੜ ਹੁੰਦੀ ਹੈ, ਪੈਸੇ ਦੀ, ਧਨ ਦੀ ਲੋੜ ਹੁੰਦੀ ਹੈ ਭਾਵ ਬਿਨਾ ਪੂੰਜੀ ਤੋਂ ਸਉਦਾ ਨਹੀਂ ਮਿਲਦਾ। ਇਸੇ ਤਰ੍ਹਾਂ ਭਗਤੀ ਦੇ ਮਾਰਗ ਲਈ ਵੀ ਸਾਨੂੰ ਪੂੰਜੀ ਦੀ ਲੋੜ ਹੈ ਜੋ ਪੂੰਜੀ ਖਰਚਣ ਨਾਲ ਸਾਨੂੰ ਉਸ ਸਉਦੇ ਦੀ ਪ੍ਰਾਪਤੀ ਹੁੰਦੀ ਹੈ ਜੋ ਸਉਦਾ ਲੈਣਾ ਸਾਡੇ ਜੀਵਨ ਦਾ ਮਕਸਦ ਹੈ। ਜਿਸ ਸਉਦੇ ਨੂੰ ਅਸੀਂ ਲੈਣ ਲਈ ਆਏ ਹਾਂ ਉਹ **"ਨਾਮ"** ਹੈ, ਨਾਮ ਰੂਪ ਵੱਖਰ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਮਿਲਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਮਿਲਦਾ ਹੈ, ਬ੍ਰਹਮਗਿਆਨ ਦੇ ਰੂਪ ਵਿੱਚ ਮਿਲਦਾ ਹੈ। ਇਸ ਸਉਦੇ ਦੀ ਪ੍ਰਾਪਤੀ ਕਰਨ ਲਈ ਜੋ ਪੂੰਜੀ ਹੈ ਉਹ ਸਾਨੂੰ ਗੁਰੂ ਦੇ ਘਰ ਵਿੱਚੋਂ ਮਿਲਦੀ ਹੈ। ਗੁਰੂ ਦੇ ਘਰ ਵਿੱਚੋਂ ਗੁਰਮਤਿ ਹੀ ਮਿਲਦੀ ਹੈ। ਅਸੀਂ ਆਪਣੇ ਜੀਵਨ ਵਿੱਚ ਗੁਰਮਤਿ ਨੂੰ ਖਰਚਣਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨ ਦਾ ਉੱਦਮ

37/4533

ਕਰਨਾ ਹੈ। ਸਾਡਾ ਇਹ ਸੱਚਾ ਉਦਮ ਹੀ ਪ੍ਰਮਾਤਮਾ ਦੀ ਭਗਤੀ ਕਰਨ ਦਾ ਮਾਰਗ ਹੈ। ਇਹ ਪੂੰਜੀ ਅਸੀਂ ਆਪਣੇ ਮਨ ਦੇ ਵਿੱਚ ਇਕੱਠੀ ਕਰਨੀ ਹੈ ਜੋ ਸਾਡਾ ਸੱਚਾ ਧਨ ਹੈ। ਇਹ ਧਨ ਗੁਰੂ ਦੇ ਸੱਚੇ ਗਿਆਨ ਦੇ ਰੂਪ ਵਿਚ ਹੈ। ਇਹ ਧਨ ਸਾਡੇ ਅੰਦਰ ਤਾਂ ਹੀ ਟਿਕੇਗਾ ਜੇਕਰ ਸਾਡੇ ਅੰਦਰੋਂ ਪਹਿਲਾਂ ਖੋਟਾ ਧਨ ਨਿਕਲੇਗਾ, ਝੂਠਾ ਧਨ ਨਿਕਲੇਗਾ, ਬਿਖ ਵਾਲਾ ਧਨ ਨਿਕਲੇਗਾ ਜੋ ਕਿ ਸਾਡੇ ਸਭ ਦੇ ਅੰਦਰ ਮਨਮਤਿ ਦੇ ਰੂਪ ਵਿਚ ਹੈ, ਮਾਇਆ ਮੋਹ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ ਜੋ ਸਾਨੂੰ ਹਰ ਵੇਲੇ ਤ੍ਰਿਸ਼ਨਾਵਾਂ ਦੇ ਨਾਲ ਜੋੜ ਕੇ ਰਖਦਾ ਹੈ। ਜਦ ਤਕ ਅਸੀਂ ਗੁਰਮਤਿ ਰੂਪ ਸੱਚੇ ਧਨ ਨੂੰ ਆਪਣੇ ਅੰਦਰ ਨਹੀਂ ਵਸਾਉਂਦੇ ਤਦ ਤਕ ਅਸੀਂ ਆਪਣੀ ਸੰਸਾਰਕ ਵਿਚਰਨ ਵਿਚ ਮਨਮਤਿ ਵਾਲਾ ਧਨ ਹੀ ਖਰਚਦੇ ਹਾਂ ਜਿਸ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ, ਅਉਗਣਾਂ ਦੀ ਓਟ ਲੈਂਦੇ ਹਾਂ। ਇਸ ਮਨ ਦੇ ਖੋਟੇ ਧਨ ਦੇ ਪਿੱਛੇ ਸਾਡੇ ਮਨ ਦੀ ਖੋਟੀ ਮਤਿ ਹੈ ਜਿਸ ਮਤਿ ਨੂੰ ਖਰੀ ਬਣਾਉਣ ਲਈ ਸਾਨੂੰ ਆਪਣੇ ਅੰਦਰ ਸ਼ਬਦ ਦੇ ਵਿਚਾਰਾਂ ਨੂੰ ਭਾਵ ਨਾਮ ਵਾਲੇ ਵਿਚਾਰਾਂ ਨੂੰ ਵਸਾਉਣ ਦੀ ਲੋੜ ਹੈ, ਗੁਰੂ ਦੇ ਸੱਚੇ ਗਿਆਨ

ਵਾਲੀ ਮਤਿ ਨੂੰ ਵਸਾਉਣ ਦੀ ਲੋੜ ਹੈ। ਗੁਰਮਤਿ ਰੂਪ ਸੱਚੇ ਗਿਆਨ ਵਾਲੀ ਮਤਿ ਸਾਡੀ ਸੱਚੀ ਰਾਸਿ ਹੈ, ਸੱਚੀ ਪੂੰਜੀ ਹੈ ਜਿਸ ਨੂੰ ਖਰਚਣ ਦੁਆਰਾ ਅਸੀਂ ਭਗਤੀ ਦੇ ਮਾਰਗ ਤੇ ਚਲ ਸਕਦੇ ਹਾਂ ਜੋ ਕਿ ਗੁਰਮਤਿ ਅਨੁਸਾਰ ਵਿਚਰਨ ਦਾ ਹੈ। ਸਾਡੀ ਹਰ ਵਿਚਰਨ ਵਿਚ ਇਸ ਸੱਚੀ ਪੂੰਜੀ ਦੀ ਲੋੜ ਹੈ। ਜੋ ਸਉਦਾ ਲੈਣ ਲਈ ਅਸੀਂ ਇਸ ਸੰਸਾਰ ਵਿਚ ਆਏ ਹਾਂ ਉਹ ਇਹੋ ਜਿਹੀ ਪੂੰਜੀ ਖਰਚਣ ਦੁਆਰਾ ਮਿਲਦਾ ਹੈ। ਇਹ ਪੂੰਜੀ ਖਰਚਣ ਦੁਆਰਾ ਸਾਨੂੰ ਜੋ ਪ੍ਰਾਪਤੀ ਹੁੰਦੀ ਹੈ ਉਹ ਇਸ ਪੂੰਜੀ ਦੇ ਮਾਲਕ ਦੇ ਨਾਲ ਹੁੰਦੀ ਹੈ। ਅਸੀਂ ਇਸ ਪੂੰਜੀ ਨੂੰ ਖਰਚਣ ਦਾ ਉਦਮ ਹੀ ਕਰਨਾ ਹੈ ਤੇ ਜਦੋਂ ਇਸ ਪੂੰਜੀ ਦੇ ਮਾਲਕ ਨਾਲ ਸਾਡਾ ਮਨ ਦੇ ਵਿਚ ਮੇਲ ਹੋ ਜਾਂਦਾ ਹੈ ਫਿਰ ਉਹ ਸਾਨੂੰ ਆਪਣੀ ਇਸ ਪੂੰਜੀ ਨਾਲ ਮਾਲਾ ਮਾਲ ਕਰ ਦਿੰਦਾ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਨਾਲ ਭਾਵ ਸੱਚੇ ਧਨ ਨਾਲ, ਨਾਮ ਧਨ ਨਾਲ ਮਾਲਾ ਮਾਲ ਕਰ ਦਿੰਦਾ ਹੈ। ਨਾਮ ਦੇ ਮਾਰਗ ਤੇ ਚਲਣ ਦੁਆਰਾ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਪ੍ਰਮਾਤਮਾ ਦੀ ਗੁਰਬਾਣੀ ਰਾਹੀਂ ਦਿੱਤੀ ਹੋਈ ਸੱਚੀ ਸਿਖਿਆ ਅਨੁਸਾਰ ਵਿਚਰਨ ਦੁਆਰਾ ਹੀ ਉਸ ਸੱਚੀ ਸਿਖਿਆ ਦੇ ਮਾਲਕ ਦੇ ਨਾਲ ਮੇਲ ਹੁੰਦਾ ਹੈ,

37/4534

ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਇਸ ਪੂੰਜੀ ਨੂੰ ਪ੍ਰਾਪਤ ਕਰਨ ਲਈ ਰਾਮ ਨਾਮ ਨੂੰ ਜਪੋ ਭਾਵ ਗੁਰੂ ਦੀ ਸੱਚੀ ਸਿਖਿਆ ਨੂੰ ਆਪਣੇ ਅੰਦਰ ਵਸਾਓ ਜਿਸ ਪੂੰਜੀ ਨੂੰ ਆਪਣੇ ਅੰਦਰ ਇਕੱਠਾ ਕਰਨ ਨਾਲ ਸਾਨੂੰ ਉਸ ਸਉਦੇ ਦੀ ਪ੍ਰਾਪਤੀ ਹੁੰਦੀ ਹੈ ਜੋ ਸਉਦਾ ਪ੍ਰਾਪਤ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਸਾਰੀ ਗੱਲ ਆਪਣੀ ਪੁੱਠੀ ਮਤਿ ਨੂੰ ਛੱਡ ਕੇ ਭਾਵ ਮਨਮਤਿ ਨੂੰ ਛੱਡ ਕੇ ਭਾਵ ਝੂਠੀ ਪੂੰਜੀ ਨੂੰ ਛੱਡ ਕੇ ਸੱਚੀ ਪੂੰਜੀ ਨੂੰ ਆਪਣੇ ਅੰਦਰ ਵਸਾਉਣ ਦੀ ਹੈ ਜੋ ਕਿ ਭਗਤੀ ਦਾ ਸੱਚਾ ਮਾਰਗ ਹੈ ਜਿਸ ਰਾਹੀਂ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਸੰਗ ਹੋ ਸਕਦਾ ਹੈ, ਗੁਰੂ ਦੇ ਦਾਸ ਰੂਪ ਨਾਲ ਸਾਡਾ ਸੰਗ ਹੋ ਸਕਦਾ ਹੈ ਭਾਵ ਜਿਸ ਰਾਹੀਂ ਅਸੀਂ ਪ੍ਰਮਾਤਮਾ ਦੇ ਦਾਸ ਰੂਪ ਬਣ ਸਕਦੇ ਹਾਂ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਸਾਡਾ ਸੱਚਾ ਮਿੱਤਰ ਭਾਵ ਭਗਤੀ ਦੇ ਮਾਰਗ ਦਾ ਸੱਚਾ ਮਿੱਤਰ ਕੇਵਲ ਤੇ ਕੇਵਲ ਗੁਰੂ ਪ੍ਰਮਾਤਮਾ ਹੈ ਭਾਵ ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਹੈ। ਜਦੋਂ ਅਸੀਂ ਗੁਰੂ ਦੀ ਮਤਿ ਨੂੰ ਆਪਣਾ ਮਿੱਤਰ ਬਣਾਵਾਂਗੇ ਫਿਰ ਤਾਂ ਹੀ ਅਸੀਂ ਸੱਚੀ ਪੂੰਜੀ ਨੂੰ ਆਪਣੇ ਅੰਦਰ ਵੱਸਾ ਸਕਾਂਗੇ। ਭਗਤੀ ਦੇ ਮਾਰਗ ਦੀ ਸਿਖਿਆ ਲੈਣ ਲਈ ਅਸੀਂ ਅਨੇਕਾਂ ਹੀ ਮਿੱਤਰ ਬਣਾਏ ਹੋਏ ਹਨ ਜਿੰਨਾ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ। ਉਹਨਾਂ ਦੀ ਮਤਿ ਨੂੰ ਛੱਡੇ ਬਿਨਾ ਸਾਡੇ ਅੰਦਰੋਂ ਸਾਕਤ ਵਾਲੀ ਬਿਰਤੀ ਨਹੀਂ ਜਾ ਸਕਦੀ ਤੇ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ ਭਾਵ ਸਾਨੂੰ ਉਸ ਸਉਦੇ ਦੀ ਪ੍ਰਾਪਤੀ ਨਹੀਂ ਹੋ ਸਕਦੀ ਜੋ ਸਉਦਾ ਸਾਡੇ ਜੀਵਨ ਦਾ ਮਕਸਦ ਹੈ। (**ਗਾਡਰ ਲੇ ਕਾਮਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥ ਨਾਨਕ ਰਾਮ ਨਾਮੁ ਜਪਿ ਚੀਤ ॥ ਸਿਮਰਿ ਸੁਆਮੀ ਹਰਿ ਸਾ ਮੀਤ ॥੪॥੯੧॥੧੬੦॥**)

{ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥}

(ਅੰਗ ੧੧੦੧-੧੧੦੨)

37/4535

{ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥
ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥}

(ਅੰਗ - ੯੮੦)

ਬਾਣੀ ਸਾਨੂੰ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਇਹ ਗੱਲ ਸਮਝਾ ਰਹੀ ਹੈ ਕਿ ਪ੍ਰਮਾਤਮਾ ਨੂੰ ਮਨੁੱਖ ਦੀ ਭਰਮ ਵਾਲੀ ਮਤਿ ਦੁਆਰਾ ਵਿਚਰਨ ਨਾਲ ਨਹੀਂ ਪਾਇਆ ਜਾ ਸਕਦਾ। ਜੇਕਰ ਮਨੁੱਖੀ ਮਤਿ ਦੁਆਰਾ ਪ੍ਰਮਾਤਮਾ ਨੂੰ ਕੋਈ ਪਾ ਸਕਦਾ ਤਾਂ ਫਿਰ ਗੁਰੂ ਨੂੰ ਆਪਣੀ ਮਤਿ ਦੇਣ ਦਾ ਮਕਸਦ ਹੀ ਕੀ ਰਹਿ ਜਾਂਦਾ ਹੈ। ਜਿਸ ਗੁਰੂ ਪ੍ਰਮਾਤਮਾ ਨੂੰ ਅਸੀਂ ਪਾਉਣਾ ਚਾਹੁੰਦੇ ਹਾਂ ਜੇਕਰ ਉਸਦੀ ਮਤਿ ਨੂੰ ਨਹੀਂ ਮੰਨਾਂਗੇ ਤਾਂ ਫਿਰ ਕਦੇ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਕੀ ਕਦੇ ਉਸਦੇ ਨਾਲ ਸਾਡਾ ਸੰਗ ਹੋ ਸਕਦਾ ਹੈ ਭਾਵ ਕਦੇ ਨਹੀਂ ਹੋ ਸਕਦਾ। ਪ੍ਰਮਾਤਮਾ ਦੇ ਨਾਲ ਸਾਡਾ ਸੰਗ ਮਨ ਦੇ ਵਿੱਚ ਹੋਣਾ ਹੈ ਤੇ ਮਨ ਦੇ ਵਿੱਚ ਕੇਵਲ ਵਿਚਾਰ ਹੀ ਹੁੰਦੇ ਹਨ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ। ਵਿਚਾਰਾਂ ਦਾ ਮੇਲ ਦੂਸਰੇ ਵਿਚਾਰਾਂ ਦੇ ਨਾਲ ਤਾਂ ਹੀ ਹੁੰਦਾ ਹੈ ਜਦੋਂ ਦੋਨਾ ਦੇ ਵਿਚਾਰ ਆਪਸ ਵਿਚ ਰਲ ਜਾਣ ਭਾਵ ਇੱਕ ਹੋ ਜਾਣ। ਸਾਡਾ ਪ੍ਰਮਾਤਮਾ ਦੇ ਨਾਲ ਇਕ ਹੋਣਾ ਮਨ ਦੇ ਵਿਚਾਰਾਂ ਰਾਹੀਂ ਇਕ ਹੋਣਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਵਿਚਾਰਾਂ ਰਾਹੀਂ ਹੈ, ਸ਼ਬਦ ਰੂਪ ਵਿਚਾਰਾਂ ਰਾਹੀਂ ਹੈ। ਅਸੀਂ ਇਹਨਾਂ ਸ਼ਬਦ ਦੇ ਵਿਚਾਰਾਂ ਰਾਹੀਂ ਹੀ ਪ੍ਰਮਾਤਮਾ ਦੇ ਨਾਲ ਇਕ ਹੋਣਾ ਹੈ। ਸ਼ਬਦ ਦੇ ਵਿਚਾਰਾਂ ਨਾਲ ਇਕ ਹੋਣ ਦਾ ਇਕੋ ਇਕ ਤਰੀਕਾ ਇਹੀ ਹੈ ਕਿ ਅਸੀਂ ਆਪਣੀ ਮਤਿ ਦੇ ਵਿਚਾਰ ਛਡੀਏ ਭਾਵ ਆਪਣੀ ਸੁਰਤਿ ਵਾਲੇ ਵਿਚਾਰਾਂ ਨੂੰ ਛਡੀਏ ਤਾਂ ਜੋ ਅਸੀਂ ਸ਼ਬਦ ਦੇ ਵਿਚਾਰਾਂ ਵਾਲੇ ਬਣ ਸਕੀਏ। ਸਾਡੀ ਸੁਰਤ ਦੇ ਵਿਚਾਰਾਂ ਦਾ ਸ਼ਬਦ ਦੇ ਵਿਚਾਰਾਂ ਨਾਲ ਇੱਕ ਹੋਣਾ ਸ਼ਬਦ ਸੁਰਤਿ ਦਾ ਮੇਲ ਹੈ ਭਾਵ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਹੈ। ਜਦ ਤਕ ਇਹ ਗੱਲ ਸਾਡੇ ਅੰਦਰ ਨਹੀਂ ਬੈਠਦੀ ਤਦ ਤਕ ਅਸੀਂ ਕਦੇ ਪ੍ਰਮਾਤਮਾ ਦੇ ਨਾਲ ਇੱਕ ਨਹੀਂ ਹੋ ਸਕਦੇ। ਸਾਨੂੰ ਗੁਰੂ ਪ੍ਰਮਾਤਮਾ ਦੇ ਭਾਵ ਸ਼ਬਦ ਦੇ ਵਿਚਾਰਾਂ ਨਾਲੋਂ ਦੂਰ ਕਰਨ ਵਾਲੇ ਉਹ ਵਿਚਾਰ ਹਨ ਜਿੰਨਾ ਨੂੰ ਅਸੀਂ ਸੱਚੇ ਵਿਚਾਰ ਮੰਨਿਆ ਹੋਇਆ ਹੈ ਪਰ ਉਹ ਵਿਚਾਰ ਸੱਚੇ ਨਹੀਂ ਹਨ। ਅਨੇਕਾਂ ਹੀ ਅਨੇਕਾਂ ਧਰਮ ਦੇ

37/4536

ਵਿਦਵਾਨ ਅਖਵਾਉਣ ਵਾਲੇ ਬਣੀ ਬੈਠੇ ਹਨ ਤੇ ਅਸੀਂ ਉਹਨਾਂ ਦੀ ਮਤਿ ਨੂੰ ਸੱਚੀ ਮਤਿ ਸਮਝ ਕੇ ਉਹਨਾਂ ਦੇ ਵਿਚਾਰਾਂ ਪਿੱਛੇ ਲੱਗ ਜਾਂਦੇ ਹਾਂ ਜੋ ਵਿਚਾਰ ਸ਼ਬਦਾਂ ਦੀ ਵਿਚਾਰ ਦੇ ਨਾਲ ਬਿਲਕੁਲ ਮੇਲ ਨਹੀਂ ਖਾਂਦੇ। ਜਿਤਨਾ ਅਸੀਂ ਸ਼ਬਦ ਦੇ ਸੱਚੇ ਵਿਚਾਰਾਂ ਤੋਂ ਦੂਰ ਹਾਂ ਉਤਨਾ ਹੀ ਅਸੀਂ ਗੁਰੂ ਪ੍ਰਮਾਤਮਾ ਤੋਂ ਦੂਰ ਹਾਂ ਭਾਵ ਜਿਤਨੀ ਜਿਸ ਦੇ ਅੰਦਰ ਮਨਮਤਿ ਜਿਆਦਾ ਹੈ ਉਤਨਾ ਹੀ ਉਹ ਗੁਰੂ ਪ੍ਰਮਾਤਮਾ ਤੋਂ ਦੂਰ ਹੈ ਕਿਉਂਕਿ ਗੁਰੂ ਪ੍ਰਮਾਤਮਾ ਹੈ ਹੀ ਅਸਲ ਵਿਚ ਗੁਰਮਤਿ ਦੇ ਰੂਪ ਵਿਚ, ਸੱਚੇ ਗਿਆਨ ਦੇ ਰੂਪ ਵਿਚ, ਨਾਮ ਦੇ ਰੂਪ ਵਿਚ ਭਾਵ ਬ੍ਰਹਮ ਗਿਆਨ ਦੇ ਰੂਪ ਵਿਚ। ਸਾਨੂੰ ਇਸੇ ਲਈ ਬਾਣੀ ਬਾਰ ਬਾਰ ਸਮਝਾ ਰਹੀ ਹੈ ਕਿ ਉਹੋ ਜਿਹਿਆਂ ਦੀ ਮਤਿ ਵਿਚੋਂ ਨਿਕਲੋ ਜੋ ਸਦੀਆਂ ਤੋਂ ਸੰਸਾਰ ਨੂੰ ਭਗਤੀ ਦੇ ਸੱਚੇ ਮਾਰਗ ਤੋਂ ਭਟਕਾਉਂਦੇ ਆ ਰਹੇ ਹਨ। ਜੋ ਆਪ ਭਟਕਿਆ ਹੋਇਆ ਹੈ ਉਹ ਦੂਸਰਿਆਂ ਨੂੰ ਭਟਕਾਉਣ ਦਾ ਕੰਮ ਹੀ ਕਰਦਾ ਹੈ ਭਾਵ ਜੋ ਆਪ ਭਰਮ ਵਿਚ ਹੈ ਉਹ ਦੂਸਰਿਆਂ ਨੂੰ ਭਰਮ ਵਿੱਚ ਹੀ ਪਾਉਂਦਾ ਹੈ। ਭਰਮ ਵਿੱਚ ਹਰ ਕੋਈ ਹੈ ਕਿਉਂਕਿ ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਤੇ ਇਸੇ ਲਈ ਸਾਨੂੰ ਕੇਵਲ ਗੁਰੂ ਦੀ ਮਤਿ ਦੇ ਪਿੱਛੇ ਲੱਗਣਾ ਚਾਹੀਦਾ ਹੈ ਜੋ ਭਰਮ ਤੋਂ ਰਹਿਤ ਹੈ। ਪਿੱਛੇ ਕੁਝ ਸ਼ਬਦਾਂ ਦੁਆਰਾ ਅਸੀਂ ਭਰਮਿਆ ਹੋਇਆਂ ਦੀ ਮਤਿ ਵਿਚ ਤੇ ਗੁਰੂ ਦੀ ਮਤਿ ਵਿਚ ਫਰਕ ਹੀ ਸਮਝਿਆ ਹੈ ਤਾਂ ਜੋ ਅਸੀਂ ਭਰਮਿਆਂ ਹੋਇਆਂ ਦੀ ਮਤਿ ਵਿਚੋਂ ਨਿਕਲੀਏ ਜਿੰਨਾ ਨੇ ਸਾਨੂੰ ਭਗਤੀ ਦਾ ਪੁੱਠਾ ਮਾਰਗ ਸਮਝਾਇਆ ਹੈ। ਉਹ ਸਿਆਣੀ ਮਤਿ ਵਾਲੇ ਨਹੀਂ ਹੁੰਦੇ ਪਰ ਪ੍ਰਗਟਾਵਾ ਗੁਰੂ ਵਰਗੀ ਸੱਚੀ ਮਤਿ ਵਾਲਾ ਹੀ ਕਰਦੇ ਹਨ। ਇਸ ਗੱਲ ਨੂੰ ਅਗਲੇ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਇਹਨਾਂ ਨੂੰ ਉੱਚੀ ਮਤਿ ਵਾਲੇ ਨਾ ਸਮਝੀਏ ਭਾਵ ਗੁਰਮਤਿ ਵਾਲੇ ਨਾ ਸਮਝੀਏ ਤੇ ਸੱਚੇ ਗੁਰੂ ਦੀ ਸੱਚੀ ਮਤਿ ਨਾਲ ਜੁੜੀਏ ਤਾਂ ਜੋ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕੀਏ।

ਮਃ ੫ ॥

“ਚੜਿ ਕੈ ਘੋੜੜੈ ਕੁੰਦੇ ਪਕੜਹਿ ਖੁੰਡੀ ਦੀ ਖੇਡਾਰੀ ॥ ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ ॥੨॥”

(ਅੰਗ - ੩੨੨)

ਉਪਰ ਵਾਲੇ ਸ਼ਬਦ ਦੇ ਲਫਜੀ ਅਰਥਾਂ ਨੂੰ ਸਮਝਣਾ ਕੋਈ

37/4537

ਅਉਖਾ ਨਹੀਂ ਹੈ ਕੋਈ ਵੀ ਸਮਝ ਸਕਦਾ ਹੈ ਭਾਵ ਤ੍ਰੈਗੁਣੀ ਮਤਿ ਨਾਲ ਕੋਈ ਵੀ ਸਮਝ ਸਕਦਾ ਹੈ। ਸਾਰੀ ਗੱਲ ਅੰਦਰ ਦੇ

ਭਾਵ ਨੂੰ ਸਮਝਣ ਦੀ ਹੁੰਦੀ ਹੈ। ਗੁਰੂ ਦੀ ਮਤਿ ਅੰਦਰ ਦੇ ਭਾਵ ਰਾਹੀਂ ਹੀ ਉੱਚੀ ਹੁੰਦੀ ਹੈ ਜਿਸ ਦੀ ਸਮਝ ਚਉਥੇ ਪਦ ਦੇ ਗਿਆਨ ਨਾਲ ਜੁੜੀ ਹੁੰਦੀ ਹੈ। ਤ੍ਰੈਗੁਣਾਂ ਵਾਲੀ ਮਤਿ ਤੇ ਚਉਥੇ ਪਦ ਦੀ ਮਤਿ ਵਿਚ ਬਹੁਤ ਵੱਡਾ ਭੇਦ ਹੁੰਦਾ ਹੈ ਜਿਸ ਦੀ ਸਮਝ **"ਸਹਜ"** ਦੀ ਅਵਸਥਾ ਦੁਆਰਾ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ, ਮਨ ਦੇ ਵਿੱਚੋਂ ਮਨ ਦੀ ਸੋਚ ਰਾਹੀਂ ਹੀ ਪੈਂਦੀ ਹੈ ਜੋ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਚਉਥੇ ਪਦ ਦਾ ਮਾਲਕ ਆਪ ਹੀ ਪਾਉਂਦਾ ਹੈ। ਉਪਰ ਸ਼ਬਦ ਰਾਹੀਂ ਸਾਨੂੰ ਤ੍ਰੈਗੁਣਾਂ ਵਾਲੀ ਮਤਿ ਤੇ ਗੁਰੂ ਦੀ ਚਉਥੇ ਪਦ ਵਾਲੀ ਮਤਿ ਦੇ ਵਿਚ ਫਰਕ ਹੀ ਸਮਝਾਇਆ ਹੋਇਆ ਹੈ। ਭਾਵੇਂ ਕੋਈ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਜਿਤਨਾ ਮਰਜੀ ਉੱਚਾ ਸਮਝੇ ਪਰ ਜਦ ਤਕ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਉਸਦੀ ਸਮਝ ਤ੍ਰੈਗੁਣਾਂ ਵਾਲੀ ਹੀ ਰਹਿੰਦੀ ਹੈ। ਉਪਰ ਸ਼ਬਦ ਰਾਹੀਂ ਸਾਨੂੰ ਇਹੋ ਜਿਹਿਆਂ ਦੀ ਮਤਿ ਹੀ ਸਮਝਾਈ ਹੋਈ ਹੈ ਜੋ ਆਪਣੀ ਮਤਿ ਨੂੰ ਗੁਰੂ ਦੀ ਮਤਿ ਵਰਗਾ ਉੱਚਾ ਸਮਝਦੇ ਹਨ। ਤ੍ਰੈ ਗੁਣਾਂ ਵਾਲੀ ਮਤਿ ਦੀ ਤੁਲਨਾ **"ਕੁਕੜ"** ਦੇ ਨਾਲ ਕੀਤੀ ਹੋਈ ਹੈ ਭਾਵ ਕੁਕੜ ਦੀ ਉਡਾਰੀ ਦੇ ਨਾਲ ਕੀਤੀ ਹੋਈ ਹੈ ਜੋ ਉਡਾਰੀ ਬਹੁਤ ਹੀ ਛੋਟੀ ਹੁੰਦੀ ਹੈ। ਕੁਕੜ ਦੀ ਉਡਾਰੀ ਦੀ ਤੁਲਨਾ ਹੰਸ ਦੀ ਉਡਾਰੀ ਦੇ ਨਾਲ ਕੀਤੀ ਹੋਈ ਹੈ ਜੋ ਉਡਾਰੀ ਬਹੁਤ ਹੀ ਵੱਡੀ ਹੁੰਦੀ ਹੈ। ਗੁਰੂ ਦੀ ਮਤਿ ਹੰਸ ਦੀ ਉਡਾਰੀ ਦੀ ਤਰ੍ਹਾਂ ਬਹੁਤ ਉੱਚੀ ਹੈ, ਬਹੁਤ ਵੱਡੀ ਹੈ ਤੇ ਕੁਕੜ ਉਸਦੀ ਉਡਾਰੀ ਦਾ ਕੀ ਮੁਕਾਬਲਾ ਕਰ ਸਕਦਾ ਹੈ ਭਾਵ ਬਿਲਕੁੱਲ ਹੀ ਝੂਠਾ ਮੁਕਾਬਲਾ ਹੈ। ਇਸੇ ਤਰ੍ਹਾਂ ਜਿੰਨਾ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਇਆ ਉਹਨਾਂ ਦੀ ਮਤਿ ਦਾ ਮੁਕਾਬਲਾ ਉਹਨਾਂ ਦੀ ਮਤਿ ਨਾਲ ਕਿਵੇਂ ਹੋ ਸਕਦਾ ਹੈ ਜੋ ਮਤਿ ਆਪਣੇ ਮੇਲ ਤੋਂ ਬਾਅਦ ਪ੍ਰਮਾਤਮਾ ਆਪ ਹੀ ਦਿੰਦਾ ਹੈ, ਬ੍ਰਹਮਗਿਆਨ ਰੂਪ ਮਤਿ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਮਤਿ ਦਿੰਦਾ ਹੈ। ਸ਼ਬਦਾਂ ਦੀ ਵਿਚਾਰ ਤੋਂ ਉੱਚੀ ਮਤਿ ਸੰਸਾਰ ਵਿਚ ਕਿਸੇ ਦੀ ਹੋ ਹੀ ਨਹੀਂ ਸਕਦੀ ਕਿਉਂਕਿ ਹਰ ਕਿਸੇ ਨੂੰ ਪ੍ਰਮਾਤਮਾ ਨੇ ਆਪ ਹੀ ਤ੍ਰੈਗੁਣਾਂ ਵਾਲੀ ਮਤਿ ਵਿਚ ਰਖਿਆ ਹੋਇਆ ਹੈ, ਭਰਮ ਵਾਲੀ ਮਤਿ ਵਿਚ ਰਖਿਆ ਹੋਇਆ ਹੈ। ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਆਪਣੇ ਆਪ

37/4538

ਨੂੰ ਗੁਰਮਤਿ ਵਾਲੀ ਮਤਿ ਵਾਲਾ ਹੀ ਸਮਝਦੇ ਹਨ ਜੋ ਕਿ ਵੱਡੇ ਭਰਮ ਵਿੱਚ ਹਨ, ਇੱਕ ਕੁਕੜ ਦੀ ਤਰ੍ਹਾਂ ਭਰਮ ਵਿੱਚ ਹਨ ਕਿ ਉਹ ਹੰਸਾ ਵਰਗੀ ਉਡਾਰੀ ਮਾਰ ਲਵੇਗਾ। ਇਸੇ ਤਰ੍ਹਾਂ ਉਪਰ ਸ਼ਬਦ ਰਾਹੀਂ ਇਹੋ ਜਿਹਿਆਂ ਦਾ ਭਰਮ ਖੁੰਡੀ ਭਾਵ ਖੁੰਡੀ ਦੀ ਖੇਡ ਦੁਆਰਾ ਕੱਢਿਆ ਹੋਇਆ ਹੈ। ਖੁੰਡੀ ਦੀ ਖੇਡ ਖੇਡਣ ਲਈ ਖੁੰਡੀ ਦੀ ਜਰੂਰਤ ਹੁੰਦੀ ਹੈ ਪਰ ਜੇਕਰ ਕੋਈ ਘੋੜੇ ਤੇ ਚੜ ਕੇ ਹੱਥ ਵਿਚ ਬੰਦੂਕ ਫੜ ਲਵੇ ਤੇ ਇਹ ਸਮਝੇ ਕਿ ਉਹ ਖੁੰਡੀ ਦੀ ਖੇਡ ਖੇਡਣ ਵਾਲਾ ਹੈ ਭਾਵ ਇਸੇ ਤਰੀਕੇ ਖੁੰਡੀ ਦੀ ਖੇਡ ਖੇਡਦਾ ਹੈ ਫਿਰ ਉਹ ਕਿਤਨੇ ਵੱਡੇ ਭਰਮ ਵਿਚ ਹੈ ਇਸ ਦਾ ਅੰਦਾਜਾ ਹਰ ਕੋਈ ਲਗਾ ਸਕਦਾ ਹੈ ਭਾਵ ਪ੍ਰਮਾਤਮਾ ਦੀ ਭਗਤੀ ਦੀ ਤੁਲਨਾ ਖੁੰਡੀ ਦੀ ਖੇਡ ਨਾਲ ਕਰ ਕੇ ਸਮਝਾਈ ਹੋਈ ਹੈ ਜਿਸ ਨੂੰ ਕਿ ਉਸੇ ਤਰੀਕੇ ਖੇਡਿਆ ਜਾ ਸਕਦਾ ਹੈ ਜੋ ਉਸ ਖੇਡ ਨੂੰ ਖੇਡਣ ਦਾ ਤਰੀਕਾ ਹੈ। ਪ੍ਰਮਾਤਮਾ ਦੀ ਭਗਤੀ ਉਸੇ ਤਰੀਕੇ ਕੀਤੀ ਜਾ ਸਕਦੀ ਹੈ ਜੋ ਭਗਤੀ ਕਰਨ ਦਾ ਅਸਲ ਤਰੀਕਾ ਹੈ ਭਾਵ ਜੋ ਤਰੀਕਾ ਗੁਰੂ ਸਮਝਾਉਂਦਾ ਹੈ, ਗੁਰਮਤਿ ਸਮਝਾਉਂਦੀ ਹੈ। ਭਗਤੀ ਨੂੰ ਆਪਣੀ ਮਨਮਤਿ ਦੁਆਰਾ ਨਹੀਂ ਕੀਤਾ ਜਾ ਸਕਦਾ ਭਾਵ ਉਸੇ ਤਰੀਕੇ ਬੇਤੁਕੀ ਗੱਲ ਹੈ ਕਿ ਘੋੜੇ ਤੇ ਚੜ ਕੇ ਹੱਥ ਵਿਚ ਬੰਦੂਕ ਫੜ ਕੇ ਕੋਈ ਇਹ ਕਹੇ ਕਿ ਮੈਂ ਖੁੰਡੀ ਦੀ ਖੇਡ ਖੇਡ ਰਿਹਾ ਹਾਂ। ਸਾਰੀ ਗੱਲ ਆਪਣੀ ਮਨਮਤਿ ਛੱਡਣ ਦੀ ਹੈ ਜੋ ਮਤਿ ਅਸੀਂ ਉਹੋ ਜਿਹਿਆਂ ਕੋਲੋਂ ਲਈ ਹੋਈ ਹੈ ਜਿੰਨਾਂ ਨੇ ਆਪ ਝੂਠੀ ਖੇਡ ਖੇਡੀ ਹੈ, ਖੇਡ ਰਹੇ ਹਨ ਤੇ ਸਾਨੂੰ ਝੂਠੀ ਖੇਡ ਸਮਝਾ ਰਹੇ ਹਨ, ਜਿੰਨਾ ਦੀ ਆਪਣੀ ਪਹੁੰਚ ਬਹੁਤ ਛੋਟੀ ਹੈ, ਆਪਣੀ ਉਡਾਰੀ ਕੁਕੜਾਂ ਵਰਗੀ ਛੋਟੀ ਹੈ ਪਰ ਆਪਣੇ ਆਪ ਨੂੰ ਸਾਬਿਤ ਹੰਸਾ ਦੀ ਉਡਾਰੀ ਵਾਲੇ ਕਰਦੇ ਹਨ। ਸਭ ਪਾਸੇ ਇਹੋ ਕੁੱਝ ਹੀ ਹੋ ਰਿਹਾ ਹੈ ਭਾਵ ਧਰਮ ਦੇ ਮਾਰਗ ਨੂੰ ਲੈ ਕੇ ਸਭ ਪਾਸੇ ਝੂਠੀ ਮਤਿ ਦਾ ਹੀ ਪਸਾਰਾ ਹੈ ਜਿਸ ਵਿਚੋਂ ਨਿਕਲਣ ਦੀ ਲੋੜ ਹੈ। ਗੁਰੂ ਸਾਨੂੰ ਬਾਰ ਬਾਰ ਇਸੇ ਗੱਲ ਲਈ ਪੁਕਾਰ ਰਿਹਾ ਹੈ। (**ਚੜਿ ਕੈ ਘੋੜੈ ਕੁੰਦੇ ਪਕੜਹਿ ਖੁੰਡੀ ਦੀ ਖੇਡਾਰੀ ॥ ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ ॥੨॥**)

{ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ ॥
ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ ॥੧੦॥}

(ਅੰਗ - ੧੩੬੦)

37/4539

{ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ ॥ ਨਾਨਕ ਸਚਾ ਆਪਿ ਹੈ ਆਪੇ ਨਦਰਿ ਕਰੇਇ ॥੧॥}

(ਅੰਗ - ੩੧੧)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ - ੧੨੮੮)

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਤ੍ ਸਤ੍ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਪਉੜੀ ॥

{ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ ॥
ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ - ੯੬੧)

{ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥}

(ਅੰਗ - ੫੫੭)

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ - ੧੨੮੬)

ਸਾਡੇ ਸਭ ਲਈ ਸਭ ਤੋਂ ਜਰੂਰੀ ਗੱਲ ਇਹ ਹੈ ਕਿ ਅਸੀਂ ਇਸ ਗੱਲ ਤੇ ਵਿਸ਼ਵਾਸ ਕਰੀਏ ਕਿ ਸਾਰਾ ਸੰਸਾਰ ਮਨ ਦੀ ਮਤਿ ਰਾਹੀਂ ਤ੍ਰੈਗੁਣਾਂ ਵਿਚ ਹੈ, ਮਾਇਆ ਮੋਹ ਵਾਲੀ ਮਤਿ ਵਿਚ ਹੈ, ਹਉਮੈ ਵਿਚ ਹੈ, ਦੁਰਮਤਿ ਵਿਚ ਹੈ ਭਾਵ ਮਨ ਦੀ ਇਹੋ ਜਿਹੀ ਅਗਿਆਨਤਾ ਵਿਚ ਹੈ ਜਿਸ ਮਤਿ ਰਾਹੀਂ ਅਸੀਂ ਗੁਰੂ ਦੀ ਮਤਿ ਨੂੰ ਸਮਝਣ ਵਿਚ ਅਸਮਰਥ ਹਾਂ ਕਿਉਂਕਿ ਗੁਰੂ ਦੀ ਮਤਿ ਚਉਥੇ ਪਦ ਦੇ ਗਿਆਨ ਵਾਲੀ ਮਤਿ ਹੈ ਜੋ ਤ੍ਰੈਗੁਣਾਂ ਵਾਲੀ ਮਤਿ ਦੇ ਮੁਕਾਬਲੇ ਬਹੁਤ ਉੱਚੀ ਮਤਿ ਹੈ। ਇਸ ਗੱਲ ਤੇ ਪੂਰਨ ਵਿਸ਼ਵਾਸ ਉਸ ਉੱਚੀ ਤੇ ਸੱਚੀ ਮਤਿ ਨਾਲ ਮੇਲ ਹੋਣ ਤੋਂ ਬਾਅਦ ਹੀ ਆ ਸਕਦਾ ਹੈ ਪਰ ਸਾਨੂੰ ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਗੁਰੂ ਦੀ ਮਤਿ ਹਕੀਕਤ ਵਿਚ ਬਹੁਤ ਉੱਚੀ ਹੈ ਜੋ ਮਤਿ ਮਨ ਦੇ ਵਿਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਕਿਸੇ ਸਰੀਰ ਰਾਹੀਂ

37/4540

ਦਿੰਦਾ ਹੈ। ਕਿਉਂਕਿ ਤ੍ਰੈ ਗੁਣਾਂ ਵਿਚ ਤੇ ਚਉਥੇ ਪਦ ਵਿੱਚ ਕੀ ਭੇਦ ਹੈ ਇਸ ਗੱਲ ਦੀ ਸੋਝੀ ਨਾ ਹੋਣ ਕਰਕੇ ਅਸੀਂ ਤ੍ਰੈ ਗੁਣਾਂ ਵਾਲੀ ਮਤਿ ਨੂੰ ਹੀ ਧਰਮ ਦੇ ਮਾਰਗ ਤੇ ਉੱਚੀ ਮਤਿ ਸਮਝ ਲੈਂਦੇ ਹਾਂ ਭਾਵ ਹਰ ਕੋਈ ਭਰਮ ਵਿਚ ਹੀ ਹੈ। ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰਦੇ ਹਾਂ ਤਾਂ ਜੋ ਸਾਡੇ ਅੰਦਰ ਇਹ ਵਿਸ਼ਵਾਸ ਆ ਸਕੇ ਕਿ ਆਮ ਮਨੁੱਖ ਦੀ ਮਤਿ ਹਕੀਕਤ ਵਿਚ ਗੁਰੂ ਦੀ ਮਤਿ ਨਾਲੋਂ ਬਹੁਤ ਨੀਵੀਂ ਹੈ, ਇਤਨੀ ਜਿਆਦਾ ਨੀਵੀਂ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝਿਆ ਹੈ। ਤ੍ਰੈਗੁਣਾਂ ਵਿਚ ਤੇ ਚਉਥੇ ਪਦ ਵਿਚ ਫਰਕ ਮਨ ਦੀ ਸੋਝੀ ਦਾ ਹੀ ਹੈ ਭਾਵ ਮਨ ਦੇ ਗਿਆਨ ਦਾ ਹੀ ਹੈ ਤੇ ਹੋਰ ਕੁਝ ਵੀ ਨਹੀਂ ਹੈ। ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿਚੋਂ ਚਉਥੇ ਪਦ ਦੇ ਗਿਆਨ ਰਾਹੀਂ ਹੀ ਹੁੰਦੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ ਭਾਵ ਜੇਕਰ ਸਾਨੂੰ ਇਹ ਵਿਸ਼ਵਾਸ ਆ ਜਾਵੇ ਕਿ ਹਰ ਕੋਈ ਤ੍ਰੈਗੁਣਾਂ ਵਿਚ ਹੈ, ਹਉਮੈ ਵਿਚ ਹੈ ਤਾਂ ਫਿਰ ਅਸੀਂ ਗੁਰੂ ਦੀ ਉੱਚੀ ਮਤਿ ਨਾਲ ਜੁੜਨ ਦਾ ਸੱਚਾ ਉਦਮ ਕਰਾਂਗੇ ਜਿਸ ਦੁਆਰਾ ਅਸੀਂ ਭਗਤੀ ਦੇ ਸੱਚੇ ਮਾਰਗ ਨਾਲ ਜੁੜ ਸਕਦੇ ਹਾਂ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਉਪਰਾਲਾ ਹੈ। ਵਿਸ਼ਵਾਸ ਕਰਕੇ ਜਾਣੋ ਕਿ ਗੁਰਬਾਣੀ ਵਿਚ ਜੋ ਵੀ ਕੁਝ ਲਿਖਿਆ ਹੋਇਆ ਉਹ ਉਸੇ ਤਰ੍ਹਾਂ ਸੱਚ ਹੈ।

ਭੈਰਉ ਮਹਲਾ ੫ ॥

"ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥
ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥
ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥
ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥
ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥"

(ਅੰਗ - ੧੧੪੦)

"ਰੋਗੁ" ਉਹ ਹੈ ਜੋ ਕਿਸੇ ਦੇ ਜੀਵਨ ਨੂੰ ਖਰਾਬ ਕਰਦਾ ਹੈ। ਇਸ ਰੋਗ ਦਾ ਮਕਸਦ ਸਾਨੂੰ ਕਿਸੇ ਨਾ ਕਿਸੇ ਮੋਹ ਵਿੱਚ ਪਾਉਣ ਦਾ ਹੈ। ਉਪਰ ਸ਼ਬਦ ਰਾਹੀਂ ਮਨ ਦੇ ਮੋਹ ਹੀ ਸਮਝਾਏ ਹੋਏ ਹਨ ਭਾਵੇਂ ਉਹ ਮੋਹ ਹਾਥੀ ਦੇ ਅੰਦਰ ਦਾ ਹੈ, ਪਤੰਗੇ

ਦੇ ਅੰਦਰ ਦਾ ਹੈ, ਹਿਰਨ ਦੇ ਅੰਦਰ ਦਾ ਹੈ। ਮਨੁੱਖ ਦਾ **"ਰੋਗੁ"** ਸਾਡੇ ਅੰਦਰ ਦੀ ਹਉਮੈ ਨੂੰ ਦਸਿਆ ਹੈ ਜਿਸ ਰੋਗ ਨਾਲ ਸੰਸਾਰ ਦਾ ਹਰ ਮਨੁੱਖ ਰੋਗੀ ਹੈ ਭਾਵ ਇਹ ਰੋਗ ਸਾਡੇ ਅੰਦਰ

37/4541

ਮੂਲ ਰੂਪ ਰੋਗ ਹੈ ਜੋ ਜਨਮ ਤੋਂ ਹੀ ਸਾਡੇ ਮਨ ਦੇ ਸੁਭਾਉ ਦੇ ਵਿੱਚ ਪੈ ਕੇ ਆਉਂਦਾ ਹੈ। ਸਾਡੇ ਜੀਵਨ ਦੀ ਵਿਚਰਨ ਮਨ ਦੇ ਸੁਭਾਉ ਨਾਲ ਹੀ ਤੈਅ ਹੁੰਦੀ ਹੈ ਭਾਵ ਇਹ ਰੋਗ ਸਾਡੀ ਵਿਚਰਨ ਵਿੱਚ ਸਾਨੂੰ ਰੋਗੀ ਬਣਾਉਂਦਾ ਹੈ। ਇਸ ਰੋਗ ਦਾ ਮਕਸਦ ਸਾਡੇ ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਇਹ ਰੋਗ ਸਾਡੇ ਅੰਦਰ ਜਾਂ ਕਿਸੇ ਜੀਵ ਦੇ ਅੰਦਰ ਆਪਣਾ ਪਾਇਆ ਹੋਇਆ ਨਹੀਂ ਹੈ ਕਿਉਂਕਿ ਇਹ ਰੋਗ ਜਨਮ ਤੋਂ ਹੀ ਸਭ ਦੇ ਅੰਦਰ ਪੈ ਕੇ ਆਉਂਦਾ ਹੈ। ਭਾਵੇਂ ਉਹ ਹਾਥੀ ਹੈ, ਕੋਈ ਪਤੰਗਾ ਹੈ, ਭਾਵੇਂ ਹਿਰਨ ਹੈ ਉਹ ਉਸੇ ਤਰ੍ਹਾਂ ਵਿਚਰਦਾ ਹੈ ਜਿਹੋ ਜਿਹਾ ਜਨਮ ਤੋਂ ਉਸ ਦਾ ਸੁਭਾਉ ਬਣਿਆ ਹੈ। ਇਹ ਗੱਲ ਧਿਆਨ ਨਾਲ ਵਿਚਾਰਨ ਦੀ ਹੈ। ਜਿਵੇਂ ਕਿ ਸਾਨੂੰ ਜੀਵਾਂ ਦਾ ਹਵਾਲਾ ਦੇ ਕੇ ਸਮਝਾਇਆ ਹੈ ਕਿ ਸਾਡਾ ਸੁਭਾਉ ਦੂਸਰੇ ਜੀਵਾਂ ਦੀ ਤਰ੍ਹਾਂ ਸਾਡੇ ਜਨਮ ਨਾਲ ਹੀ ਜੁੜਿਆ ਹੋਇਆ ਹੈ। ਹਰ ਜੀਵ ਦੀ ਰਚਨਾ, ਮਨੁੱਖੀ ਰੂਪ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ ਤੇ ਸਭ ਦਾ ਸੁਭਾਉ ਵੀ ਉਸ ਨੇ ਆਪ ਹੀ ਬਣਾਇਆ ਹੈ ਜੋ ਕਿ ਸਾਡੇ ਅੰਦਰ ਦਾ ਬੇਸਿਕ ਗਿਆਨ ਹੈ ਜੋ ਜੀਵ ਨੂੰ ਚਲਾਉਂਦਾ ਹੈ ਜਿਸ ਰਾਹੀਂ ਜੀਵ ਵਿਚਰਦਾ ਹੈ। ਸਾਡੇ ਅੰਦਰ ਦਾ ਸੁਭਾਉ ਆਕਾਰ ਤੋਂ ਰਹਿਤ ਹੈ ਭਾਵ ਨਿਰੰਕਾਰ ਰੂਪ ਹੈ। ਹਰ ਵਸਤੂ ਨੂੰ ਚਲਾਉਣ ਵਾਲਾ ਨਿਰੰਕਾਰ ਰੂਪ ਹੀ ਹੈ। ਮਨੁੱਖ ਨੂੰ ਚਲਾਉਣ ਵਾਲਾ ਸਾਡੇ ਅੰਦਰ ਦਾ ਨਿਰੰਕਾਰ ਰੂਪ ਹੈ ਜੋ ਕਿ ਹਰ ਵੇਲੇ ਸਾਡੇ ਅੰਦਰ ਦੇ ਸੁਭਾਉ ਦੇ ਰੂਪ ਵਿਚ ਹੈ। ਬਿਨਾ ਸੁਭਾਉ ਤੋਂ ਕੋਈ ਮਨੁੱਖ ਨਹੀਂ ਹੈ ਤੇ ਇਸੇ ਲਈ ਬਿਨਾ ਹਉਮੈ ਤੋਂ ਕੋਈ ਮਨੁੱਖ ਨਹੀਂ ਹੈ। ਆਪਣੇ ਅੰਦਰ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾ ਹਰ ਕੋਈ ਰੋਗੀ ਹੈ ਜਿਸ ਨੂੰ ਕਿ ਸਮਝਣ ਦੀ ਲੋੜ ਹੈ। ਇਹ ਰੋਗ ਆਪਣੀ ਵੱਖਰੀ ਹੋਂਦ ਸਮਝਣ ਦਾ ਹੈ ਕਿਉਂਕਿ ਕੋਈ ਵੀ ਜੀਵ, ਕੋਈ ਵੀ ਮਨੁੱਖ ਜੋ ਕੁਝ ਵੀ ਆਪਣੇ ਆਪ ਨੂੰ ਸਮਝਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਸਮਝਦਾ ਹੈ ਕਿ ਮੈਂ ਕੀ ਹਾਂ, ਮੈਂ ਕੌਣ ਹਾਂ ਭਾਵ ਮੇਰਾ ਆਪਣਾ ਕੋਈ ਨਾ ਕੋਈ ਵਜੂਦ ਹੈ। ਆਪਣਾ ਵਜੂਦ ਸਮਝਣਾ ਹੀ ਅਸਲ ਵਿਚ ਸਾਡਾ ਰੋਗ ਹੈ। ਅਸਲੀਅਤ ਵਿਚ ਸਾਡਾ ਕੋਈ ਵਜੂਦ ਨਹੀਂ ਹੈ, ਕਿਸੇ ਜੀਵ ਦਾ ਆਪਣਾ ਕੋਈ ਵਜੂਦ ਨਹੀਂ ਹੈ। ਪੰਜਾਂ ਤੱਤਾਂ ਦਾ ਹੀ ਆਪਣਾ ਕੋਈ ਵਜੂਦ ਨਹੀਂ ਹੈ। ਧਰਤੀ ਦਾ, ਪਾਣੀ ਦਾ, ਅਗਨੀ ਦਾ, ਹਵਾ ਦਾ, ਸਪੇਸ ਦਾ ਆਪਣਾ ਕੋਈ ਵਜੂਦ ਨਹੀਂ ਹੈ ਪਰ ਹਰ ਵਜੂਦ ਬਣਨ ਪਿਛੇ ਪੰਜ ਤੱਤ ਹੀ ਹਨ ਭਾਵ ਹਰ ਵਜੂਦ

37/4542

ਇੱਕ ਝੂਠੀ ਹੋਂਦ ਹੈ ਭਾਵੇਂ ਉਹ ਹੋਂਦ ਕਿਸੇ ਵੀ ਰੂਪ ਵਿੱਚ ਹੈ, ਕਿਸੇ ਵੀ ਆਕਾਰ ਰੂਪ ਵਿੱਚ ਹੈ। ਇੱਕੋ ਇੱਕ ਸੱਚਾ ਵਜੂਦ ਪ੍ਰਮਾਤਮਾ ਦਾ ਆਪਣਾ ਹੈ ਭਾਵ ਇੱਕੋ ਇੱਕ ਸੱਚੀ ਹੋਂਦ ਪ੍ਰਮਾਤਮਾ ਦੀ ਆਪਣੀ ਹੈ ਤੇ ਇਸੇ ਲਈ ਰੋਗ ਤੋਂ ਰਹਿਤ ਕੇਵਲ ਪ੍ਰਮਾਤਮਾ ਆਪ ਹੈ ਜੋ ਸਭ ਕੁਝ ਅਸਲ ਵਿਚ ਆਪ ਹੀ ਹੈ। ਉਹ **"ਸਤਿਨਾਮ"** ਹੈ ਭਾਵ ਕੇਵਲ ਉਸੇ ਦਾ ਨਾਮ ਸੱਚ ਹੈ, ਹਰ ਹੋਂਦ ਪ੍ਰਮਾਤਮਾ ਦਾ ਹੀ ਨਾਮ ਹੈ ਭਾਵੇਂ ਉਹ ਕਿਸੇ ਰੂਪ ਵਿਚ ਹੈ, ਕਿਸੇ ਵੀ ਆਕਾਰ ਰੂਪ ਵਿਚ ਹੈ। ਇਸ ਰੋਗ ਤੋਂ ਉਹੀ ਮੁਕਤ ਹੋ ਸਕਦਾ ਹੈ ਜਿਸ ਦੇ ਮਨ ਦਾ ਭਰਮ ਮਿੱਟ ਜਾਂਦਾ ਹੈ ਭਾਵ ਜਿਸ ਨੂੰ ਮਨ ਦੇ ਗਿਆਨ ਰਾਹੀਂ ਇਹ ਸਮਝ ਲਗ ਜਾਂਦੀ ਹੈ ਕਿ ਸਾਡੇ ਅੰਦਰ ਗਿਆਨ ਦਾ ਮਾਲਕ ਕੌਣ ਹੈ, ਸਾਡੇ ਸੁਭਾਉ ਦਾ, ਸਾਡੇ ਮਨ ਦੇ ਵਿਚਾਰਾਂ ਦਾ ਮੂਲ ਕੌਣ ਹੈ ਭਾਵ ਸਾਡੇ ਅੰਦਰ ਨਿਰੰਕਾਰ ਰੂਪ ਵਿਚ ਕੌਣ ਹੈ ਜੋ ਸਾਡੇ ਸਰੀਰ ਰੂਪ ਆਕਾਰ ਰੂਪ ਨੂੰ ਚਲਾ ਰਿਹਾ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਉਸ ਨੇ ਆਪ ਹੀ ਸਭ ਨੂੰ ਭਰਮ ਵਿਚ ਰੱਖਿਆ ਹੋਇਆ ਹੈ, ਹਉਮੈ ਵਿਚ ਰੱਖਿਆ ਹੋਇਆ ਹੈ ਕਿ ਇਸ ਮਨੁੱਖੀ ਰੂਪ ਵਿੱਚ **"ਮੈਂ"** ਹਾਂ ਭਾਵ ਮੇਰਾ ਆਪਣਾ ਇੱਕ ਵਜੂਦ ਹੈ, ਪ੍ਰਮਾਤਮਾ ਨਾਲੋਂ ਵੱਖਰਾ ਵਜੂਦ ਹੈ। ਸਾਡੇ ਅੰਦਰ ਇਹ ਹਉਮੈ ਰੋਗ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜਿਸ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸੰਸਾਰ ਇਸ ਰੋਗ ਦੇ ਨਾਲ ਹੀ ਇੱਥੇ ਆਉਂਦਾ ਹੈ ਤੇ ਇਸੇ ਰੋਗ ਦੇ ਨਾਲ ਹੀ ਸੰਸਾਰ ਤੋਂ ਸਰੀਰ ਛੱਡ ਕੇ ਚੱਲਾ ਜਾਂਦਾ ਹੈ ਭਾਵ ਪ੍ਰਮਾਤਮਾ ਇਹ ਭਰਮ ਕਦੇ ਹੀ ਕਿਸੇ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਕੱਢਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦਾ ਕੱਢਿਆ ਹੈ ਤੇ ਮਨ ਦਾ ਭਰਮ ਦੂਰ ਹੋਣ ਦੁਆਰਾ ਹੀ ਮਨੁੱਖ ਇਸ ਹਉਮੈ ਰੋਗ ਤੋਂ ਮੁਕਤ ਹੁੰਦਾ ਹੈ ਤੇ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਅਸਲ ਵਿਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਮਨ ਦੇ ਭਰਮ ਕਰਕੇ, ਹਉਮੈ ਕਰਕੇ ਹਰ ਕੋਈ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦਾ ਹੈ। ਇਹ ਭਰਮ ਕੇਵਲ ਮਨੁੱਖੀ ਸਰੀਰ ਰਾਹੀਂ ਹੀ ਦੂਰ

ਹੋ ਸਕਦਾ ਹੈ ਤੇ ਇਸੇ ਲਈ ਕੇਵਲ ਮਨੁੱਖੀ ਸਰੀਰ ਰਾਹੀਂ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਮਨ ਦੇ ਵਿਚੋਂ ਉਸ ਦੇ ਨਿਰੰਕਾਰ ਰੂਪ

37/4543

ਦੇ ਦਰਸ਼ਨ ਕੀਤੇ ਜਾ ਸਕਦੇ ਹਨ। (**ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥ ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥**)

{ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥

ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥

ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥

ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥}

(ਅੰਗ ੨੯੩-੨੯੪)

{ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ ॥ ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ ॥੪॥੩੧॥੬੧॥}

(ਅੰਗ - ੮੧੬)

ਭੈਰਉ ਅਸਟਪਦੀਆ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥

{"ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥

ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥ ਨਾਨਕ ਹਉਮੈ ਰੋਗ ਬੁਰੇ ॥

ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥

ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ ॥

ਜਿਨ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ ॥੨॥

ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥

ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥੩॥

ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥

ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥

ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ ॥

ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥੫॥

ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥ ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥੬॥

ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥

ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥

ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥

ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥

ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥

ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥"}

(ਅੰਗ - ੧੧੫੩)

ਜਿਵੇਂ ਕਿ ਉਪਰ ਵਾਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ, **"ਹਉਮੈ"** ਰੋਗ ਨੂੰ ਹੀ ਦੁਬਿਧਾ ਰੋਗ ਕਹਿ ਕੇ ਸਮਝਾਇਆ ਹੋਇਆ ਹੈ। ਪੂਰਾ ਸ਼ਬਦ ਹਉਮੈ ਰੋਗ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਰਹਾਉ ਵਾਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। (**ਨਾਨਕ ਹਉਮੈ ਰੋਗ ਬੁਰੇ ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥**) ਹਰ ਕਿਸੇ ਨੂੰ ਇਸੇ ਰੋਗ ਨਾਲ ਗ੍ਰਸਿਆ ਹੋਇਆ ਦੱਸਿਆ ਹੈ। ਬ੍ਰਹਮਾ, ਬਿਸ਼ਨ, ਸ਼ਿਵ ਆਦਿ ਨੂੰ ਵੀ ਹਉਮੈ ਦੇ ਰੋਗੀ ਦੱਸਿਆ ਹੈ, ਸਾਰੇ ਸੰਸਾਰ ਨੂੰ ਰੋਗੀ ਦੱਸਿਆ ਹੈ। ਇਸ ਰੋਗ ਤੋਂ ਮੁਕਤ ਉਸੇ ਨੂੰ ਦੱਸਿਆ ਹੈ ਜੋ ਆਪਣੇ ਅੰਦਰੋਂ **"ਹਰਿ ਪਦੁ"** ਨੂੰ **"ਚੀਨਿ"** ਲੈਂਦਾ ਹੈ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਬ੍ਰਹਮਾ, ਬਿਸ਼ਨ, ਸ਼ਿਵ ਆਦਿ ਨੇ ਆਪਣੇ ਅੰਦਰੋਂ **"ਹਰਿ ਪਦਿ"** ਨਹੀਂ ਚੀਨਿਆ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣਿਆ ਜਿਸ ਕਰਕੇ ਉਹਨਾਂ ਦੀ ਹਉਮੈ ਤੋਂ ਮੁਕਤੀ ਨਹੀਂ ਹੋਈ ਤੇ ਉਹਨਾਂ ਨੇ ਆਪਣੇ ਆਪ ਨੂੰ ਹੀ ਉੱਚਾ ਥਾਪਿਆ ਹੈ ਭਾਵ ਆਪਣੀ ਹੋਂਦ ਸਮਝੀ ਹੈ, ਆਪਣਾ ਵਜੂਦ ਸਮਝਿਆ ਹੈ। ਹਉਮੈ ਤੋਂ ਮੁਕਤੀ ਗੁਰੂ ਦੇ ਸ਼ਬਦ ਨੂੰ ਭਾਵ ਪ੍ਰਮਾਤਮਾ ਦੇ ਸ਼ਬਦ ਨੂੰ ਆਪਣੇ ਅੰਦਰ ਵੀਚਾਰਨ ਦੁਆਰਾ ਹੁੰਦੀ ਹੈ ਭਾਵ ਗੁਰੂ ਦੇ ਸ਼ਬਦ ਨੂੰ ਵਿਚਾਰਨ ਦਾ ਮਕਸਦ

37/4544

ਆਪਣੀ ਹਉਮੈ ਵਾਲੀ ਬਿਰਤੀ ਵਿੱਚੋਂ ਨਿਕਲਣ ਦਾ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਹੈ। **"ਸਬਦੁ"** ਦੇ ਵਿਚਾਰ ਮਨ ਦੇ ਵਿੱਚ ਉਸ **"ਸਬਦੁ"** ਰੂਪ, ਗੁਰੂ ਰੂਪ ਪ੍ਰਮਾਤਮਾ ਦੇ ਕੋਲੋਂ ਹੀ ਮਿਲਦੇ ਹਨ ਭਾਵ ਮਨ ਦੇ ਵਿਚ ਉਸਦੇ ਪ੍ਰਗਟ ਹੋਣ ਦੁਆਰਾ ਹੀ ਮਿਲਦੇ ਹਨ ਜਿਸ ਦੁਆਰਾ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਸਾਡੇ ਅੰਦਰ ਵਿਚਾਰਾਂ ਦਾ ਮਾਲਕ ਕੌਣ ਹੈ, ਵਿਚਾਰਾਂ ਦਾ ਸ੍ਰੋਤ ਕੌਣ ਹੈ, ਗਿਆਨ ਦਾ ਸ੍ਰੋਤ ਕੌਣ ਹੈ। ਜਿਸਨੂੰ ਪ੍ਰਮਾਤਮਾ ਹਉਮੈ ਤੋਂ ਮੁਕਤ ਕਰਦਾ ਹੈ ਉਸਨੂੰ ਮਨ ਦੇ ਵਿਚ ਸ਼ਬਦ ਰੂਪ ਵਿਚਾਰਾਂ ਦੁਆਰਾ ਹੀ ਕਰਦਾ ਹੈ। ਮਨ ਦੇ ਵਿਚ ਸ਼ਬਦ ਰੂਪ ਵਿਚਾਰ ਹੀ ਸਾਡੇ ਅੰਦਰ ਦਾ **"ਹਰਿ ਪਦੁ"** ਹੈ ਜਿਸ ਦੀ ਪ੍ਰਾਪਤੀ ਦੁਆਰਾ ਹੀ ਕੋਈ ਹਉਮੈ ਤੋਂ ਮੁਕਤ ਹੋ ਸਕਦਾ ਹੈ ਭਾਵ ਮਨ ਦੇ ਭਰਮ ਤੋਂ ਮੁਕਤ ਹੋ ਸਕਦਾ ਹੈ। ਸ਼ਬਦ ਦੇ ਵਿਚਾਰ ਹੀ ਨਾਮ ਹਨ ਭਾਵ ਸਾਨੂੰ ਹਉਮੈ ਤੋਂ ਮੁਕਤਿ ਨਾਮ ਹੀ ਕਰਦਾ ਹੈ। ਨਾਮ ਦੀ ਪ੍ਰਾਪਤੀ ਬ੍ਰਹਮਾ, ਬਿਸ਼ਨ, ਸ਼ਿਵ ਆਦਿ ਨੂੰ ਵੀ ਨਹੀਂ ਹੋਈ ਤੇ ਇਸੇ ਲਈ ਉਹਨਾਂ ਦਾ ਹਉਮੈ ਰੋਗ ਦੂਰ ਨਹੀਂ ਹੋਇਆ। (**ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥ ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥੩॥ ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥ ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥**)

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਵਿਚ ਜਾ ਕੇ ਇਸ ਹਉਮੈ ਰੋਗ ਨੂੰ ਹੀ **"ਦੁਬਿਧਾ ਰੋਗੁ"** ਕਹਿ ਕੇ ਸਮਝਾਇਆ ਹੋਇਆ ਹੈ ਭਾਵ ਇਹ ਰੋਗ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ ਜੋ ਰੋਗ ਕੇਵਲ ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਜਾ ਸਕਦਾ ਹੈ ਤੇ ਹੋਰ ਕਿਸੇ ਤਰੀਕੇ ਇਹ ਰੋਗ ਨਹੀਂ ਜਾਂ ਸਕਦਾ।

"ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥

ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥

ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥

ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥"

ਇਹ ਰੋਗ ਸਾਡੇ ਮਨ ਦਾ ਰੋਗ ਹੈ ਜੋ ਰੋਗ ਸਾਡੇ ਮਨ ਦੇ ਵਿਚਾਰਾਂ ਦੇ ਵਿਚ ਹੈ ਭਾਵ ਸਾਡੇ ਅੰਦਰ ਦੁਬਿਧਾ ਵਾਲੇ ਵਿਚਾਰ ਮਨੁੱਖ ਨੂੰ ਰੋਗੀ ਬਣਾਕੇ ਰੱਖਦੇ ਹਨ, ਹਰ ਵੇਲੇ, ਅੱਠੇ ਪਹਿਰ ਰੋਗੀ ਬਣਾਕੇ ਰੱਖਦੇ ਹਨ। ਮਨ ਦੇ ਇਹ ਭਰਮ ਵਾਲੇ ਵਿਚਾਰ ਸ਼ਬਦ ਦੇ ਵਿਚਾਰਾਂ ਤੋਂ ਦੂਰ ਰੱਖਦੇ ਹਨ ਭਾਵ ਨਾਮ ਵਾਲੇ ਵਿਚਾਰਾਂ ਤੋਂ ਦੂਰ ਰੱਖਦੇ ਹਨ, ਗੁਰਮਤਿ ਵਾਲੇ ਵਿਚਾਰਾਂ ਤੋਂ ਦੂਰ ਰੱਖਦੇ ਹਨ। ਸਾਡੇ ਇਸ ਮਨ ਦੇ ਰੋਗ ਨੂੰ ਵੱਡਾ ਰੋਗ

37/4545

ਦੱਸਿਆ ਹੈ, ਪੁਰਾਨਾ ਰੋਗ ਦਸਿਆ ਹੈ। ਇਹ ਰੋਗ ਪੂਰੀ ਮਨੁੱਖਤਾ ਨੂੰ ਲੱਗਾ ਹੋਇਆ ਰੋਗ ਹੈ ਜੋ ਸਦਾ ਤੋਂ ਇਸੇ ਤਰ੍ਹਾਂ ਚਲਦਾ ਆ ਰਿਹਾ ਹੈ ਕਿਉਂਕਿ ਇਹ ਰੋਗ ਮਨੁੱਖ ਦੇ ਜਨਮ ਤੋਂ ਹੀ ਉਸ ਦੇ ਨਾਲ ਲੱਗ ਕੇ ਆਉਂਦਾ ਹੈ। ਇਸ ਰੋਗ ਨੂੰ ਉਪਰਲੀਆਂ ਪੰਗਤੀਆਂ ਰਾਹੀਂ ਮਾਇਆ ਦਾ **"ਮੁਹਤਾਜੁ"** ਦਸਿਆ ਹੈ ਭਾਵ ਇਸ ਰੋਗ ਦੀ ਆਪਣੀ ਕੋਈ ਸਮਰਥਾ ਨਹੀਂ ਹੈ ਭਾਵ ਇਸ ਨੂੰ ਚਲਾਉਣ ਵਾਲੀ ਮਾਇਆ ਹੈ। ਇਹ ਸਾਡੇ ਅੰਦਰ ਮਾਇਆ ਮੋਹ ਵਾਲੀ ਜੁਗਤਿ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜੋ ਜੁਗਤਿ ਹਰ ਕਿਸੇ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰੱਖਦੀ ਹੈ, ਰਜ ਗੁਣ, ਤਮ ਗੁਣ, ਸਤਿ ਗੁਣ ਵਾਲੀ ਅਵਸਥਾ ਵਿਚ ਰੱਖਦੀ ਹੈ। ਪ੍ਰਮਾਤਮਾ ਦੀ ਇਸ ਜੁਗਤਿ ਦਾ ਮਕਸਦ ਸਭ ਨੂੰ ਮਨ ਦੀ ਦੁਬਿਧਾ ਵਿਚ ਰੱਖਣ ਦੁਆਰਾ, ਹਉਮੈ ਵਿਚ ਰੱਖਣ ਦੁਆਰਾ ਚੌਥੇ ਪਦ ਦੇ ਨਾਲ ਮੇਲ ਤੋਂ ਦੂਰ ਰੱਖਣ ਦਾ ਹੈ, ਸਾਡੇ ਅੰਦਰ ਸਹਜ ਵਾਲੀ ਅਵਸਥਾ ਤੋਂ ਦੂਰ ਰੱਖਣ ਦਾ ਹੈ ਜੋ ਸਾਡੇ ਅੰਦਰ ਇੱਕ ਪੜਦੇ ਦਾ ਕੰਮ ਕਰਦੀ ਹੈ ਭਾਵ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਨਣ ਤੋਂ ਪੜਦਾ ਬਣਾਕੇ ਰੱਖਦੀ ਹੈ, ਭਰਮ ਦੀ ਦੀਵਾਰ ਬਣਾਕੇ ਰੱਖਦੀ ਹੈ। ਹਰ ਮਨੁੱਖ ਮਾਇਆ ਮੋਹ ਦੀ ਜੁਗਤਿ ਦਾ ਮੁਹਤਾਜ ਹੈ, ਮਨ ਦੇ ਵਿਚਾਰਾਂ ਰਾਹੀਂ ਮਾਇਆ ਮੋਹ ਦੀ ਜੁਗਤਿ ਦਾ ਮੁਹਤਾਜ ਹੈ। ਮਾਇਆ ਮੋਹ ਦਾ ਆਪਣਾ ਵੀ ਅਸਲ ਵਿਚ ਕੋਈ ਵਜੂਦ ਨਹੀਂ ਹੈ ਭਾਵ ਉਸ ਦੀ ਆਪਣੀ ਕੋਈ ਸਮਰਥਾ ਨਹੀਂ ਹੈ। ਸਮਰਥ ਕੇਵਲ ਆਪ ਪ੍ਰਮਾਤਮਾ ਹੈ ਜੋ ਹਰ ਗੱਲ ਵਿਚ ਸਮਰੱਥ ਹੈ। ਸਾਡੇ ਅੰਦਰ ਮਾਇਆ ਮੋਹ ਵਾਲੀ ਜੁਗਤਿ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਤਰੀਕੇ ਉਸ ਨੇ ਸਭ ਨਾਲੋਂ ਆਪਣਾ ਪੜਦਾ ਬਣਾਇਆ ਹੋਇਆ ਹੈ, ਮਨ ਦੇ ਵਿਚਾਰਾਂ ਰਾਹੀਂ ਪੜਦਾ ਬਣਾਇਆ ਹੋਇਆ ਹੈ ਤੇ ਉਸ ਨੇ ਆਪਣੇ ਆਪ ਨੂੰ ਮਨ ਦੇ ਵਿਚ ਹੀ ਪੜਦੇ ਦੇ ਪਿੱਛੇ ਲੁਕਾਇਆ ਹੋਇਆ ਹੈ ਜਿਸ ਰਾਹੀਂ ਉਹ ਸਾਡੇ ਅੰਦਰ ਚੌਥੇ ਪਦ ਦੇ ਰੂਪ ਵਿਚ ਹੈ ਪਰ ਮਨ ਦਾ ਪੜਦਾ ਦੂਰ ਹੋਏ ਬਿਨਾ ਕਿਸੇ ਨੂੰ ਆਪਣੇ ਅੰਦਰੋਂ ਚੌਥੇ ਪਦ ਦੇ ਦਰਸ਼ਨ ਨਹੀਂ ਹੋ ਸਕਦੇ। ਬ੍ਰਹਮਗਿਆਨ ਦਾ ਮਾਲਕ ਬ੍ਰਹਮਗਿਆਨੀ ਪ੍ਰਮਾਤਮਾ ਸਾਡੇ ਅੰਦਰ ਚੌਥੇ ਪਦ ਦੇ ਰੂਪ ਵਿਚ ਹੈ ਜਿਸ ਰਾਹੀਂ ਉਸ ਨੇ ਸਭ ਨੂੰ ਮਨ ਦੇ ਵਿਚਾਰਾਂ ਰਾਹੀਂ ਤ੍ਰੈਗੁਣਾਂ ਵਾਲੀ ਜੁਗਤਿ ਵਿਚ ਰੱਖਿਆ ਹੋਇਆ ਹੈ, ਦੁਬਿਧਾ ਵਿਚ, ਭਰਮ ਵਿਚ, ਅਗਿਆਨਤਾ ਵਿਚ, ਮਨਮਤਿ ਵਿਚ, ਦੁਰਮਤਿ ਵਿਚ, ਪੁੱਠੇ ਕਮਲ ਵਿਚ, ਮਨ ਦੀ ਪੁੱਠੀ ਮਤਿ ਦੇ ਵਿਚ ਭਾਵ ਮਾਇਆ ਮੋਹ ਵਾਲੀ ਜੁਗਤਿ ਵਿਚ ਭਾਵ ਮਾਇਆ ਦਾ ਮੁਹਤਾਜ ਬਣਾਕੇ ਰੱਖਿਆ ਹੋਇਆ ਹੈ। ਸਾਡੀ ਇਹ ਮਾਇਆ ਮੋਹ ਤੋਂ ਮੁਹਤਾਜੀ ਤਦ ਹੀ ਖਤਮ ਹੋ ਸਕਦੀ ਹੈ ਜਦੋਂ ਸਾਡੇ ਅੰਦਰ ਪ੍ਰਮਾਤਮਾ ਦੀ

37/4546

ਆਪਣੀ ਰਜ਼ਾ ਹੋਵੇ। ਜਿਸ ਦੀ ਰਜ਼ਾ ਚੱਲਦੀ ਹੈ ਉਹ ਸਾਡੇ ਅੰਦਰ ਹੀ ਹੈ ਜਿਸ ਦੀ ਸਮਝ ਉਸਦੇ ਮਨ ਵਿਚ ਪ੍ਰਗਟ ਹੋਣ ਦੁਆਰਾ ਪੈਂਦੀ ਹੈ। ਪ੍ਰਮਾਤਮਾ ਜਦੋਂ ਵੀ ਕਿਸੇ ਦੇ ਅੰਦਰ ਪ੍ਰਗਟ ਹੁੰਦਾ ਹੈ ਉਥੇ ਹੀ ਕਿਸੇ ਨੂੰ ਚਉਥੇ ਪਦ ਦੀ ਪ੍ਰਾਪਤੀ ਹੁੰਦੀ ਹੈ। ਚਉਥਾ ਪਦ ਸੱਚੇ ਗਿਆਨ ਦਾ ਪਦ ਹੈ ਜੋ ਸਾਨੂੰ ਮਾਇਆ ਮੋਹ ਦੀ ਮੁਹਤਾਜੀ ਵਿਚੋਂ ਕੱਢਦਾ ਹੈ ਭਾਵ ਮਨ ਦੇ ਹਰ ਭਰਮ ਵਿਚੋਂ ਕੱਢਦਾ ਹੈ। ਪ੍ਰਮਾਤਮਾ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਮਨ ਦੇ ਚਉਥੇ ਪਦ ਰਾਹੀਂ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤੀ ਹੈ। ਮਨ ਦਾ ਇਹ ਰੋਗ ਨਿਕਲੇ ਬਿਨਾ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ ਤੇ ਇਸ ਰੋਗ ਨੂੰ ਕੱਢਣ ਦਾ ਇੱਕੋ ਇੱਕ ਤਰੀਕਾ ਸ਼ਬਦ ਦੀ ਵਿਚਾਰ ਨਾਲ ਜੁੜਨ ਦਾ ਹੈ, ਗੁਰੂ ਦੇ ਚਉਥੇ ਪਦ ਦੇ ਵਿਚਾਰਾਂ ਨਾਲ ਜੁੜਨ ਦਾ ਹੈ ਤੇ ਜੇਕਰ ਅਸੀਂ ਕੇਵਲ ਧਰਮ ਗ੍ਰੰਥਾਂ ਨੂੰ ਪੜੀ ਜਾਈਏ, ਸਰੀਰਕ ਕਿਰਿਆਵਾਂ ਨਾਲ ਜੁੜੇ ਰਹੀਏ, ਤੀਰਥਾਂ ਆਦਿ ਤੇ ਭਵੀ ਜਾਈਏ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੀ ਬਜਾਇ ਭਾਵੇਂ ਕਿਹੋ ਜਿਹੇ ਮਨ ਘੜੰਤ ਭਗਤੀ ਦੇ ਤਰੀਕਿਆਂ ਨਾਲ ਜੁੜੇ ਰਹੀਏ ਉਸ ਨਾਲ ਰੋਗ ਦੂਰ ਨਹੀਂ ਹੋ ਸਕਦਾ। (**ਤੀਰਥਿ ਭਰਮੈ ਰੋਗੁ ਨ ਛੁਟਸਿ ਪੜਿਆ ਬਾਦੁ ਬਿਬਾਦੁ ਭਇਆ ॥ ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥**)

ਮਨ ਦਾ ਇਹ ਰੋਗ ਕਿਵੇਂ ਦੂਰ ਹੁੰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥

ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਨੁ ਪਇਆ ॥੯॥੧॥"

ਉਪਰ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਜਨ ਦੀ ਅਵਸਥਾ ਸਮਝਾਈ ਹੋਈ ਹੈ ਜਿਸਦੇ ਮਨ ਵਿਚ ਪ੍ਰਮਾਤਮਾ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ, ਜੋ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣ ਜਾਂਦਾ ਹੈ ਭਾਵ ਉਸ ਦਾ ਆਪਣਾ ਹੀ ਰੂਪ ਬਣ ਜਾਂਦਾ ਹੈ।

ਮਨ ਦਾ ਇਹ ਰੋਗ ਸ਼ਬਦ ਨੂੰ ਸਲਾਹੁਣ ਦੁਆਰਾ ਨਿਕਲਦਾ ਹੈ ਭਾਵ ਸ਼ਬਦ ਦੀ ਮਤਿ ਨੂੰ ਸਲਾਹੁਣ ਦੁਆਰਾ ਨਿਕਲਦਾ ਹੈ। ਜੋ ਸ਼ਬਦ ਦੀ ਵਿਚਾਰ ਨੂੰ ਮੰਨਦਾ ਹੈ, ਜੋ ਸ਼ਬਦ ਦੀ ਸਿੱਖਿਆ ਨੂੰ ਮੰਨਦਾ ਹੈ ਉਹੀ ਸ਼ਬਦ ਨੂੰ ਸਲਾਹੁੰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸ਼ਬਦ ਰੂਪ ਗੁਰੂ ਦੀ ਸਿੱਖਿਆ ਹੀ ਸਾਡਾ ਗੁਰੂ ਹੈ। ਜੋ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਵਸਾਉਂਦਾ ਹੈ ਉਹ ਮਨ

37/4547

ਦੇ ਭਰਮਾਂ ਵਿੱਚੋਂ ਹੀ ਨਿਕਲਦਾ ਹੈ, ਮਨ ਦੀ ਦੁਬਿੱਧਾ ਵਿੱਚੋਂ, ਮਨਮਤਿ ਵਿੱਚੋਂ ਹੀ ਨਿਕਲਦਾ ਹੈ। ਗੁਰੂ ਦਾ ਸੱਚਾ ਗਿਆਨ ਸਾਨੂੰ ਅਗਿਆਨਤਾ ਵਿੱਚੋਂ ਕੱਢਦਾ ਹੈ ਭਾਵ ਸਾਡੇ ਮਨ ਨੂੰ ਅਗਿਆਨਤਾ ਦੀ ਮੈਲ ਤੋਂ, ਹਉਮੈ ਦੀ ਮੈਲ ਤੋਂ ਰਹਿਤ ਕਰਕੇ ਹਰ ਵੇਲੇ ਨਿਰਮਲ ਬਣਾ ਕੇ ਰੱਖਦਾ ਹੈ, ਗੁਰਮਤਿ ਦੇ ਵਿਚਾਰਾਂ ਵਾਲਾ ਬਣਾਕੇ ਰੱਖਦਾ ਹੈ। ਬੜੇ ਵੱਡੇ ਭਾਗਾਂ ਨਾਲ ਹੀ ਪ੍ਰਮਾਤਮਾ ਕਿਸੇ ਨੂੰ ਮਨ ਦੇ ਇਸ ਰੋਗ ਤੋਂ ਮੁਕਤਿ ਕਰਦਾ ਹੈ, ਦੁਬਿਧਾ ਰੋਗ ਤੋਂ ਮੁਕਤਿ ਕਰਦਾ ਹੈ। (**ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥ ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥**)

ਸਾਡੇ ਮਨ ਦੇ ਅੰਦਰ ਜੋ ਮਾਇਆ ਮੋਹ ਵਾਲੀ ਜੁਗਤਿ ਹੈ ਇਹੀ ਸਾਡਾ ਸਭ ਦਾ ਰੋਗ ਹੈ, ਸਾਰੇ ਸੰਸਾਰ ਦਾ ਰੋਗ ਹੈ ਤੇ ਅਸੀਂ ਮੁਕਤੀ ਵੀ ਇਸੇ ਰੋਗ ਤੋਂ ਪਾਉਣੀ ਹੈ ਕਿਉਂਕਿ ਇਸ ਰੋਗ ਤੋਂ ਮੁਕਤਿ ਹੋਏ ਬਿਨਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਜੇਕਰ ਰੋਗ ਮਨ ਦੇ ਵਿਚਾਰਾਂ ਦੇ ਵਿਚ ਹੈ ਫਿਰ ਉਹ ਦੂਰ ਵੀ ਮਨ ਦੇ ਵਿਚਾਰਾਂ ਰਾਹੀਂ ਹੀ ਹੋਣਾ ਹੈ ਭਾਵ ਸਾਰੀ ਗੱਲ ਮਨ ਦੇ ਵਿਚਾਰਾਂ ਨੂੰ ਬਦਲਣ ਦੀ ਹੈ, ਮਨ ਦੀ ਸੋਝੀ ਨੂੰ ਬਦਲਣ ਦੀ ਹੈ। ਇਹ ਮਾਇਆ ਮੋਹ ਸਾਡੇ ਅੰਦਰ ਕਿਵੇਂ ਵਰਤਦਾ ਹੈ ਇਸ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਸੋਧਣ ਦਾ ਉਪਰਾਲਾ ਕਰੀਏ ਭਾਵ ਗੁਰੂ ਦੀ ਸੱਚੀ ਮਤਿ ਨੂੰ ਸਮਝਕੇ ਉਸ ਨੂੰ ਮੰਨੀਏ ਜਿਸ ਨੇ ਸਾਨੂੰ ਮਨ ਦੇ ਰੋਗ ਤੋਂ ਮੁਕਤ ਕਰਨਾ ਹੈ, ਦੁਬਿਧਾ ਰੋਗ ਤੋਂ ਮੁਕਤਿ ਕਰਨਾ ਹੈ, ਮਾਇਆ ਮੋਹ ਵਾਲੀ ਜੁਗਤਿ ਤੋਂ ਦੂਰ ਕਰਨਾ ਹੈ।

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ - ੧੧੩)

{ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥
ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥
ਹਉ ਹਉ ਕਰੇ ਤੈ ਆਪੁ ਜਣਾਏ ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥
ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥੫॥}

(ਅੰਗ - ੧੨੭)

{ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥}

(ਅੰਗ - ੧੨੮)

37/4548

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ - ੧੧੬)

{ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ ॥
ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥}

(ਅੰਗ - ੯੦੩)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥}

(ਅੰਗ - ੧੦੬੬)

{ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ - ੬੭)

{ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ - ੧੧੨੩)

ਆਉ ਹੁਣ ਮੁੱਖ ਸ਼ਬਦ ਨੂੰ ਹੋਰ ਸਮਝੀਏ ਜਿਸ ਸ਼ਬਦ ਨੂੰ ਅਸੀਂ ਰਹਾਉ ਵਾਲੀ ਪੰਗਤੀ ਤੱਕ ਪਿੱਛੇ ਸਮਝਿਆ ਹੈ। (**ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥ ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥**)

ਇਸ ਸ਼ਬਦ ਵਿਚ ਵੀ ਸਾਡੇ ਹਉਮੈ ਰੋਗ ਨੂੰ ਅਗਲੀਆਂ ਪੰਗਤੀਆਂ ਵਿੱਚ ਜਾ ਕੇ ਮਾਇਆ ਮੋਹ ਦਾ ਰੋਗ ਹੀ ਦੱਸਿਆ ਹੋਇਆ ਹੈ, ਸਾਡੀ ਤ੍ਰੈ ਗੁਣਾਂ ਵਾਲੀ ਅਵਸਥਾ ਦਾ ਰੋਗ ਹੀ ਦੱਸਿਆ ਹੋਇਆ ਹੈ ਭਾਵ ਜੋ ਅਸੀਂ ਉਪਰ ਸਮਝਿਆ ਹੈ ਉਹੀ ਕੁਝ ਮਾਇਆ ਦਾ ਰੂਪ ਇਸ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ।

“ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥”

ਸਾਡੇ ਅੰਦਰ ਹਉਮੈ ਰੋਗ ਦਾ ਮੂਲ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਜੋ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਹਰ ਵੇਲੇ ਮਾਇਆ ਮੋਹ ਨਾਲ ਜੋੜ ਕੇ ਰਖਦੀ ਹੈ। ਸਾਰਾ ਸੰਸਾਰ ਹੀ ਇਸ ਰੋਗ ਨਾਲ ਗ੍ਰਸਤ ਹੈ ਭਾਵ ਇਸ ਰੋਗ ਤੋਂ ਬਿਨਾ ਕੋਈ ਵੀ ਨਹੀਂ ਹੈ ਭਾਵੇਂ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਜਿੰਨਾ ਮਰਜੀ ਉੱਚਾ ਅਖਵਾਉਂਦਾ ਹੋਵੇ,

37/4549

ਗੁਰਮੁਖਿ ਆਦਿ ਅਖਵਾਉਂਦਾ ਹੋਵੇ। ਆਪਣੇ ਆਪ ਨੂੰ ਇੱਕ ਮਨੁੱਖ ਸਮਝਣਾ ਹੀ ਸਾਡਾ ਰੋਗ ਹੈ ਫਿਰ ਗੁਰਮੁਖਿ ਸਮਝਣਾ ਵੀ ਸਾਡਾ ਰੋਗ ਹੈ, ਸੰਤ ਬ੍ਰਹਮਗਿਆਨੀ ਆਦਿ ਸਮਝਣਾ ਸਾਡਾ ਵੱਡਾ ਰੋਗ ਹੈ। ਜਿਸਦੀ ਆਪਣੀ ਹੋਂਦ ਹੀ ਝੂਠੀ ਹੈ, ਆਪਣੀ ਹੋਂਦ ਨੂੰ ਹੋਰ ਉੱਚੀ ਕਰਨਾ ਆਪਣੀ ਹਉਮੈ ਨੂੰ ਉੱਚਾ ਕਰਨਾ ਹੈ, ਆਪਣੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਹੋਰ ਉੱਚਾ ਕਰਨਾ ਹੈ। ਸਾਡਾ ਜੋ ਵੀ ਵਿਚਾਰ ਮਾਇਆ ਮੋਹ ਵਾਲਾ ਹੈ, ਹਉਮੈ ਵਾਲਾ ਹੈ ਉਹ ਵਿਚਾਰ ਰੋਗੀ ਵਿਚਾਰ ਹੈ ਭਾਵ ਉਹ ਵਿਚਾਰ ਭਰਮ ਵਾਲਾ ਵਿਚਾਰ ਹੈ, ਮਨ ਦੀ ਅਗਿਆਨਤਾ ਵਾਲਾ ਵਿਚਾਰ ਹੈ। ਸਾਡੇ ਅੰਦਰ ਰੋਗ ਦਾ ਮੂਲ ਮਨ ਦੀ ਅਗਿਆਨਤਾ ਹੀ ਹੈ ਤੇ ਤ੍ਰੈ ਗੁਣਾਂ ਵਾਲੀ ਅਵਸਥਾ ਦਾ ਮਕਸਦ ਸਾਨੂੰ ਮਨ ਦੇ ਅੰਦਰ ਭਰਮ ਵਾਲੇ ਵਿਚਾਰਾਂ ਨਾਲ ਜੋੜ ਕੇ ਰੱਖਣ ਦਾ ਹੈ ਜੋ ਵਿਚਾਰ ਸਾਨੂੰ ਸੱਚ ਵਾਲੇ ਵਿਚਾਰਾਂ ਨੂੰ ਸਮਝਣ ਤੋਂ ਤੇ ਉਹਨਾਂ ਨੂੰ ਅਪਨਾਉਣ ਤੋਂ ਦੂਰ ਰੱਖਦੇ ਹਨ। ਸੱਚ ਉਹ ਹੈ ਜਿੱਥੇ ਸ਼ਬਦ ਦੀ ਵਿਚਾਰ ਹੈ। ਸ਼ਬਦ ਦੀ ਵਿਚਾਰ ਸਾਨੂੰ ਇਹ ਸਮਝਾਉਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿਚ ਉਹ ਆਪ ਹੀ ਹੈ, ਸਾਡੇ ਮਨ ਦੇ ਰੂਪ ਵਿਚ ਉਹ ਆਪ ਹੀ ਹੈ ਪਰ ਸਾਡੇ ਮਨ ਦੇ ਵਿਚਾਰ ਸਾਨੂੰ ਇਹ ਗੱਲ ਮੰਨਣ ਨਹੀਂ ਦਿੰਦੇ ਭਾਵ ਸਾਨੂੰ ਸੱਚੀ ਗੱਲ ਮੰਨਣ ਤੋਂ ਦੂਰ ਰੱਖਦੇ ਹਨ ਤੇ ਇਹੀ ਸਾਡੇ ਅੰਦਰ ਦਾ ਭਰਮ ਹੈ ਭਾਵ ਸਾਡਾ ਰੋਗ ਹੈ। ਜਦ ਤਕ ਸਾਡੇ ਅੰਦਰ ਇਹ ਰੋਗ ਹੈ, ਜਦ ਤਕ ਸਾਡੇ ਮਨ ਦੇ ਵਿਚਾਰ ਰੋਗੀ ਹਨ ਤਦ ਤਕ ਅਸੀਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਹਾਂ। ਪੂਰੀ ਗੁਰਬਾਣੀ ਵਿਚ ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਸੱਚ ਸਮਝਾਇਆ ਹੋਇਆ ਹੈ ਪਰ ਸਾਡੇ ਮਨ ਦਾ ਰੋਗ ਸਾਨੂੰ ਸ਼ਬਦ ਦੀ ਵਿਚਾਰ ਤੇ ਵਿਸ਼ਵਾਸ ਨਹੀਂ ਆਉਣ ਦਿੰਦਾ ਭਾਵ ਸਾਡੇ ਮਨ ਦੇ ਵਿਚਾਰ ਸਾਨੂੰ ਸੱਚ ਨਾਲ ਜੁੜਨ ਨਹੀਂ ਦਿੰਦੇ। ਸਾਨੂੰ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਾਇਆ ਹੋਇਆ ਹੈ ਕਿ ਨਾਮ ਕੀ ਹੈ ਪਰ ਸਾਡੇ ਰੋਗੀ ਵਿਚਾਰ ਸਾਨੂੰ ਵਿਸ਼ਵਾਸ ਨਹੀਂ ਆਉਣ ਦਿੰਦੇ ਕਿ ਨਾਮ ਕੀ ਹੈ। ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਕਰ ਕੇ ਉਹਨਾਂ ਦੀ ਗੱਲ ਤੇ ਵਿਸ਼ਵਾਸ ਕਰਦੇ ਹਾਂ ਜਿੰਨਾ ਦੀ ਗੱਲ ਗੁਰੂ ਦੀ ਗੱਲ ਨਾਲ ਮੇਲ ਨਹੀਂ ਖਾਂਦੀ ਭਾਵ ਸਾਡੀ ਰੋਗੀ ਮਤਿ ਰੋਗ ਵਾਲੀ ਮਤਿ ਨੂੰ ਹੀ ਠੀਕ ਸਮਝਦੀ ਹੈ। ਇਸੇ ਤਰ੍ਹਾਂ ਸਾਨੂੰ ਅਨੇਕਾਂ

ਹੀ ਸ਼ਬਦਾਂ ਦੁਆਰਾ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ ਪਰ ਸਾਡੀ ਰੋਗੀ ਮਤਿ ਸਾਨੂੰ ਵਿਸ਼ਵਾਸ ਨਹੀਂ ਆਉਣ ਦਿੰਦੀ ਤੇ ਅਸੀਂ ਫਿਰ ਵੀ ਉਹੋ ਜਿਹੇ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਜਿਨ੍ਹਾਂ ਵਿਚ ਸੱਚ ਨਹੀਂ ਹੈ ਭਾਵ ਸਾਡੇ ਮਨ ਦਾ ਭਰਮ ਨਹੀਂ ਦੂਰ ਹੁੰਦਾ, ਸਾਡਾ ਰੋਗ ਦੂਰ ਨਹੀਂ ਹੁੰਦਾ ਤੇ ਅਸੀਂ ਆਪਣੀ

37/4550

ਰੋਗੀ ਮਤਿ ਨੂੰ ਹੀ ਸੱਚੀ ਮਤਿ ਸਮਝਦੇ ਹਾਂ। ਇਹ ਅਸਲ ਵਿਚ ਭਰਮ ਹੈ ਜਿਸ ਦੇ ਉੱਤੇ ਸਾਡਾ ਵੱਸ ਨਹੀਂ ਚਲਦਾ। ਸਾਡੇ ਮਨ ਦੇ ਵਿਚਾਰਾਂ ਤੇ ਸਾਡਾ ਕੋਈ ਵੱਸ ਨਹੀਂ ਹੈ। ਜਿਸ ਦਾ ਵੱਸ ਚਲਦਾ ਹੈ ਉਹ ਸਾਡੇ ਅੰਦਰ ਹੀ ਹੈ ਜਿਸ ਨੇ ਮਨ ਦੇ ਵਿਚਾਰਾਂ ਰਾਹੀਂ ਸਾਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ, ਭਰਮ ਵਾਲੇ ਵਿਚਾਰ ਸਾਡੇ ਅੰਦਰ ਪਾ ਕੇ ਸਾਨੂੰ ਤ੍ਰੈਗੁਣੀ ਮਤਿ ਦੁਆਰਾ ਆਪਣੇ ਵੱਸ ਵਿਚ ਰਖਿਆ ਹੋਇਆ ਹੈ, ਮਾਇਆ ਮੋਹ ਦੀ ਜੁਗਤਿ ਦੁਆਰਾ ਆਪਣੇ ਵੱਸ ਵਿਚ ਰਖਿਆ ਹੋਇਆ ਹੈ, ਹਉਮੈ ਵਾਲੀ ਅਵਸਥਾ ਦੁਆਰਾ ਆਪਣ ਵੱਸ ਵਿਚ ਰੱਖਿਆ ਹੋਇਆ ਹੈ ਭਾਵ ਅਸੀਂ ਆਪਣੇ ਆਪ ਰੋਗੀ ਨਹੀਂ ਬਣੇ ਸਾਨੂੰ ਉਸ ਪ੍ਰਮਾਤਮਾ ਨੇ ਆਪ ਰੋਗੀ ਬਣਾਇਆ ਹੋਇਆ ਹੈ। ਜਿਸ ਨੇ ਸਾਡੇ ਅੰਦਰ ਇਹ ਰੋਗ ਪਾਇਆ ਹੈ ਉਹੀ ਸਾਨੂੰ ਇਸ ਰੋਗ ਵਿਚੋਂ ਕੱਢ ਸਕਦਾ ਹੈ। ਜੋ ਵੀ ਸਾਡੇ ਮਨ ਦਾ ਵਿਚਾਰ ਰੋਗੀ ਵਿਚਾਰ ਹੈ ਭਾਵ ਭਰਮ ਵਾਲਾ ਵਿਚਾਰ ਹੈ ਉਹ ਗੁਰਮਤਿ ਵਾਲਾ ਵਿਚਾਰ ਨਹੀਂ ਹੈ। ਕੇਵਲ ਗੁਰਮਤਿ ਵਾਲੇ ਵਿਚਾਰ ਰੋਗ ਤੋਂ ਰਹਿਤ ਵਿਚਾਰ ਹਨ। ਸਾਡਾ ਜੋ ਵੀ ਵਿਚਾਰ ਗੁਰਮਤਿ ਅਨੁਸਾਰ ਨਹੀਂ ਹੈ ਉਸ ਵਿਚਾਰ ਰਾਹੀਂ ਅਸੀਂ ਜੋ ਕੁਝ ਵੀ ਬੋਲਦੇ ਹਾਂ, ਜੋ ਕੁਝ ਵੀ ਕਰਦੇ ਹਾਂ, ਜੋ ਕੁਝ ਵੀ ਕਿਸੇ ਨੂੰ ਸਮਝਾਉਂਦੇ ਹਾਂ ਉਹ ਸਾਡਾ ਵਿਕਾਰ ਹੈ। ਆਪਣੇ ਆਪ ਨੂੰ ਮਨੁੱਖ ਸਮਝਣਾ ਵੀ ਸਾਡਾ ਵਿਕਾਰ ਹੈ। (**ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥**) ਜਦ ਤੱਕ ਮਨੁੱਖ ਇਸ ਰੋਗ ਤੋਂ ਮੁਕਤ ਨਹੀਂ ਹੁੰਦਾ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਮੁਕਤ ਨਹੀਂ ਹੁੰਦਾ, ਉਹ ਮਨ ਦੇ ਭਰਮ ਤੋਂ ਮੁਕਤ ਨਹੀਂ ਹੁੰਦਾ ਉਹ ਤਦ ਤਕ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ, ਆਪਣੇ ਆਪ ਦੀ ਅਸਲੀਅਤ ਨੂੰ ਨਹੀਂ ਜਾਣ ਸਕਦਾ ਕਿ ਮਨੁੱਖ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ। ਇਸ ਰੋਗ ਤੋਂ ਮੁਕਤ ਹੋਏ ਬਿਨਾ ਮਨੁੱਖ ਸੰਸਾਰ ਦੇ ਆਵਾਗਉਣ ਤੋਂ ਮੁਕਤ ਨਹੀਂ ਹੋ ਸਕਦਾ। (**ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥**) ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥"

ਉਪਰ ਪਹਿਲੀ ਪੰਗਤੀ ਵਿਚ **"ਰਹਨੁ"** ਦੀ ਗੱਲ ਕੀਤੀ ਹੋਈ ਹੈ। **"ਰਹਨੁ"** ਤੋਂ ਭਾਵ ਹੈ ਸਾਡੀ ਇਸ ਸੰਸਾਰ ਵਿਚ ਰਹਿਣੀ ਭਾਵ ਸਾਡੀ ਇਸ ਸੰਸਾਰ ਵਿਚ ਵਿਚਰਨ ਭਾਵ ਇਸ ਸੰਸਾਰ ਵਿਚ

37/4551

ਆਪਣਾ ਜੀਵਨ ਬਤੀਤ ਕਰਨ ਦਾ ਢੰਗ। ਇਸ ਸੰਸਾਰ ਵਿਚ ਸਾਡੀ ਵਿਚਰਨ ਕਿਹੋ ਜਿਹੀ ਹੋਣੀ ਚਾਹੀਦੀ ਹੈ ਭਾਵ ਸਾਡਾ ਧਰਮ ਦਾ ਮਾਰਗ ਕਿਹੋ ਜਿਹਾ ਹੋਣਾ ਚਾਹੀਦਾ ਹੈ, ਆਪਣੇ ਜੀਵਨ ਦੇ ਮਨੋਰਥ ਨੂੰ ਪੂਰਾ ਕਰਨ ਦਾ ਮਾਰਗ ਸਾਡਾ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਹ ਸਾਡੀ **"ਰਹਨੁ"** ਨਾਲ ਜੁੜਿਆ ਹੋਇਆ ਹੈ। ਧਰਮ ਗ੍ਰੰਥ ਸਾਨੂੰ ਸਾਡੇ ਜੀਵਣ ਦਾ ਮਾਰਗ ਹੀ ਸਮਝਾਉਂਦੇ ਹਨ ਭਾਵ ਸਾਡੇ ਜੀਵਣ ਦਾ ਮਾਰਗ ਕਿਹੋ ਜਿਹਾ ਹੋਵੇ ਉਹ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਜਦ ਤਕ ਅਸੀਂ ਤ੍ਰੈਗੁਣਾਂ ਦੇ ਬੰਧਨ ਵਿਚ ਹਾਂ ਤਦ ਤਕ ਅਸੀਂ ਰੋਗ ਦੇ ਬੰਧਨ ਵਿਚ ਹਾਂ ਜੋ ਬੰਧਨ ਸਾਡੇ ਮਨ ਦੇ ਵਿਚ ਹੈ। ਇਹ ਬੰਧਨ ਸਾਡੀ ਮਤਿ ਦੇ ਵਿਚ ਹੈ ਜੋ ਕਿ ਮਾਇਆ ਮੋਹ ਦਾ ਬੰਧਨ ਹੈ, ਮਨ ਦੀ ਅਗਿਆਨਤਾ ਦੇ ਰੂਪ ਵਿਚ ਬੰਧਨ ਹੈ ਜੋ ਸਾਨੂੰ ਸੱਚ ਦੀ ਸਮਝ ਨਹੀਂ ਪੈਣ ਦਿੰਦਾ, ਨਾਮ ਦੇ ਮਾਰਗ ਦੀ ਸਮਝ ਨਹੀਂ ਪੈਣ ਦਿੰਦਾ। ਸਾਰੀ ਮਨੁੱਖਤਾ ਦਾ ਧਰਮ ਸੱਚ ਹੈ ਪਰ ਜਦ ਤਕ ਅਸੀਂ ਮਨ ਦੇ ਰੋਗੀ ਹਾਂ ਤਦ ਤਕ ਅਸੀਂ ਸੱਚ ਨੂੰ ਨਹੀਂ ਜਾਣ ਸਕਦੇ। ਜਿਸਨੂੰ ਸੱਚ ਦੀ ਸਮਝ ਹੈ ਉਹ ਫਿਰ ਮਨੁੱਖ ਮਨੁੱਖ ਵਿਚ ਭੇਦ ਨਹੀਂ ਸਮਝ ਸਕਦਾ ਭਾਵ ਉਹ ਕਿਸੇ ਇਕ ਧਾਰਮਿਕ ਆਸਥਾ ਵਾਲਾ ਨਹੀਂ ਹੋ ਸਕਦਾ ਕਿਉਂਕਿ ਉਸ ਨੂੰ ਹਰ ਮਨੁੱਖ ਪ੍ਰਮਾਤਮਾ ਦਾ ਰੂਪ ਹੀ ਨਜਰ ਆਉਂਦਾ ਹੈ ਤੇ ਉਹ ਮਨੁੱਖ ਮਨੁੱਖ ਵਿਚ ਕੋਈ ਵਿਤਕਰਾ ਨਹੀਂ ਕਰ ਸਕਦਾ, ਉਹ ਕਿਸੇ ਮਨੁੱਖ ਦਾ ਮਾੜਾ ਨਹੀਂ ਕਰ ਸਕਦਾ, ਉਹ ਕਿਸੇ ਦਾ ਹੱਕ ਨਹੀਂ ਖਾ ਸਕਦਾ ਭਾਵ ਉਹ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਮੁਕਤ ਹੋ ਕੇ ਵਿਚਰਦਾ ਹੈ, ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਵਿਚਰਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਅਨੁਸਾਰ ਵਿਚਰਦਾ ਹੈ, ਮਨ ਦੇ ਵਿਚ ਧਰਮ ਦੇ ਸੱਚੇ ਮਾਰਗ ਦੀ ਸੋਝੀ ਅਨੁਸਾਰ ਵਿਚਰਦਾ ਹੈ। ਜਦ ਤਕ ਸਾਡੇ ਅੰਦਰ ਭਰਮ ਰੂਪ ਬੰਧਨ ਹੈ, ਅਗਿਆਨਤਾ ਵਾਲਾ

ਬੰਧਨ ਹੈ ਤਦ ਤਕ ਸਾਨੂੰ ਆਪਣਾ **"ਰਹਨੁ"** ਸਮਝ ਨਹੀਂ ਆਉਂਦਾ ਤੇ ਅਸੀਂ ਉਹੋ ਜਿਹੀ ਸੰਸਾਰਕ ਵਿਚਰਨ ਨਾਲ ਜੁੜੇ ਰਹਿੰਦੇ ਹਾਂ, ਆਪਣੀ ਆਪਣੀ ਮਤਿ ਅਨੁਸਾਰ ਕਿਸੇ ਖਾਸ ਧਾਰਮਿਕ ਆਸਥਾ ਨਾਲ ਜੁੜੇ ਰਹਿੰਦੇ ਹਾਂ ਤੇ ਮਨੁੱਖ ਮਨੁੱਖ ਵਿਚ ਭੇਦ ਸਮਝਦੇ ਹਾਂ ਤੇ ਉਹੋ ਜਿਹੇ ਅਨੇਕਾਂ ਭਗਤੀ ਦੇ ਤਰੀਕੇ ਅਪਣਾਉਂਦੇ ਹਾਂ, ਕਿਸੇ ਖਾਸ ਖਾਣ-ਪਾਣ ਨਾਲ ਜੁੜਦੇ ਹਾਂ, ਕਿਸੇ ਖਾਸ ਮਰਿਆਦਾ ਨਾਲ ਜੁੜਦੇ ਹਾਂ ਜਿਸਦਾ ਧਰਮ ਦੇ ਮਾਰਗ ਨਾਲ ਕੋਈ ਸੰਬੰਧ ਨਹੀਂ ਹੁੰਦਾ। ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇਕੋ ਹੀ ਹੈ ਜਿਸਦੀ ਕਿ ਮਨ ਦੇ ਰੋਗ ਵਿੱਚ ਰਹਿੰਦਿਆਂ ਹੋਇਆਂ ਸਮਝ ਨਹੀਂ ਪੈਂਦੀ, ਰੱਤੀ ਭਰ ਵੀ ਸਮਝ

ਨਹੀਂ ਪੈਂਦੀ। ਮਨ ਦਾ ਇਹ ਰੋਗ ਗੁਰੂ ਦੀ ਸੱਚੀ ਮਤਿ ਨਾਲ ਜੁੜੇ ਬਿਨਾ ਨਹੀਂ ਜਾ ਸਕਦਾ ਪਰ ਇਹ ਮਨ ਦਾ ਰੋਗ ਸਾਨੂੰ ਗੁਰੂ ਦੀ ਸੱਚੀ ਮਤਿ ਨਾਲ ਜੁੜਣ ਨਹੀਂ ਦਿੰਦਾ ਭਾਵ ਅਸੀਂ ਮਨਮਤਿ ਨਾਲ ਹੀ ਜੁੜੇ ਰਹਿੰਦੇ ਹਾਂ। ਇਹ ਮਨਮਤਿ ਹੀ ਸਾਡਾ ਰੋਗ ਹੈ ਜੋ ਸਾਨੂੰ ਸਾਡੇ ਸੱਚੇ ਜੀਵਣ ਮਾਰਗ ਦੀ ਸਮਝ ਨਹੀਂ ਪੈਣ ਦਿੰਦਾ। (**ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥**)

ਇਹ ਰੋਗ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਹੈ ਭਾਵ ਸਾਡੇ ਅੰਦਰ ਹਉਮੈ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਜੋ ਸਾਡੇ ਅੰਦਰ ਮਨਮਤਿ ਦੇ ਰੂਪ ਵਿੱਚ ਹੈ ਤੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਇਸ ਰੋਗ ਵਿੱਚੋਂ ਕੱਢਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ।

"ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥

ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥"

ਇਹ ਰੋਗ ਸਾਡੇ ਮਨ ਦਾ ਰੋਗ ਹੈ ਤੇ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸੇ ਦਾ ਰੋਗ ਹੀ ਦੂਰ ਹੁੰਦਾ ਹੈ ਕਿਉਂਕਿ ਪ੍ਰਮਾਤਮਾ ਦੇ ਦਰਸ਼ਨ ਹੀ ਮਨ ਦੇ ਵਿਚ ਇਹ ਰੋਗ ਦੂਰ ਹੋਣ ਦੁਆਰਾ ਹੁੰਦੇ ਹਨ, ਮਨ ਦਾ ਬੰਧਨ ਟੁੱਟਣ ਦੁਆਰਾ ਹੁੰਦੇ ਹਨ। ਸਾਡੇ ਅੰਦਰੋਂ ਹਉਮੈ ਰੂਪ ਬੰਧਨ ਟੁੱਟਣਾ ਹੀ ਸਾਡੇ ਅੰਦਰੋਂ ਰੋਗ ਦਾ ਦੂਰ ਹੋਣਾ ਹੈ। ਪ੍ਰਮਾਤਮਾ ਜਿਸ ਦਾ ਵੀ ਇਹ ਰੋਗ ਦੂਰ ਕਰਦਾ ਹੈ ਉਹ ਆਪਣੇ ਹੱਥੀ ਹੀ ਕਰਦਾ ਹੈ ਜੋ ਕਿ ਹਰ ਵੇਲੇ ਸਾਡੇ ਨਾਲ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ। ਮਨ ਦਾ ਰੋਗ ਮਨ ਦੇ ਵਿਚੋਂ ਹੀ ਦੂਰ ਹੁੰਦਾ ਹੈ। ਸੱਚੇ ਗਿਆਨ ਦਾ ਮਾਲਕ, ਭਰਮਗੜ ਨੂੰ ਤੋੜਣ ਦਾ ਮਾਲਕ ਸਾਡੇ ਅੰਦਰ ਹੀ ਹੈ ਜੋ ਕਿ ਚਉਥੇ ਪਦ ਦੇ ਰੂਪ ਵਿਚ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਹਉਮੈ ਰੋਗ ਤੋਂ ਮੁਕਤ ਕਰਦਾ ਹੈ ਉਹ ਆਪਣੇ ਨਾਮ ਦੁਆਰਾ ਹੀ ਮੁਕਤ ਕਰਦਾ ਹੈ ਭਾਵ ਸਾਡੇ ਅੰਦਰ ਨਾਮ ਦਾ ਵਾਸਾ ਹਉਮੈ ਦੂਰ ਹੋਣ ਦੁਆਰਾ ਹੀ ਹੁੰਦਾ ਹੈ। ਉਪਰ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ **"ਸਾਧਸੰਗੁ"** ਦੀ ਪ੍ਰਾਪਤੀ ਕੀ ਹੈ। ਜਦ ਤਕ ਸਾਡੇ ਅੰਦਰ ਹਉਮੈ ਰੂਪ ਬੰਧਨ ਹੈ, ਭਰਮ ਦਾ ਬੰਧਨ ਹੈ, ਮਾਇਆ ਮੋਹ

ਰੂਪ ਬੰਧਨ ਹੈ ਤਦ ਤਕ ਕਿਸੇ ਦੀ ਅਵਸਥਾ ਵੀ **"ਸਾਧਸੰਗੁ"** ਵਾਲੀ ਅਵਸਥਾ ਨਹੀਂ ਹੈ। **"ਸਾਧਸੰਗੁ"** ਦੀ ਪ੍ਰਾਪਤੀ ਮਨ ਦੇ ਵਿਚ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਬਾਣੀ ਰਾਹੀਂ ਸਮਝਾਈ ਹੋਈ ਗੱਲ ਕਦੇ ਕਿਸੇ ਦੂਸਰੇ ਸ਼ਬਦ ਵਿਚ ਜਾ ਕੇ ਬਦਲ ਨਹੀਂ ਸਕਦੀ। ਗੁਰੂ ਦੇ ਬੋਲ ਅਟੱਲ ਹਨ ਪਰ ਸਮਝਣ ਦਾ ਫਰਕ ਸਾਡੀ ਮਤਿ ਦਾ ਹੈ, ਭਰਮ ਵਾਲੀ ਮਤਿ ਦਾ ਹੈ, ਰੋਗੀ ਮਤਿ ਦਾ ਹੈ, ਬੰਧਨ ਵਾਲੀ ਮਤਿ ਦਾ ਹੈ ਜੋ ਸੱਚੀ ਗੱਲ ਨੂੰ ਸਮਝ ਨਹੀਂ ਸਕਦੀ। **"ਸਾਧਸੰਗੁ"** ਦੀ ਅਵਸਥਾ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ। ਸਾਧ ਰੂਪ ਪ੍ਰਮਾਤਮਾ ਦਾ ਗੁਰੂ ਰੂਪ ਹੈ ਜੋ ਕਿ ਸਾਡੇ ਅੰਦਰ ਉਸਦਾ ਸੱਚੇ ਗਿਆਨ ਵਾਲਾ ਰੂਪ ਹੈ, ਬ੍ਰਹਮਗਿਆਨ ਰੂਪ ਹੈ, ਨਾਮ ਰੂਪ ਹੈ। ਜਿਸਨੂੰ ਪ੍ਰਮਾਤਮਾ ਬੰਧਨ ਤੋਂ ਮੁਕਤ ਕਰਦਾ ਹੈ, ਮਨ ਦੇ ਰੋਗ ਤੋਂ ਮੁਕਤ ਕਰਦਾ ਹੈ ਉਸਨੂੰ ਮਨ ਦੇ ਵਿਚ ਸੱਚਾ ਗਿਆਨ ਭਾਵ ਬ੍ਰਹਮਗਿਆਨ ਬਖਸ਼ ਕੇ ਹੀ ਮੁਕਤ ਕਰਦਾ ਹੈ। ਜੋ ਮਨੁੱਖ ਮੁਕਤ ਹੋ ਜਾਂਦਾ ਹੈ, ਭਰਮ ਤੋਂ ਮੁਕਤ ਹੋ ਜਾਂਦਾ ਹੈ ਉਸਨੂੰ ਫਿਰ ਇਹ ਵੀ ਸਮਝ ਲਗ ਜਾਂਦੀ ਹੈ ਕਿ ਸਾਧ ਰੂਪ, ਸੰਤ ਰੂਪ, ਬ੍ਰਹਮਗਿਆਨੀ ਰੂਪ, ਗੁਰੂ ਰੂਪ ਪ੍ਰਮਾਤਮਾ ਆਪ ਹੀ ਹੈ ਤੇ ਉਹ ਕਦੇ ਆਪਣੇ ਆਪ ਨੂੰ ਸੰਤ ਬ੍ਰਹਮਗਿਆਨੀ ਆਦਿ ਸਮਝ ਲਵੇ ਇਹ ਨਾਮੁਮਕਿਨ ਹੈ। ਰੋਗੀ ਮਨ ਹੀ ਆਪਣੇ ਆਪ ਨੂੰ ਸੰਤ, ਬ੍ਰਹਮਗਿਆਨੀ ਆਦਿ ਅਖਵਾ ਸਕਦਾ ਹੈ, ਧਰਮ ਦਾ ਵਿਦਵਾਨ ਅਖਵਾ ਸਕਦਾ ਹੈ। ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਇਸ ਦੀ ਸਮਝ ਮਨ ਦਾ ਰੋਗ ਨਿਕਲਣ ਦੁਆਰਾ ਹੀ ਪੈਂਦੀ ਹੈ। (**ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥ ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ**

ਰੋਗੁ ਮਿਟਾਇਆ ॥੪॥੭॥੨੦॥)

ਇਹ ਰੋਗ ਸਾਡੇ ਅੰਦਰ ਭਰਮ ਦੇ ਰੂਪ ਵਿੱਚ ਹੈ ਭਾਵ ਸਾਡੀ ਸੁਰਤ ਦੇ ਵਿੱਚ ਸ਼ਬਦ ਦੀ ਮਤਿ ਨਾ ਵੱਸਣ ਦਾ ਹੈ ਜਿਸਨੂੰ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ ॥

ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ ॥੬॥"

(ਅੰਗ - ੯੦੬)

ਉਪਰ ਵਾਲੀਆਂ ਇਹਨਾਂ ਦੋ ਪੰਗਤੀਆਂ ਨੂੰ ਹੀ ਅਗਰ ਧਿਆਨ

37/4554

ਨਾਲ ਸਮਝ ਲਵੋ ਤਾਂ ਬਹੁਤ ਕੁੱਝ ਸਮਝ ਆ ਜਾਵੇਗਾ। ਅਸੀਂ ਸੁਰਤਿ ਸ਼ਬਦ ਦੇ ਮੇਲ ਦੀ ਗੱਲ ਕਰਦੇ ਹਾਂ ਤੇ ਇਸ ਮੇਲ ਦੀ ਪ੍ਰਾਪਤੀ ਲਈ ਅਸੀਂ ਸੁਰਤੀਆਂ ਸਮਾਧੀਆਂ ਆਦਿ ਲਗਾ ਕੇ ਬੈਠ ਜਾਂਦੇ ਹਾਂ ਤੇ ਕਿਸੇ ਸ਼ਬਦ ਨੂੰ ਰਟੀ ਜਾਂਦੇ ਹਾਂ ਕਿ ਸੁਰਤਿ ਸ਼ਬਦ ਦਾ ਮੇਲ ਹੋ ਜਾਵੇਗਾ। ਇਹ ਸਾਡੇ ਅੰਦਰ ਹਉਮੈ ਰੋਗ ਦੀ ਨਿਸ਼ਾਨੀ ਹੈ ਭਾਵ ਸਾਡੇ ਮਨ ਦਾ ਭਰਮ ਹੈ। ਸਾਡੀ ਸੁਰਤਿ ਦੇ ਵਿਚਾਰ ਭਰਮਾਂ ਨਾਲ ਭਰੇ ਹੋਏ ਹਨ ਜੋ ਸਾਡੇ ਅੰਦਰ ਹਉਮੈ ਵਾਲੀ ਅਵਸਥਾ ਹੈ ਭਾਵ ਸਾਡੇ ਅੰਦਰ ਰੋਗ ਦਾ ਕਾਰਣ ਹੈ। ਸਾਡਾ ਇਹ ਰੋਗ ਗੁਰੂ ਦੇ ਸ਼ਬਦ ਦੁਆਰਾ ਜਾ ਸਕਦਾ ਹੈ ਭਾਵ ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੈ, ਹਉਮੈ ਰੋਗ ਵਿਚੋਂ ਕੱਢਣ ਦਾ ਹੈ, ਸਾਡੀ ਸੁਰਤਿ ਦੇ ਵਿਚੋਂ ਭਰਮਾਂ ਵਾਲੇ ਵਿਚਾਰਾਂ ਨੂੰ ਕੱਢਣ ਦਾ ਹੈ ਭਾਵ ਸਾਡੀ ਨਾਸਮਝ ਮਤਿ ਨੂੰ ਸਮਝ ਵਾਲੀ ਮਤਿ ਬਣਾਉਣ ਦਾ ਹੈ। ਜਦ ਤਕ ਸਾਡੇ ਅੰਦਰ ਭਰਮ ਹਨ, ਸਾਡੀ ਸੁਰਤਿ ਦੇ ਵਿਚ ਭਰਮ ਹਨ ਤਦ ਤਕ ਅਸੀਂ ਮਨਮਤਿ ਵਿਚ ਹਾਂ। ਗੁਰੂ ਦੀ ਮਤਿ, ਸ਼ਬਦ ਦੀ ਮਤਿ ਭਰਮਾਂ ਤੋਂ ਰਹਿਤ ਹੈ ਜੋ ਪੂਰਨ ਗਿਆਨ ਵਾਲੀ ਹੈ, ਬ੍ਰਹਮਗਿਆਨ ਵਾਲੀ ਮਤਿ ਹੈ, ਸੱਚੇ ਗਿਆਨ ਵਾਲੀ ਮਤਿ ਹੈ। ਸ਼ਬਦ ਦੀ ਮਤਿ ਜਦ ਤਕ ਸਾਡੇ ਅੰਦਰ ਨਹੀਂ ਵਸਦੀ ਭਾਵ ਜਦ ਤਕ ਸ਼ਬਦ ਦੀ ਮਤਿ ਨੂੰ ਅਸੀਂ ਮੰਨਦੇ ਨਹੀਂ ਤਦ ਤਕ ਅਸੀਂ ਭਰਮ ਵਿਚੋਂ ਨਹੀਂ ਨਿਕਲ ਸਕਦੇ। ਜਿਵੇਂ ਕਿ ਅਸੀਂ ਪਿੱਛਲੇ ਸ਼ਬਦ ਦੁਆਰਾ ਤੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ **"ਸਾਧਸੰਗਿ"** ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਸੰਗ ਹੋਣ ਦੀ ਅਵਸਥਾ ਹੈ, ਮਨ ਦੇ ਵਿਚ ਗੁਰੂ ਦੇ ਸੱਚੇ ਵਿਚਾਰਾਂ ਨਾਲ ਮੇਲ ਹੋਣ ਦੀ ਅਵਸਥਾ ਹੈ ਪਰ ਅਸੀਂ **"ਸਾਧਸੰਗਿ"** ਕਿਸ ਨੂੰ ਕਹਿੰਦੇ ਹਾਂ ਇਹ ਹਰ ਕੋਈ ਜਾਣਦਾ ਹੈ। ਅਸੀਂ ਮਨੁੱਖੀ ਸੰਗਤ ਨੂੰ ਸਾਧਸੰਗਤ ਸਮਝਿਆ ਹੋਇਆ ਹੈ ਭਾਵ ਇਹ ਸਾਡਾ ਭਰਮ ਹੈ, ਸਾਡੀ ਸੁਰਤਿ ਦੇ ਵਿਚਾਰਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਭਾਵ ਇਹ ਸਾਡੇ ਹਉਮੈ ਵਾਲੇ ਵਿਚਾਰ ਹਨ, ਮਾਇਆ ਮੋਹ ਵਾਲੇ ਵਿਚਾਰ ਹਨ ਭਾਵ ਮਨਮਤਿ ਵਾਲੇ ਵਿਚਾਰ ਹਨ ਭਾਵ ਇਹਨਾਂ ਵਿਚਾਰਾਂ ਵਿਚ ਗੁਰੂ ਦੀ ਮਤਿ ਨਹੀਂ ਹੈ। ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੰਨ ਲੈਂਦੇ ਹਾਂ ਤੇ ਇਹ ਕਹਿਣਾ ਛੱਡ ਦਿੰਦੇ ਹਾਂ ਕਿ **"ਸਾਧਸੰਗਿ"** ਕੋਈ ਮਨੁੱਖੀ ਸੰਗਤ ਨਹੀਂ ਹੈ ਬਲਕਿ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਦੀ ਅਵਸਥਾ ਹੈ ਫਿਰ ਅਸੀਂ ਭਰਮ ਰਹਿਤ ਗੱਲ ਕਰਦੇ ਹਾਂ ਭਾਵ ਸਾਡੀ ਸੁਰਤਿ ਵਿਚ ਸ਼ਬਦ ਦੀ ਗੱਲ ਵੱਸ ਗਈ ਹੈ। ਜਦ ਤਕ ਸਾਡੇ ਅੰਦਰ ਭਰਮ ਹਨ ਤਦ ਤਕ ਸਾਡੀ ਸੁਰਤਿ ਵਿਚ ਸ਼ਬਦ ਨਹੀਂ ਹੈ ਭਾਵ ਗੁਰੂ ਨਹੀਂ ਹੈ ਭਾਵ ਸ਼ਬਦ ਦੀ ਮਤਿ ਨਹੀਂ

37/4555

ਹੈ। ਜਿਸ ਦੀ ਸੁਰਤਿ ਵਿਚ ਸ਼ਬਦ ਦੀ ਮਤਿ ਨਹੀਂ ਹੁੰਦੀ ਉਹ ਮਨੁੱਖ ਫਿਰ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ, ਗੁਰਮਤਿ ਦੇ ਮਾਰਗ ਤੇ ਨਹੀਂ ਚੱਲ ਸਕਦਾ, ਨਾਮ ਦੇ ਮਾਰਗ ਤੇ ਨਹੀਂ ਚਲ ਸਕਦਾ ਕਿਉਂਕਿ ਮਨਮਤਿ ਵਿਚ ਰਹਿੰਦਿਆਂ ਉਹ ਵਿਕਾਰਾਂ ਵਿਚੋਂ ਨਹੀਂ ਨਿਕਲਦਾ ਤੇ ਉਹੋ ਜਿਹੇ ਕਰਮ ਕਰਦਾ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਹ ਸਾਡਾ ਵਿਕਾਰ ਹੈ ਤੇ ਗੁਰਮਤਿ ਦੀ ਸੋਝੀ ਬਿਨਾ ਅਸੀਂ ਮਾਇਆ ਦੇ ਪਸਾਰੇ ਵਿਚ ਜੁੜੇ ਰਹਿੰਦੇ ਹਾਂ ਜਿਸ ਲਈ ਅਨੇਕਾਂ ਅਉਗਣ ਵੀ ਕਰਦੇ ਹਾਂ। (**ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ॥**) ਸਾਡੀ ਸੁਰਤਿ ਵਿਚ ਜੋ ਭਰਮ ਹਨ ਉਹੀ ਸਾਡਾ ਹਉਮੈ ਰੋਗ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਤੇ ਇਹ ਰੋਗ ਕਿਵੇਂ ਜਾਂਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ ॥੬॥"

ਉਪਰ ਪੰਗਤੀ ਰਾਹੀਂ ਬੜਾ ਸਪਸ਼ਟ ਹੈ ਕਿ ਜਿਸ ਦੀ ਸੁਰਤਿ ਵਿਚ ਸ਼ਬਦ ਨਹੀਂ ਹੈ ਉਸ ਸੁਰਤਿ ਦੇ ਵਿਚ ਗੁਰਮਤਿ ਨਹੀਂ ਹੈ ਭਾਵ ਸ਼ਬਦ ਦਾ ਮਕਸਦ ਗੁਰੂ ਦੀ ਮਤਿ ਲੈਣ ਦੇ ਨਾਲ ਹੈ, ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੇ ਨਾਲ ਹੈ ਭਾਵ ਸਾਡੇ ਅੰਦਰੋਂ ਸਾਡੀ ਮਨਮਤਿ ਕੱਢਣ ਦੇ ਨਾਲ ਹੈ। ਇਹ ਸਾਡੀ ਮਨਮਤਿ ਹੀ ਸਾਡਾ ਹਉਮੈ ਰੋਗ ਹੈ ਜਿਸ ਨੂੰ ਸਾਡਾ ਵੱਡਾ ਦੁੱਖ ਕਿਹਾ ਹੈ। ਵੱਡਾ ਦੁੱਖ ਇਸ ਲਈ ਹੈ ਕਿ ਇਹ ਹਉਮੈ ਸਾਨੂੰ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦੇ ਦੁਖ ਵਿਚ ਰੱਖਦੀ ਹੈ। ਪ੍ਰਮਾਤਮਾ ਦੇ ਵਿਛੋੜੇ ਨਾਲੋਂ ਵੱਡਾ ਦੁੱਖ ਹੋਰ ਕੀ ਹੋ ਸਕਦਾ ਹੈ। ਸਾਡੀ ਸੁਰਤਿ ਦੇ ਵਿਚ ਮਨਮਤਿ ਦਾ ਹੋਣਾ ਸਾਡਾ ਵੱਡਾ ਦੁੱਖ ਹੈ ਜੋ ਦੁਖ ਸਾਡੇ ਅੰਦਰ ਸ਼ਬਦ ਵੱਸਣ ਦੁਆਰਾ ਭਾਵ ਗੁਰਮਤਿ ਰੂਪ ਸੱਚਾ ਗਿਆਨ ਵੱਸਣ ਦੁਆਰਾ ਜਾ ਸਕਦਾ ਹੈ। ਜੇਕਰ ਅਸੀਂ ਆਪਣੀ ਮਨਮਤਿ ਨੂੰ ਹੀ ਗੁਰਮਤਿ ਸਮਝੀ ਜਾਵਾਂਗੇ ਭਾਵ ਆਪਣੀ ਭਰਮ ਵਾਲੀ ਮਤਿ ਨੂੰ ਹੀ ਸੱਚੀ ਮਤਿ ਸਮਝੀ ਜਾਵਾਂਗੇ ਫਿਰ ਸਾਡਾ ਇਹ ਰੋਗ ਕਦੇ ਨਹੀਂ ਜਾ ਸਕਦਾ। ਜੋ ਵੀ ਗੁਰਬਾਣੀ ਰਾਹੀਂ ਸਾਨੂੰ ਗੁਰੂ ਪ੍ਰਮਾਤਮਾ ਨੇ ਮਤਿ ਦਿੱਤੀ ਹੈ ਉਹ ਪੂਰਨ ਸੱਚ ਹੈ ਤੇ ਇਸ ਪੂਰਨ ਸੱਚ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਇਹੀ ਪ੍ਰਮਾਤਮਾ ਦਾ ਨਾਮ ਰੂਪ ਹੈ। ਪ੍ਰਮਾਤਮਾ ਸੱਚੀ ਗੁਰਮਤਿ ਦੇ ਰੂਪ ਵਿਚ ਹੈ ਤੇ ਸਾਡੀ ਸੁਰਤਿ ਦਾ ਸ਼ਬਦ ਦੇ ਨਾਲ ਮੇਲ ਤਾਂ ਹੀ ਹੋਵੇਗਾ ਜੇਕਰ ਅਸੀਂ ਇਹ ਮੰਨ ਲਵਾਂਗੇ ਕਿ ਅਸੀਂ ਸੱਚੀ

ਮੁੱਚੀ ਭਰਮ ਵਿੱਚ ਹਾਂ। ਇਹ ਮੰਨਣਾ ਹੀ ਬਹੁਤ ਅਉਖੀ ਗੱਲ ਹੈ ਕਿਉਂਕਿ ਜਿੰਨ੍ਹਾਂ ਕੋਲੋਂ ਅਸੀਂ ਇਹ ਸਭ ਕੁੱਝ ਸਿੱਖਿਆ ਹੈ ਉਹਨਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਬਹੁਤ ਉੱਚਾ ਮੰਨ ਚੁੱਕੇ ਹਾਂ। ਅਸੀਂ ਉਹਨਾਂ ਦਾ ਨੱਕ ਨੀਵਾਂ ਨਹੀਂ ਹੋਣ ਦਿੰਦੇ ਭਾਵੇਂ ਉਸਦੇ ਬਦਲੇ ਸਾਨੂੰ ਗੁਰੂ ਦਾ ਨੱਕ ਨੀਵਾਂ ਕਰਨਾ ਪਵੇ। ਇਸ ਤੋਂ ਵੱਡੀ ਭੁੱਲ ਮਨੁੱਖ ਹੋਰ ਕੀ ਕਰ ਸਕਦਾ ਹੈ ਕਿ ਉਹ ਗੁਰੂ ਦੀ ਮਤਿ ਨੂੰ ਦੂਸਰਿਆਂ ਦੇ ਮੁਕਾਬਲੇ ਛੋਟੀ ਸਮਝੇ ਤੇ ਫਿਰ ਵੀ ਉਸ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਉਮੀਦ ਰੱਖੇ ਜੋ ਹੈ ਹੀ ਸੱਚੀ ਗੁਰਮਤਿ ਦੇ ਰੂਪ ਵਿਚ। ਗੁਰੂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹੋ, ਹਉਮੈ ਰੋਗ ਵਿਚੋਂ ਜੇਕਰ ਨਿਕਲਣਾ ਚਾਹੁੰਦੇ ਹੋ ਫਿਰ ਗੁਰੂ ਦੀ ਮਤਿ ਦਾ ਅਦਬ, ਸਤਿਕਾਰ ਕਰਨਾ ਸਿੱਖੋ ਜੋ ਅਦਬ ਉਸਦੀ ਮਤਿ ਨੂੰ ਮੰਨ ਕੇ ਹੀ ਹੋ ਸਕਦਾ ਹੈ, ਕਥਨੀ ਨਾਲ ਨਹੀਂ ਹੋ ਸਕਦਾ। ਆਪਣੀ ਸੁਰਤਿ ਨੂੰ ਸ਼ਬਦ ਦੇ ਨਾਲ ਜੋੜਣ ਦਾ ਮਕਸਦ ਸਮਝੋ ਜੋ ਕਿ ਸਾਨੂੰ ਭਰਮਾਂ ਵਾਲੀ ਮਤਿ ਵਿਚੋਂ ਕੱਢਣ ਦਾ ਹੈ। (**ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ ॥ ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ ॥੬॥**)

{ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ – ੫੬)

ਸਾਡੀ ਬੁਧਿ, ਮਤਿ ਪ੍ਰਮਾਤਮਾ ਨੇ ਅਗਿਆਨਤਾ ਵਿੱਚ ਰੱਖੀ ਹੋਈ ਹੈ ਤੇ ਉਸ ਨੇ ਆਪਣੇ ਸ਼ਬਦਾਂ ਦਾ ਗਿਆਨ ਦੇ ਕੇ ਸਾਨੂੰ ਅਗਿਆਨਤਾ ਵਾਲੀ ਮਤਿ ਵਿਚੋਂ ਨਿਕਲਣ ਦਾ ਸਾਧਨ ਵੀ ਦਿੱਤਾ ਹੈ, ਗੁਰਬਾਣੀ ਰਾਹੀਂ ਦਿੱਤਾ ਹੈ। ਜੇਕਰ ਅਸੀਂ ਸ਼ਬਦ ਦੇ ਮਕਸਦ ਨੂੰ ਨਹੀਂ ਸਮਝਾਂਗੇ ਫਿਰ ਅਸੀਂ ਅਗਿਆਨਤਾ ਵਾਲੀ ਮਤਿ ਵਿੱਚੋਂ ਨਿਕਲ ਹੀ ਨਹੀਂ ਸਕਦੇ। ਆਪਣੇ ਆਪ ਨੂੰ ਗਿਆਨ ਵਾਲੀ ਮਤਿ ਵਾਲਾ ਸਮਝਣਾ ਵੀ ਸਾਡੀ ਵੱਡੀ ਅਗਿਆਨਤਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ।

“ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥

ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥”

(ਅੰਗ – ੪੪੧)

ਗੁਰੂ ਦਾ ਉੱਚਾ ਰੁਤਬਾ ਹੀ ਉਸਦੇ ਉੱਚੇ ਗਿਆਨ ਕਰ ਕੇ ਹੈ ਭਾਵ ਬ੍ਰਹਮਗਿਆਨ ਕਰ ਕੇ ਹੈ। ਗੁਰੂ ਅਸਲ ਵਿੱਚ ਹੈ ਹੀ ਬ੍ਰਹਮਗਿਆਨ

ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਬ੍ਰਹਮਗਿਆਨ ਦੇ ਰੂਪ ਵਿੱਚ ਹੀ ਗੁਰੂ ਹੈ ਜੋ ਕਿ ਉਸਦਾ ਸ਼ਬਦ ਰੂਪ ਹੈ। ਸ਼ਬਦ ਰੂਪ ਗੁਰੂ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਰਮ ਵਾਲੀ ਮਤਿ ਵਿੱਚ

ਰਹਿ ਕੇ, ਮਨ ਦੀ ਮਾੜੀ ਮਤਿ ਵਿੱਚ ਰਹਿ ਕੇ ਕੋਈ ਮਾੜਾ ਕਰਮ ਨਾ ਕਰੀਏ। ਉਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਅਕਾਲ ਪੁਰਖ ਸਾਨੂੰ ਆਪ ਹੀ ਸਮਝਾ ਰਹੇ ਹਨ ਕਿ ਹੇ ਮਨੁੱਖ ਤੂੰ ਆਪਣੀ ਮਤਿ ਦਾ ਮਾਣ ਨਾ ਕਰ ਕਿ ਤੂੰ ਆਪ ਕੁਝ ਜਾਣ ਸਕਦਾ ਹੈ ਜਾਂ ਜਾਣਦਾ ਹੈ। ਜੋ ਸਾਨੂੰ ਮਤਿ ਦੇਣ ਵਾਲਾ ਹੈ ਭਾਵ ਸਾਡੇ ਅੰਦਰ ਮਤਿ ਪਾਉਣ ਵਾਲਾ ਹੈ ਉਹ ਆਪ ਹੀ ਸਾਨੂੰ ਇਹ ਕਹਿ ਰਿਹਾ ਹੈ ਕਿ ਹੇ ਮਨੁੱਖ ਤੈਨੂੰ ਸਮਝ ਨਹੀਂ ਹੈ। ਤੇਰੇ ਅੰਦਰ ਅਗਿਆਨਤਾ ਹੈ ਤੇ ਇਹ ਅਗਿਆਨਤਾ ਵਾਲੀ ਬੁਧਿ ਮਨੁੱਖ ਦੀ **"ਹਉ ਬੁਧਿ"** ਹੈ ਭਾਵ ਹਉਮੈ ਵਾਲੀ ਬੁਧਿ ਹੈ, ਭਰਮ ਵਾਲੀ ਬੁਧਿ ਹੈ। ਜਿਸਨੇ ਸਾਡੇ ਅੰਦਰ ਇਹ ਬੁਧਿ ਪਾਈ ਹੈ ਉਸੇ ਨੂੰ ਹੀ ਇਸ ਗੱਲ ਦੀ ਸਮਝ ਹੈ ਕਿ ਅਗਿਆਨਤਾ ਵਾਲੀ ਬੁਧਿ ਵਿਚ ਤੇ ਗਿਆਨ ਵਾਲੀ ਬੁਧਿ ਵਿਚ ਕੀ ਫਰਕ ਹੁੰਦਾ ਹੈ ਭਾਵ ਧਰਮ ਦੇ ਮਾਰਗ ਦੀ ਸੋਝੀ, ਭਗਤੀ ਦੇ ਮਾਰਗ ਦੀ ਸੋਝੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਸੋਝੀ ਵਿਚ ਤੇ ਭਰਮ ਵਾਲੀ ਸੋਝੀ ਵਿਚ ਕੀ ਫਰਕ ਹੁੰਦਾ ਹੈ। ਜੇਕਰ ਮਨੁੱਖ ਨੂੰ ਆਪਣੇ ਆਪ ਹੀ ਇਹ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਨੂੰ ਪਾਉਣ ਦਾ ਕੀ ਤਰੀਕਾ ਹੈ ਫਿਰ ਗੁਰੂ ਦੀ ਲੋੜ ਹੀ ਨਹੀਂ ਰਹਿ ਜਾਂਦੀ। ਗੁਰੂ ਸ਼ਬਦ ਦੇ ਗਿਆਨ ਦੇ ਰੂਪ ਵਿਚ ਹੈ ਜਿਸ ਰਾਹੀਂ ਉਹ ਪ੍ਰਮਾਤਮਾ ਦੇ ਨਾਲ ਇਕ ਹੈ ਭਾਵ ਉਸਦਾ ਆਪਣਾ ਹੀ ਰੂਪ ਹੈ ਜਿਸ ਕਰਕੇ ਉਸਨੂੰ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੈ ਕਿ ਗੁਰੂ ਦੀ ਮਤਿ ਅੱਗੇ ਝੁੱਕੋ। **"ਗੁਰਮੁਖਿ ਨਿਮਾਣਾ ਹੋਹੁ"** ਤੋਂ ਭਾਵ ਹੈ ਗੁਰੂ ਦੀ ਮਤਿ ਅੱਗੇ ਝੁੱਕੋ। ਸਾਡੀ ਮਤਿ ਦਾ ਝੁੱਕਣਾ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਉੱਚਾ ਕਰ ਕੇ ਜਾਣੀਏ ਤੇ ਉਸਨੂੰ ਆਪਣੇ ਅੰਦਰ ਵਸਾਈਏ। ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਵਾਂਗੇ ਤੇ ਤਾਂ ਹੀ ਸਾਡੇ ਅੰਦਰ ਦੀ ਅਗਿਆਨਤਾ ਦੂਰ ਹੋਵੇਗੀ, **"ਹਉ ਬੁਧਿ"** ਦੂਰ ਹੋਵੇਗੀ। ਗੁਰੂ ਦੀ ਮਤਿ ਸੱਚੀ ਹੈ ਭਾਵ ਭਰਮ ਤੋਂ, ਅਗਿਆਨਤਾ ਤੋਂ ਰਹਿਤ ਹੈ, ਸ਼ਬਦ ਦੀ ਮਤਿ ਅਗਿਆਨਤਾ ਦੀ ਮੱਲ ਤੋਂ ਭਾਵ ਅਗਿਆਨਤਾ ਦੀ ਮੈਲ ਤੋਂ ਰਹਿਤ ਹੈ। ਸਾਡੇ ਮਨ ਨੂੰ ਮੈਲਾ ਅਗਿਆਨਤਾ ਵਾਲੀ ਬੁਧਿ ਹੀ ਕਰਦੀ ਹੈ ਤੇ ਸਾਨੂੰ ਉਪਰ ਪੰਗਤੀਆਂ ਰਾਹੀਂ ਇਹ ਹੁਕਮ ਸੁਣਾਇਆ ਹੋਇਆ ਹੈ ਕਿ ਗੁਰੂ ਦੀ ਮਤਿ ਅਗੇ ਝੁੱਕ ਕੇ, ਸੱਚੀ ਮਤਿ ਅਗੇ ਝੁੱਕ ਕੇ ਆਪਣੇ

38/4558

ਅੰਦਰੋਂ ਹਉਮੈ ਵਾਲੀ ਮਤਿ ਨੂੰ ਕੱਢੋ ਜਿਸਨੇ ਸਾਡੇ ਮਨ ਦੇ ਵਿਚਾਰਾਂ ਨੂੰ ਅਗਿਆਨਤਾ ਦੇ ਨਾਲ ਮੈਲਾ ਕੀਤਾ ਹੋਇਆ ਹੈ। ਸ਼ਬਦ ਦਾ ਮਕਸਦ ਆਪਣੀ ਮਨ ਦੀ ਅਗਿਆਨਤਾ ਨੂੰ ਕੱਢਣ ਦਾ ਹੀ ਹੈ ਜੋ ਕਿ ਸਾਡੇ ਅੰਦਰ ਦਾ ਹਉਮੈ ਰੋਗ ਹੈ ਜਿਸ ਕਰਕੇ ਅਸੀਂ ਨਾਮ ਤੋਂ ਵਿਛੁੜੇ ਹੋਏ ਹਾਂ, ਪ੍ਰਮਾਤਮਾ ਤੋਂ ਵਿਛੁੜੇ ਹੋਏ ਹਾਂ। (**ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥ ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥**)

ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਿਆ ਹੈ ਕਿ ਪ੍ਰਮਾਤਮਾ **"ਗਿਆਨੁ"** ਰੂਪ ਹੈ ਤੇ ਮਨ ਦੇ ਵਿਚ ਉਸਦੇ ਨਾਲ ਮੇਲ ਹੋਏ ਬਿਨਾ ਕੋਈ ਮਨ ਦੀ ਅਗਿਆਨਤਾ ਤੋਂ ਰਹਿਤ ਨਹੀਂ ਹੋ ਸਕਦਾ ਤਦ ਤਕ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈ ਸਕਦੀ ਤੇ ਅਸੀਂ ਅਗਿਆਨਤਾ ਵਿਚ ਰਹਿੰਦੇ ਹੋਏ, ਹਉਮੈ ਵਿਚ ਰਹਿੰਦੇ ਹੋਏ ਜੋ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਸਮਝਦੇ ਹਾਂ ਉਸ ਵਿਚ ਸੱਚ ਨਹੀਂ ਹੁੰਦਾ। ਸ਼ਬਦ ਦੀ ਮਤਿ ਨਾਲ ਜੁੜੇ ਬਿਨਾ ਅਸੀਂ ਮਨ ਦੀ ਅਗਿਆਨਤਾ ਵਿਚੋਂ ਨਹੀਂ ਨਿਕਲ ਸਕਦੇ ਜਿਸ ਦਾ ਕਿ ਅਸੀਂ ਉਦਮ ਹੀ ਕਰਨਾ ਹੈ। ਪ੍ਰਮਾਤਮਾ ਕਿਸੇ ਨੂੰ ਅਗਿਆਨਤਾ ਤੋਂ ਮੁਕਤ ਮਨ ਦੇ ਵਿਚ ਆਪਣੇ **"ਗਿਆਨੁ"** ਰੂਪ ਦੁਆਰਾ ਪ੍ਰਗਟ ਕਰ ਕੇ ਹੀ ਕਰਦਾ ਹੈ ਜਿਸ ਦੁਆਰਾ ਉਸਦੇ ਮਨ ਦੇ ਵਿਚੋਂ ਦਰਸ਼ਨ ਹੁੰਦੇ ਹਨ ਤੇ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਦੀ ਸੋਝੀ ਪੈਂਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਸਲੋਕ ਮਃ ੩ ॥

"ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥ ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥"

(ਅੰਗ - ੬੪੬)

ਉਪਰ ਵਾਲੇ ਸਲੋਕ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੂੰ ਡਿਠਣਾ ਕੀ ਹੈ ਭਾਵ ਪ੍ਰਮਾਤਮਾ ਨੂੰ ਵੇਖਣਾ ਕੀ ਹੈ, ਪ੍ਰਮਾਤਮਾ ਦੇ ਦਰਸ਼ਨ ਕੀ ਹਨ। ਜੇਕਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ, ਸ਼ਬਦ ਦੀ ਗੱਲ ਤੇ ਵਿਸ਼ਵਾਸ ਹੈ ਤਾਂ ਫਿਰ ਪ੍ਰਮਾਤਮਾ ਨੂੰ ਡਿਠਣਾ ਤਾਂ ਇਹੋ ਕੁਝ ਹੀ ਹੈ ਜੋ ਸਾਨੂੰ ਉਪਰ ਸਲੋਕ ਰਾਹੀਂ ਸਮਝਾਇਆ ਹੋਇਆ ਹੈ। ਜੋ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ

ਕਿਸੇ ਹੋਰ ਰੂਪ ਵਿਚ ਕਰਦੇ ਹਨ, ਕਿਸੇ ਆਕਾਰ ਰੂਪ

38/4559

ਦੇ ਦਰਸ਼ਨਾਂ ਵਿਚ ਕਰਦੇ ਹਨ ਫਿਰ ਉਹ ਸਾਡਾ ਭਰਮ ਹੈ। ਸਾਡਾ ਇਹ ਭਰਮ ਤਾਂ ਹੀ ਦੂਰ ਹੋਵੇਗਾਂ ਜਦੋਂ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਆ ਜਾਵੇਗਾ ਭਾਵ ਜਦੋਂ ਅਸੀਂ ਗੁਰੂ ਦੀ ਗੱਲ ਨੂੰ ਮੰਨ ਲਵਾਂਗੇ। ਗੁਰਬਾਣੀ ਰਾਹੀਂ ਸਾਨੂੰ ਸੈਂਕੜੇ ਸ਼ਬਦਾਂ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਜੋ ਕਿ ਮਨ ਦੇ ਵਿੱਚ **"ਗਿਆਨੁ"** ਰੂਪ ਵਿੱਚ ਸਮਝਾਇਆ ਹੋਇਆ ਹੈ। ਉਪਰ ਸਲੋਕ ਰਾਹੀਂ ਵੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਵੇਂ ਡਿਠਿਆ ਜਾਂਦਾ ਹੈ, ਇਹ ਸਮਝਾਇਆ ਹੋਇਆ ਹੈ। ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਜਦ ਤੱਕ ਸਾਡੇ ਅੰਦਰ **"ਗਿਆਨੁ"** ਨਹੀਂ ਆਉਂਦਾ ਤਦ ਤੱਕ ਸਾਨੂੰ ਮਨ ਦੇ ਵਿੱਚ ਸੋਝੀ ਪਾਉਣ ਵਾਲਾ ਹੋਰ ਕੋਈ ਨਹੀਂ ਹੁੰਦਾ ਜੋ ਸਾਨੂੰ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਕਰਵਾ ਸਕੇ ਭਾਵ ਸਾਨੂੰ ਮਨ ਦੇ ਵਿਚ ਸੋਝੀ ਪਾਉਣ ਵਾਲਾ **"ਗਿਆਨੁ"** ਰੂਪ ਹੈ। **"ਗਿਆਨੁ"** ਰੂਪ ਆਪ ਪ੍ਰਮਾਤਮਾ ਹੈ ਜੋ ਸਾਡੇ ਮਨ ਦੇ ਵਿੱਚ ਆ ਕੇ ਭਾਵ ਪ੍ਰਗਟ ਹੋ ਕੇ ਆਪ ਹੀ ਸੋਝੀ ਪਾਉਂਦਾ ਹੈ। (**ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ॥**) ਜਦ ਤੱਕ ਮਨ ਦੇ ਵਿਚ **"ਗਿਆਨੁ"** ਰੂਪ ਪ੍ਰਮਾਤਮਾ ਕਿਸੇ ਨੂੰ ਆਪ ਸੋਝੀ ਨਹੀਂ ਪਾਉਂਦਾ ਤਦ ਤੱਕ ਕਿਸੇ ਦੀ ਅਗਿਆਨਤਾ ਦੂਰ ਨਹੀਂ ਹੁੰਦੀ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥"

ਜਿੰਨਾ ਨੇ ਪ੍ਰਮਾਤਮਾ ਨੂੰ ਡਿੱਠਾ ਹੈ, ਵੇਖਿਆ ਹੈ ਉਹਨਾਂ ਨੇ ਤਾਂ ਪ੍ਰਮਾਤਮਾ ਨੂੰ ਇਸੇ ਰੂਪ ਵਿਚ ਹੀ ਵੇਖਿਆ ਹੈ ਭਾਵ ਮਨ ਦੀ ਸੋਝੀ ਦੁਆਰਾ ਦੇਖਿਆ ਹੈ, ਮਨ ਦੀ ਅਗਿਆਨਤਾ ਨਿਕਲਣ ਦੁਆਰਾ ਦੇਖਿਆ ਹੈ। ਮਨ ਦੇ ਵਿਚ **"ਗਿਆਨੁ"** ਰੂਪ ਪ੍ਰਮਾਤਮਾ ਦੇ ਸੋਝੀ ਪਾਏ ਬਿਨਾ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਸਕਦੀ ਕਿ ਪ੍ਰਮਾਤਮਾ ਨੂੰ ਸਲਾਹੁਣਾ ਕੀ ਹੈ। ਜਦ ਤੱਕ ਅਸੀਂ ਕਿਸੇ ਚੀਜ ਨੂੰ ਦੇਖਿਆ ਹੀ ਨਹੀਂ, ਜਦ ਤਕ ਅਸੀਂ ਕਿਸੇ ਨੂੰ ਜਾਣਦੇ ਹੀ ਨਹੀਂ ਤਦ ਤਕ ਅਸੀਂ ਉਸ ਬਾਰੇ ਕਹਿ ਵੀ ਕੀ ਸਕਦੇ ਹਾਂ ਭਾਵ ਉਸ ਦੀ ਸਿਫਤ ਕੀ ਕਰ ਸਕਦੇ ਹਾਂ ਕਿ ਉਸਦਾ ਕੀ ਰੂਪ ਹੈ, ਉਹ ਕਿਹੋ ਜਿਹਾ ਹੈ, ਉਹ ਕਿਤਨਾ ਵੱਡਾ ਹੈ, ਕਿਸ ਰੂਪ ਵਿੱਚ ਵੱਡਾ ਹੈ ਭਾਵ ਅਗਿਆਨਤਾ ਵਿਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੀ ਸਿਫਤ ਸਾਲਾਹ ਨਹੀਂ ਕਰ ਸਕਦੇ। ਜਿੰਨਾਂ ਨੇ ਪ੍ਰਮਾਤਮਾ ਨੂੰ ਦੇਖਿਆ ਹੈ, ਆਪਣੇ ਅੰਦਰੋਂ ਮਨ ਦੇ ਗਿਆਨ ਦੁਆਰਾ ਦੇਖਿਆ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਹੈ।

38/4560

ਪ੍ਰਮਾਤਮਾ ਦੀ ਅਸੀਂ ਸਿਫਤ ਸਾਲਾਹ ਕਿਸ ਰੂਪ ਵਿੱਚ ਕਰਨੀ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਪਾ ਸਕੀਏ ਇਹ ਸਿਫਤ ਸਾਲਾਹ ਕਰਨੀ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਰਾਹੀਂ ਸਮਝਾਇਆ ਹੈ। ਮਨ ਦੀ ਅਗਿਆਨਤਾ ਵਿਚ ਰਹਿੰਦੇ ਹੋਏ ਸਾਨੂੰ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਨਹੀਂ ਆ ਸਕਦੀ। (**ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥**) ਮਨ ਦੇ ਵਿਚ ਪ੍ਰਮਾਤਮਾ ਦੇ ਆਪ ਸੋਝੀ ਪਾਉਣ ਦੁਆਰਾ ਹੀ ਸਾਡੇ ਅੰਦਰ **"ਨਾਮੁ"** ਵੱਸਦਾ ਹੈ ਕਿਉਂਕਿ ਪ੍ਰਮਾਤਮਾ ਆਪ ਹੀ **"ਨਾਮੁ"** ਰੂਪ ਹੈ। ਆਪ ਹੀ ਪਰਮਾਤਮਾ **"ਸਬਦੁ"** ਰੂਪ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਮਨ ਦੇ ਵਿੱਚੋਂ ਆਪਣੀ ਪਹਿਚਾਣ ਮਨ ਦੇ ਗਿਆਨ ਰਾਹੀਂ ਆਪ ਹੀ ਕਰਵਾਉਂਦਾ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥"

"ਸਬਦੁ" ਗੁਰੂ ਹੈ ਜੋ ਕਿ ਸਾਡੇ ਅੰਦਰ ਹੀ ਹੈ। ਸ਼ਬਦ ਨੂੰ ਅਸੀਂ ਆਪਣੇ ਅੰਦਰੋਂ ਪਹਿਚਾਨਣਾ ਹੈ ਜਿਸ ਨੂੰ ਕਿ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਹੀਂ ਪਹਿਚਾਣਿਆ ਜਾ ਸਕਦਾ। ਸ਼ਬਦ ਦੀ ਪਹਿਚਾਣ ਮਨ ਦੇ ਵਿਚੋਂ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ ਜੋ ਸੋਝੀ ਪ੍ਰਮਾਤਮਾ ਆਪ ਪਾਉਂਦਾ ਹੈ ਭਾਵ ਆਪਣੇ ਸ਼ਬਦ ਰੂਪ ਦੀ, ਆਪਣੇ ਗੁਰੂ ਰੂਪ ਦੀ ਮਨ ਦੇ ਵਿੱਚੋਂ ਪਹਿਚਾਨ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ। ਇਹੀ ਸਾਡੇ ਅੰਦਰ, ਮਨ ਦੇ ਅੰਦਰ **"ਨਾਮੁ"** ਦਾ ਵੱਸਣਾ ਹੈ ਜੋ ਕਿ ਮਨ ਦੀ ਸੋਝੀ ਦੇ ਦੁਆਰਾ ਵੱਸਦਾ ਹੈ। ਜਦ ਤਕ ਅਸੀਂ ਅਗਿਆਨਤਾ ਦੇ ਵਿਚ ਹਾਂ ਤਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਦੇ ਨਹੀਂ ਜਾਣ ਸਕਦੇ। ਇਹ ਅਗਿਆਨਤਾ ਸਾਡੇ ਮਨ ਦਾ ਰੋਗ ਹੈ ਜੋ ਰੋਗ ਪ੍ਰਮਾਤਮਾ ਆਪ ਹੀ ਦੂਰ ਕਰਦਾ ਹੈ, ਮਨ ਦੇ ਵਿਚ ਆਪਣੇ ਸੱਚੇ ਗਿਆਨ ਦੀ ਸੋਝੀ

ਪਾਉਣ ਦੁਆਰਾ ਕਰਦਾ ਹੈ। (**ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥ ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥**)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥}

(ਅੰਗ - ੮੮)

38/4561

ਧਨਾਸਰੀ ਮਃ ੫ ॥

{ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ ॥

ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥੧॥ ਅਬ ਮੋਹਿ ਰਾਮ ਜਸੋ ਮਨਿ ਗਾਇਓ ॥

ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥੧॥ ਰਹਾਉ ॥

ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥

ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ ॥੨॥

ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥ ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥੩॥

ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥

ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥੪॥੪॥}

(ਅੰਗ - ੬੭੧)

ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਹੁੰਦਾ ਹੈ ਭਾਵ ਮਨ ਦਾ ਰੋਗ ਦੂਰ ਹੋਣ ਦੁਆਰਾ ਹੀ ਹੁੰਦਾ ਹੈ ਤੇ ਇਸ ਰੋਗ ਦੀ ਅਉਖਦ ਭਾਵ ਦਾਰੂ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਆਪਣਾ ਨਾਮ ਹੀ ਬਖਸ਼ਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਅਗਿਆਨਤਾ ਵਿਚੋਂ ਕਢ ਲੈਂਦਾ ਹੈ। ਕਿਸੇ ਵਡਭਾਗੀ ਤੇ ਹੀ ਪ੍ਰਮਾਤਮਾ ਆਪਣੀ ਇਹ ਕਿਰਪਾ ਕਰਦਾ ਹੈ ਤੇ ਮਨ ਦੇ ਵਿਚੋਂ ਆਪਣੇ ਦਰਸ਼ਨ ਕਰਵਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ ॥ ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ॥

ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ ॥੨॥"

(ਅੰਗ - ੮੪੮)

ਉਪਰ ਪੰਗਤੀਆਂ ਰਾਹੀਂ ਕਿਤਨਾ ਸਪਸ਼ਟ ਕਰ ਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕਿਸੇ ਨੂੰ ਵੱਡੇ ਭਾਗਾਂ ਵਾਲਾ ਆਪਣੇ ਮੇਲ ਦੁਆਰਾ ਬਣਾਉਂਦਾ ਹੈ। ਉਹ ਸਾਡਾ **"ਪਿਰੁ"** ਭਾਵ ਖਸਮ ਸਾਡੇ ਅੰਦਰ ਹੀ ਹੈ ਜਿਸ ਦੇ ਦਰਸ਼ਨ **"ਗੁਰਮੁਖਿ"** ਰੂਪ ਬਣਨ ਦੁਆਰਾ ਹੁੰਦੇ ਹਨ। ਜਿਸਨੂੰ ਪ੍ਰਮਾਤਮਾ ਆਪਣਾ **"ਗੁਰਮੁਖਿ"** ਰੂਪ ਬਣਾਉਂਦਾ ਹੈ ਉਹ ਉਸ ਨੂੰ **"ਤਮ"** ਵਿੱਚੋਂ ਕੱਢਕੇ ਬਣਾਉਂਦਾ ਹੈ ਭਾਵ ਮਨ ਦੇ ਹਨੇਰੇ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਕੱਢਕੇ ਬਣਾਉਂਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣੀ ਨਾਰ ਬਣਾਉਂਦਾ ਹੈ ਉਸਨੂੰ ਆਪਣੇ ਮੇਲ ਦੁਆਰਾ ਹੀ ਬਣਾਉਂਦਾ ਹੈ। ਜਦ ਤਕ ਅਸੀਂ ਮਨ ਦੀ ਅਗਿਆਨਤਾ ਵਿਚ ਹਾਂ ਤਦ ਤਕ ਕੋਈ ਵੀ ਉਸ ਪ੍ਰਮਾਤਮਾ ਦੀ ਸੋਹਾਗਣ ਨਹੀਂ ਹੈ ਤੇ ਜੋ ਆਪਣੇ ਆਪ ਨੂੰ ਉਸਦੀ ਸੁਹਾਗਣ ਸਮਝੀ ਬੈਠੇ ਹਨ ਜਾਂ ਕੋਈ ਆਪਣੇ ਆਪ ਨੂੰ ਸੁਹਾਗਣ ਸਮਝਣ ਵਾਲੇ ਜਿਨ੍ਹਾਂ ਦੇ ਸਰੀਰ ਬਿਨਸ ਗਏ ਹਨ ਉਹ ਸਭ ਭਰਮ ਵਿੱਚ ਹੀ ਰਹੇ ਹਨ ਤੇ ਇਹ ਭਰਮ ਇਸੇ ਤਰਾਂ ਬਣਿਆ ਹੋਇਆ ਹੈ। ਮਨ ਦੀ ਅਗਿਆਨਤਾ ਨਿਕਲੇ ਬਿਨਾ ਕੋਈ ਉਸ ਪ੍ਰਮਾਤਮਾ ਦੀ ਸੁਹਾਗਣ ਨਹੀਂ ਬਣ ਸਕਦਾ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਉਸ ਪ੍ਰਮਾਤਮਾ ਦਾ ਨਾਮ ਨਹੀਂ ਜੱਪਿਆ ਜਾ

38/4562

ਸਕਦਾ ਕਿਉਂਕਿ ਉਸਦਾ ਨਾਮ ਉਸਦੇ ਮੇਲ ਦੁਆਰਾ ਹੀ ਮਿਲਦਾ ਹੈ। ਮਨੁੱਖ ਦਾ ਜਿਉਣਾ ਮਨ ਦੀ ਸੱਚੀ ਸੋਝੀ ਦੁਆਰਾ ਜਿਉਣਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਅਸਲ ਜਿਉਣਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਉਸਦੀ ਆਪਣੀ ਕੋਈ ਹੋਂਦ ਨਹੀਂ ਹੈ ਤੇ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਮਨੁੱਖ ਦਾ ਮਨ ਸੱਚੀ ਸੋਝੀ ਦੁਆਰਾ ਹੀ **"ਸੀਤਲੁ"** ਹੁੰਦਾ ਹੈ ਭਾਵ ਮਨ ਦੇ ਵਿੱਚ ਸੰਤੋਖ ਆਉਂਦਾ ਹੈ ਜਦੋਂ ਮਨੁੱਖ ਮਾਇਆ ਮੋਹ ਤੋਂ ਰਹਿਤ ਹੋ ਕੇ, ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਮਨ ਦੇ ਸੰਤੋਖ ਰਾਹੀਂ ਵਿਚਰਦਾ ਹੈ। ਮਨੁੱਖ ਦੀ ਇਹੋ ਜਿਹੀ ਅਵਸਥਾ ਨਾਮ ਜਪਣ ਵਾਲੀ ਅਵਸਥਾ ਹੈ ਜਿਹੋ ਜਿਹਾ ਨਾਮ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਦੇ ਮੇਲ ਦੁਆਰਾ ਜਪਿਆ ਹੈ, ਮਨ ਦੀ ਅਗਿਆਨਤਾ ਨਿਕਲਣ ਦੁਆਰਾ ਮਨ ਦੀ ਸੱਚੀ ਸੋਝੀ ਦੁਆਰਾ ਜਪਿਆ ਹੈ। (**ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ ॥ ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ ॥ ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ ॥੨॥**)

ਹਉਮੈ ਦਾ ਮਕਸਦ ਹੀ ਸਾਨੂੰ ਭਰਮ ਵਿੱਚ ਰੱਖਣ ਦਾ ਹੈ ਤੇ ਸਾਡੇ ਅੰਦਰ ਦਾ ਭਰਮ ਹੀ ਸਾਡੇ ਅੰਦਰ ਦੀ ਦੁਰਮਤਿ ਹੈ, ਬਿਖਿਆ ਹੈ ਜਿਸ ਬਿਖਿਆ ਦੀ ਗੱਲ ਬਾਣੀ ਵਿਚ ਬਾਰ-ਬਾਰ ਕੀਤੀ ਗਈ ਹੈ। ਬਿਖਿਆ ਦਾ ਦੂਸਰਾ ਪਾਸਾ ਅੰਮ੍ਰਿਤ ਹੈ ਭਾਵ ਨਾਮ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਬਿਰਤੀ ਸਾਡੇ ਅੰਦਰ ਦੀ ਬਿਖ ਹੈ ਜਿਸ ਵਿਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ, ਸਾਰੇ ਜਗਤ ਨੂੰ ਰਖਿਆ ਹੋਇਆ ਹੈ। ਇਸ ਬਿਖਿਆ ਵਿਚੋਂ ਨਿਕਲਣ ਦਾ ਸਾਧਨ ਗੁਰੂ ਦਾ ਨਾਮ ਹੈ ਜੋ ਸਾਡੇ ਮਨ ਲਈ ਅੰਮ੍ਰਿਤ ਹੈ। ਪੂਰੀ ਗੁਰਬਾਣੀ ਵਿਚ ਇਹ ਅੰਮ੍ਰਿਤ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਜਦ ਤੱਕ ਸਾਡੇ ਅੰਦਰ ਬਿਖ ਹੈ ਤਦ ਤਕ ਅਸੀਂ ਪ੍ਰਮਾਤਮਾ ਨਾਲੋਂ ਵਿਛੜੇ ਹੋਏ ਹਾਂ ਤੇ ਜਦੋਂ ਸਾਡੇ ਅੰਦਰ ਸ਼ਬਦ ਰੂਪ ਵਿਚਾਰਾਂ ਦਾ ਅੰਮ੍ਰਿਤ ਵੱਸ ਜਾਂਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਵੱਸ ਜਾਂਦਾ ਹੈ ਉਹ ਸਾਨੂੰ ਹਉਮੈ ਰੂਪ ਬਿਖ ਵਿੱਚੋਂ ਕੱਢ ਲੈਂਦਾ ਹੈ ਤੇ ਮਨ ਦੇ ਵਿਚ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਰੀ ਗੱਲ ਆਪਣੀ ਦੁਰਮਤਿ ਛੱਡਣ ਦੀ ਹੈ, ਮਾੜੀ ਮਤਿ ਛਡਣ ਦੀ ਹੈ, ਮਾਇਆ ਮੋਹ ਵਾਲੀ, ਵਿਕਾਰਾਂ ਵਾਲੀ ਮਤਿ ਛਡਣ ਦੀ ਹੈ ਤੇ ਤਾਂ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। ਇਹ ਗੱਲ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰ ਸਕਦੇ ਹਾਂ।

38/4563

“ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥
ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ ॥
ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ ॥੩॥”

(ਅੰਗ - ੩੧੨)

ਉਪਰ ਸਲੋਕ ਨੂੰ ਪੜਨ ਦੁਆਰਾ ਘੱਟੋ ਘੱਟ ਇਸ ਗੱਲ ਦੀ ਸਮਝ ਤਾਂ ਸਭ ਨੂੰ ਪੈ ਸਕਦੀ ਹੈ ਕਿ ਗੁਰੂ ਦੇ ਸ਼ਬਦ ਦਾ ਮਕਸਦ ਕੀ ਹੈ, ਗੁਰੂ ਦੇ ਨਾਮ ਦਾ ਮਕਸਦ ਕੀ ਹੈ। ਸ਼ਬਦ ਦਾ ਮਕਸਦ ਸਾਨੂੰ ਹਉਮੈ ਵਿਚੋਂ ਕੱਢਣ ਦਾ ਹੈ। ਸ਼ਬਦ ਗੁਰੂ ਹੈ ਤੇ ਗੁਰੂ ਦਾ ਮਕਸਦ ਸਾਰੇ ਸੰਸਾਰ ਨੂੰ ਹਉਮੈ ਵਿਚੋਂ ਕੱਢਣ ਦਾ ਹੈ ਭਾਵ ਭਰਮਾਂ ਵਿਚੋਂ ਕੱਢਣ ਦਾ ਹੈ, ਦੁਰਮਤਿ ਵਿੱਚੋਂ ਕੱਢਣ ਦਾ ਹੈ, ਮਨ ਦੀ ਬਿਖ ਵਿੱਚੋਂ ਕੱਢਣ ਦਾ ਹੈ, ਵਿਕਾਰਾਂ ਵਿੱਚੋਂ ਕੱਢਣ ਦਾ ਹੈ। ਮਨ ਦੀ ਇਹੋ ਜਿਹੀ ਬਿਰਤੀ ਦੁਆਰਾ ਹਰ ਕੋਈ ਮਨ ਦੇ ਹਨੇਰੇ ਵਿਚ ਹੈ ਜਿਸ ਲਈ ਹਰ ਕੋਈ ਮਨਮੁਖ ਹੈ। ਸ਼ਬਦ ਦਾ ਮਕਸਦ ਸਾਨੂੰ ਗੁਰਮਖਿ ਵਾਲੀ ਬਿਰਤੀ ਵਾਲਾ ਬਣਾਉਣ ਦਾ ਹੈ ਭਾਵ ਸਾਡੇ ਮਨ ਨੂੰ ਸੱਚੇ ਗਿਆਨ ਵਾਲਾ ਬਣਾਉਣ ਦਾ ਹੈ, ਸ਼ਬਦ ਦੀ ਸੱਚੀ ਮਤਿ ਵਾਲਾ ਬਣਾਉਣ ਦਾ ਹੈ। ਸ਼ਬਦ ਦੀ ਮਤਿ ਵਾਲਾ, ਸ਼ਬਦ ਦੇ ਗਿਆਨ ਵਾਲਾ ਉਹੀ ਬਣੇਗਾ ਜੋ ਆਪਣੀ ਹਉਮੈ ਵਾਲੀ ਮਤਿ ਨੂੰ ਛੱਡੇਗਾ ਭਾਵ ਜੋ ਸ਼ਬਦ ਦੁਆਰਾ ਸਮਝਾਈ ਹੋਈ ਗੱਲ ਨੂੰ ਮੰਨੇਗਾ। ਸ਼ਬਦ ਨੂੰ ਪੜਣ ਸੁਣਨ ਵਾਲੇ ਸਾਰੇ ਹੀ ਹਨ, ਸ਼ਬਦ ਨੂੰ ਰਟੀ ਜਾਣ ਵਾਲੇ ਅਨੇਕਾਂ ਹੀ ਹਨ ਪਰ ਕੀ ਉਸ ਤਰੀਕੇ ਸਾਡੀ ਅਗਿਆਨਤਾ ਨਿਕਲ ਸਕਦੀ ਹੈ ਭਾਵ ਕਦੇ ਨਹੀਂ ਨਿਕਲ ਸਕਦੀ ਤੇ ਅਗਿਆਨਤਾ ਨਿਕਲੇ ਬਿਨਾ, ਹਉਮੈ ਨਿਕਲੇ ਬਿਨਾ ਕੀ ਕਦੇ ਕੋਈ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦਾ ਹੈ ਭਾਵ ਕਦੇ ਨਹੀਂ ਕਰ ਸਕਦਾ। ਸਾਡੇ ਮਨ ਦਾ ਮਾਰਨ ਇਹੀ ਹੈ ਕਿ ਅਸੀਂ ਆਪਣੀ ਹਉਮੈ ਨੂੰ ਮਾਰੀਏ ਭਾਵ ਮਾੜੀ ਮਤਿ ਨੂੰ ਮਾਰੀਏ। ਆਪਣੇ ਜਿਉਂਦੇ ਹੋਏ ਹਉਮੈ ਤੋਂ ਮੁਕਤ ਹੋਣਾ ਹੀ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਦਾ ਮਾਰਗ ਹੈ ਤੇ ਇਸ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੋਣ ਦਾ ਮਾਰਗ ਹੈ। (**ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥ ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ॥ ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥ ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥**) ਅੰਗ - ੯੪੮ ਸਾਡੇ ਅੰਦਰ ਦੀ ਹਉਮੈ ਹੀ ਉਹ ਕਾਰਣ ਹੈ ਭਾਵ ਸਾਡੇ ਅੰਦਰ ਦਾ ਭਰਮ ਹੀ ਉਹ ਕਾਰਣ ਹੈ ਜੋ ਸਾਨੂੰ ਸ਼ਬਦ ਤੋਂ ਦੂਰ ਰੱਖਦਾ ਹੈ, ਗੁਰੂ ਤੋਂ ਦੂਰ ਰੱਖਦਾ ਹੈ ਭਾਵ ਗੁਰੂ

38/4564

ਦੀ ਮਤਿ ਨੂੰ ਸਮਝਣ ਤੋਂ ਦੂਰ ਰੱਖਦਾ ਹੈ। ਸੰਸਾਰ ਵਿੱਚ ਸਭ ਤੋਂ ਔਖਾ ਕੰਮ ਹਉਮੈ ਵਿੱਚੋਂ ਨਿਕਲਣ ਦਾ ਹੀ ਹੈ। ਹਉਮੈ ਵਿੱਚੋਂ ਅਸੀਂ ਤਾਂ ਹੀ ਨਿਕਲ ਪਾਵਾਂਗੇ ਭਾਵ ਤਾਂ ਹੀ ਹਉਮੈ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕਰਾਂਗੇ ਜੇਕਰ ਪਹਿਲੇ ਅਸੀਂ ਇਸ ਗੱਲ ਨੂੰ ਸਮਝਾਂਗੇ ਕਿ **“ਹਉਮੈ”** ਕੀ ਹੈ। ਸਭ ਤੋਂ ਪਹਿਲੇ ਸਾਡੇ ਅੰਦਰ ਇਹ ਵਿਸ਼ਵਾਸ ਆਉਣਾ ਜ਼ਰੂਰੀ ਹੈ ਕਿ ਸਭ ਕੋਈ ਭਾਵ ਪੂਰਾ ਜਗਤ **“ਹਉਮੈ”** ਵਿੱਚ ਹੈ ਭਾਵ ਸੰਸਾਰ ਦੀ ਸੱਚਾਈ ਨੂੰ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਭਰਮ ਵਿਚ

ਹੈ, ਮਨਮਤਿ ਵਿਚ ਹੈ ਤੇ ਗੁਰੂ ਦੀ ਗੱਲ ਨੂੰ ਮੰਨੇ ਬਿਨਾ, ਸ਼ਬਦ ਦੀ ਵਿਚਾਰ ਨੂੰ ਮੰਨੇ ਬਿਨਾ ਕੋਈ ਦੁਰਮਤਿ ਵਿੱਚੋਂ ਨਹੀਂ ਨਿਕਲ ਸਕਦਾ। (**ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥ ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ ॥ ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ ॥੩॥**)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ - ੨੩੦)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਕੀ ਉਸ ਮਨੁੱਖ ਦੇ ਵਿਚ ਸੱਚ ਹੈ, ਕੀ ਉਹ ਮਨੁੱਖ ਸੱਚਾ ਹੈ ਜਿਸ ਦੇ ਅੰਦਰ ਹਉਮੈ ਹੈ, ਮਾਇਆ ਮੋਹ ਹੈ। ਨਾਮ ਹੀ ਸੱਚ ਹੈ ਤੇ ਸੱਚ ਤੋਂ ਬਿਨਾ ਕੋਈ ਵੀ ਮਨੁੱਖ ਸੱਚਾ ਨਹੀਂ ਹੈ। ਸੱਚੀ ਸਾਡੀ ਸਮਝ ਹੁੰਦੀ ਹੈ ਜੋ ਸਾਡੇ ਅੰਦਰ ਸੱਚ ਵੱਸਣ ਦੁਆਰਾ ਹੁੰਦੀ ਹੈ। ਸ਼ਬਦ ਦੀ ਵਿਚਾਰ ਸੱਚ ਹੈ ਜੋ ਸਾਡੀ ਸੋਝੀ ਨੂੰ ਭਾਵ ਸਾਡੀ ਮਤਿ ਨੂੰ ਸੱਚਾ ਬਣਾਉਂਦੀ ਹੈ। ਸੱਚ ਰੂਪ ਹੀ ਆਪ ਪਰਮਾਤਮਾ ਹੈ। ਜਦ ਤਕ ਸਾਡੇ ਅੰਦਰ ਹਉਮੈ ਹੈ ਤਦ ਤਕ ਹਰ ਕੋਈ ਸੱਚ ਤੋਂ ਦੂਰ ਹੈ ਭਾਵ ਪੂਰਨ ਸੱਚ ਤੋਂ ਦੂਰ ਹੈ, ਮਨ ਦੀ ਪੂਰਨ ਸੱਚੀ ਸੋਝੀ ਤੋਂ ਦੂਰ ਹੈ ਜਿਸ ਰਾਹੀਂ ਸਾਡਾ ਮਨ ਦੇ ਅੰਦਰ ਉਸ ਸੱਚ ਰੂਪ ਪਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਹਉਮੈ ਵਾਲੀ ਅਵਸਥਾ ਸਾਰੇ ਸੰਸਾਰ ਦੀ ਹੈ ਤੇ ਇਸੇ ਲਈ ਕਿਸੇ ਦੇ ਅੰਦਰ ਪੂਰਨ ਸੱਚ ਨਹੀਂ ਹੈ ਜਿਸ ਰੂਪ ਵਿਚ ਆਪ ਪ੍ਰਮਾਤਮਾ ਹੈ ਭਾਵ ਮਨ ਦੇ ਵਿਚ ਹਉਮੈ ਕਰਕੇ ਹਰ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਨ ਤੋਂ ਦੂਰ ਹੈ ਤੇ ਇਸੇ ਲਈ ਕਿਸੇ ਨੂੰ ਨਾਮ ਦੀ ਸਮਝ ਨਹੀਂ ਹੈ ਜੋ ਕਿ ਸਾਡੇ ਅੰਦਰ ਹੀ ਹੈ, ਪਰਮਾਤਮਾ ਦੇ ਰੂਪ ਵਿਚ ਸਾਡੇ ਅੰਦਰ ਹੀ ਹੈ। ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿਚ ਭਾਵ ਬ੍ਰਹਮਗਿਆਨ ਦੇ ਰੂਪ ਵਿਚ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਡੇ ਲਈ ਇਹੀ ਸੱਚਾ ਉਦਮ ਹੈ ਕਿ ਅਸੀਂ ਸ਼ਬਦਾਂ ਦੁਆਰਾ

ਦਿੱਤੀ ਹੋਈ ਸੋਝੀ ਨੂੰ ਆਪਣੇ ਅੰਦਰ ਵਸਾਈਏ ਜਿਸ ਸੋਝੀ ਵਿਚ ਪਰਮਾਤਮਾ ਆਪ ਹੈ। ਸਾਨੂੰ ਹਉਮੈ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿਚੋਂ ਸ਼ਬਦ ਦੀ ਸੱਚੀ ਸੋਝੀ ਨੇ ਹੀ ਕਢਣਾ ਹੈ ਭਾਵ ਪਰਮਾਤਮਾ ਨੇ ਆਪ ਹੀ ਕਢਣਾ ਹੈ ਕਿਉਂਕਿ ਉਹ ਹੈ ਹੀ ਸ਼ਬਦਾਂ ਦੀ ਸੋਝੀ ਦੇ ਰੂਪ ਵਿਚ। ਸ਼ਬਦਾਂ ਦੀ ਲਿਖਤ ਨੂੰ ਪੜੀ ਜਾਣ ਨਾਲ ਸਾਡੀ ਹਉਮੈ ਨਹੀਂ ਨਿਕਲ ਸਕਦੀ ਬਲਕਿ ਸ਼ਬਦਾਂ ਦੀ ਸੋਝੀ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਨਿਕਲਦੀ ਹੈ। (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**) ਅੰਗ ੧੨੦

"ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥"

(ਅੰਗ - ੪੫੬)

ਜਿਵੇਂ ਕਿ ਉਪਰਲੀਆਂ ਪੰਗਤੀਆਂ ਦੁਆਰਾ ਅਸੀਂ ਪਿਛੇ ਵੀ ਇਸ ਗੱਲ ਨੂੰ ਸਮਝਿਆ ਹੈ ਸਾਨੂੰ ਪਤਿਤ ਤੋਂ ਪੁਨੀਤ ਕਰਨ ਵਾਲਾ ਪਰਮਾਤਮਾ ਦਾ ਨਾਮ ਹੈ। ਸਾਨੂੰ ਪਤਿਤ ਤੋਂ ਪੁਨੀਤ ਕਰਨ ਵਾਲਾ ਪਰਮਾਤਮਾ ਆਪ ਹੀ ਹੈ ਜੋ ਕਿ ਆਪ ਨਾਮ ਰੂਪ ਵਿਚ ਹੈ। ਅਸੀਂ ਪਤਿਤ ਮਨ ਦੀ ਅਗਿਆਨਤਾ ਕਰਕੇ ਹਾਂ, ਮਨ ਦੇ ਭਰਮ ਰੂਪ ਅੰਧੇਰੇ ਅੰਦਰ ਹਾਂ ਭਾਵ ਅਸੀਂ ਮਨ ਦੀ ਮਾੜੀ ਮਤਿ ਕਰਕੇ ਪਤਿਤ ਹਾਂ। ਅਸੀਂ ਪੁਨੀਤ ਵੀ ਮਨ ਦੀ ਚੰਗੀ ਮਤਿ ਦੁਆਰਾ ਹੋਣਾ ਹੈ। ਚੰਗੀ ਮਤਿ ਉਹ ਹੈ ਜੋ ਗੁਰੂ ਕੋਲੋਂ ਮਿਲਦੀ ਹੈ ਭਾਵ ਗੁਰੂ ਕੋਲੋਂ ਗਿਆਨ ਦੇ ਰੂਪ ਵਿਚ ਮਿਲਦੀ ਹੈ। ਗੁਰੂ ਦੇ ਗਿਆਨ ਦਾ ਅੰਜਨ ਭਾਵ ਸੁਰਮਾ ਗਿਆਨ ਦੇ ਅੰਦਰ ਦੀ ਸੋਝੀ ਹੈ ਜੋ ਸੋਝੀ ਰੂਪ ਸੁਰਮਾ ਮਨ ਦੇ ਅੰਦਰ ਸਾਨੂੰ ਗੁਰੂ ਦੇ ਗਿਆਨ ਦੁਆਰਾ ਪੈਂਦਾ ਹੈ ਭਾਵ ਨਾਮ ਦੁਆਰਾ ਪੈਂਦਾ ਹੈ ਜਿਸ ਦੁਆਰਾ ਸਾਡਾ ਪਤਿਤ ਮਨ ਪੁਨੀਤ ਹੁੰਦਾ ਹੈ। ਪਰਮਾਤਮਾ ਆਪ ਇਸ ਗਿਆਨ ਅੰਜਨ ਦੇ ਰੂਪ ਵਿਚ ਹੈ ਭਾਵ ਸੱਚੇ ਗਿਆਨ ਵਾਲੀ ਮਤਿ ਦੇ ਰੂਪ ਵਿਚ ਹੈ। ਸਾਡੇ ਅੰਦਰ ਸੱਚੇ ਗਿਆਨ ਵਾਲੀ ਮਤਿ ਹੀ ਬ੍ਰਹਮਗਿਆਨ ਵਾਲੀ ਮਤਿ ਹੈ, ਨਾਮ ਵਾਲੀ ਮਤਿ ਹੈ। ਪਰਮਾਤਮਾ ਨੇ ਜਦੋਂ ਵੀ ਕਿਸੇ ਨੂੰ ਮਨ ਦੇ ਵਿਚੋਂ ਆਪਣੇ ਦਰਸ਼ਨ ਕਰਵਾਉਣੇ ਹਨ ਉਸਨੇ ਮਨ ਦੇ ਵਿਚ ਗਿਆਨ ਰੂਪ ਸੁਰਮਾ ਪਾ ਕੇ ਹੀ ਕਰਵਾਉਣੇ ਹਨ ਭਾਵ ਮਨੁੱਖ ਨੂੰ ਭਰਮ ਦੇ ਹਨੇਰੇ ਵਿਚੋਂ ਕਢ ਕੇ ਹੀ ਕਰਵਾਉਣੇ ਹਨ। ਜਿਸ ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਹੈ ਉਸੇ ਰੂਪ ਵਿਚ ਪ੍ਰਮਾਤਮਾ ਸਭ ਜਗਾ, ਹਰ ਵਸਤੂ ਵਿਚ ਸਮਾਇਆ ਹੋਇਆ ਹੈ। ਸਾਰੀ ਗੱਲ ਮਨ

ਦੇ ਭਰਮਾ ਵਿਚੋਂ ਨਿਕਲਣ ਦੀ ਹੈ ਜਿਸ ਕਰਕੇ ਅਸੀਂ ਮਾੜੇ ਕਰਮ

38/4566

ਕਰਦੇ ਹਾਂ, ਗੁਰਮਤਿ ਦੇ ਉਲਟ ਕੰਮ ਕਰਦੇ ਹਾਂ ਤੇ ਪਰਮਾਤਮਾ ਨੂੰ ਆਪਣੇ ਅੰਦਰੋਂ ਜਾਣਨ ਦਾ ਉਦਮ ਕਰਨ ਤੋਂ ਦੂਰ ਰਹਿੰਦੇ ਹਾਂ। (**ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥**)

{ਵਾਦੁ ਵਖਾਣਹਿ ਮੋਹੇ ਮਾਇਆ ॥ ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥}

(ਅੰਗ - ੧੨੯)

ਪਿਛਲੇ ਸ਼ਬਦ ਦੁਆਰਾ ਅਸੀਂ ਆਪਣੇ ਅੰਦਰ ਹਉਮੈ ਰੂਪ ਨੂੰ ਸਮਝਿਆ ਹੈ ਜੋ ਕਿ ਸਾਡੇ ਅੰਦਰ ਬਿਖ ਦੇ ਰੂਪ ਵਿਚ ਹੈ ਭਾਵ ਅਗਿਆਨਤਾ ਦੇ ਰੂਪ ਵਿਚ ਹੈ। ਜੋ ਸਾਡੇ ਅੰਦਰ ਹਉਮੈ ਰੂਪ ਬਿਰਤੀ ਹੈ ਉਹੀ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਮਨ ਦੀ ਇਹ ਅਵਸਥਾ ਹੀ ਸਾਡੇ ਅੰਦਰ ਮਾਇਆ ਮੋਹ ਹੈ। ਜੇਕਰ ਅਸੀਂ ਪਰਮਾਤਮਾ ਨੂੰ ਪਾਉਣਾ ਹੈ ਤੇ ਉਸ ਲਈ ਇਕੋ ਇਕ ਸਾਧਨ ਇਹ ਹੈ ਕਿ ਅਸੀਂ ਮਨ ਦੀ ਮਾੜੀ ਮਤਿ ਵਿਚੋਂ ਨਿਕਲੀਏ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਮਨ ਦੀ ਮਾੜੀ ਮਤਿ ਵਿਚੋਂ ਕੱਢਣ ਦਾ ਹੈ ਭਾਵ ਬਿਖ ਵਿਚੋਂ ਕੱਢਣ ਦਾ ਹੀ ਹੈ, ਤ੍ਰੈਗੁਣਾਂ ਵਾਲੀ ਅਵਸਥਾ ਵਿਚੋਂ ਕੱਢਣ ਦਾ ਹੀ ਹੈ। ਤ੍ਰੈ ਗੁਣਾਂ ਵਾਲੀ ਮਤਿ ਵਿਚੋਂ ਸਾਨੂੰ ਕੇਵਲ ਗੁਰੂ ਦੀ ਮਤਿ ਹੀ ਕੱਢ ਸਕਦੀ ਹੈ ਤੇ ਗੁਰੂ ਦੀ ਮਤਿ ਤੋਂ ਬਿਨਾ ਕਿਸੇ ਹੋਰ ਦੀ ਮਤਿ ਨਾਲ ਜੁੜਣਾ ਬਿਖ ਨਾਲ ਜੁੜਣਾ ਹੀ ਹੈ ਕਿਉਂਕਿ ਗੁਰੂ ਤੋਂ ਬਿਨਾ ਹਰ ਕੋਈ ਤ੍ਰੈਗੁਣਾਂ ਵਾਲੀ ਮਤਿ ਵਿਚ ਹੀ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਗੁਰੂ ਦੀ ਮਤਿ ਦੇ ਮਕਸਦ ਨੂੰ ਸਮਝੀਏ ਤੇ ਕੱਚੀ ਮਤਿ ਵਾਲਿਆਂ ਦੇ ਨਾਲ ਨਾ ਜੁੜੀਏ।

“ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥ ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥ ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥ ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥ ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥”

(ਅੰਗ - ੩੦)

ਸਭ ਤੋਂ ਪਹਿਲਾਂ ਤਾਂ ਅਸੀਂ ਇਸ ਗੱਲ ਤੇ ਵਿਸ਼ਵਾਸ ਕਰੀਏ ਕਿ ਗੁਰੂ ਤੋਂ ਬਿਨਾ ਭਾਵ ਜਿਸ ਸਰੀਰ ਵਿਚ ਗੁਰਮਤਿ ਰੂਪ ਪ੍ਰਕਾਸ਼ ਨਹੀਂ ਹੈ, ਗੁਰਮਤਿ ਰੂਪ ਸੱਚਾ ਗਿਆਨ ਨਹੀਂ ਹੈ ਉਹ ਹਰ ਕੋਈ ਮਨਮੁਖਿ ਹੈ

38/4567

ਭਾਵ ਆਪਣੇ ਮਨ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ ਤੇ ਪ੍ਰਮਾਤਮਾ ਨੇ ਹਰ ਕਿਸੇ ਨੂੰ ਮਨ ਦੀ ਇਹੋ ਜਿਹੀ ਮਤਿ ਦੇ ਵਿਚ ਹੀ ਰੱਖਿਆ ਹੋਇਆ ਹੈ। ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਹੈ ਭਾਵ ਤ੍ਰੈਗੁਣਾਂ ਵਾਲੀ ਮਨ ਦੀ ਸਮਝ ਹੈ ਤੇ ਸਾਡੇ ਅੰਦਰ ਇਹ ਤ੍ਰੈਗੁਣਾਂ ਵਾਲੀ ਅਵਸਥਾ ਹੀ ਸਾਡਾ ਮਨਮੁਖਿ ਰੂਪ ਹੈ। ਮਨੁੱਖ ਨੂੰ ਗੁਰਮੁਖਿ ਰੂਪ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦਾ ਰੂਪ ਬਣਕੇ ਹੀ ਹੁੰਦੀ ਹੈ। ਮਨ ਦੀ ਅਗਿਆਨਤਾ ਸਾਨੂੰ ਮਨਮੁਖਿ ਰੂਪ ਬਣਾਕੇ ਰੱਖਦੀ ਹੈ ਤੇ ਜਦ ਤਕ ਮਨੁੱਖ ਅਗਿਆਨਤਾ ਵਿਚ ਹੈ ਉਸ ਨੂੰ ਪ੍ਰਮਾਤਮਾ ਦੇ ਦਰ ਤੇ ਟਿਕਾਣਾ ਨਹੀਂ ਮਿਲਦਾ ਭਾਵ ਸਾਡੇ ਮਨ ਦੀ ਅਗਿਆਨਤਾ ਸਾਨੂੰ ਮਨ ਦੇ ਵਿਚ ਹੀ ਪ੍ਰਮਾਤਮਾ ਦੇ ਦਰ ਤੋਂ ਦੂਰ ਰੱਖਦੀ ਹੈ। (**ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥**) ਸਾਨੂੰ ਅਵਾਗਉਣ ਵਿਚ ਰੱਖਣ ਵਾਲੀ, ਜੂਨਾਂ ਵਿਚ ਪਾਉਣ ਵਾਲੀ ਮਨ ਦੀ ਅਗਿਆਨਤਾ ਹੀ ਹੈ, ਸਾਡੇ ਮਨ ਦਾ **“ਅੰਧੁ”** ਭਾਵ ਮਨ ਦਾ ਅੰਧਾਪਨ ਹੀ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਣ ਨਹੀਂ ਦਿੰਦਾ ਤੇ ਆਵਾਗਉਣ ਤੋਂ ਮੁਕਤ ਨਹੀਂ ਹੋਣ ਦਿੰਦਾ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥”

ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੀ ਹੈ ਜੋ ਕਿ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ ਤੇ ਜਦ ਤਕ ਅਸੀਂ ਉਸ ਸੱਚੇ ਘਰ ਵਿਚ ਨਹੀਂ ਪਹੁੰਚਦੇ ਤਦ ਤਕ ਅਸੀਂ ਮਨ ਦੇ ਵਿਚ ਮਾਇਆ ਮੋਹ ਵਾਲੇ, ਅਗਿਆਨਤਾ ਵਾਲੇ, ਮਨਮਤਿ ਵਾਲੇ, ਤ੍ਰੈਗੁਣਾਂ ਵਾਲੇ ਘਰ ਵਿਚ ਰਹਿੰਦੇ ਹਾਂ। ਸਾਡਾ ਇਹ ਘਰ **"ਸੁੰਞਾ"** ਘਰ ਹੈ, ਸੱਖਣਾ ਘਰ ਹੈ। ਜਿਵੇਂ ਕੋਈ ਕਉਆ ਕਿਸੇ ਸਖਣੇ ਘਰ ਵਿਚ, ਖਾਲੀ ਘਰ ਵਿਚ ਜਾ ਕੇ ਪੁਕਾਰੀ ਜਾਵੇ, ਕਾਂ ਕਾਂ ਕਰੀ ਜਾਵੇ ਪਰ ਉਸ ਘਰ ਵਿਚੋਂ ਉਸ ਨੂੰ ਕੁਝ ਨਹੀਂ ਮਿਲਦਾ ਭਾਵ ਕੁਝ ਵੀ ਖਾਣ ਜਾਂ ਪੀਣ ਲਈ ਨਹੀਂ ਮਿਲਦਾ ਜਿਸ ਨਾਲ ਉਸ ਦੀ ਭੁੱਖ ਮਿੱਟ ਸਕੇ। ਸਾਡੇ ਜੀਵਨ ਦਾ ਮਕਸਦ ਆਪਣੇ ਜੀਵਨ ਦੀ ਸੱਚੀ ਭੁੱਖ ਮਿਟਾਉਣ ਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਭੁੱਖ ਹੈ ਭਾਵ ਆਪਣੇ ਜੀਵਨ ਵਿਚ ਪ੍ਰਮਾਤਮਾ ਨੂੰ ਜਾਨਣ ਦੀ ਭੁੱਖ ਹੈ ਕਿ ਪ੍ਰਮਾਤਮਾ ਕੀ ਹੈ ਜਿਸ ਦੀ ਕਿਸੇ ਨੂੰ ਸਮਝ ਨਹੀਂ ਪੈਂਦੀ। ਜਦ ਤਕ ਅਸੀਂ ਮਨ ਦੇ ਸੁੰਞੇ ਘਰ ਵਿਚ ਬੈਠੇ ਹਾਂ, ਅਗਿਆਨਤਾ ਦੇ ਘਰ ਵਿੱਚ ਬੈਠੇ ਹਾਂ ਉਸ ਘਰ ਵਿੱਚ ਵਰਤਦੇ ਹੋਏ ਸਾਡੀ ਇਹ ਭੁੱਖ ਕਦੇ ਦੂਰ ਨਹੀਂ ਹੋ ਸਕਦੀ ਜਿਵੇਂ ਕਿ ਇੱਕ ਕਾਂ ਦੀ ਸੁੰਞੇ ਘਰ ਵਿੱਚੋਂ ਭੁੱਖ ਦੂਰ ਨਹੀਂ ਹੁੰਦੀ ਭਾਵੇਂ ਸੁੰਞੇ ਘਰ ਵਿੱਚ ਭਾਵ ਉਹ ਜਿਤਨਾ ਮਰਜੀ ਕਾਂ ਕਾਂ ਕਰੀ ਜਾਵੇ ਕਿਉਂਕਿ ਉਸ ਸੁੰਞੇ ਘਰ ਵਿੱਚ ਉਹ ਖਾਣਾ ਹੁੰਦਾ ਹੀ ਨਹੀਂ ਜਿਸ ਖਾਣੇ ਦੀ ਉਸਨੂੰ ਆਪਣੀ ਭੁੱਖ ਮਿਟਾਉਣ ਲਈ ਲੋੜ ਹੁੰਦੀ ਹੈ। ਸਾਡੀ ਇਹ ਮਨ ਦੀ ਭੁੱਖ ਦੂਰ ਕਰਨ ਵਾਲਾ ਗੁਰੂ ਦਾ ਘਰ ਹੈ ਜੋ ਸੱਚੇ ਗਿਆਨ

ਦਾ ਘਰ ਹੈ, ਚੌਥੇ ਪਦ ਦੇ ਗਿਆਨ ਦਾ ਘਰ ਹੈ, ਗੁਰਮੁਖਿ ਦਾ ਘਰ ਹੈ। ਅਸੀਂ ਆਪਣੀ ਇਹ ਭੁੱਖ ਕਉਏ ਦੀ ਤਰ੍ਹਾਂ ਕਾਂ ਕਾਂ ਕਰਕੇ ਭਾਵ ਬੋਲ ਬੋਲ ਕੇ ਮਨਮਤਿ ਦੇ ਘਰ ਵਿਚੋਂ ਪੂਰੀ ਕਰਨੀ ਚਾਹੁੰਦੇ ਹਾਂ। ਅਸੀਂ ਜਿੰਨ੍ਹਾਂ ਕੋਲੋਂ ਇਹੋ ਜਿਹੀ ਮਤਿ ਲਈ ਹੋਈ ਹੈ ਉਹ ਆਪ ਮਨਮੁਖਿ ਹਨ ਤੇ ਇਹੋ ਜਿਹਿਆਂ ਦੀ ਮਤਿ ਵਿੱਚੋਂ ਨਿਕਲੇ ਬਿਨਾ ਅਸੀਂ ਆਪਣੀ ਸੱਚੀ ਭੁੱਖ ਦੂਰ ਨਹੀਂ ਕਰ ਸਕਦੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਭੁੱਖ ਦੂਰ ਨਹੀਂ ਕਰ ਸਕਦੇ। (**ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ॥**) ਸਾਡੀ ਇਹ ਮਨ ਦੀ ਭੁੱਖ ਕਿਥੋਂ ਦੂਰ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਕਉਏ ਵਾਲੀ ਬਿਰਤੀ ਵਿਚੋਂ, ਕਾਂ ਕਾਂ ਕਰਨ ਵਾਲੀ ਬਿਰਤੀ ਵਿੱਚੋਂ ਨਿਕਲ ਸਕੀਏ ਤੇ ਸੱਚਾ ਨਾਮ ਕੀ ਹੈ ਇਸ ਗੱਲ ਨੂੰ ਸਮਝ ਸਕੀਏ।

"ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥"

ਪਹਿਲੀ ਗੱਲ ਤਾਂ ਇਹ ਹੈ ਕਿ ਜਦ ਤਕ ਕਿਸੇ ਦੇ ਅੰਦਰ ਗੁਰਮਤਿ ਦਾ ਪ੍ਰਕਾਸ਼ ਨਹੀਂ ਹੋਇਆ ਭਾਵ ਸ਼ਬਦ ਦਾ ਪ੍ਰਕਾਸ਼ ਨਹੀਂ ਹੋਇਆ ਤਦ ਤਕ ਕਿਸੇ ਨੂੰ ਨਾਮ ਨਹੀਂ ਮਿਲਿਆ। ਗੁਰੂ ਦੀ ਮਤਿ ਰਾਹੀਂ ਗੁਰੂ ਦਾ ਸੱਚਾ ਗਿਆਨ ਮਿਲਦਾ ਹੈ, ਬ੍ਰਹਮ ਗਿਆਨ ਮਿਲਦਾ ਹੈ। ਪੂਰੀ ਗੁਰਬਾਣੀ ਵਿਚ ਬ੍ਰਹਮ ਗਿਆਨ ਹੈ ਜੋ ਕਿ ਗੁਰਮਤਿ ਦੇ ਰੂਪ ਵਿਚ ਹੈ ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪੂਰੀ ਗੁਰਮਤਿ ਸ਼ਬਦਾਂ ਦੇ ਰੂਪ ਵਿਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਤੇ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ। ਸਾਡੇ ਅੰਦਰ ਗੁਰਮਤਿ ਦਾ ਚਾਨਣਾ ਗੁਰਮਤਿ ਦੀ ਸੋਝੀ ਦਾ ਚਾਨਣਾ ਹੈ, ਸ਼ਬਦਾਂ ਦੀ ਵਿਚਾਰ ਦਾ ਚਾਨਣਾ ਹੈ ਤੇ ਸਾਡੇ ਅੰਦਰ ਇਹ ਚਾਨਣਾ ਹੀ ਭਾਵ ਗਿਆਨ ਦਾ ਪ੍ਰਕਾਸ਼ ਹੀ **"ਨਾਮੁ"** ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਮਿਲਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਮਨੁੱਖ ਸੱਚੇ ਗਿਆਨ ਦੇ ਘਰ ਵਿੱਚ ਵੱਸਦਾ ਹੈ, ਗੁਰਮਤਿ ਰੂਪ ਘਰ ਵਿਚ ਵੱਸਦਾ ਹੈ, ਸ਼ਬਦ ਰੂਪ ਘਰ ਵਿੱਚ ਵੱਸਦਾ ਹੈ, ਨਾਮ ਰੂਪ ਘਰ ਵਿਚ ਵੱਸਦਾ ਹੈ ਤੇ ਸਾਡਾ ਇਹ ਘਰ ਹੀ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦਾ ਘਰ ਹੈ, ਚੌਥੇ ਪਦ ਦਾ ਘਰ ਹੈ, ਸਹਜ ਰੂਪ ਘਰ ਹੈ, ਨਿਜ ਘਰ ਹੈ ਜਿਸ ਤੋਂ ਅਸੀਂ ਮਨ ਦੀ ਅਗਿਆਨਤਾ ਕਰਕੇ ਮਨ ਦੇ ਵਿਚ ਹੀ ਵਿਛੁੜੇ ਹੋਏ ਹਾਂ। ਸਾਨੂੰ ਜੋ ਕੁਝ ਚਾਹੀਦਾ ਹੈ ਉਹ ਇਸ ਘਰ ਵਿਚੋਂ ਮਿਲਦਾ ਹੈ ਜਿਸ ਨਾਲ ਮਨੁੱਖ ਦੀ ਸੱਚੀ ਭੁੱਖ ਦੂਰ ਹੁੰਦੀ

ਹੈ। ਇਸ ਘਰ ਦੇ ਵਿਚੋਂ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ। ਇਹ ਸੱਚੇ ਨਾਮ ਦਾ ਘਰ ਹੈ ਤੇ ਨਾਮ ਜਪਣ ਦੀ ਸੋਝੀ ਇਸ ਘਰ ਵਿਚੋਂ ਹੀ ਪੈਂਦੀ ਹੈ। ਇਹ ਘਰ ਪ੍ਰਮਾਤਮਾ ਦਾ ਆਪਣਾ ਘਰ ਹੈ ਜਿਸ ਘਰ ਵਿੱਚੋਂ ਉਹ ਆਪ ਹੀ ਸੋਝੀ ਪਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਸੱਚੀ ਸੋਝੀ ਪਾਉਂਦਾ ਹੈ। ਇਸ ਘਰ ਵਿੱਚ ਪਹੁੰਚੇ ਬਿਨਾ ਹਰ ਕੋਈ ਸੁਞੇ ਘਰ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਦੇ, ਤ੍ਰੈ ਗੁਣਾਂ ਵਾਲੀ ਮਤਿ ਦੇ ਘਰ

ਵਿਚ ਹੈ ਜਿਸ ਘਰ ਵਿਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿਚ ਰੱਖਿਆ ਹੋਇਆ ਹੈ ਜਿਸ ਰਾਹੀਂ ਉਹ ਆਪਣੀ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਸੁੰਵੇ ਘਰ ਵਿਚ ਰਹਿੰਦਿਆਂ ਕਿਸੇ ਨੂੰ ਨਾਮ ਦੀ ਸਮਝ ਨਹੀਂ ਹੈ ਕਿਉਂਕਿ ਉਸ ਘਰ ਵਿਚ ਨਾਮ ਹੈ ਹੀ ਨਹੀਂ। ਨਾਮ ਪੂਰਨ ਸੱਚ ਦੀ ਸੋਝੀ ਹੈ, ਪੂਰਨ ਗੁਰਮਤਿ ਦੀ ਸੋਝੀ ਹੈ ਜੋ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਘਰ ਵਿਚੋਂ ਹੀ ਆਈ ਹੈ, ਉਸ ਦੇ ਮਨ ਰੂਪ ਘਰ ਵਿਚੋਂ ਆਈ ਹੈ ਤੇ ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪ ਹੀ ਨਾਮ ਰੂਪ ਵਿਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ, ਸੱਚੀ ਗੁਰਮਤਿ ਦੇ ਰੂਪ ਵਿਚ ਹੈ, ਪੂਰਨ ਸੱਚ ਦੇ ਰੂਪ ਵਿਚ ਹੈ ਜੋ ਉਸ ਦਾ ਸ਼ਬਦ ਰੂਪ ਹੈ। ਜੇਕਰ ਅਸੀਂ ਮਨ ਦੇ ਹਨੇਰੇ ਵਿਚੋਂ ਨਿਕਲਣਾ ਚਾਹੁੰਦੇ ਹਾਂ, ਹਉਮੈ ਵਿਚੋਂ, ਤ੍ਰੈਗੁਣਾਂ ਵਿਚੋਂ ਨਿਕਲਣਾ ਚਾਹੁੰਦੇ ਹਾਂ ਤੇ ਮਨ ਦੇ ਵਿਚ ਪ੍ਰਮਾਤਮਾ ਦੇ ਘਰ ਵਿਚ ਪਹੁੰਚਣਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਇਕੋ ਇਕ ਸਾਧਨ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਸਮਝੀਏ ਤੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲੀਏ ਤੇ ਭਰਮੇ ਹੋਇਆਂ ਦੀ ਮਤਿ ਵਿਚੋਂ ਨਿਕਲੀਏ ਜਿੰਨ੍ਹਾਂ ਕੋਲੋਂ ਅਸੀਂ ਉਹੋ ਜਿਹੇ ਭਗਤੀ ਦੇ ਤਰੀਕੇ ਸਿਖੇ ਹੋਏ ਹਨ, ਨਾਮ ਜਪਣੇ ਸਿਖੇ ਹੋਏ ਹਨ ਜੋ ਮੂਲ ਰੂਪ ਵਿਚ ਹੀ ਗੁਰਮਤਿ ਦੇ ਉਲਟ ਹਨ। ਸਾਡਾ ਸੱਚਾ ਘਰ ਗੁਰਮਤਿ ਰੂਪ ਘਰ ਹੈ ਤੇ ਇਸ ਘਰ ਵਿਚ ਪਹੁੰਚਣ ਲਈ ਸਾਨੂੰ ਮਨਮਤਿ ਦਾ ਘਰ ਛਡਣਾ ਹੀ ਪਵੇਗਾ, ਸੁੰਵਾ ਘਰ ਛੱਡਣਾ ਹੀ ਪਵੇਗਾ ਜਿਸ ਵਿਚੋਂ ਕਉਏ ਦੀ ਤਰ੍ਹਾਂ ਕਾਂ ਕਾਂ ਕਰੀ ਜਾਣ ਨਾਲ ਭਾਵ ਕੇਵਲ ਕਥਨੀ ਕਰੀ ਜਾਣ ਨਾਲ, ਕਿਸੇ ਅੱਖਰ ਨੂੰ ਬੋਲ ਬੋਲ ਕੇ ਜਪੀ ਜਾਣ ਨਾਲ ਕੁਝ ਨਹੀਂ ਲਭਣਾ ਬਲਕਿ ਹਉਮੈ ਹੀ ਵੱਧਦੀ ਹੈ, ਮਨਮਤਿ ਹੀ ਦ੍ਰਿੜ ਹੁੰਦੀ ਹੈ ਜੋ ਸਾਨੂੰ ਆਪਣੇ ਸੱਚੇ ਘਰ ਤੋਂ ਉਲਟਾ ਦੂਰ ਕਰਦੀ ਹੈ। (**ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥ ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥**)

38/4570

ਉਪਰਲੇ ਪਦੇ ਰਾਹੀਂ ਸਾਨੂੰ ਮਨਮੁਖਿ ਮਨ ਦੀ ਅਗਿਆਨਤਾ ਕਰਕੇ ਕਿਹਾ ਹੈ। ਸਾਡਾ ਇਹ ਮਨਮੁਖਿ ਰੂਪ ਕਿਸ ਲਈ ਹੈ ਭਾਵ ਅਸੀਂ ਮਨ ਦੇ ਅੰਧੇਪਨ ਵਿਚ ਕਿਸ ਲਈ ਰਹਿੰਦੇ ਹਾਂ, ਗੁਰਮਤਿ ਦੇ ਗਿਆਨ ਤੋਂ ਵਿਹੂਣੇ, ਨਾਮ ਤੋਂ ਵਿਹੂਣੇ ਕਿਸ ਲਈ ਰਹਿੰਦੇ ਹਾਂ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥”

ਸਾਡੇ ਸਭ ਦੇ ਅੰਦਰ ਮਨਮੁਖਿ ਰੂਪ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵਸਥਾ ਹੈ। ਇਹ ਅਵਸਥਾ ਮੂਲ ਰੂਪ ਵਿਚ ਭਾਵ ਜਨਮ ਤੋਂ ਹੀ ਸਾਡੇ ਸਭ ਦੇ ਅੰਦਰ ਪੈ ਕੇ ਆਉਂਦੀ ਹੈ ਭਾਵ ਇਸ ਅਵਸਥਾ ਤੋਂ ਬਿਨਾ ਸੰਸਾਰ ਵਿਚ ਕੋਈ ਨਹੀਂ ਆਉਂਦਾ। ਸਾਡੀ ਇਸ ਤ੍ਰੈਗੁਣਾਂ ਵਾਲੀ ਅਵਸਥਾ ਨੂੰ **“ਬਿਖਿਆ ਅੰਧੁ”** ਕਿਹਾ ਹੈ ਭਾਵ ਅਗਿਆਨਤਾ ਰੂਪ ਜਹਿਰ ਕਿਹਾ ਹੈ। ਪਿਛਲੇ ਸ਼ਬਦ ਰਾਹੀਂ ਅਸੀਂ ਹਉਮੈ ਨੂੰ ਬਿਖ ਦੇ ਰੂਪ ਵਿਚ ਜਾਣਿਆ ਹੈ ਭਾਵ ਜਦ ਅਸੀਂ ਮਨ ਦੇ ਭਰਮ ਵਿਚ ਹਾਂ ਤਦ ਤਕ ਅਸੀਂ ਬਿਖ ਵਾਲੀ ਬਿਰਤੀ ਵਿਚ ਹਾਂ। ਇਹ ਬਿਖ ਕਿਸ ਲਈ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਜਹਿਰ ਖਾਣ ਨਾਲ ਮਨੁੱਖ ਦੀ ਮੌਤ ਹੋ ਜਾਂਦੀ ਹੈ, ਸਰੀਰਕ ਮੌਤ ਹੋ ਜਾਂਦੀ ਹੈ। ਸਾਡੇ ਮਨ ਦੀ ਬਿਖ ਭਾਵ ਮਨ ਦੀ ਅਗਿਆਨਤਾ ਸਾਡੇ ਅੰਦਰ ਮਨ ਦੀ ਮਾੜੀ ਸੋਝੀ ਦੇ ਰੂਪ ਵਿੱਚ ਹੈ, ਮਨਮਤਿ ਦੇ ਰੂਪ ਵਿੱਚ, ਦੁਰਮਤਿ ਦੇ ਰੂਪ ਵਿੱਚ ਹੈ ਜੋ ਸਾਨੂੰ ਆਤਮਿਕ ਮੌਤ ਮਾਰਦਾ ਹੈ ਭਾਵ ਇਹ ਅਗਿਆਨਤਾ ਰੂਪ ਜ਼ਹਿਰ ਸਾਨੂੰ ਗੁਰਮਤਿ ਤੋਂ ਦੂਰ ਰੱਖਦਾ ਹੈ ਜਿਸ ਰਾਹੀਂ ਅਸੀਂ ਗੁਰਮਤਿ ਤੋਂ ਉਲਟ ਕੰਮ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ ਜੋ ਸਾਡੇ ਜੀਵਨ ਦੇ ਸੱਚੇ ਮਨੋਰਥ ਨੂੰ ਮਾਰ ਦਿੰਦੇ ਹਨ। ਸਾਡੇ ਜੀਵਨ ਦਾ ਸੱਚਾ ਮਨੋਰਥ ਪ੍ਰਮਾਤਮਾ ਨੂੰ ਪਾਉਣ ਦਾ ਹੈ ਪਰ ਇਹ ਅਗਿਆਨਤਾ ਰੂਪ ਜਹਿਰ ਸਾਡੇ ਇਸ ਮਨੋਰਥ ਦੀ ਪੂਰਤੀ ਨਹੀਂ ਹੋਣ ਦਿੰਦਾ। ਸਾਡੇ ਅੰਦਰ ਇਹ ਤ੍ਰੈਗੁਣਾਂ ਵਾਲੀ ਮਤਿ ਦਾ ਅਗਿਆਨਤਾ ਰੂਪ ਜਹਿਰ ਹੀ ਸਾਡੇ ਅੰਦਰ ਦਾ **“ਮਾਇਆ ਮੋਹ ਗੁਬਾਰ”** ਹੈ ਭਾਵ ਮਾਇਆ ਰੂਪ ਹਨੇਰਾ ਹੈ, ਮਾਇਆ ਦੀ ਜੁਗਤਿ ਦੁਆਰਾ ਪ੍ਰਮਾਤਮਾ ਦਾ ਪਾਇਆ ਹੋਇਆ ਹਨੇਰਾ ਹੈ। ਸਾਡੇ ਜੀਵਨ ਨੂੰ ਬਰਬਾਦ ਕਰਨ ਵਾਲੀ ਭਾਵ ਇਸ ਜੀਵਨ ਨੂੰ ਵਿਅਰਥ ਗੁਆਉਣ ਵਾਲੀ ਮਨ ਦੀ ਅਗਿਆਨਤਾ ਹੈ

38/4571

ਜੋ ਸਾਰੇ ਸੰਸਾਰ ਦੇ ਅੰਦਰ ਜਹਿਰ ਦੇ ਰੂਪ ਵਿੱਚ ਹੈ। (**ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥**)

ਮਨ ਦੀ ਅਗਿਆਨਤਾ ਸਾਨੂੰ ਧਰਮ ਗ੍ਰੰਥਾਂ ਦੇ ਸੱਚੇ ਗਿਆਨ ਨਾਲ ਜੁੜਨ ਨਹੀਂ ਦਿੰਦੀ ਜਿਸ ਕਰਕੇ ਇਹ ਸਾਨੂੰ ਮਨ ਦੀ ਮਾੜੀ ਸੋਝੀ ਵਿੱਚੋਂ ਨਿਕਲਣ ਨਹੀਂ ਦਿੰਦੀ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥”

ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਚੰਗੀ ਮਤਿ ਦੇਣ ਦੇ ਨਾਲ ਹੈ, ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੇ ਨਾਲ ਹੈ ਤਾਂ ਜੋ ਅਸੀਂ ਉਹਨਾਂ ਨੂੰ ਮੰਨ ਕੇ ਉਨ੍ਹਾਂ ਅਨੁਸਾਰ ਆਪਣੇ ਜੀਵਨ ਨੂੰ ਢਾਲੀਏ। ਧਰਮ ਗ੍ਰੰਥ ਆਪਣੀ ਵਿਚਾਰ ਦੇਣ ਦੁਆਰਾ ਸਾਨੂੰ ਮਨ ਦਾ ਲੋਭ ਤਿਆਗਣ ਲਈ ਸਮਝਾਉਂਦੇ ਹਨ ਤਾਂ ਜੋ ਅਸੀਂ ਲੋਭ ਰਹਿਤ ਹੋ ਕੇ ਚੰਗੇ ਕਰਮ ਕਰੀਏ। ਚੰਗੇ ਕਰਮ ਕਰਨਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਉਹਨਾਂ ਅਨੁਸਾਰ ਵਿਚਰਨਾ ਹੀ ਸੇਵਾ ਕਰਨਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜੋ ਧਰਮ ਗ੍ਰੰਥਾਂ ਨੂੰ ਪੜ ਕੇ ਮਨ ਦਾ ਲੋਭ ਨਹੀਂ ਤਿਆਗਦੇ ਭਾਵ ਮਾੜੇ ਕਰਮ ਨਹੀਂ ਛਡਦੇ ਉਹ ਗੁਰੂ ਪ੍ਰਮਾਤਮਾ ਦੀ ਸੇਵਾ ਨਹੀਂ ਕਰਦੇ ਬਲਕਿ ਉਨ੍ਹਾਂ ਦੀ ਸੇਵਾ ਕਰਦੇ ਹਨ ਜਿੰਨ੍ਹਾਂ ਦੇ ਵਿਚਾਰਾਂ ਨੂੰ ਉਹ ਮੰਨਦੇ ਹਨ। ਵਿਚਾਰ ਅਸੀਂ ਆਪਣੇ ਮਨ ਦੇ ਮੰਨਦੇ ਹਾਂ ਭਾਵ ਮਨਮਤਿ ਦੁਆਰਾ ਵਿਚਰਦੇ ਹਾਂ। ਮਨਮਤਿ ਨੂੰ ਮੰਨਣਾ ਮਨਮਤਿ ਦੀ ਸੇਵਾ ਹੈ ਭਾਵ ਇਹ ਗੁਰਮਤਿ ਦੇ ਉਲਟ ਸੇਵਾ ਹੈ ਪਰ ਅਸੀਂ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਨਾਲ ਆਪਣੇ ਵਲੋਂ ਪ੍ਰਮਾਤਮਾ ਨੂੰ ਪੁਕਾਰਦੇ ਹਾਂ ਭਾਵ ਉਸ ਦੇ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਪਾਰ ਉਤਾਰ ਦੇਵੇਗਾ, ਸਾਡੇ ਜੀਵਨ ਨੂੰ ਸਫਲ ਕਰ ਦੇਵੇਗਾ। ਮਨ ਦਾ ਲੋਭ ਛੱਡੇ ਬਿਨਾ ਅਸੀਂ ਗੁਰੂ ਪ੍ਰਮਾਤਮਾ ਦੀ ਸੇਵਾ ਨਹੀਂ ਕਰਦੇ ਬਲਕਿ ਮਨ ਦੀ ਬਿਖਿਆ ਨਾਲ ਜੁੜੇ ਰਹਿੰਦੇ ਹਾਂ, ਮਨ ਦੀ ਅਗਿਆਨਤਾ ਨਾਲ ਜੁੜੇ ਰਹਿੰਦੇ ਹਾਂ ਤੇ ਆਪਣਾ ਜੀਵਨ ਗਵਾ ਦਿੰਦੇ ਹਾਂ ਭਾਵ ਦੁਚਿੱਤੀ ਵਿੱਚ ਹੀ ਆਪਣਾ ਜੀਵਨ ਗਵਾ ਦਿੰਦੇ ਹਾਂ। (**ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥**)

ਜਦ ਤਕ ਅਸੀਂ ਤ੍ਰੈਗੁਣਾਂ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ ਤਦ ਤਕ ਅਸੀਂ ਗੁਰਮਤਿ ਤੋਂ ਦੂਰ ਹਾਂ, ਨਾਮ ਤੋਂ ਦੂਰ ਹਾਂ ਭਾਵ ਗੁਰੂ ਦੇ ਸੱਚੇ ਗਿਆਨ ਤੋਂ ਦੂਰ ਹਾਂ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਹਾਂ। ਮਨ ਦੀ ਤ੍ਰੈਗੁਣਾਂ ਵਾਲੀ ਮਤਿ ਦੇ ਵਿੱਚੋਂ ਸਾਨੂੰ, ਅਗਿਆਨਤਾ ਵਾਲੀ ਮਤਿ ਦੇ ਵਿੱਚੋਂ ਸਾਨੂੰ ਗੁਰੂ ਦਾ

ਸੱਚਾ ਗਿਆਨ ਹੀ ਕੱਢ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀ ਸਮਝਾਈ ਹੋਈ ਹੈ।

“ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥
ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥”

ਜੇਕਰ ਸਾਨੂੰ **“ਮਾਇਆ ਮੋਹ”** ਦੀ ਸਮਝ ਹੈ ਤਾਂ ਫਿਰ ਸਾਨੂੰ ਇਸ ਦਾ ਮਕਸਦ ਵੀ ਸਮਝ ਆ ਜਾਵੇਗਾ। ਅਸੀਂ ਉਪਰ ਅਨੇਕਾਂ ਸ਼ਬਦਾਂ ਦੁਆਰਾ ਮਾਇਆ ਮੋਹ ਬਾਰੇ ਸਮਝਿਆ ਹੈ ਕਿ ਸਾਡੇ ਅੰਦਰ ਕਿਸ ਰੂਪ ਵਿਚ ਹੈ। ਇਹ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਦੇ ਰੂਪ ਵਿਚ ਹੈ, ਹਉਮੈ ਦੇ ਰੂਪ ਵਿਚ ਹੈ, ਮਨਮਤਿ ਦੇ ਰੂਪ ਵਿਚ ਹੈ ਭਾਵ ਮਨ ਦੀ ਅਗਿਆਨਤਾ ਦੇ ਰੂਪ ਵਿਚ ਹੈ। ਮਾਇਆ ਮੋਹ ਦਾ ਮਕਸਦ ਸਾਡੇ ਅੰਦਰ ਕੀ ਹੈ ਇਹੀ ਗੱਲ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਇਹ ਮਾਇਆ ਮੋਹਿ ਸਾਡੇ ਮਨ ਦੇ ਅੰਦਰ ਹੈ ਜੋ ਕਿ ਮਨ ਦੇ ਵਿਚਾਰਾਂ ਦੇ ਅੰਦਰ ਹੈ। ਮਾਇਆ ਮੋਹਿ ਨੇ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਵਿਸਾਰਿਆ ਹੋਇਆ ਹੈ ਭਾਵ ਇਸ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। ਮਾਇਆ ਮੋਹ ਨੇ ਸਾਡੇ ਵਿਚਾਰਾਂ ਨੂੰ ਭਰਮ ਵਿਚ ਰੱਖਿਆ ਹੋਇਆ ਹੈ ਭਾਵ ਸਾਡੇ ਅੰਦਰ ਵਿਚਾਰਾਂ ਰਾਹੀਂ ਭਰਮ ਰੂਪ ਪੜਦਾ ਬਣਾਇਆ ਹੋਇਆ ਹੈ, ਹਉਮੈ ਰੂਪ ਪੜਦਾ ਬਣਾਇਆ ਹੋਇਆ ਹੈ ਜਿੰਨ੍ਹਾਂ ਵਿਚਾਰਾਂ ਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਬਾਰੇ ਸਮਝ ਨਹੀਂ ਲਗਦੀ ਭਾਵ ਸਾਨੂੰ ਪ੍ਰਮਾਤਮਾ ਵਿਸਰਿਆ ਰਹਿੰਦਾ ਹੈ ਭਾਵ ਮਨ ਦਾ ਮਾਇਆ ਮੋਹਿ ਸਾਨੂੰ ਪ੍ਰਮਾਤਮਾ ਨਾਲੋਂ ਵਿਛੋੜ ਕੇ ਰੱਖਦਾ ਹੈ। ਇਹ ਪ੍ਰਮਾਤਮਾ ਦੀ ਆਪਣੀ ਹੀ ਰਜ਼ਾ ਹੈ ਭਾਵ ਉਸ ਨੇ ਆਪ ਹੀ ਸਾਡੇ ਅੰਦਰ ਮਾਇਆ ਮੋਹ ਵਾਲੀ ਜੁਗਤਿ ਪਾਈ ਹੋਈ ਹੈ, ਹਉਮੈ ਰੂਪ ਜੁਗਤਿ ਪਾਈ ਹੋਈ ਹੈ, ਤ੍ਰੈਗੁਣਾਂ ਵਾਲੀ ਅਵਸਥਾ ਪਾਈ ਹੋਈ ਹੈ ਜਿਸ ਦੁਆਰਾ ਅਸੀਂ ਮਨ ਦੇ ਵਿਚ ਪ੍ਰਮਾਤਮਾ ਨੂੰ ਜਾਨਣ ਤੋਂ ਵਿਸਰੇ ਰਹਿੰਦੇ ਹਾਂ ਭਾਵ ਭੁੱਲੇ ਰਹਿੰਦੇ ਹਾਂ, ਮਨ ਦੀ ਭੁੱਲ ਵਿੱਚ ਰਹਿੰਦੇ ਹਾਂ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਮਿਲ ਸਕਦੇ। ਮਾਇਆ ਮੋਹ ਦਾ ਮਕਸਦ ਹੀ ਸਾਨੂੰ ਮਨ ਦੀ ਭੁੱਲ ਵਿੱਚ ਰੱਖਣ ਦਾ ਹੈ।

(**ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥**) ਮਾਇਆ ਮੋਹ ਵਾਲੀ ਜੁਗਤਿ ਸਾਡੇ ਸਭ ਦੇ ਅੰਦਰ, ਪੂਰੇ ਸੰਸਾਰ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜੋ ਜਨਮ ਤੋਂ ਹੀ ਸਾਡੇ ਅੰਦਰ ਪੈ ਜਾਂਦੀ ਹੈ ਤੇ ਇਸ ਜੁਗਤਿ ਦਾ ਮਕਸਦ ਹੀ ਸਾਨੂੰ ਮਨ ਦੇ ਭਰਮ ਵਿਚ ਰੱਖਣ ਦਾ ਹੈ ਤਾਂ ਫਿਰ ਮਨੁੱਖ

38/4573

ਦੇ ਵੱਸ ਹੀ ਕੀ ਹੈ ਕਿ ਉਹ ਆਪਣੇ ਆਪ ਮਨ ਦੇ ਵਿਚੋਂ ਪ੍ਰਮਾਤਮਾ ਨੂੰ ਜਾਣ ਸਕੇ। ਸਾਡੇ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ। ਸਾਡੇ ਮਨ ਦੇ ਵਿਚਾਰ ਉਸ ਦੇ ਹੱਥ ਹਨ ਜਿਸ ਨੇ ਸਾਡੇ ਅੰਦਰ ਮਾਇਆ ਮੋਹ ਪਾਇਆ ਹੈ। ਇਸ ਮਾਇਆ ਮੋਹ ਵਿਚੋਂ ਨਿਕਲਣ ਦਾ ਤਰੀਕਾ ਵੀ ਸਾਨੂੰ ਪ੍ਰਮਾਤਮਾ ਨੇ ਆਪ ਹੀ ਦਿੱਤਾ ਹੈ, ਧਰਮ ਗ੍ਰੰਥਾਂ ਦੇ ਰੂਪ ਵਿਚ ਦਿੱਤਾ ਹੈ, ਗਿਆਨ ਦੇ ਰੂਪ ਵਿਚ ਦਿੱਤਾ ਹੈ, ਨਾਮ ਦੇ ਰੂਪ ਵਿਚ ਦਿੱਤਾ ਹੈ ਪਰ ਜੇਕਰ ਅਸੀਂ ਧਰਮ ਗ੍ਰੰਥਾਂ ਦੇ ਮਕਸਦ ਨੂੰ ਨਹੀਂ ਸਮਝਾਂਗੇ ਤਾਂ ਫਿਰ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਦਾ ਜਾਂ ਸੁਣੀ ਜਾਣ ਦਾ ਕੀ ਲਾਭ ਹੈ ਜੇਕਰ ਅਸੀਂ ਉਹਨਾਂ ਕੋਲੋਂ ਗਿਆਨ ਲੈ ਕੇ ਆਪਣੀ ਅਗਿਆਨਤਾ ਦੂਰ ਨਹੀਂ ਕਰਨੀ, ਮਾਇਆ ਮੋਹ ਵਾਲੀ ਬਿਰਤੀ ਨਹੀਂ ਛਡਣੀ ਜੋ ਉਦਮ ਬਾਰ-ਬਾਰ ਗੁਰਬਾਣੀ ਰਾਹੀਂ ਸਾਡੇ ਨਾਂ ਲਗਾਇਆ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ। ਮਾਇਆ ਮੋਹ ਤੋਂ ਰਹਿਤ ਭਾਵ ਅਗਿਆਨਤਾ ਤੋਂ ਰਹਿਤ ਕੇਵਲ ਗੁਰੂ ਹੈ ਤੇ ਇਸੇ ਲਈ ਗੁਰੂ ਦੀ ਮਤਿ ਲਏ ਬਿਨਾ ਕੋਈ ਮਾਇਆ ਮੋਹ ਵਾਲੀ ਮਤਿ ਵਿੱਚੋਂ ਨਹੀਂ ਨਿਕਲ ਸਕਦਾ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥ ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥"

ਗੁਰੂ ਪਰਮਾਤਮਾ ਦਾ ਆਪਣਾ ਰੂਪ ਹੈ ਜਿਥੇ ਪਰਮਾਤਮਾ ਮਨ ਦੇ ਗਿਆਨ ਰਾਹੀਂ ਪ੍ਰਗਟ ਹੁੰਦਾ ਹੈ। ਉਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਤੋਂ ਬਿਨਾ ਹਰ ਕੋਈ ਭਾਵ ਪੂਰਾ ਸੰਸਾਰ **"ਅਚੇਤੁ"** ਹੈ ਭਾਵ ਮਨ ਦੇ ਚੇਤੇ ਤੋਂ ਬਾਹਰ ਹੈ ਭਾਵ ਹਰ ਕੋਈ ਨਾ ਸਮਝ ਹੈ, ਪਰਮਾਤਮਾ ਨੂੰ ਜਾਣਨ ਬਾਰੇ ਹਰ ਕੋਈ ਅਚੇਤ ਹੈ, ਨਾ ਸਮਝ ਹੈ। **"ਅਚੇਤੁ"** ਦੀ ਵਜਾ ਕੀ ਹੈ ਇਹ ਵੀ ਨਾਲ ਹੀ ਸਮਝਾਈ ਹੋਈ ਹੈ। ਗੁਰੂ ਤੋਂ ਬਿਨਾ ਹਰ ਕੋਈ **"ਜਮਕਾਲਿ"** ਨਾਲ ਬੱਝਿਆ ਹੋਇਆ ਹੈ ਭਾਵ ਸਭ ਦੀ ਮਤਿ **"ਜਮਕਾਲਿ"** ਨਾਲ ਬੱਝੀ ਹੋਈ ਹੈ। ਇਹ **"ਜਮਕਾਲਿ"** ਵਾਲੀ ਮਤਿ ਸਾਡੀ ਅਗਿਆਨਤਾ ਵਾਲੀ ਮਤਿ ਹੈ ਜੋ ਸਾਡੀ ਆਤਮਿਕ ਮੌਤ ਦਾ ਕਾਰਨ ਹੈ। ਇਹ ਅਗਿਆਨਤਾ ਵਾਲੀ ਮਤਿ, ਮਾਇਆ ਮੋਹ ਵਾਲੀ ਮਤਿ ਸਾਨੂੰ ਗੁਰੂ ਦੀ ਸੱਚੀ ਮਤਿ ਤੋਂ ਦੂਰ ਰੱਖਦੀ ਹੈ, ਗੁਰੂ ਦੇ ਸੱਚੇ ਗਿਆਨ ਵਾਲੀ ਮਤਿ ਤੋਂ ਦੂਰ ਰੱਖਦੀ ਹੈ ਜਿਸ ਦੇ ਰਹਿੰਦਿਆਂ ਅਸੀਂ ਪਰਮਾਤਮਾ ਨੂੰ ਜਾਣਨ ਤੋਂ ਅਚੇਤ ਰਹਿੰਦੇ ਹਾਂ। ਮਨ ਦੀ ਇਹ ਮਤਿ

38/4574

ਸਾਨੂੰ ਮਨਮਤਿ ਵਿੱਚ ਰੱਖਦੀ ਹੈ ਭਾਵ ਸਾਡੀ ਮਨਮਤਿ ਹੀ ਸਾਡੇ ਅੰਦਰ ਦਾ **"ਜਮਕਾਲਿ"** ਹੈ। ਇਸ ਮਤਿ ਵਿੱਚੋਂ ਉਬਰਣ ਦਾ ਤਰੀਕਾ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ **"ਗੁਰਮਤਿ"** ਹੈ, ਗੁਰੂ ਦੀ ਸੱਚੀ ਮਤਿ ਹੈ ਜੋ ਮਨ ਦੀ ਅਗਿਆਨਤਾ ਤੋਂ ਰਹਿਤ ਹੈ। ਗੁਰੂ ਦੀ ਇਹ ਸੱਚੀ ਮਤਿ ਹੀ ਨਾਮ ਹੈ ਜੋ ਸਾਨੂੰ **"ਜਮਕਾਲਿ"** ਰੂਪ ਮਨਮਤਿ ਵਿੱਚੋਂ ਕਢ ਸਕਦੀ ਹੈ। ਮਨਮਤਿ ਵਿਚੋਂ ਅਸੀਂ ਤਾਂ ਹੀ ਨਿਕਲਾਂਗੇ ਜੇਕਰ ਅਸੀਂ ਨਾਮ ਨੂੰ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਵਾਂਗੇ ਤੇ ਉਸ ਦੀ ਸੰਭਾਲ ਕਰਾਂਗੇ ਭਾਵ ਉਸ ਤੇ ਅਮਲ ਕਰਾਂਗੇ ਭਾਵ ਸਾਰੀ ਗੱਲ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਜਿਸਨੇ ਸਾਨੂੰ ਮਾਇਆ ਮੋਹ ਵਾਲੀ ਮਾੜੀ ਮਤਿ ਵਿਚੋਂ ਕੱਢਣਾ ਹੈ, ਦੁਰਮਤਿ ਵਿੱਚੋਂ ਕੱਢਣਾ ਹੈ, ਮਨ ਦੇ ਭਰਮਾਂ ਵਿਚੋਂ ਕੱਢਣਾ ਹੈ ਤਾਂ ਜੋ ਅਸੀਂ ਮਨ ਦੇ ਅੰਦਰੋਂ ਉਸ ਪਰਮਾਤਮਾ ਨੂੰ ਜਾਣ ਸਕੀਏ ਜਿਸ ਨੂੰ ਮਾਇਆ ਮੋਹ ਵਾਲੇ ਵਿਚਾਰਾਂ ਨੇ ਭੁਲਾਇਆ ਹੋਇਆ ਹੈ, ਉਸ ਨਾਲੋਂ ਵਿਛੋੜਿਆ ਹੋਇਆ ਹੈ। (**ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥ ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥**)

{ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥}

(ਅੰਗ - ੨੨੫)

{ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥

ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥}

(ਅੰਗ - ੧੨੧)

{ਖਰੀ ਸਿਆਣੀ ਕੰਤ ਨ ਭਾਣੀ ॥ ਮਾਇਆ ਲਾਗੀ ਭਰਮਿ ਭੁਲਾਣੀ ॥੫॥
ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥}

(ਅੰਗ - ੭੫੦)

{ਹਉਮੈ ਮਾਰਿ ਗੁਰ ਸਬਦਿ ਪਛਾਤਾ ॥ ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥੨॥
ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥ ਧਾਵਤ ਵਰਜੇ ਠਾਕਿ ਰਹਾਏ ॥
ਨਾਮੁ ਨਵ ਨਿਧਿ ਗੁਰ ਤੇ ਪਾਏ ॥ ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ॥੩॥}

(ਅੰਗ - ੧੫੯)

{ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥
ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥੬॥}

(ਅੰਗ - ੨੨੯)

38/4575

{ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥ ਮਾਇਆ ਕਾਰਣਿ ਪੜਿ ਪੜਿ ਲੂਝਹਿ ॥
ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥}

(ਅੰਗ - ੧੦੫੦)

ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਚੰਗੀ ਤਰ੍ਹਾਂ ਸਪਸ਼ਟ ਕੀਤਾ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਣਿਆ ਕਿਉਂ ਨਹੀਂ ਜਾ ਸਕਦਾ। ਹਰ ਕੋਈ ਤ੍ਰੈਗੁਣਾਂ ਦੀ ਮਤਿ ਵਾਲੇ ਭਰਮ ਰੂਪ ਪੜਦੇ ਵਿਚ ਹੈ ਜਿਸ ਵਿੱਚੋਂ ਨਿਕਲਣ ਦਾ ਇੱਕੋ ਇਕ ਸਾਧਨ ਗੁਰੂ ਦੀ ਸੱਚੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ ਜੋ ਤ੍ਰੈਗੁਣਾਂ ਵਾਲੀ ਅਵਸਥਾ ਤੋਂ ਰਹਿਤ ਹੈ। ਸਾਨੂੰ ਸਿਰਫ ਇਹ ਵਿਸ਼ਵਾਸ ਕਰਕੇ ਮੰਨਣ ਦੀ ਲੋੜ ਹੈ ਕਿ ਜੋ ਕੁਝ ਵੀ ਗੁਰਬਾਣੀ ਵਿਚ ਲਿਖਿਆ ਹੋਇਆ ਹੈ ਉਹ ਹੂ ਬ ਹੂ ਭਾਵ ਪੂਰੀ ਤਰ੍ਹਾਂ ਸੱਚ ਹੈ। ਜੇਕਰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਤੇ ਫਿਰ ਸੱਚ ਕਰਕੇ ਜਾਣੋ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਹਰ ਕੋਈ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹੀ ਹੈ ਭਾਵੇਂ ਕੋਈ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਜਿਤਨਾ ਮਰਜੀ ਵੱਡਾ ਸਮਝੀ ਬੈਠਾ ਹੋਵੇ। ਆਪਣੇ ਆਪ ਨੂੰ ਉੱਚਾ ਉਹੀ ਅਖਵਾ ਸਕਦਾ ਹੈ ਜੋ ਤ੍ਰੈਗੁਣਾਂ ਵਿਚ ਹੈ। ਤ੍ਰੈਗੁਣਾਂ ਵਿਚੋਂ ਨਿਕਲਕੇ ਹੀ ਇਹ ਸਮਝ ਪੈਂਦੀ ਹੈ ਕਿ ਵੱਡਾ ਕੌਣ ਹੈ ਜੋ ਸਾਡੇ ਅੰਦਰ ਹੀ ਹੈ ਤੇ ਚੌਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਹੈ। ਅੱਗੇ ਦਿੱਤੇ ਹੋਏ ਕੁਝ ਸ਼ਬਦਾਂ ਦੁਆਰਾ ਸਾਨੂੰ ਇਸ ਗੱਲ ਦੀ ਹੋਰ ਵੀ ਦ੍ਰਿੜਤਾ ਹੋ ਜਾਵੇਗੀ ਕਿ ਤ੍ਰੈਗੁਣਾਂ ਵਾਲੀ ਅਵਸਥਾ ਕੀ ਹੈ ਤੇ ਚੌਥੇ ਪਦ ਵਾਲੀ ਅਵਸਥਾ ਕੀ ਹੈ।

{ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ - ੨੧)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ ਜਾਈ ॥

ਮਨੁ ਟਿਕਣੁ ਨ ਪਾਵੈ ਰਾਈ ॥ ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥
ਹਉ ਹਉ ਕਰਮ ਕਮਾਣੇ ॥ ਤੇ ਤੇ ਬੰਧ ਗਲਾਣੇ ॥ ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥
ਸੋ ਗੁਰ ਮਿਲਿ ਏਕੁ ਪਛਾਣੈ ॥ ਜਿਸੁ ਹੋਵੈ ਭਾਗੁ ਮਥਾਣੈ ॥੩॥ ਸੋ ਮਿਲਿਆ ਜਿ ਹਰਿ ਮਨਿ ਭਾਇਆ ॥
ਸੋ ਭੂਲਾ ਜਿ ਪ੍ਰਭੂ ਭੁਲਾਇਆ ॥ ਨਹ ਆਪਹੁ ਮੂਰਖੁ ਗਿਆਨੀ ॥ ਜਿ ਕਰਾਵੈ ਸੁ ਨਾਮੁ ਵਖਾਨੀ ॥
ਤੇਰਾ ਅੰਤੁ ਨ ਪਾਰਾਵਾਰਾ ॥ ਜਨ ਨਾਨਕ ਸਦ ਬਲਿਹਾਰਾ ॥੪॥੧॥੧੭॥}

(ਅੰਗ ੧੦੦੩-੧੦੦੪)

{ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥
ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ ਅੰਧੇ ਗੁਰੂ ਤੇ ਭਰਮੁ ਨ ਜਾਈ ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥
ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥
ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥}

(ਅੰਗ ੨੩੧-੨੩੨)

{ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥}

(ਅੰਗ - ੮੬੫)

{ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥
ਚਤੁਰ ਬੇਦ ਪੂਰਨ ਹਰਿ ਨਾਇ ॥ ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥}

(ਅੰਗ - ੮੮੮)

{ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥}

(ਅੰਗ - ੯੦੫)

38/4576

“ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥੧੩॥”

(ਅੰਗ ੧੦੪੯-੧੦੫੦)

ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਬ੍ਰਹਮਾ, ਬਿਸ਼ਨ, ਮਹੇਸ਼ ਅਦਿ ਨੇ ਵੀ ਪ੍ਰਮਾਤਮਾ ਨੂੰ ਕਿਸ ਲਈ ਨਹੀਂ ਪਾਇਆ ਜਿਸ ਲਈ ਉਨ੍ਹਾਂ ਨੂੰ ਬਾਰ-ਬਾਰ ਹਉਮੈ ਵਿਚ, ਮਾਇਆ ਮੋਹ ਵਿਚ ਦਸਿਆ ਹੈ। ਪ੍ਰਮਾਤਮਾ ਨੂੰ ਜਾਨਣਾ ਜਾਂ ਨਾ ਜਾਨਣਾ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਸਾਡੇ ਵਿਚਾਰਾਂ ਦੇ ਵਿਚ ਹੈ ਜੋ ਸਾਡੇ ਅੰਦਰ ਮਨ ਦੇ ਬੰਧਨ ਦੇ ਰੂਪ ਵਿਚ ਹੈ ਭਾਵ ਸਾਡੇ ਅੰਦਰ ਬੰਧਨ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ, ਮਨ ਦੀ ਸੋਝੀ ਦੇ ਰੂਪ ਵਿਚ ਹੈ, ਮਨ ਦੇ ਗਿਆਨ ਦੇ ਰੂਪ ਵਿਚ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਦੁਆਰਾ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਨੇ ਸਾਡੇ ਮਨ ਦੀ ਸੋਝੀ ਤੇ ਬੰਧਨ ਲਗਾਇਆ ਹੋਇਆ ਹੈ ਤੇ ਸਾਡੀ ਸੋਝੀ ਤ੍ਰੈਗੁਣਾਂ ਦੇ ਦਾਇਰੇ ਵਿਚ ਹੀ ਰਹਿੰਦੀ ਹੈ ਤੇ ਇਸ ਦੇ ਵਿਚੋਂ ਨਿਕਲ ਨਹੀਂ ਸਕਦੀ। ਜਦ ਤੱਕ ਅਸੀਂ ਤ੍ਰੈਗੁਣਾਂ ਵਿਚ ਰਹਿੰਦੇ ਹਾਂ ਤਦ ਤਕ ਸਾਨੂੰ ਮਨ ਦੇ ਵਿਚੋਂ ਇਹ ਸਮਝ ਨਹੀਂ ਲੱਗਦੀ ਕਿ ਸਾਡੇ ਅੰਦਰ ਵਿਚਾਰ ਕਿੱਥੋਂ ਆਉਂਦੇ ਹਨ, ਗਿਆਨ ਕਿਥੋਂ ਆਉਂਦਾ ਹੈ। ਪ੍ਰਮਾਤਮਾ ਸਾਡੇ ਅੰਦਰ **“ਗਿਆਨੁ”** ਰੂਪ ਵਿਚ ਹੈ ਜਿਵੇਂ ਕਿ ਉਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ

ਸਾਡੇ ਅੰਦਰ ਕਿਸ ਰੂਪ ਵਿਚ ਹੈ ਇਸ ਦੀ ਸਮਝ ਤ੍ਰੈ ਗੁਣਾਂ ਵਾਲੇ ਬੰਧਨ ਤੋਂ ਮੁਕਤ ਹੋ ਕੇ ਹੀ ਪੈਂਦੀ ਹੈ ਜਿਸ ਬੰਧਨ ਤੋਂ ਪ੍ਰਮਾਤਮਾ ਆਪ ਹੀ ਮੁਕਤ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਮਨ ਦੇ ਵਿਚ ਪ੍ਰਗਟ ਹੋ ਕੇ ਕਰਦਾ ਹੈ ਤੇ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਸਾਰਾ ਗਿਆਨ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜੋ ਸਭ ਦੇ ਅੰਦਰ **"ਗਿਆਨੁ"** ਰੂਪ ਵਿਚ ਵਿਚਰ ਰਿਹਾ ਹੈ। ਬ੍ਰਹਮਾ, ਬਿਸਨੁ, ਮਹੇਸੁ ਵੀ ਤ੍ਰੈ ਗੁਣਾਂ ਦੇ ਵੀਚਾਰੀ ਰਹੇ ਹਨ ਭਾਵ ਤ੍ਰੈਗੁਣਾਂ ਵਾਲੇ ਵਿਚਾਰਾਂ ਵਿਚ ਹੀ ਰਹੇ ਹਨ ਭਾਵ ਮਨ ਦੇ ਬੰਧਨ ਵਿਚ ਹੀ ਰਹੇ ਹਨ, ਮੁਕਤੀ ਤੋਂ ਵੱਖਰੇ ਹੀ ਰਹੇ ਹਨ, ਮੁਕਤੀ ਤੋਂ ਦੂਰ ਹੀ ਰਹੇ ਹਨ ਜਿਸ ਕਰਕੇ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ। (**ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥**) ਜਦ ਤਕ ਕੋਈ ਮਨ ਦੇ ਬੰਧਨ ਤੋਂ, ਭਰਮ ਦੇ ਬੰਧਨ ਤੋਂ ਮੁਕਤ ਨਹੀਂ ਹੁੰਦਾ ਤਦ ਤਕ ਕੋਈ ਪਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਇਸ ਅਵਸਥਾ ਵਿਚ ਹਰ ਕੋਈ ਮਨਮੁਖਿ ਰੂਪ ਹੀ ਰਹਿੰਦਾ ਹੈ। ਜੋ ਮਨ ਦੇ ਬੰਧਨ ਤੋਂ ਮੁਕਤ ਹੁੰਦਾ ਹੈ, ਤ੍ਰੈਗੁਣਾਂ ਵਾਲੀ ਅਵਸਥਾ ਤੋਂ ਮੁਕਤ ਹੁੰਦਾ ਹੈ ਉਹੀ ਪ੍ਰਮਾਤਮਾ ਦਾ **"ਗੁਰਮੁਖਿ"** ਰੂਪ

ਬਣਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਗੁਰਮੁਖਿ ਰੂਪ ਬਣ ਕੇ ਭਾਵ ਬੰਧਨ ਤੋਂ ਮੁਕਤ ਹੋ ਕੇ ਪਰਮਾਤਮਾ ਆਪਣੇ ਅੰਦਰੋਂ ਕਿਸ ਰੂਪ ਵਿਚ ਨਜ਼ਰ ਆਉਂਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਜਿੰਨਾਂ ਨੇ ਪਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਹਨਾਂ ਨੇ ਕਿਸ ਰੂਪ ਵਿਚ ਜਾਣਿਆ ਹੈ।

"ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥੧੩॥"

ਜਿਨਾਂ ਦਾ ਪਰਮਾਤਮਾ ਨੇ ਅਗਿਆਨਤਾ ਰੂਪ ਬੰਧਨ ਤੋੜਿਆ ਹੈ ਭਾਵ ਆਪਣਾ ਗੁਰਮੁਖਿ ਬਣਾਇਆ ਹੈ ਉਹਨਾਂ ਨੇ ਪਰਮਾਤਮਾ ਨੂੰ **"ਗਿਆਨੁ"** ਰੂਪ ਵਿੱਚ ਜਾਣਿਆ ਹੈ ਜਿਸ ਰੂਪ ਵਿਚ ਪਰਮਾਤਮਾ ਇਕੋ ਇਕ ਆਪ ਹੀ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਪਰਮਾਤਮਾ ਦਾ ਇਹ **"ਗਿਆਨੁ"** ਰੂਪ ਸਾਡੇ ਅੰਦਰ ਦੀ ਜੋਤਿ ਵਾਲਾ ਰੂਪ ਹੈ ਭਾਵ ਸਾਡਾ ਮਨ ਹੈ ਜੋ ਸਾਡੇ ਅੰਦਰ **"ਗਿਆਨੁ"** ਦਾ ਸ੍ਰੋਤ ਹੈ। ਸਾਡੇ ਅੰਦਰ ਜੋ ਵੀ ਗਿਆਨ ਆਉਂਦਾ ਹੈ ਉਹ ਮਨ ਦੇ ਵਿਚੋਂ ਹੀ ਉਪਜਦਾ ਹੈ ਤੇ ਜਦ ਤਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਸਾਡੇ ਅੰਦਰ ਗਿਆਨ ਦਾ ਸ੍ਰੋਤ ਕੌਣ ਹੈ ਜੋ ਸਾਡੇ ਅੰਦਰ ਸਭ ਗਿਆਨ ਪਾਉਂਦਾ ਹੈ ਤਦ ਤਕ ਮਨ ਦੇ ਗਿਆਨ ਨੂੰ ਅਸੀਂ ਆਪਣਾ ਗਿਆਨ ਸਮਝਦੇ ਹਾਂ, ਆਪਣੇ ਵਿਚਾਰਾਂ ਦੇ ਮਾਲਕ, ਆਪਣੀ ਸੋਚ ਦੇ ਮਾਲਕ, ਆਪਣੀ ਬੁਧੀ ਦੇ ਮਾਲਕ ਆਪਣੇ ਆਪ ਨੂੰ ਸਮਝਦੇ ਹਾਂ। ਇਹ ਸਾਡਾ ਭਰਮ ਹੈ ਕਿ ਸਾਡੇ ਅੰਦਰ ਦੇ ਵਿਚਾਰ ਸਾਡੇ ਹਨ। ਭਾਵੇਂ ਅਸੀਂ ਤ੍ਰੈਗੁਣਾਂ ਵਿਚ ਹਾਂ ਪਰ ਸਾਡੇ ਇਹ ਵਿਚਾਰ ਸਾਡੇ ਨਹੀਂ ਹਨ। ਇਹੀ ਸਾਡੀ **"ਮੈਂ"** ਹੈ, ਸਾਡੀ ਹਉਮੈ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਭਾਵ ਆਪਣਾ ਵਜੂਦ ਸਮਝਦੇ ਹਾਂ। ਮਨ ਦੀ ਅਗਿਆਨਤਾ ਨਿਕਲਣ ਤੋਂ ਬਾਅਦ ਹੀ ਮਨੁੱਖ ਹਉਮੈ ਵਿਚੋਂ ਨਿਕਲਦਾ ਹੈ ਤੇ ਸਮਝ ਲੱਗਦੀ ਹੈ ਕਿ ਪਰਮਾਤਮਾ ਸਾਡੇ ਅੰਦਰ **"ਗਿਆਨੁ"** ਰੂਪ ਵਿੱਚ ਵਿਚਰ ਰਿਹਾ ਹੈ ਤੇ ਫਿਰ ਮਨ ਦੇ ਵਿਚ ਮਨ ਦੇ ਵਿਚਾਰਾਂ ਰਾਹੀਂ ਪਰਮਾਤਮਾ ਦੇ ਨਾਲ ਗੱਲਾਂ ਹੁੰਦੀਆਂ ਹਨ ਜਿਸ ਰਾਹੀਂ ਉਹ ਸੱਚਾ ਗਿਆਨ ਦਿੰਦਾ ਹੈ, ਚਉਥੇ ਪਦ ਵਾਲਾ ਗਿਆਨ ਦਿੰਦਾ ਹੈ ਜਿਸ ਵਿਚ ਪੂਰਨ ਸੱਚ ਹੁੰਦਾ ਹੈ ਭਾਵ ਉਸ ਵਿਚ ਕੋਈ ਭਰਮ ਨਹੀਂ ਹੁੰਦਾ, ਭਰਮ ਦੀ ਮੈਲ ਨਹੀਂ ਹੁੰਦੀ ਭਾਵ ਉਹ **"ਗਿਆਨੁ"** ਨਿਰਮਲ ਹੁੰਦਾ ਹੈ, ਪਵਿੱਤਰ ਹੁੰਦਾ ਹੈ। ਪਰਮਾਤਮਾ ਆਪਣੇ ਇਸ ਨਿਰਮਲ ਰੂਪ ਦੁਆਰਾ ਹੀ ਸਭ ਵਿੱਚ ਸਮਾਇਆ ਹੋਇਆ ਹੈ ਜਿਸ ਰੂਪ ਵਿਚ ਉਹ ਇੱਕੋ ਇੱਕ ਆਪ ਹੀ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਨਿਰਮਲ ਰੂਪ ਹੈ ਜੋ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੈ ਭਾਵ ਅਗਿਆਨਤਾ ਤੋਂ ਪੂਰੀ ਤਰ੍ਹਾਂ

ਰਹਿਤ ਹੈ। ਸਾਇੰਸ ਪ੍ਰਮਾਤਮਾ ਦਾ ਸੱਚ ਰੂਪ ਹੈ, ਪ੍ਰਮਾਤਮਾ ਦਾ ਨਾਮ ਰੂਪ ਹੈ, ਬ੍ਰਹਮਗਿਆਨ ਰੂਪ ਹੈ। ਜਿਸ ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਹੈ ਉਸੇ ਰੂਪ ਵਿਚ ਪਰਮਾਤਮਾ ਸਭ ਦੇ ਅੰਦਰ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ, ਜੋਤਿ ਰੂਪ ਹੈ। ਜੋ ਪ੍ਰਮਾਤਮਾ ਦੇ **"ਗਿਆਨੁ"** ਰੂਪ ਨੂੰ ਆਪਣੇ ਅੰਦਰ ਜਾਣ ਲੈਂਦਾ ਹੈ ਉਸਨੂੰ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ ਜੋ ਨਾਮ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ, ਸੱਚੀ ਗੁਰਮਤਿ ਦੇ ਰੂਪ ਵਿਚ ਦਿੰਦਾ ਹੈ ਤੇ ਉਸ ਤੋਂ ਬਾਅਦ ਫਿਰ ਪ੍ਰਮਾਤਮਾ ਦਾ ਗੁਰਮੁਖਿ

ਰੂਪ ਅੱਠੇ ਪਹਰ, ਹਰ ਵੇਲੇ ਨਾਮ ਹੀ ਜਪਦਾ ਹੈ, ਆਪ ਆਪਣੇ ਅੰਦਰ ਗੁਰਮਤਿ ਹੀ ਜਪਦਾ ਹੈ, ਬ੍ਰਹਮਗਿਆਨ ਨੂੰ ਜਪਦਾ ਹੈ ਭਾਵ ਹਰ ਵੇਲੇ ਬ੍ਰਹਮਗਿਆਨ ਦੁਆਰਾ ਵਿਚਰਦਾ ਹੈ। (**ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥**)

ਜੋ ਪਰਮਾਤਮਾ ਦਾ ਗੁਰਮੁਖਿ ਰੂਪ ਆਪਣੇ ਅੰਦਰੋਂ ਪਰਮਾਤਮਾ ਦੇ ਨਾਮ ਰੂਪ ਨੂੰ ਭਾਵ ਬ੍ਰਹਮਗਿਆਨ ਰੂਪ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਫਿਰ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਪਰਮਾਤਮਾ ਸਭ ਜਗ੍ਹਾ ਆਪਣੇ ਇਸੇ ਨਾਮ ਰੂਪ ਦੁਆਰਾ ਹੀ ਸਮਾਇਆ ਹੋਇਆ ਹੈ, ਬ੍ਰਹਮਗਿਆਨ ਰੂਪ ਦੁਆਰਾ ਹੀ ਸਮਾਇਆ ਹੋਇਆ ਹੈ। ਸਭ ਜਗ੍ਹਾ ਪਰਮਾਤਮਾ ਦੀ ਸਾਇੰਸ ਵਰਤ ਰਹੀ ਹੈ ਤੇ ਇਹੀ ਸਭ ਵਿਚ ਪ੍ਰਮਾਤਮਾ ਦਾ ਨਾਮ ਰੂਪ ਹੈ, ਬ੍ਰਹਮਗਿਆਨ ਰੂਪ ਹੈ। (**ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥ ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥**) ਅੰਗ ੧੧੫੨

“ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥”

(ਅੰਗ - ੨੬੯)

ਜਿੰਨਾ ਨੇ ਪਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਹਨਾਂ ਨੂੰ ਹੀ ਪਰਮਾਤਮਾ ਦੇ ਨਿਰੰਕਾਰ ਰੂਪ ਦੀ ਸੋਝੀ ਪਈ ਹੈ। ਪਰਮਾਤਮਾ ਦਾ ਨਿਰੰਕਾਰ ਰੂਪ ਉਸਦਾ ਗਿਆਨ ਰੂਪ ਹੈ, ਬ੍ਰਹਮਗਿਆਨ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ। ਜਿੰਨਾਂ ਨੇ ਆਪਣੇ ਅੰਦਰੋਂ ਪਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣਿਆ ਹੈ ਉਹਨਾਂ ਨੇ ਹੀ ਸੰਸਾਰ ਨੂੰ ਗੁਰਬਾਣੀ ਰਾਹੀਂ ਸੱਚੀ ਸਿਖਿਆ ਦਿੱਤੀ ਹੈ ਜਿਸ ਸਿਖਿਆ ਤੇ ਚਲ ਕੇ ਸਾਰਾ ਸੰਸਾਰ ਤਰ ਸਕਦਾ ਹੈ ਭਾਵ ਆਪਣੀ ਅਗਿਆਨਤਾ ਤੋਂ ਤਰ ਸਕਦਾ ਹੈ, ਪਾਰ ਪਾ ਸਕਦਾ ਹੈ ਤੇ ਉਸ **“ਗਿਆਨੁ”** ਰੂਪ ਪਰਮਾਤਮਾ ਦੇ ਨਾਲ, ਨਿਰੰਕਾਰ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦਾ ਹੈ।
ਪੂਰੀ

38/4579

ਗੁਰਬਾਣੀ ਵਿਚ ਪਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਹੀ ਹੈ ਜੋ ਕਿ ਗਿਆਨ ਰੂਪ ਸਿਖਿਆ ਦੇ ਰੂਪ ਵਿੱਚ ਹੈ। ਗੁਰੂ ਦੀ ਸੱਚੀ ਸਿਖਿਆ ਭਰਮ ਤੋਂ ਰਹਿਤ ਹੈ ਤੇ ਭਰਮ ਤੋਂ ਰਹਿਤ ਸਿਖਿਆ ਦੇ ਨਾਲ ਜੁੜਨ ਦੁਆਰਾ ਹੀ ਉਸ ਸੱਚੀ ਸਿੱਖਿਆ ਦੇ ਮਾਲਕ ਨਾਲ ਮੇਲ ਕਰ ਸਕਦੇ ਹਾਂ ਜੋ ਕਿ ਸਾਡੇ ਅੰਦਰ ਸੱਚੀ ਸਿਖਿਆ ਦੇ ਮਾਲਕ ਦੇ ਰੂਪ ਵਿਚ ਹੀ ਹੈ ਭਾਵ ਆਪਣੇ ਨਿਰੰਕਾਰ ਰੂਪ ਵਿਚ ਹੀ ਹੈ। (**ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥**)

ਸ਼ਬਦਾਂ ਦੇ ਅੰਦਰ ਪਾਈ ਹੋਈ ਸੋਝੀ ਦੇ ਰੂਪ ਵਿਚ ਪਰਮਾਤਮਾ ਆਪ ਹੈ ਜੋ ਕਿ ਉਸ ਦਾ ਬ੍ਰਹਮਗਿਆਨ ਰੂਪ ਹੈ, ਨਾਮ ਰੂਪ ਹੈ, ਸ਼ਬਦ ਰੂਪ ਹੈ, ਨਿਰੰਕਾਰ ਰੂਪ ਹੈ। ਸ਼ਬਦਾਂ ਦੀ ਲਿਖਤ ਨੂੰ ਕੇਵਲ ਪੜੀ ਜਾਣ ਨਾਲ ਜਾਂ ਸੁਣੀ ਜਾਣ ਨਾਲ ਅਸੀਂ ਪਰਮਾਤਮਾ ਦੇ ਨਿਰੰਕਾਰ ਰੂਪ ਨਾਲ ਨਹੀਂ ਜੁੜ ਸਕਦੇ। ਜੇਕਰ ਸ਼ਬਦਾਂ ਦੀ ਸੋਝੀ ਨਾਲ ਜੁੜਾਂਗੇ, ਸ਼ਬਦਾਂ ਦੇ ਗਿਆਨ ਨੂੰ ਆਪਣੇ ਅੰਦਰ ਵਸਾਵਾਂਗੇ ਤੇ ਫਿਰ ਤਾਂ ਹੀ ਅਸੀਂ ਪਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜਣ ਦਾ ਸੱਚਾ ਉਦਮ ਕਰ ਸਕਦੇ ਹਾਂ। **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥**) ਅੰਗ ੧੨੦

{ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ ॥੧॥
ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ ॥੧॥ ਰਹਾਉ ॥
ਮਮਤਾ ਮਾਰਿ ਹਉਮੈ ਸੋਧੇ ਤ੍ਰਿਭਵਣਿ ਜੋਤਿ ਤੁਮਾਰੀ ॥੨॥
ਮਨਸਾ ਮਾਰਿ ਮਨੈ ਮਹਿ ਰਾਖੇ ਸਤਿਗੁਰ ਸਬਦਿ ਵੀਚਾਰੀ ॥੩॥
ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ ॥੪॥
ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ ॥੫॥
ਪੰਚ ਤਤੁ ਮਿਲਿ ਅਹਿਨਿਸਿ ਦੀਪਕੁ ਨਿਰਮਲ ਜੋਤਿ ਅਪਾਰੀ ॥੬॥
ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ ਵਾਜੈ ਸਬਦੁ ਨਿਰਾਰੀ ॥੭॥
ਸਿਵ ਨਗਰੀ ਮਹਿ ਆਸਣੁ ਅਉਧੂ ਅਲਖੁ ਅਗੰਮੁ ਅਪਾਰੀ ॥੮॥
ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ ॥੯॥
ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ ॥੧੦॥}

(ਅੰਗ - ੯੦੭)

ਸ਼ਬਦ ਚਉਥੇ ਪਦ ਵਿੱਚ ਹੈ। ਸ਼ਬਦ ਦਾ ਚਉਥਾ ਪਦ ਉਸਦੇ ਅੰਦਰ ਦੀ ਸੋਝੀ ਹੈ, ਉਸਦੇ ਅੰਦਰ ਦਾ ਗਿਆਨ ਹੈ ਜਿਸਨੇ ਸਾਨੂੰ ਤ੍ਰੈਗੁਣਾਂ ਵਾਲੀ ਮਤਿ ਦੇ ਵਿਚੋਂ, ਅਗਿਆਨਤਾ ਵਾਲੀ ਮਤਿ ਦੇ ਵਿਚੋਂ ਕੱਢਣਾ ਹੈ, ਮਾਇਆ ਮੋਹ ਵਾਲੀ ਮਤਿ ਦੇ ਵਿੱਚੋਂ ਕੱਢਣਾ ਹੈ ਤੇ ਤਾਂ ਹੀ ਅਸੀਂ ਚਉਥੇ ਪਦ ਦੇ ਮਾਲਕ ਪਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਜੋ ਕਿ ਚਉਥੇ ਪਦ ਦੇ ਰੂਪ ਵਿਚ ਭਾਵ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ। ਸਾਰੀ ਗੁਰਬਾਣੀ ਵਿਚ ਚਉਥੇ ਪਦ ਵਾਲੀ ਮਤਿ ਹੈ ਤੇ ਜੇਕਰ ਪਹਿਲੇ ਚਉਥੇ ਪਦ ਵਾਲੀ ਮਤਿ ਦੇ ਨਾਲ ਜੁੜਾਂਗੇ ਫਿਰ ਤਾਂ ਹੀ ਚਉਥੇ ਪਦ ਦੇ ਮਾਲਕ ਦੇ ਨਾਲ ਮਨ ਦੇ ਵਿਚ ਮੇਲ ਕਰ ਸਕਾਂਗੇ। ਤ੍ਰੈਗੁਣਾਂ ਵਿਚ ਤੇ ਚਉਥੇ ਪਦ ਦੇ ਵਿਚ ਕੀ ਭੇਦ ਹੈ, ਕੀ ਫਰਕ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ

38/4580

ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਤ੍ਰੈਗੁਣਾਂ ਵਾਲੀ ਮਤਿ ਵਿਚੋਂ ਨਿਕਲਣ ਦਾ ਸੱਚਾ ਉਦਮ ਕਰੀਏ ਤੇ ਭਰਮਾਂ ਵਿਚੋਂ ਨਿਕਲੀਏ ਜੋ ਕਿ ਸਾਡੇ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਮਤਿ ਦੀ ਦੇਣ ਹੈ।

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਿਸੰਗਤਿ ਮੇਲਾਇ ॥੧॥ ਭਾਈ ਰੇ ਗੁਰਮਤਿ ਸਾਚਿ ਰਹਾਉ ॥
ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥}

(ਅੰਗ - ੩੦)

{ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥੩॥}

(ਅੰਗ - ੩੭੦)

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ॥
ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}

(ਅੰਗ - ੬੪੭)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥}

(ਅੰਗ - ੮੩੩)

{ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਿਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥}

(ਅੰਗ - ੧੨੬੦)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥

ਸਤਿਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ - ੩੩)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ - ੬੮)

38/4581

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ - ੧੧੩)

{ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥ ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ॥
ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥
ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥
ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥
ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ ॥੩॥
ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥
ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥
ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥੫॥੧॥੧੧॥}

(ਅੰਗ - ੧੧੩੦)

{ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥
ਆਪੇ ਰੰਗੇ ਰੰਗੁ ਚੜਾਏ ॥ ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥
ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ ॥੬॥
ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥
ਗੁਰਮੁਖਿ ਥਾਪੇ ਥਾਪਿ ਉਥਾਪੇ ॥ ਗੁਰਮੁਖਿ ਜਾਤਿ ਪਤਿ ਸਭੁ ਆਪੇ ॥
ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥}

(ਅੰਗ - ੧੧੭)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥

ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥}

(ਅੰਗ - ੧੨੯)

{ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ - ੨੩੧)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ - ੨੩੨)

{ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥}

(ਅੰਗ - ੨੩੭)

{ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥੨॥}

(ਅੰਗ - ੩੭੦)

38/4582

{ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥}

(ਅੰਗ - ੪੦੪)

{ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥}

(ਅੰਗ - ੬੦੪)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ - ੨੮੪)

{ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥
ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥}

(ਅੰਗ - ੬੦੩)

{ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥

ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥}

(ਅੰਗ - ੬੦੪)

{ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥}

(ਅੰਗ - ੬੮੬)

{ਅਸਟ ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥
ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥}

(ਅੰਗ - ੮੩੯)

{ਕਹਿ ਕਬੀਰ ਹਮਰਾ ਗੋਬਿੰਦੁ ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥੪॥੧॥੪॥}

(ਅੰਗ - ੮੭੧)

38/4583

{ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥
ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥}

(ਅੰਗ - ੯੦੮)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥}

(ਅੰਗ - ੯੦੯)

{ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥}

(ਅੰਗ - ੯੪੩)

{ਰਜ ਤਮ ਸਤ ਕਲ ਤੇਰੀ ਛਾਇਆ ॥ ਜਨਮ ਮਰਣ ਹਉਮੈ ਦੁਖੁ ਪਾਇਆ ॥
ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ ॥੧੧॥}

(ਅੰਗ - ੧੦੩੮)

{ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥ ਕਾਲ ਬਿਕਾਲ ਕੀਏ ਇਕ ਗ੍ਰਾਸਾ ॥
ਨਿਰਮਲ ਜੋਤਿ ਸਰਬ ਜਗਜੀਵਨੁ ਗੁਰਿ ਅਨਹਦ ਸਬਦਿ ਦਿਖਾਇਆ ॥੪॥}

(ਅੰਗ - ੧੦੩੮)

{ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ - ੧੧੨੩)

{ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥}

(ਅੰਗ - ੧੨੫੮)

ਉਪਰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਹ ਸਮਝਿਆ ਹੈ ਕਿ ਸਾਡੀ ਸਭ ਦੀ, ਸਾਰੇ ਸੰਸਾਰ ਦੀ ਤ੍ਰੈਗੁਣਾਂ ਵਾਲੀ ਅਵਸਥਾ ਕੀ ਹੈ ਤੇ ਚੌਥੇ ਪਦ ਵਾਲੀ ਅਵਸਥਾ ਕੀ ਹੈ। ਤ੍ਰੈਗੁਣ ਵੀ ਸਾਡੇ ਮਨ ਦੀ ਅਵਸਥਾ ਹੈ ਤੇ ਚੌਥਾ ਪਦ ਵੀ ਸਾਡੇ ਮਨ ਦੀ ਅਵਸਥਾ ਹੈ। ਤ੍ਰੈਗੁਣ ਵੀ ਸਾਡੇ ਮਨ ਦੀ ਸੋਝੀ ਹੈ ਭਾਵ ਸਾਡੇ ਮਨ ਦਾ ਗਿਆਨ ਹੈ ਤੇ ਚੌਥਾ ਪਦ ਵੀ ਸਾਡੇ ਮਨ

38/4584

ਦੀ ਸੋਝੀ ਹੈ ਭਾਵ ਸਾਡੇ ਮਨ ਦਾ ਗਿਆਨ ਹੈ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ, ਸਾਡੇ ਮਨ ਦੀ ਨਾਲੇਜ ਨਾਲ ਜੁੜਿਆ ਹੋਇਆ ਹੈ ਭਾਵ ਸਾਡੇ ਅੰਦਰ ਜੋ ਵੀ ਨਾਲੇਜ ਉਪਜਦੀ ਹੈ ਉਹ ਸਾਡੀ ਨਹੀਂ ਹੈ ਭਾਵੇਂ ਉਹ ਸਮਝ ਤ੍ਰੈਗੁਣਾਂ ਦੇ ਰੂਪ ਵਿੱਚ ਹੈ ਤੇ ਭਾਵੇਂ ਉਹ ਸਮਝ ਚੌਥੇ ਪਦ ਦੇ ਰੂਪ ਵਿੱਚ ਹੈ। ਚੌਥੇ ਪਦ ਵਿੱਚ ਤੇ ਤ੍ਰੈਗੁਣਾਂ ਵਿੱਚ ਭੇਦ ਦੀ ਸਮਝ ਆਉਣਾ ਹੀ ਸਾਡਾ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਕਿ ਮਨੁੱਖ ਦੇ ਵੱਸ ਨਹੀਂ ਹੈ ਤੇ ਇਸੇ ਲਈ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿ ਉਹ ਕੀ ਹੈ ਤੇ ਕਿਸ ਰੂਪ ਵਿਚ ਹੈ ਭਾਵੇਂ ਸਭ ਕੁਝ ਉਹ ਆਪ ਹੀ ਹੈ। ਅਸੀਂ ਜੋ ਕੁਝ ਵੀ ਸਮਝਦੇ ਹਾਂ ਉਹ ਮਨ ਦੇ ਗਿਆਨ ਰਾਹੀਂ ਹੀ ਸਮਝਦੇ ਹਾਂ ਤੇ ਜੇਕਰ ਸਾਡੇ ਮਨ ਦਾ ਗਿਆਨ ਹੀ ਇਹ ਸਮਝਾਵੇ ਕਿ ਮੈਂ ਇਕ ਮਨੁੱਖ ਹਾਂ ਤੇ ਮੇਰੇ ਅੰਦਰ ਦੇ ਵਿਚਾਰ ਵੀ ਮੇਰੇ ਹੀ ਹਨ ਤੇ ਫਿਰ ਅਸੀਂ ਕਰ ਵੀ ਕੀ ਸਕਦੇ ਹਾਂ ਭਾਵ ਪ੍ਰਮਾਤਮਾ ਨੂੰ ਸਮਝਣ ਲਈ ਕਰ ਵੀ ਕੀ ਸਕਦੇ ਹਾਂ ਕਿ ਉਹ ਕੀ ਹੈ ਤੇ ਕਿਸ ਤਰੀਕੇ ਉਹ ਸੰਸਾਰ ਨੂੰ ਬਣਾਕੇ ਚਲਾ ਰਿਹਾ ਹੈ। ਸੁਣੀਆਂ ਸੁਣਾਈਆਂ ਗੱਲਾਂ ਨਾਲ ਧਰਮ ਗ੍ਰੰਥਾਂ ਤੋਂ ਪੜੀਆਂ ਹੋਈਆਂ ਗੱਲਾਂ ਨਾਲ ਹਰ ਕੋਈ ਇਹ ਕਹਿ ਤਾਂ ਦਿੰਦਾ ਹੈ ਕਿ ਸਭ ਕੁਝ ਪ੍ਰਮਾਤਮਾ ਨੇ ਹੀ ਬਣਾਇਆ ਹੈ, ਸਾਨੂੰ ਵੀ ਉਸੇ ਨੇ ਹੀ ਬਣਾਇਆ ਹੈ ਤੇ ਆਪ ਹੀ ਸਭ ਦੀ ਸੰਭਾਲ ਕਰਦਾ ਹੈ, ਸਾਰੀ ਸ੍ਰਿਸ਼ਟੀ ਦੀ ਸੰਭਾਲ ਕਰਦਾ ਹੈ ਪਰ ਉਹ ਆਪ ਕਿਸ ਰੂਪ ਵਿਚ ਹੈ ਤੇ ਕਿਸ ਤਰੀਕੇ ਹਰ ਕਿਸੇ ਨੂੰ ਪੈਦਾ ਕਰਕੇ ਚਲਾ ਰਿਹਾ ਹੈ ਇਸ ਗੱਲ ਦੀ ਸਮਝ ਵੀ ਮਨ ਦੇ ਵਿੱਚੋਂ ਹੀ ਪੈਂਦੀ ਹੈ ਜੋ ਕਿ ਮਨ ਦੇ ਚੌਥੇ ਪਦ ਦੁਆਰਾ ਪੈਂਦੀ ਹੈ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਕੇ ਪੈਂਦੀ ਹੈ ਤੇ ਇਸ ਤੋਂ ਬਿਨਾ ਹੋਰ ਕੋਈ ਤਰੀਕਾ ਸੰਭਵ ਹੀ ਨਹੀਂ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ, ਗੁਰ ਪਰਸਾਦਿ ਹੈ ਕਿ ਉਹ ਕਿਸੇ ਨੂੰ ਮਨ ਦੇ ਵਿਚ ਆਪਣਾ ਆਪ ਪ੍ਰਗਟ ਕਰਕੇ ਦਿਖਾਏ ਕਿ ਸਾਡੇ ਅੰਦਰ, ਸਾਡੇ ਸਾਰੇ ਵਿਚਾਰ ਕਿਥੋਂ ਆਉਂਦੇ ਹਨ ਭਾਵ ਸਾਡੇ ਅੰਦਰ ਹੁਕਮ ਕਿਸ ਦਾ ਚਲਦਾ ਹੈ। ਸਾਡੇ ਅੰਦਰ ਹੁਕਮ ਸਾਡੇ ਵਿਚਾਰਾਂ ਦਾ ਹੀ ਚਲਦਾ ਹੈ ਕਿਉਂਕਿ ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਉਸ ਦੇ ਕੋਲੋਂ ਮਨ ਦੇ ਵਿਚਾਰ ਹੀ ਕਰਾਉਂਦੇ ਹਨ। ਜਿਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਨੂੰ ਆਪਣੀ ਤਾਕਤ ਮਨ ਦੇ ਵਿਚ ਹੀ ਦਿਖਾਉਂਦਾ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਮਨੁੱਖ ਨੂੰ ਹਕੀਕਤ ਵਿਚ ਕਠਪੁਤਲੀ ਬਣਾਕੇ ਦਿਖਾਉਂਦਾ ਹੈ। ਇਸ ਗੱਲ ਨੂੰ ਆਪਣੇ ਆਪ ਸਮਝ ਲੈਣਾ ਜਾਂ ਕਿਸੇ ਦੇ ਸਮਝਾਏ ਸਮਝ ਲੈਣਾ ਬਹੁਤ ਔਖਾ ਹੈ, ਵਿਸ਼ਵਾਸ

38/4585

ਆਉਣਾ ਬਹੁਤ ਔਖਾ ਹੈ। ਵਿਸ਼ਵਾਸ ਵੀ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਤੇ ਸੋਝੀ ਸਾਡੇ ਵੱਸ ਨਹੀਂ ਹੈ ਭਾਵ ਉਸ ਦੀ ਰਜ਼ਾ ਦੇ ਬਿਨਾ ਵਿਸ਼ਵਾਸ ਨਹੀਂ ਆਉਂਦਾ, ਪੂਰਨ ਵਿਸ਼ਵਾਸ ਨਹੀਂ ਆਉਂਦਾ। ਪੂਰਨ ਵਿਸ਼ਵਾਸ ਉਸ ਦੇ ਮਨ ਵਿੱਚ ਪ੍ਰਗਟ ਹੋ ਕੇ ਆਪ ਵਿਸ਼ਵਾਸ ਦਿਵਾਉਣ ਤੇ ਹੀ ਆਉਂਦਾ ਹੈ। ਅਸੀਂ ਘੱਟੋਂ ਘੱਟ ਇਹ ਵਿਸ਼ਵਾਸ ਤਾਂ ਕਰ ਸਕਦੇ ਹਾਂ ਕਿ ਪ੍ਰਮਾਤਮਾ ਦੇ ਨਾਲ ਜਦੋਂ ਵੀ ਕਿਸੇ ਦਾ ਮੇਲ ਹੁੰਦਾ ਹੈ ਉਹ ਮਨ ਦੇ ਵਿੱਚ ਹੀ ਹੁੰਦਾ ਹੈ, ਗਿਆਨ ਰੂਪ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਬਾਰ-ਬਾਰ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਜੋ ਵੀ ਪ੍ਰਮਾਤਮਾ ਨੂੰ ਮਨ ਦੇ ਗਿਆਨ ਰੂਪ ਤੋਂ ਬਿਨਾ, ਉਸ ਦੇ ਨਿਰੰਕਾਰ ਰੂਪ ਨੂੰ ਜਾਨਣ ਤੋਂ ਬਿਨਾ ਕਿਸੇ ਹੋਰ ਰੂਪ ਵਿੱਚ, ਆਕਾਰ ਰੂਪ ਵਿੱਚ ਜਾਂ ਕਿਸੇ ਗੁਰੂ ਸਾਹਿਬਾਨ ਆਦਿ ਦੀ ਦੇਹ ਦੇ ਰੂਪ ਵਿਚ ਦਰਸ਼ਨਾਂ ਦੇ ਰੂਪ ਵਿਚ ਪਾਉਣ ਦੀਆਂ ਗੱਲਾਂ ਕਰਦੇ ਹਨ ਉਹ ਸਭ ਮਨ ਦਾ ਭਰਮ ਹੈ ਭਾਵ ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵਸਥਾ ਦਾ, ਮਾਇਆ ਮੋਹ ਵਾਲੀ ਜੁਗਤਿ ਦਾ ਨਤੀਜਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ ਹਰ ਕੋਈ ਭਰਮ ਵਿਚ ਹੀ ਹੈ ਜੋ ਭਰਮ ਉਸ ਦਾ ਆਪਣਾ ਹੀ ਪਾਇਆ ਹੋਇਆ ਹੈ। ਮਨ ਦਾ ਭਰਮ ਹੀ ਸਾਡਾ ਪ੍ਰਮਾਤਮਾ ਦੇ ਨਾਲ ਪੜਦਾ

ਹੈ, ਹਉਮੈ ਰੂਪ ਪੜਦਾ ਹੈ ਜੋ ਮਨ ਦੇ ਵਿਚ ਹੀ ਹੈ, ਸਾਡੇ ਅੰਦਰ ਤ੍ਰੈਗੁਣਾਂ ਦੇ ਬੰਧਨ ਦੇ ਰੂਪ ਵਿਚ ਹੈ ਜੋ ਸਾਨੂੰ ਪ੍ਰਮਾਤਮਾ ਦੀ ਅਸਲੀਅਤ, ਸਾਡੀ ਆਪਣੇ ਆਪ ਦੀ ਅਸਲੀਅਤ, ਇਸ ਸੰਸਾਰ ਦੀ ਅਸਲੀਅਤ ਜਾਨਣ ਤੋਂ ਦੂਰ ਰੱਖਦਾ ਹੈ।

ਜਿੰਨ੍ਹਾਂ ਕੋਲੋਂ ਅਸੀਂ ਪ੍ਰਮਾਤਮਾ ਦੀ ਭਗਤੀ ਦੇ ਤਰੀਕੇ ਸਮਝੇ ਹੋਏ ਹਨ, ਸਰੀਰਕ ਜਪ ਤਪ ਆਦਿ ਕਰਨੇ ਸਮਝੇ ਹੋਏ ਹਨ ਕੀ ਇਹੋ ਜਿਹੇ ਕਿਸੇ ਵੀ ਤਰੀਕੇ ਨਾਲ ਅਸੀਂ ਮਨ ਦੇ ਭਰਮ ਵਿਚੋਂ ਨਿਕਲ ਸਕਦੇ ਹਾਂ ਭਾਵ ਕਦੇ ਨਹੀਂ ਨਿਕਲ ਸਕਦੇ ਤੇ ਜੇਕਰ ਭਰਮਾਂ ਵਿਚੋਂ ਨਹੀਂ ਨਿਕਲਦੇ ਫਿਰ ਸਾਡਾ ਪ੍ਰਮਾਤਮਾ ਦੇ ਨਾਲ ਜੋ ਮਨ ਦੇ ਵਿਚ ਪੜਦਾ ਹੈ ਕੀ ਉਹ ਪੜਦਾ ਕਦੇ ਦੂਰ ਹੋ ਸਕਦਾ ਹੈ ਤੇ ਜੇਕਰ ਪੜਦਾ ਦੂਰ ਨਹੀਂ ਹੋ ਸਕਦਾ ਫਿਰ ਕੀ ਅਸੀਂ ਕਦੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਭਾਵ ਕੀ ਅਸੀਂ ਕਦੇ ਤ੍ਰੈਗੁਣਾਂ ਵਾਲੀ ਅਵਸਥਾ ਵਿਚੋਂ ਨਿਕਲਕੇ ਚੌਥੇ ਪਦ ਨਾਲ ਜੁੜ ਸਕਦੇ ਹਾਂ ਭਾਵ ਕੀ ਕਦੇ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਭਾਵ ਕਦੇ ਨਹੀਂ ਜਾਣ ਸਕਦੇ, ਉਸ ਨੂੰ ਕਦੇ ਨਹੀਂ ਪਾ ਸਕਦੇ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਦਿਲੋਂ ਪਾਉਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਸਭ ਤੋਂ ਪਹਿਲੇ ਇਹ ਮੰਨਣਾ ਪਵੇਗਾ ਕਿ ਜਿੰਨ੍ਹਾਂ ਕੋਲੋਂ ਵੀ ਅਸੀਂ ਭਗਤੀ ਦੇ ਮਾਰਗ ਸਮਝੇ ਹੋਏ ਹਨ ਉਹ ਸਭ ਪ੍ਰਮਾਤਮਾ ਦੀ ਭਗਤੀ ਨੂੰ ਜਾਨਣ

38/4586

ਵਿੱਚ ਭਰਮ ਵਿਚ ਹੀ ਰਹੇ ਹਨ, ਪ੍ਰਮਾਤਮਾ ਨੂੰ ਪਾਉਣ ਦੇ ਭਰਮ ਵਿੱਚ ਹੀ ਰਹੇ ਹਨ। ਹਰ ਕੋਈ ਕਿਸੇ ਨਾ ਕਿਸੇ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ ਜਿੰਨ੍ਹਾਂ ਨੂੰ ਉਹਨਾਂ ਨੇ ਭਗਤੀ ਦੀ ਉੱਚੀ ਸਮਝ ਵਾਲੇ ਮੰਨਿਆ ਹੋਇਆ ਹੈ। ਭਰਮ ਇਸੇ ਤਰ੍ਹਾਂ ਹੀ ਫੈਲਦਾ ਹੈ ਤੇ ਸਭ ਦੇ ਅੰਦਰ ਮਾਇਆ ਦੀ ਜੁਗਤਿ ਦਾ ਮਕਸਦ ਵੀ ਇਹੋ ਕੁਝ ਹੀ ਹੈ ਕਿ ਉਹ ਸਭ ਨੂੰ ਭਰਮ ਵਿਚ ਪਾ ਕੇ ਰੱਖੇ ਤਾਂ ਜੋ ਕੋਈ ਪ੍ਰਮਾਤਮਾ ਦੀ ਖੇਡ ਨੂੰ ਨਾ ਸਮਝ ਸਕੇ ਜੋ ਸਾਡੇ ਸਭ ਦੇ ਅੰਦਰ ਹੀ ਚੱਲ ਰਹੀ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਚਲ ਰਹੀ ਹੈ। ਇਸ ਖੇਡ ਦੀ ਸਮਝ ਵੀ ਮਨ ਦੇ ਵਿਚੋਂ ਹੀ ਪੈਂਦੀ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਪੈਂਦੀ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਭਰਮ ਵਿਚ ਹਾਂ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਭਰਮ ਵਿੱਚੋਂ ਨਿਕਲ ਸਕਦੇ ਹਾਂ। ਸਾਨੂੰ ਇਸ ਗੱਲ ਤੇ ਵਿਸ਼ਵਾਸ ਹੋਣਾ ਜ਼ਰੂਰੀ ਹੈ ਕਿ ਭਰਮ ਤੋਂ ਰਹਿਤ ਕੇਵਲ ਸ਼ਬਦ ਦੇ ਵਿਚਾਰ ਹਨ। ਅਸੀਂ ਸੁਰਤਿ ਦੇ ਵਿਚਾਰਾਂ ਨਾਲ ਜੁੜੇ ਹੋਏ ਹਾਂ। ਸੁਰਤਿ ਦੇ ਵਿਚਾਰ ਤ੍ਰੈਗੁਣਾਂ ਵਿਚ ਹਨ ਤੇ ਸ਼ਬਦ ਦੇ ਵਿਚਾਰ ਚੌਥੇ ਪਦ ਵਿਚ ਹਨ ਭਾਵ ਸਾਰੀ ਗੱਲ ਸੁਰਤਿ ਦੇ ਵਿਚਾਰਾਂ ਵਿਚੋਂ ਨਿਕਲਕੇ ਸ਼ਬਦ ਦੇ ਵਿਚਾਰਾਂ ਨਾਲ ਜੁੜਨ ਦੀ ਹੈ। ਸਾਡੀ ਸੁਰਤਿ ਦਾ ਜੋ ਵੀ ਵਿਚਾਰ ਸ਼ਬਦ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦਾ ਉਹ ਸਾਡਾ ਭਰਮ ਹੈ ਭਾਵ ਸਾਡੇ ਅੰਦਰ ਦਾ ਪੜਦਾ ਹੈ ਜੋ ਸਾਨੂੰ ਸੱਚ ਤੋਂ ਦੂਰ ਰੱਖਦਾ ਹੈ। ਸ਼ਬਦ ਦਾ ਵਿਚਾਰ ਸੱਚ ਹੈ, ਨਾਮ ਹੈ। ਅਸੀਂ ਆਪਣੀ ਸੁਰਤਿ ਦੇ ਵਿਚਾਰਾਂ ਵਿਚੋਂ ਨਿਕਲਕੇ ਭਾਵ ਹਉਮੈ ਵਾਲੇ ਵਿਚਾਰਾਂ ਵਿਚੋਂ ਨਿਕਲਕੇ ਗੁਰੂ ਦੇ ਸ਼ਬਦ ਵਾਲੇ ਵਿਚਾਰਾਂ ਨਾਲ ਜੁੜਨਾ ਹੈ ਭਾਵ ਨਾਮ ਨਾਲ ਜੁੜਨਾ ਹੈ। ਸਾਡੇ ਸਭ ਦੇ ਅੰਦਰ ਹਉਮੈ ਰੂਪ ਪੜਦਾ ਹੈ ਜਿਸ ਪੜਦੇ ਵਿਚੋਂ ਨਿਕਲਣਾ ਹੀ ਸਾਡੇ ਜੀਵਨ ਦਾ ਮਕਸਦ ਹੈ। ਮਕਸਦ ਪਰਮਾਤਮਾ ਦੇ ਨਾਲ ਮੇਲ ਹੈ, ਨਾਮ ਦੇ ਨਾਲ ਮੇਲ ਹੈ ਜੋ ਕਿ ਸਾਡੇ ਅੰਦਰ ਚਉਥੇ ਪਦ ਦੇ ਰੂਪ ਵਿਚ ਹੈ ਜਿਵੇਂ ਕਿ ਅਸੀਂ ਉਪਰ ਤੇ ਪਿਛਲੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਜਿਹੋ ਜਿਹੀ ਵੀ ਭਗਤੀ ਵਿਚ ਕੋਈ ਲੱਗਾ ਹੋਇਆ ਹੈ ਉਹ ਉਸ ਨੂੰ ਸੱਚ ਸਮਝ ਕੇ ਹੀ ਲੱਗਾ ਹੋਇਆ ਹੈ ਪਰ ਜੋ ਗੱਲ ਗੁਰਮਤਿ ਦੇ ਉਲਟ ਹੈ ਉਹ ਸੱਚ ਨਹੀਂ ਹੈ ਭਾਵ ਭਰਮ ਹੈ। ਹਰ ਕੋਈ ਭਗਤੀ ਨੂੰ ਸਮਝਣ ਵਿਚ ਭਰਮ ਵਿਚ ਹੀ ਹੈ ਤੇ ਆਪਣੇ ਮਨ ਦੇ ਭਰਮ ਵਿਚੋਂ ਨਿਕਲਣ ਦਾ ਉਦਮ ਹੀ ਮਨ ਦੇ ਪਰਦੇ ਵਿਚੋਂ ਨਿਕਲਣ ਦਾ ਉਦਮ ਹੈ, ਤ੍ਰੈ ਗੁਣਾਂ ਵਿਚੋਂ ਨਿਕਲਣ ਦਾ ਸੱਚਾ ਉਦਮ ਹੈ ਭਾਵ ਚਉਥੇ ਪਦ ਦੀ ਪ੍ਰਾਪਤੀ ਕਰਨ ਦਾ ਸੱਚਾ ਉਦਮ ਹੈ। ਪਰਮਾਤਮਾ ਸਾਡੇ ਅੰਦਰ ਚਉਥੇ ਪਦ ਦੇ ਰੂਪ ਵਿੱਚ

38/4587

ਹੈ ਜੋ ਪਦ ਭਰਮ ਤੋਂ ਰਹਿਤ ਹੈ ਭਾਵ ਉਥੇ ਪੂਰਨ ਸੱਚ ਹੈ, ਨਾਮ ਹੈ ਭਾਵ ਬ੍ਰਹਮਗਿਆਨ ਦਾ ਪਦ ਹੈ ਜਿਸ ਰਾਹੀਂ ਉਹ ਬ੍ਰਹਮਗਿਆਨੀ ਰੂਪ ਪਰਮਾਤਮਾ, ਨਿਰੰਕਾਰ ਰੂਪ ਪਰਮਾਤਮਾ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਸੱਚਾ ਗਿਆਨ ਬਖਸ਼ਦਾ ਹੈ ਜੋ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੁੰਦਾ ਹੈ। ਪੂਰੀ ਗੁਰਬਾਣੀ ਚਉਥੇ ਪਦ ਵਿਚ ਹੈ ਭਾਵ ਉਸ ਵਿਚ ਪੂਰਨ ਰੂਪ ਵਿਚ ਬ੍ਰਹਮਗਿਆਨ ਹੈ ਜਿਸ ਨੇ ਸਾਨੂੰ ਹਰ ਭਰਮ ਵਿਚੋਂ ਕੱਢਣ ਦਾ ਉਪਰਾਲਾ ਕੀਤਾ ਹੈ। ਜੇਕਰ ਅਸੀਂ ਗੁਰਬਾਣੀ ਪੜਣ ਤੋਂ ਬਾਅਦ ਵੀ ਭਰਮਾਂ ਵਿਚ ਹੀ ਰਹਿੰਦੇ ਹਾਂ ਫਿਰ ਗੁਰਬਾਣੀ ਪੜਣ ਦਾ ਮਕਸਦ ਪੂਰਾ ਨਹੀਂ ਹੋ ਸਕਦਾ। ਜਿਸ ਤੇ ਗੁਰੂ ਆਪਣੀ ਕਿਰਪਾ ਕਰਦਾ ਹੈ ਉਸਨੂੰ ਮਨ ਦੇ ਭਰਮਾਂ ਵਿਚੋਂ ਕਢ ਕੇ ਭਗਤੀ ਦੇ ਸਿੱਧੇ ਮਾਰਗ ਤੇ ਪਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ

ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

“ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥੩॥”

(ਅੰਗ ੩੭੦)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਮਾਇਆ ਦੀ ਜੁਗਤਿ ਹੀ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੀ ਇਸ ਜੁਗਤਿ ਦਾ ਮਕਸਦ ਕੀ ਹੈ। ਪ੍ਰਮਾਤਮਾ ਦੀ ਇਸ ਜੁਗਤਿ ਦਾ ਮਕਸਦ ਇਸ ਸੰਸਾਰ ਦੀ ਖੇਡ ਨੂੰ ਬਣਾਕੇ ਉਸਨੂੰ ਚਲਾਉਣ ਦੇ ਨਾਲ ਹੈ। ਪ੍ਰਮਾਤਮਾ ਦੀ ਪੂਰੀ ਖੇਡ ਹੈ ਹੀ ਮਾਇਆ ਰੂਪ। ਜੋ ਕੁਝ ਵੀ ਆਕਾਰ ਰੂਪ ਅਸੀਂ ਦੇਖਦੇ ਹਾਂ ਉਹ ਸਭ ਮਾਇਆ ਰੂਪ ਹੈ। ਸਾਡੇ ਅੰਦਰ ਜੋ ਪ੍ਰਮਾਤਮਾ ਦੀ ਤ੍ਰੈਗੁਣਾਂ ਵਾਲੀ ਜੁਗਤਿ ਹੈ ਉਹ ਵੀ ਮਾਇਆ ਰੂਪ ਹੈ ਜਿਸ ਦਾ ਮਕਸਦ ਸਾਨੂੰ ਭਰਮ ਵਿਚ ਰੱਖਣ ਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੀ ਖੇਡ ਨੂੰ ਬੁੱਝ ਨਾ ਸਕੀਏ ਭਾਵ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਜੁਗਤਿ ਦਾ ਮਕਸਦ ਸਾਨੂੰ ਭਰਮ ਰੂਪ ਪੜਦੇ ਵਿਚ ਰੱਖਣ ਦਾ ਹੈ। ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਵੀ ਮਨ ਦੇ ਵਿਚੋਂ ਹੀ ਉਪਜਦੀ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸ੍ਰਿਸ਼ਟੀ ਨੂੰ ਬਨਾਉਣ ਵਾਲਾ ਕੌਣ ਹੈ ਤੇ ਉਸ ਨੂੰ ਚਲਾਉਣ ਵਾਲਾ ਕੌਣ ਹੈ। ਸਾਡੇ ਅੰਦਰ ਮਾਇਆ ਦੀ ਜੁਗਤਿ ਦਾ ਮਕਸਦ ਇਹ ਹੈ ਕਿ ਅਸੀਂ ਪ੍ਰਮਾਤਮਾ ਨੂੰ ਜਾਣ ਨ ਸਕੀਏ। ਇੱਛਾ ਹਰ ਕੋਈ ਪੂਰੀ ਕਰਨੀ ਚਾਹੁੰਦਾ ਹੈ ਤੇ ਇੱਛਾ ਪੂਰੀ ਕਰਨ ਲਈ ਉਪਰਾਲਾ ਵੀ ਹਰ ਕੋਈ ਕਰਨਾ ਚਾਹੁੰਦਾ ਹੈ। ਤ੍ਰੈਗੁਣਾਂ ਵਾਲੀ ਜੁਗਤਿ ਸਾਡੇ ਕੋਲੋਂ ਉਪਰਾਲੇ ਵੀ ਕਰਵਾਉਂਦੀ ਹੈ ਪਰ ਸਾਡੀ ਇੱਛਾ ਵੀ ਪੂਰੀ ਹੋਣ ਦੇਣੀ ਨਹੀਂ ਚਾਹੁੰਦੀ ਭਾਵ

ਉਹ ਸਾਨੂੰ ਜੋ ਉਪਰਾਲਾ ਕਰਨਾ ਸਮਝਾਉਂਦੀ ਹੈ ਉਹ ਸੱਚਾ ਉਪਰਾਲਾ ਨਹੀਂ ਹੁੰਦਾ ਪਰ ਸਾਨੂੰ ਅੰਦਰੋਂ ਮਹਿਸੂਸ ਇਹ ਕਰਵਾਉਂਦੀ ਹੈ ਕਿ ਅਸੀਂ ਸੱਚਾ ਉਪਰਾਲਾ ਕਰ ਰਹੇ ਹਾਂ ਜਿਸ ਰਾਹੀਂ ਅਸੀਂ ਪ੍ਰਮਾਤਮਾ ਨੂੰ ਜਾਣ ਲਵਾਂਗੇ ਭਾਵ ਸਾਡੀ ਇੱਛਾ ਪੂਰੀ ਹੋ ਜਾਵੇਗੀ। ਜੋ ਸਾਨੂੰ ਆਪਣੇ ਵਲੋਂ ਸੱਚਾ ਉਪਰਾਲਾ ਮਹਿਸੂਸ ਹੁੰਦਾ ਹੈ ਉਹ ਅਸਲ ਵਿਚ ਸੱਚਾ ਉਪਰਾਲਾ ਨਹੀਂ ਹੁੰਦਾ। ਇਹ ਮਾਇਆ ਦੀ ਜੁਗਤਿ ਹੈ ਭਾਵ ਅਸੀਂ ਆਪਣੇ ਝੂਠੇ ਉਪਰਾਲੇ ਨੂੰ ਸੱਚ ਸਮਝਦੇ ਹਾਂ, ਇਹ ਭਰਮ ਹੈ ਜੋ ਕਿ ਮਾਇਆ ਦੀ ਜੁਗਤਿ ਦਾ ਮਕਸਦ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਮਾਇਆ ਦੀ ਜੁਗਤਿ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਮਕਸਦ ਉਸ ਦਾ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ। ਸਾਡੀ ਵੱਖਰੀ ਵੱਖਰੀ ਧਾਰਮਿਕ ਆਸਥਾ ਵੀ ਮਾਇਆ ਦੀ ਜੁਗਤਿ ਹੈ। ਮਨੁੱਖ ਮਨੁੱਖ ਦੇ ਵਿਚ ਭੇਦ ਸਮਝਣਾ ਮਾਇਆ ਦੀ ਜੁਗਤਿ ਹੈ ਭਾਵ ਸਾਡਾ ਭਰਮ ਹੈ। ਸੱਚ ਇਹ ਹੈ ਕਿ ਹਰ ਮਨੁੱਖ ਪ੍ਰਮਾਤਮਾ ਦਾ ਰੂਪ ਹੈ ਤੇ ਹਰ ਮਨੁੱਖ ਦਾ ਧਰਮ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ। ਸੱਚ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਪਰ ਸੱਚ ਦੀ ਸਮਝ ਨਾ ਆਉਣ ਦੇਣਾ ਮਾਇਆ ਦੀ ਜੁਗਤਿ ਹੈ। ਮਕਸਦ ਸਾਰੇ ਸੰਸਾਰ ਨੂੰ ਭਰਮਾਂ ਵਿਚ ਰੱਖਣ ਦਾ ਹੈ।

ਆਪਣੀ ਧਾਰਮਿਕ ਆਸਥਾ ਅਨੁਸਾਰ **“ਤਪੁ”** ਕਰਨ ਵਾਲੇ ਇਹ ਸਮਝਕੇ ਹੀ ਤਪ ਕਰਦੇ ਹਨ ਕਿ ਇਹ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਮਾਰਗ ਹੈ ਭਾਵ ਇਹ ਕੋਈ ਨਹੀਂ ਮੰਨਦਾ ਕਿ ਉਹ ਭੁੱਲਿਆ ਹੋਇਆ ਹੈ ਭਾਵ ਉਸ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਹੈ ਪਰ ਗੁਰੂ ਦੀਆਂ ਨਜਰਾਂ ਵਿਚ, ਪ੍ਰਮਾਤਮਾ ਦੀਆਂ ਨਜਰਾਂ ਵਿਚ ਜਿਸ ਨੇ ਆਪ ਮਾਇਆ ਦੀ ਜੁਗਤਿ ਪਾਈ ਹੋਈ ਹੈ, ਤਪ ਕਰਨ ਵਾਲੇ ਭੁੱਲ ਵਿਚ ਹਨ, ਭਰਮ ਵਿਚ ਹਨ ਕਿ ਇਸ ਤਰੀਕੇ ਅਸੀਂ ਪ੍ਰਮਾਤਮਾ ਨੂੰ ਪਾ ਲਵਾਂਗੇ ਭਾਵ ਨਹੀਂ ਪਾ ਸਕਦੇ। ਜਿਸ ਦੀ ਇਹ ਆਪਣੀ ਬਾਣੀ ਹੈ ਉਹ ਆਪ ਪ੍ਰਮਾਤਮਾ ਗੁਰੂ ਰੂਪ ਵਿਚ ਸਾਨੂੰ ਇਹ ਸਮਝਾ ਰਿਹਾ ਹੈ ਕਿ ਸਾਰੇ ਤਪ ਕਰਨ ਵਾਲੇ ਭੁੱਲੇ ਹੋਏ ਹਨ ਪਰ ਫਿਰ ਵੀ ਤਪ ਕਰਨ ਵਾਲੇ ਕਰੀ ਹੀ ਜਾਂਦੇ ਹਨ, ਸਿੱਖ ਜਗਤ ਵਿਚ ਵੀ ਇਹੋ ਜਿਹਿਆਂ ਦੀ ਕਮੀ ਨਹੀਂ ਹੈ ਬਲਕਿ ਗੁਰੂ ਸਾਹਿਬਾਨ ਦੇ ਜੀਵਨ ਨੂੰ ਵੀ ਉਹ ਜਪ ਤਪ ਨਾਲ ਜੋੜ ਕੇ ਦਸਦੇ ਹਨ ਕਿ ਉਹਨਾਂ ਨੇ ਵੀ ਜਪ ਤਪ ਕੀਤੇ ਹਨ ਭਾਵ ਜਿੰਨ੍ਹਾਂ ਨੇ ਬਾਣੀ ਉਚਾਰੀ ਹੈ ਉਹਨਾਂ ਨੂੰ ਵੀ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਹ ਆਪਣੇ ਆਪ ਨੂੰ ਸੱਚੇ ਸਾਬਿਤ ਕਰ ਸੱਕਣ ਭਾਵ ਆਪਣੇ ਆਪ ਨੂੰ ਉਹ ਭਰਮੇ ਹੋਏ ਨਹੀਂ ਮੰਨਦੇ। ਇਹੀ ਮਾਇਆ ਦੀ ਜੁਗਤਿ ਹੈ ਕਿ ਅਸੀਂ ਆਪਣੇ ਭਰਮ ਨੂੰ

ਸੱਚ ਸਮਝਦੇ ਹਾਂ। (**ਤਪੁ ਕਰਤੇ ਤਪਸੀ ਭੂਲਾਏ ॥**)

ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਅਸੀਂ ਧਰਮ ਦੇ ਵਿਦਵਾਨਾਂ ਕੋਲੋਂ ਸਿਖਦੇ ਹਾਂ ਜੋ ਆਪਣੇ ਆਪ ਨੂੰ ਧਰਮ ਦੇ **"ਪੰਡਿਤ"** ਅਖਵਾਉਂਦੇ ਹਨ। ਤ੍ਰੈਗੁਣਾਂ ਵਾਲੀ ਜੁਗਤਿ ਉਹਨਾਂ ਵਿੱਚ ਵੀ ਇਸੇ ਤਰ੍ਹਾਂ ਵਰਤਦੀ ਹੈ ਭਾਵ ਉਸ ਦਾ ਮਕਸਦ ਉਹਨਾਂ ਨੂੰ ਵੀ ਭਰਮ ਵਿਚ ਰੱਖਣ ਦਾ ਹੈ ਕਿ ਉਹ ਧਰਮ ਦੇ ਸਹੀ ਮਾਰਗ ਤੇ ਨਾ ਚੱਲ ਸੱਕਣ ਤੇ ਨਾ ਹੀ ਕਿਸੇ ਨੂੰ ਧਰਮ ਦਾ ਸੱਚਾ ਮਾਰਗ ਸਮਝਾ ਸੱਕਣ ਭਾਵ ਧਰਮ ਦੇ ਉਲਟ ਪ੍ਰਚਾਰ ਕਰਨ। ਧਰਮ ਦੇ ਮਾਰਗ ਦਾ ਵੱਡਾ ਉਦਮ ਮਨ ਦੇ ਲੋਭ ਨੂੰ ਤਿਆਗਣ ਦਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਮਾਇਆ ਦੇ ਲੋਭੀ ਸਾਰੇ ਹੀ ਹਾਂ, ਧਰਮ ਦਾ ਪ੍ਰਚਾਰ ਕਰਨ ਵਾਲੇ ਵੀ ਹਾਂ ਜੋ ਪ੍ਰਚਾਰ ਕਰਨ ਲਈ ਬੜੀ ਮਾਇਆ ਮੰਗਦੇ ਹਨ, ਉੱਚਾ ਮਾਣ ਮੰਗਦੇ ਹਨ ਜੋ ਕਿ ਸਾਡਾ ਲੋਭ ਹੈ ਕਿ ਸਾਡਾ ਉੱਚਾ ਰੁਤਬਾ ਹੋਵੇ, ਸਾਨੂੰ ਵੱਡੇ ਗਿਆਨਵਾਨ ਆਖਿਆ ਜਾਵੇ। ਕੀਰਤਨੀਏ ਆਦਿ ਵੀ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਤੇ ਉਸ ਲਈ ਉਹ ਕਿਤਨੀ ਵੱਡੀ ਰਕਮ ਵਸੂਲਦੇ ਹਨ, ਕਿੰਨਾ ਜਿਆਦਾ ਮਾਣ ਮੰਗਦੇ ਹਨ ਇਹ ਸਭ ਦੇ ਸਾਹਮਣੇ ਹੈ। ਜਿੰਨ੍ਹਾਂ ਕੋਲੋਂ ਅਸੀਂ ਧਰਮ ਦਾ ਮਾਰਗ ਸਿੱਖਕੇ ਤੇ ਉਸ ਤੇ ਚੱਲਣ ਦਾ ਉਪਰਾਲਾ ਕਰਨਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਜੇਕਰ ਉਹ ਆਪ ਹੀ ਲੋਭੀ ਬਿਰਤੀ ਵਾਲੇ ਹਨ ਤੇ ਫਿਰ ਉਹਨਾਂ ਨੇ ਦੂਸਰਿਆਂ ਦਾ ਲੋਭ ਕੀ ਕੱਢਣਾ ਹੈ, ਜਿੰਨ੍ਹਾਂ ਨੂੰ ਖੁੱਦ ਧਰਮ ਦਾ ਮਾਰਗ ਸਮਝ ਨਹੀਂ ਉਹਨਾਂ ਨੇ ਦੂਸਰਿਆਂ ਨੂੰ ਧਰਮ ਦਾ ਮਾਰਗ ਕੀ ਸਮਝਾਉਣਾ ਹੈ। ਜਿੰਨ੍ਹਾਂ ਨੂੰ ਖੁਦ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝ ਨਹੀਂ ਉਹਨਾਂ ਨੇ ਦੂਸਰਿਆਂ ਨੂੰ ਕੀ ਸਮਝਾਉਣਾ ਹੈ। ਕਿਹੜਾ ਧਰਮ ਦਾ ਵਿਦਵਾਨ ਹੈ ਜੋ ਇਹ ਕਹੇ ਕਿ ਉਹ ਭੁੱਲਿਆ ਹੋਇਆ ਹੈ ਭਾਵ ਉਸ ਨੂੰ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ। ਇਹੀ ਮਾਇਆ ਦੀ ਜੁਗਤਿ ਹੈ। (**ਪੰਡਿਤ ਮੋਹੇ ਲੋਭਿ ਸਬਾਏ ॥**)

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਤੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

{ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥
ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥
ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥
ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥}

(ਅੰਗ - ੨੭੪)

ਮਾਇਆ ਦੀ ਜੁਗਤਿ ਤੋਂ ਬਿਨਾ ਸੰਸਾਰ ਵਿਚ ਕੋਈ ਵੀ ਨਹੀਂ ਹੈ। ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਮਾਇਆ ਮੋਹ ਹੈ ਭਾਵ ਮਾਇਆ ਦੀ ਜੁਗਤਿ ਹੈ ਤੇ ਮਾਇਆ ਦੀ ਜੁਗਤਿ ਨੇ ਇਸ **"ਆਕਾਸੁ"** ਦੇ ਰੂਪ ਵਿਚ ਭਾਵ ਸਪੇਸ ਦੇ ਵਿਚ ਜੋ ਕੁਝ ਵੀ ਹੈ, ਜੋ ਕੋਈ ਵੀ ਆਕਾਰ ਰੂਪ ਹੈ, ਜਿਤਨੇ ਵੀ

38/4590

ਖੰਡ ਬ੍ਰਹਮੰਡ ਹਨ ਸਭ ਨੂੰ ਮੋਹਿਆ ਹੋਇਆ ਹੈ ਭਾਵ ਸਭ ਕੁਝ ਮਾਇਆ ਰੂਪ ਹੈ ਜੋ ਸਾਨੂੰ ਚੰਗਾ ਲਗਦਾ ਹੈ, ਸਾਨੂੰ ਮੋਹਦਾ ਹੈ, ਮਨ ਦੀ ਜੁਗਤਿ ਦੁਆਰਾ ਮੋਹਦਾ ਹੈ। (**ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥**)

ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਜਿਸ ਦੇ ਸਿਰ ਤੇ ਪ੍ਰਮਾਤਮਾ ਆਪਣਾ ਹੱਥ ਰੱਖਦਾ ਹੈ ਉਸ ਦੀ ਰੱਖਿਆ ਕਿਸ ਰੂਪ ਵਿੱਚ ਕਰਦਾ ਹੈ।

"ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥੩॥"

ਉਪਰ ਗੁਰੂ ਸਾਹਿਬ ਨੇ ਆਪਣੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ, ਸਤਿਗੁਰ ਨੇ ਮਾਇਆ ਮੋਹ ਦੀ ਜੁਗਤਿ ਵਿਚੋਂ ਕੱਢਿਆ ਹੋਇਆ ਹੈ ਤੇ ਆਪਣਾ ਰੂਪ ਬਣਾਇਆ ਹੋਇਆ ਹੈ। ਜਿਸ ਨੂੰ ਪ੍ਰਮਾਤਮਾ ਮਨ ਦੇ ਭਰਮ ਵਿੱਚੋਂ, ਮਨ ਦੀ ਅਗਿਆਨਤਾ ਵਿਚੋਂ ਕੱਢਦਾ ਹੈ ਉਸ ਦੇ ਉਤੇ ਆਪਣਾ ਗਿਆਨ ਰੂਪ ਹੱਥ ਰੱਖਦਾ ਹੈ, ਸੱਚੇ ਗਿਆਨ ਵਾਲਾ ਹੱਥ ਰੱਖਦਾ ਹੈ ਭਾਵ ਬ੍ਰਹਮ ਗਿਆਨ ਰੂਪ ਹੱਥ ਰੱਖਦਾ ਹੈ ਜਿਸ ਦੁਆਰਾ ਉਹ ਆਪਣੇ ਮਨੁੱਖੀ ਰੂਪ ਦੀ ਸੋਝੀ ਹੀ ਉੱਚੀ ਕਰਦਾ ਹੈ ਭਾਵ ਚੌਥੇ ਪਦ ਵਾਲੀ ਕਰਦਾ ਹੈ। ਪ੍ਰਮਾਤਮਾ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ ਤੇ ਜਦ ਤਕ ਉਹ ਆਪਣਾ ਹੱਥ ਕਿਸੇ ਉਤੇ ਨਹੀਂ ਰੱਖਦਾ ਤਦ ਤਕ ਕੋਈ ਮਾਇਆ ਮੋਹ ਵਾਲੀ ਜੁਗਤਿ ਵਿਚੋਂ, ਤ੍ਰੈਗੁਣਾਂ ਵਾਲੀ ਜੁਗਤਿ ਵਿਚੋਂ ਨਹੀਂ ਨਿਕਲ ਸਕਦਾ ਤੇ ਨਾ ਹੀ ਕੋਈ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਤਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਇਸੇ ਤਰੀਕੇ ਹੀ ਜਾਣਿਆ ਹੈ ਭਾਵ ਮਨ ਦਾ ਭਰਮ ਨਿਕਲਣ ਦੁਆਰਾ ਹੀ ਜਾਣਿਆ ਹੈ ਤੇ ਤਾਂ ਹੀ ਮਨ ਦੇ ਸੱਚੇ ਗਿਆਨ ਦੁਆਰਾ ਸਾਨੂੰ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਮਾਰਗ ਸਮਝਾਇਆ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹਾ ਮਾਰਗ ਸਮਝਾਇਆ ਹੈ ਜੋ ਕਿ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਸੰਸਾਰ ਨੂੰ ਭਰਮਾਂ ਵਿਚੋਂ ਹੀ ਕੱਢਿਆ ਹੈ, ਭਗਤੀ ਦੇ ਤਰੀਕਿਆਂ ਦੇ ਭਰਮਾਂ ਵਿਚੋਂ ਕੱਢਿਆ ਹੈ ਜੋ ਕਿ ਆਪਣੀ ਆਪਣੀ ਮਤਿ ਅਨੁਸਾਰ ਸੰਸਾਰ ਵਿਚ ਅਨੇਕਾਂ ਹੀ ਹਨ ਜਿਸ ਰਾਹੀਂ ਹਰ ਕੋਈ ਆਪਣੇ ਆਪ ਨੂੰ ਵਿਅਰਥ ਵਿਚ ਖੁਆਰ ਹੀ ਕਰ ਰਿਹਾ ਹੈ। ਗੁਰਬਾਣੀ ਦਾ ਸੰਸਾਰ ਉਤੇ ਬਹੁਤ ਵੱਡਾ ਉਪਕਾਰ ਹੈ ਜੋ ਸਾਨੂੰ ਮਨ ਦੇ ਭਰਮਾਂ ਵਿਚੋਂ ਕੱਢਕੇ ਭਗਤੀ ਦੇ ਸਹੀ ਮਾਰਗ ਤੇ ਪਾ ਰਹੀ ਹੈ। ਜੋ ਮਨ ਦੇ ਭਰਮਾਂ ਵਿਚੋਂ ਨਿਕਲੇਗਾ ਉਹੀ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ। (**ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥ ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥੩॥**)

38/4591

ਜਿਸ ਤੇ ਪ੍ਰਮਾਤਮਾ ਆਪਣਾ ਹੱਥ ਰੱਖਦਾ ਹੈ ਭਾਵ ਕਿਰਪਾ ਕਰਕੇ ਜਿਸ ਨੂੰ ਭਰਮ ਵਾਲੀ, ਤ੍ਰੈਗੁਣਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ ਉਸ ਨੂੰ ਹੀ ਉਹ ਆਪਣਾ ਗਿਆਨੀ ਰੂਪ ਬਣਾਉਂਦਾ ਹੈ, ਗੁਰੂ ਰੂਪ, ਭਗਤ ਰੂਪ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥

ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥੪॥੧॥"

ਜੇਕਰ ਸਾਨੂੰ ਇਸ ਗੱਲ ਦੀ ਸਮਝ ਹੈ ਕਿ ਮਾਇਆ ਕੀ ਹੈ ਭਾਵ ਸਾਡੇ ਅੰਦਰ ਮਾਇਆ ਦਾ ਰੂਪ ਕੀ ਹੈ ਫਿਰ ਤਾਂ ਹੀ ਅਸੀਂ ਉਪਰ ਵਾਲੇ ਪਦੇ ਨੂੰ ਸਮਝ ਸਕਦੇ ਹਾਂ। ਇਹ ਮਾਇਆ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਦੇ ਰੂਪ ਵਿਚ ਹੈ ਜਿਸ ਨੇ ਸਾਰੇ ਸੰਸਾਰ ਨੂੰ ਭਰਮ ਵਿਚ ਰੱਖਿਆ ਹੋਇਆ ਹੈ ਤੇ ਮਨ ਦੇ ਵਿਚ ਚੌਥੇ ਪਦ ਤੋਂ ਦੂਰ ਰਖਿਆ ਹੋਇਆ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਮਾਇਆ ਨੂੰ ਗਿਆਨੀ ਦੀ **"ਦਾਸਿ"** ਕਹਿ ਕੇ ਸਮਝਾਇਆ

ਹੋਇਆ ਹੈ। ਜੇਕਰ ਅਸੀਂ ਉਪਰਲੀ ਗੱਲ ਨੂੰ ਸਮਝ ਲਈਏ ਫਿਰ ਆਪਣੇ ਆਪ ਨੂੰ ਕੋਈ ਗਿਆਨੀ ਨਹੀਂ ਕਹਿ ਸਕਦਾ। ਗਿਆਨੀ ਆਪ ਗੁਰੂ ਹੈ ਭਾਵ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦਾ ਗਿਆਨੀ ਰੂਪ ਸਾਡੇ ਅੰਦਰ ਹੀ ਹੈ ਜਿਸ ਰੂਪ ਵਿਚ ਉਹ ਸਾਡੇ ਅੰਦਰ ਮਨ ਦੇ ਗਿਆਨ ਦਾ ਮਾਲਕ ਹੈ। ਤ੍ਰੈਗੁਣਾਂ ਵਾਲੀ ਅਵਸਥਾ ਭਾਵ ਮਾਇਆ ਦੀ ਜੁਗਤਿ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਤੇ ਕੀ ਇਹ ਤ੍ਰੈਗੁਣਾਂ ਵਾਲੀ ਜੁਗਤਿ ਕਿਸੇ ਮਨੁੱਖ ਦੀ **"ਦਾਸਿ"** ਹੋ ਸਕਦੀ ਹੈ ਭਾਵ ਕਿਸੇ ਮਨੁੱਖ ਦੇ ਅਧੀਨ ਹੋ ਸਕਦੀ ਹੈ, ਕਿਸੇ ਮਨੁੱਖ ਦੀ ਮਰਜੀ ਨਾਲ ਚਲ ਸਕਦੀ ਹੈ। ਜਿਸ ਦੀ ਮਰਜੀ ਨਾਲ ਇਹ ਸਾਡੇ ਅੰਦਰ ਵਿਚਰਦੀ ਹੈ ਉਹ ਗਿਆਨੀ ਹੈ ਭਾਵ ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਜੋਤਿ ਰੂਪ ਵਿਚ ਗਿਆਨੀ ਹੈ ਜਿਸ ਰਾਹੀਂ ਮਨ ਦੇ ਵਿੱਚ ਸਾਰਾ ਗਿਆਨ ਉਪਜਦਾ ਹੈ। ਜਦ ਤਕ ਕਿਸੇ ਦੇ ਅੰਦਰੋਂ ਪ੍ਰਮਾਤਮਾ ਇਹ ਭਰਮ ਦਾ ਪੜਦਾ ਦੂਰ ਨਹੀਂ ਕਰਦਾ ਤਦ ਤਕ ਹੀ ਕੋਈ ਆਪਣੇ ਆਪ ਨੂੰ ਗਿਆਨੀ ਅਖਵਾ

ਸਕਦਾ ਹੈ, ਬ੍ਰਹਮ ਗਿਆਨੀ ਅਖਵਾਉਣਾ ਤਾਂ ਬਹੁਤ ਹੀ ਵੱਡੀ ਭੁੱਲ ਹੈ ਭਾਵ ਵੱਡਾ ਭਰਮ ਹੈ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹੀ ਕੋਈ ਆਪਣੇ ਆਪ ਨੂੰ ਗਿਆਨਵਾਨ ਸਮਝ ਸਕਦਾ ਹੈ। (**ਗਿਆਨੀ ਕੀ ਹੋਇ ਵਰਤੀ ਦਾਸਿ ॥**) ਅਗਲੀਆਂ ਪੰਗਤੀਆਂ ਰਾਹੀਂ ਤ੍ਰੈਗੁਣਾਂ ਵਾਲੀ ਅਵਸਥਾ ਦਾ ਦਾਸਿ ਰੂਪ ਹੀ ਸਮਝਾਇਆ ਹੋਇਆ ਹੈ ਕਿ ਉਹ ਚੌਥੇ ਪਦ ਦੇ ਗਿਆਨ ਦੇ ਸਾਹਮਣੇ ਭਾਵ ਬ੍ਰਹਮ ਗਿਆਨ ਦੇ ਸਾਹਮਣੇ ਕਿਤਨੀ ਨੀਵੀਂ ਮਤਿ ਹੈ। ਤ੍ਰੈਗੁਣਾਂ ਵਾਲੀ ਮਤਿ ਚੌਥੇ ਪਦ ਦੇ ਹੁਕਮ ਦੁਆਰਾ ਹੀ ਵਿਚਰਦੀ ਹੈ ਪਰ ਇਸ ਦੀ ਸਮਝ ਚੌਥੇ ਪਦ ਵਿਚ ਪਹੁੰਚ ਕੇ ਹੀ ਮਿਲਦੀ ਹੈ, ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਭਾਵ ਉਸਦਾ ਗੁਰਮੁਖਿ ਰੂਪ ਬਣਨ ਦੁਆਰਾ ਹੀ ਪੈਂਦੀ ਹੈ ਜਿਸ ਦੁਆਰਾ ਮਨ ਦੇ ਵਿਚ ਪ੍ਰਮਾਤਮਾ ਤ੍ਰੈਗੁਣਾਂ ਵਾਲੀ ਮਤਿ ਨੂੰ ਭਾਵ ਭਰਮ ਵਾਲੀ ਮਤਿ ਨੂੰ ਫਿਰ ਨੇੜੇ ਨਹੀਂ ਲੱਗਣ ਦਿੰਦਾ ਭਾਵ ਫਿਰ ਉਹ ਗੁਰਮਤਿ ਰੂਪ ਸੱਚੀ ਸੋਝੀ ਦੁਆਰਾ ਵਿਚਰਦਾ ਹੈ, ਧਰਮ ਦੇ ਸੱਚੇ ਮਾਰਗ ਨੂੰ ਸਮਝਕੇ ਉਸ ਦੁਆਰਾ ਵਿਚਰਦਾ ਹੈ ਤੇ ਸੰਸਾਰ ਨੂੰ ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ। (**ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥ ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥੪॥੧॥**)

ਬ੍ਰਹਮ ਗਿਆਨੀ ਕੇਵਲ ਗੁਰੂ ਹੈ ਤੇ ਗੁਰੂ ਸਾਡੇ ਅੰਦਰ ਦੀ ਜੋਤਿ ਹੈ ਜਿਸਦਾ ਕੋਈ ਆਕਾਰ ਨਹੀਂ ਹੈ ਇਸੇ ਲਈ ਬ੍ਰਹਮਗਿਆਨੀ ਆਪ ਨਿਰੰਕਾਰ ਹੈ ਜਿਸ ਨੇ ਆਪ ਹੀ ਵੱਖਰੇ ਵੱਖਰੇ ਸਰੀਰਾਂ ਵਿਚ, ਆਪਣੇ ਜੋਤਿ ਰੂਪ ਵਿਚ ਪ੍ਰਗਟ ਹੋ ਕੇ ਗੁਰਬਾਣੀ ਰਾਹੀਂ ਬ੍ਰਹਮ ਗਿਆਨ ਦੀ ਕਥਨਾ ਕੀਤੀ ਹੈ।

{ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥}

(ਅੰਗ - ੧੪੦੮)

ਜਿਸ ਸਰੀਰ ਵਿਚ ਪ੍ਰਮਾਤਮਾ ਆਪਣੇ ਆਪ ਨੂੰ ਜੋਤਿ ਰੂਪ ਵਿਚ ਪ੍ਰਗਟ ਕਰਦਾ ਹੈ ਉਸ ਦੇ ਜੋਤਿ ਰੂਪ ਮਨ ਵਿਚੋਂ ਸਾਰੇ ਭਰਮ ਹੀ ਕੱਢਦਾ ਹੈ, ਸਾਰੇ ਭੈ ਕੱਢਦਾ ਹੈ ਤੇ ਤਾਂ ਹੀ ਉਹ ਬ੍ਰਹਮ ਗਿਆਨ ਦੀ ਕਥਾ ਕਰ ਸਕਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ।

38/4593

“ਇਤ ਉਤ ਦਹ ਦਿਸਿ ਰਵਿਓ ਮੇਰ ਤਿਨਹਿ ਸਮਾਨਿ ॥੧॥

ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ ॥

ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ ॥੨॥੧॥੪॥”

(ਅੰਗ - ੧੩੨੨)

ਜਿੰਨ੍ਹਾਂ ਨੇ ਬ੍ਰਹਮ ਗਿਆਨ ਰੂਪ ਗੁਰਬਾਣੀ ਨੂੰ ਕਥਿਆ ਹੈ ਭਾਵ ਰਚਿਆ ਹੈ ਭਾਵ ਕਥਨ ਦਆਰਾ ਰਚਿਆ ਹੈ ਉਨ੍ਹਾਂ ਨੇ ਮਨ ਦੇ ਭਰਮ ਤੋਂ ਰਹਿਤ ਹੋ ਕੇ ਰੱਚਿਆ ਹੈ ਭਾਵ ਜਿਥੇ ਭਰਮ ਹੈ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਹੈ, ਮਾਇਆ ਮੋਹ ਦੀ ਜੁਗਤਿ ਹੈ ਉਥੇ ਬ੍ਰਹਮਗਿਆਨ ਨਹੀਂ ਹੈ ਭਾਵ ਭਰਮ ਤੋਂ ਖਲਾਸੀ ਬ੍ਰਹਮ ਗਿਆਨ ਦੁਆਰਾ ਹੀ ਹੁੰਦੀ ਹੈ। ਮਨ ਦੇ ਵਿਚ ਬ੍ਰਹਮ ਗਿਆਨ ਦੀ ਸੋਝੀ ਪੈਣ ਦੁਆਰਾ ਹੀ ਬ੍ਰਹਮ ਗਿਆਨ ਦੀ ਕਥਨਾ ਕੀਤੀ ਜਾ ਸਕਦੀ ਹੈ। ਜਿੰਨ੍ਹਾਂ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ ਹੈ ਉਨ੍ਹਾਂ ਨੂੰ ਇਸ ਗੱਲ ਦੀ ਵੀ ਸਮਝ ਹੈ ਕਿ ਬ੍ਰਹਮ ਗਿਆਨ ਕਿਥੋਂ ਆਉਂਦਾ ਹੈ। ਬ੍ਰਹਮ ਗਿਆਨ ਦੀ ਸੋਝੀ ਪੈਣ ਨਾਲ ਗੁਰਬਾਣੀ ਦੀ ਸੋਝੀ ਪੈਣਾ ਵੀ ਸੁਭਾਵਿਕ ਹੈ ਕਿਉਂਕਿ ਪੂਰੀ ਗੁਰਬਾਣੀ ਵਿਚ ਬ੍ਰਹਮ ਗਿਆਨ ਹੈ। ਬ੍ਰਹਮ ਗਿਆਨ ਦਾ ਸ੍ਰੋਤ ਇਕੋ ਹੀ ਹੈ ਜੋ ਕਿ ਆਪ ਨਿਰੰਕਾਰ ਹੈ। ਨਿਰੰਕਾਰ ਇਕੋ ਹੀ ਹੈ, ਜਿਆਦਾ ਨਹੀਂ ਹੋ ਸਕਦੇ। ਜੇਕਰ ਸੋਝੀ ਆਪ ਨਿਰੰਕਾਰ ਪਾਉਂਦਾ ਹੈ ਤਾਂ ਫਿਰ ਉਹ ਸੋਝੀ ਸਭ ਨੂੰ ਇੱਕੋ ਜਿਹੀ ਹੀ ਪਾਉਂਦਾ ਹੈ ਭਾਵ ਸਭ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜੋ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਹਨਾਂ ਦੇ ਮਨ ਦੇ ਵਿਚੋਂ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਜਾਣਿਆ ਹੈ। ਬ੍ਰਹਮ ਗਿਆਨ ਸਾਡੇ ਮਨ ਦੀ ਸੋਝੀ ਹੈ ਭਾਵ ਭਰਮ ਰਹਿਤ ਸੋਝੀ ਹੈ। ਇਹ ਸੋਝੀ ਮਨ ਦੇ ਵਿਚ ਸਾਧਸੰਗਿ ਹੋਣ ਦੁਆਰਾ ਮਿਲਦੀ ਹੈ ਭਾਵ ਉਸ ਸਾਧੂ ਰੂਪ, ਗੁਰੂ ਰੂਪ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਦੁਆਰਾ ਮਿਲਦੀ ਹੈ। ਸਾਡੇ ਅੰਦਰ ਦਾ ਬ੍ਰਹਮ ਗਿਆਨ ਹੀ ਸਾਧ ਹੈ, ਗੁਰੂ ਹੈ, ਭਗਤ ਹੈ ਜੋ ਕਿ ਸਾਡੇ ਅੰਦਰ ਜੋਤਿ ਰੂਪ ਵਿਚ ਹੈ। ਇਹ ਮਨੁੱਖੀ ਸਰੀਰ ਬ੍ਰਹਮ ਗਿਆਨੀ ਨਹੀਂ ਹੈ, ਸਾਧ, ਗੁਰੂ, ਭਗਤ ਨਹੀਂ ਹੈ ਭਾਵ ਸਾਡਾ ਮਨ ਹੈ, ਮਨ ਦਾ ਸੱਚਾ ਗਿਆਨ ਹੈ ਜੋ ਇਸ ਸਰੀਰ ਨੂੰ ਭਗਤੀ ਦੀ ਸੱਚੀ ਸੋਝੀ ਪਾ ਕੇ ਸੱਚੇ ਮਾਰਗ ਤੇ ਚਲਾਉਂਦਾ ਹੈ। ਗੁਰੂ, ਸਾਧ, ਭਗਤ, ਬ੍ਰਹਮ ਗਿਆਨੀ ਬਿਨਸਨ ਹਾਰ ਨਹੀਂ ਹੈ ਕਿਉਂਕਿ ਉਹ ਨਿਰੰਕਾਰ ਰੂਪ ਹੈ ਜੋ ਕਦੇ ਬਿਨਸ ਨਹੀਂ ਸਕਦਾ। ਇਹ ਸਰੀਰ ਬਿਨਸਨਹਾਰ ਹੈ ਜੋ ਕਿ ਇੱਕ ਮਿੱਟੀ ਦਾ ਪੁਤਲਾ ਹੈ। ਇਸ ਮਿੱਟੀ ਦਾ ਮਾਲਕ ਭਾਵ ਇਸ ਨੂੰ ਚਲਾਉਣ ਵਾਲਾ ਸਾਡੇ ਅੰਦਰ ਦਾ ਗਿਆਨ ਹੈ। ਜਦ ਤਕ ਸਾਡੇ ਅੰਦਰ ਦਾ ਗਿਆਨ ਤ੍ਰੈਗੁਣਾਂ ਵਾਲਾ ਹੈ ਉਸ ਦੇ ਅੰਦਰ ਭਰਮ ਹੈ। ਭਰਮ ਬਿਨਸ ਜਾਂਦਾ ਹੈ ਤੇ ਨਾ ਬਿਨਸਨ ਵਾਲੀ ਵਸਤੂ ਸੱਚ ਹੈ ਭਾਵ ਜੋ ਗਿਆਨ ਭਰਮ ਤੋਂ ਰਹਿਤ ਹੈ ਉਹ ਸੱਚ ਹੈ ਜੋ ਕਦੇ ਬਿਨਸ ਨਹੀਂ ਸਕਦਾ ਭਾਵ ਸਦਾ ਥਿਰ ਰਹਿਣ ਵਾਲਾ ਹੈ। ਗੁਰੂ ਦੇ

38/4594

ਬੋਲ ਬਿਨਸਨਹਾਰ ਨਹੀਂ ਹਨ ਕਿਉਂਕਿ ਉਹਨਾਂ ਦੇ ਅੰਦਰ ਸੱਚ ਹੈ, ਉਹ ਭਰਮ ਤੋਂ ਰਹਿਤ ਹਨ। ਜਿਥੇ ਬ੍ਰਹਮ ਗਿਆਨ ਹੈ

ਉਹ ਸੱਚ ਹੈ। ਇਸੇ ਲਈ ਪੂਰੀ ਬਾਣੀ ਸੱਚ ਹੈ ਭਾਵ ਸੱਚੀ ਬਾਣੀ ਹੈ ਜੋ ਉਸ ਸੱਚੇ ਨੇ ਆਪ ਮਨ ਦੇ ਵਿਚ ਪ੍ਰਗਟ ਹੋ ਕੇ ਰਚਵਾਈ ਹੈ, ਮਨ ਦੇ ਵਿਚ ਆਪ ਬੋਲ ਬੋਲ ਕੇ ਅਖਵਾਈ ਹੈ। ਜਦ ਤਕ ਸਾਡੇ ਅੰਦਰ ਇਹੋ ਜਿਹਾ ਸੱਚ ਨਹੀਂ ਵੱਸਦਾ ਜੋ ਬਿਨਸਨ ਤੋਂ ਰਹਿਤ ਹੈ ਤਦ ਤਕ ਸਾਡਾ ਜੀਵਨ ਸਫਲ ਨਹੀਂ ਹੋ ਸਕਦਾ। ਸਾਡੀ ਮਤਿ ਨੂੰ ਥਿਰ ਕਰਨ ਵਾਲਾ ਸੱਚ ਹੈ ਭਾਵ ਨਾਮ ਹੈ ਭਾਵ ਸ਼ਬਦਾਂ ਦੀ ਵਿਚਾਰ ਹੈ ਜਿੰਨ੍ਹਾਂ ਵਿਚ ਪੂਰਨ ਸੱਚ ਹੈ ਜੋ ਮਤਿ ਫਿਰ ਕਦੇ ਡੋਲਦੀ ਨਹੀਂ, ਮਾਇਆ ਮੋਹ ਵਿੱਚ ਡੋਲਦੀ ਨਹੀਂ। ਸਾਡੇ ਮਨ ਨੂੰ ਭਰਮਾਂ ਵਾਲੀ ਮਤਿ ਡੋਲਾਂਦੀ ਹੈ ਜੋ ਸਾਡੇ ਅੰਦਰ ਸੱਚ ਨੂੰ ਟਿੱਕਣ ਨਹੀਂ ਦਿੰਦੀ। ਜਿਵੇਂ ਕਿ ਉਪਰ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਧਸੰਗਿ ਦੁਆਰਾ ਭਰਮ ਤੇ ਭੈ ਮਿਟਦੇ ਹਨ ਭਾਵ ਇਹ ਗੱਲ ਸੱਚ ਹੈ ਪਰ ਸਾਡਾ ਮਨ ਇਸ ਗੱਲ ਨੂੰ ਮੰਨਣ ਤੋਂ ਡੋਲਦਾ ਹੈ ਤੇ ਅਸੀਂ ਇਹ ਮੰਨੀ ਬੈਠੇ ਹਾਂ ਕਿ ਸਾਧਸੰਗਤਿ ਮਨੁੱਖੀ ਸਰੀਰਾਂ ਦੀ ਸੰਗਤਿ ਹੈ ਜਿਵੇਂ ਕਿ ਸਭ ਪਾਸੇ ਪ੍ਰਚਾਰ ਕੀਤਾ ਜਾਂਦਾ ਹੈ। ਧਰਮ ਦੇ ਗਿਆਨੀ ਅਖਵਾਉਣ ਵਾਲੇ, ਸੰਤ, ਬ੍ਰਹਮਗਿਆਨੀ ਆਦਿ ਅਖਵਾਉਣ ਵਾਲੇ ਵੀ ਇਸੇ ਗੱਲ ਦਾ ਹੀ ਪ੍ਰਚਾਰ ਕਰਦੇ ਹਨ ਕਿ ਸਾਧਸੰਗਤਿ ਮਨੁੱਖੀ ਸੰਗਤਿ ਦਾ ਇਕੱਠ ਹੈ। ਸਾਨੂੰ ਬਾਣੀ ਰਾਹੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਕਿ ਸਾਧਸੰਗਿ ਕੀ ਹੈ ਪਰ ਫਿਰ ਵੀ ਸਾਨੂੰ ਉਸ ਗੱਲ ਵਿਚ ਸੱਚ ਨਜਰ ਨਹੀਂ ਆਉਂਦਾ ਭਾਵ ਸਾਡਾ ਮਨ ਭਰਮ ਵਿਚ ਸੱਚ ਤੋਂ ਡੋਲ ਜਾਂਦਾ ਹੈ। ਮਨ ਦਾ ਇਹ ਡੋਲਣਾ ਮਾਇਆ ਮੋਹ ਹੀ ਹੈ ਭਾਵ ਇਹ ਸਾਡੇ ਅੰਦਰ ਦੀ ਮਾਇਆ ਮੋਹ ਦੀ ਜੁਗਤਿ ਹੀ ਹੈ। ਮਨ ਦੇ ਵਿਚ ਸੱਚ ਦੀ ਸੋਝੀ ਪਏ ਬਿਨਾ ਜਿਸ ਕਰਕੇ ਸਾਡਾ ਮਨ ਡੋਲਦਾ ਹੈ ਉਸ ਦੇ ਪਿਛੇ ਸਾਡੇ ਮਨ ਦਾ ਕੋਈ ਭੈ ਹੁੰਦਾ ਹੈ, ਡਰ ਹੁੰਦਾ ਹੈ। ਸਾਡੇ ਮਨ ਦਾ ਕੋਈ ਨ ਕੋਈ ਡਰ ਹੀ ਸਾਨੂੰ ਗੁਰੂ ਦੇ ਦੱਸੇ ਹੋਏ ਸੱਚ ਦੇ ਨਾਲ ਜੁੜਨ ਨਹੀਂ ਦਿੰਦਾ। ਜਿਹੋ ਜਿਹੇ ਭਗਤੀ ਦੇ ਤਰੀਕੇ ਅਸੀਂ ਸਮਝੇ ਹੋਏ ਹਨ ਉਹ ਅਸੀਂ ਜਿੰਨ੍ਹਾਂ ਕੋਲੋਂ ਸਮਝੇ ਹੋਏ ਹਨ ਉਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਬਹੁਤ ਉੱਚਾ ਮੰਨਿਆ ਹੁੰਦਾ ਹੈ ਕਿ ਉਨ੍ਹਾਂ ਦੀ ਗੱਲ ਮੰਨਣ ਨਾਲ ਸਾਡੇ ਤੇ ਕਿਰਪਾ ਹੋ ਜਾਂਦੀ ਹੈ ਜਿਵੇਂ ਕਿ ਸਾਡੇ ਕਾਰੋਬਾਰ ਵਿਚ ਵਾਧਾ ਹੋ ਜਾਂਦਾ ਹੈ, ਸਾਡੀਆਂ ਕਈ ਮਨਸ਼ਾਂ ਪੂਰੀਆਂ ਹੋ ਜਾਂਦੀਆਂ ਹਨ ਭਾਵ ਸਾਡੇ ਅੰਦਰ ਇਹ ਭਉ ਹੁੰਦਾ ਹੈ ਕਿ ਜੇਕਰ ਅਸੀਂ ਉਨ੍ਹਾਂ ਦੇ ਬਚਨ ਨਾ ਮੰਨੇ ਤਾਂ ਸਾਡਾ ਨੁਕਸਾਨ ਹੋ ਜਾਵੇਗਾ। ਮਨ ਦੇ ਇਸ ਭਉ ਕਰਕੇ ਅਸੀਂ ਭਰਮ ਵਿਚੋਂ ਨਿਕਲਣਾ ਨਹੀਂ ਚਾਹੁੰਦੇ ਭਾਵ ਮਨ ਦਾ ਭਉ ਸਾਨੂੰ ਭਰਮ ਵਿਚ ਹੀ ਰੱਖਦਾ ਹੈ। ਭਾਵੇਂ ਬਾਣੀ ਸਾਨੂੰ ਬਾਰ ਬਾਰ ਸਮਝਾ ਰਹੀ ਹੈ ਕਿ ਕਿਸੇ ਅੱਖਰ ਨੂੰ

38/4595

ਰਟੀ ਜਾਣਾ ਨਾਮ ਨਹੀਂ ਹੈ ਪਰ ਸਾਡੇ ਸਭ ਦੇ ਅੰਦਰ ਇਹ ਗੱਲ ਵੱਸੀ ਰਹਿੰਦੀ ਹੈ ਕਿ ਜੋ ਸਾਨੂੰ ਮਾਇਆ ਦੀ ਪ੍ਰਾਪਤੀ ਹੁੰਦੀ ਹੈ ਜਾਂ ਸਾਡੀਆਂ ਹੋਰ ਇੱਛਾਵਾਂ ਪੂਰੀਆਂ ਹੁੰਦੀਆਂ ਹਨ ਉਹ ਇਹੋ ਜਿਹਾ ਨਾਮ ਜਪਣ ਦੁਆਰਾ ਹੀ ਪੂਰੀਆਂ ਹੁੰਦੀਆਂ ਹਨ ਤੇ ਸਾਡੇ ਅੰਦਰ ਇਹ ਭਉ ਬਣਿਆ ਰਹਿੰਦਾ ਹੈ ਕਿ ਮੈਂ ਜਪ ਤਪ ਛੱਡ ਦਿੱਤਾ ਤਾਂ ਫਿਰ ਮੈਨੂੰ ਦਾਤਾ ਨਹੀਂ ਮਿਲਣਗੀਆਂ। ਇਹ ਭਉ ਸਾਨੂੰ ਭਰਮ ਨਾਲ ਜੋੜਕੇ ਰੱਖਦਾ ਹੈ ਤੇ ਸੱਚ ਨਾਲ ਨਹੀਂ ਜੁੜਨ ਦਿੰਦਾ। ਇਹ ਭਉ ਭਰਮ ਦਾ ਹਥਿਆਰ ਹੈ ਜਿਸ ਕਰਕੇ ਭਰਮ ਦੀ ਜੁਗਤਿ ਕਾਮਯਾਬ ਹੁੰਦੀ ਹੈ, ਭਰਮ ਦੀ ਬਾਰ-ਬਾਰ ਜਿੱਤ ਹੁੰਦੀ ਹੈ ਤੇ ਸੱਚ ਦੀ ਬਾਰ ਬਾਰ ਹਾਰ ਹੁੰਦੀ ਹੈ। ਭੈ ਰੂਪ ਹਥਿਆਰ ਬਹੁਤ ਵੱਡਾ ਹਥਿਆਰ ਹੈ, ਮਾਇਆ ਦਾ ਹਥਿਆਰ ਹੈ ਜਿਸ ਦੇ ਵਾਰ ਤੋਂ ਬਚਣਾ ਬਹੁਤ ਔਖਾ ਹੈ। ਜਿਹੋ ਜਿਹੀ ਭਗਤੀ ਦੇ ਮਾਰਗ ਨਾਲ ਕੋਈ ਜੁੜਿਆ ਹੋਇਆ ਹੈ ਉਹ ਮਨ ਦੇ ਭਰਮ ਕਰਕੇ, ਅਗਿਆਨਤਾ ਕਰਕੇ ਹੀ ਹੈ ਤੇ ਸਮਾਜ ਵਿੱਚ ਇਹੋ ਜਿਹੀ ਭਗਤੀ ਕਬੂਲ ਹੁੰਦੀ ਹੈ ਜਿਸ ਕਰਕੇ ਸਮਾਜ ਵਿਚੋਂ ਉੱਚਾ ਮਾਣ ਮਿਲਦਾ ਹੈ ਤੇ ਜੇਕਰ ਸੱਚ ਦੀ ਗੱਲ ਮੰਨ ਕੇ ਆਪਣੇ ਭਗਤੀ ਦੇ ਤਰੀਕੇ ਛੱਡਣਾ ਚਾਹੇ ਤਾਂ ਫਿਰ ਆਪਣਾ ਮਾਣ ਖਤਮ ਹੋਣ ਦਾ ਭਉ ਹੈ ਜੋ ਕਿ ਬਹੁਤ ਹੀ ਵੱਡਾ ਭਉ ਹੈ। ਕਿਸੇ ਸੰਤ ਆਦਿ ਅਖਵਾਉਣ ਵਾਲੇ ਨੂੰ ਕਦੇ ਇਹ ਕਹਿ ਕੇ ਦੇਖੋ ਕਿ ਸੰਤ ਅਖਵਾਉਣਾ ਗੁਰਮਤਿ ਦੇ ਉਲਟ ਹੈ ਭਾਵ ਸੱਚ ਦੇ ਉਲਟ ਹੈ ਉਹ ਸੰਤ ਅਖਵਾਉਣਾ ਛੱਡਣ ਤੋਂ ਤਿਆਰ ਨਹੀਂ ਹੋਵੇਗਾ ਕਿਉਂਕਿ ਉਸ ਦੇ ਨਾਲ ਵੱਡਾ ਮਾਣ ਖਤਮ ਹੋਣ ਦਾ ਡਰ ਹੈ। ਇਹ ਡਰ ਸਾਨੂੰ ਸੱਚ ਦੇ ਨਾਲ ਜੁੜਨ ਨਹੀਂ ਦਿੰਦਾ ਭਾਵ ਇਸ ਭਉ ਵਿਚੋਂ ਨਿਕਲਣਾ ਬਹਤੁ ਔਖਾ ਹੈ। ਜੋ ਵੀ ਭਗਤੀ ਦੇ ਮਾਰਗ ਨਾਲ ਜੁੜਿਆ ਹੋਇਆ ਹੈ, ਜਿਸ ਤਰੀਕੇ ਵੀ ਜੁੜਿਆ ਹੋਇਆ ਹੈ ਉਹ ਉਸ ਨੂੰ ਸੱਚ ਸਮਝਕੇ ਹੀ ਜੁੜਿਆ ਹੋਇਆ ਹੈ ਤੇ ਇਸ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ ਕਿ ਮੈਂ ਭਗਤੀ ਦੇ ਮਾਰਗ ਤੇ ਅਗੇ ਵੱਧ ਰਿਹਾ ਹਾਂ ਤੇ ਇਸੇ ਤਰ੍ਹਾਂ ਪ੍ਰਮਾਤਮਾ ਨੂੰ ਪਾ ਲਵਾਂਗਾ। ਉਸ ਦੇ ਅੰਦਰ ਇਹ ਝੂਠਾ ਵਿਸ਼ਵਾਸ ਉਸ ਨੂੰ ਡਰ ਦੇ ਨਾਲ ਜੋੜਕੇ ਰੱਖਦਾ ਹੈ ਕਿ ਇਹੋ ਜਿਹੀ ਭਗਤੀ ਨੂੰ ਛੱਡਣ ਨਾਲ ਮੈਂ ਪ੍ਰਮਾਤਮਾ ਨੂੰ ਨਹੀਂ ਪਾ ਸਕਾਂਗਾ ਭਾਵ ਸਾਡੇ ਅੰਦਰ ਇਹ ਡਰ ਸਾਨੂੰ ਭਰਮ ਦੇ ਨਾਲ ਹੀ ਜੋੜ ਕੇ ਰੱਖਦਾ ਹੈ। ਇਸੇ ਲਈ ਧਰਮ ਦੇ ਮਾਰਗ ਨੂੰ ਲੈ ਕੇ ਭਰਮਾਂ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ। ਸਾਡੇ ਅੰਦਰ ਇਹ ਜੁਗਤਿ ਪ੍ਰਮਾਤਮਾ ਦੀ

ਆਪਣੀ ਪਾਈ ਹੋਈ ਹੈ ਤੇ ਕਿਸੇ ਨੂੰ ਉਹ ਮਨ ਦੇ ਭਰਮ ਵਿੱਚੋਂ ਆਪ ਹੀ ਕੱਢਦਾ ਹੈ ਤੇ ਨਾਲ ਹੀ ਫਿਰ ਸਾਰੇ ਭਉ ਦੂਰ ਹੋ ਜਾਂਦੇ ਹਨ। ਸਾਧਸੰਗਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ ਜਿਸ ਦੁਆਰਾ ਉਹ ਆਪਣਾ ਬ੍ਰਹਮ ਗਿਆਨ ਦੇਣ ਦੁਆਰਾ ਮਨੁੱਖ ਨੂੰ ਭਰਮਾਂ ਵਿਚੋਂ ਤੇ ਭਉ ਵਿਚੋਂ ਕੱਢ ਲੈਂਦਾ ਹੈ।

38/4596

ਮਨ ਦੇ ਭਰਮ ਕਰਕੇ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰਹਿੰਦੇ ਹਾਂ, ਉਸ ਨਿਰੰਕਾਰ ਰੂਪ ਬ੍ਰਹਮ ਗਿਆਨੀ ਨੂੰ ਜਾਨਣ ਤੋਂ ਦੂਰ ਰਹਿੰਦੇ ਹਾਂ ਤੇ ਮਨ ਦਾ ਭਰਮ ਨਿਕਲਣ ਦੁਆਰਾ ਭਾਵ ਸਾਧਸੰਗਿ ਹੋਣ ਦੁਆਰਾ ਉਹ ਹੀ ਸਭ ਵਿਚ ਨਜ਼ਰ ਆਉਂਦਾ ਹੈ। ਜਿਸ ਰੂਪ ਵਿਚ ਉਹ ਆਪਣੇ ਅੰਦਰੋਂ ਨਜਰ ਆਉਂਦਾ ਹੈ ਉਸੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਰੂਪ ਵਿਚ ਉਹ ਸਭ ਵਿਚ ਨਜਰ ਆਉਂਦਾ ਹੈ। ਹਰ ਆਕਾਰ ਰੂਪ ਵਿਚ ਉਹ ਆਪ ਹੀ ਆਪਣੇ ਨਿਰੰਕਾਰ ਰੂਪ ਵਿਚ ਨਜਰ ਆਉਂਦਾ ਹੈ। (**ਇਤ ਉਤ ਦਹ ਦਿਸਿ ਰਵਿਓ ਮੇਰ ਤਿਨਹਿ ਸਮਾਨਿ ॥੧॥ ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ ॥ ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ ॥੨॥੧॥੪॥**)

ਇਸ ਗੱਲ ਨੂੰ ਭਾਵੇਂ ਹਰ ਕੋਈ ਮੰਨਦਾ ਹੈ ਕਿ ਗੁਰਬਾਣੀ ਸੱਚੀ ਬਾਣੀ ਹੈ ਪਰ ਉਸ ਦੇ ਅੰਦਰ ਸਮਝਾਏ ਹੋਏ ਸੱਚ ਨਾਲ ਜੁੜਨਾ ਬਹੁਤ ਔਖਾ ਹੈ ਭਾਵ ਮਾਇਆ ਮੋਹ ਦੀ ਜੁਗਤਿ ਸਾਨੂੰ ਸੱਚ ਨਾਲ ਜੁੜਨ ਤੋਂ ਦੂਰ ਰਖਦੀ ਹੈ। ਬਾਣੀ ਰਾਹੀਂ ਸਾਨੂੰ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਅਸੀਂ ਜੋ ਪ੍ਰਮਾਤਮਾ ਨੂੰ ਧਿਆਉਂਦੇ ਹਾਂ, ਆਪਣੀ ਆਪਣੀ ਮਤਿ ਅਨੁਸਾਰ ਧਿਆਉਂਦੇ ਹਾਂ ਉਹ ਅਸੀਂ ਮਾਇਆ ਲਈ ਹੀ ਧਿਆਉਂਦੇ ਹਾਂ, ਮਾਇਆ ਰੂਪ ਦਾਤਾਂ ਲਈ ਹੀ ਧਿਆਉਂਦੇ ਹਾਂ ਪਰ ਸਾਡੇ ਧਿਆਉਣ ਨਾਲ ਮਾਇਆ ਦੀਆਂ ਦਾਤਾਂ ਮਿਲਣ ਦਾ ਕੋਈ ਸੰਬੰਧ ਨਹੀਂ ਹੈ ਪਰ ਫਿਰ ਵੀ ਕੋਈ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦਾ ਭਾਵ ਮਨ ਦਾ ਭਰਮ ਨਹੀਂ ਜਾਂਦਾ ਜਿਸ ਦਾ ਕਾਰਨ ਸਾਡੇ ਅੰਦਰ ਦਾ ਭਉ ਹੈ ਕਿ ਸਾਨੂੰ ਦਾਤਾਂ ਪ੍ਰਮਾਤਮਾ ਨੂੰ ਧਿਆਉਣ ਨਾਲ ਹੀ ਮਿਲਦੀਆਂ ਹਨ। ਜੋ ਦਾਤਾਂ ਪ੍ਰਮਾਤਮਾ ਨੇ ਸਾਨੂੰ ਦੇਣ ਲਈ ਪਹਿਲੇ ਤੋਂ ਹੀ ਥਾਪੀਆਂ ਹੋਈਆਂ ਹਨ ਉਹ ਸਾਨੂੰ ਮਿਲ ਹੀ ਜਾਣੀਆਂ ਹਨ ਜਿਸ ਦਾ ਪ੍ਰਮਾਤਮਾ ਨੰ ਧਿਆਉਣ ਨਾਲ ਮਕਸਦ ਨਹੀਂ ਹੈ। ਪ੍ਰਮਾਤਮਾ ਨੂੰ ਧਿਆਉਣ ਦਾ ਮਕਸਦ ਕੇਵਲ ਪ੍ਰਮਾਤਮਾ ਨੂੰ ਪਾਉਣ ਦੇ ਨਾਲ ਹੈ। ਪ੍ਰਮਾਤਮਾ ਦਾ ਅਸਲ ਧਿਆਉਣਾ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਧਿਆਉਣਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਆਪਣੇ ਅੰਦਰ ਵਸਾਉਣਾ ਹੈ ਜਿਸ ਦਾ ਮਕਸਦ ਹੀ ਸਾਨੂੰ ਮਾਇਆ ਮੋਹ ਵਿਚੋਂ ਕੱਢਣ ਦਾ ਹੈ।

{ਸੰਪੈ ਕਉ ਈਸਰੁ ਧਿਆਈਐ ॥ ਸੰਪੈ ਪੁਰਬਿ ਲਿਖੇ ਕੀ ਪਾਈਐ ॥
ਸੰਪੈ ਕਾਰਣਿ ਚਾਕਰ ਚੋਰ ॥ ਸੰਪੈ ਸਾਥਿ ਨ ਚਾਲੈ ਹੋਰ ॥}

(ਅੰਗ - ੯੩੭)

38/4597

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ - ੨੭)

ਜਦ ਤਕ ਸਾਡੇ ਅੰਦਰ ਸੱਚਾ ਗਿਆਨ ਨਹੀਂ ਹੈ ਤਦ ਤਕ ਅਸੀਂ ਨਾ ਭਰਮਾਂ ਵਿਚੋਂ ਨਿਕਲ ਸਕਦੇ ਹਾਂ ਤੇ ਨਾ ਹੀ ਭਉ ਵਿਚੋਂ ਨਿਕਲ ਸਕਦੇ ਹਾਂ ਕਿਉਂਕਿ ਇਹ ਦੋਵੇਂ ਗੱਲਾਂ ਆਪਸ ਵਿਚ ਜੁੜੀਆਂ ਹੋਈਆਂ ਹਨ। ਮਨੁੱਖ ਦਾ ਸਭ ਤੋਂ ਵੱਡਾ ਭਉ ਮਰਨ ਦਾ ਹੈ, ਸਰੀਰਕ ਰੂਪ ਵਿਚ ਮੌਤ ਦਾ ਹੈ। ਇਹ ਵੀ ਸਾਡਾ ਭਰਮ ਹੈ ਜਿਵੇਂ ਕਿ ਪਿਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਸਾਡਾ ਜੀਵਨ ਮਰਨ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ ਇਸ ਦੀ ਸਮਝ ਮਨ ਦਾ ਭਰਮ ਦੂਰ ਹੋਣ ਦੁਆਰਾ ਹੀ ਪੈਂਦੀ ਹੈ ਭਾਵ ਮਨੁੱਖ ਦਾ ਇਹ ਭਉ ਮਨ ਦਾ ਭਰਮ ਹੈ। ਜਦ ਤਕ ਮਨ ਦਾ ਭਰਮ ਨਹੀਂ ਮਰਦਾ ਤਦ ਤਕ ਇਹ ਸਮਝ ਹੀ ਨਹੀਂ ਪੈਂਦੀ ਕਿ ਮਨੁੱਖੀ ਰੂਪ ਕੀ ਹੈ। ਜਦ ਤਕ ਸਾਨੂੰ ਇਹ ਸਮਝ ਹੀ ਨਹੀਂ ਪੈਂਦੀ ਕਿ ਸਾਡੇ ਗਿਆਨ ਦਾ ਸ੍ਰੋਤ ਕੀ ਹੈ ਤਦ ਤਕ ਹਰ ਕੋਈ ਭਰਮ ਵਿਚ ਹੈ। ਜਿਸ ਦਾ ਭਰਮ ਦੂਰ ਹੁੰਦਾ ਹੈ ਉਹੀ ਸਮਝ ਸਕਦਾ ਹੈ ਕਿ ਗੁਰਬਾਣੀ ਦੀ ਕਥਨਾ ਕਿਸੇ ਮਨੁੱਖ ਨੇ ਕੀਤੀ ਹੈ ਜਾਂ ਪ੍ਰਮਾਤਮਾ ਨੇ ਆਪ ਕੀਤੀ ਹੈ। ਜਦ ਤਕ ਸਾਡੇ ਅੰਦਰ ਭਰਮ ਹੈ ਤਦ ਤਕ ਹੀ ਕੋਈ ਆਪਣੇ ਆਪ ਨੂੰ ਗਿਆਨੀ

ਕਹਿ ਸਕਦਾ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਨ੍ਹਾਂ ਨੂੰ ਹੀ ਇਸ ਗੱਲ ਦੀ ਸਮਝ ਪਈ ਹੈ ਕਿ ਜੋ ਮਤਿ ਪ੍ਰਮਾਤਮਾ ਨੇ ਮਨੁੱਖੀ ਰੂਪ ਨੂੰ ਦਿੱਤੀ ਹੋਈ ਹੈ ਉਸ ਚੌਥੇ ਪਦ ਦੀ ਮਤਿ ਦੇ ਸਾਹਮਣੇ ਕਿਤਨੀ ਨੀਵੀਂ ਮਤਿ ਹੈ ਜੋ ਕਿ ਮਨ ਦੇ ਭਰਮਾਂ ਕਰਕੇ ਨੀਵੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

“ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥”

(ਅੰਗ - ੧੩੩੮)

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਆਪਣੇ ਮਨ ਦੀ ਅਵਸਥਾ ਸਮਝਾ ਰਹੇ ਹਨ ਕਿ ਉਹਨਾਂ ਨੇ ਪ੍ਰਮਾਤਮਾ ਦੀ ਅਕਥ ਕਹਾਣੀ ਭਾਵ ਉਸ ਨਾ ਕਥੇ ਜਾਣ ਵਾਲੇ ਪ੍ਰਮਾਤਮਾ ਦੀ ਕਹਾਣੀ ਭਾਵ ਕਥਾ ਕਿਸ ਤਰੀਕੇ ਕਥੀ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਦੀ ਅਕਥ ਕਥਾ ਹੈ, ਅਕਥ ਕਹਾਣੀ ਹੈ ਜੋ ਮਨੁੱਖੀ ਸਰੀਰਾਂ ਰਾਹੀਂ ਆਈ ਹੈ। ਪੂਰੀ ਗੁਰਬਾਣੀ ਵਿਚ ਉੱਚਾ ਗਿਆਨ ਹੈ ਭਾਵ ਬ੍ਰਹਮਗਿਆਨ ਹੈ ਜੋ ਪ੍ਰਮਾਤਮਾ ਦੀ ਅਕਥ ਕਥਾ ਦੇ ਰੂਪ ਵਿਚ ਹੈ ਭਾਵ ਪ੍ਰਮਾਤਮਾ ਦੀ ਅਕਥ ਕਥਾ ਮਨ ਦੇ ਉੱਚੇ ਗਿਆਨ ਦੁਆਰਾ ਹੀ ਹੋ ਸਕਦੀ ਹੈ। ਪਹਿਲੇ ਜੋ

ਗਿਆਨ ਮਨੁੱਖੀ ਸਰੀਰਾਂ ਦੇ ਮਨ ਵਿਚ ਉਪਜਿਆ ਹੈ, ਸ਼ਬਦਾਂ ਦੇ ਰੂਪ ਵਿਚ ਉਪਜਿਆ ਹੈ ਉਹੀ ਗਿਆਨ ਸ਼ਬਦਾਂ ਦੇ ਰੂਪ ਵਿਚ ਪੂਰੀ ਗੁਰਬਾਣੀ ਵਿਚ ਦਰਜ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਦਰਜ ਹੈ। ਉਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਉਹਨਾਂ ਨੂੰ ਇਹ ਉੱਚਾ ਗਿਆਨ ਕਿਥੋਂ ਮਿਲਿਆ ਹੈ। ਹਰ ਮਨੁੱਖੀ ਸਰੀਰ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹੀ ਹੁੰਦਾ ਹੈ ਤੇ ਗੁਰੂ ਸਾਹਿਬ ਨੇ ਆਪਣੀ ਇਹ ਅਵਸਥਾ ਸ਼ਬਦ ਰਾਹੀਂ ਬਿਆਨ ਕੀਤੀ ਹੋਈ ਹੈ। ਉਹਨਾਂ ਨੇ ਪਹਿਲੇ ਆਪਣੇ ਆਪ ਨੂੰ **“ਮਹਾ ਮੁਗਧ”** ਕਿਹਾ ਹੈ ਭਾਵ ਅਤਿ ਦਾ ਅਗਿਆਨੀ ਕਿਹਾ ਹੈ। ਇਹ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਭਾਵ ਸਾਡੇ ਮਨ ਦੀ ਸੋਝੀ ਹੈ ਜੋ ਭਰਮਾਂ ਨਾਲ ਭਰੀ ਹੁੰਦੀ ਹੈ। ਇਹ ਸੋਝੀ ਬ੍ਰਹਮਗਿਆਨੀ ਵਾਲੀ ਸੋਝੀ ਦੇ ਮੁਕਾਬਲੇ ਅਤਿ ਦੀ ਅਗਿਆਨਤਾ ਵਾਲੀ ਸੋਝੀ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਅਕਥ ਕਥਾ ਦੀ ਰਚਨਾ ਕੀਤੀ ਹੈ ਉਹਨਾਂ ਦੇ ਮਨ ਦੀ ਅਵਸਥਾ ਹੀ ਬਦਲੀ ਹੈ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਵਿਚੋਂ ਕੱਢਕੇ ਚੌਥੇ ਪਦ ਵਾਲੀ ਅਵਸਥਾ ਕੀਤੀ ਹੈ। ਚੌਥੇ ਪਦ ਦੀ ਅਵਸਥਾ ਬ੍ਰਹਮਗਿਆਨ ਵਾਲੀ ਅਵਸਥਾ ਹੈ। ਇਹ ਅਵਸਥਾ ਪ੍ਰਮਾਤਮਾ ਦੇ ਗੁਰੂ ਰੂਪ ਵਾਲੀ, ਸੰਤ ਰੂਪ ਵਾਲੀ, ਸਾਧ ਰੂਪ ਵਾਲੀ, ਭਗਤ ਰੂਪ ਵਾਲੀ ਅਵਸਥਾ ਹੈ ਜਿਸ ਅਵਸਥਾ ਦੁਆਰਾ ਅਕਥ ਕਥਾ ਦੀ ਰਚਨਾ ਹੋਈ ਹੈ। ਇਸੇ ਲਈ ਸਾਨੂੰ ਬਾਣੀ ਰਾਹੀਂ ਬਾਰ-ਬਾਰ ਸਮਝਾਇਆ ਹੈ ਤੇ ਉਪਰਲੇ ਸ਼ਬਦ ਰਾਹੀਂ ਵੀ ਸਮਝਾਇਆ ਹੈ ਕਿ ਗੁਰੂ ਅਸਲ ਵਿਚ ਆਪ ਪ੍ਰਮਾਤਮਾ ਹੈ ਜੋ ਗਿਆਨ ਦਾ ਮਾਲਕ ਹੈ। ਜੋ ਮਹਾਂਮੁਗਧ ਮਨ ਨੂੰ ਮਨ ਦੇ ਵਿਚ ਗਿਆਨੀ ਬਣਾਉਂਦਾ ਹੈ, ਉੱਚੇ ਗਿਆਨ ਵਾਲਾ ਬਣਾਉਂਦਾ ਹੈ ਭਾਵ ਬ੍ਰਹਮਗਿਆਨ ਦਿੰਦਾ ਹੈ ਉਹ ਆਪ ਬ੍ਰਹਮਗਿਆਨੀ ਹੈ ਤੇ ਇਸੇ ਲਈ ਪ੍ਰਮਾਤਮਾ ਆਪ ਹੀ ਜੋਤਿ ਰੂਪ ਵਿਚ ਗੁਰੂ ਹੈ, ਬ੍ਰਹਮ ਗਿਆਨੀ ਰੂਪ ਵਿਚ ਗੁਰੂ ਹੈ ਤੇ ਪੂਰੀ ਅਕਥ ਕਥਾ ਪ੍ਰਮਾਤਮਾ ਦੀ ਆਪਣੀ ਹੀ ਰਚੀ ਹੋਈ ਹੈ। ਉਹ ਆਪ ਹੀ ਪੂਰਾ ਗੁਰੂ ਹੈ। ਜਿਸ ਨੂੰ ਮਨ ਦੀ ਅਗਿਆਨਤਾ ਵਿਚੋਂ ਕੱਢਕੇ ਪ੍ਰਮਾਤਮਾ ਸੱਚਾ ਗਿਆਨ ਬਖਸ਼ਦਾ ਹੈ ਉਹੀ ਵੱਡੇ ਭਾਗਾਂ ਵਾਲਾ ਬਣਦਾ ਹੈ ਕਿਉਂਕਿ ਉਸ ਨੂੰ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਗਿਆਨ ਦੇ ਮਾਲਕ ਦੇ ਰੂਪ ਵਿੱਚ ਦਰਸ਼ਨ ਹੁੰਦੇ ਹਨ। ਮਨ ਦੇ ਵਿਚ ਸੱਚਾ ਗਿਆਨ ਮਿਲਣ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸੋਝੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਦੀ ਸੇਵਾ ਕਰਨੀ ਕੀ ਹੈ। ਗੁਰਮਤਿ ਰੂਪ ਸੱਚੇ ਗਿਆਨ ਰਾਹੀਂ ਵਿਚਰਨਾ ਹੀ ਉਸਦੀ ਸੱਚੀ ਸੇਵਾ ਹੈ, ਸ਼ਬਦਾਂ ਦੀ ਵਿਚਾਰ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੀ ਸੇਵਾ ਹੈ। ਕਿਸੇ ਵੱਡੇ ਭਾਗਾਂ ਵਾਲੇ ਨੂੰ ਹੀ ਪ੍ਰਮਾਤਮਾ ਆਪਣੀ ਸੇਵਾ ਬਖਸ਼ਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ

ਰਚਨਾ ਕਰਨ ਵਾਲਿਆਂ ਨੂੰ, ਅਕਥ ਕਥਾ ਬਿਆਨ ਕਰਨ ਵਾਲਿਆਂ ਨੂੰ ਬਖਸ਼ੀ ਹੈ। (**ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥ ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥**)

{“ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ ॥
ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ ॥
ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥੧॥
ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥
ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥੨॥”}

(ਅੰਗ ੯੬੬-੯੬੭)

ਉਪਰ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਕਾਇਆ ਗੁਰੂ ਨਹੀਂ ਹੈ। ਗੁਰੂ ਸਾਡੇ ਅੰਦਰ ਦੀ ਜੋਤਿ ਹੈ ਤੇ ਜੋਤਿ ਸਭ ਵਿੱਚ ਇੱਕੋ ਹੀ ਹੈ। ਉਹ ਜੋਤਿ ਆਪਣੇ ਆਪ ਨੂੰ ਕਿਸੇ ਵੀ ਸਰੀਰ ਰਾਹੀਂ ਪ੍ਰਗਟ ਕਰ ਸਕਦੀ ਹੈ। ਜੋ ਵੀ ਬ੍ਰਹਮਗਿਆਨ ਮਿਲਦਾ ਹੈ ਉਹ ਜੋਤਿ ਰਾਹੀਂ ਮਿਲਦਾ ਹੈ ਭਾਵ ਮਨ ਦੇ ਵਿਚੋਂ ਮਿਲਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਪ੍ਰਗਟ ਹੋ ਕੇ ਦਿੰਦਾ ਹੈ ਤੇ ਇਸੇ ਲਈ ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਜੋਤਿ ਰੂਪ ਵਿਚ ਪ੍ਰਗਟ ਕੀਤਾ ਹੈ ਉਹਨਾਂ ਸਭ ਨੇ ਇਕੋ ਜਿਹਾ ਬ੍ਰਹਮਗਿਆਨ ਦਿੱਤਾ ਹੈ ਭਾਵ ਇਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ, ਸਭ ਨੂੰ ਭਰਮਾਂ ਵਿੱਚੋਂ ਕੱਢਕੇ ਸੱਚ ਸਮਝਾਇਆ ਹੈ, ਸ਼ਬਦਾਂ ਰਾਹੀਂ ਸੱਚ ਸਮਝਾਇਆ ਹੈ। ਸ਼ਬਦਾਂ ਦੇ ਅੰਦਰ ਦਾ ਜੋ ਸੱਚ ਹੈ ਉਸ ਵਿਚ ਹੀ ਆਪ ਪ੍ਰਮਾਤਮਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚ ਸੱਚ ਦੁਆਰਾ ਹੀ ਹੁੰਦਾ ਹੈ। ਸ਼ਬਦਾਂ ਦੁਆਰਾ ਸੱਚਾ ਮਨ ਪ੍ਰਮਾਤਮਾ ਦਾ ਰੂਪ ਹੈ ਜੋ ਕਿ ਸਾਡੇ ਅੰਦਰ ਦਾ ਜੋਤਿ ਰੂਪ ਹੈ। ਇਹ ਜੋਤਿ ਰੂਪ ਗੁਰੂ ਰੂਪ ਹੈ, ਸਾਧ ਰੂਪ ਹੈ, ਸੰਤ ਰੂਪ ਹੈ, ਭਗਤ ਰੂਪ ਹੈ। ਪ੍ਰਮਾਤਮਾ ਆਪਣਾ ਇਹ ਜੋਤਿ ਰੂਪ ਕਿਸੇ ਵੀ ਸਰੀਰ ਰਾਹੀਂ ਪ੍ਰਗਟ ਕਰ ਸਕਦਾ ਹੈ ਭਾਵ ਇਹ ਕੇਵਲ ਉਸ ਦੀ ਆਪਣੀ ਰਜ਼ਾ ਹੈ। ਜਦੋਂ ਵੀ ਪ੍ਰਮਾਤਮਾ ਆਪਣਾ ਸੱਚ ਸਮਝਾਉਂਦਾ ਹੈ ਉਹ ਸੰਸਾਰ ਨੂੰ ਆਪਣਾ ਸੱਚ ਇਸੇ ਤਰੀਕੇ ਹੀ ਸਮਝਾਉਂਦਾ ਹੈ। ਜੋ ਗੁਰੂ ਆਪਣੇ ਮੁਹੋਂ ਫੁਰਮਾਉਂਦਾ ਹੈ ਉਸ ਵਿਚ ਪੂਰਨ ਸੱਚ ਹੁੰਦਾ ਹੈ ਤੇ ਇਹ ਸੱਚ ਹੀ ਪ੍ਰਮਾਤਮਾ ਦੇ ਨਾਲ ਜੋਗ ਦੀ ਭਾਵ ਮੇਲ ਦੀ ਸਿਲ ਹੈ ਭਾਵ ਗਿਆਨ ਰੂਪ ਸਿਲ ਹੈ ਤੇ ਇਸ ਸਿਲ ਨਾਲ ਜੁੜੇ ਬਿਨਾ ਅਸੀਂ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੇ। ਆਉ ਇਸ ਗੱਲ ਨੂੰ ਉਪਰਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਬਰੀਕੀ ਨਾਲ ਸਮਝਦੇ ਹਾਂ।

{“ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥

ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥੨॥
ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ ॥ ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ ॥
ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ ॥ ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ ॥ ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ॥
ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ ॥ ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪੜ੍ਹਾਲੀ ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥
ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥ ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥੩॥
ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ ॥ ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ॥
ਮਾਧਾਣਾ ਪਰਬਤੁ ਕਰਿ ਨੇੜ੍ਹਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ ॥
ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥
ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥ ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥
ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥ ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥
ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ ॥ ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ ॥
ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ॥ ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ ॥
ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥੫॥ ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥ ਜਿਨਿ ਬਾਸਕੁ ਨੇੜੈ ਘਤਿਆ ਕਰਿ ਨੇਹੀ ਤਾਣੁ ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ ॥ ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ ॥
ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ ॥ ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ ॥
ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ ॥ ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥
ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ ॥
ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ ॥ ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ ॥
ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥ ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ ॥
ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ ॥ ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ॥
ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ ॥ ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ॥੬॥ ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥

ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥ ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨ੍ੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥ ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥ ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥
ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ਆਪੀਨ੍ੈ ਆਪੁ ਸਾਜਿਓਨੁ ਆਪੇ ਹੀ ਥੰਮ੍ਿ ਖਲੋਆ ॥
ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥ ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ॥
ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥ ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥
ਜਿਨ੍ੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ ॥ ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ ॥
ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥੮॥੧॥"}

(ਅੰਗ ੯੬੬-੯੬੮)

ਜਿੰਨ੍ਹਾਂ ਸਰੀਰਾਂ ਨੇ ਗੁਰਬਾਣੀ ਉਚਾਰੀ ਹੈ ਉਹਨਾਂ ਨੇ ਪ੍ਰਮਾਤਮਾ

38/4600

ਦੀ ਸਿਫਤ ਸਾਲਾਹ ਕੀਤੀ ਹੈ ਤੇ ਸੰਸਾਰ ਨੂੰ ਵੀ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਦਾ ਤਰੀਕਾ ਸਮਝਾਇਆ ਹੈ। ਉਹਨਾਂ ਦਾ ਆਪਣਾ ਪ੍ਰਮਾਤਮਾ ਦੇ ਨਾਲ ਜੋਗ ਹੋਇਆ ਹੈ ਤੇ ਸੰਸਾਰ ਨੂੰ ਪ੍ਰਮਾਤਮਾ ਦੇ ਨਾਲ ਜੋਗ ਕਰਨ ਦਾ ਤਰੀਕਾ ਸਮਝਾਇਆ ਹੈ। ਗੁਰਬਾਣੀ ਰਾਹੀਂ ਜੋ ਵੀ ਗੁਰੂ ਨੇ ਫੁਰਮਾਇਆ ਹੈ ਉਹ ਕਿਸੇ ਮਕਸਦ ਲਈ ਫੁਰਮਾਇਆ ਹੈ। ਜੋ ਵੀ ਗੁਰਬਾਣੀ ਰਾਹੀਂ ਗੁਰੂ ਨੇ ਫੁਰਮਾਇਆ ਹੈ ਉਹ ਸਾਡੇ ਕਰਨ ਲਈ ਫੁਰਮਾਇਆ ਹੈ ਭਾਵ ਅਸੀਂ ਆਪਣੇ ਜੀਵਨ ਵਿਚ ਉਹ ਕੁਝ ਕਰੀਏ ਜੋ ਗੁਰੂ ਨੇ ਸਾਡੇ ਲਈ ਫੁਰਮਾਇਆ ਹੈ ਭਾਵ ਸਾਡੇ ਲਈ ਹੁਕਮ ਕੀਤਾ ਹੈ ਭਾਵ ਅਸੀਂ ਉਹ ਕੁਝ ਕਰੀਏ ਜੋ ਗੁਰੂ ਦੀ ਮਤਿ ਸਾਨੂੰ ਕਹਿੰਦੀ ਹੈ। ਪ੍ਰਮਾਤਮਾ ਦੇ ਨਾਲ ਜੋਗ ਕਰਨ ਲਈ ਗੁਰੂ ਦੀ ਮਤਿ ਇੱਕ ਸਿਲ ਦੇ ਸਮਾਨ ਹੈ ਭਾਵ ਪੱਥਰ ਦੇ ਸਮਾਨ ਹੈ ਜੋ ਪੱਥਰ ਅਲੂਣਾ ਹੈ ਭਾਵ ਬੇਸੁਆਦ ਹੈ। ਪੱਥਰ ਨੂੰ ਚੱਟਣਾ ਬਹੁਤ ਔਖਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ ਪਰ ਪ੍ਰਮਾਤਮਾ ਦੇ ਨਾਲ ਜੋਗ ਇਸ ਸਿਲ ਨੂੰ ਚੱਟਣ ਬਿਨਾ ਨਹੀਂ ਹੋ ਸਕਦਾ ਭਾਵ ਗੁਰਮਤਿ ਦੇ ਔਖੇਪਨ ਨੂੰ ਅਪਨਾਏ ਬਿਨਾਂ, ਮੰਨੇ ਬਿਨਾਂ ਨਹੀਂ ਹੋ ਸਕਦਾ। ਗੁਰੂ ਦੀ ਮਤਿ ਨੂੰ ਤਾਂ ਹੀ ਮੰਨਿਆ ਜਾ ਸਕਦਾ ਹੈ ਜੇਕਰ ਆਪਣੀ ਮਨਮਤਿ ਛੱਡੀਏ ਭਾਵ ਉਹ ਹਰ ਮਾੜਾ ਕਰਮ ਛੱਡੀਏ ਜਿਸ ਲਈ ਗੁਰੂ ਸਾਨੂੰ ਮਨਾ ਕਰਦਾ ਹੈ, ਭਗਤੀ ਦਾ ਉਹ ਹਰ ਉਪਰਾਲਾ ਛੱਡੀਏ ਜਿਸ ਵਿਚ ਕੇਵਲ ਭਗਤੀ ਦਾ ਦਿਖਾਵਾ ਹੈ ਜਿਵੇਂ ਕਿ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਸਾਡੇ ਅੰਦਰ ਦਾ ਭਉ ਸਾਨੂੰ ਇਹ ਕੁਝ ਨਹੀਂ ਕਰਨ ਦਿੰਦਾ ਭਾਵ ਭਰਮਾਂ ਵਿੱਚੋਂ ਨਹੀਂ ਨਿਕਲਣ ਦਿੰਦਾ, ਮਾਇਆ ਮੋਹ ਨਹੀਂ ਛੱਡਣ ਦਿੰਦਾ ਭਾਵ ਅਸੀਂ ਗੁਰੂ ਦਾ ਫੁਰਮਾਇਆ ਨਹੀਂ ਮੰਨ ਸਕਦੇ। ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ ਤੇ ਇਸੇ ਲਈ ਪ੍ਰਮਾਤਮਾ ਦੇ ਨਾਲ ਜੋਗ ਕਰਨਾ ਬਹਤੁ ਔਖਾ ਹੈ। ਗੁਰਮਤਿ ਸੱਚ ਹੈ, ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਸੱਚ ਨਾਲ ਜੁੜਨਾ ਬਹੁਤ ਔਖਾ ਹੈ, ਸੱਚ ਹੀ ਨਾਮ ਹੈ ਤੇ ਇਸੇ ਲਈ ਨਾਮ ਜਪਣਾ ਬਹੁਤ ਔਖਾ ਹੈ। ਹਉਮੈ ਛੱਡੇ ਬਿਨਾ ਨਾਮ ਨਾਲ ਨਹੀਂ ਜੁੜਿਆ ਜਾ ਸਕਦਾ, ਗੁਰਮਤਿ ਨਾਲ ਨਹੀਂ ਜੁੜਿਆ ਜਾ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਜੋਗ ਦਾ ਉਪਰਾਲਾ ਕਰਨਾ ਬਹੁਤ ਔਖਾ ਹੈ। (**ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥**)

38/4600-ਅ

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥

ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ - ੧੫੧)

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥
ਸਾਚੇ ਨਾਮ ਕੀ ਲਾਗੈ ਭੂਖ ॥ ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥}

(ਅੰਗ - ੩੪੯)

{ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥
ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ਕੇਤੇ ਆਖਹਿ ਆਖਣਿ ਪਾਹਿ ॥
ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ ੫-੬)

{ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥}

(ਅੰਗ - ੬੧੦)

ਗੁਰਮਤਿ ਨੂੰ ਕਬੂਲ ਕੀਤੇ ਬਿਨਾ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨਾ ਭਾਵ ਉਹਨਾਂ ਤੇ ਅਮਲ ਕੀਤੇ ਬਿਨਾ ਪ੍ਰਮਾਤਮਾ ਦੀ ਸਿਫਤ ਸਾਲਾਹ ਨਹੀਂ ਹੋ ਸਕਦੀ। ਜਿੰਨ੍ਹਾਂ ਨੇ ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਹੈ ਉਹਨਾਂ ਨੇ ਸ਼ਬਦ ਦੀ ਵਿਚਾਰ ਨੂੰ ਮੰਨ ਕੇ ਕੀਤੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

38/4601

"ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥"

ਉਪਰ ਉਹਨਾਂ ਦੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿੰਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕੀਤੇ ਹਨ, ਉਹ ਕਿਸ ਰੂਪ ਵਿਚ ਕੀਤੇ ਹਨ ਤੇ ਉਹਨਾਂ ਨੂੰ ਪ੍ਰਮਾਤਮਾ ਦੇ ਦਰਸ਼ਨਾਂ ਰਾਹੀਂ ਕੀ ਪ੍ਰਾਪਤੀ ਹੋਈ ਹੈ ਤੇ ਉਹਨਾਂ ਨੇ ਕਿਸ ਤਰੀਕੇ

ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਹੈ ਤੇ ਸੰਸਾਰ ਨੂੰ ਪ੍ਰਮਾਤਮਾ ਦੀ ਸਿਫਤ ਕਰਨੀ ਸਮਝਾਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਜਦੋਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਫਿਰ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਗਿਆਨ ਹੀ ਮਿਲਦਾ ਹੈ ਜੋ ਗਿਆਨ ਸ਼ਬਦਾਂ ਦੇ ਰੂਪ ਵਿੱਚ, ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਮਿਲਦਾ ਹੈ। ਜਿੰਨ੍ਹਾਂ ਨੇ ਪੂਰੀ ਗੁਰਬਾਣੀ ਵਿਚ ਸ਼ਬਦਾਂ ਦੇ ਰੂਪ ਵਿਚ ਗਿਆਨ ਪਾਇਆ ਹੈ ਉਨ੍ਹਾਂ ਨੂੰ ਪਹਿਲੇ ਇਹ ਸ਼ਬਦਾਂ ਦਾ ਗਿਆਨ ਮਨ ਦੇ ਵਿਚ ਪ੍ਰਮਾਤਮਾ ਨੇ ਆਪ ਦਿੱਤਾ ਹੈ। ਪ੍ਰਮਾਤਮਾ ਕੋਲੋਂ ਮਨ ਦੇ ਵਿਚ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੇ ਰੂਪ ਵਿਚ ਗਿਆਨ ਮਿਲਿਆ ਹੈ ਭਾਵ ਪਹਿਲੇ ਉਹਨਾਂ ਦੇ ਮਨ ਦੇ ਵਿਚ ਪ੍ਰਮਾਤਮਾ ਨੇ ਸ਼ਬਦ ਰੂਪ ਲੰਗਰ ਚਲਾਇਆ ਹੈ ਜਿਸ ਰਾਹੀਂ ਉਸ ਨੇ ਉਹਨਾਂ ਨੂੰ ਆਪਣਾ ਗਿਆਨ ਰੂਪ ਭੋਜਨ ਛਕਾਇਆ ਹੈ। ਪ੍ਰਮਾਤਮਾ ਸੱਚੇ ਗਿਆਨ ਦਾ ਖਜਾਨਾ ਹੈ, ਸ਼ਬਦਾਂ ਦਾ ਭੰਡਾਰ ਹੈ ਜਿਸ ਭੰਡਾਰ ਦੇ ਵਿਚੋਂ ਉਹ ਭੋਜਨ ਛਕਾਉਂਦਾ ਹੀ ਰਹਿੰਦਾ ਹੈ, ਸ਼ਬਦਾਂ ਦੇ ਰੂਪ ਵਿਚ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਆਪਣੇ ਲੰਗਰ ਵਿਚੋਂ ਭੋਜਨ ਛਕਾਉਂਦਾ ਹੀ ਰਹਿੰਦਾ ਹੈ। ਉਸਦੇ ਭੰਡਾਰ ਵਿਚ ਕੋਈ ਤੋਟ ਨਹੀਂ ਹੈ ਤੇ ਨਾ ਹੀ ਉਹ ਮਨ ਦੇ ਵਿੱਚ ਗਿਆਨ ਰੂਪ ਭੋਜਨ ਦੀ ਤੋਟ ਆਉਣ ਦਿੰਦਾ ਹੈ। ਜਿੰਨ੍ਹਾਂ ਨੇ ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਇਹ ਲੰਗਰ ਛੱਕਿਆ ਉਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਸਾਰੇ ਸੰਸਾਰ ਲਈ ਇਹ ਲੰਗਰ ਛੱਕਣ ਲਈ ਸ਼ਬਦਾਂ ਦੇ ਰੂਪ ਵਿੱਚ ਗਿਆਨ ਦਾ ਭੋਜਨ ਪਾਇਆ ਹੈ। ਗੁਰਬਾਣੀ ਇਸ ਭੋਜਨ ਨਾਲ ਭਰਪੂਰ ਹੈ ਜਿਥੋਂ ਕੋਈ ਦਿਨ ਰਾਤ ਇਹ ਭੋਜਨ ਛੱਕ ਸਕਦਾ ਹੈ, ਲੰਗਰ ਛੱਕ ਸਕਦਾ ਹੈ। ਇਹ ਸੰਸਾਰ ਦੀ ਸਭ ਤੋਂ ਵੱਡੀ ਖੱਟੀ ਹੈ ਜੋ ਕਿ ਬ੍ਰਹਮਗਿਆਨ ਦੇ ਰੂਪ ਵਿਚ ਹੈ ਤੇ ਇਹ ਖੱਟੀ ਖੱਟਣਾ ਹੀ ਸਾਡੇ ਜੀਵਨ ਦਾ ਮਕਸਦ ਹੈ। ਇਹ ਖੱਟੀ ਹੀ ਨਾਮ ਰੂਪ ਖੱਟੀ ਹੈ ਜੋ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ। (**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥**)

38/4602

ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਲੰਗਰ ਨੂੰ ਛੱਕਣ ਦਾ ਮਕਸਦ ਕੀ ਹੈ ਇਸ ਨੂੰ ਸਮਝ ਸਕੀਏ।

“ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥”

ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿਚ ਆਪਣਾ ਸ਼ਬਦ ਰੂਪ ਲੰਗਰ ਛਕਾਇਆ ਹੈ, ਅੰਮ੍ਰਿਤ ਨਾਮ ਰੂਪ ਲੰਗਰ ਛਕਾਇਆ ਹੈ ਉਹਨਾਂ ਨੇ ਇਸ ਲੰਗਰ ਤੋਂ ਲਾਭ ਵੀ ਲਇਆ ਹੈ। ਇਹ ਲੰਗਰ ਸਾਡਾ ਮਨ ਛੱਕਦਾ ਹੈ ਜੋ ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿਚ ਛੱਕਦਾ ਹੈ, ਸ਼ਬਦਾਂ ਦੇ ਵਿਚਾਰ ਦੀ ਸਮਝ ਦੇ ਰੂਪ ਵਿਚ ਛੱਕਦਾ ਹੈ। ਇਸ ਭੋਜਨ ਨੂੰ ਛੱਕਣ ਵਾਲਾ ਮਨ ਹੈ ਤੇ ਫਿਰ ਇਸ ਨੂੰ ਖਰਚਦਾ ਵੀ ਸਾਡਾ ਮਨ ਹੀ ਹੈ। ਮਨ ਜੋ ਵੀ ਖਰਚ ਕਰਦਾ ਹੈ ਉਹ ਮਨ ਦੀ ਸੋਝੀ ਦੁਆਰਾ ਖਰਚ ਕਰਦਾ ਹੈ। ਆਪਣੀ ਮਨ ਦੀ ਸੋਝੀ ਨੂੰ ਵਰਤਣਾ ਉਸ ਨੂੰ ਖਰਚ ਕਰਨਾ ਹੈ। ਸਮਝਣ ਦੀ ਗੱਲ ਕੇਵਲ ਇਹ ਹੈ ਕਿ ਅਸੀਂ ਖਰਚ ਕਿਹੋ ਜਿਹਾ ਕਰਦੇ ਹਾਂ। ਜਦ ਤਕ ਸਾਡੀ ਸੋਝੀ ਮਾੜੀ ਹੈ ਫਿਰ ਅਸੀਂ ਖਰਚ ਵੀ ਮਾੜਾ ਕਰਦੇ ਹਾਂ ਭਾਵ ਮਾੜੀ ਸੋਝੀ ਨਾਲ ਉਹ ਕੁਝ ਕਰਦੇ ਹਾਂ ਜਿਸ ਵਿਚ ਸ਼ਬਦ ਦੀ ਵਿਚਾਰ ਨਹੀਂ ਹੁੰਦੀ ਭਾਵ ਸਾਡੀ ਮਨਮਤਿ ਹੁੰਦੀ ਹੈ ਜੋ ਸਾਨੂੰ ਅਗਿਆਨਤਾ ਵਿੱਚ ਰੱਖਕੇ ਮਾੜੇ ਕਰਮ ਕਰਾਉਂਦੀ ਹੈ। ਸਾਡਾ ਉਹ ਹਰ ਕਰਮ ਮਾੜਾ ਹੈ ਜੋ ਗੁਰਮਤਿ ਦੇ ਉਲਟ ਹੈ। ਸਾਡਾ ਚੰਗਾ ਖਰਚ ਉਹ ਹੈ ਜਦੋਂ ਸਾਡੇ ਅੰਦਰ ਸ਼ਬਦ ਦੀ ਵਿਚਾਰ, ਨਾਮ ਦੀ ਵਿਚਾਰ ਭਾਵ ਗੁਰੂ ਦੀ ਵਿਚਾਰ ਵੱਸੀ ਹੁੰਦੀ ਹੈ। ਜਦੋਂ ਅਸੀਂ ਗੁਰੂ ਦੀ ਵਿਚਾਰ ਨੂੰ ਖਰਚਦੇ ਹਾਂ ਭਾਵ ਉਸ ਅਨੁਸਾਰ ਵਿਚਰਦੇ ਹਾਂ ਫਿਰ ਅਸੀਂ ਕੋਈ ਮਾੜਾ ਕਰਮ ਨਹੀਂ ਕਰ ਸਕਦੇ ਭਾਵ ਸਾਡੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਹੋ ਜਾਂਦੀ ਹੈ, ਗੁਰਮਤਿ ਅਨੁਸਾਰ ਹੋ ਜਾਂਦੀ ਹੈ। ਗੁਰਮਤਿ ਵਾਲੀ ਵਿਚਾਰ ਨੂੰ ਆਪਣੇ ਜੀਵਨ ਵਿਚ ਉਹੀ ਖਰਚਦਾ ਹੈ ਜਿਸ ਨੂੰ ਖਰਚਣ ਲਈ ਗੁਰਮਤਿ ਪ੍ਰਮਾਤਮਾ ਆਪ ਦਿੰਦਾ ਹੈ। ਉਹ ਆਪ ਆਪਣੇ ਜੀਵਨ ਵਿੱਚ ਇਸ ਨੂੰ ਖਰਚਦਾ ਹੈ। ਇਹ ਗੁਰਮਤਿ ਰੂਪ ਖਰਚ ਪਰਮਾਤਮਾ ਕੋਲੋਂ **“ਖੈਰਿ”** ਦੇ ਰੂਪ ਵਿੱਚ ਮਿਲਦੀ ਹੈ ਭਾਵ ਦਾਨ ਦੇ ਰੂਪ ਵਿੱਚ ਮਿਲਦੀ ਹੈ ਭਾਵ ਨਾਮ ਦਾਨ ਦੇ ਰੂਪ ਵਿੱਚ ਮਿਲਦੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੱਚੀ ਗੁਰਮਤਿ ਦਾ ਦਾਨ ਮਿਲਿਆ ਹੈ ਉਹਨਾਂ ਨੇ ਆਪ ਇਸ ਨੂੰ ਆਪਣੇ ਜੀਵਨ ਵਿੱਚ ਖਰਚਿਆ ਹੈ ਤੇ ਗੁਰਬਾਣੀ ਰਾਹੀਂ, ਸ਼ਬਦਾਂ ਦੀ ਵਿਚਾਰ ਰਾਹੀਂ ਇਹ ਦਾਨ ਸਾਰੇ ਸੰਸਾਰ ਲਈ ਖੁਲ ਕੇ ਵੰਡਿਆ ਹੈ, ਇਹ ਲੰਗਰ ਖੁੱਲ ਕੇ ਵੰਡਿਆ ਹੈ ਤਾਂ ਜੋ ਅਸੀਂ ਇਸ

38/4603

ਲੰਗਰ ਨੂੰ, ਅੰਮ੍ਰਿਤ ਰੂਪ ਲੰਗਰ ਨੂੰ ਜੋ ਕਿ ਪੂਰੀ ਗੁਰਬਾਣੀ ਵਿਚ ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿਚ ਹੈ ਇਸ ਨੂੰ ਛਕੀਏ ਤੇ ਆਪਣੀ ਕਰਨੀ ਵਿਚ ਖਰਚੀਏ। ਇਹੀ ਨਾਮ ਜਪਣ ਦਾ ਅਸਲ ਮਾਰਗ ਹੈ ਕਿ ਅਸੀਂ ਗੁਰਮਤਿ ਅਨੁਸਾਰ ਆਪਣੇ ਜੀਵਨ ਵਿਚ ਵਿਚਰਨ ਦਾ ਉੱਦਮ ਕਰੀਏ। ਗੁਰੂ ਨੇ ਸਾਨੂੰ ਪੂਰੀ ਗੁਰਬਾਣੀ ਰਾਹੀਂ ਇਹ ਖੈਰਿ ਇਸੇ ਲਈ ਵੰਡੀ ਹੈ ਕਿ ਅਸੀਂ ਆਪਣੇ ਜੀਵਨ ਵਿਚ ਕੋਈ ਮਾੜਾ ਕਰਮ ਨਾ ਕਰੀਏ ਭਾਵ ਮਨਮਤਿ ਵਿੱਚੋਂ ਨਿਕਲਕੇ ਗੁਰਮਤਿ ਅਨੁਸਾਰ ਵਿਚਰੀਏ। (**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥**)

{ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥}

(ਅੰਗ ੧੮੫-੧੮੬)

{ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥
ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਧੈ ਧੰਨੁ ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥}

(ਅੰਗ ੫੯੫-੫੯੬)

{ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥}

(ਅੰਗ - ੬੪)

{ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ ॥ ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥
ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥ ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ॥
ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ ॥ ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥
ਖੇਦੁ ਨ ਦੂਖੁ ਨ ਭਾਨੁ ਤਿਹ ਜਾ ਕਉ ਨਦਰਿ ਕਰੀ ॥ ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥੧੮॥}

(ਅੰਗ - ੨੫੩)

{ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥}

(ਅੰਗ - ੩੯੯)

{ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥
ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥
ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ ॥੨॥}

(ਅੰਗ ੪੧-੪੨)

{ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥
ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ ਵੀਚਾਰਿ ॥
ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥
ਦਰਿ ਵਾਟ ਉਪਰਿ ਖਰਚੁ ਮੰਗਾ ਜਥੈ ਦੇਇ ਤ ਖਾਹਿ ॥ ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ ॥
ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥੨॥}

(ਅੰਗ - ੪੭੩)

{ਠਾਕੁਰ ਸਿਉ ਜਾ ਕੀ ਬਨਿ ਆਈ ॥ ਭੋਜਨ ਪੂਰਨ ਰਹੇ ਅਘਾਈ ॥੧॥
ਕਛੂ ਨ ਥੋਰਾ ਹਰਿ ਭਗਤਨ ਕਉ ॥ ਖਾਤ ਖਰਚਤ ਬਿਲਛਤ ਦੇਵਨ ਕਉ ॥੧॥ ਰਹਾਉ ॥}

(ਅੰਗ - ੩੯੦)

{ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥੧॥ ਮਾਈ ਖਾਟਿ ਆਇਓ ਘਰਿ ਪੂਤਾ॥
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥
ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥
ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥
ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥
ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥}

(ਅੰਗ - ੪੯੫-੪੯੬)

{ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥
ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ ॥੨॥}

(ਅੰਗ - ੫੪੮)

{ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ ॥
ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ ॥੧੯॥}

(ਅੰਗ - ੭੨੬)

{ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥
ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥੨੪॥ ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥
ਅਵਗਣ ਵਿਕਣਿ ਪਲ੍ਰਨਿ ਗੁਣ ਕੀ ਸਾਝ ਕਰੰਨ੍ ॥੨੫॥ ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥
ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥
ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥

ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥ ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ॥
ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥੨੮॥ ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥
ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ ॥੨੯॥}

(ਅੰਗ - ੭੫੬)

{ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥
ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥੩੨॥}

(ਅੰਗ - ੭੫੬)

{ਖਸਮੁ ਪਛਾਣੈ ਆਪਣਾ ਖੁਲੈ ਬੰਧੁ ਨ ਪਾਇ ॥ ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ ॥
ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ ॥ ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ॥}

(ਅੰਗ - ੯੩੭)

38/4605

{ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ ॥ ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥
ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥੨੬॥}

(ਅੰਗ ੧੪੧੫-੧੪੧੬)

ਅਸੀਂ ਪ੍ਰਮਾਤਮਾ ਦੀ ਦਿੱਤੀ ਹੋਈ ਖੈਰਿ ਨੂੰ, ਦਾਨ ਨੂੰ ਭਾਵ ਨਾਮ ਦਾਨ ਨੂੰ ਆਪਣੇ ਜੀਵਨ ਵਿੱਚ ਕਿਸ ਤਰੀਕੇ ਖਰਚਣਾ ਹੈ ਇਹੀ ਗੱਲ ਅਸੀਂ ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝੀ ਹੈ। ਪਰਮਾਤਮਾ ਦੀ ਇਸ ਖੈਰਿ ਨੂੰ ਭਾਵ ਸ਼ਬਦਾਂ ਦੀ ਵਿਚਾਰ ਵਾਲੀ ਸੋਝੀ ਨੂੰ ਖਰਚਣਾ ਹੀ ਭਾਵ ਆਪਣੇ ਜੀਵਨ ਵਿੱਚ ਅਪਣਾਉਣਾ ਹੀ ਪਰਮਾਤਮਾ ਦੀ ਸਿਫਤ ਸਾਲਾਹ ਕਰਨਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀ ਸਮਝਾਈ ਹੋਈ ਹੈ।

“ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥”

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਪਰਮਤਮਾ ਦੀ ਸਿਫਤ ਕਰਨੀ ਪਰਮਾਤਮਾ ਆਪ ਹੀ ਸਿਖਾਉਂਦਾ ਹੈ ਭਾਵ ਆਪਣੀ ਭਗਤੀ ਦਾ ਮਾਰਗ ਮਨ ਦੇ ਵਿਚ ਪ੍ਰਗਟ ਹੋ ਕੇ ਉਹ ਆਪ ਹੀ ਸਮਝਾਉਂਦਾ ਹੈ। ਪਰਮਾਤਮਾ ਦੀ ਆਪਣੇ ਜੀਵਨ ਵਿਚ ਸਿਫਤ ਸਾਲਾਹ ਉਹਨਾਂ ਨੇ ਹੀ ਕੀਤੀ ਹੈ ਜਿੰਨਾਂ ਨੂੰ ਆਪਣੇ ਅੰਦਰੋਂ ਪਰਮਾਤਮਾ ਦੇ ਦਰਸ਼ਨ ਹੋਏ ਹਨ। ਪਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾ ਕਿਸੇ ਦੇ ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ, ਤ੍ਰੈਗੁਣਾਂ ਵਾਲੀ ਅਵਸਥਾ ਦੂਰ ਨਹੀਂ ਹੁੰਦੀ ਭਾਵ ਹਰ ਕੋਈ ਭਗਤੀ ਦੇ ਮਾਰਗ ਨੂੰ ਸਮਝਣ ਵਿਚ ਭਰਮ ਵਿੱਚ ਹੀ ਰਹਿੰਦਾ ਹੈ। ਬ੍ਰਹਮਾ, ਬਿਸਨ, ਮਹੇਸ਼ ਆਦਿ ਵੀ ਪਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਅਸਮਰੱਥ ਰਹੇ ਹਨ। ਜਦ ਤਕ ਸਾਡੇ ਅੰਦਰ ਅਗਿਆਨਤਾ ਦੀ ਮੈਲ ਹੈ, ਮਨਮਤਿ ਦੀ, ਹਉਮੈ ਦੀ ਮੈਲ ਹੈ ਤਦ ਤਕ ਅਸੀਂ ਭਗਤੀ ਦੇ ਮਾਰਗ ਨੂੰ ਨਾ ਹੀ ਅਸਲ ਰੂਪ ਵਿਚ ਸਮਝ ਸਕਦੇ ਹਾਂ ਤੇ ਨਾ ਹੀ ਉਸ ਤੇ ਚਲ ਸਕਦੇ ਹਾਂ। ਅਸੀਂ ਆਪਣੇ ਜੀਵਨ ਵਿੱਚ ਨਾਮ ਵਾਲੀ ਮਤਿ ਨੂੰ ਖਰਚਣਾ ਹੈ ਭਾਵ ਸ਼ਬਦਾਂ ਦੀ ਵਿਚਾਰ ਅਨੁਸਾਰ ਵਿਚਰਨਾ ਹੈ ਤੇ ਜਦ ਤਕ ਸਾਨੂੰ ਸ਼ਬਦਾਂ ਦੀ ਵਿਚਾਰ ਸਮਝ ਹੀ ਨਹੀਂ ਆਉਂਦੀ ਤਦ ਤਕ ਅਸੀਂ ਉਹਨਾਂ ਨੂੰ ਆਪਣੇ ਜੀਵਨ ਵਿੱਚ ਖਰਚ ਹੀ ਕੀ ਸਕਦੇ ਹਾਂ। ਸ਼ਬਦਾਂ ਦੀ ਵਿਚਾਰ ਨੂੰ ਸਮਝ ਕੇ ਉਨ੍ਹਾਂ ਨੂੰ ਖਰਚਣਾ ਭਾਵ ਉਹਨਾਂ ਅਨੁਸਾਰ ਵਿਚਰਨਾ ਬਹੁਤ ਹੀ ਔਖਾ ਹੈ ਭਾਵ ਅਲੂਣੀ ਸਿਲ ਨੂੰ ਚੱਟਣ ਵਰਗਾ ਹੈ, ਸਿਰ ਦੇ ਭਾਰ ਪੁੱਠੇ ਹੋ ਕੇ ਚੱਲਣ ਦੇ ਬਰਾਬਰ ਹੈ ਭਾਵ ਬਹੁਤ

38/4606

ਔਖਾ ਹੈ। ਜਿਸ ਨੂੰ ਪਰਮਾਤਮਾ ਮਨ ਦੇ ਵਿਚ ਸ਼ਬਦਾਂ ਦੀ ਵਿਚਾਰ ਦਿੰਦਾ ਹੈ ਉਹਨਾਂ ਨੂੰ ਉਹਨਾਂ ਵਿਚਾਰਾਂ ਤੇ ਚਲਣ ਦੀ ਸਮਰਥਾ

ਵੀ ਉਹ ਆਪ ਹੀ ਬਖਸ਼ਦਾ ਹੈ ਕਿਉਂਕਿ ਉਹ ਆਪ ਹੀ ਸਾਡੇ ਅੰਦਰ ਵਿਚਾਰਾਂ ਦਾ ਮਾਲਕ ਹੈ ਜੋ ਆਪ ਹੀ ਸਾਨੂੰ ਮਾਇਆ ਮੋਹ ਵਾਲੇ ਵਿਚਾਰਾਂ ਵਿਚੋਂ ਕੱਢ ਲੈਂਦਾ ਹੈ, ਅਨੇਕਾਂ ਹੀ ਅਨੇਕਾਂ ਭਰਮਾਂ ਵਿਚੋਂ ਕੱਢ ਲੈਂਦਾ ਹੈ। ਉਹ ਆਪਣਾ ਨਾਮ ਦੇ ਕੇ ਨਾਮ ਤੇ ਚਲਣ ਦੀ ਦ੍ਰਿੜਤਾ ਵੀ ਆਪ ਹੀ ਦਿੰਦਾ ਹੈ। ਜਿੰਨਾ ਨੇ ਪਰਮਾਤਮਾ ਦੀ ਸਿਫਤ ਕੀਤੀ ਹੈ ਉਨਾਂ ਨੂੰ ਜੋ ਮਨ ਦੇ ਵਿਚ ਸ਼ਬਦਾਂ ਦੇ ਰੂਪ ਵਿਚ ਗਿਆਨ ਮਿਲਦਾ ਹੈ ਉਹ ਚਉਥੇ ਪਦ ਦਾ ਗਿਆਨ ਹੁੰਦਾ ਹੈ ਜਿਸ ਨੂੰ ਕਿ ਉਪਰ ਪੰਗਤੀਆਂ ਵਿਚ **"ਨੂਰੁ"** ਕਹਿ ਕੇ ਸਮਝਾਇਆ ਹੋਇਆ ਹੈ। **"ਨੂਰੁ"** ਪ੍ਰਕਾਸ਼ ਨੂੰ ਕਹਿੰਦੇ ਹਨ ਜੋ ਹਨੇਰੇ ਨੂੰ ਦੂਰ ਕਰਦਾ ਹੈ। ਜਿਵੇਂ ਅਸਮਾਨ ਵਿਚੋਂ ਸੂਰਜ ਚੰਦਰਮਾ ਦਾ ਪ੍ਰਕਾਸ਼ ਆਉਂਦਾ ਹੈ ਤੇ ਉਹ ਸੰਸਾਰ ਦੇ ਹਨੇਰੇ ਨੂੰ ਦੂਰ ਕਰਦਾ ਹੈ ਇਸੇ ਤਰਾਂ ਪਰਮਾਤਮਾ ਦੇ ਸੱਚੇ ਗਿਆਨ ਦਾ ਨੂਰ ਮਨ ਦੇ ਵਿੱਚ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਤੋਂ ਦੂਰ ਕਰਦਾ ਹੈ, ਤ੍ਰੈਗੁਣਾਂ ਵਾਲੀ ਅਵਸਥਾ ਦੇ ਹਨੇਰੇ ਤੋਂ ਦੂਰ ਕਰਦਾ ਹੈ। ਮਨ ਦੇ ਵਿੱਚੋਂ ਪਰਮਾਤਮਾ ਦੇ ਦਰਸ਼ਨ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੇ ਹਨ ਜਿਸ ਗਿਆਨ ਦੇ ਪ੍ਰਕਾਸ਼ ਦੁਆਰਾ ਮਨੁੱਖ ਦੀ ਜਨਮਾਂ ਜਨਮਾਂ ਦੀ ਮੱਲ ਭਾਵ ਮਨ ਦੀ ਅਗਿਆਨਤਾ ਕਰਕੇ ਆਪਣਾ ਝੂਠਾ ਜਨਮ ਸਮਝਣ ਦੀ ਮੱਲ ਭਾਵ ਅਗਿਆਨਤਾ ਰੂਪ, ਹਉਮੈ ਰੂਪ ਮੱਲ ਦੂਰ ਹੋ ਜਾਂਦੀ ਹੈ। ਸਾਡੇ ਅੰਦਰ ਸੱਚੇ ਨਾਮ ਦਾ ਪ੍ਰਕਾਸ਼, ਸ਼ਬਦਾਂ ਦੇ ਗਿਆਨ ਦਾ ਪ੍ਰਕਾਸ਼ ਹਉਮੈ ਦੀ ਅਵਸਥਾ ਵਿਚੋਂ ਕੱਢ ਲੈਂਦਾ ਹੈ। ਪ੍ਰਮਾਤਮਾ ਦੀ ਸਿਫਤ ਮਨ ਦੀ ਇਸ ਅਵਸਥਾ ਦੁਆਰਾ ਹੁੰਦੀ ਹੈ ਜੋ ਸਿਫਤ ਪ੍ਰਮਾਤਮਾ ਦੀ ਬਾਣੀ ਰਚਣ ਵਾਲਿਆਂ ਨੇ ਕੀਤੀ ਹੈ। (**ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥**)

ਜਿਨ੍ਹਾਂ ਨੇ ਆਪਣੇ ਜੀਵਨ ਵਿੱਚ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਜੀਵਨ ਵਿੱਚ ਜਿਸ ਰੂਪ ਵਿੱਚ ਪਰਮਾਤਮਾ ਦੀ ਸਿਫਤ ਸਾਲਾਹ ਕੀਤੀ ਹੈ ਉਹੀ ਕੁਝ ਉਹਨਾਂ ਨੇ ਪੂਰੀ ਗੁਰਬਾਣੀ ਰਾਹੀਂ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਸਾਨੂੰ ਸਮਝਾਇਆ ਹੈ। ਜਿਹੋ ਜਿਹਾ ਸ਼ਬਦ ਰੂਪ ਲੰਗਰ ਪਰਮਾਤਮਾ ਕੋਲੋਂ ਛੱਕ ਕੇ ਉਹ ਆਪ ਉਸ ਤੇ ਪੂਰਾ ਉਤਰੇ ਹਨ ਉਸੇ ਤਰਾਂ ਉਹਨਾਂ ਨੇ ਸਾਨੂੰ ਗੁਰਬਾਣੀ ਵਿਚੋਂ ਲੰਗਰ ਛੱਕਕੇ, ਭੋਜਨ ਛੱਕਕੇ ਭਾਵ ਨਾਮ ਰੂਪ ਭੋਜਨ ਛੱਕਕੇ ਉਸ ਤੇ ਪੂਰਾ

38/4607

ਉਤਰਨ ਲਈ ਸਮਝਾਇਆ ਹੈ ਭਾਵ ਆਪਣੇ ਜੀਵਨ ਵਿਚ ਪਰਮਾਤਮਾ ਦੀ ਸਿਫਤ ਕਰਨੀ ਸਮਝਾਈ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥
ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥੨॥”

ਜਿੰਨਾ ਨੇ ਗੁਰਬਾਣੀ ਵਿਚ ਸ਼ਬਦ ਰੂਪ ਲੰਗਰ ਪਾਇਆ ਹੈ, ਸੰਸਾਰ ਦੇ ਛੱਕਣ ਲਈ ਪਾਇਆ ਹੈ, ਉਸ ਲੰਗਰ ਦੇ ਛੱਕਣ ਦਾ ਮਕਸਦ ਹੀ ਉਪਰ ਸਮਝਾਇਆ ਹੋਇਆ ਹੈ। ਗੁਰਬਾਣੀ ਵਿਚ ਸ਼ਬਦਾਂ ਦਾ ਲੰਗਰ ਲਗਾ ਕੇ ਪ੍ਰਮਾਤਮਾ ਨੇ ਸਾਨੂੰ ਆਪਣੀ ਸੱਚੀ ਸਿੱਖਿਆ ਸੁਣਾਈ ਹੈ ਜਿਸ ਸਿੱਖਿਆ ਵਿਚ ਪੂਰਨ ਸੱਚ ਹੈ ਭਾਵ ਜੋ ਸਿੱਖਿਆ ਪੂਰੀ ਤਰਾਂ ਭਰਮ ਤੋਂ ਰਹਿਤ ਹੈ। ਉਸ ਸਿੱਖਿਆ ਦਾ ਮਕਸਦ ਵੀ ਨਾਲ ਹੀ ਸਮਝਾਇਆ ਹੋਇਆ ਹੈ ਭਾਵ ਸ਼ਬਦ ਰੂਪ ਲੰਗਰ ਛੱਕਣ ਦਾ ਮਕਸਦ ਵੀ ਨਾਲ ਹੀ ਸਮਝਾਇਆ ਹੋਇਆ ਹੈ। ਇਹ ਲੰਗਰ ਸਾਡੇ ਮਨ ਨੇ ਛੱਕਣਾ ਹੈ, ਗੁਰਮਤਿ ਰੂਪ ਵਿੱਚ ਛੱਕਣਾ ਹੈ ਜਿਸ ਨੇ ਸਾਡੇ ਮਨ ਦੀ ਸੋਝੀ ਨੂੰ ਸੱਚਿਆ ਬਣਾਉਣਾ ਹੈ। ਇਹ ਸੱਚ ਦਾ ਲੰਗਰ ਹੈ ਜਿਸਨੇ ਸਾਡੇ ਅੰਦਰੋਂ ਝੂਠ ਨੂੰ ਕੱਢਣਾ ਹੈ। ਜੋ ਵੀ ਗੱਲ ਸ਼ਬਦ ਦੀ ਵਿਚਾਰ ਤੇ ਪੂਰੀ ਨਹੀਂ ਉਤਰਦੀ ਉਹ ਸੱਚ ਨਹੀਂ ਹੈ ਭਾਵ ਝੂਠ ਹੈ ਸਾਡਾ ਭਰਮ ਹੈ, ਮਨਮਤਿ ਹੈ, ਅਗਿਆਨਤਾ ਹੈ। ਸ਼ਬਦ ਦਾ ਮਕਸਦ ਸਾਨੂੰ ਸੱਚ ਦੇ ਨਾਲ ਜੋੜਣ ਦਾ ਹੀ ਹੈ ਭਾਵ ਨਾਮ ਦੇ ਨਾਲ ਜੋੜਣ ਦਾ ਹੀ ਹੈ। ਉਪਰ ਸ਼ਬਦ ਰਾਹੀਂ ਸਾਨੂੰ ਇਹ ਹੁਕਮ ਕਰਕੇ ਸਮਝਾਇਆ ਹੋਇਆ ਹੈ ਕਿ ਗੁਰਬਾਣੀ ਵਿਚ ਸ਼ਬਦਾਂ ਰਾਹੀਂ ਜੋ ਗੁਰੂ ਸਾਹਿਬ ਨੇ ਆਪਣੇ ਬੋਲ ਬੋਲਣ ਦੁਆਰਾ ਸੱਚ ਸਮਝਾਇਆ ਹੈ ਅਸੀਂ ਉਹਨਾਂ ਬੋਲਾਂ ਤੋਂ ਪਿੱਛੇ ਕਿਉਂ ਹਟੀਏ ਭਾਵ ਗੁਰੂ ਦੇ ਸੱਚੇ ਬੋਲਾਂ ਨੂੰ ਮੰਨੀਏ, ਸੱਚ ਨੂੰ ਆਪਣੇ ਜੀਵਨ ਵਿਚ ਅਪਣਾਈਏ ਜਿਸ ਤਰੀਕੇ ਅਸੀਂ ਸੱਚ ਨੂੰ ਆਪਣੇ ਜੀਵਨ ਵਿਚ ਖਰਚ ਸਕਦੇ ਹਾਂ ਭਾਵ ਵਿਚਰਨ ਸੱਚੀ ਸੁਚੀ ਕਰੀਏ ਤੇ ਇਹੀ ਸੱਚ ਦਾ ਮਕਸਦ ਹੈ, ਨਾਮ ਦਾ ਮਕਸਦ ਹੈ। ਆਪਣੇ ਜੀਵਨ ਵਿਚ ਸੱਚ ਦੁਆਰਾ ਵਿਚਰਨਾ ਹੀ ਸੱਚ ਨੂੰ ਆਪਣੇ ਅੰਦਰ ਜਪਣਾ ਹੈ, ਨਾਮ ਜਪਣਾ ਹੈ। ਪੂਰੀ ਬਾਣੀ ਵਿਚ ਸੱਚ ਹੈ ਭਾਵ ਨਾਮ ਹੈ ਤੇ ਅਸੀਂ ਇਸ ਸੱਚ ਰੂਪ ਲੰਗਰ ਨੂੰ ਆਪਣੇ ਅੰਦਰ ਜਪਣਾ ਹੈ ਜਿਸ ਨੇ ਸਾਨੂੰ ਮਨ ਦੀ ਮੱਲ ਤੋਂ ਰਹਿਤ ਕਰਨਾ

38/4608

ਹੈ। (**ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥**)

ਬਾਣੀ ਰਾਹੀਂ ਗੁਰੂ ਪਰਮਾਤਮਾ ਨੇ ਬਾਰ ਬਾਰ ਇਹ ਫੁਰਮਾਇਆ ਹੈ ਕਿ ਅਸੀਂ ਮਾੜੇ ਕਰਮ ਕਰਨੇ ਛੱਡੀਏ, ਮਾਇਆ ਮੋਹ ਛੱਡੀਏ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡੀਏ, ਹਉਮੈ ਛੱਡੀਏ, ਸਰੀਰਿਕ ਜਪ ਤਪ ਆਦਿ ਛੱਡੀਏ ਤੇ ਹੋਰ ਵੀ ਜੋ ਅਸੀਂ ਅਨੇਕਾਂ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਉਹਨਾਂ ਨੂੰ ਛੱਡੀਏ ਕਿਉਂਕਿ ਉਹ ਕੇਵਲ ਭਗਤੀ ਦਾ ਦਿਖਾਵਾ ਹਨ, ਥਿਤਾਂ ਵਾਰਾਂ ਆਦਿ ਨੂੰ ਪੂਜਣਾ ਛੱਡੀਏ, ਸਰੀਰਿਕ ਸੁੱਚ ਨੂੰ ਭਗਤੀ ਦਾ ਮਾਰਗ ਨਾ ਸਮਝੀਏ, ਚੰਉਕੇ ਦੀ ਸੁੱਚ ਨੂੰ ਭਗਤੀ ਦੇ ਮਾਰਗ ਨਾਲ ਨਾ ਜੋੜੀਏ ਪਰ ਕੀ ਅਸੀਂ ਇਹ ਸਾਰੀਆਂ ਗੱਲਾਂ ਮੰਨਦੇ ਹਾਂ ਜਿੰਨਾ ਵਿਚ ਪੁਰਨ ਸੱਚ ਹੈ ਤੇ ਇਹ ਸੱਚ ਹੀ ਤਾਂ ਨਾਮ ਹੈ ਫਿਰ ਕੀ ਅਸੀਂ ਨਾਮ ਨੂੰ ਮੰਨਦੇ ਹਾਂ ਭਾਵ ਨਹੀਂ ਮੰਨਦੇ ਭਾਵ ਅਸੀਂ ਝੂਠ ਵਿਚ ਹੀ ਬੈਠੇ ਹੋਏ ਹਾਂ ਤੇ ਭਰਮ ਵਿਚ ਹੀ ਆਪਣੇ ਆਪ ਨੂੰ ਨਾਮ ਵਾਲੇ ਸਮਝੀ ਬੈਠੇ ਹਾਂ, ਭਗਤੀ ਵਾਲੇ ਸਮਝੀ ਬੈਠੇ ਹਾਂ। ਮਨ ਦੇ ਭਰਮਾਂ ਵਿਚੋਂ ਨਿਕਲਾਂਗੇ ਤੇ ਫਿਰ ਤਾਂ ਹੀ ਭਗਤੀ ਦਾ ਸੱਚਾ ਉਦਮ ਕਰ ਸਕਾਂਗੇ।

ਜਿਸਨੂੰ ਪਰਮਾਤਮਾ ਦੇ ਘਰੋਂ ਉਸਦਾ ਪਿਆਰ ਮਿਲਦਾ ਹੈ, ਲਾਭ ਮਿਲਦਾ ਹੈ ਉਹ ਗੁਰੂ ਦੇ ਦੱਸੇ ਹੋਏ ਸੱਚ ਨੂੰ ਮੰਨਣ ਦੁਆਰਾ ਹੀ ਮਿਲਦਾ ਹੈ ਭਾਵੇਂ ਉਹ ਕੋਈ ਵੀ ਹੋਵੇ। ਇਹ ਗੱਲ ਸਾਨੂੰ ਅਗਲੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥

ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥

ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥

ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥੨॥"

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਦੇ ਬੋਲ ਹੀ ਸਾਡਾ ਗੁਰੂ ਹੈ। (**ਸਤਿਗੁਰੁ ਬਚਨੁ ਬਚਨੁ ਹੈ ਸਤਿਗੁਰੁ ਪਾਧਰੁ ਮੁਕਤਿ ਜਨਾਵੈਗੋ ॥੫॥**) ਅੰਗ-੧੩੦੯ (**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥**) ਅੰਗ-੯੮੨ (**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੯॥੨॥੯॥**) ਅੰਗ-੪੪੪ (**ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥**) ਅੰਗ-੪੬੫

38/4609

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਦਾ ਜਿਕਰ ਕਰਦੇ ਆ ਰਹੇ ਹਾਂ ਕਿ ਸਾਡੇ ਲਈ ਸਭ ਤੋਂ ਜਰੂਰੀ ਸਮਝਣ ਦੀ ਇਹ ਗੱਲ ਹੈ ਕਿ ਅਸੀਂ ਇਹ ਸਮਝੀਏ ਕਿ ਸਾਡਾ ਗੁਰੂ ਕੌਣ ਹੈ। ਜਦ ਤਕ ਸਾਨੂੰ ਗੁਰੂ ਦੀ ਸਮਝ ਹੀ ਨਾ ਹੋਵੇਗੀ ਤਦ ਤਕ ਅਸੀਂ ਗੁਰੂ ਦੀ ਸੇਵਾ ਕੀ ਕਰਾਂਗੇ, ਉਸਦੀ ਭਗਤੀ ਕੀ ਕਰਾਂਗੇ ਤੇ ਪਰਮਾਤਮਾ ਨੂੰ ਪਾਉਣ ਦਾ ਉਦਮ ਕੀ ਕਰਾਂਗੇ। ਗੁਰੂ ਗੁਰੂ ਦੇ ਬਚਨ ਹਨ, ਗੁਰੂ ਦੇ ਬੋਲ ਹਨ। ਗੁਰੂ ਗੁਰੂ ਦੀ ਬਾਣੀ ਹੈ ਭਾਵ ਆਪਣੇ ਮੁਖੋਂ ਜੋ ਗੁਰੂ ਨੇ ਬਾਣੀ ਬੋਲੀ ਹੈ, ਆਪਣੀ ਬਾਣੀ ਦੁਆਰਾ ਬੋਲ ਬੋਲੇ ਹਨ, ਬਚਨ ਬੋਲੇ ਹਨ ਉਹ ਬਚਨ ਸਾਡਾ ਗੁਰੂ ਹਨ। ਗੁਰੂ ਨੇ ਜੋ ਸਾਨੂੰ ਸਿੱਖਿਆ ਦਿੱਤੀ ਹੈ, ਆਪਣੇ ਬਚਨਾਂ ਦੁਆਰਾ ਜੋ ਸਿੱਖਿਆ ਦਿੱਤੀ ਹੈ ਉਹ ਸਿੱਖਿਆ ਸਾਡਾ ਗੁਰੂ ਹੈ, ਗੁਰੂ ਦਾ ਉਪਦੇਸ਼ ਸਾਡਾ ਗੁਰੂ ਹੈ। ਗੁਰੂ ਦੀ ਸਿੱਖਿਆ ਹੀ ਉਹ ਸਿੱਖੀ ਹੈ ਜਿਸ ਨੇ ਸਾਨੂੰ ਗੁਰੂ ਦਾ ਸਿੱਖ ਬਣਾਉਣਾ ਹੈ। ਜੋ ਵੀ ਸਾਨੂੰ ਗੁਰੂ ਨੇ ਵਿਚਾਰ ਦਿੱਤੇ ਹਨ ਉਹ ਗੁਰੂ ਦੀ ਸਿੱਖਿਆ ਹੈ ਤੇ ਜੋ ਗੁਰੂ ਦੀ ਸਿੱਖਿਆ ਨੂੰ ਮੰਨਦਾ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਦਾ ਹੈ ਉਹ ਗੁਰੂ ਦਾ ਸਿੱਖ ਹੈ। ਗੁਰੂ ਨੇ ਆਪਣੇ ਬਚਨਾਂ ਦੁਆਰਾ ਜੋ ਕੁਝ ਸਾਨੂੰ ਸਮਝਾਇਆ ਹੈ, ਸਿੱਖਿਆ ਦੇ ਰੂਪ ਵਿੱਚ ਜੋ ਕੁੱਝ ਸਾਨੂੰ ਸਮਝਾਇਆ ਹੈ ਉਹ **"ਸਚੁ"** ਹੈ ਭਾਵ **"ਸਚੁ"** ਹੀ ਸਾਡਾ ਗੁਰੂ ਹੈ। **"ਸਚੁ"** ਆਪ ਪਰਮਾਤਮਾ ਹੈ, **"ਸਚੁ"** ਹੀ ਨਾਮ ਹੈ ਤੇ ਇਸੇ ਲਈ **"ਸਚੁ"** ਦੇ ਰੂਪ ਵਿਚ ਪਰਮਾਤਮਾ ਆਪ ਹੀ ਗੁਰੂ ਹੈ, ਨਾਮ ਦੇ ਰੂਪ ਵਿਚ ਪਰਮਾਤਮਾ ਆਪ ਹੀ ਗੁਰੂ ਹੈ ਭਾਵ ਪਰਮਾਤਮਾ ਗਿਆਨ ਦੇ ਰੂਪ ਵਿਚ ਗੁਰੂ ਹੈ, ਬ੍ਰਹਮਗਿਆਨ ਦੇ ਰੂਪ ਵਿਚ ਗੁਰੂ ਹੈ। ਪੂਰੀ ਗੁਰਬਾਣੀ ਵਿਚ ਜੋ ਵੀ ਗੁਰੂ ਨੇ ਸਿਖਿਆ ਦਿੱਤੀ ਹੈ ਉਹ ਬ੍ਰਹਮਗਿਆਨ ਦੇ ਰੂਪ ਵਿਚ ਹੈ ਭਾਵ ਜੋ ਬ੍ਰਹਮਗਿਆਨ ਹੈ ਉਹ **"ਸਚੁ"** ਹੈ ਕਿਉਂਕਿ ਬ੍ਰਹਮਗਿਆਨ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ। ਜਿਥੇ ਭਰਮ ਹੈ, ਦੁਚਿੱਤੀ ਹੈ, ਦੁਬਿੱਧਾ ਹੈ ਭਾਵ ਹਉਮੈ ਹੈ ਉੱਥੇ **"ਸਚੁ"** ਨਹੀਂ ਹੈ। ਗੁਰੂ ਦਾ ਮਕਸਦ ਸਾਨੂੰ ਮਨ ਦੀ ਦੁਬਿਧਾ ਵਿਚੋਂ ਕੱਢਕੇ ਆਪਣੇ ਨਾਲ ਮਿਲਾਉਣ ਦਾ ਹੈ ਭਾਵ ਸਾਨੂੰ ਭਰਮਾਂ ਵਿੱਚੋਂ ਕੱਢਕੇ ਸੱਚ ਨਾਲ ਜੋੜਨ ਦਾ ਹੈ ਭਾਵ ਪ੍ਰਮਾਤਮਾ ਨਾਲ ਜੋੜਨ ਦਾ ਹੈ। **"ਸਚੁ"** ਨੂੰ ਜਪਣਾ ਪ੍ਰਮਾਤਮਾ ਨੂੰ ਜਪਣਾ ਹੈ ਤੇ ਸਮਝਣਾ ਅਸੀਂ ਇਸ ਗੱਲ ਨੂੰ ਹੈ ਕਿ ਜਪਣਾ ਕਿਸ ਨੂੰ ਕਹਿੰਦੇ ਹਨ ਭਾਵ ਜਪਣ ਦਾ ਮਕਸਦ ਕੀ ਹੈ। ਗੁਰਬਾਣੀ ਦੇ ਸ਼ੁਰੂ ਵਿਚ ਹੀ ਸਾਨੂੰ ਇਹ ਗੱਲ ਸਮਝਾਈ ਹੋਈ ਹੈ ਕਿ ਅਸੀਂ ਕਿਸ ਨੂੰ ਜਪਣਾ ਹੈ।

॥ ਜਪੁ ॥

"ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥"

(ਅੰਗ - ੧)

38/4610

ਅਸੀਂ ਉਹ **"ਸਚੁ"** ਨੂੰ ਜਪਣਾ ਹੈ ਜੋ ਆਦਿ ਤੋਂ **"ਸਚੁ"** ਹੈ, ਜੁਗਾਦਿ ਤੋਂ **"ਸਚੁ"** ਹੈ, ਹੁਣ ਵੀ **"ਸਚੁ"** ਹੈ ਤੇ ਸਦਾ

ਲਈ ਰਹਿਣਾ ਵੀ **"ਸਚੁ"** ਨੇ ਹੀ ਹੈ ਭਾਵ ਅਸੀਂ ਪਰਮਾਤਮਾ ਨੂੰ ਜਪਣਾ ਹੈ ਜੋ ਸਦਾ ਤੋਂ ਹੀ ਸੱਚ ਦੇ ਰੂਪ ਵਿੱਚ ਹੈ। **"ਸਚੁ"** ਹੀ ਨਾਮ ਹੈ ਜਿਵੇਂ ਕਿ ਬਾਣੀ ਰਾਹੀਂ ਬਾਰ-ਬਾਰ ਸਮਝਾਇਆ ਹੋਇਆ ਹੈ। ਰਾਮ ਵੀ **"ਸਚੁ"** ਹੈ, ਰਹੀਮ ਵੀ **"ਸਚੁ"** ਹੈ, ਹਰਿ ਵੀ **"ਸਚੁ"** ਹੈ, ਵਾਹਿਗੁਰੂ ਵੀ **"ਸਚੁ"** ਹੈ ਭਾਵ ਇਹ ਸਾਰੇ ਨਾਮ ਉਸ **"ਸਚੁ"** ਰੂਪ ਪ੍ਰਮਾਤਮਾ ਨੂੰ ਸੰਬੋਧਨ ਕਰਨ ਲਈ ਹਨ। ਪਰਮਾਤਮਾ ਦਾ **"ਸਚੁ"** ਰੂਪ ਪੂਰੀ ਗੁਰਬਾਣੀ ਵਿਚ ਹੈ ਜਿਸ ਨੂੰ ਅਸੀਂ ਜਪਣਾ ਹੈ। ਗੁਰੂ ਦੀ ਗੱਲ ਨੂੰ ਮੰਨਣਾ ਹੀ ਉਸਨੂੰ ਜਪਣਾ ਹੈ ਜਿਵੇਂ ਕਿ ਅਸੀਂ ਬਾਰ ਬਾਰ ਸਮਝਿਆ ਹੈ। (**ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥**) ਅੰਗ - ੨੭

ਜਿੰਨਾ ਨੇ ਪਰਮਾਤਮਾ ਨੂੰ ਜਪਿਆ ਹੈ ਉਹਨਾਂ ਨੇ **"ਸਚੁ"** ਨੂੰ ਆਪਣੇ ਅੰਦਰ ਜਪਿਆ ਹੈ, ਨਾਮ ਨੂੰ ਹੀ ਆਪਣੇ ਅੰਦਰ ਜਪਿਆ ਹੈ ਤੇ ਮੁਖ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ **"ਸਚੁ"** ਦਾ ਮਕਸਦ ਕੀ ਹੈ, ਪਰਮਾਤਮਾ ਦਾ ਗੁਰਬਾਣੀ ਦੀ ਰਚਨਾ ਕਰਨ ਦੁਆਰਾ ਸੰਸਾਰ ਨੂੰ **"ਸਚੁ"** ਸਮਝਾਉਣ ਦਾ ਮਕਸਦ ਕੀ ਹੈ, ਨਾਮ ਸਮਝਾਉਣ ਦਾ ਮਕਸਦ ਕੀ ਹੈ ਭਾਵ ਗੁਰੂ ਨੂੰ ਜਪਣ ਦਾ ਮਕਸਦ ਕੀ ਹੈ। ਗੁਰਬਾਣੀ ਰਾਹੀਂ ਜੋ ਵੀ ਗੁਰੂ ਨੇ ਫੁਰਮਾਇਆ ਹੈ ਉਹ **"ਸਚੁ"** ਹੈ ਤੇ ਸਾਨੂੰ ਗੁਰੂ ਦੇ ਇਹ ਸੱਚੇ ਬੋਲ ਮੰਨਣੇ ਚਾਹੀਦੇ ਹਨ, ਮੰਨਣ ਤੋਂ ਪਿੱਛੇ ਨਹੀਂ ਹੱਟਣਾ ਚਾਹੀਦਾ ਕਿਉਂਕਿ ਗੁਰੂ ਦੀ ਸਿੱਖਿਆ ਦੇਣ ਦਾ ਮਕਸਦ ਇਹੀ ਹੈ ਕਿ ਅਸੀਂ ਉਸਦੀ ਸਿਖਿਆ ਨੂੰ ਮੰਨੀਏ, **"ਸਚੁ"** ਨੂੰ ਮੰਨੀਏ ਭਾਵ ਗੁਰੂ ਦੀ ਸੱਚੀ ਮਤਿ ਨੂੰ ਆਪਣੇ ਅੰਦਰ ਵਸਾਈਏ। ਇਹੀ **"ਸਚੁ"** ਨੂੰ ਜਪਣਾ ਹੈ, ਨਾਮ ਜਪਣਾ ਹੈ। ਪੂਰੀ ਗੁਰਬਾਣੀ ਵਿੱਚ **"ਸਚੁ ਨਾਮ"** ਇਸੇ ਰੂਪ ਵਿੱਚ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ ਜੋ ਸਾਡੇ ਮੰਨਣ ਲਈ ਹੀ ਹੈ। (**ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥**)

ਅਸੀਂ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਤਾਂ ਕਰਦੇ ਹਾ ਜਿਸ ਲਈ ਅਸੀਂ ਅਨੇਕਾਂ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ, ਆਪਣੀ ਆਪਣੀ ਮਤਿ ਅਨੁਸਾਰ ਅਪਣਾਏ ਹੋਏ ਹਨ ਤੇ ਆਪਣੀ ਆਪਣੀ ਮਤਿ ਅਨੁਸਾਰ ਨਾਮ ਜਪਣੇ ਬਣਾਏ ਹੋਏ ਹਨ ਪਰ

38/4611

ਕੀ ਕਦੇ ਪ੍ਰਮਾਤਮਾ ਉਹਨਾਂ ਗੱਲਾਂ ਨਾਲ ਮਿਲ ਸਕਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥੨॥"

ਉਪਰਲਾ ਸ਼ਬਦ ''ਸਵਈਏ'' ਦੇ ਰੂਪ ਵਿਚ ਹੈ ਜਿਸ ਰਾਹੀਂ ਗੁਰੂ ਸਾਹਿਬਾਨ ਦੀ ਸਿਫਤਿ ਦੇ ਬੋਲ ਲਿਖੇ ਹੋਏ ਹਨ ਕਿ ਦੂਜੀ ਪਾਤਸ਼ਾਹੀ ਧੰਨ ਧੰਨ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੀ ਪ੍ਰਾਪਤੀ ਕਿਵੇਂ ਹੋਈ ਸੀ, ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ ਉਹਨਾਂ ਨੂੰ ਪ੍ਰਮਾਤਮਾ ਨੇ ਆਪਣੇ ਸੱਚੇ ਤਖਤ ਤੇ ਉਹਨਾਂ ਦੀ ਕਿਹੜੀ ਸਿਫਤਿ ਕਰਕੇ ਬਿਠਾਇਆ ਸੀ ਜਿਸ ਤਖਤ ਤੇ ਉਹ ਅੱਜ ਵੀ ਬਿਰਾਜਮਾਨ ਹਨ, ਗੁਰੂ ਦੇ ਰੂਪ ਵਿੱਚ ਬਿਰਾਜਮਾਨ ਹਨ। ਗੁਰੂ ਦੀ ਗੱਦੀ ਬਹੁਤ ਉੱਚਾ ਪਦ ਹੈ ਜੋ ਕਿ **"ਸਚੁ"** ਦਾ ਪਦ ਹੈ। ਇਸ ਸੱਚੇ ਪਦ ਤੇ ਬੈਠਣ ਲਈ ਸਾਡਾ ਸੱਚ ਦੇ ਨਾਲ ਜੁੜਣਾ ਹੀ ਸੱਚਾ ਉਦਮ ਹੈ। ਉਸ ਸਮੇਂ ਦੀ ਉਮੀਦ ਅਨੁਸਾਰ ਲੋਕਾਂ ਨੂੰ ਇਹ ਮਹਿਸੂਸ ਹੁੰਦਾ ਸੀ ਕਿ ਗੁਰੂ ਨਾਨਕ ਦੀ ਗੱਦੀ ਦੇ ਹੱਕਦਾਰ ਉਹਨਾਂ ਦੇ ਪੁੱਤਰ ਬਣਨਗੇ। ਗੱਦੀ ਦਾ ਹੱਕਦਾਰ ਇਹ ਸਰੀਰ ਨਹੀਂ ਹੈ ਬਲਕਿ ਸਾਡੇ ਅੰਦਰ ਦੇ ਵਿਚਾਰ ਹਨ ਜੋ ਸਾਨੂੰ ਸੱਚ ਦੇ ਨਾਲ ਜੋੜਦੇ ਹਨ ਜੋ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। ਜਦ ਤਕ ਸਾਡੇ ਵਿਚਾਰ **"ਸਚੁ"** ਨਾਲ ਨਹੀਂ ਜੁੜਦੇ ਭਾਵ ਗੁਰੂ ਦੇ ਵਿਚਾਰਾਂ ਨਾਲ ਨਹੀਂ ਜੁੜਦੇ ਤਦ ਤਕ ਅਸੀਂ ਗੁਰੂ ਦੇ ਨਾਲ ਨਹੀਂ ਜੁੜਦੇ। ਬਾਬੇ ਨਾਨਕ ਦੇ ਬੱਚਿਆਂ ਨੇ ਗੁਰੂ ਦੇ ਬਚਨਾਂ ਨੂੰ ਨਹੀਂ ਅਪਨਾਇਆ, ਗੁਰੂ ਦੇ ਬਚਨਾਂ ਨੂੰ ਨਹੀਂ ਮੰਨਿਆ, ਸ਼ਬਦ ਦੇ ਵਿਚਾਰਾਂ ਨੂੰ ਨਹੀਂ ਮੰਨਿਆ, ਸੱਚ ਨੂੰ ਨਹੀਂ ਮੰਨਿਆ, ਗੁਰੂ ਦੇ ਨਾਮ ਨੂੰ ਨਹੀਂ ਅਪਨਾਇਆ ਭਾਵ ਨਾਮ ਜਪਣ ਦਾ ਉੱਦਮ ਨਹੀਂ ਕੀਤਾ। ਉਹਨਾਂ ਨੇ ਗੁਰੂ ਪੀਰ ਨੂੰ ਆਪਣੀ ਪਿੱਠ ਦਿਖਾਈ ਭਾਵ **"ਸਚੁ"** ਨੂੰ ਪਿਠ ਦਿਖਾਈ, ਗੁਰੂ ਦੇ ਵਿਚਾਰਾਂ ਨੂੰ ਪਿੱਠ ਦਿਖਾਈ ਤੇ ਇਸੇ ਲਈ ਉਹਨਾਂ ਤੇ ਪ੍ਰਮਾਤਮਾ ਦੀ ਕਿਰਪਾ ਨਹੀਂ ਹੋਈ। ਸਰੀਰਿਕ ਰੂਪ ਵਿਚ ਤਾਂ ਉਹਨਾਂ ਨੇ ਆਪਣੇ ਪਿਤਾ ਬਾਬਾ ਨਾਨਕ ਜੀ ਦੇ ਬਾਰ-ਬਾਰ ਦਰਸ਼ਨ ਕੀਤੇ ਹੋਣਗੇ ਪਰ ਦੇਹ ਰੂਪ ਦੇ ਦਰਸ਼ਨ ਅਸਲ ਵਿੱਚ ਗੁਰੂ ਦੇ ਦਰਸ਼ਨ ਨਹੀਂ ਹਨ। ਗੁਰੂ ਦੇ ਦਰਸ਼ਨ ਸਾਡਾ ਮਨ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਕਰਦਾ ਹੈ। ਉਹ **"ਸਚੁ"** ਰੂਪ ਗੁਰੂ ਸਾਡੇ ਅੰਦਰ ਹੀ ਹੈ

ਜੋ ਕਿ ਪ੍ਰਮਾਤਮਾ ਆਪ ਹੀ ਹੈ। ਉਹ **"ਸਚੁ"** ਰੂਪ ਗੁਰੂ ਪ੍ਰਮਾਤਮਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ

38/4612

ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨਾ ਅਸੀਂ ਉਸ ਗੁਰੂ ਪ੍ਰਮਾਤਮਾ ਦੇ ਨਾਲ ਜੁੜਣ ਦਾ, ਉਸਦੇ ਆਸਨ ਤੇ ਪਹੁੰਚਣ ਦਾ, ਗੁਰਗੱਦੀ ਤੇ ਪਹੁੰਚਣ ਦਾ ਉਪਰਾਲਾ ਨਹੀਂ ਕਰ ਸਕਦੇ। (**ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥**) "**ਕਉਲੁ ਨ ਪਾਲਿਓ**" ਤੋਂ ਭਾਵ ਹੈ ਹੁਕਮ ਦੀ ਪਾਲਣਾ ਨਾ ਕਰਨੀ। ਅਸੀਂ ਹਰ ਰੋਜ ਗੁਰੂ ਦੇ ਦਰਸ਼ਨਾਂ ਲਈ ਜਾਂਦੇ ਹਾਂ ਭਾਵ ਸਰਗੁਣ ਰੂਪ ਦਰਸ਼ਨਾਂ ਲਈ ਜਾਂਦੇ ਹਾਂ, ਆਕਾਰ ਰੂਪ ਦੇ ਦਰਸ਼ਨ ਕਰਨ ਲਈ ਜਾਂਦੇ ਹਾਂ ਤੇ ਉਸੇ ਵਿਚ ਹੀ ਅਸੀਂ ਸੰਤੁਸ਼ਟ ਰਹਿੰਦੇ ਹਾਂ ਕਿ ਅਸੀਂ ਗੁਰੂ ਨੂੰ ਮੱਥਾ ਟੇਕਣ ਦਾ ਆਪਣਾ ਫਰਜ ਪੂਰਾ ਕਰ ਲਿਆ ਹੈ। ਇਸੇ ਤਰਾਂ ਕੋਈ ਅੱਖਰ ਦਾ ਜਪ ਕਰੀ ਜਾਣ ਨਾਲ ਆਪਣਾ ਫਰਜ ਪੂਰਾ ਕਰੀ ਜਾ ਰਿਹਾ ਹੈ। ਗੁਰਬਾਣੀ ਨੇ ਸਾਨੂੰ ਬਹੁਤ ਕੁਝ ਸਮਝਾਇਆ ਹੈ, ਅਨੇਕਾਂ ਹੀ ਅਨੇਕਾਂ ਵਿਚਾਰ ਦਿੱਤੇ ਹਨ ਜਿੰਨਾਂ ਰਾਹੀਂ ਸਾਨੂੰ **"ਸਚੁ"** ਸਮਝਾਇਆ ਹੈ ਪਰ ਅਸੀਂ **"ਸਚੁ"** ਨੂੰ ਅਪਣਾਉਣ ਦੀ ਬਜਾਏ ਮਨ ਦੀ ਝੂਠੀ ਮਤਿ ਨਾਲ ਹੀ ਜੁੜੇ ਰਹਿੰਦੇ ਹਾਂ ਤੇ ਇਹ ਆਸ ਵੀ ਲਗਾਈ ਬੈਠੇ ਹਾਂ ਕਿ ਅਸੀਂ ਪਰਮਾਤਮਾ ਦੀ ਭਗਤੀ ਵਿਚ ਲੱਗੇ ਹੋਏ ਹਾਂ। ਬਿਨਾ ਗੁਰੂ ਦੀ ਗੱਲ ਮੰਨੇ ਅਗਰ ਬਾਬੇ ਨਾਨਕ ਦੇ ਆਪਣੇ ਬੱਚਿਆਂ ਤੇ ਕਿਰਪਾ ਨਹੀਂ ਹੋਈ ਤੇ ਫਿਰ ਕੀ ਸਾਡੇ ਤੇ ਕਿਰਪਾ ਹੋ ਜਾਵੇਗੀ। ਕੋਈ ਬਾਬੇ ਨਾਨਕ ਦੀ ਦੇਹ ਦੇ ਦਰਸ਼ਨਾਂ ਦੀਆਂ ਗੱਲਾਂ ਕਰਦੇ ਹਨ ਕਿ ਸਾਨੂੰ ਇਸੇ ਗੱਲ ਨਾਲ ਪਰਮਾਤਮਾ ਦੇ ਦਰਸ਼ਨ ਹੋ ਗਏ ਹਨ। ਬਾਬੇ ਨਾਨਕ ਦੇ ਜੀਵਨ ਵਿਚ ਲੱਖਾਂ ਨੇ ਉਹਨਾਂ ਦੇ ਦਰਸ਼ਨ ਕੀਤੇ ਹਨ, ਉਹਨਾਂ ਨਾਲ ਗੱਲਾਂ ਵੀ ਕੀਤੀਆਂ ਹਨ ਜਿੰਨਾ ਵਿਚ ਉਹਨਾਂ ਦੇ ਬੱਚੇ ਵੀ ਸਨ ਪਰ ਉਹਨਾਂ ਨੇ ਕੀ ਸਭ ਨੇ ਪ੍ਰਮਾਤਮਾ ਨੂੰ ਪਾ ਲਿਆ ਸੀ ਭਾਵ ਸਭ ਪਾਸੇ ਭਰਮ ਹੀ ਭਰਮ ਹੈ ਜਿਸ ਕਰਕੇ ਅਸੀਂ ਮਨ ਦੇ ਭਰਮ ਕਰਕੇ ਇਹੋ ਜਿਹਿਆਂ ਦੇ ਪਿੱਛੇ ਲੱਗ ਜਾਂਦੇ ਹਾਂ ਜੋ ਗੱਲਾਂ ਤਾਂ ਬਾਬੇ ਨਾਨਕ ਦੇ ਦਰਸ਼ਨਾਂ ਦੀਆਂ ਕਰਦੇ ਹਨ ਤੇ ਪ੍ਰਚਾਰ ਉਹਨਾਂ ਦੀ ਸਿਖਿਆ ਤੋਂ ਉਲਟ ਕਰਦੇ ਹਨ। ਬਾਬੇ ਨਾਨਕ ਨੇ ਸਾਨੂੰ ਮੂਰਤੀ ਪੂਜਾ ਤੋਂ ਹਟਾਇਆ ਹੈ ਤੇ ਭਰਮੇ ਹੋਏ ਗੁਰੂ ਗ੍ਰੰਥ ਜੀ ਦੇ ਸਾਹਮਣੇ ਉਹਨਾਂ ਦੀ ਫੋਟੋ ਨੂੰ ਰੱਖ ਕੇ ਹੀ ਪੂਜੀ ਜਾਂਦੇ ਹਨ ਤੇ ਨਾਲ ਨਾਲ ਆਪਣੇ ਸਿਰਮੌਰ ਨੂੰ ਵੀ ਪੂਜੀ ਜਾਂਦੇ ਹਨ, ਬਾਬੇ ਨਾਨਕ ਦੇ ਬਰਾਬਰ ਪੂਜੀ ਜਾਂਦੇ ਹਨ ਤੇ ਆਪਣੇ ਆਪ ਨੂੰ, ਵੱਡੇ ਧਰਮ ਦੇ ਪ੍ਰਚਾਰਕ ਅਖਵਾਉਂਦੇ ਹਨ ਤੇ ਸਮਾਜ ਵਿਚ ਅਨੇਕਾਂ ਹੀ ਤਰਾਂ ਦੇ ਭਰਮ ਫੈਲਾਉਂਦੇ ਹਨ। ਸਭ ਅਗਿਆਨਤਾ ਹੀ ਅਗਿਆਨਤਾ ਹੈ ਭਾਵ ਹਰ

38/4613

ਕੋਈ **"ਸਚੁ"** ਤੋਂ ਦੂਰ ਹੈ। ਜਿਸ **"ਸਚੁ"** ਦੇ ਨਾਲ ਅਸੀਂ ਮੇਲ ਕਰਨਾ ਹੈ ਉਸਦੇ ਸਮਝਾਏ ਹੋਏ ਸੱਚ ਤੋਂ ਹੀ ਅਸੀਂ ਉਲਟ ਚਲਦੇ ਹਾਂ ਤੇ ਫਿਰ ਵੀ ਪਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਾਂ। ਪੁੱਠੀ ਮਤਿ ਇਸੇ ਨੂੰ ਕਹਿੰਦੇ ਹਨ ਜਿਸ ਪੁੱਠੀ ਮਤਿ ਦੀ ਗੱਲ ਬਾਣੀ ਵਿਚ ਬਾਰ-ਬਾਰ ਕੀਤੀ ਹੋਈ ਹੈ। ਇਹ ਸਾਡੇ ਮਨ ਦੀ **"ਕਲਿ"** ਹੈ ਜਿਸ ਵਿਚੋਂ ਕੱਢਣਾ ਹੀ **"ਸਚੁ"** ਦਾ ਮਕਸਦ ਹੈ, ਗੁਰਬਾਣੀ ਦਾ ਮਕਸਦ ਹੈ ਤੇ ਉਹ ਤਾਂ ਹੀ ਨਿਕਲ ਸਕਦੀ ਹੈ ਜੇਕਰ ਗੁਰੂ ਦੇ ਫੁਰਮਾਏ ਹੋਏ **"ਸਚੁ"** ਨੂੰ ਮੰਨਾਂਗੇ ਤੇ **"ਸਚੁ"** ਨੂੰ ਮੰਨਣ ਵਾਲੇ ਕਿਤਨੇ ਕੁ ਹਨ ਇਸ ਦਾ ਅੰਦਾਜਾ ਹਰ ਕੋਈ ਲਗਾ ਸਕਦਾ ਹੈ। (**ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥**)

ਗੁਰੂ ਵਾਲਾ ਉਹ ਹੈ ਜੋ ਗੁਰੂ ਦੇ ਬਚਨਾਂ ਨੂੰ, ਗੁਰੂ ਦੇ ਉਪਦੇਸ਼ ਨੂੰ ਮੰਨਦਾ ਹੈ ਕਿਉਂਕਿ ਗੁਰੂ ਦਾ ਉਪਦੇਸ਼ ਹੀ ਸਾਡਾ ਗੁਰੂ ਹੈ ਜੋ ਉਪਦੇਸ਼ **"ਸਚੁ"** ਦੇ ਰੂਪ ਵਿਚ ਹੈ, ਨਾਮ ਦੇ ਰੂਪ ਵਿਚ ਹੈ। ਗੁਰੂ ਦੇ ਉਪਦੇਸ਼ ਨੂੰ ਨਾ ਮੰਨਣ ਵਾਲਾ ਨਿਗੁਰਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਝਖੈ ਕਦੇ ਨ ਝੁਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥"

(ਅੰਗ - ੪੩੫)

ਉਪਰ ਸਾਨੂੰ ਗੁਰੂ ਦੇ ਉਪਦੇਸ਼ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਭਾਵ ਸਾਡੇ ਜੀਵਨ ਵਿਚ ਗੁਰੂ ਧਾਰਣ ਦਾ ਮਕਸਦ ਕੀ ਹੈ, ਇਹੀ ਗੱਲ ਸਮਝਾਈ ਹੋਈ ਹੈ। ਗੁਰੂ ਦੇ ਉਪਦੇਸ਼ ਨੂੰ ਧਾਰਣ ਕਰਨਾ ਗੁਰੂ ਧਾਰਣ ਕਰਨਾ ਹੈ। ਅਸੀਂ ਗੁਰੂ ਦੇ ਉਪਦੇਸ਼ ਨੂੰ ਤਾਂ ਹੀ ਧਾਰਣ ਕਰਾਂਗੇ ਜੇਕਰ ਪਹਿਲੇ ਗੁਰੂ ਦੇ ਉਪਦੇਸ਼ ਨੂੰ ਸੁਣਾਂਗੇ ਭਾਵ ਗੁਰੂ ਦਾ ਉਪਦੇਸ਼ ਸੁਣਨਾ, ਗੁਰੂ ਦੀ ਗੱਲ ਨੂੰ ਸੁਣਨਾ

ਸਾਡੇ ਲਈ ਜਰੂਰੀ ਹੈ। ਗੁਰੂ ਦੀ ਗੱਲ ਨੂੰ ਆਪ ਪੜੀਏ ਜਾਂ ਦੂਸਰਿਆਂ ਕੋਲੋਂ ਸੁਣੀਏ ਇਕੋ ਹੀ ਗੱਲ ਹੈ। ਸਾਰੀ ਗੱਲ ਗੁਰੂ ਦੇ ਉਪਦੇਸ਼ ਨੂੰ ਸੁਣ ਕੇ ਵਿਖਾਣ ਦੀ ਹੈ ਭਾਵ ਉਸਤੇ ਅਮਲ ਕਰਨ ਦੀ ਹੈ। ਸਾਡਾ ਗੁਰੂ ਨਾਲ ਝੋਰਾਂ ਤਾਂ ਹੀ ਖਤਮ ਹੋਵੇਗਾ ਜੇਕਰ ਅਸੀਂ ਗੁਰੂ ਦੇ ਉਪਦੇਸ਼ ਨੂੰ ਸੁਣ ਕੇ ਉਸਨੂੰ ਆਪਣੇ ਜੀਵਣ ਵਿਚ ਵਿਖਾਵਾਂਗੇ ਭਾਵ ਅਮਲ ਕਰਕੇ ਵਿਖਾਵਾਂਗੇ। ਸਾਡਾ ਸੱਚਾ ਗੁਰੂ ਉਹ ਹੈ ਜਿਸਨੂੰ ਸੱਚ ਦੀ ਸਮਝ ਹੈ ਭਾਵ ਜਿਸਦਾ ਉਪਦੇਸ਼ ਸੱਚਾ ਹੈ। ਜੋ ਸੱਚਾ ਉਪਦੇਸ਼ ਨਹੀਂ

38/4614

ਦੇ ਸਕਦਾ ਉਹ ਸਾਡਾ ਗੁਰੂ ਨਹੀਂ ਹੋ ਸਕਦਾ। ਗੁਰੂ ਦਾ ਸੱਚਾ ਉਪਦੇਸ਼ ਹੀ ਸਾਡਾ ਸੱਚਾ ਗੁਰੂ ਹੈ ਜੋ ਸੱਚੇ ਗੁਰੂ ਦੇ ਉਪਦੇਸ਼ ਨੂੰ ਸੁਣ ਕੇ ਉਸਨੂੰ ਮੰਨਦਾ ਹੈ, ਉਸਤੇ ਅਮਲ ਕਰਦਾ ਹੈ ਉਹ ਗੁਰੂ ਵਾਲਾ ਹੈ ਤੇ ਜੋ ਗੁਰੂ ਦੀ ਗੱਲ ਨੂੰ ਸੁਣ ਕੇ ਉਸਤੇ ਅਮਲ ਨਹੀਂ ਕਰਦਾ ਉਹ ਨਿਗੁਰਾ ਹੈ ਭਾਵ ਉਹ ਮਾੜਾ ਮਨੁੱਖ ਹੈ। ਖਾਲੀ ਗੁਰੂ ਦੀ ਗੱਲ ਨੂੰ ਸੁਣੀ ਜਾਣ ਨਾਲ ਜਾਂ ਪੜੀ ਜਾਣ ਨਾਲ ਜਾਂ ਮੁੱਖੋਂ ਗੁਰੂ ਗੁਰੂ ਰੱਟੀ ਜਾਣ ਨਾਲ ਕੋਈ ਗੁਰੂ ਵਾਲਾ ਨਹੀਂ ਬਣ ਸਕਦਾ। ਗੁਰੂ ਵਾਲਾ ਬਣਨ ਲਈ ਗੁਰੂ ਦੀ ਗੱਲ ਨੂੰ ਮੰਨਣਾ ਹੀ ਪੈਣਾ ਹੈ। ਸਾਰੀ ਗੁਰਬਾਣੀ ਗੁਰੂ ਨੇ ਸਾਡੇ ਮੰਨਣ ਲਈ ਹੀ ਉਚਾਰੀ ਹੈ ਜੋ ਗੁਰਬਾਣੀ ਦਾ ਮਕਸਦ ਹੈ। ਲਾਭ ਉਸੇ ਨੂੰ ਮਿਲਣਾ ਹੈ ਜੋ ਗੁਰੂ ਦੀ ਗੱਲ ਨੂੰ ਮੰਨੇਗਾ ਜਿਵੇਂ ਕਿ ਦੂਜੀ ਪਾਤਸ਼ਾਹੀ ਨੂੰ ਗੁਰੂ ਦੀ ਗੱਲ ਮੰਨਣ ਦੁਆਰਾ ਲਾਭ ਮਿਲਿਆ ਹੈ। ਗੁਰੂ ਦੀ ਗੱਲ ਨੂੰ ਮੰਨੇ ਬਿਨਾ ਭਾਵ ਆਪਣੀ ਮਤਿ ਛੱਡੇ ਬਿਨਾ ਹਰ ਕੋਈ ਨਿਗੁਰਾ ਹੀ ਹੈ। (**ਝਖੈ ਕਦੇ ਨ ਝੁਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥ ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥**) ਗੁਰੂ ਦੀ ਮਤਿ ਹੀ ਸਾਡਾ ਗੁਰੂ ਹੈ ਤੇ ਫਿਰ ਗੁਰੂ ਦੀ ਮਤਿ ਨੂੰ ਮੰਨੇ ਬਿਨਾ ਅਸੀਂ ਗੁਰੂ ਵਾਲੇ ਕਿਵੇਂ ਬਣ ਸਕਦੇ ਹਾਂ। ਗੁਰੂ ਆਪਣੀ ਮਤਿ ਦੁਆਰਾ ਹੀ ਭਾਵ ਆਪਣੀ ਮਤਿ ਦੇ ਰੂਪ ਵਿਚ ਹੀ ਗੁਰੂ ਹੈ। ਗੁਰੂ ਦੀ ਮਤਿ **"ਸਚੁ"** ਹੈ ਤੇ **"ਸਚੁ"** ਦੇ ਰੂਪ ਵਿਚ ਹੀ ਗੁਰੂ, **"ਗੁਰੂ ਰੂਪ"** ਹੈ ਤੇ **"ਸਚੁ"** ਨੂੰ ਮੰਨੇ ਬਿਨਾ ਭਾਵ **"ਸਚੁ"** ਨੂੰ ਅਪਣਾਏ ਬਿਨਾ ਭਾਵ ਝੂਠੀ ਮਤਿ ਨੂੰ ਛੱਡੇ ਬਿਨਾ ਕੋਈ ਗੁਰੂ ਵਾਲਾ ਨਹੀਂ ਬਣ ਸਕਦਾ। ਝੂਠੀ ਮਤਿ ਦੁਆਰਾ ਮਨੁੱਖ ਝੂਠ ਹੀ ਬੋਲਦਾ ਹੈ, ਝੂਠੇ ਮਾਰਗ ਤੇ ਚੱਲਦਾ ਹੈ ਜੋ ਮਾਰਗ ਸਾਨੂੰ ਸੱਚੇ ਮਾਰਗ ਤੋਂ ਪੁੱਠਾ ਤੋਰਦਾ ਹੈ, ਗੁਰੂ ਪਰਮਾਤਮਾ ਦੇ ਮਾਰਗ ਤੇ ਪਹੁੰਚਣ ਦੇ ਪੁੱਠੇ ਪਾਸੇ ਤੋਰਦਾ ਹੈ।

ਜੋ ਗੱਲ ਅਸੀਂ ਉਪਰਲੀਆਂ ਪੰਗਤੀਆਂ ਦੁਆਰਾ ਸਮਝੀ ਹੈ ਉਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

"ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥"

(ਅੰਗ ੧੪੬-੧੪੭)

38/4615

ਸਾਰੀ ਗੱਲ ਸਾਡੇ **"ਵਖਾਣਿ"** ਤੇ ਨਿਬੜਦੀ ਹੈ ਭਾਵ ਸਾਡੀ ਵਿਚਰਨ ਤੇ ਨਿਬੜਦੀ ਹੈ ਕਿ ਅਸੀਂ ਆਪਣੇ ਜੀਵਨ ਵਿਚ ਕਰਮ ਕਿਹੋ ਜਿਹੇ ਕਰਦੇ ਹਾਂ। ਅਸੀਂ ਜੋ ਵੀ ਕਰਮ ਕਰਦੇ ਹਾਂ ਉਸ ਵਿਚ ਸੱਚ ਹੁੰਦਾ ਹੈ ਜਾਂ ਝੂਠ ਹੁੰਦਾ ਹੈ ਭਾਵ ਉਹ ਸਾਡਾ ਕਰਮ ਸੱਚਾ ਹੁੰਦਾ ਹੈ ਜਾਂ ਝੂਠਾ ਹੁੰਦਾ ਹੈ। ਸੱਚ ਤੇ ਝੂਠ ਦੇ ਵਿਚ ਹੋਰ ਕੁਝ ਨਹੀਂ ਹੁੰਦਾ। ਗੱਲ ਸੱਚ ਤੇ ਝੂਠ ਨੂੰ ਸਮਝਣ ਦੀ ਹੈ। ਜੇਕਰ ਸਾਨੂੰ ਇਹ ਸਮਝ ਲਗ ਜਾਵੇ ਕਿ ਸੱਚ ਕੀ ਹੈ ਫਿਰ ਪਿੱਛੇ ਕੇਵਲ ਝੂਠ ਹੀ ਰਹਿ ਜਾਂਦਾ ਹੈ ਭਾਵ ਕੇਵਲ ਸੱਚ ਨੂੰ ਸਮਝਣ ਦੀ ਲੋੜ ਹੈ। ਸੱਚ ਉਹ ਹੈ ਜੋ ਗੁਰੂ ਨੇ ਆਪਣੇ ਮੂੰਹੋ ਫੁਰਮਾਇਆ ਹੈ ਭਾਵ ਗੁਰੂ ਦੇ ਜੋ ਵੀ ਬੋਲ ਹਨ ਉਹ ਸੱਚ ਹਨ। ਜੋ ਗੱਲ ਗੁਰੂ ਦੇ ਬੋਲਾਂ ਤੇ ਖਰੀ ਨਹੀਂ ਉਤਰਦੀ ਉਹ ਝੂਠ ਹੈ, ਕੂੜ ਹੈ। ਸੱਚ ਭਰਮ ਤੋਂ ਰਹਿਤ ਹੈ ਤੇ ਜਿਥੇ ਝੂਠ ਹੈ ਉਥੇ ਭਰਮ ਹੈ। ਪ੍ਰਮਾਤਮਾ ਦਾ ਦਰ ਸੱਚ ਦਾ ਦਰ ਹੈ ਤੇ ਇਸੇ ਲਈ ਪ੍ਰਮਾਤਮਾ ਦਾ ਦਰ ਸੱਚਾ ਹੈ। ਉਸ ਦਾ ਦਰ ਸਚਖੰਡ ਹੈ ਜਿਥੇ ਕੇਵਲ ਸੱਚ ਹੁੰਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਦਰ ਹੈ, ਆਪਣਾ ਸਥਾਨ ਹੈ ਭਾਵ ਪ੍ਰਮਾਤਮਾ ਦਾ ਸੱਚਾ ਘਰ ਹੈ, ਦਰ ਹੈ, ਸਚਖੰਡ ਹੈ। ਸਚਖੰਡ ਦੇ ਵਿਚੋਂ ਸਾਨੂੰ ਜੋ ਵੀ ਹੁਕਮ ਮਿਲਦਾ ਹੈ ਉਹ ਸੱਚ ਹੈ। ਪ੍ਰਮਾਤਮਾ ਦਾ ਦਰ ਹਰ ਮਨੁੱਖ ਦੇ ਅੰਦਰ ਹੀ ਹੈ ਤੇ ਜਿਸ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪਰਗਟ ਕਰਦਾ ਹੈ ਉਸ ਦੇ ਅੰਦਰ ਆਪਣੇ ਆਪ ਨੂੰ ਸਚਖੰਡ ਦੇ ਰੂਪ ਵਿਚ ਪ੍ਰਗਟ ਕਰਦਾ ਹੈ ਜਿਸ ਰਾਹੀਂ ਉਹ ਸੱਚੀ ਵਿਚਾਰ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤੀ ਹੈ। ਜਿੰਨ੍ਹਾਂ ਨੂੰ ਸੱਚ ਦੀ ਪੂਰਨ ਰੂਪ ਵਿਚ ਸੋਝੀ ਪਈ ਹੈ ਉਨ੍ਹਾਂ ਨੇ ਹੀ ਆਪਣੇ ਜੀਵਨ

ਵਿਚ ਸੱਚ ਨੂੰ ਅਪਣਾਇਆ ਹੈ ਭਾਵ ਸੱਚ ਦਾ ਵਖਾਣਿ ਕੀਤਾ ਹੈ। ਪ੍ਰਮਾਤਮਾ ਨੂੰ ਪਾਉਣਾ ਤਾਂ ਹਰ ਕੋਈ ਚਾਹੁੰਦਾ ਹੈ ਭਾਵ ਉਸ ਦੇ ਸੱਚੇ ਦਰ ਤੇ ਪਹੁੰਚਣ ਦੀ ਖੁਹਾਇਸ਼ ਹਰ ਕੋਈ ਰੱਖਦਾ ਹੈ ਪਰ ਸੱਚੇ ਦਰ ਤੇ ਪਹੁੰਚਣ ਦਾ ਮਾਰਗ ਵੀ ਸੱਚ ਦਾ ਹੀ ਹੈ ਭਾਵ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਆਪਣੀ ਝੂਠੀ ਮਤਿ ਵਿਚੋਂ ਨਿਕਲੀਏ ਤੇ ਗੁਰੂ ਦੀ ਸੱਚੀ ਮਤਿ ਨਾਲ ਜੁੜੀਏ ਤੇ ਆਪਣੇ ਜੀਵਨ ਵਿਚ ਉਸ ਤਰੀਕੇ ਵਿਚਰੀਏ ਜੋ ਗੁਰੂ ਦੀ ਮਤਿ ਨੇ ਸਾਨੂੰ ਸਮਝਾਇਆ ਹੈ। ਝੂਠੀ ਮਤਿ ਨਾਲ ਜੁੜਕੇ ਕੋਈ ਉਸ ਪ੍ਰਮਾਤਮਾ ਦੇ ਮਹਿਲ ਤਕ ਨਹੀਂ ਪਹੁੰਚ ਸਕਦਾ, ਸਚਖੰਡ ਤਕ ਨਹੀਂ ਪਹੁੰਚ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੇ ਮੇਲ ਵਿਚ "ਠਾਕ" ਭਾਵ ਰੁਕਾਵਟ ਸਾਡੀ ਝੂਠੀ ਮਤਿ ਹੈ ਤੇ ਉਸ ਰੋਕ ਨੂੰ ਦੂਰ ਕਰਨ ਵਾਲੀ ਸ਼ਬਦ ਦੀ ਮਤਿ ਹੈ ਜੋ ਸੱਚ ਹੈ ਭਾਵ ਸੱਚੀ ਮਤਿ ਹੈ। ਅਸੀਂ ਗੁਰੂ ਦੀ ਸੱਚੀ ਮਤਿ ਨੂੰ ਭਾਵ ਗੁਰੂ ਦੇ ਬਚਨਾਂ ਨੂੰ ਮੰਨਣਾ ਵੀ ਹੈ, ਸਮਝਣਾ ਵੀ ਹੈ ਤੇ ਉਸ ਅਨੁਸਾਰ ਵਖਾਣਿ ਵੀ ਕਰਨਾ ਹੈ ਭਾਵ ਅਮਲ ਵੀ ਕਰਨਾ ਹੈ ਜਿਸ ਤਰੀਕੇ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਉੱਦਮ ਕਰ ਸਕਦੇ ਹਾਂ। ਜੋ ਸੱਚਾ ਉੱਦਮ ਕਰਦਾ ਹੈ ਉਸ ਨੂੰ ਹੀ ਪ੍ਰਮਾਤਮਾ ਆਪਣੇ ਮਹਿਲ ਵਿਚ ਬੁਲਾਉਂਦਾ ਹੈ। **(ਸਚੈ ਦੈ ਦੀਬਾਣਿ ਕੂੜਿ ਨ ਜਾਈਐ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥ ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥)**

38/4616

ਮੁੱਖ ਸ਼ਬਦ ਰਾਹੀਂ ਪਿੱਛੇ ਅਸੀਂ ਇਸੇ ਗੱਲ ਨੂੰ ਸਮਝਿਆ ਹੈ ਕਿ ਧੰਨ ਧੰਨ ਬਾਬਾ ਨਾਨਕ ਜੀ ਦੇ ਪੁੱਤਰਾਂ ਤੇ ਕਿਸ ਲਈ ਪ੍ਰਮਾਤਮਾ ਦੀ ਕਿਰਪਾ ਨਹੀਂ ਹੋਈ। ਬੋਲ ਤਾਂ ਉਹਨਾਂ ਨੇ ਵੀ ਗੁਰੂ ਜੀ ਦੇ ਸੁਣੇ ਸਨ ਪਰ ਉਹਨਾਂ ਨੇ ਮੰਨੇ ਨਹੀਂ ਭਾਵ ਉਹਨਾਂ ਨੇ ਸੱਚ ਦੀ ਕਦਰ ਨਹੀਂ ਪਾਈ, ਨਾਮ ਦੀ ਕਦਰ ਨਹੀਂ ਪਾਈ ਭਾਵ ਆਪਣੇ ਜੀਵਨ ਵਿਚ ਨਾਮ ਜਪਣ ਦਾ ਉੱਦਮ ਨਹੀਂ ਕੀਤਾ, ਸੱਚ ਤੇ ਚੱਲਣ ਦਾ ਉਦਮ ਨਹੀਂ ਕੀਤਾ ਭਾਵ ਆਪਣੀ ਮਤਿ ਨਹੀਂ ਛੱਡੀ। ਉਹਨਾਂ ਨੇ ਆਪਣੇ ਜੀਵਨ ਵਿਚ ਗੁਰੂ ਸਾਹਿਬ ਦੇ ਦਰਸ਼ਨ ਵੀ ਬਹੁਤ ਕੀਤੇ ਪਰ ਉਹਨਾਂ ਦਰਸ਼ਨਾਂ ਦਾ ਕੀ ਲਾਭ ਜਦ ਤਕ ਅਸੀਂ ਗੁਰੂ ਦੇ ਦਰਸ਼ਨ ਕਰਨ ਦਾ ਮਕਸਦ ਨਹੀਂ ਸਮਝਿਆ। ਗੁਰੂ ਦੇ ਦਰਸ਼ਨਾਂ ਦਾ ਮਕਸਦ ਗੁਰੂ ਕੋਲੋਂ ਮਤਿ ਲੈ ਕੇ ਉਸ ਨੂੰ ਮੰਨਣ ਦਾ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸਲੋਕ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਗੁਰੂ ਦੇ ਦਵਾਰੇ ਤੇ ਜਾ ਕੇ ਜੋ ਮੱਥੇ ਟੇਕ ਕੇ ਮੁੜ ਆਉਂਦੇ ਹਾਂ ਜਾਂ ਕੀਰਤਨ ਸੁਣ ਕੇ ਮੁੜ ਆਉਂਦੇ ਹਾਂ, ਪਾਠ ਸੁਣ ਕੇ ਮੁੜ ਆਉਂਦੇ ਹਾਂ ਕੇਵਲ ਉਸੇ ਵਿਚ ਆਪਣਾ ਫਰਜ ਪੂਰਾ ਕਰਨਾ ਨਾ ਸਮਝੀਏ। ਸਾਡਾ ਅਸਲ ਫਰਜ ਗੁਰੂ ਦੀ ਗੱਲ ਨੂੰ ਮੰਨਣ ਦਾ ਹੀ ਹੈ, ਆਪਣੀ ਦੁਬਿਧਾ ਛੱਡਣ ਦਾ ਹੀ ਹੈ, ਵਿਕਾਰ ਛੱਡਣ ਦਾ ਹੀ ਹੈ ਜੋ ਗੁਰੂ ਦੇ ਨਾਲ ਅਸਲ ਪਿਆਰ ਪਾਉਣ ਦਾ ਤਰੀਕਾ ਹੈ, ਗੁਰੂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੈ। ਬਹੁਤ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

ਸਲੋਕੁ ਮਃ ੩ ॥

"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥"

(ਅੰਗ - ੫੯੪)

ਗੁਰੂ ਨੂੰ ਡਿੱਠਣ ਦਾ ਮਕਸਦ ਆਪਣੀ ਹਉਮੈ ਦੀ ਮੈਲ ਨੂੰ ਧੋਣ ਦਾ ਹੈ ਭਾਵ ਆਪਣੀ ਮਨਮਤਿ ਛੱਡਣ ਦਾ ਹੈ ਜਿਸ ਕਰਕੇ ਅਸੀਂ ਭਰਮਾਂ ਵਿਚ ਰਹਿੰਦੇ ਹਾਂ। ਗੁਰੂ ਸ਼ਬਦ ਹੈ ਤੇ ਅਸੀਂ ਡਿੱਠਣਾ ਵੀ ਸ਼ਬਦ ਨੂੰ ਹੈ। ਸਮਝਣ ਦੀ ਗੱਲ ਇਹ ਹੈ ਕਿ ਅਸੀਂ ਸ਼ਬਦ ਦੇ ਦਰਸ਼ਨ ਕਿਸ ਰੂਪ ਵਿਚ ਕਰਨੇ ਹਨ। ਜੋ ਸ਼ਬਦ ਦਾ ਬਾਹਰੀ ਰੂਪ ਹੈ ਭਾਵ ਜੋ ਸ਼ਬਦ ਦਾ

38/4617

ਲਿਖਿਤ ਰੂਪ ਹੈ, ਅੱਖਰ ਰੂਪ ਹੈ ਉਹ ਸ਼ਬਦ ਦਾ ਆਕਾਰ ਰੂਪ ਹੈ। ਇਹ ਸ਼ਬਦ ਗੁਰੂ ਨੂੰ ਡਿੱਠਣਾ ਨਹੀਂ ਹੈ। ਸ਼ਬਦ ਸੱਚ ਹੈ ਤੇ ਸ਼ਬਦ ਦਾ **"ਸਚੁ"** ਰੂਪ ਸ਼ਬਦ ਦੇ ਅੰਦਰ ਦੀ ਵਿਚਾਰ ਹੈ ਜੋ ਕਿ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ। ਪ੍ਰਮਾਤਮਾ ਆਪਣੇ ਇਸ ਸਚੁ ਰੂਪ ਵਿੱਚ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ ਭਾਵ ਸ਼ਬਦ ਦੀ ਵਿਚਾਰ

ਨਾਲ ਜੁੜਨਾ ਗੁਰੂ ਨਾਲ ਜੁੜਨਾ ਹੈ ਜੋ ਕਿ ਸਾਡੇ ਮਨ ਨੇ ਜੁੜਨਾ ਹੈ, ਮਨ ਦੇ ਵਿਚਾਰਾਂ ਰਾਹੀਂ ਜੁੜਨਾ ਹੈ ਭਾਵ ਮਨ ਦੀ ਸੋਝੀ ਰਾਹੀਂ ਜੁੜਨਾ ਹੈ। ਮੁਕਤੀ ਅਸੀਂ ਮਨ ਦੇ ਵਿਚਾਰਾਂ ਤੋਂ ਲੈਣੀ ਹੈ, ਹਉਮੈ ਵਾਲੇ ਵਿਚਾਰਾਂ ਤੋਂ ਲੈਣੀ ਹੈ ਜਿੰਨ੍ਹਾਂ ਕਰਕੇ ਸਾਡਾ ਮਨ ਮੈਲਾ ਹੈ, ਮਨ ਦੀ ਅਗਿਆਨਤਾ ਕਰਕੇ ਮੈਲਾ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ, ਸੱਚ ਹੈ ਜੋ ਭਰਮ ਤੋਂ ਰਹਿਤ ਹੈ ਜਿਸ ਨੂੰ ਮੰਨਣ ਦੁਆਰਾ ਅਸੀਂ ਹਉਮੈ ਰੂਪ ਮੈਲ ਤੋਂ ਮੁਕਤ ਹੁੰਦੇ ਹਾਂ। ਨਾਮ ਦੇ ਨਾਲ ਸਾਡਾ ਪਿਆਰ ਹਉਮੈ ਨਿਕਲਣ ਦੁਆਰਾ ਹੀ ਜੁੜਦਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਪਿਆਰ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਜੁੜਦਾ ਹੈ। (**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥**)

ਪ੍ਰਮਾਤਮਾ ਆਪਣੇ ਨਾਲ ਮੇਲ ਦੀ ਬਖਸ਼ਿਸ਼ ਉਹਨਾਂ ਤੇ ਹੀ ਕਰਦਾ ਹੈ ਜੋ ਹਉਮੈ ਨੂੰ ਛੱਡਦੇ ਹਨ, ਆਪਣੀ ਮਤਿ ਨੂੰ ਛਡਦੇ ਹਨ ਭਾਵ ਜੋ ਸ਼ਬਦ ਦੀ ਵਿਚਾਰ ਨੂੰ ਅਪਣਾਉਂਦੇ ਹਨ। ਉਹ ਸ਼ਬਦ ਦੀ ਵਿਚਾਰ ਨੂੰ ਕਿਸ ਰੂਪ ਵਿਚ ਅਪਣਾਉਂਦੇ ਹਨ ਭਾਵ ਗੁਰੂ ਨੂੰ ਡਿੱਠਣ ਦਾ ਮਕਸਦ ਕਿਸ ਰੂਪ ਵਿਚ ਪੂਰਾ ਕਰਦੇ ਹਨ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

“ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥

ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥”

ਪ੍ਰਮਾਤਮਾ ਆਪਣੇ ਨਾਲ ਮੇਲ ਦੀ ਬਖਸ਼ਿਸ਼ ਕਰਦਾ ਹੈ ਪਰ ਉਸ ਲਈ ਉਸ ਨੇ ਸਾਡੇ ਲਈ ਅਸੂਲ ਵੀ ਬਣਾਏ ਹਨ ਤੇ ਗੁਰਬਾਣੀ ਰਾਹੀਂ ਉਸ ਨੇ ਸਾਨੂੰ ਸਾਡੇ ਅਸੂਲ ਹੀ ਸਿਖਾਏ ਹਨ। ਮੂਲ ਰੂਪ ਵਿਚ ਅਸੂਲ ਇੱਕੋ ਹੀ ਹੈ ਜੋ ਕਿ ਹਉਮੈ ਛੱਡਣ ਦਾ ਹੈ ਭਾਵ ਆਪਣੀ ਮਤਿ ਛੱਡਣ ਦਾ ਹੈ। ਸਾਡੀ ਮਤਿ ਹੀ ਸਾਨੂੰ ਗੁਰੂ ਦੇ ਦੱਸੇ ਹੋਏ ਅਸੂਲਾਂ ਤੋਂ ਦੂਰ ਕਰਦੀ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਤੋਂ ਦੂਰ ਕਰਦੀ ਹੈ। ਸਾਡੀ ਹਉਮੈ ਸਾਨੂੰ ਮਨ ਦੀ ਦੁਬਿਧਾ ਨਾਲ ਜੋੜ ਕੇ ਰਖਦੀ ਹੈ ਭਾਵ ਭਰਮਾਂ ਨਾਲ ਜੋੜ ਕੇ ਰੱਖਦੀ ਹੈ, ਦੁਚਿੱਤੀ ਵਿਚ ਰੱਖਦੀ ਹੈ ਭਾਵ ਸ਼ਬਦਾਂ ਦੀ ਵਿਚਾਰ ਨਾਲ

ਸਾਨੂੰ ਇੱਕ ਮਨ ਇੱਕ ਚਿਤ ਨਹੀਂ ਹੋਣ ਦਿੰਦੀ। ਸ਼ਬਦਾਂ ਦੀ ਵਿਚਾਰ ਮੰਨਣ ਲਈ ਸਾਨੂੰ ਮਾਇਆ ਮੋਹ ਛੱਡਣਾ ਪੈਂਦਾ ਹੈ, ਹਰ ਵਿਕਾਰ ਛਡਣਾ ਪੈਂਦਾ ਹੈ ਜੋ ਕਿ ਬਹੁਤ ਔਖਾ ਹੈ ਪਰ ਇਹ ਉਦਮ ਸਾਡੇ ਨਾ ਹੈ ਭਾਵ ਗੁਰੂ ਦੇ ਇਸ ਅਸੂਲ ਤੇ ਚੱਲਣ ਦਾ ਅਸੀਂ ਹੀ ਉੱਦਮ ਕਰਨਾ ਹੈ। ਜੋ ਇਹ ਸੱਚਾ ਉਦਮ ਕਰਦਾ ਹੈ ਉਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ਤੇ ਮਨ ਦੇ ਵਿਚੋਂ ਹੀ ਉਸ ਨੂੰ ਆਪਣੇ ਦਰਸ਼ਨ ਕਰਵਾਉਂਦਾ ਹੈ। ਇਹੀ ਮਨੁੱਖ ਦਾ ਜਿਉਂਦੇ ਜੀ ਮਰਨਾ ਹੈ ਜਦੋਂ ਉਸ ਦੇ ਅੰਦਰ ਦੀ ਹਉਮੈ ਮਰ ਜਾਂਦੀ ਹੈ ਭਾਵ ਉਸ ਦੀ ਆਪਣੀ ਹੋਂਦ ਨਹੀਂ ਰਹਿੰਦੀ ਤੇ ਉਹ ਮਨ ਦੀ ਦੁਬਿਧਾ ਵਿਚੋਂ, ਵਿਕਾਰਾਂ ਵਿਚੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ। ਅਸੀਂ ਦੁਬਿਧਾ ਤੋਂ ਮੁਕਤ ਹੋਣ ਦਾ ਉਦਮ ਹੀ ਕਰਨਾ ਹੈ ਤੇ ਮਨੁੱਖ ਨੂੰ ਮਨ ਦੇ ਵਿਚ ਆਪਣੀ ਕਿਰਪਾ ਕਰਕੇ ਮਨ ਦੇ ਵਿਚਾਰਾਂ ਰਾਹੀਂ ਉਹ ਆਪ ਹੀ ਪੂਰੀ ਤਰ੍ਹਾਂ ਮੁਕਤ ਕਰਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਮੁਕਤ ਕਰਦਾ ਹੈ। ਪ੍ਰਮਾਤਮਾ ਦੇ ਨਾਲ ਪਿਆਰ ਇਸ ਤਰੀਕੇ ਹੀ ਜੁੜਦਾ ਹੈ ਜਦੋਂ ਮਨੁੱਖ ਦੁਬਿਧਾ ਤੋਂ, ਵਿਕਾਰਾਂ ਤੋਂ ਮੁਕਤ ਹੁੰਦਾ ਹੈ ਭਾਵ ਸ਼ਬਦ ਦਾ ਵਿਚਾਰੀ ਬਣਕੇ ਵਿਚਰਦਾ ਹੈ। (**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥**)

ਹੁਣ ਅਸੀਂ ਮੁੱਖ ਸ਼ਬਦ ਨੂੰ ਹੋਰ ਵੀ ਬਰੀਕੀ ਨਾਲ ਸਮਝ ਸਕਦੇ ਹਾਂ ਕਿ ਗੁਰੂ ਦੇ ਬਚਨਾਂ ਨੂੰ ਮੰਨਣਾ ਹੀ ਅਸਲ ਵਿਚ ਗੁਰੂ ਨੂੰ ਮੰਨਣਾ ਹੈ। ਜਿਸ ਨੂੰ ਗੁਰੂ ਦੇ ਬਚਨਾਂ ਦੀ ਕਦਰ ਨਹੀਂ ਹੈ ਉਸ ਨੂੰ ਗੁਰੂ ਦੀ ਕਦਰ ਨਹੀਂ ਹੈ ਤੇ ਮੁਖੋਂ ਗੁਰੂ ਗੁਰੂ ਕਰੀ ਜਾਣਾ ਕੇਵਲ ਸਾਡੇ ਭਰਮ ਦੀ ਨਿਸ਼ਾਨੀ ਹੈ, ਸਾਡੇ ਅੰਦਰ ਦੀ ਦੁਬਿਧਾ ਹੈ, ਹਉਮੈ ਹੈ। ਗੁਰੂ ਦੇ ਬਚਨਾਂ ਦਾ ਮਕਸਦ ਸਾਨੂੰ ਮਨ ਦੀ ਦੁਬਿਧਾ ਵਿਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਗੁਰੂ ਦੇ ਬਚਨਾਂ ਤੋਂ ਲਾਭ ਲੈ ਸਕੀਏ ਜੋ ਪੀਰ ਬਾਬਾ ਨਾਨਕ ਜੀ ਦੇ ਪੁੱਤਰ ਨਹੀਂ ਲੈ ਸਕੇ। (**ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍**

ਮੁਰਟੀਐ ॥)

ਗੁਰੂ ਦੇ ਬਚਨਾਂ ਦਾ ਮਕਸਦ ਸਾਨੂੰ ਹਉਮੈ ਵਿਚੋਂ, ਮਨਮਤਿ ਵਿਚੋਂ ਕੱਢਣ ਦਾ ਹੈ ਤੇ ਜੋ ਗੁਰੂ ਦੇ ਬਚਨਾਂ ਦੇ ਮਕਸਦ ਨੂੰ ਪੂਰਾ

38/4619

ਨਹੀਂ ਕਰਦਾ ਉਹਨਾਂ ਦੇ ਮਨ ਦੀ ਅਵਸਥਾ ਹੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਦਿਲਿ ਖੋਟੈ ਆਕੀ ਫਿਰਨਿ੍ ਬੰਨਿ੍ ਭਾਰੁ ਉਚਾਇਨਿ੍ ਛਟੀਐ ॥"

ਗੁਰੂ ਦੇ ਬਚਨਾਂ ਦਾ ਮਕਸਦ ਸਾਡੇ ਮਨ ਦੀ ਖੋਟ ਕਢਣ ਨਾਲ ਹੈ, ਮਨ ਦੀ ਮੈਲ ਕਢਣ ਨਾਲ ਹੈ ਜੋ ਸਾਡੇ ਅੰਦਰ ਹਉਮੈ ਰੂਪ ਮੈਲ ਹੈ, ਮਾਇਆ ਮੋਹ ਰੂਪ ਮੈਲ ਹੈ ਭਾਵ ਅਗਿਆਨਤਾ ਦੀ ਮੈਲ ਹੈ। ਗੁਰੂ ਸਾਨੂੰ ਸੱਚਾ ਗਿਆਨ ਦਿੰਦਾ ਹੈ ਜਿਸਨੂੰ ਮੰਨਣ ਦੁਆਰਾ ਸਾਡੀ ਹਉਮੈ ਦੂਰ ਹੁੰਦੀ ਹੈ ਭਾਵ ਮਨਮਤਿ ਦੀ ਮੈਲ ਦੂਰ ਹੁੰਦੀ ਹੈ ਤੇ ਅਸੀਂ ਫਿਰ ਮਨ ਦੀ ਸੁੱਧੀ ਨਾਲ ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਹੁੰਦੇ ਹਨ। ਇਹੀ ਮਨ ਦੀ ਸੁੱਧੀ ਦਾ ਮਕਸਦ ਹੈ ਕਿ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਹ ਸਾਡਾ ਮਾੜਾ ਕਰਮ ਹੈ। ਗੁਰੂ ਸਾਨੂੰ ਆਪਣੀ ਸਿੱਖਿਆ ਦੁਆਰਾ ਸਰੀਰਕ ਜਪ ਤਪ ਆਦਿ ਕਰਨ ਤੋਂ ਮਨ੍ਹਾ ਕਰਦਾ ਹੈ ਤੇ ਇਹੋ ਜਿਹੇ ਕਰਮ ਕਰਨਾ ਗੁਰਮਤਿ ਦੇ ਉਲਟ ਹੈ ਭਾਵ ਮਾੜਾ ਕਰਮ ਹੈ ਪਰ ਮਨ ਦੇ ਭਰਮ ਕਰਕੇ ਅਸੀਂ ਇਹਨਾਂ ਨੂੰ ਚੰਗੇ ਕਰਮ ਸਮਝਦੇ ਹਾਂ। ਅਸੀਂ ਆਪਣੇ ਮਨਮਤਿ ਵਾਲੇ ਕਰਮਾ ਵਿਚ ਹੀ ਸੱਚੀ ਭਗਤੀ ਸਮਝਦੇ ਹਾਂ ਜਿਸ ਨਾਲ ਅਸੀਂ ਆਪਣੇ ਆਪ ਨੂੰ ਉੱਚਾ ਬਣਾਉਂਦੇ ਹਾਂ, ਸਮਾਜ ਵਿਚ ਆਪਣਾ ਉੱਚਾ ਰੁਤਬਾ ਬਣਾਉਂਦੇ ਹਾਂ ਭਾਵ ਆਪਣੀ **"ਮੈਂ"** ਉੱਚੀ ਕਰਦੇ ਹਾਂ। ਅਸੀਂ ਆਪਣੇ ਇਹੋ ਜਿਹੇ ਕਰਮਾਂ ਦੁਆਰਾ ਭਾਰੀ ਛੱਟ ਆਪਣੇ ਸਿਰ ਤੇ ਚੁੱਕੀ ਫਿਰਦੇ ਹਾਂ ਜਿਸ ਨਾਲ ਆਪਣੀ ਖੁਆਰੀ ਹੀ ਕਰਦੇ ਹਾਂ ਤੇ ਧਰਮ ਦੇ ਮਾਰਗ ਤੇ ਸਾਨੂੰ ਇਸ ਦਾ ਕੋਈ ਲਾਭ ਨਹੀਂ ਮਿਲਦਾ। ਜਦ ਤਕ ਸਾਡੇ ਮਨ ਅੰਦਰ ਹਉਮੈ ਰੂਪ ਖੋਟ ਹੈ, ਮੈਲ ਹੈ ਤਦ ਤਕ ਅਸੀਂ ਗੁਰੂ ਦੇ **"ਆਕੀ"** ਹਾਂ ਭਾਵ ਉਸਦੇ **"ਬਾਗੀ"** ਹਾਂ ਭਾਵ ਗੁਰਮਤਿ ਤੋਂ ਬਾਗੀ ਹਾਂ, ਗੁਰੂ ਦੇ ਬੋਲਾਂ ਨੂੰ ਮੰਨਣ ਤੋਂ **"ਬਾਗੀ"** ਹਾਂ ਤੇ ਆਪਣੇ ਭਗਤੀ ਦੇ ਝੂਠੇ ਦਿਖਾਵਿਆਂ ਦੁਆਰਾ ਹਉਮੈ ਦਾ ਭਾਰ ਹੀ ਆਪਣੇ ਸਿਰ ਚੁੱਕੀ ਫਿਰਦੇ ਹਾਂ ਜਿਸ ਦੁਆਰਾ ਵਿਅਰਥ ਹੀ ਆਪਣੇ ਆਪ ਦੀ ਖੁਆਰੀ ਕਰਦੇ ਹਾਂ। (**ਦਿਲਿ ਖੋਟੈ ਆਕੀ ਫਿਰਨਿ੍ ਬੰਨਿ੍ ਭਾਰੁ ਉਚਾਇਨਿ੍ ਛਟੀਐ ॥**) ਗੁਰੂ ਨੇ ਜੋ ਬੋਲ ਸਾਡੇ ਲਈ ਆਖੇ ਹਨ ਭਾਵ ਜੋ ਸਾਡੇ ਮੰਨਣ ਲਈ ਆਖੇ ਹਨ ਪਹਿਲਾਂ ਗੁਰੂ ਨੇ ਭਾਵ ਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪ ਉਹ ਆਪਣੇ ਬੋਲ ਮੰਨੇ ਹਨ, ਆਪਣੇ ਬੋਲਾਂ ਤੇ ਆਪ ਚੱਲ ਕੇ ਦਿਖਾਇਆ ਹੈ

38/4620

ਤੇ ਤਾਂ ਹੀ ਦੂਸਰਿਆਂ ਨੂੰ ਕਰਨ ਲਈ ਕਿਹਾ ਹੈ। ਜਿੰਨਾ ਨੇ ਉਹਨਾਂ ਦੇ ਬੋਲਾਂ ਨੂੰ ਮੰਨਿਆ ਹੈ ਭਾਵ ਗੁਰੂ ਦੇ ਬੋਲਾਂ ਅਨੁਸਾਰ ਵਿਚਰਨ ਕੀਤੀ ਹੈ ਉਹਨਾਂ ਨੂੰ ਹੀ ਪ੍ਰਮਾਤਮਾ ਦੇ ਨਾਲ ਮੇਲ ਦਾ ਲਾਭ ਮਿਲਿਆ ਹੈ ਜਿਵੇਂ ਕਿ ਦੂਜੀ ਪਾਤਸ਼ਾਹੀ ਨੇ ਪਹਿਲੀ ਪਾਤਸ਼ਾਹੀ ਦੇ ਬੋਲਾਂ ਨੂੰ ਮੰਨ ਕੇ ਕਰਨੀ ਕੀਤੀ ਹੈ ਤੇ ਉਹਨਾਂ ਨੂੰ ਹੀ ਪਰਮਾਤਮਾ ਨੇ ਗੱਦੀ ਤੇ ਥਾਪਿਆ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। (**ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥**) ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਾਡੇ ਜੀਵਣ ਦੀ ਹਾਰ ਜਿਤ ਕਿਵੇਂ ਹੁੰਦੀ ਹੈ ਇਹ ਗੱਲ ਸਮਝਾਈ ਹੋਈ ਹੈ।

"ਕਉਣੁ ਹਾਰੇ ਕਿਨਿ ਉਵਟੀਐ ॥੨॥"

ਇਸ ਉਪਰਲੀ ਪੰਗਤੀ ਦੁਆਰਾ ਹੀ ਸਾਨੂੰ ਆਪਣੇ ਜੀਵਣ ਦਾ ਮਕਸਦ ਸਮਝ ਆ ਜਾਂਦਾ ਹੈ ਕਿ ਅਸੀਂ ਆਪਣਾ ਇਹ ਜੀਵਨ ਹਾਰ ਕੇ ਜਾਣਾ ਹੈ ਜਾਂ ਜਿੱਤ ਕੇ ਜਾਣਾ ਹੈ। ਬਾਣੀ ਵਿਚ ਸਾਡੇ ਜੀਵਣ ਨੂੰ ਇੱਕ ਜੂਏ ਦੀ ਤਰ੍ਹਾਂ ਦੱਸਿਆ ਹੋਇਆ ਹੈ, ਇੱਕ ਚੋਪੜ ਦੀ ਬਾਜ਼ੀ ਦੀ ਤਰਾਂ ਦੱਸਿਆ ਹੋਇਆ ਹੈ ਜਿਸ ਦੁਆਰਾ ਸਾਡੇ ਜੀਵਨ ਦਾ ਫੈਸਲਾ ਹੁੰਦਾ ਹੈ। ਆਪਣੇ ਜੀਵਨ ਦੀ ਇਹ ਖੇਡ ਅਸੀਂ ਕਿਸ ਤਰੀਕੇ ਖੇਡਣੀ ਹੈ ਇਹੀ ਗੱਲ ਅਸੀਂ ਇਸ ਤੋਂ ਪਹਿਲੀਆਂ ਪੰਗਤੀਆਂ ਦੁਆਰਾ ਸਮਝੀ ਹੈ। ਗੁਰੂ ਨੇ ਗੁਰਬਾਣੀ ਦੁਆਰਾ ਸਾਨੂੰ ਸਾਡੇ ਜੀਵਣ ਦੀ ਖੇਡ ਖੇਡਣੀ ਸਿਖਾਈ ਹੈ ਤਾਂ ਜੋ ਅਸੀਂ ਆਪਣੇ ਜੀਵਣ ਦੀ ਖੇਡ ਨੂੰ ਜਿੱਤ ਸਕੀਏ। ਜਦ ਤਕ ਸਾਡੇ ਅੰਦਰ ਮਨਮਤਿ ਹੈ ਤਦ ਤਕ ਅਸੀਂ ਆਪਣੇ ਜੀਵਣ ਦੀ ਖੇਡ ਨੂੰ ਕਦੇ ਨਹੀਂ ਜਿਤ ਸਕਦੇ ਭਾਵ ਸਾਡਾ ਹਾਰਣਾ ਤੈਅ ਹੈ। ਜਦ ਤਕ ਸਾਡੇ ਮਨ ਦੇ ਅੰਦਰ ਖੋਟ ਹੈ, ਹਉਮੈ ਰੂਪ, ਮਨਮਤਿ ਰੂਪ ਖੋਟ ਹੈ ਉਸ ਨਾਲ ਇਸ ਜੀਵਣ ਦੀ ਬਾਜੀ ਨੂੰ ਹਾਰਣਾ ਤੈਅ ਹੈ। ਆਪਣੇ ਜੀਵਣ ਦੀ ਖੇਡ ਅਸੀਂ ਆਪਣੇ ਕਰਮਾਂ ਦੁਆਰਾ ਹੀ ਖੇਡਣੀ ਹੈ। ਆਪਣੇ ਮਾੜੇ ਕਰਮਾਂ ਦੁਆਰਾ

ਅਸੀਂ ਜੀਵਨ ਦੀ ਖੇਡ ਨੂੰ ਹਾਰ ਜਾਂਦੇ ਹਾਂ ਤੇ ਆਪਣੇ ਚੰਗੇ ਕਰਮਾਂ ਦੇ ਉਦਮ ਦੁਆਰਾ ਹੀ ਅਸੀਂ ਆਪਣੇ ਜੀਵਣ ਦੀ ਖੇਡ ਨੂੰ ਜਿੱਤ ਸਕਦੇ ਹਾਂ। ਚੰਗੇ ਕਰਮ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਮਨ ਦੀ ਖੋਟ ਤੋਂ ਰਹਿਤ ਹੋਈਏ ਭਾਵ ਹਉਮੈ ਤੋਂ ਰਹਿਤ ਹੋਈਏ। ਸਭ ਤੋਂ ਜਰੂਰੀ ਧਿਆਨ ਵਿਚ ਰੱਖਣ

38/4621

ਵਾਲੀ ਗੱਲ ਇਹ ਹੈ ਕਿ ਅਸੀਂ ਚੰਗੇ ਕਰਮ ਕਰਨ ਵਿਚ ਤੇ ਮਾੜੇ ਕਰਮ ਕਰਨ ਵਿਚ ਫਰਕ ਸਮਝੀਏ। ਸਾਡੇ ਅਨੇਕਾਂ ਕਰਮ ਇਹੋ ਜਿਹੇ ਹਨ ਜਿਨਾਂ ਨੂੰ ਅਸੀਂ ਧਰਮ ਵਾਲੇ ਕਰਮ ਸਮਝਦੇ ਹਾਂ ਪਰ ਅਸਲ ਵਿਚ ਉਹਨਾਂ ਵਿਚ ਧਰਮ ਨਹੀਂ ਹੁੰਦਾ ਜਿਵੇਂ ਕਿ ਅਸੀਂ ਅਨੇਕਾਂ ਹੀ ਜੋ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਉਹਨਾਂ ਨੂੰ ਅਸੀਂ ਚੰਗੇ ਕਰਮ ਕਰਨੇ ਭਾਵ ਧਰਮ ਵਾਲੇ ਕਰਮ ਕਰਨੇ ਸਮਝਦੇ ਹਾਂ ਭਾਵ ਆਪਣੇ ਚੰਗੇ ਆਚਾਰ ਸਮਝਦੇ ਹਾਂ ਪਰ ਇਹ ਕੁਝ ਕਰਨਾ ਸਾਡਾ ਭਰਮ ਹੈ ਜੋ ਕਿ ਗੁਰਮਤਿ ਦੇ ਉਲਟ ਹੈ। ਜਿੰਨਾ ਨੂੰ ਅਸੀਂ ਆਪਣੇ ਧਰਮ ਵਾਲੇ ਕਰਮ ਸਮਝਦੇ ਹਾਂ, ਚੰਗੇ ਆਚਾਰ ਸਮਝਦੇ ਹਾਂ ਉਨਾਂ ਨੂੰ ਗੁਰਬਾਣੀ ਰਾਹੀਂ ਸਾਡੇ ਪਾਖੰਡ ਦਸਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਇਹੋ ਜਿਹੇ ਕਰਮਾ ਨਾਲ ਜੁੜਕੇ ਅਸੀਂ ਆਪਣੇ ਜੀਵਨ ਦੀ ਬਾਜੀ ਹਾਰ ਕੇ ਜਾਂਦੇ ਹਾਂ ਕਿਉਂਕਿ ਗੁਰਮਤਿ ਦੇ ਉਲਟ ਚੱਲ ਕੇ, ਸਚ ਦੇ ਉਲਟ ਚੱਲ ਕੇ ਕੋਈ ਉਸ ਸੱਚ ਰੂਪ ਪ੍ਰਮਾਤਮਾ ਨਾਲ, ਗੁਰਮਤਿ ਦੇ ਮਾਲਕ ਪਰਮਾਤਮਾ ਨਾਲ ਮੇਲ ਨਹੀਂ ਕਰ ਸਕਦਾ। ਇਸ ਜੀਵਨ ਦੀ ਬਾਜੀ ਉਹੀ ਜਿੱਤ ਕੇ ਜਾਂਦਾ ਹੈ ਜੋ ਗੁਰੂ ਦੇ ਬਚਨਾਂ ਨੂੰ ਪਾਲਦਾ ਹੈ ਜਿਵੇਂ ਕਿ ਦੂਜੀ ਪਾਤਸ਼ਾਹੀ ਨੇ ਗੁਰੂ ਦੇ ਬਚਨਾਂ ਨੂੰ ਪਾਲ ਕੇ ਦਿਖਾਇਆ ਹੈ। ਜਿਨਾਂ ਨੇ ਗੁਰੂ ਦੇ ਬਚਨਾਂ ਨੂੰ ਨਹੀਂ ਪਾਲਿਆ ਉਹ ਹਾਰ ਗਏ ਤੇ ਜਿੰਨਾ ਨੇ ਪਾਲਿਆ ਉਹ ਜਿੱਤ ਗਏ। ਫੈਸਲਾ ਸਪਸ਼ਟ ਹੈ। (**ਕਉਣੁ ਹਾਰੇ ਕਿਨਿ ਉਵਟੀਐ ॥**)

{ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ - ੯੧੯)

{ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥}

(ਅੰਗ - ੧੧੮੫)

ਗੁਰੂ ਦੇ ਬਚਨਾਂ ਦੀ ਪਾਲਣਾ ਕਰਨਾ ਹੀ ਨਾਮ ਧਿਆਉਣਾ ਹੈ ਜਿਵੇਂ ਕਿ ਅਸੀਂ ਬਾਰ ਬਾਰ ਸਮਝਿਆ ਹੈ ਕਿਉਂਕਿ ਗੁਰੂ ਦੇ ਬਚਨਾਂ ਨੂੰ ਮੰਨਣਾ ਹੀ ਨਾਮ ਧਿਆਉਣਾ ਹੈ, ਗੁਰੂ ਨੂੰ ਧਿਆਉਣਾ ਹੈ।

38/4622

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ - ੨੭)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਣੀ ਹਉਮੈ ਛਡੈ ਨ ਕੋਇ ॥ ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ - ੯੪੮)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ - ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ - ੨੨੯)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ - ੯੦੪)

{ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ - ੫)

ਗੁਰੂ ਆਪਣੇ ਬਚਨਾਂ ਦੇ ਰੂਪ ਵਿਚ ਹੈ, ਗੁਰੂ ਆਪ ਪਰਮਾਤਮਾ ਹੈ। ਗੁਰੂ ਦੇ ਬਚਨਾਂ ਦੁਆਰਾ ਸਾਨੂੰ ਗਿਆਨ ਹੀ ਮਿਲਦਾ ਹੈ ਜੋ ਕਿ ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਮਿਲਦਾ ਹੈ। ਪਰਮਾਤਮਾ ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਜਿਸ ਤੋਂ ਵੱਡਾ ਕੋਈ ਨਹੀਂ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਜੋ ਕਿ ਸੱਚਾ ਗਿਆਨ ਹੈ ਭਾਵ ਬ੍ਰਹਮਗਿਆਨ ਹੈ ਤੇ ਬ੍ਰਹਮਗਿਆਨ ਤੋਂ ਉੱਚਾ ਕੋਈ

ਨਹੀਂ ਹੈ। ਪ੍ਰਮਾਤਮਾ ਆਪਣੇ ਬ੍ਰਹਮਗਿਆਨ ਕਰਕੇ ਉੱਚਾ ਹੈ। ਅਸੀਂ ਆਪਣੇ ਅੰਦਰ ਸ਼ਬਦਾਂ ਦੀ ਸੋਝੀ ਨੂੰ ਹੀ ਧਿਆਉਣਾ ਹੈ ਜੋ ਕਿ ਪ੍ਰਮਾਤਮਾ ਨੂੰ ਹੀ ਧਿਆਉਣਾ ਹੈ, ਨਾਮ ਨੂੰ ਧਿਆਉਣਾ ਹੈ। ਪਰਮਾਤਮਾ ਸ਼ਬਦਾਂ ਦੀ ਲਿਖਤ ਦੇ ਰੂਪ ਵਿਚ ਨਹੀਂ ਹੈ ਬਲਕਿ ਸ਼ਬਦਾਂ ਦੀ ਲਿਖਤ ਦੇ ਅੰਦਰ ਦੀ ਸੋਝੀ ਦੇ ਰੂਪ ਵਿਚ ਹੈ। ਜੋ ਗੁਰੂ ਦੇ ਸ਼ਬਦਾਂ ਨੂੰ, ਬਚਨਾਂ ਨੂੰ ਮੰਨਦਾ ਹੈ ਉਹ ਸ਼ਬਦਾਂ ਦੀ ਸੋਝੀ ਨੂੰ ਆਪਣੇ ਅੰਦਰ ਧਿਆਉਂਦਾ ਹੈ, ਸ਼ਬਦਾਂ ਦੇ ਗਿਆਨ ਨੂੰ ਆਪਣੇ ਅੰਦਰ ਧਿਆਉਂਦਾ ਹੈ ਭਾਵ ਨਾਮ ਧਿਆਉਂਦਾ ਹੈ। ਸ਼ਬਦਾਂ ਦੀ ਵਿਚਾਰ ਨੂੰ ਧਿਆਉਣਾ ਹੀ ਨਾਮ ਧਿਆਉਣਾ ਹੈ ਕਿਉਂਕਿ ਪਰਮਾਤਮਾ ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਹੈ ਤੇ ਸ਼ਬਦਾਂ ਦੀ ਲਿਖਤ ਨੂੰ, ਅਖਰਾਂ ਨੂੰ ਧਿਆਈ ਜਾਣ ਦਾ ਕੋਈ ਲਾਭ ਨਹੀਂ ਹੈ ਕਿਉਂਕਿ ਉਸ ਦੁਆਰਾ ਸਾਡੀ ਹਉਮੈ ਦੂਰ ਨਹੀਂ ਹੋ ਸਕਦੀ, ਸਾਡੀ ਮਨਮਤਿ, ਸਾਡੀ ਅਗਿਆਨਤਾ ਦੂਰ ਨਹੀਂ ਹੋ ਸਕਦੀ ਜਿਸ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਵਿਛੜੇ ਹੋਏ ਹਾਂ, ਮਨ ਦੇ ਵਿਚ ਹਉਮੈ ਰੂਪ ਪੜਦੇ ਦੁਆਰਾ ਵਿਛੁੜੇ ਹੋਏ ਹਾਂ। ਗੁਰੂ ਦੇ ਬਚਨਾਂ ਨੂੰ ਮੰਨਣ ਤੋਂ ਬਿਨਾ ਅਸੀਂ ਪਰਮਾਤਮਾ ਦੇ ਨਾਲ ਮੇਲ ਦਾ ਉਦਮ ਨਹੀਂ ਕਰ ਸਕਦੇ। (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥ ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥**) ਅੰਗ - ੧੨੦

ਗੁਰੂ ਦੇ ਬਚਨਾਂ ਦਾ ਮਕਸਦ, ਸ਼ਬਦ ਦੀ ਵਿਚਾਰ ਦਾ ਮਕਸਦ, ਗੁਰੂ ਦੀ ਮਤਿ ਦਾ ਮਕਸਦ ਸਾਨੂੰ ਹਉਮੈ ਵਿਚੋਂ ਕੱਢਣ ਦਾ ਹੈ ਤੇ ਜਦ ਤਕ ਸਾਡੀ ਹਉਮੈ ਦੂਰ ਨਹੀਂ ਹੁੰਦੀ ਤਦ ਤਕ ਅਸੀਂ ਨਾਮ ਨਹੀਂ ਧਿਆ ਸਕਦੇ ਭਾਵ ਤਦ ਤਕ ਸਾਨੂੰ ਪੂਰਨ ਗੁਰਮਤਿ ਦੀ ਸਮਝ ਹੀ ਨਹੀਂ ਪੈਂਦੀ। ਗੁਰਮਤਿ ਦੀ ਪੂਰਨ ਸੋਝੀ ਪੈਣ ਦੁਆਰਾ ਹੀ ਅਸੀਂ ਮਨ ਦੇ ਵਿਚ ਨਾਮ ਦੇ ਨਾਲ ਜੁੜਦੇ ਹਾਂ। ਪੂਰਨ ਗੁਰਮਤਿ ਦੀ ਸੋਝੀ ਮਨ ਦੇ ਵਿਚ ਪਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿਚ ਪ੍ਰਗਟ ਹੋ ਕੇ ਪਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਹਉਮੈ ਵਿਚੋਂ ਕਢਦਾ ਹੈ ਤੇ ਆਪਣੇ ਨਾਮ ਦੇ ਨਾਲ ਜੋੜਦਾ ਹੈ। ਗੁਰੂ ਦੇ ਦੱਸੇ ਹੋਏ ਮਾਰਗ ਨੂੰ ਆਪਣੇ ਅੰਦਰ ਧਿਆਉਣਾ ਹੀ ਨਾਮ ਨੂੰ ਧਿਆਉਣਾ ਹੈ ਜਿਸ ਦਾ ਕਿ ਅਸੀਂ ਉਦਮ ਹੀ ਕਰਨਾ ਹੈ। ਗੁਰੂ ਆਪਣੇ ਬਚਨਾਂ ਦੁਆਰਾ ਜੋ ਵੀ ਸਮਝਾਉਂਦਾ ਹੈ ਉਸ ਰਾਹੀਂ ਉਹ ਸਾਨੂੰ ਸਾਡੇ ਜੀਵਨ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਆਪਣੇ ਜੀਵਨ ਦੇ ਸਹੀ ਮਾਰਗ ਤੇ ਅਸੀਂ ਤਾਂ ਹੀ ਚਲ ਸਕਦੇ ਹਾਂ ਜੇਕਰ ਅਸੀਂ ਗੁਰੂ ਦੇ ਦੱਸੇ ਹੋਏ ਮਾਰਗ ਨੂੰ ਅਪਣਾ ਲਈਏ ਭਾਵ ਗੁਰੂ ਦੇ ਬਚਨਾਂ ਨੂੰ ਮੰਨ ਲਈਏ।

38/4624

ਜੀਵਨ ਦੇ ਸਹੀ ਮਾਰਗ ਤੇ ਚਲਣਾ ਹੀ ਨਾਮ ਧਿਆਉਣਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਸੁਆਸਾਂ ਦੁਆਰਾ ਜੋ ਅਸੀਂ ਨਾਮ ਧਿਆਉਣਾ ਸਮਝਿਆ ਹੋਇਆ ਹੈ ਉਸ ਅਗਿਆਨਤਾ ਵਿਚੋਂ ਨਿਕਲੀਏ।

“ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰੁ ਬਚਨੁ ਬਚਨੁ ਹੈ ਸਤਿਗੁਰੁ ਪਾਧਰੁ ਮੁਕਤਿ ਜਨਾਵੈਗੋ ॥੫॥
ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥”

(ਅੰਗ - ੧੩੦੯)

ਬਾਣੀ ਵਿਚ ਬਾਰ-ਬਾਰ ਅੱਠੇ ਪਹਿਰ ਨਾਮ ਜਪਣ ਦੀ ਗੱਲ ਆਉਂਦੀ ਹੈ ਭਾਵ ਹਰ ਵੇਲੇ ਨਾਮ ਜਪਣ ਦੀ ਗੱਲ ਆਉਂਦੀ ਹੈ ਤੇ ਅੱਠੇ ਪਹਿਰ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਗੁਰੂ ਦੀ ਮਤਿ ਹੈ ਤੇ ਜੇਕਰ ਗੁਰੂ ਦੀ ਮਤਿ ਸਾਡੇ ਅੰਦਰ ਵੱਸ ਜਾਵੇ ਤਾਂ ਫਿਰ ਉਹ ਹਰ ਵੇਲੇ ਵੱਸੀ ਹੀ ਰਹਿੰਦੀ ਹੈ ਜੋ ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿੱਚ ਵੱਸੀ ਰਹਿੰਦੀ ਹੈ ਤੇ ਮਨੁੱਖ ਨੂੰ ਹਰ ਵੇਲੇ ਗੁਰੂ ਦੀ ਮਤਿ ਨਾਲ ਜੋੜ ਕੇ ਰੱਖਦੀ ਹੈ ਭਾਵੇਂ ਮਨੁੱਖ ਸਰੀਰਕ ਤੌਰ ਤੇ ਸੁੱਤਾ ਹੋਵੇ ਜਾਂ ਜਾਗਦਾ ਹੋਵੇ ਉਸਦੇ ਅੰਦਰ ਗੁਰਮਤਿ ਉਸੇ ਤਰ੍ਹਾਂ ਵੱਸੀ ਰਹਿੰਦੀ ਹੈ ਭਾਵ ਮਨ ਦੀ ਮਤਿ ਜੇ ਇੱਕ ਵਾਰੀ ਗੁਰੂ ਦੀ ਮਤਿ ਤੇ ਟਿੱਕ ਜਾਵੇ ਫਿਰ ਉਹ ਹਰ ਵੇਲੇ ਟਿਕੀ ਰਹਿੰਦੀ ਹੈ। ਮਨੁੱਖ ਖਲੋਤਾ ਹੋਵੇ ਜਾਂ ਬੈਠਾ ਹੋਵੇ ਉਸਦੇ ਨਾਲ ਮਨ ਦੀ ਸੋਝੀ ਨੂੰ ਕੀ ਫਰਕ ਪੈਂਦਾ ਹੈ। ਜੇਕਰ ਮਨ ਸੱਚਾ ਹੈ ਤੇ ਮਨੁੱਖ ਬੈਠੇ ਹੋਏ ਵੀ ਸੱਚ ਬੋਲੇਗਾ, ਸੱਚੀ ਗੱਲ ਕਰੇਗਾ ਤੇ ਜੇਕਰ ਖੜਾ ਹੋਵੇ ਤਾਂ ਵੀ ਸੱਚੀ ਗੱਲ ਹੀ ਕਰੇਗਾ ਭਾਵ ਜੇਕਰ ਅਠੇ ਪਹਰ ਸਾਡਾ ਮਨ ਸੱਚਾ ਹੈ ਤਾਂ ਫਿਰ ਉਹ ਕਦੇ ਵੀ ਗੁਰਮਤਿ ਦੇ ਉਲਟ ਨਹੀਂ ਚਲੇਗਾ। ਗੁਰੂ ਦੀ ਮਤਿ ਸਾਨੂੰ ਸਾਡੇ ਜੀਵਣ ਦਾ ਮਾਰਗ ਦਿਖਾਉਣ ਲਈ ਹੈ ਕਿ ਅਸੀਂ ਆਪਣੇ ਜੀਵਨ ਵਿਚ ਕਿਹੋ ਜਿਹੀ ਵਿਚਰਨ ਕਰਨੀ ਹੈ। ਅਸੀਂ ਆਪਣੇ ਅੰਦਰ ਗੁਰੂ ਦੀ ਮਤਿ ਨੂੰ ਹੀ ਧਿਆਉਣਾ ਹੈ ਤੇ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਧਿਆਉਣਾ ਹੀ ਨਾਮ ਨੂੰ ਧਿਆਉਣਾ ਹੈ, ਸੱਚ ਨੂੰ ਧਿਆਉਣਾ ਹੈ ਕਿਉਂਕਿ ਜੋ ਵੀ ਗੁਰਮਤਿ ਸਮਝਾਉਂਦੀ ਹੈ ਉਸ ਵਿਚ ਸੱਚ ਹੈ, ਨਾਮ ਹੈ ਜਿਸਨੇ ਸਾਨੂੰ ਸਾਡੇ ਜੀਵਣ ਦਾ ਮਾਰਗ ਸਮਝਾ ਕੇ ਉਸ ਮਾਰਗ

38/4625

ਤੇ ਚਲਾਉਣਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਗੁਰੂ ਦਾ ਮਾਰਗ ਆਪਣੇ ਅੰਦਰ ਧਿਆਉਣ ਲਈ ਸਮਝਾਇਆ ਹੋਇਆ ਹੈ ਜੋ ਅਸੀਂ ਹਰ ਵੇਲੇ ਧਿਆਉਣਾ ਹੈ। ਕੀ ਅਸੀਂ ਗੁਰੂ ਦੇ ਮਾਰਗ ਨੂੰ ਬੋਲ ਬੋਲ ਕੇ ਧਿਆਉਣਾ ਹੈ, ਮਾਰਗ ਮਾਰਗ ਬੋਲੀ ਜਾਣਾ ਹੈ ਤੇ ਸਾਨੂੰ ਆਪਣੇ ਆਪ ਹੀ ਮਾਰਗ ਦੀ ਸਮਝ ਪੈ ਜਾਵੇਗੀ ਤੇ ਅਸੀਂ ਆਪਣੇ ਜੀਵਨ ਦੇ ਸੱਚੇ ਮਾਰਗ ਤੇ ਚੱਲਣ ਲੱਗ ਪਵਾਂਗੇ ਭਾਵ ਇਹੋ ਜਿਹੇ ਵਿਚਾਰ ਰੱਖਣੇ ਸਾਡਾ ਵੱਡਾ ਭਰਮ ਹੈ। ਨਾਮ ਦਾ ਮਕਸਦ ਸਾਨੂੰ ਸਾਡੇ ਜੀਵਣ ਦਾ ਮਾਰਗ ਸਮਝਾਉਣ ਦਾ ਹੀ ਹੈ। ਗੁਰੂ ਦਾ ਹਰ ਬਚਨ, ਹਰ ਬੋਲ ਸਾਨੂੰ ਕੁਝ ਸਮਝਾਉਣ ਲਈ ਹੈ ਤੇ ਗੁਰੂ ਦੇ ਬਚਨਾਂ ਦੇ ਅੰਦਰ ਦੀ ਸੋਝੀ ਹੀ ਨਾਮ ਹੈ ਜਿਸ ਨੂੰ ਅਸੀਂ ਆਪਣੇ ਅੰਦਰ ਧਿਆਉਣਾ ਹੈ ਭਾਵ ਮੰਨਣਾ ਹੈ। ਸੱਚੇ ਮਾਰਗ ਦੀ ਸੋਝੀ ਨੇ ਹੀ ਸਾਨੂੰ ਮੁਕਤ ਕਰਨਾ ਹੈ ਭਾਵ

ਸਾਡੇ ਲਈ ਮੁਕਤੀ ਦਾ ਮਾਰਗ ਹੈ। ਮੁਕਤਿ ਅਸੀਂ ਮਨ ਦੇ ਭਰਮਾਂ ਤੋਂ ਹੀ ਹੋਣਾ ਹੈ ਜਿੰਨਾ ਭਰਮਾਂ ਵਿਚ ਰਹਿੰਦੇ ਹੋਏ ਅਸੀਂ ਗੁਰਮਤਿ ਤੋਂ ਦੂਰ ਰਹਿੰਦੇ ਹਾਂ ਤੇ ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ। ਮਨ ਦੇ ਭਰਮਾਂ ਵਿਚੋਂ ਨਿਕਲ ਕੇ ਹੀ ਅਸੀਂ ਗੁਰੂ ਦੀ ਮਤਿ ਦੁਆਰਾ ਸਮਝਾਏ ਹੋਏ, ਗੁਰੂ ਦੇ ਬਚਨਾਂ ਦੁਆਰਾ ਸਮਝਾਏ ਹੋਏ ਮਾਰਗ ਨੂੰ ਆਪਣੇ ਅੰਦਰ ਵਸਾ ਸਕਦੇ ਹਾਂ। ਵੱਸਦੀ ਸਾਡੇ ਅੰਦਰ ਸੋਝੀ ਹੀ ਹੈ, ਗੁਰੂ ਦੀ ਸੱਚੀ ਸੋਝੀ ਹੀ ਹੈ ਜੋ ਸਾਨੂੰ ਮੁਕਤਿ ਕਰਦੀ ਹੈ। ਗੁਰੂ ਦੇ ਬਚਨਾਂ ਦਾ ਸਾਡੇ ਅੰਦਰ ਵੱਸਣਾ ਬਚਨਾਂ ਦੀ ਸੋਝੀ ਦਾ ਵਸਣਾ ਹੈ ਤੇ ਇਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ ਭਾਵ ਆਪਣੇ ਅੰਦਰ ਨਾਮ ਨੂੰ ਜਪਣਾ ਹੈ, ਆਪਣੇ ਅੰਦਰ ਆਪਣੇ ਜੀਵਣ ਦੇ ਮਾਰਗ ਨੂੰ ਜਪਣਾ ਹੈ। ਗੁਰੂ ਦੇ ਬਚਨਾਂ ਨੇ ਜੋ ਸਾਨੂੰ ਸੋਝੀ ਦਿੱਤੀ ਹੈ ਉਹ ਸੋਝੀ ਸਾਡਾ ਗੁਰੂ ਹੈ। ਗੁਰੂ ਦੀ ਸੋਝੀ ਨੂੰ ਆਪਣੇ ਅੰਦਰ ਜਪਣਾ ਭਾਵ ਮੰਨਣਾ ਗੁਰੂ ਨੂੰ ਜਪਣਾ ਹੈ, ਨਾਮ ਨੂੰ ਜਪਣਾ ਹੈ ਜਿਸ ਦੁਆਰਾ ਅਸੀਂ ਆਪਣੇ ਜੀਵਣ ਦੇ ਸੱਚੇ ਮਾਰਗ ਤੇ ਚਲ ਸਕਦੇ ਹਾਂ, ਅੱਠੇ ਪਹਰ ਸੱਚੇ ਮਾਰਗ ਤੇ ਚਲ ਸਕਦੇ ਹਾਂ। (**ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥ ਸਤਿਗੁਰੁ ਬਚਨੁ ਬਚਨੁ ਹੈ ਸਤਿਗੁਰੁ ਪਾਧਰੁ ਮੁਕਤਿ ਜਨਾਵੈਗੋ ॥੫॥**)

38/4626

ਹੁਣ ਧਿਆਨ ਨਾਲ ਸਮਝੋ ਕਿ ਅਸੀਂ ਆਪਣੇ ਅੰਦਰ ਕਿਸ ਦੇ ਬਚਨਾਂ ਨੂੰ ਧਿਆਇਆ ਹੋਇਆ ਹੈ ਜਿੰਨਾ ਰਾਹੀਂ ਅਸੀਂ ਭਗਤੀ ਦੇ ਮਾਰਗ ਤੇ ਚਲਦੇ ਹਾਂ। ਜਿੰਨਾ ਕੋਲੋਂ ਅਸੀਂ ਭਗਤੀ ਦਾ ਮਾਰਗ ਸਿਖਿਆ ਹੋਇਆ ਹੈ ਅਸੀਂ ਉਹਨਾਂ ਦੇ ਬਚਨ ਆਪਣੇ ਅੰਦਰ ਧਿਆਏ ਹੋਏ ਹਨ ਭਾਵ ਉਹਨਾਂ ਦੀ ਦਿੱਤੀ ਹੋਈ ਮਤਿ ਆਪਣੇ ਅੰਦਰ ਵਸਾਈ ਹੋਈ ਹੈ ਤੇ ਅਸੀਂ ਅਠੇ ਪਹਰ ਉਹਨਾਂ ਦੀ ਮਤਿ ਨੂੰ ਹੀ ਧਿਆਉਂਦੇ ਹਾਂ ਜੋ ਮਤਿ ਸਾਨੂੰ ਅਠੇ ਪਹਰ ਮਨ ਦੇ ਭਰਮ ਵਿਚ ਰੱਖਦੀ ਹੈ। ਅਸੀਂ ਇਸ ਭਰਮ ਵਾਲੀ ਮਤਿ ਵਿਚੋਂ ਮੁਕਤਿ ਹੋਣਾ ਹੈ ਤੇ ਮੁਕਤਿ ਤਾਂ ਹੀ ਹੋਵਾਂਗੇ ਜੇਕਰ ਗੁਰੂ ਦੀ ਮਤਿ ਨੂੰ ਭਾਵ ਗੁਰੂ ਦੇ ਬਚਨਾਂ ਨੂੰ ਆਪਣੇ ਅੰਦਰ ਧਿਆਵਾਂਗੇ ਜੋ ਮੁਕਤੀ ਦਾ ਸਾਨੂੰ ਸਿੱਧਾ ਮਾਰਗ ਸਮਝਾਉਂਦਾ ਹੈ। (**ਸਤਿਗੁਰੁ ਬਚਨੁ ਬਚਨੁ ਹੈ ਸਤਿਗੁਰੁ ਪਾਧਰੁ ਮੁਕਤਿ ਜਨਾਵੈਗੋ ॥**) ਜਿੰਨਾ ਭਰਮਿਆਂ ਹੋਇਆ ਦੇ ਬਚਨ ਅਸੀਂ ਮੰਨੇ ਹੋਏ ਹਨ ਉਹਨਾਂ ਨੇ ਸਾਨੂੰ ਕਿਹੋ ਜਿਹਾ ਨਾਮ ਜਪਣਾ ਸਿਖਾਇਆ ਹੈ ਤੇ ਅਸਲ ਨਾਮ ਜਪਣਾ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਗੱਲ ਅਸੀਂ ਲੇਖ ਵਿਚ ਕਾਫੀ ਪਿੱਛੇ ਵੀ ਸਮਝੀ ਹੈ ਤੇ ਫਿਰ ਤੋਂ ਦ੍ਰਿੜ ਕੀਤੀ ਜਾ ਸਕਦੀ ਹੈ।

“ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥”

ਜਿੰਨਾਂ ਭਰਮਿਆਂ ਹੋਇਆਂ ਕੋਲੋਂ ਅਸੀਂ ਮਤਿ ਲਈ ਹੋਈ ਹੈ ਉਹ ਸਾਨੂੰ ਸੁਆਸਾਂ ਰਾਹੀਂ ਨਾਮ ਜਪਣਾ ਸਮਝਾਉਂਦੇ ਹਨ ਕਿ ਸਾਨੂੰ ਸੁਆਸ ਸੁਆਸ ਨਾਮ ਜਪਣਾ ਚਾਹੀਦਾ ਹੈ ਜਿਵੇਂ ਕਿ ਹਰ ਕੋਈ ਲਗਾ ਹੋਇਆ ਹੈ ਤੇ ਉਪਰਲੀਆਂ ਪੰਗਤੀਆਂ ਰਾਹੀਂ ਇਸੇ ਗੱਲ ਦਾ ਖੰਡਨ ਕੀਤਾ ਹੋਇਆ ਹੈ। ਸੁਆਸਾਂ ਰਾਹੀਂ ਜੋ ਨਾਮ ਜਪਣਾ ਸਮਝਦੇ ਹਨ, ਕਿਸੇ ਅੱਖਰ ਨੂੰ ਜਪੀ ਜਾਣਾ ਨਾਮ ਸਮਝਦੇ ਹਨ ਉਹ ਆਪਣੇ ਵਲੋਂ ਇਸਨੂੰ ਭਗਤੀ ਦਾ ਮਾਰਗ ਹੀ ਸਮਝਦੇ ਹਨ ਜਿਸ ਦੁਆਰਾ ਇਹੋ ਜਿਹਿਆਂ ਦੀ **“ਮੈਂ”** ਹੀ ਵੱਧਦੀ ਹੈ, ਹਉਮੈ ਹੀ ਵੱਧਦੀ ਹੈ ਭਾਵ ਉਹਨਾਂ ਦੇ ਅੰਦਰ **“ਮੈਂ”** ਦਾ ਜੋਰ ਹੀ ਵੱਧਦਾ ਹੈ, **“ਮੈਂ”** ਦਾ ਬੱਲ ਹੀ ਵੱਧਦਾ ਹੈ ਭਾਵ ਉਹਨਾਂ ਦੀ **“ਮੈਂ”** ਹੋਰ ਪ੍ਰਬਲ ਹੁੰਦੀ ਹੈ। ਸਾਡੇ ਅੰਦਰ ਦਾ **“ਬਲੁ”** ਕੀ ਹੈ ਇਸ ਗੱਲ ਨੂੰ ਅਸੀਂ ਕਾਫੀ ਪਿੱਛੇ ਵੀ ਸਮਝਿਆ ਹੈ

38/4627

ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

“ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥
ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥”

(ਅੰਗ - ੩੩੯)

ਜਦ ਤਕ ਆਪਣੀ ਬੁਧਿ ਨੂੰ ਭਾਵ ਆਪਣੀ ਮਤਿ ਨੂੰ ਭਾਵ ਮਨ ਦੇ ਵਿਚਾਰਾਂ ਨੂੰ ਅਸੀਂ ਆਪਣੇ ਵਿਚਾਰ ਸਮਝਦੇ ਹਾਂ ਤਦ

ਤਕ ਅਸੀਂ ਆਪਣਾ **"ਬਲੁ"** ਸਮਝਦੇ ਹਾਂ ਭਾਵ ਆਪਣਾ ਜੋਰ ਸਮਝਦੇ ਹਾਂ ਕਿ ਇਹ ਬੁਧਿ ਮੇਰੀ ਆਪਣੀ ਹੈ ਤੇ ਮੈਂ ਜੋ ਕਰਦਾ ਹਾਂ ਆਪਣੀ ਬੁਧਿ ਦੇ ਜ਼ੋਰ ਤੇ ਕਰਦਾ ਹਾਂ, ਆਪਣੀ ਸਮਝ ਦੇ ਜੋਰ ਤੇ ਕਰਦਾ ਹਾਂ। ਇਹ ਸਾਡੀ ਹਉਮੈ ਹੈ ਕਿ ਮੈਂ ਸਮਝ ਵਾਲਾ ਮਨੁੱਖ ਹਾਂ। ਜਦੋਂ ਪ੍ਰਮਾਤਮਾ ਮਨ ਦੇ ਵਿਚ ਸਾਡੇ ਨਾਲ ਇਕ ਹੋ ਜਾਂਦਾ ਹੈ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨੁੱਖ ਦੇ ਅੰਦਰ ਉਸਦੀ ਬੁਧਿ ਦਾ ਮਾਲਕ ਕੌਣ ਹੈ ਭਾਵ ਆਪ ਪਰਮਾਤਮਾ ਹੀ ਹੈ ਜਿਸ ਦੁਆਰਾ ਮਨੁੱਖ ਦੀ **"ਮੈਂ"** ਮਿਟ ਜਾਂਦੀ ਹੈ ਭਾਵ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੇਰੇ ਅੰਦਰ ਵਿਚਾਰਾਂ ਵਿਚ ਮੇਰਾ ਆਪਣਾ ਕੋਈ ਜ਼ੋਰ ਨਹੀਂ ਹੈ, ਮੇਰੇ ਵਿਚਾਰ ਮੇਰੇ ਵੱਸ ਵਿਚ ਨਹੀਂ ਹਨ। ਜਦ ਤਕ ਮਨੁੱਖ ਨੂੰ ਮਨ ਦੇ ਵਿਚਾਰਾਂ ਦੀ ਸਮਝ ਨਹੀਂ ਪੈਂਦੀ ਤਦ ਤਕ ਮਨੁੱਖ ਇਹ ਸਮਝਦਾ ਹੈ ਕਿ ਮੈਂ ਇਕ ਮਨੁੱਖੀ ਰੂਪ ਹਾਂ ਭਾਵ ਮੇਰੀ ਆਪਣੀ ਹੋਂਦ ਹੈ ਤੇ ਮਨ ਦੇ ਵਿਚ ਸਮਝ ਪੈਣ ਦੇ ਨਾਲ ਮਨੁੱਖ ਦੀ ਮਤਿ ਉਲਟ ਜਾਂਦੀ ਹੈ ਭਾਵ ਮਨ ਦੇ ਵਿਚਾਰ ਉਲਟ ਜਾਂਦੇ ਹਨ ਜੋ ਫਿਰ ਇਹ ਕਹਿੰਦੇ ਹਨ ਕਿ ਹੁਣ ਮੈਂ ਨਹੀਂ ਪ੍ਰਮਾਤਮਾ ਤੂੰ ਹੀ ਹੈ। ਹੁਣ ਅਸੀਂ ਇਕ ਹੀ ਹੋ ਗਏ ਹਾਂ ਤੇ ਸਮਝ ਲੱਗ ਜਾਂਦੀ ਹੈ ਕਿ ਜਿਸ ਰੂਪ ਵਿਚ ਪ੍ਰਮਾਤਮਾ ਮੇਰੇ ਅੰਦਰ ਹੈ ਉਸੇ ਰੂਪ ਵਿਚ ਉਹ ਸਭ ਵਿਚ ਸਮਾਇਆ ਹੋਇਆ ਹੈ, ਗਿਆਨ ਰੂਪ ਵਿਚ ਸਭ ਵਿਚ ਸਮਾਇਆ ਹੋਇਆ ਹੈ। ਇਹ ਵਿਸ਼ਵਾਸ ਮਨੁੱਖ ਨੂੰ ਮਨ ਦੇ ਵਿਚ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਦਿਵਾਉਂਦਾ ਹੈ। ਜਦੋਂ ਮਨੁੱਖ ਦੀ ਪਹਿਲੀ ਮਤਿ ਨੂੰ ਭਾਵ ਹਉਮੈ ਵਾਲੀ ਮਤਿ ਨੂੰ, ਅਗਿਆਨਤਾ ਵਾਲੀ ਮਤਿ ਨੂੰ ਬਦਲ ਦਿੰਦਾ ਹੈ ਫਿਰ ਮਨ ਦੇ ਵਿਚ ਹਉਮੈ ਦਾ ਜ਼ੋਰ ਖਤਮ ਹੋ ਜਾਂਦਾ ਹੈ, ਹਉਮੈ ਦਾ ਬਲ ਖਤਮ ਹੋ ਜਾਂਦਾ ਹੈ। ਮਨ ਦੇ ਵਿਚ ਬੁਧਿ ਦਾ ਬਦਲਣਾ ਹੀ ਸਿੱਧੀ ਦੀ ਪ੍ਰਾਪਤੀ ਹੈ ਜਿਸ ਦੁਆਰਾ ਇਸ ਸੰਸਾਰ ਦੀ ਸੱਚਾਈ ਦੀ ਸੋਝੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ

38/4628

ਪਈ ਹੈ। (**ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥ ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥ ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥ ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥**)

ਮੁੱਖ ਸ਼ਬਦ ਰਾਹੀਂ ਸਾਡੇ ਅੰਦਰ ਇਸੇ **"ਬਲੁ"** ਦੀ ਗੱਲ ਕੀਤੀ ਹੋਈ ਹੈ ਭਾਵ ਸਾਡੇ ਅੰਦਰ ਹਉਮੈ ਨੂੰ ਉੱਚੀ ਕਰਨ ਦੀ ਗੱਲ ਕੀਤੀ ਹੋਈ ਹੈ। ਜੋ ਆਪਣੇ ਆਪ ਨੂੰ ਸੁਆਸਾਂ ਨਾਲ ਨਾਮ ਜਪਣ ਵਾਲਾ ਅਖਵਾਉਂਦੇ ਹਨ ਉਹਨਾਂ ਦੇ ਅੰਦਰ ਕਿਤਨੀ ਹਉਮੈ ਵਧੀ ਹੁੰਦੀ ਹੈ ਇਸ ਗੱਲ ਨੂੰ ਹਰ ਕੋਈ ਅਜਮਾ ਸਕਦਾ ਹੈ। ਉਹ ਕਦੇ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਉਹ ਗਲਤ ਹਨ ਤੇ ਆਪਣੇ ਆਪ ਨੂੰ ਵੱਡੇ ਸਿਆਣੇ ਅਖਵਾਉਂਦੇ ਹਨ ਕਿ ਉਹ ਭਗਤੀ ਦੇ ਮਾਰਗ ਤੇ ਚੱਲ ਰਹੇ ਹਨ ਜਿਸ ਕਰਕੇ ਉਹਨਾਂ ਨੂੰ ਸਮਾਜ ਵਿਚੋਂ ਮਾਣ ਵੀ ਮਿਲਦਾ ਹੈ ਜੋ ਉਹਨਾਂ ਦੀ ਹਉਮੈ ਨੂੰ ਵਧਾਉਂਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਤਾਂ ਸਾਡੀ ਮਤਿ ਨੇ ਧਿਆਉਣਾ ਹੈ ਭਾਵ ਗੁਰੂ ਦੇ ਬਚਨਾਂ ਨੂੰ ਸਾਡੀ ਮਤਿ ਨੇ ਮੰਨਣਾ ਹੈ ਜਿਸ ਲਈ ਕੋਈ ਸਾਹੋ ਸਾਹ ਹੋਣ ਦੀ ਲੋੜ ਨਹੀਂ ਹੈ ਜਿਵੇਂ ਕਿ ਹਰ ਕੋਈ ਹੋਇਆ ਫਿਰਦਾ ਹੈ ਭਾਵ ਨਾਮ ਧਿਆਉਣਾ ਨਿਹਸਾਸਨਿ ਕ੍ਰਿਆ ਹੈ ਜਿਸ ਲਈ ਸੁਆਸਾਂ ਨੂੰ ਤਕਲੀਫ ਦੇਣ ਦੀ ਲੋੜ ਨਹੀਂ ਹੈ। ਤਕਲੀਫ ਤਾਂ ਮਨ ਨੂੰ ਦੇਣ ਦੀ ਲੋੜ ਹੈ ਜੋ ਗੁਰੂ ਦੀ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹੁੰਦਾ। ਮਨ ਨੂੰ ਤਕਲੀਫ ਦੇਣੀ ਬਹੁਤ ਔਖੀ ਹੈ ਇਸੇ ਲਈ ਨਾਮ ਧਿਆਉਣਾ ਬਹੁਤ ਔਖਾ ਹੈ।
(**ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥**)

{ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥
ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥੧॥
ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥}

(ਅੰਗ - ੬੬੨)

{ਊਪਰਿ ਦਰਿ ਅਸਮਾਨਿ ਪਇਆਲਿ ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥
ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥}

(ਅੰਗ - ੧੨੫੬)

38/4629

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥ ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ - ੫੩)

ਸਾਡੇ ਅੰਦਰ **"ਬਲੁ"** ਕਿਸ ਰੂਪ ਵਿਚ ਹੈ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ ਜਿਸ **"ਬਲੁ"** ਦੇ ਰਹਿੰਦਿਆਂ ਸਾਡੇ ਅੰਦਰ ਨਾ ਗੁਰਮਤਿ ਵੱਸ ਸਕਦੀ ਹੈ ਤੇ ਨਾ ਹੀ ਅਸੀਂ ਨਾਮ ਜਪ ਸਕਦੇ ਹਾਂ।

"ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥"

ਜਦ ਤਕ ਸਾਡੇ ਅੰਦਰ ਹਉਮੈ ਹੈ ਭਾਵ ਮਨਮਤਿ ਹੈ ਤਦ ਤਕ ਸਾਡੇ ਅੰਦਰ ਗੁਰਮਤਿ ਨਹੀਂ ਹੈ ਭਾਵ ਸਾਡੇ ਅੰਦਰ ਗੁਰੂ ਦੇ ਬਚਨ ਨਹੀਂ ਵਸੇ ਜਿੰਨਾ ਨੇ ਸਾਨੂੰ ਸਾਡੇ ਜੀਵਣ ਦਾ ਸੱਚਾ ਮਾਰਗ ਸਮਝਾਉਣਾ ਹੈ। ਜਿਸ ਨੂੰ ਗੁਰਮਤਿ ਦੀ ਸਮਝ ਹੈ, ਆਪਣੇ ਜੀਵਨ ਦੇ ਮਾਰਗ ਦੀ ਸਮਝ ਹੈ ਉਹ ਫਿਰ ਸੁਆਸਾਂ ਰਾਹੀਂ ਨਾਮ ਨਹੀਂ ਧਿਆ ਸਕਦਾ ਬਲਕਿ ਉਸ ਤਰੀਕੇ ਨਾਮ ਧਿਆਵੇਗਾ ਜਿਸ ਤਰੀਕੇ ਗੁਰੂ ਦੀ ਮਤਿ ਸਮਝਾਉਂਦੀ ਹੈ ਭਾਵ ਉਸੇ ਤਰੀਕੇ ਵਿਚਰੇਗਾ ਜਿਸ ਤਰੀਕੇ ਗੁਰੂ ਦੀ ਮਤਿ ਸਮਝਾਉਂਦੀ ਹੈ, ਜਿਸ ਤਰੀਕੇ ਗੁਰੂ ਦੇ ਬਚਨ ਸਾਨੂੰ ਸਮਝਾਉਂਦੇ ਹਨ। ਗੁਰੂ ਦੇ ਬਚਨ ਸਾਨੂੰ ਅਉਗੁਣ ਤਿਆਗ ਕੇ ਸੱਚੇ ਸੁੱਚੇ ਕਰਮ ਕਰਨੇ ਹੀ ਸਮਝਾਉਂਦੇ ਹਨ ਜੋ ਨਾਮ ਧਿਆਉਣ ਦਾ ਤਰੀਕਾ ਹੈ ਭਾਵ ਨਾਮ ਅਸੀਂ ਆਪਣੇ ਕਰਮਾ ਦੁਆਰਾ ਧਿਆਉਣਾ ਹੈ। ਜੋ ਵੀ ਸਾਡਾ ਕਰਮ ਗੁਰਮਤਿ ਅਨੁਸਾਰ ਹੈ ਉਸ ਵਿਚ ਨਾਮ ਹੈ ਤੇ ਜੋ ਵੀ ਸਾਡਾ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਸ ਵਿਚ ਹਉਮੈ ਹੈ ਭਾਵ ਮਨਮਤਿ ਹੈ। ਮਨਮਤਿ ਤੋਂ ਸਾਨੂੰ ਗੁਰਮਤਿ ਨੇ ਹੀ ਮੁਕਤਿ ਕਰਨਾ ਹੈ ਤੇ ਇਹੀ ਸਾਡੇ ਲਈ ਮੁਕਤੀ ਦਾ ਸੱਚਾ ਮਾਰਗ ਹੈ। ਮੁਕਤੀ ਅਸੀਂ ਉਹਨਾਂ ਭਰਮਿਆਂ ਹੋਇਆਂ ਦੀ ਮਤਿ ਤੋਂ ਲੈਣੀ ਹੈ ਜਿੰਨਾ ਦੇ ਬਚਨ ਮੰਨ ਕੇ ਅਸੀਂ ਗੁਰੂ ਦੇ ਬਚਨਾਂ ਨੂੰ ਮੰਨਣ ਤੋਂ ਦੂਰ ਨਿਕਲੇ ਹੋਏ ਹਾਂ। ਗੁਰੂ ਦੇ ਬਚਨਾਂ ਤੋਂ ਦੂਰੀ ਸਾਡੇ ਮਨ ਦਾ ਭਰਮ ਹੈ ਭਾਵ ਭਰਮ ਵਾਲੇ ਵਿਚਾਰ ਹਨ ਜਿੰਨਾ ਨੂੰ ਛੱਡੇ ਬਿਨਾ ਅਸੀਂ ਗੁਰੂ ਦੀ ਮਤਿ ਨੂੰ ਨਹੀਂ ਅਪਨਾ ਸਕਦੇ, ਗੁਰੂ ਦੀ ਮਤਿ ਨੂੰ ਨਹੀਂ ਧਿਆ ਸਕਦੇ, ਨਾਮ ਨਹੀਂ ਧਿਆ ਸਕਦੇ। ਸਾਡੇ ਜੀਵਨ ਦਾ ਮਕਸਦ ਨਾਮ ਵਿਚ ਸਮਾਉਣ ਦਾ ਹੈ, ਪਰਮਾਤਮਾ ਵਿਚ ਸਮਾਉਣ ਦਾ ਹੈ ਜੋ ਕਿ ਹਉਮੈ ਵਾਲੇ ਵਿਚਾਰਾਂ ਵਿਚੋਂ

38/4630

ਨਿਕਲ ਕੇ ਹੀ ਸਮਾਇਆ ਜਾ ਸਕਦਾ ਹੈ। (**ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥ ਸਤਿਗੁਰੁ ਬਚਨੁ ਬਚਨੁ ਹੈ ਸਤਿਗੁਰੁ ਪਾਧਰੁ ਮੁਕਤਿ ਜਨਾਵੈਗੋ ॥੫॥ ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥ ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥**)

ਜਿਵੇਂ ਕਿ ਅਸੀਂ ਬਾਰ-ਬਾਰ ਜਾਣਿਆ ਹੈ ਨਾਮ ਨੂੰ ਸਭ ਨੇ ਬਹੁਤ ਮਾਮੂਲੀ ਗੱਲ ਸਮਝਿਆ ਹੋਇਆ ਹੈ ਜਦ ਕਿ ਨਾਮ ਦਾ ਮਿਲਣਾ ਪ੍ਰਮਾਤਮਾ ਦੀ ਕਿਸੇ ਤੇ ਸਭ ਤੋਂ ਵੱਡੀ ਦਾਤਿ ਹੈ ਜਿਸਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ। ਨਾਮ ਦੀ ਦਾਤਿ ਪ੍ਰਾਪਤ ਕਰਨ ਦਾ ਤਰੀਕਾ ਸਾਡੇ ਸੱਚੇ ਸੁੱਚੇ ਕਰਮ ਹੀ ਹਨ ਜਿੰਨਾ ਦੁਆਰਾ ਅਸੀਂ ਪਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ।

"ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥"

(ਅੰਗ - ੧੫੪)

ਜਿਵੇਂ ਕਿ ਅਸੀਂ ਕਾਫੀ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਮਨੁੱਖ ਦੀਆਂ ਕੇਵਲ ਦੋ ਹੀ ਜਾਤਾਂ ਹਨ। ਪੂਰੀ ਮਨੁੱਖਤਾ ਨੂੰ ਪ੍ਰਮਾਤਮਾ ਨੇ ਦੋ ਜਾਤਾਂ ਵਿਚ ਰਖਿਆ ਹੋਇਆ ਹੈ। ਇਕ ਹਉਮੈ ਦੀ ਜਾਤਿ ਹੈ ਤੇ ਦੂਜੀ ਨਾਮ ਦੀ ਜਾਤਿ ਹੈ। ਇਹ ਦੋਨੋਂ ਜਾਤਾਂ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿਚ ਹਨ। ਜਦ ਤਕ ਸਾਡੇ ਅੰਦਰ ਭਰਮ ਹੈ ਭਾਵ ਭਰਮ ਰੂਪ ਪੜਦਾ ਹੈ ਤਦ ਤਕ ਹਰ ਕੋਈ ਹਉਮੈ ਦੀ ਜਾਤਿ ਵਾਲਾ ਹੈ ਤੇ ਜਦੋਂ ਮਨੁੱਖ ਦਾ ਭਰਮ ਰੂਪ ਪੜਦਾ, ਹਉਮੈ ਰੂਪ ਪੜਦਾ ਦੂਰ ਹੋ ਜਾਂਦਾ ਹੈ ਫਿਰ ਉਹ ਮਨ ਦੇ ਵਿਚਾਰਾਂ ਰਾਹੀਂ ਨਾਮ ਦੇ ਵਿਚਾਰਾਂ ਵਾਲਾ ਬਣ ਜਾਂਦਾ ਹੈ ਜੋ ਵਿਚਾਰ ਮਨ ਦੇ ਵਿਚ ਉਹ ਨਾਮ ਰੂਪ ਪ੍ਰਮਾਤਮਾ ਆਪ ਹੀ ਦਿੰਦਾ ਹੈ ਭਾਵ ਉਹ ਆਪ ਹੀ ਕਿਸੇ ਨੂੰ ਨਾਮ ਦੀ ਜਾਤਿ ਵਾਲਾ ਬਣਾਉਂਦਾ ਹੈ, ਆਪਣੀ ਜਾਤਿ ਵਾਲਾ ਬਣਾਉਂਦਾ ਹੈ।

ਬ੍ਰਹਮਗਿਆਨ ਦੀ ਜਾਤਿ ਨਾਮ ਵਾਲੀ ਜਾਤਿ ਹੈ। ਜਿੰਨਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰ ਕੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੂੰ ਉਸਨੇ ਨਾਮ ਦੀ ਜਾਤਿ ਵਾਲਾ ਬਣਾਇਆ ਹੈ ਤੇ ਤਾਂ ਹੀ ਉਹਨਾਂ ਨੇ ਪੂਰੀ ਗੁਰਬਾਣੀ ਵਿਚ ਨਾਮ ਰੂਪ ਗਿਆਨ ਪਾਇਆ ਹੈ। ਜਿਸ ਸਰੀਰ ਰਾਹੀਂ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਜੋ ਵੀ ਪ੍ਰਮਾਤਮਾ ਨੂੰ

38/4631

ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਨਾਮ ਦੀ ਜਾਤਿ ਵਾਲਾ ਬਣ ਜਾਂਦਾ ਹੈ। ਪ੍ਰਮਾਤਮਾ ਦੇ ਨਾਮ ਦੀ ਦਾਤਿ ਮਨੁੱਖ ਲਈ ਸਭ ਤੋਂ ਵੱਡੀ ਦਾਤਿ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਪ੍ਰਮਾਤਮਾ ਦੀ ਇਹ ਦਾਤਿ ਲੈਣ ਲਈ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਅਸੀਂ ਉਹ ਕਰਮ ਨਹੀਂ ਜਾਣਦੇ ਜੋ ਕਰਮ ਕਰਨ ਦੇ ਨਾਲ ਸਾਨੂੰ ਪ੍ਰਮਾਤਮਾ ਦੀ ਉਹ ਦਾਤਿ ਮਿਲ ਸਕਦੀ ਹੈ ਜੋ ਦਾਤਿ ਕਿਤਨੀ ਕੁ ਵੱਡੀ ਹੈ ਜਿਸ ਦੀ ਸਾਨੂੰ ਸਮਝ ਨਹੀਂ ਹੈ ਭਾਵ ਉਸਦੀ ਦਾਤਿ ਬਹੁਤ ਵੱਡੀ ਹੈ ਜਿਸ ਲਈ ਸਾਨੂੰ ਇਸ ਗੱਲ ਦੀ ਸਮਝ ਨਹੀਂ ਕਿ ਉਹ ਦਾਤਿ ਪ੍ਰਾਪਤ ਕਰਨ ਲਈ ਅਸੀਂ ਕਿਹੋ ਜਿਹੇ ਕਰਮ ਕਰੀਏ। (**ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥**) ਪ੍ਰਮਾਤਮਾ ਦੀ ਇਹ ਦਾਤਿ ਨਾਮ ਦੀ ਦਾਤਿ ਹੈ ਜਿਸ ਦੀ ਪ੍ਰਾਪਤੀ ਦੁਆਰਾ ਅਸੀਂ ਹਉਮੈ ਦੀ ਜਾਤਿ ਵਿਚੋਂ ਨਿਕਲ ਕੇ ਨਾਮ ਦੀ ਜਾਤਿ ਵਾਲੇ ਬਣ ਜਾਂਦੇ ਹਾਂ। ਇਸ ਲਈ ਸਾਨੂੰ ਕਿਹੋ ਜਿਹੇ ਕਰਮ ਕਰਨੇ ਪੈਂਦੇ ਹਨ ਇਹ ਨਾਲ ਹੀ ਸਮਝਾਇਆ ਹੋਇਆ ਹੈ। ਨਾਮ ਦੀ ਜਾਤਿ ਵਾਲੇ ਬਣਨ ਲਈ ਜੋ ਕਸਵੱਟੀ ਹੈ ਉਹ ਸਾਡੇ ‘‘ਕਰਮੁ ਧਰਮੁ’’ ਹਨ ਭਾਵ ਸਾਡੇ ਧਰਮ ਵਾਲੇ ਕਰਮ ਹਨ ਭਾਵ ਜਦੋਂ ਸਾਡੇ ਹਰ ਕਰਮ ਵਿਚ, ਸਾਡੀ ਹਰ ਵਿਚਰਨ ਵਿਚ ਧਰਮ ਹੁੰਦਾ ਹੈ। ਧਰਮ ਉਥੇ ਹੁੰਦਾ ਹੈ ਜਿਥੇ ਸੱਚ ਹੁੰਦਾ ਹੈ, ਜਿਥੇ ਗੁਰੂ ਦੀ ਮਤਿ ਹੁੰਦੀ ਹੈ। ਸਾਡਾ ਉਹ ਹਰ ਕਰਮ ਧਰਮ ਵਾਲਾ ਹੈ ਜਿਸ ਵਿਚ ਗੁਰੂ ਦੀ ਮਤਿ ਹੁੰਦੀ ਹੈ। ਪ੍ਰਮਾਤਮਾ ਦੇ ਨਾਮ ਦੀ ਦਾਤਿ ਦੀ ਪ੍ਰਾਪਤੀ ਕਰਨ ਲਈ ਸਾਡੇ ਲਈ ਇਹੀ ਉਦਮ ਹੈ ਕਿ ਅਸੀਂ ਆਪਣੇ ਹਰ ਕਰਮ ਵਿਚ ਧਰਮ ਵਾਲੀ ਮਤਿ ਵਰਤੀਏ ਭਾਵ ਮਨਮਤਿ ਛੱਡ ਕੇ ਗੁਰਮਤਿ ਵਾਲੇ ਕਰਮ ਕਰੀਏ। (**ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥**)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ - ੧੧੯੮)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ - ੫੬)

38/4632

{ਲੋਕੁ ਅਵਗਣਾ ਕੀ ਬੰਨ੍ਹੈ ਗੰਠੜੀ ਗੁਣ ਨ ਵਿਹਾਝੈ ਕੋਇ ॥ ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥
ਗੁਰ ਪਰਸਾਦੀ ਗੁਣ ਪਾਈਅਨ੍ਹਿ ਜਿਸ ਨੋ ਨਦਰਿ ਕਰੇਇ ॥੧॥}

(ਅੰਗ - ੧੦੯੨)

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥ ਸਾਚੀ ਬਾਣੀ ਸੂਚਾ ਹੋਇ ॥
ਗੁਣ ਤੇ ਨਾਮੁ ਪਰਾਪਤਿ ਹੋਇ ॥੨॥ ਗੁਣ ਅਮੋਲਕ ਪਾਏ ਨ ਜਾਹਿ ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥
ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥ ਸਦਾ ਗੁਣਦਾਤਾ ਮੰਨਿ ਵਸਾਇਆ ॥੩॥
ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥ ਦਰਿ ਸਾਚੈ ਸਾਚੇ ਗੁਣ ਗਾਉ ॥
ਆਪੇ ਦੇਵੈ ਸਹਜਿ ਸੁਭਾਇ ॥ ਨਾਨਕ ਕੀਮਤਿ ਕਹਣੁ ਨ ਜਾਇ ॥੪॥੨॥੪੧॥}

(ਅੰਗ - ੩੬੧)

ਅਸੀਂ ਬਾਣੀ ਨੂੰ ਪੜਦੇ ਹਾਂ ਸੁਣਦੇ ਹਾਂ, ਗਾਉਂਦੇ ਹਾਂ ਤੇ ਉਸ ਦੇ ਅਗੇ ਮੱਥੇ ਵੀ ਟੇਕਦੇ ਹਾਂ ਪਰ ਕੀ ਇਸ ਤਰੀਕੇ ਸਾਡੇ ਅੰਦਰ ਗੁਣ ਆ ਜਾਣਗੇ ਭਾਵ ਨਹੀਂ ਆ ਸਕਦੇ। ਗੁਣ ਸਾਡੇ ਅੰਦਰ ਤਾਂ ਹੀ ਆਉਣਗੇ ਜੇਕਰ ਅਸੀਂ ਗੁਰੂ ਦੀ ਕਹੀ ਹੋਈ ਗੱਲ ਨੂੰ ਮੰਨਾਂਗੇ, ਗੁਰੂ ਦੇ ਬਚਨਾਂ ਨੂੰ ਮੰਨਾਗੇ, ਗੁਰੂ ਦੀ ਆਗਿਆ ਨੂੰ ਮੰਨਾਗੇ ਜੋ ਸਾਨੂੰ ਬਾਰ-ਬਾਰ ਅਉਗਣ ਛੱਡਣ ਨੂੰ ਸਮਝਾਉਂਦੀ ਹੈ ਤੇ ਅਵਗੁਣ ਛੱਡੇ ਬਿਨਾ ਅਸੀਂ ਗੁਣਾਂ ਵਾਲੇ ਨਹੀਂ ਬਣ ਸਕਦੇ। ਜਦ ਤਕ ਅਸੀਂ ਅਉਗੁਣ ਨਹੀਂ ਛੱਡਦੇ ਤਦ ਤਕ ਸਾਡਾ ਗਾਵਿਆ ਸੁਣਿਆ ਲੇਖੇ ਨਹੀਂ ਲਗਦਾ ਤੇ ਅਸੀਂ ਭਰਮ ਵਿਚ ਹੀ ਬਾਣੀ ਗਾਉਣ ਸੁਣਨ ਨੂੰ ਆਪਣਾ ਗੁਣ ਸਮਝਦੇ ਹਾਂ। ਅਉਗੁਣ ਛੱਡੇ ਬਿਨਾ ਅਸੀਂ ਗੁਣੀ ਨਹੀਂ ਬਣ ਸਕਦੇ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। (**ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥**) ਅੰਗ - ੬੬੯

ਗੁਰੂ ਦੇ ਬਚਨਾਂ ਨੂੰ ਮੰਨੇ ਬਿਨਾ ਭਾਵ ਗੁਰੂ ਦੇ ਬਚਨਾਂ ਨੂੰ ਆਪਣੇ ਅੰਦਰ ਵਸਾਏ ਬਿਨਾ ਪ੍ਰਮਾਤਮਾ ਦੇ ਨਾਲ ਸਾਡਾ ਸੰਗ ਨਹੀਂ ਹੋ ਸਕਦਾ, ਉਸਦੇ ਨਾਲ ਮੇਲ ਨਹੀਂ ਹੋ ਸਕਦਾ ਭਾਵ ਕੇਵਲ ਕਥਨੀ ਕਰੀ ਜਾਣ ਨਾਲ, ਗੁਰੂ ਦੀ ਗੱਲ ਨੂੰ ਪੜੀ ਸੁਣੀ ਜਾਣ ਨਾਲ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

38/4633

"ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥
ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥"

(ਅੰਗ - ੭੪੯)

ਬਾਣੀ ਵਿਚ ਬਾਰ ਬਾਰ **"ਚਰਣ ਧੂੜਿ"** ਦੀ ਗੱਲ ਆਉਂਦੀ ਹੈ ਤੇ ਗੁਰੂ ਦੀ "ਚਰਣ ਧੂੜਿ" ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਸਮਝਿਆ ਹੈ। ਉਪਰ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਜਨ ਦੀ ਚਰਣ ਧੂੜਿ ਹੋਣ ਦੀ ਗੱਲ ਕੀਤੀ ਹੋਈ ਹੈ। ਪਰਮਾਤਮਾ ਦਾ ਜਨ ਕੌਣ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਵਾਰੀ ਸਮਝਿਆ ਹੈ। ਪਰਮਾਤਮਾ ਦਾ ਗੁਰੂ ਰੂਪ, ਸਾਧ ਰੂਪ, ਭਗਤ ਰੂਪ, ਸੰਤ ਰੂਪ ਹੀ ਉਸ ਦਾ ਜਨ ਰੂਪ ਹੈ ਭਾਵ ਜਿਥੇ ਪ੍ਰਮਾਤਮਾ ਆਪ ਪ੍ਰਗਟ ਹੁੰਦਾ ਹੈ ਉਹੀ ਉਸ ਦਾ ਜਨ ਰੂਪ ਹੁੰਦਾ ਹੈ। ਪਰਮਾਤਮਾ ਦਾ ਜਨ ਰੂਪ ਆਪਣੇ ਸ਼ਬਦਾਂ ਰਾਹੀਂ, ਆਪਣੇ ਬਚਨਾਂ ਰਾਹੀਂ ਸਾਨੂੰ ਜੋ ਵੀ ਸੋਝੀ ਪਾਉਂਦਾ ਹੈ ਉਹ ਸੱਚੀ ਸੋਝੀ ਉਸਦੇ ਜਨ ਦੀ ਚਰਣ ਧੂੜਿ ਹੈ। ਗੁਰੂ ਦੀ ਸਿੱਖਿਆ ਨੂੰ ਮੰਨ ਕੇ ਗੁਰੂ ਦੀ ਸਿੱਖਿਆ ਵਾਲਾ ਬਣਨਾ ਗੁਰੂ ਦੀ ਚਰਣ ਧੂੜਿ ਵਾਲਾ ਬਣਨਾ ਹੈ। ਆਪਣੇ ਗੁਰੂ ਰੂਪ ਵਿਚ, ਜਨ ਰੂਪ ਵਿਚ ਪ੍ਰਮਾਤਮਾ ਆਪਣੇ ਬੋਲਾਂ ਰਾਹੀਂ, ਬਚਨਾਂ ਰਾਹੀਂ ਜੋ ਵੀ ਸਮਝਾਉਂਦਾ ਹੈ ਉਹ ਉਸਦੇ ਅੰਮ੍ਰਿਤ ਬਚਨ ਹਨ ਭਾਵ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਬਚਨ ਹਨ ਜਿੰਨ੍ਹਾਂ ਬਚਨਾਂ ਰਾਹੀਂ ਗੁਰੂ ਸਾਨੂੰ ਆਪਣੀ ਚਰਣ ਧੂੜਿ ਬਖਸ਼ਦਾ ਹੈ। ਆਪਣੇ ਅੰਦਰ ਭਾਵ ਮਨ ਦੇ ਅੰਦਰ ਗੁਰੂ ਦੇ ਬਚਨਾਂ ਨੂੰ ਵਸਾਉਣਾ ਜਾਂ ਉਸਦੀ ਚਰਣ ਧੂੜਿ ਹੋਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਦੇ ਸਾਨੂੰ ਦਰਸ਼ਨ ਮਨ ਦੇ ਵਿਚੋਂ ਉਸਦੀ ਚਰਣ ਧੂੜਿ ਦੁਆਰਾ ਹੀ ਹੁੰਦੇ ਹਨ ਭਾਵ ਉਸਦੀ ਸੱਚੀ ਸਿਖਿਆ ਦੁਆਰਾ ਹੀ ਹੁੰਦੇ ਹਨ ਭਾਵ ਉਸਦੇ ਬਚਨਾਂ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਹੁੰਦੇ ਹਨ। ਪ੍ਰਮਾਤਮਾ ਕਦੇ ਕਿਸੇ ਵਿਰਲੇ ਤੇ ਹੀ ਆਪਣੀ ਇਹ ਕਿਰਪਾ ਕਰਦਾ ਹੈ ਜਿਸ ਨੂੰ ਮਨ ਦੇ ਵਿਚ ਆਪਣੀ ਚਰਣ ਧੂੜਿ ਦੇ ਨਾਲ ਜੋੜਦਾ ਹੈ, ਆਪਣੇ ਬਚਨਾਂ ਦੀ ਸੱਚੀ ਸਿੱਖਿਆ ਦੇ ਨਾਲ ਜੋੜਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਜੋੜਿਆ ਹੈ ਤੇ ਉਹਨਾਂ ਦੇ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਸੰਗ ਹੋਇਆ ਹੈ, ਮੇਲ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਗੁਰੂ ਦੇ ਬਚਨਾਂ ਨੂੰ ਮੰਨਣ ਦਾ ਹੀ ਹੈ ਭਾਵ ਮੰਨ ਕੇ ਆਪਣੀ ਚੰਗੀ ਕਰਨੀ ਕਰਨ ਦਾ ਹੈ, ਗੁਰਮਤਿ ਅਨੁਸਾਰ ਚੰਗੀ ਕਰਨੀ ਕਰਨ ਦਾ ਹੈ ਤੇ ਕੇਵਲ ਗੁਰੂ ਦੇ ਬਚਨਾਂ ਨੂੰ ਕਥੀ ਜਾਣਾ ਪ੍ਰਮਾਤਮਾ ਦੇ ਨਾਲ ਸੰਗ ਕਰਨ ਦਾ ਤਰੀਕਾ ਨਹੀਂ ਹੈ ਭਾਵ ਕੇਵਲ ਸਾਡਾ ਭਰਮ ਹੈ। (**ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥ ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥**)

38/4634

ਅਸੀਂ ਗੁਰੂ ਨੂੰ ਚੇਤੇ ਰੱਖਣਾ, ਪ੍ਰਮਾਤਮਾ ਨੂੰ ਚੇਤੇ ਰੱਖਣਾ ਇਹੀ ਬਣਾਇਆ ਹੋਇਆ ਹੈ ਕਿ ਸਾਰਾ ਦਿਨ ਗੁਰੂ ਗੁਰੂ ਕਰੀ

ਜਾਵੋ, ਵਾਹਿਗੁਰੂ ਵਾਹਿਗੁਰੂ ਕਰੀ ਜਾਵੋ, ਰਾਮ ਰਾਮ ਕਰੀ ਜਾਵੋ ਭਾਵ ਸਾਰਾ ਦਿਨ ਕਿਸੇ ਅੱਖਰ ਨੂੰ ਕਥੀ ਜਾਵੋ ਤੇ ਫਿਰ ਵੀ ਅਸੀਂ ਉਮੀਦ ਲਾਈ ਬੈਠੇ ਹਾਂ ਕਿ ਸਾਨੂੰ ਮੁਕਤੀ ਦੀ ਪ੍ਰਾਪਤੀ ਹੋ ਜਾਵੇਗੀ, ਅਸੀਂ ਸੰਸਾਰ ਦੇ ਆਵਾਗਉਣ ਤੋਂ ਮੁਕਤ ਹੋ ਜਾਵਾਂਗੇ ਭਾਵ ਇਹ ਸਾਡਾ ਵੱਡਾ ਭਰਮ ਹੈ। ਮੁਕਤੀ ਗੁਰੂ ਦੀ ਗੱਲ ਨੂੰ, ਗੁਰੂ ਦੇ ਬਚਨਾਂ ਨੂੰ ਮੰਨਣ ਨਾਲ ਹੀ ਮਿਲਣੀ ਹੈ ਭਾਵ ਮਨਮਤਿ ਛੱਡਣ ਨਾਲ ਹੀ ਮਿਲਣੀ ਹੈ, ਗੁਰਮਤਿ ਨੂੰ ਅਪਨਾਉਣ ਨਾਲ ਹੀ ਮਿਲਣੀ ਹੈ ਭਾਵ ਕਥਨੀ ਨਾਲ ਨਹੀਂ ਮਿਲਣੀ ਬਲਕਿ ਚੰਗੀ ਕਰਨੀ ਕਰਨ ਨਾਲ ਮਿਲਣੀ ਹੈ, ਸੱਚੇ ਸੁੱਚੇ ਕਰਮ ਕਰਨ ਨਾਲ ਮਿਲਣੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਧੰਨ ਅਕਾਲ ਪੁਰਖ ਰੂਪ, ਅੱਲ੍ਹਾ ਰੂਪ, ਪ੍ਰਮਾਤਮਾ ਰੂਪ, ਗਾਡ ਰੂਪ ਭਾਵ ਸ੍ਰਿਸ਼ਟੀ ਦੇ ਕਰਤਾ ਦੇ ਰੂਪ ਬਾਬੇ ਨਾਨਕ ਦੇ ਸਰੀਰ ਰਾਹੀਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਜੀਵਨ ਵਿਚ ਭਗਤੀ ਦਾ ਸਹੀ ਮਾਰਗ ਅਪਣਾਈਏ ਜੋ ਸਾਰੇ ਸੰਸਾਰ ਲਈ ਇਕੋ ਹੀ ਹੈ, ਪੂਰੀ ਮਨੁਖਤਾ ਲਈ ਇਕੋ ਹੀ ਹੈ।

ਗੂਜਰੀ ਅਸਟਪਦੀਆ ਮਹਲਾ ੧ ਘਰੁ ੧

ੴ ਸਤਿਗੁਰ ਪ੍ਰਸਾਦਿ ॥

“ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥ ਚੇਤਹੁ ਬਾਸੁਦੇਉ ਬਨਵਾਲੀ ॥
ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥ ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥
ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪੜ੍ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥੩॥
ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥ ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥
ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪੜ੍ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥”

(ਅੰਗ - ੫੦੩)

ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਪੜਨ ਦੁਆਰਾ ਹੀ ਸਭ ਨੂੰ ਇਹ ਗੱਲ ਆਸਾਨੀ ਨਾਲ ਸਮਝ ਆ ਸਕਦੀ ਹੈ ਕਿ ਸਾਡੇ ਲਈ ਗੁਰੂ ਦੇ ਬਚਨਾਂ ਦਾ ਮਕਸਦ ਕੀ ਹੈ ਤੇ ਉਹ ਮਕਸਦ ਅਸੀਂ ਪੂਰਾ ਕਿਸ ਤਰੀਕੇ ਕਰਨਾ ਹੈ। ਸਾਡੇ ਅੰਦਰ ਪੰਚ ਚੋਰ ਕੌਣ ਹਨ ਇਸ ਬਾਰੇ ਕਿਸੇ ਨੂੰ ਭਰਮ ਨਹੀਂ ਹੈ। ਇਹਨਾਂ ਚੋਰਾਂ ਬਾਰੇ ਬਾਣੀ ਰਾਹੀਂ ਬਾਰ-ਬਾਰ ਸਮਝਾਇਆ ਹੋਇਆ ਹੈ। ਇਹ ਚੋਰ ਸਾਡੇ ਅੰਦਰ ਦੇ ਵਿਚਾਰ ਹਨ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਮਾੜਾ ਬਣਾਉਂਦੇ ਹਨ ਤੇ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੇ ਜੀਵਨ ਨੂੰ ਮਾੜਾ ਬਣਾਉਂਦੇ ਹਨ। ਇਹ ਪੰਜੇ ਚੋਰ ਹੀ ਸਾਡੇ ਅੰਦਰ ਨਾਮ ਦੇ ਚੋਰ ਹਨ ਭਾਵ ਸੱਚ ਦੇ ਚੋਰ ਹਨ ਜੋ ਸਾਨੂੰ ਗੁਰੂ ਦੇ ਸਮਝਾਏ

ਹੋਏ ਸੱਚ ਦੇ ਨਾਲ ਜੁੜਨ ਨਹੀਂ ਦਿੰਦੇ, ਗੁਰੂ ਦੀ ਮਤਿ ਦੇ ਨਾਲ ਜੁੜਨ ਨਹੀਂ ਦਿੰਦੇ। ਗੁਰੂ ਸਾਨੂੰ ਬਾਰ ਬਾਰ ਇਹ ਸਮਝਾਉਂਦਾ ਹੈ ਕਿ ਇਹਨਾਂ ਚੋਰਾਂ ਨੂੰ ਆਪਣੇ ਅੰਦਰੋਂ ਰੋਕੋ ਭਾਵ **“ਬਰਜਤ”** ਕਰੋ ਪਰ ਅਸੀਂ ਫਿਰ ਵੀ ਇਹਨਾਂ ਨੂੰ ਬਰਜਤ ਨਹੀਂ ਕਰਦੇ

ਭਾਵ ਚੋਰੀ ਕਰਨ ਤੋਂ ਨਹੀਂ ਰੋਕਦੇ ਤੇ ਮਨ ਦੇ ਮਾੜੇ ਵਿਚਾਰਾਂ ਰਾਹੀਂ ਚੋਰੀ ਨਾਲ ਜੁੜੇ ਰਹਿੰਦੇ ਹਾਂ। ਇਹ ਸਾਡੇ ਅੰਦਰ ਧਰਮ ਦੇ ਚੋਰ ਹਨ, ਨਾਮ ਦੇ ਚੋਰ ਹਨ, ਭਗਤੀ ਦੇ ਚੋਰ ਹਨ, ਗੁਰਮਤਿ ਦੇ ਚੋਰ ਹਨ ਤੇ ਇਹਨਾਂ ਦੇ ਰਹਿੰਦੇ ਹੋਏ ਅਸੀਂ ਗੁਰੂ ਦੇ ਬਚਨਾਂ ਨਾਲ ਨਹੀਂ ਜੁੜ ਸਕਦੇ ਜੋ ਬਚਨ ਸਾਨੂੰ ਇਹਨਾਂ ਨੂੰ ਛੱਡਣ ਲਈ ਸਮਝਾਉਂਦੇ ਹਨ। (**ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥**) ਹੁਣ ਜੇਕਰ ਅਸੀਂ ਸਾਰਾ ਦਿਨ ਗੁਰੂ ਦੇ ਬਚਨਾਂ ਨੂੰ ਕਥੀ ਜਾਈਏ ਪਰ ਉਹਨਾਂ ਤੇ ਅਮਲ ਨਾ ਕਰੀਏ ਫਿਰ ਕੀ ਇਹ ਮਾੜੇ ਵਿਚਾਰ ਸਾਡੇ ਅੰਦਰੋਂ ਨਿਕਲ ਜਾਣਗੇ ਭਾਵ ਕਦੇ ਨਹੀਂ ਨਿਕਲ ਸਕਦੇ। ਜੇਕਰ ਗੁਰੂ ਦੀ ਗੱਲ ਨੂੰ ਮੰਨ ਲਵਾਂਗੇ ਤੇ ਜਰੂਰ ਨਿਕਲ ਜਾਣਗੇ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥”

ਇਹ ਪੰਜ ਚੋਰ ਸਾਡੇ ਅੰਦਰੋਂ **“ਮਾਲ”** ਚੁਰਾਉਂਦੇ ਹਨ ਭਾਵ ਸਾਡੇ ਅੰਦਰੋਂ ਧਨ ਚੁਰਾਉਂਦੇ ਹਨ ਭਾਵ ਉਹ ਧਨ ਚੁਰਾਉਂਦੇ ਹਨ ਜੋ ਸਾਡਾ ਸੱਚਾ ਧਨ ਹੈ ਭਾਵ ਨਾਮ ਦਾ ਧਨ ਹੈ, ਗੁਰਮਤਿ ਰੂਪ ਧਨ ਹੈ। ਗੁਰਮਤਿ ਰੂਪ ਸੱਚਾ ਧਨ ਗੁਰੂ ਦੇ ਸੱਚੇ ਗਿਆਨ ਦਾ ਧਨ ਹੈ ਜਿਸ ਧਨ ਨੇ ਸਾਡੇ ਮਨ ਦੇ ਵਿਚਾਰਾਂ ਨੂੰ ਚੰਗੇ ਬਨਾਉਣਾ ਹੈ। ਇਹ ਗੁਰਮਤਿ ਰੂਪ ਸੱਚੀ ਸੋਝੀ ਦਾ ਧਨ ਹੈ ਜਿਸ ਨੇ ਸਾਨੂੰ ਮਨ ਦੀ ਮਾੜੀ ਸੋਝੀ ਵਿਚੋਂ ਕੱਢਣਾ ਹੈ ਜਿਸ ਮਾੜੀ ਸੋਝੀ ਕਰਕੇ ਅਸੀਂ ਅਉਗਣਾਂ ਨਾਲ ਜੁੜੇ ਰਹਿੰਦੇ ਹਾਂ ਭਾਵ ਪੰਜੇ ਚੋਰਾਂ ਨੂੰ ਆਪਣੇ ਅੰਦਰ ਵਸਾਈ ਰੱਖਦੇ ਹਾਂ। ਅਸੀਂ ਆਪਣੇ ਧਨ ਨੂੰ, ਮਾਲ ਨੂੰ ਇਹਨਾਂ ਚੋਰਾਂ ਕੋਲੋਂ ਬਚਾਕੇ ਰੱਖਣਾ ਹੈ, ਮਨ ਦੇ ਵਿਚ ਹੀ ਬਚਾਕੇ ਰੱਖਣਾ ਹੈ। ਗੁਰੂ ਦੇ ਬਚਨਾਂ ਦੀ ਕਥਨੀ ਕਰੀ ਜਾਣ ਨਾਲ ਇਹ ਧਨ ਸਾਡੇ ਅੰਦਰੋਂ ਚੋਰੀ ਹੁੰਦਾ ਹੀ ਰਹੇਗਾ ਭਾਵ ਅਸੀਂ ਇਸ ਨੂੰ ਬਚਾ ਨਹੀਂ ਸਕਦੇ। ਇਹ ਧਨ ਤਾਂ ਹੀ ਬਚੇਗਾ ਜੇਕਰ ਅਸੀਂ ਗੁਰੂ ਦੇ ਬਚਨਾਂ ਨੂੰ ਮੰਨਾਂਗੇ। ਸਾਨੂੰ ਮੁਕਤੀ ਵੀ ਇਸੇ ਧਨ ਨੇ ਦੇਣੀ ਹੈ, ਨਾਮ ਧਨ ਨੇ ਦੇਣੀ ਹੈ ਤੇ ਮੁਕਤੀ ਵੀ ਸਾਨੂੰ ਮਨ ਦੇ ਵਿੱਚ ਹੀ ਮਿਲਣੀ ਹੈ, ਮਨ ਦੇ ਵਿਚਾਰਾਂ ਦੇ ਵਿਚ ਹੀ ਮਿਲਣੀ ਹੈ। ਮੁਕਤ ਅਸੀਂ ਮਨ ਦੇ ਮਾੜੇ ਵਿਚਾਰਾਂ ਤੋਂ ਹੀ ਹੋਣਾ ਹੈ ਤੇ ਸਾਨੂੰ ਮੁਕਤ ਗੁਰਮਤਿ ਰੂਪ ਚੰਗੇ ਵਿਚਾਰਾਂ ਨੇ ਕਰਨਾ ਹੈ, ਨਾਮ ਵਾਲੇ ਵਿਚਾਰਾਂ ਨੇ ਕਰਨਾ

38/4636

ਹੈ, ਸ਼ਬਦਾਂ ਦੇ ਵਿਚਾਰਾਂ ਨੇ ਕਰਨਾ ਹੈ। ਸ਼ਬਦ ਦੇ ਵਿਚਾਰ ਸਾਡੇ ਅੰਦਰ ਵੱਸਣ ਦੁਆਰਾ ਹੀ ਸਾਡੇ ਅੰਦਰ ਨਾਮ ਧਨ ਟਿੱਕ ਸਕਦਾ ਹੈ, ਗੁਰੂ ਦੇ ਸੱਚੇ ਗਿਆਨ ਦਾ ਧਨ ਟਿਕ ਸਕਦਾ ਹੈ। ਸਾਡੇ ਅੰਦਰ ਇਹ ਧਨ ਨਾ ਟਿਕਣ ਦਾ ਕਾਰਨ ਸਾਡੇ ਅੰਦਰ ਦੀ ਮਾੜੀ ਸੋਝੀ ਹੈ ਭਾਵ ਤ੍ਰੈ ਗੁਣਾਂ ਵਾਲੀ ਮਤਿ ਹੈ ਜਿਸ ਕਰਕੇ ਸਾਡੇ ਸਰੀਰ ਦੇ ਇੰਦਰੇ ਮਾੜੀ ਮਤਿ ਦਾ ਹੁਕਮ ਮੰਨਦੇ ਹਨ ਤੇ ਸਾਡਾ ਸਰੀਰ ਮਾੜੇ ਕਰਮ ਕਰਦਾ ਹੈ। ਅਸੀਂ ਮਾੜੇ ਕਰਮਾਂ ਤੋਂ ਹੀ ਬੱਚਣਾ ਹੈ ਤੇ ਉਹ ਤਾਂ ਹੀ ਬੱਚ ਸਕਦੇ ਹਾਂ ਜੇਕਰ ਅਸੀਂ ਗੁਰੂ ਦੀ ਵਿਚਾਰ ਨੂੰ ਮੰਨ ਕੇ ਮਾੜੀ ਮਤਿ ਨੂੰ ਛੱਡ ਦੇਈਏ, ਆਪਣੇ ਅੰਦਰੋਂ ਪੰਜਾਂ ਚੋਰਾਂ ਦੀ ਚੋਰੀ ਨੂੰ ਰੋਕੀਏ। ਗੁਰੂ ਦੀ ਮਤਿ ਦਾ ਮਕਸਦ ਸਾਨੂੰ ਸਾਡੀ ਭਰਮਾਂ ਵਾਲੀ ਮਾੜੀ ਮਤਿ ਤੋਂ ਮੁਕਤ ਕਰਨ ਦਾ ਹੀ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿਚ ਸੱਚੇ ਸੁੱਚੇ ਇਨਸਾਨ ਬਣਕੇ ਵਿਚਰੀਏ ਜੋ ਕਿ ਸਾਰੇ ਸੰਸਾਰ ਲਈ ਇਕੋ ਜਿਹਾ ਨਾਮ ਜਪਣ ਦਾ ਮਾਰਗ ਹੈ, ਆਪਣੇ ਅੰਦਰ ਨਾਮ ਧਨ ਇਕੱਠਾ ਕਰਨ ਦਾ ਮਾਰਗ ਹੈ। (**ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥ ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥**)

ਜਿਵੇਂ ਕਿ ਹਰ ਕੋਈ ਸਮਝਦਾ ਹੈ ਸ਼ਬਦ ਦੀ ਰਹਾਉ ਵਾਲੀ ਪੰਗਤੀ ਵਿਚ ਸ਼ਬਦ ਦਾ ਸਾਰ ਸਮਝਾਇਆ ਹੁੰਦਾ ਹੈ ਕਿ ਪੂਰੇ ਸ਼ਬਦ ਨੂੰ ਸਮਝਾਉਣ ਦਾ ਮਕਸਦ ਕੀ ਹੈ। ਅਗਲੀ ਪੰਗਤੀ ਰਹਾਉ ਵਾਲੀ ਪੰਗਤੀ ਹੈ ਜਿਸ ਪੰਗਤੀ ਰਾਹੀਂ ਸਾਨੂੰ ਉਹੀ ਗੱਲ ਸਮਝਾਈ ਹੋਈ ਹੈ ਜੋ ਗੱਲ ਅਸੀਂ ਪਹਿਲੀਆਂ ਪੰਗਤੀਆਂ ਰਾਹੀਂ ਸਮਝੀ ਹੈ।

“ਚੇਤਹੁ ਬਾਸੁਦੇਉ ਬਨਵਾਲੀ ॥ ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥”

ਜੇਕਰ ਗੁਰੂ ਦੇ ਬਚਨ ਸਾਨੂੰ ਚੇਤੇ ਹਨ ਫਿਰ ਸਾਨੂੰ ਪ੍ਰਮਾਤਮਾ ਚੇਤੇ ਹੈ ਜਿਸ ਨੇ ਗੁਰੂ ਰੂਪ ਵਿਚ ਆਪ ਹੀ ਆਪਣੇ ਬਚਨ ਸਮਝਾਏ ਹੋਏ ਹਨ। ਪ੍ਰਮਾਤਮਾ ਦੇ ਬਚਨਾਂ ਦਾ ਸਾਡੇ ਅੰਦਰ ਵੱਸਣਾ ਹੀ ਉਸ ਦਾ ਆਪਣਾ ਵੱਸਣਾ ਹੈ ਭਾਵ ਉਸ ਦੇ ਦਿੱਤੇ ਹੋਏ ਸੱਚੇ ਗਿਆਨ ਦਾ ਸਾਡੇ ਅੰਦਰ ਵੱਸਣਾ ਹੀ ਪ੍ਰਮਾਤਮਾ ਦਾ ਵੱਸਣਾ ਹੈ ਕਿਉਂਕਿ ਪ੍ਰਮਾਤਮਾ ਹੈ ਹੀ ਸੱਚੇ ਗਿਆਨ ਦੇ ਰੂਪ ਵਿਚ। ਗੁਰੂ ਦੇ ਬਚਨਾਂ ਨੂੰ ਆਪਣੇ ਅੰਦਰ ਜਪਣਾ ਹੀ ਸਾਡੇ ਅੰਦਰ ਦੀ ਜਪਮਾਲੀ ਹੈ ਜੋ ਮਾਲਾ ਸਾਡੇ ਮਨ ਦੇ ਅੰਦਰ ਫਿਰਦੀ ਹੈ, ਮਨ ਦੇ ਵਿਚਾਰਾਂ ਦੇ ਅੰਦਰ ਫਿਰਦੀ

38/4637

ਹੈ, ਸਾਡੇ ਮਨ ਦੀ ਸੋਝੀ ਦੇ ਵਿਚ ਫਿਰਦੀ ਹੈ ਤੇ ਮਨ ਦੇ ਵਿਚ ਫਿਰਨ ਦੁਆਰਾ ਸਾਡੀ ਮਤਿ ਨੂੰ ਬਦਲ ਦਿੰਦੀ ਹੈ। ਇਹ ਗੁਰਮਤਿ ਰੂਪ ਸੱਚੀ ਸੋਝੀ ਦੀ ਮਾਲਾ ਹੈ ਜੋ ਸਾਡੇ ਅੰਦਰ ਗੁਰਮਤਿ ਨੂੰ ਵਸਾਉਂਦੀ ਹੈ ਤੇ ਮਨਮਤਿ ਨੂੰ ਕੱਢਦੀ ਹੈ, ਚੰਗੇ ਵਿਚਾਰਾਂ ਨੂੰ ਵਸਾਉਂਦੀ ਹੈ ਤੇ ਮਾੜੇ ਵਿਚਾਰਾਂ ਨੂੰ ਕੱਢਦੀ ਹੈ, ਨਾਮ ਨੂੰ ਵਸਾਉਂਦੀ ਹੈ ਤੇ ਹਉਮੈ ਨੂੰ ਕੱਢਦੀ ਹੈ, ਸੱਚ ਨੂੰ ਵਸਾਉਂਦੀ ਹੈ ਤੇ ਭਰਮ ਨੂੰ ਕੱਢਦੀ ਹੈ ਭਾਵ ਸਾਡੇ ਅੰਦਰ ਚੌਥੇ ਪਦ ਵਾਲੇ ਗਿਆਨ ਨੂੰ ਵਸਾਉਂਦੀ ਹੈ ਤੇ ਤ੍ਰੈਗੁਣਾਂ ਵਾਲੀ ਅਵਸਥਾ ਵਿਚੋਂ ਕੱਢਦੀ ਹੈ। (**ਚੇਤਹੁ ਬਾਸੁਦੇਉ ਬਨਵਾਲੀ ॥ ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥**)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥ ਹਰਿ ਹਰਿ ਨਾਮੁ ਜਪਹੁ ਬਨਵਾਲੀ ॥ ਕਰਿ ਕਿਰਪਾ ਮੇਲਹੁ ਸਤਿਸੰਗਤਿ ਤ੍ਰੁਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥}

(ਅੰਗ - ੧੧੩੪)

{ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥
ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥੭੫॥}

(ਅੰਗ - ੧੩੬੯)

{ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥}

(ਅੰਗ - ੧੨੪੫)

{ਐਸਾ ਜਾਪੁ ਜਪਉ ਜਪਮਾਲੀ ॥ ਦੁਖ ਸੁਖ ਪਰਹਰਿ ਭਗਤਿ ਨਿਰਾਲੀ ॥੧॥ ਰਹਾਉ ॥}

(ਅੰਗ - ੧੩੪੨)

ਉਪਰ ਸ਼ਬਦਾਂ ਦੁਆਰਾ ਸਾਨੂੰ ਜਪਮਾਲੀ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਜਪਮਾਲੀ ਦਾ ਮਕਸਦ ਸਾਨੂੰ ਸੁਕ੍ਰਿਤ ਕਰਨੀ ਨਾਲ ਜੋੜਨ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਨਾਲ ਜੋੜਨ ਦਾ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ ਮਨ ਦੇ ਵਿਚਾਰਾਂ ਰਾਹੀਂ ਕਰਦੇ ਹਾਂ ਭਾਵ ਮਾੜੇ ਵਿਚਾਰਾਂ ਰਾਹੀਂ ਮਾੜੇ ਕਰਮ ਕਰਦੇ ਹਾਂ ਤੇ ਚੰਗੇ ਕਰਮ ਅਸੀਂ ਤਾਂ ਹੀ ਕਰਾਂਗੇ ਜੇਕਰ ਮਾੜੇ ਵਿਚਾਰ ਛੱਡਾਂਗੇ, ਮਨਮਤਿ ਵਾਲੇ ਵਿਚਾਰ ਛੱਡਾਂਗੇ ਭਾਵ ਗੁਰੂ ਦੇ ਬਚਨਾਂ ਨੂੰ ਮੰਨਾਂਗੇ। ਜਪਮਾਲੀ ਦਾ ਮਕਸਦ ਭਾਵ ਮਨ ਵਿਚ ਜਪ ਕਰਨ ਦਾ ਮਕਸਦ ਮਾੜੇ ਵਿਚਾਰਾਂ ਵਿਚੋਂ ਨਿਕਲਣ ਦਾ ਹੀ ਹੈ। ਮਾਲਾ ਅਸੀਂ ਗੁਰੂ ਦੇ ਬਚਨਾਂ ਦੀ ਹੀ ਫੇਰਨੀ ਹੈ ਜੋ ਕਿ ਮਨ ਦੇ ਵਿਚ ਹੀ ਫਿਰਦੀ ਹੈ ਜਿਸ ਨੇ ਸਾਡੀ ਮਾੜੀ ਸੋਝੀ ਨੂੰ ਚੰਗੀ ਸੋਝੀ ਵਿਚ ਬਦਲਣਾ ਹੈ ਤਾਂ ਜੋ ਅਸੀਂ ਉਹ ਕੁਝ

38/4638

ਕਰੀਏ ਜੋ ਗੁਰੂ ਦੀ ਮਤਿ ਸਾਨੂੰ ਸਮਝਾਉਂਦੀ ਹੈ। ਗੁਰੂ ਦੇ ਜਪ ਦਾ ਮਕਸਦ ਸਾਨੂੰ ਤ੍ਰੈਗੁਣਾਂ ਵਾਲੀ ਮਤਿ ਵਿਚੋਂ ਕੱਢਣ ਦਾ ਹੀ ਹੈ ਜਿਸ ਮਤਿ ਕਰਕੇ ਹਰ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਹੈ। ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਅਸੀਂ ਤ੍ਰੈਗੁਣਾਂ ਵਾਲੀ ਮਤਿ ਵਿਚੋਂ ਨਿਕਲੀਏ ਤਾਂ ਜੋ ਅਸੀਂ ਆਪਣੇ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ ਜੁੜ ਸਕੀਏ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥"

ਉਪਰਲੀਆਂ ਪੰਗਤੀਆਂ ਰਾਹੀਂ ਸਾਡੇ ਮਨ ਦੀ ਤ੍ਰੈਗੁਣਾਂ ਵਾਲੀ ਅਵਸਥਾ ਕੀ ਹੈ ਤੇ ਉਸ ਵਿਚੋਂ ਨਿਕਲਣ ਦਾ ਰਸਤਾ ਕੀ ਹੈ, ਇਹ ਗੱਲ ਸਮਝਾਈ ਹੋਈ ਹੈ ਜਿਸ ਵਿਚੋਂ ਨਿਕਲੇ ਬਿਨਾ ਅਸੀਂ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। ਸਾਡੇ ਮਨ ਦੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਕੀ ਹੈ ਤੇ ਪ੍ਰਮਾਤਮਾ ਕੀ ਹੈ ਇਸ ਗੱਲ ਦੀ ਸਮਝ ਬੇਦਾਂ ਦੇ ਰਚਣ ਵਾਲੇ

ਨੂੰ ਵੀ ਨਹੀਂ ਪਈ ਭਾਵ ਬ੍ਰਹਮਾ ਨੂੰ ਵੀ ਨਹੀਂ ਪਈ ਜਿਸ ਕਰਕੇ ਅਸੀਂ ਬੇਦਾਂ ਦੇ ਨਾਲ ਜੁੜਕੇ ਇਸ ਗੱਲ ਨੂੰ ਸਮਝ ਸਕਦੇ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ ਜੋ ਕਿ ਸਾਡੇ ਅੰਦਰ ਹੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾ ਹਰ ਕੋਈ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹੀ ਹੈ ਜਿਵੇਂ ਕਿ ਅਸੀਂ ਪਿਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਤ੍ਰੈਗੁਣਾਂ ਵਾਲੀ ਅਵਸਥਾ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਦੇ ਰਹਿੰਦਿਆਂ ਹਰ ਕੋਈ ਮਨ ਦੀ ਪੁੱਠੀ ਮਤਿ ਵਿਚ ਰਹਿੰਦਾ ਹੈ, ਪੁੱਠੇ ਕਮਲ ਵਾਲੀ ਅਵਸਥਾ ਵਿਚ ਰਹਿੰਦਾ ਹੈ। ਉਪਰ ਪਦੇ ਦੀ ਪਹਿਲੀ ਪੰਗਤੀ ਰਾਹੀਂ ਸਾਡੇ ਅੰਦਰ ਦੀ ਪੁੱਠੀ ਮਤਿ ਵਾਲੀ ਅਵਸਥਾ ਹੀ ਸਮਝਾਈ ਹੋਈ ਹੈ ਜੋ ਕਿ ਸਾਨੂੰ ਇਕ ਪੇੜ ਦਾ ਪ੍ਰਮਾਣ ਦੇ ਕੇ ਸਮਝਾਈ ਹੋਈ ਹੈ ਜਿਸ ਪੇੜ ਦੀ ਜੜ ਉਪਰ ਹੋਵੇ ਤੇ ਉਸ ਦੀਆਂ ਸ਼ਾਖਾਵਾਂ ਨੀਚੇ ਹੋਣ ਜੋ ਕਿ ਇਕ ਪੁੱਠੀ ਗੱਲ ਹੈ। ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਇਸੇ ਰੂਪ ਵਿਚ ਹੈ ਜਿਸ ਕਰਕੇ ਸਾਨੂੰ ਗੁਰਮਤਿ ਦੇ ਸੱਚੇ ਗਿਆਨ ਦੀ ਸੋਝੀ

38/4639

ਨਹੀਂ ਪੈਂਦੀ ਜੋ ਗਿਆਨ ਚੌਥੇ ਪਦ ਵਾਲਾ ਹੈ। ਚੌਥੇ ਪਦ ਦਾ ਗਿਆਨ ਵੀ ਸਾਡੇ ਅੰਦਰ ਹੀ ਹੈ ਜਿਸ ਤਕ ਸਾਡੀ ਪਹੁੰਚ ਨਹੀਂ ਹੁੰਦੀ, ਮਨ ਦੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਕਰਕੇ ਨਹੀਂ ਹੁੰਦੀ ਭਾਵ ਸਾਡੇ ਅੰਦਰ ਤ੍ਰੈਗੁਣਾਂ ਰੂਪ ਪੜਦਾ, ਭਰਮ ਰੂਪ ਪੜਦਾ, ਹਉਮੈ ਰੂਪ ਪੜਦਾ ਪ੍ਰਮਾਤਮਾ ਨੇ ਆਪ ਹੀ ਪਾਇਆ ਹੋਇਆ ਹੈ ਜੋ ਸਾਨੂੰ ਚੌਥੇ ਪਦ ਦੇ ਸੱਚ ਨੂੰ ਸਮਝਣ ਤੋਂ ਦੂਰ ਰੱਖਦਾ ਹੈ, ਮਨ ਦੇ ਭਰਮ ਰਾਹੀਂ ਦੂਰ ਰੱਖਦਾ ਹੈ। ਇਸ ਭਰਮ ਦੇ ਪੜਦੇ ਵਿਚੋਂ ਨਿਕਲਣ ਦਾ ਭਾਵ ਮਨ ਦੀ ਪੁੱਠੀ ਮਤਿ ਵਿਚੋਂ ਨਿਕਲਣ ਦਾ ਇਕੋ ਇਕ ਰਸਤਾ ਚੌਥੇ ਪਦ ਦਾ ਗਿਆਨ ਹੈ ਜੋ ਕੇਵਲ ਗੁਰੂ ਦੇ ਕੋਲ ਹੈ। ਪੂਰੀ ਗੁਰਬਾਣੀ ਵਿਚ ਚੌਥੇ ਪਦ ਦਾ ਗਿਆਨ ਹੈ ਜੋ ਮਨ ਦੀ ਸਹਜ ਵਾਲੀ ਅਵਸਥਾ ਵਿਚੋਂ ਆਇਆ ਹੈ ਜਿਸ ਅਵਸਥਾ ਵਿਚ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਮਨ ਦੀ ਪੁੱਠੀ ਮਤਿ ਦੇ ਵਿਚ ਰਹਿੰਦਿਆਂ ਅਸੀਂ ਉਸ ਨੂੰ ਆਪਣੇ ਅੰਦਰੋਂ ਜਾਣ ਨਹੀਂ ਸਕਦੇ। ਉਸ ਨੂੰ ਜਾਨਣ ਦਾ ਸਾਡੇ ਕੋਲ ਇਹੀ ਮਾਰਗ ਹੈ ਕਿ ਅਸੀਂ ਗੁਰੂ ਦੇ ਸਮਝਾਏ ਹੋਏ **"ਸਹਜ ਗਿਆਨ"** ਨਾਲ ਜੁੜੀਏ ਭਾਵ ਚੌਥੇ ਪਦ ਦੇ ਗਿਆਨ ਨਾਲ ਜੁੜੀਏ। ਗੁਰੂ ਦੇ ਸਹਜ ਗਿਆਨ ਨਾਲ ਭਾਵ ਗੁਰੂ ਦੀ ਸੱਚੀ ਮਤਿ ਨਾਲ ਅਸੀਂ ਤਾਂ ਹੀ ਜੁੜਾਂਗੇ ਜਦੋਂ ਸਾਨੂੰ ਗੁਰੂ ਦੀ ਮਤਿ ਭਾਏਗੀ ਭਾਵ ਚੰਗੀ ਲਗੇਗੀ। ਗੁਰੂ ਦੀ ਮਤਿ ਸਾਨੂੰ ਮੰਨਣੀ ਚੰਗੀ ਨਹੀਂ ਲੱਗਦੀ ਕਿਉਂਕਿ ਗੁਰੂ ਸਾਨੂੰ ਮਾਇਆ ਨੂੰ ਛੱਡਣ ਲਈ ਸਮਝਾਉਂਦਾ ਹੈ, ਪੰਜੇ ਵਿਕਾਰ ਛੱਡਣ ਲਈ ਸਮਝਾਉਂਦਾ ਹੈ ਜਿਵੇਂ ਕਿ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਅੰਦਰੋਂ ਤ੍ਰੈਗੁਣਾਂ ਵਾਲੀ ਪੁੱਠੀ ਮਤਿ ਤਾਂ ਹੀ ਜਾ ਸਕਦੀ ਹੈ ਜੇਕਰ ਸਾਨੂੰ ਗੁਰੂ ਦੀ ਮਤਿ ਮੰਨਣੀ ਚੰਗੀ ਲੱਗੇ। (**ਸਹਜ ਭਾਇ ਜਾਇ**) ਅਸੀਂ ਪ੍ਰਮਾਤਮਾ ਦੇ ਨਾਲ ਆਪਣੀ ਲਿਵ ਜੋੜਨੀ ਚਾਹੁੰਦੇ ਹਾਂ, ਹਰ ਕੋਈ ਜੋੜਨੀ ਚਾਹੁੰਦਾ ਹੈ ਪਰ ਸਮਾਧੀਆਂ ਲਗਾਉਣ ਦੁਆਰਾ ਜੋੜਣੀ ਚਾਹੁੰਦਾ ਹੈ ਜੋ ਕਿ ਕਦੇ ਨਹੀਂ ਜੁੜ ਸਕਦੀ। ਪਰਮਾਤਮਾ ਨਾਲ ਸਾਡੀ ਲਿਵ ਤਾਂ ਹੀ ਜੁੜੇਗੀ ਜਦੋਂ ਸਾਨੂੰ ਗੁਰੂ ਦੀ ਮਤਿ ਚੰਗੀ ਲਗੇਗੀ ਭਾਵ ਜਦੋਂ ਅਸੀਂ ਗੁਰੂ ਦੀ ਮਤਿ ਨੂੰ ਮੰਨ ਕੇ ਆਪਣੀ ਮਤਿ ਛੱਡਾਂਗੇ। ਜਦ ਤਕ ਅਸੀਂ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹਾਂ ਤਦ ਤਕ ਅਸੀਂ ਮਨ ਦੀ ਅਗਿਆਨਤਾ ਵਿਚ ਹਾਂ ਜਿਸ ਕਰਕੇ ਹਰ ਕੋਈ ਮਨ ਦੀ ਮਾੜੀ ਸੋਝੀ ਰਾਹੀਂ ਸੁੱਤਾ ਹੋਇਆ ਹੈ, ਆਪਣੇ ਅੰਦਰੋਂ ਵਿਕਾਰਾਂ ਦੀ ਚੋਰੀ ਰੋਕਣ ਵਿਚ, ਚੋਰਾਂ ਦੀ ਚੋਰੀ ਰੋਕਣ ਵਿਚ ਸੁੱਤਾ ਹੋਇਆ ਹੈ ਪਰ ਮਨੁੱਖ ਜਾਗਦਾ ਉਦੋਂ ਹੀ ਹੈ ਜਦੋਂ ਉਸਦੀ ਮਨ ਦੇ

38/4640

ਅੰਦਰ ਪ੍ਰਮਾਤਮਾ ਦੇ ਨਾਲ ਲਿਵ ਜੁੜ ਜਾਂਦੀ ਹੈ। ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਲਿਵ ਚਉਥੇ ਪਦ ਵਿਚ ਹੀ ਜੁੜਦੀ ਹੈ ਭਾਵ ਚਉਥੇ ਪਦ ਦੇ ਗਿਆਨ ਦੇ ਰੂਪ ਵਿਚ ਹੀ ਜੁੜਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਜੁੜੀ ਹੈ ਜਿਸ ਦੁਆਰਾ ਮਨੁੱਖ ਤ੍ਰੈਗੁਣਾਂ ਵਾਲੀ ਅਵਸਥਾ ਵਿਚੋਂ ਨਿਕਲਦਾ ਹੈ, ਮਨਮਤਿ ਵਿਚੋਂ ਨਿਕਲਦਾ ਹੈ। ਮਨ ਦੇ ਵਿਚ ਪਰਮਾਤਮਾ ਕਿਸੇ ਨੂੰ ਆਪ ਹੀ ਆਪਣਾ ਸੱਚਾ ਗਿਆਨ ਦੇ ਕੇ ਜਗਾਉਂਦਾ ਹੈ। ਸਾਡੇ ਲਈ ਸੱਚਾ ਉਪਰਾਲਾ ਇਹੀ ਹੈ ਕਿ ਅਸੀਂ ਗੁਰੂ ਦੀ ਸਹਜ ਰੂਪ ਮਤਿ ਨਾਲ ਜੁੜੀਏ ਜੋ ਮਤਿ ਹਰ ਵੇਲੇ ਜਾਗਦੀ ਹੈ, ਆਪਣੇ ਸੱਚੇ ਗਿਆਨ ਰਾਹੀਂ ਜਾਗਦੀ ਹੈ ਜਿਸ ਮਤਿ ਦੁਆਰਾ ਜਾਗਣ ਨਾਲ ਹੀ ਅਸੀਂ ਆਪਣੇ ਪੰਜੇ ਚੋਰਾਂ ਨੂੰ ਆਪਣੇ ਅੰਦਰੋਂ ਚੋਰੀ ਕਰਨ ਤੋਂ ਰੋਕ ਸਕਦੇ ਹਾਂ ਤੇ ਭਗਤੀ ਦੇ ਸੱਚੇ ਮਾਰਗ ਤੇ ਚਲ ਸਕਦੇ ਹਾਂ। (**ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥ ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥**)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ - ੬੮)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ - ੯੪੭)

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥}

(ਅੰਗ - ੧੦੨੨)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

{ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ - ੧੦੨੨)

38/4641

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥}

(ਅੰਗ - ੧੪੧੪)

{ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥}

(ਅੰਗ - ੧੦੧੯)

{ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥
ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ - ੨੩੧)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ - ੧੩)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥}

(ਅੰਗ - ੧੨੯)

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ - ੧੧੩)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਮਨ ਦਾ ਜਾਗਣਾ ਹੀ ਸਮਝਿਆ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹਰ ਕੋਈ ਸੁੱਤਾ ਹੋਇਆ ਹੈ ਤੇ ਜਦੋਂ ਵੀ ਕਿਸੇ ਦਾ ਮਨ ਜਾਗਦਾ ਹੈ ਉਸ ਮਨ ਨੂੰ ਪਰਮਾਤਮਾ ਆਪ ਹੀ ਜਗਾਉਂਦਾ ਹੈ ਭਾਵ ਚਉਥੇ ਪਦ ਦੇ ਗਿਆਨ ਦੁਆਰਾ ਜਗਾਉਂਦਾ ਹੈ, ਬ੍ਰਹਮਗਿਆਨ ਦੀ ਸੋਝੀ ਦੇਣ ਦੁਆਰਾ ਜਗਾਉਂਦਾ ਹੈ ਤੇ ਪ੍ਰਮਾਤਮਾ ਦੇ ਨਾਲ ਲਿਵ ਚਉਥੇ ਪਦ ਦੁਆਰਾ ਹੀ ਜੁੜਦੀ ਹੈ। ਜਦ ਤਕ ਸਾਡਾ ਮਨ ਨਹੀਂ ਜਾਗਦਾ ਤਦ ਤਕ ਸਾਡੇ ਮਨ ਦੀ ਅਵਸਥਾ ਉਹੀ ਰਹਿੰਦੀ ਹੈ ਜੋ ਕਿ ਅਸੀਂ ਮੁਖ ਸ਼ਬਦ ਦੁਆਰਾ ਸਮਝੀ ਹੈ ਭਾਵ ਇੱਕ ਪੁੱਠੇ ਪੇੜ ਦੀ ਤਰ੍ਹਾਂ ਰਹਿੰਦੀ ਹੈ ਜਿਸ ਦੀਆਂ ਜੜਾਂ ਉਪਰ ਹੋਣ ਤੇ ਸ਼ਾਖਾਵਾਂ ਨੀਚੇ ਹੋਣ। ਇਹ ਸਾਡੇ ਅੰਦਰ

38/4642

ਪੁੱਠੀ ਮਤਿ ਦੀ ਭਾਵ ਭਰਮ ਵਾਲੀ ਮਤਿ ਦੀ ਨਿਸ਼ਾਨੀ ਹੈ। ਹਿੰਦੂ ਧਰਮ ਵਿਚ ਆਸਥਾ ਰਖਣ ਵਾਲੇ **"ਪਾਰਜਾਤੁ"** ਰੁੱਖ ਦੀ ਪ੍ਰਾਪਤੀ ਕਰਨ ਦੀ ਗੱਲ ਕਰਦੇ ਹਨ ਜਿਸ ਦੀ ਪ੍ਰਾਪਤੀ ਦੁਆਰਾ ਉਹ ਇਹ ਸਮਝਦੇ ਹਨ ਕਿ ਫਿਰ ਮਨੁੱਖ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇਹ **"ਪਾਰਜਾਤੁ"** ਰੁੱਖ ਸਾਡੇ ਅੰਦਰ ਹੀ ਹੈ ਜੋ ਕਿ ਸਿੱਧੇ ਪੇੜ ਦੇ ਰੂਪ ਵਿਚ ਹੈ। **"ਪਾਰਜਾਤੁ"** ਰੁੱਖ ਸਾਡੇ ਅੰਦਰ ਸਿੱਧੀ ਮਤਿ ਦੇ ਰੂਪ ਵਿਚ ਹੈ ਭਾਵ ਚਉਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ ਜਿਸ ਰੂਪ ਵਿਚ ਪਰਮਾਤਮਾ ਆਪ ਹੀ ਸਾਡੇ ਅੰਦਰ ਵੱਸ ਰਿਹਾ ਹੈ ਜੋ ਹਰ ਇੱਛਾ ਪੂਰੀ ਕਰਨ ਦੇ ਸਮਰਥ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥
ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥੩॥"

(ਅੰਗ - ੫੦੩)

ਪਰਮਾਤਮਾ ਸਭ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿਚ ਹੈ ਤੇ ਜਦ ਤਕ ਅਸੀਂ ਆਪਣੇ ਅੰਦਰ ਦੀ ਜੋਤਿ ਨੂੰ ਨਹੀਂ ਜਾਣਦੇ ਭਾਵ ਜਦ ਤਕ ਅਸੀਂ ਜੋਤਿ ਵਿਚ ਨਹੀਂ ਸਮਾਉਂਦੇ, ਜਦ ਤਕ ਜੋਤਿ ਵਿਚ ਜੋਤਿ ਨਹੀਂ ਰੱਲਦੀ ਤਦ ਤਕ ਅਸੀਂ ਇਸ ਗੱਲ ਨੂੰ ਨਹੀਂ ਜਾਣ ਸਕਦੇ ਕਿ ਸਾਰੀਆਂ ਇਛਾਵਾਂ ਦੀ ਪੂਰਤੀ ਕਰਨ ਵਾਲਾ ਕੌਣ ਹੈ। ਹਰ ਇੱਛਾ ਕੇਵਲ ਪ੍ਰਮਾਤਮਾ ਹੀ ਪੂਰੀ ਕਰ ਸਕਦਾ ਹੈ ਤੇ ਉਹ ਹੀ ਕਰਦਾ ਹੈ ਤੇ ਬਿਨਾ ਪਰਮਾਤਮਾ ਤੋਂ ਹੋਰ ਕੁਝ ਹੈ ਹੀ ਨਹੀਂ। ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਉਸਦਾ **"ਪਾਰਜਾਤੁ"** ਰੂਪ ਹੈ ਜੋ ਸੱਚੇ ਗਿਆਨ ਦੇ ਪੇੜ ਦੇ ਰੂਪ ਵਿਚ ਹੈ, ਬ੍ਰਹਮਗਿਆਨ ਰੂਪ ਪੇੜ ਦੇ ਰੂਪ ਵਿਚ ਹੈ। ਪੂਰੇ ਸੰਸਾਰ ਨੂੰ ਰਚਨ ਵਾਲਾ ਪ੍ਰਮਾਤਮਾ ਆਪ ਹੈ ਜੋ ਹਰ ਵਸਤੂ ਵਿਚ ਆਪਣੇ **"ਤਤੁ"** ਦੇ ਰੂਪ ਵਿਚ ਹੈ। ਪ੍ਰਮਾਤਮਾ ਗਿਆਨ ਰੂਪ **"ਤਤੁ"** ਹੈ ਜਿਸ **"ਤਤੁ"** ਤੋਂ ਹਰ ਮਾਇਆ ਰੂਪ ਦੀ ਰਚਨਾ ਹੋਈ ਹੈ। ਪ੍ਰਮਾਤਮਾ ਦਾ ਇਹ **"ਤਤੁ"** ਨਿਰੰਕਾਰ ਰੂਪ ਹੈ ਜਿਸਨੇ ਹਰ ਆਕਾਰ ਰੂਪ ਨੂੰ ਬਣਾਇਆ ਹੈ। ਜਿਵੇਂ ਇੱਕ ਪੇੜ ਤੋਂ ਹਰ ਫੁੱਲ, ਪੱਤਾ, ਡਾਲ ਉਪੱਜਦੀ ਹੈ ਇਸੇ ਤਰ੍ਹਾਂ **"ਪਾਰਜਾਤੁ"** ਰੂਪ ਪੇੜ ਤੋਂ ਸਭ ਉਤਪੱਤੀ ਹੋਈ ਹੈ ਭਾਵ **"ਪਾਰਜਾਤੁ"** ਰੂਪ ਪੇੜ **"ਤਤੁ"** ਹੈ, ਹਰ ਵਸਤੂ ਦਾ **"ਤਤੁ"** ਹੈ, ਹਰ ਵਸਤੂ ਦਾ ਮੂਲ ਹੈ ਜੋ ਕਿ ਸਭ ਕੁਝ ਕਰਨ ਦੇ ਸਮਰਥ ਹੈ, ਹਰ ਇੱਛਾ ਪੂਰੀ ਕਰਨ ਦੇ ਸਮਰਥ ਹੈ। **"ਪਾਰਜਾਤੁ"** ਰੂਪ ਪੇੜ ਨੂੰ ਪ੍ਰਾਪਤ ਤਾਂ ਬੜੀ ਦੁਨੀਆ ਕਰਨੀ ਚਾਹੁੰਦੀ ਹੈ

38/4643

ਪਰ ਉਸਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ ਕਿ **"ਛੋਡਹੁ ਬਹੁਤੁ ਜੰਜਾਲਾ"**। ਅਸੀਂ

ਹਰ ਵੇਲੇ ਮਾਇਆ ਮੋਹ ਵਿਚ ਰਹਿੰਦੇ ਹਾਂ, ਮਾਇਆ ਦੇ ਜਾਲ ਵਿਚ ਰਹਿੰਦੇ ਹਾਂ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਵਿਚ ਰਹਿੰਦੇ ਹਾਂ ਤੇ ਇਹਨਾਂ ਵਿਚੋਂ ਨਿਕਲੇ ਬਿਨਾ ਅਸੀਂ **"ਪਾਰਜਾਤੁ"** ਰੁੱਖ ਦੀ ਪ੍ਰਾਪਤੀ ਨਹੀਂ ਕਰ ਸਕਦੇ ਭਾਵ ਪਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ, ਮਨ ਦੀ ਜੋਤਿ ਨਾਲ ਮੇਲ ਨਹੀਂ ਕਰ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ ਤੇ ਸਾਡੀ ਹਰ ਇੱਛਾ ਪੂਰੀ ਕਰਨ ਦੇ ਸਮਰਥ ਹੈ। (**ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪੜ੍ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥੩॥**)

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਜੋ ਜੰਜਾਲ ਛਡਣ ਲਈ ਸਮਝਾਇਆ ਹੈ ਇਹ ਸਾਡੇ ਲਈ ਗੁਰੂ ਦੇ ਬਚਨ ਹਨ, ਗੁਰੂ ਦੀ ਸਿਖਿਆ ਹੈ ਜਿਸ ਨੂੰ ਮੰਨਣ ਦੁਆਰਾ ਹੀ ਅਸੀਂ ਮਾਇਆ ਮੋਹ ਦੇ ਜੰਜਾਲ ਵਿਚੋਂ ਨਿਕਲ ਸਕਦੇ ਹਾਂ ਭਾਵ ਕਥਨੀ ਕਰੀ ਜਾਣ ਨਾਲ ਨਹੀਂ ਨਿਕਲ ਸਕਦੇ। ਜੇਕਰ ਸਾਰਾ ਦਿਨ ਇਹ ਬੋਲੀ ਜਾਈਏ ਕਿ **"ਛੋਡਹੁ ਬਹੁਤੁ ਜੰਜਾਲਾ"**, **"ਛੋਡਹੁ ਬਹੁਤੁ ਜੰਜਾਲਾ"**, **"ਛੋਡਹੁ ਬਹੁਤੁ ਜੰਜਾਲਾ"** ਤਾਂ ਫਿਰ ਕੀ ਸਾਡੇ ਜੰਜਾਲ ਛੁੱਟ ਜਾਣਗੇ ਭਾਵ ਕਦੇ ਨਹੀਂ ਛੁੱਟ ਸਕਦੇ। ਜੰਜਾਲ ਛੱਡਣ ਲਈ ਮਨ ਨੂੰ ਸਮਝਾਉਣਾ ਪੈਂਦਾ ਹੈ ਭਾਵ ਔਖਾ ਹੋਣਾ ਪੈਂਦਾ ਹੈ। ਔਖਾ ਹੋਏ ਬਿਨਾ ਗੁਰੂ ਦੀ ਗੱਲ ਮੰਨੀ ਨਹੀਂ ਜਾ ਸਕਦੀ ਤੇ ਇਸੇ ਲਈ ਨਾਮ ਜਪਣਾ ਔਖਾ ਹੈ। ਕਥਨੀ ਕਰਨੀ ਔਖੀ ਨਹੀਂ ਹੈ ਆਪਣੀ ਕਥਨੀ ਨੂੰ ਕਰਨੀ ਵਿੱਚ ਬਦਲਣਾ ਔਖਾ ਹੈ। ਸਿੱਖਿਆ ਲੈਣੀ ਬਹੁਤ ਸੌਖੀ ਹੈ, ਹਰ ਕੋਈ ਲੈ ਲੈਂਦਾ ਹੈ ਪਰ ਸਿੱਖਿਆ ਮੰਨਣੀ ਔਖੀ ਹੈ ਤੇ ਸਿੱਖਿਆ ਮੰਨੇ ਬਿਨਾ ਅਸੀਂ ਪਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ ਤੇ ਅਸੀਂ ਸੰਸਾਰ ਦੇ ਆਵਾਗਉਣ ਵਿੱਚੋਂ ਨਹੀਂ ਛੁੱਟ ਸਕਦੇ। ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥

ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥"

"ਸਿਖਵੰਤੇ" ਸਿੱਖਿਆ ਲੈਣ ਵਾਲਿਆਂ ਨੂੰ ਕਹਿੰਦੇ ਹਨ ਤੇ ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਿੱਖਿਆ ਲੈਣ ਵਾਲਿਆਂ ਨੂੰ ਕੀ ਸਮਝਾ ਰਹੇ ਹਨ ਇਹ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਕੋਲੋਂ ਸਿੱਖਿਆ ਲੈਣ ਦਾ ਮਕਸਦ ਸਮਝ ਸਕੀਏ।

38/4644

ਧੰਨ ਧੰਨ ਗੁਰੂ ਸਾਹਿਬ ਸਾਨੂੰ ਅਤਿ ਦੀ ਨਿਮਰਤਾ ਨਾਲ ਭਾਵ ਬੇਨਤੀ ਦੇ ਰੂਪ ਵਿਚ ਆਪਣੀ ਸਿਖਿਆ ਦੇਣ ਦਾ ਮਕਸਦ ਸਮਝਾ ਰਹੇ ਹਨ ਕਿ ਹੇ ਮੇਰੀ ਸਿਖਿਆ ਲੈਣ ਵਾਲਿਓ ਮਾਇਆ ਮੋਹ ਛੱਡ ਦਿਓ। ਜੇਕਰ ਅਸੀਂ ਮਾਇਆ ਮੋਹ ਨਹੀਂ ਛੱਡਦੇ ਜਿਸਦਾ ਮਤਲਬ ਇਹ ਹੈ ਕਿ ਅਸੀਂ ਗੁਰੂ ਦੀ ਬੇਨਤੀ ਨੂੰ ਵੀ ਨਹੀਂ ਮੰਨਿਆ। ਗੁਰੂ ਸਾਨੂੰ ਬੇਨਤੀ ਦੇ ਰੂਪ ਵਿਚ ਆਗਿਆ ਹੀ ਕਰ ਰਿਹਾ ਹੈ ਪਰ ਅਸੀਂ ਗੁਰੂ ਦੀ ਬੇਨਤੀ ਨੂੰ ਨਾ ਮੰਨ ਕੇ ਕੀ ਕਦੇ ਗੁਰੂ ਦੀ ਪ੍ਰਸੰਨਤਾ ਲੈ ਸਕਦੇ ਹਾਂ ਭਾਵ ਕਦੇ ਨਹੀਂ ਲੈ ਸਕਦੇ। ਕੇਵਲ ਕਥਨੀ ਕਰੀ ਜਾਣ ਨਾਲ ਕੀ ਅਸੀਂ ਕਦੇ ਗੁਰੂ ਪ੍ਰਮਾਤਮਾ ਨੂੰ ਪ੍ਰਸੰਨ ਕਰ ਸਕਦੇ ਹਾਂ ਭਾਵ ਕਦੇ ਨਹੀਂ ਕਰ ਸਕਦੇ। ਜਗ੍ਹਾ ਜਗ੍ਹਾ ਭਰਮਿਆਂ ਹੋਇਆਂ ਨੇ ਆਪਣੇ ਡੇਰੇ ਬਣਾਏ ਹੋਏ ਹਨ ਜੋ ਕਿ ਸਾਨੂੰ ਇਹੋ ਕੁਝ ਹੀ ਸਮਝਾਉਂਦੇ ਹਨ ਤੇ ਉਲਟਾ ਮਾਇਆ ਮੋਹ ਦੇ ਜਾਲ ਵਿਚ ਫਸਾਉਂਦੇ ਹਨ ਜਿਸ ਵਿਚ ਉਹ ਆਪ ਫੱਸੇ ਹੋਏ ਹਨ। ਅਨੇਕਾਂ ਹੀ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਸਾਨੂੰ ਕਥਨੀ ਨਾਲ ਜੋੜਦੇ ਹਨ, ਸ਼ਬਦਾਂ ਦੀ ਕਥਨੀ ਨਾਲ ਜੋੜਦੇ ਹਨ ਜਾਂ ਕਿਸੇ ਅੱਖਰ ਨੂੰ ਕਥੀ ਜਾਣ ਨਾਲ ਜੋੜਦੇ ਹਨ ਜਿਸਨੂੰ ਨਾਮ ਜਪਣਾ ਸਮਝਾਉਂਦੇ ਹਨ। ਨਾ ਇਹ ਆਪ ਗੁਰੂ ਦੀ ਸਿਖਿਆ ਨੂੰ ਸਮਝ ਕੇ ਮੰਨਣ ਵਾਲੇ ਹਨ ਤੇ ਨਾ ਹੀ ਦੂਸਰਿਆਂ ਨੂੰ ਮੰਨਣ ਵਾਲੇ ਪਾਸੇ ਲਗਾਉਂਦੇ ਹਨ ਪਰ ਆਪਣੇ ਆਪ ਨੂੰ ਵੱਡਾ ਅਖਵਾਉਣਾ ਸਭ ਨੂੰ ਚੰਗਾ ਲੱਗਦਾ ਹੈ, ਇਹਨਾਂ ਗੱਲਾਂ ਦਾ ਮਾਣ ਲੈਣਾ ਬਹੁਤ ਚੰਗਾ ਲਗਦਾ ਹੈ ਤੇ ਇਹੀ ਸਭ ਪਾਸੇ ਹੋ ਰਿਹਾ ਹੈ। ਕੋਈ ਗੁਰੂ ਸਾਹਿਬ ਦੀ ਬੇਨਤੀ ਨੂੰ ਮੰਨਣ ਵਾਲਾ ਨਹੀਂ ਹੈ ਕਿਉਂਕਿ ਹਰ ਕੋਈ ਮਾਇਆ ਮੋਹ ਵਿਚ ਹੀ ਰਹਿਣਾ ਚਾਹੁੰਦਾ ਹੈ, ਹਰ ਕੋਈ ਆਪਣੀ ਇਛਾਵਾਂ ਦੀ ਪੂਰਤੀ ਕਰਨਾ ਹੀ ਚਾਹੁੰਦਾ ਹੈ ਪਰ ਧਰਮ ਦਾ ਮਾਰਗ, ਭਗਤੀ ਦਾ ਮਾਰਗ ਸਾਨੂੰ ਇਸ ਪਾਸਿਓਂ ਹਟਾਉਣ ਲਈ ਹੈ। (**ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥**) ਕੀਰਤਨੀਏ ਸਾਨੂੰ ਇਹ ਸ਼ਬਦ ਤਾਂ ਗਾ ਕੇ ਸੁਣਾ ਦਿੰਦੇ ਹਨ ਪਰ ਉਸ ਲਈ ਮਾਇਆ ਕਿਤਨੀ ਜਿਆਦਾ ਮੰਗਦੇ ਹਨ, ਮਾਣ ਇਜੱਤ ਕਿਤਨੀ ਜਿਆਦਾ ਮੰਗਦੇ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ।

ਜੋ ਗੱਲ ਅਸੀਂ ਉਪਰਲੀ ਪੰਗਤੀ ਰਾਹੀਂ ਸਮਝੀ ਹੈ ਉਹ ਸਾਡੇ ਵਿਚਾਰਨ ਦੇ ਲਈ ਹੈ ਭਾਵ ਮੰਨਣ ਦੇ ਲਈ ਹੈ ਭਾਵ ਅਮਲ

ਕਰਨ ਦੇ ਲਈ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

38/4645

“ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥”

ਉਪਰਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝੋ ਕਿ ਅਸੀਂ ਮਨ ਦੇ ਵਿਚ ਕਿਸ ਗੱਲ ਨੂੰ ਵਿਚਾਰਨਾ ਹੈ। ਇਸ ਤੋਂ ਪਹਿਲੀ ਪੰਗਤੀ ਰਾਹੀਂ ਸਾਨੂੰ ਗੁਰੂ ਸਾਹਿਬ ਨੇ ਆਪਣੀ ਸਿਖਿਆ ਸਮਝਾਈ ਹੈ ਜਿਸ ਰਾਹੀਂ ਉਹਨਾਂ ਨੇ ਸਾਨੂੰ ਮਾਇਆ ਜਾਲ ਛੱਡਣ ਲਈ ਕਿਹਾ ਹੈ। ਅਸੀਂ ਮਨ ਦੇ ਵਿਚ ਗੁਰੂ ਦੀ ਇਸ ਸਿਖਿਆ ਨੂੰ ਹੀ ਵਿਚਾਰਨਾ ਹੈ। ਗੁਰੂ ਨੇ ਆਪਣੇ ਸ਼ਬਦ ਰਾਹੀਂ ਸਾਨੂੰ ਸਿਖਿਆ ਦਿੱਤੀ ਹੈ ਤੇ ਗੁਰੂ ਦੀ ਸਿਖਿਆ ਨੂੰ ਆਪਣੇ ਅੰਦਰ ਵਿਚਾਰਨਾ ਹੀ ਸ਼ਬਦ ਨੂੰ ਵਿਚਾਰਨਾ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ ਤੇ ਆਪਣੇ ਅੰਦਰ ਗੁਰੂ ਦੀ ਸਿਖਿਆ ਨੂੰ, ਸ਼ਬਦ ਦੀ ਸਿੱਖਿਆ ਨੂੰ ਵਿਚਾਰਨਾ ਹੀ ਨਾਮ ਜਪਣਾ ਹੈ। ਜੇਕਰ ਅਸੀਂ ਗੁਰੂ ਦੀ ਸਿਖਿਆ ਨੂੰ ਮੰਨ ਲੈਂਦੇ ਹਾਂ ਤਾਂ ਫਿਰ ਅਸੀਂ ਗੁਰੂ ਦੀ ਸਿੱਖਿਆ ਨੂੰ ਵੀਚਾਰ ਲੈਂਦੇ ਹਾਂ ਭਾਵ ਸ਼ਬਦ ਦੇ ਵੀਚਾਰੀ ਬਣ ਜਾਂਦੇ ਹਾਂ। ਜੇਕਰ ਅਸੀਂ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਂਦੇ ਹਾਂ ਤਾਂ ਫਿਰ ਅਸੀਂ ਗੁਰੂ ਦੀ ਸਿੱਖਿਆ ਨੂੰ ਵਿਚਾਰਨ ਵਾਲੇ ਨਹੀਂ ਬਣ ਸਕਦੇ। ਅਸੀਂ ਪਰਮਾਤਮਾ ਦੇ ਨਾਲ ਆਪਣੀ ਲਿਵ ਜੋੜਣੀ ਚਾਹੁੰਦੇ ਹਾਂ ਜੋ ਕਿ ਸਮਾਧੀ ਵਿਚ ਬੈਠ ਕੇ ਕਿਸੇ ਅੱਖਰ ਨੂੰ ਰੱਟੀ ਜਾਂਦੇ ਹਾਂ। ਇਹ ਪ੍ਰਮਾਤਮਾ ਦੇ ਨਾਲ ਲਿਵ ਜੋੜਣੀ ਨਹੀਂ ਹੈ। ਲਿਵ ਤਾਂ ਅਸੀਂ ਗੁਰੂ ਦੀ ਵਿਚਾਰ ਦੇ ਨਾਲ ਜੋੜਣੀ ਹੈ, ਸ਼ਬਦ ਦੀ ਵਿਚਾਰ ਦੇ ਨਾਲ ਜੋੜਣੀ ਹੈ ਭਾਵ ਗੁਰੂ ਦੀ ਸਿੱਖਿਆ ਦੇ ਨਾਲ ਜੋੜਣੀ ਹੈ। ਅਸੀਂ ਗੁਰੂ ਦੀ ਜਿਹੜੀ ਗੱਲ ਨੂੰ ਮੰਨ ਲੈਂਦੇ ਹਾਂ ਉਸ ਗੱਲ ਦੇ ਨਾਲ ਸਾਡੀ ਲਿਵ ਜੁੜ ਜਾਂਦੀ ਹੈ ਜਦੋਂ ਗੁਰੂ ਦੀ ਗੱਲ ਸਾਡੇ ਅੰਦਰ ਦ੍ਰਿੜ ਹੋ ਜਾਂਦੀ ਹੈ, ਪੱਕੀ ਹੋ ਜਾਂਦੀ ਹੈ ਭਾਵ ਜਦੋਂ ਅਸੀਂ ਗੁਰੂ ਦੀ ਗੱਲ ਤੇ ਦ੍ਰਿੜ ਹੋ ਕੇ ਵਿਚਰਦੇ ਹਾਂ ਇਹ ਸਾਡੀ ਗੁਰੂ ਦੇ ਨਾਲ, ਪਰਮਾਤਮਾ ਦੇ ਨਾਲ ਲਿਵ ਦਾ ਜੁੜਨਾ ਹੈ। ਇਹੀ ਸਾਡੀ ਨਾਮ ਦੇ ਨਾਲ ਲਿਵ ਜੁੜਣੀ ਹੈ। ਮਨ ਦੇ ਵਿਚ ਸਾਡੀ ਲਿਵ ਗੁਰੂ ਦੀ ਮਤਿ ਦੇ ਨਾਲ ਹੀ ਜੁੜਦੀ ਹੈ ਤੇ ਫਿਰ ਤਾਂ ਹੀ ਮਨੁੱਖ ਮਾਇਆ ਮੋਹ ਵਾਲੇ ਵਿਚਾਰਾਂ ਵਿਚੋਂ ਨਿਕਲਦਾ ਹੈ। ਅਸੀਂ ਮਾਇਆ ਮੋਹ ਵਿਚੋਂ ਨਿਕਲਣ ਦਾ ਉਦਮ ਹੀ ਕਰਨਾ ਹੈ ਤੇ ਆਪਣੀ ਕਿਰਪਾ ਦੁਆਰਾ ਪਰਮਾਤਮਾ ਮਨ ਦੇ ਵਿਚ ਆਪਣੀ ਸੱਚੀ ਮਤਿ ਦੇ ਕੇ ਆਪਣੇ ਨਾਲ ਆਪਣੀ ਲਿਵ ਆਪ ਹੀ ਜੋੜਦਾ ਹੈ ਤੇ ਆਪਣੀ ਮਤਿ ਤੇ ਦ੍ਰਿੜ ਹੋ ਕੇ ਚਲਾਉਂਦਾ ਹੈ। ਪਰਮਾਤਮਾ ਦੇ ਦਰਸ਼ਨ ਮਨ ਦੇ ਵਿਚੋਂ ਉਸ ਦੇ ਨਾਲ ਲਿਵ ਜੁੜਣ ਦੁਆਰਾ ਹੀ ਹੁੰਦੇ ਹਨ ਜਿਸ ਦੁਆਰਾ ਮਨੁੱਖ ਦਾ ਇਹ

38/4646

ਭਰਮ ਮਿਟ ਜਾਂਦਾ ਹੈ ਕਿ ਉਹ ਪਰਮਾਤਮਾ ਨਾਲੋਂ ਕੋਈ ਵੱਖਰੀ ਹੋਂਦ ਵਾਲਾ ਨਹੀਂ ਹੈ ਭਾਵ ਮਨੁੱਖ ਦੇ ਰੂਪ ਵਿਚ ਪਰਮਾਤਮਾ ਆਪ ਹੀ ਹੈ ਜੋ ਮਨ ਦੀ ਜੋਤਿ ਰਾਹੀਂ ਇਸ ਮਨੁੱਖਾ ਸਰੀਰ ਨੂੰ ਚਲਾ ਰਿਹਾ ਹੈ। ਮਨ ਦੀ ਇਸ ਅਵਸਥਾ ਦੁਆਰਾ ਫਿਰ ਮਨੁੱਖ ਆਵਾਗਉਣ ਵਿਚੋਂ ਨਿਕਲ ਜਾਂਦਾ ਹੈ, ਜਨਮ ਮਰਨ ਦੇ ਗੇੜ ਵਿਚੋਂ ਨਿਕਲ ਜਾਂਦਾ ਹੈ। ਮਨੁੱਖ ਦਾ ਜਨਮ ਮਰਨ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ। ਜਦ ਤਕ ਅਸੀਂ ਮਨ ਦੀ ਭਰਮ ਵਾਲੀ ਅਵਸਥਾ ਵਿਚ ਹਾਂ, ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹਾਂ ਤਦ ਤਕ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਤੇ ਇਹ ਹੀ ਸਾਡੇ ਆਵਾਗਉਣ ਦਾ ਕਾਰਨ ਹੈ। ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਅਸੀਂ ਪਰਮਾਤਮਾ ਦਾ ਹੀ ਰੂਪ ਹਾਂ ਤਾਂ ਫਿਰ ਸਾਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਸਾਡੇ ਮਨ ਦਾ ਭਰਮ ਹੀ ਸਾਡਾ ਕਾਲ ਹੈ ਜਿਸ ਕਰਕੇ ਅਸੀਂ ਜਨਮ ਮਰਣ ਦੇ ਗੇੜ ਵਿਚ ਰਹਿੰਦੇ ਹਾਂ। ਅਸਲ ਵਿਚ ਮਰਦਾ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। (**ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥ ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥**)

ਸ਼ਬਦ ਦੇ ਅਗਲੇ ਪਦੇ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਗੁਰੂ ਦੇ ਸਿੱਖ ਬਣਨਾ, ਅਖਵਾਉਣਾ ਕੀ ਹੈ। ਅਸੀਂ ਗੁਰੂ ਦੇ ਦੁਆਰੇ ਤੇ ਜਾਂਦੇ ਹਾਂ, ਗੁਰੂ ਨੂੰ ਮੱਥੇ ਟੇਕਦੇ ਹਾਂ, ਗੁਰੂ ਦੀ ਬਾਣੀ ਨੂੰ ਪੜਦੇ ਸੁਣਦੇ ਹਾਂ ਤੇ ਇਸੇ ਗੱਲ ਵਿਚ ਅਸੀਂ ਆਪਣੇ ਆਪ ਨੂੰ ਗੁਰੂ ਦੇ ਸਿੱਖ ਸਮਝਦੇ ਹਾਂ। ਜਿਵੇਂ ਕਿ ਅਸੀਂ ਬਾਰ-ਬਾਰ ਜਾਣਿਆ ਹੈ ਗੁਰੂ ਤਾਂ ਗੁਰੂ ਦੀ ਸਿੱਖਿਆ ਹੈ ਤੇ ਜੋ ਗੁਰੂ ਦੀ ਸਿੱਖਿਆ ਨੂੰ ਮੰਨਦਾ ਹੈ ਉਹੀ ਗੁਰੂ ਦਾ ਸਿੱਖ ਬਣਦਾ ਹੈ। ਗੁਰੂ ਦਾ ਸਿੱਖ ਕਥਨੀ ਨਾਲ ਨਹੀਂ ਬਣਿਆ ਜਾ ਸਕਦਾ ਬਲਕਿ ਅਸੀਂ ਆਪਣੀ ਕਰਨੀ ਦੁਆਰਾ ਸਿੱਖ ਬਣਨਾ ਹੈ ਭਾਵ ਉਹੋ ਜਿਹੀ ਕਰਨੀ ਦੁਆਰਾ ਸਿੱਖ ਬਣਨਾ ਹੈ ਜਿਹੋ ਜਿਹੀ ਕਰਨੀ ਗੁਰੂ ਨੇ ਸਾਨੂੰ ਕਰਨੀ ਸਿਖਾਈ ਹੈ। ਉਪਰ ਪਦੇ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਮਾਇਆ

ਮੋਹ ਛੱਡਣ ਲਈ ਬੇਨਤੀ ਕੀਤੀ ਹੈ ਭਾਵ ਬੇਨਤੀ ਰੂਪ ਵਿਚ ਹੁਕਮ ਸੁਣਾਇਆ ਹੈ, ਆਪਣੀ ਸਿੱਖਿਆ ਦਿੱਤੀ ਹੈ। ਜਦ ਤਕ ਅਸੀਂ ਮਾਇਆ ਮੋਹ ਵਿਚ ਹਾਂ, ਤ੍ਰਿਸ਼ਨਾਵਾਂ ਵਿਚ ਹਾਂ ਤਦ ਤਕ ਅਸੀਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਾੜੇ ਕਰਮ ਵੀ ਕਰਦੇ ਹਾਂ ਤੇ ਗੁਰੂ ਦੀ ਸਿੱਖਿਆ ਦਾ ਮਕਸਦ

38/4647

ਸਾਨੂੰ ਮਾੜੇ ਕਰਮਾਂ ਵਿਚੋਂ ਕੱਢਣ ਦਾ ਹੈ, ਮਾੜੇ ਕਰਮ ਕਰਨ ਤੋਂ ਰੋਕਣ ਦਾ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ, ਅਉਗੁਣ ਛੱਡ ਕੇ ਗੁਣੀ ਬਣ ਕੇ ਵਿਚਰੀਏ। ਜੋ ਗੁਰੂ ਦੀ ਸਿਖਿਆ ਨੂੰ ਮੰਨਣ ਵਾਲਾ ਹੈ ਉਹੀ ਗੁਰੂ ਦਾ ਸਿੱਖ ਬਣ ਕੇ ਵਿਚਰਦਾ ਹੈ ਭਾਵ ਅਉਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਦਾ ਹੈ। ਗੁਰੂ ਜੋ ਸਿੱਖਿਆ ਦਿੰਦਾ ਹੈ ਉਹ ਸਿੱਖਿਆ ਪਹਿਲੇ ਆਪ ਗੁਰੂ ਮੰਨਦਾ ਹੈ ਭਾਵ ਪਹਿਲੇ ਆਪ ਸਿੱਖ ਬਣ ਕੇ ਵਿਖਾਉਂਦਾ ਹੈ ਕਿ ਗੁਰੂ ਦਾ ਸਿੱਖ ਕਿਹੋ ਜਿਹਾ ਹੁੰਦਾ ਹੈ। ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥

ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥”

ਉਪਰ ਪਹਿਲੀ ਪੰਗਤੀ ਰਾਹੀਂ ਕਿਤਨਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜੋ ਗੁਰੂ ਅਖਵਾਉਂਦਾ ਹੈ ਉਹੀ ਸਿੱਖ ਅਖਵਾਉਂਦਾ ਹੈ ਭਾਵ ਗੁਰੂ ਰੂਪ ਵਿਚ ਗੁਰੂ ਆਪ ਹੀ ਸਿੱਖ ਹੈ। ਗੁਰੂ ਜੋ ਸਾਨੂੰ ਸਿੱਖਿਆ ਦਿੰਦਾ ਹੈ ਉਹ ਪਹਿਲੇ ਆਪਣੀ ਦਿੱਤੀ ਹੋਈ ਸਿੱਖਿਆ ਨੂੰ ਆਪ ਮੰਨਦਾ ਹੈ ਕਿਉਂਕਿ ਗੁਰੂ ਦੀ ਸਿੱਖਿਆ ਨੂੰ ਮੰਨਣਾ ਸਿੱਖ ਬਣਨਾ ਹੈ। ਗੁਰੂ ਦੀ ਸਿਖਿਆ ਨੂੰ ਮੰਨਣਾ, ਗੁਰੂ ਦੇ ਵਿਚਾਰਾਂ ਨੂੰ ਮੰਨਣਾ ਕਿਤਨਾ ਕੂ ਔਖਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਵਾਰੀ ਸਮਝਿਆ ਹੈ।

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥

ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥੧॥}

(ਅੰਗ - ੧੫੧)

ਗੁਰੂ ਦਾ ਸਿਖ ਬਣਨ ਲਈ ਗੁਰੂ ਦੇ ਬੋਲਾਂ ਨੂੰ, ਗੁਰੂ ਦੇ ਬਚਨਾਂ ਨੂੰ, ਗੁਰੂ ਦੀ ਦਿੱਤੀ ਹੋਈ ਵੀਚਾਰ ਨੂੰ ਮੰਨਣਾ ਪੈਂਦਾ ਹੈ ਤੇ ਤਾਂ ਹੀ ਗੁਰੂ ਦੇ ਬਚਨਾਂ ਦਾ ਤੋਲ ਤੁਲਿਆ ਜਾ ਸਕਦਾ ਹੈ। ਇਹੀ ਸਾਡੇ ਸਭ ਦੇ ਅੰਦਰ ਦਾ ਭਉ ਹੈ, ਡਰ ਹੈ ਜਿਸਨੂੰ ਅਸੀਂ ਕਬੂਲ ਨਹੀਂ ਕਰਦੇ ਭਾਵ ਮੰਨਣਾ ਬਹੁਤ ਔਖਾ ਹੈ, ਮਾਇਆ ਮੋਹ ਛਡਣਾ ਬਹੁਤ ਔਖਾ ਹੈ, ਇਤਨਾ ਜਿਆਦਾ ਔਖਾ ਹੈ ਜਿਵੇਂ ਕਿ ਸਿਰ ਦੇ ਭਾਰ ਚਲਣਾ ਔਖਾ ਹੈ ਪਰ ਅਸੀਂ ਆਪਣੀ ਮਨਮਤਿ ਦੁਆਰਾ ਗੁਰੂ

38/4648

ਦੇ ਬੋਲਾਂ ਤੇ ਪੂਰਾ ਉਤਰਨ ਦਾ ਤਰੀਕਾ ਆਪਣੀ ਕਥਨੀ ਨੂੰ ਬਣਾਇਆ ਹੋਇਆ ਹੈ, ਕਿਸੇ ਅੱਖਰ ਦੇ ਜਪ ਨੂੰ ਬਣਾਇਆ ਹੋਇਆ ਹੈ ਜਿਸ ਵਿਚ ਕੇਵਲ ਮਨਮਤਿ ਹੈ ਭਾਵ ਗੁਰਮਤਿ ਨਹੀਂ ਹੈ। ਗੁਰਮਤਿ ਦੇ ਵਿਚਾਰਾਂ ਨੂੰ ਮੰਨੇ ਬਿਨਾ ਸਿੱਖ ਨਹੀਂ ਬਣਿਆ ਜਾ ਸਕਦਾ, ਗੁਰੂ ਦੇ ਸੱਚੇ ਸਿਖ ਨਹੀਂ ਬਣਿਆ ਜਾ ਸਕਦਾ।

ਗੁਰੂ ਆਪਣੀ ਸਿਖਿਆ ਮੰਨਣ ਦੁਆਰਾ ਆਪ ਹੀ ਸਿੱਖ ਹੈ। (**ਸੋ ਗੁਰੂ ਸੋ ਸਿਖੁ ਕਥੀਅਲੇ**) ਅਸੀਂ ਆਪਣੀ ਝੂਠੀ ਮਤਿ ਦੁਆਰਾ, ਕਥਨੀ ਦੁਆਰਾ ਗੁਰੂ ਦੇ ਸੱਚੇ ਸਿੱਖ ਤਾਂ ਅਖਵਾਉਂਦੇ ਹੀ ਹਾਂ ਤੇ ਦੂਸਰਿਆਂ ਨੂੰ ਆਪਣੀ ਸਿੱਖਿਆ ਦੇ ਨਾਲ ਵੀ ਜੋੜਦੇ ਹਾਂ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਕਰਕੇ ਗੁਰੂ ਦੀ ਸਿਖਿਆ ਵੀ ਦੂਸਰਿਆਂ ਨੂੰ ਦਿੰਦੇ ਹਾਂ ਭਾਵ **“ਵੈਦੁ”** ਦਾ ਕੰਮ ਵੀ ਕਰਦੇ ਹਾਂ, ਦੂਸਰਿਆਂ ਨੂੰ ਧਰਮ ਦੇ **“ਵੈਦੁ”** ਬਣ ਕੇ ਦਿਖਾਉਂਦੇ ਹਾਂ, ਸੰਤ, ਬ੍ਰਹਮਗਿਆਨੀ ਆਦਿ ਅਖਵਾ ਕੇ, ਧਰਮ ਦੇ ਵਿਦਵਾਨ ਅਖਵਾ ਕੇ **“ਵੈਦੁ”** ਅਖਵਾਉਂਦੇ ਹਾਂ ਤੇ ਦੂਸਰਿਆਂ ਨੂੰ ਧਰਮ ਦਾ ਮਾਰਗ ਸਮਝਾਉਂਦੇ ਹਾਂ। **“ਵੈਦੁ”** ਉਹ ਹੁੰਦਾ ਹੈ ਜੋ ਦੂਸਰਿਆਂ ਦੇ ਰੋਗ ਨੂੰ ਜਾਣਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਖੁਦ ਰੋਗੀ ਹੈ ਉਹ ਦੂਸਰਿਆਂ ਦਾ ਰੋਗ ਕਿਵੇਂ ਕੱਢ ਸਕਦਾ ਹੈ। ਸਾਡੇ ਅੰਦਰ ਰੋਗ ਤ੍ਰਿਸ਼ਨਾ ਦਾ ਹੈ, ਹਉਮੈ ਦਾ ਹੈ, ਅਗਿਆਨਤਾ ਦਾ ਹੈ, ਮਨਮਤਿ ਦਾ ਹੈ। ਜੋ ਖੁਦ ਇਸ ਰੋਗ ਨਾਲ ਗ੍ਰਸਤ ਹੈ ਉਹ ਦੂਸਰਿਆਂ ਦਾ ਰੋਗ ਕੀ ਜਾਣ ਸਕਦਾ ਹੈ ਤੇ ਕੀ ਕਿਸੇ ਦਾ ਰੋਗ ਦੂਰ ਕਰ ਸਕਦਾ ਹੈ ਪਰ ਫਿਰ ਵੀ ਜਗ੍ਹਾ ਜਗ੍ਹਾ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਦੂਸਰਿਆਂ ਦੇ ਰੋਗ ਕੱਢਣ ਵਿਚ ਲੱਗੇ ਹੋਏ ਹਨ।

ਜੋ ਗੁਰੂ ਹੈ ਉਹੀ ਆਪ ਸਿੱਖ ਹੈ ਤੇ ਉਹੀ ਆਪ **"ਵੈਦੁ"** ਹੈ ਜੋ ਪਹਿਲੇ ਆਪ ਰੋਗਾਂ ਤੋਂ ਮੁਕਤ ਹੈ ਤੇ ਸੰਸਾਰ ਨੂੰ ਰੋਗਾਂ ਤੋਂ ਮੁਕਤ ਕਰਨ ਦੇ ਸਮਰਥ ਹੈ। (**ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥**) ਸਾਡੇ ਅੰਦਰ ਉਹ ਰੋਗ ਕਿਸ ਰੂਪ ਵਿਚ ਹੈ ਜੋ ਰੋਗ ਉਹ ਸੱਚਾ **"ਵੈਦੁ"** ਭਾਵ ਗੁਰੂ ਦੂਰ ਕਰਦਾ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥"

ਗੁਰੂ ਸਾਡਾ ਰੋਗ ਆਪਣੀ ਸਿਖਿਆ ਦੇਣ ਦੁਆਰਾ ਹੀ ਦੂਰ ਕਰਦਾ ਹੈ। ਜੋ ਗੁਰੂ ਦੀ ਸਿੱਖਿਆ ਨੂੰ ਮੰਨ ਲੈਂਦਾ ਹੈ ਭਾਵ ਜੋ

ਮਾਇਆ ਮੋਹ ਵਿਚੋਂ, ਤ੍ਰਿਸ਼ਨਾਵਾਂ ਵਿਚੋਂ ਨਿਕਲ ਜਾਂਦਾ ਹੈ ਭਾਵ ਮਾੜੇ ਕਰਮ ਕਰਨੇ ਛੱਡ ਦਿੰਦਾ ਹੈ ਉਸਦਾ ਰੋਗ ਦੂਰ ਹੋ ਜਾਂਦਾ ਹੈ। ਰੋਗ ਸਾਡੇ ਮਨ ਦੇ ਅੰਦਰ ਹੈ, ਮਨ ਦੇ ਵਿਚਾਰਾਂ ਦੇ ਅੰਦਰ ਹੈ ਜਿਸ ਰਾਹੀਂ ਮਨੁੱਖ ਸਾਰੇ ਕਰਮ ਕਰਦਾ ਹੈ, ਦੁਨਿਆਵੀ ਧੰਧੇ ਕਰਦਾ ਹੈ, ਕੰਮ ਕਾਰ ਕਰਦਾ ਹੈ। ਜਦ ਤਕ ਸਾਡੇ ਅੰਦਰ ਰੋਗ ਹੈ ਉਸ ਰੋਗ ਦੇ ਕਾਰਨ ਨਾ ਸਾਡੇ ਕੰਮ ਚੰਗੇ ਹਨ ਭਾਵ ਨਾ ਸਾਡੇ ਕਰਮ ਚੰਗੇ ਹਨ, ਨਾ ਸਾਡੇ ਧੰਧੇ ਚੰਗੇ ਹਨ। ਜਦ ਤਕ ਸਾਡੇ ਧੰਧੇ ਚੰਗੇ ਨਹੀਂ ਹੁੰਦੇ ਤਦ ਤਕ ਨਾ ਹੀ ਅਸੀਂ ਚੰਗੇ ਗਿਰਹੀ ਹਾਂ ਤੇ ਨਾ ਹੀ ਅਸੀਂ ਜੋਗੀ ਬਣ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਜੋਗ ਕਰਨ ਵਾਲੇ ਬਣ ਸਕਦੇ ਹਾਂ। ਸਭ ਕੁਝ ਸਾਡੀ ਸੰਸਾਰਿਕ ਵਿਚਰਨ ਨਾਲ ਜੁੜਿਆ ਹੋਇਆ ਹੈ ਭਾਵ ਧਰਮ ਦਾ ਮਾਰਗ ਸਾਡੀ ਸੰਸਾਰਿਕ ਵਿਚਰਨ ਨਾਲ ਜੁੜਿਆ ਹੋਇਆ ਹੈ। ਜੋ ਗੁਰੂ ਦੀ ਸਿਖਿਆ ਨੂੰ ਮੰਨ ਲੈਂਦਾ ਹੈ ਉਹ ਫਿਰ ਸੱਚੀ ਸੁੱਚੀ ਸੰਸਾਰਿਕ ਵਿਚਰਨ ਕਰਦਾ ਹੈ ਭਾਵ ਜਿਸਦੇ ਮਨ ਦਾ ਰੋਗ ਦੂਰ ਹੋ ਜਾਂਦਾ ਹੈ, ਹਉਮੈ ਦੂਰ ਹੋ ਜਾਂਦੀ ਹੈ ਉਹ ਫਿਰ ਆਪਣੀ ਮਤਿ ਨਾਲ ਨਹੀਂ ਵਿਚਰਦਾ ਭਾਵ ਗੁਰੂ ਦੀ ਮਤਿ ਦੁਆਰਾ, ਗੁਰੂ ਦੀ ਸਿੱਖਿਆ ਦੁਆਰਾ ਵਿਚਰਦਾ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਦੇ ਨਾਲ ਜੋਗ ਕਰ ਸਕਦਾ ਹੈ। (**ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥ ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥**)

{"ਆਪੇ ਵੈਦੁ ਆਪਿ ਨਾਰਾਇਣੁ ॥ ਏਹਿ ਵੈਦ ਜੀਅ ਕਾ ਦੁਖੁ ਲਾਇਣ ॥"}

(ਅੰਗ - ੯੬੨)

ਧਿਆਨ ਨਾਲ ਸਮਝੋ ਉਪਰ ਪੰਗਤੀਆਂ ਰਾਹੀਂ ਸਾਨੂੰ ਕੀ ਸਮਝਾਇਆ ਹੋਇਆ ਹੈ। ਗੁਰੂ ਦੇ ਰੂਪ ਵਿਚ ਪਰਮਾਤਮਾ ਆਪ ਹੀ ਵੈਦ ਹੈ ਜੋ ਸਾਡੇ ਮਨ ਦਾ ਰੋਗ ਦੂਰ ਕਰਨ ਦੁਆਰਾ ਸਾਨੂੰ ਭਗਤੀ ਦੇ ਸਹੀ ਮਾਰਗ ਤੇ ਪਾਉਂਦਾ ਹੈ। ਜਗ੍ਹਾ ਜਗ੍ਹਾ ਦੁਨਿਆਵੀ ਵੈਦ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ, ਧਰਮ ਦੇ ਵਿਦਵਾਨ ਅਖਵਾਉਣ ਵਾਲੇ ਜਗ੍ਹਾ ਜਗ੍ਹਾ ਬੈਠੇ ਹਨ ਜੋ ਸਾਨੂੰ ਆਪਣੀ ਮਤਿ ਦੇ ਨਾਲ ਜੋੜ ਕੇ ਧਰਮ ਦੇ ਪੁੱਠੇ ਮਾਰਗ ਤੇ ਪਾਉਂਦੇ ਹਨ, ਆਪਣੀ ਆਪਣੀ ਮਤਿ ਨਾਲ ਜੋੜਦੇ ਹਨ, ਆਪਣੀ ਆਪਣੀ ਮਰਿਆਦਾ ਨਾਲ ਜੋੜਦੇ ਹਨ, ਸਰੀਰਿਕ ਜਪਾਂ ਤਪਾਂ ਨਾਲ ਜੋੜਦੇ ਹਨ, ਕੇਵਲ ਕਥਨੀ ਨਾਲ ਜੋੜਦੇ ਹਨ ਭਾਵ ਸਾਡਾ ਅਸਲ ਦੁਖ ਜੋ ਹਉਮੈ ਦਾ ਦੁਖ ਹੈ, ਮਨਮਤਿ ਦਾ ਦੁਖ ਹੈ ਉਹ ਦੁਖ ਸਾਨੂੰ ਹੋਰ ਲਗਾਉਂਦੇ ਹਨ ਭਾਵ ਮਨਮਤਿ ਦਿੜਾਉਂਦੇ ਹਨ ਤੇ ਗੁਰੂ ਦੀ ਸੱਚੀ

ਸਿੱਖਿਆ ਤੋਂ ਦੂਰ ਕਰਦੇ ਹਨ। ਸਾਨੂੰ ਇਹੋ ਜਿਹੇ ਵੈਦਾਂ ਤੋਂ ਬੱਚਣ ਲਈ ਸਮਝਾਇਆ ਹੋਇਆ ਹੈ। (**ਆਪੇ ਵੈਦੁ ਆਪਿ ਨਾਰਾਇਣੁ ॥ ਏਹਿ ਵੈਦ ਜੀਅ ਕਾ ਦੁਖੁ ਲਾਇਣ ॥**)

{ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥

ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥ ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥}

(ਅੰਗ - ੧੨੭੯)

{ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥}

(ਅੰਗ - ੧੨੭੯)

{ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥
ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥}

(ਅੰਗ - ੧੨੫੬)

{ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥}

(ਅੰਗ - ੧੦੧੬)

{ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥}

(ਅੰਗ - ੧੪੮)

{ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥}

(ਅੰਗ - ੧੨੫੭)

ਗੁਰੂ ਦੀ ਸਿੱਖਿਆ ਹੀ ਸਾਡਾ ਗੁਰੂ ਹੈ ਤੇ ਗੁਰੂ ਦੀ ਸਿੱਖਿਆ ਹੀ ਸਾਡਾ ਵੈਦ ਹੈ, ਗੱਲ ਕੇਵਲ ਗੁਰੂ ਦੀ ਸਿੱਖਿਆ ਨੂੰ ਸਮਝ ਕੇ ਉਸਨੂੰ ਮੰਨਣ ਦੀ ਹੈ। ਗੁਰੂ ਦੀ ਸਿੱਖਿਆ ਦਾ ਮਕਸਦ, ਗੁਰੂ ਦੇ ਦਾਰੂ ਦਾ ਮਕਸਦ ਸਾਨੂੰ ਮਨ ਦੇ ਵਿਕਾਰਾਂ ਵਿਚੋਂ ਕੱਢਣ ਦਾ ਹੈ। ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਗੁਰੂ ਦੇ ਦਾਰੂ ਨੂੰ ਖਾਣਾ ਹੈ ਜੋ ਦਾਰੂ ਖਾਣ ਦੇ ਨਾਲ ਹੀ ਸਾਡੇ ਵਿਕਾਰ ਦੂਰ ਹੋ ਸਕਦੇ ਹਨ ਤੇ ਤਾਂ ਹੀ ਅਸੀਂ ਚੰਗੇ ਕਰਮ ਕਰ ਸਕਦੇ ਹਾਂ ਤੇ ਇਹ ਹੀ ਗੁਰੂ ਦੀ ਸਿੱਖਿਆ ਦਾ ਮਕਸਦ

ਹੈ। ਗੁਰੂ ਦੀ ਸਿੱਖਿਆ ਹੀ ਗੁਰੂ ਦਾ ਨਾਮ ਹੈ ਤੇ ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਨਾਮ ਦਾ ਦਾਰੂ ਲਗਾਉਣਾ ਹੈ ਜੋ ਦਾਰੂ ਅਸੀਂ ਮਨ ਦੇ ਵਿਚ ਲਗਾਉਣਾ ਹੈ, ਮਨ ਦੇ ਵਿਚਾਰਾਂ ਨੂੰ ਲਗਾਉਣਾ ਹੈ ਤਾਂ ਜੋ ਸਾਡੇ ਮਨ ਦੇ ਵਿਚਾਰ ਰੋਗ ਤੋਂ ਮੁਕਤ ਹੋਣ ਭਾਵ ਸਾਡੇ ਮਨ ਦੇ ਵਿਚਾਰ ਮਾੜੇ ਕਰਮ ਕਰਨ ਤੋਂ ਮੁਕਤ ਹੋਣ ਤੇ ਅਸੀਂ ਚੰਗੇ ਕਰਮ ਕਰੀਏ। (**ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥**)

ਜੇਕਰ ਅਸੀਂ ਇਹ ਦਾਰੂ ਗੁਰੂ ਰੂਪ ਵੈਦ ਦੇ ਕੋਲੋਂ ਲਵਾਂਗੇ ਤੇ ਫਿਰ ਤਾਂ ਹੀ ਸਾਡੇ ਮਨ ਦੇ ਰੋਗ ਦੂਰ ਹੋਣਗੇ। ਇਹ ਮਨ ਦੇ ਰੋਗ ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਵਿਚਾਰਣ ਦੁਆਰਾ ਹੀ ਦੂਰ ਹੁੰਦੇ ਹਨ ਭਾਵ ਸ਼ਬਦਾਂ ਦਾ ਵੀਚਾਰੀ ਬਣਨ ਦੁਆਰਾ ਹੀ ਦੂਰ ਹੁੰਦੇ ਹਨ। ਪੂਰੀ ਗੁਰਬਾਣੀ ਵਿਚ ਆਪ ਅਕਾਲ ਪੁਰਖ ਵੈਦ ਦੇ ਰੂਪ ਵਿਚ ਹੈ ਜੋ ਕਿ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ। ਸ਼ਬਦਾਂ ਦੇ ਗਿਆਨ ਦਾ ਮਕਸਦ ਸਾਡੇ ਅੰਦਰ ਦੇ ਮੰਦੇ ਵਿਚਾਰਾਂ ਨੂੰ ਮਾਰਣ ਦੇ ਨਾਲ ਹੈ ਜੋ ਕਿ ਸ਼ਬਦਾਂ ਦਾ ਵੀਚਾਰੀ ਬਣਨ ਦੁਆਰਾ ਹੀ ਮਰਦੇ ਹਨ। (**ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥ ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥**)

ਸੱਚੇ ਵੈਦ ਦਾ ਦਾਰੂ ਛੱਕਣਾ ਕੀ ਹੈ, ਗੁਰੂ ਦੀ ਸਿੱਖਿਆ ਵਾਲਾ ਬਣਨਾ ਕੀ ਹੈ ਭਾਵ ਸਾਡੇ ਅੰਦਰ ਰੋਗ ਕਿਸ ਰੂਪ ਵਿਚ ਹੈ ਤੇ ਉਹ ਰੋਗ ਕਿਸ ਤਰੀਕੇ ਠੀਕ ਹੋਣਾ ਹੈ, ਸਾਡੇ ਸੰਸਾਰਿਕ ਕੰਮ ਧੰਧੇ ਕਿਸ ਤਰੀਕੇ ਠੀਕ ਹੋਣੇ ਹਨ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰ ਧਿਆਉਣਾ ਕੀ ਹੈ, ਨਾਮ ਧਿਆਉਣਾ ਕੀ ਹੈ ਇਸ ਗੱਲ ਦੀ ਸਮਝ ਵੀ ਨਾਲ ਹੀ ਪਾਈ ਹੋਈ ਹੈ।

"ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥"

(ਅੰਗ - ੫੦੩)

ਉਪਰ ਵਾਲੇ ਪਦੇ ਤੋਂ ਪਹਿਲੇ ਪਦਿਆਂ ਰਾਹੀਂ ਪਾਰਜਾਤ ਰੁੱਖ ਦੀ ਪ੍ਰਾਪਤੀ ਕਰਨੀ ਕੀ ਹੈ, ਉਹ ਕਿਵੇਂ ਹੁੰਦੀ ਹੈ ਇਸ ਗੱਲ

ਨੂੰ ਸਮਝਿਆ ਹੈ ਭਾਵ ਮਾਇਆ ਮੋਹ ਛੱਡਣ ਦੁਆਰਾ ਹੁੰਦੀ ਹੈ। ਮਾਇਆ ਮੋਹ ਅਸੀਂ ਕਿਸ ਰੂਪ ਵਿਚ ਛੱਡਣਾ ਹੈ ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਮਾਇਆ ਮੋਹ ਸਾਡੇ ਲਈ ਇਸੇ ਲਈ ਮਾੜਾ ਹੈ ਕਿਉਂਕਿ ਮਾਇਆ ਮੋਹ ਵਿਚ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ

38/4652

ਅਉਗੁਣਾਂ ਰਾਹੀਂ ਵਿਚਰਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਤ੍ਰਿਸ਼ਨਾ ਦੁਆਰਾ ਵਿਚਰਦੇ ਹਾਂ। ਉਪਰਲੇ ਪਦੇ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਉਹਨਾਂ ਨੇ ਪਾਰਜਾਤ ਰੁੱਖ ਦੀ ਪ੍ਰਾਪਤੀ ਕਿਵੇਂ ਕੀਤੀ ਹੈ ਭਾਵ ਕਿਸ ਤਰੀਕੇ ਪਾਇਆ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਉਹਨਾਂ ਨੇ ਕਾਮ, ਕ੍ਰੋਧ, ਅਹੰਕਾਰ, ਲੋਭ, ਮੋਹ **"ਤਿਸ"** ਭਾਵ ਤ੍ਰਿਸ਼ਨਾ ਆਦਿ ਅਉਗਣਾਂ ਨੂੰ ਤਿਆਗਿਆ ਹੈ। ਉਹਨਾਂ ਨੇ ਇਹਨਾਂ ਅਉਗਣਾਂ ਨੂੰ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਕਿਸ ਤਰੀਕੇ ਤਿਆਗਿਆ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਉਹਨਾਂ ਨੇ ਆਪਣੇ ਮਨ ਦੇ ਅੰਦਰ ਪ੍ਰਮਾਤਮਾ ਨੂੰ ਧਿਆਇਆ ਹੈ। ਉਹਨਾਂ ਨੇ ਆਪਣੇ ਅੰਦਰ ਪ੍ਰਮਾਤਮਾ ਨੂੰ **"ਤਤੁ"** ਦੇ ਰੂਪ ਵਿਚ ਧਿਆਇਆ ਹੈ। ਪ੍ਰਮਾਤਮਾ ਦਾ ਤਤੁ ਰੂਪ ਕੀ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਪ੍ਰਮਾਤਮਾ ਆਪ ਗੁਰੂ ਦੇ ਰੂਪ ਵਿਚ ਹੈ ਜਿਸ ਰਾਹੀਂ ਉਹ ਸਾਨੂੰ ਆਪਣੇ ਬਚਨਾਂ ਦੁਆਰਾ, ਬਾਣੀ ਦੁਆਰਾ ਸਿਖਿਆ ਦਿੰਦਾ ਹੈ। ਆਪਣੀ ਸਿਖਿਆ ਰਾਹੀਂ ਪ੍ਰਮਾਤਮਾ ਸਾਨੂੰ ਜੋ ਵੀ ਸਮਝਾਉਂਦਾ ਹੈ ਉਹ ਤਤੁ ਦੀ ਗੱਲ ਸਮਝਾਉਂਦਾ ਹੈ ਜਿਸ ਤਤੁ ਤੋਂ ਬਾਹਰ ਹੋਰ ਕੁਝ ਨਹੀਂ ਹੋ ਸਕਦਾ ਭਾਵ ਗੁਰੂ ਦੀ ਸਿਖਿਆ ਵਿਚ ਪੂਰਨ ਸੱਚ ਹੁੰਦਾ ਹੈ ਜੋ ਸੱਚ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੁੰਦਾ ਹੈ। ਜਿਥੇ ਪੂਰਨ ਸੱਚਾਈ ਹੈ ਉਥੇ ਤਤੁ ਦੀ ਗੱਲ ਹੈ। ਗੁਰੂ ਸਾਹਿਬ ਨੇ ਆਪਣੀ ਸਿਖਿਆ ਰਾਹੀਂ ਜੋ ਕੁਝ ਪੂਰੇ ਸੰਸਾਰ ਨੂੰ ਸਮਝਾਇਆ ਹੈ, ਤਤੁ ਦੀ ਗੱਲ ਸਮਝਾਈ ਹੈ ਉਸੇ ਤਤੁ ਰੂਪ ਸਿਖਿਆ ਨੂੰ ਉਹਨਾਂ ਨੇ ਆਪਣੇ ਅੰਦਰ ਧਿਆਇਆ ਹੈ ਭਾਵ ਮੰਨਿਆ ਹੈ ਤੇ ਇਸੇ ਲਈ ਗੁਰੂ ਆਪ ਹੀ ਆਪਣੀ ਸਿਖਿਆ ਨੂੰ ਮੰਨਣ ਦੁਆਰਾ ਸਿਖ ਹੈ ਜਿਵੇਂ ਕਿ ਅਸੀਂ ਪਿਛਲੇ ਪਦੇ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪ ਸਿਖਿਆ ਦੇ ਤਤੁ ਦੇ ਰੂਪ ਵਿਚ ਹੈ ਤੇ ਇਸੇ ਰੂਪ ਵਿਚ ਹੀ ਪ੍ਰਮਾਤਮਾ ਨਾਮ ਰੂਪ ਹੈ। ਗੁਰੂ ਨੇ ਜੋ ਨਾਮ ਸੰਸਾਰ ਨੂੰ ਸਮਝਾਇਆ ਹੈ, ਤਤੁ ਦੀ ਗੱਲ ਸਮਝਾਈ ਹੈ ਉਸੇ ਤਤੁ ਰੂਪ ਸਿੱਖਿਆ ਨੂੰ ਉਹਨਾਂ ਨੇ ਆਪਣੇ ਅੰਦਰ ਧਿਆਇਆ ਹੈ ਭਾਵ ਮੰਨਿਆ ਹੈ ਤੇ ਇਸੇ ਲਈ ਗੁਰੂ ਆਪ ਹੀ ਆਪਣੀ ਸਿਖਿਆ ਨੂੰ ਮੰਨਣ ਦੁਆਰਾ ਸਿਖ ਹੈ ਜਿਵੇਂ ਕਿ ਅਸੀਂ ਪਿਛਲੇ ਪਦੇ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪ ਸਿੱਖਿਆ ਦੇ ਤਤੁ ਰੂਪ ਦੇ ਵਿਚ ਹੈ ਤੇ ਇਸ ਰੂਪ ਵਿਚ ਹੀ ਪ੍ਰਮਾਤਮਾ ਨਾਮ ਰੂਪ ਹੈ। ਗੁਰੂ ਨੇ ਜੋ ਨਾਮ ਸੰਸਾਰ ਨੂੰ ਸਮਝਾਇਆ ਹੈ ਉਹ ਨਾਮ ਪਹਿਲੇ ਗੁਰੂ ਨੇ ਆਪ ਧਿਆਇਆ ਹੈ, ਪ੍ਰਮਾਤਮਾ ਦੀ ਕਿਰਪਾ ਦੁਆਰਾ ਧਿਆਇਆ ਹੈ। ਜਦ ਤਕ ਕਿਸੇ ਦੇ ਅੰਦਰ ਅਉਗਣ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹਨ, ਤ੍ਰਿਸ਼ਨਾ ਹੈ ਤਦ ਤਕ ਫਿਰ ਕਿਸੇ ਨੇ ਆਪਣੇ ਅੰਦਰ ਪ੍ਰਮਾਤਮਾ ਦੇ ਨਾਮ ਨੂੰ ਨਹੀਂ ਧਿਆਇਆ। (**ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥ ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥**)

38/4653

ਗੁਰੂ ਦਾ ਉਪਦੇਸ਼ ਤਾਂ ਸਾਡੇ ਸਭ ਲਈ ਬੜਾ ਸਪਸ਼ਟ ਹੈ ਜੋ ਕਿ ਅਉਗੁਣਾਂ ਨੂੰ ਛੱਡਣ ਦਾ ਹੈ ਤੇ ਬਿਨਾ ਅਉਗੁਣ ਛੱਡੇ ਕੋਈ ਨਾਮ ਵਾਲਾ ਨਹੀਂ ਬਣ ਸਕਦਾ। ਨਾਮ ਗੁਰੂ ਦਾ ਉਪਦੇਸ਼ ਹੈ ਤੇ ਗੁਰੂ ਦਾ ਉਪਦੇਸ਼ ਹੀ ਸਾਡੇ ਸਭ ਲਈ ਅਉਗੁਣ ਛੱਡਣ ਲਈ ਹੈ, ਮਾਇਆ ਮੋਹ ਛੱਡਣ ਲਈ ਹੈ, ਤ੍ਰਿਸ਼ਨਾ ਛੱਡਣ ਲਈ ਹੈ। ਜਦ ਤਕ ਕੋਈ ਆਪਣੇ ਅੰਦਰੋਂ ਇਹ ਸਭ ਕੁਝ ਨਹੀਂ ਛੱਡਦਾ ਤਦ ਤਕ ਹਰ ਕੋਈ ਦੁਰਮਤਿ ਵਾਲਾ ਹੈ ਭਾਵ ਮਾੜੀ ਮਤਿ ਵਾਲਾ ਹੈ ਭਾਵ ਕੋਈ ਵੀ ਗੁਰਮਤਿ ਵਾਲਾ ਨਹੀਂ ਹੈ। ਗੁਰੂ ਦਾ ਉਪਦੇਸ਼ ਮੰਨੇ ਬਿਨਾ ਕਿਸੇ ਦਾ ਮਨ ਪਵਿੱਤਰ ਨਹੀਂ ਹੈ ਭਾਵ ਹਰ ਕੋਈ ਆਪਣੇ ਅਉਗਣਾਂ ਦੁਆਰਾ ਅਪਵਿੱਤਰ ਹੈ ਭਾਵੇਂ ਆਪਣੇ ਵਲੋਂ ਜਿਤਨਾ ਮਰਜੀ ਕੋਈ ਸਰੀਰਕ ਜਪ ਤਪ ਕਰਕੇ ਦਿਖਾਈ ਜਾਵੇ, ਕਿਸੇ ਅੱਖਰ ਨੂੰ ਰਟੀ ਜਾਵੇ ਭਾਵ ਸਭ ਭਗਤੀ ਦਾ ਦਿਖਾਵਾ ਹੈ। ਗੁਰੂ ਦੇ ਉਪਦੇਸ਼ ਨੂੰ ਮੰਨੇ ਬਿਨਾ ਭਗਤੀ ਨਹੀਂ ਹੈ ਭਾਵ ਪ੍ਰਮਾਤਮਾ ਨਾਲ ਮੇਲ ਕਰਨ ਦਾ ਸੱਚਾ ਉਦਮ ਨਹੀਂ ਹੈ ਜਿਵੇਂ ਕਿ ਅਸੀਂ ਉਪਰਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਤੇ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਬਾਣੀ ਸਾਨੂੰ ਬਾਰ ਬਾਰ ਇਹੋ ਕੁਝ ਹੀ ਸਮਝਾ ਰਹੀ ਹੈ।

{"ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥"}

(ਅੰਗ - ੧੦੮੫)

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਦਾ ਇਹ ਕਿਹੜਾ ਉਪਦੇਸ਼ ਹੈ ਜਿਸ ਦੁਆਰਾ ਅਸੀਂ ਨਿਰਮਲ ਭਾਵ ਪਵਿੱਤਰ ਬਣ ਸਕਦੇ ਹਾਂ। ਜੋ ਵੀ ਸਰੀਰਕ ਜਪ ਤਪ ਆਦਿ ਵਿਚ ਲੱਗਾ ਹੋਇਆ ਹੈ ਭਾਵ ਕਿਸੇ ਅੱਖਰ ਦੇ ਜਪ ਵਿਚ ਲੱਗਾ ਹੋਇਆ ਹੈ ਉਹ ਆਪਣੇ ਆਪ ਨੂੰ ਪਵਿੱਤਰ ਨਾਮ ਜਪਣ ਵਾਲਾ ਹੀ ਸਮਝਦੇ ਹਨ ਕਿ ਉਹ ਆਪਣੇ ਆਪ ਹੀ ਪਵਿੱਤਰ ਬਣੀ ਜਾ ਰਹੇ ਹਨ ਭਾਵ ਇਹੋ ਜਿਹੇ ਨਾਮ ਜਪਣ ਵਾਲੇ ਆਪਣੇ ਆਪ ਨੂੰ ਪਵਿੱਤਰ ਹੀ ਅਖਵਾਉਂਦੇ ਹਨ, ਗੁਰਮੁਖਿ ਅਖਵਾਉਂਦੇ ਹਨ ਭਾਵ ਗੁਰਮਤਿ ਤੇ ਚੱਲਣ ਵਾਲੇ ਅਖਵਾਉਂਦੇ ਹਨ। ਇਹ ਸਭ ਕੁਝ ਉਨ੍ਹਾਂ ਨੇ ਜਿੰਨ੍ਹਾਂ ਕੋਲੋਂ ਸਿੱਖਿਆ ਹੈ, ਧਾਰਮਿਕ ਆਗੂ ਅਖਵਾਉਣ ਵਾਲਿਆਂ ਕੋਲੋਂ ਸਿਖਿਆ ਹੈ ਉਹਨਾਂ ਨੂੰ ਉਹ ਆਪਣੇ ਸੱਜਣ, ਮੀਤ ਹੀ ਮੰਨਦੇ ਹਨ ਜੋ ਉਨ੍ਹਾਂ ਨੂੰ ਪਿਆਰੇ ਲੱਗਦੇ ਹਨ। ਉਪਰ ਵਾਲੇ ਸ਼ਬਦ ਦੁਆਰਾ ਉਨ੍ਹਾਂ ਦਾ ਭਰਮ ਹੀ ਕੱਢਿਆ ਹੋਇਆ ਹੈ। ਸਾਡਾ ਸੱਜਣ, ਮੀਤ, ਪਿਆਰਾ ਉਹ ਹੈ ਜੋ ਸਾਨੂੰ ਇਹ ਸਮਝਾਵੇ ਕਿ ਸਾਡਾ ਸੱਜਣ ਇੱਕੋ ਇੱਕ ਪ੍ਰਮਾਤਮਾ ਹੈ ਭਾਵ ਸਾਡੇ ਅੰਦਰ ਪ੍ਰਮਾਤਮਾ ਦਾ ਦਿੱਤਾ

38/4654

ਹੋਇਆ ਗਿਆਨ ਦ੍ਰਿੜਾਏ, ਪ੍ਰਮਾਤਮਾ ਦੀ ਦਿੱਤੀ ਹੋਈ ਗੁਰਮਤਿ ਦ੍ਰਿੜਾਏ, ਪ੍ਰਮਾਤਮਾ ਦਾ ਦਿੱਤਾ ਹੋਇਆ ਨਾਮ ਦ੍ਰਿੜਾਏ ਜਿਸ ਦੁਆਰਾ ਮਨੁੱਖ ਦੀ ਦੁਰਮਤਿ ਦੂਰ ਹੋ ਜਾਵੇ। ਉਪਰ ਸ਼ਬਦ ਦੁਆਰਾ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਉਹਨਾਂ ਦਾ ਸੱਜਣ, ਮੀਤ, ਪਿਆਰਾ ਪ੍ਰਮਾਤਮਾ ਹੈ ਜਿਸ ਨੇ ਉਹਨਾਂ ਦੇ ਅੰਦਰ ਇਕੋ ਇਕ ਆਪਣੀ ਮਤਿ ਦ੍ਰਿੜਾਈ ਹੈ, ਆਪਣਾ ਨਾਮ ਦ੍ਰਿੜਾਇਆ ਹੈ ਜਿਸ ਦੁਆਰਾ ਉਹਨਾਂ ਦੀ ਦੁਰਮਤਿ ਦੂਰ ਹੋ ਗਈ ਹੈ ਭਾਵ ਮਾੜੀ ਮਤਿ ਦੂਰ ਹੋ ਗਈ ਹੈ। ਪ੍ਰਮਾਤਮਾ ਆਪ ਸੱਚੀ ਗੁਰਮਤਿ ਦੇ ਰੂਪ ਵਿਚ ਹੈ ਤੇ ਆਪਣੇ ਅੰਦਰ ਆਪਣੀ ਗੁਰਮਤਿ ਦ੍ਰਿੜਾਉਣ ਨਾਲ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਸੱਚੀ ਮਤਿ ਕੇਵਲ ਇੱਕੋ ਇੱਕ ਪ੍ਰਮਾਤਮਾ ਹੀ ਦ੍ਰਿੜ ਕਰਵਾ ਸਕਦਾ ਹੈ ਜੋ ਸਭ ਦੇ ਅੰਦਰ ਹੀ ਹੈ। ਆਪਣੇ ਅੰਦਰੋਂ ਉਸ ਨੂੰ ਜਾਨਣ ਤੋਂ ਬਾਦ ਹੀ ਇਹ ਸਮਝ ਪੈਂਦੀ ਹੈ ਕਿ ਸਾਡਾ ਸਜਣ, ਮੀਤ, ਪਿਆਰਾ ਇਕੋ ਇਕ ਪ੍ਰਮਾਤਮਾ ਆਪ ਹੀ ਹੈ ਜੋ ਸਾਨੂੰ ਦੁਰਮਤਿ ਵਿਚੋਂ ਕੱਢਦਾ ਹੈ। (**ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥**) ਜਿੰਨ੍ਹਾਂ ਦੀ ਪ੍ਰਮਾਤਮਾ ਨੇ ਦੁਰਮਤਿ ਕੱਢੀ ਹੈ ਉਹ ਆਪਣਾ ਉਪਦੇਸ਼ ਸਮਝਾਕੇ ਤੇ ਉਸ ਤੇ ਅਮਲ ਕਰਵਾ ਕੇ ਹੀ ਕੱਢੀ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਕੱਢੀ ਹੈ ਤੇ ਇਹੀ ਗੱਲ ਸਾਨੂੰ ਗੁਰੂ ਸਾਹਿਬ ਅਗਲੀ ਪੰਗਤੀ ਰਾਹੀਂ ਸਮਝਾ ਰਹੇ ਹਨ ਕਿ ਉਹਨਾਂ ਦੀ ਦੁਰਮਤਿ ਕਿਸ ਰੂਪ ਵਿਚ ਦੂਰ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਦੇ ਉਪਦੇਸ਼ ਦੀ ਕਦਰ ਪਾ ਸਕੀਏ।

"ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥"

ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਪ੍ਰਮਾਤਮਾ ਉਹਨਾਂ ਦਾ ਸੱਜਣ, ਮੀਤ, ਪਿਆਰਾ ਕਿਵੇਂ ਬਣਿਆ ਹੈ। ਉਹ ਸੱਜਣ

ਮੀਤ, ਪਿਆਰਾ ਉਹਨਾਂ ਦੀ ਦੁਰਮਤਿ ਕੱਢਕੇ ਬਣਿਆ ਹੈ। ਉਹਨਾਂ ਦੀ ਦੁਰਮਤਿ ਪ੍ਰਮਾਤਮਾ ਨੇ ਮਨ ਦੇ ਵਿਚ ਗੁਰਮਤਿ ਦ੍ਰਿੜਾ ਕੇ, ਨਾਮ ਦ੍ਰਿੜਾ ਕੇ ਉਹਨਾਂ ਦੇ ਕਾਮ, ਕ੍ਰੋਧ, ਅਹੰਕਾਰ ਆਦਿ ਤਜਾਏ ਹਨ ਭਾਵ ਛੁਡਵਾਏ ਹਨ, ਆਪਣਾ ਉਪਦੇਸ਼ ਸਮਝਾ ਕੇ ਉਸ ਉਪਦੇਸ਼ ਤੇ ਅਮਲ ਕਰਵਾਉਣ ਦੁਆਰਾ ਤਜਾਏ ਹਨ। ਮਨ ਦੇ ਵਿਚੋਂ ਇਹ ਅਉਗੁਣ ਛੁਡਵਾਉਣ ਦੁਆਰਾ ਹੀ ਉਹ ਉਸ ਪ੍ਰਮਾਤਮਾ

38/4655

ਦੇ ਜਨ ਬਣੇ ਹਨ। ਪ੍ਰਮਾਤਮਾ ਜਿਸ ਨੂੰ ਮਨ ਦੇ ਵਿਚ ਪਵਿੱਤਰ ਬਣਾਉਂਦਾ ਹੈ ਉਸ ਨੂੰ ਆਪਣਾ ਉਪਦੇਸ਼ ਮਨਵਾਉਣ ਦੁਆਰਾ ਹੀ ਬਣਾਉਂਦਾ ਹੈ ਭਾਵ ਗੁਰੂ ਦਾ ਉਪਦੇਸ਼ ਮੰਨੇ ਬਿਨਾ, ਅਉਗਣ ਤਿਆਗੇ ਬਿਨਾ ਨਾ ਕੋਈ ਨਿਰਮਲ ਹੈ, ਨਾ ਕੋਈ ਗੁਰਮਤਿ ਵਾਲਾ ਹੈ ਭਾਵ ਹਰ ਕੋਈ ਦੁਰਮਤਿ ਵਾਲਾ ਹੈ। ਗੁਰਮਤਿ ਦਾ ਮਕਸਦ ਸਾਨੂੰ ਦੁਰਮਤਿ ਵਿਚੋਂ ਕੱਢਣ ਦਾ ਹੀ ਹੈ ਤੇ ਦੁਰਮਤਿ ਉਸੇ ਦੀ ਨਿਕਲੇਗੀ ਜੋ ਗੁਰਮਤਿ ਨੂੰ ਮੰਨੇਗਾ, ਜੋ ਗੁਰੂ ਦੀ ਸਿਖਿਆ ਨੂੰ ਮੰਨੇਗਾ, ਜੋ ਸ਼ਬਦ ਦੇ ਵਿਚਾਰਾਂ ਨੂੰ ਮੰਨੇਗਾ ਭਾਵ ਜੋ ਨਾਮ ਦੀ ਮਤਿ ਨੂੰ ਆਪਣੇ ਅੰਦਰ ਜਪੇਗਾ, ਨਾਮ ਰੂਪ ਸਿਖਿਆ ਨੂੰ ਆਪਣੇ ਅੰਦਰ ਧਿਆਏਗਾ, ਜੋ ਗੁਰੂ ਦੇ ਉਪਦੇਸ਼ ਨੂੰ ਆਪਣੇ ਅੰਦਰ ਧਿਆਏਗਾ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਧਿਆਇਆ ਹੈ। ਗੁਰੂ ਦਾ ਸਿੱਖ ਬਣਨਾ ਬਹੁਤ ਔਖਾ ਹੈ ਕਿਉਂਕਿ ਗੁਰੂ ਦੀ ਸਿਖਿਆ ਨੂੰ ਮੰਨਣਾ ਬਹੁਤ ਔਖਾ ਹੈ। ਨਾਮ ਜਪਣਾ ਬਹੁਤ ਔਖਾ ਹੈ ਭਾਵ ਸੱਚਾ ਨਾਮ ਜਪਣਾ ਬਹੁਤ ਔਖਾ ਹੈ ਤੇ ਨਕਲੀ ਨਾਮ ਜਪਣਾ ਬਹੁਤ ਸੌਖਾ ਹੈ ਜਿਵੇਂ ਕਿ ਹਰ ਕੋਈ ਲੱਗਾ ਹੋਇਆ ਹੈ, ਦੁਰਮਤਿ ਵਿਚ ਹੀ ਲੱਗਾ ਹੋਇਆ ਹੈ। (**ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥ ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥**)

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥

ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥ ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥

ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥੨॥}

(ਅੰਗ - ੧੦੯੩)

{ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥

ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥੧॥}

(ਅੰਗ - ੧੦੯੩)

{ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ॥ ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ ॥੧੯॥}

(ਅੰਗ - ੧੦੯੩)

ਪ੍ਰਮਾਤਮਾ ਨੂੰ ਆਪਣੇ ਅੰਦਰ ਧਿਆਉਣਾ ਕੀ ਹੈ ਇਸ ਗੱਲ ਨੂੰ ਅਸੀਂ ਮੁੱਖ ਸ਼ਬਦ ਦੇ ਪਦੇ ਰਾਹੀਂ ਪਹਿਲੇ ਸਮਝਿਆ ਹੈ। (**ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥ ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥**)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰ ਧਿਆਇਆ

38/4656

ਹੈ, ਉਸਦਾ ਨਾਮ ਧਿਆਇਆ ਹੈ ਭਾਵ ਜਿੰਨ੍ਹਾਂ ਨੇ ਉਸ ਨੂੰ ਪਾਇਆ ਹੈ, ਜਿੰਨ੍ਹਾਂ ਨੂੰ ਪ੍ਰਮਾਤਮਾ ਦੀ ਇਹ ਦਾਤਿ ਮਿਲੀ ਹੈ, ਨਾਮ ਦੀ ਦਾਤਿ ਮਿਲੀ ਹੈ ਉਹਨਾਂ ਨੇ ਪ੍ਰਮਾਤਮਾ ਦੀ ਦਾਤਿ ਨੂੰ ਮਨ ਦੇ ਵਿਚ ਕਿਸ ਰੂਪ ਵਿਚ ਪਾਇਆ ਹੈ ਤੇ ਮਨ ਦੇ ਵਿਚ ਉਹਨਾਂ ਦੀ ਅਵਸਥਾ ਵਿਚ ਕੀ ਫਰਕ ਆਇਆ ਹੈ ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ, ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਕਿਸ ਰੂਪ ਵਿਚ ਹੁੰਦਾ ਹੈ ਇਹ ਗੱਲ ਸਮਝਾਈ ਹੋਈ ਹੈ।

“ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥

ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥"

ਗੁਰਬਾਣੀ ਵਿਚ ਬਾਰ ਬਾਰ **"ਗਿਆਨੁ ਧਿਆਨੁ"** ਦੀ ਗੱਲ ਆਉਂਦੀ ਹੈ ਜਿਸ ਨੂੰ ਕਿ ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਸਮਝਿਆ ਹੈ। ਹੁਣ ਧਿਆਨ ਨਾਲ ਸਮਝੋ ਕਿ ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਭਾਵ ਜਿਨ੍ਹਾਂ ਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤਿ ਪ੍ਰਾਪਤ ਹੋਈ ਹੈ ਉਨ੍ਹਾਂ ਨੇ ਪ੍ਰਮਾਤਮਾ ਦੀ **"ਗਿਆਨੁ ਧਿਆਨੁ"** ਰੂਪ ਦਾਤਿ ਨੂੰ **"ਸਭ ਦਾਤਿ"** ਕਿਹਾ ਹੈ ਭਾਵ ਜਿਥੇ ਪ੍ਰਮਾਤਮਾ ਨੇ ਗਿਆਨੁ ਧਿਆਨੁ ਬਖਸ਼ ਦਿੱਤਾ ਉਥੇ ਪ੍ਰਮਾਤਮਾ ਦੀ ਹਰ ਦਾਤਿ ਮਿਲ ਗਈ, ਪ੍ਰਮਾਤਮਾ ਦੀਆਂ ਸਾਰੀਆਂ ਦਾਤਾਂ ਮਿਲ ਗਈਆਂ। ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤਿ ਤੋਂ ਵੱਡੀ ਦਾਤਿ ਹੋਰ ਕੀ ਹੋ ਸਕਦੀ ਹੈ। ਜਿਥੇ ਪ੍ਰਮਾਤਮਾ ਮਨ ਦੇ ਵਿਚ ਪ੍ਰਗਟ ਹੋ ਗਿਆ ਉਸ ਮਨੁੱਖ ਨੂੰ ਸਭ ਕੁਝ ਮਿਲ ਗਿਆ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲਿਆ ਹੈ। ਗਿਆਨੁ ਧਿਆਨੁ ਦੀ ਅਵਸਥਾ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਧਿਆਨੁ ਦੇ ਵਿਚ ਹੀ ਹੁੰਦਾ ਹੈ, ਮਨ ਦੇ ਵਿਚਾਰਾਂ ਦੇ ਵਿਚ ਹੀ ਹੁੰਦਾ ਹੈ। ਪ੍ਰਮਾਤਮਾ ਆਪ **"ਗਿਆਨੁ"** ਰੂਪ ਹੈ ਤੇ ਜਦੋਂ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੁੰਦਾ ਹੈ ਉਹ ਮਨ ਦੇ ਗਿਆਨੁ ਦੇ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ ਜੋ ਕਿ ਸਾਡੇ ਧਿਆਨ ਦੇ ਵਿੱਚ ਹੀ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਸਾਡੇ ਅੰਦਰ ਹਰ ਵੇਲੇ ਵਰਤ ਰਿਹਾ ਹੈ, ਮਨ ਦੇ ਗਿਆਨ ਰਾਹੀਂ ਵਰਤ ਰਿਹਾ ਹੈ ਤੇ ਉਸ ਨੇ ਆਪ ਹੀ ਸਾਰੇ ਸੰਸਾਰ ਨੂੰ ਤ੍ਰੈਗੁਣਾਂ ਵਾਲੇ ਗਿਆਨ ਵਿਚ ਰਖਿਆ ਹੋਇਆ ਹੈ, ਭਰਮ ਵਾਲੇ ਗਿਆਨ ਵਿਚ ਰੱਖਿਆ ਹੋਇਆ ਹੈ

38/4657

ਜਿਸਦੇ ਰਹਿੰਦਿਆਂ ਕਿਸੇ ਨੂੰ ਇਸ ਗੱਲ ਦੀ ਰੱਤੀ ਭਰ ਭਿਣਕ ਵੀ ਨਹੀਂ ਲੱਗ ਸਕਦੀ ਕਿ ਸਾਡੇ ਅੰਦਰ ਵਿਚਾਰ ਕਿਵੇਂ ਉਪਜਦੇ ਹਨ ਭਾਵ ਕੌਣ ਉਪਜਾਉਂਦਾ ਹੈ। ਇਸ ਗੱਲ ਦੀ ਸਮਝ ਪ੍ਰਮਾਤਮਾ ਆਪ ਹੀ ਕਿਸੇ ਨੂੰ ਪਾ ਸਕਦਾ ਹੈ, ਆਪਣੀ ਦਾਤਿ ਬਖਸ਼ਣ ਦੁਆਰਾ ਪਾ ਸਕਦਾ ਹੈ। ਪ੍ਰਮਾਤਮਾ ਦੀ ਇਹ ਦਾਤਿ ਉਸ ਦੇ ਸੱਚੇ ਗਿਆਨ ਦੇ ਰੂਪ ਵਿਚ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਹੈ ਜਿਸਨੂੰ ਕਿ ਤਾਂ ਹੀ ਵਿਸ਼ਵਾਸ ਨਾਲ ਮੰਨਿਆ ਜਾ ਸਕਦਾ ਹੈ ਜਦੋਂ ਕਿਸੇ ਨੂੰ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਇਹ ਦਾਤਿ ਬਖਸ਼ ਦੇਵੇ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ। ਜਿਸ ਨੂੰ ਇਹ ਦਾਤਿ ਮਿਲ ਜਾਂਦੀ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਉਸ ਨੂੰ ਸੰਸਾਰ ਦੀ ਹਰ ਦਾਤਿ ਮਿਲ ਗਈ ਹੈ ਜੋ ਸਭ ਦਾਤਾਂ ਦਾ ਮਾਲਕ ਹੈ, ਹਰ ਵਸਤੂ ਦਾ ਮਾਲਕ ਹੈ। ਇਹ ਸੰਸਾਰ ਦਾ ਇਤਨਾ ਵੱਡਾ ਆਨੰਦ ਹੈ ਜਿਸ ਨੂੰ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਸੰਸਾਰਿਕ ਦਾਤਾਂ ਦੇ ਨਾਲ ਫਿਰ ਮਨੁੱਖ ਦਾ ਮੋਹ ਨਹੀਂ ਰਹਿੰਦਾ, ਵਿਕਾਰਾਂ ਨਾਲ ਫਿਰ ਮਨੁੱਖ ਦਾ ਮੋਹ ਨਹੀਂ ਰਹਿੰਦਾ, ਮਨ ਦੇ ਦੂਤਾਂ ਨਾਲ ਭਾਵ ਮਨ ਦੇ ਮਾੜੇ ਵਿਚਾਰਾਂ ਨਾਲ ਫਿਰ ਮੋਹ ਨਹੀਂ ਰਹਿੰਦਾ। ਸਭ ਕੁਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਤੇ ਮਨ ਦੀ ਸੋਝੀ ਮਨੁੱਖ ਦੇ ਵੱਸ ਨਹੀਂ ਹੈ। ਜਿਸ ਦੇ ਹੱਥ ਸਾਡੇ ਮਨ ਦੀ ਸੋਝੀ ਹੈ ਉਹ ਮਨ ਦੀ ਸੋਝੀ ਨੂੰ ਬਦਲ ਦਿੰਦਾ ਹੈ, ਮਾੜੀ ਸੋਝੀ ਨੂੰ ਚੰਗੀ ਸੋਝੀ ਵਿਚ ਬਦਲ ਦਿੰਦਾ ਹੈ, ਦੁਰਮਤਿ ਵਾਲੀ ਸੋਝੀ ਨੂੰ ਗੁਰਮਤਿ ਵਾਲੀ ਸੋਝੀ ਵਿਚ ਬਦਲ ਦਿੰਦਾ ਹੈ, ਅਗਿਆਨਤਾ ਵਾਲੀ, ਭਰਮ ਵਾਲੀ ਸੋਝੀ ਨੂੰ ਸੱਚੇ ਗਿਆਨ ਵਾਲੀ ਸੋਝੀ ਵਿਚ ਬਦਲ ਦਿੰਦਾ ਹੈ, ਹਉਮੈ ਵਾਲੀ ਮਤਿ ਨੂੰ ਨਾਮ ਵਾਲੀ ਮਤਿ ਦੇ ਵਿਚ ਬਦਲ ਦਿੰਦਾ ਹੈ, ਤ੍ਰੈਗੁਣਾਂ ਵਾਲੀ ਮਤਿ ਨੂੰ ਚੌਥੇ ਪਦ ਦੇ ਗਿਆਨ ਵਾਲੀ ਮਤਿ ਵਿਚ ਬਦਲ ਦਿੰਦਾ ਹੈ। ਸਾਡੇ ਅੰਦਰ **"ਗਿਆਨੁ ਧਿਆਨੁ"** ਵਾਲੀ ਅਵਸਥਾ ਚੌਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ, ਸਹਜ ਗਿਆਨ ਵਾਲੀ ਅਵਸਥਾ ਹੈ ਜੋ ਮਨੁੱਖ ਨੂੰ ਹਰ ਵੇਲੇ, ਅੱਠੇ ਪਹਿਰ ਗੁਰੂ ਦੀ ਸੱਚੀ ਮਤਿ ਦੇ ਨਾਲ ਜੋੜ ਕੇ ਰੱਖਦੀ ਹੈ ਜੋ ਮਤਿ ਮਨ ਦੇ ਵਿਚ ਮਨ ਦੇ ਵਿਚਾਰਾਂ ਦਾ ਮਾਲਕ ਪ੍ਰਮਾਤਮਾ ਆਪ ਹੀ ਦਿੰਦਾ ਹੈ। ਗਿਆਨੁ ਧਿਆਨੁ ਤੋਂ ਵੱਡੀ ਦਾਤਿ ਸੰਸਾਰ ਵਿਚ ਕੋਈ ਨਹੀਂ ਹੈ। ਇਹ ਦਾਤਿ ਪ੍ਰਮਾਤਮਾ ਕਦੇ ਹੀ ਕਿਸੇ ਨੂੰ, ਅਰਬਾਂ ਖਰਬਾਂ ਵਿਚੋਂ ਕਦੇ ਹੀ ਕਿਸੇ ਨੂੰ ਬਖਸ਼ਦਾ ਹੈ

38/4658

ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ। ਜਿਸ ਨੂੰ ਵੀ ਪ੍ਰਮਾਤਮਾ ਆਪਣਾ ਗੁਰੂ ਰੂਪ, ਸੰਤ ਰੂਪ, ਸਾਧ ਰੂਪ, ਜਨ ਰੂਪ, ਸੇਵਕ ਰੂਪ, ਦਾਸ ਰੂਪ ਭਾਵ ਬ੍ਰਹਮ ਗਿਆਨੀ ਰੂਪ ਬਣਾਉਂਦਾ ਹੈ ਉਸ ਨੂੰ ਮਨ ਦੀ ਇਸ ਗਿਆਨੁ ਧਿਆਨੁ ਵਾਲੀ ਅਵਸਥਾ ਦੁਆਰਾ ਹੀ ਬਣਾਉਂਦਾ ਹੈ ਤੇ ਜਿਸ ਨੂੰ ਪ੍ਰਮਾਤਮਾ ਇਹ ਅਵਸਥਾ ਬਖਸ਼ਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਬ੍ਰਹਮਗਿਆਨੀ ਆਪ ਨਿਰੰਕਾਰ ਹੈ ਨਾ ਕਿ ਕੋਈ ਮਨੁੱਖ। ਉਹ ਆਪ ਹੀ ਸੰਤ ਹੈ, ਸਾਧ ਹੈ, ਗੁਰੂ ਹੈ ਭਾਵ ਉਹ ਆਪਣਾ ਰੂਪ ਆਪ ਹੀ ਪ੍ਰਗਟ ਕਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ

ਆਪ ਹੀ ਹੈ, ਨਿਰੰਕਾਰ ਰੂਪ ਵਿਚ ਭਾਵ ਗਿਆਨ ਰੂਪ ਵਿਚ ਉਹ ਸਭ ਦੇ ਅੰਦਰ ਆਪ ਹੀ ਹੈ, ਮਨੁੱਖੀ ਰੂਪ ਵਿਚ ਵੀ ਉਹ ਆਪ ਹੀ ਹੈ ਤੇ ਮਨੁੱਖ ਮਨ ਦੇ ਭਰਮ ਵਿਚ ਰਹਿੰਦਿਆਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦਾ ਹੈ ਤੇ ਭਰਮ ਵਿਚ ਹੀ ਆਪਣੇ ਆਪ ਨੂੰ ਉੱਚਾ ਅਖਵਾਉਂਦਾ ਹੈ, ਧਰਮ ਦੇ ਮਾਰਗ ਤੇ ਉੱਚਾ ਅਖਵਾ ਕੇ ਝੂਠਾ ਮਾਣ ਲੈਂਦਾ ਹੈ। ਪ੍ਰਮਾਤਮਾ ਦੀ ਮਨ ਦੇ ਵਿਚ ਸੱਚੀ ਦਾਤਿ ਮਿਲੇ ਬਿਨਾ ਮਾਇਆ ਦੀਆਂ ਦਾਤਾਂ ਨੂੰ ਹੀ ਉੱਚਾ ਸਮਝਦਾ ਹੈ। ਕਿਸੇ ਮਨੁੱਖੀ ਰੂਪ ਨੂੰ ਉੱਚਾ ਸਮਝਣਾ ਹੀ ਮਾਇਆ ਰੂਪ ਨੂੰ ਉੱਚਾ ਕਰਨਾ ਹੈ, ਆਕਾਰ ਰੂਪ ਨੂੰ ਉੱਚਾ ਕਰਨਾ ਹੈ। ਉੱਚਾ ਕੇਵਲ ਨਿਰੰਕਾਰ ਰੂਪ ਹੈ ਜਿਸ ਨੇ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪ ਹੀ ਹਰ ਵਸਤੂ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਿਹਾ ਹੈ, ਗਿਆਨ ਰੂਪ ਦੁਆਰਾ ਚਲਾ ਰਿਹਾ ਹੈ, ਗਿਆਨ ਰੂਪ ਤਤੁ ਦੁਆਰਾ ਚਲਾ ਰਿਹਾ ਹੈ ਜੋ ਤਤੁ ਪੰਜਾਂ ਤੱਤਾਂ ਤੋਂ ਬਾਹਰ ਹੈ ਜਿਸ ਤੱਤ ਦਾ ਕੋਈ ਰੂਪ ਰੇਖ ਨਹੀਂ ਹੈ। ਪ੍ਰਮਾਤਮਾ ਦਾ ਇਹ ਤੱਤ ਉਸ ਦਾ ਜੋਤਿ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਤੇ ਪ੍ਰਮਾਤਮਾ ਹਰ ਵਸਤੂ ਵਿਚ ਆਪਣੇ ਇਸ ਨਿਰੰਕਾਰ ਰੂਪ ਤੱਤ ਵਿਚ ਹੀ ਹੈ। ਪ੍ਰਮਾਤਮਾ ਦੀ ਦਾਤਿ ਨਿਰੰਕਾਰ ਰੂਪ ਵਿਚ ਹੀ ਮਿਲਦੀ ਹੈ ਜੋ ਕਿ ਮਨ ਦੇ ਵਿਚ ਹੀ ਮਿਲਦੀ ਹੈ ਤੇ ਮਨ ਦੇ ਵਿਚ ਉਸ ਨਿਰੰਕਾਰ ਰੂਪ ਪ੍ਰਮਾਤਮਾ ਦੇ ਦਰਸ਼ਨ ਕਰਾਉਂਦੀ ਹੈ। (**ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥**)

38/4659

“ਤਤੁ” ਦੀ ਗੱਲ ਕੋਈ ਤਾਂ ਹੀ ਕਰ ਸਕਦਾ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਗਿਆਨੁ ਧਿਆਨੁ ਵਾਲੀ ਅਵਸਥਾ ਬਖਸ਼ ਦਿੰਦਾ ਹੈ। ਜਿਥੇ ਪੂਰਨ ਸੱਚ ਹੈ ਉਥੇ ਤਤੁ ਹੈ ਭਾਵ ਉਥੇ ਭਰਮ ਦਾ ਕੋਈ ਨਾਮ ਨਿਸ਼ਾਨ ਵੀ ਨਹੀਂ ਹੋ ਸਕਦਾ। ਮਨ ਦੀ ਇਸ ਅਵਸਥਾ ਦੁਆਰਾ ਪ੍ਰਮਾਤਮਾ ਜੋ ਵੀ ਧਰਮ ਦਾ ਮਾਰਗ ਸਮਝਾਉਂਦਾ ਹੈ ਉਸ ਵਿਚ ਪੂਰਨ ਸੱਚ ਹੁੰਦਾ ਹੈ ਭਾਵ ਨਾਮ ਹੁੰਦਾ ਹੈ ਭਾਵ ਤਤੁ ਦੀ ਗੱਲ ਹੁੰਦੀ ਹੈ ਭਾਵ ਉਸ ਵਿਚ ਤਤੁ ਗਿਆਨ ਹੁੰਦਾ ਹੈ। ਪੂਰੀ ਗੁਰਬਾਣੀ ਵਿਚ ਤਤੁ ਦੀ ਗੱਲ ਹੈ ਭਾਵ ਪੂਰਨ ਸੱਚ ਦੀ ਗੱਲ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਗਿਆਨ ਧਿਆਨ ਵਾਲੀ ਅਵਸਥਾ ਬਖਸ਼ੀ ਹੈ, ਮਨ ਦੇ ਵਿਚ ਪ੍ਰਗਟ ਹੋ ਕੇ ਬਖਸ਼ੀ ਹੈ ਉਨ੍ਹਾਂ ਨੇ ਹੀ ਅੰਮ੍ਰਿਤ ਬਾਣੀ ਦੀ ਰਚਨਾ ਕੀਤੀ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਤਤੁ ਦੀ ਗੱਲ ਕਰਦੀ ਹੈ। ਜੋ ਗੱਲ ਪ੍ਰਮਾਤਮਾ ਆਪ ਸਮਝਾਉਂਦਾ ਹੈ ਉਥੇ ਤਤੁ ਦੀ ਗੱਲ ਹੀ ਹੁੰਦੀ ਹੈ ਭਾਵ ਪੂਰਨ ਸੱਚੀ ਗੱਲ ਹੀ ਹੁੰਦੀ ਹੈ ਤੇ ਇਸੇ ਲਈ ਗੁਰਬਾਣੀ ਸੱਚੀ ਬਾਣੀ ਹੈ ਜੋ ਸਚੁ ਰੂਪ ਪ੍ਰਮਾਤਮਾ ਦੇ ਕੋਲੋਂ ਆਈ ਹੈ, ਗਿਆਨੁ ਧਿਆਨੁ ਦੀ ਅਵਸਥਾ ਦੁਆਰਾ ਆਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। (**ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥**) ਅੰਗ - ੧੨੪੩

ਜੋ ਅਸੀਂ ਪਿਛਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਉਹੀ ਕੁਝ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਪੂਰੀ ਬਾਣੀ ਸਾਨੂੰ ਤਤੁ ਦੀ ਗੱਲ ਸਮਝਾਉਂਦੀ ਹੈ, ਨਾਮ ਦੀ ਗੱਲ ਸਮਝਾਉਂਦੀ ਹੈ, ਗੁਣਾਂ ਦੀ ਗੱਲ ਸਮਝਾਉਂਦੀ ਹੈ। ਜਿਥੇ ਤਤੁ ਹੈ ਉਥੇ ਹੀ ਗੁਣ ਹਨ। ਨਾਮ ਸਾਨੂੰ ਗੁਣਾਂ ਦੇ ਨਾਲ ਹੀ ਜੋੜਦਾ ਹੈ, ਤਤੁ ਦੀ ਗੱਲ ਹੀ ਸਮਝਾਉਂਦਾ ਹੈ। ਪ੍ਰਮਾਤਮਾ ਜਦੋਂ ਸਾਡੇ ਅੰਦਰ ਵੱਸਦਾ ਹੈ ਭਾਵ ਪ੍ਰਗਟ ਹੁੰਦਾ ਹੈ ਉਹ ਸਾਡੇ ਅੰਦਰ ਸੱਚੇ ਗੁਣਾਂ ਦਾ ਪ੍ਰਕਾਸ਼ ਕਰਦਾ ਹੈ। ਉਹ ਸਾਡੇ ਅੰਦਰ ਪ੍ਰਕਾਸ਼ ਸੱਚੀ ਸਿੱਖਿਆ ਦਾ ਹੀ ਕਰਦਾ ਹੈ, ਗੁਰਮਤਿ ਰੂਪ ਸੱਚੇ ਗਿਆਨ ਦਾ ਹੀ ਪ੍ਰਕਾਸ਼ ਕਰਦਾ ਹੈ ਜਿਸ ਵਿਚ ਪੂਰਨ ਸੱਚ ਹੁੰਦਾ ਹੈ ਤੇ ਇਹ ਸੱਚ ਹੀ ਨਾਮ ਹੈ ਭਾਵ

38/4660

ਨਾਮ ਰੂਪ ਤੱਤ ਹੈ। ਪੂਰੀ ਗੁਰਬਾਣੀ ਇਸ ਨਾਮ ਰੂਪ ਤੱਤ ਦਾ ਹੀ ਵਖਾਣ ਕਰਦੀ ਹੈ। ਮਨ ਦੀ ਇਹ ਅਵਸਥਾ ਸਾਡੇ ਅੰਦਰ ਗਿਆਨ ਧਿਆਨ ਵਾਲੀ ਅਵਸਥਾ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਰੂਪ ਵਿਚ ਹੈ ਜਿਸ ਰਾਹੀਂ ਉਹ ਆਪ ਹੀ ਸਚੁ ਰੂਪ ਹੈ, ਤਤੁ ਰੂਪ ਹੈ, ਨਾਮ ਰੂਪ ਹੈ। ਤਤੁ ਦੀ ਗੱਲ ਉਹ ਤਤੁ ਰੂਪ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਸਾਡੇ ਮਨ ਨੂੰ ਭਾਵ ਸਾਡੇ ਵਿਚਾਰਾਂ ਨੂੰ, ਸਾਡੀ ਮਤਿ ਨੂੰ ਨਾਮ ਭਾਉਂਦਾ ਹੈ, ਸੱਚ ਭਾਉਂਦਾ ਹੈ, ਗੁਣ ਭਾਉਂਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸੱਚ ਭਾਇਆ ਹੈ ਭਾਵ ਜੋ ਕੁਝ ਉਹਨਾਂ ਨੇ ਗੁਰਬਾਣੀ ਰਾਹੀਂ ਸਮਝਾਇਆ ਹੈ ਉਹ ਕੁਝ ਉਹਨਾਂ ਨੂੰ ਪਹਿਲੇ ਆਪ ਭਾਇਆ ਹੈ। (**ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥ ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥**) ਅੰਗ ੬੩੫

ਜੋ ਕੁਝ ਅਸੀਂ ਉਪਰਲੇ ਸ਼ਬਦਾਂ ਦੁਆਰਾ ਸਮਝਿਆ ਹੈ ਉਹੀ ਕੁਝ ਅਸੀਂ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝ

ਸਕਦੇ ਹਾਂ ਕਿ ਪ੍ਰਮਾਤਮਾ ਦੀ ਅਕਥ ਕਹਾਣੀ ਭਾਵ ਗੁਰਬਾਣੀ ਕੇਵਲ **"ਗਿਆਨੁ ਧਿਆਨੁ"** ਵਾਲੀ ਅਵਸਥਾ ਦੁਆਰਾ ਸਮਝੀ ਜਾ ਸਕਦੀ ਹੈ।

"ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥"

(ਅੰਗ - ੧੧੮੮)

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜਿਵੇਂ ਕਿ ਸਾਨੂੰ ਬਾਣੀ ਰਾਹੀਂ ਬਾਰ ਬਾਰ ਸਮਝਾਇਆ ਹੋਇਆ ਹੈ। ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ ਤੇ ਉਸ ਦੀ ਸਮਝ ਕਿਸ ਤਰੀਕੇ ਲਗਦੀ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਉਹਨਾਂ ਨੂੰ ਹੀ ਲਗੀ ਹੈ ਜਿੰਨ੍ਹਾਂ ਨੇ ਅਕਥ ਕਹਾਣੀ ਦੀ ਭਾਵ ਗੁਰਬਾਣੀ ਦੀ ਰਚਨਾ ਕੀਤੀ ਹੈ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਦੇ ਅੰਦਰ ਪਹਿਲੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਉਸ ਨੇ ਆਪਣੇ ਆਪ ਨੂੰ ਕਿਸ ਰੂਪ ਵਿਚ ਪ੍ਰਗਟ ਕੀਤਾ ਹੈ ਇਹੀ ਗੱਲ ਸਾਨੂੰ ਉਪਰ ਸਮਝਾਈ ਹੋਈ ਹੈ।

ਉਪਰ ਗੁਰੂ ਸਾਹਿਬ ਸਾਨੂੰ ਪ੍ਰਮਾਤਮਾ

38/4661

ਨੂੰ **"ਗਿਆਨੁ ਧਿਆਨੁ"** ਦੇ ਰੂਪ ਵਿਚ ਕਹਿ ਕੇ ਸਮਝਾ ਰਹੇ ਹਨ (**ਏਕੋ ਗਿਆਨੁ ਧਿਆਨੁ**)। ਜਿੰਨ੍ਹਾਂ ਦੀ ਬਾਣੀ ਦੇ ਨਾਲ ਧੁਨਿ ਜੁੜੀ ਹੈ ਉਹ ਮਨ ਦੇ ਵਿਚ ਹੀ ਜੁੜੀ ਹੈ। ਹਰ ਕੋਈ ਇਹ ਤਾਂ ਕਹਿ ਦਿੰਦਾ ਹੈ ਕਿ ਗੁਰਬਾਣੀ ਪ੍ਰਮਾਤਮਾ ਦੇ ਕੋਲੋਂ ਆਈ ਹੈ ਪਰ ਕਿਵੇਂ ਆਈ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ, ਪੂਰੇ ਸੰਸਾਰ ਵਿਚ ਕਿਸੇ ਨੂੰ ਵੀ ਨਹੀਂ ਹੈ। ਆਪਣੀ ਬਾਣੀ ਦੇ ਨਾਲ **"ਧੁਨਿ"** ਪ੍ਰਮਾਤਮਾ ਆਪ ਹੀ ਜੋੜਦਾ ਹੈ, ਮਨ ਦੇ ਵਿਚ **"ਗਿਆਨੁ ਧਿਆਨੁ"** ਵਾਲੀ ਅਵਸਥਾ ਦੁਆਰਾ ਜੋੜਦਾ ਹੈ ਜਿਸ ਅਵਸਥਾ ਵਿਚ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਜਿੰਨ੍ਹਾਂ ਦੀ ਪ੍ਰਮਾਤਮਾ ਨੇ ਆਪਣੀ ਬਾਣੀ ਦੇ ਨਾਲ ਧੁਨਿ ਜੋੜੀ ਹੈ ਉਨ੍ਹਾਂ ਨੇ ਹੀ ਬਾਣੀ ਉਚਾਰੀ ਹੈ ਤੇ ਤਾਂ ਹੀ ਉਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਜਿਹੋ ਜਿਹੀ ਬਾਣੀ ਸਾਨੂੰ ਪ੍ਰਮਾਤਮਾ ਕੋਲੋਂ ਮਿਲੀ ਹੈ ਉਹੀ ਕੁਝ ਅਸੀਂ ਉਚਾਰਿਆ ਹੈ। ਮਨ ਦੇ ਵਿਚ ਪ੍ਰਮਾਤਮਾ ਕੋਲੋਂ ਬਾਣੀ ਜਾਨਣ ਦੁਆਰਾ ਹੀ ਉਨ੍ਹਾਂ ਨੇ ਸੰਸਾਰ ਨੂੰ ਇਹ ਗੱਲ ਸਮਝਾਈ ਹੈ ਕਿ ਇਕੋ ਇਕ ਆਪ ਪ੍ਰਮਾਤਮਾ ਹੀ ਹੈ ਤੇ ਪੂਰੀ ਗੁਰਬਾਣੀ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ, ਗਿਆਨ ਦੇ ਰੂਪ ਵਿਚ ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪ ਹੀ ਹੈ। (**ਏਕੋ ਗਿਆਨੁ ਧਿਆਨੁ ਧੁਨਿ ਬਾਣੀ॥ ਏਕੁ ਨਿਰਾਲਮੁ ਅਕਥ ਕਹਾਣੀ ॥**)

{ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥
ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥
ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥੨॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥}

(ਅੰਗ - ੮੭੮-੮੭੯)

{ਪੋਥੀ ਪਰਮੇਸਰ ਕਾ ਥਾਨੁ ॥ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥
ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥

ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥
ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥੨॥੯੦॥੧੧੩॥}

(ਅੰਗ - ੧੨੨੬)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ, ਉਨ੍ਹਾਂ ਨੇ ਉਸ ਨੂੰ ਉਸ ਦੀ ਬਾਣੀ ਦੇ ਰੂਪ ਵਿਚ ਹੀ ਜਾਣਿਆ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ ਦਿੱਤੇ ਹੋਏ ਬ੍ਰਹਮਗਿਆਨ ਦੇ ਰੂਪ ਵਿਚ ਹੈ ਤੇ ਇਸੇ ਲਈ ਪ੍ਰਮਾਤਮਾ ਆਪ ਹੀ ਗੁਰੂ ਹੈ, ਸ਼ਬਦ ਰੂਪ ਵਿਚ ਗੁਰੂ ਹੈ ਭਾਵ ਸ਼ਬਦ ਦੇ ਗਿਆਨ ਦੇ ਰੂਪ ਵਿਚ ਗੁਰੂ ਹੈ, ਬ੍ਰਹਮਗਿਆਨ ਦੇ ਰੂਪ ਵਿਚ ਗੁਰੂ ਹੈ। ਜੋ ਵੀ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੁੰਦਾ ਹੈ ਉਹ ਪ੍ਰਮਾਤਮਾ ਦਾ ਰੂਪ ਬਣਕੇ ਹੀ ਪ੍ਰਵਾਨ ਹੁੰਦਾ ਹੈ,

38/4662

ਉਸਦਾ ਸਬਦੁ ਰੂਪ ਬਣਕੇ ਹੀ ਪ੍ਰਵਾਨ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਪ੍ਰਵਾਨ ਹੋਏ ਹਨ। ਜਿਸ ਨੂੰ ਵੀ ਪ੍ਰਮਾਤਮਾ ਆਪਣਾ ਰੂਪ ਬਣਾ ਕੇ ਪ੍ਰਵਾਨ ਕਰਦਾ ਹੈ ਉਸ ਨੂੰ ਮਨ ਦੇ ਵਿਚ ਸੱਚੀ ਸੋਝੀ, ਸੱਚਾ ਗਿਆਨ ਆਪ ਹੀ ਦਿੰਦਾ ਹੈ। ਉਹ ਆਪ ਹੀ ਪੂਰਾ ਗੁਰੂ ਹੈ। ਇਸ ਗੱਲ ਨੂੰ ਕੇਵਲ **"ਗਿਆਨੁ ਧਿਆਨੁ"** ਦੀ ਅਵਸਥਾ ਦੁਆਰਾ ਜਾਣਿਆ ਜਾ ਸਕਦਾ ਹੈ ਕਿਉਂਕਿ ਮਨ ਦੀ ਇਸ ਅਵਸਥਾ ਦੁਆਰਾ ਹੀ ਮਨ ਦੇ ਵਿਚ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ, ਜੋਤਿ ਰੂਪ ਨਾਲ ਇੱਕ ਹੋਇਆ ਜਾ ਸਕਦਾ ਹੈ। (**ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥**)

ਜਿਵੇਂ ਕਿ ਅਸੀਂ ਉਪਰ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਗਿਆਨ ਧਿਆਨ ਦੇ ਰੂਪ ਵਿਚ ਹੈ ਜਿਸ ਰੂਪ ਰਾਹੀਂ ਉਸਨੇ ਆਪ ਗੁਰਬਾਣੀ ਦੀ ਰਚਨਾ ਕੀਤੀ ਹੈ, ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਵਿਸ਼ਵਾਸ ਕਰਕੇ ਜਾਣੀਏ ਕਿ ਜੋ ਰੂਪ ਪ੍ਰਮਾਤਮਾ ਦਾ ਗੁਰਬਾਣੀ ਸਾਨੂੰ ਸਮਝਾ ਰਹੀ ਹੈ ਉਹ ਪੂਰਨ ਸੱਚ ਹੈ ਉਹ ਕਦੇ ਬਦਲ ਨਹੀਂ ਸਕਦਾ।

"ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥
ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥੩॥ ਭਾਉ ਭਗਤਿ ਗੁਰਮਤੀ ਪਾਏ ॥
ਹਉਮੈ ਵਿਚਹੁ ਸਬਦਿ ਜਲਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਸਚਾ ਨਾਮੁ ਮੰਨਿ ਵਸਾਏ ॥੪॥"

(ਅੰਗ ੧੩੪੨-੧੩੪੩)

ਉਪਰ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਨੂੰ ਪ੍ਰਮਾਤਮਾ ਦਾ ਉਹ ਕਿਹੜਾ ਰੂਪ ਸਮਝਾਇਆ ਹੈ ਜਿਸ ਰੂਪ ਵਿਚ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ। ਬੜਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਉਹ **"ਨਰਹਰਿ ਨਿਰਬਾਣੀ"** ਭਾਵ ਪ੍ਰਮਾਤਮਾ ਸਾਡੇ ਅੰਦਰ **"ਗਿਆਨੁ ਧਿਆਨੁ"** ਦੇ ਰੂਪ ਵਿਚ ਹੈ। (**ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥**) ਪ੍ਰਮਾਤਮਾ ਦੇ ਇਸ ਰੂਪ ਨੂੰ ਭਾਵ ਨਿਰੰਕਾਰ ਰੂਪ ਨੂੰ, ਨਿਰਗੁਣ ਰੂਪ ਨੂੰ ਭਾਵ **"ਗਿਆਨੁ"** ਰੂਪ ਨੂੰ ਕੇਵਲ ਉਹੀ ਜਾਣ ਸਕਦਾ ਹੈ ਜਿਸ ਨੇ ਸਤਿਗੁਰ ਰੂਪ ਪ੍ਰਮਾਤਮਾ ਨੂੰ, ਬਾਣੀ ਦੇ ਰਚਨਹਾਰ ਪ੍ਰਮਾਤਮਾ ਨੂੰ ਭੇਟਿਆ ਹੈ ਭਾਵ ਜਿੰਨ੍ਹਾਂ ਦਾ ਉਸ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ। ਉਸ ਗੁਰੂ ਰੂਪ

38/4663

ਪ੍ਰਮਾਤਮਾ ਦੇ ਨਾਲ ਭੇਟ ਹੋਏ ਬਿਨਾ ਕੋਈ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ। (**ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥**)

ਪ੍ਰਮਾਤਮਾ ਨੂੰ ਪਾਉਣ ਵਾਲਿਆਂ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ ਤੇ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਵੀ ਬਹੁਤ ਹਨ ਪਰ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ। ਜੋ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ, ਉਸ ਦੇ ਨਾਲ ਭੇਟ ਕਰਨ ਦੁਆਰਾ ਜਾਣ ਲੈਂਦਾ ਹੈ ਉਹ ਫਿਰ ਕਦੇ ਗਿਆਨ ਦਾ ਅਹੰਕਾਰ

ਨਹੀਂ ਕਰ ਸਕਦਾ ਕਿ ਉਸ ਨੂੰ ਧਰਮ ਦੀ ਬੜੀ ਸਮਝ ਹੈ। ਮਨ ਦੀ ਅਗਿਆਨਤਾ ਕਰਕੇ ਹੀ ਕੋਈ ਆਪਣੇ ਆਪ ਨੂੰ ਉੱਚਾ ਅਖਵਾ ਸਕਦਾ ਹੈ ਕਿਉਂਕਿ ਹਰ ਕੋਈ ਅਗਿਆਨਤਾ ਦੇ ਰੂਪ ਵਿਚ ਮਨ ਦੇ ਬੰਧਨ ਵਿਚ ਹੈ, ਹਉਮੈ ਰੂਪ ਬੰਧਨ ਵਿਚ ਹੈ ਤੇ ਮਨ ਦੇ ਬੰਧਨ ਵਿਚ ਰਹਿੰਦੇ ਹੋਏ ਹੀ ਕੋਈ ਆਪਣੇ ਆਪ ਨੂੰ ਵਿਦਵਾਨ ਆਦਿ ਅਖਵਾ ਸਕਦਾ ਹੈ ਤੇ ਆਪਣੀ ਮਤਿ ਦਾ ਅਹੰਕਾਰ ਕਰ ਸਕਦਾ ਹੈ। ਉਸ ਗਿਆਨ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਦ ਕੋਈ ਆਪਣੇ ਆਪ ਨੂੰ ਪੰਡਿਤ, ਗਿਆਨੀ ਆਦਿ ਅਖਵਾ ਲਵੇ ਇਹ ਨਹੀਂ ਹੋ ਸਕਦਾ। ਹਰ ਕੋਈ ਹਉਮੈ ਦੇ ਬੰਧਨ ਵਿਚ ਹੀ ਹੈ। ਮਨ ਦੀ ਹਉਮੈ ਤੋਂ ਮੁਕਤ ਸਾਨੂੰ ਮਨ ਦਾ ਗਿਆਨ ਹੀ ਕਰਦਾ ਹੈ ਜੋ ਗਿਆਨ ਮਨ ਦੇ ਵਿਚ ਉਸ ਜਗਤ ਗਿਆਨੀ ਪ੍ਰਮਾਤਮਾ ਕੋਲੋਂ ਮਨ ਦੇ ਵਿਚ ਉਸ ਦੇ ਨਾਲ ਭੇਟ ਹੋਣ ਦੁਆਰਾ ਹੀ ਮਿਲਦਾ ਹੈ। **(ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥)** ਅੰਗ - ੪੧੩

{ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥
ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥
ਅੰਨਾ ਬੋਲਾ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥
ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ ਨਾਨਕ ਪੂਰਬਿ ਲਿਖਿਆ ਕਮਾਇ ॥੨॥}

(ਅੰਗ - ੩੧੪)

ਆਪਣੀ ਮਤਿ ਦਾ ਅਹੰਕਾਰ ਕੋਈ ਤਦ ਤਕ ਹੀ ਕਰ ਸਕਦਾ ਹੈ ਜਦ ਤਕ ਕੋਈ ਆਪਣੇ ਅੰਦਰੋਂ ਉਸ ਮਤਿ ਦੇ ਮਾਲਕ ਨੂੰ ਜਾਣ ਨਹੀਂ ਲੈਂਦਾ। ਆਪਣੀ ਮਤਿ ਵਿਚ ਰਹਿੰਦੇ ਹੋਏ ਹਰ ਕੋਈ ਅਗਿਆਨੀ ਹੈ, ਦੁਰਮਤਿ ਵਿਚ ਹੈ ਤੇ ਝੂਠੇ ਅਹੰਕਾਰ ਵਿਚ ਹੈ ਜਿਸਦੇ ਰਹਿੰਦਿਆਂ ਕੋਈ ਵੀ ਪ੍ਰਮਾਤਮਾ ਦੇ ਦਰ ਤੇ ਕਬੂਲ ਨਹੀਂ ਹੋ ਸਕਦਾ ਜੋ ਉਸ

ਦਾ ਦਰ ਸਾਡੇ ਅੰਦਰ ਹੀ ਹੈ। ਗੁਰਮਤਿ ਰੂਪ ਸੱਚਾ ਗਿਆਨ ਵੀ ਮਨ ਦੇ ਵਿਚੋਂ ਹੀ ਆਇਆ ਹੈ ਜੋ ਪੂਰੀ ਗੁਰਬਾਣੀ ਵਿਚ ਦਰਜ ਹੈ ਤੇ ਉਸ ਮਤਿ ਨਾਲ ਜੁੜੇ ਬਿਨਾ ਅਸੀਂ ਪ੍ਰਮਾਤਮਾ ਦੇ ਸੱਚੇ ਦਰ ਤੇ ਕਬੂਲ ਨਹੀਂ ਹੋ ਸਕਦੇ ਤੇ ਆਪਣੇ ਮਨ ਦੀ ਅਗਿਆਨਤਾ ਨੂੰ ਨਾ ਛੱਡਣ ਕਰਕੇ ਹੀ ਅਸੀਂ ਸੰਸਾਰਿਕ ਆਵਾਗਉਣ ਵਿਚ ਰਹਿੰਦੇ ਹਾਂ। ਇਹੀ ਗੱਲ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਆਪਣੀ ਮਤਿ ਦਾ ਅਹੰਕਾਰ ਬਹੁਤ ਮਾੜਾ ਹੈ, ਬਹੁਤ ਜਿਆਦਾ ਮਾੜਾ ਹੈ ਜਿਸ ਵਿਚੋਂ ਨਿਕਲਣ ਦੀ ਜਰੂਰਤ ਹੈ। ਹਰ ਕਿਸੇ ਨੂੰ ਨਿਕਲਣ ਦੀ ਲੋੜ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਸੱਚਾ ਗੁਰੂ ਭਾਵ ਪ੍ਰਮਾਤਮਾ ਸਾਰੇ ਸੰਸਾਰ ਨੂੰ ਇਕੋ ਜਿਹੀ ਸੱਚੀ ਮਤਿ ਹੀ ਸਮਝਾਉਂਦਾ ਹੈ ਜੋ ਸਾਨੂੰ ਸਭ ਨੂੰ ਸੱਚੇ ਸੁੱਚੇ ਇਨਸਾਨ ਬਨਾਉਣ ਲਈ ਹੀ ਹੈ ਤੇ ਉਹ ਅਸੀਂ ਤਾਂ ਹੀ ਬਣ ਸਕਾਂਗੇ ਜਦੋਂ ਅਸੀਂ ਆਪਣੀ ਆਪਣੀ ਮਤਿ ਦਾ ਅਹੰਕਾਰ ਛੱਡ ਦਿਆਂਗੇ।

ਉਸ ਸਤਿਗੁਰ ਰੂਪ ਪ੍ਰਮਾਤਮਾ ਨੂੰ ਭੇਟੇ ਬਿਨਾ ਨਾ ਹੀ ਕੋਈ ਅਗਿਆਨਤਾ ਤੋਂ ਮੁਕਤ ਹੋ ਸਕਦਾ ਹੈ ਤੇ ਨਾ ਹੀ ਕੋਈ ਨਾਮ ਦੀ ਪ੍ਰਾਪਤੀ ਕਰ ਸਕਦਾ ਹੈ। ਨਾਮ ਦੀ ਪ੍ਰਾਪਤੀ ਗਿਆਨੁ ਧਿਆਨੁ ਦੀ ਅਵਸਥਾ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਹਰ ਭਰਮ ਤੋਂ ਮੁਕਤ ਹੁੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸਤਿਗੁਰ ਨੂੰ ਭੇਟਣ ਦਾ ਮਕਸਦ ਕੀ ਹੈ। ਜੋ ਸਤਿਗੁਰ ਸਾਡੇ ਅੰਦਰ ਹੈ, ਜਿਸ ਰੂਪ ਵਿਚ ਉਹ ਸਾਡੇ ਅੰਦਰ ਹੈ ਆਪਣੇ ਉਸੇ ਰੂਪ ਵਿਚ ਉਹ ਪੂਰੀ ਗੁਰਬਾਣੀ ਦੇ ਰੂਪ ਵਿਚ ਸਤਿਗੁਰੂ ਹੈ।

“ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥ ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥ ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥”

(ਅੰਗ - ੯੪੬)

ਉਸ ਸਤਿਗੁਰ ਰੂਪ ਪ੍ਰਮਾਤਮਾ ਨਾਲ ਭੇਟ ਨਿਰਗੁਣ ਰੂਪ ਵਿਚ ਹੁੰਦੀ ਹੈ ਜੋ ਕਿ ਮਨ ਦੇ ਵਿਚ ਹੀ ਹੁੰਦੀ ਹੈ, ਮਨ ਦੇ ਵਿਚਾਰਾਂ ਵਿਚ

38/4665

ਹੁੰਦੀ ਹੈ। ਸਤਿਗੁਰੂ ਨਾਲ ਭੇਟ ਕਰਨ ਤੋਂ ਪਹਿਲੇ ਸਾਡੇ ਮਨ ਦੇ ਵਿਚਾਰ ਅਨੇਕਾਂ ਭਰਮਾਂ ਵਿਚ ਹੁੰਦੇ ਹਨ। ਸਤਿਗੁਰ ਸ਼ਬਦ ਦੇ ਵਿਚਾਰਾਂ ਦੇ ਰੂਪ ਵਿਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ। ਮਨ ਦੇ ਵਿਚ ਸ਼ਬਦ ਦੇ ਵਿਚਾਰਾਂ ਦੇ ਨਾਲ ਭੇਟ ਦੁਆਰਾ ਸਾਡੇ ਮਨ ਦੇ ਵਿਚਾਰ ਭਰਮਾਂ ਤੋਂ ਹੀ ਮੁਕਤ ਹੁੰਦੇ ਹਨ, ਹਉਮੈ ਵਾਲੇ ਵਿਚਾਰਾਂ ਤੋਂ ਮੁਕਤ ਹੁੰਦੇ ਹਨ। ਪੂਰੀ ਗੁਰਬਾਣੀ ਵਿਚ ਸਤਿਗੁਰ ਸ਼ਬਦ ਦੇ ਵਿਚਾਰਾਂ ਦੇ ਰੂਪ ਵਿਚ ਹੈ ਜਿੰਨਾ ਦਾ ਮਕਸਦ ਸਾਨੂੰ ਹਉਮੈ ਵਾਲੇ ਵਿਚਾਰਾਂ ਤੋਂ ਮੁਕਤ ਕਰਨ ਦਾ ਹੀ ਹੈ। ਜਿੰਨਾ ਨੇ ਪਹਿਲੇ ਮਨ ਦੇ ਵਿਚ ਮੁਕਤੀ ਪਾਈ ਹੈ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਮੁਕਤੀ ਦਾ ਮਾਰਗ ਦਿਖਾਇਆ ਹੈ। ਸਤਿਗੁਰ ਨੂੰ ਭੇਟਣ ਦੁਆਰਾ ਜੋ ਸਾਨੂੰ ਮਨ ਦੇ ਵਿਚ ਵਿਚਾਰ ਮਿਲਦੇ ਹਨ ਉਹ ਵਿਚਾਰ ਹੀ ਸਾਨੂੰ ਹਉਮੈ ਤੋਂ ਮੁਕਤ ਕਰਦੇ ਹਨ। ਗੁਰੂ ਰੂਪ ਪਰਮਾਤਮਾ ਕੋਲੋਂ ਜੋ ਵਿਚਾਰ ਮਿਲਦੇ ਹਨ ਉਹ ਨਾਮ ਵਾਲੇ ਵਿਚਾਰ ਹੁੰਦੇ ਹਨ ਭਾਵ ਬ੍ਰਹਮਗਿਆਨ ਰੂਪ ਵਿਚਾਰ ਹੁੰਦੇ ਹਨ ਜੋ ਸਾਨੂੰ ਭਰਮ ਵਾਲੇ ਵਿਚਾਰਾਂ ਤੋਂ ਮੁਕਤ ਕਰਦੇ ਹਨ। (**ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥ ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥**) ਨਾਮ ਦੀ ਪ੍ਰਾਪਤੀ ਮਨ ਦੇ ਵਿਚ ਹੀ ਹੁੰਦੀ ਹੈ, ਪਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤਕ ਕੋਈ ਨਾਮ ਦੀ ਪ੍ਰਾਪਤੀ ਦੁਆਰਾ ਮੁਕਤ ਨਹੀਂ ਹੁੰਦਾ ਭਾਵ ਜਦ ਤਕ ਕੋਈ ਆਪਣੇ ਅੰਦਰੋਂ ਪਰਮਾਤਮਾ ਨੂੰ ਨਹੀਂ ਜਾਣਦਾ ਤਦ ਤਕ ਮਨੁੱਖ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦਾ ਭਾਵ ਪਰਮਾਤਮਾ ਦੇ ਨਾਲ ਮੇਲ ਦੇ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦਾ ਤੇ ਮਨੁੱਖ ਸੰਸਾਰ ਦੇ ਦੁੱਖਾਂ ਵਿਚ ਹੀ ਰਹਿੰਦਾ ਹੈ, ਪਰਮਾਤਮਾ ਨਾਲੋਂ ਵਿਛੋੜੇ ਦੇ ਦੁੱਖ ਵਿਚ ਹੀ ਰਹਿੰਦਾ ਹੈ, ਹਉਮੈ ਰੂਪ ਦੁੱਖ ਵਿਚ ਹੀ ਰਹਿੰਦਾ ਹੈ, ਮਾਇਆ ਮੋਹ ਦੇ ਦੁੱਖਾਂ ਵਿਚ ਹੀ ਰਹਿੰਦਾ ਹੈ, ਆਵਾਗਉਣ ਦੇ ਦੁੱਖ ਵਿਚ ਹੀ ਰਹਿੰਦਾ ਹੈ ਭਾਵ ਆਪਣਾ ਜੀਵਨ ਵਿਅਰਥ ਹੀ ਗਵਾਉਂਦਾ ਹੈ। (**ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥**) ਸਾਡੇ ਦੁੱਖਾਂ ਦਾ ਕਾਰਣ ਸਤਿਗੁਰ ਦੇ ਨਾਲ ਭੇਟ ਨਾ ਹੋਣਾ ਹੈ ਤੇ ਭੇਟ ਨਾ ਹੋਏ ਬਿਨਾ ਸਾਡੇ ਦੁੱਖਾਂ ਦਾ ਕਾਰਣ ਕਿਸ ਰੂਪ ਵਿਚ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥”

ਸਤਿਗੁਰ ਨਾਲ ਭੇਟ ਤਾਂ ਅਸੀਂ ਸਾਰੇ ਹੀ ਕਰਦੇ ਹਾਂ ਜੋ ਕਿ ਆਕਾਰ ਰੂਪ ਵਿਚ ਕਰਦੇ ਹਾਂ, ਗੁਰੂ ਦੇ ਆਕਾਰ ਰੂਪ ਨੂੰ ਦੇਖਦੇ ਹਾਂ ਤੇ ਉਸਨੂੰ

38/4666

ਮੱਥਾ ਵੀ ਟੇਕਦੇ ਹਾਂ ਪਰ ਇਸ ਤਰੀਕੇ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਦੁੱਖ ਦੂਰ ਨਹੀਂ ਹੋ ਸਕਦਾ। ਉਪਰ ਪੰਗਤੀ ਰਾਹੀਂ ਗੁਰੂ ਨੂੰ ਭੇਟਣ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਗੁਰੂ ਨੂੰ ਭੇਟਣ ਦਾ ਮਕਸਦ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਪਹਿਲੇ ਇਹ ਸਮਝੀਏ ਕਿ ਗੁਰੂ ਸਾਡਾ ਕਿਸ ਰੂਪ ਵਿਚ ਗੁਰੂ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਗੁਰੂ ਦੇ ਬਚਨ ਸਾਡਾ ਗੁਰੂ ਹਨ, ਗੁਰੂ ਦੀ ਸਿੱਖਿਆ ਸਾਡਾ ਗੁਰੂ ਹੈ, ਗੁਰੂ ਦਾ ਗਿਆਨ ਸਾਡਾ ਗੁਰੂ ਹੈ। ਗੁਰੂ ਦੀ ਸਿੱਖਿਆ ਆਕਾਰ ਰੂਪ ਨਹੀਂ ਹੈ ਬਲਕਿ ਨਿਰੰਕਾਰ ਰੂਪ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੈ। ਅਸੀਂ ਗੁਰੂ ਦੇ ਇਸ ਰੂਪ ਨਾਲ ਭੇਟ ਕਰਨੀ ਹੈ ਜੋ ਭੇਟ ਸਾਡੇ ਮਨ ਨੇ ਹੀ ਕਰਨੀ ਹੈ, ਮਨ ਦੇ ਵਿਚਾਰਾਂ ਨੇ ਕਰਨੀ ਹੈ ਭਾਵ ਸਾਡੇ ਭਰਮ ਵਾਲੇ ਵਿਚਾਰਾਂ ਨੇ, ਹਉਮੈ ਵਾਲੇ ਵਿਚਾਰਾਂ ਨੇ ਗੁਰੂ ਦੀ ਸਿਖਿਆ ਦੇ ਨਾਲ ਭੇਟ ਕਰਨੀ ਹੈ, ਸ਼ਬਦ ਦੇ ਵਿਚਾਰਾਂ ਦੇ ਨਾਲ ਭੇਟ ਕਰਨੀ ਹੈ, ਸਾਡੀ ਸੁਰਤਿ ਦੇ ਵਿਚਾਰਾਂ ਨੇ ਸ਼ਬਦ ਦੇ ਵਿਚਾਰਾਂ ਦੇ ਨਾਲ ਭੇਟ ਕਰਨੀ ਹੈ। ਜੇਕਰ ਅਸੀਂ ਇਹੋ ਜਿਹੀ ਭੇਟ ਕਰਾਂਗੇ ਤਾਂ ਫਿਰ ਸਾਡੇ ਮਨ ਦੇ ਵਿਚਾਰ ਮਨਮਤਿ ਵਾਲੇ ਵਿਚਾਰਾਂ ਨੂੰ ਛੱਡ ਕੇ ਗੁਰੂ ਦੇ ਵਿਚਾਰਾਂ ਵਾਲੇ ਬਣ ਜਾਣਗੇ ਭਾਵ ਗੁਰੂ ਦੇ ਬਚਨਾਂ ਨੂੰ ਮੰਨ ਕੇ ਗੁਰੂ ਦੇ ਬਚਨਾਂ ਵਾਲੇ ਵਿਚਾਰ ਬਣ ਜਾਣਗੇ। ਗੁਰੂ ਨੂੰ ਭੇਟਣ ਦਾ ਮਕਸਦ ਆਪਣੇ ਅੰਦਰ ਦੇ ਹਉਮੈ ਵਾਲੇ ਵਿਚਾਰਾਂ ਨੂੰ, **“ਗਰਬਿ”** ਵਾਲੇ ਵਿਚਾਰਾਂ ਨੂੰ ਛੱਡਣ ਦਾ ਹੀ ਹੈ, ਆਪਣੇ ਅਗਿਆਨਤਾ ਵਾਲੇ ਵਿਚਾਰਾਂ ਨੂੰ ਛੱਡਣ ਦਾ ਹੀ ਹੈ ਭਾਵ ਮਨ ਦਾ **“ਗੁਬਾਰਿ”** ਛੱਡਣ ਦਾ ਹੀ ਹੈ। ਜੇਕਰ ਅਸੀਂ ਆਪਣੇ ਇਹੋ ਜਿਹੇ ਮਾੜੇ ਵਿਚਾਰ ਨਹੀਂ ਛੱਡਦੇ, ਸੁਰਤਿ ਦੇ ਵਿਚਾਰ ਨਹੀਂ ਛੱਡਦੇ ਫਿਰ ਇਸ ਦਾ ਮਤਲਬ ਇਹ ਹੈ ਕਿ ਅਸੀਂ ਸਤਿਗੁਰ ਨੂੰ ਨਹੀਂ ਭੇਟਿਆ ਭਾਵ ਗੁਰੂ ਦੀ ਸਿਖਿਆ ਨੂੰ ਨਹੀਂ ਭੇਟਿਆ। ਕੇਵਲ ਆਕਾਰ ਰੂਪ ਨੂੰ ਭੇਟਣਾ ਗੁਰੂ ਨੂੰ ਭੇਟਣਾ ਨਹੀਂ ਹੈ। ਗੁਰੂ ਦੀ ਗੱਲ ਨੂੰ ਕੇਵਲ ਪੜੀ ਸੁਣੀ ਜਾਣਾ ਵੀ ਗੁਰੂ ਨੂੰ ਭੇਟਣਾ ਨਹੀ ਹੈ। ਗੁਰੂ ਦੀ ਗੱਲ ਨੂੰ, ਗੁਰੂ ਦੇ ਬਚਨਾਂ ਨੂੰ ਸੁਣ ਕੇ ਮੰਨਣਾ ਹੀ ਗੁਰੂ ਨੂੰ ਭੇਟਣਾ ਹੈ। (**ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥**)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ - ੮੭੮)

38/4667

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ - ੫੯੪)

{ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥}

(ਅੰਗ - ੭੯੮)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

ਉਹ ਸਤਿਗੁਰ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸ ਨਾਲੋਂ ਦੂਰੀ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਮਨਮਤਿ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ, ਭਰਮ ਹੈ ਤੇ ਮਨ ਦੀ ਇਹ ਅਵਸਥਾ ਹੀ ਸਾਡੀ ਪਰਮਾਤਮਾ ਨਾਲੋਂ ਦੂਰੀ ਦੀ ਵਜਾ ਹੈ। ਗੁਰੂ ਨੂੰ ਭੇਟਣ ਦਾ ਮਕਸਦ ਮਨ ਦੀ ਇਸ ਅਵਸਥਾ ਵਿਚੋਂ ਨਿਕਲਣ ਦਾ ਹੀ ਹੈ ਭਾਵ ਭਰਮਾਂ ਵਿਚੋਂ ਨਿਕਲਣ ਦਾ ਹੀ ਹੈ। ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ ਫਿਰ ਤਾਂ ਹੀ ਭਰਮਾਂ ਵਿਚੋਂ ਨਿਕਲਾਂਗੇ ਨਹੀਂ ਤਾਂ ਸਾਡੇ ਅੰਦਰ ਭਰਮ ਰੂਪ ਪਰਦਾ ਉਸੇ ਤਰਾਂ ਬਣਿਆ ਰਹੇਗਾ ਤੇ ਸਾਡੀ ਪਰਮਾਤਮਾ ਨਾਲੋਂ ਦੂਰੀ ਵੀ ਉਸੇ ਤਰਾਂ ਬਣੀ ਰਹੇਗੀ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਭਰਮਾਂ ਵਿਚੋਂ ਨਿਕਲੇ ਬਿਨਾ, ਅਗਿਆਨਤਾ ਵਿਚੋਂ ਨਿਕਲੇ ਬਿਨਾ ਅਸੀਂ ਗੁਰੂ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਦੇ ਨਹੀਂ ਕਰ ਸਕਦੇ ਜੋ ਗੁਰੂ ਸਾਡੇ ਅੰਦਰ ਹੀ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਆਪਣਾ ਇਹੋ ਸੱਚਾ ਉਦਮ ਸਮਝੀਏ ਕਿ ਅਸੀਂ ਗੁਰੂ ਦੇ ਬਚਨਾਂ ਨੂੰ ਮੰਨਣਾ ਹੈ ਤੇ ਭਰਮਾਂ ਵਿਚੋਂ ਨਿਕਲਣਾ ਹੈ ਤਾਂ ਜੋ ਅਸੀਂ ਉਸ ਸਤਿਗੁਰ ਦੇ ਨਾਲ ਮੇਲ ਕਰ ਸਕੀਏ ਜੋ ਕਿ ਹਰ ਵੇਲੇ ਸਾਡੇ ਅੰਦਰ ਹੀ ਹੈ ਤੇ ਮਨ ਦੇ ਭਰਮਾਂ ਕਰਕੇ, ਮਨ ਦੇ ਪਰਦੇ ਕਰਕੇ ਉਸਨੂੰ ਜਾਣ ਨਹੀਂ ਸਕਦੇ।

"ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥"

(ਅੰਗ - ੪੦)

38/4668

ਉਪਰ ਸਭ ਤੋਂ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਉਹ ਸਤਿਗੁਰ ਕਿਹੜੀ ਜਗ੍ਹਾ ਹੈ ਜਿਸ ਦੇ ਨਾਲ ਅਸੀਂ ਮੇਲ

ਕਰਨਾ ਹੈ, ਭੇਟ ਕਰਨੀ ਹੈ। ਸਤਿਗੁਰ ਤਾਂ ਇਕੋ ਹੀ ਹੈ ਜੋ ਸਭ ਦੇ ਅੰਦਰ ਬੈਠਾ ਹੈ ਭਾਵ ਸਭ ਦੇ ਨਾਲ ਹੀ ਬੈਠਾ ਹੈ ਭਾਵ ਸਾਡੇ ਮਨ ਰੂਪ ਘਰ ਦੇ ਵਿਚ ਹੀ ਹੈ ਜੋ ਕਿ ਬੜੇ ਵੱਡੇ ਭਾਗਾਂ ਦੇ ਨਾਲ ਹੀ ਮਿਲਦਾ ਹੈ। (**ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥**) ਸਤਿਗੁਰ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਜਿਸ ਘਰ ਦੇ ਵਿਚ ਭਾਵ ਮਨ ਦੇ ਵਿਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਲੈਂਦਾ ਹੈ ਉਸ ਮਨ ਦੇ ਵਿਚ ਆਪਣੀ ਜੋਤਿ ਰਾਹੀਂ ਭਾਵ **"ਜੋਤਿ"** ਦੇ ਗਿਆਨ ਦੇ ਰਾਹੀਂ ਉਹ ਆਪਣਾ **"ਸਤਿਗੁਰ"** ਰੂਪ ਪ੍ਰਗਟ ਕਰ ਲੈਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਗਟ ਕੀਤਾ ਹੈ। ਆਪਣਾ ਇਹ ਰੂਪ ਪ੍ਰਗਟ ਕਰਨ ਦੁਆਰਾ ਹੀ ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ, ਬ੍ਰਹਮਗਿਆਨ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਆਪ ਹੀ ਆਪਣੇ ਸੱਚੇ ਗਿਆਨ ਦੇ ਰੂਪ ਵਿਚ, ਸ਼ਬਦਾਂ ਦੀ ਸੋਝੀ ਦੇ ਰੂਪ ਵਿਚ ਸਤਿਗੁਰੂ ਹੈ। (**ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ॥**) ਅੰਗ ੧੨੦

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ - ੪੫੬)

ਜਿਸ ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਸਤਿਗੁਰੁ ਦੇ ਰੂਪ ਵਿਚ ਹੈ ਆਪਣੇ ਉਸੇ ਸਤਿਗੁਰੁ ਰੂਪ ਵਿਚ ਉਹ ਪੂਰੀ ਗੁਰਬਾਣੀ ਵਿਚ ਹੈ ਤੇ ਆਪਣੇ ਉਸੇ ਸਤਿਗੁਰੁ ਰੂਪ ਵਿਚ ਭਾਵ ਗਿਆਨ ਰੂਪ ਵਿਚ ਉਹ ਹਰ ਵਸਤੂ ਦੇ ਅੰਦਰ ਸਮਾਇਆ ਹੋਇਆ ਹੈ, ਸਭ ਜਗ੍ਹਾ ਭਰਪੂਰ ਹੈ। (**ਅਨੰਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥**) ਅੰਗ ੯੨੨

ਜੋ ਸਤਿਗੁਰੁ ਰੂਪ ਪ੍ਰਮਾਤਮਾ ਸਭ ਜਗ੍ਹਾ ਭਰਪੂਰ ਹੈ ਉਹ ਸਾਡੇ ਸਭ ਦੇ ਅੰਦਰ ਹੀ ਹੈ ਪਰ ਬਿਨਾ ਭਾਗਾਂ ਤੋਂ ਉਸ ਨੂੰ ਕੋਈ ਨਹੀਂ ਪਾ ਸਕਦਾ ਭਾਵੇਂ ਉਹ ਹਰ ਵੇਲੇ

ਮਨ ਦੇ ਵਿਚਾਰਾਂ ਰਾਹੀਂ ਸਾਡੇ ਨਾਲ ਹੀ ਹੈ। (**ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥**) ਪ੍ਰਮਾਤਮਾ ਭਾਵੇਂ ਹਰ ਵੇਲੇ ਸਾਡੇ ਨਾਲ ਹੈ ਪਰ ਉਸ ਦੇ ਨਾਲ ਮੇਲ ਤੋਂ ਬਿਨਾ ਹਰ ਕੋਈ ਅਭਾਗਾ ਹੈ। ਸਾਡੇ ਅਭਾਗੇ ਹੋਣ ਦਾ ਕਾਰਨ ਕੀ ਹੈ, ਮਨ ਦੇ ਵਿਚ ਸਤਿਗੁਰ ਦੇ ਨਾਲ ਮੇਲ ਨਾ ਹੋਣ ਦਾ ਕਾਰਨ, ਉਸ ਦੇ ਨਾਲ ਭੇਟ ਨਾ ਹੋਣ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਅਤੇ ਕੇਵਲ ਤੇ ਕੇਵਲ ਗੱਲ ਸਤਿਗੁਰੁ ਤੇ ਵਿਸ਼ਵਾਸ ਰੱਖਣ ਦੀ ਹੈ ਕਿ ਉਸਨੇ ਜੋ ਕੁਝ ਗੁਰਬਾਣੀ ਵਿਚ ਉਚਾਰਿਆ ਹੋਇਆ ਹੈ, ਸੰਸਾਰ ਨੂੰ ਸਮਝਾਇਆ ਹੋਇਆ ਹੈ ਉਹ ਸੱਚ ਹੈ।

"ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥"

ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਕਿ ਸਾਡੀ ਪ੍ਰਮਾਤਮਾ ਦੇ ਨਾਲੋਂ ਦੂਰੀ ਮਨ ਦੇ ਵਿਚ ਪਏ ਹੋਏ ਪੜਦੇ ਦੇ ਕਾਰਨ ਹੈ। ਮਨ ਦਾ ਇਹ ਪੜਦਾ ਸਾਡੇ ਅੰਦਰ ਮਨ ਦੇ **"ਭਰਮੁ"** ਦੇ ਰੂਪ ਵਿਚ ਹੈ, ਮਨ ਦੀ ਅਗਿਆਨਤਾ ਦੇ ਰੂਪ ਵਿਚ ਹੈ ਜਿਸ ਕਰਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੇ ਵਿਚ ਹੀ ਹੈ ਤੇ ਮਨ ਦੇ ਵਿਚ ਇਹ ਵਿਛੋੜਾ ਹੀ ਸਾਡਾ ਅਸਲ **"ਦੁਖੁ"** ਹੈ ਜਿਸ ਵਿਛੋੜੇ ਦੇ ਦੁਖ ਵਿਚ ਪ੍ਰਮਾਤਮਾ ਨੇ ਹਰ ਕਿਸੇ ਨੂੰ ਰਖਿਆ ਹੋਇਆ ਹੈ, ਸਾਰੇ ਸੰਸਾਰ ਨੂੰ ਰਖਿਆ ਹੋਇਆ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਨਾਲੋਂ ਦੂਰੀ ਦਾ ਜੋ ਕਾਰਣ ਸਮਝਾਇਆ ਹੈ ਇਸ ਤੋਂ ਸਪਸ਼ਟ ਕਰਕੇ ਹੋਰ ਗੁਰੂ ਸਾਹਿਬ ਸਾਨੂੰ ਕੀ ਸਮਝਾਉਣ। ਕੇਵਲ ਸੱਚੇ ਗੁਰੂ ਤੇ ਭਾਵ ਪ੍ਰਮਾਤਮਾ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਉਸ ਨੇ ਜੋ ਸਾਨੂੰ ਸਮਝਾਇਆ ਹੈ ਉਹ ਸੱਚ ਹੈ। ਬਾਰ ਬਾਰ ਬਾਣੀ ਰਾਹੀਂ ਸਾਨੂੰ ਇਹ ਗੱਲ ਸਮਝਾਈ ਗਈ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ

ਹੈ, ਅੰਦਰ ਹੀ ਹੈ, ਅੰਦਰ ਹੀ ਹੈ। ਇਹ ਪੂਰਨ ਸੱਚ ਹੈ। ਭਰਮ ਸਾਡੇ ਅੰਦਰ ਹੈ ਜੋ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਣ ਦਿੰਦਾ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾ ਹਰ ਕੋਈ ਅਭਾਗਾ ਹੈ ਤੇ ਜਿਸਨੂੰ ਪ੍ਰਮਾਤਮਾ ਭਾਗਾਂ ਵਾਲਾ ਬਣਾਉਂਦਾ ਹੈ ਉਸਦੇ ਅੰਦਰੋਂ ਮਨ ਦੀ ਅਗਿਆਨਤਾ ਹੀ ਦੂਰ ਕਰਦਾ ਹੈ, ਮਨ ਦਾ ਭਰਮ ਹੀ ਦੂਰ ਕਰਦਾ ਹੈ। ਇਹ ਭਰਮ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ, ਮਨ ਦੀ ਸੋਝੀ ਦੇ ਰੂਪ ਵਿਚ, ਮਨ ਦੀ ਸਮਝ ਦੇ ਰੂਪ ਵਿਚ ਹੈ। ਮਨ ਦੀ ਇਹੋ ਜਿਹੀ ਸਮਝ ਦੇ ਵਿਚ ਰਹਿੰਦਿਆਂ ਹੋਇਆਂ ਕੋਈ ਨਹੀਂ ਜਾਣ ਸਕਦਾ ਕਿ

38/4670

ਪ੍ਰਮਾਤਮਾ ਸਾਡੇ ਅੰਦਰ ਹੈ ਜੋ ਕਿ ਮਨ ਦੇ ਗਿਆਨ ਦੇ ਮਾਲਕ ਦੇ ਰੂਪ ਵਿਚ ਹੈ ਤੇ ਉਹ ਗਿਆਨ ਦੇ ਰੂਪ ਵਿਚ ਆਪ ਹੀ ਗੁਰੂ ਹੈ, ਸਤਿਗੁਰੂ ਹੈ। ਜਿਸ ਨੂੰ ਮਨ ਦੇ ਭਰਮ ਵਿਚੋਂ ਕੱਢਦਾ ਹੈ ਉਹ ਗਿਆਨ ਦਾ ਮਾਲਕ ਆਪ ਹੀ ਉਸ ਦਾ ਭਰਮ ਰੂਪ ਪੜਦਾ ਖੋਲਦਾ ਹੈ, ਭਰਮ ਰੂਪ ਤਾਲਾ ਖੋਲਦਾ ਹੈ, ਆਪਣੀ ਗਿਆਨ ਰੂਪ ਕੁੰਜੀ ਦੇ ਨਾਲ ਅਗਿਆਨਤਾ ਦਾ ਤਾਲਾ ਖੋਲਦਾ ਹੈ ਜਿਸ ਦੁਆਰਾ ਉਸ ਨੂੰ ਮਨ ਦੇ ਵਿਚੋਂ ਹੀ ਉਹ ਆਪਣੇ ਗਿਆਨ ਰੂਪ, ਬ੍ਰਹਮਗਿਆਨ ਰੂਪ ਦੇ ਦਰਸ਼ਨ ਕਰਵਾਉਂਦਾ ਹੈ ਤੇ ਕਿਸੇ ਨੂੰ ਭਾਗਾਂ ਵਾਲਾ ਬਣਾਉਂਦਾ ਹੈ। ਪੂਰੀ ਗੁਰਬਾਣੀ ਵਿਚ ਸਤਿਗੁਰੂ ਪ੍ਰਮਾਤਮਾ ਆਪਣੇ ਗਿਆਨ ਰੂਪ ਵਿਚ ਹੈ ਜੋ ਗਿਆਨ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਜਿਸ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿਚੋਂ ਕੱਢਣ ਦਾ ਹੀ ਹੈ, ਮਨ ਦੇ ਭਰਮਾਂ ਵਿਚੋਂ ਕੱਢਣ ਦਾ ਹੀ ਹੈ ਤੇ ਮਨ ਦੇ ਭਰਮਾਂ ਵਿਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ, ਸ਼ਬਦ ਦੀ ਵਿਚਾਰ ਨੂੰ ਮੰਨਾਗੇ ਭਾਵ ਸ਼ਬਦ ਦੀ ਵਿਚਾਰ ਨੂੰ ਆਪਣੇ ਮਨ ਦੇ ਵਿਚਾਰਾਂ ਵਿਚ ਵਸਾਵਾਂਗੇ ਭਾਵ ਆਪਣੇ ਮਨਮਤਿ ਵਾਲੇ ਵਿਚਾਰਾਂ ਨੂੰ ਛਡਾਂਗੇ ਤੇ ਇਹੀ ਆਪਣੀ ਹਉਮੈ ਨੂੰ ਛੱਡਣਾ ਹੈ। ਸ਼ਬਦ ਦੀ ਵਿਚਾਰ ਨਾਮ ਹੈ ਤੇ ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਅਸੀਂ ਆਪਣੀ ਹਉਮੈ ਤੋਂ ਮੁਕਤ ਹੁੰਦੇ ਹਾਂ, ਭਰਮ ਤੋਂ, ਅਗਿਆਨਤਾ ਤੋਂ, ਮਨਮਤਿ ਤੋਂ ਮੁਕਤ ਹੁੰਦੇ ਹਾਂ। ਜਿਉਂ ਜਿਉਂ ਅਸੀਂ ਮਨ ਦੇ ਭਰਮਾਂ ਤੋਂ ਮੁਕਤ ਹੋਈ ਜਾਂਦੇ ਹਾਂ ਤਿਉਂ ਤਿਉਂ ਸਾਡੀ ਗੁਰੂ ਪ੍ਰਮਾਤਮਾ ਨਾਲੋਂ ਦੂਰੀ ਘਟਦੀ ਜਾਂਦੀ ਹੈ, ਭਰਮ ਦਾ ਪੜਦਾ ਖੁਲਦਾ ਜਾਂਦਾ ਹੈ ਭਾਵ ਅਸੀਂ ਗੁਰੂ ਪ੍ਰਮਾਤਮਾ ਦੇ ਨੇੜੇ ਲਗਦੇ ਜਾਂਦੇ ਹਾਂ ਜੋ ਕਿ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸੱਚਾ ਉਦਮ ਹੈ ਤੇ ਜੇਕਰ ਸਾਰਾ ਦਿਨ ਗੁਰੂ ਦੇ ਅਗੇ ਕੇਵਲ ਮੱਥੇ ਟੇਕੀ ਜਾਵਾਂਗੇ, ਸ਼ਬਦਾਂ ਨੂੰ ਪੜੀ ਸੁਣੀ ਜਾਵਾਂਗੇ ਤੇ ਉਹਨਾਂ ਨੂੰ ਮੰਨਾਂਗੇ ਨਹੀਂ ਤੇ ਕੀ ਉਸ ਨਾਲ ਸਾਡਾ ਕੋਈ ਭਰਮ ਦੂਰ ਹੋਵੇਗਾ, ਕੀ ਸਾਡੀ ਅਗਿਆਨਤਾ ਦੂਰ ਹੋਵੇਗੀ ਭਾਵ ਕੀ ਸਾਡੀ ਗੁਰੂ ਪਰਮਾਤਮਾ ਦੇ ਨਾਲੋਂ ਕੋਈ ਦੂਰੀ ਘੱਟੇਗੀ ਭਾਵ ਨਹੀਂ ਘੱਟੇਗੀ। ਜੇਕਰ ਅਸੀਂ ਸਾਰੀ ਜ਼ਿੰਦਗੀ ਸਮਾਧੀ ਲਗਾ ਕੇ ਜਪ ਤਪ ਕਰੀ ਜਾਈਏ, ਕਿਸੇ ਵੀ ਅੱਖਰ ਦਾ ਜਪ ਕਰੀ ਜਾਈਏ ਭਾਵ ਭਾਵੇਂ ਰਾਮ ਰਾਮ ਕਰੀ ਜਾਈਏ, ਭਾਵੇਂ ਅਲ੍ਹਾ ਅਲ੍ਹਾ ਕਰੀ ਜਾਈਏ, ਭਾਵੇਂ ਹਰਿ ਹਰਿ ਕਰੀ ਜਾਈਏ ਭਾਵੇਂ ਵਾਹਿਗੁਰੂ ਵਾਹਿਗੁਰੂ ਕਰੀ ਜਾਈਏ ਕੀ ਉਸ ਦੇ ਨਾਲ ਸਾਡੇ ਮਨ ਦਾ ਕੋਈ ਭਰਮ ਦੂਰ ਹੋਵੇਗਾ, ਕੀ ਸਾਡੇ ਮਨ ਦਾ ਪਰਦਾ ਦੂਰ ਹੋਵੇਗਾ ਭਾਵ ਨਹੀਂ ਹੋਵੇਗਾ। ਇਸੇ ਤਰਾਂ ਅਸੀਂ ਜਿਹੋ ਜਿਹੇ ਮਰਜੀ ਖਾਣਾ ਖਾ ਲਈਏ, ਜਿਹੋ ਜਿਹੇ ਮਰਜੀ ਬਰਤਨਾਂ

38/4671

ਵਿਚ ਖਾਣਾ ਖਾ ਲਈਏ, ਜਿਹੋ ਜਿਹੇ ਮਰਜੀ ਉੱਚਾ ਅਖਵਾਉਣ ਵਾਲਿਆਂ ਦੇ ਹੱਥੋਂ ਖਾ ਲਈਏ, ਜਿਹੋ ਜਿਹੇ ਮਰਜੀ ਸੱਚੇ ਚਉਂਕੇ ਦਾ ਖਾਣਾ ਖਾ ਲਈਏ ਕੀ ਉਸਦੇ ਨਾਲ ਮਨ ਦੀ ਕੋਈ ਅਗਿਆਨਤਾ ਦੂਰ ਹੋਵੇਗੀ ਭਾਵ ਨਹੀਂ ਹੋਵੇਗੀ ਭਾਵ ਪਰਮਾਤਮਾ ਨਾਲੋਂ ਸਾਡੀ ਦੂਰੀ ਉਸੇ ਤਰਾਂ ਬਣੀ ਰਹੇਗੀ ਬਲਕਿ ਸਾਡੇ ਅੰਦਰ ਮਨਮਤਿ ਹੋਰ ਦ੍ਰਿੜ ਹੋਵੇਗੀ, ਹਉਮੈ ਹੋਰ ਦ੍ਰਿੜ ਹੋਵੇਗੀ, ਝੂਠੀ ਮਤਿ ਹੋਰ ਦ੍ਰਿੜ ਹੋਵੇਗੀ ਭਾਵ ਸਾਡੇ ਅੰਦਰ ਪ੍ਰਮਾਤਮਾ ਨਾਲੋਂ ਦੂਰੀ ਹੋਰ ਦ੍ਰਿੜ ਹੋਵੇਗੀ। ਸਭ ਪਾਸੇ ਇਹੋ ਕੁਝ ਹੀ ਹੋ ਰਿਹਾ ਹੈ ਤੇ ਇਹਨਾਂ ਗੱਲਾਂ ਦਾ ਪ੍ਰਚਾਰ ਹੀ ਹੋ ਰਿਹਾ ਹੈ ਤੇ ਇਸੇ ਲਈ ਇਹੋ ਜਿਹੇ ਪ੍ਰਚਾਰ ਕਰਨ ਵਾਲਿਆਂ ਨੇ ਨਾ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਇਹੋ ਜਿਹਿਆਂ ਦੇ ਪ੍ਰਚਾਰ ਦੇ ਪਿੱਛੇ ਲੱਗ ਕੇ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ। ਬਾਣੀ ਬਾਰ-ਬਾਰ ਸਾਨੂੰ ਇਸੇ ਗੱਲ ਲਈ ਆਗਾਹ ਕਰ ਰਹੀ ਹੈ ਕਿ ਜੋ ਵੀ ਅਸੀਂ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ, ਆਪਣੀਆਂ ਆਪਣੀਆਂ ਮਰਿਆਦਾਵਾਂ ਆਦਿ ਬਣਾਈਆਂ ਹੋਈਆਂ ਹਨ ਉਹ ਕੇਵਲ ਭਗਤੀ ਦੇ ਦਿਖਾਵੇ ਹਨ ਤੇ ਇਸੇ ਲਈ ਉਹਨਾਂ ਨੂੰ ਸਾਡੇ ਪਾਖੰਡ ਦਸਿਆ ਹੈ। ਜੇਕਰ ਕੋਈ ਸਾਰੀ ਜਿੰਦਗੀ ਤੀਰਥਾਂ ਤੇ ਦਰਸ਼ਨ ਕਰੀ ਜਾਵੇ ਕੀ ਉਸਦੇ ਨਾਲ ਮਨੁੱਖ ਦੀ ਕੋਈ ਅਗਿਆਨਤਾ ਦੂਰ ਹੋ ਸਕਦੀ ਹੈ, ਜਿਹੋ ਜਿਹੀ ਮਰਜ਼ੀ ਨਦੀ ਵਿਚ ਇਸ਼ਨਾਨ ਕਰ ਲਵੇ, ਜਿਹੋ ਜਿਹੇ ਮਰਜੀ ਸਰੋਵਰ ਵਿਚ ਕੋਈ ਇਸ਼ਨਾਨ ਕਰ ਲਵੇ ਕੀ ਉਸਦੇ ਨਾਲ ਕਿਸੇ ਦੀ ਅਗਿਆਨਤਾ ਦੂਰ ਹੋ ਸਕਦੀ ਹੈ ਭਾਵ ਕਦੇ ਨਹੀਂ ਤੇ ਇਸੇ ਲਈ ਇਹ ਤਰੀਕੇ ਪਰਮਾਤਮਾ

ਦੇ ਆਪਣੇ ਅੰਦਰੋਂ ਦਰਸ਼ਨ ਕਰਨ ਦੇ ਤਰੀਕੇ ਨਹੀਂ ਹਨ। ਗੁਰੂ ਦੀ ਗੱਲ ਨੂੰ ਮੰਨ ਕੇ ਆਪਣੀ ਮਨਮਤਿ ਛੱਡਣ ਤੋਂ ਇਲਾਵਾ ਪਰਮਾਤਮਾ ਦੇ ਨਾਲ ਮੇਲ ਕਰਨ ਦਾ ਹੋਰ ਕੋਈ ਸਾਧਨ ਨਹੀਂ ਹੈ ਤੇ ਇਹੀ ਗੱਲ ਸਾਨੂੰ ਬਾਣੀ ਬਾਰ-ਬਾਰ ਸਮਝਾ ਰਹੀ ਹੈ। (**ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥ ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥**) ਸਤਿਗੁਰ ਨੂੰ ਭੇਟਣ ਦਾ ਮਕਸਦ ਮਨ ਦੀ ਅਗਿਆਨਤਾ ਵਿਚੋਂ ਨਿਕਲਣ ਦਾ ਹੀ ਹੈ ਜਿਸ ਤਰੀਕੇ ਅਸੀਂ ਪਰਮਾਤਮਾ ਦੇ ਨਾਲ ਮਨ ਵਿਚ ਪਾਈ ਹੋਈ ਦੂਰੀ ਨੂੰ ਹਟਾ ਸਕਦੇ ਹਾਂ ਭਾਵ ਪਰਮਾਤਮਾ ਦੇ ਨੇੜੇ ਲੱਗ ਸਕਦੇ ਹਾਂ। ਗੁਰੂ ਦਾ ਮਕਸਦ ਸਾਨੂੰ ਪਰਮਾਤਮਾ ਦੇ ਨਾਲ ਮਿਲਾਉਣ ਦਾ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

38/4672

“ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥”

ਜਦ ਤਕ ਸਾਡੇ ਅੰਦਰ ਅਗਿਆਨਤਾ ਹੈ, ਭਰਮ ਹੈ ਤਦ ਤਕ ਸਾਡੀ ਮਤਿ ਭਾਵ ਮਨਮਤਿ ਸਾਡੀ **“ਲੋਹੁ”** ਰੂਪ ਹੈ, ਲੋਹੇ ਵਾਲੀ ਮਤਿ ਹੈ ਭਾਵ ਮਾੜੀ ਮਤਿ ਹੈ। ਇਸੇ ਮਤਿ ਕਰਕੇ ਹੀ ਹਰ ਕੋਈ ਮਨਮੁਖ ਹੈ। ਅਸੀਂ ਆਪਣੀ ਇਸ ਅਗਿਆਨਤਾ ਵਾਲੀ ਮਤਿ ਨੂੰ **“ਕੰਚਨੁ”** ਵਾਲੀ ਮਤਿ ਬਣਾਉਣਾ ਹੈ ਭਾਵ ਸੋਨੇ ਵਰਗੀ ਸ਼ੁਧ ਮਤਿ ਬਣਾਉਣਾ ਹੈ। ਗੁਰੂ ਦੀ ਮਤਿ **“ਕੰਚਨੁ”** ਰੂਪ ਹੈ ਕਿਉਂਕਿ ਗੁਰੂ ਗੁਰਮੁਖਿ ਰੂਪ ਹੈ। ਗੁਰੂ ਦੀ ਮਤਿ ਸੋਨੇ ਵਰਗੀ ਸ਼ੁਧ ਹੈ ਤੇ ਮਨੁੱਖੀ ਮਤਿ ਲੋਹੇ ਵਰਗੀ ਮਤਿ ਹੈ ਜਿਸਨੂੰ ਜੰਗ ਖਾ ਜਾਂਦਾ ਹੈ, ਜੰਗਾਲ ਖਾ ਜਾਂਦਾ ਹੈ, ਮਾਇਆ ਮੋਹ ਰੂਪ, ਅਗਿਆਨਤਾ ਰੂਪ ਜੰਗ ਲੱਗਾ ਹੋਇਆ ਹੈ। ਸਤਿਗੁਰ ਨੂੰ ਭੇਟਣ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੀ ਲੋਹੇ ਵਾਲੀ ਮਤਿ ਨੂੰ ਭਾਵ ਅਗਿਆਨਤਾ ਵਾਲੀ, ਹਉਮੈ ਵਾਲੀ ਮਤਿ ਨੂੰ ਸੋਨੇ ਵਰਗੀ ਮਤਿ ਬਣਾਈਏ ਭਾਵ ਗੁਰਮਤਿ ਵਾਲੀ ਮਤਿ ਬਣਾਈਏ। ਸਾਡੀ ਲੋਹੇ ਵਾਲੀ ਮਤਿ ਸਾਨੂੰ ਮਾਇਆ ਮੋਹ ਦੇ ਸਾਗਰ ਵਿਚ ਡੁਬੋਂਦੀ ਹੈ ਜੋ ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਵਿਚ ਹੀ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਭਾਵ ਗੁਰਮਤਿ ਦੇ ਵਿਚਾਰਾਂ ਤੋਂ ਉਲਟ ਚਲਾਉਂਦੇ ਹਨ। ਮਾਇਆ ਮੋਹ ਦੇ ਸਾਗਰ ਤੋਂ ਤਾਰਣ ਵਾਲੀ ਬੇੜੀ ਵੀ ਸਾਡੇ ਅੰਦਰ ਹੀ ਹੈ ਜੋ ਗੁਰਮਤਿ ਰੂਪ ਸੱਚੇ ਵਿਚਾਰਾਂ ਦੀ ਬੇੜੀ ਹੈ। ਗੁਰਮਤਿ ਰੂਪ ਵਿਚਾਰਾਂ ਦੀ ਬੇੜੀ ਤੇ ਅਸੀਂ ਤਾਂ ਹੀ ਬੈਠਾਂਗੇ ਜਦੋਂ ਅਸੀਂ ਗੁਰਮਤਿ ਵਾਲੇ ਵਿਚਾਰਾਂ ਨੂੰ ਮੰਨਾਂਗੇ। ਮਨਮਤਿ ਵਾਲੇ ਵਿਚਾਰ ਸਾਨੂੰ ਡੁਬਾਉਂਦੇ ਹਨ ਜਿੰਨਾ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ, ਭਰਮ ਹੈ। ਗੁਰਮਤਿ ਵਾਲੇ ਵਿਚਾਰ ਸਾਨੂੰ ਮਨ ਦੇ ਭਰਮਾਂ ਵਿਚੋਂ ਕੱਢ ਕੇ ਸੱਚੇ ਵਿਚਾਰਾਂ ਦੇ ਨਾਲ ਜੋੜਦੇ ਹਨ ਤੇ ਉਹਨਾਂ ਨਾਲ ਅਸੀਂ ਤਾਂ ਹੀ ਜੁੜਦੇ ਹਾਂ ਜਦੋਂ ਅਸੀਂ ਉਹਨਾਂ ਵਿਚਾਰਾਂ ਨੂੰ ਮੰਨ ਲੈਂਦੇ ਹਾਂ ਤੇ ਆਪਣੇ ਜੀਵਨ ਵਿਚ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਵਿਚਰਦੇ ਹਾਂ। ਇਹੀ ਮਾਇਆ ਮੋਹਿ ਦੇ ਸਾਗਰ ਤੋਂ ਤਰਨਾ ਹੈ, ਗੁਰੂ ਦੀ ਬੇੜੀ ਤੇ ਸਵਾਰ ਹੋ ਕੇ ਤਰਣਾ ਹੈ। (**ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥ ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥ ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥**)

38/4673

ਗੁਰੂ ਦੀ ਬੇੜੀ ਕਿਸ ਰੂਪ ਵਿਚ ਹੈ ਜਿਸ ਬੇੜੀ ਤੇ ਬੈਠ ਕੇ ਅਸੀਂ ਤਰਣਾ ਹੈ, ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ ਤੇ ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਕਿਸ ਰੂਪ ਵਿਚ ਹੈ ਜਿਸ ਵਿਚ ਅਸੀਂ ਡੁੱਬਦੇ ਹਾਂ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥”

(ਅੰਗ - ੨੦)

ਜਿਵੇਂ ਕਿ ਅਸੀਂ ਅਨੇਕਾਂ ਵਾਰੀ ਜਾਣਿਆ ਹੈ ਸਾਡਾ ਡੁਬਣਾ ਜਾਂ ਤਰਣਾ ਮਨ ਦੇ ਵਿਚ ਹੀ ਹੈ। ਮਨ ਦੇ ਵਿਚ ਮਤਿ ਹੀ ਹੁੰਦੀ ਹੈ, ਗਿਆਨ ਹੀ ਹੁੰਦਾ ਹੈ, ਸਾਡੀ ਸੋਝੀ ਹੀ ਹੁੰਦੀ ਹੈ ਤੇ ਹੋਰ ਕੁਝ ਨਹੀਂ ਹੁੰਦਾ। ਮਨ ਦੇ ਵਿਚ ਡੁਬਦੀ ਵੀ ਸਾਡੀ ਮਤਿ ਹੈ ਤੇ ਉਸ ਵਿਚੋਂ ਤਰਦੀ ਵੀ ਸਾਡੀ ਮਤਿ ਹੈ। ਸਾਡੇ ਜੀਵਣ ਦਾ ਡੁਬਣਾ ਜਾਂ ਤਰਣਾ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ ਭਾਵ ਸਾਡੇ ਜੀਵਣ ਦਾ ਸਫਲ ਹੋਣਾ ਜਾਂ ਜੀਵਣ ਦਾ ਵਿਅਰਥ ਹੋਣਾ ਸਾਡੇ ਮਨ ਦੀ ਸੋਝੀ ਨਾਲ ਜੁੜਿਆ ਹੋਇਆ ਹੈ। ਪੂਰੀ ਗੁਰਬਾਣੀ ਰਾਹੀਂ ਸਾਡੇ ਮਨ ਦੀ ਸੋਝੀ ਨੂੰ ਦੋ ਹਿਸਿਆਂ ਵਿਚ ਵੰਡ ਕੇ ਸਮਝਾਇਆ ਹੋਇਆ ਹੈ। ਇਕ ਸੋਝੀ ਮਨਮਤਿ ਵਾਲੀ ਹੈ ਤੇ ਦੂਜੀ ਸੋਝੀ ਗੁਰਮਤਿ ਵਾਲੀ ਹੈ ਭਾਵ ਇਕ ਸੋਝੀ ਹਉਮੈ ਵਾਲੀ ਹੈ ਤੇ ਦੂਜੀ ਸੋਝੀ ਨਾਮ ਵਾਲੀ ਹੈ, ਇਕ ਸੋਝੀ ਭਰਮ ਵਾਲੀ ਹੈ ਤੇ ਦੂਜੀ ਸੋਝੀ ਸੱਚ ਵਾਲੀ ਹੈ, ਇੱਕ ਸੋਝੀ ਅਗਿਆਨਤਾ ਵਾਲੀ ਹੈ ਤੇ ਦੁਸਰੀ ਸੋਝੀ ਸੱਚੇ ਗਿਆਨ ਵਾਲੀ ਹੈ। ਇੱਕ ਸੋਝੀ ਮਾਇਆ ਮੋਹ ਵਾਲੀ ਹੈ ਤੇ ਦੂਸਰੀ ਸੋਝੀ ਮਾਇਆ ਮੋਹ ਵਿਚੋਂ ਕੱਢਣ ਵਾਲੀ ਹੈ ਭਾਵ ਇੱਕ ਸੋਝੀ ਮਾਇਆ ਮੋਹ ਦੇ ਸਾਗਰ ਵਿਚ ਡੁਬੋਣ ਵਾਲੀ ਹੈ ਤੇ ਦੂਸਰੀ ਸੋਝੀ ਮਾਇਆ ਮੋਹ ਦੇ ਸਾਗਰ ਵਿਚੋਂ ਤਾਰਣ ਲਈ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਜਿਹੜੀ ਬੇੜੀ ਨੇ ਸਾਨੂੰ ਤਾਰਣਾ ਹੈ ਉਹ ਬੇੜੀ ਸੱਚ ਦੀ ਹੈ ਤੇ ਸੱਚ ਦੀ ਬੇੜੀ ਉਹ ਹੈ ਜਿਸ ਦੇ ਅੰਦਰ ਗੁਰੂ ਦੇ ਵਿਚਾਰ ਹਨ ਭਾਵ ਗੁਰੂ ਦੀ ਸੋਝੀ ਹੈ, ਗੁਰੂ ਦੀ ਮਤਿ ਹੈ। ਬੇੜੀ ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿਚ ਹੀ ਹੈ। ਜਦ ਤਕ ਅਸੀਂ ਮਨਮਤਿ ਵਾਲੇ ਵਿਚਾਰਾਂ ਵਿਚ ਹਾਂ ਤਦ ਤਕ ਅਸੀਂ ਮਾਇਆ ਮੋਹ ਦੇ ਸਾਗਰ ਵਿਚ ਡੁਬਦੇ ਹਾਂ

38/4674

ਭਾਵ ਸਾਡੇ ਮਨ ਦੇ ਵਿਚਾਰ ਹੀ ਸਾਡੇ ਮਨ ਨੂੰ ਡੋਬਦੇ ਹਨ। ਜਿਥੇ ਗੁਰੂ ਦੇ ਵਿਚਾਰ ਹਨ ਉੱਥੇ ਕੇਵਲ ਸੱਚ ਹੁੰਦਾ ਹੈ ਤੇ ਸੱਚ ਵਾਲੇ ਵਿਚਾਰ ਸਾਨੂੰ ਤਾਰਦੇ ਹਨ, ਸਾਡੇ ਜੀਵਣ ਨੂੰ ਤਾਰ ਦਿੰਦੇ ਹਨ ਭਾਵ ਸਾਡੇ ਜੀਵਣ ਨੂੰ ਸਫਲ ਕਰ ਦਿੰਦੇ ਹਨ। (**ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥**) ਸਾਡਾ ਡੁੱਬਣਾ ਜਾਂ ਤਰਨਾ ਸਾਡੀ ਕਰਨੀ ਨਾਲ ਜੁੜਿਆ ਹੋਇਆ ਹੈ। ਮਨ ਦੇ ਵਿਚ ਮਾਇਆ ਮੋਹ ਵਾਲੇ ਵਿਚਾਰਾਂ ਦੇ ਰਹਿੰਦੇ ਹੋਏ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਗੁਰੂ ਦੀ ਇੱਛਾ ਦੇ ਉਲਟ ਕਰਮ ਕਰਦੇ ਹਾਂ ਇਹ ਸਾਡੇ ਮਾੜੇ ਕਰਮ ਹੀ ਸਾਨੂੰ ਡੁਬੋਂਦੇ ਹਨ ਤੇ ਸਾਨੂੰ ਜੀਵਣ ਵਿਚ ਤਾਰਣ ਵਾਲੇ ਸਾਡੇ ਚੰਗੇ ਕਰਮ ਹਨ ਜੋ ਕਿ ਸੱਚ ਤੇ ਚੱਲਣ ਦੁਆਰਾ ਹੀ ਹੁੰਦੇ ਹਨ, ਗੁਰੂ ਦੇ ਵਿਚਾਰਾਂ ਵਾਲੇ ਬਣਨ ਦੁਆਰਾ ਹੀ ਹੁੰਦੇ ਹਨ।

ਜਿਹੜੇ ਵਿਚਾਰਾਂ ਵਿਚ ਸੱਚ ਨਹੀਂ ਭਾਵ ਜਿਹੜੇ ਮਨ ਦੇ ਵਿਚ ਗੁਰੂ ਵਾਲੇ ਵਿਚਾਰ ਨਹੀਂ ਵੱਸੇ ਭਾਵ ਜਿਥੇ ਨਾਮ ਵਾਲੇ ਵਿਚਾਰ ਨਹੀਂ ਵੱਸੇ ਉਥੇ ਹਉਮੈ ਵਾਲੇ ਵਿਚਾਰ ਹੁੰਦੇ ਹਨ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥”

ਉਪਰ ਪੰਗਤੀ ਰਾਹੀਂ ਸਾਡੇ ਡੁੱਬਣ ਦਾ ਕਾਰਨ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਮਨ ਦਾ ਅਹੰਕਾਰ ਹੈ ਭਾਵ ਆਪਣੀ ਮਤਿ ਦਾ ਅਹੰਕਾਰ ਹੈ, ਆਪਣੀ ਮੈਂ ਦਾ ਅਹੰਕਾਰ ਹੈ ਭਾਵ ਸਾਡੀ ਹਉਮੈ ਸਾਡੇ ਡੁੱਬਣ ਦਾ ਕਾਰਨ ਹੈ। ਇਹ ਹਉਮੈ ਜਨਮ ਤੋਂ ਹੀ ਸਾਡੇ ਸਭ ਦੇ ਅੰਦਰ ਪੈ ਕੇ ਆਉਂਦੀ ਹੈ, ਮਨ ਦੇ ਵਿਚਾਰਾਂ ਰਾਹੀਂ ਪੈ ਕੇ ਆਉਂਦੀ ਹੈ ਜੋ ਕਿ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਸਭ ਦੇ ਅੰਦਰ ਮਾਇਆ ਮੋਹ ਵਾਲੀ ਜੁਗਤਿ ਹੈ, ਤ੍ਰੈਗੁਣਾਂ ਵਾਲੀ ਜੁਗਤਿ ਹੈ ਜੋ ਜੁਗਤਿ ਸਾਡੇ ਮਨ ਦੇ ਵਿਚਾਰਾਂ ਦੇ ਵਿਚ ਹੀ ਪ੍ਰਮਾਤਮਾ ਦੀ ਪਾਈ ਹੋਈ ਹੈ। ਉਪਰ ਪੰਗਤੀ ਰਾਹੀਂ ਸਾਡੇ ਅੰਦਰ ਇਹ ਵਿਚਾਰ ਪਾਉਣ ਵਾਲਾ ਕੌਣ ਹੈ ਭਾਵ

ਸਾਡੇ ਅੰਦਰ ਹਉਮੈ ਵਾਲੇ ਵਿਚਾਰ ਕਿਥੋਂ ਆਉਂਦੇ ਹਨ, ਇਹ ਗੱਲ ਸਮਝਾਈ ਹੋਈ ਹੈ। **"ਇਕਿ"** ਤੋਂ ਭਾਵ ਹੈ ਇਕ ਦੁਆਰਾ ਭਾਵ ਪ੍ਰਮਾਤਮਾ ਦੁਆਰਾ। ਸਾਡੇ ਅੰਦਰ ਹਉਮੈ ਵਾਲੇ ਵਿਚਾਰ ਉਸ ਪ੍ਰਮਾਤਮਾ ਦੇ ਪਾਏ ਹੋਏ ਹੀ ਆਉਂਦੇ ਹਨ ਤੇ ਉਸ ਦੇ ਕੱਢਣ ਦੁਆਰਾ ਹੀ ਜਾ ਸਕਦੇ ਹਨ। ਸਭ ਨੂੰ ਪ੍ਰਮਾਤਮਾ ਨੇ ਮਨ ਦੀ ਇਸ ਅਵਸਥਾ ਵਿਚ ਹੀ ਰੱਖਿਆ ਹੋਇਆ ਹੈ, ਪੂਰੇ ਸੰਸਾਰ ਨੂੰ ਪ੍ਰਮਾਤਮਾ ਨੇ ਆਪ ਹੀ ਹਉਮੈ ਵਾਲੇ ਵਿਚਾਰਾਂ ਵਿਚ ਰੱਖਿਆ ਹੋਇਆ ਹੈ ਤੇ ਮਨ ਦੀ ਹਉਮੈ ਵਿਚੋਂ

38/4675

ਪ੍ਰਮਾਤਮਾ ਆਪ ਹੀ ਸਾਨੂੰ ਕੱਢ ਸਕਦਾ ਹੈ। ਹਉਮੈ ਵਿਚੋਂ ਨਿਕਲਣ ਦਾ ਮਾਰਗ ਸੱਚ ਹੈ ਭਾਵ ਨਾਮ ਹੈ ਭਾਵ ਗੁਰੂ ਦੇ ਵਿਚਾਰ ਹਨ। ਗੁਰੂ ਦੇ ਵਿਚਾਰਾਂ ਨੂੰ ਮੰਨੇ ਬਿਨਾ ਅਸੀਂ ਗੁਰੂ ਦੀ ਸੱਚ ਰੂਪ ਬੇੜੀ ਤੇ ਨਹੀਂ ਬੈਠ ਸਕਦੇ ਤੇ ਹਉਮੈ ਰੂਪ ਮਾਇਆ ਮੋਹ ਦੇ ਸਾਗਰ ਤੋਂ ਨਹੀਂ ਤਰ ਸਕਦੇ। ਹਉਮੈ ਛੱਡਣ ਦਾ ਉਦਮ ਅਸੀਂ ਹੀ ਕਰਨਾ ਹੈ ਤਾਂ ਜੋ ਅਸੀਂ ਮਾਇਆ ਮੋਹ ਦੇ ਸਾਗਰ ਤੋਂ ਤਰ ਸਕੀਏ, ਮਨ ਦੇ ਮਾੜੇ ਵਿਚਾਰਾਂ ਤੋਂ ਪਾਰ ਪਾ ਸਕੀਏ, ਗੁਰਮਤਿ ਵਾਲੇ ਵਿਚਾਰਾਂ ਨੂੰ ਮੰਨਣ ਦੁਆਰਾ ਮਾਇਆ ਮੋਹ ਦੇ ਸਾਗਰ ਵਿਚੋਂ ਨਿਕਲ ਸਕੀਏ ਤੇ ਆਪਣੇ ਜੀਵਨ ਨੂੰ ਸਫਲ ਕਰ ਸਕੀਏ। (**ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥**)

ਸਾਡਾ ਡੁੱਬਣਾ ਤਰਨਾ ਕੀ ਹੈ, ਇਸ ਗੱਲ ਨੂੰ ਅਗਲੀ ਪੰਗਤੀ ਰਾਹੀਂ ਹੋਰ ਵੀ ਸਪਸ਼ਟ ਕੀਤਾ ਹੋਇਆ ਹੈ ਤਾਂ ਜੋ ਅਸੀਂ ਗੁਰੂ ਦੀ ਗੱਲ ਨੂੰ ਸਮਝਣ ਵਿਚ ਕਿਸੇ ਭਰਮ ਵਿਚ ਨਾ ਰਹੀਏ।

"ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥"

ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸਾਨੂੰ ਡੁਬੋਣ ਵਾਲੀ ਵੀ ਸਾਡੀ ਮਤਿ ਹੈ ਤੇ ਸਾਨੂੰ ਤਾਰਨ ਵਾਲੀ ਵੀ ਸਾਡੀ ਮਤਿ ਹੈ ਭਾਵ ਫਰਕ ਕੇਵਲ ਮਤਿ ਦੀ ਸੋਝੀ ਵਿਚ ਹੈ, ਮਨ ਦੀ ਸਮਝ ਵਿਚ ਹੈ। ਸਾਡੀ ਮਨਮਤਿ ਭਾਵ ਮਨ ਦੀ ਹਠਿ ਭਾਵ ਝੂਠੀ ਮਤਿ ਦਾ ਅਹੰਕਾਰ ਸਾਨੂੰ ਡੁਬਾਉਂਦਾ ਹੈ, ਸਾਡੇ ਜੀਵਨ ਨੂੰ ਡੋਬਦਾ ਹੈ। ਜਿਥੇ ਮਨਹਠਿ ਹੈ ਉੱਥੇ ਸੱਚ ਨਹੀ ਹੋ ਸਕਦਾ, ਉਥੇ ਗੁਰੂ ਵਾਲੀ ਵਿਚਾਰ ਭਾਵ ਗੁਰਮਤਿ ਨਹੀਂ ਹੋ ਸਕਦੀ, ਗੁਰਮੁਖਿ ਵਾਲੀ ਮਤਿ ਨਹੀਂ ਹੋ ਸਕਦੀ। ਗੁਰਮੁਖਿ ਵਾਲੀ ਮਤਿ, ਸੱਚ ਵਾਲੀ ਮਤਿ ਕੇਵਲ ਗੁਰੂ ਦੇ ਕੋਲ ਹੈ ਤੇ ਸਾਨੂੰ ਤਾਰਨਾ ਕੇਵਲ ਗੁਰੂ ਦੀ ਮਤਿ ਨੇ ਹੀ ਹੈ। ਸਾਡੀ ਮਨਹਠਿ, ਮਨਮਤਿ ਤਾਂ ਹੀ ਦੂਰ ਹੋਵੇਗੀ ਜੇਕਰ ਅਸੀਂ ਗੁਰੂ ਦੀ ਮਤਿ ਤੇ ਅਮਲ ਕਰਾਂਗੇ, ਗੁਰੂ ਦੀ ਸੱਚੀ ਮਤਿ ਤੇ ਅਮਲ ਕਰਕੇ ਮਨ ਦੀ ਝੂਠੀ ਮਤਿ ਨੂੰ ਛਡਾਂਗੇ। ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਫਿਰ ਅਸੀਂ ਉਹੋ ਜਿਹਾ ਭਗਤੀ ਦਾ ਮਾਰਗ ਅਪਨਾਵਾਂਗੇ ਜੋ ਗੁਰੂ ਸਾਨੂੰ ਬਾਰ ਬਾਰ ਆਪਣੀ ਸੱਚੀ ਮਤਿ ਦੁਆਰਾ ਸਮਝਾ ਰਿਹਾ ਹੈ ਜਿਵੇਂ ਕਿ ਅਸੀਂ ਸਮਝਦੇ ਆ ਰਹੇ ਹਾਂ। ਗੁਰੂ ਸਾਨੂੰ ਬਾਰ ਬਾਰ ਮਾਇਆ ਮੋਹ ਛੱਡਣ ਨੂੰ ਕਹਿੰਦਾ ਹੈ, ਵਿਕਾਰ ਛੱਡਣ ਲਈ ਕਹਿੰਦਾ ਹੈ, ਤ੍ਰਿਸ਼ਨਾਵਾਂ ਛੱਡਣ ਲਈ ਕਹਿੰਦਾ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿਚ ਸੱਚੀ ਸੁੱਚੀ ਕਰਨੀ ਕਰੀਏ, ਸੱਚੇ ਸੁੱਚੇ ਇਨਸਾਨ ਬਣਕੇ ਵਿਚਰੀਏ। ਗੁਰੂ ਨੇ ਸਾਨੂੰ ਬਾਰ ਬਾਰ ਸਮਝਾਇਆ ਹੈ ਕਿ ਅਸੀਂ ਜਿਹੋ ਜਿਹੇ ਵੀ ਭਗਤੀ ਦੇ ਤਰੀਕੇ ਭਾਵ ਦਿਖਾਵੇ ਅਪਣਾਏ ਹੋਏ

38/4676

ਹਨ ਉਨ੍ਹਾਂ ਨੂੰ ਛੱਡਣਾ ਚਾਹੀਦਾ ਹੈ, ਸਰੀਰਕ ਜਪ ਤਪ ਆਦਿ ਸਭ ਛੱਡਣੇ ਚਾਹੀਦੇ ਹਨ ਤੇ ਜੇਕਰ ਅਸੀਂ ਨਹੀਂ ਛੱਡਦੇ ਫਿਰ ਅਸੀਂ ਗੁਰੂ ਦੇ ਸੱਚ ਨੂੰ ਨਹੀਂ ਮੰਨਦੇ ਭਾਵ ਆਪਣੀ ਮਨਹਠਿ ਵਿਚ ਹੀ ਰਹਿੰਦੇ ਹਾਂ ਭਾਵ ਮਾਇਆ ਮੋਹ ਦੇ ਸਾਗਰ ਵਿਚ ਡੁੱਬੇ ਰਹਿੰਦੇ ਹਾਂ, ਅਗਿਆਨਤਾ ਦੇ ਸਾਗਰ ਵਿੱਚ ਡੁੱਬੇ ਰਹਿੰਦੇ ਹਾਂ। ਬਾਣੀ ਸਾਨੂੰ ਸਮਝਾ ਰਹੀ ਹੈ ਕਿ ਭਗਤੀ ਲਈ ਕਿਸੇ ਵੇਲੇ ਵਖਤ ਦੀ ਵਿਚਾਰ ਕਰਨੀ ਗਲਤ ਹੈ ਭਾਵ ਭਗਤੀ ਲਈ ਕਿਸੇ ਖਾਸ ਸਮੇ ਨੂੰ ਉੱਚਾ ਮੰਨਣਾ ਗਲਤ ਹੈ ਪਰ ਅਸੀਂ ਫਿਰ ਵੀ ਕਿਸੇ ਖਾਸ ਵੇਲੇ ਨੂੰ ਉੱਚਾ ਮੰਨ ਕੇ ਉਸ ਨੂੰ ਅੰਮ੍ਰਿਤ ਵੇਲਾ ਕਹਿੰਦੇ ਹਾਂ ਭਾਵ ਗੁਰੂ ਦੀ ਗੱਲ ਨੂੰ ਸੱਚ ਨਹੀਂ ਮੰਨਦੇ ਬਲਕਿ ਆਪਣੀ ਮਨਹਠਿ ਨੂੰ ਹੀ ਸੱਚ ਸਮਝਦੇ ਹਾਂ ਭਾਵ ਅਸੀਂ ਸੱਚ ਨੂੰ ਝੂਠ ਮੰਨਦੇ ਹਾਂ ਤੇ ਝੂਠ ਨੂੰ ਸੱਚ ਮੰਨਦੇ ਹਾਂ ਭਾਵ ਮਨਹਠਿ ਨਹੀਂ ਛੱਡਦੇ। ਸਾਡੇ ਡੁੱਬਣ ਦਾ ਕਾਰਨ ਇਹ ਮਨਹਠਿ ਹੀ ਹੈ ਜੋ ਸਾਨੂੰ ਸੱਚ ਤੋਂ ਦੂਰ ਰਖਦੀ ਹੈ। ਸੱਚ ਨੂੰ ਅਪਨਾਏ ਬਿਨਾ ਭਾਵ ਗੁਰਮਤਿ ਨੂੰ ਅਪਨਾਏ ਬਿਨਾ ਤੇ ਆਪਣੀ ਮਨਹਠਿ ਵਾਲੀ ਮਤਿ ਨੂੰ ਛੱਡੇ ਬਿਨਾ ਕੋਈ ਇਸ ਮਾਇਆ ਮੋਹ ਦੇ ਸਾਗਰ ਤੋਂ ਨਹੀਂ ਤਰ ਸਕਦਾ ਜੋ ਕਿ ਸਾਡੇ ਵਿਚਾਰਾਂ ਦੇ ਵਿਚ ਹੀ ਹੈ।ਗੁਰਮਤਿ ਤੋਂ ਉਲਟ ਵਿਚਾਰ ਸਾਨੂੰ ਡੋਬਦੇ ਹਨ ਤੇ ਗੁਰਮਤਿ ਵਾਲੇ ਵਿਚਾਰ ਸਾਨੂੰ ਤਾਰਦੇ ਹਨ। ਅਸੀਂ ਡੁੱਬੇ ਰਹਿਣਾ ਚਾਹੁੰਦੇ ਹਾਂ ਜਾਂ ਤਰਨਾ ਚਾਹੁੰਦੇ ਹਾਂ ਇਸ ਦਾ ਫੈਸਲਾ ਅਸੀਂ ਆਪ ਹੀ ਕਰਨਾ ਹੈ। ਸੱਚ ਨੂੰ

ਅਪਣਾਉਣਾ ਬਹੁਤ ਔਖਾ ਹੈ, ਗੁਰੂ ਦੇ ਵਿਚਾਰਾਂ ਨੂੰ, ਸ਼ਬਦ ਦੇ ਵਿਚਾਰਾਂ ਨੂੰ ਅਪਣਾਉਣਾ ਬਹੁਤ ਔਖਾ ਹੈ, ਮਨਮਤਿ ਛੱਡਣੀ ਬਹੁਤ ਔਖੀ ਹੈ, ਆਪਣਾ ਝੂਠਾ ਦੁਨਿਆਵੀ ਰੁਤਬਾ ਛੱਡਣਾ ਬਹੁਤ ਔਖਾ ਹੈ। ਇਹੀ ਮਾਇਆ ਮੋਹ ਛੱਡਣਾ ਹੈ ਜੋ ਕਿ ਬਹੁਤ ਔਖਾ ਹੈ ਤੇ ਇਹੀ ਨਾਮ ਜਪਣਾ ਹੈ ਜੋ ਕਿ ਬਹੁਤ ਔਖਾ ਹੈ। ਇਹ ਔਖਾਪਨ ਸਹੇ ਬਿਨਾ ਅਸੀਂ ਆਪਣੇ ਜੀਵਨ ਨੂੰ ਡੁੱਬਣ ਤੋਂ ਨਹੀਂ ਬਚਾ ਸਕਦੇ। (**ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥ ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ॥੧॥**)

ਸੱਚੀ ਮਤਿ ਕੇਵਲ ਗੁਰੂ ਦੇ ਕੋਲ ਹੈ ਜਿਸ ਦੇ ਨਾਲ ਜੁੜ ਕੇ ਅਸੀਂ ਆਪਣੀ ਮਨਮਤਿ ਤੋਂ ਤਰ ਸਕਦੇ ਹਾਂ, ਹਉਮੈ ਵਾਲੀ ਮਤਿ ਤੋਂ ਤਰ ਸਕਦੇ ਹਾਂ। ਅਸੀਂ ਅਨੇਕਾਂ ਦੀ ਹੀ ਮਤਿ ਨਾਲ ਜੁੜੇ ਰਹਿੰਦੇ ਹਾਂ ਜਿੰਨਾ ਨੂੰ ਅਸੀਂ ਸੱਚੀ ਮਤਿ ਵਾਲੇ ਮੰਨਿਆ ਹੋਇਆ

ਹੈ, ਧਰਮ ਦੇ ਮਾਰਗ ਦੀ ਸੱਚੀ ਸੋਝੀ ਰੱਖਣ ਵਾਲੇ ਮੰਨਿਆ ਹੋਇਆ ਹੈ ਤੇ ਉਹਨਾਂ ਕੋਲੋਂ ਹੀ ਅਸੀਂ ਭਗਤੀ ਦੇ ਮਾਰਗ ਸਿੱਖੇ ਹੋਏ ਹਨ, ਅਨੇਕਾਂ ਹੀ ਤਰੀਕੇ ਸਿੱਖੇ ਹੋਏ ਹਨ ਜੋ ਗੁਰਮਤਿ ਦੇ ਉਲਟ ਹਨ ਤੇ ਉਹਨਾਂ ਦੇ ਪਿੱਛੇ ਲੱਗ ਕੇ ਅਸੀਂ ਕਦੇ ਆਪਣੇ ਜੀਵਨ ਨੂੰ ਸਫਲ ਨਹੀਂ ਕਰ ਸਕਦੇ ਭਾਵ ਮਾਇਆ ਮੋਹ ਵਾਲੀ ਮਤਿ ਤੋਂ ਤਰ ਨਹੀਂ ਸਕਦੇ। ਜਿੰਨਾ ਨੇ ਆਪਣਾ ਜੀਵਣ ਡੁਬੋਇਆ ਹੈ ਉਹ ਦੂਸਰਿਆਂ ਨੂੰ ਕਿਵੇਂ ਤਾਰ ਸਕਦੇ ਹਨ। ਇਹੀ ਗੱਲ ਸਾਨੂੰ ਅਗਲੀ **"ਰਹਾਉ"** ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਪਿੱਛੇ ਨਾ ਲੱਗੀਏ। **"ਸੁਖੁ"** ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਮਨ ਦੇ ਵਿਚ ਹੀ ਹੈ ਜੋ ਕਿ ਮਨਮਤਿ ਤੋਂ ਤਰਨ ਦੁਆਰਾ ਹੀ ਹੁੰਦੀ ਹੈ। ਸਾਨੂੰ ਆਪਣੇ ਜੀਵਣ ਵਿਚ ਕੇਵਲ ਉਸੇ ਤਰੀਕੇ ਵਿਚਰਨਾ ਚਾਹੀਦਾ ਹੈ ਜਿਵੇਂ ਗੁਰੂ ਪਰਮਾਤਮਾ ਨੂੰ ਭਾਉਂਦਾ ਹੈ ਤੇ ਕਿਸੇ ਹੋਰ ਨੂੰ ਵੱਡਾ ਮੰਨ ਕੇ ਉਸਦੇ ਪਿੱਛੇ ਨਹੀਂ ਲਗਣਾ ਚਾਹੀਦਾ। (**ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥ ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥**)

"ਸੁਖੁ" ਦੀ ਪ੍ਰਾਪਤੀ ਤਾਂ ਹਰ ਕੋਈ ਕਰਨਾ ਚਾਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ **"ਸੁਖੁ"** ਹਰ ਕੋਈ ਮਾਣਨਾ ਚਾਹੁੰਦਾ ਹੈ ਪਰ ਜਦ ਤਕ ਅਸੀਂ ਆਪਣੇ ਅੰਦਰ ਦੇ **"ਦੁਖੁ"** ਦੇ ਕਾਰਨ ਨੂੰ ਨਹੀਂ ਸਮਝਦੇ ਭਾਵ ਪ੍ਰਮਾਤਮਾ ਦੇ ਨਾਲ ਵਿਛੋੜੇ ਦੇ ਕਾਰਨ ਨੂੰ ਨਹੀਂ ਸਮਝਦੇ ਤਦ ਤਕ ਅਸੀਂ ਪਰਮਾਤਮਾ ਦੇ ਨਾਲ ਮੇਲ ਦਾ **"ਸੁਖੁ"** ਕਿਵੇਂ ਮਾਣ ਸਕਦੇ ਹਾਂ। ਉਪਰਲੇ ਸ਼ਬਦ ਰਾਹੀਂ ਵੀ ਅਸੀਂ **"ਸੁਖੁ"** ਦੀ ਪ੍ਰਾਪਤੀ ਕਰਨੀ ਸਮਝੀ ਹੈ ਜੋ ਕਿ ਮਨਮਤਿ ਵਾਲੇ ਵਿਚਾਰਾਂ ਨੂੰ ਛੱਡਣ ਦੁਆਰਾ ਹੁੰਦੀ ਹੈ ਤੇ ਇਸ ਤੋਂ ਪਿਛਲੇ ਸ਼ਬਦ ਦੁਆਰਾ ਵੀ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ **"ਦੁਖੁ"** ਦਾ ਕਾਰਨ ਕੀ ਹੈ ਭਾਵ ਪਰਮਾਤਮਾ ਦੇ ਨਾਲੋਂ ਵਿਛੋੜੇ ਦਾ ਕਾਰਨ ਕੀ ਹੈ। ਸਾਡੇ ਅੰਦਰ **"ਦੁਖੁ"** ਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ ਜੋ ਸਾਡੇ ਅੰਦਰ ਪਰਦੇ ਦੇ ਰੂਪ ਵਿਚ ਹੈ ਜਿਸ ਪਰਦੇ ਦੇ ਰਹਿੰਦਿਆਂ ਅਸੀਂ **"ਦੁਖੁ"** ਵਿਚ ਰਹਿੰਦੇ ਹਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨ ਤੋਂ ਦੂਰ ਰਹਿੰਦੇ ਹਾਂ ਭਾਵ **"ਸੁਖੁ"** ਦੀ ਪ੍ਰਾਪਤੀ ਕਰਨ ਤੋਂ ਦੂਰ ਰਹਿੰਦੇ ਹਾਂ। (**ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥**)

ਜੇਕਰ ਅਸੀਂ ਆਪਣੇ ਅੰਦਰੋਂ ਪਰਮਾਤਮਾ ਦੇ ਦਰਸ਼ਨ ਕਰਨਾ

ਚਾਹੁੰਦੇ ਹਾਂ ਤਾਂ ਫਿਰ ਉਸ ਲਈ ਇੱਕੋ ਇੱਕ ਤਰੀਕਾ ਮਨ ਦੇ ਪਰਦੇ ਵਿਚੋਂ ਨਿਕਲਣ ਦਾ ਹੈ। ਜੇਕਰ ਪਰਦਾ ਅਗਿਆਨਤਾ ਦੇ ਰੂਪ ਵਿਚ ਹੈ ਫਿਰ ਉਹ ਕੇਵਲ ਗਿਆਨ ਦੁਆਰਾ ਹੀ ਨਿਕਲ ਸਕਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ ਨਿਕਲ ਸਕਦਾ ਹੈ ਜੋ ਗਿਆਨ ਭਰਮ ਤੋਂ ਰਹਿਤ ਹੈ, ਅਗਿਆਨਤਾ ਤੋਂ ਰਹਿਤ ਹੈ ਭਾਵ ਗੁਰੂ ਦਾ ਗਿਆਨ ਸਾਡੇ ਅੰਦਰ ਵੱਸਣ ਤੋਂ ਬਿਨਾ ਸਾਡੇ ਮਨ ਦਾ ਭਰਮ ਰੂਪ ਪਰਦਾ, ਅਗਿਆਨਤਾ ਰੂਪ ਪਰਦਾ ਕਦੇ ਦੂਰ ਨਹੀਂ ਹੋ ਸਕਦਾ ਤੇ ਨਾ ਹੀ ਕਦੇ ਕੋਈ ਮਨ ਦਾ ਪਰਦਾ ਦੂਰ ਹੋਏ ਬਿਨਾ ਆਪਣੇ ਅੰਦਰੋਂ ਪਰਮਾਤਮਾ ਨੂੰ ਜਾਣ ਸਕਦਾ ਹੈ ਭਾਵ ਪਰਮਾਤਮਾ ਨੂੰ ਜੇਕਰ ਅਸੀਂ ਜਾਣਨਾ ਚਾਹੁੰਦੇ ਹਾਂ ਤੇ ਉਸਦੇ ਲਈ ਇਕੋ ਇਕ ਮਾਰਗ ਗੁਰੂ ਦਾ ਸੱਚਾ ਗਿਆਨ ਹੈ ਭਾਵ ਬ੍ਰਹਮਗਿਆਨ ਹੈ ਭਾਵ ਨਾਮ ਹੈ ਜਿਸਨੂੰ ਆਪਣੇ ਅੰਦਰ ਵਸਾਏ ਬਿਨਾ ਭਾਵ ਮੰਨੇ ਬਿਨਾ ਕੋਈ ਵੀ ਪਰਮਾਤਮਾ ਨੂੰ ਨਹੀਂ ਜਾਣ ਸਕਦਾ। ਉਹ ਪਰਮਾਤਮਾ ਸਭ ਲਈ ਅਲਖ ਹੈ ਪਰ

ਉਹ ਆਪਣੇ ਅੰਦਰੋਂ ਕੇਵਲ ਗੁਰਮਤਿ ਰੂਪ ਗਿਆਨ ਨੂੰ ਮੰਨਣ ਦੁਆਰਾ ਹੀ ਨਜ਼ਰ ਆਉਂਦਾ ਹੈ, ਮਨ ਦੇ ਵਿਚੋਂ ਮਨਮਤਿ ਰੂਪ ਪਰਦਾ, ਹਉਮੈ ਰੂਪ ਪਰਦਾ ਦੂਰ ਹੋਣ ਦੁਆਰਾ ਹੀ ਨਜ਼ਰ ਆਉਂਦਾ ਹੈ ਜਿਸ ਰਾਹੀਂ ਪਰਮਾਤਮਾ ਦੇ ਨਾਲ ਮੇਲ ਦਾ **"ਸੁਖੁ"** ਪ੍ਰਾਪਤ ਹੁੰਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਪਰਮਾਤਮਾ ਨੂੰ ਜਾਣਨ ਦਾ, ਆਪਣੇ ਅੰਦਰੋਂ ਜਾਣਨ ਦਾ ਉਹੋ ਜਿਹਾ ਉਦਮ ਕਰੀਏ ਜੋ ਕੇਵਲ ਤੇ ਕੇਵਲ ਪ੍ਰਮਾਤਮਾ ਨੂੰ ਜਾਣਨ ਦਾ ਸੱਚਾ ਉਦਮ ਹੈ।

"ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧੁ"

(ਅੰਗ - ੧੨੯੧)

ਉਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪਰਮਾਤਮਾ ਜਿਸਨੂੰ ਵੀ ਆਪਣਾ ਆਪ ਦਿਖਾਉਂਦਾ ਹੈ ਉਹ ਕਿਵੇਂ ਦਿਖਾਉਂਦਾ ਹੈ। ਉਹ ਪ੍ਰਮਾਤਮਾ ਅਲੱਖ ਹੈ ਜਿਸਨੂੰ ਲਖਿਆ ਨਹੀਂ ਜਾ ਸਕਦਾ ਭਾਵ ਦੇਖਿਆ ਨਹੀਂ ਜਾ ਸਕਦਾ ਭਾਵ ਆਪਣੀਆਂ ਆਕਾਰ ਰੂਪ ਅੱਖਾਂ ਦੁਆਰਾ ਨਹੀਂ ਦੇਖਿਆ ਜਾ ਸਕਦਾ ਤੇ ਨਾ ਹੀ ਉਸ ਪ੍ਰਮਾਤਮਾ ਤਕ ਕੋਈ ਪਹੁੰਚ ਕਰ ਸਕਦਾ ਹੈ ਕਿਉਂਕਿ ਉਸਦਾ ਆਕਾਰ ਰੂਪ ਨਹੀਂ ਹੈ ਭਾਵ ਉਸਦਾ ਕੋਈ ਖਾਸ ਟਿਕਾਣਾ ਨਹੀਂ ਹੈ ਜਿਥੇ ਉਸਨੂੰ ਪਹੁੰਚ ਕੇ ਦੇਖਿਆ ਜਾ ਸਕੇ। ਉਹ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਨਿਰੰਕਾਰ ਰੂਪ

ਵਿਚ ਹੈ ਜੋ ਰੂਪ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਉਸ ਪਰਮਾਤਮਾ ਨੂੰ ਕੇਵਲ ਗੁਰਮਤਿ ਰੂਪ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਭਾਵ ਗੁਰਮਤਿ ਰੂਪ ਗਿਆਨ ਦੀਆਂ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ ਜੋ ਅੱਖਾਂ ਸਾਡੇ ਮਨ ਦੇ ਅੰਦਰ ਹੀ ਹਨ ਭਾਵ ਮਨ ਦੇ ਵਿਚਾਰਾਂ ਦੇ ਰੂਪ ਵਿਚ ਹਨ। ਜਦ ਤਕ ਅਸੀਂ ਮਨਮਤਿ ਵਿਚ ਹਾਂ ਅਸੀਂ ਮਨਮਤਿ ਵਾਲੇ ਵਿਚਾਰਾਂ ਦੁਆਰਾ ਆਪਣੇ ਅੰਦਰੋਂ ਪਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ। ਜਿਸ ਨੂੰ ਵੀ ਪਰਮਾਤਮਾ ਆਪਣਾ ਆਪ ਦਿਖਾਉਂਦਾ ਹੈ ਉਸਨੂੰ ਗੁਰਮਤਿ ਵਾਲੇ ਵਿਚਾਰ ਬਖਸ਼ਣ ਦੁਆਰਾ ਹੀ ਦਿਖਾਉਂਦਾ ਹੈ। ਸਾਡੇ ਅੰਦਰ ਜੋ ਅਗਿਆਨਤਾ ਰੂਪ, ਭਰਮ ਰੂਪ ਪਰਦਾ ਹੈ ਉਹ ਕੇਵਲ ਗੁਰਮਤਿ ਰੂਪ ਗਿਆਨ ਹੀ ਸਾਡੇ ਅੰਦਰੋਂ ਦੂਰ ਕਰ ਸਕਦਾ ਹੈ ਤੇ ਤਾਂ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਪਰਮਾਤਮਾ ਦੇ ਨਾਲੋਂ ਵਿਛੋੜੇ ਦਾ ਦੁਖ ਦੂਰ ਹੁੰਦਾ ਹੈ। (**ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥ ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥**) ਇਸ ਤੋਂ ਸਪਸ਼ਟ ਗੁਰੂ ਰੂਪ ਪ੍ਰਮਾਤਮਾ ਸਾਨੂੰ ਹੋਰ ਕੀ ਸਮਝਾਵੇ ਕਿ ਉਹ ਸਾਨੂੰ ਆਪਣਾ ਆਪ ਕਿਵੇਂ ਦਿਖਾਉਂਦਾ ਹੈ। ਸਾਨੂੰ ਕੇਵਲ ਗੁਰੂ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਤੇ ਗੁਰੂ ਦੀ ਗੱਲ ਤੇ ਵਿਸ਼ਵਾਸ ਤਾਂ ਆਵੇਗਾ ਜਦੋਂ ਉਹਨਾਂ ਤੋਂ ਵਿਸ਼ਵਾਸ ਟੁੱਟੇਗਾ ਜਿੰਨਾ ਨੇ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਕਿਸੇ ਹੋਰ ਹੋਰ ਢੰਗ ਨਾਲ ਸਮਝਾਏ ਹੋਏ ਹਨ, ਕਿਸੇ ਨੇ ਆਕਾਰ ਰੂਪ ਦੇ ਦਰਸ਼ਨ ਸਮਝਾਏ ਹੋਏ ਹਨ, ਕਿਸੇ ਖਾਸ ਖੰਡ ਬ੍ਰਹਮੰਡ ਵਿਚ ਪ੍ਰਮਾਤਮਾ ਦਾ ਟਿਕਾਣਾ ਸਮਝਾਇਆ ਹੋਇਆ ਹੈ, ਕਿਸੇ ਨੇ ਦੇਵੀ ਦੇਵਤਿਆਂ ਦੇ ਦਰਸ਼ਨ ਦੇ ਰੂਪ ਵਿਚ ਪਰਮਾਤਮਾ ਦੇ ਦਰਸ਼ਨ ਸਮਝੇ ਹੋਏ ਹਨ ਤੇ ਕਿਸੇ ਨੇ ਗੁਰੂ ਸਾਹਿਬਾਨ ਦੇ ਆਕਾਰ ਰੂਪ ਦਰਸ਼ਨਾਂ ਨੂੰ ਪਰਮਾਤਮਾ ਦੇ ਦਰਸ਼ਨਾਂ ਨਾਲ ਜੋੜਿਆ ਹੋਇਆ ਹੈ ਪਰ ਅਸੀਂ ਉਹਨਾਂ ਨੂੰ ਸੱਚ ਸਮਝ ਕੇ ਉਨਾਂ ਦੇ ਪਿੱਛੇ ਲੱਗੇ ਹੋਏ ਹਾਂ, ਪੂਰੇ ਵਿਸ਼ਵਾਸ ਨਾਲ ਇਹ ਮੰਨੀ ਬੈਠੇ ਹਾਂ ਕਿ ਉਹਨਾਂ ਨੂੰ ਪਰਮਾਤਮਾ ਦੇ ਦਰਸ਼ਨ ਹੋਏ ਹਨ। ਇਹੀ ਸਾਡੇ ਅੰਦਰ ਭਰਮ ਦੇ ਪਰਦੇ ਦਾ ਕੰਮ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦਾ ਹੈ ਤੇ ਅਸੀਂ ਮਨ ਦੇ ਭਰਮ ਵਿਚ ਰਹਿ ਕੇ ਝੂਠੇ ਵਿਸ਼ਵਾਸ ਨਾਲ ਜੁੜੇ ਰਹਿੰਦੇ ਹਾਂ। ਗੁਰਮਤਿ ਦਾ ਮਕਸਦ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੀ ਹੈ, ਹਰ ਭਰਮ ਵਿਚੋਂ ਕੱਢਣ ਦਾ ਹੈ। ਪਰਮਾਤਮਾ ਦੀ ਭਗਤੀ ਨੂੰ ਲੈ ਕੇ ਅਨੇਕਾਂ ਹੀ ਅਨੇਕਾਂ ਭਰਮ ਹਨ ਜੋ ਸਾਡੇ ਅੰਦਰ ਪਰਦੇ ਦਾ ਕੰਮ ਕਰਦੇ ਹਨ ਭਾਵ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਵਿਚ ਤੇ ਮੰਨਣ ਵਿਚ ਪਰਦੇ ਦਾ

ਕੰਮ ਕਰਦੇ ਹਨ ਤੇ ਸਾਨੂੰ ਭਗਤੀ ਦੇ ਸੱਚੇ ਮਾਰਗ ਤੋਂ ਭਟਕਾ ਕੇ ਰੱਖਦੇ ਹਨ। ਪਰਮਾਤਮਾ ਜਿਸ ਤੇ ਆਪਣੀ ਸੱਚੀ ਕਿਰਪਾ

ਕਰਦਾ ਹੈ ਉਸਨੂੰ ਮਨ ਦੇ ਭਰਮਾਂ ਵਿਚੋਂ ਹੀ ਕੱਢਦਾ ਹੈ ਤੇ ਤਾਂ ਹੀ ਉਸ ਦੇ ਨਾਲ ਮੇਲ ਹੋ ਸਕਦਾ ਹੈ। ਮੇਲ ਦੇ ਰੂਪ ਵਿਚ ਪਰਮਾਤਮਾ ਕੋਲੋਂ ਮਨ ਦੇ ਵਿਚ ਉਸਦਾ ਨਾਮ ਹੀ ਮਿਲਦਾ ਹੈ ਭਾਵ ਸੱਚਾ ਗਿਆਨ ਹੀ ਮਿਲਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਮਿਲਦਾ ਹੈ ਜੋ ਮਨੁੱਖੀ ਰੂਪ ਨੂੰ ਹਰ ਭਰਮ ਤੋਂ ਰਹਿਤ ਕਰਦਾ ਹੈ ਜਿਸ ਦੁਆਰਾ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ ਭਾਵ ਜਿਸਨੂੰ ਪਰਮਾਤਮਾ ਆਪਣਾ ਨਾਮ ਦਿੰਦਾ ਹੈ, ਆਪਣੇ ਮੇਲ ਦੁਆਰਾ ਦਿੰਦਾ ਹੈ ਉਹੀ ਉਸਦੇ ਨਾਮ ਨੂੰ ਧਿਆਉਂਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਹਰ ਵੇਲੇ ਆਪਣੇ ਅੰਦਰ ਵਸਾ ਕੇ ਰੱਖਦਾ ਹੈ। (**ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥ ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥**)

ਉਪਰਲੀਆਂ ਪੰਗਤੀਆਂ ਰਾਹੀਂ ਕਿਤਨਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪਰਮਾਤਮਾ ਦਾ ਨਾਮ ਉਹੀ ਧਿਆਉਂਦਾ ਹੈ ਜਿਸ ਨੂੰ ਪਰਮਾਤਮਾ ਆਪਣੇ ਨਾਲ ਮੇਲ ਲੈਂਦਾ ਹੈ, ਜਿਸ ਦੀ ਅਗਿਆਨਤਾ ਪਰਮਾਤਮਾ ਖਤਮ ਕਰ ਦਿੰਦਾ ਹੈ, ਜਿਸਦਾ ਹਰ ਭਰਮ ਪਰਮਾਤਮਾ ਖਤਮ ਕਰ ਦਿੰਦਾ ਹੈ ਭਾਵ ਜਿਸ ਨੂੰ ਪਹਿਲੇ ਉਹ ਆਪਣਾ ਸੱਚਾ ਗਿਆਨ ਦੇ ਦਿੰਦਾ ਹੈ, ਆਪਣਾ ਨਾਮ ਦੇ ਦਿੰਦਾ ਹੈ। ਇਹੀ ਗੱਲ ਅਸੀਂ ਪਿੱਛੇ ਲੇਖ ਵਿਚ ਅਨੇਕਾਂ ਸ਼ਬਦਾਂ ਦੁਆਰਾ ਸਮਝੀ ਹੈ ਕਿ ਪ੍ਰਮਾਤਮਾ ਦਾ ਨਾਮ ਪਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਮਿਲਦਾ ਹੈ ਜੋ ਨਾਮ ਭਾਵ ਸੱਚਾ ਗਿਆਨ ਪਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਦਿੰਦਾ ਹੈ। ਹੁਣ ਜਿਹੋ ਜਿਹਾ ਨਾਮ ਦੁਨੀਆ ਜਪਣ ਵਿਚ ਲੱਗੀ ਹੋਈ ਹੈ, ਹਰ ਕੋਈ ਲੱਗਾ ਹੋਇਆ ਹੈ ਕੀ ਹਰ ਕਿਸੇ ਦਾ ਪਰਮਾਤਮਾ ਦੇ ਨਾਲ ਮੇਲ ਹੋ ਚੁੱਕਾ ਹੈ ਕਿਉਂਕਿ ਨਾਮ ਉਹੀ ਧਿਆਉਂਦਾ ਹੈ ਜਿਸਦਾ ਪਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਹਰ ਕੋਈ ਭਰਮ ਵਿਚ ਹੈ ਕਿ ਉਹ ਨਾਮ ਧਿਆ ਰਹੇ ਹਨ। ਮਨ ਦੇ ਇਹ ਭਰਮ ਹੀ ਸਾਡਾ ਪਰਮਾਤਮਾ ਦੇ ਨਾਲ ਪਰਦਾ ਹੈ ਭਾਵ ਪਰਮਾਤਮਾ ਦੇ ਨਾਲ ਮੇਲ ਦੇ ਵਿਚ ਰੁਕਾਵਟ ਹੈ। ਇਹ ਰੁਕਾਵਟ ਤਾਂ ਹੀ ਦੂਰ ਹੁੰਦੀ ਹੈ ਜਦੋਂ ਅਸੀਂ ਇਸ ਗੱਲ ਨੂੰ ਮਨ ਲਈਏ ਕਿ ਅਸੀਂ ਨਾਮ ਧਿਆਉਣ ਵਾਲੇ ਨਹੀਂ ਹਾਂ ਤੇ ਏਵੇਂ ਝੂਠ-ਮੂਠ ਵਿਚ ਹੀ ਅਸੀਂ ਆਪਣੇ ਆਪ ਨੂੰ ਨਾਮ ਜਪੀਏ ਸਮਝਿਆ ਹੋਇਆ ਹੈ। ਇਹ ਭਰਮ ਨਾ ਤਿਆਗਣ

ਦੁਆਰਾ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਦੂਰੀ ਨੂੰ ਦ੍ਰਿੜ ਹੀ ਕਰਦੇ ਹਾਂ। ਇਹ ਗੁਰਮਤਿ ਨਾਲੋਂ ਪੁਠੇ ਪਾਸੇ ਤੁਰਨ ਵਾਲੀ ਗੱਲ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਆਪਣੀ ਦੂਰੀ ਵਧਾਉਣ ਵਾਲੀ ਗੱਲ ਹੈ। ਭਰਮ ਨੂੰ ਤੋੜਣ ਵਾਲੀ ਗੁਰੂ ਦੀ ਮਤਿ ਹੈ ਤੇ ਜਿਉ ਜਿਉ ਅਸੀਂ ਗੁਰੂ ਦੀ ਮਤਿ ਤੇ ਅਮਲ ਕਰਦੇ ਹਾਂ ਸਾਡੀ ਉਤਨੀ ਹੀ ਪਰਮਾਤਮਾ ਨਾਲੋਂ ਵਿੱਥ ਘੱਟਦੀ ਹੈ, ਦੂਰੀ ਘੱਟਦੀ ਹੈ।

ਸਾਨੂੰ ਭਰਮ ਵਿਚ ਰੱਖਣ ਵਾਲਾ ਵੀ ਪਰਮਾਤਮਾ ਆਪ ਹੈ ਤੇ ਉਸਦੇ ਵਿਚੋਂ ਕੱਢਣ ਵਾਲਾ ਵੀ ਉਹ ਆਪ ਹੈ। ਗੁਰਬਾਣੀ ਦੀ ਰਚਨਾ ਕਰਨ ਦੁਆਰਾ ਪਰਮਾਤਮਾ ਨੇ ਸਾਰੇ ਸੰਸਾਰ ਨੂੰ ਭਰਮਾਂ ਵਿਚੋਂ ਨਿਕਲਣ ਦਾ ਸਾਧਨ ਬਖਸ਼ਿਆ ਹੈ, ਆਪਣੇ ਆਪ ਦੇ ਦਰਸ਼ਨ ਕਰਾਉਣ ਦਾ ਸਾਧਨ ਬਖਸ਼ਿਆ ਹੈ ਜੋ ਸਾਧਨ ਅਸੀਂ ਮਨੁੱਖਾ ਜੀਵਨ ਵਿਚ ਰਹਿੰਦੇ ਹੋਏ ਹੀ ਵਰਤ ਸਕਦੇ ਹਾਂ ਤੇ ਇਹ ਜਾਣ ਸਕਦੇ ਹਾਂ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਸਭ ਜਗਾ ਆਪਣੇ ਨਿਰੰਕਾਰ ਰੂਪ ਵਿਚ ਰਵਿਆ ਹੋਇਆ ਹੈ। ਜਿਸ ਰੂਪ ਵਿਚ ਉਹ ਸਾਡੇ ਅੰਦਰ ਹੈ ਉਸੇ ਰੂਪ ਵਿਚ ਉਹ ਸਭ ਜਗਾ ਸਮਾਇਆ ਹੋਇਆ ਹੈ। ਪਰਮਾਤਮਾ ਦੇ ਗੁਣ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਗਾਏ ਜਾ ਸਕਦੇ ਹਨ, ਮਨ ਦਾ ਭਰਮ ਦੂਰ ਹੋਣ ਦੁਆਰਾ ਭਾਵ ਸੱਚ ਨਾਲ ਜੁੜਣ ਦੁਆਰਾ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਦੇ ਗੁਣ ਗਾਏ ਹਨ। ਸਾਡਾ ਉਦਮ ਭਰਮਾਂ ਵਿਚੋਂ ਨਿਕਲਣ ਦਾ ਹੀ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਉਸ ਪਰਮਾਤਮਾ ਦੇ ਨਾਲ ਮੇਲ ਕਰ ਸਕੀਏ ਤੇ ਇਸ ਗੱਲ ਨੂੰ ਜਾਣ ਸਕੀਏ ਕਿ ਸਭ ਕੁਝ ਪਰਮਾਤਮਾ ਆਪ ਹੀ ਹੈ ਤੇ ਮਨ ਦੇ ਵਿਚ ਪਰਦਾ ਰਹਿੰਦੇ ਹੋਏ ਉਹ ਸਭ ਦੇ ਲਈ ਅਗੰਮ ਹੈ, ਪਹੁੰਚ ਤੋਂ ਬਾਹਰ ਹੈ। (**ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥ ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੯॥੧॥**)

ਬਾਣੀ ਰਾਹੀਂ ਸਾਨੂੰ ਬਾਰ ਬਾਰ ਭਾਵ ਬਾਣੀ ਦੀ ਰਚਨਾ ਕਰਨ ਵਾਲਾ ਅਕਾਲਪੁਰਖ ਜਿਸ ਦੇ ਨਾਲ ਅਸੀਂ ਮੇਲ ਕਰਨਾ ਚਾਹੁੰਦੇ ਹਾਂ ਉਹ ਆਪਣੇ ਨਾਲ ਮੇਲ ਕਰਨ ਦਾ ਤਰੀਕਾ ਸਾਨੂੰ ਇਕੋ ਇਕ ਇਹੀ ਸਮਝਾ ਰਿਹਾ ਹੈ ਕਿ ਅਸੀਂ ਆਪਣੀ ਹਉਮੈ ਵਿਚੋਂ ਨਿਕਲੀਏ ਭਾਵ ਮਾਇਆ ਮੋਹ ਵਾਲੀ ਬਿਰਤੀ ਵਿਚੋਂ ਨਿਕਲੀਏ, ਮਨਮਤਿ ਵਾਲੀ ਅਵਸਥਾ ਵਿਚੋਂ ਨਿਕਲੀਏ ਜੋ ਕਿ ਸਾਡੇ

ਮਨ ਦੇ ਅੰਦਰ ਪਰਮਾਤਮਾ ਨੂੰ ਸਮਝਣ ਵਿਚ ਭਰਮ ਰੂਪ ਪਰਦਾ ਹੈ ਤੇ ਮਨ ਦਾ ਭਰਮ ਹੀ ਸਾਨੂੰ ਗੁਰੂ ਦੇ ਸੱਚ ਨਾਲ ਨਹੀਂ

38/4682

ਜੁੜਣ ਦਿੰਦਾ। ਭਰਮਾਂ ਵਿਚੋਂ ਨਿਕਲਣਾ ਬਹੁਤ ਹੀ ਔਖਾ ਹੈ, ਇਸ ਮਨ ਨੂੰ ਸਮਝਾਉਣਾ ਬਹੁਤ ਹੀ ਔਖਾ ਹੈ ਤੇ ਮਨ ਨੂੰ ਸਮਝਾਏ ਬਿਨਾ ਅਸੀਂ ਭਰਮ ਦੇ ਪਰਦੇ ਵਿਚੋਂ ਨਹੀਂ ਨਿਕਲ ਸਕਦੇ ਤੇ ਨਾ ਹੀ ਕਦੇ ਭਰਮ ਵਿਚੋਂ ਨਿਕਲੇ ਬਿਨਾ ਪ੍ਰਮਾਤਮਾ ਨੂੰ ਕਿਸੇ ਨੇ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ। ਮਨ ਦੇ ਭਰਮ ਕਰ ਕੇ ਅਸੀਂ ਗੁਰੂ ਵਿਚ ਤੇ ਸੰਤ ਵਿਚ ਭੇਦ ਸਮਝਦੇ ਹਾਂ ਭਾਵ ਸੰਤ ਗੁਰੂ ਆਪ ਹੈ ਪਰ ਅਸੀਂ ਦੁਨਿਆਵੀ ਪੁਰਖਾਂ ਨੂੰ ਸੰਤ ਸਮਝਿਆ ਹੋਇਆ ਹੈ ਜੋ ਆਪ ਭਰਮ ਦੇ ਭਰੇ ਹੋਏ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਨ ਤੇ ਦੂਸਰਿਆਂ ਨੂੰ ਆਪਣੇ ਭਰਮਾਂ ਨਾਲ ਹੀ ਜੋੜਦੇ ਹਨ, ਕਥਨੀ ਆਦਿ ਨਾਲ ਜੋੜਦੇ ਹਨ, ਝੂਠੇ ਨਾਮ ਦੇ ਨਾਲ ਭਾਵ ਕਿਸੇ ਅੱਖਰ ਦੇ ਜਪ ਨੂੰ ਨਾਮ ਸਮਝਾਉਂਦੇ ਹਨ ਭਾਵ ਉਲਟਾ ਭਰਮ ਦ੍ਰਿੜ ਕਰਵਾਉਂਦੇ ਹਨ। ਇਹੋ ਜਿਹਿਆ ਨੇ ਨਾ ਆਪ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਇਹਨਾਂ ਦੇ ਪਿੱਛੇ ਲੱਗ ਕੇ ਕੋਈ ਪਰਮਾਤਮਾ ਨੂੰ ਪਾ ਸਕਦਾ ਹੈ। ਅਗਲੇ ਹੇਠ ਦਿੱਤੇ ਸ਼ਬਦ ਨੂੰ ਅਸੀਂ ਲੇਖ ਵਿਚ ਬਹੁਤ ਪਿੱਛੇ ਪਹਿਲੇ ਸਮਝਿਆ ਹੈ ਤੇ ਫਿਰ ਤੋਂ ਕੁਝ ਵਿਚਾਰ ਕਰਦੇ ਹਾਂ ਤਾਂ ਜੋ ਅਸੀਂ ਉਹੋ ਜਿਹਿਆਂ ਨੂੰ ਸੰਤ ਨਾ ਸਮਝੀਏ ਜੋ ਆਪ ਹਉਮੈ ਦੇ ਭਰੇ ਹੋਏ ਹਨ। ਪਰਮਾਤਮਾ ਦਾ ਸੰਤ ਉਹੀ ਹੈ ਜੋ ਉਸਦਾ ਆਪਣਾ ਗੁਰੂ ਰੂਪ ਹੈ ਭਾਵ ਜੋ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੈ ਤੇ ਮਨ ਦੀ ਜੋਤਿ ਰਾਹੀਂ ਪਰਮਾਤਮਾ ਦੇ ਨਾਲ ਇਕ ਹੈ। ਪਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਗੁਰੂ ਰੂਪ ਸੰਤ ਹੀ ਕਰਵਾ ਸਕਦਾ ਹੈ।

“ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥”

(ਅੰਗ ੨੦੪-੨੦੫)

ਪੂਰੇ ਸ਼ਬਦ ਵਿਚ ਹਰ ਪੰਗਤੀ ਦੇ ਅਰਥ ਸਮਝਣੇ ਬਹੁਤ ਸਰਲ ਹਨ ਜਿੰਨਾ ਰਾਹੀਂ ਸਾਨੂੰ ਇਹ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪਰਮਾਤਮਾ ਦੇ ਨਾਲ ਮੇਲ ਕਰਨਾ ਕੀ ਹੈ ਤਾਂ ਜੋ ਹਰ ਕੋਈ ਆਸਾਨੀ ਨਾਲ ਸਮਝ ਸਕੇ ਕਿ ਪ੍ਰਮਾਤਮਾ ਦੇ ਨਾਲ ਮੇਲ ਕਿਸ ਤਰੀਕੇ ਹੁੰਦਾ ਹੈ, ਕਿਸ ਜਗ੍ਹਾ ਤੇ ਹੁੰਦਾ ਹੈ ਤੇ ਕਿਸ ਰੂਪ ਵਿਚ ਹੁੰਦਾ ਹੈ ਤਾਂ ਜੋ ਅਸੀਂ ਉਹੋ ਜਿਹਿਆਂ ਦੇ ਪਿੱਛੇ ਨਾ ਲੱਗੀਏ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਆਪਣੀ ਆਪਣੀ ਮਤਿ ਅਨੁਸਾਰ ਹੋਰ ਤਰੀਕੇ ਸਮਝਾਉਂਦੇ ਹਨ, ਕਿਸੇ ਹੋਰ ਰੂਪ ਵਿਚ ਸਮਝਾਉਂਦੇ ਹਨ ਤੇ ਆਪਣੇ ਆਪ ਨੂੰ ਉੱਚਾ ਬਣਾਉਂਦੇ ਹਨ

38/4683

ਤੇ ਦੂਸਰਿਆਂ ਨੂੰ ਭਰਮਾਂ ਵਿਚ ਪਾਉਂਦੇ ਹਨ। ਸਾਨੂੰ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਜਿਸ ਰੂਪ ਵਿਚ ਗੁਰੂ ਨੇ ਆਪ ਪਰਮਾਤਮਾ ਨੂੰ ਪਾਇਆ ਹੈ ਪਰਮਾਤਮਾ ਉਸੇ ਰੂਪ ਵਿਚ ਹੀ ਮਿਲਦਾ ਹੈ ਤੇ ਉਸੇ ਤਰੀਕੇ ਹੀ ਮਿਲਦਾ ਹੈ।

ਉਪਰ ਵਾਲੇ ਸ਼ਬਦ ਵਿਚ **"ਰਹਾਉ"** ਵਾਲੇ ਦੋ ਪਦੇ ਹਨ। ਸ਼ਬਦ ਦੀ ਸ਼ੁਰੂਆਤ **"ਰਹਾਉ"** ਵਾਲੀਆਂ ਪੰਗਤੀਆਂ ਤੋਂ ਹੁੰਦੀ ਹੈ ਤੇ ਸ਼ਬਦ ਦੀ ਸਮਾਪਤੀ ਦੂਸਰੇ **"ਰਹਾਉ"** ਦੁਆਰਾ ਹੁੰਦੀ ਹੈ ਜਿਸਨੂੰ ਕਿ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਪਹਿਲੇ ਰਹਾਉ ਦੁਆਰਾ ਸਾਨੂੰ ਪਰਮਾਤਮਾ ਅਗੇ ਬੇਨਤੀ ਦੇ ਰੂਪ ਵਿਚ ਇਹ ਸਵਾਲ ਕਰ ਕੇ ਸਮਝਾਇਆ ਹੋਇਆ ਹੈ ਕਿ ਪਰਮਾਤਮਾ ਤੂੰ ਕਿਸ ਤਰੀਕੇ ਨਾਲ ਮਿਲਦਾ ਹੈਂ ਭਾਵ ਤੇਰੇ ਨਾਲ ਮੇਲ ਕਰਨ ਦਾ ਕੀ ਤਰੀਕਾ ਹੈ ਤੇ ਉਹ ਕੋਈ ਕਿਹੋ ਜਿਹਾ ਸੰਤ ਹੈ ਜੋ ਤੈਨੂੰ ਜਾਨਣ ਵਾਲਾ ਹੈ, ਜੋ **"ਸਹਜ"** ਦੀ ਅਵਸਥਾ ਵਾਲਾ ਹੈ ਭਾਵ ਚਉਥੇ ਪਦ ਦੀ ਅਵਸਥਾ ਵਾਲਾ ਹੈ ਜੋ ਸਾਨੂੰ ਤੇਰੇ ਨਾਲ ਮੇਲ ਕਰਨ ਦਾ ਮਾਰਗ ਸਮਝਾ ਸਕਦਾ ਹੈ, ਜੋ ਆਪ ਸੁਖਦਾਤਾ ਹੈ ਭਾਵ ਜਿਸਨੂੰ ਆਪ ਸੁੱਖ ਦੀ ਦਾਤ ਮਿਲੀ ਹੋਈ ਹੈ ਭਾਵ ਤੇਰੇ ਨਾਲ ਮੇਲ ਦੀ ਦਾਤਿ ਮਿਲੀ ਹੋਈ ਹੈ ਤੇ ਉਹ ਸਾਨੂੰ ਸਹੀ ਮਾਰਗ ਦੱਸ ਕੇ ਸੁੱਖ ਦੀ ਦਾਤਿ ਦਿਵਾ ਸਕਦਾ ਹੈ, ਤੇਰੇ ਨਾਲ ਮੇਲ ਦੀ ਦਾਤਿ ਦਿਵਾ ਸਕਦਾ ਹੈ। (**ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥**) ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾ ਰਾਹੀਂ ਬਾਰ ਬਾਰ ਇਸ ਗੱਲ ਨੂੰ ਸਮਝਿਆ ਹੈ ਗੁਰੂ ਰੂਪ ਹੀ ਪਰਮਾਤਮਾ ਦਾ ਸੰਤ ਰੂਪ ਹੈ ਜੋ ਪਰਮਾਤਮਾ ਦੇ ਨਾਲ ਇੱਕ ਹੀ ਹੈ। ਇਹੀ ਗੱਲ ਸਾਨੂੰ ਸ਼ਬਦ ਵਿਚ ਅੱਗੇ ਚੱਲ ਕੇ ਸਮਝਾਈ ਹੋਈ ਹੈ ਕਿ ਪਰਮਾਤਮਾ ਦੇ ਨਾਲ ਸਾਡਾ ਮੇਲ ਕੇਵਲ ਗੁਰੂ ਹੀ ਕਰਵਾ ਸਕਦਾ ਹੈ ਭਾਵ ਗੁਰੂ ਹੀ ਪਰਮਾਤਮਾ ਦਾ ਸੰਤ ਰੂਪ ਹੈ ਜਿਵੇਂ ਕਿ ਅਸੀਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਂਗੇ। ਉਹਨਾਂ ਪੰਗਤੀਆਂ ਤੋਂ ਪਹਿਲੇ ਸਾਨੂੰ ਇਹ ਗੱਲ ਸਮਝਾਈ ਹੋਈ ਹੈ ਕਿ ਸਾਨੂੰ ਪਰਮਾਤਮਾ ਮਿਲਦਾ ਕਿਸ ਲਈ ਨਹੀਂ ਹੈ ਭਾਵ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਕਿਸ ਲਈ ਹੈ। **"ਰਹਾਉ"** ਤੋਂ ਅਗਲੀਆਂ ਪੰਗਤੀਆਂ ਪਰਮਾਤਮਾ ਦੇ ਨਾਲ ਸਾਨੂੰ ਮੇਲ ਕਰਨ ਦਾ ਤਰੀਕਾ ਹੀ ਸਮਝਾ ਰਹੀਆਂ ਹਨ ਭਾਵ ਸਾਡੇ ਸਵਾਲ ਦਾ ਜਵਾਬ ਹੀ ਦੇ ਰਹੀਆਂ ਹਨ ਜੋ ਕਿ ਇਸ ਪ੍ਰਕਾਰ ਹਨ।

38/4684

"ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥

ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥"

ਪੂਰੀ ਗੁਰਬਾਣੀ ਸਾਡਾ ਗੁਰੂ ਹੈ ਜੋ ਕਿ ਪਰਮਾਤਮਾ ਦਾ ਸੰਤ ਰੂਪ ਹੈ ਤੇ ਪਰਮਾਤਮਾ ਦਾ ਥਾਪਿਆ ਹੋਇਆ ਸੰਤ ਹੀ ਸਾਨੂੰ ਸਾਡੇ ਸਵਾਲ ਦਾ ਜਵਾਬ ਸੁਣਾ ਰਹਿਆ ਹੈ ਭਾਵ ਸਾਨੂੰ ਕੋਈ ਦੁਨਿਆਵੀ ਸੰਤ ਲੱਭਣ ਦੀ ਲੋੜ ਨਹੀਂ ਹੈ। ਗੁਰੂ ਰੂਪ ਸੱਚਾ ਸੰਤ ਭਾਵ ਪਰਮਾਤਮਾ ਦਾ ਆਪਣਾ ਹੀ ਥਾਪਿਆ ਹੋਇਆ ਗੁਰਬਾਣੀ ਰੂਪ ਸੱਚਾ ਸੰਤ ਸਾਨੂੰ ਇਹ ਸਮਝਾ ਰਹਿਆ ਹੈ, ਸਾਰੇ ਸੰਸਾਰ ਨੂੰ ਇਹ ਸਮਝਾ ਰਹਿਆ ਹੈ ਕਿ ਪਰਮਾਤਮਾ ਤਾਂ ਤੁਹਾਡੇ ਅੰਦਰ ਹੀ ਹੈ ਪਰ ਤੁਸੀਂ ਉਸਨੂੰ ਆਪਣੇ ਅੰਦਰੋਂ ਦੇਖ ਨਹੀਂ ਸਕਦੇ ਕਿਉਂਕਿ ਤੁਹਾਡੇ ਅੰਦਰ ਪਰਮਾਤਮਾ ਨੇ ਹਉਮੈ ਰੂਪ ਪੜਦਾ ਪਾਇਆ ਹੋਇਆ ਹੈ ਜੋ ਪੜਦਾ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਹੈ ਭਾਵ ਮਨ ਦੇ ਵਿਚ ਹੈ। ਇਹ ਹਉਮੈ ਰੂਪ ਪੜਦਾ ਹੀ ਸਭ ਦੇ ਅੰਦਰ ਮਾਇਆ ਮੋਹ ਦੇ ਰੂਪ ਵਿਚ ਹੈ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਦੇ ਰੂਪ ਵਿਚ ਹੈ ਜਿਸ ਰਾਹੀਂ ਪਰਮਾਤਮਾ ਨੇ ਹਰ ਕਿਸੇ ਨੂੰ ਮਨ ਦੇ ਭਰਮ ਵਿਚ ਰਖਿਆ ਹੋਇਆ ਹੈ ਭਾਵ ਇਹ ਹਉਮੈ ਰੂਪ ਪੜਦਾ ਸਾਰਿਆਂ ਦੇ ਅੰਦਰ ਭਰਮ ਰੂਪ ਪੜਦਾ ਹੈ ਜੋ ਮਨ ਦੇ ਵਿਚ ਸਾਨੂੰ ਪਰਮਾਤਮਾ ਨੂੰ ਲੱਖਣ ਤੋਂ ਭਾਵ ਜਾਣਨ ਤੋਂ ਭਾਵ ਉਸਦੇ ਨਾਲ ਮਨ ਦੇ ਵਿਚ ਮੇਲ ਕਰਨ ਤੋਂ ਦੂਰ ਰੱਖਦਾ ਹੈ ਤੇ ਮਨ ਦੇ ਭਰਮਾਂ ਰਾਹੀਂ ਭਾਵ ਅਗਿਆਨਤਾ ਰਾਹੀਂ ਮਨੁੱਖ ਨੂੰ ਮਾਇਆ ਮੋਹ ਵਾਲੇ ਵਿਚਾਰਾਂ ਨਾਲ ਜੋੜ ਕੇ ਰੱਖਦਾ ਹੈ ਭਾਵ ਹਰ ਮਨੁੱਖ ਨੂੰ ਮਾਇਆ ਮੋਹ ਵਾਲੀ ਅਵਸਥਾ ਵਿਚ ਸੁੱਤੇ ਹੋਏ ਰੱਖਦਾ ਹੈ ਜਿਸ ਸੁੱਤੇਪਨ ਵਿਚ ਰਹਿੰਦਿਆਂ ਉਸ ਪਰਮਾਤਮਾ ਨੂੰ ਮਨ ਦੇ ਵਿਚਾਰਾਂ ਰਾਹੀਂ ਕੋਈ ਨਹੀਂ ਜਾਣ ਸਕਦਾ। ਸੁੱਤੇ ਹੋਏ ਸਾਡੇ ਵਿਚਾਰ ਹੀ ਹਨ ਜੋ ਸਾਨੂੰ ਅਸਲੀਅਤ ਨਹੀਂ ਸਮਝਣ ਦਿੰਦੇ। ਪਰਮਾਤਮਾ ਦੀ ਅਸਲੀਅਤ ਸਾਡੇ ਅੰਦਰ ਹੀ ਹੈ। ਉਹ ਸਾਡੇ ਮਨ ਦੇ ਵਿਚਾਰਾਂ ਰਾਹੀਂ ਸਦਾ ਜਾਗਦਾ ਹੈ ਪਰ ਹਰ ਮਨੁੱਖ ਨੂੰ ਉਸਨੇ ਅਗਿਆਨਤਾ ਦੀ ਨੀਂਦ, ਭਰਮ ਦੀ ਨੀਂਦ ਵਿਚ ਸੁਵਾਇਆ ਹੋਇਆ ਹੈ। ਜਦ ਤਕ ਸਾਡੇ ਮਨ ਦੇ ਵਿਚਾਰ ਸੁੱਤੇ ਹੋਏ ਹਨ ਤਦ ਤਕ ਸਾਡੇ ਅੰਦਰ ਪੰਜ ਚੋਰ ਵੀ ਸਾਡੇ ਘਰ ਨੂੰ ਲੁਟਦੇ ਰਹਿੰਦੇ ਹਨ ਪਰ ਸਾਨੂੰ ਉਹਨਾਂ ਦੀ ਲੁੱਟ ਸਮਝ ਨਹੀਂ ਆਉਂਦੀ ਕਿ ਉਹ ਸਾਡੇ ਜੀਵਨ ਨੂੰ ਕਿਤਨਾ ਬਰਬਾਦ ਕਰ ਰਹੇ ਹਨ ਜਿਵੇਂ ਕਿ ਅਸੀਂ

38/4685

ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪਰਮਾਤਮਾ ਨਾਲੋਂ ਸਾਡਾ ਮਨ ਦੇ ਵਿਚ ਪੜਦਾ ਹੀ ਸਾਨੂੰ ਪਰਮਾਤਮਾ

ਦੇ ਨਾਲ ਮੇਲ ਤੋਂ ਦੂਰ ਰੱਖਦਾ ਹੈ ਜਿਸ ਗੱਲ ਨੂੰ ਮੰਨਣਾ ਸਾਡੇ ਲਈ ਸਭ ਤੋਂ ਜਰੂਰੀ ਹੈ ਤਾਂ ਜੋ ਅਸੀਂ ਪਰਮਾਤਮਾ ਦੇ ਨਾਲ ਮੇਲ ਕਰਨ ਦੀ ਅਸਲੀਅਤ ਨੂੰ ਸਮਝ ਸਕੀਏ ਜੋ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ, ਸਾਡੇ ਸਵਾਲ ਦੇ ਜਵਾਬ ਦੇ ਰੂਪ ਵਿਚ ਸਮਝਾਇਆ ਹੋਇਆ ਹੈ। (**ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥**) ਇਹ ਗੱਲ ਤਾਂ ਸਭ ਨੂੰ ਘੱਟੋ ਘੱਟ ਸਮਝ ਹੋਣੀ ਚਾਹੀਦੀ ਹੈ ਕਿ ਪਰਮਾਤਮਾ ਦਾ ਸੰਤ ਉਹੀ ਹੈ ਜਿਸਨੂੰ ਇਸ ਗੱਲ ਦੀ ਸਮਝ ਹੈ ਕਿ ਸਾਡੇ ਅੰਦਰ ਮਨ ਦਾ ਪੜਦਾ ਹੀ ਪਰਮਾਤਮਾ ਦੇ ਨਾਲੋਂ ਦੂਰੀ ਦਾ ਕਾਰਨ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚ ਭਰਮ ਰੂਪ ਪੜਦਾ ਨਿਕਲਣ ਦੁਆਰਾ ਹੀ ਹੁੰਦਾ ਹੈ। ਜਿਸ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਉਹ ਪ੍ਰਮਾਤਮਾ ਦੇ ਨਾਲ ਮੇਲ ਵਾਲਾ ਹੋ ਹੀ ਨਹੀਂ ਸਕਦਾ। ਸਾਰੇ ਸੰਸਾਰ ਵਿਚੋਂ ਕੋਈ ਇਹੋ ਜਿਹਾ ਸੰਤ ਅਖਵਾਉਣ ਵਾਲਾ ਲੱਭ ਕੇ ਲਿਆਵੋ ਜੋ ਪਰਮਾਤਮਾ ਦੇ ਨਾਲ ਇਹੋ ਜਿਹੇ ਮੇਲ ਦੀ ਗੱਲ ਸਮਝਾਉਂਦਾ ਹੋਵੇ ਜਿਹੋ ਜਿਹੀ ਗੱਲ ਗੁਰੂ ਰੂਪ ਸੰਤ ਸਮਝਾ ਰਿਹਾ ਹੈ। ਜੇਕਰ ਕਿਸੇ ਦੇ ਮਨ ਦਾ ਭਰਮ ਨਿਕਲਿਆ ਹੋਵੇ ਤਾਂ ਫਿਰ ਉਸਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਸੰਤ ਰੂਪ ਪਰਮਾਤਮਾ ਆਪ ਹੈ ਭਾਵ ਕੋਈ ਮਨੁੱਖ ਨਹੀਂ ਹੈ। ਉਹ ਸੰਤ ਰੂਪ ਪਰਮਾਤਮਾ ਸਾਡੇ ਅੰਦਰ ਜੋਤਿ ਰੂਪ ਵਿਚ ਹੈ ਜੋ ਕਿ ਉਸਦੀ ਜੋਤਿ ਵਿਚ ਰਲਣ ਦੁਆਰਾ ਹੀ ਸਮਝ ਆਉਂਦੀ ਹੈ ਜੋ ਕਿ ਸ਼ਬਦ ਦੀਆਂ ਆਖਰੀ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਹੁਣ ਅਗਲੀ ਪੰਗਤੀ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਸਾਡੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿਥੇ ਸਾਡਾ ਪਰਮਾਤਮਾ ਦੇ ਨਾਲ ਮੇਲ ਹੁੰਦਾ ਹੈ।

“ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥

ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥”

ਉਪਰਲੀਆਂ ਪੰਗਤੀਆਂ ਰਾਹੀਂ ਸਾਡੇ ਸਵਾਲ ਦੇ ਜਵਾਬ ਵਿਚ ਸਾਡੇ ਅੰਦਰ ਪ੍ਰਮਾਤਮਾ ਦਾ ਟਿਕਾਣਾ ਹੀ ਸਮਝਾਇਆ ਹੋਇਆ ਹੈ ਜਿਥੇ ਅਸੀਂ ਉਸਦੇ ਨਾਲ ਮੇਲ ਕਰਨਾ ਹੈ ਤੇ ਮੇਲ ਨਾ ਹੋਣ

ਦੀ ਵਜ੍ਹਾ ਵੀ ਸਮਝਾਈ ਹੋਈ ਹੈ। ਕੇਵਲ ਗੁਰੂ ਦੀ ਭਾਵ ਸੱਚੇ ਸੰਤ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ। ਮਨੁੱਖ ਦਾ ਤੇ ਪਰਮਾਤਮਾ ਦਾ ਘਰ ਵੀ ਇਕੋ ਹੀ ਸਮਝਾਇਆ ਹੈ ਤੇ ਸੰਗਤ ਵੀ ਪ੍ਰਮਾਤਮਾ ਦੇ ਨਾਲ ਹੀ ਸਮਝਾਈ ਹੋਈ ਹੈ ਪਰ ਸਾਨੂੰ ਇਸ ਗੱਲ ਦੀ ਸਮਝ ਕਿਉਂ ਨਹੀਂ ਲਗਦੀ ਇਹ ਗੱਲ ਅਸੀਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝੀ ਹੈ ਜੋ ਕਿ ਮਨ ਦੇ ਵਿਚ ਭਰਮ ਰੂਪ ਪੜਦਾ ਹੈ। ਅਸੀਂ **“ਮਨੁੱਖ”** ਮਨ ਦੇ ਵਿਚਾਰਾਂ ਨਾਲ ਹਾਂ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝਦੇ ਹਾਂ। ਇਥੇ ਹੀ ਸਾਡੇ ਮਨ ਦਾ ਭਰਮ ਹੈ। ਸਾਡਾ ਗ੍ਰਿਹ ਮਨ ਹੈ ਤੇ ਪਰਮਾਤਮਾ ਦਾ ਗ੍ਰਿਹ ਵੀ ਸਾਡਾ ਮਨ ਹੈ ਭਾਵ ਦੋਨਾਂ ਦਾ ਗ੍ਰਿਹ ਮਨ ਹੀ ਹੈ। ਮਨ ਦੇ ਵਿਚ ਕੇਵਲ ਵਿਚਾਰ ਹੀ ਹੁੰਦੇ ਹਨ ਜੋ ਹਰ ਵੇਲੇ ਉਪਜਦੇ ਰਹਿੰਦੇ ਹਨ। ਜਦ ਤਕ ਮਨ ਦੇ ਵਿਚਾਰ ਸਾਨੂੰ ਇਹ ਸਮਝਾਉਂਦੇ ਹਨ ਕਿ ਅਸੀਂ ਇੱਕ ਮਨੁੱਖ ਹਾਂ, ਤਦ ਤਕ ਅਸੀਂ ਮਨੁੱਖ ਹੀ ਹਾਂ ਤੇ ਜਦ ਤਕ ਅਸੀਂ ਇਹ ਕੁਝ ਸਮਝਦੇ ਹਾਂ ਤਦ ਤਕ ਅਸੀਂ ਮਨ ਦੇ ਭਰਮ ਵਿਚ ਹਾਂ, ਮਨ ਦੇ ਵਿਚਾਰਾਂ ਰਾਹੀਂ ਭਰਮ ਵਿਚ ਹਾਂ। ਮਨੁੱਖ ਦਾ ਤੇ ਪਰਮਾਤਮਾ ਦਾ ਭੇਦ, ਮਨੁੱਖ ਦਾ ਪਰਮਾਤਮਾ ਦੇ ਨਾਲ ਰਿਸ਼ਤੇ ਦਾ ਭੇਦ ਮਨ ਦੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ। ਸਾਡੀ ਹਰ ਵੇਲੇ ਸੰਗਤ ਮਨ ਦੇ ਵਿਚ ਪਰਮਾਤਮਾ ਦੇ ਨਾਲ ਹੀ ਹੈ ਪਰ ਭਰਮ ਵਿਚ ਰਹਿੰਦਿਆਂ ਅਸੀਂ ਮਨ ਦੇ ਵਿਚਾਰਾਂ ਰਾਹੀਂ ਉਸ ਪ੍ਰਮਾਤਮਾ ਨਾਲੋਂ ਵਿਛੜੇ ਰਹਿੰਦੇ ਹਾਂ। ਮਨ ਦਾ ਭਰਮ ਉਦੋਂ ਹੀ ਜਾਂਦਾ ਹੈ ਜਦੋਂ ਮਨ ਦੇ ਵਿਚ ਹੀ ਪਰਮਾਤਮਾ ਦੇ ਨਾਲ ਗੱਲਾਂ ਹੁੰਦੀਆਂ ਹਨ ਜਿਸ ਰਾਹੀਂ ਮਨ ਦੇ ਵਿਚਾਰਾਂ ਨਾਲ ਹੀ ਇਹ ਸਮਝ ਲਗਦੀ ਹੈ ਕਿ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿਚ ਪਰਮਾਤਮਾ ਆਪ ਹੀ ਹੈ, ਜਿਸਨੇ ਆਪ ਹੀ ਸਭ ਨੂੰ ਭਰਮ ਵਿਚ ਰਖਿਆ ਹੋਇਆ ਹੈ। ਮਨ ਦੇ ਵਿਚ ਪਰਮਾਤਮਾ ਦੇ ਨਾਲ ਗੱਲਾਂ ਕਰਨੀਆਂ ਹੀ, ਮਨ ਦੇ ਵਿਚਾਰਾਂ ਰਾਹੀਂ ਪਰਮਾਤਮਾ ਦੇ ਨਾਲ ਵਿਚਾਰਾਂ ਕਰਨੀਆਂ ਹੀ ਮਨ ਦੇ ਵਿਚ ਪਰਮਾਤਮਾ ਦੇ ਨਾਲ ਮੇਲ ਹੈ। ਪਰਮਾਤਮਾ ਦੇ ਨਾਲ ਮਨ ਦੇ ਵਿਚ ਗੱਲਾਂ ਹੋਏ ਬਿਨਾ ਹਰ ਕੋਈ ਪਰਮਾਤਮਾ ਦੇ ਨਾਲੋਂ ਵਿਛੋੜੇ ਵਿਚ ਹੈ ਜਿਸ ਦਾ ਕਾਰਣ ਸਾਡੇ ਮਨ ਦੇ ਅੰਦਰ ਭਰਮ ਰੂਪ ਪੜਦਾ ਹੈ। (**ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥**) ਜਿਸ ਵਸਤੂ ਨੂੰ, ਵੱਖਰ ਨੂੰ ਭਾਵ **“ਬਸਤੁ”** ਨੂੰ ਪ੍ਰਾਪਤ ਕਰਨ ਲਈ ਅਸੀਂ ਇਸ ਸੰਸਾਰ ਵਿਚ ਆਏ ਹਾਂ ਉਸ **“ਬਸਤੁ”** ਦੇ ਰੂਪ ਵਿਚ ਪ੍ਰਮਾਤਮਾ ਆਪ ਹੈ ਜੋ **“ਬਸਤੁ”** ਸਾਡੇ ਅੰਦਰ ਹੀ ਹੈ ਜੋ ਬਸਤੁ ਅਗੋਚਰ

38/4687

ਹੈ ਭਾਵ ਹਰ ਕਿਸੇ ਦੀ ਪਹੁੰਚ ਤੋਂ ਬਾਹਰ ਹੈ। ਇਹ ਬਸਤੁ ਨਾ ਮਿਲਣ ਦਾ ਕਾਰਣ ਸਾਡੇ ਮਨ ਦੇ ਅੰਦਰ ਦਾ ਭਰਮ ਹੈ, ਹਉਮੈ ਹੈ, ਮਾਇਆ ਮੋਹ ਹੈ ਜਿਵੇਂ ਕਿ ਅਸੀਂ ਪਿਛਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਮਾਇਆ ਮੋਹਿ ਵਾਲੀ ਬਿਰਤੀ ਵਿਚ ਰਹਿੰਦੇ ਹੋਏ ਅਸੀਂ ਮਾਇਆ ਰੂਪ ਪਦਾਰਥ ਦੀ ਪ੍ਰਾਪਤੀ ਕਰਨ ਲਈ ਮਨ ਦੀਆਂ ਤ੍ਰਿਸ਼ਨਾਵਾਂ ਵਿਚ ਰਹਿੰਦੇ ਹਾਂ ਜਿਸ ਕਰਕੇ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਭਾਵ ਵਿਕਾਰਾਂ ਦਾ ਮਾਰਗ ਲੈਂਦੇ ਹਾਂ ਜਿਸ ਕਰਕੇ ਅਸੀਂ ਉਸ ਵਸਤੂ ਨੂੰ ਆਪਣੇ ਅੰਦਰੋਂ ਪ੍ਰਾਪਤ ਨਹੀਂ ਕਰ ਸਕਦੇ। ਸਾਡੇ ਅੰਦਰ ਦੇ ਪੰਜੇ ਵਿਕਾਰ ਭਾਵ **"ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ"** ਸਾਡੇ ਮਨ ਦੇ ਵਿਚਾਰ ਹੀ ਹਨ ਜੋ ਵਿਚਾਰ ਸਾਡੇ ਅੰਦਰ ਦੇ ਦੁੱਖੀ ਵਿਚਾਰ ਹਨ ਭਾਵ ਸਾਡੇ ਮਨ ਨੂੰ ਦੁੱਖੀ ਰੱਖਦੇ ਹਨ ਭਾਵ ਸਾਡੇ ਮਨ ਨੂੰ ਸੁੱਖੀ ਨਹੀਂ ਹੋਣ ਦਿੰਦੇ। ਜੋ ਵਸਤੂ ਅਸੀਂ ਲੈਣ ਲਈ ਆਏ ਹਾਂ ਉਹ ਵਸਤੂ ਨਾ ਮਿਲਣ ਦਾ ਕਾਰਨ ਸਾਡੇ ਮਨ ਦੇ ਮਾੜੇ ਵਿਚਾਰ ਹਨ ਜਿੰਨਾ ਨੂੰ ਛੱਡੇ ਬਿਨਾ ਅਸੀਂ ਮਨ ਦੇ ਵਿਚਾਰਾਂ ਰਾਹੀਂ ਸੁੱਖੀ ਵਿਚਾਰਾਂ ਵਾਲੇ ਨਹੀਂ ਬਣ ਸਕਦੇ ਤੇ ਸੁੱਖੀ ਵਿਚਾਰਾਂ ਵਾਲੇ ਬਣੇ ਬਿਨਾ ਭਾਵ ਗੁਣਾਂ ਵਾਲੇ ਵਿਚਾਰਾਂ ਵਾਲੇ ਬਣੇ ਬਿਨਾ ਅਸੀਂ ਉਸ ਸੁੱਖ ਰੂਪ ਪਰਮਾਤਮਾ ਦੇ ਨਾਲ, ਗੁਣਾਂ ਦੇ ਦਾਤੇ ਪਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ ਭਾਵ ਮਨ ਦੇ ਵਿਚੋਂ ਉਸ **"ਬਸਤੁ"** ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। (**ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥**) ਸਾਡੇ ਅੰਦਰ ਪਰਮਾਤਮਾ ਦੇ ਨਾਲ ਦੂਰੀ ਦਾ ਕਾਰਣ ਸਾਡੇ ਅੰਦਰ ਮਾਇਆ ਮੋਹਿ ਹੈ, ਹਉਮੈ ਹੈ ਭਾਵ ਸਾਡੇ ਅੰਦਰ ਦਾ ਭਰਮ ਰੂਪ ਪੜਦਾ ਹੈ ਤੇ ਉਹ ਪੜਦਾ ਸਾਡੇ ਅੰਦਰੋਂ ਦੂਰ ਕਿਸ ਨੇ ਕਰਨਾ ਹੈ ਭਾਵ ਕਿਹੜੇ **"ਸੰਤ"** ਨੇ ਕਰਨਾ ਹੈ ਜਿਸਨੂੰ ਮਿਲਣ ਦੀ ਗੱਲ ਪਹਿਲੀ **"ਰਹਾਉ"** ਵਾਲੀ ਪੰਗਤੀ ਵਿਚ ਕੀਤੀ ਹੋਈ ਹੈ, ਇਸ ਗੱਲ ਦਾ ਜਵਾਬ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਦਿੱਤਾ ਹੋਇਆ ਹੈ।

"ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥"

ਪਰਮਾਤਮਾ ਦਾ ਗ੍ਰਿਹ ਭਾਵ ਘਰ ਸਾਡੇ ਅੰਦਰ ਕਿਸ ਰੂਪ ਵਿਚ ਹੈ ਇਸ ਗੱਲ ਨੂੰ ਹੁਣ ਹਰ ਕੋਈ ਆਸਾਨੀ ਨਾਲ ਸਮਝਦਾ ਹੈ। ਗ੍ਰਿਹ ਸਾਡਾ ਮਨ ਹੈ ਪਰ ਜਦ ਤਕ ਸਾਨੂੰ ਇਸ ਮਨ ਦੀ ਸਮਝ ਨਹੀਂ ਪੈਂਦੀ ਅਸੀਂ ਮਨ ਨੂੰ ਆਪਣਾ ਹੀ ਸਮਝਦੇ ਹਾਂ,

38/4688

ਆਤਮਾ ਰੂਪ ਸਮਝਦੇ ਹਾਂ। ਅਸੀਂ ਮਨ ਨੂੰ ਆਪਣਾ ਕਿਸ ਲਈ ਸਮਝਦੇ ਹਾਂ, ਆਪਣੇ ਆਪ ਨੂੰ ਇਕ ਆਤਮਾ ਰੂਪ ਕਿਸ ਲਈ ਸਮਝਦੇ ਹਾਂ ਇਥੇ ਹੀ ਸਾਡੇ ਮਨ ਦਾ ਰਾਜ ਭਾਵ ਪਰਦਾ ਛੁੱਪਿਆ ਹੋਇਆ ਹੈ, ਭੇਦ ਛੁੱਪਿਆ ਹੋਇਆ ਹੈ। ਸਾਡੇ ਅੰਦਰ ਦਾ ਇਹ ਭੇਦ ਸਾਡੇ ਅੰਦਰ ਦੀ ਨਾਸਮਝੀ ਹੈ ਤੇ ਸਾਡੇ ਅੰਦਰ ਦੀ ਇਹ ਨਾਸਮਝੀ ਹੀ ਸਾਡੇ ਅੰਦਰ ਦਾ ਉਹ ਤਾਲਾ ਹੈ, ਭਰਮ ਰੂਪ ਤਾਲਾ ਹੈ, ਅਗਿਆਨਤਾ ਰੂਪ ਤਾਲਾ ਹੈ ਜੋ ਤਾਲਾ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ ਲਗਾਇਆ ਹੋਇਆ ਹੈ, ਮਨ ਦੇ ਵਿਚਾਰਾਂ ਰਾਹੀਂ ਲਗਾਇਆ ਹੋਇਆ ਹੈ। ਸਾਡੇ ਅੰਦਰ ਦੀ ਤ੍ਰੈਗੁਣਾਂ ਵਾਲੀ ਅਵਸਥਾ ਸਾਡੇ ਅੰਦਰ ਪਰਮਾਤਮਾ ਦਾ ਆਪਣਾ ਲਗਾਇਆ ਹੋਇਆ ਤਾਲਾ ਹੈ। ਜਿਸਨੇ ਸਾਡੇ ਅੰਦਰ ਇਹ ਤਾਲਾ ਲਗਾਇਆ ਹੋਇਆ ਹੈ ਉਹ ਆਪ ਹੀ ਇਸ ਤਾਲੇ ਨੂੰ ਖੋਲ ਸਕਦਾ ਹੈ। ਪਰਮਾਤਮਾ ਆਪ ਹੀ ਗੁਰੂ ਹੈ ਤੇ ਸਾਡੇ ਅੰਦਰ ਦਾ ਤਾਲਾ ਖੋਲਣ ਦੀ ਕੁੰਜੀ ਵੀ ਉਸਦੇ ਕੋਲ ਹੈ ਜੋ ਕਿ ਗਿਆਨ ਰੂਪ ਕੁੰਜੀ ਹੈ, ਬ੍ਰਹਮਗਿਆਨ ਰੂਪ ਕੁੰਜੀ ਹੈ। ਇਹ ਕੁੰਜੀ ਵੀ ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੀ ਹੈ। ਸਾਡੇ ਅੰਦਰ ਦੇ ਵਿਚਾਰ ਹੀ ਤਾਲਾ ਰੂਪ ਹਨ ਤੇ ਸਾਡੇ ਅੰਦਰ ਦੇ ਵਿਚਾਰ ਹੀ ਕੁੰਜੀ ਰੂਪ ਹਨ। ਭੇਦ ਸਿਰਫ ਮਨ ਦੀ ਅਵਸਥਾ ਦਾ ਹੈ ਭਾਵ ਅਗਿਆਨਤਾ ਵਾਲੀ ਅਵਸਥਾ ਤੇ ਗਿਆਨ ਵਾਲੀ ਅਵਸਥਾ ਦਾ ਹੈ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਦਾ ਤੇ ਚਉਥੇ ਪਦ ਵਾਲੀ ਅਵਸਥਾ ਦਾ ਹੈ। ਅਗਿਆਨਤਾ ਦੀ ਕੁੰਜੀ ਭਾਵ ਸਾਡੇ ਅੰਦਰੋਂ ਅਗਿਆਨਤਾ ਵਾਲੀ ਅਵਸਥਾ ਨੂੰ ਦੂਰ ਕਰਨ ਵਾਲੀ ਕੁੰਜੀ, ਅਗਿਆਨਤਾ ਦਾ ਤਾਲਾ ਖੋਲਣ ਵਾਲੀ ਕੁੰਜੀ ਬ੍ਰਹਮਗਿਆਨ ਹੈ ਜਿਸ ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਹੀ ਹੈ। ਆਪਣੇ ਬ੍ਰਹਮਗਿਆਨ ਰੂਪ ਵਿਚ ਹੀ ਪਰਮਾਤਮਾ ਗੁਰੂ ਹੈ। ਪੂਰੀ ਗੁਰਬਾਣੀ ਵਿਚ ਬ੍ਰਹਮਗਿਆਨ ਹੈ ਜੋ ਕਿ ਸਾਡੇ ਮਨ ਦਾ ਤਾਲਾ ਖੋਲਣ ਦੀ ਕੁੰਜੀ ਹੈ, ਭਰਮ ਰੂਪ ਤਾਲਾ ਖੋਲਣ ਦੀ ਕੁੰਜੀ ਹੈ। ਇਹ ਕੁੰਜੀ ਸੱਚੇ ਗਿਆਨ ਦੀ ਸੋਝੀ ਦੇ ਰੂਪ ਵਿਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ। ਸਾਡੇ ਅੰਦਰ ਭਰਮ ਰੂਪ ਤਾਲਾ ਤਾਂ ਹੀ ਖੁੱਲਦਾ

ਹੈ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨੀਏ ਭਾਵ ਗੁਰਮਤਿ ਨੂੰ ਆਪਣੇ ਮਨ ਵਿੱਚ ਵਸਾਈਏ ਭਾਵ ਭਰਮਾਂ ਨੂੰ ਛੱਡੀਏ। ਇਹ ਕੁੰਜੀ ਗੁਰਮਤਿ ਦੇ ਰੂਪ ਵਿਚ ਹੈ, ਨਾਮ ਦੇ ਰੂਪ ਵਿਚ ਹੈ ਜਿਸਨੇ ਸਾਨੂੰ ਮਨ ਦੇ ਹਰ ਭਰਮ ਵਿਚੋਂ ਕੱਢਣਾ ਹੈ, ਨਾਮ ਨੇ ਸਾਨੂੰ ਹਉਮੈ ਵਾਲੀ

38/4689

ਮਤਿ ਵਿਚੋਂ ਕੱਢਣਾ ਹੈ ਭਾਵ ਹਉਮੈ ਰੂਪ ਪਰਦਾ ਸਾਡੇ ਅੰਦਰੋਂ ਦੂਰ ਕਰਨਾ ਹੈ। ਕੁੰਜੀ ਨਾਮ ਹੀ ਹੈ ਤੇ ਸਾਰੀ ਗੱਲ ਨਾਮ ਨੂੰ ਸਮਝਣ ਦੀ ਹੈ ਤੇ ਉਸਨੇ ਸਾਡੇ ਅੰਦਰ ਤਾਲੇ ਨੂੰ ਕਿਸ ਰੂਪ ਵਿਚ ਖੋਲਣਾ ਹੈ। ਕਥਨੀ ਕਰੀ ਜਾਣ ਨਾਲ ਸਾਡੇ ਅੰਦਰ ਦਾ ਭਰਮ ਰੂਪ ਤਾਲਾ ਕਦੇ ਨਹੀਂ ਖੁੱਲ ਸਕਦਾ ਭਾਵੇਂ ਅਸੀਂ ਜਿਤਨੇ ਮਰਜੀ ਭਗਤੀ ਵਾਲੇ ਦਿਖਾਵੇ ਕਰੀ ਜਾਈਏ, ਜਿਤਨੇ ਮਰਜੀ ਆਪਣੀ ਆਪਣੀ ਮਤਿ ਅਨੁਸਾਰ ਭਗਤੀ ਦੇ ਤਰੀਕਿਆਂ ਨਾਲ ਜੁੜੇ ਰਹੀਏ। ਗੁਰੂ ਦੀ ਸ਼ਰਨ ਵਿਚ ਆਏ ਬਿਨਾ ਅਸੀਂ ਭਰਮ ਰੂਪ ਤਾਲੇ ਤੋਂ ਕਦੇ ਮੁਕਤ ਨਹੀਂ ਹੋ ਸਕਦੇ। ਗੁਰੂ ਦੀ ਸ਼ਰਨ ਵਿਚ ਆਉਣਾ ਗੁਰਮਤਿ ਦੀ ਸ਼ਰਨ ਵਿਚ, ਗੁਰੂ ਦੀ ਸਿਖਿਆ ਦੀ ਸ਼ਰਨ ਵਿਚ ਆਉਣਾ ਹੀ ਹੈ ਤੇ ਜਦ ਤਕ ਅਸੀਂ ਗੁਰੂ ਦੀ ਸਿਖਿਆ ਨੂੰ ਮੰਨਦੇ ਨਹੀਂ ਤਦ ਤਕ ਅਸੀਂ ਗੁਰੂ ਦੀ ਸ਼ਰਨ ਵਿਚ ਨਹੀਂ ਆ ਸਕਦੇ। (**ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥**)

ਪ੍ਰਮਾਤਮਾ ਦੀ ਭਗਤੀ ਨੂੰ ਲੈ ਕੇ ਅਸੀਂ ਅਨੇਕਾਂ ਹੀ ਉਪਾਵ ਕਰਦੇ ਹਾਂ ਤੇ ਇਹ ਸਮਝਦੇ ਹਾਂ ਕਿ ਅਸੀਂ ਗੁਰੂ ਦੀ ਸ਼ਰਨ ਵਿਚ ਆਏ ਹੋਏ ਹਾਂ। ਆਪਣੀ ਭਗਤੀ ਦੇ ਤਰੀਕਿਆਂ ਨੂੰ ਛੱਡੇ ਬਿਨਾ ਭਾਵ ਭਗਤੀ ਦੇ ਦਿਖਾਵਿਆਂ ਨੂੰ ਛੱਡੇ ਬਿਨਾ ਅਸੀਂ ਗੁਰੂ ਦੀ ਸ਼ਰਨ ਵਿਚ ਨਹੀਂ ਆ ਸਕਦੇ ਕਿਉਂਕਿ ਜੋ ਗੱਲ ਗੁਰੂ ਸਾਨੂੰ ਸਮਝਾਉਂਦਾ ਹੈ, ਉਸਨੂੰ ਮੰਨਣਾ ਹੀ ਗੁਰੂ ਦੀ ਸ਼ਰਨ ਵਿਚ ਆਉਣਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਉਸ ਤਰੀਕੇ ਨਾਲ ਗੁਰੂ ਦੀ ਸ਼ਰਨ ਵਿਚ ਆਈਏ ਜੋ ਤਰੀਕਾ ਗੁਰੂ ਸਾਨੂੰ ਸ਼ਬਦਾਂ ਰਾਹੀਂ ਸਮਝਾ ਰਿਹਾ ਹੈ।

{“ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥”}

(ਅੰਗ - ੭੧)

ਉਪਰ ਸ਼ਬਦ ਰਾਹੀਂ ਸਾਨੂੰ ਉਹ ਉਪਾਵ ਹੀ ਭਾਵ ਭਗਤੀ ਦੇ ਤਰੀਕੇ ਹੀ ਸਮਝਾਏ ਹੋਏ ਹਨ ਜੋ ਕਿ ਸਾਰਿਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਅਪਣਾਏ ਹੋਏ ਹਨ ਤੇ ਨਾਲ ਹੀ ਇਹ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਇਹਨਾਂ ਤਰੀਕਿਆਂ ਨੂੰ ਅਪਣਾਉਣ ਨਾਲ ਅੱਜ

38/4690

ਤਕ ਨ ਕਿਸੇ ਨੇ ਪਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ ਪਰ ਫਿਰ ਵੀ ਇਹੋ ਜਿਹੇ ਤਰੀਕੇ ਅਪਣਾਉਣ ਵਾਲੇ ਆਪਣੇ ਆਪ ਨੂੰ ਘੱਟ ਨਹੀਂ ਸਮਝਦੇ, ਭਗਤੀ ਦੇ ਮਾਰਗ ਤੇ ਘੱਟ ਨਹੀਂ ਸਮਝਦੇ ਤੇ ਪਰਮਾਤਮਾ ਨੂੰ ਪਾਉਣ ਲਈ ਇਹੀ ਤਰੀਕੇ ਅਪਣਾਉਂਦੇ ਹਨ ਭਾਵ ਆਪਣੇ ਇਹਨਾਂ ਤਰੀਕਿਆਂ ਨੂੰ ਭਗਤੀ ਦੇ ਤਰੀਕੇ ਸਮਝਣਾ ਸਾਡਾ ਭਰਮ ਹੈ ਜੋ ਕਿ ਪਰਮਾਤਮਾ ਨੂੰ ਪਾਉਣ ਵਿਚ ਸਾਡਾ ਦੂਰੀ ਦਾ ਕਾਰਣ ਹੈ। ਇਹੋ ਜਿਹੇ ਸਾਰੇ ਆਪਣੇ ਆਪ ਨੂੰ ਗੁਰੂ ਦੀ ਸ਼ਰਨ ਵਾਲਾ ਹੀ ਸਮਝਦੇ ਹਨ ਜਦ ਕਿ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਇਹ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜੋ ਇਹੋ ਜਿਹੇ ਤਰੀਕਿਆਂ ਨੂੰ ਤਿਆਗਦਾ ਹੈ, ਛੱਡਦਾ ਹੈ ਉਹੀ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ ਭਾਵ ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ, ਜੋ ਮਨ ਦੇ ਭਰਮ ਨੂੰ ਛੱਡਦਾ ਹੈ ਉਹੀ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ, ਗੁਰੂ ਦੇ ਚਰਨਾਂ ਨਾਲ ਜੁੜਦਾ ਹੈ। (**ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥**) ਜਿਤਨਾ ਕੋਈ ਜਿਆਦਾ ਇਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੁੜਿਆ ਹੋਇਆ ਹੈ ਉਤਨਾ ਹੀ ਉਹ ਜਿਆਦਾ ਭਰਮਿਆ ਹੋਇਆ ਹੈ ਭਾਵ ਮਨਮਤਿ ਨਾਲ ਜੁੜਿਆ ਹੋਇਆ ਹੈ, ਮਨਹਠਿ ਨਾਲ ਜੁੜਿਆ ਹੋਇਆ ਹੈ ਤੇ ਸਾਡੇ ਅੰਦਰ ਦੀ ਇਹ ਮਨਹਠਿ ਹੀ ਸਾਨੂੰ ਪਰਮਾਤਮਾ ਨਾਲੋਂ ਦੂਰ ਰੱਖਦੀ ਹੈ ਭਾਵ ਉਸਦੇ ਨਾਲ ਮੇਲ ਕਰਨ ਤੋਂ ਦੂਰ ਰੱਖਦੀ ਹੈ। ਸਾਨੂੰ ਡੁਬੋਣ ਵਾਲੀ ਸਾਡੀ ਮਨਹਠਿ ਹੀ ਹੈ ਜੋ ਸਾਨੂੰ ਸੱਚ ਨਾਲ ਮੇਲ ਕਰਨ ਤੋਂ ਦੂਰ ਰੱਖਦੀ ਹੈ ਭਾਵ ਗੁਰਮਤਿ ਨਾਲ ਜੁੜਣ ਤੋਂ ਦੂਰ ਰੱਖਦੀ ਹੈ ਜਿਸਨੇ ਸਾਨੂੰ ਤਾਰਣਾ ਹੈ, ਅਗਿਆਨਤਾ ਤੋਂ ਤਾਰਨਾ ਹੈ। (**ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥**) ਅੰਗ ੨੦

ਸਾਡੇ ਅੰਦਰ ਦੀ ਮਨਹਠਿ ਹੀ ਭਾਵ ਮਨਮਤਿ ਹੀ ਸਾਡੇ ਅੰਦਰ ਦਾ ਉਹ ਤਾਲਾ ਹੈ ਜੋ ਸਾਡੇ ਅੰਦਰ ਪਰਦੇ ਦੇ ਰੂਪ ਵਿਚ ਹੈ ਤੇ ਮਨ ਦਾ ਇਹ ਪਰਦਾ ਗੁਰੂ ਦੀ ਸੱਚ ਰੂਪ ਮਤਿ ਨਾਲ ਹੀ ਖੁਲਣਾ ਹੈ ਤੇ ਉਹ ਤਾਂ ਹੀ ਖੁੱਲੇਗਾ ਜੇਕਰ ਗੁਰੂ ਦੀ ਸੱਚੀ ਮਤਿ ਨੂੰ ਅਪਣਾਵਾਂਗੇ ਤੇ ਆਪਣੀ ਮਨਹਠਿ ਨੂੰ ਛੱਡਾਂਗੇ ਭਾਵ ਉਹ ਸਾਰੇ ਭਗਤੀ ਦੇ ਤਰੀਕੇ ਛੱਡਾਂਗੇ ਜੋ ਕੇਵਲ ਸਾਡੇ ਮਨ ਦਾ ਭਰਮ

ਹੈ। (**ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥**)

ਸਾਡੇ ਅੰਦਰ ਦਾ ਜੋ ਤਾਲਾ ਹੈ, ਭਰਮ ਰੂਪ ਤਾਲਾ ਹੈ ਇਹ ਤਾਲਾ

38/4691

ਹੀ ਸਾਡੇ ਅੰਦਰ ਦਾ ਬੰਧਨ ਹੈ ਜਿਸ ਬੰਧਨ ਵਿਚ ਭਾਵ ਮਨ ਦੇ ਬੰਧਨ ਵਿਚ ਹਰ ਕੋਈ ਮਨੁੱਖ ਬਝਿਆ ਹੋਇਆ ਹੈ। ਜਿਸ ਨੇ ਸਾਨੂੰ ਇਸ ਮਨ ਦੇ ਬੰਧਨ ਵਿਚ ਰੱਖਿਆ ਹੋਇਆ ਹੈ ਉਹੀ ਸਾਨੂੰ ਇਸ ਬੰਧਨ ਵਿਚੋਂ ਕੱਢ ਸਕਦਾ ਹੈ ਤੇ ਮਨ ਦਾ ਇਹ ਭਰਮ ਰੂਪ ਤਾਲਾ ਖੁੱਲਣ ਨਾਲ ਹੀ ਮਨ ਦੇ ਵਿਚੋਂ ਪ੍ਰਮਾਤਮਾ ਦੀ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਸਮਝ ਲਗਦੀ ਹੈ ਕਿ ਗੁਰੂ ਵਿਚ ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ ਹੈ ਭਾਵ ਪ੍ਰਮਾਤਮਾ ਆਪ ਹੀ ਗੁਰੂ ਦੇ ਰੂਪ ਵਿਚ ਹੈ ਜੋ ਮਨ ਦੇ ਵਿਚ ਆਪ ਹੀ ਗਿਆਨ ਦਾ ਮਾਲਕ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥

ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥”

ਉਪਰ ਪਹਿਲੀ ਪੰਗਤੀ ਰਾਹੀਂ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਮਨੁੱਖ ਨੂੰ **“ਸਾਧਸੰਗਤਿ”** ਦੀ ਪ੍ਰਾਪਤੀ ਕਿਸ ਤਰੀਕੇ ਹੁੰਦੀ ਹੈ, ਕਿਸ ਰੂਪ ਵਿਚ ਹੁੰਦੀ ਹੈ, ਕਿਸ ਜਗ੍ਹਾ ਤੇ ਹੁੰਦੀ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਲਿਵ ਦਾ ਜੁੜਨਾ ਕੀ ਹੈ। ਜਦ ਤਕ ਪ੍ਰਮਾਤਮਾ ਕਿਸੇ ਨੂੰ ਮਨ ਦੇ ਬੰਧਨ ਤੋਂ ਮੁਕਤਿ ਨਹੀਂ ਕਰਦਾ, ਮਨ ਦੇ ਭਰਮ ਤੋਂ ਮੁਕਤਿ ਨਹੀਂ ਕਰਦਾ, ਜਦ ਤਕ ਕਿਸੇ ਦੇ ਅੰਦਰ ਦਾ ਤਾਲਾ ਨਹੀਂ ਖੁਲਦਾ ਤਦ ਤਕ ਕੋਈ ਵੀ ਮਨੁੱਖ ਸਾਧਸੰਗਤਿ ਵਾਲੀ ਅਵਸਥਾ ਵਿਚ ਨਹੀਂ ਹੈ। ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ, ਸਾਧਸੰਗਤਿ ਸਾਡੇ ਮਨ ਦੇ ਵਿਚ ਹੀ ਹੁੰਦੀ ਹੈ ਜੋ ਕਿ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿਚ ਭਰਮ ਦਾ ਪੜਦਾ ਦੂਰ ਹੋਣ ਦੁਆਰਾ ਹੁੰਦਾ ਹੈ। ਸਾਧਸੰਗਤਿ ਸਾਡੇ ਅੰਦਰ ਉਸ ਸਾਧ ਰੂਪ ਪ੍ਰਮਾਤਮਾ ਦੇ, ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਸੰਗਤਿ ਹੈ ਜੋ ਵਿਚਾਰ ਮਨ ਦੇ ਵਿਚ ਗੁਰੂ ਰੂਪ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਵਿਚ ਪ੍ਰਗਟ ਹੋ ਕੇ ਦਿੰਦਾ ਹੈ ਜਿੰਨ੍ਹਾਂ ਵਿਚਾਰਾਂ ਦੁਆਰਾ ਉਹ ਆਪਣੇ ਮਨੁੱਖੀ ਰੂਪ ਨੂੰ ਹਰ ਭਰਮ ਵਿਚੋਂ ਕੱਢ ਲੈਂਦਾ ਹੈ। ਸਾਧ ਦੇ ਸੱਚੇ ਵਿਚਾਰ ਭਾਵ ਗੁਰੂ ਦੇ ਸੱਚੇ ਵਿਚਾਰ, ਸ਼ਬਦ ਰੂਪ ਸੱਚੇ ਵਿਚਾਰ ਜੋ ਮਨ ਦੇ ਵਿਚ ਪ੍ਰਮਾਤਮਾ ਦੇ ਕੋਲੋਂ ਮਿਲਦੇ ਹਨ ਉਹੀ **“ਕੁੰਜੀ”** ਰੂਪ ਹਨ ਜੋ ਸਾਡੇ ਮਨ ਦੇ ਵਿਚੋਂ ਅਗਿਆਨਤਾ ਰੂਪ ਤਾਲੇ ਨੂੰ ਖੋਲਦੇ ਹਨ ਭਾਵ ਸਾਡੇ ਅੰਦਰ ਸੱਚੇ ਗੁਰਮਤਿ ਰੂਪ ਵਿਚਾਰ ਕੁੰਜੀ ਰੂਪ ਹਨ ਜੋ ਸਾਡੇ ਅੰਦਰ ਦੇ ਮਨਮਤਿ ਰੂਪ ਤਾਲੇ ਨੂੰ ਖੋਲਦੇ ਹਨ। ਮਨ ਦਾ ਇਹ ਤਾਲਾ ਖੁੱਲਣ ਨਾਲ ਹੀ ਮਨੁੱਖ ਮਨ ਦੇ ਬੰਧਨ ਤੋਂ ਮੁਕਤ ਹੁੰਦਾ ਹੈ ਤੇ ਸਾਧਸੰਗਤਿ ਵਾਲੀ ਅਵਸਥਾ ਵਿਚ ਪਹੁੰਚਦਾ ਹੈ ਜਿਸ ਦੁਆਰਾ ਉਸ ਦੀ ਮਨ ਦੇ ਵਿਚ ਗੁਰਮਤਿ ਰੂਪ ਵਿਚਾਰਾਂ ਨਾਲ ਹਰ ਵੇਲੇ ਸਾਂਝ ਬਣੀ ਰਹਿੰਦੀ ਹੈ

38/4692

ਤੇ ਇਹੀ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਲਿਵ ਜੁੜਨੀ ਹੈ, ਨਾਮ ਦੇ ਨਾਲ ਲਿਵ ਜੁੜਨੀ ਹੈ। ਨਾਮ ਦੇ ਨਾਲ ਲਿਵ ਸਾਡੀ ਉਦੋਂ ਹੀ ਜੁੜਦੀ ਹੈ ਜਦੋਂ ਅਸੀਂ ਹਉਮੈ ਰੂਪ ਬੰਧਨ ਤੋਂ ਮੁਕਤ ਹੋ ਜਾਂਦੇ ਹਾਂ ਜੋ ਮੁਕਤੀ ਮਨ ਦੇ ਵਿਚ ਸਤਿਗੁਰ ਰੂਪ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ। (**ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥**) ਜਦੋਂ ਸਾਡੀ ਸਾਧਸੰਗਤਿ ਨਾਲ ਲਿਵ ਜੁੜ ਜਾਂਦੀ ਹੈ ਉਸ ਨਾਲ ਸਾਨੂੰ ਮਨ ਦੇ ਵਿਚ ਗੁਰਮਤਿ ਰੂਪ ਸੱਚੀ ਸੋਝੀ ਹੀ ਮਿਲਦੀ ਹੈ ਜੋ ਸੋਝੀ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਮਨ ਦੀ ਇਹੋ ਜਿਹੀ ਸੋਝੀ ਦੁਆਰਾ ਹੀ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਮਨੁੱਖ ਧਰਮ ਦੇ ਸੱਚੇ ਮਾਰਗ ਤੇ ਚਲਦਾ ਹੈ। ਧਰਮ ਦੇ ਸੱਚੇ ਮਾਰਗ ਤੇ ਫਿਰ ਮਨੁੱਖ ਕਿਸ ਤਰੀਕੇ ਚਲਦਾ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥”

ਜਿਸ ਨੂੰ ਪ੍ਰਮਾਤਮਾ ਆਪਣਾ **“ਪੰਚ”** ਬਣਾਉਂਦਾ ਹੈ ਉਸ ਨੂੰ ਮਨ ਦੀ ਇਸ ਅਵਸਥਾ ਦੁਆਰਾ ਹੀ ਬਣਾਉਂਦਾ ਹੈ ਜਿਸ ਦੁਆਰਾ ਉਹ ਉਸ ਦੇ ਦਰ ਤੇ ਪ੍ਰਵਾਨ ਹੁੰਦੇ ਹਨ। ਜਦ ਤਕ ਸਾਡੇ ਅੰਦਰ ਪੰਜ ਚੋਰ ਵੱਸੇ ਹੋਏ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵੱਸੇ ਹੋਏ ਹਨ ਤਦ ਤਕ ਕੋਈ ਉਸ ਪ੍ਰਮਾਤਮਾ ਦਾ ਪੰਚ ਨਹੀਂ ਬਣ ਸਕਦਾ। ਪ੍ਰਮਾਤਮਾ ਦਾ ਪੰਚ ਉਹੀ

ਹੈ ਜਿਸ ਨੂੰ ਪ੍ਰਮਾਤਮਾ ਭਰਮ ਦੇ ਬੰਧਨ ਵਿਚੋਂ ਕੱਢ ਲੈਂਦਾ ਹੈ ਤੇ ਉਸ ਨੂੰ ਗੁਰਮਤਿ ਦੀ ਸੱਚੀ ਸੋਝੀ ਪਾ ਕੇ ਉਸ ਤੇ ਦ੍ਰਿੜ ਕਰ ਦਿੰਦਾ ਹੈ। ਗੁਰਮਤਿ ਵਾਲੀ ਸੋਝੀ ਦੁਆਰਾ ਦ੍ਰਿੜ ਹੋ ਕੇ ਵਿਚਰਨਾ ਹੀ **"ਮੰਗਲੁ"** ਗਾਉਣਾ ਹੈ ਭਾਵ ਪ੍ਰਮਾਤਮਾ ਦਾ ਸੱਚਾ ਜੱਸ ਗਾਉਣਾ ਹੈ ਜੋ ਮੰਗਲ ਮਨੁੱਖ ਆਪਣੀ ਕਰਨੀ ਦੁਆਰਾ ਗਾਉਂਦਾ ਹੈ ਜਿਸ ਕਰਨੀ ਦੁਆਰਾ ਮਨੁੱਖ ਕਿਸੇ ਦਾ ਮਾੜਾ ਨਹੀਂ ਕਰਦਾ ਬਲਕਿ ਸਮਾਜ ਦੇ ਭਲੇ ਲਈ ਵਿਚਰਦਾ ਹੈ। ਇਹੋ ਜਿਹਾ **"ਮੰਗਲੁ"** ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਗਾਇਆ ਜਾ ਸਕਦਾ ਹੈ, ਉਸ ਦਾ ਰੂਪ ਬਣਕੇ ਹੀ ਗਾਇਆ ਜਾ ਸਕਦਾ ਹੈ ਭਾਵ ਮਨ ਦਾ ਭਰਮ ਰੂਪ ਪੜਦਾ ਦੂਰ ਹੋਣ ਦੁਆਰਾ ਹੀ ਗਾਇਆ ਜਾ ਸਕਦਾ ਹੈ ਜਦੋਂ ਪ੍ਰਮਾਤਮਾ ਦਾ ਮੰਗਲ ਗਾਉਣ ਵਾਲੇ ਨੂੰ ਮਨ ਦਾ ਭਰਮ ਨਿਕਲਣ ਦੁਆਰਾ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਉਸ ਦੇ ਵਿਚ ਤੇ ਪ੍ਰਮਾਤਮਾ ਦੇ ਵਿਚ ਭੇਦ ਨਹੀਂ ਹੈ ਭਾਵ ਮਨੁੱਖੀ ਰੂਪ ਦੇ ਵਿਚ ਪ੍ਰਮਾਤਮਾ ਆਪ ਹੀ ਹੈ, ਗੁਰੂ ਰੂਪ ਵਿਚ, ਸਾਧ ਰੂਪ ਵਿਚ, ਸੰਤ ਰੂਪ ਵਿਚ, ਜਨ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਜੋ

38/4693

ਸੋਝੀ ਮਨ ਦਾ ਭਰਮ ਨਿਕਲਣ ਦੁਆਰਾ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ। ਉਨ੍ਹਾਂ ਨੇ ਮਨ ਦੀ ਇਸ ਅਵਸਥਾ ਦੁਆਰਾ **"ਮੰਗਲੁ"** ਗਾਇਆ ਹੈ ਭਾਵ ਪ੍ਰਮਾਤਮਾ ਦਾ ਜੱਸ ਗਾਇਆ ਹੈ। (**ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥ ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥**)

{"ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥

ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥"}

(ਅੰਗ - ੪੩੦)

ਉਪਰ ਪੂਰੇ ਸ਼ਬਦ ਨੂੰ ਅਸੀਂ ਲੇਖ ਵਿਚ ਕਾਫੀ ਪਿਛੇ ਜਾਣਿਆ ਹੈ। ਪੰਚ ਰੂਪ ਸਾਡੇ ਵਿਚਾਰ ਹੀ ਹਨ। ਜਦ ਤਕ ਸਾਡੇ ਵਿਚਾਰਾਂ ਵਿਚ ਪੰਜ ਅਉਗਣ ਹਨ ਤਦ ਤਕ ਸਾਡੇ ਮਨ ਦੇ ਵਿਚਾਰ **"ਦੁਰਤੁ"** ਵਾਲੇ ਹਨ ਭਾਵ ਸਾਡੇ ਮਨ ਦੀ ਬਿਰਤੀ ਮਾੜੀ ਹੈ, ਪਾਪਾਂ ਵਾਲੀ ਹੈ ਜਿੰਨ੍ਹਾਂ ਰਾਹੀਂ ਮਨੁੱਖ ਮਾੜੇ ਕਰਮ ਕਰਦਾ ਹੈ। ਜਦ ਤਕ ਸਾਡੇ ਮਨ ਦੇ ਵਿਚਾਰ ਅਉਗਣਾਂ ਵਾਲੇ ਹਨ ਤਦ ਤਕ ਸਾਡਾ ਨਗਰ ਭਾਵ ਸਾਡਾ ਮਨ ਰੂਪ ਨਗਰ ਕਦੇ ਨਹੀਂ ਵਸ ਸਕਦਾ ਕਿਉਂਕਿ ਇਹ ਪੰਜ ਵਿਕਾਰ ਸਾਡੇ ਮਨ ਰੂਪ ਨਗਰ ਨੂੰ ਉਜਾੜੀ ਰੱਖਦੇ ਹਨ, ਸਾਡੇ ਮਨ ਦੇ ਵਿਚੋਂ ਗੁਣਾਂ ਦੀ ਚੋਰੀ ਕਰਦੇ ਹਨ, ਨਾਮ ਦੀ ਚੋਰੀ ਕਰਦੇ ਹਨ। ਸਾਡਾ ਨਗਰ ਨਾਮ ਨਾਲ ਹੀ ਵੱਸਣਾ ਹੈ ਪਰ ਇਹਨਾ ਪੰਜ ਚੋਰਾਂ ਦੇ ਰਹਿੰਦੇ ਹੋਏ ਕੋਈ ਨਗਰ ਨਹੀਂ ਵੱਸ ਸਕਦਾ। ਇਹਨਾਂ ਪੰਜ ਚੋਰ ਰੂਪ ਵਿਚਾਰਾਂ ਨੂੰ ਮਨਾਉਣਾ ਬਹੁਤ ਔਖਾ ਹੈ। ਇਹਨਾਂ ਨੂੰ ਮਨਾਉਣਾ ਵੀ ਸਾਡੇ ਮਨ ਦੇ ਵਿਚਾਰਾਂ ਨੇ ਹੀ ਹੈ। ਮਨ ਦੇ ਵਿਚਾਰ ਤਾਂ ਉਹ ਹੀ ਹਨ ਭਾਵੇਂ ਉਹ ਮਾੜੇ ਵਿਚਾਰ ਬਣੇ ਰਹਿਣ ਤੇ ਭਾਵੇਂ ਉਹ ਚੰਗੇ ਵਿਚਾਰ ਬਣ ਜਾਣ। ਮਨ ਦੇ ਵਿਚਾਰਾਂ ਨੂੰ ਚੰਗਾ ਬਣਾਉਣ ਲਈ ਪਹਿਲੇ ਮਾੜੇ ਵਿਚਾਰਾਂ ਨੂੰ ਮਨਾਉਣਾ ਪੈਂਦਾ ਹੈ ਭਾਵ ਉਹਨਾਂ ਨੂੰ ਰੁਸਾਉਣਾ ਪੈਂਦਾ ਹੈ। ਵਿਚਾਰ ਤਾਂ ਸਾਡੇ ਮਨ ਦੇ ਹੀ ਹਨ ਭਾਵ ਸਾਨੂੰ ਆਪ ਹੀ ਮਾੜੇ ਵਿਚਾਰਾਂ ਤੋਂ ਰੁਸਣਾ ਪੈਂਦਾ ਹੈ ਤੇ ਅਸਲ ਵਿਚ ਇਹ ਰੁਸਣਾ ਹੀ ਸਭ ਤੋਂ ਔਖੀ ਗੱਲ ਹੈ। ਇਹਨਾਂ ਵਿਚਾਰਾਂ ਤੋਂ ਰੁੱਸਣ ਲਈ ਇਹਨਾਂ ਨੂੰ ਛੱਡਣਾ ਪੈਂਦਾ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਜਿੰਨ੍ਹਾਂ ਨਾਲ ਹਰ ਕੋਈ ਜੁੜਿਆ ਹੋਇਆ ਹੈ। ਜਦ ਤਕ ਅਸੀਂ ਮਾੜੇ ਵਿਚਾਰਾਂ ਨੂੰ ਰੁਸਾਉਂਦੇ ਨਹੀਂ ਭਾਵ ਆਪ ਇਹਨਾਂ ਨਾਲ ਰੁਸਦੇ ਨਹੀਂ ਤਦ ਤਕ ਸਾਡੇ ਅੰਦਰ **"ਪੰਚ ਰੂਪ"** ਚੰਗੇ ਵਿਚਾਰ ਨਹੀਂ ਵੱਸ ਸਕਦੇ। **"ਪੰਚ ਰੂਪ"** ਚੰਗੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣ ਲਈ ਪੰਜਾਂ ਅਉਗੁਣਾਂ ਨਾਲ ਜੁੜੇ ਹੋਏ ਮਾੜੇ

38/4694

ਵਿਚਾਰਾਂ ਨੂੰ ਗੁਵਾਉਣਾ ਹੀ ਪਏਗਾ ਭਾਵ ਛੱਡਣਾ ਹੀ ਪਵੇਗਾ। ਸਾਡੇ ਅੰਦਰ **"ਪੰਚ ਰੂਪ"** ਚੰਗੇ ਵਿਚਾਰਾਂ ਦਾ ਵੱਸਣਾ ਹੀ ਸਾਡੇ ਨਗਰ ਦਾ ਵੱਸਣਾ ਹੈ। **"ਪੰਚ ਰੂਪ"** ਚੰਗੇ ਵਿਚਾਰ ਸਾਡੇ ਅੰਦਰ ਤਾਂ ਹੀ ਵੱਸ ਸਕਦੇ ਹਨ ਜੇਕਰ ਅਸੀਂ ਗੁਰੂ ਦੇ ਗਿਆਨ ਨਾਲ ਜੁੜਾਂਗੇ ਭਾਵ ਗੁਰੂ ਦੇ ਗਿਆਨ ਨੂੰ ਮੰਨਾਂਗੇ, ਆਪਣੇ ਅੰਦਰ ਦਾ **"ਦੁਰਤੁ"** ਛੱਡਾਂਗੇ ਭਾਵ ਮਾੜੇ ਵਿਚਾਰ ਛੱਡਾਂਗੇ। ਸਾਡੇ ਨਗਰ ਨੂੰ ਗੁਰੂ ਦੇ ਗਿਆਨ ਨੇ ਹੀ ਵਸਾਉਣਾ ਹੈ, ਗੁਰੂ ਦੀ ਮਤਿ ਨੇ ਹੀ ਵਸਾਉਣਾ ਹੈ ਪਰ ਉਹ ਸਾਡੇ ਨਗਰ ਨੂੰ ਤਾਂ ਹੀ ਵਸਾਵੇਗੀ ਜਦੋਂ ਅਸੀਂ ਉਸਦੀ ਗੱਲ ਨੂੰ ਮੰਨ ਕੇ ਆਪਣੀ ਮਤਿ ਵਾਲੇ ਵਿਚਾਰ ਛੱਡ ਦੇਵਾਂਗੇ ਜੋ ਸਾਨੂੰ ਮਾਇਆ ਮੋਹ ਨਾਲ ਜੋੜ ਕੇ ਰੱਖਦੇ ਹਨ ਤੇ ਮਨ ਦੇ ਵਿਚ ਜਦ ਤਕ ਗੁਰੂ ਦਾ ਸੱਚਾ ਗਿਆਨ ਨਹੀਂ ਵੱਸਦਾ ਤਦ ਤਕ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿਚ

ਤੇ ਮੰਨਣ ਵਿਚ ਹਰ ਕੋਈ ਮਨ ਦੇ ਭਰਮ ਵਿਚ ਹੀ ਹੈ ਜੋ ਕਿ ਸਾਡੇ ਅੰਦਰ ਦਾ ਬੰਧਨ ਹੈ ਜਿਸ ਵਿਚੋਂ ਸਾਨੂੰ ਗੁਰੂ ਦੇ ਗਿਆਨ ਨੇ ਹੀ ਕੱਢਣਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਅਸੀਂ ਬੰਧਨ ਵਿਚੋਂ ਨਿਕਲ ਸਕਦੇ ਹਾਂ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਰੀ ਜਿੰਦਗੀ ਕਥਨੀ ਨਾਲ ਜੁੜੇ ਰਹੋ ਪਰ ਇਸ ਨਾਲ ਭਰਮ ਰੂਪ ਬੰਧਨ ਕਦੇ ਦੂਰ ਨਹੀਂ ਹੋ ਸਕਦਾ ਤੇ ਸਾਡਾ ਉਜੜਿਆ ਹੋਇਆ ਨਗਰ ਕਦੇ ਨਹੀਂ ਵੱਸ ਸਕਦਾ। (**ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥ ਇਨ੍ ਬਿਧਿ ਨਗਰੁ ਢੁਠਾ ਮੇਰੇ ਭਾਈ ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥**)

{ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥}

(ਅੰਗ - ੩)

{ਸੇਵਕ ਪੰਚ ਨਾਹੀ ਬਿਖੁ ਚਾਖੀ ॥}

(ਅੰਗ - ੧੦੩੯)

ਪ੍ਰਮਾਤਮਾ ਦਾ ਜੱਸ ਗਾਉਣਾ ਬਹੁਤ ਔਖਾ ਹੈ, **"ਮੰਗਲ"** ਗਾਉਣਾ ਬਹੁਤ ਔਖਾ ਹੈ ਜੋ ਕਿ ਮਨ ਦਾ **"ਦੁਰਤੁ"** ਦੂਰ ਹੋਣ ਦੁਆਰਾ ਹੀ ਗਾਇਆ ਜਾ ਸਕਦਾ ਹੈ, ਆਪਣਾ ਘਰ ਵੱਸਣ ਦੁਆਰਾ ਹੀ ਗਾਇਆ ਜਾ ਸਕਦਾ ਹੈ ਭਾਵ ਮਨ ਦੇ ਵਿਚ ਗੁਰੂ ਦਾ ਗਿਆਨ ਵੱਸਣ ਦੁਆਰਾ ਹੀ ਗਾਇਆ ਜਾ ਸਕਦਾ ਹੈ ਜਿਸ ਸੱਚੇ ਗਿਆਨ ਦੇ ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਆਪ ਵੱਸ ਕੇ ਇਸ ਘਰ ਨੂੰ ਵਸਾਉਂਦਾ ਹੈ, ਆਪਣਾ ਗੁਰਮਤਿ ਰੂਪ ਘਰ ਵਸਾਉਂਦਾ ਹੈ, ਮਨ ਵਿਚੋਂ ਦੁਰਮਤਿ ਦੂਰ ਕਰਨ ਦੁਆਰਾ ਵਸਾਉਂਦਾ ਹੈ।

{ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ ॥
ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ ॥
ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥}

(ਅੰਗ - ੮੦)

38/4695

{ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥
ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥੧॥}

(ਅੰਗ - ੯੭)

{ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥ ਮਨੁ ਤਨੁ ਸੀਤਲੁ ਧੀਰਜੁ ਪਾਇਆ ॥
ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ ॥੪॥੫॥੧੨॥}

(ਅੰਗ - ੯੮)

{ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥}

(ਅੰਗ - ੧੩੬)

{ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥}

(ਅੰਗ - ੨੪੨)

{ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ ॥ ਮੇਰੇ ਮੀਤ ਸਖਾ ਹਰਿ ਜੀਉ ਗੁਰ ਪੁਰਖ ਬਿਧਾਤੇ ॥
ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ ॥
ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ ॥

ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ ॥
ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ ॥੧॥
ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ ॥
ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ ॥
ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ ॥
ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ॥
ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ ॥
ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ ॥੨॥
ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ ॥
ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ ॥
ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ ॥
ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ ॥
ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ ॥੩॥
ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥
ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ ॥
ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ ॥
ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ ॥
ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥
ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥}

(ਅੰਗ - ੨੪੭)

{ਅਨਹਤ ਸਬਦੁ ਸੁਹਾਵਾ ॥ ਸਚੁ ਮੰਗਲੁ ਹਰਿ ਜਸੁ ਗਾਵਾ ॥
ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ॥
ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ ॥
ਹੋਇ ਰੇਣ ਸਾਧੂ ਪ੍ਰਭ ਅਰਾਧੂ ਆਪਣੇ ਪ੍ਰਭ ਭਾਵਾ ॥
ਬਿਨਵੰਤਿ ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ ॥੨॥}

(ਅੰਗ ੭੭੮-੭੭੯)

{ਭਾਵਨੁ ਤਿਆਗਿਓ ਰੀ ਤਿਆਗਿਓ ॥ ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥
ਸਰਬ ਸੁਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ॥੧॥ ਰਹਾਉ ॥}

(ਅੰਗ - ੨੧੪)

{ਪੰਚ ਸਖੀ ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦੁ ਵਜਾਇਆ ॥੩॥

ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ॥ ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ ॥੪॥੧੭॥}

(ਅੰਗ - ੩੭੫)

{ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥
ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥}

(ਅੰਗ - ੩੭੩)

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥}

(ਅੰਗ - ੪੫੨)

38/4696

{ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ ॥
ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥}

(ਅੰਗ - ੪੫੭)

{ਗ੍ਰਿਹਿ ਲਾਲੁ ਆਵੈ ਮਹਲੁ ਪਾਵੈ ਮਿਲਿ ਸੰਗਿ ਮੰਗਲੁ ਗਾਈਐ ॥
ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ ॥੩॥}

(ਅੰਗ - ੫੪੩)

{ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥
ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥}

(ਅੰਗ - ੫੪੩)

{ਪ੍ਰਗਟੁ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥
ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥}

(ਅੰਗ - ੬੭੮)

{ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥
ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥੨॥੭॥੩੮॥}

(ਅੰਗ - ੬੮੦)

{ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥}

(ਅੰਗ - ੭੬੪)

{ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥}

(ਅੰਗ - ੭੭੪)

{ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥}

(ਅੰਗ - ੭੭੫)

{ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਹਾਰੀ ॥
ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥੨॥}

(ਅੰਗ - ੭੭੮)

{ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥
ਤਬ ਰਸ ਮੰਗਲ ਗੁਨ ਗਾਵਹੁ ॥}

(ਅੰਗ - ੮੩੦)

{ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥
ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥ ਰਾਮ ਜਨਾ ਮਿਲਿ ਮੰਗਲੁ ਗਾਇਆ ॥੧॥
ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ ਰਹਾਉ ॥}

(ਅੰਗ - ੮੬੫)

38/4697

{ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ ॥
ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਨੀਐ ॥੪॥੧॥}

(ਅੰਗ - ੯੨੪)

{ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥
ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ ॥}

(ਅੰਗ - ੯੨੯)

{ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ ॥
ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹ ਆਵੈ ॥੪॥੧॥}

(ਅੰਗ - ੯੭੮)

{ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ ॥
ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥੨॥}

(ਅੰਗ - ੯੮੫)

{ਦ੍ਰਿਸਟਿ ਭਈ ਤਬ ਭੀਤਰਿ ਆਇਓ ਮੇਰਾ ਮਨੁ ਅਨਦਿਨੁ ਸੀਤਲਾਗਿਓ ॥
ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ ॥੪॥੫॥}

(ਅੰਗ - ੧੨੦੪)

{ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥
ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥}

(ਅੰਗ - ੧੨੦੫)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਮੰਗਲੁ ਗਾਉਣਾ ਕੀ ਹੈ। ਜਦੋਂ ਸਾਡੇ ਅੰਦਰ ਦੀ ਮਤਿ ਮੰਗਲੁ ਰੂਪ ਬਣ ਜਾਂਦੀ ਹੈ ਭਾਵ ਗੁਰਮਤਿ ਰੂਪ ਬਣ ਜਾਂਦੀ ਹੈ, ਗੁਰਮਤਿ ਰੂਪ ਵਿਚਾਰਾਂ ਵਾਲੀ ਬਣ ਜਾਂਦੀ ਹੈ ਤਾਂ ਹੀ ਅਸੀਂ ਮੰਗਲ ਗਾ ਸਕਦੇ ਹਾਂ ਭਾਵ ਪ੍ਰਮਾਤਮਾ ਦਾ ਸੱਚਾ ਜੱਸ ਗਾ ਸਕਦੇ ਹਾਂ। ਸਾਡੇ ਅੰਦਰ ਦੀ ਮਤਿ ਮੰਗਲੁ ਰੂਪ ਤਾਂ ਹੀ ਬਣਦੀ ਹੈ ਜਦੋਂ ਮਨ ਦੇ ਵਿਚ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਮੰਗਲੁ ਰੂਪ ਅਸਲ ਵਿਚ ਪ੍ਰਮਾਤਮਾ ਦਾ ਆਪਣਾ ਰੂਪ ਹੈ, ਸਾਡੇ ਅੰਦਰ ਸੱਚੇ ਗਿਆਨ ਵਾਲਾ ਰੂਪ ਹੈ, ਸੱਚੀ ਮਤਿ ਵਾਲਾ ਰੂਪ ਹੈ ਜਿਸ ਮਤਿ ਦੇ ਰਾਹੀਂ ਅਸੀਂ ਆਪਣੇ ਜੀਵਨ ਵਿਚ ਉਹੀ ਕੁਝ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਹੁੰਦਾ ਹੈ ਤੇ ਇਹੀ ਆਪਣੇ ਜੀਵਨ ਵਿਚ ਮੰਗਲ ਗਾਉਣਾ ਹੈ। ਜਦੋਂ ਗੁਰਮਤਿ ਅਨੁਸਾਰ ਵਿਚਰਨ ਵਿਚ, ਗੁਰਮਤਿ ਸਮਝਣ, ਸਮਝਾਉਣ ਵਿਚ ਤੇ ਉਸ ਅਨੁਸਾਰ ਚੱਲਣ ਵਿੱਚ ਅਸੀਂ ਖੁਸ਼ੀ ਮਹਿਸੂਸ ਕਰਦੇ ਹਾਂ, ਆਨੰਦ ਮਹਿਸੂਸ ਕਰਦੇ ਹਾਂ ਇਹ ਸਾਡੇ ਮਨ ਦਾ ਮੰਗਲ ਹੈ, ਅਨੰਦ ਹੈ ਤੇ ਇਹੀ ਸ੍ਰਿਸ਼ਟੀ ਦੇ ਕਰਤੇ ਦਾ ਜੱਸ ਗਾਉਣਾ ਹੈ। ਗੁਰਮਤਿ ਦੀ ਸੱਚੀ ਸੋਝੀ ਪਏ ਬਿਨਾ ਅਸੀਂ ਮਾਇਆ ਮੋਹ

38/4698

ਵਿਚ ਖੁਸ਼ ਰਹਿੰਦੇ ਹਾਂ ਤੇ ਉਸ ਵਿਚ ਮੰਗਲ ਸਮਝਦੇ ਹਾਂ, ਆਨੰਦ ਸਮਝਦੇ ਹਾਂ ਪਰ ਅਸਲ ਅਨੰਦ ਮੰਗਲ ਗੁਰਮਤਿ ਅਨੁਸਾਰ ਵਿਚਰਨ ਵਿਚ ਹੈ ਜੋ ਅਨੰਦ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਾਇਆ ਮੋਹ ਵਿਚੋਂ ਨਿਕਲਣ ਦੁਆਰਾ ਆਉਂਦਾ ਹੈ, ਤ੍ਰਿਸ਼ਨਾਵਾਂ ਛੱਡਣ ਦੁਆਰਾ ਆਉਂਦਾ ਹੈ, ਗੁਰੂ ਪ੍ਰਮਾਤਮਾ ਦੀ ਰਜ਼ਾ ਵਿਚ ਚੱਲਣ ਦੁਆਰਾ ਆਉਂਦਾ ਹੈ। ਇਹ ਬਹੁਤ ਔਖਾ ਹੈ ਪਰ ਇਸ ਨੂੰ ਸੌਖਾ ਬਣਾਉਣ ਵਾਲਾ ਆਪ ਪ੍ਰਮਾਤਮਾ ਹੈ ਜੋ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਵਿਚ ਹੀ ਹੈ ਜਿਸ ਦੇ ਹੱਥ ਸਾਡੇ ਵਿਚਾਰ ਹਨ। ਮਨ ਦੇ ਵਿਚਾਰ ਹੀ ਮਨੁੱਖ ਨੂੰ ਔਖਾ ਕਰਦੇ ਹਨ ਤੇ ਮਨ ਦੇ ਵਿਚਾਰ ਹੀ ਮਨੁੱਖ ਨੂੰ ਸੌਖਾ ਕਰ ਦਿੰਦੇ ਹਨ, ਮਨ ਦੇ ਸੰਤੋਖ ਦੁਆਰਾ ਸੌਖਾ ਕਰ ਦਿੰਦੇ ਹਨ। ਪ੍ਰਮਾਤਮਾ ਦਾ ਜੱਸ ਮਨ ਦੇ ਸੰਤੋਖ ਦੁਆਰਾ ਹੀ ਗਾਇਆ ਜਾ ਸਕਦਾ ਹੈ। ਮਨ ਦੇ ਸੰਤੋਖ ਦਾ ਮੂਲ ਮਨ ਦੀ ਸੋਝੀ ਹੈ ਭਾਵ ਸੱਚੀ ਸੋਝੀ ਹੈ, ਗੁਰਮਤਿ ਵਾਲੀ ਸੱਚੀ ਸੋਝੀ ਹੈ ਜੋ ਸੋਝੀ ਦਾ ਮਾਲਕ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ ਤੇ ਮਨੁੱਖ ਨੂੰ ਮਨ ਦੇ ਖੇੜੇ ਵਿਚ ਰੱਖਦਾ ਹੈ, ਮਾਇਆ ਮੋਹ ਵਾਲੀ ਬਿਰਤੀ ਤੋਂ ਬਚਾ ਕੇ ਰੱਖਦਾ ਹੈ।

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥}

(ਅੰਗ - ੪੫੨)

{ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ ॥
ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥}

(ਅੰਗ - ੪੫੭)

{ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥
ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥}

(ਅੰਗ - ੫੪੩)

{ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥}

(ਅੰਗ - ੭੬੪)

ਉਪਰ ਸ਼ਬਦਾਂ ਦੁਆਰਾ ਅਸੀਂ ਮੰਗਲ ਗਾਉਣਾ ਸਮਝਿਆ ਹੈ ਤੇ ਇਹਨਾਂ ਤੋਂ ਪਹਿਲੇ ਸ਼ਬਦਾਂ ਦੁਆਰਾ ਸਾਡੇ ਅੰਦਰ ਦੀ **"ਪੰਚ"** ਵਾਲੀ ਅਵਸਥਾ ਨੂੰ ਸਮਝਿਆ ਹੈ। ਪ੍ਰਮਾਤਮਾ ਦਾ ਜੱਸ, ਮੰਗਲ ਮਨ ਦੇ ਵਿਚ ਪ੍ਰਮਾਤਮਾ ਦਾ ਪੰਚ ਬਣਨ ਦੁਆਰਾ ਹੀ ਗਾਇਆ ਜਾ ਸਕਦਾ ਹੈ ਜਿਵੇਂ ਕਿ

38/4699

ਅਸੀਂ ਪਹਿਲੇ ਮੁੱਖ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਮਨ ਦੇ ਵਿਚ ਜਦ ਤਕ ਸਾਡੇ ਅੰਦਰ ਹਉਮੈ ਰੂਪ ਪੜਦਾ ਹੈ, ਭਰਮ ਰੂਪ ਬੰਧਨ ਹੈ ਤਦ ਤਕ ਅਸੀਂ ਮਨ ਦੀ ਇਸ ਅਵਸਥਾ ਤੋਂ ਦੂਰ ਹਾਂ, ਸਾਧਸੰਗਤਿ ਵਾਲੀ ਅਵਸਥਾ ਤੋਂ ਦੂਰ ਹਾਂ ਭਾਵ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਹਾਂ, ਉਸ ਦੇ ਨਾਲ ਲਿਵ ਲੱਗਣ ਤੋਂ ਦੂਰ ਹਾਂ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਕਿਉਂਕਿ ਸਾਡੇ ਅੰਦਰ ਦਾ ਬੰਧਨ ਸਾਡੀ ਸੋਝੀ ਉਤੇ ਲੱਗਾ ਬੰਧਨ ਹੀ ਹੈ ਜੋ ਮਨ ਦੀ ਸੋਝੀ ਸਾਨੂੰ ਭਰਮਾਂ ਵਿਚ ਪਾ ਕੇ ਰੱਖਦੀ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਆਸਾਨੀ ਨਾਲ ਸਮਝ ਸਕਦੇ ਹਾਂ। (**ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥ ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥**)

ਪ੍ਰਮਾਤਮਾ ਦੇ ਨਾਲ ਸਾਡਾ ਭੇਦ ਮਨ ਦੀ ਇਸ ਅਵਸਥਾ ਦੁਆਰਾ ਹੀ ਦੂਰ ਹੁੰਦਾ ਹੈ ਤੇ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਭੇਦ ਦਾ ਦੂਰ ਹੋਣਾ ਹੀ ਉਸ ਦੇ ਨਾਲ ਮਨ ਦੇ ਵਿਚ ਮੇਲ ਹੈ ਭਾਵ ਮਨ ਦਾ ਭਰਮ ਦੂਰ ਹੋਣ ਦੁਆਰਾ ਹੀ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਹੀ ਗੱਲ ਸਾਨੂੰ ਮੁਖ ਸ਼ਬਦ ਦੀਆਂ ਆਖਰੀ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ, ਦੂਜੇ ਰਹਾਉ ਦੇ ਰੂਪ ਵਿਚ ਸਮਝਾਈ ਹੋਈ ਹੈ ਤੇ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਨਾਲ ਜਿਸ ਦਾ ਵੀ ਮੇਲ ਹੁੰਦਾ ਹੈ ਉਹ ਮਨ ਦੇ ਵਿਚ ਹੀ ਹੁੰਦਾ ਹੈ ਤੇ ਮਨ ਦਾ ਭਰਮ ਨਿਕਲਣ ਦੁਆਰਾ ਹੀ ਹੁੰਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਪਾਉਣ ਦਾ ਉਹੋ ਜਿਹਾ ਉਪਰਾਲਾ ਕਰੀਏ ਜੋ ਸਾਨੂੰ ਗੁਰੂ ਰੂਪ ਪ੍ਰਮਾਤਮਾ ਆਪ ਸਮਝਾ ਰਿਹਾ ਹੈ ਤੇ ਉਹੋ ਜਿਹਿਆਂ ਦੀ ਝੂਠੀ ਮਤਿ ਪਿਛੇ ਨਾ ਲਗੀਏ ਜੋ ਸਾਨੂੰ ਪ੍ਰਮਾਤਮਾ ਦਾ ਮੇਲ ਹੋਰ ਹੋਰ ਰੂਪ ਵਿਚ ਤੇ ਹੋਰ ਹੋਰ ਤਰੀਕਿਆਂ ਨਾਲ ਸਮਝਾਉਂਦੇ ਹਨ ਭਾਵ ਉਹ ਖੁਦ ਭਰਮ ਵਿਚ ਹਨ ਤੇ ਦੂਸਰਿਆਂ ਨੂੰ ਵੀ ਭਰਮ ਵਿਚ ਪਾਉਂਦੇ ਹਨ ਤੇ ਅਸੀਂ ਕੇਵਲ ਉਹਨਾਂ ਦੇ ਬਾਹਰੀ ਦਿਖਾਵਿਆਂ ਨੂੰ ਦੇਖ ਕੇ, ਉਹਨਾਂ ਦੇ ਸਰੀਰਕ ਜਪ ਤਪ ਆਦਿ ਦੇਖ ਕੇ ਉਹਨਾਂ ਨੂੰ ਉੱਚਾ ਮੰਨ ਬੈਠਦੇ ਹਾਂ ਤੇ ਉਹਨਾਂ ਦੀਆਂ ਗੱਲਾਂ ਨੂੰ ਸੱਚ ਸਮਝਕੇ ਉਹਨਾਂ ਦੇ ਪਿੱਛੇ ਲਗ ਜਾਂਦੇ ਹਾਂ। ਸਭ ਪਾਸੇ ਭਰਮ ਫੈਲਾਉਣ ਵਾਲੇ ਹੀ ਬੈਠੇ ਹਨ ਤੇ ਸੱਚ ਕੇਵਲ ਗੁਰੂ ਦੇ ਕੋਲ ਹੈ। ਅਗਲੀਆਂ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚ ਹੀ ਸਮਝਾਇਆ ਹੋਇਆ ਹੈ।

"ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥"

38/4700

ਜੇਕਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਤਾਂ ਫਿਰ ਪ੍ਰਮਾਤਮਾ ਤਾਂ ਇਸੇ ਤਰੀਕੇ ਹੀ ਮਿਲਦਾ ਹੈ ਜਿਵੇਂ ਕਿ ਉਪਰ ਵਾਲੇ ਪੂਰੇ ਸ਼ਬਦ ਰਾਹੀਂ ਸਮਝਾਇਆ ਹੈ ਤੇ ਉਪਰ ਵਾਲੀਆਂ ਆਖਰੀਆਂ ਪੰਗਤੀਆਂ ਰਾਹੀਂ, ਦੂਸਰੇ ਰਹਾਉ ਰਾਹੀਂ ਸਾਨੂੰ ਦ੍ਰਿੜ ਕਰਵਾਇਆ ਹੈ ਭਾਵ ਵਿਸ਼ਵਾਸ ਦਿਵਾਇਆ ਹੈ। ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਾਡੇ ਬੰਧਨ ਕੱਟਣ ਦੀ ਗੱਲ ਕੀਤੀ ਹੋਈ ਹੈ, ਮਨ ਦਾ ਬੰਧਨ ਕਟਣ ਦੀ ਗੱਲ ਕੀਤੀ ਹੋਈ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦਾ ਬੰਧਨ ਕਟੇ ਜਾਣ ਦੁਆਰਾ ਹੀ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਡਾ ਬੰਧਨ ਸਾਡੇ ਅੰਦਰੋਂ ਕਿਸ ਰੂਪ ਵਿਚ ਕੱਟਿਆ ਜਾਂਦਾ ਹੈ, ਸਤਿਗੁਰ ਸਾਡਾ ਬੰਧਨ ਕਿਵੇਂ ਕਟਦਾ ਹੈ ਇਹੀ ਗੱਲ ਸਾਨੂੰ ਉਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਿਸ ਦਾ ਪ੍ਰਮਾਤਮਾ ਬੰਧਨ ਕਟਦਾ

ਹੈ ਉਹ ਆਪ ਹੀ ਕਟਦਾ ਹੈ ਤੇ ਹੋਰ ਕੋਈ ਨਹੀਂ ਕਟ ਸਕਦਾ ਤੇ ਇਸੇ ਲਈ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜ਼ਾ ਹੈ ਭਾਵ ਉਸ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ। ਬੰਧਨ ਸਾਡੇ ਅੰਦਰ ਭਰਮ ਦੇ ਰੂਪ ਵਿਚ ਹੈ ਜੋ ਭਰਮ ਸਾਡੇ ਅੰਦਰੋਂ ਪ੍ਰਮਾਤਮਾ ਇੱਕ ਖਿਨ ਵਿਚ ਦੂਰ ਕਰ ਦਿੰਦਾ ਹੈ। ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸ ਦਾ ਪ੍ਰਮਾਤਮਾ ਨੇ ਭਰਮ ਦੂਰ ਕੀਤਾ ਹੋਵੇ। ਉਹ ਕਿਸ ਤਰੀਕੇ ਮਨ ਦੀ ਸਮਝ ਦੇ ਵਿੱਚ, ਖਿਨ ਵਿੱਚ ਭਾਵ ਅਚਾਨਕ ਪ੍ਰਗਟ ਹੋਣ ਦੁਆਰਾ ਮਨੁੱਖ ਦਾ ਭਰਮ ਕੱਢਦਾ ਹੈ, ਇਹ ਅਸਚਰਜਤਾ ਬਿਆਨ ਕਰਨ ਤੋਂ ਬਾਹਰ ਹੈ। ਜਿਸ ਦੇ ਨਾਲ ਇਹ ਬੀਤਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ। ਸੰਸਾਰ ਦਾ ਇਹੋ ਹੀ ਇੱਕੋ ਇੱਕ ਕੌਤਕ ਹੈ, ਕਰਾਮਾਤਿ ਹੈ ਜਿਸ ਨੂੰ ਕੋਈ ਨਹੀਂ ਸਮਝ ਸਕਦਾ। ਇਸ ਗੱਲ ਨੂੰ ਪ੍ਰਮਾਤਮਾ ਨੇ ਸਾਇੰਸ ਦੀ ਸਮਝ ਤੋਂ ਵੀ ਬਾਹਰ ਰੱਖਿਆ ਹੋਇਆ ਹੈ। ਹਰ ਗੱਲ ਨੂੰ ਸਾਇੰਟਿਫਿਕਲੀ ਸਮਝਿਆ ਜਾ ਸਕਦਾ ਹੈ, ਸਮਝਾਇਆ ਜਾ ਸਕਦਾ ਹੈ, ਬਿਆਨ ਕੀਤਾ ਜਾ ਸਕਦਾ ਹੈ ਪਰ ਪ੍ਰਮਾਤਮਾ ਦਾ ਮਨ ਦੇ ਵਿਚ ਪ੍ਰਗਟ ਹੋਣਾ, ਸਾਇੰਟਿਫਿਕਲੀ ਸਮਝਾਉਣਾ ਨਾਮੁਮਕਿਨ ਹੈ, ਬਿਆਨ ਤੋਂ ਬਾਹਰ ਹੈ। ਇਸ ਗੱਲ ਨੂੰ ਮਨੁੱਖ ਕੁਝ ਗੱਲਾਂ ਦੁਆਰਾ ਬਿਆਨ ਕਰ ਸਕਦਾ ਹੈ ਪਰ ਉਹ ਗੱਲਾਂ ਨੂੰ ਸਾਇੰਟਿਫਿਕਲੀ ਪਰੂਵ ਭਾਵ ਵਿਗਿਆਨਿਕ ਤੌਰ ਤੇ ਸਾਬਿਤ ਨਹੀਂ ਕੀਤਾ ਜਾ ਸਕਦਾ।

38/4701

ਇਹ ਕੇਵਲ ਵਿਸ਼ਵਾਸ ਕਰਨ ਦਾ ਮੁੱਦਾ ਹੈ। ਗੁਰੂ ਸਾਨੂੰ ਬਾਰ-ਬਾਰ ਇਹ ਗੱਲ ਸਮਝਾਉਂਦਾ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਇਸ ਗੱਲ ਤੇ ਸਾਨੂੰ ਵਿਸ਼ਵਾਸ ਨਹੀਂ ਹੁੰਦਾ ਕਿਉਂਕਿ ਇਸ ਦਾ ਕੋਈ ਸਾਇੰਟਿਫਿਕ ਤੱਥ ਨਹੀਂ ਹੈ। ਇਹ ਵਿਸ਼ਵਾਸ ਕੇਵਲ ਮਨ ਦੇ ਵਿਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਦਿਵਾ ਸਕਦਾ ਹੈ ਜੋ ਅਸਲ ਵਿਚ ਹਰ ਵੇਲੇ ਸਾਡੇ ਅੰਦਰ ਹੀ ਹੈ, ਵਿਚਾਰਾਂ ਦੇ ਵਿਚ ਹੀ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਉਸ ਨੇ ਸਭ ਨੂੰ ਭਰਮ ਵਿਚ ਰੱਖਿਆ ਹੋਇਆ ਹੈ, ਭਰਮ ਰੂਪ ਬੰਧਨ ਵਿਚ ਰੱਖਿਆ ਹੋਇਆ ਹੈ। ਜਦ ਤਕ ਮਨੁੱਖ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹੈ ਤਦ ਤਕ ਹਰ ਕੋਈ ਭਰਮ ਰੂਪ ਬੰਧਨ ਵਿਚ ਹੀ ਹੈ ਜਿਸ ਵਿਚ ਰਹਿੰਦਿਆਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਇਸ ਵਿਚੋਂ ਨਿਕਲਣਾ ਕੀ ਹੈ ਭਾਵ ਚੌਥਾ ਪਦ ਕੀ ਹੈ ਜਿਸ ਦੁਆਰਾ ਤ੍ਰੈਗੁਣਾਂ ਵਾਲੀ ਅਵਸਥਾ ਵਿਚੋਂ ਨਿਕਲਿਆ ਜਾ ਸਕਦਾ ਹੈ। ਭਰਮ ਦੇ ਬੰਧਨ ਵਿਚੋਂ ਨਿਕਲਣ ਦਾ ਸਾਧਨ ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਅੰਦਰ **"ਸਹਜੁ"** ਵਾਲੀ ਅਵਸਥਾ ਹੈ ਜੋ ਕਿ ਚੌਥੇ ਪਦ ਵਾਲੀ ਅਵਸਥਾ ਹੈ। ਪ੍ਰਮਾਤਮਾ ਸਾਡੇ ਅੰਦਰ ਜਦੋਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ **"ਸਹਜੁ"** ਰੂਪ ਵਿਚ ਹੀ ਕਰਦਾ ਹੈ ਜੋ ਕਿ ਉਸ ਦਾ ਸੱਚੇ ਗਿਆਨ ਵਾਲਾ ਰੂਪ ਹੈ, ਬ੍ਰਹਮ ਗਿਆਨ ਵਾਲਾ ਰੂਪ ਹੈ, ਨਾਮ ਵਾਲਾ ਰੂਪ ਹੈ। ਸਹਜੁ ਦੀ ਅਵਸਥਾ ਦਾ ਮਕਸਦ ਸਾਨੂੰ ਮਨ ਦੇ ਹਰ ਭਰਮ ਵਿਚੋਂ ਕੱਢਣ ਦਾ ਹੀ ਹੈ ਜੋ ਭਰਮ ਸਾਡੇ ਅੰਦਰ ਪ੍ਰਮਾਤਮਾ ਨੂੰ ਸਮਝਣ ਵਿਚ, ਉਸ ਦੀ ਭਗਤੀ ਨੂੰ ਸਮਝਣ ਵਿਚ ਪਏ ਹੋਏ ਹਨ, ਸੰਸਾਰ ਦੀ ਅਸਲੀਅਤ ਨੂੰ ਸਮਝਣ ਵਿਚ, ਮਨੁੱਖ ਦੀ ਅਸਲੀਅਤ ਨੂੰ ਸਮਝਣ ਵਿਚ ਪਏ ਹੋਏ ਹਨ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਜੋਤਿ ਰੂਪ ਵਿਚ ਹੈ ਭਾਵ ਸਾਡੇ ਮਨ ਦੇ ਰੂਪ ਵਿਚ ਹੈ। ਸਾਡੇ ਅੰਦਰ ਦੀ ਜੋਤਿ ਸਾਡੇ ਅੰਦਰ ਕਿਸ ਰੂਪ ਵਿਚ ਹੈ ਇਸ ਦੀ ਸਮਝ ਮਨ ਦੇ ਭਰਮ ਵਿਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ। ਸਾਡੇ ਅੰਦਰ ਜੋ ਵੀ ਗਿਆਨ ਉਪਜਦਾ ਹੈ ਉਹ ਮਨ ਦੇ ਵਿਚੋਂ ਹੀ ਉਪਜਦਾ ਹੈ ਭਾਵ ਜੋਤਿ ਦੇ ਵਿਚੋਂ ਹੀ ਉਪਜਦਾ ਹੈ। ਸਾਡੇ ਅੰਦਰ ਭਰਮ ਵੀ ਜੋਤਿ ਦੇ ਵਿਚੋਂ ਹੀ ਆਉਂਦਾ ਹੈ ਤੇ ਸਾਡੇ ਅੰਦਰ ਦਾ ਭਰਮ ਕੱਢਣ ਵਾਲੀ ਵੀ ਸਾਡੇ ਅੰਦਰ ਦੀ ਜੋਤਿ ਹੈ। ਪ੍ਰਮਾਤਮਾ ਆਪਣੇ ਆਪ ਨੂੰ ਸਾਡੇ ਅੰਦਰ ਜੋਤਿ ਰਾਹੀਂ ਹੀ ਪ੍ਰਗਟ ਕਰਦਾ ਹੈ ਤੇ ਜਦੋਂ ਉਸ ਦੀ ਜੋਤਿ ਵਿਚੋਂ ਭਾਵ ਮਨ ਦੇ ਵਿਚੋਂ **"ਸਹਜੁ"** ਰੂਪ ਗਿਆਨ ਮਿਲਦਾ ਹੈ ਉਹ ਗਿਆਨ ਪੂਰੀ ਤਰ੍ਹਾਂ ਭਰਮ ਤੋਂ ਰਹਿਤ ਹੁੰਦਾ ਹੈ। ਪਹਿਲੇ ਮਨ ਦੇ ਅੰਦਰ ਪ੍ਰਮਾਤਮਾ ਮਨੁੱਖ ਨੂੰ ਇਹ ਵਿਸ਼ਵਾਸ

38/4702

ਦਿਵਾਉਂਦਾ ਹੈ ਕਿ ਉਸ ਦੇ ਅੰਦਰ ਵਿਚਾਰ ਪ੍ਰਗਟ ਕਰਨ ਵਾਲਾ ਉਹ ਆਪ ਹੈ ਭਾਵ ਸਾਡੇ ਅੰਦਰ ਹੁਕਮ ਉਸ ਦਾ ਚੱਲਦਾ ਹੈ। ਉਹ ਆਪਣੇ ਆਪ ਦਾ ਵਿਸ਼ਵਾਸ ਕਿਵੇਂ ਦਿਵਾਉਂਦਾ ਹੈ ਇਹ ਬੜੀ ਅਸਚਰਜ ਖੇਡ ਹੈ। ਉਹ ਪ੍ਰੈਕਟੀਕਲੀ ਮਨੁੱਖ ਨੂੰ ਕਠਪੁਤਲੀ ਬਣਾਕੇ ਦਿਖਾਉਂਦਾ ਹੈ ਤੇ ਉਹ ਕਿਸ ਤਰੀਕੇ ਇਹ ਸਭ ਕੁਝ ਕਰਦਾ ਹੈ ਇਸ ਦੀ ਚਰਚਾ ਲੇਖ ਵਿਚ ਕਾਫੀ ਪਿੱਛੇ ਦਾਸ ਨੇ ਕੁਝ ਗੱਲਾਂ ਦੁਆਰਾ ਕੀਤੀ ਹੋਈ ਹੈ ਤੇ ਹੋਰ ਵੀ ਬਹੁਤ ਕੁਝ ਹੈ ਜਿਸ ਨੂੰ ਕਹਿਣਾ ਤੇ ਸਮਝਾਉਣਾ ਬਹੁਤ ਅਜੀਬ ਗੱਲ ਹੈ। ਜਦੋਂ ਮਨੁੱਖ ਨੂੰ ਮਨ ਦੇ ਅੰਦਰੋਂ ਇਹ ਵਿਸ਼ਵਾਸ ਆ ਜਾਂਦਾ ਹੈ ਕਿ ਮੇਰੇ ਅੰਦਰ ਪ੍ਰਮਾਤਮਾ ਆਪ ਹੀ ਹੈ ਫਿਰ ਤਾਂ ਹੀ ਉਸ ਦੀ ਹਰ ਗੱਲ ਨੂੰ ਸੱਚ ਸਮਝਿਆ ਜਾਂਦਾ ਹੈ ਕਿ ਉਸ ਤੋਂ ਸੱਚੀ ਗੱਲ ਕੌਣ ਕਰ ਸਕਦਾ ਹੈ ਜੋ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਬਨਾਉਣ

ਵਾਲਾ ਹੈ ਤੇ ਚਲਾਉਣ ਵਾਲਾ ਹੈ। ਮਨੁੱਖ ਦੇ ਭਰਮ ਐਵੇਂ ਨਹੀਂ ਨਿਕਲਦੇ, ਉਸ ਸਚੁ ਰੂਪ ਪ੍ਰਮਾਤਮਾ ਨੂੰ ਮਨ ਦੇ ਵਿਚ ਜਾਨਣ ਦੁਆਰਾ ਹੀ ਨਿਕਲਦੇ ਹਨ ਜਦੋਂ ਹਰ ਵੇਲੇ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਹੀ ਗੱਲਾਂ ਹੁੰਦੀਆਂ ਹਨ ਤੇ ਭਗਤੀ ਬਾਰੇ ਉਹ ਸਾਰੇ ਭਰਮ ਆਪੇ ਹੀ ਕੱਢਦਾ ਰਹਿੰਦਾ ਹੈ। ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਸੱਚੇ ਗਿਆਨ ਰਾਹੀਂ ਮਨੁੱਖ ਹਰ ਵੇਲੇ ਪ੍ਰਮਾਤਮਾ ਦੀ ਜੋਤਿ ਰੂਪ ਵਿਚ ਸਮਾਇਆ ਰਹਿੰਦਾ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਅਵਸਥਾ ਚੌਥੇ ਪਦ ਦੇ ਗਿਆਨ ਵਿਚ ਸਮਾ ਜਾਂਦੀ ਹੈ। ਇਹੀ ਮਨ ਦਾ **"ਸਹਜੁ"** ਹੈ ਜੋ ਮਨੁੱਖ ਨੂੰ ਹਰ ਭਰਮ ਵਿਚੋਂ ਕੱਢ ਲੈਂਦਾ ਹੈ ਤੇ ਮਨੁੱਖ ਹਰ ਵੇਲੇ ਪ੍ਰਮਾਤਮਾ ਦੇ ਨਾਲ ਮਿਲਿਆ ਰਹਿੰਦਾ ਹੈ ਜੋ ਮੇਲ ਕਦੇ ਮੁਕ ਨਹੀਂ ਸਕਦਾ ਕਿਉਂਕਿ ਇਹ ਮੇਲ ਨਿਰੰਕਾਰ ਰੂਪ ਮੇਲ ਹੈ ਜੋ ਸਦਾ ਲਈ ਹੋ ਜਾਂਦਾ ਹੈ। ਪ੍ਰਮਾਤਮਾ ਦੀ ਜੋਤਿ ਸਦਾ ਲਈ ਹੈ ਜੋ ਅਮਰ ਹੈ ਭਾਵ ਮਰਿਤਯੂ ਤੋਂ ਰਹਿਤ ਹੈ। ਇਸ ਮੇਲ ਦੁਆਰਾ ਫਿਰ ਉਹ ਮਨੁੱਖੀ ਰੂਪ ਭਾਵੇਂ ਸਰੀਰ ਰਾਹੀਂ ਮੁੱਕ ਭਾਵ ਬਿਨਸ ਜਾਂਦਾ ਹੈ ਪਰ ਜੋਤਿ ਰਾਹੀਂ ਪ੍ਰਮਾਤਮਾ ਦੇ ਨਾਲ ਸਦਾ ਲਈ ਇੱਕ ਹੋ ਜਾਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਹੋਏ ਹਨ, ਉਸ ਦੀ ਜੋਤਿ ਵਿਚ ਸਮਾ ਕੇ ਹੋਏ ਹਨ। (**ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ॥ ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥**)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ - ੬੮)

38/4703

{ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ - ੬੦੪)

{ਵਡੈ ਭਾਗਿ ਇਹੁ ਸਰੀਰੁ ਪਾਇਆ ॥ ਮਾਣਸ ਜਨਮਿ ਸਬਦਿ ਚਿਤੁ ਲਾਇਆ ॥
ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ ॥੫॥}

(ਅੰਗ - ੧੦੬੫)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ - ੨੩੧)

{ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥
ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥
ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥
ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥
ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥}

(ਅੰਗ - ੨੦੫)

{ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥}

(ਅੰਗ - ੧੨੫੭)

{ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥
ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥}

(ਅੰਗ - ੧੦੧੯)

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥}

(ਅੰਗ - ੪੯੧)

{ਸੋ ਜਨੁ ਸਾਚਾ ਜਿ ਅੰਤਰੁ ਭਾਲੇ ॥ ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ ॥
ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ ॥੪॥}

(ਅੰਗ - ੧੦੬੫)

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥}

(ਅੰਗ - ੩੦)

{ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥}

(ਅੰਗ - ੨੦੦)

{ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

38/4704

{ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥
ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥
ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨੁ ਮਾਨਿਆ ॥
ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥}

(ਅੰਗ ੬੫੫-੬੫੬)

{ਸਾਚਾ ਧਨੁ ਸਾਚੀ ਵਡਿਆਈ ॥ ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥
ਕਰਿ ਕਿਰਪਾ ਜਿਸੁ ਰਾਖਨਹਾਰਾ ॥ ਤਾ ਕਾ ਸਗਲ ਮਿਟੈ ਅੰਧਿਆਰਾ ॥੩॥}

(ਅੰਗ - ੧੧੪੮)

{ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥
ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥ ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥
ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥
ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥}

(ਅੰਗ - ੩੦)

{ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥}

(ਅੰਗ - ੫੧੪)

{ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥}

(ਅੰਗ - ੧੧੦)

{ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥}

(ਅੰਗ - ੬੯੬)

{ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥}

(ਅੰਗ - ੭੮)

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥}

(ਅੰਗ - ੫੦੫)

{ਬਾਬਾ ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥}

(ਅੰਗ - ੪੮੨)

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥}

(ਅੰਗ - ੪੫੦)

{ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ - ੩੫੪)

38/4705

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

{ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥
ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥}

(ਅੰਗ - ੪੨੬)

{ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥
ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥ ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ॥
ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ - ੪੩੭)

{ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥ ਜਉ ਕਿਰਪਾ ਗੋਬਿੰਦ ਭਈ ॥
ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ ਰਹਾਉ ॥}

(ਅੰਗ - ੪੦੨)

{ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥
ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥੧॥ ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥
ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥}

(ਅੰਗ - ੩੫੩)

{ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥
ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥}

(ਅੰਗ - ੨੫੯)

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥}

(ਅੰਗ - ੩੮੮)

{ਇਕਿ ਪਿਰੁ ਹਦੂਰਿ ਨ ਜਾਣਨ੍ਹੀ ਦੂਜੈ ਭਰਮਿ ਭੁਲਾਇ ॥ ਕਿਉ ਪਾਇਨ੍ਹਿ ਡੋਹਾਗਣੀ ਦੁਖੀ ਰੈਣਿ ਵਿਹਾਇ ॥੨॥
ਜਿਨ ਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ ॥ ਅਨਦਿਨੁ ਸੇਵਹਿ ਸਹਜ ਸਿਉ ਸਚੇ ਮਾਹਿ ਸਮਾਇ ॥੩॥
ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ॥ ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ ॥੪॥}

(ਅੰਗ - ੪੨੮)

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥ ਅਪਿਉ ਪੀਐ ਸੋ ਭਰਮੁ ਗਵਾਏ ॥
ਗੁਰ ਪਰਸਾਦਿ ਮੁਕਤਿ ਗਤਿ ਪਾਏ ॥ ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ - ੧੧੨)

38/4706

{ਮਰਨ ਜੀਵਨ ਕੀ ਸੰਕਾ ਨਾਸੀ ॥ ਆਪਨ ਰੰਗਿ ਸਹਜ ਪਰਗਾਸੀ ॥੧॥
ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥ ਰਾਮ ਰਤਨੁ ਪਾਇਆ ਕਰਤ ਬੀਚਾਰਾ ॥੧॥ ਰਹਾਉ ॥}

(ਅੰਗ - ੧੩੪੯)

{ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥}

(ਅੰਗ - ੮੫੮)

{ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥}

(ਅੰਗ - ੯੨)

{ਵਾਦੁ ਵਖਾਣਹਿ ਮੋਹੇ ਮਾਇਆ ॥ ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥}

(ਅੰਗ - ੧੨੮)

{ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥
ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥}

(ਅੰਗ - ੩੮)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥ ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ - ੬੪੬)

{ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥੪॥੧੦॥}

(ਅੰਗ - ੬੦੩)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ - ੮੮)

{ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥}

(ਅੰਗ - ੯੩੯)

{ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥
ਸਤਿਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥੩॥}

(ਅੰਗ ੮੭੬-੮੭੭)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥}

(ਅੰਗ - ੬੦੦)

38/4707

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ - ੧੪੧੪)

{ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥}

(ਅੰਗ - ੧੨੬)

{ਦੇਹ ਅੰਧਾਰੀ ਅੰਧੁ ਸੁੰਞੀ ਨਾਮ ਵਿਹੂਣੀਆ ॥ ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੨॥}

(ਅੰਗ - ੧੦੯੯)

{ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥}

(ਅੰਗ - ੧੭੨)

{ਦੂਖੁ ਅੰਧੇਰਾ ਮਨ ਤੇ ਜਾਇ ॥ ਦੁਰਮਤਿ ਬਿਨਸੈ ਰਾਚੈ ਹਰਿ ਨਾਇ ॥੨॥}

(ਅੰਗ - ੮੯੩)

{ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥
ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥
ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥}

(ਅੰਗ - ੮੪੫)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥}

(ਅੰਗ - ੭੯੮)

{ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥
ਬੇਦ ਪਾਠ ਸੰਸਾਰ ਕੀ ਕਾਰ ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ ॥
ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥}

(ਅੰਗ - ੭੯੧)

{ਸੁਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ ॥
ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥}

(ਅੰਗ - ੭੦੦)

{ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥
ਤੇਰੇ ਦਾਸ ਕਉ ਤੁਹੀ ਵਡਿਆਈ ॥ ਮਾਇਆ ਮਗਨੁ ਨਰਕਿ ਲੈ ਜਾਈ ॥੧॥ ਰਹਾਉ ॥
ਰੋਗ ਗਿਰਸਤ ਚਿਤਾਰੇ ਨਾਉ ॥ ਬਿਖੁ ਮਾਤੇ ਕਾ ਠਉਰ ਨ ਠਾਉ ॥੨॥}

(ਅੰਗ - ੧੯੬)

{ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥}

(ਅੰਗ - ੬੩੯)

{ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥
ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥
ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥}

(ਅੰਗ - ੫੭੩)

38/4708

{ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥
ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥}

(ਅੰਗ - ੪੯੯)

{ਸਤਿਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ - ੩੬੮)

{ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ ॥
ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ ॥੩॥}

(ਅੰਗ - ੩੩੪)

{ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ ॥
ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ ॥੬॥}

(ਅੰਗ - ੯੦੮)

{ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥
ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥}

(ਅੰਗ - ੫੫੦)

{ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥
ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥
ਚਖਿ ਛੋਡੀ ਸਹਸਾ ਨਹੀ ਕੋਇ ॥ ਬਾਪੁ ਦਿਸੈ ਵੇਜਾਤਿ ਨ ਹੋਇ ॥
ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥੩॥}

(ਅੰਗ - ੭੯੬)

{ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥
ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥ ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥}

(ਅੰਗ - ੫੯੧)

{ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ ਰਹਾਉ ॥}

(ਅੰਗ - ੧੯੦)

{ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ ॥ ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥੧॥}

(ਅੰਗ - ੪੨੨)

38/4709

{ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥
ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥}

(ਅੰਗ - ੫੫੦)

{ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥}

(ਅੰਗ - ੫੧੨)

{ਜਾ ਕੈ ਹਿਰਦੈ ਠਾਕੁਰੁ ਹੋਇ ॥ ਤਾ ਕਉ ਸਹਸਾ ਨਾਹੀ ਕੋਇ ॥੨॥}

(ਅੰਗ - ੧੯੯)

{ਪੜਿ੍ ਪੜਿ੍ ਪੰਡਿਤ ਮੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥
ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥}

(ਅੰਗ - ੧੨੪੬)

{ਕਰਿ ਕਿਰਪਾ ਅਪੁਨੇ ਪਹਿ ਆਇਆ ॥ ਧੰਨਿ ਸੁ ਰਿਦਾ ਜਿਹ ਚਰਨ ਬਸਾਇਆ ॥
ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ ॥
ਭਇਆ ਪ੍ਰਗਾਸੁ ਰਿਦੈ ਉਲਾਸੁ ਪ੍ਰਭੁ ਲੋੜੀਦਾ ਪਾਇਆ ॥
ਦੁਖੁ ਨਾਠਾ ਸੁਖੁ ਘਰ ਮਹਿ ਵੂਠਾ ਮਹਾ ਅਨੰਦ ਸਹਜਾਇਆ ॥
ਕਹੁ ਨਾਨਕ ਮੈ ਪੂਰਾ ਪਾਇਆ ਕਰਿ ਕਿਰਪਾ ਅਪੁਨੇ ਪਹਿ ਆਇਆ ॥੪॥੧॥}

(ਅੰਗ - ੧੨੩੭)

{ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥}

(ਅੰਗ - ੧੧੭੮)

{ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥}

(ਅੰਗ - ੧੦੬੭)

{ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥}

(ਅੰਗ - ੧੦੬੩)

{ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥ ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥੭॥}

(ਅੰਗ - ੪੨੯)

{ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥}

(ਅੰਗ - ੪੧੬)

38/4710

{ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥}

(ਅੰਗ - ੩੫੨)

{ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥
ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ - ੨੪੫)

{ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥
ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥}

(ਅੰਗ - ੪੧੫)

{ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥}

(ਅੰਗ - ੩੩੩)

{ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥ ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥}

(ਅੰਗ - ੧੩੬)

{ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥}

(ਅੰਗ - ੧੧੯)

{ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥ ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥}

(ਅੰਗ - ੯੧੯)

{ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥
ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥
ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥
ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ - ੨੨੧)

{ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥

ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥}

(ਅੰਗ - ੫੫)

38/4711

{ਨਿਰਮਲ ਬਾਣੀ ਕੋ ਮੰਨਿ ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥}

(ਅੰਗ - ੧੦੬੨)

{ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥
ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥੧੪॥}

(ਅੰਗ - ੧੦੩੯)

{ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥}

(ਅੰਗ - ੯੯੩)

{ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥
ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥}

(ਅੰਗ - ੯੩੪)

{ਦੇਹੀ ਧੋਇ ਨ ਉਤਰੈ ਮੈਲੁ ॥ ਹਉਮੈ ਬਿਆਪੈ ਦੁਬਿਧਾ ਫੈਲੁ ॥
ਹਰਿ ਹਰਿ ਅਉਖਧੁ ਜੋ ਜਨੁ ਖਾਇ ॥ ਤਾ ਕਾ ਰੋਗੁ ਸਗਲ ਮਿਟਿ ਜਾਇ ॥੩॥}

(ਅੰਗ - ੮੯੩)

{ਏਕੁ ਅਚਰਜੁ ਜਨ ਦੇਖਹੁ ਭਾਈ ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥
ਨਾਮੁ ਅਮੋਲਕੁ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥੩॥}

(ਅੰਗ - ੬੬੩)

{ਗੁਰ ਪਰਸਾਦਿ ਵਸੈ ਮਨਿ ਆਇ ॥ ਤਾ ਕੋ ਜਾਣੈ ਦੁਬਿਧਾ ਜਾਇ ॥੧॥ ਰਹਾਉ ॥}

(ਅੰਗ - ੭੯੭)

{ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥}

(ਅੰਗ - ੬੮੫)

{ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥

ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥}

(ਅੰਗ - ੬੪੧)

38/4712

{ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥}

(ਅੰਗ - ੬੦੩)

{ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥}

(ਅੰਗ - ੫੯੪)

{ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥}

(ਅੰਗ - ੫੯੦)

{ਆਪੇ ਤੰਤੁ ਪਰਮ ਤੰਤੁ ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ ॥
ਆਪੇ ਦਸ ਅਠ ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ ॥
ਆਪੇ ਮਾਰੇ ਆਪੇ ਛੋਡੈ ਆਪੇ ਬਖਸੇ ਕਰੇ ਦਇਆ ॥
ਆਪਿ ਅਭੁਲੁ ਨ ਭੁਲੈ ਕਬ ਹੀ ਸਭੁ ਸਚੁ ਤਪਾਵਸੁ ਸਚੁ ਥਿਆ ॥
ਆਪੇ ਜਿਨਾ ਬੁਝਾਏ ਗੁਰਮੁਖਿ ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩॥}

(ਅੰਗ - ੫੫੩)

{ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥
ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥
ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥
ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥੧॥}

(ਅੰਗ - ੫੫੩)

{ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ ॥੫॥}

(ਅੰਗ - ੫੦੭)

{ਸਹਜੇ ਸੁਖਿ ਸੁਤੀ ਸਬਦਿ ਸਮਾਇ ॥ ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥
ਦੁਬਿਧਾ ਚੂਕੀ ਸਹਜਿ ਸੁਭਾਇ ॥ ਅੰਤਰਿ ਨਾਮੁ ਵਸਿਆ ਮਨਿ ਆਇ ॥}

(ਅੰਗ - ੧੨੪੭)

{ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥
ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥

ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥}

(ਅੰਗ - ੧੨੩੩)

{ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥}

(ਅੰਗ - ੧੧੯੮)

38/4713

{ਦੁਬਿਧਾ ਦੁਰਮਤਿ ਅਧੁਲੀ ਕਾਰ ॥ ਮਨਮੁਖਿ ਭਰਮੈ ਮਝਿ ਗੁਬਾਰ ॥੧॥
ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥
ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥ ਪਸੂ ਭਏ ਅਭਿਮਾਨੁ ਨ ਜਾਈ ॥੨॥}

(ਅੰਗ - ੧੧੯੦)

{ਜਿਨ ਕੈ ਹਿਰਦੈ ਏਕੋ ਭਾਇਆ ॥ ਆਪੇ ਮੇਲੇ ਭਰਮੁ ਚੁਕਾਇਆ ॥੬॥}

(ਅੰਗ - ੧੧੯੦)

{ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥
ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥}

(ਅੰਗ - ੧੧੬੭)

{ਸਾਈ ਪ੍ਰੀਤਿ ਜਿ ਆਪੇ ਲਾਏ ॥ ਗੁਰ ਪਰਸਾਦੀ ਦੁਬਿਧਾ ਜਾਏ ॥
ਕਬਹੁ ਨ ਤੂਟਸਿ ਰਹਿਆ ਸਮਾਇ ॥ ਨਾਮੇ ਚਿਤੁ ਲਾਇਆ ਸਚਿ ਨਾਇ ॥੩॥}

(ਅੰਗ - ੧੧੬੪)

{ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥
ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥੩॥}

(ਅੰਗ - ੧੧੫੫)

{ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥
ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥੨॥}

(ਅੰਗ - ੧੧੩੩)

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ - ੬੦੦)

{ਸਦਾ ਅਨੰਦੁ ਰਾਮ ਰਸਿ ਰਾਤੇ ॥
ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥}

(ਅੰਗ - ੧੧੩੧)

{ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥}

(ਅੰਗ - ੧੧੩੦)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ - ੧੧੨੮-੧੧੨੯)

38/4714

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ - ੨੩੭-੨੩੮)

{ਭਵਜਲੁ ਬਿਨੁ ਸਬਦੈ ਕਿਉ ਤਰੀਐ ॥

ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥ ਰਹਾਉ ॥}

(ਅੰਗ - ੧੧੨੫)

{ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥}

(ਅੰਗ - ੧੦੪੨)

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥
ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥ ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥
ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥੨॥}

(ਅੰਗ - ੧੦੯੩)

{ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ ॥ ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ ॥
ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥ ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ ॥
ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ ॥੧੯॥}

(ਅੰਗ - ੧੦੯੩)

{ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥ ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥}

(ਅੰਗ - ੯੩੦)

{ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥ ਦਰਸਨੁ ਪੇਖਤ ਮੈ ਜੀਓ ॥
ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥੧॥ ਰਹਾਉ ॥}

(ਅੰਗ - ੩੮੨)

{ਦੂਜੈ ਭਾਇ ਭਵਹਿ ਬਿਖੁ ਮਾਇਆ ॥ ਭਾਗਹੀਨ ਨਹੀ ਸਤਿਗੁਰੁ ਪਾਇਆ ॥੩॥
ਅੰਮ੍ਰਿਤੁ ਹਰਿ ਰਸੁ ਹਰਿ ਆਪਿ ਪੀਆਇਆ ॥}

(ਅੰਗ - ੩੬੬)

{ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥ ਭਰਮਿ ਭੁਲਾਨਾ ਫਿਰਿ ਪਛੁਤਾਨਾ ॥
ਗਲਿ ਫਾਹੀ ਬਉਰਾ ਬਉਰਾਨਾ ॥੭॥}

(ਅੰਗ - ੪੧੪)

38/4715

{ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ ॥
ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰਾ ॥੩॥}

(ਅੰਗ - ੪੫੪)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥

ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ - ੧੫੩)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥}

(ਅੰਗ - ੧੧੩)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ - ੧੦੩੨)

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥
ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ - ੧੧੨)

{ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ ਜੀਅਰੇ ਰਾਮ ਜਪਤ ਮਨੁ ਮਾਨੁ ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥
ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
ਸਤਿਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥}

(ਅੰਗ ੨੦-੨੧)

{ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥}

(ਅੰਗ - ੭੨)

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥}

(ਅੰਗ - ੨੭)

{ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥ ਸੁਣਿ ਸੁਣਿ ਸਿਖ ਹਮਾਰੀ ॥
ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥}

(ਅੰਗ - ੧੫੪)

38/4716

{ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ ਹਰਿ ਕੀਰਤਿ ਹਰਿ ਮਨਿ ਧਾਰੇ ਰਾਮ ॥
ਹਰਿ ਹਰਿ ਨਾਮੁ ਪਵਿਤੁ ਹੈ ਮੇਰੀ ਜਿੰਦੁੜੀਏ ਜਪਿ ਹਰਿ ਹਰਿ ਨਾਮੁ ਉਧਾਰੇ ਰਾਮ ॥
ਸਭ ਕਿਲਵਿਖ ਪਾਪ ਦੁਖ ਕਟਿਆ ਮੇਰੀ ਜਿੰਦੁੜੀਏ ਮਲੁ ਗੁਰਮੁਖਿ ਨਾਮਿ ਉਤਾਰੇ ਰਾਮ ॥
ਵਡ ਪੁੰਨੀ ਹਰਿ ਧਿਆਇਆ ਜਨ ਨਾਨਕ ਹਮ ਮੂਰਖ ਮੁਗਧ ਨਿਸਤਾਰੇ ਰਾਮ ॥੧॥
ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ ॥
ਅੰਤਰਿ ਨਵ ਨਿਧਿ ਨਾਮੁ ਹੈ ਮੇਰੀ ਜਿੰਦੁੜੀਏ ਗੁਰੁ ਸਤਿਗੁਰੁ ਅਲਖੁ ਲਖਾਏ ਰਾਮ ॥
ਗੁਰਿ ਆਸਾ ਮਨਸਾ ਪੂਰੀਆ ਮੇਰੀ ਜਿੰਦੁੜੀਏ ਹਰਿ ਮਿਲਿਆ ਭੁਖ ਸਭ ਜਾਏ ਰਾਮ ॥
ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਮੇਰੀ ਜਿੰਦੁੜੀਏ ਜਨ ਨਾਨਕ ਹਰਿ ਗੁਣ ਗਾਏ ਰਾਮ ॥੨॥}

(ਅੰਗ - ੫੩੯)

{ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥}

(ਅੰਗ - ੫੧)

{ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥}

(ਅੰਗ - ੭੦੧)

{ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥
ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ॥੧॥}

(ਅੰਗ - ੪੫)

{ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ ॥
ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ ॥੧੯॥}

(ਅੰਗ - ੧੦੯੩)

{ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥
ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥}

(ਅੰਗ - ੪੪੩)

{ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥੩॥}

(ਅੰਗ - ੩੬੧)

{ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਸੁਨਤ ਕਹਤ ਰਹਤ ਗਤਿ ਪਾਵਹੁ ॥}

(ਅੰਗ - ੨੮੯)

{ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ - ੨੮੪)

38/4717

{ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥
ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ ॥}

(ਅੰਗ - ੨੫੭)

{ਜਿਨਿ ਕੀਤੇ ਸੋਈ ਬਿਧਿ ਜਾਣੈ ॥ ਆਪਿ ਕਰੇ ਤਾ ਹੁਕਮਿ ਪਛਾਣੈ ॥
ਜੇਹਾ ਅੰਦਰਿ ਪਾਏ ਤੇਹਾ ਵਰਤੈ ਆਪੇ ਬਾਹਰਿ ਪਾਵਣਿਆ ॥੭॥
ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ ॥ ਜਿਸੁ ਲਾਇ ਲਏ ਸੋ ਨਿਰਮਲੁ ਹੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਜਿਸੁ ਦੇਵੈ ਸੋ ਪਾਵਣਿਆ ॥੮॥੧੪॥੧੫॥}

(ਅੰਗ - ੧੧੮)

{ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥}

(ਅੰਗ - ੧੦੬੧)

{ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ ॥
ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ ॥
ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ ॥
ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ ॥
ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ ਆਪਿ ਤਰੈ ਕੁਲ ਤਾਰੇ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤਿ ਮਿਲੇ ਪਿਆਰੇ ॥੨॥}

(ਅੰਗ - ੨੪੬)

{ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥
ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥}

(ਅੰਗ - ੧੨੮)

{ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥
ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥
ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ - ੧੨੯)

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥
ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥
ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ ੨੨੬-੨੨੭)

{ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥

ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥}

(ਅੰਗ - ੨੪੩)

{ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥}

(ਅੰਗ - ੨੩੨)

38/4718

{ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥}

(ਅੰਗ - ੧੪੫)

{ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥}

(ਅੰਗ - ੧੪੫)

{ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥}

(ਅੰਗ - ੧੪੫)

{ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥
ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥}

(ਅੰਗ - ੪੧੧)

{ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ ॥}

(ਅੰਗ - ੪੦੮)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ - ੩੩੬)

{ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥
ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥
ਅੰਤਰਿ ਹਰਿ ਨਾਮੁ ਬਾਸਨਾ ਸਮਾਣੀ ॥ ਹਰਿ ਦਰਿ ਸੋਭਾ ਮਹਾ ਉਤਮ ਬਾਣੀ ॥
ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥ ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ ॥੧॥}

(ਅੰਗ - ੩੧੭)

{ਅਸਟਮੀ ਅਸਟ ਸਿਧਿ ਨਵ ਨਿਧਿ ॥ ਸਗਲ ਪਦਾਰਥ ਪੂਰਨ ਬੁਧਿ ॥}

(ਅੰਗ - ੨੯੮)

{ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥}

(ਅੰਗ - ੨੯੮)

{ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥}

(ਅੰਗ ੨੯੫-੨੯੬)

{ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥ ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥
ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥ ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ ॥}

(ਅੰਗ - ੨੬੦)

38/4719

{ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥}

(ਅੰਗ - ੨੫੪)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ - ੨੩੫)

{ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥ ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥੧॥
ਇਤ ਉਤ ਰਾਖਹੁ ਦੀਨ ਦਇਆਲਾ ॥ ਤਉ ਸਰਣਾਗਤਿ ਨਦਰਿ ਨਿਹਾਲਾ ॥੧॥ ਰਹਾਉ ॥
ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥ ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥੨॥
ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ॥੩॥
ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥੪॥
ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥ ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ ॥੫॥
ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ ॥ ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ ॥੬॥

ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥ ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ ॥੭॥
ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ ॥ ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥੮॥੧॥੧੭॥}

(ਅੰਗ - ੨੨੮)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ - ੨੨੩)

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥}

(ਅੰਗ ੨੨੦-੨੨੧)

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥}

(ਅੰਗ - ੧੨੪)

{ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥}

(ਅੰਗ - ੭੦੧)

{ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥੧੩॥੨੪॥}

(ਅੰਗ - ੬੧੫)

{ਇਹੁ ਮਨੂਆ ਸਦਾ ਸੁਖਿ ਵਸੈ ਸਹਜੇ ਕਰੇ ਵਾਪਾਰਾ ॥
ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ - ੫੯੩)

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥
ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥ ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥ ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥}

(ਅੰਗ - ੫੮੭)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ - ੧੨੮)

{ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥
ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥
ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥
ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥
ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥}

(ਅੰਗ - ੫੭੩)

38/4720

{ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥ ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥
ਸਤਿਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥}

(ਅੰਗ - ੫੫੩)

{ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥
ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥੩॥}

(ਅੰਗ - ੫੪੬)

{ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ - ੫੧੨)

{ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ ॥
ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥
ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥੨॥}

(ਅੰਗ ੮੫੧-੮੫੨)

{ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥ ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥੧॥}

(ਅੰਗ - ੫੦੧)

{ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥}

(ਅੰਗ - ੪੯੫)

{ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥
ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥ ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥
ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥}

(ਅੰਗ - ੪੬੦)

{ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥ ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥}

(ਅੰਗ - ੪੨੮)

{ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥
ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥}

(ਅੰਗ - ੪੧੬)

{ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥
ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥੨॥}

(ਅੰਗ - ੧੨੭੬)

{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥ ਐਸੇ ਪ੍ਰੇਮ ਭਗਤਿ ਵੀਚਾਰੀ ॥
ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥ ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥
ਤੀਨ ਭਵਨ ਨਿਹਕੇਵਲ ਗਿਆਨੁ ॥ ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥
ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥
ਪੰਚ ਸਮਾਈ ਸੁਖੀ ਸਭੁ ਲੋਗੁ ॥੩॥ ਸਗਲੀ ਜੋਤਿ ਤੇਰਾ ਸਭੁ ਕੋਈ ॥
ਆਪੇ ਜੋੜਿ ਵਿਛੋੜੇ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥੪॥}

(ਅੰਗ - ੪੧੪)

38/4721

{ਐਸੋ ਗਿਆਨੁ ਬਿਰਲੋ ਈ ਪਾਏ ॥ ਜਤ ਜਤ ਜਾਈਐ ਤਤ ਦ੍ਰਿਸਟਾਏ ॥੧॥ ਰਹਾਉ ॥
ਅਨਿਕ ਰੰਗ ਨਿਰਗੁਨ ਇਕ ਰੰਗਾ ॥ ਆਪੇ ਜਲੁ ਆਪ ਹੀ ਤਰੰਗਾ ॥੨॥
ਆਪ ਹੀ ਮੰਦਰੁ ਆਪਹਿ ਸੇਵਾ ॥ ਆਪ ਹੀ ਪੂਜਾਰੀ ਆਪ ਹੀ ਦੇਵਾ ॥੩॥
ਆਪਹਿ ਜੋਗ ਆਪ ਹੀ ਜੁਗਤਾ ॥ ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥੧॥੬॥}

(ਅੰਗ - ੮੦੩)

{ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ ॥੩॥
ਸਤਿਗੁਰਿ ਮਿਲਿਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ ॥
ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ ਜਨ ਨਾਨਕ ਸਦ ਕੁਰਬਾਨੀ ॥੪॥੨॥}

(ਅੰਗ - ੮੮੩)

{ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥
ਸਦਾ ਮੁਕਤੁ ਤਾ ਕੇ ਪੂਰੇ ਕਾਮ ॥ ਜਾ ਕੈ ਰਿਦੈ ਵਸੈ ਹਰਿ ਨਾਮ ॥੨॥}

(ਅੰਗ ੮੯੦-੮੯੧)

{ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥
ਮਨਮੁਖਿ ਬਿਨਸੈ ਆਵੈ ਜਾਇ ॥ ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥}

(ਅੰਗ - ੯੩੯)

{ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥
ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥}

(ਅੰਗ - ੧੧੭੧)

{ਬੇਦੁ ਪੁਕਾਰੈ ਮੁਖ ਤੇ ਪੰਡਿਤੁ ਕਾਮਾ ਮਨ ਕਾਮਾਠਾ ॥ ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥
ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥੧॥ ਜੀਅ ਕੀ ਕੈ ਪਹਿ ਬਾਤ ਕਹਾ ॥
ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ ॥੧॥ ਰਹਾਉ ॥
ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥੨॥
ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥
ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥
ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ॥੩॥
ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ ॥
ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ ॥
ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ ॥੪॥ ਮੇਰਾ ਅੰਤਰਜਾਮੀ ਹਰਿ ਰਾਇਆ ॥
ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ਬਿਸਰਿ ਗਏ ਬਕਬਾਇਆ ॥੧॥ ਰਹਾਉ ਦੂਜਾ ॥੬॥੧੫॥}

(ਅੰਗ - ੧੦੦੩)

{ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥
ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥}

(ਅੰਗ - ੧੦੧੨)

{ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥੨॥੪॥੯॥੯॥੧੩॥੫੮॥੪॥੯੩॥}

(ਅੰਗ - ੬੮੫)

{ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥}

(ਅੰਗ - ੬੫੦)

{ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥}

(ਅੰਗ - ੬੧)

38/4722

{ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥
ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥}

(ਅੰਗ - ੬੩੭)

{ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥}

(ਅੰਗ - ੬੩੭)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥
ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥ ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ - ੬੪੬)

{ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥
ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥}

(ਅੰਗ - ੬੩੪)

{ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥
ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥
ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ ॥੬॥
ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥
ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥
ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥
ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ ॥੭॥

ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥
ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥
ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥}

(ਅੰਗ - ੬੩੫)

{ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ ॥
ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ ॥੩॥}

(ਅੰਗ - ੭੬੬)

{ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥
ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥}

(ਅੰਗ - ੨੨੩)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ - ੨੩੨)

{ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥ ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥੩॥੫॥}

(ਅੰਗ ੪੯੦-੪੯੧)

38/4723

{ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥}

(ਅੰਗ - ੬੮੦)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥}

(ਅੰਗ - ੭੩੫)

{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥}

(ਅੰਗ - ੯੦੯)

{ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥}

(ਅੰਗ - ੭੭੨)

{ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥
ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥ ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥੨॥
ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥
ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥
ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥੩॥}

(ਅੰਗ ੭੯੬-੭੯੭)

{ਮਨ ਏਕੋ ਸਾਹਿਬੁ ਭਾਈ ਰੇ ॥
ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ ॥}

(ਅੰਗ - ੧੫੬)

{ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ - ੬੦੪)

{ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥}

(ਅੰਗ - ੧੨੩)

{ਆਪੇ ਕਰਤਾ ਆਪੇ ਭੁਗਤਾ ॥ ਬੰਧਨ ਤੋੜੇ ਸਦਾ ਹੈ ਮੁਕਤਾ ॥
ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥}

(ਅੰਗ - ੧੨੫)

{ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ - ੧੦੦੨)

38/4724

{ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥
ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥੩॥
ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥੨੯॥੯੮॥}

(ਅੰਗ - ੧੮੫)

{ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥੨॥
ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥੩॥
ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥}

(ਅੰਗ - ੧੮੮)

{ਦੇਵ ਸੰਸੈ ਗਾਂਠਿ ਨ ਛੂਟੈ ॥ ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥}

(ਅੰਗ - ੬੭੪)

{ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥
ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧॥
ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ ॥
ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥੨॥}

(ਅੰਗ - ੧੩੧੯)

{ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰ ਹੀ ਮਹਿ ਪਾਈ ॥
ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥
ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥
ਘਰ ਮਹਿ ਧਰਤੀ ਧਉਲੁ ਪਾਤਾਲਾ ॥ ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥
ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥
ਕਾਇਆ ਅੰਦਰਿ ਹਉਮੈ ਮੇਰਾ ॥ ਜੰਮਣ ਮਰਣੁ ਨ ਚੂਕੈ ਫੇਰਾ ॥
ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥
ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥
ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥
ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥
ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥

ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ - ੧੨੬)

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥
ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}

(ਅੰਗ - ੧੬੩)

{ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥ ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥੭॥}

(ਅੰਗ - ੬੦)

{ਜਿਨ ਗੁਣ ਤਿਨ ਸਦ ਮਨਿ ਵਸੈ ਅਉਗਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥}

(ਅੰਗ - ੨੭)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥}

(ਅੰਗ ੩੬-੩੭)

38/4725

{ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥}

(ਅੰਗ - ੧੩੭੮)

{ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥
ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥}

(ਅੰਗ - ੧੫੩)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥}

(ਅੰਗ - ੩੭੯)

{ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ ॥
ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥}

(ਅੰਗ ੧੩੮੮-੧੩੮੯)

{ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥}

(ਅੰਗ - ੧੩੭੨)

{ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ ਕੋਟਿ ਮਧੇ ਕੋਈ ਵਿਰਲਾ ਲੇਇ ॥
ਜਿਸ ਨੋ ਅਪਣੀ ਨਦਰਿ ਕਰੇਇ ॥੧॥ ਗੁਰ ਕੇ ਚਰਣ ਮਨ ਮਾਹਿ ਵਸਾਇ ॥
ਦੁਖੁ ਅਨ੍ਹੇਰਾ ਅੰਦਰਹੁ ਜਾਇ ॥ ਆਪੇ ਸਾਚਾ ਲਏ ਮਿਲਾਇ ॥੨॥}

(ਅੰਗ - ੧੩੩੫)

{ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥
ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥
ਜਨਮ ਜਨਮ ਕੇ ਭੈ ਮੋਹ ਨਿਵਾਰੇ ॥ ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੭॥}

(ਅੰਗ - ੭੪੨)

{ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥
ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥
ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥}

(ਅੰਗ - ੨੪੧)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥
ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥੪॥੧॥੧੩੮॥}

(ਅੰਗ - ੨੧੦)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥}

(ਅੰਗ - ੩੭੭)

38/4726

{ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥ ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥
ਅਨਦਿਨੋ ਪ੍ਰਭ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥}

(ਅੰਗ - ੪੦੮)

{ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥੨॥}

(ਅੰਗ - ੬੧੪)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥}

(ਅੰਗ - ੭੪੦)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥}

(ਅੰਗ - ੮੦੪)

{ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥}

(ਅੰਗ - ੧੦੦੦)

{ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥}

(ਅੰਗ - ੧੦੦੧)

{ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥ ਕਰਿ ਕਿਰਪਾ ਗੁਰ ਚਰਣ ਨਿਵਾਸਿ ॥
ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥}

(ਅੰਗ - ੧੨੭੧)

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥
ਮਿਲਿ ਸਤਿਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ
ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥}

(ਅੰਗ - ੧੧੧੮)

{ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥}

(ਅੰਗ - ੫੦੨)

{ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥
ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥੧॥
ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥
ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥}

(ਅੰਗ ੧੩੦੩-੧੩੦੪)

38/4727

{ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥
ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥}

(ਅੰਗ - ੪੬)

{ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥}

(ਅੰਗ - ੧੭੮)

{ਕਾਮ ਕ੍ਰੋਧ ਲੋਭ ਮਦ ਖੋਏ ॥ ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥}

(ਅੰਗ - ੧੯੪)

{ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥}

(ਅੰਗ - ੮੩੧)

{ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ ॥
ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ ॥
ਪ੍ਰਭ ਬਾਹ ਪਕਰਿ ਜਿਸੁ ਮਾਰਗਿ ਪਾਵਹੁ ਸੋ ਤੁਧੁ ਜੰਤ ਮਿਲਾਸਿ ॥੧॥}

(ਅੰਗ - ੧੩੦੪)

{ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥}

(ਅੰਗ - ੧੪੧੭)

{ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥
ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥}

(ਅੰਗ - ੩੦)

{ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥ ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥੨॥}

(ਅੰਗ - ੪੨੬)

{ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥
ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥}

(ਅੰਗ - ੪੯੨)

38/4728

{ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥
ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥}

(ਅੰਗ - ੭੭੦)

{ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥ ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਣਿ ॥
ਹੁਕਮੇ ਹੀ ਸਭ ਸਾਜੀਅਨੁ ਰਵਿਆ ਸਭ ਵਣਿ ਤ੍ਰਿਣਿ ॥
ਸਭੁ ਕਿਛੁ ਆਪੇ ਆਪਿ ਹੈ ਗੁਰਮੁਖਿ ਸਦਾ ਹਰਿ ਭਣਿ ॥ ਸਬਦੇ ਹੀ ਸੋਝੀ ਪਈ ਸਚੈ ਆਪਿ ਬੁਝਾਈ ॥੫॥}

(ਅੰਗ - ੯੪੯)

{ਕਾਇਆ ਅੰਮ੍ਰਿਤਿ ਰਹੀ ਭਰਪੂਰੇ ਪਾਈਐ ਸਬਦਿ ਵੀਚਾਰੀ ॥੧੯॥
ਜੋ ਪ੍ਰਭੁ ਖੋਜਹਿ ਸੇਈ ਪਾਵਹਿ ਹੋਰਿ ਫੁਟਿ ਮੂਏ ਅਹੰਕਾਰੀ ॥੨੦॥}

(ਅੰਗ - ੯੧੧)

{ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥੬॥}

(ਅੰਗ - ੧੨੭੫)

{ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥ ਕਹਾ ਸਾਕਤ ਪਹਿ ਹਰਿ ਗੁਨ ਗਾਏ ॥੧॥
ਰਾਮ ਰਾਮ ਰਾਮ ਰਮੇ ਰਮਿ ਰਹੀਐ ॥ ਸਾਕਤ ਸਿਉ ਭੂਲਿ ਨਹੀ ਕਹੀਐ ॥੧॥ ਰਹਾਉ ॥
ਕਊਆ ਕਹਾ ਕਪੂਰ ਚਰਾਏ ॥ ਕਹ ਬਿਸੀਅਰ ਕਉ ਦੂਧੁ ਪੀਆਏ ॥੨॥
ਸਤਿਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥
ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪॥
ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥ ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥੫॥੭॥੨੦॥}

(ਅੰਗ - ੪੯੧)

{ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥}

(ਅੰਗ - ੯੮੧)

{ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ ॥}

(ਅੰਗ - ੪੧੨)

{ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥
ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥}

(ਅੰਗ - ੪੧੨)

{ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥}

(ਅੰਗ - ੧੧੪੭)

{ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥}

(ਅੰਗ - ੪੧੪)

{ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥
ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ ॥੨॥}

(ਅੰਗ - ੪੮੩)

{ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ ॥
ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ ॥੧॥}

(ਅੰਗ - ੫੨੩)

{ਕਰਤ ਕਰਤ ਇਵ ਹੀ ਦੁਖੁ ਪਾਇਆ ॥ ਪੂਰਨ ਹੋਤ ਨ ਕਾਰਜ ਮਾਇਆ ॥
ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥੩॥}

(ਅੰਗ - ੧੧੪੩)

{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥ ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥}

(ਅੰਗ - ੫੧੯)

{ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥ ਹਰਿ ਭਜਨ ਸਫਲ ਕਾਮ ॥੧॥ ਰਹਾਉ ॥}

(ਅੰਗ - ੪੦੮)

{ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥}

(ਅੰਗ - ੫੦੨)

{ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥
ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥੨॥}

(ਅੰਗ - ੧੨੬੦)

{ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥}

(ਅੰਗ - ੨੬)

{ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥}

(ਅੰਗ - ੫੧)

{ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤਿ ਗਾਉ ॥
ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥੨॥੧॥੬॥}

(ਅੰਗ - ੯੮੮)

{ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ ਕਹਤੇ ॥}

(ਅੰਗ - ੨੯੫)

{ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥
ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥}

(ਅੰਗ - ੧੧੯੨)

{ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥}

(ਅੰਗ - ੪੧੪)

{ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥}

(ਅੰਗ - ੧੨੬)

{ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ - ੫੧)

{ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥
ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥}

(ਅੰਗ - ੯੦੪)

{ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥}

(ਅੰਗ - ੫੯੮)

{ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥ ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥}

(ਅੰਗ - ੪੧੪)

{ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥}

(ਅੰਗ - ੯੭੪)

{ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥}

(ਅੰਗ - ੬੮੫)

{ਕਰਨ ਕਰਾਵਨ ਸਰਨਿ ਪਰਿਆ ॥
ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥}

(ਅੰਗ - ੩੯੩)

{ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥
ਭਿੰਨ ਭਿੰਨ ਤੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥}

(ਅੰਗ - ੨੫੦)

38/4731

{ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥
ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥੨॥}

(ਅੰਗ ੨੧੫-੨੧੬)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥}

(ਅੰਗ - ੧੦੦੨)

{ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥ ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥}

(ਅੰਗ - ੫੨)

{ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥
ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥੧੬॥੪੯॥}

(ਅੰਗ - ੩੨)

{ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥
ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥}

(ਅੰਗ - ੬੩੫)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥੨॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥
ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ - ੨੩੧)

{ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥}

(ਅੰਗ - ੯੩)

{ਗਣਤ ਗਣੈ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥
ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥੯॥
ਜੇ ਸਚੁ ਦੇਇ ਤ ਪਾਏ ਕੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਸਚੁ ਨਾਮੁ ਸਾਲਾਹੇ ਰੰਗਿ ਰਾਤਾ ਗੁਰ ਕਿਰਪਾ ਤੇ ਸੁਖੁ ਪਾਇਦਾ ॥੧੦॥}

(ਅੰਗ - ੧੦੬੨)

{ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥}

(ਅੰਗ - ੯੩੪)

38/4732

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥

ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥
ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ - ੬੫੫)

{ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥
ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥}

(ਅੰਗ - ੪੮੯)

{ਦੇਹੀ ਨਗਰੀ ਊਤਮ ਥਾਨਾ ॥ ਪੰਚ ਲੋਕ ਵਸਹਿ ਪਰਧਾਨਾ ॥
ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥੩॥
ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥
ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥
ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥
ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥
ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥
ਸਚੈ ਥਾਨਿ ਵਸੈ ਨਿਰੰਕਾਰਾ ॥ ਆਪਿ ਪਛਾਣੈ ਸਬਦੁ ਵੀਚਾਰਾ ॥
ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥੭॥}

(ਅੰਗ ੧੦੩੯-੧੦੪੦)

{ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥
ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥
ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥
ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ ॥੧॥}

(ਅੰਗ - ੫੧੨)

{ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥ ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥}

(ਅੰਗ - ੧੧੭)

{ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥
ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥}

(ਅੰਗ - ੧੩੪੬)

{ਬੇਦ ਵਖਾਣਿ ਕਹਹਿ ਇਕੁ ਕਹੀਐ ॥ ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥

ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥}

(ਅੰਗ - ੧੧੮੮)

{ਊਤਮ ਸਤਿਗੁਰ ਪੁਰਖ ਨਿਰਾਲੇ ॥ ਸਬਦਿ ਰਤੇ ਹਰਿ ਰਸਿ ਮਤਵਾਲੇ ॥
ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ ॥੧੫॥}

(ਅੰਗ - ੧੦੩੮)

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥ ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ - ੬੦੪)

38/4733

{ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥}

(ਅੰਗ - ੭੩੦)

{ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ - ੫੧੨)

{ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥
ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥ ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ॥}

(ਅੰਗ - ੮੧੪)

{ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥}

(ਅੰਗ - ੨੦੯)

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥}

(ਅੰਗ - ੮੦੦)

{ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥
ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥
ਹਉ ਹਉ ਕਰੇ ਤੈ ਆਪੁ ਜਣਾਏ ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥
ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥੫॥}

(ਅੰਗ - ੧੨੭)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ - ੫੯੩)

{ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥}

(ਅੰਗ - ੨੦੯)

{ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥}

(ਅੰਗ - ੨੦੪)

38/4734

{ਕੁਬੁਧਿ ਚਵਾਵੈ ਸੋ ਕਿਤੁ ਠਾਇ ॥ ਕਿਉ ਤਤੁ ਨ ਬੂਝੈ ਚੋਟਾ ਖਾਇ ॥
ਜਮ ਦਰਿ ਬਾਧੇ ਕੋਇ ਨ ਰਾਖੈ ॥ ਬਿਨੁ ਸਬਦੈ ਨਾਹੀ ਪਤਿ ਸਾਖੈ ॥
ਕਿਉ ਕਰਿ ਬੂਝੈ ਪਾਵੈ ਪਾਰੁ ॥ ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥
ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ - ੯੪੪)

{ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥

ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥}

(ਅੰਗ - ੫੨੨)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥ ਏਕੋ ਜਾਣੈ ਅਵਰੁ ਨ ਕੋਇ ॥
ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥ ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ - ੧੩੪੩)

{ਅਚੇਤ ਪਿੰਡੀ ਅਗਿਆਨ ਅੰਧਾਰੁ ॥ ਬਿਨੁ ਸਬਦੈ ਕਿਉ ਪਾਏ ਪਾਰੁ ॥
ਆਪਿ ਉਪਾਏ ਉਪਾਵਣਹਾਰੁ ॥ ਆਪੇ ਕੀਤੋਨੁ ਗੁਰ ਵੀਚਾਰੁ ॥੮॥}

(ਅੰਗ - ੮੪੨)

{ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥
ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥ ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥
ਹਰਿ ਜਸਿ ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥
ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਜਿਨ ਕੈ ਮਨਿ ਵਸਿਆ ਸਚੁ ਸੋਈ ॥
ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥}

(ਅੰਗ ੨੨੭-੨੨੮)

{ਇਹੁ ਮਨੂਆ ਕਿਉ ਕਰਿ ਵਸਿ ਆਵੈ ॥ ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥}

(ਅੰਗ - ੪੨੬)

{ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥
ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥}

(ਅੰਗ - ੧੧੯੪)

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥}

(ਅੰਗ - ੧੨੪)

{ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥}

(ਅੰਗ - ੧੧੬੨)

38/4735

{ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥

ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥੨੮॥}

(ਅੰਗ - ੩੨੯)

{ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥
ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥
ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥ ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ॥
ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ ॥੪॥੧॥}

(ਅੰਗ - ੫੪੨)

{ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥
ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ ॥੨॥}

(ਅੰਗ - ੫੪੨)

{ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥ ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥
ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥ ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥੨॥}

(ਅੰਗ - ੧੩੯)

{ਜਿਨ ਗੁਣ ਤਿਨ ਸਦ ਮਨਿ ਵਸੈ ਅਉਗਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥}

(ਅੰਗ - ੨੭)

{ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥
ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥
ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥
ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥
ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧॥}

(ਅੰਗ - ੮੧)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ - ੨੮੪)

{ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥

ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥ ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥
ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥}

(ਅੰਗ - ੮੨)

{ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥
ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥
ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ॥
ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥}

(ਅੰਗ - ੮੨)

38/4736

{ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥
ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥ ਏਕੁ ਬੁਰਾ ਭਲਾ ਸਚੁ ਏਕੈ ॥
ਬੂਝੁ ਗਿਆਨੀ ਸਤਿਗੁਰ ਕੀ ਟੇਕੈ ॥ ਗੁਰਮੁਖਿ ਵਿਰਲੀ ਏਕੋ ਜਾਣਿਆ ॥
ਆਵਣੁ ਜਾਣਾ ਮੇਟਿ ਸਮਾਣਿਆ ॥੮॥ ਜਿਨ ਕੈ ਹਿਰਦੈ ਏਕੰਕਾਰੁ ॥
ਸਰਬ ਗੁਣੀ ਸਾਚਾ ਬੀਚਾਰੁ ॥ ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥੯॥੪॥}

(ਅੰਗ ੯੦੪-੯੦੫)

{ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ ਤਿਆਗੀ ॥
ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ ॥੧॥
ਤੂ ਅਥਾਹੁ ਅਤਿ ਬਡੋ ਸੁਆਮੀ ਕ੍ਰਿਪਾ ਸਿੰਧੁ ਪੂਰਨ ਰਤਨਾਗੀ ॥
ਨਾਨਕੁ ਜਾਚਕੁ ਹਰਿ ਹਰਿ ਨਾਮੁ ਮਾਂਗੈ ਮਸਤਕੁ ਆਨਿ ਧਰਿਓ ਪ੍ਰਭ ਪਾਗੀ ॥੨॥੭॥੧੮॥}

(ਅੰਗ - ੧੩੦੧)

{ਤ੍ਰਿਸਨਾ ਬੂਝੀ ਅੰਤਰੁ ਠੰਢਾ ॥ ਗੁਰਿ ਪੂਰੈ ਲੈ ਤੂਟਾ ਗੰਢਾ ॥
ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥
ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥}

(ਅੰਗ - ੧੦੨੪)

{ਟੂਟੈ ਨੇਹੁ ਕਿ ਬੋਲਹਿ ਸਹੀ ॥ ਟੂਟੈ ਬਾਹ ਦੁਹੂ ਦਿਸ ਗਹੀ ॥ ਟੂਟਿ ਪਰੀਤਿ ਗਈ ਬੁਰ ਬੋਲਿ ॥
ਦੁਰਮਤਿ ਪਰਹਰਿ ਛਾਡੀ ਢੋਲਿ ॥ ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥}

(ਅੰਗ - ੯੩੩)

{ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ ॥

ਜੀਵਤ ਸੁੰਨਿ ਸਮਾਨਿਆ ਗੁਰ ਸਾਖੀ ਜਾਗੀ ॥੧॥ ਰਹਾਉ ॥}

(ਅੰਗ - ੮੫੭)

{ਗੁਰ ਕੈ ਸਬਦਿ ਸਦਾ ਜਨੁ ਸੋਹੈ ॥ ਨਾਮ ਰਸਾਇਣਿ ਇਹੁ ਮਨੁ ਮੋਹੈ ॥
ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥}

(ਅੰਗ - ੧੦੪੯)

{ਅੰਧ ਕੂਪ ਬਿਖਿਆ ਤੇ ਕਾਢਿਓ ਸਾਚ ਸਬਦਿ ਬਣਿ ਆਈ ॥੬॥
ਜਨਮ ਮਰਣ ਕਾ ਸਹਸਾ ਚੂਕਾ ਬਾਹੁੜਿ ਕਤਹੁ ਨ ਧਾਈ ॥੭॥
ਨਾਮ ਰਸਾਇਣਿ ਇਹੁ ਮਨੁ ਰਾਤਾ ਅੰਮ੍ਰਿਤੁ ਪੀ ਤ੍ਰਿਪਤਾਈ ॥੮॥}

(ਅੰਗ - ੯੧੫)

{ਕਹਿ ਕਹਿ ਕਥਨੁ ਕਹੈ ਸਭੁ ਕੋਈ ॥ ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥੩॥}

(ਅੰਗ - ੧੬੦)

{ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗਣ ਕਢਾ ਧੋਇ ॥ ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥}

(ਅੰਗ - ੩੭)

{ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥
ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥
ਅਗਮ ਅਗੋਚਰੁ ਕੀਮਤਿ ਨਹੀ ਪਾਇ ॥ ਤਾ ਮਿਲੀਐ ਜਾ ਲਏ ਮਿਲਾਇ ॥
ਗੁਣਵੰਤੀ ਗੁਣ ਸਾਰੇ ਨੀਤ ॥ ਨਾਨਕ ਗੁਰਮਤਿ ਮਿਲੀਐ ਮੀਤ ॥੧੭॥}

(ਅੰਗ ੯੩੧-੯੩੨)

38/4737

{ਕਰਿ ਆਚਾਰੁ ਸਚੁ ਸੁਖੁ ਹੋਈ ॥ ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥}

(ਅੰਗ - ੯੩੧)

{ਹਰਿ ਜੀਉ ਸੇਵਿਹੁ ਅਗਮ ਅਪਾਰਾ ॥ ਤਿਸ ਦਾ ਅੰਤੁ ਨ ਪਾਈਐ ਪਾਰਾਵਾਰਾ ॥
ਗੁਰ ਪਰਸਾਦਿ ਰਵਿਆ ਘਟ ਅੰਤਰਿ ਤਿਤੁ ਘਟਿ ਮਤਿ ਅਗਾਹਾ ਹੇ ॥੧॥
ਸਭ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੇ ॥੨॥}

(ਅੰਗ - ੧੦੫੫)

{ਸਭ ਮਹਿ ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਨਕ ਨਾਮਿ ਰਤੇ ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ ॥੯॥੨੯॥੩੦॥}

(ਅੰਗ - ੧੨੭)

{ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥

ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥}

(ਅੰਗ - ੧੨੬)

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥
ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}

(ਅੰਗ - ੧੬੩)

{ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥ ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥੧॥}

(ਅੰਗ - ੩੩੫)

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਧਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥
ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥
ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥੬॥}

(ਅੰਗ - ੧੩੨੫)

{ਕਬੀਰਾ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ ॥ ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥੩੧॥}

(ਅੰਗ - ੧੩੬੬)

{ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੧॥}

(ਅੰਗ - ੯੪੮)

38/4738

{ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥
ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥੪॥
ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥
ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥}

(ਅੰਗ - ੯੬੯)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥

ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ - ੨੨੩)

{ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥
ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥}

(ਅੰਗ - ੪੧੨)

{ਪਾਰਬ੍ਰਹਮੁ ਪ੍ਰਭੁ ਸੁਘੜ ਸੁਜਾਣੁ ॥
ਗੁਰੁ ਪੂਰਾ ਪਾਈਐ ਵਡਭਾਗੀ ਦਰਸਨ ਕਉ ਜਾਈਐ ਕੁਰਬਾਣੁ ॥੧॥ ਰਹਾਉ ॥
ਕਿਲਬਿਖ ਮੇਟੇ ਸਬਦਿ ਸੰਤੋਖੁ ॥ ਨਾਮੁ ਅਰਾਧਨ ਹੋਆ ਜੋਗੁ ॥ ਸਾਧਸੰਗਿ ਹੋਆ ਪਰਗਾਸੁ ॥
ਚਰਨ ਕਮਲ ਮਨ ਮਾਹਿ ਨਿਵਾਸੁ ॥੧॥}

(ਅੰਗ - ੧੩੪੦)

{ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥}

(ਅੰਗ - ੯੪੩)

{ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥}

(ਅੰਗ - ੯੪੩)

{ਨਾਨਕ ਜਹ ਜਹ ਮੈ ਫਿਰਉ ਤਹ ਤਹ ਸਾਚਾ ਸੋਇ ॥ ਜਹ ਦੇਖਾ ਤਹ ਏਕੁ ਹੈ ਗੁਰਮੁਖਿ ਪਰਗਟੁ ਹੋਇ ॥੮॥}

(ਅੰਗ - ੧੪੧੩)

{ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥
ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥
ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥
ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥
ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ ॥ ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ ॥੧॥
ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥
ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥
ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥

ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ ॥
ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ॥
ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ ॥੩॥
ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥
ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥੪॥੩॥}

(ਅੰਗ - ੧੧੧੦-੧੧੧੧)

{ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥}

(ਅੰਗ - ੧੩੩੪)

38/4739

{ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥
ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥੩॥}

(ਅੰਗ - ੧੬੧)

{ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥}

(ਅੰਗ - ੬੩੯)

{ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥
ਐਸੀ ਗੁਰਮਤਿ ਪਾਈਅਲੇ ॥ ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥੧॥ ਰਹਾਉ ॥
ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥
ਦੁਤਰ ਅੰਧ ਬਿਖਮ ਇਹ ਮਾਇਆ ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥
ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੋਰੀ ॥੪॥੨੬॥}

(ਅੰਗ - ੩੨੨)

{ਸਭਨਾ ਵਿਚਿ ਵਰਤੈ ਇਕੁ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥੮॥}

(ਅੰਗ - ੧੦੪੯)

{ਏਕਾ ਜੋਤਿ ਜੋਤਿ ਹੈ ਸਰੀਰਾ ॥ ਸਬਦਿ ਦਿਖਾਏ ਸਤਿਗੁਰੁ ਪੂਰਾ ॥

ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥
ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੨੫)

{ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥
ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥
ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥
ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ ॥੪॥੪॥੨॥੫॥੧੧॥}

(ਅੰਗ - ੨੪੯)

{ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥
ਮਾਇਆ ਮੂਠਾ ਚੇਤੈ ਨਾਹੀ ॥ ਭਰਮੇ ਭੂਲਾ ਬਹੁਤੀ ਰਾਹੀ ॥੨॥ ਬਾਹਰਿ ਭੇਖ ਕਰਹਿ ਘਨੇਰੇ ॥
ਅੰਤਰਿ ਬਿਖਿਆ ਉਤਰੀ ਘੇਰੇ ॥ ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥
ਮੂਰਖ ਬਾਮਣ ਪ੍ਰਭੂ ਸਮਾਲਿ ॥ ਦੇਖਤ ਸੁਨਤ ਤੇਰੈ ਹੈ ਨਾਲਿ ॥ ਕਹੁ ਨਾਨਕ ਜੇ ਹੋਵੀ ਭਾਗੁ ॥
ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥੮॥}

(ਅੰਗ - ੩੭੨)

{ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥}

(ਅੰਗ - ੯੪੩)

{ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥
ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥}

(ਅੰਗ - ੯੪੩)

38/4740

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥}

(ਅੰਗ - ੯੭੧)

{ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ - ੧੦੯੯)

{ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ ॥
ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ ॥ ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ ॥
ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ ॥੪॥੨੫॥੫੮॥}

(ਅੰਗ - ੩੬)

{ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥
ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥
ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥
ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥}

(ਅੰਗ - ੩੬)

{ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥

ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥}

(ਅੰਗ - ੧੩੮)

{ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥}

(ਅੰਗ - ੨੨੪)

{ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥}

(ਅੰਗ - ੨੨੪)

{ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥੨॥}

(ਅੰਗ - ੩੦੯)

{ਕਾਇਆ ਸੋਧਹਿ ਸਬਦੁ ਵੀਚਾਰਹਿ ॥ ਮੋਹ ਠਗਉਰੀ ਭਰਮੁ ਨਿਵਾਰਹਿ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ ॥੧੪॥
ਸਦ ਹੀ ਨੇੜੈ ਦੂਰਿ ਨ ਜਾਣਹੁ ॥ ਗੁਰ ਕੈ ਸਬਦਿ ਨਜੀਕਿ ਪਛਾਣਹੁ ॥
ਬਿਗਸੈ ਕਮਲੁ ਕਿਰਣਿ ਪਰਗਾਸੈ ਪਰਗਟੁ ਕਰਿ ਦੇਖਾਇਆ ॥੧੫॥}

(ਅੰਗ ੧੦੬੮-੧੦੬੯)

38/4741

{ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥
ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ॥
ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥ ਮਨਿ ਹਰਿ ਹਰਿ ਜਪਨੁ ਕਰੇ ॥੨॥
ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ ॥੧॥ ਰਹਾਉ ॥}

(ਅੰਗ - ੮੨)

{ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥}

(ਅੰਗ - ੬੬੨)

{ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥
ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥
ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥੧॥}

(ਅੰਗ - ੮੨੧)

{ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਿਗੁਰਿ ਦੀਆ ॥
ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ਜੁਗ ਚਾਰੇ ਹੋਇ ॥
ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥

ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥}

(ਅੰਗ - ੯੩੨)

{ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥}

(ਅੰਗ - ੮੨੧)

{ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ ॥੧॥}

(ਅੰਗ - ੧੨੮੧)

{ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥
ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥੩॥ ਭਾਉ ਭਗਤਿ ਗੁਰਮਤੀ ਪਾਏ ॥
ਹਉਮੈ ਵਿਚਹੁ ਸਬਦਿ ਜਲਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਸਚਾ ਨਾਮੁ ਮੰਨਿ ਵਸਾਏ ॥੪॥}

(ਅੰਗ ੧੩੪੨-੧੩੪੩)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥
ਏਕੋ ਜਾਣੈ ਅਵਰੁ ਨ ਕੋਇ ॥ ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥}

(ਅੰਗ - ੧੩੪੩)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥}

(ਅੰਗ - ੮੪੩)

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥}

(ਅੰਗ - ੨੨੮)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ - ੧੪੧੪)

{ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥ ਹਉਮੈ ਪਚੇ ਦੀਪਕ ਦੇਖਿ ਪਤੰਗਾ ॥
ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੩॥
ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥
ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥
ਆਨਦ ਰੂਪੁ ਸਭੁ ਨਦਰੀ ਆਇਆ ॥ ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥}

(ਅੰਗ - ੮੦੧)

{ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥
ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥
ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥}

(ਅੰਗ - ੧੦੧੬)

{ਜਗੁ ਕਉਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥
ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥੧॥
ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥}

(ਅੰਗ - ੧੧੮੭)

{ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ ॥ ਦੂਜੈ ਭਾਇ ਅਗਿਆਨੁ ਦੁਹੇਲਾ ॥੪॥}

(ਅੰਗ - ੨੨੬)

{ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥
ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥
ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥੧॥}

(ਅੰਗ - ੧੦੮੭)

{ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥
ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥੧॥}

(ਅੰਗ - ੧੫੮)

{ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥}

(ਅੰਗ - ੮੫੫)

{ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ ॥
ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ ॥੧੩॥
ਆਪੇ ਆਪਿ ਮਿਲੈ ਤਾ ਬੂਝੈ ॥ ਗਿਆਨ ਵਿਹੂਣਾ ਕਿਛੁ ਨ ਸੂਝੈ ॥
ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ ॥੧੪॥}

(ਅੰਗ - ੧੦੪੪)

{ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥
ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥ ਮਨਸਾ ਮਾਰਿ ਮਨੈ ਸਿਉ ਲੂਝੈ ॥
ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥}

(ਅੰਗ - ੧੦੨੧)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥

ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥
ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥ ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ ॥
ਜੰਮਣੁ ਮਰਣੁ ਨ ਚੁਕਈ ਰੰਗੁ ਲਗਾ ਦੂਜੈ ਭਾਇ ॥ ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥੧੭॥}

(ਅੰਗ - ੧੪੧੪)

{ਕਊਆ ਕਹਾ ਕਪੂਰ ਚਰਾਏ ॥ ਕਹ ਬਿਸੀਅਰ ਕਉ ਦੂਧੁ ਪੀਆਏ ॥੨॥
ਸਤਿਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥
ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪॥
ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥ ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥੫॥੭॥੨੦॥}

(ਅੰਗ - ੪੯੧)

{ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥}

(ਅੰਗ - ੧੧੦੮)

38/4743

{ਗਗਨੁ ਅਗੰਮੁ ਅਨਾਥੁ ਅਜੋਨੀ ॥ ਅਸਥਿਰੁ ਚੀਤੁ ਸਮਾਧਿ ਸਗੋਨੀ ॥
ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥ ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥੨੦॥}

(ਅੰਗ - ੯੩੨)

{ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥
ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥}

(ਅੰਗ - ੪੮੭)

{ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥}

(ਅੰਗ - ੧੬੧)

{ਕਿਰਪਾ ਕਰਿ ਸਤਿਗੁਰੂ ਮਿਲਾਏ ॥ ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥}

(ਅੰਗ - ੧੬੧)

{ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥}

(ਅੰਗ - ੪੮੭)

{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥

ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥}

(ਅੰਗ - ੩੫)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ - ੩੩੬)

{ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥}

(ਅੰਗ - ੧੪੧੭)

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥
ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥
ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥}

(ਅੰਗ - ੯੯੨)

{ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥
ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥}

(ਅੰਗ - ੭੬੫)

38/4744

{ਕਿਉ ਤਰੀਐ ਬਿਖਿਆ ਸੰਸਾਰੁ ॥ ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ ਰਹਾਉ ॥
ਪਵਨ ਝੁਲਾਰੇ ਮਾਇਆ ਦੇਇ ॥ ਹਰਿ ਕੇ ਭਗਤ ਸਦਾ ਥਿਰੁ ਸੇਇ ॥
ਹਰਖ ਸੋਗ ਤੇ ਰਹਹਿ ਨਿਰਾਰਾ ॥ ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨॥}

(ਅੰਗ - ੮੦੧)

{ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ ॥
ਜਿਸ ਕਾ ਬੋਹਿਥੁ ਤਿਸੁ ਆਰਾਧੇ ਖੋਟੇ ਸੰਗਿ ਖਰੇ ॥੧॥ ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ ॥
ਜੋਰੁ ਸਕਤਿ ਨਾਨਕ ਕਿਛੁ ਨਾਹੀ ਪ੍ਰਭ ਰਾਖਹੁ ਸਰਣਿ ਪਰੇ ॥੨॥੭॥੧੨॥}

(ਅੰਗ - ੭੧੪)

{ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥}

(ਅੰਗ - ੪੧੪)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥}

(ਅੰਗ - ੪੧੧)

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}

(ਅੰਗ - ੫੧੨)

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ - ੯੫੪)

{ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥
ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥
ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥
ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥
ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥
ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥
ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥
ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥
ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥
ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥
ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥
ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥
ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥}

(ਅੰਗ - ੬੮੬)

{ਸਤਿਗੁਰ ਸਰਣਿ ਪਰੇ ਤਿਨ ਪਾਇਆ ਮੇਰੇ ਠਾਕੁਰ ਲਾਜ ਰਖਾਈਐ ॥
ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ ਜਿਉ ਬਗੁਲ ਸਮਾਧਿ ਲਗਾਈਐ ॥੩॥
ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥
ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ ॥੪॥੪॥}

(ਅੰਗ - ੮੮੧)

38/4745

{ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥
ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥੨॥

ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥ ਰਾਮ ਰਸਾਇਨ ਪੀਓ ਰੇ ਦਗਰਾ ॥੩॥੪॥}

(ਅੰਗ ੪੮੫-੪੮੬)

{ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥੧॥}

(ਅੰਗ - ੩੨੮)

{ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥
ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥ ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥
ਹੀਰਾ ਨਾਮੁ ਜਵੇਹਰ ਲਾਲੁ ॥ ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥}

(ਅੰਗ - ੪੧੪)

{ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥ ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ ॥ ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ ॥
ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ ॥
ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ ॥੧॥}

(ਅੰਗ - ੯੫੬)

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥}

(ਅੰਗ - ੬੬)

{ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ ॥ ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥
ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥ ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥
ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥ ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥੪॥}

(ਅੰਗ - ੬੬)

{ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥}

(ਅੰਗ - ੩੬੦)

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥

ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਧੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ - ੧੨੪-੧੨੫)

{ਗੁਰਮੁਖਿ ਮਿਲੈ ਮਿਲਾਏ ਆਪੇ ॥ ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥
ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥}

(ਅੰਗ - ੧੨੪)

{ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥
ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥ ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ॥
ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥੨॥}

(ਅੰਗ ੩੦੦-੩੦੧)

38/4746

{ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥
ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ ॥
ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਸਮਾਏ ਰਾਮ ॥੧॥}

(ਅੰਗ - ੫੩੮)

{ਭੋਲਿਆ ਹਉਮੈ ਸੁਰਤਿ ਵਿਸਾਰਿ ॥ ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥ ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥}

(ਅੰਗ - ੧੧੬੮)

{ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ ਗੁਰ ਸੇਵਤ ਰੇ ਤਜਿ ਮੇਰ ਤੋਰ ॥
ਨਰ ਨਿੰਦਕ ਲੋਭੀ ਮਨਿ ਕਠੋਰ ॥ ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥
ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰ ਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ - ੧੧੭੦)

{ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ ਓਤਿ ਪੋਤਿ ਭਗਤਨ ਸੰਗਿ ਜੋਰੀ ॥
ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ॥੨॥
ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥
ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ ॥੩॥}

(ਅੰਗ - ੨੦੯)

{ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥}

(ਅੰਗ - ੨੨੩)

{ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ - ੯੪੪)

{ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥
ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥}

(ਅੰਗ - ੪੭੫)

{ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥ ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥੧॥}

(ਅੰਗ - ੫੦੧)

{ਸਤਿਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥}

(ਅੰਗ - ੪੮੧)

{ਸਾਧੂ ਸੰਗਿ ਸਿਖਾਇਓ ਨਾਮੁ ॥ ਸਰਬ ਮਨੋਰਥ ਪੂਰਨ ਕਾਮ ॥ ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ ॥
ਜਪਿ ਜਪਿ ਜੀਵਾ ਸਾਰਿਗਪਾਨੇ ॥੧॥ ਕਰਨ ਕਰਾਵਨ ਸਰਨਿ ਪਰਿਆ ॥

ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥}

(ਅੰਗ - ੩੯੩)

38/4747

{ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥}

(ਅੰਗ - ੫੪)

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥}

(ਅੰਗ - ੧੨੪)

{ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥
ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥}

(ਅੰਗ - ੫੭੩)

{ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥}

(ਅੰਗ - ੬੧੦)

{ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥
ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥}

(ਅੰਗ - ੧੧੨੮)

{ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥}

(ਅੰਗ - ੭੬੪)

{ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥
ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥
ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥}

(ਅੰਗ - ੬੩੭)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ - ੪੫੬)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥

ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥
ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥੧॥ ਮੇਰੇ ਰਾਮ ਐਸਾ ਖੀਰੁ ਬਿਲੋਈਐ ॥
ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥੧॥ ਰਹਾਉ ॥
ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥
ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥੨॥
ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥
ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥੩॥
ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥}

(ਅੰਗ ੩੩੨-੩੩੩)

38/4748

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥
ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥
ਅਪਣੀ ਗਹਣ ਗਤਿ ਆਪੇ ਜਾਣੈ ॥ ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥
ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥
ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥}

(ਅੰਗ - ੧੦੫੬)

{ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥

ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥}

(ਅੰਗ - ੧੦੦)

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥}

(ਅੰਗ - ੧੩੨੯)

{ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥
ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥}

(ਅੰਗ - ੮੩੪)

{ਮੇਰੇ ਮਨ ਸਤਿਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥
ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥
ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥
ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥੩॥}

(ਅੰਗ - ੫੦)

{ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥}

(ਅੰਗ - ੧੧੦)

{ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥}

(ਅੰਗ - ੧੧੦)

{ਤਨੁ ਮਨੁ ਖੋਜੇ ਤਾ ਨਾਉ ਪਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥}

(ਅੰਗ - ੧੧੦)

{ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥੨॥
ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥}

(ਅੰਗ ੧੧੨੯-੧੧੩੦)

{ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥
ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥}

(ਅੰਗ - ੧੦੧੩)

{ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥}

(ਅੰਗ - ੧੧੨੯)

38/4749

{ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

{ਦੋਹਾਗਣੀ ਮਹਲੁ ਨ ਪਾਇਨ੍ੀ ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥੧॥ ਇਹੁ ਮਨੂਆ ਕਿਉ ਕਰਿ ਵਸਿ ਆਵੈ ॥
ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥}

(ਅੰਗ - ੪੨੬)

{ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥}

(ਅੰਗ - ੨੬੧)

{ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥੧॥}

(ਅੰਗ - ੨੫੨)

{ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥
ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥੨॥੫॥}

(ਅੰਗ - ੧੧੨੪)

{ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ॥
ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥੧॥}

(ਅੰਗ - ੨੫੯)

{ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਫ੍ਰਮਿ ਫ੍ਰਮਿ ਹੋਇ ਖੁਆਰੁ ॥}

(ਅੰਗ - ੨੭)

{ਤਾ ਕੀ ਪੂਰਨ ਹੋਈ ਘਾਲ ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥੩॥
ਸੋ ਬੈਸਨੋ ਹੈ ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥}

(ਅੰਗ - ੧੯੯)

{ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ - ੯੧੭)

{ਬਲਬੰਚ ਕਰੈ ਨ ਜਾਨੈ ਲਾਭੈ ਸੋ ਧੂਰਤੁ ਨਹੀ ਮੂੜਾ ॥
ਸੁਆਰਥੁ ਤਿਆਗਿ ਅਸਾਰਥਿ ਰਚਿਓ ਨਹ ਸਿਮਰੈ ਪ੍ਰਭੁ ਰੂੜਾ ॥੧॥}

(ਅੰਗ - ੧੨੨੧)

38/4750

{ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ ॥ ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ ॥
ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ ॥੨੭॥}

(ਅੰਗ - ੧੨੪੮)

{ਮਾਇਆ ਬਿਖੁ ਭੁਇਅੰਗਮ ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥
ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥}

(ਅੰਗ - ੧੦੨੯)

{ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥}

(ਅੰਗ - ੧੦੨੯)

{ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉਹਾਰਾ ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥}

(ਅੰਗ - ੧੦੨੯)

{ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥
ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥}

(ਅੰਗ - ੮੩੬)

{ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ - ੨੪੫)

{ਜਪਿ ਮਨ ਰਾਮ ਨਾਮੁ ਸੁਖਦਾਤਾ ॥
ਸਤਿਸੰਗਤਿ ਮਿਲਿ ਹਰਿ ਸਾਦੁ ਆਇਆ ਗੁਰਮੁਖਿ ਬ੍ਰਹਮੁ ਪਛਾਤਾ ॥੧॥ ਰਹਾਉ ॥
ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥
ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥੧॥
ਧਨੁ ਧਨੁ ਸਾਧ ਜਿਨੀ ਹਰਿ ਪ੍ਰਭੁ ਪਾਇਆ ਤਿਨ੍ ਪੂਛਉ ਹਰਿ ਕੀ ਬਾਤਾ ॥
ਪਾਇ ਲਗਉ ਨਿਤ ਕਰਉ ਜੁਦਰੀਆ ਹਰਿ ਮੇਲਹੁ ਕਰਮਿ ਬਿਧਾਤਾ ॥੨॥
ਲਿਲਾਟ ਲਿਖੇ ਪਾਇਆ ਗੁਰੁ ਸਾਧੂ ਗੁਰ ਬਚਨੀ ਮਨੁ ਤਨੁ ਰਾਤਾ ॥
ਹਰਿ ਪ੍ਰਭ ਆਇ ਮਿਲੇ ਸੁਖੁ ਪਾਇਆ ਸਭ ਕਿਲਵਿਖ ਪਾਪ ਗਵਾਤਾ ॥੩॥
ਰਾਮ ਰਸਾਇਣੁ ਜਿਨ੍ ਗੁਰਮਤਿ ਪਾਇਆ ਤਿਨ੍ ਕੀ ਊਤਮ ਬਾਤਾ ॥
ਤਿਨ ਕੀ ਪੰਕ ਪਾਈਐ ਵਡਭਾਗੀ ਜਨ ਨਾਨਕੁ ਚਰਨਿ ਪਰਾਤਾ ॥੪॥੨॥}

(ਅੰਗ - ੯੮੪)

{ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਾਏ ਸੰਤੋਖ ਗੁਰ ਸਰਾ ॥
ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥੩॥}

(ਅੰਗ - ੭੯੯)

{ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥
ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥੨॥
ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥
ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥੩॥}

(ਅੰਗ - ੧੬੯)

{ਗੁਰਮੁਖਿ ਹਰਿ ਗੁਣ ਗਾਏ ॥ ਹਿਰਦੈ ਰਸਨ ਰਸਾਏ ॥
ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥
ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥
ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥
ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥
ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥ ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਿਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥
ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥
ਹਰਿ ਪ੍ਰਭਿ ਕਾਜੁ ਰਚਾਇਆ ॥ ਗੁਰਮੁਖਿ ਵੀਆਹਣਿ ਆਇਆ ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥੧॥੩॥}

(ਅੰਗ ੭੭੪-੭੭੫)

38/4751

{ਗੁਰਮੁਖਿ ਕੋਈ ਵਿਰਲਾ ਬੂਝੈ ਜਿਸ ਨੋ ਨਦਰਿ ਕਰੇਇ ॥ ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ॥
ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ ਲਏਇ ॥੧॥ ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥
ਸਤਿਗੁਰੁ ਪੁਰਖੁ ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ ॥੧॥ ਰਹਾਉ ॥
ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ ॥ ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥
ਗੁਰਮਤਿ ਸਤਿਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ ॥੨॥
ਸਭਨਾ ਕਰਤਾ ਏਕੁ ਤੂ ਨਿਤ ਕਰਿ ਦੇਖਹਿ ਵੀਚਾਰੁ ॥
ਇਕਿ ਗੁਰਮੁਖਿ ਆਪਿ ਮਿਲਾਇਆ ਬਖਸੇ ਭਗਤਿ ਭੰਡਾਰ ॥
ਤੂ ਆਪੇ ਸਭੁ ਕਿਛੁ ਜਾਣਦਾ ਕਿਸੁ ਆਗੈ ਕਰੀ ਪੂਕਾਰ ॥੩॥
ਹਰਿ ਹਰਿ ਨਾਮੁ ਅੰਮ੍ਰਿਤੁ ਹੈ ਨਦਰੀ ਪਾਇਆ ਜਾਇ ॥ ਅਨਦਿਨੁ ਹਰਿ ਹਰਿ ਉਚਰੈ ਗੁਰ ਕੈ ਸਹਜਿ ਸੁਭਾਇ॥
ਨਾਨਕ ਨਾਮੁ ਨਿਧਾਨੁ ਹੈ ਨਾਮੇ ਹੀ ਚਿਤੁ ਲਾਇ ॥੪॥੩॥}

(ਅੰਗ - ੧੨੫੮)

{ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥
ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥੧॥}

(ਅੰਗ ੬੪੭-੬੪੮)

{ਮਾਇਆ ਰੰਗ ਬਿਰੰਗ ਕਰਤ ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥
ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸੁ ਕ੍ਰਿਮਿ ਉਦਰੁ ਭਰਿਓ ਹੈ ॥
ਦਹ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ ਹੈ ॥
ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥
ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ ॥
ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥੮॥}

(ਅੰਗ - ੧੩੮੮)

{ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥
ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥
ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥}

(ਅੰਗ - ੧੧੩੬)

{ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥
ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥੨॥
ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥੩॥੭॥੨੯॥}

(ਅੰਗ - ੪੮੩)

{ਨਾਰਦ ਸਾਰਦ ਕਰਹਿ ਖਵਾਸੀ ॥ ਪਾਸਿ ਬੈਠੀ ਬੀਬੀ ਕਵਲਾ ਦਾਸੀ ॥੨॥
ਕੰਠੇ ਮਾਲਾ ਜਿਹਵਾ ਰਾਮੁ ॥ ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥੩॥
ਕਹਤ ਕਬੀਰ ਰਾਮ ਗੁਨ ਗਾਵਉ ॥ ਹਿੰਦੂ ਤੁਰਕ ਦੋਊ ਸਮਝਾਵਉ ॥੪॥੪॥੧੩॥}

(ਅੰਗ - ੪੭੯)

{ਐਸੋ ਦਾਸੁ ਮਿਲੈ ਸੁਖੁ ਹੋਈ ॥ ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥
ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥
ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥

ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥
ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥
ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥
ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥
ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥
ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥}

(ਅੰਗ - ੨੨੪)

{ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨॥}

(ਅੰਗ - ੨੧੪)

{ਨਾ ਤਿਸੁ ਰੂਪੁ ਨ ਰੇਖਿਆ ਕਾਈ ॥ ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥
ਸੁਰਤਿ ਮਤਿ ਨਾਹੀ ਚਤੁਰਾਈ ॥ ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥੪॥
ਖਰੀ ਸਿਆਣੀ ਕੰਤ ਨ ਭਾਣੀ ॥ ਮਾਇਆ ਲਾਗੀ ਭਰਮਿ ਭੁਲਾਣੀ ॥੫॥
ਹਉਮੈ ਜਾਈ ਤਾ ਕੰਤ ਸਮਾਈ ॥}

(ਅੰਗ - ੭੫੦)

38/4752

{ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥ ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥
ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ - ੪੫)

{ਹਉ ਹਉ ਕਰਮ ਕਮਾਣੇ ॥ ਤੇ ਤੇ ਬੰਧ ਗਲਾਣੇ ॥ ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥
ਸੋ ਗੁਰ ਮਿਲਿ ਏਕੁ ਪਛਾਣੈ ॥ ਜਿਸੁ ਹੋਵੈ ਭਾਗੁ ਮਥਾਣੈ ॥੩॥ ਸੋ ਮਿਲਿਆ ਜਿ ਹਰਿ ਮਨਿ ਭਾਇਆ ॥
ਸੋ ਭੂਲਾ ਜਿ ਪ੍ਰਭੂ ਭੁਲਾਇਆ ॥ ਨਹ ਆਪਹੁ ਮੂਰਖੁ ਗਿਆਨੀ ॥ ਜਿ ਕਰਾਵੈ ਸੁ ਨਾਮੁ ਵਖਾਨੀ ॥
ਤੇਰਾ ਅੰਤੁ ਨ ਪਾਰਾਵਾਰਾ ॥ ਜਨ ਨਾਨਕ ਸਦ ਬਲਿਹਾਰਾ ॥੪॥੧॥੧੭॥}

(ਅੰਗ - ੧੦੦੪)

{ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥ ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥
ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥੪॥੭॥੨੭॥}

(ਅੰਗ - ੧੬੦)

{ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥ ਤਿਨ ਤੂੰ ਵਿਸਰਹਿ ਜਿ ਦੂਜੈ ਭਾਏ ॥
ਮਨਮੁਖ ਅਗਿਆਨੀ ਜੋਨੀ ਪਾਏ ॥੨॥}

(ਅੰਗ ੧੫੯-੧੬੦)

{ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥
ਸਾਚਿ ਵਸਿਐ ਸਾਚੀ ਸਭ ਕਾਰ ॥ ਊਤਮ ਕਰਣੀ ਸਬਦ ਬੀਚਾਰ ॥੩॥
ਗੁਰ ਤੇ ਸਾਚੀ ਸੇਵਾ ਹੋਇ ॥ ਗੁਰਮੁਖਿ ਨਾਮੁ ਪਛਾਣੈ ਕੋਇ ॥
ਜੀਵੈ ਦਾਤਾ ਦੇਵਣਹਾਰੁ ॥ ਨਾਨਕ ਹਰਿ ਨਾਮੇ ਲਗੈ ਪਿਆਰੁ ॥੪॥੧॥੨੧॥}

(ਅੰਗ ੧੫੭-੧੫੮)

{ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥}

(ਅੰਗ - ੭੨੫)

{ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥ ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੯॥
ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥ ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥੧੦॥੧॥}

(ਅੰਗ - ੭੨੫)

{ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥ ਗੁਰ ਪਰਸਾਦੀ ਸਹਜਿ ਲਿਵ ਲਾਏ ॥
ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ ॥੭॥}

(ਅੰਗ - ੧੧੯)

{ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥
ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧਸੰਗਿ ਮਿਲੇ ਸਾਰੰਗਪਾਣੀ ॥
ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥}

(ਅੰਗ - ੧੦੮)

{ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥
ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ ॥ ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ॥੨॥}

(ਅੰਗ - ੯੦)

38/4753

{ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥
ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ ॥ ਨਾਨਕ ਸਹਜੇ ਮਿਲਿ ਰਹੇ ਨਾਮੁ ਵਡਿਆਈ ਦੇਇ ॥੨॥}

(ਅੰਗ - ੮੫੦)

{ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥

ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ - ੮੮)

{ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥
ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥
ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥}

(ਅੰਗ - ੩੪)

{ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥ ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥
ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥ ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ॥
ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥}

(ਅੰਗ - ੮੮)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ ॥੨॥}

(ਅੰਗ - ੨੩)

{ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ ॥
ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥੫॥}

(ਅੰਗ - ੧੩੬੪)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥
ਏਕੋ ਜਾਣੈ ਅਵਰੁ ਨ ਕੋਇ ॥ ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥
ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ - ੧੩੪੩)

{ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ ॥
ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ ॥੨॥}

(ਅੰਗ - ੧੨੦੭)

{ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥੧੨॥}

(ਅੰਗ - ੧੦੬੦)

{ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥}

(ਅੰਗ - ੧੦੩੫)

38/4754

{ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥
ਨਾਮੁ ਦੇਹਿ ਮਾਗੈ ਦਾਸੁ ਤੇਰਾ ॥ ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ ॥੪॥੩॥੧੯॥}

(ਅੰਗ - ੧੦੦੫)

{ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥
ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥}

(ਅੰਗ - ੯੬੬)

{ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ ॥
ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ ॥੨॥}

(ਅੰਗ - ੯੫੪)

{ਘਾਲ ਸਿਆਣਪ ਉਕਤਿ ਨ ਮੇਰੀ ਪੂਰੈ ਗੁਰੂ ਕਮਾਈ ॥੧੨॥
ਜਪ ਤਪ ਸੰਜਮ ਸੁਚਿ ਹੈ ਸੋਈ ਆਪੇ ਕਰੇ ਕਰਾਈ ॥੧੩॥}

(ਅੰਗ - ੯੧੫)

{ਭਨਤਿ ਨਾਨਕੁ ਕਰੇ ਵੀਚਾਰੁ ॥ ਸਾਚੀ ਬਾਣੀ ਸਿਉ ਧਰੇ ਪਿਆਰੁ ॥
ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥}

(ਅੰਗ - ੬੬੧)

{ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

{ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥}

(ਅੰਗ - ੬੧੫)

{ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥
ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥੪॥੭॥}

(ਅੰਗ - ੬੦੨)

{ਜਪੁ ਤਪੁ ਸੰਜਮੁ ਕਰਮ ਨ ਸਾਧਾ ॥ ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥੩॥}

(ਅੰਗ - ੩੮੮)

{ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥

ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥}

(ਅੰਗ - ੨੧੬)

{ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥}

(ਅੰਗ - ੯੩)

38/4755

{ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥ ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥}

(ਅੰਗ - ੮੬)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ - ੫੬)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ - ੪੧੨)

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥ ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥}

(ਅੰਗ - ੫੦੯)

{ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥
ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ ॥੧॥}

(ਅੰਗ - ੭੨੦)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ - ੬੫)

{ਮਨ ਰੇ ਦੂਜਾ ਭਾਉ ਚੁਕਾਇ ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥
ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥
ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥

ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥}

(ਅੰਗ - ੩੩)

{ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥
ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥
ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥}

(ਅੰਗ - ੪੧੯)

{ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥
ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥}

(ਅੰਗ - ੪੬੮)

{ਮੈ ਅਵਗਣ ਭਰਪੂਰਿ ਸਰੀਰੇ ॥ ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥੨॥
ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ ॥ ਸੇ ਮੈ ਗੁਣ ਨਾਹੀ ਹਉ ਕਿਉ ਮਿਲਾ ਮੇਰੀ ਮਾਇਆ ॥੩॥}

(ਅੰਗ - ੫੬੧)

{ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ ॥
ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥੫॥}

(ਅੰਗ - ੮੩੭)

{ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥
ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥
ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥
ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥
ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥}

(ਅੰਗ - ੧੩੩੪)

38/4756

{ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥}

(ਅੰਗ - ੩੧)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥}

(ਅੰਗ - ੨੬)

{ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥}

(ਅੰਗ - ੨੧)

{ਮਨ ਰੇ ਹਉਮੈ ਛੋਡਿ ਗੁਮਾਨੁ ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥}

(ਅੰਗ - ੨੧)

{ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਣਿ ਪਿਆਰੇ ॥੪॥੧॥}

(ਅੰਗ - ੨੪੪)

{ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥ ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥}

(ਅੰਗ - ੧੩੬)

{ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਮਲੁ ਹਉਮੈ ਬਿਖਿਆ ਸਭ ਨਿਵਾਰੀ ॥
ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥}

(ਅੰਗ - ੯੫)

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥}

(ਅੰਗ - ੯੫)

{ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥}

(ਅੰਗ - ੬੧)

{ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥
ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥ ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥
ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥ ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥

ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥
ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥}

(ਅੰਗ - ੩੯)

38/4757

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥
ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥
ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥}

(ਅੰਗ - ੩੦)

{ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥
ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥ ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥}

(ਅੰਗ - ੩੦)

{ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ ਕਹਤੇ ॥
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ ਨਾਨਕ ਨਿਬਹੀ ਖੇਪ ਹਮਾਰੀ ॥੪॥}

(ਅੰਗ - ੨੯੫)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥}

(ਅੰਗ - ੪੯੧)

{ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ - ੮੯੧)

{ਮਾਇਆ ਮੋਹੁ ਅਤਿ ਗੁਬਾਰੁ ॥ ਸਤਿਗੁਰੁ ਭੇਟੈ ਨਾਮਿ ਉਧਾਰੁ ॥੪॥
ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥
ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥੫॥
ਸਭ ਜੁਗ ਮਹਿ ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥ ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬॥੧॥}

(ਅੰਗ - ੮੮੦)

{ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥
ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥ ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥
ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥੩॥}

(ਅੰਗ - ੯੪੭)

{ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥

ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥}

(ਅੰਗ - ੨੮)

{ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ ॥
ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ ਸਭ ਪੂਰਨ ਹੋਈ ਆਸਾ ॥੨॥੧੫॥੩੮॥}

(ਅੰਗ - ੧੨੧੧)

{ਨੈਨਹੁ ਦੇਖਿਓ ਚਲਤੁ ਤਮਾਸਾ ॥ ਸਭ ਹੂ ਦੂਰਿ ਸਭ ਹੂ ਤੇ ਨੇਰੈ ਅਗਮ ਅਗਮ ਘਟ ਵਾਸਾ ॥੧॥ ਰਹਾਉ ॥}

(ਅੰਗ - ੧੨੧੧)

38/4758

{ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥
ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥੩॥}

(ਅੰਗ - ੧੧੯੧)

{ਸਦਾ ਸਦਾ ਸਦ ਹੋਵਣਹਾਰਾ ॥ ਊਚਾ ਅਗਮੁ ਅਥਾਹੁ ਅਪਾਰਾ ॥
ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥}

(ਅੰਗ - ੧੦੭੭)

{ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥
ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥
ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥
ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥
ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥}

(ਅੰਗ - ੩੫੨)

{ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥
ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ ॥੧॥ ਰਹਾਉ ॥}

(ਅੰਗ - ੩੩੬)

{ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥
ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ ॥ ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ ॥
ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ ॥
ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ ॥੨੪॥}

(ਅੰਗ - ੩੧੪)

{ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥

ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ ॥
ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ ॥੩॥}

(ਅੰਗ - ੩੧੨)

{ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥}

(ਅੰਗ - ੮੨੧)

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥
ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}

(ਅੰਗ - ੧੬੩)

{ਦੂਜੈ ਭਾਇ ਭਵਹਿ ਬਿਖੁ ਮਾਇਆ ॥ ਭਾਗਹੀਨ ਨਹੀ ਸਤਿਗੁਰੁ ਪਾਇਆ ॥੩॥
ਅੰਮ੍ਰਿਤੁ ਹਰਿ ਰਸੁ ਹਰਿ ਆਪਿ ਪੀਆਇਆ ॥ ਗੁਰਿ ਪੂਰੈ ਨਾਨਕ ਹਰਿ ਪਾਇਆ ॥੪॥੩॥੫੫॥}

(ਅੰਗ - ੩੬੬)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ - ੨੩੨)

{ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥}

(ਅੰਗ - ੨੩੨)

38/4759

{ਸਹਜੇ ਸਚੁ ਮਿਲਿਆ ਪਰਸਾਦੀ ॥ ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥}

(ਅੰਗ - ੨੩੨)

{ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮ ਗੁਣਤਾਸੁ ॥}

(ਅੰਗ - ੨੩੨)

{ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥}

(ਅੰਗ - ੨੩੨)

{ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ ਗੁਰਮੁਖਿ ਮੇਲੇ ਆਪੁ ਗਵਾਏ ॥
ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥੮॥੭॥}

(ਅੰਗ - ੨੩੨)

{ਸਸੁਰੈ ਪੇਈਐ ਪਿਰੁ ਵਸੈ ਕਹੁ ਕਿਤੁ ਬਿਧਿ ਪਾਈਐ ॥
ਆਪਿ ਨਿਰੰਜਨੁ ਅਲਖੁ ਹੈ ਆਪੇ ਮੇਲਾਈਐ ॥੧॥ ਰਹਾਉ ॥

ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥
ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ॥ ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ ॥੨॥
ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥੩॥}

(ਅੰਗ ੧੬੨-੧੬੩)

{ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ ॥ ਗੁਰਮੁਖਿ ਸਹਜਿ ਸਮਾਣੀਆ ਹਰਿ ਹਰਿ ਮਨਿ ਭਾਇਆ ॥੧॥}

(ਅੰਗ - ੧੬੨)

{ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥}

(ਅੰਗ - ੧੪੫)

{ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥}

(ਅੰਗ - ੧੪੧)

{ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥}

(ਅੰਗ - ੧੩੪੬)

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥}

(ਅੰਗ - ੧੩੪੬)

{ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥}

(ਅੰਗ - ੨੩੦)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ - ੨੩੦)

38/4760

{ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥}

(ਅੰਗ - ੧੪੨੪)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥}

(ਅੰਗ - ੧੪੨੪)

{ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥}

(ਅੰਗ - ੧੩੪੬)

{ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥ ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥}

(ਅੰਗ - ੧੯)

{ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥
ਨਾਨਕ ਦਰਿ ਪਰਧਾਨੁ ਸੋ ਦਰਗਹ ਪੈਧਾ ਜਾਇ ॥੪॥੧੪॥}

(ਅੰਗ - ੧੯)

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ - ੪੮੫)

{ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥
ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥੮॥}

(ਅੰਗ - ੧੦੭੭)

{ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥
ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥}

(ਅੰਗ - ੩੭)

{ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥}

(ਅੰਗ - ੩੭)

{ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥ ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ॥
ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥
ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥ ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥

ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥
ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥੨੬॥}

(ਅੰਗ - ੧੪੨੪)

38/4761

{ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥
ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹ ਹੋਇ ਖੁਆਰੁ ॥੨॥}

(ਅੰਗ - ੫੫੨)

{ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ ॥
ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥}

(ਅੰਗ - ੧੩੮੮)

{ਕਰਮ ਧਰਮ ਸਚੁ ਸਾਚਾ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥}

(ਅੰਗ - ੩੫੩)

{ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥}

(ਅੰਗ - ੧੪੨੩)

{ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥
ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥}

(ਅੰਗ - ੧੪੨੨)

{ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥ ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥
ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥੧੫॥}

(ਅੰਗ - ੧੪੨੨)

{ਵਡਭਾਗੀਆ ਸੋਹਾਗਣੀ ਜਿਨ੍ਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥੧॥}

(ਅੰਗ - ੧੪੨੧)

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥

ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ ੩੦੯-੩੧੦)

{ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥
ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥੨॥}

(ਅੰਗ - ੧੩੧੦)

{ਦੇਹੀ ਧੋਇ ਨ ਉਤਰੈ ਮੈਲੁ ॥ ਹਉਮੈ ਬਿਆਪੈ ਦੁਬਿਧਾ ਫੈਲੁ ॥
ਹਰਿ ਹਰਿ ਅਉਖਧੁ ਜੋ ਜਨੁ ਖਾਇ ॥ ਤਾ ਕਾ ਰੋਗੁ ਸਗਲ ਮਿਟਿ ਜਾਇ ॥੩॥}

(ਅੰਗ - ੮੯੩)

{ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ ॥
ਬਿਸਮਨ ਬਿਸਮ ਭਏ ਬਿਸਮਾਦਾ ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ ॥੧॥ ਰਹਾਉ ॥}

(ਅੰਗ - ੮੯੩)

38/4762

{ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥}

(ਅੰਗ - ੧੩੭੮)

{ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥}

(ਅੰਗ - ੧੩੭੮)

{ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥ ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥}

(ਅੰਗ - ੯੬੬)

{ਅੰਤਰਜਾਮੀ ਅਗਮ ਪੁਰਖੁ ਇਕ ਦ੍ਰਿਸਟਿ ਦਿਖਾਏ ॥ ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥
ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ ॥ ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥
ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥ ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥੨੧॥}

(ਅੰਗ - ੯੬੬)

{ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥
ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥}

(ਅੰਗ - ੨੨੪)

{ਕਿਉ ਕਰਿ ਬਾਧਾ ਸਰਪਨਿ ਖਾਧਾ ॥ ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥
ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥
ਦੁਰਮਤਿ ਬਾਧਾ ਸਰਪਨਿ ਖਾਧਾ ॥ ਮਨਮੁਖਿ ਖੋਇਆ ਗੁਰਮੁਖਿ ਲਾਧਾ ॥
ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥}

(ਅੰਗ - ੯੩੯)

{ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥
ਸਤਿਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥੩॥}

(ਅੰਗ ੮੭੬-੮੭੭)

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥

ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ - ੭੮)

{ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ ॥ ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ ॥੨॥}

(ਅੰਗ - ੮੯)

{ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥}

(ਅੰਗ - ੧੫)

38/4763

{ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥
ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥
ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥
ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥
ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥
ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥}

(ਅੰਗ - ੬੬੨)

{ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥}

(ਅੰਗ - ੨੬੫)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥
ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥੪॥}

(ਅੰਗ - ੧੨੩੯)

{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ - ੧੦੩੨)

{ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ ॥
ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥੨॥
ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥
ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥੩॥੩॥}

(ਅੰਗ - ੮੭੦)

{ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥
ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥}

(ਅੰਗ - ੧੦੩੦)

{ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥ ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥}

(ਅੰਗ - ੧੦੩੦)

{ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥
ਇਹੁ ਭਵਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ ॥੧॥ ਰਹਾਉ ॥
ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਿਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥}

(ਅੰਗ - ੧੨੬੦)

{ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥
ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦ ਸੁਰਤਿ ਬਿਨੁ ਆਈਐ ਜਾਈਐ ॥
ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥}

(ਅੰਗ - ੧੦੪੨)

{ਘਰਿ ਰਹੁ ਰੇ ਮਨ ਮੁਗਧ ਇਆਨੇ ॥ ਰਾਮੁ ਜਪਹੁ ਅੰਤਰਗਤਿ ਧਿਆਨੇ ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥}

(ਅੰਗ - ੧੦੩੦)

{ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ ॥ ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ ॥੧॥}

(ਅੰਗ - ੮੫੪)

38/4764

{ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥ ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥
ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥}

(ਅੰਗ - ੫੭)

{ਜਿਨ੍ੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥ ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥੧॥}

(ਅੰਗ - ੪੨੦)

{ਮੂੜੇ ਰਾਮੁ ਜਪਹੁ ਗੁਣ ਸਾਰਿ ॥ ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥
ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥
ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥}

(ਅੰਗ - ੧੯)

{ਜਿਨੀ ਨਾਮੁ ਵਿਸਾਰਿਆ ਸੇ ਹੋਤ ਦੇਖੇ ਖੇਹ ॥ ਪੁਤ੍ ਮਿਤ੍ ਬਿਲਾਸ ਬਨਿਤਾ ਤੂਟਤੇ ਏ ਨੇਹ ॥੧॥}

(ਅੰਗ - ੧੦੦੬)

{ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੁਖ ਸਹਾਹਿ ॥੨॥}

(ਅੰਗ - ੧੦੧੦)

{ਜਿਨੀ ਨਾਮੁ ਵਿਸਾਰਿਆ ਤਿਨਾ ਠਉਰ ਨ ਠਾਉ ॥ ਲਾਲੈ ਲਾਲਚੁ ਤਿਆਗਿਆ ਪਾਇਆ ਹਰਿ ਨਾਉ ॥
ਤੂ ਬਖਸਹਿ ਤਾ ਮੇਲਿ ਲੈਹਿ ਨਾਨਕ ਬਲਿ ਜਾਉ ॥੮॥੪॥}

(ਅੰਗ - ੧੦੧੧)

{ਜਿਨ੍ੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ ॥ ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥
ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ ॥੨॥}

(ਅੰਗ - ੧੨੪੭)

{ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ ॥ ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ ॥
ਜਿਨ੍ਾ ਵੇਲਿ ਨ ਤੁੰਬੜੀ ਮਾਇਆ ਠਗੇ ਠਗਿ ॥ ਮਨਮੁਖ ਬੰਨ੍ਿ ਚਲਾਈਅਹਿ ਨਾ ਮਿਲਹੀ ਵਗਿ ਸਗਿ ॥
ਆਪਿ ਭੁਲਾਏ ਭੁਲੀਐ ਆਪੇ ਮੇਲਿ ਮਿਲਾਇ ॥ ਨਾਨਕ ਗੁਰਮੁਖਿ ਛੁਟੀਐ ਜੇ ਚਲੈ ਸਤਿਗੁਰ ਭਾਇ ॥੬॥}

(ਅੰਗ - ੧੪੧੩)

{ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥
ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ ॥}

(ਅੰਗ - ੩੯੭)

{ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ - ੨੨)

38/4765

{ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥}

(ਅੰਗ - ੨੨)

{ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥
ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥}

(ਅੰਗ - ੨੨)

{ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥
ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥
ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥}

(ਅੰਗ - ੧੧੧੧)

{ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ ॥
ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥}

(ਅੰਗ - ੧੧੧੧)

{ਕਰਵਤੁ ਭਲਾ ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥
ਹਉ ਵਾਰੀ ਮੁਖੁ ਫੇਰਿ ਪਿਆਰੇ ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ ਰਹਾਉ ॥
ਜਉ ਤਨੁ ਚੀਰਹਿ ਅੰਗੁ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥
ਹਮ ਤੁਮ ਬੀਚੁ ਭਇਓ ਨਹੀ ਕੋਈ ॥ ਤੁਮਹਿ ਸੁ ਕੰਤ ਨਾਰਿ ਹਮ ਸੋਈ ॥੩॥
ਕਹਤੁ ਕਬੀਰੁ ਸੁਨਹੁ ਰੇ ਲੋਈ ॥ ਅਬ ਤੁਮਰੀ ਪਰਤੀਤਿ ਨ ਹੋਈ ॥੪॥੨॥੩੫॥}

(ਅੰਗ - ੪੮੪)

{ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥
ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤ੍ਰੁਟਸਿ ਕਾਚੈ ਤਾਗੈ ॥
ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥੧੨॥}

(ਅੰਗ - ੮੪੦)

{ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥ ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ ॥}

(ਅੰਗ - ੩੧੧)

{ਸੁਮੰਤ੍ਰ ਸਾਧ ਬਚਨਾ ਕੋਟਿ ਦੋਖ ਬਿਨਾਸਨਹ ॥ ਹਰਿ ਚਰਣ ਕਮਲ ਧ੍ਯਾਨੰ ਨਾਨਕ ਕੁਲ ਸਮੂਹ ਉਧਾਰਣਹ ॥੧੧॥}

(ਅੰਗ - ੧੩੬੦)

{ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥
ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥}

(ਅੰਗ - ੯੫੩)

{ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥
ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥}

(ਅੰਗ - ੯੫੩)

38/4766

{ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥ ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥
ਸਾਚੀ ਦਰਗਹ ਬੈਸਣੀ ਭਗਤਿ ਸਚੀ ਅਰਦਾਸਿ ॥ ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥
ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥
ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥੮॥੩॥}

(ਅੰਗ - ੫੫)

{ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥
ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ ॥
ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥੬॥}

(ਅੰਗ - ੧੦੮੮)

{ਅਉਗਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥}

(ਅੰਗ - ੩੭)

{ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥}

(ਅੰਗ - ੩੭)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ - ੬੫)

{ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥ ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥
ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨॥
ਮੇਰਾ ਠਾਕੁਰੁ ਸਚੁ ਦ੍ਰਿੜਾਏ ॥ ਗੁਰ ਪਰਸਾਦੀ ਸਚਿ ਚਿਤੁ ਲਾਏ ॥
ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥੩॥}

(ਅੰਗ - ੧੧੨)

{ਸਾਚਿ ਵਸਿਐ ਸਾਚੀ ਸਭ ਕਾਰ ॥ ਊਤਮ ਕਰਣੀ ਸਬਦ ਬੀਚਾਰ ॥੩॥}

(ਅੰਗ - ੧੫੮)

{ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥}

(ਅੰਗ ੧੫੭-੧੫੮)

{ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥ ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥
ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥੩॥}

(ਅੰਗ - ੬੯)

{ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥
ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥}

(ਅੰਗ - ੬੯)

{ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥
ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥੨॥}

(ਅੰਗ - ੬੯)

38/4767

{ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥}

(ਅੰਗ - ੫੪)

{ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਭਗਤੁ ਭਗਤੁ ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ ਏਕੋ ਹੋਇ ॥
ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥
ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥}

(ਅੰਗ - ੨੮੩)

{ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥ ਗੁਰਮੁਖਿ ਪਵਨੁ ਬੈਸੰਤਰੁ ਖੇਲੈ ਵਿਡਾਣੀ ॥
ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥
ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥

ਸਚਾ ਸਾਹੁ ਸਚੇ ਵਣਜਾਰੇ ॥ ਸਚੁ ਵਣੰਜਹਿ ਗੁਰ ਹੇਤਿ ਅਪਾਰੇ ॥
ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੪॥
ਬਿਨੁ ਰਾਸੀ ਕੋ ਵਥੁ ਕਿਉ ਪਾਏ ॥ ਮਨਮੁਖ ਭੂਲੇ ਲੋਕ ਸਬਾਏ ॥
ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥੫॥
ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ ਆਪਿ ਤਰਹਿ ਸਗਲੇ ਕੁਲ ਤਾਰੇ ॥
ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥}

(ਅੰਗ - ੧੧੭)

{ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥}

(ਅੰਗ - ੧੧੭)

{ਆਪੇ ਦੇਵੈ ਸਬਦਿ ਬੁਲਾਏ ॥ ਮਹਲੀ ਮਹਲਿ ਸਹਜ ਸੁਖੁ ਪਾਏ ॥
ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥}

(ਅੰਗ - ੧੧੭)

{ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥
ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥੮॥੩॥}

(ਅੰਗ - ੫੫)

{ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥
ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥੧॥
ਮਿਤਿ ਨਾਹੀ ਜਾ ਕਾ ਬਿਸਥਾਰੁ ॥ ਸੋਭਾ ਤਾ ਕੀ ਅਪਰ ਅਪਾਰ ॥
ਅਨਿਕ ਰੰਗ ਜਾ ਕੇ ਗਨੇ ਨ ਜਾਹਿ ॥ ਸੋਗ ਹਰਖ ਦੁਹਹੂ ਮਹਿ ਨਾਹਿ ॥੨॥}

(ਅੰਗ - ੧੨੩੫)

{ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥}

(ਅੰਗ - ੯੮੦)

{ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥
ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥
ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥
ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥
ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥}

(ਅੰਗ - ੩੧੨)

{ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥

ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥}

(ਅੰਗ - ੬੭੦)

38/4768

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ - ੬੪੬)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥}

(ਅੰਗ - ੮੮)

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}

(ਅੰਗ - ੯੩੭)

{ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥ ਹਰਿ ਕੋ ਨਾਮੁ ਲੈ ਊਤਮ ਧਰਮਾ ॥
ਹਰਿ ਹਰਿ ਕਰਤ ਜਾਤਿ ਕੁਲ ਹਰੀ ॥ ਸੋ ਹਰਿ ਅੰਧੁਲੇ ਕੀ ਲਾਕਰੀ ॥੧॥}

(ਅੰਗ - ੮੭੪)

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥
ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥}

(ਅੰਗ - ੨੭)

{ਭਗਤ ਜਨਾ ਕੀ ਬਰਤਨਿ ਨਾਮੁ ॥ ਸੰਤ ਜਨਾ ਕੈ ਮਨਿ ਬਿਸ੍ਰਾਮੁ ॥
ਹਰਿ ਕਾ ਨਾਮੁ ਦਾਸ ਕੀ ਓਟ ॥ ਹਰਿ ਕੈ ਨਾਮਿ ਉਧਰੇ ਜਨ ਕੋਟਿ ॥
ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ ਹਰਿ ਹਰਿ ਅਉਖਧੁ ਸਾਧ ਕਮਾਤਿ ॥
ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ ਪਾਰਬ੍ਰਹਮਿ ਜਨ ਕੀਨੋ ਦਾਨ ॥
ਮਨ ਤਨ ਰੰਗਿ ਰਤੇ ਰੰਗਿ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥}

(ਅੰਗ - ੨੬੪)

{ਲਾਲਚਿ ਲਾਗੈ ਨਾਮੁ ਬਿਸਾਰਿਓ ਆਵਤ ਜਾਵਤ ਜਨਮੁ ਗਇਆ ॥
ਜਾ ਜਮੁ ਧਾਇ ਕੇਸ ਗਹਿ ਮਾਰੈ ਸੁਰਤਿ ਨਹੀ ਮੁਖਿ ਕਾਲ ਗਇਆ ॥੩॥}

(ਅੰਗ - ੯੦੬)

{ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥
ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥}

(ਅੰਗ - ੧੯)

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ - ੪੧੯)

{ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥}

(ਅੰਗ - ੧੧੨੩)

38/4769

{ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥}

(ਅੰਗ - ੧੧੨੩)

{ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ - ੧੧੨੩)

{ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥}

(ਅੰਗ - ੧੨੯)

{ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ - ੫੧)

{ਆਪੇ ਪੇਡੁ ਬਿਸਥਾਰੀ ਸਾਖ ॥ ਅਪਨੀ ਖੇਤੀ ਆਪੇ ਰਾਖ ॥੧॥
ਜਤ ਕਤ ਪੇਖਉ ਏਕੈ ਓਹੀ ॥ ਘਟ ਘਟ ਅੰਤਰਿ ਆਪੇ ਸੋਈ ॥੧॥ ਰਹਾਉ ॥
ਆਪੇ ਸੂਰੁ ਕਿਰਣਿ ਬਿਸਥਾਰੁ ॥ ਸੋਈ ਗੁਪਤੁ ਸੋਈ ਆਕਾਰੁ ॥੨॥
ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥੩॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥ ਅਨਦ ਰੂਪੁ ਸਭੁ ਨੈਨ ਅਲੋਇਆ ॥੪॥੧੭॥੬੮॥}

(ਅੰਗ - ੩੮੭)

{ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥
ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥੨॥
ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥
ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥
ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥
ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿ ਕਪਾਟ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥੫॥}

(ਅੰਗ ੭੩੭-੭੩੮)

{ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥

ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ - ੮੮੫)

{ਬਜਾਰੀ ਸੋ ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥
ਨਉ ਨਾਇਕ ਕੀ ਭਗਤਿ ਪਛਾਨੈ ॥ ਸੋ ਬਾਜਾਰੀ ਹਮ ਗੁਰ ਮਾਨੇ ॥੩॥
ਤਸਕਰੁ ਸੋਇ ਜਿ ਤਾਤਿ ਨ ਕਰੈ ॥ ਇੰਦ੍ਰੀ ਕੈ ਜਤਨਿ ਨਾਮੁ ਉਚਰੈ ॥
ਕਹੁ ਕਬੀਰ ਹਮ ਐਸੇ ਲਖਨ ॥ ਧੰਨੁ ਗੁਰਦੇਵ ਅਤਿ ਰੂਪ ਬਿਚਖਨ ॥੪॥੭॥੧੦॥}

(ਅੰਗ - ੮੭੨)

{ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥}

(ਅੰਗ - ੨੨੫)

{ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥
ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥੩॥
ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥
ਚਤੁਰ ਬੇਦ ਪੂਰਨ ਹਰਿ ਨਾਇ ॥ ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥}

(ਅੰਗ - ੮੮੮)

{ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥੧੩॥}

(ਅੰਗ ੧੦੪੯-੧੦੫੦)

38/4770

{ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥ ਮਾਇਆ ਕਾਰਣਿ ਪੜਿ ਪੜਿ ਲੂਝਹਿ ॥
ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥}

(ਅੰਗ - ੧੦੫੦)

{ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥
ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥ ਚਾੜਸਿ ਪਵਨੁ ਸਿੰਘਾਸਨੁ ਭੀਜੈ ॥
ਨਿਉਲੀ ਕਰਮ ਖਟੁ ਕਰਮ ਕਰੀਜੈ ॥ ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥
ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥}

(ਅੰਗ - ੯੦੫)

{ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥

ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥ ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥
ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥ ਮਨਮੁਖਿ ਜਨਮੈ ਜਨਮਿ ਮਰੀਜੈ ॥੬॥}

(ਅੰਗ - ੯੦੫)

{ਚਉਥਹਿ ਚੰਚਲ ਮਨ ਕਉ ਗਹਹੁ ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥
ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥੫॥}

(ਅੰਗ - ੩੪੩)

{ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ ॥
ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ ॥
ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ ॥ ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ ॥
ਨਾਨਕ ਗੁਰਮੁਖਿ ਮਿਲਹਿ ਵਡਿਆਈਆ ਜੇ ਆਪੇ ਮੇਲਿ ਮਿਲਾਇ ॥੨॥}

(ਅੰਗ - ੬੪੭)

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥ ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ - ੫੯੩)

{ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥}

(ਅੰਗ - ੧੭੬)

{ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ - ੧੧੨੩)

{ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥
ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥
ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥
ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ ॥੧੮॥}

(ਅੰਗ - ੯੦੮)

{ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥
ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ - ੨੩੧)

{ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥}

(ਅੰਗ - ੯੪੪)

38/4771

{ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅਨਹਤਿ ਰਾਤੇ ਇਹੁ ਮਨੁ ਲਾਇਆ ॥
ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥
ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥੨੦॥}

(ਅੰਗ - ੯੪੦)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥}

(ਅੰਗ - ੮੩੩)

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ॥
ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}

(ਅੰਗ - ੬੪੭)

{ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ - ੬੦੪)

{ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥}

(ਅੰਗ - ੪੦੪)

{ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥
ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥

ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥}

(ਅੰਗ ੨੯੧-੨੯੨)

{ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥
ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ ॥
ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ ॥
ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ ॥
ਜਨ ਨਾਨਕ ਕਿਸ ਨੋ ਆਖਿ ਸੁਣਾਈਐ ਜਾ ਕਰਦੇ ਸਭਿ ਕਰਾਇਆ ॥੨॥}

(ਅੰਗ - ੫੧੩)

{ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥ ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ ਰਹਾਉ ॥
ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥}

(ਅੰਗ - ੨੩੭)

{ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥੨॥
ਸਹਜ ਗੁਫਾ ਮਹਿ ਆਸਣੁ ਬਾਧਿਆ ॥ ਜੋਤਿ ਸਰੂਪ ਅਨਾਹਦੁ ਵਾਜਿਆ ॥
ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ ॥੩॥
ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥ ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥
ਜਨਮਿ ਨ ਮਰੈ ਨ ਆਵੈ ਨ ਜਾਇ ॥ ਹਰਿ ਸੇਤੀ ਓਹੁ ਰਹੈ ਸਮਾਇ ॥੪॥੨॥}

(ਅੰਗ - ੩੭੦)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥
ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥}

(ਅੰਗ - ੨੩੨)

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥}

(ਅੰਗ - ੧੧੭)

38/4772

{ਗਿਆਨ ਰਤਨਿ ਸਭ ਸੋਝੀ ਹੋਇ ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥
ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ ਪੂਰੇ ਗੁਰ ਤੇ ਸੋਝੀ ਪਾਏ ॥
ਅੰਤਰਿ ਮਹਲੁ ਗੁਰ ਸਬਦਿ ਪਛਾਣੈ ॥ ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ ॥੨॥
ਜੰਮਣੁ ਮਰਣਾ ਹੈ ਸੰਸਾਰੁ ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥
ਪਰ ਨਿੰਦਾ ਬਹੁ ਕੂੜੁ ਕਮਾਵੈ ॥ ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥੩॥
ਸਤਿਸੰਗਤਿ ਮਿਲਿ ਸਭ ਸੋਝੀ ਪਾਏ ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥
ਭਾਣਾ ਮੰਨੇ ਸਦਾ ਸੁਖੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥੪॥੧੦॥੪੯॥}

(ਅੰਗ - ੩੬੪)

{ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ ॥ ਸਚੁ ਬਾਣੀ ਗੁਰੁ ਸਬਦੁ ਸੁਣਾਏ ॥
ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥}

(ਅੰਗ - ੩੬੪)

{ਜਿਨ ਸਚੁ ਜਾਤਾ ਸੇ ਸਚਿ ਸਮਾਣੇ ॥ ਹਰਿ ਗੁਣ ਗਾਵਹਿ ਸਚੁ ਵਖਾਣੇ ॥
ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਵਣਿਆ ॥੮॥੩॥੪॥}

(ਅੰਗ - ੧੧੧)

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥
ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥
ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥
ਸਚੇ ਬਾਝਹੁ ਕੋ ਅਵਰੁ ਨ ਦੂਆ ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥
ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥}

(ਅੰਗ - ੧੧੩)

{ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥
ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥ ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥
ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥
ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥ ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥
ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥
ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥
ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥
ਨਾਨਕ ਸਤਿਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥}

(ਅੰਗ ੨੧-੨੨)

{ਸਿਵ ਨਗਰੀ ਮਹਿ ਆਸਣੁ ਅਉਧੂ ਅਲਖੁ ਅਗੰਮੁ ਅਪਾਰੀ ॥੮॥
ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ ॥੯॥
ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ ॥੧੦॥
ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ ॥੧੧॥}

(ਅੰਗ - ੯੦੭)

{ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ ॥੧॥
ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ ॥੧॥ ਰਹਾਉ ॥
ਮਮਤਾ ਮਾਰਿ ਹਉਮੈ ਸੋਖੇ ਤ੍ਰਿਭਵਣਿ ਜੋਤਿ ਤੁਮਾਰੀ ॥੨॥
ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ ॥੩॥}

(ਅੰਗ - ੯੦੭)

{ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥
ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥

ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥}

(ਅੰਗ - ੮੬੫)

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ - ੬੦੦)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥}

(ਅੰਗ - ੬੦੦)

38/4773

{ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥੧॥ ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥}

(ਅੰਗ - ੧੨੫੫)

{ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥
ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥
ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥
ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥
ਮਨਿ ਭਾਵੈ ਸਬਦੁ ਸੁਹਾਇਆ ॥ ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨੇ ਗੁਰਿ ਰਾਖੇ ਸਚੁ ਪਾਇਆ ॥੧॥ ਰਹਾਉ ॥}

(ਅੰਗ - ੧੨੫੪-੧੨੫੫)

{ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥
ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥
ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥
ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥
ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥੨॥
ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ ॥ ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ ॥੩॥
ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥

ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥
ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥
ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥੫॥੬॥੮॥}

(ਅੰਗ - ੪੯੧)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥}

(ਅੰਗ - ੬੮੭)

{ਮਨੁ ਮੁਗਧੌਂ ਦਾਦਰੁ ਭਗਤਿਹੀਨੁ ॥ ਦਰਿ ਫ੍ਰਸਟ ਸਰਾਪੀ ਨਾਮ ਬੀਨੁ ॥
ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥ ਸਭਿ ਦੂਖ ਸਖਾਈ ਗੁਣਹ ਬੀਨ ॥੩॥}

(ਅੰਗ - ੧੧੮੮)

{ਮਨੁ ਭੂਲਉ ਸਮਝਸਿ ਸਾਚ ਨਾਇ ॥ ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ ॥}

(ਅੰਗ - ੧੧੮੭)

{ਆਪਿ ਭੁਲਾਏ ਕਿਸੁ ਕਹਉ ਜਾਇ ॥ ਗੁਰੁ ਮੇਲੇ ਬਿਰਥਾ ਕਹਉ ਮਾਇ ॥
ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ - ੧੧੮੮)

{ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥ ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥੨॥
ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥ ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥੩॥
ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥ ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥੪॥੨੨॥੫੨॥}

(ਅੰਗ - ੮੧੪)

{ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥
ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥
ਆਪਿ ਦਿਖਾਵੈ ਆਪੇ ਦੇਖੈ ॥ ਹਠਿ ਨ ਪਤੀਜੈ ਨਾ ਬਹੁ ਭੇਖੈ ॥
ਘੜਿ ਭਾਂਡੇ ਜਿਨਿ ਅੰਮ੍ਰਿਤੁ ਪਾਇਆ ॥ ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥}

(ਅੰਗ - ੬੮੬)

{ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥
ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥}

(ਅੰਗ - ੬੮੬)

38/4774

{ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ ਨਾਨਕ ਕਉ ਪ੍ਰਭ ਕਿਰਪਾ ਧਾਰੇ ॥੪॥੧੧੧॥}

(ਅੰਗ - ੨੦੨)

{ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥

ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ ॥੨॥}

(ਅੰਗ - ੫੯੦)

{ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥}

(ਅੰਗ - ੫੯੦)

{ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥ ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥
ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥}

(ਅੰਗ - ੫੧)

{ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ਤੇਰੀ ਸਰਣਿ ਦਇਆਲਾ ॥
ਕਰਿ ਕਿਰਪਾ ਅਪਨਾ ਨਾਮੁ ਦੀਜੈ ਨਾਨਕ ਸਾਧ ਰਵਾਲਾ ॥੪॥੧੧॥੫੮॥}

(ਅੰਗ - ੭੫੦)

{ਜਗਜੀਵਨ ਪੁਰਖੁ ਸਾਧਸੰਗਿ ਪਾਇਆ ॥ ਗੁਰ ਪ੍ਰਸਾਦਿ ਨਾਨਕ ਨਾਮੁ ਧਿਆਇਆ ॥੪॥੨੪॥੩੦॥}

(ਅੰਗ - ੭੪੩)

{ਅਵਗਣ ਵਿਕਣਿ ਪਲ੍ਰਹਿ ਗੁਣ ਕੀ ਸਾਝ ਕਰੰਨ੍ਹਿ ॥੨੫॥
ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥}

(ਅੰਗ - ੭੫੬)

{ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥}

(ਅੰਗ - ੬੪)

{ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥
ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ ॥੨॥
ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥}

(ਅੰਗ - ੬੧੦)

{ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥
ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥
ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥
ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥
ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥
ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥
ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥}

(ਅੰਗ - ੧੧੨੮)

{ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥ ਸੇ ਸਾਚੀ ਦਰਗਹ ਭਾਣੇ ਰਾਮ ॥
ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥
ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ ॥
ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥
ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥੨॥}

(ਅੰਗ - ੫੭੭)

38/4775

{ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥
ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥}

(ਅੰਗ - ੭੪੯)

{ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥
ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ ॥}

(ਅੰਗ - ੫੪੭)

{ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥
ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥}

(ਅੰਗ - ੨੪੧)

{ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥ ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥}

(ਅੰਗ - ੪੬)

{ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥ ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ ॥੨॥}

(ਅੰਗ - ੩੧੮)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥}

(ਅੰਗ - ੩੭੭)

{ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥}

(ਅੰਗ - ੧੪੦੩)

{ਸੁਖਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ ॥
ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੇ ਬਿਨਸਿਓ ਮੂੜ ਅਭਿਮਾਨੁ ॥੧॥}

(ਅੰਗ - ੯੭੯)

{ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥}

(ਅੰਗ - ੧੦੮੫)

{ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ - ੫੯੪)

38/4776

{ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥ ਸੇ ਸਾਚੀ ਦਰਗਹ ਭਾਣੇ ਰਾਮ ॥
ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥
ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ ॥
ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥
ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥੨॥}

(ਅੰਗ - ੫੨੨)

{ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥
ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥
ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ ॥ ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ ॥
ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥
ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥}

(ਅੰਗ - ੫੨੨)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥}

(ਅੰਗ - ੯)

{ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ ॥ ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ ॥੧॥}

(ਅੰਗ - ੫੨੨)

{ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥
ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥}

(ਅੰਗ - ੭੪੯)

{ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬ੍ਰੂਝ ਪਾਇ ॥
ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥੧॥}

(ਅੰਗ - ੬੦੨)

{ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥
ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥}

(ਅੰਗ - ੫੦੩)

{ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥}

(ਅੰਗ - ੫੦੩)

{ਮਹਾ ਗੰਭੀਰ ਪੜ੍ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ - ੫੦੩)

{ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥
ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥
ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥}

(ਅੰਗ - ੮੩੯)

{ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥}

(ਅੰਗ - ੪੩੫)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥
ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ - ੧੧੮੮)

38/4777

{ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥
ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥
ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ ॥੬॥}

(ਅੰਗ - ੬੩੫)

{ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥
ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥
ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥}

(ਅੰਗ - ੬੩੫)

{ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥ ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥
ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥ ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥}

(ਅੰਗ - ੧੩੦੫)

{ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥ ਤਿਸੁ ਲਗਿ ਮੁਕਤੁ ਭਏ ਘਣੇਰੇ ॥

ਨਾਮੁ ਨਿਧਾਨਾ ਗੁਰਮੁਖਿ ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥}

(ਅੰਗ - ੧੦੧)

{ਤਿਸਹਿ ਪਰਾਪਤਿ ਹੋਇ ਨਿਧਾਨਾ ॥ ਰਾਮ ਨਾਮ ਰਸੁ ਅੰਤਰਿ ਮਾਨਾ ॥
ਕਰੁ ਗਹਿ ਲੀਨੇ ਅੰਧ ਕੂਪ ਤੇ ਵਿਰਲੇ ਕੇਈ ਸਾਲਕਾ ॥੫॥ ਆਦਿ ਅੰਤਿ ਮਧਿ ਪ੍ਰਭੁ ਸੋਈ ॥
ਆਪੇ ਕਰਤਾ ਕਰੇ ਸੁ ਹੋਈ ॥ ਭ੍ਰਮੁ ਭਉ ਮਿਟਿਆ ਸਾਧਸੰਗ ਤੇ ਦਾਲਿਦ ਨ ਕੋਈ ਘਾਲਕਾ ॥੬॥}

(ਅੰਗ ੧੦੮੪-੧੦੮੫)

{ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ ॥ ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ ॥
ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥ ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ ॥
ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ ॥੧੯॥}

(ਅੰਗ - ੧੦੯੩)

{ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥
ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥
ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥}

(ਅੰਗ - ੧੧੧੨)

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥}

(ਅੰਗ - ੫੦੩)

{ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥}

(ਅੰਗ - ੫੦੩)

{ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥}

(ਅੰਗ - ੫੦੩)

38/4778

{ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥}

(ਅੰਗ - ੧੦੧੯)

{ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥
ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥}

(ਅੰਗ - ੧੩੭)

{ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥

ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥ ਜਉ ਕਿਰਪਾ ਗੋਬਿੰਦ ਭਈ ॥
ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ ਰਹਾਉ ॥}

(ਅੰਗ - ੪੦੨)

{ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ - ੧੨੯)

{ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਨੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਨੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ - ੧੫੨)

{ਜਾ ਕਾ ਠਾਕੁਰੁ ਤੁਹੀ ਪ੍ਰਭ ਤਾ ਕੇ ਵਡਭਾਗਾ ॥ ਓਹੁ ਸੁਹੇਲਾ ਸਦ ਸੁਖੀ ਸਭੁ ਭ੍ਰਮੁ ਭਉ ਭਾਗਾ ॥੧॥}

(ਅੰਗ - ੩੯੯)

{ਦੇਹ ਅੰਧਾਰੀ ਅੰਧ ਸੁੰਵੀ ਨਾਮ ਵਿਹੂਣੀਆ ॥ ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੧॥}

(ਅੰਗ - ੫੭੭)

{ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ ॥
ਤਬ ਨਰੁ ਸੁਤਾ ਜਾਗਿਆ ਸਿਰਿ ਡੰਡੁ ਲਗਾ ਬਹੁ ਭਾਰੁ ॥}

(ਅੰਗ - ੧੪੧੮)

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥
ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥}

(ਅੰਗ - ੬੦)

{ਮਾਇਆ ਮੋਹੁ ਜਗਤੁ ਗੁਬਾਰਾ ॥ ਗੁਰਮੁਖਿ ਬੂਝੈ ਕੋ ਵੀਚਾਰਾ ॥
ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥}

(ਅੰਗ - ੧੦੪੩)

{ਗੁਰਮੁਖਿ ਬੂਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥੪੪॥
ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨ੍ਹਾ ਅੰਤਰਿ ਹਰਿ ਸੁਰਤਿ ਨਾਹੀ ॥
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮ ਰਾਇ ਕੈ ਜਾਂਹੀ ॥
ਗੁਰਮੁਖਿ ਹਛੇ ਨਿਰਮਲੇ ਗੁਰ ਕੈ ਸਬਦਿ ਸੁਭਾਇ ॥ ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ॥
ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥ ਨਾਨਕ ਗੁਰਮੁਖਿ ਮੇਲਿਅਨੁ ਗੁਰ ਕੈ ਅੰਕਿ ਸਮਾਇ ॥੪੫॥}

(ਅੰਗ - ੧੪੧੯)

38/4779

{ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ ॥
ਵਡਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ ॥
ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ ॥੩੮॥}

(ਅੰਗ - ੧੪੧੭)

{ਹੋਮ ਜਗ ਸਭਿ ਤੀਰਥਾ ਪੜਿ੍ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥
ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ ॥}

(ਅੰਗ - ੧੪੧੭)

{ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ ॥
ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ੀ ਨਾਮਿ ਹਉਮੈ ਮਾਰੀ ॥੮॥੫॥੨੭॥}

(ਅੰਗ - ੪੨੫)

{ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥
ਗੁਰਮੁਖਿ ਦਰਗਹ ਨ ਆਵੈ ਹਾਰਿ ॥ ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥
ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥}

(ਅੰਗ - ੯੪੬)

{ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ ॥
ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ ॥
ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤ੍ਰੂਟੀ ਭੀਤਾ ਭਰਮ ਗੜਾ ॥
ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥

ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥
ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥੪॥੧॥}

(ਅੰਗ - ੪੫੨-੪੫੩)

{ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥੧੦॥}

(ਅੰਗ - ੧੦੬੦)

{ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥
ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥੧੧॥
ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥੧੨॥
ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥
ਸਤਿਗੁਰ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥੧੩॥}

(ਅੰਗ - ੧੦੬੦)

{ਪਉਣੁ ਪਾਣੀ ਹੈ ਬੈਸੰਤਰੁ ॥ ਮਾਇਆ ਮੋਹੁ ਵਰਤੈ ਸਭ ਅੰਤਰਿ ॥
ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥}

(ਅੰਗ - ੧੦੬੦)

{ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥
ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥}

(ਅੰਗ - ੧੦੬੦)

{ਘਰ ਦਰ ਫਿਰਿ ਥਾਕੀ ਬਹੁਤੇਰੇ ॥ ਜਾਤਿ ਅਸੰਖ ਅੰਤ ਨਹੀ ਮੇਰੇ ॥ ਕੇਤੇ ਮਾਤ ਪਿਤਾ ਸੁਤ ਧੀਆ ॥
ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥
ਕੇਤੀ ਨਾਰਿ ਵਰੁ ਏਕੁ ਸਮਾਲਿ ॥ ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ ॥
ਦਹ ਦਿਸ ਢੂਢਿ ਘਰੈ ਮਹਿ ਪਾਇਆ ॥ ਮੇਲੁ ਭਇਆ ਸਤਿਗੁਰੂ ਮਿਲਾਇਆ ॥੨੧॥}

(ਅੰਗ ੯੩੨)

{ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ ॥
ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ ॥
ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ ॥
ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ ॥੭॥}

(ਅੰਗ - ੯੨੯)

38/4780

{ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ ॥ ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ॥

ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ ॥
ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥
ਗ੍ਰਿਹਿ ਲਾਲੁ ਆਵੈ ਮਹਲੁ ਪਾਵੈ ਮਿਲਿ ਸੰਗਿ ਮੰਗਲੁ ਗਾਈਐ ॥
ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ ॥੩॥}

(ਅੰਗ - ੫੪੩)

{ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥
ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥ ਰਾਮ ਜਨਾ ਮਿਲਿ ਮੰਗਲੁ ਗਾਇਆ ॥੧॥
ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ ਰਹਾਉ ॥}

(ਅੰਗ - ੮੬੫)

{ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ ॥
ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥
ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥
ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥
ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ ॥
ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ ॥੧॥}

(ਅੰਗ - ੮੪੭)

{ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥
ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥੧॥}

(ਅੰਗ - ੨੧੫)

{ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥੨॥}

(ਅੰਗ ੨੧੫)

{ਮਨ ਇਛਾ ਦਾਨ ਕਰਣੰ ਸਰਬਤ੍ਰ ਆਸਾ ਪੂਰਨਹ ॥
ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ ॥੧॥}

(ਅੰਗ - ੭੦੬)

{ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥}

(ਅੰਗ - ੪੦੪)

{ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥੨੨॥
ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥ ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥}

(ਅੰਗ - ੧੪੧੨)

{ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ॥੧੮॥
ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥ ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟੁ ਹੋਇ ॥੧੯॥}

(ਅੰਗ ੧੪੧੧-੧੪੧੨)

{ਸਗਲ ਗੁਣ ਸੁਗਿਆਨ ਪੂਰਨ ਆਪਣੇ ਪ੍ਰਭ ਭਾਣੀ ॥
ਬਿਨਵੰਤਿ ਨਾਨਕ ਰੰਗਿ ਰਾਤੀ ਪ੍ਰੇਮ ਸਹਜਿ ਸਮਾਣੀ ॥੩॥}

(ਅੰਗ - ੪੫੯)

{ਕਾਜੀ ਬੋਲਿਆ ਬਨਿ ਨਹੀ ਆਵੈ ॥੧॥ ਰਹਾਉ ॥ ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ ॥੨॥
ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥
ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥੩॥}

(ਅੰਗ - ੪੮੦)

38/4781

{ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥}

(ਅੰਗ - ੯੨)

{ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥
ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥}

(ਅੰਗ - ੩੦)

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥}

(ਅੰਗ - ੩੦)

{ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥}

(ਅੰਗ - ੩੯)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ - ੩੯)

{ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥
ਹਰਿ ਕਾ ਨਾਮੁ ਨ ਜਪਸਿ ਗਵਾਰਾ ॥ ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥
ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥
ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥
ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨੁ ਮਾਨਿਆ ॥
ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥}

(ਅੰਗ ੬੫੫-੬੫੬)

{ਰਾਮਾ ਰਮ ਰਾਮੋ ਪੂਜ ਕਰੀਜੈ ॥
ਮਨੁ ਤਨੁ ਅਰਪਿ ਧਰਉ ਸਭੁ ਆਗੈ ਰਸੁ ਗੁਰਮਤਿ ਗਿਆਨੁ ਦ੍ਰਿੜੀਜੈ ॥੧॥ ਰਹਾਉ ॥}

(ਅੰਗ - ੧੩੨੫)

{ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ ॥
ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ ॥੧॥
ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥
ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥੨॥}

(ਅੰਗ - ੧੩੨੫)

{ਸਫਲ ਜਨਮੁ ਮੋ ਕਉ ਗੁਰਿ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥}

(ਅੰਗ - ੮੫੭-੮੫੮)

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥}

(ਅੰਗ - ੨੨੦-੨੨੧)

{ਮਰਨ ਜੀਵਨ ਕੀ ਸੰਕਾ ਨਾਸੀ ॥ ਆਪਨ ਰੰਗਿ ਸਹਜ ਪਰਗਾਸੀ ॥੧॥
ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥ ਰਾਮ ਰਤਨੁ ਪਾਇਆ ਕਰਤ ਬੀਚਾਰਾ ॥੧॥ ਰਹਾਉ ॥
ਜਹ ਅਨੰਦੁ ਦੁਖੁ ਦੂਰਿ ਪਇਆਨਾ ॥ ਮਨੁ ਮਾਨਕੁ ਲਿਵਿ ਤਤੁ ਲੁਕਾਨਾ ॥੨॥
ਜੋ ਕਿਛੁ ਹੋਆ ਸੁ ਤੇਰਾ ਭਾਣਾ ॥ ਜੋ ਇਵ ਬੂਝੈ ਸੁ ਸਹਜਿ ਸਮਾਣਾ ॥੩॥
ਕਹਤੁ ਕਬੀਰੁ ਕਿਲਬਿਖ ਗਏ ਖੀਣਾ ॥ ਮਨੁ ਭਇਆ ਜਗਜੀਵਨਿ ਲੀਣਾ ॥੪॥੧॥}

(ਅੰਗ - ੧੩੪੯)

38/4782

{ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥}

(ਅੰਗ - ੩੭੫)

{ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ ਸ੍ਰਵਨੀ ਕਥਾ ਸੁਨਾਏ ॥
ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ ਹਰਿ ਗੁਣ ਗਾਏ ॥੨॥
ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥
ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥}

(ਅੰਗ ੧੨੦੪-੧੨੦੫)

{ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ ॥
ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥੨॥}

(ਅੰਗ - ੯੮੫)

{ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥

ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥੧੨॥
ਨਿਰਮਲ ਬਾਣੀ ਕੋ ਮੰਨਿ ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥}

(ਅੰਗ - ੧੦੬੨)

{ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥ ਕਾਮਿ ਕਰੋਧਿ ਜਲੈ ਸਭੁ ਕੋਈ ॥
ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ ॥੧੫॥}

(ਅੰਗ - ੧੦੬੨)

{ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥
ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥੫॥
ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥
ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥}

(ਅੰਗ - ੪੧੫)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥
ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥}

(ਅੰਗ - ੭੪੦)

{ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥
ਕਰਿ ਕਿਰਪਾ ਗੁਰ ਚਰਣ ਨਿਵਾਸਿ ॥ ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥}

(ਅੰਗ - ੧੨੭੧)

{ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ - ੨੪੫)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥੨॥}

(ਅੰਗ - ੭੦੪)

{ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥੩॥
ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥}

(ਅੰਗ - ੧੯੬)

38/4783

{ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ ॥

ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥}

(ਅੰਗ - ੧੩੯੯)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ - ੧੨੯)

{ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥
ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ - ੨੨੧)

{ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥
ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥੧॥ ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥}

(ਅੰਗ - ੩੫੩)

{ਰਵਨੀ ਰਵੈ ਬੰਧਨ ਨਹੀ ਤ੍ਰੁਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤ੍ਰੁਟੈ ਤਾ ਕੋ ਲੇਖੈ ਪਾਈ ॥੨॥}

(ਅੰਗ - ੩੫੩)

{ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥
ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥
ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥
ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ - ੪੩੭)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥}

(ਅੰਗ - ੧੧੩)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ - ੧੫੩)

{ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ ਨਾਹੀ ਕੋ ਥਾਉ ॥

ਨਾਨਕ ਗੁਰਮਤਿ ਸਹਜਿ ਸਮਾਉ ॥੪॥੯॥}

(ਅੰਗ - ੧੫੩)

{ਜਿਸ ਕਾ ਅਨੁ ਧਨੁ ਸਹਜਿ ਨ ਜਾਨਾ ॥ ਭਰਮਿ ਭੁਲਾਨਾ ਫਿਰਿ ਪਛੁਤਾਨਾ ॥
ਗਲਿ ਫਾਹੀ ਬਉਰਾ ਬਉਰਾਨਾ ॥੭॥}

(ਅੰਗ - ੪੧੪)

{ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥}

(ਅੰਗ - ੧੧੦੬)

38/4784

{ਭਵਜਲੁ ਬਿਨੁ ਸਬਦੈ ਕਿਉ ਤਰੀਐ ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੂਬਿ ਡੂਬਿ ਮਰੀਐ ॥੧॥ ਰਹਾਉ ॥}

(ਅੰਗ - ੧੧੨੫)

{ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ ॥
ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ ॥੩॥
ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ ॥
ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ ॥੪॥੧॥੨॥}

(ਅੰਗ - ੧੧੨੫)

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ - ੬੦੦)

{ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥}

(ਅੰਗ - ੪੩੫)

{ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥}

(ਅੰਗ - ੪੩੫)

{ਆਖਣਿ ਆਖੈ ਬਕੈ ਸਭੁ ਕੋਇ ॥ ਆਪੇ ਬਖਸਿ ਮਿਲਾਏ ਸੋਇ ॥
ਕਹਣੈ ਕਥਨਿ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥੩॥
ਗੁਰਮੁਖਿ ਵਿਚਹੁ ਆਪੁ ਗਵਾਇ ॥ ਹਰਿ ਰੰਗਿ ਰਾਤੇ ਮੋਹੁ ਚੁਕਾਇ ॥
ਅਤਿ ਨਿਰਮਲੁ ਗੁਰ ਸਬਦ ਵੀਚਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੪॥੪੩॥}

(ਅੰਗ - ੩੬੨)

{ਭਉ ਬੈਰਾਗਾ ਸਹਜਿ ਸਮਾਤਾ ॥ ਹਉਮੈ ਤਿਆਗੀ ਅਨਹਦਿ ਰਾਤਾ ॥
ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੯॥}

(ਅੰਗ - ੧੦੪੦)

{ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥
ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥}

(ਅੰਗ - ੧੦੪੦)

{ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥
ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥
ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥
ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥
ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥
ਸਚੈ ਥਾਨਿ ਵਸੈ ਨਿਰੰਕਾਰਾ ॥ ਆਪਿ ਪਛਾਣੈ ਸਬਦੁ ਵੀਚਾਰਾ ॥
ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥੭॥}

(ਅੰਗ ੧੦੩੯-੧੦੪੦)

{ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥ ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥}

(ਅੰਗ ੯੭੩-੯੭੪)

38/4785

{ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥
ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥}

(ਅੰਗ - ੧੫੩)

{ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥
ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥

ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥}

(ਅੰਗ - ੧੩੩੪)

{ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥}

(ਅੰਗ - ੮੩੨)

{ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥}

(ਅੰਗ - ੮੩੨)

{ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ ॥੪॥
ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ ॥ ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ ॥}

(ਅੰਗ - ੭੬੬)

{ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥ ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥
ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥
ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥
ਗੁਰਮੁਖਿ ਆਪੁ ਪਛਾਣਿਆ ਤਿਨ੍ੀ ਇਕ ਮਨਿ ਧਿਆਇਆ ॥
ਸਦਾ ਰਵਹਿ ਪਿਰੁ ਆਪਣਾ ਸਚੈ ਨਾਮਿ ਸੁਖੁ ਪਾਇਆ ॥੨॥}

(ਅੰਗ ੪੨੮-੪੨੯)

{ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥ ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥੨॥
ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥
ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥੩॥
ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ - ੧੨੭੬)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}

(ਅੰਗ - ੭੩੨)

{ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥}

(ਅੰਗ - ੪੧੧)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥}

(ਅੰਗ - ੪੧੧)

{ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥}

(ਅੰਗ - ੧੪੫)

38/4786

{ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥ ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥}

(ਅੰਗ - ੭੮੭)

{ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥}

(ਅੰਗ - ੪੯੪)

{ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥ ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ ॥
ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ ॥੧੮੫॥
ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥
ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ॥੧੮੬॥}

(ਅੰਗ - ੧੩੭੪)

{ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥}

(ਅੰਗ - ੪੧੪)

{ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ ॥ ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ ॥੧॥}

(ਅੰਗ - ੫੨੩)

{ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥
ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ ॥੨॥}

(ਅੰਗ - ੪੮੩)

{ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥
ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥੪॥}

(ਅੰਗ - ੪੯੨)

{ਸੁਣਿ ਮਨ ਮੇਰੇ ਸਬਦੁ ਵੀਚਾਰਿ ॥ ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥੧॥ ਰਹਾਉ ॥
ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ ॥੨॥}

(ਅੰਗ - ੧੬੧)

{ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥
ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥੧॥ ਰਹਾਉ ॥
ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥}

(ਅੰਗ - ੪੯੨)

{ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥}

(ਅੰਗ - ੧੭੮)

{ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥ ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥
ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥}

(ਅੰਗ - ੧੦੦੧)

38/4787

{ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥}

(ਅੰਗ - ੪੦੮)

{ਜਗੁ ਕਊਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥
ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥੧॥
ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥}

(ਅੰਗ - ੧੧੮੭)

{ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥
ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥}

(ਅੰਗ - ੧੦੧੬)

{ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥
ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥
ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ ॥
ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ॥
ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ ॥੩॥
ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥
ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥੪॥੩॥}

(ਅੰਗ - ੧੧੧੧)

{ਪੂਰੈ ਸਤਿਗੁਰਿ ਬੂਝਿ ਬੁਝਾਇਆ ॥ ਹੁਕਮੇ ਹੀ ਸਭੁ ਜਗਤੁ ਉਪਾਇਆ ॥
ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥੩॥
ਸਚਾ ਸਤਿਗੁਰੁ ਸਬਦੁ ਅਪਾਰਾ ॥ ਤਿਸ ਦੈ ਸਬਦਿ ਨਿਸਤਰੈ ਸੰਸਾਰਾ ॥
ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ ॥੪॥
ਕੋਟਿ ਮਧੇ ਕਿਸਹਿ ਬੁਝਾਏ ॥ ਗੁਰ ਕੈ ਸਬਦਿ ਰਤੇ ਰੰਗੁ ਲਾਏ ॥
ਹਰਿ ਸਾਲਾਹਹਿ ਸਦਾ ਸੁਖਦਾਤਾ ਹਰਿ ਬਖਸੇ ਭਗਤਿ ਸਲਾਹਾ ਹੇ ॥੫॥}

(ਅੰਗ - ੧੦੫੫)

{ਅੰਤਰਿ ਬਾਹਰਿ ਏਕੁ ਹੈ ਬਹੁ ਬਿਧਿ ਸ੍ਰਿਸਟਿ ਉਪਾਈ ॥
ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥੨॥ ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ॥
ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ ॥੩॥
ਇਕਿ ਧੁਰਿ ਪਵਿਤ ਪਾਵਨ ਹਹਿ ਤੁਧੁ ਨਾਮੇ ਲਾਏ ॥ ਗੁਰ ਸੇਵਾ ਤੇ ਸੁਖੁ ਊਪਜੈ ਸਚੈ ਸਬਦਿ ਬੁਝਾਏ ॥੪॥
ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ ॥
ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ ॥੫॥
ਨਦਰਿ ਕਰੇ ਜਿਸੁ ਆਪਣੀ ਤਿਸ ਨੋ ਭਾਵਨੀ ਲਾਏ ॥
ਸਤੁ ਸੰਤੋਖੁ ਇਹ ਸੰਜਮੀ ਮਨੁ ਨਿਰਮਲੁ ਸਬਦੁ ਸੁਣਾਏ ॥੬॥}

(ਅੰਗ - ੪੨੭)

{ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥ ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥
ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥ ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ॥
ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥

ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥
ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥
ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ ॥੩॥}

(ਅੰਗ - ੧੩੯)

{ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥
ਰਹਹਿ ਅਤੀਤ ਸਚੇ ਸਰਣਾਈ ॥੧॥ ਸਚ ਘਰਿ ਬੈਸੈ ਕਾਲੁ ਨ ਜੋਹੈ ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥ ਅਪਿਉ ਪੀਅਉ ਅਕਥੁ ਕਥਿ ਰਹੀਐ ॥
ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥
ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥
ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ ਸਤਿਗੁਰੁ ਦੇਖਿਆ ਦੀਖਿਆ ਲੀਨੀ ॥
ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥੪॥
ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥
ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥ ਇਨ ਬਿਧਿ ਕਉਨੁ ਕਉਨੁ ਨਹੀ ਤਾਰਿਆ ॥
ਹਰਿ ਜਸਿ ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥
ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਜਿਨ ਕੈ ਮਨਿ ਵਸਿਆ ਸਚੁ ਸੋਈ ॥
ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥}

(ਅੰਗ ੨੨੭-੨੨੮)

{ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥
ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ - ੯੪੪)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ - ੩੫੫)

{ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥ ਬੀਜ ਮੰਤ੍ਰੁ ਲੈ ਹਿਰਦੈ ਰਹੈ ॥
ਮਨੂਆ ਉਲਟਿ ਸੁੰਨ ਮਹਿ ਗਹੈ ॥੫॥ ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥}

(ਅੰਗ - ੯੭੪)

38/4788

{ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥
ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥

ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ - ੨੦੯)

{ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥}

(ਅੰਗ - ੭੨੫)

{ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥
ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥
ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥
ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥
ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥
ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ - ੨੪੫)

{ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥}

(ਅੰਗ - ੨੭)

{ਮਾਇਆ ਬਿਖੁ ਭੁਇਅੰਗਮ ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥
ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥
ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥}

(ਅੰਗ - ੧੦੨੯)

{ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥੧॥ ਇਹੁ ਮਨੂਆ ਕਿਉ ਕਰਿ ਵਸਿ ਆਵੈ ॥
ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥}

(ਅੰਗ - ੪੨੬)

{ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥
ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥
ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥
ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥
ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧॥
ਮੈ ਹਰਿ ਬਿਨੁ ਅਵਰੁ ਨ ਕੋਇ ॥
ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧॥ ਰਹਾਉ ॥
ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥
ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥
ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥
ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥
ਮਨਿ ਹਰਿ ਹਰਿ ਲਗਾ ਚਾਉ ॥
ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ ਰਹਾਉ ॥}

(ਅੰਗ ੮੧-੮੨)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥}

(ਅੰਗ - ੧੪੨੪)

{ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥}

(ਅੰਗ - ੯੪)

{ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥

ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ - ੧੧੪੭)

{ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥}

(ਅੰਗ - ੬੯੬)

39/4789

{ਸਤਿਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ ॥
ਹਰਿ ਨਾਮਾ ਹਰਿ ਮੀਠ ਲਗਾਨਾ ਗੁਰਿ ਕੀਏ ਸਬਦਿ ਨਿਹਾਲ ॥੩॥}

(ਅੰਗ - ੧੩੩੫)

{ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ ਕਰਿ ਕਿਰਪਾ ਭਗਤੰਹੀ ਪ੍ਰਗਟਾਇਆ ॥
ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥
ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥
ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥}

(ਅੰਗ - ੧੦੮)

{ਸਤਿਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥
ਵਡੈ ਭਾਗਿ ਸਤਿਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥}

(ਅੰਗ - ੧੩੩੫)

{ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ ਕੋਟਿ ਮਧੇ ਕੋਈ ਵਿਰਲਾ ਲੇਇ ॥ ਜਿਸ ਨੋ ਅਪਣੀ ਨਦਰਿ ਕਰੇਇ ॥੧॥}

(ਅੰਗ - ੧੩੩੫)

{ਗੁਰ ਕੇ ਚਰਣ ਮਨ ਮਾਹਿ ਵਸਾਇ ॥ ਦੁਖੁ ਅਨ੍ਹੇਰਾ ਅੰਦਰਹੁ ਜਾਇ ॥ ਆਪੇ ਸਾਚਾ ਲਏ ਮਿਲਾਇ ॥੨॥}

(ਅੰਗ - ੧੩੩੫)

{ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥
ਗੁਰ ਕੀ ਰੇਨੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥}

(ਅੰਗ - ੨੩੯)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ - ੯੨)

{ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾ ਕੇ ॥ ਜਮਕੰਕਰ ਕਾਲੁ ਸੇਵਕ ਪਗ ਤਾ ਕੇ ॥
ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥੮॥
ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਨਖੁ ਚੜਾਇਆ ॥੯॥}

(ਅੰਗ - ੧੦੪੨)

{ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਹਾਲਹਿ ਹਰਿ ਗਾਲ ॥
ਹਮਰੈ ਪ੍ਰਭਿ ਹਮ ਲੋਚ ਲਗਾਈ ਹਮ ਕਰਹ ਪ੍ਰਭੂ ਹਰਿ ਭਾਲ ॥੧॥}

(ਅੰਗ - ੧੩੩੫)

{ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ ॥

ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ ॥
ਸਭਨਾ ਮਹਿ ਏਕੋ ਸਚੁ ਵਰਤੈ ਵਿਰਲਾ ਬੂਝੈ ਕੋਈ ॥੨॥
ਗੁਰਮਤੀ ਮਨੁ ਨਿਰਮਲੁ ਹੋਆ ਅੰਮ੍ਰਿਤੁ ਤਤੁ ਵਖਾਨੈ ॥
ਹਰਿ ਕਾ ਨਾਮੁ ਸਦਾ ਮਨਿ ਵਸਿਆ ਵਿਚਿ ਮਨ ਹੀ ਮਨੁ ਮਾਨੈ ॥
ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਤੁ ਆਤਮ ਰਾਮੁ ਪਛਾਨੈ ॥੩॥}

(ਅੰਗ ੧੩੩੪)

{ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥ ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥੧॥ ਰਹਾਉ ॥}

(ਅੰਗ - ੩੭)

39/4790

{ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥
ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥ ਮਨ ਮੇਰੇ ਗੁਰਮਤਿ ਕਰਣੀ ਸਾਰੁ ॥
ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥
ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥ ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥
ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥
ਸਤਿਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ ॥੩॥
ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥
ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ ॥੪॥੩॥}

(ਅੰਗ - ੫੫੯)

{ਗੁਰਮੁਖਿ ਹਰਿ ਸਾਲਾਹਿਆ ਜਿੰਨਾ ਤਿਨ ਸਲਾਹਿ ਹਰਿ ਜਾਤਾ ॥
ਵਿਚਹੁ ਭਰਮੁ ਗਇਆ ਹੈ ਦੂਜਾ ਗੁਰ ਕੈ ਸਬਦਿ ਪਛਾਤਾ ॥੧॥}

(ਅੰਗ - ੧੩੩੩)

{ਤੇਰੈ ਭਾਣੈ ਭਗਤਿ ਜੇ ਤੁਧੁ ਭਾਵੈ ਆਪੇ ਬਖਸਿ ਮਿਲਾਈ ॥
ਤੇਰੈ ਭਾਣੈ ਸਦਾ ਸੁਖੁ ਪਾਇਆ ਗੁਰਿ ਤ੍ਰਿਸਨਾ ਅਗਨਿ ਬੁਝਾਈ ॥੩॥}

(ਅੰਗ - ੧੩੩੩)

{ਜੋ ਤੂ ਕਰਹਿ ਸੁ ਹੋਵੈ ਕਰਤੇ ਅਵਰੁ ਨ ਕਰਣਾ ਜਾਈ ॥
ਨਾਨਕ ਨਾਵੈ ਜੇਵਡੁ ਅਵਰੁ ਨ ਦਾਤਾ ਪੂਰੇ ਗੁਰ ਤੇ ਪਾਈ ॥੪॥੨॥}

(ਅੰਗ - ੧੩੩੩)

{ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ ॥
ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ ॥੨॥
ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਧੁ ਆਪਿ ਬੁਝਾਈ ॥
ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟੁ ਭਏ ਸਭ ਠਾਈ ॥੩॥
ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥

ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥}

(ਅੰਗ - ੬੧੦)

{ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥
ਗੁਰਿ ਪੂਰੈ ਮੇਟਿਆ ਅੰਧਿਆਰਾ ॥ ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥੨੪॥੯੩॥}

(ਅੰਗ - ੧੮੪)

{ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥
ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ - ੧੨੯)

{ਸਭ ਮਹਿ ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਨਕ ਨਾਮਿ ਰਤੇ ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ ॥੯॥੨੯॥੩੦॥}

(ਅੰਗ - ੧੨੭)

{ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥
ਹਰਿ ਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥੨॥
ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥੩॥
ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥
ਗੁਰਮਤਿ ਵਿਰਲਾ ਬੂਝੈ ਕੋਇ ॥ ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥}

(ਅੰਗ - ੧੬੧)

{ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥
ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥
ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥
ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥
ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥}

(ਅੰਗ - ੨੨੪)

{ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥੧॥
ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥
ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥
ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥
ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥
ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥
ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥
ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥
ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥
ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}

(ਅੰਗ - ੮੩੧)

39/4791

{ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥
ਅਨਦਿਨੁ ਭਗਤਿ ਕਰੇ ਦਿਨੁ ਰਾਤੀ ਸਹਜੇ ਹੀ ਸੁਖੁ ਪਾਵਣਿਆ ॥੮॥}

(ਅੰਗ - ੧੨੭)

{ਜਹ ਜਹ ਦੇਖਉ ਤਹ ਤਹ ਰਾਮਾ ॥ ਹਰਿ ਕੇ ਚਰਨ ਨਿਤ ਧਿਆਵੈ ਨਾਮਾ ॥੪॥੨॥}

(ਅੰਗ - ੮੭੩)

{ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥
ਸਤਿਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥੩॥}

(ਅੰਗ ੮੭੬-੮੭੭)

{ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥
ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥
ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥}

(ਅੰਗ - ੧੦੪੦)

{ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ ॥੧॥
ਕਿਆ ਕਥੀਐ ਕਿਛੁ ਕਥਨੁ ਨ ਜਾਈ ॥ ਜਹ ਜਹ ਦੇਖਾ ਤਹ ਰਹਿਆ ਸਮਾਈ ॥੧॥ ਰਹਾਉ ॥
ਜਹ ਮਹਾ ਭਇਆਨ ਦੂਖ ਜਮ ਸੁਨੀਐ ਤਹ ਮੇਰੇ ਪ੍ਰਭ ਤੂਹੈ ਸਹਾਈ ॥
ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ ਗੁਰਿ ਨਾਨਕ ਕਉ ਬੂਝ ਬੁਝਾਈ ॥੨॥੫॥੯੧॥}

(ਅੰਗ - ੮੨੨)

{ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥੧੦॥}

(ਅੰਗ - ੧੦੬੦)

{ਗੁਣ ਕਾ ਦਾਤਾ ਸਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਨਕ ਜਨੁ ਨਾਮੁ ਸਲਾਹੇ ਬਿਗਸੈ ਸੋ ਨਾਮੁ ਬੇਪਰਵਾਹਾ ਹੇ ॥੧੬॥੨॥੧੧॥}

(ਅੰਗ - ੧੦੫੫)

{ਏਕੋ ਏਕੁ ਵਰਤੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥
ਲਖ ਚਉਰਾਸੀਹ ਜੀਅ ਉਪਾਏ ॥ ਗਿਆਨੀ ਧਿਆਨੀ ਆਖਿ ਸੁਣਾਏ ॥
ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ ॥੨॥
ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥}

(ਅੰਗ ੧੦੪੪-੧੦੪੫)

{ਆਪੇ ਲਾਇ ਲਏ ਸੋ ਲਾਗੈ ॥ ਗੁਰ ਪਰਸਾਦੀ ਜਮ ਕਾ ਭਉ ਭਾਗੈ ॥
ਅੰਤਰਿ ਸਬਦੁ ਸਦਾ ਸੁਖਦਾਤਾ ਗੁਰਮੁਖਿ ਬੂਝੈ ਕੋਈ ਹੇ ॥੫॥}

(ਅੰਗ - ੧੦੪੫)

{ਮਾਇਆ ਮੋਹੁ ਅਤਿ ਗੁਬਾਰੁ ॥ ਸਤਿਗੁਰੁ ਭੇਟੈ ਨਾਮਿ ਉਧਾਰੁ ॥੪॥}

(ਅੰਗ - ੮੮੦)

{ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥
ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥੫॥}

(ਅੰਗ - ੮੮੦)

{ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥
ਅੰਤਰਿ ਭਾਹਿ ਤਿਸੈ ਤੂ ਰਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥੧॥
ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥੧॥ ਰਹਾਉ ॥}

(ਅੰਗ - ੮੭੮)

39/4792

{ਗੁਰਮੁਖਿ ਵਿਰਲਾ ਕੋਈ ਬੂਝੈ ਸਬਦੇ ਰਹਿਆ ਸਮਾਈ ॥
ਨਾਮਿ ਰਤੇ ਸਦਾ ਸੁਖੁ ਪਾਵੈ ਸਾਚਿ ਰਹੈ ਲਿਵ ਲਾਈ ॥੧॥}

(ਅੰਗ - ੧੩੩੨)

{ਸਾਇਰ ਸਪਤ ਭਰੇ ਜਲ ਨਿਰਮਲਿ ਉਲਟੀ ਨਾਵ ਤਰਾਵੈ ॥
ਬਾਹਰਿ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ ॥੪॥

ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ ॥
ਨਾਨਕੁ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ ॥੫॥੧੭॥}

(ਅੰਗ - ੧੩੩੨)

{ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ ॥
ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥੩॥}

(ਅੰਗ - ੧੩੩੨)

{ਗੁਰ ਉਪਦੇਸ ਸਾਚੁ ਸੁਖੁ ਜਾ ਕਉ ਕਿਆ ਤਿਸੁ ਉਪਮਾ ਕਹੀਐ ॥
ਲਾਲ ਜਵੇਹਰ ਰਤਨ ਪਦਾਰਥ ਖੋਜਤ ਗੁਰਮੁਖਿ ਲਹੀਐ ॥੨॥}

(ਅੰਗ - ੧੩੩੨)

{ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥}

(ਅੰਗ - ੧੩੩੨)

{ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ ॥
ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ ॥੧॥}

(ਅੰਗ - ੧੩੩੧)

{ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ॥
ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ ॥੨॥
ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ ॥
ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ ॥੩॥}

(ਅੰਗ ੧੩੩੧-੧੩੩੨)

{ਅਕਥੌ ਕਥਉ ਕਿਆ ਮੈ ਜੋਰੁ ॥ ਭਗਤਿ ਕਰੀ ਕਰਾਇਹਿ ਮੋਰ ॥
ਅੰਤਰਿ ਵਸੈ ਚੂਕੈ ਮੈ ਮੋਰ ॥ ਕਿਸੁ ਸੇਵੀ ਦੂਜਾ ਨਹੀ ਹੋਰੁ ॥੪॥
ਗੁਰ ਕਾ ਸਬਦੁ ਮਹਾ ਰਸੁ ਮੀਠਾ ॥ ਐਸਾ ਅੰਮ੍ਰਿਤੁ ਅੰਤਰਿ ਡੀਠਾ ॥
ਜਿਨਿ ਚਾਖਿਆ ਪੂਰਾ ਪਦੁ ਹੋਇ ॥ ਨਾਨਕ ਧ੍ਰਾਪਿਓ ਤਨਿ ਸੁਖੁ ਹੋਇ ॥੫॥੧੪॥}

(ਅੰਗ - ੧੩੩੧)

{ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ ॥੪॥}

(ਅੰਗ - ੧੩੩੧)

{ਘਟਿ ਘਟਿ ਏਕੁ ਵਖਾਣੀਐ ਕਹਉ ਨ ਦੇਖਿਆ ਜਾਇ ॥ ਖੋਟੋ ਪੂਠੋ ਰਾਲੀਐ ਬਿਨੁ ਨਾਵੈ ਪਤਿ ਜਾਇ ॥
ਜਾ ਤੂ ਮੇਲਹਿ ਤਾ ਮਿਲਿ ਰਹਾਂ ਜਾਂ ਤੇਰੀ ਹੋਇ ਰਜਾਇ ॥੩॥}

(ਅੰਗ - ੧੩੩੦)

{ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ ॥ ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥

ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ ॥੨॥}

(ਅੰਗ - ੧੩੩੦)

39/4793

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥}

(ਅੰਗ - ੧੩੨੯)

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥}

(ਅੰਗ - ੧੩੨੮)

{ਕਿਆ ਕਹੀਐ ਸਰਬੇ ਰਹਿਆ ਸਮਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ ਰਹਾਉ ॥
ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥੨॥}

(ਅੰਗ - ੧੩੨੮)

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥}

(ਅੰਗ - ੧੩੨੭)

{ਜੇ ਵਡ ਭਾਗੁ ਹੋਇ ਅਤਿ ਨੀਕਾ ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥
ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ ਸਹਜੇ ਹਰਿ ਰਸੁ ਪੀਜੈ ॥੬॥}

(ਅੰਗ - ੧੩੨੬)

{ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ ॥
ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ ॥੭॥
ਨਾਨਕ ਰਾਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ ॥
ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ ਰਾਮ ਨਾਮੈ ਰਲੈ ਮਿਲੀਜੈ ॥੮॥੬॥ ਛਕਾ ੧ ॥}

(ਅੰਗ - ੧੩੨੬)

{ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ ॥
ਧਰਮ ਰਾਇ ਕੀ ਕਾਨਿ ਚੁਕਾਵੈ ਬਿਖੁ ਡੁਬਦਾ ਕਾਢਿ ਕਢੀਜੈ ॥੨॥}

(ਅੰਗ - ੧੩੨੬)

{ਭਰਮਿ ਸੂਕੇ ਬਹੁ ਉਭਿ ਸੁਕ ਕਹੀਅਹਿ ਮਿਲਿ ਸਾਧੂ ਸੰਗਿ ਹਰੀਜੈ ॥
ਤਾ ਤੇ ਬਿਲਮੁ ਪਲੁ ਢਿਲ ਨ ਕੀਜੈ ਜਾਇ ਸਾਧੂ ਚਰਨਿ ਲਗੀਜੈ ॥੩॥}

5104

(ਅੰਗ - ੧੩੨੬)

{ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥੬॥}

(ਅੰਗ - ੧੩੨੬)

{ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥੧॥
ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥੨॥}

(ਅੰਗ - ੧੩੨੫)

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥
ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥
ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥੬॥}

(ਅੰਗ - ੧੩੨੫)

39/4794

{ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥}

(ਅੰਗ - ੯੩੦)

{ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ਮਨਿ ਤਨਿ ਸਾਚੁ ਸੁਖਾਇਆ ॥
ਆਪੇ ਗੁਰਮੁਖਿ ਆਪੇ ਦੇਵੈ ਆਪੇ ਅੰਮ੍ਰਿਤੁ ਪੀਆਇਆ ॥੪॥}

(ਅੰਗ - ੯੩੦)

{ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ ॥
ਅੰਤਰਿ ਨਵ ਨਿਧਿ ਨਾਮੁ ਹੈ ਮੇਰੀ ਜਿੰਦੁੜੀਏ ਗੁਰੁ ਸਤਿਗੁਰੁ ਅਲਖੁ ਲਖਾਏ ਰਾਮ ॥}

(ਅੰਗ - ੫੩੯)

{ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥ ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥੯॥}

(ਅੰਗ - ੬੪੬)

{ਜੋ ਹਰਿ ਨਾਮੁ ਧਿਆਇਦੇ ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ॥
ਜਿਨਾ ਮਨਿ ਚਿਤਿ ਇਕੁ ਅਰਾਧਿਆ ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ॥}

(ਅੰਗ - ੬੪੯)

{ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥ ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥}

(ਅੰਗ - ੬੫੦)

{ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥
ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥}

(ਅੰਗ - ੧੨੪੬)

{ਰਾਮਾ ਰਮ ਰਾਮੋ ਪੂਜ ਕਰੀਜੈ ॥
ਮਨੁ ਤਨੁ ਅਰਪਿ ਧਰਉ ਸਭੁ ਆਗੈ ਰਸੁ ਗੁਰਮਤਿ ਗਿਆਨੁ ਦ੍ਰਿੜੀਜੈ ॥੧॥ ਰਹਾਉ ॥}

(ਅੰਗ - ੧੩੨੫)

{ਸਭਿ ਤੀਰਥ ਬਰਤ ਜਗੁ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ ॥
ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੂਜੈ ਨ ਤੋਲ ਤੁਲੀਜੈ ॥੭॥}

(ਅੰਗ - ੧੩੨੫)

{ਚੰਦਨ ਵਾਸੁ ਭੁਇਅੰਗਮ ਵੇੜੀ ਕਿਵ ਮਿਲੀਐ ਚੰਦਨੁ ਲੀਜੈ ॥
ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ ॥੩॥}

(ਅੰਗ - ੧੩੨੪)

{ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥
ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥੧॥
ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥
ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥੨॥}

(ਅੰਗ - ੧੩੨੩)

39/4795

{ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ ॥
ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ ॥੨॥੧॥੪॥}

(ਅੰਗ - ੧੩੨੨)

{ਜਨ ਕੈ ਰਿਦ ਅੰਤਰਿ ਪ੍ਰਭੁ ਸੁਆਮੀ ਜਨ ਹਰਿ ਹਰਿ ਨਾਮੁ ਭਜਥਈ ॥
ਜਹ ਅੰਤੀ ਅਉਸਰੁ ਆਇ ਬਨਤੁ ਹੈ ਤਹ ਰਾਖੈ ਨਾਮੁ ਸਾਥਈ ॥੩॥}

(ਅੰਗ - ੧੩੨੦)

{ਹਰਿ ਜਨੁ ਗੁਨ ਗਾਵਤ ਹਸਿਆ ॥
ਹਰਿ ਹਰਿ ਭਗਤਿ ਬਨੀ ਮਤਿ ਗੁਰਮਤਿ ਧੁਰਿ ਮਸਤਕਿ ਪ੍ਰਭਿ ਲਿਖਿਆ ॥੧॥ ਰਹਾਉ ॥}

(ਅੰਗ - ੧੩੧੯)

{ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥
ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧॥}

(ਅੰਗ - ੧੩੧੯)

{ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ ॥

ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥੨॥}

(ਅੰਗ - ੧੩੧੯)

{ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥੧੨੦॥}

(ਅੰਗ - ੧੩੮੪)

{ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥
ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥
ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥}

(ਅੰਗ - ੧੩੮੪)

{ਘਟਿ ਘਟਿ ਅੰਤਰਿ ਰਵਿ ਰਹਿਆ ਜਪਿਅਹੁ ਜਨ ਕੋਈ ॥
ਸਗਲ ਜਪਹੁ ਗੋਪਾਲ ਗੁਨ ਪਰਗਟੁ ਸਭ ਲੋਈ ॥੧੩॥}

(ਅੰਗ - ੧੩੧੮)

{ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥}

(ਅੰਗ - ੩੭)

{ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥
ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥੧॥ ਰਹਾਉ ॥}

(ਅੰਗ - ੪੮)

{ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥
ਅਗਮ ਅਗੋਚਰੁ ਸਾਹਿਬੁ ਮੇਰਾ ॥ ਘਟ ਘਟ ਅੰਤਰਿ ਵਰਤੈ ਨੇਰਾ ॥
ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥
ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥
ਹਥੀ ਦਿਤੀ ਪ੍ਰਭਿ ਦੇਵਣਹਾਰੈ ॥ ਜਨਮ ਮਰਣ ਰੋਗ ਸਭਿ ਨਿਵਾਰੇ ॥
ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥}

(ਅੰਗ - ੧੦੬)

39/4796

{ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥ ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥
ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥੩੯॥੪੬॥}

(ਅੰਗ - ੧੦੮)

{ਜਗ ਮਹਿ ਆਇਆ ਸੋ ਪਰਵਾਣੁ ॥ ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥

ਕਹੁ ਨਾਨਕ ਜਾ ਕੇ ਪੂਰਨ ਭਾਗ ॥ ਹਰਿ ਚਰਣੀ ਤਾ ਕਾ ਮਨੁ ਲਾਗ ॥੪॥੯੦॥੧੫੯॥}

(ਅੰਗ - ੧੯੮)

{ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥
ਵਾਸੁਦੇਵ ਜਲ ਥਲ ਮਹਿ ਰਵਿਆ ॥ ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥
ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥
ਵਰਨ ਚਿਹਨ ਸਗਲਹ ਤੇ ਰਹਤਾ ॥ ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥}

(ਅੰਗ - ੨੫੯)

{ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥
ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ ॥
ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ ॥੩॥੧॥੧੩੦॥}

(ਅੰਗ - ੪੦੪)

{ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ - ੪੮੫)

{ਪੂਰਨ ਪੂਰਿ ਰਹਿਓ ਸ੍ਰਬ ਥਾਈ ਆਨ ਨ ਕਤਹੂੰ ਜਾਤਾ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰੰਗਿ ਰਵਿਓ ਰੰਗਿ ਰਾਤਾ ॥੩॥
ਭਏ ਕ੍ਰਿਪਾਲ ਦਇਆਲ ਗੁਪਾਲਾ ਤਾ ਨਿਰਭੈ ਕੈ ਘਰਿ ਆਇਆ ॥
ਕਲਿ ਕਲੇਸ ਮਿਟੇ ਖਿਨ ਭੀਤਰਿ ਨਾਨਕ ਸਹਜਿ ਸਮਾਇਆ ॥੪॥੫॥੬॥}

(ਅੰਗ ੪੯੬-੪੯੭)

{ਸਮਰਥ ਅਥਾਹ ਬਡਾ ਪ੍ਰਭੁ ਮੇਰਾ ॥ ਘਟ ਘਟ ਅੰਤਰਿ ਸਾਹਿਬੁ ਨੇਰਾ ॥
ਤਾਕੀ ਸਰਨਿ ਆਸਰ ਪ੍ਰਭ ਨਾਨਕ ਜਾ ਕਾ ਅੰਤੁ ਨ ਪਾਰਾਵਾਰ ॥੨॥੩॥੩੬॥}

(ਅੰਗ - ੫੩੫)

{ਘਟ ਘਟ ਅੰਤਰਿ ਮੇਰਾ ਸੁਆਮੀ ਵੂਠਾ ॥ ਨਾਨਕ ਨਾਮੁ ਪਾਇਆ ਪ੍ਰਭੁ ਤੂਠਾ ॥੪॥੬॥}

(ਅੰਗ - ੫੬੩)

{ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥}

(ਅੰਗ - ੫੯੭)

{ਏਕ ਬਿਨਾ ਦੂਜਾ ਨਹੀ ਜਾਨੈ ॥ ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥੨॥
ਜੋ ਕਿਛੁ ਕਰੈ ਸੋਈ ਭਲ ਮਾਨੈ ॥ ਆਦਿ ਅੰਤ ਕੀ ਕੀਮਤਿ ਜਾਨੈ ॥੩॥
ਕਹੁ ਨਾਨਕ ਤਿਸੁ ਜਨ ਬਲਿਹਾਰੀ ॥ ਜਾ ਕੈ ਹਿਰਦੈ ਵਸਹਿ ਮੁਰਾਰੀ ॥੪॥੧੫॥੨੧॥}

(ਅੰਗ - ੭੪੧)

{ਹਰਿ ਜੀਉ ਸੇਵੀਐ ਅੰਤਰਜਾਮੀ ॥ ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥
ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥ ਸਾਚਾ ਨਾਮੁ ਸਾਚੈ ਸਬਦਿ ਜਾਨੈ ॥
ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥}

(ਅੰਗ ੮੩੨-੮੩੩)

39/4797

{ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥}

(ਅੰਗ - ੮੩੩)

{ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥
ਤੀਨਿ ਗੁਣਾ ਇਕ ਸਕਤਿ ਉਪਾਇਆ ॥ ਮਹਾ ਮਾਇਆ ਤਾ ਕੀ ਹੈ ਛਾਇਆ ॥}

(ਅੰਗ - ੮੬੮)

{ਘਟ ਘਟ ਅੰਤਰਿ ਸਗਲ ਪ੍ਰਗਾਸ ॥ ਜਪਿ ਜਪਿ ਜੀਵਹਿ ਭਗਤ ਗੁਣਤਾਸ ॥
ਜਾ ਕੀ ਸੇਵ ਨ ਬਿਰਥੀ ਜਾਇ ॥ ਮਨ ਤਨ ਅੰਤਰਿ ਏਕੁ ਧਿਆਇ ॥੩॥
ਗੁਰ ਉਪਦੇਸਿ ਦਇਆ ਸੰਤੋਖੁ ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥
ਕਰਿ ਕਿਰਪਾ ਲੀਜੈ ਲੜਿ ਲਾਇ ॥ ਚਰਨ ਕਮਲ ਨਾਨਕ ਨਿਤ ਧਿਆਇ ॥੪॥੪੨॥੫੫॥}

(ਅੰਗ - ੧੧੫੨)

{ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥
ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥
ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥
ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥
ਏਕੋ ਏਕੁ ਵਰਤੈ ਹਰਿ ਲੋਇ ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥੪॥੧॥}

(ਅੰਗ - ੧੧੭੭)

{ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ ॥
ਘਟਿ ਘਟਿ ਆਤਮ ਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ ਰੀਤਿ ॥
ਹਰਿ ਨਿਕਟਿ ਵਸੈ ਜਗਜੀਵਨਾ ਪਰਗਾਸੁ ਕੀਓ ਗੁਰ ਮੀਤਿ ॥
ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥
ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥੧॥}

(ਅੰਗ ੧੩੧੬-੧੩੧੭)

{ਚੂਕਾ ਗਉਣੁ ਮਿਟਿਆ ਅੰਧਿਆਰੁ ॥ ਗੁਰਿ ਦਿਖਲਾਇਆ ਮੁਕਤਿ ਦੁਆਰੁ ॥
ਹਰਿ ਪ੍ਰੇਮ ਭਗਤਿ ਮਨੁ ਤਨੁ ਸਦ ਰਾਤਾ ॥ ਪ੍ਰਭੂ ਜਨਾਇਆ ਤਬ ਹੀ ਜਾਤਾ ॥੨॥
ਘਟਿ ਘਟਿ ਅੰਤਰਿ ਰਵਿਆ ਸੋਇ ॥ ਤਿਸੁ ਬਿਨੁ ਬੀਜੋ ਨਾਹੀ ਕੋਇ ॥
ਬੈਰ ਬਿਰੋਧ ਛੇਦੇ ਭੈ ਭਰਮਾਂ ॥ ਪ੍ਰਭਿ ਪੁੰਨਿ ਆਤਮੈ ਕੀਨੇ ਧਰਮਾ ॥੩॥
ਮਹਾ ਤਰੰਗ ਤੇ ਕਾਂਢੈ ਲਾਗਾ ॥ ਜਨਮ ਜਨਮ ਕਾ ਟੂਟਾ ਗਾਂਢਾ ॥
ਜਪੁ ਤਪੁ ਸੰਜਮੁ ਨਾਮੁ ਸਮ੍ਹਾਲਿਆ ॥ ਅਪੁਨੈ ਠਾਕੁਰਿ ਨਦਰਿ ਨਿਹਾਲਿਆ ॥੪॥}

(ਅੰਗ - ੧੩੪੮)

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ - ੧੩੫੧)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥
ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥}

(ਅੰਗ - ੧੪੨੪)

{ਹਰਿ ਊਤਮੁ ਹਰਿ ਪ੍ਰਭ ਨਾਮੁ ਹੈ ਗੁਰ ਬਚਨਿ ਸਭਾਗੈ ਲੀਤਾ ॥
ਦੁਖੁ ਦਾਲਦੁ ਸਭੋ ਲਹਿ ਗਇਆ ਜਾਂ ਨਾਉ ਗੁਰੂ ਹਰਿ ਦੀਤਾ ॥}

(ਅੰਗ - ੧੩੧੭)

{ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥
ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥ ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ ॥
ਸਤਿਗੁਰਿ ਮਿਲਿਐ ਨਾਮੁ ਊਪਜੈ ਤ੍ਰਿਸਨਾ ਭੁਖ ਸਭ ਜਾਇ ॥ ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੨॥}

(ਅੰਗ - ੧੩੧੭)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥}

(ਅੰਗ - ੧੪੧੪)

39/4798

{ਹਰਿ ਪ੍ਰਭ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ ॥
ਮੈ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੇਇ ॥੧॥}

(ਅੰਗ - ੧੩੧੭)

{ਕਿਉ ਪਾਈਐ ਕਿਉ ਦੇਖੀਐ ਮੇਰਾ ਹਰਿ ਪ੍ਰਭੁ ਸੁਘੜੁ ਸੁਜਾਣੀ ॥
ਹਰਿ ਮੇਲਿ ਦਿਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ ॥
ਤਿਨ ਵਿਟਹੁ ਨਾਨਕੁ ਵਾਰਿਆ ਜੋ ਜਪਦੇ ਹਰਿ ਨਿਰਬਾਣੀ ॥੧੦॥}

(ਅੰਗ - ੧੩੧੭)

{ਹਰਿ ਨਿਕਟਿ ਵਸੈ ਜਗਜੀਵਨਾ ਪਰਗਾਸੁ ਕੀਓ ਗੁਰ ਮੀਤਿ ॥
ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥
ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥੧॥}

(ਅੰਗ ੧੩੧੬-੧੩੧੭)

{ਹਰਿ ਅਗਮੁ ਧਿਆਇਆ ਗੁਰਮਤੀ ਤਿਸੁ ਰੂਪੁ ਨਹੀ ਪ੍ਰਭ ਰੇਖਿਆ ॥
ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ ॥}

(ਅੰਗ - ੧੩੧੬)

{ਹਰਿ ਹਰਿ ਨਾਮ ਅਸੰਖ ਹਰਿ ਹਰਿ ਕੇ ਗੁਨ ਕਥਨੁ ਨ ਜਾਹਿ ॥
ਹਰਿ ਹਰਿ ਅਗਮੁ ਅਗਾਧਿ ਹਰਿ ਜਨ ਕਿਤੁ ਬਿਧਿ ਮਿਲਹਿ ਮਿਲਾਹਿ ॥
ਹਰਿ ਹਰਿ ਜਸੁ ਜਪਤ ਜਪੰਤ ਜਨ ਇਕੁ ਤਿਲੁ ਨਹੀ ਕੀਮਤਿ ਪਾਇ ॥}

(ਅੰਗ - ੧੩੧੬)

{ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ ॥
ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ ॥
ਆਦਿ ਜੁਗਾਦਿ ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ ॥}

(ਅੰਗ - ੧੩੧੫)

{ਹਰਿ ਪ੍ਰਭੁ ਸਜਣੁ ਨਾਮੁ ਹਰਿ ਮੈ ਮਨਿ ਤਨਿ ਨਾਮੁ ਸਰੀਰਿ ॥
ਸਭਿ ਆਸਾ ਗੁਰਮੁਖਿ ਪੂਰੀਆ ਜਨ ਨਾਨਕ ਸੁਣਿ ਹਰਿ ਧੀਰ ॥੨॥}

(ਅੰਗ - ੧੩੧੫)

{ਸਭ ਆਸਾ ਮਨਸਾ ਵਿਸਰੀ ਮਨਿ ਚੂਕਾ ਆਲ ਜੰਜਾਲੁ ॥
ਗੁਰਿ ਤੁਠੈ ਨਾਮੁ ਦ੍ਰਿੜਾਇਆ ਹਮ ਕੀਏ ਸਬਦਿ ਨਿਹਾਲੁ ॥}

(ਅੰਗ - ੧੩੧੫)

{ਰਾਮ ਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ ॥
ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ ॥

ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ ॥
ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ ॥
ਸਭਿ ਚਵਹੁ ਮੁਖਹੁ ਜਗੰਨਾਥੁ ਜਗੰਨਾਥੁ ਜਗਜੀਵਨੋ ਜਿਤੁ ਭਵਜਲ ਪਾਰਿ ਉਤਾਰਾ ॥੪॥}

(ਅੰਗ - ੧੩੧੪)

{ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥
ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥
ਵਡਭਾਗੀ ਜਿਨ ਹਰਿ ਧਿਆਇਆ ਤਿਨ ਸਉਪਿਆ ਹਰਿ ਭੰਡਾਰੁ ॥
ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ ॥
ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ ॥
ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ ॥
ਜਿਨਿ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ ॥੨॥}

(ਅੰਗ - ੧੩੧੪)

39/4799

{ਮਨਿ ਹਰਿ ਹਰਿ ਨਾਮੁ ਧਿਆਇਆ ਬਿਖੁ ਹਉਮੈ ਕਢੀ ਮਾਰਿ ॥
ਜਿਨ ਹਰਿ ਹਰਿ ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭੁ ਹਾਰਿ ॥}

(ਅੰਗ - ੧੩੧੪)

{ਤੂੰ ਥਾਨ ਥਨੰਤਰਿ ਭਰਪੂਰੁ ਹਹਿ ਕਰਤੇ ਸਭ ਤੇਰੀ ਬਣਤ ਬਣਾਵਣੀ ॥
ਰੰਗ ਪਰੰਗ ਸਿਸਟਿ ਸਭ ਸਾਜੀ ਬਹੁ ਬਹੁ ਬਿਧਿ ਭਾਂਤਿ ਉਪਾਵਣੀ ॥
ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ ਗੁਰਮਤੀ ਤੁਧੈ ਲਾਵਣੀ ॥
ਜਿਨ ਹੋਹਿ ਦਇਆਲੁ ਤਿਨ ਸਤਿਗੁਰੁ ਮੇਲਹਿ ਮੁਖਿ ਗੁਰਮੁਖਿ ਹਰਿ ਸਮਝਾਵਣੀ ॥
ਸਭਿ ਬੋਲਹੁ ਰਾਮ ਰਮੋ ਸ੍ਰੀ ਰਾਮ ਰਮੋ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਵਣੀ ॥੩॥}

(ਅੰਗ - ੧੩੧੪)

{ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥
ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੫੦॥}

(ਅੰਗ - ੧੪੧੯)

{ਸਤਿਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥
ਹਰਿ ਜਨ ਨਾਚਹੁ ਹਰਿ ਹਰਿ ਧਿਆਇ ॥
ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ ॥੧॥ ਰਹਾਉ ॥}

(ਅੰਗ - ੩੬੮)

{ਸਚਿ ਰਤੀਆ ਸੋਹਾਗਣੀ ਜਿਨਾ ਗੁਰ ਕੈ ਸਬਦਿ ਸੀਗਾਰਿ ॥
ਘਰ ਹੀ ਸੋ ਪਿਰੁ ਪਾਇਆ ਸਚੈ ਸਬਦਿ ਵੀਚਾਰਿ ॥੧॥
ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ ਲਾਈ ॥
ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ ॥੧॥ ਰਹਾਉ ॥
ਇਕਿ ਪਿਰੁ ਹਦੂਰਿ ਨ ਜਾਣਨ੍ਹੀ ਦੂਜੈ ਭਰਮਿ ਭੁਲਾਇ ॥ ਕਿਉ ਪਾਇਨ੍ਹਿ ਡੋਹਾਗਣੀ ਦੁਖੀ ਰੈਣਿ ਵਿਹਾਇ ॥੨॥
ਜਿਨ ਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ ॥ ਅਨਦਿਨੁ ਸੇਵਹਿ ਸਹਜ ਸਿਉ ਸਚੇ ਮਾਹਿ ਸਮਾਇ ॥੩॥
ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ॥ ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ ॥੪॥
ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ ਭੁਲਾਹਿ ॥ ਗੁਰ ਪੂਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ ਵਸਾਹਿ ॥੫॥
ਸੋਹਾਗਣੀ ਸਦਾ ਪਿਰੁ ਪਾਇਆ ਹਉਮੈ ਆਪੁ ਗਵਾਇ ॥
ਪਿਰ ਸੇਤੀ ਅਨਦਿਨੁ ਗਹਿ ਰਹੀ ਸਚੀ ਸੇਜ ਸੁਖੁ ਪਾਇ ॥੬॥ ਮੇਰੀ ਮੇਰੀ ਕਰਿ ਗਏ ਪਲੈ ਕਿਛੁ ਨ ਪਾਇ ॥
ਮਹਲੁ ਨਾਹੀ ਡੋਹਾਗਣੀ ਅੰਤਿ ਗਈ ਪਛੁਤਾਇ ॥੭॥ ਸੋ ਪਿਰੁ ਮੇਰਾ ਏਕੁ ਹੈ ਏਕਸੁ ਸਿਉ ਲਿਵ ਲਾਇ ॥
ਨਾਨਕ ਜੇ ਸੁਖੁ ਲੋੜਹਿ ਕਾਮਣੀ ਹਰਿ ਕਾ ਨਾਮੁ ਮੰਨਿ ਵਸਾਇ ॥੮॥੧੧॥੩੩॥}

(ਅੰਗ ੪੨੭-੪੨੮)

{ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ ਰੰਗਨਾ ॥

ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ ॥
ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ ॥
ਸੇਵਕੁ ਠਾਕੁਰੁ ਸਭੁ ਤੂਹੈ ਤੂਹੈ ਗੁਰਮਤੀ ਹਰਿ ਚੰਗ ਚੰਗਨਾ ॥
ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ ਰਿਖੀਕੇਸੁ ਹਰੇ ਜਿਤੁ ਪਾਵਹਿ ਸਭ ਫਲ ਫਲਨਾ ॥੨॥}

(ਅੰਗ - ੧੩੧੩)

{ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ ॥ ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ ॥
ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ ॥੧॥}

(ਅੰਗ - ੧੩੧੩)

{ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੰ ਨਿਧਿ ਪਾਈ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ ॥}

(ਅੰਗ - ੫੭੨)

{ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥ ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥
ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥੧॥ ਰਹਾਉ ॥
ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥
ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥
ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥ ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥੯॥੩੯॥}

(ਅੰਗ - ੮੧੦)

{ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ ॥
ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮ੍ਹਾਰੇ ॥੧॥ ਰਹਾਉ ॥
ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ਮੈ ਹਰਿ ਹਰਿ ਨਾਮੁ ਪਿਆਰੇ ॥
ਦੀਨ ਦਇਆਲ ਭਏ ਪ੍ਰਭ ਠਾਕੁਰ ਗੁਰ ਕੈ ਸਬਦਿ ਸਵਾਰੇ ॥੧॥}

(ਅੰਗ - ੯੮੦)

{ਸਾਚ ਪਦਾਰਥੁ ਗੁਰਮੁਖਿ ਲਹਹੁ ॥ ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥੧॥
ਜੀਵਤ ਜੀਵਤ ਜੀਵਤ ਰਹਹੁ ॥ ਰਾਮ ਰਸਾਇਣੁ ਨਿਤ ਉਠਿ ਪੀਵਹੁ ॥
ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥੧॥ ਰਹਾਉ ॥}

(ਅੰਗ - ੧੧੩੮)

39/4800

{ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ ॥
ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥੧॥}

(ਅੰਗ - ੧੨੧੮)

{ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ ॥

ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥੫॥}

(ਅੰਗ - ੧੩੧੧)

{ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ ॥ ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ ॥
ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ ॥੧॥}

(ਅੰਗ - ੧੩੧੩)

{ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ ॥
ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਧਿ ਦੀਜੈ ॥੭॥
ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ ਤਿਨ੍ ਦੀਜੈ ॥
ਰਾਮ ਨਾਮ ਤੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ ॥੮॥੧॥}

(ਅੰਗ - ੧੩੨੩)

{ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ ॥
ਮਿਟੰਤਿ ਤਤ੍ਰਾਗਤ ਭਰਮ ਮੋਹੰ ॥ ਭਗਵਾਨ ਰਮਣੰ ਸਰਬਤ੍ਰ ਥਾਨ੍ਹਿੰ ॥
ਦ੍ਰਿਸਟ ਤੁਯੰ ਅਮੋਘ ਦਰਸਨੰ ਬਸੰਤ ਸਾਧ ਰਸਨਾ ॥ ਹਰਿ ਹਰਿ ਹਰਿ ਹਰੇ ਨਾਨਕ ਪ੍ਰਿਅੰ ਜਾਪੁ ਜਪਨਾ ॥੮॥}

(ਅੰਗ - ੧੩੫੪)

{ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ ॥
ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ ॥
ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ ॥
ਸਤਿਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥
ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭਿ ਪਾਪ ਲਹੋਗੀਆ ॥੧॥}

(ਅੰਗ - ੧੩੧੩)

{ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥
ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥}

(ਅੰਗ - ੫੬੫)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥੩॥

ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}

(ਅੰਗ - ੭੩੨)

{ਗੋਵਿੰਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ ਗੁਣੀ ਨਿਧਾਨੁ ॥
ਗੋਵਿਦੁ ਗੋਵਿਦੁ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥
ਗੋਵਿਦੁ ਗੋਵਿਦੁ ਗੋਵਿਦੁ ਜਪਿ ਮੁਖੁ ਊਜਲਾ ਪਰਧਾਨੁ ॥
ਨਾਨਕ ਗੁਰੁ ਗੋਵਿੰਦੁ ਹਰਿ ਜਿਤੁ ਮਿਲਿ ਹਰਿ ਪਾਇਆ ਨਾਮੁ ॥੨॥}

(ਅੰਗ ੧੩੧੨-੧੩੧੩)

{ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥
ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥੧੫॥}

(ਅੰਗ - ੭੨੬)

{ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ ॥
ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ ॥੧੯॥}

(ਅੰਗ - ੭੨੬)

39/4801

{ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ ॥
ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ ॥
ਗੁਰਮੁਖਾ ਮਨਿ ਪਰਤੀਤਿ ਹੈ ਗੁਰਿ ਪੂਰੈ ਨਾਮਿ ਸਮਾਣੀ ॥੧॥ ਮਨ ਮੇਰੇ ਮੈ ਹਰਿ ਹਰਿ ਕਥਾ ਮਨਿ ਭਾਣੀ ॥
ਹਰਿ ਹਰਿ ਕਥਾ ਨਿਤ ਸਦਾ ਕਰਿ ਗੁਰਮੁਖਿ ਅਕਥ ਕਹਾਣੀ ॥੧॥ ਰਹਾਉ ॥}

(ਅੰਗ ੯੯੬-੯੯੭)

{ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ ॥
ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥ ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥
ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥}

(ਅੰਗ - ੧੩੧੨)

{ਸੇ ਉਧਰੇ ਜਿਨਿ ਰਾਮ ਧਿਆਏ ॥ ਜਤਨ ਮਾਇਆ ਕੇ ਕਾਮਿ ਨ ਆਏ ॥
ਰਾਮ ਧਿਆਏ ਸਭਿ ਫਲ ਪਾਏ ਧਨਿ ਧੰਨਿ ਤੇ ਬਡਭਾਗੀਆ ॥
ਸਤਸੰਗਿ ਜਾਗੇ ਨਾਮਿ ਲਾਗੇ ਏਕ ਸਿਉ ਲਿਵ ਲਾਗੀਆ ॥
ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨ ਪਾਏ ॥੧॥}

(ਅੰਗ - ੧੩੧੨)

{ਮੰਗਲਚਾਰ ਚੋਜ ਆਨੰਦਾ ॥ ਕਰਿ ਕਿਰਪਾ ਮਿਲੇ ਪਰਮਾਨੰਦਾ ॥
ਪ੍ਰਭ ਮਿਲੇ ਸੁਆਮੀ ਸੁਖਹਗਾਮੀ ਇਛ ਮਨ ਕੀ ਪੁੰਨੀਆ ॥
ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ ॥

ਲੇ ਕੰਠਿ ਲਾਏ ਸੁਖ ਦਿਖਾਏ ਬਿਕਾਰ ਬਿਨਸੇ ਮੰਦਾ ॥
ਬਿਨਵੰਤਿ ਨਾਨਕ ਮਿਲੇ ਸੁਆਮੀ ਪੁਰਖ ਪਰਮਾਨੰਦਾ ॥੪॥੧॥}

(ਅੰਗ - ੧੩੧੨)

{ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ ॥
ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ ॥੭॥
ਰਾਮ ਨਾਮੁ ਸਭ ਜਗ ਕਾ ਤਾਰਕੁ ਲਗਿ ਸੰਗਤਿ ਨਾਮੁ ਧਿਆਵੈਗੋ ॥
ਨਾਨਕ ਰਾਖੁ ਰਾਖੁ ਪ੍ਰਭ ਮੇਰੇ ਸਤਿਸੰਗਤਿ ਰਾਖਿ ਸਮਾਵੈਗੋ ॥੮॥੬॥ ਛਕਾ ੧ ॥}

(ਅੰਗ - ੧੩੧੧)

{ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰੁ ਬਚਨੁ ਬਚਨੁ ਹੈ ਸਤਿਗੁਰੁ ਪਾਧਰੁ ਮੁਕਤਿ ਜਨਾਵੈਗੋ ॥੫॥
ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥}

(ਅੰਗ - ੧੩੦੯)

{ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ ॥
ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ ॥੩॥}

(ਅੰਗ - ੧੩੧੦)

{ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥
ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥}

(ਅੰਗ - ੧੩੧੦)

{ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥
ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥੧॥}

(ਅੰਗ - ੧੩੦੯)

{ਕਰਤ ਕਰਤ ਚਰਚ ਚਰਚ ਚਰਚਰੀ ॥
ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥੧॥ ਰਹਾਉ ॥
ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ ॥
ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥੧॥}

(ਅੰਗ - ੧੩੦੮)

{ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ ॥੧॥
ਆਇ ਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ ॥ ਛੁਟਕੀ ਹਉਮੈ ਸੋਰੋ ॥
ਗਾਇਓ ਰੀ ਗਾਇਓ ਪ੍ਰਭ ਨਾਨਕ ਗੁਨੀ ਗਹੇਰੋ ॥੨॥੪॥੪੩॥}

(ਅੰਗ - ੧੩੦੬)

{ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥}

(ਅੰਗ - ੧੩੦੫)

{ਤਿਖ ਬੂਝਿ ਗਈ ਗਈ ਮਿਲਿ ਸਾਧ ਜਨਾ ॥
ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ ॥੧॥ ਰਹਾਉ ॥}

(ਅੰਗ - ੧੩੦੫)

{ਐਸੀ ਕਉਨ ਬਿਧੇ ਦਰਸਨ ਪਰਸਨਾ ॥੧॥ ਰਹਾਉ ॥
ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ ॥੧॥
ਦੀਨ ਲੀਨ ਪਿਆਸ ਮੀਨ ਸੰਤਨਾ ਹਰਿ ਸੰਤਨਾ ॥ ਹਰਿ ਸੰਤਨਾ ਕੀ ਰੇਨ ॥ ਹੀਉ ਅਰਪਿ ਦੇਨ ॥
ਪ੍ਰਭ ਭਏ ਹੈ ਕਿਰਪੇਨ ॥ ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ ਭੇਟਨਾ ॥੨॥੨॥੩੫॥}

(ਅੰਗ - ੧੩੦੫)

{ਅਵਰ ਓਟ ਮੈ ਕੋਇ ਨ ਸੂਝੈ ਇਕ ਹਰਿ ਕੀ ਓਟ ਮੈ ਆਸ ॥ ਕਿਆ ਦੀਨੁ ਕਰੇ ਅਰਦਾਸਿ ॥
ਜਉ ਸਭ ਘਟਿ ਪ੍ਰਭੂ ਨਿਵਾਸ ॥ ਪ੍ਰਭ ਚਰਨਨ ਕੀ ਮਨਿ ਪਿਆਸ ॥
ਜਨ ਨਾਨਕ ਦਾਸੁ ਕਹੀਅਤੁ ਹੈ ਤੁਮ੍ਰਾ ਹਉ ਬਲਿ ਬਲਿ ਸਦ ਬਲਿ ਜਾਸ ॥੨॥੧॥੩੩॥}

(ਅੰਗ - ੧੩੦੪)

{ਜੀਅ ਪ੍ਰਾਨ ਮਾਨ ਦਾਤਾ ॥ ਹਰਿ ਬਿਸਰਤੇ ਹੀ ਹਾਨਿ ॥੧॥ ਰਹਾਉ ॥
ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥
ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥੧॥ ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥
ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥}

(ਅੰਗ ੧੩੦੩-੧੩੦੪)

{ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ ॥੧॥ ਰਹਾਉ ॥
ਅਹੰ ਮਤ ਅਨ ਰਤ ਕੁਮਿਤ ਹਿਤ ਪ੍ਰੀਤਮ ਪੇਖਤ ਭ੍ਰਮਤ ਲਾਖ ਗਰੀਆ ॥੧॥}

(ਅੰਗ - ੧੩੦੩)

{ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥ ਮਾਇਆ ਕਾਰਣਿ ਪੜਿ ਪੜਿ ਲੂਝਹਿ ॥
ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥}

(ਅੰਗ - ੧੦੫੦)

{ਬੂਡਤ ਪ੍ਰਾਨੀ ਹਰਿ ਜਪਿ ਧੀਰੈ ॥ ਬਿਨਸੈ ਮੋਹੁ ਭਰਮੁ ਦੁਖੁ ਪੀਰੈ ॥੧॥ ਰਹਾਉ ॥}

(ਅੰਗ - ੧੩੦੩)

{ਸਾਜਨ ਮੀਤ ਸੁਆਮੀ ਨੇਰੋ ॥ ਪੇਖਤ ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ ਫੇਰੋ ॥੧॥ ਰਹਾਉ ॥
ਨਾਮ ਬਿਨਾ ਜੇਤੋ ਲਪਟਾਇਓ ਕਛੂ ਨਹੀ ਨਾਹੀ ਕਛੁ ਤੇਰੋ ॥
ਆਗੈ ਦ੍ਰਿਸਟਿ ਆਵਤ ਸਭ ਪਰਗਟੁ ਈਹਾ ਮੋਹਿਓ ਭਰਮ ਅੰਧੇਰੋ ॥੧॥
ਅਟਕਿਓ ਸੁਤ ਬਨਿਤਾ ਸੰਗ ਮਾਇਆ ਦੇਵਨਹਾਰੁ ਦਾਤਾਰੁ ਬਿਸੇਰੋ ॥
ਕਹੁ ਨਾਨਕ ਏਕੈ ਭਾਰੋਸਉ ਬੰਧਨ ਕਾਟਨਹਾਰੁ ਗੁਰੁ ਮੇਰੋ ॥੨॥੬॥੨੫॥}

(ਅੰਗ ੧੩੦੨-੧੩੦੩)

{ਆਨਦ ਰੰਗ ਬਿਨੋਦ ਹਮਾਰੈ ॥ ਨਾਮੋ ਗਾਵਨੁ ਨਾਮੁ ਧਿਆਵਨੁ ਨਾਮੁ ਹਮਾਰੇ ਪ੍ਰਾਨ ਅਧਾਰੈ ॥੧॥ ਰਹਾਉ ॥
ਨਾਮੋ ਗਿਆਨੁ ਨਾਮੁ ਇਸਨਾਨਾ ਹਰਿ ਨਾਮੁ ਹਮਾਰੇ ਕਾਰਜ ਸਵਾਰੈ ॥
ਹਰਿ ਨਾਮੋ ਸੋਭਾ ਨਾਮੁ ਬਡਾਈ ਭਉਜਲੁ ਬਿਖਮੁ ਨਾਮੁ ਹਰਿ ਤਾਰੈ ॥੧॥
ਅਗਮ ਪਦਾਰਥ ਲਾਲ ਅਮੋਲਾ ਭਇਓ ਪਰਾਪਤਿ ਗੁਰ ਚਰਨਾਰੈ ॥
ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ ਮਗਨ ਭਏ ਹੀਅਰੈ ਦਰਸਾਰੈ ॥੨॥੫॥੨੪॥}

(ਅੰਗ - ੧੩੦੨)

{ਕਹਨ ਕਹਾਵਨ ਕਉ ਕਈ ਕੇਤੈ ॥ ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥੧॥ ਰਹਾਉ ॥
ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥ ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥
ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨॥੩॥੨੨॥}

(ਅੰਗ - ੧੩੦੨)

39/4803

{ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ ॥
ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ ॥੧॥
ਕਰਤ ਰਹੇ ਕ੍ਰਤਗ੍ ਕਰੁਣਾ ਮੈ ਅੰਤਰਜਾਮੀ ਗ੍ਯਾਨ ॥
ਆਠ ਪਹਰ ਨਾਨਕ ਜਸੁ ਗਾਵੈ ਮਾਂਗਨ ਕਉ ਹਰਿ ਦਾਨ ॥੨॥੨॥੨੧॥}

(ਅੰਗ - ੧੩੦੨)

{ਤੇਰਾ ਕੀਤਾ ਜਿਸੁ ਲਾਗੈ ਮੀਠਾ ॥ ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ ॥
ਥਾਨਿ ਥਨੰਤਰਿ ਤੂੰਹੈ ਤੂੰਹੈ ਇਕੋ ਇਕੁ ਵਰਤਾਵਣਿਆ ॥੨॥}

(ਅੰਗ - ੧੩੧)

{ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥
ਜੀਉ ਪਿੰਡੁ ਸਭ ਤਿਸ ਕੀ ਰਾਸਿ ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥}

(ਅੰਗ - ੨੭੭)

{ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥}

(ਅੰਗ - ੧੩੩੪)

{ਨ ਜਾਨੀ ਸੰਤਨ ਪ੍ਰਭ ਬਿਨੁ ਆਨ ॥ ਊਚ ਨੀਚ ਸਭ ਪੇਖਿ ਸਮਾਨੋ ਮੁਖਿ ਬਕਨੋ ਮਨਿ ਮਾਨ ॥੧॥ ਰਹਾਉ ॥}

(ਅੰਗ - ੧੩੦੨)

{ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥
ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥੨॥੮॥੧੯॥}

(ਅੰਗ - ੧੩੦੧)

{ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ ਤਿਆਗੀ ॥
ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ ॥੧॥}

(ਅੰਗ - ੧੩੦੧)

{ਚਰਨ ਸਰਨ ਗੋਪਾਲ ਤੇਰੀ ॥ ਮੋਹ ਮਾਨ ਧੋਹ ਭਰਮ ਰਾਖਿ ਲੀਜੈ ਕਾਟਿ ਬੇਰੀ ॥੧॥ ਰਹਾਉ ॥}

(ਅੰਗ - ੧੩੦੧)

{ਸਾਜਨਾ ਸੰਤ ਆਉ ਮੇਰੈ ॥੧॥ ਰਹਾਉ ॥ ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ ॥੧॥
ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥੨॥
ਸੰਤ ਪ੍ਰਸਾਦਿ ਕਮਲੁ ਬਿਗਸੈ ਗੋਬਿੰਦ ਭਜਉ ਪੇਖਿ ਨੇਰੈ ॥੩॥
ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ ॥੪॥੫॥੧੬॥}

(ਅੰਗ - ੧੩੦੧)

{ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ ॥੨॥
ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸਾਂਤਿ ॥੩॥}

(ਅੰਗ - ੧੩੦੦)

{ਸੰਤ ਰੇਨੁ ਨਿਤਿ ਮਜਨੁ ਕਰੈ ॥ ਜਨਮ ਜਨਮ ਕੇ ਕਿਲਬਿਖ ਹਰੈ ॥੧॥
ਸੰਤ ਜਨਾ ਕੀ ਊਚੀ ਬਾਨੀ ॥ ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ ॥੨॥੨॥੧੩॥}

(ਅੰਗ - ੧੩੦੦)

39/4804

{ਸੰਤ ਜਨੀ ਕੀਆ ਉਪਦੇਸੁ ॥ ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥
ਹਰਿ ਭਗਤਿਹੀਨ ਉਦਿਆਨ ਥਾਨੁ ॥ ਗੁਰ ਪ੍ਰਸਾਦਿ ਘਟਿ ਘਟਿ ਪਛਾਨੁ ॥੨॥}

(ਅੰਗ - ੧੧੮੩)

{ਕਥੀਐ ਸੰਤਸੰਗਿ ਪ੍ਰਭ ਗਿਆਨੁ ॥ ਪੂਰਨ ਪਰਮ ਜੋਤਿ ਪਰਮੇਸੁਰ ਸਿਮਰਤ ਪਾਈਐ ਮਾਨੁ ॥੧॥ ਰਹਾਉ ॥
ਆਵਤ ਜਾਤ ਰਹੇ ਸ੍ਰਮ ਨਾਸੇ ਸਿਮਰਤ ਸਾਧੂ ਸੰਗਿ ॥
ਪਤਿਤ ਪੁਨੀਤ ਹੋਹਿ ਖਿਨ ਭੀਤਰਿ ਪਾਰਬ੍ਰਹਮ ਕੈ ਰੰਗਿ ॥੧॥
ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥੨॥੧॥੧੨॥}

(ਅੰਗ - ੧੩੦੦)

{ਤੇਰੋ ਜਨੁ ਹਰਿ ਜਸੁ ਸੁਨਤ ਉਮਾਹਿਓ ॥੧॥ ਰਹਾਉ ॥
ਮਨਹਿ ਪ੍ਰਗਾਸੁ ਪੇਖਿ ਪ੍ਰਭ ਕੀ ਸੋਭਾ ਜਤ ਕਤ ਪੇਖਉ ਆਹਿਓ ॥੧॥
ਸਭ ਤੇ ਪਰੈ ਪਰੈ ਤੇ ਊਚਾ ਗਹਿਰ ਗੰਭੀਰ ਅਥਾਹਿਓ ॥੨॥
ਓਤਿ ਪੋਤਿ ਮਿਲਿਓ ਭਗਤਨ ਕਉ ਜਨ ਸਿਉ ਪਰਦਾ ਲਾਹਿਓ ॥੩॥
ਗੁਰ ਪ੍ਰਸਾਦਿ ਗਾਵੈ ਗੁਣ ਨਾਨਕ ਸਹਜ ਸਮਾਧਿ ਸਮਾਹਿਓ ॥੪॥੬॥}

(ਅੰਗ - ੧੨੯੯)

{ਸੋਈ ਕੁਸਲੁ ਜੁ ਪ੍ਰਭ ਜੀਉ ਕਰਨਾ ॥੧॥ ਸਫਲ ਹੋਤ ਇਹ ਦੁਰਲਭ ਦੇਹੀ ॥
ਜਾ ਕਉ ਸਤਿਗੁਰੁ ਮਇਆ ਕਰੇਹੀ ॥੨॥ ਅਗਿਆਨ ਭਰਮੁ ਬਿਨਸੈ ਦੁਖ ਡੇਰਾ ॥
ਜਾ ਕੈ ਹ੍ਰਿਦੈ ਬਸਹਿ ਗੁਰ ਪੈਰਾ ॥੩॥}

(ਅੰਗ - ੧੨੯੮-੧੨੯੯)

{ਜਪਿ ਮਨ ਗੋਬਿਦ ਮਾਧੋ ॥ ਹਰਿ ਹਰਿ ਅਗਮ ਅਗਾਧੋ ॥
ਮਤਿ ਗੁਰਮਤਿ ਹਰਿ ਪ੍ਰਭੁ ਲਾਧੋ ॥ ਧੁਰਿ ਹੋ ਹੋ ਲਿਖੇ ਲਿਲਾਧੋ ॥੧॥ ਰਹਾਉ ॥}

(ਅੰਗ - ੧੨੯੭)

{ਹਰਿ ਤੁਮ ਵਡ ਵਡੇ ਵਡੇ ਵਡ ਊਚੇ ਸੋ ਕਰਹਿ ਜਿ ਤੁਧੁ ਭਾਵੀਸ ॥
ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ ਧਨੁ ਧੰਨੁ ਧਨੁ ਧੰਨੁ ਗੁਰੂ ਸਾਬੀਸ ॥੨॥੨॥੯॥}

(ਅੰਗ - ੧੨੯੭)

{ਮੇਰੇ ਮਨ ਹਰਿ ਹਰਿ ਰਾਮ ਨਾਮੁ ਜਪਿ ਚੀਤਿ ॥
ਹਰਿ ਹਰਿ ਵਸਤੁ ਮਾਇਆ ਗੜਿ੍ ਵੇੜ੍ੀ ਗੁਰ ਕੈ ਸਬਦਿ ਲੀਓ ਗੜੁ ਜੀਤਿ ॥੧॥ ਰਹਾਉ ॥}

(ਅੰਗ - ੧੨੯੫)

{ਹਮ ਹਰਿ ਸੁਆਮੀ ਪ੍ਰੀਤਿ ਲਗਾਈ ਜਿਤਨੇ ਸਾਸ ਲੀਏ ਹਮ ਗ੍ਰਾਸ ॥
ਕਿਲਬਿਖ ਦਹਨ ਭਏ ਖਿਨ ਅੰਤਰਿ ਤ੍ਰੁਟਿ ਗਏ ਮਾਇਆ ਕੇ ਫਾਸ ॥੨॥}

(ਅੰਗ - ੧੨੯੫)

{ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾ ਮਲੁ ਲਹੀਆ ॥
ਹਉਮੈ ਦੁਰਤੁ ਗਇਆ ਸਭੁ ਨੀਕਰਿ ਜਿਉ ਸਾਬੁਨਿ ਕਾਪਰੁ ਕਰਿਆ ॥੩॥}

(ਅੰਗ - ੧੨੯੪)

{ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧੁ}

(ਅੰਗ - ੧੨੯੧)

{ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥}

(ਅੰਗ - ੧੨੯੧)

39/4805

{ਸਭੋ ਵਰਤੈ ਚਲਤੁ ਚਲਤੁ ਵਖਾਣਿਆ ॥ ਪਾਰਬ੍ਰਹਮੁ ਪਰਮੇਸਰੁ ਗੁਰਮੁਖਿ ਜਾਣਿਆ ॥
ਲਥੇ ਸਭਿ ਵਿਕਾਰ ਸਬਦਿ ਨੀਸਾਣਿਆ ॥ ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ॥
ਸਿਮਰਿ ਸਿਮਰਿ ਦਾਤਾਰੁ ਸਭਿ ਰੰਗ ਮਾਣਿਆ ॥ ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ ॥
ਆਪੇ ਬਖਸਿ ਮਿਲਾਏ ਸਦ ਕੁਰਬਾਣਿਆ ॥ ਨਾਨਕ ਲਏ ਮਿਲਾਇ ਖਸਮੈ ਭਾਣਿਆ ॥੨੭॥}

(ਅੰਗ - ੧੨੯੧)

{ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥ ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥ ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥ ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥ ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥੧॥}

(ਅੰਗ - ੧੨੯੧)

{ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥}

(ਅੰਗ - ੧੨੯੦)

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}

(ਅੰਗ - ੧੨੯੦)

{ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥ ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥
ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥
ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥
ਆਇਆ ਉਠੀ ਖੇਲੁ ਫਿਰੈ ਉਵਤਿਆ ॥ ਨਾਨਕ ਸਚੈ ਮੇਲੁ ਸਚੈ ਰਤਿਆ ॥੨੪॥}

(ਅੰਗ - ੧੨੮੯)

{ਅਜਰੁ ਜਰੈ ਤ ਨਉ ਕੁਲ ਬੰਧੁ ॥ ਪੂਜੈ ਪ੍ਰਾਣ ਹੋਵੈ ਥਿਰੁ ਕੰਧੁ ॥
ਕਹਾਂ ਤੇ ਆਇਆ ਕਹਾਂ ਏਹੁ ਜਾਣੁ ॥ ਜੀਵਤ ਮਰਤ ਰਹੈ ਪਰਵਾਣੁ ॥
ਹੁਕਮੈ ਬੂਝੈ ਤਤੁ ਪਛਾਣੈ ॥ ਇਹੁ ਪਰਸਾਦੁ ਗੁਰੂ ਤੇ ਜਾਣੈ ॥
ਹੋਂਦਾ ਫੜੀਅਗੁ ਨਾਨਕ ਜਾਣੁ ॥ ਨਾ ਹਉ ਨਾ ਮੈ ਜੂਨੀ ਪਾਣੁ ॥੨॥}

(ਅੰਗ - ੧੨੮੯)

{ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥
ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥ ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥
ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥

ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥
ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥ ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥
ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥ ਅਕਥ ਕੀ ਕਥਾ ਸੁਣੇਇ ॥
ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥੧॥}

(ਅੰਗ - ੧੨੮੯)

{ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥ ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥ ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥}

(ਅੰਗ - ੧੨੮੮)

{ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥
ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥}

(ਅੰਗ - ੧੨੮੭)

{ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥ ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥
ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥}

(ਅੰਗ - ੧੨੮੭)

{ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥
ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥}

(ਅੰਗ - ੧੦੧੬)

39/4806

{ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥ ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥
ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ ਜੋਤੀ ਜੋਤਿ ਮਿਲਾਈ ॥
ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ ॥
ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥
ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ ॥ ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ ॥੨੦॥}

(ਅੰਗ - ੧੨੮੭)

{ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥
ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥}

(ਅੰਗ - ੧੨੮੬)

{ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥

ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥ ਅੰਧੀ ਫੂਕਿ ਮੁਈ ਦੇਵਾਨੀ ॥
ਖਸਮਿ ਮਿਟੀ ਫਿਰਿ ਭਾਨੀ ॥ ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥ ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥
ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥ ਅੰਧਾ ਕਿਸ ਨੋ ਬੁਕਿ ਸੁਣਾਵੈ ॥
ਖਸਮੈ ਮੂਲਿ ਨ ਭਾਵੈ ॥ ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥ ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥
ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥ ਮਖੀ ਮਿਠੈ ਮਰਣਾ ॥
ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥}

(ਅੰਗ - ੧੨੮੬)

ਪਉੜੀ ॥

{ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ ॥ ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥
ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥
ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥ ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥
ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥
ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ॥ ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥੧੯॥}

(ਅੰਗ - ੧੨੮੬)

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ - ੧੨੮੬)

{ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥
ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥ ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥}

(ਅੰਗ - ੧੨੮੬)

{ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥
ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥ ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥
ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥ ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥
ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥}

(ਅੰਗ - ੧੨੮੫)

{ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥ ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥
ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥ ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥
ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥}

(ਅੰਗ - ੧੨੮੫)

{ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥ ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥੨॥}

(ਅੰਗ - ੪੨੬)

{ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ ॥
ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ ॥ ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ ॥੨॥}

(ਅੰਗ - ੧੨੮੫)

{ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ ॥ ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ ॥
ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ ॥ ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ ॥
ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ॥
ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ ॥੫੫॥}

(ਅੰਗ ੧੪੧੯-੧੪੨੦)

39/4807

{ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ ॥
ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰੁ ॥ ਤਿਸ ਚੁਕੈ ਸਹਜੁ ਊਪਜੈ ਚੁਕੈ ਕੂਕ ਪੁਕਾਰ ॥
ਨਾਨਕ ਗੁਰਮੁਖਿ ਸਾਂਤਿ ਹੋਇ ਨਾਮੁ ਰਖਹੁ ਉਰਿ ਧਾਰਿ ॥੫੪॥}

(ਅੰਗ - ੧੪੧੯)

{ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥੨॥}

(ਅੰਗ - ੧੨੮੩)

{ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ ॥ ਇਹੁ ਬਾਬੀਂਹਾ ਪਸੂ ਹੈ ਇਸ ਨੋ ਬੂਝਣੁ ਨਾਹਿ ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥
ਨਾਨਕ ਗੁਰਮੁਖਿ ਜਿਨ੍ ਪੀਆ ਤਿਨ੍ ਬਹੁੜਿ ਨ ਲਾਗੀ ਆਇ ॥੧॥}

(ਅੰਗ - ੧੨੮੩)

{ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ ॥
ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ ॥
ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ ॥ ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ ॥੧॥}

(ਅੰਗ - ੧੨੮੩)

{ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ ॥
ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ ॥ ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ ॥
ਨਾਨਕ ਨਾਮਿ ਰਤੇ ਸਹਜੇ ਮਿਲੇ ਸਬਦਿ ਗੁਰੂ ਕੈ ਘਾਲ ॥੧॥}

(ਅੰਗ - ੧੨੮੩)

{ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ ॥ ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥

ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ ॥
ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥੧॥}

(ਅੰਗ - ੧੨੮੪)

{ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥
ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ ॥ ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ॥
ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ ॥
ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ ॥੨॥}

(ਅੰਗ - ੧੨੮੨)

{ਇਹੁ ਜਲੁ ਸਭ ਤੈ ਵਰਸਦਾ ਵਰਸੈ ਭਾਇ ਸੁਭਾਇ ॥ ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥
ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥੧॥}

(ਅੰਗ - ੧੨੮੨)

{ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥ ਗੁਰਮੁਖਿ ਨਾਮੁ ਧਿਆਇ ਤੁਝੈ ਸਮਾਇਆ ॥
ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ ॥ ਜਲਾ ਬਿੰਬੁ ਅਸਰਾਲੁ ਤਿਨੈ ਵਰਤਾਇਆ ॥
ਨੀਲੁ ਅਨੀਲੁ ਅਗੰਮੁ ਸਰਜੀਤੁ ਸਬਾਇਆ ॥ ਅਗਨਿ ਉਪਾਈ ਵਾਦੁ ਭੁਖ ਤਿਹਾਇਆ ॥
ਦੁਨੀਆ ਕੈ ਸਿਰਿ ਕਾਲੁ ਦੂਜਾ ਭਾਇਆ ॥ ਰਖੈ ਰਖਣਹਾਰੁ ਜਿਨਿ ਸਬਦੁ ਬੁਝਾਇਆ ॥੯॥}

(ਅੰਗ - ੧੨੮੨)

{ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ ॥੧॥}

(ਅੰਗ - ੧੨੮੨)

{ਆਪੇ ਜਗਤੁ ਉਪਾਇ ਕੈ ਗੁਣ ਅਉਗਣ ਕਰੇ ਬੀਚਾਰੁ ॥ ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥
ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥ ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥
ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ ॥ ਜਿਨੀ ਪੁਰਖੀ ਉਰਿ ਧਾਰਿਆ ਸਚਾ ਅਲਖ ਅਪਾਰੁ॥
ਤੂ ਗੁਣਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ ॥ ਜਿਸੁ ਬਖਸੇ ਸੋ ਪਾਇਸੀ ਗੁਰ ਸਬਦੀ ਵੀਚਾਰੁ ॥੧੩॥}

(ਅੰਗ - ੧੨੮੪)

39/4808

{ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ ॥ ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ ॥
ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ ॥੮॥}

(ਅੰਗ - ੧੨੮੨)

{ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ ॥ ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ ॥
ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ ॥ ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥
ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ ॥}

(ਅੰਗ - ੧੨੮੨)

{ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ ॥
ਗੁਰਮੁਖਿ ਜਿਨ੍ੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ ॥
ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ ॥੨॥}

(ਅੰਗ - ੧੨੮੧)

{ਸਚਾ ਸਾਹਿਬੁ ਮਨਿ ਵਸੈ ਤਾਂ ਮਨਿ ਚਿੰਦਿਆ ਫਲੁ ਪਾਇ ॥
ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ ॥੧॥}

(ਅੰਗ - ੧੨੮੧)

{ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ ਧਾਰ ॥
ਸਾਚਾ ਸਾਹਿਬੁ ਮਨਿ ਵਸੈ ਭਾਈ ਏਹਾ ਕਰਣੀ ਸਾਰ ॥
ਜਿਤੁ ਤਨਿ ਨਾਮੁ ਨ ਊਪਜੈ ਭਾਈ ਸੇ ਤਨ ਹੋਏ ਛਾਰ ॥
ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ ॥੧॥}

(ਅੰਗ - ੬੦੮)

{ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥
ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ ॥
ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ॥
ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥
ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ ॥
ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ ॥੩॥}

(ਅੰਗ - ੪੩੯)

{ਗੁਰਮੁਖਿ ਹਰਿ ਪ੍ਰਭੁ ਮਨਿ ਵਸੈ ਤਾਂ ਸਦਾ ਸਦਾ ਸੁਖੁ ਹੋਇ ॥
ਸਹਸਾ ਮੂਲਿ ਨ ਹੋਵਈ ਸਭ ਚਿੰਤਾ ਵਿਚਹੁ ਜਾਇ ॥}

(ਅੰਗ - ੧੨੮੧)

{ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮਕਾਲੁ ॥
ਸਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ ॥
ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ ॥੧॥
ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ ॥
ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ ॥੧॥ ਰਹਾਉ ॥}

(ਅੰਗ - ੫੨)

{ਹਰਿ ਜੀਉ ਸਚਾ ਸਚੁ ਤੂ ਸਚੇ ਲੈਹਿ ਮਿਲਾਇ ॥
ਦੂਜੈ ਦੂਜੀ ਤਰਫ ਹੈ ਕੂੜਿ ਮਿਲੈ ਨ ਮਿਲਿਆ ਜਾਇ ॥

ਆਪੇ ਜੋੜਿ ਵਿਛੋੜਿਐ ਆਪੇ ਕੁਦਰਤਿ ਦੇਇ ਦਿਖਾਇ ॥
ਮੋਹੁ ਸੋਗੁ ਵਿਜੋਗੁ ਹੈ ਪੂਰਬਿ ਲਿਖਿਆ ਕਮਾਇ ॥
ਹਉ ਬਲਿਹਾਰੀ ਤਿਨ ਕਉ ਜੋ ਹਰਿ ਚਰਣੀ ਰਹੈ ਲਿਵ ਲਾਇ ॥
ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ ॥
ਸੇ ਸੁਖੀਏ ਸਦਾ ਸੋਹਣੇ ਜਿਨ੍ ਵਿਚਹੁ ਆਪੁ ਗਵਾਇ ॥
ਤਿਨ੍ ਸੋਗੁ ਵਿਜੋਗੁ ਕਦੇ ਨਹੀ ਜੋ ਹਰਿ ਕੈ ਅੰਕਿ ਸਮਾਇ ॥੭॥}

(ਅੰਗ - ੧੨੮੧)

39/4809

{ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ ॥
ਅਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ ॥ ਗੁਰ ਪਰਸਾਦੀ ਪਾਈਐ ਵਿਰਲਾ ਬੂਝੈ ਕੋਇ ॥
ਬਹਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖੁ ਹੋਇ ॥
ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ ॥੧॥}

(ਅੰਗ - ੧੨੮੧)

{ਰਸਿ ਚੂਗਹਿ ਮਨਮੁਖਿ ਗਾਵਾਰਿ ॥ ਫਾਥੀ ਛੂਟਹਿ ਗੁਣ ਗਿਆਨ ਬੀਚਾਰਿ ॥੫॥}

(ਅੰਗ - ੧੨੭੫)

{ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥
ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ ਸਤਿਗੁਰੁ ਸੇਵਨਿ ਆਪਣਾ ਤਿਨ੍ਾ ਵਿਟਹੁ ਹਉ ਵਾਰਿਆ ॥੫॥}

(ਅੰਗ - ੧੨੮੦)

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥}

(ਅੰਗ - ੨੭)

{ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥
ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥ ਜਿਨ ਗੁਣ ਤਿਨ ਸਦ ਮਨਿ ਵਸੈ ਅਉਗਣਵੰਤਿਆ ਦੂਰਿ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥}

(ਅੰਗ - ੨੭)

{ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥}

(ਅੰਗ - ੩੭)

{ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥
ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗਣ ਕਢਾ ਧੋਇ ॥ ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥
ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥}

(ਅੰਗ - ੩੭)

{ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥
ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥
ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ ॥੨॥ ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥ ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥
ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥੩॥}

(ਅੰਗ - ੧੬੩)

{ਗੁਰ ਕੀ ਬਾਣੀ ਨਾਮਿ ਵਜਾਏ ॥ ਨਾਨਕ ਮਹਲੁ ਸਬਦਿ ਘਰੁ ਪਾਏ ॥

ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥੪॥੫॥੪੪॥}

(ਅੰਗ - ੩੬੨)

{ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੈ ਫਾਸ ॥ ਗੁਰਮਤੀ ਸੋ ਜਨੁ ਤਰੈ ਜੋ ਦਾਸਨਿ ਦਾਸ ॥
ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ ॥੪॥੩॥੯॥੪੭॥}

(ਅੰਗ - ੧੬੬)

{ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥}

(ਅੰਗ - ੮੧੪)

39/4810

{ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥}

(ਅੰਗ - ੮੧੪)

{ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ॥ ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ ॥
ਸਤਿਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥ ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥੪॥}

(ਅੰਗ - ੧੨੮੦)

{ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥}

(ਅੰਗ ੧੨੭੯-੧੨੮੦)

{ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ ਬੈਠਾ ਤਾੜੀ ਲਾਇ ਕਵਲੁ ਛਪਾਇਆ ॥
ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥ ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥
ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥
ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ ਸਚੇ ਹੀ ਪਤੀਆਇ ਸਚਿ ਸਮਾਇਆ ॥੨॥}

(ਅੰਗ - ੧੨੭੯)

{ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥
ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥ ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥
ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥}

(ਅੰਗ - ੧੨੭੯)

{ਆਪਸ ਕਉ ਆਪੁ ਮਿਲਾਇਆ ॥ ਭ੍ਰਮ ਭੰਜਨ ਹਰਿ ਰਾਇਆ ॥
ਆਚਰਜ ਸੁਆਮੀ ਅੰਤਰਜਾਮੀ ਮਿਲੇ ਗੁਣ ਨਿਧਿ ਪਿਆਰਿਆ ॥
ਮਹਾ ਮੰਗਲ ਸੂਖ ਉਪਜੇ ਗੋਬਿੰਦ ਗੁਣ ਨਿਤ ਸਾਰਿਆ ॥}

(ਅੰਗ - ੧੨੭੮)

{ਮਨੁ ਮੋਹਿ ਲੀਨਾ ਚਰਨ ਸੰਗੇ ਨਾਮ ਰਸਿ ਜਨ ਮਾਤੇ ॥

ਨਾਨਕ ਪ੍ਰੀਤਮ ਕ੍ਰਿਪਾਲ ਸਦਹੂੰ ਕਿਨੈ ਕੋਟਿ ਮਧੇ ਜਾਤੇ ॥੧॥}

(ਅੰਗ - ੧੨੭੮)

{ਬਿਨੁ ਪਿਰ ਕਾਮਣਿ ਕਰੇ ਸੰਗੀਗਾਰੁ ॥ ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥
ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥
ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰ ਧਾਰਿ ॥
ਏਕੁ ਪਛਾਣੈ ਹਉਮੈ ਮਾਰਿ ॥ ਸੋਭਾਵੰਤੀ ਕਹੀਐ ਨਾਰਿ ॥੩॥
ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥
ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥
ਕਹਿ ਕਹਿ ਕਹਣੁ ਕਹੈ ਸਭੁ ਕੋਇ ॥ ਬਿਨੁ ਮਨ ਮੂਏ ਭਗਤਿ ਨ ਹੋਇ ॥
ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥
ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥
ਸੇ ਭਗਤ ਸਤਿਗੁਰ ਮਨਿ ਭਾਏ ॥ ਅਨਦਿਨੁ ਨਾਮਿ ਰਹੇ ਲਿਵ ਲਾਏ ॥
ਸਦ ਹੀ ਨਾਮੁ ਵੇਖਹਿ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥
ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥
ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੧॥੩॥੫॥੮॥}

(ਅੰਗ ੧੨੭੭-੧੨੭੮)

{ਬਿਨੁ ਸਤਿਗੁਰ ਕਿਨੈ ਨ ਪਾਇਓ ਮਨਿ ਵੇਖਹੁ ਕੋ ਪਤੀਆਇ ॥
ਹਰਿ ਕਿਰਪਾ ਤੇ ਸਤਿਗੁਰੁ ਪਾਈਐ ਭੇਟੈ ਸਹਜਿ ਸੁਭਾਇ ॥
ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ ॥੫॥}

(ਅੰਗ - ੧੨੭੭)

{ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥ ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥}

(ਅੰਗ - ੧੨੭੭)

{ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥
ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ ॥
ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥}

(ਅੰਗ - ੧੨੭੭)

39/4811

{ਹਰਿ ਨਾਵੈ ਨੋ ਸਭੁ ਕੋ ਪਰਤਾਪਦਾ ਵਿਣੁ ਭਾਗਾਂ ਪਾਇਆ ਨ ਜਾਇ ॥
ਨਦਰਿ ਕਰੇ ਗੁਰੁ ਭੇਟੀਐ ਹਰਿ ਨਾਮੁ ਵਸੈ ਮਨਿ ਆਇ ॥
ਨਾਨਕ ਨਾਮੇ ਹੀ ਪਤਿ ਊਪਜੈ ਹਰਿ ਸਿਉ ਰਹਾਂ ਸਮਾਇ ॥੮॥੨॥}

(ਅੰਗ - ੧੨੭੭)

{ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥ ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥੨॥
ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥
ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥੩॥
ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ - ੧੨੭੬)

{ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ ॥
ਆਪੇ ਕਰਤਾ ਕਰੇ ਕਰਾਏ ॥ ਜੋ ਤਿਸੁ ਭਾਵੈ ਤਿਸੈ ਖਵਾਏ ॥੩॥
ਨਾਨਕ ਜਿਸ ਨੋ ਨਦਰਿ ਕਰੇਇ ॥ ਅੰਮ੍ਰਿਤ ਨਾਮੁ ਆਪੇ ਦੇਇ ॥
ਬਿਖਿਆ ਕੀ ਬਾਸਨਾ ਮਨਹਿ ਕਰੇਇ ॥ ਅਪਣਾ ਭਾਣਾ ਆਪਿ ਕਰੇਇ ॥੪॥੧॥}

(ਅੰਗ - ੧੧੭੨)

{ਰਸਿ ਚੂਗਹਿ ਮਨਮੁਖਿ ਗਾਵਾਰਿ ॥ ਫਾਥੀ ਛੂਟਹਿ ਗੁਣ ਗਿਆਨ ਬੀਚਾਰਿ ॥੫॥}

(ਅੰਗ - ੧੨੭੫)

{ਗੁਰਮਤਿ ਸਾਚੀ ਸਬਦੁ ਹੈ ਸਾਰੁ ॥ ਹਰਿ ਕਾ ਨਾਮੁ ਰਖੈ ਉਰਿ ਧਾਰਿ ॥੭॥}

(ਅੰਗ - ੧੨੭੫)

{ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥
ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥
ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥੬॥}

(ਅੰਗ - ੧੨੭੫)

{ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਉ ਬਿਨੁ ਮਿਲੇ ਨੰਦ ਨ ਪਾਈ ॥੭॥
ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥੮॥
ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥
ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ॥੧੦॥੩॥}

(ਅੰਗ - ੧੨੭੪)

{ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥
ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥
ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥}

(ਅੰਗ - ੧੨੭੪)

{ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥
ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ ॥੨॥

ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ ॥
ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥੩॥}

(ਅੰਗ - ੧੨੭੩)

{ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥
ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥}

(ਅੰਗ - ੧੨੭੪)

{ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥
ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੮॥
ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥
ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨॥}

(ਅੰਗ - ੧੨੭੪)

{ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥
ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥੭॥
ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈ ॥
ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ॥੮॥੧॥}

(ਅੰਗ - ੧੨੭੩)

39/4812

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}

(ਅੰਗ - ੧੩)

{ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ ॥
ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ ॥੫॥
ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈ ॥
ਪ੍ਰਿਉ ਨਾਲੇ ਸਦ ਹੀ ਸਚਿ ਸੰਗੇ ਨਦਰੀ ਮੇਲਿ ਮਿਲਾਈ ॥੬॥}

(ਅੰਗ - ੧੨੭੩)

{ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥੧॥ ਰਹਾਉ ॥
ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥੧॥ ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥੨॥
ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥੩॥੮॥੩੦॥}

(ਅੰਗ - ੧੨੭੩)

{ਪਾਰਬ੍ਰਹਮ ਭਏ ਦਇਆਲ ॥ ਬਿਨਸਿ ਗਏ ਬਿਖੈ ਜੰਜਾਲ ॥
ਸਾਧ ਜਨਾਂ ਕੈ ਚਰਨ ਲਾਗਿ ॥ ਨਾਨਕ ਗਾਵੈ ਗੋਬਿੰਦ ਨੀਤ ॥੨॥੬॥੨੮॥}

(ਅੰਗ - ੧੨੭੨)

{ਛੋਡਿ ਮਾਨੁ ਤਜਿ ਗੁਮਾਨੁ ਮਿਲਿ ਸਾਧੂਆ ਕੈ ਸੰਗਿ ॥ ਹਰਿ ਸਿਮਰਿ ਏਕ ਰੰਗਿ ਮਿਟਿ ਜਾਂਹਿ ਦੋਖ ਮੀਤ ॥੧॥}

(ਅੰਗ - ੧੨੭੨)

{ਘਨਘੋਰ ਪ੍ਰੀਤਿ ਮੋਰ ॥ ਚਿਤੁ ਚਾਤ੍ਰਿਕ ਬੂੰਦ ਓਰ ॥ ਐਸੋ ਹਰਿ ਸੰਗੇ ਮਨ ਮੋਹ ॥
ਤਿਆਗਿ ਮਾਇਆ ਧੋਹ ॥ ਮਿਲਿ ਸੰਤ ਨਾਨਕ ਜਾਗਿਆ ॥੨॥੫॥੨੭॥}

(ਅੰਗ - ੧੨੭੨)

{ਮਨੁ ਘਨੈ ਝੂਮੈ ਬਨੈ ॥ ਉਮਕਿ ਤਰਸਿ ਚਾਲੈ ॥ ਪ੍ਰਭ ਮਿਲਬੇ ਕੀ ਚਾਹ ॥੧॥ ਰਹਾਉ ॥
ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ ॥੧॥ ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ ॥
ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ ॥੨॥੨॥੨੪॥}

(ਅੰਗ - ੧੨੭੨)

{ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ ॥ ਕੀਨੋ ਰੀ ਸਗਲ ਸੰਜੋਗਾਰ ॥
ਤਜਿਓ ਰੀ ਸਗਲ ਬਿਕਾਰ ॥
ਧਾਵਤੋ ਅਸਥਿਰੁ ਥੀਆ ॥੧॥ ਰਹਾਉ ॥ ਐਸੇ ਰੇ ਮਨ ਪਾਇ ਕੈ ਆਪੁ ਗਵਾਇ ਕੈ ਕਰਿ ਸਾਧਨ ਸਿਉ ਸੰਗੁ ॥
ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ ॥੧॥}

(ਅੰਗ - ੧੨੭੧)

{ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥
ਕਰਿ ਕਿਰਪਾ ਗੁਰ ਚਰਣ ਨਿਵਾਸਿ ॥ ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥}

(ਅੰਗ - ੧੨੭੧)

{ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ ॥
ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਰਭਾ ॥੩॥}

(ਅੰਗ - ੧੩੩੭)

{ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥
ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥
ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥
ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥ ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥
ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥}

(ਅੰਗ - ੮੬੪)

39/4813

{ਏਕੋ ਕਰਤਾ ਆਪੇ ਆਪ ॥ ਹਰਿ ਕੇ ਭਗਤ ਜਾਣਹਿ ਪਰਤਾਪ ॥
ਨਾਵੈ ਕੀ ਪੈਜ ਰਖਦਾ ਆਇਆ ॥ ਨਾਨਕੁ ਬੋਲੈ ਤਿਸ ਕਾ ਬੋਲਾਇਆ ॥੪॥੩॥੨੧॥}

(ਅੰਗ - ੧੨੭੧)

{ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥}

(ਅੰਗ - ੧੨੭੦)

{ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥
ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥੧॥ ਰਹਾਉ ॥}

(ਅੰਗ - ੧੨੭੦)

{ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥ ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥
ਗੁਰਮੁਖਿ ਨਾਦ ਬੇਦ ਬੀਚਾਰੁ ॥ ਬਿਨੁ ਗੁਰ ਪੂਰੇ ਘੋਰ ਅੰਧਾਰੁ ॥੧॥}

(ਅੰਗ - ੧੨੭੦)

{ਅੰਗੀਕਾਰੁ ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ ॥
ਮਹਾ ਅਨੰਦ ਕਰਹੁ ਦਾਸ ਹਰਿ ਕੇ ਨਾਨਕ ਬਿਸ੍ਵਾਸੁ ਮਨਿ ਆਇਓ ॥੨॥੧੪॥੧੮॥}

(ਅੰਗ - ੧੨੭੦)

{ਅੰਤਰਜਾਮੀ ਸਭ ਮਹਿ ਵਰਤੈ ਤਾਂ ਭਉ ਕੈਸਾ ਭਾਈ ॥
ਸੰਗਿ ਸਹਾਈ ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾਈਂ ॥੧॥}

(ਅੰਗ - ੧੨੬੯)

{ਬਹੁ ਬਿਧਿ ਮਾਇਆ ਮੋਹ ਹਿਰਾਨੋ ॥ ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥੧॥ ਰਹਾਉ ॥
ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ ॥
ਲੋਗ ਦੁਰਾਇ ਕਰਤ ਠਗਿਆਈ ਹੋਤੋਂ ਸੰਗਿ ਨ ਜਾਨੋ ॥੧॥}

(ਅੰਗ - ੧੨੬੯)

{ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥ ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥
ਤਟ ਤੀਰਥ ਭਵੇ ਸਭ ਧਰਨਾ ॥ ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥੩॥ ਮਾਇਆ ਮੋਹਿ ਸਭੋ ਜਗੁ ਬਾਧਾ ॥
ਹਉਮੈ ਪਚੈ ਮਨਮੁਖ ਮੂਰਾਖਾ ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥}

(ਅੰਗ - ੩੯੪)

{ਆਜੁ ਮੈ ਬੈਸਿਓ ਹਰਿ ਹਾਟ ॥ ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ ॥੧॥ ਰਹਾਉ ॥
ਧਾਰਿ ਅਨੁਗ੍ਰਹੁ ਪਾਰਬ੍ਰਹਮਿ ਰਾਖੇ ਭ੍ਰਮ ਕੇ ਖੁਲ੍ਹੇ ਕਪਾਟ ॥
ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ ॥੧॥
ਸਰਨਿ ਗਹੀ ਅਚੁਤ ਅਬਿਨਾਸੀ ਕਿਲਬਿਖ ਕਾਢੇ ਹੈ ਛਾਂਟਿ ॥
ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ ਮਾਟ ॥੨॥੧੦॥੧੪॥}

(ਅੰਗ - ੧੨੬੯)

{ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ ॥
ਦੀਨ ਦਇਆਲ ਜਪਹਿ ਕਰੁਣਾ ਮੈ ਨਾਨਕ ਸਦ ਬਲਿਹਾਰੇ ॥੨॥੯॥੧੩॥}

(ਅੰਗ - ੧੨੬੯)

{ਮਨਿ ਤਨਿ ਰਵਿ ਰਹਿਆ ਜਗਦੀਸੁਰ ਪੇਖਤ ਸਦਾ ਹਜੂਰੇ ॥
ਨਾਨਕ ਰਵਿ ਰਹਿਓ ਸਭ ਅੰਤਰਿ ਸਰਬ ਰਹਿਆ ਭਰਪੂਰੇ ॥੨॥੮॥੧੨॥}

(ਅੰਗ - ੧੨੬੯)

{ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ ॥
ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ ॥੧॥}

(ਅੰਗ - ੮੨੯)

39/4814

{ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥
ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥੪॥੩॥}

(ਅੰਗ - ੪੩੭)

{ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥
ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ ॥੧॥}

(ਅੰਗ - ੪੩੭)

{ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥
ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥ ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ॥
ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ - ੪੩੭)

{ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂਹੈ ਪੜੀਐ ॥
ਤੂ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗੜੀਐ ॥}

(ਅੰਗ - ੩੦੧)

{ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥
ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥੧੬॥੪੯॥}

(ਅੰਗ - ੩੨)

{ਜਿਨ ਕਉ ਪਿਆਸ ਤੁਮਾਰੀ ਪ੍ਰੀਤਮ ਤਿਨ ਕਉ ਅੰਤਰੁ ਨਾਹੀ ॥
ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਂਹੀਂ ॥੧॥}

(ਅੰਗ - ੧੨੬੮)

{ਇਕੁ ਪਲੁ ਬਿਸਰਤ ਨਹੀ ਸੁਖ ਸਾਗਰੁ ਨਾਮੁ ਨਵੈ ਨਿਧਿ ਪਾਈ ॥
ਉਦੌਤੁ ਭਇਓ ਪੂਰਨ ਭਾਵੀ ਕੋ ਭੇਟੇ ਸੰਤ ਸਹਾਈ ॥੧॥
ਸੁਖ ਉਪਜੇ ਦੁਖ ਸਗਲ ਬਿਨਾਸੇ ਪਾਰਬ੍ਰਹਮ ਲਿਵ ਲਾਈ ॥
ਤਰਿਓ ਸੰਸਾਰੁ ਕਠਿਨ ਭੈ ਸਾਗਰੁ ਹਰਿ ਨਾਨਕ ਚਰਨ ਧਿਆਈ ॥੨॥੬॥੧੦॥}

(ਅੰਗ - ੧੨੬੮)

{ਦੁਸਮਨ ਹਤੇ ਦੋਖੀ ਸਭਿ ਵਿਆਪੇ ਹਰਿ ਸਰਣਾਈ ਆਇਆ ॥
ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ ॥੧॥

ਕਰਿ ਕਿਰਪਾ ਕਿਲਵਿਖ ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ ॥
ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖੁ ਨ ਥੀਆ ॥੨॥੪॥੮॥}

(ਅੰਗ - ੧੨੬੮)

{ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ ਆਇਓ ਕਿਰਪਾ ਧਾਰੇ ॥
ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ ॥੨॥੩॥੭॥}

(ਅੰਗ - ੧੨੬੮)

{ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ ॥
ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੰਨੀ ਇਹ ਹਉਮੈ ਕੀ ਢੀਠਾਈ ॥੧॥}

(ਅੰਗ - ੧੨੬੭)

39/4815

{ਹੈ ਨਾਹੀ ਕੋਊ ਬੂਝਨਹਾਰੋ ਜਾਨੈ ਕਵਨੁ ਭਤਾ ॥
ਸਿਵ ਬਿਰੰਚਿ ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ ॥੧॥
ਪ੍ਰਭ ਕੀ ਅਗਮ ਅਗਾਧਿ ਕਥਾ ॥ ਸੁਨੀਐ ਅਵਰ ਅਵਰ ਬਿਧਿ ਬੁਝੀਐ ਬਕਨ ਕਥਨ ਰਹਤਾ ॥੧॥ ਰਹਾਉ ॥
ਆਪੇ ਭਗਤਾ ਆਪਿ ਸੁਆਮੀ ਆਪਨ ਸੰਗਿ ਰਤਾ ॥
ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ ਪੇਖਿਓ ਜਤ੍ਰ ਕਤਾ ॥੨॥੨॥੧੧॥}

(ਅੰਗ - ੪੯੮)

{ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥
ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥੨॥
ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥
ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ ॥੩॥੪॥}

(ਅੰਗ - ੧੨੬੭)

{ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥੧੦॥
ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥
ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥੧੧॥}

(ਅੰਗ - ੧੦੬੦)

{ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ ॥
ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥
ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ ॥
ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ ॥੪॥੩॥}

(ਅੰਗ - ੧੨੬੭)

{ਹਰਿ ਕਾ ਨਾਮੁ ਅਗੋਚਰੁ ਪਾਇਆ ਗੁਰਮੁਖਿ ਸਹਜਿ ਸੁਭਾਈ ॥

ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ ॥
ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥੩॥}

(ਅੰਗ - ੧੨੬੫)

{ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥
ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥
ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ ॥
ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ ॥੨॥}

(ਅੰਗ - ੧੨੬੫)

{ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥
ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥}

(ਅੰਗ - ੧੨੬੫)

{ਮੇਰੈ ਮਨਿ ਅਨਦਿਨੁ ਅਨਦੁ ਭਇਆ ॥
ਗੁਰ ਪਰਸਾਦਿ ਨਾਮੁ ਹਰਿ ਜਪਿਆ ਮੇਰੇ ਮਨ ਕਾ ਭ੍ਰਮੁ ਭਉ ਗਇਆ ॥੧॥ ਰਹਾਉ ॥}

(ਅੰਗ - ੧੨੬੪)

{ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥
ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪॥੫॥}

(ਅੰਗ - ੧੨੬੪)

{ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥
ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥੩॥}

(ਅੰਗ - ੧੨੬੪)

39/4816

{ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ ॥
ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਂਤਿ ॥੨॥}

(ਅੰਗ - ੧੨੬੪)

{ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥
ਤਿਨ੍ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ ॥੧॥ ਰਹਾਉ ॥}

(ਅੰਗ - ੧੨੬੪)

{ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥}

(ਅੰਗ - ੧੨੬੪)

{ਹਰਿ ਹਰਿ ਆਨਿ ਮਿਲਾਵਹੁ ਗੁਰੁ ਸਾਧੂ ਜਿਸੁ ਅਹਿਨਿਸਿ ਹਰਿ ਉਰਿ ਧਾਰੀ ॥

ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ ਜਿਉ ਬਾਰਿਕੁ ਦੇਖਿ ਮਹਤਾਰੀ ॥੩॥
ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥}

(ਅੰਗ - ੧੨੬੩)

{ਅਨਦਿਨੁ ਹਰਿ ਹਰਿ ਧਿਆਇਓ ਹਿਰਦੈ ਮਤਿ ਗੁਰਮਤਿ ਦੂਖ ਵਿਸਾਰੀ ॥
ਸਭ ਆਸਾ ਮਨਸਾ ਬੰਧਨ ਤੂਟੇ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ ਨੈਨੀ ਹਰਿ ਹਰਿ ਲਾਗੀ ਤਾਰੀ ॥
ਸਤਿਗੁਰੁ ਦੇਖਿ ਮੇਰਾ ਮਨੁ ਬਿਗਸਿਓ ਜਨੁ ਹਰਿ ਭੇਟਿਓ ਬਨਵਾਰੀ ॥੧॥ ਰਹਾਉ ॥}

(ਅੰਗ - ੧੨੬੨)

{ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥ ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥}

(ਅੰਗ - ੧੨੬੨)

{ਗੁਰੁ ਮਾਨੈ ਮਾਨੈ ਸਭੁ ਕੋਇ ॥ ਗੁਰ ਬਚਨੀ ਮਨੁ ਸੀਤਲੁ ਹੋਇ ॥
ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ ॥ ਨਾਨਕ ਗੁਰਮੁਖਿ ਵਿਰਲਾ ਕੋਇ ॥੫॥੪॥੧੩॥੯॥੧੩॥੨੨॥}

(ਅੰਗ - ੧੨੬੨)

{ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥
ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥}

(ਅੰਗ - ੯੪੬)

{ਅਪੁਨੇ ਸਤਿਗੁਰ ਕਉ ਸਦਾ ਬਲਿ ਜਾਈ ॥ ਗੁਰਮੁਖਿ ਜੋਤੀ ਜੋਤਿ ਮਿਲਾਈ ॥
ਨਿਰਮਲ ਬਾਣੀ ਨਿਜ ਘਰਿ ਵਾਸਾ ॥ ਨਾਨਕ ਹਉਮੈ ਮਾਰੇ ਸਦਾ ਉਦਾਸਾ ॥੪॥੬॥੪੫॥}

(ਅੰਗ - ੩੬੨)

{ਨਾਮਹੀਣੁ ਬਿਨਸੈ ਦੁਖੁ ਪਾਇ ॥ ਤ੍ਰਿਸਨਾ ਜਲਿਆ ਭੂਖ ਨ ਜਾਇ ॥
ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥ ਬਹੁ ਬਿਧਿ ਥਾਕਾ ਕਰਮ ਕਮਾਇ ॥੩॥}

(ਅੰਗ - ੧੨੬੨)

39/4817

{ਗੁਰਮੁਖਿ ਰਾਮ ਨਾਮਿ ਲਿਵ ਲਾਈ ॥ ਕੂੜੈ ਲਾਲਚਿ ਨਾ ਲਪਟਾਈ ॥
ਜੋ ਕਿਛੁ ਹੋਵੈ ਸਹਜਿ ਸੁਭਾਇ ॥ ਹਰਿ ਰਸੁ ਪੀਵੈ ਰਸਨ ਰਸਾਇ ॥੩॥

ਕੋਟਿ ਮਧੇ ਕਿਸਹਿ ਬੁਝਾਈ ॥ ਆਪੇ ਬਖਸੇ ਦੇ ਵਡਿਆਈ ॥
ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ॥ ਨਾਨਕ ਹਰਿ ਹਰਿ ਨਾਮਿ ਸਮਾਈ ॥੪॥੩॥੧੨॥}

(ਅੰਗ - ੧੨੬੨)

{ਮਾਇਆ ਮੋਹੁ ਅਗਿਆਨੁ ਗੁਬਾਰੁ ॥ ਮਨਮੁਖ ਮੋਹੇ ਮੁਗਧ ਗਵਾਰ ॥
ਅਨਦਿਨੁ ਧੰਧਾ ਕਰਤ ਵਿਹਾਇ ॥ ਮਰਿ ਮਰਿ ਜੰਮਹਿ ਮਿਲੈ ਸਜਾਇ ॥੨॥}

(ਅੰਗ - ੧੨੬੨)

{ਜੀਵਤ ਮੁਕਤ ਗੁਰਮਤੀ ਲਾਗੇ ॥ ਹਰਿ ਕੀ ਭਗਤਿ ਅਨਦਿਨੁ ਸਦ ਜਾਗੇ ॥
ਸਤਿਗੁਰੁ ਸੇਵਹਿ ਆਪੁ ਗਵਾਇ ॥ ਹਉ ਤਿਨ ਜਨ ਕੇ ਸਦ ਲਾਗਉ ਪਾਇ ॥੧॥
ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥
ਗੁਰ ਕਾ ਸਬਦੁ ਮਹਾ ਰਸੁ ਮੀਠਾ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥}

(ਅੰਗ - ੧੨੬੨)

{ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥ ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥
ਹਉਮੈ ਮਮਤਾ ਬਹੁ ਮੋਹੁ ਵਧਾਇਆ ॥ ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥੩॥
ਆਪੇ ਕਰਤਾ ਅਗਮ ਅਥਾਹਾ ॥ ਗੁਰ ਸਬਦੀ ਜਪੀਐ ਸਚੁ ਲਾਹਾ ॥
ਹਾਜਰੁ ਹਜੂਰਿ ਹਰਿ ਵੇਪਰਵਾਹਾ ॥ ਨਾਨਕ ਗੁਰਮੁਖਿ ਨਾਮਿ ਸਮਾਹਾ ॥੪॥੨॥੧੧॥}

(ਅੰਗ ੧੨੬੧-੧੨੬੨)

{ਭ੍ਰਮਿ ਭ੍ਰਮਿ ਜੋਨਿ ਮਨਮੁਖ ਭਰਮਾਈ ॥ ਜਮਕਾਲੁ ਮਾਰੇ ਨਿਤ ਪਤਿ ਗਵਾਈ ॥
ਸਤਿਗੁਰ ਸੇਵਾ ਜਮ ਕੀ ਕਾਣਿ ਚੁਕਾਈ ॥ ਹਰਿ ਪ੍ਰਭੁ ਮਿਲਿਆ ਮਹਲੁ ਘਰੁ ਪਾਈ ॥੧॥
ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥ ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥੧॥ ਰਹਾਉ ॥}

(ਅੰਗ - ੧੨੬੧)

{ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥
ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥
ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ ॥
ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ ॥੨॥
ਹਰਿ ਕਾ ਨਾਮੁ ਅਗੋਚਰੁ ਪਾਇਆ ਗੁਰਮੁਖਿ ਸਹਜਿ ਸੁਭਾਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ ॥
ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥੩॥
ਸਤਿਗੁਰ ਤੇ ਹਰਿ ਹਰਿ ਮਨਿ ਵਸਿਆ ਸਤਿਗੁਰ ਕਉ ਸਦ ਬਲਿ ਜਾਈ ॥
ਮਨੁ ਤਨੁ ਅਰਪਿ ਰਖਉ ਸਭੁ ਆਗੈ ਗੁਰ ਚਰਣੀ ਚਿਤੁ ਲਾਈ ॥
ਅਪਣੀ ਕ੍ਰਿਪਾ ਕਰਹੁ ਗੁਰ ਪੂਰੇ ਆਪੇ ਲੈਹੁ ਮਿਲਾਈ ॥
ਹਮ ਲੋਹ ਗੁਰ ਨਾਵ ਬੋਹਿਥਾ ਨਾਨਕ ਪਾਰਿ ਲੰਘਾਈ ॥੪॥੭॥}

(ਅੰਗ - ੧੨੬੫)

{ਦੇਵ ਸੰਸੈ ਗਾਂਠਿ ਨ ਛੂਟੈ ॥ ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥}

(ਅੰਗ - ੯੭੪)

{ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥ ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥ ਸਤਿਗੁਰ ਕੀ ਓਹੁ ਦੀਖਿਆ ਲੇਇ ॥ ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥ ਸੋ ਪੰਡਿਤੁ ਦਰਗਹ ਪਰਵਾਣੁ ॥੩॥ ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥ ਜਾ ਕਉ ਬਖਸੇ ਮੇਲੇ ਸੋਇ ॥ ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥ ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥ ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥}

(ਅੰਗ - ੧੨੬੧)

{ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥
ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥ ਨਾਨਕ ਨਦਰੀ ਪਾਈਐ ਤਾ ਅਨਦਿਨੁ ਲਾਗੈ ਧਿਆਨੁ ॥੨॥}

(ਅੰਗ ੫੧੧-੫੧੨)

{ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥ ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ ॥
ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥੨॥}

(ਅੰਗ - ੮੫੧)

{ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੇਰੇ ਹਰਿ ਹਰਿ ਹਰਿ ਉਰ ਧਾਰਿ ॥
ਨਾਨਕ ਸਤਿਗੁਰੁ ਪੂਰਾ ਪਾਇਆ ਮਨਿ ਜਪਿਆ ਨਾਮੁ ਮੁਰਾਰਿ ॥੪॥੯॥}

(ਅੰਗ - ੧੨੬੧)

39/4818

{ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥
ਇਹੁ ਭਵਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ ॥੧॥ ਰਹਾਉ ॥
ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਿਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥}

(ਅੰਗ - ੧੨੬੦)

{ਜਿਨੀ ਹੁਕਮੁ ਪਛਾਣਿਆ ਸੇ ਮੇਲੇ ਹਉਮੈ ਸਬਦਿ ਜਲਾਇ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਸਚਿ ਰਹੇ ਲਿਵ ਲਾਇ ॥
ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ ॥੧॥ ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥
ਪ੍ਰਭ ਭਾਣਾ ਅਪਣਾ ਭਾਵਦਾ ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥੧॥ ਰਹਾਉ ॥}

(ਅੰਗ - ੧੨੫੮)

{ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥
ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥੨॥
ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥
ਮੇਰਾ ਹਰਿ ਪ੍ਰਭੁ ਅਗਮੁ ਅਗੋਚਰੁ ਹੈ ਕੀਮਤਿ ਕਹਣੁ ਨ ਜਾਇ ॥ ਗੁਰ ਪਰਸਾਦੀ ਬੁਝੀਐ ਸਬਦੇ ਕਾਰ ਕਮਾਇ॥
ਨਾਨਕ ਨਾਮੁ ਸਲਾਹਿ ਤੂ ਹਰਿ ਹਰਿ ਦਰਿ ਸੋਭਾ ਪਾਇ ॥੪॥੨॥}

(ਅੰਗ - ੧੨੫੮)

{ਆਪੇ ਸਬਦੁ ਸਚੁ ਸਾਖੀ ਆਪੇ ਜਿਨ੍ ਜੋਤੀ ਜੋਤਿ ਮਿਲਾਈ ॥
ਦੇਹੀ ਕਾਚੀ ਪਉਣੁ ਵਜਾਏ ਗੁਰਮੁਖਿ ਅੰਮ੍ਰਿਤੁ ਪਾਈ ॥੩॥
ਆਪੇ ਸਾਜੇ ਸਭ ਕਾਰੈ ਲਾਏ ਸੋ ਸਚੁ ਰਹਿਆ ਸਮਾਈ ॥
ਨਾਨਕ ਨਾਮ ਬਿਨਾ ਕੋਈ ਕਿਛੁ ਨਾਹੀ ਨਾਮੇ ਦੇਇ ਵਡਾਈ ॥੪॥੮॥}

(ਅੰਗ - ੧੨੬੦)

{ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥
ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰ ॥੨॥
ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ ਤਿਨ ਕਉ ਮੁਕਤਿ ਦੁਆਰਿ ॥
ਅੰਤਰਿ ਸਾਂਤਿ ਸਦਾ ਸੁਖੁ ਹੋਵੈ ਹਰਿ ਰਾਖਿਆ ਉਰ ਧਾਰਿ ॥੩॥}

(ਅੰਗ - ੧੧੩੨)

{ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥
ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥
ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥}

(ਅੰਗ - ੮੭੭)

{ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥
ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥
ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥
ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥}

(ਅੰਗ ੮੭੭-੮੭੮)

{ਆਪੇ ਸਤਿ ਸਤਿ ਸਤਿ ਸਾਚਾ ॥ ਓਤਿ ਪੋਤਿ ਭਗਤਨ ਸੰਗਿ ਰਾਚਾ ॥
ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ ਪਸਾਰਣਾ ॥੪॥}

(ਅੰਗ - ੧੦੭੭)

{ਜੋ ਦੀਸੈ ਸੋ ਏਕੋ ਤੂਹੈ ॥ ਬਾਣੀ ਤੇਰੀ ਸ੍ਰਵਣਿ ਸੁਣੀਐ ॥
ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ ਧਾਰਣਾ ॥੧॥
ਆਪਿ ਚਿਤਾਰੇ ਅਪਣਾ ਕੀਆ ॥ ਆਪੇ ਆਪਿ ਆਪਿ ਪ੍ਰਭੁ ਥੀਆ ॥
ਆਪਿ ਉਪਾਇ ਰਚਿਓਨੁ ਪਸਾਰਾ ਆਪੇ ਘਟਿ ਘਟਿ ਸਾਰਣਾ ॥੨॥}

(ਅੰਗ ੧੦੭੬-੧੦੭੭)

{ਏਕੋ ਏਕੁ ਵਰਤੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥}

(ਅੰਗ - ੧੦੪੪)

{ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥}

(ਅੰਗ - ੧੦੪੫)

39/4819

{ਆਪੇ ਲਾਇ ਲਏ ਸੋ ਲਾਗੈ ॥ ਗੁਰ ਪਰਸਾਦੀ ਜਮ ਕਾ ਭਉ ਭਾਗੈ ॥
ਅੰਤਰਿ ਸਬਦੁ ਸਦਾ ਸੁਖਦਾਤਾ ਗੁਰਮੁਖਿ ਬੂਝੈ ਕੋਈ ਹੇ ॥੫॥}

(ਅੰਗ - ੧੦੪੫)

{ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥ ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥
ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ ॥੭॥}

(ਅੰਗ - ੧੦੪੫)

{ਕਾਇਆ ਕੁਟੰਬੁ ਮੋਹੁ ਨ ਬੂਝੈ ॥ ਗੁਰਮੁਖਿ ਹੋਵੈ ਤ ਆਖੀ ਸੂਝੈ ॥
ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥}

(ਅੰਗ - ੧੦੪੫)

{ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥
ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥}

(ਅੰਗ - ੧੦੪੫)

{ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥}

(ਅੰਗ - ੧੦੪੫)

{ਹਉਮੈ ਮਾਰੇ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰਿ ਧਾਰੇ ॥
ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ ॥੧੪॥}

(ਅੰਗ - ੧੦੪੫)

{ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ ॥ ਗੁਰਮੁਖਿ ਬੂਝੈ ਸਚਿ ਸਮਾਇਆ ॥
ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ ॥੧੫॥}

(ਅੰਗ - ੧੦੪੫)

{ਸੇ ਜਨ ਸੁਖੀਏ ਸਤਿਗੁਰਿ ਸਚੇ ਲਾਏ ॥ ਆਪੇ ਭਾਣੇ ਆਪਿ ਮਿਲਾਏ ॥
ਸਤਿਗੁਰਿ ਰਾਖੇ ਸੇ ਜਨ ਉਬਰੇ ਹੋਰ ਮਾਇਆ ਮੋਹ ਖੁਆਰੀ ਹੇ ॥੧੨॥}

(ਅੰਗ - ੧੦੫੦)

{ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ॥ ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ ॥
ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ ॥ ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ ॥
ਸਭੁ ਆਪੇ ਆਪਿ ਵਰਤਦਾ ਆਪੇ ਬਖਸਿ ਮਿਲਾਈ ॥੭॥}

(ਅੰਗ - ੯੪੯)

{ਸਹਜੇ ਸਤਿਗੁਰੁ ਨ ਸੇਵਿਓ ਵਿਚਿ ਹਉਮੈ ਜਨਮਿ ਬਿਨਾਸੁ ॥
ਰਸਨਾ ਹਰਿ ਰਸੁ ਨ ਚਖਿਓ ਕਮਲੁ ਨ ਹੋਇਓ ਪਰਗਾਸੁ ॥
ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ ॥ ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥
ਜਾ ਆਪੇ ਨਦਰਿ ਕਰੇ ਪ੍ਰਭੁ ਸਚਾ ਤਾ ਹੋਵੈ ਦਾਸਨਿ ਦਾਸੁ ॥
ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ ਪਾਸੁ ॥
ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥
ਜਨ ਨਾਨਕ ਕਰੇ ਕਰਾਇਆ ਸਭੁ ਕੋ ਜਿਉ ਭਾਵੈ ਤਿਵ ਹਰਿ ਗੁਣਤਾਸੁ ॥੨॥}

(ਅੰਗ - ੯੪੯)

{ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ ॥ ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ ॥
ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ ॥੨॥}

(ਅੰਗ ੧੦੮੮)

39/4820

{ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ ॥ ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਵਰਤੀਜੈ ॥
ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ ॥ ਗੁਰ ਸਬਦੀ ਕਮਲੁ ਬਿਗਾਸਿਆ ਇਵ ਹਰਿ ਰਸੁ ਪੀਜੈ ॥
ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ ॥੭॥}

(ਅੰਗ ੧੦੮੮-੧੦੮੯)

{ਆਪਿ ਨਿਰਾਲਮੁ ਗੁਰ ਗਮ ਗਿਆਨਾ ॥ ਜੋ ਦੀਸੈ ਤੁਝ ਮਾਹਿ ਸਮਾਨਾ ॥
ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥}

(ਅੰਗ - ੧੦੨੧)

{ਆਪੇ ਸਾਸਤੁ ਆਪੇ ਬੇਦੁ ॥ ਆਪੇ ਘਟਿ ਘਟਿ ਜਾਣੈ ਭੇਦੁ ॥
ਜੋਤਿ ਸਰੂਪ ਜਾ ਕੀ ਸਭ ਵਥੁ ॥ ਕਰਣ ਕਾਰਣ ਪੂਰਨ ਸਮਰਥੁ ॥੧॥}

(ਅੰਗ - ੧੧੫੦)

{ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ ॥ ਕੀਨੇ ਰਾਮ ਨਾਮ ਇਕ ਆਖ੍ਰਰ ॥}

(ਅੰਗ - ੨੬੨)

{ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ ॥ ਏਕੋ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ॥
ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ ॥੫॥੪॥}

(ਅੰਗ - ੧੨੫੯)

{ਅੰਤਰਿ ਵਸਿਆ ਅਲਖ ਅਭੇਵਾ ਗੁਰਮੁਖਿ ਹੋਇ ਲਖਾਇ ॥
ਨਾਨਕ ਜਿਸੁ ਭਾਵੈ ਤਿਸੁ ਆਪੇ ਦੇਵੈ ਭਾਵੈ ਤਿਵੈ ਚਲਾਇ ॥੪॥੫॥}

(ਅੰਗ - ੧੨੫੯)

{ਮਨ ਕੀ ਬਿਧਿ ਸਤਿਗੁਰ ਤੇ ਜਾਣੈ ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ ॥
ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥}

(ਅੰਗ - ੧੨੫੯)

{ਸਤਿਗੁਰ ਤੇ ਪਾਵੈ ਘਰੁ ਦਰੁ ਮਹਲੁ ਸੁ ਥਾਨੁ ॥ ਗੁਰ ਸਬਦੀ ਚੂਕੈ ਅਭਿਮਾਨੁ ॥੧॥
ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ ॥
ਅਨਦਿਨੁ ਨਾਮੁ ਸਦਾ ਸਦਾ ਧਿਆਵਹਿ ਸਾਚੀ ਦਰਗਹ ਪਾਵਹਿ ਮਾਨੁ ॥੧॥ ਰਹਾਉ ॥}

(ਅੰਗ - ੧੨੫੯)

{ਇਹੁ ਮਨੁ ਖੇਲੈ ਹੁਕਮ ਕਾ ਬਾਧਾ ਇਕ ਖਿਨ ਮਹਿ ਦਹ ਦਿਸ ਫਿਰਿ ਆਵੈ ॥
ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ ਤਾਂ ਇਹੁ ਮਨੁ ਗੁਰਮੁਖਿ ਤਤਕਾਲ ਵਸਿ ਆਵੈ ॥੩॥}

(ਅੰਗ - ੧੨੬੦)

{ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥}

(ਅੰਗ - ੨)

{ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥}

(ਅੰਗ - ੪੧੮)

39/4821

{ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ - ੧)

{ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥
ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥
ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥
ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥ ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥}

(ਅੰਗ ੧੦੧੫-੧੦੧੬)

{ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥
ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥
ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥ ਬੰਧਨ ਤੋਰਿ ਭਏ ਨਿਰਵੈਰ ॥
ਅਨਦਿਨੁ ਪੂਜਹਿ ਗੁਰ ਕੇ ਪੈਰ ॥ ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥}

(ਅੰਗ ੨੯੨-੨੯੩)

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥ ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧॥੧੯॥}

(ਅੰਗ - ੧੩੯੫)

{ਇਸੁ ਮਨ ਕੀ ਬਿਧਿ ਮਨ ਹੂ ਜਾਣੈ ਬੂਝੈ ਸਬਦਿ ਵੀਚਾਰਿ ॥
ਨਾਨਕ ਨਾਮੁ ਧਿਆਇ ਸਦਾ ਤੂ ਭਵ ਸਾਗਰੁ ਜਿਤੁ ਪਾਵਹਿ ਪਾਰਿ ॥੪॥੬॥}

(ਅੰਗ - ੧੨੬੦)

{ਆਵਣ ਜਾਣਾ ਬਹੁੜਿ ਨ ਹੋਵੈ ਗੁਰਮੁਖਿ ਸਹਜਿ ਧਿਆਇਆ ॥
ਮਨ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮੰਨੁ ਸਮਾਇਆ ॥

ਸਾਚੇ ਹੀ ਸਚੁ ਸਾਚਿ ਪਤੀਜੈ ਵਿਚਹੁ ਆਪੁ ਗਵਾਇਆ ॥੪॥}

(ਅੰਗ - ੧੨੫੯)

{ਮਨ ਰੇ ਮਨ ਸਿਉ ਰਹਉ ਸਮਾਈ ॥
ਗੁਰਮੁਖਿ ਰਾਮ ਨਾਮਿ ਮਨੁ ਭੀਜੈ ਹਰਿ ਸੇਤੀ ਲਿਵ ਲਾਈ ॥੧॥ ਰਹਾਉ ॥
ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥
ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥੨॥}

(ਅੰਗ - ੧੨੬੦)

{ਜੀਉ ਪਿੰਡੁ ਪ੍ਰਾਣ ਸਭਿ ਤਿਸ ਕੇ ਘਟਿ ਘਟਿ ਰਹਿਆ ਸਮਾਈ ॥
ਏਕਸੁ ਬਿਨੁ ਮੈ ਅਵਰੁ ਨ ਜਾਣਾ ਸਤਿਗੁਰਿ ਦੀਆ ਬੁਝਾਈ ॥੧॥ ਮਨ ਮੇਰੇ ਨਾਮਿ ਰਹਉ ਲਿਵ ਲਾਈ ॥
ਅਦਿਸਟੁ ਅਗੋਚਰੁ ਅਪਰੰਪਰੁ ਕਰਤਾ ਗੁਰ ਕੈ ਸਬਦਿ ਹਰਿ ਧਿਆਈ ॥੧॥ ਰਹਾਉ ॥}

(ਅੰਗ - ੧੨੬੦)

{ਮਨੁ ਤਨੁ ਭੀਜੈ ਏਕ ਲਿਵ ਲਾਗੈ ਸਹਜੇ ਰਹੇ ਸਮਾਈ ॥
ਗੁਰ ਪਰਸਾਦੀ ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ ॥੨॥
ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ ॥
ਕੋਟਿ ਮਧੇ ਕਿਸਹਿ ਬੁਝਾਏ ਤਿਨਿ ਰਾਮ ਨਾਮਿ ਲਿਵ ਲਾਈ ॥੩॥
ਜਹ ਜਹ ਦੇਖਾ ਤਹ ਏਕੋ ਸੋਈ ਇਹ ਗੁਰਮਤਿ ਬੁਧਿ ਪਾਈ ॥
ਮਨੁ ਤਨੁ ਪ੍ਰਾਨ ਧਰੀ ਤਿਸੁ ਆਗੈ ਨਾਨਕ ਆਪੁ ਗਵਾਈ ॥੪॥੭॥}

(ਅੰਗ - ੧੨੬੦)

{ਸਤਿਗੁਰ ਸਬਦੀ ਇਹੁ ਮਨੁ ਭੇਦਿਆ ਹਿਰਦੈ ਸਾਚੀ ਬਾਣੀ ॥
ਮੇਰਾ ਪ੍ਰਭੁ ਅਲਖੁ ਨ ਜਾਈ ਲਖਿਆ ਗੁਰਮੁਖਿ ਅਕਥ ਕਹਾਣੀ ॥
ਆਪੇ ਦਇਆ ਕਰੇ ਸੁਖਦਾਤਾ ਜਪੀਐ ਸਾਰਿੰਗਪਾਣੀ ॥੩॥}

(ਅੰਗ - ੧੨੫੯)

{ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥
ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ ॥੧॥ ਰਹਾਉ ॥}

(ਅੰਗ - ੧੨੫੮)

39/4822

{ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥ ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ॥
ਅਨਦਿਨੁ ਹਰਿ ਰਵਿਆ ਰਿਦ ਅੰਤਰਿ ਸਹਜਿ ਸਮਾਧਿ ਲਗਾਹੀ ॥੨॥}

(ਅੰਗ ੧੨੫੮-੧੨੫੯)

{ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥ ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ ॥
ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ ॥੧॥ ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ॥
ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥}

(ਅੰਗ - ੧੨੫੭)

{ਆਦਿ ਅੰਤਿ ਮਧਿ ਪ੍ਰਭੁ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥
ਭ੍ਰਮੁ ਭਉ ਮਿਟਿਆ ਸਾਧਸੰਗ ਤੇ ਦਾਲਿਦ ਨ ਕੋਈ ਘਾਲਕਾ ॥੬॥}

(ਅੰਗ - ੧੦੮੫)

{ਸੰਤਾ ਕੀ ਇਹ ਰੀਤਿ ਨਿਰਾਲੀ ॥ ਪਾਰਬ੍ਰਹਮੁ ਕਰਿ ਦੇਖਹਿ ਨਾਲੀ ॥
ਸਾਸਿ ਸਾਸਿ ਆਰਾਧਨਿ ਹਰਿ ਹਰਿ ਕਿਉ ਸਿਮਰਤ ਕੀਜੈ ਆਲਕਾ ॥੮॥
ਜਹ ਦੇਖਾ ਤਹ ਅੰਤਰਜਾਮੀ ॥ ਨਿਮਖ ਨ ਵਿਸਰਹੁ ਪ੍ਰਭ ਮੇਰੇ ਸੁਆਮੀ ॥
ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ ਬਨਿ ਜਲਿ ਪੂਰਨ ਥਾਲਕਾ ॥੯॥}

(ਅੰਗ - ੧੦੮੫)

{ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ ॥ ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥
ਗੁਰਮਤਿ ਸਤਿਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ ॥੨॥}

(ਅੰਗ - ੧੨੫੮)

{ਗੁਰਮੁਖਿ ਕੋਈ ਵਿਰਲਾ ਬੂਝੈ ਜਿਸ ਨੋ ਨਦਰਿ ਕਰੇਇ ॥ ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ॥
ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ ਲਏਇ ॥੧॥}

(ਅੰਗ - ੧੨੫੮)

{ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥
ਸਤਿਗੁਰੁ ਪੁਰਖੁ ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ ॥੧॥ ਰਹਾਉ ॥}

(ਅੰਗ - ੧੨੫੮)

{ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥}

(ਅੰਗ - ੧੨੫੮)

{ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥ ਨਾਮੁ ਰਤਨੁ ਨਿਰਮੋਲਕੁ ਹੀਰਾ ॥
ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥ ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥ ਸਬਦੁ ਬੀਚਾਰਿ ਭਏ ਨਿਰੰਕਾਰੀ ॥
ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥
ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥ ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥ ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥}

(ਅੰਗ - ੯੦੪)

{ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥
ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥੨॥
ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥}

(ਅੰਗ - ੧੨੫੮)

39/4823

{ਜਿਨੀ ਹੁਕਮੁ ਪਛਾਣਿਆ ਸੇ ਮੇਲੇ ਹਉਮੈ ਸਬਦਿ ਜਲਾਇ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਸਚਿ ਰਹੇ ਲਿਵ ਲਾਇ ॥
ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ ॥੧॥ ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥
ਪ੍ਰਭ ਭਾਣਾ ਅਪਣਾ ਭਾਵਦਾ ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥੧॥ ਰਹਾਉ ॥}

(ਅੰਗ - ੧੨੫੮)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਿਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ - ੩੩)

{ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥
ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥}

(ਅੰਗ - ੩੩)

{ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥}

(ਅੰਗ - ੬੦੪)

{ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ - ੬੦੪)

{ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥
ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ ॥੩॥
ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥
ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥}

(ਅੰਗ - ੧੧੩੦)

{ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥
ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥
ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥}

(ਅੰਗ - ੮੬੫)

{ਮਨਿ ਡੋਰਿ ਪ੍ਰੇਮ ਪਰੀਤਿ ॥ ਇਹ ਸੰਤ ਨਿਰਮਲ ਰੀਤਿ ॥
ਤਜਿ ਗਏ ਪਾਪ ਬਿਕਾਰ ॥ ਹਰਿ ਮਿਲੇ ਪ੍ਰਭ ਨਿਰੰਕਾਰ ॥੩॥}

(ਅੰਗ - ੮੩੭)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥}

(ਅੰਗ - ੮੩੩)

{ਤੁਧੁ ਆਪੇ ਜਗਤੁ ਉਪਾਇ ਕੈ ਆਪਿ ਖੇਲੁ ਰਚਾਇਆ ॥ ਤ੍ਰੈ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ॥
ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥ ਜਿਨਾ ਹਰਿ ਆਪਿ ਕ੍ਰਿਪਾ ਕਰੇ ਸੇ ਗੁਰਿ ਸਮਝਾਇਆ ॥
ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਾਇਆ ॥੩॥}

(ਅੰਗ - ੬੪੩)

{ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥}

(ਅੰਗ - ੧੨੫੭)

39/4824

{ਆਏ ਅਨਿਕ ਜਨਮ ਭ੍ਰਮਿ ਸਰਣੀ ॥ ਉਧਰੁ ਦੇਹ ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ ॥੧॥ ਰਹਾਉ ॥}

(ਅੰਗ - ੭੦੨)

{ਊਪਰਿ ਦਰਿ ਅਸਮਾਨਿ ਪਇਆਲਿ ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥
ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥
ਕਥਨੀ ਬਦਨੀ ਰਹੈ ਨਿਭਰਾਂਤਿ ॥ ਸੋ ਬੂਝੈ ਹੋਵੈ ਜਿਸੁ ਦਾਤਿ ॥
ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥ ਸੋਈ ਪੁਰਖੁ ਜਿ ਸਚਿ ਸਮਾਇ ॥੩॥}

(ਅੰਗ - ੧੨੫੬)

{ਗੁਣ ਗੋਬਿੰਦ ਨ ਜਾਣੀਅਹਿ ਮਾਇ ॥ ਅਣਡੀਠਾ ਕਿਛੁ ਕਹਣੁ ਨ ਜਾਇ ॥
ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥}

(ਅੰਗ - ੧੨੫੬)

{ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥
ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥੩॥
ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥੪॥੫॥}

(ਅੰਗ - ੧੨੫੬)

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥}

(ਅੰਗ - ੧੧੩੨)

{ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥੧॥ ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥}

(ਅੰਗ - ੧੨੫੫)

{ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ ॥
ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ ॥
ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ ॥ ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥
ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ ॥
ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ ॥੩॥}

(ਅੰਗ - ੭੭੯)

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥}

(ਅੰਗ - ੩੯੯)

{ਅਪੁਨੇ ਪਿਰ ਹਰਿ ਦੇਖਿ ਵਿਗਾਸੀ ਤਉ ਧਨ ਸਾਚੁ ਸੀਗਾਰੋ ॥
ਅਕੁਲ ਨਿਰੰਜਨ ਸਿਉ ਸਚਿ ਸਾਚੀ ਗੁਰਮਤਿ ਨਾਮੁ ਅਧਾਰੋ ॥੪॥
ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥
ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥੫॥੪॥}

(ਅੰਗ - ੧੨੫੫)

{ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ ॥
ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ ॥੩॥
ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ ॥
ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥੪॥੧੪॥੧੫੨॥}

(ਅੰਗ - ੨੧੩)

{ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥
ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ ਬਿਨੁ ਨਾਵੈ ਸਭ ਦੂਖ ਨਿਵਾਸੁ ॥
ਮਨਮੁਖ ਮੂੜ ਮਾਇਆ ਚਿਤ ਵਾਸੁ ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥
ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥}

(ਅੰਗ - ੨੨੨)

39/4825

{ਹਮ ਨੀਚ ਹੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥
ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥੩॥}

(ਅੰਗ - ੧੨੫੫)

{ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥}

(ਅੰਗ - ੧੨੫੩)

{ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ ਸਾਧਸੰਗਤਿ ਕਬਹੂ ਨਹੀ ਕਰੈ ॥
ਕਹਤ ਨਾਮਦੇਉ ਤਾ ਚੀ ਆਣਿ ॥ ਨਿਰਭੈ ਹੋਇ ਭਜੀਐ ਭਗਵਾਨ ॥੪॥੧॥}

(ਅੰਗ - ੧੨੫੨)

{ਦਾਤਿ ਜੋਤਿ ਸਭ ਸੂਰਤਿ ਤੇਰੀ ॥ ਬਹੁਤੁ ਸਿਆਣਪ ਹਉਮੈ ਮੇਰੀ ॥
ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ ॥}

(ਅੰਗ - ੧੨੫੧)

{ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ ॥ ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ ਪਾਈਆ ॥}

(ਅੰਗ - ੧੨੫੦)

{ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ ॥
ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ ॥
ਗੁਰਮੁਖਿ ਜਿਨਾ ਸਬਦੁ ਮਨਿ ਵਸੈ ਦਰਗਹ ਮੋਖ ਦੁਆਰੁ ॥ ਨਾਨਕ ਆਪੇ ਮੇਲਿ ਲਏ ਆਪੇ ਬਖਸਣਹਾਰੁ ॥੧॥}

(ਅੰਗ - ੧੨੫੦)

{ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥ ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥
ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥੩੩॥}

(ਅੰਗ - ੧੨੫੦)

{ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥
ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ ॥}

(ਅੰਗ - ੧੨੫੦)

{ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥ ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥
ਬਿਨੁ ਨਾਵੈ ਜਿ ਹੋਰੁ ਖਾਣਾ ਤਿਤੁ ਰੋਗੁ ਲਗੈ ਤਨਿ ਧਾਇ ॥
ਨਾਨਕ ਰਸ ਕਸ ਸਬਦੁ ਸਲਾਹਣਾ ਆਪੇ ਲਏ ਮਿਲਾਇ ॥੧॥}

(ਅੰਗ - ੧੨੫੦)

{ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥ ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥੧॥}

(ਅੰਗ - ੫੪੨)

{ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥
ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥
ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ॥ ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ ॥

ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓ ਪਰਖਾਇ ॥
ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ ਪਲੈ ਪਾਇ ॥
ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥
ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥
ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥
ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ ॥੧॥}

(ਅੰਗ - ੧੨੪੯)

39/4826

{ਅੰਮ੍ਰਿਤੁ ਵਰਧੈ ਅਨਹਦ ਬਾਣੀ ॥ ਮਨ ਤਨ ਅੰਤਰਿ ਸਾਂਤਿ ਸਮਾਣੀ ॥
ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ ॥੩॥
ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥ ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥
ਆਵਣ ਜਾਣ ਰਹੇ ਵਡਭਾਗੀ ਨਾਨਕ ਪੂਰਨ ਆਸਾ ਜੀਉ ॥੪॥੩੧॥੩੮॥}

(ਅੰਗ - ੧੦੫)

{ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥ ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥
ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥ ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥
ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ ॥੩੧॥}

(ਅੰਗ - ੧੨੪੯)

{ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥
ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥
ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥
ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥
ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ ॥੬॥}

(ਅੰਗ - ੮੨)

{ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥}

(ਅੰਗ ੧੦੩੬-੧੦੩੭)

{ਹਰਿ ਗੁਰਮੁਖਿ ਤਿਨ੍ੀ ਅਰਾਧਿਆ ਜਿਨ੍ ਕਰਮਿ ਪਰਾਪਤਿ ਹੋਇ ॥
ਨਾਨਕ ਹਉ ਬਲਿਹਾਰੀ ਤਿਨ੍ ਕਉ ਜਿਨ੍ ਹਰਿ ਮਨਿ ਵਸਿਆ ਸੋਇ ॥੨॥}

(ਅੰਗ - ੧੨੪੮)

{ਮਨਮੁਖ ਬੋਲਿ ਨ ਜਾਣਨ੍ੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥}

(ਅੰਗ - ੧੨੪੮)

{ਲਬੁ ਕੁਤਾ ਕੂੜੁ ਚੁਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥}

(ਅੰਗ - ੧੫)

{ਖਿਨੁ ਪਲੁ ਘੜੀ ਨ ਜੀਵਊ ਬਿਨੁ ਦੇਖੇ ਮਰਾਂ ਮਾਇ ॥
ਸਤਿਗੁਰਿ ਨਾਲਿ ਦਿਖਾਲਿਆ ਰਵਿ ਰਹਿਆ ਸਭ ਥਾਇ ॥
ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ ॥੨੯॥}

(ਅੰਗ - ੧੨੪੮)

{ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥}

(ਅੰਗ - ੧੨੪੮)

{ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥ ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ ॥੧॥}

(ਅੰਗ - ੧੨੪੮)

{ਮਾਇਆ ਮੋਹਿ ਵਿਸਾਰਿਆ ਸਚੁ ਮਰਣਾ ਹਰਿ ਨਾਮੁ ॥
ਧੰਧਾ ਕਰਤਿਆ ਜਨਮੁ ਗਇਆ ਅੰਦਰਿ ਦੁਖੁ ਸਹਾਮੁ ॥}

(ਅੰਗ - ੧੨੪੮)

39/4827

{ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥ ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥}

(ਅੰਗ - ੩੪)

{ਮਾਇਆ ਮੋਹੁ ਵਰਤੈ ਸਭ ਅੰਤਰਿ ॥ ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥}

(ਅੰਗ - ੧੦੬੦)

{ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ ॥ ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ ॥
ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ ॥ ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ ॥
ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ ॥੨੭॥}

(ਅੰਗ ੧੨੪੭-੧੨੪੮)

{ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥}

(ਅੰਗ - ੨੯੭)

{ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ ॥ ਆਪੇ ਬਖਸੇ ਮੇਲਿ ਲਏ ਆਪਤੁ ਗਵਾਵੈ ॥
ਮਿਲਿਆ ਕਦੇ ਨ ਵੀਛੁੜੈ ਜੋਤੀ ਜੋਤਿ ਮਿਲਾਵੈ ॥ ਨਾਨਕ ਗੁਰ ਪਰਸਾਦੀ ਸੋ ਬੁਝਸੀ ਜਿਸੁ ਆਪਿ ਬੁਝਾਵੈ ॥੨॥}

(ਅੰਗ - ੧੨੪੭)

{ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ ॥ ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ ॥}

(ਅੰਗ - ੧੪੧੩)

{ਸਹਜੇ ਸੁਖਿ ਸੁਤੀ ਸਬਦਿ ਸਮਾਇ ॥ ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥

ਦੁਬਿਧਾ ਚੂਕੀ ਸਹਜਿ ਸੁਭਾਇ ॥ ਅੰਤਰਿ ਨਾਮੁ ਵਸਿਆ ਮਨਿ ਆਇ ॥
ਸੇ ਕੰਠਿ ਲਾਏ ਜਿ ਭੰਨਿ ਘੜਾਇ ॥ ਨਾਨਕ ਜੋ ਧੁਰਿ ਮਿਲੇ ਸੇ ਹੁਣਿ ਆਣਿ ਮਿਲਾਇ ॥੧॥}

(ਅੰਗ - ੧੨੪੭)

{ਭਗਤਿ ਵਛਲੁ ਹਰਿ ਵਸੈ ਮਨਿ ਆਇ ॥ ਗੁਰ ਕਿਰਪਾ ਤੇ ਸਹਜ ਸੁਭਾਇ ॥
ਭਗਤਿ ਕਰੇ ਵਿਚਹੁ ਆਪੁ ਖੋਇ ॥ ਤਦ ਹੀ ਸਾਚਿ ਮਿਲਾਵਾ ਹੋਇ ॥੧॥}

(ਅੰਗ - ੧੧੭੩)

{ਕਾਮਣਿ ਗੁਣਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥
ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥੪॥}

(ਅੰਗ - ੧੨੩)

{ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ ॥
ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ ॥ ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ ॥
ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ ॥ ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥ ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥੨॥}

(ਅੰਗ ੮੫-੮੬)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ - ੧੧੭)

39/4828

{ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥
ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥੨॥}

(ਅੰਗ - ੩੪)

{ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥ ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥
ਸਤਿਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰ ਧਾਰਿ ॥
ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ ॥੩॥}

(ਅੰਗ - ੩੪)

{ਸਤਿਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥
ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ ॥ ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥੪॥}

(ਅੰਗ - ੩੪)

{ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥
ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥੨॥}

(ਅੰਗ - ੬੯)

{ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥ ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥

ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥੩॥}

(ਅੰਗ - ੬੯)

{ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥
ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥}

(ਅੰਗ - ੬੯)

{ਪੜਿ੍ ਪੜਿ੍ ਪੰਡਿਤ ਮੁੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥
ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥}

(ਅੰਗ - ੧੨੪੬)

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥
ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥ ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ - ੬੫੦)

{ਉਤਰਿ ਅਵਘਟਿ ਸਰਵਰਿ ਨ੍ਾਵੈ ॥ ਬਕੈ ਨ ਬੋਲੈ ਹਰਿ ਗੁਣ ਗਾਵੈ ॥
ਜਲੁ ਆਕਾਸੀ ਸੁੰਨਿ ਸਮਾਵੈ ॥ ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥
ਐਸਾ ਗਿਆਨੁ ਸੁਨਹੁ ਅਭ ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥}

(ਅੰਗ ੪੧੧)

{ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿ ਗੁਨ ਗਾਉ ॥ ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥
ਪ੍ਰਭੂ ਦਇਆ ਤੇ ਕਮਲ ਬਿਗਾਸੁ ॥ ਪ੍ਰਭੁ ਸੁਪ੍ਰਸੰਨ ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥
ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ ਨ ਕਿਨਹੂ ਲਇਆ ॥
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥ ਨਾਨਕ ਇਨ ਕੈ ਕਛੂ ਨ ਹਾਥ ॥੮॥੬॥}

(ਅੰਗ ੨੭੦-੨੭੧)

{ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ ॥
ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ ॥੧॥ ਰਹਾਉ ॥}

(ਅੰਗ - ੪੨੧)

39/4829

{ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ ॥ ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥੨॥}

(ਅੰਗ - ੪੨੧)

{ਮਨਮੁਖ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥}

(ਅੰਗ - ੧੦੫੭)

{ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥ ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ ॥
ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ ॥
ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ ॥
ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥
ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ ॥
ਨਾਨਕ ਤਿਨ੍ਹਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ ॥੨॥}

(ਅੰਗ - ੧੨੪੬)

ਪਉੜੀ ॥

{ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ ॥ ਗੜ੍ ਮੰਦਰ ਗਚ ਗੀਰੀਆ ਕਿਛੁ ਸਾਥਿ ਨ ਜਾਈ ॥
ਸੋਇਨ ਸਾਖਤਿ ਪਉਣ ਵੇਗ ਧ੍ਰਿਗੁ ਧ੍ਰਿਗੁ ਚਤੁਰਾਈ ॥ ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ ॥
ਨਾਨਕ ਜੋ ਦੇਵੈ ਤਿਸਹਿ ਨ ਜਾਣਨ੍ੀ ਮਨਮੁਖਿ ਦੁਖੁ ਪਾਈ ॥੨੩॥}

(ਅੰਗ - ੧੨੪੬)

{ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥}

(ਅੰਗ - ੯੩੪)

{ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥}

(ਅੰਗ - ੧੪੦)

{ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥}

(ਅੰਗ ੫੩-੫੪)

{ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ - ੧੪੧੧)

{ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥੨॥}

(ਅੰਗ - ੧੨੪੫)

{ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥}

(ਅੰਗ - ੧੨੪੫)

{ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥ ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ॥
ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥ ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ ॥
ਨਾਨਕ ਬਖਸਿ ਮਿਲਾਇਅਨੁ ਫਿਰਿ ਗਰਭਿ ਨ ਗਲਿਆ ॥੨੦॥}

(ਅੰਗ - ੧੨੪੫)

{ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥ ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥੫॥}

(ਅੰਗ - ੭੫੭)

39/4830

{ਸਤਿਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥
ਗੁਰ ਪਰਸਾਦੀ ਘਟਿ ਚਾਨਣਾ ਆਨੇ੍ਰਰੁ ਗਵਾਇਆ ॥ ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥
ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥
ਜਿਨ੍ ਕੈ ਪੋਤੈ ਪੁੰਨੁ ਹੈ ਤਿਨ੍ੀ ਦਰਸਨੁ ਪਾਇਆ ॥੧੯॥}

(ਅੰਗ ੧੨੪੪-੧੨੪੫)

{ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥
ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥੧॥}

(ਅੰਗ - ੩੯੧)

{ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ॥
ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥ ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ ਆਇਆ ਸੋਇ ॥੧॥}

(ਅੰਗ - ੧੨੪੪)

{ਜਿਨ ਅੰਦਰਿ ਨਿੰਦਾ ਦੁਸਟ ਹੈ ਨਕ ਵਢੇ ਨਕ ਵਢਾਇਆ ॥ ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥
ਨਾਨਕ ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ ॥੧੭॥}

(ਅੰਗ - ੧੨੪੪)

{ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ ॥ ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ ॥
ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥ ਬਿਖ ਮਹਿ ਅੰਮ੍ਰਿਤੁ ਸਿੰਚੀਐ ਬਿਖ ਕਾ ਫਲੁ ਪਾਇਆ ॥
ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥੧੬॥}

(ਅੰਗ - ੧੨੪੪)

{ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥}

(ਅੰਗ - ੫੦)

{ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥
ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥
ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥੧੫॥}

(ਅੰਗ - ੧੨੪੩)

{ਮਾਇਆ ਲਾਲਚਿ ਅਟਿਆ ਪਿਆਰੇ ਚਿਤਿ ਨ ਆਵਹਿ ਮੂਲਿ ॥
ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ ॥
ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ ॥
ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ ਰਹਿਆ ਮੂਲੁ ॥੪॥}

(ਅੰਗ - ੬੪੧)

{ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥ ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥੧੪॥}

(ਅੰਗ - ੧੨੪੩)

{ਨਿਰਤਿ ਕਰੇ ਬਹੁ ਵਾਜੇ ਵਜਾਏ ॥ ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥
ਅੰਤਰਿ ਲੋਭੁ ਭਰਮੁ ਅਨਲ ਵਾਉ ॥ ਦੀਵਾ ਬਲੈ ਨ ਸੋਝੀ ਪਾਇ ॥੧॥
ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥}

(ਅੰਗ - ੩੬੪)

{ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥ ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥
ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ ॥੮॥}

(ਅੰਗ - ੧੦੪੬)

39/4831

{ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥ ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ ॥ ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥
ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥੧੩॥}

(ਅੰਗ - ੧੨੪੨)

{ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖੁ ਆਦੇਸੋ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥੨॥}

(ਅੰਗ - ੧੧੨੬)

{ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ ॥
ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥੩॥}

(ਅੰਗ - ੧੧੨੭)

{ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ॥
ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥੪॥੫॥੬॥}

(ਅੰਗ - ੧੧੨੭)

{ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥}

(ਅੰਗ - ੭੬੧)

{ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ ॥
ਅਨਦਿਨੁ ਭਗਤਿ ਕਰਹਿ ਰੰਗਿ ਰਾਤੇ ਨਾਨਕ ਸਚਿ ਸਮਾਏ ॥
ਜਿਨੀ ਸਚੜਾ ਸਚੁ ਧਿਆਇਆ ਹੰਉ ਤਿਨ ਕੈ ਲਾਗਉ ਪਾਏ ॥੪॥੪॥}

(ਅੰਗ - ੫੮੫)

{ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥
ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥}

(ਅੰਗ - ੧੨੭)

{ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥ ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥
ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨॥
ਮੇਰਾ ਠਾਕੁਰੁ ਸਚੁ ਦ੍ਰਿੜਾਏ ॥ ਗੁਰ ਪਰਸਾਦੀ ਸਚਿ ਚਿਤੁ ਲਾਏ ॥
ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥੩॥}

(ਅੰਗ - ੧੧੨)

{ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥ ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥
ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥੧॥ ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥
ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥}

(ਅੰਗ ੨੯-੩੦)

{ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ ॥ ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ ॥
ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ ॥ ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ ॥
ਨਾਨਕ ਪੂਰੇ ਗੁਰ ਤੇ ਨਾਉ ਮੰਨੀਐ ਜਿਨ ਦੇਵੈ ਸੋਈ ॥੧੨॥}

(ਅੰਗ - ੧੨੪੨)

{ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ ॥ ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ ॥
ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ ॥ ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ ॥
ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ ॥੯॥}

(ਅੰਗ - ੧੨੪੧)

39/4832

{ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥ ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥
ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥ ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥
ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥}

(ਅੰਗ - ੧੨੪੨)

{ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ ॥ ਨਾਇ ਮੰਨਿਐ ਸੰਗਤਿ ਉਧਰੈ ਜਿਨਿ ਰਿਦੈ ਵਸਾਇਆ॥
ਨਾਇ ਮੰਨਿਐ ਸੁਣਿ ਉਧਰੇ ਜਿਨਿ ਰਸਨ ਰਸਾਇਆ ॥
ਨਾਇ ਮੰਨਿਐ ਦੁਖ ਭੁਖ ਗਈ ਜਿਨਿ ਨਾਮਿ ਚਿਤੁ ਲਾਇਆ ॥
ਨਾਨਕ ਨਾਮੁ ਤਿਨੀ ਸਾਲਾਹਿਆ ਜਿਨਿ ਗੁਰੂ ਮਿਲਾਇਆ ॥੧੦॥}

(ਅੰਗ - ੧੨੪੧)

{ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥
ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥}

(ਅੰਗ - ੯੦੩)

{ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥ ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥
ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥ ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥
ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥
ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥}

(ਅੰਗ ੧੨੪੧-੧੨੪੨)

{ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀ ਵੀਚਾਰ ॥ ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥}

(ਅੰਗ - ੧੨੪੧)

{ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ ॥ ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ ॥
ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ ॥ ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ ॥੨॥}

(ਅੰਗ - ੧੨੪੧)

{ਪੁਰੀਆ ਖੰਡਾ ਸਿਰਿ ਕਰੇ ਇਕ ਪੈਰਿ ਧਿਆਏ ॥ ਪਉਣੁ ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ ਤਲੈ ਦੇਇ ॥

ਕਿਸੁ ਉਪਰਿ ਓਹੁ ਟਿਕ ਟਿਕੈ ਕਿਸ ਨੋ ਜੋਰੁ ਕਰੇਇ ॥ ਕਿਸ ਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ ॥
ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ ॥੧॥}

(ਅੰਗ - ੧੨੪੧)

{ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੇ ਰਖੈ ਨਾਵਾਲਿ ॥ ਕੁੰਗੂ ਚੰਨਣੁ ਫੁਲ ਚੜਾਏ ॥
ਪੈਰੀ ਪੈ ਪੈ ਬਹੁਤੁ ਮਨਾਏ ॥ ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥ ਅੰਧੀ ਕੰਮੀ ਅੰਧ ਸਜਾਇ ॥
ਭੁਖਿਆ ਦੇਇ ਨ ਮਰਦਿਆ ਰਖੈ ॥ ਅੰਧਾ ਝਗੜਾ ਅੰਧੀ ਸਥੈ ॥੧॥}

(ਅੰਗ ੧੨੪੦-੧੨੪੧)

{ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥ ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥ ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥}

(ਅੰਗ - ੧੨੪੦)

{ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥ ਦੁਖੁ ਦੁਖੁ ਅਗੈ ਆਖੀਐ ਪੜਿ੍ ਪੜਿ੍ ਕਰਹਿ ਪੁਕਾਰ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥ ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥ ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥੧॥}

(ਅੰਗ - ੧੨੪੦)

39/4833

{ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ ॥
ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ ॥
ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥ ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ ॥
ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥੨॥}

(ਅੰਗ ੧੨੩੯-੧੨੪੦)

{ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥ ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ - ੧੨੩੯)

{ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥}

(ਅੰਗ - ੧੨੩੯)

{ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥
ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥}

(ਅੰਗ - ੩੩੧)

{ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥

ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥੩॥
ਅਪਨੀ ਭਗਤਿ ਆਪ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥
ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥}

(ਅੰਗ - ੩੩੧)

{ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥
ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ ॥
ਗੁਰਿ ਬਖਸਿਆ ਨਾਮੁ ਨਿਧਾਨੁ ਸਭੋ ਦੁਖੁ ਲਥਾ ॥ ਭੋਗਹੁ ਭੁੰਚਹੁ ਭਾਈਹੋ ਪਲੈ ਨਾਮੁ ਅਗਥਾ ॥
ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰ ਕਥਾ ॥
ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਭਉ ਲਥਾ ॥੨੦॥}

(ਅੰਗ - ੧੧੦੧)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ ॥}

(ਅੰਗ - ੧੨੩੯)

{ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥}

(ਅੰਗ - ੧੨੩੮)

{ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ ॥ ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ ॥
ਪੁਤ੍ ਕਲਤ੍ਰ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥ ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ ॥
ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ ॥੩॥}

(ਅੰਗ - ੧੨੩੮)

{ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ ਤਿਸੁ ਨਾਇ ਲਾਏ ॥
ਗੁਰੂ ਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ ॥੪॥}

(ਅੰਗ - ੧੨੩੪)

{ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥}

(ਅੰਗ - ੧੦੫੮)

39/4834

{ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥ ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥੧॥}

(ਅੰਗ - ੧੨੩੮)

{ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥ ਪੂਰੈ ਭਾਗਿ ਗੁਰ ਸੇਵਾ ਹੋਇ ॥
ਸੋ ਬੂਝੈ ਜਿਸੁ ਆਪਿ ਬੁਝਾਏ ॥ ਗੁਰ ਪਰਸਾਦੀ ਸੇਵ ਕਰਾਏ ॥੧॥ ਗਿਆਨ ਰਤਨਿ ਸਭ ਸੋਝੀ ਹੋਇ ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥

ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ ਪੂਰੇ ਗੁਰ ਤੇ ਸੋਝੀ ਪਾਏ ॥
ਅੰਤਰਿ ਮਹਲੁ ਗੁਰ ਸਬਦਿ ਪਛਾਣੈ ॥ ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ ॥੨॥}

(ਅੰਗ ੩੬੩-੩੬੪)

{ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ ॥ ਸਚੁ ਬਾਣੀ ਗੁਰੁ ਸਬਦੁ ਸੁਣਾਏ ॥
ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥
ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ ॥ ਜਿਸ ਨੋ ਬਖਸੇ ਸਾਚਾ ਸੋਇ ॥
ਪੂਰੈ ਸਬਦਿ ਮੰਨਿ ਵਸਾਏ ॥ ਨਾਨਕ ਨਾਮਿ ਰਤੇ ਸੁਖੁ ਪਾਏ ॥੫॥੧੧॥੫੦॥}

(ਅੰਗ - ੩੬੪)

{ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ ॥ ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ ॥
ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੁ ਨ ਕੋਇ ॥ ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ॥
ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥੧॥}

(ਅੰਗ - ੫੯੯)

{ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ ॥
ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ ॥੧॥}

(ਅੰਗ - ੫੯੪)

{ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥
ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥
ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥}

(ਅੰਗ - ੧੨੩੯)

{ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥ ਗੁਰਮੁਖਿ ਨਾਨਕ ਨਾਮੁ ਪਛਾਣਿਆ ॥੩॥}

(ਅੰਗ - ੧੨੩੭)

{ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ॥ ਆਪੇ ਖੇਲੁ ਰਚਾਇਓਨੁ ਸਭੁ ਜਗਤੁ ਸਬਾਇਆ ॥
ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥ ਗੁਰ ਪਰਸਾਦੀ ਉਬਰੇ ਜਿਨ ਭਾਣਾ ਭਾਇਆ ॥
ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥}

(ਅੰਗ - ੧੨੩੭)

{ਤੁਧੁ ਆਪੇ ਜਗਤੁ ਉਪਾਇ ਕੈ ਆਪਿ ਖੇਲੁ ਰਚਾਇਆ ॥
ਤ੍ਰੈ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ ॥ ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥
ਜਿਨਾ ਹਰਿ ਆਪਿ ਕ੍ਰਿਪਾ ਕਰੇ ਸੇ ਗੁਰਿ ਸਮਝਾਇਆ ॥ ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਾਇਆ ॥੩॥}

(ਅੰਗ - ੬੪੩)

{ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥
ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉਹਾਰਾ ॥

ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥}

(ਅੰਗ - ੧੦੨੯)

{ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ ਸੋਗੀ ਕੀਤੈ ਰੋਜਿ ॥
ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥ ਨ ਭੀਜੈ ਦਾਤੀ ਕੀਤੈ ਪੁੰਨਿ ॥
ਨ ਭੀਜੈ ਬਾਹਰਿ ਬੈਠਿਆ ਸੁੰਨਿ ॥ ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥
ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥੨॥}

(ਅੰਗ - ੧੨੩੭)

39/4835

{ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥}

(ਅੰਗ - ੧੨੩੭)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥}

(ਅੰਗ - ੧੨੬੩)

{ਕਰਿ ਕਿਰਪਾ ਅਪੁਨੇ ਪਹਿ ਆਇਆ ॥ ਧੰਨਿ ਸੁ ਰਿਦਾ ਜਿਹ ਚਰਨ ਬਸਾਇਆ ॥
ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ ॥
ਭਇਆ ਪ੍ਰਗਾਸੁ ਰਿਦੈ ਉਲਾਸੁ ਪ੍ਰਭੁ ਲੋੜੀਦਾ ਪਾਇਆ ॥
ਦੁਖੁ ਨਾਠਾ ਸੁਖੁ ਘਰ ਮਹਿ ਵੂਠਾ ਮਹਾ ਅਨੰਦ ਸਹਜਾਇਆ ॥
ਕਹੁ ਨਾਨਕ ਮੈ ਪੂਰਾ ਪਾਇਆ ਕਰਿ ਕਿਰਪਾ ਅਪੁਨੇ ਪਹਿ ਆਇਆ ॥੪॥੧॥}

(ਅੰਗ - ੧੨੩੭)

{ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ ਕਿਰਪਾ ਅਪਨੈ ਘਰਿ ਆਇਆ ॥
ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥੬॥
ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥
ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥
ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥}

(ਅੰਗ - ੧੦੧੬)

{ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥
ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥
ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥}

(ਅੰਗ - ੧੧੧੧)

{ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ ॥
ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ ॥੩॥}

(ਅੰਗ ੧੦੧੩-੧੦੧੪)

{ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥੩॥}

(ਅੰਗ - ੧੧੦੩)

{ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥
ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥੧॥}

(ਅੰਗ - ੧੧੦੩)

{ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥
ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥}

(ਅੰਗ - ੧੧੦੩)

{ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥
ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥
ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥
ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥}

(ਅੰਗ - ੧੧੦੩)

{ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥
ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥
ਦੂਜੀ ਦੁਰਮਤਿ ਆਧੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥
ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥
ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥
ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥
ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥
ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥
ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥
ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥੫॥}

(ਅੰਗ - ੨੨੩)

{ਅਗਮ ਅਗਾਧਿ ਸੁਨਹੁ ਜਨ ਕਥਾ ॥ ਪਾਰਬ੍ਰਹਮ ਕੀ ਅਚਰਜ ਸਭਾ ॥੧॥ ਰਹਾਉ ॥
ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥
ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥੧॥}

(ਅੰਗ - ੧੨੩੫)

{ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ ॥
ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥੨॥}

(ਅੰਗ - ੧੨੩੪)

{ਮਨ ਮੇਰੇ ਹਰਿ ਕੀ ਅਕਥ ਕਹਾਣੀ ॥
ਹਰਿ ਨਦਰਿ ਕਰੇ ਸੋਈ ਜਨੁ ਪਾਏ ਗੁਰਮੁਖਿ ਵਿਰਲੈ ਜਾਣੀ ॥੧॥ ਰਹਾਉ ॥}

(ਅੰਗ - ੧੨੩੪)

{ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ ॥
ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵ ਲਾਈ ॥੮॥੨॥}

(ਅੰਗ - ੧੨੩੪)

{ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥
ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥੬॥
ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ ॥
ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ ॥੭॥}

(ਅੰਗ - ੧੨੩੪)

{ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ ॥
ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ ॥੩॥
ਪੰਡਿਤ ਪੜਿ੍ ਪੜਿ੍ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥

ਗੁਰ ਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥}

(ਅੰਗ - ੧੨੩੪)

{ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥
ਜਨਮ ਜਨਮ ਕੇ ਕਿਲਵਿਖ ਭਉ ਭੰਜਨ ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥}

(ਅੰਗ - ੧੨੩੩)

{ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥
ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥}

(ਅੰਗ - ੧੨੩੩)

{ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥
ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥
ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥}

(ਅੰਗ - ੧੨੩੩)

{ਮਨ ਮੇਰੇ ਹਰਿ ਕੈ ਨਾਮਿ ਵਡਾਈ ॥
ਹਰਿ ਬਿਨੁ ਅਵਰੁ ਨ ਜਾਣਾ ਕੋਈ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥}

(ਅੰਗ - ੧੨੩੩)

39/4837

{ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਹਣੁ ਭਗਤਿ ਬਡਾਈ ॥
ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ ॥੨॥
ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥
ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ ॥੩॥}

(ਅੰਗ - ੧੨੩੩)

{ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥
ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥੫॥}

(ਅੰਗ - ੧੨੩੩)

{ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ ॥
ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ ॥੬॥
ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ ॥
ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ ॥੭॥
ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ ॥
ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ ॥੮॥੨॥}

(ਅੰਗ - ੧੨੩੩)

{ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉ ਰੰਗੀ ॥
ਅਨਭਉ ਬਿਸਰਿ ਗਏ ਪ੍ਰਭੁ ਜਾਚਿਆ ਹਰਿ ਨਿਰਮਾਇਲੁ ਸੰਗੀ ॥੧॥}

(ਅੰਗ - ੧੨੩੨)

{ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ ॥
ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥੭॥}

(ਅੰਗ - ੧੨੩੨)

{ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥
ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥}

(ਅੰਗ - ੧੨੩੨)

{ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥
ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ ॥
ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥
ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੧॥
ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥
ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥੨॥੪॥੩॥੧੩॥੧੩੯॥੪॥੧੫੯॥}

(ਅੰਗ ੧੨੩੧-੧੨੩੨)

{ਕਹਾ ਨਰ ਅਪਨੋ ਜਨਮੁ ਗਵਾਵੈ ॥
ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥}

(ਅੰਗ - ੧੨੩੧)

{ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥
ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥੨॥੨॥}

(ਅੰਗ - ੧੨੩੧)

{ਪਾਇਓ ਹੈ ਗੁਣ ਨਿਧਾਨੁ ਸਗਲ ਆਸ ਪੂਰੀ ॥
ਨਾਨਕ ਮਨਿ ਅਨੰਦ ਭਏ ਗੁਰਿ ਬਿਖਮ ਗਾਰ੍ਹ ਤੋਰੀ ॥੨॥੬॥੧੩੫॥}

(ਅੰਗ - ੧੨੩੦)

{ਗੁਨ ਲਾਲ ਗਾਵਉ ਗੁਰ ਦੇਖੇ ॥ ਪੰਚਾ ਤੇ ਏਕੁ ਛੂਟਾ ਜਉ ਸਾਧਸੰਗਿ ਪਗ ਰਉ ॥੧॥ ਰਹਾਉ ॥}

(ਅੰਗ - ੧੨੩੦)

39/4838

{ਰਾਮ ਰਾਮ ਰਾਮ ਜਾਪਿ ਰਮਤ ਰਾਮ ਸਹਾਈ ॥੧॥ ਰਹਾਉ ॥
ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ ਗੁਰ ਗੋਪਾਲ ਭਏ ਕ੍ਰਿਪਾਲ ਲਬਧਿ ਅਪਨੀ ਪਾਈ ॥੧॥
ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥
ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥੨॥੩॥੧੩੨॥}

(ਅੰਗ ੧੨੨੯-੧੨੩੦)

{ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥
ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥ ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥
ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥
ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥
ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥
ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥ ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ॥
ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥
ਨਾਨਕ ਸਤਿਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥}

(ਅੰਗ ੨੧-੨੨)

{ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ ॥
ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ ਮਹਾਂ ਅੰਧਾਰ ॥੨॥ ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ॥
ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥੩॥}

(ਅੰਗ - ੧੨੨੯)

{ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥}

(ਅੰਗ - ੬੬੨)

{ਹਰਿ ਭਜਿ ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ ॥੧॥ ਰਹਾਉ ॥}

(ਅੰਗ - ੧੨੨੯)

{ਤੁਅ ਚਰਨ ਆਸਰੋ ਈਸ ॥ ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ ਰਾਖਨਹਾਰ ਤੁਮੈ ਜਗਦੀਸ ॥ ਰਹਾਉ ॥
ਤੂ ਹਮਰੋ ਹਮ ਤੁਮਰੇ ਕਹੀਐ ਇਤ ਉਤ ਤੁਮ ਹੀ ਰਾਖੇ ॥
ਤੂ ਬੇਅੰਤੁ ਅਪਰੰਪਰੁ ਸੁਆਮੀ ਗੁਰ ਕਿਰਪਾ ਕੋਈ ਲਾਖੈ ॥੧॥
ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ ॥
ਜਾ ਕਉ ਮੇਲਿ ਲਏ ਪ੍ਰਭੁ ਨਾਨਕੁ ਸੇ ਜਨ ਦਰਗਹ ਮਾਨੇ ॥੨॥੧੦੫॥੧੨੯॥}

(ਅੰਗ - ੧੨੨੯)

{ਮਾਨੀ ਤੂੰ ਰਾਮ ਕੈ ਦਰਿ ਮਾਨੀ ॥
ਸਾਧਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ ॥੧॥ ਰਹਾਉ ॥
ਧਾਰਿ ਅਨੁਗ੍ਰਹੁ ਅਪੁਨੀ ਕਰਿ ਲੀਨੀ ਗੁਰਮੁਖਿ ਪੂਰ ਗਿਆਨੀ ॥
ਸਰਬ ਸੂਖ ਆਨੰਦ ਘਨੇਰੇ ਠਾਕੁਰ ਦਰਸ ਧਿਆਨੀ ॥੧॥
ਨਿਕਟਿ ਵਰਤਨਿ ਸਾ ਸਦਾ ਸੁਹਾਗਨਿ ਦਹ ਦਿਸ ਸਾਈ ਜਾਨੀ ॥
ਪ੍ਰਿਅ ਰੰਗ ਰੰਗਿ ਰਤੀ ਨਾਰਾਇਨ ਨਾਨਕ ਤਿਸੁ ਕੁਰਬਾਨੀ ॥੨॥੧੦੪॥੧੨੭॥}

(ਅੰਗ - ੧੨੨੮)

{ਕਾਲੁ ਮਾਰਿ ਗੁਰ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰ ਧਾਰੇ ॥
ਸਤਿਗੁਰ ਸੇਵਾ ਤੇ ਸੁਖੁ ਪਾਇਆ ਹਰਿ ਕੈ ਨਾਮਿ ਸਮਾਈ ਹੇ ॥੧੧॥}

(ਅੰਗ - ੧੦੪੭)

{ਮਨ ਰੇ ਦੂਜਾ ਭਾਉ ਚੁਕਾਇ ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥
ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥
ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥ ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥
ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥
ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥}

(ਅੰਗ ੩੩-੩੪)

{ਮਾਖੀ ਰਾਮ ਕੀ ਤੂ ਮਾਖੀ ॥ ਜਹ ਦੁਰਗੰਧ ਤਹਾ ਤੂ ਬੈਸਹि ਮਹਾ ਬਿਖਿਆ ਮਦ ਚਾਖੀ ॥੧॥ ਰਹਾਉ ॥
ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ ॥
ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ ॥੧॥
ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ ॥
ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥}

(ਅੰਗ - ੧੨੨੭)

{ਸਾਧਸੰਗਿ ਜਪਤੇ ਨਾਰਾਇਣ ਤਿਨ ਕੇ ਦੋਖ ਜਰੇ ॥ ਸਫਲ ਦੇਹ ਧੰਨਿ ਓਇ ਜਨਮੇ ਪ੍ਰਭ ਕੈ ਸੰਗਿ ਰਲੇ ॥੧॥}

(ਅੰਗ - ੧੨੨੭)

39/4839

{ਸੰਤ ਪ੍ਰਸਾਦਿ ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ ॥
ਰਾਮ ਰੰਗਿ ਰਾਤੇ ਦਾਸ ਨਾਨਕ ਮਉਲਿਓ ਮਨੁ ਤਨੁ ਜੂਹ ॥੨॥੯੫॥੧੧੮॥}

(ਅੰਗ - ੧੨੨੭)

{ਆਠ ਪਹਰ ਪ੍ਰਭ ਕੇ ਗੁਣ ਗਾਵਹ ਪੂਰਨ ਸਬਦਿ ਬੀਚਾਰਿ ॥
ਨਾਨਕ ਦਾਸਨਿ ਦਾਸੁ ਜਨੁ ਤੇਰਾ ਪੁਨਹ ਪੁਨਹ ਨਮਸਕਾਰਿ ॥੨॥੯੯॥੧੧੨॥}

(ਅੰਗ - ੧੨੨੬)

{ਹਰਿ ਕਾਟੀ ਕੁਟਿਲਤਾ ਕੁਠਾਰਿ ॥ ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ ॥੧॥ ਰਹਾਉ ॥
ਕਾਮ ਕ੍ਰੋਧ ਨਿੰਦਾ ਪਰਹਰੀਆ ਕਾਢੇ ਸਾਧੂ ਕੈ ਸੰਗਿ ਮਾਰਿ ॥
ਜਨਮੁ ਪਦਾਰਥੁ ਗੁਰਮੁਖਿ ਜੀਤਿਆ ਬਹੁਰਿ ਨ ਜੂਐ ਹਾਰਿ ॥੧॥}

(ਅੰਗ ੧੨੨੫-੧੨੨੬)

{ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥

ਤਿਆਗਿ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥੧॥ ਰਹਾਉ ॥}

(ਅੰਗ - ੧੨੨੫)

{ਮਾਈ ਰੀ ਚਰਨਹ ਓਟ ਗਹੀ ॥ ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ ॥੧॥ ਰਹਾਉ ॥}

(ਅੰਗ - ੧੨੨੫)

{ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ ॥
ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ ॥੨॥੮੭॥੧੧੦॥}

(ਅੰਗ - ੧੨੨੫)

{ਤ੍ਰਿਸਨਾ ਚਲਤ ਬਹੁ ਪਰਕਾਰਿ ॥ ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥੧॥ ਰਹਾਉ ॥
ਸਾਂਤਿ ਸੂਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ ॥ ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥੧॥
ਸੰਸਾਰ ਸਾਗਰੁ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ ॥
ਚਰਨ ਕਮਲ ਸਰਣਾਇ ਨਾਨਕ ਸਦ ਸਦਾ ਬਲਿਹਾਰਿ ॥੨॥੮੪॥੧੦੭॥}

(ਅੰਗ ੧੨੨੪-੧੨੨੫)

{ਕੀਨੇ ਪਾਪ ਕੇ ਬਹੁ ਕੋਟ ॥ ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾਹੀ ਛੋਟ ॥੧॥ ਰਹਾਉ ॥}

(ਅੰਗ - ੧੨੨੪)

{ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ ॥
ਸਹਜ ਅਨਦ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ ॥੧॥}

(ਅੰਗ - ੧੨੨੪)

{ਮੈਲਾ ਹਰਿ ਕੇ ਨਾਮ ਬਿਨੁ ਜੀਉ ॥
ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ ॥੧॥ ਰਹਾਉ ॥
ਕੋਟਿ ਜਨਮ ਭ੍ਰਮਤੋ ਬਹੁ ਭਾਂਤੀ ਥਿਤਿ ਨਹੀ ਕਤਹੂ ਪਾਈ ॥
ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥੧॥}

(ਅੰਗ - ੧੨੨੪)

{ਆਤੁਰੁ ਨਾਮ ਬਿਨੁ ਸੰਸਾਰ ॥ ਤ੍ਰਿਪਤਿ ਨ ਹੋਵਤ ਕੂਕਰੀ ਆਸਾ ਇਤੁ ਲਾਗੋ ਬਿਖਿਆ ਛਾਰ ॥੧॥ ਰਹਾਉ ॥
ਪਾਇ ਠਗਉਰੀ ਆਪਿ ਭੁਲਾਇਓ ਜਨਮਤ ਬਾਰੋ ਬਾਰ ॥}

(ਅੰਗ - ੧੨੨੩)

39/4840

{ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ ॥
ਭਗਤਿ ਵਛਲ ਭੈ ਕਾਟਨਹਾਰੇ ਨਾਨਕ ਕੇ ਮਾਈ ਬਾਪ ॥੨॥੭੭॥੧੦੦॥}

(ਅੰਗ - ੧੨੨੩)

{ਅਬ ਮੇਰੋ ਠਾਕੁਰ ਸਿਉ ਮਨੁ ਲੀਨਾ ॥
ਪ੍ਰਾਨ ਦਾਨੁ ਗੁਰਿ ਪੂਰੈ ਦੀਆ ਉਰਝਾਇਓ ਜਿਉ ਜਲ ਮੀਨਾ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥

ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥
ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ॥
ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥}

(ਅੰਗ ੧੨੧੦-੧੨੧੧)

{ਮਿਥਿਆ ਵਸਤੁ ਸਤਿ ਕਰਿ ਮਾਨੀ ॥ ਹਿਤੁ ਲਾਇਓ ਸਠ ਮੂੜ ਅਗਿਆਨੀ ॥
ਕਾਮ ਕ੍ਰੋਧ ਲੋਭ ਮਦ ਮਾਤਾ ॥ ਕਉਡੀ ਬਦਲੈ ਜਨਮੁ ਗਵਾਤਾ ॥ ਅਪਨਾ ਛੋਡਿ ਪਰਾਇਐ ਰਾਤਾ ॥
ਮਾਇਆ ਮਦ ਮਨ ਤਨ ਸੰਗਿ ਜਾਤਾ ॥ ਤ੍ਰਿਸਨ ਨ ਬੂਝੈ ਕਰਤ ਕਲੋਲਾ ॥ ਊਣੀ ਆਸ ਮਿਥਿਆ ਸਭਿ ਬੋਲਾ ॥
ਆਵਤ ਇਕੇਲਾ ਜਾਤ ਇਕੇਲਾ ॥ ਹਮ ਤੁਮ ਸੰਗਿ ਝੂਠੇ ਸਭਿ ਬੋਲਾ ॥
ਪਾਇ ਠਗਉਰੀ ਆਪਿ ਭੁਲਾਇਓ ॥ ਨਾਨਕ ਕਿਰਤੁ ਨ ਜਾਇ ਮਿਟਾਇਓ ॥੨॥}

(ਅੰਗ ੧੦੦੪-੧੦੦੫)

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥
ਹੁਕਮੁ ਮੰਨੇ ਸੋ ਜਨੁ ਪਰਵਾਨੁ ॥ ਗੁਰ ਕੈ ਸਬਦਿ ਨਾਮਿ ਨੀਸਾਨੁ ॥੧॥ ਰਹਾਉ ॥}

(ਅੰਗ - ੧੧੭੫)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥}

(ਅੰਗ - ੩੭੭)

{ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥੧੦॥
ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥
ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥੧੧॥}

(ਅੰਗ - ੧੦੬੦)

{ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ ॥
ਵਡਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ ॥
ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ ॥੩੮॥}

(ਅੰਗ - ੧੪੧੭)

{ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥ ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰ ਬਾਰ ॥੧॥}

(ਅੰਗ - ੧੨੨੩)

{ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ ॥
ਚਰਨ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥੨॥੭੨॥੯੫॥}

(ਅੰਗ - ੧੨੨੨)

{ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ ਭਾਵੈ ਦੋਇ ॥
ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥ ਐਸਾ ਜਗੁ ਦੇਖਿਆ ਜੂਆਰੀ ॥
ਸਭਿ ਸੁਖ ਮਾਗੈ ਨਾਮੁ ਬਿਸਾਰੀ ॥੧॥ ਰਹਾਉ ॥ ਅਦਿਸਟੁ ਦਿਸੈ ਤਾ ਕਹਿਆ ਜਾਇ ॥
ਬਿਨੁ ਦੇਖੇ ਕਹਣਾ ਬਿਰਥਾ ਜਾਇ ॥ ਗੁਰਮੁਖਿ ਦੀਸੈ ਸਹਜਿ ਸੁਭਾਇ ॥
ਸੇਵਾ ਸੁਰਤਿ ਏਕ ਲਿਵ ਲਾਇ ॥੨॥ ਸੁਖੁ ਮਾਂਗਤ ਦੁਖੁ ਆਗਲ ਹੋਇ ॥
ਸਗਲ ਵਿਕਾਰੀ ਹਾਰੁ ਪਰੋਇ ॥ ਏਕ ਬਿਨਾ ਝੂਠੇ ਮੁਕਤਿ ਨ ਹੋਇ ॥
ਕਰਿ ਕਰਿ ਕਰਤਾ ਦੇਖੈ ਸੋਇ ॥੩॥ ਤ੍ਰਿਸਨਾ ਅਗਨਿ ਸਬਦਿ ਬੁਝਾਏ ॥
ਦੂਜਾ ਭਰਮੁ ਸਹਜਿ ਸੁਭਾਏ ॥ ਗੁਰਮਤੀ ਨਾਮੁ ਰਿਦੈ ਵਸਾਏ ॥
ਸਾਚੀ ਬਾਣੀ ਹਰਿ ਗੁਣ ਗਾਏ ॥੪॥ ਤਨ ਮਹਿ ਸਾਚੋ ਗੁਰਮੁਖਿ ਭਾਉ ॥
ਨਾਮ ਬਿਨਾ ਨਾਹੀ ਨਿਜ ਠਾਉ ॥ ਪ੍ਰੇਮ ਪਰਾਇਣ ਪ੍ਰੀਤਮ ਰਾਉ ॥
ਨਦਰਿ ਕਰੇ ਤਾ ਬੂਝੈ ਨਾਉ ॥੫॥ ਮਾਇਆ ਮੋਹੁ ਸਰਬ ਜੰਜਾਲਾ ॥
ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥ ਸਤਿਗੁਰੁ ਸੇਵੇ ਚੂਕੈ ਜੰਜਾਲਾ ॥
ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥ ਗੁਰਮੁਖਿ ਬੂਝੈ ਏਕ ਲਿਵ ਲਾਏ ॥
ਨਿਜ ਘਰਿ ਵਾਸੈ ਸਾਚਿ ਸਮਾਏ ॥ ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥੭॥
ਕਥਨੀ ਕਥਉ ਨ ਆਵੈ ਓਰੁ ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥
ਦੁਖੁ ਸੁਖੁ ਭਾਣੈ ਤਿਸੈ ਰਜਾਇ ॥ ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥}

(ਅੰਗ ੨੨੨-੨੨੩)

{ਹਰਿ ਕੇ ਨਾਮਹੀਨ ਬੇਤਾਲ ॥ ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ ॥੧॥ ਰਹਾਉ ॥}

(ਅੰਗ - ੧੨੨੨)

39/4841

{ਹਰਿ ਹਰਿ ਸੰਤ ਜਨਾ ਕੀ ਜੀਵਨਿ ॥
ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ ॥੧॥ ਰਹਾਉ ॥}

(ਅੰਗ - ੧੨੨੨)

{ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥
ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥}

(ਅੰਗ - ੧੧੭੧)

{ਬਲਬੰਚ ਕਰੈ ਨ ਜਾਨੈ ਲਾਭੈ ਸੋ ਧੂਰਤੁ ਨਹੀ ਮੂੜਾ ॥
ਸੁਆਰਥੁ ਤਿਆਗਿ ਅਸਾਰਥਿ ਰਚਿਓ ਨਹ ਸਿਮਰੈ ਪ੍ਰਭੁ ਰੂੜਾ ॥੧॥}

(ਅੰਗ - ੧੨੨੧)

{ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ ॥
ਜਨਮ ਮਰਨ ਸੰਕਟ ਤੇ ਛੂਟੈ ਜਗਦੀਸ ਭਜਨ ਸੁਖ ਧਿਆਨ ॥੧॥}

(ਅੰਗ - ੧੨੨੧)

{ਜੀਵਨੁ ਤਉ ਗਨੀਐ ਹਰਿ ਪੇਖਾ ॥ ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ ਫੋਰਿ ਭਰਮ ਕੀ ਰੇਖਾ ॥੧॥ ਰਹਾਉ ॥}

(ਅੰਗ - ੧੨੨੧)

{ਬੰਧਨ ਤੋਰਿ ਰਾਮ ਲਿਵ ਲਾਈ ਸੰਤਸੰਗਿ ਬਨਿ ਆਈ ॥
ਜਨਮੁ ਪਦਾਰਥੁ ਭਇਓ ਪੁਨੀਤਾ ਇਛਾ ਸਗਲ ਪੁਜਾਈ ॥੧॥}

(ਅੰਗ - ੧੨੨੧)

{ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ ॥
ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ ॥੨॥੬੦॥੮੩॥}

(ਅੰਗ - ੧੨੨੦)

{ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥
ਮਨਮੁਖ ਮੂੜ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥}

(ਅੰਗ - ੧੨੬੫)

{ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ ॥੨॥
ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ ॥੩॥}

(ਅੰਗ - ੯੦੯)

{ਜਿਸ ਤੇ ਉਪਜਿਆ ਤਿਸਹਿ ਪਛਾਨੁ ॥
ਪਾਰਬ੍ਰਹਮੁ ਪਰਮੇਸਰੁ ਧਿਆਇਆ ਕੁਸਲ ਖੇਮ ਹੋਏ ਕਲਿਆਨ ॥੧॥ ਰਹਾਉ ॥
ਗੁਰੁ ਪੂਰਾ ਭੇਟਿਓ ਬਡ ਭਾਗੀ ਅੰਤਰਜਾਮੀ ਸੁਘੜੁ ਸੁਜਾਨੁ ॥
ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ ॥੧॥

ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥
ਸਾਸਿ ਸਾਸਿ ਆਰਾਧੈ ਨਾਨਕੁ ਸਦਾ ਸਦਾ ਜਾਈਐ ਕੁਰਬਾਣੁ ॥੨॥੨੧॥੧੦੭॥}

(ਅੰਗ - ੮੨੫)

{ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥}

(ਅੰਗ - ੯੪੩)

39/4842

{ਜਾ ਤੇ ਸਾਧੂ ਸਰਣਿ ਗਹੀ ॥ ਸਾਂਤਿ ਸਹਜੁ ਮਨਿ ਭਇਓ ਪ੍ਰਗਾਸਾ ਬਿਰਥਾ ਕਛੂ ਨ ਰਹੀ ॥੧॥ ਰਹਾਉ ॥}

(ਅੰਗ - ੧੨੨੦)

{ਆਵੈ ਰਾਮ ਸਰਣਿ ਵਡਭਾਗੀ ॥ ਏਕਸ ਬਿਨੁ ਕਿਛੁ ਹੋਰੁ ਨ ਜਾਣੈ ਅਵਰਿ ਉਪਾਵ ਤਿਆਗੀ ॥੧॥ ਰਹਾਉ ॥}

(ਅੰਗ - ੧੨੨੦)

{ਧਨਵੰਤ ਨਾਮ ਕੇ ਵਣਜਾਰੇ ॥ ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ ॥੧॥ ਰਹਾਉ ॥
ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥੧॥}

(ਅੰਗ ੧੨੧੯-੧੨੨੦)

{ਪੰਚ ਦੋਖ ਛਿਦ੍ਰ ਇਆ ਤਨ ਮਹਿ ਬਿਖੈ ਬਿਆਧਿ ਕੀ ਕਰਣੀ ॥
ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ ॥੧॥}

(ਅੰਗ - ੧੨੧੯)

{ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ ॥
ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥੧॥}

(ਅੰਗ - ੧੨੧੮)

{ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥}

(ਅੰਗ - ੧੨੧੮)

{ਮੇਰੈ ਗੁਰਿ ਮੋਰੋ ਸਹਸਾ ਉਤਾਰਿਆ ॥
ਤਿਸੁ ਗੁਰ ਕੈ ਜਾਈਐ ਬਲਿਹਾਰੀ ਸਦਾ ਸਦਾ ਹਉ ਵਾਰਿਆ ॥੧॥ ਰਹਾਉ ॥
ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ ॥
ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ ॥੧॥
ਗੁਰ ਪੂਰੇ ਕੀ ਕਰਉ ਨਿਤ ਸੇਵਾ ਗੁਰੁ ਅਪਨਾ ਨਮਸਕਾਰਿਆ ॥
ਸਰਬ ਫਲਾ ਦੀਨ੍ਹੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ ॥੨॥੪੭॥੭੦॥}

(ਅੰਗ - ੧੨੧੮)

{ਜਾ ਕੀ ਰਾਮ ਨਾਮ ਲਿਵ ਲਾਗੀ ॥ ਸਜਨੁ ਸੁਰਿਦਾ ਸੁਹੇਲਾ ਸਹਜੇ ਸੋ ਕਹੀਐ ਬਡਭਾਗੀ ॥੧॥ ਰਹਾਉ ॥

ਰਹਿਤ ਬਿਕਾਰ ਅਲਪ ਮਾਇਆ ਤੇ ਅਹੰਬੁਧਿ ਬਿਖੁ ਤਿਆਗੀ ॥
ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ ॥੧॥}

(ਅੰਗ - ੧੨੧੭)

{ਜਿਨ ਸੰਤਨ ਜਾਨਿਆ ਤੂ ਠਾਕੁਰ ਤੇ ਆਏ ਪਰਵਾਨ ॥
ਜਨ ਕਾ ਸੰਗੁ ਪਾਈਐ ਵਡਭਾਗੀ ਨਾਨਕ ਸੰਤਨ ਕੈ ਕੁਰਬਾਨ ॥੨॥੪੧॥੬੪॥}

(ਅੰਗ - ੧੨੧੭)

{ਹਰਿ ਹਰਿ ਦੀਓ ਸੇਵਕ ਕਉ ਨਾਮ ॥ ਮਾਨਸੁ ਕਾ ਕੋ ਬਪੁਰੋ ਭਾਈ ਜਾ ਕੋ ਰਾਖਾ ਰਾਮ ॥੧॥ ਰਹਾਉ ॥
ਆਪਿ ਮਹਾ ਜਨੁ ਆਪੇ ਪੰਚਾ ਆਪਿ ਸੇਵਕ ਕੈ ਕਾਮ ॥ ਆਪੇ ਸਗਲੇ ਦੂਤ ਬਿਦਾਰੇ ਠਾਕੁਰ ਅੰਤਰਜਾਮ ॥੧॥}

(ਅੰਗ - ੧੨੧੬)

{ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ ॥
ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ ॥੧॥}

(ਅੰਗ - ੧੨੧੬)

39/4843

{ਬੂਝੀ ਤ੍ਰਿਸਨਾ ਸਹਜਿ ਸੁਹੇਲਾ ਕਾਮੁ ਕ੍ਰੋਧੁ ਬਿਖੁ ਜਾਰੋ ॥
ਆਇ ਨ ਜਾਇ ਬਸੈ ਇਹ ਠਾਹਰ ਜਹ ਆਸਨੁ ਨਿਰੰਕਾਰੋ ॥੧॥}

(ਅੰਗ - ੧੨੧੫)

{ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ ॥
ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ ॥੧॥}

(ਅੰਗ - ੧੨੧੪)

{ਅੰਗੀਕਾਰੁ ਕੀਆ ਪ੍ਰਭਿ ਅਪਨੈ ਬੈਰੀ ਸਗਲੇ ਸਾਧੇ ॥ ਜਿਨਿ ਬੈਰੀ ਹੈ ਇਹੁ ਜਗੁ ਲੂਟਿਆ ਤੇ ਬੈਰੀ ਲੈ ਬਾਧੇ ॥੧॥}

(ਅੰਗ - ੮੮੪)

{ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੋਰੈ ॥
ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥੧॥}

(ਅੰਗ - ੧੨੧੪)

{ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥
ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥੧੩॥}

(ਅੰਗ - ੧੦੭੨)

{ਮਨ ਓਇ ਦਿਨਸ ਧੰਨਿ ਪਰਵਾਨਾਂ ॥
ਸਫਲ ਤੇ ਘਰੀ ਸੰਜੋਗ ਸੁਹਾਵੇ ਸਤਿਗੁਰ ਸੰਗਿ ਗਿਆਨਾਂ ॥੧॥ ਰਹਾਉ ॥}

(ਅੰਗ - ੧੨੧੩)

{ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ ॥
ਆਇ ਨ ਜਾਵੈ ਨ ਕਤ ਹੀ ਡੋਲੈ ਥਿਰੁ ਨਾਨਕ ਰਾਜਇਆ ॥੨॥੨੪॥੪੭॥}

(ਅੰਗ - ੧੨੧੩)

{ਰੇ ਮੂੜੇ ਆਨ ਕਾਹੇ ਕਤ ਜਾਈ ॥ ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ ਭੂਲਿ ਭੂਲਿ ਬਿਖੁ ਖਾਈ ॥੧॥ ਰਹਾਉ ॥
ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ ਤਿਸ ਸਿਉ ਰੁਚ ਨਹੀ ਰਾਈ ॥
ਮੋਹਨਿ ਸਿਉ ਬਾਵਰ ਮਨੁ ਮੋਹਿਓ ਝੂਠਿ ਠਗਉਰੀ ਪਾਈ ॥੧॥
ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ ਸੰਤਨ ਸਿਉ ਬਨਿ ਆਈ ॥
ਸਗਲ ਨਿਧਾਨ ਘਰੈ ਮਹਿ ਪਾਏ ਕਹੁ ਨਾਨਕ ਜੋਤਿ ਸਮਾਈ ॥੨॥੨੧॥੪੪॥}

(ਅੰਗ - ੧੨੧੩)

{ਹਰਿ ਹਰਿ ਨਾਮੁ ਦੀਓ ਗੁਰਿ ਸਾਥੇ ॥
ਨਿਮਖ ਬਚਨੁ ਪ੍ਰਭ ਹੀਅਰੈ ਬਸਿਓ ਸਗਲ ਭੂਖ ਮੇਰੀ ਲਾਥੇ ॥੧॥ ਰਹਾਉ ॥}

(ਅੰਗ - ੧੨੧੨)

{ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥
ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ ॥੧॥ ਰਹਾਉ ॥
ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਠਾ ॥
ਭਇਓ ਪਰਾਪਤਿ ਅੰਮ੍ਰਿਤ ਨਾਮਾ ਬਲਿ ਬਲਿ ਪ੍ਰਭ ਚਰਣੀਠਾ ॥੧॥
ਸਤਿਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ ॥
ਕਹੁ ਨਾਨਕ ਰੰਗਿ ਚਲੂਲ ਭਏ ਹੈ ਹਰਿ ਰੰਗੁ ਨ ਲਹੈ ਮਜੀਠਾ ॥੨॥੧੯॥੪੨॥}

(ਅੰਗ - ੧੨੧੨)

{ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥
ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ ॥੪॥੫॥}

(ਅੰਗ - ੧੨੯੬)

39/4844

{ਧਾਇਓ ਰੇ ਮਨ ਦਹ ਦਿਸ ਧਾਇਓ ॥
ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ ॥ ਰਹਾਉ ॥}

(ਅੰਗ - ੭੧੨)

{ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥੨॥}

(ਅੰਗ - ੫੦੩)

{ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥
ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥
ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥੪॥}

(ਅੰਗ - ੬੩੭)

{ਧਿਆਇਓ ਅੰਤਿ ਬਾਰ ਨਾਮੁ ਸਖਾ ॥

ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ ॥੧॥ ਰਹਾਉ ॥
ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ ਜਿਸੁ ਮਸਤਕਿ ਲੇਖੁ ਲਿਖਾ ॥
ਖੁਲ੍ਹੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ ਦਿਖਾ ॥੧॥
ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਏ ਰਸਨ ਚਖਾ ॥
ਕਹੁ ਨਾਨਕ ਸੁਖ ਸਹਜੁ ਮੈ ਪਾਇਆ ਗੁਰਿ ਲਾਹੀ ਸਗਲ ਤਿਖਾ ॥੨॥੧੭॥੪੦॥}

(ਅੰਗ - ੧੨੧੨)

{ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ ॥
ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ ਸਭ ਪੂਰਨ ਹੋਈ ਆਸਾ ॥੨॥੧੫॥੩੮॥}

(ਅੰਗ - ੧੨੧੧)

{ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥ ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥
ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥
ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥੪॥੧॥}

(ਅੰਗ - ੧੩੭)

{ਅਬ ਮੇਰੋ ਪੰਚਾ ਤੇ ਸੰਗੁ ਤੂਟਾ ॥ ਦਰਸਨੁ ਦੇਖਿ ਭਏ ਮਨਿ ਆਨਦ ਗੁਰ ਕਿਰਪਾ ਤੇ ਛੂਟਾ ॥੧॥ ਰਹਾਉ ॥
ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ ਰਾਖ ਸੂਰੂਟਾ ॥
ਬਿਖਮ ਗਾਰ੍ਹ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ ਲੂਟਾ ॥੧॥
ਬਹੁਤੁ ਖਜਾਨੇ ਮੇਰੈ ਪਾਲੈ ਪਰਿਆ ਅਮੋਲ ਲਾਲ ਆਖੂਟਾ ॥
ਜਨ ਨਾਨਕ ਪ੍ਰਭਿ ਕਿਰਪਾ ਧਾਰੀ ਤਉ ਮਨ ਮਹਿ ਹਰਿ ਰਸੁ ਘੂਟਾ ॥੨॥੯॥੩੨॥}

(ਅੰਗ - ੧੨੧੦)

{ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥
ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ ॥੧॥ ਰਹਾਉ ॥}

(ਅੰਗ - ੧੨੧੦)

{ਛੂਟਰਿ ਤੇ ਗੁਰਿ ਕੀਈ ਸੋਹਾਗਨਿ ਹਰਿ ਪਾਇਓ ਸੁਘੜ ਸੁਜਾਨੀ ॥
ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ ॥੧॥
ਉਨ੍ ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ ॥
ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ ਸਭ ਚੂਕੀ ਕਾਣਿ ਲੋਕਾਨੀ ॥੨॥੮॥੩੧॥}

(ਅੰਗ - ੧੨੧੦)

{ਅਬ ਮੋਹਿ ਲਬਧਿਓ ਹੈ ਹਰਿ ਟੇਕਾ ॥ ਗੁਰ ਦਇਆਲ ਭਏ ਸੁਖਦਾਈ ਅੰਧੁਲੈ ਮਾਣਿਕੁ ਦੇਖਾ ॥੧॥ ਰਹਾਉ ॥
ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥
ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥੧॥
ਜਹ ਤੇ ਉਠਿਓ ਤਹ ਹੀ ਆਇਓ ਸਭ ਹੀ ਏਕੈ ਏਕਾ ॥
ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ ਪ੍ਰਾਣਪਤੀ ਹਰਿ ਸਮਕਾ ॥੨॥੪॥੨੭॥}

(ਅੰਗ - ੧੨੦੯)

{ਅਬ ਕਿਆ ਸੋਚਉ ਸੋਚ ਬਿਸਾਰੀ ॥ ਕਰਣਾ ਸਾ ਸੋਈ ਕਰਿ ਰਹਿਆ ਦੇਹਿ ਨਾਉ ਬਲਿਹਾਰੀ ॥੧॥ ਰਹਾਉ ॥
ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰੁ ਮੂਖਿ ਗਰੁੜਾਰੀ ॥
ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ ॥੧॥}

(ਅੰਗ - ੧੨੦੯)

39/4845

{ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ ॥
ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆ ॥੧॥
ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ ॥
ਸਾਧਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ ॥੨॥੧॥੨੪॥}

(ਅੰਗ - ੧੨੦੯)

{ਹਰਿ ਜਨ ਰਾਮ ਰਾਮ ਰਾਮ ਧਿਆਂਏ ॥ ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥੧॥ ਰਹਾਉ ॥}

(ਅੰਗ - ੧੨੦੮)

{ਮਾਰਗਿ ਚਲੇ ਤਿਨ੍ੀ ਸੁਖੁ ਪਾਇਆ ਜਿਨ੍ ਸਿਉ ਗੋਸਟਿ ਸੇ ਤਰੇ ॥
ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ ॥੧॥}

(ਅੰਗ - ੧੨੦੮)

{ਮਨ ਸਦਾ ਮੰਗਲ ਗੋਬਿੰਦ ਗਾਇ ॥
ਰੋਗ ਸੋਗ ਤੇਰੇ ਮਿਟਹਿ ਸਗਲ ਅਘ ਨਿਮਖ ਹੀਐ ਹਰਿ ਨਾਮੁ ਧਿਆਇ ॥੧॥ ਰਹਾਉ ॥}

(ਅੰਗ - ੧੨੦੮)

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥}

(ਅੰਗ - ੧੨੦੮)

{ਸੰਤਹ ਚਰਨ ਮੋਰਲੋ ਮਾਥਾ ॥ ਹਮਰੇ ਮਸਤਕਿ ਸੰਤ ਧਰੇ ਹਾਥਾ ॥੧॥
ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥ ਭਗਤਹ ਦਰਸੁ ਦੇਖਿ ਨੈਨ ਰੰਗਾ ॥
ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥ ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥}

(ਅੰਗ - ੧੨੦੬)

{ਦੂਖ ਰੋਗ ਭੈ ਸਗਲ ਬਿਨਾਸੇ ਜੋ ਆਵੈ ਹਰਿ ਸੰਤ ਸਰਨ ॥
ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ ॥੧॥
ਜਾ ਕੋ ਮੰਤ੍ਰੁ ਉਤਾਰੈ ਸਹਸਾ ਊਣੇ ਕਉ ਸੁਭਰ ਭਰਨ ॥
ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥੨॥}

(ਅੰਗ - ੧੨੦੬)

{ਗਾਵਤ ਸੁਨਤ ਸੁਨਾਵਤ ਸਰਧਾ ਹਰਿ ਰਸੁ ਪੀ ਵਡਭਾਗੇ ॥

5180

ਕਲਿ ਕਲੇਸ ਮਿਟੇ ਸਭਿ ਤਨ ਤੇ ਰਾਮ ਨਾਮ ਲਿਵ ਜਾਗੇ ॥੨॥}

(ਅੰਗ - ੧੨੦੬)

{ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥
ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥੩॥}

(ਅੰਗ - ੧੨੦੬)

{ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ॥
ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ ॥੧॥ ਰਹਾਉ ॥
ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ॥
ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥੧॥}

(ਅੰਗ - ੧੨੦੫)

{ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥
ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥}

(ਅੰਗ - ੧੨੦੫)

39/4846

{ਸਗਲ ਪਰਾਧ ਏਕੁ ਗੁਣੁ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ ॥
ਆਈ ਮਸਟਿ ਜੜਵਤ ਕੀ ਨਿਆਈ ਜਿਉ ਤਸਕਰੁ ਦਰਿ ਸਾਂਨ੍ਹਿਹਾ ॥੩॥
ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ ॥
ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ ॥੪॥੪॥}

(ਅੰਗ - ੧੨੦੩)

{ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ ॥
ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ ॥੪॥}

(ਅੰਗ - ੧੨੦੩)

{ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥ ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥੧॥
ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥
ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥੨॥
ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥੩॥}

(ਅੰਗ ੧੨੦੨-੧੨੦੩)

{ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ ਗ੍ਰਿਹਿ
ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥
ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ ਕਾਮੁ ਕ੍ਰੋਧੁ ਲੋਭੁ ਮੋਹੁ
ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥੧॥}

(ਅੰਗ - ੧੨੦੧)

{ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥}

(ਅੰਗ - ੯੧੭)

{ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ ॥
ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥੪॥੫॥}

(ਅੰਗ - ੧੨੦੦)

{ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥੩॥
ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥
ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ ॥
ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ ॥੫॥੪॥}

(ਅੰਗ - ੧੧੯੯)

{ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ ਰਸੁ ਗਾਵਹਿ ਰਸੁ ਬੀਚਾਰੇ ॥
ਗੁਰ ਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ ਓਇ ਪਾਵਹਿ ਮੋਖ ਦੁਆਰੇ ॥੨॥
ਸਤਿਗੁਰੁ ਪੁਰਖੁ ਅਚਲੁ ਅਚਲਾ ਮਤਿ ਜਿਸੁ ਦ੍ਰਿੜਤਾ ਨਾਮੁ ਅਧਾਰੇ ॥
ਤਿਸੁ ਆਗੈ ਜੀਉ ਦੇਵਉ ਅਪੁਨਾ ਹਉ ਸਤਿਗੁਰ ਕੈ ਬਲਿਹਾਰੇ ॥੩॥
ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ ॥
ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ ॥੪॥
ਸਰਬੇ ਘਟਿ ਘਟਿ ਰਵਿਆ ਸੁਆਮੀ ਸਰਬ ਕਲਾ ਕਲ ਧਾਰੇ ॥
ਨਾਨਕੁ ਦਾਸਨਿ ਦਾਸੁ ਕਹਤ ਹੈ ਕਰਿ ਕਿਰਪਾ ਲੇਹੁ ਉਬਾਰੇ ॥੫॥੩॥}

(ਅੰਗ - ੧੧੯੯)

{ਪ੍ਰਭੁ ਅਗਮ ਅਗੋਚਰੁ ਰਵਿਆ ਸ੍ਰਬ ਠਾਈ ਮਨਿ ਤਨਿ ਅਲਖ ਅਪਾਰੀ ॥
ਗੁਰ ਕਿਰਪਾਲ ਭਏ ਤਬ ਪਾਇਆ ਹਿਰਦੈ ਅਲਖੁ ਲਖਾਰੀ ॥੨॥
ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ ॥
ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥੩॥}

(ਅੰਗ - ੧੧੯੮)

{ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥
ਮਿਲਿ ਸਤਿਸੰਗਤਿ ਪਰਮ ਪਦੁ ਪਾਇਆ ਆਤਮ ਰਾਮੁ ਰਹਿਆ ਭਰਪੂਰਿ ॥੧॥ ਰਹਾਉ ॥

ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥
ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥
ਵਡੈ ਭਾਗਿ ਸਤਿਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥
ਅਠਸਠਿ ਤੀਰਥ ਮਜਨੁ ਕੀਆ ਸਤਿਸੰਗਤਿ ਪਗ ਨਾਏ ਧੂਰਿ ॥੨॥
ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥
ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥
ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀ ਮਾਗਉ ਸਤਿਸੰਗਤਿ ਪਗ ਧੂਰਿ ॥
ਨਾਨਕ ਸੰਤੁ ਮਿਲੈ ਹਰਿ ਪਾਈਐ ਜਨੁ ਹਰਿ ਭੇਟਿਆ ਰਾਮੁ ਹਜੂਰਿ ॥੪॥੧॥}

(ਅੰਗ - ੧੧੯੮)

39/4847

{ਹਰਿ ਕੇ ਸੰਤ ਜਨਾ ਹਰਿ ਜਪਿਓ ਤਿਨ ਕਾ ਦੂਖੁ ਭਰਮੁ ਭਉ ਭਾਗੀ ॥
ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ ॥੧॥}

(ਅੰਗ - ੬੬੭)

{ਨਾਨਾ ਰੂਪ ਰੰਗ ਹਰਿ ਕੇਰੇ ਘਟਿ ਘਟਿ ਰਾਮੁ ਰਵਿਓ ਗੁਪਲਾਕ ॥
ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ ॥੧॥}

(ਅੰਗ - ੧੨੯੫)

{ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ ॥
ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥੩॥}

(ਅੰਗ - ੬੬੭)

{ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥
ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ ॥੧॥ ਰਹਾਉ ॥
ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ ॥
ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥੧॥
ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥
ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥੨॥
ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥
ਅੰਤਰਿ ਰਤਨ ਪਦਾਰਥ ਹਿਤ ਕੌ ਦੁਰੈ ਨ ਲਾਲ ਪਿਆਰੀ ॥
ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ ॥੪॥੩॥}

(ਅੰਗ - ੧੧੯੭-੧੧੯੮)

{ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ॥
ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ॥੩॥}

(ਅੰਗ - ੧੧੯੭)

{ਕੁਚਿਲ ਕਠੋਰ ਕਪਟ ਕਾਮੀ ॥ ਜਿਉ ਜਾਨਹਿ ਤਿਉ ਤਾਰਿ ਸੁਆਮੀ ॥੧॥ ਰਹਾਉ ॥
ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ ਅਪਨੀ ਕਲ ਧਾਰਿ ॥੧॥
ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥
ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥੨॥੮॥੧੯॥}

(ਅੰਗ - ੧੩੦੧)

{ਬਿਨੁ ਪਿਰ ਕਾਮਣਿ ਕਰੇ ਸੰਗੀਗਾਰੁ ॥ ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥
ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥
ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰ ਧਾਰਿ ॥ ਏਕੁ ਪਛਾਣੈ ਹਉਮੈ ਮਾਰਿ ॥
ਸੋਭਾਵੰਤੀ ਕਹੀਐ ਨਾਰਿ ॥੩॥ ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥
ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥ ਕਹਿ ਕਹਿ ਕਹਣੁ ਕਹੈ ਸਭੁ ਕੋਇ ॥
ਬਿਨੁ ਮਨ ਮੂਏ ਭਗਤਿ ਨ ਹੋਇ ॥ ਗਿਆਨ ਮਤੀ ਕਮਲ ਪਰਗਾਸੁ ॥
ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥ ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥
ਸੇ ਭਗਤ ਸਤਿਗੁਰ ਮਨਿ ਭਾਏ ॥ ਅਨਦਿਨੁ ਨਾਮਿ ਰਹੇ ਲਿਵ ਲਾਏ ॥ ਸਦ ਹੀ ਨਾਮੁ ਵੇਖਹਿ ਹਜੂਰਿ ॥
ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥ ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥
ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੧॥੩॥੫॥੮॥}

(ਅੰਗ ੧੨੨੭-੧੨੨੮)

{ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥
ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥
ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥੧੫॥}

(ਅੰਗ - ੧੨੪੩)

{ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥ ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥੪॥
ਕਬੀਰ ਐਸਾ ਏਕੁ ਆਧੁ ਜੋ ਜੀਵਤ ਮਿਰਤਕੁ ਹੋਇ ॥ ਨਿਰਭੈ ਹੋਇ ਕੈ ਗੁਨ ਰਵੈ ਜਤ ਪੇਖਉ ਤਤ ਸੋਇ ॥੫॥
ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ ॥ ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋਬਿੰਦੁ ॥੬॥}

(ਅੰਗ - ੧੩੬੪)

{ਕਹਨ ਕਹਾਵਨ ਕਉ ਕਈ ਕੇਤੈ ॥ ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥੧॥ ਰਹਾਉ ॥}

(ਅੰਗ - ੧੩੦੨)

{ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥
ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ ॥੩॥}

(ਅੰਗ - ੧੧੯੭)

{ਅਪੁਨੇ ਠਾਕੁਰ ਕੀ ਹਉ ਚੇਰੀ ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥੧॥ ਰਹਾਉ ॥}

(ਅੰਗ - ੧੧੯੭)

{ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥
ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥੧॥
ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ ॥
ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥੨॥}

(ਅੰਗ - ੧੧੯੭)

{ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥੧॥}

(ਅੰਗ - ੧੧੯੬)

{ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥}

(ਅੰਗ - ੧੩੬)

{ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥}

(ਅੰਗ - ੯੧੮)

{ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥}

(ਅੰਗ - ੭੨੨)

{ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ ॥
ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ ॥੨॥}

(ਅੰਗ - ੪੬੦)

{ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥
ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥ ਅੰਤਰਿ ਨਾਵਣੁ ਸਾਚੁ ਪਛਾਣੈ ॥
ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥}

(ਅੰਗ - ੪੧੪)

{ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥}

(ਅੰਗ - ੪੧੪)

{ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥}

(ਅੰਗ - ੪੧੪)

{ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥ ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥}

(ਅੰਗ - ੬੧)

{ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥ ਜੋਗ ਜੁਗਤਿ ਇਵ ਪਾਵਸਿਤਾ ॥
ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥}

(ਅੰਗ - ੧੫੫)

{ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥
ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥੩॥}

(ਅੰਗ ੧੫੫-੧੫੬)

{ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥ ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥
ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗਿ ਮੁਤੇ ॥ ਕੀਤਾ ਪਾਇਨਿ ਆਪਣਾ ਦੁਖ ਸੇਤੀ ਜੁਤੇ ॥
ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ ॥੧੨॥}

(ਅੰਗ - ੩੨੧)

{ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ ॥
ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ ॥ ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ ॥
ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ ॥ ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ ॥
ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ ॥੧॥}

(ਅੰਗ - ੫੯੧)

{ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥
ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ॥
ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ॥
ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ॥
ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ॥
ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥}

(ਅੰਗ - ੫੯੩)

{ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ ॥
ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ॥
ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ ॥
ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ ॥}

(ਅੰਗ - ੫੯੩)

{ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ ਤ੍ਰਿਸਨਾ ਦੂਖ ਨਿਵਾਰੇ ॥
ਮੈ ਪਿਰੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥੩॥}

(ਅੰਗ - ੫੯੪)

{ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਣੀ ॥

ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ ॥੬॥}

(ਅੰਗ - ੯੩੦)

{ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥}

(ਅੰਗ - ੧੦੩੭)

{ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥
ਆਪਿ ਮਿਲਾਏ ਆਪਿ ਮਿਲੈ ਆਪੇ ਦੇਇ ਪਿਆਰੋ ॥
ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥
ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥
ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥
ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥੩॥}

(ਅੰਗ - ੫੮੪)

39/4850

{ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥}

(ਅੰਗ - ੧੧੯੫)

{ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥
ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥
ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥੨॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥੩॥ ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭॥}

(ਅੰਗ - ੧੧੯੫)

{ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥}

(ਅੰਗ - ੫੨੫)

{ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥
ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥}

(ਅੰਗ - ੫੨੬)

{ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥
ਜੋ ਜਨ ਮਰਿ ਜੀਵੇ ਤਿਨ੍ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ ॥}

(ਅੰਗ - ੪੪੭)

{ਨਾਇਕੁ ਏਕੁ ਬਨਜਾਰੇ ਪਾਚ ॥ ਬਰਧ ਪਚੀਸਕ ਸੰਗੁ ਕਾਚ ॥
ਨਉ ਬਹੀਆਂ ਦਸ ਗੋਨਿ ਆਹਿ ॥ ਕਸਨਿ ਬਹਤਰਿ ਲਾਗੀ ਤਾਹਿ ॥੧॥
ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥ ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ ਰਹਾਉ ॥}

(ਅੰਗ ੧੧੯੪-੧੧੯੫)

{ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥}

(ਅੰਗ - ੬੯੬)

{ਸਾਤ ਸੂਤ ਮਿਲਿ ਬਨਜੁ ਕੀਨ ॥ ਕਰਮ ਭਾਵਨੀ ਸੰਗ ਲੀਨ ॥ ਤੀਨਿ ਜਗਾਤੀ ਕਰਤ ਰਾਰਿ ॥
ਚਲੋ ਬਨਜਾਰਾ ਹਾਥ ਝਾਰਿ ॥੨॥ ਪੂੰਜੀ ਹਿਰਾਨੀ ਬਨਜੁ ਟੂਟ ॥ ਦਹ ਦਿਸ ਟਾਂਡੋ ਗਇਓ ਫੂਟਿ ॥
ਕਹਿ ਕਬੀਰ ਮਨ ਸਰਸੀ ਕਾਜ ॥ ਸਹਜ ਸਮਾਨੋ ਤ ਭਰਮ ਭਾਜ ॥੩॥੬॥}

(ਅੰਗ - ੧੧੯੫)

{ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥
ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥}

(ਅੰਗ - ੧੧੯੪)

{ਪੰਡਿਤ ਜਨ ਮਾਤੇ ਪੜਿ੍ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥
ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥੧॥
ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ ॥
ਜਾਗੈ ਸੁਕਦੇਉ ਅਰੁ ਅਕ੍ਰੂਰੁ ॥ ਹਣਵੰਤੁ ਜਾਗੈ ਧਰਿ ਲੰਕੂਰੁ ॥ ਸੰਕਰੁ ਜਾਗੈ ਚਰਨ ਸੇਵ ॥
ਕਲਿ ਜਾਗੇ ਨਾਮਾ ਜੈਦੇਵ ॥੨॥ ਜਾਗਤ ਸੋਵਤ ਬਹੁ ਪ੍ਰਕਾਰ ॥ ਗੁਰਮੁਖਿ ਜਾਗੈ ਸੋਈ ਸਾਰੁ ॥
ਇਸੁ ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ ਭਜਿ ਰਾਮ ਨਾਮ ॥੩॥੨॥}

(ਅੰਗ - ੧੧੯੩-੧੧੯੪)

{ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੋ ਸੰਸਾਰ ॥
ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥}

(ਅੰਗ - ੧੧੯੨)

39/4851

{ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ ॥
ਰਾਮ ਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ ॥੨॥
ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥
ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥੩॥}

(ਅੰਗ - ੧੧੯੧)

{ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥
ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ ॥੪॥}

(ਅੰਗ ੧੧੯੦-੧੧੯੧)

{ਦੁਬਿਧਾ ਦੁਰਮਤਿ ਅਧੁਲੀ ਕਾਰ ॥ ਮਨਮੁਖਿ ਭਰਮੈ ਮਝਿ ਗੁਬਾਰ ॥੧॥
ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥}

(ਅੰਗ - ੧੧੯੦)

{ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥ ਪਸੂ ਭਏ ਅਭਿਮਾਨੁ ਨ ਜਾਈ ॥੨॥}

(ਅੰਗ - ੧੧੯੦)

{ਸਗਲੀ ਭੂਲੈ ਨਹੀ ਸਬਦੁ ਅਚਾਰੁ ॥ ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥}

(ਅੰਗ - ੧੧੯੦)

{ਜਿਨ ਕੈ ਹਿਰਦੈ ਏਕੋ ਭਾਇਆ ॥
ਆਪੇ ਮੇਲੇ ਭਰਮੁ ਚੁਕਾਇਆ ॥੬॥
ਬੇਮੁਹਤਾਜੁ ਬੇਅੰਤੁ ਅਪਾਰਾ ॥
ਸਚਿ ਪਤੀਜੈ ਕਰਣੈਹਾਰਾ ॥੭॥
ਨਾਨਕ ਭੂਲੇ ਗੁਰੁ ਸਮਝਾਵੈ ॥
ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥}

(ਅੰਗ - ੧੧੯੦)

{ਪੰਚ ਮਾਰਿ ਚਿਤੁ ਰਖਹੁ ਥਾਇ ॥
ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥
ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥}

(ਅੰਗ - ੧੧੮੯)

{ਗੁਰ ਸਬਦੁ ਬੀਚਾਰਹਿ ਆਪੁ ਜਾਇ ॥
ਸਾਚ ਜੋਗੁ ਮਨਿ ਵਸੈ ਆਇ ॥੮॥}

(ਅੰਗ - ੧੧੯੦)

{ਗੁਣ ਨਾਨਕੁ ਬੋਲੈ ਭਲੀ ਬਾਣਿ ॥
ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥}

(ਅੰਗ - ੧੧੯੦)

{ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥
ਗੁਰ ਮਹਲੀ ਸੋ ਮਹਲਿ ਬੁਲਾਵੈ ॥
ਮਨ ਮਹਿ ਮਨੂਆ ਚਿਤ ਮਹਿ ਚੀਤਾ ॥
ਐਸੇ ਹਰਿ ਕੇ ਲੋਗ ਅਤੀਤਾ ॥੫॥}

(ਅੰਗ - ੧੧੮੯)

{ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥
ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥੧॥}

(ਅੰਗ - ੧੨੯੧)

39/4852

{ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥
ਆਪੁ ਪਛਾਣਿ ਰਹੈ ਲਿਵ ਲਾਗਾ ॥ ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥੬॥}

(ਅੰਗ - ੧੧੮੯)

{ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥ ਸਹਜਿ ਮਰਉ ਜੀਵਤ ਹੀ ਜੀਵਉ ॥
ਅਪਣੋ ਕਰਿ ਰਾਖਹੁ ਗੁਰ ਭਾਵੈ ॥ ਤੁਮਰੋ ਹੋਇ ਸੁ ਤੁਝਹਿ ਸਮਾਵੈ ॥੭॥}

(ਅੰਗ - ੧੧੮੯)

{ਰੋਗੁ ਵਡੋ ਕਿਉ ਬਾਂਧਉ ਧੀਰਾ ॥ ਰੋਗੁ ਬੁਝੈ ਸੋ ਕਾਟੈ ਪੀਰਾ ॥
ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥}

(ਅੰਗ - ੧੧੮੯)

{ਇਤ ਉਤ ਦੇਖਉ ਸਹਜੇ ਰਾਵਉ ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}

(ਅੰਗ - ੧੧੮੮-੧੧੮੯)

{ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥ ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥
ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥
ਸਭ ਊਪਰਿ ਅਲਖ ਪਾਰਬ੍ਰਹਮ ॥੨॥ ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥
ਇਕਿ ਭਰਮੇ ਇਕਿ ਭਗਤੀ ਲਾਏ ॥ ਅਪਣਾ ਕੀਆ ਆਪਿ ਜਣਾਏ ॥੩॥
ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥
ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥ ਨਾਨਕ ਕਾ ਪ੍ਰਭੁ ਆਪੇ ਆਪਿ ॥੪॥੨੫॥੩੬॥}

(ਅੰਗ - ੮੯੪)

{ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਨੁ ॥ ਹਰਿ ਰਸਿ ਰਾਤਾ ਜਨੁ ਪਰਵਾਨੁ ॥੭॥}

(ਅੰਗ ੧੧੮੮-੧੧੮੯)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥}

(ਅੰਗ - ੧੧੮੮)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ - ੧੧੮੮)

{ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥
ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੬॥}

(ਅੰਗ - ੧੧੮੮)

{ਮਨੁ ਭੂਲਉ ਭਰਮਸਿ ਆਇ ਜਾਇ ॥ ਅਤਿ ਲੁਬਧ ਲੁਭਾਨਉ ਬਿਖਮ ਮਾਇ ॥
ਨਹ ਅਸਥਿਰੁ ਦੀਸੈ ਏਕ ਭਾਇ ॥ ਜਿਉ ਮੀਨ ਕੁੰਡਲੀਆ ਕੰਠਿ ਪਾਇ ॥੧॥}

(ਅੰਗ - ੧੧੮੭)

{ਮਨੁ ਭੂਲਉ ਸਮਝਸਿ ਸਾਚ ਨਾਇ ॥ ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ ॥}

(ਅੰਗ - ੧੧੮੭)

39/4853

{ਮਨੁ ਭੂਲਉ ਭਰਮਸਿ ਭਵਰ ਤਾਰ ॥ ਬਿਲ ਬਿਰਥੇ ਚਾਹੈ ਬਹੁ ਬਿਕਾਰ ॥
ਮੈਗਲ ਜਿਉ ਫਾਸਸਿ ਕਾਮਹਾਰ ॥ ਕੜਿ ਬੰਧਨਿ ਬਾਧਿਓ ਸੀਸ ਮਾਰ ॥੨॥
ਮਨੁ ਮੁਗਧੌ ਦਾਦਰੁ ਭਗਤਿਹੀਨੁ ॥ ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥
ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥ ਸਭਿ ਦੂਖ ਸਖਾਈ ਗੁਣਹ ਬੀਨ ॥੩॥}

(ਅੰਗ - ੧੧੮੭-੧੧੮੮)

{ਆਪਿ ਭੁਲਾਏ ਕਿਸੁ ਕਹਉ ਜਾਇ ॥ ਗੁਰੁ ਮੇਲੇ ਬਿਰਥਾ ਕਹਉ ਮਾਇ ॥
ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ - ੧੧੮੮)

{ਸਤਿਗੁਰ ਮਿਲਿਐ ਮਤਿ ਊਤਮ ਹੋਇ ॥ ਮਨੁ ਨਿਰਮਲੁ ਹਉਮੈ ਕਢੈ ਧੋਇ ॥
ਸਦਾ ਮੁਕਤੁ ਬੰਧਿ ਨ ਸਕੈ ਕੋਇ ॥ ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥}

(ਅੰਗ - ੧੧੮੮)

{ਮਨੁ ਹਰਿ ਕੈ ਭਾਣੈ ਆਵੈ ਜਾਇ ॥ ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥
ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥ ਦੂਖ ਸੂਖ ਸਭ ਤਿਸੁ ਰਜਾਇ ॥੭॥}

(ਅੰਗ - ੧੧੮੮)

{ਤੂ ਅਭੁਲੁ ਨ ਭੂਲੌ ਕਦੇ ਨਾਹਿ ॥ ਗੁਰ ਸਬਦੁ ਸੁਣਾਏ ਮਤਿ ਅਗਾਹਿ ॥
ਤੂ ਮੋਟਉ ਠਾਕੁਰੁ ਸਬਦ ਮਾਹਿ ॥ ਮਨੁ ਨਾਨਕ ਮਾਨਿਆ ਸਚੁ ਸਲਾਹਿ ॥੮॥੨॥}

(ਅੰਗ - ੧੧੮੮)

{ਬਿਨੁ ਸਤਿਗੁਰ ਕਿਨੈ ਨ ਪਾਇਓ ਮਨਿ ਵੇਖਹੁ ਕੋ ਪਤੀਆਇ ॥
ਹਰਿ ਕਿਰਪਾ ਤੇ ਸਤਿਗੁਰੁ ਪਾਈਐ ਭੇਟੈ ਸਹਜਿ ਸੁਭਾਇ ॥
ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ ॥੫॥}

(ਅੰਗ - ੧੨੭੭)

{ਕਰਣੀ ਕਾਰ ਧੁਰਹੁ ਫੁਰਮਾਈ ॥ ਬਿਨੁ ਸਬਦੈ ਕੋ ਥਾਇ ਨ ਪਾਈ ॥ ਕਰਣੀ ਕੀਰਤਿ ਨਾਮੁ ਵਸਾਈ ॥
ਆਪੇ ਦੇਵੈ ਢਿਲ ਨ ਪਾਈ ॥੨॥ ਮਨਮੁਖਿ ਭਰਮਿ ਭੁਲੈ ਸੰਸਾਰੁ ॥ ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥
ਵਿਣੁ ਰਾਸੀ ਵਖਰੁ ਪਲੈ ਨ ਪਾਇ ॥ ਮਨਮੁਖਿ ਭੁਲਾ ਜਨਮੁ ਗਵਾਇ ॥੩॥}

(ਅੰਗ - ੩੬੩)

{ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ ॥੮॥}

(ਅੰਗ - ੧੦੫੨)

{ਗੁਰ ਬਚਨੀ ਮਨੁ ਸਹਜ ਧਿਆਨੇ ॥ ਹਰਿ ਕੈ ਰੰਗਿ ਰਤਾ ਮਨੁ ਮਾਨੇ ॥
ਮਨਮੁਖ ਭਰਮਿ ਭੁਲੇ ਬਉਰਾਨੇ ॥ ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ ॥੧॥}

(ਅੰਗ - ੭੯੬)

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥}

(ਅੰਗ - ੬੦)

{ਜਗੁ ਕਉਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥
ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥੧॥
ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥}

(ਅੰਗ - ੧੧੮੭)

39/4854

{ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥ ਕਛੁ ਬਿਗਰਿਓ ਨਾਹਿਨ ਅਜਹੁ ਜਾਗ ॥੧॥ ਰਹਾਉ ॥}

(ਅੰਗ - ੧੧੮੭)

{ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ ॥੧॥}

(ਅੰਗ - ੧੧੮੬)

{ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥}

(ਅੰਗ - ੫੬)

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥}

(ਅੰਗ - ੪੪੧)

{ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥ ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥੩॥}

(ਅੰਗ - ੭੫੧)

{ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥
ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ ॥
ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ ॥
ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ ॥
ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ ॥
ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ ॥੬॥}

(ਅੰਗ - ੪੪੧)

{ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥
ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥
ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥
ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥੭॥}

(ਅੰਗ - ੪੪੧)

{ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥
ਮਹਾ ਅਨੰਦੁ ਸਹਜੁ ਭਇਆ ਮਨਿ ਤਨਿ ਸੁਖੁ ਪਾਇਆ ॥
ਸੋ ਸਹੁ ਚਿਤਿ ਆਇਆ ਮੰਨਿ ਵਸਾਇਆ ਅਵਗਣ ਸਭਿ ਵਿਸਾਰੇ ॥
ਜਾ ਤਿਸੁ ਭਾਣਾ ਗੁਣ ਪਰਗਟੁ ਹੋਏ ਸਤਿਗੁਰ ਆਪਿ ਸਵਾਰੇ ॥
ਸੇ ਜਨ ਪਰਵਾਣੁ ਹੋਏ ਜਿਨ੍ੀ ਇਕੁ ਨਾਮੁ ਦਿੜਿਆ ਦੁਤੀਆ ਭਾਉ ਚੁਕਾਇਆ ॥
ਇਉ ਕਹੈ ਨਾਨਕੁ ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥੮॥}

(ਅੰਗ - ੪੪੧)

{ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥
ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥
ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥
ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥
ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥੯॥
ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥ ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ ॥
ਸਚੀ ਤੇਰੀ ਵਡਿਆਈ ਜਾ ਕਉ ਤੁਧੁ ਮੰਨਿ ਵਸਾਈ ਸਦਾ ਤੇਰੇ ਗੁਣ ਗਾਵਹੇ ॥
ਤੇਰੇ ਗੁਣ ਗਾਵਹਿ ਜਾ ਤੁਧੁ ਭਾਵਹਿ ਸਚੇ ਸਿਉ ਚਿਤੁ ਲਾਵਹੇ ॥
ਜਿਸ ਨੋ ਤੂੰ ਆਪੇ ਮੇਲਹਿ ਸੁ ਗੁਰਮੁਖਿ ਰਹੈ ਸਮਾਈ ॥
ਇਉ ਕਹੈ ਨਾਨਕੁ ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥੧੦॥੨॥੭॥੫॥੨॥੭॥}

(ਅੰਗ ੪੪੧-੪੪੨)

{ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥ ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥}

(ਅੰਗ - ੪੪੧)

{ਸਾਧੋ ਇਹੁ ਤਨੁ ਮਿਥਿਆ ਜਾਨਉ ॥ ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥
ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥ ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥੧॥
ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥
ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥੨॥੧॥}

(ਅੰਗ - ੧੧੮੬)

39/4855

{ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥}

(ਅੰਗ - ੧੧੮੬)

{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥}

(ਅੰਗ - ੧੧੮੫)

{ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥ ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥
ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥ ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥
ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥ ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥
ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥
ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥੮॥੨॥}

(ਅੰਗ ੧੦੦੯-੧੦੧੦)

{ਕਰਿ ਕਿਰਪਾ ਪ੍ਰਗਟੇ ਗੋਪਾਲ ॥ ਲੜਿ ਲਾਇ ਉਧਾਰੇ ਦੀਨ ਦਇਆਲ ॥੨॥
ਇਹੁ ਮਨੁ ਹੋਆ ਸਾਧ ਧੂਰਿ ॥ ਨਿਤ ਦੇਖੈ ਸੁਆਮੀ ਹਜੂਰਿ ॥੩॥
ਕਾਮ ਕ੍ਰੋਧ ਤ੍ਰਿਸਨਾ ਗਈ ॥ ਨਾਨਕ ਪ੍ਰਭ ਕਿਰਪਾ ਭਈ ॥੪॥੨॥੧੫॥}

(ਅੰਗ - ੧੧੮੪)

{ਅਸਟ ਸਿਧਿ ਨਵ ਨਿਧਿ ਏਹ ॥ ਕਰਮਿ ਪਰਾਪਤਿ ਜਿਸੁ ਨਾਮੁ ਦੇਹ ॥
ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥ ਗੁਰ ਮਿਲਿ ਨਾਨਕ ਕਮਲ ਪ੍ਰਗਾਸ ॥੪॥੧੩॥}

(ਅੰਗ - ੧੧੮੪)

{ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥ ਕਾਮ ਕ੍ਰੋਧ ਗੁਰ ਸਬਦਿ ਨਾਸਿ ॥
ਭੈ ਬਿਨਸੇ ਨਿਰਭੈ ਪਦੁ ਪਾਇਆ ॥ ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥੨॥}

(ਅੰਗ - ੧੧੮੪)

{ਰਾਮ ਰੰਗਿ ਸਭ ਗਏ ਪਾਪ ॥ ਰਾਮ ਜਪਤ ਕਛੁ ਨਹੀ ਸੰਤਾਪ ॥
ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥ ਹਰਿ ਸਿਮਰਤ ਕਛੁ ਨਾਹਿ ਫੇਰ ॥੧॥}

(ਅੰਗ - ੧੧੮੩)

{ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ ॥}

(ਅੰਗ - ੧੧੮੨)

{ਜਿਸਹਿ ਪਰਾਪਤਿ ਸਾਧਸੰਗੁ ॥ ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥
ਤੇ ਬੰਧਨ ਤੇ ਭਏ ਮੁਕਤਿ ॥ ਭਗਤ ਅਰਾਧਹਿ ਜੋਗ ਜੁਗਤਿ ॥੨॥}

(ਅੰਗ - ੧੧੮੧)

{ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ ਗਿਆਨੁ ਕਮਾਈਐ ਪੂਛਿ ਜਨਾਂ ॥}

(ਅੰਗ - ੧੧੮੦)

{ਸੇ ਨਿਰਭਉ ਜਿਨ੍ ਭਉ ਪਇਆ ॥ ਸੋ ਸੁਖੀਆ ਜਿਸੁ ਭ੍ਰਮੁ ਗਇਆ ॥
ਸੋ ਇਕਾਂਤੀ ਜਿਸੁ ਰਿਦਾ ਬਾਇ ॥ ਸੋਈ ਨਿਹਚਲੁ ਸਾਚ ਠਾਇ ॥੩॥}

(ਅੰਗ - ੧੧੮੦)

39/4856

{ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ ॥
ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ ॥
ਗੁਰਮੁਖਿ ਜਿਨਾ ਸਬਦੁ ਮਨਿ ਵਸੈ ਦਰਗਹ ਮੋਖ ਦੁਆਰੁ ॥ ਨਾਨਕ ਆਪੇ ਮੇਲਿ ਲਏ ਆਪੇ ਬਖਸਣਹਾਰੁ ॥੧॥}

(ਅੰਗ - ੧੨੫੦)

{ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥
ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ ॥੧॥
ਗੋਬਿੰਦ ਜੀਉ ਸਤਿਸੰਗਤਿ ਮੇਲਿ ਹਰਿ ਧਿਆਈਐ ॥

ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ ॥੧॥ ਰਹਾਉ ॥
ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ ਲਹਿ ਨ ਸਕਾਈਐ ॥
ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ ॥੨॥
ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥
ਜਨਮੁ ਪਦਾਰਥੁ ਪੁੰਨਿ ਫਲੁ ਪਾਇਆ ਕਉਡੀ ਬਦਲੈ ਜਾਈਐ ॥੩॥
ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ ॥
ਜਨ ਨਾਨਕ ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥}

(ਅੰਗ - ੧੧੭੬)

{ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ ॥
ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥}

(ਅੰਗ - ੧੧੭੬)

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥}

(ਅੰਗ - ੧੧੭੮)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥}

(ਅੰਗ - ੧੧੭੮)

{ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥}

(ਅੰਗ - ੧੧੭੮)

{ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥
ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥
ਏਕੋ ਏਕੁ ਵਰਤੈ ਹਰਿ ਲੋਇ ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥੪॥੧॥}

(ਅੰਗ - ੧੧੭੭)

{ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥}

(ਅੰਗ - ੫੯੭)

{ਗੁਰਿ ਰਾਖੇ ਸੇ ਉਬਰੇ ਭਾਈ ਹਰਿ ਰਸੁ ਅੰਮ੍ਰਿਤੁ ਪੀਆਇ ॥
ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੁਠਾ ਮਨਿ ਆਇ ॥੨॥
ਧੁਰਿ ਆਪੇ ਜਿਨ੍ਾ ਨੋ ਬਖਸਿਓਨੁ ਭਾਈ ਸਬਦੇ ਲਇਅਨੁ ਮਿਲਾਇ ॥}

(ਅੰਗ - ੧੧੭੭)

{ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
ਕਹਤ ਨਾਨਕੁ ਹਉਮੈ ਕਹੈ ਨ ਕੋਇ ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥}

(ਅੰਗ - ੧੧੭੬)

{ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥
ਜੀਵਤ ਮਰਹਿ ਹਰਿ ਨਾਮਿ ਸਮਾਹਿ ॥੧॥ ਹਰਿ ਕੀ ਦਾਤਿ ਹਰਿ ਜੀਉ ਜਾਣੈ ॥
ਗੁਰ ਕੈ ਸਬਦਿ ਇਹੁ ਮਨੁ ਮਉਲਿਆ ਹਰਿ ਗੁਣਦਾਤਾ ਨਾਮੁ ਵਖਾਣੈ ॥੧॥ ਰਹਾਉ ॥}

(ਅੰਗ - ੧੧੭੫)

39/4857

{ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥ ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥
ਗੁਰਮਤਿ ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥੨॥}

(ਅੰਗ - ੧੧੭੫)

{ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥
ਆਪਿ ਕਰੇ ਕਿਛੁ ਕਰਣੁ ਨ ਜਾਇ ॥ ਆਪੇ ਭਾਵੈ ਲਏ ਮਿਲਾਇ ॥
ਤਿਸ ਤੇ ਨੇੜੈ ਨਾਹੀ ਕੋ ਦੂਰਿ ॥ ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧॥}

(ਅੰਗ - ੧੧੭੫)

{ਕ੍ਰਿਪਾ ਕਰੇ ਸਤਿਗੁਰੁ ਮਿਲਾਏ ॥ ਆਪੇ ਆਪਿ ਵਸੈ ਮਨਿ ਆਏ ॥
ਨਿਹਚਲ ਮਤਿ ਸਦਾ ਮਨ ਧੀਰ ॥ ਹਰਿ ਗੁਣ ਗਾਵੈ ਗੁਣੀ ਗਹੀਰ ॥੧॥}

(ਅੰਗ - ੧੧੭੫)

{ਸੋ ਬੂਝੈ ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ ਨਾਮੁ ਦ੍ਰਿੜਾਏ ॥
ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥}

(ਅੰਗ - ੧੧੭੫)

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥}

(ਅੰਗ - ੧੧੭੫)

{ਆਪਿ ਅਭੁਲੁ ਸਚਾ ਸਚੁ ਸੋਇ ॥ ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥
ਸਾਚਾ ਸੇਵਹੁ ਸਾਚੀ ਬਾਣੀ ॥ ਨਾਨਕ ਨਾਮੇ ਸਾਚਿ ਸਮਾਣੀ ॥੪॥੯॥}

(ਅੰਗ - ੧੧੭੫)

{ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥
ਗੁਰਮੁਖਿ ਨਾਮੁ ਪਰਾਪਤਿ ਹੋਇ ॥ ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥}

(ਅੰਗ - ੧੧੭੪)

{ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥ ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥
ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥}

(ਅੰਗ - ੧੧੭੪)

{ਤਿਸੁ ਜਨ ਕੀ ਹੈ ਸਾਚੀ ਬਾਣੀ ॥ ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥
ਚਹੁ ਜੁਗ ਪਸਰੀ ਸਾਚੀ ਸੋਇ ॥ ਨਾਮਿ ਰਤਾ ਜਨੁ ਪਰਗਟੁ ਹੋਇ ॥੨॥}

(ਅੰਗ - ੧੧੭੪)

{ਭਗਤਿ ਕਰੇ ਸੋ ਜਨੁ ਨਿਰਮਲੁ ਹੋਇ ॥ ਗੁਰ ਸਬਦੀ ਵਿਚਹੁ ਹਉਮੈ ਖੋਇ ॥
ਹਰਿ ਜੀਉ ਆਪਿ ਵਸੈ ਮਨਿ ਆਇ ॥ ਸਦਾ ਸਾਂਤਿ ਸੁਖਿ ਸਹਜਿ ਸਮਾਇ ॥੨॥}

(ਅੰਗ - ੧੧੭੩)

{ਭਗਤਿ ਵਛਲੁ ਹਰਿ ਵਸੈ ਮਨਿ ਆਇ ॥ ਗੁਰ ਕਿਰਪਾ ਤੇ ਸਹਜ ਸੁਭਾਇ ॥
ਭਗਤਿ ਕਰੇ ਵਿਚਹੁ ਆਪੁ ਖੋਇ ॥ ਤਦ ਹੀ ਸਾਚਿ ਮਿਲਾਵਾ ਹੋਇ ॥੧॥}

(ਅੰਗ - ੧੧੭੩)

39/4858

{ਭਗਤਿ ਕਰੇ ਸਦ ਵੇਖੈ ਹਜੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥
ਇਸੁ ਭਗਤੀ ਕਾ ਕੋਈ ਜਾਣੈ ਭੇਉ ॥ ਸਭੁ ਮੇਰਾ ਪ੍ਰਭੁ ਆਤਮ ਦੇਉ ॥੩॥}

(ਅੰਗ - ੧੧੭੩)

{ਅੰਤਰਿ ਪੂਜਾ ਮਨ ਤੇ ਹੋਇ ॥ ਏਕੋ ਵੇਖੈ ਅਉਰੁ ਨ ਕੋਇ ॥
ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥ ਸਤਿਗੁਰਿ ਮੈਨੋ ਏਕੁ ਦਿਖਾਇਆ ॥੧॥}

(ਅੰਗ - ੧੧੭੩)

{ਨਦਰਿ ਕਰੇ ਚੂਕੈ ਅਭਿਮਾਨੁ ॥ ਸਾਚੀ ਦਰਗਹ ਪਾਵੈ ਮਾਨੁ ॥
ਹਰਿ ਜੀਉ ਵੇਖੈ ਸਦ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥੩॥}

(ਅੰਗ - ੧੧੭੩)

{ਸੇ ਜਨ ਜੀਵੇ ਜਿਨ ਹਰਿ ਮਨ ਮਾਹਿ ॥ ਸਾਚੁ ਸਮ੍ਹਾਲਹਿ ਸਾਚਿ ਸਮਾਹਿ ॥੧॥ ਰਹਾਉ ॥}

(ਅੰਗ - ੧੧੭੨)

{ਪਉਣ ਪਾਣੀ ਕੀ ਇਹ ਦੇਹ ਸਰੀਰਾ ॥ ਹਉਮੈ ਰੋਗੁ ਕਠਿਨ ਤਨਿ ਪੀਰਾ ॥
ਗੁਰਮੁਖਿ ਰਾਮ ਨਾਮ ਦਾਰੂ ਗੁਣ ਗਾਇਆ ॥ ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥੩॥
ਚਾਰਿ ਨਦੀਆ ਅਗਨੀ ਤਨਿ ਚਾਰੇ ॥ ਤ੍ਰਿਸਨਾ ਜਲਤ ਜਲੇ ਅਹੰਕਾਰੇ ॥
ਗੁਰਿ ਰਾਖੇ ਵਡਭਾਗੀ ਤਾਰੇ ॥ ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ ॥੪॥੨॥}

(ਅੰਗ - ੧੧੭੨)

{ਇਹੁ ਮਨੁ ਲੋਭੀ ਲੋਭਿ ਲੁਭਾਨਾ ॥ ਰਾਮ ਬਿਸਾਰਿ ਬਹੁਰਿ ਪਛੁਤਾਨਾ ॥}

(ਅੰਗ - ੧੧੭੨)

{ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ ॥

ਆਪੇ ਕਰਤਾ ਕਰੇ ਕਰਾਏ ॥ ਜੋ ਤਿਸੁ ਭਾਵੈ ਤਿਸੈ ਖਵਾਏ ॥੩॥
ਨਾਨਕ ਜਿਸ ਨੋ ਨਦਰਿ ਕਰੇਇ ॥ ਅੰਮ੍ਰਿਤ ਨਾਮੁ ਆਪੇ ਦੇਇ ॥
ਬਿਖਿਆ ਕੀ ਬਾਸਨਾ ਮਨਹਿ ਕਰੇਇ ॥ ਅਪਣਾ ਭਾਣਾ ਆਪਿ ਕਰੇਇ ॥੪॥੧॥}

(ਅੰਗ - ੧੧੭੨)

{ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥
ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥
ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥
ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥}

(ਅੰਗ ੧੧੭੧-੧੧੭੨)

{ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥}

(ਅੰਗ - ੧੧੭੧)

{ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ ॥
ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ ॥੩॥੨॥੧੦॥}

(ਅੰਗ - ੧੧੭੧)

{ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ ॥ ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥੪॥੮॥}

(ਅੰਗ - ੧੧੭੦)

39/4859

{ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰ ਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ - ੧੧੭੦)

{ਗੁਰਮਤਿ ਊਤਮ ਸੰਗਿ ਸਾਥਿ ॥ ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥}

(ਅੰਗ - ੧੧੭੦)

{ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥
ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥}

(ਅੰਗ - ੧੧੭੦)

{ਮਨਮੁਖੀ ਦੁਹਾਗਣਿ ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥
ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥ ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥}

(ਅੰਗ - ੧੧੭੦)

{ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥
ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥ ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥੪॥੫॥}

(ਅੰਗ - ੧੧੬੯)

{ਜਾ ਕਉ ਤੂ ਰਾਖਹਿ ਰਖਨਹਾਰ ॥ ਸਤਿਗੁਰੂ ਮਿਲਾਵਹਿ ਕਰਹਿ ਸਾਰ ॥
ਬਿਖੁ ਹਉਮੈ ਮਮਤਾ ਪਰਹਰਾਇ ॥ ਸਭਿ ਦੂਖ ਬਿਨਾਸੇ ਰਾਮ ਰਾਇ ॥੩॥}

(ਅੰਗ - ੧੧੬੯)

{ਸਗਲ ਭਵਨ ਤੇਰੀ ਮਾਇਆ ਮੋਹ ॥ ਮੈ ਅਵਰੁ ਨ ਦੀਸੈ ਸਰਬ ਤੋਹ ॥
ਤੂ ਸੁਰਿ ਨਾਥਾ ਦੇਵਾ ਦੇਵ ॥ ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥੧॥}

(ਅੰਗ - ੧੧੬੯)

{ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥ ਨਾਦੀ ਬੇਦੀ ਪੜ੍ਹਿ ਪੁਰਾਣ ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ ਨੇੜਿ ਨਾਹਿ ॥੨॥
ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ ਕਰੇਇ ॥
ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ ਕੈਸੇ ਪਾਹਿ ॥੩॥}

(ਅੰਗ - ੧੧੬੯)

{ਕੀਤਾ ਹੋਆ ਕਰੇ ਕਿਆ ਹੋਇ ॥ ਜਿਸ ਨੋ ਆਪਿ ਚਲਾਏ ਸੋਇ ॥
ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥}

(ਅੰਗ - ੧੧੬੯)

{ਜਿਸੁ ਜੀਉ ਅੰਤਰੁ ਮੈਲਾ ਹੋਇ ॥ ਤੀਰਥ ਭਵੈ ਦਿਸੰਤਰ ਲੋਇ ॥
ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤੂਟਸਿ ਬੰਧ ॥੫॥੪॥}

(ਅੰਗ - ੧੧੬੯)

{ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥}

(ਅੰਗ - ੧੧੬੯)

39/4860

{ਭੋਲਿਆ ਹਉਮੈ ਸੁਰਤਿ ਵਿਸਾਰਿ ॥ ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥ ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥}

(ਅੰਗ - ੧੧੬੮)

{ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥}

(ਅੰਗ - ੧੧੬੭)

{ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥
ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥੨॥}

(ਅੰਗ - ੧੧੬੭)

{ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥੧॥ ਰਹਾਉ ॥}

(ਅੰਗ - ੧੧੬੬)

{ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥ ਜਉ ਗੁਰਦੇਉ ਨ ਦਹ ਦਿਸ ਧਾਵੈ ॥
ਜਉ ਗੁਰਦੇਉ ਪੰਚ ਤੇ ਦੂਰਿ ॥ ਜਉ ਗੁਰਦੇਉ ਨ ਮਰਿਬੋ ਝੂਰਿ ॥੨॥}

(ਅੰਗ - ੧੧੬੬)

{ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥}

(ਅੰਗ - ੧੧੬੭)

{ਸਾਈ ਪ੍ਰੀਤਿ ਜਿ ਆਪੇ ਲਾਏ ॥ ਗੁਰ ਪਰਸਾਦੀ ਦੁਬਿਧਾ ਜਾਏ ॥
ਕਬਹੁ ਨ ਤੂਟਸਿ ਰਹਿਆ ਸਮਾਇ ॥ ਨਾਮੇ ਚਿਤੁ ਲਾਇਆ ਸਚਿ ਨਾਇ ॥੩॥}

(ਅੰਗ - ੧੧੬੪)

{ਅਬਰਨ ਬਰਨ ਘਾਮ ਨਹੀ ਛਾਮ ॥ ਅਵਰ ਨ ਪਾਈਐ ਗੁਰ ਕੀ ਸਾਮ ॥
ਟਾਰੀ ਨ ਟਰੈ ਆਵੈ ਨ ਜਾਇ ॥ ਸੁੰਨ ਸਹਜ ਮਹਿ ਰਹਿਓ ਸਮਾਇ ॥੭॥
ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥}

(ਅੰਗ - ੧੧੬੨)

{ਅਗਮ ਦੁਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥
ਬਿਜੁਲੀ ਚਮਕੈ ਹੋਇ ਅਨੰਦੁ ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥੧॥
ਇਹੁ ਜੀਉ ਰਾਮ ਨਾਮ ਲਿਵ ਲਾਗੈ ॥ ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥੧॥ ਰਹਾਉ ॥}

(ਅੰਗ - ੧੧੬੨)

{ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ ੧੧੬੧-੧੧੬੨)

{ਆਪ ਆਪ ਕਾ ਮਰਮੁ ਨ ਜਾਨਾਂ ॥ ਬਾਤਨ ਹੀ ਬੈਕੁੰਠੁ ਬਖਾਨਾਂ ॥੧॥}

(ਅੰਗ - ੧੧੬੧)

39/4861

{ਜਬ ਲਗੁ ਸਿੰਘੁ ਰਹੈ ਬਨ ਮਾਹਿ ॥ ਤਬ ਲਗੁ ਬਨੁ ਫੂਲੈ ਹੀ ਨਾਹਿ ॥
ਜਬ ਹੀ ਸਿਆਰੁ ਸਿੰਘ ਕਉ ਖਾਇ ॥ ਫੂਲਿ ਰਹੀ ਸਗਲੀ ਬਨਰਾਇ ॥੨॥ ਜੀਤੋ ਬੂਡੈ ਹਾਰੋ ਤਿਰੈ ॥
ਗੁਰ ਪਰਸਾਦੀ ਪਾਰਿ ਉਤਰੈ ॥ ਦਾਸੁ ਕਬੀਰੁ ਕਹੈ ਸਮਝਾਇ ॥ ਕੇਵਲ ਰਾਮ ਰਹਹੁ ਲਿਵ ਲਾਇ ॥੩॥੬॥੧੪॥}

(ਅੰਗ - ੧੧੬੧)

{ਜਾ ਕਉ ਪ੍ਰਗਟੁ ਭਏ ਗੋਪਾਲ ॥ ਤਾ ਕੈ ਦਰਸਨਿ ਸਦਾ ਨਿਹਾਲ ॥
ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥ ਜਾ ਕਉ ਸਤਿਗੁਰਿ ਦੀਓ ਨਾਮੁ ॥੩॥
ਜਾ ਕਉ ਭੇਟਿਓ ਠਾਕੁਰੁ ਅਪਨਾ ॥ ਮਨੁ ਤਨੁ ਸੀਤਲੁ ਹਰਿ ਹਰਿ ਜਪਨਾ ॥
ਕਹੁ ਨਾਨਕ ਜੋ ਜਨ ਪ੍ਰਭ ਭਾਏ ॥ ਤਾ ਕੀ ਰੇਨੁ ਬਿਰਲਾ ਕੋ ਪਾਏ ॥੪॥੧੪॥੨੭॥}

(ਅੰਗ - ੧੧੪੩)

{ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥ ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥}

(ਅੰਗ - ੧੧੬੦)

{ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥}

(ਅੰਗ - ੧੧੬੦)

{ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ ॥
ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥੨॥
ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥
ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥੩॥੩॥}

(ਅੰਗ - ੮੭੦)

{ਹੈ ਹਜੂਰਿ ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥ ਰਹਾਉ ॥}

(ਅੰਗ - ੧੧੬੦)

{ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ ॥
ਕਾਲ ਪੁਰਖ ਕਾ ਮਰਦੈ ਮਾਨੁ ॥ ਤਿਸੁ ਮੁਲਾ ਕਉ ਸਦਾ ਸਲਾਮੁ ॥੧॥}

(ਅੰਗ - ੧੧੫੯)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ - ੧੧੫੯)

{ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥
ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥

ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥
ਕਹਤ ਕਬੀਰੁ ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥}

(ਅੰਗ - ੧੧੫੯)

{ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥}

(ਅੰਗ - ੧੧੫੮)

{ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥੧॥
ਜਉ ਹਉ ਬਉਰਾ ਤਉ ਰਾਮ ਤੋਰਾ ॥ ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥}

(ਅੰਗ - ੧੧੫੮)

{ਲੋਗੁ ਕਹੈ ਕਬੀਰੁ ਬਉਰਾਨਾ ॥ ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥੪॥੬॥}

(ਅੰਗ - ੧੧੫੮)

{ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥}

(ਅੰਗ - ੧੧੫੮)

39/4862

{ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥ ਬੋਲਨਹਾਰੁ ਪਰਮ ਗੁਰੁ ਏਹੀ ॥੧॥
ਕਹੁ ਰੇ ਮੁਲਾਂ ਬਾਂਗ ਨਿਵਾਜ ॥ ਏਕ ਮਸੀਤਿ ਦਸੈ ਦਰਵਾਜ ॥੧॥ ਰਹਾਉ ॥}

(ਅੰਗ - ੧੧੫੮)

{ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥ ਭਾਖਿ ਲੇ ਪੰਚੈ ਹੋਇ ਸਬੂਰੀ ॥੨॥
ਹਿੰਦੂ ਤੁਰਕ ਕਾ ਸਾਹਿਬੁ ਏਕ ॥ ਕਹ ਕਰੈ ਮੁਲਾਂ ਕਹ ਕਰੈ ਸੇਖ ॥੩॥
ਕਹਿ ਕਬੀਰ ਹਉ ਭਇਆ ਦਿਵਾਨਾ ॥ ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥੪॥੪॥}

(ਅੰਗ - ੧੧੫੮)

{ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥੧॥
ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥
ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥
ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥
ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥੪॥
ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥੫॥
ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥}

(ਅੰਗ - ੧੧੫੮)

{ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੇ ਗਇਆ ॥੩॥
ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥ ਚਲੇ ਜੁਆਰੀ ਦੁਇ ਹਥ ਝਾਰਿ ॥੪॥੨॥}

(ਅੰਗ - ੧੧੫੮)

{ਮਾਇਆ ਮਹਿ ਜਿਸੁ ਰਖੈ ਉਦਾਸੁ ॥ ਕਹਿ ਕਬੀਰ ਹਉ ਤਾ ਕੋ ਦਾਸੁ ॥੪॥੧॥}

(ਅੰਗ - ੧੧੫੭)

{ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥
ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥੧॥}

(ਅੰਗ - ੧੧੫੭)

{ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥}

(ਅੰਗ - ੧੧੫੫)

{ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥ ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥
ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥੨॥
ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥ ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥
ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥ ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥
ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥ ਨਾਮ ਬਿਨਾ ਮਨਮੁਖ ਗਾਵਾਰਾ ॥੪॥
ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥ ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥
ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥ ਨਾਮਹੀਣ ਨਾਹੀ ਪਤਿ ਵੇਸਾਹੁ ॥੫॥
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥
ਜਿਸੁ ਨਾਮੁ ਰਿਦੈ ਤਿਸੁ ਪ੍ਰਗਟੁ ਪਹਾਰਾ ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ ਨਾਮ ਬਿਨਾ ਫਿਰਿ ਆਵਣ ਜਾਣੁ ॥੭॥
ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥ ਸਾਧਸੰਗਤਿ ਮਹਿ ਲਖੇ ਗੁੋਪਾਲ ॥
ਆਵਣ ਜਾਣ ਰਹੇ ਸੁਖੁ ਪਾਇਆ ॥ ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥}

(ਅੰਗ ੧੧੫੫-੧੧੫੬)

{ਸਾਚੈ ਸਬਦਿ ਰਤੇ ਜਨ ਸਾਚੇ ਹਰਿ ਪ੍ਰਭਿ ਆਪਿ ਮਿਲਾਏ ॥
ਗੁਰ ਕੀ ਬਾਣੀ ਸਬਦਿ ਪਛਾਤੀ ਸਾਚਿ ਰਹੇ ਲਿਵ ਲਾਏ ॥੭॥}

(ਅੰਗ - ੧੧੫੫)

{ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ ॥
ਭਵਜਲੁ ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ ॥੬॥}

(ਅੰਗ - ੧੧੫੫)

{ਜਗਤੁ ਉਪਾਇ ਤੁਧੁ ਧੰਧੈ ਲਾਇਆ ਭੁੰਡੀ ਕਾਰ ਕਮਾਈ ॥
ਜਨਮੁ ਪਦਾਰਥੁ ਜੂਐ ਹਾਰਿਆ ਸਬਦੈ ਸੁਰਤਿ ਨ ਪਾਈ ॥੫॥}

(ਅੰਗ - ੧੧੫੫)

{ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥

ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥੩॥
ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ ਤੂ ਆਪੇ ਦੇਹਿ ਬੁਝਾਈ ॥
ਜੋ ਤੁਧੁ ਭਾਵੈ ਸੋਈ ਕਰਸੀ ਅਵਰੁ ਨ ਕਰਣਾ ਜਾਈ ॥੪॥}

(ਅੰਗ - ੧੧੫੫)

39/4863

{ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥
ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ ॥੧॥}

(ਅੰਗ - ੧੧੫੫)

{ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥ ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥}

(ਅੰਗ - ੧੧੫੫)

{ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥
ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥੨॥}

(ਅੰਗ - ੬੧੫)

{ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ ਕਰਦਾ ਆਇਆ ॥੧॥}

(ਅੰਗ - ੧੧੫੪)

{ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥
ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥
ਤੀਰਥਿ ਭਰਮੈ ਰੋਗੁ ਨ ਛੁਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥}

(ਅੰਗ - ੧੧੫੩)

{ਨਾਨਕ ਹਉਮੈ ਰੋਗ ਬੁਰੇ ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥
ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ ॥
ਜਿਨ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ ॥੨॥
ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥
ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥੩॥
ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥
ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ ॥
ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥੫॥
ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥ ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥੬॥
ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥
ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥
ਤੀਰਥਿ ਭਰਮੈ ਰੋਗੁ ਨ ਛੁਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥

ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥
ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥}

(ਅੰਗ - ੧੧੫੩)

{ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥}

(ਅੰਗ - ੧੧੫੩)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

{ਜੋ ਦੀਸੈ ਸੋ ਏਕੋ ਤੂਹੈ ॥ ਬਾਣੀ ਤੇਰੀ ਸ੍ਰਵਣਿ ਸੁਣੀਐ ॥
ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ ਧਾਰਣਾ ॥੧॥}

(ਅੰਗ - ੧੦੭੬)

{ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥}

(ਅੰਗ - ੭੨੪)

{ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ - ੫੧)

39/4864

{ਗੁਰ ਉਪਦੇਸਿ ਦਇਆ ਸੰਤੋਖੁ ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥}

(ਅੰਗ - ੧੧੫੨)

{ਸਾਧੂ ਧੂਰਿ ਪੁਨੀਤ ਕਰੀ ॥
ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥੧॥ ਰਹਾਉ ॥}

(ਅੰਗ - ੧੧੫੨)

{ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥
ਨਿੰਦਕ ਕਾ ਮੈਲਾ ਆਚਾਰੁ ॥ ਦਾਸ ਅਪੁਨੇ ਕਉ ਰਾਖਨਹਾਰੁ ॥੧॥}

(ਅੰਗ - ੧੧੫੧)

{ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹ ਅਪਨੀ ਪਤਿ ਖੋਵੈ ॥੨॥
ਮਾਇਆ ਕਾਰਣਿ ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥
ਜਿਨਿ ਕੀਆ ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ ਮੁਖਹੁ ਵਖਾਣੈ ॥੩॥}

(ਅੰਗ - ੧੧੫੧)

{ਪੰਚ ਮਜਮੀ ਜੋ ਪੰਚਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥ ਚਕ੍ਰ ਬਣਾਇ ਕਰੈ ਪਾਖੰਡ ॥

ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥੧॥ ਹਰਿ ਕੇ ਨਾਮ ਬਿਨਾ ਸਭ ਝੂਠੁ ॥
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹ ਸਾਕਤ ਮੂਠੁ ॥੧॥ ਰਹਾਉ ॥}

(ਅੰਗ - ੧੧੫੧)

{ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧਸੰਗਿ ਮਿਟਿਆ ਅਭਿਮਾਨ ॥
ਐਸੇ ਸੰਤ ਭੇਟਹਿ ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥}

(ਅੰਗ - ੧੧੫੧)

{ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ ॥
ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ ਦਾਸ ਕੇ ਹੋਏ ਪੂਰਨ ਕਾਮ ॥੧॥ ਰਹਾਉ ॥}

(ਅੰਗ - ੧੧੫੧)

{ਭਗਤਾ ਮਨਿ ਆਨੰਦੁ ਗੋਬਿੰਦ ॥ ਅਸਥਿਤਿ ਭਏ ਬਿਨਸੀ ਸਭ ਚਿੰਦ ॥
ਭੈ ਭ੍ਰਮ ਬਿਨਸਿ ਗਏ ਖਿਨ ਮਾਹਿ ॥ ਪਾਰਬ੍ਰਹਮੁ ਵਸਿਆ ਮਨਿ ਆਇ ॥੧॥ ਰਾਮ ਰਾਮ ਸੰਤ ਸਦਾ ਸਹਾਇ ॥
ਘਰਿ ਬਾਹਰਿ ਨਾਲੇ ਪਰਮੇਸਰੁ ਰਵਿ ਰਹਿਆ ਪੂਰਨ ਸਭ ਠਾਇ ॥੧॥ ਰਹਾਉ ॥}

(ਅੰਗ ੧੧੫੦-੧੧੫੧)

{ਤਿਸ ਕੀ ਧਰ ਪ੍ਰਭ ਕਾ ਮਨਿ ਜੋਰੁ ॥ ਏਕ ਬਿਨਾ ਦੂਜਾ ਨਹੀ ਹੋਰੁ ॥
ਨਾਨਕ ਕੈ ਮਨਿ ਇਹੁ ਪੁਰਖਾਰਥੁ ॥ ਪ੍ਰਭੂ ਹਮਾਰਾ ਸਾਰੇ ਸੁਆਰਥੁ ॥੪॥੩੮॥੫੧॥}

(ਅੰਗ - ੧੧੫੧)

{ਧਨੁ ਮਾਲੁ ਜੋਬਨੁ ਜੁਗਤਿ ਗੋਪਾਲ ॥ ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ ॥
ਅਪਨੇ ਦਾਸ ਕਉ ਦੇ ਰਾਖੈ ਹਾਥ ॥ ਨਿਮਖ ਨ ਛੋਡੈ ਸਦ ਹੀ ਸਾਥ ॥੨॥}

(ਅੰਗ - ੧੧੫੧)

{ਆਪੇ ਸਾਸਤੁ ਆਪੇ ਬੇਦੁ ॥ ਆਪੇ ਘਟਿ ਘਟਿ ਜਾਣੈ ਭੇਦੁ ॥ ਜੋਤਿ ਸਰੂਪ ਜਾ ਕੀ ਸਭ ਵਥੁ ॥
ਕਰਣ ਕਾਰਣ ਪੂਰਨ ਸਮਰਥੁ ॥੧॥ ਪ੍ਰਭ ਕੀ ਓਟ ਗਹਹੁ ਮਨ ਮੇਰੇ ॥
ਚਰਨ ਕਮਲ ਗੁਰਮੁਖਿ ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੇ ॥੧॥ ਰਹਾਉ ॥}

(ਅੰਗ - ੧੧੫੦)

39/4865

{ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥}

(ਅੰਗ - ੧੧੪)

{ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ ਗੁਰ ਕਾ ਸਬਦੁ ਮੰਨਿ ਵਸਾਏ ॥
ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥}

(ਅੰਗ ੧੧੩-੧੧੪)

{ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥

ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥}

(ਅੰਗ ੧੧੩੨-੧੧੩੩)

{ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥}

(ਅੰਗ - ੧੧੫੨)

{ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥
ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥੩॥
ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥੪॥੩॥੪॥}

(ਅੰਗ - ੧੧੨੬)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ - ੨੩੨)

{ਗੁਰਮੁਖਿ ਪਰਚੈ ਬੇਦ ਬੀਚਾਰੀ ॥ ਗੁਰਮੁਖਿ ਪਰਚੈ ਤਰੀਐ ਤਾਰੀ ॥
ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥
ਗੁਰਮੁਖਿ ਪਾਈਐ ਅਲਖ ਅਪਾਰੁ ॥ ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥}

(ਅੰਗ - ੯੪੧)

{ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥
ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ ਅਨਦਿਨੁ ਹਰਿ ਗੁਣ ਗਾਇ ॥੨॥}

(ਅੰਗ - ੧੧੩੨)

{ਗੁਰ ਪਰਸਾਦਿ ਪਰਮ ਪਦੁ ਪਾਇਆ ॥ ਗੁਣ ਗੋਪਾਲ ਦਿਨੁ ਰੈਨਿ ਧਿਆਇਆ ॥
ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥}

(ਅੰਗ - ੧੧੫੦)

{ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥}

(ਅੰਗ - ੧੦੧੬)

{ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥
ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥}

(ਅੰਗ - ੧੦੧੬)

39/4866

{ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥}

(ਅੰਗ - ੧੦੧੬)

{ਏਹੁ ਸਬਦੁ ਸਾਰੁ ਜਿਸ ਨੋ ਲਾਏ ॥ ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥
ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥੫॥}

(ਅੰਗ - ੧੦੧੬)

{ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ ਕਿਰਪਾ ਅਪਨੈ ਘਰਿ ਆਇਆ ॥
ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥੬॥}

(ਅੰਗ - ੧੦੧੬)

{ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥
ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥
ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥}

(ਅੰਗ - ੧੦੧੬)

{ਗੁਰਮੁਖਿ ਜਿਨੀ ਨਾਮੁ ਨ ਪਾਇਆ ॥ ਮਨਮੁਖਿ ਬਿਰਥਾ ਜਨਮੁ ਗਵਾਇਆ ॥
ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ ॥੯॥
ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥
ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥}

(ਅੰਗ - ੧੦੧੬)

{ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥ ਤਿਸ ਕੈ ਸੰਗਿ ਤਰੈ ਸੰਸਾਰੁ ॥੧॥ ਰਹਾਉ ॥
ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥
ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥ ਸੋ ਪਤਿਵੰਤਾ ਜਿ ਆਪੁ ਪਛਾਨੀ ॥੨॥
ਗੁਰ ਪਰਸਾਦਿ ਪਰਮ ਪਦੁ ਪਾਇਆ ॥ ਗੁਣ ਗੋਪਾਲ ਦਿਨੁ ਰੈਨਿ ਧਿਆਇਆ ॥
ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥}

(ਅੰਗ - ੧੧੫੦)

{ਸਬਦਿ ਮੁਆ ਵਿਚਹੁ ਆਪੁ ਗਵਾਇ ॥ ਸਤਿਗੁਰੁ ਸੇਵੇ ਤਿਲੁ ਨ ਤਮਾਇ ॥
ਨਿਰਭਉ ਦਾਤਾ ਸਦਾ ਮਨਿ ਹੋਇ ॥ ਸਚੀ ਬਾਣੀ ਪਾਏ ਭਾਗਿ ਕੋਇ ॥੧॥
ਗੁਣ ਸੰਗ੍ਰਹੁ ਵਿਚਹੁ ਅਉਗਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥
ਗੁਣ ਅਮੋਲਕ ਪਾਏ ਨ ਜਾਹਿ ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥
ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥ ਸਦਾ ਗੁਣਦਾਤਾ ਮੰਨਿ ਵਸਾਇਆ ॥੩॥
ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥ ਦਰਿ ਸਾਚੈ ਸਾਚੇ ਗੁਣ ਗਾਉ ॥
ਆਪੇ ਦੇਵੈ ਸਹਜਿ ਸੁਭਾਇ ॥ ਨਾਨਕ ਕੀਮਤਿ ਕਹਣੁ ਨ ਜਾਇ ॥੪॥੨॥੪੧॥}

(ਅੰਗ - ੩੬੧)

{ਨਿਰਮਲ ਸੋਭਾ ਨਿਰਮਲ ਰੀਤਿ ॥ ਪਾਰਬ੍ਰਹਮੁ ਆਇਆ ਮਨਿ ਚੀਤਿ ॥
ਕਰਿ ਕਿਰਪਾ ਗੁਰਿ ਦੀਨੋ ਦਾਨੁ ॥ ਨਾਨਕ ਪਾਇਆ ਨਾਮੁ ਨਿਧਾਨੁ ॥੪॥੩੩॥੪੬॥}

(ਅੰਗ - ੧੧੪੬)

{ਬਿਨੁ ਖਾਏ ਬੂਝੈ ਨਹੀ ਭੂਖ ॥ ਰੋਗੁ ਜਾਇ ਤਾਂ ਉਤਰਹਿ ਦੂਖ ॥
ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩}

(ਅੰਗ - ੧੧੪੬)

{ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥}

(ਅੰਗ - ੧੧੪੬)

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥
ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥ ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥}

(ਅੰਗ - ੧੧੪੮)

39/4867

{ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥
ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥ ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥}

(ਅੰਗ - ੧੩੩੯)

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਨਾਨਕ ਗੁਰਮੁਖਿ ਉਤਰਹਿ ਪਾਰਿ ॥੪॥੭॥}

(ਅੰਗ - ੧੩੩੯)

{ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥ ਸਾਧਸੰਗਤਿ ਊਂਧ ਕਮਲ ਬਿਗਾਸ ॥
ਗੁਣ ਗਾਵਤ ਨਿਹਚਲੁ ਬਿਸ੍ਰਾਮ ॥ ਪੂਰਨ ਹੋਏ ਸਗਲੇ ਕਾਮ ॥੩॥}

(ਅੰਗ - ੧੧੪੮)

{ਗੁਰ ਮਿਲਿ ਤਿਆਗਿਓ ਦੂਜਾ ਭਾਉ ॥ ਗੁਰਮੁਖਿ ਜਪਿਓ ਹਰਿ ਕਾ ਨਾਉ ॥
ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥੧॥
ਕਰਿ ਕਿਰਪਾ ਅਪਨੀ ਸੇਵਾ ਲਾਏ ॥ ਸਾਧੂ ਸੰਗਿ ਸਰਬ ਸੁਖ ਪਾਏ ॥੧॥ ਰਹਾਉ ॥
ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ ਮਨ ਭੀਤਰਿ ਸਾਰੇ ॥
ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥੨॥}

(ਅੰਗ ੧੧੪੭-੧੧੪੮)

{ਬੰਧਨ ਮਾਤ ਪਿਤਾ ਸੁਤ ਬਨਿਤਾ ॥ ਬੰਧਨ ਕਰਮ ਧਰਮ ਹਉ ਕਰਤਾ ॥
ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥}

(ਅੰਗ - ੧੧੪੭)

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥
ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥

ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥
ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ - ੧੧੪੭)

{ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥
ਕਰਿ ਕਿਰਪਾ ਸੰਤ ਟਹਲੈ ਲਾਏ ॥ ਨਾਨਕ ਸਾਧੂ ਸੰਗਿ ਸਮਾਏ ॥੪॥੨੩॥੩੬॥}

(ਅੰਗ - ੧੧੪੬)

{ਏਕ ਵਸਤੁ ਜੇ ਪਾਵੈ ਕੋਇ ॥ ਪੂਰਨ ਕਾਜੁ ਤਾਹੀ ਕਾ ਹੋਇ ॥
ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥ ਨਾਨਕ ਆਇਆ ਸੋ ਪਰਵਾਨੁ ॥੪॥੨੦॥੩੩॥}

(ਅੰਗ - ੧੧੪੫)

{ਰੋਵਨਹਾਰੀ ਰੋਜੁ ਬਨਾਇਆ ॥ ਬਲਨ ਬਰਤਨ ਕਉ ਸਨਬੰਧੁ ਚਿਤਿ ਆਇਆ ॥
ਬੂਝਿ ਬੈਰਾਗੁ ਕਰੇ ਜੇ ਕੋਇ ॥ ਜਨਮ ਮਰਣ ਫਿਰਿ ਸੋਗੁ ਨ ਹੋਇ ॥੧॥
ਬਿਖਿਆ ਕਾ ਸਭੁ ਧੰਧੁ ਪਸਾਰੁ ॥ ਵਿਰਲੈ ਕੀਨੋ ਨਾਮ ਅਧਾਰੁ ॥੧॥ ਰਹਾਉ ॥
ਤ੍ਰਿਬਿਧਿ ਮਾਇਆ ਰਹੀ ਬਿਆਪਿ ॥ ਜੋ ਲਪਟਾਨੋ ਤਿਸੁ ਦੂਖ ਸੰਤਾਪ ॥
ਸੁਖੁ ਨਾਹੀ ਬਿਨੁ ਨਾਮ ਧਿਆਏ ॥ ਨਾਮ ਨਿਧਾਨੁ ਬਡਭਾਗੀ ਪਾਏ ॥੨॥}

(ਅੰਗ - ੧੧੪੫)

{ਤਿਸੁ ਸਰਣਾਈ ਸਦਾ ਸੁਖੁ ਹੋਇ ॥ ਕਰਿ ਕਿਰਪਾ ਜਾ ਕਉ ਮੇਲੈ ਸੋਇ ॥੧॥ ਰਹਾਉ ॥
ਜਾ ਕੇ ਕਰਤਬ ਲਖੇ ਨ ਜਾਹਿ ॥ ਜਾ ਕਾ ਭਰਵਾਸਾ ਸਭ ਘਟ ਮਾਹਿ ॥
ਪ੍ਰਗਟੁ ਭਇਆ ਸਾਧੂ ਕੈ ਸੰਗਿ ॥ ਭਗਤ ਅਰਾਧਹਿ ਅਨਦਿਨੁ ਰੰਗਿ ॥੨॥}

(ਅੰਗ - ੧੧੪੪)

{ਨਾਮੁ ਹਮਾਰੈ ਨਿਹਚਲ ਧਨੀ ॥ ਨਾਮ ਕੀ ਮਹਿਮਾ ਸਭ ਮਹਿ ਬਨੀ ॥
ਨਾਮੁ ਹਮਾਰੈ ਪੂਰਾ ਸਾਹੁ ॥ ਨਾਮੁ ਹਮਾਰੈ ਬੇਪਰਵਾਹੁ ॥੨॥}

(ਅੰਗ - ੧੧੪੪)

39/4868

{ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ ਆਵੈ ਕਾਮੀ ॥
ਰੋਮਿ ਰੋਮਿ ਰਵਿਆ ਹਰਿ ਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥੧॥
ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥}

(ਅੰਗ - ੧੧੪੪)

{ਅੰਧ ਬਿਉਹਾਰ ਬੰਧ ਮਨੁ ਧਾਵੈ ॥ ਕਰਣੈਹਾਰੁ ਨ ਜੀਅ ਮਹਿ ਆਵੈ ॥੨॥

ਕਰਤ ਕਰਤ ਇਵ ਹੀ ਦੁਖੁ ਪਾਇਆ ॥ ਪੂਰਨ ਹੋਤ ਨ ਕਾਰਜ ਮਾਇਆ ॥
ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥੩॥}

(ਅੰਗ - ੧੧੪੩)

{ਚਿਤਵਤ ਪਾਪ ਨ ਆਲਕੁ ਆਵੈ ॥ ਬੇਸੁਆ ਭਜਤ ਕਿਛੁ ਨਹ ਸਰਮਾਵੈ ॥}

(ਅੰਗ - ੧੧੪੩)

{ਮਾਇਆ ਲਗਿ ਭੂਲੋ ਸੰਸਾਰੁ ॥
ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ ॥੧॥ ਰਹਾਉ ॥}

(ਅੰਗ - ੧੧੪੩)

{ਮੋਹਿ ਦੁਹਾਗਨਿ ਆਪਿ ਸੀਗਾਰੀ ॥ ਰੂਪ ਰੰਗ ਦੇ ਨਾਮਿ ਸਵਾਰੀ ॥ ਮਿਟਿਓ ਦੁਖੁ ਅਰੁ ਸਗਲ ਸੰਤਾਪ ॥
ਗੁਰ ਹੋਏ ਮੇਰੇ ਮਾਈ ਬਾਪ ॥੧॥ ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ ॥
ਕਰਿ ਕਿਰਪਾ ਭੇਟੇ ਮੋਹਿ ਕੰਤ ॥੧॥ ਰਹਾਉ ॥ ਤਪਤਿ ਬੁਝੀ ਪੂਰਨ ਸਭ ਆਸਾ ॥
ਮਿਟੇ ਅੰਧੇਰ ਭਏ ਪਰਗਾਸਾ ॥ ਅਨਹਦ ਸਬਦ ਅਚਰਜ ਬਿਸਮਾਦ ॥ ਗੁਰੁ ਪੂਰਾ ਪੂਰਾ ਪਰਸਾਦ ॥੨॥
ਜਾ ਕਉ ਪ੍ਰਗਟੁ ਭਏ ਗੋਪਾਲ ॥ ਤਾ ਕੈ ਦਰਸਨਿ ਸਦਾ ਨਿਹਾਲ ॥ ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥
ਜਾ ਕਉ ਸਤਿਗੁਰਿ ਦੀਓ ਨਾਮੁ ॥੩॥ ਜਾ ਕਉ ਭੇਟਿਓ ਠਾਕੁਰੁ ਅਪਨਾ ॥
ਮਨੁ ਤਨੁ ਸੀਤਲੁ ਹਰਿ ਹਰਿ ਜਪਨਾ ॥ ਕਹੁ ਨਾਨਕ ਜੋ ਜਨ ਪ੍ਰਭ ਭਾਏ ॥
ਤਾ ਕੀ ਰੇਨੁ ਬਿਰਲਾ ਕੋ ਪਾਏ ॥੪॥੧੪॥੨੭॥}

(ਅੰਗ - ੧੧੪੩)

{ਸਭ ਮਹਿ ਏਕੁ ਰਹਿਆ ਭਰਪੂਰਾ ॥ ਸੋ ਜਾਪੈ ਜਿਸੁ ਸਤਿਗੁਰੁ ਪੂਰਾ ॥
ਹਰਿ ਕੀਰਤਨੁ ਤਾ ਕੋ ਆਧਾਰੁ ॥ ਕਹੁ ਨਾਨਕ ਜਿਸੁ ਆਪਿ ਦਇਆਰੁ ॥੪॥੧੩॥੨੬॥}

(ਅੰਗ - ੧੧੪੩)

{ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥੧॥ ਰਹਾਉ ॥}

(ਅੰਗ - ੧੧੪੨)

{ਚੂਕਾ ਪੜਦਾ ਤਾਂ ਨਦਰੀ ਆਇਆ ॥ ਖਸਮੁ ਤੂਹੈ ਸਭਨਾ ਕੇ ਰਾਇਆ ॥੨॥}

(ਅੰਗ - ੧੧੪੧)

{ਪਿਤਾ ਹਮਾਰੇ ਪ੍ਰਗਟੇ ਮਾਝ ॥ ਪਿਤਾ ਪੂਤ ਰਲਿ ਕੀਨੀ ਸਾਂਝ ॥
ਕਹੁ ਨਾਨਕ ਜਉ ਪਿਤਾ ਪਤੀਨੇ ॥ ਪਿਤਾ ਪੂਤ ਏਕੈ ਰੰਗਿ ਲੀਨੇ ॥੪॥੯॥੨੨॥}

(ਅੰਗ - ੧੧੪੧)

{ਬਾਪੁ ਹਮਾਰਾ ਸਦ ਚਰੰਜੀਵੀ ॥ ਭਾਈ ਹਮਾਰੇ ਸਦ ਹੀ ਜੀਵੀ ॥
ਮੀਤ ਹਮਾਰੇ ਸਦਾ ਅਬਿਨਾਸੀ ॥ ਕੁਟੰਬੁ ਹਮਾਰਾ ਨਿਜ ਘਰਿ ਵਾਸੀ ॥੧॥
ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ ॥ ਗੁਰਿ ਪੂਰੈ ਪਿਤਾ ਸੰਗਿ ਮੇਲੇ ॥੧॥ ਰਹਾਉ ॥}

(ਅੰਗ - ੧੧੪੧)

{ਚੀਤਿ ਆਵੈ ਤਾਂ ਮਹਾ ਅਨੰਦ ॥ ਚੀਤਿ ਆਵੈ ਤਾਂ ਸਭਿ ਦੁਖ ਭੰਜ ॥

ਚੀਤਿ ਆਵੈ ਤਾਂ ਸਰਧਾ ਪੂਰੀ ॥ ਚੀਤਿ ਆਵੈ ਤਾਂ ਕਬਹਿ ਨ ਝੂਰੀ ॥੧॥
ਅੰਤਰਿ ਰਾਮ ਰਾਇ ਪ੍ਰਗਟੇ ਆਇ ॥ ਗੁਰਿ ਪੂਰੈ ਦੀਓ ਰੰਗੁ ਲਾਇ ॥੧॥ ਰਹਾਉ ॥}

(ਅੰਗ - ੧੧੪੧)

{ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥ ਚੀਤਿ ਆਵੈ ਤਾਂ ਸੁੰਨਿ ਸਮਾਇਆ ॥
ਚੀਤਿ ਆਵੈ ਸਦ ਕੀਰਤਨੁ ਕਰਤਾ ॥ ਮਨੁ ਮਾਨਿਆ ਨਾਨਕ ਭਗਵੰਤਾ ॥੪॥੮॥੨੧॥}

(ਅੰਗ - ੧੧੪੧)

39/4869

{ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥
ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥ ਹੇਤ ਰੋਗ ਕਾ ਸਗਲ ਸੰਸਾਰਾ ॥
ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥ ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥
ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥}

(ਅੰਗ ੧੧੪੦-੧੧੪੧)

{ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥
ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥}

(ਅੰਗ - ੧੧੪੦)

{ਬਿਨੁ ਬੈਰਾਗ ਕਹਾ ਬੈਰਾਗੀ ॥ ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥
ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥੪॥}

(ਅੰਗ - ੧੧੪੦)

{ਬਿਨੁ ਬੂਝੇ ਕਹਾ ਮਨੁ ਠਹਰਾਨਾ ॥ ਨਾਮ ਬਿਨਾ ਸਭੁ ਜਗੁ ਬਉਰਾਨਾ ॥੩॥}

(ਅੰਗ - ੧੧੪੦)

{ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥
ਹੈ ਨਿਕਟੇ ਅਰੁ ਭੇਦੁ ਨ ਪਾਇਆ ॥ ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥
ਨੇੜੈ ਨੇੜੈ ਸਭੁ ਕੋ ਕਹੈ ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ ਰਹਾਉ ॥
ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ ॥ ਦਰਬੁ ਹਿਰੈ ਮਿਥਿਆ ਕਰਿ ਖਾਇ ॥
ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥
ਨਿਕਟਿ ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥
ਅੰਤਰਿ ਵਸਤੁ ਦਿਸੰਤਰਿ ਜਾਇ ॥ ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥
ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥

ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥}

(ਅੰਗ - ੧੧੩੯)

{ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ ਉਦਾਸਾਏ ॥
ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ ॥੧॥ ਸੰਤਸੰਗਿ ਪੇਖਿਓ ਮਨ ਮਾਏਂ ॥
ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਗਾਏ ॥੧॥ ਰਹਾਉ ॥
ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ ॥
ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ ॥੨॥
ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ ॥
ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ ॥੩॥
ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ ॥
ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ ਜਿਹ ਘਟਿ ਪਰਗਟੀਆਏ ॥੪॥੨॥੧੫॥}

(ਅੰਗ - ੧੧੩੯)

{ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥
ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥੩॥
ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥
ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥੧॥੧੪॥}

(ਅੰਗ ੧੧੩੮-੧੧੩੯)

{ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਏਕ ਬਿਨਾ ਦੂਜਾ ਨਹੀ ਜਾਣੀ ॥੪॥੬॥}

(ਅੰਗ - ੧੧੩੭)

{ਦਸ ਮਿਰਗੀ ਸਹਜੇ ਬੰਧਿ ਆਨੀ ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥
ਸੰਤਸੰਗਿ ਲੇ ਚੜਿਓ ਸਿਕਾਰ ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥
ਆਖੇਰ ਬਿਰਤਿ ਬਾਹਰਿ ਆਇਓ ਧਾਇ ॥ ਅਹੇਰਾ ਪਾਇਓ ਘਰ ਕੈ ਗਾਂਇ ॥੨॥
ਮ੍ਰਿਗ ਪਕਰੇ ਘਰਿ ਆਣੇ ਹਾਟਿ ॥ ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥
ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥}

(ਅੰਗ - ੧੧੩੬)

{ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥
ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥
ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥}

(ਅੰਗ - ੧੧੩੬)

{ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥}

(ਅੰਗ - ੧੧੩੬)

39/4870

{ਹਰਿ ਹਰਿ ਅਗਮ ਨਾਮ ਹਰਿ ਤੇਰੇ ਵਿਚਿ ਭਗਤਾ ਹਰਿ ਧਰਣੇ ॥
ਨਾਨਕ ਜਨਿ ਪਾਇਆ ਮਤਿ ਗੁਰਮਤਿ ਜਪਿ ਹਰਿ ਹਰਿ ਪਾਰਿ ਪਵਣੇ ॥੪॥੩॥੭॥}

(ਅੰਗ - ੧੧੩੫)

{ਜਗਜੀਵਨੁ ਹਰਿ ਧਿਆਇ ਤਰਣੇ ॥
ਅਨੇਕ ਅਸੰਖ ਨਾਮ ਹਰਿ ਤੇਰੇ ਨ ਜਾਹੀ ਜਿਹਵਾ ਇਤੁ ਗਨਣੇ ॥੧॥ ਰਹਾਉ ॥
ਗੁਰਸਿਖ ਹਰਿ ਬੋਲਹੁ ਹਰਿ ਗਾਵਹੁ ਲੇ ਗੁਰਮਤਿ ਹਰਿ ਜਪਣੇ ॥
ਜੋ ਉਪਦੇਸੁ ਸੁਣੇ ਗੁਰ ਕੇਰਾ ਸੋ ਜਨੁ ਪਾਵੈ ਹਰਿ ਸੁਖ ਘਣੇ ॥੨॥}

(ਅੰਗ - ੧੧੩੫)

{ਮਤਾ ਮਸੂਰਤਿ ਤਾਂ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ ॥
ਜੋ ਕਿਛੁ ਕਰੇ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥੩॥}

(ਅੰਗ - ੧੧੩੫)

{ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥
ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਹਾਰਿ ॥੧॥
ਮਧੁਸੂਦਨੁ ਜਪੀਐ ਉਰ ਧਾਰਿ ॥
ਦੇਹੀ ਨਗਰਿ ਤਸਕਰ ਪੰਚ ਧਾਤੂ ਗੁਰ ਸਬਦੀ ਹਰਿ ਕਾਢੇ ਮਾਰਿ ॥੧॥ ਰਹਾਉ ॥
ਜਿਨ ਕਾ ਹਰਿ ਸੇਤੀ ਮਨੁ ਮਾਨਿਆ ਤਿਨ ਕਾਰਜ ਹਰਿ ਆਪਿ ਸਵਾਰਿ ॥}

(ਅੰਗ - ੧੧੩੫)

{ਮਨੁ ਤਨੁ ਭੀਜੈ ਏਕ ਲਿਵ ਲਾਗੈ ਸਹਜੇ ਰਹੇ ਸਮਾਈ ॥
ਗੁਰ ਪਰਸਾਦੀ ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ ॥੨॥
ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ ॥
ਕੋਟਿ ਮਧੇ ਕਿਸਹਿ ਬੁਝਾਏ ਤਿਨਿ ਰਾਮ ਨਾਮਿ ਲਿਵ ਲਾਈ ॥੩॥
ਜਹ ਜਹ ਦੇਖਾ ਤਹ ਏਕੋ ਸੋਈ ਇਹ ਗੁਰਮਤਿ ਬੁਧਿ ਪਾਈ ॥
ਮਨੁ ਤਨੁ ਪ੍ਰਾਨ ਧਰੰਮੀ ਤਿਸੁ ਆਗੈ ਨਾਨਕ ਆਪੁ ਗਵਾਈ ॥੪॥੭॥}

(ਅੰਗ - ੧੨੬੦)

{ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੁਤੀਆ ਗਾਇਆ ॥੩॥}

(ਅੰਗ - ੧੦੪੦)

{ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ ॥੧॥ ਜੀਵਨ ਤਲਬ ਨਿਵਾਰਿ ਸੁਆਮੀ ॥
ਅੰਧ ਕੂਪਿ ਮਾਇਆ ਮਨੁ ਗਾਡਿਆ ਕਿਉ ਕਰਿ ਉਤਰਉ ਪਾਰਿ ਸੁਆਮੀ ॥੧॥ ਰਹਾਉ ॥

ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ ॥
ਤਿਨ ਕੀ ਸਾਰ ਕਰੇ ਨਿਤ ਸਾਹਿਬੁ ਸਦਾ ਚਿੰਤ ਮਨ ਮਾਹੀ ॥੨॥
ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥ ਸਤਿਗੁਰੁ ਮਿਲੈ ਅੰਧੇਰਾ ਜਾਇ ॥
ਜਹ ਦੇਖਾ ਤਹ ਰਹਿਆ ਸਮਾਇ ॥੩॥ ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ ॥੪॥੨॥}

(ਅੰਗ ੮੭੬-੮੭੭)

{ਜਹ ਜਹ ਦੇਖਉ ਤਹ ਤਹ ਰਾਮਾ ॥ ਹਰਿ ਕੇ ਚਰਨ ਨਿਤ ਧਿਆਵੈ ਨਾਮਾ ॥੪॥੨॥}

(ਅੰਗ - ੮੭੩)

{ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ ॥੧॥
ਕਿਆ ਕਥੀਐ ਕਿਛੁ ਕਥਨੁ ਨ ਜਾਈ ॥ ਜਹ ਜਹ ਦੇਖਾ ਤਹ ਰਹਿਆ ਸਮਾਈ ॥੧॥ ਰਹਾਉ ॥
ਜਹ ਮਹਾ ਭਇਆਨ ਦੂਖ ਜਮ ਸੁਨੀਐ ਤਹ ਮੇਰੇ ਪ੍ਰਭ ਤੂਹੈ ਸਹਾਈ ॥
ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ ਗੁਰਿ ਨਾਨਕ ਕਉ ਬ੍ਰੂਝ ਬੁਝਾਈ ॥੨॥੫॥੯੧॥}

(ਅੰਗ - ੮੨੨)

{ਐਸੋ ਦਾਸੁ ਮਿਲੈ ਸੁਖੁ ਹੋਈ ॥ ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥
ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥}

(ਅੰਗ - ੨੨੪)

{ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥
ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥}

(ਅੰਗ - ੨੨੪)

39/4871

{ਜਹ ਜਹ ਦੇਖਾ ਤਹ ਤਹ ਸੁਆਮੀ ॥ ਤੂ ਘਟਿ ਘਟਿ ਰਵਿਆ ਅੰਤਰਜਾਮੀ ॥
ਗੁਰਿ ਪੂਰੈ ਹਰਿ ਨਾਲਿ ਦਿਖਾਲਿਆ ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ ॥੨॥
ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ ॥
ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ ॥
ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ ਵਤਾਇਆ ਜੀਉ ॥੩॥}

(ਅੰਗ - ੯੬)

{ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥
ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥}

(ਅੰਗ - ੩੩੮)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥ ਹਰਿ ਹਰਿ ਨਾਮੁ ਜਪਹੁ ਬਨਵਾਲੀ ॥
ਕਰਿ ਕਿਰਪਾ ਮੇਲਹੁ ਸਤਿਸੰਗਤਿ ਤੂਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥ ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥੨॥
ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ ॥ ਵਿਚਿ ਕਾਇਆ ਨਗਰ ਲਧਾ ਹਰਿ ਭਾਲੀ ॥੩॥
ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ ॥ ਜਨ ਨਾਨਕ ਤਾਰਹੁ ਨਦਰਿ ਨਿਹਾਲੀ ॥੪॥੩॥}

(ਅੰਗ - ੧੧੩੪)

{ਸੰਗਤਿ ਸਾਧ ਮੇਲਿ ਹਰਿ ਗਾਇਣੁ ॥ ਗੁਰਮਤੀ ਲੇ ਰਾਮ ਰਸਾਇਣੁ ॥੨॥
ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥ ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥੩॥
ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ ॥ ਜਨੁ ਨਾਨਕੁ ਮੇਲਿ ਤੇਰਾ ਦਾਸ ਦਸਾਇਣੁ ॥੪॥੧॥}

(ਅੰਗ - ੧੧੩੪)

{ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥
ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥
ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥
ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਿਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥
ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥}

(ਅੰਗ ੭੭੪-੭੭੫)

{ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥
ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥੨॥}

(ਅੰਗ - ੧੧੩੩)

{ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥}

(ਅੰਗ ੧੧੩੨-੧੧੩੩)

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥}

(ਅੰਗ - ੧੧੩੨)

{ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥
ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥
ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥
ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ ॥
ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ॥
ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ ॥੩॥
ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥
ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥੪॥੩॥}

(ਅੰਗ - ੧੧੧੧)

{ਹਉ ਮੁਆ ਮੈ ਮਾਰਿਆ ਪਉਨੂ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥}

(ਅੰਗ - ੧੦੯੧)

{ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥
ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥ ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥
ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥ ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥
ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥੪॥}

(ਅੰਗ - ੧੦੦੯)

39/4872

{ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥
ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥
ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥੨॥}

(ਅੰਗ - ੮੫੩)

{ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥
ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ ॥ ਨਾਨਕ ਸਹਜੇ ਮਿਲਿ ਰਹੇ ਨਾਮੁ ਵਡਿਆਈ ਦੇਇ ॥੨॥}

(ਅੰਗ - ੮੫੦)

{ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥

ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥
ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥
ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥੨॥੪॥}

(ਅੰਗ - ੮੪੫)

{ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ ॥ ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿ ਧਾਰੀ ॥
ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ ॥ ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ ॥
ਜਿਸੁ ਬੁਝਾਇਹਿ ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ ॥੮॥}

(ਅੰਗ - ੭੮੮)

{ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥}

(ਅੰਗ - ੬੮੬)

{ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥
ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥
ਸੁਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥}

(ਅੰਗ ੬੮੬)

{ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥ ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥
ਗੁਰਮਤਿ ਸਾਚੀ ਸਾਚਾ ਵੀਚਾਰੁ ॥ ਆਪੇ ਬਖਸੇ ਦੇ ਵੀਚਾਰੁ ॥੧॥
ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ ॥ ਕਲੀ ਕਾਲ ਵਿਚਿ ਗੁਰਮੁਖਿ ਪਾਏ ॥੧॥ ਰਹਾਉ ॥
ਹਮ ਮੂਰਖ ਮੂਰਖ ਮਨ ਮਾਹਿ ॥ ਹਉਮੈ ਵਿਚਿ ਸਭ ਕਾਰ ਕਮਾਹਿ ॥
ਗੁਰ ਪਰਸਾਦੀ ਹੰਉਮੈ ਜਾਇ ॥ ਆਪੇ ਬਖਸੇ ਲਏ ਮਿਲਾਇ ॥੨॥
ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥ ਅਹੰਕਾਰਿ ਡੂਬੈ ਨ ਪਾਵੈ ਮਾਨੁ ॥
ਆਪੁ ਛੋਡਿ ਸਦਾ ਸੁਖੁ ਹੋਈ ॥ ਗੁਰਮਤਿ ਸਾਲਾਹੀ ਸਚੁ ਸੋਈ ॥੩॥
ਆਪੇ ਸਾਜੇ ਕਰਤਾ ਸੋਇ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥
ਜਿਸੁ ਸਚਿ ਲਾਏ ਸੋਈ ਲਾਗੈ ॥ ਨਾਨਕ ਨਾਮਿ ਸਦਾ ਸੁਖੁ ਆਗੈ ॥੪॥੮॥}

(ਅੰਗ - ੬੬੬)

{ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ ॥
ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ ॥
ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥੩॥
ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥
ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥
ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥੪॥}

(ਅੰਗ ੬੩੭-੬੩੮)

{ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥੨॥
ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥
ਆਪੇ ਕਰਿ ਵੇਖੈ ਮਾਰਗਿ ਲਾਏ ਭਾਈ ਤਿਸੁ ਬਿਨੁ ਅਵਰੁ ਨ ਕੋਈ ॥
ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ ॥
ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ ॥੪॥੪॥}

(ਅੰਗ - ੬੦੧)

{ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥
ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥
ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ ॥
ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ ॥
ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥
ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥}

(ਅੰਗ ੫੨੨-੫੨੮)

{ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥
ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ ॥
ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥੨॥}

(ਅੰਗ - ੫੨੦)

{ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥
ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਰਾ ਮਾਹਿ ਸਮਾਈ ॥
ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥
ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥}

(ਅੰਗ ੫੭੦-੫੭੧)

{ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥
ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ ॥
ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ ॥
ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ॥
ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ ॥
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥੪॥੧॥}

(ਅੰਗ - ੫੬੮)

{ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥
ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ ॥੨॥}

(ਅੰਗ - ੫੪੨)

{ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥
ਹਰਿ ਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥੨॥
ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥੩॥
ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥
ਗੁਰਮਤਿ ਵਿਰਲਾ ਬੂਝੈ ਕੋਇ ॥ ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥}

(ਅੰਗ - ੧੬੧)

{ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥
ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥
ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥}

(ਅੰਗ - ੧੧੦)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥

ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥
ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥}

(ਅੰਗ - ੨੬)

{ਮੂੜੇ ਰਾਮੁ ਜਪਹੁ ਗੁਣ ਸਾਰਿ ॥ ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥}

(ਅੰਗ - ੧੯)

{ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥ ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥
ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ ਜੋਤੀ ਜੋਤਿ ਮਿਲਾਈ ॥
ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ ॥
ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥
ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ ॥ ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ ॥੨੦॥}

(ਅੰਗ - ੧੨੮੭)

{ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥
ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰ ॥੨॥
ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ ਤਿਨ ਕਉ ਮੁਕਤਿ ਦੁਆਰਿ ॥
ਅੰਤਰਿ ਸਾਂਤਿ ਸਦਾ ਸੁਖੁ ਹੋਵੈ ਹਰਿ ਰਾਖਿਆ ਉਰ ਧਾਰਿ ॥੩॥}

(ਅੰਗ - ੧੧੩੨)

{ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥ ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥੧॥}

(ਅੰਗ - ੧੧੩੨)

{ਮਨ ਮੇਰੇ ਰਾਮ ਨਾਮੁ ਆਧਾਰੁ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸਭ ਇਛ ਪੁਜਾਵਣਹਾਰੁ ॥੧॥ ਰਹਾਉ॥
ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥
ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ ਅਨਦਿਨੁ ਹਰਿ ਗੁਣ ਗਾਇ ॥੨॥}

(ਅੰਗ - ੧੧੩੨)

39/4874

{ਮੇਰਾ ਪ੍ਰਭੁ ਹੈ ਗੁਣ ਕਾ ਦਾਤਾ ਅਵਗਣ ਸਬਦਿ ਜਲਾਏ ॥
ਜਿਨ ਮਨਿ ਵਸਿਆ ਸੇ ਜਨ ਸੋਹੇ ਹਿਰਦੈ ਨਾਮੁ ਵਸਾਏ ॥੩॥
ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ ਰੰਗ ਸਿਉ ਰਲੀਆ ਮਾਣੈ ॥
ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ ਨਾਨਕ ਨਾਮੁ ਵਖਾਣੈ ॥੪॥੬॥੧੬॥}

(ਅੰਗ ੧੧੩੧-੧੧੩੨)

{ਕਲਿ ਮਹਿ ਪ੍ਰੇਤ ਜਿਨ੍ੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ ॥
ਦੁਆਪੁਰਿ ਤ੍ਰੈਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥੧॥ ਕਲਿ ਮਹਿ ਰਾਮ ਨਾਮਿ ਵਡਿਆਈ ॥
ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ ॥੧॥ ਰਹਾਉ ॥

ਹਿਰਦੈ ਨਾਮੁ ਲਧੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ ॥
ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ ॥੨॥}

(ਅੰਗ - ੧੧੩੧)

{ਜੇ ਵਡ ਭਾਗੁ ਹੋਇ ਅਤਿ ਨੀਕਾ ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥
ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ ਸਹਜੇ ਹਰਿ ਰਸੁ ਪੀਜੈ ॥੬॥
ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ ॥
ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ ॥੭॥
ਨਾਨਕ ਰਾਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ ॥
ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ ਰਾਮ ਨਾਮੈ ਰਲੈ ਮਿਲੀਜੈ ॥੮॥੬॥ ਛਕਾ ੧ ॥}

(ਅੰਗ - ੧੩੨੬)

{ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਨੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ ॥੧॥ ਸਦਾ ਅਨੰਦੁ ਰਾਮ ਰਸਿ ਰਾਤੇ ॥
ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥
ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ ਸਿਰਿ ਸਿਰਿ ਧੰਧੈ ਲਾਏ ॥
ਮਾਇਆ ਮੋਹੁ ਕੀਆ ਜਿਨਿ ਆਪੇ ਆਪੇ ਦੂਜੈ ਲਾਏ ॥੨॥
ਤਿਸ ਨੋ ਕਿਹੁ ਕਹੀਐ ਜੇ ਦੂਜਾ ਹੋਵੈ ਸਭਿ ਤੁਧੈ ਮਾਹਿ ਸਮਾਏ ॥
ਗੁਰਮੁਖਿ ਗਿਆਨੁ ਤਤੁ ਬੀਚਾਰਾ ਜੋਤੀ ਜੋਤਿ ਮਿਲਾਏ ॥੩॥
ਸੋ ਪ੍ਰਭੁ ਸਾਚਾ ਸਦ ਹੀ ਸਾਚਾ ਸਾਚਾ ਸਭੁ ਆਕਾਰਾ ॥
ਨਾਨਕ ਸਤਿਗੁਰਿ ਸੋਝੀ ਪਾਈ ਸਚਿ ਨਾਮਿ ਨਿਸਤਾਰਾ ॥੪॥੫॥੧੫॥}

(ਅੰਗ - ੧੧੩੧)

{ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥
ਮਾਇਆ ਕਾਰਣਿ ਸਦ ਹੀ ਝੂਰੈ ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥
ਨਿਰਭਉ ਨਿਰੰਕਾਰ ਦਾਤਾਰੁ ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥੩॥
ਸਭ ਸਾਹਾ ਸਿਰਿ ਸਾਚਾ ਸਾਹੁ ॥ ਵੇਮੁਹਤਾਜੁ ਪੂਰਾ ਪਾਤਿਸਾਹੁ ॥
ਮੋਹ ਮਗਨ ਲਪਟਿਓ ਭ੍ਰਮ ਗਿਰਹ ॥ ਨਾਨਕ ਤਰੀਐ ਤੇਰੀ ਮਿਹਰ ॥੪॥੨੧॥੩੨॥}

(ਅੰਗ ੮੯੨-੮੯੩)

{ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥}

(ਅੰਗ - ੭੧੦)

{ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥

ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥੧॥
ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥
ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥੨॥
ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥}

(ਅੰਗ ੬੩੨-੬੩੩)

{ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥
ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ ॥੧॥ ਰਹਾਉ ॥
ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥
ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥੧॥
ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥
ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥੨॥੬॥}

(ਅੰਗ - ੬੩੨)

{ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥ ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥੪॥੩੦॥੬੦॥}

(ਅੰਗ - ੮੧੬)

{ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ ॥
ਜਮਕਾਲੁ ਸਦਾ ਹੈ ਸਿਰ ਊਪਰਿ ਦੂਜੈ ਭਾਇ ਪਤਿ ਖੋਈ ॥੨॥
ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥
ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥੩॥}

(ਅੰਗ - ੧੧੩੧)

{ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥
ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥੧॥ ਭਗਤੁ ਭਗਤੁ ਕਹੈ ਸਭੁ ਕੋਈ ॥
ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥੧॥ ਰਹਾਉ ॥}

(ਅੰਗ - ੧੧੩੧)

39/4875

{ਸਤਿਗੁਰੁ ਭੇਟੈ ਤਾ ਫਲੁ ਪਾਏ ਸਚੁ ਕਰਣੀ ਸੁਖ ਸਾਰੁ ॥
ਸੇ ਜਨ ਨਿਰਮਲ ਜੋ ਹਰਿ ਲਾਗੇ ਹਰਿ ਨਾਮੇ ਧਰਹਿ ਪਿਆਰੁ ॥੩॥}

(ਅੰਗ - ੧੧੩੧)

{ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥ ਹਰਿ ਜੀਉ ਸਤਿਸੰਗਤਿ ਮੇਲਾਇ ॥
ਨਾਨਕ ਤਿਸ ਨੋ ਦੇਇ ਵਡਿਆਈ ਜੋ ਰਾਮ ਨਾਮਿ ਚਿਤੁ ਲਾਇ ॥੧॥ ਰਹਾਉ ॥}

(ਅੰਗ - ੧੧੩੦)

{ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥ ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ॥
ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥}

(ਅੰਗ - ੧੧੩੦)

{ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥
ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥
ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ ॥੩॥
ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥
ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥
ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥੫॥੧॥੧੧॥}

(ਅੰਗ - ੧੧੩੦)

{ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥੨॥
ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥}

(ਅੰਗ ੧੧੨੯-੧੧੩੦)

{ਰਾਮ ਨਾਮੁ ਦੁਲਭੁ ਹੈ ਭਾਈ ॥ ਗੁਰ ਪਰਸਾਦਿ ਵਸੈ ਮਨਿ ਆਈ ॥੧॥ ਰਹਾਉ ॥
ਰਾਮ ਨਾਮੁ ਜਨ ਭਾਲਹਿ ਸੋਇ ॥ ਪੂਰੇ ਗੁਰ ਤੇ ਪ੍ਰਾਪਤਿ ਹੋਇ ॥੨॥}

(ਅੰਗ - ੧੧੨੯)

{ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ ॥ ਗੁਰ ਕੈ ਸਬਦਿ ਨਾਮ ਨੀਸਾਣੁ ॥੩॥}

(ਅੰਗ - ੧੧੨੯)

{ਨਿਜ ਘਰਿ ਵਸੈ ਸਹਜਿ ਸੁਭਾਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥੩॥}

(ਅੰਗ - ੧੧੨੯)

{ਆਪੇ ਕਰਤਾ ਦੇਵੈ ਸੋਇ ॥ ਨਾਨਕ ਨਾਮੁ ਪਰਾਪਤਿ ਹੋਇ ॥੪॥੭॥}

(ਅੰਗ - ੧੧੨੯)

{ਆਪੇ ਦਾਤਿ ਕਰੇ ਦਾਤਾਰੁ ॥ ਦੇਵਣਹਾਰੇ ਕਉ ਜੈਕਾਰੁ ॥੩॥
ਨਦਰਿ ਕਰੇ ਸਤਿਗੁਰੂ ਮਿਲਾਏ ॥ ਨਾਨਕ ਹਿਰਦੈ ਨਾਮੁ ਵਸਾਏ ॥੪॥੬॥}

(ਅੰਗ - ੧੧੨੯)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥

ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ - ੧੧੨੮-੧੧੨੯)

39/4876

{ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥
ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥
ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥
ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥
ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥
ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥
ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥}

(ਅੰਗ - ੧੧੨੮)

{ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ ॥ ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥੩॥
ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥੪॥੩॥}

(ਅੰਗ - ੧੧੨੮)

{ਰਾਗਿ ਨਾਦਿ ਮਨੁ ਦੂਜੈ ਭਾਇ ॥ ਅੰਤਰਿ ਕਪਟੁ ਮਹਾ ਦੁਖੁ ਪਾਇ ॥
ਸਤਿਗੁਰੁ ਭੇਟੈ ਸੋਝੀ ਪਾਇ ॥ ਸਚੈ ਨਾਮਿ ਰਹੈ ਲਿਵ ਲਾਇ ॥੪॥
ਸਚੈ ਸਬਦਿ ਸਚੁ ਕਮਾਵੈ ॥ ਸਚੀ ਬਾਣੀ ਹਰਿ ਗੁਣ ਗਾਵੈ ॥
ਨਿਜ ਘਰਿ ਵਾਸੁ ਅਮਰ ਪਦੁ ਪਾਵੈ ॥ ਤਾ ਦਰਿ ਸਾਚੈ ਸੋਭਾ ਪਾਵੈ ॥੫॥}

(ਅੰਗ - ੧੩੪੨)

{ਆਪਿ ਅਭੁਲੁ ਸਚਾ ਸਚੁ ਸੋਇ ॥ ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥
ਸਾਚਾ ਸੇਵਹੁ ਸਾਚੀ ਬਾਣੀ ॥ ਨਾਨਕ ਨਾਮੇ ਸਾਚਿ ਸਮਾਣੀ ॥੪॥੯॥}

(ਅੰਗ - ੧੧੭੫)

{ਸਚੋ ਸਚਾ ਸਚੁ ਸਾਲਾਹੀ ॥ ਏਕੋ ਵੇਖਾ ਦੂਜਾ ਨਾਹੀ ॥
ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥
ਮਾਇਆ ਮੋਹੁ ਸਬਦਿ ਜਲਾਇਆ ॥ ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥
ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥੫॥
ਮਾਇਆ ਮੋਹੁ ਸਭੁ ਆਪੇ ਕੀਨਾ ॥ ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥
ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥੬॥}

(ਅੰਗ - ੧੦੫੦)

{ਸਚੈ ਸਚਾ ਤਖਤੁ ਰਚਾਇਆ ॥ ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥

ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ ॥੧॥
ਸਚਾ ਸਉਦਾ ਸਚੁ ਵਾਪਾਰਾ ॥ ਨ ਤਿਥੈ ਭਰਮੁ ਨ ਦੂਜਾ ਪਸਾਰਾ ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ ॥੨॥}

(ਅੰਗ - ੧੦੫੦)

{ਬਿਨੁ ਸਾਚੇ ਜੋ ਦੂਜੈ ਲਾਇਆ ॥ ਮਾਇਆ ਮੋਹ ਦੁਖ ਸਬਾਇਆ ॥
ਬਿਨੁ ਗੁਰ ਦੁਖੁ ਸੁਖੁ ਜਾਪੈ ਨਾਹੀ ਮਾਇਆ ਮੋਹ ਦੁਖੁ ਭਾਰੀ ਹੇ ॥੯॥}

(ਅੰਗ - ੧੦੫੦)

{ਸੇ ਜਨ ਸੁਖੀਏ ਸਤਿਗੁਰਿ ਸਚੇ ਲਾਏ ॥ ਆਪੇ ਭਾਣੇ ਆਪਿ ਮਿਲਾਏ ॥
ਸਤਿਗੁਰਿ ਰਾਖੇ ਸੇ ਜਨ ਉਬਰੇ ਹੋਰ ਮਾਇਆ ਮੋਹ ਖੁਆਰੀ ਹੇ ॥੧੨॥}

(ਅੰਗ - ੧੦੫੦)

{ਹਉਮੈ ਮੇਰਾ ਦੂਜਾ ਭਾਇਆ ॥ ਕਿਛੁ ਨ ਚਲੈ ਧੁਰਿ ਖਸਮਿ ਲਿਖਿ ਪਾਇਆ ॥
ਗੁਰ ਸਾਚੇ ਤੇ ਸਾਚੁ ਕਮਾਵਹਿ ਸਾਚੈ ਦੂਖ ਨਿਵਾਰੀ ਹੇ ॥੧੪॥
ਜਾ ਤੂ ਦੇਹਿ ਸਦਾ ਸੁਖੁ ਪਾਏ ॥ ਸਾਚੈ ਸਬਦੇ ਸਾਚੁ ਕਮਾਏ ॥
ਅੰਦਰੁ ਸਾਚਾ ਮਨੁ ਤਨੁ ਸਾਚਾ ਭਗਤਿ ਭਰੇ ਭੰਡਾਰੀ ਹੇ ॥੧੫॥}

(ਅੰਗ - ੧੦੫੧)

{ਆਪੇ ਵੇਖੈ ਹੁਕਮਿ ਚਲਾਏ ॥ ਅਪਣਾ ਭਾਣਾ ਆਪਿ ਕਰਾਏ ॥
ਨਾਨਕ ਨਾਮਿ ਰਤੇ ਬੈਰਾਗੀ ਮਨੁ ਤਨੁ ਰਸਨਾ ਨਾਮਿ ਸਵਾਰੀ ਹੇ ॥੧੬॥੭॥}

(ਅੰਗ - ੧੦੫੧)

{ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ ॥
ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ ॥ ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ॥
ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖੁ ਪਾਉ ॥੨॥}

(ਅੰਗ - ੮੫੩)

39/4877

{ਗੁਰਮੁਖਿ ਰਾਤੇ ਸਬਦਿ ਰੰਗਾਏ ॥ ਨਿਜ ਘਰਿ ਵਾਸਾ ਹਰਿ ਗੁਣ ਗਾਏ ॥
ਰੰਗਿ ਚਲੂਲੈ ਹਰਿ ਰਸਿ ਭਾਏ ॥ ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥੩॥
ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥}

(ਅੰਗ - ੭੯੮)

{ਮਤਾ ਕਰਉ ਸੋ ਪਕਨਿ ਨ ਦੇਈ ॥ ਸੀਲ ਸੰਜਮ ਕੈ ਨਿਕਟਿ ਖਲੋਈ ॥
ਵੇਸ ਕਰੇ ਬਹੁ ਰੂਪ ਦਿਖਾਵੈ ॥ ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥੧॥
ਘਰ ਕੀ ਨਾਇਕਿ ਘਰ ਵਾਸੁ ਨ ਦੇਵੈ ॥ ਜਤਨ ਕਰਉ ਉਰਝਾਇ ਪਰੇਵੈ ॥੧॥ ਰਹਾਉ ॥
ਧੁਰ ਕੀ ਭੇਜੀ ਆਈ ਆਮਰਿ ॥ ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥

ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥ ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥੨॥
ਜਹ ਬੈਸਉ ਤਹ ਨਾਲੇ ਬੈਸੈ ॥ ਸਗਲ ਭਵਨ ਮਹਿ ਸਬਲ ਪ੍ਰਵੇਸੈ ॥
ਹੋਛੀ ਸਰਣਿ ਪਇਆ ਰਹਣੁ ਨ ਪਾਈ ॥ ਕਹੁ ਮੀਤਾ ਹਉ ਕੈ ਪਹਿ ਜਾਈ ॥੩॥
ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥ ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥
ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥ ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥੪॥
ਘਰੁ ਮੇਰਾ ਇਹ ਨਾਇਕਿ ਹਮਾਰੀ ॥ ਇਹ ਆਮਰਿ ਹਮ ਗੁਰਿ ਕੀਏ ਦਰਬਾਰੀ ॥੧॥ ਰਹਾਉ ਦੂਜਾ ॥੪॥੪॥}

(ਅੰਗ - ੩੭੧)

{ਤਨ ਮਹਿ ਸਾਚੋ ਗੁਰਮੁਖਿ ਭਾਉ ॥ ਨਾਮ ਬਿਨਾ ਨਾਹੀ ਨਿਜ ਠਾਉ ॥ ਪ੍ਰੇਮ ਪਰਾਇਣ ਪ੍ਰੀਤਮ ਰਾਉ ॥
ਨਦਰਿ ਕਰੇ ਤਾ ਬੂਝੈ ਨਾਉ ॥੫॥ ਮਾਇਆ ਮੋਹੁ ਸਰਬ ਜੰਜਾਲਾ ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥
ਸਤਿਗੁਰੁ ਸੇਵੇ ਚੂਕੈ ਜੰਜਾਲਾ ॥ ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥ ਗੁਰਮੁਖਿ ਬੂਝੈ ਏਕ ਲਿਵ ਲਾਏ ॥
ਨਿਜ ਘਰਿ ਵਾਸੈ ਸਾਚਿ ਸਮਾਏ ॥ ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥੭॥
ਕਥਨੀ ਕਥਉ ਨ ਆਵੈ ਓਰੁ ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥
ਦੁਖੁ ਸੁਖੁ ਭਾਣੈ ਤਿਸੈ ਰਜਾਇ ॥ ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥}

(ਅੰਗ ੨੨੨-੨੨੩)

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥}

(ਅੰਗ - ੬੬)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥
ਅਉਗਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥}

(ਅੰਗ ੩੬-੩੭)

{ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥੧॥}

(ਅੰਗ - ੧੧੨੭)

{ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ ॥
ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥੨॥
ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥
ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ ॥੩॥}

(ਅੰਗ - ੧੧੯੭)

{ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ ॥
ਅਮਰ ਪਦਾਰਥ ਤੇ ਕਿਰਤਾਰਥ ਸਹਜ ਧਿਆਨਿ ਲਿਵ ਲਾਈਐ ॥੧॥ ਮਨ ਰੇ ਰਾਮ ਭਗਤਿ ਚਿਤੁ ਲਾਈਐ ॥
ਗੁਰਮੁਖਿ ਰਾਮ ਨਾਮੁ ਜਪਿ ਹਿਰਦੈ ਸਹਜ ਸੇਤੀ ਘਰਿ ਜਾਈਐ ॥੧॥ ਰਹਾਉ ॥
ਭਰਮੁ ਭੇਦੁ ਭਉ ਕਬਹੁ ਨ ਛੂਟਸਿ ਆਵਤ ਜਾਤ ਨ ਜਾਨੀ ॥
ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ ਡੂਬਿ ਮੁਏ ਬਿਨੁ ਪਾਨੀ ॥੨॥
ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ ॥
ਬਿਨੁ ਗੁਰ ਸਬਦ ਮੁਕਤਿ ਨਹੀ ਕਬ ਹੀ ਅੰਧੁਲੇ ਧੰਧੁ ਪਸਾਰਾ ॥੩॥
ਅਕੁਲ ਨਿਰੰਜਨ ਸਿਉ ਮਨੁ ਮਾਨਿਆ ਮਨ ਹੀ ਤੇ ਮਨੁ ਮੂਆ ॥
ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ ਨ ਦੂਆ ॥੪॥੬॥੭॥}

(ਅੰਗ - ੧੧੨੭)

{ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ ॥
ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ ॥੧॥ ਸੋ ਜਨੁ ਐਸਾ ਮੈ ਮਨਿ ਭਾਵੈ ॥
ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥੧॥ ਰਹਾਉ ॥}

(ਅੰਗ - ੧੧੨੬)

{ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ ॥
ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥੩॥
ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ॥
ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥੪॥੫॥੬॥}

(ਅੰਗ - ੧੧੨੭)

39/4878

{ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥
ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥੪॥੪॥੫॥}

(ਅੰਗ - ੧੧੨੬)

{ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ ॥
ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥੨॥
ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥
ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥੩॥}

(ਅੰਗ - ੧੧੨੬)

{ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥
ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥੩॥
ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥

ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥੪॥੩॥੪॥}

(ਅੰਗ - ੧੧੨੬)

{ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥
ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥੨॥੫॥}

(ਅੰਗ - ੧੧੨੪)

{ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ਗਤਿ ਨਹੀ ਏਕੈ ਜਾਨੀ ॥ ਫੂਟੀ ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ ॥੧॥
ਚਲਤ ਕਤ ਟੇਢੇ ਟੇਢੇ ਟੇਢੇ ॥ ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ ॥੧॥ ਰਹਾਉ ॥}

(ਅੰਗ ੧੧੨੩-੧੧੨੪)

{ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ ਸਾਧਸੰਗਤਿ ਕਬਹੂ ਨਹੀ ਕਰੈ ॥
ਕਹਤ ਨਾਮਦੇਉ ਤਾ ਚੀ ਆਣਿ ॥ ਨਿਰਭੈ ਹੋਇ ਭਜੀਐ ਭਗਵਾਨ ॥੪॥੧॥}

(ਅੰਗ - ੧੨੫੨)

{ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥}

(ਅੰਗ - ੧੨੪੫)

{ਇਹੁ ਮਨੁ ਹੋਆ ਸਾਧ ਧੂਰਿ ॥ ਨਿਤ ਦੇਖੈ ਸੁਆਮੀ ਹਜੂਰਿ ॥੩॥
ਕਾਮ ਕ੍ਰੋਧ ਤ੍ਰਿਸਨਾ ਗਈ ॥ ਨਾਨਕ ਪ੍ਰਭ ਕਿਰਪਾ ਭਈ ॥੪॥੨॥੧੫॥}

(ਅੰਗ - ੧੧੮੪)

{ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥੨॥}

(ਅੰਗ - ੨੪)

{ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥
ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥੧॥ ਬੋਲਹੁ ਭਈਆ ਰਾਮ ਕੀ ਦੁਹਾਈ ॥
ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥੧॥ ਰਹਾਉ ॥
ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥
ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥
ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥੩॥
ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥
ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ ॥੪॥੩॥}

(ਅੰਗ - ੧੧੨੩)

{ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥
ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥
ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥੩॥
ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥}

(ਅੰਗ - ੧੧੨੩)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ - ੧੧੨੩)

39/4879

{ਸੁਖ ਸਾਗਰੁ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ ॥
ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿ ਹਾਰੇ ॥੪॥੧॥}

(ਅੰਗ - ੧੧੨੨)

{ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ ॥ ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ ॥
ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ ॥
ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ ॥
ਹਰਿ ਸਿਉ ਜਾਇ ਮਿਲਣਾ ਸਾਧਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ ॥
ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ ॥੩॥}

(ਅੰਗ - ੧੧੨੨)

{ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ ॥
ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥}

(ਅੰਗ - ੧੧੨੨)

{ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥}

(ਅੰਗ - ੪੫੯)

{ਹਰਿ ਕੇ ਨਾਮ ਕੋ ਆਧਾਰੁ ॥ ਕਲਿ ਕਲੇਸ ਨ ਕਛੂ ਬਿਆਪੈ ਸੰਤਸੰਗਿ ਬਿਉਹਾਰੁ ॥ ਰਹਾਉ ॥
ਕਰਿ ਅਨੁਗ੍ਰਹੁ ਆਪਿ ਰਾਖਿਓ ਨਹ ਉਪਜਤਉ ਬੇਕਾਰੁ ॥
ਜਿਸੁ ਪਰਾਪਤਿ ਹੋਇ ਸਿਮਰੈ ਤਿਸੁ ਦਹਤ ਨਹ ਸੰਸਾਰੁ ॥੧॥}

(ਅੰਗ - ੧੧੨੧)

{ਪ੍ਰੀਤਮ ਬਸਤ ਰਿਦ ਮਹਿ ਖੋਰ ॥ ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ ॥੧॥ ਰਹਾਉ ॥}

(ਅੰਗ - ੧੧੨੧)

{ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੈ ਖਾਤ ॥
ਕਰੁ ਗਹਿ ਲੇਹੁ ਦਾਸ ਨਾਨਕ ਕਉ ਪ੍ਰਭ ਜੀਉ ਹੋਇ ਸਹਾਤ ॥੨॥੫॥੭॥}

(ਅੰਗ - ੧੧੨੦)

{ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧਸੰਗਿ ਮਨੁ ਲਾਵਹੁ ॥
ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥੧॥}

(ਅੰਗ - ੧੧੨੦)

{ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥
ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥}

(ਅੰਗ - ੧੧੨੦)

{ਊਂਦਰ ਦੂੰਦਰ ਪਾਸਿ ਧਰੀਜੈ ॥ ਧੁਰ ਕੀ ਸੇਵਾ ਰਾਮੁ ਰਵੀਜੈ ॥
ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥}

(ਅੰਗ - ੯੦੫)

{ਓਇ ਦਿਨ ਪਹਰ ਮੂਰਤ ਪਲ ਕੈਸੇ ਓਇ ਪਲ ਘਰੀ ਕਿਹਾਰੀ ॥
ਖੂਲੇ ਕਪਟ ਧਪਟ ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ ॥੧॥
ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ ॥
ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ ॥੨॥੩॥੫॥}

(ਅੰਗ - ੧੧੨੦)

39/4880

{ਹਰਿ ਕੇ ਦਰਸਨ ਕੋ ਮਨਿ ਚਾਉ ॥ ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥}

(ਅੰਗ - ੧੧੧੯)

{ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥
ਰਾਖੁ ਹੋ ਕਿਰਪਾਲ ॥ ਰਹਾਉ ॥}

(ਅੰਗ - ੧੧੧੯)

{ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥
ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥}

(ਅੰਗ - ੧੧੧੮)

{ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ ॥
ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ ॥੪॥੧॥੧੧॥}

(ਅੰਗ - ੧੧੧੭)

{ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥

ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥}

(ਅੰਗ - ੧੧੧੬)

{ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥
ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ ॥}

(ਅੰਗ - ੧੧੧੫)

{ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਾਏ ਸੰਤੋਖ ਗੁਰ ਸਰਾ ॥
ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥੩॥}

(ਅੰਗ - ੭੯੯)

{ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥
ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥੨॥}

(ਅੰਗ - ੧੬੯)

{ਤੇ ਧੰਨੁ ਜਨ ਵਡ ਪੁਰਖ ਪੂਰੇ ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥
ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥੩॥}

(ਅੰਗ - ੧੧੧੫)

{ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥
ਤੂ ਅਲਖ ਅਭੇਉ ਅਗੰਮੁ ਗੁਰ ਸਤਿਗੁਰ ਬਚਨਿ ਲਹਿਆ ॥}

(ਅੰਗ - ੧੧੧੪)

{ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥ ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥}

(ਅੰਗ - ੧੧੧੪)

39/4881

{ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥
ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥}

(ਅੰਗ - ੪੬)

{ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰ ਹੀ ਮਹਿ ਪਾਈ ॥
ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥}

(ਅੰਗ - ੧੨੬)

{ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥
ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੨੬)

{ਕਾਇਆ ਅੰਦਰਿ ਹਉਮੈ ਮੇਰਾ ॥ ਜੰਮਣ ਮਰਣੁ ਨ ਚੂਕੈ ਫੇਰਾ ॥
ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥
ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥
ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥
ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ - ੧੨੬)

{ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥੨॥}

(ਅੰਗ - ੩੦੯)

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ ੩੦੯-੩੧੦)

{ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ - ੧੪੨੧)

{ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥੩॥
ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ - ੧੧੯੯)

{ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ ॥
ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ ॥}

(ਅੰਗ - ੧੧੧੩)

{ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥
ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥
ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥
ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥੫॥੬॥}

(ਅੰਗ - ੧੧੧੩)

{ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥
ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥
ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥
ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥
ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥
ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥}

(ਅੰਗ - ੧੧੧੩)

39/4882

{ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ॥
ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥
ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥
ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥}

(ਅੰਗ - ੧੧੧੩)

{ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥
ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥
ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥
ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥
ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥
ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੧॥}

(ਅੰਗ - ੧੧੧੨)

{ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥ ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥
ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥
ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥ ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥

ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥੩॥
ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥
ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਣਾ ॥ ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ ॥
ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥
ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ ॥੪॥੫॥}

(ਅੰਗ - ੧੧੧੨)

{ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥ ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥
ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥
ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ॥
ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥੧॥}

(ਅੰਗ - ੧੧੧੨)

{ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥
ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥ ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ॥
ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥ ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ॥
ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥੧॥}

(ਅੰਗ ੧੦੯੨-੧੦੯੩)

{ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ ਸਹਜਿ ਮਿਲੀਜੈ ॥
ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥
ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥
ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥}

(ਅੰਗ ੧੧੧੧-੧੧੧੨)

{ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ ॥
ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥}

(ਅੰਗ - ੧੧੧੧)

{ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥
ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥
ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥}

(ਅੰਗ - ੧੧੧੧)

{ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥

ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥
ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥
ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ ॥
ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ॥
ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ ॥੩॥
ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥
ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥
ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥੪॥੩॥}

(ਅੰਗ - ੧੧੧੧)

{ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥
ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥
ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥
ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥
ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ ॥ ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ ॥੧॥}

(ਅੰਗ ੧੧੧੦-੧੧੧੧)

39/4883

{ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥
ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥
ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥
ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥
ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥ ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥
ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥
ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥੨॥}

(ਅੰਗ - ੧੧੧੦)

{ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥

ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥੧॥}

(ਅੰਗ ੧੧੦੯-੧੧੧੦)

{ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥ ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥
ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥੧੩॥}

(ਅੰਗ - ੧੧੦੯)

{ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥ ਦੀਪਕੁ ਸਹਜਿ ਬਲੈ ਤਤਿ ਜਲਾਇਆ ॥
ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥ ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥੧੨॥}

(ਅੰਗ - ੧੧੦੯)

{ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥
ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥}

(ਅੰਗ - ੧੦੭)

{ਭਭਾ ਭੇਦਹਿ ਭੇਦ ਮਿਲਾਵਾ ॥ ਅਬ ਭਉ ਭਾਨਿ ਭਰੋਸਉ ਆਵਾ ॥
ਜੋ ਬਾਹਰਿ ਸੋ ਭੀਤਰਿ ਜਾਨਿਆ ॥ ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥}

(ਅੰਗ - ੩੪੨)

{ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥
ਚੀਨ੍ਹੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥
ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥}

(ਅੰਗ - ੩੫੫)

{ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥}

(ਅੰਗ - ੫੦੫)

{ਚਲ ਚਿਤ ਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ ॥
ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ ॥੩॥}

(ਅੰਗ - ੫੦੫)

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥}

(ਅੰਗ - ੫੦੫)

{ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥੧॥੫॥}

(ਅੰਗ - ੫੦੬)

39/4884

{ਮਾਇਆ ਲਾਲਚਿ ਅਟਿਆ ਪਿਆਰੇ ਚਿਤਿ ਨ ਆਵਹਿ ਮੂਲਿ ॥
ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ ॥
ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ ॥
ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ ਰਹਿਆ ਮੂਲੁ ॥੪॥}

(ਅੰਗ - ੬੪੧)

{ਬਹੁਤੇ ਭੇਖ ਕਰਹਿ ਭੇਖਧਾਰੀ ॥ ਭਵਿ ਭਵਿ ਭਰਮਹਿ ਕਾਚੀ ਸਾਰੀ ॥
ਐਥੈ ਸੁਖੁ ਨ ਆਗੈ ਹੋਇ ॥ ਮਨਮੁਖ ਮੁਏ ਅਪਣਾ ਜਨਮੁ ਖੋਇ ॥
ਸਤਿਗੁਰੁ ਸੇਵੇ ਭਰਮੁ ਚੁਕਾਏ ॥ ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥
ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}

(ਅੰਗ ੮੪੨-੮੪੩)

{ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥ ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥
ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥ ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ ॥
ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ ॥ ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥
ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥
ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥
ਸਰ ਭਰਿ ਸੋਧੈ ਭੀ ਭਰਿ ਪੋਧੈ ਸਮਰਥ ਵੇਪਰਵਾਹੈ ॥ ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥
ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ ॥੪੧॥}

(ਅੰਗ - ੯੩੫)

{ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥ ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥

ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥ ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ॥
ਗੁਰਿ ਬਖਸਿਆ ਨਾਮੁ ਨਿਧਾਨੁ ਸਭੋ ਦੁਖੁ ਲਥਾ ॥ ਭੋਗਹੁ ਭੁੰਚਹੁ ਭਾਈਹੋ ਪਲੈ ਨਾਮੁ ਅਗਥਾ ॥
ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰ ਕਥਾ॥ ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਭਉ ਲਥਾ ॥੨੦॥}

(ਅੰਗ - ੧੧੦੧)

{ਵੈਸਾਖੁ ਭਲਾ ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥ ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥}

(ਅੰਗ - ੧੧੦੮)

{ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ॥ ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ ॥
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ ॥
ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ ॥
ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥
ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ॥੪॥}

(ਅੰਗ - ੧੧੦੭)

{ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ ॥
ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ ॥}

(ਅੰਗ - ੧੧੦੭)

{ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ ॥
ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥੧॥}

(ਅੰਗ - ੧੧੦੬)

{ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ॥ ਬਿਨੁ ਭੈ ਅਨਭਉ ਹੋਇ ਵਣਾਹੰਬੈ ॥੧॥
ਸਹੁ ਹਦੂਰਿ ਦੇਖੈ ਤਾਂ ਭਉ ਪਵੈ ਬੈਰਾਗੀਅੜੇ ॥ ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ ॥੨॥
ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ ॥ ਪਾਖੰਡਿ ਰਤਾ ਸਭੁ ਲੋਕੁ ਵਣਾਹੰਬੈ ॥੩॥
ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ ॥ ਮਮਤਾ ਜਾਲਿਆ ਪਿੰਡੁ ਵਣਾਹੰਬੈ ॥੪॥
ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ ॥ ਜੇ ਮਨੁ ਮਿਰਤਕੁ ਹੋਇ ਵਣਾਹੰਬੈ ॥੫॥
ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥ ਜੇ ਲੋਚੈ ਸਭੁ ਕੋਇ ਵਣਾਹੰਬੈ ॥੬॥
ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥ ਸਹਜੇ ਪਾਵੈ ਸੋਇ ਵਣਾਹੰਬੈ ॥੭॥
ਕਹੁ ਕਬੀਰ ਇਕ ਬੇਨਤੀ ਬੈਰਾਗੀਅੜੇ ॥ ਮੋ ਕਉ ਭਉਜਲੁ ਪਾਰਿ ਉਤਾਰਿ ਵਣਾਹੰਬੈ ॥੮॥੧॥੮॥}

(ਅੰਗ - ੧੧੦੪)

{ਜਉ ਤੁਮ੍ ਮੋ ਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ ॥
ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ ॥੧॥ ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥

ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਾਈ ਹੈ ॥੧॥ ਰਹਾਉ ॥
ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥
ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥੨॥੫॥}

(ਅੰਗ - ੧੧੦੪)

{ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ ॥
ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ ॥੪॥੩॥}

(ਅੰਗ - ੧੧੦੩)

39/4885

{ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥
ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥
ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥
ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥}

(ਅੰਗ - ੧੧੦੩)

{ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥
ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥}

(ਅੰਗ - ੧੧੦੩)

{ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥
ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥੧॥}

(ਅੰਗ - ੧੧੦੩)

{ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥}

(ਅੰਗ - ੧੧੦੨)

{ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ ॥ ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ ॥
ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ ॥ ਕਰਣ ਕਾਰਣ ਸਮਰਥੁ ਹੈ ਘਟਿ ਘਟਿ ਸਭ ਬੋਲੈ ॥
ਰਿਜਕੁ ਸਮਾਹੇ ਸਭਸੈ ਕਿਆ ਮਾਣਸੁ ਡੋਲੈ ॥ ਗਹਿਰ ਗਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੈ ॥
ਸੋਈ ਕੰਮੁ ਕਮਾਵਣਾ ਕੀਆ ਧੁਰਿ ਮਉਲੈ ॥ ਤੁਧਹੁ ਬਾਹਰਿ ਕਿਛੁ ਨਹੀ ਨਾਨਕੁ ਗੁਣ ਬੋਲੈ ॥੨੩॥੧॥੨॥}

(ਅੰਗ - ੧੧੦੨)

{ਨਾਨਕ ਕਚੜਿਆ ਸਿਉ ਤੋੜਿ ਛੁਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥੧॥}

(ਅੰਗ - ੧੧੦੨)

{ਨਿਹਚਲ ਸੰਗਤਿ ਸਾਧ ਜਨ ਬਚਨ ਨਿਹਚਲੁ ਗੁਰ ਸਾਧਾ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਦਾ ਸਦਾ ਆਰਾਧਾ ॥੧੯॥}

(ਅੰਗ - ੧੧੦੧)

{ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ ॥ ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥੩॥}

(ਅੰਗ - ੧੧੦੦)

{ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ ॥ ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ ॥੧॥}

(ਅੰਗ - ੧੧੦੦)

{ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ ॥
ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ ॥ ਓਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ॥
ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ ॥ ਓਸੁ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ ॥
ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ ॥ ਹੋਆ ਓਹੀ ਅਲੁ ਜਗ ਮਹਿ ਗੁਰ ਗਿਆਨੁ ਜਪਾਈ ॥
ਪੂਰਬਿ ਲਿਖਿਆ ਪਾਇਆ ਹਰਿ ਸਿਉ ਬਣਿ ਆਈ ॥੧੬॥}

(ਅੰਗ - ੧੧੦੦)

{ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੩॥}

(ਅੰਗ - ੧੦੯੯)

39/4886

{ਦੇਹ ਅੰਧਾਰੀ ਅੰਧੁ ਸੁੰਞੀ ਨਾਮ ਵਿਹੂਣੀਆ ॥ ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੨॥}

(ਅੰਗ - ੧੦੯੯)

{ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥
ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥
ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥੧੫॥}

(ਅੰਗ - ੧੦੯੯)

{ਜਹ ਦੇਖਾ ਤਹ ਅੰਤਰਜਾਮੀ ॥ ਨਿਮਖ ਨ ਵਿਸਰਹੁ ਪ੍ਰਭ ਮੇਰੇ ਸੁਆਮੀ ॥
ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ ਬਨਿ ਜਲਿ ਪੂਰਨ ਥਾਲਕਾ ॥੯॥}

(ਅੰਗ - ੧੦੮੫)

{ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥੧੦॥}

(ਅੰਗ - ੧੦੬੦)

{ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ ॥
ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ ॥੧੩॥
ਆਪੇ ਆਪਿ ਮਿਲੈ ਤਾ ਬੂਝੈ ॥ ਗਿਆਨ ਵਿਹੂਣਾ ਕਿਛੂ ਨ ਸੂਝੈ ॥
ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ ॥੧੪॥}

(ਅੰਗ - ੧੦੪੪)

{ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ ॥
ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ ॥੧॥
ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥ ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥੨॥}

(ਅੰਗ - ੭੦੭)

{ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥}

(ਅੰਗ - ੬੫੦)

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ - ੬੫੦)

{ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥ ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥
ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥੨॥}

(ਅੰਗ - ੬੪੯)

{ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ ॥
ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ ॥
ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ ॥ ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ ॥
ਨਾਨਕ ਗੁਰਮੁਖਿ ਮਿਲਹਿ ਵਡਿਆਈਆ ਜੇ ਆਪੇ ਮੇਲਿ ਮਿਲਾਇ ॥੨॥}

(ਅੰਗ - ੬੪੭)

39/4887

{ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ ॥
ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ ॥੪॥੪॥}

(ਅੰਗ - ੬੦੧)

{ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥ ਨਿਰਮਲੁ ਨਾਮੁ ਵਸੈ ਮਨਿ ਆਇ ॥੨॥}

(ਅੰਗ - ੫੬੦)

{ਜਾਣੁ ਵਸੰਦੋ ਮੰਝਿ ਪਛਾਣੂ ਕੋ ਹੇਕੜੋ ॥ ਤੈ ਤਨਿ ਪੜਦਾ ਨਾਹਿ ਨਾਨਕ ਜੈ ਗੁਰੁ ਭੇਟਿਆ ॥੨॥}

(ਅੰਗ - ੧੦੯੯)

{ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ ॥ ਨਾਨਕ ਤਿਨਾ ਖਾਕੁ ਜਿਨਾ ਯਕੀਨਾ ਹਿਕ ਸਿਉ ॥੧॥}

(ਅੰਗ - ੧੦੯੯)

{ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥ ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥
ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ॥ ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥
ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥
ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥੧੩॥}

(ਅੰਗ ੧੦੯੮-੧੦੯੯)

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ - ੧੦੯੬)

{ਵਰਨ ਰੂਪ ਵਰਤਹਿ ਸਭ ਤੇਰੇ ॥ ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ ॥
ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥
ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥
ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥
ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥
ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥
ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥
ਮਾਇਆ ਮਹਿ ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ ਸਦ ਰਹੈ ਸਮਾਏ ॥
ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥
ਸਚੁ ਸਾਲਾਹੀ ਸਦਾ ਹਜੂਰੇ ॥ ਗੁਰ ਕੈ ਸਬਦਿ ਰਹਿਆ ਭਰਪੂਰੇ ॥
ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥
ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥
ਸਚੁ ਸਾਲਾਹੀ ਅਵਰੁ ਨ ਕੋਈ ॥ ਜਿਤੁ ਸੇਵਿਐ ਸਦਾ ਸੁਖੁ ਹੋਈ ॥
ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥੧੮॥੧੯॥}

(ਅੰਗ ੧੨੦-੧੨੧)

{ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥੧॥ ਰਹਾਉ ॥}

(ਅੰਗ ੧੨੯-੧੩੦)

{ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥
ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥੧॥
ਕਰੇ ਵਖਿਆਣੁ ਜਾਣੈ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ ॥੧॥ ਰਹਾਉ ॥
ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥ ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥੨॥
ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥੩॥
ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥੪॥੮॥}

(ਅੰਗ - ੩੫੧)

{ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ ॥
ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ ਤਾ ਕਾ ਅੰਤੁ ਨ ਪਾਇਆ ॥
ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ ਗੁਰਮੁਖਿ ਅਲਖੁ ਲਖਾਇਆ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਸਹਜੇ ਨਾਮਿ ਸਮਾਇ ਜੀਉ ॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥੨॥}

(ਅੰਗ - ੪੪੯)

{ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥
ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥ ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥}

(ਅੰਗ - ੬੪੪)

39/4888

{ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥
ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥
ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥
ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥ ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥}

(ਅੰਗ - ੬੪੪)

{ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ ॥ ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ ॥
ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ ਨ ਲਾਹਰਾ ॥ ਤੂ ਪੁਰਖੁ ਅਨੰਦੀ ਅਨੰਤ ਸਭ ਜੋਤਿ ਸਮਾਹਰਾ ॥
ਤੂ ਸਭ ਦੇਵਾ ਮਹਿ ਦੇਵ ਬਿਧਾਤੇ ਨਰਹਰਾ ॥ ਕਿਆ ਆਰਾਧੇ ਜਿਹਵਾ ਇਕ ਤੂ ਅਬਿਨਾਸੀ ਅਪਰਪਰਾ ॥
ਜਿਸੁ ਮੇਲਹਿ ਸਤਿਗੁਰੁ ਆਪਿ ਤਿਸ ਕੇ ਸਭਿ ਕੁਲ ਤਰਾ ॥
ਸੇਵਕ ਸਭਿ ਕਰਦੇ ਸੇਵ ਦਰਿ ਨਾਨਕੁ ਜਨੁ ਤੇਰਾ ॥੫॥}

(ਅੰਗ - ੧੦੯੬)

{ਤੇਰਾ ਰੂਪੁ ਨ ਜਾਣੀ ਲਖਿਆ ਕਿਉ ਤੁਝਹਿ ਧਿਆਵਹੀ ॥
ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ॥}

(ਅੰਗ - ੧੦੯੫)

{ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥ ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ ॥੩॥}

(ਅੰਗ - ੧੦੯੪)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥}

(ਅੰਗ - ੧੦੯੪)

{ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥ ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥
ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ॥ ਸਭਨਾ ਕਾ ਸਾਹਿਬੁ ਏਕੁ ਹੈ ਗੁਰ ਸਬਦੀ ਰਚਾ ॥
ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ ॥
ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ॥੨੨॥੧॥ ਸੁਧੁ ॥}

(ਅੰਗ - ੧੦੯੪)

{ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ ॥
ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ ॥੧॥}

(ਅੰਗ - ੧੦੯੩)

{ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ ॥
ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ ॥੨॥}

(ਅੰਗ - ੧੦੯੩)

{ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ ॥ ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ ॥
ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥ ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ ॥
ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ ॥੧੯॥}

(ਅੰਗ - ੧੦੯੩)

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥
ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥ ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥
ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥੨॥}

(ਅੰਗ - ੧੦੯੩)

{ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥
ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥
ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥
ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥
ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥
ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥੧॥}

(ਅੰਗ ੧੦੯੨-੧੦੯੩)

39/4889

{ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥
ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥੧੮॥}

(ਅੰਗ - ੧੦੯੨)

{ਲੋਕੁ ਅਵਗਣਾ ਕੀ ਬੰਨ੍ਹੈ ਗੰਠੜੀ ਗੁਣ ਨ ਵਿਹਾਝੈ ਕੋਇ ॥ ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥
ਗੁਰ ਪਰਸਾਦੀ ਗੁਣ ਪਾਈਅਨ੍ਹਿ ਜਿਸ ਨੋ ਨਦਰਿ ਕਰੇਇ ॥੧॥}

(ਅੰਗ - ੧੦੯੨)

{ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥
ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥ ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥
ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥੧੭॥}

(ਅੰਗ - ੧੦੯੨)

{ਇਸੁ ਜਗ ਮਹਿ ਸੰਤੀ ਧਨੁ ਖਟਿਆ ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥
ਸਤਿਗੁਰਿ ਸਚੁ ਦ੍ਰਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ ॥
ਇਤੁ ਧਨਿ ਪਾਇਐ ਭੁਖ ਲਥੀ ਸੁਖੁ ਵਸਿਆ ਮਨਿ ਆਇ ॥
ਜਿੰਨ੍ਹਾ ਕਉ ਧੁਰਿ ਲਿਖਿਆ ਤਿਨੀ ਪਾਇਆ ਆਇ ॥ ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥ ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ ॥
ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ ॥
ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥
ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ ॥੧॥}

(ਅੰਗ - ੧੦੯੨)

{ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥}

(ਅੰਗ - ੧੦੯੧)

{ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ ॥ ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ॥
ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥
ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥੧੪॥}

(ਅੰਗ - ੧੦੯੧)

{ਆਪੇ ਪਿੰਡੁ ਸਵਾਰਿਓਨੁ ਵਿਚਿ ਨਵ ਨਿਧਿ ਨਾਮੁ ॥ ਇਕਿ ਆਪੇ ਭਰਮਿ ਭੁਲਾਇਅਨੁ ਤਿਨ ਨਿਹਫਲ ਕਾਮੁ ॥
ਇਕਨੀ ਗੁਰਮੁਖਿ ਬੁਝਿਆ ਹਰਿ ਆਤਮ ਰਾਮੁ ॥ ਇਕਨੀ ਸੁਣਿ ਕੈ ਮੰਨਿਆ ਹਰਿ ਊਤਮ ਕਾਮੁ ॥
ਅੰਤਰਿ ਹਰਿ ਰੰਗੁ ਉਪਜਿਆ ਗਾਇਆ ਹਰਿ ਗੁਣ ਨਾਮੁ ॥੧੩॥}

(ਅੰਗ - ੧੦੯੦)

{ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ ॥ ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ॥
ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ ॥ ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ ॥
ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੇ ॥੧੨॥}

(ਅੰਗ - ੧੦੯੦)

{ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥ ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥}

(ਅੰਗ - ੧੦੯੦)

{ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ ॥ ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ ॥
ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ ॥ ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥
ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥}

(ਅੰਗ - ੧੦੯੦)

{ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥ ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ॥
ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ ॥ ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥੧॥}

(ਅੰਗ - ੧੦੯੦)

39/4890

{ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ - ੧੦੮੯)

{ਹਿਰਦੈ ਜਿਸ ਦੈ ਸਚੁ ਹੈ ਤਨੁ ਮਨੁ ਭੀ ਸਚਾ ਹੋਇ ॥ ਨਾਨਕ ਸਚੈ ਹੁਕਮਿ ਮੰਨਿਐ ਸਚੀ ਵਡਿਆਈ ਦੇਇ ॥
ਸਚੇ ਮਾਹਿ ਸਮਾਵਸੀ ਜਿਸ ਨੋ ਨਦਰਿ ਕਰੇਇ ॥੨॥}

(ਅੰਗ - ੧੦੮੯)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥}

(ਅੰਗ ੫੫-੫੬)

{ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥ ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥
ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ ॥ ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ ॥
ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ ॥੧॥}

(ਅੰਗ - ੧੦੮੯)

{ਸਹਜਿ ਵਣਸਪਤਿ ਫੁਲੁ ਫਲੁ ਭਵਰੁ ਵਸੈ ਭੈ ਖੰਡਿ ॥ ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਭਿਰੰਗੁ ॥੨॥}

(ਅੰਗ - ੧੦੮੯)

{ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥
ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥
ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥
ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ॥
ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥}

(ਅੰਗ - ੧੦੮੯)

{ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥ ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥੧॥}

(ਅੰਗ - ੧੦੮੯)

{ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ ॥
ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਵਰਤੀਜੈ ॥
ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ ॥
ਗੁਰ ਸਬਦੀ ਕਮਲੁ ਬਿਗਾਸਿਆ ਇਵ ਹਰਿ ਰਸੁ ਪੀਜੈ ॥
ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ ॥੭॥}

(ਅੰਗ ੧੦੮੮-੧੦੮੯)

{ਸਭਨਾ ਕਾ ਪਿਰੁ ਏਕੁ ਹੈ ਪਿਰ ਬਿਨੁ ਖਾਲੀ ਨਾਹਿ ॥
ਨਾਨਕ ਸੇ ਸੋਹਾਗਣੀ ਜਿ ਸਤਿਗੁਰ ਮਾਹਿ ਸਮਾਹਿ ॥੧॥}

(ਅੰਗ - ੧੦੮੮)

{ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥
ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ ॥
ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥੬॥}

(ਅੰਗ - ੧੦੮੮)

{ਆਪਣਾ ਆਪੁ ਪਛਾਣਿਆ ਨਾਮੁ ਨਿਧਾਨੁ ਪਾਇਆ ॥
ਕਿਰਪਾ ਕਰਿ ਕੈ ਆਪਣੀ ਗੁਰ ਸਬਦਿ ਮਿਲਾਇਆ ॥
ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥
ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ॥
ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥੫॥}

(ਅੰਗ - ੧੦੮੮)

39/4891

{ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗਣ ਮੁੰਧ ॥੧॥}

(ਅੰਗ - ੧੦੮੮)

{ਜਿਸ ਨੋ ਸਚਾ ਦੇਇ ਸੁ ਪਾਏ ॥ ਅੰਤਰਿ ਸਾਚੁ ਭਰਮੁ ਚੁਕਾਏ ॥
ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ ॥੭॥
ਆਪੇ ਕਰਤਾ ਸਭਨਾ ਕਾ ਸੋਈ ॥ ਜਿਸ ਨੋ ਆਪਿ ਬੁਝਾਏ ਬੂਝੈ ਕੋਈ ॥
ਆਪੇ ਬਖਸੇ ਦੇ ਵਡਿਆਈ ਆਪੇ ਮੇਲਿ ਮਿਲਾਇਦਾ ॥੮॥
ਹਉਮੈ ਕਰਦਿਆ ਜਨਮੁ ਗਵਾਇਆ ॥ ਆਗੈ ਮੋਹੁ ਨ ਚੂਕੈ ਮਾਇਆ ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥}

(ਅੰਗ - ੧੦੬੩)

{ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥}

(ਅੰਗ - ੮੧੪)

{ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥ ਤੇਰੋ ਸੇਵਕੁ ਇਹ ਰੰਗਿ ਮਾਤਾ ॥

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥੧॥੩॥}

(ਅੰਗ ੬੪੧-੬੪੨)

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ ਜਪਿ ਮਨ ਮੇਰੇ ਤੂ ਏਕੋ ਨਾਮੁ ॥
ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥ ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੁ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ - ੫੫੮)

{ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥
ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥
ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥
ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥
ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥ ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥ ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥
ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥ ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥ ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥
ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥ ਭੇਖ ਅਨੇਕ ਅਗਨਿ ਨਹੀ ਬੁਝੈ ॥
ਕੋਟਿ ਉਪਾਵ ਦਰਗਹ ਨਹੀ ਸਿਝੈ ॥ ਛੂਟਸਿ ਨਾਹੀ ਊਭ ਪਇਆਲਿ ॥
ਮੋਹਿ ਬਿਆਪਹਿ ਮਾਇਆ ਜਾਲਿ ॥ ਅਵਰ ਕਰਤੂਤਿ ਸਗਲੀ ਜਮੁ ਡਾਨੈ ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥ ਹਰਿ ਕਾ ਨਾਮੁ ਜਪਤ ਦੁਖੁ ਜਾਇ ॥
ਨਾਨਕ ਬੋਲੈ ਸਹਜਿ ਸੁਭਾਇ ॥੪॥ ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥
ਜੇ ਕੋ ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧਸੰਗਿ ਇਹ ਹਉਮੈ ਛੋਰੈ ॥ ਜੇ ਕੋ ਜਨਮ ਮਰਣ ਤੇ ਡਰੈ ॥

ਸਾਧ ਜਨਾ ਕੀ ਸਰਨੀ ਪਰੈ ॥ ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥ ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥
ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥ ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥
ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥ ਸੂਖ ਦੂਖ ਜਨ ਸਮ ਦ੍ਰਿਸਟੇਤਾ ॥
ਨਾਨਕ ਪਾਪ ਪੁੰਨ ਨਹੀ ਲੇਪਾ ॥੬॥ ਨਿਰਧਨ ਕਉ ਧਨੁ ਤੇਰੋ ਨਾਉ ॥ ਨਿਥਾਵੇ ਕਉ ਨਾਉ ਤੇਰਾ ਥਾਉ ॥
ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ ਸਗਲ ਘਟਾ ਕਉ ਦੇਵਹੁ ਦਾਨੁ ॥ ਕਰਨ ਕਰਾਵਨਹਾਰ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ ॥ ਅਪਨੀ ਗਤਿ ਮਿਤਿ ਜਾਨਹੁ ਆਪੇ ॥ ਆਪਨ ਸੰਗਿ ਆਪਿ ਪ੍ਰਭ ਰਾਤੇ ॥
ਤੁਮ੍ਰੀ ਉਸਤਤਿ ਤੁਮ ਤੇ ਹੋਇ ॥ ਨਾਨਕ ਅਵਰੁ ਨ ਜਾਨਸਿ ਕੋਇ ॥੭॥
ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧਸੰਗਿ ਦੁਰਮਤਿ ਮਲੁ ਹਿਰਿਆ ॥
ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
ਸਗਲ ਥਾਨ ਤੇ ਓਹੁ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥}

(ਅੰਗ ੨੬੫-੨੬੬)

{ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ ॥ ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ ॥੨॥}

(ਅੰਗ - ੧੦੮੮)

{ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ ਬਿੰਦ ॥ ਆਵਣੁ ਜਾਵਣੁ ਦੁਖੁ ਘਣਾ ਕਦੇ ਨ ਚੁਕੈ ਚਿੰਦ ॥}

(ਅੰਗ - ੧੦੮੮)

{ਆਪੇ ਕਰਣੀ ਕਾਰ ਆਪਿ ਆਪੇ ਕਰੇ ਰਜਾਇ ॥ ਆਪੇ ਕਿਸ ਹੀ ਬਖਸਿ ਲਏ ਆਪੇ ਕਾਰ ਕਮਾਇ ॥
ਨਾਨਕ ਚਾਨਣੁ ਗੁਰ ਮਿਲੇ ਦੁਖ ਬਿਖੁ ਜਾਲੀ ਨਾਇ ॥੨॥}

(ਅੰਗ - ੧੦੮੭)

{ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥ ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥
ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ ॥
ਗੁਰ ਪਰਸਾਦੀ ਉਬਰੇ ਜਿਨ ਹਰਿ ਰਸੁ ਚਖਾ ॥ ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ ॥੩॥}

(ਅੰਗ ੧੦੮੭-੧੦੮੮)

{ਭੂਲੀ ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ ॥ ਪੂਛਹੁ ਜਾਇ ਸਿਆਣਿਆ ਦੁਖੁ ਕਾਟੈ ਮੇਰਾ ਕੋਇ ॥
ਸਤਿਗੁਰੁ ਸਾਚਾ ਮਨਿ ਵਸੈ ਸਾਜਨੁ ਉਤ ਹੀ ਠਾਇ ॥ ਨਾਨਕ ਮਨੁ ਤ੍ਰਿਪਤਾਸੀਐ ਸਿਫਤੀ ਸਾਚੈ ਨਾਇ ॥੧॥}

(ਅੰਗ - ੧੦੮੭)

39/4892

{ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ ॥ ਗੁਰ ਕੈ ਸਬਦਿ ਸੰਤੋਖੀਆ ਨਾਨਕ ਬਿਗਸਾ ਨਾਇ ॥੨॥}

(ਅੰਗ - ੧੦੮੭)

{ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥
ਸਤਿਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥ ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥
ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ ॥
ਨਾਨਕ ਮਿਲਿਆ ਸੋ ਜਾਣੀਐ ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ ॥੧॥}

(ਅੰਗ - ੧੦੮੭)

{ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥
ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥
ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥੧॥}

(ਅੰਗ - ੧੦੮੭)

{ਨਾਮ ਵਿਹੂਣੇ ਭਰਮਸਹਿ ਆਵਹਿ ਜਾਵਹਿ ਨੀਤ ॥ ਇਕਿ ਬਾਂਧੇ ਇਕਿ ਢੀਲਿਆ ਇਕਿ ਸੁਖੀਏ ਹਰਿ ਪ੍ਰੀਤਿ॥
ਨਾਨਕ ਸਚਾ ਮੰਨਿ ਲੈ ਸਚੁ ਕਰਣੀ ਸਚੁ ਰੀਤਿ ॥੨॥}

(ਅੰਗ - ੧੦੮੭)

{ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥ ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥
ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ
ਮੁੋਲਿ ਅਮੁੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ ॥ ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟਿ ॥੧॥}

(ਅੰਗ ੧੦੮੬-੧੦੮੭)

{ਅੰਧ ਕੂਪ ਤੇ ਸੇਈ ਕਾਢੇ ॥ ਜਨਮ ਜਨਮ ਕੇ ਟੂਟੇ ਗਾਂਢੇ ॥
ਕਿਰਪਾ ਧਾਰਿ ਰਖੇ ਕਰਿ ਅਪੁਨੇ ਮਿਲਿ ਸਾਧੂ ਗੋਬਿੰਦੁ ਧਿਆਵਣਾ ॥੧੪॥}

(ਅੰਗ - ੧੦੮੬)

{ਆਗਿਆ ਦੂਖ ਸੂਖ ਸਭਿ ਕੀਨੇ ॥ ਅੰਮ੍ਰਿਤ ਨਾਮੁ ਬਿਰਲੈ ਹੀ ਚੀਨੇ ॥
ਤਾ ਕੀ ਕੀਮਤਿ ਕਹਣੁ ਨ ਜਾਈ ਜਤ ਕਤ ਓਹੀ ਸਮਾਵਣਾ ॥੧੧॥}

(ਅੰਗ - ੧੦੮੬)

{ਜਿਸੁ ਰੂਪੁ ਨ ਰੇਖਿਆ ਕੁਲੁ ਨਹੀ ਜਾਤੀ ॥ ਪੂਰਨ ਪੂਰਿ ਰਹਿਆ ਦਿਨੁ ਰਾਤੀ ॥}

(ਅੰਗ - ੧੦੮੬)

{ਸਾਸਤ ਸਿੰਮ੍ਰਿਤਿ ਬੇਦ ਵਖਾਣੀ ॥ ਜਨਮੁ ਪਦਾਰਥੁ ਜੀਤੁ ਪਰਾਣੀ ॥
ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥}

(ਅੰਗ - ੧੦੮੬)

{ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥}

(ਅੰਗ - ੧੦੮੫)

{ਤੁਧੁ ਵਿਣੁ ਨਾਹੀ ਕੋਈ ਮੇਰਾ ॥ ਗੁਰਿ ਪਕੜਾਏ ਪ੍ਰਭ ਕੇ ਪੈਰਾ ॥
ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ ॥੧੫॥}

(ਅੰਗ - ੧੦੮੫)

39/4893

{ਨਾਮ ਰਤਨੁ ਤੇਰਾ ਹੈ ਪਿਆਰੇ ॥ ਰੰਗਿ ਰਤੇ ਤੇਰੈ ਦਾਸ ਅਪਾਰੇ ॥
ਤੇਰੈ ਰੰਗਿ ਰਤੇ ਤੁਧੁ ਜੇਹੇ ਵਿਰਲੇ ਕੇਈ ਭਾਲਕਾ ॥੧੨॥}

(ਅੰਗ - ੧੦੮੫)

{ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥}

(ਅੰਗ - ੧੩੩੪)

{ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥}

(ਅੰਗ - ੧੩੩੪)

{ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥੭॥}

(ਅੰਗ - ੧੩੪੫)

{ਤਤੀ ਵਾਉ ਨ ਤਾ ਕਉ ਲਾਗੈ ॥ ਸਿਮਰਤ ਨਾਮੁ ਅਨਦਿਨੁ ਜਾਗੈ ॥
ਅਨਦ ਬਿਨੋਦ ਕਰੇ ਹਰਿ ਸਿਮਰਨੁ ਤਿਸੁ ਮਾਇਆ ਸੰਗਿ ਨ ਤਾਲਕਾ ॥੧੦॥}

(ਅੰਗ - ੧੦੮੫)

{ਤਿਸਹਿ ਪਰਾਪਤਿ ਹੋਇ ਨਿਧਾਨਾ ॥ ਰਾਮ ਨਾਮ ਰਸੁ ਅੰਤਰਿ ਮਾਨਾ ॥
ਕਰੁ ਗਹਿ ਲੀਨੇ ਅੰਧ ਕੂਪ ਤੇ ਵਿਰਲੇ ਕੇਈ ਸਾਲਕਾ ॥੫॥
ਆਦਿ ਅੰਤਿ ਮਧਿ ਪ੍ਰਭੁ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥
ਭ੍ਰਮੁ ਭਉ ਮਿਟਿਆ ਸਾਧਸੰਗ ਤੇ ਦਾਲਿਦ ਨ ਕੋਈ ਘਾਲਕਾ ॥੬॥}

(ਅੰਗ ੧੦੮੪-੧੦੮੫)

{ਮਾਇਆ ਮੋਹੁ ਅਤਿ ਗੁਬਾਰੁ ॥ ਸਤਿਗੁਰੁ ਭੇਟੈ ਨਾਮਿ ਉਧਾਰੁ ॥੪॥}

(ਅੰਗ - ੮੮੦)

{ਮਾਇਆ ਮੋਹੁ ਅਗਿਆਨੁ ਗੁਬਾਰੁ ॥ ਮਨਮੁਖ ਮੋਹੇ ਮੁਗਧ ਗਵਾਰ ॥
ਅਨਦਿਨੁ ਧੰਧਾ ਕਰਤ ਵਿਹਾਇ ॥ ਮਰਿ ਮਰਿ ਜੰਮਹਿ ਮਿਲੈ ਸਜਾਇ ॥੨॥
ਗੁਰਮੁਖਿ ਰਾਮ ਨਾਮਿ ਲਿਵ ਲਾਈ ॥ ਕੂੜੈ ਲਾਲਚਿ ਨਾ ਲਪਟਾਈ ॥
ਜੋ ਕਿਛੁ ਹੋਵੈ ਸਹਜਿ ਸੁਭਾਇ ॥ ਹਰਿ ਰਸੁ ਪੀਵੈ ਰਸਨ ਰਸਾਇ ॥੩॥
ਕੋਟਿ ਮਧੇ ਕਿਸਹਿ ਬੁਝਾਈ ॥ ਆਪੇ ਬਖਸੇ ਦੇ ਵਡਿਆਈ ॥
ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ॥ ਨਾਨਕ ਹਰਿ ਹਰਿ ਨਾਮਿ ਸਮਾਈ ॥੪॥੩॥੧੨॥}

(ਅੰਗ - ੧੨੬੨)

{ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥}

(ਅੰਗ - ੯੩੦)

{ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰੁ ਸੋਈ ॥ ਜੀਅ ਜੰਤ ਪ੍ਰਤਿਪਾਲਦਾ ਜੋ ਕਰੇ ਸੁ ਹੋਈ ॥
ਮਾਤ ਪਿਤਾ ਸੁਤ ਭ੍ਰਾਤ ਮੀਤ ਤਿਸੁ ਬਿਨੁ ਨਹੀ ਕੋਈ ॥ ਘਟਿ ਘਟਿ ਅੰਤਰਿ ਰਵਿ ਰਹਿਆ ਜਪਿਅਹੁ ਜਨ ਕੋਈ॥
ਸਗਲ ਜਪਹੁ ਗੋਪਾਲ ਗੁਨ ਪਰਗਟੁ ਸਭ ਲੋਈ ॥੧੩॥}

(ਅੰਗ - ੧੩੧੮)

{ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖੁ ਆਦੇਸੋ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥੨॥}

(ਅੰਗ - ੧੧੨੬)

{ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ ॥
ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥੩॥}

(ਅੰਗ - ੧੧੨੬-੧੧੨੭)

39/4894

{ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥ ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥੮॥}

(ਅੰਗ - ੧੩੧)

{ਗੁਰ ਉਪਦੇਸਿ ਦਇਆ ਸੰਤੋਖੁ ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥
ਕਰਿ ਕਿਰਪਾ ਲੀਜੈ ਲੜਿ ਲਾਇ ॥ ਚਰਨ ਕਮਲ ਨਾਨਕ ਨਿਤ ਧਿਆਇ ॥੪॥੪੨॥੫੫॥}

(ਅੰਗ - ੧੧੫੨)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥}

(ਅੰਗ - ੧੪੧੪)

{ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ ॥
ਘਟਿ ਘਟਿ ਆਤਮ ਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ ਰੀਤਿ ॥
ਹਰਿ ਨਿਕਟਿ ਵਸੈ ਜਗਜੀਵਨਾ ਪਰਗਾਸੁ ਕੀਓ ਗੁਰ ਮੀਤਿ ॥
ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥
ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥੧॥}

(ਅੰਗ ੧੩੧੬-੧੩੧੭)

{ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥
ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥੨॥

ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ ॥
ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥੩॥}

(ਅੰਗ - ੧੩੩੬)

{ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ ॥
ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਰਭਾ ॥੩॥}

(ਅੰਗ - ੧੩੩੭)

{ਪ੍ਰਭ ਕੀ ਸੇਵਾ ਜਨ ਕੀ ਸੋਭਾ ॥ ਕਾਮ ਕ੍ਰੋਧ ਮਿਟੇ ਤਿਸੁ ਲੋਭਾ ॥ ਨਾਮੁ ਤੇਰਾ ਜਨ ਕੈ ਭੰਡਾਰਿ ॥
ਗੁਨ ਗਾਵਹਿ ਪ੍ਰਭ ਦਰਸ ਪਿਆਰਿ ॥੧॥ ਤੁਮਰੀ ਭਗਤਿ ਪ੍ਰਭ ਤੁਮਹਿ ਜਨਾਈ ॥
ਕਾਟਿ ਜੇਵਰੀ ਜਨ ਲੀਏ ਛਡਾਈ ॥੧॥ ਰਹਾਉ ॥}

(ਅੰਗ - ੧੩੩੮)

{ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥}

(ਅੰਗ - ੧੩੩੮)

{ਸਗਲੇ ਦੂਖ ਮਿਟੇ ਸੁਖ ਦੀਏ ਅਪਨਾ ਨਾਮੁ ਜਪਾਇਆ ॥
ਕਰਿ ਕਿਰਪਾ ਅਪਨੀ ਸੇਵਾ ਲਾਏ ਸਗਲਾ ਦੁਰਤੁ ਮਿਟਾਇਆ ॥੧॥ ਹਮ ਬਾਰਿਕ ਸਰਨਿ ਪ੍ਰਭ ਦਇਆਲ ॥
ਅਵਗਣ ਕਾਟਿ ਕੀਏ ਪ੍ਰਭਿ ਅਪੁਨੇ ਰਾਖਿ ਲੀਏ ਮੇਰੈ ਗੁਰ ਗੋਪਾਲਿ ॥੧॥ ਰਹਾਉ ॥}

(ਅੰਗ - ੧੩੩੮)

{ਆਠ ਪਹਰ ਪਾਰਬ੍ਰਹਮੁ ਧਿਆਈ ਸਦਾ ਸਦਾ ਗੁਨ ਗਾਇਆ ॥
ਕਹੁ ਨਾਨਕ ਮੇਰੇ ਪੂਰੇ ਮਨੋਰਥ ਪਾਰਬ੍ਰਹਮੁ ਗੁਰੁ ਪਾਇਆ ॥੪॥੪॥}

(ਅੰਗ - ੧੩੩੮-੧੩੩੯)

39/4895

{ਚੂਕਾ ਗਉਨੁ ਮਿਟਿਆ ਅੰਧਿਆਰੁ ॥ ਗੁਰਿ ਦਿਖਲਾਇਆ ਮੁਕਤਿ ਦੁਆਰੁ ॥
ਹਰਿ ਪ੍ਰੇਮ ਭਗਤਿ ਮਨੁ ਤਨੁ ਸਦ ਰਾਤਾ ॥ ਪ੍ਰਭੂ ਜਨਾਇਆ ਤਬ ਹੀ ਜਾਤਾ ॥੨॥}

(ਅੰਗ - ੧੩੪੮)

{ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥
ਹਰਿ ਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥੨॥}

(ਅੰਗ - ੧੬੧)

{ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥
ਸਗਲੇ ਰੋਗ ਦੋਖ ਸਭਿ ਬਿਨਸਹਿ ਅਗਿਆਨੁ ਅੰਧੇਰਾ ਮਨ ਤੇ ਜਾਈ ॥੧॥ ਰਹਾਉ ॥}

(ਅੰਗ - ੧੩੩੯)

{ਸਿਮਰਤ ਨਾਮੁ ਕਿਲਬਿਖ ਸਭਿ ਨਾਸੇ ॥ ਸਚੁ ਨਾਮੁ ਗੁਰਿ ਦੀਨੀ ਰਾਸੇ ॥
ਪ੍ਰਭ ਕੀ ਦਰਗਹ ਸੋਭਾਵੰਤੇ ॥ ਸੇਵਕ ਸੇਵਿ ਸਦਾ ਸੋਹੰਤੇ ॥੧॥}

(ਅੰਗ - ੧੩੩੯)

{ਉਬਰੇ ਸਤਿਗੁਰ ਚਰਨੀ ਲਾਗਿ ॥ ਜੋ ਗੁਰੁ ਕਹੈ ਸੋਈ ਭਲ ਮੀਠਾ ਮਨ ਕੀ ਮਤਿ ਤਿਆਗਿ ॥੧॥ ਰਹਾਉ ॥}

(ਅੰਗ - ੧੩੩੯)

{ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥
ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥ ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥}

(ਅੰਗ - ੧੩੩੯)

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਨਾਨਕ ਗੁਰਮੁਖਿ ਉਤਰਹਿ ਪਾਰਿ ॥੪॥੭॥}

(ਅੰਗ - ੧੩੩੯)

{ਗੁਰ ਪਰਸਾਦੀ ਉਤਰੇ ਪਾਰਿ ॥ ਭਉ ਭਰਮੁ ਬਿਨਸੇ ਬਿਕਾਰ ॥
ਮਨ ਤਨ ਅੰਤਰਿ ਬਸੇ ਗੁਰ ਚਰਨਾ ॥ ਨਿਰਭੈ ਸਾਧ ਪਰੇ ਹਰਿ ਸਰਨਾ ॥੨॥}

(ਅੰਗ - ੧੩੪੦)

{ਜਿਹ ਸਿਮਰਨਿ ਕਰਹਿ ਤੂ ਕੇਲ ॥ ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥
ਸੋ ਦੀਪਕੁ ਅਮਰਕੁ ਸੰਸਾਰਿ ॥ ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ ॥੩॥}

(ਅੰਗ - ੯੭੧)

{ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥
ਬੇਦ ਪਾਠ ਸੰਸਾਰ ਕੀ ਕਾਰ ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ ॥
ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥}

(ਅੰਗ - ੭੯੧)

{ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥੩॥
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥}

(ਅੰਗ - ੨੩੯)

{ਗੁਰੁ ਪੂਰਾ ਪੂਰੀ ਤਾ ਕੀ ਕਲਾ ॥ ਗੁਰ ਕਾ ਸਬਦੁ ਸਦਾ ਸਦ ਅਟਲਾ ॥
ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥}

(ਅੰਗ ੧੩੩੯-੧੩੪੦)

39/4896

{ਸਦਾ ਨਿਕਟਿ ਕਰਿ ਤਿਸ ਨੋ ਜਾਣੁ ॥ ਪ੍ਰਭ ਕੀ ਆਗਿਆ ਸਤਿ ਕਰਿ ਮਾਨੁ ॥
ਗੁਰ ਕੈ ਬਚਨਿ ਮਿਟਾਵਹੁ ਆਪੁ ॥ ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥੪॥੪॥੭੩॥}

(ਅੰਗ - ੧੭੭)

{ਸਤਿਗੁਰਿ ਪੂਰੈ ਨਾਮੁ ਦੀਆ ॥
ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ ॥੧॥ ਰਹਾਉ ॥}

(ਅੰਗ - ੧੩੪੦)

{ਚਰਨ ਕਮਲ ਗੁਰ ਕੇ ਮਨਿ ਵੂਠੇ ॥ ਦੂਖ ਦਰਦ ਭ੍ਰਮ ਬਿਨਸੇ ਝੂਠੇ ॥੧॥
ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥੨॥
ਘਰਿ ਬਾਹਰਿ ਪ੍ਰਭੁ ਸਭਨੀ ਥਾਈ ॥ ਸੰਗਿ ਸਹਾਈ ਜਹ ਹਉ ਜਾਈ ॥੩॥}

(ਅੰਗ - ੧੩੪੦)

{ਕਿਲਬਿਖ ਮੇਟੇ ਸਬਦਿ ਸੰਤੋਖੁ ॥ ਨਾਮੁ ਅਰਾਧਨ ਹੋਆ ਜੋਗੁ ॥
ਸਾਧਸੰਗਿ ਹੋਆ ਪਰਗਾਸੁ ॥ ਚਰਨ ਕਮਲ ਮਨ ਮਾਹਿ ਨਿਵਾਸੁ ॥੧॥}

(ਅੰਗ - ੧੩੪੦)

{ਜਿਸੁ ਮਸਤਕਿ ਗੁਰਿ ਧਰਿਆ ਹਾਥੁ ॥ ਕੋਟਿ ਮਧੇ ਕੋ ਵਿਰਲਾ ਦਾਸੁ ॥
ਜਲਿ ਥਲਿ ਮਹੀਅਲਿ ਪੇਖੈ ਭਰਪੂਰਿ ॥ ਨਾਨਕ ਉਧਰਸਿ ਤਿਸੁ ਜਨ ਕੀ ਧੂਰਿ ॥੪॥੧੦॥}

(ਅੰਗ - ੧੩੪੦)

{ਨਾਮੁ ਜਪਤ ਹੋਆ ਪਰਗਾਸੁ ॥ ਗੁਰ ਸਬਦੇ ਕੀਨਾ ਰਿਦੈ ਨਿਵਾਸੁ ॥੩॥}

(ਅੰਗ - ੧੩੪੦)

{ਅਵਰੁ ਨ ਦੂਜਾ ਠਾਉ ॥ ਨਾਹੀ ਬਿਨੁ ਹਰਿ ਨਾਉ ॥}

(ਅੰਗ - ੧੩੪੧)

{ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ ॥
ਸਾਧਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ ॥੩॥}

(ਅੰਗ - ੧੩੪੧)

{ਰਮ ਰਾਮ ਰਾਮ ਰਾਮ ਜਾਪ ॥ ਕਲਿ ਕਲੇਸ ਲੋਭ ਮੋਹ ਬਿਨਸਿ ਜਾਇ ਅਹੰ ਤਾਪ ॥੧॥ ਰਹਾਉ ॥
ਆਪੁ ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ ॥੧॥}

(ਅੰਗ - ੧੩੪੧)

{ਨਾ ਮਨੁ ਮਰੈ ਨ ਮਾਇਆ ਮਰੈ ॥
ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ ॥੧॥ ਰਹਾਉ ॥}

(ਅੰਗ - ੧੩੪੨)

{ਦੁਬਿਧਾ ਬਉਰੀ ਮਨੁ ਬਉਰਾਇਆ ॥ ਝੂਠੈ ਲਾਲਚਿ ਜਨਮੁ ਗਵਾਇਆ ॥
ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥ ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ ॥੧॥}

(ਅੰਗ - ੧੩੪੨)

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥}

(ਅੰਗ ੧੩੨੮-੧੩੨੯)

39/4897

{ਜਿਉ ਮਨੁ ਦੇਖਹਿ ਪਰ ਮਨੁ ਤੈਸਾ ॥ ਜੈਸੀ ਮਨਸਾ ਤੈਸੀ ਦਸਾ ॥
ਜੈਸਾ ਕਰਮੁ ਤੈਸੀ ਲਿਵ ਲਾਵੈ ॥ ਸਤਿਗੁਰੁ ਪੂਛਿ ਸਹਜ ਘਰੁ ਪਾਵੈ ॥੩॥}

(ਅੰਗ - ੧੩੪੨)

{ਗੁਰ ਸੇਵਾ ਬਿਨੁ ਭਗਤਿ ਨ ਹੋਈ ॥ ਅਨੇਕ ਜਤਨ ਕਰੈ ਜੇ ਕੋਈ ॥
ਹਉਮੈ ਮੇਰਾ ਸਬਦੇ ਖੋਈ ॥ ਨਿਰਮਲ ਨਾਮੁ ਵਸੈ ਮਨਿ ਸੋਈ ॥੬॥}

(ਅੰਗ - ੧੩੪੨)

{ਮਾਇਆ ਮੋਹਿ ਸਗਲ ਜਗੁ ਛਾਇਆ ॥ ਕਾਮਣਿ ਦੇਖਿ ਕਾਮਿ ਲੋਭਾਇਆ ॥
ਸੁਤ ਕੰਚਨ ਸਿਉ ਹੇਤੁ ਵਧਾਇਆ ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥}

(ਅੰਗ - ੧੩੪੨)

{ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥}

(ਅੰਗ - ੧੩੪੨)

{ਭਾਉ ਭਗਤਿ ਗੁਰਮਤੀ ਪਾਏ ॥ ਹਉਮੈ ਵਿਚਹੁ ਸਬਦਿ ਜਲਾਏ ॥
ਧਾਵਤੁ ਰਾਖੈ ਠਾਕਿ ਰਹਾਏ ॥ ਸਚਾ ਨਾਮੁ ਮੰਨਿ ਵਸਾਏ ॥੪॥
ਬਿਸਮ ਬਿਨੋਦ ਰਹੇ ਪਰਮਾਦੀ ॥ ਗੁਰਮਤਿ ਮਾਨਿਆ ਏਕ ਲਿਵ ਲਾਗੀ ॥
ਦੇਖਿ ਨਿਵਾਰਿਆ ਜਲ ਮਹਿ ਆਗੀ ॥ ਸੋ ਬੂਝੈ ਹੋਵੈ ਵਡਭਾਗੀ ॥੫॥}

(ਅੰਗ ੧੩੪੨-੧੩੪੩)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥
ਏਕੋ ਜਾਣੈ ਅਵਰੁ ਨ ਕੋਇ ॥ ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥}

(ਅੰਗ - ੧੩੪੩)

{ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ - ੧੩੪੩)

{ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥}

(ਅੰਗ - ੧੩੪੩)

{ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥}

(ਅੰਗ - ੧੩੪੩)

{ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥}

(ਅੰਗ - ੧੩੪੩)

{ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥

ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ ॥੭॥}

(ਅੰਗ - ੧੩੪੪)

39/4898

{ਇਸੁ ਮਨ ਮਾਇਆ ਮੋਹਿ ਬਿਨਾਸੁ ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥
ਗੁਰਮੁਖਿ ਵਿਰਲਾ ਚੀਨੈ ਕੋਈ ॥ ਨਾਮ ਬਿਹੂਨਾ ਮੁਕਤਿ ਨ ਹੋਈ ॥੨॥
ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ॥ ਬਿਨੁ ਗੁਰ ਬੂਝੇ ਜਮ ਕੀ ਫਾਸੀ ॥
ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ ॥ ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥੩॥}

(ਅੰਗ - ੧੩੪੪)

{ਆਪੇ ਸਦੇ ਢਿਲ ਨ ਹੋਇ ॥ ਸਬਦਿ ਮਰੈ ਸਹਿਲਾ ਜੀਵੈ ਸੋਇ ॥
ਬਿਨੁ ਗੁਰ ਸੋਝੀ ਕਿਸੈ ਨ ਹੋਇ ॥ ਆਪੇ ਕਰੈ ਕਰਾਵੈ ਸੋਇ ॥੪॥}

(ਅੰਗ - ੧੩੪੪)

{ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥੫॥}

(ਅੰਗ - ੧੩੪੪)

{ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥}

(ਅੰਗ - ੧੩੪੪)

{ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥}

(ਅੰਗ - ੧੩੪੫)

{ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥
ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥}

(ਅੰਗ - ੧੩੪੫)

{ਸਚੁ ਜਿਹਵਾ ਹਰਿ ਰਸਨ ਰਸਾਈ ॥ ਗੁਰਮਤਿ ਛੂਟਸਿ ਪ੍ਰਭ ਸਰਣਾਈ ॥੩॥
ਕਰਮ ਧਰਮ ਪ੍ਰਭਿ ਮੇਰੈ ਕੀਏ ॥ ਨਾਮੁ ਵਡਾਈ ਸਿਰਿ ਕਰਮਾਂ ਕੀਏ ॥੪॥}

(ਅੰਗ - ੧੩੪੫)

{ਮਨੁ ਤਨੁ ਸੀਤਲੁ ਗੁਰਿ ਬੂਝ ਬੁਝਾਈ ॥ ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ ॥੭॥
ਕਹੁ ਨਾਨਕ ਗੁਰਿ ਬੂਝ ਬੁਝਾਈ ॥ ਨਾਮ ਬਿਨਾ ਗਤਿ ਕਿਨੈ ਨ ਪਾਈ ॥੮॥੬॥}

(ਅੰਗ - ੧੩੪੫)

{ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥}

(ਅੰਗ - ੧੩੪੫)

{ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ ॥
ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ ॥੪॥
ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥
ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥

ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥
ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥੬॥
ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥
ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥੭॥}

(ਅੰਗ - ੧੩੪੫)

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥}

(ਅੰਗ - ੧੩੪੬)

{ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥}

(ਅੰਗ - ੧੩੪੬)

39/4899

{ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥}

(ਅੰਗ - ੧੩੪੬)

{ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥}

(ਅੰਗ - ੧੩੪੬)

{ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥
ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥}

(ਅੰਗ - ੧੩੪੬)

{ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ ॥੧॥}

(ਅੰਗ - ੧੩੪੬)

{ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥

ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥}

(ਅੰਗ - ੧੩੪੬)

{ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ ॥
ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ ॥੭॥}

(ਅੰਗ - ੧੩੪੭)

{ਉਰਝਿ ਪਰਿਓ ਮਨ ਮੀਠ ਮੁੋਹਾਰਾ ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥}

(ਅੰਗ - ੧੩੪੭)

{ਲੋਭ ਮੋਹ ਸਿਉ ਗਈ ਵਿਖੋਟਿ ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥
ਇਹ ਠਗਵਾਰੀ ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥
ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥
ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥}

(ਅੰਗ - ੧੩੪੭)

{ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥
ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥
ਇਨ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥
ਆਏ ਪ੍ਰਭ ਪਹਿ ਅੰਚਰਿ ਲਾਗਿ ॥ ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥
ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥ ਸਗਲ ਦੂਤ ਮੇਰੀ ਸੇਵਾ ਲਾਏ ॥
ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥}

(ਅੰਗ - ੧੩੪੭)

{ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ॥
ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ ॥੧॥}

(ਅੰਗ - ੪੨੯)

{ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥}

(ਅੰਗ - ੬੦੩)

39/4900

{ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥
ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥੪॥੧੧॥}

(ਅੰਗ - ੬੦੪)

{ਕਹਿ ਕਹਿ ਕਹਣਾ ਆਖਿ ਸੁਣਾਏ ॥ ਜੇ ਸਉ ਘਾਲੇ ਥਾਇ ਨ ਪਾਏ ॥੩॥}

(ਅੰਗ - ੩੬੪)

{ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥}

(ਅੰਗ - ੩੬੪)

{ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥}

(ਅੰਗ - ੫੦੬)

{ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥}

(ਅੰਗ - ੫੦੬)

{ਜਿਨ੍ਹਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥}

(ਅੰਗ - ੫੧੬)

{ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥}

(ਅੰਗ - ੨੨੬)

{ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥}

(ਅੰਗ - ੨੨੬)

{ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ ॥
ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਭ੍ਰਮੁ ਕੂਰਾ ॥੨॥}

(ਅੰਗ - ੪੨੨)

{ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ ॥ ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥੧॥}

(ਅੰਗ - ੪੨੨)

{ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥
ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ ॥੭॥}

(ਅੰਗ - ੪੩੦)

{ਅੰਤਰਿ ਲੋਭੁ ਭਰਮੁ ਅਨਲ ਵਾਉ ॥ ਦੀਵਾ ਬਲੈ ਨ ਸੋਝੀ ਪਾਇ ॥੧॥
ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥}

(ਅੰਗ - ੩੬੪)

39/4901

{ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥
ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥
ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ ॥
ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥
ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥

ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥}

(ਅੰਗ - ੭੬੯)

{ਕਾਮੁ ਚਿਤੈ ਕਾਮਣਿ ਹਿਤਕਾਰੀ ॥
ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥
ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥}

(ਅੰਗ - ੨੨੫)

{ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥}

(ਅੰਗ - ੭੫)

{ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥}

(ਅੰਗ - ੭੫)

{ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥}

(ਅੰਗ - ੪੫੯)

{ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥}

(ਅੰਗ - ੧੮)

{ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥
ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥
ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥}

(ਅੰਗ - ੧੮)

{ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥}

(ਅੰਗ - ੫੦੫)

{ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥}

(ਅੰਗ - ੧੧੪੬)

{ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥
ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥
ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥੨॥}

(ਅੰਗ - ੫੯੬)

{ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥
ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥
ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥}

(ਅੰਗ - ੧੩੬)

39/4902

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥}

(ਅੰਗ - ੪੪੧)

{ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥ ਆਨਦ ਮੂਲ ਪਰਮ ਪਦੁ ਪਾਵੈ ॥
ਸਾਧਸੰਗਤਿ ਉਪਜੈ ਬਿਸ੍ਵਾਸ ॥ ਬਾਹਰਿ ਭੀਤਰਿ ਸਦਾ ਪ੍ਰਗਾਸ ॥੪॥}

(ਅੰਗ - ੩੪੩)

{ਚਉਥਹਿ ਚੰਚਲ ਮਨ ਕਉ ਗਹਹੁ ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥
ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥੫॥}

(ਅੰਗ - ੩੪੩)

{ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥੭॥}

(ਅੰਗ - ੩੪੩)

{ਛੂਟੈ ਸੰਸਾ ਮਿਟਿ ਜਾਹਿ ਦੁਖ ॥ ਸੁੰਨ ਸਰੋਵਰਿ ਪਾਵਹੁ ਸੁਖ ॥੮॥}

(ਅੰਗ - ੩੪੩)

{ਗੁਰ ਗਮ ਗਿਆਨ ਬਤਾਵੈ ਭੇਦ ॥ ਉਲਟਾ ਰਹੈ ਅਭੰਗ ਅਛੇਦ ॥੯॥}

(ਅੰਗ - ੩੪੩)

{ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ॥ ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ॥੪॥}

(ਅੰਗ - ੩੪੦)

{ਨਉਮੀ ਨਵੈ ਦੁਆਰ ਕਉ ਸਾਧਿ ॥ ਬਹਤੀ ਮਨਸਾ ਰਾਖਹੁ ਬਾਂਧਿ ॥
ਲੋਭ ਮੋਹ ਸਭ ਬੀਸਰਿ ਜਾਹੁ ॥ ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥੧੦॥}

(ਅੰਗ ੩੪੩-੩੪੪)

{ਦਸਮੀ ਦਹ ਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥}

(ਅੰਗ - ੩੪੪)

{ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥
ਦੇਖਿਆ ਤਿਹੂੰ ਲੋਕ ਕਾ ਪੀਉ ॥ ਅਚਰਜੁ ਭਇਆ ਜੀਵ ਤੇ ਸੀਉ ॥੧੩॥}

(ਅੰਗ - ੩੪੪)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥}

(ਅੰਗ - ੧੦੪੦)

39/4903

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥

ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}

(ਅੰਗ - ੫੧੨)

{ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥}

(ਅੰਗ - ੮੨੦)

{ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥}

(ਅੰਗ - ੯੩੯)

{ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥}

(ਅੰਗ - ੩੫੧)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥}

(ਅੰਗ - ੩੭੯)

{ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥}

(ਅੰਗ - ੮੨੨)

{ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥
ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥ ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥}

(ਅੰਗ - ੮੧੨)

{ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ ੧੧੬੧-੧੧੬੨)

{ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥ ਸੂਖ ਸਹਜ ਦਇਆ ਕਾ ਪੋਤਾ ॥
ਹਰਿ ਭਗਤਾ ਹਵਾਲੈ ਹੋਤਾ ॥੧॥ ਮੇਰੇ ਰਾਮ ਕੋ ਭੰਡਾਰੁ ॥
ਖਾਤ ਖਰਚਿ ਕਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰੁ ॥੧॥ ਰਹਾਉ ॥}

(ਅੰਗ - ੮੯੩)

{ਕੀਨੋ ਰੀ ਸਗਲ ਸੰਗੀਗਾਰ ॥ ਤਜਿਓ ਰੀ ਸਗਲ ਬਿਕਾਰ ॥ ਧਾਵਤੋ ਅਸਥਿਰੁ ਥੀਆ ॥੧॥ ਰਹਾਉ ॥}

(ਅੰਗ - ੧੨੭੧)

{ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥}

(ਅੰਗ - ੯੩੯)

{ਸਤਿਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥੩॥}

(ਅੰਗ - ੮੭੬)

39/4904

{ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ ॥ ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥੨॥}

(ਅੰਗ - ੪੨੧)

{ਸੁੰਨ ਨਿਰੰਤਰਿ ਦੀਜੈ ਬੰਧੁ ॥ ਉਡੈ ਨ ਹੰਸਾ ਪੜੈ ਨ ਕੰਧੁ ॥
ਸਹਜ ਗੁਫਾ ਘਰੁ ਜਾਣੈ ਸਾਚਾ ॥ ਨਾਨਕ ਸਾਚੇ ਭਾਵੈ ਸਾਚਾ ॥੧੬॥}

(ਅੰਗ - ੯੩੯)

{ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥}

(ਅੰਗ - ੯੯੧)

{ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥ ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥}

(ਅੰਗ - ੪੨੨)

{ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥}

(ਅੰਗ - ੪੨੨)

{ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥ ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥}

(ਅੰਗ - ੪੨੨)

{ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ ॥ ਬਿਨੁ ਨਾਵੈ ਸਭੁ ਦੁਖੁ ਹੈ ਸੁਖੁ ਤਿਸੁ ਜਿਸੁ ਮੰਨਿ ਵਸਾਏ ॥੧॥}

(ਅੰਗ - ੪੨੭)

{ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥}

(ਅੰਗ - ੧੩੦੫)

{ਅੰਤਰਿ ਬਾਹਰਿ ਏਕੁ ਹੈ ਬਹੁ ਬਿਧਿ ਸ੍ਰਿਸਟਿ ਉਪਾਈ॥ ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥੨॥
ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ ॥
ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ ॥੩॥}

(ਅੰਗ - ੪੨੭)

{ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ ॥
ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ ॥੫॥
ਨਦਰਿ ਕਰੇ ਜਿਸੁ ਆਪਣੀ ਤਿਸ ਨੋ ਭਾਵਨੀ ਲਾਏ ॥

ਸਤੁ ਸੰਤੋਖੁ ਇਹ ਸੰਜਮੀ ਮਨੁ ਨਿਰਮਲੁ ਸਬਦੁ ਸੁਣਾਏ ॥੬॥}

(ਅੰਗ - ੪੨੭)

{ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥੪॥੧੨॥੧੧੪॥}

(ਅੰਗ - ੩੯੯)

{ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥}

(ਅੰਗ - ੩੯੯)

39/4905

{ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥
ਹੋਇ ਕਿਰਸਾਣੂ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥ ਮਤੁ ਜਾਣ ਸਹਿ ਗਲੀ ਪਾਇਆ ॥
ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥}

(ਅੰਗ - ੨੪)

{ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥
ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥}

(ਅੰਗ - ੨੪)

{ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥}

(ਅੰਗ - ੨੪)

{ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥
ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥}

(ਅੰਗ - ੨੪)

{ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥}

(ਅੰਗ - ੩੩੧)

{ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥
ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥}

(ਅੰਗ - ੩੩੧)

{ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥}

(ਅੰਗ - ੮੨੨)

{ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥}

(ਅੰਗ - ੮੨੨)

{ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥

ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥}

(ਅੰਗ - ੮੨੨)

{ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥}

(ਅੰਗ - ੫੧)

{ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥}

(ਅੰਗ - ੮੧੨)

{ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥ ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥}

(ਅੰਗ - ੫੧)

39/4906

{ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥
ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥੩॥}

(ਅੰਗ - ੫੪੬)

{ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥}

(ਅੰਗ - ੨੦੯)

{ਅਬ ਮੋਹਿ ਰਾਮ ਜਸੋ ਮਨਿ ਗਾਇਓ ॥
ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥੧॥ ਰਹਾਉ ॥
ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥
ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ ॥੨॥}

(ਅੰਗ - ੬੭੧)

{ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥ ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥}

(ਅੰਗ - ੬੯)

{ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥੪॥}

(ਅੰਗ - ੨੨੩)

{ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥}

(ਅੰਗ - ੨੨੪)

{ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥ ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥
ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥ ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥
ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ ॥ ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥੧॥}

(ਅੰਗ - ੪੬੧)

{ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ ॥ ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ ॥}

(ਅੰਗ - ੪੬੧)

{ਵਲਵੰਚ ਕਰਿ ਉਪਾਵ ਮਾਇਆ ਹਿਰਿ ਆਣਿਆ ॥ ਜਮਕਾਲੁ ਨਿਹਾਲੇ ਸਾਸ ਆਵ ਘਟੈ ਬੇਤਾਲਿਆ ॥
ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ ਰਖਵਾਲਿਆ ॥੩੦॥}

(ਅੰਗ ੧੨੪੮-੧੨੪੯)

{ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ ॥ ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ ॥}

(ਅੰਗ - ੪੬੧)

{ਸੰਸਾਰੁ ਸਾਗਰੁ ਤਿਨ੍ੀ ਤਰਿਆ ਜਿਨ੍ੀ ਏਕੁ ਧਿਆਇਆ ॥
ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥}

(ਅੰਗ - ੪੬੧)

39/4907

{ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥ ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥}

(ਅੰਗ - ੫੧੯)

{ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ ॥
ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ ॥੨॥੯॥}

(ਅੰਗ - ੫੩੦)

{ਛੋਡਿ ਸਗਲ ਸਿਆਣਪਾ ਮਿਲਿ ਸਾਧ ਤਿਆਗਿ ਗੁਮਾਨੁ ॥
ਅਵਰੁ ਸਭੁ ਕਿਛੁ ਮਿਥਿਆ ਰਸਨਾ ਰਾਮ ਰਾਮ ਵਖਾਨੁ ॥੧॥}

(ਅੰਗ - ੧੦੦੬)

{ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥}

(ਅੰਗ - ੯੩)

{ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ ਹਰਿ ਕੀਰਤਿ ਹਰਿ ਮਨਿ ਧਾਰੇ ਰਾਮ ॥
ਹਰਿ ਹਰਿ ਨਾਮੁ ਪਵਿਤੁ ਹੈ ਮੇਰੀ ਜਿੰਦੁੜੀਏ ਜਪਿ ਹਰਿ ਹਰਿ ਨਾਮੁ ਉਧਾਰੇ ਰਾਮ ॥}

(ਅੰਗ - ੫੩੯)

{ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ ॥
ਅੰਤਰਿ ਨਵ ਨਿਧਿ ਨਾਮੁ ਹੈ ਮੇਰੀ ਜਿੰਦੁੜੀਏ ਗੁਰੁ ਸਤਿਗੁਰੁ ਅਲਖੁ ਲਖਾਏ ਰਾਮ ॥}

(ਅੰਗ - ੫੩੯)

{ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥
ਅਪਰਾਧੀ ਪਾਪੀ ਉਧਰੇ ਮੇਰੀ ਜਿੰਦੁੜੀਏ ਜਨ ਨਾਨਕ ਖਿਨੁ ਹਰਿ ਰਾਤੇ ਰਾਮ ॥੪॥੩॥}

(ਅੰਗ - ੫੩੯)

{ਜੋ ਹਰਿ ਨਾਮੁ ਧਿਆਇਦੇ ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ॥
ਜਿਨਾ ਮਨਿ ਚਿਤਿ ਇਕੁ ਅਰਾਧਿਆ ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ॥}

(ਅੰਗ - ੬੪੯)

{ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥}

(ਅੰਗ - ੧੨੪੬)

{ਏਕਾ ਓਟ ਤਜਉ ਬਿਖੁ ਕਾਮੀ ॥ ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥}

(ਅੰਗ - ੧੦੮੦)

{ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥੪॥}

(ਅੰਗ - ੧੦੮੦)

39/4908

{ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ ਏਕਾ ਓਟ ਤਜਉ ਬਿਖੁ ਕਾਮੀ ॥
ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥}

(ਅੰਗ - ੧੦੮੦)

{ਜਲਿ ਥਲਿ ਪੂਰਨ ਅੰਤਰਜਾਮੀ ॥ ਘਟਿ ਘਟਿ ਰਵਿਆ ਅਛਲ ਸੁਆਮੀ ॥
ਭਰਮ ਭੀਤਿ ਖੋਈ ਗੁਰਿ ਪੂਰੈ ਏਕੁ ਰਵਿਆ ਸਰਬੰਗਨਾ ॥੮॥}

(ਅੰਗ - ੧੦੮੦)

{ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥ ਗੁਰੁ ਕਰਤਾ ਗੁਰੁ ਸਦ ਬਖਸੰਦੁ ॥
ਗੁਰ ਜਪੁ ਜਾਪਿ ਜਪਤ ਫਲੁ ਪਾਇਆ ਗਿਆਨ ਦੀਪਕੁ ਸੰਤ ਸੰਗਨਾ ॥੧੨॥}

(ਅੰਗ - ੧੦੮੦)

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥}

(ਅੰਗ - ੨੯੩)

{ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ ॥ ਜਿਸ ਨੋ ਮੇਲੇ ਸੁ ਨਿਰਮਲੁ ਹੋਇ ॥
ਜਿਸ ਨੋ ਲਾਏ ਲਗੈ ਤਿਸੁ ਆਇ ॥ ਸਭੁ ਸਚੁ ਦਿਖਾਲੇ ਤਾ ਸਚਿ ਸਮਾਇ ॥੩॥}

(ਅੰਗ - ੭੯੭)

{ਆਪੇ ਲਿਵ ਧਾਤੁ ਹੈ ਆਪੇ ॥ ਆਪਿ ਬੁਝਾਏ ਆਪੇ ਜਾਪੇ ॥
ਆਪੇ ਸਤਿਗੁਰੁ ਸਬਦੁ ਹੈ ਆਪੇ ॥ ਨਾਨਕ ਆਖਿ ਸੁਣਾਏ ਆਪੇ ॥੪॥੨॥}

(ਅੰਗ - ੭੯੭)

{ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥}

(ਅੰਗ - ੮੩੨)

{ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥}

(ਅੰਗ - ੮੩੩)

{ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥

ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥}

(ਅੰਗ - ੮੩੩)

{ਸੁਰਤਿ ਮਤਿ ਬੁਧਿ ਪਰਗਾਸੁ ॥ ਗਹਿਰ ਗੰਭੀਰ ਅਪਾਰ ਗੁਣਤਾਸੁ ॥
ਜੀਅ ਜੰਤ ਸਗਲੇ ਪ੍ਰਤਿਪਾਲ ॥ ਨਾਨਕ ਸੰਤਹ ਦੇਖਿ ਨਿਹਾਲ ॥੪॥੧੦॥੨੧॥}

(ਅੰਗ - ੮੮੯)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥}

(ਅੰਗ - ੧੧੩੪)

39/4909

{ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥}

(ਅੰਗ - ੧੩੭੮)

{ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥੩੭॥}

(ਅੰਗ - ੧੩੭੯)

{ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥}

(ਅੰਗ - ੧੩੭੯)

{ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥ ਸੁਣਿ ਸੁਣਿ ਸਿਖ ਹਮਾਰੀ ॥
ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥}

(ਅੰਗ - ੧੫੪)

{ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥}

(ਅੰਗ - ੬੬)

{ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥}

(ਅੰਗ - ੫੧)

{ਅਹਿਰਖ ਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥੧॥ ਰਹਾਉ ॥}

(ਅੰਗ - ੪੭੯)

{ਇਛਸਿ ਜਮਾਦਿ ਪਰਾਭਯੰ ਜਸੁ ਸ੍ਰੂਸਤਿ ਸੁਕ੍ਰਿਤ ਕ੍ਰਿਤੰ ॥ ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨਮਿਦੰ ॥੨॥}

(ਅੰਗ - ੫੨੬)

{ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥
ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥੩॥}

(ਅੰਗ - ੫੨੬)

{ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥
ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥}

(ਅੰਗ - ੧੧੦)

{ਤਨੁ ਮਨੁ ਖੋਜੇ ਤਾ ਨਾਉ ਪਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥}

(ਅੰਗ - ੧੧੦)

39/4910

{ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥}

(ਅੰਗ - ੧੧੦)

{ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥ ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥
ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥੧॥
ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥
ਨਿਤ ਹਰਿ ਗੁਣ ਗਾਵਹ ਹਰਿ ਨਾਮਿ ਸਮਾਇ ॥੧॥ ਰਹਾਉ ॥}

(ਅੰਗ - ੧੬੬)

{ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥ ਤਿਸੁ ਲਗਿ ਮੁਕਤੁ ਭਏ ਘਣੇਰੇ ॥
ਨਾਮੁ ਨਿਧਾਨਾ ਗੁਰਮੁਖਿ ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥}

(ਅੰਗ - ੧੦੧)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥}

(ਅੰਗ - ੧੧੫)

{ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੧੩)

{ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥}

(ਅੰਗ - ੧੧੩)

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ - ੧੧੩)

{ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥
ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥}

(ਅੰਗ - ੧੧੩)

{ਸਚੇ ਬਾਝਹੁ ਕੋ ਅਵਰੁ ਨ ਦੂਆ ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥
ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥}

(ਅੰਗ - ੧੧੩)

{ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥}

(ਅੰਗ - ੧੧੬)

{ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥
ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥}

(ਅੰਗ - ੧੧੬)

39/4911

{ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥
ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥੬॥ ਆਪੇ ਬਖਸੇ ਮੇਲਿ ਮਿਲਾਏ ॥
ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥ ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥੭॥}

(ਅੰਗ - ੧੧੬)

{ਸਦਾ ਹਜੂਰਿ ਦੂਰਿ ਨ ਜਾਣਹੁ ॥ ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥
ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥}

(ਅੰਗ - ੧੧੬)

{ਜਿਸ ਨੋ ਨਦਰਿ ਕਰੇ ਸੋ ਪਾਏ ॥ ਗੁਰ ਪਰਸਾਦੀ ਹਉਮੈ ਜਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਦਰਿ ਸਚੈ ਸੋਭਾ ਪਾਵਣਿਆ ॥੮॥੮॥੯॥}

(ਅੰਗ - ੧੧੪)

{ਮਨਮੁਖ ਮੁਗਧ ਕਰਹਿ ਚਤੁਰਾਈ ॥ ਨਾਤਾ ਧੋਤਾ ਥਾਇ ਨ ਪਾਈ ॥
ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ - ੧੧੪)

{ਸਚੁ ਕਰਣੀ ਸਬਦੁ ਹੈ ਸਾਰੁ ॥ ਪੂਰੈ ਗੁਰਿ ਪਾਈਐ ਮੋਖ ਦੁਆਰੁ ॥}

(ਅੰਗ - ੧੧੪)

{ਸਚਾ ਸਚੋ ਸਚਿ ਪਤੀਜੈ ॥ ਗੁਰ ਪਰਸਾਦੀ ਅੰਦਰੁ ਭੀਜੈ ॥}

(ਅੰਗ - ੧੧੪)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ - ੧੧੭)

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥

ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥}

(ਅੰਗ - ੧੧੭)

{ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥}

(ਅੰਗ - ੧੧੭)

{ਅੰਦਰਿ ਹੀਰਾ ਲਾਲੁ ਬਣਾਇਆ ॥ ਗੁਰ ਕੈ ਸਬਦਿ ਪਰਖਿ ਪਰਖਾਇਆ ॥
ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥
ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੧॥ ਰਹਾਉ ॥}

(ਅੰਗ - ੧੧੨)

{ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥ ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥
ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨॥}

(ਅੰਗ - ੧੧੨)

39/4912

{ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ ॥ ਜਿਸੁ ਲਾਇ ਲਏ ਸੋ ਨਿਰਮਲੁ ਹੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਜਿਸੁ ਦੇਵੈ ਸੋ ਪਾਵਣਿਆ ॥੮॥੧੪॥੧੫॥}

(ਅੰਗ - ੧੧੮)

{ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥}

(ਅੰਗ - ੧੧੮)

{ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥੨॥}

(ਅੰਗ - ੧੧੮)

{ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥}

(ਅੰਗ - ੧੧੯)

{ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥ ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥}

(ਅੰਗ - ੧੧੮)

{ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥}

(ਅੰਗ - ੧੧੪)

{ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥ ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥}

(ਅੰਗ - ੭੫੧)

{ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥
ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ ॥੧॥ ਰਹਾਉ ॥
ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ ॥
ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥੧॥
ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥
ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥੨॥}

(ਅੰਗ ੧੧੯੭-੧੧੯੮)

{ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥
ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ ॥੩॥}

(ਅੰਗ - ੧੧੯੭)

{ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ ॥
ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ ॥੧॥}

(ਅੰਗ - ੧੧੯੭)

{ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥
ਮਿਲਿ ਸਤਿਸੰਗਤਿ ਪਰਮ ਪਦੁ ਪਾਇਆ ਆਤਮ ਰਾਮੁ ਰਹਿਆ ਭਰਪੂਰਿ ॥੧॥ ਰਹਾਉ ॥
ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥
ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥}

(ਅੰਗ - ੧੧੯੮)

39/4913

{ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥
ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥}

(ਅੰਗ - ੧੧੯੮)

{ਪ੍ਰਭੁ ਅਗਮ ਅਗੋਚਰੁ ਰਵਿਆ ਸ੍ਰਬ ਠਾਈ ਮਨਿ ਤਨਿ ਅਲਖ ਅਪਾਰੀ ॥
ਗੁਰ ਕਿਰਪਾਲ ਭਏ ਤਬ ਪਾਇਆ ਹਿਰਦੈ ਅਲਖੁ ਲਖਾਰੀ ॥੨॥
ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ ॥
ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥੩॥}

(ਅੰਗ - ੧੧੯੮)

{ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ ॥
ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ ॥੪॥}

(ਅੰਗ - ੧੧੯੯)

{ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ॥

ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥੩॥}

(ਅੰਗ - ੧੧੯੯)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ - ੧੧੯੯)

{ਗੋਬਿਦ ਕੀ ਐਸੀ ਕਾਰ ਕਮਾਇ ॥
ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥੧॥ ਰਹਾਉ ॥}

(ਅੰਗ - ੧੧੯੯)

{ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥ ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥ ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥ ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥}

(ਅੰਗ - ੭੬੨)

{ਹਰਿ ਕੈ ਰੰਗਿ ਰਤੇ ਬੈਰਾਗੀ ਜਿਨ੍ ਗੁਰਮਤਿ ਨਾਮੁ ਪਛਾਨੀ ॥
ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ ॥੨॥}

(ਅੰਗ - ੧੧੯੯)

{ਜਪਿ ਮਨ ਰਾਮ ਨਾਮੁ ਪੜ੍ਹ ਸਾਰੁ ॥
ਰਾਮ ਨਾਮ ਬਿਨੁ ਥਿਰੁ ਨਹੀ ਕੋਈ ਹੋਰੁ ਨਿਹਫਲ ਸਭੁ ਬਿਸਥਾਰੁ ॥੧॥ ਰਹਾਉ ॥}

(ਅੰਗ - ੧੨੦੦)

{ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ ਗ੍ਰਿਹਿ
ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥
ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥੧॥}

(ਅੰਗ - ੧੨੦੧)

{ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥}

(ਅੰਗ - ੭੬੩)

39/4914

{ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥
ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥ ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥
ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥੪॥੧॥}

(ਅੰਗ - ੭੬੪)

{ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥
ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥
ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥}

(ਅੰਗ - ੭੬੩)

{ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥}

(ਅੰਗ - ੭੬੪)

{ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥ ਸਭ ਬਿਧਿ ਖੋਈ ਲੋਭਿ ਸੁਆਨ ॥੨॥}

(ਅੰਗ - ੩੭੪)

{ਗਲੰ੍ਹੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥}

(ਅੰਗ - ੮੫)

{ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥}

(ਅੰਗ - ੭੩੦)

{ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥
ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥
ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ॥੨॥}

(ਅੰਗ - ੭੬੫)

{ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥ ਬਿਨੁ ਬੂਝੇ ਤੂੰ ਸਦਾ ਨਾਪਾਕ ॥੪॥
ਕਹੁ ਨਾਨਕ ਗੁਰ ਕਉ ਕੁਰਬਾਨੁ ॥ ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ ॥੫॥੧੪॥}

(ਅੰਗ - ੩੭੪)

{ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥ ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥
ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥}

(ਅੰਗ - ੭੬੫)

{ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥}

(ਅੰਗ - ੧੨੩੮)

39/4915

{ਚਰਣ ਕਮਲ ਰਿਦ ਅੰਤਰਿ ਧਾਰੇ ॥
ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥}

(ਅੰਗ - ੩੭੫)

{ਕਰਿ ਕਿਰਪਾ ਹਰਿ ਪਰਗਟੀ ਆਇਆ ॥
ਮਿਲਿ ਸਤਿਗੁਰ ਧਨੁ ਪੂਰਾ ਪਾਇਆ ॥੧॥ ਐਸਾ ਹਰਿ ਧਨੁ ਸੰਚੀਐ ਭਾਈ ॥
ਭਾਹਿ ਨ ਜਾਲੈ ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ ॥੧॥ ਰਹਾਉ ॥}

(ਅੰਗ - ੩੭੫)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ - ੩੭੫)

{ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥}

(ਅੰਗ - ੩੭੬)

{ਸਤਿਗੁਰ ਦਾਤੈ ਨਾਮੁ ਦਿੜਾਇਆ ॥ ਵਡਭਾਗੀ ਗੁਰ ਦਰਸਨੁ ਪਾਇਆ ॥
ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥}

(ਅੰਗ - ੯੬)

{ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥ ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥}

(ਅੰਗ - ੮੭੯)

{ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥ ਕਾਮ ਕ੍ਰੋਧ ਗੁਰ ਸਬਦਿ ਨਾਸਿ ॥
ਭੈ ਬਿਨਸੇ ਨਿਰਭੈ ਪਦੁ ਪਾਇਆ ॥ ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥੨॥}

(ਅੰਗ - ੧੧੮੪)

{ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥}

(ਅੰਗ - ੧੧੫੦)

{ਸਾਧਸੰਗਤਿ ਪ੍ਰਭਿ ਕੀਓ ਨਿਵਾਸ ॥ ਹਰਿ ਜਪਿ ਜਪਿ ਹੋਈ ਪੂਰਨ ਆਸ ॥
ਜਲਿ ਥਲਿ ਮਹੀਅਲਿ ਰਵਿ ਰਹਿਆ ॥ ਗੁਰ ਮਿਲਿ ਨਾਨਕਿ ਹਰਿ ਹਰਿ ਕਹਿਆ ॥੩॥}

(ਅੰਗ - ੧੧੮੪)

{ਅਸਟ ਸਿਧਿ ਨਵ ਨਿਧਿ ਏਹ ॥ ਕਰਮਿ ਪਰਾਪਤਿ ਜਿਸੁ ਨਾਮੁ ਦੇਹ ॥
ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥ ਗੁਰ ਮਿਲਿ ਨਾਨਕ ਕਮਲ ਪ੍ਰਗਾਸ ॥੪॥੧੩॥}

(ਅੰਗ - ੧੧੮੪)

{ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥}

(ਅੰਗ - ੩੨੬)

{ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥੪॥੧੨੫॥}

(ਅੰਗ - ੨੦੬)

{ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥}

(ਅੰਗ - ੨੦੫)

39/4916

{ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ ॥ ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ ॥੧॥
ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ ॥
ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ ॥੨॥}

(ਅੰਗ - ੨੦੬)

{ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥
ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥}

(ਅੰਗ - ੨੦੬)

{ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥}

(ਅੰਗ - ੬੦੧)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ - ੬੫)

{ਹਉ ਮੇਰਾ ਜਗੁ ਪਲਚਿ ਰਹਿਆ ਭਾਈ ਕੋਇ ਨ ਕਿਸ ਹੀ ਕੇਰਾ ॥
ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ ਨਿਜ ਘਰਿ ਹੋਇ ਬਸੇਰਾ ॥
ਐਥੈ ਬੂਝੈ ਸੁ ਆਪੁ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ ॥੩॥}

(ਅੰਗ - ੬੦੨)

{ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥
ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ॥
ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥੪॥੬॥}

(ਅੰਗ - ੬੦੨)

{ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥}

(ਅੰਗ ੪੪੦-੪੪੧)

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥}

(ਅੰਗ - ੧੯)

{ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥

ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥੪॥੧੫॥}

(ਅੰਗ ੧੯-੨੦)

{ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥}

(ਅੰਗ - ੧੨੦)

{ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥
ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ ॥੯॥}

(ਅੰਗ - ੧੦੪੪)

39/4917

{ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥}

(ਅੰਗ - ੧੨੦)

{ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥}

(ਅੰਗ - ੧੧੯੦)

{ਦੁਬਿਧਾ ਬਉਰੀ ਮਨੁ ਬਉਰਾਇਆ ॥ ਝੂਠੈ ਲਾਲਚਿ ਜਨਮੁ ਗਵਾਇਆ ॥
ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥ ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ ॥੧॥}

(ਅੰਗ - ੧੩੪੨)

{ਡਾਲੀ ਲਾਗੈ ਨਿਹਫਲੁ ਜਾਇ ॥ ਅੰਧੀ ਕੰਮੀ ਅੰਧ ਸਜਾਇ ॥
ਮਨਮੁਖੁ ਅੰਧਾ ਠਉਰ ਨ ਪਾਇ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥੨॥}

(ਅੰਗ - ੩੬੨)

{ਗੁਰ ਕੀ ਬਾਣੀ ਨਾਮਿ ਵਜਾਏ ॥ ਨਾਨਕ ਮਹਲੁ ਸਬਦਿ ਘਰੁ ਪਾਏ ॥
ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥੪॥੫॥੪੪॥}

(ਅੰਗ - ੩੬੨)

{ਜੋ ਜੋ ਕਰੈ ਸੋਈ ਮਾਨਿ ਲੇਹੁ ॥ ਬਿਨੁ ਮਾਨੇ ਰਲਿ ਹੋਵਹਿ ਖੇਹ ॥
ਤਿਸ ਕਾ ਭਾਣਾ ਲਾਗੈ ਮੀਠਾ ॥ ਗੁਰ ਪ੍ਰਸਾਦਿ ਵਿਰਲੇ ਮਨਿ ਵੂਠਾ ॥੨॥}

(ਅੰਗ - ੮੯੬)

{ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥ ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ ॥
ਨਾਨਕ ਬਖਸਿ ਮਿਲਾਇਅਨੁ ਫਿਰਿ ਗਰਭਿ ਨ ਗਲਿਆ ॥੨੦॥}

(ਅੰਗ - ੧੨੪੫)

{ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥}

(ਅੰਗ - ੧੨੪੫)

{ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥ ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥}

(ਅੰਗ - ੫੭)

{ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥ ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥
ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥ ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜਿ੍ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥}

(ਅੰਗ - ੧੨੪੫)

{ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥}

(ਅੰਗ ੫੬-੫੭)

39/4918

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥}

(ਅੰਗ - ੪੮੯)

{ਗੁਰਮੁਖਿ ਤੋਲਿ ਤੁੋਲਾਇਸੀ ਸਚੁ ਤਰਾਜੀ ਤੋਲੁ ॥ ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥
ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥੭॥ ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥
ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ॥ ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥੮॥੯॥}

(ਅੰਗ - ੫੯)

{ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥}

(ਅੰਗ - ੨੪੦)

{ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥}

(ਅੰਗ - ੨੪੦)

{ਆਦਿ ਮਧਿ ਜੋ ਅੰਤਿ ਨਿਬਾਹੈ ॥ ਸੋ ਸਾਜਨੁ ਮੇਰਾ ਮਨੁ ਚਾਹੈ ॥੧॥}

(ਅੰਗ - ੨੪੦)

{ਮਾਇਆ ਸਿਲਕ ਕਾਟੀ ਗੋਪਾਲਿ ॥ ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥੫॥}

(ਅੰਗ - ੨੪੦)

{ਕਹੁ ਨਾਨਕ ਹਰਿ ਹਰਿ ਪਦੁ ਚੀਨ ॥ ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥}

(ਅੰਗ - ੨੪੦)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥}

(ਅੰਗ ੩੬-੩੭)

{ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥}

(ਅੰਗ - ੩੭)

{ਅਉਗਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥}

(ਅੰਗ - ੩੭)

{ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥}

(ਅੰਗ - ੩੭)

{ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥
ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥੪॥੨੬॥੫੯॥}

(ਅੰਗ - ੩੭)

{ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥
ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥}

(ਅੰਗ - ੨੪੧)

39/4919

{ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥}

(ਅੰਗ - ੨੪੧)

{ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥}

(ਅੰਗ - ੨੪੧)

{ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥}

(ਅੰਗ - ੩੭)

{ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥
ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗਣ ਕਢਾ ਧੋਇ ॥ ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥
ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥}

(ਅੰਗ - ੩੭)

{ਮੁੰਧੇ ਕੂੜਿ ਮੁਠੀ ਕੂੜਿਆਰਿ ॥ ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ ॥੧॥ ਰਹਾਉ ॥}

(ਅੰਗ - ੩੮)

{ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥
ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥}

(ਅੰਗ - ੩੮)

{ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ ॥
ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ ॥ ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ ॥
ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ ॥੪॥੨੮॥੬੧॥}

(ਅੰਗ - ੩੮)

{ਸਭੁ ਉਪਾਏ ਆਪੇ ਵੇਖੈ ਕਿਸੁ ਨੇੜੈ ਕਿਸੁ ਦੂਰਿ ॥ ਜਿਨਿ ਪਿਰੁ ਸੰਗੇ ਜਾਣਿਆ ਪਿਰੁ ਰਾਵੇ ਸਦਾ ਹਦੂਰਿ ॥੧॥
ਮੁੰਧੇ ਤੂ ਚਲੁ ਗੁਰ ਕੈ ਭਾਇ ॥ ਅਨਦਿਨੁ ਰਾਵਹਿ ਪਿਰੁ ਆਪਣਾ ਸਹਜੇ ਸਚਿ ਸਮਾਇ ॥੧॥ ਰਹਾਉ ॥}

(ਅੰਗ - ੩੮)

{ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥ ਜਲ ਕੀ ਮਾਛੁਲੀ ਚਰੈ ਖਜੂਰਿ ॥੧॥
ਕਾਂਇ ਰੇ ਬਕਬਾਦੁ ਲਾਇਓ ॥ ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥
ਪੰਡਿਤੁ ਹੋਇ ਕੈ ਬੇਦੁ ਬਖਾਨੈ ॥ ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥}

(ਅੰਗ - ੭੧੮)

{ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥
ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥
ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥}

(ਅੰਗ - ੧੧੧੧)

{ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥
ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥
ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ ॥
ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥
ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥੧॥
ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥
ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥
ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥
ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥

ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥ ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥
ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ ॥ ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ ॥੩॥}

(ਅੰਗ - ੭੬੯)

{ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥}

(ਅੰਗ - ੫੮੭)

39/4920

{ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥}

(ਅੰਗ - ੫੮੭)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥}

(ਅੰਗ - ੬੮੭)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ - ੧੨੮)

{ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥}

(ਅੰਗ - ੧੨੮)

{ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ ਸਗਲ ਤੀਰਥ ਮਜਨ ਇਸਨਾਨੁ ॥੧॥}

(ਅੰਗ - ੧੯੫)

{ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥}

(ਅੰਗ - ੧੨੯)

{ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ - ੧੨੯)

{ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥}

(ਅੰਗ - ੧੫੨)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥

ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ - ੧੦੬੯)

{ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ - ੧੨੯)

{ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥
ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥ ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥
ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥ ਦਰਿ ਸਚੈ ਸਚਿਆਰੁ ਸਚਾ ਆਇਆ ॥
ਪੁਛਿ ਨ ਸਕੈ ਕੋਇ ਜਾਂ ਖਸਮੈ ਭਾਇਆ ॥ ਨਾਨਕ ਸਚੁ ਸਲਾਹਿ ਲਿਖਿਆ ਪਾਇਆ ॥੧੮॥}

(ਅੰਗ - ੧੨੮੬)

{ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ - ੪੦)

39/4921

{ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥}

(ਅੰਗ - ੫੭)

{ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥}

(ਅੰਗ - ੫੭)

{ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥ ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥
ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥}

(ਅੰਗ - ੫੭)

{ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥ ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥
ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥੫॥}

(ਅੰਗ - ੫੭)

{ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥

ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥ ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥}

(ਅੰਗ - ੫੭)

{ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ ॥ ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥
ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ ॥੮॥੭॥}

(ਅੰਗ - ੫੭)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ - ੩੫੪)

{ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥
ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥
ਬਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥੨॥
ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥੩॥
ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥੪॥੨੮॥}

(ਅੰਗ - ੩੫੭)

{ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ ॥
ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥
ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥}

(ਅੰਗ - ੩੫੪)

{ਅਹਿਨਿਸਿ ਅੰਧੁਲੇ ਦੀਪਕੁ ਦੇਇ ॥ ਭਉਜਲ ਡੂਬਤ ਚਿੰਤ ਕਰੇਇ ॥
ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥}

(ਅੰਗ - ੩੫੪)

{ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ ॥੧॥ ਕਾਜੀ ਬੋਲਿਆ ਬਨਿ ਨਹੀ ਆਵੈ ॥੧॥ ਰਹਾਉ ॥}

(ਅੰਗ - ੪੮੦)

39/4922

{ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ ॥੨॥
ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥
ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥੩॥
ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥
ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥੪॥
ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ ॥

ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ ॥੫॥੪॥੧੭॥}

(ਅੰਗ - ੪੮੦)

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥}

(ਅੰਗ - ੧੧੮੯)

{ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥}

(ਅੰਗ - ੨੨੩)

{ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ ॥੧॥}

(ਅੰਗ - ੧੩੪੬)

{ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥ ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ ॥੨॥}

(ਅੰਗ - ੧੩੩੦)

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥}

(ਅੰਗ - ੪੫੨)

{ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥ ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥
ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥
ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥}

(ਅੰਗ - ੫੮੦)

{ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥
ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥੧॥}

(ਅੰਗ - ੩੮੧)

{ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥ ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥
ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ ੪੩੬-੪੩੭)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥}

(ਅੰਗ - ੨੩੬)

{ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥੧॥}

(ਅੰਗ - ੭੫੬)

{ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥}

(ਅੰਗ - ੬੮੬)

39/4923

{ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥ ਨਿਰਮਲੁ ਨਾਮੁ ਵਸੈ ਮਨਿ ਆਇ ॥੨॥}

(ਅੰਗ - ੫੬੦)

{ਸਾਚੇ ਕਾ ਗਾਹਕੁ ਵਿਰਲਾ ਕੋ ਜਾਨੁ ॥ ਗੁਰ ਕੈ ਸਬਦਿ ਆਪੁ ਪਛਾਨੁ ॥}

(ਅੰਗ - ੬੬੪)

{ਗੁਰ ਕਾ ਸਬਦੁ ਸਮਾਲਿ ਤੂ ਮੂੜੇ ਗਤਿ ਮਤਿ ਸਬਦੇ ਪਾਏ ॥
ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ ॥੨॥}

(ਅੰਗ - ੫੫੦)

{ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥}

(ਅੰਗ - ੫੧੬)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ - ੨੩੦)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥}

(ਅੰਗ - ੨੩੬)

{ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ - ੧੬੨)

{ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥}

(ਅੰਗ - ੨੧੯)

{ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥
ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥੧॥੧੩॥}

(ਅੰਗ - ੧੪੦੦)

{ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥

ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥}

(ਅੰਗ - ੧੦੦੦)

{ਕਾਮ ਕ੍ਰੋਧ ਲੋਭ ਮਦ ਮਾਤਾ ॥ ਕਉਡੀ ਬਦਲੈ ਜਨਮੁ ਗਵਾਤਾ ॥}

(ਅੰਗ - ੧੦੦੪)

39/4924

{ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥}

(ਅੰਗ - ੧੦੨੬)

{ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥}

(ਅੰਗ - ੧੦੮੬)

{ਕਹਨ ਕਹਾਵਨ ਨਹ ਪਤੀਅਈ ਹੈ ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥}

(ਅੰਗ - ੩੨੫)

{ਆਸਨੁ ਪਵਨ ਦੂਰਿ ਕਰਿ ਬਵਰੇ ॥ ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥੧॥ ਰਹਾਉ ॥}

(ਅੰਗ - ੮੫੭)

{ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ ॥
ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ ॥}

(ਅੰਗ - ੫੪੩)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥}

(ਅੰਗ - ੫੯)

{ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥ ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥}

(ਅੰਗ - ੨੩੩)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥
ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥}

(ਅੰਗ - ੨੬)

{ਗੁਣ ਸੰਗ੍ਰਹੁ ਵਿਚਹੁ ਅਉਗਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ - ੩੬੧)

{ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥
ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥}

(ਅੰਗ - ੧੧੬੨)

{ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ ॥
ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥੪॥੫॥}

(ਅੰਗ - ੧੨੦੦)

39/4925

{ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ ॥
ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥੧॥}

(ਅੰਗ - ੧੨੧੮)

{ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥
ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ ॥੧॥ ਰਹਾਉ ॥}

(ਅੰਗ - ੧੨੫੮)

{ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ ॥ ਕੀਨੋ ਰੀ ਸਗਲ ਸੰਗੀਆਰ ॥
ਤਜਿਓ ਰੀ ਸਗਲ ਬਿਕਾਰ ॥ ਧਾਵਤੋ ਅਸਥਿਰੁ ਥੀਆ ॥੧॥ ਰਹਾਉ ॥}

(ਅੰਗ - ੧੨੭੧)

{ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥}

(ਅੰਗ - ੧੩੦੫)

{ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥}

(ਅੰਗ - ੧੨੮੦)

{ਗੁਰਮੁਖਿ ਰਾਮ ਨਾਮਿ ਲਿਵ ਲਾਈ ॥ ਕੂੜੈ ਲਾਲਚਿ ਨਾ ਲਪਟਾਈ ॥}

(ਅੰਗ - ੧੨੬੨)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥}

(ਅੰਗ - ੧੦੫੧)

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥
ਮਿਲਿ ਸਤਿਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ
ਹਰਿ ਪ੍ਰੇਮ ਰਸਾਇਣੁ ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥}

(ਅੰਗ - ੧੧੧੮)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥}

(ਅੰਗ - ੧੧੫)

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ - ੪੧)

{ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥੧॥}

(ਅੰਗ - ੨੫੨)

39/4926

{ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥}

(ਅੰਗ - ੨੭੨)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਏ ਮਨ ਮੇਰੇ ਬਾਵਲੇ ਹਰਿ ਰਸੁ ਚਖਿ ਸਾਦੁ ਪਾਇ ॥
ਅਨ ਰਸਿ ਲਾਗਾ ਤੂੰ ਫਿਰਹਿ ਬਿਰਥਾ ਜਨਮੁ ਗਵਾਇ ॥੧॥ ਰਹਾਉ ॥}

(ਅੰਗ - ੪੩੦)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥}

(ਅੰਗ - ੭੦੪)

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥ ਮਨ ਸੰਤਨਾ ਕੈ ਚਰਨਿ ਲਾਗੁ ॥੧॥}

(ਅੰਗ - ੪੦੯)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥}

(ਅੰਗ - ੫੭੯)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥੧॥}

(ਅੰਗ - ੪੫੩)

{ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ ॥ ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ ॥੩॥}

(ਅੰਗ - ੪੩੦)

{ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥
ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥}

(ਅੰਗ - ੨੨੨)

{ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪਿ ॥੧੮੬॥}

(ਅੰਗ - ੧੩੭੪)

{ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥}

(ਅੰਗ - ੨੪੧)

{ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ ॥

ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਏ ॥}

(ਅੰਗ - ੧੧੧੫)

39/4927

{ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥
ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥੪॥}

(ਅੰਗ - ੫੪੦)

{ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ - ੯੪੮)

{ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥}

(ਅੰਗ - ੧੦੭੮)

{ਸੰਸਾਰੁ ਸਾਗਰੁ ਤਿਨ੍ਹੀ ਤਰਿਆ ਜਿਨ੍ਹੀ ਏਕੁ ਧਿਆਇਆ ॥
ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥}

(ਅੰਗ - ੪੬੧)

{ਹਉਮੈ ਵਿਚਿ ਸਦ ਜਲੈ ਸਰੀਰਾ ॥ ਕਰਮੁ ਹੋਵੈ ਭੇਟੇ ਗੁਰੁ ਪੂਰਾ ॥
ਅੰਤਰਿ ਅਗਿਆਨੁ ਸਬਦਿ ਬੁਝਾਏ ਸਤਿਗੁਰ ਤੇ ਸੁਖੁ ਪਾਇਆ ॥੩॥}

(ਅੰਗ - ੧੦੬੮)

{ਅੰਤਰਿ ਜੋਤਿ ਸਬਦਿ ਸੁਖੁ ਵਸਿਆ ਜੋਤੀ ਜੋਤਿ ਮਿਲਾਇਆ ॥੬॥}

(ਅੰਗ - ੧੦੬੮)

{ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥}

(ਅੰਗ - ੧੧੩)

{ਮਾਇਆ ਮੋਹ ਕਾ ਏਹੁ ਪਸਾਰਾ ॥ ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥}

(ਅੰਗ - ੧੦੬੮)

{ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥
ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥ ਠਾਕੁਰ ਜਾ ਸਿਮਰਾ ਤੂੰ ਤਾਹੀ ॥
ਕਰਿ ਕਿਰਪਾ ਸਰਬ ਪ੍ਰਤਿਪਾਲਕ ਪ੍ਰਭ ਕਉ ਸਦਾ ਸਲਾਹੀ ॥੧॥ ਰਹਾਉ ॥}

(ਅੰਗ - ੪੯੬)

39/4928

{ਨਿਤ ਚਰਨ ਸੇਵਹੁ ਸਾਧ ਕੇ ਤਜਿ ਲੋਭ ਮੋਹ ਬਿਕਾਰ ॥
ਸਭ ਤਜਹੁ ਦੂਜੀ ਆਸੜੀ ਰਖੁ ਆਸ ਇਕ ਨਿਰੰਕਾਰ ॥੨॥}

(ਅੰਗ - ੯੮੬)

{ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥੨॥}

(ਅੰਗ - ੧੩੨੫)

{ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥}

(ਅੰਗ - ੧੨੪੪)

{ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥}

(ਅੰਗ - ੧੩੬)

{ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥}

(ਅੰਗ - ੧੫੩)

{ਬਿਖਿਆ ਕੀ ਬਾਸਨਾ ਮਨਹਿ ਕਰੇਇ ॥ ਅਪਣਾ ਭਾਣਾ ਆਪਿ ਕਰੇਇ ॥੪॥੧॥}

(ਅੰਗ - ੧੧੭੨)

{ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥ ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥}

(ਅੰਗ - ੧੨੨)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ - ੧੧੯੯)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥}

(ਅੰਗ - ੨੯੬)

{ਗੁਰਮਤਿ ਰਾਮੈ ਨਾਮਿ ਬਸਾਈ ॥ ਅਸਥਿਰੁ ਰਹੈ ਨ ਕਤਹੂੰ ਜਾਈ ॥੪॥}

(ਅੰਗ - ੪੮੧)

{ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥੪॥੧੨੫॥}

(ਅੰਗ - ੨੦੬)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ - ੨੩੦)

39/4929

{ਸੋ ਜਨੁ ਸਾਚਾ ਜਿ ਅੰਤਰੁ ਭਾਲੇ ॥ ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ ॥
ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ ॥੪॥}

(ਅੰਗ - ੧੦੬੫)

{ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥
ਗੁਰਮੁਖਿ ਨਾਮੁ ਪਰਾਪਤਿ ਹੋਇ ॥ ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥}

(ਅੰਗ - ੧੧੭੪)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥
ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥}

(ਅੰਗ - ੨੬)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥}

(ਅੰਗ - ੫੬੫)

{ਹਉਮੈ ਮਾਰਿ ਸਚਿ ਲਿਵ ਲਾਈ ॥ ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥}

(ਅੰਗ - ੨੩੧)

{ਸਤਿਗੁਰੁ ਸੇਵਹਿ ਸੇ ਵਡਭਾਗੀ ॥ ਹਉਮੈ ਮਾਰਿ ਸਚਿ ਲਿਵ ਲਾਗੀ ॥}

(ਅੰਗ - ੮੪੧)

{ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥}

(ਅੰਗ - ੬੧)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥}

(ਅੰਗ - ੮੮)

{ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥}

(ਅੰਗ - ੨੯)

{ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥
ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥}

(ਅੰਗ - ੬੮੬)

39/4930

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥}

(ਅੰਗ - ੧੦੨੨)

{ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ ॥
ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ ॥੭॥}

(ਅੰਗ - ੧੩੪੭)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥}

(ਅੰਗ - ੬੮)

{ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥ ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥}

(ਅੰਗ - ੯੭੯)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥}

(ਅੰਗ - ੧੪੧੪)

{ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥
ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲ੍ਹੈ ਤਾ ਮਨੁ ਖੀਵਾ ਭਾਈ ॥੩॥}

(ਅੰਗ - ੧੧੨੩)

{ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥}

(ਅੰਗ - ੧੦੬)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥
ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥}

(ਅੰਗ - ੨੧੦)

{ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥}

(ਅੰਗ - ੨੬੨)

{ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥}

(ਅੰਗ - ੨੯੮)

39/4931

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ - ੧੧੯੮)

{ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ - ੫੬)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥੧॥}

(ਅੰਗ - ੪੫੩)

{ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥
ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥੨॥}

(ਅੰਗ - ੪੯੧)

{ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥}

(ਅੰਗ - ੩੩)

{ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥੪॥
ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥
ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥}

(ਅੰਗ - ੧੧੪੦)

{ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥}

(ਅੰਗ - ੮੬੪)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥

ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥
ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ - ੧੫੩)

{ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥}

(ਅੰਗ - ੩੫੪)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥}

(ਅੰਗ - ੧੦੬੯)

{ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥}

(ਅੰਗ - ੯੯੨)

{ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥ ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥}

(ਅੰਗ - ੧੧੧੨)

{ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥}

(ਅੰਗ - ੧੦੧੯)

39/4932

{ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥ ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥
ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥ ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥}

(ਅੰਗ - ੫੭)

{ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥
ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ ॥
ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥}

(ਅੰਗ - ੬੭)

{ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥}

(ਅੰਗ - ੧੨੪)

{ਕਾਮ ਕ੍ਰੋਧ ਲੋਭ ਮਦ ਖੋਏ ॥ ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥}

(ਅੰਗ - ੧੯੪)

{ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥
ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥}

(ਅੰਗ - ੪੬)

{ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥}

(ਅੰਗ - ੧੭੮)

{ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥
ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ ॥
ਸਚਾ ਨਾਮੁ ਨ ਲਗੋ ਮੀਠਾ ਜਿਤੁ ਨਾਮਿ ਨਵ ਨਿਧਿ ਪਾਏ ॥ ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ ॥}

(ਅੰਗ - ੫੫੦)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥
ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥੪॥੧॥੧੩੮॥}

(ਅੰਗ - ੨੧੦)

{ਮਾਤ ਗਰਭ ਮਹਿ ਅਗਨਿ ਨ ਜੋਹੈ ॥ ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥}

(ਅੰਗ - ੮੬੮)

{ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥
ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥}

(ਅੰਗ - ੬੧੩)

39/4933

{ਸੁਖਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ ॥
ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੇ ਬਿਨਸਿਓ ਮੂੜ ਅਭਿਮਾਨੁ ॥੧॥}

(ਅੰਗ - ੯੭੯)

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥
ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥}

(ਅੰਗ - ੨੧੮)

{ਕਾਮੁ ਕ੍ਰੋਧੁ ਲੋਭੁ ਮੋਹੁ ਨਿਤ ਝਗਰਤੇ ਝਗਰਾਇਆ ॥
ਹਮ ਰਾਖੁ ਰਾਖੁ ਦੀਨ ਤੇਰੇ ਹਰਿ ਸਰਨਿ ਹਰਿ ਪ੍ਰਭ ਆਇਆ ॥੧॥}

(ਅੰਗ - ੯੮੪)

{ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥}

(ਅੰਗ - ੧੦੦੦)

{ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥}

(ਅੰਗ - ੧੦੦੧)

{ਅਦਲੁ ਕਰੇ ਗੁਰ ਗਿਆਨ ਸਮਾਨਾ ॥ ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥}

(ਅੰਗ - ੧੦੪੦)

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥
ਮਿਲਿ ਸਤਿਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ ਰਾਮ
ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥}

(ਅੰਗ - ੧੧੧੮)

{ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥}

(ਅੰਗ - ੧੧੨੩)

{ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥੩॥}

(ਅੰਗ - ੧੧੪੩)

{ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥}

(ਅੰਗ - ੧੧੪੯)

{ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥ ਮਹਾ ਗਰਤ ਮਹਿ ਨਿਘਰਤ ਜਾਤਾ ॥੪॥}

(ਅੰਗ - ੭੪੧)

39/4934

{ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧਸੰਗਿ ਮਿਟਿਆ ਅਭਿਮਾਨ ॥
ਐਸੇ ਸੰਤ ਭੇਟਹਿ ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥}

(ਅੰਗ - ੧੧੫੧)

{ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥}

(ਅੰਗ - ੧੧੮੫)

{ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥}

(ਅੰਗ - ੧੨੧੦)

{ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ ॥
ਭਗਤਿ ਵਛਲ ਭੈ ਕਾਟਨਹਾਰੇ ਨਾਨਕ ਕੇ ਮਾਈ ਬਾਪ ॥੨॥੭੭॥੧੦੦॥}

(ਅੰਗ - ੧੨੨੩)

{ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥
ਕਰਿ ਕਿਰਪਾ ਗੁਰ ਚਰਣ ਨਿਵਾਸਿ ॥ ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥}

(ਅੰਗ - ੧੨੭੧)

{ਰਮ ਰਾਮ ਰਾਮ ਰਾਮ ਜਾਪ ॥ ਕਲਿ ਕਲੇਸ ਲੋਭ ਮੋਹ ਬਿਨਸਿ ਜਾਇ ਅਹੰ ਤਾਪ ॥੧॥ ਰਹਾਉ ॥
ਆਪੁ ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ ॥੧॥

ਨਾਨਕੁ ਬਾਰਿਕੁ ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ ॥੨॥੧॥੧੪॥}

(ਅੰਗ - ੧੩੪੧)

{ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ ਬਾਜਾ ਮਾਨੁ ਤਾਨੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥}

(ਅੰਗ - ੮੮੫)

{ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥
ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥
ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥
ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥}

(ਅੰਗ - ੧੩੯੬)

{ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥
ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ ਨਿਸਿ ਬਾਸੁਰ ਹੋਇ ਕਲ੍ਯਾਨੁ
ਲਹਹਿ ਪਰਮ ਗਤਿ ਜੀਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥
ਦੇਹ ਗੇਹ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥
ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥੫॥੧੦॥}

(ਅੰਗ - ੧੪੦੩)

{ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥}

(ਅੰਗ - ੧੪੧)

{ਸੰਸਾਰੁ ਸਾਗਰੁ ਤਿਨ੍ੀ ਤਰਿਆ ਜਿਨ੍ੀ ਏਕੁ ਧਿਆਇਆ ॥
ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥}

(ਅੰਗ - ੪੬੧)

39/4935

{ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ ॥
ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ ॥੧॥}

(ਅੰਗ - ੬੦੩)

{ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ ॥
ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥੩॥}

(ਅੰਗ - ੪੨੩)

{ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥੨॥}

(ਅੰਗ - ੩੭੦)

{ਕੀਤਾ ਹੋਵੈ ਤਿਸੁ ਕਿਆ ਕਹੀਐ ॥ ਗੁਰਮੁਖਿ ਨਾਮੁ ਪਦਾਰਥੁ ਲਹੀਐ ॥
ਜਿਸੁ ਆਪਿ ਭੁਲਾਏ ਸੋਈ ਭੂਲੈ ਸੋ ਬੂਝੈ ਜਿਸਹਿ ਬੁਝਾਇਦਾ ॥੩॥
ਹਰਖ ਸੋਗ ਕਾ ਨਗਰੁ ਇਹੁ ਕੀਆ ॥ ਸੇ ਉਬਰੇ ਜੋ ਸਤਿਗੁਰ ਸਰਣੀਆ ॥
ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ ॥੪॥}

(ਅੰਗ - ੧੦੭੫)

{ਸਹਜਿ ਭਵੈ ਪ੍ਰਭੁ ਸਭਨੀ ਥਾਈ ॥ ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ ॥
ਆਪੇ ਸੁਤਿਆ ਦੇਇ ਜਗਾਈ ॥੨॥ ਤਿਸ ਕੀ ਕੀਮਤਿ ਕਿਨੈ ਨ ਹੋਈ ॥
ਕਹਿ ਕਹਿ ਕਥਨੁ ਕਹੈ ਸਭੁ ਕੋਈ ॥ ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥੩॥}

(ਅੰਗ - ੧੬੦)

{ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥
ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥੯॥}

(ਅੰਗ - ੭੫੫)

{ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥੭॥
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥੮॥੮॥}

(ਅੰਗ - ੨੩੯)

{ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥
ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥
ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥੨॥}

(ਅੰਗ - ੮੪੪)

{ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥
ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥}

(ਅੰਗ - ੪੬)

{ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ॥
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥੧॥}

(ਅੰਗ - ੯੬੮)

{ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥
ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ ॥੧॥ ਰਹਾਉ ॥}

(ਅੰਗ - ੧੨੫੮)

39/4936

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥੨॥}

(ਅੰਗ - ੭੦੪)

{ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥}

(ਅੰਗ - ੮੩੨)

{ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥}

(ਅੰਗ - ੮੩੨)

{ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥}

(ਅੰਗ - ੮੩੨)

{ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥
ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥}

(ਅੰਗ - ੮੪੭)

{ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨ ਪਾਏ ॥੧॥}

(ਅੰਗ - ੧੩੧੨)

{ਗੁਰਮੁਖਿ ਏਕਸੁ ਸਿਉ ਲਿਵ ਲਾਏ ॥ ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥}

(ਅੰਗ - ੧੦੬੬)

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥
ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥ ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥}

(ਅੰਗ - ੧੧੪੮)

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਨਾਨਕ ਗੁਰਮੁਖਿ ਉਤਰਹਿ ਪਾਰਿ ॥੪॥੭॥}

(ਅੰਗ - ੧੩੩੯)

{ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥
ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥ ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥}

(ਅੰਗ - ੧੩੩੯)

{ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥
ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ਯ ਦ੍ਰਿਸ੍ਟਿ ਕਾਰਣ ਕਰਣੰ ॥

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥}

(ਅੰਗ - ੧੪੦੨)

{ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥}

(ਅੰਗ - ੧੩੩੪)

39/4937

{ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥}

(ਅੰਗ - ੧੦੪੧)

{ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥
ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥
ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥
ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥}

(ਅੰਗ - ੭੦੧)

{ਅਬ ਮੈ ਸੁਖੁ ਪਾਇਓ ਗੁਰ ਆਗ੍ਰਿ ॥
ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗ੍ਰਿ ॥੧॥ ਰਹਾਉ ॥}

(ਅੰਗ - ੭੦੧)

{ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ ਆਇਓ ਕਿਰਪਾ ਧਾਰੇ ॥
ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ ॥੨॥੩॥੭॥}

(ਅੰਗ - ੧੨੬੮)

{ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥}

(ਅੰਗ - ੬੩੩)

{ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥
ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥
ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥੭॥}

(ਅੰਗ - ੭੬੧)

{ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ ॥
ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥੫॥}

(ਅੰਗ - ੭੬੧)

{ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ ਮਾਇਆ ਅਗਨਿ ਤੇ ॥੩॥
ਨਾਨਕ ਕਉ ਪ੍ਰਭ ਮਇਆ ਕਰਿ ॥ ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥੪॥੭॥੧੪੫॥}

(ਅੰਗ - ੨੧੧)

{ਗੁਰਿ ਕ੍ਰਿਪਾਲਿ ਬੇਅੰਤਿ ਅਵਗਣ ਸਭਿ ਹਤੇ ॥ ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ ਲਿਤੇ ॥}

(ਅੰਗ - ੬੫੩)

{ਨਾਨਕ ਅਉਗਣ ਜੇਤੜੇ ਤੇਤੇ ਗਲੀ ਜੰਜੀਰ ॥ ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥}

(ਅੰਗ - ੫੯੫)

{ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥}

(ਅੰਗ - ੭੬੬)

39/4938

{ਜਿਨ ਗੁਣ ਤਿਨ ਸਦ ਮਨਿ ਵਸੈ ਅਉਗਣਵੰਤਿਆ ਦੂਰਿ ॥
ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥}

(ਅੰਗ - ੨੭)

{ਅਉਗਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥}

(ਅੰਗ - ੩੭)

{ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ - ੫੬)

{ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ - ੫੯੮)

{ਅਵਗਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥}

(ਅੰਗ - ੫੯੮)

{ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ - ੧੧੮੮)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥}

5310

(ਅੰਗ - ੧੦੫੧)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥}

(ਅੰਗ - ੪੧੮)

{ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ - ੧੧੬)

{ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥ ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥ ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥}

(ਅੰਗ - ੬੧)

{ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥}

(ਅੰਗ - ੬੫੦)

{ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥ ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ - ੧੨੮)

39/4939

{ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥
ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥ ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥}

(ਅੰਗ - ੫੮੭)

{ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥}

(ਅੰਗ - ੧੧੪੬)

{ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥
ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥}

(ਅੰਗ - ੬੦)

{ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥
ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ ॥੨॥}

(ਅੰਗ - ੬੦)

{ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥
ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥
ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥੧੫॥}

(ਅੰਗ - ੧੦੯੯)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥ ਸਤਿਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ - ੩੩)

{ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥}

(ਅੰਗ - ੪੧੯)

{ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥
ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥}

(ਅੰਗ - ੪੬੮)

{ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥}

(ਅੰਗ - ੪੧੯)

{ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥}

(ਅੰਗ - ੨੧)

{ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥}

(ਅੰਗ - ੩੩੦)

39/4940

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ - ੪੧੯)

{ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥}

(ਅੰਗ - ੪੧੯)

{ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥ ਦੂਜੈ ਭਾਵੰਨੀ ਨਾਨਕਾ ਵਹਣਿ ਲੁੜ੍ਹੰਦੜੀ ਜਾਇ ॥੧੬॥}

(ਅੰਗ - ੧੪੨੬)

{ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ - ੧੨੯)

{ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥}

(ਅੰਗ - ੧੫੨)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ - ੧੦੬੯)

{ਸਭ ਤੇਰੀ ਤੂੰ ਸਭਨੀ ਧਿਆਇਆ ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥

ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥}

(ਅੰਗ - ੧੧)

{ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥}

(ਅੰਗ - ੪੦)

{ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ - ੨੨)

{ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ - ੪੫)

{ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥
ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥}

(ਅੰਗ - ੪੮)

39/4941

{ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥
ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ॥੧॥}

(ਅੰਗ - ੫੪)

{ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥ ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥}

(ਅੰਗ - ੫੬)

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥}

(ਅੰਗ - ੫੯)

{ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥
ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥੮॥੧੬॥}

(ਅੰਗ - ੬੪)

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥

ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ - ੭੮)

{ਸਰਬਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥
ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥੩॥}

(ਅੰਗ - ੮੧)

{ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥}

(ਅੰਗ - ੮੩)

{ਰਤਨੁ ਪਦਾਰਥੁ ਪਲਰਿ ਤਿਆਗੈ ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥
ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥}

(ਅੰਗ - ੧੧੩)

{ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ - ੧੧੭)

{ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥}

(ਅੰਗ - ੧੨੬)

{ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ - ੧੨੯)

39/4942

{ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥}

(ਅੰਗ - ੧੩੦)

{ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥}

(ਅੰਗ - ੧੩੫)

{ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥
ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥
ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥ ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ॥
ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥}

(ਅੰਗ - ੧੪੧)

{ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥}

(ਅੰਗ - ੧੪੫)

{ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ ॥
ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥}

(ਅੰਗ - ੧੪੭)

{ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥
ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥}

(ਅੰਗ - ੧੪੯)

{ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥}

(ਅੰਗ - ੧੫੨)

{ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥}

(ਅੰਗ - ੧੮੧)

{ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥}

(ਅੰਗ - ੧੮੬)

{ਜਿਸੁ ਸਿਮਰਤ ਦੂਖੁ ਸਭੁ ਜਾਇ ॥ ਨਾਮੁ ਰਤਨੁ ਵਸੈ ਮਨਿ ਆਇ ॥੧॥}

(ਅੰਗ - ੧੯੨)

{ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥
ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥੩॥

ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥
ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥}

(ਅੰਗ - ੨੦੯)

39/4943

{ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਿਗੁਰ ਸਬਦਿ ਸਮਾਇਆ ॥੧॥ ਰਹਾਉ ॥
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥
ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥੩॥
ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥
ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥}

(ਅੰਗ - ੨੧੫)

{ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥
ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥੨॥੪॥}

(ਅੰਗ - ੨੧੯)

{ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮ ਗੁਣਤਾਸੁ ॥
ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥
ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ ਗੁਰਮੁਖਿ ਮੇਲੇ ਆਪੁ ਗਵਾਏ ॥
ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥੮॥੭॥}

(ਅੰਗ - ੨੩੨)

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥
ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥}

(ਅੰਗ - ੨੩੩)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥

ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ - ੨੩੫)

{ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ ॥ ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ ॥੮॥੧੨॥}

(ਅੰਗ - ੨੪੧)

{ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥}

(ਅੰਗ - ੨੬੭)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥}

(ਅੰਗ - ੨੯੬)

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ ੩੦੯-੩੧੦)

{ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥ ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥}

(ਅੰਗ - ੩੧੯)

{ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥}

(ਅੰਗ - ੩੫੧)

39/4944

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥}

(ਅੰਗ - ੩੫੩)

{ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥}

(ਅੰਗ - ੩੫੪)

{ਰਤਨ ਵਿਗਾੜਿ ਵਿਗੋਏ ਕੁਤੰ ਮੁਇਆ ਸਾਰ ਨ ਕਾਈ ॥
ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥}

(ਅੰਗ - ੩੬੦)

{ਗੁਰੁ ਸਾਗਰੁ ਪੂਰਾ ਭੰਡਾਰ ॥ ਊਤਮ ਰਤਨ ਜਵਾਹਰ ਅਪਾਰ ॥
ਗੁਰ ਪਰਸਾਦੀ ਦੇਵਣਹਾਰੁ ॥ ਨਾਨਕ ਬਖਸੇ ਬਖਸਣਹਾਰੁ ॥੪॥੯॥੪੮॥}

(ਅੰਗ - ੩੬੩)

{ਸਭ ਤੇਰੀ ਤੂੰ ਸਭਨੀ ਧਿਆਇਆ ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥}

(ਅੰਗ - ੩੬੫)

{ਸਤਿਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ - ੩੬੮)

{ਪਰਦੇਸੁ ਝਾਗਿ ਸਉਦੇ ਕਉ ਆਇਆ ॥ ਵਸਤੁ ਅਨੂਪ ਸੁਣੀ ਲਾਭਾਇਆ ॥
ਗੁਣ ਰਾਸਿ ਬੰਨ੍ਹਿ ਪਲੈ ਆਨੀ ॥ ਦੇਖਿ ਰਤਨੁ ਇਹੁ ਮਨੁ ਲਪਟਾਨੀ ॥੧॥}

(ਅੰਗ - ੩੭੨)

{ਸਾਹਿ ਪਠਾਇਆ ਸਾਹੈ ਪਾਸਿ ॥ ਅਮੋਲ ਰਤਨ ਅਮੋਲਾ ਰਾਸਿ ॥
ਵਿਸਟੁ ਸੁਭਾਈ ਪਾਇਆ ਮੀਤ ॥ ਸਉਦਾ ਮਿਲਿਆ ਨਿਹਚਲ ਚੀਤ ॥੨॥
ਭਉ ਨਹੀ ਤਸਕਰ ਪਉਣ ਨ ਪਾਨੀ ॥ ਸਹਜਿ ਵਿਹਾਝੀ ਸਹਜਿ ਲੈ ਜਾਨੀ ॥
ਸਤ ਕੈ ਖਟਿਐ ਦੁਖੁ ਨਹੀ ਪਾਇਆ ॥ ਸਹੀ ਸਲਾਮਤਿ ਘਰਿ ਲੈ ਆਇਆ ॥੩॥
ਮਿਲਿਆ ਲਾਹਾ ਭਏ ਅਨੰਦ ॥ ਧੰਨੁ ਸਾਹ ਪੂਰੇ ਬਖਸਿੰਦ ॥
ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ॥ ਸਹਲੀ ਖੇਪ ਨਾਨਕੁ ਲੈ ਆਇਆ ॥੪॥੬॥}

(ਅੰਗ - ੩੭੨)

{ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥
ਐਸੀ ਗੁਰਮਤਿ ਪਾਈਅਲੇ ॥ ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥੧॥ ਰਹਾਉ ॥
ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥
ਦੁਤਰ ਅੰਧ ਬਿਖਮ ਇਹ ਮਾਇਆ ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥
ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੋਰੀ ॥੪॥੨੬॥}

(ਅੰਗ - ੩੭੭)

{ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥}

(ਅੰਗ - ੪੦੨)

{ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ ॥ ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ ॥੭॥
ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ ॥ ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥੮॥੧੭॥}

(ਅੰਗ - ੪੨੦)

39/4945

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ॥

ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥
ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥੩॥
ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥੪॥
ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥
ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥
ਜਿਨ੍ੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥
ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥੬॥੨੮॥}

(ਅੰਗ - ੪੨੫)

{ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥
ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥}

(ਅੰਗ - ੪੨੬)

{ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥ ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥
ਨਿਰਮਲ ਜਲਿ ਨ੍ਾਏ ਜਾ ਪ੍ਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ ੪੩੬-੪੩੭)

{ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ - ੪੩੭)

{ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥ ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥}

(ਅੰਗ - ੪੪੯)

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥}

(ਅੰਗ - ੪੫੦)

{ਜੀਵਨ ਗਤਿ ਸੁਆਮੀ ਅੰਤਰਜਾਮੀ ਆਪਿ ਲੀਏ ਲੜਿ ਲਾਏ ॥
ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ ॥}

(ਅੰਗ - ੪੫੪)

{ਬਾਬਾ ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥}

(ਅੰਗ - ੪੮੨)

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥}

(ਅੰਗ - ੫੦੫)

{ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥
ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥
ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥
ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥
ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥
ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥੧॥}

(ਅੰਗ ੫੬੯-੫੭੦)

{ਨਾਮੁ ਰਤਨੁ ਹੀਰਾ ਨਿਰਮੋਲੁ ॥ ਸਾਚਾ ਸਾਹਿਬੁ ਅਮਰੁ ਅਤੋਲੁ ॥
ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ ਨਾਹੀ ਰੋਲੁ ॥੨॥}

(ਅੰਗ - ੯੦੫)

{ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥}

(ਅੰਗ - ੧੩੪੬)

39/4946

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ - ੯੨੦)

{ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ ॥
ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥}

(ਅੰਗ - ੧੩੩੨)

{ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥
ਨਾਮੁ ਰਤਨੁ ਨਿਰਮੋਲਕੁ ਹੀਰਾ ॥ ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥
ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥}

(ਅੰਗ - ੯੦੪)

{ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥

ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥}

(ਅੰਗ - ੧੦੬੯)

{ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥
ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥੧॥}

(ਅੰਗ - ੮੯੨)

{ਸਚੋ ਸਚਾ ਸਚੁ ਸਾਲਾਹੀ ॥ ਏਕੋ ਵੇਖਾ ਦੂਜਾ ਨਾਹੀ ॥
ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥
ਮਾਇਆ ਮੋਹੁ ਸਬਦਿ ਜਲਾਇਆ ॥ ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥
ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥੫॥ ਮਾਇਆ ਮੋਹੁ ਸਭੁ ਆਪੇ ਕੀਨਾ ॥
ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥ ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥੬॥}

(ਅੰਗ - ੧੦੫੦)

{ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ - ੮੯੧)

{ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥੨॥}

(ਅੰਗ - ੮੬੯)

{ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥}

(ਅੰਗ - ੮੦੧)

{ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥}

(ਅੰਗ - ੭੭੫)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥}

(ਅੰਗ - ੯੯੨)

39/4947

{ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥
ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥ ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥

ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥}

(ਅੰਗ - ੭੬੫)

{ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥ ਆਪਿ ਮਿਲਾਏ ਆਪਿ ਮਿਲੈ ਆਪੇ ਦੇਇ ਪਿਆਰੋ॥
ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥
ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥
ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥
ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥੩॥}

(ਅੰਗ - ੫੮੪)

{ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥}

(ਅੰਗ - ੭੬੪)

{ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥
ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥}

(ਅੰਗ - ੫੭੪)

{ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥
ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥
ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥੬॥}

(ਅੰਗ - ੭੫੪)

{ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥}

(ਅੰਗ - ੩੬੪)

{ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥ ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥}

(ਅੰਗ - ੭੫੨)

{ਗਿਆਨ ਰਤਨਿ ਸਭ ਸੋਝੀ ਹੋਇ ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥}

(ਅੰਗ - ੩੬੪)

{ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ ॥ ਗੁਰ ਪਰਸਾਦੀ ਨਾਮੁ ਧਿਆਏ ॥੩॥}

(ਅੰਗ - ੭੩੭)

{ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥}

(ਅੰਗ - ੧੨੯੧)

{ਹਿਰਦੈ ਆਇ ਵੁਠਾ ਗੋਵਿੰਦਾ ॥ ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥੪॥}

(ਅੰਗ - ੧੦੬੩)

39/4948

{ਜਿਸ ਨੋ ਸਚਾ ਦੇਇ ਸੁ ਪਾਏ ॥ ਅੰਤਰਿ ਸਾਚੁ ਭਰਮੁ ਚੁਕਾਏ ॥
ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ ॥੭॥}

(ਅੰਗ - ੧੦੬੩)

{ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥}

(ਅੰਗ - ੧੦੬੩)

{ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥}

(ਅੰਗ - ੧੦੬੪)

{ਮਹਲੈ ਅੰਦਰਿ ਮਹਲੁ ਕੋ ਪਾਏ ॥ ਗੁਰ ਕੈ ਸਬਦਿ ਸਚਿ ਚਿਤੁ ਲਾਏ ॥
ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ ॥੮॥}

(ਅੰਗ - ੧੦੬੪)

{ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥ ਮਾਇਆ ਮੋਹੁ ਸਭੁ ਰੋਗੁ ਕਮਾਇਆ ॥
ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥}

(ਅੰਗ - ੧੦੬੪)

{ਮੇਰੈ ਕਰਤੈ ਇਕ ਬਣਤ ਬਣਾਈ ॥ ਇਸੁ ਦੇਹੀ ਵਿਚਿ ਸਭ ਵਥੁ ਪਾਈ ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥੧੬॥੬॥੨੦॥}

(ਅੰਗ - ੧੦੬੪)

{ਸਾਧੂ ਸੰਗਿ ਭਜਹੁ ਗੁਪਾਲ ॥ ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥}

(ਅੰਗ - ੬੭੫)

{ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥
ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥੩॥}

(ਅੰਗ - ੬੭੫)

{ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥

ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥}

(ਅੰਗ - ੯੩੮)

{ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥}

(ਅੰਗ - ੯੩੯)

{ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥}

(ਅੰਗ - ੯੩੯)

39/4949

{ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥}

(ਅੰਗ - ੯੩੯)

{ਸਤਿਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥੩॥}

(ਅੰਗ - ੮੭੬)

{ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥
ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥੨੦॥}

(ਅੰਗ - ੯੪੦)

{ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥
ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥}

(ਅੰਗ - ੯੪੦)

{ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥
ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥}

(ਅੰਗ - ੯੪੦)

{ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥}

(ਅੰਗ - ੯੪੦)

{ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥
ਨਾਮਿ ਰਤੇ ਸਿਧ ਗੋਸਟਿ ਹੋਇ ॥ ਨਾਮਿ ਰਤੇ ਸਦਾ ਤਪੁ ਹੋਇ ॥
ਨਾਮਿ ਰਤੇ ਸਚੁ ਕਰਣੀ ਸਾਰੁ ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥}

(ਅੰਗ - ੯੪੧)

{ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ਗੁਰਮੁਖਿ ਪਾਵੈ ਘਟਿ ਘਟਿ ਭੇਦ ॥
ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥}

(ਅੰਗ - ੯੪੨)

{ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥ ਅਵਗਣ ਮੇਟੈ ਗੁਣਿ ਨਿਸਤਾਰੈ ॥}

(ਅੰਗ - ੯੪੨)

{ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥}

(ਅੰਗ - ੨੨੪)

{ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥ ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥}

(ਅੰਗ - ੯੪੨)

{ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥}

(ਅੰਗ - ੯੪੩)

{ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ ਨਦਰੀ ਨਦਰਿ ਪਿਆਰੇ ॥੪੭॥}

(ਅੰਗ - ੯੪੩)

39/4950

{ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥
ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ ਆਪੇ ਪਾਰਿ ਉਤਾਰਣਹਾਰਾ ॥}

(ਅੰਗ - ੯੪੩)

{ਗੁਰ ਪਰਚੈ ਮਨੁ ਸਾਚਿ ਸਮਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥}

(ਅੰਗ - ੯੪੩)

{ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥
ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥}

(ਅੰਗ - ੯੪੩)

{ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥}

(ਅੰਗ - ੯੪੩)

{ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥}

(ਅੰਗ ੯੪੩-੯੪੪)

{ਗੁਰ ਕੀ ਦੀਖਿਆ ਸੇ ਸਚਿ ਰਾਤੇ ॥ ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥}

(ਅੰਗ - ੯੪੪)

{ਕੁਬੁਧਿ ਚਵਾਵੈ ਸੋ ਕਿਤੁ ਠਾਇ ॥ ਕਿਉ ਤਤੁ ਨ ਬੂਝੈ ਚੋਟਾ ਖਾਇ ॥}

(ਅੰਗ - ੯੪੪)

{ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥

ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ - ੯੪੪)

{ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੁ ਮੰਨਿ ਵਸਾਏ ॥
ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥}

(ਅੰਗ - ੯੪੪)

{ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥}

(ਅੰਗ - ੩੮੨)

{ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥
ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥}

(ਅੰਗ - ੩੮੨)

39/4951

{ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ ॥ ਧੰਨੁ ਸੁ ਤੇਰੇ ਭਗਤ ਜਿਨ੍ੀ ਸਚੁ ਤੂੰ ਡਿਠਾ ॥
ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ ॥ ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ ॥੨੦॥}

(ਅੰਗ - ੯੬੫)

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥}

(ਅੰਗ - ੧੩੨੯)

{ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥}

(ਅੰਗ - ੧੩੨੯)

{ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥}

(ਅੰਗ - ੧੩੨੯)

{ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥}

(ਅੰਗ - ੯੪੪)

{ਗੁਰ ਪਰਸਾਦੀ ਰੰਗੇ ਰਾਤਾ ॥ ਅੰਮ੍ਰਿਤੁ ਪੀਆ ਸਾਚੇ ਮਾਤਾ ॥
ਗੁਰ ਵੀਚਾਰੀ ਅਗਨਿ ਨਿਵਾਰੀ ॥ ਅਪਿਉ ਪੀਓ ਆਤਮ ਸੁਖੁ ਧਾਰੀ ॥
ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ ਨਾਨਕ ਬੂਝੈ ਕੋ ਵੀਚਾਰੀ ॥੬੩॥}

(ਅੰਗ - ੯੪੫)

{ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥}

(ਅੰਗ - ੯੪੫)

{ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥
ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥}

(ਅੰਗ - ੯੪੫)

{ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥
ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥}

(ਅੰਗ - ੯੪੫)

{ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ ॥
ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ ॥੧੦॥}

(ਅੰਗ - ੧੩੬੦)

{ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ॥ ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ ॥
ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ ॥ ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ ॥
ਸਭੁ ਆਪੇ ਆਪਿ ਵਰਤਦਾ ਆਪੇ ਬਖਸਿ ਮਿਲਾਈ ॥੭॥}

(ਅੰਗ - ੯੪੯)

39/4952

{ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥
ਕਹਿ ਕਹਿ ਕਥਨਾ ਮਾਇਆ ਲੂਝੈ ॥}

(ਅੰਗ - ੧੫੦)

{ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ ਦਰੁ ਘਰੁ ਸੂਝੈ ॥}

(ਅੰਗ - ੮੪੧)

{ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥}

(ਅੰਗ - ੬੪੫)

{ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥
ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥}

(ਅੰਗ - ੯੪੬)

ਸਵਾਲ: {ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥}

(ਅੰਗ - ੯੪੬)

ਜਵਾਬ : {ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥}

(ਅੰਗ - ੯੪੬)

{ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥
ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥
ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥}

(ਅੰਗ - ੯੪੬)

{ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥}

(ਅੰਗ - ੯੪੬)

{ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥}

(ਅੰਗ - ੯੪੬)

{ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥
ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥
ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥}

(ਅੰਗ - ੯੪੬)

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ ॥੧॥}

(ਅੰਗ - ੧੩੨੮)

39/4953

{ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥}

(ਅੰਗ ੧੩੨੮-੧੩੨੯)

{ਆਖਣਿ ਆਖੈ ਬਕੈ ਸਭੁ ਕੋਇ ॥ ਆਪੇ ਬਖਸਿ ਮਿਲਾਏ ਸੋਇ ॥
ਕਹਣੈ ਕਥਨਿ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥੩॥
ਗੁਰਮੁਖਿ ਵਿਚਹੁ ਆਪੁ ਗਵਾਇ ॥ ਹਰਿ ਰੰਗਿ ਰਾਤੇ ਮੋਹੁ ਚੁਕਾਇ ॥
ਅਤਿ ਨਿਰਮਲੁ ਗੁਰ ਸਬਦ ਵੀਚਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੪॥੪੩॥}

(ਅੰਗ - ੩੬੨)

{ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥ ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥ ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥
ਸਤਿਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥}

(ਅੰਗ - ੫੫੩)

ਪਉੜੀ ॥

{ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ ॥
ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ ॥
ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ ॥
ਆਪੈ ਨਾਲਿ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪੁ ਸਿਆਣੀ ॥
ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ ॥੧੨॥}

(ਅੰਗ - ੫੫੩)

{ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ ॥੭॥}

(ਅੰਗ - ੧੦੨੦)

{ਆਪਿ ਨਿਰਾਲਮੁ ਗੁਰ ਗਮ ਗਿਆਨਾ ॥ ਜੋ ਦੀਸੈ ਤੁਝ ਮਾਹਿ ਸਮਾਨਾ ॥
ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥}

(ਅੰਗ - ੧੦੨੧)

{ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥}

(ਅੰਗ - ੧੦੨੧)

{ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥ ਮਨਸਾ ਮਾਰਿ ਮਨੈ ਸਿਉ ਲੂਝੈ ॥

ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥}

(ਅੰਗ - ੧੦੨੧)

{ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥
ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥}

(ਅੰਗ - ੧੦੨੧)

{ਕਰਿ ਕਰਿ ਥਾਕੀ ਮੀਤ ਘਨੇਰੇ ॥ ਕੋਇ ਨ ਕਾਟੈ ਅਵਗਣ ਮੇਰੇ ॥
ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ ਭਾਇ ਮਿਲੈ ਭਉ ਜਾਈ ਹੇ ॥੭॥}

(ਅੰਗ - ੧੦੨੧)

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

39/4954

{ਆਪੇ ਸਿਧ ਸਾਧਿਕੁ ਵੀਚਾਰੀ ॥ ਆਪੇ ਰਾਜਨੁ ਪੰਚਾ ਕਾਰੀ ॥
ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ ॥੧੦॥}

(ਅੰਗ - ੧੦੨੨)

{ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥ ਊਭੇ ਸੇਵਹਿ ਅਲਖ ਅਪਾਰੈ ॥
ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ ॥੧੪॥}

(ਅੰਗ - ੧੦੨੨)

{ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥}

(ਅੰਗ ੧੨੭੯-੧੨੮੦)

{ਧੁਰਹੁ ਵਿਛੁੰਨੇ ਧਾਹੀ ਰੁੰਨੇ ॥ ਮਰਿ ਮਰਿ ਜਨਮਹਿ ਮੁਹਲਤਿ ਪੁੰਨੇ ॥
ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ ਪਛੋਤਾਇਦਾ ॥੧੩॥}

(ਅੰਗ - ੧੦੩੫)

{ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥
ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥੧੫॥}

(ਅੰਗ - ੧੦੨੨)

{ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ - ੧੦੨੨)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ - ੩੯)

{ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥}

(ਅੰਗ - ੩੯)

{ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ - ੩੯)

{ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥}

(ਅੰਗ - ੫੭੧)

{ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ ॥ ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ॥
ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ ॥
ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ ॥ ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ॥
ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ ॥੪॥੬॥}

(ਅੰਗ ੫੭੧-੫੭੨)

{ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥
ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥੨॥}

(ਅੰਗ - ੬੯)

39/4955

{ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥
ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥੩॥}

(ਅੰਗ - ੬੯)

{ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥
ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥}

(ਅੰਗ - ੬੯)

{ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥
ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ ॥
ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥੮॥੧੭॥੮॥੨੫॥}

(ਅੰਗ - ੭੦)

{ਪੂਰੈ ਸਤਿਗੁਰਿ ਸੋਝੀ ਪਾਈ ॥ ਏਕੋ ਨਾਮੁ ਮੰਨਿ ਵਸਾਈ ॥
ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ ॥੧੧॥}

(ਅੰਗ - ੧੦੫੪)

{ਧੁਰਿ ਭਗਤਾ ਮੇਲੇ ਆਪਿ ਮਿਲਾਏ ॥ ਸਚੀ ਭਗਤੀ ਆਪੇ ਲਾਏ ॥
ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੇ ॥੩॥}

(ਅੰਗ - ੧੦੫੩)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥}

(ਅੰਗ - ੧੦੩੨)

{ਭੰਨੈ ਘੜੇ ਸਵਾਰੇ ਸਾਜੇ ॥ ਮਾਇਆ ਮੋਹਿ ਦੂਜੈ ਜੰਤ ਪਾਜੇ ॥
ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ ਜਮ ਕਾ ਜੇਵੜਾ ਗਲਿ ਫਾਹਾ ਹੇ ॥੬॥}

(ਅੰਗ - ੧੦੫੩)

{ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥
ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ ॥੧੦॥}

(ਅੰਗ - ੧੦੫੩)

{ਗੁਰ ਪਰਸਾਦੀ ਹੁਕਮੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥
ਨਾਮੇ ਰਾਤਾ ਸਦਾ ਬੈਰਾਗੀ ਨਾਮੁ ਰਤਨੁ ਮਨਿ ਤਾਹਾ ਹੇ ॥੧੩॥}

(ਅੰਗ - ੧੦੫੪)

{ਸਭ ਜਗ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਸਬਦੁ ਸਲਾਹਹਿ ਸੇ ਜਨ ਨਿਰਮਲ ਨਿਜ ਘਰਿ ਵਾਸਾ ਤਾਹਾ ਹੇ ॥੧੪॥}

(ਅੰਗ - ੧੦੫੪)

39/4956

{ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥}

(ਅੰਗ - ੧੩੪੫)

{ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ ॥
ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ ॥੨॥}

(ਅੰਗ - ੯੫੪)

{ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ ॥}

(ਅੰਗ - ੨੧੬)

{ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ ॥
ਚਰਨ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥੨॥੭੨॥੯੫॥}

(ਅੰਗ - ੧੨੨੨)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਖੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥}

(ਅੰਗ - ੫੬)

{ਜਪ ਤਪ ਸੰਜਮ ਸੁਚਿ ਹੈ ਸੋਈ ਆਪੇ ਕਰੇ ਕਰਾਈ ॥੧੩॥}

(ਅੰਗ - ੯੧੫)

{ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ ॥
ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ ॥}

(ਅੰਗ - ੧੩੯੫)

{ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ ॥
ਗੁਰਮੁਖਿ ਹੋਵੈ ਸੁ ਮਗੁ ਪਛਾਣੈ ਹਰਿ ਰਸਿ ਰਸਨ ਰਸਾਈ ॥
ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥
ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥੪॥੭॥}

(ਅੰਗ - ੬੦੨)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ ॥੨॥}

(ਅੰਗ - ੨੩)

{ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥ ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥}

(ਅੰਗ - ੮੬)

{ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ ॥
ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥}

(ਅੰਗ - ੮੮)

39/4957

{ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥}

(ਅੰਗ - ੯੩)

{ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥}

(ਅੰਗ - ੬੧੫)

{ਭਨਤਿ ਨਾਨਕੁ ਕਰੇ ਵੀਚਾਰੁ ॥ ਸਾਚੀ ਬਾਣੀ ਸਿਉ ਧਰੇ ਪਿਆਰੁ ॥
ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥}

(ਅੰਗ - ੬੬੧)

{ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥}

(ਅੰਗ - ੭੩੨)

{ਜਪ ਤਪ ਸੰਜਮ ਦੇਉ ਜਤੀ ਰੀ ॥ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ ॥੩॥
ਮਾਨੁ ਤਾਨੁ ਅਹੰਬੁਧਿ ਹਤੀ ਰੀ ॥ ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥}

(ਅੰਗ - ੭੩੯)

{ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬॥}

(ਅੰਗ - ੮੭੮)

{ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥ ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥}

(ਅੰਗ - ੯੬੬)

{ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥}

(ਅੰਗ - ੧੦੦੫)

{ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ - ੧੩੪੩)

{ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ ॥
ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥੫॥}

(ਅੰਗ - ੧੩੬੪)

{ਕਾਇਆ ਹੰਸ ਧੁਰਿ ਮੇਲੁ ਕਰਤੈ ਲਿਖਿ ਪਾਇਆ ॥ ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥
ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ ॥ ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ ॥
ਸਭੁ ਕਿਛੁ ਆਪੇ ਆਪਿ ਹੈ ਆਪੇ ਦੇਇ ਵਡਿਆਈ ॥੧੪॥}

(ਅੰਗ - ੯੫੪)

39/4958

{ਸਬਦਿ ਮੁਆ ਵਿਚਹੁ ਆਪੁ ਗਵਾਇ ॥ ਸਤਿਗੁਰੁ ਸੇਵੇ ਤਿਲੁ ਨ ਤਮਾਇ ॥
ਨਿਰਭਉ ਦਾਤਾ ਸਦਾ ਮਨਿ ਹੋਇ ॥ ਸਚੀ ਬਾਣੀ ਪਾਏ ਭਾਗਿ ਕੋਇ ॥੧॥}

(ਅੰਗ - ੩੬੧)

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥
ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ - ੩੬੧)

{ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥
ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥}

(ਅੰਗ - ੧੧੯)

{ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥}

(ਅੰਗ - ੧੧੯)

{ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ ॥੧੫॥
ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥੧੬॥
ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤਿਸੰਗਤਿ ਮੇਲਾਈ ॥੧੭॥}

(ਅੰਗ - ੯੧੦)

{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥

ब्रहमा बिसनु महेसु त्रै मूरति त्रिगुणि भरमि भुलाई ॥१६॥
गुर परसादी त्रिकुटी छूटै चउथै पदि लिव लाई ॥१७॥}

(ਅੰਗ - ੯੦੬)

{माइआ मोहु जगतु सबाइआ ॥ त्रै गुण दीसहि मोहे माइआ ॥
गुर परसादी को विरला बूझै चउथै पदि लिव लावणिआ ॥१॥}

(ਅੰਗ - ੧੨੬)

{अंम्रित नामि अंतरु मनु मोहै ॥ अंम्रिति मनु तनु बाणी रता अंम्रितु सहजि सुणावणिआ ॥५॥}

(ਅੰਗ - ੧੧੬)

{हउ वारी जीउ वारी माइआ मोहु सबदि जलावणिआ ॥
माइआ मोहु जलाए सो हरि सिउ चितु लाए हरि दरि महली सोभा पावणिआ ॥१॥ रहाउ ॥}

(ਅੰਗ - ੧੨੬)

{अंम्रितु पीवै जिस नो आपि पीआए ॥ गुर परसादी सहजि लिव लाए ॥
पूरन पूरि रहिआ सभ आपे गुरमति नदरी आवणिआ ॥७॥}

(ਅੰਗ - ੧੧੬)

39/4959

{सफलु जनमु जिना सतिगुरु पाइआ ॥ दूजा भाउ गुर सबदि जलाइआ ॥
एको रवि रहिआ घट अंतरि मिलि सतिसंगति हरि गुण गावणिआ ॥६॥}

(ਅੰਗ - ੧੨੬)

{जह देखा सचु सभनी थाई ॥ गुर परसादी मंनि वसाई ॥
तनु सचा रसना सचि राती सचु सुणि आखि वखानणिआ ॥२॥}

(ਅੰਗ - ੧੧੬)

{गुर कै सबदि रिदै दिखाइआ ॥ माइआ मोहु सबदि जलाइआ ॥
सचो सचा वेखि सालाही गुर सबदी सचु पावणिआ ॥४॥}

(ਅੰਗ - ੧੨੦)

{सचि रहहु सदा सहजु सुखु उपजै कामु क्रोधु विचहु जाई ॥२॥
आपु छोडि नाम लिव लागी ममता सबदि जलाई ॥३॥}

(ਅੰਗ - ੯੦੬)

{सिव नगरी महि आसणि बैसै गुर सबदी जोगु पाई ॥११॥
धातुर बाजी सबदि निवारे नामु वसै मनि आई ॥१२॥}

(ਅੰਗ - ੯੦੬)

{एहु सरीरु सरवरु है संतहु इसनानु करे लिव लाई ॥१३॥
नामि इसनानु करहि से जन निरमल सबदे मैलु गवाई ॥१४॥}

(ਅੰਗ - ੯੦੯)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

{ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥}

(ਅੰਗ ੯੦੯-੯੧੦)

{ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ ॥
ਬੰਧਨ ਤੋੜੇ ਮੁਕਤਿ ਘਰਿ ਰਹੈ ॥ ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥}

(ਅੰਗ - ੧੨੬੨)

{ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥}

(ਅੰਗ - ੧੨੫੬)

{ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥
ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥}

(ਅੰਗ - ੯੧੦)

39/4960

{ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥}

(ਅੰਗ - ੧੨੦)

{ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ - ੧੨੦)

{ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥੧॥ ਰਹਾਉ ॥}

(ਅੰਗ ੧੨੯-੧੩੦)

{ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥
ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥}

(ਅੰਗ - ੧੨੦)

{ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥

ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥੨॥}

(ਅੰਗ - ੧੩੦)

{ਗੁਰਮੁਖਿ ਨਾਮੁ ਮਿਲੈ ਮਨੁ ਭੀਜੈ ਸਹਜਿ ਸਮਾਧਿ ਲਗਾਵਣਿਆ ॥੩॥}

(ਅੰਗ - ੧੩੦)

{ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥}

(ਅੰਗ - ੧੨੦)

{ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥}

(ਅੰਗ - ੧੨੧)

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥}

(ਅੰਗ - ੧੨੧)

{ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥}

(ਅੰਗ - ੧੨੧)

39/4961

{ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥
ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥}

(ਅੰਗ - ੧੨੧)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥}

(ਅੰਗ - ੮੦੪)

{ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥
ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥
ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥
ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥}

(ਅੰਗ ੬੫੪-੬੫੫)

{ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ॥ ਦਸ ਦਾਸੀ ਕਰਿ ਦੀਨੀ ਭਤਾਰਿ ॥
ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥ ਆਸ ਪਿਆਸੀ ਪਿਰ ਕਉ ਲੋੜੀ ॥੧॥

ਕਵਨ ਕਹਾ ਗੁਨ ਕੰਤ ਪਿਆਰੇ ॥ ਸੁਘੜ ਸਰੂਪ ਦਇਆਲ ਮੁਰਾਰੇ ॥੧॥ ਰਹਾਉ ॥
ਸਤੁ ਸੀਗਾਰੁ ਭਉ ਅੰਜਨੁ ਪਾਇਆ ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥ ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥੨॥
ਗੁਣ ਕਾਮਣ ਕਰਿ ਕੰਤੁ ਰੀਝਾਇਆ ॥ ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥
ਸਭ ਤੇ ਊਚਾ ਮੰਦਰੁ ਮੇਰਾ ॥ ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ॥੩॥
ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ ਸੇਜ ਵਿਛਾਈ ਸਰਧ ਅਪਾਰਾ ॥
ਨਵ ਰੰਗ ਲਾਲੁ ਸੇਜ ਰਾਵਣ ਆਇਆ ॥ ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥}

(ਅੰਗ - ੭੩੭)

{ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥੧॥}

(ਅੰਗ - ੭੮੪)

{ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ ॥
ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ ॥}

(ਅੰਗ - ੭੮੪)

{ਮੈ ਖੋਜਤ ਖੋਜਤ ਜੀ ਹਰਿ ਨਿਹਚਲੁ ਸੁ ਘਰੁ ਪਾਇਆ ॥
ਸਭਿ ਅਧ੍ਰੁਵ ਡਿਠੇ ਜੀਉ ਤਾ ਚਰਨ ਕਮਲ ਚਿਤੁ ਲਾਇਆ ॥
ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥
ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥
ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ ॥
ਨਾਨਕ ਸਰਨਿ ਕ੍ਰਿਪਾ ਨਿਧਿ ਸੁਆਮੀ ਵਡਭਾਗੀ ਹਰਿ ਹਰਿ ਗਾਇਆ ॥੪॥੧॥੧੧॥}

(ਅੰਗ - ੭੮੪-੭੮੫)

{ਸਫਲ ਜਨਮੁ ਮੋ ਕਉ ਗੁਰਿ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥}

(ਅੰਗ ੮੫੭-੮੫੮)

{ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥
ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ ॥੨॥}

(ਅੰਗ - ੮੪੪)

{ਚਿਤਵਤ ਪਾਪ ਨ ਆਲਕੁ ਆਵੈ ॥ ਬੇਸੁਆ ਭਜਤ ਕਿਛੁ ਨਹ ਸਰਮਾਵੈ ॥}

(ਅੰਗ - ੧੧੪੩)

{ਮਾਇਆ ਲਗਿ ਭੂਲੋ ਸੰਸਾਰੁ ॥
ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ ॥੧॥ ਰਹਾਉ ॥}

(ਅੰਗ - ੧੧੪੩)

39/4962

{ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥
ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥
ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥੧੫॥}

(ਅੰਗ - ੧੦੯੯)

{ਪੇਖਤ ਮਾਇਆ ਰੰਗ ਬਿਹਾਇ ॥ ਗੜਬੜ ਕਰੈ ਕਉਡੀ ਰੰਗੁ ਲਾਇ ॥
ਅੰਧ ਬਿਉਹਾਰ ਬੰਧ ਮਨੁ ਧਾਵੈ ॥ ਕਰਣੈਹਾਰੁ ਨ ਜੀਅ ਮਹਿ ਆਵੈ ॥੨॥}

(ਅੰਗ - ੧੧੪੩)

{ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥
ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ॥
ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥}

(ਅੰਗ ੧੨੧੦-੧੨੧੧)

{ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥
ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥
ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥
ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥੪॥੨॥}

(ਅੰਗ - ੧੨੫੪)

{ਆਪਸ ਕਉ ਆਪੁ ਮਿਲਾਇਆ ॥ ਭ੍ਰਮ ਭੰਜਨ ਹਰਿ ਰਾਇਆ ॥
ਆਚਰਜ ਸੁਆਮੀ ਅੰਤਰਜਾਮੀ ਮਿਲੇ ਗੁਣ ਨਿਧਿ ਪਿਆਰਿਆ ॥
ਮਹਾ ਮੰਗਲ ਸੂਖ ਉਪਜੇ ਗੋਬਿੰਦ ਗੁਣ ਨਿਤ ਸਾਰਿਆ ॥}

(ਅੰਗ - ੧੨੭੮)

{ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥
ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥}

(ਅੰਗ - ੪੬)

{ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥
ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥}

(ਅੰਗ - ੪੬)

{ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥
ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥
ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥}

(ਅੰਗ - ੪੬)

{ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥ ਮੁਹਿ ਡਿਠੈ ਤਿਨ ਕੈ ਜੀਵੀਐ ਹਰਿ ਅੰਮ੍ਰਿਤੁ ਚਖੇ ॥
ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥ ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ ॥
ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ ॥੨॥}

(ਅੰਗ - ੩੧੮)

{ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥
ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥੧॥}

(ਅੰਗ - ੩੩੪)

{ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥ ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ॥
ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥
ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥ ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ॥
ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥੧॥}

(ਅੰਗ - ੬੯੦)

39/4963

{ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ ॥ ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ ॥
ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ ॥
ਸ੍ਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥
ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥ ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥੨॥}

(ਅੰਗ - ੬੯੦)

{ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥
ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥
ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥}

(ਅੰਗ - ੯੪੫)

{ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥
ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥}

(ਅੰਗ - ੬੯੦)

{ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥
ਸਤਿਗੁਰ ਚਰਣ ਕਵਲ ਰਿਦਿ ਧਾਰੰ ॥ ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥

ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥ ਸਗਲ ਮਨੋਰਥ ਪੂਰੀ ਆਸਾ ॥
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥}

(ਅੰਗ ੧੪੦੬-੧੪੦੭)

{ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥
ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਯਾਯਉ ॥
ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥੨॥}

(ਅੰਗ - ੧੪੦੭)

{ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ ॥ ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ ॥
ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥
ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥੫॥}

(ਅੰਗ - ੧੪੦੭)

{ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥ ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ ॥}

(ਅੰਗ - ੧੪੦੭)

{ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਯਉ ॥
ਪੰਚਾਹ ਰੁੰਨਿ ਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰ੍ਯਉ ॥}

(ਅੰਗ - ੧੪੦੮)

{ਹਰਿ ਨਾਮਿ ਲਾਗਿ ਜਗ ਉਧਰ੍ਯਉ ਸਤਿਗੁਰੁ ਰਿਦੈ ਬਸਾਇਅਉ ॥
ਗੁਰ ਅਰਜੁਨ ਕਲ੍ਚਰੈ ਤੈ ਜਨਕਹ ਕਲਸੁ ਦੀਪਾਇਅਉ ॥੯॥}

(ਅੰਗ - ੧੪੦੮)

{ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧ੍ਯਾਨੰ ਊਚੇ ਤੇ ਊਚੋ ਜਾਨੀਜੈ ਪ੍ਰਭ ਤੇਰੋ ਥਾਨੰ ॥}

(ਅੰਗ - ੧੩੮੬)

{ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ ॥ ਜਾ ਕਉ ਹੋਂਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ॥
ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਜਉ ॥
ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ ॥੫॥}

(ਅੰਗ - ੧੩੮੬)

39/4964

{ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ ॥
ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥ ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥
ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥
ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥
ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥}

(ਅੰਗ - ੧੩੮੬)

{ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥}

(ਅੰਗ - ੧੩੮੭)

{ਇਕਨਾ ਦਰਸਨ ਕੀ ਪਰਤੀਤਿ ਨ ਆਈਆ ਸਬਦਿ ਨ ਕਰਹਿ ਵੀਚਾਰੁ ॥
ਵਿਛੁੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ ॥ ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥
ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥
ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥
ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥੧॥}

(ਅੰਗ - ੫੮੭)

{ਤਨੁ ਮਨੁ ਸੀਤਲੁ ਮੁਖ ਉਜਲੇ ਪਿਰ ਕੈ ਭਾਇ ਪਿਆਰਿ ॥ ਸੇਜ ਸੁਖਾਲੀ ਪਿਰੁ ਰਵੈ ਹਉਮੈ ਤ੍ਰਿਸਨਾ ਮਾਰਿ ॥੬॥
ਕਰਿ ਕਿਰਪਾ ਘਰਿ ਆਇਆ ਗੁਰ ਕੈ ਹੇਤਿ ਅਪਾਰਿ ॥ ਵਰੁ ਪਾਇਆ ਸੋਹਾਗਣੀ ਕੇਵਲ ਏਕੁ ਮੁਰਾਰਿ ॥੭॥}

(ਅੰਗ - ੪੨੮)

{ਗੁਰਮੁਖਿ ਬੀਜੇ ਸਚੁ ਜਮੈ ਸਚੁ ਨਾਮੁ ਵਾਪਾਰੁ ॥ ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ ॥੩॥
ਗੁਰਮੁਖਿ ਸਦਾ ਸੋਹਾਗਣੀ ਭੈ ਭਗਤਿ ਸੀਗਾਰਿ ॥
ਅਨਦਿਨੁ ਰਾਵਹਿ ਪਿਰੁ ਆਪਣਾ ਸਚੁ ਰਖਹਿ ਉਰ ਧਾਰਿ ॥੪॥}

(ਅੰਗ - ੪੨੮)

{ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥}

(ਅੰਗ - ੪੭੪)

{ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ ॥ ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ ॥੧॥}

(ਅੰਗ - ੩੬੫)

{ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ॥
ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ॥੪॥੩੯॥੧੩॥੫੨॥}

(ਅੰਗ - ੩੬੫)

{ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥ ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥
ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥੩॥}

(ਅੰਗ - ੧੧੧੦)

{ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥੨॥}

(ਅੰਗ - ੧੧੧੦)

{ਮਿਲਿ ਸਾਧੂ ਦੁਰਮਤਿ ਖੋਏ ॥ ਪਤਿਤ ਪੁਨੀਤ ਸਭ ਹੋਏ ॥

ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥੨॥}

(ਅੰਗ - ੬੨੪)

39/4965

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ - ੮੫੨)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ - ੨੩੧)

{ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥}

(ਅੰਗ - ੨੩੨)

{ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥}

(ਅੰਗ - ੨੩੨)

{ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥ ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥੫॥}

(ਅੰਗ - ੯੩੦)

{ਗਿਆਨੁ ਧਿਆਨੁ ਲੇ ਸਮਸਰਿ ਰਹੈ ॥ ਗੁਰਮੁਖਿ ਏਕੁ ਵਿਰਲਾ ਕੋ ਲਹੈ ॥
ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥ ਗੁਰੂ ਦੁਆਰੈ ਆਖਿ ਸੁਣਾਏ ॥੭॥}

(ਅੰਗ - ੯੩੦)

{ਊਰਮ ਧੂਰਮ ਜੋਤਿ ਉਜਾਲਾ ॥ ਤੀਨਿ ਭਵਣ ਮਹਿ ਗੁਰ ਗੋਪਾਲਾ ॥
ਊਗਵਿਆ ਅਸਰੂਪੁ ਦਿਖਾਵੈ ॥ ਕਰਿ ਕਿਰਪਾ ਅਪੁਨੈ ਘਰਿ ਆਵੈ ॥
ਊਨਵਿ ਬਰਸੈ ਨੀਝਰ ਧਾਰਾ ॥ ਊਤਮ ਸਬਦਿ ਸਵਾਰਣਹਾਰਾ ॥
ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ ॥੮॥}

(ਅੰਗ - ੯੩੦)

{ਉਗਵੈ ਸੂਰੁ ਅਸੁਰ ਸੰਘਾਰੈ ॥ ਊਚਉ ਦੇਖਿ ਸਬਦਿ ਬੀਚਾਰੈ ॥}

(ਅੰਗ - ੯੩੦)

{ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥
ਲਾੜੀ ਚਾੜੀ ਲਾਇਤਬਾਰੁ ॥ ਮਨਮੁਖੁ ਅੰਧਾ ਮੁਗਧੁ ਗਵਾਰੁ ॥
ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ ਗਇਆ ਠਗਾਇ ਠਗਿ ॥
ਲਾਹਾ ਨਾਮੁ ਪੂੰਜੀ ਵੇਸਾਹੁ ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥}

(ਅੰਗ - ੯੩੧)

{ਸਭ ਮਹਿ ਵਰਤੈ ਏਕੋ ਸੋਇ ॥ ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ ॥੧੪॥}

(ਅੰਗ - ੯੩੧)

{ਸਭ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥}

(ਅੰਗ - ੧੦੫੫)

{ਸਭ ਮਹਿ ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਨਕ ਨਾਮਿ ਰਤੇ ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ ॥੯॥੨੯॥੩੦॥}

(ਅੰਗ - ੧੨੭)

39/4966

{ਗੁਰ ਪਰਸਾਦਿ ਰਵਿਆ ਘਟ ਅੰਤਰਿ ਤਿਤੁ ਘਟਿ ਮਤਿ ਅਗਾਹਾ ਹੇ ॥੧॥}

(ਅੰਗ - ੧੦੫੫)

{ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ ॥ ਰਾਤੀ ਊਘੈ ਦਬਿਆ ਨਵੇ ਸੋਤ ਸਭਿ ਢਿਲਾ ॥
ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥}

(ਅੰਗ - ੩੦੪)

{ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ ॥ ਉਦੋਸੀਅ ਘਰੇ ਹੀ ਵੁਠੀ ਕੁੜਿਈਂ ਰੰਨੀ ਧੰਮੀ ॥
ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ ॥ ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ ॥੨੯॥}

(ਅੰਗ - ੧੪੧੨)

{ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥}

(ਅੰਗ - ੬੫੬)

{ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥੧॥
ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥
ਲਉਕੀ ਅਠਸਠਿ ਤੀਰਥ ਨ੍ਹਾਈ ॥ ਕਉਰਾਪਨੁ ਤਊ ਨ ਜਾਈ ॥੨॥
ਕਹਿ ਕਬੀਰ ਬੀਚਾਰੀ ॥ ਭਵ ਸਾਗਰੁ ਤਾਰਿ ਮੁਰਾਰੀ ॥੩॥੮॥}

(ਅੰਗ - ੬੫੬)

{ਜਿਨਾ ਹੁਕਮੁ ਮਨਾਇਓਨੁ ਤੇ ਪੂਰੇ ਸੰਸਾਰਿ ॥ ਸਾਹਿਬੁ ਸੇਵਨ੍ਹਿ ਆਪਣਾ ਪੂਰੈ ਸਬਦਿ ਵੀਚਾਰਿ ॥
ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥ ਹਰਿ ਕਾ ਮਹਲੁ ਤਿਨ੍ਹੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ॥
ਨਾਨਕ ਗੁਰਮੁਖਿ ਮਿਲਿ ਰਹੇ ਜਪਿ ਹਰਿ ਨਾਮਾ ਉਰ ਧਾਰਿ ॥੧੦॥}

(ਅੰਗ - ੫੧੨)

{ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥ ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥
ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥ ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥
ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥
ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥}

(ਅੰਗ ੧੨੪੧-੧੨੪੨)

{ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥ ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥
ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥ ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥
ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥}

(ਅੰਗ - ੧੨੪੨)

{ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥ ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ ਸਤਿਗੁਰੁ ਮਿਲੀਐ॥

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥}

(ਅੰਗ - ੩੦੪)

{ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥ ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ ॥
ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ ॥
ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ ॥੩੬॥}

(ਅੰਗ - ੯੩੪)

{ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ ॥ ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ॥
ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ ॥ ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥}

(ਅੰਗ - ੯੩੪)

39/4967

{ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ ॥ ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ ॥੩੫॥}

(ਅੰਗ - ੯੩੪)

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥}

(ਅੰਗ - ੨੧੮)

{ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥ ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥ ਪੰਖ ਤੁਟੇ ਫਾਹੀ ਪੜੀ ਅਵਗਣਿ ਭੀੜ ਬਣੀ ॥
ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥ ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥
ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ ॥ ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥੩੩॥}

(ਅੰਗ - ੯੩੪)

{ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥
ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥}

(ਅੰਗ - ੯੩੪)

{ਟੂਟੈ ਨੇਹੁ ਕਿ ਬੋਲਹਿ ਸਹੀ ॥ ਟੂਟੈ ਬਾਹ ਦੁਹੂ ਦਿਸ ਗਹੀ ॥ ਟੂਟਿ ਪਰੀਤਿ ਗਈ ਬੁਰ ਬੋਲਿ ॥
ਦੁਰਮਤਿ ਪਰਹਰਿ ਛਾਡੀ ਢੋਲਿ ॥ ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥
ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੮॥}

(ਅੰਗ - ੯੩੩)

{ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥
ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥}

(ਅੰਗ - ੯੩੩)

{ਛੀਜੈ ਦੇਹ ਖੁਲੈ ਇਕ ਗੰਢਿ ॥ ਛੇਆ ਨਿਤ ਦੇਖਹੁ ਜਗਿ ਹੰਢਿ ॥ ਧੂਪ ਛਾਵ ਜੇ ਸਮ ਕਰਿ ਜਾਣੈ ॥
ਬੰਧਨ ਕਾਟਿ ਮੁਕਤਿ ਘਰਿ ਆਣੈ ॥ ਛਾਇਆ ਛੂਛੀ ਜਗਤੁ ਭੁਲਾਨਾ ॥ ਲਿਖਿਆ ਕਿਰਤੁ ਧੁਰੇ ਪਰਵਾਨਾ ॥
ਛੀਜੈ ਜੋਬਨੁ ਜਰੂਆ ਸਿਰਿ ਕਾਲੁ ॥ ਕਾਇਆ ਛੀਜੈ ਭਈ ਸਿਬਾਲੁ ॥੨੪॥}

(ਅੰਗ ੯੩੨-੯੩੩)

{ਗੁਰਮੁਖਿ ਗਾਵੈ ਗੁਰਮੁਖਿ ਬੋਲੈ ॥ ਗੁਰਮੁਖਿ ਤੋਲਿ ਤੁਲਾਵੈ ਤੋਲੈ ॥ ਗੁਰਮੁਖਿ ਆਵੈ ਜਾਇ ਨਿਸੰਗੁ ॥
ਪਰਹਰਿ ਮੈਲੁ ਜਲਾਇ ਕਲੰਕੁ ॥ ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਮਜਨੁ ਚਜੁ ਅਚਾਰੁ ॥
ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥ ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥}

(ਅੰਗ - ੯੩੨)

{ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥ ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥
ਗੁਰਮੁਖਿ ਨਾਦ ਬੇਦ ਬੀਚਾਰੁ ॥ ਬਿਨੁ ਗੁਰ ਪੂਰੇ ਘੋਰ ਅੰਧਾਰੁ ॥੧॥}

(ਅੰਗ - ੧੨੭੦)

{ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥ ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥੨੦॥}

(ਅੰਗ - ੯੩੨)

39/4968

{ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਿਗੁਰਿ ਦੀਆ ॥
ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ਜੁਗ ਚਾਰੇ ਹੋਇ ॥
ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥}

(ਅੰਗ - ੯੩੨)

{ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥
ਕਸਿ ਕਸਵਟੀ ਸਹੈ ਸੁ ਤਾਉ ॥ ਨਦਰਿ ਸਰਾਫ ਵੰਨੀ ਸਚੜਾਉ ॥
ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥
ਜਿਨਿ ਕੀਤੀ ਤਿਨਿ ਕੀਮਤਿ ਪਾਈ ॥ ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥੧੮॥}

(ਅੰਗ - ੯੩੨)

{ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥
ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥
ਅਗਮ ਅਗੋਚਰੁ ਕੀਮਤਿ ਨਹੀ ਪਾਇ ॥ ਤਾ ਮਿਲੀਐ ਜਾ ਲਏ ਮਿਲਾਇ ॥
ਗੁਣਵੰਤੀ ਗੁਣ ਸਾਰੇ ਨੀਤ ॥ ਨਾਨਕ ਗੁਰਮਤਿ ਮਿਲੀਐ ਮੀਤ ॥੧੭॥}

(ਅੰਗ ੯੩੧-੯੩੨)

{ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥ ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥
ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥ ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥
ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥ ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥

ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥ ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥੯॥}

(ਅੰਗ - ੧੪੨)

{ਵਿਣੁ ਨਾਵੈ ਵੇਰੋਧੁ ਸਰੀਰ ॥ ਕਿਉ ਨ ਮਿਲਹਿ ਕਾਟਹਿ ਮਨ ਪੀਰ ॥ ਵਾਟ ਵਟਾਊ ਆਵੈ ਜਾਇ ॥
ਕਿਆ ਲੇ ਆਇਆ ਕਿਆ ਪਲੈ ਪਾਇ ॥ ਵਿਣੁ ਨਾਵੈ ਤੋਟਾ ਸਭ ਥਾਇ ॥ ਲਾਹਾ ਮਿਲੈ ਜਾ ਦੇਇ ਬੁਝਾਇ ॥
ਵਣਜੁ ਵਾਪਾਰੁ ਵਣਜੈ ਵਾਪਾਰੀ ॥ ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥}

(ਅੰਗ - ੯੩੧)

{ਕਰਿ ਆਚਾਰੁ ਸਚੁ ਸੁਖੁ ਹੋਈ ॥ ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥}

(ਅੰਗ - ੯੩੧)

{ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ ॥ ਨਾ ਤਿਸੁ ਏਹੁ ਨ ਓਹੁ ਹੈ ਅਵਗਣਿ ਫਿਰਿ ਪਛੁਤਾਹਿ॥
ਨਾ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ ॥
ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ ॥}

(ਅੰਗ ੯੩੪-੯੩੫)

{ਪਾਪੁ ਬੁਰਾ ਪਾਪੀ ਕਉ ਪਿਆਰਾ ॥ ਪਾਪਿ ਲਦੇ ਪਾਪੇ ਪਾਸਾਰਾ ॥
ਪਰਹਰਿ ਪਾਪੁ ਪਛਾਣੈ ਆਪੁ ॥ ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥
ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥ ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਥੈ ਕਾਲੁ ॥
ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥ ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥੩੮॥}

(ਅੰਗ - ੯੩੫)

{ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥}

(ਅੰਗ - ੯੩੫)

{ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ ॥ ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥}

(ਅੰਗ - ੯੩੫)

{ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥}

(ਅੰਗ - ੯੩੫)

39/4969

{ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ ॥੪੧॥}

(ਅੰਗ - ੯੩੫)

{ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥ ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥
ਮਨੁ ਝੂਠਾ ਜਮਿ ਜੋਹਿਆ ਅਵਗਣ ਚਲਹਿ ਨਾਲਿ ॥ ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥
ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥ ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਨੁ ॥

ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥ ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ ॥੪੨॥}

(ਅੰਗ ੯੩੫-੯੩੬)

{ਸੇ ਜਨ ਉਬਰੇ ਜਿਨ ਹਰਿ ਭਾਇਆ ॥ ਧੰਧਾ ਮੁਆ ਵਿਗੂਤੀ ਮਾਇਆ ॥}

(ਅੰਗ - ੯੩੬)

{ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ ॥ ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ ॥੪੩॥}

(ਅੰਗ - ੯੩੬)

{ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ ॥ ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ ॥}

(ਅੰਗ - ੯੩੬)

{ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ ॥
ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ ॥ ਅਵਗਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ ॥
ਵਿਣੁ ਸਤਿਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ ॥੪੪॥}

(ਅੰਗ - ੯੩੬)

{ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ ॥ ਕਾਰ ਕਮਾਵਹਿ ਸਿਰਿ ਧਣੀ ਲਾਹਾ ਪਲੈ ਪਾਇ ॥
ਲਬੁ ਲੋਭੁ ਬੁਰਿਆਈਆ ਛੋਡੇ ਮਨਹੁ ਵਿਸਾਰਿ ॥ ਗੜਿ ਦੋਹੀ ਪਾਤਿਸਾਹ ਕੀ ਕਦੇ ਨ ਆਵੈ ਹਾਰਿ ॥}

(ਅੰਗ - ੯੩੬)

{ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥ ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ ॥
ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਆਪਿ ਕਰੇ ਕਿਸੁ ਆਖੀਐ ਅਵਰੁ ਨ ਕੋਇ ਕਰੇਇ ॥੪੫॥}

(ਅੰਗ - ੯੩੬)

{ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥ ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥
ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥ ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥}

(ਅੰਗ ੯੩੬-੯੩੭)

{ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ ॥ ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ ॥੪੮॥}

(ਅੰਗ - ੯੩੭)

39/4970

{ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥}

(ਅੰਗ - ੯੭੪)

{ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥ ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥
ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ ॥ ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ ॥}

(ਅੰਗ - ੯੩੭)

{ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ ॥ ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ॥
ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ ॥ ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ ॥੪੯॥}

(ਅੰਗ - ੯੩੭)

{ਸੰਪੈ ਕਾਰਣਿ ਚਾਕਰ ਚੋਰ ॥ ਸੰਪੈ ਸਾਥਿ ਨ ਚਾਲੈ ਹੋਰ ॥
ਬਿਨੁ ਸਾਚੇ ਨਹੀ ਦਰਗਹ ਮਾਨੁ ॥ ਹਰਿ ਰਸੁ ਪੀਵੈ ਛੂਟੈ ਨਿਦਾਨਿ ॥੫੦॥}

(ਅੰਗ - ੯੩੭)

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥
ਹਾਰ ਡੋਰ ਕੰਕਨ ਘਣੇ ਕਰਿ ਥਾਕੀ ਸੀਗਾਰੁ ॥ ਮਿਲਿ ਪ੍ਰੀਤਮ ਸੁਖੁ ਪਾਇਆ ਸਗਲ ਗੁਣਾ ਗਲਿ ਹਾਰੁ ॥}

(ਅੰਗ - ੯੩੭)

{ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥
ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥੫੧॥}

(ਅੰਗ - ੯੩੭)

{ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥ ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ ॥
ਅਕਥ ਕਹਾਣੀ ਤਿਨੀ ਜਾਣੀ ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥
ਅਮਰੁ ਥੀਆ ਫਿਰਿ ਨ ਮੂਆ ਕਲਿ ਕਲੇਸਾ ਦੁਖ ਹਰੇ ॥
ਹਰਿ ਸਰਣਿ ਪਾਈ ਤਜਿ ਨ ਜਾਈ ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥
ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ ॥੩॥}

(ਅੰਗ - ੫੪੫)

{ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥ ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ ॥
ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ ॥ ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥
ਮਿਲੁ ਸਾਧਸੰਗੇ ਨਾਮ ਰੰਗੇ ਤਹਾ ਪੂਰਨ ਆਸੋ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਹਰਿ ਚਰਣ ਕਮਲ ਨਿਵਾਸੋ ॥੧॥}

(ਅੰਗ ੫੪੪-੫੪੫)

{ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥ ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰਿ ॥
ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ ॥
ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥੫੨॥}

(ਅੰਗ - ੯੩੭)

{ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥ ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥}

(ਅੰਗ ੯੩੭-੯੩੮)

39/4971

{ਆਉ ਸਖੀ ਗੁਣ ਕਾਮਣ ਕਰੀਹਾ ਜੀਉ ॥ ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ ॥
ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥ ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥੧॥}

(ਅੰਗ - ੧੭੩)

{ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ ਜਨ ਨਾਨਕ ਨਾਮੁ ਧਿਆਇਆ ਜੀਉ ॥੪॥੨॥੨੮॥੬੬॥}

(ਅੰਗ - ੧੨੩)

{ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥
ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥
ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥ ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥
ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ ਸੁਧੁ}

(ਅੰਗ ੬੫੩-੬੫੪)

{ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥ ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥
ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥
ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥}

(ਅੰਗ ੪੨੮-੪੨੯)

{ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥ ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥੨॥
ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥
ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥੩॥}

(ਅੰਗ - ੧੨੭੬)

{ਕਰਨ ਕਰਾਵਨ ਸਰਨਿ ਪਰਿਆ ॥
ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥}

(ਅੰਗ - ੩੯੩)

{ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾ ॥
ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥}

(ਅੰਗ - ੩੩੯)

{ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ - ੧੨੭੬)

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥}

(ਅੰਗ - ੯੨੦)

{ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥
ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥}

(ਅੰਗ - ੨੦੭)

{ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥ ਪਹਿਲਾ ਵਸਤੁ ਸਿਵਾਣਿ ਕੈ ਤਾਂ ਕੀਚੈ ਵਾਪਾਰੁ ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥
ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥
ਨਾਨਕ ਜਿਨ੍ੀ ਇਵ ਕਰਿ ਬੁਝਿਆ ਤਿਨ੍ਾ ਵਿਟਹੁ ਕੁਰਬਾਣੁ ॥੨॥}

(ਅੰਗ - ੧੪੧੦)

39/4972

{ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥
ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥}

(ਅੰਗ - ੫੯੨)

{ਸਦ ਖੁਸੀਆ ਸਦਾ ਰੰਗ ਮਾਣੇ ॥ ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ ॥
ਕਹੁ ਨਾਨਕ ਜਉ ਪਿਰਹਿ ਸੀਗਾਰੀ ॥ ਥਿਰੁ ਸੋਹਾਗਨਿ ਸੰਗਿ ਭਤਾਰੀ ॥੪॥੭॥}

(ਅੰਗ - ੩੭੨)

{ਸਿਮ੍ਰਿਤਿ ਸਾਸਤ੍ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥}

(ਅੰਗ - ੯੨੦)

{ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥ ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥੩॥}

(ਅੰਗ - ੧੦੯੬)

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ - ੧੦੯੬)

{ਸੁਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥

ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥
ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥
ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥}

(ਅੰਗ - ੭੮੬)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥
ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ - ੨੨੫)

{ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥ ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ ॥
ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੁੋਭਾਇ ॥ ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ ॥
ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥੨॥}

(ਅੰਗ - ੭੮੬)

{ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥
ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥
ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ ਰਹਾਉ ॥}

(ਅੰਗ - ੮੦੮)

{ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥ ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥
ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥੩॥੩੩॥}

(ਅੰਗ ੮੦੮-੮੦੯)

{ਹਰਿ ਨਾਵੈ ਨੋ ਸਭੁ ਕੋ ਪਰਤਾਪਦਾ ਵਿਣੁ ਭਾਗਾਂ ਪਾਇਆ ਨ ਜਾਇ ॥
ਨਦਰਿ ਕਰੇ ਗੁਰੁ ਭੇਟੀਐ ਹਰਿ ਨਾਮੁ ਵਸੈ ਮਨਿ ਆਇ ॥
ਨਾਨਕ ਨਾਮੇ ਹੀ ਪਤਿ ਊਪਜੈ ਹਰਿ ਸਿਉ ਰਹਾਂ ਸਮਾਇ ॥੮॥੨॥}

(ਅੰਗ - ੧੨੭੭)

39/4973

{ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥
ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥੧॥}

(ਅੰਗ - ੩੩੨)

{ਮੇਰੇ ਰਾਮ ਐਸਾ ਖੀਰੁ ਬਿਲੋਈਐ ॥
ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥੧॥ ਰਹਾਉ ॥}

(ਅੰਗ - ੩੩੨)

{ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥
ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥੨॥

ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥
ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥੩॥
ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥}

(ਅੰਗ ੩੩੨-੩੩੩)

{ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥ ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ ॥
ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥
ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ ॥੨॥}

(ਅੰਗ - ੧੦੮੯)

{ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ ॥ ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ ॥}

(ਅੰਗ - ੧੦੯੦)

{ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥}

(ਅੰਗ - ੧੨੩੮)

{ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥
ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥}

(ਅੰਗ - ੧੨੩੮)

{ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥ ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ ॥
ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ ॥੧॥}

(ਅੰਗ - ੧੨੫੭)

{ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ ॥
ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥}

(ਅੰਗ - ੧੨੫੭)

39/4974

{ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥੭॥}

(ਅੰਗ - ੫੦੬)

{ਜਤ ਕਤ ਦੇਖਉ ਤੇਰਾ ਵਾਸਾ ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥}

(ਅੰਗ - ੧੧੫੭)

{ਜੀਅਰੇ ਰਾਮ ਜਪਤ ਮਨੁ ਮਾਨੁ ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥}

(ਅੰਗ - ੨੦)

{ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥

ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥}

(ਅੰਗ - ੨੧)

{ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
ਸਤਿਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥}

(ਅੰਗ - ੨੧)

{ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥}

(ਅੰਗ - ੨੧)

{ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ - ੨੧)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ - ੩੩੬)

{ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥
ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥}

(ਅੰਗ - ੩੩੯)

{ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥}

(ਅੰਗ - ੩੬੦)

{ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ ॥੨॥੧॥੧੦॥}

(ਅੰਗ - ੪੯੮)

39/4975

{ਹੈ ਨਾਹੀ ਕੋਊ ਬੂਝਨਹਾਰੋ ਜਾਨੈ ਕਵਨੁ ਭਤਾ ॥
ਸਿਵ ਬਿਰੰਚਿ ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ ॥੧॥
ਪ੍ਰਭ ਕੀ ਅਗਮ ਅਗਾਧਿ ਕਥਾ ॥ ਸੁਨੀਐ ਅਵਰ ਅਵਰ ਬਿਧਿ ਬੁਝੀਐ ਬਕਨ ਕਥਨ ਰਹਤਾ ॥੧॥ ਰਹਾਉ ॥}

(ਅੰਗ - ੪੯੮)

{ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥}

(ਅੰਗ - ੮੭੪)

{ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥}

(ਅੰਗ - ੧੦੩੬)

{ਜਿਸਹਿ ਨਿਵਾਜੇ ਗੁਰਮੁਖਿ ਸਾਜੇ ॥ ਨਾਮੁ ਵਸੈ ਤਿਸੁ ਅਨਹਦ ਵਾਜੇ ॥
ਤਿਸ ਹੀ ਸੁਖੁ ਤਿਸ ਹੀ ਠਕੁਰਾਈ ਤਿਸਹਿ ਨ ਆਵੈ ਜਮੁ ਨੇੜਾ ॥੧੪॥}

(ਅੰਗ - ੧੦੮੨)

{ਦਸ ਮਿਰਗੀ ਸਹਜੇ ਬੰਧਿ ਆਨੀ ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥
ਸੰਤਸੰਗਿ ਲੇ ਚੜਿਓ ਸਿਕਾਰ ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥
ਆਖੇਰ ਬਿਰਤਿ ਬਾਹਰਿ ਆਇਓ ਧਾਇ ॥ ਅਹੇਰਾ ਪਾਇਓ ਘਰ ਕੈ ਗਾਂਇ ॥੨॥
ਮ੍ਰਿਗ ਪਕਰੇ ਘਰਿ ਆਣੇ ਹਾਟਿ ॥ ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥
ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥}

(ਅੰਗ - ੧੧੩੬)

{ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥੧॥
ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥
ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥
ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥
ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥੪॥
ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥੫॥
ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥}

(ਅੰਗ - ੧੧੫੮)

{ਜਾ ਕੈ ਕਰਮੁ ਨਾਹੀ ਧਰਮੁ ਨਾਹੀ ਨਾਹੀ ਸੁਚਿ ਮਾਲਾ ॥
ਸਿਵ ਜੋਤਿ ਕੰਨਹੁ ਬੁਧਿ ਪਾਈ ਸਤਿਗੁਰੂ ਰਖਵਾਲਾ ॥੨॥}

(ਅੰਗ - ੧੩੨੮)

{ਜਾ ਕੈ ਆਸ ਨਾਹੀ ਨਿਰਾਸ ਨਾਹੀ ਚਿਤਿ ਸੁਰਤਿ ਸਮਝਾਈ ॥
ਤੰਤ ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ ॥੪॥੪॥}

(ਅੰਗ - ੧੩੨੮)

{ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਵਾਰਹੁ ॥}

(ਅੰਗ - ੧੪੦੧)

{ਤਾ ਕਾ ਕਹਿਆ ਦਰਿ ਪਰਵਾਣੁ ॥ ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ ॥੧॥}

(ਅੰਗ - ੧੩੨੮)

{ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥੨॥
ਕਲਿ ਮਹਿ ਆਇਆ ਸੋ ਜਨੁ ਜਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੩॥}

(ਅੰਗ - ੧੩੨੮)

{ਕਹਣਾ ਸੁਨਣਾ ਅਕਥ ਘਰਿ ਜਾਇ ॥ ਕਥਨੀ ਬਦਨੀ ਨਾਨਕ ਜਲਿ ਜਾਇ ॥੪॥੫॥}

(ਅੰਗ - ੧੩੨੮)

{ਇਹ ਬਿਧਿ ਹੈ ਮਨੁ ਜੋਗਨੀ ॥
ਮੋਹੁ ਸੋਗੁ ਰੋਗੁ ਲੋਗੁ ਨ ਬਿਆਪੈ ਤਹ ਹਰਿ ਹਰਿ ਹਰਿ ਰਸ ਭੋਗਨੀ ॥੧॥ ਰਹਾਉ ॥}

(ਅੰਗ - ੮੮੩)

39/4976

{ਹਿਕਮਤਿ ਹੁਕਮਿ ਨ ਪਾਇਆ ਜਾਇ ॥ ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥੧॥ ਰਹਾਉ ॥
ਵਖਰੁ ਨਾਮੁ ਦੇਖਣ ਕੋਈ ਜਾਇ ॥ ਨਾ ਕੋ ਚਾਖੈ ਨਾ ਕੋ ਖਾਇ ॥
ਲੋਕਿ ਪਤੀਣੈ ਨਾ ਪਤਿ ਹੋਇ ॥ ਤਾ ਪਤਿ ਰਹੈ ਰਾਖੈ ਜਾ ਸੋਇ ॥੨॥
ਜਹ ਦੇਖਾ ਤਹ ਰਹਿਆ ਸਮਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥
ਜੇ ਕੋ ਕਰੇ ਕੀਤੈ ਕਿਆ ਹੋਇ ॥ ਜਿਸ ਨੋ ਬਖਸੇ ਸਾਚਾ ਸੋਇ ॥੩॥}

(ਅੰਗ - ੬੬੧)

{ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ ॥ ਕਿਆ ਮੁਹੁ ਦੇਸਾ ਗੁਣ ਨਹੀ ਨਾਲਿ ॥
ਜੈਸੀ ਨਦਰਿ ਕਰੇ ਤੈਸਾ ਹੋਇ ॥ ਵਿਣੁ ਨਦਰੀ ਨਾਨਕ ਨਹੀ ਕੋਇ ॥੪॥੧॥੩॥}

(ਅੰਗ - ੬੬੧)

{ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥
ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਹਿਉ ਏਕ ਘਰੀ ॥
ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥}

(ਅੰਗ - ੧੪੦੯)

{ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ਹਿ ਅੰਮ੍ਰਿਤ ਨਾਮੁ ਪੀਅਉ ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥}

(ਅੰਗ - ੧੪੦੯)

{ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਤਾਰਹੁ ॥
ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥}

(ਅੰਗ - ੧੪੦੧)

{ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ ॥
ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥
ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥
ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥}

(ਅੰਗ - ੧੪੦੧)

{ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥
ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥
ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥
ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ਯ ਦ੍ਰਿਸ੍ਟਿ ਕਾਰਣ ਕਰਣੰ ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥}

(ਅੰਗ - ੧੪੦੨)

{ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥
ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ ॥}

(ਅੰਗ - ੧੪੦੪)

{ਸਿਮਰਹਿ ਸੋਈ ਨਾਮੁ ਜਖ੍ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ ॥
ਸਿਮਰਹਿ ਨਖ੍ਤ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ ॥
ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ ॥
ਸੋਈ ਨਾਮੁ ਅਛਲਉ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥੨॥}

(ਅੰਗ - ੧੩੯੩)

39/4977

{ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ ਸਿਧ ਨਰ ਨਾਮਿ ਖੰਡ ਬ੍ਰਹਮੰਡ ਧਾਰੇ ॥
ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ ॥ ਨਾਮੁ ਸਿਰੋਮਣਿ ਸਰਬ ਮਹਿ ਭਗਤ ਰਹੇ ਲਿਵ ਧਾਰਿ ॥
ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ ॥੬॥}

(ਅੰਗ - ੧੩੯੩)

{ਐਥੈ ਸਾਚੇ ਸੁ ਆਗੈ ਸਾਚੇ ॥ ਮਨੁ ਸਚਾ ਸਚੈ ਸਬਦਿ ਰਾਚੇ ॥
ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥
ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥੧॥ ਰਹਾਉ ॥}

(ਅੰਗ - ੧੧੬)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ - ੧੧੬)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ - ੧੧੭)

{ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ - ੧੧੭)

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥}

(ਅੰਗ - ੧੧੭)

{ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥
ਕਰਿ ਕਿਰਪਾ ਸੰਤ ਟਹਲੈ ਲਾਏ ॥ ਨਾਨਕ ਸਾਧੂ ਸੰਗਿ ਸਮਾਏ ॥੪॥੨੩॥੩੬॥}

(ਅੰਗ - ੧੧੪੬)

{ਮਨਸਾ ਮਨਹਿ ਸਮਾਇਲੇ ਭਉਜਲੁ ਸਚਿ ਤਰਣਾ ॥ ਆਦਿ ਜੁਗਾਦਿ ਦਇਆਲੁ ਤੂ ਠਾਕੁਰ ਤੇਰੀ ਸਰਣਾ ॥੧॥}

(ਅੰਗ - ੪੧੯)

{ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥
ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ - ੪੧੯)

{ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥ ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥}

(ਅੰਗ - ੪੬੮)

{ਦੁਬਿਧਾ ਛੋਡਿ ਕੁਵਾਟੜੀ ਮੁਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥}

(ਅੰਗ - ੪੧੯)

39/4978

{ਜਿਹ ਸਿਮਰਨਿ ਕਰਹਿ ਤੂ ਕੇਲ ॥ ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥
ਸੋ ਦੀਪਕੁ ਅਮਰਕੁ ਸੰਸਾਰਿ ॥ ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ ॥੩॥}

(ਅੰਗ - ੯੭੧)

{ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥ ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥}

(ਅੰਗ - ੨੫)

{ਬੰਧਚਿ ਬੰਧਨੁ ਪਾਇਆ ॥ ਮੁਕਤੈ ਗੁਰਿ ਅਨਲੁ ਬੁਝਾਇਆ ॥
ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥ ਤਬ ਅੰਤਰਿ ਮਜਨੁ ਕੀਨ੍ਹਾ ॥੧॥}

(ਅੰਗ ੯੭੧-੯੭੨)

{ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥}

(ਅੰਗ - ੧੨)

{ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥੨॥}

(ਅੰਗ - ੬੯੪)

{ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥ ਦੀਪਕੁ ਸਹਜਿ ਬਲੈ ਤਤਿ ਜਲਾਇਆ ॥
ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥
ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥੧੨॥}

(ਅੰਗ - ੧੧੦੯)

{ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥
ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥
ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥
ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥
ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥
ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥੫॥}

(ਅੰਗ - ੧੩੫੦)

{ਬਕਤੈ ਬਕਿ ਸਬਦੁ ਸੁਨਾਇਆ ॥ ਸੁਨਤੈ ਸੁਨਿ ਮੰਨਿ ਬਸਾਇਆ ॥

ਕਰਿ ਕਰਤਾ ਉਤਰਸਿ ਪਾਰੰ ॥ ਕਹੈ ਕਬੀਰਾ ਸਾਰੰ ॥੪॥੧॥੧੦॥}

(ਅੰਗ - ੯੭੨)

{ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥ ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥
ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥ ਜੋਤੀ ਅੰਤਰਿ ਧਰਿਆ ਪਸਾਰੁ ॥੧॥ ਰਹਾਉ ॥
ਹੀਰਾ ਦੇਖਿ ਹੀਰੇ ਕਰਉ ਆਦੇਸੁ ॥ ਕਹੈ ਕਬੀਰੁ ਨਿਰੰਜਨ ਅਲੇਖੁ ॥੨॥੨॥੧੧॥}

(ਅੰਗ - ੯੭੨)

{ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥}

(ਅੰਗ - ੨੨੬)

{ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥
ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ ੨੨੬-੨੨੭)

39/4979

{ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥
ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥}

(ਅੰਗ - ੨੨੭)

{ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥
ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥ ਕਾਲੁ ਜਾਲੁ ਜਿਹਵਾ ਅਰੁ ਨੈਣੀ ॥
ਕਾਨੀ ਕਾਲੁ ਸੁਣੈ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥}

(ਅੰਗ - ੨੨੭)

{ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥
ਰਹਹਿ ਅਤੀਤ ਸਚੇ ਸਰਣਾਈ ॥੧॥}

(ਅੰਗ - ੨੨੭)

{ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥
ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ ਸਤਿਗੁਰੁ ਦੇਖਿਆ ਦੀਖਿਆ ਲੀਨੀ ॥
ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥੪॥}

(ਅੰਗ - ੨੨੭)

{ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥}

(ਅੰਗ - ੨੨੭)

{ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥}

(ਅੰਗ - ੨੨੭)

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥}

(ਅੰਗ - ੨੨੮)

{ਜਿਨ ਕੈ ਮਨਿ ਵਸਿਆ ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ ਹੋਈ ॥
ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥}

(ਅੰਗ - ੨੨੮)

{ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥}

(ਅੰਗ - ੨੨੮)

{ਸਹਜ ਅਨੰਦ ਹਰਿ ਸਾਧੂ ਮਾਹਿ ॥ ਆਗਿਆਕਾਰੀ ਹਰਿ ਹਰਿ ਰਾਇ ॥੧॥ ਰਹਾਉ ॥}

(ਅੰਗ - ੧੮੬)

{ਜਾ ਕੈ ਅਚਿੰਤੁ ਵਸੈ ਮਨਿ ਆਇ ॥ ਤਾ ਕਉ ਚਿੰਤਾ ਕਤਹੂੰ ਨਾਹਿ ॥੨॥}

(ਅੰਗ - ੧੮੬)

{ਜਾ ਕੈ ਹਿਰਦੈ ਦੀਓ ਗੁਰਿ ਨਾਮਾ ॥ ਕਹੁ ਨਾਨਕ ਤਾ ਕੈ ਸਗਲ ਨਿਧਾਨਾ ॥੪॥੩੪॥੧੦੩॥}

(ਅੰਗ - ੧੮੬)

39/4980

{ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥}

(ਅੰਗ - ੮੩੧)

{ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥}

(ਅੰਗ - ੮੩੧)

{ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥}

(ਅੰਗ - ੮੩੧)

{ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥}

(ਅੰਗ - ੧੦੩੪)

{ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥
ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥}

(ਅੰਗ - ੮੩੧)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ - ੮੩੧)

{ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}

(ਅੰਗ - ੮੩੧)

{ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥}

(ਅੰਗ - ੮੩੨)

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥
ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥}

(ਅੰਗ - ੧੧੭੫)

{ਸੋ ਬੂਝੈ ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ ਨਾਮੁ ਦ੍ਰਿੜਾਏ ॥
ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥}

(ਅੰਗ - ੧੧੭੫)

{ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥ ਪੂਰੈ ਭਾਗਿ ਗੁਰ ਸੇਵਾ ਹੋਇ ॥
ਸੋ ਬੂਝੈ ਜਿਸੁ ਆਪਿ ਬੁਝਾਏ ॥ ਗੁਰ ਪਰਸਾਦੀ ਸੇਵ ਕਰਾਏ ॥੧॥ ਗਿਆਨ ਰਤਨਿ ਸਭ ਸੋਝੀ ਹੋਇ ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥}

(ਅੰਗ ੩੬੩-੩੬੪)

{ਕ੍ਰਿਪਾ ਕਰੇ ਸਤਿਗੁਰੁ ਮਿਲਾਏ ॥ ਆਪੇ ਆਪਿ ਵਸੈ ਮਨਿ ਆਏ ॥
ਨਿਹਚਲ ਮਤਿ ਸਦਾ ਮਨ ਧੀਰ ॥ ਹਰਿ ਗੁਣ ਗਾਵੈ ਗੁਣੀ ਗਹੀਰ ॥੧॥}

(ਅੰਗ - ੧੧੭੫)

39/4981

{ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥ ਬਹੁ ਅਭਿਮਾਨਿ ਅਪਣੀ ਪਤਿ ਖੋਇ ॥
ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥ ਬਾਹਰਿ ਜਾਦਾ ਘਰ ਮਹਿ ਆਣਿਆ ॥੨॥}

(ਅੰਗ - ੧੧੭੫)

{ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥}

(ਅੰਗ - ੧੧੭੫)

{ਆਪਿ ਕਰੇ ਕਿਛੁ ਕਰਣੁ ਨ ਜਾਇ ॥ ਆਪੇ ਭਾਵੈ ਲਏ ਮਿਲਾਇ ॥

ਤਿਸ ਤੇ ਨੇੜੈ ਨਾਹੀ ਕੋ ਦੂਰਿ ॥ ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧॥}

(ਅੰਗ - ੧੧੭੫)

{ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥ ਜੀਵਤ ਮਰਹਿ ਹਰਿ ਨਾਮਿ ਸਮਾਹਿ ॥੧॥}

(ਅੰਗ - ੧੧੭੫)

{ਹਰਿ ਕੀ ਦਾਤਿ ਹਰਿ ਜੀਉ ਜਾਣੈ ॥
ਗੁਰ ਕੈ ਸਬਦਿ ਇਹੁ ਮਨੁ ਮਉਲਿਆ ਹਰਿ ਗੁਣਦਾਤਾ ਨਾਮੁ ਵਖਾਣੈ ॥੧॥ ਰਹਾਉ ॥}

(ਅੰਗ - ੧੧੭੫)

{ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥ ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥
ਗੁਰਮਤਿ ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥੨॥}

(ਅੰਗ - ੧੧੭੫)

{ਵਡਭਾਗੀ ਹਰਿ ਨਾਮੁ ਬੀਚਾਰਾ ॥ ਛੂਟੈ ਰਾਮ ਨਾਮਿ ਦੁਖੁ ਸਾਰਾ ॥
ਹਿਰਦੈ ਵਸਿਆ ਸੁ ਬਾਹਰਿ ਪਾਸਾਰਾ ॥ ਨਾਨਕ ਜਾਣੈ ਸਭੁ ਉਪਾਵਣਹਾਰਾ ॥੪॥੧੨॥}

(ਅੰਗ - ੧੧੭੬)

{ਇਤੁ ਮਨਿ ਮਉਲਿਐ ਭਇਆ ਅਨੰਦੁ ॥ ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥}

(ਅੰਗ - ੧੧੭੬)

{ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
ਕਹਤ ਨਾਨਕੁ ਹਉਮੈ ਕਹੈ ਨ ਕੋਇ ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥}

(ਅੰਗ - ੧੧੭੬)

{ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥ ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥
ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥੧॥}

(ਅੰਗ - ੨੯)

{ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥ ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥}

(ਅੰਗ - ੨੯)

{ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥ ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥੧॥}

(ਅੰਗ - ੩੦)

39/4982

{ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥ ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥}

(ਅੰਗ - ੩੦)

{ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥ ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥੨॥}

(ਅੰਗ - ੪੨੬)

{ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥}

(ਅੰਗ - ੪੯੨)

{ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥
ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥}

(ਅੰਗ - ੭੭੦)

{ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥ ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਣਿ ॥}

(ਅੰਗ ੯੪੮-੯੪੯)

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥}

(ਅੰਗ - ੩੦)

{ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥}

(ਅੰਗ - ੧੫੪)

{ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥ ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥
ਕੂੜੇ ਲੁਭਾਇਆ ਧੋਹੁ ਮਾਇਆ ਕਰਹਿ ਪਾਪ ਅਮਿਤਿਆ ॥}

(ਅੰਗ - ੪੫੯)

{ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ ॥ ਸੁਖਹੁ ਦੂਖ ਭਏ ਨਿਤ ਪਾਪ ਕਮਾਇਣੁ ॥
ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ ॥ ਹਰਿਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ ॥
ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ ॥
ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ ॥੨॥}

(ਅੰਗ - ੪੬੦)

{ਹਰਿ ਕੇ ਦਾਸ ਜੀਵੇ ਲਗਿ ਪ੍ਰਭ ਕੀ ਚਰਣੀ ॥ ਕੰਠਿ ਲਗਾਇ ਲੀਏ ਤਿਸੁ ਠਾਕੁਰ ਸਰਣੀ ॥
ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥
ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥ ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥
ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥}

(ਅੰਗ - ੪੬੦)

39/4983

{ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥ ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥
ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ ॥ ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ॥
ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ ॥
ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ ॥੨॥}

(ਅੰਗ - ੪੬੦)

{ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ ॥ ਕਰਿ ਅਨੁਗ੍ਰਹੁ ਰਾਖਿ ਲੀਨੇ ਮੋਹ ਮਮਤਾ ਸਭ ਤਜੇ ॥}

(ਅੰਗ - ੪੬੦)

{ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥ ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥}

(ਅੰਗ - ੪੬੧)

{ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ ॥ ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ ॥
ਦਾਤਾਰੁ ਸਦਾ ਦਇਆਲੁ ਸੁਆਮੀ ਕਾਇ ਮਨਹੁ ਵਿਸਾਰੀਐ ॥
ਮਿਲੁ ਸਾਧਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ ॥ ਸਿਧ ਸਾਧਿਕ ਦੇਵ ਮੁਨਿ ਜਨ ਭਗਤ ਨਾਮੁ ਅਧਾਰਾ ॥
ਬਿਨਵੰਤਿ ਨਾਨਕ ਸਦਾ ਭਜੀਐ ਪ੍ਰਭੁ ਏਕੁ ਕਰਣੈਹਾਰਾ ॥੨॥}

(ਅੰਗ - ੪੬੧)

{ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥
ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ ਜਮਕੰਕਰੁ ਨੇੜਿ ਨ ਆਵੈ ਰਾਮ ॥੨॥}

(ਅੰਗ - ੫੪੦)

{ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਅੰਤਿ ਗਏ ਪਛੁਤਾਣੇ ਰਾਮ ॥
ਹਰਿ ਦਰਗਹ ਢੋਈ ਨਾ ਲਹਨ੍ਹਿ ਮੇਰੀ ਜਿੰਦੁੜੀਏ ਜੋ ਮਨਮੁਖ ਪਾਪਿ ਲੁਭਾਣੇ ਰਾਮ ॥}

(ਅੰਗ - ੫੪੦)

{ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਮਨਮੁਖ ਮੂੜ ਬਿਤਾਲੇ ਰਾਮ ॥}

(ਅੰਗ - ੫੩੮)

{ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥
ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ ॥}

(ਅੰਗ - ੫੪੦)

{ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥
ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥
ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥ ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ॥
ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥}

(ਅੰਗ - ੫੯੯)

{ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥
ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥
ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥
ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥
ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥}

(ਅੰਗ - ੩੧੨)

{ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਉ ਚਿਤੁ ਲਾਇ ॥
ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ ਨਿਰਦੋਖ ਭਏ ਲਿਵ ਲਾਇ ॥}

(ਅੰਗ - ੧੪੨੩)

39/4984

{ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥
ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥}

(ਅੰਗ - ੯੩੮)

{ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮ ਨਾਮੁ ਮੁਖਿ ਬਾਣੀ ॥
ਆਵਣ ਜਾਣ ਰਹੇ ਸੁਖੁ ਪਾਇਆ ਘਰਿ ਅਨਹਦ ਸੁਰਤਿ ਸਮਾਣੀ ॥}

(ਅੰਗ - ੭੭੨)

{ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥
ਇਕਨਾ ਪ੍ਰਭੁ ਦੂਰਿ ਵਸੈ ਇਕਨਾ ਮਨਿ ਆਧਾਰੋ ਰਾਮ ॥
ਇਕਨਾ ਮਨ ਆਧਾਰੋ ਸਿਰਜਣਹਾਰੋ ਵਡਭਾਗੀ ਗੁਰੁ ਪਾਇਆ ॥
ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ ਗੁਰਮੁਖਿ ਅਲਖੁ ਲਖਾਇਆ ॥
ਸਹਜੇ ਅਨਦੁ ਹੋਆ ਮਨੁ ਮਾਨਿਆ ਨਾਨਕ ਬ੍ਰਹਮ ਬੀਚਾਰੋ ॥
ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥੩॥}

(ਅੰਗ - ੭੭੨)

{ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ ॥
ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ ॥
ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥
ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥
ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥}

(ਅੰਗ - ੭੭੨)

{ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥੩੨॥}

(ਅੰਗ - ੩੪੨)

{ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥}

(ਅੰਗ - ੩੪੨)

{ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥ ਸਬਦਿ ਮਨੁ ਰੰਗਿਆ ਲਿਵ ਲਾਇ ॥
ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥}

(ਅੰਗ ੨੩੨-੨੩੩)

{ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥ ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥
ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥}

(ਅੰਗ - ੨੩੩)

{ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥ ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥}

(ਅੰਗ - ੨੩੩)

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥}

(ਅੰਗ - ੨੩੩)

{ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥ ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥
ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੯॥}

(ਅੰਗ - ੨੩੩)

39/4985

{ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥}

(ਅੰਗ - ੨੩੩)

{ਨਾਮਿ ਮਿਲਿਐ ਪਤਿ ਪਾਈਐ ਨਾਮਿ ਮੰਨਿਐ ਸੁਖੁ ਹੋਇ ॥
ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ ॥੪॥}

(ਅੰਗ - ੨੩੩)

{ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥
ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥੬॥}

(ਅੰਗ - ੨੩੩)

{ਇਹੁ ਜਗਤੁ ਭਰਮਿ ਭੁਲਾਇਆ ॥ ਆਪਹੁ ਤੁਧੁ ਖੁਆਇਆ ॥
ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ ॥੬॥}

(ਅੰਗ - ੭੨)

{ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥
ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥
ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥
ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥
ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥੯॥}

(ਅੰਗ - ੪੪੧)

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥}

(ਅੰਗ - ੫੫੯)

{ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥

ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥}

(ਅੰਗ - ੬੩੫)

{ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥ ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥}

(ਅੰਗ - ੨੩੩)

{ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥
ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥੩॥}

(ਅੰਗ - ੨੩੪)

{ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥
ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪॥}

(ਅੰਗ - ੨੩੪)

{ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥}

(ਅੰਗ - ੨੩੪)

39/4986

{ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥}

(ਅੰਗ - ੨੩੪)

{ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥
ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥੧੦॥੧॥}

(ਅੰਗ - ੨੩੪)

{ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ ॥
ਬਨ ਫਿਰਿ ਥਕੇ ਬਨ ਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥}

(ਅੰਗ - ੨੩੪)

{ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥
ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥}

(ਅੰਗ - ੨੩੫)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥}

(ਅੰਗ - ੨੩੫)

{ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ - ੨੩੫)

{ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ ॥

ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥੧੦॥੨॥}

(ਅੰਗ - ੨੩੫)

{ਜਬ ਇਨਿ ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ ॥
ਜਬ ਇਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥}

(ਅੰਗ - ੨੩੫)

{ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥
ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥}

(ਅੰਗ - ੨੩੫)

{ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥
ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥}

(ਅੰਗ - ੨੩੬)

{ਹਉ ਆਇਆ ਸਾਮ੍ਹੈ ਤਿਹੰਡੀਆ ॥ ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥}

(ਅੰਗ - ੭੩)

39/4987

{ਜਿਨ੍ਹਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥}

(ਅੰਗ - ੫੧੬)

{ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥ ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥
ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ ॥੮॥}

(ਅੰਗ - ੧੦੪੬)

{ਆਪੇ ਕਰਤਾ ਕਰਿ ਕਰਿ ਵੇਖੈ ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥
ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ ਅਗਿਆਨੀ ਅੰਧੁ ਕਮਾਈ ਹੇ ॥੨॥
ਮਨਮੁਖ ਸਹਸਾ ਬੂਝ ਨ ਪਾਈ ॥ ਮਰਿ ਮਰਿ ਜੰਮੈ ਜਨਮੁ ਗਵਾਈ ॥
ਗੁਰਮੁਖਿ ਨਾਮਿ ਰਤੇ ਸੁਖੁ ਪਾਇਆ ਸਹਜੇ ਸਾਚਿ ਸਮਾਈ ਹੇ ॥੩॥}

(ਅੰਗ - ੧੦੪੭)

{ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗਣਿਆਰਿ ॥
ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥੫॥}

(ਅੰਗ - ੧੦੪੭)

{ਅਉਗਣਿਆਰੀ ਕੰਤ ਨ ਭਾਵੈ ॥ ਮਨ ਕੀ ਜੂਠੀ ਜੂਠੁ ਕਮਾਵੈ ॥
ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ ॥੬॥}

(ਅੰਗ - ੧੦੪੭)

{ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥

ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥}

(ਅੰਗ - ੧੦੪੭)

{ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥}

(ਅੰਗ - ੧੦੬੯)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ - ੧੦੬੯)

{ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

{ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥}

(ਅੰਗ - ੧੦੭੦)

{ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥}

(ਅੰਗ - ੧੦੭੦)

39/4988

{ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥}

(ਅੰਗ - ੧੦੭੦)

{ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥}

(ਅੰਗ - ੧੦੬੯)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥}

(ਅੰਗ - ੧੦੬੯)

{ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥
ਜਿਸੁ ਤੂੰ ਬਖਸਹਿ ਨਾਮੁ ਜਪਾਇ ॥ ਦੂਤੁ ਨ ਲਾਗਿ ਸਕੈ ਗੁਨ ਗਾਇ ॥੨॥}

(ਅੰਗ - ੪੧੬)

{ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥
ਆਦਿ ਪੁਰਖ ਗੁਰ ਦਰਸ ਨ ਦੇਖਹਿ ॥ ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥}

(ਅੰਗ - ੪੧੬)

{ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥
ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥}

(ਅੰਗ - ੪੧੬)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੂਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ - ੯੯੨)

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥}

(ਅੰਗ - ੯੯੨)

{ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥
ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥}

(ਅੰਗ - ੧੨੦੬)

{ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥}

(ਅੰਗ - ੧੧੧੨)

{ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥
ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥੧॥ ਰਹਾਉ ॥}

(ਅੰਗ - ੩੫੯)

39/4989

{ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥}

(ਅੰਗ - ੬੩੭)

{ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥
ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥}

(ਅੰਗ - ੬੩੭)

{ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥}

(ਅੰਗ - ੬੩੭)

{ਪੰਚ ਮਜਮੀ ਜੋ ਪੰਚਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥
ਚਕ੍ਰ ਬਣਾਇ ਕਰੈ ਪਾਖੰਡ ॥ ਝੂਰਿ ਝੂਰਿ ਪਚੈ ਜੈਸੇ ਤ੍ਰਿਅ ਰੰਡ ॥੧॥ ਹਰਿ ਕੇ ਨਾਮ ਬਿਨਾ ਸਭ ਝੂਠੁ ॥
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹ ਸਾਕਤ ਮੂਠੁ ॥੧॥ ਰਹਾਉ ॥}

(ਅੰਗ - ੧੧੫੧)

{ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹ ਅਪਨੀ ਪਤਿ ਖੋਵੈ ॥੨॥}

(ਅੰਗ - ੧੧੫੧)

{ਮਾਇਆ ਕਾਰਣਿ ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥
ਜਿਨਿ ਕੀਆ ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ ਮੁਖਹੁ ਵਖਾਣੈ ॥੩॥}

(ਅੰਗ - ੧੧੫੧)

{ਹਉਮੈ ਮਾਰਿ ਸਦ ਮੰਨਿ ਵਸਾਇਆ ਹਰਿ ਰਾਖਿਆ ਉਰਿ ਧਾਰਿ ॥
ਜਿਸਹਿ ਬੁਝਾਏ ਸੋਈ ਬੂਝੈ ਜਿਸ ਨੋ ਆਪੇ ਲਏ ਮਿਲਾਇ ॥}

(ਅੰਗ - ੧੨੫੯)

{ਮਨਮੁਖ ਪਾਖੰਡੁ ਕਦੇ ਨ ਚੂਕੈ ਦੂਜੈ ਭਾਇ ਦੁਖੁ ਪਾਏ ॥
ਨਾਮੁ ਵਿਸਾਰਿ ਬਿਖਿਆ ਮਨਿ ਰਾਤੇ ਬਿਰਥਾ ਜਨਮੁ ਗਵਾਏ ॥}

(ਅੰਗ - ੧੨੫੯)

{ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥
ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ ॥੩॥}

(ਅੰਗ - ੧੨੫੯)

{ਜਿਸ ਕਉ ਮੇਲੇ ਸੁਰਤਿ ਸਮਾਏ ॥ ਗੁਰ ਸਬਦੀ ਹਰਿ ਨਾਮੁ ਧਿਆਏ ॥
ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ ॥੩॥}

(ਅੰਗ - ੧੦੪੨)

{ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥}

(ਅੰਗ - ੧੦੪੩)

39/4990

{ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥}

(ਅੰਗ - ੬੫੭)

{ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥}

(ਅੰਗ - ੧੦੪੩)

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥

ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥}

(ਅੰਗ - ੧੩੪੩)

{ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ ਰਹਾਉ ॥}

(ਅੰਗ - ੯੭੩)

{ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ ॥ ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ ॥}

(ਅੰਗ - ੧੪੧੩)

{ਸਾਲਾਹੀ ਸਾਲਾਹਣਾ ਭੀ ਸਚਾ ਸਾਲਾਹਿ ॥ ਨਾਨਕ ਸਚਾ ਏਕੁ ਦਰੁ ਬੀਭਾ ਪਰਹਰਿ ਆਹਿ ॥੭॥}

(ਅੰਗ - ੧੪੧੩)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥}

(ਅੰਗ - ੧੪੧੪)

{ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥
ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥
ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥੧੮॥}

(ਅੰਗ - ੧੪੧੪)

{ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥}

(ਅੰਗ - ੧੪੧੪)

{ਮਨਮੁਖ ਬੋਲੇ ਅੰਧੁਲੇ ਤਿਸ ਮਹਿ ਅਗਨੀ ਕਾ ਵਾਸੁ ॥ ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥
ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ ॥}

(ਅੰਗ - ੧੪੧੫)

{ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ ॥
ਕੂੜੁ ਬੋਲਿ ਬੋਲਿ ਨਿਤ ਭਉਕਦੇ ਬਿਖੁ ਖਾਧੇ ਦੂਜੈ ਭਾਇ ॥}

(ਅੰਗ - ੧੪੧੫)

39/4991

{ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ॥ ਗੁਰ ਪ੍ਰਸਾਦੀ ਬੁਝੀਐ ਸਾ ਧਨ ਸੁਤੀ ਨਿਚਿੰਦ ॥
ਜਿਨ ਕਉ ਪੂਰਬਿ ਲਿਖਿਆ ਤਿਨ੍ਹਾ ਭੇਟਿਆ ਗੁਰ ਗੋਵਿੰਦੁ ॥
ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥੨੫॥}

(ਅੰਗ - ੧੪੧੫)

{ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥

ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ ॥}

(ਅੰਗ - ੧੪੧੫)

{ਵਡਭਾਗੀ ਸਤਿਗੁਰੁ ਪਾਇਆ ਬੂਝਿਆ ਬ੍ਰਹਮੁ ਬਿਚਾਰੁ ॥
ਤਿਸਨਾ ਅਗਨਿ ਸਭ ਬੁਝਿ ਗਈ ਜਨ ਨਾਨਕ ਹਰਿ ਉਰਿ ਧਾਰਿ ॥੨੮॥}

(ਅੰਗ - ੧੪੧੬)

{ਗੁਰਮੁਖਿ ਨਾਮੁ ਸੁਹਾਗੁ ਹੈ ਮਸਤਕਿ ਮਣੀ ਲਿਖਿਆਸੁ ॥
ਹਰਿ ਹਰਿ ਨਾਮੁ ਉਰਿ ਧਾਰਿਆ ਹਰਿ ਹਿਰਦੈ ਕਮਲ ਪ੍ਰਗਾਸੁ ॥}

(ਅੰਗ - ੧੪੧੬)

{ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥}

(ਅੰਗ - ੧੪੧੭)

{ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ ॥}

(ਅੰਗ - ੧੪੧੭)

{ਵਡਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ ॥
ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ ॥੩੮॥}

(ਅੰਗ - ੧੪੧੭)

{ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥ ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥
ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥ ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ ॥
ਸਤਿਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥
ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ ਗਾਇ ॥੪੦॥}

(ਅੰਗ - ੧੪੧੭)

{ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥
ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥}

(ਅੰਗ - ੧੪੧੭)

{ਮਨ ਆਵਣ ਜਾਣੁ ਨ ਸੁਝਈ ਨਾ ਸੁਝੈ ਦਰਬਾਰੁ ॥ ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ ॥
ਤਬ ਨਰੁ ਸੁਤਾ ਜਾਗਿਆ ਸਿਰਿ ਡੰਡੁ ਲਗਾ ਬਹੁ ਭਾਰੁ ॥}

(ਅੰਗ - ੧੪੧੮)

{ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥੪੪॥}

(ਅੰਗ - ੧੪੧੮)

39/4992

{ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨ੍ਾ ਅੰਤਰਿ ਹਰਿ ਸੁਰਤਿ ਨਾਹੀ ॥
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮ ਰਾਇ ਕੈ ਜਾਂਹੀ ॥ ਗੁਰਮੁਖਿ ਹਛੇ ਨਿਰਮਲੇ ਗੁਰ ਕੈ ਸਬਦਿ ਸੁਭਾਇ॥
ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ ॥ ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥

ਨਾਨਕ ਗੁਰਮੁਖਿ ਮੇਲਿਅਨੁ ਗੁਰ ਕੈ ਅੰਕਿ ਸਮਾਇ ॥੪੫॥}

(ਅੰਗ - ੧੪੧੮)

{ਬੁਰਾ ਕਰੇ ਸੁ ਕੇਹਾ ਸਿਝੈ ॥ ਆਪਣੈ ਰੋਹਿ ਆਪੇ ਹੀ ਦਝੈ ॥ ਮਨਮੁਖਿ ਕਮਲਾ ਰਗੜੈ ਲੁਝੈ ॥
ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ ॥ ਨਾਨਕ ਗੁਰਮੁਖਿ ਮਨ ਸਿਉ ਲੁਝੈ ॥੪੬॥}

(ਅੰਗ - ੧੪੧੮)

{ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥
ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ ॥}

(ਅੰਗ - ੧੪੧੮)

{ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ ॥
ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ ॥
ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ ॥੪੭॥}

(ਅੰਗ - ੧੪੧੮)

{ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥
ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥
ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥
ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥੪੮॥}

(ਅੰਗ - ੧੪੧੮)

{ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ ॥
ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ ॥
ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ ॥
ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ ॥੪੯॥}

(ਅੰਗ ੧੪੧੮-੧੪੧੯)

{ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥
ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥ ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ॥
ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੫੦॥}

(ਅੰਗ - ੧੪੧੯)

{ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ ॥
ਤਿਸ ਕਾ ਕਿਆ ਸਾਲਾਹੀਐ ਭਾਈ ਦਰਸਨ ਕਉ ਬਲਿ ਜਾਇ ॥
ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ ॥}

(ਅੰਗ - ੧੪੧੯)

{ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥

ਸੰਗਤਿ ਢੋਈ ਨਾ ਮਿਲੈ ਭਾਈ ਬੈਸਣਿ ਮਿਲੈ ਨ ਥਾਉ ॥}

(ਅੰਗ - ੧੪੧੯)

{ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥ ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥
ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥੫੩॥}

(ਅੰਗ - ੧੪੧੯)

{ਤਿਸ ਚੁਕੈ ਸਹਜੁ ਊਪਜੈ ਚੁਕੈ ਕੂਕ ਪੁਕਾਰ ॥ ਨਾਨਕ ਗੁਰਮੁਖਿ ਸਾਂਤਿ ਹੋਇ ਨਾਮੁ ਰਖਹੁ ਉਰਿ ਧਾਰਿ ॥੫੪॥}

(ਅੰਗ - ੧੪੧੯)

39/4993

{ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ ॥
ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ॥
ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥੫੬॥}

(ਅੰਗ - ੧੪੨੦)

{ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ ॥
ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥
ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ ॥੫੮॥}

(ਅੰਗ - ੧੪੨੦)

{ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥
ਨਾਨਕ ਨਾਮੁ ਨ ਵੀਸਰੈ ਜਿਨਿ ਸਿਰਿਆ ਸਭੁ ਕੋਇ ॥੬੦॥}

(ਅੰਗ - ੧੪੨੦)

{ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥ ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥}

(ਅੰਗ - ੧੪੨੦)

{ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ ॥ ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ ॥}

(ਅੰਗ - ੧੪੨੦)

{ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ ॥
ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ ॥}

(ਅੰਗ - ੧੪੨੦)

{ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥੬੪॥}

(ਅੰਗ - ੧੪੨੧)

{ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ ॥

ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥ ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥੬੬॥}

(ਅੰਗ - ੧੪੨੧)

{ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ ॥ ਨਾਨਕ ਨਦਰੀ ਬਾਹਰੀ ਕਰਣ ਪਲਾਹ ਕਰੇ ॥੬੭॥}

(ਅੰਗ - ੧੪੨੧)

{ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥੨॥}

(ਅੰਗ - ੩੦੯)

39/4994

{ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ - ੧੪੨੧)

{ਵਡਭਾਗੀ ਹਰਿ ਪਾਇਆ ਪੂਰਨ ਪਰਮਾਨੰਦੁ ॥
ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥੩॥}

(ਅੰਗ - ੧੪੨੧)

{ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ ॥
ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ ॥੪॥}

(ਅੰਗ - ੧੪੨੧)

{ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥
ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥
ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ ॥}

(ਅੰਗ - ੧੪੨੨)

{ਗੁਰਮੁਖਿ ਹਸੈ ਗੁਰਮੁਖਿ ਰੋਵੈ ॥ ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ ॥
ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥ ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥}

(ਅੰਗ - ੧੪੨੨)

{ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥੧੫॥}

(ਅੰਗ - ੧੪੨੨)

{ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥}

(ਅੰਗ - ੧੪੨੨)

{ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥
ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥}

(ਅੰਗ - ੧੪੨੩)

{ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥ ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥
ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥
ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥
ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥੧੮॥}

(ਅੰਗ - ੧੪੨੩)

{ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥
ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ ॥
ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥
ਨਾਨਕ ਪਰਪੰਚੁ ਕੀਆ ਧੁਰਿ ਕਰਤੈ ਪੂਰਬਿ ਲਿਖਿਆ ਕਮਾਏ ॥੧੯॥}

(ਅੰਗ - ੧੪੨੩)

39/4995

{ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥
ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥
ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥੨੩॥}

(ਅੰਗ - ੧੪੨੩)

{ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੁਝਿਆ ਜਾਇ ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥
ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥}

(ਅੰਗ - ੧੪੨੩)

{ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥
ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ ॥ ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥
ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥}

(ਅੰਗ - ੧੪੨੪)

{ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ ॥

ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥}

(ਅੰਗ - ੧੪੨੪)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥}

(ਅੰਗ - ੧੪੨੪)

{ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥}

(ਅੰਗ - ੧੪੨੪)

{ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ ॥
ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥}

(ਅੰਗ - ੧੪੨੪)

{ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ੀ ਸਿਵਾਤਾ ਸਾਈ ॥
ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ ॥੧॥}

(ਅੰਗ - ੧੪੨੫)

{ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ॥ ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥੩॥}

(ਅੰਗ - ੧੪੨੫)

{ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥੯॥}

(ਅੰਗ - ੧੪੨੫)

{ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥ ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥}

(ਅੰਗ - ੧੪੨੫)

39/4996

{ਸੁਤੜੇ ਸੁਖੀ ਸਵੰਨ੍ਹਿ ਜੋ ਰਤੇ ਸਹ ਆਪਣੈ ॥ ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨ੍ਹਿ ॥੧੨॥}

(ਅੰਗ - ੧੪੨੫)

{ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥ ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥੧੩॥}

(ਅੰਗ - ੧੪੨੫)

{ਪਤਿਤ ਉਧਾਰਣ ਪਾਰਬ੍ਰਹਮੁ ਸੰਮ੍ਰਥ ਪੁਰਖੁ ਅਪਾਰੁ ॥
ਜਿਸਹਿ ਉਧਾਰੇ ਨਾਨਕਾ ਸੋ ਸਿਮਰੇ ਸਿਰਜਣਹਾਰੁ ॥੧੫॥}

(ਅੰਗ - ੧੪੨੫)

{ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥ ਦੂਜੈ ਭਾਵੀ ਨਾਨਕਾ ਵਹਣਿ ਲੁੜ੍ਹੰਦੜੀ ਜਾਇ ॥੧੬॥}

(ਅੰਗ - ੧੪੨੬)

{ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ ॥ ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ ॥੧੭॥}

(ਅੰਗ - ੧੪੨੬)

{ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ ॥ ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧਾਰ ॥੧੮॥}

(ਅੰਗ - ੧੪੨੬)

{ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥ ਕਹੁ ਨਾਨਕ ਸੁਨਿ ਰੇ ਮਨਾ ਸੋ ਮੂਰਤਿ ਭਗਵਾਨ ॥੧੩॥}

(ਅੰਗ - ੧੪੨੭)

{ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥}

(ਅੰਗ - ੧੪੨੭)

{ਜਿਹ ਬਿਖਿਆ ਸਗਲੀ ਤਜੀ ਲੀਓ ਭੇਖੁ ਬੈਰਾਗ ॥ ਕਹੁ ਨਾਨਕ ਸੁਨਿ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥}

(ਅੰਗ - ੧੪੨੭)

{ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥}

(ਅੰਗ - ੧੪੨੭)

{ਜਿਹ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥ ਕਹੁ ਨਾਨਕ ਵਹੁ ਮੁਕਤ ਨਰੁ ਇਹ ਮਨ ਸਾਚੀ ਮਾਨੁ ॥੧੯॥}

(ਅੰਗ - ੧੪੨੭)

39/4997

{ਭੈ ਨਾਸਨ ਦੁਰਮਤਿ ਹਰਨ ਕਲਿ ਮਹਿ ਹਰਿ ਕੋ ਨਾਮੁ ॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥}

(ਅੰਗ - ੧੪੨੭)

{ਜੋ ਪ੍ਰਾਨੀ ਮਮਤਾ ਤਜੈ ਲੋਭੁ ਮੋਹੁ ਅਹੰਕਾਰੁ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰਿ ॥੨੨॥}

(ਅੰਗ - ੧੪੨੭)

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮਹਿ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥}

(ਅੰਗ - ੧੪੨੭)

{ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥
ਕੋਟਨ ਮਹਿ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥}

(ਅੰਗ - ੧੪੨੭)

{ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪੁ ਰਾਮ ਤਿਹ ਜਾਨ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨ ॥੨੯॥}

(ਅੰਗ - ੧੪੨੭-੧੪੨੮)

{ਮਨੁ ਮਾਇਆ ਮਹਿ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨੁ ਕਉਨੇ ਕਾਮ ॥੩੦॥}

(ਅੰਗ - ੧੪੨੮)

{ਜਤਨ ਬਹੁਤ ਮਹਿ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥}

(ਅੰਗ - ੧੪੨੮)

{ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥ ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥}

(ਅੰਗ - ੧੪੨੮)

{ਮਨੁ ਮਾਇਆ ਮਹਿ ਰਮਿ ਰਹਿਓ ਨਿਕਸਤ ਨਾਹਿਨ ਮੀਤ ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਤ ਨਾਹਿਨ ਭੀਤਿ ॥੩੭॥}

(ਅੰਗ - ੧੪੨੮)

{ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥}

(ਅੰਗ - ੧੪੨੮)

{ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥}

(ਅੰਗ - ੧੪੨੮)

39/4998

{ਵੇਕੀ ਵੇਕੀ ਜੰਤ ਉਪਾਏ ॥ ਦੁਇ ਪੰਦੀ ਦੁਇ ਰਾਹ ਚਲਾਏ ॥
ਗੁਰ ਪੂਰੇ ਵਿਣੁ ਮੁਕਤਿ ਨ ਹੋਈ ਸਚੁ ਨਾਮੁ ਜਪਿ ਲਾਹਾ ਹੇ ॥੨॥}

(ਅੰਗ - ੧੦੩੨)

{ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥ ਨਾਮੁ ਨ ਬੂਝਹਿ ਭਰਮਿ ਭੁਲਾਨਾ ॥
ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥੩॥}

(ਅੰਗ - ੧੦੩੨)

{ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥
ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥}

(ਅੰਗ - ੧੦੩੨)

{ਨੀਕੇ ਸਾਚੇ ਕੇ ਵਾਪਾਰੀ ॥ ਸਚੁ ਸਉਦਾ ਲੈ ਗੁਰ ਵੀਚਾਰੀ ॥
ਸਚਾ ਵਖਰੁ ਜਿਸੁ ਧਨੁ ਪਲੈ ਸਬਦਿ ਸਚੈ ਓਮਾਹਾ ਹੇ ॥੯॥}

(ਅੰਗ - ੧੦੩੨)

{ਸਚੀ ਕਰਣੀ ਗੁਰ ਕੀ ਸਿਰਕਾਰਾ ॥ ਆਵਣੁ ਜਾਣੁ ਨਹੀ ਜਮ ਧਾਰਾ ॥
ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ ॥੧੩॥}

(ਅੰਗ - ੧੦੩੨)

{ਹਰਿ ਕੇ ਲੋਗ ਨਹੀ ਜਮੁ ਮਾਰੈ ॥ ਨਾ ਦੁਖੁ ਦੇਖਹਿ ਪੰਥਿ ਕਰਾਰੈ ॥
ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ ॥੧੪॥}

(ਅੰਗ - ੧੦੩੨)

{ਕਿਆ ਕਹੀਐ ਗੁਣ ਕਥਹਿ ਘਨੇਰੇ ॥ ਅੰਤੁ ਨ ਪਾਵਹਿ ਵਡੇ ਵਡੇਰੇ ॥
ਨਾਨਕ ਸਾਚੁ ਮਿਲੈ ਪਤਿ ਰਾਖਹੁ ਤੂ ਸਿਰਿ ਸਾਹਾ ਪਾਤਿਸਾਹਾ ਹੇ ॥੧੬॥੬॥੧੨॥}

(ਅੰਗ - ੧੦੩੨)

{ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥}

(ਅੰਗ - ੧੦੩੨)

{ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥}

(ਅੰਗ - ੧੦੩੨)

{ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥
ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥}

(ਅੰਗ - ੧੦੩੨)

39/4999

{ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥}

(ਅੰਗ - ੧੦੩੨)

{ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥
ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥}

(ਅੰਗ - ੧੦੩੪)

{ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥
ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥
ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥}

(ਅੰਗ - ੧੦੩੪)

{ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥}

(ਅੰਗ - ੧੦੩੪)

{ਜੇਤੀ ਹੈ ਤੇਤੀ ਤੁਧੁ ਅੰਦਰਿ ॥ ਦੇਖਹਿ ਆਪਿ ਬੈਸਿ ਬਿਜ ਮੰਦਰਿ ॥

ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥}

(ਅੰਗ - ੧੦੩੪)

{ਦਰਸਨੁ ਪਾਵਾ ਜੇ ਤੁਧੁ ਭਾਵਾ ॥ ਭਾਇ ਭਗਤਿ ਸਾਚੇ ਗੁਣ ਗਾਵਾ ॥
ਤੁਧੁ ਭਾਣੇ ਤੂ ਭਾਵਹਿ ਕਰਤੇ ਆਪੇ ਰਸਨ ਰਸਾਇਦਾ ॥੧॥}

(ਅੰਗ - ੧੦੩੪)

{ਸੋਹਨਿ ਭਗਤ ਪ੍ਰਭੂ ਦਰਬਾਰੇ ॥ ਮੁਕਤੁ ਭਏ ਹਰਿ ਦਾਸ ਤੁਮਾਰੇ ॥
ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥੨॥}

(ਅੰਗ - ੧੦੩੪)

{ਈਸਰੁ ਬ੍ਰਹਮਾ ਦੇਵੀ ਦੇਵਾ ॥ ਇੰਦ੍ ਤਪੇ ਮੁਨਿ ਤੇਰੀ ਸੇਵਾ ॥
ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥੩॥}

(ਅੰਗ - ੧੦੩੪)

{ਵਿਣੁ ਜਾਣਾਏ ਕੋਇ ਨ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥
ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥੪॥}

(ਅੰਗ - ੧੦੩੪)

{ਨਿਰਮਲ ਕਾਇਆ ਊਜਲ ਹੰਸਾ ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ ॥
ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ ॥੬॥}

(ਅੰਗ - ੧੦੩੪)

{ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥
ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥੭॥}

(ਅੰਗ - ੧੦੩੪)

39/5000

{ਗਿਆਨ ਵਿਹੂਣੀ ਭਵੈ ਸਬਾਈ ॥ ਸਾਚਾ ਰਵਿ ਰਹਿਆ ਲਿਵ ਲਾਈ ॥
ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ ॥੮॥}

(ਅੰਗ - ੧੦੩੪)

{ਅਟਲੁ ਅਡੋਲੁ ਅਤੋਲੁ ਮੁਰਾਰੇ ॥ ਖਿਨ ਮਹਿ ਢਾਹੇ ਫੇਰਿ ਉਸਾਰੇ ॥
ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ ਸਬਦਿ ਭੇਦਿ ਪਤੀਆਇਦਾ ॥੯॥}

(ਅੰਗ - ੧੦੩੪)

{ਵਡਾ ਵਡਾ ਆਖੈ ਸਭੁ ਕੋਈ ॥ ਗੁਰ ਬਿਨੁ ਸੋਝੀ ਕਿਨੈ ਨ ਹੋਈ ॥
ਸਾਚਿ ਮਿਲੈ ਸੋ ਸਾਚੇ ਭਾਏ ਨਾ ਵੀਛੁੜਿ ਦੁਖੁ ਪਾਇਦਾ ॥੧੨॥}

(ਅੰਗ - ੧੦੩੫)

{ਦਾਨਾ ਕੈ ਸਿਰਿ ਦਾਨੁ ਵੀਚਾਰਾ ॥ ਕਰਣ ਕਾਰਣ ਸਮਰਥੁ ਅਪਾਰਾ ॥
ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ ॥੧੫॥}

(ਅੰਗ - ੧੦੩੫)

{ਸੇ ਗੁਣ ਗਾਵਹਿ ਸਾਚੇ ਭਾਵਹਿ ॥ ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥
ਨਾਨਕੁ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ ॥੧੬॥੨॥੧੪॥}

(ਅੰਗ - ੧੦੩੫)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ - ੯੪੭)

{ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥ ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥
ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ ॥ ਜੋ ਦੇਵੈ ਤਿਸੈ ਨ ਜਾਣਈ ਦਿਤੇ ਕਉ ਲਪਟਾਇ ॥
ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ॥੨॥}

(ਅੰਗ - ੯੪੭)

{ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥ ਸੁਧੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥
ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥
ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥੩॥}

(ਅੰਗ - ੯੪੭)

{ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ ॥
ਤੈ ਸਹ ਬਾਤ ਨ ਪੁਛੀਆ ਕਬਹੂ ਨ ਲਾਈ ਪਾਇ ॥੧॥}

(ਅੰਗ - ੯੪੭)

{ਨਾਨਕ ਮਹਿਦੀ ਕਰਿ ਕੈ ਰਖਿਆ ਸੋ ਸਹੁ ਨਦਰਿ ਕਰੇਇ ॥
ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ ॥ ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੨॥}

(ਅੰਗ - ੯੪੭)

{ਗੁਰ ਪਰਸਾਦੀ ਹਰਿ ਧਿਆਈਐ ਅੰਤਰਿ ਰਖੀਐ ਉਰ ਧਾਰਿ ॥
ਨਾਨਕ ਘਰਿ ਬੈਠਿਆ ਸਹੁ ਪਾਇਆ ਜਾ ਕਿਰਪਾ ਕੀਤੀ ਕਰਤਾਰਿ ॥੧॥}

(ਅੰਗ - ੯੪੮)

39/5001

{ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ ॥ ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ ॥
ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ ॥ ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ ॥
ਗੁਰ ਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ ॥
ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ ॥੨॥}

(ਅੰਗ - ੯੪੮)

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥
ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥ ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥ ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ - ੯੪੮)

{ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥੧॥}

(ਅੰਗ - ੯੪੮)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥ ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ - ੯੪੮)

{ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥ ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥ ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥
ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥}

(ਅੰਗ - ੯੪੮)

{ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥ ਭਰਮੇ ਭੂਲਾ ਸਭਿ ਤੀਰਥ ਗਹੈ ॥
ਓਹੁ ਤਪਾ ਕੈਸੇ ਪਰਮ ਗਤਿ ਲਹੈ ॥ ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥}

(ਅੰਗ - ੯੪੮)

{ਸੋ ਤਪਾ ਜਿ ਇਹੁ ਤਪੁ ਘਾਲੇ ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ ॥
ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ ॥ ਨਾਨਕ ਸੋ ਤਪਾ ਦਰਗਹ ਪਾਵੈ ਮਾਣੁ ॥੨॥}

(ਅੰਗ - ੯੪੮)

{ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥ ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥}

(ਅੰਗ - ੯੪੯)

{ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ ॥ ਘਰੁ ਦਰੁ ਸਭੋ ਸਚੁ ਹੈ ਜਿਸੁ ਵਿਚਿ ਸਚਾ ਨਾਉ ॥}

(ਅੰਗ - ੯੪੯)

{ਰੈਣਾਇਰ ਮਾਹਿ ਅਨੰਤੁ ਹੈ ਕੂੜੀ ਆਵੈ ਜਾਇ ॥ ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ ॥
ਰੈਣਾਇਰ ਮਹਿ ਸਭੁ ਕਿਛੁ ਹੈ ਕਰਮੀ ਪਲੈ ਪਾਇ ॥ ਨਾਨਕ ਨਉ ਨਿਧਿ ਪਾਈਐ ਜੇ ਚਲੈ ਤਿਸੈ ਰਜਾਇ ॥੧॥}

(ਅੰਗ - ੯੪੯)

39/5002

{ਸਹਜੇ ਸਤਿਗੁਰੁ ਨ ਸੇਵਿਓ ਵਿਚਿ ਹਉਮੈ ਜਨਮਿ ਬਿਨਾਸੁ ॥
ਰਸਨਾ ਹਰਿ ਰਸੁ ਨ ਚਖਿਓ ਕਮਲੁ ਨ ਹੋਇਓ ਪਰਗਾਸੁ ॥
ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ ॥ ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥
ਜਾ ਆਪੇ ਨਦਰਿ ਕਰੇ ਪ੍ਰਭੁ ਸਚਾ ਤਾ ਹੋਵੈ ਦਾਸਨਿ ਦਾਸੁ ॥

ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ ਪਾਸੁ ॥
ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥
ਜਨ ਨਾਨਕ ਕਰੇ ਕਰਾਇਆ ਸਭੁ ਕੋ ਜਿਉ ਭਾਵੈ ਤਿਵ ਹਰਿ ਗੁਣਤਾਸੁ ॥੨॥}

(ਅੰਗ - ੯੪੯)

{ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ॥ ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ ॥
ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ ॥ ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ ॥
ਸਭੁ ਆਪੇ ਆਪਿ ਵਰਤਦਾ ਆਪੇ ਬਖਸਿ ਮਿਲਾਈ ॥੭॥}

(ਅੰਗ - ੯੪੯)

{ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥ ਰਹਾਉ ॥
ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥੧॥
ਹੈਵਰ ਗੈਵਰ ਰਾਜ ਰੰਗ ॥ ਤਿਆਗਿ ਚਲਿਓ ਹੈ ਮੂੜ ਨੰਗ ॥੨॥
ਚੋਆ ਚੰਦਨ ਦੇਹ ਫੁਲਿਆ ॥ ਸੋ ਤਨੁ ਧਰ ਸੰਗਿ ਰੂਲਿਆ ॥੩॥
ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥}

(ਅੰਗ - ੨੧੦)

{ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥
ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥੫੨॥}

(ਅੰਗ - ੧੩੮੦)

{ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥
ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ ॥}

(ਅੰਗ - ੯੫੦)

{ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ ॥
ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ ॥੨॥}

(ਅੰਗ - ੯੫੦)

{ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਤਿਨ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥}

(ਅੰਗ - ੯੫੦)

{ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ ॥ ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥

ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥੧॥}

(ਅੰਗ - ੯੫੦)

{ਮਨਮੁਖ ਬੋਲਿ ਨ ਜਾਣਨ੍ਹੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥ ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥
ਆਪੇ ਸ੍ਰਿਸਟਿ ਉਪਾਈਅਨੁ ਆਪਿ ਕਰੇ ਬੀਚਾਰੁ ॥
ਨਾਨਕ ਕਿਸ ਨੋ ਆਖੀਐ ਸਭੁ ਵਰਤੈ ਆਪਿ ਸਚਿਆਰੁ ॥੧॥}

(ਅੰਗ - ੧੨੪੯)

{ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥
ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ ॥੨॥}

(ਅੰਗ - ੯੫੧)

{ਤੁਧੁ ਜੇਵਡੁ ਦਾਤਾ ਨਾਹਿ ਕਿਸੁ ਆਖਿ ਸੁਣਾਈਐ ॥ ਗੁਰ ਪਰਸਾਦੀ ਪਾਇ ਜਿਥਹੁ ਹਉਮੈ ਜਾਈਐ ॥
ਰਸ ਕਸ ਸਾਦਾ ਬਾਹਰਾ ਸਚੀ ਵਡਿਆਈਐ ॥ ਜਿਸ ਨੋ ਬਖਸੇ ਤਿਸੁ ਦੇਇ ਆਪਿ ਲਏ ਮਿਲਾਈਐ ॥
ਘਟ ਅੰਤਰਿ ਅੰਮ੍ਰਿਤੁ ਰਖਿਓਨੁ ਗੁਰਮੁਖਿ ਕਿਸੈ ਪਿਆਈ ॥੯॥}

(ਅੰਗ - ੯੫੧)

39/5003

{ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥੧॥}

(ਅੰਗ - ੯੫੧)

{ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥}

(ਅੰਗ - ੯੫੨)

{ਏਥੈ ਜਾਣੈ ਸੁ ਜਾਇ ਸਿਵਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥
ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥
ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥}

(ਅੰਗ - ੯੫੨)

{ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥ ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥
ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ ॥
ਲਪਟਿ ਰਹਿਓ ਮਨੁ ਬਾਸਨਾ ਗੁਰ ਮਿਲਿ ਇਹ ਤਿਆਗਉ ॥੧॥ ਰਹਾਉ ॥}

(ਅੰਗ - ੮੦੮)

{ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ॥ ਰਿਦੈ ਪ੍ਰਗਾਸੁ ਪ੍ਰਗਟੁ ਭਇਆ ਨਿਸਿ ਬਾਸੁਰ ਜਾਗਉ ॥੩॥}

(ਅੰਗ - ੮੦੮)

{ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥
ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥

ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ ਰਹਾਉ ॥
ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥}

(ਅੰਗ - ੮੦੮)

{ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥ ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥
ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥੩॥੩੩॥}

(ਅੰਗ ੮੦੮-੮੦੯)

{ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥੨॥}

(ਅੰਗ - ੮੦੯)

{ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥}

(ਅੰਗ - ੮੦੯)

{ਜਿਉ ਤੂ ਚਲਾਵਹਿ ਤਿਉ ਚਲਾ ਮੁਖਿ ਅੰਮ੍ਰਿਤ ਨਾਉ ॥
ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ ॥੨॥}

(ਅੰਗ - ੧੦੧੨)

{ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥
ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥}

(ਅੰਗ - ੧੦੧੨)

{ਖਾਰ ਸਮੁਦ੍ਰੁ ਢੰਢੋਲੀਐ ਇਕੁ ਮਣੀਆ ਪਾਵੈ ॥ ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥
ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ ॥੬॥}

(ਅੰਗ - ੧੦੧੨)

39/5004

{ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥ ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥
ਵੰਨੀ ਸਾਚੇ ਲਾਲ ਕੀ ਕਿਨਿ ਕੀਮਤਿ ਕੀਜੈ ॥੭॥}

(ਅੰਗ - ੧੦੧੨)

{ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥
ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥}

(ਅੰਗ - ੧੦੧੨)

{ਜਿਸ ਕੇ ਚਾਕਰ ਤਿਸ ਕੀ ਸੇਵਾ ॥ ਸਬਦਿ ਪਤੀਜੈ ਅਲਖ ਅਭੇਵਾ ॥

ਭਗਤਾ ਕਾ ਗੁਣਕਾਰੀ ਕਰਤਾ ਬਖਸਿ ਲਏ ਵਡਿਆਈ ਹੇ ॥੨॥}

(ਅੰਗ - ੧੦੨੪)

{ਦੇਦੇ ਤੋਟਿ ਨ ਆਵੈ ਸਾਚੇ ॥ ਲੈ ਲੈ ਮੁਕਰਿ ਪਉਦੇ ਕਾਚੇ ॥
ਮੂਲੁ ਨ ਬੂਝਹਿ ਸਾਚਿ ਨ ਰੀਝਹਿ ਦੂਜੈ ਭਰਮਿ ਭੁਲਾਈ ਹੇ ॥੩॥}

(ਅੰਗ - ੧੦੨੪)

{ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗੁਰਮਤਿ ਜਾਤੀ ॥
ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ ॥੪॥}

(ਅੰਗ - ੧੦੨੪)

{ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥
ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥}

(ਅੰਗ - ੧੦੨੪)

{ਨਾਵਹੁ ਭੂਲੀ ਚੋਟਾ ਖਾਏ ॥ ਬਹੁਤੁ ਸਿਆਣਪ ਭਰਮੁ ਨ ਜਾਏ ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥੮॥}

(ਅੰਗ - ੧੦੨੫)

{ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥ ਮੈ ਦੇਖਾਲਿਹੁ ਤਿਸੁ ਸਾਲਾਹੀ ॥
ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ ॥੯॥}

(ਅੰਗ - ੧੦੨੫)

{ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ ॥ ਜੇ ਕੋ ਵਡਾ ਕਹਾਇ ਵਡਾਈ ਖਾਵੈ ॥
ਸਾਚੇ ਸਾਹਿਬ ਤੋਟਿ ਨ ਦਾਤੀ ਸਗਲੀ ਤਿਨਹਿ ਉਪਾਈ ਹੇ ॥੧੦॥}

(ਅੰਗ - ੧੦੨੫)

{ਇਕਿ ਸੋਗੀ ਇਕਿ ਰੋਗਿ ਵਿਆਪੇ ॥ ਜੋ ਕਿਛੁ ਕਰੇ ਸੁ ਆਪੇ ਆਪੇ ॥
ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ ॥੧੨॥}

(ਅੰਗ - ੧੦੨੫)

{ਇਕਿ ਨਾਗੇ ਭੂਖੇ ਭਵਹਿ ਭਵਾਏ ॥ ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥
ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ॥੧੩॥}

(ਅੰਗ - ੧੦੨੫)

39/5005

{ਗੁਰਮਤਿ ਛੋਡਹਿ ਉਝੜਿ ਜਾਈ ॥ ਮਨਮੁਖਿ ਰਾਮੁ ਨ ਜਪੈ ਅਵਾਈ ॥
ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥੧੫॥}

(ਅੰਗ - ੧੦੨੫)

{ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥}

(ਅੰਗ - ੫੩੭)

{ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥}

(ਅੰਗ - ੫੩੭)

{ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥

ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧॥}

(ਅੰਗ - ੫੩੮)

{ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥
ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ ॥
ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ ॥੨॥}

(ਅੰਗ - ੫੩੮)

{ਕਾਇਆ ਕੰਚਨੁ ਸਬਦੁ ਵੀਚਾਰਾ ॥ ਤਿਥੈ ਹਰਿ ਵਸੈ ਜਿਸ ਦਾ ਅੰਤੁ ਨ ਪਾਰਾਵਾਰਾ ॥
ਅਨਦਿਨੁ ਹਰਿ ਸੇਵਿਹੁ ਸਚੀ ਬਾਣੀ ਹਰਿ ਜੀਉ ਸਬਦਿ ਮਿਲਾਇਦਾ ॥੧॥}

(ਅੰਗ - ੧੦੬੪)

{ਹਰਿ ਕੇ ਗੁਣ ਗਾਵਾ ਜੇ ਹਰਿ ਪ੍ਰਭ ਭਾਵਾ ॥ ਅੰਤਰਿ ਹਰਿ ਨਾਮੁ ਸਬਦਿ ਸੁਹਾਵਾ ॥
ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ ॥੩॥}

(ਅੰਗ - ੧੦੬੫)

{ਸੋ ਚੇਤੇ ਜਿਸੁ ਆਪਿ ਚੇਤਾਏ ॥ ਗੁਰ ਕੈ ਸਬਦਿ ਵਸੈ ਮਨਿ ਆਏ ॥
ਆਪੇ ਵੇਖੈ ਆਪੇ ਬੂਝੈ ਆਪੈ ਆਪੁ ਸਮਾਇਦਾ ॥੯॥}

(ਅੰਗ - ੧੦੬੫)

{ਜਿ ਸਤਿਗੁਰੁ ਸੇਵੇ ਸੋ ਪਰਵਾਣੁ ॥ ਕਾਇਆ ਹੰਸੁ ਨਿਰਮਲੁ ਦਰਿ ਸਚੈ ਜਾਣੁ ॥
ਹਰਿ ਸੇਵੇ ਹਰਿ ਮੰਨਿ ਵਸਾਏ ਸੋਹੈ ਹਰਿ ਗੁਣ ਗਾਇਦਾ ॥੧੩॥}

(ਅੰਗ - ੧੦੬੫)

{ਆਪੇ ਸਚਾ ਸਬਦਿ ਮਿਲਾਏ ॥ ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ - ੧੦੬੭)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥}

(ਅੰਗ - ੧੦੬੬)

39/5006

{ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥}

(ਅੰਗ - ੧੦੬੬)

{ਗੁਰਮੁਖਿ ਏਕਸੁ ਸਿਉ ਲਿਵ ਲਾਏ ॥ ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥}

(ਅੰਗ - ੧੦੬੬)

{ਮਾਇਆ ਮੋਹਿ ਭਰਮਿ ਨ ਪਾਏ ॥ ਦੂਜੈ ਭਾਇ ਲਗਾ ਦੁਖੁ ਪਾਏ ॥
ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥}

(ਅੰਗ - ੧੦੬੬)

{ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥
ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥}

(ਅੰਗ - ੧੦੬੬)

{ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥}

(ਅੰਗ - ੧੦੬੬)

{ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥ ਮੇਰੈ ਠਾਕੁਰਿ ਇਹ ਬਣਤ ਬਣਾਈ ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥}

(ਅੰਗ - ੧੦੬੬)

{ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥}

(ਅੰਗ - ੧੦੬੬)

{ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥}

(ਅੰਗ - ੧੦੬੬)

{ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥
ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥੧॥}

(ਅੰਗ - ੧੧੫੭)

{ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥ ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥੨॥
ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥ ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥੩॥੩॥}

(ਅੰਗ - ੭੨੭)

39/5007

{ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥}

(ਅੰਗ - ੧੦੦੦)

{ਜਾ ਕੈ ਨਾਮਿ ਸੁਨਿਐ ਜਮੁ ਛੋਡੈ ਤਾ ਕੀ ਸਰਣਿ ਨ ਪਾਵਸਿ ਰੇ ॥
ਕਾਢਿ ਦੇਇ ਸਿਆਲ ਬਪੁਰੇ ਕਉ ਤਾ ਕੀ ਓਟ ਟਿਕਾਵਸਿ ਰੇ ॥੨॥}

(ਅੰਗ - ੧੦੦੦)

{ਭਇਓ ਪ੍ਰਸਾਦੁ ਕ੍ਰਿਪਾ ਨਿਧਿ ਠਾਕੁਰ ਸੰਤਸੰਗਿ ਪਤਿ ਪਾਈ ॥
ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ ਜਉ ਪ੍ਰਭ ਭਏ ਸਹਾਈ ॥੪॥੭॥}

(ਅੰਗ - ੧੦੦੦)

{ਅੰਤਰਜਾਮੀ ਸਭ ਬਿਧਿ ਜਾਨੈ ਤਿਸ ਤੇ ਕਹਾ ਦੁਲਾਰਿਓ ॥
ਹਸਤ ਪਾਵ ਝਰੇ ਖਿਨ ਭੀਤਰਿ ਅਗਨਿ ਸੰਗਿ ਲੈ ਜਾਰਿਓ ॥੧॥
ਮੂੜੇ ਤੈ ਮਨ ਤੇ ਰਾਮੁ ਬਿਸਾਰਿਓ ॥ ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ ॥੧॥ ਰਹਾਉ ॥}

(ਅੰਗ - ੧੦੦੦)

{ਰੇ ਨਰ ਐਸੀ ਕਰਹਿ ਇਆਨਥ ॥
ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਥ ॥੧॥ ਰਹਾਉ ॥
ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ ॥
ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ ॥੨॥}

(ਅੰਗ - ੧੦੦੧)

{ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥੪॥੧॥੧੦॥}

(ਅੰਗ - ੧੦੦੧)

{ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥}

(ਅੰਗ - ੭੪੭)

{ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥}

(ਅੰਗ - ੧੦੦੧)

{ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥}

(ਅੰਗ - ੧੦੦੧)

{ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥
ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥੪॥}

(ਅੰਗ - ੧੦੦੧)

{ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥}

(ਅੰਗ ੧੦੦੧-੧੦੦੨)

39/5008

{ਰੇ ਨਰ ਇਨ ਬਿਧਿ ਪਾਰਿ ਪਰਾਇ ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥੨॥੧੧॥}

(ਅੰਗ - ੧੦੦੨)

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥}

(ਅੰਗ - ੧੦੦੨)

{ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥}

(ਅੰਗ - ੧੦੦੨)

{ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥}

(ਅੰਗ - ੧੦੦੨)

{ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥}

(ਅੰਗ - ੧੫੪)

{ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥}

(ਅੰਗ - ੧੦੦੨)

{ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ - ੧੦੦੨)

{ਖੋਇ ਖਹੜਾ ਭਰਮੁ ਮਨ ਕਾ ਸਤਿਗੁਰ ਸਰਣੀ ਜਾਇ ॥
ਕਰਮੁ ਜਿਸ ਕਉ ਧੁਰਹੁ ਲਿਖਿਆ ਸੋਈ ਕਾਰ ਕਮਾਇ ॥੨॥}

(ਅੰਗ - ੧੦੦੨)

{ਪਾਇਆ ਅਮੋਲੁ ਪਦਾਰਥੋ ਛੋਡਿ ਨ ਕਤਹੂ ਜਾਇ ॥
ਕਹੁ ਨਾਨਕ ਸੁਖੁ ਪਾਇਆ ਤ੍ਰਿਪਤਿ ਰਹੇ ਆਘਾਇ ॥੪॥੪॥੧੩॥}

(ਅੰਗ - ੧੦੦੨)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥

ਜਿਸ ਕੀ ਅਟਕ ਤਿਸ ਤੇ ਛੂਟੀ ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥}

(ਅੰਗ - ੧੦੦੨)

39/5009

{ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥ ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥}

(ਅੰਗ - ੧੦੦੨)

{ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥
ਸਤਿਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ - ੩੫)

{ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥}

(ਅੰਗ - ੬੧)

{ਵਡੈ ਭਾਗਿ ਨਾਉ ਪਾਈਐ ਗੁਰਮਤਿ ਸਬਦਿ ਸੁਹਾਈ ॥
ਆਪੇ ਮਨਿ ਵਸਿਆ ਪ੍ਰਭੁ ਕਰਤਾ ਸਹਜੇ ਰਹਿਆ ਸਮਾਈ ॥੩॥}

(ਅੰਗ - ੬੯)

{ਅੰਦਰਿ ਹੀਰਾ ਲਾਲੁ ਬਣਾਇਆ ॥ ਗੁਰ ਕੈ ਸਬਦਿ ਪਰਖਿ ਪਰਖਾਇਆ ॥
ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥੧॥}

(ਅੰਗ - ੧੧੨)

{ਏਕੋ ਵੇਖਾ ਅਵਰੁ ਨ ਬੀਆ ॥ ਗੁਰ ਪਰਸਾਦੀ ਅੰਮ੍ਰਿਤੁ ਪੀਆ ॥
ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥੩॥}

(ਅੰਗ - ੧੧੩)

{ਗੁਰ ਕੈ ਸਬਦਿ ਰਿਦੈ ਦਿਖਾਇਆ ॥ ਮਾਇਆ ਮੋਹੁ ਸਬਦਿ ਜਲਾਇਆ ॥
ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥}

(ਅੰਗ - ੧੨੦)

{ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥
ਮਾਇਆ ਮਹਿ ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ ਸਦ ਰਹੈ ਸਮਾਏ ॥
ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥
ਸਚੁ ਸਾਲਾਹੀ ਸਦਾ ਹਜੂਰੇ ॥ ਗੁਰ ਕੈ ਸਬਦਿ ਰਹਿਆ ਭਰਪੂਰੇ ॥
ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥

ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥}

(ਅੰਗ - ੧੨੦)

{ਮਨੂਆ ਨਾਚੈ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥
ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥}

(ਅੰਗ - ੧੨੧)

{ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥
ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥}

(ਅੰਗ - ੧੨੮)

{ਹਰਿ ਆਪੇ ਮੇਲੇ ਸੇਵ ਕਰਾਏ ॥ ਗੁਰ ਕੈ ਸਬਦਿ ਭਾਉ ਦੂਜਾ ਜਾਏ ॥
ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥}

(ਅੰਗ - ੧੨੯)

{ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥
ਦੂਜਾ ਕਉਨੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥
ਦੂਜੀ ਦੁਰਮਤਿ ਆਧੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥
ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥
ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥
ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥
ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥
ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥
ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥
ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥੫॥}

(ਅੰਗ - ੨੨੩)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ - ੨੩੦)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥}

(ਅੰਗ - ੨੩੬)

{ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥੧॥}

(ਅੰਗ - ੭੫੬)

{ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥੩॥
ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥}

(ਅੰਗ - ੭੫੫)

{ਗੁਰ ਕੈ ਸਬਦਿ ਪਵਿਤ੍ਰ ਸਰੀਰਾ ॥ ਤਿਸੁ ਵਿਚਿ ਵਸੈ ਸਚੁ ਗੁਣੀ ਗਹੀਰਾ ॥
ਸਚੋ ਸਚੁ ਵੇਖੈ ਸਭ ਥਾਈ ਸਚੁ ਸੁਣਿ ਮੰਨਿ ਵਸਾਇਦਾ ॥੭॥
ਹਉਮੈ ਗਣਤ ਗੁਰ ਸਬਦਿ ਨਿਵਾਰੇ ॥ ਹਰਿ ਜੀਉ ਹਿਰਦੈ ਰਖਹੁ ਉਰ ਧਾਰੇ ॥
ਗੁਰ ਕੈ ਸਬਦਿ ਸਦਾ ਸਾਲਾਹੇ ਮਿਲਿ ਸਾਚੇ ਸੁਖੁ ਪਾਇਦਾ ॥੮॥
ਸੋ ਚੇਤੇ ਜਿਸੁ ਆਪਿ ਚੇਤਾਏ ॥ ਗੁਰ ਕੈ ਸਬਦਿ ਵਸੈ ਮਨਿ ਆਏ ॥
ਆਪੇ ਵੇਖੈ ਆਪੇ ਬੂਝੈ ਆਪੈ ਆਪੁ ਸਮਾਇਦਾ ॥੯॥
ਜਿਨਿ ਮਨ ਵਿਚਿ ਵਥੁ ਪਾਈ ਸੋਈ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥
ਆਪੁ ਪਛਾਣੈ ਸੋਈ ਜਨੁ ਨਿਰਮਲੁ ਬਾਣੀ ਸਬਦੁ ਸੁਣਾਇਦਾ ॥੧੦॥}

(ਅੰਗ - ੧੦੬੫)

{ਵਡੈ ਭਾਗਿ ਇਹੁ ਸਰੀਰੁ ਪਾਇਆ ॥ ਮਾਣਸ ਜਨਮਿ ਸਬਦਿ ਚਿਤੁ ਲਾਇਆ ॥
ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ ॥੫॥}

(ਅੰਗ - ੧੦੬੫)

{ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥
ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥}

(ਅੰਗ - ੩੩)

{ਸੋ ਜਨੁ ਸਾਚਾ ਜਿ ਅੰਤਰੁ ਭਾਲੇ ॥ ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ ॥
ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ ॥੪॥}

(ਅੰਗ - ੧੦੬੫)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ - ੪੫੬)

40/5010

ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਦੇ ਵਿਚ ਤੇ ਉਸ ਦੇ ਮਨੁੱਖੀ ਰੂਪ ਦੇ ਵਿਚ ਕੇਵਲ ਇੱਕ ਭਰਮ ਰੂਪ ਪੜਦਾ ਹੈ, ਹਉਮੈ ਰੂਪ ਪੜਦਾ ਹੈ, ਅਗਿਆਨਤਾ ਰੂਪ, ਮਨਮਤਿ ਰੂਪ, ਦੁਰਮਤਿ ਰੂਪ ਭਾਵ ਮਨ ਦੀ ਨਾ ਸਮਝੀ ਰੂਪ ਪੜਦਾ ਹੈ ਜਿਸ ਦੇ ਦੂਰ ਹੋਏ ਬਿਨਾ ਨਾ ਹੀ ਅੱਜ ਤੱਕ ਕਦੇ ਕਿਸੇ ਨੂੰ ਆਪਣੇ ਅੰਦਰੋਂ ਉਸ ਆਕਾਰ ਰਹਿਤ ਪ੍ਰਮਾਤਮਾ

ਦੇ ਭਾਵ ਨਿਰੰਕਾਰ ਰੂਪ ਪ੍ਰਮਾਤਮਾ ਦੇ ਦਰਸ਼ਨ ਹੋਏ ਹਨ ਤੇ ਨਾ ਹੀ ਇਹ ਮਨ ਦਾ ਪੜਦਾ ਦੂਰ ਹੋਏ ਬਿਨਾ ਕਦੇ ਕਿਸੇ ਨੂੰ ਦਰਸ਼ਨ ਹੋ ਸਕਦੇ ਹਨ। ਅਸੀਂ ਪਿੱਛੇ ਮੁੱਖ ਸ਼ਬਦ ਰਾਹੀਂ ਇਹੀ ਗੱਲ ਨੂੰ ਸਮਝਿਆ ਹੈ। **(ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥)** ਅੰਗ ੨੦੪ ਇਸੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਇਹ ਪੜਦਾ ਕਿਸ ਰੂਪ ਵਿਚ ਹੈ। (**ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥** ਅੰਗ - ੨੦੫) ਜਿਵੇਂ ਕਿ ਇਹਨਾਂ ਪੰਗਤੀਆਂ ਦੁਆਰਾ ਸਪਸ਼ਟ ਹੈ ਸਾਡੇ ਅੰਦਰ ਦਾ ਹਉਮੈ ਰੂਪ ਪੜਦਾ ਹੀ ਸਾਡੇ ਅੰਦਰ ਦਾ ਮਾਇਆ ਮੋਹ ਰੂਪ ਹੈ ਜੋ ਕਿ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਦੀ ਉਪਜ ਹੈ। ਇਸ ਗੱਲ ਨੂੰ ਸਮਝਾਉਣ ਲਈ ਸੈਂਕੜੇ ਸ਼ਬਦਾਂ ਦੀ ਉਦਾਹਰਣ ਦੇ ਤੌਰ ਤੇ ਵਰਤੋਂ ਕੀਤੀ ਗਈ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦੀ ਅਸਲੀਅਤ ਨੂੰ ਬਰੀਕੀ ਨਾਲ ਸਮਝ ਸਕੀਏ ਤੇ ਗੁਰੂ ਦੀ ਗੱਲ ਤੇ ਵਿਸ਼ਵਾਸ ਕਰ ਸਕੀਏ ਕਿ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਤੇ ਕੇਵਲ ਮਨ ਦੇ ਵਿਚ ਹੀ ਹੋ ਸਕਦਾ ਹੈ ਜੋ ਕਿ ਮਨ ਦਾ ਭਰਮ ਰੂਪ ਪੜਦਾ, ਮਾਇਆ ਮੋਹ ਰੂਪ ਪੜਦਾ ਦੂਰ ਹੋਣ ਦੁਆਰਾ ਹੀ ਹੋ ਸਕਦਾ ਹੈ ਜਿਸ ਅਵਸਥਾ ਵਿਚ ਪ੍ਰਮਾਤਮਾ ਨੇ ਸਭ ਨੂੰ ਆਪ ਹੀ ਰੱਖਿਆ ਹੋਇਆ ਹੈ, ਆਪਣੀ ਖੇਡ ਚਲਾਉਣ ਲਈ ਰੱਖਿਆ ਹੋਇਆ ਹੈ। ਮਾਇਆ ਮੋਹ ਦੀ ਗੱਲ ਬਾਣੀ ਵਿਚ ਬਾਰ-ਬਾਰ ਆਉਂਦੀ ਹੈ ਜਿਸ ਨੂੰ ਕਿ ਹੋਰ ਵੀ ਬਰੀਕੀ ਨਾਲ ਸਮਝਣਾ ਜਰੂਰੀ ਹੈ ਤਾਂ ਜੋ ਅਸੀਂ ਗੁਰਬਾਣੀ ਦੀ ਸਮਝਾਈ ਹੋਈ ਅਸਲੀਅਤ ਨੂੰ ਸਮਝ ਸਕੀਏ। ਅਸੀਂ ਜੋ ਕੁਝ ਵੀ ਆਪਣੀਆਂ ਸਰੀਰਕ ਅੱਖਾਂ ਰਾਹੀਂ ਦੇਖਦੇ ਹਾਂ ਉਹ ਸਭ ਮਾਇਆ ਰੂਪ ਹੀ ਦੇਖਦੇ ਹਾਂ। ਹਰ ਆਕਾਰ ਮਾਇਆ ਰੂਪ ਹੀ ਹੈ। ਇਸ ਮਾਇਆ ਰੂਪ ਵਿਚ ਸਾਨੂੰ ਪ੍ਰਮਾਤਮਾ ਦਾ ਰੂਪ ਨਜਰ ਨਹੀਂ ਆਉਂਦਾ ਜੋ ਕਿ ਹਰ ਆਕਾਰ ਦੇ ਰੂਪ ਵਿਚ ਹੀ ਹੈ ਤੇ ਉਹ ਨਿਰੰਕਾਰ ਰੂਪ ਦੇ ਵਿਚ ਹੈ, ਜੋਤਿ ਰੂਪ ਦੇ ਵਿਚ ਹੈ। ਅਸੀਂ ਜੋ ਕੁਝ ਵੀ ਆਪਣੀਆਂ ਬਾਹਰਲੀਆਂ ਅੱਖਾਂ ਨਾਲ ਦੇਖਦੇ ਹਾਂ ਉਸ ਨੂੰ ਸਮਝਾਉਣ ਵਾਲਾ ਸਾਡਾ ਮਨ ਹੈ ਜੋ ਨਿਰੰਕਾਰ ਰੂਪ ਹੈ।

40/5011

ਮਨ ਦੇ ਵਿਚ ਕੇਵਲ ਗਿਆਨ ਹੀ ਉਪਜਦਾ ਹੈ ਜੋ ਕਿ ਨਿਰੰਕਾਰ ਰੂਪ ਹੈ। ਸਾਡੇ ਅੰਦਰ ਵਿਚਾਰ ਹੀ ਉਪਜਦੇ ਹਨ ਤੇ ਹੋਰ ਕੁਝ ਨਹੀਂ ਉਪਜਦਾ। ਸਭ ਕੁਝ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ। ਸਾਡੇ ਵਿਚਾਰ ਹੀ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਤੇ ਸਾਡੇ ਵਿਚਾਰ ਹੀ ਸਾਡੇ ਅੰਦਰ ਚੌਥੇ ਪਦ ਵਾਲੀ ਅਵਸਥਾ ਹੈ। ਸਾਡੇ ਵਿਚਾਰ ਸਾਡੇ ਮਨ ਦੀਆਂ ਅੱਖਾਂ ਹਨ ਤੇ ਜੋ ਕੁਝ ਉਹ ਸਾਨੂੰ ਮਨ ਦੇ ਵਿਚੋਂ ਦਿਖਾਉਂਦੇ ਹਨ ਭਾਵ ਸਮਝਾਉਂਦੇ ਹਨ ਉਹੋ ਕੁਝ ਹੀ ਅਸੀਂ ਤਨ ਦੀਆਂ ਅੱਖਾਂ ਦੁਆਰਾ ਦੇਖ ਕੇ ਸਮਝਦੇ ਹਾਂ। ਸਾਡੇ ਅੰਦਰ ਦੀਆਂ ਅੱਖਾਂ ਭਾਵ ਵਿਚਾਰ ਰੂਪ ਅੱਖਾਂ ਜਦ ਤਕ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹਨ ਇਹ ਸਾਡੇ ਅੰਦਰ ਦਾ ਮਾਇਆ ਮੋਹ ਰੂਪ ਹੈ ਜੋ ਆਕਾਰ ਰਹਿਤ ਰੂਪ ਹੈ ਭਾਵ ਗਿਆਨ ਰੂਪ ਹੈ। ਇਹ ਸਾਡੇ ਅੰਦਰ ਦਾ ਮਾਇਆ ਮੋਹ ਰੂਪ ਸਾਡੇ ਅੰਦਰ ਦਾ ਪੜਦਾ ਹੈ ਜੋ ਸਾਨੂੰ ਚਉਥੇ ਪਦ ਦੇ ਗਿਆਨ ਤੋਂ ਦੂਰ ਰੱਖਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰਖਦਾ ਹੈ। ਸਾਡੇ ਅੰਦਰ ਦਾ ਇਹ ਮਾਇਆ ਮੋਹ ਬਾਹਰਲੀ ਮਾਇਆ ਦੇ ਮੋਹ ਨਾਲ ਜੋੜ ਕੇ ਰਖਦਾ ਹੈ, ਮਾਯਾਵੀ ਪਦਾਰਥਾਂ ਦੇ ਮੋਹ ਵਿਚ ਰਖਦਾ ਹੈ ਤੇ ਉਹਨਾਂ ਦੇ ਮੋਹ ਵਿਚੋਂ ਨਿਕਲਣ ਨਹੀਂ ਦਿੰਦਾ, ਉਹਨਾਂ ਦੀ ਪ੍ਰਾਪਤੀ ਵਿਚ ਹੀ ਸਾਨੂੰ ਸੁਖ ਮਹਿਸੂਸ ਹੁੰਦਾ ਹੈ। ਇਹ ਸਭ ਸਾਡੇ ਮਨ ਦੀ ਖੇਡ ਹੈ ਜੋ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਹੈ ਤੇ ਇਸ ਮਾਇਆ ਮੋਹ ਵਿਚੋਂ ਨਿਕਲਣਾ ਬਹੁਤ ਹੀ ਔਖਾ ਹੈ ਜੋ ਕਿ ਸਾਡੇ ਵੱਸ ਵਿਚ ਨਹੀਂ ਹੈ ਪਰ ਇਸ ਵਿਚੋਂ ਨਿਕਲਣ ਦਾ ਉਦਮ ਪ੍ਰਮਾਤਮਾ ਨੇ ਮਨੁੱਖ ਦੇ ਨਾ ਲਗਾਇਆ ਹੋਇਆ ਹੈ। ਅਸੀਂ ਧਰਮ ਦੇ ਮਾਰਗ ਤੇ ਚੱਲਣ ਲਈ ਮਾਇਆ ਮੋਹ ਵਿਚੋਂ ਨਿਕਲਣ ਦੇ ਉਪਰਾਲੇ ਕਰਦੇ ਹਾਂ ਜੋ ਤਰੀਕੇ ਪ੍ਰਾਚੀਨ ਸਮੇਂ ਤੋਂ ਚੱਲਦੇ ਆ ਰਹੇ ਹਨ। ਅਨੇਕਾਂ ਹੀ ਘਰ ਬਾਰ ਛੱਡ ਕੇ ਚਲੇ ਜਾਂਦੇ ਹਨ ਤੇ ਅਨੇਕਾਂ ਹੀ ਜਪ ਤਪ ਆਦਿ ਦੇ ਉਪਰਾਲੇ ਕਰਦੇ ਹਨ ਜਿੰਨ੍ਹਾਂ ਨੂੰ ਉਹ ਮਾਇਆ ਮੋਹ ਦੇ ਵਿਚੋਂ ਨਿਕਲਣ ਦਾ ਉਪਰਾਲਾ ਸਮਝਦੇ ਹਨ। ਇਹ ਸਭ ਮਾਇਆ ਮੋਹ ਛਡਣ ਦੇ ਉਪਰਾਲੇ ਨਹੀਂ ਹਨ ਤੇ ਇਸੇ ਲਈ ਗੁਰਬਾਣੀ ਰਾਹੀਂ ਇਹੋ ਜਿਹੇ ਸਭ ਤਰੀਕਿਆਂ ਦਾ ਭਾਵ ਭਗਤੀ ਸਮਝਣ ਦੇ ਤਰੀਕਿਆਂ ਦਾ ਬਾਰ ਬਾਰ ਖੰਡਣ ਕੀਤਾ ਹੋਇਆ ਹੈ। ਤਿਆਗਣਾਂ ਤਾਂ ਅਸੀਂ

40/5012

ਅਸਲ ਵਿਚ ਅੰਦਰਲੀ ਮਾਇਆ ਮੋਹ ਨੂੰ ਹੈ ਭਾਵ ਆਪਣੀ ਅੰਦਰ ਦੀ ਸਮਝ ਨੂੰ ਤਿਆਗਣਾ ਹੈ ਜਿਸ ਨੂੰ ਤਿਆਗੇ ਬਿਨਾ ਅਸੀਂ ਸੱਚੀ ਭਗਤੀ ਦੇ ਮਾਰਗ ਨੂੰ ਹੀ ਨਹੀਂ ਸਮਝ ਸਕਦੇ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਧਰਮ ਦੇ ਮਾਰਗ ਤੇ ਚਲਣ ਦਾ ਹੀ ਹੈ ਭਾਵ ਸੱਚ ਦੇ ਮਾਰਗ ਤੇ ਚਲਣ ਦਾ ਹੀ ਹੈ ਜੋ ਕਿ ਸਾਰੇ ਸੰਸਾਰ ਲਈ ਇਕੋ ਹੀ ਹੈ। ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਗੁਰਮਤਿ ਦੇ ਰੂਪ ਵਿਚ ਹੈ, ਸ਼ਬਦਾਂ ਦੀ ਵਿਚਾਰਾਂ ਦੇ ਰੂਪ ਵਿਚ ਹੈ, ਨਾਮ ਦੇ ਰੂਪ ਵਿਚ ਹੈ। ਅਸੀਂ ਸੱਚ ਨੂੰ ਤਾਂ ਹੀ ਸਮਝ

ਪਾਵਾਂਗੇ ਜਦੋਂ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ। ਸ਼ਬਦਾਂ ਦੀ ਵਿਚਾਰ ਨੇ ਹੀ ਸਾਨੂੰ ਮਾਇਆ ਮੋਹ ਵਿਚੋਂ ਕੱਢਣਾ ਹੈ ਭਾਵ ਮਨ ਦੀ ਅਗਿਆਨਤਾ ਵਿਚੋਂ ਕੱਢਣਾ ਹੈ, ਮਨਮਤਿ ਵਿਚੋਂ, ਦੁਰਮਤਿ ਵਿਚੋਂ ਕੱਢਣਾ ਹੈ ਭਾਵ ਭਰਮ ਰੂਪ ਪੜਦੇ ਵਿਚੋਂ ਕੱਢਣਾ ਹੈ। ਪ੍ਰਮਾਤਮਾ ਨਾਲੋਂ ਸਾਡਾ ਪੜਦਾ ਮਨ ਦੇ ਅੰਦਰ ਦੀ ਮਾਇਆ ਮੋਹ ਕਰਕੇ ਹੈ ਜਿਸ ਵਿਚੋਂ ਨਿਕਲੇ ਬਿਨਾਂ ਨਾ ਸਾਨੂੰ ਜੀਵਨ ਦੇ ਸੱਚੇ ਮਾਰਗ ਦੀ ਸਮਝ ਲਗ ਸਕਦੀ ਹੈ ਤੇ ਨਾ ਹੀ ਅਸੀਂ ਉਸ ਤੇ ਚਲ ਸਕਦੇ ਹਾਂ। ਸਾਡੇ ਮਨ ਦੀ ਮਾਇਆ ਮੋਹ ਦਾ ਮਕਸਦ ਸਾਨੂੰ ਪ੍ਰਮਾਤਮਾ ਦੇ ਮੇਲ ਨਾਲੋਂ ਦੂਰ ਰੱਖਣ ਦਾ ਹੀ ਹੈ ਜਿਸ ਵਿਚੋਂ ਪ੍ਰਮਾਤਮਾ ਦੀ ਕਿਰਪਾ ਤੋਂ ਬਿਨਾ ਕੋਈ ਨਹੀਂ ਨਿਕਲ ਸਕਦਾ। ਜਿਸ ਤੇ ਪ੍ਰਮਾਤਮਾ ਕਿਰਪਾ ਕਰਦਾ ਹੈ ਉਸ ਨੂੰ ਸ਼ਬਦਾਂ ਦੀ ਸੱਚੀ ਸੋਝੀ ਨਾਲ ਹੀ ਮੇਲਦਾ ਹੈ। ਸਾਨੂੰ ਸ਼ਬਦਾਂ ਦੇ ਵਿਚਾਰ ਉਹਨਾਂ ਨੇ ਹੀ ਦਿੱਤੇ ਹਨ ਜਿੰਨਾਂ ਤੇ ਪ੍ਰਮਾਤਮਾ ਦੀ ਕਿਰਪਾ ਹੋਈ ਹੈ। ਮਨ ਦੀ ਮਾਇਆ ਮੋਹ ਵਿਚੋਂ ਨਿਕਲਣ ਦਾ ਉਪਰਾਲਾ ਪ੍ਰਮਾਤਮਾ ਨੇ ਆਪ ਹੀ ਗੁਰਬਾਣੀ ਰੂਪ ਗ੍ਰੰਥ ਦੀ ਰਚਨਾ ਕਰਨ ਦੁਆਰਾ ਕੀਤਾ ਹੈ। ਜੇਕਰ ਅਸੀਂ ਕੇਵਲ ਸ਼ਬਦਾਂ ਦੀ ਕਥਨੀ ਨਾਲ ਜੁੜੇ ਰਹਾਂਗੇ, ਗਿਣਤੀਆਂ ਮਿਣਤੀਆਂ ਨਾਲ ਜੁੜੇ ਰਹਾਂਗੇ ਤਾਂ ਫਿਰ ਸਾਡੇ ਅੰਦਰ ਦਾ ਮਾਇਆ ਮੋਹ ਕਦੇ ਨਹੀਂ ਜਾ ਸਕਦਾ। ਜਿਉਂ ਜਿਉਂ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਭਾਵ ਮਨ ਦੀ ਅਗਿਆਨਤਾ ਵਿਚੋਂ ਨਿਕਲਾਂਗੇ ਤਿਉਂ ਤਿਉਂ ਅਸੀਂ ਮਾਇਆ ਮੋਹ ਵਿੱਚੋਂ ਨਿਕਲਾਂਗੇ। ਮਨ ਦਾ ਮਾਇਆ ਮੋਹ ਹੀ ਸਾਡੀ ਪ੍ਰਮਾਤਮਾ ਦੇ ਨਾਲ ਦੂਰੀ ਹੈ ਤੇ ਮਾਇਆ ਮੋਹ ਨੂੰ ਅਸੀਂ ਜਿਤਨਾ ਛੱਡਾਂਗੇ ਉਤਨਾ ਹੀ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਉਪਰਾਲਾ ਕਰਾਂਗੇ ਜੋ ਕਿ ਸਾਡੇ ਜੀਵਨ ਦਾ ਮਕਸਦ ਹੈ। ਮਾਇਆ ਮੋਹ ਨੂੰ ਸਮਝਣ ਵਿਚ ਹਰ ਕੋਈ ਭਰਮ ਵਿਚ ਹੈ ਜਿਸ ਭਰਮ ਵਿਚੋਂ ਨਿਕਲਣਾ ਸਾਡੇ ਸਭ ਦੇ ਲਈ ਬਹੁਤ ਜਰੂਰੀ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ

40/5013

ਤੇ ਅਗਲੇ ਕੁਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਕੇਵਲ ਤੇ ਕੇਵਲ ਗੁਰੂ ਦੀ ਸਮਝਾਈ ਹੋਈ ਗੱਲ ਤੇ ਵਿਸ਼ਵਾਸ ਟਿਕਾਉਣ ਦੀ ਲੋੜ ਹੈ ਕਿ ਜੋ ਗੁਰੂ ਕਹਿੰਦਾ ਹੈ ਭਾਵ ਜੋ ਗੁਰੂ ਰੂਪ ਵਿਚ ਪ੍ਰਮਾਤਮਾ ਨੇ ਆਪ ਕਹਿਆ ਹੈ ਉਹ ਪੂਰਨ ਸੱਚ ਹੈ। ਉਹੀ ਕੇਵਲ ਸੱਚ ਹੈ ਜੋ ਸਾਨੂੰ ਆਪਣੇ ਨਾਲ ਮੇਲ ਦਾ ਮਾਰਗ ਸਮਝਾ ਸਕਦਾ ਹੈ।

“ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥ ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ ॥
ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ ॥੧॥ ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ॥
ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥
ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥ ਹਮ ਦੀਨ ਮੂਰਖ ਅਵੀਚਾਰੀ ਤੁਮ ਚਿੰਤਾ ਕਰਹੁ ਹਮਾਰੀ॥
ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥
ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ ॥੩॥
ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥
ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥
ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥੪॥੧॥”

(ਅੰਗ ੧੨੫੭-੧੨੫੮)

ਪ੍ਰਮਾਤਮਾ ਨੂੰ ਜਾਨਣਾ ਇਹੀ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਜੋ ਵੀ ਆਕਾਰ ਰੂਪ ਅਸੀਂ ਦੇਖਦੇ ਹਾਂ ਭਾਵ ਮਾਇਆ ਰੂਪ ਅਸੀਂ ਦੇਖਦੇ ਹਾਂ ਉਹ ਸਭ ਕੁਝ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਵਿਚ ਅਸੀਂ ਆਪ ਵੀ ਆਉਂਦੇ ਹਾਂ। ਪ੍ਰਮਾਤਮਾ ਸਭ ਜਗ੍ਹਾ ਆਪਣੇ ਦੋ ਰੂਪ ਵਿਚ ਹੈ ਜੋ ਕਿ ਉਸ ਦਾ ਆਕਾਰ ਤੇ ਨਿਰੰਕਾਰ ਰੂਪ ਹੈ। ਆਪਣੇ ਆਕਾਰ ਰੂਪ ਦੀ ਰਚਨਾ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਰਚਨਾ ਉਸ ਨੇ ਆਪਣੇ ਨਿਰੰਕਾਰ ਰੂਪ ਦੁਆਰਾ ਕੀਤੀ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾ ਇਸ ਆਕਾਰ ਰੂਪ ਦੇ ਸੱਚ ਨੂੰ ਨਹੀਂ ਜਾਣਿਆ ਜਾ ਸਕਦਾ ਕਿ ਇਹ ਆਕਾਰ ਰੂਪ ਕਿਸ ਨੇ

ਬਣਾਇਆ ਹੈ ਤੇ ਕਿਸ ਵਿਧੀ ਦੁਆਰਾ ਬਣਾਇਆ ਹੈ। ਕਿਸੇ ਵੀ ਚੀਜ ਦੀ ਰਚਨਾ ਕਰਨ ਲਈ ਗਿਆਨ ਦੀ ਲੋੜ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਉਸ ਦਾ ਗਿਆਨ ਰੂਪ ਹੈ, ਉਸ ਦਾ ਜੋਤਿ ਰੂਪ ਹੈ ਜੋ ਕਿ ਸਾਡੇ ਅੰਦਰ ਹੀ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਜੋਤਿ ਰੂਪ ਹੀ ਸਾਨੂੰ ਮਾਇਆ ਮੋਹ ਵਿਚ ਰੱਖਦਾ ਹੈ ਤੇ ਉਸ ਦਾ ਜੋਤਿ ਰੂਪ ਹੀ ਸਾਨੂੰ ਇਸ ਮਾਇਆ ਮੋਹ ਤੋਂ ਕੱਢ ਸਕਦਾ ਹੈ। ਉਹ ਆਪਣੇ ਨਿਰੰਕਾਰ ਰੂਪ ਰਾਹੀਂ ਭਾਵ ਮਨ ਦੇ ਗਿਆਨ ਰਾਹੀਂ ਆਪ ਹੀ ਭਰਮ ਵਿਚ ਪਾ ਕੇ ਰਖਦਾ ਹੈ, ਮਨ ਦੀ ਭੁੱਲ ਵਿਚ ਰੱਖਦਾ ਹੈ, ਸੰਸਾਰ ਦੀ ਅਸਲੀਅਤ ਨੂੰ ਸਮਝਣ ਵਿਚ ਅਸਮਰਥ ਬਣਾ ਕੇ ਰੱਖਦਾ ਹੈ। (**ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥**) ਜੋ ਕੁਝ ਵੀ ਅਸੀਂ ਕਰਦੇ ਹਾਂ ਉਹ ਮਨ ਦੀ ਸਮਝ ਰਾਹੀਂ ਹੀ ਕਰਦੇ ਹਾਂ ਪਰ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਹ ਕੁਝ ਅਸੀਂ

40/5014

ਕਰ ਰਹੇ ਹਾਂ ਲੇਕਿਨ ਇਹ ਸਾਡਾ ਭਰਮ ਹੈ। ਮਨ ਦੀ ਸਮਝ ਵਿਚ ਅਸੀਂ ਨਹੀਂ ਹਾਂ ਬਲਕਿ ਆਪ ਪ੍ਰਮਾਤਮਾ ਹੈ ਜੋ ਕਿ ਮਨ ਦੇ ਵਿਚਾਰਾਂ ਰਾਹੀਂ ਸਾਨੂੰ ਆਪ ਹੀ ਦੇਖ ਰਿਹਾ ਹੈ ਭਾਵ ਉਸ ਨੇ ਆਪ ਹੀ ਸਾਨੂੰ ਜਿਸ ਪਾਸੇ ਲਗਾਇਆ ਹੋਇਆ ਹੈ ਅਸੀਂ ਲਗੇ ਹੋਏ ਹਾਂ। ਜੋ ਸਾਡੇ ਅੰਦਰ ਦੇ ਨਿਰੰਕਾਰ ਰੂਪ, ਮਨੁੱਖੀ ਰੂਪ ਭਾਵ ਆਕਾਰ ਰੂਪ ਕੋਲੋਂ ਕਰਵਾ ਰਿਹਾ ਹੈ ਉਹੀ ਕੁਝ ਆਕਾਰ ਰੂਪ ਕਰ ਰਿਹਾ ਹੈ। (**ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥ ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ ॥**) ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਭਾਵ ਸਾਡੀ ਕਰਨੀ ਨਾਲ ਜੁੜਿਆ ਹੋਇਆ ਹੈ ਕਿ ਉਹ ਕਰਨੀ ਅਸੀਂ ਗੁਰੂ ਦੇ ਹੁਕਮ ਅਨੁਸਾਰ ਕਰਦੇ ਹਾਂ ਭਾਵ ਗੁਰੂ ਦੀ ਸਿਖਿਆ ਅਨੁਸਾਰ ਕਰਦੇ ਹਾਂ ਜਾਂ ਉਸ ਅਨੁਸਾਰ ਨਹੀਂ ਕਰਦੇ। ਜਿਸ ਨੂੰ ਪ੍ਰਮਾਤਮਾ ਆਪਣਾ ਸੇਵਕ ਬਣਾਉਂਦਾ ਹੈ ਭਾਵ ਆਪਣੀ ਭਗਤੀ ਵਾਲਾ ਬਣਾਉਂਦਾ ਹੈ ਉਸ ਨੂੰ ਮਨ ਦੇ ਵਿਚਾਰਾਂ ਰਾਹੀਂ ਮਨ ਦੇ ਭਰਮਾਂ ਵਿਚੋਂ ਹੀ ਕੱਢਦਾ ਹੈ ਤੇ ਉਸ ਨੂੰ ਆਪਣੀ ਗੁਰਮਤਿ ਆਪ ਹੀ ਸਮਝਾਉਂਦਾ ਹੈ ਭਾਵ ਆਪਣੇ ਹੁਕਮ ਅਨੁਸਾਰ ਚਲਾਉਂਦਾ ਹੈ। ਉਸ ਦਾ ਹੁਕਮ ਸਭ ਦੇ ਅੰਦਰ ਚਲ ਰਿਹਾ ਹੈ ਤੇ ਉਸ ਨੂੰ ਬੁੱਝੇ ਬਿਨਾ ਭਾਵ ਜਾਣੇ ਬਿਨਾ ਨਾ ਹੀ ਉਸ ਦੇ ਹੁਕਮ ਨੂੰ ਮੰਨਿਆ ਜਾ ਸਕਦਾ ਹੈ ਤੇ ਨਾ ਹੀ ਉਸ ਦਾ ਸੇਵਕ ਬਣਿਆ ਜਾ ਸਕਦਾ ਹੈ। ਉਸ ਦਾ ਸੇਵਕ ਉਹੀ ਬਣਦਾ ਹੈ ਜਿਸ ਨੂੰ ਇਸ ਆਕਾਰ ਰੂਪ ਦੀ ਸਮਝ ਲਗ ਜਾਂਦੀ ਹੈ ਕਿ ਇਸ ਆਕਾਰ ਰੂਪ ਦਾ ਮਾਲਕ ਨਿਰੰਕਾਰ ਰੂਪ ਪ੍ਰਮਾਤਮਾ ਆਪ ਹੀ ਆਪਣੇ ਆਕਾਰ ਰੂਪ ਨੂੰ ਚਲਾ ਰਿਹਾ ਹੈ। (**ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ॥ ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ ॥ ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ ॥੧॥**)

ਜੋ ਪ੍ਰਮਾਤਮਾ ਦੇ ਹੁਕਮ ਵਿਚ ਰਹਿਣਾ ਹੈ ਭਾਵ ਉਸ ਦੇ ਹੁਕਮ ਨੂੰ ਮੰਨਣਾ ਹੈ ਉਹੀ ਪ੍ਰਮਾਤਮਾ ਦੇ ਭਾਣੇ ਵਿਚ ਚਲਣਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ ॥

ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥”

40/5015

ਜਿਵੇਂ ਕਿ ਅਸੀਂ ਪਿਛਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਪ੍ਰਮਾਤਮਾ ਦੇ ਹੁਕਮ ਵਿਚ ਉਸ ਦੇ ਹੁਕਮ ਨੂੰ ਮਨ ਦੇ ਵਿਚੋਂ ਸਮਝਣ ਦੁਆਰਾ ਹੀ ਚਲਿਆ ਜਾ ਸਕਦਾ ਹੈ ਜਿਸ ਦੀ ਸੋਝੀ ਮਨ ਦੇ ਵਿਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਕਿਸੇ ਨੂੰ ਆਪ ਹੀ ਆਪਣਾ ਸੇਵਕ ਰੂਪ ਬਣਾਕੇ ਉਸ ਤੇ ਚਲਾਂਦਾ ਹੈ। ਆਪਣਾ ਭਾਣਾ ਜਿਸ ਨੂੰ ਪ੍ਰਮਾਤਮਾ ਸਮਝਾਉਂਦਾ ਹੈ ਉਹ ਆਪ ਹੀ ਉਸ ਨੂੰ ਜਾਨਣ ਵਾਲਾ ਹੁੰਦਾ ਹੈ ਭਾਵ ਜੋ ਸਮਝਾਉਣ ਵਾਲਾ ਹੈ ਉਹੀ ਜਾਨਣ ਵਾਲਾ ਹੈ ਭਾਵ ਜਾਨਣ ਵਾਲੇ ਨੂੰ ਇਸ ਗੱਲ ਦੀ ਸਮਝ ਲਗ ਜਾਂਦੀ ਹੈ ਕਿ ਮਨੁੱਖੀ ਰੂਪ ਨੂੰ ਬਣਾਕੇ ਉਸਨੂੰ ਚਲਾਉਣ ਵਾਲਾ ਆਪ ਹੀ ਹੈ ਜੋ ਸਾਡੇ ਅੰਦਰ ਗੁਪਤ ਰੂਪ ਵਿਚ ਸਾਡੇ ਮਨ ਦੇ ਵਿਚਾਰਾਂ ਰਾਹੀਂ ਵਿਚਰ ਰਿਹਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਇਸੇ ਤਰੀਕੇ ਹੀ ਹੁੰਦੀ ਹੈ ਜੋ ਕਿ ਕੇਵਲ ਤੇ ਕੇਵਲ ਉਸ ਗੁਰੂ ਰੂਪ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ। ਸਾਰੀ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ, ਸ਼ਬਦ ਰੂਪ ਗਿਆਨ ਦਾ ਮਾਲਕ ਹੋਣ ਕਰਕੇ ਗੁਰੂ ਹੈ। (**ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ ॥**) ਪ੍ਰਮਾਤਮਾ ਦੇ ਨਾਲ ਸਾਡੇ ਇਸ ਮੇਲ ਨੂੰ ਹੀ ਅਗਲੀ ਪੰਗਤੀ ਦੁਆਰਾ ਹੋਰ ਸਪਸ਼ਟ ਕੀਤਾ ਹੋਇਆ ਹੈ ਤੇ ਇਹ

ਮੇਲ ਕਿਸ ਤਰੀਕੇ ਹੁੰਦਾ ਹੈ ਇਹ ਸਮਝਾਇਆ ਹੋਇਆ ਹੈ।

"ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸ਼ਿਵ ਦੇ ਘਰ ਵਿਚ ਭਾਵ ਪ੍ਰਮਾਤਮਾ ਦੇ ਘਰ ਵਿਚ ਪਹੁੰਚਣਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸ ਦਾ ਘਰ ਸਾਡਾ ਮਨ ਹੀ ਹੈ ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਨ ਦੇ ਵਿਚ ਹੀ **"ਸਕਤਿ"** ਹੈ ਤੇ ਸਾਡੇ ਮਨ ਵਿਚ ਹੀ **"ਸਿਵ"** ਆਪ ਹੈ। ਆਪਣੇ ਅੰਦਰੋਂ ਸਿਵ ਦੇ ਘਰ ਨੂੰ ਜਾਣੇ ਬਿਨਾ ਹਰ ਕੋਈ **"ਸਕਤਿ"** ਰੂਪ ਘਰ ਵਿਚ ਰਹਿੰਦਾ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਇਸੇ **"ਸਕਤਿ"** ਰੂਪ ਘਰ ਵਿਚ ਰਖਿਆ ਹੋਇਆ ਹੈ।

40/5016

ਇਹ **"ਸਕਤਿ"** ਰੂਪ ਸਾਡੇ ਅੰਦਰ ਦਾ ਮਾਇਆ ਰੂਪ ਘਰ ਹੈ ਭਾਵ ਸਾਡੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ ਜੋ ਸਾਨੂੰ ਸਿਵ ਦੇ ਘਰ ਤੋਂ ਦੂਰ ਰਖਦੀ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰਖਦੀ ਹੈ। ਇਹ ਮਾਇਆ ਵਾਲੀ ਅਵਸਥਾ ਸਾਨੂੰ ਮਨ ਦੀ ਨਾਸਮਝੀ ਨਾਲ ਜੋੜਕੇ ਰੱਖਦੀ ਹੈ, ਮਨ ਦੇ ਭਰਮਾਂ ਨਾਲ ਜੋੜ ਕੇ ਰੱਖਦੀ ਹੈ ਜਿਸ ਦੇ ਰਹਿੰਦਿਆਂ ਮਨੁੱਖ ਨਾ ਹੀ ਪ੍ਰਮਾਤਮਾ ਦੇ ਸਮਝਾਏ ਹੋਏ ਹੁਕਮ ਨੂੰ ਸਮਝ ਸਕਦਾ ਹੈ ਤੇ ਨਾ ਹੀ ਉਸਦੇ ਭਾਣੇ ਅਨੁਸਾਰ ਚੱਲ ਸਕਦਾ ਹੈ ਭਾਵ ਨਾ ਉਸਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਤੇ ਨਾ ਹੀ ਉਹ ਚੱਲ ਸਕਦਾ ਹੈ। ਸਾਡੇ ਅੰਦਰ ਸਿਵ ਦਾ ਘਰ ਸੱਚੇ ਗਿਆਨ ਦਾ ਘਰ ਹੈ, ਸੱਚੀ ਗੁਰਮਤਿ ਰੂਪ ਘਰ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸ ਦੇ ਅੰਦਰ ਦੀ ਮਾਇਆ ਮੋਹ ਵਾਲੀ ਬਿਰਤੀ ਨੂੰ ਸੱਚੇ ਗਿਆਨ ਵਾਲੀ ਬਿਰਤੀ ਵਿਚ ਬਦਲ ਦਿੰਦਾ ਹੈ ਜੋ ਕਿ ਉਹ ਮਨ ਦੇ ਵਿਚ ਪ੍ਰਗਟ ਹੋ ਕੇ ਬਦਲਦਾ ਹੈ। ਮਨ ਦੇ ਅੰਦਰੋਂ ਮਾਇਆ ਮੋਹ ਵਾਲੀ ਬਿਰਤੀ ਦਾ ਖਤਮ ਹੋਣਾ ਹੀ ਸਾਡਾ ਅਸਲ ਮਰਨਾ ਹੈ ਜਿਸ ਦੁਆਰਾ ਅਸੀਂ ਅਸਲ ਤੌਰ ਤੇ ਸੱਚਾ ਜੀਵਨ ਪ੍ਰਾਪਤ ਕਰਦੇ ਹਾਂ। ਸਾਡੇ ਅੰਦਰੋਂ ਮਾਇਆ ਦਾ ਮਰਨਾ ਹੀ ਸਾਡੇ ਅੰਦਰੋਂ ਹਉਮੈ ਦਾ ਮਰਨਾ ਹੈ ਭਾਵ ਸਾਡੀ ਮੈਂ ਦਾ ਮਰਨਾ ਹੈ ਜਿਸ ਦੁਆਰਾ ਸਾਨੂੰ ਇਹ ਸੋਝੀ ਪੈਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ ਤੇ ਸਭ ਵਿਚ ਪ੍ਰਮਾਤਮਾ ਆਪ ਹੀ ਹੈ, ਨਿਰੰਕਾਰ ਰੂਪ ਤੇ ਆਕਾਰ ਰੂਪ ਵਿਚ ਆਪ ਹੀ ਹੈ। ਜਦ ਤਕ ਮਨੁੱਖ ਆਪਣੇ ਮਨ ਦੇ ਵਿਚਾਰਾਂ ਨੂੰ ਆਪਣੇ ਸਮਝਦਾ ਹੈ ਭਾਵ ਮਨ ਦੇ ਗਿਆਨ ਨੂੰ ਆਪਣਾ ਗਿਆਨ ਸਮਝਦਾ ਹੈ ਤੇ ਫਿਰ ਆਪਣੇ ਆਪ ਨੂੰ ਹੀ ਨਿਰੰਕਾਰ ਰੂਪ ਸਮਝਣ ਵਾਲੀ ਗੱਲ ਹੈ ਜਦ ਕਿ ਮਨੁੱਖ ਕਦੇ ਨਿਰੰਕਾਰ ਨਹੀਂ ਹੋ ਸਕਦਾ। ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਦੁਆਰਾ ਹੀ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਸਾਡੇ ਆਕਾਰ ਰੂਪ ਨੂੰ ਬਣਾ ਕੇ ਆਪ ਹੀ ਉਸ ਵਿਚ ਨਿਰੰਕਾਰ ਰੂਪ ਦੁਆਰਾ ਵਿਚਰ ਰਿਹਾ ਹੈ ਭਾਵ ਉਹ ਸਭ ਕੁਝ ਆਪ ਹੀ ਹੈ। ਸਾਡੇ ਅੰਦਰ ਸਕਤਿ ਰੂਪ ਘਰ ਵੀ ਨਿਰੰਕਾਰ ਰੂਪ ਹੈ ਜਿਸ ਨੂੰ ਪ੍ਰਮਾਤਮਾ ਨੇ ਆਪ ਹੀ ਆਗਿਆਨਤਾ ਵਾਲੇ ਵਿਚਾਰਾਂ ਵਿਚ ਰੱਖਿਆ ਹੋਇਆ ਹੈ ਤੇ ਸਾਡੇ ਅੰਦਰ ਦਾ ਸਿਵ ਰੂਪ ਘਰ ਉਸ ਦੇ ਸੱਚੇ ਗਿਆਨ ਵਾਲਾ ਘਰ ਹੈ,

40/5017

ਬ੍ਰਹਮ ਗਿਆਨ ਰੂਪ ਘਰ ਹੈ। ਇਸੇ ਲਈ ਉਹ ਨਿਰੰਕਾਰ ਰੂਪ ਪ੍ਰਮਾਤਮਾ ਆਪ ਹੀ ਬ੍ਰਹਮ ਗਿਆਨੀ ਹੈ ਤੇ ਕਿਸੇ ਮਨੁੱਖ ਨੂੰ ਬ੍ਰਹਮਗਿਆਨੀ ਸਮਝਣਾ ਕੇਵਲ ਮਨ ਦਾ ਭਰਮ ਹੈ, ਸਾਡੇ ਅੰਦਰ ਸਕਤਿ ਰੂਪ ਵਾਲੀ ਬਿਰਤੀ ਹੈ। (**ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ ॥ ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥**)

{ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੯॥}

(ਅੰਗ ੨੭੩-੨੭੪)

ਜੇਕਰ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਨਿਰੰਕਾਰ ਆਕਾਰ ਰੂਪ ਆਪ ਹੀ ਹੈ ਤਾਂ ਫਿਰ ਆਪਣੇ ਆਪ ਨੂੰ ਵੱਡਾ ਅਖਵਾਉਣਾ ਕੇਵਲ ਮਨੁੱਖ ਦਾ ਭਰਮ ਹੈ ਭਾਵ ਉਹੀ ਆਪਣੇ ਆਪ ਨੂੰ ਵੱਡਾ ਅਖਵਾ ਸਕਦਾ ਹੈ ਜਿਸ ਨੇ ਆਪਣੇ ਅੰਦਰੋਂ ਉਸ ਨਿਰੰਕਾਰ ਰੂਪ ਪ੍ਰਮਾਤਮਾ ਨੂੰ ਨਹੀਂ ਜਾਣਿਆ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥"

ਬ੍ਰਹਮਾ, ਬਿਸਨ, ਮਹੇਸ ਆਦਿ ਨੇ ਆਪਣੇ ਆਪ ਨੂੰ ਵੱਡਾ ਅਖਵਾਇਆ ਹੈ ਤੇ ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਕਿ ਵੇਦਾਂ ਦੀ ਰਚਨਾ ਕਿਸ ਤਰੀਕੇ ਹੋਈ ਹੈ। ਬ੍ਰਹਮਾ ਨੇ ਵੇਦਾਂ ਦੀ ਰਚਨਾ ਨੂੰ ਆਪਣਾ ਦਸਿਆ ਹੈ ਭਾਵ ਉਸ ਨੂੰ ਇਹ ਸਮਝ ਨਹੀਂ ਲਗੀ ਕਿ ਗਿਆਨ ਦਾ ਸ੍ਰੋਤ ਕੀ ਹੈ ਭਾਵ ਪ੍ਰਮਾਤਮਾ ਨੇ ਆਪ ਵੇਦਾਂ ਦਾ ਗਿਆਨ ਦਿਤਾ ਪਰ ਮਨ ਦਾ ਪੜਦਾ ਨਹੀਂ ਖੋਲਿਆ, ਮਨ ਦੇ ਵਿਚ ਭਰਮ ਰੂਪ ਪੜਦਾ ਨਹੀਂ ਖੋਲਿਆ ਜਿਸ ਕਰਕੇ ਉਸ ਨੇ ਭਰਮ ਵਿਚ ਹੀ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਸਮਝਿਆ। ਜਦ ਤਕ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਭਾਵ ਗਿਆਨ ਰੂਪ ਨੂੰ ਨਹੀਂ ਜਾਣਦਾ ਤੇ ਗਿਆਨ ਨੂੰ ਆਪਣਾ ਸਮਝਦਾ ਹੈ ਇਹ ਪ੍ਰਮਾਤਮਾ ਦੇ ਨਾਲ ਝਗੜਾ ਦਿਖਾਉਣਾ ਹੈ। ਇਹੀ ਹਉਮੈ ਦਾ ਨਾਮ ਦੇ ਨਾਲ ਝਗੜਾ ਹੈ, **"ਮੈਂ"** ਦਾ **"ਸੱਚ"** ਦੇ ਨਾਲ ਝਗੜਾ ਹੈ।

40/5018

ਇਹ ਝਗੜਾ ਉਦੋਂ ਮੁਕਦਾ ਹੈ ਜਦੋਂ ਮਨੁੱਖ ਦੀ ਮੈਂ ਮੁਕ ਜਾਂਦੀ ਹੈ ਤੇ ਸਮਝ ਲਗ ਜਾਂਦੀ ਹੈ ਕਿ ਸਭ ਕਿਛ ਤੂੰ ਹੀ ਤੂੰ ਹੈ ਤੇ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੈ। ਸਾਡੇ ਅੰਦਰ ਇਸ ਮੈਂ ਦਾ ਕਾਰਣ, ਆਪਣੇ ਆਪ ਨੂੰ ਵੱਡਾ ਅਖਵਾਉਣ ਦਾ ਕਾਰਣ ਸਾਡੀ ਅੰਦਰ ਦੀ ਨਾਸਮਝੀ ਹੈ, ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਤ੍ਰੈਗੁਣਾਂ ਵਾਲੀ ਅਵਸਥਾ ਹੈ ਤੇ ਸਾਡੇ ਅੰਦਰ ਇਹ ਅਵਸਥਾ ਹੀ ਸਾਡੇ ਅੰਦਰ ਦੀ ਮਾਇਆ ਹੈ ਜਿਸ ਨੇ ਸਾਰੇ ਜਗਤ ਨੂੰ ਹੀ ਭੁਲਾਇਆ ਹੋਇਆ ਹੈ ਭਾਵ ਭਰਮ ਰੂਪ ਪੜਦੇ ਵਿਚ ਰਖਿਆ ਹੋਇਆ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। ਮਨ ਦੇ ਇਸ ਭਰਮ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਜਿਸ ਕਰਕੇ ਅਸੀਂ ਮਨੁੱਖੀ ਰੂਪ ਨੂੰ ਜਨਮ ਮਰਣ ਵਿਚ ਸਮਝਦੇ ਹਾਂ ਕਿ ਮਨੁੱਖ ਜਮਦਾ ਮਰਦਾ ਹੈ ਇਹ ਕੇਵਲ ਸਾਡਾ ਭਰਮ ਹੈ, ਸਹਸਾ ਹੈ। ਜਦ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਜਨਮ ਮਰਣ ਤੋਂ ਰਹਿਤ ਹੈ ਫਿਰ ਅਸਲ ਵਿਚ ਸਾਡਾ ਸਰੀਰਕ ਰੂਪ ਵਿਚ ਜਨਮ ਮਰਣ ਕੇਵਲ ਇੱਕ ਭਰਮ ਹੈ। (**ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥ ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥**)

ਇਹ ਜਨਮ ਮਰਨ ਦਾ ਡਰ ਸਭ ਦੇ ਅੰਦਰ ਹੈ ਤੇ ਇਸ ਡਰ ਵਿਚੋਂ ਮਨੁੱਖ ਤਾਂ ਹੀ ਨਿਕਲ ਸਕਦਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਲਗ ਜਾਂਦੀ ਹੈ ਕਿ ਸਭ ਕੁਝ ਇਕੋ ਇਕ ਪ੍ਰਮਾਤਮਾ ਆਪ ਹੀ ਹੈ ਤੇ ਇਸ ਗੱਲ ਦੀ ਸਮਝ ਮਨੁੱਖ ਨੂੰ ਤਾਂ ਹੀ ਲਗ ਸਕਦੀ ਹੈ ਜਦੋਂ ਪ੍ਰਮਾਤਮਾ ਆਪ ਕਿਸੇ ਤੇ ਕਿਰਪਾ ਕਰਦਾ ਹੈ, ਇਹ ਕੇਵਲ ਗੁਰ ਪਰਸਾਦਿ ਹੈ। ਜਿਸ ਤੇ ਪ੍ਰਮਾਤਮਾ ਕਿਰਪਾ ਕਰਦਾ ਹੈ ਭਾਵ ਆਪਣਾ ਆਪ ਦਿਖਾਉਂਦਾ ਹੈ ਉਸ ਨੂੰ ਮਨ ਦੇ ਭਰਮ ਵਿਚੋਂ ਹੀ ਕੱਢਦਾ ਹੈ, ਤ੍ਰੈ ਗੁਣ ਮਾਇਆ ਵਾਲੀ ਅਵਸਥਾ ਵਿਚੋਂ ਕੱਢਦਾ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਅੰਦਰੋਂ ਹੀ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਮੇਰੇ ਅੰਦਰ ਆਪ ਹੀ ਨਿਰੰਕਾਰ ਰੂਪ ਵਿਚ ਭਾਵ ਗਿਆਨ ਰੂਪ ਵਿਚ ਵਿਚਰ ਰਿਹਾ ਹੈ ਤੇ ਉਸ ਨੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਹਰ ਆਕਾਰ

ਰੂਪ ਨੂੰ ਬਣਾਇਆ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਦੇ ਇਸ ਰੂਪ ਨੂੰ ਜਾਨਣ ਦੁਆਰਾ ਹੀ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਸੰਸਾਰਿਕ ਮਨੁੱਖਾ ਜਨਮ ਮਰਨ ਕੇਵਲ ਇੱਕ ਝੂਠ ਹੈ, ਝੂਠਾ ਡਰ ਹੈ ਜੋ ਡਰ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ। (**ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥**)

40/5019

ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਇਹ ਜਾਣਿਆ ਹੈ ਕਿ ਪ੍ਰਮਾਤਮਾ ਦੀ ਭਗਤੀ ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਹੁੰਦੀ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚ, ਮਾਇਆ ਮੋਹ ਵਾਲੀ ਅਵਸਥਾ ਵਿਚ ਨਾ ਹੀ ਸੱਚੀ ਭਗਤੀ ਦੇ ਮਾਰਗ ਦੀ ਸਮਝ ਲਗਦੀ ਹੈ ਤੇ ਨਾ ਹੀ ਉਸ ਅਨੁਸਾਰ ਚਲਿਆ ਜਾ ਸਕਦਾ ਹੈ।

“ਹਮ ਦੀਨ ਮੂਰਖ ਅਵੀਚਾਰੀ ਤੁਮ ਚਿੰਤਾ ਕਰਹੁ ਹਮਾਰੀ ॥

ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥

ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ ॥੩॥”

ਜਦ ਤਕ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਹੈ ਭਾਵ ਮਨ ਦੀ ਅਗਿਆਨਤਾ ਵਿਚ ਹੈ, ਮਾਇਆ ਮੋਹ ਵਿਚ ਹੈ, ਹਉਮੈ ਵਿਚ ਹੈ, ਮਨਮਤਿ ਵਿਚ ਹੈ, ਦੁਰਮਤਿ ਵਿਚ ਹੈ, ਮਨ ਦੇ ਵਿਚ ਪੁੱਠੇ ਕਮਲ ਵਾਲੀ ਅਵਸਥਾ ਵਿਚ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਤੋਂ ਦੂਰ ਹੈ ਮਨੁੱਖ ਇਸ ਅਵਸਥਾ ਦੁਆਰਾ ਹੀ ਦੀਨ ਹੈ, ਮਨ ਦੇ ਵਿਚ ਦੀਨ ਹੈ ਭਾਵ ਸੱਚੇ ਧਨ ਤੋਂ ਦੀਨ ਹੈ, ਸੱਚੇ ਗਿਆਨ ਦੇ ਧਨ ਤੋਂ ਦੀਨ ਹੈ ਜਿਸਦਾ ਕਾਰਣ ਸਾਡੇ ਮਨ ਦੀ ਮੂਰਖਤਾ ਹੈ ਭਾਵ ਨਾਸਮਝੀ ਹੈ ਜਿਸ ਦੇ ਕਾਰਣ ਅਸੀਂ ਅਵੀਚਾਰੀ ਬਣਕੇ ਰਹਿੰਦੇ ਹਾਂ ਭਾਵ ਅਸੀਂ ਸ਼ਬਦ ਦੀ ਵਿਚਾਰ ਨੂੰ, ਸੱਚੀ ਭਗਤੀ ਦੀ ਵਿਚਾਰ ਨੂੰ ਸਮਝਣ ਤੇ ਮੰਨਣ ਤੋਂ ਦੂਰ ਰਹਿੰਦੇ ਹਾਂ। ਸ਼ਬਦ ਦੀ ਵਿਚਾਰ ਤੇ ਪੂਰਾ ਨਾ ਉਤਰਨਾ ਹੀ ਸਾਡੀ ਅਸਲ ਚਿੰਤਾ ਹੈ ਜਿਸ ਚਿੰਤਾ ਵਿਚੋਂ ਸਾਨੂੰ ਨਿਕਲਣ ਦੀ ਲੋੜ ਹੈ ਪਰ ਜਦੋਂ ਪ੍ਰਮਾਤਮਾ ਸਾਨੂੰ ਆਪਣੇ ਨਾਲ ਮੇਲ ਲੈਂਦਾ ਹੈ ਉਹ ਮਨੁੱਖ ਨੂੰ ਇਸ ਚਿੰਤਾ ਵਿਚੋਂ ਕੱਢ ਲੈਂਦਾ ਹੈ ਕਿਉਂਕਿ ਉਸ ਤੋਂ ਬਾਅਦ ਮਨੁੱਖ ਉਸੇ ਦਾ ਰੂਪ ਬਣ ਜਾਂਦਾ ਹੈ ਤੇ ਉਹ ਮਨ ਦੇ ਵਿਚ ਆਪਣੀ ਸੱਚੀ ਵਿਚਾਰ ਉਹ ਆਪ ਹੀ ਦਿੰਦਾ ਹੈ ਤੇ ਮਨੁੱਖ ਦੇ ਅੰਦਰ ਦੀ ਦੀਨ, ਮੂਰਖ ਵਾਲੀ ਅਵਸਥਾ ਵਿਚੋਂ ਕੱਢ ਲੈਂਦਾ ਹੈ ਤੇ ਮਨੁੱਖ ਨੂੰ ਆਪ ਹੀ ਆਪਣੇ ਸੱਚੇ ਵਿਚਾਰਾਂ ਦੁਆਰਾ ਚਲਾਉਂਦਾ ਹੈ। (**ਹਮ ਦੀਨ ਮੂਰਖ ਅਵੀਚਾਰੀ ਤੁਮ ਚਿੰਤਾ ਕਰਹੁ ਹਮਾਰੀ ॥**) ਮਨੁੱਖ ਦੇ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਪ੍ਰਮਾਤਮਾ ਦੀ ਸੇਵਾ ਹੋ

40/5020

ਸਕਦੀ ਹੈ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਕਿਸੇ ਨੂੰ ਵੀ ਆਪਣਾ ਦਾਸ ਮਨ ਦੀ ਸੱਚੀ ਸਮਝ ਦੁਆਰਾ ਹੀ ਬਣਾਉਂਦਾ ਹੈ ਭਾਵ ਮੇਲ ਦੁਆਰਾ ਹੀ ਬਣਾਉਂਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਪ੍ਰਮਾਤਮਾ ਦਾ ਦਾਸ ਰੂਪ ਸਾਡੇ ਅੰਦਰ ਦਾ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ। ਜਿਸਨੂੰ ਪ੍ਰਮਾਤਮਾ ਆਪਣੇ ਸ਼ਬਦਾਂ ਦੀ ਵਿਚਾਰ ਦੇ ਨਾਲ ਜੋੜ ਲੈਂਦਾ ਹੈ ਉਹੀ ਮਨ ਦੇ ਰਾਹੀਂ ਉਸ ਦਾ ਦਾਸ ਬਣਦਾ ਹੈ। ਸ਼ਬਦਾਂ ਦੇ ਸਾਰੇ ਵਿਚਾਰ ਪ੍ਰਮਾਤਮਾ ਦਾ ਦਾਸ ਰੂਪ ਹਨ ਜਿੰਨ੍ਹਾਂ ਨੂੰ ਮੰਨਣ ਦੁਆਰਾ ਪ੍ਰਮਾਤਮਾ ਦਾ ਦਾਸ ਬਣਿਆ ਜਾ ਸਕਦਾ ਹੈ। ਜਿਸ ਤੇ ਪ੍ਰਮਾਤਮਾ ਦਇਆਲ ਹੁੰਦਾ ਹੈ ਉਸ ਨੂੰ ਹੀ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਆਪਣਾ ਦਾਸ ਬਣਾਉਂਦਾ ਹੈ ਜਿਸ ਅਵਸਥਾ ਦੁਆਰਾ ਪ੍ਰਮਾਤਮਾ ਦੀ ਸੇਵਾ ਕੀਤੀ ਜਾ ਸਕਦੀ ਹੈ ਭਾਵ ਸ਼ਬਦਾਂ ਦੀ ਵਿਚਾਰ ਤੇ ਪੂਰਾ ਉਤਰਿਆ ਜਾ ਸਕਦਾ ਹੈ। (**ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥**)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ - ੨੨੩)

ਮਨ ਦੀ ਇਹ ਅਵਸਥਾ ਹੀ ਭਾਵ ਸੱਚੇ ਗਿਆਨ ਵਾਲੀ ਅਵਸਥਾ ਹੀ ਸਾਡੇ ਅੰਦਰ ਨਾਮ ਵਾਲੀ ਅਵਸਥਾ ਹੈ ਜਿਸ ਕਾਰਣ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦਾ ਮਨੁੱਖੀ ਰੂਪ ਦਿਨ ਰਾਤ, ਅੱਠੇ ਪਹਿਰ ਸੱਚ ਨਾਲ ਜੁੜਿਆ ਰਹਿੰਦਾ ਹੈ ਭਾਵ ਸ਼ਬਦਾਂ

ਦੀ ਸੱਚੀ ਵਿਚਾਰ ਨਾਲ ਜੁੜਿਆ ਰਹਿੰਦਾ ਹੈ। ਇਹ ਸੱਚੇ ਵਿਚਾਰਾਂ ਦਾ ਖਜਾਨਾ ਹੀ ਪ੍ਰਮਾਤਮਾ ਦਾ ਇਕੋ ਇਕ ਨਾਮ ਰੂਪ ਖਜਾਨਾ ਹੈ ਜੋ ਖਜਾਨਾ ਪ੍ਰਮਾਤਮਾ ਕੇਵਲ ਤੇ ਕੇਵਲ ਕਿਸੇ ਨੂੰ ਆਪ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। ਪੂਰੀ ਗੁਰਬਾਣੀ ਵਿਚ ਇੱਕ ਨਾਮ ਰੂਪ ਖਜਾਨਾ ਹੀ ਹੈ ਜੋ ਕਿ ਨਾਮ ਧਨ ਦੇ ਰੂਪ ਵਿਚ ਹੈ, ਬ੍ਰਹਮ ਗਿਆਨ ਦੇ ਧਨ ਦੇ ਰੂਪ ਵਿਚ ਹੈ। ਪ੍ਰਮਾਤਮਾ ਦੇ ਨਾਲ ਮੇਲ ਸਾਡਾ ਇਸ ਨਾਮ ਧਨ ਨੇ ਕਰਵਾਉਣਾ ਹੈ ਜੋ ਧਨ ਹਰ ਭਰਮ ਤੋਂ ਰਹਿਤ ਹੈ। ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਇਸ ਸੱਚੇ ਗਿਆਨ ਦੇ ਧਨ, ਨਾਮ ਦੇ ਧਨ ਨੂੰ ਅਪਨਾਈਏ ਤੇ ਆਪਣੇ ਆਪ ਨੂੰ ਉਸ ਹਰ ਭਰਮ ਵਿਚੋਂ ਕੱਢੀਏ ਜਿੰਨ੍ਹਾਂ ਭਰਮਾਂ ਨਾਲ ਜੁੜਕੇ ਅਸੀਂ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਤੋਂ ਦੂਰ ਹਾਂ ਤੇ ਭਰਮ ਵਿਚ ਉਹ ਕੁਝ ਕਰ ਰਹੇ ਹਾਂ ਜਿਸ ਵਿਚ ਭਗਤੀ ਹੈ ਹੀ ਨਹੀਂ ਬਲਕਿ ਕੇਵਲ ਦਿਖਾਵਾ ਹੈ। (**ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ ॥੩॥**)

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥

ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥

ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥}

(ਅੰਗ - ੧੧੦੨)

40/5021

ਜਿਵੇਂ ਕਿ ਸ਼ਬਦ ਦੇ ਸ਼ੁਰੂ ਦੇ ਪਹਿਲੇ ਪਦੇ ਤੋਂ ਲੈ ਕੇ ਅਸੀਂ ਇਸ ਗੱਲ ਨੂੰ ਸਮਝ ਰਹੇ ਹਾਂ ਕਿ ਪ੍ਰਮਾਤਮਾ ਨਿਰੰਕਾਰ ਆਕਾਰ ਰੂਪ ਵਿਚ ਆਪ ਹੀ ਹੈ। ਉਸ ਦੇ ਆਕਾਰ ਰੂਪ ਨੂੰ ਨਿਰੰਕਾਰ ਰੂਪ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜੋ ਕਿ ਪ੍ਰਮਾਤਮਾ ਸਾਡੇ ਅੰਦਰ ਨਿਰੰਕਾਰ ਰੂਪ ਵਿਚ ਹੀ ਵਸਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਦੁਆਰਾ ਸਪਸ਼ਟ ਕੀਤੀ ਹੋਈ ਹੈ।

"ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥

ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥

ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥੪॥੧॥"

ਇਹ ਸੰਸਾਰ ਕੀ ਹੈ ਗੁਰੂ ਸਾਹਿਬ ਸਾਨੂੰ ਪਹਿਲੀ ਪੰਗਤੀ ਰਾਹੀਂ ਇਹੀ ਸਮਝਾ ਰਹੇ ਹਨ। ਇਹ ਸੰਸਾਰ ਦੀ ਸਾਨੂੰ ਸਮਝ ਹੀ ਪੈਣੀ ਹੈ ਜੋ ਕਿ ਮਨ ਦੇ ਵਿਚ ਹੀ ਪੈ ਸਕਦੀ ਹੈ। ਇਹ ਸਮਝ ਪੈਣੀ ਕੇਵਲ ਤੇ ਕੇਵਲ ਗੁਰ ਪਰਸਾਦਿ ਹੈ ਭਾਵ ਉਸ ਗੁਰੂ ਰੂਪ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਜੋ ਸਾਡੇ ਅੰਦਰ ਮਨ ਦੀ ਸੋਝੀ ਦੇ ਰੂਪ ਵਿਚ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ। ਸਾਨੂੰ ਸੋਝੀ ਉਹੀ ਪਾ ਸਕਦਾ ਹੈ ਜਿਸ ਦੇ ਹੱਥ ਸਾਡੇ ਮਨ ਦੇ ਵਿਚਾਰ ਹਨ ਭਾਵ ਜਿਸ ਨੂੰ ਪ੍ਰਮਾਤਮਾ ਆਪਣਾ ਆਪ ਰੂਪ ਬੁਝਾਉਂਦਾ ਹੈ ਉਸ ਦੇ ਮਨ ਦੇ ਵਿਚਾਰਾਂ ਨੂੰ ਹੀ ਬਦਲਦਾ ਹੈ। (**ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥**) ਜਦੋਂ ਮਨੁੱਖ ਨੂੰ ਮਨ ਦੇ ਅੰਦਰੋਂ ਸਮਝ ਪੈਂਦੀ ਹੈ ਸਭ ਤੋਂ ਪਹਿਲੇ ਇਹ ਸਮਝ ਪੈਂਦੀ ਹੈ ਕਿ ਸਾਡਾ ਮਨ ਕੀ ਹੈ ਜੋ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਮਨ ਨੂੰ ਜਾਣੇ ਬਿਨਾ ਇਸ ਪੰਗਤੀ ਨੂੰ ਨਹੀਂ ਸਮਝਿਆ ਜਾ ਸਕਦਾ। ਵਿਸ਼ਵਾਸ ਰਖਣ ਦੀ ਲੋੜ ਹੈ।

"ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥"

40/5022

ਸੰਸਾਰ ਮਨ ਦੀ ਇਹੋ ਜਿਹੀ ਅਵਸਥਾ ਵਿਚ ਵਿਚਰਦਾ ਹੈ ਇਹੀ ਗੱਲ ਉਪਰ ਪੰਗਤੀ ਦੁਆਰਾ ਸਮਝਾਈ ਹੋਈ ਹੈ। ਸਾਡੇ ਅੰਦਰ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਜੋਤਿ ਹੈ ਜੋ ਨਿਰੰਕਾਰ ਰੂਪ ਹੈ ਜਿਸ ਰਾਹੀਂ ਮਨੁੱਖ ਨੂੰ ਮਨ ਦੇ ਵਿਚ ਸਾਰਾ ਗਿਆਨ ਮਿਲਦਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਆਪਣੇ ਉੱਚੇ ਗਿਆਨ ਦੇ ਰੂਪ ਵਿਚ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ, ਮਨ ਦੇ ਸਹਜ ਦੇ ਰੂਪ ਵਿਚ ਹੈ, ਮਨ ਦੇ **"ਬਿਬੇਕ"** ਦੇ ਰੂਪ ਵਿਚ ਹੈ। ਪ੍ਰਮਾਤਮਾ ਦਾ ਇਹ ਉੱਚਾ ਗਿਆਨ ਬ੍ਰਹਮ ਗਿਆਨ ਦੇ ਰੂਪ ਵਿਚ ਹੁੰਦਾ ਹੈ ਜਿਸ ਉੱਚੇ ਗਿਆਨ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਹੋਈ ਹੈ। ਇਹ ਪ੍ਰਮਾਤਮਾ ਦਾ

ਗਿਆਨ ਰੂਪ ਜਲ ਹੈ, ਅੰਮ੍ਰਿਤ ਜਲ ਹੈ, ਨਾਮ ਜਲ ਹੈ, ਅੰਮ੍ਰਿਤ ਦਾ ਸਰੋਵਰ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਨੂੰ ਪ੍ਰਮਾਤਮਾ ਨੇ ਆਪ ਹੀ ਇਸ ਜਲ ਤੋਂ ਦੂਰ ਰਖਿਆ ਹੋਇਆ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ, ਮਾਇਆ ਵਾਲੀ ਅਵਸਥਾ ਹੈ ਜੋ ਸਾਨੂੰ ਭਰਮ ਵਾਲੇ ਵਿਚਾਰਾਂ ਵਿਚ ਰੱਖਦੀ ਹੈ ਜਿਸ ਨੂੰ ਇਕ ਜਲ ਦੇ ਬੁਦਬੁਦੇ ਦੀ ਤਰ੍ਹਾਂ ਦੱਸਿਆ ਗਿਆ ਹੈ। ਇਸ ਬੁਦਬੁਦੇ ਵਾਲੀ ਮਤਿ ਦੀ ਉਪਜ ਜਲ ਦੇ ਵਿਚੋਂ ਹੀ ਹੁੰਦੀ ਹੈ ਜੋ ਕਿ ਜਲ ਦੇ ਸਾਹਮਣੇ ਤੁਛ ਹੈ ਭਾਵ ਉਸ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ। ਜਦ ਤਕ ਸੰਸਾਰ ਮਨ ਦੇ ਵਿਚ ਪ੍ਰਮਾਤਮਾ ਨਾਲ ਵਿਛੁੜਿਆ ਹੋਇਆ ਹੈ ਉਸ ਜਲ ਦੇ ਵਿਚ ਰਹਿੰਦੇ ਹੋਏ ਵੀ ਉਸ ਬੁਦਬੁਦੇ ਦੀ ਤਰ੍ਹਾਂ ਹੈ ਜਿਸ ਦਾ ਆਪਣਾ ਕੋਈ ਵੱਖਰਾ ਵਜੂਦ ਨਹੀਂ ਹੈ ਜਿਵੇਂ ਆਪਣੇ ਆਪ ਨੂੰ ਜਲ ਤੋਂ ਵੱਖਰਾ ਸਮਝਕੇ ਬੁਦਬੁਦਾ ਕਹਿਣਾ ਇਕ ਭਰਮ ਹੈ ਇਸੇ ਤਰ੍ਹਾਂ ਅਸੀਂ ਆਪਣੀ ਬਹੁਤ ਛੋਟੀ ਮਤਿ ਦੁਆਰਾ ਜੋ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਹੈ ਉਸ ਗਿਆਨ ਰੂਪ ਜਲ ਦੇ ਵਿਚੋਂ ਹੀ ਉਪਜਦੀ ਹੈ ਉਸ ਦੁਆਰਾ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਕਿਉਂਕਿ ਇਸ ਬੁਦਬੁਦਾ ਰੂਪ ਮਤਿ ਦਾ ਮਕਸਦ ਹੀ ਸਾਨੂੰ ਭਰਮਾਂ ਵਿਚ ਪਾਉਣਾ ਹੈ ਤਾਂ ਜੋ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝੀਏ। (**ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥ ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥**) ਜਦੋਂ ਉਹ ਕਿਸੇ ਮਨੁੱਖ ਤੇ ਆਪਣੀ ਕਿਰਪਾ ਕਰਦਾ ਹੈ ਉਸ ਦੇ ਅੰਦਰ ਦਾ ਬੁਦਬੁਦਾ ਤੋੜ ਕੇ ਹੀ ਕਰਦਾ ਹੈ ਭਾਵ ਉਸ ਦੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ, ਭਰਮ ਵਾਲੀ ਅਵਸਥਾ, ਮਾਇਆ ਮੋਹ ਵਾਲੀ ਅਵਸਥਾ ਦੂਰ ਕਰਕੇ ਹੀ ਕਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਇਹ ਸਭ ਪਾਸਾਰਾ ਕੀ ਹੈ। ਇਹੀ ਗੱਲ ਸਾਨੂੰ ਆਖਰੀ ਪੰਗਤੀ

40/5023

ਰਾਹੀਂ ਸਮਝਾਈ ਹੋਈ ਹੈ।

“ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥੪॥੧॥”

“ਜਿਸ ਤੇ ਹੋਆ ਤਿਸਹਿ ਸਮਾਣਾ” ਤੋਂ ਭਾਵ ਹੈ ਕਿ ਜਿਸ ਜਲ ਤੋਂ ਬੁਦਬੁਦਾ ਪੈਦਾ ਹੋਇਆ ਭਾਵ ਜਿਸ ਪ੍ਰਮਾਤਮਾ ਨੇ ਆਪ ਸਾਡੇ ਅੰਦਰ ਇਹ ਬੁਦਬੁਦਾ ਰੂਪ ਕੱਚੀ ਮਤਿ ਦੀ ਉਪਜ ਕੀਤੀ ਜਦੋਂ ਇਹ ਕੱਚੀ ਮਤਿ ਉਸੇ ਜਲ ਵਿਚ ਸਮਾ ਜਾਵੇ ਭਾਵ ਇਹੀ ਸਾਡੇ ਅੰਦਰ ਭਾਵ ਸਾਡੇ ਮਨ ਦੇ ਅੰਦਰ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਸ ਦੁਆਰਾ ਸਾਡੀ ਹਉਮੈ ਦੂਰ ਹੁੰਦੀ ਹੈ ਭਾਵ ਸਾਡੀ ਬੁਦਬੁਦੇ ਵਰਗੀ ਹਉਲੀ ਮਤਿ, ਕੱਚੀ ਮਤਿ ਆਪਣੇ ਮੂਲ ਰੂਪ ਵਿਚ ਸਮਾ ਜਾਂਦੀ ਹੈ, ਗਿਆਨ ਰੂਪ ਮਾਲਕ ਦੇ ਵਿਚ ਸਮਾ ਜਾਂਦੀ ਹੈ, ਨਾਮ ਦੇ ਵਿਚ, ਬ੍ਰਹਮ ਗਿਆਨ ਦੇ ਵਿਚ ਸਮਾ ਜਾਂਦੀ ਹੈ ਭਾਵ ਪ੍ਰਮਾਤਮਾ ਮਨੁੱਖੀ ਮਤਿ ਨੂੰ ਆਪਣੀ ਸੱਚੀ ਮਤਿ ਦੇ ਨਾਲ ਜੋੜ ਲੈਂਦਾ ਹੈ, ਸਾਡੀ ਕੱਚੀ ਮਤਿ ਸੱਚੀ ਮਤਿ ਵਿਚ ਸਮਾ ਜਾਂਦੀ ਹੈ। ਮਨ ਦੀ ਇਸ ਉੱਚੀ ਸਮਝ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਨਿਰੰਕਾਰ ਰੂਪ ਵਿਚ ਤੇ ਆਕਾਰ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ, ਇਸ ਸਾਰੇ ਪਸਾਰੇ ਵਿਚ ਪ੍ਰਮਾਤਮਾ ਆਪ ਹੀ ਹੈ। (**ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥ ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥ ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥੪॥੧॥**)

ਜਿਵੇਂ ਕਿ ਅਸੀਂ ਬਾਰ-ਬਾਰ ਜਾਣਦੇ ਆ ਰਹੇ ਹਾਂ ਤ੍ਰੈਗੁਣਾਂ ਵਾਲੀ ਅਵਸਥਾ ਸਾਡੀ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਸਾਡੇ ਅੰਦਰ ਹੀ ਚੌਥੇ ਪਦ ਦੇ ਰੂਪ ਵਿਚ ਹੈ ਜੋ ਕਿ ਨਾਮ ਦਾ ਪਦ ਹੈ ਭਾਵ ਸੱਚੇ ਗਿਆਨ ਦਾ ਪਦ ਹੈ ਜੋ ਮਨੁੱਖ ਨੂੰ ਤ੍ਰੈਗੁਣਾਂ ਵਾਲੀ, ਮਾਇਆ ਮੋਹ ਵਾਲੀ ਅਵਸਥਾ ਵਿਚੋਂ ਕੱਢਦਾ ਹੈ ਭਾਵ ਸਾਡੇ ਜੀਵਨ ਦਾ ਮਕਸਦ ਮਾਇਆ ਮੋਹ ਰੂਪ ਭਰਮ ਵਾਲੇ ਵਿਚਾਰਾਂ ਵਿਚੋਂ ਨਿਕਲਣ ਦਾ ਹੀ ਹੈ ਜਿਸ ਵਿਚੋਂ ਨਿਕਲੇ ਬਿਨਾ ਪ੍ਰਮਾਤਮਾ ਨੂੰ ਕਦੇ ਨਹੀਂ ਜਾਣਿਆ ਜਾ ਸਕਦਾ ਤੇ ਅਸੀਂ ਭਰਮ ਵਿਚ ਹੀ ਭਗਤੀ ਦੇ ਉਹੋ ਜਿਹੇ ਤਰੀਕੇ ਨੂੰ ਅਪਣਾਇਆ ਹੋਇਆ ਹੈ ਜਿਨ੍ਹਾਂ ਦੁਆਰਾ ਅਸੀਂ ਭਰਮਾਂ ਵਿਚੋਂ ਨਿਕਲਣ ਦੀ ਬਜਾਇ ਹੋਰ ਹੋਰ ਭਰਮਾਂ ਵਿਚ ਹੀ ਫਸਦੇ ਹਾਂ। ਹੇਠ ਦਿੱਤੇ ਸ਼ਬਦ ਦੁਆਰਾ ਅਸੀਂ ਇਸੇ ਗੱਲ ਨੂੰ ਹੀ ਸਮਝਣਾ ਹੈ

40/5024

ਕਿ ਸਾਡੇ ਜੀਵਨ ਦਾ ਮਕਸਦ ਮਾਇਆ ਮੋਹ ਵਿਚੋਂ ਭਾਵ ਮਨ ਦੀ ਦੁਚਿੱਤੀ ਵਿਚੋਂ ਨਿਕਲਣ ਦੁਆਰਾ ਹੀ ਪੂਰਾ ਹੋ ਸਕਦਾ ਹੈ।

ਸਿਰੀਰਾਗੁ ਮਹਲਾ ੩ ॥

“ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥

ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਿਸੰਗਤਿ ਮੇਲਾਇ ॥੧॥ ਭਾਈ ਰੇ ਗੁਰਮਤਿ ਸਾਚਿ ਰਹਾਉ ॥
ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥ ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ॥
ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥ ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥
ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥ ਐਸਾ ਸਤਿਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ॥
ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥ ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥
ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥"

(ਅੰਗ - ੩੦)

ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਹੀ ਇਸ ਗੱਲ ਨੂੰ ਆਪਣੇ ਅੰਦਰ ਦ੍ਰਿੜ ਕਰੋ ਕਿ ਮਾਇਆ ਮੋਹ ਕੀ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੀ ਮਾਇਆ ਮੋਹ ਹੈ ਜਿਸ ਦੇ ਰਹਿੰਦਿਆਂ ਸੰਸਾਰ ਦਾ ਹਰ ਮਨੁੱਖ ਗੁਰਮੁਖਿ ਰੂਪ ਵਾਲੀ ਅਵਸਥਾ ਤੋਂ ਦੂਰ ਰਹਿੰਦਾ ਹੈ। ਗੁਰਮੁਖਿ ਰੂਪ ਪ੍ਰਮਾਤਮਾ ਦਾ ਆਪਣਾ ਗੁਰੂ ਰੂਪ ਹੈ ਜਿਸ ਰੂਪ ਦੁਆਰਾ ਉਸ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਗੁਰੂ ਰੂਪ ਵਿਚ ਤੇ ਆਮ ਮਨੁੱਖੀ ਰੂਪ ਵਿਚ ਮਨ ਦੀ ਸਮਝ ਦਾ ਹੀ ਫਰਕ ਹੈ। ਗੁਰਮੁਖਿ ਰੂਪ ਚਉਥੇ ਪਦ ਵਾਲਾ ਰੂਪ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਵਿਚਰਦਾ ਹੈ ਜਿਸਦੀ ਸਮਝ ਮਨ ਦੇ ਵਿਚੋਂ ਤ੍ਰੈ ਗੁਣਾਂ ਵਾਲੀ ਅਵਸਥਾ, ਮਾਇਆ ਮੋਹ ਵਾਲੀ ਅਵਸਥਾ ਵਿਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ ਜਿਸ ਅਵਸਥਾ ਵਿਚੋਂ ਪ੍ਰਮਾਤਮਾ ਆਪ ਹੀ ਮਨ ਦੇ ਵਿਚ ਪ੍ਰਗਟ ਹੋ ਕੇ ਕਢਦਾ ਹੈ ਤੇ ਇਸੇ ਅਵਸਥਾ ਦੁਆਰਾ ਹੀ ਮਨ ਦੇ ਵਿਚ ਪ੍ਰਮਾਤਮਾ ਨਾਲ ਮੇਲ ਹੁੰਦਾ ਹੈ। ਮਨ ਦੇ ਵਿਚ ਚਉਥੇ ਪਦ ਦੀ ਅਵਸਥਾ ਹੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ। (**ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥**) ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਹੀ ਭਾਵ ਮਾਇਆ ਮੋਹ ਤੋਂ ਮੁਕਤਿ ਹੋ ਕੇ ਚਉਥੇ ਪਦ ਵਾਲੀ ਅਵਸਥਾ ਹੀ ਸਾਡੇ ਅੰਦਰ ਦੀ ਸਤਸੰਗਤਿ ਵਾਲੀ ਅਵਸਥਾ ਹੈ। ਸਤਸੰਗਤਿ ਸਾਡੀ ਕੋਈ ਸਰੀਰਕ ਸੰਗਤਿ ਨਹੀਂ ਹੈ। ਇਹ ਸੰਗਤਿ ਸਾਡੇ ਮਨ ਦੇ ਵਿਚ ਗੁਰੂ ਦੇ ਸਮਝਾਏ ਹੋਏ ਚਉਥੇ ਪਦ ਦੇ ਵਿਚਾਰਾਂ ਨਾਲ ਸੰਗਤਿ ਹੈ, ਭਰਮ ਰਹਿਤ ਵਿਚਾਰਾਂ ਦੇ ਨਾਲ ਸੰਗਤਿ ਹੈ। ਇਹੋ ਜਿਹੀ ਸੰਗਤਿ ਦੇ ਨਾਲ ਹੀ ਸਾਨੂੰ ਮਨ ਦੇ ਵਿਚ ਪ੍ਰਮਾਤਮਾ ਆਪਣੇ ਖਜਾਨੇ ਵਿਚ ਰਲਾਉਂਦਾ ਹੈ, ਨਾਮ ਰੂਪ ਖਜਾਨੇ ਨਾਲ ਰਲਾਉਂਦਾ ਹੈ। ਇਹ ਖਜਾਨਾ ਸਾਡੇ ਅੰਦਰ **"ਪੁੰਨੁ"** ਰੂਪ ਵਿਚਾਰ ਵਾਲਾ ਹੁੰਦਾ ਹੈ ਜਿੰਨ੍ਹਾਂ ਵਿਚਾਰਾਂ ਦੇ ਰਾਹੀਂ ਮਨੁੱਖ ਪੁੰਨ ਵਾਲੇ ਕਰਮ ਭਾਵ ਚੰਗੇ ਕਰਮ ਹੀ ਕਰਦਾ ਹੈ। ਸਾਰੀ ਗੁਰਬਾਣੀ ਵਿਚ ਪ੍ਰਮਾਤਮਾ ਨੇ ਸਾਨੂੰ ਪੁੰਨ ਵਾਲੇ ਵਿਚਾਰ ਹੀ ਦਿੱਤੇ ਹਨ ਜਿੰਨ੍ਹਾਂ ਵਿਚਾਰਾਂ

ਰਾਹੀਂ ਸਾਡੇ ਸਾਰਿਆਂ ਤੇ ਪੁੰਨ ਕੀਤਾ ਹੈ। ਪ੍ਰਮਾਤਮਾ ਦਾ ਪੁੰਨ ਅਸੀਂ ਤਾਂ ਹੀ ਪ੍ਰਾਪਤ ਕਰਾਂਗੇ ਜੇ ਇਹਨਾਂ ਪੁੰਨ ਵਾਲੇ ਵਿਚਾਰਾਂ ਨੂੰ ਮੰਨਾਂਗੇ ਭਾਵ ਇਹਨਾਂ ਦੀ ਸਤਿਸੰਗਤਿ ਕਰਾਂਗੇ। ਇਹਨਾਂ ਪੁੰਨ ਰੂਪ ਵਿਚਾਰਾਂ ਨੇ ਸਾਨੂੰ ਭਰਮਾਂ ਵਿਚੋਂ ਹੀ ਕੱਢਣਾ ਹੈ ਤਾਂ ਜੋ ਅਸੀਂ ਸੰਸਾਰ ਵਿਚ ਗੁਰਮਤਿ ਅਨੁਸਾਰ ਵਿਚਰ ਸਕੀਏ, ਨਾਮ ਦੀ ਮਤਿ ਦੁਆਰਾ ਵਿਚਰ ਸਕੀਏ, ਸੱਚ ਵਾਲੀ ਮਤਿ ਦੁਆਰਾ ਵਿਚਰ ਸਕੀਏ। ਅਸੀਂ ਉਦਮ ਹੀ ਕਰਨਾ ਹੈ ਕਿ ਮਾਇਆ ਮੋਹ ਵਾਲੇ ਵਿਚਾਰਾਂ ਵਿਚੋਂ ਨਿਕਲੀਏ ਤੇ ਗੁਰੂ ਦੇ ਚੌਥੇ ਪਦ ਵਾਲੇ ਸੱਚੇ ਗਿਆਨ ਵਾਲੇ ਵਿਚਾਰਾਂ ਨਾਲ ਜੁੜੀਏ। (**ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥ ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਿਸੰਗਤਿ ਮੇਲਾਇ ॥੧॥**)

ਇਹ ਸਤਸੰਗਤਿ ਵਾਲੀ ਅਵਸਥਾ, ਨਾਮ ਵਾਲੀ, ਚਉਥੇ ਪਦ ਵਾਲੀ ਅਵਸਥਾ ਸਾਡੇ ਅੰਦਰ ਕਿਸ ਰੂਪ ਵਿਚ ਹੁੰਦੀ ਹੈ, ਕਿਸ ਮਕਸਦ ਲਈ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਭਾਈ ਰੇ ਗੁਰਮਤਿ ਸਾਚਿ ਰਹਾਉ ॥ ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥"

ਸਾਡੇ ਅੰਦਰ ਚਉਥੇ ਪਦ ਵਾਲੀ ਅਵਸਥਾ, ਸਤਸੰਗਤਿ ਵਾਲੀ ਅਵਸਥਾ ਗੁਰਮਤਿ ਰੂਪ ਸੱਚੇ ਗਿਆਨ ਵਾਲੀ ਅਵਸਥਾ ਹੈ।

ਜਿਸ ਨੂੰ ਪ੍ਰਮਾਤਮਾ ਆਪਣੇ ਸੱਚ ਦੇ ਨਾਲ ਜੋੜ ਕੇ ਰਖਦਾ ਹੈ, ਨਾਮ ਦੇ ਨਾਲ ਜੋੜ ਕੇ ਰਖਦਾ ਹੈ ਉਸ ਦੇ ਅੰਦਰ ਗੁਰਮਤਿ ਰੂਪ ਸੱਚੀ ਮਤਿ ਹੀ ਦਿੰਦਾ ਹੈ। (**ਭਾਈ ਰੇ ਗੁਰਮਤਿ ਸਾਚਿ ਰਹਾਉ ॥**) ਮਨੁੱਖ ਦੇ ਅੰਦਰ ਸੱਚ ਦੀ ਕਮਾਈ ਭਾਵ ਸੱਚ ਦੀ ਪ੍ਰਾਪਤੀ ਸਚੁ ਰੂਪ ਪ੍ਰਮਾਤਮਾ ਦੁਆਰਾ ਹੀ ਹੋ ਸਕਦੀ ਹੈ। ਇਹ ਸੱਚੀ ਕਮਾਈ ਉਸ ਪ੍ਰਮਾਤਮਾ ਦੇ ਆਪਣੇ ਸਮਝਾਏ ਹੋਏ ਸ਼ਬਦਾਂ ਦੁਆਰਾ ਹੁੰਦੀ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਦੁਆਰਾ ਹੁੰਦੀ ਹੈ ਜਿੰਨ੍ਹਾਂ ਦੁਆਰਾ ਮਨ ਦੇ ਵਿਚ ਪ੍ਰਮਾਤਮਾ ਸੱਚੀ ਗੁਰਮਤਿ ਦੀ ਸੋਝੀ ਪਾਉਂਦਾ ਹੈ। ਇਹ ਸ਼ਬਦ ਦੇ ਵਿਚਾਰ ਚਉਥੇ ਪਦ ਵਾਲੇ ਵਿਚਾਰ ਹਨ, ਬ੍ਰਹਮਗਿਆਨ ਰੂਪ ਵਿਚਾਰ ਹਨ ਜੋ ਮਨੁੱਖ ਨੂੰ ਤ੍ਰੈ ਗੁਣਾਂ ਵਾਲੇ, ਮਾਇਆ ਮੋਹ ਵਾਲੇ, ਭਰਮਾਂ ਵਾਲੇ ਵਿਚਾਰਾਂ ਵਿਚੋਂ ਕੱਢਦੇ ਹਨ। ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਆਪਣੇ ਇਹਨਾਂ ਸ਼ਬਦ ਰੂਪ ਵਿਚਾਰਾਂ ਦੇ ਨਾਲ

40/5026

ਹੀ ਮਿਲਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਇਹੀ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਉਸ ਦੇ ਨਿਰੰਕਾਰ ਰੂਪ ਨਾਲ ਮੇਲ ਹੈ। ਸ਼ਬਦ ਦੇ ਅੰਦਰ ਦਾ ਗਿਆਨ ਨਿਰੰਕਾਰ ਰੂਪ ਹੈ। (**ਭਾਈ ਰੇ ਗੁਰਮਤਿ ਸਾਚਿ ਰਹਾਉ ॥ ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥**)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥

ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥

ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥

ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥

ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ - ੪੫੬)

ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਨਾਮ ਰੂਪ ਵਿਚ ਪ੍ਰਮਾਤਮਾ ਆਪ ਹੈ ਤੇ ਉਹ ਆਪਣਾ ਨਾਮ ਕਿਸ ਮਕਸਦ ਲਈ ਦਿੰਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਈ ਹੋਈ ਹੈ।

"ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥

ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥"

ਗੁਰੂ ਸਾਹਿਬ ਸਾਨੂੰ ਇਹ ਗੱਲ ਸਮਝਾ ਰਹੇ ਹਨ ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ ਜਿੰਨ੍ਹਾਂ ਨੇ ਆਪਣੇ ਅੰਦਰੋਂ **"ਨਾਮ"** ਨੂੰ ਪਛਾਣਿਆ ਹੈ। ਪਹਿਚਾਨਣਾ ਭਾਵ ਜਾਨਣਾ ਤੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਹੀ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਨਾਮ ਰੂਪ ਦੇ ਵਿਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਹੀ ਹੈ ਤੇ ਆਪਣੇ ਅੰਦਰੋਂ ਬਿਨਾ ਪ੍ਰਮਾਤਮਾ ਨੂੰ ਜਾਣੇ ਅਗਰ ਕੋਈ ਆਪਣੇ ਆਪ ਨੂੰ ਨਾਮ ਵਾਲਾ ਸਮਝਦਾ ਹੈ ਤੇ ਇਹ ਉਸ ਦਾ ਭਰਮ ਹੈ ਭਾਵ ਮਾਇਆ ਮੋਹ ਵਾਲੀ ਬਿਰਤੀ ਹੈ। (**ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥**) ਜੋ ਆਪਣੇ ਅੰਦਰੋਂ ਨਾਮ ਨੂੰ ਪਹਿਚਾਣ ਲੈਂਦੇ ਹਨ ਭਾਵ ਜਿੰਨ੍ਹਾਂ ਨੂੰ ਗੁਰਮਤਿ ਰੂਪ ਸੋਝੀ ਪੈ ਜਾਂਦੀ ਹੈ, ਉਸ ਦਾ ਮਕਸਦ ਕੀ ਹੈ ਇਹੀ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥"

40/5027

ਨਾਮ ਮਿਲਣ ਦੁਆਰਾ ਆਪਣੀ ਮੈਂ ਮਿੱਟ ਜਾਂਦੀ ਹੈ ਭਾਵ ਆਪਣੀ ਮਤਿ ਖਤਮ ਹੋ ਜਾਂਦੀ ਹੈ, ਹਉਮੈ ਖਤਮ ਹੋ ਜਾਂਦੀ ਹੈ,

ਮਾਇਆ ਮੋਹ ਖਤਮ ਹੋ ਜਾਂਦੀ ਹੈ ਜਿਸ ਮਨ ਦੀ ਸਮਝ ਦੁਆਰਾ ਉਹ ਗੁਰੂ ਪ੍ਰਮਾਤਮਾ ਦੇ ਚਰਣਾਂ ਨਾਲ ਜੁੜ ਜਾਂਦਾ ਹੈ ਭਾਵ ਗੁਰਮਤਿ ਰੂਪ ਸ਼ਬਦ ਦੇ ਸੱਚੇ ਵਿਚਾਰਾਂ ਨਾਲ ਜੁੜ ਜਾਂਦਾ ਹੈ ਤੇ ਉਹ ਮਨੁੱਖੀ ਰੂਪ ਫਿਰ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਵਿਚਰਦਾ ਹੈ। ਪ੍ਰਮਾਤਮਾ ਦੀ ਰਜ਼ਾ ਵਿਚ ਵਿਚਰਨਾ ਹੀ ਅਸਲ ਵਿਚ ਭਗਤੀ ਦਾ ਸੱਚਾ ਮਾਰਗ ਹੈ ਜੋ ਮਾਰਗ ਸਾਨੂੰ ਬਾਰ-ਬਾਰ ਗੁਰਬਾਣੀ ਸਮਝਾ ਰਹੀ ਹੈ। (**ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥**) ਜਦ ਤਕ ਅਸੀਂ ਆਪਣੇ ਅੰਦਰੋਂ ਨਾਮ ਨੂੰ ਨਹੀਂ ਪਛਾਣਿਆ ਤਦ ਤਕ ਅਸੀਂ ਲਾਹੇ ਦੀ ਪ੍ਰਾਪਤੀ ਨਹੀਂ ਕਰ ਸਕਦੇ। ਲਾਭ ਸਾਨੂੰ ਤਾਂ ਮਿਲਦਾ ਹੈ ਜੇਕਰ ਸਾਡੇ ਕੋਲ ਪਹਿਲੇ ਖਰਚਣ ਲਈ ਮੂਲ ਹੋਵੇ। ਨਾਮ ਸਾਨੂੰ ਨਾਮ ਧਨ ਦੇ ਰੂਪ ਵਿਚ ਮਿਲਦਾ ਹੈ। ਨਾਮ ਦਾ ਧਨ ਸੱਚੇ ਗਿਆਨ ਦਾ ਧਨ ਹੈ ਜੋ ਪ੍ਰਮਾਤਮਾ ਆਪ ਦਿੰਦਾ ਹੈ। ਇਹ ਨਾਮ ਧਨ ਸਾਡੇ ਅੰਦਰ ਸੱਚੇ ਵਿਚਾਰਾਂ ਦਾ ਧਨ ਹੈ, ਗੁਰਮਤਿ ਰੂਪ ਸੱਚੇ ਵਿਚਾਰਾਂ ਦਾ ਧਨ ਹੈ। ਗੁਰਮਤਿ ਰੂਪ ਸੱਚੇ ਵਿਚਾਰਾਂ ਦੁਆਰਾ ਵਿਚਰਨਾ ਹੀ ਨਾਮ ਧਨ ਨੂੰ ਖਰਚਣਾ ਹੈ। ਜਦੋਂ ਅਸੀਂ ਇਹੋ ਜਿਹੇ ਧਨ ਨੂੰ ਖਰਚਾਂਗੇ ਭਾਵ ਸੱਚੇ ਸੁੱਚੇ ਕਰਮ ਕਰਾਂਗੇ, ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਾਂਗੇ ਤੇ ਸਾਨੂੰ ਉਹਨਾਂ ਕਰਮਾਂ ਦਾ ਲਾਹਾ ਮਿਲਦਾ ਹੈ। "**ਹਰਿ ਹਰਿ ਨਾਮੁ**" ਦਾ ਮਤਲਬ ਹੀ ਗੁਰਮਤਿ ਅਨੁਸਾਰ ਵਿਚਰਨਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਨਾਮ ਵਿਚ ਸਮਾਏ ਬਿਨਾ ਭਾਵ ਸਹਜ ਦੀ ਅਵਸਥਾ ਦੀ ਪ੍ਰਾਪਤੀ ਹੋਏ ਬਿਨਾ, ਚਉਥੇ ਪਦ ਦੀ ਪ੍ਰਾਪਤੀ ਹੋਏ ਬਿਨਾ ਲਾਹੇ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਮਾਇਆ ਮੋਹ ਵਾਲੀ ਬਿਰਤੀ ਵਿਚ ਰਹਿੰਦੇ ਹੋਏ ਅਸੀਂ ਅਉਗਣਾਂ ਨਾਲ ਭਰੇ ਰਹਿੰਦੇ ਹਾਂ, ਭਰਮਾਂ ਵਿਚ ਭਰੇ ਰਹਿੰਦੇ ਹਾਂ ਤੇ ਉਹ ਕੁਝ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦਾ। ਜਦ ਤਕ ਸਾਡੇ ਅੰਦਰ ਇੱਕ ਵੀ ਅਉਗਣ ਹੈ ਅਸੀਂ ਲਾਹਾ ਨਹੀਂ ਲੈ ਸਕਦੇ। ਨਾਮ ਵਾਲੀ ਅਵਸਥਾ ਅਉਗਣ ਰਹਿਤ ਵਾਲੀ ਅਵਸਥਾ ਹੈ ਜਿਵੇਂ ਕਿ ਅਸੀਂ ਬਾਰ ਬਾਰ ਸਮਝਦੇ ਆ ਰਹੇ ਹਾਂ। (**ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥ ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥**) ਸਾਡੇ ਜੀਵਨ ਦਾ ਮਕਸਦ ਨਾਮ ਦੀ ਪ੍ਰਾਪਤੀ ਕਰਨ ਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰਨ ਦਾ ਹੈ ਤੇ ਇਹ ਪ੍ਰਾਪਤੀ ਕਿਵੇਂ ਹੁੰਦੀ ਹੈ

40/5028

ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥

ਐਸਾ ਸਤਿਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥ ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥"

ਸਭ ਤੋਂ ਪਹਿਲਾਂ ਉਪਰ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਨਾਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਤੇ ਕਿਥੇ ਹੁੰਦੀ ਹੈ। ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ **"ਮਹਲੁ"** ਦੀ ਪ੍ਰਾਪਤੀ ਤੋਂ ਭਾਵ ਪ੍ਰਮਾਤਮਾ ਦੇ ਮਹਲ ਦੀ ਪ੍ਰਾਪਤੀ ਹੈ। ਪ੍ਰਮਾਤਮਾ ਦੇ ਮਹਿਲ ਦੀ ਪ੍ਰਾਪਤੀ ਹੋਏ ਬਿਨਾ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਪ੍ਰਮਾਤਮਾ ਆਪਣਾ ਨਾਮ ਆਪਣੇ ਮੇਲ ਦੁਆਰਾ ਹੀ ਦਿੰਦਾ ਹੈ ਤੇ ਉਸਦਾ ਮਹਿਲ ਸਾਡੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਪ੍ਰਮਾਤਮਾ ਦੇ ਮਹਿਲ ਦੀ ਪ੍ਰਾਪਤੀ ਉਸ ਦੀ ਆਪਣੀ ਰਜ਼ਾ ਦੁਆਰਾ ਹੀ ਹੁੰਦੀ ਹੈ ਜੋ ਗੁਰੂ ਰੂਪ ਵਿਚ ਉਸ ਨੇ ਆਪਣੀ ਰਜਾ ਦਸੀ ਹੈ ਉਹ ਉਸ ਦੀ ਆਪਣੀ ਰਜਾ ਹੈ ਭਾਵ ਜਿਸ ਤਰੀਕੇ ਸਾਨੂੰ ਗੁਰੂ ਸਮਝਾਉਂਦਾ ਹੈ ਉਸ ਤੇ ਚਲਣ ਦੁਆਰਾ ਹੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਦੇ ਮਹਿਲ ਦੇ ਵਿਚੋਂ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ। (**ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ॥**)

{ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥

ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥}

(ਅੰਗ - ੧੮)

{ਝੂਠਿ ਵਿਛੁੰਨੀ ਰੋਵੈ ਧਾਹੀ ॥ ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥}

(ਅੰਗ - ੧੦੯)

{ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥

ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥}

(ਅੰਗ - ੮੪੩)

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥}

(ਅੰਗ - ੨੨੮)

40/5029

{ਟਟਾ ਬਿਕਟ ਘਾਟ ਘਟ ਮਾਹੀ ॥ ਖੋਲਿ ਕਪਾਟ ਮਹਲਿ ਕਿ ਨ ਜਾਹੀ ॥
ਦੇਖਿ ਅਟਲ ਟਲਿ ਕਤਹਿ ਨ ਜਾਵਾ ॥ ਰਹੈ ਲਪਟਿ ਘਟ ਪਰਚਉ ਪਾਵਾ ॥੧੭॥}

(ਅੰਗ - ੩੪੧)

{ਖੋਲਿ ਕਿਵਾਰਾ ਮਹਲਿ ਬੁਲਾਇਆ ॥ ਜੈਸਾ ਸਾ ਤੈਸਾ ਦਿਖਲਾਇਆ ॥
ਕਹੁ ਨਾਨਕ ਸਭੁ ਪੜਦਾ ਤੂਟਾ ॥ ਹਉ ਤੇਰਾ ਤੂ ਮੈ ਮਨਿ ਵੂਠਾ ॥੪॥੩॥੧੪॥}

(ਅੰਗ - ੯੯੭)

{ਮਨਮੁਖ ਕਚੇ ਕੂੜਿਆਰ ਤਿਨੀ ਨਿਹਚਉ ਦਰਗਹ ਹਾਰਿਆ ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥}

(ਅੰਗ - ੧੨੯੦)

{ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥
ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥੧॥ ਰਹਾਉ ॥}

(ਅੰਗ - ੯੯੨)

ਪ੍ਰਮਾਤਮਾ ਦੇ ਮਹਲ ਵਿਚ ਪਹੁੰਚਾਉਣ ਵਾਲਾ ਕੇਵਲ ਗੁਰੂ ਹੈ ਭਾਵ ਗੁਰੂ ਦੀ ਦਿੱਤੀ ਹੋਈ ਮਤਿ ਹੈ। ਕੇਵਲ ਗੁਰੂ ਹੀ ਪ੍ਰਮਾਤਮਾ ਦੇ ਮਹਿਲ ਨੂੰ ਜਾਣਦਾ ਹੈ ਤੇ ਹੋਰ ਕੋਈ ਨਹੀਂ ਜਾਣਦਾ। ਜੇਕਰ ਅਸੀਂ ਗੁਰੂ ਦੀ ਮਤਿ ਨੂੰ ਛੱਡ ਕੇ ਕਿਸੇ ਹੋਰ ਦੀ ਮਤਿ ਨੂੰ ਅਪਨਾਵਾਂਗੇ ਤਾਂ ਫਿਰ ਅਸੀਂ ਕਦੇ ਵੀ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ। ਅਸੀਂ ਅਨੇਕਾਂ ਕੋਲੋਂ ਹੀ ਮਤਿ ਲੈਂਦੇ ਹਾਂ ਪਰ ਕੀ ਕਿਸੇ ਦੀ ਮਤਿ ਗੁਰੂ ਦੀ ਮਤਿ ਤੇ ਪੂਰੀ ਉਤਰਦੀ ਹੈ, ਕੀ ਕੋਈ ਸਾਨੂੰ ਭਗਤੀ ਦਾ ਉਹੋ ਜਿਹਾ ਮਾਰਗ ਸਮਝਾਉਂਦਾ ਹੈ, ਨਾਮ ਜਪਣ ਦਾ ਉਹੋ ਜਿਹਾ ਮਾਰਗ ਸਮਝਾਉਂਦਾ ਹੈ ਜੋ ਗੁਰੂ ਸਮਝਾਉਂਦਾ ਹੈ। ਜੇਕਰ ਅਸੀਂ ਇਹੋ ਜਿਹਿਆਂ ਦੀ ਮਤਿ ਦੇ ਪਿੱਛੇ ਚਲਾਂਗੇ ਜੋ ਆਪ ਭਰਮਾਂ ਦੇ ਭਰੇ ਹੋਏ ਹਨ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਕੀ ਮਿਲਾਉਣਗੇ। ਗੁਰੂ ਸਾਨੂੰ ਸੱਚ ਸਮਝਾਉਂਦਾ ਹੈ ਤੇ ਸਚੁ ਰੂਪ ਹੀ ਪ੍ਰਮਾਤਮਾ ਆਪ ਹੈ ਭਾਵ ਸਾਨੂੰ ਸਚੁ ਰੂਪ ਪ੍ਰਮਾਤਮਾ ਨੂੰ ਉਹੀ ਮਿਲਾ ਸਕਦਾ ਹੈ ਜਿਸਦੇ ਆਪਣੇ ਅੰਦਰ ਪੂਰਨ ਸੱਚ ਹੈ ਤੇ ਇਹ ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਪੂਰੀ ਗੁਰਬਾਣੀ ਵਿਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਸੱਚ ਹੀ ਨਾਮ ਹੈ ਤੇ ਸਾਨੂੰ ਪ੍ਰਾਪਤੀ ਵੀ ਸੱਚ ਦੀ ਹੀ ਹੁੰਦੀ ਹੈ ਭਾਵ ਨਾਮ ਦੀ ਹੀ ਹੁੰਦੀ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਹੈ। ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ। (**ਐਸਾ ਸਤਿਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥**) ਗੁਰੂ ਸਾਨੂੰ ਆਪਣੇ ਸੱਚੇ ਵਿਚਾਰਾਂ ਦੁਆਰਾ

40/5030

ਕਿਹੋ ਜਿਹੀ ਸਿੱਖਿਆ ਦੇਣ ਦੁਆਰਾ ਭਾਵ ਕਿਹੋ ਜਿਹਾ ਨਾਮ ਜਪਾਉਣ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਦਾ ਉਪਰਾਲਾ ਕਰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥”

ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਉਹੀ ਹੈ ਜੋ ਗੁਰੂ ਸਾਨੂੰ ਬਾਰ-ਬਾਰ ਸਮਝਾ ਰਿਹਾ ਹੈ ਤੇ ਇਹੀ ਗੱਲ ਉਪਰ ਪੰਗਤੀ ਦੁਆਰਾ ਸਮਝਾਈ ਹੋਈ ਹੈ। ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ ਉਹ ਆਪਣੇ ਅੰਦਰੋਂ ਆਪਣੇ ਅਉਗਣਾਂ ਨੂੰ ਤਿਆਗਣ ਦਾ ਉੱਦਮ ਹੀ ਕਰਦਾ ਹੈ ਤੇ ਇਹੀ ਨਾਮ ਜਪਣ ਦਾ ਤਰੀਕਾ ਹੈ, ਮਕਸਦ ਹੈ। ਅਸੀਂ ਆਪਣੇ ਅਉਗਣ ਛੱਡਣ ਦਾ ਉੱਦਮ ਹੀ ਕਰਨਾ ਹੈ ਤੇ ਕਿਰਪਾ ਗੁਰੂ ਪ੍ਰਮਾਤਮਾ ਆਪ ਹੀ ਕਰਦਾ ਹੈ ਜੋ ਮਨ ਦੀ ਸਮਝ ਦੁਆਰਾ ਸਾਡੇ ਅੰਦਰ ਦੇ ਅਉਗਣਾਂ ਵਾਲੇ ਵਿਚਾਰਾਂ ਨੂੰ ਗੁਰਮਤਿ ਰੂਪ ਵਿਚਾਰਾਂ ਨਾਲ ਮਾਰ ਦਿੰਦਾ ਹੈ। ਜਦ ਤਕ ਸਾਡੇ ਅੰਦਰ ਅਉਗਣ ਹਨ ਤਦ ਤਕ ਅਸੀਂ ਸੁਖ ਵਾਲੀ ਅਵਸਥਾ ਵਿਚ ਨਹੀਂ ਵੱਸ ਸਕਦੇ। ਸੁਖ ਕੇਵਲ ਗੁਰਮਤਿ ਨੂੰ ਮੰਨਣ ਦੇ ਵਿਚ ਹੈ ਤੇ ਮਨ ਦੀ ਇਸ ਅਵਸਥਾ ਦੁਆਰਾ ਹੀ ਮਨੁੱਖ ਉਹ ਕੁਝ ਕਰਦਾ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਭਾਵ ਨਾਮ ਅਨੁਸਾਰ ਵਿਚਰਦਾ ਹੈ। (**ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥ ਐਸਾ ਸਤਿਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥ ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥**)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ - ੧੪੧੪)

ਪਿੱਛਲੇ ਪਦੇ ਰਾਹੀਂ ਅਸੀਂ ਆਪਣੇ ਅੰਦਰ **“ਸੁਖੁ”** ਵੱਸਣ ਦੀ ਗੱਲ ਨੂੰ ਸਮਝਿਆ ਹੈ। **“ਸੁਖੁ”** ਸਾਡੇ ਅੰਦਰ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿਚ ਵਸਦਾ ਹੈ ਤੇ ਇਹ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਸਾਡੇ ਅੰਦਰ **“ਸੁਖੁ”** ਦਾ ਵੱਸਣਾ, ਪ੍ਰਮਾਤਮਾ ਦਾ ਵੱਸਣਾ, ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ। ਇਹੋ ਜਿਹੇ **“ਸੁਖੁ”** ਦੀ ਪ੍ਰਾਪਤੀ ਨੂੰ ਉਸ **“ਸੁਖੁ”** ਰੂਪ ਪ੍ਰਮਾਤਮਾ ਦੇ ਮੇਲ ਤੋਂ ਬਾਅਦ ਹੀ ਜਾਣਿਆ ਜਾ ਸਕਦਾ ਹੈ। ਇਹ ਅਸਲ ਸੁੱਖ ਜਾਨਣ ਤੋਂ ਪਹਿਲਾਂ ਮਨੁੱਖ ਮਾਇਆ ਦੇ ਸੁੱਖਾਂ ਵਿਚ ਹੀ ਆਪਣਾ ਸੁੱਖ ਸਮਝਦਾ ਹੈ। ਮਾਇਆ ਮੋਹ ਵਿਚ ਰਹਿੰਦਿਆਂ ਮਨੁੱਖ ਦੇ ਅੰਦਰ ਤ੍ਰਿਸ਼ਨਾਵਾਂ ਉਪਜਦੀਆਂ ਰਹਿੰਦੀਆਂ ਹਨ। ਜੇਕਰ ਮਨੁੱਖ ਦੀ ਕੋਈ ਤ੍ਰਿਸ਼ਨਾ ਪੂਰੀ ਹੋ ਜਾਂਦੀ ਹੈ ਤੇ ਉਸ ਵਿਚ ਉਹ ਸੁਖ ਮਹਿਸੂਸ

ਕਰਦਾ ਹੈ ਤੇ ਜਦੋਂ ਮਨ ਦੀ ਇੱਛਾ ਪੂਰੀ ਨਹੀਂ ਹੁੰਦੀ ਉਸ ਵਿਚ ਉਹ ਦੁੱਖ ਮਹਿਸੂਸ ਕਰਦਾ ਹੈ। ਇਹ ਮਾਇਆ ਮੋਹ ਸਭ ਨੂੰ ਸੁੱਖ ਦੁੱਖ ਵਾਲੀ ਬਿਰਤੀ ਵਿਚ ਰੱਖਦਾ ਹੈ।

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ - ੬੭)

{ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥}

(ਅੰਗ - ੧੪੯)

ਜਦ ਤਕ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜੇ ਰਹਿੰਦੇ ਹਾਂ ਤਦ ਤਕ ਅਸੀਂ ਸੱਚੇ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦੇ। ਸੱਚਾ ਸੁਖ ਮਨ ਦੇ ਸੰਤੋਖ ਵਿਚ ਹੈ ਤੇ ਇਹੀ ਕੰਮ ਸਭ ਤੋਂ ਔਖਾ ਕੰਮ ਹੈ। ਆਪਣੀਆਂ ਤ੍ਰਿਸ਼ਨਾਵਾਂ ਨੂੰ ਕੋਈ ਨਹੀਂ ਛੱਡਣਾ ਚਾਹੁੰਦਾ ਤੇ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਜਿਸ ਕਰਕੇ ਅਸੀਂ ਗੁਰਮਤਿ

ਤੋਂ ਉਲਟ ਚਲਦੇ ਹਾਂ। ਆਪਣੀਆਂ ਤ੍ਰਿਸ਼ਨਾਵਾਂ ਛੱਡੇ ਬਿਨਾ ਅਸੀਂ ਗੁਰੂ ਪ੍ਰਮਾਤਮਾ ਦੇ ਭਾਣੇ ਵਿਚ ਨਹੀਂ ਚੱਲ ਸਕਦੇ ਤੇ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ ਉਸਨੂੰ ਮਾਇਆ ਮੋਹ ਤੋਂ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਹੀ ਮੁਕਤਿ ਕਰਦਾ ਹੈ ਜਿਸ ਦੁਆਰਾ ਉਸਦੇ ਅੰਦਰ ਸੰਤੋਖ ਵੱਸਦਾ ਹੈ। ਮਨ ਦੀ ਇਸ ਅਵਸਥਾ ਵਿਚ ਫਿਰ ਮਨੁੱਖ ਸੁੱਖ ਦੁੱਖ ਨੂੰ ਇੱਕੋ ਜਿਹਾ ਕਰਕੇ ਜਾਣਦਾ ਹੈ ਭਾਵ ਪ੍ਰਮਾਤਮਾ ਦੀ ਰਜ਼ਾ ਵਿਚ ਚਲਦਾ ਹੈ ਕਿਉਂਕਿ ਉਸ ਨੂੰ ਮਨ ਦੇ ਗਿਆਨ ਰਾਹੀਂ ਇਹ ਸਮਝ ਲਗ ਜਾਂਦੀ ਹੈ ਕਿ ਇਹ ਪ੍ਰਮਾਤਮਾ ਦਾ ਬਣਾਇਆ ਹੋਇਆ ਅਸੂਲ ਹੈ ਜਿਸ ਨੂੰ ਕਬੂਲ ਕਰਨਾ ਹੀ ਸਾਡੇ ਲਈ ਚੰਗਾ ਹੈ ਇਹ ਸਭ ਕੁਝ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪਣੇ ਮਨੁੱਖੀ ਰੂਪ ਦੀ ਸਮਝ ਹੀ ਬਦਲ ਦਿੰਦਾ ਹੈ ਤਾਂ ਜੋ ਉਹ ਦੁਖ ਸੁਖ ਵਿਚ ਫਰਕ ਨ ਜਾਣੇ। **{ਸੁਖੁ ਦੁਖੁ ਦੋਨੌ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥ ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਿਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥}** ਅੰਗ ੨੧੯

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ - ੧੧੨੩)

40/5032

ਸੁੱਖ ਦੁੱਖ ਵਾਲੀ ਬਿਰਤੀ ਵਿਚੋਂ ਨਿਕਲਣਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵ ਗੁਰੂ ਪ੍ਰਮਾਤਮਾ ਦੇ ਭਾਣੇ ਨੂੰ ਮੰਨਣਾ ਹੀ ਨਾਮ ਜਪਣਾ ਹੈ। **{ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥}** ਅੰਗ ੩੯੪

{ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ ਭਾਵੈ ਦੋਇ ॥
ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥ ਐਸਾ ਜਗੁ ਦੇਖਿਆ ਜੂਆਰੀ ॥
ਸਭਿ ਸੁਖ ਮਾਗੈ ਨਾਮੁ ਬਿਸਾਰੀ ॥੧॥ ਰਹਾਉ ॥ ਅਦਿਸਟੁ ਦਿਸੈ ਤਾ ਕਹਿਆ ਜਾਇ ॥
ਬਿਨੁ ਦੇਖੇ ਕਹਣਾ ਬਿਰਥਾ ਜਾਇ ॥ ਗੁਰਮੁਖਿ ਦੀਸੈ ਸਹਜਿ ਸੁਭਾਇ ॥
ਸੇਵਾ ਸੁਰਤਿ ਏਕ ਲਿਵ ਲਾਇ ॥੨॥ ਸੁਖੁ ਮਾਂਗਤ ਦੁਖੁ ਆਗਲ ਹੋਇ ॥
ਸਗਲ ਵਿਕਾਰੀ ਹਾਰੁ ਪਰੋਇ ॥ ਏਕ ਬਿਨਾ ਝੂਠੇ ਮੁਕਤਿ ਨ ਹੋਇ ॥
ਕਰਿ ਕਰਿ ਕਰਤਾ ਦੇਖੈ ਸੋਇ ॥੩॥ ਤ੍ਰਿਸਨਾ ਅਗਨਿ ਸਬਦਿ ਬੁਝਾਏ ॥
ਦੂਜਾ ਭਰਮੁ ਸਹਜਿ ਸੁਭਾਏ ॥ ਗੁਰਮਤੀ ਨਾਮੁ ਰਿਦੈ ਵਸਾਏ ॥ ਸਾਚੀ ਬਾਣੀ ਹਰਿ ਗੁਣ ਗਾਏ ॥੪॥
ਤਨ ਮਹਿ ਸਾਚੋ ਗੁਰਮੁਖਿ ਭਾਉ ॥ ਨਾਮ ਬਿਨਾ ਨਾਹੀ ਨਿਜ ਠਾਉ ॥ ਪ੍ਰੇਮ ਪਰਾਇਣ ਪ੍ਰੀਤਮ ਰਾਉ ॥
ਨਦਰਿ ਕਰੇ ਤਾ ਬੂਝੈ ਨਾਉ ॥੫॥ ਮਾਇਆ ਮੋਹੁ ਸਰਬ ਜੰਜਾਲਾ ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥
ਸਤਿਗੁਰੁ ਸੇਵੇ ਚੂਕੈ ਜੰਜਾਲਾ ॥ ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥ ਗੁਰਮੁਖਿ ਬੂਝੈ ਏਕ ਲਿਵ ਲਾਏ ॥

ਨਿਜ ਘਰਿ ਵਾਸੈ ਸਾਚਿ ਸਮਾਏ ॥ ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥੭॥
ਕਥਨੀ ਕਥਉ ਨ ਆਵੈ ਓਰੁ ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥
ਦੁਖੁ ਸੁਖੁ ਭਾਣੈ ਤਿਸੈ ਰਜਾਇ ॥ ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥}

(ਅੰਗ ੨੨੨-੨੨੩)

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਰਾਹੀਂ ਅਸੀਂ ਇਸ ਗੱਲ ਨੂੰ ਜਾਣਿਆ ਹੈ ਕਿ ਸੁਖ ਕੀ ਹੈ ਤੇ ਸੁੱਖ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਸੁੱਖ ਪ੍ਰਮਾਤਮਾ ਦੇ ਮੇਲ ਵਿਚ ਹੈ ਤੇ ਪ੍ਰਮਾਤਮਾ ਦਾ ਵਿਛੋੜਾ ਸਾਡਾ ਅਸਲ ਦੁੱਖ ਹੈ ਜਿਸ ਕਰਕੇ ਅਸੀਂ ਹਰ ਵੇਲੇ ਮਨ ਦੀਆਂ ਇਛਾਵਾਂ ਨਾਲ ਜੁੜੇ ਰਹਿੰਦੇ ਹਾਂ। ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਪਸ਼ਟ ਕੀਤੀ ਹੋਈ ਹੈ ਕਿ **"ਸੁਖੁ"** ਕੇਵਲ ਉਸੇ ਤਰੀਕੇ ਹੀ ਮਿਲ ਸਕਦਾ ਹੈ ਜਿਸ ਤਰੀਕੇ ਗੁਰੂ ਰੂਪ ਨੇ ਉਸ ਨੂੰ ਆਪ ਜਾਣਿਆ ਹੈ ਤੇ ਉਸਦੀ ਪ੍ਰਾਪਤੀ ਕਰਨ ਲਈ ਸਾਨੂੰ ਸਮਝਾਇਆ ਹੈ।

"ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥"

ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਜਾਣਿਆ ਹੈ ਸੁੱਖ ਦੀ ਪ੍ਰਾਪਤੀ ਲਈ ਸਾਰੀ ਗੱਲ ਮਾਇਆ ਮੋਹ ਵਿਚੋਂ ਨਿਕਲਕੇ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਵਿਚੋਂ ਨਿਕਲਕੇ ਚਉਥੇ ਪਦ ਦੀ ਅਵਸਥਾ ਵਿਚ ਪਹੁੰਚਣ ਦੀ ਹੈ। ਸੁੱਖ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਚਉਥੇ ਪਦ ਵਿਚ ਪਹੁੰਚ ਕੇ ਹੁੰਦੀ ਹੈ, ਨਾਮ ਦੀ ਪ੍ਰਾਪਤੀ ਦੁਆਰਾ ਹੁੰਦੀ ਹੈ। ਗੁਰੂ ਚਉਥੇ ਪਦ ਵਿਚ ਹੈ ਤੇ ਇਸੇ ਕਰਕੇ ਗੁਰੂ ਪ੍ਰਮਾਤਮਾ ਦੇ ਨਾਲ ਇੱਕਮਿੱਕ ਹੈ ਭਾਵ ਜੋ ਗੱਲ ਸਾਨੂੰ ਗੁਰੂ ਸਮਝਾਉਂਦਾ ਹੈ ਉਸ ਵਿਚ ਪੂਰਨ ਸੱਚ ਹੈ। ਜਿਸ ਤਰੀਕੇ ਸੁੱਖ ਦੀ ਪ੍ਰਾਪਤੀ ਸਾਨੂੰ ਗੁਰੂ ਨੇ ਸਮਝਾਈ ਹੈ ਉਸ ਤੋਂ ਬਿਨਾ ਸੁਖੁ

ਦੀ ਪ੍ਰਾਪਤੀ ਦਾ ਹੋਰ ਤਰੀਕਾ ਨਹੀਂ ਹੋ ਸਕਦਾ। ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਿਹੋ ਜਿਹਾ **"ਸੁਖੁ"** ਨੂੰ ਗੁਰੂ ਨੇ ਜਾਣਿਆ ਹੈ ਸੁਖੁ ਬਿਲਕੁਲ ਉਹੀ ਕੁਝ ਹੈ। (**ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥**) ਸਾਡੇ ਸਭ ਦੇ ਅੰਦਰ ਸਹਸਾ ਹੈ ਭਾਵ ਭਰਮ ਹੈ ਜਿਸ ਦੁਆਰਾ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਅਸਲ ਸੁਖੁ ਦੀ ਪ੍ਰਾਪਤੀ ਕੀ ਹੈ ਤੇ ਕਿਵੇਂ ਹੁੰਦੀ ਹੈ। ਗੁਰੂ ਸਹਸਾ ਤੋਂ ਬਾਹਰ ਹੈ ਤੇ ਉਸ ਨੂੰ ਪੂਰਨ ਸਮਝ ਹੈ। ਉਸ ਸੁਖੁ ਦੀ ਪ੍ਰਾਪਤੀ ਕਰਨ ਦਾ ਤਰੀਕਾ ਗੁਰੂ ਦੇ ਨਾਲ ਪਿਆਰ ਜੋੜਣ ਦਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਪਿਆਰ ਜੋੜਨ ਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦਾ ਹੈ। ਜੋ ਵੀ ਇਸ ਤਰੀਕੇ ਸੁੱਖ ਦੀ ਪ੍ਰਾਪਤੀ ਕਰੇਗਾ ਉਸੇ ਨੂੰ ਹੀ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ ਇਸ ਗੱਲ

ਵਿਚ ਕੋਈ ਭਰਮ ਨਹੀਂ ਹੋਣਾ ਚਾਹੀਦਾ ਕਿ ਸੁਖੁ ਦੀ ਪ੍ਰਾਪਤੀ ਗੁਰਮਤਿ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ। (**ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥**) ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਸਾਨੂੰ ਸੁੱਖ ਦੀ ਪ੍ਰਾਪਤੀ ਕਿਸ ਰੂਪ ਵਿਚ ਹੁੰਦੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥”

ਅਸਲ ਸੁੱਖ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਵਿਚ ਹੀ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਜੋਤਿ ਰੂਪ ਵਿਚ ਹੀ ਹੈ ਤੇ ਜਿਸ ਦੇ ਨਾਲ ਉਸ ਦਾ ਮੇਲ ਹੁੰਦਾ ਹੈ ਉਹ ਜੋਤਿ ਰੂਪ ਪ੍ਰਮਾਤਮਾ ਦੀ ਮੂਰਤ ਹੀ ਬਣ ਜਾਂਦਾ ਹੈ। ਦੇਖਣ ਨੂੰ ਭਾਵੇਂ ਉਹ ਮਨੁੱਖ ਲਗਦਾ ਹੈ ਪਰ ਉਹ ਪ੍ਰਮਾਤਮਾ ਦਾ ਹੀ ਭਾਵ ਜੋਤਿ ਦਾ ਹੀ ਰੂਪ ਹੁੰਦਾ ਹੈ। ਤ੍ਰੈਗੁਣਾਂ ਵਾਲੀ ਅਵਸਥਾ ਵੀ ਜੋਤਿ ਰੂਪ ਹੈ ਤੇ ਤ੍ਰੈ ਗੁਣਾਂ ਵਾਲੀ ਅਵਸਥਾ ਹੀ ਦੂਸਰੇ ਰੂਪ ਹੋ ਜਾਂਦੀ ਹੈ ਭਾਵ ਮਨਮਤਿ ਵਾਲੀ ਸਮਝ ਵਿੱਚੋਂ ਨਿਕਲਕੇ ਗੁਰਮਤਿ ਵਾਲੀ ਸਮਝ ਦਾ ਰੂਪ ਹੋ ਜਾਂਦੀ ਹੈ ਭਾਵ ਉਹ ਤ੍ਰੈਗੁਣਾਂ ਵਾਲੀ ਅਵਸਥਾ ਚਉਥੇ ਪਦ ਵਿਚ ਪਹੁੰਚ ਕੇ ਜੋਤਿ ਰੂਪ ਨਾਲ ਇੱਕ ਹੋ ਜਾਂਦੀ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਸ਼ਬਦਾਂ ਦੇ ਗਿਆਨ ਦੁਆਰਾ ਚਉਥੇ ਪਦ ਨਾਲ ਇੱਕ ਹੋ ਜਾਂਦੀ ਹੈ ਭਾਵ ਮਨ ਦੇ ਵਿਚ ਮੇਲ ਸ਼ਬਦਾਂ ਦੇ ਗਿਆਨ ਦੁਆਰਾ ਹੁੰਦਾ ਹੈ, ਗੁਰਮਤਿ ਰੂਪ ਗਿਆਨ ਦੁਆਰਾ ਹੀ ਹੁੰਦਾ ਹੈ। (**ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥**)

40/5034

{ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥
ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥}

(ਅੰਗ - ੬੬੧)

ਸਾਡੇ ਜੀਵਨ ਦਾ ਮਨੋਰਥ ਤ੍ਰੈਗੁਣਾਂ ਵਾਲੀ ਅਵਸਥਾ ਵਿਚੋਂ ਨਿਕਲਕੇ ਹੀ ਪੂਰਾ ਹੋ ਸਕਦਾ ਹੈ ਕਿਉਂਕਿ ਉਸ ਦੇ ਰਹਿੰਦਿਆਂ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਪ੍ਰਮਾਤਮਾ ਦਾ ਮੇਲ ਕੇਵਲ ਤੇ ਕੇਵਲ ਚਉਥੇ ਪਦ ਵਿਚ ਹੈ ਤੇ ਚਉਥੇ ਪਦ ਦਾ ਮਕਸਦ ਸਾਨੂੰ ਮਨ ਦੇ ਭਰਮਾਂ ਵਿਚੋਂ ਕੱਢਣ ਦਾ ਹੀ ਹੈ, ਮਾਇਆ ਮੋਹ ਵਿਚੋਂ ਕੱਢਣ ਦਾ ਹੀ ਹੈ। ਇਹ ਸਾਡੇ ਮਨ ਦੀ ਅਵਸਥਾ ਹੈ ਭਾਵ ਸਾਨੂੰ ਆਪਣੇ ਮਨ ਦੀ ਅਵਸਥਾ ਬਦਲਣ ਦੀ ਲੋੜ ਹੈ ਜੋ ਅਵਸਥਾ ਕੇਵਲ ਤੇ ਕੇਵਲ ਗੁਰਮਤਿ ਰੂਪ ਸੱਚੀ ਸੰਗਤ ਕਰਨ ਦੁਆਰਾ ਬਦਲੀ ਜਾ ਸਕਦੀ ਹੈ। ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਜਾਣਿਆ ਹੈ ਆਪਣੇ ਮਨ ਦੀ ਅਵਸਥਾ ਬਦਲਣ ਲਈ ਸਾਨੂੰ ਸਤਿਸੰਗਤਿ ਦੀ ਲੋੜ ਹੈ। ਸਤਸੰਗਤਿ ਦੀ ਅਵਸਥਾ ਵਿਚ ਪਹੁੰਚਣਾ ਚਉਥੇ ਪਦ ਦੀ ਅਵਸਥਾ ਵਿਚ ਪਹੁੰਚਣਾ ਹੈ। ਸਤਸੰਗਤਿ ਸਚੁ ਦੀ ਸੰਗਤਿ ਹੈ ਭਾਵ ਸ਼ਬਦ ਦੇ ਵਿਚਾਰਾਂ ਦੀ ਸੰਗਤਿ ਹੈ ਜੋ ਸਾਡੇ ਮਨ ਨੇ ਕਰਨੀ ਹੈ। ਸਤਸੰਗਤਿ ਨੇ ਸਾਨੂੰ ਭਰਮਾਂ ਵਿਚੋਂ ਹੀ ਕੱਢਣਾ ਹੈ, ਮਾਇਆ ਮੋਹ ਵਾਲੇ ਵਿਚਾਰਾਂ ਵਿਚੋਂ ਹੀ ਕੱਢਣਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿਚੋਂ ਹੀ ਕੱਢਣਾ ਹੈ। ਅਸੀਂ ਸਰੀਰਕ ਸੰਗਤਿ ਨੂੰ ਹੀ ਸਤਸੰਗਤਿ ਕਰਨੀ ਸਮਝਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ। ਜੇਕਰ ਅਸੀਂ ਸਤਸੰਗਤਿ ਨੂੰ ਸਹੀ ਤਰੀਕੇ ਨਾਲ ਸਮਝਾਂਗੇ ਤੇ ਤਾਂ ਹੀ ਅਸੀਂ ਆਪਣੇ ਜੀਵਨ ਦਾ ਸੱਚਾ ਮਨੋਰਥ ਪੂਰਾ ਕਰਨ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਹਰ ਕੋਈ ਸਮਝ ਸਕਦਾ ਹੈ ਕਿ ਸਤਸੰਗਤਿ ਦਾ ਮਕਸਦ ਕੀ ਹੈ।

(ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਿਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥2॥)

(ਅੰਗ - ੧੨੬੦)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥}

(ਅੰਗ - ੮੩੩)

ਨਾ ਹੀ ਸਰੀਰਕ ਸੰਗਤਿ ਦੁਆਰਾ ਪ੍ਰਮਾਤਮਾ ਪਾਉਣ ਦਾ ਤਰੀਕਾ ਹੈ ਤੇ ਨਾ ਹੀ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਨਾਲ ਸਾਡੇ ਅੰਦਰੋਂ ਤ੍ਰੈਗੁਣਾਂ ਵਾਲੀ ਅਵਸਥਾ ਭਾਵ ਮਾਇਆ ਮੋਹ ਵਾਲੀ ਅਵਸਥਾ, ਹਉਮੈ ਵਾਲੀ

40/5035

ਅਵਸਥਾ ਦੂਰ ਹੋ ਸਕਦੀ ਹੈ ਤੇ ਨਾ ਹੀ ਸਾਡੇ ਅੰਦਰੋਂ ਤ੍ਰਿਸ਼ਨਾ ਦੂਰ ਹੋ ਸਕਦੀ ਹੈ। ਇਸ ਅਵਸਥਾ ਤੋਂ ਛੁਟਕਾਰਾ ਕੇਵਲ ਤੇ ਕੇਵਲ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੈ। ਸ਼ਬਦ ਦੇ ਵਿਚਾਰਾਂ ਦੀ ਸੰਗਤਿ ਸਾਡੇ ਮਨ ਦੇ ਵਿਚਾਰਾਂ ਨੇ ਹੀ ਕਰਨੀ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਨੇ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਕਰਨੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਅਸੀਂ ਮਾਇਆ ਮੋਹ ਵਿਚੋਂ ਨਿਕਲ ਸਕੀਏ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਪਰਾਲਾ ਕਰ ਸਕੀਏ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ, ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ ਤੇ ਕਿਸੇ ਵਿਆਖਿਆ ਦੀ ਲੋੜ ਨਹੀਂ ਹੈ।

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ॥
ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}

(ਅੰਗ - ੬੪੭)

ਉਪਰ ਸ਼ਬਦ ਨੂੰ ਧਿਆਨ ਨਾਲ ਪੜਨ ਦੁਆਰਾ ਨਾਮ ਦਾ ਮਕਸਦ ਵੀ ਬੜਾ ਸਪਸ਼ਟ ਸਮਝ ਆ ਰਿਹਾ ਹੈ। ਨਾਮ ਸ਼ਬਦ ਦੀ ਵਿਚਾਰ ਹੈ ਤੇ ਸ਼ਬਦ ਦੀ ਵਿਚਾਰ ਮੰਨਣ ਵਾਲੇ ਦੇ ਅੰਦਰ ਤ੍ਰਿਸ਼ਨਾ ਨਹੀਂ ਰਹਿ ਜਾਂਦੀ, ਭੁੱਖ ਨਹੀਂ ਰਹਿ ਜਾਂਦੀ। ਨਾਮ ਦੀ ਸਮਝ ਨਾ ਹੋਣ ਕਰਕੇ ਅਸੀਂ ਭਰਮਾਂ ਵਿਚ ਹੀ ਪਏ ਰਹਿੰਦੇ ਹਾਂ ਤੇ ਉਹੋ ਜਿਹੇ ਭਗਤੀ ਦੇ ਮਾਰਗ ਨਾਲ ਜੁੜੇ ਰਹਿੰਦੇ ਹਾਂ ਜੋ ਅਸਲ ਵਿਚ ਭਗਤੀ ਦਾ ਮਾਰਗ ਹੈ ਹੀ ਨਹੀਂ ਤੇ ਮਨ ਦੀ ਨਾਸਮਝੀ ਕਰਕੇ ਕੇਵਲ ਆਪਣੇ ਆਪ ਨੂੰ ਖੁਆਰ ਕਰੀ ਜਾਂਦੇ ਹਾਂ ਜਿੰਨ੍ਹਾਂ ਕਰਕੇ ਸਾਨੂੰ ਉਪਰ ਗਵਾਰ ਕਿਹਾ ਗਿਆ ਹੈ।

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਮਾਇਆ ਮੋਹ ਵਾਲੀ ਅਵਸਥਾ ਸਾਡੇ ਅੰਦਰ ਮਨ ਦੀ ਅਗਿਆਨਤਾ ਵਾਲੀ ਅਵਸਥਾ ਹੈ ਜਿਸ ਅਵਸਥਾ ਦੇ ਰਹਿੰਦਿਆਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਜਿਸਨੇ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣਿਆ ਹੈ ਉਸ ਨੇ ਪ੍ਰਮਾਤਮਾ ਨੂੰ ਗਿਆਨ ਰੂਪ ਮਤਿ ਨਾਲ ਪਛਾਣਿਆ ਹੈ ਭਾਵ ਅਗਿਆਨਤਾ ਵਿਚੋਂ ਨਿਕਲਕੇ, ਮਾਇਆ ਮੋਹ ਵਿਚੋਂ ਨਿਕਲਕੇ ਪਛਾਣਿਆ ਹੈ। ਜੋ ਖੁਦ ਪ੍ਰਮਾਤਮਾ ਨੂੰ ਜਾਣਨ ਵਿਚ ਮਨ ਦੇ ਭਰਮ ਵਿਚ ਰਹੇ ਹਨ ਭਾਵ ਮਾਇਆ ਮੋਹ ਵਿਚ ਰਹੇ ਹਨ ਉਹਨਾਂ ਦੀ ਮਤਿ ਪਿੱਛੇ ਲੱਗ ਕੇ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਕਰਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ।

40/5036

ਪ੍ਰਮਾਤਮਾ ਨੂੰ ਪਾਉਣ ਦਾ ਕੇਵਲ ਤੇ ਕੇਵਲ ਇੱਕੋ ਇੱਕ ਸੱਚਾ ਮਾਰਗ ਮਨ ਦੀ ਮਾਇਆ ਮੋਹ ਵਾਲੀ ਅਵਸਥਾ ਵਿਚੋਂ ਨਿਕਲਣ ਦਾ ਹੈ, ਭਰਮ, ਅਗਿਆਨ ਵਿਚੋਂ ਨਿਕਲਣ ਦਾ ਹੈ। ਆਓ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝੀਏ।

“ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥ ਪਾਪ ਪੁੰਨ ਵਰਤੈ ਸੰਸਾਰਾ ॥
ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥ ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥”

(ਅੰਗ - ੧੦੫੨)

ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਜੋ ਕਿ ਉਸ ਦੀ ਸਾਡੇ ਅੰਦਰ ਮਾਇਆ ਵਾਲੀ ਬਿਰਤੀ ਦੁਆਰਾ ਚਲਦੀ ਹੈ। ਜੋ ਵੀ ਮਨੁੱਖ ਸੰਸਾਰ ਵਿਚ ਪੈਦਾ ਹੁੰਦਾ ਹੈ ਉਹ ਮਨ ਦੀ ਇਸੇ ਬਿਰਤੀ ਦੁਆਰਾ ਹੀ ਪੈਦਾ ਹੁੰਦਾ ਹੈ। ਜਿਸਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਇਸ ਮਾਇਆ ਵਾਲੀ ਬਿਰਤੀ ਵਿਚੋਂ ਹੀ ਪਾਇਆ ਹੈ। ਪੂਰੇ ਜਗਤ ਵਿਚ ਇਸ ਮਾਇਆ ਮੋਹ ਵਾਲੀ ਬਿਰਤੀ ਤੋਂ ਬਿਨਾ ਕੋਈ ਨਹੀਂ ਆਉਂਦਾ। ਜਿੰਨ੍ਹਾਂ ਨੂੰ ਅਸੀਂ ਧਰਮ ਦੇ ਵੱਡੇ ਵੱਡੇ ਤੇ ਪ੍ਰਮਾਤਮਾ ਦੇ ਰੂਪ ਸਮਝਿਆ ਹੈ, ਦੇਵਤੇ ਆਦਿ ਸਮਝਿਆ ਹੈ ਉਹ ਵੀ ਇਸ ਸੰਸਾਰ ਵਿਚ ਮਾਇਆ ਮੋਹ ਵਾਲੀ ਬਿਰਤੀ ਵਿਚ ਹੀ ਰਹੇ ਹਨ, ਇਹ ਗੁਰੂ ਪ੍ਰਮਾਤਮਾ ਦੇ ਆਪਣੇ ਬੋਲ ਹਨ। (**ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥**) ਅਗਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝੋ ਕਿ ਇਸ ਮਾਇਆ ਮੋਹ ਵਿਚੋਂ ਨਿਕਲਣ ਦਾ ਤਰੀਕਾ ਕੀ ਹੈ, ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੀ ਹੈ।

“ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥”

ਜੋ ਵੱਡੇ ਵੱਡੇ ਸੰਸਾਰ ਤੋਂ ਅਖਵਾਕੇ ਚਲੇ ਗਏ ਉਹਨਾਂ ਨੇ ਵੀ ਪ੍ਰਮਾਤਮਾ ਦੇ ਨਾਮ ਨੂੰ ਵੀ ਨਹੀਂ ਜਾਣਿਆ। ਨਾਮ ਨਾਲ ਜੁੜਨਾ ਗੁਰੂ ਦੇ ਸੱਚੇ ਗਿਆਨ ਨਾਲ ਜੁੜਨਾ ਹੈ ਭਾਵ ਗੁਰੂ ਦੇ ਨਾਮ ਦਾ ਮਕਸਦ ਸਾਨੂੰ ਅਗਿਆਨਤਾ ਵਿਚੋਂ ਕੱਢਣ ਦਾ ਹੈ, ਮਾਇਆ ਮੋਹ ਵਿਚੋਂ ਕੱਢਣ ਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੇਵਲ ਸੱਚੇ ਗਿਆਨ ਵਾਲੀ ਮਤਿ ਦੁਆਰਾ ਹੀ ਪਛਾਣਿਆ ਜਾ ਸਕਦਾ

ਹੈ। ਇਹ ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ ਜਿਵੇਂ ਕਿ ਉਪਰਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਇਹ ਪ੍ਰਮਾਤਮਾ ਦੀ ਕੇਵਲ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਆਪਣੇ ਨਾਮ ਨਾਲ ਜੋੜਦਾ ਹੈ ਭਾਵ ਉਹ ਕਿਸ ਨੂੰ ਆਪਣਾ ਰੂਪ ਦਿਖਾਉਣਾ ਚਾਹੁੰਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਜੇਕਰ ਅਸੀਂ ਪ੍ਰਮਾਤਮਾ

40/5037

ਨੂੰ ਅਸਲੀਅਤ ਵਿਚ ਜਾਨਣਾ ਚਾਹੁੰਦੇ ਹਾਂ ਤੇ ਸਾਡੇ ਲਈ ਸੱਚਾ ਉਦਮ ਕੇਵਲ ਇਹੀ ਹੈ ਕਿ ਅਸੀਂ ਨਾਮ ਦੇ ਮਕਸਦ ਨੂੰ ਸਮਝੀਏ ਤੇ ਮਨ ਦੀ ਅਗਿਆਨਤਾ ਵਿਚੋਂ ਨਿਕਲੀਏ, ਭਰਮਾਂ ਵਿਚੋਂ ਨਿਕਲੀਏ, ਮਾਇਆ ਮੋਹ ਵਿਚੋਂ ਨਿਕਲੀਏ ਜੋ ਕਿ ਸਾਡੇ ਅੰਦਰ ਦਾ ਪੜਦਾ ਹੈ ਜਿਸ ਦੇ ਰਹਿੰਦਿਆਂ ਸਾਨੂੰ ਆਪਣੇ ਅੰਦਰੋਂ ਕਦੇ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋ ਸਕਦੇ। (**ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥**)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ - ੧੦੬੯)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥
ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥}

(ਅੰਗ - ੩੮)

{ਸੁਖ ਸਾਗਰ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ॥ ਮਾਨਨਿ ਮਾਨੁ ਵਞਾਈਐ ਹਰਿ ਚਰਣੀ ਲਾਗੋ ਰਾਮ ॥
ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ ॥
ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੁਹਾਗੋ ਰਾਮ ॥੧॥
ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ ॥
ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ ॥
ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ ॥
ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ ਪਦੁ ਪਾਈਐ ਰਾਮ ॥੨॥}

(ਅੰਗ - ੮੪੮)

{ਬਾਬਾ ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥}

(ਅੰਗ - ੪੮੨)

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥}

(ਅੰਗ - ੬੦)

{ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥
ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥੩॥}

(ਅੰਗ - ੫੪੬)

{ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥}

(ਅੰਗ - ੬੩੭)

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥}

(ਅੰਗ - ੧੩੨੭)

40/5038

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਤ੍ਰੈਗੁਣਾਂ ਵਾਲੀ ਅਵਸਥਾ, ਮਾਇਆ ਮੋਹ ਵਾਲੀ ਅਵਸਥਾ ਵਿਚੋਂ ਨਿਕਲਣ ਦਾ ਸਾਧਨ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਦੇ ਦਰਸ਼ਨ ਕਰ ਸਕਦੇ ਹਾਂ। ਜੋ ਸਾਡੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ ਉਹੀ ਸਾਡੇ ਅੰਦਰ ਹਉਮੈ ਵਾਲੀ ਬਿਰਤੀ ਹੈ ਜੋ ਸਾਨੂੰ ਸੱਚ ਤੋਂ ਦੂਰ ਰਖਦੀ ਹੈ, ਇਸ ਵਿਚੋਂ ਨਿਕਲਣ ਦਾ ਸਾਧਨ ਸਾਡੇ ਅੰਦਰ ਦੇ ਬਿਬੇਕ ਵਾਲੀ ਭਾਵ ਬਿਬੇਕ ਗਿਆਨ ਵਾਲੀ ਅਵਸਥਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨੇ ਬਿਨਾ ਭਰਮਾਂ ਵਿਚੋਂ ਨਹੀਂ ਨਿਕਲਿਆ ਜਾ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

"ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥"

(ਅੰਗ ੧੧੩੨-੧੧੩੩)

ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਕੇਵਲ ਤੇ ਕੇਵਲ ਆਪਣੀ ਮਤਿ ਛੱਡਣ ਦਾ ਹੈ ਭਾਵ ਮਨਮਤਿ ਛੱਡਣ ਦਾ ਹੈ ਤਾਂ ਜੋ ਅਸੀਂ ਆਪਣੇ ਅੰਦਰ ਗੁਰੂ ਦੀ ਮਤਿ ਨੂੰ ਵਸਾ ਸੱਕੀਏ, ਨਾਮ ਨੂੰ ਵਸਾ ਸੱਕੀਏ। ਗੁਰੂ ਦੀ ਮਤਿ ਰਾਹੀਂ ਸਾਨੂੰ ਗਿਆਨ ਹੀ ਮਿਲਦਾ ਹੈ ਤੇ ਹੋਰ ਕੁਝ ਨਹੀਂ ਮਿਲਦਾ। ਸਾਡੀ ਮਾੜੀ ਮਤਿ ਤਾਂ ਹੀ ਬਦਲੇਗੀ ਜੇ ਗੁਰੂ ਦੀ ਚੰਗੀ ਮਤਿ ਨੂੰ ਮੰਨਾਂਗੇ ਭਾਵ ਨਾਮ ਨੂੰ ਮੰਨਾਂਗੇ। ਜਿਹੋ ਜਿਹੀ ਮਤਿ ਵਿਚ ਪ੍ਰਮਾਤਮਾ ਨੇ ਸੰਸਾਰ ਨੂੰ ਰੱਖਿਆ ਹੋਇਆ ਹੈ ਉਸ ਮਤਿ ਰਾਹੀਂ ਅਸੀਂ ਸੁੱਖ ਨਹੀਂ ਖੱਟ ਸਕਦੇ ਬਲਕਿ ਦੁੱਖ ਖੱਟਦੇ ਹਾਂ। ਜੋ ਅਸੀਂ ਖੱਟਦੇ ਹਾਂ ਉਹੀ ਕੁਝ ਅਸੀਂ ਖਾਂਦੇ ਹਾਂ। ਜਦ ਤਕ ਸਾਡੇ ਅੰਦਰ ਲੋਭ ਲਾਲਚ ਵਾਲੀ ਬਿਰਤੀ ਹੈ ਭਾਵ ਮਾਇਆ ਮੋਹ ਵਾਲੀ ਬਿਰਤੀ ਹੈ ਇਹੋ ਜਿਹੀ ਸਮਝ ਦੇ ਰਾਹੀਂ ਅਸੀਂ ਜੋ ਕੁਝ ਕਰਮ ਕਰਦੇ ਹਾਂ ਉਸ ਦੁਆਰਾ ਅਸੀਂ ਦੁੱਖ ਖੱਟਦੇ ਹਾਂ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ, ਦੁੱਖ ਦਾ ਕਾਰਣ ਸਾਡੇ ਮਾੜੇ ਕਰਮ ਹਨ ਤੇ ਮਾੜੇ ਕਰਮਾਂ ਦਾ ਕਾਰਨ ਸਾਡੇ ਅੰਦਰ ਦੀ ਮਾੜੀ ਸਮਝ ਹੈ, ਮਾੜੀ ਮਤਿ ਹੈ, ਮਨਮਤਿ ਹੈ, ਦੁਰਮਤਿ ਹੈ। ਇਹ ਮਤਿ ਸਾਡੇ ਅੰਦਰ ਦੀ ਹਉਮੈ ਹੈ ਜੋ ਸਾਨੂੰ ਆਪਣੀ ਮੈਂ ਵਾਲੀ ਮਤਿ ਨਾਲ ਜੋੜ ਕੇ ਰੱਖਦੀ ਹੈ, ਮਾਇਆ ਮੋਹ ਨਾਲ ਜੋੜ ਕੇ ਰੱਖਦੀ ਹੈ। ਇਸ ਵਿਚੋਂ ਨਿਕਲਣ ਦਾ ਸਾਧਨ ਮਨ ਦੇ ਬਿਬੇਕ ਵਾਲੀ ਅਵਸਥਾ ਹੈ ਜੋ ਅਵਸਥਾ ਗੁਰੂ ਦੀ ਹੈ ਭਾਵ ਉੱਚੇ ਗਿਆਨ ਵਾਲੀ ਅਵਸਥਾ

40/5039

ਹੈ, ਗੁਰੂ ਦੇ ਉੱਚੀ ਮਤਿ ਵਾਲੀ ਅਵਸਥਾ ਹੈ। ਗੁਰੂ ਕੋਲ ਸ਼ਬਦਾਂ ਦੀ ਵਿਚਾਰ ਹੈ ਜੋ ਵਿਚਾਰ ਉਸ ਦੇ ਅੰਦਰ ਵੱਸੀ ਹੋਈ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਕੋਈ ਬਿਬੇਕ ਬੁਧਿ ਵਾਲਾ ਬਣ ਸਕਦਾ ਹੈ ਜਿਸ ਦੁਆਰਾ ਹਉਮੈ, ਮਾਇਆ ਮੋਹ ਵਿਚੋਂ ਨਿਕਲਿਆ ਜਾ ਸਕਦਾ ਹੈ। ਅਸੀਂ ਕੇਵਲ ਉੱਦਮ ਹੀ ਕਰਨਾ ਹੈ ਕਿ ਸ਼ਬਦਾਂ ਦੇ ਵਿਚਾਰੀ ਬਣੀਏ ਤੇ ਮਨ ਦੀ ਮਾੜੀ ਮਤਿ ਵਿਚੋਂ ਨਿਕਲੀਏ, ਭਰਮਾਂ ਵਿਚੋਂ ਨਿਕਲੀਏ ਇਹੀ ਪੂਰੇ ਸੰਸਾਰ ਵਿਚ ਭਗਤੀ ਦਾ ਸੱਚਾ ਮਾਰਗ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰ ਸਕਦੇ ਹਾਂ। (**ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥ ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥**) ਜਿਸਦੇ ਅੰਦਰ ਬਿਬੇਕ ਵਾਲੀ ਅਵਸਥਾ ਨਹੀਂ ਹੈ ਭਾਵ ਸੱਚੇ ਗਿਆਨ ਵਾਲੀ ਅਵਸਥਾ ਨਹੀਂ ਹੈ ਉਹ ਮਨਮੁਖਿ ਹੈ ਭਾਵ ਆਪਣੀ ਮਤਿ ਦੁਆਰਾ ਵਿਚਰਦਾ ਹੈ ਤੇ ਇਸੇ ਲਈ ਉਹਨਾਂ ਦੇ ਜੀਵਨ ਨੂੰ ਮਾੜਾ ਜੀਵਨ ਦਸਿਆ ਹੈ। ਇਹੋ ਜਿਹੇ ਮਾਇਆ ਮੋਹ ਦੀ ਬਿਰਤੀ ਵਾਲੇ ਮਨੁੱਖਾਂ ਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਉਹਨਾਂ ਨੇ ਰਾਮ ਨਾਮ ਸੁਪਨੇ ਵਿਚ ਵੀ ਨਹੀਂ ਚੇਤਿਆ ਭਾਵ ਉਹਨਾਂ ਦੀ ਮਤਿ ਮਾਇਆ ਮੋਹ ਵਾਲੀ ਹੈ ਭਾਵ ਅਗਿਆਨਤਾ ਵਾਲੀ ਹੈ ਤੇ ਇਹੋ ਜਿਹੀ ਮਤਿ ਵਾਲੇ ਦਾ ਕਦੇ ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਨਹੀਂ ਪੈ ਸਕਦਾ। ਗੁਰੂ ਦੀ ਮਤਿ ਦੇ ਨਾਲ ਪਿਆਰ ਤਾਂ ਹੀ ਪੈਂਦਾ ਹੈ ਜੇ ਪਹਿਲਾਂ ਆਪਣੀ ਮਤਿ ਛੱਡਾਂਗੇ ਭਾਵ ਮਾਇਆ ਮੋਹ ਛੱਡਾਂਗੇ। (**ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥ ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥**)

ਸਾਡੀ ਮਾੜੀ ਜਾਂ ਚੰਗੀ ਮਤਿ ਦਾ ਮਕਸਦ ਸਾਡੇ ਕਰਮਾਂ ਦੇ ਨਾਲ ਹੈ ਕਿਉਂਕਿ ਜਿਹੋ ਜਿਹੀ ਕਿਸੇ ਦੇ ਅੰਦਰ ਦੀ ਸਮਝ ਹੁੰਦੀ ਹੈ ਉਹ ਮਨੁੱਖ ਉਹੋ ਜਿਹੇ ਕਰਮ ਹੀ ਕਰਦਾ ਹੈ। ਸਾਡੀ ਮਾਇਆ ਮੋਹ ਵਾਲੀ ਮਤਿ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ। ਮਾੜੇ ਕਰਮ ਕਰਨ ਦੁਆਰਾ ਅਸੀਂ ਝੂਠ ਦੀ ਕਮਾਈ ਕਰਦੇ ਹਾਂ ਤੇ ਝੂਠ ਨਾਲ ਹੀ ਜੁੜੇ ਰਹਿੰਦੇ ਹਾਂ ਭਾਵ ਅਸੀਂ ਸੱਚ ਦੀ ਕਮਾਈ ਨਹੀਂ ਕਰਦੇ, ਨਾਮ ਵਾਲੀ ਕਮਾਈ ਨਹੀਂ ਕਰਦੇ। (**ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥**) ਮਨ ਦੀ ਇਹੋ ਜਿਹੀ ਬਿਰਤੀ ਵਿਚੋਂ ਨਿਕਲਣ ਦਾ ਤਰੀਕਾ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥”

ਸਾਰਾ ਕੁਝ ਸਾਡੇ ਮਨ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ।

40/5040

ਸਾਡੀ ਮਤਿ ਸਤਿਗੁਰੂ ਦੇ ਮਿਲਣ ਨਾਲ ਹੀ ਬਦਲ ਸਕਦੀ ਹੈ। ਸਤਿਗੁਰ ਦੀ ਮਤਿ ਹੀ ਅਸਲ ਵਿਚ ਗੁਰੂ ਹੈ ਤੇ ਅਸੀਂ ਮੇਲ ਗੁਰੂ ਦੀ ਮਤਿ ਦੇ ਨਾਲ ਹੀ ਕਰਨਾ ਹੈ, ਇਹ ਮੇਲ ਤਾਂ ਹੀ ਹੋਵੇਗਾ ਜੇ ਸਤਿਗੁਰ ਦੀ ਗੱਲ ਨੂੰ ਮੰਨਾਂਗੇ ਭਾਵ ਮਨਮਤਿ ਛਡਾਂਗੇ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸ ਨੂੰ ਆਪਣੇ ਅੰਦਰੋਂ ਖੋਜਣ ਦਾ ਤਰੀਕਾ ਇਹੀ ਹੈ ਕਿ ਅਸੀਂ ਆਪਣੀ ਮਤਿ ਨੂੰ ਬਦਲੀਏ ਭਾਵ ਆਪਣੀ ਹਉਮੈ ਛੱਡੀਏ, ਮਾਇਆ ਮੋਹ ਛੱਡੀਏ ਭਾਵ ਮਨਮਤਿ ਛੱਡੀਏ ਭਾਵ ਮਨ ਦੀ ਉਸ ਸਮਝ ਨੂੰ ਛੱਡੀਏ ਜਿਸ ਸਮਝ ਵਿੱਚ ਰਹਿੰਦਿਆਂ ਹੋਇਆਂ ਅਸੀਂ ਮਨ ਦੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਹੀ ਨਹੀਂ ਸਕਦੇ ਜੋ ਸਾਡੇ ਸਭ ਦੇ ਅੰਦਰ ਹੀ ਹੈ। (**ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥**) ਗੁਰੂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਲਿਆ ਜਾਂਦਾ ਹੈ ਭਾਵ ਜਾਣਿਆ ਜਾ ਸਕਦਾ ਹੈ ਇਹੀ ਸਾਡੇ ਅੰਦਰ ਹਰਿ ਹਰਿ ਨਾਮੁ ਦਾ ਵੱਸਣਾ ਹੈ, ਗੁਣਾਂ ਦੇ ਖਜਾਨੇ ਦਾ ਵਸਣਾ ਹੈ ਤੇ ਮਨ ਦੀ ਇਸੇ ਅਵਸਥਾ ਦੁਆਰਾ ਹੀ ਮਨੁੱਖ ਦਾ ਆਪਾ ਮਿਟਦਾ ਹੈ, ਆਪਣੀ ਮੈਂ ਦਾ ਮਾਣ ਮੁਕਦਾ ਹੈ। (**ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥ ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥**) ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਸ ਨੂੰ ਸੱਚੀ ਮਤਿ ਦੇਣ ਦੁਆਰਾ ਸੱਚੇ ਮਾਰਗ ਤੇ ਹੀ ਪਾਉਂਦਾ ਹੈ। ਅਸੀਂ ਕੇਵਲ ਉਦਮ ਹੀ ਕਰਨਾ ਹੈ ਕਿ ਅਸੀਂ ਗੁਰੂ ਦੇ ਦੱਸੇ ਹੋਏ ਮਾਰਗ ਅਨੁਸਾਰ ਚੱਲੀਏ। ਜਿਸ ਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ, ਆਪਣੀ ਵਡਿਆਈ ਬਖਸ਼ਦਾ ਹੈ ਉਹ ਆਪਣੇ ਮੇਲ ਦੁਆਰਾ ਹੀ ਬਖਸ਼ਦਾ ਹੈ ਤੇ ਮਨ ਦੀ ਇਸ ਅਵਸਥਾ ਦੁਆਰਾ ਹੀ ਭਾਵ ਬਿਬੇਕ ਵਾਲੀ ਅਵਸਥਾ ਦੁਆਰਾ ਹੀ ਉਸ ਦੇ ਨਾਮ ਵਿਚ ਸਮਾਇਆ ਜਾ ਸਕਦਾ ਹੈ। (**ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥ ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥**)

{ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥}

(ਅੰਗ - ੩੧੭)

{ਸਤਿਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥}

(ਅੰਗ - ੪੮੧)

{ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥}

(ਅੰਗ - ੭੧੧)

{ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥}

(ਅੰਗ - ੭੯੩)

40/5041

{ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥
ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥੧॥}

(ਅੰਗ - ੧੨੦੯)

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਬਹੁਤ ਸਪਸ਼ਟ ਹੈ ਜੋ ਕਿ ਆਪਣੇ ਅਉਗੁਣਾਂ ਨੂੰ ਛੱਡ ਕੇ ਗੁਣਾਂ ਨੂੰ ਅਪਨਾਉਣ ਦਾ ਹੈ ਭਾਵ ਗੁਰਮਤਿ ਅਨੁਸਾਰ ਸੱਚੇ ਸੁੱਚੇ ਕਰਮ ਕਰਨ ਦਾ ਹੈ। ਸਾਡੇ ਅੰਦਰ ਅਉਗੁਣਾਂ ਦੇ ਰਹਿੰਦਿਆਂ ਭਾਵ ਮਾਇਆ ਮੋਹ ਵਾਲੀ ਮਾੜੀ ਮਤਿ ਦੇ ਰਹਿੰਦੇ ਅਸੀਂ ਜੋ ਵੀ ਆਪਣੀ ਭਗਤੀ ਦੇ ਤਰੀਕੇ ਸਮਝੇ ਹੋਏ ਹਨ ਉਹ ਕੇਵਲ ਸਾਡਾ ਭਰਮ ਹੈ ਭਾਵ ਮਨ ਦੀ ਨਾਸਮਝੀ ਹੈ ਜਿਸ ਵਿਚੋਂ ਨਿਕਲਣ ਦੀ ਲੋੜ ਹੈ। ਹੇਠ ਦਿੱਤੇ ਸ਼ਬਦ ਨੂੰ ਅਸੀਂ ਲੇਖ ਵਿਚ ਪਿਛੇ ਪਹਿਲੇ ਵੀ ਸਮਝਿਆ ਹੈ ਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਫਿਰ ਤੋਂ ਸਮਝਦੇ ਹਾਂ ਕਿ ਮਾਇਆ ਮੋਹ ਰਹਿੰਦੇ ਭਾਵ ਤ੍ਰੈਗੁਣਾਂ ਵਿਚ ਰਹਿੰਦੇ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਭਾਵ ਸਾਡਾ ਸੱਚਾ ਉਦਮ ਮਨ ਦੀ ਮਾੜੀ ਸਮਝ ਵਿਚੋਂ ਨਿਕਲਣ ਦਾ ਹੀ ਹੈ ਤੇ ਤਾਂ ਹੀ ਉਸ ਪ੍ਰਮਾਤਮਾ ਦਾ ਕੋਈ ਜਨ ਬਣ ਸਕਦਾ ਹੈ ਭਾਵ ਉਸ ਦੇ ਮੇਲ ਦੁਆਰਾ ਬਣ ਸਕਦਾ ਹੈ।

{“ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥
ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥ ਰਾਮ ਜਨਾ ਮਿਲਿ ਮੰਗਲੁ ਗਾਇਆ ॥੧॥
ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ ਰਹਾਉ ॥
ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦ ਭਗਤ ਕਉ ਕਰਹਿ ਸਲਾਮੁ ॥
ਲੂਟਿ ਲੇਹਿ ਸਾਕਤ ਪਤਿ ਖੋਵਹਿ ॥ ਸਾਧ ਜਨਾ ਪਗ ਮਲਿ ਮਲਿ ਧੋਵਹਿ ॥੨॥
ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥
ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥
ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥”}

(ਅੰਗ - ੮੬੫)

ਸਾਡੇ ਅੰਦਰ ਅਉਗਣਾਂ ਵਾਲੇ ਵਿਚਾਰ ਮਾਇਆ ਮੋਹ ਦੀ ਉਪਜ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦੀ ਉਪਜ ਹੈ। ਜੋ ਪ੍ਰਮਾਤਮਾ ਦਾ ਜਨ ਹੈ ਭਾਵ ਜੋ ਉਸ ਦੀ ਭਗਤੀ ਵਾਲਾ ਹੈ ਉਹ ਇਹੋ ਜਿਹੀ ਮਨ ਦੀ ਅਵਸਥਾ ਵਿਚੋਂ ਨਿਕਲਕੇ ਹੀ ਪ੍ਰਮਾਤਮਾ ਦੇ ਨਾਲ ਮਿਲਦਾ ਹੈ। (**ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥ ਤੀਨਿ ਗੁਣਾ ਕੈ ਸੰਗਿ ਰਚਿ ਰਸੇ॥**

ਇਨ ਕਉ ਛੋਡਿ ਊਪਰਿ ਜਨ ਬਸੇ ॥੩॥) ਮਨ ਦੀ ਇਸ ਅਵਸਥਾ ਵਿਚੋਂ ਨਿਕਲੇ ਬਿਨਾ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ ਭਾਵ ਭਗਤੀ ਦਾ ਸਾਰ ਹੀ ਇਹ ਹੈ ਕਿ ਅਸੀਂ ਇਹਨਾਂ ਅਉਗਣਾਂ ਵਿਚੋਂ ਨਿਕਲੀਏ, ਮਨ ਦੀ ਮਾੜੀ ਮਤਿ ਵਿਚੋਂ ਨਿਕਲੀਏ। ਇਹੋ ਜਿਹੀ ਸੱਚੀ ਭਗਤੀ ਤੋਂ ਬਿਨਾ ਅਸੀਂ ਹੋਰ ਜੋ ਵੀ ਕੋਈ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਉਹ ਸਭ ਵਿਅਰਥ ਹਨ ਤੇ ਕੇਵਲ ਆਪਣੇ ਆਪ ਨੂੰ ਖੁਆਰ ਕਰਨ ਵਾਲੀ ਗੱਲ ਹੈ। ਅਸੀਂ ਮਾੜੀ ਮਤਿ ਵਿਚੋਂ ਨਿਕਲਣ ਦਾ ਉਦਮ ਹੀ ਕਰਨਾ ਹੈ ਕਿਰਪਾ ਉਹ ਪ੍ਰਮਾਤਮਾ

40/5042

ਆਪ ਹੀ ਕਰਦਾ ਹੈ, ਮਨ ਵਿਚ ਸੋਝੀ ਪਾਉਣ ਦੁਆਰਾ ਹੀ ਕਰਦਾ ਹੈ। (**ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥ ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥**)

{ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ - ੧੧੨੩)

{ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥}

(ਅੰਗ ੯੧੮-੯੧੯)

{ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥
ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥
ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥
ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥
ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥
ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥
ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥

ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥
ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਹਾਲੇ ॥੨॥
ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥
ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩॥
ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ ॥
ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥
ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ ॥
ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ ॥
ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ ॥
ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥}

(ਅੰਗ ੭੬੮-੭੬੯)

ਜਿਵੇਂ ਕਿ ਅਸੀਂ ਬਾਰ ਬਾਰ ਜਾਣਿਆ ਹੈ ਗੁਰੂ ਦੀ ਗੱਲ ਨੂੰ ਮੰਨਣਾ ਹੀ ਉਸ ਦਾ ਨਾਮ ਜਪਣਾ ਹੈ ਤੇ ਪ੍ਰਮਾਤਮਾ ਦੀ ਭਗਤੀ ਉਸ ਦਾ ਨਾਮ ਜਪਣ ਦੁਆਰਾ ਹੀ ਹੁੰਦੀ ਹੈ। ਮਾਇਆ ਮੋਹ ਵਿਚ ਨਾਮ ਨਹੀਂ ਹੈ, ਭਗਤੀ ਨਹੀਂ ਹੈ, ਸੇਵਾ ਨਹੀਂ ਹੈ। ਗੁਰੂ ਦੀ ਗੱਲ ਨੂੰ ਮੰਨ ਕੇ ਹੀ ਮਾਇਆ ਮੋਹ ਵਿਚੋਂ ਨਿਕਲਿਆ ਜਾ ਸਕਦਾ ਹੈ ਤੇ ਤਾਂ ਹੀ ਅਸੀਂ ਆਪਣੇ ਆਪ ਨੂੰ ਅਉਗਣਾਂ ਤੋਂ ਰਹਿਤ ਕਰਕੇ ਸੰਸਾਰ ਵਿਚ ਸੱਚੇ ਸੁੱਚੇ ਢੰਗ ਨਾਲ ਵਿਚਰ ਸਕਦੇ ਹਾਂ ਇਹੀ ਸਾਡੀ ਭਗਤੀ ਹੈ। ਸਾਰੀ ਗੱਲ ਗੁਰੂ ਦੀ ਗੱਲ ਨੂੰ ਮੰਨਣ ਦੀ ਹੈ ਤਾਂ ਜੋ ਅਸੀਂ ਮਾਇਆ ਮੋਹ ਵਿਚੋਂ ਨਿਕਲੀਏ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਬੜੀ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਕਾਇਆ ਕੁਟੰਬੁ ਮੋਹੁ ਨ ਬੂਝੈ ॥ ਗੁਰਮੁਖਿ ਹੋਵੈ ਤ ਆਖੀ ਸੂਝੈ ॥
ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥
ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥
ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥
ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥”

(ਅੰਗ - ੧੦੪੫)

ਉਪਰ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਨਾਮ ਦਾ ਮਕਸਦ ਕੀ ਹੈ। ਨਾਮ ਦਾ ਮਕਸਦ ਸਾਨੂੰ ਮਨ ਦੇ ਮੋਹ ਵਿਚੋਂ ਕੱਢਣ ਦਾ ਹੀ ਹੈ ਭਾਵ ਮਨ ਦੀ ਮਾੜੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਜੋ ਮਤਿ ਭਰਮਾਂ ਦੇ ਨਾਲ ਭਰੀ ਹੋਈ ਹੈ, ਅਗਿਆਨਤਾ ਦੇ ਨਾਲ ਭਰੀ ਹੋਈ ਹੈ, ਮਾੜੇ ਵਿਚਾਰਾਂ ਨਾਲ ਭਰੀ ਹੋਈ ਹੈ, ਅਉਗਣਾਂ ਦੇ ਨਾਲ ਭਰੀ ਹੋਈ ਹੈ। ਇਹ ਮਾਇਆ ਮੋਹ ਵਾਲੀ ਬਿਰਤੀ ਪ੍ਰਮਾਤਮਾ ਨੇ ਸਭ ਦੇ ਵਿਚ ਪਾਈ ਹੋਈ ਹੈ ਤੇ ਇਸ ਤੋਂ ਬਾਹਰ ਕੋਈ ਨਹੀਂ ਹੈ। "**ਕਾਇਆ ਕੁਟੰਬੁ**" ਤੋਂ ਭਾਵ ਹੈ ਸੰਸਾਰ ਵਿਚ ਸਾਡੇ ਸਰੀਰਾਂ ਦਾ ਕੁਟੰਬ ਭਾਵ

40/5043

ਇਹ ਮੋਹ ਵਾਲੀ ਬਿਰਤੀ ਤੋਂ ਬਿਨਾ ਸੰਸਾਰ ਵਿਚ ਕੋਈ ਵੀ ਨਹੀਂ ਹੈ ਜਿਸ ਦੇ ਰਹਿੰਦਿਆਂ ਅਸੀਂ ਗੁਰੂ ਦੀ ਗੱਲ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਭਾਵ ਮੰਨਣ ਤੋਂ ਦੂਰ ਰਹਿੰਦੇ ਹਾਂ। (**ਕਾਇਆ ਕੁਟੰਬੁ ਮੋਹੁ ਨ ਬੂਝੈ ॥**) ਜੋ ਗੁਰੂ ਦੀ ਗੱਲ ਨੂੰ ਨਹੀਂ ਮੰਨਦੇ ਭਾਵ ਆਪਣੀ ਮਤਿ ਵਿਚ ਰਹਿੰਦੇ ਹਨ ਉਹ ਮਨਮੁਖਿ ਹਨ ਤੇ ਜੋ ਗੁਰੂ ਦੀ ਆਖੀ ਹੋਈ ਗੱਲ ਨੂੰ ਮੰਨ ਲੈਂਦੇ ਹਨ ਉਹਨਾਂ ਦੀ ਅਵਸਥਾ ਗੁਰਮੁਖਿ ਵਾਲੀ ਬਣ ਜਾਂਦੀ ਹੈ ਭਾਵ ਉਹ ਗੁਰੂ ਦੀ ਮਤਿ ਵਾਲੇ ਬਣ ਜਾਂਦੇ ਹਨ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਗੁਰੂ ਸਾਨੂੰ ਜੋ ਗੱਲ ਆਖਦਾ ਹੈ ਉਹ ਸਾਡੇ ਮੰਨਣ ਲਈ ਹੀ ਆਖਦਾ ਹੈ ਭਾਵ ਸਾਨੂੰ ਸਮਝਾਉਣ ਲਈ ਹੀ ਆਖਦਾ ਹੈ ਕਿ ਅਸੀਂ ਗੁਰੂ ਦੀ ਗੱਲ ਤੋਂ ਸੋਝੀ ਲਈਏ (**ਗੁਰਮੁਖਿ ਹੋਵੈ ਤ ਆਖੀ ਸੂਝੈ ॥**)। ਗੁਰੂ ਦੀ ਆਖੀ ਹੋਈ ਗੱਲ ਨੂੰ ਮੰਨਣਾ ਹੀ ਗੁਰੂ ਦੇ ਨਾਮ ਨਾਲ ਜੁੜਨਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥"

ਜਦ ਕੋਈ ਮਨੁੱਖ ਗੁਰੂ ਦੀ ਗੱਲ ਮੰਨ ਲੈਂਦਾ ਹੈ ਉਹ ਫਿਰ ਉਸ ਨੂੰ ਕੁਝ ਸਮੇ ਲਈ ਨਹੀਂ ਮੰਨਦਾ ਉਹ ਫਿਰ ਉਸ ਦੀ ਗੱਲ ਨੂੰ ਹਰ ਵੇਲੇ ਮੰਨਦਾ ਹੈ, ਅਨਦਿਨ ਮੰਨਦਾ ਹੈ, ਦਿਨ ਰਾਤ ਮੰਨਦਾ ਹੈ ਭਾਵ ਸਾਰਾ ਜੀਵਨ ਹੀ ਮੰਨਦਾ ਹੈ। ਸਾਰਾ ਜੀਵਨ ਸੱਚੇ ਸੁੱਚੇ ਹੋ ਕੇ ਵਿਚਰਨਾ ਹੀ ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਜਪਣਾ ਹੈ। ਅਸੀਂ ਇਹੋ ਜਿਹਾ ਨਾਮ ਜਪਣ ਦਾ ਉਦਮ ਹੀ ਕਰਨਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦਾ ਉਦਮ ਹੀ ਕਰਨਾ ਹੈ ਤੇ ਪੂਰਨ ਰੂਪ ਵਿਚ ਆਪਣਾ ਨਾਮ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਆਪਣੇ ਨਾਲ ਮੇਲ ਕੇ ਹੀ ਜਪਾਉਂਦਾ ਹੈ ਜਿਸ ਦੁਆਰਾ ਸਾਨੂੰ ਅਸਲ ਸੁਖੁ ਦੀ ਪ੍ਰਾਪਤੀ ਹੁੰਦੀ ਹੈ। (**ਕਾਇਆ ਕੁਟੰਬੁ ਮੋਹੁ ਨ ਬੂਝੈ ॥ ਗੁਰਮੁਖਿ ਹੋਵੈ ਤ ਆਖੀ ਸੂਝੈ ॥ ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥**)

ਉਪਰਲੇ ਪਦੇ ਰਾਹੀਂ ਅਸੀਂ ਜਾਣਿਆ ਹੈ ਜੋ ਗੁਰੂ ਦੀ ਗੱਲ ਨੂੰ ਮੰਨਣ ਵਾਲੇ ਹਨ ਉਹ ਗੁਰਮੁਖ ਹਨ। ਗੁਰੂ ਦੀ ਗੱਲ ਨੂੰ ਨਾ ਮੰਨਣ ਵਾਲੇ ਮਨਮੁਖਿ ਹੁੰਦੇ ਹਨ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਇਸ ਪਦੇ ਦੇ ਅਰਥ ਕਾਫੀ ਗਹਿਰੇ ਹਨ ਧਿਆਨ ਨਾਲ ਸਮਝਣ ਦੀ ਲੋੜ ਹੈ।

"ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥"

40/5044

ਜਿੱਥੇ ਵੀ ਸਾਡੇ ਅੰਦਰ ਭਾਵ ਜਿਸ ਦੇ ਅੰਦਰ ਮਾਇਆ ਹੈ, **"ਧਾਤੁ"** ਹੈ ਭਾਵ ਜਿਸਦੀ ਵੀ ਮਾਇਆ ਮੋਹ ਵਾਲੀ ਬਿਰਤੀ ਹੈ ਉਹ ਮਨਮੁਖਿ ਹੈ ਤੇ ਉਹ ਗੁਰਮਤਿ ਤੋਂ ਦੂਜੇ ਪਾਸੇ ਹੀ ਚੱਲਦਾ ਹੈ ਕਿਉਂਕਿ ਮਾਇਆ ਦਾ ਮਕਸਦ ਹੀ ਧਾਰਮਿਕ ਸੋਚ ਤੋਂ ਦੂਜੇ ਪਾਸੇ ਰੱਖਣ ਦਾ ਹੈ ਭਾਵ ਪ੍ਰਮਾਤਮਾ ਦੀ ਅਸਲੀਅਤ ਜਾਨਣ ਤੋਂ ਦੂਰ ਰੱਖਣ ਦਾ ਹੈ ਜੋ ਕੰਮ ਮਾਇਆ ਸਾਡੇ ਮਨ ਦੇ ਵਿਚ ਪੁੱਠੇ ਵਿਚਾਰਾਂ ਰਾਹੀਂ ਕਰਦੀ ਹੈ ਭਾਵ ਸਾਨੂੰ ਪੁੱਠੀ ਮਤਿ ਵਿਚ ਰੱਖਦੀ ਹੈ ਭਾਵ ਨਾ ਹੀ ਸਾਨੂੰ ਅਸਲੀਅਤ ਸਮਝਣ ਦਿੰਦੀ ਹੈ ਤੇ ਨਾ ਹੀ ਅਸਲੀਅਤ ਤੇ ਚੱਲਣ ਦਿੰਦੀ ਹੈ। ਮਨ ਦੀ ਮਾਇਆ ਸਾਨੂੰ ਬਾਹਰ ਦੀ ਮਾਇਆ ਨਾਲ ਜੋੜ ਕੇ ਰੱਖਦੀ ਹੈ, ਬਾਹਰ ਦੀ ਮਾਇਆ ਨਾਲ ਸਾਡਾ ਪਿਆਰ ਬਣਾਕੇ ਰੱਖਦੀ ਹੈ, ਮਾਯਾਵੀ ਸੁਖਾਂ ਨਾਲ ਜੋੜ ਕੇ ਰੱਖਦੀ ਹੈ। ਜੇਕਰ ਸਾਨੂੰ ਗੱਲ ਸਮਝ ਆਉਂਦੀ ਹੈ ਤਾਂ ਇਹ ਮਨ ਦੀ ਮਾਇਆ ਉਸ ਨੂੰ ਮੰਨਣ ਨਹੀਂ ਦਿੰਦੀ। ਇਹ ਮਾਇਆ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ, ਸਾਡੇ ਮਨ ਦੇ ਵਿਚਾਰਾਂ ਰਾਹੀਂ, ਜੋਤਿ ਰੂਪ ਮਨ ਰਾਹੀਂ ਪਾਈ ਹੋਈ ਹੈ ਜਿਸ ਨੇ ਸਾਰਿਆਂ ਦੇ ਮਨ ਨੂੰ ਮਨ ਦੇ ਵਿਚਾਰਾਂ ਰਾਹੀਂ ਬੰਨਿਆ ਹੋਇਆ ਹੈ ਭਾਵ ਬੰਧਨ ਵਿਚ ਪਾਇਆ ਹੋਇਆ ਹੈ ਤੇ ਕੋਈ ਵੀ ਇਸ ਦੇ ਵਿਚੋਂ ਬਾਹਰ ਨਹੀਂ ਨਿਕਲ ਸਕਦਾ ਭਾਵ ਹਰ ਕਿਸੇ ਨੂੰ ਰਜ ਗੁਣ, ਤਮ ਗੁਣ ਤੇ ਸਤ ਗੁਣ ਵਾਲੀ ਅਵਸਥਾ ਵਿਚ ਹੀ ਵਿਚਰਨਾ ਪੈਂਦਾ ਹੈ, ਧਾਰਮਿਕ

ਵਿਚਾਰਾਂ ਦੇ ਭਰਮ ਵਿਚ ਹੀ ਰਹਿਣਾ ਪੈਂਦਾ ਹੈ ਭਾਵ ਮਨ ਦੀ ਇਹ ਬਿਰਤੀ ਸਾਨੂੰ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਦੂਰ ਰਖਦੀ ਹੈ ਤੇ ਉਸ ਤੇ ਚਲਣ ਤੋਂ ਦੂਰ ਰਖਦੀ ਹੈ ਪ੍ਰਮਾਤਮਾ ਦੀ ਕਿਰਪਾ ਤੋਂ ਬਿਨਾ ਕੋਈ ਵੀ ਇਸ ਬੰਧਨ ਵਿਚੋਂ ਨਹੀਂ ਨਿਕਲ ਸਕਦਾ। ਚਉਥਾ ਪਦ ਇਸ ਬੰਧਨ ਤੋਂ ਬਾਹਰ ਹੈ ਜੋ ਕਿ ਪਰਮ ਪਦ ਹੈ। ਗੁਰੂ ਦਾ ਪਦ ਚਉਥਾ ਪਦ ਹੈ, ਪਰਮ ਪਦ ਹੈ ਜੋ ਕਿ ਸੱਚੇ ਗਿਆਨ ਦਾ ਪਦ ਹੈ, ਗੁਰਮਤਿ ਦਾ ਪਦ ਹੈ, ਬ੍ਰਹਮ ਗਿਆਨ ਦਾ ਪਦ ਹੈ, ਗੁਰਮੁਖਿ ਪਦ ਹੈ ਭਾਵ ਜਦ ਤਕ ਮਨੁੱਖ ਆਪਣੀ ਮਤਿ ਵਿਚ ਹੈ ਉਹ ਮਨਮੁਖਿ ਹੈ ਤੇ ਜਦੋਂ ਉਸ ਦੇ ਅੰਦਰ ਪੂਰਨ ਰੂਪ ਵਿਚ ਗੁਰੂ ਦੀ ਮਤਿ ਵੱਸ ਜਾਂਦੀ ਹੈ ਭਾਵ ਜਦੋਂ ਉਸ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਫਿਰ ਉਹ ਗੁਰਮੁਖਿ ਰੂਪ ਹੋ ਜਾਂਦਾ ਹੈ। ਗੁਰਮਤਿ ਦਾ ਦੂਸਰਾ ਪਾਸਾ ਮਨਮੁਖਿ ਹੈ। (**ਮਨਮੁਖ ਧਾਤੁ ਦੂਜੈ ਹੈ ਲਾਗਾ ॥**) **{ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਹਾ ਗੁਰਮੁਖਿ ਪ੍ਰੀਤਿ ਨ ਹੋਇ ॥ ਓਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ ॥ ਕੂੜੁ ਕਮਾਵੈ ਕੂੜੁ ਉਚਰੈ ਕੂੜਿ ਲਗਿਆ ਕੂੜੁ ਹੋਇ ॥ ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ ॥ ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ ॥ ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ ॥੨॥}** ਅੰਗ ੩੧੬ **{ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ॥ ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥ ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥ ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥ ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ॥ ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ॥ ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ ॥ ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ॥ ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ ॥ ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥੨॥}** ਅੰਗ ੯੭ **{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥ ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਿਸੰਗਤਿ ਮੇਲਾਇ ॥੧॥ ਭਾਈ ਰੇ ਗੁਰਮਤਿ ਸਾਚਿ ਰਹਾਉ ॥ ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥}** ਅੰਗ ੩੦

40/5045

ਸਾਡੀ ਮਨਮੁੱਖਤਾ ਕਿਵੇਂ ਦੂਰ ਹੁੰਦੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਨਮਤ ਕੀ ਨ ਮੂਓ ਆਭਾਗਾ ॥”

ਉਪਰਲੀ ਪੰਗਤੀ ਰਾਹੀਂ ਸਾਨੂੰ ਗੁਰਮਤਿ ਮੰਨਣੀ ਹੀ ਸਿਖਾਈ ਹੋਈ ਹੈ ਤੇ ਗੁਰੂ ਦੀ ਗੱਲ ਨਾ ਮੰਨਣ ਵਾਲੇ ਨੂੰ ਹੀ ਅਭਾਗਾ ਕਿਹਾ ਗਿਆ ਹੈ। ਉਪਰਲੀ ਪੰਗਤੀ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਸਾਨੂੰ ਜਨਮ ਮਰਣ ਸਮਝ ਹੈ। ਸਾਡਾ ਜਨਮ ਮਰਨ ਕੀ ਹੈ ਇਸ ਗੱਲ ਨੂੰ ਅਸੀਂ ਪਿਛੇ ਲੇਖ ਵਿਚ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਮਨੁੱਖੀ ਜਨਮ ਮਰਨ ਕੇਵਲ ਸਾਡਾ ਇੱਕ ਭਰਮ ਹੈ ਕਿਉਂਕਿ ਅਸੀਂ ਮਨੁੱਖੀ ਸਰੀਰ ਨੂੰ ਜਨਮ ਮਰਣ ਨਾਲ ਜੋੜਿਆ ਹੋਇਆ ਹੈ ਜੋ ਕਿ ਸਾਡਾ ਭਰਮ ਹੈ ਜਿਵੇਂ ਕਿ ਅਸੀਂ ਪਿੱਛੇ ਜਾਣਦੇ ਆ ਰਹੇ ਹਾਂ। ਸਾਡਾ ਅਸਲ ਜਨਮ ਮਰਨ ਸਾਡੇ ਮਨ ਦੇ ਵਿਚ ਹੈ, ਅਸੀਂ ਮਨ ਦੇ ਵਿਚਾਰਾਂ ਰਾਹੀਂ ਜੰਮਦੇ ਮਰਦੇ ਰਹਿੰਦੇ ਹਾਂ। ਸਾਡੇ ਮਨ ਦੇ ਜੋ ਵਿਚਾਰ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਸਮਝਣ ਤੋਂ ਦੂਰ ਰੱਖਦੇ ਹਨ ਉਹ ਸਾਨੂੰ ਜਨਮ ਮਰਨ ਵਿਚ ਰਖਦੇ ਹਨ। ਸਾਡੇ ਮਾਇਆ ਮੋਹ ਵਾਲੇ ਵਿਚਾਰ, ਭਰਮ ਵਾਲੇ, ਅਗਿਆਨਤਾ ਵਾਲੇ ਵਿਚਾਰ ਜੋ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਬਣਾਕੇ ਰਖਦੇ ਹਨ ਇਹ ਵਿਚਾਰ ਹੀ ਸਾਡੇ ਜਨਮ ਮਰਨ ਹਨ। ਬਾਣੀ ਵਿਚ ਇਸ ਜਨਮ ਮਰਨ ਦੀ ਗੱਲ ਬਾਰ-ਬਾਰ ਕੀਤੀ ਹੋਈ ਹੈ। ਮਨ ਦੇ ਇਹਨਾਂ ਭਰਮਾਂ ਵਾਲੇ ਵਿਚਾਰਾਂ ਵਿਚੋਂ ਨਿਕਲਣਾ ਹੀ ਜਨਮ ਮਰਨ ਦੇ ਗੇੜ ਵਿਚੋਂ ਨਿਕਲਣਾ ਹੈ ਕਿਉਂਕਿ ਇਹਨਾਂ ਵਿਚਾਰਾਂ ਵਿਚੋਂ ਨਿਕਲਣ ਤੋਂ ਬਾਅਦ ਮਨ ਦੇ ਵਿਚਾਰਾਂ ਰਾਹੀਂ ਹੀ ਮਨੁੱਖ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ ਜੋ ਵਿਚਾਰਾਂ ਰਾਹੀਂ ਮਨੁੱਖ ਨੂੰ ਆਪਣੀ ਤੇ ਸੰਸਾਰ ਦੀ ਅਸਲੀਅਤ ਦੀ ਸਮਝ ਪਾਉਂਦੇ ਹਨ ਤੇ ਪਤਾ ਚਲਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਜਿਸ ਨੂੰ ਉਸ ਦਾ ਨਿਰੰਕਾਰ ਰੂਪ ਆਪ ਬਣਾਕੇ ਆਪ ਹੀ ਚਲਾ ਰਿਹਾ ਹੈ। ਮਨ ਦੇ ਇਹਨਾਂ ਵਿਚਾਰਾਂ ਰਾਹੀਂ ਹੀ ਇਹ ਸਮਝ ਪੈਂਦੀ ਹੈ ਕਿ ਮਨੁੱਖ ਜੋ ਆਪਣਾ ਸਰੀਰਕ ਰੂਪ ਜਨਮ ਮਰਣ ਸਮਝਦਾ ਹੈ ਉਹ ਕੇਵਲ ਉਸ ਦਾ ਭਰਮ ਹੈ ਭਾਵ ਉਸ ਦੇ ਅੰਦਰ ਦੀ ਮਾਇਆ ਮੋਹ ਵਾਲੀ ਬਿਰਤੀ ਉਸ ਨੂੰ ਸੱਚ ਸਮਝਣ ਤੋਂ ਦੂਰ ਰਖਦੀ ਹੈ। ਅਸੀਂ ਜੋ ਆਪਣਾ ਜੰਮਣਾ ਮਰਨਾ ਸਮਝਦੇ ਹਾਂ ਭਾਵ

ਜੋ ਅਸੀਂ ਆਪਣੇ ਮਨੁੱਖੀ ਰੂਪ ਨੂੰ ਸਮਝਦੇ ਹਾਂ ਤੇ ਇਹ ਕੁਝ

40/5046

ਸਾਨੂੰ ਸਾਡੇ ਵਿਚਾਰ ਹੀ ਸਮਝਾਉਂਦੇ ਹਨ ਜਿਨਾਂ ਵਿਚਾਰਾਂ ਤੇ ਸਾਡਾ ਕੋਈ ਵੱਸ ਨਹੀਂ ਹੈ। ਜਦ ਤਕ ਸਾਨੂੰ ਸਾਡੀ ਅਸਲੀਅਤ ਦੀ ਸਮਝ ਨਹੀਂ ਪੈਂਦੀ ਅਸੀਂ ਮਨ ਦੇ ਵਿਚਾਰਾਂ ਰਾਹੀਂ ਆਤਮਕ ਤੌਰ ਤੇ ਜਨਮ ਮਰਨ ਦੇ ਗੇੜ ਵਿਚ ਰਹਿੰਦੇ ਹਾਂ। ਸਾਡਾ ਅਸਲ ਜਨਮ ਉਦੋ ਹੁੰਦਾ ਹੈ, ਸੱਚਾ ਆਤਮਿਕ ਰੂਪ ਜਨਮ ਉਦੋਂ ਹੁੰਦਾ ਹੈ ਜਦੋਂ ਸਾਡੇ ਉਹ ਵਿਚਾਰ ਮਰ ਜਾਣ ਜੋ ਸਾਨੂੰ ਭਰਮ ਵਿਚ ਰਖਦੇ ਹਨ। ਸਾਡੇ ਅੰਦਰ ਭਰਮ ਵਾਲੇ ਵਿਚਾਰ ਹੀ ਉਪਜਦੇ ਹਨ ਜੋ ਸਾਡਾ ਸੱਚਾ ਜਨਮ ਨਹੀਂ ਹੈ। ਸਾਡਾ ਸੱਚਾ ਜਨਮ ਉਦੋਂ ਹੁੰਦਾ ਹੈ ਜਦੋਂ ਅਸੀਂ **"ਸਚੁ"** ਦੇ ਘਰ ਵਿਚ ਜਨਮ ਲੈਂਦੇ ਹਾਂ, ਗੁਰਮਤਿ ਰੂਪ ਸੱਚ ਦੇ ਘਰ ਵਿਚ ਜਨਮ ਲੈਂਦੇ ਹਾਂ ਭਾਵ ਪ੍ਰਮਾਤਮਾ ਦੇ ਘਰ ਵਿਚ ਜਨਮ ਲੈਂਦੇ ਹਾਂ। ਇਹ ਪ੍ਰਮਾਤਮਾ ਦਾ ਘਰ ਸਾਡੇ ਮਨ ਦੇ ਵਿਚ ਹੀ ਹੈ ਜੋ ਕਿ ਚਉਥੇ ਪਦ ਦੇ ਗਿਆਨ ਵਾਲਾ ਘਰ ਹੈ। ਇਸ ਘਰ ਦੇ ਵਿਚ ਜਨਮ ਕਿਸੇ ਭਾਗਾਂ ਵਾਲੇ ਦਾ ਹੀ ਹੁੰਦਾ ਹੈ ਤੇ ਕੇਵਲ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਹੁੰਦਾ ਹੈ। ਬਾਣੀ ਸਾਨੂੰ ਬਾਰ-ਬਾਰ ਸ਼ਬਦ ਦੁਆਰਾ ਮਰਨ ਲਈ ਸਮਝਾ ਰਹੀ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੇ ਘਰ ਵਿਚ ਜਨਮ ਲੈ ਸਕੀਏ। ਸ਼ਬਦ ਦੁਆਰਾ ਅਸੀਂ ਕਿਸ ਨੂੰ ਮਾਰਨਾ ਹੈ ਬੱਸ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ ਤੇ ਤਾਂ ਹੀ ਅਸੀਂ ਉਪਰ ਵਾਲੀ ਪੰਗਤੀ ਦੇ ਅਰਥਾਂ ਨੂੰ ਸਮਝ ਸਕਾਂਗੇ। ਸਾਡੇ ਅੰਦਰ ਜੋ ਵੀ ਭਰਮ ਰੂਪ ਵਿਚਾਰ ਉਪਜਦੇ ਹਨ ਉਹ ਸਾਡੇ ਅੰਦਰ ਹਉਮੈ ਰੂਪ ਵਿਚਾਰ ਹਨ, ਸਹਸਾ ਵਾਲੇ ਵਿਚਾਰ ਹਨ, ਭਰਮ ਵਾਲੇ ਵਿਚਾਰ ਹਨ, ਮਾਇਆ ਮੋਹ ਵਾਲੇ ਵਿਚਾਰ ਹਨ। ਸਾਡੇ ਅੰਦਰ ਇਹ ਵਿਚਾਰ ਹੀ ਉਪਜਦੇ ਬਿਨਸਦੇ ਰਹਿੰਦੇ ਹਨ ਜੋ ਸਾਨੂੰ ਜਨਮ ਮਰਣ ਵਿਚ ਰਖਦੇ ਹਨ ਭਾਵ ਸਾਡੇ ਅੰਦਰ ਹਉਮੈ ਆਉਂਦੀ ਜਾਂਦੀ ਹੈ, ਸਹਿਸਾ ਆਉਂਦੀ ਜਾਂਦੀ ਹੈ। ਸ਼ਬਦ ਦੇ ਵਿਚਾਰਾਂ ਰਾਹੀਂ ਅਸੀਂ ਮਨ ਦੇ ਇਹਨਾਂ ਵਿਚਾਰਾਂ ਨੂੰ ਮਾਰਨਾ ਹੈ ਜਿਸ ਰਾਹੀਂ ਸਾਡੇ ਮਨ ਦਾ ਭਰਮ ਮਰੇਗਾ, ਹਉਮੈ ਮਰੇਗੀ, ਸਹਸਾ ਮਰੇਗੀ, ਮਾਇਆ ਮੋਹ ਮਰੇਗਾ ਜਿਸ ਤਰੀਕੇ ਅਸੀਂ ਸ਼ਬਦ ਦੇ ਵਿਚਾਰਾਂ ਦੇ ਨਾਲ ਮੇਲ ਕਰ ਸਕਦੇ ਹਾਂ। ਪ੍ਰਮਾਤਮਾ ਦਾ ਘਰ ਸ਼ਬਦ ਦੇ ਵਿਚਾਰਾਂ ਦਾ ਘਰ ਹੈ ਤੇ ਸ਼ਬਦਾਂ ਦੇ ਵਿਚਾਰ ਦੁਆਰਾ ਅਸੀਂ ਪ੍ਰਮਾਤਮਾ ਦੇ ਘਰ ਵਿਚ ਪਹੁੰਚਦੇ ਹਾਂ ਭਾਵ ਸਾਡਾ ਪ੍ਰਮਾਤਮਾ ਦੇ ਘਰ ਵਿਚ ਜਨਮ ਹੁੰਦਾ ਹੈ। "**ਜਨਮਤ ਕੀ ਨ ਮੂਓ ਆਭਾਗਾ ॥**" ਤੋਂ ਭਾਵ ਹੈ ਕਿ ਜਦੋਂ ਸਾਡਾ ਮਨ ਦੇ ਵਿਚ ਮਨ ਦੇ ਵਿਚਾਰਾਂ ਰਾਹੀਂ ਜਨਮ ਹੁੰਦਾ ਹੈ, ਮਾਇਆ ਮੋਹ ਵਾਲੇ ਵਿਚਾਰਾਂ ਰਾਹੀਂ ਜਨਮ ਹੁੰਦਾ ਹੈ, ਹਉਮੈ ਵਾਲੇ ਵਿਚਾਰਾਂ ਰਾਹੀਂ ਜਨਮ ਹੁੰਦਾ ਹੈ ਫਿਰ ਅਸੀਂ ਇਹਨਾਂ ਵਿਚੋਂ ਨਿਕਲਣ ਦਾ ਉਪਰਾਲਾ ਕਿਉਂ ਨ ਕੀਤਾ ਭਾਵ ਅਸੀਂ ਮਨਮੁਖਿ ਹੀ ਕਿਉਂ ਬਣੇ ਰਹੇ, ਅਸੀਂ ਗੁਰੂ ਦੇ ਵਿਚਾਰਾਂ ਨੂੰ ਕਿਉਂ ਨਾ ਮੰਨਿਆ, ਅਸੀਂ ਆਪਣੇ ਮਾੜੇ ਵਿਚਾਰਾਂ ਨੂੰ ਕਿਉਂ ਨ ਮਾਰਿਆ, ਸ਼ਬਦ ਦੇ ਵਿਚਾਰਾਂ ਰਾਹੀਂ ਕਿਉਂ ਨ ਮਾਰਿਆ ਤੇ ਅਸੀਂ ਅਭਾਗੇ ਹੀ ਬਣੇ ਰਹੇ ਭਾਵ ਅਸੀਂ ਭਾਗਾਂ ਵਾਲੇ ਕਿਉਂ ਨ ਬਣੇ ਭਾਵ ਅਸੀਂ

40/5047

ਪ੍ਰਮਾਤਮਾ ਦੇ ਘਰ ਵਿਚ ਕਿਉਂ ਨ ਪਹੁੰਚੇ। (**ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥**) ਸ਼ਬਦ ਦੀ ਅਗਲੀ ਪੰਗਤੀ ਰਾਹੀਂ ਇਸੇ ਗੱਲ ਨੂੰ ਹੋਰ ਸਪਸ਼ਟ ਕੀਤਾ ਹੋਇਆ ਹੈ।

"ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥"

ਜਦ ਤਕ ਅਸੀਂ ਮਾਇਆ ਮੋਹ ਵਾਲੇ ਵਿਚਾਰਾਂ ਵਿਚ ਵਿਚਰਦੇ ਹਾਂ ਇਹੀ ਸਾਡਾ ਆਵਾਗਉਣ ਹੈ ਤੇ ਸਾਡਾ ਇਹ ਜਨਮ ਬਿਰਥਾ ਜਾਂਦਾ ਹੈ ਭਾਵ ਅਸੀਂ ਪ੍ਰਮਾਤਮਾ ਦੇ ਘਰ ਜਨਮ ਲੈਣ ਤੋਂ ਦੂਰ ਰਹਿੰਦੇ ਹਾਂ। ਸਾਡਾ ਅਸਲ ਜਨਮ ਮਾਇਆ ਮੋਹ ਤੋਂ ਮੁਕਤੀ ਹੈ, ਭਰਮ ਤੋਂ ਮੁਕਤੀ ਹੈ ਜੋ ਕੇਵਲ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ। ਸਾਡੀ ਮੁਕਤੀ ਕੀ ਹੈ ਇਸ ਗੱਲ ਨੂੰ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। (**ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥**)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ ਜਾਈ ॥

ਮਨੁ ਟਿਕਣੁ ਨ ਪਾਵੈ ਰਾਈ ॥ ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ ੧੦੦੩-੧੦੦੪)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ - ੭੫੨)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥}

(ਅੰਗ - ੯੯੯)

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ ੧੩੮-੧੩੯)

ਜੋ ਮਾਇਆ ਦਾ ਰੂਪ ਅਸੀਂ ਸ਼ਬਦ ਦੇ ਪਿੱਛਲੇ ਪਦਿਆਂ ਰਾਹੀਂ ਸਮਝਿਆ ਹੈ ਉਹੀ ਮਾਇਆ ਦਾ ਰੂਪ ਸਾਨੂੰ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਤੇ ਉਸ ਵਿਚੋਂ ਨਿਕਲਣ ਦਾ ਮਾਰਗ ਵੀ ਸਮਝਾਇਆ ਹੋਇਆ ਹੈ।

“ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥”

40/5048

ਭਗਤੀ ਦਾ ਮਾਰਗ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ ਨਾ ਕਿ ਸਾਡੀਆਂ ਸਰੀਰਕ ਕਿਰਿਆਵਾਂ ਦੇ ਨਾਲ। ਗੱਲ ਤਾਂ ਸਾਰੀ ਮਨ ਦੀ ਮੈਲ ਧੋਣ ਦੀ ਹੈ ਭਾਵ ਮਨ ਦੀ ਹਉਮੈ ਨੂੰ ਦੂਰ ਕਰਨ ਦੀ ਹੈ ਜਿਸ ਕਰਕੇ ਸਾਡੀ ਕਾਇਆ ਕੁਸੁਧ ਹੈ ਭਾਵ ਅਪਵਿੱਤਰ ਹੈ। ਕੁਸੁਧ ਤਾਂ ਇਹ ਮਨ ਹੈ ਨਾ ਕਿ ਸਾਡਾ ਸਰੀਰ ਤੇ ਅਸੀਂ ਇਸ ਸਰੀਰ ਨੂੰ ਜਿਤਨਾ ਮਰਜੀ ਧੋ ਲਈਏ, ਜਿਥੇ ਜਾ ਕੇ ਮਰਜੀ ਧੋ ਲਈਏ, ਜਿਹੜੇ ਮਰਜੀ ਜਲ ਨਾਲ ਧੋ ਲਈਏ ਕੀ ਉਹ ਕਦੇ ਸਾਡੇ ਮਨ ਦੀ ਮੈਲ ਉਤਾਰ ਸਕਦਾ ਹੈ ਪਰ ਮਾਇਆ ਮੋਹ ਵਾਲੀ ਬਿਰਤੀ ਸਾਨੂੰ ਸਰੀਰਕ ਇਸ਼ਨਾਨ ਆਦਿ ਨਾਲ ਹੀ ਜੋੜ ਕੇ ਰਖਦੀ ਹੈ ਤੇ ਅਸੀਂ ਉਸੇ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਾਂ ਤੇ ਅਨੇਕਾਂ ਹੀ ਸਰੀਰਕ ਕਿਰਿਆਵਾਂ ਆਦਿ ਕਰਦੇ ਹਾਂ ਜਿੰਨ੍ਹਾਂ ਨਾਲ ਸਾਡੇ ਮਨ ਦੀ ਅਗਿਆਨਤਾ ਕਦੇ ਨਹੀਂ ਜਾ ਸਕਦੀ ਜਿਸ ਕਰਕੇ ਹਰ ਕੋਈ ਅਪਵਿੱਤਰ ਹੈ। ਇਹ ਮਨ ਦੀ ਮੈਲ, ਹਉਮੈ ਰੂਪ ਮੈਲ ਕੇਵਲ ਤੇ ਕੇਵਲ ਗੁਰੂ ਦੇ ਗਿਆਨ ਦੁਆਰਾ ਧੁੱਪ ਸਕਦੀ ਹੈ। ਇਹ ਮੈਲ ਤਾਂ ਹੀ ਧੁਪੇਗੀ ਜਦੋਂ ਗੁਰੂ ਦੀ ਗੱਲ ਨੂੰ ਮੰਨਾਂਗੇ ਭਾਵ ਗਿਆਨ ਨੇ ਹੀ ਅਗਿਆਨਤਾ ਕੱਢਣੀ ਹੈ ਤੇ ਜੇ ਇਕ ਵਾਰੀ ਅਗਿਆਨਤਾ ਨਿਕਲ ਜਾਂਦੀ ਹੈ ਤਾਂ ਫਿਰ ਉਸ ਨੂੰ ਬਾਰ ਬਾਰ ਕੱਢਣ ਦੀ ਲੋੜ ਨਹੀਂ ਪੈਂਦੀ ਭਾਵ ਫਿਰ ਗੁਰੂ ਦੀ ਮਤਿ ਸਾਡੇ ਅੰਦਰ ਵੱਸੀ ਹੀ ਰਹਿੰਦੀ ਹੈ ਇਹੀ ਆਪਣੇ ਅੰਦਰ ਨਾਮ ਦ੍ਰਿੜ ਕਰਨਾ ਹੈ ਭਾਵ ਗੁਰੂ ਦੀ ਗੱਲ ਨੂੰ ਆਪਣੇ ਅੰਦਰ ਦ੍ਰਿੜ ਕਰਕੇ ਮੰਨਣਾ ਹੈ। ਕਾਇਆ ਨੂੰ ਜਿਹੜੇ ਮਰਜੀ ਪਾਣੀ ਨਾਲ ਧੋ ਲਈਏ, ਇਸ ਕਾਇਆ ਦੇ ਨਾਲ ਜਿਤਨੇ ਮਰਜੀ ਸਰੀਰਕ ਜਪ ਤਪ ਕਰ ਲਈਏ, ਪੁੱਠੇ ਸਿੱਧੇ ਹੋ ਲਈਏ, ਨੰਗੇ ਪੈਰੀ ਤੁਰੀ ਫਿਰੀ ਜਾਈਏ, ਬਸਤਰਹੀਣ ਹੋ ਕੇ ਤੁਰੀ ਫਿਰੀ ਜਾਈਏ, ਜਿਹੜੇ ਮਰਜੀ ਪਹਾੜਾਂ ਦੀਆਂ ਕੁੰਦਰਾਂ ਵਿਚ ਵੜੇ ਰਹੀਏ, ਟਿਸੀਆਂ ਤੇ ਚੜੇ ਰਹੀਏ ਕੀ ਉਸ ਦੇ ਨਾਲ ਸਾਡੀ ਅਗਿਆਨਤਾ ਨਿਕਲ ਜਾਵੇਗੀ। ਜੋ ਸਾਡਾ ਕਰਮ ਹੀ ਖੁੱਦ ਅਗਿਆਨਤਾ ਦਾ ਭਰਿਆ ਹੋਇਆ ਹੈ ਉਸਨੇ ਸਾਨੂੰ ਅਗਿਆਨਤਾ ਵਿਚੋਂ ਕੀ ਕੱਢਣਾ ਹੈ ਭਾਵ ਸਾਡੇ ਅੰਦਰ ਅਗਿਆਨਤਾ ਹੀ ਦ੍ਰਿੜ ਕਰਨੀ ਹੈ, ਸਾਡੀ ਹਉਮੈ ਹੀ ਵਧਾਣੀ ਹੈ ਭਾਵ ਇਹ ਭਗਤੀ ਤੋਂ ਉਲਟ ਮਾਰਗ ਹੈ ਜੋ ਸਾਨੂੰ ਭਗਤੀ ਦੇ ਪੁੱਠੇ ਪਾਸੇ ਤੋਰਦਾ ਹੈ ਤੇ ਇਸੇ ਲਈ ਬਾਣੀ ਰਾਹੀਂ ਬਾਰ-ਬਾਰ ਇਹੋ ਜਿਹੇ ਭਗਤੀ ਦੇ ਪਾਖੰਡਾਂ ਦੀ ਨਿੰਦਿਆ ਕੀਤੀ ਹੋਈ ਹੈ। ਗੁਰੂ ਦੀ ਗੱਲ ਨੂੰ ਨਾ ਮੰਨਣ ਵਾਲੇ ਹੀ ਇਹ ਕੁਝ ਕਰਦੇ ਹਨ ਇਸ ਵਿਚੋਂ ਨਿਕਲਣ ਦੀ ਲੋੜ ਹੈ। ਇਹੀ ਸਾਡੇ ਅੰਦਰ ਦਾ ਮਾਇਆ ਮੋਹ ਹੈ, ਅਗਿਆਨਤਾ ਹੈ ਜਿਸ ਵਿਚੋਂ ਨਿਕਲਣ ਦੀ ਲੋੜ ਹੈ। (**ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥ ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥**)

40/5049

ਸ਼ਬਦ ਦੁਆਰਾ ਮਨ ਦੀ ਮੈਲ ਨੂੰ ਧੋਣਾ ਕੀ ਹੈ, ਹਉਮੈ ਦੀ ਮੈਲ ਨੂੰ ਧੋਣਾ ਕੀ ਹੈ, ਮਾਇਆ ਮੋਹ ਦੀ ਮੈਲ ਨੂੰ ਧੋਣਾ ਕੀ ਹੈ ਤੇ ਉਸਨੂੰ ਧੋਣ ਦਾ ਮਕਸਦ ਕੀ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਈ ਹੋਈ ਹੈ।

“ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥”

ਇਸ ਤੋਂ ਪਹਿਲੇ ਪਦੇ ਰਾਹੀਂ ਕਾਇਆ ਦੀ ਮੱਲ ਨੂੰ ਸ਼ਬਦ ਰਾਹੀਂ ਧੋਣ ਦੀ ਗੱਲ ਕੀਤੀ ਹੋਈ ਹੈ। ਉਪਰ ਵਾਲੇ ਪਦੇ ਰਾਹੀਂ ਇਹ ਕਾਇਆ ਦੀ ਮੱਲ ਕੀ ਹੈ, ਹਉਮੈ ਰੂਪ ਮੱਲ ਕੀ ਹੈ ਇਸ ਨੂੰ ਸ਼ਬਦ ਦੁਆਰਾ ਕਿਵੇਂ ਧੋਣਾ ਹੈ ਇਹ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਭਗਤੀ ਇਹ ਮੈਲ ਧੁੱਪਣ ਦੁਆਰਾ ਹੀ ਹੁੰਦੀ ਹੈ। ਇਹ ਹਉਮੈ ਦੀ ਮੈਲ ਦੇ ਰਹਿੰਦਿਆ ਸਾਡਾ ਨਾਮ ਨਾਲ ਵਿਰੋਧ ਰਹਿੰਦਾ ਹੈ ਤੇ ਇਹ ਹਉਮੈ ਦੀ ਮੈਲ ਧੁੱਪਣ ਦੁਆਰਾ ਹੀ ਅਸੀਂ ਨਾਮ ਦੇ ਨਾਲ ਪਿਆਰ ਵਾਲੇ ਬਣ ਸਕਦੇ ਹਾਂ, ਸ਼ਬਦ ਦੇ ਨਾਲ ਪਿਆਰ ਵਾਲੇ ਬਣ ਸਕਦੇ ਹਾਂ। ਜਦ ਤੱਕ ਸਾਡੇ ਅੰਦਰ ਨਾਮ ਨਹੀਂ ਹੈ ਭਾਵ ਜਦ ਤਕ ਸਾਡੇ ਅੰਦਰ ਹਉਮੈ ਦੀ ਮੈਲ ਹੈ ਤਦ ਤਕ ਪੰਜ ਦੂਤ ਭਾਵ ਪੰਜੇ ਵਿਕਾਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੀ ਕਾਇਆ ਦਾ ਨਾਸ

ਕਰਦੇ ਹਨ ਭਾਵ ਸਾਡੇ ਜੀਵਨ ਦਾ ਨਾਸ ਕਰਦੇ ਹਨ। ਸਾਡੇ ਜੀਵਨ ਦਾ ਨਾਸ ਇਹ ਕਿਸ ਤਰੀਕੇ ਕਰਦੇ ਹਨ ਇਸ ਨੂੰ ਹਰ ਕੋਈ ਸਮਝ ਸਕਦਾ ਹੈ, ਵੱਡੇ ਤੋਂ ਵੱਡੇ ਭਰਮੇ ਹੋਏ ਵੀ ਸਮਝ ਸਕਦੇ ਹਨ, ਵੱਡੇ ਵੱਡੇ ਨਾਮ ਰੱਸੀਏ ਅਖਵਾਉਣ ਵਾਲੇ ਵੀ ਸਮਝ ਸਕਦੇ ਹਨ। ਵਿਕਾਰੀ ਮਨੁੱਖ ਮਾੜੇ ਕਰਮ ਕਰਦਾ ਹੈ, ਦੂਸਰਿਆਂ ਦਾ ਹੱਕ ਖਾਂਦਾ ਹੈ, ਝੂਠ ਬੋਲਦਾ ਹੈ, ਲੋਭ ਲਾਲਚ ਕਰਦਾ ਹੈ, ਦੂਸਰਿਆਂ ਦੀਆਂ ਧੀਆਂ, ਭੈਣਾਂ ਨੂੰ ਪਰੇਸ਼ਾਨ ਕਰਦਾ ਹੈ ਤੇ ਹੋਰ ਅਨੇਕਾਂ ਹੀ ਅਉਗੁਣ ਕਰਦਾ ਹੈ ਜਿਸ ਦੁਆਰਾ ਅਸੀਂ ਆਪਣੇ ਸੱਚੇ ਜੀਵਨ ਨੂੰ ਬਰਬਾਦ ਕਰਦੇ ਹਾਂ ਭਾਵ ਅਸੀਂ ਗੁਰਮਤਿ ਵਾਲਾ ਜੀਵਨ ਨਹੀਂ ਜਿਉਂਦੇ ਭਾਵ ਗੁਰਮਤਿ ਦੇ ਉਲਟ ਚਲਦੇ ਹਾਂ। ਇਹੋ ਜਿਹੀ ਬਿਰਤੀ ਵਿਚ ਅਸੀਂ ਭਾਵੇਂ ਜਿਤਨੇ ਮਰਜੀ ਭਗਤੀ ਵਾਲੇ ਦਿਖਾਵੇ ਕਰੀਏ, ਕਿਸੇ ਅੱਖਰ ਨੂੰ, ਸ਼ਬਦ ਨੂੰ ਬੋਲ ਬੋਲ ਕੇ ਸੁਣਾਈ ਜਾਈਏ ਇਹ ਕੇਵਲ ਸਾਡਾ ਪਾਖੰਡ ਹੈ ਹੋਰ ਕੁਝ ਵੀ ਨਹੀਂ। ਇਹ ਕੇਵਲ ਗੁਰੂ ਦੇ ਸ਼ਬਦ ਦੇ, ਨਾਮ ਦੇ ਉਲਟ ਚੱਲਣ ਵਾਲੀ ਗੱਲ ਹੈ ਭਾਵ ਗੁਰੂ ਦੇ ਸ਼ਬਦ ਨੂੰ ਨਿੰਦਣ ਵਾਲੀ ਗੱਲ ਹੈ। ਜੋ ਮਨੁੱਖ ਸ਼ਬਦ ਦਾ ਵਿਚਾਰੀ ਨਹੀਂ ਹੈ ਭਾਵ ਸ਼ਬਦ ਦੀ ਮਤਿ ਨੂੰ ਮੰਨਣ ਵਾਲਾ ਨਹੀਂ ਹੈ ਉਹ ਅਉਗਣਾਂ ਨਾਲ ਹੀ ਜੁੜਿਆ ਰਹਿੰਦਾ ਹੈ। ਇਹੋ ਜਿਹੇ ਮਨੁੱਖ ਦਾ ਜੀਵਨ ਹੀ ਮਰ ਮਰ ਕੇ ਜੰਮਣ ਵਾਲਾ ਹੈ ਭਾਵ ਹਉਮੈ

40/5050

ਵਾਲੇ ਵਿਚਾਰਾਂ ਵਿਚ ਹੀ ਰਹਿੰਦੇ ਹਨ ਭਾਵ ਉਹਨਾਂ ਦੇ ਅੰਦਰ ਹਉਮੈ ਹੀ ਆਉਂਦੀ ਜਾਂਦੀ ਰਹਿੰਦੀ ਹੈ ਜੋ ਕਿ ਮੁੱਕਦੀ ਨਹੀਂ। (**ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥**) ਸ਼ਬਦ ਦੀ ਵਿਚਾਰ ਹੀ ਨਾਮ ਹੈ ਤੇ ਸ਼ਬਦ ਦਾ ਵਿਚਾਰੀ ਬਣਨਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਬਾਰ ਬਾਰ ਸਮਝਿਆ ਹੈ ਤੇ ਫਿਰ ਧਿਆਨ ਨਾਲ ਸਮਝੋ ਅਉਗਣਾਂ ਵਾਲਾ ਮਨੁੱਖ ਨਾਮ ਜਪਣ ਵਾਲਾ ਕਿਵੇਂ ਹੋ ਸਕਦਾ ਹੈ। ਨਾਮ ਜਪਣ ਦਾ ਮਕਸਦ ਹੀ ਗੁਰੂ ਦੀ ਗਲ ਨੂੰ ਮੰਨਣਾ ਹੈ ਤੇ ਮੰਨਣ ਦੁਆਰਾ ਆਪਣੇ ਅਉਗੁਣਾਂ ਨੂੰ ਤਿਆਗਣਾ ਹੈ। **{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ॥ ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}** ਅੰਗ ੨੭ **{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥ ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥ ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥ ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}** ਅੰਗ ੯੪੮ **{ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}** ਅੰਗ ੪੧੩

ਜੋ ਮਨੁੱਖ ਸ਼ਬਦ ਦੇ ਵਿਚਾਰੀ ਨਹੀਂ ਬਣਦੇ ਭਾਵ ਜੋ ਸ਼ਬਦ ਦੁਆਰਾ ਆਪਣੀ ਮੈਲ ਨਹੀਂ ਧੋਂਦੇ ਭਾਵ ਜੋ ਪੰਜਾਂ ਅਉਗਣਾਂ ਨੂੰ ਨਹੀਂ ਤਿਆਗਦੇ ਉਹਨਾਂ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥”

ਜਦ ਤਕ ਸਾਡੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ ਇਹ ਸਾਨੂੰ ਮਨ ਦੇ ਗੁਬਾਰ ਵਿਚ ਭਾਵ ਅਗਿਆਨਤਾ ਵਿਚ ਰਖਦੀ ਹੈ ਭਾਵ ਜੋ ਮਨੁੱਖ ਸ਼ਬਦ ਦਾ ਵਿਚਾਰੀ ਨਹੀਂ ਹੈ, ਜੋ ਗੁਰੂ ਦੀ ਗੱਲ ਨੂੰ ਮੰਨਣ ਵਾਲਾ ਨਹੀਂ ਹੈ, ਜਿਸ ਦੇ ਅੰਦਰ ਅਉਗਣ ਹਨ ਉਹ ਅਗਿਆਨੀ ਹੈ। ਸਾਡੇ ਮਨ ਦੀ ਇਸ ਅਗਿਆਨਤਾ ਨੂੰ ਸਾਡੇ ਸੁਪਨੇ ਵਾਲੀ ਬਿਰਤੀ ਨਾਲ ਸਮਝਾਇਆ ਹੋਇਆ ਹੈ। ਸੁਪਨੇ ਦੇ ਵਿਚ ਰਹਿੰਦਿਆਂ ਅਸੀਂ ਜੋ ਕੁਝ ਵੇਖਦੇ ਹਾਂ ਉਸ ਨੂੰ ਸੱਚ ਹੀ ਸਮਝਦੇ ਹਾਂ ਪਰ ਅਸਲ ਵਿਚ ਉਹ ਝੂਠ ਹੁੰਦਾ ਹੈ। ਜੋ ਮਨੁੱਖ ਸ਼ਬਦ ਦੇ ਵਿਚਾਰੀ ਨਹੀਂ ਹੁੰਦੇ ਉਹ ਵੀ ਆਪਣੇ ਆਪ ਨੂੰ ਸ਼ਬਦ ਵਾਲੇ ਅਖਵਾਉਂਦੇ ਹਨ, ਸ਼ਬਦ ਦੀ ਕਥਨੀ ਦੁਆਰਾ ਆਪਣੇ ਆਪ ਨੂੰ ਸ਼ਬਦ ਵਾਲੇ ਅਖਵਾਉਂਦੇ ਹਨ, ਨਾਮ ਵਾਲੇ ਅਖਵਾਉਂਦੇ ਹਨ। ਇਹ ਕੇਵਲ ਉਹਨਾਂ ਦਾ ਭਰਮ ਹੈ ਤੇ ਇਕ ਸੁਪਨੇ ਦੀ ਤਰਾਂ ਝੂਠ ਹੈ ਜਿਸ ਨੂੰ ਉਹ ਸੱਚ ਸਮਝੀ ਬੈਠੇ ਹਨ। ਇਹੀ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਭਰਮ ਰੂਪ ਪੜਦਾ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰਖਦਾ ਹੈ। ਅਸੀਂ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਮਝੀ ਜਾਂਦੇ ਹਾਂ ਤੇ ਫਿਰ ਉਹੀ ਆਪਣੀ ਗੱਲ ਤੇ ਅੜੇ ਰਹਿੰਦੇ ਹਾਂ ਤੇ ਸੱਚ ਸੁਣਨ ਨੂੰ ਤਿਆਰ ਨਹੀਂ ਹੁੰਦੇ। ਇਹ ਮਾਇਆ ਮੋਹ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਭਾਵ ਸਾਡੇ ਅੰਦਰ ਦੀ ਪੁੱਠੀ ਮਤਿ ਹੈ ਜੋ ਸਾਨੂੰ ਪੁੱਠਾ ਹੀ ਸਮਝਾਉਂਦੀ ਹੈ, ਸੁਪਨੇ ਦੀ ਤਰ੍ਹਾਂ ਝੂਠੀ ਗੱਲ ਨੂੰ ਸੱਚਾ

40/5051

ਸਮਝਾਉਂਦੀ ਹੈ। ਮਨ ਦੀ ਇਹ ਅਵਸਥਾ ਹੀ ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਹੈ ਜਿਸ ਰਾਹੀਂ ਸਾਡਾ ਮਨ ਦੇ ਵਿਚ ਹੀ ਪ੍ਰਮਾਤਮਾ ਨਾਲੋਂ ਪੜਦਾ ਬਣਿਆ ਰਹਿੰਦਾ ਹੈ। ਅਸੀਂ ਮਨ ਦੇ ਇਸ ਪੜਦੇ ਵਿਚੋਂ ਹੀ ਨਿਕਲਣਾ ਹੈ ਜਿਸ ਵਿਚੋਂ ਕੇਵਲ ਤੇ ਕੇਵਲ ਸਾਨੂੰ ਗੁਰੂ ਦੇ ਸ਼ਬਦਾਂ ਦੀ ਵਿਚਾਰ ਹੀ ਕੱਢ ਸਕਦੀ ਹੈ। ਜੇਕਰ ਸਾਰਾ ਦਿਨ ਸ਼ਬਦ ਰਟੀ ਜਾਵਾਂਗੇ, ਕਿਸੇ ਅੱਖਰ ਨੂੰ ਰੱਟੀ ਜਾਵਾਂਗੇ ਕੀ ਇਸ ਮਾਇਆ ਮੋਹ ਵਿਚੋਂ ਨਿਕਲ ਸਕਦੇ ਹਾਂ, ਮਨ ਦੇ ਗੁਬਾਰ ਵਿਚੋਂ ਨਿਕਲ ਸਕਦੇ ਹਾਂ ਭਾਵ ਕਦੇ ਨਹੀਂ। ਸ਼ਬਦ ਦੀ ਵਿਚਾਰ ਨੂੰ ਮੰਨੇ ਬਿਨਾ ਅਸੀਂ ਕਦੇ ਵੀ ਭਗਤੀ ਦੇ ਮਾਰਗ ਤੇ ਨਹੀਂ ਚਲ ਸਕਦੇ। ਹਉਮੈ ਵਿਚ ਰਹਿੰਦਿਆਂ ਅਸੀਂ ਕੇਵਲ ਭਰਮਾਂ ਵਿਚ ਹੀ ਆਪਣੀ ਆਪਣੀ ਭਗਤੀ ਦੇ ਤਰੀਕਿਆਂ ਨੂੰ ਇਹੋ ਜਿਹਾ ਸੱਚ ਸਮਝਿਆ ਹੋਇਆ ਹੈ ਜਿਵੇਂ ਅਸੀਂ ਸੁਪਨੇ ਦੇ ਵਿਚ ਝੂਠੀ ਗੱਲ ਨੂੰ ਸੱਚੀ ਸਮਝੀ ਜਾਂਦੇ ਹਾਂ। (**ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥**)

ਆਪਣੇ ਆਪ ਨੂੰ ਸ਼ਬਦ ਨਾਲ ਜੁੜਿਆ ਹੋਇਆ ਕਹਿਣ ਵਾਲੇ ਬਹੁਤ ਹਨ। ਸ਼ਬਦਾਂ ਨੂੰ ਰੱਟੀ ਜਾਣ ਵਾਲੇ, ਕਿਸੇ ਅੱਖਰ ਨੂੰ ਰੱਟੀ ਜਾਣ ਵਾਲੇ ਆਪਣੇ ਆਪ ਨੂੰ ਸ਼ਬਦਾਂ ਦੇ ਨਾਲ ਜੁੜੇ ਹੋਏ ਹੀ ਕਹਿੰਦੇ ਹਨ। ਸ਼ਬਦ ਨਾਲ ਜੁੜੇ ਹੋਏ ਕਿਹੋ ਜਿਹੇ ਹੁੰਦੇ ਹਨ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ। ਆਪਣੇ ਆਪ ਨੂੰ ਨਾਮ ਵਾਲੇ ਅਖਵਾਉਣ ਵਾਲੇ ਵੀ ਅਸਾਨੀ ਨਾਲ ਸਮਝ ਸਕਦੇ ਹਨ। ਸ਼ਬਦ ਨਾਲ ਜੁੜਿਆ ਹੋਇਆ ਉਹੀ ਹੋ ਸਕਦਾ ਹੈ ਜਿਵੇਂ ਕਿ ਸਾਨੂੰ ਗੁਰੂ ਸਾਹਿਬ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾ ਰਹੇ ਹਨ।

“ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥”

ਉਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਸ਼ਬਦ ਨਾਲ ਜੁੜੇ ਹੋਏ ਮਨੁੱਖ ਦੀ ਅਵਸਥਾ ਕਿਹੋ ਜਿਹੀ ਸਮਝਾ ਰਹੇ ਹਨ ਭਾਵ ਸ਼ਬਦ ਨਾਲ ਜੁੜੇ ਹੋਏ ਮਨੁੱਖ ਕਿਹੋ ਜਿਹੇ ਹੁੰਦੇ ਹਨ। ਜੇਕਰ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਤੇ ਵਿਸ਼ਵਾਸ ਹੈ ਤਾਂ ਫਿਰ ਗੁਰੂ ਸਾਹਿਬ ਸਾਨੂੰ ਇਹ ਸਪਸ਼ਟ ਤੌਰ ਤੇ ਸਮਝਾ ਰਹੇ ਹਨ ਜਿਸਦੇ ਪੰਜੇ ਅਉਗਣ ਮਰੇ ਹੋਏ ਹਨ, ਜਿਸਦੇ ਸਾਰੇ ਵਿਕਾਰ ਮਰੇ ਹੋਏ ਹਨ, ਜਿਸਦੇ ਅੰਦਰੋਂ ਪੂਰਨ ਰੂਪ ਵਿਚ ਹਉਮੈ ਦੀ ਮੈਲ ਨਿਕਲੀ ਹੋਈ ਹੈ ਉਹ ਮਨੁੱਖ ਸ਼ਬਦ ਦੇ ਨਾਲ ਜੁੜਿਆ

40/5052

ਹੋਇਆ ਹੈ, ਲੱਗਾ ਹੋਇਆ ਹੈ। (**ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥**) ਹੁਣ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਭਰਮ ਪਾਉਣ ਵਾਲੇ ਕੌਣ ਹਨ ਜੋ ਜਗ੍ਹਾ ਜਗ੍ਹਾ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਕਰਕੇ ਬੈਠੇ ਹਨ, ਵੱਡੇ ਵੱਡੇ ਧਰਮ ਦੇ ਗਿਆਨੀ ਅਖਵਾਉਂਦੇ ਹਨ। ਆਪ ਵੱਡੇ ਭਰਮ ਵਿਚ ਹਨ ਤੇ ਸਭ ਨੂੰ ਭਰਮ ਵਿਚ ਪਾਉਂਦੇ ਹਨ। ਖੁਦ ਨਾਮ ਜਪਿਆ ਨਹੀਂ ਤੇ ਦੂਸਰਿਆਂ ਨੂੰ ਨਾਮ ਜਪਣਾ ਸਿਖਾਉਂਦੇ ਹਨ ਭਾਵ ਖੁਦ ਗੁਰੂ ਦੀ ਗੱਲ ਨੂੰ ਮੰਨਿਆ ਨਹੀਂ, ਸਮਝਿਆ ਨਹੀਂ ਤੇ ਦੂਜਿਆਂ ਨੂੰ ਪੁੱਠੀ ਗੱਲ ਸਮਝਾਉਂਦੇ ਹਨ। ਹੁਣ ਅਗਲੀ ਪੰਗਤੀ ਨੂੰ ਸਮਝੋ ਕਿ ਸਾਡਾ ਸਤਿਗੁਰ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਭਾਵ ਸਾਰੇ ਅਉਗਣ ਤਿਆਗਣ ਦੁਆਰਾ ਸਾਨੂੰ ਪ੍ਰਾਪਤੀ ਕੀ ਹੁੰਦੀ ਹੈ।

“ਸਤਿਗੁਰੁ ਆਇ ਮਿਲਿਆ ਵਡਭਾਗੇ ॥”

ਅਸੀਂ ਸਰੀਰਕ ਰੂਪ ਵਿਚ ਗੁਰੂ ਨੂੰ ਮਿਲਣ ਲਈ ਜਾਂਦੇ ਹਾਂ ਪਰ ਉਸ ਗੁਰੂ ਰੂਪ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਸਰੀਰਕ ਰੂਪ ਵਿੱਚ ਨਹੀਂ ਬਲਕਿ ਮਨ ਦੇ ਵਿੱਚ ਹੁੰਦਾ ਹੈ। ਜਿਸ ਤਰੀਕੇ ਸ਼ਬਦ ਦਾ ਮੇਲ ਭਾਵ ਸ਼ਬਦ ਦੇ ਵਿਚਾਰਾਂ ਦਾ ਮੇਲ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਹੁੰਦਾ ਹੈ ਤੇ ਇਹੀ ਸਾਡਾ ਸਤਿਗੁਰ ਦੇ ਨਾਲ ਮੇਲ ਹੈ। ਸਤਿਗੁਰ ਸ਼ਬਦ ਹੀ ਹੈ ਭਾਵ ਸ਼ਬਦ ਰੂਪ ਗਿਆਨ ਹੈ ਜਿਸਦਾ ਮੇਲ ਸਾਡੇ ਮਨ ਦੇ ਵਿੱਚ ਹੀ ਹੁੰਦਾ ਹੈ। ਇਹ ਮੇਲ ਮਨ ਦੇ ਵਿੱਚ ਪੰਜਾਂ ਅਉਗਣਾਂ ਦੇ ਮਰਨ ਦੁਆਰਾ ਹੀ ਹੁੰਦਾ ਹੈ ਤੇ ਇਹੋ ਜਿਹਾ ਮਨੁੱਖ ਹੀ ਵਡਭਾਗੀ ਹੁੰਦਾ ਹੈ ਜਿਸ ਤੇ ਸਤਿਗੁਰ ਦੀ ਕਿਰਪਾ ਦੁਆਰਾ ਸਾਰੇ ਅਉਗੁਣ ਮਿੱਟ ਜਾਂਦੇ ਹਨ। (**ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥**)

ਹੁਣ ਇਸ ਪਦੇ ਦੀ ਅਗਲੀ ਪੰਗਤੀ ਨੂੰ ਸਮਝੋ ਕਿ ਸਾਡੇ ਅੰਦਰ ਸੱਚ ਦਾ ਵੱਸਣਾ ਕੀ ਹੈ, ਨਾਮ ਦੇ ਰੰਗ ਵਿਚ ਰੰਗੇ ਰਹਿਣਾ

ਕੀ ਹੈ ਤੇ ਸਹਜ ਵਾਲੀ ਅਵਸਥਾ ਕੀ ਹੈ।

“ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥”

ਜਦ ਤਕ ਸਾਡੇ ਅੰਦਰ ਅਉਗਣ ਭਰੇ ਹੋਏ ਹਨ ਤਦ ਤਕ ਸਾਡੇ ਅੰਦਰ ਸੱਚ ਨਹੀਂ ਹੈ, ਨਾਮ ਨਹੀਂ ਹੈ, ਅਸੀਂ ਪ੍ਰਮਾਤਮਾ ਦੇ ਰੰਗ ਵਿੱਚ, ਗੁਰੂ ਦੇ ਰੰਗ ਵਿੱਚ, ਨਾਮ ਦੇ ਰੰਗ ਵਿਚ ਰੰਗੇ ਹੋਏ ਨਹੀਂ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਤੇ ਕੇਵਲ ਆਪਣੇ ਮਨ ਦੀ ਸਮਝ ਨੂੰ ਬਦਲਣ ਦੁਆਰਾ ਹੁੰਦਾ ਹੈ, ਆਪਣੀ ਝੂਠੀ ਮਤਿ ਛੱਡਣ ਦੁਆਰਾ ਹੁੰਦਾ ਹੈ। ਸਾਰੀ ਖੇਡ ਸੱਚ ਤੇ ਝੂਠ ਦੀ ਹੀ ਹੈ, ਨਾਮ ਤੇ

40/5053

ਹਉਮੈ ਦੀ ਹੀ ਹੈ ਜੋ ਸਭ ਕੁਝ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਅਸੀਂ ਆਪਣੀ ਝੂਠੀ ਸਮਝ ਨੂੰ, ਮਾੜੀ ਸਮਝ ਨੂੰ ਚੰਗੀ ਸਮਝ ਵਿਚ, ਸੱਚੀ ਸਮਝ ਵਿਚ ਹੀ ਬਦਲਣਾ ਹੈ ਜਿਸ ਨੂੰ ਕਿ ਗੁਰੂ ਦੀ ਗੱਲ ਨੂੰ ਮੰਨੇ ਬਿਨਾ ਭਾਵ ਨਾਮ ਜਪਣ ਬਿਨਾ ਨਹੀਂ ਬਦਲਿਆ ਜਾ ਸਕਦਾ ਜਿਸ ਲਈ ਸਾਨੂੰ ਸਭ ਤੋਂ ਪਹਿਲਾਂ ਉਹਨਾਂ ਦੀ ਮਤਿ ਵਿਚੋਂ ਨਿਕਲਣਾ ਪਵੇਗਾ ਜਿੰਨ੍ਹਾਂ ਨੇ ਸਾਨੂੰ ਭਰਮਾਂ ਵਿਚ ਪਾਇਆ ਹੋਇਆ ਹੈ, ਝੂਠੇ ਨਾਮ ਨਾਲ ਜੋੜਿਆ ਹੋਇਆ ਹੈ। ਸਾਡੇ ਅੰਦਰ ਸੱਚ ਦਾ ਵੱਸਣਾ ਹੀ, ਸੱਚੀ ਮਤਿ ਦਾ ਵੱਸਣਾ ਹੀ, ਗੁਰਮਤਿ ਰੂਪ ਸੱਚੀ ਮਤਿ ਦਾ ਵੱਸਣਾ ਹੀ, ਨਾਮ ਵਾਲੀ ਮਤਿ ਦਾ ਵੱਸਣਾ ਹੀ ਪ੍ਰਮਾਤਮਾ ਦਾ ਵੱਸਣਾ ਹੈ ਜਿਸ ਰੂਪ ਵਿਚ ਪ੍ਰਮਾਤਮਾ ਸਾਡੇ ਅੰਦਰ ਚਉਥੇ ਪਦ ਵਿਚ ਵਸਿਆ ਹੋਇਆ ਹੈ ਤੇ ਇਹੀ ਮਨ ਦੇ ਅੰਦਰ ਸਹਜ ਵਿਚ ਸਮਾਉਣਾ ਹੈ। (**ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥ ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥**)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ - ੨੨੩)

{ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥
ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥੯॥}

(ਅੰਗ - ੭੫੫)

{ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥
ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥ ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥
ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥}

(ਅੰਗ - ੭੫੫)

{ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨਿ ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥}

(ਅੰਗ - ੭੫੬)

{ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥
ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥}

(ਅੰਗ - ੭੫੬)

{ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥ ਅਵਗਣ ਵਿਕਣਿ ਪਲ੍ਰਹਨਿ ਗੁਣ ਕੀ ਸਾਝ ਕਰੰਨ੍ਹਿ ॥੨੫॥
ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥}

(ਅੰਗ - ੭੫੬)

40/5054

ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਕਿ ਸਾਡੇ ਅੰਦਰ ਵਿਕਾਰਾਂ ਵਾਲੀ ਬਿਰਤੀ ਸਾਡੇ ਅੰਦਰ ਦਾ ਮਾਇਆ ਮੋਹ ਹੈ। ਇਹੀ ਸਾਡੀ ਅੰਦਰ ਦਾ ਮਾਇਆ ਮੋਹ ਦਾ ਸਾਗਰ ਹੈ ਜਿਸ ਵਿਚੋਂ ਅਸੀਂ ਨਿਕਲਣਾ ਹੈ ਭਾਵ ਪਾਰ ਉਤਰਨਾ ਹੈ। ਜਦ ਤਕ ਅਸੀਂ ਗੁਰੂ ਦੀ ਗੱਲ ਨੂੰ ਨਹੀਂ ਮੰਨਾਂਗੇ ਭਾਵ ਕੇਵਲ ਕਥਨੀ ਨਾਲ ਜੁੜੇ ਰਹਾਂਗੇ, ਸਰੀਰਕ ਕਿਰਿਆਵਾਂ ਨਾਲ ਜੁੜੇ ਰਹਾਂਗੇ ਤਦ ਤਕ ਅਸੀਂ ਇਸ ਮਾਇਆ ਮੋਹ ਵਿਚੋਂ ਕਿਵੇਂ ਨਿਕਲ ਸਕਦੇ ਹਾਂ ਭਾਵ ਇਸ ਮਾਇਆ ਮੋਹ ਦੇ ਸਾਗਰ ਤੋਂ ਪਾਰ ਕਿਵੇਂ ਪਾ ਸਕਦੇ ਹਾਂ। ਇਸ ਮਾਇਆ ਮੋਹ ਦਾ ਕਾਰਨ ਸਾਡੇ ਮਨ ਦੀ ਅਗਿਆਨਤਾ ਹੈ ਜੋ ਕਿ ਗੁਰੂ ਦੇ ਗਿਆਨ ਨੇ ਹੀ ਦੂਰ ਕਰਨੀ ਹੈ। ਗੁਰੂ ਦਾ ਗਿਆਨ ਕੇਵਲ ਪੜਨ ਲਈ ਨਹੀਂ ਹੈ ਭਾਵ ਸਾਡੀ ਕਥਨੀ ਲਈ ਨਹੀਂ ਹੈ ਬਲਕਿ ਉਸ ਨੂੰ ਸਮਝਕੇ ਮੰਨਣ ਲਈ ਹੈ ਤਾ ਜੋ ਸਾਡੀ ਅਗਿਆਨਤਾ ਵਾਲੀ ਮਾੜੀ ਸਮਝ ਚੰਗੀ ਸਮਝ ਬਣ ਸਕੇ ਤੇ ਅਸੀਂ ਚੰਗੇ ਕਰਮ ਕਰੀਏ ਭਾਵ ਮਾੜੇ ਕਰਮਾਂ ਵਿਚੋਂ ਨਿਕਲੀਏ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ।

“ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥
ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥੨॥
ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥
ਛੇਦਿ ਅਹੰਬੁਧਿ ਕਰੁਣਾ ਮੈ ਚਿੰਤ ਮੇਟਿ ਪੁਰਖ ਅਨੰਤ ॥੩॥
ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥
ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ ॥੪॥ ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥
ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥੫॥
ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ ॥
ਖਲ ਮੁਗਧ ਮੂੜ ਕਟਾਖ੍ਹ ਸ੍ਰੀਧਰ ਭਏ ਗੁਣ ਮਤਿ ਧੀਰ ॥੬॥”

(ਅੰਗ - ੫੦੮)

ਉਪਰ ਪਹਿਲੇ ਪਦੇ ਨੂੰ ਧਿਆਨ ਨਾਲ ਸਮਝੋ ਕਿ ਸਾਡਾ ਜਨਮ ਮਰਣ ਤੋਂ ਝੁਟਾਕਾਰਾ ਕੀ ਹੈ। ਜਨਮ ਮਰਣ ਉਹੀ ਹੈ ਜਿਸ ਨੂੰ ਪਿਛੇ ਅਸੀਂ ਸ਼ਬਦ ਦੁਆਰਾ ਸਮਝਿਆ ਹੈ। ਸਾਡੇ ਜੀਵਨ ਦਾ ਮਕਸਦ ਇਸ ਜਨਮ ਮਰਣ ਵਿਚੋਂ ਨਿਕਲਣ ਦਾ ਹੈ ਤੇ ਜਦ ਤਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪਵੇਗੀ ਕਿ ਜਨਮ ਮਰਣ ਕੀ ਹੈ ਤੇ ਉਸ ਵਿਚੋਂ ਨਿਕਲਣਾ ਕੀ ਹੈ ਤਦ ਤਕ ਅਸੀਂ ਆਪਣੇ ਮਨੋਰਥ ਤੇ ਕਦੇ ਵੀ ਪੂਰੇ ਨਹੀਂ ਉਤਰ ਸਕਦੇ। ਜਨਮ ਮਰਣ ਤੇ ਇਸ ਤੋਂ ਨਿਵਾਰਣ ਭਾਵ ਛੁਟਕਾਰਾ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਜਦ ਤਕ ਸਾਡੇ ਅੰਦਰ ਮਾਇਆ ਮੋਹ ਵਾਲੀ, ਭਰਮ ਵਾਲੀ, ਹਉਮੈ ਵਾਲੀ ਮਤਿ ਹੈ ਤਦ ਤਕ ਅਸੀਂ ਆਪਣੇ ਵਿਚਾਰਾਂ ਰਾਹੀਂ ਭਾਵ ਨਾਸਮਝ ਵਿਚਾਰਾਂ ਰਾਹੀਂ ਜਨਮ ਮਰਣ ਵਿਚ ਰਹਿੰਦੇ ਹਾਂ। ਇਸ ਜਨਮ ਮਰਣ ਵਾਲੀ ਮਤਿ ਦੇ ਰਹਿੰਦਿਆਂ ਅਸੀਂ ਅਉਗਣਾਂ ਵਾਲੀ ਮਤਿ ਨਾਲ ਭਰੇ ਰਹਿੰਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ

ਵਿਚਾਰਾਂ ਵਿਚ ਰਹਿੰਦੇ ਹਾਂ। ਉਪਰ ਪਹਿਲੇ ਪਦੇ ਰਾਹੀਂ ਸਾਡੀ ਪ੍ਰਮਾਤਮਾ ਅਗੇ ਇਹ ਬੇਨਤੀ ਹੀ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਤੂੰ ਮਨ ਦੇ ਵਿਚ ਸੁਗੰਧੀ ਦੇਣ ਵਾਲਾ ਹੈ ਭਾਵ ਚੰਗੀ ਮਤਿ ਦੇਣ ਵਾਲਾ ਹੈ ਜਿਸ ਦੁਆਰਾ ਤੂੰ ਪਹਿਲਾਂ ਸਾਡੇ ਅੰਦਰੋਂ ਗੰਦਗੀ ਵਾਲੀ ਮਤਿ ਕੱਢਦਾ ਹੈ। ਸਾਡੇ ਅੰਦਰੋਂ ਕਾਮ, ਕ੍ਰੋਧ ਦੂਰ ਕਰਨ ਦੁਆਰਾ ਕੱਢਦਾ ਹੈ, ਮਾਇਆ ਮੋਹ ਨੂੰ ਸਾੜਨ ਦੁਆਰਾ ਕੱਢਦਾ ਹੈ ਭਾਵ ਸਾਡੀ

40/5055

ਗੰਦੀ ਮਤਿ ਨੂੰ ਚੰਗੀ ਮਤਿ ਵਿਚ ਬਦਲ ਦਿੰਦਾ ਹੈ। ਮੇਰੇ ਤੇ ਇਹ ਕਿਰਪਾ ਕਰ। ਇਹਨਾਂ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਛੁਟਕਾਰਾ ਹੀ ਸਾਡਾ ਜਨਮ ਮਰਣ ਵਾਲੀ ਅਵਸਥਾ ਤੋਂ ਛੁਟਕਾਰਾ ਹੈ ਜਿਸ ਦੁਆਰਾ ਮਨੁੱਖ ਦੀ ਪਤਿ ਰਹਿੰਦੀ ਹੈ। ਬੇਨਤੀ ਕੀਤੀ ਹੈ ਕਿ ਪ੍ਰਮਾਤਮਾ ਮੇਰੀ ਇਸ ਤਰੀਕੇ ਪਤਿ ਰਖ। (**ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥ ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥੨॥**)

ਇਸ ਅਵਸਥਾ ਤੋਂ ਪ੍ਰਮਾਤਮਾ ਸਾਡਾ ਛੁਟਕਾਰਾ ਕਿਵੇਂ ਕਰਦਾ ਹੈ, ਜਨਮ ਮਰਣ ਤੋਂ ਛੁਟਕਾਰਾ ਕਰਦਾ ਹੈ ਭਾਵ ਸਾਡੀ ਮਾੜੀ ਮਤਿ ਨੂੰ ਕਿਸ ਤਰੀਕੇ ਬਦਲਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥

ਛੇਦਿ ਅਹੰਬੁਧਿ ਕਰੁਣਾ ਮੈ ਚਿੰਤ ਮੇਟਿ ਪੁਰਖ ਅਨੰਤ ॥੩॥”

ਸਾਡੇ ਅੰਦਰ ਮਾੜੇ ਵਿਚਾਰਾਂ ਨੂੰ ਜਨਮ ਦੇਣ ਵਾਲੀ ਮਾਇਆ ਹੈ ਜਿਸ ਕਰਕੇ ਸਾਡੇ ਅੰਦਰ ਅਨੇਕਾਂ ਹੀ ਤ੍ਰਿਸ਼ਨਾ ਰੂਪ ਵਿਚਾਰ ਉਪਜਦੇ ਰਹਿੰਦੇ ਹਨ ਜੋ ਕਿ ਸਾਡੇ ਮਨ ਨੂੰ ਸਾੜਦੇ ਹਨ, ਤ੍ਰਿਸ਼ਨਾ ਰੂਪ ਅਗਨ ਵਿਚ ਰੱਖਦੇ ਹਨ ਭਾਵ ਸਾਡੇ ਮਨ ਨੂੰ ਔਖਾ ਰਖਦੇ ਹਨ, ਦੁਖਾਂ ਵਿਚ ਪਾ ਕੇ ਰਖਦੇ ਹਨ। ਮਨ ਦੀ ਇਹ ਅਵਸਥਾ ਦਾ ਕਾਰਨ ਸਾਡੇ ਅੰਦਰ ਸੱਚੀ ਸਮਝ ਦਾ ਨਾ ਹੋਣਾ ਹੈ, ਗੁਰਮਤਿ ਵਾਲੀ ਸਮਝ ਦਾ ਨਾ ਹੋਣਾ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦਾ ਨਾ ਹੋਣਾ ਹੈ। ਗੁਰੂ ਦਾ ਇਹ ਸੱਚਾ ਗਿਆਨ ਹੀ ਗੁਰੂ ਦਾ ਮੰਤ੍ਰ ਹੈ ਜਿਸ ਦੁਆਰਾ ਸਾਡੇ ਮਨ ਦੀ ਅਗਨਿ ਬੁਝ ਸਕਦੀ ਹੈ ਭਾਵ ਸਾਡੇ ਮਾੜੇ ਵਿਚਾਰਾਂ ਵਾਲੀ ਸੋਝੀ ਸਾਡੇ ਅੰਦਰੋਂ ਨਿਕਲ ਸਕਦੀ ਹੈ। ਗੁਰੂ ਦੇ ਮੰਤ੍ਰ ਦਾ ਭਾਵ ਨਾਮ ਦਾ ਇਹੀ ਮਕਸਦ ਹੈ ਕਿ ਉਹ ਸਾਨੂੰ ਮਾੜੀ ਮਤਿ ਵਿਚੋਂ ਕੱਢ ਦੇਵੇ। ਗੁਰੂ ਦਾ ਮੰਤ੍ਰ ਸਾਡੇ ਅੰਦਰ ਸਾਡੀ ਅਹੰਬੁਧਿ ਨੂੰ ਭਾਵ ਸਾਡੀ ਮੈਂ ਵਾਲੀ ਮਤਿ ਨੂੰ, ਸਾਡੀ ਹਉਮੈ ਵਾਲੀ ਮਤਿ ਨੂੰ ਛੇਦਣ ਦੁਆਰਾ ਸਾਨੂੰ ਮਾੜੇ ਵਿਚਾਰਾਂ ਵਿਚੋਂ ਕੱਢਦਾ ਹੈ। ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਹ ਇਸੇ ਤਰੀਕੇ ਹੀ ਕਰਦਾ ਹੈ ਜਿਸ ਨੂੰ ਉਹ ਮਾਇਆ ਮੋਹ ਦੇ ਸਾਗਰ ਤੋਂ ਕੱਢਦਾ ਹੈ, ਜਨਮ ਮਰਣ ਦੇ ਗੇੜ ਵਿਚੋਂ ਕੱਢਦਾ ਹੈ ਭਾਵ ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਸਾਡੀ ਮਾੜੀ ਸਮਝ ਹੀ ਸਾਡੇ ਦੁਖਾਂ ਦਾ ਕਾਰਣ ਹੈ ਤੇ ਇਹੀ ਸਮਝ ਚੰਗੀ ਸਮਝ ਬਣ ਕੇ, ਗੁਰਮਤਿ ਰੂਪ ਗਿਆਨ ਵਾਲੀ ਸਮਝ ਬਣ ਕੇ ਸਾਡੇ **“ਸੁਖੁ”** ਵਾਲੀ ਸਮਝ ਬਣ ਜਾਂਦੀ ਹੈ। (**ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥ ਛੇਦਿ ਅਹੰਬੁਧਿ ਕਰੁਣਾ ਮੈ ਚਿੰਤ ਮੇਟਿ ਪੁਰਖ ਅਨੰਤ ॥੩॥**)

40/5056

ਜਿਸ ਨੂੰ ਪ੍ਰਮਾਤਮਾ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਮੁਕਤਿ ਕਰਦਾ ਹੈ, ਜਿਸ ਦੀ ਅਹੰਬੁਧਿ ਭਾਵ ਮਨਮਤਿ ਦੂਰ ਕਰ ਦਿੰਦਾ ਹੈ ਭਾਵ ਜਿਸ ਨੂੰ ਉਹ ਆਪਣੇ ਨਾਲ ਮੇਲ ਲੈਂਦਾ ਹੈ ਉਸ ਮਨੁੱਖ ਦੀ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ ਇਹ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥

ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ ॥੪॥”

ਮਨ ਦੀ ਇਸ ਅਵਸਥਾ ਰਾਹੀਂ ਫਿਰ ਮਨੁੱਖ ਹਰ ਵੇਲੇ, ਹਰ ਘੜੀ ਆਪਣੇ ਅੰਦਰ ਪ੍ਰਮਾਤਮਾ ਨੂੰ ਹੀ ਸਿਮਰਦਾ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜਿਆ ਰਹਿੰਦਾ ਹੈ ਜਿਸ ਗਿਆਨ ਦੁਆਰਾ ਉਹ ਮਨੁੱਖ ਨੂੰ ਅਹੰਬੁਧਿ ਵਿਚੋਂ ਕੱਢ ਲੈਂਦਾ ਹੈ, ਮਾਇਆ ਮੋਹ ਵਾਲੀ ਬਿਰਤੀ ਵਿਚੋਂ ਕੱਢ ਲੈਂਦਾ ਹੈ। ਇਹੀ ਮਨੁੱਖ ਦੇ ਅੰਦਰ ਪ੍ਰਮਾਤਮਾ ਦੇ ਨਾਲ ਧਿਆਨ ਦਾ ਜੁੜਨਾ ਹੈ ਜੋ ਧਿਆਨ ਪ੍ਰਮਾਤਮਾ ਦੇ ਨਾਲ ਹਰ ਵੇਲੇ ਜੁੜਿਆ ਰਹਿੰਦਾ ਹੈ ਤੇ ਇਹੀ ਸਾਡੇ ਅੰਦਰ ਸਹਜ ਰੂਪ ਸਮਾਧਿ ਦਾ ਲਗਣਾ ਹੈ। ਮਨ

ਦੇ ਅੰਦਰ ਇਹ ਅਵਸਥਾ ਹੀ ਪੂਰਨ ਪ੍ਰਸੰਨਤਾ ਦੀ ਅਵਸਥਾ ਹੈ ਤੇ ਪ੍ਰਮਾਤਮਾ ਦੀ ਖੁਸ਼ੀ ਵੀ ਮਨ ਦੀ ਇਸੇ ਅਵਸਥਾ ਦੁਆਰਾ ਹੁੰਦੀ ਹੈ ਕਿਉਂਕਿ ਇਸੇ ਅਵਸਥਾ ਦੁਆਰਾ ਮਨੁੱਖ ਪੂਰਨ ਸੱਚ ਦੁਆਰਾ ਵਿਚਰਦਾ ਹੈ। ਇਸ ਅਵਸਥਾ ਦੁਆਰਾ ਉਹ ਪ੍ਰਮਾਤਮਾ ਕੋਲੋਂ ਉਸ ਦੀ ਚਰਨ ਧੂੜਿ ਹੀ ਮੰਗਦਾ ਹੈ ਭਾਵ ਉਸ ਦੀ ਸੱਚੀ ਮਤਿ ਹੀ ਮੰਗਦਾ ਹੈ ਤੇ ਉਸ ਦੀ ਮਤਿ ਨਾਲ ਹੀ ਜੁੜਿਆ ਰਹਿੰਦਾ ਹੈ। (**ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥ ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ ॥੪॥**)

ਜਦ ਤਕ ਸਾਡੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ ਉਹ ਸਾਨੂੰ ਧਰਮ ਦੇ ਮਾਰਗ ਤੇ ਨਹੀਂ ਚਲਣ ਦਿੰਦੀ ਤੇ ਜਿਸ ਨੂੰ ਪ੍ਰਮਾਤਮਾ ਇਸ ਬਿਰਤੀ ਵਿਚੋਂ ਕੱਢ ਲੈਂਦਾ ਹੈ ਉਹੀ ਧਰਮ ਦੇ ਮਾਰਗ ਤੇ ਭਾਵ ਭਗਤੀ ਦੇ ਮਾਰਗ ਤੇ ਚੱਲ ਸਕਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥

ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥੫॥”

ਹੁਣ ਧਿਆਨ ਨਾਲ ਸਮਝੋ ਕਿ ਸਾਡੇ ਲਈ ਧਰਮ ਦਾ ਮਾਰਗ ਕੀ ਹੈ ਭਾਵ ਧਰਮ ਦਾ ਮਕਸਦ ਕੀ ਹੈ। ਜਦ ਤਕ ਸਾਡੇ ਅੰਦਰ ਮੋਹ ਹੈ, ਝੂਠ ਹੈ, ਮਾੜੀਆਂ

ਇਛਾਵਾਂ ਹਨ, ਤ੍ਰਿਸ਼ਨਾਵਾਂ ਹਨ ਇਹ ਸਭ ਸਾਨੂੰ ਵਿਕਾਰਾਂ ਵਿਚ ਰਖਦੀਆਂ ਹਨ ਭਾਵ ਇਹਨਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਜਿਸ ਨੂੰ ਪ੍ਰਮਾਤਮਾ ਇਹਨਾਂ ਵਿਚੋਂ ਕੱਢਦਾ ਹੈ, ਮਨ ਦੇ ਭਰਮ ਦੂਰ ਕਰਨ ਦੁਆਰਾ ਕੱਢਦਾ ਹੈ ਭਾਵ ਸੱਚੇ ਗਿਆਨ ਦੁਆਰਾ ਕੱਢਦਾ ਹੈ ਭਾਵ ਜਿਨ੍ਹਾਂ ਨੂੰ ਮਨ ਦੀ ਇਸ ਬਿਰਤੀ ਵਿਚੋਂ ਉਭਾਰ ਲੈਂਦਾ ਹੈ ਉਸ ਦੇ ਅੰਦਰ ਹੀ ਧਰਮ ਟਿਕਦਾ ਹੈ ਕਿਉਂਕਿ ਜਦ ਤਕ ਮਨੁੱਖ ਵਿਕਾਰ ਵਿਚ ਹੈ ਉਹ ਧਰਮ ਦੇ ਮਾਰਗ ਤੇ ਨਹੀਂ ਚਲ ਸਕਦਾ ਕਿਉਂਕਿ ਧਰਮ ਦਾ ਮਾਰਗ ਸਾਡੀ ਸੱਚੀ ਸੁੱਚੀ ਵਿਚਰਨ ਹੈ ਜੋ ਮਨ ਦੀ ਸ਼ੁਧੀ ਦੁਆਰਾ ਹੀ ਹੋ ਸਕਦੀ ਹੈ ਭਾਵ ਮਾੜੇ ਕਰਮ ਛਡਣ ਦੁਆਰਾ ਹੀ ਹੋ ਸਕਦੀ ਹੈ। (**ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥ ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥੫॥**)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ - ੧੧੯੮)

{ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥}

(ਅੰਗ - ੧੪੧੪)

ਸਾਡਾ ਅਸਲ ਧਨ ਭਾਵ ਨਾਮ ਧਨ ਇਹ ਸੱਚੀ ਸਮਝ ਦਾ ਧਨ ਹੀ ਹੈ, ਮਨ ਦੇ ਵਿਚ ਗੁਣਾਂ ਰੂਪ ਵਾਲੀ ਮਤਿ ਹੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ ॥

ਖਲ ਮੁਗਧ ਮੂੜ ਕਟਾਖ੍ਹ ਸ੍ਰੀਧਰ ਭਏ ਗੁਣ ਮਤਿ ਧੀਰ ॥੬॥”

ਉਪਰਲੇ ਪਦੇ ਰਾਹੀਂ ਸਾਡੀ ਮਾੜੀ ਮਤਿ ਤੇ ਚੰਗੀ ਮਤਿ ਵਿਚ ਫਰਕ ਹੀ ਸਮਝਾਇਆ ਹੋਇਆ ਹੈ। ਸਾਡੇ ਮਨ ਦੀ ਅਮੀਰੀ ਤੇ ਗਰੀਬੀ ਸਮਝਾਈ ਹੋਈ ਹੈ। ਜਦ ਤਕ ਅਸੀਂ ਮਾਇਆ ਮੋਹ ਵਾਲੀ ਮਾੜੀ ਮਤਿ ਵਿਚ ਹਾਂ ਤਦ ਤਕ ਅਸੀਂ ਅਤਿ ਗਰੀਬ ਹਾਂ ਭਾਵ ਤਦ ਤੱਕ ਅਸੀਂ ਇਸ ਤਨ ਤੇ ਕਪੜਾ ਲੈਣ ਜੋਗੇ ਵੀ ਨਹੀਂ ਹਾਂ ਭਾਵ ਇਹ ਤਨ ਨੂੰ ਢੱਕਣ ਜੋਗੇ ਨਹੀਂ ਹਾਂ ਭਾਵ ਇਸ ਤਨ ਨੂੰ ਬਚਾਣ ਜੋਗੇ ਨਹੀਂ ਹਾਂ ਜਿਸ ਦਾ ਕਾਰਣ ਸਾਡੇ ਮਨ ਦੀ ਨਾਸਮਝੀ ਹੈ ਜਿਸ ਦੁਆਰਾ ਅਸੀਂ ਆਪਣੇ ਜੀਵਨ ਨੂੰ ਵਿਅਰਥ ਕਰਦੇ ਹਾਂ, ਦੁਖਾਂ ਵਿਚ ਰਹਿੰਦੇ ਹਾਂ। ਜਿਸ ਨੂੰ ਪ੍ਰਮਾਤਮਾ ਧਨਾਢ ਬਣਾਉਂਦਾ ਹੈ, ਆਪਣਾ ਖਜਾਨਾ ਬਖਸ਼ਦਾ ਹੈ, ਨਾਮ ਰੂਪ ਖਜਾਨਾ ਬਖਸ਼ਦਾ ਹੈ, ਉਹ ਸੱਚੇ ਗਿਆਨ ਦਾ ਖਜਾਨਾ ਹੀ ਬਖਸ਼ਦਾ ਹੈ ਜਿਸ ਗਿਆਨ ਦੁਆਰਾ ਉਹ ਮਨੁੱਖ ਦੀ ਅਤਿ ਦੀ ਅਗਿਆਨਤਾ, ਮੂਰਖਤਾ ਦੂਰ ਕਰਦਾ ਹੈ ਜੋ ਸਾਡੇ ਅੰਦਰ ਮਾੜੀ ਮਤਿ ਨੂੰ ਪਾਲਦੇ ਰਹਿੰਦੇ ਹਨ, ਮਾਇਆ ਮੋਹ ਵਿਚ ਰੱਖਦੇ ਹਨ ਭਾਵ ਉਹ ਸਾਡੀ ਅਉਗਣਾਂ ਵਾਲੀ ਮਤਿ ਨੂੰ ਗੁਣਾਂ ਵਾਲੀ ਮਤਿ ਦੇ ਵਿਚ ਬਦਲ ਦਿੰਦਾ ਹੈ ਜਿਸ ਦੁਆਰਾ ਮਨੁੱਖ ਮਨ ਦੇ

ਧੀਰਜ ਵਿਚ ਆ ਜਾਂਦਾ ਹੈ ਭਾਵ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ

40/5058

ਸੰਤੋਖ ਵਾਲੀ ਬਿਰਤੀ ਵਿਚ ਆ ਜਾਂਦਾ ਹੈ। ਇਹ ਗੁਣਾਂ ਵਾਲੀ ਮਤਿ ਦਾ ਸਾਡੇ ਅੰਦਰ ਟਿਕਣਾ ਹੀ **"ਹਰਿ ਨਿਧਿ"** ਹੈ ਭਾਵ ਪ੍ਰਮਾਤਮਾ ਦਾ ਆਪਣਾ ਬਖਸ਼ਿਆ ਹੋਇਆ ਖਜਾਨਾ ਹੈ ਜਿਸ ਮਤਿ ਦੁਆਰਾ ਉਹ ਸਾਨੂੰ ਅਉਗਣਾਂ ਵਿਚੋਂ ਕੱਢਦਾ ਹੈ, ਸਾਨੂੰ ਮਨ ਦੀ ਮੂਰਖਤਾ ਵਿਚੋਂ, ਮਨ ਦੀ ਅਗਿਆਨਤਾ ਵਿਚੋਂ ਕੱਢਦਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਇਸ ਅਵਸਥਾ ਦੁਆਰਾ ਹੀ ਹੁੰਦੀ ਹੈ ਜਦੋਂ ਮਨੁੱਖ ਮਨ ਦੀ ਸੰਤੋਖ ਵਾਲੀ ਬਿਰਤੀ ਦੁਆਰਾ, ਗੁਰੂ ਦੇ ਦੱਸੇ ਹੋਏ ਗੁਣਾਂ ਵਾਲੀ ਬਿਰਤੀ ਦੁਆਰਾ ਵਿਚਰਦਾ ਹੈ। ਸਾਡੀ ਇਹੋ ਜਿਹੀ ਵਿਚਰਨ ਹੀ ਨਾਮ ਧਨ ਨੂੰ ਖਰਚਨਾ ਹੈ। (**ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ॥ ਖਲ ਮੁਗਧ ਮੂੜ ਕਟਾਖ੍ ਸ੍ਰੀਧਰ ਭਏ ਗੁਣ ਮਤਿ ਧੀਰ ॥੬॥**)

{ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥
ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥
ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥}

(ਅੰਗ - ੭੫੬)

{ਮਾਇਆ ਮੋਹੁ ਜਗਤੁ ਗੁਬਾਰਾ ॥ ਗੁਰਮੁਖਿ ਬੂਝੈ ਕੋ ਵੀਚਾਰਾ ॥
ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥
ਆਪੇ ਮੇਲੇ ਦੇ ਵਡਿਆਈ ॥ ਗੁਰ ਪਰਸਾਦੀ ਕੀਮਤਿ ਪਾਈ ॥
ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ ॥੩॥
ਹਉਮੈ ਮਾਇਆ ਵਿਚੇ ਪਾਈ ॥ ਮਨਮੁਖ ਭੂਲੇ ਪਤਿ ਗਵਾਈ ॥
ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥
ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥}

(ਅੰਗ ੧੦੪੩-੧੦੪੪)

{ਮਾਇਆ ਲਹਰਿ ਸਬਦਿ ਨਿਵਾਰੀ ॥ ਇਹੁ ਮਨੁ ਨਿਰਮਲੁ ਹਉਮੈ ਮਾਰੀ ॥
ਸਹਜੇ ਗੁਣ ਗਾਵੈ ਰੰਗਿ ਰਾਤਾ ਰਸਨਾ ਰਾਮੁ ਰਵੀਜੈ ਹੇ ॥੩॥
ਮੇਰੀ ਮੇਰੀ ਕਰਤ ਵਿਹਾਣੀ ॥ ਮਨਮੁਖਿ ਨ ਬੂਝੈ ਫਿਰੈ ਇਆਣੀ ॥
ਜਮਕਾਲੁ ਘੜੀ ਮੁਹਤੁ ਨਿਹਾਲੇ ਅਨਦਿਨੁ ਆਰਜਾ ਛੀਜੈ ਹੇ ॥੪॥
ਅੰਤਰਿ ਲੋਭੁ ਕਰੈ ਨਹੀ ਬੂਝੈ ॥ ਸਿਰ ਊਪਰਿ ਜਮਕਾਲੁ ਨ ਸੂਝੈ ॥
ਐਥੈ ਕਮਾਣਾ ਸੁ ਅਗੈ ਆਇਆ ਅੰਤਕਾਲਿ ਕਿਆ ਕੀਜੈ ਹੇ ॥੫॥
ਜੋ ਸਚਿ ਲਾਗੇ ਤਿਨ ਸਾਚੀ ਸੋਇ ॥ ਦੂਜੈ ਲਾਗੇ ਮਨਮੁਖਿ ਰੋਇ ॥
ਦੁਹਾ ਸਿਰਿਆ ਕਾ ਖਸਮੁ ਹੈ ਆਪੇ ਆਪੇ ਗੁਣ ਮਹਿ ਭੀਜੈ ਹੇ ॥੬॥
ਗੁਰ ਕੈ ਸਬਦਿ ਸਦਾ ਜਨੁ ਸੋਹੈ ॥ ਨਾਮ ਰਸਾਇਣਿ ਇਹੁ ਮਨੁ ਮੋਹੈ ॥
ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥}

(ਅੰਗ - ੧੦੪੯)

ਇਹ ਸਾਡੇ ਅੰਦਰ ਦੀ ਮਾਇਆ ਹਮੇਸ਼ਾ ਸਾਡੇ ਨਾਲ ਹੀ ਰਹਿੰਦੀ ਹੈ। ਅਨੇਕਾਂ ਜੋਗੀ ਆਦਿ ਘਰ ਬਾਰ ਛੱਡ ਕੇ ਜੰਗਲਾਂ ਆਦਿ ਵਿਚ ਜਾਂਦੇ ਹਨ ਜੋ ਕਿ ਆਪਣੇ ਵਲੋਂ ਸੰਸਾਰੀ ਮਾਇਆ ਤੋਂ ਨਿਰਲੇਪ ਹੋ ਕੇ ਜਾਂਦੇ ਹਨ। ਜਿਸ ਮਾਇਆ ਕਰਕੇ ਮਨੁੱਖ ਪਰੇਸ਼ਾਨ ਹੁੰਦਾ ਹੈ ਉਹ ਮਾਇਆ ਤਾਂ ਨਾਲ ਹੀ ਰਹਿੰਦੀ ਹੈ ਭਾਵ ਸਾਡੀ ਭਰਮ ਵਾਲੀ ਮਤਿ ਤਾਂ ਨਾਲ ਹੀ ਰਹਿੰਦੀ ਹੈ ਤੇ ਉਹੀ ਸਾਨੂੰ ਇਧਰ ਉਧਰ ਭਟਕਾਂਦੀ ਹੈ। ਅਸੀਂ ਇਸ ਮਾਇਆ ਤੋਂ ਛੁਟਕਾਰਾ ਪਾਉਣਾ ਹੈ ਭਾਵ ਮਨ ਦੀ ਮਾਇਆ ਤੋਂ ਛੁਟਕਾਰਾ ਪਾਉਣਾ ਹੈ ਜੋ ਸਾਡੇ ਮਨ ਦਾ ਬੰਧਨ ਹੈ। ਸੰਸਾਰੀ ਮਾਇਆ ਤਾਂ ਸਾਡੇ ਲਈ ਜਰੂਰੀ ਹੈ ਤੇ ਉਸ ਨੂੰ ਕਮਾਉਣਾ ਕੇਵਲ ਸੱਚ ਤੇ ਚੱਲਕੇ ਹੈ। ਸੱਚ ਤੇ ਚਲ ਕੇ ਅਸੀਂ ਜੋ ਵੀ ਕਮਾਉਂਦੇ ਹਾਂ ਉਹ ਮਾਇਆ ਸਾਡੇ ਲਈ ਚੰਗੀ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਮਨ ਦੀ ਮਾਇਆ ਸਾਨੂੰ ਸੱਚ ਵਾਲੇ ਪਾਸੇ ਤੋਰੇ ਭਾਵ ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਸਾਡੇ ਅੰਦਰ ਦੀ ਮਾਇਆ ਸਾਨੂੰ ਭਰਮਾਂ ਵਿਚ ਪਾ ਕੇ ਭਗਤੀ ਦੇ ਝੂਠੇ ਮਾਰਗ ਤੇ ਤੋਰਦੀ ਹੈ ਤੇ ਕੇਵਲ ਸਾਨੂੰ ਖੁਆਰ ਕਰਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ

40/5059

ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਹੋਇ ਅਉਧੂਤ ਬੈਠੇ ਲਾਇ ਤਾਰੀ ॥ ਜੋਗੀ ਜਤੀ ਪੰਡਿਤ ਬੀਚਾਰੀ ॥
ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ ਊਠਿ ਤਿਨਾ ਕੈ ਲਾਗੀ ਪਲੀਆ ॥੪॥
ਕਾਟੇ ਬੰਧਨ ਠਾਕੁਰਿ ਜਾ ਕੇ ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥
ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥੨॥੧੮॥”

(ਅੰਗ - ੧੦੦੪)

ਇਹ ਪੂਰਾ ਸ਼ਬਦ ਮਾਇਆ ਨਾਲ ਜੁੜਿਆ ਹੋਇਆ ਸ਼ਬਦ ਹੀ ਹੈ। ਉਪਰ ਸ਼ਬਦ ਰਾਹੀਂ ਜੋ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਸਮਝਦੇ ਹਨ ਭਾਵੇਂ ਉਹ ਆਪਣੇ ਆਪ ਨੂੰ ਜਿਤਨੇ ਵੀ ਸਿਆਣੇ ਸਮਝਦੇ ਹਨ ਪਰ ਇਸ ਮਾਇਆ ਤੋਂ ਬਾਹਰ ਕੋਈ ਵੀ ਨਹੀਂ ਭਾਵ ਹਰ ਕੋਈ ਮਾਇਆ ਦੇ ਬੰਧਨ ਵਿਚ ਹੈ। ਜਿਤਨੇ ਵੀ ਇਹੋ ਜਿਹੀ ਭਗਤੀ ਵਾਲੇ ਹਨ ਉਹ ਹੋਰ ਕੋਈ ਬਿਨਾ ਨਾਮ ਵਾਲਾ ਹੀ ਹੈ ਭਾਵ ਸੱਚਾ ਨਾਮ ਜਪਣ ਵਾਲਾ ਕੋਈ ਨਹੀਂ ਹੈ। ਨਾਮ ਸਾਡੇ ਮਨ ਦਾ ਮਾਇਆ ਬੰਧਨ ਕੱਟਣ ਲਈ ਹੈ ਭਾਵ ਅਗਿਆਨਤਾ ਰੂਪ ਬੰਧਨ ਕੱਟਣ ਲਈ ਹੈ। ਜਿਸ ਨੂੰ ਪ੍ਰਮਾਤਮਾ ਇਸ ਮਾਇਆ ਮੋਹ ਵਾਲੀ ਅਵਸਥਾ ਤੋਂ ਮੁਕਤਿ ਕਰਦਾ ਹੈ ਉਸ ਨੂੰ ਮਨ ਦੇ ਵਿਚ **“ਸਾਧਸੰਗਿ”** ਬਖਸ਼ਦਾ ਹੈ। ਪ੍ਰਮਾਤਮਾ ਆਪਣਾ ਨਾਮ ਸਾਧਸੰਗਿ ਵਾਲੀ ਅਵਸਥਾ ਵਿਚ ਹੀ ਬਖਸ਼ਦਾ ਹੈ ਜੋ ਕਿ ਮਨ ਦੇ ਵਿਚ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ, ਸ਼ਬਦ ਦੇ ਵਿਚਾਰਾਂ ਦੇ ਨਾਲ ਸੰਗਤਿ ਹੈ। ਅਸੀਂ ਇਸ ਮਨ ਦੀ ਮਾਇਆ ਤੋਂ ਮੁਕਤੀ ਪਾਉਣੀ ਹੈ ਜਿਸ ਤੋਂ ਮੁਕਤਿ ਹੋਏ ਬਿਨਾ ਵਿਅਰਥ ਵਿਚ ਹੀ ਆਪਣੇ ਆਪ ਨੂੰ ਭਗਤੀ ਸਮਝਣ ਵਾਲੇ ਇਧਰ ਉਧਰ ਭਟਕਦੇ ਫਿਰਦੇ ਹਨ ਤੇ ਆਪਣੀ ਖੁਆਰੀ ਹੀ ਕਰਦੇ ਹਨ। (**ਹੋਇ ਅਉਧੂਤ ਬੈਠੇ ਲਾਇ ਤਾਰੀ॥ ਜੋਗੀ ਜਤੀ ਪੰਡਿਤ ਬੀਚਾਰੀ ॥ ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ ਊਠਿ ਤਿਨਾ ਕੈ ਲਾਗੀ ਪਲੀਆ ॥੪॥ ਕਾਟੇ ਬੰਧਨ ਠਾਕੁਰਿ ਜਾ ਕੇ ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥ ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥੨॥੧੮॥**)

{ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥
ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥
ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ ॥੩॥}

(ਅੰਗ - ੮੦੦)

ਸਾਰੀ ਬਾਣੀ ਰਾਹੀਂ ਬਾਰ ਬਾਰ ਮਾਇਆ ਮੋਹ ਦੀ ਗੱਲ ਕੀਤੀ ਹੋਈ ਹੈ ਤੇ ਉਪਰ ਕੁਝ ਸ਼ਬਦਾਂ ਦੀ ਵਿਆਖਿਆ ਦੁਆਰਾ ਅਸੀਂ ਹੁਣ ਇਹ ਗੱਲ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਮਾਇਆ ਮੋਹ ਸਾਡੇ ਅੰਦਰ ਦੀ ਅਗਿਆਨਤਾ ਹੈ ਇਸ ਕਰਕੇ ਅਸੀਂ ਧਰਮ ਦੇ ਮਾਰਗ ਨੂੰ ਸਮਝਣ ਵਿਚ ਭਰਮ ਵਿਚ ਪਏ ਰਹਿੰਦੇ ਹਾਂ ਤੇ ਉਹ ਕੁਝ ਕਰੀ ਜਾਂਦੇ ਹਾਂ ਜੋ ਧਰਮ ਦਾ ਮਾਰਗ ਹੈ ਹੀ ਨਹੀਂ। ਧਰਮ ਦਾ ਮਾਰਗ ਕੇਵਲ ਸਾਡੀ ਸੱਚੀ ਕਰਣੀ ਹੈ ਜਿਸ ਵਿਚ ਰੁਕਾਵਟ ਸਾਡੇ ਅੰਦਰ ਦਾ ਮਾਇਆ ਮੋਹ ਹੈ ਤੇ ਇਸ ਮਾਇਆ ਮੋਹ ਦਾ ਹਲ ਕੇਵਲ ਤੇ ਕੇਵਲ ਗੁਰੂ ਦਾ ਸੱਚਾ

40/5060

ਗਿਆਨ ਹੈ। ਸਾਰੀ ਅਹਿਮੀਅਤ ਗੁਰੂ ਦੇ ਗਿਆਨ ਦੀ ਹੈ ਤੇ ਗੁਰੂ ਦੇ ਗਿਆਨ ਨਾਲ ਜੁੜੇ ਬਿਨਾ ਭਾਵ ਉਸ ਨੂੰ ਅਪਣਾਏ ਬਿਨਾ ਕੋਈ ਇਸ ਮਾਇਆ ਮੋਹ ਵਿਚੋਂ ਨਹੀਂ ਨਿਕਲ ਸਕਦਾ ਤੇ ਨਾ ਹੀ ਸੱਚੇ ਧਰਮ ਦੇ ਮਾਰਗ ਤੇ ਚੱਲ ਸਕਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

ਵਡਹੰਸੁ ਮਹਲਾ ੩ ॥

“ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥
ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥ ਮਨ ਮੇਰੇ ਗੁਰਮਤਿ ਕਰਣੀ ਸਾਰੁ ॥
ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥
ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥ ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥
ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥
ਸਤਿਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ ॥੩॥
ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥
ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ ॥੪॥੩॥”

(ਅੰਗ - ੫੫੯)

ਸਾਨੂੰ ਹੁਣ ਇਸ ਗੱਲ ਦੀ ਸਮਝ ਹੈ ਕਿ ਪ੍ਰਮਾਤਮਾ ਨੇ ਪੂਰੇ ਸੰਸਾਰ ਵਿਚ ਹਰ ਕਿਸੇ ਨੂੰ ਮਾਇਆ ਮੋਹ ਵਾਲੀ ਬਿਰਤੀ ਵਿਚ ਰੱਖਿਆ ਹੋਇਆ ਹੈ ਤੇ ਸਾਡੇ ਅੰਦਰ ਦਾ ਇਹ ਮਾਇਆ ਮੋਹ ਸਾਡਾ **“ਗੁਬਾਰੁ”** ਹੈ ਭਾਵ ਸਾਡੇ ਅੰਦਰ ਦਾ ਹਨੇਰਾ ਹੈ, ਅਗਿਆਨਤਾ ਰੂਪ ਹਨੇਰਾ ਹੈ ਜਿਸ ਅਗਿਆਨਤਾ ਨੂੰ ਕੱਢਣ ਲਈ ਸਾਨੂੰ ਮਨ ਦੇ ਚਾਨਣ ਦੀ ਲੋੜ ਹੈ, ਮਨ ਦੇ ਵਿਚ ਪ੍ਰਕਾਸ਼ ਦੀ ਲੋੜ ਹੈ ਜੋ ਕਿ ਸਾਡੇ ਆਪਣੇ ਕੋਲ ਨਹੀਂ ਹੈ। ਸਾਡੇ ਅੰਦਰ ਪ੍ਰਕਾਸ਼ ਕਰਨ ਦਾ ਸਾਧਨ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਕਿਉਂਕਿ ਗੁਰੂ ਆਪਣੇ ਗਿਆਨ ਰਾਹੀਂ ਹੀ ਉੱਚਾ ਹੈ। ਗੁਰੂ ਆਪ ਚਉਥੇ ਪਦ ਦੇ ਗਿਆਨ ਰਾਹੀਂ ਉੱਚਾ ਹੈ ਤੇ ਸਾਰਾ ਸੰਸਾਰ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਹੈ। ਗੁਰੂ ਦੇ ਵਿਚ ਤੇ ਆਮ ਮਨੁੱਖ ਵਿਚ ਕੇਵਲ ਇਸੇ ਗੱਲ ਦਾ ਹੀ ਭੇਦ ਹੈ ਭਾਵ ਮਨ ਦੀ ਅਵਸਥਾ ਦਾ ਹੀ ਫਰਕ ਹੈ, ਮਨ ਦੀ ਸਮਝ ਦਾ ਹੀ ਫਰਕ ਹੈ। ਮਾਇਆ ਮੋਹ ਵਾਲੀ, ਤ੍ਰੈਗੁਣਾਂ ਵਾਲੀ ਅਵਸਥਾ ਸਾਨੂੰ ਭਰਮਾਂ ਵਿਚ ਹੀ ਰਖਦੀ ਹੈ ਜਿਸ ਨੂੰ ਕੇਵਲ ਤੇ ਕੇਵਲ ਗੁਰੂ ਦਾ ਗਿਆਨ ਹੀ ਦੂਰ ਕਰ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਗੁਰੂ ਆਪ ਪ੍ਰਮਾਤਮਾ ਹੈ ਜਿਸ ਨੇ ਸਾਡੇ ਅੰਦਰ ਮਾਇਆ ਮੋਹ ਵਾਲੀ ਅਵਸਥਾ ਪਾਈ ਹੋਈ ਹੈ ਤੇ ਕੇਵਲ ਉਹ ਆਪ ਹੀ ਸਾਨੂੰ ਇਸ ਅਵਸਥਾ ਵਿਚੋਂ ਕੱਢ ਸਕਦਾ ਹੈ। ਪੂਰੀ ਗੁਰਬਾਣੀ ਰਾਹੀਂ ਸ਼ਬਦਾਂ ਦੁਆਰਾ ਪ੍ਰਮਾਤਮਾ ਨੇ ਆਪਣਾ ਗੁਰੂ ਰੂਪ ਧਾਰ ਕੇ, ਭਗਤ ਰੂਪ ਧਾਰ ਕੇ ਸ਼ਬਦਾਂ ਰਾਹੀਂ ਸਾਨੂੰ ਗਿਆਨ ਹੀ ਦਿੱਤਾ ਹੈ ਤੇ ਹੋਰ ਸ਼ਬਦ ਦਾ ਕੋਈ ਮਕਸਦ ਨਹੀਂ ਹੈ। ਜੇਕਰ ਅਸੀਂ ਸ਼ਬਦ ਦੇ ਗਿਆਨ ਨੂੰ ਅਪਨਾਵਾਂਗੇ ਭਾਵ ਸ਼ਬਦ ਦੇ ਨਾਲ ਜੁੜਾਂਗੇ ਤੇ ਤਾਂ ਹੀ ਮਾਇਆ ਮੋਹ ਰੂਪ ਅਗਿਆਨਤਾ ਵਿਚੋਂ ਨਿਕਲਾਂਗੇ, ਦੂਜੀ ਮਤਿ ਵਿਚੋਂ ਨਿਕਲਾਂਗੇ ਭਾਵ ਗੁਰਮਤਿ ਤੋਂ ਵੱਖਰੀ ਮਤਿ ਵਿਚੋਂ ਨਿਕਲਾਂਗੇ ਜੋ ਸਾਨੂੰ ਮਨ ਦੀ ਮਾੜੀ ਸਮਝ ਰਾਹੀਂ ਬਰਬਾਦ ਕਰ ਰਹੀ ਹੈ ਭਾਵ ਸਾਡਾ ਜੀਵਨ ਖਰਾਬ ਕਰ ਰਹੀ ਹੈ। (**ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥ ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥**)

40/5061

ਸ਼ਬਦ ਦੇ ਨਾਲ ਲੱਗਣਾ ਕੀ ਹੈ ਇਸ ਨੂੰ ਅਸੀਂ ਕੁਝ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। **{ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥}** ਅੰਗ ੧੦੪੫

ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਗੁਰਮਤਿ ਰੂਪ ਸੱਚਾ ਗਿਆਨ ਦੇਣਾ ਹੀ ਹੈ ਤਾਂ ਜੋ ਅਸੀਂ ਭਰਮ ਵਾਲੀ ਮਤਿ ਵਿਚੋਂ, ਮਨਮਤਿ ਵਾਲੀ ਮਤਿ ਵਿਚੋਂ ਨਿਕਲਕੇ ਆਪਣੇ ਜੀਵਨ ਦੇ ਸਹੀ ਮਾਰਗ ਨੂੰ ਸਮਝੀਏ, ਭਗਤੀ ਦੇ ਮਾਰਗ ਨੂੰ ਸਮਝੀਏ। ਗੁਰੂ ਦਾ ਸ਼ਬਦ ਸਾਨੂੰ ਕਿਹੋ ਜਿਹੀ ਸੋਝੀ ਪਾਉਂਦਾ ਹੈ ਤੇ ਕਿਸ ਮਕਸਦ ਲਈ ਪਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਮਨ ਮੇਰੇ ਗੁਰਮਤਿ ਕਰਣੀ ਸਾਰੁ ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥”

ਗੁਰੂ ਦਾ ਸ਼ਬਦ, ਗੁਰੂ ਦਾ ਗਿਆਨ ਸਾਨੂੰ ਸਾਡੇ ਜੀਵਨ ਦਾ ਮਾਰਗ ਦਿਖਾਉਣ ਲਈ ਹੀ ਹੈ ਤੇ ਉਸ ਦਾ ਹੋਰ ਕੋਈ ਮਕਸਦ ਨਹੀਂ ਹੈ ਭਾਵ ਸ਼ਬਦ ਨੂੰ ਕਥੀ ਜਾਣ ਨਾਲ ਸ਼ਬਦ ਦਾ ਮਕਸਦ ਪੂਰਾ ਨਹੀਂ ਹੁੰਦਾ। ਸ਼ਬਦ ਦਾ ਮਕਸਦ ਸਾਨੂੰ ਸਾਡੀ ਕਰਣੀ ਸਮਝਾਉਣ ਨਾਲ ਹੈ ਤੇ ਸਾਡੀ ਕਰਣੀ ਕਿਹੋ ਜਿਹੀ ਹੋਣੀ ਚਾਹੀਦੀ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਕਿਹੋ ਜਿਹੀ ਹੋਣੀ ਚਾਹੀਦੀ ਹੈ। ਸਾਡੀ ਉੱਤਮ ਕਰਣੀ ਜੀਵਨ ਦਾ ਅਸਲ ਮਾਰਗ ਹੈ ਜੋ ਸਾਡੇ ਅੰਦਰ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੋ ਸਕਦੀ ਹੈ ਭਾਵ ਮਾਇਆ ਮੋਹ ਤੋਂ, ਵਿਕਾਰਾਂ ਤੋਂ ਰਹਿਤ ਹੋ ਕੇ ਹੋ ਸਕਦੀ ਹੈ। ਗੁਰਮਤਿ ਦਾ ਸਾਡਾ ਜੀਵਨ ਵਿਚ ਇਹੀ ਮਕਸਦ ਹੈ ਕਿ ਅਸੀਂ ਆਪਣੀ ਕਰਣੀ ਨੂੰ ਚੰਗਾ ਕਰੀਏ। (**ਮਨ ਮੇਰੇ ਗੁਰਮਤਿ ਕਰਣੀ ਸਾਰੁ ॥**) ਗੁਰਮਤਿ ਸਾਡੇ ਅੰਦਰ ਤਾਂ ਹੀ ਵਸੇਗੀ ਜੇਕਰ ਅਸੀਂ ਗੁਰਮਤਿ ਰੂਪ ਗਿਆਨ ਲੈ ਕੇ ਆਪਣੇ ਅੰਦਰੋਂ ਸਾਰੇ ਵਿਕਾਰਾਂ ਨੂੰ ਮਾਰਾਂਗੇ।

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ - ੧੪੧੪)

ਜੋ ਮਨੁੱਖ ਗੁਰਮਤਿ ਹੀਨ ਹੈ ਉਹੀ ਨਾਮ ਹੀਨ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਭਾਵ ਜੋ ਮਨੁੱਖ ਮਾੜੇ ਕਰਮ ਕਰਦਾ ਹੈ ਉਹ ਨਾਮ ਹੀਨ ਹੈ। ਮਾੜੇ ਕਰਮ ਕਰਨ ਵਾਲਾ ਹੀ ਗੁਰੂ ਪ੍ਰਮਾਤਮਾ ਦੇ ਘਰ ਵਿਚ ਨਕਟਾ ਅਖਵਾਉਂਦਾ ਹੈ ਭਾਵ ਬੇਇੱਜ਼ਤ ਹੁੰਦਾ ਹੈ। ਗੁਰਮਤਿ ਦਾ ਮਕਸਦ ਸਾਨੂੰ ਇੱਜਤ ਵਾਲਾ ਜੀਵਨ ਬਖਸ਼ਣ ਦਾ ਹੈ ਜੋ ਕਿ ਸਾਡੇ ਚੰਗੇ ਕਰਮ ਕਰਨ ਦੁਆਰਾ ਮਿਲਦੀ ਹੈ। ਅਸੀਂ ਕੇਵਲ ਕਥਨੀ ਦੁਆਰਾ ਇੱਜਤ ਪਾਉਣੀ ਚਾਹੁੰਦੇ ਹਾਂ ਜਿਸ ਦੁਆਰਾ ਅਸੀਂ

ਦੁਨਿਆਵੀ ਇੱਜਤ ਪਾ ਸਕਦੇ ਹਾਂ, ਲੋਕਾਂ ਦੀ ਨਾਸਮਝੀ ਕਰਕੇ ਇੱਜਤ ਪਾ ਸਕਦੇ ਹਾਂ ਪਰ ਜੇਕਰ ਸਾਡੀ ਦੁਨਿਆਵੀ ਵਿਚਰਨ ਮਾੜੀ ਹੈ ਤਾਂ ਕਥਨੀ ਦੀ ਗੁਰੂ ਘਰ ਵਿਚ ਕੋਈ ਇੱਜਤ ਨਹੀਂ ਹੈ ਭਾਵ ਗੁਰੂ ਦੀਆਂ ਨਜਰਾਂ ਵਿਚ ਇਹ ਕੇਵਲ ਪਾਖੰਡ ਹੈ ਹੋਰ ਕੁਝ ਵੀ ਨਹੀਂ। (**ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥**) ਅੰਗ - ੧੩੪੩

ਗੁਰਮਤਿ ਅਨੁਸਾਰ ਉੱਤਮ ਕਰਣੀ ਕਰਨਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਮਨ ਮੇਰੇ ਗੁਰਮਤਿ ਕਰਣੀ ਸਾਰੁ ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥”

ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਗੁਰਮਤਿ ਅਨੁਸਾਰ ਚੰਗੀ ਕਰਨੀ ਕਰਨਾ ਹੀ ਸਦਾ ਸਦਾ ਭਾਵ ਹਰ ਵੇਲੇ ਉਸ ਪ੍ਰਮਾਤਮਾ ਨੂੰ ਜਪਣਾ ਹੈ, ਉਸ ਦਾ ਨਾਮ ਜਪਣਾ ਹੈ ਭਾਵ ਹਰ ਵੇਲੇ ਗੁਰੂ ਦੀ ਸੱਚੀ ਮਤਿ ਨੂੰ, ਸੱਚ ਨੂੰ ਆਪਣੇ ਅੰਦਰ ਵੱਸਾ ਕੇ ਰਖਣਾ ਹੈ ਭਾਵ ਹਰ ਵੇਲੇ ਗੁਰੂ ਦੇ ਸੱਚੇ ਗਿਆਨ ਨਾਲ, ਸ਼ਬਦ ਦੀ ਵਿਚਾਰ ਨਾਲ ਜੁੜੇ ਰਹਿਣਾ ਹੈ। ਸ਼ਬਦ ਦੇ ਇਹ ਸੱਚੇ ਵਿਚਾਰ ਹੀ ਸਾਨੂੰ ਮਾਇਆ ਮੋਹ ਤੋਂ ਮੁਕਤਿ ਕਰਦੇ ਹਨ, ਹਰ ਭਰਮ ਤੋਂ ਮੁਕਤਿ ਕਰਦੇ ਹਨ ਭਾਵ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਾਉਂਦੇ ਹਨ ਜੋ ਕਿ ਅਉਗਣਾਂ ਵਿਚੋਂ ਨਿਕਲਕੇ ਗੁਣਾਂ ਦੁਆਰਾ ਵਿਚਰਨ ਦਾ ਹੈ, ਸੱਚੀ ਸੁਚੀ ਸੰਸਾਰਿਕ ਵਿਚਰਨ ਦਾ ਹੈ ਜੋ ਕਿ ਸਾਡੀ ਉੱਤਮ ਕਰਨੀ

ਹੈ, ਜੋ ਮਾਰਗ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਸੰਸਾਰ ਹਰ ਕਿਸੇ ਦੀ ਸੱਚੀ ਸੁੱਚੀ ਕਰਣੀ ਦੁਆਰਾ ਹੀ ਸੁਖੀ ਬਣ ਸਕਦਾ ਹੈ। (**ਮਨ ਮੇਰੇ ਗੁਰਮਤਿ ਕਰਣੀ ਸਾਰੁ ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥**)

ਸਾਡੀ ਉੱਤਮ ਕਰਣੀ ਕੇਵਲ ਗੁਣਾਂ ਵਾਲੇ ਬਣਕੇ ਹੀ ਹੋ ਸਕਦੀ ਹੈ ਤੇ ਉਹ ਗੁਣ ਸਾਡੇ ਅੰਦਰ ਕਿਵੇਂ ਆਉਂਦੇ ਹਨ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥ ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥”

40/5063

ਪ੍ਰਮਾਤਮਾ ਦੀ ਭਗਤੀ ਸਾਡੀ ਉੱਤਮ ਕਰਣੀ ਹੈ ਜਿਸਨੂੰ ਕਿ ਵਿਰਲਾ ਹੀ ਕੋਈ ਜਾਣ ਸਕਦਾ ਹੈ ਤੇ ਕੋਈ ਵਿਰਲਾ ਹੀ ਉਸ ਤੇ ਚਲ ਸਕਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਸਭ ਦੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ ਜਿਸ ਦੁਆਰਾ ਅਸੀਂ ਅਉਗਣਾਂ ਨਾਲ ਭਰੇ ਰਹਿੰਦੇ ਹਾਂ ਤੇ ਉਹਨਾਂ ਗੁਣਾਂ ਤੋਂ ਦੂਰ ਰਹਿੰਦੇ ਹਾਂ ਜਿੰਨ੍ਹਾਂ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਪ੍ਰਮਾਤਮਾ ਦੀ ਭਗਤੀ ਸਾਡੇ ਅੰਦਰੋਂ ਪੰਜੇ ਵਿਕਾਰ ਤਿਆਗਣ ਦੁਆਰਾ ਹੁੰਦੀ ਹੈ ਜੋ ਮਨੁੱਖ ਦੇ ਵੱਸ ਨਹੀਂ ਹੈ। ਹਰ ਕਿਸੇ ਨੇ ਆਪਣੇ ਬੇਬੁਨਿਆਦ ਭਗਤੀ ਦੇ ਤਰੀਕਿਆਂ ਨੂੰ ਆਪਣੇ ਗੁਣ ਹੀ ਸਮਝਿਆ ਹੋਇਆ ਹੈ, ਕਥਨੀ ਨੂੰ ਵੱਡਾ ਗੁਣ ਸਮਝਿਆ ਹੋਇਆ ਹੈ, ਝੂਠਾ ਨਾਮ ਜਪਣ ਨੂੰ ਵੱਡਾ ਗੁਣ ਸਮਝਿਆ ਹੋਇਆ ਹੈ, ਸਰੀਰਕ ਜਪਾਂ ਤਪਾਂ ਆਦਿ ਨੂੰ ਭਗਤੀ ਦੇ ਗੁਣ ਸਮਝਿਆ ਹੋਇਆ ਹੈ, ਤੀਰਥਾਂ ਆਦਿ ਜਾਣ ਨੂੰ ਭਗਤੀ ਦੇ ਗੁਣ ਸਮਝਿਆ ਹੋਇਆ ਹੈ ਤੇ ਹੋਰ ਵੀ ਅਨੇਕਾਂ ਹੀ ਤਰੀਕਿਆਂ ਨੂੰ ਭਗਤੀ ਦੇ ਗੁਣ ਸਮਝਿਆ ਹੋਇਆ ਹੈ ਜਿੰਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਗੁਣ ਕੇਵਲ ਉਹੀ ਹੈ ਜੋ ਗੱਲ ਗੁਰੂ ਦੀ ਮਤਿ ਅਨੁਸਾਰ ਹੈ। ਮਾਇਆ ਮੋਹ ਵਾਲੀ ਬਿਰਤੀ ਵਿਚ ਸਾਨੂੰ ਗੁਣ ਅਉਗੁਣ ਦੀ ਪਛਾਣ ਨਹੀਂ ਹੁੰਦੀ, ਸੱਚ ਝੂਠ ਦੀ ਪਛਾਣ ਨਹੀਂ ਹੁੰਦੀ। ਪ੍ਰਮਾਤਮਾ ਜਿਸਨੇ ਆਪ ਹੀ ਸਾਡੇ ਅੰਦਰ ਮਾਇਆ ਮੋਹ ਪਾਇਆ ਹੈ ਇਸ ਵਿਚੋਂ ਕੱਢਣ ਦਾ ਤਰੀਕਾ ਪੂਰਨ ਸੱਚ ਹੈ ਜੋ ਉਸਨੇ ਆਪ ਆਪਣੇ ਕੋਲ ਹੀ ਰੱਖਿਆ ਹੋਇਆ ਹੈ। ਪੂਰਨ ਸੱਚ ਹਰ ਭਰਮ ਤੋਂ ਰਹਿਤ ਹੈ ਜੋ ਕਿ ਚਉਥਾ ਪਦ ਹੈ। ਚਉਥੇ ਪਦ ਦੀ ਸਮਝ ਦੁਆਰਾ ਮਨੁੱਖ ਹਰ ਅਉਗਣ ਤੋਂ ਰਹਿਤ ਹੁੰਦਾ ਹੈ ਕਿਉਂਕਿ ਚਉਥਾ ਪਦ ਗੁਣਾਂ ਦਾ ਖਜਾਨਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਹ ਗੁਣਾਂ ਦੇ ਖਜਾਨੇ ਨਾਲ ਪ੍ਰਮਾਤਮਾ ਜਿਸ ਨੂੰ ਆਪ ਜੋੜਦਾ ਹੈ, ਮਨ ਦੇ ਗਿਆਨ ਰਾਹੀਂ ਜੋੜਦਾ ਹੈ ਉਹੀ ਸੱਚੇ ਗੁਣਾਂ ਦੀ ਪ੍ਰਾਪਤੀ ਕਰਦਾ ਹੈ ਭਾਵ ਇਹ ਕੇਵਲ ਤੇ ਕੇਵਲ ਗੁਰ ਪਰਸਾਦਿ ਹੈ। ਗੁਣਾਂ ਅਉਗਣਾਂ ਦੀ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਆਪਣੀ ਭਗਤੀ ਬਖਸ਼ਦਾ ਹੈ ਉਸ ਨੂੰ ਮਨ ਦੇ ਵਿਚ ਆਪਣੇ ਵਿਚਾਰਾਂ ਦੁਆਰਾ ਆਪ ਹੀ ਬਖਸ਼ਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ। ਕੋਈ ਵਿਰਲਾ ਹੀ ਇਸ ਗੁਣਾਂ ਦੇ ਖਜਾਨੇ ਦੀ ਪ੍ਰਾਪਤੀ ਕਰਦਾ ਹੈ। ਜਿੰਨ੍ਹਾਂ ਨੂੰ ਇਸ ਦੀ ਪ੍ਰਾਪਤੀ ਹੋਈ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਵਿਚ ਇਹ ਗੁਣਾਂ ਦਾ ਖਜਾਨਾ ਪਾਇਆ ਹੈ ਜੋ ਕਿ

40/5064

ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। (**ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥**) ਹੁਣ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਨਾਮ ਕੀ ਹੈ ਤੇ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਕੀ ਹੈ।

“ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥”

ਸਭ ਤੋਂ ਪਹਿਲੇ ਧਿਆਨ ਨਾਲ ਸਮਝੋ ਕਿ ਨਾਮ ਕੀ ਹੈ। ਗੁਣਾਂ ਦਾ ਖਜਾਨਾ ਹੀ ਨਾਮ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਵਿਚਰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਇਹ ਗੁਣਾਂ ਦਾ ਖਜਾਨਾ ਬਖਸ਼ਦਾ ਹੈ ਉਸ ਨੂੰ ਆਪਣਾ ਨਾਮ ਹੀ ਬਖਸ਼ਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਹੀ ਮੇਲ ਹੁੰਦਾ ਹੈ। ਪ੍ਰਮਾਤਮਾ ਆਪਣਾ ਇਹ ਖਜਾਨਾ ਜੋ ਕਿ ਉਸ ਦੇ ਸੱਚੇ ਗਿਆਨ ਦਾ ਖਜਾਨਾ ਹੈ, ਬ੍ਰਹਮਗਿਆਨ ਰੂਪ ਖਜਾਨਾ ਹੈ ਉਹ ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਬਖਸ਼ਦਾ ਹੈ। ਮਨ ਦੇ ਵਿਚ ਪ੍ਰਮਾਤਮਾ ਦੇ ਨਾਲ ਮੇਲ ਸ਼ਬਦਾਂ ਦੀ ਵਿਚਾਰ ਦੁਆਰਾ ਹੀ ਹੁੰਦਾ ਹੈ ਭਾਵ ਨਾਮ ਮਿਲਣ ਦੁਆਰਾ ਹੀ ਹੁੰਦਾ ਹੈ। ਜਿਸ ਨੂੰ ਪ੍ਰਮਾਤਮਾ ਆਪਣਾ ਨਾਮ ਨਹੀਂ ਦਿੰਦਾ, ਗੁਣਾਂ ਦਾ ਖਜਾਨਾ ਨਹੀਂ ਬਖਸ਼ਦਾ ਭਾਵ ਜੋ ਮਨੁੱਖ ਮਾਇਆ ਮੋਹ ਵਾਲੀ ਬਿਰਤੀ ਵਿਚ ਹੀ ਰਹਿੰਦਾ ਹੈ, ਅਉਗਣਾਂ ਵਿਚ ਹੀ ਰਹਿੰਦਾ ਹੈ ਉਹ ਹਰ ਕੋਈ ਪ੍ਰਮਾਤਮਾ ਦੇ ਨਾਲੋਂ ਮਨ ਦੇ ਭਰਮ ਵਾਲੇ ਵਿਚਾਰਾਂ ਰਾਹੀਂ ਵਿਛੁੜਿਆ ਹੀ

ਰਹਿੰਦਾ ਹੈ ਭਾਵ ਸਾਡੇ ਮਨ ਦੀ ਮਾੜੀ ਸਮਝ, ਭਰਮਾਂ ਵਾਲੀ ਸਮਝ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਮਨ ਦੀ ਗੁਰਮਤਿ ਰੂਪ ਉੱਚੀ ਸਮਝ, ਸ਼ਬਦਾਂ ਦੇ ਵਿਚਾਰ ਵਾਲੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਹੈ ਭਾਵ ਸਾਡਾ ਸਾਰਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਮਾਇਆ ਮੋਹ ਵਾਲੇ ਵਿਚਾਰਾਂ ਵਿਚੋਂ ਨਿਕਲੀਏ ਜਿਸ ਦੇ ਕਾਰਣ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ। (**ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥ ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥**)

ਸਾਡੇ ਅੰਦਰ ਇਹ ਮਾਇਆ ਮੋਹ ਹੀ ਭਾਵ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ ਹੀ ਸਾਨੂੰ ਮੈਂ ਵਿਚ ਰੱਖਦੀ ਹੈ ਭਾਵ ਹਉਮੈ ਵਿਚ ਰੱਖਦੀ ਹੈ ਭਾਵ ਨਾਮ ਤੋਂ ਦੂਰ ਰੱਖਦੀ ਹੈ। ਆਪਣੀ ਇਸ ਮਤਿ ਨੂੰ ਛੱਡੇ ਬਿਨਾ ਅਸੀਂ ਇਸ ਸੱਚੇ ਨਾਮ ਵਿਚ ਨਹੀਂ ਸਮਾ ਸਕਦੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥

ਸਤਿਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ ॥੩॥”

40/5065

“ਮੇਰੀ ਮੇਰੀ ਕਰਦੇ ਘਟਿ ਗਏ” ਤੋਂ ਭਾਵ ਹੈ ਜੋ ਆਪਣੀ ਮਤਿ ਨਾਲ ਹੀ ਜੁੜੇ ਰਹਿੰਦੇ ਹਨ ਭਾਵ ਆਪਣੀ ਮੈਂ ਵਾਲੀ ਮਤਿ ਦੇ ਨਾਲ ਜੁੜੇ ਰਹਿੰਦੇ ਹਨ ਭਾਵ ਜੋ ਗੁਰੂ ਦੀ ਮਤਿ ਨੂੰ ਨਹੀਂ ਅਪਨਾਉਂਦੇ ਭਾਵ ਜੋ ਆਪਣੀ ਮਤਿ ਅਨੁਸਾਰ ਹੀ ਬਣਾਏ ਹੋਏ ਭਗਤੀ ਦੇ ਤਰੀਕਿਆਂ ਨੂੰ ਅਪਨਾਉਂਦੇ ਹਨ ਜਿਵੇਂ ਕਿ ਹਰ ਪਾਸੇ ਇਹੀ ਕੁਝ ਹੋ ਰਿਹਾ ਹੈ ਭਾਵ ਜੋ ਆਪਣੀ ਸੱਚੀ ਸੁੱਚੀ ਕਰਨੀ ਨੂੰ ਨਾਮ ਜਪਣਾ ਨਹੀਂ ਸਮਝਦੇ, ਆਪਣੀ ਭਗਤੀ ਦਾ ਮਾਰਗ ਨਹੀਂ ਸਮਝਦੇ ਇਹੋ ਜਿਹੇ ਪ੍ਰਮਾਤਮਾ ਦੀਆਂ ਨਜਰਾਂ ਵਿਚ ਆਪਣੇ ਆਪ ਨੂੰ ਉੱਚਾ ਕਰਨ ਦੀ ਬਜਾਏ ਉਲਟਾ ਘਾਟੇ ਵਿਚ ਹੀ ਜਾਂਦੇ ਹਨ ਭਾਵ ਪ੍ਰਮਾਤਮਾ ਦੀਆਂ ਨਜਰਾਂ ਵਿਚ ਹੋਰ ਨੀਵੇਂ ਹੁੰਦੇ ਹਨ। ਇਹਨਾਂ ਗੱਲਾਂ ਨਾਲ ਸਾਡੀ ਹਉਮੈ ਹੀ ਵੱਧਦੀ ਹੈ ਭਾਵ ਸਾਡੀ ਨਾਮ ਦੇ ਨਾਲ ਵਿਰੋਧਤਾ ਵੱਧਦੀ ਹੈ ਭਾਵ ਮਨਮਤਿ ਦੀ ਗੁਰਮਤਿ ਨਾਲ ਵਿਰੋਧਤਾ ਵੱਧਦੀ ਹੈ। ਗੁਰਮਤਿ ਦੇ ਉਲਟ ਚਲਕੇ ਕਿਸੇ ਦੇ ਹੱਥ ਕੀ ਆਉਣਾ ਹੈ ਭਾਵ ਵਿਖਾਵੇ ਵਾਲੀ ਭਗਤੀ ਦਾ ਕੋਈ ਫਲ ਨਹੀਂ ਮਿਲ ਸਕਦਾ। ਨਾ ਹੀ ਆਪਣੀ ਮਤਿ ਤੇ ਚਲਕੇ ਅਜ ਤਕ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਤੇ ਨਾ ਹੀ ਹੋ ਸਕਦਾ ਹੈ। (**ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥**) ਪ੍ਰਮਾਤਮਾ ਦੇ ਨਾਲ ਮੇਲ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਤਿਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ ॥੩॥”

ਗੁਰੂ ਦਾ ਸਾਡੇ ਜੀਵਨ ਵਿਚ ਕੀ ਮਕਸਦ ਹੈ ਇਹੀ ਕੁਝ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਸਾਡੀ ਆਪਣੀ ਮਤਿ ਬਹੁਤ ਨੀਵੀਂ ਹੈ ਜੋ ਸਾਨੂੰ ਭਰਮਾਂ ਵਿਚ ਰੱਖਦੀ ਹੈ ਭਾਵ ਸੱਚ ਤੋਂ ਦੂਰ ਰਖਦੀ ਹੈ। ਗੁਰੂ ਦਾ ਮਕਸਦ ਸਾਨੂੰ ਸੱਚ ਸਮਝਾਉਣ ਲਈ ਹੀ ਹੈ। ਸੱਚ ਦੇ ਰੂਪ ਵਿਚ ਹੀ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ ਸੱਚ ਰੂਪ ਦੁਆਰਾ ਹੀ ਹਰ ਵੇਲੇ ਪ੍ਰਗਟ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਭਾਵ ਨਾਮ ਦੇ ਰੂਪ ਵਿਚ ਹੈ, ਬ੍ਰਹਮਗਿਆਨ ਦੇ ਰੂਪ ਵਿਚ ਹੈ, ਸ਼ਬਦ ਦੇ ਰੂਪ ਵਿਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ। ਅਸੀਂ ਇਸ ਸੱਚ ਦੇ ਨਾਲ ਮਿਲਣਾ ਹੈ ਜਿਸਨੂੰ ਕੇਵਲ ਤੇ ਕੇਵਲ ਆਪਣੀ ਭਰਮ ਵਾਲੀ ਮਤਿ ਛਡਣ ਦੁਆਰਾ ਮਿਲਿਆ ਜਾ ਸਕਦਾ ਹੈ। ਸਤਿਗੁਰ ਦੇ ਨਾਲ ਮਿਲਣਾ ਸਤਿਗੁਰ ਦੀ ਮਤਿ ਦੇ ਨਾਲ ਮਿਲਣਾ ਹੀ ਹੈ, ਸਤਿਗੁਰ ਦੇ ਬਚਨਾਂ ਦੇ ਨਾਲ ਮਿਲਣਾ ਹੀ ਹੈ ਤੇ ਉਹ ਤਾਂ ਹੀ ਮਿਲਿਆ ਜਾ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਗੱਲ

40/5066

ਨੂੰ ਮੰਨਾਗੇ। ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਸਾਡੇ ਅੰਦਰੋਂ ਭਰਮ ਨਹੀਂ ਨਿਕਲ ਸਕਦਾ, ਸਾਡੇ ਭਰਮ ਗੁਰੂ ਦੀ ਗੱਲ ਮੰਨਣ ਦੁਆਰਾ ਹੀ ਨਿਕਲਣਗੇ ਤੇ ਤਾਂ ਹੀ ਅਸੀਂ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ, ਉਸ ਦੇ ਨਾਮ ਵਿਚ ਸਮਾ ਸਕਦੇ ਹਾਂ, ਮਨ ਦੇ ਵਿਚ ਵਿਚਾਰਾਂ ਰਾਹੀਂ ਸਮਾ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਆਪਣੀ ਮਤਿ ਛਡੇ ਬਿਨਾ ਨਹੀਂ ਹੋ ਸਕਦਾ। (**ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥ ਸਤਿਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ ॥੩॥**)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ - ੬੫੫)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥}

(ਅੰਗ - ੧੨੦੮)

ਸਾਡੇ ਜੀਵਨ ਦਾ ਮਕਸਦ, ਭਗਤੀ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਉਸ ਦੇ ਵਿਚ ਰੁਕਾਵਟ ਸਾਡੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ ਤੇ ਉਸ ਤੋਂ ਮੁਕਤਿ ਹੋਏ ਬਿਨਾ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ। ਜਿਸਨੇ ਸਾਡੇ ਅੰਦਰ ਇਹ ਮਾਇਆ ਮੋਹ ਪਾਇਆ ਹੈ ਉਹੀ ਇਸ ਵਿਚੋਂ ਕੱਢ ਸਕਦਾ ਹੈ, ਜਿਸ ਤਰੀਕੇ ਪਾਇਆ ਹੈ ਉਸੇ ਤਰੀਕੇ ਹੀ ਉਹ ਆਪ ਇਸ ਨੂੰ ਕੱਢਦਾ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥
ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ ॥੪॥੩॥"

40/5067

ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਮਾਇਆ ਮੋਹ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ, ਸਭ ਦੇ ਅੰਦਰ ਪਾਇਆ ਹੋਇਆ ਹੈ, ਜਨਮ ਤੋਂ ਹੀ ਸਭ ਦੇ ਅੰਦਰ ਪੈ ਕੇ ਆਉਂਦਾ ਹੈ ਜੋ ਸਾਨੂੰ ਹਉਮੈ ਵਾਲੀ ਬਿਰਤੀ ਵਿਚ ਰੱਖਦਾ ਹੈ, ਤ੍ਰੈਗੁਣਾਂ ਵਾਲੀ ਅਵਸਥਾ ਵਿਚ ਰੱਖਦਾ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਭਰਮ ਵਾਲੇ ਵਿਚਾਰਾਂ ਵਿਚ ਰੱਖਦਾ ਹੈ, ਮਨ ਦੀ ਅਗਿਆਨਤਾ ਵਿਚ ਰੱਖਦਾ ਹੈ ਜੋ ਕਿ ਸਾਡੇ ਅੰਦਰ ਦਾ ਬੰਧਨ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਇਹ ਅਵਸਥਾ ਕਿਸ ਤਰੀਕੇ ਪਾਈ ਹੋਈ ਹੈ ਇਹੀ ਗੱਲ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਸਾਡੇ ਸਭ ਦੇ ਅੰਦਰ ਮਨ ਦੇ ਵਿਚ ਅਨੇਕਾਂ ਹੀ ਇਛਾਵਾਂ, ਤ੍ਰਿਸ਼ਨਾਵਾਂ ਉਪਜਦੀਆਂ ਰਹਿੰਦੀਆਂ ਹਨ, ਹਰ ਵੇਲੇ ਉਪਜਦੀਆਂ ਰਹਿੰਦੀਆਂ ਹਨ, ਮਨ ਦੇ ਵਿਚਾਰਾਂ ਰਾਹੀਂ ਉਪਜਦੀਆਂ ਰਹਿੰਦੀਆਂ ਹਨ, ਸਾਡੀਆਂ ਸੋਚਾਂ ਦੇ ਰੂਪ ਵਿਚ ਉਪਜਦੀਆਂ ਰਹਿੰਦੀਆਂ ਹਨ ਜੋ ਸਾਨੂੰ ਮਾਇਆ ਮੋਹ ਵਿਚ ਰੱਖਦੀਆਂ ਹਨ। ਸਾਡੇ ਅੰਦਰ ਮਨ ਦੇ ਇਹ ਜੋ ਵਿਚਾਰ ਉਪਜਦੇ ਹਨ ਇਹੀ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਦੀ ਸਮਝ ਹੈ, ਸਾਡੀ ਆਪਣੀ ਮਤਿ ਹੈ ਜਿਸ ਰਾਹੀਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਅਸੀਂ ਇੱਕ ਮਨੁੱਖ ਹਾਂ ਤੇ ਸਾਡੀ ਤਰ੍ਹਾਂ ਦੂਸਰੇ ਵੀ ਮਨੁੱਖ ਹਨ ਤੇ ਜੋ ਵੀ ਅਸੀਂ ਆਕਾਰ ਰੂਪ ਦੇਖਦੇ ਹਾਂ ਸਾਡੇ ਅੰਦਰ ਦੀ ਮਤਿ ਉਸ ਨੂੰ ਵੱਖਰੇ ਵੱਖਰੇ ਆਕਾਰ ਹੀ ਸਮਝਦੀ ਹੈ ਭਾਵ ਆਪਣੀ ਇਸ ਮਤਿ ਦੁਆਰਾ ਅਸੀਂ ਇਹ ਕਦੇ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਕੀ ਹੈ ਭਾਵ ਸਾਡੇ ਅੰਦਰ ਦੀ ਮਤਿ ਉਸ ਨੂੰ ਵੱਖਰੇ ਵੱਖਰੇ ਆਕਾਰ ਹੀ ਸਮਝਦੀ ਹੈ ਭਾਵ ਆਪਣੀ ਇਸ ਮਤਿ ਦੁਆਰਾ ਅਸੀਂ ਇਹ ਕਦੇ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਕੀ ਹੈ ਭਾਵ ਸਾਡੇ ਅੰਦਰ ਦੀ ਇਹ ਮਤਿ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਭਰਮ ਵਿਚ ਹੀ ਰਖਦੀ ਹੈ। ਇਹਨਾਂ ਭਰਮ ਵਾਲੇ ਵਿਚਾਰਾਂ ਵਿਚ ਰਹਿੰਦਿਆਂ

ਅਸੀਂ ਪ੍ਰਮਾਤਮਾ ਸਚੁ ਰੂਪ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਸਾਡੇ ਅੰਦਰ ਦੀ ਇਹ ਸਮਝ ਸਾਡੇ ਅੰਦਰ ਪ੍ਰਮਾਤਮਾ ਦਾ ਪਾਇਆ ਹੋਇਆ ਆਪਣਾ ਹੀ ਭਰਮ ਰੂਪ ਪੜਦਾ ਹੈ, ਭਰਮ ਰੂਪ ਦੀਵਾਰ ਹੈ, ਹਉਮੈ ਰੂਪ ਪੜਦਾ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਸਭ ਤੋਂ ਆਪਣਾ ਪੜਦਾ ਬਣਾਕੇ ਰਖਿਆ ਹੋਇਆ ਹੈ। ਮਨ ਦੇ ਇਸ ਪੜਦੇ ਰਾਹੀਂ ਪ੍ਰਮਾਤਮਾ ਨੇ ਸਭ ਨੂੰ ਆਪਣੇ ਆਪ ਤੋਂ ਵਿਛੋੜਿਆ ਹੋਇਆ ਹੈ, ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ ਭਾਵ ਆਪ ਸਭ ਦੇ ਅੰਦਰ ਹੋਂਦੇ ਹੋਏ ਵੀ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਸਾਡੇ ਅੰਦਰ ਮਨ ਦੀ ਇਹ ਅਵਸਥਾ ਹੀ ਸਾਡੇ ਮਨ ਦਾ ਬੰਧਨ ਹੈ, ਮਾਇਆ ਮੋਹ ਰੂਪ ਬੰਧਨ ਹੈ, ਭਰਮ ਰੂਪ ਬੰਧਨ ਹੈ ਜਿਸ ਰਾਹੀਂ ਪ੍ਰਮਾਤਮਾ

40/5068

ਨੇ ਸਾਡੇ ਮਨ ਦੇ ਵਿਚਾਰਾਂ ਨੂੰ ਬੰਨਿਆ ਹੋਇਆ ਹੈ ਤੇ ਅਸੀਂ ਮਨ ਦੇ ਵਿਚਾਰਾਂ ਰਾਹੀਂ ਹੀ ਆਪਣੇ ਦਾਯਰੇ ਤੋਂ ਬਾਹਰ ਨਹੀਂ ਜਾ ਸਕਦੇ। ਪ੍ਰਮਾਤਮਾ ਆਪ ਚਉਥੇ ਪਦ ਦੇ ਰੂਪ ਵਿਚ ਹੈ ਤੇ ਚਉਥਾ ਪਦ ਇਸ ਦਾਯਰੇ ਤੋਂ ਬਾਹਰ ਦਾ ਪਦ ਹੈ ਜੋ ਪਦ ਬ੍ਰਹਮ ਗਿਆਨ ਦਾ ਪਦ ਹੈ ਜਿਸ ਪਦ ਰਾਹੀਂ ਪ੍ਰਮਾਤਮਾ ਆਪਣਾ ਸੱਚ ਸਮਝਾਉਂਦਾ ਹੈ, ਆਪਣੇ ਬ੍ਰਹਮਗਿਆਨ ਰਾਹੀਂ ਸੱਚ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸੱਚ ਸਮਝਾਉਂਦਾ ਹੈ। ਸਾਡੇ ਅੰਦਰ ਪ੍ਰਮਾਤਮਾ ਜੋਤਿ ਦੇ ਰੂਪ ਵਿਚ ਵਿਚਰਦਾ ਹੈ। ਸਭ ਦੇ ਅੰਦਰ ਜੋਤਿ ਇੱਕੋ ਜਿਹੀ ਹੈ ਜੋ ਕਿ ਸਾਡਾ ਮਨ ਹੈ। ਸਾਡੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਤੇ ਚਉਥੇ ਪਦ ਵਾਲੀ ਅਵਸਥਾ ਇੱਕੋ ਜੋਤਿ ਰਾਹੀਂ ਹੀ ਮਿਲਦੀ ਹੈ। ਜਦ ਤਕ ਪ੍ਰਮਾਤਮਾ ਆਪਣੀ ਜੋਤਿ ਰਾਹੀਂ ਪ੍ਰਗਟ ਨਹੀਂ ਹੁੰਦਾ ਤਦ ਵੀ ਸਾਨੂੰ ਜੋ ਆਪਣੇ ਅੰਦਰੋਂ ਗਿਆਨ ਮਿਲਦਾ ਹੈ ਉਹ ਮਨ ਰੂਪ ਜੋਤਿ ਰਾਹੀਂ ਹੀ ਮਿਲਦਾ ਹੈ ਭਾਵ ਸਾਡੇ ਵਿਚਾਰ ਜੋਤਿ ਰਾਹੀਂ ਹੀ ਉਪਜਦੇ ਹਨ, ਸਾਡੀਆਂ ਆਸਾ ਮਨਸਾ ਸਭ ਜੋਤਿ ਰਾਹੀਂ ਹੀ ਉਪਜਦੀਆਂ ਹਨ ਕਿਉਂਕਿ ਜਦ ਤਕ ਸਾਡਾ ਇਹ ਸਰੀਰ ਹੈ ਸਾਡੇ ਸਭ ਦੇ ਅੰਦਰ ਪ੍ਰਕਾਸ਼ ਕਰਨ ਵਾਲੀ ਪ੍ਰਮਾਤਮਾ ਦੀ ਜੋਤਿ ਹੀ ਹੈ ਜੋ ਪ੍ਰਕਾਸ਼ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਸਭ ਦੇ ਅੰਦਰ ਕਰ ਰਿਹਾ ਹੈ ਪਰ ਇਸ ਦੀ ਸਮਝ ਕਿਸੇ ਨੂੰ ਨਹੀਂ ਲਗਦੀ ਕਿ ਸਾਡੇ ਅੰਦਰ ਸੋਚਾਂ ਕਿਥੋਂ ਆ ਰਹੀਆਂ ਹਨ ਭਾਵ ਸਾਡੇ ਮਨ ਦੇ ਵਿਚ ਆਪਣੇ ਆਪ ਨੂੰ ਸਮਝਣ ਵਿਚ, ਪ੍ਰਮਾਤਮਾ ਨੂੰ ਸਮਝਣ ਵਿਚ ਭੇਦ ਬਣਿਆ ਰਹਿੰਦਾ ਹੈ। ਮਨ ਦੀ ਇਸ ਅਵਸਥਾ ਵਿਚ ਰਹਿੰਦਿਆਂ ਹਰ ਕੋਈ ਬੰਧਨ ਵਿਚ ਹੈ ਤੇ ਸਭ ਦੇ ਅੰਦਰ ਇਹ ਮਨਮੁਖਿ ਵਾਲੀ ਅਵਸਥਾ ਹੈ ਭਾਵ ਹਰ ਕੋਈ ਆਪਣੇ ਮਨ ਦੀ ਮਤਿ ਨੂੰ ਆਪਣੀ ਮਤਿ ਹੀ ਸਮਝਦਾ ਹੈ ਕਿਉਂਕਿ ਉਹ ਕਦੇ ਨਹੀਂ ਜਾਣ ਸਕਦਾ ਕਿ ਮਤਿ ਸਾਨੂੰ ਕੌਣ ਦੇ ਰਿਹਾ ਹੈ। ਜਿਸਨੂੰ ਪ੍ਰਮਾਤਮਾ ਇਸ ਬੰਧਨ ਤੋਂ ਮੁਕਤਿ ਕਰਦਾ ਹੈ ਉਸ ਨੂੰ ਆਪਣਾ ਗੁਰਮੁਖਿ ਰੂਪ ਬਨਾਉਣ ਦੁਆਰਾ ਕਰਦਾ ਹੈ। ਗੁਰਮੁਖਿ ਰੂਪ ਪ੍ਰਮਾਤਮਾ ਦਾ ਆਪਣਾ ਗੁਰੂ ਰੂਪ ਹੈ ਜਿਸ ਰੂਪ ਦੁਆਰਾ ਉਸਨੇ ਗੁਰਬਾਣੀ ਦੀ ਵਿਆਖਿਆ ਕੀਤੀ ਹੈ। ਪ੍ਰਮਾਤਮਾ ਦਾ ਇਹ ਰੂਪ ਸੱਚੇ ਗਿਆਨ ਵਾਲਾ ਰੂਪ ਹੈ, ਚਉਥੇ ਪਦ ਦੇ ਗਿਆਨ ਵਾਲਾ ਰੂਪ ਹੈ ਜਿਸ ਰੂਪ ਦੁਆਰਾ ਉਹ ਮਨ ਦੇ ਵਿਚ ਪ੍ਰਗਟ ਹੁੰਦਾ ਹੈ ਤੇ ਮਨੁੱਖ ਨੂੰ ਇਸ ਮਨ ਦੀ ਅਸਲੀਅਤ ਸਮਝਾਉਂਦਾ ਹੈ ਕਿ ਇਹ ਮਨ ਕੀ ਹੈ, ਜੋਤਿ ਕੀ ਹੈ ਤੇ ਇਸ ਦੇ ਵਿਚ ਕੌਣ ਹੈ ਭਾਵ ਆਪ ਪ੍ਰਮਾਤਮਾ ਹੈ ਜੋ ਮਨੁੱਖੀ ਰੂਪ ਰਾਹੀਂ ਆਪ ਹੀ ਵਿਚਰ ਰਿਹਾ ਹੈ ਪਰ ਭਰਮ ਵਾਲੇ ਵਿਚਾਰਾਂ ਵਿਚ ਰਹਿੰਦੇ ਹੋਏ ਕੋਈ ਉਸ ਨੂੰ ਆਪਣੇ ਅੰਦਰੋਂ ਜਾਣ ਨਹੀਂ ਸਕਦਾ। ਜਦੋਂ ਪ੍ਰਮਾਤਮਾ ਸਾਡੇ ਅੰਦਰੋਂ ਭਰਮ ਦਾ ਬੰਧਨ ਤੋੜਦਾ ਹੈ ਤਾਂ ਹੀ ਅਸੀਂ ਆਪਣੇ ਮਨਮੁਖਿ ਵਾਲੇ ਰੂਪ ਤੋਂ ਭਾਵ

40/5069

ਮਾਇਆ ਮੋਹ ਵਾਲੇ ਰੂਪ ਤੋਂ ਮੁਕਤਿ ਹੁੰਦੇ ਹਾਂ ਤੇ ਪ੍ਰਮਾਤਮਾ ਦੇ ਗੁਰਮੁਖਿ ਰੂਪ ਵਿਚ ਮਿਲ ਕੇ ਉਸ ਦੇ ਨਾਲ ਇੱਕ ਹੋ ਜਾਂਦੇ ਹਾਂ। ਇਹੀ ਜੋਤਿ ਦਾ ਜੋਤਿ ਵਿਚ ਸਮਾਉਣਾ ਹੈ ਭਾਵ ਹਉਮੈ ਦਾ ਨਾਮ ਵਿਚ ਸਮਾਉਣਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦਾ ਚੌਥੇ ਪਦ ਵਿੱਚ ਸਮਾਉਣਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦਾ ਇੱਕੋ ਇੱਕ ਤਰੀਕਾ ਇਹੋ ਹੀ ਹੈ, ਜਦੋਂ ਦੀ ਮਨੁੱਖੀ ਰਚਨਾ ਹੋਈ ਹੈ ਤਦੋਂ ਤੋਂ ਤਰੀਕਾ ਇਹੀ ਹੈ ਤੇ ਨਾ ਕਦੇ ਹੋਰ ਕੋਈ ਤਰੀਕਾ ਹੋਇਆ ਹੈ ਤੇ ਨਾ ਹੀ ਹੋ ਸਕਦਾ ਹੈ। ਇਸ ਤੋਂ ਬਿਨਾ ਜੋ ਵੀ ਕੋਈ ਹੋਰ ਤਰੀਕਾ ਸਮਝਦੇ ਹਨ ਉਹ ਕੇਵਲ ਭਰਮ ਹੈ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਦਾ ਨਤੀਜਾ ਹੈ, ਹੋਰ ਕੁਝ ਵੀ ਨਹੀਂ। (**ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥ ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ ॥੪॥੩॥**)

ਇਹ ਗੱਲ ਸਾਨੂੰ ਹੁਣ ਤਕ ਪੂਰੀ ਤਰ੍ਹਾਂ ਸਪਸ਼ਟ ਹੋ ਚੁੱਕੀ ਹੋਵੇਗੀ ਕਿ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਸਾਡੇ ਮਨ ਦੇ ਬੰਧਨ ਕਰਕੇ ਹੈ ਜੋ ਬੰਧਨ ਸਾਡੇ ਮਨ ਦੇ ਅੰਦਰ ਸਾਡੇ ਵਿਚਾਰਾਂ ਦੇ ਰੂਪ ਵਿਚ ਹੈ। ਇਹ ਬੰਧਨ ਸਾਡੇ ਅੰਦਰ ਸਾਡੇ ਹਉਮੈ ਰੂਪ ਵਿਚਾਰਾਂ ਕਰਕੇ ਹੈ ਤੇ ਇਸ ਬੰਧਨ ਵਿਚੋਂ ਨਿਕਲਣ ਦਾ ਤਰੀਕਾ ਨਾਮ ਹੈ ਭਾਵ ਸ਼ਬਦ ਦੇ ਵਿਚਾਰ ਹਨ। ਜਿਵੇਂ ਕਿ ਅਸੀਂ ਪਿਛਲੇ ਸ਼ਬਦ

ਦੁਆਰਾ ਸਮਝਿਆ ਹੈ ਕਿ ਬੰਧਨ ਸਾਡੇ ਅੰਦਰ ਸਾਡੀਆਂ ਇਛਾਵਾਂ ਦੇ ਰੂਪ ਵਿਚ ਹੈ, ਆਸਾ ਮਨਸਾ ਦੇ ਰੂਪ ਵਿਚ ਹੈ ਤੇ ਮਨ ਦੀਆਂ ਇਹਨਾਂ ਇਛਾਵਾਂ ਵਿਚੋਂ ਨਿਕਲਣਾ ਹੀ ਇਸ ਬੰਧਨ ਵਿਚੋਂ ਨਿਕਲਣਾ ਹੈ ਤੇ ਇਹੀ ਮਾਇਆ ਮੋਹ ਦੇ ਬੰਧਨ ਵਿਚੋਂ ਨਿਕਲਣਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਹੋਏ ਅਕਾਲਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਬਰੀਕੀ ਨਾਲ ਸਮਝੀਏ, ਦ੍ਰਿੜ ਕਰੀਏ ਤੇ ਉਹੋ ਜਿਹਾ ਉਪਰਾਲਾ ਕਰੀਏ ਕਿ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਾ ਸਕੀਏ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਾਇਆ ਹੈ।

ਸੋਰਠਿ ਮਹਲਾ ੧ ਤਿਤੁਕੀ ॥

“ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥ ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥”

(ਅੰਗ ੬੩੫-੬੩੬)

ਇਸ ਸ਼ਬਦ ਦੀਆਂ ਪਹਿਲੀਆਂ ਕੁਝ ਪੰਗਤੀਆਂ ਨੂੰ ਲੇਖ ਦੇ ਵਿਚ ਕਾਫੀ ਪਿੱਛੇ ਪਹਿਲੇ ਵੀ ਸਮਝ ਚੁਕੇ ਹਾਂ ਹੁਣ ਅਸੀਂ ਪੂਰੇ ਸ਼ਬਦ ਨੂੰ ਸਮਝਦੇ ਹਾਂ ਤਾਂ ਜੋ ਸਾਡੇ ਅੰਦਰ ਇਹ ਦ੍ਰਿੜ ਹੋ ਸਕੇ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੇਵਲ ਮਨ ਦੇ ਮਾੜੇ

ਵਿਚਾਰਾਂ ਵਿਚੋਂ, ਭਰਮ

40/5070

ਵਾਲੇ ਵਿਚਾਰਾਂ ਵਿਚੋਂ ਨਿਕਲਣ ਦਾ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਕੋਈ ਹੋਰ ਤਰੀਕਾ ਨਹੀਂ ਹੈ, ਸਾਡੇ ਅਨੇਕਾਂ ਨਿਰਮਲ ਭਾਵ ਕਰਮ ਧਰਮ ਕਿਸੇ ਕੰਮ ਨਹੀਂ ਆਉਂਦੇ।

“ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥

ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥

ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥”

ਉਪਰ ਪਦੇ ਰਾਹੀਂ ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਭਾਵ ਮਾਇਆ ਮੋਹ ਵਾਲੀ ਅਵਸਥਾ ਹੀ ਸਮਝਾਈ ਹੋਈ ਹੈ। ਮਨ ਦੀ ਇਸ ਅਵਸਥਾ ਦੁਆਰਾ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਨਾਲ ਜੋੜਦੇ ਹਾਂ ਪਰ ਸਾਡੇ ਅੰਦਰ ਇਹੋ ਜਿਹੇ ਜੋ ਵਿਚਾਰ ਆਉਂਦੇ ਹਨ, ਸਾਡੇ ਅੰਦਰ ਜੋ ਇਛਾਵਾਂ ਪੈਦਾ ਹੁੰਦੀਆਂ ਹਨ ਇਹ ਸਾਡੇ ਅੰਦਰ ਦਾ ਬੰਧਨ ਹੈ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਤੋਂ ਦੂਰ ਰੱਖਦਾ ਹੈ। (**ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥**) ਜੋ ਸਾਡੇ ਅੰਦਰ ਆਸਾ ਮਨਸਾ ਵਾਲੀ ਬਿਰਤੀ ਹੈ ਭਾਵ ਬੰਧਨ ਵਾਲੀ ਬਿਰਤੀ ਹੈ ਉਹੀ ਸਾਡੇ ਅੰਦਰ **“ਪਾਪਿ ਪੁੰਨਿ”** ਵਾਲੀ ਬਿਰਤੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥”

ਪਾਪ ਪੁੰਨ ਸਾਡੇ ਮਨ ਦੇ ਵਿਚਾਰ ਹੀ ਹਨ ਇਹ ਸਾਰੇ ਜਗ ਨੂੰ ਪ੍ਰਮਾਤਮਾ ਨੇ ਇਸੇ ਬਿਰਤੀ ਦੁਆਰਾ ਪੈਦਾ ਕੀਤਾ ਹੈ। ਸਾਡਾ ਮਨ ਦੇ ਅੰਦਰ ਜੋ ਜਨਮ ਹੁੰਦਾ ਹੈ ਉਹ ਸਾਡੇ ਮਨ ਦੇ ਵਿਚਾਰਾਂ ਦੁਆਰਾ ਹੀ ਹੁੰਦਾ ਹੈ ਭਾਵ ਭਰਮ ਵਾਲੇ ਵਿਚਾਰਾਂ ਦੁਆਰਾ ਹੀ ਹੁੰਦਾ ਹੈ, ਹਉਮੈ ਵਾਲੇ ਵਿਚਾਰਾਂ ਦੁਆਰਾ ਹੀ ਹੁੰਦਾ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਭਾਵ ਆਪਣੀ ਮਨੁੱਖੀ ਹੋਂਦ ਸਮਝਦੇ ਹਾਂ ਜੋ ਕਿ ਅਸਲ ਵਿਚ ਨਹੀਂ ਹੈ। ਇਹ ਸਾਡੇ ਅੰਦਰ ਭਰਮ ਦਾ ਨਤੀਜਾ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਹੈ। ਮਨ ਦੀ ਇਸ ਬਿਰਤੀ ਦੁਆਰਾ ਅਸੀਂ ਪਾਪ ਪੁੰਨ ਦੀ ਪਛਾਣ ਨਹੀਂ ਕਰ ਸਕਦੇ ਭਾਵ ਧਾਰਮਿਕ ਮਾਰਗ ਤੇ ਸੱਚ ਝੂਠ ਦੀ ਪਛਾਣ ਨਹੀਂ ਕਰ ਸਕਦੇ, ਆਪਣੇ ਚੰਗੇ ਮਾੜੇ ਦੀ ਪਛਾਣ ਨਹੀਂ ਕਰ ਸਕਦੇ। ਮਨ ਦੀ ਇਸ ਅਵਸਥਾ ਵਿਚ ਅਸੀਂ ਨਾਮ ਵਾਲੀ ਸਮਝ ਤੋਂ ਦੂਰ ਰਹਿੰਦੇ ਹਾਂ ਭਾਵ ਪੂਰਨ ਸੱਚ

40/5071

ਵਾਲੀ ਅਵਸਥਾ ਤੋਂ ਦੂਰ ਰਹਿੰਦੇ ਹਾਂ। ਪਾਪ ਪੁੰਨ ਦੀ ਸਮਝ ਨਾਮ ਵਾਲੀ ਅਵਸਥਾ ਵਿਚ ਜਾ ਕੇ ਹੀ ਸਮਝ ਆਉਂਦੀ ਹੈ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਹੁੰਦਾ ਹੈ ਉਸ ਵਿਚ ਪੁੰਨ ਹੁੰਦਾ ਹੈ ਤੇ ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੁੰਦਾ ਉਸ ਵਿਚ ਪਾਪ ਹੁੰਦਾ ਹੈ। ਅਸੀਂ ਪਾਪਿ ਪੁੰਨਿ ਵਾਲੀ ਮਨ ਦੀ ਇਸ ਅਵਸਥਾ ਵਿਚੋਂ ਹੀ ਨਿਕਲਣਾ ਹੈ ਜਿਸ ਵਿਚੋਂ ਸਾਨੂੰ ਨਾਮ ਵਾਲੀ ਸਮਝ ਹੀ ਕੱਢ ਸਕਦੀ ਹੈ ਜਿਸ ਨੇ ਸਾਨੂੰ ਪਾਪਿ ਪੁੰਨਿ ਵਾਲੇ ਬੰਧਨ ਵਿਚੋਂ ਕੱਢਣਾ ਹੈ ਤੇ ਸਾਡੇ ਜੀਵਨ ਨੂੰ ਬਿਨਸਣ ਤੋਂ ਬਚਾਉਣਾ ਹੈ। (**ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥**) ਸਾਡੇ ਅੰਦਰ ਇਹ ਆਸਾ ਮਨਸਾ ਰੂਪ ਬੰਧਨ, ਪਾਪ ਪੁੰਨ ਰੂਪ ਬੰਧਨ ਸਾਡੇ ਅੰਦਰ ਦੀ ਮਾਇਆ ਵਾਲੀ ਬਿਰਤੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਾਝਾਇਆ ਹੋਇਆ ਹੈ।

“ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥”

ਪੂਰੇ ਜਗ ਵਿਚ ਕੋਈ ਵੀ ਇਸ ਮਾਇਆ ਵਾਲੀ ਬਿਰਤੀ ਤੋਂ ਬਾਹਰ ਨਹੀਂ ਹੈ ਭਾਵ ਜੋ ਕੁਝ ਵੀ ਹਰ ਕੋਈ ਸਮਝਦਾ ਹੈ ਉਹ ਮਨ ਦੀ ਮਾਇਆ ਰਾਹੀਂ ਹੀ ਸਮਝਦਾ ਹੈ। ਪੂਰੇ ਸ਼ਬਦ ਦੁਆਰਾ ਸਾਨੂੰ ਸਾਡੇ ਧਰਮ ਦੇ ਮਾਰਗ ਦੀ ਸੋਝੀ ਹੀ ਪਾਈ ਹੋਈ ਹੈ ਭਾਵ ਧਰਮ ਲਈ ਸਾਡਾ ਸੱਚਾ ਕਰਮ ਕੀ ਹੈ ਤੇ ਮਾੜਾ ਕਰਮ ਕੀ ਹੈ। ਮਾਇਆ ਮੋਹ ਵਾਲੀ, ਮਨ ਦੇ ਭਰਮ ਵਾਲੀ ਸਮਝ ਵਿਚ ਰਹਿੰਦੇ ਹੋਏ ਹਰ ਕੋਈ ਆਪਣੀ ਮਰਿਯਾਦਾ ਅਨੁਸਾਰ, ਧਾਰਮਿਕ ਆਸਥਾ ਅਨੁਸਾਰ ਅਨੇਕਾਂ ਕਰਮ ਕਰਦਾ ਹੈ ਜਿਸ ਨੂੰ ਕਿ ਉਹ ਆਪਣੀ ਮਨ ਦੀ ਸਮਝ ਦੁਆਰਾ ਜਾਂ ਦੂਸਰੇ ਕੋਲੋਂ ਲਈ ਸਮਝ ਦੁਆਰਾ ਜਾਂ ਜਿੰਨ੍ਹਾਂ ਨੂੰ ਉਹ ਧਰਮ ਦੇ ਆਗੂ ਸਮਝਦੇ

ਹਨ ਉਹਨਾਂ ਕੋਲੋਂ ਲਈ ਹੋਈ ਸਮਝ ਦੁਆਰਾ ਉਹ ਅਨੇਕਾਂ ਹੀ ਇਹੋ ਜਿਹੇ ਕਰਮ ਕਰਦਾ ਹੈ ਜਿੰਨ੍ਹਾਂ ਨੂੰ ਉਹ ਧਰਮ ਦੇ ਮਾਰਗ ਵਾਲੇ ਕਰਮ ਸਮਝਦਾ ਹੈ। ਅਸੀਂ ਇਹੋ ਜਿਹੇ ਕਰਮ ਕਿਸ ਰੂਪ ਵਿਚ ਕਰਦੇ ਹਾਂ ਇਸ ਗੱਲ ਨੂੰ ਅਸੀਂ ਬਾਰ-ਬਾਰ ਸਮਝਿਆ ਹੈ। ਅਸੀਂ ਅਨੇਕਾਂ ਹੀ ਕਰਮ ਸਰੀਰਕ ਕਿਰਿਆਵਾਂ ਦੁਆਰਾ ਕਰਦੇ ਹਾਂ ਭਾਵ ਜਪ ਤਪ ਆਦਿ ਕਰਦੇ ਹਾਂ। ਕਿਸੇ ਖਾਸ ਸਮੇ ਨੂੰ ਅਸੀਂ ਉੱਚਾ ਮੰਨ ਕੇ ਉਸ ਵੇਲੇ ਉਠਣ ਨੂੰ ਤੇ ਦੂਸਰੇ ਨੂੰ ਉਠਾਉਣ ਵਿਚ ਧਾਰਮਿਕ ਕਰਮ ਕਰਦੇ ਹਾਂ, ਤੀਰਥਾਂ ਤੇ ਇਸ਼ਨਾਨ ਕਰਨ ਵਿਚ ਤੇ ਦੂਸਰਿਆਂ ਨੂੰ ਕਰਾਉਣ ਵਿਚ ਧਰਮ ਦਾ ਕਰਮ ਸਮਝਦੇ ਹਾਂ, ਵੱਡੇ ਵੱਡੇ

40/5072

ਸਮਾਗਮ ਕਰਨ ਵਿਚ ਤੇ ਵੱਡੇ ਵੱਡੇ ਇਕੱਠ ਕਰਨ ਵਿਚ ਧਰਮ ਦੇ ਕਰਮ ਸਮਝਦੇ ਹਾਂ, ਥਿਤਾਂ ਵਾਰਾਂ ਨੂੰ ਪੂਜਣ ਵਿਚ ਧਰਮ ਦਾ ਕਰਮ ਸਮਝਦੇ ਹਾਂ, ਨੰਗੀ ਪੈਰੀ ਧਾਰਮਿਕ ਸਥਾਨਾਂ ਤੇ ਜਾਣ ਨੂੰ ਧਰਮ ਦਾ ਕਰਮ ਸਮਝਦੇ ਹਾਂ। ਕਿਸੇ ਖਾਸ ਰੰਗ ਦੇ ਕੱਪੜੇ ਪਾਉਣ ਵਿਚ ਧਾਰਮਿਕ ਕੰਮ ਸਮਝਦੇ ਹਾਂ, ਸਰੀਰ ਦੇ ਸੁਆਹ ਮਲਣ ਵਿਚ ਧਰਮ ਦਾ ਕਰਮ ਸਮਝਦੇ ਹਾਂ। ਘਰੋਂ ਘਰੀ ਮੰਗ ਕੇ ਖਾਣ ਵਿਚ ਧਰਮ ਦਾ ਕਰਮ ਸਮਝਦੇ ਹਾਂ, ਜੰਗਲਾਂ ਆਦਿ ਤੇ ਭਵੀ ਜਾਣ ਵਿੱਚ ਧਰਮ ਦਾ ਕਰਮ ਸਮਝਦੇ ਹਾਂ, ਘਰ ਬਾਰ ਛੱਡਣ ਨੂੰ ਤੇ ਕੋਈ ਡੇਰਾ ਬਣਾ ਕੇ ਵੱਸਣ ਵਿਚ ਧਰਮ ਦਾ ਕਰਮ ਸਮਝਦੇ ਹਾਂ, ਕਿਸੇ ਨੂੰ ਧਰਮ ਦੇ ਮਾਰਗ ਤੇ ਵੱਡਾ ਥਾਪਕੇ ਉਸਦੀ ਸੇਵਾ ਕਰਨ ਨੂੰ ਧਰਮ ਦਾ ਵੱਡਾ ਕਰਮ ਸਮਝਦੇ ਹਾਂ ਭਾਵ ਝੂਠੇ ਸੰਤ ਆਦਿ ਅਖਵਾਉਣ ਵਾਲਿਆਂ ਦੀ ਸੇਵਾ ਕਰਨ ਵਿਚ ਧਰਮ ਦਾ ਕਰਮ ਸਮਝਦੇ ਹਾਂ। ਇਹੋ ਜਿਹੇ ਸਾਰੇ ਕਰਮ ਸਾਡੇ ਵਿਕਾਰ ਹਨ ਭਾਵ ਸੱਚੇ ਧਰਮ ਦੇ ਮਾਰਗ ਤੋਂ ਪੁੱਠਾ ਪਾਸਾ ਹੈ ਜੋ ਕਿ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਬਿਰਤੀ ਦਾ ਨਤੀਜਾ ਹੈ। (**ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥**)

ਇਹੋ ਜਿਹੇ ਕਰਮ ਸਾਨੂੰ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਹੀ ਸਿਖਾਉਂਦੇ ਹਨ ਤੇ ਆਪ ਵੀ ਕਰਦੇ ਹਨ। ਧਰਮ ਦੇ ਮਾਰਗ ਤੇ ਚੱਲਣ ਲਈ ਸਾਨੂੰ ਕਿਹੋ ਜਿਹਾ ਕਰਮ ਕਰਨ ਦੀ ਲੋੜ ਹੈ ਇਹੀ ਗੱਲ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਧਰਮ ਦੇ ਆਗੂ ਕਹਿਣ ਵਾਲਿਆਂ ਨੂੰ ਸਮਝਾਈ ਹੋਈ ਹੈ।

“ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥”

ਉਪਰਲੀਆਂ ਪੰਗਤੀਆਂ ਰਾਹੀਂ ਧਰਮ ਦੇ ਵਿਦਵਾਨਾਂ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਹੀ ਪਾਈ ਹੋਈ ਹੈ ਤੇ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਕਰਮਾਂ ਦਾ ਕੋਈ ਲਾਭ ਨਹੀਂ ਜਿੰਨ੍ਹਾਂ ਨੂੰ ਅਸੀਂ ਧਰਮ ਦੇ ਕਰਮ ਬਣਾਇਆ ਹੋਇਆ ਹੈ। ਪ੍ਰਾਪਤੀ ਤਾਂ ਹਰ ਕੋਈ **“ਸੁਖੁ”** ਦੀ ਕਰਨੀ ਚਾਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਕਰਨੀ ਚਾਹੁੰਦਾ ਹੈ ਉਹ ਸੁਖੁ ਸਾਡੇ ਅੰਦਰੋਂ ਹੀ ਉਪਜਣਾ ਹੈ ਜਿਸ ਲਈ ਸਾਨੂੰ ਆਪਣੇ ਮਨ ਦੇ ਅੰਦਰ ਤੱਤ ਨੂੰ ਵਿਚਾਰਨ ਦੀ ਲੋੜ ਹੈ। ਸਾਨੂੰ ਕੇਵਲ ਤੇ ਕੇਵਲ ਇਹੋ ਜਿਹਾ ਕਰਮ ਕਰਨ ਲਈ ਸਮਝਾਇਆ ਹੋਇਆ ਹੈ ਜੋ ਕਰਮ ਆਪਣੇ ਅੰਦਰ ਤੱਤ ਨੂੰ ਵਿਚਾਰਨ ਦਾ ਹੈ ਜਿਸ ਲਈ ਕਿਸੇ ਬਾਹਰੀ ਦਿਖਾਵੇ ਦੀ ਲੋੜ ਨਹੀਂ ਹੈ। ਇਸ ਕਰਮ ਦਾ ਸਾਡੀ ਕਿਸੇ ਸਰੀਰਕ ਕਿਰਿਆ ਦੇ ਨਾਲ ਵਾਸਤਾ ਨਹੀਂ ਹੈ। ਇਹ ਕਰਮ ਸਾਡੇ ਮਨ ਦੇ ਕਰਨ ਦਾ ਹੈ,

40/5073

ਮਨ ਦੇ ਅੰਦਰ ਤੱਤ ਨੂੰ ਵਿਚਾਰਨ ਦਾ ਹੈ। **“ਤਤੁ”** ਉਸ ਗੱਲ ਵਿਚ ਹੁੰਦਾ ਹੈ ਜਿਸ ਗੱਲ ਵਿਚ ਪੂਰਨ ਸੱਚ ਹੁੰਦਾ ਹੈ। ਗੁਰੂ ਦੀ ਗੱਲ ਵਿਚ ਤਤੁ ਹੁੰਦਾ ਹੈ ਭਾਵ ਗੁਰੂ ਤਤੁ ਦੀ ਗੱਲ ਕਰਦਾ ਹੈ ਜਿਸ ਵਿਚ ਕੋਈ ਭਰਮ ਨਹੀਂ ਹੁੰਦਾ। ਗੁਰੂ ਦਾ ਦਿੱਤਾ ਹੋਇਆ ਤਤੁ ਗਿਆਨ ਹੀ ਨਾਮ ਹੈ ਭਾਵ ਜਿਥੇ ਬ੍ਰਹਮਗਿਆਨ ਹੈ ਉਥੇ ਤੱਤ ਗਿਆਨ ਹੈ। ਪ੍ਰਮਾਤਮਾ ਆਪ ਇਸ **“ਤਤੁ”** ਦੇ ਰੂਪ ਵਿਚ ਹੀ ਵਿਚਰਦਾ ਹੈ। ਪੂਰੀ ਗੁਰਬਾਣੀ ਵਿਚ ਤਤੁ ਗਿਆਨ ਹੈ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦਾ ਤਤੁ ਸਾਰ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸ ਨੂੰ ਪਾਉਣ ਦਾ ਤਰੀਕਾ ਕੀ ਹੈ। ਜੋ ਵੀ ਗੱਲ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ ਉਹ ਤਤੁ ਦੀ ਗੱਲ ਹੈ। ਜੋ ਵੀ ਅਸੀਂ ਆਪਣੇ ਵਲੋਂ ਕਰਮ ਧਰਮ ਕਰਦੇ ਹਾਂ ਉਹਨਾਂ ਵਿਚ ਤਤੁ ਨਹੀਂ ਹੈ ਭਾਵ ਸੱਚ ਨਹੀਂ ਹੈ, ਗੁਰੂ ਪ੍ਰਮਾਤਮਾ ਦੀ ਮਤਿ ਨਹੀਂ ਹੈ। ਧਰਮ ਦੇ ਮਾਰਗ ਤੇ ਚੱਲਣ ਲਈ ਸਾਰੇ ਸੰਸਾਰ ਲਈ ਇਹੀ ਇੱਕ ਉਤਮ ਕਰਮ ਹੈ ਜੋ ਕਿ ਆਪਣੇ ਅੰਦਰ ਤਤੁ ਨੂੰ ਵਿਚਾਰਨ ਦਾ ਹੈ ਜਿਸ ਦੁਆਰਾ ਸਾਡੇ ਅੰਦਰ ਸੁਖੁ ਉਪਜਦਾ ਹੈ, ਮਨ ਦੇ ਵਿਚ ਹੀ ਉਪਜਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿਚ ਉਪਜਦਾ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਪ੍ਰਗਟ ਹੁੰਦਾ ਹੈ ਭਾਵ ਗੁਰੂ ਪ੍ਰਮਾਤਮਾ

ਦੁਆਰਾ ਸਮਝਾਈ ਹੋਈ ਮਤਿ ਨੂੰ ਅਪਨਾਉਣ ਦੁਆਰਾ ਹੀ, ਉਸ ਦੇ ਦਿੱਤੇ ਹੋਏ ਗਿਆਨ ਨੂੰ ਅਪਨਾਉਣ ਦੁਆਰਾ ਹੀ ਉਸ ਗਿਆਨ ਦੇ ਮਾਲਕ ਦੇ ਨਾਲ ਮੇਲ ਹੁੰਦਾ ਹੈ। (**ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥**)

ਜੋ ਮਨੁੱਖ ਆਪਣੇ ਅੰਦਰ ਸੱਚ ਨੂੰ ਵਿਚਾਰੇਗਾ ਭਾਵ ਧਰਮ ਗ੍ਰੰਥਾਂ ਦੀ ਮਤਿ ਨੂੰ ਮੰਨੇਗਾ ਉਹ ਫਿਰ ਕੇਵਲ ਸੱਚੇ ਸੁੱਚੇ ਕਰਮ ਕਰਨ ਨੂੰ ਹੀ ਆਪਣੀ ਭਗਤੀ ਸਮਝੇਗਾ, ਧਰਮ ਦਾ ਮਾਰਗ ਸਮਝੇਗਾ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੁਕਈ ਭਾਈ ਅੰਤਰਿ ਮੈਲੁ ਵਿਕਾਰੀ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥”

ਜਦ ਤਕ ਅਸੀਂ ਧਰਮ ਗ੍ਰੰਥਾਂ ਦੇ ਮਕਸਦ ਨੂੰ ਨਹੀਂ ਸਮਝਦੇ ਭਾਵ ਉਹਨਾਂ ਦੁਆਰਾ ਜੋ ਤੱਤ ਬਿਚਾਰ ਦਿੱਤੀ ਹੁੰਦੀ ਹੈ ਜਦ ਤਕ ਉਸਦੇ ਤੱਤ ਬਿਚਾਰ ਨੂੰ ਆਪਣੇ ਅੰਦਰ ਨਹੀਂ ਵਸਾਉਂਦੇ ਤਦ ਤਕ ਧਰਮ ਗ੍ਰੰਥਾਂ ਦਾ ਪੜਨਾ ਕਿਸੇ ਲੇਖੇ ਨਹੀਂ ਹੈ। ਅਸੀਂ ਧਰਮ ਗ੍ਰੰਥਾਂ ਦੇ ਪੜੀ ਜਾਣ ਨੂੰ ਹੀ ਧਰਮ ਦਾ

40/5074

ਕਰਮ ਸਮਝਦੇ ਹਾਂ ਜਦ ਕਿ ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੰਸਾਰਿਕ ਕੰਮਾਂ ਵਿਚੋਂ ਕੱਢਣ ਦਾ ਹੈ ਭਾਵ ਮਾਇਆ ਮੋਹ ਵਾਲੇ ਮਾੜੇ ਕਰਮਾਂ ਵਿਚੋਂ ਕੱਢਣ ਦਾ ਹੈ ਜਿਸ ਵਿਚ ਸਾਰਾ ਸੰਸਾਰ ਉਲਝਿਆ ਹੋਇਆ ਹੈ। (**ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥**) ਇਹ ਸੰਸਾਰੀ ਕਰਮ ਕੀ ਹਨ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਪਾਖੰਡਿ ਮੈਲੁ ਨ ਚੁਕਈ ਭਾਈ ਅੰਤਰਿ ਮੈਲੁ ਵਿਕਾਰੀ ॥”

ਜਦ ਤਕ ਸਾਡੇ ਅੰਦਰ ਮਾਇਆ ਮੋਹ ਹੈ ਤਦ ਤਕ ਵਿਕਾਰ ਵੀ ਸਾਡੇ ਅੰਦਰ ਰਹਿੰਦੇ ਹਨ ਜਿੰਨ੍ਹਾਂ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਜੋ ਕਿ ਸੰਸਾਰਿਕ ਕਰਮ ਹਨ। ਧਰਮ ਗ੍ਰੰਥਾਂ ਦੇ ਪੜਨ ਦਾ ਮਕਸਦ ਸਾਡੇ ਅੰਦਰੋਂ ਮਾਇਆ ਮੋਹ ਦੀ ਮੈਲ ਨੂੰ ਕੱਢਣ ਦਾ ਹੈ, ਮਨ ਦੇ ਅੰਦਰੋਂ ਮਾੜੇ ਵਿਚਾਰਾਂ ਨੂੰ ਕੱਢਣ ਦਾ ਹੈ ਜੋ ਕਿ ਧਰਮ ਗ੍ਰੰਥਾਂ ਦੇ ਤੱਤ ਨੂੰ ਵਿਚਾਰਨ ਦੁਆਰਾ ਹੀ ਕੱਢਿਆ ਜਾ ਸਕਦਾ ਹੈ ਭਾਵ ਧਰਮ ਗ੍ਰੰਥਾਂ ਦੇ ਸੱਚੇ ਗਿਆਨ ਨੂੰ, ਤਤੁ ਗਿਆਨ ਨੂੰ ਆਪਣੇ ਅੰਦਰ ਵਿਚਾਰਨ ਦੁਆਰਾ ਹੀ ਕੱਢਿਆ ਜਾ ਸਕਦਾ ਹੈ ਜਿਸ ਦੁਆਰਾ ਅਸੀਂ ਵਿਕਾਰਾਂ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਹੀ ਕਰਾਂਗੇ ਜੋ ਕਿ ਅਸਲ ਧਰਮ ਦਾ ਮਾਰਗ ਹੈ, ਸਾਰੇ ਸੰਸਾਰ ਲਈ ਇਕੋ ਜਿਹਾ ਮਾਰਗ ਹੈ। ਜੇਕਰ ਅਸੀਂ ਆਪਣੇ ਅੰਦਰ ਤੱਤ ਨੂੰ ਵਿਚਾਰਦੇ ਨਹੀਂ ਤੇ ਕੇਵਲ ਧਰਮ ਗ੍ਰੰਥਾਂ ਦੀ ਕਥਨੀ ਨਾਲ ਜੁੜੇ ਰਹਿੰਦੇ ਹਾਂ ਤਾਂ ਫਿਰ ਇਸ ਨੂੰ ਕੇਵਲ ਧਰਮ ਦਾ ਪਾਖੰਡ ਦੱਸਿਆ ਹੈ ਭਾਵ ਧਾਰਮਿਕ ਦਿਖਾਵਾ ਦੱਸਿਆ ਹੈ ਜਿਸ ਦਿਖਾਵੇ ਨਾਲ ਭਾਵ ਕਥਨੀ ਨਾਲ ਸਾਡੇ ਮਨ ਦੀ ਮੈਲ ਨਹੀਂ ਨਿਕਲ ਸਕਦੀ ਤੇ ਮਨ ਦੀ ਮੈਲ ਨਿਕਲੇ ਬਿਨਾ ਸਾਡੀ ਸੰਸਾਰਿਕ ਵਿਚਰਨ ਚੰਗੀ ਨਹੀਂ ਹੋ ਸਕਦੀ। (**ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੁਕਈ ਭਾਈ ਅੰਤਰਿ ਮੈਲੁ ਵਿਕਾਰੀ ॥**)

{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ - ੧੩੪੩)

ਸਾਡੇ ਮਨ ਦੀ ਮੈਲ ਹੀ ਭਾਵ ਵਿਕਾਰਾਂ ਦੀ ਮੈਲ ਹੀ ਸਾਡੇ ਜੀਵਨ ਨੂੰ ਬਰਬਾਦ ਕਰਦੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥”

40/5075

ਉਪਰਲੀ ਪੰਗਤੀ ਰਾਹੀਂ ਸਾਡੇ ਮਨ ਦੀ ਮਾਇਆ ਮੋਹ ਵਾਲੀ ਅਵਸਥਾ ਹੀ ਸਮਝਾਈ ਹੋਈ ਹੈ। ਜਿਵੇਂ ਕਿ ਇਕ ਮਕੜੀ ਜੋ ਜਾਲਾ ਬੁਣਦੀ ਹੈ ਉਹ ਆਪਣੇ ਸੁੱਖ ਲਈ ਬੁਣਦੀ ਹੈ ਤੇ ਉਸੇ ਵਿਚ ਹੀ ਫੱਸ ਕੇ ਮਰ ਜਾਂਦੀ ਹੈ ਭਾਵ ਉਸ ਨੂੰ ਇਹ ਸਮਝ ਨਹੀਂ ਹੁੰਦੀ ਕਿ ਮੈਂ ਆਪ ਹੀ ਆਪਣੇ ਆਪ ਨੂੰ ਮਾਰਨ ਦਾ ਉਪਰਾਲਾ ਕਰ ਰਹੀ ਹਾਂ। ਇਸੇ ਤਰ੍ਹਾਂ ਆਪਣੇ ਮਨ ਦੇ ਮਾਇਆ

ਮੋਹ ਦੇ ਜਾਲ ਵਿਚ ਰਹਿਣਾ ਹੀ ਸਾਨੂੰ ਚੰਗਾ ਲਗਦਾ ਹੈ, ਆਪਣੀਆਂ ਸੰਸਾਰਿਕ ਇੱਛਾਵਾਂ ਦੀ ਪੂਰਤੀ ਕਰਨੀ ਹੀ ਚੰਗੀ ਲੱਗਦੀ ਹੈ ਭਾਵੇਂ ਉਸਦੇ ਲਈ ਸਾਨੂੰ ਮਾੜੇ ਕਰਮ ਕਰਨੇ ਪੈਣ। ਮਕੜੀ ਦੀ ਤਰ੍ਹਾਂ ਸਾਨੂੰ ਇਹ ਸਮਝ ਨਹੀਂ ਹੈ ਕਿ ਅਸੀਂ ਆਪਣੇ ਆਪ ਨੂੰ ਮਾਰਨ ਦਾ ਉਪਰਾਲਾ ਆਪ ਹੀ ਕਰ ਰਹੇ ਹਾਂ। (**ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥**)

ਸਾਡੇ ਅੰਦਰ ਇਹ ਮਾਇਆ ਮੋਹ ਕਿਸ ਰੂਪ ਵਿਚ ਹੈ ਭਾਵ ਸਾਡੀ ਨਾਸਮਝੀ ਵਾਲੀ ਮਤਿ ਕੀ ਹੈ ਤੇ ਉਸ ਵਿਚੋਂ ਨਿਕਲਣ ਦਾ ਸਾਧਨ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥”

ਸਾਰੀ ਗੱਲ ਸਾਡੀ ਮਤਿ ਦੇ ਨਾਲ ਜੁੜੀ ਹੋਈ ਹੈ ਭਾਵ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ ਕਿ ਅਸੀਂ ਸੰਸਾਰ ਦੇ ਵਿਚ ਕਿਹੋ ਜਿਹੀ ਮਤਿ ਦੁਆਰਾ ਵਿਚਰਦੇ ਹਾਂ। ਸਾਡੀ ਵਿਚਰਨ ਸਾਡੀ ਮਤਿ ਦੇ ਨਾਲ ਬਝੀ ਹੋਈ ਹੈ। ਮਾੜੀ ਮਤਿ ਸਾਡੇ ਕੋਲੋਂ ਮਾੜੇ ਕੰਮ ਕਰਵਾਉਂਦੀ ਹੈ ਤੇ ਚੰਗੀ ਮਤਿ ਸਾਡੇ ਕੋਲੋਂ ਚੰਗੇ ਕੰਮ ਕਰਵਾਉਂਦੀ ਹੈ। ਜਦ ਤਕ ਅਸੀਂ ਆਪਣੀ ਮਾਇਆ ਮੋਹ ਵਾਲੀ ਮਤਿ ਨਾਲ ਜੁੜੇ ਰਹਾਂਗੇ ਇਹ ਸਾਡੀ ਮਨਮਤਿ ਹੈ, ਦੁਰਮਤਿ ਹੈ ਜੋ ਕਿ ਸਾਨੂੰ ਗੁਰੂ ਦੀ ਮਤਿ ਨਾਲੋਂ ਦੂਜੇ ਪਾਸੇ ਜੋੜਦੀ ਹੈ। ਸਾਡੀ ਇਹੋ ਜਿਹੀ ਮਤਿ ਨਾਮ ਵਾਲੀ ਮਤਿ ਨਹੀਂ ਹੈ ਜੋ ਕਿ ਉਪਰ ਪੰਗਤੀਆਂ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। ਨਾਮ ਵਾਲੀ ਮਤਿ ਗੁਰੂ ਦੀ ਮਤਿ ਹੈ ਜਿਸ ਦਾ ਮਕਸਦ ਹੀ ਸਾਨੂੰ ਮਾੜੀ ਮਤਿ ਵਿਚੋਂ ਕੱਢਣ ਦਾ ਹੈ। ਮਾੜੀ ਮਤਿ ਸਾਨੂੰ ਭਰਮਾਂ ਵਿਚ ਪਾ ਕੇ ਰੱਖਦੀ ਹੈ ਜਿਸ ਕਰਕੇ ਉਹ ਮਤਿ ਮਾੜੀ ਹੈ। ਨਾਮ ਦਾ ਮਕਸਦ ਭਰਮਾਂ ਵਿਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਉਪਰ ਪੰਗਤੀ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। ਸਾਡੀ ਮਤਿ ਨੂੰ ਮਾੜੀ ਬਨਾਉਣ ਵਾਲੇ ਸਾਡੇ ਮਨ ਦੇ ਭਰਮ ਹਨ ਭਾਵ ਮਾਇਆ ਮੋਹ ਰੂਪ ਅਗਿਆਨਤਾ ਹੈ। ਨਾਮ ਨੂੰ ਜਪੇ ਬਿਨਾ ਭਾਵ ਨਾਮ ਵਾਲੀ ਮਤਿ ਨੂੰ ਮੰਨੇ ਬਿਨਾ

ਭਾਵ ਸ਼ਬਦ ਦੀ ਗੱਲ ਨੂੰ ਮੰਨੇ ਬਿਨਾ ਸਾਡੇ ਮਨ ਦੇ ਭਰਮ ਨਹੀਂ ਨਿਕਲ ਸਕਦੇ ਤੇ ਨਾ ਹੀ ਸਾਡੀ ਮਾੜੀ ਮਤਿ ਚੰਗੀ ਬਣ ਸਕਦੀ ਹੈ। (**ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥ ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥**)

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥}

(ਅੰਗ - ੪੭੨)

{ਸਭੋ ਸੂਤਕੁ ਭਰਮੁ ਹੈ ਦੂਜੇ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥}

(ਅੰਗ - ੪੭੨)

{ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

(ਅੰਗ - ੪੭੨)

ਜੋ ਵੀ ਮਾੜੀ ਮਤਿ ਹੈ ਉਸ ਦਾ ਕਾਰਣ ਭਰਮ ਹੈ ਤੇ ਉਪਰ ਮੁੱਖ ਸ਼ਬਦ ਰਾਹੀਂ ਅਸੀਂ ਇਹ ਗੱਲ ਸਮਝੀ ਹੈ ਕਿ ਨਾਮ ਤੋਂ ਬਿਨਾ ਇਹ ਭਰਮ ਨਹੀਂ ਨਿਕਲ ਸਕਦਾ ਤੇ ਉਪਰ ਵਾਲੀਆਂ ਪੰਗਤੀਆਂ ਦੁਆਰਾ ਇਹ ਸਮਝਿਆ ਹੈ ਕਿ ਭਰਮ ਗਿਆਨ ਦੁਆਰਾ ਨਿਕਲਦਾ ਹੈ। ਫਿਰ ਇਸ ਗੱਲ ਨੂੰ ਸਮਝੋ ਕਿ ਨਾਮ ਤੇ ਗਿਆਨ ਵਿਚ ਕੀ ਫਰਕ ਹੈ ਭਾਵ ਕੋਈ ਫਰਕ ਨਹੀਂ ਹੈ ਤੇ ਨਾਮ ਨੂੰ ਗਿਆਨ ਤੋਂ ਬਿਨਾ ਕੁਝ ਹੋਰ ਸਮਝਣਾ ਇਹ ਸਾਡਾ ਭਰਮ ਹੈ। ਜੇ ਗੁਰੂ ਦੀ ਗੱਲ ਨੂੰ ਮੰਨ ਲਵੋਗੇ ਤਾਂ ਫਿਰ ਨਾਮ ਨੂੰ ਗਿਆਨ ਹੀ ਕਹੋਗੇ, ਫਿਰ ਸਾਡੀ ਨਾਮਸਝ ਮਤਿ ਸਮਝ ਵਾਲੀ ਬਣ ਜਾਵੇਗੀ ਇਸੇ ਤਰ੍ਹਾਂ ਜਿਉਂ ਜਿਉਂ ਗੱਲਾਂ ਅਸੀਂ ਗੁਰੂ ਦੀਆਂ ਮੰਨੀ ਜਾਵਾਂਗੇ ਤਿਉਂ ਤਿਉਂ ਮਨ ਦੇ ਭਰਮਾਂ ਵਿਚੋਂ ਨਿਕਲੀ ਜਾਵਾਂਗੇ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਵੇਲਾ ਕੋਈ ਵੀ ਛੋਟਾ ਵੱਡਾ ਨਹੀਂ ਹੈ ਤੇ ਵੇਲੇ ਵਖਤ ਦੀ ਵਿਚਾਰ ਨਹੀਂ ਕਰਨੀ ਚਾਹੀਦੀ ਭਾਵ ਅੰਮ੍ਰਿਤ ਵੇਲਾ ਜਿਸ ਨੂੰ ਅਸੀਂ ਚੰਗਾ ਵੇਲਾ ਸਮਝਿਆ ਹੋਇਆ ਹੈ ਫਿਰ ਇਹ ਗੱਲ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਭਾਵ ਇਹ ਸਾਡਾ ਭਰਮ ਹੈ ਜੋ ਸਾਨੂੰ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜਨ ਦਿੰਦੀ ਜੇਕਰ ਗੁਰੂ ਦੀ ਗੱਲ ਮੰਨ ਲਵਾਂਗੇ ਭਾਵ ਨਾਮ ਨੂੰ ਆਪਣੇ ਅੰਦਰ ਜਪ ਲਵਾਂਗੇ ਤਾਂ ਫਿਰ ਹਰ ਵੇਲੇ ਨੂੰ ਇਕੋ ਜਿਹਾ ਹੀ ਸਮਝਾਂਗੇ, ਵੇਲੇ ਵੇਲੇ ਵਿਚ ਕੋਈ ਫਰਕ ਨਹੀਂ ਸਮਝਾਂਗੇ।

ਸਾਰੀ ਗੱਲ ਭਰਮਾਂ ਵਿਚੋਂ ਨਿਕਲਣ ਦੀ ਹੈ

40/5077

ਭਾਵ ਨਾਮ ਨੂੰ ਮੰਨਣ ਦੀ ਹੈ ਜਿਸ ਨੇ ਸਾਨੂੰ ਭਰਮਾਂ ਵਿਚੋਂ ਕੱਢਣਾ ਹੈ, ਮਨ ਦੀ ਮਾੜੀ ਮਤਿ ਵਿਚੋਂ ਕੱਢਣਾ ਹੈ, ਦੁਰਮਤਿ ਵਿਚੋਂ ਕੱਢਣਾ ਹੈ। ਨਾਮ ਦਾ ਮਕਸਦ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੀ ਹੈ। ਨਾਮ ਦਾ ਮਕਸਦ, ਗੁਰਮਤਿ ਦਾ ਮਕਸਦ ਕੇਵਲ ਤੇ ਕੇਵਲ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੀ ਹੈ। ਮਨ ਦਾ ਭਰਮ ਹੀ ਸਾਡਾ ਪ੍ਰਮਾਤਮਾ ਦੇ ਨਾਲ ਪੜਦਾ ਹੈ ਜਿੰਨ੍ਹਾਂ ਵਿਚੋਂ ਨਿਕਲੇ ਬਿਨਾ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਦੇ ਨਹੀਂ ਜਾਣ ਸਕਦੇ। ਗੁਰਮਤਿ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣ ਦਾ ਹੀ ਹੈ ਤੇ ਇਹ ਤਾਂ ਹੀ ਹੋ ਸਕੇਗਾ ਜੇ ਅਸੀਂ ਆਪਣੇ ਮਨ ਦੇ ਭਰਮ ਛੱਡਾਂਗੇ ਜਿੰਨਾ ਕਰਕੇ ਸਾਡੀ ਮਤਿ ਮੈਲੀ ਹੈ, ਸੱਚ ਤੋਂ ਦੂਰ ਹੈ। (**ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥**) (**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥**) ਅੰਗ ੪੭੨ (**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥**) ਅੰਗ ੪੭੨

ਜਦ ਤਕ ਸਾਡੇ ਅੰਦਰ ਭਰਮ ਹੈ ਤਦ ਤਕ ਅਸੀਂ **"ਸੁਖੁ"** ਦੀ ਪ੍ਰਾਪਤੀ ਨਹੀਂ ਕਰ ਸਕਦੇ ਭਾਵ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਕਿ ਭਰਮਾਂ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

"ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥"

ਸਤਿਗੁਰੂ ਦੀ ਸੇਵਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੇ ਸ਼ਬਦ ਦਾ ਵਿਚਾਰੀ ਬਣਨਾ ਹੀ ਗੁਰੂ ਦੀ ਸੇਵਾ ਹੈ। (**ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥**) ਅੰਗ ੨੨੩ । ਗੁਰੂ ਦੀ ਸੇਵਾ ਨੇ ਭਾਵ ਸ਼ਬਦ ਦੀ ਵਿਚਾਰ ਨੇ ਸਾਨੂੰ ਮਨ ਦੇ ਭਰਮਾਂ ਵਿਚੋਂ ਹੀ ਕੱਢਣਾ ਹੈ, ਹਉਮੈ ਵਾਲੀ, ਅਗਿਆਨਤਾ ਵਾਲੀ ਬਿਰਤੀ ਵਿਚੋਂ ਹੀ ਕੱਢਣਾ ਹੈ ਤੇ ਮਨ ਦੀ ਇਸ ਅਵਸਥਾ ਵਿਚੋਂ ਨਿਕਲਣਾ ਹੀ **"ਸੁਖੁ"** ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਸ ਦੁਆਰਾ ਮਨੁੱਖ ਦਾ ਆਵਾਗਉਣ ਮਿਟਦਾ ਹੈ। ਮਨ ਦੇ ਵਿਚ ਭਰਮਾਂ ਦੇ ਵਿਚਾਰ ਹੀ ਸਾਡਾ ਆਵਾਗਉਣ ਹਨ ਜਿਸ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅਗੇ ਚਲਕੇ ਹੋਰ ਵੀ ਸਮਝਾਂਗੇ। (**ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥ ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥ ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥**)

40/5078

ਮਾੜੀ ਮਤਿ ਵਿੱਚੋਂ, ਭਰਮਾਂ ਵਾਲੀ ਮਤਿ ਵਿਚੋਂ ਸਾਨੂੰ ਕੇਵਲ ਉਹੀ ਕੱਢ ਸਕਦਾ ਹੈ ਜੋ ਸਾਡੀ ਮਤਿ ਦਾ ਮਾਲਕ ਹੈ। ਸਾਡੀ ਮਤਿ ਦਾ ਮਾਲਕ ਆਪ ਪ੍ਰਮਾਤਮਾ ਹੈ ਜੋ ਕਿ ਆਪ ਹੀ ਗੁਰੂ ਹੈ। ਧਰਮ ਗ੍ਰੰਥਾਂ ਵਿਚ ਦਿੱਤੀ ਹੋਈ ਸੱਚੀ ਮਤਿ ਪ੍ਰਮਾਤਮਾ ਦੀ ਦਿੱਤੀ ਹੋਈ ਹੈ ਜਿਸ ਦਾ ਮਕਸਦ ਸਾਨੂੰ ਭਰਮਾਂ ਵਾਲੀ ਮਤਿ ਵਿਚੋਂ ਕੱਢਣ ਦਾ ਹੀ ਹੈ ਭਾਵ ਜਿਸ ਨੇ ਸਾਡੇ ਅੰਦਰ ਭਰਮਾਂ ਵਾਲੀ ਮਤਿ ਪਾਈ ਹੈ ਉਸਨੇ ਆਪ ਹੀ ਇਸ ਭਰਮਾਂ ਵਾਲੀ ਮਤਿ ਵਿਚੋਂ ਕੱਢਣ ਦਾ ਉਪਰਾਲਾ ਧਰਮ ਗ੍ਰੰਥਾਂ ਦੀ ਰਚਨਾ ਦੁਆਰਾ ਕੀਤਾ ਹੋਇਆ ਹੈ। ਪ੍ਰਮਾਤਮਾ ਇਸ ਸੰਸਾਰ ਦੀ ਖੇਡ ਸਾਰੇ ਸੰਸਾਰ ਨੂੰ ਭਰਮਾਂ ਵਿਚ ਰੱਖ ਕੇ ਹੀ ਚਲਾ ਰਿਹਾ ਹੈ ਤੇ ਉਸ ਖੇਡ ਦੀ ਸਮਝ ਪਾਉਣ ਦਾ ਤਰੀਕਾ ਉਸਦੇ ਆਪਣੇ ਰਚੇ ਹੋਏ ਧਰਮ ਗ੍ਰੰਥ ਹਨ। ਧਰਮ ਗ੍ਰੰਥਾਂ ਰਾਹੀਂ ਉਸ ਨੇ ਸੱਚ ਦਾ ਮਾਰਗ ਸਮਝਾਇਆ ਹੈ, ਨਾਮ ਦਾ ਮਾਰਗ ਸਮਝਾਇਆ ਹੈ ਜਿਸ ਦਾ ਮਕਸਦ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੈ। ਭਰਮ ਉਸ ਦਾ ਹੀ ਨਿਕਲੇਗਾ ਜੋ ਧਰਮ ਗ੍ਰੰਥਾਂ ਦੀ ਗੱਲ ਨੂੰ ਮੰਨ ਕੇ ਉਸ ਅਨੁਸਾਰ ਵਿਚਰੇਗਾ। ਪ੍ਰਮਾਤਮਾ ਆਪ ਹੀ ਸਾਡੇ ਅੰਦਰ ਵਿਚਰ ਰਿਹਾ ਹੈ ਤੇ ਭਰਮਾਂ ਤੋਂ ਪੂਰੀ ਤਰ੍ਹਾਂ ਮੁਕਤਿ ਉਹ ਉਸੇ ਨੂੰ ਕਰਦਾ ਹੈ, ਆਪ ਅੰਦਰ ਪ੍ਰਗਟ ਹੋ ਕੇ ਕਰਦਾ ਹੈ, ਚਉਥਾ ਪਦ ਬਖਸ਼ਣ ਦੁਆਰਾ ਕਰਦਾ ਹੈ ਪਰ ਸਾਡੇ ਲਈ ਉਦਮ ਇਹੀ ਹੈ ਕਿ ਅਸੀਂ ਧਰਮ ਗ੍ਰੰਥਾਂ ਦੀ ਗੱਲ ਨੂੰ ਮੰਨੀਏ ਭਾਵ ਮਾਇਆ ਮੋਹ ਵਿਚੋਂ ਨਿਕਲਣ ਦਾ ਉਪਰਾਲਾ ਕਰੀਏ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥"

“ਸਾਚੁ ਸਹਜੁ” ਵਾਲੀ ਅਵਸਥਾ ਚਉਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ ਜਿਸ ਰੂਪ ਵਿਚ ਪ੍ਰਮਾਤਮਾ ਆਪ ਸਾਡੇ ਅੰਦਰ ਵੱਸਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੋਇਆ ਹੈ। ਸਾਚੁ ਸਹਜੁ ਰੂਪ ਪ੍ਰਮਾਤਮਾ ਦਾ ਗਿਆਨ ਰੂਪ ਹੈ, ਪ੍ਰਮਾਤਮਾ ਦਾ ਨਾਮ ਰੂਪ ਹੈ ਜੋ ਰੂਪ ਪ੍ਰਮਾਤਮਾ ਦਾ ਸਾਡੇ ਅੰਦਰ ਸਾਡੀ ਮਤਿ ਦੇ ਰੂਪ ਵਿਚ ਉਪਜਦਾ ਹੈ, ਮਨ ਦੇ ਵਿਚ ਉਪਜਦਾ ਹੈ ਜਿਸ ਦੁਆਰਾ ਸਾਡਾ ਮਨ ਹਉਮੈ ਦੀ ਮੈਲ ਵਿਚੋਂ ਨਿਕਲਣ ਦੁਆਰਾ, ਮਨ ਦੇ ਭਰਮਾਂ ਦੀ, ਅਗਿਆਨਤਾ ਦੀ, ਮਾਇਆ ਮੋਹ ਦੀ ਮੈਲ ਵਿੱਚੋਂ ਨਿਕਲਣ ਦੁਆਰਾ ਨਿਰਮਲ ਹੁੰਦਾ ਹੈ, ਪਵਿੱਤਰ ਹੁੰਦਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਨਾਲ

ਮਨ ਦੇ ਵਿਚਾਰਾਂ ਰਾਹੀਂ ਇੱਕ ਹੋ ਜਾਂਦਾ ਹੈ, ਉਹ ਸੱਚ ਰੂਪ ਪ੍ਰਮਾਤਮਾ ਦੇ ਵਿਚ ਸਮਾ ਜਾਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਸਮਾ ਜਾਂਦਾ ਹੈ। (**ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥**) ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ, ਬੁੱਝਣ ਦਾ ਇਹ ਤਰੀਕਾ ਹੀ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਉਹੀ ਬੁੱਝ ਸਕੇਗਾ ਜੋ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਉਦਮ ਕਰੇਗਾ।

“ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥”

ਉਪਰਲੀ ਪੰਗਤੀ ਰਾਹੀਂ ਸਾਡਾ ਫਰਜ ਹੀ ਸਮਝਾਇਆ ਹੋਇਆ ਹੈ ਭਾਵ ਸਾਡਾ ਅਸਲ ਉਦਮ ਸਮਝਾਇਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁਝਿਆ ਜਾ ਸਕਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਉਹੀ ਬੁਝ ਸਕਦਾ ਹੈ ਜੋ ਗੁਰੂ ਦੀ ਸੇਵਾ ਕਰਦਾ ਹੈ। ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਬਾਰ-ਬਾਰ ਜਾਣਿਆ ਹੈ। ਗੁਰੂ ਦੀ ਸੇਵਾ ਗੁਰਮਤਿ ਦੀ ਸੇਵਾ ਹੈ ਜੋ ਗੁਰਮਤਿ ਨੂੰ ਮੰਨਣ ਦੁਆਰਾ ਹੁੰਦੀ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਹੁੰਦੀ ਹੈ ਭਾਵ ਆਪਣੀ ਭਰਮਾਂ ਵਾਲੀ ਮਤਿ ਛੱਡਣ ਦੁਆਰਾ ਹੁੰਦੀ ਹੈ, ਆਪਣੀ ਹਉਮੈ ਵਾਲੀ ਮਤਿ ਛੱਡਣ ਦੁਆਰਾ ਹੁੰਦੀ ਹੈ ਤੇ ਆਪਣੀ ਮਤਿ ਛੱਡਣ ਦੁਆਰਾ ਹੀ ਸਾਨੂੰ ਆਪਣੇ ਜੀਵਨ ਦੇ ਸਹੀ ਮਾਰਗ ਦੀ ਸੋਝੀ ਪੈਂਦੀ ਹੈ ਤੇ ਅਸੀਂ ਆਪਣੇ ਜੀਵਨ ਵਿਚ ਕੀ ਕੁਝ ਕਰਨਾ ਹੈ ਤੇ ਉਸ ਮਾਰਗ ਤੇ ਚੱਲਣ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁਝ ਸਕਦੇ ਹਾਂ, ਉਸ ਦੀ ਕਿਰਪਾ ਦੁਆਰਾ ਬੁਝ ਸਕਦੇ ਹਾਂ ਭਾਵ ਪਹਿਲੇ ਗੁਰੂ ਦੀ ਦੱਸੀ ਹੋਈ ਗੱਲ ਨੂੰ ਮੰਨਾਂਗੇ ਤੇ ਤਾਂ ਹੀ ਗੁਰੂ ਪ੍ਰਮਾਤਮਾ ਸਾਨੂੰ ਸਾਡੇ ਅੰਦਰੋਂ ਆਪਣਾ ਆਪ ਬੁਝਾਏਗਾ। (**ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥**) (**ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥**) ਅੰਗ ੨੨੩

ਗੁਰੂ ਦਾ ਸੇਵਕ ਬਣਨਾ ਹੀ ਸਭ ਤੋਂ ਔਖੀ ਗੱਲ ਹੈ ਜਿਸ ਵਿਚ ਸਾਨੂੰ ਸ਼ਬਦ ਦਾ ਵਿਚਾਰੀ ਬਣਨਾ ਪੈਂਦਾ ਹੈ ਭਾਵ ਗੁਰੂ ਦੀ ਹਰ ਗੱਲ ਨੂੰ ਮੰਨਣਾ ਪੈਂਦਾ ਹੈ ਤੇ ਆਪਣੀ ਮੈਂ ਵਾਲੀ ਮਤਿ ਛੱਡਣੀ ਪੈਂਦੀ ਹੈ, ਮਾਇਆ ਮੋਹ ਵਾਲੀ ਬਿਰਤੀ ਛੱਡਣੀ ਪੈਂਦੀ ਹੈ, ਆਪਣੀਆਂ ਇਛਾਵਾਂ ਛੱਡਣੀਆਂ ਪੈਂਦੀਆਂ ਹਨ ਤਾਂ ਜੋ ਸਾਡੀ ਕਰਨੀ ਚੰਗੀ ਹੋ ਸਕੇ ਭਾਵ ਸਾਡੀ ਸੰਸਾਰਿਕ ਵਿਚਰਨ ਚੰਗੀ ਹੋ ਸਕੇ ਭਾਵ ਸਾਡੀ ਉੱਤਮ ਕਰਨੀ ਹੀ ਗੁਰੂ ਦੀ ਸੇਵਾ ਹੈ ਜਿਵੇਂ ਕਿ ਉਪਰ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਤੇ ਇਹੀ

ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਗੁਰੂ ਦੀ ਸੇਵਾ ਅਸੀਂ ਕਿਸ ਤਰੀਕੇ ਕਰਨੀ ਹੈ।

“ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥”

ਗੁਰੂ ਦੀ ਸੇਵਾ ਦਾ ਮਾਰਗ ਉਹੀ ਹੈ ਜੋ ਕਿ ਸਾਡੇ ਜੀਵਨ ਦੇ ਵਿਚ ਸਾਡੀ ਵਿਚਰਨ ਦਾ ਮਾਰਗ ਹੈ ਜੋ ਕਿ ਸਾਡੇ ਕਰਮ ਹਨ ਭਾਵ ਸਭ ਕੁਝ ਸਾਡੇ ਕਰਮਾਂ ਦੇ ਨਾਲ ਜੁੜਿਆ ਹੋਇਆ ਹੈ ਕਿ ਅਸੀਂ ਸੰਸਾਰ ਵਿਚ ਕਰਮ ਕਿਹੋ ਜਿਹੇ ਕਰਦੇ ਹਾਂ। ਜਾਂ ਅਸੀਂ ਮਾੜੇ ਕਰਮ ਕਰਦੇ ਹਾਂ ਜਾਂ ਅਸੀਂ ਚੰਗੇ ਕਰਮ ਕਰਦੇ ਹਾਂ ਤੇ ਸਾਡੇ ਕਰਮਾਂ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਕਿ ਸਾਡੇ ਅੰਦਰ ਦੀ ਸਮਝ ਕਿਹੋ ਜਿਹੀ ਹੈ ਭਾਵ ਸਾਡੀ ਮਤਿ ਕਿਹੋ ਜਿਹੀ ਹੈ। ਮਨ ਦੀ ਮਾੜੀ ਮਤਿ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ ਤੇ ਮਨ ਦੀ ਚੰਗੀ ਮਤਿ ਸਾਡੇ ਕੋਲੋਂ ਚੰਗੇ ਕਰਮ ਕਰਾਉਂਦੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਗੁਰੂ ਦੀ ਸੇਵਾ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਸ਼ਬਦ ਦੀ ਵਿਚਾਰ ਦਾ ਮਕਸਦ ਸਾਡੇ ਅੰਦਰੋਂ ਮਾੜੀਆਂ ਵਿਚਾਰਾਂ ਨੂੰ ਕੱਢਣ ਦਾ ਹੀ ਹੈ ਜੋ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਣ ਤੇ ਉਸ ਤੇ ਚੱਲਣ ਤੋਂ ਭਰਮ ਵਿਚ ਰੱਖਦੀਆਂ ਹਨ ਭਾਵ ਸੱਚ ਤੋਂ ਦੂਰ ਰੱਖਦੀਆਂ ਹਨ। ਜਿਸ ਦੇ ਅੰਦਰ ਮਾੜੇ ਵਿਚਾਰ ਹਨ ਉਹ ਸਾਨੂੰ ਲੋਭ ਲਾਲਚ ਵਾਲੀ ਬਿਰਤੀ ਵਿਚ ਰਖਦੇ ਹਨ ਤੇ ਹੋਰ ਵੀ ਅਨੇਕਾਂ ਅਉਗਣਾਂ

ਵਿਚ ਰਖਦੇ ਹਨ ਤੇ ਮਨ ਦੀ ਇਹੋ ਜਿਹੀ ਸਮਝ ਦੁਆਰਾ ਅਸੀਂ ਕੀ ਕਰਮ ਕਮਾਵਾਂਗੇ ਭਾਵ ਮਾੜੇ ਕਰਮ ਹੀ ਕਮਾਵਾਂਗੇ। ਸਾਡੇ ਕਰਮ ਹੀ ਸਾਡੇ ਬੋਲ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਾੜੇ ਕਰਮ ਸਾਡੇ **"ਕੂੜਿ ਬੋਲਿ"** ਹਨ ਤੇ ਸਾਡੇ ਚੰਗੇ ਕਰਮ ਸਾਡੇ ਚੰਗੇ ਬੋਲ ਹਨ ਜੋ ਬੋਲ ਪ੍ਰਮਾਤਮਾ ਸਾਡੇ ਕਰਮਾਂ ਰਾਹੀਂ ਹਰ ਵੇਲੇ ਸੁਣ ਰਿਹਾ ਹੈ। ਸਾਡੇ ਮਾੜੇ ਕਰਮ ਸਾਡੇ ਅੰਦਰ ਮਾੜੀ ਮਤਿ ਨੂੰ ਦ੍ਰਿੜ ਕਰਦੇ ਹਨ ਭਾਵ ਬਿਖੁ ਨੂੰ ਦ੍ਰਿੜ ਕਰਦੇ ਹਨ ਭਾਵ ਬਿਖੁ ਨੂੰ ਵਧਾਉਂਦੇ ਹਨ, ਸਾਡੇ ਚੰਗੇ ਕਰਮ ਬਿਖੁ ਨੂੰ ਕੱਢਦੇ ਹਨ ਭਾਵ ਸਾਡੇ ਅੰਦਰੋਂ ਮਾੜੀ ਮਤਿ ਨੂੰ ਕੱਢਦੇ ਹਨ। (**ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥**)

{ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥}

(ਅੰਗ - ੧੫)

40/5081

{ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥}

(ਅੰਗ - ੨੨੪)

{ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥}

(ਅੰਗ - ੨੨੭)

{ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥}

(ਅੰਗ - ੨੩੩)

{ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਣਿ ਪਿਆਰੇ ॥੪॥੧॥}

(ਅੰਗ - ੨੪੪)

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥}

(ਅੰਗ - ੩੦)

{ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥
ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥}

(ਅੰਗ - ੧੧੫੯)

{ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥ ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥}

(ਅੰਗ - ੪੩)

{ਬਹੁ ਬਿਧਿ ਮਾਇਆ ਮੋਹ ਹਿਰਾਨੋ ॥ ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥੧॥ ਰਹਾਉ ॥}

(ਅੰਗ - ੧੨੬੯)

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥

ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥}

(ਅੰਗ ੧੩੨੮-੧੩੨੯)

{ਪ੍ਰਭ ਕੀ ਸੇਵਾ ਜਨ ਕੀ ਸੋਭਾ ॥ ਕਾਮ ਕ੍ਰੋਧ ਮਿਟੇ ਤਿਸੁ ਲੋਭਾ ॥
ਨਾਮੁ ਤੇਰਾ ਜਨ ਕੈ ਭੰਡਾਰਿ ॥ ਗੁਨ ਗਾਵਹਿ ਪ੍ਰਭ ਦਰਸ ਪਿਆਰਿ ॥੧॥
ਤੁਮਰੀ ਭਗਤਿ ਪ੍ਰਭ ਤੁਮਹਿ ਜਨਾਈ ॥ ਕਾਟਿ ਜੇਵਰੀ ਜਨ ਲੀਏ ਛਡਾਈ ॥੧॥ ਰਹਾਉ ॥}

(ਅੰਗ - ੧੩੩੮)

{ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ - ੧੩੪੩)

40/5082

ਸਾਡੇ ਜੀਵਨ ਦਾ ਮਕਸਦ ਮਨ ਦੇ ਭਰਮਾਂ ਤੋਂ ਮੁਕਤਿ ਹੋਣ ਦਾ ਹੈ ਤੇ ਭਰਮ ਤਾਂ ਹੀ ਦੂਰ ਹੋਣਗੇ ਜੇਕਰ ਆਪਣੀ ਮਤਿ ਉਸ ਜਗ੍ਹਾ ਤੋਂ ਲਵਾਂਗੇ ਜੋ ਮਤਿ ਭਰਮਾਂ ਤੋਂ ਰਹਿਤ ਹੈ। ਧਰਮ ਦੇ ਮਾਰਗ ਨੂੰ ਜਾਨਣ ਲਈ ਜਿਸ ਮਤਿ ਦੀ ਸਾਨੂੰ ਲੋੜ ਹੈ ਉਹ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ, ਪ੍ਰਮਾਤਮਾ ਦੇ ਕੋਲ ਹੈ ਜਿਸ ਰਾਹੀਂ ਅਸੀਂ ਸੱਚ ਨੂੰ ਜਾਣ ਸਕਦੇ ਹਾਂ, ਧਰਮ ਦੇ ਮਾਰਗ ਦੇ ਸੱਚ ਨੂੰ ਜਾਣ ਸਕਦੇ ਹਾਂ ਕਿ ਪ੍ਰਮਾਤਮਾ ਕੀ ਹੈ ਤੇ ਕਿਵੇਂ ਮਿਲਦਾ ਹੈ ਭਾਵ ਤੱਤ ਦੀ ਗੱਲ ਕੇਵਲ ਸਾਨੂੰ ਗੁਰੂ ਹੀ ਸਮਝਾ ਸਕਦਾ ਹੈ। ਪੰਡਿਤ ਅਖਵਾਉਣ ਵਾਲਿਆਂ ਨੂੰ ਭਾਵ ਧਾਰਮਿਕ ਆਗੂਆਂ ਨੂੰ, ਧਰਮ ਦੇ ਮਾਰਗ ਤੇ ਵੱਡੇ ਅਖਵਾਉਣ ਵਾਲਿਆਂ ਨੂੰ ਇਹ ਸਮਝਾਇਆ ਹੈ ਕਿ ਜੇਕਰ ਤੁਸੀਂ **"ਤਥੁ"** ਦੀ ਪ੍ਰਾਪਤੀ ਕਰਨਾ ਚਾਹੁੰਦੇ ਹੋ, ਮੱਖਣ ਦੀ ਪ੍ਰਾਪਤੀ ਕਰਨਾ ਚਾਹੁੰਦੇ ਹੋ ਤਾਂ ਉਹ ਕੇਵਲ ਦਹੀਂ ਰਿੜਕਨ ਦੁਆਰਾ ਹੀ ਮਿਲਦਾ ਹੈ ਤੇ ਜਲ ਨੂੰ ਰਿੜਕਨ ਦੁਆਰਾ ਨਹੀਂ ਮਿਲਦਾ। ਸਾਰੇ ਜਗ ਦੇ ਵਿੱਚ ਪ੍ਰਮਾਤਮਾ ਨੇ ਕੇਵਲ ਜਲ ਹੀ ਪਾਇਆ ਹੋਇਆ ਹੈ ਭਾਵ ਉਹੋ ਜਿਹੀ ਮਤਿ ਪਾਈ ਹੋਈ ਹੈ, ਹੋਲੀ ਮਤਿ ਪਾਈ ਹੋਈ ਹੈ ਜਿਸ ਮਤਿ ਨੂੰ ਰਿੜਕੀ ਜਾਣ ਦਾ ਕੋਈ ਲਾਭ ਨਹੀਂ ਹੈ ਭਾਵ ਮਾਇਆ ਮੋਹ ਵਾਲੀ ਮਤਿ ਨੂੰ ਆਪਣੇ ਅੰਦਰ ਵਿਚਾਰੀ ਜਾਣ ਦੁਆਰਾ ਸਾਨੂੰ ਮੱਖਣ ਨਹੀਂ ਮਿਲ ਸਕਦਾ। ਆਪਣੇ ਅੰਦਰ ਕਿਸੇ ਮਤਿ ਨੂੰ ਵਿਚਾਰਨਾ ਹੀ ਉਸ ਨੂੰ ਰਿੜਕਨਾ ਹੈ। ਗੁਰੂ ਦੇ ਕੋਲ ਦਹੀ ਰੂਪ ਮਤਿ ਹੈ ਜਿਸ ਨੂੰ ਰਿੜਕਨ ਦੁਆਰਾ ਸਾਨੂੰ ਤਥੁ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਸਾਨੂੰ ਉਹੋ ਜਿਹਾ ਗਿਆਨ ਮਿਲ ਸਕਦਾ ਹੈ ਜੋ ਸਾਨੂੰ ਹਰ ਭਰਮ ਵਿਚੋਂ ਕੱਢਦਾ ਹੈ ਜਿਸ ਦੁਆਰਾ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਪੈਂਦੀ ਹੈ। (**ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥**)

ਜਲ ਨੂੰ ਮੱਥਣ ਤੇ ਦਹੀਂ ਨੂੰ ਮੱਥਣ ਵਿਚ ਕੀ ਫਰਕ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥"

ਦਹੀਂ ਰੂਪ ਗੁਰੂ ਦੀ ਮਤਿ ਭਰਮਾਂ ਤੋਂ ਰਹਿਤ ਹੈ ਤੇ ਜਿਸ ਮਤਿ ਵਿਚ ਪ੍ਰਮਾਤਮਾ ਨੇ ਸਭ ਨੂੰ ਰੱਖਿਆ ਹੋਇਆ ਹੈ ਉਹ ਮਤਿ ਭਰਮਾਂ ਦੀ ਭਰੀ ਹੋਈ ਹੈ ਜਿਸ ਕਰਕੇ ਸਾਰਿਆਂ ਦੀ ਮਤਿ ਨਾਸਮਝੀ ਵਾਲੀ ਮਤਿ ਹੈ, ਜਲ ਰੂਪ ਹਉਲੀ ਮਤਿ ਹੈ ਜਿਸ ਨੂੰ ਮੱਥਣ ਦੁਆਰਾ ਸਾਡੇ ਭਰਮ ਨਹੀਂ ਨਿਕਲ ਸਕਦੇ ਭਾਵ ਤਥੁ ਦੀ ਪ੍ਰਾਪਤੀ ਨਹੀਂ ਹੋ ਸਕਦੀ, ਅਸਲੀਅਤ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਨਹੀਂ

40/5083

ਲੱਗ ਸਕਦੀ ਜੋ ਕਿ ਮਨ ਦੇ ਭਰਮਾਂ ਕਰਕੇ ਸਾਡੇ ਅੰਦਰ ਹੁੰਦੇ ਹੋਏ ਵੀ ਸਾਡੇ ਲਈ ਅਲੱਖ ਰਹਿੰਦਾ ਹੈ ਭਾਵ ਅਸੀਂ ਉਸਨੂੰ ਆਪਣੇ ਅੰਦਰੋਂ ਦੇਖ ਨਹੀਂ ਸਕਦੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੇਵਲ ਤੇ ਕੇਵਲ ਮਨ ਦੇ ਭਰਮ ਵਾਲੇ ਵਿਚਾਰ ਨਿਕਲਣ ਦੁਆਰਾ ਹੀ ਦੇਖਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਪ੍ਰਮਾਤਮਾ ਆਪਣੇ ਅੰਦਰੋਂ ਤਾਂ ਹੀ ਨਜਰ ਆਵੇਗਾ ਜੇਕਰ ਅਸੀਂ ਜਲ ਵਾਲੀ ਮਤਿ ਨੂੰ ਛੱਡ ਕੇ ਦਹੀ ਵਾਲੀ ਮਤਿ ਨੂੰ ਮਥਾਂਗੇ ਭਾਵ ਸ਼ਬਦ ਦੀ ਮਤਿ ਨੂੰ ਆਪਣੇ ਅੰਦਰ ਵਿਚਾਰਾਂਗੇ ਜੋ ਸਾਨੂੰ ਭਰਮਾਂ ਵਿਚੋਂ ਕੱਢਦੀ ਹੈ, ਸਾਡੇ ਅੰਦਰ ਭਰਮ ਰੂਪ ਪੜਦਾ ਦੂਰ ਕਰਦੀ ਹੈ, ਹਉਮੈ ਰੂਪ ਪੜਦਾ ਦੂਰ ਕਰਦੀ ਹੈ ਤੇ ਮਨ ਦੇ ਸੱਚੇ ਗਿਆਨ ਰਾਹੀਂ, ਮਨ ਦੀ ਸੱਚੀ ਸਮਝ ਰਾਹੀਂ ਮਨ ਦੇ ਅੰਦਰੋਂ ਹੀ ਪ੍ਰਮਾਤਮਾ ਦੀ ਸਮਝ ਪੈਂਦੀ ਭਾਵ ਮਨ ਦੇ ਵਿਚੋਂ ਹੀ ਮਨ ਦੇ ਗਿਆਨ ਦੁਆਰਾ ਉਸ ਗਿਆਨ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਸਭ ਦੇ ਅੰਦਰ ਹੀ ਗੁਪਤ ਰੂਪ ਵਿਚ ਵਿਚਰ ਰਿਹਾ ਹੈ ਪਰ ਮਨ ਦੇ ਭਰਮ ਦੇ ਕਾਰਣ ਉਹ ਸਭ ਲਈ ਅਲਖੁ ਹੀ ਬਣਿਆ ਹੋਇਆ ਹੈ। (**ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥ ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥**)

ਸਾਡੇ ਅੰਦਰ ਇਹ ਭਰਮ ਰੂਪ ਬੰਧਨ ਪ੍ਰਮਾਤਮਾ ਨੇ ਕਿਸ ਰੂਪ ਵਿਚ ਪਾਇਆ ਹੋਇਆ ਹੈ ਤੇ ਉਸ ਵਿਚੋਂ ਕਿਸ ਤਰੀਕੇ ਨਿਕਲਿਆ ਜਾ ਸਕਦਾ ਹੈ ਇਸੇ ਗੱਲ ਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਹੋਰ ਦ੍ਰਿੜ ਕਰਵਾਇਆ ਹੈ।

“ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥

ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥

ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥”

ਪ੍ਰਮਾਤਮਾ ਦਾ ਪਾਇਆ ਹੋਇਆ ਮਾਇਆ ਮੋਹ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ ਜੋ ਵਿਚਾਰ ਸਾਨੂੰ ਭਰਮਾਂ ਵਿਚ ਪਾ ਕੇ ਰਖਦੇ ਹਨ। ਸਾਡੇ ਅੰਦਰ ਦੇ ਇਸ ਮਾਇਆ ਮੋਹ ਨੂੰ ਸੂਤ ਦਾ ਧਾਗਾ ਕਿਹਾ ਹੈ ਭਾਵ ਇੱਕ ਕੱਚਾ ਧਾਗਾ ਕਿਹਾ ਹੈ। ਮਨ ਦਾ ਇਹ ਧਾਗਾ ਕੀ ਹੈ, ਇਸ ਗੱਲ ਨੂੰ ਅਸੀਂ ਲੇਖ ਵਿਚ ਬਹੁਤ ਪਿੱਛੇ ਪਹਿਲੇ ਵੀ ਸਮਝਿਆ ਹੈ। ਸਾਡੇ ਅੰਦਰ ਹਰ ਵੇਲੇ ਵਿਚਾਰਾਂ ਦੀ ਬੁਣਤ ਚੱਲਦੀ ਰਹਿੰਦੀ ਹੈ ਤੇ ਇਹ ਧਾਗਾ ਹਰ ਵੇਲੇ ਸਾਡੇ ਅੰਦਰ ਦੇ ਵਿਚਾਰਾਂ ਨੂੰ ਬੁਣਦਾ ਰਹਿੰਦਾ ਹੈ। ਇਹ ਸਾਡੇ ਅੰਦਰ ਨਾਸਮਝ ਵਿਚਾਰਾਂ ਨੂੰ ਬੁਣਦਾ ਹੈ। ਜਿਸ ਤਰੀਕੇ ਇੱਕ ਲੰਬੇ ਕੱਚੇ ਧਾਗੇ ਦੀ ਬੁਣਤ ਉਲਝ ਜਾਂਦੀ ਹੈ ਤੇ ਫਿਰ ਸਮਝ ਨਹੀਂ ਲਗਦੀ ਕਿ ਉਹ ਕਿਵੇਂ ਖੁਲਣੀ ਹੈ।

40/5084

ਮਨ ਦੇ ਵਿਚਾਰਾਂ ਰਾਹੀਂ ਇਹ ਧਾਗਾ ਸਾਡੇ ਅੰਦਰ ਗੰਢ ਮਾਰ ਕੇ ਰੱਖਦਾ ਹੈ ਕਿ ਮੈਂ ਜੋ ਕਰ ਰਿਹਾ ਹਾਂ ਉਹ ਠੀਕ ਹੈ ਭਾਵ ਇਹ ਉਲਝਿਆ ਹੋਇਆ ਵੀ ਆਪਣੇ ਆਪ ਨੂੰ ਠੀਕ ਸਮਝਦਾ ਹੈ ਭਾਵ ਆਪਣੀ ਮਤਿ ਦੁਆਰਾ ਜਿਹੋ ਜਿਹੇ ਵੀ ਧਾਰਮਿਕ ਕਰਮ ਕਰਦਾ ਹੈ ਉਹਨਾਂ ਨੂੰ ਹੀ ਠੀਕ ਸਮਝਦਾ ਹੈ ਭਾਵ ਉਹ ਮਨ ਦੀ ਨਾਸਮਝੀ ਦੁਆਰਾ ਆਪਣੇ ਆਪ ਨੂੰ ਸੂਝਵਾਨ ਹੀ ਸਮਝਦਾ ਹੈ। ਮਨ ਦੀ ਇਹ ਨਾਸਮਝ ਰੂਪ ਗੰਢ ਕੇਵਲ ਤੇ ਕੇਵਲ ਗੁਰੂ ਪ੍ਰਮਾਤਮਾ ਹੀ ਖੋਲ ਸਕਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਖੁੱਲ ਸਕਦੀ ਹੈ ਜਿਸ ਗੁਰੂ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਕੱਚੇ ਧਾਗੇ ਰੂਪ ਮਾਇਆ ਮੋਹ ਵਾਲੇ ਵਿਚਾਰ ਪਾਏ ਹੋਏ ਹਨ ਭਾਵ ਜਿਸ ਨੇ ਸਾਨੂੰ ਅਗਿਆਨਤਾ ਵਿਚ ਰੱਖਿਆ ਹੋਇਆ ਹੈ ਉਹੀ ਸਾਨੂੰ ਅਗਿਆਨਤਾ ਵਿਚੋਂ ਕੱਢ ਸਕਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਹੀ, ਧਰਮ ਗ੍ਰੰਥਾਂ ਦੀ ਸੱਚੀ ਮਤਿ ਹੀ ਸਾਨੂੰ ਇਸ ਵਿਚੋਂ ਕੱਢ ਸਕਦੀ ਹੈ। (**ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥ ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥**)

ਸਾਡੇ ਵਿਚਾਰਾਂ ਅੰਦਰ ਇਹ ਮਾਇਆ ਮੋਹ ਰੂਪ ਧਾਗਾ ਕਿਸ ਰੂਪ ਵਿਚ ਹੈ ਇਹ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥”

ਇਹ ਕਿਸੇ ਇੱਕ ਮਨੁੱਖ ਦੀ ਗੱਲ ਨਹੀਂ ਹੈ ਜਿਸ ਨੂੰ ਪ੍ਰਮਾਤਮਾ ਨੇ ਆਪਣੇ ਆਪ ਨੂੰ ਜਾਨਣ ਤੋਂ ਭੁਲਾਇਆ ਹੋਇਆ ਹੈ। ਉਸਨੇ ਪੂਰੇ ਸੰਸਾਰੀ ਜਨਾਂ ਨੂੰ ਭੁਲਾਇਆ ਹੋਇਆ ਹੈ, ਸਭ ਦੇ ਅੰਦਰ ਭਰਮਾਂ ਵਾਲੀ ਮਤਿ ਪਾ ਕੇ ਭੁਲਾਇਆ ਹੋਇਆ ਹੈ ਭਾਵ ਮਾਇਆ ਮੋਹ ਦੁਆਰਾ ਭੁਲਾਇਆ ਹੋਇਆ ਹੈ। ਜਦ ਤਕ ਮਨ ਦੇ ਅੰਦਰ ਭਰਮਾਂ ਵਾਲੇ ਵਿਚਾਰ ਹਨ ਤਦ ਤਕ ਕੋਈ ਵੀ

ਪ੍ਰਮਾਤਮਾ ਬਾਰੇ ਕੁਝ ਵੀ ਨਹੀਂ ਕਹਿ ਸਕਦਾ ਕਿ ਪ੍ਰਮਾਤਮਾ ਕੀ ਹੈ, ਉਹ ਕਿਸ ਰੂਪ ਵਿਚ ਹੈ ਤੇ ਇਸ ਸੰਸਾਰ ਨੂੰ ਕਿਵੇਂ ਚਲਾ ਰਿਹਾ ਹੈ। ਉਹ ਸਾਡੇ ਅੰਦਰ ਨਿਰੰਕਾਰ ਰੂਪ ਵਿਚ ਹੈ, ਗਿਆਨ ਰੂਪ ਹੈ ਜਿਸ ਦੀ ਸਮਝ ਮਨ ਦਾ ਅਗਿਆਨਤਾ ਰੂਪ ਪੜਦਾ, ਭਰਮ ਰੂਪ ਪੜਦਾ, ਹਉਮੈ ਰੂਪ ਪੜਦਾ, ਤ੍ਰੈਗੁਣ ਰੂਪ ਪੜਦਾ, ਮਾਇਆ ਮੋਹ ਰੂਪ ਪੜਦਾ ਨਿਕਲਣ ਦੁਆਰਾ ਹੀ ਪੈ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾ ਭਾਵ ਉਸ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾ ਜੋ ਵੀ ਕੋਈ ਪ੍ਰਮਾਤਮਾ ਨੂੰ ਆਕਾਰ ਰੂਪ ਜਾਨਣ ਦੀਆਂ ਗੱਲਾਂ ਕਰਦਾ ਹੈ ਜੋ ਕਿ

40/5085

ਕੇਵਲ ਮਨ ਦਾ ਭਰਮ ਹੈ, ਹੋਰ ਕੁਝ ਵੀ ਨਹੀਂ। (**ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥ ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥ ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥**)

{ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥

ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥}

(ਅੰਗ - ੬੭)

{ਕੋਈ ਜਾਣਿ ਨ ਭੂਲੈ ਭਾਈ ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥੧॥ ਰਹਾਉ ॥}

(ਅੰਗ - ੧੩੪੪)

{ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ ॥

ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥

ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥}

(ਅੰਗ - ੯੫੨)

ਜਿਸ ਨੂੰ ਪ੍ਰਮਾਤਮਾ ਮਨ ਦੇ ਭਰਮਾਂ ਵਿਚੋਂ ਕੱਢ ਲੈਂਦਾ ਹੈ, ਮਾਇਆ ਮੋਹ ਵਿਚੋਂ ਕੱਢ ਲੈਂਦਾ ਹੈ ਉਸ ਦੇ ਮਨ ਦੀ ਅਵਸਥਾ ਕੀ ਹੁੰਦੀ ਹੈ ਭਾਵ ਉਹ ਧਰਮ ਦੇ ਮਾਰਗ ਤੇ ਕਿਸ ਤਰੀਕੇ ਚਲਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥

ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥

ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥”

40/5086

ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਦ ਸਾਡੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਭਾਵ ਸਾਡੇ ਮਨ ਦੇ ਵਿਚ ਕੀ ਬਦਲਾਵ ਆਉਂਦਾ ਹੈ, ਮਾਇਆ ਮੋਹ ਕਿਸ ਤਰੀਕੇ ਨਿਕਲਦਾ ਹੈ ਤੇ ਮਾਇਆ ਮੋਹ ਨਿਕਲਣ ਦੁਆਰਾ ਸਾਡੀ ਕਰਣੀ ਵਿਚ ਕੀ ਫਰਕ ਪੈਂਦਾ ਹੈ, ਇਹ ਕੁਝ ਸਮਝਾਇਆ ਹੈ ਧਿਆਨ ਨਾਲ ਸਮਝਣ ਦੀ ਲੋੜ ਹੈ। ਗੁਰੂ ਨਾਲ ਮੇਲ ਪ੍ਰਮਾਤਮਾ ਨਾਲ ਮੇਲ ਹੈ ਜੋ ਮੇਲ ਮਨ ਦੇ ਵਿਚ ਹੀ ਹੁੰਦਾ ਹੈ ਜਿਸ ਮੇਲ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਮਨ ਦੇ ਭਰਮਾਂ ਵਿਚੋਂ ਕੱਢਕੇ ਆਪਣੇ ਸੱਚੇ ਵਿਚਾਰਾਂ ਦੀ, ਸ਼ਬਦ ਦੇ ਵਿਚਾਰਾਂ ਦੀ ਸੋਝੀ ਹੀ ਪਾਉਂਦਾ ਹੈ ਜਿਸ ਦੁਆਰਾ ਮਨੁੱਖ ਸ਼ਬਦ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਂਦਾ ਹੈ। ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਹੀ ਗੁਰੂ ਪ੍ਰਮਾਤਮਾ ਦੇ ਭਉ ਨੂੰ ਮੰਨਣਾ ਹੈ ਜੋ ਭਉ ਸਾਡੇ ਸਭ ਦੇ ਅੰਦਰ ਆਪਣੇ ਮਨ ਦੀਆਂ ਇਛਾਵਾਂ ਨੂੰ ਛੱਡਣ ਦਾ ਹੈ, ਤ੍ਰਿਸ਼ਨਾਵਾਂ ਨੂੰ ਛੱਡਣ ਦਾ ਹੈ, ਮਾਇਆ ਮੋਹ ਨੂੰ ਛੱਡਣ ਦਾ ਹੈ, ਆਪਣੀ ਹਉਮੈ ਵਾਲੀ ਮਤਿ ਨੂੰ ਛੱਡਣ ਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦਾ ਭੈ ਕਬੂਲ ਕਰਨਾ ਹੀ ਸਾਡੇ ਅੰਦਰੋਂ

ਮਾਇਆ ਮੋਹ ਦੇ ਭੈ ਦਾ ਨਿਕਲਣਾ ਹੈ ਇਹੀ ਸਾਡੇ ਅੰਦਰ ਗੁਰੂ ਦੇ ਭੈ ਦੁਆਰਾ ਮਰਣਾ ਹੈ ਭਾਵ ਸ਼ਬਦ ਦੁਆਰਾ ਮਰਣਾ ਹੈ ਭਾਵ ਸ਼ਬਦ ਦੀ ਵਿਚਾਰ ਦੁਆਰਾ ਆਪਣੀ ਹਉਮੈ ਨੂੰ ਮਾਰਨਾ ਹੈ, ਆਪਣੇ ਭਰਮ ਵਾਲੇ ਵਿਚਾਰਾਂ ਨੂੰ ਮਾਰਨਾ ਹੈ। ਇਹੀ ਸਾਡਾ ਜਿਉਂਦੇ ਮਰਨਾ ਹੈ ਜਿਸ ਦੁਆਰਾ ਸਾਡੀ ਮੈਂ ਖਤਮ ਹੋ ਜਾਂਦੀ ਹੈ ਤੇ ਸਾਨੂੰ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਹੋਂਦ ਸਮਝਣਾ ਕੇਵਲ ਇੱਕ ਝੂਠ ਹੈ। ਪ੍ਰਮਾਤਮਾ ਇਹ ਸੋਝੀ ਮਨ ਦੇ ਅੰਦਰ ਆਪ ਹੀ ਪਾਉਂਦਾ ਹੈ ਭਾਵ ਇਹ ਲੇਖ ਸਾਡੇ ਅੰਦਰ ਮਨ ਦੇ ਗਿਆਨ ਰਾਹੀਂ ਆਪ ਲਿਖਦਾ ਹੈ ਜਿਸ ਦੁਆਰਾ ਸਾਨੂੰ ਸੱਚ ਦੀ ਸਮਝ ਪੈਂਦੀ ਹੈ। ਇਸ ਸੱਚ ਰੂਪ ਵਿੱਚ ਹੀ

40/5087

ਪ੍ਰਮਾਤਮਾ ਸਾਡੇ ਅੰਦਰ ਆਪ ਪ੍ਰਗਟ ਹੁੰਦਾ ਹੈ। (**ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥**) ਇਹ ਸਚੁ ਲੇਖ ਹੀ ਸਾਡੇ ਅੰਦਰ ਨਾਮ ਦੇ ਲੇਖ ਹਨ ਜਿਸ ਦੁਆਰਾ ਪ੍ਰਮਾਤਮਾ ਕਿਸੇ ਨੂੰ ਆਪਣਾ ਨਾਮ ਬਖਸ਼ਦਾ ਹੈ, ਸਾਡੇ ਅੰਦਰੋਂ ਹਉਮੈ ਮਿਟਦੀ ਹੈ।

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥}

(ਅੰਗ - ੧੦੧੦)

ਪ੍ਰਮਾਤਮਾ ਸਾਡੇ ਅੰਦਰ **"ਸਚੁ ਲੇਖੁ"** ਕਿਸ ਰੂਪ ਵਿਚ ਲਿਖਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥"

ਆਪਣੇ ਇਸ **"ਸਚੁ ਲੇਖੁ"** ਦੁਆਰਾ ਹੀ ਕਿਸੇ ਨੂੰ ਆਪਣਾ ਨਾਮ ਦਾਨ ਦਿੰਦਾ ਹੈ ਜੋ ਕਿ ਉਹ ਆਪਣੀ ਦਰਗਾਹ ਵਿੱਚੋਂ ਦਿੰਦਾ ਹੈ ਜੋ ਦਰਗਾਹ ਸਾਡਾ ਮਨ ਹੈ। ਇਹ ਨਾਮ ਦਾ ਦਾਨ ਪ੍ਰਮਾਤਮਾ ਸਾਨੂੰ ਮਨ ਦੇ ਵਿਚ **"ਮਜਨੁ"** ਦੇ ਰੂਪ ਵਿੱਚ ਦਿੰਦਾ ਹੈ ਭਾਵ ਨਾਮ ਇਸ਼ਨਾਨ ਦੇ ਰੂਪ ਵਿੱਚ ਦਿੰਦਾ ਹੈ ਜੋ ਇਸ਼ਨਾਨ ਮਨ ਦੇ ਵਿਚ ਹੁੰਦਾ ਹੈ। ਇਹ ਇਸ਼ਨਾਨ ਸਾਡੀ ਮਤਿ ਕਰਦੀ ਹੈ, ਸਾਡੇ ਮਨ ਦੇ ਵਿਚਾਰ ਕਰਦੇ ਹਨ ਜਿਸ ਇਸ਼ਨਾਨ ਦੁਆਰਾ ਸਾਡੇ ਮਨ ਦੇ ਵਿਚਾਰਾਂ ਦੀ ਮੈਲ ਉਤਰਦੀ ਹੈ, ਭਰਮ ਰੂਪ ਅਗਿਆਨਤਾ ਵਾਲੇ, ਮਾਇਆ ਮੋਹ ਵਾਲੇ, ਹਉਮੈ ਵਾਲੇ ਵਿਚਾਰਾਂ ਦੀ ਮੈਲ ਉਤਰਦੀ ਹੈ ਤੇ ਮੈਲ ਦੇ ਧੁਪਣ ਦੁਆਰਾ ਉਹ ਵਿਚਾਰ ਸੱਚੇ ਵਿਚਾਰ ਬਣ ਜਾਂਦੇ ਹਨ। ਮਨ ਦੇ ਸੱਚੇ ਵਿਚਾਰਾਂ ਦੁਆਰਾ ਫਿਰ ਮਨੁੱਖ ਮਾੜੇ ਕਰਮ ਨਹੀਂ ਕਰਦਾ, ਅਉਗੁਣਾਂ ਵਿਚੋਂ ਨਿਕਲਕੇ ਸ਼ਬਦ ਦੇ ਚੰਗੇ ਵਿਚਾਰਾਂ ਨਾਲ ਜੁੜ ਜਾਂਦਾ ਹੈ, ਗੁਣਾਂ ਵਾਲੇ ਵਿਚਾਰਾਂ ਨਾਲ ਜੁੜ ਜਾਂਦਾ ਹੈ, ਚੰਗਿਆਈਆਂ ਨਾਲ ਜੁੜ ਜਾਂਦਾ ਹੈ ਭਾਵ ਚੰਗੇ ਕਰਮ ਕਰਦਾ ਹੈ ਜੋ ਕਿ ਧਰਮ ਦਾ ਮਕਸਦ ਹੈ ਭਾਵ ਉਸ ਦੀ ਵਿਚਰਨ ਚੰਗੀ ਹੋ ਜਾਂਦੀ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਭਾਵ ਚੰਗਿਆਈਆਂ ਕਰਨ ਦੁਆਰਾ **"ਨਾਮੁ ਵਿਸੇਖੁ"** ਹੈ ਭਾਵ ਨਾਮ ਵੱਡੀ ਗੱਲ ਹੈ। ਪ੍ਰਮਾਤਮਾ ਦੀ ਦਰਗਾਹ ਵਿਚ ਇਹੋ ਜਿਹਾ ਨਾਮ ਸਿਖਾਇਆ ਜਾਂਦਾ ਹੈ ਤੇ ਇਹੋ ਜਿਹਾ ਨਾਮ ਹੀ ਕਬੂਲ ਹੁੰਦਾ ਹੈ। (**ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥**)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥}

(ਅੰਗ - ੬੮੭)

40/5088

ਜੋ ਪ੍ਰਮਾਤਮਾ ਸਾਨੂੰ ਆਪਣਾ ਨਾਮ ਦਿੰਦਾ ਹੈ, **"ਅੰਤਰਿ ਗਿਆਨੁ"** ਦੇ ਰੂਪ ਵਿਚ ਦਿੰਦਾ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਜੋ ਉਹ ਮਨ ਦੇ ਵਿਚ ਸੋਝੀ ਪਾਉਂਦਾ ਹੈ ਉਸ ਮਤਿ ਤੇ ਦ੍ਰਿੜ ਵੀ ਆਪ ਹੀ ਰੱਖਦਾ ਹੈ ਕਿਉਂਕਿ ਉਹ ਆਪ ਹੀ ਸਾਡੀ ਮਤਿ ਦਾ ਮਾਲਕ ਹੈ। ਪ੍ਰਮਾਤਮਾ ਸਾਨੂੰ ਜਿਸ ਮਾਰਗ ਤੇ ਚਲਾਉਣਾ ਚਾਹੁੰਦਾ ਹੈ ਉਹ ਇਸ ਤਰਾਂ ਚਲਾਉਂਦਾ ਹੈ ਜਿਵੇਂ ਕਿ ਕੁੰਡੇ ਦੁਆਰਾ ਹਾਥੀ ਨੂੰ ਚਲਾਇਆ ਜਾਂਦਾ ਹੈ ਭਾਵ ਉਹ ਆਪ ਹੀ ਮਨ ਨੂੰ ਆਪਣੇ ਅਨੁਸਾਰ ਵੱਸ ਵਿੱਚ ਕਰਕੇ ਚਲਾਉਂਦਾ ਹੈ। ਜਦੋਂ ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਆਪਣੇ ਅੰਦਰ ਵੱਸ ਜਾਂਦੀ ਹੈ ਭਾਵ ਦ੍ਰਿੜ ਹੋ ਜਾਂਦੀ ਹੈ ਫਿਰ ਉਸਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈ ਜਾਂਦੀ ਹੈ ਭਾਵ ਉਹ ਆਪਣੇ ਜੀਵਨ ਵਿਚ ਚੰਗੇ ਕਰਮ ਹੀ ਕਰਦਾ ਹੈ ਤੇ ਉਸ ਤੋਂ ਬਿਨਾ ਜੋ ਵੀ ਭਗਤੀ ਦੇ ਦਿਖਾਵੇ ਬਣੇ ਹੋਏ ਹਨ, ਭੇਖ ਬਣੇ ਹੋਏ ਹਨ

ਜਿਵੇਂ ਕਿ ਸਭ ਪਾਸੇ ਦੇਖਣ ਨੂੰ ਮਿਲਦਾ ਹੈ ਉਹ ਉਹਨਾਂ ਵਿਚੋਂ ਨਿਕਲ ਜਾਂਦਾ ਹੈ। (**ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥ ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥ ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥**)

{ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥

ਸਰ ਭਰਿ ਸੋਧੈ ਭੀ ਭਰਿ ਪੋਧੈ ਸਮਰਥ ਵੇਪਰਵਾਹੈ ॥

ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥

ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥

ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥

ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥

ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥

ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ ॥੪੧॥}

(ਅੰਗ - ੯੩੫)

"ਨਾਮੁ" ਸਾਡੇ ਅੰਦਰ ਕਿਸ ਰੂਪ ਵਿਚ ਹੈ ਤੇ ਕਿਸ ਤਰੀਕੇ ਦ੍ਰਿੜ ਹੁੰਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਆਖਰੀ ਪਦੇ ਦੁਆਰਾ ਸਮਝਾਈ ਹੋਈ ਹੈ।

"ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥

ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥

ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੯॥੨॥"

ਸਭ ਤੋਂ ਪਹਿਲਾਂ ਉਪਰਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਡਾ ਤਨ ਕੀ ਹੈ ਭਾਵ ਅਸੀਂ ਕੌਣ ਹਾਂ। ਸਾਡਾ ਤਨ ਉਹ ਹੱਟੀ ਹੈ, ਉਸ ਸਰਾਫ ਦੀ ਹੱਟੀ ਹੈ ਜਿਸ ਹੱਟੀ ਵਿਚੋਂ ਸਾਨੂੰ ਨਾਮ ਦੀ ਦਾਤਿ ਮਿਲਣੀ ਹੈ। ਇਹ ਤਨ ਰੂਪ ਹੱਟੀ ਉਸ ਸਰਾਫ ਦੀ ਹੈ ਜਿਸ ਸਰਾਫ ਕੋਲੋਂ ਅਸੀਂ ਨਾਮ ਦੀ ਦਾਤਿ ਲੈਣੀ ਹੈ। ਉਹ ਸਰਾਫ ਪ੍ਰਮਾਤਮਾ ਆਪ ਹੈ ਜਿਸ ਦਾ ਇਹ ਸਰੀਰ ਹੈ ਤੇ

ਸਾਡਾ ਮਨ ਉਸ ਦੀ ਹੱਟੀ ਹੈ ਜਿਸ ਹੱਟੀ ਤੋਂ ਅਸੀਂ ਨਾਮ ਦੀ ਵਣਜ ਕਰਨੀ ਹੈ, ਨਾਮ ਦਾ ਵਾਪਾਰ ਕਰਨਾ ਹੈ ਭਾਵ ਨਾਮ ਪ੍ਰਾਪਤ ਕਰਨਾ ਹੈ। ਸਾਡੇ ਜੀਵਨ ਦਾ ਮਕਸਦ ਇਹੀ ਹੈ ਕਿ ਅਸੀਂ ਇਸ ਵੱਖਰ ਦੀ ਪ੍ਰਾਪਤੀ ਕਰੀਏ। ਇਹ **"ਵਖਰੁ ਨਾਮੁ ਅਪਾਰੁ"** ਹੈ ਭਾਵ ਇਹ ਨਾਮੁ ਰੂਪ ਵਖਰੁ **"ਅਪਾਰੁ"** ਹੈ ਭਾਵ ਆਪ ਪ੍ਰਮਾਤਮਾ ਹੈ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ ਜੋ ਸਾਡੇ ਅੰਦਰ ਹੀ ਸਰਾਫ ਦੇ ਰੂਪ ਵਿਚ ਬੈਠਾ ਹੈ। **(ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥)** ਜੋ ਵਖਰੁ ਸਾਡੇ ਅੰਦਰ ਹੈ ਅਸੀਂ ਉਸੇ ਵਖਰੁ ਦਾ ਵਾਪਾਰ ਕਰਨਾ ਹੈ ਭਾਵ ਖਰੀਦਣਾ ਹੈ ਭਾਵ ਉਸ ਸਰਾਫ ਦੀ ਹੱਟੀ ਤੋਂ ਖਰੀਦਣਾ ਹੈ। ਇਸ ਵੱਖਰ ਦਾ ਵਾਪਾਰੀ ਉਹ ਬਣਦਾ ਹੈ ਜੋ ਗੁਰੂ ਦਾ ਨਾਮ ਆਪਣੇ ਅੰਦਰ ਦ੍ਰਿੜ ਕਰਦਾ ਹੈ ਜਿਵੇਂ ਕਿ ਅਸੀਂ ਪਹਿਲੇ ਪਦੇ ਦੁਆਰਾ ਸਮਝਿਆ ਹੈ ਕਿ ਨਾਮ ਸਾਡੇ ਅੰਦਰ ਕਿਸ ਤਰੀਕੇ ਦ੍ਰਿੜ ਹੁੰਦਾ ਹੈ। ਨਾਮ ਸਾਡੇ ਅੰਦਰ ਗੁਰੂ ਦੇ ਸ਼ਬਦ ਨੂੰ ਵਿਚਾਰਨ ਦੁਆਰਾ ਦ੍ਰਿੜ ਹੁੰਦਾ ਹੈ ਭਾਵ ਆਪਣੇ ਮਨ ਨੂੰ ਸ਼ਬਦਾਂ ਦੀ ਵਿਚਾਰ ਅਨੁਸਾਰ ਢਾਲਣ ਦੁਆਰਾ ਦ੍ਰਿੜ ਹੁੰਦਾ ਹੈ ਭਾਵ ਇਸ ਵੱਖਰ ਦੀ ਪ੍ਰਾਪਤੀ ਗੁਰੂ ਦੇ ਸ਼ਬਦਾਂ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ। (**ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ॥**) ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਨਾਮ ਦਾ ਵਾਪਾਰ ਕੌਣ ਕਰਦਾ ਹੈ।

{ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥

ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥ ਲਾਦਿ ਖੇਪ ਸੰਤਹ ਸੰਗਿ ਚਾਲੁ ॥

ਅਵਰ ਤਿਆਗਿ ਬਿਖਿਆ ਜੰਜਾਲ ॥ ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾ ਕੈ ਸਦ ਬਲਿਹਾਰੈ ॥੫॥}

(ਅੰਗ - ੨੮੩)

{ਪੰਚ ਤਤੁ ਕਾ ਰਚਨੁ ਰਚਾਨਾ ॥ ਜਿਸੁ ਵਖਰ ਕਉ ਤੁਮ ਆਏ ਹਹੁ ਸੋ ਪਾਇਓ ਸਤਿਗੁਰ ਪਾਸਾ ਹੇ ॥੬॥}

(ਅੰਗ - ੧੦੭੩)

{ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ ॥ ਜਿਸੁ ਵਖਰ ਕਉ ਚਾਹਤਾ ਸੋ ਪਾਇਓ ਨਾਮਹਿ ਰੰਗਿ ॥੨॥
ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ ॥
ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ ॥੩॥}

(ਅੰਗ - ੪੩੧)

"ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੯॥੨॥"

ਹੁਣ ਧਿਆਨ ਨਾਲ ਸਮਝੋ ਕਿ ਉਹ ਕਿਹੜੇ ਵਾਪਾਰੀ ਹਨ ਜਿੰਨ੍ਹਾਂ ਨੂੰ ਧਨ ਕਿਹਾ ਗਿਆ ਹੈ। ਇਹ ਉਹ ਵਾਪਾਰੀ ਹਨ ਜਿੰਨ੍ਹਾਂ ਨੂੰ ਪਹਿਲਾਂ ਆਪਣੇ ਨਾਲ

ਮੇਲਿਆ ਹੈ ਭਾਵ ਜਿੰਨ੍ਹਾਂ ਨੂੰ ਪ੍ਰਮਾਤਮਾ ਨੇ ਪਹਿਲਾਂ ਆਪਣੇ ਮੇਲ ਦੁਆਰਾ ਨਾਮ ਵੱਖਰ ਦਿੱਤਾ ਹੈ ਭਾਵ ਆਪਣਾ ਰੂਪ ਬਣਾਇਆ ਹੈ। ਇਸ ਵੱਖਰ ਦਾ ਵਾਪਾਰ ਉਹੀ ਕਰ ਸਕਦਾ ਹੈ ਭਾਵ ਉਹ ਇਹ ਵੱਖਰ ਕਿਸੇ ਨੂੰ ਦੇ ਸਕਦਾ ਹੈ ਜਿਸ ਨੂੰ ਪਹਿਲੇ ਪ੍ਰਮਾਤਮਾ ਦੇ ਮੇਲ ਦੁਆਰਾ ਇਹ ਵੱਖਰ ਮਿਲਿਆ ਹੋਇਆ ਹੈ। ਪੂਰੀ ਗੁਰਬਾਣੀ ਨਾਮ ਦੀ ਵਾਪਾਰੀ ਹੈ ਤੇ ਗੁਰਬਾਣੀ ਵਿਚ ਨਾਮ ਉਹਨਾਂ ਨੇ ਪਾਇਆ ਹੈ, ਵੱਖਰ ਉਹਨਾਂ ਨੇ ਪਾਇਆ ਹੈ ਜਿੰਨ੍ਹਾਂ ਨੂੰ ਪਹਿਲੇ ਪ੍ਰਮਾਤਮਾ ਨੇ ਇਹ ਵੱਖਰ ਦਿੱਤਾ ਹੈ। ਪੂਰੀ ਗੁਰਬਾਣੀ ਵਿਚ ਇਹ ਵੱਖਰ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ, ਸੱਚੇ ਗਿਆਨ ਦੇ ਰੂਪ ਵਿਚ ਹੈ ਜਿਸ ਦੁਆਰਾ ਸੱਚ ਦੀ ਸਮਝ ਪੈਂਦੀ ਹੈ, ਪ੍ਰਮਾਤਮਾ ਦੀ ਅਸਲੀਅਤ ਦੀ ਸਮਝ ਪੈਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਪੂਰੀ ਗੁਰਬਾਣੀ ਇਸ ਵੱਖਰ ਦੀ ਵਾਪਾਰੀ ਹੈ, ਵਾਪਾਰ ਕਰ ਰਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਉਸ ਪ੍ਰਮਾਤਮਾ ਰੂਪ ਸਰਾਫ ਦੀ ਆਪਣੀ ਹੀ ਹੱਟੀ ਹੈ ਤੇ ਜੋ ਵੀ ਚਾਹੇ ਇਸ ਹੱਟੀ ਤੋਂ ਨਾਮ ਵੱਖਰ ਦੀ ਪ੍ਰਾਪਤੀ ਕਰ ਸਕਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ। ਇਸ ਵੱਖਰ ਦੀ ਪ੍ਰਾਪਤੀ ਉਹੀ ਕਰੇਗਾ ਜੋ ਸ਼ਬਦਾਂ ਦੀ ਵਿਚਾਰ ਨੂੰ ਮੰਨੇਗਾ। ਕੇਵਲ ਸ਼ਬਦਾਂ ਨੂੰ ਰੱਟੀ ਜਾਣ ਵਾਲੇ ਇਸ ਵੱਖਰ ਦੀ ਪ੍ਰਾਪਤੀ ਨਹੀਂ ਕਰ ਸਕਦੇ ਤੇ ਭਰਮਾਂ ਵਿੱਚ ਹੀ ਪਏ ਰਹਿਣਗੇ। ਇਸ ਵੱਖਰ ਦਾ ਮਕਸਦ ਹੀ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੈ ਤੇ ਪ੍ਰਮਾਤਮਾ ਦੇ ਸੱਚੇ ਨਾਮ ਨਾਲ ਜੋੜਨ ਦਾ ਹੈ। (**ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥ ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥ ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੯॥੨॥**)

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ - ੯੫੪)

ਉਪਰ ਕੁਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡੇ ਅੰਦਰ ਦੀ ਮਾਇਆ ਕੀ ਹੈ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਣ ਸਾਡੇ ਅੰਦਰ ਦੀ ਇਹ ਮਾਇਆ ਹੈ ਜੋ ਪ੍ਰਮਾਤਮਾ ਨੇ ਆਪਣੇ ਆਪ ਨੂੰ ਮਨ ਦੇ ਅੰਦਰ ਸਭ ਤੋਂ ਗੁਪਤ ਰੱਖਣ ਲਈ ਆਪ ਹੀ ਪਾਈ ਹੋਈ ਹੈ ਤਾਂ ਕਿ ਉਸ ਨੂੰ ਕੋਈ ਜਾਣ ਨ ਸਕੇ। ਪ੍ਰਮਾਤਮਾ ਸਾਰੇ ਸੰਸਾਰ ਨੂੰ ਇਸ ਮਾਇਆ ਰੂਪ ਪੜਦੇ ਵਿਚ ਰੱਖ ਕੇ ਹੀ ਚਲਾ ਰਿਹਾ ਹੈ ਜੋ ਸਾਡੇ ਅੰਦਰ ਦੀ

40/5091

ਮਾਇਆ ਸਾਨੂੰ ਇਹ ਸਮਝਾਉਂਦੀ ਹੈ ਕਿ ਸਾਡੀ ਇਕ ਮਨੁੱਖੀ ਹੋਂਦ ਹੈ ਤੇ ਪ੍ਰਮਾਤਮਾ ਸਾਡੇ ਤੋਂ ਵੱਖਰਾ ਹੈ। ਪ੍ਰਮਾਤਮਾ ਸਭ ਕੁਝ ਆਪ ਹੀ ਹੈ ਪਰ ਇਹ ਸੰਸਾਰ ਉਸਦੀ ਆਪਣੀ ਬਣਾਈ ਹੋਈ ਖੇਡ ਹੈ ਜੋ ਸਭ ਨੂੰ ਮਨ ਦੇ ਭਰਮ ਵਿਚ ਰੱਖਣ ਦੁਆਰਾ ਹੀ ਚਲ ਸਕਦੀ ਹੈ। ਇਹ ਖੇਡ ਤਾਂ ਹੀ ਚਲ ਸਕਦੀ ਹੈ ਜੇਕਰ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਾਂਗੇ ਤੇ ਪ੍ਰਮਾਤਮਾ ਨੂੰ ਜਾਣਨ ਵਿਚ ਉਲਝੇ ਰਹਾਂਗੇ। ਇਹ ਖੇਡ ਮਨ ਦੀ ਉਲਝਣ ਦੀ ਹੈ ਜਿਸ ਉਲਝਣ ਵਿਚੋਂ ਨਿਕਲਕੇ ਹੀ ਇਹ ਸਮਝ ਲੱਗ ਸਕਦੀ ਹੈ ਤੇ ਪ੍ਰਮਾਤਮਾ ਦੀ ਖੇਡ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਮਨ ਦੀ ਮਾਇਆ ਰਾਹੀਂ ਉਸਨੇ ਸਾਰੇ ਸੰਸਾਰ ਨੂੰ ਬਾਹਰ ਦੀ ਮਾਇਆ ਨਾਲ ਜੋੜਿਆ ਹੋਇਆ ਹੈ ਤੇ ਇਸੇ ਲਈ ਇਹ ਮਾਇਆ ਮੋਹ ਸਾਨੂੰ ਮਿੱਠਾ ਲਗਦਾ ਹੈ ਤੇ ਇਸ ਵਿੱਚੋਂ ਕਿਸੇ ਦੇ ਨਿਕਲਣ ਦਾ ਦਿਲ ਹੀ ਨਹੀਂ ਕਰਦਾ। ਆਪਣੀ ਮਤਿ ਕੋਈ ਛੱਡਣਾ ਹੀ ਨਹੀਂ ਚਾਹੁੰਦਾ ਕਿਉਂਕਿ ਆਪਣੀ ਮਤਿ ਸਭ ਨੂੰ ਚੰਗੀ ਲੱਗਦੀ ਹੈ ਜਿਸ ਨੂੰ ਛੱਡਣ ਲਈ ਮਨੁੱਖ ਨੂੰ ਨੀਵਾਂ ਹੋਣਾ ਪੈਂਦਾ ਹੈ ਭਾਵ ਮੈਂ ਛੱਡਣੀ ਪੈਂਦੀ ਹੈ ਤੇ ਆਪਣੀ ਮੈਂ ਕੋਈ ਛੱਡਣਾ ਨਹੀਂ ਚਾਹੁੰਦਾ। ਇਹ ਕੁਝ ਸਾਡੇ ਕੋਲੋਂ ਮਾਇਆ ਹੀ ਕਰਾਉਂਦੀ ਹੈ ਭਾਵ ਮਨ ਦੀ ਸਮਝ ਹੀ ਕਰਵਾਉਂਦੀ ਹੈ ਭਾਵ ਝੂਠੀ ਸਮਝ ਹੀ ਕਰਵਾਉਂਦੀ ਹੈ ਜੋ ਸਾਨੂੰ ਸੱਚੇ ਧਰਮ ਦੀ ਮਤਿ ਨੂੰ ਸਮਝਣ ਤੇ ਮੰਨਣ ਤੋਂ ਦੂਰ ਰਖਦੀ ਹੈ। ਪ੍ਰਮਾਤਮਾ ਆਪਣੀ ਇਹ ਖੇਡ ਕਦੇ ਹੀ ਸੰਸਾਰ ਵਿਚ ਕਿਸੇ ਵਿਰਲੇ ਨੂੰ ਸਮਝਾਉਂਦਾ ਹੈ, ਅਰਬਾਂ ਖਰਬਾਂ ਵਿਚੋਂ ਕਿਸੇ ਵਿਰਲੇ ਨੂੰ ਹੀ ਸਮਝਾਉਂਦਾ ਹੈ ਤੇ ਉਹਨਾਂ ਦੀ ਦੱਸੀ ਹੋਈ ਗੱਲ ਨੂੰ, ਸਮਝਾਈ ਹੋਈ ਗੱਲ ਨੂੰ ਵੀ ਇਹ ਮਾਇਆ ਸਮਝਣ ਨਹੀਂ ਦਿੰਦੀ। ਇਹ ਮਾਇਆ ਬਹੁਤ ਪ੍ਰਬਲ ਹੈ, ਭਗਤਾਂ ਦੀ ਬਾਣੀ ਰੱਚੇ ਹੋਏ, ਗੁਰੂ ਸਾਹਿਬਾਨ ਦੀ ਬਾਣੀ ਰੱਚੇ ਹੋਏ ਸੈਂਕੜੇ ਸਾਲ ਹੋ ਗਏ ਹਨ ਪਰ ਅਜ ਵੀ ਉਹ ਰੱਚੀ ਹੋਈ ਬਾਣੀ ਸਾਡੀ ਸਮਝ ਤੋਂ ਬਾਹਰ ਹੈ ਕਿਉਂਕਿ ਮਾਇਆ ਦਾ ਇਹੀ ਕਰਮ ਹੈ ਕਿ ਉਹ ਸਾਨੂੰ ਧਰਮ ਦੀ ਸੱਚੀ ਮਤਿ ਤੋਂ ਦੂਰ ਰੱਖੇ ਭਾਵ ਸਾਨੂੰ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖੇ। ਪ੍ਰਮਾਤਮਾ ਸੱਚੇ ਗਿਆਨ ਦੇ ਰੂਪ ਵਿਚ ਹੈ, ਚਉਥੇ ਪਦ ਦੇ ਗਿਆਨ ਦੇ ਰੂਪ ਵਿਚ ਹੈ, ਬਿਬੇਕ ਗਿਆਨ ਦੇ ਰੂਪ ਵਿਚ ਹੈ ਤੇ ਤ੍ਰੈਗੁਣਾਂ ਵਾਲੀ ਮਤਿ ਦਾ, ਮਾਇਆ ਮੋਹ ਵਾਲੀ ਮਤਿ ਦਾ ਮਕਸਦ ਹੀ ਸਾਨੂੰ ਚਉਥੇ ਪਦ ਨਾਲੋਂ ਦੂਰ ਰੱਖਣ ਦਾ ਹੈ। ਇਸ ਮਾਇਆ ਦੀ ਸਮਝ ਚਉਥੇ ਪਦ ਵਿਚ ਪਹੁੰਚਣ ਦੁਆਰਾ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਆਉ

40/5092

ਇਹੀ ਗੱਲ ਧੰਨ ਧੰਨ ਕਬੀਰ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਦੇ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਆਸਾ ॥

"ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥ ਨਕਟੀ ਕੋ ਠਨਗਨੁ ਬਾਡਾ ਭੂੰ ॥
ਕਿਨਹਿ ਬਿਬੇਕੀ ਕਾਟੀ ਭੂੰ ॥੧॥ ਰਹਾਉ ॥ ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥
ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥
ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥ ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥"

(ਅੰਗ - ੪੭੬)

ਉਪਰ ਸ਼ਬਦ ਰਾਹੀਂ ਮਾਇਆ ਸਾਡੇ ਅੰਦਰ ਕਿਸ ਤਰੀਕੇ ਵਿਚਰਦੀ ਹੈ ਤੇ ਉਹ ਕਿਸ ਤਰੀਕੇ ਕਾਬੂ ਵਿਚ ਆਉਂਦੀ ਹੈ ਇਹੀ ਗੱਲ ਸਮਝਾਈ ਹੋਈ ਹੈ। ਇਸ ਮਨ ਦੀ ਮਾਇਆ ਦਾ ਮਕਸਦ ਸਾਨੂੰ ਸੰਸਾਰੀ ਸਵਾਦਾਂ ਦੇ ਨਾਲ ਜੋੜ ਕੇ ਰੱਖਣ ਦਾ ਹੈ। ਸੁਵਾਦ ਭਾਵੇਂ ਸਾਡਾ ਤਨ ਲੈਂਦਾ ਹੈ, ਸਾਡੀ ਜੀਭ ਲੈਂਦੀ ਹੈ ਪਰ ਉਹਨਾਂ ਸਵਾਦਾਂ ਨਾਲ ਜੋੜਨ ਵਾਲਾ ਸਾਡਾ ਮਨ ਹੈ ਕਿ ਸਾਨੂੰ ਕਿਹੋ ਜਿਹੇ ਸਵਾਦ ਚਾਹੀਦੇ ਹਨ ਇਸ ਦਾ ਫੈਸਲਾ ਸਾਡੇ ਮਨ ਦੀ ਸਮਝ ਕਰਦੀ ਹੈ। ਉਪਰ ਪਹਿਲੀ ਪੰਗਤੀ ਰਾਹੀਂ ਉਹਨਾਂ ਦੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜੋ ਮਾਸ ਸ਼ਰਾਬ ਦੇ ਸੇਵਨ ਵਿਚ ਸਵਾਦ ਮਾਣਦੇ ਹਨ। ਆਪਣੇ ਸਵਾਦਾਂ ਦੀ ਪੂਰਤੀ ਕਰਨ ਲਈ ਭਾਵੇਂ ਉਹ ਸਵਾਦ ਕਿਸ ਰੂਪ ਵਿੱਚ ਵੀ ਹੋਵੇ ਉਸ ਲਈ ਸਾਨੂੰ ਬਾਹਰੀ ਮਾਇਆ ਦੀ ਲੋੜ ਹੈ, ਧਨ ਦੀ ਲੋੜ ਹੈ। ਆਪਣੇ ਸਵਾਦਾਂ ਦੀ ਪੂਰਤੀ ਕਰਨ ਲਈ ਅਸੀਂ ਧਨ ਕਮਾਉਂਦੇ ਹਾਂ, ਮਾਇਆ ਧਨ ਕਮਾਉਂਦੇ ਹਾਂ ਜਿਸ ਦੇ ਕਮਾਉਣ ਲਈ ਅਸੀਂ ਅਨੇਕਾਂ ਮਾੜੇ ਕਰਮ ਵੀ ਕਰਦੇ ਹਾਂ। ਮਾੜੇ ਕਰਮ ਕਰਨ ਦੀ ਸੋਝੀ ਸਾਨੂੰ ਸਾਡਾ ਮਨ ਹੀ ਦਿੰਦਾ ਹੈ ਭਾਵ ਸਾਡੇ ਮਨ ਦੇ ਵਿਚਾਰ ਹੀ ਦਿੰਦੇ ਹਨ। ਸਾਡੇ ਅੰਦਰ ਜਿਹੋ ਜਿਹੀ ਤ੍ਰਿਸ਼ਨਾ ਉਪਜਦੀ ਹੈ ਉਸ ਦੇ ਲਈ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀ ਬਿਰਤੀ ਪਾਈ ਹੋਈ ਹੈ ਜਿਸ ਦੁਆਰਾ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਦੇ ਹਾਂ। ਸਾਡੇ ਅੰਦਰ ਦੇ ਪੰਜੇ ਅਉਗਣ ਸਾਡੇ ਅੰਦਰ ਵਿਚਾਰਾਂ ਦੀ ਉਪਜ ਹੀ ਹੈ ਭਾਵ ਸਾਡੇ ਅੰਦਰ ਦੀ ਸਮਝ ਹੀ ਹੈ। ਸਾਡੇ ਇਹੋ ਜਿਹੇ ਵਿਚਾਰਾਂ ਦੀ ਮਾਲਕ, ਰਾਣੀ ਸਾਡੇ ਅੰਦਰ ਦੀ ਮਾਇਆ ਹੈ। ਪੰਜੇ ਅਉਗਣਾਂ ਵਾਲੇ ਵਿਚਾਰ ਇਸ ਮਾਇਆ ਦੇ ਜੋਗੀ ਹਨ ਜਿੰਨ੍ਹਾਂ ਦਾ ਇਸ ਮਾਇਆ ਦੇ ਨਾਲ ਹਰ ਵੇਲੇ ਜੋਗ ਹੋਇਆ ਰਹਿੰਦਾ ਹੈ, ਮੇਲ ਹੋਇਆ ਰਹਿੰਦਾ ਹੈ ਭਾਵ ਮਾਇਆ ਰੂਪ ਮਤਿ ਦੇਣ ਵਾਲੀ ਦੇ ਨਾਲ ਮੇਲ ਹੋਇਆ ਰਹਿੰਦਾ ਹੈ ਜਿਸ ਨੂੰ ਕਿ ਨੱਕ ਕੱਟੀ ਰਾਣੀ ਕਿਹਾ ਹੈ ਭਾਵ ਜਿਸ ਰਾਣੀ ਦੀ ਆਪਣੀ ਕੋਈ ਇੱਜਤ ਨਹੀਂ ਹੈ ਸਾਡੇ ਮਨ ਦੇ ਵਿਚਾਰ ਉਸੇ ਰਾਣੀ ਦੇ ਨਾਲ ਜੁੜੇ ਹੋਏ ਹਨ ਤੇ ਉਸ ਦੀ ਇੱਜਤ ਕਰਦੇ ਹਨ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ

40/5093

ਉਸਦੀ ਇੱਜਤ ਕਰਦੇ ਹਨ। ਜਿਸ ਦੀ ਅਸੀਂ ਇੱਜਤ ਕਰਦੇ ਹਾਂ ਉਸ ਦੀ ਹੀ ਅਸੀਂ ਗੱਲ ਮੰਨਦੇ ਹਾਂ। ਮਾਇਆ ਦੇ ਇਹਨਾਂ ਸਵਾਦਾਂ ਵਿਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਸੇ ਲਈ ਅਸੀਂ ਗੁਰੂ ਦੀ ਮਤਿ ਨੂੰ ਮੰਨਣ ਤੋਂ ਭੱਜਦੇ ਹਾਂ ਭਾਵ ਸਾਡੇ ਅੰਦਰ ਇਸ ਮਾਇਆ ਰੂਪ ਮਤਿ ਦਾ ਮਕਸਦ ਹੀ ਇਹ ਹੈ ਕਿ ਇਹ ਸਾਨੂੰ ਗੁਰੂ ਦੀ ਮਤਿ ਦੇ ਨਾਲ ਜੁੜਨ ਨਾ ਦੇ ਤੇ ਮਨੁੱਖ ਨੂੰ ਸੰਸਾਰਿਕ ਸਵਾਦਾਂ ਵਿਚ ਹੀ ਉਲਝਾ ਕੇ ਰੱਖੇ। (**ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥ ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥**) ਇਹ ਨਕਟੀ ਮਾਇਆ ਸਾਡੇ ਸਭ ਦੇ ਅੰਦਰ ਮਨੁੱਖੀ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਨਕਟੀ ਕੋ ਠਨਗਨੁ ਬਾਡਾ ਡੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥"

ਇਸ ਮਾਇਆ ਨੂੰ ਨਕਟੀ ਲਿਖਿਆ ਹੈ ਤੇ ਉਹ ਉਹਨਾਂ ਨੇ ਲਿਖਿਆ ਹੈ ਜਿੰਨ੍ਹਾਂ ਨੇ ਖੁੱਦ ਇਸਦਾ ਨਕਟਾ ਰੂਪ ਕੀਤਾ ਹੈ ਭਾਵ ਜਾਣਿਆ ਹੈ। ਪੂਰੇ ਸੰਸਾਰ ਲਈ ਇਹ ਨਕਟੀ ਨਹੀਂ ਹੈ। ਉਹਨਾਂ ਦੇ ਲਈ ਤਾਂ ਇਹ ਰਾਣੀ ਦੀ ਤਰ੍ਹਾਂ ਹੈ ਜਿਸ ਦੀ ਉਹ ਇੱਜਤ ਕਰਦੇ ਹਨ, ਸਾਰਾ ਜਗਤ ਉਸ ਦੀ ਇੱਜਤ ਕਰਦਾ ਹੈ, ਜਿਸ ਦੀ ਸ਼ੋਭਾ ਦਾ ਵਾਜਾ ਹਰ ਜਗ੍ਹਾ ਵਜ ਰਿਹਾ ਹੈ ਭਾਵ ਕਿਸੇ ਨੂੰ ਆਪਣੇ ਅੰਦਰ ਦਾ ਮਾਇਆ ਮੋਹ ਮਾੜਾ ਨਹੀਂ ਲੱਗਦਾ। (**ਨਕਟੀ ਕੋ ਠਨਗਨੁ ਬਾਡਾ ਡੂੰ ॥**) ਇਸਦਾ ਨੱਕ ਕੱਟਣ ਵਾਲੇ ਕੌਣ ਹਨ ਭਾਵ ਜਿੰਨ੍ਹਾਂ ਨੂੰ ਇਹ ਮਾਇਆ ਮੋਹ ਮਾੜਾ ਲੱਗਦਾ ਹੈ ਉਹ ਕੌਣ ਹਨ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥"

ਸਾਡੇ ਅੰਦਰ ਬਿਬੇਕ ਵਾਲੀ ਅਵਸਥਾ ਕੀ ਹੈ ਇਸ ਗੱਲ ਨੂੰ ਲੇਖ ਵਿਚ ਪਿੱਛੇ ਬਰੀਕੀ ਨਾਲ ਸਮਝਿਆ ਹੈ। ਬਿਬੇਕ ਸਾਡੇ

ਅੰਦਰ ਦਾ ਪੂਰਨ ਧਾਰਮਿਕ ਰੂਪ ਗਿਆਨ ਹੈ ਭਾਵ ਬ੍ਰਹਮ ਗਿਆਨ ਵਾਲੀ ਅਵਸਥਾ ਹੈ ਜਿਸ ਅਵਸਥਾ ਵਿਚ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਗੁਰੂ ਰੂਪ ਵਿਚ ਹੈ। ਜਿਸ ਨੂੰ ਪ੍ਰਮਾਤਮਾ ਆਪ ਮਨ ਦੇ ਵਿਚ ਪ੍ਰਗਟ ਹੋ ਕੇ ਆਪਣੀ ਬਿਬੇਕ ਬੁਧਿ ਦੇ ਨਾਲ

40/5094

ਮਿਲਾਉਂਦਾ ਹੈ ਉਹੀ ਬਿਬੇਕੀ ਬਣਦਾ ਹੈ ਭਾਵ ਮਨ ਦੇ ਸੱਚੇ ਗਿਆਨ ਦੁਆਰਾ ਬਿਬੇਕੀ ਬਣਦਾ ਹੈ, ਮਨ ਦੇ ਵਿਚ ਚਉਥੇ ਪਦ ਦੁਆਰਾ ਬਿਬੇਕੀ ਬਣਦਾ ਹੈ, ਜਿਸ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਆਪਣੀ ਸੱਚੀ ਗੁਰਮਤਿ ਸਮਝਾਉਂਦਾ ਹੈ ਤੇ ਉਸ ਤੇ ਚਲਾਉਂਦਾ ਹੈ। ਸੱਚੀ ਗੁਰਮਤਿ ਦੇ ਉਪਰ ਦ੍ਰਿੜ ਹੋ ਕੇ ਚਲਣਾ ਹੀ ਇਸ ਮਾਇਆ ਦਾ ਨੱਕ ਕੱਟਣਾ ਹੈ ਭਾਵ ਇਸ ਨੂੰ ਆਪਣੇ ਅੰਦਰੋਂ ਕੱਢਣਾ ਹੈ। ਮਨ ਦੇ ਵਿਚ ਗੁਰਮਤਿ ਦੀ ਸੱਚੀ ਸਮਝ ਦੁਆਰਾ ਫਿਰ ਮਨੁੱਖ ਮਾਇਆ ਮੋਹ ਵਾਲੇ ਮਾੜੇ ਵਿਚਾਰਾਂ ਵਿਚ ਨਹੀਂ ਫਸਦਾ ਭਾਵ ਸਭ ਕੁਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਮਾੜੀ ਸੋਝੀ ਨੂੰ ਚੰਗੀ ਸੋਝੀ ਬਨਾਉਣ ਨਾਲ ਜੁੜਿਆ ਹੋਇਆ ਹੈ। ਮਨ ਦੀ ਇਹ ਸੋਝੀ ਸਾਡੇ ਵੱਸ ਨਹੀਂ ਹੈ ਤੇ ਇਸੇ ਲਈ ਕੋਈ ਆਪਣੇ ਆਪ ਆਪਣੀ ਸੋਝੀ ਨਹੀਂ ਬਦਲ ਸਕਦਾ ਭਾਵ ਚਉਥੇ ਪਦ ਵਿਚ ਨਹੀਂ ਪਹੁੰਚ ਸਕਦਾ। ਅਸੀਂ ਕੇਵਲ ਆਪਣੀ ਮਾੜੀ ਮਤਿ ਨੂੰ ਗੁਰਮਤਿ ਵਾਲੀ ਮਤਿ ਦੁਆਰਾ ਕੱਢਣ ਦਾ ਸੱਚਾ ਉਦਮ ਹੀ ਕਰਨਾ ਹੈ ਜੋ ਉਦਮ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਸਾਡੇ ਨਾਂ ਲਗਾਇਆ ਹੈ। ਸ਼ਬਦਾਂ ਦੀ ਕਥਨੀ ਨਾਲ ਉਹ ਉਦਮ ਕਦੇ ਪੂਰਾ ਨਹੀਂ ਹੋ ਸਕਦਾ। ਮਕਸਦ ਤਾਂ ਭਰਮਾਂ ਵਾਲੀ ਮਤਿ ਵਿਚੋਂ ਨਿਕਲਣ ਦੁਆਰਾ ਹੀ ਪੂਰਾ ਹੋਣਾ ਹੈ। (**ਨਕਟੀ ਕੋ ਠਨਗਨੁ ਬਾਡਾ ਭੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥**)

{ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥}

(ਅੰਗ - ੭੯੩)

{ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥
ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥
ਉਗਵੈ ਦਿਨਸੁ ਆਲੁ ਜਾਲੁ ਸਮ੍ਹਾਲੈ ਬਿਖੁ ਮਾਇਆ ਕੇ ਬਿਸਥਾਰੇ ॥
ਆਈ ਰੈਨਿ ਭਇਆ ਸੁਪਨੰਤਰੁ ਬਿਖੁ ਸੁਪਨੈ ਭੀ ਦੁਖ ਸਾਰੇ ॥੫॥}

(ਅੰਗ - ੯੮੧)

ਸਾਨੂੰ ਇਸ ਗੱਲ ਦੀ ਸਮਝ ਤਾਂ ਚੰਗੀ ਤਰ੍ਹਾਂ ਲੱਗ ਗਈ ਹੈ ਕਿ ਇਹ ਨਕਟੀ ਕੀ ਹੈ। ਇਹ ਨਕਟੀ ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਮਤਿ ਹੈ ਜਿਸ ਮਤਿ ਦੇ ਰਹਿੰਦਿਆਂ ਮਨੁੱਖ ਪ੍ਰਮਾਤਮਾ ਦੇ ਘਰ ਵਾਸਾ ਨਹੀਂ ਪਾ ਸਕਦਾ। ਪ੍ਰਮਾਤਮਾ ਦਾ ਘਰ ਸੱਚੀ ਗੁਰਮਤਿ ਦਾ ਘਰ ਹੈ ਤੇ ਉਸਦੇ ਘਰ ਵਿਚ ਅਸੀਂ ਤਾਂ ਹੀ ਜਾ ਸਕਦੇ ਹਾਂ ਜੇਕਰ ਨਕਟੀ ਦੇ ਘਰ ਵਿਚੋਂ ਨਿਕਲਾਂਗੇ ਭਾਵ ਮਨਮਤਿ ਦੇ ਘਰ ਵਿਚੋਂ ਨਿਕਲਾਂਗੇ ਜੋ ਸਾਡੇ ਆਤਮਿਕ ਜੀਵਨ ਨੂੰ ਖਰਾਬ ਕਰਦੀ ਹੈ ਪਰ ਫਿਰ ਵੀ ਸਾਨੂੰ ਚੰਗੀ ਲਗਦੀ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ

40/5095

ਰਾਹੀਂ ਸਮਝਾਈ ਹੋਈ ਹੈ।

“ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥
ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥”

ਇਹੋ ਜਿਹਾ ਕੋਈ ਮਨੁੱਖ ਨਹੀਂ ਹੈ ਜਿਸ ਦੇ ਵਿਚ ਇਸ ਨਕਟੀ ਦਾ ਵਾਸਾ ਨਹੀਂ ਹੈ ਜੋ ਕਿ ਸਾਰੇ ਸੰਸਾਰ ਦੇ ਅੰਦਰ ਉਸ ਦਾ ਇਹ ਵਾਸਾ ਸਾਡੀ ਮਤਿ ਦੇ ਰੂਪ ਵਿਚ ਹੈ ਜਿਸ ਦੁਆਰਾ ਸਾਨੂੰ ਸਾਡੇ ਜੀਵਨ ਦੇ ਮਾਰਗ ਦੀ ਸੋਝੀ ਪੈਂਦੀ ਹੈ। ਜੇਕਰ ਇਹ

ਮਤਿ ਆਪ ਮਾੜੀ ਹੈ, ਨਕਟੀ ਹੈ ਭਾਵ ਜਿਸ ਦੀ ਪ੍ਰਮਾਤਮਾ ਦੀਆਂ ਨਜਰਾਂ ਵਿਚ ਇੱਜਤ ਨਹੀਂ ਹੈ ਉਹ ਫਿਰ ਸਾਨੂੰ ਮਾੜੇ ਮਾਰਗ ਤੇ ਹੀ ਪਾਏਗੀ ਜਿਸ ਦੁਆਰਾ ਸਾਡੇ ਆਤਮਿਕ ਜੀਵਨ ਨੂੰ ਇਹ ਖਰਾਬ ਕਰਦੀ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਨੂੰ ਖਰਾਬ ਕਰਦੀ ਹੈ, ਮਾੜੇ ਕਰਮ ਕਰਵਾਉਣ ਦੁਆਰਾ ਖਰਾਬ ਕਰਦੀ ਹੈ ਭਾਵ ਸਾਨੂੰ ਧਰਮ ਦੇ ਪੁੱਠੇ ਮਾਰਗ ਤੇ ਪਾਉਂਦੀ ਹੈ, ਸਾਨੂੰ ਉਹ ਕੁਝ ਸਮਝਾਉਂਦੀ ਹੈ ਜਿਸ ਵਿਚ ਧਰਮ ਦਾ ਮਾਰਗ ਨਹੀਂ ਹੁੰਦਾ ਪਰ ਉਸ ਨੂੰ ਆਪ ਹੀ ਧਰਮ ਦਾ ਮਾਰਗ ਮਨਾਉਂਦੀ ਹੈ ਭਾਵ ਸਾਨੂੰ ਧਰਮ ਦੇ ਮਾਰਗ ਤੇ ਚੱਲਣ ਤੇ, ਸੱਚ ਦੇ ਮਾਰਗ ਤੇ ਚੱਲਣ ਤੇ ਭਰਮ ਵਿਚ ਰਖਦੀ ਹੈ ਭਾਵ ਸਾਨੂੰ ਸੱਚ ਦੀ ਸਮਝ ਨਹੀਂ ਲੱਗਣ ਦਿੰਦੀ। ਇਹ ਨਕਟੀ ਮਤਿ ਇਹ ਕੁਝ ਕਰਨ ਵਿਚ ਹੀ ਖੁਸ਼ ਹੁੰਦੀ ਹੈ ਕਿਉਂਕਿ ਇਸਦਾ ਮਕਸਦ ਹੀ ਇਹੋ ਕੁਝ ਹੈ ਕਿ ਉਹ ਮਨੁੱਖ ਨੂੰ ਭਰਮਾਂ ਵਿਚ ਪਾਈ ਰੱਖੇ, ਉਲਝਾਈ ਰੱਖੇ, ਮਾਇਆ ਮੋਹ ਦੇ ਸਵਾਦਾਂ ਵਿੱਚ ਪਾਈ ਰੱਖੇ ਜੋ ਕਿ ਧਰਮ ਦੇ ਮਾਰਗ ਤੋਂ ਪੁੱਠਾ ਮਾਰਗ ਹੈ। **(ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥)** ਅਗਲੀ ਪੰਗਤੀ ਨੂੰ ਹੁਣ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥”

ਧਿਆਨ ਨਾਲ ਸਮਝੋ ਕਿ ਸਾਡੇ ਸਾਰੇ ਸੰਸਾਰੀ ਮਨੁੱਖਾਂ ਦਾ ਰਿਸ਼ਤਾ ਇਸ ਮਾਇਆ ਨਾਲ ਕਿਹੋ ਜਿਹਾ ਹੈ ਜੋ ਰਿਸ਼ਤਾ ਉਪਰਲੀ ਪੰਗਤੀ ਰਾਹੀਂ ਮਾਇਆ ਦਾ ਖਸਮ ਭਾਵ ਪ੍ਰਮਾਤਮਾ ਆਪ ਸਮਝਾ ਰਿਹਾ ਹੈ **(ਸਗਲਿਆ ਕੀ ਹਉ ਬਹਿਨ ਭਾਨਜੀ)**। ਸਾਡੇ ਨਾਲ ਭੈਣ ਤੇ ਭਾਣਜੀ ਦਾ ਰਿਸ਼ਤਾ ਕਿਹੋ ਜਿਹਾ ਹੁੰਦਾ ਹੈ ਇਸ ਨੂੰ ਹਰ ਕੋਈ ਸਮਝ ਸਕਦਾ ਹੈ। ਇਹ ਇੱਕ ਇੱਜਤ ਦੇਣ ਦਾ ਰਿਸ਼ਤਾ ਹੈ ਭਾਵ ਆਪਣੇ ਅੰਦਰ ਦੀ ਮਤਿ ਦੀ ਹਰ ਕੋਈ ਇੱਜਤ ਕਰਦਾ

40/5096

ਹੈ। ਭਾਵੇਂ ਸਾਡੀ ਮਤਿ ਮਾੜੀ ਹੈ, ਨਕਟੀ ਹੈ ਭਾਵ ਇੱਜਤ ਕਰਨ ਦੇ ਲਾਇਕ ਨਹੀਂ ਹੈ ਪਰ ਫਿਰ ਵੀ ਅਸੀਂ ਆਪਣੀ ਮਤਿ ਦੀ ਉਸ ਤਰਾਂ ਇੱਜਤ ਕਰਦੇ ਹਾਂ ਜਿਵੇਂ ਕਿ ਭੈਣ ਭਾਣਜੀ ਦੀ ਇੱਜਤ ਕਰਦੇ ਹਾਂ। ਭੈਣ ਭਾਣਜੀ ਦੇ ਰਿਸ਼ਤੇ ਵਿਚ ਅਸੀਂ ਉਥੇ ਆਪਣਾ ਵਿਆਹ ਨਹੀਂ ਕਰਾ ਸਕਦੇ ਕਿਉਂਕਿ ਇਹ ਇੱਕ ਸੰਸਾਰਿਕ ਬੰਧਨ ਮੰਨਿਆ ਜਾਂਦਾ ਹੈ ਇਸੇ ਤਰ੍ਹਾਂ ਅਸੀਂ ਆਪਣੀ ਮਤਿ ਦੇ ਖਸਮ ਨਹੀਂ ਬਣ ਸਕਦੇ, ਇਸ ਦੇ ਨਾਲ ਵਿਆਹ ਨਹੀਂ ਕਰਾ ਸਕਦੇ ਭਾਵ ਇਸ ਨੂੰ ਆਪਣੀ ਦਾਸੀ ਨਹੀਂ ਬਣਾ ਸਕਦੇ ਜੋ ਸਾਡੀ ਗੱਲ ਨੂੰ ਮੰਨੇ। **(ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥)**

ਸ਼ਬਦ ਦੇ ਅਗਲੇ ਪਦੇ ਰਾਹੀਂ ਮਾਇਆ ਹੁਣ ਸਾਨੂੰ ਆਪ ਹੀ ਸਮਝਾ ਰਹੀ ਹੈ ਕਿ ਉਸਦਾ ਘਰ ਵਾਲਾ ਕੌਣ ਹੈ ਭਾਵ ਉਹ ਕਿਸਦੀ ਚੇਲੀ ਹੈ ਜਿਸ ਦੀ ਉਹ ਗੱਲ ਮੰਨਦੀ ਹੈ।

“ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥

ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥”

ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਹ ਮਾਇਆ ਮੋਹ ਵਿਚ ਰਹਿੰਦੇ ਹੋਏ ਹੀ ਪਾਉਂਦਾ ਹੈ ਤੇ ਉਸ ਨੂੰ ਹੀ ਇਹ ਸਮਝ ਲਗਦੀ ਹੈ ਕਿ ਮਾਇਆ ਦਾ ਖਸਮ ਕੌਣ ਹੈ। ਹਰ ਮਨੁੱਖ ਉਸ ਪ੍ਰਮਾਤਮਾ ਦੀ ਨਾਰ ਹੈ ਤੇ ਸਾਡਾ ਨਾਰ ਰੂਪ ਸਾਡੇ ਅੰਦਰ ਦੀ ਮਤਿ ਹੈ ਭਾਵ ਮਾਇਆ ਮੋਹ ਵਾਲੀ ਮਤਿ ਹੈ। ਜਦੋਂ ਸਾਡਾ ਪ੍ਰਮਾਤਮਾ ਦੇ ਨਾਲ ਵਿਆਹ ਹੁੰਦਾ ਹੈ ਉਦੋਂ ਅਸੀਂ ਮਾਇਆ ਮੋਹ ਰੂਪ ਨਾਰ ਨਹੀਂ ਰਹਿੰਦੇ ਫਿਰ ਅਸੀਂ ਪ੍ਰਮਾਤਮਾ ਦੀ ਸੁਹਾਗਣ ਬਣ ਜਾਂਦੇ ਹਾਂ ਜਿਸ ਦੁਆਰਾ ਅਸੀਂ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਾਂ। ਮਨ ਦੀ ਇਸ ਅਵਸਥਾ ਦੁਆਰਾ ਫਿਰ ਮਨੁੱਖ ਮਾਇਆ ਮੋਹ ਵਾਲੇ ਵਿਚਾਰਾਂ ਵਿਚੋਂ ਨਿਕਲ ਜਾਂਦਾ ਹੈ ਤੇ ਪ੍ਰਮਾਤਮਾ ਨੂੰ ਹੀ ਆਪਣਾ ਖਸਮ ਮੰਨਦਾ ਹੈ ਜਿਸ ਨੂੰ ਕਿ ਉਪਰਲੀ ਪੰਗਤੀ ਰਾਹੀਂ **“ਬਡੋ ਬਿਬੇਕੀ”** ਕਿਹਾ ਗਿਆ ਹੈ ਭਾਵ ਮਾਇਆ ਦਾ ਖਸਮ, ਮਨੁੱਖੀ ਰੂਪ ਨਾਰ ਦਾ ਖਸਮ **“ਬਡੋ ਬਿਬੇਕੀ”** ਹੈ ਭਾਵ ਆਪ ਪ੍ਰਮਾਤਮਾ ਹੈ ਤੇ ਉਹ ਪ੍ਰਮਾਤਮਾ ਜਿਸ ਸਰੀਰ ਰਾਹੀਂ ਆਪਣਾ ਖਸਮ ਰੂਪ ਧਾਰਦਾ ਹੈ ਉਹੀ ਉਸਦਾ ਆਪਣਾ ਸੰਤ ਰੂਪ ਹੈ, ਭਗਤ ਰੂਪ ਹੈ, ਸਾਧ ਰੂਪ ਹੈ ਭਾਵ ਜਿਸ ਮਨੁੱਖੀ ਰੂਪ ਦਾ ਪ੍ਰਮਾਤਮਾ ਦੇ ਨਾਲ ਮਨ ਦੇ ਵਿਚ ਮੇਲ ਹੋ ਜਾਂਦਾ ਹੈ ਉਹ ਪ੍ਰਮਾਤਮਾ ਦੇ ਖਸਮ ਰੂਪ ਨਾਲ ਇੱਕ ਹੋ ਜਾਂਦਾ ਹੈ ਤੇ ਫਿਰ ਮਾਇਆ ਉਸ ਦੀ ਚੇਲੀ ਬਣ ਜਾਂਦੀ ਹੈ ਭਾਵ ਫਿਰ ਉਸ ਤੇ ਮਾਇਆ ਮੋਹ ਵਾਲੇ ਵਿਚਾਰਾਂ ਦਾ ਅਸਰ ਨਹੀਂ ਹੁੰਦਾ। (**ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥**)

40/5097

ਇਸ ਮਾਇਆ ਦਾ ਖਸਮ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਭਾਵ ਕੇਵਲ ਉਸਦੇ ਵੱਸ ਵਿੱਚ ਹੀ ਚੱਲਦੀ ਹੈ ਤੇ ਇਸ ਤੇ ਹੋਰ ਕਿਸੇ ਦਾ ਵੱਸ ਨਹੀਂ ਚਲਦਾ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥”

ਜਿੰਨ੍ਹਾਂ ਸਰੀਰਾਂ ਦਾ ਪ੍ਰਮਾਤਮਾ ਨਾਲ ਮੇਲ ਹੋਇਆ ਹੈ ਉਹਨਾਂ ਦੇ ਰਾਹੀਂ ਮਾਇਆ ਸਾਨੂੰ ਆਪ ਹੀ ਕਹਿ ਰਹੀ ਹੈ ਕਿ ਮੇਰਾ ਭਰਤਾ ਭਾਵ ਪ੍ਰਮਾਤਮਾ ਉਸ ਦੇ ਉਪਰ ਟਿਕਿਆ ਹੋਇਆ ਹੈ ਜੋ ਕਿ ਉਸ ਦਾ ਪਤੀ ਹੈ। ਉਸ ਦਾ ਭਰਤਾ ਸਦਾ ਕਾਇਮ ਰਹਿਣ ਵਾਲਾ ਹੈ ਜੋ ਕਦੇ ਬਦਲ ਨਹੀਂ ਸਕਦਾ। ਉਸ ਦੇ ਭਰਤੇ ਤੋਂ ਬਿਨਾ ਭਾਵ ਪ੍ਰਮਾਤਮਾ ਤੋਂ ਬਿਨਾ ਕਿਸੇ ਹੋਰ ਦੀ ਚੇਰੀ ਨਹੀਂ ਹੈ ਭਾਵ ਉਸ ਤੇ ਹੋਰ ਕਿਸੇ ਦੀ ਮਤਿ ਦਾ ਅਸਰ ਨਹੀਂ ਹੁੰਦਾ ਭਾਵ ਉਹ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਹੁਕਮ ਵਿਚ ਚਲਦੀ ਹੈ ਭਾਵ ਸਾਡੀ ਮਤਿ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਹੁਕਮ ਦੀ ਬੱਝੀ ਹੋਈ ਹੈ। (**ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥**)

ਜਿਸਨੂੰ ਆਪਣੇ ਅੰਦਰੋਂ ਮਾਇਆ ਮੋਹ ਦੀ ਸਮਝ ਲਗ ਜਾਂਦੀ ਹੈ ਭਾਵ ਜਿਸ ਸਰੀਰ ਵਿਚ ਪ੍ਰਮਾਤਮਾ ਆਪਣਾ ਸੰਤ ਰੂਪ ਪ੍ਰਗਟ ਕਰ ਲੈਂਦਾ ਹੈ ਉਹ ਫਿਰ ਮਾਇਆ ਮੋਹ ਵਾਲੀ ਮਤਿ ਨੂੰ ਇਹੋ ਜਿਹੀ ਸਮਝਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥

ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਮਾਇਆ ਦਾ ਉਹ ਰੂਪ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਸ਼ੁਰੂ ਵਿਚ ਸਮਝਿਆ ਹੈ ਕਿਉਂਕਿ ਇਹ ਸਾਡੇ ਆਤਮਿਕ ਜੀਵਨ ਨੂੰ ਭਾਵ ਸੰਸਾਰਿਕ ਵਿਚਰਨ ਨੂੰ ਖਰਾਬ ਕਰਦੀ ਹੈ। ਜਿਸ ਨੂੰ ਇਸ ਦੀ ਸਮਝ ਲੱਗ ਜਾਂਦੀ ਹੈ ਫਿਰ ਉਹ ਆਪਣੀ ਮਾਇਆ ਮੋਹ ਵਾਲੀ ਮਤਿ ਤੋਂ ਨਫਰਤ ਕਰਦਾ ਹੈ ਭਾਵ ਇਸ ਨੂੰ ਆਪਣੀ ਮਤਿ ਵਿਚ ਦਖਲ ਨਹੀਂ ਦੇਣ ਦਿੰਦਾ। ਜਿਸ ਤੋਂ ਅਸੀਂ ਨਫਰਤ ਕਰਦੇ ਹਾਂ ਉਸ ਨੂੰ ਅਸੀਂ ਆਪਣਾ ਵੈਰੀ ਸਮਝਦੇ ਹਾਂ ਪਰ ਸੰਸਾਰੀ ਮਨੁੱਖ ਆਪਣੀ ਮਾਇਆ ਮੋਹ ਵਾਲੀ ਮਤਿ ਨੂੰ ਪਿਆਰ ਹੀ ਕਰਦਾ ਹੈ। ਸਾਡੀ ਭਗਤੀ ਦਾ ਮਾਰਗ ਸਾਡੀ ਮਤਿ ਦੇ ਨਾਲ ਹੀ ਜੁੜਿਆ ਹੋਇਆ ਹੈ। ਜਿਸ

ਨੂੰ ਪ੍ਰਮਾਤਮਾ ਆਪਣਾ ਸੰਤ, ਭਗਤ ਰੂਪ ਬਣਾਕੇ ਮਨ ਦੀ ਭਰਮਾਂ ਵਾਲੀ ਮਤਿ ਵਿਚੋਂ ਕੱਢ ਲੈਂਦਾ ਹੈ ਉਸ ਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਉਹਨਾਂ ਸਰੀਰਾਂ ਰਾਹੀਂ ਹੀ ਪ੍ਰਮਾਤਮਾ ਨੇ ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ ਜਿਸ ਰਾਹੀਂ ਸਾਰੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ, ਨਾਮ ਦਾ ਮਾਰਗ ਸਮਝਾਇਆ ਹੈ ਤੇ ਬਾਰ ਬਾਰ ਸਾਨੂੰ ਮਾੜੀ ਮਤਿ ਵਿਚੋਂ ਨਿਕਲਣ ਲਈ ਸਮਝਾਇਆ ਹੈ, ਪੰਜਾ ਅਉਗਣਾਂ ਵਿਚੋਂ ਨਿਕਲਣ ਲਈ ਸਮਝਾਇਆ ਹੈ ਜਿੰਨ੍ਹਾਂ ਨੂੰ ਉਪਰ ਸ਼ਬਦ ਰਾਹੀਂ ਮਾਇਆ ਦੇ ਪੰਜ ਜੋਗੀ ਕਹਿ ਕੇ ਸਮਝਾਇਆ ਹੋਇਆ ਹੈ। ਮਨ ਦੀ ਮਾੜੀ ਮਤਿ ਵਿਚੋਂ ਨਿਕਲੇ ਬਿਨਾ, ਭਰਮਾਂ ਵਿਚੋਂ ਨਿਕਲੇ ਬਿਨਾ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ, ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਜਾ ਸਕਦੀ, ਗੁਰੂ ਦੀ ਸੇਵਾ ਨਹੀਂ ਕੀਤੀ ਜਾ ਸਕਦੀ ਭਾਵ ਮਾਇਆ ਮੋਹ ਨਾਲ ਪਿਆਰ ਛੱਡੇ ਬਿਨਾ, ਆਪਣੀ ਮਤਿ ਨਾਲ ਪਿਆਰ ਛੱਡੇ ਬਿਨਾ ਗੁਰੂ ਦੀ ਮਤਿ ਨਾਲ ਪਿਆਰ ਨਹੀਂ ਕੀਤਾ ਜਾ ਸਕਦਾ। (**ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥ ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥**)

{ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥

ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥ ਰਾਮ ਜਨਾ ਮਿਲਿ ਮੰਗਲੁ ਗਾਇਆ ॥੧॥

ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ ਰਹਾਉ ॥

ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦ ਭਗਤ ਕਉ ਕਰਹਿ ਸਲਾਮੁ ॥

ਲੂਟਿ ਲੇਹਿ ਸਾਕਤ ਪਤਿ ਖੋਵਹਿ ॥ ਸਾਧ ਜਨਾ ਪਗ ਮਲਿ ਮਲਿ ਧੋਵਹਿ ॥੨॥

ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥
ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥
ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥}

(ਅੰਗ - ੮੬੫)

ਉਪਰ ਵਾਲੇ ਸ਼ਬਦ ਦੀ ਵਿਆਖਿਆ ਅਸੀਂ ਪਿਛੇ ਲੇਖ ਵਿਚ ਕੀਤੀ ਹੋਈ ਹੈ ਜਿਸ ਨੂੰ ਧਿਆਨ ਨਾਲ ਸਮਝਣ ਦੁਆਰਾ ਅਸਾਨੀ ਨਾਲ ਭਗਤੀ ਦਾ ਮਾਰਗ ਸਮਝ ਲਗ ਜਾਂਦਾ ਹੈ, ਸਾਰੀ ਗੱਲ ਮਾੜੀ ਮਤਿ ਛੱਡਣ ਦੀ ਹੀ ਹੈ ਭਾਵ ਮਾਇਆ ਵਾਲੀ ਮਤਿ ਛੱਡਣ ਦੀ ਹੀ ਹੈ। ਇਸ ਮਾਇਆ ਨੇ ਹੀ ਸਾਡੇ ਅੰਦਰ ਪੰਜ ਪੁੱਤਰ ਜੰਮੇ ਹੋਏ ਹਨ ਭਾਵ ਪੰਜ ਅਉਗਣਾਂ ਵਾਲੇ ਵਿਚਾਰ ਪੈਦਾ ਕੀਤੇ ਹੋਏ ਹਨ। ਇਸ ਮਾਇਆ ਦਾ ਖਸਮ ਆਪ ਪ੍ਰਮਾਤਮਾ ਹੈ ਜਿਸ ਨੇ ਆਪ ਹੀ ਸਾਡੇ ਅੰਦਰ ਇਹਨਾਂ ਨੂੰ ਪੈਦਾ ਕੀਤਾ ਹੈ ਤੇ ਕਿਸੇ ਲਈ ਜਿਸ ਤੇ ਉਹ ਆਪ ਹੀ ਆਪਣੀ ਕਿਰਪਾ ਕਰੇ ਤੇ ਇਹਨਾਂ ਵਿਚੋਂ ਕੱਢ ਸਕਦਾ ਹੈ, ਅਸੀਂ ਕੇਵਲ ਉਦਮ ਹੀ ਕਰਨਾ ਹੈ ਕਿ ਇਹਨਾਂ ਵਿਚਾਰਾਂ ਵਿਚੋਂ ਨਿਕਲੀਏ। ਪ੍ਰਮਾਤਮਾ ਆਪਣੀ ਇਹ ਖੇਡ, ਜਗਤ ਦੀ ਖੇਡ ਮਨ ਦੇ ਵਿਚ ਮਾਇਆ ਮੋਹ ਵਾਲੇ ਵਿਚਾਰਾਂ ਦੁਆਰਾ ਹੀ ਚਲਾ ਰਿਹਾ ਹੈ ਤੇ ਕਿਸੇ ਵਿਰਲੇ ਨੂੰ ਹੀ ਉਹ ਇਸ ਖੇਡ ਵਿਚੋਂ ਕੱਢਦਾ ਹੈ, ਆਪਣਾ ਜਨ ਬਨਾਉਣ ਦੁਆਰਾ ਕੱਢਦਾ ਹੈ ਤੇ ਉਸ ਨੂੰ ਆਪਣੇ ਭਗਤੀ ਦੇ ਮਾਰਗ ਤੇ ਚਲਾਉਂਦਾ ਹੈ। (**ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥ ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥ ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥ ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥**)

40/5099

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥}

(ਅੰਗ - ੧੧੯੩)

ਜਿਵੇਂ ਕਿ ਹਰ ਕੋਈ ਸਮਝਦਾ ਹੈ, ਹਰ ਕੋਈ ਪ੍ਰਮਾਤਮਾ ਦੀ ਨਾਰ ਹੈ ਤੇ ਉਹ ਸਭ ਦਾ ਖਸਮ ਹੈ ਪਰ ਉਹ ਖਸਮ ਉਸੇ ਦਾ ਹੀ ਬਣਦਾ ਹੈ ਜਿਸ ਮਨ ਦੇ ਵਿਚ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣੀ ਸੁਹਾਗਣ ਬਣਾਉਂਦਾ ਹੈ। ਜਦ ਤਕ ਅਸੀਂ ਮਾਇਆ ਮੋਹ ਵਾਲੀ ਬਿਰਤੀ ਵਿਚ ਹਾਂ, ਭਤਾਰ ਹੁਣ ਵੀ ਸਾਡਾ ਪ੍ਰਮਾਤਮਾ ਹੀ ਹੈ ਜੋ ਭਤਾਰ ਉਹ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ। ਸਾਨੂੰ ਮਾਇਆ ਮੋਹ ਵਿਚ ਰੱਖਣ ਵਾਲਾ, ਭਰਮਾਂ ਵਿਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਉਹ ਸਾਡੇ ਭਰਮ ਰੂਪ ਵਿਚਾਰਾਂ ਦੁਆਰਾ ਹੀ ਸਾਰੇ ਸੰਸਾਰ ਦਾ ਭਤਾਰ ਹੈ, ਖਸਮ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥
ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥”

(ਅੰਗ - ੧੦੫੮)

ਜਦ ਤਕ ਸਾਡੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ, ਮਾੜੇ ਵਿਚਾਰਾਂ ਵਾਲੀ ਬਿਰਤੀ ਹੈ ਇਹ ਸਾਡੇ ਅੰਦਰ ਦੀ ਦੁਰਮਤਿ ਹੈ ਜੋ ਸਾਨੂੰ ਭਰਮਾਂ ਵਿਚ ਪਾਉਣ ਦੁਆਰਾ ਗੁਰਮਤਿ ਦੀ ਸਮਝ ਤੋਂ ਦੂਰ ਰੱਖਦੀ ਹੈ, ਸੱਚ ਤੋਂ ਦੂਰ ਰਖਦੀ ਹੈ, ਆਪਣੇ ਸੱਚੇ ਮਾਰਗ

ਨੂੰ ਸਮਝਣ ਤੋਂ ਦੂਰ ਰਖਦੀ ਹੈ ਜਿਸ ਦੁਆਰਾ ਹਰ ਕੋਈ ਮਨਮੁਖਿ ਹੈ ਤੇ ਮਨ ਦੀ ਮਾੜੀ ਸਮਝ ਦੁਆਰਾ ਮਾੜੇ ਕਰਮ ਕਰਦਾ ਹੈ, ਅਉਗਣਾਂ ਵਿਚ ਰਹਿੰਦਾ ਹੈ, ਗੁਰਮਤਿ ਤੋਂ ਦੂਜੇ ਪਾਸੇ ਚੱਲਦਾ ਹੈ ਜਿਸ ਦੁਆਰਾ ਮਨੁੱਖ ਸੁਪਨੇ ਵਿਚ ਵੀ **"ਸੁਖ"** ਦੀ ਪ੍ਰਾਪਤੀ ਨਹੀਂ ਕਰ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦਾ। ਮਨ ਦੇ ਇਹੋ ਜਿਹੇ ਮਾੜੇ ਵਿਚਾਰਾਂ ਵਿਚ ਰਹਿੰਦੇ ਹੋਏ, ਮਨ ਦੇ ਭਰਮਾਂ ਵਿਚ ਰਹਿੰਦੇ ਹੋਏ ਸਾਡਾ ਖਸਮ, ਸਾਡਾ ਭਰਮ ਹੈ ਭਾਵ ਜਿਸ ਦੀ ਅਸੀਂ ਗੱਲ ਮੰਨਦੇ ਹਾਂ ਉਹੀ ਸਾਡਾ ਖਸਮ ਹੈ ਭਾਵ ਮਨੁੱਖੀ ਨਾਰਿ ਦੇ ਰੂਪ ਵਿਚ ਸਾਡਾ ਖਸਮ ਸਾਡੇ ਮਨ ਦੇ ਵਿਚਾਰ ਹੀ ਹਨ, ਭਰਮ ਰੂਪ ਵਿਚਾਰ ਹੀ ਹਨ। (**ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥ ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥**) ਹੁਣ ਸ਼ਬਦ ਦੇ ਅਗਲੇ ਪਦੇ ਨੂੰ ਸਮਝੋ ਕਿ ਸਾਨੂੰ ਭਰਮ ਵਾਲੇ ਵਿਚਾਰਾਂ ਵਿਚੋਂ ਕਿਸ ਨੇ ਕੱਢਣਾ ਹੈ, ਮਾੜੀ ਮਤਿ ਵਿਚੋਂ ਕਿਸ ਨੇ

ਕੱਢਣਾ ਹੈ ਤਾਂ ਜੋ ਅਸੀਂ ਉਸ ਸੱਚੇ ਖਸਮ ਦੀ ਨਾਰਿ ਬਣ ਸਕੀਏ।

"ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥

ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥"

ਪ੍ਰਮਾਤਮਾ ਜਿਸ ਦਾ ਆਪ ਭਤਾਰ ਬਣਦਾ ਹੈ ਉਹ **"ਸਬਦੁ"** ਰੂਪ ਵਿਚ ਬਣਦਾ ਹੈ ਜਿਵੇਂ ਕਿ ਉਪਰ ਪਹਿਲੀ ਪੰਗਤੀ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦਾ **"ਸਬਦੁ"** ਰੂਪ ਕੀ ਹੈ। ਪ੍ਰਮਾਤਮਾ ਦਾ **"ਸਬਦੁ"** ਰੂਪ ਉਹ ਰੂਪ ਹੈ ਜੋ ਭਰਮ ਰੂਪ ਨਹੀਂ ਹੈ ਭਾਵ ਜੋ ਪੂਰੀ ਤਰ੍ਹਾਂ ਭਰਮਾਂ ਤੋਂ ਰਹਿਤ ਹੈ। **"ਸਬਦੁ"** ਰੂਪ ਵਿਚ ਹੀ ਪ੍ਰਮਾਤਮਾ ਸਾਰੇ ਸੰਸਾਰ ਦਾ ਗੁਰੂ ਰੂਪ ਹੈ, ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ ਇਸ **"ਸਬਦੁ"** ਰੂਪ ਦੁਆਰਾ ਹੀ ਗੁਰੂ ਰੂਪ ਹੈ। ਸ਼ਬਦ ਰਾਹੀਂ ਭਾਵ ਆਪਣੇ ਸ਼ਬਦਾਂ ਰਾਹੀਂ, ਆਪਣੇ ਬੋਲਾਂ ਰਾਹੀਂ, ਆਪਣੇ ਬਚਨਾਂ ਰਾਹੀਂ ਪ੍ਰਮਾਤਮਾ ਨੇ ਸਾਨੂੰ ਆਪਣੇ ਵਿਚਾਰ ਹੀ ਦਿੱਤੇ ਹਨ ਜੋ ਵਿਚਾਰ ਪੂਰੀ ਤਰ੍ਹਾਂ ਭਰਮਾਂ ਤੋਂ ਰਹਿਤ ਹਨ ਭਾਵ ਜੋ ਵਿਚਾਰ ਸਾਨੂੰ ਪੂਰਨ ਰੂਪ ਵਿਚ ਸੱਚ ਸਮਝਾਉਂਦੇ ਹਨ, ਨਾਮ ਸਮਝਾਉਂਦੇ ਹਨ ਜਿਸ ਦੁਆਰਾ ਸਾਨੂੰ ਭਗਤੀ ਦੇ ਮਾਰਗ ਦਾ ਸੱਚ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦੀ ਅਸਲੀਅਤ ਸਮਝਾਈ ਹੋਈ ਹੈ, ਪੂਰੇ ਸੰਸਾਰ ਦੀ ਅਸਲੀਅਤ ਸਮਝਾਈ ਹੋਈ ਹੈ। ਪ੍ਰਮਾਤਮਾ ਇਹਨਾਂ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੀ ਸਾਡਾ ਖਸਮ ਹੈ ਜਿਸ ਦੁਆਰਾ ਉਹ ਸਾਡੀ ਦੇਹੀ ਨੂੰ ਕੰਚਨ ਦੇਹੀ ਬਣਾਉਂਦਾ ਹੈ ਭਾਵ ਸਾਡੇ ਮਨ ਨੂੰ ਸੋਨੇ ਦੀ ਤਰ੍ਹਾਂ ਸ਼ੁੱਧ ਬਣਾਉਂਦਾ ਹੈ, ਪੂਰੀ ਤਰ੍ਹਾਂ ਮੈਲ ਤੋਂ ਰਹਿਤ ਕਰਦਾ ਹੈ, ਭਰਮਾਂ ਦੀ ਮੈਲ ਤੋਂ ਰਹਿਤ ਕਰਦਾ ਹੈ, ਦੁਰਮਤਿ ਦੀ ਮੈਲ ਤੋਂ ਰਹਿਤ ਕਰਦਾ ਹੈ। ਸਾਡੀ **"ਸਬਦੁ"** ਰੂਪ ਖਸਮ ਨਾਲੋਂ ਦੂਰੀ ਮਨ ਦੀ ਮੈਲ ਹੀ ਹੈ ਜੋ ਕਿ ਸਾਡੇ ਅੰਦਰ ਭਰਮ ਵਾਲੇ ਵਿਚਾਰਾਂ ਨੇ ਭਰੀ ਹੋਈ ਹੈ। ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਮਨ ਦੀ ਇਹੋ ਜਿਹੀ ਮੈਲ ਰਹਿਤ ਅਵਸਥਾ ਦੁਆਰਾ ਹੀ ਜੁੜਦਾ ਹੈ ਜੋ ਪਿਆਰ ਸਾਡਾ ਮਨ ਦੇ ਵਿਚ ਸੱਚੇ ਵਿਚਾਰਾਂ ਰਾਹੀਂ ਹਰ ਵੇਲੇ ਜੁੜਿਆ ਰਹਿੰਦਾ ਹੈ ਤੇ ਅਸੀਂ ਆਪਣੇ ਮਨ ਦੇ ਵਿਚ ਉਹਨਾਂ ਵਿਚਾਰਾਂ ਨੂੰ ਖੁਸ਼ੀ ਨਾਲ ਭੋਗਦੇ ਹਾਂ ਭਾਵ ਮੰਨਦੇ ਹਾਂ ਭਾਵ ਗੁਰਮਤਿ ਦੀ ਸੱਚੀ ਸਮਝ ਦੁਆਰਾ ਵਿਚਰਦੇ ਹਾਂ। (**ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥**) ਸਾਡੇ ਅੰਦਰ ਜੋ ਵੀ ਮਤਿ ਉਪਜਦੀ ਹੈ, ਜੋ ਵੀ

ਵਿਚਾਰ ਉਪਜਦੇ ਹਨ ਉਹ ਮਨ ਦੇ ਵਿਚੋਂ ਹੀ ਉਪਜਦੇ ਹਨ ਤੇ ਇਹ ਮਨ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਮਹਲ ਹੈ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

"ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥"

ਭਾਵੇਂ ਸਾਡੇ ਅੰਦਰ ਝੂਠੀ ਮਤਿ ਉਪਜਦੀ ਹੈ ਤੇ ਭਾਵੇਂ ਸੱਚੀ ਮਤਿ ਉਪਜਦੀ ਹੈ, ਭਾਵੇਂ ਸਾਡੇ ਅੰਦਰ ਦੁਰਮਤਿ ਉਪਜਦੀ ਹੈ, ਭਾਵੇਂ ਗੁਰਮਤਿ ਉਪਜਦੀ ਹੈ, ਭਾਵੇਂ ਭਰਮ ਉਪਜਦਾ ਹੈ, ਭਾਵੇਂ ਸੱਚ ਉਪਜਦਾ ਹੈ ਇਹਨਾਂ ਸਾਰੇ ਵਿਚਾਰਾਂ ਦਾ ਸ੍ਰੋਤ ਸਾਡਾ ਮਨ ਹੀ ਹੈ ਜੋ ਸਾਡੇ ਅੰਦਰ ਗਿਆਨ ਦਾ ਸ੍ਰੋਤ ਹੈ। ਸਾਨੂੰ ਜੋ ਵੀ ਗਿਆਨ ਮਿਲਦਾ ਹੈ ਭਾਵ ਸਾਡੇ ਅੰਦਰ ਉਪਜਦਾ ਹੈ ਉਹ ਸਾਡਾ ਮਨ ਹੈ। ਸਾਡੇ ਅੰਦਰ ਜੋ ਵੀ ਗਿਆਨ ਆਉਂਦਾ ਹੈ, ਉਹ ਪ੍ਰਮਾਤਮਾ ਦੇ ਕੋਲੋਂ ਹੀ ਆਉਂਦਾ ਹੈ, ਪ੍ਰਮਾਤਮਾ ਦੇ ਮਹਲ ਦੇ ਵਿਚੋਂ

ਹੀ ਆਉਂਦਾ ਹੈ ਜੋ ਮਹਿਲ ਉਸ ਦਾ ਸਾਡੇ ਅੰਦਰ ਨਿਰੰਕਾਰ ਰੂਪ ਵਿਚ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਦ ਤਕ ਅਸੀਂ ਪ੍ਰਮਾਤਮਾ ਤੋਂ ਗੈਰ ਬਣੇ ਹੋਏ ਹਾਂ ਭਾਵ ਉਸ ਤੋਂ ਵੱਖਰੇ ਬਣੇ ਹੋਏ ਹਾਂ ਤਦ ਤਕ ਭਰਮ ਵਾਲੇ ਵਿਚਾਰ ਸਾਡਾ ਭਤਾਰ ਹਨ। ਭਰਮ ਵਾਲੇ ਵਿਚਾਰਾਂ ਵਿਚ ਰਹਿੰਦੇ ਹੋਏ ਅਸੀਂ ਆਪਣੇ ਅੰਦਰ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਹੀ ਸਮਝਦੇ ਹਾਂ ਭਾਵ ਇਸ ਮਨ ਨੂੰ ਆਪਣਾ ਮਨ ਹੀ ਸਮਝਦੇ ਹਾਂ ਭਾਵ ਇਸ ਮਨ ਦੇ ਮਾਲਕ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਇਸ ਮਨ ਦਾ ਮਾਲਕ ਸਮਝਦੇ ਹਾਂ ਜੋ ਮਨ ਸਾਡਾ ਨਹੀਂ ਹੈ। ਅਸੀਂ ਇਸ ਮਨ ਰੂਪ ਮਹਿਲ ਵਿਚ ਗੈਰ ਹੁੰਦੇ ਹੋਏ ਵੀ ਇਸ ਮਨ ਵਿਚ ਆਪਣਾ ਮਹਿਲ ਪਾਇਆ ਹੋਇਆ ਹੈ ਭਾਵ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਿਆ ਹੋਇਆ ਹੈ। ਇਹ ਮਹਿਲ ਪ੍ਰਮਾਤਮਾ ਦਾ ਆਪਣਾ ਹੈ ਇਸ ਗੱਲ ਦੀ ਸਮਝ ਸਾਨੂੰ ਤਾਂ ਹੀ ਪਵੇਗੀ ਜਦੋਂ ਅਸੀਂ ਪ੍ਰਮਾਤਮਾ ਦੇ ਭਾਣੇ ਨੂੰ ਬੁਝਾਂਗੇ ਭਾਵ ਜੋ ਉਸ ਗੁਰੂ ਰੂਪ ਪ੍ਰਮਾਤਮਾ ਨੂੰ ਚੰਗਾ ਲਗਦਾ ਹੈ ਉਸ ਨੂੰ ਮੰਨਾਂਗੇ ਭਾਵ ਸ਼ਬਦ ਦੇ ਵਿਚਾਰਾਂ ਨਾਲ ਜੁੜਾਂਗੇ ਜੋ ਸਾਨੂੰ ਭਰਮਾਂ ਵਿਚੋਂ ਕੱਢਦੇ ਹਨ। ਭਰਮ ਵਾਲੇ ਵਿਚਾਰਾਂ ਵਿਚੋਂ ਨਿਕਲਣ ਨਾਲ ਹੀ ਸਾਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਸ ਮਨ ਨੂੰ ਆਪਣਾ ਸਮਝਣਾ ਕੇਵਲ ਸਾਡਾ ਭਰਮ ਹੈ ਕਿਉਂਕਿ ਸਾਡੇ ਅੰਦਰ ਇਹ ਮਨ ਹੀ ਪ੍ਰਮਾਤਮਾ ਦਾ ਮਹਲ ਹੈ ਜਿਥੋਂ ਸਾਰੇ ਵਿਚਾਰ ਉਪਜਦੇ ਹਨ

40/5102

ਤੇ ਸ਼ਬਦ ਦੇ ਵਿਚਾਰਾਂ ਦੀ ਸੋਝੀ ਪੈਣ ਦੁਆਰਾ ਮਨੁੱਖ ਵਿਚਾਰਾਂ ਰਾਹੀਂ ਹੀ ਪ੍ਰਮਾਤਮਾ ਵਿਚ ਸਮਾ ਜਾਂਦਾ ਹੈ, ਉਸ ਦੇ ਮਹਲ ਵਿਚ ਪਹੁੰਚ ਜਾਂਦਾ ਹੈ ਤੇ ਫਿਰ ਗੈਰ ਨਹੀਂ ਰਹਿ ਜਾਂਦਾ ਭਾਵ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਣ, ਵੱਖਰੇਪਣ ਦਾ ਕਾਰਨ ਸਾਡੇ ਅੰਦਰ ਦੀ ਮਾੜੀ ਸਮਝ ਹੈ, ਮਾੜੀ ਮਤਿ ਹੈ ਜਿੰਨ੍ਹਾਂ ਦਾ ਕਾਰਣ ਸਾਡੇ ਮਨ ਦੇ ਭਰਮ ਹਨ ਭਾਵ ਮਨ ਦੇ ਭਰਮਾਂ ਵਿਚੋਂ ਨਿਕਲੇ ਬਿਨਾ ਅਸੀਂ ਪ੍ਰਮਾਤਮਾ ਦੇ ਘਰ ਵਿਚ ਨਹੀਂ ਪਹੁੰਚ ਸਕਦੇ। (**ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥ ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥ ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥ ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥**)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}

(ਅੰਗ - ੯੩੭)

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਉਸ ਨਾਲੋਂ ਪੜਦੇ ਦਾ ਕਾਰਣ ਸਾਡੇ ਮਨ ਦੇ ਵਿਚਾਰ ਹਨ, ਸਾਡੇ ਮਨ ਦੀਆਂ ਇਛਾਵਾਂ ਹਨ ਭਾਵ ਸਾਡੇ ਅੰਦਰ ਦੀ ਮਾਇਆ ਹੈ। ਪ੍ਰਮਾਤਮਾ ਨੂੰ ਪਾਉਣ ਦੀ ਇੱਛਾ ਤਾਂ ਬਹੁਤ ਰੱਖਦੇ ਹਨ ਪਰ ਉਹ ਸ਼ਬਦਾਂ ਦੀ ਕਥਨੀ ਨਾਲ ਜੁੜੇ ਰਹਿੰਦੇ ਹਨ ਜੋ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਨਹੀਂ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥
ਸਤਿਗੁਰੁ ਮਿਲੈ ਤਾ ਤਤੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥
ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥”

(ਅੰਗ ੧੧੬-੧੧੭)

ਪ੍ਰਮਾਤਮਾ ਨੂੰ ਪਾਉਣ ਦੇ ਮਾਰਗ ਦਾ ਭੇਦ ਸਾਡੀ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਇਹੀ ਸਾਡੇ ਅੰਦਰ ਦੀ ਮਾਇਆ ਦਾ ਮਕਸਦ ਹੈ ਤੇ ਉਹ ਸਾਨੂੰ ਸੱਚੇ ਮਾਰਗ ਦੀ ਸਮਝ ਨਹੀਂ ਪੈਣ ਦਿੰਦੀ

40/5103

ਜਿਵੇਂ ਕਿ ਉਪਰ ਵਾਲੇ ਪਹਿਲੇ ਪਦੇ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥”

ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਨ ਭਾਵ ਪੰਡਿਤ ਭਾਵ ਧਰਮ ਦੇ ਵਿਦਵਾਨ, ਗਿਆਨਵਾਨ ਅਖਵਾਉਂਦੇ ਹਨ ਉਹ ਆਪ ਜਿਹੋ ਜਿਹੇ ਧਰਮ ਦੇ ਤੇ ਮਾਰਗ ਚੱਲਦੇ ਹਨ, ਉਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ। ਉਹ ਆਪ ਸ਼ਬਦਾਂ ਦੀ ਕਥਨੀ ਕਰਦੇ ਹਨ ਭਾਵ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ ਤੇ ਉਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ। ਜੋ ਕਥਨੀ ਦਾ ਮਕਸਦ ਹੈ ਉਸ ਮਕਸਦ ਨਾਲ ਜੁੜੇ ਬਿਨਾ ਅਸੀਂ ਉਸ ਸਵਾਦ ਦੀ ਪ੍ਰਾਪਤੀ ਨਹੀਂ ਕਰ ਸਕਦੇ ਭਾਵ ਉਸ ਆਨੰਦ ਦੀ ਪ੍ਰਾਪਤੀ ਨਹੀਂ ਕਰ ਸਕਦੇ। ਹਰ ਕੋਈ ਕਥਨੀ ਵਿਚ ਹੀ ਸਵਾਦ ਸਮਝਦਾ ਹੈ ਜੋ ਕਿ ਕੇਵਲ ਸਾਡੇ ਮਨ ਦਾ ਭਰਮ ਹੈ, ਸਾਡੇ ਅੰਦਰ ਦੀ ਮਾਇਆ ਹੈ ਜੋ ਮਨ ਦੇ ਵਿਚਾਰਾਂ ਰਾਹੀਂ ਸਾਡੇ ਕੋਲੋਂ ਇਹ ਕਝ ਕਰਵਾਉਂਦੀ ਹੈ। ਇਸ ਮਾਇਆ ਦਾ ਮਕਸਦ ਸਾਡੀ ਮਤਿ ਨੂੰ ਖਰਾਬ ਕਰਨ ਦਾ ਹੈ, ਸਾਡੀ ਸੁਧਿ ਨੂੰ ਖਰਾਬ ਕਰਨ ਦਾ ਹੈ ਜਿਸ ਮਤਿ ਵਿਚ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ ਜਿੰਨ੍ਹਾਂ ਕਰਕੇ ਸਾਨੂੰ ਪਛਤਾਉਣਾ ਪੈਂਦਾ ਹੈ, ਸਾਨੂੰ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ। ਮਾਇਆ ਸਾਡੇ

ਸਭ ਦੇ ਅੰਦਰ ਇੱਕੋ ਰੂਪ ਵਿਚ ਹੀ ਵਰਤਦੀ ਹੈ ਜਿਸ ਦਾ ਮਕਸਦ ਹੀ ਸਾਨੂੰ ਪੁੱਠੀ ਮਤਿ ਵਿਚ ਰੱਖਣ ਦਾ ਹੈ। ਕੇਵਲ ਕਥਨੀ ਕਰੀ ਜਾਣ ਨਾਲ ਅਸੀਂ ਆਪਣੀ ਮਾੜੀ ਮਤਿ ਵਿਚੋਂ ਨਹੀਂ ਨਿਕਲ ਸਕਦੇ ਭਾਵ ਕਥਨੀ ਨੂੰ ਭਗਤੀ ਦਾ ਮਾਰਗ ਸਮਝਣਾ ਕੇਵਲ ਸਾਡਾ ਭਰਮ ਹੈ, ਇੱਕ ਝੂਠਾ ਆਨੰਦ ਹੈ ਜਦ ਕਿ ਕਥਨੀ ਦਾ ਅਸਲ ਮਕਸਦ ਮਨ ਦੀ ਮਤਿ ਨੂੰ ਬਦਲਣ ਦੁਆਰਾ ਅਉਗਣਾਂ ਵਿਚੋਂ ਨਿਕਲਣ ਦਾ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਚੰਗੇ ਕਰਮ ਕਰੀਏ ਜੋ ਕਿ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ, ਮਾਇਆ ਮੋਹ ਵਿਚੋਂ ਨਿਕਲਣ ਦੁਆਰਾ ਹੀ ਹੋ ਸਕਦਾ ਹੈ ਜਿਸ ਮਤਿ ਨੂੰ ਛੱਡਣ ਦੁਆਰਾ ਹੀ ਅਸੀਂ ਪ੍ਰਮਾਤਮਾ ਨਾਲੋਂ ਆਪਣੀ ਦੂਰੀ ਘਟਾਉਣ ਦਾ ਉਦਮ ਕਰ ਸਕਦੇ ਹਾਂ। (**ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥ ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥**)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥

ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ - ੬੫੫)

40/5104

ਗੁਰੂ ਦਾ ਮਕਸਦ, ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਇਸ ਮਾਇਆ ਮੋਹ ਵਿਚੋਂ ਕੱਢਣ ਦਾ ਹੀ ਹੈ ਭਾਵ ਮਾੜੇ ਕਰਮਾਂ ਵਾਲੀ ਬਿਰਤੀ ਵਿਚੋਂ ਕੱਢਣ ਦਾ ਹੀ ਹੈ ਜੋ ਕਿ ਸ਼ਬਦਾਂ ਦੀ ਗੱਲ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ। ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰੁ ਮਿਲੈ ਤਾ ਤਤੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥

ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥"

ਸਤਿਗੁਰੂ ਨੂੰ ਮਿਲਣ ਦਾ ਮਕਸਦ ਬਹੁਤ ਸਾਫ ਹੈ। ਜਦ ਤਕ ਸਾਡੇ ਅੰਦਰ ਮਾਇਆ ਮੋਹ ਹੈ, ਵਿਕਾਰ ਹਨ ਤਦ ਤਕ ਸਾਡਾ ਗੁਰੂ ਨਾਲ ਮੇਲ ਨਹੀਂ ਹੋਇਆ, ਗੁਰੂ ਨਾਲ ਸੰਗਤਿ ਨਹੀਂ ਹੋਈ। ਜਿਸ ਰੂਪ ਵਿਚ ਗੁਰੂ ਆਪ ਹੈ, ਗੁਰੂ ਨਾਲ ਮੇਲ ਵੀ ਉਸੇ ਰੂਪ ਵਿਚ ਹੁੰਦਾ ਹੈ। ਗੁਰੂ ਸ਼ਬਦ ਰੂਪ ਵਿਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ ਤੇ ਉਸ ਦੇ ਨਾਲ ਮੇਲ ਵੀ ਗਿਆਨ ਰੂਪ ਵਿਚ ਹੀ ਹੁੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ। ਸਾਡੇ ਮਾਇਆ ਮੋਹ ਵਾਲੇ ਵਿਚਾਰ ਜੇਕਰ ਸ਼ਬਦ ਦੇ ਵਿਚਾਰਾਂ ਨੂੰ ਮੰਨ ਲੈਣਗੇ ਤਾਂ ਮਨ ਦੇ ਵਿਚ ਹੀ ਮੇਲ ਹੁੰਦਾ ਹੈ ਜਿਸ ਦੁਆਰਾ ਅਸੀਂ ਮਨ ਦੇ ਵਿਚਾਰਾਂ ਰਾਹੀਂ **"ਤਤੁ"** ਦੀ ਪ੍ਰਾਪਤੀ ਕਰਦੇ ਹਾਂ, ਅਸਲੀਅਤ ਨੂੰ ਜਾਣਦੇ ਹਾਂ ਕਿ ਭਗਤੀ ਦਾ ਮਾਰਗ ਕੀ ਹੈ, ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਕੀ ਹੈ ਭਾਵ ਸਾਡੀ ਮਨ ਦੀ ਸੋਝੀ ਹੀ ਬਦਲਦੀ ਹੈ ਤੇ ਮਨ ਦੇ ਵਿਚ ਇਸ ਤਤੁ ਦੀ ਪ੍ਰਾਪਤੀ ਕਰਨਾ ਹੀ ਸਾਡੇ ਅੰਦਰ ਪ੍ਰਮਾਤਮਾ ਦੇ ਨਾਮ ਦਾ ਵਸਣਾ ਹੈ ਜੋ ਕਿ ਮਨ ਦੇ ਰਾਹੀਂ ਹੀ ਵਸਦਾ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਹੀ ਵੱਸਦਾ ਹੈ। ਆਪਣੇ ਅੰਦਰੋਂ ਮਾੜੇ ਵਿਚਾਰਾਂ ਨੂੰ, ਮਾੜੀ ਸਮਝ ਵਾਲੇ ਵਿਚਾਰਾਂ ਨੂੰ ਮਾਰਨਾ ਹੀ ਆਪਣੇ ਮਨ ਨੂੰ ਸ਼ਬਦ ਦੁਆਰਾ ਮਾਰਨਾ ਹੈ ਭਾਵ ਸ਼ਬਦਾਂ ਦੀ ਵਿਚਾਰ ਦੁਆਰਾ ਆਪਣੇ ਮਾੜੇ ਵਿਚਾਰਾਂ ਨੂੰ ਮਾਰਨਾ ਇਸ ਮਨ ਨੂੰ ਮਾਰਨਾ ਹੈ, ਨਾਮ ਦੁਆਰਾ ਮਾਰਨਾ ਹੈ ਜਿਸਨੇ ਸਾਨੂੰ ਭਰਮਾਂ ਵਾਲੇ ਵਿਚਾਰਾਂ ਤੋਂ ਮੁਕਤਿ ਕਰਨਾ ਹੈ। ਸਾਰੇ ਸੰਸਾਰ ਲਈ ਇਹੀ ਮੁਕਤੀ ਦਾ ਦਰ ਹੈ, ਮੁਕਤੀ ਦਾ ਮਾਰਗ ਹੈ। (**ਸਤਿਗੁਰੁ ਮਿਲੈ ਤਾ ਤਤੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥**)

ਸ਼ਬਦ ਦੁਆਰਾ ਮਰਨਾ ਕੀ ਹੈ, ਮਨ ਨੂੰ ਮਾਰਨਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

40/5105

"ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥

ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥"

ਉਪਰਲੇ ਪਦੇ ਰਾਹੀਂ ਗੁਰੂ ਦੇ ਸ਼ਬਦ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜੋ ਮਕਸਦ ਗੁਰੂ ਦੇ ਸ਼ਬਦ ਦੀ ਕਥਨੀ

ਕਰਨ ਦੁਆਰਾ ਕਦੇ ਪੂਰਾ ਨਹੀਂ ਹੋ ਸਕਦਾ ਜਿਵੇਂ ਕਿ ਅਸੀਂ ਪਹਿਲੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਤੇ ਹਰ ਕੋਈ ਕਥਨੀ ਨਾਲ ਹੀ ਜੁੜਿਆ ਹੋਇਆ ਹੈ। ਸਾਰੀ ਗੱਲ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾਉਣ ਦੀ ਹੈ ਭਾਵ ਮਨ ਵਿਚ ਵਸਾਉਣ ਦੀ ਹੈ। ਮਨ ਵਿਚ ਗੁਰੂ ਦਾ ਸ਼ਬਦ ਤਾਂ ਹੀ ਵੱਸੇਗਾ ਜੇਕਰ ਪਹਿਲਾਂ ਅਸੀਂ ਆਪਣੀ ਪਾਪਾਂ ਵਾਲੀ ਬਿਰਤੀ ਛੱਡਾਂਗੇ ਭਾਵ ਆਪਣੇ ਮਾੜੇ ਵਿਚਾਰ ਛਡਾਂਗੇ ਜਿੰਨ੍ਹਾਂ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ। ਸਾਡਾ ਗੁਰੂ ਦੀ ਮਤਿ ਨਾਲ ਕ੍ਰੋਧ ਦਿਖਾਉਣਾ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਦੇ ਉਲਟ ਚਲਦੇ ਹਾਂ ਭਾਵ ਜੋ ਮਨੁੱਖ ਵੀ ਮਾੜੇ ਕਰਮ ਕਰਦਾ ਹੈ ਉਹ ਗੁਰੂ ਪ੍ਰਮਾਤਮਾ ਨਾਲ ਆਪਣਾ ਕ੍ਰੋਧ ਦਿਖਾਉਂਦਾ ਹੈ। ਜੋ ਗੁਰੂ ਦੇ ਸ਼ਬਦ ਦੀ ਗੱਲ ਨੂੰ ਮੰਨ ਲੈਂਦਾ ਹੈ, ਮਾੜੇ ਵਿਚਾਰ ਛੱਡ ਦਿੰਦਾ ਹੈ ਉਸ ਦਾ ਗੁਰਮਤਿ ਦੇ ਨਾਲ ਕ੍ਰੋਧ ਮੁੱਕ ਜਾਂਦਾ ਹੈ। ਗੁਰੂ ਦਾ ਸ਼ਬਦ ਸਾਨੂੰ ਸੱਚੀ ਮਤਿ ਹੀ ਸਿਖਾਉਂਦਾ ਹੈ ਤੇ ਸੱਚੀ ਮਤਿ ਦੇ ਨਾਲ ਰੱਤੇ ਜਾਣਾ ਸਾਡਾ ਬੈਰਾਗੀ ਬਨਣਾ ਹੈ ਜੋ ਕਿ ਸਾਡੇ ਮਨ ਨੇ ਕਰਨਾ ਹੈ। ਸਾਡੇ ਅੰਦਰ ਦੇ ਮਾੜੇ ਵਿਚਾਰਾਂ ਦਾ ਮਰਨਾ, ਸਾਡੀ ਮਾੜੀ ਮਤਿ ਦਾ ਮਰਨਾ ਇਹੀ ਸਾਡੀ ਹਉਮੈ ਦਾ ਮਰਨਾ ਹੈ ਜੋ ਸਾਨੂੰ ਭਰਮਾਂ ਵਿਚ ਪਾਈ ਰੱਖਦੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਮਨ ਦੀ ਮਾੜੀ ਮਤਿ ਵਿਚੋਂ ਨਿਕਲਣ ਦੁਆਰਾ ਹੀ ਹੁੰਦਾ ਹੈ, ਸ਼ਬਦ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। (**ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥ ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥**)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥

ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੯॥੨॥}

(ਅੰਗ - ੫੬੫)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਭੇਦ ਸਾਡੀ ਕਥਨੀ ਅਤੇ ਕਰਨੀ ਵਿਚ ਹੈ। ਮੁੱਖੋਂ ਸ਼ਬਦ ਨੂੰ ਬੋਲੀ ਜਾਣਾ ਸਾਡੀ ਕਥਨੀ ਹੈ ਤੇ ਸ਼ਬਦ ਦੀ ਕਹੀ ਹੋਈ ਗੱਲ ਨੂੰ ਮੰਨਣਾ ਸਾਡੀ ਕਰਣੀ ਹੈ। ਸਾਡੀ ਕਰਣੀ ਵਿਚ ਗੁਰੂ ਦਾ ਸ਼ਬਦ ਤਾਂ ਹੀ ਆਵੇਗਾ ਜਦੋਂ ਸ਼ਬਦ ਦੀ ਮਤਿ ਨੂੰ ਹਿਰਦੇ

40/5106

ਵਿੱਚ ਵਸਾਵਾਂਗੇ ਭਾਵ ਸ਼ਬਦ ਦੀ ਗੱਲ ਨੂੰ ਮੰਨਾਗੇ ਜਿਵੇਂ ਕਿ ਪਿੱਛਲੇ ਪਦੇ ਦੁਆਰਾ ਸਮਝਿਆ ਹੈ ਕਿ ਗੁਰੂ ਦੀ ਗੱਲ ਨੂੰ ਹਿਰਦੇ ਵਿਚ ਵਸਾਉਣਾ ਕੀ ਹੈ ਭਾਵ ਆਪਣੀ ਮਾੜੀ ਮਤਿ ਨੂੰ ਛੱਡਣਾ ਹੀ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਉਣਾ ਹੈ। (**ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥**) ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਦ੍ਰਿੜ ਕਰਵਾਈ ਹੋਈ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਉਸ ਨੂੰ ਸ਼ਬਦਾਂ ਦੀ ਕਥਨੀ ਦੁਆਰਾ ਕਦੇ ਨਹੀਂ ਪਾਇਆ ਜਾ ਸਕਦਾ।

"ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥

ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਨਿਆ ॥੫॥"

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜੋ ਕਿ **"ਰਤਨੁ"** ਦੇ ਰੂਪ ਵਿਚ ਹੈ ਭਾਵ ਸ਼ਬਦ ਦੇ ਰੂਪ ਵਿਚ ਹੈ, ਨਾਮ ਦੇ ਰੂਪ ਵਿਚ ਹੈ ਜਿਸ ਦੀ ਪ੍ਰਾਪਤੀ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੋ ਸਕਦੀ ਹੈ ਭਾਵ **"ਰਤਨੁ"** ਦੀ ਪ੍ਰਾਪਤੀ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਆਪਣੇ ਨਾਲ ਮਿਲਾਉਣਾ ਚਾਹੁੰਦਾ ਹੈ। (**ਅੰਤਰਿ ਰਤਨੁ ਮਿਲੈ ਮਿਲਾਇਆ ॥**) ਪ੍ਰਮਾਤਮਾ ਸਭ ਦੇ ਅੰਦਰ ਹੁੰਦੇ ਹੋਏ ਵੀ ਸਭ ਕੋਲੋਂ ਆਪਣੇ ਆਪ ਨੂੰ ਗੁਪਤ ਰੱਖਣਾ ਚਾਹੁੰਦਾ ਹੈ ਜਿਸ ਕਰਕੇ ਉਸ ਨੇ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਅਵਸਥਾ ਪਾਈ ਹੋਈ ਹੈ, ਮਾਇਆ ਪਾਈ ਹੋਈ ਹੈ ਜੋ ਸਭ ਨੂੰ ਭਰਮਾਂ ਵਿਚ ਪਾ ਕੇ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥

ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਨਿਆ ॥੫॥"

ਸਭ ਤੋਂ ਪਹਿਲਾਂ ਤਾਂ ਉਪਰਲੀ ਪੰਗਤੀ ਰਾਹੀਂ ਇਹ ਸਮਝੋ ਕਿ ਤ੍ਰੈਗੁਣ ਕੀ ਹੈ। "**ਤ੍ਰਿਬਿਧਿ**" ਤੋਂ ਭਾਵ ਹੈ ਤ੍ਰੈਗੁਣਾਂ ਵਾਲੀ ਅਵਸਥਾ। ਸਭ ਦੇ ਅੰਦਰ ਤ੍ਰੈਗੁਣ ਹੀ ਵਰਤਦੇ ਹਨ, ਸਾਰੇ ਸੰਸਾਰ ਦੇ ਅੰਦਰ ਤ੍ਰੈਗੁਣ ਹੀ ਵਰਤਦੇ ਹਨ ਜਿੰਨ੍ਹਾਂ ਦਾ ਮਕਸਦ ਸਾਨੂੰ ਚਉਥੇ ਪਦ ਤੋਂ ਦੂਰ ਰੱਖਣ ਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਣ ਦਾ ਹੈ। ਇਹ "**ਤ੍ਰਿਬਿਧਿ**" ਹੀ ਸਾਡੀ ਮਨਸਾ ਹੈ ਤੇ ਇਹ "**ਤ੍ਰਿਬਿਧਿ**" ਹੀ ਸਾਡੇ ਅੰਦਰ ਦੀ ਮਾਇਆ ਹੈ। ਸਾਡੇ ਅੰਦਰ ਦੀ ਮਨਸਾ ਸਾਡੀ ਇੱਛਾ ਹੈ ਤੇ ਸਾਡੇ ਅੰਦਰ ਹਰ ਵੇਲੇ ਇੱਛਾਵਾਂ ਉਪਜਦੀਆਂ

40/5107

ਰਹਿੰਦੀਆਂ ਹਨ, ਤ੍ਰਿਸ਼ਨਾਵਾਂ ਉਪਜਦੀਆਂ ਰਹਿੰਦੀਆਂ ਹਨ, ਮਨ ਦੇ ਅੰਦਰ ਸਾਡੀ ਸੋਚਿ ਦੇ ਰੂਪ ਵਿਚ ਉਪਜਦੀਆਂ ਰਹਿੰਦੀਆਂ ਹਨ ਭਾਵ ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ ਇਹ ਸਾਡੀ ਤ੍ਰੈਗੁਣਾਂ ਵਾਲੀ ਅਵਸਥਾ ਹੈ, ਸਾਡੇ ਅੰਦਰ ਦੀ ਮਾਇਆ ਹੈ। ਮਨੁੱਖ ਜੋ ਕੁੱਝ ਵੀ ਕਰਦਾ ਹੈ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ। ਪ੍ਰਮਾਤਮਾ ਨੇ ਸਭ ਨੂੰ ਮਨ ਦੇ ਇਸ ਬੰਧਨ ਵਿਚ ਰਖਿਆ ਹੋਇਆ ਹੈ, ਮਾਇਆ ਦੇ ਇਸ ਬੰਧਨ ਵਿਚ ਰੱਖਿਆ ਹੋਇਆ ਹੈ। ਨਾ ਕੋਈ ਆਪਣੇ ਆਪ ਇਸ ਬੰਧਨ ਵਿਚੋਂ ਨਿਕਲ ਸਕਦਾ ਹੈ ਤੇ ਨਾ ਹੀ ਕੋਈ ਚਉਥੇ ਪਦ ਵਿਚ ਪਹੁੰਚ ਸਕਦਾ ਹੈ ਭਾਵ ਨਾ ਹੀ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। ਸਾਡੇ ਅੰਦਰ ਇਹ ਮਾਇਆ ਦਾ ਬੰਧਨ, ਤ੍ਰੈਗੁਣਾਂ ਦਾ ਬੰਧਨ ਗਿਆਨ ਰੂਪ ਬੰਧਨ ਹੈ ਜੋ ਸਾਨੂੰ ਚਉਥੇ ਪਦ ਦੇ ਗਿਆਨ ਨੂੰ ਸਮਝਣ ਤੋਂ ਤੇ ਉਸ ਤੇ ਚੱਲਣ ਤੋਂ ਦੂਰ ਰਖਦਾ ਹੈ। ਚਉਥੇ ਪਦ ਦਾ ਗਿਆਨ ਅਤਿ

ਉੱਚਾ ਗਿਆਨ ਹੈ, ਬ੍ਰਹਮਗਿਆਨ ਹੈ ਜੋ ਕਿ ਮਨ ਦੇ ਵਿਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ ਜਿਸ ਕਰਕੇ ਗੁਰਬਾਣੀ ਚਉਥੇ ਪਦ ਵਿਚ ਹੈ ਭਾਵ ਪੂਰੀ ਗੁਰਬਾਣੀ ਵਿਚ ਬ੍ਰਹਮਗਿਆਨ ਹੈ ਜਿਸ ਕਰਕੇ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਪ੍ਰਮਾਤਮਾ ਨੇ ਸਭ ਨੂੰ ਮਨ ਦੇ ਵਿਚ ਮਾਇਆ ਦੇ ਬੰਧਨ ਦੁਆਰਾ ਬੜੀ ਛੋਟੀ ਮਤਿ ਵਿਚ ਰਖਿਆ ਹੋਇਆ ਹੈ, ਨੀਵੇਂ ਗਿਆਨ ਵਿਚ ਰਖਿਆ ਹੋਇਆ ਹੈ ਭਾਵ ਸਾਡੇ ਅੰਦਰ ਜੋ ਪੜਦਾ ਹੈ ਉਹ ਨੀਵੇਂ ਗਿਆਨ ਦੇ ਰੂਪ ਵਿਚ ਹੈ ਜੋ ਉੱਚੇ ਗਿਆਨ ਨੂੰ ਨਹੀਂ ਸਮਝ ਸਕਦਾ ਜਿਵੇਂ ਕਿ ਇੱਕ ਛੋਟੀ ਕਲਾਸ ਵਿਚ ਪੜਨ ਵਾਲਾ ਬੱਚਾ ਬਹੁਤ ਵੱਡੀ ਕਲਾਸ ਵਾਲੀ ਪੜਾਈ ਨੂੰ ਨਹੀਂ ਸਮਝ ਸਕਦਾ। ਵੱਡੀ ਕਲਾਸ ਦੀ ਅਖਰਾਂ ਵਾਲੀ ਪੜਾਈ ਨੂੰ ਛੋਟਾ ਬੱਚਾ ਵੀ ਪੜ ਸਕਦਾ ਹੈ ਪਰ ਉਹ ਉਸ ਨੂੰ ਸਮਝ ਨਹੀਂ ਸਕਦਾ। ਇਹੀ ਕੁਝ ਸਾਡੇ ਗਿਆਨ ਵਿਚ ਤੇ ਗੁਰੂ ਦੇ ਗਿਆਨ ਵਿਚ ਫਰਕ ਹੈ। ਅਸੀਂ ਕੇਵਲ ਉੱਚੇ ਗਿਆਨ ਦੀ ਕਥਨੀ ਹੀ ਕਰੀ ਜਾਂਦੇ ਹਾਂ ਪਰ ਉਹਦੇ ਨਾਲ ਸਾਡੀ ਸਮਝ ਨਹੀਂ ਬਦਲ ਜਾਂਦੀ ਭਾਵ ਸਾਡੇ ਗਿਆਨ ਦਾ ਲੈਵਲ ਉੱਚਾ ਨਹੀਂ ਹੋ ਜਾਂਦਾ। ਬਹੁਤੀਆਂ ਗੱਲਾਂ ਗੁਰੂ ਦੀਆਂ ਬਹੁਤ ਗਹਿਰੀਆਂ ਹੁੰਦੀਆਂ ਹਨ ਜਿੰਨ੍ਹਾਂ ਦੀ ਸਮਝ ਚਉਥੇ ਪਦ ਵਿਚ ਪਹੁੰਚਕੇ ਹੀ ਪੈਂਦੀ ਹੈ ਪਰ ਕੁਝ ਗੱਲਾਂ ਗੁਰੂ ਸਾਹਿਬ ਨੇ ਇਤਨੇ ਸਰਲ ਤਰੀਕੇ ਨਾਲ ਲਿਖੀਆਂ ਹੁੰਦੀਆਂ ਹਨ ਜਿੰਨ੍ਹਾਂ ਨੂੰ ਛੋਟੀ ਮਤਿ ਭਾਵ ਤ੍ਰੈਗੁਣਾਂ ਵਾਲੀ ਮਤਿ ਦੇ ਨਾਲ ਵੀ ਸਮਝਿਆ ਜਾ ਸਕਦਾ ਹੈ ਪਰ ਫਿਰ ਵੀ ਅਸੀਂ ਉਹ ਗੱਲਾਂ ਮੰਨਣ ਤੋਂ ਕਤਰਾਂਦੇ ਹਾਂ ਕਿਉਂਕਿ ਅਸੀਂ ਮਾਇਆ ਮੋਹ ਛੱਡਣਾ ਹੀ ਨਹੀਂ ਚਾਹੁੰਦੇ ਭਾਵ ਸਾਡੇ ਅੰਦਰ ਦੀ ਮਾਇਆ ਸਾਨੂੰ ਉਸ ਵਿਚੋਂ ਨਿਕਲਣ ਹੀ ਨਹੀਂ ਦਿੰਦੀ,

40/5108

ਇਸ ਮਾਇਆ ਮੋਹ ਵਿਚੋਂ ਨਿਕਲੇ ਬਿਨਾ ਨਾ ਪ੍ਰਮਾਤਮਾ ਦੀ ਭਗਤੀ ਹੈ ਤੇ ਨਾ ਹੀ ਕਦੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸ਼ਬਦਾਂ ਦੀ ਕਥਨੀ ਕਰ ਕਰ ਕੇ ਧਰਮ ਦੇ ਵੱਡੇ ਵੱਡੇ ਵਿਦਵਾਨ, ਪੰਡਿਤ, ਮੋਨੀ ਆਦਿ ਥੱਕ ਕੇ, ਸਰੀਰ ਛੱਡ ਕੇ ਬਿਨਸ ਗਏ ਹਨ ਭਾਵ ਪ੍ਰਮਾਤਮਾ ਨੂੰ ਪਾਉਣ ਵਿੱਚ ਹਾਰ ਗਏ ਹਨ ਕਿਉਂਕਿ ਉਹ ਚਉਥੇ ਪਦ ਵਿਚ ਨਹੀਂ ਪਹੁੰਚ ਸਕੇ ਭਾਵ ਆਪਣੇ ਅੰਦਰੋਂ ਉਸ **"ਰਤਨੁ"** ਨੂੰ ਨਹੀਂ ਪਾ ਸਕੇ ਜੋ ਕਿ ਸਾਡੇ ਅੰਦਰ ਹੀ ਹੈ। ਸਾਡੀ ਮਤਿ ਭਰਮਾਂ ਕਰਕੇ ਨੀਵੀਂ ਹੈ ਜਿਸਨੂੰ ਉੱਚੀ ਕਰਨ ਲਈ ਕਥਨੀ ਦੀ ਨਹੀਂ ਕਰਣੀ ਦੀ ਲੋੜ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜਕੇ ਆਪਣੇ ਭਰਮਾਂ ਨੂੰ ਤਿਆਗਣ ਦੀ ਲੋੜ ਹੈ ਜਿਸ ਦੁਆਰਾ ਆਪਣੇ ਅੰਦਰ ਦੇ ਰਤਨ ਨੂੰ, ਗਿਆਨ ਰੂਪ ਰਤਨ ਨੂੰ ਪਾਇਆ ਜਾਏ। (**ਅੰਤਰਿ ਰਤਨੁ ਮਿਲੈ ਮਿਲਾਇਆ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ॥ ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥**)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ - ੧੦੬੯)

ਇਸ ਮਾਇਆ ਮੋਹ ਦੇ ਬੰਧਨ ਵਿਚੋਂ ਨਿਕਲੇ ਬਿਨਾ ਭਾਵ ਮਨ ਦੇ ਭਰਮ ਵਿਚੋਂ ਨਿਕਲੇ ਬਿਨਾ ਪ੍ਰਮਾਤਮਾ ਨੂੰ ਨਾ ਕਦੇ ਕਿਸੇ ਨੇ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ, ਆਉ ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਮਨ ਦੇ ਭਰਮਾਂ ਵਿਚੋਂ ਨਿਕਲਣ ਦਾ ਉਪਰਾਲਾ ਕਰੀਏ।

ਆਸਾ ਸ੍ਰੀ ਕਬੀਰ ਜੀਉ ॥

"ਗੁਰ ਚਰਣ ਲਾਗਿ ਹਮ ਬਿਨਵਤਾ ਪ੍ਰਭੁ ਕਹ ਜੀਉ ਪਾਇਆ ॥
ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥

ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥
ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥
ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥
ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥
ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥”

(ਅੰਗ - ੪੭੫)

ਉਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਸਾਡੇ ਜੀਵਨ ਦਾ ਮਕਸਦ ਸਮਝਣ ਲਈ ਪ੍ਰੇਰਿਆ ਹੋਇਆ ਹੈ। ਆਪਣੇ ਭਗਤ ਰੂਪ ਵਿਚ ਪ੍ਰਮਾਤਮਾ ਦੇ ਚਰਨਾਂ ਨਾਲ ਜੁੜਕੇ ਉਹ ਇਹ ਅਰਦਾਸ ਦੇ ਰੂਪ ਵਿਚ ਪ੍ਰਮਾਤਮਾ ਕੋਲੋਂ ਪੁੱਛ ਰਹੇ ਹਨ ਕਿ ਮਨੁੱਖ ਕਿਸ ਗੱਲ ਕਰਕੇ ਉਪਜਦਾ ਬਿਨਸਦਾ ਹੈ। (**ਗੁਰ ਚਰਣ ਲਾਗਿ ਹਮ ਬਿਨਵਤਾ ਪ੍ਰਭੁਤ ਕਹ ਜੀਉ ਪਾਇਆ ॥ ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥**)

ਸਾਡਾ ਉਪੱਜਣਾ ਬਿਨਸਨਾ ਮਨ ਦੇ ਵਿਚਾਰਾਂ ਦੇ ਵਿਚ ਹੀ ਹੈ, ਮਨ ਦੇ ਵਿਚ ਬੰਧਨ ਦੇ ਕਾਰਨ ਹੈ ਭਾਵ ਮਨ ਦੀ ਨਾਸਮਝੀ ਦੇ

ਕਾਰਣ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥
ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥”

ਸਾਡੇ ਜਨਮ ਮਰਨ ਦਾ ਕਾਰਨ ਸਾਡੇ ਅੰਦਰ ਦਾ ਭੈ ਹੈ ਜੋ ਸਾਡੇ ਅੰਦਰ ਬੰਧਨ ਦੇ ਕਾਰਨ ਹੈ ਤੇ ਇਸ ਵਿਚੋਂ ਨਿਕਲੇ ਬਿਨਾ ਭਾਵ ਭੰਧਨ ਟੁੱਟੇ ਬਿਨਾ ਅਸੀਂ ਜਨਮ ਮਰਣ ਵਿਚੋਂ ਨਹੀਂ ਨਿਕਲ ਸਕਦੇ। (**ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥**) ਇਹ ਭੈ ਸਾਡੇ ਅੰਦਰ ਕਿਸ ਰੂਪ ਵਿਚ ਹੈ, ਮਾਇਆ ਬੰਧਨ ਕਿਸ ਰੂਪ ਵਿਚ ਹੈ ਤੇ ਉਸ ਵਿਚੋਂ ਨਿਕਲਣ ਦਾ ਮਾਰਗ ਕੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥”

ਸਾਡੇ ਅੰਦਰ ਜਨਮ ਮਰਨ ਦਾ ਦੁਖ ਹੈ ਭਾਵ ਜਿਸ ਕਰਕੇ ਅਸੀਂ ਮਨ ਦੇ ਵਿਚਾਰਾਂ ਰਾਹੀਂ ਜਨਮ ਮਰਣ ਵਿਚ ਰਹਿੰਦੇ ਹਾਂ, ਮਨ ਦੇ ਵਿਚਾਰਾਂ ਰਾਹੀਂ ਉਪਜਦੇ ਬਿਨਸਦੇ ਰਹਿੰਦੇ ਹਾਂ, ਇਹ ਸਾਡੇ ਦੁਖ ਦਾ ਕਾਰਨ ਹੈ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ ਜਿੰਨ੍ਹਾਂ ਵਿਚਾਰਾਂ ਦੀ ਨਾਸਮਝੀ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਜਦ ਤਕ ਆਪਣੇ ਮਨ ਦੇ ਵਿਚਾਰਾਂ ਰਾਹੀਂ ਜਨਮ ਲੈਂਦੇ ਰਹਿੰਦੇ ਹਾਂ ਭਾਵ ਆਪਣਾ ਮਨੁੱਖੀ ਰੂਪ ਸਮਝਦੇ ਰਹਿੰਦੇ ਹਾਂ ਤਦ ਤਕ ਅਸੀਂ **“ਸੁਖੁ”** ਦੀ ਪ੍ਰਾਪਤੀ ਨਹੀਂ ਕਰ ਸਕਦੇ ਭਾਵ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦੇ। ਅਸੀਂ ਜੋ ਵੀ ਕਰਮ ਕਰਦੇ ਹਾਂ ਮਨ ਦੇ ਵਿਚਾਰਾਂ ਰਾਹੀਂ ਕਰਦੇ ਹਾਂ, ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝਕੇ ਕਰਦੇ ਹਾਂ, ਮਾਇਆ ਦੇ ਬੰਧਨ ਵਿਚ ਰਹਿ ਕੇ ਕਰਦੇ ਹਾਂ ਭਾਵ ਮਾਇਆ ਮੋਹ ਦੇ ਭੈ ਵਿਚ ਰਹਿ ਕੇ ਕਰਦੇ ਹਾਂ ਭਾਵ ਮਾਇਆ ਮੋਹ ਨੂੰ ਛੱਡਣ ਦਾ ਭੈ ਸਭ ਦੇ ਅੰਦਰ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਜਦ ਤਕ ਅਸੀਂ ਮਨ ਦੇ ਇਸ ਭੈ ਵਿਚੋਂ ਨਹੀਂ ਨਿਕਲਦੇ ਤਦ ਤਕ ਅਸੀਂ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਆਪਣੇ ਜਨਮ ਲੈਣ ਤੋਂ ਨਹੀਂ ਛੁੱਟ ਸਕਦੇ ਜੋ ਜਨਮ ਸਾਡਾ ਮਾਇਆ ਮੋਹ ਵਾਲੇ ਵਿਚਾਰਾਂ ਕਰਕੇ ਹੁੰਦਾ ਹੈ, ਹਉਮੈ ਵਾਲੇ ਵਿਚਾਰਾਂ ਕਰਕੇ ਹੁੰਦਾ ਹੈ ਭਾਵ ਭਰਮ ਵਾਲੀ ਸਮਝ ਕਰਕੇ ਹੁੰਦਾ ਹੈ ਜਿਸ ਮਨ ਦੇ ਭਰਮ ਕਰਕੇ ਅਸੀਂ ਆਪਣੀ

ਮਨੁੱਖੀ ਹੋਂਦ ਸਮਝਦੇ ਹਾਂ ਜੋ ਕਿ ਅਸਲ ਵਿਚ ਸੱਚ ਨਹੀਂ ਹੈ। ਸਾਨੂੰ **"ਸੁਖ"** ਦੀ ਪ੍ਰਾਪਤੀ

40/5110

ਉਦੋਂ ਹੁੰਦੀ ਹੈ ਜਦੋਂ ਸਾਡਾ ਇਹੋ ਜਿਹੇ ਜਨਮ ਤੋਂ ਛੁਟਕਾਰਾ ਹੋ ਜਾਵੇ ਤੇ ਉਹ ਤਾਂ ਹੀ ਹੋਵੇਗਾ ਜਦੋਂ ਅਸੀਂ ਚੰਗੇ ਕਰਮ ਕਰਾਂਗੇ, ਮਾਇਆ ਮੋਹ ਦੇ ਭੈ ਵਿੱਚੋਂ ਨਿਕਲਾਂਗੇ ਭਾਵ ਗੁਰੂ ਦੀ ਮਤਿ ਨੂੰ ਅਪਨਾਉਣ ਦਾ ਭੈ ਕਬੂਲ ਕਰਾਂਗੇ ਜਿਸ ਨੇ ਸਾਡੇ ਅੰਦਰੋਂ ਮਾਇਆ ਮੋਹ ਦਾ ਬੰਧਨ ਤੋੜਨਾ ਹੈ, ਮਨ ਦੇ ਵਿਚਾਰਾਂ ਰਾਹੀਂ ਤੋੜਨਾ ਹੈ, ਮਨ ਦੀ ਸਮਝ ਰਾਹੀਂ ਤੋੜਨਾ ਹੈ। (**ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥ ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥**)

ਸਾਡੇ ਅੰਦਰ ਇਹ ਬੰਧਨ ਕਿਸ ਰੂਪ ਵਿੱਚ ਹੈ ਤੇ ਉਸ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥

ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥"

ਸਾਡੇ ਅੰਦਰ ਦੀ ਇਸ ਮਾਇਆ ਨੂੰ ਜੋ ਕਿ ਸਾਡੇ ਮਨ ਦਾ ਬੰਧਨ ਹੈ ਇਸ ਨੂੰ ਸਾਡੀ ਫਾਸੀ ਕਹਿ ਕੇ ਸਮਝਾਇਆ ਹੋਇਆ ਹੈ ਜੋ ਸਾਨੂੰ ਆਤਮਿਕ ਮੌਤ ਮਾਰਦੀ ਹੈ ਭਾਵ ਮਨ ਦੀ ਮਾੜੀ ਸਮਝ ਸਾਡੇ ਜੀਵਨ ਨੂੰ ਬਰਬਾਦ ਕਰਦੀ ਹੈ ਕਿਉਂਕਿ ਇਹ ਸਾਡੇ ਮਨ ਦੀ ਸਮਝ **"ਸੁੰਨਿ"** ਵਾਲੀ ਅਵਸਥਾ ਤੋਂ ਦੂਰ ਰੱਖਦੀ ਹੈ ਭਾਵ ਸੱਚੇ ਗਿਆਨ ਵਾਲੀ ਅਵਸਥਾ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ **"ਸੁੰਨਿ"** ਵਾਲੀ ਅਵਸਥਾ ਵਿੱਚ ਹੀ ਹੈ ਭਾਵ ਇਹ ਮਾਇਆ ਰੂਪ ਮਤਿ ਸਾਨੂੰ ਉਸ ਉੱਚੀ ਮਤਿ ਨਾਲ ਜੁੜਨ ਨਹੀਂ ਦਿੰਦੀ ਕਿਉਂਕਿ ਅਸੀਂ ਇਸ ਬੰਧਨ ਵਿਚੋਂ ਨਿਕਲਣ ਦਾ ਉਦਮ ਹੀ ਨਹੀਂ ਕਰਦੇ ਕਿਉਂਕਿ ਆਪਣੀ ਸਮਝ ਸਭ ਨੂੰ ਪਿਆਰੀ ਲੱਗਦੀ ਹੈ। ਸਾਡੇ ਮਨ ਦੀ ਇਹ ਸਮਝ ਆਪ ਹੀ ਆਪਣਾ ਪਿਆਰ ਆਪਣੇ ਨਾਲ ਜੋੜਦੀ ਹੈ ਭਾਵ ਸਾਨੂੰ ਬੰਧਨ ਵਿੱਚ ਪਾ ਕੇ ਰੱਖਦੀ ਹੈ। **"ਸੁੰਨਿ"** ਅਵਸਥਾ ਵਿਚ ਪਹੁੰਚਣਾ ਹੀ ਆਪਣੇ ਅੰਦਰੋਂ ਆਪਾ ਪਦ ਨੂੰ ਪਛਾਨਣਾ ਹੈ ਜੋ ਕਿ ਸਾਡੇ ਅੰਦਰ ਹੀ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਆਪ ਦੀ ਪਛਾਣ ਹੁੰਦੀ ਹੈ ਤੇ ਉਹ ਪਦ ਸਾਨੂੰ ਮਾਇਆ ਮੋਹ ਵਾਲੀ ਅਵਸਥਾ ਤੋਂ ਰਹਿਤ ਕਰਦਾ ਹੈ, ਨਿਰਬਾਣ ਕਰਦਾ ਹੈ। ਇਸ ਅਵਸਥਾ ਦੀ ਪ੍ਰਾਪਤੀ ਨਾ ਹੋਣ ਦੇ ਕਾਰਨ ਹੀ ਭਾਵ ਮਾਇਆ ਮੋਹ ਵਾਲੀ ਬਿਰਤੀ ਵਿਚ ਰਹਿਣ ਕਾਰਨ ਹੀ ਪ੍ਰਮਾਤਮਾ ਨਾਲ ਨਾ ਭਿੱਜਣ ਵਾਲੀ ਮਤਿ ਦੂਰ ਨਹੀਂ ਹੁੰਦੀ ਭਾਵ ਮਾਇਆ ਮੋਹ ਦੀ ਅਵਸਥਾ ਵਿਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਨਾਲ ਨਹੀਂ ਭਿਜ ਸਕਦੇ ਭਾਵ ਜੋ ਸਾਡੀ ਦੂਰੀ ਪ੍ਰਮਾਤਮਾ ਦੇ ਨਾਲੋਂ ਮਨ ਦੇ ਮਾੜੇ ਵਿਚਾਰਾਂ ਰਾਹੀਂ ਬਣੀ ਹੋਈ ਹੈ ਉਹ ਦੂਰੀ ਮਿੱਟਦੀ ਨਹੀਂ। (**ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥ ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥**)

40/5111

ਇਹ ਮਾਇਆ ਮੋਹ ਦੇ ਬੰਧਨ ਵਿਚੋਂ ਅਸੀਂ ਕਿਉਂ ਨਹੀਂ ਨਿਕਲ ਸਕਦੇ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਹੀ ਸਮਝਾਇਆ ਹੋਇਆ ਹੈ ਕਿ ਇਸ ਵਿਚੋਂ ਨਿਕਲਣ ਨਾਲ ਹੀ ਸਾਡੀ ਪ੍ਰਮਾਤਮਾ ਦੇ ਨਾਲ ਲਿਵ ਜੁੜਦੀ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥

ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥"

ਪ੍ਰਮਾਤਮਾ ਦੇ ਨਾਲੋਂ ਵਿਛੋੜਾ ਜਾਂ ਮੇਲ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਉਪਰ ਸਮਝਾਈ ਹੋਈ ਹੈ। ਮਾਇਆ ਮੋਹ ਵੀ ਸਾਡੇ ਮਨ ਦੀ ਸਮਝ ਹੈ ਤੇ ਉਸ ਵਿਚੋਂ ਨਿਕਲਣਾ ਵੀ ਅਸੀਂ ਮਨ ਦੀ ਸਮਝ ਦੁਆਰਾ ਹੀ ਹੈ ਭਾਵ ਪ੍ਰਮਾਤਮਾ ਦੀ ਪਾਈ ਹੋਈ ਖੇਡ ਸਾਡੇ ਮਨ ਦੇ ਵਿਚ ਹੀ ਹੈ। ਸਾਡੇ ਅੰਦਰ ਜੋ ਵੀ ਸਮਝ ਉਪਜਦੀ ਹੈ ਭਾਵ ਸਾਡੇ ਅੰਦਰ ਜੋ ਵੀ ਸੋਚ ਉਪਜਦੀ ਹੈ ਉਹ ਸਾਡੇ ਕਹੇ ਅਨੁਸਾਰ ਨਹੀਂ ਉਪਜਦੀ ਭਾਵ ਸਾਡੇ ਮਨ ਦੀ ਸੋਚਿ ਸਾਡੇ ਵੱਸ ਵਿਚ ਨਹੀਂ ਹੈ। ਅਸੀਂ ਉਹੀ ਕੁਝ ਜਾਣਦੇ ਹਾਂ ਜਿਹੋ ਜਿਹੀ ਸੋਚਿ ਸਾਡੇ ਅੰਦਰ ਉਪਜਦੀ ਹੈ (**ਕਹੀ ਨ ਉਪਜੈ ਉਪਜੀ ਜਾਣੈ**) । ਜੋ ਵੀ

ਅਸੀਂ ਆਪਣੇ ਅੰਦਰੋਂ ਜਾਣਦੇ ਹਾਂ ਉਸ ਰਾਹੀਂ ਅਸੀਂ ਆਪਣੇ ਅੰਦਰ ਦੇ ਭਾਵ ਨੂੰ ਸਮਝਦੇ ਹਾਂ, ਅਭਾਵ ਨੂੰ ਸਮਝਦੇ ਹਾਂ ਕਿ ਇਹ ਗੱਲ ਸਹੀ ਹੈ ਯਾ ਨਹੀਂ ਸਹੀ ਹੈ ਭਾਵ ਸਾਡੇ ਅੰਦਰ ਦੀ ਮਤਿ ਸਾਨੂੰ ਜੋ ਵੀ ਸਮਝਾਉਂਦੀ ਹੈ, ਸਾਡੇ ਅੰਦਰ ਦੇ ਵਿਚਾਰ ਸਾਨੂੰ ਜੋ ਵੀ ਸਮਝਾਉਂਦੇ ਹਨ ਉਸ ਰਾਹੀਂ ਅਸੀਂ ਅਸਲੀਅਤ ਨੂੰ ਸਮਝਣ ਤੋਂ, **"ਭਾਵ ਅਭਾਵ"** ਨੂੰ ਸਮਝਣ ਤੋਂ ਬਿਹੁਣੇ ਰਹਿੰਦੇ ਹਾਂ, ਅਸਲੀਅਤ ਦੀ ਪਰਖ ਕਰਨ ਤੋਂ ਦੂਰ ਰਹਿੰਦੇ ਹਾਂ। (**ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥**) ਸਾਡੀ ਮਤਿ ਸਾਨੂੰ ਭਰਮਾਂ ਵਿਚ ਪਾ ਕੇ ਰੱਖਦੀ ਹੈ ਭਾਵ ਅਸਲੀਅਤ ਸਮਝਣ ਤੋਂ ਦੂਰ ਰਖਦੀ ਹੈ। ਇਹੀ ਸਾਡੇ ਅੰਦਰ ਦਾ ਮਾਇਆ ਮੋਹ ਹੈ, ਤ੍ਰੈਗੁਣਾਂ ਵਾਲੀ ਉਪਜ ਹੈ, ਹਉਮੈ ਰੂਪ ਉਪਜ ਹੈ ਜਿਸ ਨੇ ਸਾਰੇ ਸੰਸਾਰ ਨੂੰ ਮਨ ਦੇ ਬੰਧਨ ਵਿਚ ਰੱਖਿਆ ਹੋਇਆ ਹੈ। ਜੇਕਰ ਸਾਡੀ ਸਮਝ ਸਾਡੇ ਵੱਸ ਵਿਚ ਹੋਵੇ ਫਿਰ ਅਸੀਂ ਭਰਮਾਂ ਵਿਚ ਕਿਉਂ ਪਈਏ ਭਾਵ ਆਪਣੀ ਮਰਜੀ ਨਾਲ ਜਾਣ ਲਈਏ। ਮਨ ਦੇ ਇਸ ਬੰਧਨ ਵਿਚੋਂ ਕੋਈ ਨਹੀਂ ਨਿਕਲ ਸਕਦਾ ਤੇ ਇਸੇ ਲਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕੋਈ

ਨਹੀਂ ਜਾਣ ਸਕਦਾ। ਜਦ ਤਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਇਹ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਤਦ ਤਕ ਅਸੀਂ ਪ੍ਰਮਾਤਮਾ ਨਾਲ ਮੇਲ ਨਹੀਂ ਕਰ ਸਕਦੇ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥"

ਸਾਡੇ ਮਨ ਦੇ ਅੰਦਰ ਵਿਚਾਰ ਉਪਜਦੇ ਹਨ, ਜੰਮਦੇ ਹਨ ਤੇ ਉਸ ਤੋਂ ਬਾਦ ਅਸਤ ਹੋ ਜਾਂਦੇ ਹਨ ਭਾਵ ਖਤਮ ਹੋ ਜਾਂਦੇ ਹਨ ਤੇ ਮਨ ਦੇ ਇਹ ਵਿਚਾਰ ਹੀ ਸਾਨੂੰ ਭਰਮਾਂ ਵਿਚ ਪਾ ਕੇ ਰਖਦੇ ਹਨ, ਅਸਲੀਅਤ ਨੂੰ ਸਮਝਣ ਤੋਂ ਦੂਰ ਰਖਦੇ ਹਨ ਭਾਵ ਸਾਡੀ ਮਨ ਦੀ ਸਮਝ ਨੂੰ ਮਾਇਆ ਮੋਹ ਵਿਚ ਰਖਦੇ ਹਨ, ਹਉਮੈ ਵਿਚ ਰੱਖਦੇ ਹਨ ਜਿੰਨ੍ਹਾਂ ਦੁਆਰਾ ਅਸੀਂ ਆਪਣੇ ਜਨਮ ਮਰਨ ਨੂੰ ਨਹੀਂ ਸਮਝ ਸਕਦੇ। ਅਸੀਂ ਮਨੁੱਖੀ ਸਰੀਰ ਨੂੰ ਹੀ ਜਨਮ ਮਰਣ ਨਾਲ ਜੋੜਿਆ ਹੋਇਆ ਹੈ ਭਾਵ ਮਨੁੱਖ ਜੰਮਦਾ ਮਰਦਾ ਹੈ। ਜਦੋਂ ਸਾਨੂੰ ਮਨ ਦੀ ਸਮਝ ਰਾਹੀਂ ਇਹ ਪਤਾ ਲੱਗ ਜਾਂਦਾ ਹੈ ਕਿ ਇਹ ਮਨੁੱਖੀ ਸਰੀਰ ਦੇ ਰੂਪ ਵਿਚ ਪ੍ਰਮਾਤਮਾ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਵਿਚਰ ਰਿਹਾ ਹੈ ਭਾਵ ਇਹ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੈ ਫਿਰ ਪ੍ਰਮਾਤਮਾ ਤੇ ਜਨਮ ਮਰਨ ਤੋਂ ਰਹਿਤ ਹੈ। ਅਸੀਂ ਜੋ ਆਪਣਾ ਜਨਮ ਮਰਨ ਸਮਝਿਆ ਹੋਇਆ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਸਮਝਿਆ ਹੋਇਆ ਹੈ ਜੋ ਕਿ ਭਰਮ ਹੈ। ਅਸੀਂ ਹਰ ਵੇਲੇ ਮਨ ਦੇ ਵਿਚਾਰਾਂ ਰਾਹੀਂ ਜਨਮ ਮਰਨ ਦੇ ਗੇੜ ਵਿਚ ਰਹਿੰਦੇ ਹਾਂ ਤੇ ਇਹ ਜਨਮ ਮਰਨ ਦਾ ਗੇੜ ਮਨ ਦੀ ਸਮਝ ਦੁਆਰਾ ਦੂਰ ਹੋ ਜਾਂਦਾ ਹੈ ਭਾਵ ਭਰਮ ਨਿਕਲ ਜਾਂਦਾ ਹੈ ਤੇ ਮਨ ਦੀ ਇਸ ਅਵਸਥਾ ਤੋਂ ਬਾਦ ਭਾਵ ਮਨ ਦੀ ਇਸ ਸਮਝ ਦੁਆਰਾ ਭਾਵ ਜਦੋਂ ਮਨੁੱਖ ਨੂੰ ਆਪਣੇ ਅੰਦਰ ਦੇ ਵਿਚਾਰਾਂ ਦੇ ਮੂਲ ਦੀ, ਸ੍ਰੋਤ ਦੀ ਸਮਝ ਲਗ ਜਾਂਦੀ ਹੈ ਜੋ ਕਿ ਪ੍ਰਮਾਤਮਾ ਆਪ ਹੀ ਲਾਉਂਦਾ ਹੈ ਫਿਰ ਮਨੁੱਖ ਸਦਾ ਲਈ ਮਨ ਦੇ ਸਹਜਿ ਦੀ ਅਵਸਥਾ ਦੁਆਰਾ ਭਾਵ ਚਉਥੇ ਪਦ ਵਾਲੀ ਸਮਝ ਦੇ ਦੁਆਰਾ ਭਾਵ ਮਨ ਦੀ ਇਸ ਸੱਚੀ ਸਮਝ ਦੇ ਮੇਲ ਦੁਆਰਾ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਵਿਚ ਲੀਨ ਹੋਇਆ ਰਹਿੰਦਾ ਹੈ ਭਾਵ ਉਸ ਦੀ ਸੱਚੀ ਮਤਿ ਨਾਲ ਜੁੜਿਆ ਰਹਿੰਦਾ ਹੈ। (**ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ॥ ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥**) **{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥ ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥ ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥ ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥ ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ**

ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥ ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥ ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥} ਅੰਗ ੬੮

40/5113

{ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥
ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥}

(ਅੰਗ - ੩੯)

{ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥ ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥੧੩॥੪੬॥}

(ਅੰਗ - ੩੧)

{ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥}

(ਅੰਗ - ੫੭)

{ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ - ੯੨)

ਜਦੋਂ ਮਨੁੱਖ ਸਹਜ ਵਾਲੀ ਅਵਸਥਾ ਦੀ ਪ੍ਰਾਪਤੀ ਕਰ ਲੈਂਦਾ ਹੈ ਇਸ ਦੇ ਦੁਆਰਾ ਹੀ ਮਨੁੱਖ ਦੀ ਪ੍ਰਮਾਤਮਾ ਦੇ ਨਾਲ ਲਿਵ ਜੁੜਦੀ ਹੈ, ਸਹਜ ਸਾਡੇ ਅੰਦਰ ਚਉਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ ਜਿਸ ਦੁਆਰਾ ਸਾਡੀ ਸੁੱਤੀ ਹੋਈ ਮਤਿ ਜਾਗਦੀ ਹੈ ਭਾਵ ਅਗਿਆਨਤਾ ਵਿਚ ਸੁਤੀ ਹੋਈ ਮਤਿ ਜਾਗਦੀ ਹੈ ਜਿਸ ਅਗਿਆਨਤਾ ਦੇ ਰਹਿੰਦਿਆਂ ਹਰ ਕੋਈ ਭਰਮਾਂ ਵਿਚ ਉਲਝਿਆ ਰਹਿੰਦਾ ਹੈ, ਮਾਇਆ ਮੋਹ ਵਿਚ ਉਲਝਿਆ ਰਹਿੰਦਾ ਹੈ, ਹਉਮੈ ਵਿਚ ਰਹਿੰਦਾ ਹੈ ਭਾਵ ਇਸ ਸੰਸਾਰ ਦੇ ਸੱਚ ਨੂੰ ਸਮਝਣ ਤੋਂ, ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਤੋਂ, ਆਪਣੇ ਆਪ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਰਹਿੰਦਾ ਹੈ। ਮਨ ਦੇ ਵਿਚ ਸਹਜ ਉਪਜਣ ਦੁਆਰਾ ਮਨੁੱਖ ਹਰ ਭਰਮ ਵਿਚੋਂ ਨਿਕਲ ਜਾਂਦਾ ਹੈ ਤੇ ਆਪਣੇ ਅੰਦਰੋਂ ਹੀ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ ਭਾਵ ਮਨ ਦੇ ਵਿਚ ਸੱਚੀ ਮਤਿ ਦੁਆਰਾ ਉਹ ਸੱਚ ਨੂੰ ਜਾਣ ਲੈਂਦਾ ਹੈ। **(ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥ ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥)** ਅੰਗ ੯੨

ਮਨ ਦੀ ਮਤਿ ਜਾਗਣ ਦੁਆਰਾ ਭਾਵ ਮਨ ਦੇ ਭਰਮ ਨਿਕਲਣ ਦੁਆਰਾ ਸਾਨੂੰ ਸੱਚ ਦੀ ਪ੍ਰਾਪਤੀ ਕਿਸ ਰੂਪ ਵਿਚ ਹੁੰਦੀ ਹੈ ਭਾਵ ਆਪਣੇ ਆਪ ਦੀ ਅਸਲੀਅਤ, ਪ੍ਰਮਾਤਮਾ ਦੀ ਅਸਲੀਅਤ ਨੂੰ ਅਸੀਂ ਕਿਸ ਰੂਪ ਵਿਚ ਜਾਣਦੇ ਹਾਂ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

“ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥

ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥"

40/5114

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਅਸੀਂ ਆਪਣੇ ਆਪ ਨੂੰ ਭਾਵ ਆਪਣੀ ਅਸਲੀਅਤ ਨੂੰ ਆਪਣੇ ਮਨ ਦੇ ਅੰਦਰੋਂ ਕਿਵੇਂ ਜਾਣਦੇ ਹਾਂ, ਇਹ ਸਮਝਾਇਆ ਹੋਇਆ ਹੈ। ਸਾਡੇ ਮਨੁੱਖੀ ਰੂਪ ਦੀ ਤੁਲਨਾ ਪਾਣੀ ਨਾਲ ਭਰੇ ਹੋਏ ਘੜੇ ਨਾਲ ਕਰਕੇ ਸਮਝਾਇਆ ਹੋਇਆ ਹੈ। ਇਹ ਘੜਾ ਸਾਡਾ ਸਰੀਰ ਹੈ ਜਿਸ ਵਿਚ ਜਲ ਸਾਡੇ ਅੰਦਰ ਦੀ ਮਤਿ ਹੈ ਜਦ ਤਕ ਸਾਡੀ ਮਤਿ ਵਿਚ ਭਰਮ ਹਨ ਇਹ ਮਤਿ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਮਤਿ ਮੇਰੀ ਹੈ, ਇਹ ਸਰੀਰ ਮੇਰਾ ਹੈ ਭਾਵ ਇਸ ਮਨੁੱਖੀ ਰੂਪ ਵਿਚ ਮੈਂ ਹਾਂ ਜਿਵੇਂ ਕਿ ਪਾਣੀ ਦੇ ਭਰੇ ਹੋਏ ਘੜੇ ਵਿਚੋਂ ਅਸੀਂ ਦੇਖਦੇ ਹਾਂ ਤੇ ਉਸ ਵਿਚ ਆਪਣੇ ਆਪ ਦੀ ਪਰਛਾਈ ਹੀ ਨਜਰ ਆਉਂਦੀ ਹੈ ਭਾਵ ਸਾਨੂੰ ਆਪਣਾ ਆਪ ਹੀ ਨਜਰ ਆਉਂਦਾ ਹੈ। ਜਦੋਂ ਘੜਾ ਟੁੱਟ ਜਾਂਦਾ ਹੈ ਤੇ ਉਸਦੇ ਅੰਦਰ ਦਾ ਪਾਣੀ ਡੁੱਲ ਜਾਂਦਾ ਹੈ ਭਾਵ ਜਦੋਂ ਸਾਨੂੰ ਮਨ ਦਾ ਭਰਮ ਨਿਕਲਣ ਦੁਆਰਾ ਇਹ ਸਮਝ ਲੱਗ ਜਾਂਦੀ ਹੈ ਕਿ ਇਹ ਮਨੁੱਖੀ ਸਰੀਰ ਮੇਰਾ ਨਹੀਂ ਹੈ, ਮੇਰੇ ਅੰਦਰ ਦੀ ਮਤਿ ਮੇਰੀ ਨਹੀਂ ਹੈ ਫਿਰ ਮਨੁੱਖ ਆਪਣੀ ਹੋਂਦ ਨਹੀਂ ਸਮਝਦਾ ਭਾਵ ਮਨੁੱਖ ਆਪਣੀ ਅਸਲੀਅਤ ਨੂੰ ਪਹਿਚਾਨ ਲੈਂਦਾ ਹੈ। (**ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥**) ਆਪਣੇ ਆਪ ਦੀ ਅਸਲੀਅਤ ਨੂੰ ਅਸੀਂ ਮਨ ਦਾ ਭਰਮ ਨਿਕਲਣ ਦੁਆਰਾ ਹੀ ਜਾਣ ਸਕਦੇ ਹਾਂ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

"ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥"

ਜਦ ਤਕ ਸਾਡੇ ਅੰਦਰ ਭਰਮਾਂ ਵਾਲੀ ਮਤਿ ਹੈ ਤਦ ਤਕ ਸਾਡੇ ਅੰਦਰ ਉਹ ਗੁਣ ਨਹੀਂ ਹੈ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਸਮਝ ਸਕੀਏ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੀਏ। ਜਦੋਂ ਪ੍ਰਮਾਤਮਾ ਕਿਸੇ ਨੂੰ ਇਹ ਗੁਣ ਬਖਸ਼ਦਾ ਹੈ ਭਾਵ ਸੱਚੇ ਗਿਆਨ ਦਾ ਗੁਣ ਬਖਸ਼ਦਾ ਹੈ, ਸਹਜ ਦੀ ਅਵਸਥਾ ਬਖਸ਼ਦਾ ਹੈ ਤਾਂ ਹੀ ਉਹ ਕਿਸੇ ਨੂੰ ਭਰਮਾਂ ਤੋਂ ਮੁਕਤ ਕਰਦਾ ਹੈ ਤੇ ਆਪਣੇ ਆਪ ਦੇ ਨਾਲ ਮਿਲਾਉਂਦਾ ਹੈ ਜਿਸ ਦੁਆਰਾ ਸਾਡਾ ਮਨ **"ਸੁੰਨਿ"** ਅਵਸਥਾ ਵਿਚ ਸਮਾ ਜਾਂਦਾ ਹੈ, ਪ੍ਰਮਾਤਮਾ ਸਾਡੇ ਸਭ ਦੇ ਅੰਦਰ **"ਸੁੰਨਿ"** ਅਵਸਥਾ ਵਿਚ ਹੀ ਹੈ ਜਿਵੇਂ ਕਿ ਅਸੀਂ ਪਿਛੇ ਲੇਖ ਵਿਚ ਸ਼ਬਦਾਂ ਦੁਆਰਾ ਸਮਝਿਆ ਹੈ। (**ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥**)

40/5115

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ - ੯)

{ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ ॥
ਜੀਵਤ ਸੁੰਨਿ ਸਮਾਨਿਆ ਗੁਰ ਸਾਖੀ ਜਾਗੀ ॥੧॥ ਰਹਾਉ ॥}

(ਅੰਗ - ੮੫੭)

{ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥
ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥੧॥ ਮੇਰੇ ਰਾਮ ਐਸਾ ਖੀਰੁ ਬਿਲੋਈਐ ॥
ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥੧॥ ਰਹਾਉ ॥}

(ਅੰਗ - ੩੩੨)

{ਉਤਰਿ ਅਵਘਟਿ ਸਰਵਰਿ ਨ੍ਹਾਵੈ ॥ ਬਕੈ ਨ ਬੋਲੈ ਹਰਿ ਗੁਣ ਗਾਵੈ ॥
ਜਲੁ ਆਕਾਸੀ ਸੁੰਨਿ ਸਮਾਵੈ ॥ ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥
ਐਸਾ ਗਿਆਨੁ ਸੁਨਹੁ ਅਭ ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥}

(ਅੰਗ - ੪੧੧)

{ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥}

(ਅੰਗ - ੯੪੩)

{ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥
ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥}

(ਅੰਗ - ੯੭੦)

{ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥ ਚੀਤਿ ਆਵੈ ਤਾਂ ਸੁੰਨਿ ਸਮਾਇਆ ॥
ਚੀਤਿ ਆਵੈ ਸਦ ਕੀਰਤਨੁ ਕਰਤਾ ॥ ਮਨੁ ਮਾਨਿਆ ਨਾਨਕ ਭਗਵੰਤਾ ॥੪॥੮॥੨੧॥}

(ਅੰਗ - ੧੧੪੧)

{ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥ ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥}

(ਅੰਗ - ੧੨੯੧)

{ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥
ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥}

(ਅੰਗ - ੯੪੩)

ਸਾਡੇ ਅੰਦਰ ਦੀ ਮਾਇਆ, ਤ੍ਰੈਗੁਣਾਂ ਵਾਲੀ ਅਵਸਥਾ ਹੀ ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਦੁਚਿੱਤੀ ਹੈ ਜੋ ਸਾਨੂੰ ਸੱਚ ਤੋਂ ਦੂਰ ਰੱਖਦੀ ਹੈ, ਧਰਮ ਦੇ ਸੱਚੇ ਮਾਰਗ ਤੋਂ ਦੂਰ ਰੱਖਦੀ ਹੈ ਭਾਵ ਆਪਣੇ ਅੰਦਰ ਦੀ ਦੁਬਿਧਾ ਨੂੰ ਛੱਡਣਾ ਹੀ ਮਨ ਦੀ ਮਾਇਆ ਵਿਚੋਂ ਨਿਕਲਣਾ ਹੈ ਜਿਵੇਂ ਕਿ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

40/5116

“ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥”

(ਅੰਗ - ੧੧੩)

ਜਿਵੇਂ ਕਿ ਉਪਰ ਪੰਗਤੀਆਂ ਦੁਆਰਾ ਸਪਸ਼ਟ ਹੈ ਪ੍ਰਮਾਤਮਾ ਨੇ ਕੇਵਲ ਤੇ ਕੇਵਲ ਆਪਣੇ ਆਪ ਨੂੰ ਉਪਾਇਆ ਹੈ ਭਾਵ ਉਹ ਸਭ ਕੁਝ ਆਪ ਹੀ ਹੈ। ਜੇਕਰ ਅਸੀਂ ਪ੍ਰਮਾਤਮਾ ਤੋਂ ਬਿਨਾ ਕੋਈ ਵੀ ਦੂਸਰਾ ਸਮਝਦੇ ਹਾਂ ਭਾਵ ਪ੍ਰਮਾਤਮਾ ਤੋਂ ਕੋਈ ਹੋਰ ਸਮਝਦੇ ਹਾਂ ਭਾਵ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜਿਵੇਂ ਕਿ ਅਸੀਂ ਆਪਣੇ ਆਪ ਨੂੰ ਹੀ ਪ੍ਰਮਾਤਮਾ ਤੋਂ ਦੂਸਰਾ ਸਮਝਦੇ ਹਾਂ, ਸਾਡੀ ਇਸ ਸਮਝ ਦਾ ਕਾਰਨ ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਭਰਮ ਵਾਲੀ ਮਤਿ ਹੈ, ਸਾਡੇ ਅੰਦਰ “**ਤ੍ਰਿਬਿਧਿ ਮਾਇਆ**” ਦਾ ਹੋਣਾ ਹੈ ਭਾਵ ਤ੍ਰੈਗੁਣਾਂ ਵਾਲੀ ਅਵਸਥਾ ਦਾ ਹੋਣਾ ਹੈ ਜੋ ਉਸ ਦਾ ਮਾਇਆ ਰੂਪ ਹੈ ਭਾਵ ਜੇਕਰ ਅਸੀਂ ਇਸ ਸੰਸਾਰ ਵਿਚ ਕੁਛ ਵੀ ਪ੍ਰਮਾਤਮਾ ਨਾਲੋਂ ਦੂਸਰਾ ਸਮਝਦੇ ਹਾਂ, ਕੁਝ ਵੀ ਪ੍ਰਮਾਤਮਾ ਤੋਂ ਬਿਨਾ ਕਿਸੇ ਹੋਰ ਦਾ ਹੋਣਾ ਸਮਝਦੇ ਹਾਂ ਤਾਂ ਫਿਰ ਇਸ ਦਾ ਕਾਰਣ ਸਾਡੇ ਅੰਦਰ ਦੀ ਦੁਬਿਧਾ ਹੈ, “**ਤ੍ਰਿਬਿਧਿ ਮਾਇਆ**” ਹੈ ਭਾਵ ਸਾਡੇ ਮਨ ਦੀ ਅਗਿਆਨਤਾ ਹੈ, ਨਾਸਮਝ ਮਤਿ ਹੈ। (**ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥**) ਦੁਬਿਧਾ ਵਿਚ ਰਹਿੰਦੇ ਹੋਏ ਅਸੀਂ “**ਸਚੁ**”

ਨੂੰ ਨਹੀਂ ਸਮਝ ਸਕਦੇ, ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਨਾਮ ਨੂੰ ਨਹੀਂ ਜਾਣ ਸਕਦੇ। ਸੱਚ ਦੀ ਸਮਝ ਗੁਰੂ ਦੇ ਕੋਲ ਹੈ ਜੋ ਕਿ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ ਜੋ ਉੱਚੀ ਪਉੜੀ ਤੇ ਚੜਿਆ ਹੋਇਆ ਹੈ ਭਾਵ ਚਉਥੇ ਪਦ ਦੀ ਉੱਚੀ ਪਉੜੀ ਚੜਿਆ ਹੋਇਆ ਹੈ ਭਾਵ ਬ੍ਰਹਮ ਗਿਆਨ ਦੀ ਪਉੜੀ ਚੜਿਆ ਹੋਇਆ ਹੈ। ਸਾਡੇ ਅੰਦਰ ਦੀ ਦੁਬਿਧਾ ਕੇਵਲ ਗੁਰੂ ਦਾ ਉੱਚਾ ਗਿਆਨ ਹੀ ਕਢ ਸਕਦਾ ਹੈ ਤੇ ਤਾਂ ਹੀ ਅਸੀਂ **"ਸਚੁ"** ਨੂੰ ਸਮਝ ਸਕਦੇ ਹਾਂ ਤੇ ਆਪਣੇ ਜੀਵਨ ਵਿਚ ਸੱਚ ਨੂੰ ਕਮਾ ਸਕਦੇ ਹਾਂ ਭਾਵ ਸੱਚ ਦੁਆਰਾ ਵਿਚਰ ਸਕਦੇ ਹਾਂ। (**ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥ ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥**) ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਅਸੀਂ ਇਸ ਗੱਲ ਨੂੰ ਹੋਰ ਦ੍ਰਿੜ ਕਰ ਸਕਦੇ ਹਾਂ ਜੋ ਮਨ ਦੀ ਦੁਬਿਧਾ ਮਰਨ ਦੁਆਰਾ **"ਸਚੁ"** ਨੂੰ ਜਾਣ ਲੈਂਦਾ ਹੈ ਭਾਵ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਉਹ ਹੀ ਮਨ ਦੇ ਸਹਜ ਦੁਆਰਾ **"ਸਚੁ"** ਦੇ ਵਿੱਚ ਸਮਾ ਜਾਂਦਾ ਹੈ ਤੇ ਉਹ ਫਿਰ ਸੱਚੀ ਕਰਣੀ ਦੁਆਰਾ ਹੀ ਉਸ ਪ੍ਰਮਾਤਮਾ ਦੀ ਸੇਵਾ ਕਰਦਾ ਹੈ। ਜੋ ਗੁਰੂ ਦੀ ਸੱਚੀ ਮਤਿ ਨਾਲ ਨਹੀਂ ਜੁੜਦਾ ਉਹ ਫਿਰ ਦੁਬਿਧਾ ਵਾਲੀ ਮਤਿ ਦੇ ਨਾਲ ਹੀ

40/5117

ਜੁੜਿਆ ਰਹਿੰਦਾ ਹੈ ਤੇ ਕਦੇ ਵੀ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਜੋ ਕਿ ਅਸਲ ਵਿਚ ਸਭ ਕੁਝ ਆਪ ਹੀ ਹੈ ਤੇ ਅਸੀਂ ਮਨ ਦੀ ਦੁਬਿਧਾ ਕਰਕੇ, ਨਾਸਮਝੀ ਕਰਕੇ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਦੂਜਾ ਸਮਝਦੇ ਹਾਂ। (**ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥ ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥ ਸਚੇ ਬਾਝਹੁ ਕੋ ਅਵਰੁ ਨ ਦੂਆ ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥ ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥**) ਅੰਗ ੧੧੩

ਸੰਸਾਰ ਨੇ ਸਦੀਆਂ ਤੋਂ ਪ੍ਰਮਾਤਮਾ ਨੂੰ ਪਾਉਣ ਦੇ ਉਹੋ ਜਿਹੇ ਤਰੀਕੇ ਅਪਨਾਏ ਹੋਏ ਹਨ ਜੋ ਅਸਲ ਵਿਚ ਭਗਤੀ ਦੇ ਤਰੀਕੇ ਨਹੀਂ ਹਨ। ਜਿੰਨ੍ਹਾਂ ਤਰੀਕਿਆਂ ਨਾਲ ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ ਉਹ ਭਗਤੀ ਦਾ ਤਰੀਕਾ ਨਹੀਂ ਹੋ ਸਕਦਾ ਭਾਵ ਉਸ ਵਿਚ ਸੱਚ ਨਹੀਂ ਹੋ ਸਕਦਾ। ਅਸੀਂ ਅਨੇਕਾਂ ਸਰੀਰਕ ਕਿਰਿਆਵਾਂ ਕਰਦੇ ਹਾਂ, ਨਾੜੀਆਂ ਰਾਹੀਂ ਸੁਵਾਸ ਚੜਾਉਂਦੇ ਕੱਢਦੇ ਹਾਂ, ਸਰੀਰ ਨਾਲ ਜਪ ਤਪ ਆਦਿ ਕਰਦੇ ਹਾਂ, ਪੁੱਠੇ ਸਿੱਧੇ ਲਟਕਦੇ ਹਾਂ ਤੇ ਕੀ ਇਹਨਾਂ ਕਿਰਿਆਵਾਂ ਨਾਲ ਕੀ ਅਸੀਂ ਆਪਣੇ ਅੰਦਰ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਭਾਵ ਨਹੀਂ। ਇਹੋ ਜਿਹੀਆਂ ਕਿਰਿਆਵਾਂ ਨਾਲ ਜੁੜਨਾ ਕੇਵਲ ਸਾਡੇ ਮਨ ਦੀ ਦੁਬਿਧਾ ਹੈ ਤੇ ਜਿਸ ਦੀ ਦੁਬਿਧਾ ਨਿਕਲ ਜਾਂਦੀ ਹੈ ਉਹ ਫਿਰ ਇਹੋ ਜਿਹੇ ਸਭ ਤਰੀਕਿਆਂ ਦਾ ਖੰਡਨ ਕਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਜੈਦੇਉ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

“ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥
ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥
ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥”

(ਅੰਗ - ੧੧੦੬)

ਉਪਰ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਪ੍ਰਮਾਤਮਾ ਨੂੰ ਪਾਉਣ ਦਾ ਉਹ ਤਰੀਕਾ ਸਮਝਾਇਆ ਹੋਇਆ ਹੈ ਜੋ ਸਦੀਆਂ ਤੋਂ ਜੋਗੀ ਆਦਿ ਕਰਦੇ ਆਏ ਹਨ ਤੇ ਹੁਣ ਵੀ ਕਰਦੇ ਹਨ ਭਾਵ ਉਹਨਾਂ ਨੂੰ ਇਹ ਵਿਸ਼ਵਾਸ ਹੈ ਕਿ ਪ੍ਰਮਾਤਮਾ ਨੂੰ ਇਸੇ ਤਰੀਕੇ ਹੀ ਪਾਇਆ ਜਾਂਦਾ ਹੈ। ਮਨ ਦਾ ਇਹ ਵਿਸ਼ਵਾਸ ਹੀ ਸਾਡੀ ਦੁਬਿਧਾ ਭਾਵ ਝੂਠਾ ਵਿਸ਼ਵਾਸ ਹੈ। ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਉਹ ਤਰੀਕੇ ਬਣਾਏ ਹੋਏ ਹਨ ਜੋ ਤਰੀਕੇ ਸਿੱਖ ਜਗਤ ਵਿਚ ਵੀ ਪ੍ਰਚਲਿਤ ਹਨ ਕਿਉਂਕਿ ਸਭ ਦੇ ਅੰਦਰ ਇਹ ਵਿਸ਼ਵਾਸ ਹੀ ਹੁੰਦਾ ਹੈ ਕਿ ਅਸੀਂ ਧਰਮ ਦੇ ਸੱਚੇ ਮਾਰਗ ਤੇ ਚਲ ਰਹੇ ਹਾਂ, ਗੁਰਮਤਿ ਦੇ ਮਾਰਗ ਤੇ ਚਲ ਰਹੇ ਹਾਂ ਭਾਵ ਹਰ ਕੋਈ ਦੁੱਬਿਧਾ ਵਿਚ

ਹੈ। ਜਿੰਨ੍ਹਾਂ ਤਰੀਕਿਆਂ ਨਾਲ ਪ੍ਰਮਾਤਮਾ ਕਦੇ ਨਹੀਂ ਮਿਲ ਸਕਦਾ ਹਰ ਕੋਈ ਮਨ ਦੇ ਝੂਠੇ ਵਿਸ਼ਵਾਸ ਨਾਲ ਆਪਣੀ ਆਪਣੀ ਸਮਝੀ ਹੋਈ ਮਰਿਯਾਦਾ ਅਨੁਸਾਰ ਪ੍ਰਮਾਤਮਾ ਨੂੰ ਪਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਇਸ ਗੱਲ ਨੂੰ ਨਹੀਂ ਸਮਝਦੇ ਕਿ ਇਹ ਤਾਂ ਸਾਡੇ ਅੰਦਰ ਦੀ ਦੁਬਿਧਾ ਹੈ ਜਿਸ ਵਿਚੋਂ ਨਿਕਲਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਉਪਰਾਲਾ ਕਰਨਾ ਹੈ। ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਜੋ ਨਾੜੀਆਂ ਦੁਆਰਾ, ਸਵਾਸਾਂ ਦੁਆਰਾ ਸਰੀਰਕ ਕਿਰਿਆਵਾਂ ਕਰਦੇ ਹਨ ਉਹਨਾਂ ਦਾ ਤਰੀਕਾ ਸਮਝਾਇਆ ਹੋਇਆ ਹੈ ਜਿਸ ਦੇ ਵਿਚ ਸੱਚ ਨਹੀਂ ਹੈ ਤੇ ਅਗਲੀਆਂ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਉਹ ਤਰੀਕਾ ਸਮਝਾਇਆ ਹੋਇਆ ਹੈ ਜਿਸ ਤਰੀਕੇ ਦੁਆਰਾ ਮਨ ਦੇ ਅੰਦਰੋਂ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। (**ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥**)

“ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਭਗਤ ਜੈਦੇਉ ਜੀ ਉਹ ਤਰੀਕਾ ਦੱਸ ਰਹੇ ਹਨ ਜਿਸ ਤਰੀਕੇ ਪ੍ਰਮਾਤਮਾ ਨੇ ਉਹਨਾਂ ਨੂੰ ਆਪਣੇ ਨਾਲ ਮਿਲਾਇਆ ਹੈ। ਉਹਨਾਂ ਨੇ ਆਪਣੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ। ਸਾਡੇ ਅੰਦਰ **“ਬਲੁ”** ਮਾਇਆ ਦਾ ਚਲਦਾ ਹੈ ਜੋ ਸਾਡੇ ਲਈ ਅਬਲ ਹੈ ਭਾਵ ਅਸੀਂ ਉਸ ਦਾ ਬਲ ਨਹੀਂ ਤੋੜ ਸਕਦੇ। ਉਸ ਮਾਇਆ ਦਾ ਬਲ ਉਹੀ ਤੋੜ ਸਕਦਾ ਹੈ ਜਿਸ ਨੇ ਉਹ ਸਾਡੇ ਅੰਦਰ ਪਾਈ ਹੋਈ ਹੈ। ਜਦ ਤਕ ਸਾਡੇ ਅੰਦਰ ਮਾਇਆ ਵਾਲੀ ਬਿਰਤੀ ਹੈ ਤਦ ਤਕ ਸਾਡਾ ਮਨ ਮਾਇਆ ਮੋਹ ਵਿਚ ਦੌੜਦਾ ਹੈ, ਭਰਮਾਂ ਦੁਆਰਾ ਉਹ ਕੁਝ ਕਰਦਾ ਹੈ ਜੋ ਕਰਮ ਨਹੀਂ ਕਰਨੇ ਚਾਹੀਦੇ ਭਾਵ ਗੁਰੂ ਦੀ ਮਤਿ ਤੋਂ ਉਲਟ ਚੱਲਦਾ ਹੈ। ਇਸ ਮਨ ਨੂੰ ਦੌੜਨ ਤੋਂ ਰੋਕਣਾ ਸਾਡੇ ਲਈ ਅਚਲ ਹੈ ਭਾਵ ਅਸੀਂ ਇਸ ਨੂੰ ਦੌੜਨ ਤੋਂ ਰੋਕ

ਨਹੀਂ ਸਕਦੇ ਪਰ ਪ੍ਰਮਾਤਮਾ ਨੇ ਇਸ ਨੂੰ ਦੌੜਨ ਤੋਂ ਰੋਕ ਦਿੱਤਾ ਹੈ। ਇਹ ਮਨ ਅਘੜ ਹੈ ਭਾਵ ਸਾਡੀ ਮਤਿ, ਮਾਇਆ ਮੋਹ ਵਾਲੀ ਮਤਿ ਸਾਡੇ ਲਈ ਅਘੜ ਹੈ ਜਿਸ ਨੂੰ ਘੜਨਾ ਭਾਵ ਗੁਰਮਤਿ ਅਨੁਸਾਰ ਘੜਨਾ ਭਾਵ ਗੁਰਮਤਿ ਅਨੁਸਾਰ ਬਦਲਣਾ ਸਾਡੇ ਵੱਸ ਨਹੀਂ ਹੈ ਪਰ ਉਸ ਪ੍ਰਮਾਤਮਾ ਨੇ ਸਾਡੀ ਇਸ ਅਘੜ ਮਤਿ ਨੂੰ ਘੜ ਦਿੱਤਾ ਹੈ। ਜਦੋਂ ਪ੍ਰਮਾਤਮਾ ਸਾਡੀ ਭਰਮਾਂ ਵਾਲੀ ਮਤਿ ਨੂੰ ਘੜ ਦਿੰਦਾ ਹੈ, ਸਾਡੀ ਅਗਿਆਨਤਾ

ਵਾਲੀ ਮਤਿ ਨੂੰ ਆਪਣੇ ਉੱਚੇ ਤੇ ਸੱਚੇ ਗਿਆਨ ਨਾਲ ਘੜ ਦਿੰਦਾ ਹੈ, ਬ੍ਰਹਮ ਗਿਆਨ ਨਾਲ ਘੜ ਦਿੰਦਾ ਹੈ, ਸ਼ਬਦ ਦੇ ਵਿਚਾਰਾਂ ਰਾਹੀਂ ਘੜ ਦਿੰਦਾ ਹੈ ਭਾਵ ਸਾਡੀ ਮਾੜੀ ਮਤਿ ਨੂੰ ਗੁਰਮਤਿ ਵਾਲੀ ਮਤਿ ਵਿਚ ਬਦਲ ਦਿੰਦਾ ਹੈ, ਸੱਚੇ ਗਿਆਨ ਵਾਲੀ ਮਤਿ ਵਿਚ ਬਦਲ ਦਿੰਦਾ ਹੈ ਇਹ ਮਨ ਦੇ ਅੰਦਰ ਅੰਮ੍ਰਿਤ ਪੀਣਾ ਹੈ ਜੋ ਅੰਮ੍ਰਿਤ ਪ੍ਰਮਾਤਮਾ ਆਪ ਪਿਆਉਂਦਾ ਹੈ ਭਾਵ ਆਪਣਾ ਨਾਮ ਆਪ ਹੀ ਦਿੰਦਾ ਹੈ ਜੋ ਨਾਮ ਦਾ ਮਾਲਕ ਹੈ, ਬ੍ਰਹਮਗਿਆਨ ਦਾ ਮਾਲਕ ਹੈ। ਪ੍ਰਮਾਤਮਾ ਨੂੰ ਮਨ ਦੇ ਵਿਚ ਇਸੇ ਤਰੀਕੇ ਹੀ ਪਾਇਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਾਇਆ ਹੈ। (**ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥**)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥}

(ਅੰਗ - ੧੦੨)

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ - ੧੧੨)

{ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥
ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥}

(ਅੰਗ - ੫੯੯)

{ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥}

(ਅੰਗ - ੭੦੧)

{ਗੁਰ ਪਰਸਾਦੀ ਰੰਗੇ ਰਾਤਾ ॥ ਅੰਮ੍ਰਿਤੁ ਪੀਆ ਸਾਚੇ ਮਾਤਾ ॥
ਗੁਰ ਵੀਚਾਰੀ ਅਗਨਿ ਨਿਵਾਰੀ ॥ ਅਪਿਉ ਪੀਓ ਆਤਮ ਸੁਖੁ ਧਾਰੀ ॥
ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ ਨਾਨਕ ਬੂਝੈ ਕੋ ਵੀਚਾਰੀ ॥੬੩॥}

(ਅੰਗ - ੯੪੫)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਾਇਆ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਉਸ ਪ੍ਰਮਾਤਮਾ ਦੇ ਗੁਣਾਂ ਦਾ ਵਖਿਆਨ ਕੀਤਾ ਹੈ, ਮਨ ਦੀ ਦੁਬਿਧਾ ਮਿੱਟਣ ਦੁਆਰਾ ਕੀਤਾ ਹੈ ਜਿਸ ਨੂੰ ਕਿ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਜਿੰਨ੍ਹਾਂ ਨੇ ਵੀ ਪ੍ਰਮਾਤਮਾ ਦੇ ਗੁਣਾਂ ਦਾ ਵਖਿਆਨ ਕੀਤਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤਾ ਹੈ ਭਾਵ ਜਿੰਨ੍ਹਾਂ ਨੇ ਵੀ ਸਾਨੂੰ ਸ਼ਬਦਾਂ ਦੀ ਵਿਚਾਰ ਦਿੱਤੀ ਹੈ, ਇਹ ਵਿਚਾਰ ਉਹਨਾਂ ਦੀ ਆਪਣੀ ਨਹੀਂ ਹੈ। ਜੋ ਕੁਝ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਨੇ ਆਪ ਉਨ੍ਹਾਂ ਨੂੰ ਸਮਝਾਇਆ ਹੈ ਉਹੀ ਕੁਝ

ਉਹਨਾਂ ਨੇ ਵਖਿਆਨ ਕੀਤਾ ਹੈ ਭਾਵ ਇਹ ਬਾਣੀ ਪ੍ਰਮਾਤਮਾ ਦੀ ਆਪਣੀ ਹੀ ਰਚੀ ਹੋਈ ਹੈ, ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਸ ਨੇ ਸਾਰੀ ਸੋਝੀ ਆਪ ਹੀ ਪਾਈ ਹੋਈ ਹੈ। (**ਮਨ ਆਦਿ ਗੁਣ ਆਦਿ ਵਖਾਣਿਆ ॥**) ਜਿੰਨ੍ਹਾਂ ਨੇ ਵੀ ਪ੍ਰਮਾਤਮਾ ਦੇ ਗੁਣਾਂ ਦਾ ਵਖਿਆਨ ਕੀਤਾ ਹੈ ਉਹਨਾਂ ਨੂੰ ਪਹਿਲਾਂ ਪ੍ਰਮਾਤਮਾ ਨੇ ਮਨ ਦੀ ਦੁਬਿਧਾ ਵਿਚੋਂ ਹੀ ਕੱਢਿਆ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥”

ਪਹਿਲਾਂ ਤਾਂ ਉਪਰਲੀ ਪੰਗਤੀ ਦੁਆਰਾ ਇਸ ਗੱਲ ਨੂੰ ਸਮਝੋ ਕਿ ਪ੍ਰਮਾਤਮਾ ਵਿਚ ਸਮਾਉਣਾ ਕੀ ਹੈ। ਜਦ ਤਕ ਸਾਡੇ ਅੰਦਰ ਦੁਬਿਧਾ ਹੈ ਭਾਵ ਜਦ ਤਕ ਸਾਡੇ ਮਨ ਦੇ ਵਿਚਾਰਾਂ ਵਿਚ ਭਰਮ ਹਨ ਤਦ ਤਕ ਅਸੀਂ ਪ੍ਰਮਾਤਮਾ ਵਿਚ ਨਹੀਂ ਸਮਾਉਂਦੇ, ਫਿਰ ਪ੍ਰਮਾਤਮਾ ਵਿਚ ਸਮਾਉਣਾ ਕੀ ਹੈ ਭਾਵ ਉਸ ਦੇ ਨਾਲ ਇਕ ਹੋਣਾ ਕੀ ਹੈ। ਪ੍ਰਮਾਤਮਾ ਦੀ ਦ੍ਰਿਸ਼ਟੀ ਤੇ ਸਾਡੇ ਮਨ ਦੀ ਦ੍ਰਿਸ਼ਟੀ ਵਿਚ ਕੀ ਫਰਕ ਹੈ ਭਾਵ ਸਾਡੇ ਵੇਖਣ ਵਿਚ ਹੀ ਫਰਕ ਹੈ। ਦ੍ਰਿਸ਼ਟੀ ਸਾਡੇ ਮਨ ਦੀ ਸਮਝ ਹੈ ਜਿਸ ਦੁਆਰਾ ਸਾਡਾ ਮਨ ਦੇਖਦਾ ਹੈ। ਸਾਡੇ ਮਨ ਦੀ ਦ੍ਰਿਸ਼ਟੀ ਦੁਬਿਧਾ ਵਾਲੀ ਹੈ ਤੇ ਪ੍ਰਮਾਤਮਾ ਦੀ ਦ੍ਰਿਸ਼ਟੀ ਦਿਬ ਦ੍ਰਿਸ਼ਟੀ ਹੈ ਭਾਵ ਉੱਚੇ ਗਿਆਨ ਵਾਲੀ ਸਮਝ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਬਰਾਬਰ ਕਰਦਾ ਹੈ ਉਸ ਨੂੰ ਮਨ ਦੇ ਗਿਆਨ ਦੁਆਰਾ ਹੀ ਕਰਦਾ ਹੈ ਭਾਵ ਦੁਬਿਧਾ ਵਾਲੀ ਸਮਝ ਵਿਚੋਂ ਕੱਢ ਕੇ ਪੂਰਨ ਸੱਚ ਵਾਲੀ ਸਮਝ ਦੇ ਨਾਲ ਜੋੜਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਪਤਾ ਲਗਦਾ ਹੈ ਕਿ ਹਰ ਮਨੁੱਖ ਨੂੰ ਪ੍ਰਮਾਤਮਾ ਨੇ ਮਨ ਦੇ ਵਿਚਾਰਾਂ ਰਾਹੀਂ ਦੁਬਿਧਾ ਵਿਚ ਰਖਿਆ ਹੋਇਆ ਹੈ ਜਿਸ ਕਰਕੇ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਪ੍ਰਮਾਤਮਾ ਦੀ ਦ੍ਰਿਸ਼ਟੀ ਚਉਥੇ ਪਦ ਵਾਲੀ ਹੈ ਤੇ ਉਸ ਦੇ ਪਦ ਨਾਲ ਰਲ ਕੇ ਹੀ ਪ੍ਰਮਾਤਮਾ ਦੇ ਗੁਣਾਂ ਦੀ ਸਮਝ ਆਉਂਦੀ ਹੈ ਜੋ ਸਮਝ ਉਹ ਆਪ ਹੀ ਦਿੰਦਾ ਹੈ ਤੇ ਆਪ ਹੀ ਕਿਸੇ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣੇ ਗੁਣਾਂ ਦਾ ਵਖਾਨ ਕਰਦਾ ਹੈ ਭਾਵ ਦੁਬਿਧਾ ਵਾਲੀ ਸਮਝ ਵਿਚ ਰਹਿੰਦਿਆਂ, ਤ੍ਰੈਗੁਣਾਂ ਵਾਲੀ ਅਵਸਥਾ ਵਿਚ ਰਹਿੰਦਿਆਂ ਨਾ ਇਹ ਪ੍ਰਮਾਤਮਾ ਦੇ ਗੁਣਾਂ ਦੀ ਸਮਝ ਪੈਂਦੀ ਹੈ ਤੇ ਨਾ ਹੀ ਉਹਨਾਂ ਅਨੁਸਾਰ ਸਾਡਾ ਜੀਵਨ ਬਣ ਸਕਦਾ ਹੈ, ਜੋ ਜੀਵਨ ਉਹ ਆਪ ਹੀ ਬਣਾਉਂਦਾ ਹੈ ਭਾਵ ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। (**ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥**)

{ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ - ੨੩੮)

40/5121

{ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥
ਪੇਈਅੜੈ ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ ਰੋਵੈ ਧਾਹੀ ॥
ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥}

(ਅੰਗ - ੧੦੯)

{ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥
ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥}

(ਅੰਗ - ੧੯)

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥}

(ਅੰਗ - ੧੯)

{ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥
ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥}

(ਅੰਗ - ੨੮)

{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥
ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥}

(ਅੰਗ - ੩੫)

{ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥
ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥}

(ਅੰਗ - ੫੫)

{ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ - ੬੭)

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ - ੧੧੩)

{ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥
ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥ ਕਿਸੈ ਥੋੜੀ ਕਿਸੈ ਹੈ ਘਣੇਰੀ ॥
ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ ॥੩॥}

(ਅੰਗ - ੧੧੯)

{ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥}

(ਅੰਗ - ੧੨੭)

{ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥ ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥}

(ਅੰਗ - ੧੩੬)

{ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥
ਜੀਵਤੁ ਮਰੈ ਮਹਾ ਰਸੁ ਆਗੈ ॥੨॥}

(ਅੰਗ - ੧੫੩)

{ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥
ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ॥੨॥
ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥੩॥}

(ਅੰਗ - ੧੬੩)

{ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥}

(ਅੰਗ - ੧੬੮)

{ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥
ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥}

(ਅੰਗ ੨੩੬-੨੩੭)

{ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥}

(ਅੰਗ - ੨੩੭)

{ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥੨॥}

(ਅੰਗ - ੨੪੪)

{ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥
ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥
ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥}

(ਅੰਗ - ੨੪੫)

{ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥
ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ - ੨੪੫)

{ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥}

(ਅੰਗ - ੩੩੩)

{ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥੭॥}

(ਅੰਗ - ੩੪੩)

{ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥
ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥}

(ਅੰਗ - ੩੫੨)

{ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥
ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥੫॥}

(ਅੰਗ - ੪੧੫)

40/5123

{ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥
ਜਿਸੁ ਤੂੰ ਬਖਸਹਿ ਨਾਮੁ ਜਪਾਇ ॥ ਦੂਤੁ ਨ ਲਾਗਿ ਸਕੈ ਗੁਨ ਗਾਇ ॥੨॥}

(ਅੰਗ - ੪੧੬)

{ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥ ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥੭॥}

(ਅੰਗ - ੪੨੯)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥
ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ ਰਹਾਉ ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥੪॥੪॥੬॥}

(ਅੰਗ - ੪੯੧)

{ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ ॥੫॥}

(ਅੰਗ - ੫੦੭)

{ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥
ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥

ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥
ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥੧॥}

(ਅੰਗ - ੫੫੩)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ - ੫੯੪)

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
ਅਵਗਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ - ੫੯੮)

{ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥}

(ਅੰਗ - ੬੦੩)

{ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥
ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥
ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥}

(ਅੰਗ - ੬੩੪)

{ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥

ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥}

(ਅੰਗ ੬੪੧-੬੪੨)

{ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥
ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥}

(ਅੰਗ - ੬੬੧)

40/5124

{ਏਕੁ ਅਚਰਜੁ ਜਨ ਦੇਖਹੁ ਭਾਈ ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥
ਨਾਮੁ ਅਮੋਲਕੁ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥੩॥
ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥ ਗੁਰਮਤੀ ਘਟਿ ਪਰਗਟੁ ਹੋਇ ॥
ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥ ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥੧॥}

(ਅੰਗ ੬੬੩-੬੬੪)

{ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥}

(ਅੰਗ - ੬੮੫)

{ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥}

(ਅੰਗ - ੬੮੬)

{ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥ ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥੧॥ ਰਹਾਉ ॥}

(ਅੰਗ - ੧੨੬੧)

{ਅਤੁਲੁ ਕਿਉ ਤੋਲਿਆ ਜਾਇ ॥ ਦੂਜਾ ਹੋਇ ਤ ਸੋਝੀ ਪਾਇ ॥
ਤਿਸ ਤੇ ਦੂਜਾ ਨਾਹੀ ਕੋਇ ॥ ਤਿਸ ਦੀ ਕੀਮਤਿ ਕਿਕੂ ਹੋਇ ॥੧॥
ਗੁਰ ਪਰਸਾਦਿ ਵਸੈ ਮਨਿ ਆਇ ॥ ਤਾ ਕੋ ਜਾਣੈ ਦੁਬਿਧਾ ਜਾਇ ॥੧॥ ਰਹਾਉ ॥}

(ਅੰਗ - ੭੯੭)

{ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥
ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥
ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੨੦॥੧॥}

(ਅੰਗ - ੮੪੦)

{ਜਾ ਕੈ ਅੰਤਰਿ ਪ੍ਰਗਟਿਓ ਆਪ ॥ ਤਾ ਕਉ ਨਾਹੀ ਦੂਖ ਸੰਤਾਪ ॥
ਲਾਲੁ ਰਤਨੁ ਤਿਸੁ ਪਾਲੈ ਪਰਿਆ ॥ ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥
ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥ ਏਕੋ ਏਕੁ ਨਿਰੰਜਨ ਪੂਜਾ ॥
ਜਤ ਕਤ ਦੇਖਉ ਆਪਿ ਦਇਆਲ ॥ ਕਹੁ ਨਾਨਕ ਪ੍ਰਭ ਮਿਲੇ ਰਸਾਲ ॥੪॥੪॥੧੫॥}

(ਅੰਗ - ੮੮੭)

{ਦੇਹੀ ਧੋਇ ਨ ਉਤਰੈ ਮੈਲੁ ॥ ਹਉਮੈ ਬਿਆਪੈ ਦੁਬਿਧਾ ਫੈਲੁ ॥
ਹਰਿ ਹਰਿ ਅਉਖਧੁ ਜੋ ਜਨੁ ਖਾਇ ॥ ਤਾ ਕਾ ਰੋਗੁ ਸਗਲ ਮਿਟਿ ਜਾਇ ॥੩॥}

(ਅੰਗ - ੮੯੩)

{ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ ਰਹਾਉ ॥}

(ਅੰਗ - ੯੦੩)

{ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥}

(ਅੰਗ ੯੦੪-੯੦੫)

{ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥}

(ਅੰਗ - ੯੯੩)

40/5125

{ਮਾਇਆ ਬਿਖੁ ਭੁਇਅੰਗਮ ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥
ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥
ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥
ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉਹਾਰਾ ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥}

(ਅੰਗ - ੧੦੨੯)

{ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥
ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦ ਸੁਰਤਿ ਬਿਨੁ ਆਈਐ ਜਾਈਐ ॥

ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥}

(ਅੰਗ - ੧੦੪੨)

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥
ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥
ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥
ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥੨॥}

(ਅੰਗ - ੧੦੯੩)

{ਭਵਜਲੁ ਬਿਨੁ ਸਬਦੈ ਕਿਉ ਤਰੀਐ ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥ ਰਹਾਉ ॥
ਗੁਰੁ ਦੇਵਾ ਗੁਰੁ ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥
ਆਪੇ ਦਾਤਿ ਕਰੀ ਗੁਰਿ ਦਾਤੈ ਪਾਇਆ ਅਲਖ ਅਭੇਵਾ ॥੨॥}

(ਅੰਗ - ੧੧੨੫)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

{ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥ ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ॥
ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥
ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥
ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥
ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ ॥੩॥
ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥
ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥
ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥੫॥੧॥੧੧॥}

(ਅੰਗ - ੧੧੩੦)

{ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥}

(ਅੰਗ - ੧੧੩੦)

{ਸਦਾ ਅਨੰਦੁ ਰਾਮ ਰਸਿ ਰਾਤੇ ॥
ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥}

(ਅੰਗ - ੧੧੩੧)

{ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥
ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥੨॥
ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ ॥
ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ ॥੩॥}

(ਅੰਗ - ੧੧੩੩)

{ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥}

(ਅੰਗ - ੧੧੫੩)

{ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥
ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥੩॥
ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ ਤੂ ਆਪੇ ਦੇਹਿ ਬੁਝਾਈ ॥
ਜੋ ਤੁਧੁ ਭਾਵੈ ਸੋਈ ਕਰਸੀ ਅਵਰੁ ਨ ਕਰਣਾ ਜਾਈ ॥੪॥
ਜਗਤੁ ਉਪਾਇ ਤੁਧੁ ਧੰਧੈ ਲਾਇਆ ਭੁੰਡੀ ਕਾਰ ਕਮਾਈ ॥
ਜਨਮੁ ਪਦਾਰਥੁ ਜੂਐ ਹਾਰਿਆ ਸਬਦੈ ਸੁਰਤਿ ਨ ਪਾਈ ॥੫॥}

(ਅੰਗ - ੧੧੫੫)

40/5126

{ਸਾਈ ਪ੍ਰੀਤਿ ਜਿ ਆਪੇ ਲਾਏ ॥ ਗੁਰ ਪਰਸਾਦੀ ਦੁਬਿਧਾ ਜਾਏ ॥
ਕਬਹੁ ਨ ਤੂਟਸਿ ਰਹਿਆ ਸਮਾਇ ॥ ਨਾਮੇ ਚਿਤੁ ਲਾਇਆ ਸਚਿ ਨਾਇ ॥੩॥}

(ਅੰਗ - ੧੧੬੪)

{ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥
ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥
ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥੨॥}

(ਅੰਗ - ੧੧੬੭)

{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥}

(ਅੰਗ - ੧੧੮੫)

{ਦੁਬਿਧਾ ਦੁਰਮਤਿ ਅਧੁਲੀ ਕਾਰ ॥ ਮਨਮੁਖਿ ਭਰਮੈ ਮਝਿ ਗੁਬਾਰ ॥੧॥
ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥
ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥ ਪਸੂ ਭਏ ਅਭਿਮਾਨੁ ਨ ਜਾਈ ॥੨॥
ਲਖ ਚਉਰਾਸੀਹ ਜੰਤ ਉਪਾਏ ॥ ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥੩॥ ਸਗਲੀ ਭੂਲੈ ਨਹੀ ਸਬਦੁ ਅਚਾਰੁ ॥
ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥ ਗੁਰ ਕੇ ਚਾਕਰ ਠਾਕੁਰ ਭਾਣੇ ॥ ਬਖਸਿ ਲੀਏ ਨਾਹੀ ਜਮ ਕਾਣੇ ॥੫॥
ਜਿਨ ਕੈ ਹਿਰਦੈ ਏਕੋ ਭਾਇਆ ॥ ਆਪੇ ਮੇਲੇ ਭਰਮੁ ਚੁਕਾਇਆ ॥੬॥ ਬੇਮੁਹਤਾਜੁ ਬੇਅੰਤੁ ਅਪਾਰਾ ॥
ਸਚਿ ਪਤੀਜੈ ਕਰਣੈਹਾਰਾ ॥੭॥ ਨਾਨਕ ਭੂਲੇ ਗੁਰੁ ਸਮਝਾਵੈ ॥ ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥}

(ਅੰਗ - ੧੧੯੦)

{ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥}

(ਅੰਗ - ੧੧੯੮)

{ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥
ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥
ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥}

(ਅੰਗ - ੧੨੩੩)

{ਸਹਜੇ ਸੁਖਿ ਸੁਤੀ ਸਬਦਿ ਸਮਾਇ ॥ ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥
ਦੁਬਿਧਾ ਚੂਕੀ ਸਹਜਿ ਸੁਭਾਇ ॥ ਅੰਤਰਿ ਨਾਮੁ ਵਸਿਆ ਮਨਿ ਆਇ ॥
ਸੇ ਕੰਠਿ ਲਾਏ ਜਿ ਭੰਨਿ ਘੜਾਇ ॥ ਨਾਨਕ ਜੋ ਧੁਰਿ ਮਿਲੇ ਸੇ ਹੁਣਿ ਆਣਿ ਮਿਲਾਇ ॥੧॥}

(ਅੰਗ - ੧੨੪੭)

{ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥ ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥
ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥
ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥
ਆਇਆ ਉਠੀ ਖੇਲੁ ਫਿਰੈ ਉਵਤਿਆ ॥ ਨਾਨਕ ਸਚੈ ਮੇਲੁ ਸਚੈ ਰਤਿਆ ॥੨੪॥}

(ਅੰਗ - ੧੨੮੯)

{ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥
ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥}

(ਅੰਗ - ੧੩੧੦)

{ਦੁਬਿਧਾ ਬਉਰੀ ਮਨੁ ਬਉਰਾਇਆ ॥ ਝੂਠੈ ਲਾਲਚਿ ਜਨਮੁ ਗਵਾਇਆ ॥ ਲਪਟਿ ਰਹੀ ਫੁਨਿ ਬੰਧੁ ਨ ਪਾਇਆ॥

ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ ॥੧॥ ਨਾ ਮਨੁ ਮਰੈ ਨ ਮਾਇਆ ਮਰੈ ॥
ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ ॥੧॥ ਰਹਾਉ ॥}

(ਅੰਗ - ੧੩੪੨)

{ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥}

(ਅੰਗ - ੧੩੪੩)

40/5127

{ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥ ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥੨॥
ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥
ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥
ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥
ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ ॥੪॥੧॥}

(ਅੰਗ - ੧੩੫੦)

{ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥ ਭਾਵੈ ਲਾਂਬੇ ਕੇਸ ਕਰੁ ਭਾਵੈ ਘਰਿ ਮੁਡਾਇ ॥੨੫॥
ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥੨੬॥}

(ਅੰਗ - ੧੩੬੫)

ਉਪਰ ਅਸੀਂ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਦੁਬਿਧਾ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਜੋ ਕਿ ਹਰ ਕੋਈ ਆਸਾਨੀ ਨਾਲ ਇਹ ਸਮਝ ਸਕਦਾ ਹੈ ਕਿ ਦੁੱਬਿਧਾ ਵਿਚ ਰਹਿੰਦੇ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਸਾਡੇ ਅੰਦਰ ਦੀ ਦੁਬਿਧਾ ਹੈ ਭਾਵ ਭਰਮਾਂ ਵਾਲੀ ਮਤਿ ਹੈ, ਨਾਸਮਝਿ ਮਤਿ ਹੈ ਜੋ ਕੇਵਲ ਤੇ ਕੇਵਲ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਦੂਰ ਹੋ ਸਕਦੀ ਹੈ। ਗੁਰੂ ਦੇ ਸ਼ਬਦ ਸਾਡੇ ਮਨ ਦੇ ਭਰਮ ਕੱਢਣ ਲਈ ਹਨ ਜਿਸ ਦੁਆਰਾ ਗੁਰੂ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਹੈ। ਜਦ ਤਕ ਸਾਡੇ ਅੰਦਰ ਦੁਬਿਧਾ ਹੈ ਨਾ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਪੈਂਦੀ ਹੈ ਤੇ ਨਾ ਹੀ ਅਸੀਂ ਸੱਚੀ ਭਗਤੀ ਦੇ ਮਾਰਗ ਤੇ ਚਲ ਸਕਦੇ ਹਾਂ। ਜਿਵੇਂ ਕਿ ਅਸੀਂ ਮੁੱਖ ਸ਼ਬਦ ਰਾਹੀਂ ਸਮਝਿਆ ਹੈ ਕਿ ਮਨੁੱਖ ਦੀ ਦੁੱਬਿਧਾ ਦੂਰ ਹੋਣ ਦੁਆਰਾ ਹੀ ਮਨੁੱਖ ਪ੍ਰਮਾਤਮਾ ਦੇ ਨਾਲ ਇੱਕ ਦ੍ਰਿਸ਼ਟੀ ਵਾਲਾ ਬਣਦਾ ਹੈ ਤੇ ਤਾਂ ਹੀ ਉਹ ਪ੍ਰਮਾਤਮਾ ਦੇ ਗੁਣ ਜਾਣ ਸਕਦਾ ਹੈ ਤੇ ਉਹਨਾਂ ਦਾ ਵਖਾਣ ਕਰ ਸਕਦਾ ਹੈ। (**ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥**) ਪ੍ਰਮਾਤਮਾ ਦੀ ਭਗਤੀ ਭਾਵ ਉਸ ਦੀ ਅਰਾਧਣਾ ਮਨ ਦੀ ਦੁਬਿਧਾ ਵਿਚੋਂ ਨਿਕਲਕੇ ਹੀ ਹੁੰਦੀ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥"

ਮਨ ਦੇ ਵਿਚ ਪ੍ਰਮਾਤਮਾ ਦੁਆਰਾ ਸੱਚੀ ਸਮਝ ਪਾਉਣ ਦੇ ਨਾਲ ਫਿਰ ਮਨੁੱਖ ਉਸੇ ਚੀਜ ਨੂੰ ਅਰਾਧਦਾ ਹੈ ਜੋ ਅਰਾਧਣ ਯੋਗ ਹੈ ਭਾਵ ਉਹ ਉਹੋ ਜਿਹੇ ਵਿਚਾਰਾਂ ਨੂੰ ਮੰਨਦਾ ਹੈ ਜੋ ਮੰਨਣ ਯੋਗ ਹਨ। ਜੋ ਮੰਨਣ ਯੋਗ ਮਤਿ ਹੈ, ਪ੍ਰਮਾਤਮਾ ਮਨ ਦੇ ਵਿਚ ਉਹ ਮਤਿ ਹੀ ਦਿੰਦਾ ਹੈ, ਸ਼ਬਦਾਂ ਦੇ ਰੂਪ ਵਿਚ ਦਿੰਦਾ ਹੈ ਜਿਸ ਦੁਆਰਾ ਉਹੀ ਸੱਚੀ ਵਿਚਾਰ ਹੀ ਦਿੰਦਾ ਹੈ

40/5128

ਭਾਵ ਧਰਮ ਦੇ ਮਾਰਗ ਦੀ ਆਪ ਹੀ ਸੱਚੀ ਸੋਝੀ ਪਾਉਂਦਾ ਹੈ (**ਅਰਧਿ ਕਉ ਅਰਧਿਆ**) । ਜੋ ਭਾਵ ਅਰਾਧਣ ਤੋਂ ਹੈ ਉਹੀ ਸਿਮਰਨਾ ਹੈ, ਜਪਣਾ ਹੈ, ਧਿਆਉਣਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣਾ ਹੈ।

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ - ੨੭)

ਜਿਸ ਚੀਜ ਨੂੰ ਅਸੀਂ ਅਰਾਧਦੇ ਹਾਂ ਭਾਵ ਜੋ ਗੱਲ ਅਸੀਂ ਗੁਰੂ ਦੀ ਮੰਨਦੇ ਹਾਂ ਉਹ ਕਿਸੇ ਮਕਸਦ ਲਈ ਹੀ ਮੰਨਦੇ ਹਾਂ। ਅਸੀਂ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਧਿਆਉਂਦੇ ਹਾਂ ਤੇ ਉਸ ਮਤਿ ਤੇ ਟਿਕੇ ਰਹਿਣਾ ਹੀ ਅਸੀਂ ਗੁਰੂ ਨਾਲ ਆਪਣੀ ਸ਼ਰਧਾ ਦਿਖਾਉਂਦੇ ਹਾਂ, ਭਰੋਸਾ ਟਿਕਾਉਂਦੇ ਹਾਂ ਭਾਵ ਗੁਰੂ ਦੀ ਮਤਿ ਨੂੰ ਛੱਡ ਕੇ ਫਿਰ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਦੇ ਭਾਵ ਆਪਣੇ ਜੀਵਨ ਵਿਚ ਉਸੇ ਤਰੀਕੇ ਵਿਚਰਦੇ ਹਾਂ ਜਿਹੋ ਜਿਹੀ ਸੋਝੀ ਗੁਰੂ ਸ਼ਬਦਾਂ ਦੁਆਰਾ ਪਾਉਂਦਾ ਹੈ (**ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ**)। ਮਨੁੱਖ ਇਹ ਕੁਝ ਤਾਂ ਹੀ ਕਰ ਸਕਦਾ ਹੈ ਜਦੋਂ ਉਸ ਦੀ ਮਤਿ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੀ ਹੈ ਜਿਵੇਂ ਕਿ ਨਾਲ ਹੀ ਸਮਝਾਇਆ ਹੋਇਆ ਹੈ।

“ਸਲਲ ਕਉ ਸਲਲਿ ਸੰਮਾਨਿ ਆਇਆ ॥”

ਇਸ ਤੋਂ ਪਹਿਲੇ ਪਦੇ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਪ੍ਰਮਾਤਮਾ ਦੇ ਨਾਲ ਸਾਡੀ ਸਮਾਨਤਾ ਭਾਵ ਉਸ ਦੇ ਨਾਲ ਮੇਲ ਮਨ ਦੀ ਸਮਝ ਦੁਆਰਾ ਹੁੰਦਾ ਹੈ, ਮਨ ਦੇ ਵਿਚੋਂ ਦੁਬਿਧਾ ਵਾਲੀ ਮਤਿ ਨਿਕਲਣ ਦੁਆਰਾ ਹੁੰਦਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਡੀ ਪ੍ਰਮਾਤਮਾ ਦੇ ਨਾਲ ਸਮਾਨਤਾ ਸਮਝਾਈ ਹੋਈ ਹੈ ਭਾਵ ਉਹਦੇ ਨਾਲ ਇੱਕ ਹੋਣਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਅੰਮ੍ਰਿਤ ਜਲ ਦੇ ਰੂਪ ਵਿਚ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਇਹ ਅੰਮ੍ਰਿਤ ਸਰੋਵਰ ਸਾਡੇ ਮਨ ਦੇ ਵਿਚ ਗਿਆਨ ਦਾ ਸਰੋਵਰ ਹੈ। ਸਾਨੂੰ ਜੋ ਵੀ ਗਿਆਨ ਮਿਲਦਾ ਹੈ ਉਹ ਮਨ ਦੇ ਵਿਚੋਂ ਹੀ ਮਿਲਦਾ ਹੈ। ਦੁਬਿਧਾ ਵਾਲੀ ਮਤਿ ਵੀ ਮਨ ਦੇ ਵਿੱਚੋਂ ਹੀ ਆਉਂਦੀ ਹੈ ਫਿਰ ਦੁਬਿਧਾ ਵਿੱਚੋਂ ਕੱਢਣ ਵਾਲੀ ਮਤਿ ਵੀ ਸਾਡੇ ਅੰਦਰ ਹੀ ਹੈ ਜੋ ਕਿ ਚਉਥੇ ਪਦ ਵਾਲੀ ਮਤਿ ਹੈ। ਸਾਡੀ ਤ੍ਰੈਗੁਣਾਂ ਵਾਲੀ ਮਤਿ ਦਾ ਚਉਥੇ ਪਦ ਵਾਲੀ ਮਤਿ ਵਿਚ ਰੱਲਣਾ **“ਸਲਲ ਦਾ ਸਲਲਿ”** ਵਿਚ ਰੱਲਣਾ ਹੈ ਜਿਸ ਦੁਆਰਾ ਮਨੁੱਖ ਦੀ ਮਤਿ ਪ੍ਰਮਾਤਮਾ ਦੇ ਉੱਚੇ ਗਿਆਨ ਵਿਚ ਰੱਲ ਜਾਂਦੀ ਹੈ ਭਾਵ ਉਸ ਨਾਲ ਇਕ ਹੋ ਜਾਂਦੀ ਹੈ ਤੇ ਉਸੇ ਮਤਿ ਰਾਹੀਂ ਪ੍ਰਮਾਤਮਾ ਆਪਣਾ ਸ਼ਬਦ ਰੂਪ ਸੱਚਾ ਗਿਆਨ ਦਿੰਦਾ ਹੈ। (**ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥**)

40/5129

ਮਨ ਦੀ ਇਸ ਅਵਸਥਾ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮਨੁੱਖ ਦੀ ਲਿਵ ਜੁੜਦੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥”

ਭਗਤ ਜੈਦਉ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਉਹਨਾਂ ਨੇ ਇਸ ਤਰੀਕੇ ਪ੍ਰਮਾਤਮਾ ਨੂੰ ਰੰਮਿਆ ਹੈ ਜਿਵੇਂ ਕਿ ਪਿਛਲੀਆਂ ਪੰਗਤੀਆਂ ਰਾਹੀਂ ਅਸੀਂ ਸਮਝਿਆ ਹੈ, ਇਸ ਤਰੀਕੇ ਪ੍ਰਮਾਤਮਾ ਨੂੰ ਜਪਿਆ ਹੈ ਭਾਵ ਮਨ ਦੇ ਵਿਚ ਗਿਆਨ ਦੁਆਰਾ ਜਪਿਆ ਹੈ। ਪ੍ਰਮਾਤਮਾ ਨੂੰ ਜਪ ਲੈਣਾ ਪ੍ਰਮਾਤਮਾ ਦੇ ਸੱਚੇ ਗਿਆਨ ਨੂੰ ਜਪਣਾ ਹੀ ਹੈ, ਪ੍ਰਮਾਤਮਾ ਨੂੰ ਪਾ ਲੈਣਾ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਮਨ ਦੇ ਵਿਚ ਜਪਣ ਦੁਆਰਾ ਜੋ ਸੱਚੀ ਮਤਿ ਦਿੰਦਾ ਹੈ ਉਸ ਵਿਚ ਹੀ ਪ੍ਰਮਾਤਮਾ ਆਪ ਹੈ ਜਿਸ ਉੱਚੇ ਗਿਆਨ ਦੁਆਰਾ ਉਹ ਆਪ **“ਨਿਰਬਾਣੁ”** ਹੈ ਭਾਵ ਮਾਇਆ ਮੋਹ ਤੋਂ ਰਹਿਤ ਹੈ। ਮਨੁੱਖ ਦੀ ਲਿਵ ਮਨ ਦੇ ਵਿਚ ਪ੍ਰਮਾਤਮਾ ਦੇ ਇਸ ਨਿਰਬਾਣ ਰੂਪ ਨਾਲ ਹੀ ਜੁੜਦੀ ਹੈ ਜਿਸ ਵਿਚ ਫਿਰ ਉਹ ਸਦਾ ਲੀਣ ਰਹਿੰਦਾ ਹੈ ਭਾਵ ਉਸ ਦੇ ਨਾਲ ਜੁੜਿਆ ਰਹਿੰਦਾ ਹੈ। ਭਗਤ ਜੀ ਨੇ ਪ੍ਰਮਾਤਮਾ ਨੂੰ ਇਸ ਤਰੀਕੇ ਪਾਇਆ ਹੈ। (**ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥**)

ਪ੍ਰਮਾਤਮਾ ਨਾਲ ਲਿਵ ਜੋੜਨੀ ਸਭ ਨੇ ਸਮਾਧੀਆਂ ਲਗਾਉਣ ਦੇ ਰੂਪ ਵਿੱਚ ਸਮਝੀ ਹੋਈ ਹੈ। ਜਿਤਨੀ ਕੁ ਕੋਈ ਲੰਬੀ ਸਮਾਧੀ ਵਿੱਚ ਬੈਠਦਾ ਹੈ, ਚੁੱਪ ਕਰ ਕੇ ਬੈਠਦਾ ਹੈ ਉਸਨੂੰ ਉਤਨਾ ਹੀ ਜਿਆਦਾ ਲਿਵ ਜੋੜਨ ਵਾਲਾ ਕਿਹਾ ਜਾਂਦਾ ਹੈ ਭਾਵ ਉਹਨਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ, ਮਾਣ ਦਿੱਤਾ ਜਾਂਦਾ ਹੈ ਕਿ ਇਹ ਪ੍ਰਮਾਤਮਾ ਦੇ ਨਾਲ ਧਿਆਨ ਜੋੜੀ ਬੈਠੇ ਹਨ, ਲਿਵ ਲਗਾਈ ਬੈਠੇ ਹਨ। ਜਿਵੇਂ ਅਸੀਂ ਉਪਰਲੇ ਸ਼ਬਦ ਰਾਹੀਂ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝੀ ਹੈ, ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਭਾਵ ਭਰਮ ਵਿਚੋਂ ਨਿਕਲਿਆ ਜਾ ਸਕਦਾ ਹੈ ਤੇ ਜੋ ਸਮਾਧੀਆਂ ਲਗਾ ਕੇ ਬੈਠੇ ਰਹਿੰਦੇ ਹਨ ਜਿਸ ਨੂੰ ਉਹ ਆਪਣੀ ਭਗਤੀ ਸਮਝਦੇ ਹਨ ਇਹ ਕੇਵਲ ਉਹਨਾਂ ਦੀ ਅਗਿਆਨਤਾ ਹੈ, ਦੁਬਿਧਾ ਹੈ ਭਾਵ ਮਨ ਦੀ ਨਾਸਮਝੀ ਹੈ।

“ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥”

(ਅੰਗ - ੩੩੩)

ਉਪਰਲੀਆਂ ਪੰਗਤੀਆਂ ਰਾਹੀਂ ਭਗਤ ਕਬੀਰ ਜੀ ਨੇ ਸਾਨੂੰ

40/5130

ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ। ਜਦ ਤਕ ਸਾਡਾ ਮਨ **“ਉਨਮਨਿ”** ਅਵਸਥਾ ਵਿਚ ਹੈ ਤਦ ਤਕ ਮਨ ਦੇ ਵਿਚ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਰਹਿੰਦੇ ਹਾਂ ਭਾਵ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਨਾਲ ਵਿਛੋੜੇ ਵਿਚ ਰਹਿੰਦੇ ਹਾਂ ਜਿਸ ਦਾ ਕਾਰਣ ਸਾਡੇ ਅੰਦਰ ਦੀ ਦੁਬਿਧਾ ਹੈ ਤੇ ਇਹ ਦੁਬਿਧਾ ਹੀ ਸਾਡੀ ਮਤਿ ਨੂੰ ਮਾੜੀ ਮਤਿ ਬਣਾ ਕੇ ਰੱਖਦੀ ਹੈ ਭਾਵ ਜੋ ਕਿ ਸਾਡੇ ਅੰਦਰ ਦੀ ਦੁਰਮਤਿ ਹੈ ਭਾਵ ਦੁਬਿਧਾ ਜਾਂ ਦੁਰਮਤਿ ਇੱਕੋ ਹੀ ਗੱਲ ਹੈ। ਪ੍ਰਮਾਤਮਾ ਦੇ ਨਾਲੋਂ ਸਾਡਾ ਮਨ ਦੇ ਵਿਚ ਵਿਛੋੜਾ ਇਸ ਦੁਬਿਧਾ ਕਰਕੇ, ਦੁਰਮਤਿ ਕਰ ਕੇ ਹੀ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸਨੂੰ ਮਨ ਦੀ ਮਾੜੀ ਮਤਿ ਵਿਚੋਂ ਭਾਵ ਭਰਮਾਂ ਵਾਲੀ, ਅਗਿਆਨਤਾ ਵਾਲੀ ਮਤਿ ਵਿਚੋਂ ਹੀ ਕੱਢਦਾ ਹੈ ਜੋ ਸਾਨੂੰ ਸੱਚ ਤੋਂ ਦੂਰ ਰਖਦੀ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸ ਨੂੰ ਮਨ ਦੇ ਵਿਚ ਆਪਣੀ **“ਸੁੰਨਿ”** ਵਾਲੀ ਅਵਸਥਾ ਦੇ ਨਾਲ ਮਿਲਾ ਲੈਂਦਾ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਅਵਸਥਾ ਵਿਚ ਮਿਲਾ ਲੈਂਦਾ ਹੈ ਤੇ ਚਉਥੇ ਪਦ ਦਾ ਮਕਸਦ ਸਾਨੂੰ ਭਰਮਾਂ ਵਿਚੋਂ ਕੱਢਣ ਦਾ ਹੀ ਹੈ, ਉੱਚੇ ਗਿਆਨ ਦਾ ਮਕਸਦ ਛੋਟੇ ਗਿਆਨ ਵਾਲੀ ਮਤਿ ਦੇ ਭਰਮਾਂ ਨੂੰ ਕੱਢਣ ਦਾ ਹੀ ਹੁੰਦਾ ਹੈ ਭਾਵ ਸੱਚ ਸਮਝਾਉਣ ਦਾ ਹੀ ਹੁੰਦਾ ਹੈ। ਮਨ ਦੇ ਵਿਚੋਂ ਜਦੋਂ ਦੁਬਿਧਾ ਨਿਕਲ ਜਾਂਦੀ ਹੈ, ਦੁਰਮਤਿ ਨਿਕਲ ਜਾਂਦੀ ਹੈ, ਭਗਤ ਕਬੀਰ ਜੀ ਸਾਨੂੰ ਇਹ ਸਮਝਾ ਰਹੇ ਹਨ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਇਸ ਤਰੀਕੇ ਵੇਖਿਆ ਹੈ। ਉਹ ਪ੍ਰਮਾਤਮਾ **“ਅਨਭਉ”** ਹੈ ਭਾਵ ਭਉ ਤੋਂ ਰਹਿਤ ਹੈ, ਮਾਇਆ ਮੋਹ ਦੇ ਭਉ ਤੋਂ ਰਹਿਤ ਹੈ ਭਾਵ ਭਰਮਾਂ ਤੋਂ ਰਹਿਤ ਹੈ ਜੋ ਕਿ ਉਹ ਇੱਕੋ ਇੱਕ ਆਪ ਹੀ ਹੈ ਜੋ ਭਉ ਤੋਂ ਰਹਿਤ ਹੈ। ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਦੁਆਰਾ ਹੀ ਭਗਤ ਕਬੀਰ ਜੀ ਸਾਨੂੰ ਸਮਝਾ ਰਹੇ ਹਨ ਰਾਮ ਨਾਮ ਦੇ ਨਾਲ ਲਿਵ ਲੱਗੀ ਹੈ ਭਾਵ ਨਾਮ ਦੇ ਨਾਲ ਸਾਡੀ ਲਿਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਹੀ ਲੱਗਦੀ ਹੈ। ਪ੍ਰਮਾਤਮਾ ਦੇ ਨਾਲ ਲਿਵ ਲੱਗਣੀ ਜਾਂ ਉਸ ਦੇ ਨਾਮ ਦੇ ਨਾਲ ਲਿਵ ਲੱਗਣੀ ਇੱਕੋ ਹੀ ਗੱਲ ਹੈ। ਨਾਮ ਦੇ ਰੂਪ ਵਿਚ ਪ੍ਰਮਾਤਮਾ ਆਪ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੈ। ਸਾਡੀ ਲਿਵ ਰਾਮ ਨਾਮ ਦੇ ਨਾਲ ਮਨ ਦੇ ਵਿਚ ਬ੍ਰਹਮ ਗਿਆਨ ਦੇ ਨਾਲ ਹੀ ਲੱਗਦੀ ਹੈ ਜਿਸ ਦਾ ਮਕਸਦ ਸਾਨੂੰ ਮਾੜੀ ਮਤਿ ਵਿਚੋਂ ਕੱਢਣ ਦਾ ਹੈ, ਦੁਬਿਧਾ ਵਿਚੋਂ, ਦੁਰਮਤਿ ਦੇ ਵਿਚੋਂ ਕੱਢਣ ਦਾ ਹੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਧਿਆਨ ਇਹੋ ਜਿਹੀ ਲਿਵ ਦੁਆਰਾ ਜੁੜਦਾ ਹੈ ਜਦੋਂ ਸਾਡੇ ਧਿਆਨ ਦੇ ਵਿਚ ਭਾਵ ਸਾਡੀ ਮਨ ਦੀ ਸਮਝ ਦੇ

40/5131

ਵਿਚ ਗੁਰਮਤਿ ਰੂਪ ਸੱਚੀ ਸੋਝੀ ਪੈ ਜਾਂਦੀ ਹੈ ਭਾਵ ਜਦੋਂ ਸਾਡਾ ਧਿਆਨ ਗੁਰਮਤਿ ਨਾਲੋਂ ਨਹੀਂ ਹੱਟਦਾ ਤੇ ਹਰ ਵੇਲੇ ਗੁਰਮਤਿ ਰੂਪ ਸੱਚੀ ਮਤਿ ਨਾਲ ਜੁੜਿਆ ਰਹਿੰਦਾ ਹੈ। ਗੁਰਮਤਿ ਨਾਲੋਂ ਸਾਡਾ ਧਿਆਨ ਸਾਡੇ ਅੰਦਰ ਦੀ ਦੁਬਿਧਾ ਤੇ ਦੁਰਮਤਿ ਹੀ ਹਟਾਉਂਦੀ ਹੈ ਭਾਵ ਜੇਕਰ ਅਸੀਂ ਨਾਮ ਦੇ ਨਾਲ ਆਪਣਾ ਧਿਆਨ ਜੋੜਨਾ ਹੈ ਤਾਂ ਫਿਰ ਮਨ ਦੇ ਭਰਮਾਂ ਵਿਚੋਂ ਨਿਕਲਣ ਦਾ ਉਪਰਾਲਾ ਕਰੀਏ, ਗੁਰੂ ਦੀ ਸੱਚੀ ਮਤਿ ਨਾਲ ਆਪਣੀ ਲਿਵ ਜੋੜਨ ਦਾ ਉਪਰਾਲਾ ਕਰੀਏ ਜੋ ਕਿ ਸਮਾਧੀਆਂ ਲਗਾਉਣ

ਦੁਆਰਾ ਨਹੀਂ ਜੁੜਨੀ, ਕਥਨੀ ਕਰੀ ਜਾਣ ਨਾਲ ਨਹੀਂ ਜੁੜਨੀ, ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਜੁੜਨੀ ਹੈ। (**ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥ ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥**)

ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਸਾਡੀ ਕਥਨੀ ਨਹੀਂ ਬਲਕਿ ਕਰਨੀ ਨਾਲ ਜੁੜਿਆ ਹੋਇਆ ਹੈ। ਸਾਰਾ ਫਰਕ ਸ਼ਬਦ ਜਾਂ ਸ਼ਬਦ ਦੀ ਵਿਚਾਰ ਦੇ ਵਿਚ ਹੈ। ਸ਼ਬਦ ਬੋਲੀ ਜਾਣਾ ਸਾਡੀ ਕਥਨੀ ਹੈ ਤੇ ਸ਼ਬਦ ਦੀ ਵਿਚਾਰ ਦੇ ਨਾਲ ਜੁੜਨਾ ਸਾਡੀ ਕਰਣੀ ਹੈ ਕਿਉਂਕਿ ਸ਼ਬਦ ਦੀ ਵਿਚਾਰ ਨੇ ਸਾਡੇ ਮਨ ਦੇ ਭਰਮ ਵਾਲੇ ਵਿਚਾਰ ਹੀ ਬਦਲਣੇ ਹਨ ਜਿੰਨ੍ਹਾਂ ਦੁਆਰਾ ਸਾਡੀ ਕਰਣੀ ਬਦਲਣੀ ਹੈ। ਪ੍ਰਮਾਤਮਾ ਦੀ ਭਗਤੀ ਸਾਡੀ ਕਰਨੀ ਵਿਚ ਹੈ ਨਾ ਕਿ ਕਥਨੀ ਵਿਚ। ਸ਼ਬਦਾਂ ਨੂੰ ਰੱਟੀ ਜਾਣ ਦੇ ਨਾਲ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ ਤੇ ਆਪਣੀ ਕਥਨੀ ਦੁਆਰਾ ਹੀ ਹਰ ਕੋਈ ਆਪਣੇ ਆਪ ਨੂੰ ਉਸ ਪ੍ਰਮਾਤਮਾ ਦੇ ਰੰਗ ਵਿਚ ਰਤਿਆ ਹੋਇਆ ਸਮਝਦਾ ਹੈ। ਪ੍ਰਮਾਤਮਾ ਦੇ ਰੰਗ ਵਿਚ ਸਾਨੂੰ ਸ਼ਬਦ ਦੀ ਵਿਚਾਰ ਨੇ ਰੰਗਣਾ ਹੈ, ਮਨ ਦੀ ਸਮਝ ਨੂੰ ਬਦਲਣ ਦੁਆਰਾ ਰੰਗਣਾ ਹੈ ਨਾ ਕਿ ਸਾਡੀ ਕਥਨੀ ਨੇ ਜਿਸ ਦੁਆਰਾ ਸਾਡੀ ਵਿਚਾਰ ਨਹੀਂ ਬਦਲ ਸਕਦੀ। ਕਥਨੀ ਨਾਲ ਜੁੜੇ ਰਹਿਣਾ ਕੇਵਲ ਸਾਡੇ ਅੰਦਰ ਦਾ ਭਰਮ ਹੈ, ਦੁਬਿਧਾ ਹੈ, ਹਉਮੈ ਹੈ ਜੋ ਕਿ ਸ਼ਬਦ ਦੀ ਵਿਚਾਰ ਨਾਲ ਜੁੜਨ ਦੁਆਰਾ ਹੀ ਸਾਡੇ ਅੰਦਰੋਂ ਨਿਕਲ ਸਕਦੀ ਹੈ। ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਇਸ ਗੱਲ ਨੂੰ ਹਰ ਕੋਈ ਅਸਾਨੀ ਨਾਲ ਸਮਝ ਸਕਦਾ ਹੈ।

“ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥
ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥
ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥
ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥
ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥”

(ਅੰਗ - ੧੨੩੩)

ਉਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਸਾਨੂੰ ਆਪਣੇ ਵਿਚਾਰ ਕਿਸ ਲਈ ਦਿੰਦਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਹਉਮੈ ਵਾਲੀ ਬਿਰਤੀ ਪਾਈ ਹੋਈ ਹੈ ਭਾਵ ਸਾਰੇ ਜਗ ਨੂੰ ਉਸ ਨੇ ਆਪ ਹੀ ਤ੍ਰੈਗੁਣਾਂ ਵਾਲੀ ਅਵਸਥਾ ਵਿਚ, ਮਾਇਆ ਮੋਹ ਵਾਲੀ ਅਵਸਥਾ ਵਿਚ, ਦੁਬਿਧਾ

ਵਿਚ ਭਾਵ ਨਾਸਮਝੀ ਵਾਲੀ ਮਤਿ ਵਿਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਹ ਸਾਰੇ ਜਗ ਨੂੰ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। ਉਹ ਕੇਵਲ ਆਪ ਹੀ ਇਸ ਗੱਲ ਨੂੰ ਜਾਣਦਾ ਹੈ ਜਿਸ ਨੇ ਸਾਡੇ ਅੰਦਰ ਇਹ ਵਿਚਾਰ ਪਾਏ ਹਨ। ਕੋਈ ਵੀ ਸੰਸਾਰੀ ਮਨੁੱਖ ਇਹ ਆਪਣੇ ਆਪ ਕਦੇ ਨਹੀਂ ਸਮਝ ਸਕਦਾ ਕਿ ਅਸੀਂ ਕੌਣ ਹਾਂ, ਇਹ ਸੰਸਾਰ ਕੀ ਹੈ ਭਾਵ ਇਹ ਸੰਸਾਰ ਕਿਵੇਂ ਬਣਿਆ ਹੈ, ਕਿਸ ਨੇ ਬਣਾਇਆ ਹੈ, ਕਿਸ ਤਰੀਕੇ ਬਣਾਇਆ ਹੈ ਤੇ ਇਸ ਨੂੰ ਕੌਣ ਚਲਾ ਰਿਹਾ ਹੈ। ਅਸੀਂ ਜੋ ਕੁਝ ਵੀ ਜਾਣ ਸਕਦੇ ਹਾਂ ਉਹ ਕੇਵਲ ਆਪਣੇ ਮਨ ਦੀ ਸੋਚਿ ਰਾਹੀਂ ਜਾਣ ਸਕਦੇ ਹਾਂ ਪਰ ਸਾਡੀ ਸੋਚਿ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਭਰਮ ਵਾਲੀ ਮਤਿ ਪਾਈ ਹੋਈ ਹੈ ਭਾਵ ਉਸ ਨੇ ਆਪ ਹੀ ਸਾਨੂੰ ਸੱਚਾਈ ਜਾਨਣ ਤੋਂ ਅਸਮਰਥ ਕੀਤਾ ਹੋਇਆ ਹੈ। ਜਿਸਨੂੰ ਪ੍ਰਮਾਤਮਾ ਇਹ ਸਚਾਈ ਜਾਨਣ ਦੇ ਸਮਰੱਥ ਬਣਾਉਂਦਾ ਹੈ ਉਹ ਮਨ ਦੇ ਵਿਚ ਸਮਝ ਦੇਣ ਦੁਆਰਾ ਹੀ ਬਣਾਉਂਦਾ ਹੈ ਭਾਵ ਮਨ ਦਾ ਭਰਮ ਰੂਪ ਪੜਦਾ ਕੱਢਣ ਦੁਆਰਾ ਹੀ ਬਣਾਉਂਦਾ ਹੈ ਤੇ ਹੋਰ ਕਿਸੇ ਤਰੀਕੇ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਸਭ ਜਗ੍ਹਾ ਗੁਪਤ ਰੂਪ ਵਿਚ ਵਿਚਰ ਰਿਹਾ ਹੈ, ਉਹ ਸ਼ਬਦ ਰੂਪ ਵਿਚ ਵਿਚਰ ਰਿਹਾ ਹੈ। ਗੁਰਬਾਣੀ ਰਾਹੀਂ ਉਸ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਸ਼ਬਦ ਰੂਪ ਵਿਚ ਹੀ ਪ੍ਰਗਟ ਕੀਤਾ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਪ੍ਰਗਟ ਕੀਤਾ ਹੈ। ਲਿਖਿਆ ਹੋਇਆ ਸ਼ਬਦ ਜਿਸ ਸ਼ਬਦ ਨੂੰ ਅਸੀਂ ਦੇਖਦੇ ਹਾਂ ਜਾਂ ਪੜਦੇ ਹਾਂ ਉਹ ਆਕਾਰ ਰੂਪ ਹੈ ਜੋ ਵਕਤ ਪਾ ਕੇ ਬਿਨਸ ਜਾਂਦਾ ਹੈ ਪਰ ਪ੍ਰਮਾਤਮਾ ਉਹ ਆਕਾਰ ਰੂਪ ਸ਼ਬਦ ਦੇ ਅੰਦਰ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ। ਪੂਰੀ ਗੁਰਬਾਣੀ ਵਿਚ ਪ੍ਰਮਾਤਮਾ ਆਪਣੇ

ਇਸ ਨਿਰੰਕਾਰ ਰੂਪ ਵਿਚ ਹੈ ਜੋ ਕਿ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ। ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤੇ ਪ੍ਰਮਾਤਮਾ ਨੂੰ ਅਸੀਂ ਤਾਂ ਹੀ ਪਾ ਸਕਾਂਗੇ ਜੇਕਰ ਸ਼ਬਦ ਦੇ ਨਿਰੰਕਾਰ ਰੂਪ ਨਾਲ ਜੁੜਾਂਗੇ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ - ੧੨੦)

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ - ੪੫੬)

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਸ਼ਬਦ ਰੂਪ ਵਿਚ ਹੀ ਵਿਚਰਦਾ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ। **{ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}** ਅੰਗ ੯੩੭ ਜੇਕਰ ਅਸੀਂ ਸ਼ਬਦ ਦੇ ਆਕਾਰ ਰੂਪ ਨਾਲ ਜੁੜਾਂਗੇ ਭਾਵ ਸ਼ਬਦ ਦੀ ਕਥਨੀ ਨਾਲ ਜੁੜਾਂਗੇ, ਕੇਵਲ

40/5133

ਅੱਖਰਾਂ ਦੇ ਦਰਸ਼ਨ ਨਾਲ ਜੁੜਾਂਗੇ ਤਾਂ ਕੀ ਅਸੀਂ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ ਜੋ ਨਿਰੰਕਾਰ ਰੂਪ ਵਿਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿਚ ਹੈ। ਜਿਸ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਮਤਿ ਵਿਚ ਰੱਖਿਆ ਹੋਇਆ ਹੈ ਉਸ ਵਿਚੋਂ ਕੱਢਣ ਦਾ ਉਪਰਾਲਾ ਵੀ ਪ੍ਰਮਾਤਮਾ ਨੇ ਆਪ ਹੀ ਕੀਤਾ ਹੈ ਤਾਂ ਕਿ ਉਸ ਪ੍ਰਮਾਤਮਾ ਨੂੰ ਜਾਣਿਆ ਜਾ ਸਕੇ, ਇਸ ਸੰਸਾਰ ਦੀ ਅਸਲੀਅਤ ਨੂੰ ਸਮਝਿਆ ਜਾ ਸਕੇ। ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਸਮਝਾਉਣ ਨਾਲ ਹੀ ਹੈ ਭਾਵ ਸਾਨੂੰ ਮਨ ਦੇ ਭਰਮਾਂ ਵਿਚੋਂ ਕੱਢਣ ਦਾ ਹੀ ਹੈ। ਸ਼ਬਦਾਂ ਦੀ ਵਿਚਾਰ ਰਾਹੀਂ ਪ੍ਰਮਾਤਮਾ ਨੇ ਸਾਨੂੰ ਅਨੇਕਾਂ ਹੀ ਗੱਲਾਂ ਸਮਝਾਈਆਂ ਹਨ ਜੋ ਕਿ ਸਾਡੇ ਮੰਨਣ ਲਈ ਸਮਝਾਈਆਂ ਹਨ। ਜਿਉਂ ਜਿਉਂ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨੀ ਜਾਵਾਂਗੇ ਤਿਉਂ ਤਿਉਂ ਸਾਡੀ ਕਰਨੀ ਬਦਲਦੀ ਜਾਵੇਗੀ ਜੋ ਕਿ ਸਾਡੇ ਲਈ ਸੱਚਾ ਉਦਮ ਹੈ। ਪ੍ਰਮਾਤਮਾ ਆਪਣੀ ਕਿਰਪਾ ਉਸ ਤੇ ਹੀ ਕਰਦਾ ਹੈ ਜੋ ਪਹਿਲੇ ਇਸ ਸੱਚੇ ਉਦਮ ਨਾਲ ਜੁੜਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨਾਲ ਜੁੜਦਾ ਹੈ। **{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}** ਅੰਗ ੫੯੪

ਸ਼ਬਦ ਦਾ ਵੀਚਾਰੀ ਬਣਨਾ ਸਭ ਤੋਂ ਅਉਖੀ ਗੱਲ ਹੈ ਭਾਵ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ, ਪੂਰੀ ਤਰ੍ਹਾਂ ਮਨ ਦੇ ਵਿਕਾਰਾਂ ਤੋਂ ਰਹਿਤ ਹੋਣਾ ਪੈਂਦਾ ਹੈ, ਮਾਯਾਵੀ ਪਦਾਰਥਾਂ ਦਾ ਮੋਹ ਤਿਆਗਣਾ ਪੈਂਦਾ ਹੈ। ਇਹ ਭਗਤੀ ਦਾ ਮਾਰਗ ਹੈ ਜਿਸ ਤੇ ਚਲਣਾ ਹੀ ਸਾਡਾ ਸੱਚਾ ਉਦਮ ਹੈ। ਪ੍ਰਮਾਤਮਾ ਨੇ ਇਹ ਮਾਰਗ ਆਪ ਹੀ ਅਉਖਾ ਬਣਾਇਆ ਹੋਇਆ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਪਾਉਣਾ ਬਹੁਤ ਔਖਾ ਹੈ। ਇਸ ਔਖੇ ਮਾਰਗ ਨੂੰ ਅਪਨਾਏ ਬਿਨਾ ਹੀ ਜੋ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਨ ਉਹ ਕਥਨੀ ਨਾਲ ਜੁੜੇ ਰਹਿੰਦੇ ਹਨ, ਸਰੀਰਕ ਜਪਾਂ ਤਪਾਂ ਆਦਿ ਨਾਲ ਜੁੜੇ ਰਹਿੰਦੇ ਹਨ ਜਿੰਨ੍ਹਾਂ ਨੂੰ ਸਾਡੀਆਂ ਚਤੁਰਾਈਆਂ ਕਿਹਾ ਹੈ, ਪਾਖੰਡ ਕਿਹਾ ਹੈ। **{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥}** ਅੰਗ ੪੧੨ **{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}** ਅੰਗ ੧੩੪੩ **{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥ ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥ ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥ ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥ ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥}** ਅੰਗ ੩੨੪ **{ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥ ਪਰ ਨਿੰਦਾ ਕਰੇ ਅੰਤਰਿ ਮਲੁ ਲਾਏ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥}** ਅੰਗ ੮੮

ਜੋ ਸ਼ਬਦ ਦਾ ਵੀਚਾਰੀ ਬਣਦਾ ਹੈ ਉਹ ਫਿਰ ਕਦੇ ਪਾਖੰਡ ਵਾਲੀ ਭਗਤੀ ਨਾਲ ਨਹੀਂ ਜੁੜ ਸਕਦਾ, ਪ੍ਰਮਾਤਮਾ ਨੂੰ ਪਾਉਣ ਦੀਆਂ ਚਤੁਰਾਈਆਂ ਨਾਲ ਨਹੀਂ ਜੁੜ ਸਕਦਾ ਭਾਵ ਉਹੋ ਜਿਹੇ ਮਾਰਗ ਤੇ ਚੱਲੇਗਾ ਜੋ ਮਾਰਗ ਗੁਰੂ ਸਾਨੂੰ, **"ਸਬਦੁ"** ਸਾਨੂੰ

ਆਪਣੀ ਵਿਚਾਰ ਦੁਆਰਾ ਸਮਝਾਉਂਦਾ ਹੈ ਜਿਵੇਂ

40/5134

ਕਿ ਸ਼ਬਦ ਦੇ ਉਪਰ ਦਿੱਤੇ ਹੋਏ ਪਹਿਲੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ।

"ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥

ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥"

ਪ੍ਰਮਾਤਮਾ ਦੇ ਰੰਗ ਵਿਚ, ਗੁਰੂ ਦੇ ਰੰਗ ਵਿਚ, **"ਸਬਦੁ"** ਦੇ ਰੰਗ ਵਿਚ ਸਾਡੀ ਮਤਿ ਨੇ ਹੀ ਰੰਗਣਾ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਨੇ ਹੀ ਰੰਗਣਾ ਹੈ ਭਾਵ ਸਾਡੇ ਅੰਦਰ ਦੇ ਨਿਰੰਕਾਰ ਰੂਪ ਨੇ ਨਿਰੰਕਾਰ ਰੂਪ ਨਾਲ ਹੀ ਰੰਗਣਾ ਹੈ ਭਾਵ ਸਾਡੇ ਅੰਦਰ ਦੇ ਗਿਆਨ ਰੂਪ ਨੇ ਗਿਆਨ ਰੂਪ ਨਾਲ ਹੀ ਰੰਗਣਾ ਹੈ ਭਾਵ ਸਾਡੀ ਮਤਿ ਨੇ ਗੁਰੂ ਦੀ ਮਤਿ ਨਾਲ ਰੰਗਣਾ ਹੈ, ਸਾਡੀ ਭਰਮ ਵਾਲੀ ਮਤਿ ਨੇ ਆਪਣੇ ਆਪ ਨੂੰ ਭਰਮ ਤੋਂ ਰਹਿਤ ਮਤਿ ਦੇ ਨਾਲ ਰੰਗਣਾ ਹੈ ਭਾਵ ਸਾਡੀ ਸੁਰਤਿ ਦੇ ਵਿਚਾਰਾਂ ਨੇ ਆਪਣੇ ਆਪ ਨੂੰ ਸ਼ਬਦ ਦੇ ਵਿਚਾਰਾਂ ਦੇ ਨਾਲ ਰੰਗਣਾ ਹੈ ਜਿਸ ਨੂੰ ਰੰਗਣ ਦੁਆਰਾ ਸਾਡੇ ਅੰਦਰ ਦੇ ਹਉਮੈ ਵਾਲੇ ਵਿਚਾਰ ਭਾਵ ਮਨਮਤਿ ਵਾਲੇ ਵਿਚਾਰ, ਅਗਿਆਨਤਾ ਵਾਲੇ ਵਿਚਾਰ ਜੋ ਸਾਨੂੰ ਹਰ ਵੇਲੇ ਤ੍ਰਿਸ਼ਨਾਵਾਂ ਵਿਚ ਪਾ ਕੇ ਰੱਖਦੇ ਹਨ, ਮਾਇਆ ਮੋਹ ਵਿਚ ਰਖਦੇ ਹਨ, ਮਨ ਦੇ ਵਿਕਾਰਾਂ ਨਾਲ ਜੋੜੀ ਰੱਖਦੇ ਹਨ ਭਾਵ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਉਹ ਵਿਚਾਰ ਮਰ ਜਾਂਦੇ ਹਨ ਭਾਵ ਉਹਨਾਂ ਦੇ ਨਾਲ ਮਨੁੱਖ ਦਾ ਮੋਹ ਖਤਮ ਹੋ ਜਾਂਦਾ ਹੈ। ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਭਾਵ ਸ਼ਬਦ ਦਾ ਵਿਚਾਰੀ ਬਣਨਾ ਬਹੁਤ ਔਖਾ ਹੈ ਤੇ ਇਸੇ ਲਈ ਹਰ ਕੋਈ ਸ਼ਬਦ ਦੀ ਕਥਨੀ ਨਾਲ ਹੀ ਜੁੜਿਆ ਰਹਿੰਦਾ ਹੈ ਤੇ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ ਜਿਸ ਦੁਆਰਾ ਕਦੇ ਨਹੀਂ ਪਾਇਆ ਜਾ ਸਕਦਾ ਭਾਵ ਆਪਣੀ ਮਤਿ ਤਿਆਗੇ ਬਿਨਾ ਭਾਵ ਸ਼ਬਦ ਦੀ ਵਿਚਾਰ ਨੂੰ ਮੰਨੇ ਬਿਨਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਸਾਡੇ ਅੰਦਰ ਉਹ ਪ੍ਰਮਾਤਮਾ ਜੋ ਕਿ **"ਨਿਹਕੇਵਲੁ"** ਰੂਪ ਵਿਚ ਹੈ ਜੋ ਭਰਮਾਂ ਦੀ ਮੈਲ ਤੋਂ ਰਹਿਤ ਹੈ, ਮਨ ਦੀ ਇਸ ਅਵਸਥਾ ਦੁਆਰਾ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਮਨੁੱਖ ਨੂੰ ਸਮਝ ਲਗਦੀ ਹੈ ਕਿ ਸਭ ਦੇ ਅੰਦਰ ਆਤਮਾ ਦੇ ਰੂਪ ਵਿਚ ਭਾਵ ਮਨ ਦੇ ਰੂਪ ਵਿਚ ਭਾਵ ਮਨ ਦੇ ਵਿਚਾਰਾਂ ਦੇ ਰੂਪ ਵਿਚ ਆਪ ਹੀ ਹੈ ਭਾਵ ਸ਼ਬਦਾਂ ਦੀ ਵਿਚਾਰ ਹੀ ਸਾਨੂੰ ਪ੍ਰਮਾਤਮਾ ਦੇ ਨਾਲ ਇੱਕ ਕਰਦੀ ਹੈ, ਸ਼ਬਦਾਂ ਦਾ ਗਿਆਨ ਹੀ ਹਉਮੈ ਵਾਲੀ ਮਤਿ ਵਿਚੋਂ ਕੱਢ ਕੇ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਹੈ, ਮਨ ਦੀ ਸੋਝੀ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਮੇਲ ਲਈ ਸਾਰੀ ਗੱਲ ਸ਼ਬਦ ਦੀਆਂ ਵਿਚਾਰਾਂ ਨੂੰ ਮੰਨਣ ਨਾਲ ਜੁੜੀ ਹੋਈ ਹੈ। (**ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥ ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥**)

ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਭਾਵ ਹਉਮੈ ਤੋਂ,

40/5135

ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ, ਉਸ ਦਾ ਸੇਵਕ ਬਣਿਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥

ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥"

ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਸ਼ਬਦ ਦੀ ਵਿਚਾਰ ਦੇ ਨਾਲ ਸਾਡੇ ਮਨ ਨੇ ਹੀ ਰੱਤਣਾ ਹੈ ਤੇ ਸਾਡੇ ਮਨ ਦਾ ਸੱਚੇ ਵਿਚਾਰਾਂ ਨਾਲ ਜੁੜਨਾ ਹੀ ਸੱਚ ਦੇ ਨਾਲ ਰੱਤਣਾ ਹੈ ਭਾਵ ਨਾਮ ਦੇ ਨਾਲ ਰੱਤਣਾ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ ਭਾਵ ਜੋ ਆਪਣੇ ਅੰਦਰੋਂ ਹਉਮੈ ਨੂੰ, ਤ੍ਰਿਸ਼ਨਾਵਾਂ ਨੂੰ ਤਿਆਗਦਾ ਹੈ ਉਹੀ ਨਾਮ ਦੇ ਨਾਲ ਰੱਤਿਆ ਹੋਇਆ ਹੈ ਤੇ ਪ੍ਰਮਾਤਮਾ ਨੂੰ ਮਨ ਦੀ ਇਹੋ ਜਿਹੀ ਅਵਸਥਾ ਵਾਲੇ ਹੀ ਭਾਉਂਦੇ ਹਨ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਵਾਲੇ ਹੀ ਭਾਉਂਦੇ ਹਨ। ਪ੍ਰਮਾਤਮਾ ਦੇ ਮਹਲ ਦੀ ਪ੍ਰਾਪਤੀ ਜੋ ਕਿ ਸਾਡਾ ਮਨ ਹੀ ਹੈ ਭਾਵ ਮਨ ਦੇ ਅੰਦਰ ਸੱਚੇ ਗਿਆਨ ਦੇ ਰੂਪ ਵਿਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ, ਉਹੀ ਮਨੁੱਖ ਪਾਉਂਦੇ ਹਨ ਜੋ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਮਨ ਦੀ ਦੁਬਿਧਾ ਵਿਚੋਂ ਨਿਕਲਦੇ

ਹਨ। ਜਦ ਤਕ ਸਾਡੇ ਅੰਦਰ ਦੁਬਿਧਾ ਹੈ ਤਦ ਤਕ ਸਾਡੇ ਸਭ ਦੇ ਅੰਦਰ ਝੂਠੀ ਮਤਿ ਹੈ ਜਿਸ ਮਤਿ ਦੇ ਰਹਿੰਦਿਆਂ ਸਾਨੂੰ ਗੁਣਾਂ ਅਵਗੁਣਾਂ ਦੀ ਸਮਝ ਨਹੀਂ ਪੈਂਦੀ ਕਿ ਧਰਮ ਦੇ ਮਾਰਗ ਤੇ ਚੱਲਣ ਲਈ ਗੁਣ ਕੀ ਹੈ ਤੇ ਅਵਗੁਣ ਕੀ ਹੈ। ਜਿਹੋ ਜਿਹੇ ਭਗਤੀ ਦੇ ਮਾਰਗ ਤੇ ਕੋਈ ਚੱਲਦਾ ਹੈ ਉਸ ਨੂੰ ਉਹ ਆਪਣਾ ਗੁਣ ਹੀ ਸਮਝਦਾ ਹੈ। ਕਿਸੇ ਅੱਖਰ ਨੂੰ ਜਪਣਾ ਹੀ ਅਸੀਂ ਆਪਣਾ ਗੁਣ ਸਮਝਦੇ ਹਾਂ, ਵੱਧ ਤੋਂ ਵੱਧ ਸ਼ਬਦਾਂ ਦੀ ਕਥਨੀ ਕਰਨ ਨੂੰ ਅਸੀਂ ਗੁਣ ਸਮਝਦੇ ਹਾਂ, ਸਰੀਰਕ ਜਪਾਂ ਤਪਾਂ ਨੂੰ ਅਸੀਂ ਆਪਣਾ ਗੁਣ ਸਮਝਦੇ ਹਾਂ, ਘਰ ਬਾਹਰ ਛੱਡਕੇ ਜੰਗਲਾਂ ਵਿਚ ਭਉਣ ਨੂੰ ਅਸੀਂ ਭਗਤੀ ਦਾ ਗੁਣ ਸਮਝਦੇ ਹਾਂ, ਤੀਰਥਾਂ ਆਦਿ ਦੇ ਇਸ਼ਨਾਨ ਨੂੰ ਅਸੀਂ ਭਗਤੀ ਦਾ ਗੁਣ ਸਮਝਦੇ ਹਾਂ। ਆਪਣੀ ਆਪਣੀ ਮਰਿਯਾਦਾ ਅਨੁਸਾਰ ਸੁੱਚੇ ਚਉਂਕੇ ਬਣਾਕੇ, ਸੁੱਚੀ ਵਿਧੀ ਨਾਲ ਖਾਣੇ ਬਣਾਕੇ ਖਾਣ ਨੂੰ ਅਸੀਂ ਭਗਤੀ ਦਾ ਗੁਣ ਸਮਝਦੇ ਹਾਂ, ਕਿਸੇ ਖਾਸ ਵੇਲੇ ਜਪ ਕਰਨ ਨੂੰ ਅਸੀਂ ਭਗਤੀ ਦਾ ਗੁਣ ਸਮਝਦੇ ਹਾਂ, ਅਸੀਂ ਕਿਹੋ ਜਿਹੇ ਰੰਗ ਦੇ ਬਸਤਰ ਪਾਉਣੇ ਹਨ, ਕਿਹੋ ਜਿਹਾ ਬਾਣਾ ਪਾਉਣਾ ਹੈ ਉਸ ਵਿਚ ਭਗਤੀ ਦਾ ਗੁਣ ਸਮਝਦੇ ਹਾਂ ਭਾਵ ਅਸੀਂ ਅਨੇਕਾਂ ਹੀ ਅਨੇਕਾਂ ਮਰਿਯਾਦਾ ਨਾਲ ਜੁੜੇ ਹੋਏ ਹਾਂ ਜਿੰਨ੍ਹਾਂ ਨਾਲ ਸਾਡੇ ਮਨ ਦੀ ਮੈਲ ਨਹੀਂ ਉਤਰ ਸਕਦੀ। ਮਨ ਦੀ ਮੈਲ ਕੇਵਲ ਸਾਡੇ ਅੰਦਰੋਂ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਨਿਕਲਦੀ ਹੈ, ਹਉਮੈ ਛੱਡਣ ਦੁਆਰਾ ਨਿਕਲਦੀ ਹੈ, ਤ੍ਰਿਸ਼ਨਾਵਾਂ ਛਡਣ ਨਾਲ ਨਿਕਲਦੀ ਹੈ, ਵਿਕਾਰ ਛੱਡਣ ਨਾਲ ਨਿਕਲਦੀ ਹੈ, ਕਾਮ, ਕ੍ਰੋਧ,

40/5136

ਲੋਭ, ਮੋਹ, ਅਹੰਕਾਰ ਆਦਿ ਛੱਡਣ ਨਾਲ ਨਿਕਲਦੀ ਹੈ ਭਾਵ ਸੱਚੀ ਭਗਤੀ ਨੂੰ ਸਮਝਣ ਵਿਚ ਹਰ ਕੋਈ ਦੁਬਿਧਾ ਵਿਚ ਹੈ। ਦੁਬਿਧਾ ਵਿਚੋਂ ਨਿਕਲਣ ਤੇ ਹੀ ਭਾਵ ਪ੍ਰਮਾਤਮਾ ਦੇ ਆਪ ਸਮਝਾਉਣ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਜੋ ਵੀ ਕੰਮ ਸਾਡਾ ਸ਼ਬਦ ਦੀ ਵਿਚਾਰ ਦੇ ਅਨੁਸਾਰ ਹੈ ਉਹ ਸਾਡਾ ਗੁਣ ਹੈ ਤੇ ਸਾਡਾ ਜੋ ਵੀ ਕਰਮ ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹੈ ਭਾਵੇਂ ਉਹਨਾਂ ਨੂੰ ਅਸੀਂ ਆਪਣੇ ਭਗਤੀ ਵਾਲੇ ਕਰਮ ਸਮਝਦੇ ਹਾਂ, ਉਹ ਸਾਡਾ ਅਉਗਣ ਹੈ, ਚਤੁਰਾਈ ਹੈ, ਪਾਖੰਡ ਹੈ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਾਂ। ਇਹੀ ਦੁਬਿਧਾ ਹੈ ਜਿਸ ਵਿਚੋਂ ਨਿਕਲਣ ਦੀ ਲੋੜ ਹੈ। (**ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥ ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥**)

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਹਨਾਂ ਨੇ ਹੀ ਪ੍ਰਮਾਤਮਾ ਦੀ ਅਕਥ ਕਥਾ ਰੱਚੀ ਹੈ ਭਾਵ ਸੱਚੀ ਬਾਣੀ ਰੱਚੀ ਹੈ ਤੇ ਉਹਨਾਂ ਨੇ ਇਹ ਰਚਨਾ ਮਨ ਦੀ ਇਸ ਅਵਸਥਾ ਦੁਆਰਾ ਹੀ ਕੀਤੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥

ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥”

ਜਿੰਨ੍ਹਾਂ ਨੇ ਪ੍ਰਮਾਤਮਾ ਦਾ ਮਹਲ ਪਾਇਆ ਹੈ ਤੇ ਉਹਨਾਂ ਨੇ ਮਨ ਦੀ ਦੁਬਿਧਾ ਨਿਕਲਣ ਦੁਆਰਾ ਹੀ ਪਾਇਆ ਹੈ ਜਿਵੇਂ ਕਿ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਭਾਵ ਸਾਡਾ ਮਨ ਹੀ ਪ੍ਰਮਾਤਮਾ ਦਾ ਮਹਲ ਹੈ ਜੋ ਕਿ ਸੱਚਾ ਗਿਆਨ ਰੂਪ ਮਹਲ ਹੈ, ਨਿਰੰਕਾਰ ਰੂਪ ਮਹਲ ਹੈ ਜਿਸ ਮਹਲ ਦੇ ਵਿਚ ਹੀ ਉਹ ਮਨ ਦੀ ਦੁਬਿਧਾ ਤੋਂ ਮੁਕਤਿ ਕਰਦਾ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਹਨਾਂ ਨੂੰ ਇਸੇ ਤਰੀਕੇ ਹੀ ਮੇਲਦਾ ਹੈ ਤੇ ਉਸ ਦੇ ਨਾਲ ਮੇਲ ਤੋਂ ਬਾਦ ਹੀ ਉਸ ਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਉਸ ਅਕਥ ਰੂਪ ਪ੍ਰਮਾਤਮਾ ਨੂੰ ਕਥਿਆ ਹੈ ਜੋ ਅਕਥ ਕਥਾ ਪੂਰੀ ਗੁਰਬਾਣੀ ਦੇ ਰਾਹੀਂ ਸਾਡੇ ਕੋਲ ਮੌਜੂਦ ਹੈ। ਇਹ ਪੂਰੀ ਅਕਥ ਕਥਾ ਪ੍ਰਮਾਤਮਾ ਦੇ ਮਹਲ ਵਿਚੋਂ ਹੀ ਆਈ ਹੈ, ਉਸ ਦੇ ਬ੍ਰਹਮ ਗਿਆਨ ਰੂਪ ਮਹਲ ਵਿਚੋਂ ਹੀ ਆਈ ਹੈ ਭਾਵ ਉਸ ਦੀ ਦਰਗਾਹ ਵਿਚੋਂ ਹੀ ਆਈ ਹੈ ਜੋ ਉਸ ਦੀ ਦਰਗਾਹ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੇ ਇਸ ਮਹਲ ਦੇ ਵਿਚੋਂ, ਦਰਗਾਹ ਦੇ ਵਿਚੋਂ **“ਸਚੁ”** ਹੀ ਉਪਜਦਾ ਹੈ, **“ਸਬਦੁ”** ਹੀ ਉਪਜਦਾ ਹੈ। ਪੂਰੀ ਗੁਰਬਾਣੀ ਵਿਚ **“ਸਚੁ ਸਬਦੁ”** ਹੈ ਭਾਵ ਜੋ ਵੀ **“ਸਬਦੁ”** ਸਮਝਾਉਂਦਾ ਹੈ,

40/5137

ਵਿਚਾਰ ਦਿੰਦਾ ਹੈ, ਉਹ ਸਚ ਹੀ ਸਮਝਾਉਂਦਾ ਹੈ ਭਾਵ ਜੋ **“ਸਬਦੁ”** ਦੀ ਬਾਣੀ ਹੈ ਭਾਵ ਜੋ **“ਸਬਦੁ”** ਦੇ ਬੋਲ ਹਨ ਉਹਨਾਂ ਦੇ ਅੰਦਰ ਪੂਰਨ ਸੱਚ ਹੈ, ਇਸੇ ਲਈ ਪੂਰੀ ਗੁਰਬਾਣੀ ਸੱਚੀ ਬਾਣੀ ਹੈ ਜੋ ਆਪਣੇ ਸ਼ਬਦ ਦੇ ਵਿਚਾਰਾਂ ਰਾਹੀਂ ਸਾਰੇ ਸੰਸਾਰ ਨੂੰ ਸੱਚ ਹੀ ਸਮਝਾ ਰਹੀ ਹੈ ਜਿਸ ਸੱਚ ਦੁਆਰਾ ਅਸੀਂ ਉਸ **“ਅਕਥੁ”** ਰੂਪ ਪ੍ਰਮਾਤਮਾ ਨੂੰ ਭਾਵ ਨਾ ਕਥੇ ਜਾਣ ਵਾਲੇ ਪ੍ਰਮਾਤਮਾ

ਨੂੰ ਕੱਥ ਸਕਦੇ ਹਾਂ। ਮਨ ਦੀ ਦੁਬਿਧਾ ਵਿਚ ਰਹਿੰਦੇ ਹੋਏ ਉਹ ਪ੍ਰਮਾਤਮਾ ਸਾਡੇ ਸਭ ਦੇ ਲਈ ਅਕਥ ਹੈ ਤੇ ਉਸਨੂੰ ਗੁਰਬਾਣੀ ਦੀ ਸੱਚੀ ਮਤਿ ਨਾਲ ਜੁੜਕੇ ਹੀ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਜੁੜਕੇ ਹੀ, ਦੁਬਿਧਾ ਵਿਚੋਂ ਨਿਕਲਕੇ ਹੀ ਕਥਿਆ ਜਾ ਸਕਦਾ ਹੈ। (**ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥**) ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਪੜਿਆ ਹੈ **"ਸਚੁ"** ਹੀ **"ਸਬਦੁ"** ਤੇ **"ਸਚੁ"** ਹੀ ਬਾਣੀ ਹੈ ਭਾਵ ਨਾਮ ਹੀ ਸਬਦੁ ਹੈ ਨਾਮ ਹੀ ਬਾਣੀ ਹੈ ਭਾਵ ਪੂਰੀ ਗੁਰਬਾਣੀ ਵਿਚ ਜੋ ਸਾਨੂੰ ਸੱਚ ਸਮਝਾਇਆ ਹੋਇਆ ਹੈ ਉਹ ਨਾਮ ਹੈ। **"ਸਬਦੁ" "ਸਚੁ"** ਹੈ ਤੇ **"ਸਬਦੁ"** ਆਪਣੀ ਬਾਣੀ ਦੁਆਰਾ **"ਸਚੁ"** ਹੈ ਭਾਵ ਆਪਣੇ ਬੋਲਾਂ ਦੁਆਰਾ ਸੱਚ ਹੈ ਭਾਵ ਜੋ ਸ਼ਬਦ ਨੇ, ਗੁਰੂ ਨੇ ਬੋਲ ਬੋਲੇ ਹਨ, ਬਾਣੀ ਬੋਲੀ ਹੈ ਉਸ ਵਿਚ ਸੱਚ ਹੈ ਭਾਵ **"ਸਬਦੁ"** ਦਾ ਸੱਚ ਉਸ ਦੇ ਬੋਲਾਂ ਵਿਚ ਹੈ, ਬਾਣੀ ਵਿਚ ਹੈ ਭਾਵ ਜੇਕਰ ਅਸੀਂ **"ਸਚੁ"** ਨਾਲ ਜੁੜਨਾ ਹੈ ਤੇ **"ਸਬਦੁ"** ਨੇ ਜੋ ਸੱਚ ਸਾਨੂੰ ਸਮਝਾਇਆ ਹੈ, ਆਪਣੇ ਬੋਲ ਬੋਲਣ ਦੁਆਰਾ ਸਮਝਾਇਆ ਹੈ ਭਾਵ ਆਪਣੇ ਬੋਲਾਂ ਰਾਹੀਂ ਜੋ ਵਿਚਾਰ ਦਿੱਤੇ ਹਨ ਉਸ **"ਸਚੁ"** ਦੇ ਨਾਲ ਜੁੜਨਾ ਹੈ। (**ਸਚੁ ਸਬਦੁ ਸਚੁ ਬਾਣੀ ॥**) **{ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥}** ਅੰਗ ੯੮੨ **{ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥ ਸਤਿਗੁਰ ਬਚਨੁ ਬਚਨੁ ਹੈ ਸਤਿਗੁਰੁ ਪਾਧਰੁ ਮੁਕਤਿ ਜਨਾਵੈਗੋ ॥੫॥}** ਅੰਗ ੧੩੦੯ **{ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥ ਜਿਉ ਅੰਬਰੀਕਿ ਅਮਰਾ ਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ ॥੨॥}** ਅੰਗ ੧੩੧੧ **{ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥ ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥ ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥}** ਅੰਗ ੧੨੩੯

ਜਦ ਤਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ **"ਸਚੁ"** ਕੀ ਹੈ, ਨਾਮ ਕੀ ਹੈ, ਅੰਮ੍ਰਿਤ ਕੀ ਹੈ ਤਦ ਤਕ ਅਸੀਂ ਉਸ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਪਰਾਲਾ ਨਹੀਂ ਕਰ ਸਕਦੇ। ਉਪਰ ਪੰਗਤੀਆਂ ਵਿਚ ਅਸੀਂ ਇਹ ਸਮਝਿਆ ਹੈ ਕਿ ਅੰਮ੍ਰਿਤ ਇਕੋ ਹੀ ਹੈ ਤੇ ਦੂਸਰੀ ਪੰਗਤੀ ਰਾਹੀਂ ਅਸੀਂ ਇਹ ਸਮਝਿਆ ਹੈ **"ਵਿਚਿ ਬਾਣੀ ਅੰਮ੍ਰਿਤੁ ਸਾਰੇ"** ਅੰਮ੍ਰਿਤ ਪ੍ਰਮਾਤਮਾ ਦਾ ਨਾਮ ਹੈ ਭਾਵ ਸੱਚ ਹੈ ਤੇ ਸਚੁ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਇਹੀ ਉਸਦਾ ਆਪਣਾ ਸਬਦੁ ਰੂਪ ਹੈ। ਪ੍ਰਮਾਤਮਾ ਤਾਂ ਇਕੋ ਹੀ ਹੈ ਜੋ ਸੱਚ ਦੇ ਰੂਪ ਵਿਚ ਹੈ ਤੇ ਪੂਰੀ

ਗੁਰਬਾਣੀ ਰਾਹੀਂ ਸਾਨੂੰ ਸੱਚ ਸਮਝਾਇਆ ਹੋਇਆ ਹੈ। ਇਹ ਸਚ ਸਾਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ, ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ, ਹਰ ਗੁਰੂ ਦਾ ਬੋਲ, ਗੁਰੂ ਦਾ ਹਰ ਬਚਨ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵ ਗੁਰਬਾਣੀ ਦੇ ਸਾਰੇ ਸ਼ਬਦ ਅੰਮ੍ਰਿਤੁ ਨਾਲ ਭਰਪੂਰ ਹਨ, ਗੁਰੂ ਦੇ ਸਾਰੇ ਬੋਲ ਅੰਮ੍ਰਿਤੁ ਬੋਲ ਹਨ ਭਾਵ ਹਰ ਸ਼ਬਦ ਦੇ ਬੋਲ ਰਾਹੀਂ ਉਸ ਸਚੁ ਰੂਪ ਪ੍ਰਮਾਤਮਾ ਨੇ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ, ਉਸ ਅੰਮ੍ਰਿਤ ਰੂਪ ਪ੍ਰਮਾਤਮਾ ਨੇ ਹਰ ਸ਼ਬਦ ਰਾਹੀਂ ਅੰਮ੍ਰਿਤੁ ਰੂਪ ਗਿਆਨ ਦਿੱਤਾ ਹੈ ਜੋ ਅੰਮ੍ਰਿਤ ਸਾਡੇ ਮਨ ਨੇ ਪੀਣਾ ਹੈ ਭਾਵ ਅਸੀਂ ਬਾਣੀ ਦੇ ਹਰ ਬਚਨ ਨੂੰ ਮੰਨਣਾ ਹੈ ਭਾਵ ਜਿਤਨੇ ਵੀ ਅੰਮ੍ਰਿਤੁ ਰੂਪ ਵਿਚਾਰ ਬਾਣੀ ਵਿਚ ਦਿੱਤੇ ਹੋਏ ਹਨ ਉਹ ਸਾਰੇ ਅੰਮ੍ਰਿਤ ਰੂਪ ਵਿਚਾਰ ਇਕੋ ਇਕ ਸਚੁ ਰੂਪ, ਅੰਮ੍ਰਿਤੁ ਰੂਪ ਪ੍ਰਮਾਤਮਾ ਦੀ ਆਪਣੀ ਘੜਤ ਹਨ। ਹਰ ਅੰਮ੍ਰਿਤੁ ਰੂਪ ਬਚਨ ਸਾਨੂੰ ਉਸ ਅੰਮ੍ਰਿਤੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੀ ਸਿਖਾਉਂਦਾ ਹੈ। ਅਸੀਂ ਹਰ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੈ ਭਾਵ ਪੂਰੀ ਗੁਰਬਾਣੀ ਰਾਹੀਂ ਜੋ ਵੀ ਸ਼ਬਦਾਂ ਰਾਹੀਂ ਵਿਚਾਰਾਂ ਦਿੱਤੀਆਂ ਹੋਈਆਂ ਹਨ ਅਸੀਂ ਉਹਨਾਂ ਤੇ ਪੂਰਾ ਉਤਰਨਾ ਹੈ ਜਿਸ ਦੁਆਰਾ ਅਸੀਂ ਉਸ ਅੰਮ੍ਰਿਤੁ ਦੇ ਦਾਤੇ, ਨਾਮ ਦੇ ਦਾਤੇ, ਬ੍ਰਹਮ ਗਿਆਨ ਦੇ ਦਾਤੇ ਬ੍ਰਹਮ ਗਿਆਨੀ ਦੇ ਨਾਲ ਮੇਲ ਕਰ ਸਕਦੇ ਹਾਂ ਭਾਵ ਬ੍ਰਹਮ ਗਿਆਨ ਦੇ ਮਾਲਕ ਨਾਲ ਮੇਲ ਕਰ ਸਕਦੇ ਹਾਂ ਜੋ ਕਿ ਇੱਕੋ ਇੱਕ ਆਪ ਹੀ ਨਾਮ ਦਾ ਦਾਤਾ ਹੈ ਜਿਸ ਨੇ ਗੁਰਬਾਣੀ ਦੇ ਹਰ ਸ਼ਬਦ ਰਾਹੀਂ ਸਾਡੇ ਲਈ, ਸਾਰੇ ਸੰਸਾਰ ਲਈ ਨਾਮ ਦੀ ਦਾਤਿ ਵੰਡੀ ਹੈ, ਅੰਮ੍ਰਿਤ ਵੰਡਿਆ ਹੈ, ਸਾਡੇ ਮਨ ਦੇ ਪੀਣ ਲਈ ਵੰਡਿਆ ਹੈ ਜਿਸ ਨੂੰ ਪੀਣ ਦੁਆਰਾ ਅਸੀਂ ਹਰ ਭਰਮ ਵਿਚੋਂ ਨਿਕਲ ਜਾਂਦੇ ਹਾਂ, ਮਨ ਦੀ ਦੁਬਿਧਾ ਵਿਚੋਂ ਨਿਕਲ ਜਾਂਦੇ ਹਾਂ। ਸੱਚ ਨਾਲ ਜੁੜਨ ਦਾ ਇਹੀ ਇੱਕੋ ਇੱਕ ਤਰੀਕਾ ਹੈ, ਪੂਰੇ ਸੰਸਾਰ ਲਈ ਇੱਕੋ ਇੱਕ ਤਰੀਕਾ ਹੈ ਜਿਸ ਸੱਚ ਨੂੰ ਅਪਨਾਉਣ ਦੁਆਰਾ ਉਸ ਸਚ ਰੂਪ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਨਾਮ ਦੁਆਰਾ ਉਹੀ ਮਨੁੱਖ ਵਿਚਰਦਾ ਹੈ ਜੋ ਮਨ ਦੀ ਸਮਝ ਰਾਹੀਂ ਸੱਚ ਦੇ ਨਾਲ ਜੁੜਦਾ ਹੈ ਤੇ ਇਹੀ ਗੱਲ ਸਾਨੂੰ ਮੁਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“**ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੯॥੧॥**”

ਜਿਵੇਂ ਕਿ ਅਸੀਂ ਪਹਿਲਾਂ ਸ਼ਬਦ ਰਾਹੀਂ ਸਮਝਿਆ ਹੈ ਪ੍ਰਮਾਤਮਾ ਦਾ ਘਰ ਸੱਚ ਦਾ ਘਰ ਹੈ ਤੇ ਸਾਡਾ ਵਾਸਾ ਭਰਮ ਦੇ ਘਰ ਵਿਚ ਹੈ, ਦੁਬਿਧਾ ਰੂਪ ਘਰ ਦੇ ਵਿਚ ਹੈ ਜੋ ਕਿ ਸਾਡਾ ਮਨਮਤਿ ਰੂਪ ਘਰ ਹੈ ਭਾਵ

40/5139

ਸਾਡਾ ਪੇਕਾ ਘਰ ਹੈ। ਹਰ ਕੋਈ ਉਸ ਪ੍ਰਮਾਤਮਾ ਦੀ ਨਾਰਿ ਹੈ ਜੋ ਮਨ ਦੀ ਸਮਝ ਰਾਹੀਂ ਹੀ ਸੱਚ ਦੇ ਘਰ ਵਿਚ ਜਾਣ ਲਈ ਭਾਵ ਉਸ ਖਸਮ ਦੇ ਘਰ ਜਾਣ ਲਈ ਉਸ ਦੀ ਨਾਰਿ ਨੂੰ ਉਹੀ ਕੁਝ ਕਰਨਾ ਪੈਂਦਾ ਹੈ ਜੋ ਸਚੁ ਰੂਪ ਖਸਮ ਨੂੰ ਭਾਉਂਦਾ ਹੈ। ਉਸ ਨੂੰ ਗੁਣਾਂ ਵਾਲੀ ਨਾਰਿ ਭਾਉਂਦੀ ਹੈ ਤੇ ਸਚੁ ਰੂਪ ਸ਼ਬਦ ਵਿਚਾਰ ਸਾਨੂੰ ਅਉਗਣਾਂ ਵਿਚੋਂ ਕੱਢ ਕੇ ਗੁਣਾਂ ਵਾਲੇ ਹੀ ਬਣਾਉਂਦਾ ਹੈ ਭਾਵ ਸਾਡੇ ਮਨ ਦੀ ਸਮਝ ਨੂੰ ਉਹੋ ਜਿਹੀ ਮਤਿ ਦੇ ਨਾਲ ਜੋੜ ਦਿੰਦੇ ਹਨ ਜੋ ਮਤਿ ਉਸ ਖਸਮ ਨੇ ਗੁਰਬਾਣੀ ਰਾਹੀਂ ਆਪ ਦਿੱਤੀ ਹੋਈ ਹੈ ਤੇ ਉਹੀ ਮਤਿ ਉਸ ਨੂੰ ਭਾਉਂਦੀ ਹੈ। ਸੱਚ ਦੇ ਘਰ ਵਿਚ ਜਾਣਾ ਬਹੁਤ ਔਖਾ ਹੈ, ਨਾਮ ਵਾਲੇ ਬਣਨਾ ਬਹੁਤ ਔਖਾ ਹੈ ਤੇ ਜਿਸ ਤੇ ਪ੍ਰਮਾਤਮਾ ਆਪਣੀ ਬਹੁਤ ਵੱਡੀ ਕਿਰਪਾ ਕਰਦਾ ਹੈ ਉਸ ਨੂੰ ਹੀ ਸਹੀ ਮਾਰਗ ਤੇ ਪਾਉਂਦਾ ਹੈ ਭਾਵ ਭਰਮਾਂ ਵਿਚੋਂ ਕੱਢਦਾ ਹੈ ਤੇ ਆਪਣੇ ਨਾਮ ਨਾਲ ਜੋੜਦਾ ਹੈ। ਆਪਣਾ ਨਾਮ ਉਹ ਆਪ ਹੀ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਆਪਣੇ ਜੀਵਨ ਵਿਚ ਨਾਮ ਅਨੁਸਾਰ ਉਹੀ ਵਿਚਰਦਾ ਹੈ ਜੋ ਮਨ ਦੀ ਸੱਚੀ ਸਮਝ ਰਾਹੀਂ ਉਸ ਪ੍ਰਮਾਤਮਾ ਦੀ ਸੱਚੀ ਮਤਿ ਵਿਚ ਸਮਾ ਜਾਂਦਾ ਹੈ। (**ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥ ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੯॥੧॥**)

“ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥

ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ ॥੩॥”

(ਅੰਗ - ੧੨੩੩)

ਉਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਅਸੀਂ ਮਨਮੁਖਿ ਕਿਸ ਕਰਕੇ ਹਾਂ ਭਾਵ ਆਪਣੀ ਕੱਚੀ ਬੁਧਿ ਕਰ ਕੇ ਭਾਵ ਕੱਚੀ ਮਤਿ ਕਰਕੇ ਭਾਵ ਮਾਇਆ ਮੋਹ ਵਾਲੀ ਮਤਿ ਕਰਕੇ ਹਾਂ ਜਿਸ ਕਰਕੇ ਅਸੀਂ ਡੋਲਦੇ ਹਾਂ ਭਾਵ ਸਾਡਾ ਮਨ ਤ੍ਰਿਸ਼ਨਾਵਾਂ ਕਰਕੇ ਡੋਲਦਾ ਰਹਿੰਦਾ ਹੈ। ਇਹੋ ਜਿਹੀ ਡੋਲਣ ਵਾਲੀ ਮਤਿ ਕੱਚੀ ਮਤਿ ਹੈ ਭਾਵ ਸਾਡੀ ਮਨਮਤਿ ਹੈ। ਇਹੋ ਜਿਹੀ ਮਤਿ ਵਿਚ ਰਹਿੰਦਿਆਂ ਅਸੀਂ ਉਸ ਅਕਥ ਪ੍ਰਮਾਤਮਾ ਨੂੰ ਕਥਨ ਤੋਂ ਦੂਰ ਰਹਿੰਦੇ ਹਾਂ ਭਾਵ ਅਸੀਂ ਸੱਚੇ ਮਾਰਗ ਤੇ ਨਹੀਂ ਚਲ ਸਕਦੇ। ਸਾਡੇ ਮਨ ਨੂੰ ਅਡੋਲ ਗੁਰੂ ਦੀ ਮਤਿ ਨੇ ਕਰਨਾ ਹੈ ਤੇ ਉਹ ਤਾਂ ਹੀ ਹੋਵੇਗਾ ਜੇ ਪਹਿਲਾਂ ਅਸੀਂ ਮਨਮਤਿ ਛਡਾਂਗੇ। ਪ੍ਰਮਾਤਮਾ ਜਿਸ ਦੇ ਅੰਦਰ ਵੱਸਦਾ ਹੈ, ਮਨ ਦੇ ਅੰਦਰ ਵੱਸਦਾ ਹੈ ਉਹ ਨਿਹਚਲ ਮਤਿ ਦੇ ਰੂਪ ਵਿਚ ਹੀ ਵੱਸਦਾ ਹੈ ਜੋ ਮਤਿ ਮਨ ਦੇ ਭਰਮਾਂ ਦੁਆਰਾ ਨਹੀਂ ਡੋਲਦੀ ਭਾਵ ਗੁਰਮਤਿ ਰੂਪ ਪ੍ਰਮਾਤਮਾ ਦੇ ਸੱਚੇ ਗਿਆਨ ਦੁਆਰਾ ਸੱਚ ਤੇ ਦ੍ਰਿੜ ਹੋ ਕੇ ਚਲਦੀ ਹੈ ਕਿਉਂਕਿ ਗੁਰੂ ਦੀ ਮਤਿ ਜੋ ਕੁਝ ਸਮਝਾਉਂਦੀ ਹੈ ਉਹ ਪੂਰਨ ਸੱਚ ਹੀ ਸਮਝਾਉਂਦੀ ਹੈ ਤੇ ਮਨੁੱਖ ਫਿਰ ਉਸ ਸੱਚ ਤੇ ਅਡੋਲ ਰਹਿੰਦਾ ਹੈ। ਪੂਰੀ ਸੱਚੀ ਬਾਣੀ ਵਿਚ ਗੁਰਮਤਿ ਹੈ ਤੇ ਇਹ ਗੁਰਮਤਿ ਹੀ ਅੰਮ੍ਰਿਤੁ ਹੈ। ਅਸੀਂ ਪੂਰੀ ਬਾਣੀ ਵਿਚੋਂ ਗੁਰਮਤਿ ਰੂਪ

40/5140

ਅੰਮ੍ਰਿਤ ਪੀਣਾ ਹੈ ਜਿਸ ਨੇ ਸਾਡੀ ਮਤਿ ਨੂੰ ਨਿਹਚਲ ਕਰਨਾ ਹੈ, ਸੱਚ ਤੇ ਅਡੋਲ ਕਰਨਾ ਹੈ। ਕਥਨੀ ਕਰੀ ਜਾਣ ਨਾਲ ਸਾਡੀ ਮਤਿ ਕਦੇ ਗੁਰਮਤਿ ਵਾਲੀ ਨਹੀਂ ਬਣ ਸਕਦੀ ਭਾਵ ਅਸੀਂ ਕੱਚੀ ਮਤਿ ਵਾਲੇ ਹੀ ਬਣੇ ਰਹਾਂਗੇ ਜਿਸ ਵਿਚ ਰਹਿੰਦਿਆਂ ਅਸੀਂ ਅਕਥ ਰੂਪ ਪ੍ਰਮਾਤਮਾ ਦੀ ਕਥਾ ਨੂੰ ਨਹੀਂ ਜਾਣ ਸਕਦੇ ਭਾਵ ਪ੍ਰਮਾਤਮਾ ਦੇ ਨਾਲ ਨਹੀਂ ਜੁੜ ਸਕਦੇ। (**ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥ ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ ॥੩॥**)

ਜਦ ਤਕ ਅਸੀਂ ਗੁਰੂ ਦੀ ਮਤਿ ਦਾ ਮਕਸਦ ਹੀ ਨਹੀਂ ਸਮਝਦੇ ਕਿ ਗੁਰੂ ਨੇ ਸਾਨੂੰ ਮਤਿ ਕਿਸ ਲਈ ਦਿੱਤੀ ਹੈ ਤਦ ਤਕ ਹਰ ਕੋਈ ਜਿਹੋ ਜਿਹੀ ਵੀ ਭਗਤੀ ਵਿਚ ਲਗਾ ਹੋਇਆ ਹੈ ਉਹ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰ ਰਿਹਾ ਹੈ ਭਾਵ ਆਪਣੇ ਆਪ ਨੂੰ ਬੇਵਜ੍ਹਾ ਪਰੇਸ਼ਾਨ ਕਰ ਰਿਹਾ ਹੈ ਜਿਸ ਵਿਚੋਂ ਨਿਕਲਣਾ ਹੀ ਸਾਡੇ ਲਈ ਚੰਗਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥
ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥
ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥
ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥੧॥”

(ਅੰਗ - ੫੫੩)

“ਸੰਧਿਆ” ਕੀ ਹੈ, ਕਿਸ ਨੂੰ ਕਹਿੰਦੇ ਹਨ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ। ਸੰਧਿਆ ਪ੍ਰਮਾਤਮਾ ਦੀ ਪੂਜਾ ਨੂੰ ਕਹਿੰਦੇ ਹਨ ਜੋ ਅਸੀਂ ਆਪਣੇ ਆਪਣੇ ਬਣਾਏ ਹੋਏ ਸਮੇ ਅਨੁਸਾਰ ਕਰਦੇ ਹਾਂ, ਮਰਿਯਾਦਾ ਅਨੁਸਾਰ ਕਰਦੇ ਹਾਂ। ਉਪਰ ਪੰਗਤੀਆਂ ਰਾਹੀਂ ਅਸੀਂ ਪ੍ਰਮਾਤਮਾ ਦੀ ਸੰਧਿਆ ਕਿਸ ਤਰੀਕੇ ਕਰਨੀ ਹੈ, ਇਹੀ ਗੱਲ ਸਮਝਾਈ ਹੋਈ ਹੈ। ਜਿਸ ਤਰੀਕੇ ਹਰ ਕੋਈ ਪੂਜਾ ਕਰਦਾ ਹੈ ਉਸ ਨੂੰ ਹਰ ਕੋਈ ਜਾਣਦਾ ਹੈ ਭਾਵ ਅਸੀਂ ਬੋਲ ਬੋਲ ਕੇ ਆਪਣੀ ਆਪਣੀ ਵਿਧੀ ਅਨੁਸਾਰ ਪੂਜਾ ਕਰਦੇ ਹਾਂ, ਕਥਨੀ ਦੁਆਰਾ ਜਾਂ ਸ਼ਬਦਾਂ ਦਾ ਗਾਇਨ ਕਰਨ ਦੁਆਰਾ ਕਰਦੇ ਹਾਂ ਜੋ ਤਰੀਕੇ ਸਾਡੇ ਸਦੀਆਂ ਤੋਂ ਚਲਦੇ ਆ ਰਹੇ ਹਨ ਤੇ ਇਹੋ ਜਿਹੀ ਪੂਜਾ ਨੂੰ ਹਰ ਕਿਸੇ ਨੇ ਆਪਣਾ ਰੋਜ ਦਾ ਨੇਮ ਬਣਾਇਆ ਹੋਇਆ ਹੈ। ਉਪਰ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੂੰ ਸਾਡੀ ਉਹੋ ਜਿਹੀ ਪੂਜਾ ਪਰਵਾਨ ਹੁੰਦੀ ਹੈ ਜਿਹੋ ਜਿਹੀ ਪੂਜਾ ਕਰਨ ਦੁਆਰਾ ਪ੍ਰਮਾਤਮਾ ਸਾਡੇ ਚਿੱਤ ਅੰਦਰ ਵੱਸੇ। ਪ੍ਰਮਾਤਮਾ ਸਾਡੇ ਚਿੱਤ ਅੰਦਰ ਕਿਸ ਰੂਪ ਵਿਚ ਵੱਸਦਾ ਹੈ ਇਸ ਗੱਲ ਨੂੰ ਹੁਣ ਅਸੀਂ ਬੜੀ ਬਰੀਕੀ ਨਾਲ ਸਮਝ ਚੁਕੇ ਹਾਂ।

40/5141

ਪ੍ਰਮਾਤਮਾ ਸਾਡੇ ਅੰਦਰ ਮਾਇਆ ਮੋਹ ਨਿਕਲਣ ਦੁਆਰਾ ਵਸਦਾ ਹੈ ਭਾਵ ਸਾਡੇ ਅੰਦਰ ਦੇ ਮਾੜੇ ਵਿਚਾਰ, ਭਰਮ ਵਾਲੇ ਵਿਚਾਰ ਨਿਕਲਣ ਦੁਆਰਾ ਵੱਸਦਾ ਹੈ ਭਾਵ ਸਾਡੀ ਸੰਧਿਆ ਤਾਂ ਹੀ ਪ੍ਰਵਾਨ ਹੁੰਦੀ ਹੈ ਜਦੋਂ ਅਸੀਂ ਆਪਣੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰਾਂ ਵਿਚੋਂ ਨਿਕਲੀਏ। ਸਾਡੀ ਪ੍ਰੀਤ ਤਾਂ ਹੀ ਪ੍ਰਮਾਤਮਾ ਨਾਲ ਜੁੜਦੀ ਹੈ ਜਦੋਂ ਅਸੀਂ ਧਰਮ ਗ੍ਰੰਥਾਂ ਦੀ ਸਮਝਾਈ ਹੋਈ ਗੱਲ ਨੂੰ ਮੰਨੀਏ ਤੇ ਆਪਣੀ ਭਰਮਾਂ ਵਾਲੀ ਮਤਿ ਨੂੰ ਛੱਡੀਏ। ਕੇਵਲ ਗੁਰੂ ਦੇ ਦੁਆਰੇ ਤੇ ਮੱਥੇ ਟੇਕੀ ਜਾਣ ਨਾਲ ਜਾਂ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਸਾਡੇ ਅੰਦਰ ਦਾ ਮਾਇਆ ਮੋਹ ਨਹੀਂ ਨਿਕਲਦਾ। ਸਾਡੇ ਅੰਦਰ ਦਾ ਮਾਇਆ ਮੋਹ ਹੀ ਸਾਡੇ ਅੰਦਰ ਦੀ ਦੁਬਿਧਾ ਹੈ ਜਿਸ ਦੇ ਮਰੇ ਬਿਨਾ ਸਾਡਾ ਮਨ ਅਡੋਲ ਅਵਸਥਾ ਵਿਚ ਨਹੀਂ ਆ ਸਕਦਾ ਭਾਵ ਮਾਇਆ ਮੋਹ ਵਿਚ ਡੋਲਣਾ ਬੰਦ ਨਹੀਂ ਕਰ ਸਕਦਾ ਭਾਵ ਤਦ ਅਸੀਂ ਡੋਲਦੇ ਹੋਏ ਮਨ ਦੁਆਰਾ ਚੰਗੇ ਕਰਮ ਨਹੀਂ ਕਰ ਸਕਦੇ, ਮਨ ਦੀਆਂ ਤ੍ਰਿਸ਼ਨਾਵਾਂ ਵਿਚ ਫੱਸੇ ਹੋਏ ਚੰਗੇ ਕਰਮ ਨਹੀਂ ਕਰ ਸਕਦੇ। ਸਾਡਾ ਅਡੋਲ ਮਨ ਗੁਰੂ ਦੀ ਸੰਧਿਆ ਭਾਵ ਗੁਰੂ ਦੀ ਪੂਜਾ, ਗੁਰੂ ਦੀ ਗੱਲ ਨੂੰ ਵਿਚਾਰਨ ਦੁਆਰਾ ਕਰਦਾ ਹੈ ਭਾਵ ਉਸ ਦੀ ਗੱਲ ਨੂੰ ਮੰਨਣ ਦੁਆਰਾ ਕਰਦਾ ਹੈ ਭਾਵ ਪ੍ਰਮਾਤਮਾ ਦੀ ਅਸਲ ਪੂਜਾ ਇਹੀ ਹੈ ਕਿ ਅਸੀਂ ਗੁਰੂ ਦੇ ਬਚਨਾਂ ਨੂੰ ਆਪਣੇ ਅੰਦਰ ਵਿਚਾਰੀਏ ਤੇ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਤਿਆਗੀਏ ਤਾਂ ਜੋ ਅਸੀਂ ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ, ਅਉਗਣਾਂ ਤੋਂ ਰਹਿਤ ਹੋ ਕੇ ਸੱਚਾ ਸੁੱਚਾ ਜੀਵਨ ਬਤੀਤ ਕਰੀਏ। ਇਹੀ ਗੁਰੂ ਪ੍ਰਮਾਤਮਾ ਦੀ ਸੰਧਿਆ ਕਰਨਾ ਹੈ, ਪੂਜਾ ਕਰਨਾ ਹੈ। ਜਿਸ ਨੂੰ ਸੱਚੀ ਸੰਧਿਆ ਦੀ ਸਮਝ ਹੈ ਉਹ ਤਾਂ ਸੰਧਿਆ ਇਸੇ ਤਰੀਕੇ ਹੀ ਕਰੇਗਾ ਤੇ ਜੋ ਕੇਵਲ ਕਥਨੀ ਵਿਚ ਹੀ ਪਏ ਰਹਿੰਦੇ ਹਨ ਉਹਨਾਂ ਨੂੰ ਮਨਮੁਖਿ ਹੀ ਕਿਹਾ ਹੈ ਭਾਵ ਆਪਣੀ ਮਤਿ ਪਿਛੇ ਤੁਰਨ ਵਾਲੇ ਕਿਹਾ ਹੈ ਤੇ ਉਹਨਾਂ ਦਾ ਮਨ ਮਾਇਆ ਮੋਹ ਵਿਚ ਹੀ ਭਟਕਦਾ ਰਹਿੰਦਾ ਹੈ ਭਾਵ ਟਿਕਦਾ ਨਹੀਂ, ਅਡੋਲ ਨਹੀਂ ਹੁੰਦਾ ਤੇ ਇਹੋ ਜਿਹੇ ਮਨੁੱਖ ਆਪਣੇ ਮਨ ਦੇ ਮਾਇਆ ਮੋਹ ਵਾਲੇ ਵਿਚਾਰਾਂ ਦੁਆਰਾ ਮਰਨ ਜੰਮਣ ਵਿਚ ਹੀ ਰਹਿੰਦੇ ਹਨ ਭਾਵ ਉਹਨਾਂ ਦੀ ਇਹੋ ਜਿਹੀ ਪੂਜਾ ਪਰਵਾਨ ਨਹੀਂ ਹੁੰਦੀ, ਕਿਸੇ ਲੇਖੇ ਨਹੀਂ ਲਗਦੀ। ਇਹੋ ਜਿਹੇ ਮਨੁੱਖ ਆਪਣੇ ਆਪ ਨੂੰ ਔਖਾ ਵੀ ਕਰਦੇ ਹਨ, ਪੂਜਾ ਲਈ ਆਪਣੇ ਆਪ ਨੂੰ ਪਰੇਸ਼ਾਨ ਵੀ ਕਰਦੇ ਹਨ, ਕਾਫੀ ਸਮਾ ਵੀ ਲਗਾਉਂਦੇ ਹਨ, ਘਰਾਂ ਦੇ ਕੰਮਕਾਰ ਵੀ ਛਡਦੇ ਹਨ ਜਿਸ ਦੁਆਰਾ ਉਹ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਨ ਭਾਵ ਵਿਅਰਥ ਵਿਚ ਹੀ ਆਪਣੇ ਆਪ ਨੂੰ ਉਹ ਦੁਖ ਦਿੰਦੇ ਹਨ ਜਿਸ ਦੀ ਲੋੜ ਨਹੀਂ ਹੈ, ਜਿਸ ਵਿਚੋਂ ਨਿਕਲਿਆ ਜਾ ਸਕਦਾ ਹੈ। ਇਹ ਸਾਡੇ ਅੰਦਰ ਦਾ ਇੱਕ ਝੂਠਾ ਭਾਉ ਹੈ ਕਿ ਜੇਕਰ ਅਸੀਂ ਪੂਜਾ ਨਹੀਂ ਕੀਤੀ

40/5142

ਤਾਂ ਪ੍ਰਮਾਤਮਾ ਸਾਡੇ ਕੋਲੋਂ ਨਰਾਜ ਹੋ ਜਾਵੇਗਾ ਭਾਵ ਸਾਨੂੰ ਦਾਤਾਂ ਦੇਣੀਆਂ ਬੰਦ ਕਰ ਦੇਵੇਗਾ, ਸਾਡੇ ਕਾਰਜ ਸਵਾਰਨੇ ਬੰਦ ਕਰ

ਦੇਵੇਗਾ ਲੇਕਿਨ ਇਹ ਸਭ ਸਾਡੇ ਮਨ ਦਾ ਭਰਮ ਹੈ, ਸਾਡੇ ਅੰਦਰ ਦੀ ਦੁਬਿਧਾ ਹੈ ਜਿਸ ਵਿਚੋਂ ਨਿਕਲਣ ਦੀ ਲੋੜ ਹੈ ਤੇ ਇਸ ਦੁਬਿਧਾ ਵਿਚੋਂ ਨਿਕਲਕੇ ਹੀ ਅਸੀਂ ਪ੍ਰਮਾਤਮਾ ਦੀ ਸੱਚੀ ਪੂਜਾ ਕਰ ਸਕਦੇ ਹਾਂ ਜੋ ਕਿ ਮਾਇਆ ਮੋਹ ਛੱਡਣ ਦੁਆਰਾ ਹੁੰਦੀ ਹੈ, ਸੱਚੇ ਸੁੱਚੇ ਕਰਮ ਕਰਨ ਦੁਆਰਾ ਹੁੰਦੀ ਹੈ, ਪ੍ਰਮਾਤਮਾ ਦੇ ਭਾਣੇ ਨੂੰ ਮੰਨਣ ਦੁਆਰਾ ਹੁੰਦੀ ਹੈ। (**ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥ ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥ ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥ ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥੧॥**)

{ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੨॥}

(ਅੰਗ - ੨)

{ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ - ੯)

ਅਸੀਂ ਜਿਹੋ ਜਿਹੀ ਪ੍ਰਮਾਤਮਾ ਦੀ ਪੂਜਾ ਕਰਦੇ ਹਾਂ, ਸੰਧਿਆ ਕਰਦੇ ਹਾਂ ਤੇ ਪ੍ਰਮਾਤਮਾ ਦੀ ਆਰਤੀ ਉਤਾਰਨਾ ਵੀ ਉਸ ਦੀ ਪੂਜਾ ਦਾ ਹਿੱਸਾ ਸਮਝਦੇ ਹਾਂ ਜਿਵੇਂ ਕਿ ਸਭ ਪਾਸੇ ਪ੍ਰਚਲਿਤ ਹੈ। ਪ੍ਰਮਾਤਮਾ ਦੀ ਸੰਧਿਆ ਕੀ ਹੈ, ਉਸ ਦੀ ਆਰਤੀ ਉਤਾਰਨਾ ਕੀ ਹੈ ਆਉ ਹੁਣ ਇਸੇ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁਖੋਂ ਉਚਾਰੇ ਹੋਏ ਪ੍ਰਮਾਤਮਾ ਦੇ ਸ਼ਬਦ ਦੁਆਰਾ ਸਮਝੀਏ ਜਿਸ ਰਾਹੀਂ ਉਹਨਾਂ ਨੇ ਆਪਣੀ ਪੂਜਾ ਕਰਵਾਉਣ ਦਾ ਤਰੀਕਾ, ਆਰਤੀ ਕਰਵਾਉਣ ਦਾ ਤਰੀਕਾ ਸਮਝਾਇਆ ਹੋਇਆ ਹੈ।

“ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥
ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥
ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥
ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥
ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥
ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥੫॥”

(ਅੰਗ - ੧੩੫੦)

ਜਿਵੇਂ ਕਿ ਅਸੀਂ ਬਾਰ ਬਾਰ ਇਸ ਗੱਲ ਨੂੰ ਸਮਝਿਆ ਹੈ ਪ੍ਰਮਾਤਮਾ ਦੀ ਭਗਤੀ ਉਦੋਂ ਹੀ ਹੁੰਦੀ ਹੈ ਜਦੋਂ ਉਸ ਦੀ ਭਗਤੀ ਨੂੰ ਜਾਣ ਲਿਆ ਜਾਂਦਾ ਹੈ ਤੇ ਉਸ ਨੂੰ ਮੰਨ ਲਿਆ ਜਾਂਦਾ ਹੈ। ਪ੍ਰਮਾਤਮਾ ਦੀ ਭਗਤੀ ਉਹਨਾਂ ਨੇ ਹੀ ਕੀਤੀ ਹੈ, ਉਸ ਦੀ ਸੰਧਿਆ, ਉਸ ਦੀ ਪੂਜਾ ਉਹਨਾਂ ਨੇ ਹੀ ਕੀਤੀ ਹੈ, ਉਸ ਦੀ ਆਰਤੀ ਉਹਨਾਂ ਨੇ ਹੀ ਕੀਤੀ ਹੈ ਜਿੰਨ੍ਹਾਂ ਦੇ ਮਨ ਵਿਚ ਪ੍ਰਗਟ ਹੋ ਕੇ ਆਪ ਉਹਨਾਂ ਨੂੰ ਪ੍ਰਮਾਤਮਾ ਨੇ ਆਪਣੀ ਸੱਚੀ ਮਤਿ ਦੇ ਕੇ ਮਨ ਦੇ ਮਾਇਆ ਮੋਹ ਵਿਚੋਂ ਕੱਢਿਆ ਹੈ। ਮਾਇਆ ਮੋਹ ਵਿਚ ਰਹਿੰਦੇ ਹੋਏ ਪ੍ਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ ਭਾਵ ਕੇਵਲ ਭਗਤੀ

40/5143

ਦੇ ਦਿਖਾਵੇ ਹਨ ਜਿਸ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਭਰਮ ਹੈ, ਅਗਿਆਨਤਾ ਹੈ। ਜਿਸ ਨੂੰ ਪ੍ਰਮਾਤਮਾ ਇਸ ਅਵਸਥਾ ਵਿਚੋਂ ਕੱਢਦਾ ਹੈ ਉਸ ਨੂੰ ਹੀ ਪ੍ਰਮਾਤਮਾ ਦੀ ਭਗਤੀ ਦੀ ਸਮਝ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਉਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੀ ਪੂਜਾ ਕਰਨੀ ਹੀ ਸਿਖਾਈ ਹੋਈ ਹੈ।

“ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥
ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥”

“ਸੁੰਨ” ਕੀ ਹੈ ਇਸ ਗੱਲ ਨੂੰ ਅਸੀਂ ਪਿਛੇ ਸ਼ਬਦਾਂ ਦੁਆਰਾ ਸਮਝਿਆ ਹੈ। **“ਸੁੰਨ”** ਸਾਡੇ ਮਨ ਦੀ ਅਵਸਥਾ ਹੈ ਜੋ ਮਾਇਆ ਮੋਹ ਤੋਂ ਰਹਿਤ ਅਵਸਥਾ ਹੈ, ਤ੍ਰੈਗੁਣਾਂ ਤੋਂ ਰਹਿਤ ਅਵਸਥਾ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ ਜਿਸ ਅਵਸਥਾ ਵਿਚ ਪ੍ਰਮਾਤਮਾ ਆਪੇ ਸਾਡੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਆਪਣੇ ਆਪ ਨਾਲ ਮੇਲਦਾ ਹੈ। ਪ੍ਰਮਾਤਮਾ ਦੀ ਸੰਧਿਆ ਭਾਵ ਉਸ ਦੀ ਪੂਜਾ ਸਾਡਾ ਮਨ ਹੀ ਕਰਦਾ ਹੈ ਭਾਵ ਸਾਡੇ ਮਨ ਦੀ ਸਮਝ ਹੀ ਕਰਦੀ ਹੈ ਜੋ ਸਮਝ ਮਾਇਆ ਮੋਹ ਤੋਂ ਰਹਿਤ ਹੋ ਕੇ, ਭਰਮਾਂ ਤੋਂ ਰਹਿਤ ਹੋ ਕੇ ਸੱਚੀ ਮਤਿ ਬਣ ਜਾਂਦੀ ਹੈ। ਮਨੁੱਖ ਜੋ ਵੀ ਕਰਮ ਕਰਦਾ ਹੈ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ ਤੇ ਮਨ ਦੀ ਸੱਚੀ ਸਮਝ ਵਿਚ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦਾ ਭਾਵ ਗੁਣਾਂ ਦੁਆਰਾ ਵਿਚਰਦਾ ਹੈ। ਉਹ ਦੇਵ ਨੂੰ ਭਾਵ ਪ੍ਰਮਾਤਮਾ ਨੂੰ **“ਦੇਵਾਕਰ”** ਕਹਿ ਕੇ ਸਮਝਾਇਆ ਹੋਇਆ ਹੈ ਭਾਵ ਸੂਰਜ ਦੀ ਤਰ੍ਹਾਂ ਪਰਕਾਸ਼ ਕਰਨ ਵਾਲਾ ਕਹਿ ਕੇ ਸਮਝਾਇਆ ਹੋਇਆ ਹੈ। ਸਾਡੇ ਮਨ ਦੇ ਅੰਦਰ ਪ੍ਰਮਾਤਮਾ ਗਿਆਨ ਰੂਪ ਪਰਕਾਸ਼ ਹੀ ਕਰਦਾ ਹੈ ਜੋ ਸਾਡੇ ਮਨ ਦੇ ਅੰਦਰੋਂ ਹਨੇਰੇ ਨੂੰ ਪੂਰੀ ਤਰ੍ਹਾਂ ਕੱਢ ਦਿੰਦਾ ਹੈ ਭਾਵ ਸਾਡੇ ਮਨ ਨੂੰ ਹਰ ਭਰਮ ਤੋਂ, ਹਰ ਅਗਿਆਨਤਾ ਤੋਂ ਪੂਰੀ ਤਰ੍ਹਾਂ ਕੱਢ ਦਿੰਦਾ ਹੈ ਜਿਸ ਗਿਆਨ ਦੁਆਰਾ ਉਹ ਸਾਨੂੰ ਸੱਚੀ ਮਤਿ ਦਿੰਦਾ ਹੈ, ਆਪਣੀ ਭਗਤੀ ਸਮਝਾਉਂਦਾ ਹੈ, ਆਪਣਾ ਆਪ ਸਮਝਾਉਂਦਾ ਹੈ, ਸੰਸਾਰ ਦਾ ਸੱਚ ਸਮਝਾਉਂਦਾ ਹੈ ਜੋ ਕਿ ਉਹ ਮਨ ਦੇ ਵਿਚ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ। ਮਨ ਦੇ ਵਿਚ ਇਹੋ ਜਿਹੇ ਗਿਆਨ ਦੁਆਰਾ ਸਾਡੀ ਮਾੜੀ ਮਤਿ ਭਾਵ ਛੋਟੇ ਗਿਆਨ ਵਾਲੀ ਮਤਿ ਭਾਵ ਅਧੂਰੀ ਮਤਿ ਜਿਸ

ਨੂੰ **"ਅਧਪਤਿ"** ਕਿਹਾ ਹੈ, ਉਹ ਪ੍ਰਮਾਤਮਾ ਦੀ ਮਤਿ ਨਾਲ ਇੱਕ ਹੋ ਜਾਂਦੀ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਉਸ ਪ੍ਰਮਾਤਮਾ ਵਿੱਚ ਸਮਾ ਜਾਂਦੀ ਹੈ। ਸਾਡੀ **"ਪਤਿ"** ਸਾਡੀ ਮਤਿ ਦੇ ਨਾਲ ਹੀ ਜੁੜੀ ਹੋਈ ਹੈ, ਸਾਡੀ ਛੋਟੀ ਮਤਿ ਭਾਵ ਮਨਮਤਿ ਪ੍ਰਮਾਤਮਾ ਦੀਆਂ ਨਜਰਾਂ ਵਿਚ ਸਾਡੀ ਪਤਿ ਨੀਵੀਂ ਕਰਦੀ ਹੈ, ਮਾਇਆ ਮੋਹ ਕਰਕੇ

40/5144

ਨੀਵੀਂ ਕਰਦੀ ਹੈ ਤੇ ਸੱਚੀ ਮਤਿ, ਗੁਣਾਂ ਵਾਲੀ ਮਤਿ ਸਾਡੀ ਪਤਿ ਨੂੰ ਉੱਚਾ ਕਰਦੀ ਹੈ। (**ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥**) ਪ੍ਰਮਾਤਮਾ ਦੀ ਸੱਚੀ ਪੂਜਾ, ਮਨ ਦੀ ਸੱਚੀ ਸਮਝ ਦੁਆਰਾ ਹੀ ਹੁੰਦੀ ਹੈ ਭਾਵ ਮਾਇਆ ਮੋਹ ਵਿਚੋਂ ਨਿਕਲਕੇ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਲੇਕਿਨ ਸੰਸਾਰ ਨੂੰ ਉਸ ਦੀ ਪੂਜਾ ਦੀ ਸਮਝ ਨਹੀਂ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥"

ਸਮਾਧੀਆਂ ਆਦਿ ਵਿਚ ਬੈਠ ਕੇ ਜਪ ਤਪ ਆਦਿ ਕਰਨਾ ਜਿਸ ਨੂੰ ਕਿ ਅਸੀਂ ਪ੍ਰਮਾਤਮਾ ਦੇ ਨਾਲ ਲਿਵ ਲਾਉਣਾ ਸਮਝਦੇ ਹਾਂ, ਧਿਆਨ ਲਗਾਉਣਾ ਸਮਝਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਵਲੋਂ ਪ੍ਰਮਾਤਮਾ ਦੀ ਪੂਜਾ ਹੀ ਕਰਦੇ ਹਾਂ। ਪੁਰਾਤਨ ਸਮੇ ਤੋਂ ਭਾਰਤ ਵਰਸ਼ ਵਿਚ ਇਹ ਪ੍ਰਥਾ ਚਲਦੀ ਆ ਰਹੀ ਹੈ ਜਿਵੇਂ ਕਿ ਸਿਧ ਆਦਿ ਅਖਵਾਉਣ ਵਾਲੇ ਕਰਦੇ ਆਏ ਹਨ। ਸਿਖ ਜਗਤ ਵਿਚ ਵੀ ਇਹ ਪ੍ਰਥਾ ਚਲਦੀ ਹੈ ਸਿਰਫ ਅੱਖਰ ਬੋਲਣ ਦਾ ਫਰਕ ਹੈ ਭਾਵ ਕਥਨੀ ਦਾ ਫਰਕ ਹੈ। ਕਥਨੀ ਨਾਲ ਕੀ ਫਰਕ ਪੈਂਦਾ ਹੈ ਭਾਵੇਂ ਜਿਹੋ ਜਿਹੀ ਮਰਜੀ ਕਰ ਲਈਏ ਕਿਉਂਕਿ ਜੇਕਰ ਗੱਲ ਨੂੰ ਮੰਨਣਾ ਹੀ ਨਹੀਂ ਤਾਂ ਫਿਰ ਮਨ ਦੇ ਭਰਮ ਕਿਵੇਂ ਨਿਕਲ ਸਕਦੇ ਹਨ ਭਾਵ ਮਾਇਆ ਮੋਹ ਕਿਵੇਂ ਨਿਕਲ ਸਕਦਾ ਹੈ, ਸਾਡੇ ਅਉਗਣ ਕਿਵੇਂ ਦੂਰ ਹੋ ਸਕਦੇ ਹਨ ਜੋ ਸਭ ਦੇ ਅੰਦਰ ਇਕੋ ਜਿਹੇ ਹੀ ਹਨ। ਗੱਲ ਤਾਂ ਆਪਣੇ ਅੰਦਰ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਛੱਡਣ ਦੀ ਹੈ ਜਿੰਨ੍ਹਾਂ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ ਜੋ ਗੁਰੂ ਦੇ ਗਿਆਨ ਨੂੰ ਮੰਨਣ ਦੁਆਰਾ ਦੂਰ ਹੋ ਸਕਦੀ ਹੈ। ਇਹ ਸਮਾਧੀਆਂ ਆਦਿ ਲਗਾਉਣ ਵਾਲੇ ਆਪਣੇ ਵਲੋਂ ਇਹੀ ਸਮਝਦੇ ਹਨ ਕਿ ਅਸੀਂ ਪ੍ਰਮਾਤਮਾ ਦੀ ਸ਼ਰਨ ਲਈ ਹੋਈ ਹੈ ਪਰ ਇਹਨਾਂ ਸਮਾਧੀਆਂ ਦੁਆਰਾ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਭਾਵ ਸਮਾਧੀਆਂ ਦੁਆਰਾ ਪ੍ਰਮਾਤਮਾ ਨੂੰ ਪਾਉਣਾ ਕੇਵਲ ਸਾਡਾ ਭਰਮ ਹੈ, ਦੁਬਿਧਾ ਹੈ ਜਿਸ ਵਿਚੋਂ ਨਿਕਲਣ ਦੀ ਲੋੜ ਹੈ। (**ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥ ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥**)

ਜੇਕਰ ਸਾਨੂੰ ਸੰਧਿਆ ਦੀ ਸਮਝ ਲਗ ਗਈ ਹੈ, ਉਸ ਦੀ ਪੂਜਾ ਦੀ ਸਮਝ ਲੱਗ ਗਈ ਹੈ ਫਿਰ ਪ੍ਰਮਾਤਮਾ ਦੀ ਪੂਜਾ ਕਿੱਥੇ ਹੁੰਦੀ ਹੈ ਤੇ ਕੌਣ ਕਰਵਾਉਂਦਾ ਹੈ ਫਿਰ ਤਾਂ ਹੀ ਅਸੀਂ ਸ਼ਬਦ ਦੇ ਅਗਲੇ ਪਦੇ ਨੂੰ ਸਮਝ ਸਕਦੇ ਹਾਂ। ਪ੍ਰਮਾਤਮਾ ਦੀ ਪੂਜਾ ਸਾਡਾ ਮਨ ਕਰਦਾ ਹੈ ਭਾਵ ਸਾਡੇ ਮਨ ਦੀ ਸਮਝ

40/5145

ਕਰਦੀ ਹੈ ਭਾਵ ਮਾਇਆ ਮੋਹ ਤੋਂ ਰਹਿਤ ਸੱਚੀ ਮਤਿ ਕਰਦੀ ਹੈ ਜੋ ਇੱਕ ਸਰੀਰ ਨੂੰ ਸਭ ਕੁਝ ਸਮਝਾਉਂਦੀ ਹੈ ਤੇ ਸਾਡਾ ਸਰੀਰ ਉਹੀ ਕੁਝ ਕਰਦਾ ਹੈ, ਉਹੋ ਜਿਹੇ ਕਰਮ ਕਰਦਾ ਹੈ ਜੋ ਸਾਡੇ ਮਨ ਦੀ ਮਤਿ ਸਮਝਾਉਂਦੀ ਹੈ। ਸਾਡੇ ਅੰਦਰ ਦੀ ਇਹ ਮਤਿ ਹੀ ਭਗਤੀ ਦਾ ਰੂਪ ਹੈ ਤੇ ਜਦੋਂ ਇਹ ਮਤਿ ਸੁੰਨ ਦੀ ਅਵਸਥਾ ਵਿਚ ਪਹੁੰਚ ਜਾਂਦੀ ਹੈ ਸਾਡੇ ਅੰਦਰ ਦਾ ਇਹ ਸੁੰਨ ਰੂਪ ਹੀ ਪ੍ਰਮਾਤਮਾ ਦਾ ਪੂਜਾ ਰੂਪ ਹੈ (**ਸੁੰਨ ਸੰਧਿਆ ਤੇਰੀ ਦੇਵ ਦੇਵਾਕਰ**) । ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਾਡੇ ਅੰਦਰ ਪ੍ਰਮਾਤਮਾ ਦੀ ਪੂਜਾ ਕਿਸ ਰੂਪ ਵਿਚ ਹੁੰਦੀ ਹੈ ਇਹੀ ਗੱਲ ਸਮਝਾਈ ਹੋਈ ਹੈ।

"ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥"

(ਅੰਗ - ੪੮੯)

ਇਸ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਵਿਚ ਕਾਫੀ ਪਿਛੇ ਸਮਝੇ ਹੋਏ ਹਨ ਤੇ ਉਪਰ ਵਾਲੀਆਂ ਪੰਗਤੀਆਂ ਨੂੰ ਫਿਰ ਤੋਂ ਦੋਹਰਾਉਂਦੇ ਹਾਂ ਤਾਂ ਜੋ ਅਸੀਂ ਪ੍ਰਮਾਤਮਾ ਦੀ ਪੂਜਾ ਨੂੰ ਸਹੀ ਰੂਪ ਵਿਚ ਸਮਝ ਸਕੀਏ। ਨਾਮੁ ਦਾ ਮਕਸਦ ਭਾਵ ਗੁਰੂ ਦੀ ਮਤਿ ਦਾ ਮਕਸਦ ਸਾਨੂੰ ਪ੍ਰਮਾਤਮਾ ਦੀ ਪੂਜਾ ਦਾ ਤਰੀਕਾ ਸਮਝਾਉਣਾ ਹੀ ਹੈ ਤੇ ਉਹ ਤਰੀਕਾ ਤਾਂ ਹੀ ਸਮਝ ਆਵੇਗਾ ਜਦੋਂ ਨਾਮ ਸਾਡੇ ਅੰਦਰ ਵੱਸੇਗਾ ਭਾਵ ਗੁਰੂ ਦੀ ਮਤਿ ਸਾਡੇ ਅੰਦਰ ਵੱਸੇਗੀ। ਜਦੋਂ ਗੁਰਮਤਿ ਸਾਡੇ ਅੰਦਰ ਵੱਸ ਜਾਵੇਗੀ ਉਹ ਸਾਡੀ ਮਤਿ

ਨੂੰ ਬਦਲ ਦੇਵੇਗੀ, ਸਾਡੀ ਮਤਿ ਨੂੰ ਸੱਚੀ ਸੁੱਚੀ ਮਤਿ ਬਣਾ ਦੇਵੇਗੀ। ਭਗਤੀ ਸਾਡੇ ਮਨ ਨੇ ਕਰਨੀ ਹੈ ਭਾਵ ਮਨ ਦੀ ਸਿਖਿਆ ਦੁਆਰਾ ਕਰਨੀ ਹੈ ਭਾਵ ਸਾਡੇ ਅੰਦਰ ਦੀ ਸਿਖਿਆ ਨੇ ਹੀ ਭੈੜੇ ਸਰੀਰ ਤੋਂ ਕੰਮ ਲੈਣਾ ਹੈ ਭਾਵ ਭਗਤੀ ਦੀ ਮਾਲਕ ਸਾਡੇ ਅੰਦਰ ਦੀ ਸੱਚੀ ਸਿਖਿਆ ਹੈ ਭਾਵ ਨਾਮ ਹੈ। ਸਾਡੇ ਅੰਦਰ ਨਾਮ ਵਾਲੀ ਮਤਿ ਹੀ ਸਾਨੂੰ ਨਾਮ ਦੇ ਮਾਰਗ ਤੇ ਚਲਾਉਂਦੀ ਹੈ ਭਾਵ ਸਾਡੇ ਅੰਦਰ ਦੀ ਸੱਚੀ ਮਤਿ ਹੀ ਸਾਨੂੰ ਸੱਚ ਦੇ ਮਾਰਗ ਤੇ ਚਲਾਉਂਦੀ ਹੈ। ਸਾਡੇ ਅੰਦਰ ਪ੍ਰਮਾਤਮਾ ਸੱਚੀ ਮਤਿ ਦੇ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ ਭਾਵ ਨਾਮ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਤੇ ਉਹ ਆਪ ਹੀ ਆਪਣਾ ਨਾਮ ਜਪਾਉਂਦਾ ਹੈ ਭਾਵ ਆਪ ਹੀ ਪੂਜਾ ਕਰਵਾਉਂਦਾ ਹੈ। ਗੁਰੂ ਪ੍ਰਮਾਤਮਾ ਨੇ ਜੋ ਸਾਨੂੰ ਧਰਮ ਗ੍ਰੰਥਾਂ ਰਾਹੀਂ ਗਿਆਨ ਦਿੱਤਾ ਹੈ ਉਹ ਨਾਮ ਹੈ ਭਾਵ ਉਸ ਵਿਚ ਸੱਚੀ ਮਤਿ ਹੈ ਜਿਸ ਮਤਿ ਨੂੰ ਅਸੀਂ ਆਪਣੇ ਮਨ ਦੇ ਉਪਰ ਇਸ ਤਰੀਕੇ ਰਗੜਨਾ ਹੈ ਜਿਵੇਂ ਅਸੀਂ ਇੱਕ ਚੰਦਨ ਦੇ ਟੁਕੜੇ ਨੂੰ ਸਿਲ ਤੇ ਰਗੜਦੇ ਹਾਂ, ਚੰਦਨ ਦਾ ਟਿੱਕਾ ਬਨਾਉਣ ਲਈ ਰਗੜਦੇ ਹਾਂ ਜਿਸ ਰਾਹੀਂ ਅਸੀਂ ਚੰਦਨ ਤੇ ਟੁਕੜੇ ਵਿਚੋਂ ਉਸ ਦੇ ਅੰਦਰ ਦਾ ਤੱਤ ਕੱਢਦੇ ਹਾਂ, ਨਿਚੋੜ ਕੱਢਦੇ ਹਾਂ ਇਸੇ ਤਰਾਂ ਅਸੀਂ ਗੁਰੂ ਦੀ ਮਤਿ ਨੂੰ ਆਪਣੇ ਮਨ

ਦੀ ਮਤਿ ਉਪਰ ਇਸ ਤਰੀਕੇ ਰਗੜਨਾ ਹੈ ਕਿ ਉਸ ਦੇ ਵਿੱਚੋਂ ਗੁਰਮਤਿ ਰੂਪ ਤੱਤ ਨਿਕਲੇ ਭਾਵ ਗੁਰਮਤਿ ਰੂਪ ਸੱਚੀ ਸੋਝੀ ਨਿਕਲੇ ਜੋ ਸਾਡੀ ਮਨਮਤਿ ਨੂੰ ਚੰਦਨ ਵਰਗੀ ਮਤਿ ਬਣਾ ਦੇਵੇ, ਚੰਗੀ ਮਤਿ ਬਣਾ ਦੇਵੇ। ਅਸੀਂ ਚੰਦਨ ਦਾ ਟਿੱਕਾ ਤਿਆਰ ਕਰਨ ਲਈ ਉਸ ਵਿਚ ਕੁੰਗੂ ਭਾਵ ਕੇਸਰ ਮਿਲਾਉਂਦੇ ਹਾਂ। ਇਸੇ ਤਰ੍ਹਾਂ ਅਸੀਂ ਇਸ ਕੇਸਰ ਨੂੰ ਆਪਣੀ ਮਤਿ ਦੇ ਅੰਦਰ ਆਪਣੀ ਕਰਣੀ ਦੇ ਰੂਪ ਵਿਚ ਮਿਲਾਉਣਾ ਹੈ ਭਾਵ ਗੁਰੂ ਦੀ ਮਤਿ ਦਾ ਮਕਸਦ ਸਾਡੀ ਕਰਣੀ ਦੇ ਨਾਲ ਹੈ ਭਾਵ ਸਾਡੀ ਕਰਣੀ ਜੇਕਰ ਨਹੀਂ ਬਦਲਦੀ ਤਾਂ ਫਿਰ ਗੁਰੂ ਦੀ ਮਤਿ ਦਾ ਮਕਸਦ ਪੂਰਾ ਨਹੀਂ ਹੁੰਦਾ। ਜਦੋਂ ਸਾਨੂੰ ਗੁਰਮਤਿ ਰੂਪ ਸੱਚੀ ਸਮਝ ਪੈ ਜਾਂਦੀ ਹੈ ਤੇ ਉਹ ਸਾਡੀ ਕਰਨੀ ਵਿਚ ਬਦਲ ਜਾਂਦੀ ਹੈ ਤਾਂ ਫਿਰ ਅਸੀਂ ਮਾੜੇ ਕਰਮ ਨਹੀਂ ਕਰ ਸਕਦੇ ਭਾਵ ਅਉਗਣ ਨਹੀਂ ਕਰ ਸਕਦੇ ਤੇ ਅਸੀਂ ਗੁਣਾਂ ਦੁਆਰਾ ਹੀ ਵਿਚਰਾਂਗੇ ਤੇ ਇਸ ਵਿਚ ਹੀ ਪ੍ਰਮਾਤਮਾ ਦੀ ਪੂਜਾ ਹੈ ਭਾਵ ਉਸ ਦੀ ਭਗਤੀ ਹੈ, ਉਸ ਦੀ ਸੇਵਾ ਹੈ, ਉਸ ਦੀ ਸੰਧਿਆ ਹੈ, ਉਸ ਦੀ ਆਰਤੀ ਉਤਾਰਨਾ ਹੈ ਭਾਵ ਭਗਤੀ ਕਰਨ ਵਾਲੀ ਸਾਡੀ ਮਨ ਦੀ ਸਮਝ ਹੈ ਜੋ ਸਾਡੇ ਅੰਦਰ ਹੀ ਬੈਠ ਕੇ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੀ ਪੂਜਾ ਕਰਦੀ ਹੈ। (**ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥**)

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ - ੧੮੭)

ਹੁਣ ਅਸੀਂ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝ ਸਕਦੇ ਹਾਂ।

"ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥

ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥"

ਅਸੀਂ **"ਆਰਤੀ"** ਦੁਆਰਾ ਪ੍ਰਮਾਤਮਾ ਦੀ ਪੂਜਾ ਕਰਦੇ ਹਾਂ, ਉਸ ਦੀ ਭਗਤੀ ਕਰਦੇ ਹਾਂ ਪਰ ਭਗਤੀ ਤਾਂ ਸਾਡੇ ਅੰਦਰ ਦੀ ਸਮਝ ਹੈ, ਸਾਡੇ ਅੰਦਰ ਦੀ ਉਹ ਸੱਚੀ ਸਮਝ ਹੈ ਜਿਸ ਨੇ ਪ੍ਰਮਾਤਮਾ ਨੂੰ ਪੂਜਣਾ ਹੈ ਜਿਵੇਂ ਕਿ ਉਪਰ ਸਮਝਿਆ ਹੈ। ਅਸੀਂ ਇਹ ਮਨ ਦੀ ਆਰਤੀ ਭਾਵ ਮਨ ਦੇ ਅੰਦਰ ਭਗਤੀ ਵਾਲੀ ਸੱਚੀ ਸਮਝ ਪ੍ਰਮਾਤਮਾ ਕੋਲੋਂ ਲੈਣੀ ਹੈ ਭਾਵ ਪ੍ਰਾਪਤ ਕਰਨੀ ਹੈ ਤੇ ਇਹ ਆਰਤੀ ਭਾਵ ਪੂਜਾ ਵਾਲੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪ੍ਰਾਪਤ ਹੁੰਦੀ ਹੈ, ਉਸ ਦਾ ਰੂਪ ਬਣਨ ਦੁਆਰਾ ਹੀ ਹੁੰਦੀ ਹੈ ਭਾਵ ਸਾਨੂੰ

ਉਹ ਉੱਦਮ ਕਰਨਾ ਚਾਹੀਦਾ ਹੈ ਜਿਸ ਉਦਮ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰ ਸਕੀਏ ਤੇ ਉਹ ਸਾਨੂੰ ਮਨ ਦੇ ਅੰਦਰ ਆਪਣੇ ਦਰਸ਼ਨ ਦੇਣ ਦੁਆਰਾ ਆਪਣੀ ਭਗਤੀ ਸਮਝਾਵੇ ਭਾਵ ਸਾਨੂੰ ਮਨ ਦੀ ਅਗਿਆਨਤਾ ਤੋਂ, ਮਾਇਆ ਮੋਹ ਤੋਂ ਪੂਰੀ ਤਰ੍ਹਾਂ ਮੁਕਤਿ ਕਰੇ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਪੂਜਿਆ ਜਾ ਸਕਦਾ ਹੈ ਭਾਵ ਉਸ ਦੇ ਹੁਕਮ ਅਨੁਸਾਰ ਵਿਚਰਿਆ ਜਾ ਸਕਦਾ

ਹੈ। ਸਾਡੇ ਲਈ ਉਦਮ ਇਹੀ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਲੈ ਕੇ ਮਨ ਦੇ ਭਰਮਾਂ ਵਿਚੋਂ ਨਿਕਲੀਏ ਭਾਵ ਸੱਚਾ ਸੁੱਚਾ ਜੀਵਨ ਬਤੀਤ ਕਰਨ ਦਾ ਉਦਮ ਕਰੀਏ, ਗੁਰਮਤਿ ਅਨੁਸਾਰ ਵਿਚਰਨ ਦਾ ਉਦਮ ਕਰੀਏ। (**ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥**) । ਉਸ ਪ੍ਰਮਾਤਮਾ ਦੀ ਆਰਤੀ ਕਰਨੀ ਤਾਂ ਉਸ ਬ੍ਰਹਮਾ ਨੂੰ ਵੀ ਸਮਝ ਨਹੀਂ ਆਈ ਕਿਉਂਕਿ ਉਹ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਿਆ।

“ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥”

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਬ੍ਰਹਮਾ ਆਦਿ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰਹੇ ਹਨ ਕਿਉਂਕਿ ਉਹ ਤ੍ਰੈਗੁਣਾਂ ਵਾਲੀ ਅਵਸਥਾ ਵਿਚ ਰਹੇ ਹਨ ਭਾਵ ਮਾਇਆ ਮੋਹ ਵਾਲੀ, ਭਰਮ ਵਾਲੀ ਅਵਸਥਾ ਵਿਚ ਹੀ ਰਹੇ ਹਨ। ਕੇਵਲ ਧਰਮ ਗ੍ਰੰਥਾਂ ਦਾ ਉਚਾਰਨ ਕਰਨਾ, ਉਹਨਾਂ ਦੀ ਜਾਣਕਾਰੀ ਰਖਣੀ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਭਗਤੀ ਦੀ ਸਮਝ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਵੇਦਾਂ ਦਾ ਉਚਾਰਨ ਕਰਨ ਵਾਲੇ ਵੀ ਜੇਕਰ ਕਿਸੇ ਅੱਖਰ ਨੂੰ ਹੀ ਨਾਮ ਸਮਝੀ ਜਾਂਦੇ ਹਨ, ਇਹ ਉਹਨਾਂ ਦਾ ਭਰਮ ਹੈ ਜੋ ਕਿ ਬ੍ਰਹਮਾ ਦਾ ਵੀ ਭਰਮ ਹੀ ਰਿਹਾ ਹੈ। ਨਾਮ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਤੇ ਉਹ ਧਰਮ ਗ੍ਰੰਥ ਦੇ ਅੰਦਰ ਦੀ ਉਹ ਸੱਚੀ ਮਤਿ ਹੈ ਜੋ ਸਾਨੂੰ ਚੰਗੇ ਕਰਮ ਕਰਨ ਲਈ ਹੀ ਸਮਝਾਉਂਦੀ ਹੈ ਭਾਵ ਸਮਾਧੀਆਂ ਆਦਿ ਲਗਾਉਣਾ ਨਹੀਂ ਸਮਝਾਉਂਦੀ, ਬਾਹਰਲੀਆਂ ਸਮਾਧੀਆਂ ਆਦਿ ਲਗਾਉਣਾ ਨਹੀਂ ਸਮਝਾਉਂਦੀ, ਕਿਸੇ ਅੱਖਰ ਨੂੰ ਰੱਟੀ ਜਾਣਾ ਨਹੀਂ ਸਮਝਾਉਂਦੀ ਜਿਸ ਨੂੰ ਕਿ ਨਾਮ ਸਮਝਿਆ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਨਾ ਹੋਣ ਕਰਕੇ ਬ੍ਰਹਮਾ ਨੂੰ ਵੀ ਨਾਮ ਦੀ ਸਮਝ ਨਹੀਂ ਪਈ ਤੇ ਇਸੇ ਲਈ ਉਸ ਨੇ ਭਾਵੇਂ ਵੇਦਾਂ ਦੀ ਰਚਨਾ ਕੀਤੀ ਹੈ ਪਰ ਨਾਮ ਨੂੰ ਸਮਝਣ ਤੋਂ ਵਾਂਝਾ ਰਿਹਾ ਹੈ, ਜੋ ਨਾਮ ਵੇਦਾਂ ਦੇ ਵਿੱਚ ਹੀ ਹੈ। ਨਾਮ ਦੀ ਸੱਚੀ ਸੋਝੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਤੇ ਮਨ ਦੇ ਅੰਦਰ ਇਹ ਸੱਚੀ ਸੋਝੀ ਹੀ ਉਸਦੀ **“ਆਰਤੀ”** ਹੈ, ਸੰਧਿਆ ਹੈ, ਪੂਜਾ ਹੈ, ਭਗਤੀ ਹੈ ਭਾਵ ਭਗਤੀ ਦਾ ਮਾਰਗ ਸਾਡੇ ਮਨ ਦੀ ਉਸ ਸਮਝ ਦੇ ਨਾਲ

40/51048

ਜੁੜਿਆ ਹੋਇਆ ਹੈ ਜੋ ਸਮਝ ਪ੍ਰਮਾਤਮਾ ਸਾਡੇ ਅੰਦਰ ਆਪ ਪ੍ਰਗਟ ਹੋ ਕੇ ਦਿੰਦਾ ਹੈ। (**ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥ ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥”**)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥}

(ਅੰਗ - ੧੦੩੨)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ - ੨੩੧)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ - ੫੦੯)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ - ੮੫੨)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥}

(ਅੰਗ ੭੩੫-੭੩੬)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥}

(ਅੰਗ - ੯੦੯)

{ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥
ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥}

(ਅੰਗ - ੧੦੩੬)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥ ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥ ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥}

(ਅੰਗ - ੧੦੯੪)

{ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥}

(ਅੰਗ ੧੨੭੯-੧੨੮੦)

ਪ੍ਰਮਾਤਮਾ ਆਪਣੀ ਭਗਤੀ ਮਨ ਦੇ ਵਿਚ ਹੀ ਸਮਝਾਉਂਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਸਮਝਾਉਂਦਾ ਹੈ ਤੇ ਇਸੇ ਲਈ ਸ਼ਬਦ ਦੀ

40/5149

ਪਹਿਲੀ ਪੰਗਤੀ ਵਿਚ ਪ੍ਰਮਾਤਮਾ ਨੂੰ **"ਦੇਵਾਕਰ"** ਕਹਿ ਕੇ ਸਮਝਾਇਆ ਹੋਇਆ ਹੈ ਭਾਵ ਮਨ ਦੇ ਵਿਚ ਗਿਆਨ ਦਾ ਪ੍ਰਕਾਸ਼ ਪ੍ਰਮਾਤਮਾ ਆਪ ਹੀ ਕਰਦਾ ਹੈ, ਆਪਣੇ ਮੇਲ ਦੁਆਰਾ ਕਰਦਾ ਹੈ। ਇਹ ਗਿਆਨ ਦਾ ਪ੍ਰਕਾਸ਼ ਪ੍ਰਮਾਤਮਾ ਸਾਡੇ ਅੰਦਰ ਕਿਸ ਤਰੀਕੇ ਕਰਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਾਰਾ ॥

ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥"

ਜਿਵੇਂ ਇੱਕ ਦੀਵਾ ਤੇਲ ਤੇ ਬੱਤੀ ਨਾਲ ਜਗਦਾ ਹੈ ਤੇ ਆਪਣੇ ਚਾਨਣ ਦੁਆਰਾ ਆਸ ਪਾਸ ਦਾ ਹਨੇਰਾ ਦੂਰ ਕਰਦਾ ਹੈ ਇਸੇ ਤਰ੍ਹਾਂ ਪ੍ਰਮਾਤਮਾ ਸਾਡੇ ਮਨ ਨੂੰ ਆਪਣੇ ਗਿਆਨ ਰੂਪ ਦੀਵੇ ਦੁਆਰਾ ਰੋਸ਼ਨ ਕਰਦਾ ਹੈ ਜਿਸ ਦੁਆਰਾ ਉਹ ਸਾਨੂੰ ਮਨ ਦੇ ਅਗਿਆਨਤਾ ਰੂਪ ਹਨੇਰੇ ਵਿਚੋਂ ਕੱਢਦਾ ਹੈ। ਮਨ ਦੀ ਅਗਿਆਨਤਾ ਵਿਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੀ ਭਗਤੀ ਨੂੰ ਨਹੀਂ ਜਾਣ ਸਕਦੇ, ਉਸ ਦੇ ਨਾਮ ਨੂੰ ਨਹੀਂ ਸਮਝ ਸਕਦੇ। ਪ੍ਰਮਾਤਮਾ ਸਾਡੇ ਅੰਦਰ ਆਪਣਾ ਨਾਮ ਰੂਪ ਦੀਵਾ ਹੀ ਬਾਲਦਾ ਹੈ ਜਿਸ ਰਾਹੀਂ ਸਾਡੇ ਅੰਦਰ ਉਹ ਨਾਮ ਦਾ ਪਰਕਾਸ਼ ਕਰਦਾ ਹੈ ਭਾਵ ਬ੍ਰਹਮ ਗਿਆਨ ਦਾ ਪਰਕਾਸ਼ ਕਰਦਾ ਹੈ। ਦੀਵੇ ਦੇ ਅੰਦਰ ਜੋ ਬੱਤੀ ਹੈ ਉਹ ਨਾਮ ਦਾ ਪਰਕਾਸ਼ ਕਰਦੀ ਹੈ ਤੇ ਉਸ ਬੱਤੀ ਦੇ ਅੰਦਰ ਜੋ ਤੇਲ ਆਉਂਦਾ ਹੈ ਉਸ ਦੇ ਅੰਦਰ **"ਤਤੁ"** ਦੀ ਗੱਲ ਹੁੰਦੀ ਹੈ ਭਾਵ ਪੂਰਨ ਸੱਚ ਦੀ ਗੱਲ ਹੁੰਦੀ ਹੈ। ਉਹ ਤੱਤ , ਉਹ ਸੱਚ ਜੋ ਕਦੇ ਬਦਲ ਨਹੀਂ ਸਕਦਾ। ਨਾਮ ਉਹੀ ਹੈ ਜੋ ਸਾਨੂੰ ਤੱਤ ਦੀ ਗੱਲ ਸਮਝਾਉਂਦਾ ਹੈ ਭਾਵ ਇਹ ਗਿਆਨ ਦਾ ਤੱਤ ਹੈ ਜੋ ਤੱਤ ਪ੍ਰਮਾਤਮਾ ਸਾਡੇ ਅੰਦਰ ਬ੍ਰਹਮ ਗਿਆਨ ਦੇ ਰੂਪ ਵਿਚ ਦੇ ਕੇ ਸਾਡੇ ਮਨ ਦੇ ਵਿਚਾਰਾਂ ਨੂੰ ਰੋਸ਼ਨ ਕਰਦਾ ਹੈ, ਆਪਣੇ ਸ਼ਬਦ ਰੂਪ ਵਿਚਾਰਾਂ ਰਾਹੀਂ ਸਾਡੇ ਮਨ ਨੂੰ ਸੱਚੇ ਗਿਆਨ ਨਾਲ ਰੋਸ਼ਨ ਕਰਦਾ ਹੈ, ਆਪਣੇ ਨਾਮ ਨਾਲ ਰੋਸ਼ਨ ਕਰਦਾ ਹੈ। ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਵਿਚ ਪ੍ਰਗਟ ਹੋਣ ਦੁਆਰਾ ਹੀ ਦਿੰਦਾ ਹੈ। (**ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ॥**) ਪ੍ਰਮਾਤਮਾ ਸਾਡੇ ਮਨ ਦੇ ਅੰਦਰ ਗਿਆਨ ਦਾ ਪਰਕਾਸ਼ ਕਿਸ ਰੂਪ ਵਿਚ ਕਰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥"

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਕਿਸ ਰੂਪ ਵਿਚ ਹੈ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ। ਪ੍ਰਮਾਤਮਾ ਸਭ ਦੇ ਅੰਦਰ ਜੋਤਿ ਰੂਪ ਵਿਚ ਹੈ

40/5150

ਜੋ ਕਿ ਸਾਡਾ ਮਨ ਹੈ। ਆਪਣੀ ਜੋਤਿ ਰਾਹੀਂ ਪ੍ਰਮਾਤਮਾ ਸਭ ਦੇ ਅੰਦਰ ਗਿਆਨ ਦਾ ਪਰਕਾਸ ਹੀ ਕਰਦਾ ਹੈ ਜਿਵੇਂ ਕਿ ਅਸੀਂ ਪਹਿਲੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸ ਨੂੰ ਮਨ ਦੇ ਵਿਚ ਆਪਣੀ ਜੋਤਿ ਦੇ ਨਾਲ ਹੀ ਮਿਲਾਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਸਾਡੀ ਸੁੱਤੀ ਹੋਈ ਮਤਿ ਨੂੰ ਜਗਾਉਂਦਾ ਹੈ ਭਾਵ ਅਗਿਆਨਤਾ ਵਿਚ ਸੁੱਤੀ ਹੋਈ, ਮਾਇਆ ਮੋਹ ਵਿਚ ਸੁੱਤੀ ਹੋਈ, ਭਰਮਾਂ ਵਿਚ ਸੁੱਤੀ ਹੋਈ ਮਤਿ ਨੂੰ ਜਗਾਉਂਦਾ ਹੈ। ਮਨ ਦੇ ਜਾਗਣ ਦੁਆਰਾ ਹੀ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਣਦਾ ਹੈ। ਸਾਡੇ ਮਨ ਨੂੰ ਜਗਾਉਣ ਲਈ ਆਪਣਾ ਗੁਰਮਤਿ ਰੂਪ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਰਾਹੀਂ ਉਹ ਆਪਣੀ ਸੱਚੀ ਭਗਤੀ ਵਾਲੀ ਮਤਿ ਬਖਸ਼ਦਾ ਹੈ, ਆਪਣੀ ਆਰਤੀ ਸਮਝਾਉਂਦਾ ਹੈ ਭਾਵ ਆਪਣੀ ਸੱਚੀ ਸਿਖਿਆ ਸਮਝਾਉਂਦਾ ਹੈ। ਪ੍ਰਮਾਤਮਾ ਦੀ ਆਰਤੀ ਨੂੰ ਉਹੀ ਬੁੱਝਦਾ ਹੈ ਭਾਵ ਜਾਣਦਾ ਹੈ ਜਿਸ ਨੂੰ ਪ੍ਰਮਾਤਮਾ ਆਪ ਬੁਝਣ ਵਾਲਾ ਬਣਾਉਂਦਾ ਹੈ ਭਾਵ ਸੂਝਵਾਨ ਬਣਾਉਂਦਾ ਹੈ। (**ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥**)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}

(ਅੰਗ - ੧੩)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ - ੯੨)

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥ ਅਪਿਉ ਪੀਐ ਸੋ ਭਰਮੁ ਗਵਾਏ ॥
ਗੁਰ ਪਰਸਾਦਿ ਮੁਕਤਿ ਗਤਿ ਪਾਏ ॥ ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ - ੧੧੨)

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥
ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥}

(ਅੰਗ - ੧੬੦)

{ਬ੍ਰਹਮ ਗਿਆਨੀ ਸਦਾ ਸਦ ਜਾਗਤ ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥}

(ਅੰਗ - ੨੭੩)

40/5151

{ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥ ਚਹੁ ਵਰਨਾ ਵਿਚਿ ਜਾਗੈ ਕੋਇ ॥
ਜਮੈ ਕਾਲੈ ਤੇ ਛੂਟੈ ਸੋਇ ॥੫॥ ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥}

(ਅੰਗ - ੧੧੨੮)

{ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥}

(ਅੰਗ - ੧੧੨੯)

{ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ ॥}

(ਅੰਗ - ੧੧੯੩)

{ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥}

(ਅੰਗ - ੧੧੨੮)

{ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥}

(ਅੰਗ - ੧੧੨੮)

{ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ ॥ ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ ॥
ਆਪੇ ਕਰੇ ਕਰਾਏ ਆਪੇ ਹੋਰੁ ਕਰਣਾ ਕਿਛੂ ਨ ਜਾਈ ਹੇ ॥੧੦॥}

(ਅੰਗ - ੧੦੪੭)

{ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥}

(ਅੰਗ - ੧੦੧੯)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ - ੧੪੧੪)

{ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥}

(ਅੰਗ - ੧੦੧੬)

ਪ੍ਰਮਾਤਮਾ ਮਨ ਦੇ ਅੰਦਰ ਜੋ ਗਿਆਨ ਦਿੰਦਾ ਹੈ ਭਾਵ ਆਪਣੀ ਜੋਤਿ ਰਾਹੀਂ ਜੋ ਮਨ ਦੇ ਵਿਚ ਪਰਕਾਸ਼ ਕਰਦਾ ਹੈ, ਉਹ ਕਿਸ ਰੂਪ ਵਿਚ ਕਰਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

"ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥੫॥"

"ਪੰਚ ਸਬਦ" ਕੀ ਹਨ ਇਸ ਗੱਲ ਨੂੰ ਅਸੀਂ ਲੇਖ ਵਿਚ ਬਹੁਤ ਪਹਿਲੇ ਪਿੱਛੇ ਵੀ ਸਮਝਿਆ ਹੈ। ਪੰਚ ਸਾਡੇ ਮਨ ਦੀ ਅਵਸਥਾ ਹੈ

ਜੋ ਸਾਡੇ ਮਨ ਨੂੰ ਅਡੋਲ ਬਣਾਕੇ ਰੱਖਦੀ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੁਆਰਾ ਅਡੋਲ ਬਣਾਕੇ ਰੱਖਦੀ ਹੈ ਜੋ ਮਨ ਮਾਇਆ ਮੋਹ ਵਿਚ ਨਹੀਂ ਡੋਲਦਾ। ਗੁਰੂ ਪ੍ਰਮਾਤਮਾ ਦਾ ਹਰ ਸ਼ਬਦ ਸਾਡੇ ਮਨ ਨੂੰ ਪੰਚ ਹੀ ਬਣਾਉਂਦਾ ਹੈ ਭਾਵ ਸਾਡੇ ਮਨ ਨੂੰ ਅਡੋਲ ਹੀ ਕਰਦਾ ਹੈ। ਸਾਡਾ ਮਨ ਭਰਮਾਂ ਕਰ ਕੇ ਡੋਲਦਾ ਹੈ ਭਾਵ ਮਨ ਦੀ ਨਾਸਮਝੀ ਕਰਕੇ ਡੋਲਦਾ ਹੈ ਤੇ ਗੁਰੂ ਦਾ ਹਰ ਸ਼ਬਦ ਸਾਨੂੰ ਭਰਮਾਂ ਵਿਚੋਂ ਹੀ ਕੱਢਦਾ ਹੈ ਤੇ ਸਾਡੇ ਮਨ ਨੂੰ ਸੱਚ ਤੇ ਅਡੋਲ ਕਰਦਾ ਹੈ। ਮਨ ਦੇ ਵਿਚ ਪ੍ਰਮਾਤਮਾ ਸਾਨੂੰ ਜੋ ਵੀ ਗਿਆਨ ਦਿੰਦਾ ਹੈ ਉਹ ਸ਼ਬਦਾਂ ਰਾਹੀਂ ਹੀ ਦਿੰਦਾ ਹੈ ਤੇ ਹਰ ਸ਼ਬਦ ਦੀ ਵਿਚਾਰ ਸਾਡੇ ਅੰਦਰ ਵੱਸਣ ਦੁਆਰਾ ਸਾਡੇ ਮਨ ਨੂੰ ਅਡੋਲ ਕਰਦੀ ਹੈ। ਇਹ ਸ਼ਬਦ ਸਾਡੇ ਅੰਦਰ ਅਨਾਹਦ ਸ਼ਬਦ ਹਨ ਭਾਵ ਜਿੰਨ੍ਹਾਂ ਦੀ ਕੋਈ ਆਹਟ ਨਹੀਂ ਹੁੰਦੀ, ਅਵਾਜ ਨਹੀਂ

ਹੁੰਦੀ। ਇਹਨਾਂ ਸ਼ਬਦਾਂ ਨੂੰ ਸਾਡਾ ਮਨ ਬਿਨਾ ਅਵਾਜ ਤੋਂ ਸੁਣਦਾ ਹੈ ਤੇ ਜਦੋਂ ਪ੍ਰਮਾਤਮਾ ਇਹ ਅਨਾਹਦ ਮਨ ਦੇ ਵਿਚ ਸੁਣਾਉਂਦਾ ਹੈ ਭਾਵ ਵਜਾਉਂਦਾ ਹੈ, ਉਹ ਪ੍ਰਮਾਤਮਾ ਮਨ ਦੇ ਵਿਚ ਸਾਡੇ ਨਾਲ ਹੀ ਹੁੰਦਾ ਹੈ ਭਾਵ ਜੋ ਵੀ ਮਨੁੱਖੀ ਰੂਪ ਇਹ ਅਨਾਹਦ ਸੁਣਦਾ ਹੈ ਉਹ ਇਸ ਅਨਾਹਦ ਨੂੰ ਮਨ ਦੇ ਵਿਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੀ ਸੁਣਦਾ ਹੈ ਤੇ ਮਨ ਦੇ ਵਿਚ ਇਹ ਵਿਚਾਰ ਪ੍ਰਮਾਤਮਾ ਆਪ ਹੀ ਦਿੰਦਾ ਹੈ। ਇਹਨਾਂ ਸ਼ਬਦਾਂ ਦੀ ਵਿਚਾਰ ਦੁਆਰਾ ਹੀ ਪ੍ਰਮਾਤਮਾ ਸਾਨੂੰ ਆਪਣੀ ਆਰਤੀ ਕਰਨੀ ਸਮਝਾਉਂਦਾ ਹੈ, ਆਪਣੀ ਪੂਜਾ ਸਮਝਾਉਂਦਾ ਹੈ। ਜੋ ਵੀ ਪ੍ਰਮਾਤਮਾ ਦੀ ਆਰਤੀ ਕਰਦਾ ਹੈ ਉਹ ਮਨ ਦੇ ਵਿਚ ਆਰਤੀ ਦੀ ਸਮਝ ਪੈਣ ਦੁਆਰਾ ਹੀ ਕਰਦਾ ਹੈ ਜੋ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ। (**ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥੫॥**)

ਜਿਵੇਂ ਕਿ ਅਸੀਂ ਉਪਰਲੇ ਸ਼ਬਦ ਰਾਹੀਂ ਸਮਝਿਆ ਹੈ ਪ੍ਰਮਾਤਮਾ ਦੀ ਭਗਤੀ ਸਾਡਾ ਮਨ ਹੀ ਕਰਦਾ ਹੈ, ਉਸਦੀ ਆਰਤੀ ਸਾਡਾ ਮਨ ਹੀ ਕਰਦਾ ਹੈ ਕਿਉਂਕਿ ਪ੍ਰਮਾਤਮਾ ਦੀ ਭਗਤੀ ਮਨ ਦੀ ਸਮਝ ਦੁਆਰਾ ਹੀ ਹੁੰਦੀ ਹੈ ਤੇ ਗੁਰਮਤਿ ਰੂਪ ਸੋਝੀ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਤਾਂ ਹੀ ਹੁੰਦੀ ਹੈ ਜੇਕਰ ਪਹਿਲਾਂ ਸਾਡੇ ਅੰਦਰ ਭਗਤੀ ਦੀ ਸਮਝ ਪੈਂਦੀ ਹੈ ਕਿਉਂਕਿ ਅਸੀਂ ਜੋ ਕੁਝ ਕਰਦੇ ਹਾਂ ਭਾਵ ਜੋ ਵੀ ਕਰਮ ਕਰਦੇ ਹਾਂ ਉਹ ਸਾਡੇ ਕੋਲੋਂ ਮਨ ਦੀ ਸਮਝ ਹੀ ਕਰਵਾਉਂਦੀ ਹੈ, ਮਾੜੇ ਕਰਮ ਕਰਵਾਉਣ ਵਾਲੀ ਵੀ ਸਾਡੀ ਸਮਝ ਹੈ ਤੇ ਚੰਗੇ ਕਰਮ ਕਰਵਾਉਣ ਵਾਲੀ ਵੀ ਸਾਡੇ ਮਨ ਦੀ ਸਮਝ ਹੈ। ਮਨਮਤਿ ਤੇ ਚਲਾਉਣ ਵਾਲੀ ਵੀ ਸਾਡੀ ਸਮਝ ਹੈ ਤੇ ਗੁਰਮਤਿ

ਤੇ ਚਲਾਉਣ ਵਾਲੀ ਵੀ ਸਾਡੀ ਸਮਝ ਹੈ। ਅਗਿਆਨਤਾ ਵਿਚ ਰੱਖਣ ਵਾਲੀ ਵੀ ਸਾਡੇ ਮਨ ਦੀ ਸਮਝ ਹੈ ਤੇ ਗੁਰੂ ਦੇ ਸੱਚੇ ਗਿਆਨ ਨਾਲ ਜੋੜਨ ਵਾਲੀ ਵੀ ਸਾਡੀ ਸਮਝ ਹੈ। ਹਉਮੈ ਵਿਚ ਰੱਖਣ ਵਾਲੀ ਸਾਡੀ ਸਮਝ ਹੈ ਤੇ ਨਾਮ ਦੀ ਮਤਿ ਨਾਲ ਜੋੜਨ ਵਾਲੀ ਸਾਡੀ ਸਮਝ ਹੈ ਭਾਵ ਪ੍ਰਮਾਤਮਾ ਦਾ ਜਪ ਤਪ, ਉਸ ਦੀ ਭਗਤੀ ਸਾਡੇ ਮਨ ਦੇ ਅੰਦਰ ਹੀ ਹੈ ਕਿਉਂਕਿ ਸਾਡੇ ਸਰੀਰ ਦੇ ਅੰਗਾਂ ਨੇ ਉਹੀ ਕੁਝ ਕਰਨਾ ਹੈ ਜੋ ਸਾਡੀ ਮਨ ਦੀ ਸਮਝ ਨੇ ਕਰਵਾਉਣਾ ਹੈ। ਜੇਕਰ ਸਾਡੇ ਮਨ ਦੀ ਸਮਝ ਮਾੜੀ ਹੈ ਉਹ ਸਾਡੀ ਰਸਨਾ ਕੋਲੋਂ ਝੂਠ ਬੁਲਵਾਏਗੀ ਤੇ ਜੇਕਰ ਸਾਡੇ ਮਨ ਦੀ ਸਮਝ ਸੱਚੀ ਹੈ ਤੇ ਉਹ ਸਾਡੀ ਰਸਨਾ ਕੋਲੋਂ ਸੱਚ ਬੁਲਵਾਏਗੀ ਭਾਵ ਸਾਡੀ ਰਸਨਾ ਨਾਮ ਉਚਰੇਗੀ। ਭਗਤੀ ਦਾ ਮਾਰਗ ਸਾਡੇ ਮਨ ਨਾਲ ਜੁੜਿਆ ਹੋਇਆ ਹੈ ਨਾ ਕਿ ਸਾਡੀਆਂ ਸਰੀਰਕ ਕਿਰਿਆਵਾਂ ਦੇ ਨਾਲ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰਦੇ ਹਾਂ।

“ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥ ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥ ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥ ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥੧੭॥”

(ਅੰਗ - ੧੦੯੨)

“ਜਪੁ ਤਪੁ” ਸਾਡੇ ਅੰਦਰ ਦੀ ਸਮਝ ਹੈ ਭਾਵ ਭਗਤੀ ਵਾਲੀ ਸਮਝ ਹੈ ਜੋ ਸਾਡੇ ਕੋਲੋਂ **“ਜਪੁ ਤਪੁ”** ਕਰਵਾਉਂਦੀ ਹੈ। ਇਹ **“ਜਪੁ ਤਪੁ”** ਮਨ ਦੇ ਸੰਜਮ ਦੁਆਰਾ ਹੁੰਦਾ ਹੈ ਭਾਵ ਮਨ ਦੇ ਵਿਚਾਰਾਂ ਨੂੰ, ਮਾਇਆ ਮੋਹ ਵਾਲੇ ਵਿਚਾਰਾਂ ਨੂੰ ਸੰਜਮ ਵਿਚ ਰੱਖਣ ਦੁਆਰਾ ਹੁੰਦਾ ਹੈ ਭਾਵ ਇਹਨਾਂ ਵਿਚਾਰਾਂ ਨੂੰ ਰੋਕ ਕੇ ਰੱਖਣ ਦੁਆਰਾ ਹੁੰਦਾ ਹੈ ਜੋ ਵਿਚਾਰ ਭਗਤੀ ਦੇ ਮਾਰਗ ਵਿਚ ਰੁਕਾਵਟ ਹਨ। ਜਪੁ ਤਪੁ ਦੀ ਸਮਝ ਸਾਨੂੰ ਗੁਰੂ ਦੇ ਸ਼ਬਦ ਦੁਆਰਾ ਹੀ ਜਾਪਦੀ ਹੈ ਭਾਵ ਸਮਝ ਪੈਂਦੀ ਹੈ। ਗੁਰੂ ਦਾ ਸ਼ਬਦ ਸਾਨੂੰ ਭਗਤੀ ਦੇ ਮਾਰਗ ਦੀ ਸੋਝੀ ਪਾਉਣ ਦੇ ਲਈ ਹੀ ਹੈ। ਗੁਰੂ ਦੇ ਸ਼ਬਦ ਦੁਆਰਾ ਗਿਆਨ ਲੈਣਾ ਭਾਵ ਗੁਰੂ ਦੇ ਸ਼ਬਦਾਂ ਦੁਆਰਾ ਵਿਚਾਰ ਲੈਣਾ ਹੀ **“ਹਰਿ ਹਰਿ ਨਾਮੁ”** ਧਿਆਉਣਾ ਹੈ। ਗੁਰੂ ਦੇ ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਹੀ ਭਾਵ ਮਨ ਦੇ ਵਿਕਾਰਾਂ ਨੂੰ ਰੋਕਣਾ ਹੀ ਨਾਮ ਧਿਆਉਣਾ ਹੈ। ਮਨ ਦੇ ਵਿਚ ਸਾਡੇ ਮਾੜੇ ਵਿਚਾਰਾਂ ਦਾ ਭਾਵ ਮਾੜੀ ਸੋਝੀ ਵਾਲੇ ਵਿਚਾਰਾਂ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ, ਅਗਿਆਨਤਾ ਹੈ ਜੋ ਗੁਰੂ ਦੇ ਗਿਆਨ ਦੁਆਰਾ ਭਾਵ ਸ਼ਬਦ ਦੇ ਗਿਆਨ ਨੂੰ ਅਪਨਾਉਣ ਦੁਆਰਾ ਭਾਵ ਮੰਨਣ ਦੁਆਰਾ ਦੂਰ ਹੋ ਜਾਂਦੀ ਹੈ ਭਾਵ ਸਾਡੇ ਅੰਦਰ ਜਪੁ ਤਪੁ ਵਾਲੀ ਬਿਰਤੀ ਉਦੋਂ ਹੀ ਬਣਦੀ ਹੈ ਜਦੋਂ ਸਾਡੇ ਅੰਦਰੋਂ ਹਉਮੈ, ਅਗਿਆਨਤਾ ਦੂਰ ਹੋ ਜਾਂਦੀ ਹੈ ਭਾਵ ਹਉਮੈ ਵਿਚ ਰਹਿੰਦਿਆਂ, ਅਗਿਆਨਤਾ ਵਿਚ ਰਹਿੰਦਿਆਂ ਸਾਨੂੰ ਸਮਝ ਹੀ ਨਹੀਂ ਪੈਂਦੀ ਕਿ ਉਸ ਪ੍ਰਮਾਤਮਾ ਦਾ ਜਪੁ ਤਪੁ ਕਰਨਾ ਕੀ ਹੈ ਜੋ ਜਪੁ ਤਪੁ ਮਨ ਦੇ ਵਿਕਾਰਾਂ ਨੂੰ ਮਾਰਨ ਦੁਆਰਾ ਹੁੰਦਾ ਹੈ, ਮਾਇਆ ਮੋਹ

40/5154

ਵਿਚੋਂ ਨਿਕਲਣ ਦੁਆਰਾ ਹੁੰਦਾ ਹੈ ਭਾਵ ਗੁਰੂ ਦੇ ਸ਼ਬਦ ਅਨੁਸਾਰ ਆਪਣਾ ਜੀਵਨ ਬਨਾਉਣਾ ਹੀ ਸਾਡਾ ਜਪੁ ਤਪੁ ਹੈ, ਪ੍ਰਮਾਤਮਾ ਦੀ ਭਗਤੀ ਹੈ ਜਿਸ ਲਈ ਕਿਸੇ ਸਰੀਰਕ ਕਿਰਿਆਵਾਂ ਦੀ ਲੋੜ ਨਹੀਂ। (**ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥**)

ਜਦੋਂ ਸਾਨੂੰ ਆਪਣੇ ਅੰਦਰੋਂ ਭਗਤੀ ਦੇ ਮਾਰਗ ਦੀ ਸਮਝ ਪੈ ਜਾਂਦੀ ਹੈ ਭਾਵ ਜਦੋਂ ਸਾਡੀ ਹਉਮੈ, ਅਗਿਆਨਤਾ ਦੂਰ ਹੋ ਜਾਂਦੀ ਹੈ, ਇਹੀ ਆਪਣੇ ਮਨ ਦੇ ਅੰਦਰੋਂ ਅੰਮ੍ਰਿਤ ਛੱਕਣਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥”

ਬਾਣੀ ਰਾਹੀਂ ਸਾਨੂੰ ਬਾਰ ਬਾਰ ਇਹੋ ਗੱਲ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਅੰਮ੍ਰਿਤ ਦਾ ਸਾਗਰ ਸਾਡੇ ਅੰਦਰ ਹੀ ਹੈ, ਅੰਮ੍ਰਿਤ ਸਰੋਵਰ ਸਾਡੇ ਅੰਦਰ ਹੀ ਹੈ ਜਿਸ ਸਰੋਵਰ ਦੇ ਰੂਪ ਵਿਚ ਪ੍ਰਮਾਤਮਾ ਆਪ ਸਾਡੇ ਅੰਦਰ ਹੀ ਹੈ। ਇਹ ਸਰੋਵਰ ਪ੍ਰਮਾਤਮਾ ਦਾ ਸ਼ਬਦਾਂ ਦੇ ਗਿਆਨ ਦਾ ਸਰੋਵਰ ਹੈ, ਬ੍ਰਹਮ ਗਿਆਨ ਦਾ ਸਰੋਵਰ ਹੈ ਜਿਸ ਰਾਹੀਂ ਉਹ ਆਪਣਾ ਅੰਮ੍ਰਿਤ ਮਨ ਦੇ ਵਿਚ ਆਪ ਹੀ ਚਖਾਉਂਦਾ ਹੈ ਭਾਵ ਆਪਣਾ ਨਾਮ ਉਹ ਆਪ ਹੀ ਦਿੰਦਾ ਹੈ। ਪ੍ਰਮਾਤਮਾ ਆਪਣਾ ਇਹ ਅੰਮ੍ਰਿਤ ਮਨ ਦੇ ਵਿਚ ਹੀ ਪਿਆਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਪਿਆਉਂਦਾ ਹੈ ਜੋ ਕਿ ਸਾਡਾ ਮਨ ਪੀਂਦਾ ਹੈ। ਇਹ ਬ੍ਰਹਮ ਗਿਆਨ ਰੂਪ ਅੰਮ੍ਰਿਤ ਹੈ ਜਿਸ ਨੂੰ ਸਾਡੇ ਮਨ ਦੀ ਸਮਝ ਪੀਂਦੀ ਹੈ ਭਾਵ ਸਮਝਦੀ ਹੈ ਤੇ ਉਸ ਸਮਝ ਦੁਆਰਾ ਮਨ ਦੀ ਸਮਝ ਉੱਚੀ ਤੇ ਸੁੱਚੀ ਹੋ ਜਾਂਦੀ ਹੈ ਭਾਵ ਉਸ ਨੂੰ ਭਗਤੀ ਦੇ ਮਾਰਗ ਦੀ, ਜਪੁ ਤਪੁ ਦੀ ਸਮਝ ਪੈ ਜਾਂਦੀ ਹੈ ਤੇ ਉਸ ਦੇ ਮਨ ਦੀ ਭਗਤੀ ਦੇ ਮਾਰਗ ਨੂੰ ਸਮਝਣ ਵਿਚ ਪੂਰੀ ਤਰ੍ਹਾਂ ਅਗਿਆਨਤਾ ਦੂਰ ਹੋ ਜਾਂਦੀ ਹੈ, ਹਉਮੈ ਦੂਰ ਹੋ ਜਾਂਦੀ ਹੈ, ਮਾਇਆ ਮੋਹ ਵਾਲੀ ਮਤਿ ਦੂਰ ਹੋ ਜਾਂਦੀ ਹੈ। ਜੋ ਇਸ ਅੰਮ੍ਰਿਤ ਨੂੰ ਆਪਣੇ ਅੰਦਰੋਂ ਚਖਦਾ ਹੈ ਉਹ ਇਸ ਦੇ ਸੁਆਦ ਨੂੰ ਜਾਣ ਸਕਦਾ ਹੈ ਕਿ ਇਸ ਨੂੰ ਚਖਣ ਦਾ ਸਵਾਦ ਕਿਤਨਾ ਮਿੱਠਾ ਹੈ, ਕਿਤਨਾ ਆਨੰਦਮਈ ਹੈ ਭਾਵ ਗੁਰਮਤਿ ਰੂਪ ਸੱਚੀ ਸੋਝੀ ਕਿੰਨੀ ਅਨੰਦ ਦਾਇਕ ਹੈ। (**ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥ ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥ ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥**)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥}

(ਅੰਗ - ੧੦੨)

40/5155

ਇਹ ਅੰਮ੍ਰਿਤ ਸਾਡਾ ਮਨ ਚੱਖਦਾ ਹੈ ਤੇ ਇਸ ਦਾ ਅਸਰ ਵੀ ਸਾਡੇ ਮਨ ਤੇ ਹੀ ਹੁੰਦਾ ਹੈ। ਇਹ ਮਨ ਦਾ ਅੰਮ੍ਰਿਤ ਸਾਨੂੰ ਮਾਇਆ ਮੋਹ ਦੇ ਭਉ ਵਿੱਚੋਂ ਕੱਢਦਾ ਹੈ ਇਸ ਕਰਕੇ ਸਾਡੇ ਮਨ ਦੀ ਸਮਝ ਭੈ ਤੋਂ ਰਹਿਤ ਹੋ ਜਾਂਦੀ ਹੈ ਜੋ ਫਿਰ ਮਾਇਆ ਕਰਕੇ ਨਹੀਂ ਡੋਲਦੀ ਤੇ ਮਨ ਦੀ ਇਹੋ ਜਿਹੀ ਮਤਿ ਦੁਆਰਾ ਹੀ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਮਨ ਦੇ ਵਿਚ ਅੰਮ੍ਰਿਤ ਪੀਣਾ ਹੀ ਹਰਿ ਰਸ ਦੀ ਪ੍ਰਾਪਤੀ ਹੈ ਜੋ ਰਸ ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ, ਸੱਚੇ ਗਿਆਨ ਦੇ ਰੂਪ ਵਿਚ ਸਾਡਾ ਮਨ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਆਪਣੇ ਇਸ ਸੱਚੇ ਗਿਆਨ ਦੁਆਰਾ ਮਨੁੱਖ ਨੂੰ ਤ੍ਰਿਪਤ ਕਰ ਦਿੰਦਾ ਹੈ, ਰਜਾ ਦਿੰਦਾ ਹੈ ਭਾਵ ਉਸ ਨੂੰ ਅਨੇਕਾਂ ਹੀ ਸ਼ਬਦਾਂ ਦੀ ਵਿਚਾਰ ਦਿੰਦਾ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਹਰਿ ਰਸਿ ਪੀਣਾ ਹੈ। (**ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥**)

{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ - ੪੧)

ਜਿਸਨੂੰ ਵੀ ਪ੍ਰਮਾਤਮਾ ਮਨ ਦੇ ਵਿਚ ਅੰਮ੍ਰਿਤ ਪਿਆਉਂਦਾ ਹੈ, ਆਪਣੀ ਕਿਰਪਾ ਦੁਆਰਾ ਹੀ ਪਿਆਉਂਦਾ ਹੈ ਕਿਉਂਕਿ ਇਸ ਅੰਮ੍ਰਿਤ ਨੂੰ ਕੋਈ ਆਪਣੇ ਆਪ ਨਹੀਂ ਪੀ ਸਕਦਾ। ਇਹ ਨਾਮ ਰੂਪ ਅੰਮ੍ਰਿਤ ਜੋ ਸਾਡਾ ਮਨ ਪੀਂਦਾ ਹੈ ਉਸ ਤੋਂ ਬਾਦ ਫਿਰ ਮਨੁੱਖ

ਨੂੰ **"ਕਾਲੁ"** ਨਹੀਂ ਖਾਂਦਾ ਭਾਵ ਕਾਲ ਪਰੇਸ਼ਾਨ ਨਹੀਂ ਕਰਦਾ। ਇਹ ਕਾਲ ਸਾਡੇ ਮਨ ਦੇ ਅੰਦਰ ਹੀ ਹੈ ਜੋ ਸਾਡੇ ਅੰਦਰ ਹਉਮੈ ਦੇ ਰੂਪ ਵਿਚ, ਅਗਿਆਨਤਾ ਦੇ ਰੂਪ, ਮਾਇਆ ਮੋਹ ਦੇ ਰੂਪ ਵਿੱਚ ਹੈ ਭਾਵ ਜੋ ਸਾਨੂੰ ਆਤਮਿਕ ਮੌਤ ਮਾਰਦਾ ਹੈ ਭਾਵ ਸਾਡੇ ਮਨ ਦੀ ਮਾੜੀ ਸੋਝੀ, ਬੇਸਮਝ ਮਤਿ ਹੀ ਸਾਡਾ ਕਾਲ ਹੈ ਜੋ ਮਨ ਦੇ ਵਿਚ ਸੱਚੀ ਸਮਝ ਪੈਣ ਦੁਆਰਾ ਦੂਰ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ। (**ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥੧੭॥**)

{ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥}

(ਅੰਗ - ੧੨੩੮)

ਪ੍ਰਮਾਤਮਾ ਦੇ ਨਾਲ ਸਾਨੂੰ ਗੁਰੂ ਦੇ ਸ਼ਬਦ ਨੇ ਹੀ ਮਿਲਾਉਣਾ ਹੈ ਤੇ ਸਾਨੂੰ ਕੇਵਲ ਗੁਰੂ ਦੇ ਸ਼ਬਦ ਦੇ ਭਾਵ ਨਾਮ ਦੇ ਮਕਸਦ ਨੂੰ ਸਮਝਣ ਦੀ ਲੋੜ ਹੈ ਕਿ ਗੁਰੂ ਦੇ ਸ਼ਬਦ ਨੇ ਕਿਸ ਤਰੀਕੇ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ। ਸਭ ਦੇ ਅੰਦਰ ਸਭ ਤੋਂ ਵੱਡਾ ਭਰਮ ਇਹੀ ਹੈ ਕਿ ਗੁਰੂ ਦਾ ਸ਼ਬਦ ਸਾਨੂੰ ਕਿਸ ਤਰੀਕੇ ਪ੍ਰਮਾਤਮਾ ਦੇ ਨਾਲ ਮਿਲਾਉਂਦਾ ਹੈ। ਸਾਡੇ ਸਭ ਦੇ ਅੰਦਰ ਮਾਇਆ

40/5156

ਵਰਤਦੀ ਹੈ ਜੋ ਸਾਡੇ ਅੰਦਰ ਛੱਲ ਦੇ ਰੂਪ ਵਿਚ ਹੈ, ਕਪਟ ਦੇ ਰੂਪ ਵਿਚ ਹੈ। ਸਬਦ ਦਾ ਮਕਸਦ ਸਾਨੂੰ ਇਸ ਮਾਇਆ ਦੇ ਕਪਟ ਵਿਚੋਂ ਕੱਢਣ ਦਾ ਹੈ ਜਿਸ ਮਾਇਆ ਰੂਪ ਕਪਟ ਨੇ ਸਾਨੂੰ ਅਗਿਆਨਤਾ ਵਿਚ ਰੱਖ ਕੇ ਸ਼ਬਦ ਦੇ ਗਿਆਨ ਨੂੰ ਸਮਝਣ ਵਿਚ ਤੇ ਉਸ ਤੇ ਚੱਲਣ ਤੋਂ ਦੂਰ ਰਖਿਆ ਹੋਇਆ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਸ਼ਬਦ ਨੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਿਸ ਤਰੀਕੇ ਕਰਵਾਉਣਾ ਹੈ।

“ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥
ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥
ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ ॥
ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ ॥੧॥”

(ਅੰਗ - ੬੫੨)

ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ ਪ੍ਰਮਾਤਮਾ ਨੇ ਹਰ ਮਨੁੱਖ ਦੇ ਅੰਦਰ ਹਉਮੈ ਪਾਈ ਹੋਈ ਹੈ, ਮਾਇਆ ਮੋਹ ਪਾਇਆ ਹੋਇਆ ਹੈ, ਸਭ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਖਿਆ ਹੋਇਆ ਹੈ ਪਰ ਸਾਡੇ ਅੰਦਰ ਦੀ ਇਹ ਅਵਸਥਾ ਕੀ ਹੈ, ਕਿਸ ਰੂਪ ਵਿਚ ਹੈ ਤੇ ਇਸ ਵਿਚੋਂ ਨਿਕਲਣ ਦਾ ਸਾਧਨ ਕੀ ਹੈ ਇਸ ਦੀ ਸਮਝ ਪੈਣਾ ਬਹੁਤ ਵੱਡੀ ਗੱਲ ਹੈ ਜਿਵੇਂ ਕਿ ਉਪਰ ਸਲੋਕ ਦੀ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਭਾਵ ਸਭ ਦੇ ਅੰਦਰ ਅਗਿਆਨਤਾ ਹੈ ਜਿਸ ਕਰਕੇ ਹਰ ਕਿਸੇ ਦੀ ਮਤਿ **“ਮਧਿਮ”** ਹੈ ਭਾਵ ਛੋਟੀ ਹੈ ਭਾਵ ਸਾਡੀ ਮਤਿ ਅੰਦਰ ਭਰਮ ਹਨ ਜੋ ਸਾਨੂੰ ਗੁਰੂ ਦੀ ਉੱਚੀ ਮਤਿ ਨਾਲੋਂ, ਉੱਚੇ ਗਿਆਨ ਵਾਲੀ ਮਤਿ ਨਾਲੋਂ ਵੱਖਰਾ ਕਰਕੇ ਰੱਖਦੀ ਹੈ। ਇਸ ਛੋਟੀ ਮਤਿ ਦੇ ਕਾਰਨ ਸਾਨੂੰ ਵੱਡੀ ਮਤਿ ਦੀ ਗੱਲ ਪੱਲੇ ਨਹੀਂ ਪੈਂਦੀ, ਸਮਝ ਨਹੀਂ ਆਉਂਦੀ ਤੇ ਏਸੇ ਲਈ ਸਾਨੂੰ ਗੁਰੂ ਦੀ ਗੱਲ ਤੇ ਭਰੋਸਾ ਨਹੀਂ ਆਉਂਦਾ ਕਿਉਂਕਿ ਜੋ ਗੱਲ ਸਾਡੀ ਸਮਝ ਤੋਂ ਬਾਹਰ ਹੈ ਉਸ ਨੂੰ ਫਿਰ ਮੰਨੀਏ ਕਿਵੇਂ। ਗੱਲ ਨੂੰ ਮੰਨਣ ਤੋਂ ਬਿਨਾ ਸਾਨੂੰ ਭਰੋਸਾ ਨਹੀਂ ਆਉਂਦਾ ਇਸ ਕਰਕੇ ਸਾਡਾ ਆਪਣੀ ਛੋਟੀ ਮਤਿ ਤੇ ਹੀ ਭਰੋਸਾ ਟਿਕਿਆ ਰਹਿੰਦਾ ਹੈ। ਜਿਵੇਂ ਕਿ ਅਸੀਂ ਬਾਰ ਬਾਰ ਸਮਝਿਆ ਹੈ ਗੁਰੂ ਦੇ ਵਿਚ ਤੇ ਆਮ ਮਨੁੱਖ ਦੇ ਵਿਚ ਗਿਆਨ ਦੇ ਲੈਵਲ ਦਾ ਹੀ ਫਰਕ ਹੈ, ਗੁਰੂ ਚਉਥੇ ਪਦ ਦੇ ਗਿਆਨ ਵਿਚ ਹੈ ਜੋ ਬਹੁਤ ਹੀ ਉੱਚਾ ਗਿਆਨ ਹੈ ਤੇ ਮਨੁੱਖੀ ਮਤਿ ਨੂੰ ਪ੍ਰਮਾਤਮਾ ਨੇ ਬਹੁਤ ਹੀ ਨੀਵੇਂ ਗਿਆਨ ਵਿਚ ਰਖਿਆ ਹੈ। ਸਾਡੇ ਅੰਦਰ ਦੀ ਜੋ ਨੀਵੀਂ ਮਤਿ ਹੈ ਇਹੀ ਸਾਡੇ ਅੰਦਰ ਦੀ ਮਾਇਆ ਹੈ ਜੋ ਸਾਡੇ ਅੰਦਰ ਸਾਡੇ ਨਾਲ ਕਪਟ ਕਰਦੀ ਹੈ ਭਾਵ ਧੋਖਾ ਕਰਦੀ ਹੈ। ਮਾਇਆ ਦਾ ਇਹ ਧੋਖਾ ਸਾਨੂੰ ਚਉਥੇ ਪਦ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਰੱਖਣਾ ਹੈ ਤੇ ਅਸੀਂ ਜੋ ਵੀ ਗੱਲ ਸਮਝਦੇ ਹਾਂ ਉਸਦੇ ਅੰਦਰ ਮਾਇਆ ਦਾ ਕਪਟ ਹੀ ਹੁੰਦਾ ਹੈ ਤੇ ਮਨ ਦੇ ਉਸ ਕਪਟ ਕਰ ਕੇ ਅਸੀਂ ਆਪ ਖੱਪਦੇ ਹਾਂ ਤੇ ਦੂਸਰਿਆਂ ਨੂੰ ਵੀ ਖੱਪਾਉਂਦੇ ਹਾਂ ਭਾਵ ਆਪ ਵੀ ਬੇਸਮਝੀ ਵਿਚ ਰਹਿੰਦੇ ਹਾਂ ਤੇ ਦੂਸਰਿਆਂ ਨੂੰ ਵੀ ਬੇਸਮਝੀ ਵਿਚ ਪਾਉਂਦੇ ਹਾਂ। ਧਰਮ ਦੇ ਮਾਰਗ ਤੇ ਚੱਲਣ ਲਈ ਸਭ ਪਾਸੇ ਇਹੋ ਕੁਝ ਹੀ ਹੋ ਰਿਹਾ ਹੈ ਭਾਵ

40/5157

ਬੇਸਮਝੀ ਦਾ ਹੀ ਪਸਾਰਾ ਹੈ, ਅਗਿਆਨਤਾ ਦਾ ਹੀ ਪਸਾਰਾ ਹੈ। (**ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥ ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥**)

{“ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥”}

(ਅੰਗ - ੧੨੮੮)

ਹਰ ਪਾਸੇ ਧਰਮ ਦੇ ਮਾਰਗ ਨੂੰ ਲੈ ਕੇ ਕੂੜ ਦਾ ਹੀ ਪਸਾਰਾ ਹੈ, ਝੂਠੀ ਮਤਿ ਦਾ ਹੀ ਪਸਾਰਾ ਹੈ ਭਾਵ ਮਾਇਆ ਦੇ ਕਪਟ ਦਾ ਹੀ ਪਸਾਰਾ ਹੈ, ਅਗਿਆਨਤਾ ਦਾ ਹੀ ਪਸਾਰਾ ਹੈ ਜਿਸ ਦਾ ਕਾਰਣ ਸਾਡੀ ਅੰਦਰ ਦੀ **"ਕਲਿ"** ਹੈ ਜਿਸ ਤੋਂ ਬਾਹਰ ਕੋਈ ਨਹੀਂ। ਸਾਡੇ ਅੰਦਰ ਦੀ ਇਹ ਕਲਿ ਹੀ ਮਾਇਆ ਦਾ ਕਪਟ ਹੈ ਜਿਸ ਕਰਕੇ ਆਪਣੀ ਝੂਠੀ ਮਤਿ ਦੁਆਰਾ ਹੀ ਅਸੀਂ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ, ਗੁਰਮਤਿ ਦੀ ਸੱਚੀ ਸੋਝੀ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਸੱਚੀ ਸੋਝੀ ਵਾਲਾ ਸਮਝਦੇ ਹਾਂ, ਨਾਮ ਦੀ ਸੋਝੀ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਨਾਮ ਵਾਲਾ ਸਮਝਦੇ ਹਾਂ ਤੇ ਇਹੋ ਕੁਝ ਪ੍ਰਚਾਰ ਕਰਦੇ ਹਾਂ ਭਾਵ ਧਰਮ ਦੇ ਮਾਰਗ ਨੂੰ ਸਮਝਣ ਵਿਚ ਮੂਰਖ ਹੁੰਦੇ ਹੋਏ ਵੀ, ਅਗਿਆਨੀ ਹੁੰਦੇ ਹੋਏ ਵੀ ਆਪਣੇ ਆਪ ਨੂੰ ਗਿਆਨਵਾਨ ਸਮਝਦੇ ਹਾਂ। ਇਹ ਸਾਡੇ ਅੰਦਰ ਮਾਇਆ ਦਾ ਕਪਟ ਹੈ, ਛੱਲ ਹੈ ਜਿਸਨੂੰ ਅਸੀਂ ਸਮਝ ਨਹੀਂ ਸਕਦੇ ਕਿਉਂਕਿ ਇਹ ਅਵਸਥਾ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਦੁਆਰਾ ਉਸਨੇ ਆਪ ਹੀ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਆਪਣੇ ਆਪ ਤੋਂ ਦੂਰ ਰੱਖਿਆ ਹੋਇਆ ਹੈ, ਸੱਚ ਤੋਂ ਦੂਰ ਰੱਖਿਆ ਹੋਇਆ ਹੈ।

ਮਨ ਦੇ ਅੰਦਰ ਅਗਿਆਨਤਾ ਦੇ ਰਹਿੰਦੇ ਹੋਏ ਗੁਰੂ ਪ੍ਰਮਾਤਮਾ ਨੂੰ ਭਗਤੀ ਦੇ ਮਾਰਗ ਤੇ ਚੱਲਣ ਲਈ ਕੀ ਭਾਉਂਦਾ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਪੈਂਦੀ ਕਿ ਉਸਦਾ ਹਲ ਕੀ ਹੈ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ ॥
ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ ॥੧॥"

ਅਸੀਂ ਭਗਤੀ ਦੇ ਮਾਰਗ ਤੇ ਤਾਂ ਹੀ ਚੱਲ ਸਕਦੇ ਹਾਂ ਜਦੋਂ ਸਾਨੂੰ ਇਹ ਸਮਝ ਲਗੇ ਭਾਵ ਜਦੋਂ ਸਾਡੇ ਚਿੱਤ ਵਿਚ ਇਹ ਗੱਲ ਆ ਜਾਵੇ ਕਿ ਗੁਰੂ ਨੂੰ ਕੀ ਭਾਉਂਦਾ ਹੈ ਪਰ ਮਾਇਆ ਦਾ ਕਪਟ ਸਾਨੂੰ ਇਹ ਸਮਝਣ ਤੋਂ ਦੂਰ ਰਖਦਾ ਹੈ, ਗੁਰੂ ਦਾ ਸੁਆਰਥ ਕੀ ਹੈ ਇਸ ਦੀ ਤਾਂ ਸਮਝ ਨਹੀਂ ਪੈਂਦੀ ਤੇ ਜਿਸਨੂੰ ਅਸੀਂ ਧਰਮ ਦਾ ਮਾਰਗ ਸਮਝਦੇ ਹਾਂ ਉਸ ਨਾਲ ਆਪਣੇ ਸੁਆਰਥ

ਹੀ ਪੂਰੇ ਕਰਦੇ ਹਾਂ। ਕੋਈ ਆਪਣੇ ਦਿਖਾਵਿਆਂ ਦੁਆਰਾ ਆਪਣੇ ਆਪ ਨੂੰ ਉੱਚਾ ਅਖਵਾਉਂਦਾ ਹੈ, ਕੋਈ ਸੰਸਾਰੀ ਮਾਇਆ ਕਮਾਉਂਦਾ ਹੈ ਭਾਵ ਹਰ ਕੋਈ ਆਪਣੇ ਸੁਆਰਥ ਹੀ ਪੂਰੇ ਕਰਦਾ ਹੈ। ਗੁਰੂ ਨੂੰ ਕੀ ਭਾਉਂਦਾ ਹੈ ਇਸ ਦੀ ਸੋਝੀ ਸਾਨੂੰ ਤਾਂ ਹੀ ਪੈਂਦੀ ਹੈ ਜੇਕਰ ਅਸੀਂ ਸ਼ਬਦ ਦੀ ਮਤਿ ਨਾਲ ਜੁੜ ਸਕੀਏ ਭਾਵ ਸ਼ਬਦ ਦੀ ਮਤਿ ਨੂੰ ਸਮਝ ਸਕੀਏ ਪਰ ਗੁਰੂ ਦੀ ਸਮਝ ਬਹੁਤ ਉੱਚੀ ਹੈ, ਬਹੁਤ ਉੱਚੇ ਗਿਆਨ ਵਾਲੀ ਹੈ ਜਿਸ ਨੂੰ ਅਗਿਆਨਤਾ ਵਿਚ ਰਹਿੰਦੇ ਹੋਏ ਨਹੀਂ ਸਮਝਿਆ ਜਾ ਸਕਦਾ। ਸਾਨੂੰ ਆਪਣੀ ਸੱਚੀ ਭਗਤੀ ਪ੍ਰਮਾਤਮਾ ਆਪ ਹੀ ਸਮਝਾ ਸਕਦਾ ਹੈ ਜੋ ਗਿਆਨ ਦਾ ਮਾਲਕ ਹੈ, ਜਿਸਨੇ ਆਪ ਹੀ ਧਰਮ ਗ੍ਰੰਥਾਂ ਵਿਚ ਆਪਣਾ ਗਿਆਨ ਪਾਇਆ ਹੈ। ਇਹ ਕੇਵਲ ਤੇ ਕੇਵਲ ਉਸ ਦੀ ਕਿਰਪਾ ਦਾ ਵਿਸ਼ਾ ਹੈ ਕਿ ਉਹ ਕਿਸ ਨੂੰ ਇਹ ਸੱਚੀ ਸੋਝੀ ਪਾਉਂਦਾ ਹੈ, ਕਿਸ ਨੂੰ ਸ਼ਬਦਾਂ ਦੀ ਵਿਚਾਰ ਨਾਲ ਜੋੜਦਾ ਹੈ ਤੇ ਕਿਸ ਨੂੰ ਮਨ ਦੀ ਅਗਿਆਨਤਾ ਵਿਚੋਂ ਕੱਢਦਾ ਹੈ, ਮਾਇਆ ਦੇ ਕਪਟ ਵਿਚੋਂ ਕੱਢਦਾ ਹੈ। ਧਰਮ ਦੇ ਮਾਰਗ ਦੀ ਸੱਚੀ ਸੋਝੀ ਕੇਵਲ ਸ਼ਬਦਾਂ ਦੇ ਵਿਚ ਹੈ ਤੇ ਜਿਤਨੀ ਕੂ ਸਮਰਥਾ ਪ੍ਰਮਾਤਮਾ ਨੇ ਸਾਨੂੰ ਛੋਟੀ ਮਤਿ ਦੁਆਰਾ ਦਿੱਤੀ ਹੈ ਉਸ ਰਾਹੀਂ ਸਾਨੂੰ ਇਹੀ ਉਦਮ ਕਰਨਾ ਚਾਹੀਦਾ ਹੈ ਜੋ ਗੱਲ ਸ਼ਬਦਾਂ ਰਾਹੀਂ ਸੌਖੀ ਸਮਝ ਆ ਜਾਂਦੀ ਹੈ ਉਸ ਨੂੰ ਮੰਨੀਏ ਤੇ ਉਹਨਾਂ ਦੀ ਮਤਿ ਪਿੱਛੇ ਨਾ ਲਗੀਏ ਭਾਵ ਇਹੋ ਜਿਹੇ ਧਰਮ ਦੇ ਆਪ ਹੀ ਥਾਪੇ ਹੋਏ ਆਗੂਆਂ ਪਿੱਛੇ ਨਾ ਲੱਗੀਏ ਜੋ ਸਾਨੂੰ ਹੋਰ ਭਰਮਾਂ ਵਿਚ ਹੀ ਪਾਉਂਦੇ ਹਨ ਤੇ ਆਪਣਾ ਸੁਆਰਥ ਹੀ ਪੂਰਾ ਕਰਦੇ ਹਨ। ਬਾਣੀ ਸਾਨੂੰ ਬਾਰ-ਬਾਰ ਸਮਝਾ ਰਹੀ ਹੈ ਕਿ ਸਾਨੂੰ ਅਉਗਣ ਛੱਡਣੇ ਚਾਹੀਦੇ ਹਨ ਤੇ ਕਿਸੇ ਅੱਖਰ ਨੂੰ ਜਪੀ ਜਾਣ ਦਾ ਕੋਈ ਲਾਭ ਨਹੀਂ ਹੈ ਭਾਵ ਕਿਸੇ ਅੱਖਰ ਦੇ ਜਪੀ ਜਾਣ ਨਾਲ ਸਾਡੇ ਅਉਗਣ ਨਹੀਂ ਨਿਕਲ ਸਕਦੇ ਤਾਂ ਫਿਰ ਸਾਨੂੰ ਗੁਰੂ ਦੀ ਗੱਲ ਮੰਨਣੀ ਚਾਹੀਦੀ ਹੈ ਤੇ ਭਰਮਿਆਂ ਦੀ ਮਤਿ ਪਿੱਛੇ ਨਹੀਂ ਤੁਰਨਾ ਚਾਹੀਦਾ। ਇਹ ਸਾਡਾ ਸੱਚਾ ਉਦਮ ਹੋਣਾ ਚਾਹੀਦਾ ਹੈ ਤੇ ਸਾਨੂੰ ਅਗਿਆਨਤਾ ਤੋਂ ਪੂਰੀ ਤਰ੍ਹਾਂ ਮੁਕਤਿ ਉਹ ਪ੍ਰਮਾਤਮਾ ਆਪ ਹੀ ਕਰਦਾ ਹੈ, ਮਨ ਦੇ ਵਿਚ ਪ੍ਰਗਟ ਹੋਣ ਦੁਆਰਾ ਕਰਦਾ ਹੈ ਜਿਸ ਦੁਆਰਾ ਮਨੁੱਖ ਸ਼ਬਦਾਂ ਦੇ ਗਿਆਨ ਰਾਹੀਂ ਉਸ ਪ੍ਰਮਾਤਮਾ ਦੇ ਵਿਚ ਹੀ ਸਮਾ ਜਾਂਦਾ ਹੈ। (**ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ ॥ ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ ॥੧॥**)

{ਕੋਈ ਜਾਣਿ ਨ ਭੂਲੈ ਭਾਈ ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥੧॥ ਰਹਾਉ ॥}

(ਅੰਗ - ੧੩੪੪)

ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਮਾਇਆ ਸਾਡੇ ਅੰਦਰ ਕਿਸ ਰੂਪ ਵਿਚ ਹੈ ਤੇ ਕਿਸ ਮਕਸਦ ਲਈ ਹੈ। ਮਾਇਆ ਦਾ ਮਕਸਦ ਸਾਨੂੰ ਮਨ ਦੇ ਭਰਮਾਂ ਵਿਚ ਪਾ ਕੇ ਰੱਖਣ ਦਾ ਹੈ ਭਾਵ ਅਸਲੀਅਤ

40/5159

ਸਮਝਣ ਤੋਂ ਦੂਰ ਰੱਖਣ ਦਾ ਹੈ, ਧਰਮ ਦੇ ਮਾਰਗ ਤੋਂ ਭਟਕਾ ਕੇ ਰੱਖਣ ਦਾ ਹੈ। ਮਾਇਆ ਨੂੰ ਸਾਡੇ ਅੰਦਰ ਛੱਲ ਦੇ ਰੂਪ ਵਿਚ, ਕਪਟ ਦੇ ਰੂਪ ਵਿਚ ਦਸਿਆ ਹੋਇਆ ਹੈ। ਮਾਇਆ ਸਾਡੇ ਨਾਲ ਛੱਲ, ਕਪਟ ਸਾਨੂੰ ਭਰਮਾਂ ਵਿਚ ਪਾਉਣ ਦੁਆਰਾ ਹੀ ਕਰਦੀ ਹੈ ਭਾਵ ਅਸਲੀਅਤ ਨੂੰ ਨਾਸਮਝ ਆਉਣ ਦੇਣ ਦੁਆਰਾ ਕਰਦੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪੰਜਵੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਹੋਏ ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਟੋਡੀ ਮਹਲਾ ੫ ॥

"ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹਤ ਕਾ ਜਲੁ ॥ ਰਹਾਉ॥
ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥
ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥
ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥"

(ਅੰਗ - ੭੧੭)

ਉਪਰ ਸ਼ਬਦ ਵਿਚ ਸਭ ਤੋਂ ਪਹਿਲਾਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਾਨੂੰ ਇਸ ਮਾਇਆ ਦਾ ਛੱਲ ਸਮਝਾਇਆ ਹੋਇਆ ਹੈ ਜੋ ਛੱਲ ਸਭ ਦੇ ਅੰਦਰ ਵਰਤ ਰਿਹਾ ਹੈ, ਇਸ ਛੱਲ ਤੋਂ ਬਾਹਰ ਕੋਈ ਨਹੀਂ। ਇਸ ਤੋਂ ਪਿਛਲੇ ਸ਼ਬਦ ਰਾਹੀਂ ਸਾਡੇ ਅੰਦਰੋਂ ਮਾਇਆ ਦਾ ਕਪਟ ਸਾਡੇ ਅੰਦਰ ਦੀ ਅਗਿਆਨਤਾ ਦੇ ਰੂਪ ਵਿਚ, ਮਧਿਮ ਮਤਿ ਦੇ ਰੂਪ ਵਿਚ ਸਮਝਾਇਆ ਹੋਇਆ ਹੈ ਤੇ ਉਹੀ ਮਾਇਆ ਦਾ ਛੱਲ, ਮਾਇਆ ਦਾ ਕਪਟ ਸਾਨੂੰ ਉਪਰ ਇਸ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ, ਸਿਰਫ ਸਮਝਣ ਦੀ ਲੋੜ ਹੈ।

"ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹਤ ਕਾ ਜਲੁ ॥ ਰਹਾਉ॥"

ਮਾਇਆ ਦਾ ਛਲ ਸਾਡੇ ਅੰਦਰ ਮਨ ਦੇ ਭਰਮ ਦੇ ਰੂਪ ਵਿਚ ਹੀ ਹੈ ਜੋ ਸਾਨੂੰ ਅਸਲੀਅਤ ਸਮਝਣ ਤੋਂ ਦੂਰ ਰਖਦਾ ਹੈ। ਉਪਰ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਸਮਝਾਇਆ ਹੋਇਆ ਹੈ ਜੋ ਭਰਮ ਗੁਰੂ ਦੇ ਗਿਆਨ ਦੁਆਰਾ ਹੀ ਨਿਕਲ ਸਕਦਾ ਹੈ ਭਾਵ ਪ੍ਰਮਾਤਮਾ ਦੇ ਭਜਨ ਦੁਆਰਾ ਹੀ ਨਿਕਲ ਸਕਦਾ ਹੈ। ਪ੍ਰਮਾਤਮਾ ਦਾ ਭਜਨ ਕਰਨਾ, ਉਸ ਨੂੰ ਜਪਣਾ, ਧਿਆਉਣਾ ਗੁਰੂ ਦੀ ਗੱਲ ਨੂੰ ਮੰਨਣਾ ਹੀ ਹੈ ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਦੁਆਰਾ ਸਮਝਿਆ ਹੈ। ਜਿਵੇਂ ਇੱਕ ਤਿਨਕੇ ਦੀ ਅੱਗ ਹੈ ਜਾਂ ਮੇਘ ਦੀ ਛਾਇਆ ਹੈ ਉਸਨੂੰ ਅਸੀਂ ਉਹ ਕੁਝ ਹੀ ਕਹਾਂਗੇ ਜੋ ਅਸਲੀਅਤ ਹੈ ਭਾਵ ਜੋ ਸੱਚ ਹੈ। ਇਸ ਤਰੀਕੇ ਗੁਰੂ ਸਾਨੂੰ ਅਸਲੀਅਤ ਸਮਝਾਉਂਦਾ ਹੈ ਭਾਵ ਜੋ ਸੱਚਾਈ ਹੈ ਉਹੀ ਬਿਆਨ ਕਰਦਾ ਹੈ, ਆਪਣੇ ਸ਼ਬਦਾਂ ਰਾਹੀਂ ਸੱਚ ਨੂੰ ਸੱਚ ਹੀ ਸਮਝਾਉਂਦਾ ਹੈ ਪਰ ਮਾਇਆ ਦਾ ਛੱਲ ਸਾਨੂੰ ਸੱਚ ਨਾਲ ਨਹੀਂ ਜੁੜਨ ਦਿੰਦਾ ਤੇ ਜੇਕਰ ਅਸੀਂ ਇਹ ਕਹੀਏ ਕਿ ਤ੍ਰਿਣ ਦੀ ਅਗਨਿ ਨਹੀਂ ਬਲਕਿ

40/5160

ਹੜ ਦਾ ਜਲ ਹੈ, ਇਹ ਮੇਘ ਦੀ ਛਾਇਆ ਨਹੀਂ ਬਲਕਿ ਇਹ ਹੜ ਦਾ ਜਲ ਹੈ ਭਾਵ ਕਿਤਨੀ ਪੁੱਠੀ ਗੱਲ ਹੈ ਭਾਵ ਨਿਰੀ ਅਗਿਆਨਤਾ ਹੈ, ਸਾਡਾ ਵੱਡਾ ਭਰਮ ਹੈ ਭਾਵ ਸਾਡੀ ਮਤਿ ਸਾਨੂੰ ਪੁੱਠੀ ਗੱਲ ਸਮਝਾ ਰਹੀ ਹੈ ਇਹ ਸਾਡੇ ਅੰਦਰ ਮਾਇਆ ਦਾ ਛੱਲ ਹੈ। ਮਾਇਆ ਦੇ ਇਹ ਛੱਲ ਕਰ ਕੇ ਹੀ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝ ਨਹੀਂ ਆਉਂਦਾ ਤੇ ਅਸੀਂ ਉਸ ਗੱਲ ਵਿਚ ਭਗਤੀ ਸਮਝਦੇ ਹਾਂ ਜਿਸ ਵਿਚ ਭਗਤੀ ਹੈ ਹੀ ਨਹੀਂ, ਅਸੀਂ ਉਸ ਗੱਲ ਵਿਚ ਨਾਮ ਸਮਝਦੇ ਹਾਂ ਜੋ ਨਾਮ ਹੈ ਹੀ ਨਹੀਂ। ਸਾਨੂੰ ਇਸ ਮਨ ਦੇ ਭਰਮ ਵਿਚੋਂ ਗੁਰੂ ਦਾ ਸ਼ਬਦ ਹੀ ਕੱਢ ਸਕਦਾ ਹੈ ਜੋ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵ ਅਸਲੀਅਤ ਸਮਝਾਉਂਦਾ

ਹੈ। ਗੁਰੂ ਤ੍ਰਿਣ ਦੀ ਅਗਨਿ ਨੂੰ ਤ੍ਰਿਣ ਦੀ ਅਗਨਿ ਹੀ ਕਹੇਗਾ, ਮੇਘ ਦੀ ਛਾਇਆ ਨੂੰ ਮੇਘ ਦੀ ਛਾਇਆ ਹੀ ਕਹੇਗਾ ਤੇ ਹੜ ਦੇ ਜਲ ਨੂੰ ਹੜ ਦਾ ਜਲ ਹੀ ਕਹੇਗਾ ਕਿਉਂਕਿ ਗੁਰੂ ਦਾ ਸ਼ਬਦ, ਗੁਰੂ ਦੀ ਮਤਿ ਮਾਇਆ ਦੇ ਛੱਲ ਤੋਂ ਰਹਿਤ ਹੈ, ਤ੍ਰੈ ਗੁਣਾਂ ਤੋਂ ਰਹਿਤ ਹੈ ਭਾਵ ਚਉਥੇ ਪਦ ਵਿਚ ਹੈ ਜਿਥੇ ਕੇਵਲ ਸੱਚ ਹੀ ਹੁੰਦਾ ਹੈ, ਨਾਮ ਹੀ ਹੁੰਦਾ ਹੈ, ਬ੍ਰਹਮ ਗਿਆਨ ਹੀ ਹੁੰਦਾ ਹੈ। ਗੁਰੂ ਦਾ ਬ੍ਰਹਮ ਗਿਆਨ ਹੀ ਸਾਨੂੰ ਮਾਇਆ ਦੇ ਛੱਲ ਵਿਚੋਂ ਕੱਢ ਸਕਦਾ ਹੈ ਤਾਂ ਹੀ ਸਾਨੂੰ ਸੱਚੀ ਭਗਤੀ ਦੀ ਸਮਝ ਪੈ ਸਕਦੀ ਹੈ। (**ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥**) ਉਪਰ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਾਨੂੰ ਦੁਨਿਆਵੀ ਪ੍ਰਮਾਣ ਦੇਣ ਦੁਆਰਾ ਸਮਝਾਇਆ ਹੈ। ਹਰ ਕੋਈ ਸਮਝਦਾ ਹੈ ਕਿ ਤ੍ਰਿਣ ਦੀ ਅੱਗ ਕੀ ਹੁੰਦੀ ਹੈ ਜਾਂ ਮੇਘ ਦੀ ਛਾਇਆ ਕੀ ਹੁੰਦਾ ਹੈ ਤੇ ਹੜ ਦਾ ਜਲ ਕੀ ਹੁੰਦਾ ਹੈ ਭਾਵ ਇਹ ਗੱਲ ਸਮਝਣ ਵਿਚ ਕਿਸੇ ਨੂੰ ਭਰਮ ਨਹੀਂ ਹੈ। ਸੱਚ ਨੂੰ ਸੱਚ ਕਹਿਣਾ ਭਰਮ ਨਹੀਂ ਹੈ ਭਰਮ ਉਹ ਹੈ ਜਦੋਂ ਅਸੀਂ ਉਸ ਸੱਚ ਨਾ ਸਮਝ ਸਕੀਏ ਜੋ ਸੱਚ ਸਾਨੂੰ ਚਉਥੇ ਪਦ ਦੇ ਗਿਆਨ ਰਾਹੀਂ ਸਮਝਾਇਆ ਹੋਇਆ ਹੈ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਇਆ ਹੋਇਆ ਹੈ ਭਾਵ ਮਾਇਆ ਦਾ ਛੱਲ ਸਾਨੂੰ ਚਉਥੇ ਪਦ ਦੀ ਗੱਲ ਨੂੰ ਸਮਝਣ ਤੋਂ ਭਰਮ ਵਿਚ ਰਖਦਾ ਹੈ ਭਾਵ ਪੜਦੇ ਵਿਚ ਰਖਦਾ ਹੈ। ਇਹ ਪੜਦਾ ਸਾਡਾ ਕੇਵਲ ਉਹੀ ਖੋਲ ਸਕਦਾ ਹੈ ਜਿਸ ਨੇ ਸਾਡੇ ਅੰਦਰ ਇਹ ਪੜਦਾ ਪਾਇਆ ਹੋਇਆ ਹੈ, ਮਾਇਆ ਦੇ ਛੱਲ ਦੇ ਰੂਪ ਵਿਚ ਪਾਇਆ ਹੋਇਆ ਹੈ ਜੋ ਸਾਨੂੰ ਚਉਥੇ ਪਦ ਦੀ ਸਮਝਾਈ ਹੋਈ ਗੱਲ ਸਮਝਣ ਤੋਂ ਦੂਰ ਰੱਖਦੀ ਹੈ। ਜਦ ਤਕ ਸਾਡੇ ਅੰਦਰ ਇਹ ਮਾਇਆ ਦਾ ਛੱਲ ਬਣਿਆ ਰਹਿੰਦਾ ਹੈ ਤਾਂ ਫਿਰ ਅਸੀਂ ਧਰਮ ਦੇ ਮਾਰਗ ਨੂੰ ਲੈ ਕੇ ਨਾਸਮਝੀ ਵਿਚ ਹੀ ਰਹਿੰਦੇ ਹਾਂ ਤੇ ਉਹੋ ਜਿਹੇ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਜਿੰਨ੍ਹਾਂ ਵਿਚ ਕੇਵਲ ਸਾਡੀ ਝੂਠੀ ਸਿਆਣਪ ਹੁੰਦੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥”

40/5161

ਉਪਰ ਪੰਗਤੀਆਂ ਰਾਹੀਂ ਸਾਨੂੰ ਮਾਇਆ ਦੇ ਛੱਲ ਵਿਚੋਂ ਨਿਕਲਣਾ ਹੀ ਸਮਝਾਇਆ ਹੋਇਆ ਹੈ। ਮਾਇਆ ਨੇ ਸਾਡੇ ਅੰਦਰ ਦੀ ਮਤਿ ਨੂੰ ਪੁੱਠਾ ਕੀਤਾ ਹੋਇਆ ਹੈ ਤੇ ਸਾਨੂੰ ਧਰਮ ਦੇ ਪੁੱਠੇ ਮਾਰਗ ਤੇ ਹੀ ਤੋਰਦੀ ਹੈ। ਆਪਣੀ ਮਤਿ ਵਿਚ ਰਹਿੰਦਿਆਂ ਆਪਣੀ ਸਿਆਣਪ ਦਿਖਾਉਂਦੇ ਹਾਂ, ਅਨੇਕਾਂ ਚਤੁਰਾਈਆਂ ਕਰਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਚੱਲਣ ਵਾਲਾ ਸਮਝਦੇ ਹਾਂ, ਅਖਵਾਉਂਦੇ ਹਾਂ। ਸਾਡੀਆਂ ਇਹ ਸਿਆਣਪਾਂ ਚਤੁਰਾਈਆਂ ਕੀ ਹਨ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਭਗਤੀ ਦਾ ਮਾਰਗ ਉਹ ਹੈ ਜੋ ਸਾਨੂੰ ਸਾਧ ਰੂਪ ਗੁਰੂ ਸਮਝਾਉਂਦਾ ਹੈ, ਸਾਨੂੰ ਧਰਮ ਦੇ ਸੱਚੇ ਮਾਰਗ ਤੇ ਚਲਾਉਣਾ ਸਮਝਾਉਂਦਾ ਹੈ, ਜੋ ਮਾਰਗ ਸਾਨੂੰ ਆਪਣੀ ਮਾਇਆ ਮੋਹ ਵਾਲੀ ਮਤਿ ਦੁਆਰਾ ਸਮਝ ਨਹੀਂ ਆਉਂਦਾ। ਅਸੀਂ ਦੋਵੇਂ ਹੱਥ ਜੋੜਨ ਦੁਆਰਾ ਗੁਰੂ ਦੇ ਮਾਰਗ ਤੇ ਚੱਲਣਾ ਹੈ ਭਾਵ ਅਸੀਂ ਗੁਰੂ ਦੀ ਮਤਿ ਅੱਗੇ ਪੂਰੀ ਤਰ੍ਹਾਂ ਆਪਣਾ ਆਪ ਵਾਰਨਾ ਹੈ ਭਾਵ ਪੂਰੀ ਤਰ੍ਹਾਂ ਆਪਣੀ ਮਤਿ ਨੂੰ ਛੱਡਣਾ ਹੈ। ਪ੍ਰਮਾਤਮਾ ਨੂੰ ਇਸੇ ਤਰੀਕੇ ਹੀ ਸਿਮਰਿਆ ਜਾ ਸਕਦਾ ਹੈ ਭਾਵ ਜਾਣਿਆ ਜਾ ਸਕਦਾ ਹੈ ਜੋ ਸਾਡੇ ਅੰਦਰ ਹੀ ਹੈ ਤੇ ਸਾਡੇ ਮਨੁੱਖੀ ਜੀਵਾਂ ਦਾ ਇਹੀ ਸਭ ਤੋਂ ਚੰਗਾ ਫਲ ਹੈ ਜੋ ਕਿ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਫੱਲ ਹੈ। ਇਹ ਫਲ ਭਗਤੀ ਦੀਆਂ ਝੂਠੀਆਂ ਸਿਆਣਪਾਂ, ਚਤੁਰਾਈਆਂ ਛੱਡਣ ਦੁਆਰਾ ਹੀ ਮਿਲਦਾ ਹੈ ਭਾਵ ਮਾਇਆ ਦੇ ਛੱਲ ਵਿਚੋਂ ਨਿਕਲਣ ਦੁਆਰਾ ਹੀ ਮਿਲਦਾ ਹੈ, ਗੁਰੂ ਦੇ ਦੱਸੇ ਹੋਏ ਸੱਚੇ ਮਾਰਗ ਤੇ ਚੱਲਣ ਦੁਆਰਾ ਹੀ ਮਿਲਦਾ ਹੈ। (**ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥ ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥**)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ - ੪੧੨)

{ਮਨਮੁਖ ਮੁਗਧ ਕਰਹਿ ਚਤੁਰਾਈ ॥ ਨਾਤਾ ਧੋਤਾ ਥਾਇ ਨ ਪਾਈ ॥
ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ - ੧੧੪)

{ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥}

(ਅੰਗ - ੨੨੧)

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥}

(ਅੰਗ - ੩੨੪)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥
ਆਪਿ ਤਰੈ ਸਗਲੇ ਕੁਲ ਤਾਰੈ ॥੪॥ ਮਾਇਆ ਮੋਹਿ ਨਟਿ ਬਾਜੀ ਪਾਈ ॥
ਮਨਮੁਖ ਅੰਧ ਰਹੇ ਲਪਟਾਈ ॥ ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥
ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥
ਆਪੁ ਨ ਚੀਨੈ ਬਾਜੀ ਹਾਰੀ ॥੬॥ ਕਾਪੜ ਪਹਿਰਿ ਕਰੇ ਚਤੁਰਾਈ ॥
ਮਾਇਆ ਮੋਹਿ ਅਤਿ ਭਰਮਿ ਭੁਲਾਈ ॥ ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥}

(ਅੰਗ - ੨੩੦)

40/5162

{ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ - ੨੩੫)

{ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ ॥
ਨਾਨਕ ਠਾਕੁਰ ਮੀਤ ਹਮਾਰੇ ਹਮ ਨਾਹੀ ਲੋਕਾਣੇ ॥੪॥੧॥}

(ਅੰਗ - ੪੨੬)

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥

ਅਵਗਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ - ੫੯੮)

{ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥}

(ਅੰਗ - ੬੩੭)

{ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥
ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥
ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥
ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ॥ ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ ॥੩॥}

(ਅੰਗ - ੭੭੫)

{ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥ ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥}

(ਅੰਗ - ੯੧੮)

{ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥}

(ਅੰਗ - ੧੦੬੪)

{ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ ॥
ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ ॥੧॥}

(ਅੰਗ - ੧੨੬੭)

{ਗੋਬਿੰਦ ਠਾਕੁਰ ਮਿਲਨ ਦੁਰਾਂਈ ॥ ਪਰਮਿਤਿ ਰੂਪੁ ਅਗੰਮ ਅਗੋਚਰ ਰਹਿਓ ਸਰਬ ਸਮਾਈ ॥੧॥ ਰਹਾਉ ॥
ਕਹਨਿ ਭਵਨਿ ਨਾਹੀ ਪਾਇਓ ਪਾਇਓ ਅਨਿਕ ਉਕਤਿ ਚਤੁਰਾਈ ॥੧॥
ਜਤਨ ਜਤਨ ਅਨਿਕ ਉਪਾਵ ਰੇ ਤਉ ਮਿਲਿਓ ਜਉ ਕਿਰਪਾਈ ॥
ਪ੍ਰਭੂ ਦਇਆਰ ਕ੍ਰਿਪਾਰ ਕ੍ਰਿਪਾ ਨਿਧਿ ਜਨ ਨਾਨਕ ਸੰਤ ਰੇਨਾਈ ॥੨॥੨॥੪੭॥}

(ਅੰਗ - ੧੩੦੭)

{ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥}

(ਅੰਗ - ੧੩੪੫)

{ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥}

(ਅੰਗ - ੧੪੧੪)

40/5163

{ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ ॥ ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ॥੧॥
ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥
ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥੧॥ ਰਹਾਉ ॥
ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥ ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥੨॥
ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ ॥
ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ ॥੩॥
ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ ॥
ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ ॥੪॥੧॥੧੫੨॥}

(ਅੰਗ - ੪੦੮)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥
ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ - ੧੫੧)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਭਗਤੀ ਦੇ ਮਾਰਗ ਦੀਆਂ ਚਤੁਰਾਈਆਂ, ਸਿਆਣਪਾਂ ਕੀ ਹਨ। ਭਗਤੀ ਤਾਂ ਹੀ ਹੁੰਦੀ ਹੈ ਜੇਕਰ ਗੁਰੂ ਦੀ ਗੱਲ ਨੂੰ ਮੰਨ ਕੇ ਅਸੀਂ ਉਸ ਗੱਲ ਤੇ ਅਮਲ ਕਰੀਏ ਪਰ ਅਮਲ ਕੀਤੇ ਬਿਨਾ ਹੀ ਅਸੀਂ ਆਪਣੇ ਜੋ ਭਗਤੀ ਦੇ ਦਿਖਾਵੇ ਕਰਦੇ ਹਾਂ ਉਹ ਕੇਵਲ ਸਾਡੀਆਂ ਚਤੁਰਾਈਆਂ ਹਨ, ਸਿਆਣਪਾਂ ਹਨ ਜੋ ਸਾਡੇ ਅੰਦਰ ਦੀ ਮਤਿ ਹੀ ਕਰਵਾਉਂਦੀ ਹੈ ਭਾਵ ਮਾਇਆ ਦਾ ਛੱਲ ਹੀ, ਸਾਡੀ ਨਾ ਸਮਝੀ ਹੀ ਇਹ ਕੁਝ ਕਰਵਾਉਂਦੀ ਹੈ। (**ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥ ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥5॥**) ਅੰਗ - 1064

ਮਾਇਆ ਸਾਨੂੰ ਕਿਸ ਰੂਪ ਵਿਚ ਛਲਦੀ ਹੈ ਭਾਵ ਅਸੀਂ ਚਤੁਰਾਈ ਕਿਸ ਰੂਪ ਵਿਚ ਕਰਦੇ ਹਾਂ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥

ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਧਰਮ ਗ੍ਰੰਥਾਂ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਕਿ ਉਹਨਾਂ ਦੀ ਰਚਨਾ ਕਿਸ ਲਈ ਕੀਤੀ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਉਪਦੇਸ਼ ਦੇਣ ਦਾ ਹੈ, ਆਪਣਾ ਉੱਚਾ ਗਿਆਨ ਦੇਣ ਦਾ ਹੈ ਕਿਉਂਕਿ ਪ੍ਰਮਾਤਮਾ ਨੇ ਮਨੁੱਖੀ ਸਮਝ ਦੇ ਵਿਚ ਉਹ ਗਿਆਨ ਨਹੀਂ ਪਾਇਆ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਹੀ ਮਾਰਗ ਸਮਝਾ ਸਕਦਾ ਹੈ। ਪ੍ਰਮਾਤਮਾ ਨੇ ਸਭ ਨੂੰ ਮਾਇਆ ਦੇ ਛੱਲ ਵਿਚ ਰੱਖਿਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ, ਮੂਰਖਤਾ ਵਿਚ ਰਖਿਆ ਹੋਇਆ ਹੈ। ਜੋ ਧਰਮ ਗ੍ਰੰਥਾਂ ਦੀ ਗੱਲ ਨੂੰ ਸਮਝੇਗਾ ਭਾਵ ਮੰਨੇਗਾ ਉਹ ਫਿਰ ਉਹੀ ਕੁਝ ਕਰੇਗਾ ਜੋ ਸਾਨੂੰ ਧਰਮ ਗ੍ਰੰਥ ਸਮਝਾਉਂਦੇ ਹਨ ਜਿਸ ਤਰੀਕੇ ਉਸਦੇ ਅੰਦਰੋਂ ਅਗਿਆਨਤਾ ਨਿਕਲੇਗੀ, ਮੂਰਖਤਾ ਨਿਕਲੇਗੀ ਭਾਵ ਨਾ ਮੰਨਣ ਵਾਲਾ ਮੂਰਖ ਹੀ ਬਣਿਆ ਰਹੇਗਾ ਤੇ ਉਹੋ ਜਿਹੇ ਭਗਤੀ ਦੇ ਮਾਰਗ ਤੇ ਚਲੇਗਾ ਜਿਸ ਨੂੰ ਉਹ ਭਰਮ ਵਿਚ ਹੀ ਭਗਤੀ ਦਾ ਮਾਰਗ ਸਮਝਕੇ ਚੱਲੀ ਜਾਵੇਗਾ

40/5164

ਭਾਵ ਆਪਣੀ ਮਤਿ ਦੁਆਰਾ ਵਿਚਰੇਗਾ। (**ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥**) ਜੋ ਗੁਰੂ ਦੀ ਗੱਲ ਨੂੰ ਮੰਨ ਲੈਂਦੇ ਹਨ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ, ਸਮਝ ਕੇ ਆਪਣੀ ਮੂਰਖਤਾ ਛੱਡ ਦਿੰਦੇ ਹਨ ਉਹਨਾਂ ਦੇ ਮਨ ਦੀ ਅਵਸਥਾ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥”

ਜੋ ਗੁਰੂ ਦੀ ਗੱਲ ਨੂੰ ਮੰਨਦੇ ਹਨ ਇਹੀ ਉਸਦੀ ਭਗਤੀ ਨਾਲ ਪ੍ਰੇਮ ਦਿਖਾਉਣਾ ਹੈ, ਗੁਰੂ ਪ੍ਰਮਾਤਮਾ ਨਾਲ ਰਚਨਾ ਹੈ ਜੋ ਕਿ ਸਾਡੇ ਮਨ ਨੇ ਹੀ ਸ਼ਬਦ ਦੇ ਵਿਚਾਰਾਂ ਨਾਲ ਰਚਨਾ ਹੈ ਜੋ ਕਿ ਉਸ ਦੀ ਗੱਲ ਨੂੰ ਮੰਨ ਕੇ ਹੀ ਰਚਿਆ ਜਾ ਸਕਦਾ ਹੈ। ਗੁਰੂ ਦੀ ਗੱਲ ਨੂੰ ਮੰਨਣਾ ਹੀ ਪ੍ਰਮਾਤਮਾ ਨੂੰ ਸਿਮਰਨਾ ਹੈ ਤੇ ਇਹੋ ਜਿਹੇ ਸਿਮਰਨ ਦੁਆਰਾ ਫਿਰ ਸਾਡੇ ਅੰਦਰ ਮਾੜੇ ਵਿਚਾਰ ਨਹੀਂ ਰਹਿ ਸਕਦੇ, ਗੰਦੇ ਵਿਚਾਰ ਨਹੀਂ ਰਹਿ ਸਕਦੇ, ਜੋ ਵਿਚਾਰ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਭਾਵ ਵੇਦਾਂ ਦੇ ਉਪਦੇਸ਼ ਦਾ ਮਕਸਦ ਸਾਨੂੰ ਉਹਨਾਂ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ ਜਿੰਨ੍ਹਾਂ ਮਾੜੇ ਵਿਚਾਰਾਂ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ। ਜੋ ਸਿਮਰਨ ਕਰਨ ਵਾਲਾ ਮਨੁੱਖ ਹੈ ਭਾਵ ਜੋ ਗੁਰੂ ਦੇ ਉਪਦੇਸ਼ ਨੂੰ ਮੰਨਣ ਵਾਲਾ ਮਨੁੱਖ ਹੈ ਉਹ ਫਿਰ ਕਦੇ ਮਾੜੇ ਕਰਮ ਨਹੀਂ ਕਰ ਸਕਦਾ ਕਿਉਂਕਿ ਉਹ ਮਨ ਦੀ ਸ਼ੁਧੀ ਦੁਆਰਾ ਵਿਚਰਦਾ ਹੈ। ਪ੍ਰਮਾਤਮਾ ਨੂੰ ਸਿਮਰਨ ਦਾ ਤਰੀਕਾ ਇਹੀ ਹੈ ਭਾਵ ਸਾਡੀ ਕਰਨੀ ਹੈ ਨਾ ਕਿ ਕਥਨੀ ਜਿਸ ਦਾ ਕਾਰਨ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਭਾਵ ਮਾਇਆ ਛੱਲ ਹੈ।(**ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥ ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥**)

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥ ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ - ੧੧੪੭)

ਪ੍ਰਮਾਤਮਾ ਨੂੰ ਜਾਨਣ ਦਾ ਇੱਕੋ ਇੱਕ ਮਾਰਗ ਸਾਡੇ ਮਨ ਦੀ ਸਮਝ ਹੈ ਭਾਵ ਸਾਡੇ ਮਨ ਦਾ ਉਹ ਗਿਆਨ ਹੈ ਜੋ ਗਿਆਨ ਮਾਇਆ ਮੋਹ ਦੇ ਬੰਧਨ ਤੋਂ ਰਹਿਤ ਹੈ, ਮਨ ਦੀ ਅਗਿਆਨਤਾ ਦੇ ਹਨੇਰੇ ਤੋਂ ਰਹਿਤ ਹੈ ਤੇ ਹੋਰ ਕੋਈ ਐਸਾ ਤਰੀਕਾ ਨਹੀਂ

ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕੇ। ਜਿਸ ਗਿਆਨ ਨਾਲ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਉਹ ਗਿਆਨ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕਿਸੇ ਕੋਲ ਨਹੀਂ ਹੈ ਭਾਵ ਗੁਰੂ ਤੋਂ ਬਿਨਾ ਹਰ ਕੋਈ ਭਰਮ ਵਿਚ ਹੈ। ਗੁਰੂ ਦੇ ਸੱਚੇ ਗਿਆਨ ਦੇ ਨਾਲ ਜੁੜੇ ਬਿਨਾ ਭਾਵ ਗੁਰੂ ਦੀ ਗੱਲ ਮੰਨੇ ਬਿਨਾ ਹੋਰ ਕੋਈ ਐਸਾ ਉਪਰਾਲਾ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਭਗਤੀ ਦਾ ਮੂਲ

40/5165

ਹੀ ਇਹ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਅਪਨਾਈਏ। ਸਭ ਪਾਸੇ ਭਰਮਿਆਂ ਹੋਇਆਂ ਦੀ ਮਤਿ ਵਰਤ ਰਹੀ ਹੈ ਤੇ ਇਹੋ ਜਿਹਿਆਂ ਦੀ ਮਤਿ ਛੱਡੇ ਬਿਨਾ ਅਸੀਂ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜ ਸਕਦੇ। ਆਉ ਇਸ ਗੱਲ ਨੂੰ ਧੰਨ ਧੰਨ ਚੌਥੀ ਪਾਤਸ਼ਾਹੀ ਦੇ ਮੁਖੋਂ ਉਚਾਰੇ ਹੋਏ ਗਿਆਨ ਦੇ ਮਾਲਕ ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥ ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥੨॥”

(ਅੰਗ – ੫੫੧)

ਜਿਵੇਂ ਕਿ ਅਸੀਂ ਬਾਰ-ਬਾਰ ਜਾਣਿਆ ਹੈ ਸਤਿਗੁਰੂ ਦਾ ਮਕਸਦ ਸੰਸਾਰ ਨੂੰ ਗਿਆਨ ਦੇਣਾ ਹੈ। ਸੱਚੇ ਧਰਮ ਗ੍ਰੰਥ ਸਾਨੂੰ ਗਿਆਨ ਹੀ ਦਿੰਦੇ ਹਨ। ਪੂਰੀ ਗੁਰਬਾਣੀ ਗਿਆਨ ਦਾ ਸਾਗਰ ਹੈ ਭਾਵ ਗੁਰੂ ਦੇ ਨਾਲ ਜੁੜਨਾ ਗੁਰੂ ਦੇ ਗਿਆਨ ਨਾਲ ਜੁੜਨਾ ਹੈ ਜੋ ਕਿ ਸਾਡੀ ਮਤਿ ਨੇ ਜੁੜਨਾ ਹੈ। ਗੁਰੂ ਸਾਨੂੰ ਗਿਆਨ ਇਸੇ ਲਈ ਦਿੰਦਾ ਹੈ ਕਿਉਂਕਿ ਸਾਨੂੰ ਗਿਆਨ ਦੀ ਹੀ ਜਰੂਰਤ ਹੈ ਭਾਵ ਅਗਿਆਨਤਾ ਵਿਚੋਂ ਨਿਕਲਣ ਦੀ ਹੀ ਜਰੂਰਤ ਹੈ। ਗੁਰੂ ਆਪ ਪ੍ਰਮਾਤਮਾ ਹੈ ਜਿਸ ਨੇ ਆਪ ਹੀ ਸਾਰੇ ਸੰਸਾਰ ਨੂੰ ਅੰਨ੍ਹਾ ਕੀਤਾ ਹੋਇਆ ਹੈ, ਮਨ ਦੇ ਹਨੇਰੇ ਦੁਆਰਾ, ਮਨ ਦੀ ਅਗਿਆਨਤਾ ਦੁਆਰਾ ਅੰਨ੍ਹਾ ਕੀਤਾ ਹੋਇਆ ਹੈ ਤੇ ਇਹ ਮਨ ਦੀ ਅਗਿਆਨਤਾ ਹੀ ਸਾਡੇ ਅੰਦਰ ਦਾ ਬੰਧਨ ਹੈ, ਮਾਇਆ ਦਾ ਬੰਧਨ ਹੈ। ਨਿਕਲਣਾ ਤਾਂ ਅਸੀਂ ਇਸ ਮਨ ਦੇ ਬੰਧਨ ਵਿਚੋਂ ਹੈ ਤੇ ਫਿਰ ਇਸ ਅਗਿਆਨਤਾ ਦੇ ਬੰਧਨ ਵਿਚੋਂ ਸਿਵਾਏ ਮਨ ਦੀ ਸਮਝ ਦੇ ਹੋਰ ਕੌਣ ਕੱਢ ਸਕਦਾ ਹੈ ਭਾਵ ਕੇਵਲ ਤੇ ਕੇਵਲ ਸਾਨੂੰ ਉਹ ਸਮਝ ਬੰਧਨ ਵਿਚੋਂ ਕੱਢ ਸਕਦੀ ਹੈ ਜੋ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਆਪ ਹੀ ਪ੍ਰਮਾਤਮਾ ਦਾ ਰੂਪ ਹੈ। ਕੀ ਸ਼ਬਦਾਂ ਦੀ ਕਥਨੀ, ਸਰੀਰਕ ਕਿਰਿਆਵਾਂ ਜਾਂ ਹੋਰ ਕੋਈ ਐਸਾ ਭਗਤੀ ਦਾ ਸਾਧਨ, ਤੀਰਥਾਂ ਦੇ ਇਸ਼ਨਾਨ, ਖਾਸ ਕਿਸਮ ਦੇ ਖਾਣੇ ਤੇ ਬਸਤਰ ਪਾਉਣੇ ਸਾਡੇ ਮਨ ਦੀ ਸਮਝ ਨੂੰ ਅਗਿਆਨਤਾ ਵਿਚੋਂ ਕੱਢ ਸਕਦੇ ਹਨ ਭਾਵ ਸਾਨੂੰ ਮਾਇਆ ਮੋਹ ਦੇ ਬੰਧਨ ਵਿਚੋਂ ਕੱਢ ਸਕਦੇ ਹਨ ਭਾਵ ਹਰ ਕੋਈ ਭਰਮ ਵਿਚ ਹੀ ਲਗਾ ਹੋਇਆ ਹੈ ਕਿ ਅਸੀਂ ਪ੍ਰਮਾਤਮਾ ਨੂੰ ਪਾ ਲਵਾਂਗੇ। ਇਹੋ ਜਿਹੇ ਤਰੀਕਿਆਂ ਨਾਲ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਪਾਇਆ ਜਾ ਸਕਦਾ ਹੈ ਤੇ ਇਸੇ ਲਈ ਗੁਰਬਾਣੀ ਰਾਹੀਂ ਉਸ ਹਰ ਭਗਤੀ ਦੇ ਤਰੀਕੇ ਦਾ ਖੰਡਨ ਕੀਤਾ ਹੋਇਆ ਹੈ ਜੋ ਤਰੀਕਾ ਸਾਨੂੰ ਗੁਰੂ ਦੇ ਸੱਚੇ ਗਿਆਨ ਨਾਲ ਨਹੀਂ ਜੋੜਦਾ ਭਾਵ ਜੋ ਤਰੀਕਾ ਸਾਨੂੰ ਮਨ ਦੇ ਭਰਮਾਂ ਵਿਚੋਂ ਨਹੀਂ ਕੱਢਦਾ। ਸਤਿਗੁਰੁ ਦੇ ਨਾਲ ਮੇਲ ਤੋਂ ਬਿਨਾ ਸਾਡੇ ਮਨ ਦੀ ਅਗਿਆਨਤਾ ਕਦੇ ਦੂਰ ਨਹੀਂ ਹੋ ਸਕਦੀ ਜੋ ਮੇਲ ਸਾਡੀ ਮਤਿ ਨੇ, ਸਮਝ ਨੇ ਗਿਆਨ ਰੂਪ ਵਿਚ ਕਰਨਾ ਹੈ।

40/5166

ਅਸੀਂ ਉਦਮ ਹੀ ਕਰਨਾ ਹੈ ਕਿ ਅਸੀਂ ਗੁਰੂ ਦੀ ਰਜਾ ਨੂੰ ਸਮਝੀਏ ਤੇ ਉਸ ਦੀਆਂ ਗੱਲਾਂ ਮੰਨ ਕੇ ਭਰਮਾਂ ਵਿਚੋਂ ਨਿਕਲੀਏ ਤੇ ਭਗਤੀ ਦੇ ਉਹੋ ਜਿਹੇ ਉਪਰਾਲੇ ਛਡੀਏ ਜੋ ਕੇਵਲ ਸਾਡੀ ਹਉਮੈ ਹੀ ਵਧਾਉਂਦੇ ਹਨ। ਸਾਡੇ ਅੰਦਰ ਬੰਧਨ ਅਗਿਆਨਤਾ ਦਾ ਹੈ ਜਿਸ ਕਰਕੇ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਸਾਡੇ ਅੰਦਰ ਸੱਚ ਵੱਸਦਾ ਹੈ, ਮਨ ਦੇ ਵਿਚ ਗੁਰੂ ਦੇ ਸੱਚੇ ਗਿਆਨ ਦੁਆਰਾ ਵਸਦਾ ਹੈ ਜੋ ਸਾਨੂੰ ਮਨ ਦੇ ਬੰਧਨ ਤੋਂ ਮੁਕਤ ਕਰਦਾ ਹੈ। (**ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥**)

ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝੋ ਕਿ ਪ੍ਰਮਾਤਮਾ ਸਾਨੂੰ ਕਿਵੇਂ ਦਿਸਦਾ ਹੈ।

“ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥੨॥”

ਜਦ ਤਕ ਸਾਡੇ ਅੰਦਰ ਅਗਿਆਨਤਾ ਹੈ, ਮਨ ਦਾ ਹਨੇਰਾ ਹੈ ਅਸੀਂ ਕਦੇ ਨਹੀਂ ਜਾਣ ਸਕਦੇ ਕਿ ਪ੍ਰਮਾਤਮਾ ਕੀ ਹੈ।

ਪ੍ਰਮਾਤਮਾ ਗਿਆਨ ਦੀਆਂ ਅੱਖਾਂ ਨਾਲ ਹੀ ਦਿਸਦਾ ਹੈ ਭਾਵ ਮਨ ਦੀ ਸਮਝ ਦੁਆਰਾ ਹੀ ਮਨੁੱਖ ਪ੍ਰਮਾਤਮਾ ਨੂੰ ਸਮਝਦਾ ਹੈ ਕਿ ਪ੍ਰਮਾਤਮਾ ਕੀ ਹੈ। ਉਹ ਸਾਡੇ ਮਨ ਦੇ ਅੰਦਰ ਹੀ ਹੈ ਤੇ ਮਨ ਦੇ ਗਿਆਨ ਦੁਆਰਾ ਹੀ ਉਹ ਆਪਣੇ ਆਪ ਨੂੰ ਸਾਡੇ ਅੰਦਰ ਪ੍ਰਗਟ ਕਰਦਾ ਹੈ ਤੇ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਜੋ ਵੀ ਗਿਆਨ ਆਉਂਦਾ ਹੈ ਉਹ ਪ੍ਰਮਾਤਮਾ ਆਪ ਹੀ ਦੇ ਰਿਹਾ ਹੈ ਤੇ ਉਸ ਨੇ ਆਪ ਹੀ ਸਭ ਨੂੰ ਮਨ ਦੀ ਅਗਿਆਨਤਾ ਵਿਚ ਰੱਖ ਕੇ ਆਪਣੇ ਆਪ ਨੂੰ ਸਮਝਣ ਤੋਂ ਦੂਰ ਰਖਿਆ ਹੋਇਆ ਹੈ, ਹਨੇਰੇ ਵਿਚ ਰਖਿਆ ਹੋਇਆ ਹੈ। ਅਸਲ ਵਿਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜਿਸ ਰੂਪ ਵਿਚ ਉਹ ਸਾਡੇ ਅੰਦਰ ਹੈ ਉਸੇ ਰੂਪ ਵਿਚ ਹੀ ਉਹ ਹਰ ਚੀਜ ਵਿਚ ਸਮਾਇਆ ਹੋਇਆ ਹੈ ਭਾਵ ਗਿਆਨ ਰੂਪ ਵਿਚ ਉਹ ਸਭ ਵਿਚ ਸਮਾਇਆ ਹੋਇਆ ਹੈ, ਕਣ ਕਣ ਦੇ ਵਿਚ ਸਮਾਇਆ ਹੋਇਆ ਹੈ। ਸਾਡਾ ਤਨ ਵੀ ਉਸੇ ਦਾ ਹੈ ਤੇ ਜੋ ਕੁਝ ਵੀ ਅਸੀਂ ਦੇਖ ਸਕਦੇ ਹਾਂ ਸਭ ਉਸ ਦਾ ਆਪਣਾ ਰੂਪ ਹੀ ਹੈ। ਮਨ ਦੀ ਇਸ ਅਵਸਥਾ ਦੁਆਰਾ ਭਾਵ ਅਗਿਆਨਤਾ ਵਿਚੋਂ ਨਿਕਲਕੇ ਪੂਰਨ ਗਿਆਨ ਦੀ ਅਵਸਥਾ ਦੁਆਰਾ ਹੀ ਮਨੁੱਖ ਪ੍ਰਮਾਤਮਾ ਦੀ ਸ਼ਰਨ ਵਿਚ ਆਉਂਦਾ ਹੈ ਭਾਵ ਸਾਡੀ ਅਗਿਆਨਤਾ ਵਾਲੀ ਮਤਿ ਸੱਚੇ ਗਿਆਨ ਵਾਲੀ ਮਤਿ ਦੀ ਸ਼ਰਨ ਵਿਚ ਆ ਜਾਂਦੀ ਹੈ, ਗੁਰਮਤਿ ਦੀ ਸ਼ਰਨ ਵਿਚ ਆ ਜਾਂਦੀ ਹੈ ਤੇ ਇਹ ਮਤਿ ਫਿਰ ਮਨੁੱਖ ਕੋਲੋਂ ਉਹੋ ਜਿਹੇ ਕਰਮ ਹੀ ਕਰਵਾਉਂਦੀ ਹੈ ਭਾਵ ਸੱਚੇ ਸੁੱਚੇ ਕਰਮ ਹੀ ਕਰਵਾਉਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਉਸ ਦੀ ਮਨੁੱਖੀ ਰੂਪ ਦੀ ਲਾਜ ਰਖਦਾ ਹੈ ਜਿਵੇਂ ਕਿ ਉਸਨੇ

40/5167

ਆਪਣੇ ਭਗਤਾਂ ਦੀ ਲਾਜ ਰੱਖੀ ਹੈ ਜੋ ਉਸ ਦਾ ਆਪਣਾ ਹੀ ਰੂਪ ਹਨ। ਜਦ ਤਕ ਸਾਨੂੰ ਸਭ ਕੁਝ ਇੱਕੋ ਇੱਕ ਪ੍ਰਮਾਤਮਾ ਨਜਰ ਨਹੀਂ ਆਉਂਦਾ ਤਦ ਤਕ ਹਰ ਕੋਈ ਅਗਿਆਨਤਾ ਵਿਚ ਹੈ, ਮਾਇਆ ਮੋਹ ਦੇ ਬੰਧਨ ਵਿਚ ਹੈ। (**ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥ ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥੨॥**)

ਪ੍ਰਮਾਤਮਾ ਦੇ ਦਰਸ਼ਨ ਸਾਨੂੰ ਨਾਮ ਨੇ ਹੀ ਕਰਵਾਉਣੇ ਹਨ ਤੇ ਨਾਮ ਦੇ ਮਕਸਦ ਨੂੰ ਸਮਝੇ ਬਿਨਾ ਅਸੀਂ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ। ਨਾਮ ਦਾ ਮਕਸਦ ਸਾਨੂੰ ਇਸ ਅਗਿਆਨਤਾ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਹੋਰ ਵੀ ਇਸ ਗੱਲ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ।

“ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥”

(ਅੰਗ - 551)

ਮਨ ਦਾ ਹਨੇਰਾ ਉਸੇ ਦਾ ਨਿਕਲਦਾ ਹੈ ਜੋ ਨਾਮ ਨੂੰ ਉਹ ਕੁਝ ਸਮਝੇਗਾ ਜੋ ਨਾਮ ਦਾ ਮਕਸਦ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਦਾ ਮਕਸਦ ਸਾਨੂੰ ਮਨ ਦੇ ਹਨੇਰੇ ਵਿਚੋਂ ਕੱਢਣ ਦਾ ਹੀ ਹੈ ਤੇ ਉਹ ਤਾਂ ਹੀ ਨਿਕਲੇਗਾ ਜੇਕਰ ਗੁਰੂ ਦੇ ਗਿਆਨ ਨੂੰ ਮੰਨਾਂਗੇ ਤੇ ਭਰਮਾਂ ਵਿਚੋਂ ਨਿਕਲਾਂਗੇ ਜੋ ਭਰਮ ਸਾਡੇ ਅੰਦਰ ਮਾਇਆ ਦੀ ਬੇੜੀ ਦੇ ਰੂਪ ਵਿਚ ਹਨ, ਜੇਵਰੀ ਦੇ ਰੂਪ ਵਿਚ ਹਨ ਜਿੰਨ੍ਹਾਂ ਨੇ ਸਾਡੀ ਮਤਿ ਨੂੰ ਭਰਮ ਵਾਲੇ ਵਿਚਾਰਾਂ ਨਾਲ ਜਕੜਿਆ ਹੋਇਆ ਹੈ ਤੇ ਉਹਨਾਂ ਵਿਚੋਂ ਨਿਕਲਣ ਨਹੀਂ ਦਿੰਦੀ ਭਾਵ ਭਰਮਾਂ ਵਾਲੇ ਵਿਚਾਰਾਂ ਨਾਲ ਹੀ, ਮਾਇਆ ਨਾਲ ਹੀ **“ਸਨਬੰਧੁ”** ਬਣਾਕੇ ਰੱਖਦੀ ਹੈ। ਇਹੋ ਜਿਹੀ ਮਤਿ ਨਾਮ ਤੋਂ ਰਹਿਤ ਹੁੰਦੀ ਹੈ ਤੇ ਇਸੇ ਲਈ ਮਨੁੱਖ ਦੀ ਵਰਤਣ ਅਗਿਆਨਤਾ ਵਾਲੀ ਹੁੰਦੀ ਹੈ ਭਾਵ ਮਾੜੀ ਹੁੰਦੀ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦੀ। ਨਾਮ ਦਾ ਮਕਸਦ ਸਾਡੀ ਵਰਤਣ ਨੂੰ ਚੰਗਾ ਕਰਨਾ ਹੀ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਨੂੰ ਚੰਗਾ ਕਰਨਾ ਹੀ ਹੈ ਜੋ ਵਿਚਰਨ ਸਾਡੀ ਤਾਂ ਹੀ ਚੰਗੀ ਹੋ ਸਕਦੀ ਹੈ ਜੇਕਰ ਗੁਰੂ ਦੀ ਮਤਿ ਨੂੰ ਮੰਨਾਗੇ ਤੇ ਆਪਣੀ ਮਤਿ ਛਡਾਂਗੇ ਭਾਵ ਅਉਗੁਣਾਂ ਨੂੰ ਛੱਡਾਂਗੇ ਤੇ ਗੁਣਾਂ ਨੂੰ ਅਪਨਾਵਾਂਗੇ ਤੇ ਨਾਮ ਦਾ ਮਕਸਦ ਸਾਨੂੰ ਗੁਰੂ ਦੀ ਮਤਿ ਨਾਲ ਜੋੜਨ ਦਾ ਹੀ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ ਤੇ ਇਹੀ ਭਗਤੀ ਦਾ ਅਸਲ ਮਾਰਗ ਹੈ। ਜੇਕਰ ਨਾਮ ਨੂੰ ਕੋਈ ਅੱਖਰ ਸਮਝਕੇ, ਆਪਣੀ ਆਪਣੀ ਮਤਿ ਅਨੁਸਾਰ, ਆਸਥਾ ਅਨੁਸਾਰ ਕਿਸੇ ਅੱਖਰ ਨੂੰ ਰੱਟੀ ਜਾਵਾਂਗੇ ਤੇ ਕੀ ਉਸ ਨਾਲ ਸਾਡੀ ਮਤਿ ਬਦਲ

40/5168

ਜਾਵੇਗੀ, ਸਾਡੀ ਅਗਿਆਨਤਾ ਨਿਕਲ ਜਾਵੇਗੀ, ਕੀ ਸਾਡੇ ਕਰਮ ਸੁੱਧਰ ਜਾਣਗੇ ਤੇ ਮਾੜੇ ਕਰਮ ਕਰਦੇ ਰਹਿਣ ਨਾਲ ਸਾਡੀ ਪ੍ਰਮਾਤਮਾ ਦੀਆਂ ਨਜਰਾਂ ਵਿਚ ਕੋਈ ਪਤਿ ਪਵੇਗੀ, ਕੀ ਪ੍ਰਮਾਤਮਾ ਸਾਡੇ ਤੇ ਕਦੇ ਖੁਸ਼ ਹੋਵੇਗਾ ਤੇ ਕੀ ਸਾਨੂੰ ਆਪਣੇ ਆਪ ਦੇ

ਦਰਸ਼ਨ ਕਰਾਵੇਗਾ ਭਾਵ ਕਦੇ ਨਹੀਂ, ਕਦੇ ਨਹੀਂ, ਕਦੇ ਨਹੀਂ। ਨਾਮ ਦੇ ਮਕਸਦ ਨੂੰ ਸਮਝੋ ਤੇ ਮਨ ਦੇ ਭਰਮਾਂ ਵਿਚੋਂ ਨਿਕਲਣ ਦਾ ਉਪਰਾਲਾ ਕਰੋ ਤੇ ਇਸੇ ਵਿਚ ਹੀ ਪ੍ਰਮਾਤਮਾ ਦੀ ਖੁਸ਼ੀ ਹੈ ਤੇ ਉਹ ਆਪ ਹੀ ਆਪਣੀ ਕਿਰਪਾ ਕਰ ਕੇ ਸਾਨੂੰ ਆਪਣੇ ਆਪ ਦੇ ਮਨ ਦੇ ਅੰਦਰੋਂ ਹੀ ਦਰਸ਼ਨ ਕਰਵਾਉਂਦਾ ਹੈ, ਗਿਆਨ ਰੂਪ ਵਿਚ ਦਰਸ਼ਨ ਕਰਵਾਉਂਦਾ ਹੈ। (**ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥**)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥
ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥}

(ਅੰਗ - ੭੬੪)

{ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥}

(ਅੰਗ - ੬੩੭)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥
ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥
ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥}

(ਅੰਗ - ੪੧੧)

ਜਿਵੇਂ ਕਿ ਅਸੀਂ ਉਪਰ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਮਨ ਦੀ ਅਗਿਆਨਤਾ ਕਰ ਕੇ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ। ਸਾਡੇ ਮਨੁੱਖੀ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਪਰ ਸਾਨੂੰ ਮਨ ਦੀ ਅਗਿਆਨਤਾ ਕਰਕੇ ਇਸ ਗੱਲ ਦੀ ਸਮਝ ਨਹੀਂ ਪੈਂਦੀ। ਮਨ ਦੀ ਅਗਿਆਨਤਾ ਕਰਕੇ ਅਸੀਂ ਆਪਣੇ ਮਨੁੱਖੀ ਰੂਪ ਨੂੰ ਛੋਟਾ ਜਾਂ ਵੱਡਾ ਸਮਝਦੇ ਹਾਂ, ਕਿਸੇ ਨੂੰ ਉੱਚਾ ਜਾਂ ਨੀਵਾਂ ਸਮਝਦੇ ਹਾਂ, ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਾਂ, ਕਿਸੇ ਨੂੰ ਨੀਵਾਂ ਸਮਝਦੇ ਹਾਂ। ਆਪਣੇ ਦੁਨਿਆਵੀ ਰਿਸ਼ਤਿਆਂ ਦੁਆਰਾ ਸਭ ਨੂੰ ਵੱਖਰਾ ਵੱਖਰਾ ਸਮਝਦੇ ਹਾਂ ਤੇ ਇਸ ਮਨੁੱਖੀ ਦੇਹ ਦੇ ਜੀਵਨ ਮਰਣ ਨਾਲ ਜੁੜੇ ਰਹਿੰਦੇ ਹਾਂ ਪਰ ਇਹ ਸਭ ਸਾਡਾ ਭਰਮ ਹੈ ਭਾਵ ਅਗਿਆਨਤਾ ਹੈ। ਅਸੀਂ ਬਿਲਕੁੱਲ ਪ੍ਰਮਾਤਮਾ ਦਾ ਹੀ ਰੂਪ ਹਾਂ ਪਰ ਸਾਨੂੰ ਆਪਣੇ ਆਪ

40/5169

ਦੀ ਸਮਝ ਨਹੀਂ ਹੈ। ਆਉ ਇਸ ਗੱਲ ਨੂੰ ਭਗਤ ਕਬੀਰ ਜੀ ਦੇ ਮੁਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥ ਨਾ ਇਹੁ ਜੋਗੀ ਨਾ ਅਵਧੂਤਾ ॥
ਨਾ ਇਸੁ ਮਾਇ ਨ ਕਾਹੂ ਪੂਤਾ ॥੧॥ ਇਆ ਮੰਦਰ ਮਹਿ ਕੌਨ ਬਸਾਈ ॥
ਤਾ ਕਾ ਅੰਤੁ ਨ ਕੋਊ ਪਾਈ ॥੧॥ ਰਹਾਉ ॥ ਨਾ ਇਹੁ ਗਿਰਹੀ ਨਾ ਓਦਾਸੀ ॥
ਨਾ ਇਹੁ ਰਾਜ ਨ ਭੀਖ ਮੰਗਾਸੀ ॥ ਨਾ ਇਸੁ ਪਿੰਡੁ ਨ ਰਕਤੁ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥੨॥
ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥
ਇਸੁ ਮਰਤੇ ਕਉ ਜੇ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥੩॥
ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥
ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥”

(ਅੰਗ - ੮੭੧)

ਉਪਰ ਸ਼ਬਦ ਰਾਹੀਂ ਮਨੁੱਖੀ ਸਰੀਰ ਦੀ ਅਸਲੀਅਤ ਸਮਝਾਈ ਹੋਈ ਹੈ ਕਿ ਅਸੀਂ ਆਪਣੇ ਆਪ ਨੂੰ ਸਮਝਦੇ ਕੀ ਹਾਂ ਤੇ ਅਸਲ ਵਿਚ ਹੈ ਕੀ ਹਾਂ। ਅਸੀਂ ਕਿਸੇ ਨੂੰ ਆਮ ਮਨੁੱਖ ਸਮਝਦੇ ਹਾਂ ਤੇ ਕਿਸੇ ਮਨੁੱਖੀ ਸਰੀਰ ਨੂੰ ਹੀ ਦੇਵਤਾ ਸਮਝਦੇ ਹਾ। ਕਿਸੇ ਨੂੰ ਜਤੀ ਦੀ ਪਦਵੀ ਦਿੰਦੇ ਹਾਂ ਕਿਸੇ ਨੂੰ ਹੋਰ ਭਗਤੀ ਦੀ ਪਦਵੀ ਦਿੰਦੇ ਹਾਂ, ਕਿਸੇ ਨੂੰ ਜੋਗੀ ਕਹਿੰਦੇ ਹਾਂ, ਕਿਸੇ ਨੂੰ ਤਿਆਗੀ ਕਹਿੰਦੇ ਹਾਂ, ਕਿਸੇ ਨੂੰ ਆਪਣੀ ਮਾਂ ਕਹਿ ਕੇ ਉਸ ਦਾ ਪੁੱਤਰ ਸਮਝਦੇ ਹਾਂ ਭਾਵ ਅਸੀਂ ਹਰ ਕਿਸੇ ਨੂੰ ਮਨੁੱਖੀ ਰੂਪ ਸਮਝਦੇ ਹਾਂ। ਦੁਨਿਆਵੀ ਤੌਰ ਤੇ ਇਹ ਸਭ ਸੱਚ ਹੈ ਪਰ ਅਕਾਲ ਪੁਰਖ ਸਾਨੂੰ ਸਮਝਾ ਰਹੇ ਹਨ ਜੋ ਤੁਸੀਂ ਮਨੁੱਖੀ ਰੂਪ ਸਮਝ ਰਹੇ ਹੋ ਉਹ ਝੂਠ ਹੈ। (**ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥ ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨ ਕਾਹੂ ਪੂਤਾ ॥੧॥**) ਜੇਕਰ ਇਹ ਸਭ ਝੂਠ ਹੈ ਫਿਰ ਸੱਚ ਕੀ ਹੈ ਭਾਵ ਮਨੁੱਖ ਦਾ ਸੱਚ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਇਆ ਮੰਦਰ ਮਹਿ ਕੌਨ ਬਸਾਈ ॥ ਤਾ ਕਾ ਅੰਤੁ ਨ ਕੋਊ ਪਾਈ ॥੧॥ ਰਹਾਉ ॥”

ਸਾਡੇ ਸਰੀਰ ਦੇ ਅੰਦਰ ਕੌਣ ਹੈ ਸਾਰੀ ਗੱਲ ਦਾ ਭੇਦ ਇਥੇ ਹੀ ਛੁਪਿਆ ਹੋਇਆ ਹੈ। ਸਾਨੂੰ ਬਾਰ ਬਾਰ ਇਹ ਗੱਲ ਬਾਣੀ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਉਸ ਨੂੰ ਕੋਈ ਆਪਣੇ ਆਪ ਜਾਣ ਨਹੀਂ ਸਕਦਾ, ਉਸ ਨੇ ਆਪ ਹੀ ਆਪਣੇ ਆਪ ਨੂੰ ਜੋਤਿ ਦੇ ਰੂਪ ਵਿਚ ਗੁਪਤ ਰਖਿਆ ਹੋਇਆ ਹੈ, ਸਭ ਨੂੰ ਅਗਿਆਨਤਾ ਵਿਚ ਰੱਖ ਕੇ ਆਪਣੇ ਆਪ ਨੂੰ ਗੁਪਤ ਰਖਿਆ ਹੋਇਆ ਹੈ। ਜਿਸ ਨੇ ਇਹ ਮਨੁੱਖੀ ਸਰੀਰ ਬਣਾਇਆ ਹੈ ਉਹ ਆਪ ਹੀ ਇਸ ਨੂੰ ਮਨ ਦੇ ਗਿਆਨ ਰਾਹੀਂ ਚਲਾ ਰਿਹਾ ਹੈ ਤੇ ਕੋਈ ਆਪਣੇ ਆਪ ਉਸ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਹੀਂ ਹੋ ਸਕਦਾ ਤੇ ਉਸ ਨੂੰ ਆਪਣੇ ਅੰਦਰੋਂ ਜਾਣੇ ਬਿਨਾ ਹਰ ਕੋਈ ਇਸ ਸਰੀਰ ਨੂੰ ਮਨੁੱਖੀ ਰੂਪ ਕਰ ਕੇ ਹੀ ਜਾਣਦਾ ਹੈ, ਮਨੁੱਖੀ ਰੂਪ ਦੇ ਵੱਖਰੇ ਵੱਖਰੇ ਵੇਸ ਸਮਝਕੇ ਜਾਣਦਾ ਹੈ। (**ਇਆ ਮੰਦਰ ਮਹਿ ਕੌਨ ਬਸਾਈ ॥ ਤਾ ਕਾ ਅੰਤੁ ਨ ਕੋਊ ਪਾਈ ॥੧॥ ਰਹਾਉ ॥**)

ਅਸੀਂ ਕਿਸੇ ਮਨੁੱਖੀ ਰੂਪ ਨੂੰ ਗਿਰਹੀ ਕਹਿੰਦੇ ਹਾਂ ਤੇ ਕਿਸੇ ਨੂੰ

40/5170

ਉਦਾਸੀ ਸਮਝਦੇ ਹਾਂ, ਕਿਸੇ ਨੂੰ ਰਾਜਾ ਸਮਝਦੇ ਹਾਂ, ਕਿਸੇ ਨੂੰ ਭਿਖਿਆ ਮੰਗਣ ਵਾਲਾ ਸਮਝਦੇ ਹਾਂ। ਅਸੀਂ ਸਮਝਦੇ ਹਾਂ ਕਿ ਇਹ ਸਰੀਰ ਹੈ ਤੇ ਸਰੀਰ ਦੇ ਅੰਦਰ ਖ਼ੂਨ ਚੱਲ ਰਿਹਾ ਹੈ ਭਾਵ ਅਸੀਂ ਜੋ ਵੀ ਚੀਜ ਦੇਖਦੇ ਹਾਂ ਉਸਨੂੰ ਉਸਦਾ ਕੋਈ ਨਾਮ ਦੇ ਕੇ ਪਛਾਣ ਕਰਦੇ ਹਾਂ ਜੋ ਕਿ ਜਰੂਰੀ ਹੈ ਪਰ ਕਿਸੇ ਵੀ ਚੀਜ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਸੱਚ ਨਹੀਂ ਹੈ ਭਾਵ ਝੂਠ ਹੈ। ਅਸੀਂ ਮਨੁੱਖੀ ਰੂਪ ਨੂੰ ਜਾਤਾਂ ਵਿੱਚ ਵੰਡਿਆ ਹੋਇਆ ਹੈ ਭਾਵ ਵੱਖਰਾ ਵੱਖਰਾ ਸਮਝਦੇ ਹਾਂ ਜੋ ਕਿ ਝੂਠ ਹੈ ਭਾਵ ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। (**ਨਾ ਇਹੁ ਗਿਰਹੀ ਨਾ ਓਦਾਸੀ ॥ ਨਾ ਇਹੁ ਰਾਜ ਨ ਭੀਖ ਮੰਗਾਸੀ ॥ ਨਾ ਇਸੁ ਪਿੰਡੁ ਨ ਰਕਤੁ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥੨॥**)

ਅਸੀਂ ਕਿਸੇ ਨੂੰ ਪ੍ਰਮਾਤਮਾ ਦਾ ਤਪ ਕਰਨ ਵਾਲਾ ਸਮਝਦੇ ਹਾਂ ਭਾਵ ਉਸ ਨੂੰ ਉੱਚਾ ਕਰਕੇ ਜਾਣਦੇ ਹਾਂ, ਕਿਸੇ ਨੂੰ ਸ਼ੇਖ ਕਰ ਕੇ ਜਾਣਦੇ ਹਾਂ ਪਰ ਇਹ ਸੱਚ ਨਹੀਂ ਹੈ ਭਾਵ ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਦੋਂ ਕੋਈ ਦੇਹ ਜੰਮਦੀ ਹੈ ਤੇ ਮਰਦੀ ਹੈ ਤੇ ਅਸੀਂ ਸਮਝਦੇ ਹਾਂ ਕਿ ਇਸ ਦੇਹ ਦਾ ਜਿਉਣ ਮਰਣ ਹੋਇਆ ਹੈ ਲੇਕਿਨ ਇਹ ਝੂਠ ਹੈ ਕਿਉਂਕਿ ਅਸਲ ਵਿਚ ਨਾ ਕੋਈ ਜੰਮਦਾ ਮਰਦਾ ਹੈ ਕਿਉਂਕਿ ਹਰ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਜੋ ਜੰਮਣ ਮਰਣ ਤੋਂ ਰਹਿਤ ਹੈ। ਅਸੀਂ ਇਸ ਮਨੁੱਖੀ ਦੇਹ ਦੇ ਮਰਣ ਤੇ ਰੋਂਦੇ ਹਾਂ ਭਾਵ ਸੋਗ ਬਨਾਉਂਦੇ ਹਾਂ ਪਰ ਜੋ ਸੋਗ ਬਨਾਉਂਦਾ ਹੈ ਉਹ ਪ੍ਰਮਾਤਮਾ ਦੀਆਂ ਨਜਰਾਂ ਵਿਚ ਆਪਣੀ ਪਤਿ ਗਵਾਉਂਦਾ ਹੈ ਕਿਉਂਕਿ ਇਹ ਝੂਠ ਹੈ। ਅਸੀਂ ਉਸ ਚੀਜ ਨੂੰ ਰੋਂਦੇ ਹਾਂ ਜੋ ਸਾਡੀ ਹੈ ਹੀ ਨਹੀਂ ਭਾਵ ਸਾਨੂੰ ਪ੍ਰਮਾਤਮਾ ਦੀ ਖੇਡ ਸਮਝ ਨਹੀਂ ਆਈ ਕਿ ਉਹ ਹਰ ਰੂਪ ਵਿਚ ਆਪ ਹੀ ਹੈ ਤੇ ਇਹ ਦੇਹ ਰੂਪ ਜੰਮਦੀ ਬਿਨਸਦੀ ਰਹਿੰਦੀ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਇਸ ਦੇਹ ਰੂਪ ਵਿਚ ਪ੍ਰਮਾਤਮਾ ਆਪ ਹੀ ਹੈ ਜੋ ਸਾਰੇ ਸੰਸਾਰ ਨੂੰ ਭਾਵ ਇਸ ਸੰਸਾਰ ਦੀ ਖੇਡ ਨੂੰ ਸਾਰਿਆਂ ਨੂੰ ਭਰਮ ਵਿਚ ਰੱਖ ਕੇ ਹੀ ਚਲਾ ਰਿਹਾ ਹੈ। (**ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥ ਇਸੁ ਮਰਤੇ ਕਉ ਜੇ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥੩॥**)

ਇਸ ਗੱਲ ਦੀ ਸਾਨੂੰ ਸਮਝ ਕਿਵੇਂ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥”

ਅਸੀਂ ਇਸ ਸੰਸਾਰ ਦੀ ਅਸਲੀਅਤ ਨੂੰ ਜਾਣ ਸਕੀਏ, ਆਪਣੇ ਆਪ ਨੂੰ ਜਾਣ ਸਕੀਏ ਇਹ ਕਿਸੇ ਦੇ ਵੱਸ ਵਿਚ ਨਹੀਂ ਹੈ। ਇਹ ਕੇਵਲ ਤੇ ਕੇਵਲ **“ਗੁਰਪ੍ਰਸਾਦਿ”** ਹੈ ਭਾਵ ਉਸ ਗੁਰੂ ਪ੍ਰਮਾਤਮਾ ਦੀ ਅਪਣੀ ਕਿਰਪਾ ਹੈ ਕਿ ਉਹ ਮਨੁੱਖ ਨੂੰ ਆਪ ਹੀ ਇਸ ਸੰਸਾਰ ਨੂੰ ਸਮਝਣ ਦਾ ਮਾਰਗ ਦਿਖਾਵੇ ਜੋ

40/5171

ਮਾਰਗ ਉਹ ਮਨ ਦੀ ਸਮਝ ਰਾਹੀਂ ਦਿਖਾਉਂਦਾ ਹੈ, ਮਨ ਦੇ ਗਿਆਨ ਦੁਆਰਾ ਦਿਖਾਉਂਦਾ ਹੈ, ਮਨ ਦਾ ਭਰਮ ਕੱਢਣ ਦੁਆਰਾ ਦਿਖਾਉਂਦਾ ਹੈ। ਸਾਡੇ ਸਭ ਦੇ ਅੰਦਰ ਜੋ ਸਾਡਾ ਜੀਵਨ ਮਰਨ ਹੈ ਉਹ ਅਸਲ ਵਿਚ ਸਾਡੇ ਵਿਚਾਰਾਂ ਦੇ ਰਾਹੀਂ ਹੈ, ਭਰਮ ਵਾਲੇ ਵਿਚਾਰਾਂ ਦੇ ਰਾਹੀਂ ਹੈ ਜੋ ਸਾਨੂੰ ਇਹ ਸਮਝਾਉਂਦੇ ਹਨ ਕਿ ਅਸੀਂ ਇੱਕ ਮਨੁੱਖ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਜੀਵਨ ਮਰਨ ਸਾਡੇ ਅੰਦਰ ਦੁਬਿਧਾ ਵਾਲੀ ਅਵਸਥਾ ਹੈ ਜੋ ਵਿਚਾਰ ਸਾਡੇ ਅੰਦਰ ਉਪਜਦੇ ਤੇ ਬਿਨਸਦੇ ਰਹਿੰਦੇ ਹਨ ਤੇ ਸਾਨੂੰ ਸਮਝਾਉਂਦੇ ਹਨ ਕਿ ਮਨੁੱਖ ਜੰਮਦਾ ਹੈ ਤੇ ਮਰਦਾ ਹੈ। ਅਸਲ ਵਿਚ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ ਕਿਉਂਕਿ ਜੇ ਮਨੁੱਖ ਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ ਫਿਰ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ। ਇਹ ਮਨ ਦੀ ਸੋਝੀ ਹੀ ਹੈ ਜੋ ਕੇਵਲ ਤੇ ਕੇਵਲ ਗੁਰਪ੍ਰਸਾਦਿ ਹੈ ਭਾਵ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਪਾਉਂਦਾ ਹੈ ਤੇ ਸਾਨੂੰ ਸਹੀ ਮਾਰਗ ਦੀ ਸਮਝ ਪੈਂਦੀ ਹੈ। ਆਪਣੇ ਆਪ ਦੀ ਸੋਝੀ ਪੈਣ ਦੁਆਰਾ ਫਿਰ ਆਪਣੇ ਆਪ ਨੂੰ ਕੋਈ ਵੱਡਾ ਨਹੀਂ ਅਖਵਾ ਸਕਦਾ, ਧਰਮ ਦੇ ਮਾਰਗ ਤੇ ਕੋਈ ਉੱਚਾ ਨਹੀਂ ਅਖਵਾ ਸਕਦਾ ਉਹ ਫਿਰ ਆਪਣੀ ਹਰ ਗੱਲ ਵਿਚ ਪ੍ਰਮਾਤਮਾ ਨੂੰ ਹੀ ਉੱਚਾ ਮੰਨਦਾ ਹੈ ਜੋ ਅਸਲ ਵਿਚ ਇਸ ਸਰੀਰ ਦਾ ਮਾਲਕ ਹੈ ਤੇ ਆਪ ਹੀ ਇਸਨੂੰ ਚਲਾ ਰਿਹਾ ਹੈ। ਆਪਣੀ ਮਨੁੱਖੀ ਹੋਂਦ ਸਮਝਣਾ ਕੇਵਲ

ਸਾਡਾ ਭਰਮ ਹੈ। (**ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥**) ਇਹ ਮਨੁੱਖੀ ਸਰੀਰ ਕੀ ਹੈ ਇਹੀ ਗੱਲ ਆਖਰੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥"

ਜਿੰਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਹਨਾਂ ਨੇ ਹੀ ਸਾਨੂੰ ਇਸ ਸੰਸਾਰ ਦੀ ਹਕੀਕਤ ਸਮਝਾਈ ਹੈ। ਕਹਿਣ ਨੂੰ ਤਾਂ ਹਰ ਕੋਈ ਕਹਿ ਦਿੰਦਾ ਹੈ ਕਿ ਸਭ ਕੁਝ ਪ੍ਰਮਾਤਮਾ ਹੀ ਹੈ, ਉਹੀ ਵਰਤਦਾ ਹੈ ਪਰ ਵਿਸ਼ਵਾਸ ਨਹੀਂ ਆਉਂਦਾ ਕਿ ਉਹ ਕਿਸ ਰੂਪ ਵਿਚ ਹੈ ਤੇ ਕਿਵੇਂ ਵਰਤਦਾ ਹੈ। ਜਦ ਤਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ, ਉਸਦੀ ਅਸਲੀਅਤ ਨੂੰ ਪਹਿਚਾਣ ਨਹੀਂ ਲੈਂਦਾ ਤਦ ਤਕ ਵਿਸ਼ਵਾਸ ਨਹੀਂ ਆਉਂਦਾ। ਉਪਰ ਪੰਗਤੀਆਂ ਰਾਹੀਂ ਭਗਤ ਕਬੀਰ ਜੀ ਨੇ ਸਾਨੂੰ ਇਸ ਗੱਲ ਤੇ ਦ੍ਰਿੜ ਵਿਸ਼ਵਾਸ ਕਰਨਾ ਹੀ ਸਮਝਾਇਆ ਹੈ ਕਿ ਪੂਰਨ ਵਿਸ਼ਵਾਸ ਕਰਕੇ ਜਾਣੋ ਕਿ ਇਹ ਸਰੀਰ, ਇਹ ਮਨੁੱਖੀ ਰੂਪ ਪ੍ਰਮਾਤਮਾ ਦੀ ਆਪਣੀ ਸੰਤਾਨ ਹੈ, ਔਲਾਦ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਅਸੀਂ ਪ੍ਰਮਾਤਮਾ ਤੋਂ ਵੱਖਰੇ ਨਹੀਂ ਹਾਂ, ਸਾਡਾ ਕੋਈ ਵੱਖਰਾ

40/5172

ਰੂਪ ਨਹੀਂ ਹੈ ਤੇ ਇਸ ਗੱਲ ਨੂੰ ਇਸ ਤਰੀਕੇ ਪੱਕੀ ਕਰ ਕੇ ਜਾਣੋ ਜਿਵੇਂ ਕਾਗਜ ਦੇ ਉੱਤੇ ਲਗੀ ਹੋਈ ਸ਼ਿਆਹੀ ਨਹੀਂ ਮਿੱਟਦੀ ਇਸੇ ਤਰ੍ਹਾਂ ਮੇਰੀ ਇਹ ਦੱਸੀ ਹੋਈ ਗੱਲ, ਕਹੀ ਹੋਈ ਗੱਲ ਕਦੇ ਮਿੱਟ ਨਹੀਂ ਸਕਦੀ ਭਾਵ ਇਹ ਪੱਥਰ ਤੇ ਲਕੀਰ ਹੈ ਕਿ ਹਰ ਕੋਈ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਪ੍ਰਮਾਤਮਾ ਦੇ ਆਪਣੇ ਸਮਝਾਏ ਬਿਨਾ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ। (**ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥ ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥**)

{ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥}

(ਅੰਗ - ੪੮੫)

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥
ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥
ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥

ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥
ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥}

(ਅੰਗ - ੧੩੪੬)

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥}

(ਅੰਗ - ੯੫੨)

{ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥}

(ਅੰਗ - ੯੮੫)

{ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥}

(ਅੰਗ - ੯੮੫)

{ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ - ੯੮੫)

ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਕਿ ਅਗਿਆਨਤਾ ਸਾਡੇ ਮਨ ਦੀ ਸਮਝ ਹੈ। ਜਦ ਤਕ ਸਾਡੇ ਅੰਦਰ ਅਗਿਆਨਤਾ ਹੈ ਇਹੀ ਸਾਡੇ ਅੰਦਰ ਦੀ ਆਪਣੀ ਬੁਧਿ ਹੈ ਜੋ ਸਾਨੂੰ ਗੁਰੂ ਦੀ ਬੁਧਿ ਦੇ ਨਾਲ ਮੇਲ ਕਰਨ ਤੋਂ ਦੂਰ ਰਖਦੀ ਹੈ। ਸਾਡੇ ਅੰਦਰ ਦੀ ਬੁਧਿ ਸਾਡੇ ਮਨ ਦੇ ਵਿਚਾਰ ਹਨ ਤੇ ਗੁਰੂ ਦੇ ਵਿਚਾਰ ਗੁਰੂ ਦੀ ਬੁਧਿ ਹੈ ਭਾਵ ਸਾਡੇ ਵਿਚ ਤੇ ਗੁਰੂ ਵਿਚ ਕੇਵਲ ਮਨ ਦੇ ਵਿਚਾਰਾਂ ਦਾ ਹੀ ਫਰਕ ਹੈ। ਸਾਡੇ ਮਨ ਦੇ ਵਿਚਾਰ ਸਾਡੇ ਅੰਦਰ ਦੀ ਸੁਰਤਿ ਹੈ ਤੇ ਗੁਰੂ ਦੇ ਵਿਚਾਰ ਗੁਰੂ ਦਾ ਸ਼ਬਦ ਹੈ। ਸ਼ਬਦ ਸੁਰਤਿ ਦਾ ਮੇਲ ਫਿਰ ਤਾਂ ਹੀ ਹੋ ਸਕਦਾ ਹੈ ਜਦੋਂ ਆਪਸ ਵਿਚ ਵਿਚਾਰ ਮਿਲਣਗੇ। ਗੁਰੂ ਦੇ ਵਿਚਾਰ ਤਾਂ ਬਦਲੇ ਨਹੀਂ ਜਾ ਸਕਦੇ, ਗੁਰੂ ਦੇ ਸ਼ਬਦਾਂ ਦਾ ਗਿਆਨ

ਅਡੋਲ ਹੈ ਜੋ ਕਦੇ ਬਦਲ ਨਹੀਂ ਸਕਦਾ। ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ ਉਹ ਸਾਡੀ ਬੁਧਿ ਹੈ ਤੇ ਜਦ ਤਕ ਸਾਡੀ ਬੁਧਿ ਸ਼ਬਦ ਦੀ ਬੁਧਿ ਦੇ ਨਾਲ ਇੱਕ ਨਹੀਂ ਹੁੰਦੀ ਤਦ ਤਕ ਅਸੀਂ ਅਹੰਬੁਧਿ ਵਿਚ ਹਾਂ ਭਾਵ ਮਨ ਦੀ ਅਗਿਆਨਤਾ ਵਿਚ ਹਾਂ ਭਾਵ ਸਾਡੀ ਅਗਿਆਨਤਾ ਉਹ ਹੈ ਜੋ ਸਮਝ ਸਾਡੀ ਗੁਰੂ ਦੇ ਗਿਆਨ ਨਾਲ ਮੇਲ ਨਹੀਂ ਖਾਂਦੀ। ਸਾਡੇ ਅੰਦਰ ਦੀ **"ਅਹੰਬੁਧਿ"** ਭਾਵ ਅਗਿਆਨਤਾ ਮਾਇਆ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਨਾਲੋਂ ਦੂਰ ਬਣੇ ਰਹਿੰਦੇ ਹਾਂ ਭਾਵ ਉਸ ਨੂੰ ਮਨ ਦੇ ਵਿਚੋਂ ਸਮਝ ਨਹੀਂ ਸਕਦੇ। ਅਸੀਂ ਮਨ ਦੀ ਇਸ ਮਾਇਆ ਵਿਚੋਂ ਨਿਕਲਣਾ ਹੈ ਜਿਸਨੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਿਆ ਹੋਇਆ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

ਗੂਜਰੀ ਮਹਲਾ ੫ ॥

“ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥
ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥੧॥ ਮਨਿ ਤਨਿ ਬਾਛੀਐ ਜਨ ਧੂਰਿ ॥
ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ ॥੧॥ ਰਹਾਉ ॥
ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥੨॥
ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥”

(ਅੰਗ - ੫੦੨)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਦਾ ਰੋਗ ਕੀ ਹੈ ਤੇ ਉਸ ਰੋਗ ਦਾ ਇਲਾਜ ਕੀ ਹੈ। ਦੂਰ ਤਾਂ ਅਸੀਂ ਉਸ ਰੋਗ ਨੂੰ ਕਰਨਾ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ।

“ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥
ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥੧॥”

ਸਾਡੇ ਅੰਦਰ ਦੀ ਮਤਿ ਨੂੰ, ਬੁਧਿ ਨੂੰ, ਸਾਡੇ ਅੰਦਰ ਦੀ ਸਮਝ ਨੂੰ ਗਹਰੀ ਮਾਇਆ ਦੱਸਿਆ ਹੈ, ਸੰਘਣੀ ਮਾਇਆ ਦਸਿਆ ਹੈ ਭਾਵ ਇਹ ਭਰਮਾਂ ਦੀ ਭਰੀ ਹੋਈ ਹੈ, ਅਗਿਆਨਤਾ ਦੀ ਭਰੀ ਹੋਈ ਹੈ, ਹਉਮੈ ਦੀ ਭਰੀ ਹੋਈ ਹੈ ਤੇ ਇਹੀ ਸਾਡਾ ਸਭ ਤੋਂ ਵੱਡਾ ਰੋਗ ਹੈ, ਸਦੀਆਂ ਤੋਂ ਚਲਦਾ ਆ ਰਿਹਾ ਹੈ ਭਾਵ ਜਦ ਤੋਂ ਮਨੁੱਖੀ ਹੋਂਦ ਬਣੀ ਹੈ ਇਹ ਅਹੰਬੁਧਿ ਰੋਗ, ਮਾਇਆ ਰੋਗ ਭਾਵ ਨਾਸਮਝ ਮਤਿ ਸਾਡੇ ਨਾਲ ਹੀ ਚਲਦੀ ਆ ਰਹੀ ਹੈ ਭਾਵ ਜਿਸਦਾ ਵੀ ਮਨੁੱਖੀ ਜਨਮ ਹੁੰਦਾ ਹੈ ਸਭ ਵਿਚ ਪ੍ਰਮਾਤਮਾ ਇਹੋ ਜਿਹੀ ਮਤਿ ਹੀ ਪਾਉਂਦਾ ਹੈ (**ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥**) ਜੇਕਰ ਪ੍ਰਮਾਤਮਾ ਨੇ ਸਾਰੇ ਸੰਸਾਰ ਦੇ ਅੰਦਰ ਇਹ ਰੋਗ ਪਾਇਆ ਹੈ, ਬਿਮਾਰੀ ਪਾਈ ਹੈ ਤਾਂ ਫਿਰ ਇਸ ਦਾ ਇਲਾਜ ਉਸਨੇ ਆਪ ਹੀ ਬਣਾਇਆ ਹੋਇਆ ਹੈ, ਇਸਦੀ **“ਅਉਖਧੁ”**, ਦਾਰੂ ਵੀ ਆਪ ਹੀ ਬਣਾਇਆ ਹੋਇਆ ਹੈ ਜੋ ਕਿ **“ਨਾਮੁ”** ਦੇ ਰੂਪ ਵਿਚ ਹੈ। ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਪ੍ਰਮਾਤਮਾ ਨੇ ਆਪ ਹੀ ਇਹ ਨਾਮ ਰੂਪ ਦਾਰੂ ਉਹਨਾਂ ਦੇ ਵਿਚ ਪਾਇਆ ਹੋਇਆ ਹੈ। ਧਰਮ ਗ੍ਰੰਥਾਂ ਵਿਚ ਇਹ ਦਾਰੂ

40/5174

ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਹੈ ਜੋ ਸ਼ਬਦਾਂ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ ਜੋ ਕੇਵਲ ਆਪ ਹੀ ਕਰਣ ਕਾਰਣ ਜੋਗ ਹੈ। ਪੂਰੀ ਗੁਰਬਾਣੀ ਵਿਚ ਇਹ ਨਾਮ ਦਾਰੂ ਹੀ ਭਰਪੂਰ ਹੈ ਜਿਸ ਦਾ ਮਕਸਦ ਸਾਨੂੰ ਸਾਡੀ **“ਅਹੰਬੁਧਿ”** ਵਿਚੋਂ ਕੱਢਣ ਦਾ ਹੈ ਭਾਵ ਮਨ ਦੀ ਮਾੜੀ ਮਤਿ ਵਿਚੋਂ, ਅਗਿਆਨਤਾ ਵਾਲੀ ਮਤਿ ਵਿਚੋਂ, ਮਾਇਆ ਵਿਚੋਂ ਕੱਢਣ ਦਾ ਹੈ ਜੋ ਕਿ ਸਾਡੇ ਮਨ ਦਾ ਰੋਗ ਹੈ। ਨਾਮ ਦਾ ਮਕਸਦ ਸਾਡੇ ਰੋਗੀ ਮਨ ਨੂੰ ਠੀਕ ਕਰਨ ਦਾ ਹੀ ਹੈ ਭਾਵ ਸ਼ਬਦਾਂ ਦੀ ਵਿਚਾਰ ਦਾ ਮਕਸਦ ਸਾਡੇ ਮਨ ਦੇ ਮਾੜੇ ਵਿਚਾਰਾਂ ਨੂੰ ਬਦਲਣ ਦਾ ਹੀ ਹੈ, ਸਾਡੀ ਮਤਿ ਨੂੰ ਬਦਲਣ ਦਾ ਹੀ ਹੈ। (**ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥ ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥੧॥**)

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖੁ ਜਾਇ ॥੨॥}

(ਅੰਗ - ੪੬੬)

{ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥
ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥੨॥}

(ਅੰਗ - ੧੦੧)

{ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥
ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥੧॥ ਮਨ ਏਕੋ ਸਾਹਿਬੁ ਭਾਈ ਰੇ ॥
ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ ॥
ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ ॥
ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ ॥੨॥}

(ਅੰਗ - ੧੫੬)

{ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥੩॥
ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥}

(ਅੰਗ - ੧੯੬)

{ਅਨੂਪ ਪਦਾਰਥੁ ਨਾਮੁ ਸੁਨਹੁ ਸਗਲ ਧਿਆਇਲੇ ਮੀਤਾ ॥
ਹਰਿ ਅਉਖਧੁ ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ ॥੧॥ ਰਹਾਉ ॥
ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ॥੧॥
ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ ॥ ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿ ਰੰਗਾ ॥੨॥
ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ ॥
ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥}

(ਅੰਗ - ੨੦੮)

{ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ ॥
ਅਨੇਕ ਜਤਨ ਭੇਖ ਕਰੇ ਜੋਗੀ ਰੋਗੁ ਨ ਜਾਇ ਗਵਾਇਆ ॥੯॥
ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ ॥
ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ ॥੧੦॥}

(ਅੰਗ - ੯੦੯)

{ਗੁਰ ਪੂਰੇ ਕੀ ਪਉ ਸਰਣਾਈ ॥ ਮੋਹੁ ਸੋਗੁ ਸਭੁ ਭਰਮੁ ਮਿਟਾਈ ॥
ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ ॥੨॥}

(ਅੰਗ - ੧੦੭੭)

{ਅਉਖਧ ਕਰਿ ਥਾਕੀ ਬਹੁਤੇਰੇ ॥ ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥ ਬਿਨੁ ਹਰਿ ਭਗਤੀ ਦੂਖ ਘਣੇਰੇ ॥
ਦੁਖ ਸੁਖ ਦਾਤੇ ਠਾਕੁਰ ਮੇਰੇ ॥੨॥ ਰੋਗੁ ਵਡੋ ਕਿਉ ਬਾਂਧਉ ਧੀਰਾ ॥ ਰੋਗੁ ਬੂਝੈ ਸੋ ਕਾਟੈ ਪੀਰਾ ॥
ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥}

(ਅੰਗ - ੧੧੮੯)

40/5175

{ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥

ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥}

(ਅੰਗ - ੧੨੧੦)

{ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੇਰੈ ॥
ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥੧॥
ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ ਦਾਤੇਰੈ ॥
ਕਾਟਿ ਸਿਲਕ ਜਉ ਅਪੁਨਾ ਕੀਨੋ ਨਾਨਕ ਸੂਖ ਘਨੇਰੈ ॥੨॥੨੭॥੫੦॥}

(ਅੰਗ - ੧੨੧੪)

{ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥
ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ ॥੪॥੫॥}

(ਅੰਗ - ੧੨੯੬)

{ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ ॥
ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ ॥
ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥}

(ਅੰਗ ੧੩੮੮-੧੩੮੯)

{ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥ ਮਨੁ ਮਰੈ ਦਾਰੂ ਜਾਣੈ ਕੋਇ ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ ਜਿਸ ਨੋ ਬਖਸੇ ਦੇ ਵਡਿਆਈ ॥
ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ ਰਹਾਉ ॥ ਗੁਰਮੁਖਿ ਕਰਣੀ ਕਾਰ ਕਮਾਵੈ ॥
ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥
ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੇ ਵਿਕਾਰ ॥੩॥ ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥
ਆਪਣੀ ਕਲਾ ਆਪੇ ਹੀ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥}

(ਅੰਗ - ੧੫੯)

{ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥ ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥੨॥}

(ਅੰਗ - ੩੧੫)

{ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ - ੪੬੮)

{ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥}

(ਅੰਗ - ੫੫੪)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨}

(ਅੰਗ - ੬੮੭)

{ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥
ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥}

(ਅੰਗ - ੮੩੨)

{ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥
ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥}

(ਅੰਗ ੮੭੭-੮੭੮)

{ਇਹੁ ਮਨੁ ਲੋਭੀ ਲੋਭਿ ਲੁਭਾਨਾ ॥ ਰਾਮ ਬਿਸਾਰਿ ਬਹੁਰਿ ਪਛੁਤਾਨਾ ॥
ਬਿਛੁਰਤ ਮਿਲਾਇ ਗੁਰ ਸੇਵ ਰਾਂਗੇ ॥ ਹਰਿ ਨਾਮੁ ਦੀਓ ਮਸਤਕਿ ਵਡਭਾਗੇ ॥੨॥
ਪਉਣ ਪਾਣੀ ਕੀ ਇਹ ਦੇਹ ਸਰੀਰਾ ॥ ਹਉਮੈ ਰੋਗੁ ਕਠਿਨ ਤਨਿ ਪੀਰਾ ॥
ਗੁਰਮੁਖਿ ਰਾਮ ਨਾਮ ਦਾਰੂ ਗੁਣ ਗਾਇਆ ॥ ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥੩॥
ਚਾਰਿ ਨਦੀਆ ਅਗਨੀ ਤਨਿ ਚਾਰੇ ॥ ਤ੍ਰਿਸਨਾ ਜਲਤ ਜਲੇ ਅਹੰਕਾਰੇ ॥
ਗੁਰਿ ਰਾਖੇ ਵਡਭਾਗੀ ਤਾਰੇ ॥ ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ ॥੪॥੨॥}

(ਅੰਗ - ੧੧੭੨)

40/5176

{ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥
ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ ॥੧॥
ਗੋਬਿੰਦ ਜੀਉ ਸਤਿਸੰਗਤਿ ਮੇਲਿ ਹਰਿ ਧਿਆਈਐ ॥
ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ ॥੧॥ ਰਹਾਉ ॥
ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ ਲਹਿ ਨ ਸਕਾਈਐ ॥
ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ ॥੨॥}

(ਅੰਗ - ੧੧੭੯)

{ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥}

(ਅੰਗ - ੧੨੫੭)

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥}

(ਅੰਗ - ੧੩੨੭)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਿਆ ਹੈ ਕਿ ਨਾਮ ਅਉਖਧ ਕੀ ਹੈ। ਨਾਮ ਅਉਖਧ ਦਾ ਮਕਸਦ ਸਾਨੂੰ ਮਨ ਦੀ **"ਅਹੰਬੁਧਿ"** ਵਿਚੋਂ ਕੱਢਣ ਦਾ ਹੀ ਹੈ, ਮਨ ਦੀ ਮਾਇਆ ਵਿਚੋਂ ਕੱਢਣ ਦਾ ਹੀ ਹੈ ਜੋ ਕਿ ਸਾਰੇ ਸੰਸਾਰ ਦਾ ਇੱਕੋ ਜਿਹਾ ਰੋਗ ਹੈ, ਸਾਡੇ ਮਨ ਦਾ ਰੋਗ ਹੈ। ਨਾਮ ਅਉਖਧੁ ਸਾਡੇ ਮਨ ਦੇ ਰੋਗ ਦੂਰ ਕਰਨ ਲਈ ਹੀ ਹੈ। ਸਾਡੇ ਅੰਦਰ ਦਾ ਹਰ ਭਰਮ ਭਾਵ ਸਾਡੇ ਅੰਦਰ ਦਾ ਉਹ ਵਿਚਾਰ ਜੋ ਗੁਰਮਤਿ ਤੇ ਪੂਰਾ ਨਹੀਂ ਉਤਰਦਾ ਉਹ ਸਾਡਾ ਰੋਗ ਹੈ। ਮਨ ਦੇ ਇਹਨਾਂ ਰੋਗਾਂ ਕਰਕੇ ਹੀ ਅਸੀਂ ਉਹੋ ਜਿਹੇ ਕਰਮ ਨਹੀਂ ਕਰਦੇ ਜਿਹੋ ਜਿਹੇ ਕਰਮ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ ਭਾਵ **"ਨਾਮੁ ਅਉਖਧੁ"** ਦਾ ਮਕਸਦ ਸਾਨੂੰ ਸੱਚੇ ਵਿਚਾਰ ਦੇਣ ਦੇ ਨਾਲ ਹੈ ਤਾਂ ਜੋ ਅਸੀਂ ਗੁਣੀ ਬਣਕੇ ਭਾਵ ਅਉਗਣ ਤਿਆਗਕੇ ਸੱਚੇ ਸੁੱਚੇ ਕਰਮ ਕਰੀਏ ਜਿਸ ਨਾਲ ਹਰ ਕਿਸੇ ਦਾ ਭਲਾ ਹੁੰਦਾ ਹੈ। **(ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥ ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥੧॥) {ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥2॥}** ਅੰਗ - 687

ਜੋ ਗੁਰੂ ਪ੍ਰਮਾਤਮਾ ਦਾ ਨਾਮ ਹੈ ਉਹੀ ਉਸ ਦੀ **"ਧੂਰਿ"** ਹੈ। ਗੁਰੂ ਦੀ ਸੱਚੀ ਮਤਿ ਉਸਦੀ ਧੂਰਿ ਹੈ, ਚਰਨ ਧੂੜਿ ਹੈ। ਸਾਨੂੰ ਗੁਰੂ ਕੋਲੋਂ ਇਹੋ ਜਿਹੀ ਧੂਰਿ ਮੰਗਣੀ ਸਿਖਾਇਆ ਹੋਇਆ ਹੈ, ਉਸਦੇ **"ਜਨ"** ਦੀ ਧੂਰਿ ਮੰਗਣੀ ਸਿਖਾਇਆ ਹੋਇਆ ਹੈ। ਪ੍ਰਮਾਤਮਾ ਦਾ ਜਨ ਉਹੀ ਹੈ ਜਿੱਥੇ ਪ੍ਰਮਾਤਮਾ ਆਪ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਆਪ ਹੀ ਆਪਣੀ ਸੱਚੀ ਮਤਿ ਦਿੰਦਾ ਹੈ। ਪੂਰੀ ਗੁਰਬਾਣੀ ਦੇ ਵਿਚ **"ਜਨ ਧੂਰਿ"** ਹੈ ਭਾਵ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ, ਉਸ ਦਾ ਨਾਮ ਹੈ ਜਿਸ ਨੂੰ ਅਸੀਂ ਆਪਣੇ ਮਨ ਦੇ ਵਿਚਾਰਾਂ ਉਪਰ ਲਗਾਉਣਾ ਹੈ ਜਿਸ ਨੇ ਸਾਡੇ ਮਾੜੇ ਵਿਚਾਰਾਂ ਨੂੰ ਠੀਕ ਕਰਨਾ ਹੈ, ਸਾਡੇ ਅੰਦਰੋਂ ਪਾਪਾਂ ਵਾਲੀ ਬਿਰਤੀ ਨੂੰ ਕੱਢਣਾ ਹੈ। ਜਿਤਨੇ ਵੀ ਸਾਡੇ ਅੰਦਰ ਮਾੜੇ ਵਿਚਾਰ

ਉਪਜਦੇ ਹਨ ਉਹ ਗਿਣਤੀ ਤੋਂ ਬਾਹਰ ਹਨ ਭਾਵ ਕਰੋੜਾਂ ਵਿਚ ਹਨ। ਇਹ ਭਰਮ ਵਾਲੇ ਵਿਚਾਰ ਹੀ ਜੋ ਸਾਨੂੰ ਪ੍ਰਮਾਤਮਾ ਤੋਂ ਜਾਨਣ ਤੋਂ ਦੂਰ ਰਖਦੇ ਹਨ ਸਾਡੇ ਅੰਦਰ ਦੇ ਜਨਮ ਹਨ ਜਿੰਨ੍ਹਾਂ ਦੁਆਰਾ ਅਸੀਂ ਭਰਮ ਵਿਚ ਹੀ ਜਨਮ ਮਰਨ ਵਿਚ ਰਹਿੰਦੇ ਹਾਂ ਤੇ ਮਾੜੇ ਕਰਮ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਕਰਮ ਕਰਦੇ ਹਾਂ। ਗੁਰਮਤਿ ਦੇ ਉਲਟ ਸਾਡਾ ਹਰ ਕੰਮ ਪਾਪ ਹੈ। ਗੁਰੂ ਦੀ ਚਰਨ ਧੂੜਿ ਸਾਡੇ ਮਨ ਦੀ ਸਮਝ ਨੂੰ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢ ਕੇ ਸਾਡੀ ਪ੍ਰਮਾਤਮਾ ਨਾਲ ਮੇਲ ਦੀ ਸੱਚੀ ਆਸ ਨੂੰ ਪੂਰਾ ਕਰ ਦਿੰਦੀ ਹੈ। (**ਮਨਿ ਤਨਿ ਬਾਛੀਐ ਜਨ ਧੂਰਿ ॥ ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ ॥੧॥ ਰਹਾਉ ॥**)

ਸਾਡੇ ਅੰਦਰ ਇਹ ਭਰਮ ਵਾਲੇ ਵਿਚਾਰਾਂ ਦਾ ਜਾਲ, ਅਗਿਆਨਤਾ ਦਾ ਜਾਲ, ਮਾਇਆ ਮੋਹ ਦਾ ਜਾਲ ਹੀ ਸਾਡੇ ਅੰਦਰ ਦਾ ਜਮ ਜਾਲ ਹੈ ਤੇ ਇਹ ਜਾਲ ਕੇਵਲ ਗੁਰੂ ਦੇ ਗਿਆਨ ਦੁਆਰਾ ਹੀ ਕਟਿਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥
ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥੨॥"

ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸਾਡੇ ਅੰਦਰ ਦੇ ਜਮ ਕੀ ਹਨ ਜਿੰਨ੍ਹਾਂ ਜਮਾਂ ਦੀ ਗੱਲ ਬਾਣੀ ਰਾਹੀਂ ਬਾਰ ਬਾਰ

ਕੀਤੀ ਹੋਈ ਹੈ। ਅਗੇ ਚਲਕੇ ਇਹ ਜਮ ਕੀ ਹਨ ਸ਼ਬਦਾਂ ਰਾਹੀਂ ਹੋਰ ਵੀ ਬਰੀਕੀ ਨਾਲ ਸਮਝਾਂਗੇ ਤੇ ਉਪਰਲੇ ਪਦੇ ਰਾਹੀਂ ਸਾਨੂੰ ਸਾਡੇ ਅੰਦਰ ਦਾ ਜਮ ਜਾਲ ਹੀ ਸਮਝਾਇਆ ਹੋਇਆ ਹੈ। ਜੰਮਾਂ ਨੂੰ ਕਦੇ ਕਿਸੇ ਨੇ ਦੇਖਿਆ ਨਹੀਂ ਭਾਵ ਉਹਨਾਂ ਦਾ ਕੋਈ ਆਕਾਰ ਰੂਪ ਨਹੀਂ ਹੁੰਦਾ ਪਰ ਉਹਨਾਂ ਦਾ ਡਰ ਸਭ ਦੇ ਅੰਦਰ ਬੈਠਾ ਰਹਿੰਦਾ ਹੈ। ਸਾਡੇ ਅੰਦਰ ਜੋ ਸਾਡੇ ਮਨ ਦੇ ਵਿਚਾਰ ਡਰ ਪੈਦਾ ਕਰਦੇ ਹਨ, ਭਉ ਪੈਦਾ ਕਰਦੇ ਹਨ ਭਾਵ ਝੂਠਾ ਭਉ ਪੈਦਾ ਕਰਦੇ ਹਨ ਉਹ ਸਾਡੇ ਅੰਦਰ ਦੇ ਜਮ ਹਨ। ਭਉ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇੱਕ ਸਾਡੇ ਅੰਦਰ ਮਾਇਆ ਦਾ ਭਉ ਹੈ ਜੋ ਕਿ ਸਾਡੇ ਅੰਦਰ ਦਾ ਝੂਠਾ ਭਉ ਹੈ। ਸਾਡੇ ਅੰਦਰ ਸੱਚਾ ਭਉ ਉਹ ਹੈ ਜਿਸ ਨੂੰ ਮੰਨਣ ਦੁਆਰਾ ਅਸੀਂ ਕੇਵਲ ਗੁਰਮਤਿ ਅਨੁਸਾਰ ਵਿਚਰਦੇ ਹਾਂ ਤੇ ਫਿਰ ਮਾਇਆ ਦੇ ਭਉ ਵਿਚੋਂ ਨਿਕਲ ਜਾਂਦੇ ਹਾਂ। ਨਿਰਭਉ ਕੇਵਲ ਗੁਰੂ ਦੀ ਮਤਿ ਹੈ ਜੋ ਮਨ ਦੀ ਸਮਝ ਰਾਹੀਂ ਸਾਨੂੰ ਮਾਇਆ ਦੇ ਭਉ ਵਿਚੋਂ ਕੱਢਦੀ ਹੈ। ਮਾਇਆ ਰੂਪ ਭਉ ਵਾਲੇ ਵਿਚਾਰ, ਸਾਡੇ ਅੰਦਰ ਅਗਿਆਨਤਾ ਵਾਲੇ ਵਿਚਾਰ ਸਾਡੇ ਅੰਦਰ ਉਹੋ ਜਿਹਾ ਡਰ ਬਣਾਕੇ ਰੱਖਦੇ

40/5178

ਹਨ ਜਿਸ ਡਰ ਤੋਂ ਸਾਨੂੰ ਅਸਲ ਵਿਚ ਡਰਨ ਦੀ ਲੋੜ ਨਹੀਂ ਹੁੰਦੀ ਭਾਵ ਇਹ ਮਨ ਦੇ ਬੇਸਮਝ ਵਿਚਾਰ ਸਾਨੂੰ ਪਰੇਸ਼ਾਨ ਕਰੀ ਰਖਦੇ ਹਨ, ਸਾਨੂੰ ਤੰਗ ਕਰਦੇ ਹਨ ਤੇ ਇਹੋ ਜਿਹੇ ਵਿਚਾਰ ਹੀ ਸਾਡੇ ਅੰਦਰ ਦੇ ਜਮ ਹਨ ਜਿੰਨ੍ਹਾਂ ਦੀ ਮਾਰ ਅਸੀਂ ਮਨ ਦੇ ਡਰ ਰਾਹੀਂ, ਤਨ ਦੇ ਅਉਖੇਪਨ ਰਾਹੀਂ ਹਰ ਵੇਲੇ ਸਹਿੰਦੇ ਰਹਿੰਦੇ ਹਾਂ। ਸਾਡੀ ਸਾਰੀ ਪਰੇਸ਼ਾਨੀ ਦਾ ਕਾਰਣ ਸਾਡੇ ਅੰਦਰ ਦੀ ਅਗਿਆਨਤਾ ਹੈ ਜੋ ਸਾਨੂੰ ਉਹੋ ਜਿਹੇ ਮਾਰਗ ਤੇ ਤੋਰਦੀ ਹੈ ਜੋ ਸਾਨੂੰ ਖੁਆਰ ਕਰਦੀ ਹੈ ਭਾਵ ਧਰਮ ਦੇ ਮਾਰਗ ਤੇ ਸੱਚੀ ਸੋਝੀ ਨਾ ਹੋਣਾ ਸਾਨੂੰ ਖੁਆਰ ਕਰਦਾ ਹੈ। ਇਸ ਖੁਆਰੀ ਦਾ ਕਾਰਨ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਹਨ, ਇਛਾਵਾਂ ਹਨ ਜੋ ਸਦਾ ਹੀ ਮਨੁੱਖ ਦੇ ਨਾਲ ਰਹਿੰਦੀਆਂ ਹਨ ਭਾਵ ਹਰ ਵੇਲੇ ਸਾਡੇ ਅੰਦਰ ਉਪਜਦੀਆਂ ਰਹਿੰਦੀਆਂ ਹਨ। ਇਹ ਮਨ ਦੀਆਂ ਇਛਾਵਾਂ ਹੀ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀਆਂ ਹਨ ਤੇ ਮਨ ਦੀਆਂ ਇਛਾਵਾਂ ਹੀ ਸਾਨੂੰ ਭਗਤੀ ਦੇ ਪੁੱਠੇ ਮਾਰਗ ਤੇ ਤੋਰਦੀਆਂ ਹਨ। ਸਾਡੀ ਖੁਆਰੀ ਦਾ ਕਾਰਨ ਮਨ ਦੀਆਂ ਤ੍ਰਿਸ਼ਨਾਵਾਂ ਹਨ ਜੋ ਕਦੇ ਪੂਰੀਆਂ ਨਹੀਂ ਹੋ ਸਕਦੀਆਂ। ਇੱਕ ਤ੍ਰਿਸ਼ਨਾ ਪੂਰੀ ਹੁੰਦੀ ਹੈ ਤਾਂ ਅਨੇਕਾਂ ਹੋਰ ਉਪਜ ਪੈਂਦੀਆਂ ਹਨ ਤੇ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋ ਸਕਣਾ ਸਾਡੇ ਅੰਦਰ ਦਾ ਦੁਖ ਹੈ, ਸਾਡੀਆਂ ਪਰੇਸ਼ਾਨੀਆਂ ਦਾ ਕਾਰਨ ਹੈ। ਧਰਮ ਦੇ ਮਾਰਗ ਦੀ ਅਗਿਆਨਤਾ ਕਰਕੇ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਕਰਕੇ ਆਪਣੇ ਸਰੀਰ ਨੂੰ ਵਿਅਰਥ ਵਿਚ ਹੀ ਦੁਖਾਂ ਵਿਚ ਪਾਉਂਦੇ ਹਾਂ ਭਾਵ ਅਉਖੇ ਹੁੰਦੇ ਹਾਂ। ਇਸੇ ਕਰਕੇ ਸਾਡੇ ਮਨ ਦੀਆਂ ਇਛਾਵਾਂ ਨੂੰ **"ਕੂਕਰੀ"** ਕਿਹਾ ਗਿਆ ਹੈ, ਕੁੱਤੀ ਕਿਹਾ ਹੈ, ਸਾਡੇ ਅੰਦਰ ਦਾ ਭਿਆਨਕ ਰੂਪ ਕਿਹਾ ਹੈ। ਸਾਡੇ ਅੰਦਰ ਦੀਆਂ ਇਛਾਵਾਂ ਦਾ ਇਹ ਭਿਆਨਕ ਰੂਪ ਹੀ ਜਮ ਰੂਪ ਹੈ ਜੋ ਸਾਨੂੰ ਪਰੇਸ਼ਾਨ ਕਰੀ ਰਖਦਾ ਹੈ। ਮਨ ਦੇ ਇਸ ਅਉਖੇਪਨ ਵਿਚੋਂ ਨਿਕਲਣ ਦਾ ਤਰੀਕਾ ਗੁਰੂ ਦਾ ਗਿਆਨ ਹੈ ਜੋ ਸਾਡੇ ਅੰਦਰ ਦੀ ਅਗਿਆਨਤਾ ਨੂੰ ਕਟਦਾ ਹੈ ਤੇ ਸਾਨੂੰ ਤ੍ਰਿਸ਼ਨਾਵਾਂ ਵਿਚੋਂ ਕੱਢਦਾ ਹੈ। ਮਨ ਦੀਆਂ ਤ੍ਰਿਸ਼ਨਾਵਾਂ ਵਿਚ ਰਹਿੰਦੇ ਹੋਏ, ਅਗਿਆਨਤਾ ਵਿਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਕੀਰਤਨ ਨਾਲ ਨਹੀਂ ਜੁੜ ਸਕਦੇ ਭਾਵ ਉਸ ਦਾ ਜੱਸ ਨਹੀਂ ਗਾ ਸਕਦੇ ਜੋ ਜੱਸ ਮਨ ਦੀਆਂ ਇਛਾਵਾਂ ਵਿੱਚੋਂ ਨਿਕਲਕੇ ਮਨ ਦੇ ਸੰਤੋਖ ਰਾਹੀਂ ਗਾਇਆ ਜਾਂਦਾ ਹੈ ਭਾਵ ਗੁਣਾਂ ਨੂੰ ਅਪਨਾਉਣ ਦੁਆਰਾ ਗਾਇਆ ਜਾਂਦਾ ਹੈ ਜਿਸ ਦੁਆਰਾ ਸਾਡੀ ਸੰਸਾਰਿਕ ਵਿਚਰਨ ਚੰਗੀ ਬਣਦੀ ਹੈ। ਸਾਡੇ ਅੰਦਰੋਂ ਮਾਇਆ ਦਾ ਜਾਲ, ਮਾੜੇ ਵਿਚਾਰਾਂ ਦਾ ਜਾਲ ਭਾਵ ਜਮਜਾਲ ਗੁਰੂ ਦਾ ਗਿਆਨ ਹੀ ਕੱਟਦਾ ਹੈ ਤੇ ਤਾਂ ਹੀ ਉਸ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ। (**ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥੨॥**)

40/5179

ਮਾਇਆ ਮੋਹ ਦੇ ਜਾਲ ਵਿੱਚੋਂ ਗੁਰੂ ਦੇ ਗਿਆਨ ਦੁਆਰਾ ਅਸੀਂ ਕਿਸ ਤਰੀਕੇ ਨਿਕਲਦੇ ਹਾਂ ਤੇ ਪ੍ਰਮਾਤਮਾ ਦਾ ਜੱਸ ਕਿਵੇਂ ਗਾਉਂਦੇ ਹਾਂ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥"

ਜਦ ਤਕ ਸਾਡੇ ਅੰਦਰ ਮਾਇਆ ਦਾ ਜਾਲ ਹੈ, ਜਮ ਜਾਲ ਹੈ ਤਦ ਤਕ ਸਾਡੇ ਅੰਦਰ ਮਾੜੇ ਵਿਚਾਰ ਹੀ ਛਾਏ ਰਹਿੰਦੇ ਹਨ ਤੇ ਮਨ ਦੇ ਇਹ ਵਿਚਾਰ ਹੀ ਸਾਨੂੰ ਠਗਦੇ ਹਨ ਭਾਵ ਇਹਨਾਂ ਮਾੜੇ ਵਿਚਾਰਾਂ ਦੁਆਰਾ ਸਾਡੇ ਅੰਦਰ ਦੀ ਮਾਇਆ ਸਾਨੂੰ ਠੱਗਦੀ

ਹੈ ਤੇ ਸਾਡੇ ਅੰਦਰ ਇਹ ਮਾੜੇ ਵਿਚਾਰ ਹੀ ਸਾਡਾ ਆਵਾਗਵਣ ਹੈ ਭਾਵ ਸਾਡੇ ਅੰਦਰ ਅਗਿਆਨਤਾ ਕਰਕੇ, ਹਉਮੈ ਕਰਕੇ ਮਾੜੇ ਵਿਚਾਰਾਂ ਦਾ ਉਪਜਣਾ ਬਿਨਸਣਾ ਹੀ ਸਾਡਾ ਆਵਾਗਵਣ ਹੈ, ਸਾਡਾ ਜਨਮ ਮਰਨ ਹੈ। ਸਾਡੇ ਅੰਦਰ ਦੇ ਇਹ ਅਗਿਆਨਤਾ ਵਾਲੇ ਵਿਚਾਰ ਹੀ ਸਾਨੂੰ ਇਹ ਸਮਝਾਉਂਦੇ ਹਨ ਕਿ ਅਸੀਂ ਇੱਕ ਮਨੁੱਖ ਹਾਂ ਤੇ ਅਸੀਂ ਜੰਮਦੇ ਮਰਦੇ ਹਾਂ ਜਦ ਕਿ ਇਹ ਝੂਠ ਹੈ। ਸੱਚ ਇਹ ਹੈ ਕਿ ਮਨੁੱਖ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਇਸ ਲਈ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ ਕਿਉਂਕਿ ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ ਭਾਵ ਸਾਡਾ ਆਵਾਗਵਣ ਸਾਡੇ ਅੰਦਰ ਦੇ ਅਗਿਆਨਤਾ ਵਾਲੇ ਵਿਚਾਰ ਹਨ। ਮਨ ਦੀ ਅਗਿਆਨਤਾ ਨਿਕਲਣ ਦੁਆਰਾ ਮਨੁੱਖ ਆਵਾਗਉਣ ਵਿਚੋਂ ਨਿਕਲ ਜਾਂਦਾ ਹੈ। ਸਾਡੇ ਅੰਦਰ ਦਾ ਇਹ ਆਵਾਗਉਣ ਹੀ ਸਾਡੀਆਂ ਜੂਨਾਂ ਹਨ ਜਿੰਨ੍ਹਾਂ ਜੂੰਨਾਂ ਵਿੱਚ ਅਸੀਂ ਮਨ ਦੀ ਅਗਿਆਨਤਾ ਕਰਕੇ ਭਟਕਦੇ ਰਹਿੰਦੇ ਹਾਂ। ਸਾਡੇ ਭਰਮ ਵਾਲੇ ਵਿਚਾਰ ਹੀ, ਇਹ ਅਨਗਿਣਤ ਵਿਚਾਰ ਹੀ ਸਾਡੀਆਂ ਜੂੰਨਾਂ ਹਨ। ਜੇਕਰ ਮਨੁੱਖ ਜੰਮਦਾ ਮਰਦਾ ਹੀ ਨਹੀਂ ਭਾਵ ਜੇ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਫਿਰ ਇਹ ਜੂੰਨਾਂ ਵਿਚ ਮਨੁੱਖ ਭਾਵ ਆਕਾਰ ਰੂਪ ਜੂੰਨਾਂ ਵਿੱਚ ਮਨੁੱਖ ਕਿਵੇਂ ਆ ਸਕਦਾ ਹੈ। ਅੱਗੇ ਜਾ ਕੇ ਸ਼ਬਦਾਂ ਦੁਆਰਾ ਜੂੰਨਾਂ ਨੂੰ ਹੋਰ ਵੀ ਬਰੀਕੀ ਨਾਲ ਸਮਝਾਂਗੇ। ਜਿਸ ਤਰੀਕੇ ਸਾਡਾ ਆਵਾਗਉਣ ਮਿੱਟਦਾ ਹੈ ਉਸੇ ਤਰੀਕੇ ਹੀ ਸਾਡਾ ਜੂੰਨਾਂ ਤੋਂ ਛੁਟਕਾਰਾ ਹੁੰਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਨੂੰ ਸਿਮਰਨ ਦੁਆਰਾ ਹੁੰਦਾ ਹੈ ਭਾਵ ਪ੍ਰਮਾਤਮਾ ਦੀ ਸੱਚੀ ਸਮਝ ਪੈਣ ਦੁਆਰਾ ਮਿੱਟਦਾ ਹੈ ਜਿਸ ਸਿਮਰਣ ਦੁਆਰਾ ਪ੍ਰਮਾਤਮਾ ਦੀ ਭਗਤੀ ਦੀ ਸਮਝ ਪੈਂਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈਂਦੀ ਹੈ ਤੇ ਭਗਤੀ ਨਾਲ

40/5180

ਪ੍ਰੇਮ ਜੁੜਦਾ ਹੈ, ਮਨ ਦੇ ਵਿੱਚੋਂ ਕਾਮ, ਕ੍ਰੋਧ, ਲੋਭ, ਮੋਹ ਵਾਲੀ ਬਿਰਤੀ ਨਿਕਲਣ ਦੁਆਰਾ ਜੁੜਦਾ ਹੈ। (**ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥**)

ਜਿਵੇਂ ਕਿ ਉਪਰ ਸ਼ਬਦ ਵਿਚ ਅਸੀਂ ਜਮ ਜਾਲ ਤੇ ਆਵਾ ਗਵਣ ਸਮਝਿਆ ਹੈ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ ॥

ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥”

(ਅੰਗ - ੯੦੩)

ਜੋਗੀ ਲੋਕ ਆਪਣੇ ਸਰੀਰ ਉੱਤੇ ਭਸਮ ਦਾ ਲੇਪ ਕਰਦੇ ਹਨ, ਸੁਆਹ ਦਾ ਲੇਪ ਕਰਦੇ ਹਨ ਜਿਸਨੂੰ ਕਿ ਉਹ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਦੇ ਹਨ ਪਰ ਇਹ ਭਗਤੀ ਦਾ ਮਾਰਗ ਨਹੀਂ ਹੈ ਜਿਸਨੂੰ ਕਿ ਸਾਡਾ ਪਾਖੰਡ ਦੱਸਿਆ ਹੈ, ਇਸ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਮਨ ਦੀ ਅਗਿਆਨਤਾ ਹੈ ਜੋ ਸਾਨੂੰ ਭਗਤੀ ਦੇ ਪੁੱਠੇ ਮਾਰਗ ਨਾਲ ਜੋੜਦੀ ਹੈ। ਆਪਣੇ ਸਰੀਰ ਨੂੰ ਵਸਤਰ ਰਹਿਤ ਬਣਾਕੇ ਤੇ ਆਪ ਹੀ ਉਸ ਦੇ ਉੱਤੇ ਸੁਆਹ ਲਿੰਬ ਕੇ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਕਰਦੇ ਹਾਂ, ਸਰੀਰਕ ਦੁੱਖ ਸਹਿੰਦੇ ਹਾਂ। ਇਹ ਦੁੱਖ, ਤਕਲੀਫ ਜੰਮਾਂ ਦਾ ਡੰਡ ਹੈ ਜੋ ਡੰਡ ਅਸੀਂ ਸਰੀਰਕ ਤੌਰ ਤੇ ਜਿਉਂਦੇ ਹੋਏ ਇਸ ਸੰਸਾਰ ਵਿੱਚ ਹੀ ਸਹਿੰਦੇ ਹਾਂ। ਅਸੀਂ ਭਗਤੀ ਦੇ ਅਨੇਕਾਂ ਤਰੀਕਿਆਂ ਦੁਆਰਾ, ਸਰੀਰਕ ਜਪਾਂ ਤਪਾਂ ਆਦਿ ਦੁਆਰਾ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ। ਕੋਈ ਆਪਣੇ ਆਪ ਨੂੰ ਕਿਸੇ ਤਰੀਕੇ ਖੁਆਰ ਕਰ ਰਿਹਾ ਹੈ ਕੋਈ ਕਿਸੇ ਤਰੀਕੇ ਖੁਆਰ ਕਰ ਰਿਹਾ ਹੈ ਪਰ ਭਰਮ ਵਿਚ ਹੀ ਅਸੀਂ ਆਪਣੇ ਆਪ ਨੂੰ ਖੁਆਰ ਕਰਦੇ ਹਾਂ ਤੇ ਸਾਡੀ ਇਹ ਖੁਆਰੀ ਜਮਾਂ ਦਾ ਡੰਡ ਹੈ ਜੋ ਅਸੀਂ ਮਨ ਦੀ ਅਗਿਆਨਤਾ ਕਰਕੇ, ਮਾਇਆ ਮੋਹ ਕਰ ਕੇ ਸਹਿੰਦੇ ਹਾਂ। (**ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ ॥**) ਮਨ ਦਾ ਇਹ ਮਾਇਆ ਮੋਹ ਭਾਵ ਅਗਿਆਨਤਾ ਸਾਡੇ ਮਨ ਦਾ ਬੰਧਨ ਹੈ, ਸਾਡਾ ਆਵਾ ਗਵਣ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥”

40/5181

ਮਨ ਦੀ ਅਗਿਆਨਤਾ ਕਰਕੇ ਹੀ ਭਾਵ ਮਾਇਆ ਮੋਹ ਕਰਕੇ ਹੀ ਜੋਗੀ ਲੋਗ ਗ੍ਰਹਿਸਤ ਜੀਵਨ ਛੱਡਕੇ ਚਲੇ ਜਾਂਦੇ ਹਨ ਤੇ ਮੰਗ ਕੇ ਖਾਉਂਦੇ ਹਨ। ਜਿਸ ਭਾਂਡੇ ਵਿਚ ਮੰਗ ਕੇ ਖਾਉਂਦੇ ਹਨ ਉਸਨੂੰ ਖਾਪਰ ਕਹਿੰਦੇ ਹਨ। ਭਗਤੀ ਦੇ ਮਾਰਗ ਤੇ ਚੱਲਣ

ਲਈ ਗ੍ਰਹਿਸਤ ਦਾ ਮਾਰਗ ਤਿਆਗਕੇ ਕੋਈ ਦੁਨਿਆਵੀ ਭੀਖ ਮੰਗਣੀ ਕੋਈ ਚੰਗੀ ਗੱਲ ਨਹੀਂ ਹੈ ਭਾਵ ਇਹ ਭਗਤੀ ਦੇ ਉਲਟ ਹੈ। ਭਗਤੀ ਦੇ ਮਾਰਗ ਤੇ ਚੱਲਣ ਦੀ **"ਭੀਖ"** ਲੋੜ ਮਨ ਨੂੰ ਹੈ ਜਿਸ ਭੀਖ ਦੁਆਰਾ ਸਾਡੇ ਮਨ ਦੀ ਅਗਿਆਨਤਾ ਦੂਰ ਹੁੰਦੀ ਹੈ, ਸਾਡੇ ਅੰਦਰ ਦਾ ਮਾਇਆ ਮੋਹ ਨਿਕਲਦਾ ਹੈ। ਇਹ **"ਭੀਖ"** ਗੁਰੂ ਦੇ ਸ਼ਬਦਾਂ ਦਾ ਸੱਚਾ ਗਿਆਨ ਹੈ ਜੋ ਕਿ ਸਾਨੂੰ ਭਾਉਂਦਾ ਨਹੀਂ। ਇਹ ਭੀਖ ਸਾਨੂੰ ਸੱਚ ਦੇ ਨਾਲ ਜੋੜਦੀ ਹੈ, ਭਗਤੀ ਦੇ ਸੱਚੇ ਮਾਰਗ ਨਾਲ ਜੋੜਦੀ ਹੈ ਜਿਸ ਦੁਆਰਾ ਸਾਨੂੰ ਦੁਨਿਆਵੀ ਪਦਾਰਥਾਂ ਦਾ ਮੋਹ ਛੱਡਣਾ ਪੈਂਦਾ ਹੈ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਹਰ ਅਉਗੁਣ ਛੱਡਣਾ ਪੈਂਦਾ ਹੈ। ਇਹ ਭਿਖਿਆ ਸਾਨੂੰ ਭਾਉਂਦੀ ਨਹੀਂ ਜਿਸ ਕਰਕੇ ਸਾਡਾ **"ਮਨ"** ਰੂਪ **"ਖਾਪਰੁ"** ਭਾਵ ਭਾਂਡਾ ਟੁੱਟਿਆ ਰਹਿੰਦਾ ਹੈ ਭਾਵ ਉਸ ਵਿੱਚ ਸੱਚ ਦੀ ਭੀਖ ਨਹੀਂ ਟਿੱਕਦੀ ਤੇ ਇਸੇ ਕਰਕੇ ਅਸੀਂ ਮਾਇਆ ਮੋਹ ਵਿੱਚੋਂ ਨਹੀਂ ਨਿਕਲਦੇ, ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲਦੇ ਤੇ ਸਾਨੂੰ ਭਗਤੀ ਦੀ ਸੱਚੀ ਸਮਝ ਨਹੀਂ ਪੈਂਦੀ ਤੇ ਅਸੀਂ ਭਗਤੀ ਦੇ ਉਹੋ ਜਿਹੇ ਮਾਰਗ ਤੇ ਚੱਲਦੇ ਹਾਂ ਜਿੰਨ੍ਹਾਂ ਵਿਚ ਕੇਵਲ ਭਗਤੀ ਦਾ ਪਾਖੰਡ ਹੈ ਤੇ ਅਸੀਂ ਬੇਕਾਰ ਵਿਚ ਹੀ ਆਪਣੇ ਸਰੀਰ ਨੂੰ ਦੁੱਖਾਂ ਵਿਚ ਪਾਉਂਦੇ ਹਾਂ, ਜੰਮਾਂ ਦਾ ਡੰਡ ਸਹਿੰਦੇ ਹਾਂ, ਮਨ ਦੀ ਨਾਸਮਝੀ ਕਰਕੇ ਇਹ ਡੰਡ ਸਹਿੰਦੇ ਹਾਂ। ਜਦ ਤਕ ਅਸੀਂ ਪ੍ਰਮਾਤਮਾ ਦੇ ਕੋਲੋਂ ਉਸ ਦੇ ਸ਼ਬਦਾਂ ਦੇ ਵਿਚਾਰ ਦੀ ਭੀਖ ਨਹੀਂ ਲੈਂਦੇ ਭਾਵ ਸੱਚੇ ਗਿਆਨ ਦੀ ਭੀਖ ਨਹੀਂ ਲੈਂਦੇ ਤਦ ਤਕ ਅਸੀਂ ਮਾਇਆ ਦੇ ਬੰਧਨ ਵਿੱਚੋਂ ਨਹੀਂ ਨਿਕਲ ਸਕਦੇ, ਭਰਮਾਂ ਦੇ ਬੰਧਨ ਵਿੱਚੋਂ ਨਹੀਂ ਨਿਕਲ ਸਕਦੇ ਤੇ ਅਸੀਂ ਮਨ ਦੇ ਇਸ ਬੰਧਨ ਦੇ ਕਾਰਨ ਹੀ ਭਾਵ ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਕਰਕੇ ਹੀ ਆਵਾਗਉਣ ਵਿਚ ਰਹਿੰਦੇ ਹਾਂ। **(ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ॥ ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥)**

{ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ - ੧੩੪੩)

{ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥ ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ ॥
ਜੇ ਆਸਾ ਅੰਦੇਸਾ ਤਜਿ ਰਹੈ ਗੁਰਮੁਖਿ ਭਿਖਿਆ ਨਾਉ ॥
ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ ॥੧॥}

(ਅੰਗ - ੫੫੦)

40/5182

{ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥ ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥
ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ ॥ ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ ॥
ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ ॥੧॥}

(ਅੰਗ - ੧੦੮੯)

{ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥
ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥
ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥
ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥ ਘਿਅ ਪਟ ਭਾਂਡਾ ਕਹੈ ਨ ਕੋਇ ॥
ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥
ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥}

(ਅੰਗ - ੭੨੧)

ਗੁਰੂ ਪ੍ਰਮਾਤਮਾ ਦੀ ਜੋ ਭਿਖਿਆ ਹੈ ਉਹ ਨਾਮ ਰੂਪ ਭਿਖਿਆ ਹੈ। ਗੁਰੂ ਦੀ ਇਹ ਭਿਖਿਆ ਉਸ ਦੀ ਸਿੱਖਿਆ ਦੇ ਰੂਪ ਵਿੱਚ ਮਿਲਦੀ ਹੈ। ਧਰਮ ਗ੍ਰੰਥਾਂ ਦੇ ਵਿੱਚ ਇਹ ਗੁਰੂ ਦੀ ਭਿਖਿਆ ਪਾਈ ਹੋਈ ਹੈ ਪਰ ਇਸ ਭਿਖਿਆ ਨੂੰ ਲੈਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਇਸ ਭਿਖਿਆ ਦਾ ਮਕਸਦ ਭਾਵ ਗੁਰੂ ਦੀ ਸਿਖਿਆ ਦਾ ਮਕਸਦ ਸਾਨੂੰ ਮਾਇਆ ਮੋਹ ਵਿਚੋਂ ਕੱਢਣ ਦਾ ਹੀ ਹੈ, ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਗੁਰੂ ਦੀ ਸਿਖਿਆ ਲੈਣ ਦੁਆਰਾ ਅਸੀਂ ਮਾੜੇ ਕਰਮਾਂ ਵਾਲੀ ਬਿਰਤੀ ਵਿਚੋਂ ਨਿਕਲੀਏ ਤੇ ਭਗਤੀ ਦੇ ਸਹੀ ਮਾਰਗ ਤੇ ਚਲੀਏ ਜੋ ਕਿ ਸਾਡੀ ਸੱਚੀ ਸੁੱਚੀ ਕਰਣੀ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸਲੋਕ ਤੇ ਪਉੜੀ ਦੁਆਰਾ ਸਮਝੀਏ।

ਮਃ ੩ ॥

“ਗੁਰ ਕੀ ਸਿਖ ਕੋ ਵਿਰਲਾ ਲੇਵੈ ॥ ਨਾਨਕ ਜਿਸੁ ਆਪਿ ਵਡਿਆਈ ਦੇਵੈ ॥੨॥”

(ਅੰਗ - ੫੦੯)

ਪਉੜੀ ॥

“ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥ ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥ ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥੩॥”

(ਅੰਗ - ੫੦੯)

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਗੁਰੂ ਦੀ ਸਿੱਖਿਆ ਕਿਸੇ ਵਿਰਲੇ ਨੂੰ ਹੀ ਮਿਲਦੀ ਹੈ ਭਾਵ ਗੁਰਮਤਿ ਰੂਪ ਪੂਰੀ ਸੋਝੀ ਕਿਸੇ ਵਿਰਲੇ ਨੂੰ ਹੀ ਮਿਲਦੀ ਹੈ ਤੇ ਇਹ ਸੋਝੀ ਪ੍ਰਮਾਤਮਾ ਕਿਸੇ ਨੂੰ ਆਪ ਹੀ ਬਖਸ਼ਦਾ ਹੈ, ਮਨ ਦੇ ਵਿਚ ਪ੍ਰਗਟ ਹੋ ਕੇ ਬਖਸ਼ਦਾ ਹੈ। ਗੁਰੂ ਦੀ ਸਿਖਿਆ ਦੀ ਸੱਚੀ ਸਮਝ ਦੁਆਰਾ ਹੀ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ ਜਿਵੇਂ ਕਿ ਗੁਰਬਾਣੀ ਰਾਹੀਂ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤੀ ਹੈ। (**ਗੁਰ ਕੀ ਸਿਖ ਕੋ ਵਿਰਲਾ ਲੇਵੈ ॥ ਨਾਨਕ ਜਿਸੁ ਆਪਿ ਵਡਿਆਈ ਦੇਵੈ ॥੨॥**)

ਗੁਰੂ ਦੀ ਸਿੱਖਿਆ ਦਾ ਮਕਸਦ ਕੀ ਹੈ ਤੇ ਉਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਕਿਵੇਂ ਹੁੰਦੀ ਹੈ, ਜੋ ਵਡਿਆਈ ਸਾਨੂੰ

ਗੁਰਬਾਣੀ ਰਾਹੀਂ ਸਮਝਾਈ ਹੋਈ ਹੈ ਉਹ ਸਾਨੂੰ ਸਲੋਕ ਦੀ ਪਉੜੀ ਰਾਹੀਂ ਸਮਝਾਇਆ ਹੋਇਆ ਹੈ। ਗੁਰੂ ਦੀ ਸਿੱਖਿਆ ਦਾ ਮਕਸਦ ਸਾਨੂੰ ਪਹਿਲੇ ਆਪਣੀ ਸਿੱਖਿਆ ਸਮਝਾਉਣ ਦਾ ਹੈ। ਸਾਡੇ ਅੰਦਰ **“ਮਾਇਆ ਮੋਹੁ”** ਹੈ ਜੋ ਕਿ ਸਾਡੇ ਅੰਦਰ ਦਾ **“ਅਗਿਆਨ”** ਹੈ ਜਿਸਦੇ ਰਹਿੰਦਿਆਂ ਸਾਨੂੰ ਗੁਰੂ ਦੀ ਸਿੱਖਿਆ ਦੀ ਸਮਝ ਹੀ ਨਹੀਂ ਪੈਂਦੀ ਕਿ ਗੁਰੂ ਦੀ ਸਿੱਖਿਆ ਕੀ ਹੈ ਤੇ ਕਿਸ ਲਈ ਹੈ। ਮਨ ਦੀ ਇਹ ਅਗਿਆਨਤਾ ਦੇ ਵਿਚੋਂ ਨਿਕਲਣਾ ਬਹੁਤ ਬਿਖਮ ਹੈ ਭਾਵ ਬਹੁਤ ਅਉਖਾ ਹੈ ਕਿਉਂਕਿ ਇਸ ਨੇ ਸਾਡੇ ਉੱਤੇ ਬਹੁਤ ਭਾਰ ਪਾਇਆ ਹੋਇਆ ਹੈ ਭਾਵ ਸਾਨੂੰ ਆਪਣੇ ਦਬਾਵ ਹੇਠ ਰੱਖਿਆ ਹੋਇਆ ਹੈ। ਅਗਿਆਨਤਾ ਦਾ ਇਹ ਦਬਾਵ, ਭਾਰੀਪਨ ਸਾਡੇ ਅੰਦਰ ਦੀ ਨਾਸਮਝ ਮਤਿ ਹੈ, ਸਾਡੇ ਅੰਦਰ ਦੇ ਮਾੜੇ ਵਿਚਾਰ ਹਨ ਜਿੰਨ੍ਹਾਂ ਦੁਆਰਾ ਅਸੀਂ ਪਾਪ ਕਰਦੇ ਹਾਂ, ਮਾੜੇ ਕਰਮ ਕਰਦੇ ਹਾਂ। ਸਾਡੇ ਅੰਦਰ ਦੇ ਇਹ ਮਾੜੇ ਵਿਚਾਰ ਪੱਥਰਾਂ ਦੀ ਤਰ੍ਹਾਂ ਭਾਰੀ ਹਨ ਜਿੰਨ੍ਹਾਂ ਨੇ ਸਾਡੇ ਮਨ ਦੇ ਵਿਚ ਆਪਣਾ ਬੋਝ ਪਾਇਆ ਹੋਇਆ ਹੈ। ਮਨ ਦੇ ਇਹਨਾਂ ਵਿਚਾਰਾਂ ਵਿਚੋਂ ਨਿਕਲਣਾ ਹੀ ਅਉਖਾ ਹੈ, ਬਿਖਮ ਹੈ। ਇਸ ਮਾਇਆ ਨੂੰ ਅਸੀਂ ਤਰਨਾ ਹੈ, ਮਨ ਦੀ ਅਗਿਆਨਤਾ ਵਿੱਚੋਂ ਤਰਨਾ ਹੈ ਜਿਸ ਵਿਚੋਂ ਤਰਨਾ ਬਹੁਤ ਅਉਖਾ ਹੈ ਭਾਵ ਇਹਨਾਂ ਅਗਿਆਨਤਾ ਵਾਲੇ ਵਿਚਾਰਾਂ ਵਿਚੋਂ ਨਿਕਲਣਾ ਬਹੁਤ ਅਉਖਾ ਹੈ। ਗੁਰੂ ਦੀ ਸਿਖਿਆ ਦਾ ਮਕਸਦ ਸਾਨੂੰ ਇਹਨਾਂ ਵਿਚਾਰਾਂ ਵਿਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ। ਮਾੜੇ ਕਰਮ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਕਰਦੇ ਹਾਂ, ਲੋਭ ਲਾਲਚ ਕਰਦੇ ਹਾਂ ਜਿੰਨ੍ਹਾਂ ਵਿਚੋਂ ਨਿਕਲਣਾ ਬਹੁਤ ਅਉਖਾ ਹੈ ਭਾਵ ਇਸ ਮਾਇਆ ਮੋਹ ਤੋਂ ਤਰਨਾ, ਇਸ ਮਾਇਆ ਦੇ ਸਾਗਰ ਵਿਚੋਂ ਤਰਨਾ, ਆਪਣੀ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਣਾ, ਆਪਣੀ ਨਾਸਮਝ ਮਤਿ ਵਿਚੋਂ ਨਿਕਲਣਾ ਤੇ ਗੁਰੂ ਦੀ ਸਿਖਿਆ ਨਾਲ ਜੁੜਨਾ, ਗੁਰੂ ਦੀ ਸੱਚੀ ਮਤਿ ਨਾਲ ਜੁੜਨਾ ਬਹੁਤ ਅਉਖਾ ਹੈ, ਬਿਖਮ ਹੈ। (**ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥**)

ਮਾਇਆ ਮੋਹ ਵਿੱਚੋਂ ਨਿਕਲੇ ਬਿਨਾ, ਭਰਮ ਵਾਲੀ ਮਤਿ ਛੱਡੇ ਬਿਨਾ ਨਾ ਗੁਰੂ ਦੀ ਮਤਿ ਨੂੰ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਭਗਤੀ ਦੇ ਮਾਰਗ ਤੇ ਅਸੀਂ ਕਿਵੇਂ ਚੱਲਣਾ ਹੈ, ਮਾਇਆ ਮੋਹ ਤੋਂ ਪਾਰ ਕਿਵੇਂ ਪਾਉਣਾ ਹੈ ਭਾਵ ਕਿਸ ਤਰੀਕੇ ਪਾਉਣਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥”

40/5184

ਗੁਰੂ ਦੀ ਸਿੱਖਿਆ ਦੇ ਨਾਲ ਆਪਣੇ ਆਪ ਨੂੰ ਰੱਤਣਾ ਭਾਵ ਗੁਰੂ ਦੀ ਸਿਖਿਆ ਨੂੰ ਮੰਨਣਾ ਹੀ ਪ੍ਰਮਾਤਮਾ ਦੀ ਭਗਤੀ ਦੇ ਨਾਲ ਆਪਣੇ ਆਪ ਨੂੰ ਰੱਤਣਾ ਹੈ। ਜੋ ਹਰ ਵੇਲੇ ਭਾਵ ਅੱਠੇ ਪਹਿਰ ਗੁਰੂ ਦੀ ਸਿੱਖਿਆ ਨੂੰ ਮੰਨਦਾ ਹੈ ਉਹ ਫਿਰ ਅੱਠੇ ਪਹਿਰ ਮਾੜੇ ਵਿਚਾਰਾਂ ਵਿੱਚੋਂ ਨਿਕਲਕੇ ਹੀ ਵਿਚਰਦਾ ਹੈ ਭਾਵ ਮਾੜੇ ਕਰਮ ਨਹੀਂ ਕਰਦਾ। ਅਸੀਂ ਇਸ ਗੱਲ ਦਾ ਉਦਮ ਹੀ ਕਰਨਾ ਹੈ ਤੇ ਫਿਰ ਪ੍ਰਮਾਤਮਾ ਆਪ ਹੀ ਕਿਰਪਾ ਕਰਕੇ ਸਾਨੂੰ ਇਸ ਮਾਇਆ ਮੋਹ ਦੇ ਸਾਗਰ ਵਿੱਚੋਂ, ਅਗਿਆਨਤਾ ਦੇ ਸਾਗਰ ਵਿੱਚੋਂ ਕੱਢ ਲੈਂਦਾ ਹੈ ਜੋ ਸਾਡੇ ਅੰਦਰ ਹੀ ਹੈ ਤੇ ਸਾਡੇ ਵਿਚਾਰਾਂ ਦਾ ਮਾਲਕ ਹੈ। (**ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ॥**) ਜਿਸ ਨੂੰ ਪ੍ਰਮਾਤਮਾ ਮਾਇਆ ਵਿੱਚੋਂ ਕੱਢਦਾ ਹੈ ਉਸ ਨੂੰ ਆਪਣੀ ਸੱਚੀ ਮਤਿ ਹੀ ਦਿੰਦਾ ਹੈ ਭਾਵ ਆਪਣੇ ਸ਼ਬਦਾਂ ਦਾ ਸੱਚਾ ਗਿਆਨ ਹੀ ਦਿੰਦਾ ਹੈ, ਮਨ ਦੀ ਸੱਚੀ ਸਮਝ ਹੀ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਦਿੰਦਾ ਹੈ ਜਿਸ ਸਮਝ ਦੇ ਨਾਲ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ ਭਾਵ ਮਾਇਆ ਮੋਹ ਵਾਲੀ ਮਤਿ ਦੂਰ ਹੁੰਦੀ ਹੈ ਤੇ ਮਨ ਦੇ ਵਿਚ ਸੱਚੀ ਸਮਝ ਵੱਸਣ ਦੁਆਰਾ ਫਿਰ ਮਨੁੱਖ ਵਿਕਾਰਾਂ ਵਾਲੀ ਮਤਿ ਵਿਚੋਂ ਨਿਕਲ ਜਾਂਦਾ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੁੰਦੀ ਹੈ ਭਾਵ ਮਨ ਦੇ ਨਿਰਮਲ ਹੋਣ ਦੁਆਰਾ ਹੁੰਦੀ ਹੈ। ਜਦ ਤਕ ਸਾਡੇ ਅੰਦਰ ਮਾਇਆ ਮੋਹ ਹੈ, ਹਉਮੈ ਹੈ, ਅਗਿਆਨਤਾ ਹੈ, ਵਿਕਾਰ ਹਨ ਤਦ ਤਕ ਸਾਡਾ ਮਨ ਨਿਰਮਲ ਨਹੀਂ ਹੈ ਭਾਵ ਪਵਿੱਤਰ ਨਹੀਂ ਹੈ। ਪ੍ਰਮਾਤਮਾ ਦੀ ਭਗਤੀ ਮਨ ਦੀ ਪਵਿੱਤਰਤਾ ਨਾਲ ਹੀ ਹੁੰਦੀ ਹੈ। (**ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥**) ਹੁਣ ਅਗਲੀ ਪੰਗਤੀ ਨੂੰ ਸਮਝੋ ਕਿ ਨਾਮ ਧਿਆਉਂਣਾ ਕੀ ਹੈ।

“ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥੩॥”

ਇਹ ਸ਼ਬਦ ਦੀ ਆਖਰੀ ਪੰਗਤੀ ਹੈ ਤੇ ਪਹਿਲਾਂ ਇਸ ਸ਼ਬਦ ਰਾਹੀਂ ਸਾਨੂੰ ਜੋ ਕੁਝ ਵੀ ਗੁਰੂ ਸਾਹਿਬ ਨੇ ਸਮਝਾਇਆ ਹੈ ਉਹ ਨਾਮ ਜਪਣਾ ਹੀ ਸਮਝਾਇਆ ਹੈ ਭਾਵ ਗੁਰੂ ਦੀ ਸਿਖਿਆ ਨੂੰ ਮੰਨਣਾ ਹੀ ਨਾਮ ਧਿਆਉਣਾ ਹੈ ਜਿਹੋ ਜਿਹਾ ਨਾਮ ਧਿਆਉਣ ਦੁਆਰਾ ਸਾਡਾ ਮਨ ਮਾਇਆ ਮੋਹ ਤੋਂ, ਮਨ ਦੀ ਅਗਿਆਨਤਾ ਤੋਂ ਮੁਕਤਿ ਹੁੰਦਾ ਹੈ, ਪਾਪਾਂ ਵਾਲੀ ਬਿਰਤੀ ਤੋਂ ਮੁਕਤਿ ਹੁੰਦਾ ਹੈ, ਗੁਰੂ ਦੇ ਸ਼ਬਦ ਨੂੰ ਮੰਨਣ ਨਾਲ ਅਸੀਂ ਮਨ ਦੀ ਹਉਮੈ ਵਿਚੋਂ ਨਿਕਲਦੇ ਹਾਂ, ਵਿਕਾਰਾਂ ਵਿਚੋਂ, ਅਉਗਣਾਂ ਵਿਚੋਂ ਨਿਕਲਦੇ ਹਾਂ। ਇਹੀ ਨਾਮ ਦਾ ਮਕਸਦ ਹੈ ਭਾਵ ਗੁਰਮਤਿ ਦਾ ਮਕਸਦ ਹੈ

40/5185

ਕਿ ਅਸੀਂ ਉਹੋ ਜਿਹੀ ਭਗਤੀ ਦੇ ਮਾਰਗ ਤੇ ਚਲੀਏ ਜੋ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਜੋ ਕਿ ਮਨ ਦੇ ਵਿਕਾਰਾਂ ਤੋਂ ਰਹਿਤ ਹੋ ਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਢੰਗ ਨਾਲ ਸੰਸਾਰ ਵਿੱਚ ਵਿਚਰਨ ਦਾ ਹੈ ਜਿਸ ਲਈ ਕਿਸੇ ਧਾਰਮਿਕ ਦਿਖਾਵੇ ਦੀ ਲੋੜ ਨਹੀਂ ਹੈ ਜੋ ਦਿਖਾਵੇ ਹਰ ਕੋਈ ਆਪਣੀ ਆਸਥਾ ਅਨੁਸਾਰ, ਵੱਖਰੀ ਵੱਖਰੀ ਮਰਿਯਾਦਾ ਅਨੁਸਾਰ, ਸਰੀਰਕ ਕਿਰਿਆਵਾਂ ਆਦਿ ਦੁਆਰਾ ਕਰਨ ਵਿਚ ਲੱਗਾ ਹੋਇਆ ਹੈ। ਇਹੋ ਜਿਹੇ ਦਿਖਾਵੇ ਕੇਵਲ ਸਾਡੇ ਅੰਦਰ ਦੀ ਅਗਿਆਨਤਾ ਹੈ, ਮਾਇਆ ਮੋਹ ਹੈ ਜਿਸ ਵਿਚੋਂ ਨਿਕਲੇ ਬਿਨਾ ਨਾ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਸਕਦੀ ਹੈ ਤੇ ਨਾ ਹੀ ਉਸ ਅਨੁਸਾਰ ਚਲਿਆ ਜਾ ਸਕਦਾ ਹੈ। ਜੇ ਕੋਈ ਸੱਚੇ ਦਿਲੋਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ ਫਿਰ ਉਸ ਲਈ ਮਾਰਗ ਇਹੋ ਹੈ ਕਿ ਉਹ ਮਨ ਦੇ ਭਰਮਾਂ ਵਿਚੋਂ ਨਿਕਲੇ ਤੇ ਚੁਪ ਕਰਕੇ ਸੱਚੇ ਸੁੱਚੇ ਕਰਮ ਕਰੇ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। ਉਹ ਪ੍ਰਮਾਤਮਾ ਆਪਣੇ ਅਸੂਲ ਦਾ ਪੱਕਾ ਹੈ, ਆਪਣੇ ਬਚਨਾਂ ਤੇ ਦ੍ਰਿੜ ਹੋ ਕੇ ਚਲਦਾ ਹੈ। ਪੂਰੀ ਗੁਰਬਾਣੀ ਵਿਚ ਉਸ ਦੇ ਆਪਣੇ ਹੀ ਬਚਨ ਹਨ ਤੇ ਉਸ ਦੇ ਬਚਨਾਂ ਤੋਂ ਉਲਟ ਚਲਕੇ ਭਾਵ ਭਗਤੀ ਵਾਲੇ ਦਿਖਾਵੇ ਕਰਕੇ ਕੋਈ ਪ੍ਰਮਾਤਮਾ ਨੂੰ ਪਾ ਲਵੇ ਇਹ ਨਾਮੁਮਕਿਨ ਹੈ ਭਾਵ ਸਾਨੂੰ ਭਰਮਾਂ ਵਿੱਚੋਂ ਨਿਕਲਕੇ ਸੱਚ ਨਾਲ ਜੁੜਨ ਦੀ ਲੋੜ ਹੈ। (**ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥ ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥ ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ**

॥੩॥)

{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ - ੧੩੪੩)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥ ਹਰਿ ਹਰਿ ਨਾਮੁ ਜਪਹੁ ਬਨਵਾਲੀ ॥ ਕਰਿ ਕਿਰਪਾ ਮੇਲਹੁ ਸਤਿਸੰਗਤਿ ਤ੍ਰੁਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥}

(ਅੰਗ - ੧੧੩੪)

{ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥
ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥੭੫॥
ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤ੍ਰੁ ਨ ਮਾਨੈ ਕੋਇ॥ ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥੭੬॥}

(ਅੰਗ - ੧੩੬੮)

{ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ - ੧੪੧੧)

{ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥
ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥
ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥
ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥
ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥}

(ਅੰਗ - ੩੨੬)

40/5186

ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਤੇ ਹੋਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਮਾੜੀ ਸਮਝ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ ਤੇ ਮਨ ਦੀ ਚੰਗੀ ਸਮਝ ਸਾਨੂੰ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ। ਪ੍ਰਮਾਤਮਾ ਅੱਗੇ ਸਾਡੀ ਭਗਤੀ ਦੇ ਮਾਰਗ ਨੂੰ ਲੈ ਕੇ ਜੋ ਬੇਨਤੀ ਹੋਣੀ ਚਾਹੀਦੀ ਹੈ, ਅਰਦਾਸ ਹੋਣੀ ਚਾਹੀਦੀ ਹੈ ਉਹ ਇਹੋ ਹੋਣੀ ਚਾਹੀਦੀ ਹੈ ਕਿ ਪ੍ਰਮਾਤਮਾ ਮੈਨੂੰ ਮਨ ਦੀ ਮਾੜੀ ਮਤਿ ਵਿੱਚੋਂ ਕੱਢ ਲੈ, ਮਾਇਆ ਮੋਹ ਵਿੱਚੋਂ ਕੱਢ ਲੈ, ਭਰਮਾਂ ਵਿੱਚੋਂ ਕੱਢ ਲੈ ਜਿਸ ਦੇ ਰਹਿੰਦਿਆਂ ਅਸੀਂ ਅਨਾਥ ਬਣੇ ਰਹਿੰਦੇ ਹਾਂ। ਅਨਾਥ ਸਾਡੀ ਮਤਿ ਹੈ ਜਿਸ ਨੂੰ ਭਗਤੀ ਦੀ ਸਮਝ ਨਹੀਂ ਹੈ। ਨਾਥ ਆਪ ਪ੍ਰਮਾਤਮਾ ਹੈ ਜੋ ਸੱਚੇ ਗਿਆਨ ਦਾ ਮਾਲਕ ਹੈ ਤੇ ਸਾਨੂੰ ਅਨਾਥਾਂ ਨੂੰ ਮਾੜੀ ਮਤਿ ਵਿੱਚੋਂ ਕੱਢ ਕੇ ਆਪਣੇ ਨਾਲ ਮੇਲ ਲੈਂਦਾ ਹੈ। ਪ੍ਰਮਾਤਮਾ ਕੋਲੋਂ ਇਹ ਕਿਰਪਾ ਮੰਗਣੀ ਚਾਹੀਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਕੇਦਾਰਾ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥

“ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥
ਰਾਖੁ ਹੋ ਕਿਰਪਾਲ ॥ ਰਹਾਉ ॥ ਅਨਿਕ ਜਤਨ ਗਵਨੁ ਕਰਉ ॥ ਖਟੁ ਕਰਮ ਜੁਗਤਿ ਧਿਆਨੁ ਧਰਉ ॥
ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧॥ ਸਰਣਿ ਬੰਦਨ ਕਰੁਣਾ ਪਤੇ ॥
ਭਵ ਹਰਣ ਹਰਿ ਹਰਿ ਹਰਿ ਹਰੇ ॥ ਏਕ ਤੂਹੀ ਦੀਨ ਦਇਆਲ ॥ ਪ੍ਰਭ ਚਰਨ ਨਾਨਕ ਆਸਰੋ ॥
ਉਧਰੇ ਭ੍ਰਮ ਮੋਹ ਸਾਗਰ ॥ ਲਗਿ ਸੰਤਨਾ ਪਗ ਪਾਲ ॥੨॥੧॥੨॥”

(ਅੰਗ - ੧੧੧੯)

ਸ਼ਬਦ ਦੇ ਪਹਿਲੇ ਪਦੇ ਨੂੰ ਜੋ ਕਿ ਰਹਾਉ ਵਾਲਾ ਪਦਾ ਹੈ ਉਸ ਰਾਹੀਂ ਧਿਆਨ ਨਾਲ ਸਮਝੋ ਕਿ ਅਸੀਂ ਕਿਸ ਤਰੀਕੇ ਅਨਾਥ ਹਾਂ। ਅਸੀਂ ਆਪਣੇ ਮਨ ਦੀ ਮਾੜੀ ਮਤਿ ਕਰ ਕੇ ਅਨਾਥ ਹਾਂ ਜਿਸ ਦਾ ਕਾਰਣ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ। ਇਹ ਤ੍ਰੈ ਗੁਣਾਂ ਵਾਲੀ ਮਤਿ ਸਾਨੂੰ ਪ੍ਰਮਾਤਮਾ ਦਾ ਦੋਖੀ ਬਣਾਕੇ ਰਖਦੀ ਹੈ। ਅਸੀਂ ਪ੍ਰਮਾਤਮਾ ਦੇ ਦੋਖੀ ਇਸ ਕਰਕੇ ਬਣਦੇ ਹਾਂ ਕਿਉਂਕਿ ਇਸ ਮਤਿ ਦੁਆਰਾ ਅਸੀਂ ਸੰਸਾਰ ਵਿਚ ਵਿਚਰਦੇ ਹੋਏ ਦੂਸਰਿਆਂ ਨੂੰ ਦੁੱਖ ਦਿੰਦੇ ਹਾਂ। ਕਿਸੇ ਨੂੰ ਵੀ ਦੁੱਖ ਦੇਣਾ ਭਾਵ ਗੁਰਮਤਿ ਅਨੁਸਾਰ ਨਾ ਵਿਚਰਨਾ ਕਿਸੇ ਨੂੰ ਦੁਖ ਦੇਣਾ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਵਿਚ ਰਹਿੰਦੇ ਹਾਂ। ਇਹ ਮਾੜੇ ਵਿਚਾਰ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਦੇ ਦਾਸ ਹਨ ਭਾਵ ਮਾਇਆ ਦੇ ਦਾਸ ਹਨ ਜਿੰਨ੍ਹਾਂ ਰਾਹੀਂ ਮਨੁੱਖ ਆਪਣੀਆਂ ਤ੍ਰਿਸ਼ਨਾਵਾਂ ਪੂਰੀਆਂ ਕਰਨ ਲਈ ਮਾੜੇ ਕਰਮ ਕਰਦਾ ਹੈ ਤੇ ਪ੍ਰਮਾਤਮਾ ਦਾ ਦੋਖੀ ਬਣਦਾ ਹੈ। ਇਹ ਮਤਿ ਸਾਨੂੰ ਅਨਾਥ ਬਣਾਕੇ ਰੱਖਦੀ ਹੈ ਭਾਵ ਲਾਵਾਰਿਸ ਬਣਾਕੇ ਰਖਦੀ ਹੈ। ਹਰ ਕੋਈ ਇਸ ਅਨਾਥਾਂ

40/5187

ਵਾਲੀ ਮਤਿ ਵਿਚ ਹੈ ਤੇ ਇਸੇ ਲਈ ਇੱਕ ਅਨਾਥ ਦੂਜੇ ਅਨਾਥ ਦਾ ਕੀ ਸਵਾਰ ਸਕਦਾ ਹੈ ਭਾਵ ਇੱਕ ਅਗਿਆਨੀ ਦੂਜੇ ਦੀ ਅਗਿਆਨਤਾ ਕਿਵੇਂ ਕੱਢ ਸਕਦਾ ਹੈ। ਨਾਥ ਉਹ ਕੇਵਲ ਪ੍ਰਮਾਤਮਾ ਆਪ ਹੈ ਜੋ ਸਾਨੂੰ ਅਨਾਥਾਂ ਨੂੰ ਆਪਣੀ ਸੱਚੀ ਮਤਿ ਦੇਣ ਦੁਆਰਾ , ਸੱਚਾ ਗਿਆਨ ਦੇਣ ਦੁਆਰਾ ਇਸ ਮਾੜੀ ਮਤਿ ਵਿਚੋਂ ਕੱਢ ਸਕਦਾ ਹੈ ਤੇ ਇਸੇ ਲਈ ਇਹ ਬੇਨਤੀ ਉਸ ਪ੍ਰਮਾਤਮਾ ਅੱਗੇ ਕੀਤੀ ਹੋਈ ਹੈ ਕਿ ਹੇ ਨਾਥ ਸਾਨੂੰ ਇਸ ਮਾੜੀ ਮਤਿ ਵਿੱਚੋਂ ਕੱਢ ਲੈ ਭਾਵ ਸਾਨੂੰ ਰੱਖ ਲੈ ਭਾਵ ਸਾਡਾ ਇਹ ਜੀਵਨ ਵਿਅਰਥ ਜਾਣ ਤੋਂ ਬਚਾ ਲੈ। **(ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥ ਰਾਖੁ ਹੋ ਕਿਰਪਾਲ ॥ ਰਹਾਉ ॥)** ਅਸੀਂ ਅਨੇਕਾਂ ਜਤਨ ਕਰਦੇ ਹਾਂ ਭਾਵ ਭਗਤੀ ਦੇ ਅਨੇਕਾਂ ਤਰੀਕੇ ਅਪਨਾਉਂਦੇ ਹਾਂ ਪਰ ਕਿਸੇ ਵੀ ਕਿਰਿਆ ਦੁਆਰਾ ਇਸ ਮਾੜੀ ਮਤਿ ਵਿੱਚੋਂ ਨਹੀਂ ਨਿਕਲ ਸਕਦੇ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ।

“ਅਨਿਕ ਜਤਨ ਗਵਨੁ ਕਰਉ ॥ ਖਟੁ ਕਰਮ ਜੁਗਤਿ ਧਿਆਨੁ ਧਰਉ ॥
ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧॥”

ਜੋ ਵੀ ਅਸੀਂ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਉਸ ਹਰ ਉਪਾਵ ਦਾ ਉਪਰ ਜਿਕਰ ਕੀਤਾ ਹੋਇਆ ਹੈ ਕਿ ਕੋਈ ਵੀ ਤਰੀਕਾ ਸਾਡੇ ਅੰਦਰ ਦੀ ਮਾੜੀ ਮਤਿ ਨੂੰ ਨਹੀਂ ਕੱਢ ਸਕਦਾ (**ਉਪਾਵ ਸਗਲ ਕਰਿ ਹਾਰਿਓ**) । ਭਾਵੇਂ ਜਿਤਨੀਆਂ ਮਰਜੀ ਕੋਈ ਸਮਾਧੀਆਂ ਲਗਾ ਕੇ ਬੈਠਾ ਰਵੇ, ਧਿਆਨ ਟਿਕਾ ਕੇ ਬੈਠਾ ਰਵੇ ਉਹ ਕਿਸੇ ਲੇਖੇ ਨਹੀਂ। ਇਹ ਸਾਡੇ ਅੰਦਰ ਦੀ ਮਾਇਆ ਬਹੁਤ ਬਿਕਰਾਲ ਹੈ ਭਾਵ ਇਹ ਸਾਨੂੰ ਡਰਾਉਂਦੀ ਹੈ ਤੇ ਸਾਡੇ ਕਿਸੇ ਵੀ ਭਗਤੀ ਦੇ ਤਰੀਕੇ ਤੋਂ ਨਹੀਂ ਡਰਦੀ ਭਾਵ ਸਾਡੇ ਕਿਸੇ ਵੀ ਭਗਤੀ ਦੇ ਤਰੀਕੇ ਦਾ ਇਸ ਤੇ ਅਸਰ ਨਹੀਂ ਭਾਵ ਆਪਣੀ ਆਪਣੀ ਮਤਿ ਅਨੁਸਾਰ ਅਸੀਂ ਜੋ ਵੀ ਭਗਤੀ ਦੇ ਤਰੀਕੇ ਅਪਣਾਏ ਹੋਏ ਹਨ ਉਹ ਸਾਨੂੰ ਪ੍ਰਮਾਤਮਾ ਦਾ ਦੋਖੀ ਬਣਨ ਤੋਂ ਨਹੀਂ ਰੋਕ ਸਕਦੇ। ਪ੍ਰਮਾਤਮਾ ਦੀ ਭਗਤੀ ਸਾਡੇ ਮਨ ਦੀ ਸਮਝ ਨਾਲ ਜੁੜੀ ਹੋਈ ਹੈ ਤੇ ਜਿੰਨ੍ਹਾਂ ਤਰੀਕਿਆਂ ਨਾਲ ਸਾਡੇ ਮਨ ਦੀ ਸਮਝ ਹੀ ਨਹੀਂ ਬਦਲ ਸਕਦੀ ਉਹ ਤਰੀਕਾ ਕਿਸੇ ਲੇਖੇ ਨਹੀਂ ਬਲਕਿ ਕੇਵਲ ਸਾਡੀਆਂ ਚਤੁਰਾਈਆਂ ਹਨ ਜਿੰਨ੍ਹਾਂ ਰਾਹੀਂ ਅਸੀਂ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਾਂ। (**ਅਨਿਕ ਜਤਨ ਗਵਨੁ ਕਰਉ ॥ ਖਟੁ ਕਰਮ ਜੁਗਤਿ ਧਿਆਨੁ ਧਰਉ ॥ ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧॥**)

ਸਾਰੀ ਗੱਲ ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲਣ ਦੀ ਹੈ, ਭਰਮ ਰੂਪ ਸਾਗਰ ਵਿੱਚੋਂ ਨਿਕਲਣ ਦੀ ਹੈ ਜੋ ਸਾਗਰ

40/5188

ਸਾਡੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿਚ ਹੈ ਜਿਵੇਂ ਕਿ ਬਾਰ-ਬਾਰ ਅਸੀਂ ਸਮਝਿਆ ਹੈ। ਇਹ ਭਰਮਾਂ ਵਾਲੀ ਮਤਿ ਹੀ ਸਾਡੇ ਕੋਲੋਂ ਉਹ ਕੰਮ ਕਰਵਾਉਂਦੀ ਹੈ ਜਿੰਨ੍ਹਾਂ ਵਿੱਚ ਭਗਤੀ ਨਹੀਂ ਹੁੰਦੀ ਭਾਵ ਭਗਤੀ ਦੇ ਪੁੱਠੇ ਪਾਸੇ ਤੋਰਦੀ ਹੈ ਤੇ ਅਸਲ ਭਗਤੀ ਤੋਂ ਦੂਰ ਰਖਦੀ ਹੈ। ਜਦ ਤਕ ਅਸੀਂ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦੇ, ਗੁਰੂ ਦੇ ਚਰਨਾਂ ਨਾਲ ਨਹੀਂ ਜੁੜਦੇ ਭਾਵ ਜਦ ਤਕ ਗੁਰੂ ਦੀ ਸੱਚੀ ਮਤਿ ਨੂੰ ਨਹੀਂ ਅਪਨਾਉਂਦੇ, ਗੁਰੂ ਦੇ ਸੱਚੇ ਗਿਆਨ ਨੂੰ ਨਹੀਂ ਅਪਨਾਉਂਦੇ ਅਸੀਂ ਇਸ ਭਰਮ ਮੋਹ ਦੇ ਸਾਗਰ ਤੋਂ ਪਾਰ ਨਹੀਂ ਉਤਰ ਸਕਦੇ। ਇਸ ਵਿੱਚੋਂ ਪਾਰ ਤਾਂ ਉਹ ਗਿਆਨ ਦਾ ਦਾਤਾ, ਨਾਮ ਦਾ ਦਾਤਾ ਆਪ ਹੀ ਉਤਾਰਦਾ ਹੈ ਤੇ ਆਪਣੀ ਸੱਚੀ ਭਗਤੀ ਸਮਝਾਕੇ ਭਗਤੀ ਦੇ ਮਾਰਗ ਤੇ ਆਪ ਹੀ ਚਲਾਉਂਦਾ ਹੈ ਪਰ ਸਾਡੇ ਸਭ ਦੇ ਲਈ ਉਦਮ ਇਹੀ ਹੈ ਕਿ ਅਸੀਂ ਭਰਮਾਂ ਵਿੱਚੋਂ ਨਿਕਲੀਏ, ਝੂਠੀ ਭਗਤੀ ਵਿੱਚੋਂ ਨਿਕਲੀਏ, ਜਿੰਨ੍ਹਾਂ ਨੇ ਸਾਨੂੰ ਝੂਠੀ ਭਗਤੀ ਸਮਝਾਈ ਹੈ ਉਹਨਾਂ ਦੀ ਮਤਿ ਨੂੰ ਛੱਡੀਏ ਤੇ ਉਹ ਕੁਝ ਕਰੀਏ ਜੋ ਗੁਰੂ ਨੂੰ ਚੰਗਾ ਲਗਦਾ ਹੈ ਭਾਵ ਪੰਜਾਂ ਵਿਕਾਰਾਂ ਵਿੱਚੋਂ ਨਿਕਲਣ ਦਾ ਉਦਮ ਕਰੀਏ ਤਾਂ ਜੋ ਸਾਡੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਹੋਵੇ ਤੇ ਅਸੀਂ ਉਸ ਪ੍ਰਮਾਤਮਾ ਦੇ ਦੋਖੀ ਨਾ ਬਣੀਏ। ਇਹੀ ਭਗਤੀ ਦਾ ਸੱਚਾ ਮਾਰਗ ਹੈ ਜੋ ਸਾਰੇ ਸੰਸਾਰ ਲਈ ਇਕੋ ਜਿਹਾ ਹੀ ਹੈ ਇਸ ਲਈ ਕੋਈ ਵੱਖਰੀ ਵੱਖਰੀ ਧਾਰਮਿਕ ਆਸਥਾ ਦੀ ਲੋੜ ਨਹੀਂ ਹੈ, ਵੱਖਰੇ ਵੱਖਰੇ ਦਿਖਾਵਿਆਂ ਦੀ ਲੋੜ ਨਹੀਂ ਹੈ। (**ਸਰਣਿ ਬੰਦਨ ਕਰੁਣਾ ਪਤੇ ॥ ਭਵ ਹਰਣ ਹਰਿ ਹਰਿ ਹਰਿ ਹਰੇ ॥ ਏਕ ਤੂਹੀ ਦੀਨ ਦਇਆਲ ॥ ਪ੍ਰਭ ਚਰਨ ਨਾਨਕ ਆਸਰੋ ॥ ਉਧਰੇ ਭ੍ਰਮ ਮੋਹ ਸਾਗਰ ॥ ਲਗਿ ਸੰਤਨਾ ਪਗ ਪਾਲ ॥੨॥੧॥੨॥**)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ - ੭੧)

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਭਗਤੀ ਦਾ ਮਾਰਗ ਸਾਡੇ ਅੰਦਰ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਭਗਤੀ ਦੇ ਜਿਹੋ ਜਿਹੇ ਤਰੀਕੇ ਸੰਸਾਰ ਨੇ ਅਪਨਾਏ ਹੋਏ ਹਨ ਉਹ ਹਰ ਕੋਈ ਗਿਆਨ ਵਿਹੂਣਾ ਹੈ ਭਾਵ ਗੁਰੂ ਦੀ ਸੱਚੀ ਮਤਿ ਤੋਂ ਵਿਹੂਣਾ ਹੈ। ਭਗਤੀ ਦਾ ਅਸਲ ਮਾਰਗ ਸਾਡੀ ਸੱਚੀ ਸੁੱਚੀ ਕਿਰਤ ਹੈ ਜਿਸ ਰਾਹੀਂ ਅਸੀਂ ਆਪਣੇ ਪਰਿਵਾਰ ਨੂੰ ਵੀ ਪਾਲੀਏ ਤੇ ਕਿਸੇ ਜਰੂਰਤ ਮੰਦ ਦੀ ਮਦਦ ਵੀ ਕਰ ਸਕੀਏ। ਆਉ ਇਸ ਗੱਲ ਨੂੰ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਅੱਲ੍ਹਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

"ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥ ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥ ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥"

(ਅੰਗ - ੧੨੪੫)

40/5189

ਉਪਰ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੀ ਭਗਤੀ ਦੇ ਕੁੱਝ ਤਰੀਕੇ ਹੀ ਦੱਸੇ ਹੋਏ ਹਨ ਜਿੰਨ੍ਹਾਂ ਨੂੰ ਅਪਨਾਉਣਾ ਅਸੀਂ ਭਗਤੀ ਦਾ ਸੱਚਾ ਮਾਰਗ ਸਮਝਦੇ ਹਾਂ ਤੇ ਇਹੋ ਜਿਹੇ ਤਰੀਕੇ ਅਪਨਾਉਣ ਵਾਲਿਆਂ ਦੀ ਅਸੀਂ ਇੱਜਤ ਕਰਦੇ ਹਾਂ, ਉਹਨਾਂ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝਦੇ ਹਾਂ ਪਰ ਇਹ ਸਭ ਸਾਡਾ ਭਰਮ ਹੈ ਜਿਸ ਕਰਕੇ ਇਹੋ ਜਿਹੀ ਭਗਤੀ ਕਰਨ ਵਾਲਿਆਂ ਨੂੰ ਗਿਆਨ ਵਿਹੂਣੇ ਕਿਹਾ ਗਿਆ ਹੈ, ਗੁਰਮਤਿ ਤੋਂ ਵਿਹੂਣੇ ਕਿਹਾ ਗਿਆ ਹੈ ਭਾਵ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਬੇਸਮਝ ਕਿਹਾ ਗਿਆ ਹੈ। ਅਸੀਂ ਪ੍ਰਮਾਤਮਾ ਦੇ ਗੁਣ ਬੋਲ ਬੋਲ ਕੇ ਗਾਉਂਦੇ ਹਾਂ, ਗੀਤ ਦੇ ਰੂਪ ਵਿੱਚ ਗਾਉਂਦੇ ਹਾਂ ਭਾਵ ਸ਼ਬਦ ਨੂੰ ਗਾਉਣ ਦੁਆਰਾ ਕਰਦੇ ਹਾਂ ਭਾਵ ਸ਼ਬਦਾਂ ਦੀ ਕਥਨੀ ਕਰਨ ਵਿਚ ਹੀ ਆਪਣੀ ਭਗਤੀ ਸਮਝਦੇ ਹਾਂ। ਇਹੋ ਜਿਹਿਆਂ ਨੂੰ ਗਿਆਨ ਵਿਹੂਣਾ ਕਿਹਾ ਹੈ। ਅਸਲ ਵਿਚ ਅਸੀਂ ਗੁਰੂ ਦੇ ਗਿਆਨ ਨੂੰ ਹੀ ਗਾਈ ਜਾਂਦੇ ਹਾਂ ਜਦ ਕਿ ਅਸਲ ਵਿਚ ਅਸੀਂ ਗਾਉਣਾ ਤੇ ਉਸ ਸਮਝ ਨੂੰ ਹੈ ਜੋ ਸਮਝ ਸਾਨੂੰ ਗੁਰੂ ਦੇ ਗਿਆਨ ਦੁਆਰਾ ਮਿਲਦੀ ਹੈ। ਗੁਰੂ ਨੇ ਜੋ ਸਾਨੂੰ ਆਪਣੇ ਗਿਆਨ ਦੁਆਰਾ ਸਮਝ ਦਿੱਤੀ ਹੈ ਜੇਕਰ ਉਸ ਸਮਝ ਨੂੰ ਅਸੀਂ ਮੰਨਾਂਗੇ ਫਿਰ ਤਾਂ ਹੀ ਅਸੀਂ ਗੁਰੂ ਦੇ ਗਿਆਨ ਵਾਲੇ ਬਣਾਂਗੇ ਤੇ ਉਹ ਕੁਝ ਕਰਾਂਗੇ ਜੋ ਭਗਤੀ ਦਾ ਸਹੀ ਮਾਰਗ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ। ਅਸੀਂ ਸ਼ਬਦਾਂ ਨੂੰ ਗੀਤ ਰੂਪ ਵਿਚ ਗਾਉਣਾ ਹੀ ਭਗਤੀ ਸਮਝਦੇ ਹਾਂ ਤੇ ਆਪਣੇ ਆਪ ਨੂੰ ਸਮਾਜ ਦੀਆਂ ਨਜਰਾਂ ਵਿਚ ਉੱਚਾ ਕਰਦੇ ਹਾਂ ਜਿਸ ਦੁਆਰਾ ਅਸੀਂ ਆਪਣੀ ਮਾਇਆ ਦੀ ਭੁੱਖ ਹੀ ਦੂਰ ਕਰਦੇ ਹਾਂ ਜੋ ਮਾਇਆ ਸਾਨੂੰ ਸਮਾਜ ਦਿੰਦਾ ਹੈ, ਸਾਨੂੰ ਚੰਗਾ ਸਮਝਕੇ ਦਿੰਦਾ ਹੈ। ਮਾਇਆ ਦੀ ਭੁੱਖ ਸਾਡੀ ਉਸ ਸੱਚੀ ਭੁੱਖ ਨੂੰ ਦੂਰ ਨਹੀਂ ਕਰ ਸਕਦੀ, ਸ਼ਬਦਾਂ ਦੇ ਗੀਤ ਗਾਉਣ ਨਾਲ ਸਾਡੀ ਉਹ ਭੁੱਖ ਦੂਰ ਨਹੀਂ ਹੋ ਸਕਦੀ ਜੋ ਸਾਡੀ ਅਸਲ ਭੁੱਖ ਹੋਣੀ ਚਾਹੀਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਭੁੱਖ ਦੂਰ ਨਹੀਂ ਹੋ ਸਕਦੀ। ਪ੍ਰਮਾਤਮਾ ਨਾਲ ਮੇਲ ਦੀ ਭੁੱਖ ਸਾਡੀ ਤਾਂ ਹੀ ਦੂਰ ਹੁੰਦੀ ਹੈ ਜਦੋਂ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਘਰ ਵਿੱਚੋਂ ਭਾਵ ਮਨ ਰੂਪ ਘਰ ਵਿੱਚੋਂ ਆਪਣੇ ਅੰਦਰੋਂ ਹੀ ਬੁੱਝ ਲੈਂਦੇ ਹਾਂ, ਪ੍ਰਮਾਤਮਾ ਦਾ ਘਰ ਭਾਵ ਉਸ ਦਾ ਟਿਕਾਣਾ, ਉਸ ਦੀ ਮਸੀਤ ਸਾਡੇ ਅੰਦਰ ਹੀ ਹੈ ਜਿਸ ਨੂ ਜਾਨਣ ਲਈ ਸਾਨੂੰ ਗੁਰੂ ਦੇ ਸੱਚੇ ਗਿਆਨ ਦੀ ਲੋੜ ਹੈ। ਕੇਵਲ ਸ਼ਬਦਾਂ ਦੇ ਗੀਤ ਗਾਈ ਜਾਣ ਨਾਲ ਸਾਨੂੰ ਉਸ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਜਿਸ ਦੁਆਰਾ ਪ੍ਰਮਾਤਮਾ ਦਾ ਘਰ ਸਾਨੂੰ ਆਪਣੇ ਅੰਦਰੋਂ ਹੀ ਦਿਸਦਾ ਹੈ। ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਭਰਮਾਂ

40/5190

ਵਿੱਚੋਂ ਕੱਢ ਕੇ ਆਪਣੀ ਸੱਚੀ ਭਗਤੀ ਨਾਲ ਜੋੜਨ ਦਾ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਘਰ ਸਾਨੂੰ ਆਪਣੇ ਅੰਦਰੋਂ ਹੀ ਦਿਸਦਾ ਹੈ। (**ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥**)

{ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥

ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ ॥੨॥}

(ਅੰਗ - ੪੮੦)

ਸ਼ਬਦ ਦੀ ਅਗਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਉਹੋ ਜਿਹੀ ਭਗਤੀ ਦਾ ਤਰੀਕਾ ਸਮਝਾਇਆ ਹੋਇਆ ਹੈ ਜੋ ਆਮ ਕਰਕੇ ਪ੍ਰਚਲਿਤ ਹੈ, ਸਦੀਆਂ ਤੋਂ ਪ੍ਰਚਲਿਤ ਹੈ ਤੇ ਉਸ ਦਾ ਖੰਡਨ ਕੀਤਾ ਹੋਇਆ ਹੈ।

"ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥

ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥"

ਉਪਰ ਵਾਲੀ ਪੰਗਤੀ ਦੇ ਪਹਿਲੇ ਅੱਖਰ ਨੂੰ ਹੀ ਅਗਰ ਅਸੀਂ ਧਿਆਨ ਨਾਲ ਵਿਚਾਰਾਂਗੇ ਤਾਂ ਸਾਨੂੰ ਭਗਤੀ ਦਾ ਸਹੀ ਮਾਰਗ ਸਮਝ ਆ ਜਾਵੇਗਾ। **"ਮਖਟੂ"** ਉਸ ਨੂੰ ਕਹਿੰਦੇ ਹਨ ਜੋ ਮਨੁੱਖ ਕੋਈ ਕਾਰ ਵਿਹਾਰ ਨਹੀਂ ਕਰਦਾ ਭਾਵ ਨਿਕੰਮਾ ਮਨੁੱਖ। ਭਗਤੀ ਦਾ ਅਸਲ ਮਾਰਗ ਹੀ ਕਾਰ ਵਿਹਾਰ ਕਰਨਾ ਹੈ ਜੋ ਕਾਰ ਵਿਹਾਰ ਅਸੀਂ ਗੁਰੂ ਦੀ ਮਤਿ ਦੇ ਦਾਯਰੇ ਵਿੱਚ ਰਹਿ ਕੇ ਕਰਨਾ ਹੈ, ਗੁਰੂ ਦੇ ਗਿਆਨ ਨਾਲ ਜੁੜਕੇ ਕਰਨਾ ਹੈ। ਇਹੋ ਜਿਹੇ ਮਖਟੂ ਮਨੁੱਖ ਗਿਆਨ ਵਿਹੂਣੇ ਹੀ ਹਨ ਤੇ ਆਪਣੀ ਜਿੰਦਗੀ ਦੇ ਅਸਲ ਫਰਜ਼ ਨੂੰ ਛੱਡਕੇ ਆਪਣੇ ਸਰੀਰ ਦੇ ਇਹੋ ਜਿਹੇ ਵੇਸ ਬਣਾਉਂਦੇ ਹਨ ਜਿਸ ਰਾਹੀਂ ਉਹ ਦੂਸਰਿਆਂ ਨਾਲੋਂ ਵੱਖਰੇ ਦਿਸਦੇ ਹਨ ਭਾਵ ਆਪਣਾ ਦਿਖਾਵਾ ਦੂਸਰਿਆਂ ਨਾਲੋਂ ਵੱਖਰਾ ਬਣਾਉਂਦੇ ਹਨ ਜਿਵੇਂ ਕਿ ਆਪਣੇ ਕੰਨ ਪੜਵਾਉਂਦੇ ਹਨ, ਉਹਨਾਂ ਵਿਚ ਵਾਲੀਆਂ ਆਦਿ ਪਾਉਂਦੇ ਹਨ, ਫਕੀਰੀ ਬਾਣਾ ਪਾਉਂਦੇ ਹਨ ਭਾਵ ਆਪਣੇ ਆਪ ਨੂੰ ਦੂਸਰਿਆਂ ਨਾਲੋਂ **"ਹੋਰੁ"** ਰੂਪ ਬਣਾਉਂਦੇ ਹਨ, ਵੱਖਰਾ ਰੂਪ ਬਣਾਉਂਦੇ ਹਨ। ਆਪਣੇ ਇਹੋ ਜਿਹੇ ਭੇਖ ਦੁਆਰਾ ਉਹ ਆਪਣੀ ਜਾਤਿ ਹੀ ਗਵਾਉਂਦੇ ਹਨ ਭਾਵ ਧਰਮ

ਦੀ ਜਾਤਿ ਗਵਾਉਂਦੇ ਹਨ ਕਿਉਂਕਿ ਇਹ ਧਰਮ ਦਾ ਮਾਰਗ ਨਹੀਂ ਹੈ। (**ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥**)

ਇਹੋ ਜਿਹਾ ਆਪਣਾ ਵੱਖਰਾ ਰੂਪ ਬਨਾਉਣ ਵਾਲੇ, ਸ਼ਬਦਾਂ ਦੇ ਗੀਤ ਗਾਉਣ ਵਾਲੇ ਆਪਣੇ ਆਪ ਨੂੰ ਫਿਰ ਧਰਮ ਦੇ ਮਾਰਗ ਤੇ ਉੱਚਾ ਬਣਾਕੇ ਬੈਠ ਜਾਂਦੇ ਹਨ ਕਿਉਂਕਿ ਸਮਾਜ ਇਹੋ ਜਿਹਿਆਂ ਨੂੰ ਭਗਤੀ ਵਾਲੇ ਸਮਝਕੇ ਉਹਨਾਂ ਨੂੰ ਉੱਚੇ ਦਰਜੇ ਦਾ ਮਾਣ ਦਿੰਦਾ ਹੈ। ਇਹੋ ਜਿਹੇ **"ਮਖਟੂ"** ਭਾਵ ਨਿਕੰਮੇ ਮਨੁੱਖ ਜੋ ਕਾਰ ਵਿਹਾਰ ਨਹੀਂ ਕਰਦੇ ਦੂਸਰਿਆਂ

40/5191

ਕੋਲੋਂ ਮੰਗ ਕੇ ਖਾਉਂਦੇ ਹਨ ਕਿਉਂਕਿ ਅੰਨ ਦੀ ਲੋੜ ਤਾਂ ਸਭ ਨੂੰ ਪੈਂਦੀ ਹੈ, ਹਰ ਕਿਸੇ ਨੂੰ ਪੈਂਦੀ ਹੈ। ਇਹੋ ਜਿਹੇ ਨਿਕੰਮੇ ਮਨੁੱਖਾਂ ਦੀ ਜੋ ਅਸੀਂ ਇਜੱਤ ਕਰਦੇ ਹਾਂ ਭਾਵ ਉਹਨਾਂ ਦੇ ਪੈਰਾਂ ਨੂੰ ਹਥ ਲਗਾਉਂਦੇ ਹਾਂ ਤੇ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਇਹੋ ਜਿਹੇ ਮਨੁੱਖ , ਮੰਗ ਕੇ ਖਾਣ ਵਾਲੇ ਮਨੁੱਖ, ਆਪਣਾ ਉੱਚਾ ਦਿਖਾਵਾ ਕਰਨ ਵਾਲੇ ਮਨੁੱਖ, ਕਾਰ ਵਿਹਾਰ ਨਾ ਕਰਨ ਵਾਲੇ ਮਨੁੱਖ ਇਜੱਤ ਕਰਨ ਦੇ ਲਾਇਕ ਨਹੀਂ ਹਨ ਤੇ ਇਹੋ ਜਿਹਿਆਂ ਦੇ ਪੈਰਾਂ ਨੂੰ ਹੱਥ ਨਹੀਂ ਲਗਾਉਣਾ ਚਾਹੀਦਾ ਕਿਉਂਕਿ ਇਹ ਭਗਤੀ ਦੇ ਅਸਲ ਮਾਰਗ ਤੋਂ ਭਟਕੇ ਹੋਏ ਹਨ ਤੇ ਦੂਸਰਿਆਂ ਨੂੰ ਵੀ ਭਟਕਣਾ ਵਿਚ ਪਾਉਂਦੇ ਹਨ, ਆਪ ਗੁਰਮਤਿ ਤੋਂ ਉਲਟ ਚੱਲਦੇ ਹਨ ਤੇ ਦੂਸਰਿਆਂ ਨੂੰ ਵੀ ਗੁਰਮਤਿ ਦੇ ਉਲਟ ਚੱਲਣ ਦਾ ਸੰਦੇਸ਼ ਦਿੰਦੇ ਹਨ। ਆਪ ਗਿਆਨ ਵਿਹੂਣੇ ਹਨ ਭਾਵ ਅਗਿਆਨੀ ਹਨ ਤੇ ਦੂਸਰਿਆਂ ਨੂੰ ਵੀ ਆਪਣੀ ਅਗਿਆਨਤਾ ਨਾਲ ਜੋੜਦੇ ਹਨ। (**ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥**)

ਸਿੱਖ ਜਗਤ ਵਿਚ ਵੀ ਇਹੋ ਜਿਹਿਆਂ ਦੀ ਕਮੀ ਨਹੀਂ ਹੈ ਜੋ ਗ੍ਰਿਹਸਤ ਤਿਆਗਕੇ, ਕਾਰ ਵਿਹਾਰ ਤਿਆਗਕੇ ਤੇ ਆਪਣੇ ਉੱਚੇ ਭੇਖ ਬਣਾਕੇ ਆਪਣੇ ਡੇਰੇ ਬਣਾਈ ਬੈਠੇ ਹਨ ਤੇ ਆਪਣੇ ਆਪ ਨੂੰ ਸੰਤ ਆਦਿ ਅਖਵਾਉਂਦੇ ਹਨ। ਉਹ ਆਪ ਤਾਂ ਕੁਛ ਕਮਾਉਂਦੇ ਨਹੀਂ ਤੇ ਸੰਗਤਾਂ ਦੀ ਦਿੱਤੀ ਹੋਈ ਮਾਇਆ ਨਾਲ ਆਪਣਾ ਪੇਟ ਭਰਦੇ ਹਨ ਜੋ ਕਿ ਮੰਗ ਕੇ ਖਾਣ ਦੇ ਬਰਾਬਰ ਹੀ ਹੈ। ਨਿਖੇਧੀ ਸਾਡੇ **"ਮਖਟੂ"** ਹੋਣ ਕਰਕੇ ਹੈ ਕਿਉਂਕਿ ਭਗਤੀ ਦਾ ਅਸਲ ਮਾਰਗ ਹੀ ਸੱਚੀ ਸੁੱਚੀ ਕਿਰਤ ਕਰਨ ਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥"

ਉਪਰਲੀਆਂ ਪੰਗਤੀਆਂ ਰਾਹੀਂ ਦੇਖੋ ਤੇ ਸਮਝੋ ਕਿ ਧੰਨ ਧੰਨ ਬਾਬਾ ਨਾਨਕ ਜੀ ਨੇ ਸਾਨੂੰ ਸਾਡੇ ਜੀਵਨ ਦਾ ਕੀ ਮਾਰਗ ਸਮਝਾਇਆ ਹੋਇਆ ਹੈ ਭਾਵ ਸਾਡੇ ਜੀਵਨ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ, ਸਾਡੀ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੋਇਆ ਹੈ। ਸਾਡੇ ਜੀਵਨ ਦਾ ਅਸਲ ਮਾਰਗ ਮਿਹਨਤ ਕਰਕੇ ਖਾਉਣ ਦਾ ਹੈ ਭਾਵ ਸੱਚੀ ਸੁੱਚੀ ਕਿਰਤ ਕਰਕੇ ਖਾਉਣ ਦਾ ਹੈ। ਅਸੀਂ ਕਿਰਤ ਕਰਕੇ ਆਪ ਵੀ ਖਾਈਏ ਤੇ ਆਪਣੀ ਸਮਰਥਾ ਅਨੁਸਾਰ ਭਾਵ ਕੁਛ ਨਾ ਕੁਛ ਆਪਣੇ ਹਥੋਂ ਵੀ ਦੇਈਏ ਕਿਉਂਕਿ ਸੰਸਾਰ ਵਿਚ ਅਨੇਕਾਂ ਹੀ ਉਹੋ ਜਿਹੇ ਹਨ ਜੋ ਕਿਰਤ ਕਰਨ ਦੇ ਸਮਰਥ ਨਹੀਂ ਹਨ, ਲੋੜਵੰਦ ਹਨ ਜੋ ਆਪਣੀਆਂ ਸਹੀ ਲੋੜਾਂ ਪੂਰੀਆਂ ਨਹੀਂ ਕਰ ਸਕਦੇ। ਜੇਕਰ

40/5192

ਅਸੀਂ ਲੋੜਵੰਦ ਦੀ ਸਹੀ ਲੋੜ ਪੂਰੀ ਕਰਾਂਗੇ ਤਾਂ ਫਿਰ ਉਹ ਆਪਣੀ ਲੋੜ ਪੂਰੀ ਕਰਨ ਲਈ ਕੋਈ ਮਾੜਾ ਕਰਮ ਨਹੀਂ ਕਰੇਗਾ ਤੇ ਦੁਖਾਂ ਤਕਲੀਫ ਤੋਂ ਵੀ ਬਚੇਗਾ। ਧਰਮ ਦਾ ਇਹੀ ਸੱਚਾ ਮਾਰਗ ਹੈ ਜੋ ਗੁਰਬਾਣੀ ਸਾਨੂੰ ਬਾਰ-ਬਾਰ ਸਮਝਾ ਰਹੀ ਹੈ। ਜਿੰਨ੍ਹਾਂ ਨੇ ਕਿਰਤ ਨੂੰ ਆਪਣਾ ਮਾਰਗ ਨਹੀਂ ਜਾਣਿਆ ਉਹਨਾਂ ਨੇ ਫਿਰ ਆਪਣੇ ਜੀਵਨ ਦੇ ਸਹੀ ਮਾਰਗ ਨੂੰ ਨਹੀਂ ਪਛਾਣਿਆ। ਇਸੇ ਲਈ ਬਾਣੀ ਵਿਚ ਬਾਰ-ਬਾਰ ਸਾਡੇ ਉਹੋ ਜਿਹੇ ਭਗਤੀ ਦੇ ਤਰੀਕਿਆਂ ਦੀ ਨਿਖੇਧੀ ਕੀਤੀ ਹੋਈ ਹੈ ਜਿੰਨ੍ਹਾਂ ਰਾਹੀਂ ਅਸੀਂ ਕੇਵਲ ਭਗਤੀ ਦੇ ਦਿਖਾਵੇ ਕਰਦੇ ਹਾਂ। ਭਗਤੀ ਦਾ ਮਾਰਗ ਕੇਵਲ ਗੁਰੂ ਹੀ ਸਮਝਾ ਸਕਦਾ ਹੈ ਤੇ ਗੁਰੂ ਸਾਨੂੰ ਜੋ ਸਮਝਾ ਰਿਹਾ ਹੈ ਉਹ ਮਾਰਗ ਕੇਵਲ ਸਾਡੀ ਸੱਚੀ ਸੁੱਚੀ ਕਰਣੀ ਹੈ ਭਾਵ ਗੁਰਮਤਿ ਅਨੁਸਾਰ ਸੱਚ ਤੇ ਚਲਣਾ ਹੈ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। (**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥**)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥

ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

{ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥
ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥}

(ਅੰਗ - ੯੫੨)

{ਸਚੁ ਕਰਣੀ ਸਬਦੁ ਹੈ ਸਾਰੁ ॥ ਪੂਰੈ ਗੁਰਿ ਪਾਈਐ ਮੋਖ ਦੁਆਰੁ ॥}

(ਅੰਗ - ੧੧੪)

{ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥
ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥ ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ॥
ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ - ੪੩੭)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥}

(ਅੰਗ - ੧੧੩੪)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ - ੫੬)

{ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥}

(ਅੰਗ - ੨੫)

{ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥}

(ਅੰਗ - ੧੮)

40/5193

{ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥
ਗੁਰਿ ਪੂਰੈ ਮੇਟਿਆ ਅੰਧਿਆਰਾ ॥ ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥੨੪॥੯੩॥}

(ਅੰਗ - ੧੮੪)

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥}

(ਅੰਗ - ੪੯੯)

{ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥ ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥
ਮਨ ਮੇਰੇ ਗੁਰਮਤਿ ਕਰਣੀ ਸਾਰੁ ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥}

(ਅੰਗ - ੫੫੯)

{ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥

ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ - ੪੧੩)

{ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥ ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥
ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥ ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੧॥}

(ਅੰਗ - ੯੪੯)

{ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥ ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥
ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ ॥੨॥}

(ਅੰਗ - ੯੪੯)

{ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ ॥
ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ ॥੨॥}

(ਅੰਗ - ੨੦੭)

{ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥ ਸਹਜ ਅਨੰਦ ਬਸੈ ਬੈਰਾਗੀ ॥੩॥
ਨਾਨਕ ਕੀ ਅਰਦਾਸਿ ਸੁਣੀਜੈ ॥ ਕੇਵਲ ਨਾਮੁ ਰਿਦੇ ਮਹਿ ਦੀਜੈ ॥੪॥੨੬॥੭੭॥}

(ਅੰਗ - ੩੮੯)

ਪ੍ਰਾਚੀਨ ਸਮੇ ਤੋਂ ਹੀ ਭਾਰਤ ਵਰਸ਼ ਵਿਚ ਜੋ ਭਗਤੀ ਦਾ ਤਰੀਕਾ ਸਮਝਿਆ ਜਾਂਦਾ ਹੈ ਉਸ ਦਾ ਮੂਲ ਕੀ ਹੈ ਇਸ ਨੂੰ ਸਮਝਣਾ ਜਿਆਦਾ ਜਰੂਰੀ ਹੈ। ਪੁਰਾਨੇ ਸਮੇ ਤੋਂ ਹੀ ਅਸੀਂ ਧਰਮ ਗ੍ਰੰਥਾਂ ਦੇ ਪੜਨ ਨੂੰ, ਬਾਰ ਬਾਰ ਪੜਨ ਦੇ ਅਭਿਆਸ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਆਏ ਹਾਂ। ਇਹੋ ਜਿਹੇ ਅਭਿਆਸ ਕਰਨ ਨਾਲ ਸਾਡੇ ਮਨ ਦੀ ਅਗਿਆਨਤਾ ਦੂਰ ਨਹੀਂ ਹੋ ਸਕਦੀ ਭਾਵ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਹੀਂ ਨਿਕਲ ਸਕਦੇ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਹੀ ਅਸੀਂ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ, ਸਦੀਆਂ ਤੋਂ ਕਰਦੇ ਆ ਰਹੇ ਹਾਂ ਜੋ ਅਸਲ ਵਿਚ ਪ੍ਰਮਾਤਮਾ ਨੂੰ ਸਮਝਣ ਦਾ, ਉਸ ਨੂੰ ਪਾਉਣ ਦਾ ਮਾਰਗ ਨਹੀਂ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿਉਂਕਿ ਪ੍ਰਮਾਤਮਾ ਸਾਡੇ ਅੰਦਰ ਚਉਥੇ ਪਦ ਵਿਚ ਹੈ। ਗੁਰਬਾਣੀ ਦੀ ਰਚਨਾ ਕਰਨ

40/5194

ਵਾਲਿਆਂ ਨੇ ਪ੍ਰਮਾਤਮਾ ਦੇ ਨਾਲ ਚਉਥੇ ਪਦ ਰਾਹੀਂ ਮੇਲ ਕੀਤਾ ਹੈ ਭਾਵ ਤ੍ਰੈ ਗੁਣਾਂ ਵਿੱਚੋਂ ਨਿਕਲਣ ਦੁਆਰਾ ਕੀਤਾ ਹੈ। ਸਾਡਾ ਜੋ ਵੀ ਕਰਮ ਮਨ ਦੀ ਅਗਿਆਨਤਾ ਵਾਲਾ ਹੈ ਉਸ ਰਾਹੀਂ ਪ੍ਰਮਾਤਮਾ ਨੂੰ ਕਿਸੇ ਨੇ ਕਦੇ ਨਹੀਂ ਪਾਇਆ, ਵੱਡੇ ਵੱਡੇ ਅਖਵਾਉਣ ਵਾਲਿਆਂ ਨੇ ਨਹੀਂ ਪਾਇਆ ਤੇ ਅਸੀਂ ਕਿਵੇਂ ਪਾ ਸਕਦੇ ਹਾਂ। ਆਉ ਇਸ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਚਉਥੇ ਪਦ ਦੇ ਮਾਲਕ ਤੇ ਸਾਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲੇ ਆਪ ਪ੍ਰਮਾਤਮਾ ਦੇ ਉਚਾਰੇ ਹੋਏ ਸ਼ਬਦ ਦੁਆਰਾ ਸਮਝੀਏ।

ਗਉੜੀ ਮਹਲਾ ੩ ॥

“ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥
ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥ ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥
ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥
ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥
ਨਾਮੇ ਰਾਤੇ ਹਰਿ ਗੁਣ ਗਾਵੈ ॥੫॥ ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥
ਚਰਣੀ ਲਾਗੈ ਤਾ ਮਹਲੁ ਪਾਵੈ ॥ ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥
ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥ ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥
ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥”

(ਅੰਗ ੨੩੦-੨੩੧)

ਬ੍ਰਹਮਾ ਨੂੰ ਵੇਦਾਂ ਦੇ ਮੂਲ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ ਭਾਵ ਵੇਦਾਂ ਦੀ ਰਚਨਾ ਬ੍ਰਹਮਾ ਦੇ ਰਾਹੀਂ ਹੋਈ ਹੈ। ਵੇਦਾਂ ਰਾਹੀਂ ਗਿਆਨ ਦੇਣ ਵਾਲਾ ਆਪ ਪ੍ਰਮਾਤਮਾ ਹੀ ਸੀ ਭਾਵ ਬ੍ਰਹਮਾ ਨੂੰ ਇਸ ਗੱਲ ਦੀ ਸੋਝੀ ਨਹੀਂ ਪਈ ਕਿ ਗਿਆਨ ਦੇਣ ਵਾਲਾ ਕੌਣ ਹੈ ਜਿਵੇਂ ਕਿ ਅਸੀਂ ਹੋਰ ਸ਼ਬਦਾਂ ਦੁਆਰਾ ਜਾਣਿਆ ਹੈ। ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੀ ਵਰਤਦੀ ਹੈ ਤੇ ਇਹੋ ਅਵਸਥਾ ਬ੍ਰਹਮਾ ਦੀ ਬਣੀ ਰਹੀ ਹੈ ਕਿਉਂਕਿ ਉਸ ਨੇ ਆਪਣੇ ਅੰਦਰੋਂ ਗਿਆਨ ਦੇ ਮੂਲ ਪ੍ਰਮਾਤਮਾ ਨੂੰ ਨਹੀਂ ਜਾਣਿਆ ਭਾਵ ਬ੍ਰਹਮਾ ਦਾ ਇਹ ਭਰਮ ਨਹੀਂ ਨਿਕਲਿਆ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿਚ ਹੈ ਜਿਸ ਕਰਕੇ ਉਸਦਾ ਨਿਜ ਘਰ ਦੇ ਵਿਚ ਵਾਸਾ ਨਹੀਂ ਹੋਇਆ, ਕਿਉਂਕਿ ਵੇਦਾਂ ਦੀ ਰਚਨਾ ਰਾਹੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਦਾ ਖੁਲਾਸਾ ਨਹੀਂ ਹੋਇਆ ਤੇ ਇਸੇ ਲਈ ਵੇਦਾਂ ਦੀ ਲਿਖਤ ਨੂੰ ਹੀ ਉੱਚਾ ਮੰਨਿਆ ਗਿਆ ਤੇ ਵੇਦਾਂ ਦੇ ਅਭਿਆਸ ਨੂੰ ਹੀ ਭਾਵ ਵੇਦਾਂ ਨੂੰ ਬਾਰ-ਬਾਰ ਪੜਨ

ਦੇ ਅਭਿਆਸ ਨੂੰ ਹੀ ਭਗਤੀ ਦਾ ਮਾਰਗ ਸਮਝਿਆ ਗਿਆ। ਵੇਦਾਂ ਦੇ ਅਭਿਆਸ ਦੁਆਰਾ ਜਿੰਨ੍ਹਾਂ ਨੇ ਆਪਣੇ ਆਪ ਨੂੰ ਵੱਡਾ ਅਖਵਾਇਆ, ਦੇਵ ਅਖਵਾਇਆ ਭਾਵ ਦੇਵਤੇ ਆਦਿ ਅਖਵਾਇਆ ਉਹਨਾਂ ਦੇ ਅੰਦਰ ਦਾ ਮਾਇਆ ਮੋਹ ਦੂਰ ਨਹੀਂ ਹੋਇਆ ਭਾਵ ਉਹ ਆਪਣੇ ਅੰਦਰੋਂ ਭਰਮ ਤੋਂ ਮੁਕਤਿ ਨਹੀਂ ਹੋਏ ਕਿ ਪ੍ਰਮਾਤਮਾ ਦੀ ਅਸਲ ਭਗਤੀ ਕੀ ਹੈ ਤੇ ਪ੍ਰਮਾਤਮਾ ਦਾ ਆਪਣਾ ਅਸਲ ਰੂਪ ਕੀ ਹੈ ਭਾਵ ਵੇਦਾਂ ਦਾ ਅਭਿਆਸ ਕਰਨ ਵਾਲੇ ਤ੍ਰੈ ਗੁਣਾਂ ਵਾਲੀ ਮਤਿ ਵਿਚ ਹੀ ਰਹੇ ਜਿਸ ਕਰਕੇ ਉਹਨਾਂ ਦਾ ਨਿਜ ਘਰ ਵਿਚ ਭਾਵ ਆਪਣੇ ਅਸਲੀ ਘਰ ਵਿਚ ਵਾਸਾ ਨਹੀਂ ਹੋਇਆ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਘਰ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਚਉਥੇ ਪਦ ਦਾ ਘਰ ਹੈ ਜਿਸ ਘਰ ਵਿਚ ਵਾਸਾ ਹੋਣ ਦੁਆਰਾ ਹੀ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਦਾ ਹੈ, ਭਰਮਾਂ ਵਿੱਚੋਂ ਨਿਕਲਦਾ ਹੈ ਤੇ ਪ੍ਰਮਾਤਮਾ

40/5195

ਦੀ ਸੱਚੀ ਭਗਤੀ ਦੀ ਸੋਝੀ ਪੈਂਦੀ ਹੈ ਜੋ ਸੋਝੀ ਉਹ ਆਪ ਹੀ ਪਾਉਂਦਾ ਹੈ, ਆਪਣੇ ਨਿਜ ਘਰ ਦੇ ਵਿੱਚੋਂ ਪਾਉਂਦਾ ਹੈ। (**ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥ ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥**) **{ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥ ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥}** ਅੰਗ ੪੨੩ **{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}** ਅੰਗ ੨੩੧

ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜੋ ਅਵਸਥਾ ਤ੍ਰੈ ਗੁਣਾਂ ਤੋਂ ਬਾਹਰ ਹੈ ਭਾਵ ਭਰਮਾਂ ਤੋਂ ਬਾਹਰ ਹੈ।

“ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥”

ਬ੍ਰਹਮਾ ਨੇ ਆਪਣੇ ਆਪ ਨੂੰ ਗੁਰੂ ਅਖਵਾਇਆ ਪਰ ਜੋ ਗੁਰੂ ਨੂੰ ਜਾਣ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਗੁਰੂ ਨਹੀਂ ਕਹਿ ਸਕਦਾ, ਉਹ ਫਿਰ ਪ੍ਰਮਾਤਮਾ ਨੂੰ ਹੀ ਗੁਰੂ ਕਹਿੰਦਾ ਹੈ, ਸ਼ਬਦ ਨੂੰ ਗੁਰੂ ਕਹਿੰਦਾ ਹੈ ਜੋ ਗੁਰੂ ਆਪ ਹੀ ਆਪਣੇ ਆਪ ਨਾਲ ਮਿਲਾਉਂਦਾ ਹੈ। ਪ੍ਰਮਾਤਮਾ ਆਪ ਹੀ **“ਸਤਿਗੁਰੂ”** ਹੈ ਭਾਵ ਜਿਸ ਗੁਰੂ ਕੋਲ ਪੂਰਨ ਰੂਪ ਵਿਚ ਸਤਿ ਹੈ, ਸਚਾਈ ਹੈ ਉਹ ਗੁਰੂ ਹੈ। ਜਿਸਨੂੰ ਪ੍ਰਮਾਤਮਾ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਰੱਖ ਲੈਂਦਾ ਹੈ ਭਾਵ ਕੱਢ ਲੈਂਦਾ ਹੈ ਉਸਨੂੰ ਹੀ ਆਪਣੇ ਨਾਲ ਮਿਲਾਉਂਦਾ ਹੈ ਜਿਵੇਂ ਕਿ ਸਾਨੂੰ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਉਹਨਾਂ ਦਾ ਇਸ ਤਰੀਕੇ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ। (**ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥**) ਆਪਣੇ ਮੇਲ ਦੁਆਰਾ ਪ੍ਰਮਾਤਮਾ ਆਪਣੀ ਭਗਤੀ ਦੀ ਸਮਝ ਹੀ ਪਾਉਂਦਾ ਹੈ ਜਿਸ ਭਗਤੀ ਦੇ ਮਾਰਗ ਤੇ ਫਿਰ ਉਹ ਆਪਣੇ ਮਨੁੱਖੀ ਰੂਪ ਨੂੰ, ਗੁਰੂ ਰੂਪ ਨੂੰ ਹਰ ਵੇਲੇ ਭਾਵ ਅੱਠੇ ਪਹਿਰ ਆਪਣੀ ਭਗਤੀ ਵਾਲੀ ਮਤਿ ਨਾਲ ਜੋੜਕੇ ਰੱਖਦਾ ਹੈ। ਆਪਣੀ ਸੱਚੀ ਭਗਤੀ ਪ੍ਰਮਾਤਮਾ ਸਾਡੇ ਅੰਦਰ ਨਾਮ ਦੇ ਰੂਪ ਵਿੱਚ ਦ੍ਰਿੜ ਕਰਵਾਉਂਦਾ ਹੈ, ਸੱਚੀ ਸਿੱਖਿਆ ਦੇ ਰੂਪ ਵਿੱਚ ਦ੍ਰਿੜ ਕਰਵਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿਚ ਦ੍ਰਿੜ ਕਰਵਾਉਂਦਾ ਹੈ ਭਾਵ ਆਪਣੀ ਸੱਚੀ ਮਤਿ ਤੇ ਅਡੋਲ ਰੱਖਦਾ ਹੈ ਜੋ ਮਤਿ ਕਦੇ ਮਾਇਆ ਮੋਹ ਵਿੱਚ ਡੋਲ ਨਹੀਂ ਸਕਦੀ, ਭਰਮਾਂ ਵਿੱਚ ਡੋਲ ਨਹੀਂ ਸਕਦੀ ਭਾਵ ਭਗਤੀ ਦੇ ਮਾਰਗ ਨੂੰ ਲੈ ਕੇ ਇਹੋ ਜਿਹੀ ਸੱਚੀ ਮਤਿ ਉੱਤੇ ਕਿਸੇ ਭਰਮ ਵਾਲੀ ਮਤਿ ਦਾ ਅਸਰ ਨਹੀਂ ਹੁੰਦਾ। **(ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥)**

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥}

(ਅੰਗ - ੧੦੩੨)

40/5196

ਜੇਕਰ ਅਸੀਂ ਵੇਦਾਂ ਦੀ ਲਿਖਤ ਨਾਲ ਜੁੜਾਂਗੇ ਭਾਵ ਵੇਦਾਂ ਦੇ ਪੜੀ ਜਾਣ ਨਾਲ ਭਾਵ ਅਭਿਆਸ ਕਰਨ ਨਾਲ ਜੁੜਾਂਗੇ ਉਸ ਨਾਲ ਕੀ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲ ਸਕਦੇ ਹਾਂ ਤੇ ਕਦੇ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਭਾਵ ਨਹੀਂ ਪਾ ਸਕਦੇ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥

ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥”

ਜੋ ਬਾਣੀ ਬ੍ਰਹਮਾ ਨੇ ਲਿਖੀ ਹੈ ਭਾਵ ਵੇਦ ਉਚਾਰੇ ਹਨ ਜੇਕਰ ਉਹ ਵੇਦ ਉਚਾਰਨ ਨਾਲ, ਉਹ ਬਾਣੀ ਉਚਾਰਨ ਨਾਲ ਬ੍ਰਹਮਾ ਆਪ ਤ੍ਰੈ ਗੁਣਾਂ ਵਿੱਚੋਂ ਨਹੀਂ ਨਿਕਲਿਆ, ਮਾਇਆ ਦੇ ਜੰਜਾਲ ਵਿੱਚੋਂ ਨਹੀਂ ਨਿਕਲਿਆ ਤਾਂ ਫਿਰ ਅਸੀਂ ਉਸੇ ਬਾਣੀ ਨੂੰ ਪੜੇ ਜਾਣ ਨਾਲ, ਅਭਿਆਸ ਕਰੀ ਜਾਣ ਨਾਲ ਤ੍ਰੈ ਗੁਣਾਂ ਵਿੱਚੋਂ ਨਿਕਲ ਸਕਦੇ ਹਾਂ ਭਾਵ ਨਹੀਂ ਨਿਕਲ ਸਕਦੇ। (**ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥**) ਬ੍ਰਹਮਾ ਨੂੰ ਬਾਣੀ ਲਿਖਵਾਉਣ ਵਾਲਾ ਆਪ ਪ੍ਰਮਾਤਮਾ ਹੀ ਸੀ ਭਾਵ ਉਸਦੇ ਅੰਦਰ ਗਿਆਨ ਦੇਣ ਵਾਲਾ ਆਪ ਪ੍ਰਮਾਤਮਾ ਹੀ ਸੀ ਜਿਸਨੇ ਉਸਦੇ ਅੰਦਰ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਸਾਨੂੰ ਸਾਡੀ ਭਗਤੀ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ ਤੇ ਵੇਦਾਂ ਨੂੰ ਪੜਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਉਹਨਾਂ ਨੂੰ ਪੜਨ ਦੁਆਰਾ ਅਸੀਂ ਪ੍ਰਮਾਤਮਾ ਨਾਲ ਆਪਣਾ ਝਗੜਾ ਖਤਮ ਕਰੀਏ ਭਾਵ ਆਪਣੀ ਮਤਿ ਛੱਡੀਏ, ਆਪਣੀ ਹਉਮੈ ਛੱਡੀਏ ਭਾਵ ਉਹੋ ਜਿਹੇ ਕਰਮ ਕਰੀਏ ਜੋ ਵੇਦਾਂ ਰਾਹੀਂ ਸਾਨੂੰ ਸਮਝਾਏ ਹੋਏ ਹਨ। ਜੇਕਰ ਅਸੀਂ ਪ੍ਰਮਾਤਮਾ ਨਾਲ ਆਪਣਾ ਝਗੜਾ ਨਹੀਂ ਮੁਕਾਉਂਦੇ ਭਾਵ ਮਾੜੇ ਕਰਮ ਕਰਨੇ ਨਹੀਂ ਛੱਡਦੇ ਫਿਰ ਸਾਡੇ ਸਿਰ ਤੋਂ ਜਮਕਾਲ ਨਹੀਂ ਉਤਰਦਾ। ਜਮਕਾਲ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਜੋ ਸਾਡੇ ਆਤਮਿਕ ਜੀਵਨ ਨੂੰ ਮਾਰਦੀ ਹੈ। ਅਸੀਂ ਇਸ ਮਤਿ ਵਿੱਚੋਂ ਹੀ ਨਿਕਲਣਾ ਹੈ ਜਿਸਦਾ ਕਾਰਣ ਸਾਡੇ ਅੰਦਰ ਦੀ ਅਗਿਆਨਤਾ ਹੈ, ਨਾਸਮਝ ਮਤਿ ਹੈ ਜਿਸਨੂੰ ਅਸੀਂ ਵੇਦਾਂ ਦੇ ਪੜਨ ਦੁਆਰਾ ਦੂਰ ਕਰਨਾ ਹੈ ਤਾਂ ਜੋ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਮੁੱਕ ਜਾਵੇ। (**ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥**) ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਅਸੀਂ ਤਾਂ ਹੀ ਨਿਕਲਾਂਗੇ ਜਦੋਂ ਅਸੀਂ ਧਰਮ ਗ੍ਰੰਥਾਂ ਦੀ ਮਤਿ ਨੂੰ ਮੰਨਾਂਗੇ। ਧਰਮ ਗ੍ਰੰਥਾਂ ਦੀ ਮਤਿ

40/5197

ਦੇਣ ਵਾਲਾ ਆਪ ਪ੍ਰਮਾਤਮਾ ਹੈ ਜੋ ਚਉਥੇ ਪਦ ਵਿੱਚ ਹੈ। ਧਰਮ ਗ੍ਰੰਥਾਂ ਰਾਹੀਂ ਸ਼ਬਦਾਂ ਦੇ ਅੰਦਰ ਦਾ ਜੋ ਗਿਆਨ ਹੈ ਭਾਵ ਜੋ ਉਹਨਾਂ ਦੇ ਅੰਦਰ ਦੀ ਸੋਝੀ ਹੈ ਉਸ ਨੇ ਸਾਨੂੰ ਤ੍ਰੈ ਗੁਣਾਂ ਵਿੱਚੋਂ ਕੱਢਣਾ ਹੈ। ਸ਼ਬਦਾਂ ਦੇ ਅੰਦਰ ਦੀ ਸੋਝੀ ਸ਼ਬਦ ਦਾ **“ਤਤੁ”** ਹੈ ਤੇ ਜਦ ਤਕ ਅਸੀਂ ਉਸ ਤੱਤ ਦੇ ਨਾਲ ਨਹੀਂ ਜੁੜਦੇ, ਉਸਨੂੰ ਨਹੀਂ ਸਮਝਦੇ ਭਾਵ ਉਸ ਅਨੁਸਾਰ ਆਪਣੀ ਮਤਿ ਨੂੰ ਨਹੀਂ ਬਦਲਦੇ ਭਾਵ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਂਦੇ ਹਾਂ ਉਹ ਫਿਰ ਕੇਵਲ ਪਰਾਲੀ ਦੀ ਪੰਡ ਬੰਨਣ ਵਾਲੀ ਗੱਲ ਹੈ, ਆਪਣੇ ਸਿਰ ਤੇ ਫਜੂਲ ਭਾਰ ਚੁੱਕਣ ਵਾਲੀ ਗੱਲ ਹੈ ਜਿਸ ਦਾ ਕੋਈ ਲਾਭ ਨਹੀਂ ਹੈ। (**ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥**)

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ - ੪੬੭)

{ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥
ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥}

(ਅੰਗ - ੩੫੧)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ - ੧੧੯੯)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥

ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}

(ਅੰਗ - ੭੩੨)

ਜੋ ਸ਼ਬਦਾਂ ਦੇ ਅੰਦਰ ਦਾ ਤੱਤ ਹੈ ਉਹ ਤੱਤ ਹੀ ਤਾਂ ਨਾਮ ਹੈ ਜੋ ਕਿ ਗਿਆਨ ਦਾ ਤੱਤ ਹੈ ਜਿਸ ਨੇ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣਾ ਹੈ ਤੇ ਭਗਤੀ ਦੇ ਸੱਚੇ ਮਾਰਗ ਨਾਲ ਜੋੜਨਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥"

ਭਗਤੀ ਦੀ ਸਮਝ ਸਾਨੂੰ ਭਾਵ ਭਗਤੀ ਦੇ ਮਾਰਗ ਦੀ ਸਮਝ ਸਾਨੂੰ ਗੁਰੂ ਦੇ ਗਿਆਨ ਦੁਆਰਾ ਹੀ ਪੈਂਦੀ ਹੈ ਜੋ ਗਿਆਨ ਪ੍ਰਮਾਤਮਾ ਨੇ ਆਪ ਹੀ ਆਪਣੀ ਭਗਤੀ ਸਮਝਾਉਣ ਲਈ ਧਰਮ ਗ੍ਰੰਥਾਂ ਰਾਹੀਂ ਸੰਸਾਰ ਨੂੰ

ਦਿੱਤਾ ਹੋਇਆ ਹੈ। ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਜਿਸ ਦਾ ਮਕਸਦ ਹੀ ਸਾਨੂੰ ਅਗਿਆਨਤਾ ਵਿੱਚ ਰੱਖਣ ਦਾ ਹੈ ਜਿਸ ਕਰਕੇ ਹਰ ਕੋਈ ਮਾੜੇ ਮਾਰਗ ਤੇ ਚੱਲਦਾ ਹੈ ਜੋ ਭਗਤੀ ਦਾ ਮਾਰਗ ਨਹੀਂ ਹੈ ਤੇ ਇਸੇ ਲਈ ਹਰ ਕੋਈ ਮਨਮੁਖਿ ਹੈ, ਮਨ ਦੀ ਅਗਿਆਨਤਾ ਕਰ ਕੇ ਮਨਮੁਖਿ ਹੈ। ਮਨ ਦੀ ਅਗਿਆਨਤਾ ਵਿੱਚੋਂ ਸਾਨੂੰ ਪ੍ਰਮਾਤਮਾ ਦੇ ਨਾਮ ਨੇ ਕੱਢਣਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੇ ਕੱਢਣਾ ਹੈ, ਸ਼ਬਦਾਂ ਦੇ ਤੱਤ ਨੇ ਕੱਢਣਾ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਨੇ ਕੱਢਣਾ ਹੈ ਤੇ ਜਦ ਤਕ ਸਾਨੂੰ ਨਾਮ ਵਿਸਰਿਆ ਹੋਇਆ ਹੈ ਭਾਵ ਗੁਰੂ ਦਾ ਸੱਚਾ ਗਿਆਨ ਵਿਸਰਿਆ ਹੋਇਆ ਹੈ ਤਦ ਤਕ ਅਸੀਂ ਅਗਿਆਨਤਾ ਵਿੱਚ ਰਹਿ ਕੇ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਭਗਤੀ ਦਾ ਮਾਰਗ ਸਮਝਦੇ ਹਾਂ ਪਰ ਅਸਲ ਵਿਚ ਅਸੀਂ ਕੁਰਾਹੇ ਪਏ ਰਹਿੰਦੇ ਹਾਂ ਜਿਸ ਦੀ ਕਿ ਮਨ ਦੀ ਅਗਿਆਨਤਾ ਕਰਕੇ, ਤ੍ਰੈ ਗੁਣਾਂ ਵਾਲੀ ਅਵਸਥਾ ਕਰਕੇ ਸਾਨੂੰ ਸਮਝ ਨਹੀਂ ਪੈਂਦੀ। ਮਨ ਦੀ ਅਗਿਆਨਤਾ ਹੀ ਸਾਡੇ ਅੰਦਰ ਦਾ ਭਉਜਲ ਸਾਗਰ ਹੈ, ਮਾਇਆ ਮੋਹ ਦਾ ਸਾਗਰ ਹੈ ਭਾਵ ਸਾਡੇ ਅੰਦਰ ਦੇ ਨਾਸਮਝ ਵਿਚਾਰ ਜੋ ਗੁਰੂ ਦੇ ਗਿਆਨ ਨੂੰ ਨਹੀਂ ਅਪਨਾਉਂਦੇ ਉਹ ਸਾਡੇ ਅੰਦਰ ਦਾ ਭਵਜਲ ਸਾਗਰ ਹਨ ਜਿਸਦੇ ਵਿਚ ਹਰ ਕੋਈ ਡੁਬਿਆ ਰਹਿੰਦਾ ਹੈ ਤੇ ਮਨ ਦੇ ਇਹ ਨਾਸਮਝ ਵਿਚਾਰ ਹੀ ਸਾਨੂੰ ਦੂਜੇ ਪਾਸੇ ਤੋਰਦੇ ਹਨ ਭਾਵ ਗੁਰਮਤਿ ਤੋਂ ਉਲਟ ਤੋਰਦੇ ਹਨ। (**ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ ਭਵਜਲਿ ਡੂਬੇ ਦੂਜੈ ਭਾਏ ॥੩॥**)

ਜਿਵੇਂ ਕਿ ਉਪਰ ਅਸੀਂ ਸਮਝਿਆ ਹੈ ਕਿ ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਧਰਮ ਦੇ ਮਾਰਗ ਦੀ ਸਹੀ ਸੋਝੀ ਨਹੀਂ ਪੈਂਦੀ ਭਾਵ ਮਾਇਆ ਮੋਹ ਵਿਚ ਰਹਿੰਦੇ ਹੋਏ ਅਸੀਂ ਧਰਮ ਦੇ ਉਹੋ ਜਿਹੇ ਮਾਰਗ ਤੇ ਚਲਦੇ ਹਾਂ ਜੋ ਕਿ ਪੁੱਠਾ ਮਾਰਗ ਹੈ। ਇਹੋ ਜਿਹੇ ਮਾਰਗ ਤੇ ਜੋ ਆਪ ਚਲਦੇ ਹਨ ਉਹ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਹੀ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਜਿਹਾ ਮਾਰਗ ਹੀ ਸਮਝਾਉਂਦੇ ਹਨ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥"

(ਅੰਗ - ੨੩੧)

ਆਪਣੇ ਆਪ ਨੂੰ **"ਪੰਡਿਤ"** ਭਾਵ ਧਰਮ ਦਾ ਵਿਦਵਾਨ, ਧਰਮ

ਦੇ ਮਾਰਗ ਦਾ ਜਾਣਕਾਰ ਭਾਵ ਧਰਮ ਦੇ ਮਾਰਗ ਤੇ ਉੱਚਾ ਆਪਣੇ ਆਪ ਨੂੰ ਉਹੀ ਅਖਵਾਉਂਦਾ ਹੈ ਜੋ ਮਾਇਆ ਦਾ ਮੁਹਤਾਜ

ਹੈ ਭਾਵ ਅਗਿਆਨਤਾ ਵਾਲੀ ਮਤਿ ਦਾ ਮੁਹਤਾਜ ਹੈ ਭਾਵ ਜਿਸਦੇ ਅੰਦਰ ਨਾਸਮਝੀ ਵਾਲੀ ਮਤਿ ਵਰਤਦੀ ਹੈ। ਜਿਸ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਧਰਮ ਦਾ ਵਿਦਵਾਨ ਕੇਵਲ ਗੁਰੂ ਹੈ, ਆਪ ਪ੍ਰਮਾਤਮਾ ਹੈ ਜੋ ਗਿਆਨ ਦਾ ਮਾਲਕ ਹੈ ਉਹ ਫਿਰ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਕਦੇ ਨਹੀਂ ਸਮਝ ਸਕਦਾ। ਉਹ ਆਪਣੇ ਆਪ ਨੂੰ ਕਦੇ ਧਰਮ ਦੇ ਮਾਰਗ ਤੇ ਉੱਚਾ ਨਹੀਂ ਸਮਝ ਸਕਦਾ, ਸੰਤ, ਬ੍ਰਹਮ ਗਿਆਨੀ ਆਦਿ ਕਦੇ ਨਹੀਂ ਸਮਝ ਸਕਦਾ ਜਾਂ ਅਖਵਾ ਸਕਦਾ। ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਉਹੀ ਅਖਵਾਉਂਦੇ ਹਨ ਜਿੰਨ੍ਹਾਂ ਦੇ ਅੰਦਰ ਦਾ ਮਾਇਆ ਮੋਹ ਦੂਰ ਨਹੀਂ ਹੋਇਆ, ਤ੍ਰੈ ਗੁਣਾਂ ਵਾਲੀ ਅਵਸਥਾ ਨਹੀਂ ਨਿਕਲੀ ਜੋ ਕਿ ਬ੍ਰਹਮਾ ਦੀ ਵੀ ਨਹੀਂ ਨਿਕਲੀ ਜਿਸ ਕਰਕੇ ਉਸਨੇ ਆਪਣੇ ਆਪ ਨੂੰ ਹੀ ਉੱਚਾ ਅਖਵਾਇਆ ਹੈ। ਆਪਣੇ ਅੰਦਰੋਂ ਮਾਇਆ ਨਿਕਲਣ ਤੋਂ ਬਾਦ ਫਿਰ ਮਨੁੱਖ ਦੀ ਆਪਣੀ ਹੋਂਦ ਹੀ ਨਹੀਂ ਰਹਿੰਦੀ ਫਿਰ ਉਹ ਉੱਚਾ ਕਿਵੇਂ ਅਖਵਾ ਸਕਦਾ ਹੈ, ਫਿਰ ਹਰ ਵਸਤੂ ਵਿੱਚ ਪ੍ਰਮਾਤਮਾ ਹੀ ਨਜਰ ਆਉਂਦਾ ਹੈ, ਕੇਵਲ ਪ੍ਰਮਾਤਮਾ ਦੀ ਵਡਿਆਈ ਹੀ ਨਜਰ ਆਉਂਦੀ ਹੈ। (**ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥**) ਸਾਡੇ ਅੰਦਰ ਦੀ ਮਾਇਆ ਹੀ ਭਾਵ ਸਾਡੀ ਨਾਸਮਝ ਮਤਿ ਹੀ ਸਾਡੇ ਅੰਦਰ ਦੀ **"ਬਿਖਿਆ"** ਹੈ ਭਾਵ ਜਹਰ ਦੇ ਸਮਾਨ ਹੈ ਜੋ ਸਾਡੇ ਆਤਮਿਕ ਜੀਵਨ ਨੂੰ ਨਾਸ ਕਰਦੀ ਹੈ ਜਿਸ ਕਰਕੇ ਭਾਵੇਂ ਕੋਈ ਜਿਤਨਾ ਮਰਜੀ ਉੱਚਾ ਅਖਵਾਉਂਦਾ ਹੈ ਉਹ ਪ੍ਰਮਾਤਮਾ ਦੇ ਦਰ ਤੇ ਦੁੱਖ ਹੀ ਪਾਉਂਦਾ ਹੈ, ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਦੁੱਖ ਹੀ ਪਾਉਂਦਾ ਹੈ। ਜਿਤਨਾ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦਾ ਹੈ ਉਤਨਾ ਹੀ ਉਹ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਬਹੁਤ ਦੁੱਖ ਸਹਾਰਦਾ ਹੈ ਭਾਵ ਪ੍ਰਮਾਤਮਾ ਨਾਲੋਂ ਆਪਣੀ ਦੂਰੀ ਵਧਾਉਂਦਾ ਹੈ। ਮਨ ਦੀ ਨਾਮਸਝੀ ਕਰਕੇ ਇਹੋ ਜਿਹੇ ਭਰਮੇ ਹੋਏ ਜਿਹੋ ਜਿਹੇ ਆਪਣੇ ਵਲੋਂ ਭਗਤੀ ਦੇ ਕਰਮ ਕਰਦੇ ਹਨ ਉਹਨਾਂ ਰਾਹੀਂ ਉਹ ਆਪਣੇ ਆਪ ਨੂੰ ਦੁੱਖਾਂ ਵਿਚ ਹੀ ਪਾਉਂਦੇ ਹਨ, ਜਿਤਨਾ ਕੋਈ ਜਿਆਦਾ ਭਰਮਿਆ ਹੁੰਦਾ ਹੈ ਉਤਨਾ ਹੀ ਉਹ ਆਪਣੇ ਆਪ ਨੂੰ ਦੁੱਖਾਂ ਵਿਚ ਪਾਉਂਦਾ ਹੈ ਭਾਵ ਆਪਣੇ ਵੱਲੋਂ ਧਰਮ ਕਰਮ ਕਰਨ ਦੁਆਰਾ ਆਪਣੇ ਆਪ ਨੂੰ ਖੁਆਰ ਹੀ ਕਰਦਾ ਹੈ। ਸਾਡੇ ਅੰਦਰ ਦੀ ਇਹ ਅਗਿਆਨਤਾ ਵਾਲੀ ਮਤਿ ਹੀ ਸਾਡੇ ਅੰਦਰ ਜੰਮਾ ਦਾ ਫੰਦਾ ਹੈ, ਸਾਡੇ ਅੰਦਰ ਦਾ ਕਾਲ ਹੈ ਜੋ ਸਾਨੂੰ ਦੁੱਖ ਦਿੰਦਾ ਹੈ, ਸਾਨੂੰ ਆਤਮਿਕ ਮੌਤ ਮਾਰਨ ਦੁਆਰਾ ਦੁੱਖ ਦਿੰਦਾ ਹੈ ਭਾਵ ਭਗਤੀ ਦੇ ਪੁੱਠੇ ਮਾਰਗ ਤੇ ਚਲਾਉਣ ਦੁਆਰਾ ਦੁਖ ਦਿੰਦਾ ਹੈ। (**ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥**) 40/5200

ਇਹ **"ਜਮਕਾਲੁ"** ਸਾਡੇ ਸਭ ਦੇ ਅੰਦਰ ਹੀ ਹੈ ਕਿਉਂਕਿ ਹਰ ਕੋਈ ਅਗਿਆਨਤਾ ਵਾਲੀ ਮਤਿ ਵਿੱਚ ਹੈ, ਭਰਮ ਮੋਹ ਵਾਲੀ ਮਤਿ ਵਿੱਚ ਹੈ, ਹਉਮੈ ਵਿੱਚ ਹੈ। ਇਹ ਜਮਕਾਲ ਨੂੰ ਮਾਰਨ ਦਾ ਮਾਰਗ ਗੁਰੂ ਦੇ ਕੋਲ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥"

"ਗੁਰਮੁਖਿ" ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮੁਖਿ ਰੂਪ ਗੁਰੂ ਦਾ ਆਪਣਾ ਰੂਪ ਹੈ ਜੋ ਕਿ ਗੁਰੂ ਦੀ ਮਤਿ ਹੈ ਜੋ ਮਤਿ ਭਰਮਾਂ ਤੋਂ ਰਹਿਤ ਹੈ ਜਿਸ ਮਤਿ ਦੇ ਭਰਮ ਨੇੜੇ ਵੀ ਨਹੀਂ ਲੱਗ ਸਕਦਾ, ਅਗਿਆਨਤਾ ਨੇੜੇ ਵੀ ਨਹੀਂ ਲੱਗ ਸਕਦੀ ਜੋ ਕਿ ਗੁਰੂ ਦੀ ਮਤਿ ਚਉਥੇ ਪਦ ਵਾਲੀ ਮਤਿ ਹੈ, ਬ੍ਰਹਮ ਗਿਆਨ ਵਾਲੀ ਮਤਿ ਹੈ। (**ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥**) ਜੇਕਰ ਅਸੀਂ ਜਮਕਾਲ ਤੋਂ ਛੁਟਕਾਰਾ ਪਾਉਣਾ ਹੈ ਭਾਵ ਆਪਣੀ ਅਗਿਆਨਤਾ ਵਾਲੀ ਮਤਿ ਤੋਂ, ਹਉਮੈ ਵਾਲੀ ਮਤਿ ਤੋਂ ਛੁਟਕਾਰਾ ਪਾਉਣਾ ਹੈ ਤਾਂ ਫਿਰ ਉਸ ਲਈ ਇੱਕੋ ਇੱਕ ਸਾਧਨ ਗੁਰੂ ਦਾ ਸ਼ਬਦ ਹੈ ਭਾਵ ਗੁਰੂ ਦੀ ਮਤਿ ਹੈ, ਗੁਰੂ ਦਾ ਗਿਆਨ ਹੈ ਜੋ ਸਾਡੇ ਅੰਦਰੋਂ ਭਰਮਾਂ ਵਾਲੀ ਮਤਿ ਨੂੰ ਸਾੜ ਦਿੰਦਾ ਹੈ ਤੇ ਭਰਮਾਂ ਵਾਲੀ ਮਤਿ ਤਾਂ ਹੀ ਸੜੇਗੀ ਜੇਕਰ ਸ਼ਬਦ ਦੀ ਮਤਿ ਨੂੰ ਮੰਨਾਂਗੇ ਤੇ ਆਪਣੇ ਭਰਮਾਂ ਵਿੱਚੋਂ ਨਿਕਲਾਂਗੇ। ਸ਼ਬਦਾਂ ਦੀ ਕਥਨੀ ਦੁਆਰਾ ਅਸੀਂ ਭਰਮਾਂ ਵਿਚੋਂ ਨਹੀਂ ਨਿਕਲ ਸਕਦੇ, ਹਉਮੈ ਵਿੱਚੋਂ ਨਹੀਂ ਨਿਕਲ ਸਕਦੇ, ਜਮਕਾਲ ਤੋਂ ਛੁਟਕਾਰਾ ਨਹੀਂ ਪਾ ਸਕਦੇ। (**ਹਉਮੈ ਦੂਜਾ ਸਬਦਿ ਜਲਾਵੈ ॥**) ਸ਼ਬਦ ਦੀ ਮਤਿ ਨਾਲ ਜੁੜਨਾ ਹੀ ਆਪਣੇ ਆਪ ਨੂੰ ਨਾਮ ਦੇ ਨਾਲ ਰੱਤਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਰੱਤਣਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਤੇ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਭਾਵ ਗੁਰਮਤਿ ਦੀ ਸੱਚੀ ਸੋਝੀ ਦੁਆਰਾ ਵਿਚਰਨਾ ਹੀ, ਅਉਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣਨ ਦੁਆਰਾ ਜਮਕਾਲ ਤੋਂ ਰਹਿਤ ਹੋ ਕੇ, ਹਉਮੈ ਤੋਂ ਰਹਿਤ ਹੋ ਕੇ ਨਾਮ ਦੀ ਸੱਚੀ ਸੋਝੀ ਦੁਆਰਾ

ਗਾਏ ਹਨ। (**ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥**)

40/5201

ਪ੍ਰਮਾਤਮਾ ਦਾ ਗੁਰਮੁਖਿ ਰੂਪ ਉਸ ਦਾ ਭਗਤ ਰੂਪ ਹੈ ਜੋ ਇਸ ਮਾਇਆ ਰੂਪ ਜਮਕਾਲ ਤੋਂ ਰਹਿਤ ਹੁੰਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ ॥

ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥"

ਜਦ ਤਕ ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਨਹੀਂ ਕਰਦਾ ਭਾਵ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰ ਕੇ ਆਪਣਾ ਭਗਤ ਰੂਪ, ਗੁਰੂ ਰੂਪ, ਗੁਰਮੁਖਿ ਰੂਪ, ਸਾਧ ਰੂਪ ਧਾਰਣ ਨਹੀਂ ਕਰਦਾ ਤਦ ਤਕ ਕੋਈ ਸੰਸਾਰ ਵਿਚ ਅਜ ਤਕ ਕੋਈ ਐਸਾ ਨਹੀਂ ਜੰਮਿਆ ਜੋ ਸਮਝ ਸਕੇ ਕਿ ਮਾਇਆ ਕੀ ਹੈ। ਇਸ ਗੱਲ ਨੂੰ ਦੋਹਰਾਇਆ ਜਾਂਦਾ ਹੈ ਕਿ ਮਨ ਦੇ ਵਿਚ ਪ੍ਰਮਾਤਮਾ ਦੇ ਆਪ ਸਮਝਾਏ ਬਿਨਾ ਕੋਈ ਇਸ ਗੱਲ ਨੂੰ ਪੂਰੇ ਸਮਾਜ ਵਿੱਚ ਨਹੀਂ ਸਮਝ ਸਕਦਾ ਕਿ ਇਹ **"ਮਾਇਆ"** ਕੀ ਹੈ। ਮਾਇਆ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਜਿਸ ਦੀ ਸਮਝ ਹੀ ਅਕਾਲਪੁਰਖ ਵੱਲੋਂ ਦਿੱਤੀ ਹੋਈ ਸਮਝ ਵਾਲੀ ਮਤਿ ਨਾਲ ਪੈਂਦੀ ਹੈ ਤੇ ਇਸ ਨੂੰ ਸਮਝਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਸਾਰਾ ਸੰਸਾਰ ਇਸੇ ਮਾਇਆ ਵਿਚ ਵਿਚਰਦਾ ਹੈ ਜਿਸ ਦੇ ਰਹਿੰਦਿਆਂ ਕੋਈ ਨਹੀਂ ਜਾਣਦਾ ਕਿ ਸਾਡੇ ਅੰਦਰ ਇਹ ਮਾਇਆ ਕਿਸ ਨੇ ਪਾਈ ਹੈ ਤੇ ਕਿਸ ਰੂਪ ਵਿੱਚ ਪਾਈ ਹੈ। ਇਸ ਨੂੰ ਜਾਨਣਾ ਹੀ ਸੰਸਾਰ ਦਾ ਇੱਕੋ ਇੱਕ ਅਸਚਰਜ ਹੈ, ਅਚੰਬਾ ਹੈ, ਚਮਤਕਾਰ ਹੈ ਜਿਸ ਨੂੰ ਕਿਸੇ ਵੀ ਸਾਇੰਟਿਫਿਕ ਤਰੀਕੇ ਦੁਆਰਾ ਨਹੀਂ ਸਮਝਿਆ ਜਾ ਸਕਦਾ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਆਪਣਾ ਚਮਤਕਾਰ ਕਿਸ ਨੂੰ ਦਿਖਾਉਂਦਾ ਹੈ ਜੋ ਚਮਤਕਾਰ ਉਹ ਕਦੇ ਹੀ ਸੰਸਾਰ ਵਿੱਚ ਕਿਸੇ ਵਿਰਲੇ ਨੂੰ ਭਾਵ ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਦਿਖਾਉਂਦਾ ਹੈ ਤੇ ਉਹ ਕਿਸ ਮਕਸਦ ਲਈ ਦਿਖਾਉਂਦਾ ਹੈ ਇਹ ਉਹ ਆਪ ਹੀ ਜਾਣਦਾ ਹੈ। ਪ੍ਰਮਾਤਮਾ ਦਾ ਕੇਵਲ ਭਗਤ ਰੂਪ ਹੀ ਇਸ ਮਾਇਆ ਨੂੰ ਜਾਣਦਾ ਹੈ ਤੇ ਜੋ ਇਸ ਮਾਇਆ ਨੂੰ ਨਹੀਂ ਜਾਣਦਾ ਉਹ ਪ੍ਰਮਾਤਮਾ ਦਾ ਭਗਤ ਨਹੀਂ ਹੋ ਸਕਦਾ ਭਾਵੇਂ ਆਪਣੇ ਆਪ ਨੂੰ ਭਗਤ ਅਖਵਾਉਣ ਵਾਲੇ, ਭਗਤੀ ਦੇ ਗਿਆਤਾ ਅਖਵਾਉਣ ਵਾਲੇ, ਭਗਤੀ ਦੇ ਮਾਰਗ ਤੇ ਉੱਚੇ ਅਖਵਾਉਣ ਵਾਲੇ ਲੱਖਾਂ ਕਰੋੜਾਂ ਹੀ ਹਨ। ਇਹ ਉਹਨਾਂ ਦੇ ਅੰਦਰ ਦੀ ਮਾਇਆ ਹੈ ਭਾਵ ਭਰਮ ਵਾਲੀ ਮਤਿ ਹੈ ਜੋ ਉਹਨਾਂ ਕੋਲੋਂ ਇਹ ਕੁਝ ਅਖਵਾਉਂਦੀ ਹੈ, ਮਨ ਦੇ ਭਰਮਾਂ ਰਾਹੀਂ ਪੁੱਠੀ ਪੱਟੀ ਪੜਾਉਂਦੀ ਹੈ। ਸਾਰਾ ਸੰਸਾਰ ਇਸ ਤ੍ਰੈ ਗੁਣਾਂ ਵਾਲੀ

40/5202

ਅਵਸਥਾ ਵਿਚ ਹੀ ਹੈ, ਹਉਮੈ ਵਿਚ ਹੀ ਹੈ, ਮਾਇਆ ਮੋਹ ਵਿਚ ਹੀ ਹੈ। ਇਹ ਮਾਇਆ ਕੇਵਲ ਤੇ ਕੇਵਲ ਉਸਦੀ ਆਪਣੀ ਦਾਸੀ ਹੈ ਜੋ ਉਸੇ ਦਾ ਕਹਿਣਾ ਹੀ ਮੰਨਦੀ ਹੈ। ਇਸ ਮਾਇਆ ਦੇ ਰੂਪ ਵਿਚ ਵੀ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਉਸ ਨੇ ਆਪ ਹੀ ਸਾਰੇ ਸੰਸਾਰ ਨੂੰ ਭਰਮਾਂ ਵਿੱਚ ਰਖਿਆ ਹੋਇਆ ਹੈ, ਆਪਣੇ ਆਪ ਨੂੰ ਪੜਦੇ ਵਿੱਚ ਰੱਖਿਆ ਹੋਇਆ ਹੈ ਭਾਵ ਇਸ ਮਾਇਆ ਦੇ ਰਹਿੰਦਿਆਂ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜ਼ਾ ਹੈ ਕਿ ਉਹ ਆਪਣੇ ਆਪ ਨੂੰ ਪ੍ਰਗਟ ਕਰੇ, ਭਗਤ ਰੂਪ ਵਿਚ ਪ੍ਰਗਟ ਕਰੇ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਲਈ ਆਪਣੇ ਆਪ ਨੂੰ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਕਰਕੇ ਆਪਣਾ ਭਗਤ ਰੂਪ ਧਾਰਿਆ ਹੈ। ਪ੍ਰਮਾਤਮਾ ਦੇ ਭਗਤ ਹੂ ਬ ਹੂ ਭਾਵ 100/100 ਭਾਵ (100%) ਸੌ ਪਰਸੈਂਟ ਪ੍ਰਮਾਤਮਾ ਦਾ ਹੀ ਰੂਪ ਹੁੰਦੇ ਹਨ ਜੋ ਸਮਝ ਉਹਨਾਂ ਨੂੰ ਹੀ ਲੱਗ ਸਕਦੀ ਹੈ ਤੇ ਹੋਰ ਕਿਸੇ ਨੂੰ ਨਹੀਂ ਲਗ ਸਕਦੀ ਕਿਉਂਕਿ ਇਹ ਸਾਰਾ ਚਮਤਕਾਰ ਮਨ ਦੇ ਵਿੱਚ ਹੀ ਹੁੰਦਾ ਹੈ ਜਿਸਨੂੰ ਉਹਨਾਂ ਦਾ ਆਪਣਾ ਮਨ ਹੀ ਜਾਣ ਸਕਦਾ ਹੈ ਤੇ ਕਿਸੇ ਨੂੰ ਇਹ ਚਮਤਕਾਰ ਵਿਖਾਇਆ ਨਹੀਂ ਜਾ ਸਕਦਾ। ਜਦੋਂ ਕਿਸੇ ਨੂੰ ਇਸ ਦੀ ਸਮਝ ਲਗੇਗੀ ਤਾਂ ਭਾਈ ਆਪਣੇ ਅੰਦਰੋਂ ਹੀ ਲਗੇਗੀ ਪਰ ਸਾਡੇ ਲਈ ਗੁਰੂ ਦੀ ਗੱਲ ਤੇ ਵਿਸ਼ਵਾਸ ਰਖਣਾ ਸਾਡਾ ਫਰਜ ਬਣਦਾ ਹੈ ਕਿ ਗੁਰੂ ਜੋ ਕਹਿੰਦਾ ਹੈ ਉਹ ਸਾਨੂੰ ਆਪ ਪ੍ਰਮਾਤਮਾ ਹੀ ਕਹਿ ਰਿਹਾ ਹੈ ਤੇ ਅਸੀਂ ਉਸ ਨੂੰ ਸੱਚ ਕਰਕੇ ਮੰਨੀਏ ਕਿਉਂਕਿ ਪ੍ਰਮਾਤਮਾ ਜੋ ਆਪ ਹੀ ਗੁਰੂ ਰੂਪ ਹੈ, ਜੋ **"ਸਚੁ"** ਰੂਪ ਹੈ ਉਹ ਕਦੇ ਝੂਠ ਨਹੀਂ ਬੋਲ ਸਕਦਾ। ਜੇ ਸਾਨੂੰ ਗੁਰੂ ਸਾਹਿਬ ਇਹ ਕਹਿ ਰਹੇ ਹਨ ਕਿ ਮਾਇਆ ਭਗਤਾਂ ਦੀ ਦਾਸੀ ਹੈ ਫਿਰ ਉਹ ਕੇਵਲ ਭਗਤਾਂ ਦੀ ਹੀ ਦਾਸੀ ਹੈ ਭਾਵ ਉਹ ਹੋਰ ਕਿਸੇ ਦੀ ਦਾਸੀ

ਨਹੀਂ ਹੋ ਸਕਦੀ ਭਾਵ ਜੇਕਰ ਅੰਦਰ ਦੀ ਮਾਇਆ ਨੂੰ ਕਿਸੇ ਨੇ ਜਾਣਿਆ ਹੈ ਤੇ ਉਹ ਪ੍ਰਮਾਤਮਾ ਦਾ ਰੂਪ ਬਣਕੇ ਹੀ ਜਾਣਿਆ ਹੈ। ਆਪਣੇ ਭਗਤਾਂ ਦੇ ਅੰਦਰ ਪ੍ਰਮਾਤਮਾ ਚਉਥੇ ਪਦ ਦੇ ਗਿਆਨ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ, ਬ੍ਰਹਮ ਗਿਆਨ ਵਾਲੀ ਮਤਿ ਦੇ ਦੁਆਰਾ ਪ੍ਰਗਟ ਹੁੰਦਾ ਹੈ। ਸਾਡੇ ਅੰਦਰ ਦੀ ਮਾਇਆ ਭਾਵ ਤ੍ਰੈ ਗੁਣਾਂ ਵਾਲੀ ਮਤਿ, ਅਗਿਆਨਤਾ ਵਾਲੀ ਮਤਿ ਸੱਚੇ ਗਿਆਨ ਦੀ ਦਾਸੀ ਬਣਕੇ ਵਿਚਰਦੀ ਹੈ ਭਾਵ ਮਨ ਦੀ ਸੱਚੀ ਸਮਝ ਦੇ ਅੱਗੇ ਅਗਿਆਨਤਾ ਵਾਲੀ ਮਤਿ ਦੀ ਪੇਸ਼ ਨਹੀਂ ਜਾਂਦੀ ਭਾਵ ਇਹ ਉਹਨਾਂ ਦੇ ਕਹਿਣੇ ਅਨੁਸਾਰ ਚਲਦੀ ਹੈ ਭਾਵ ਇਸ ਮਾਇਆ ਵਾਲੀ ਮਤਿ ਦਾ ਰੂਪ ਬਦਲ ਜਾਂਦਾ ਹੈ

40/5203

ਜੋ ਕਿ ਭਗਤਾਂ ਦੀ ਮਤਿ ਅਨੁਸਾਰ ਕਾਰ ਕਮਾਉਂਦੀ ਹੈ ਭਾਵ ਭਗਤਾਂ ਦੀ ਵਿਚਰਨ ਮਾਇਆ ਮੋਹ ਤੋਂ ਰਹਿਤ ਹੁੰਦੀ ਹੈ, ਭਗਤੀ ਦੀ ਸੱਚੀ ਸਮਝ ਵਾਲੀ ਹੁੰਦੀ ਹੈ ਜੋ ਆਪ ਉਸ ਮਤਿ ਦੁਆਰਾ ਵਿਚਰਦੇ ਹਨ, ਸੱਚ ਦੁਆਰਾ ਵਿਚਰਦੇ ਹਨ ਤੇ ਸੰਸਾਰ ਨੂੰ ਵੀ ਭਗਤੀ ਦਾ ਸੱਚਾ ਮਾਰਗ ਸਮਝਾਉਂਦੇ ਹਨ। (**ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥**) ਮਾਇਆ ਭਗਤਾਂ ਦੀ ਦਾਸੀ ਕਿਵੇਂ ਬਣਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਚਰਣੀ ਲਾਗੈ ਤਾ ਮਹਲੁ ਪਾਵੈ ॥ ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥”

ਉਪਰ ਭਗਤਾਂ ਦੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਕਿ ਉਹਨਾਂ ਨੇ ਪ੍ਰਮਾਤਮਾ ਦੇ ਮਹਲ ਦੀ ਪ੍ਰਾਪਤੀ ਕਿਸ ਤਰੀਕੇ ਕੀਤੀ ਹੈ। ਪ੍ਰਮਾਤਮਾ ਦਾ ਮਹਲ ਸਾਡੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਜੋ ਕਿ ਸੱਚੇ ਗਿਆਨ ਦਾ ਮਹਲ ਹੈ, ਬ੍ਰਹਮ ਗਿਆਨ ਦਾ ਮਹਲ ਹੈ। ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ ਮਨ ਦੇ ਵਿੱਚੋਂ ਹੀ ਉਪਜਦੇ ਹਨ ਪਰ ਇਹ ਵਿਚਾਰ ਜਦ ਤਕ ਮਾਇਆ ਰੂਪ ਹਨ ਤਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਲ ਨੂੰ ਨਹੀਂ ਜਾਣ ਸਕਦੇ। ਜਦੋਂ ਇਹ ਮਾਇਆ ਵਾਲੇ ਵਿਚਾਰ ਭਗਤਾਂ ਦੇ ਚਰਣੀ ਲਗ ਜਾਂਦੇ ਹਨ ਭਾਵ ਭਗਤਾਂ ਦੀ ਮਤਿ ਦੇ ਅੱਗੇ ਝੁੱਕ ਜਾਂਦੇ ਹਨ ਭਾਵ ਜਦੋਂ ਤ੍ਰੈ ਗੁਣਾਂ ਵਾਲੀ ਮਤਿ ਆਪਣਾ ਆਪ ਛੱਡ ਦਿੰਦੀ ਹੈ ਭਾਵ ਹਉਮੈ ਨਾਮ ਵਾਲੀ ਮਤਿ ਦੇ ਅੱਗੇ ਮੱਥਾ ਟੇਕ ਦਿੰਦੀ ਹੈ ਭਾਵ ਜਦੋਂ ਸਾਡੀ ਅਗਿਆਨਤਾ ਵਾਲੀ ਮਤਿ ਸੱਚੇ ਗਿਆਨ ਵਾਲੀ ਮਤਿ ਦੇ ਅੱਗੇ ਝੁੱਕ ਜਾਂਦੀ ਹੈ ਤਾਂ ਇਹੋ ਜਿਹੇ ਮਨ ਦੀ ਅਵਸਥਾ ਹੀ ਪ੍ਰਮਾਤਮਾ ਦੇ ਮਹਲ ਦੀ ਪ੍ਰਾਪਤੀ ਹੈ। ਸੱਚਾ ਗਿਆਨ ਆਪਣੇ ਮਹਲ ਵਿਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਆਪ ਹੀ ਆਪਣੀ ਦਿੱਤੀ ਹੋਈ ਭਰਮਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ ਤੇ ਤਾਂ ਹੀ ਮਨੁੱਖ ਨੂੰ ਪਤਾ ਲਗਦਾ ਹੈ ਕਿ ਸਾਡੇ ਅੰਦਰ ਵਿਚਾਰਾਂ ਦਾ ਦਾਤਾ ਕੌਣ ਹੈ, ਸਾਡੀ ਮਤਿ ਦਾ ਦਾਤਾ ਕੌਣ ਹੈ। ਭਰਮਾਂ ਵਾਲੀ ਮਤਿ ਕਰਕੇ ਮਨੁੱਖ, ਮਾਇਆ ਮੋਹ ਵਾਲੀ ਮਤਿ ਕਰਕੇ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਆਪਣੀ ਵੱਖਰੀ ਹੋਂਦ ਸਮਝਦਾ ਹੈ। ਇਹ ਸਾਡੀ ਹਉਮੈ ਹੈ ਜੋ ਸਾਡੇ ਅੰਦਰ ਦੀ ਭਰਮਾਂ ਵਾਲੀ ਮਤਿ ਆਪ ਹੀ ਸਾਨੂੰ ਸਿਖਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਤੇ ਪ੍ਰਮਾਤਮਾ ਪਤਾ ਨਹੀਂ ਕੀ ਹੈ, ਉਹ ਕੌਣ ਹੈ। ਮਨ ਦਾ ਇਹ ਭਰਮ ਪ੍ਰਮਾਤਮਾ ਆਪ ਹੀ ਕੱਢਦਾ ਹੈ ਤੇ ਮਨੁੱਖ ਨੂੰ ਸਮਝ ਲਗਦੀ ਹੈ ਕਿ ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜਦ ਤਕ ਸਾਡੇ ਅੰਦਰ ਮਾਇਆ ਹੈ ਤਦ ਤਕ ਕੋਈ ਪ੍ਰਮਾਤਮਾ ਦੇ

40/5204

ਮਹਲ ਦੀ ਪ੍ਰਾਪਤੀ ਨਹੀਂ ਕਰ ਸਕਦਾ। ਜਦੋਂ ਇਹ ਮਾਇਆ ਭਾਵ ਭਰਮਾਂ ਵਾਲੀ ਮਤਿ ਸੱਚੀ ਮਤਿ ਦੇ ਚਰਨਾਂ ਤੇ ਡਿੱਗ ਪੈਂਦੀ ਹੈ ਫਿਰ ਇਹ ਮਤਿ ਸਦਾ ਲਈ **“ਨਿਰਮਲੁ”** ਹੋ ਜਾਂਦੀ ਹੈ ਭਾਵ ਪਵਿੱਤਰ ਹੋ ਜਾਂਦੀ ਹੈ, ਭਰਮਾਂ ਤੋਂ, ਅਗਿਆਨਤਾ ਤੋਂ, ਵਿਕਾਰਾਂ ਤੋਂ ਰਹਿਤ ਹੋ ਜਾਂਦੀ ਹੈ ਤੇ ਪ੍ਰਮਾਤਮਾ ਦੀ ਭਗਤੀ ਮਨ ਦੀ ਇਸ ਅਵਸਥਾ ਦੁਆਰਾ ਹੁੰਦੀ ਹੈ। ਇਹੋ ਜਿਹੀ ਮਤਿ **“ਸਹਜਿ”** ਵਿੱਚ ਸਮਾ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਵਿੱਚ ਸਮਾ ਜਾਂਦੀ ਹੈ, ਚਉਥੇ ਪਦ ਦੇ ਗਿਆਨ ਵਿੱਚ ਸਮਾ ਜਾਂਦੀ ਹੈ। ਇਹ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਹੈ ਜੋ ਕਿ ਮਾਇਆ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦੁਆਰਾ ਹੀ ਹੁੰਦਾ ਹੈ। ਬ੍ਰਹਮਾ ਆਦਿ ਵੀ ਤੇ ਵੱਡੇ ਵੱਡੇ ਰਿਸ਼ੀ ਮੁਨੀ ਆਦਿ ਵੀ ਮਨ ਦੀ ਇਸ ਮਾਇਆ ਵਿੱਚੋਂ ਨਹੀਂ ਨਿਕਲ ਸਕੇ ਤੇ ਇਸੇ ਲਈ ਨਾ ਕਿਸੇ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਨਾ ਹੀ ਇਹੋ ਜਿਹਿਆਂ ਨੂੰ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪਾਈ ਹੈ। ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਭਗਤੀ ਦੇ ਸੱਚੇ ਮਾਰਗ ਨੂੰ ਜਾਨਣਾ ਕਿਉਂਕਿ ਆਪਣੀ ਸੱਚੀ ਭਗਤੀ ਦਾ ਮਾਰਗ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਕਿਸੇ ਨੂੰ ਸਮਝਾਉਂਦਾ ਹੈ ਤੇ ਸੰਸਾਰ ਜਿਹੋ ਜਿਹੀ ਭਗਤੀ ਵਿੱਚ ਲੱਗਾ ਹੋਇਆ ਹੈ ਉਹ ਕੇਵਲ ਭਗਤੀ ਦੇ ਦਿਖਾਵੇ ਹਨ ਤੇ ਜਿਸਨੇ ਉਹ ਤਰੀਕੇ ਸਿਖਾਏ ਹਨ ਉਹ ਸਾਡੇ ਅੰਦਰ ਦੀ ਮਾਇਆ ਹੈ ਭਾਵ ਭਰਮਾਂ ਵਾਲੀ ਮਤਿ ਨੇ ਸਾਨੂੰ ਇਹ ਸਭ ਕੁਝ ਸਿਖਾਇਆ ਹੈ ਜਿਸ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਹੀ ਕੱਢ ਸਕਦੀ ਹੈ

ਤੇ ਅਸੀਂ ਤਾਂ ਨਿਕਲਾਂਗੇ ਜਦੋਂ ਸਾਡੀ ਮਾਇਆ ਵਾਲੀ ਮਤਿ ਗੁਰੂ ਦੀ ਮਤਿ ਦੇ ਚਰਣੀ ਪਵੇਗੀ। (**ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ ॥ ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥**)

{ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੧-੯੨)

ਭਗਤਾਂ ਨੂੰ ਸੱਚੀ ਮਤਿ ਕਿਸ ਰੂਪ ਵਿੱਚ ਮਿਲਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥
ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥
ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥"

40/5205

ਜੋ ਪ੍ਰਮਾਤਮਾ ਦੀ ਕਥਾ ਸਾਨੂੰ ਭਗਤਾਂ ਨੇ ਸੁਣਾਈ ਹੈ ਭਾਵ ਗੁਰਬਾਣੀ ਰਾਹੀਂ ਉਚਾਰੀ ਹੈ ਉਹਨਾਂ ਨੇ ਇਹ ਕਥਾ ਪਹਿਲੇ ਪ੍ਰਮਾਤਮਾ ਕੋਲੋਂ ਆਪ ਸੁਣੀ ਹੈ, ਮਨ ਦੇ ਵਿੱਚ ਸਹਜ ਗਿਆਨ ਦੁਆਰਾ ਸੁਣੀ ਹੈ, ਸ਼ਬਦਾਂ ਦੇ ਰੂਪ ਵਿੱਚ ਸੁਣੀ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਉਹਨਾਂ ਨੂੰ ਧਨਵੰਤ ਬਣਾਇਆ ਹੈ ਭਾਵ ਨਾਮ ਧਨ ਨਾਲ ਨਿਵਾਜਿਆ ਹੈ, ਬ੍ਰਹਮ ਗਿਆਨ ਨਾਲ ਨਿਵਾਜਿਆ ਹੈ। ਜੋ ਧਨ ਉਹਨਾਂ ਨੂੰ ਪ੍ਰਮਾਤਮਾ ਨੇ ਦਿੱਤਾ ਹੈ ਉਹ ਧਨ ਪੂਰੇ ਜਗ ਲਈ ਹੈ, ਪੂਰੇ ਸੰਸਾਰ ਲਈ ਹੈ ਭਾਵ ਸੰਸਾਰ ਦੇ ਵਿੱਚ ਇਸ ਤੋਂ ਵੱਡੇ ਧਨ ਵਾਲਾ, ਗਿਆਨ ਦੇ ਧਨ ਵਾਲਾ ਹੋਰ ਕੋਈ ਨਹੀਂ ਹੋ ਸਕਦਾ ਕਿਉਂਕਿ ਇਹੀ ਸੰਸਾਰ ਦਾ ਸਭ ਤੋਂ ਵੱਡਾ ਸੱਚੇ ਗਿਆਨ ਦਾ ਧਨ ਹੈ ਜੋ ਸਾਰੇ ਸੰਸਾਰ ਨੂੰ ਇਕੋ ਜਿਹੇ ਧਰਮ ਦੇ ਮਾਰਗ ਤੇ ਪਾਉਂਦਾ ਹੈ। (**ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥**) ਪ੍ਰਮਾਤਮਾ ਦੀ ਕਥਾ ਸੁਨਾਉਣ ਦੁਆਰਾ ਉਹਨਾਂ ਨੇ ਸਾਨੂੰ ਪ੍ਰਮਾਤਮਾ ਦੀ ਪੂਜਾ ਕਰਨੀ ਹੀ ਸਿਖਾਈ ਹੈ ਤੇ ਜੇਕਰ ਅਸੀਂ ਉਹਨਾਂ ਦੇ ਵਿਚਾਰਾਂ ਅੱਗੇ ਨਿਵਾਂਗੇ ਭਾਵ ਨੀਵੇਂ ਹੋਵਾਂਗੇ ਭਾਵ ਆਪਣੀ ਮਤਿ ਨੂੰ ਗੁਰੂ ਦੀ ਮਤਿ ਅੱਗੇ ਨੀਵਾਂ ਕਰਾਂਗੇ ਭਾਵ ਆਪਣੀ ਮਤਿ ਛੱਡਣ ਦੁਆਰਾ ਹੀ ਅਸੀਂ ਪ੍ਰਮਾਤਮਾ ਦੀ ਅੱਠੇ ਪਹਿਰ ਪੂਜਾ ਕਰ ਸਕਦੇ ਹਾਂ, ਹਰ ਵੇਲੇ ਪੂਜਾ ਕਰ ਸਕਦੇ ਹਾਂ ਕਿਉਂਕਿ ਜਦੋਂ ਇੱਕ ਵਾਰੀ ਅਸੀਂ ਗੁਰੂ ਦੀ ਮਤਿ ਨੂੰ ਮੰਨ ਲਵਾਂਗੇ ਫਿਰ ਹਰ ਵੇਲੇ ਉਸੇ ਮਤਿ ਦੁਆਰਾ ਵਿਚਰਾਂਗੇ। ਇਹ ਮਤਿ ਸਾਰੇ ਸੰਸਾਰ ਦੇ ਮੰਨਣ ਲਈ ਹੈ ਜਿਸ ਦੁਆਰਾ ਹਰ ਕੋਈ ਪ੍ਰਮਾਤਮਾ ਨੂੰ ਪੂਜ ਸਕਦਾ ਹੈ। ਭਗਤਾਂ ਦੀ ਮਤਿ ਦੇ ਅੱਗੇ ਨਿਵਣਾ ਹੀ ਉਹਨਾਂ ਅੱਗੇ ਨਿਵਣਾ ਹੈ, ਪ੍ਰਮਾਤਮਾ ਅੱਗੇ ਨਿਵਣਾ ਹੈ। (**ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥**) ਭਗਤ ਜੋ ਮਤਿ ਸੰਸਾਰ ਨੂੰ ਦਿੰਦੇ ਹਨ ਉਹ ਸੱਚੀ ਮਤਿ ਹੀ ਦਿੰਦੇ ਹਨ ਕਿਉਂਕਿ ਉਹਨਾਂ ਨੂੰ ਮਨ ਦੇ ਵਿੱਚ ਪਹਿਲੇ ਪ੍ਰਮਾਤਮਾ, ਉਹ ਸਚੁ ਰੂਪ ਪ੍ਰਮਾਤਮਾ ਆਪ ਸੱਚਾ ਬਣਾਉਂਦਾ ਹੈ, ਸਹਜ ਦੀ ਅਵਸਥਾ ਦੁਆਰਾ, ਚਉਥੇ ਪਦ ਦੇ ਗਿਆਨ ਦੁਆਰਾ ਸੱਚਾ ਬਣਾਉਂਦਾ ਹੈ ਜਿਸ ਦੁਆਰਾ ਉਹ ਮਤਿ ਹਰ ਅਉਗਣ ਤੋਂ, ਹਰ ਭਰਮ ਤੋਂ ਰਹਿਤ ਹੁੰਦੀ ਹੈ ਜਿਸ ਦੁਆਰਾ ਉਹ ਆਪਣਾ ਜੀਵਨ ਗੁਣਾਂ ਵਾਲੀ ਮਤਿ ਦੁਆਰਾ ਵਿਚਰਦੇ ਹਨ ਤੇ ਇਹੋ ਕੁਝ ਹੀ ਸੱਚੀ ਮਤਿ ਵਾਲਾ ਜੀਵਨ ਸੰਸਾਰ ਨੂੰ ਸਮਝਾਉਂਦੇ ਹਨ। (**ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥**) ਪ੍ਰਮਾਤਮਾ ਸਾਡੇ ਸਭ ਦੇ ਅੰਦਰ ਸਹਜ ਦੇ ਰੂਪ ਵਿੱਚ ਹੀ ਹੈ ਭਾਵ ਚਉਥੇ ਪਦ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ। ਪ੍ਰਮਾਤਮਾ ਜਿਸ ਨੂੰ ਮਨ ਦੇ ਵਿੱਚ ਜਦੋਂ ਆਪ ਆਪਣਾ **"ਸਬਦੁ"** ਸੁਣਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਸੁਣਾਉਂਦਾ ਹੈ ਤਾਂ ਹੀ ਕੋਈ ਮਨ ਦੇ ਰਾਹੀਂ ਸੱਚਾ ਬਣਦਾ ਹੈ ਤੇ

40/5206

ਮਨੁੱਖ ਦੀ ਤ੍ਰੈ ਗੁਣਾਂ ਵਾਲੀ ਮਤਿ ਤੋਂ ਖਲਾਸੀ ਹੁੰਦੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥

ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੯॥੪॥”

ਉਪਰ ਪਦੇ ਰਾਹੀਂ ਭਗਤਾਂ ਦੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿਸ ਅਵਸਥਾ ਦੁਆਰਾ ਉਹਨਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਪੂਰਾ ਸਤਿਗੁਰੂ ਪ੍ਰਮਾਤਮਾ ਆਪ ਹੈ ਜੋ ਹਰ ਗੱਲ ਵਿੱਚ ਪੂਰਨ ਹੈ ਕਿਉਂਕਿ ਉਹ ਪੂਰਨ ਗਿਆਨ ਦਾ ਮਾਲਕ ਹੈ। ਮਨ ਦੇ ਵਿੱਚ ਜਿਸ ਨੂੰ ਪ੍ਰਮਾਤਮਾ ਸੱਚਾ ਬਣਾਉਂਦਾ ਹੈ ਉਸ ਨੂੰ ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਹੀ ਬਣਾਉਂਦਾ ਹੈ। ਮਨ ਦੇ ਵਿਚ ਉਹ ਆਪ ਹੀ ਆਪਣੇ ਸ਼ਬਦ ਸੁਣਾਉਂਦਾ ਹੈ ਤੇ ਜੋ ਸ਼ਬਦ ਉਹ ਸੁਣਾਉਂਦਾ ਹੈ ਉਹੀ ਸ਼ਬਦ ਮਨੁੱਖ ਮੁੱਖੋਂ ਉਚਾਰਦਾ ਹੈ। ਉਸ ਦਾ ਸੁਣਾਇਆ ਹੋਇਆ ਹਰ ਸ਼ਬਦ ਗੁਰਬਾਣੀ ਵਿੱਚ ਉਸੇ ਤਰ੍ਹਾਂ ਦਰਜ ਹੈ। ਜਿਸਨੂੰ ਪ੍ਰਮਾਤਮਾ ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ, ਹਉਮੈ ਵਿੱਚੋਂ ਕੱਢਦਾ ਹੈ, ਮਾਇਆ ਮੋਹ ਵਿੱਚੋਂ ਕੱਢਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਉਸ ਨੂੰ ਮਨ ਦੇ ਵਿੱਚ **“ਸਬਦੁ”** ਸੁਨਾਉਣ ਦੁਆਰਾ ਹੀ ਕੱਢਦਾ ਹੈ। ਸ਼ਬਦਾਂ ਦਾ ਗਿਆਨ ਚਉਥੇ ਪਦ ਦਾ ਗਿਆਨ ਹੈ, ਸਹਜ ਦੀ ਅਵਸਥਾ ਵਾਲਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਜੋ ਕਿ ਬਹੁਤ ਹੀ ਉੱਚਾ ਗਿਆਨ ਹੈ ਜੋ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਹਰ ਭਰਮ ਤੋਂ ਰਹਿਤ ਹੈ ਭਾਵ ਉਸ ਵਿੱਚ ਪੂਰਨ ਸੱਚ ਹੈ, ਨਾਮ ਹੈ ਜਿਸ ਸਮਝ ਦੁਆਰਾ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ, ਹਉਮੈ ਵਾਲੀ ਅਵਸਥਾ ਵਿੱਚੋਂ ਮੁਕਤਿ ਹੁੰਦਾ ਹੈ ਜਿਸ ਤਰੀਕੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਹੀ ਮੇਲ ਹੁੰਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਕਰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਮਾਇਆ ਮੋਹ ਵਿੱਚ ਰਹਿੰਦੇ ਹੋਏ, ਹਉਮੈ ਵਿੱਚ, ਤ੍ਰੈ ਗੁਣਾਂ ਵਿੱਚ ਰਹਿੰਦੇ ਹੋਏ ਜਿਸ ਅਵਸਥਾ ਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ ਕੀ ਅਸੀਂ ਆਪਣੇ ਕਿਸੇ ਤਰੀਕਿਆਂ ਨਾਲ ਭਾਵ ਸਰੀਰਕ ਕਿਰਿਆਵਾਂ ਆਦਿ ਨਾਲ, ਸਰੀਰਕ ਜਪਾਂ ਤਪਾਂ ਆਦਿ ਨਾਲ ਕਦੇ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਭਾਵ ਕਦੇ ਨਹੀਂ ਪਾ ਸਕਦੇ। ਪ੍ਰਮਾਤਮਾ ਨੂੰ ਸਮਝਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ ਤੇ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਦਾ ਮਕਸਦ ਹੀ, ਮਾਇਆ ਦਾ ਮਕਸਦ ਹੀ ਅਸਮਰਥ ਬਣਾਕੇ ਰੱਖਣ ਦਾ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਸਾਨੂੰ ਆਪਣੀ ਮਾਇਆ ਦੁਆਰਾ ਅਸਮਰਥ ਕੀਤਾ ਹੋਇਆ ਹੈ ਤੇ ਕੀ ਕਦੇ ਮਨ

40/5207

ਦੀ ਮਾਇਆ ਸਾਡੇ ਕਹਿਣ ਤੇ ਬਦਲ ਸਕਦੀ ਹੈ ਭਾਵ ਕੀ ਸਾਡਾ ਵੱਸ ਮਾਇਆ ਤੇ ਚਲ ਸਕਦਾ ਹੈ ਤੇ ਜੇਕਰ ਵੱਸ ਨਹੀਂ ਚੱਲ ਸਕਦਾ ਤੇ ਫਿਰ ਕੀ ਅਸੀਂ ਕਦੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਇਹ ਖੇਡ ਸਾਰੀ ਮਨ ਦੀ ਹੈ ਭਾਵ ਮਨ ਨੂੰ ਸਮਝਾਉਣ ਦੀ ਹੈ ਤੇ ਪ੍ਰਮਾਤਮਾ ਨੇ ਸਾਡੇ ਵਾਸਤੇ ਇਹੀ ਉਦਮ ਦੱਸਿਆ ਹੋਇਆ ਹੈ, ਬਾਰ-ਬਾਰ ਬਾਣੀ ਅਨੁਸਾਰ ਸਮਝਾਇਆ ਹੋਇਆ ਹੈ ਕਿ ਸ਼ਬਦਾਂ ਦੀ ਕਥਨੀ ਦੁਆਰਾ ਸਾਡਾ ਕੁਝ ਨਹੀਂ ਸਵਰਨਾ, ਨਾ ਹੀ ਕਿਸੇ ਸਰੀਰਕ ਕ੍ਰਿਆਵਾਂ ਨੇ ਕੰਮ ਆਉਣਾ ਹੈ ਭਾਵ ਸਭ ਵਿਅਰਥ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ ਤਾਂ ਸਾਡੇ ਲਈ ਇੱਕੋ ਇੱਕ ਸੱਚਾ ਉਦਮ ਇਹੀ ਹੈ ਕਿ ਅਸੀਂ ਉਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਛੱਡੀਏ ਜਿੰਨ੍ਹਾਂ ਨੇ ਕਿਸੇ ਕੰਮ ਨਹੀਂ ਆਉਣਾ, ਉਹਨਾਂ ਭਰਮਿਆਂ ਹੋਇਆਂ ਦੀ ਮਤਿ ਨੂੰ ਛੱਡੀਏ ਜਿੰਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਧਰਮ ਦੇ ਮਾਰਗ ਤੇ ਉੱਚਾ ਸਮਝਿਆ ਹੋਇਆ ਹੈ। ਭਰਮਾਂ ਵਿੱਚੋਂ ਨਿਕਲਣਾ ਹੀ ਇੱਕੋ ਇੱਕ ਸਾਡਾ ਸੱਚਾ ਉਦਮ ਹੈ ਜੋ ਭਰਮ ਤਾਂ ਹੀ ਛੱਡੇ ਜਾ ਸਕਦੇ ਹਨ ਜੇਕਰ ਅਸੀਂ ਗੁਰੂ ਦੇ ਸ਼ਬਦਾਂ ਨੂੰ ਮੰਨਾਂਗੇ। ਜਿੰਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਦਾ ਪ੍ਰਮਾਤਮਾ ਨੇ ਸ਼ਬਦਾਂ ਰਾਹੀਂ ਭਰਮ ਹੀ ਕੱਢਿਆ ਹੈ ਭਾਵ ਸ਼ਬਦਾਂ ਦਾ ਮਕਸਦ ਸਾਡੇ ਭਰਮ ਕੱਢਣ ਦਾ ਹੀ ਹੈ ਤੇ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਕਿਸੇ ਦਾ ਭਰਮ ਨਹੀਂ ਨਿਕਲ ਸਕਦਾ ਭਾਵ ਕਥਨੀ ਸਾਡੀ ਕਿਸੇ ਲੇਖੇ ਨਹੀਂ ਹੈ। ਸ਼ਬਦਾਂ ਦੀ ਗੱਲ ਮੰਨਣ ਦੁਆਰਾ ਹੀ ਅਸੀਂ ਮਾੜੇ ਵਿਚਾਰ ਛੱਡਾਂਗੇ ਤੇ ਸੰਸਾਰ ਵਿੱਚ ਗੁਣੀ ਬਣ ਕੇ ਵਿਚਰਾਂਗੇ ਜੋ ਪ੍ਰਮਾਤਮਾ ਦੀ ਅਸਲ ਭਗਤੀ ਦਾ ਮਾਰਗ ਹੈ ਕਿ ਉਹ ਆਪਣੇ ਨਾਲ ਮਿਲਾਉਣ ਦੀ ਕਿਰਪਾ ਕਦੋਂ ਕਰ ਦੇਵੇ ਇਹ ਉਸ ਦੀ ਰਜਾ ਹੈ। ਆਪਣਾ ਸੱਚਾ ਉੱਦਮ ਨਿਭਾਉਣਾ ਸਾਡਾ ਫਰਜ ਹੈ ਜੋ ਫਰਜ ਸਾਨੂੰ ਬਾਣੀ ਰਾਹੀਂ ਬਾਰ ਬਾਰ ਸਮਝਾਇਆ ਹੋਇਆ ਹੈ। (**ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੯॥੪॥**)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ - ੬੮)

ਗੁਰਬਾਣੀ ਰਾਹੀਂ ਸਾਨੂੰ ਬਾਰ ਬਾਰ ਇਹ ਗੱਲ ਸਮਝਾਈ ਗਈ ਹੈ ਕਿ ਹੇ ਸੰਸਾਰ ਜਨੋਂ ਤੁਸੀਂ ਸਭ ਅਗਿਆਨਤਾ ਵਿੱਚ ਹੋ ਜਿਸ ਦੇ ਰਹਿੰਦਿਆਂ ਤੁਹਾਨੂੰ ਭਗਤੀ ਦੇ ਮਾਰਗ ਦੀ ਸੋਝੀ ਨਹੀਂ ਹੈ, ਪ੍ਰਮਾਤਮਾ ਦੇ ਨਾਲ ਮੇਲ ਦੇ ਮਾਰਗ ਦੀ ਸਮਝ ਨਹੀ ਹੈ ਤੇ ਉਹ ਕੁਝ ਕਰੋ ਜੋ ਗਿਆਨ ਰੂਪ ਗੁਰੂ, ਗਿਆਨ ਦਾ ਦਾਤਾ ਗੁਰੂ ਤੁਹਾਨੂੰ ਸਮਝਾਉਂਦਾ ਹੈ। ਗੁਰੂ ਸਾਨੂੰ ਬਾਰ-ਬਾਰ

40/5208

ਬਾਣੀ ਰਾਹੀਂ ਕਹਿ ਰਿਹਾ ਹੈ ਕਿ ਮਨ ਦੀ ਅਗਿਆਨਤਾ ਤੋਂ ਬਾਹਰ ਕੋਈ ਨਹੀਂ ਹੈ ਇਸ ਲਈ ਉਸ ਦੀ ਗੱਲ ਮੰਨੋ ਜੋ ਅਗਿਆਨਤਾ ਤੋਂ ਰਹਿਤ ਹੈ ਭਾਵ ਗੁਰੂ ਦੀ ਗੱਲ ਨੂੰ ਮੰਨੋ ਜਿਸ ਕੋਲ ਸੱਚੀ ਭਗਤੀ ਦੀ ਸਮਝ ਹੈ ਤੇ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਦਾ ਉਦਮ ਕੀਤੇ ਬਿਨਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਸਾਡੀ ਪ੍ਰਮਾਤਮਾ ਦੇ ਨਾਲ ਮੇਲ ਦੀ ਵਾਰੀ ਨਹੀਂ ਆ ਸਕਦੀ। ਵਾਰੀ ਤਾਂ ਹੀ ਆਵੇਗੀ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ। ਆਉ ਇਸ ਗੱਲ ਨੂੰ ਪ੍ਰਮਾਤਮਾ ਰੂਪ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਤੁਖਾਰੀ ਮਹਲਾ ੧ ॥

“ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥
ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥
ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥
ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥ ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥
ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥ ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥
ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥੨॥ ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥
ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥ ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥ ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥
ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥੩॥ ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ॥
ਤਿਨ ਘਰੁ ਰਾਖਿਅੜਾ ਜੋ ਅਨਦਿਨੁ ਜਾਗੈ ਰਾਮ ॥ ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ॥
ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥
ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ ॥
ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥
ਖੁਲੀ ਗੰਠਿ ਉਠੋ ਲਿਖਿਆ ਆਇਆ ਰਾਮ ॥ ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ॥
ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥
ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥
ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥”

(ਅੰਗ - ੧੧੧੦)

ਉਪਰ ਸ਼ਬਦ ਰਾਹੀਂ ਸਾਡੇ ਜੀਵਨ ਨੂੰ ਭਾਵ ਸਾਡੀ ਸਮਝ ਦੀ ਤੁਲਣਾ ਰਾਤ ਦੇ ਨਾਲ ਸਮਝਾਈ ਹੋਈ ਹੈ ਭਾਵ ਰਾਤ ਦੇ ਚਾਰ ਪਹਿਰਾਂ ਨਾਲ ਕਰਕੇ ਸਾਨੂੰ ਸਮਝਾਇਆ ਹੋਇਆ ਹੈ। ਰਾਤ ਨੂੰ ਹਨੇਰਾ ਹੁੰਦਾ ਹੈ ਤੇ ਹਨੇਰੇ ਦੇ ਵਿੱਚ ਭਾਵੇਂ ਕਿਸੇ ਦੇ ਨੈਣ ਜਿਤਨੇ ਮਰਜੀ ਸੋਹਣੇ ਹੋਣ ਪਰ ਉਹ ਦੇਖ ਨਹੀਂ ਸਕਦਾ। ਇਸੇ ਤਰ੍ਹਾਂ ਅਸੀਂ ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਭਾਵੇਂ ਜਿਤਨਾ

ਮਰਜੀ ਸੋਹਣਾ ਸਮਝੀਏ ਭਾਵ ਚੰਗੀ ਮਤਿ ਵਾਲਾ ਸਮਝੀਏ ਪਰ ਅਗਿਆਨਤਾ ਦੇ ਰਹਿੰਦੇ ਭਾਵ ਮਨ ਦੇ ਹਨੇਰੇ ਵਿੱਚ ਰਹਿੰਦੇ ਹੋਏ ਸਾਨੂੰ ਧਰਮ ਦੀ ਸਹੀ ਸਮਝ ਨਹੀਂ ਪੈਂਦੀ ਭਾਵ ਬਾਹਰੀ ਸੋਹਣਾ ਭਗਤੀ ਵਾਲਾ ਦਿਖਾਵਾ ਕਿਸੇ ਕੰਮ ਨਹੀਂ ਆਉਂਦਾ ਜਿਵੇਂ ਕਿ ਜਿਤਨੀਆਂ ਮਰਜੀ ਸੋਹਣੀਆ ਅੱਖਾਂ ਹੋਣ ਉਹ ਰਾਤ ਦੇ ਹਨੇਰੇ ਵਿਚ ਦੇਖ ਨਹੀਂ ਸਕਦੀਆਂ। (**ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥**) ਮਨ ਦੀ ਹਨੇਰੀ ਰਾਤ ਵਿੱਚੋਂ ਅਸੀਂ ਕਿਵੇਂ ਨਿਕਲਣਾ ਹੈ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥”

ਹਰ ਕੋਈ ਪ੍ਰਮਾਤਮਾ ਦੇ ਨਾਲ ਮੇਲ ਤਾਂ ਕਰਨਾ ਚਾਹੁੰਦਾ ਹੈ ਭਾਵ ਉਹ ਚਾਹੁੰਦਾ ਹੈ ਕਿ ਮੇਰੀ ਵਾਰੀ ਵੀ ਆਵੇ ਕਿ ਮੈਂ ਉਸ ਪ੍ਰਮਾਤਮਾ ਨੂੰ ਜਾਣ ਸਕਾਂ ਤੇ ਪ੍ਰਮਾਤਮਾ ਦੇ ਨਾਲ ਮੇਲ ਦੀ ਵਾਰੀ ਸਾਡੀ ਕਿਵੇਂ ਆ ਸਕਦੀ ਹੈ ਇਹੀ ਗੱਲ ਸਾਨੂੰ ਉਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ।

40/5209

ਧਿਆਨ ਨਾਲ ਸਮਝਣ ਦੀ ਲੋੜ ਹੈ। ਜਦ ਤਕ ਸਾਡੇ ਅੰਦਰ ਅਗਿਆਨਤਾ ਰੂਪ ਹਨੇਰਾ ਹੈ, ਰਾਤ ਦੀ ਤਰ੍ਹਾਂ ਹਨੇਰਾ ਹੈ ਤਦ ਤਕ ਸਾਨੂੰ ਆਪਣੇ ਜੀਵਨ ਦਾ ਸਹੀ ਮਾਰਗ ਸਮਝ ਨਹੀਂ ਆਉਂਦਾ ਤੇ ਪ੍ਰਮਾਤਮਾ ਦੇ ਨਾਲ ਸਾਡੀ ਮੇਲ ਦੀ ਵਾਰੀ ਤਾਂ ਹੀ ਆ ਸਕਦੀ ਹੈ ਜੇਕਰ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲੀਏ ਭਾਵ ਆਪਣੇ ਜੀਵਨ ਦੇ ਸਹੀ ਮਾਰਗ ਨੂੰ ਜਾਣੀਏ, ਧਰਮ ਦੇ ਮਾਰਗ ਨੂੰ ਜਾਣੀਏ ਜੋ ਕਿ ਸਾਨੂੰ ਆਪਣੇ ਆਪ ਸਮਝ ਨਹੀਂ ਆ ਸਕਦਾ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਮਾਇਆ ਮੋਹ ਦੇ ਹਨੇਰੇ ਵਿੱਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ ਦੁਆਰਾ, ਹਉਮੈ ਦੁਆਰਾ, ਆਪਣੇ ਪੜਦੇ ਦੁਆਰਾ ਹਨੇਰੇ ਵਿੱਚ ਰਖਿਆ ਹੋਇਆ ਹੈ। ਮਨ ਦੇ ਇਸ ਹਨੇਰੇ ਵਿੱਚੋਂ ਨਿਕਲਣ ਦਾ ਤਰੀਕਾ ਵੀ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਲਈ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਬਣਾਇਆ ਹੋਇਆ ਹੈ। ਮਨ ਦੇ ਹਨੇਰੇ ਕਰਕੇ, ਅਗਿਆਨਤਾ ਕਰਕੇ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਨਾ ਹੋਣ ਕਰਕੇ ਅਸੀਂ ਆਤਮਿਕ ਤੌਰ ਤੇ ਇੱਕ ਮਰੇ ਹੋਏ ਮਨੁੱਖ ਦੀ ਤਰ੍ਹਾਂ ਹਾਂ ਜੋ ਕਿਸੇ ਕੰਮ ਦਾ ਨਹੀਂ ਹੁੰਦਾ ਭਾਵ ਉਹ ਕਿਸੇ ਦੇ ਕੰਮ ਨਹੀਂ ਆਉਂਦਾ ਭਾਵ ਧਰਮ ਦੇ ਮਾਰਗ ਦੇ ਲਾਇਕ ਨਹੀਂ ਹੁੰਦਾ। ਜੇਕਰ ਅਸੀਂ ਧਰਮ ਦੇ ਮਾਰਗ ਤੇ ਚਲਣਾ ਹੈ ਤਾਂ ਉਸ ਲਈ ਸਾਨੂੰ ਸੱਚੀ ਸਮਝ ਦੀ ਲੋੜ ਹੈ ਜਿਸ ਨੇ ਆਤਮਿਕ ਰੂਪ ਵਿੱਚ ਮਰੇ ਹੋਏ ਮਨੁੱਖ ਨੂੰ ਜੀਵਨ ਦੇਣਾ ਹੈ ਭਾਵ ਅਗਿਆਨਤਾ ਰਾਹੀਂ ਸਾਡੀ ਮਰੀ ਹੋਈ ਮਤਿ ਨੂੰ ਗੁਰੂ ਦੇ ਸੱਚੇ ਗਿਆਨ ਦੀ ਲੋੜ ਹੈ ਜਿਸ ਦੁਆਰਾ ਇਸ ਨੂੰ ਆਤਮਿਕ ਜੀਵਨ ਮਿਲਦਾ ਹੈ। ਸਾਨੂੰ ਆਤਮਿਕ ਜੀਵਨ ਦੇਣ ਲਈ ਹੀ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ। ਧਰਮ ਗ੍ਰੰਥਾਂ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ **“ਵਖਰੁ”** ਹੈ, ਉਸਦਾ ਨਾਮ ਰੂਪ ਸੌਦਾ ਹੈ ਜਿਸ ਵੱਖਰ ਨੂੰ ਅਸੀਂ ਆਪਣੇ ਅੰਦਰ ਟਿਕਾਉਣਾ ਹੈ, ਮਨ ਦੇ ਅੰਦਰ ਟਿਕਾਉਣਾ ਹੈ। ਇਸ ਵੱਖਰ ਨੇ ਸਾਨੂੰ ਭਾਵ ਇਸ ਨਾਮ ਨੇ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣਾ ਹੈ। ਇਹ ਸ਼ਬਦ ਰੂਪ ਵੱਖਰ ਧਰਮ ਗ੍ਰੰਥਾਂ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਗਿਆਨ ਨੂੰ ਆਪਣੇ ਅੰਦਰ ਟਿਕਾਉਣ ਦੁਆਰਾ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲਦੇ ਹਾਂ, ਭਰਮਾਂ ਵਾਲੀ ਮਤਿ ਦੇ ਵਿੱਚੋ ਨਿਕਲਦੇ ਹਾਂ ਤੇ ਤਾਂ ਹੀ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਉਸ ਸੱਚੇ ਗਿਆਨ ਦੁਆਰਾ ਵਿਚਰਨ ਨਾਲ ਹੀ ਸਾਡੀ ਪ੍ਰਮਾਤਮਾ ਦੇ ਨਾਲ ਮੇਲ ਦੀ ਵਾਰੀ ਆ ਸਕਦੀ ਹੈ। (**ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥**)

40/5210

{ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥}

(ਅੰਗ - ੧੦੦੦)

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਿਸੰਗਤਿ ਸਤਿਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥

ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ - ੨੨)

{ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥}

(ਅੰਗ - ੫੬)

{ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥}

(ਅੰਗ - ੧੫੩)

{ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾ ਕੈ ਸਦ ਬਲਿਹਾਰੈ ॥੫॥}

(ਅੰਗ - ੨੮੩)

{ਮਨਮੁਖਿ ਭਰਮਿ ਭੁਲੈ ਸੰਸਾਰੁ ॥ ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥
ਵਿਣੁ ਰਾਸੀ ਵਖਰੁ ਪਲੈ ਨ ਪਾਇ ॥ ਮਨਮੁਖਿ ਭੁਲਾ ਜਨਮੁ ਗਵਾਇ ॥੩॥}

(ਅੰਗ - ੩੬੩)

{ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥
ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥
ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥
ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥ ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥੩॥}

(ਅੰਗ - ੩੯੯)

{ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ - ੬੩੬)

{ਹਿਕਮਤਿ ਹੁਕਮਿ ਨ ਪਾਇਆ ਜਾਇ ॥ ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥੧॥ ਰਹਾਉ ॥
ਵਖਰੁ ਨਾਮੁ ਦੇਖਣ ਕੋਈ ਜਾਇ ॥ ਨਾ ਕੋ ਚਾਖੈ ਨਾ ਕੋ ਖਾਇ ॥
ਲੋਕਿ ਪਤੀਣੈ ਨਾ ਪਤਿ ਹੋਇ ॥ ਤਾ ਪਤਿ ਰਹੈ ਰਾਖੈ ਜਾ ਸੋਇ ॥੨॥}

(ਅੰਗ - ੬੬੧)

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ - ੯੫੪)

{ਇਹੁ ਧਨੁ ਸਰਬ ਰਹਿਆ ਭਰਪੂਰਿ ॥ ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥੧॥
ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ॥ ਜਿਸੁ ਤੂ ਦੇਹਿ ਤਿਸੈ ਨਿਸਤਾਰੈ ॥੧॥ ਰਹਾਉ ॥}

(ਅੰਗ - ੯੯੧)

40/5211

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥}

(ਅੰਗ - ੯੯੨)

{ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥
ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥}

(ਅੰਗ - ੧੦੦੯)

{ਕੂੜੁ ਛੋਡਿ ਸਾਚੇ ਕਉ ਧਾਵਹੁ ॥ ਜੋ ਇਛਹੁ ਸੋਈ ਫਲੁ ਪਾਵਹੁ ॥
ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥
ਹਰਿ ਹਰਿ ਨਾਮੁ ਵਖਰੁ ਲੈ ਚਲਹੁ ॥ ਦਰਸਨੁ ਪਾਵਹੁ ਸਹਜਿ ਮਹਲਹੁ ॥
ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ ॥੧੩॥}

(ਅੰਗ - ੧੦੨੮)

{ਧਨ ਅੰਧੀ ਪਿਰੁ ਚਪਲੁ ਸਿਆਨਾ ॥ ਪੰਚ ਤਤੁ ਕਾ ਰਚਨੁ ਰਚਾਨਾ ॥
ਜਿਸੁ ਵਖਰ ਕਉ ਤੁਮ ਆਏ ਹਹੁ ਸੋ ਪਾਇਓ ਸਤਿਗੁਰ ਪਾਸਾ ਹੇ ॥੬॥}

(ਅੰਗ - ੧੦੭੩)

ਪ੍ਰਮਾਤਮਾ ਦਾ ਨਾਮ ਹੀ ਉਸ ਦਾ ਵੱਖਰ ਹੈ ਤੇ ਅਸੀਂ ਪ੍ਰਾਪਤੀ ਵੀ ਇਸ ਨਾਮ ਰੂਪ ਵੱਖਰ ਦੀ ਹੀ ਕਰਨੀ ਹੈ। ਪ੍ਰਮਾਤਮਾ ਆਪ ਨਾਮ ਰੂਪ **"ਵਖਰੁ"** ਦੇ ਵਿੱਚ ਹੀ ਵਿਚਰਦਾ ਹੈ ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨਾਮ ਰੂਪ ਵੱਖਰ ਵਿੱਚ ਹੀ ਹੈ ਜੋ ਕਿ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਗਿਆਨ ਹੀ ਨਾਮ ਹੈ ਤੇ ਸ਼ਬਦਾਂ ਦੇ ਅੰਦਰ ਦੇ ਗਿਆਨ ਦੇ ਰੂਪ ਵਿੱਚ ਹੀ, ਸ਼ਬਦਾਂ ਦੁਆਰਾ ਦਿੱਤੀ ਹੋਈ ਸੋਝੀ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਭਾਵ ਬ੍ਰਹਮ ਗਿਆਨ ਹੀ ਨਾਮ ਹੈ, ਵੱਖਰ ਹੈ ਤੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪਹਿਲਾਂ ਅਸੀਂ ਸ਼ਬਦਾਂ ਦੀ ਸੋਝੀ ਨੂੰ ਅਪਨਾਉਣ ਦਾ ਉਦਮ ਕਰਨਾ ਹੈ ਭਾਵ ਵਖਰੁ ਨੂੰ ਆਪਣੇ ਅੰਦਰ ਟਿਕਾਉਣ ਦਾ ਉਦਮ ਕਰਨਾ ਹੈ ਤੇ ਫਲ ਦੇ ਰੂਪ ਵਿੱਚ ਵੀ ਸਾਨੂੰ ਪ੍ਰਮਾਤਮਾ ਆਪਣੇ ਇਸ ਵੱਖਰ

ਦੇ ਨਾਲ ਜੋੜਦਾ ਹੈ ਜਿਸ ਦੁਆਰਾ ਉਹ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ ਭਾਵ ਨਾਮ ਦੀ ਮਤਿ ਤੇ ਚੱਲਣ ਦੁਆਰਾ ਸਾਡਾ ਨਾਮ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਪਹਿਲਾਂ ਨਾਮ ਦੀ ਮਤਿ ਲੈ ਕੇ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਉਦਮ ਕਰਨਾ ਹੈ ਤੇ ਫਿਰ ਆਪਣੀ ਕਿਰਪਾ ਦੁਆਰਾ ਉਹ ਨਾਮ ਰੂਪ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ। ਸਾਰੀ ਗੱਲ ਸ਼ਬਦ ਦੀ ਵਿਚਾਰ ਨਾਲ ਜੁੜਨ ਦੀ ਹੈ ਜਿਸ ਨੇ ਸਾਨੂੰ ਅਗਿਆਨਤਾ ਵਿੱਚੋਂ ਕੱਢਕੇ ਨਾਮ ਦੇ ਨਾਲ ਜੋੜਨਾ ਹੈ, ਪ੍ਰਮਾਤਮਾ ਦੇ ਨਾਲ ਜੋੜਨਾ ਹੈ।

40/5212

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ - ੩੫੫)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ - ੨੨੯)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

ਅਸੀਂ ਜਦੋਂ ਗੁਰੂ ਦੀ ਦਿੱਤੀ ਹੋਈ ਸੋਝੀ ਨੂੰ ਆਪਣੇ ਅੰਦਰ ਰੱਖਾਂਗੇ ਭਾਵ ਟਿਕਾਵਾਂਗੇ ਭਾਵ ਜਦੋਂ ਗੁਰੂ ਦੀ ਗੱਲ ਨੂੰ ਮੰਨਾਂਗੇ ਇਹ ਵੱਖਰ ਨੂੰ ਆਪਣੇ ਅੰਦਰ ਰੱਖਣਾ ਹੈ ਜਿਸ ਵੱਖਰ ਨੇ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣਾ ਹੈ, ਮਨ ਦੇ ਹਨੇਰੇ ਵਿੱਚੋਂ ਕੱਢਣਾ ਹੈ ਜਿਸ ਦੁਆਰਾ ਸਾਡੀ ਪ੍ਰਮਾਤਮਾ ਦੇ ਨਾਲ ਮੇਲ ਦੀ ਵਾਰੀ ਆ ਸਕਦੀ ਹੈ। (**ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥**)

ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝੋ ਕਿ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਭਾਵ ਨਾਮ ਨੂੰ ਆਪਣੇ ਅੰਦਰ ਨਾ ਟਿਕਾਉਣ ਕਰਕੇ ਅਸੀਂ ਕਿਸ ਤਰੀਕੇ ਪ੍ਰਮਾਤਮਾ ਦੀ ਸੱਚੀ ਭਗਤੀ ਤੋਂ ਦੂਰ ਰਹਿੰਦੇ ਹਾਂ ਭਾਵ ਸਾਡੀ ਨਾਸਮਝ ਮਤਿ ਸਾਡੇ ਕੋਲੋਂ ਕੀ ਕੁਝ ਕਰਵਾਉਂਦੀ ਹੈ।

“ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥

ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥”

ਪ੍ਰਮਾਤਮਾ ਨਾਲ ਮੇਲ ਦੀ ਵਾਰੀ ਸਾਡੀ ਤਾਂ ਹੀ ਆਉਂਦੀ ਹੈ ਜੇਕਰ ਅਸੀਂ ਪਹਿਲੇ ਆਪਣੀ ਅਗਿਆਨਤਾ ਵਿੱਚੋਂ ਜਾਗੀਏ, ਜਿਸ ਅਗਿਆਨਤਾ ਵਿੱਚ ਪ੍ਰਮਾਤਮਾ ਨੇ ਆਪ ਹੀ ਸਾਨੂੰ ਅਗਿਆਨਤਾ ਵਿੱਚ ਸਵਾਇਆ ਹੋਇਆ ਹੈ। ਇਸ ਮਤਿ ਵਿੱਚੋਂ ਸਾਨੂੰ ਕੌਣ ਜਗਾ ਸਕਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਸਾਨੂੰ ਕੌਣ ਕੱਢ ਸਕਦਾ ਹੈ ਭਾਵ ਗੁਰੂ ਤੋਂ ਬਿਨਾ ਕੋਈ ਨਹੀਂ ਕੱਢ ਸਕਦਾ ਤੇ ਇਸੇ ਲਈ ਇੱਕੋ ਇੱਕ ਸ਼ਬਦ ਦੀ ਮਤਿ ਭਾਵ ਨਾਮ ਵੱਖਰ ਹੀ ਸਾਨੂੰ ਇਸ ਸੁੱਤੀ ਹੋਈ ਮਤਿ ਵਿੱਚੋਂ ਜਗਾ ਸਕਦਾ ਹੈ ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਰਾਹੀਂ ਜਾਣਿਆ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡੀ ਮੇਲ ਦੀ ਵਾਰੀ ਤਾਂ ਹੀ ਆ ਸਕਦੀ ਹੈ ਜਦੋਂ ਅਸੀਂ ਗੁਰੂ ਦੇ ਵੱਖਰ ਨਾਲ ਜੁੜਾਂਗੇ ਤੇ ਇਸ ਵਿੱਚੋਂ ਸਾਨੂੰ ਭਾਵ ਮਨ ਦੀ ਅਗਿਆਨਤਾ

40/5213

ਵਿੱਚੋਂ ਸਾਨੂੰ ਗੁਰੂ ਦੇ ਗਿਆਨ ਤੋਂ ਬਿਨਾ ਹੋਰ ਕੋਈ ਨਹੀਂ ਕੱਢ ਸਕਦਾ ਕਿਉਂਕਿ ਹੋਰ ਕਿਸੇ ਦੇ ਕੋਲ ਉਹ ਗਿਆਨ ਹੀ ਨਹੀਂ ਜੋ ਸਾਨੂੰ ਸੱਚਾ ਗਿਆਨ ਦੇ ਸਕੇ ਕਿਉਂਕਿ ਹਰ ਕਿਸੇ ਨੂੰ ਪ੍ਰਮਾਤਮਾ ਨੇ ਅਗਿਆਨਤਾ ਵਿੱਚ ਹੀ ਰੱਖਿਆ ਹੋਇਆ ਹੈ। (**ਵਾਰੀ ਆਵੈ ਕਵਣੁ ਜਗਾਵੈ**) ਜਦ ਤਕ ਅਸੀਂ ਮਨ ਦੀ ਮਤਿ ਰਾਹੀਂ ਸੁੱਤੇ ਹੋਏ ਹਾਂ, ਮਾਇਆ ਮੋਹ ਵਿੱਚ ਸੁੱਤੇ ਹੋਏ ਹਾਂ, ਅਗਿਆਨਤਾ ਵਿੱਚ ਸੁੱਤੇ ਹੋਏ ਹਾਂ ਤਦ ਤਕ ਸਾਨੂੰ ਧਰਮ ਦੇ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਸਾਡੇ ਅੰਦਰ ਵਿਕਾਰ ਵੱਸੇ ਰਹਿੰਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਵੱਸੇ ਰਹਿੰਦੇ ਹਨ ਜੋ ਸਾਡੇ ਅੰਦਰ ਦੇ ਜਮ ਹਨ। ਇਹ ਜਮ ਹੀ ਸਾਡੇ ਅੰਦਰ ਦੇ ਚੋਰ ਹਨ ਜੋ ਸਾਡੇ ਘਰ ਨੂੰ ਲੁਟਦੇ ਰਹਿੰਦੇ ਹਨ। ਇਹ ਨਾਮ ਰੂਪ ਚੋਰ ਸਾਡੇ ਅਦਰੋਂ ਗੁਣਾਂ ਨੂੰ ਲੁਟਦੇ ਹਨ ਜਿਸ ਦੁਆਰਾ ਸਾਡੇ

ਅੰਦਰ **"ਰਸੁ"** ਨਹੀਂ ਟਿਕਦਾ। **"ਰਸੁ"** ਉਹ ਹੈ ਜੋ ਸਾਨੂੰ ਗੁਰਮਤਿ ਰੂਪ ਸੱਚਾ ਗਿਆਨ ਮਿਲਦਾ ਹੈ, ਜੋ ਹਰਿ ਰਸੁ ਹੈ। ਸਾਡੇ ਅੰਦਰੋਂ ਇਹ ਗੁਰਮਤਿ ਦੀ ਸੱਚੀ ਸੋਝੀ ਦਾ **"ਰਸੁ"** ਇਹ ਜਮ ਚੂਸ ਲੈਂਦੇ ਹਨ, **"ਹਰਿ ਰਸੁ"** ਚੂਸ ਲੈਂਦੇ ਹਨ, **"ਨਾਮ ਰਸੁ"** ਚੂਸ ਲੈਂਦੇ ਹਨ ਜਿਸ ਕਰਕੇ ਸਾਡੇ ਅੰਦਰ ਗੁਰੂ ਦੇ ਦੱਸੇ ਹੋਏ ਗੁਣ ਨਹੀਂ ਵਸਦੇ ਤੇ ਮਨੁੱਖ ਅਉਗੁਣਾਂ ਵਿੱਚ ਰਹਿੰਦਾ ਹੋਇਆ ਮਾੜੇ ਕਰਮ ਕਰਦਾ ਹੈ ਜੋ ਕਿ ਧਰਮ ਦਾ ਮਾਰਗ ਨਹੀਂ ਹੈ। ਪ੍ਰਮਾਤਮਾ ਦੇ ਸਾਡੇ ਘਰ ਵਿੱਚ ਪਤਿ ਚੰਗੇ ਕਰਮ ਕਰਨ ਦੁਆਰਾ ਪੈਂਦੀ ਹੈ, ਗੁਣਾਂ ਨਾਲ ਵਿਚਰਨ ਦੁਆਰਾ ਪੈਂਦੀ ਹੈ ਜੋ ਕਿ ਧਰਮ ਦਾ ਸੱਚਾ ਮਾਰਗ ਹੈ ਪਰ ਇਹ ਚੋਰ ਸਾਡੇ ਅੰਦਰ ਗੁਣਾਂ ਵਾਲੇ ਵਿਚਾਰਾਂ ਦੀ ਚੋਰੀ ਕਰਦੇ ਹਨ ਤੇ ਸਾਨੂੰ ਧਰਮ ਦੇ ਮਾਰਗ ਤੇ ਨਹੀਂ ਚੱਲਣ ਦਿੰਦੇ ਜਿਸ ਦਾ ਕਾਰਣ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਜੋ ਗੁਰੂ ਦੀ ਮਤਿ ਨੂੰ ਲੈਣ ਦੁਆਰਾ ਵੀ, ਪੜਨ ਦੁਆਰਾ ਵੀ ਸਮਝਦੀ ਨਹੀਂ ਤੇ ਇਸੇ ਕਰਕੇ ਸਾਡੀ ਇਹ ਮਾੜੀ ਮਤਿ ਪ੍ਰਮਾਤਮਾ ਦੇ ਨਾਲ ਮੇਲ ਦੀ ਵਾਰੀ ਨਹੀਂ ਆਉਣ ਦਿੰਦੀ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਸਾਡੀ ਅਗਿਆਨਤਾ ਵਾਲੀ ਮਾੜੀ ਮਤਿ ਹੈ ਜੋ ਗੁਰੂ ਦੇ ਗਿਆਨ ਨੂੰ ਨਹੀਂ ਅਪਨਾਉਂਦੀ। (**ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥**)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥}

(ਅੰਗ - ੧੧੭੮)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥
ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥
ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ ॥ ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ ॥੧੫॥}

(ਅੰਗ - ੧੪੧੪)

40/5214

{ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥ ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥
ਮਨ ਮੇਰੇ ਗੁਰਮਤਿ ਕਰਣੀ ਸਾਰੁ ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥
ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥ ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥}

(ਅੰਗ - ੫੫੯)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}

(ਅੰਗ - ੩੭੫)

{ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥
ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥
ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥੩॥}

(ਅੰਗ - ੫੦੯)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥}

(ਅੰਗ - ੪੧)

ਸਾਨੂੰ ਇਸ ਅਗਿਆਨਤਾ ਤੋਂ ਰੱਖਣ ਵਾਲਾ ਆਪ ਪ੍ਰਮਾਤਮਾ ਹੈ ਤੇ ਉਸ ਪ੍ਰਮਾਤਮਾ ਨੇ ਆਪ ਹੀ ਸਾਡੇ ਲਈ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ ਜਿੰਨ੍ਹਾਂ ਰਾਹੀਂ ਉਸ ਨੇ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਆਪ ਹੀ ਉਪਰਾਲਾ ਕੀਤਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥
ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥"

ਉਸ ਪ੍ਰਮਾਤਮਾ ਅੱਗੇ ਅਸੀਂ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਧਰਮ ਦੇ ਸੱਚੇ ਮਾਰਗ ਤੇ ਪਾਵੇ ਭਾਵ ਸਾਨੂੰ ਪੰਜਾਂ ਚੋਰਾਂ ਤੋਂ ਬਚਾ ਕੇ ਰੱਖੇ। ਅਸੀਂ ਪ੍ਰਮਾਤਮਾ ਅੱਗੇ ਕਿਸ ਤਰੀਕੇ ਬੇਨਤੀ ਕਰਦੇ ਹਾਂ ਭਾਵ ਸਾਡੀ ਬੇਨਤੀ ਕਰਨ ਦਾ ਤਰੀਕਾ ਕੀ ਹੋਣਾ ਚਾਹੀਦਾ ਹੈ, ਇਹੀ ਗੱਲ ਸਾਨੂੰ ਉਪਰ ਪੰਗਤੀਆਂ ਰਾਹੀ ਸਮਝਾਈ ਹੋਈ ਹੈ। "**ਸੁਣਿ ਬੇਨੰਤੀ ਮੇਰੀਆ**" ਤੋਂ ਭਾਵ ਹੈ ਸਾਡੀ ਬੇਨਤੀ ਸੁਣਨਿ ਦੁਆਰਾ ਪਰ ਪ੍ਰਮਾਤਮਾ ਸਾਡੀ ਬੇਨਤੀ ਕਿਸ ਤਰੀਕੇ ਸੁਣਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਅੱਗੇ

40/5215

ਸਾਡੀ ਬੇਨਤੀ ਤਾਂ ਹੀ ਹੁੰਦੀ ਹੈ ਜਦੋਂ ਪਹਿਲੇ ਅਸੀਂ ਆਪਣੇ ਵਲੋਂ ਸੱਚਾ ਉਦਮ ਕਰਦੇ ਹਾਂ ਜੋ ਕਿ ਗੁਰੂ ਦੀ ਮਤਿ ਨੂੰ ਚੇਤੇ ਰੱਖਣ ਦਾ ਹੈ। ਗੁਰੂ ਦੀ ਗੱਲ ਨੂੰ ਚੇਤੇ ਰੱਖਣ ਨਾਲ ਭਾਵ ਉਸ ਦੀ ਗੱਲ ਨੂੰ ਮੰਨਣ ਨਾਲ ਹੀ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕਦੇ ਹਾਂ ਕਿਉਂਕਿ ਸਾਡੀ ਆਪਣੀ ਮਤਿ ਅਗਿਆਨਤਾ ਵਾਲੀ ਹੀ ਹੈ। ਜੇਕਰ ਅਸੀਂ ਗੁਰੂ ਦੀ ਗੱਲ ਨੂੰ ਨਹੀਂ ਚੇਤਦੇ ਭਾਵ ਨਹੀਂ ਮੰਨਦੇ ਤਾਂ ਫਿਰ ਅਸੀਂ ਮੂਰਖ ਹਾਂ ਭਾਵ ਅਸੀਂ ਆਪ ਆਪਣੀ ਮੂਰਖਤਾ ਛੱਡਣ ਦਾ ਉਪਰਾਲਾ ਨਹੀਂ ਕਰਦੇ। ਜੇਕਰ ਅਸੀਂ ਸੱਚੇ ਦਿਲੋਂ ਆਪਣੀ ਅਗਿਆਨਤਾ ਛੱਡਣੀ ਚਾਹੁੰਦੇ ਹਾਂ ਫਿਰ ਇਸ ਲਈ ਸਾਨੂੰ ਮਨ੍ਹਾ ਕੌਣ ਕਰਦਾ ਹੈ, ਜੇਕਰ ਅਸੀਂ ਅਉਗਣ ਛੱਡਣੇ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਰੋਕਦਾ ਕੌਣ ਹੈ। ਅਸਲ ਵਿੱਚ ਗੁਰੂ ਦੀ ਗੱਲ ਨੂੰ ਮੰਨਣ ਲਈ ਸਾਨੂੰ ਆਪਣੀਆਂ ਇਛਾਵਾਂ ਛਡਣੀਆਂ ਪੈਂਦੀਆਂ ਹਨ, ਮਾਇਆ ਦੇ ਸੁੱਖ ਛੱਡਣੇ ਪੈਂਦੇ ਹਨ ਜਿੰਨ੍ਹਾਂ ਦੀ ਪੂਰਤੀ ਲਈ ਅਸੀਂ ਲੋਭ ਲਾਲਚ ਕਰਦੇ ਹਾਂ, ਝੂਠ ਬੋਲਦੇ ਹਾਂ ਤੇ ਦੂਸਰਿਆਂ ਦਾ ਹੱਕ ਖਾਂਦੇ ਹਾਂ। ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗਣਾ ਬਹੁਤ ਔਖਾ ਹੈ ਤੇ ਕੇਵਲ ਕਥਨੀ ਦੁਆਰਾ ਗੁਰੂ ਪ੍ਰਮਾਤਮਾ ਅੱਗੇ ਬੇਨਤੀ ਕਰਨੀ ਸਾਡਾ ਕੇਵਲ ਵਿਖਾਵਾ ਹੈ ਜਿਸ ਕਰਕੇ ਸਾਨੂੰ ਮੂਰਖ ਕਿਹਾ ਹੈ। ਪ੍ਰਮਾਤਮਾ ਸਾਡੀ ਬੇਨਤੀ ਸੁਣਦਾ

ਹੈ ਭਾਵ ਸਾਡੇ ਤੇ ਉਹ ਆਪਣੀ ਕਿਰਪਾ ਕਰਦਾ ਹੈ ਪਰ ਪਹਿਲਾਂ ਜੋ ਉਦਮ ਗੁਰੂ ਨੇ ਸਾਡੇ ਨਾ ਲਗਾਇਆ ਹੈ, ਪ੍ਰਮਾਤਮਾ ਨੇ ਆਪ ਹੀ ਆਪਣੇ ਧਰਮ ਗ੍ਰੰਥਾਂ ਰਾਹੀਂ ਜੋ ਉਦਮ ਸਾਡਾ ਲਗਾਇਆ ਹੈ ਉਹ ਭਾਵੇਂ ਅਉਖਾ ਹੈ ਪਰ ਉਸ ਉਦਮ ਤੇ ਪੂਰਾ ਉਤਰਨਾ ਸਾਡਾ ਫਰਜ ਹੈ। ਪ੍ਰਮਾਤਮਾ ਆਪ ਗਿਆਨ ਦਾ ਮਾਲਕ ਹੈ ਤੇ ਧਰਮ ਗ੍ਰੰਥਾਂ ਦੀ ਰਚਨਾ ਰਾਹੀਂ ਉਸ ਨੇ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਉਪਰਾਲਾ ਵੀ ਆਪ ਹੀ ਕੀਤਾ ਹੋਇਆ ਹੈ। ਧਰਮ ਗ੍ਰੰਥ ਕੇਵਲ ਸਾਡੀ ਕਥਨੀ ਲਈ ਨਹੀਂ ਹਨ ਜਿਸ ਨਾਲ ਅਸੀਂ ਕਦੇ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦੇ, ਮਨ ਦੀ ਹਨੇਰੀ ਰਾਤ ਵਿੱਚੋਂ ਅਸੀਂ ਤਾਂ ਹੀ ਨਿਕਲਾਂਗੇ ਜੇਕਰ ਗੁਰੂ ਦੇ ਗਿਆਨ ਨੂੰ ਹਰ ਵੇਲੇ ਚੇਤੇ ਰਖਾਂਗੇ ਨਹੀਂ ਤਾਂ ਅਸੀਂ ਮਨ ਦੀ ਮੂਰਖਤਾ ਨਾਲ ਹੀ ਜੁੜੇ ਰਹਾਂਗੇ। (**ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥ ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥**)

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ - ੪੬੮)

40/5216

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ - ੮੭੮)

{ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥
ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥}

(ਅੰਗ - ੩੫੫)

{ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥
ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥}

(ਅੰਗ - ੩੫੧)

{ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ ॥
ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ ॥ ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ॥
ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥
ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ ॥੫੮॥}

(ਅੰਗ - ੧੪੨੦)

{ਕਿਆ ਕਹੀਐ ਕਿਛੁ ਕਹੀ ਨ ਜਾਇ ॥ ਜੋ ਕਿਛੁ ਅਹੈ ਸਭ ਤੇਰੀ ਰਜਾਇ ॥੧॥ ਰਹਾਉ ॥
ਜੋ ਕਿਛੁ ਕਰਣਾ ਸੁ ਤੇਰੈ ਪਾਸਿ ॥ ਕਿਸੁ ਆਗੈ ਕੀਚੈ ਅਰਦਾਸਿ ॥੨॥
ਆਖਣੁ ਸੁਨਣਾ ਤੇਰੀ ਬਾਣੀ ॥ ਤੂ ਆਪੇ ਜਾਣਹਿ ਸਰਬ ਵਿਡਾਣੀ ॥੩॥
ਕਰੇ ਕਰਾਏ ਜਾਣੈ ਆਪਿ ॥ ਨਾਨਕ ਦੇਖੈ ਥਾਪਿ ਉਥਾਪਿ ॥੪॥੧॥}

(ਅੰਗ - ੧੧੨੫)

ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਦੁਨਿਆਵੀ ਰਾਸਿ ਤੇ ਦੂਸਰੇ ਪਹਿਰ ਦਾ ਹਵਾਲਾ ਦੇ ਕੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਗੱਲ ਸਮਝਾਈ ਹੋਈ ਹੈ। ਅਗਿਆਨਤਾ ਤਾਂ ਅਗਿਆਨਤਾ ਹੀ ਹੈ ਭਾਵੇਂ ਪਹਿਰ ਕੋਈ ਵੀ ਹੋਵੇ ਤੇ ਉਸ ਦੇ ਵਿੱਚੋਂ ਨਿਕਲਣ ਦਾ ਗੁਰੂ ਦਾ ਸੱਚਾ ਗਿਆਨ ਹੀ ਹੈ, ਗੁਰਮਤਿ ਰੂਪ ਸੱਚਾ ਗਿਆਨ ਹੀ ਹੈ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥ ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥
ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥
ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥੨॥”

ਜਿਵੇਂ ਦੁਨਿਆਵੀ ਰਾਤ ਬੀਤਦੀ ਜਾਂਦੀ ਹੈ ਇਸੇ ਤਰ੍ਹਾਂ ਸਾਡਾ ਜੀਵਨ ਅਗਿਆਨਤਾ ਵਿੱਚ ਹੀ ਬੀਤੀ ਜਾਂਦਾ ਹੈ ਤੇ ਇਸ ਅਗਿਆਨਤਾ ਵਿੱਚੋਂ ਨਿਕਲੇ ਬਿਨਾ ਸਾਡਾ ਜੀਵਨ ਸਫਲ ਨਹੀਂ ਹੋ ਸਕਦਾ ਤੇ ਜਿਤਨਾ ਜਲਦੀ ਜਾਗ ਜਾਈਏ ਸਾਡੇ ਲਈ ਉਤਨਾ ਹੀ ਚੰਗਾ ਹੈ। ਜਾਗਣ ਦਾ ਤਰੀਕਾ ਉਹੀ ਹੈ ਜੋ ਅਸੀਂ ਪਹਿਲੇ ਪਦੇ ਰਾਹੀਂ ਸਮਝਿਆ ਹੈ ਭਾਵ ਆਪਣੇ ਅੰਦਰ ਗੁਰੂ ਵੱਖਰ ਨੂੰ ਟਿਕਾਉਣਾ ਹੈ, ਗੁਰੂ ਦੇ ਸੱਚੇ ਗਿਆਨ ਨੂੰ ਅਪਨਾਉਣਾ ਹੈ ਜਿਸ ਦੇ ਨਾ ਹੋਣ ਕਰਕੇ ਅਸੀਂ ਆਪਣੀ ਮਾੜੀ

40/5217

ਮਤਿ ਕਰਕੇ ਆਤਮਿਕ ਤੌਰ ਤੇ ਮਰੇ ਹੋਏ ਹਾਂ। ਸਾਨੂੰ ਮਾਰਣ ਵਾਲੇ ਸਾਡੇ ਮਨ ਦੇ ਮਾੜੇ ਵਿਚਾਰ ਹਨ ਭਾਵ ਸਾਡੇ ਅੰਦਰ ਦੇ ਚੋਰ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜੋ ਸਾਡੇ ਅੰਦਰ ਦੀ ਖੇਤੀ ਨੂੰ, ਫਸਲ ਨੂੰ ਖਾਈ ਜਾ ਰਹੇ ਹਨ। ਜੇਕਰ ਖੇਤੀ ਹੀ ਨਹੀਂ ਉਪਜੇਗੀ ਤਾਂ ਉਸ ਵਿੱਚੋਂ ਫਲ ਕੀ ਮਿਲੇਗਾ। ਸਾਡੇ ਅੰਦਰ ਦੀ ਜਿਸ ਖੇਤੀ ਨੂੰ ਇਹ ਚੋਰ ਖਾਂਦੇ ਹਨ ਉਹ ਸਾਡੇ ਗੁਣਾਂ ਵਾਲੇ ਵਿਚਾਰ ਹਨ, ਗੁਰਮਤਿ ਵਾਲੇ ਵਿਚਾਰ ਹਨ। ਅਸੀਂ ਆਪਣੇ ਅੰਦਰ ਦੀ ਇਸ ਖੇਤੀ ਨੂੰ ਚੋਰਾਂ ਕੋਲੋਂ ਬਚਾਉਣਾ ਹੈ ਜੋ ਕਿ ਮਨ ਦੀ ਅਗਿਆਨਤਾ ਵਿੱਚੋਂ ਜਾਗਣ ਦੁਆਰਾ ਹੀ ਬਚ ਸਕਦੀ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੀ ਬਚ ਸਕਦੀ ਹੈ। (**ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥ ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥ ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥**)

ਜਦ ਤਕ ਅਸੀਂ ਚੋਰਾਂ ਵਾਲੀ ਮਤਿ ਨਾਲ ਜੁੜੇ ਰਹਿੰਦੇ ਹਾਂ ਭਾਵ ਮਨ ਦੀ ਅਗਿਆਨਤਾ ਵਾਲੇ ਮਾੜੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾ ਇਹ ਸਾਡੇ ਅੰਦਰ ਦੇ ਜਮ ਹਨ ਜੋ ਸਾਨੂੰ ਆਪਣੇ ਮਾਰਗ ਤੇ ਤੋਰਦੇ ਹਨ ਜੋ ਸਾਡੇ ਅੰਦਰ ਦੁੱਖਾਂ ਦਾ ਕਾਰਨ ਹਨ। ਇਹ ਜਮ ਰੂਪ ਮਾੜੀ ਮਤਿ ਸਾਨੂੰ ਪ੍ਰਮਾਤਮਾ ਦੇ ਵਿਛੋੜੇ ਦੇ ਦੁਖ ਵਿੱਚ ਪਾ ਕੇ ਰਖਦੀ ਹੈ ਤੇ ਸਾਡੇ ਅੰਦਰ ਦੁਨਿਆਵੀ ਮਾਇਆ ਦਾ ਭਉ ਬਣਾਕੇ ਰੱਖਦੀ ਹੈ, ਡਰ ਪਾ ਕੇ ਰੱਖਦੀ ਹੈ ਕਿ ਸਾਨੂੰ ਜੇਕਰ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਨਹੀਂ ਹੋਵੇਗੀ ਫਿਰ ਸਾਡਾ ਜੀਵਨ ਔਖਾ ਹੋ ਜਾਵੇਗਾ। ਇਹ ਡਰ ਸਭ ਦੇ ਅੰਦਰ ਹੀ ਹੈ। ਜੇਕਰ ਅਸੀਂ ਆਪਣੀ ਖੇਤੀ ਨੂੰ ਬਚਾਕੇ ਰੱਖਾਂਗੇ ਭਾਵ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲ ਜਾਵਾਂਗੇ, ਜੇਕਰ ਗੁਰੂ ਦੀ ਮਤਿ ਅਨੁਸਾਰ ਚਲਾਂਗੇ ਫਿਰ ਅਸੀਂ ਦੁਨਿਆਵੀ ਪਦਾਰਥਾਂ ਦੇ ਸੁੱਖ ਨਾ ਮਿਲਣ ਤੇ ਨਹੀਂ ਡਰਾਂਗੇ ਭਾਵ ਗੁਰੂ ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਾਂਗੇ ਤੇ ਪ੍ਰਮਾਤਮਾ ਸੱਚ ਤੇ ਚੱਲਣ ਦੁਆਰਾ ਜੋ ਕੁਛ ਵੀ ਸਾਨੂੰ ਦੇ ਰਿਹਾ ਹੈ ਉਹ ਹੀ ਮੇਰੇ ਲਈ ਚੰਗਾ ਹੈ ਭਾਵ ਉਸ ਵਿੱਚ ਹੀ ਸੁੱਖ ਮਹਿਸੂਸ ਕਰਾਂਗੇ। ਇੱਕ ਪਾਸੇ ਮਾਇਆ ਦਾ ਭਉ ਹੈ ਤੇ ਦੁਸਰੇ ਪਾਸੇ ਜੇਕਰ ਸਾਡੇ ਅੰਦਰ ਗੁਰੂ ਦੇ ਸੱਚ ਨੂੰ ਅਪਨਾਉਣ ਦਾ ਭਉ ਭਾਵ ਨਾਮ ਦਾ ਭਉ ਉਸ ਤੋਂ ਵੱਡਾ ਲਗੇਗਾ ਤੇ ਤਾਂ ਹੀ ਅਸੀਂ ਮਾਇਆ ਦੇ ਭਉ ਵਿੱਚੋਂ ਨਿਕਲ ਸਕਦੇ ਹਾ। ਭਉ ਕੀ ਹੈ ਇਸ ਨੂੰ ਅਸੀਂ ਪਿਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। (**ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥ ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥**)

40/5218

{ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ - ੧੦੮੯)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥

ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥}

(ਅੰਗ - ੧੦੧੦)

ਜਦ ਤਕ ਸਾਡੇ ਅੰਦਰ ਅਗਿਆਨਤਾ ਹੈ ਤਦ ਤਕ ਅਸੀਂ ਜਮਾ ਦੇ ਮਾਰਗ ਤੇ ਚਲਦੇ ਹਾਂ ਤੇ ਇਸ ਮਾਰਗ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦਾ ਦੁਆਰਾ ਹੈ ਭਾਵ ਸੱਚੇ ਗਿਆਨ ਦਾ ਦੁਆਰਾ ਹੈ ਜਿਸ ਦੁਆਰੇ ਤੋਂ ਮਤਿ ਲੈ ਕੇ ਅਸੀਂ ਆਪਣੇ ਅੰਦਰ ਦੀ ਖੇਤੀ ਨੂੰ, ਵਿਚਾਰਾਂ ਦੀ ਖੇਤੀ ਨੂੰ ਬਰਬਾਦ ਹੋਣ ਤੋਂ ਬਚਾ ਸਕਦੇ ਹਾਂ ਤਾਂ ਜੋ ਅਸੀਂ ਇਸ ਖੇਤੀ ਦਾ ਫੱਲ ਲਈਏ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਣੇ ॥
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਣੇ ॥੨॥"

ਉਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਅਸੀਂ ਮਨ ਦੀ ਅਗਿਆਨਤਾ ਕਿਥੋਂ ਕਟਣੀ ਹੈ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਮਨ ਦੀ ਅਗਿਆਨਤਾ ਅਸੀਂ ਗੁਰੂ ਦੇ ਦੁਆਰੇ ਤੋਂ ਕਟਣੀ ਹੈ। ਗੁਰੂ ਦਾ ਦੁਆਰਾ ਗੁਰਮਤਿ ਦਾ ਦੁਆਰਾ ਹੈ। ਗੁਰੂ ਦੀ ਮਤਿ ਹੀ ਭਾਵ ਗੁਰੂ ਦੀ ਸਿੱਖਿਆ ਹੀ ਸਾਡਾ ਗੁਰੂ ਹੈ ਜਿਵੇਂ ਕਿ ਅਸੀਂ ਅਨੇਕਾਂ ਵਾਰੀ ਇਸ ਗੱਲ ਨੂੰ ਸਮਝਿਆ ਹੈ। ਗੁਰਮਤਿ ਗੁਰੂ ਦਾ ਉੱਚਾ ਗਿਆਨ ਹੈ ਜਿਸ ਨੇ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣਾ ਹੈ। ਗੁਰੂ ਦਾ ਗਿਆਨ ਉੱਚਾ ਕਿਸ ਲਈ ਹੈ, ਗੁਰਮਤਿ ਰੂਪ ਗਿਆਨ ਉੱਚਾ ਕਿਸ ਲਈ ਹੈ ਇਹ ਗੱਲ ਸਾਨੂੰ ਉਪਰ ਬਰੀਕੀ ਨਾਲ ਸਮਝਾਈ ਹੋਈ ਹੈ। ਗੁਰੂ ਦੇ ਦੁਆਰੇ ਤੇ ਜੋ ਗਿਆਨ ਹੈ ਉਹ ਮਨ ਦੇ ਵਿੱਚੋਂ ਹੀ ਆਇਆ ਹੈ ਭਾਵ ਜਿੰਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹਨਾਂ ਦੇ ਮਨ ਰਾਹੀਂ ਗਿਆਨ ਆਇਆ ਹੈ ਜਿਸ ਗਿਆਨ ਤੋਂ ਉੱਚਾ ਗਿਆਨ ਕੋਈ ਹੋਰ ਹੋ ਹੀ ਨਹੀਂ ਸਕਦਾ ਤੇ ਇਹੋ ਜਿਹੇ ਗਿਆਨ ਨਾਲ ਹੀ ਅਸੀਂ ਅਗਿਆਨਤਾ ਤੋਂ ਦੂਰ ਹੋ ਸਕਦੇ ਹਾਂ ਜੋ ਗਿਆਨ ਹਰ ਭਰਮ ਤੋਂ ਰਹਿਤ ਹੈ। **"ਰਵਿ ਸਸਿ ਦੀਪਕ ਗੁਰਮਤਿ ਦੁਆਰੈ"** ਤੋਂ ਭਾਵ ਹੈ ਗੁਰਮਤਿ ਰੂਪ ਜੋ ਪਰਕਾਸ਼ ਹੋਇਆ ਹੈ ਉਹ ਮਨ ਦੀ **"ਰਵਿ ਸਸਿ"**

ਵਾਲੀ ਅਵਸਥਾ ਦੁਆਰਾ ਹੋਇਆ ਹੈ। ਸਾਡੇ ਅੰਦਰ **"ਰਵਿ ਸਸਿ"** ਵਾਲੀ ਅਵਸਥਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਸਭ ਦੇ ਅੰਦਰ **"ਸਸਿ"** ਰੂਪ ਗਿਆਨ ਵਾਲੀ ਅਵਸਥਾ ਹੈ ਭਾਵ ਜਿਵੇਂ ਚੰਦਰਮਾ ਦੀ ਰੋਸ਼ਨੀ ਮੱਧਮ ਹੁੰਦੀ ਹੈ ਇਸੇ ਤਰ੍ਹਾਂ ਸਾਡੇ ਅੰਦਰ ਜਦ ਤਕ ਤ੍ਰੈ ਗੁਣਾਂ ਵਾਲੀ ਅਵਸਥਾ ਹੈ, ਮਾਇਆ ਮੋਹ ਵਾਲੀ ਅਵਸਥਾ ਹੈ ਇਸ ਅਵਸਥਾ ਵਿਚ ਰਹਿੰਦੇ ਹੋਏ ਸਾਡੇ ਅੰਦਰ ਗਿਆਨ ਦਾ ਪਰਕਾਸ਼ ਮੱਧਮ ਹੁੰਦਾ ਹੈ ਜਿਵੇਂ ਕਿ ਚੰਦਰਮਾ ਮੱਧਮ ਰੋਸ਼ਨੀ ਦਿੰਦਾ ਹੈ। ਸਾਡੇ ਅੰਦਰ ਸਾਡੀ **"ਸਸਿ"** ਰੂਪ ਅਵਸਥਾ ਵੀ ਦੀਪਕ ਰੂਪ ਹੈ ਭਾਵ ਮਨ ਦੇ ਵਿੱਚ ਗਿਆਨ ਦੇਣ ਵਾਲੀ ਹੈ ਤੇ **"ਰਵਿ"** ਵੀ ਦੀਪਕ ਰੂਪ ਹੈ ਜੋ ਚਉਥੇ ਪਦ ਵਾਲਾ ਉੱਚਾ ਗਿਆਨ ਦਿੰਦਾ ਹੈ ਭਾਵ ਉੱਚੇ ਗਿਆਨ ਵਾਲਾ ਦੀਪਕ ਹੈ। ਪ੍ਰਮਾਤਮਾ ਸਾਡੇ ਅੰਦਰ ਜਦੋਂ ਪ੍ਰਗਟ ਹੁੰਦਾ ਹੈ ਉਹ **"ਰਵਿ"** ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਤੇ **"ਸਸਿ"** ਰੂਪ ਸਮਝ ਰਵਿ ਵਾਲੀ ਸਮਝ ਦੇ ਨਾਲ ਜੁੜਕੇ ਇੱਕੋ ਦੀਪਕ ਬਣ ਜਾਂਦੀ ਹੈ ਭਾਵ ਸਾਡੀ ਛੋਟੀ ਮਤਿ ਪ੍ਰਮਾਤਮਾ ਦੀ ਉੱਚੀ ਮਤਿ ਨਾਲ ਜੁੜਕੇ ਉੱਚੇ ਗਿਆਨ ਵਾਲੀ ਬਣ ਜਾਂਦੀ ਹੈ। ਗੁਰਬਾਣੀ ਦੀ ਰਚਨਾ ਮਨ ਦੀ ਇਸ ਅਵਸਥਾ ਦੁਆਰਾ ਹੋਈ ਹੈ ਜਿਸ ਕਰਕੇ ਗੁਰੂ ਦੇ ਦੁਆਰੇ ਤੇ, ਗੁਰਮਤਿ ਦੇ ਦੁਆਰੇ ਤੇ ਹਰ ਵੇਲੇ ਉੱਚੇ ਗਿਆਨ ਦਾ ਪਰਕਾਸ਼ ਹੈ ਜੋ ਸਾਡੇ ਮਨ ਦੀ ਹਰ ਅਗਿਆਨਤਾ ਨੂੰ, ਹਰ ਭਰਮ ਨੂੰ ਕੱਢਣ ਦੇ ਸਮਰਥ ਹੈ ਭਾਵ ਕੇਵਲ ਗੁਰੂ ਦੇ ਦੁਆਰੇ ਤੋਂ ਮਤਿ ਲੈ ਕੇ ਹੀ ਅਸੀਂ ਅਗਿਆਨਤਾ ਵਾਲੀ ਮਤਿ ਵਿੱਚੋਂ, ਜਮਾਂ ਵਾਲੀ ਮਤਿ ਵਿੱਚੋਂ ਨਿਕਲ ਸਕਦੇ ਹਾਂ। ਜਦ ਤਕ ਸਾਡੇ ਅੰਦਰ ਅਗਿਆਨਤਾ ਹੈ ਤਦ ਤਕ ਸਾਡੇ ਅੰਦਰ ਸੱਚ ਨਹੀਂ ਹੈ ਕਿਉਂਕਿ ਜਿੱਥੇ ਭਰਮ ਹੈ ਉਥੇ ਸੱਚ ਨਹੀਂ ਹੋ ਸਕਦਾ। ਜਦੋਂ ਸਾਡੇ ਮਨ ਦੇ ਵਿੱਚ ਆਪ ਸੱਚਾ ਪ੍ਰਮਾਤਮਾ ਆ ਜਾਂਦਾ ਹੈ ਉਹ ਆਪ ਹੀ ਆਪਣਾ ਗੁਰਮਤਿ ਰੂਪ ਸੱਚਾ ਗਿਆਨ ਦਿੰਦਾ ਹੈ ਤੇ ਫਿਰ ਆਪਣੇ ਮੁੱਖੋਂ ਜੋ ਵੀ ਮਨੁੱਖ ਬੋਲਦਾ ਹੈ ਉਹ ਸੱਚ ਨੂੰ ਹੀ ਧਿਆਉਂਦਾ ਹੈ ਭਾਵ ਸੱਚੀ ਮਤਿ ਦੁਆਰਾ ਹੀ ਵਿਚਰਦਾ ਹੈ। ਇਹ ਅਵਸਥਾ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਹੈ। (**ਰਵਿ ਸਸਿ ਦੀਪਕ**

ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥) ਅਸੀਂ ਮਨ ਦੀ ਅਗਿਆਨਤਾ ਵਿੱਚੋਂ ਜਿਤਨੀ ਜਲਦੀ ਨਿਕਲੀਏ ਉਤਨਾ ਹੀ ਚੰਗਾ ਹੈ। ਉਪਰ ਪਦੇ ਰਾਹੀਂ ਰੈਣਿ ਦੇ ਦੂਜੇ ਪਹਿਰ ਦੀ ਗੱਲ ਕੀਤੀ ਹੋਈ ਹੈ ਭਾਵ ਪਹਿਲਾ ਪਹਿਰ ਬੀਤ ਗਿਆ ਹੈ ਤੇ ਅਸੀਂ ਅਜੇ ਵੀ ਅਗਿਆਨਤਾ ਵਿੱਚੋਂ ਨਿਕਲਣ ਦਾ ਉਦਮ ਨਹੀਂ ਕਰ ਰਹੇ ਤੇ ਗੁਰਮਤਿ ਨੂੰ ਛੱਡ ਕੇ ਦੂਜੀ ਮਤਿ ਨਾਲ ਜੁੜੇ ਹੋਏ ਹਾਂ ਜਿਸ ਨੂੰ ਛੱਡੇ

40/5220

ਬਿਨਾ **"ਸੁਖੁ"** ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਗੁਰੂ ਦੇ ਦੁਆਰੇ ਤੇ ਅਸੀਂ ਜਾਂਦੇ ਹੀ ਹਾਂ ਤੇ ਅਸੀਂ ਫਿਰ ਵੀ ਗੁਰੂ ਦੀ ਮਤਿ ਨਹੀਂ ਲੈਂਦੇ ਭਾਵ ਉਸਨੂੰ ਚੇਤੇ ਨਹੀਂ ਰੱਖਦੇ ਜਿਸ ਕਰਕੇ ਸਾਨੂੰ ਮੂਰਖ ਆਖਿਆ ਹੈ। (**ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥ ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥੨॥**)

{ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥}

(ਅੰਗ - ੫੭)

{ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥
ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥
ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥}

(ਅੰਗ - ੨੨੩)

{ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥}

(ਅੰਗ - ੨੨੩)

{ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥
ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥
ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥}

(ਅੰਗ - ੪੮੯)

{ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥
ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ ਆਪੇ ਪਾਰਿ ਉਤਾਰਣਹਾਰਾ ॥
ਗੁਰ ਪਰਚੈ ਮਨੁ ਸਾਚਿ ਸਮਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥}

(ਅੰਗ - ੯੪੩)

{ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥
ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥}

(ਅੰਗ - ੧੦੩੬)

40/5221

{ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥
ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥
ਅੰਮ੍ਰਿਤ ਰਸੁ ਪਾਏ ਤ੍ਰਿਸਨਾ ਭਉ ਜਾਏ ॥ ਅਨਭਉ ਪਦੁ ਪਾਵੈ ਆਪੁ ਗਵਾਏ ॥
ਊਚੀ ਪਦਵੀ ਊਚੋ ਊਚਾ ਨਿਰਮਲ ਸਬਦੁ ਕਮਾਇਆ ॥੪॥}

(ਅੰਗ - ੧੦੪੧)

{ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥}

(ਅੰਗ - ੧੦੨੦)

{ਚੁਕੀਅਲੇ ਮੋਹ ਮਇਆਸਾ ॥ ਸਸਿ ਕੀਨੋ ਸੂਰ ਗਿਰਾਸਾ ॥
ਜਬ ਕੁੰਭਕੁ ਭਰਿਪੁਰਿ ਲੀਣਾ ॥ ਤਹ ਬਾਜੇ ਅਨਹਦ ਬੀਣਾ ॥੩॥}

(ਅੰਗ - ੯੭੨)

ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਦੁਨਿਆਵੀ ਰਾਤ ਦੇ ਤੀਜੇ ਪਹਿਰ ਦਾ ਪ੍ਰਮਾਣ ਦੇਣ ਦੁਆਰਾ ਸਾਡੇ ਅੰਦਰ ਦੀ ਰਾਤ ਸਮਝਾਈ ਹੋਈ ਹੈ, ਮਾਇਆ ਰੂਪ ਰਾਤ ਸਮਝਾਈ ਹੋਈ ਹੈ ਜੋ ਸਭ ਨੂੰ ਚੰਗੀ ਲੱਗਦੀ ਹੈ ਪਰ ਮਾਇਆ ਦਾ ਪਿਆਰ ਛੱਡੇ ਬਿਨਾ ਭਾਵ ਆਪਣੀ ਮਾੜੀ ਮਤਿ ਨਾਲ ਪਿਆਰ ਛੱਡੇ ਬਿਨਾ ਅਸੀਂ ਆਪਣਾ ਜੀਵਨ ਬਰਬਾਦ ਹੀ ਕਰਦੇ ਹਾਂ।

“ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥ ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥
ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥ ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥
ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥੩॥”

ਮਾਇਆ ਰੂਪ ਅਗਿਆਨਤਾ ਸਾਡੇ ਅੰਦਰ ਉਸੇ ਤਰ੍ਹਾਂ ਹੀ ਵਰਤਦੀ ਹੈ ਭਾਵੇਂ ਉਹ ਜਿਹੜਾ ਮਰਜੀ ਪਹਿਰ ਹੋਵੇ। ਇਹ ਪੂਰਾ ਜੀਵਨ ਸਾਡੇ ਅੰਦਰ ਵਰਤਦੀ ਹੀ ਰਹਿੰਦੀ ਹੈ ਤੇ ਮਨੁੱਖ ਨੂੰ ਮਾਇਆ ਮੋਹ ਦੀ ਨੀਂਦ ਵਿੱਚ ਸਵਾਈ ਰੱਖਦੀ ਹੈ। ਮਨ ਦੀ ਮਾਇਆ ਕਰਕੇ ਹੀ ਅਸੀਂ ਪਰਿਵਾਰ ਵਿੱਚ ਉਹੋ ਜਿਹਾ ਮੋਹ ਰੱਖਦੇ ਹਾਂ ਜੋ ਸਾਨੂੰ ਦੁੱਖਾਂ ਵਿੱਚ ਪਾਉਂਦਾ ਹੈ। ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਦੇ ਨਾਲ ਨਾਲ ਸੁਤ ਦਾਰਾ ਦੀਆਂ ਤ੍ਰਿਸ਼ਨਾਵਾਂ ਭਾਵ ਆਪਣੇ ਪਰਿਵਾਰ ਦੀਆਂ ਤ੍ਰਿਸ਼ਨਾਵਾਂ ਪੂਰੀਆਂ ਕਰਨ ਲਈ ਉਹੋ ਜਿਹੇ ਕਰਮ ਕਰਦੇ ਹਾਂ ਜੋ ਸਾਨੂੰ ਦੁੱਖਾਂ ਵਿੱਚ ਪਾਉਂਦੇ ਹਨ ਜਿੰਨ੍ਹਾਂ ਕਰਕੇ ਸਾਨੂੰ ਪਛਤਾਉਣਾ ਪੈਂਦਾ ਹੈ। ਹਰ ਕਿਸੇ ਦੇ ਅੰਦਰ ਮਾਇਆ ਹੀ ਵਰਤਦੀ ਹੈ, ਪਰਿਵਾਰ ਦੇ ਵਿੱਚ ਸਭ ਦੇ ਅੰਦਰ ਇਹ ਮਾਇਆ ਹੀ ਵਰਤਦੀ ਹੈ ਤੇ ਹਰ ਕੋਈ ਆਪਣੇ ਅੰਦਰੋਂ ਜੋ ਚੋਗ ਚੁਗਦਾ ਹੈ ਉਹ ਮਾਇਆ ਰੂਪ ਚੋਗ ਚੁੱਗਦਾ ਹੈ ਜੋ ਚੋਗ ਸਾਡਾ ਮਨ ਵਿਚਾਰਾਂ ਰਾਹੀਂ ਚੁਗਦਾ ਹੈ। ਮਨੁੱਖ ਉਹੀ ਕੁਝ ਇੱਛਾ ਕਰਦਾ ਹੈ ਭਾਵ ਪ੍ਰਾਪਤੀ ਕਰਨੀ ਚਾਹੁੰਦਾ ਹੈ ਜਿਹੋ ਜਿਹੀ ਚੋਗ ਉਹ ਆਪਣੇ ਅੰਦਰੋਂ ਚੁਗਦਾ ਹੈ ਭਾਵ ਪਰਿਵਾਰ ਦੇ ਵਿੱਚ ਹਰ ਕੋਈ ਤ੍ਰਿਸ਼ਨਾਵਾਂ ਦੇ ਨਾਲ ਹੀ ਭਰਿਆ ਰਹਿੰਦਾ ਹੈ ਜਿੰਨ੍ਹਾਂ ਦੀ ਪੂਰਤੀ ਲਈ ਉਹ

ਆਪਣੇ ਆਪ ਨੂੰ ਮਾਇਆ ਦੇ ਜਾਲ ਵਿੱਚ ਫਸਾਉਂਦਾ ਹੈ ਭਾਵ ਆਪਣਾ ਜੀਵਨ ਗਵਾਉਂਦਾ ਹੈ। ਇਹ ਸਭ ਕੁਝ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ ਹੈ ਜੋ ਸਾਨੂੰ ਸੱਚੇ ਮਾਰਗ ਤੇ ਨਹੀਂ ਚੱਲਣ ਦਿੰਦੀ। (**ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥ ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥ ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ॥**) ਜਦ ਤਕ ਸਾਡੇ ਅੰਦਰ ਮਾਇਆ ਮੋਹ ਵਾਲੀ ਮਤਿ ਹੈ, ਸਾਡੇ ਅੰਦਰ ਅਗਿਆਨਤਾ ਰੂਪ ਹਨੇਰੀ ਰਾਤ ਹੈ ਜਿਸ ਕਰਕੇ ਅਸੀਂ ਸਰੀਰਕ ਤੌਰ ਤੇ ਜਾਗਦੇ ਹੋਏ ਵੀ ਮਨ ਦੀ ਸਮਝ ਦੁਆਰਾ ਸੁੱਤੇ ਰਹਿੰਦੇ ਹਾਂ, ਇਹ ਸੁੱਤੀ ਹੋਈ ਮਤਿ ਸਾਨੂੰ ਦੁੱਖਾਂ ਵਿੱਚ ਹੀ ਪਾਉਂਦੀ ਹੈ ਜੋ ਕਿ ਮਨ ਦੀ ਅਗਿਆਨਤਾ ਵਿੱਚ ਰਹਿ ਕੇ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਦਾ ਦੁੱਖ ਸਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਦੁੱਖ ਦਿੰਦੇ ਹਨ। ਮਨ ਦੇ ਭਰਮ ਕਾਰਨ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਕਰਦੇ ਹਾਂ ਜਿੰਨ੍ਹਾਂ ਨੂੰ ਅਸੀਂ ਆਪਣੇ ਵੱਲੋਂ ਭਗਤੀ ਵਾਲੇ ਕਰਮ ਸਮਝਦੇ ਹਾਂ, ਧਰਮ ਕਰਮ ਸਮਝਦੇ ਹਾਂ ਤੇ ਆਪਣੇ ਸਰੀਰ ਨੂੰ ਵਿਅਰਥ ਵਿੱਚ ਹੀ ਕਸ਼ਟ ਦਿੰਦੇ ਹਾਂ ਜਿਵੇਂ ਕਿ ਹਰ ਪਾਸੇ ਦੇਖਿਆ ਜਾ ਸਕਦਾ ਹੈ। ਜੋ ਇਹੋ ਜਿਹੇ ਧਰਮ ਕਰਮ ਨਾ ਕਰੇ ਉਸ ਦੇ ਅੰਦਰ ਵੀ ਡਰ ਵਸਿਆ ਰਹਿੰਦਾ ਹੈ ਕਿ ਅੱਜ ਮੈਂ ਸ਼ਬਦਾਂ ਦੀ ਕਥਨੀ ਨਹੀਂ ਕੀਤੀ, ਅੱਜ ਮੈਂ ਧਰਮ ਸਥਾਨ ਤੇ ਮੱਥਾ ਟੇਕਣ ਨਹੀਂ ਗਿਆ, ਅੱਜ ਮੈਂ ਸਵੇਰ ਦੇ ਉੱਚੇ ਵੇਲੇ ਦੀ ਸੰਭਾਲ ਨਹੀਂ ਕੀਤੀ, ਅੱਜ ਮੈਂ ਸਵੇਰੇ ਬਿਨਾ ਪਾਠ ਕੀਤਿਆਂ ਹੀ ਭੋਜਨ ਕਰ ਲਿਆ ਹੈ। ਇਹੋ ਜਿਹੇ ਅਨੇਕਾਂ ਭਉ ਸਾਡੇ ਅੰਦਰ ਵੱਸੇ ਰਹਿੰਦੇ ਹਨ ਜਿੰਨ੍ਹਾਂ ਕਰਕੇ ਅਸੀਂ ਬਿਕਾਰ ਹੀ ਆਪਣੇ ਆਪ ਨੂੰ ਦੁੱਖੀ ਕਰਦੇ ਹਾਂ। ਸਭ ਤੋਂ ਵੱਡਾ ਭਉ ਸਭ ਦੇ ਅੰਦਰ ਇਹ ਬਣਿਆ ਰਹਿੰਦਾ ਹੈ ਕਿ ਅੱਜ ਮੈਂ ਗੁਰੂ ਦੇ ਅੱਗੇ ਮੱਥਾ ਨਹੀਂ ਟੇਕਿਆ ਜਾਂ ਦੁਨਿਆਵੀ ਪਾਠ ਪੂਜਾ ਆਦਿ ਨਹੀਂ ਕੀਤਾ ਤਾਂ ਗੁਰੂ ਪ੍ਰਮਾਤਮਾ ਮੇਰੇ ਕੋਲੋਂ ਨਰਾਜ ਹੋ ਜਾਵੇਗਾ ਤੇ ਮੇਰੀਆਂ ਇੱਛਾਵਾਂ ਪੂਰੀਆਂ ਨਹੀਂ ਕਰੇਗਾ। ਇਹ ਸਾਡੇ ਅੰਦਰ ਦੇ ਝੂਠੇ ਭਉ ਹਨ ਜਿੰਨ੍ਹਾਂ ਕਰਕੇ ਅਸੀਂ ਵਿਅਰਥ ਹੀ ਦੁੱਖੀ ਰਹਿੰਦੇ ਹਾਂ। ਇਹ ਸਭ ਸਾਡੇ ਅੰਦਰ ਦੀ ਮਾਇਆ ਹੈ ਭਾਵ ਮਨ ਦੀ ਅਗਿਆਨਤਾ ਹੈ ਜਿਸ ਕਰਕੇ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਤੇ ਅਸੀਂ ਬੇਕਾਰ ਵਿੱਚ ਉਹਨਾਂ ਕਰਮਾਂ ਕਰਕੇ, ਉਹਨਾਂ ਵਿਚਾਰਾਂ ਕਰਕੇ ਦੁਖੀ ਹੋਏ ਰਹਿੰਦੇ ਹਾਂ ਜੋ ਕਿ ਆਪਣੇ ਆਪ ਨੂੰ ਵਿਅਰਥ ਵਿੱਚ ਖੁਆਰ ਕਰਨ ਵਾਲੀ ਗੱਲ ਹੈ। ਆਪਣੇ ਮਨ ਨੂੰ ਸੁਖੀ ਕਰਨ ਦਾ ਤਰੀਕਾ ਆਪਣੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ, ਮਾਇਆ ਮੋਹ ਦੀ ਨੀਂਦ ਵਿੱਚੋਂ ਨਿਕਲਣ ਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

40/5223

“ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥

ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥”

ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਨਾਮ ਹੈ ਭਾਵ ਗੁਰੂ ਦੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਹੈ ਜਿਸ ਨੂੰ ਅਸੀਂ ਆਪਣੇ ਧਿਆਨ ਵਿੱਚ ਲਿਆਉਣਾ ਹੈ ਭਾਵ ਨਾਮ ਨੂੰ ਧਿਆਉਣਾ ਹੈ ਜਿਸ ਨੇ ਸਾਡੇ ਅੰਦਰੋਂ ਭਰਮਾਂ ਵਾਲੀ ਮਤਿ ਨੂੰ ਕੱਢਣਾ ਹੈ, ਦੁੱਖ ਦੇਣ ਵਾਲੀ ਮਤਿ ਨੂੰ ਕੱਢਣਾ ਹੈ ਜੋ ਸਾਡੇ ਅੰਦਰ ਦੁੱਖਾਂ ਦਾ ਕਾਰਣ ਹੈ ਭਾਵ ਸਾਡੇ ਅੰਦਰ ਦਾ ਦੁਖ ਸਾਡੇ ਅੰਦਰ ਦੇ ਅਗਿਆਨਤਾ ਵਾਲੇ ਵਿਚਾਰ ਹਨ ਤੇ ਜਦੋਂ ਇਹ ਵਿਚਾਰ ਨਾਮ ਵਾਲੇ ਬਣ ਜਾਂਦੇ ਹਨ ਭਾਵ ਗੁਰੂ ਦੇ ਸੱਚੇ ਗਿਆਨ ਵਾਲੇ ਬਣ ਜਾਂਦੇ ਹਨ ਤਾਂ ਫਿਰ ਇਹ ਵਿਚਾਰ ਦੁਖ ਵਿੱਚੋਂ ਨਿਕਲਕੇ **“ਸੁਖੁ”** ਵਾਲੇ ਬਣ ਜਾਂਦੇ ਹਨ। ਇਹ ਵਿਚਾਰ ਸਾਨੂੰ ਸੁਖੀ ਰਖਦੇ ਹਨ ਤੇ ਸਾਨੂੰ ਦੁਖਾਂ ਵਿੱਚੋਂ ਕੱਢ ਲੈਂਦੇ ਹਨ। ਸਾਡੇ ਅੰਦਰ ਭਰਮ ਵਾਲੇ ਵਿਚਾਰ ਸਾਡਾ ਕਾਲ ਹਨ ਭਾਵ ਸਾਨੂੰ ਆਤਮਿਕ ਮੌਤ ਮਾਰਦੇ ਹਨ ਤੇ ਗੁਰਮਤਿ ਵਾਲੇ ਸੱਚੇ ਵਿਚਾਰ ਸਾਨੂੰ ਇਸ ਅਗਿਆਨਤਾ ਰੂਪ ਕਾਲ ਵਿੱਚੋਂ ਕੱਢ ਲੈਂਦੇ ਹਨ ਭਾਵ ਸਾਰੀ ਗੱਲ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੀ ਹੈ ਜਿਸ ਦੁਆਰਾ ਸਾਨੂੰ **“ਸੁਖੁ”** ਦੀ ਪ੍ਰਾਪਤੀ ਹੁੰਦੀ ਹੈ। ਇਸ ਸੁੱਖ ਰੂਪ ਵਿੱਚ ਹੀ ਪ੍ਰਮਾਤਮਾ ਸਾਡੇ ਅੰਦਰ ਆਪ ਹੈ ਜਿਸਦੇ ਨਾਲ ਮੇਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੁਆਰਾ ਹੀ ਹੁੰਦਾ ਹੈ। (**ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥**) ਸਾਡੇ ਅੰਦਰ ਜਦ ਤਕ ਅਗਿਆਨਤਾ ਹੈ ਸਾਡੇ ਅੰਦਰ ਦੇ ਇਹ ਭਰਮ ਵਾਲੇ ਵਿਚਾਰ ਹੀ ਸਾਡਾ ਜੰਮਣ ਮਰਨ ਹਨ ਜੋ ਸਾਨੂੰ ਦੁਨਿਆਵੀ ਜਮਣ ਮਰਣ ਦੇ ਨਾਲ ਜੋੜਕੇ ਰੱਖਦੇ ਹਨ ਕਿਉਂਕਿ ਇਹਨਾਂ ਭਰਮਾਂ ਵਾਲੇ ਵਿਚਾਰਾਂ ਕਰਕੇ ਹੀ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਜੋ ਕਿ ਸੱਚ ਨਹੀਂ ਹੈ। ਮਨ ਦੀ ਅਗਿਆਨਤਾ ਨਿਕਲਣ ਨਾਲ ਹੀ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਜੰਮਣ ਮਰਣ ਤੋਂ ਰਹਿਤ ਹੈ, ਕਾਲ ਤੋਂ ਰਹਿਤ ਹੈ। ਮਨ ਦੇ ਵਿੱਚ ਇਹ ਸੋਝੀ ਪ੍ਰਮਾਤਮਾ ਦੇ ਨਾਮ ਦੁਆਰਾ ਹੀ ਪੈਂਦੀ ਹੈ ਭਾਵ ਸੱਚੇ ਗਿਆਨ ਦੁਆਰਾ ਹੀ ਪੈਂਦੀ ਹੈ ਜੋ ਸੋਝੀ ਪਏ ਬਿਨਾ ਅਸੀਂ ਵਿਅਰਥ ਵਿੱਚ ਹੀ ਜਮਣ ਮਰਨ ਦੇ ਦੁੱਖ ਵਿੱਚ ਪਏ ਰਹਿੰਦੇ ਹਾਂ ਭਾਵ ਸਾਡੇ ਮਨ ਦੀ ਅਗਿਆਨਤਾ ਹੀ ਸਾਨੂੰ ਦੁੱਖਾਂ ਵਿੱਚ ਪਾ ਕੇ ਰੱਖਦੀ ਹੈ ਤੇ ਸੁੱਖ ਤੋਂ ਦੂਰ ਰੱਖਦੀ ਹੈ। (**ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥ ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥**)

ਜਿਵੇਂ ਕਿ ਬਾਣੀ ਰਾਹੀਂ ਬਾਰ ਬਾਰ ਸਮਝਾਇਆ ਹੈ ਸਾਰੇ

40/5224

ਸੰਸਾਰ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਰਖਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਆਪ ਸਮਝਣ ਵਿੱਚ, ਧਰਮ ਦੇ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਭਰਮਾਂ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਮਤਿ ਵਿੱਚੋਂ ਆਪਣੇ ਆਪ ਕੋਈ ਨਹੀਂ ਨਿਕਲ ਸਕਦਾ ਤੇ ਗੁਰੂ ਦੀ ਮਤਿ ਨੂੰ ਮੰਨੇ ਬਿਨਾ ਹੋਰ ਕੋਈ ਚਾਰਾ ਨਹੀਂ ਹੈ। (**ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥੩॥**)

ਗੁਰੂ ਦੀ ਮਤਿ ਲਏ ਬਿਨਾ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ॥ ਤਿਨ ਘਰੁ ਰਾਖਿਅੜਾ ਜੋ ਅਨਦਿਨੁ ਜਾਗੈ ਰਾਮ ॥

ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ॥

ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥

ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ ॥

ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥”

ਰਾਤ ਦਾ ਜਦੋਂ ਚਉਥਾ ਪਹਿਰ ਹੁੰਦਾ ਹੈ ਉਹ ਰਾਤ ਦੇ ਖਤਮ ਹੋਣ ਦਾ ਸਮਾ ਹੁੰਦਾ ਹੈ, ਹਨੇਰਾ ਖਤਮ ਹੋਣ ਦਾ ਸਮਾ ਹੁੰਦਾ

ਹੈ ਜੋ ਕਿ ਸੂਰਜ ਦਾ ਪਰਕਾਸ਼ ਹੋਣ ਦੁਆਰਾ ਹੁੰਦਾ ਹੈ। ਰਾਤ ਦਾ ਹਨੇਰਾ ਆਪਣੇ ਆਪ ਨਹੀਂ ਜਾ ਸਕਦਾ ਉਹ ਸੂਰਜ ਦੇ ਪਰਕਾਸ਼ ਹੋਣ ਦੁਆਰਾ ਹੀ ਜਾਂਦਾ ਹੈ। ਸੂਰਜ ਦਾ ਪ੍ਰਕਾਸ਼ ਹੋਣ ਤੇ ਹੀ ਅਸੀਂ ਦੁਨਿਆਵੀ ਤੌਰ ਤੇ ਜਾਗਦੇ ਹਾਂ ਤੇ ਇਸੇ ਤਰ੍ਹਾਂ ਹੀ ਅਸੀਂ ਮਨ ਦੀ ਅਗਿਆਨਤਾ ਤੋਂ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਜਾਗ ਸਕਦੇ ਹਾਂ। ਮਨ ਦੇ ਹਨੇਰੇ ਤੋਂ ਅਸੀਂ ਤਾਂ ਜਾਗਾਂਗੇ ਜਦੋਂ ਅਸੀਂ ਆਪਣੇ ਘਰ ਨੂੰ ਰੱਖਾਂਗੇ ਭਾਵ ਸੰਭਾਲਾਂਗੇ ਜਿਵੇਂ ਕਿ ਸਾਨੂੰ ਉਪਰ ਪਹਿਲੇ ਪਦਿਆਂ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਘਰ ਨੂੰ ਲੁੱਟਣ ਵਾਲੇ ਸਾਡੇ ਚੋਰ ਹਨ ਭਾਵ ਨਾਮ ਦੇ ਚੋਰ ਹਨ ਜੋ ਸਾਡੇ ਅੰਦਰ ਨਾਮ ਵਾਲੀ ਮਤਿ ਨੂੰ ਚੁਰਾਉਂਦੇ ਹਨ, ਗੁਣਾਂ ਵਾਲੇ ਵਿਚਾਰਾਂ ਨੂੰ ਚੁਰਾਉਂਦੇ ਹਨ। ਜੋ ਆਪਣੇ ਮਾੜੇ ਵਿਚਾਰਾਂ ਨੂੰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਤਿਆਗ ਦਿੰਦਾ ਹੈ ਭਾਵ ਜੋ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ, ਜੋ ਗੁਰੂ ਦੀ ਨਾਮ ਰੂਪ ਮਤਿ ਨੂੰ ਮੰਨ ਲੈਂਦਾ ਹੈ ਭਾਵ ਜੋ ਗੁਰੂ ਦੇ ਸੱਚੇ ਗਿਆਨ ਨੂੰ ਅਪਨਾ ਲੈਂਦਾ ਹੈ ਉਹ ਆਪਣੀ ਮਨ ਦੀ ਮਤਿ ਰਾਹੀਂ ਜਾਗ ਜਾਂਦਾ ਹੈ ਤੇ ਫਿਰ ਉਹ ਹਰ ਵੇਲੇ, ਅੱਠੇ ਪਹਿਰ ਜਾਗਦਾ ਹੀ ਰਹਿੰਦਾ ਹੈ। ਜਿਵੇਂ ਸੂਰਜ ਦਾ ਪਰਕਾਸ਼ ਰਾਤ ਦੇ ਹਨੇਰੇ ਨੂੰ ਦੂਰ ਕਰਦਾ ਹੈ ਇਸੇ ਤਰ੍ਹਾਂ ਗੁਰੂ ਦਾ ਸੱਚਾ ਗਿਆਨ ਸਾਡੀ ਮਤਿ ਨੂੰ ਭਾਵ ਸਾਡੀ ਸੁੱਤੀ ਹੋਈ ਮਤਿ ਨੂੰ, ਅਗਿਆਨਤਾ ਵਿੱਚ ਸੁੱਤੀ ਹੋਈ ਮਤਿ ਨੂੰ ਸਦਾ ਲਈ ਜਗਾ ਦਿੰਦਾ ਹੈ ਜੋ ਮਤਿ ਫਿਰ ਅਉਗੁਣਾਂ

40/5225

ਤੋਂ ਰਹਿਤ ਹੋ ਜਾਂਦੀ ਹੈ। (**ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ॥ ਤਿਨ ਘਰੁ ਰਾਖਿਅੜਾ ਜੁ ਅਨਦਿਨੁ ਜਾਗੈ ਰਾਮ ॥**)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥}

(ਅੰਗ - ੧੪੧੪)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥}

(ਅੰਗ - ੧੧੭੮)

ਮਨ ਦੀ ਅਗਿਆਨਤਾ ਵਿੱਚੋਂ ਕੋਈ ਆਪਣੇ ਆਪ ਜਾਗ ਜਾਏ ਭਾਵ ਮਨੁੱਖੀ ਮਤਿ ਦੁਆਰਾ ਜਾਗ ਜਾਏ ਇਹ ਨਾਮੁਮਕਿਨ ਹੈ। ਜੋ ਵੀ ਮਨ ਦੀ ਅਗਿਆਨਤਾ ਤੋਂ ਜਾਗਦਾ ਹੈ, ਮਾਇਆ ਮੋਹ ਦੀ ਨੀਂਦ ਵਿੱਚੋਂ ਜਾਗਦਾ ਹੈ ਉਸ ਨੂੰ ਇਹ ਸੋਝੀ ਕੇਵਲ ਗੁਰੂ ਹੀ ਪਾ ਸਕਦਾ ਹੈ ਕਿਉਂਕਿ ਨਾਮ ਕੇਵਲ ਗੁਰੂ ਦੇ ਕੋਲ ਹੈ ਭਾਵ ਚੌਥੇ ਪਦ ਦਾ ਗਿਆਨ, ਬ੍ਰਹਮ ਗਿਆਨ ਕੇਵਲ ਗੁਰੂ ਦੇ ਕੋਲ ਹੈ ਜੋ ਆਪ ਹੀ ਪ੍ਰਮਾਤਮਾ ਦਾ ਰੂਪ ਹੈ ਤੇ ਜੇਕਰ ਅਸੀਂ ਗੁਰੂ ਨੂੰ ਪੁਛ ਕੇ ਚਲਾਂਗੇ ਭਾਵ ਗੁਰੂ ਦੀ ਮਤਿ ਲਵਾਂਗੇ ਤੇ ਤਾਂ ਹੀ ਅਸੀਂ ਮਨ ਦੀ ਮਤਿ ਦੁਆਰਾ ਜਾਗ ਸਕਦੇ ਹਾਂ ਤੇ ਮਨ ਦੇ ਜਾਗਣ ਦੁਆਰਾ ਹੀ ਅਸੀਂ ਗੁਰੂ ਦੇ ਨਾਮ ਨਾਲ ਜੁੜਦੇ ਹਾਂ ਭਾਵ ਅਗਿਆਨਤਾ ਵਾਲੀ ਮਤਿ ਵਿੱਚ ਰਹਿੰਦੇ ਹੋਏ ਕੋਈ ਵੀ ਨਾਮ ਨਾਲ ਜੁੜਿਆ ਹੋਇਆ ਨਹੀਂ ਹੈ ਤੇ ਜੋ ਪ੍ਰਮਾਤਮਾ ਦੇ ਨਾਮ ਦੇ ਨਾਲ ਜੁੜ ਜਾਂਦਾ ਹੈ ਉਸ ਦੀ ਅਗਿਆਨਤਾ ਰੂਪ ਰਾਤ ਫਿਰ ਸੁਖਦਾਈ ਬਣ ਜਾਂਦੀ ਹੈ ਭਾਵ ਅਗਿਆਨਤਾ ਵਾਲੀ ਮਾੜੀ ਮਤਿ ਸੱਚੇ ਗਿਆਨ ਵਾਲੀ ਚੰਗੀ ਮਤਿ ਬਣ ਜਾਂਦੀ ਹੈ ਜੋ ਮਤਿ ਸਾਡੇ ਜੀਵਨ ਨੂੰ ਫਿਰ ਦੁੱਖਾਂ ਵਿੱਚ ਨਹੀਂ ਪਾਉਂਦੀ ਤੇ ਸੁੱਖਾਂ ਵਿੱਚ ਰਖਦੀ ਹੈ। (**ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ॥**) ਜੋ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ, ਮਨ ਦੇ ਹਨੇਰੇ ਵਿੱਚੋਂ ਨਿਕਲਕੇ ਜਾਗ ਜਾਂਦੇ ਹਨ ਉਹੀ ਗੁਰੂ ਦੇ ਸ਼ਬਦ ਦੀ ਕਮਾਈ ਕਰਦੇ ਹਨ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥"

ਗੁਰੂ ਦੇ ਸ਼ਬਦ ਦੀ ਕਮਾਈ ਕਰਨਾ ਭਾਵ ਗੁਰੂ ਦੇ ਸ਼ਬਦ ਨੂੰ ਕਮਾਉਣਾ ਇਹ ਹੈ ਜਦੋ ਅਸੀਂ ਗੁਰੂ ਦੇ ਸ਼ਬਦ ਨੂੰ ਆਪਣੀ

ਕਮਾਈ ਵਿੱਚ

40/5226

ਲੈ ਕੇ ਆਉਂਦੇ ਹਾਂ ਜਿਵੇਂ ਅਸੀਂ ਬਾਹਰ ਧਨ ਦੌਲਤ ਕਮਾਉਂਦੇ ਹਾਂ ਇਸੇ ਤਰ੍ਹਾਂ ਗੁਰੂ ਦਾ ਸ਼ਬਦ ਨਾਮ ਦਾ ਧਨ ਹੈ, ਸੱਚੇ ਗਿਆਨ ਦਾ ਧਨ ਹੈ ਤੇ ਜਦੋਂ ਇਹ ਧਨ ਸਾਡੇ ਮਨ ਦੇ ਵਿਚਾਰਾਂ ਵਿੱਚ ਵੱਸ ਜਾਂਦਾ ਹੈ ਉਦੋਂ ਇਹ ਧਨ ਸਾਡੀ ਰਾਸਿ ਬਣ ਜਾਂਦਾ ਹੈ, ਸਾਡੀ ਪੂੰਜੀ ਬਣ ਜਾਂਦਾ ਹੈ। ਇਹ ਕਮਾਈ ਸਾਡਾ ਮਨ ਕਰਦਾ ਹੈ ਜਿਹੜੇ ਗਿਆਨ ਧਨ ਦੇ ਨਾਲ ਸਾਡੀ ਅਗਿਆਨਤਾ ਨਿਕਲਦੀ ਹੈ। ਇਹ ਧਨ ਸਾਡੀ ਸੋਝੀ ਦਾ ਧਨ ਹੈ ਜਿਸ ਤੋਂ ਬਾਦ ਸਾਡੇ ਅੰਦਰ ਫਿਰ ਭਰਮਾਂ ਵਾਲੇ ਵਿਚਾਰ ਨਹੀਂ ਉਪਜਦੇ ਜਿੰਨ੍ਹਾਂ ਭਰਮਾਂ ਵਾਲੇ ਵਿਚਾਰਾਂ ਕਰਕੇ ਅਸੀਂ ਮਨ ਦੇ ਵਿੱਚ ਹੀ ਜਨਮ ਲੈਂਦੇ ਹਾਂ ਤੇ ਆਪਣੀ ਮਨੁੱਖੀ ਹੋਂਦ ਸਮਝਦੇ ਹਾਂ। ਮਨ ਦੀ ਸੋਝੀ ਸਾਨੂੰ ਇਸ ਜਨਮ ਮਰਣ ਵਿੱਚੋਂ ਕੱਢ ਲੈਂਦੀ ਹੈ ਕਿਉਂਕਿ ਮਨ ਦੇ ਵਿੱਚ ਇਹ ਸੱਚੀ ਸੋਝੀ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਮਨ ਦੇ ਸੱਚੇ ਗਿਆਨ ਦੁਆਰਾ ਸਾਡਾ ਮਦਦਗਾਰ ਬਣ ਜਾਂਦਾ ਹੈ, ਸਾਡਾ ਮਿੱਤਰ ਬਣ ਜਾਂਦਾ ਹੈ, ਸਾਡਾ ਸੱਜਣ ਬਣ ਜਾਂਦਾ ਹੈ ਫਿਰ ਸਾਨੂੰ ਦੁੱਖਾਂ ਵਿੱਚੋਂ ਕੱਢ ਲੈਂਦਾ ਹੈ ਜੋ ਦੁੱਖ ਸਾਨੂੰ ਅਗਿਆਨਤਾ ਵਾਲੇ ਵਿਚਾਰ ਦਿੰਦੇ ਹਨ। (**ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ॥ ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥**)

ਜਿਹੜੇ ਸ਼ਬਦ ਦੀ ਕਮਾਈ ਨਹੀਂ ਕਰਦੇ ਭਾਵ ਜੋ ਮਨ ਦੇ ਹਨੇਰੇ ਵਿੱਚ ਹੀ ਰਹਿੰਦੇ ਹਨ, ਅਗਿਆਨਤਾ ਵਿੱਚ ਹੀ ਰਹਿੰਦੇ ਹਨ ਭਾਵ ਆਪਣੇ ਆਪ ਨੂੰ ਸਮਝਣ ਵਿੱਚ, ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਸਮਝਣ ਵਿੱਚ ਭਰਮ ਵਿੱਚ ਰਹਿੰਦੇ ਹਨ ਉਹਨਾਂ ਦੀ ਅਵਸਥਾ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ ॥

ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥”

ਜਦ ਤਕ ਸਾਡੀ ਅਗਿਆਨਤਾ ਨਹੀਂ ਨਿਕਲਦੀ ਭਾਵ ਜਦ ਤਕ ਸਾਡੇ ਅੰਦਰ ਨਾਮ ਨਹੀਂ ਵੱਸਦਾ ਤਦ ਤਕ ਕੋਈ ਨਹੀਂ ਜਾਣ ਸਕਦਾ ਕਿ ਅਸੀਂ ਮਨੁੱਖੀ ਰੂਪ ਵਿੱਚ ਕੌਣ ਹਾਂ ਭਾਵ ਇਸ ਸਰੀਰ ਨੂੰ ਅਸੀਂ ਆਪਣਾ ਸਰੀਰ ਸਮਝਦੇ ਹਾਂ, ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ ਜੋ ਕਿ ਸਾਡਾ ਵੱਡਾ ਭਰਮ ਹੈ, ਸੰਸਾਰ ਦਾ ਸਭ ਤੋਂ ਵੱਡਾ ਭਰਮ ਹੈ। ਮਨ ਦੀ ਅਗਿਆਨਤਾ ਹੀ ਸਾਡਾ ਪ੍ਰਮਾਤਮਾ ਨਾਲ ਪੜਦਾ ਹੈ ਜੋ ਕਿ ਉਸ ਦਾ ਆਪਣਾ ਹੀ ਪਾਇਆ ਹੋਇਆ ਹੈ। ਜਦ ਤਕ ਅਸੀਂ ਇਸ ਸਰੀਰ ਨੂੰ ਆਪਣਾ ਸਮਝਦੇ ਹਾਂ ਤਦ ਤਕ ਅਸੀਂ ਜਨਮ ਮਰਣ ਦੇ ਦੁਖ ਵਿੱਚ ਪਏ ਰਹਿੰਦੇ ਹਾਂ। ਇਸ ਸਰੀਰ ਤਾਂ ਇੱਕ ਦਿਨ ਬਿਨਸਨਾ ਹੀ ਹੁੰਦਾ ਹੈ ਭਾਵ ਇਸਨੂੰ ਬੁਢਾਪਾ ਆਉਣਾ

40/5227

ਹੀ ਹੁੰਦਾ ਹੈ ਜੋ ਸਭ ਲਈ ਦੁੱਖਦਾਇਕ ਹੁੰਦਾ ਹੈ। ਅਸੀਂ ਆਪਣੇ ਸਰੀਰ ਦੇ ਮੋਹ ਨਾਲ ਜੁੜੇ ਰਹਿੰਦੇ ਹਾਂ ਤੇ ਨਾ ਹੀ ਇਹ ਕਿਸੇ ਨੂੰ ਸਮਝ ਹੁੰਦੀ ਹੈ ਕਿ ਸਰੀਰ ਦੇ ਬਿਨਸਨ ਤੋਂ ਬਾਅਦ ਕਿਸੇ ਦੇ ਨਾਲ ਕੀ ਹੋਣਾ ਹੈ, ਕਿਸ ਨੇ ਕਿੱਥੇ ਜਾਣਾ ਹੈ ਭਾਵ ਇਹਨਾਂ ਸਾਰੀਆਂ ਗੱਲਾਂ ਨੂੰ ਲੈ ਕੇ ਅਸੀਂ ਦੁਖੀ ਹੁੰਦੇ ਰਹਿੰਦੇ ਹਾਂ ਪਰ ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਇਸ ਮਨੁੱਖੀ ਰੂਪ ਦੇ ਵਿੱਚ ਆਪ ਪ੍ਰਮਾਤਮਾ ਹੀ ਹੈ ਜੋ ਇਸ ਸਰੀਰ ਨੂੰ ਬਣਾਕੇ ਆਪ ਹੀ ਇਸ ਨੂੰ ਚਲਾ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ ਤਾਂ ਫਿਰ ਇਸ ਮਨੁੱਖ ਰੂਪ ਨੂੰ ਪ੍ਰਮਾਤਮਾ ਦਾ ਭਾਣਾ ਸਮਝ ਆ ਜਾਂਦਾ ਹੈ ਤੇ ਫਿਰ ਕਿਸੇ ਗੱਲ ਵਿੱਚ ਦੁਖ ਤਕਲੀਫ ਨਹੀਂ ਮਾਣਦਾ, ਉਸ ਦਾ ਭਾਣਾ ਮੰਨ ਕੇ ਚਲਦਾ ਹੈ ਤੇ ਸਮਝ ਲੈਂਦਾ ਹੈ ਕਿ ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਆਪਣੀ ਇੱਕ ਖੇਡ ਹੈ ਜੋ ਇਸੇ ਤਰੀਕੇ ਹੀ ਚਲਦੀ ਹੈ। ਪ੍ਰਮਾਤਮਾ ਦੀ ਇਸ ਖੇਡ ਨੂੰ ਜਾਣੇ ਬਿਨਾ ਹਰ ਕੋਈ ਇਸ ਸੰਸਾਰ ਵਿੱਚ ਦੁਖ ਹੀ ਸਹਿੰਦਾ ਹੈ ਭਾਵ ਇਹ ਦੁਖ ਸੁਖ ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਅਗਿਆਨਤਾ ਸਾਡਾ ਦੁੱਖ ਹੈ, ਗੁਰੂ ਦਾ ਸੱਚਾ ਗਿਆਨ ਸਾਡਾ ਸੁੱਖ ਹੈ, ਹਉਮੈ ਸਾਡਾ ਦੁੱਖ ਹੈ, ਨਾਮ ਸਾਡਾ ਸੁੱਖ ਹੈ। ਤ੍ਰੈ ਗੁਣ ਸਾਡਾ ਦੁੱਖ ਹੈ, ਚਉਥਾ ਪਦ ਸਾਡਾ ਸੁੱਖ ਹੈ। ਪ੍ਰਮਾਤਮਾ ਨਾਲ ਵਿਛੋੜਾ ਸਾਡਾ ਦੁੱਖ ਹੈ ਤੇ ਉਸਦੇ ਨਾਲ ਮੇਲ ਸਾਡਾ ਸੁੱਖ ਹੈ। (**ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ॥ ਤਿਨ ਘਰੁ ਰਾਖਿਅੜਾ ਜੋ ਅਨਦਿਨੁ ਜਾਗੈ ਰਾਮ ॥ ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ॥ ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥ ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ ॥ ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥॥**)

ਜਦ ਤਕ ਸਾਡਾ ਇਹ ਮਨੁੱਖੀ ਰੂਪ ਬਿਨਸਦਾ ਨਹੀਂ ਭਾਵ ਜਦ ਤਕ ਸਾਨੂੰ ਇਹ ਸਮਝ ਨਹੀਂ ਲੱਗਦੀ ਕਿ ਇਹ ਮਨੁੱਖੀ ਰੂਪ ਸਾਡਾ ਇੱਕ ਝੂਠਾ ਰੂਪ ਹੈ ਤਦ ਤਕ ਸਾਡਾ ਪ੍ਰਮਾਤਮਾ ਨਾਲ ਮੇਲ ਨਹੀਂ ਹੋਇਆ। ਸਾਡੀ ਇਸ ਝੂਠੇ ਮਨੁੱਖੀ ਰੂਪ ਦੀ ਮੌਤ ਕਿਵੇਂ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਸਾਡੇ ਮਨ ਦੀ ਅਗਿਆਨਤਾ ਦੀ ਮੌਤ ਹੋਣਾ ਹੀ, ਸਾਡੀ ਹਉਮੈ ਦੀ ਮੌਤ ਹੋਣਾ ਹੀ, ਸਾਡੇ ਮਨੁੱਖੀ ਰੂਪ ਦਾ ਬਿਨਸਨਾ ਹੈ ਕਿਉਂਕਿ ਆਪਣਾ ਮਨੁੱਖੀ ਰੂਪ ਸਮਝਣਾ ਸਾਡਾ ਇੱਕ ਭਰਮ ਹੈ, ਅਗਿਆਨਤਾ ਹੈ।

“ਖੁਲੀ ਗੰਠਿ ਉਠੋ ਲਿਖਿਆ ਆਇਆ ਰਾਮ ॥ ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ॥
ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥
ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥
ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥”

(ਅੰਗ - ੧੧੧੦)

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਹਰ

40/5228

ਕਿਸੇ ਨੂੰ ਪ੍ਰਮਾਤਮਾ ਨੇ ਮਨ ਦੇ ਬੰਧਨ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਦੇ, ਭਰਮ ਦੇ ਬੰਧਨ ਵਿੱਚ ਰੱਖਿਆ ਹੋਇਆ ਹੈ ਇਹ ਪ੍ਰਮਾਤਮਾ ਨੇ ਸਾਡੇ ਅੰਦਰ ਸਾਡੇ ਵਿਚਾਰਾਂ ਨੂੰ ਬੰਨਿਆ ਹੋਇਆ ਹੈ ਭਾਵ ਸਾਡੇ ਵਿਚਾਰਾਂ ਨੂੰ ਗੰਢ ਮਾਰੀ ਹੋਈ ਹੈ, ਤ੍ਰੈ ਗੁਣ ਰੂਪ ਗੰਢ ਮਾਰੀ ਹੋਈ ਹੈ ਜਿਸ ਬੰਧਨ ਵਿੱਚ ਰਹਿੰਦਿਆਂ ਮਨ ਦੇ ਵਿਚਾਰਾਂ ਰਾਹੀਂ ਹਰ ਕੋਈ ਇਹੀ ਸਮਝਦਾ ਹੈ ਕਿ ਮੈਂ ਇੱਕ ਮਨੁੱਖ ਹਾਂ ਜੋ ਕਿ ਸਾਡਾ ਭਰਮ ਹੈ ਕਿਉਂਕਿ ਅਸਲ ਵਿੱਚ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਪਰ ਮਨ ਦੇ ਵਿੱਚ ਭਰਮ ਦੇ ਬੰਧਨ ਕਰਕੇ ਅਸੀਂ ਇਸ ਗੱਲ ਨੂੰ ਕਦੇ ਨਹੀਂ ਸਮਝ ਸਕਦੇ, ਕੋਈ ਵੀ ਨਹੀਂ ਸਮਝ ਸਕਦਾ। ਜਦੋਂ ਸਾਡੇ ਅੰਦਰ ਨਾਮ ਵੱਸ ਜਾਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਜਿਵੇਂ ਕਿ ਅਸੀਂ ਪਿਛਲੇ ਪਦੇ ਦੁਆਰਾ ਸਮਝਿਆ ਹੈ ਫਿਰ ਸਾਡੇ ਅੰਦਰ ਉਹ ਗੰਢ ਖੁੱਲ ਜਾਂਦੀ ਹੈ ਜੋ ਗੰਢ ਪ੍ਰਮਾਤਮਾ ਨੇ ਭਰਮ ਰੂਪ ਵਿਚਾਰਾਂ ਦੁਆਰਾ ਸਭ ਦੇ ਅੰਦਰ ਮਾਰੀ ਹੋਈ ਹੈ। ਇਹ ਗੰਢ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਕਿਸੇ ਤੇ ਕਿਰਪਾ ਕਰਕੇ ਖੋਲਦਾ ਹੈ ਜਿਸ ਦੁਆਰਾ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਹੈ ਜੋ ਇਸ ਸਰੀਰ ਦਾ ਮਾਲਕ ਹੈ ਤੇ ਆਪਣੇ ਆਪ ਨੂੰ ਇੱਕ ਮਨੁੱਖ ਸਮਝਣਾ ਕੇਵਲ ਭਰਮ ਹੈ। ਮਨ ਦੀ ਇਸ ਸਮਝ ਦੁਆਰਾ ਇਸ ਮਨੁੱਖੀ ਰੂਪ ਦਾ ਕੋਈ ਆਪਣਾ ਵਜੂਦ ਨਹੀਂ ਰਹਿ ਜਾਂਦਾ ਭਾਵ ਇਹ ਮਨੁੱਖੀ ਹੋਂਦ ਖਤਮ ਹੋ ਜਾਂਦੀ ਹੈ। ਇਹ ਮਨੁੱਖੀ ਰੂਪ ਦਾ ਸੰਸਾਰ ਤੋਂ ਉਠਣਾ ਹੈ ਜਿਸ ਦੀ ਲਿਖਤ ਮਨ ਦੇ ਵਿੱਚ ਹੀ ਲਿਖੀ ਜਾਂਦੀ ਹੈ ਜੋ ਲਿਖਤ ਮਨ ਦੇ ਵਿੱਚ ਵਿਚਾਰਾਂ ਰਾਹੀਂ ਪ੍ਰਮਾਤਮਾ ਆਪ ਹੀ ਲਿਖਦਾ ਹੈ। ਮਨ ਦੇ ਵਿੱਚ ਉਸ ਦੀ ਲਿਖਤ ਹੀ ਉਸ ਦਾ ਉਹ ਸੱਚਾ ਗਿਆਨ ਹੈ, ਨਾਮ ਰੂਪ ਗਿਆਨ ਹੈ ਜੋ ਸਾਨੂੰ ਭਰਮਾਂ ਤੋਂ ਮੁਕਤਿ ਕਰਦਾ ਹੈ, ਭਰਮਾਂ ਦੀ ਗੰਢ ਨੂੰ ਖੋਲਦਾ ਹੈ ਤੇ ਮਨੁੱਖ ਨੂੰ ਆਪਣੀ ਅਸਲੀਅਤ ਦੀ ਸਮਝ ਪੈਂਦੀ ਹੈ। (**ਖੁਲੀ ਗੰਠਿ ਉਠੋ ਲਿਖਿਆ ਆਇਆ ਰਾਮ ॥**) ਜਦੋਂ ਮਨ ਦੇ ਵਿੱਚੋਂ ਭਰਮ ਨਿਕਲ ਜਾਂਦੇ ਹਨ ਭਾਵ ਜਦੋਂ ਮਨ ਦਾ ਹਨੇਰਾ ਦੂਰ ਹੋ ਜਾਂਦਾ ਹੈ ਭਾਵ ਜਦੋਂ ਮਨ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਫਿਰ ਉਸ ਰਾਹੀਂ ਆਪਣੇ ਮਨੁੱਖੀ ਰੂਪ ਪ੍ਰਮਾਤਮਾ ਧਰਮ ਦੇ ਮਾਰਗ ਦੀ ਸੱਚੀ ਸੋਝੀ ਪਾ ਦਿੰਦਾ ਹੈ। ਮਾਇਆ ਮੋਹ ਵਿੱਚ ਰਹਿੰਦੇ ਹੋਏ ਮਨੁੱਖ ਰਸ ਕਸ ਦੇ ਸੁਖਾਂ ਨਾਲ ਜੁੜਿਆ ਰਹਿੰਦਾ ਹੈ ਭਾਵ ਦੁਨਿਆਵੀ ਪਦਾਰਥਾਂ ਦੇ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ ਭਾਵ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਵਿੱਚ ਸੁਖ ਸਮਝਦਾ ਹੈ ਜਿਸ ਲਈ ਉਸਨੂੰ ਅਉਗੁਣਾਂ ਦਾ ਸਹਾਰਾ ਲੈਣਾ ਪੈਂਦਾ ਹੈ ਇਸ ਲਈ ਉਹ ਮਾੜੇ ਕਰਮ ਕਰਦਾ ਹੈ ਪਰ ਮਨ ਦੇ ਵਿੱਚ ਸੱਚੀ ਸਮਝ

40/5229

ਪਾਉਣ ਦੁਆਰਾ ਪ੍ਰਮਾਤਮਾ ਉਸ ਨੂੰ ਇਹਨਾਂ ਵਿਚਾਰਾਂ ਵਿੱਚੋਂ ਕੱਢ ਲੈਂਦਾ ਹੈ ਭਾਵ ਇਹੋ ਜਿਹੇ ਵਿਚਾਰਾਂ ਨੂੰ ਠਾਕ ਦਿੰਦਾ ਹੈ, ਉਹਨਾਂ ਵਿਚਾਰਾਂ ਉੱਤੇ ਬੰਧਨ ਲਗਾ ਦਿੰਦਾ ਹੈ ਫਿਰ ਪ੍ਰਮਾਤਮਾ ਉਸਨੂੰ ਇਹੋ ਜਿਹੀ ਮਤਿ ਦੁਆਰਾ ਚਲਾਉਂਦਾ ਹੈ ਭਾਵ ਉਸ ਦੀ ਵਿਚਰਣ ਸੱਚੀ ਸੁੱਚੀ ਹੋ ਜਾਂਦੀ ਹੈ। (**ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ॥**)

ਪ੍ਰਮਾਤਮਾ ਦੀ ਸੱਚੀ ਭਗਤੀ ਮਨ ਦੀ ਇਸ ਅਵਸਥਾ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ

ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥

ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥”

ਸਾਨੂੰ ਸਾਰਿਆਂ ਨੂੰ ਚਲਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ। ਉਹ ਸਭ ਨੂੰ ਮਨ ਦੀ ਮਤਿ ਦੁਆਰਾ ਹੀ ਚਲਾਉਂਦਾ ਹੈ ਕਿਉਂਕਿ ਅਸੀਂ ਜੋ ਕੁਝ ਵੀ ਕਰਦੇ ਹਾਂ ਭਾਵ ਜਿਹੋ ਜਿਹੀ ਵਿਚਰਨ ਸਾਡੀ ਸੰਸਾਰ ਵਿੱਚ ਹੁੰਦੀ ਹੈ ਉਹ ਮਨ ਦੀ ਸਮਝ ਦੁਆਰਾ ਹੀ ਹੁੰਦੀ ਹੈ। ਜਦ ਤਕ ਪ੍ਰਮਾਤਮਾ ਸਾਡੇ ਅੰਦਰ ਦੀ ਮਾੜੀ ਮਤਿ ਨੂੰ ਬੰਨਦਾ ਨਹੀਂ ਭਾਵ ਜਦ ਤਕ ਉਸ ਤੇ ਰੋਕ ਨਹੀਂ ਲਗਾਉਂਦਾ ਤਦ ਤਕ ਅਸੀਂ ਮਾੜੇ ਕਰਮ ਕਰਦੇ ਹਾਂ ਪਰ ਰਸਾਂ ਕਸਾਂ ਵਿੱਚ ਰਹਿੰਦੇ ਹਾਂ। ਪ੍ਰਮਾਤਮਾ ਇਹੋ ਜਿਹੀ ਮਤਿ ਵਿੱਚੋਂ ਉਸੇ ਨੂੰ ਹੀ ਕੱਢਦਾ ਹੈ ਜਦੋਂ ਉਸ ਨੂੰ ਭਾਉਂਦਾ ਹੈ ਭਾਵ ਜਦੋਂ ਉਹ ਆਪ ਕਿਰਪਾ ਕਰਦਾ ਹੈ ਕਿਉਂਕਿ ਸਾਡੀ ਮਤਿ ਉਸ ਦੇ ਆਪਣੇ ਵੱਸ ਹੈ। ਜਦ ਤਕ ਅਸੀਂ ਤ੍ਰੈ ਗੁਣਾਂ ਵਾਲੀ ਮਤਿ ਦੁਆਰਾ ਵਿਚਰਦੇ ਹਾਂ ਤਦ ਤਕ ਅਸੀਂ ਉਸ ਮਤਿ ਨੂੰ ਆਪਣੀ ਮਤਿ ਸਮਝਦੇ ਹਾਂ ਤੇ ਅਸੀਂ ਉਹ ਕੁਝ ਦੇਖਦੇ ਹਾਂ ਭਾਵ ਮਨ ਦੀ ਸਮਝ ਰਾਹੀਂ ਉਹ ਕੁਝ ਦੇਖਦੇ ਹਾਂ ਜਿਹੋ ਜਿਹਾ ਆਪਣੇ ਅੰਦਰੋਂ ਸੁਣਦੇ ਹਾਂ ਭਾਵ ਉਸ ਤਰੀਕੇ ਵਿਚਰਦੇ ਹਾਂ ਜਿਹੋ ਜਿਹਾ ਮਾਰਗ ਸਾਡੀ ਮਤਿ ਸਾਨੂੰ ਦਿਖਾਉਂਦੀ ਹੈ ਲੇਕਿਨ ਜਦੋਂ ਪ੍ਰਮਾਤਮਾ ਸਾਨੂੰ ਆਪਣੇ ਵਿਚਾਰਾਂ ਨਾਲ ਜੋੜ ਲੈਂਦਾ ਹੈ ਫਿਰ ਆਪਣੀ ਮਤਿ ਰਾਹੀਂ ਨਹੀਂ ਵਿਚਰਦੇ ਭਾਵ ਆਪਣੀ ਮਤਿ ਦੀ ਗੱਲ ਨਹੀਂ ਸੁਣਦੇ ਤੇ ਉਸ ਮਾਰਗ ਤੇ ਨਹੀਂ ਚਲਦੇ। (**ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥**) ਪ੍ਰਮਾਤਮਾ ਦੇ ਨਾਲ ਮੇਲ ਦੀ ਵਾਰੀ ਕਿਸੇ ਦੀ ਵੀ ਆ ਸਕਦੀ ਹੈ। ਸਾਡੀ ਵਾਰੀ ਕਿਵੇਂ ਆਉਂਦੀ ਹੈ ਇਸ ਗੱਲ ਨੂੰ ਅਸੀਂ ਸ਼ਬਦ ਵਿੱਚ ਪਹਲੇ ਸਮਝ ਚੁੱਕੇ ਹਾਂ।

{ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥ ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥

ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥}

(ਅੰਗ - ੧੧੧੦)

ਅਗਲੀ ਪੰਗਤੀ ਰਾਹੀਂ ਸਾਡੀ ਵਾਰੀ ਕਿਵੇਂ ਆਉਂਦੀ ਹੈ ਇਹੀ ਗੱਲ ਸਮਝਾਈ ਹੋਈ ਹੈ।

40/5230

“ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥”

ਜਿਸਦੀ ਪ੍ਰਮਾਤਮਾ ਦੇ ਨਾਲ ਮੇਲ ਦੀ ਵਾਰੀ ਆਉਂਦੀ ਹੈ ਉਹ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੁਆਰਾ ਹੀ ਆਉਂਦੀ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਦੇ ਚੋਰ ਭਾਵ ਮਾੜੇ ਵਿਚਾਰ ਸਾਡੇ ਅੰਦਰ ਦੀ ਖੇਤੀ ਨੂੰ ਉਜਾੜ ਦਿੰਦੇ ਹਨ। ਜਦ ਤਕ ਇਹਨਾਂ ਚੋਰਾਂ ਨੂੰ ਬੰਨਿਆ ਨਹੀਂ ਜਾਂਦਾ ਭਾਵ ਫੜਿਆ ਨਹੀਂ ਜਾਂਦਾ ਤਦ ਤਕ ਇਹ ਸਾਡੇ ਅੰਦਰ ਦੀ ਖੇਤੀ ਨੂੰ ਪੱਕਣ ਨਹੀਂ ਦਿੰਦੇ। ਪ੍ਰਮਾਤਮਾ ਇਹਨਾਂ ਮਨ ਦੇ ਚੋਰਾਂ ਨੂੰ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਆਪ ਹੀ ਆਪਣੇ ਸੱਚੇ ਗਿਆਨ ਦੁਆਰਾ ਬੰਨ ਕੇ ਰੱਖਦਾ ਹੈ ਤੇ ਤਾਂ ਹੀ ਸਾਡੇ ਅੰਦਰ ਦੀ ਗੁਰਮਤਿ ਰੂਪ ਖੇਤੀ ਪਕਦੀ ਹੈ। ਜਦੋਂ ਅਸੀਂ ਇਹੋ ਜਿਹੀ ਪੱਕੀ ਫਸਲ ਨੂੰ ਵਢਾਂਗੇ ਤਾਂ ਫਿਰ ਅਸੀਂ ਕੋਈ ਮਾੜਾ ਕਰਮ ਨਹੀਂ ਕਰ ਸਕਦੇ ਤੇ ਇਸਦਾ ਫਲ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੇ ਰੂਪ ਵਿੱਚ ਮਿਲਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਮਿਲਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹੀ ਹੈ। (**ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥ ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥**)

ਜਿੰਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਹਨਾਂ ਨੂੰ ਮਨ ਦੀ ਇਸ ਅਵਸਥਾ ਦੁਆਰਾ ਹੀ ਮਿਲਾਉਂਦਾ ਹੈ ਭਾਵ ਸਾਡੇ ਅੰਦਰ ਦੀ ਵਿਚਾਰ ਰੂਪ ਖੇਤੀ ਪੱਕਣ ਦੁਆਰਾ ਹੀ ਬਣਾਉਂਦਾ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥

ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥”

ਜਦੋਂ ਸਾਨੂੰ ਪ੍ਰਮਾਤਮਾ ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਆਪਣੀ ਸੱਚੀ ਮਤਿ ਨਾਲ ਜੋੜ ਲੈਂਦਾ ਹੈ ਭਾਵ ਜਦੋਂ ਅਸੀਂ ਆਪਣੇ ਅੰਦਰ ਦੀ ਪੱਕੀ ਫਸਲ ਨੂੰ ਵਢਦੇ ਹਾਂ ਤਾਂ ਫਿਰ ਅਸੀਂ ਉਸੇ ਅਨੁਸਾਰ ਹੀ ਵਿਚਰਦੇ ਹਾਂ। ਗੁਰਮਤਿ ਰੂਪ ਸੱਚੇ ਗਿਆਨ

ਦੁਆਰਾ ਅਸੀਂ ਇੱਕ ਘੜੀ ਵਾਸਤੇ, ਚਸੇ ਵਾਸਤੇ ਵੀ ਗੁਰਮਤਿ ਤੋਂ ਬਾਹਰ ਨਹੀਂ ਜਾ ਸਕਦੇ ਭਾਵ ਸਾਨੂੰ ਪੂਰਨ ਰੂਪ ਵਿੱਚ ਲਗਾਤਾਰ ਪ੍ਰਮਾਤਮਾ ਨੂੰ ਲੇਖਾ ਦੇਣਾ ਪੈਂਦਾ ਹੈ, ਘੜੀ ਘੜੀ ਦਾ ਲੇਖਾ ਦੇਣਾ ਪੈਂਦਾ ਹੈ ਭਾਵ

40/5231

ਜਿਹੋ ਜਿਹੇ ਲੇਖ ਪ੍ਰਮਾਤਮਾ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਲਿਖਦਾ ਹੈ, ਗੁਰਮਤਿ ਰੂਪ ਸੱਚੇ ਵਿਚਾਰ ਲਿਖਦਾ ਹੈ ਉਹਨਾਂ ਤੇ ਪੂਰਾ ਉਤਰਨਾ ਪੈਂਦਾ ਹੈ ਤੇ ਉਹਨਾਂ ਤੇ ਪੂਰਾ ਉਤਰਨ ਦੀ ਸਮਰਥਾ ਵੀ ਆਪ ਹੀ ਦਿੰਦਾ ਹੈ ਤਾਂ ਜੋ ਦੁਖ ਦੁਖ ਮਹਿਸੂਸ ਨਾ ਹੋਵੇ। ਗੁਰਮਤਿ ਤੇ ਪੂਰਾ ਉਤਰਨ ਲਈ ਫਿਰ ਦੁੱਖਾਂ ਸੁੱਖਾਂ ਨੂੰ ਇੱਕੋ ਜਿਹਾ ਕਰਕੇ ਸਹਿਣਾ ਪੈਂਦਾ ਹੈ ਭਾਵ ਸਾਨੂੰ ਕੀ ਚੰਗਾ ਲੱਗਦਾ ਹੈ ਕੀ ਮਾੜਾ ਲੱਗਦਾ ਹੈ ਇਸ ਵਿਚਾਰ ਵਿੱਚੋਂ ਨਿਕਲਣਾ ਪੈਂਦਾ ਹੈ ਭਾਵ ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਨਾ ਪੈਂਦਾ ਹੈ। ਇਹੀ ਭਗਤੀ ਦਾ ਸੱਚਾ ਮਾਰਗ ਹੈ ਜਿਸ ਮਾਰਗ ਤੇ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ, ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਹੀਂ ਚੱਲਿਆ ਜਾ ਸਕਦਾ। ਅਗਿਆਨਤਾ ਵਿੱਚ ਰਹਿੰਦੇ ਹੋਏ ਨਾ ਹੀ ਇਸ ਮਾਰਗ ਦੀ ਸਮਝ ਪੈਂਦੀ ਹੈ ਤੇ ਨਾ ਹੀ ਇਸ ਤੇ ਚੱਲਣ ਦੀ ਮਨੁੱਖ ਕੋਲ ਸਮਰਥਾ ਹੈ। ਇਹ ਮਾਰਗ ਬਹੁਤ ਔਖਾ ਹੈ ਤੇ ਇਸ ਤੇ ਚੱਲਣ ਦੀ ਸਮਰਥਾ ਪ੍ਰਮਾਤਮਾ ਆਪ ਹੀ ਦਿੰਦਾ ਹੈ। ਇਹ ਸਮਰਥਾ ਪ੍ਰਮਾਤਮਾ ਨੇ ਜਿੰਨ੍ਹਾਂ ਨੂੰ ਬਖਸ਼ੀ ਹੈ ਆਪਣੇ ਮੇਲ ਦੁਆਰਾ ਹੀ ਬਖਸ਼ੀ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਨੇ **"ਸੁਰਿ ਨਰ"** ਰੂਪ ਬਣਾਇਆ ਹੈ ਉਹਨਾਂ ਨੂੰ ਮਨ ਦੇ ਵਿੱਚ ਆਪਣੇ ਸ਼ਬਦ ਦੇ ਗਿਆਨ ਨਾਲ ਹੀ ਜੋੜਨ ਦੁਆਰਾ ਬਣਾਇਆ ਹੈ ਤੇ ਆਪਣੇ ਆਪ ਨਾਲ ਮਿਲਾਇਆ ਹੈ। ਪ੍ਰਮਾਤਮਾ ਆਪ ਹੀ ਕਿਸੇ ਤੇ ਇਹ ਆਪਣੀ ਕਿਰਪਾ ਕਰਦਾ ਹੈ ਕਿਉਂਕਿ ਉਸ ਦੇ ਨਾਲ ਮੇਲ ਮਨੁੱਖੀ ਸਮਰਥਾ ਤੋਂ ਬਾਹਰ ਹੈ, ਭਰਮਾਂ ਵਾਲੀ ਮਤਿ ਵਿੱਚੋਂ ਨਿਕਲਣਾ ਭਾਵ ਪੂਰੀ ਤਰ੍ਹਾਂ ਭਰਮਾਂ ਵਿੱਚੋਂ ਨਿਕਲਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ। ਆਪਣੇ ਆਪ ਨੂੰ ਮਨੁੱਖ ਸਮਝਣਾ ਹੀ ਸਾਡਾ ਸਭ ਤੋਂ ਵੱਡਾ ਭਰਮ ਹੈ ਤੇ ਜੇਕਰ ਅਸੀਂ ਪ੍ਰਮਾਤਮਾ ਨਾਲ ਦਿਲੋਂ ਮੇਲ ਚਾਹੁੰਦੇ ਹਾਂ ਤੇ ਸਾਡੇ ਲਈ ਇੱਕੋ ਇੱਕ ਉਦਮ ਇਹੀ ਹੈ ਕਿ ਅਸੀਂ ਭਰਮਾਂ ਵਿੱਚੋਂ ਨਿਕਲਣ ਦਾ ਉਦਮ ਕਰੀਏ ਤੇ ਸਾਡੀ ਪ੍ਰਮਾਤਮਾ ਦੇ ਨਾਲ ਮੇਲ ਦੀ ਵਾਰੀ ਆ ਸਕੇ। (**ਖੁਲੀ ਗੰਠਿ ਉਠੋ ਲਿਖਿਆ ਆਇਆ ਰਾਮ ॥ ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ॥ ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ॥ ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥ ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥**)

ਸਾਨੂੰ ਗੁਰਬਾਣੀ ਦੀ, ਧਰਮ ਗ੍ਰੰਥਾਂ ਦੀ ਸੱਚੀ ਸਮਝ ਨਾ ਪੈਣ ਦਾ ਕਾਰਨ ਭਾਵ ਸਭ ਤੋਂ ਵੱਡਾ ਕਾਰਨ ਨਾਮ ਦੀ ਸਮਝ ਨਾ ਹੋਣਾ ਹੈ। ਨਾਮ ਨੂੰ ਸਭ ਨੇ ਪਹਿਲਾਂ ਹੀ ਇੱਕ ਅੱਖਰ ਦਾ ਰੂਪ ਮੰਨਿਆ ਹੋਇਆ ਹੈ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਮੰਨਿਆ ਹੋਇਆ ਹੈ। ਭਾਵੇਂ ਸ਼ਬਦਾਂ ਰਾਹੀਂ ਸਾਨੂੰ ਬੜਾ ਸਪਸ਼ਟ ਕਰਕੇ ਸਮਝਾਇਆ ਹੁੰਦਾ ਹੈ ਕਿ ਨਾਮ ਕੀ ਹੈ ਪਰ ਫਿਰ ਵੀ ਸਾਡੇ ਅੰਦਰ ਸਦੀਆਂ ਤੋਂ ਬੈਠੀ ਝੂਠੀ ਧਾਰਮਿਕ ਆਸਥਾ ਇਹ ਮੰਨਣ ਹੀ ਨਹੀਂ ਦਿੰਦੀ ਕਿ ਨਾਮ ਕੁਝ ਹੋਰ ਹੋ ਸਕਦਾ ਹੈ। ਅਸੀਂ ਸ਼ਬਦਾਂ ਦੇ

40/5232

ਅਰਥਾਂ ਨੂੰ ਆਪਣੀ ਮਤਿ ਅਨੁਸਾਰ ਬਦਲਣ ਨੂੰ ਤਿਆਰ ਹੋ ਜਾਂਦੇ ਹਾਂ ਤੇ ਅਕਸਰ ਬਦਲਿਆ ਜਾਂਦਾ ਹੈ ਭਾਵ ਅਸੀਂ ਗੁਰੂ ਦੀ ਕਹੀ ਗੱਲ ਨੂੰ ਝੂਠੀ ਸਾਬਤ ਕਰ ਦਿੰਦੇ ਹਾਂ ਪਰ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਨਾਮ ਕਿਸੇ ਅੱਖਰ ਤੋਂ ਬਿਨਾ ਕੁਝ ਹੋਰ ਹੋ ਸਕਦਾ ਹੈ। ਇਸ ਭਰਮ ਨੇ ਸਾਡੀ ਸਭ ਦੀ ਮਤਿ ਨੂੰ ਖਾਧਾ ਹੋਇਆ ਹੈ ਭਾਵ ਇਹ ਸਾਡੀ ਵੱਡੀ ਅਗਿਆਨਤਾ ਹੈ। ਜਿਸ ਗੁਰੂ ਦੇ ਸੱਚੇ ਗਿਆਨ ਨੇ ਸਾਨੂੰ ਅਗਿਆਨਤਾ ਵਾਲੀ ਮਤਿ ਵਿੱਚੋਂ ਕੱਢਣਾ ਹੈ ਭਾਵ ਜਿਸ ਨਾਮ ਨੇ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ, ਜੇਕਰ ਉਸੇ ਨੂੰ ਅਸੀਂ ਕੇਵਲ ਇੱਕ ਅੱਖਰ ਸਮਝੀ ਜਾਵਾਂਗੇ ਤਾਂ ਫਿਰ ਕੀ ਅਸੀਂ ਕਦੇ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕਦੇ ਹਾਂ। ਅਸੀਂ ਸੈਕੜੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਨਾਮ ਕੀ ਹੈ ਤੇ ਨਾਮ ਦਾ ਮਕਸਦ ਕੀ ਹੈ। ਗੁਰਬਾਣੀ ਨੇ ਸਾਨੂੰ ਸਮਝਾਣ ਵਲੋਂ ਕੋਈ ਕਸਰ ਨਹੀਂ ਛੱਡੀ ਹੋਈ ਪਰ ਸਾਡੇ ਅੰਦਰ ਦੀ ਇਹ ਮਾਇਆ ਮੋਹ ਵਾਲੀ ਮਤਿ ਸਾਨੂੰ ਮਨ ਦੀ ਅਗਿਆਨਤਾ ਤੇ ਦ੍ਰਿੜ ਕਰਕੇ ਰੱਖਦੀ ਹੈ ਤੇ ਇਹੀ ਮਤਿ ਸੰਸਾਰ ਵਿੱਚ ਸਭ ਦੇ ਅੰਦਰ ਹੈ ਜੋ ਸੰਸਾਰ ਦਾ ਸਭ ਤੋਂ ਵੱਡਾ ਰੋਗ ਹੈ। ਨਾਮ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਹੀ ਸਮਝਦੇ ਆ ਰਹੇ ਹਾਂ ਕਿਉਂਕਿ ਹਰ ਸਮਝ ਵਿੱਚ ਹੀ ਨਾਮ ਹੈ ਤੇ ਜਦ ਤਕ ਇਹ ਲੇਖ ਚਲੇਗਾ ਨਾਮ ਦੀ ਗੱਲ ਚਲਦੀ ਹੀ ਰਹਿਣੀ ਹੈ। ਆਉ ਹੁਣ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਗਲੇ ਸ਼ਬਦ ਨੂੰ ਸਮਝੀਏ ਜਿਸ ਰਾਹੀਂ ਸਾਨੂੰ ਖਾਸ ਤੌਰ ਤੇ ਨਾਮ ਹੀ ਸਮਝਾਇਆ

ਹੋਇਆ ਹੈ, ਸਾਡੇ ਮਨ ਦੀ ਅਗਿਆਨਤਾ ਕੱਢਣ ਲਈ ਹੀ ਸਮਝਾਇਆ ਹੋਇਆ ਹੈ ਤੇ ਆਉ ਆਪਣੀ ਅਗਿਆਨਤਾ ਕੱਢੀਏ।

ਪ੍ਰਭਾਤੀ ਮਹਲਾ ੧ ॥

"ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥
ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥
ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥
ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨॥"

(ਅੰਗ - ੧੩੨੭)

ਸ਼ਬਦ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦਾ ਨਾਮ ਕੀ ਹੈ ਜਿਸ ਨੂੰ **"ਰਤਨੁ"** ਕਿਹਾ ਹੈ। ਗੁਰੂ ਜੋ ਬੋਲ ਬੋਲਦਾ ਹੈ, ਗੁਰੂ ਨੇ ਜੋ ਗੁਰਬਾਣੀ ਵਿੱਚ ਬਚਨ ਬੋਲੇ ਹਨ ਉਹਨਾਂ ਨੂੰ ਹੀ ਰਤਨ ਕਿਹਾ ਹੈ ਭਾਵ ਜੋ ਗੁਰੂ ਦਾ ਨਾਮ ਹੈ ਉਹ ਗੁਰੂ ਦੇ ਬਚਨ ਹਨ। ਸਾਰੀ ਬਾਣੀ ਵਿੱਚ ਗੁਰੂ ਦੇ ਬਚਨ ਹੀ ਹਨ ਭਾਵ ਗੁਰੂ ਦਾ ਨਾਮ ਹੀ ਹੈ। ਇਸ ਨਾਮ ਰੂਪ ਰਤਨ ਦਾ ਮਕਸਦ ਸਾਡੇ ਅੰਦਰ ਚਾਨਣ ਕਰਨ ਦਾ ਹੈ ਭਾਵ ਪਰਕਾਸ਼ ਕਰਨ ਦਾ ਹੈ। ਪ੍ਰਕਾਸ਼ ਸਾਡੀ ਸੁਰਤਿ ਦੇ ਵਿੱਚ ਹੁੰਦਾ ਹੈ ਭਾਵ ਸਾਡੀ ਮਨ ਦੀ ਸਮਝ ਵਿੱਚ ਹੁੰਦਾ ਹੈ। ਮਨ ਦੇ ਵਿੱਚ ਪਰਕਾਸ਼ ਗਿਆਨ ਦਾ ਹੀ ਹੁੰਦਾ ਹੈ ਤੇ ਹੋਰ ਕਿਸੇ ਚੀਜ ਦਾ

ਪ੍ਰਕਾਸ਼ ਨਹੀਂ ਹੁੰਦਾ। ਬੜਾ ਸਪਸ਼ਟ ਸਮਝਾਇਆ ਹੈ ਕਿ ਨਾਮ ਰਤਨ ਦਾ ਪ੍ਰਕਾਸ਼ ਸਾਡੇ ਅੰਦਰ ਜਿਥੇ ਹੁੰਦਾ ਹੈ, ਜਿਥੇ ਉਸਦੀ ਲੋਇ ਚਾਨਣ ਦਿੰਦੀ ਹੈ ਉਹ ਕੇਵਲ ਸਾਡੀ ਸੁਰਤਿ ਹੈ। ਇਹ ਸਾਡੀ ਸੁਰਤਿ ਦੇ ਅੰਦਰ ਨਾਮ ਦਾ ਪ੍ਰਕਾਸ਼ ਬੜੇ ਕਰਮਾਂ ਨਾਲ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਵੱਡੇ ਕਰਮ ਦੇ ਨਾਲ ਹੁੰਦਾ ਹੈ, ਉਸ ਦੀ ਕਿਰਪਾ ਦੇ ਨਾਲ ਹੁੰਦਾ ਹੈ ਭਾਵ ਪ੍ਰਮਾਤਮਾ ਤੋਂ ਬਿਨਾ ਸਾਡੇ ਅੰਦਰ ਨਾਮ ਦਾ ਪ੍ਰਕਾਸ਼, ਸੱਚੇ ਗਿਆਨ ਦਾ ਪ੍ਰਕਾਸ਼ ਹੋਰ ਕੋਈ ਨਹੀਂ ਕਰ ਸਕਦਾ। (**ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ॥**) **{ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥ ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}** ਅੰਗ ੪੧ ਜਿੰਨ੍ਹਾਂ ਅੰਦਰ ਪ੍ਰਮਾਤਮਾ ਨੇ ਨਾਮ ਦਾ ਪ੍ਰਕਾਸ਼ ਕੀਤਾ ਹੈ ਭਾਵ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕੀਤਾ ਹੈ ਉਹ ਆਪਣੇ ਸ਼ਬਦਾਂ ਦੁਆਰਾ ਕੀਤਾ ਹੈ ਭਾਵ ਅਪਣੇ ਬਚਨਾਂ ਦੁਆਰਾ ਕੀਤਾ ਹੈ ਜਿੰਨ੍ਹਾਂ ਬਚਨਾਂ ਦੁਆਰਾ ਪ੍ਰਮਾਤਮਾ ਨੇ ਉਹਨਾਂ ਦੀ ਮਤਿ ਦੇ ਅੰਦਰ ਸ਼ਬਦਾਂ ਦਾ ਗਿਆਨ ਪਾਇਆ ਹੈ ਭਾਵ ਆਪਣੇ ਸ਼ਬਦਾਂ ਰਾਹੀਂ ਗਿਆਨ ਦਾ ਪਰਕਾਸ਼ ਕੀਤਾ ਹੈ ਭਾਵ ਗੁਰੂ ਦੇ ਬਚਨਾਂ ਦੇ ਅੰਦਰ, ਗੁਰੂ ਦੇ ਸ਼ਬਦਾਂ ਦੇ ਅੰਦਰ ਜੋ ਗਿਆਨ ਰੂਪ ਸਮਝ ਹੈ ਜਿਸ ਸਮਝ ਦੁਆਰਾ ਉਹਨਾਂ ਦੀ ਮਤਿ ਉੱਚੇ ਗਿਆਨ ਵਾਲੀ ਬਣੀ ਹੈ ਉਹ ਉੱਚੀ ਸਮਝ ਨਾਮ ਹੈ, ਉਹ ਉੱਚੀ ਸਮਝ ਬ੍ਰਹਮ ਗਿਆਨ ਹੈ। ਜਿੰਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੀ ਰਚਨਾ ਹੋਈ ਹੈ ਉਹ ਨਾਮ ਦੇ ਪਰਕਾਸ਼ ਦੁਆਰਾ ਹੀ ਹੋਈ ਹੈ ਇਸ ਕਰਕੇ ਪੂਰੀ ਗੁਰਬਾਣੀ ਵਿੱਚ ਨਾਮ ਹੈ, ਸੱਚਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਜੋ ਗਿਆਨ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਜਿਸ ਕਰਕੇ ਉਹ ਆਪ ਹੀ ਸ਼ਬਦ ਰੂਪ ਵਿੱਚ ਗੁਰੂ ਹੈ ਭਾਵ ਸ਼ਬਦ ਦੇ ਗਿਆਨ ਦੇ ਰੂਪ ਵਿੱਚ ਗੁਰੂ ਹੈ।

ਸੰਸਾਰੀ ਮਤਿ ਤ੍ਰੈਗੁਣਾਂ ਵਿੱਚ ਹੈ, ਮਾਇਆ ਮੋਹ ਵਿੱਚ ਹੈ ਇਸ ਕਰਕੇ ਸਭ ਦੇ ਅੰਦਰ ਅਗਿਆਨਤਾ ਰੂਪ ਹਨੇਰਾ ਹੈ ਜਿਸ ਕਰਕੇ ਹਰ ਕੋਈ ਇਸ ਨਾਮ ਰਤਨ ਨੂੰ ਗਵਾ ਲੈਂਦਾ ਹੈ ਭਾਵ ਕਿਸੇ ਨੂੰ ਵੀ ਸੰਸਾਰ ਵਿੱਚ ਨਾਮ ਦੀ ਪ੍ਰਾਪਤੀ ਨਹੀਂ ਹੈ। ਜਿਥੇ ਮਨ ਦੀ ਅਗਿਆਨਤਾ ਹੈ ਉਥੇ ਨਾਮ ਨਹੀਂ ਹੋ ਸਕਦਾ। (**ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥**)

ਇਸ ਕਰਕੇ ਭਾਵ ਮਨ ਦੀ ਅਗਿਆਨਤਾ ਕਰਕੇ, ਨਾਮ ਦੀ ਸਮਝ ਨਾ ਹੋਣ ਕਰਕੇ ਸਾਰਾ ਸੰਸਾਰ ਧਾਰਮਿਕ ਸੋਝੀ ਵਲੋਂ ਮਾੜੀ ਮਤਿ ਵਿੱਚ ਹੈ ਜਿਵੇਂ ਕਿ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥"

ਆਪਣੇ ਆਪ ਨੂੰ ਨਾਮ ਦੀ ਸਮਝ ਅਖਵਾਉਣ ਵਾਲੇ ਤਾਂ ਕਰੋੜਾਂ ਹਨ ਪਰ ਜਿਵੇਂ ਉਪਰ ਪੰਗਤੀਆਂ ਦੁਆਰਾ ਸਮਝਾਇਆ ਹੈ ਪੂਰੇ ਸੰਸਾਰ ਦੀ ਮਤਿ ਬਿਕਾਰਾਂ ਵਾਲੀ ਹੈ ਕਿਉਂਕਿ ਕਿਸੇ ਨੂੰ ਨਾਮ ਦਾ ਗਿਆਨ ਨਹੀਂ ਹੈ। ਨਾਮ ਦਾ ਮਕਸਦ ਹੀ ਸਾਨੂੰ ਇਸ ਮਾੜੀ ਮਤਿ ਵਿੱਚੋਂ ਕੱਢਣ ਦਾ ਹੈ ਭਾਵ ਨਾਮ ਸਾਡੀ ਮਾੜੀ ਮਤਿ ਨੂੰ ਠੀਕ ਕਰਨ ਦਾ ਦਾਰੂ ਹੈ, ਸਾਡੇ ਰੋਗ ਦੀ ਦਵਾਈ ਹੈ ਜਿਸ ਦਵਾਈ ਨੇ ਸਾਡੇ ਅੰਦਰ ਦੇ ਮਾੜੇ ਵਿਚਾਰਾਂ ਨੂੰ ਠੀਕ ਕਰਨਾ ਹੈ। ਮਾੜੇ ਵਿਚਾਰਾਂ ਦਾ ਕਾਰਨ ਸਾਡੇ ਅੰਦਰ ਦੀ ਨਾਸਮਝੀ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਹੈ ਜਿਵੇਂ ਕਿ ਇਸ ਤੋਂ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। ਇਹ ਨਾਮ ਦਾਰੂ ਸੱਚੇ ਗਿਆਨ ਦਾ ਦਾਰੂ ਹੈ ਜਿਸ ਨੇ ਸਾਡੀ ਅਗਿਆਨਤਾ ਵਾਲੀ ਮਤਿ ਨੂੰ ਸੋਧਣਾ ਹੈ। ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਨਾਮ ਦਾਰੂ ਸੰਸਾਰ ਵਿੱਚ ਕੇਵਲ ਇੱਕੋ ਹੀ ਹੈ ਤੇ ਦੂਸਰਾ ਹੋਰ ਦਾਰੂ ਨਹੀਂ ਹੈ। ਇਹ ਦਾਰੂ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਹੈ ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ ਭਾਵ ਸਾਰੇ ਸੰਸਾਰ ਵਿੱਚ ਨਾਮ ਇੱਕੋ ਹੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਦਿੱਤਾ ਹੋਇਆ, ਧਰਮ ਗ੍ਰੰਥਾਂ ਦੁਆਰਾ ਦਿੱਤਾ ਹੋਇਆ ਸੱਚਾ ਗਿਆਨ ਹੈ। ਅਸੀਂ ਸੰਸਾਰੀਆਂ ਲਈ ਭਾਵ ਨਾਸਮਝਾਂ ਲਈ ਅਨੇਕਾਂ ਹੀ ਨਾਮ ਬਣਾਏ ਹੋਏ ਹਨ, ਆਪਣੀ ਆਪਣੀ ਧਾਰਮਿਕ ਮਰਿਯਾਦਾ ਅਨੁਸਾਰ, ਆਸਥਾ ਅਨੁਸਾਰ ਵੱਖਰੇ ਵੱਖਰੇ ਅਖਰਾਂ ਦੇ ਰੂਪ ਵਿੱਚ, ਸ਼ਬਦਾਂ ਦੇ ਰੂਪ ਵਿੱਚ ਨਾਮ ਬਣਾਏ ਹੋਏ ਹਨ ਜਿੰਨ੍ਹਾਂ ਨੂੰ ਬੈਠ ਕੇ ਅਸੀਂ ਕਥੀ ਜਾਂਦੇ ਹਾਂ, ਸਮਾਧੀਆਂ ਲਾਕੇ ਕਥੀ ਜਾਂਦੇ ਹਾਂ ਭਾਵ ਸਾਨੂੰ ਇਸ ਦਾਰੂ ਦਾ ਮਕਸਦ ਹੀ ਨਹੀਂ ਪਤਾ ਕਿ ਇਸ ਦਾਰੂ ਨੇ ਸਾਡਾ ਕਿਹੜਾ ਰੋਗ ਠੀਕ ਕਰਨਾ ਹੈ। ਰੋਗ ਤਾਂ ਸਾਡੇ ਅੰਦਰ ਦੇ ਮਾੜੇ ਵਿਚਾਰਾਂ ਦਾ ਹੈ, ਨਾਮਸਝ ਮਤਿ ਦਾ ਹੈ। ਇਹ ਦਾਰੂ ਅਸੀਂ ਆਪਣੀ ਮਤਿ ਤੇ ਲਗਾਣਾ ਹੈ ਤਾਂ ਜੋ ਇਹ ਨਾਸਮਝ ਮਤਿ ਸਮਝ ਜਾਵੇ ਭਾਵ ਭਰਮਾਂ ਵਿੱਚੋਂ ਨਿਕਲ ਜਾਵੇ, ਅਉਗਣ ਛੱਡ ਕੇ ਗੁਣਾਂ ਨੂੰ ਅਪਨਾਵੇ ਭਾਵ ਮੰਦੇ ਕਰਮ ਛੱਡ ਕੇ ਚੰਗੇ ਕਰਮ ਕਰੇ। ਨਾਮ ਦਾ ਮਕਸਦ ਇਹੀ ਹੈ। (**ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥**)

{ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥}

(ਅੰਗ - ੧੨੫੭)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥

ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ - ੧੩)

ਪ੍ਰਮਾਤਮਾ ਦਾ ਨਾਮ ਮਿਲਣਾ ਕਿਤਨੀ ਵੱਡੀ ਗੱਲ ਹੈ, ਕਿਤਨੀ ਔਖੀ ਗੱਲ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

40/5235

"ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥"

ਪ੍ਰਮਾਤਮਾ ਦੇ ਨਾਮ ਦੀ ਕੋਈ ਕੀਮਤ ਜਾਣ ਸਕੇ, ਇਸ ਨੂੰ ਆਪਣੀ ਮਤਿ ਦੁਆਰਾ ਜਾਨਣਾ ਨਾਮੁਮਕਿਨ ਹੈ। ਜੇਕਰ ਸਾਰੇ ਪਾਤਾਲ ਪੂਰੀਆ ਭਾਵ ਸਾਰੀ ਸ੍ਰਿਸ਼ਟੀ ਦਾ ਭਾਰ ਹੋਵੇ ਤੇ ਇਹੋ ਜਿਹਾ ਭਾਰ ਲਖਾਂ ਕਰੋੜਾਂ ਵਿੱਚ ਹੋ ਜਾਵੇ ਤਾਂ ਵੀ ਇਹ ਭਾਰ ਨਾਮ ਦੇ ਮੁਕਾਬਲੇ ਨਹੀਂ ਟਿੱਕ ਸਕਦਾ ਭਾਵ ਨਾਮ ਦੀ ਵਡਿਆਈ ਨੂੰ ਤੋਲਣਾ ਨਾਮੁਮਕਿਨ ਹੈ। ਆਪਣੇ ਨਾਮ ਦੀ ਕੀਮਤ ਪ੍ਰਮਾਤਮਾ ਆਪ ਹੀ ਪਵਾ ਸਕਦਾ ਹੈ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਜਿਸ ਮਤਿ ਨੂੰ ਅਸੀਂ ਆਪਣੀ ਸਮਝਿਆ ਹੋਇਆ ਹੈ, ਜਿਸ ਸਰੀਰ ਨੂੰ ਅਸੀਂ ਆਪਣਾ ਸਮਝਿਆ ਹੋਇਆ ਹੈ ਭਾਵ ਅਸੀਂ ਆਪਣੇ ਆਪ ਦੇ ਮਾਲਕ ਆਪ ਨੂੰ ਹੀ ਸਮਝਦੇ ਹਾਂ ਤੇ ਜਦੋਂ ਸਾਨੂੰ ਇਹ ਸਮਝ ਲੱਗ ਜਾਵੇ ਕਿ ਸਾਡੇ ਸਿਰ ਤੇ ਹੋਰਿ ਹੈ ਭਾਵ ਸਾਡੇ ਤੋਂ ਹੋਰਿ ਹੈ ਭਾਵ ਪ੍ਰਮਾਤਮਾ ਹੈ ਭਾਵ ਜੋ ਅਸੀਂ ਆਪਣੇ ਆਪ ਨੂੰ ਸਮਝਦੇ ਰਹੇ ਹਾਂ ਅਸੀਂ ਉਹ ਨਹੀਂ ਬਲਕਿ ਹੋਰ ਹਾਂ ਭਾਵ ਨਾਮ ਦੀ ਮਤਿ, ਸੱਚੇ ਗਿਆਨ ਦੀ ਮਤਿ ਜਦੋਂ ਸਾਨੂੰ ਮਿਲ ਜਾਂਦੀ ਹੈ ਤਾਂ ਫਿਰ ਸਾਡਾ ਆਪਣਾ ਵਜੂਦ ਖਤਮ ਹੋ ਜਾਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ, ਹਰ ਵਸਤੂ ਵਿੱਚ ਉਹ ਆਪ ਹੀ ਵਰਤ ਰਿਹਾ ਹੈ ਭਾਵ ਨਾਮ ਦੀ ਕੀਮਤ ਉਦੋਂ ਪੈਂਦੀ ਹੈ ਜਦੋਂ ਮਨ ਦੀ ਸਮਝ ਰਾਹੀਂ ਸਾਡੀ ਅਗਿਆਨਤਾ ਮਿੱਟ ਜਾਂਦੀ ਹੈ ਤੇ ਮਨ ਦੇ ਅੰਦਰੋਂ ਅਸੀਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਾਂ। ਸੰਸਾਰ ਵਿੱਚ ਇਸ ਤੋਂ ਕੀਮਤੀ ਹੋਰ ਕੀ ਚੀਜ ਹੋ ਸਕਦੀ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਦੇਵੇ, ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ

ਕਰਾ ਦੇਵੇ। (**ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥**)

ਜਦੋਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਾਂ ਭਾਵ ਜਦੋਂ ਸਾਡੇ ਅੰਦਰ ਪ੍ਰਮਾਤਮਾ ਦਾ ਨਾਮ ਵੱਸ ਜਾਂਦਾ ਹੈ, ਉਸਦਾ ਸੱਚਾ ਗਿਆਨ ਵੱਸ ਜਾਂਦਾ ਹੈ ਉਸ ਦੇ ਰਾਹੀਂ ਸਾਡੇ ਮਨ ਦੇ ਵਿਚਾਰ ਹੀ ਬਦਲਦੇ ਹਨ, ਮਨ ਦੀ ਸਮਝ ਹੀ ਬਦਲਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ। ਇਹ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥”
40/5236

ਪ੍ਰਮਾਤਮਾ ਦੀ ਸਿਫਤ ਸਾਲਾਹ ਮਨ ਦੇ ਵਿੱਚ ਭਗਤੀ ਦੇ ਮਾਰਗ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ ਤੇ ਤਾਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਦੁੱਖਾਂ ਦਾ ਕਾਰਣ ਕੀ ਹੈ ਭਾਵ ਸਾਡਾ ਅਸਲ ਦੁਖ ਕੀ ਹੈ ਤੇ ਅਸਲ ਸੁੱਖ ਕੀ ਹੈ। ਜਦ ਤਕ ਅਸੀਂ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹਾਂ ਤਦ ਤਕ ਅਸੀਂ ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਵਿੱਚ ਹੀ ਸੁੱਖ ਮਹਿਸੂਸ ਕਰਦੇ ਹਾਂ ਜਿੰਨ੍ਹਾਂ ਕਰਕੇ ਸਾਨੂੰ ਮਾੜੇ ਕਰਮ ਵੀ ਕਰਨੇ ਪੈਂਦੇ ਹਨ ਜੋ ਅਸਲ ਵਿੱਚ ਸਾਡੇ ਅੰਦਰ ਦੇ ਦੁੱਖਾਂ ਦਾ ਕਾਰਨ ਹੈ ਭਾਵ ਪ੍ਰਮਾਤਮਾ ਨਾਲ ਵਿਛੋੜੇ ਦੇ ਦੁਖ ਦਾ ਕਾਰਣ ਹੈ। ਇਹ ਜਾਨਣ ਦੁਆਰਾ ਮਨੁੱਖ ਇਸ ਗੱਲ ਨੂੰ ਸਮਝ ਲੈਂਦਾ ਹੈ ਕਿ ਮਾਇਆ ਨੂੰ ਛੱਡਣ ਦਾ ਜੋ ਦੁੱਖ ਹੈ ਉਹ ਹੀ ਸਾਡੇ ਲਈ ਚੰਗਾ ਹੈ ਤੇ ਇਹੋ ਜਿਹਾ ਦੁਖ ਕਬੂਲ ਕਰਨ ਨਾਲ ਹੀ ਸਾਡੇ ਅੰਦਰੋਂ ਸੁਖ ਉਪਜਦਾ ਹੈ ਭਾਵ ਗੁਣਾਂ ਵਾਲੇ ਵਿਚਾਰ ਉਪਜਦੇ ਹਨ, ਗੁਰਮਤਿ ਰੂਪ ਸੱਚੇ ਵਿਚਾਰ ਉਪਜਦੇ ਹਨ ਜਿੰਨ੍ਹਾਂ ਦੁਆਰਾ ਸਾਡਾ ਮਨ ਦੇ ਵਿੱਚ ਮਨ ਦੇ ਵਿਚਾਰਾਂ ਰਾਹੀਂ ਮੇਲ ਬਣਿਆ ਰਹਿੰਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਦੁੱਖ ਦੂਰ ਹੁੰਦਾ ਹੈ ਤੇ ਉਸ ਦੇ ਨਾਲ ਮੇਲ ਦੀ ਪ੍ਰਾਪਤੀ ਦਾ ਸੁਖ ਮਿਲਦਾ ਹੈ। (**ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥**) ਮਨ ਦੇ ਵਿੱਚ ਇਹ ਸੱਚੀ ਸੋਝੀ ਪੈਣ ਦੁਆਰਾ ਮਨੁੱਖ ਉਹੋ ਜਿਹੇ ਕਰਮ ਕਰਦਾ ਹੈ ਜੋ ਗੁਰੂ ਦੇ ਭਾਣੇ ਅਨੁਸਾਰ ਹੁੰਦੇ ਹਨ, ਜੋ ਮਾਇਆ ਦੀ ਤ੍ਰਿਸ਼ਨਾ ਤੋਂ ਰਹਿਤ ਹੁੰਦੇ ਹਨ, ਮਾਇਆ ਦੀ ਭੁੱਖ ਤੋਂ ਰਹਿਤ ਹੁੰਦੇ ਹਨ ਭਾਵ ਆਪਣੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਵਿਚਰਨਾ ਹੀ ਪ੍ਰਮਾਤਮਾ ਨੂੰ ਸਾਲਾਹਣਾ ਹੈ ਤੇ ਪ੍ਰਮਾਤਮਾ ਦੀ ਸਿਫਤ ਸਾਲਾਹ ਸਾਡੇ ਸੱਚੇ ਸੁੱਚੇ ਕਰਮਾਂ ਦੁਆਰਾ ਹੀ ਹੁੰਦੀ ਹੈ। (**ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥**)

ਜਿਸ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਉਹ ਆਪਣੇ ਆਪ ਨੂੰ ਕੀ ਸਮਝਦਾ ਹੈ ਤੇ ਸਾਰੇ ਸੰਸਾਰ ਨੂੰ ਕੀ ਸਮਝਦਾ ਹੈ ਇਹ ਗੱਲ ਬੜੇ ਗਹਿਰੇ ਢੰਗ ਨਾਲ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨॥”
40/5237

ਜਿੰਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹੀ ਆਪਣੇ ਆਪ ਨੂੰ ਇਹ ਕੁਝ ਕਹਿ ਸਕਦੇ ਹਨ ਜੋ ਧੰਨ ਧੰਨ ਬਾਬਾ ਨਾਨਕ ਨੇ ਉਪਰ ਪਹਿਲੀ ਪੰਗਤੀ ਰਾਹੀਂ ਕਿਹਾ ਹੋਇਆ ਹੈ। ਉਹਨਾਂ ਨੇ ਆਪਣੇ ਆਪ ਨੂੰ ਭਾਵ ਕੇਵਲ ਆਪਣੇ ਆਪ ਨੂੰ **“ਮੂਰਖੁ”** ਕਿਹਾ ਹੈ। ਇਹੀ ਨਾਮ ਮਿਲਣ ਦੀ ਸੱਚੀ ਨਿਸ਼ਾਨੀ ਹੈ। ਨਾਮ ਮਿਲਣ ਦੁਆਰਾ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸ ਸੱਚੇ ਗਿਆਨ ਦੇ ਦਾਤੇ ਦੇ ਨਾਲ ਮੇਲ ਹੁੰਦਾ ਹੈ ਜਿਸ ਰਾਹੀਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖ ਦਾ ਆਪਣਾ ਕੋਈ ਗਿਆਨ ਹੈ ਹੀ ਨਹੀਂ ਭਾਵ ਜਦੋਂ ਗਿਆਨ ਹੀ ਸਾਡਾ ਨਹੀਂ ਹੈ ਤੇ ਫਿਰ ਗਿਆਨਵਾਨ ਕੌਣ ਹੋ ਸਕਦਾ ਹੈ ਭਾਵ ਫਿਰ ਆਪਣੇ ਆਪ ਨੂੰ ਗਿਆਨੀ ਕੌਣ ਅਖਵਾ ਸਕਦਾ ਹੈ, ਬ੍ਰਹਮ ਗਿਆਨੀ ਕੌਣ ਅਖਵਾ ਸਕਦਾ ਹੈ। ਅਸਲ ਵਿੱਚ ਸਾਡੇ ਅੰਦਰ ਉਹ ਮਤਿ ਹੀ ਨਹੀਂ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਗਿਆਨ ਵਾਲਾ ਕਹਿ ਸਕੀਏ ਤੇ ਆਪਣੇ ਆਪ ਨੂੰ ਜੋ ਮੂਰਖ ਕਹਿੰਦਾ ਹੈ ਉਹ ਮਨ ਦੇ ਵਿੱਚ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਕਹਿੰਦਾ ਹੈ। ਜੋ ਆਪਣੇ ਆਪ ਨੂੰ ਮੂਰਖ ਕਹਿੰਦਾ ਹੈ ਭਾਵ ਇਸ ਮਨੁੱਖੀ ਦੇਹ ਨੂੰ ਮੂਰਖ ਕਹਿੰਦਾ ਹੈ ਉਹ ਫਿਰ ਇਸ ਗੱਲ ਨੂੰ ਸਮਝ ਲੈਂਦਾ ਹੈ ਕਿ ਸਭ ਦੇ ਅੰਦਰ ਗਿਆਨ ਪਾਉਣ ਵਾਲਾ ਆਪ ਪ੍ਰਮਾਤਮਾ ਹੀ ਹੈ ਭਾਵ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਤੇ ਇਸੇ ਲਈ ਸਾਰਾ ਸੰਸਾਰ ਭਲਾ ਨਜਰ ਆਉਂਦਾ ਹੈ ਭਾਵ ਪ੍ਰਮਾਤਮਾ ਦਾ ਰੂਪ ਨਜਰ ਆਉਂਦਾ ਹੈ। (**ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥**)

ਜਿਸ ਨੂੰ ਨਾਮ ਮਿਲ ਜਾਂਦਾ ਹੈ ਭਾਵ ਜਿਸ ਦੇ ਅੰਦਰ ਨਾਮ ਉਪਜ ਜਾਂਦਾ ਹੈ, ਸੱਚਾ ਗਿਆਨ ਉਪਜ ਜਾਂਦਾ ਹੈ ਉਸ ਨੂੰ ਫਿਰ ਇਹ ਵੀ ਸਮਝ ਪੈ ਜਾਂਦੀ ਹੈ ਕਿ ਸੰਸਾਰ ਖੁਆਰ ਕਿਸ ਲਈ ਹੋ ਰਿਹਾ ਹੈ। ਸੰਸਾਰ ਦੀ ਖੁਆਰੀ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਅਗਿਆਨਤਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਨੇ ਸਾਡੇ ਅੰਦਰ ਦੀ ਅਗਿਆਨਤਾ ਹੀ ਕੱਢਣੀ ਹੈ ਜਿਸ ਦੁਆਰਾ ਅਸੀਂ ਖੁਆਰੀ ਤੋਂ ਨਿਕਲ ਸਕਦੇ ਹਾਂ ਤੇ ਹੋਰ ਕੋਈ ਤਰੀਕਾ ਨਹੀਂ ਹੈ। ਖੁਆਰੀ ਤੋਂ ਤਾਂ ਹੀ ਨਿਕਲਾਂਗੇ ਜਦੋਂ ਨਾਮ ਨੂੰ ਸਮਝਾਂਗੇ, ਨਾਮ ਦੇ ਮਕਸਦ ਨੂੰ ਸਮਝਾਂਗੇ ਜਿਸ ਨੂੰ ਸਮਝਣ ਵਿੱਚ ਹੀ ਹਰ ਕੋਈ ਭਰਮ ਵਿੱਚ ਹੈ। ਸਭ ਤੋਂ ਪਹਿਲਾਂ ਤਾਂ ਇਸੇ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਕਿ ਅਸੀਂ ਨਾਮ ਨੂੰ ਸਮਝੀਏ ਜੋ ਅਕਾਲ ਪੁਰਖ ਸਾਨੂੰ ਬਾਰ ਬਾਰ ਸ਼ਬਦਾਂ ਰਾਹੀਂ ਸਮਝਾ ਰਹੇ ਹਨ। (**ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨॥**)

40/5238

{ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥
ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥}

(ਅੰਗ - ੧੦੧੫)

{"ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥
ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥"}

(ਅੰਗ - ੧੩੩੯)

ਉਪਰਲੇ ਸ਼ਬਦਾਂ ਦੀਆਂ ਪੰਗਤੀਆਂ ਰਾਹੀਂ ਦੇਖੋ ਗੁਰੂ ਸਾਹਿਬ ਆਪਣੇ ਆਪ ਨੂੰ ਕੀ ਕਹਿ ਰਹੇ ਹਨ ਭਾਵ ਸਾਨੂੰ ਕੀ ਸਮਝਾ ਰਹੇ ਹਨ। ਉਹ ਅਸਲੀਅਤ ਹੀ ਵਖਿਆਣ ਕਰ ਰਹੇ ਹਨ। ਜਦ ਤਕ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਦੇ ਤਦ ਤਕ ਇਸ ਗੱਲ ਨੂੰ ਕਦੇ ਨਹੀਂ ਜਾਣ ਸਕਦੇ ਕਿ ਗੁਰੂ ਕੌਣ ਹੈ, ਗਿਆਨ ਦਾ ਮਾਲਕ ਕੌਣ ਹੈ। ਗੁਰਬਾਣੀ ਦੀ ਰਚਨਾ ਜਿੰਨ੍ਹਾਂ ਸਰੀਰਾਂ ਰਾਹੀਂ ਹੋਈ ਹੈ ਉਹਨਾਂ ਨੂੰ ਗਿਆਨੀ ਬਨਾਉਣ ਵਾਲਾ ਪ੍ਰਮਾਤਮਾ ਆਪ ਹੈ ਜਿਵੇਂ ਕਿ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਤਾਂ ਮਹਾ ਮੁਗਧ ਸੀ ਭਾਵ ਅਤਿ ਦਾ ਅਗਿਆਨੀ ਸੀ ਤੇ ਮੈਨੂੰ ਆਪ ਪ੍ਰਮਾਤਮਾ ਨੇ ਗਿਆਨੀ ਬਣਾਇਆ ਹੈ ਭਾਵ ਧਰਮ ਦਾ ਗਿਆਨਵਾਨ ਬਣਾਇਆ ਹੈ ਤੇ ਜੋ ਵੀ ਅਸੀਂ ਪ੍ਰਮਾਤਮਾ ਦੀ ਅਕਥ ਕਹਾਣੀ ਲਿਖੀ ਹੈ ਭਾਵ ਉਸ ਵਿੱਚ ਜੋ ਗਿਆਨ ਹੈ ਉਹ ਪੂਰੇ ਗੁਰੂ ਨੇ ਆਪ ਲਿਖਾਈ ਹੈ ਭਾਵ ਪ੍ਰਮਾਤਮਾ ਨੇ ਆਪ ਆਪਣੇ ਗਿਆਨ ਰਾਹੀਂ ਗੁਰਬਾਣੀ ਦੀ ਰਚਨਾ ਕਰਵਾਈ ਹੈ ਇਸੇ ਲਈ ਉਹ ਪ੍ਰਮਾਤਮਾ ਆਪ ਹੀ ਗੁਰਦੇਵ ਹੈ ਭਾਵ ਗੁਰੂ ਹੈ। ਪ੍ਰਮਾਤਮਾ ਕੋਲੋਂ ਗਿਆਨ ਮਿਲਣ ਦੁਆਰਾ ਹੀ ਬੜੇ ਵੱਡੇ ਭਾਗਾਂ ਨਾਲ ਉਸ ਦੀ ਸੇਵਾ ਕਰਨ ਦੀ ਪ੍ਰਾਪਤੀ ਹੁੰਦੀ ਹੈ। (**ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥ ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥**)

ਜਦੋਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਾਂ, ਉਸ ਗਿਆਨ ਦੇ ਮਾਲਕ ਨੂੰ ਜਾਣ ਲੈਂਦੇ ਹਾਂ ਫਿਰ ਅਸੀਂ ਆਪਣੇ ਆਪ ਨੂੰ ਮੂਰਖ ਸਮਝਾਂਗੇ ਤੇ ਪ੍ਰਮਾਤਮਾ ਨੂੰ ਬ੍ਰਹਮਗਿਆਨੀ ਕਹਾਂਗੇ। ਆਪਣੇ ਆਪ ਨੂੰ ਨਿਮਾਣਾ ਸਮਝਾਂਗੇ ਤੇ ਪ੍ਰਮਾਤਮਾ ਨੂੰ ਸੰਤ ਸਮਝਾਂਗੇ, ਗੁਰੂ ਸਮਝਾਂਗੇ ਤੇ ਜਿਸਨੇ ਪ੍ਰਮਾਤਮਾ ਨੂੰ ਨਹੀਂ ਪਾਇਆ, ਉਸ ਗਿਆਨ ਦੇ ਦਾਤੇ ਨੂੰ ਨਹੀਂ ਜਾਣਿਆ, ਉਹ ਆਪਣੇ ਆਪ ਨੂੰ ਬ੍ਰਹਮਗਿਆਨੀ ਅਖਵਾਏਗਾ ਤੇ ਦੂਸਰਿਆਂ ਨੂੰ ਮੂਰਖ ਸਮਝੇਗਾ, ਆਪਣੇ ਆਪ ਨੂੰ ਸੰਤ ਸਮਝੇਗਾ ਤੇ ਦੂਸਰਿਆਂ ਨੂੰ ਚੇਲੇ ਸਮਝੇਗਾ, ਨਿਮਾਣੇ ਸਮਝੇਗਾ। ਸਾਰਾ ਭੇਦ ਮਨ ਦੀ ਸਮਝ ਦਾ ਹੀ ਹੈ ਕਿ ਸਾਡੇ ਅੰਦਰ ਹਉਮੈ ਹੈ ਕਿ ਨਾਮ ਹੈ, ਅਗਿਆਨਤਾ ਹੈ ਜਾਂ ਸੱਚਾ ਗਿਆਨ ਹੈ।

41/5239

ਮਾਇਆ ਮੋਹ ਨੂੰ ਲੈ ਕੇ ਭਾਵ ਮਾਇਆ ਮੋਹ ਨੂੰ ਸਮਝਣ ਵਿੱਚ ਵੀ ਸਭ ਦੇ ਅੰਦਰ ਭਾਵ ਪੂਰੇ ਸੰਸਾਰ ਦੇ ਅੰਦਰ ਵੱਡਾ ਭਰਮ ਹੈ। ਮਾਇਆ ਮੋਹ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਸਾਡਾ ਮੇਲ ਪ੍ਰਮਾਤਮਾ ਦੇ ਨਾਲ ਹੋ ਜਾਵੇ ਤੇ ਸਾਡਾ ਮੇਲ ਨਾਮ ਨੇ ਕਰਾਉਂਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੇ ਕਰਾਉਂਣਾ ਹੈ। ਜਦ ਤਕ ਅਸੀਂ ਆਪਣੇ ਆਪ ਨੂੰ ਨਹੀਂ ਪਛਾਣਦੇ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਪਛਾਣਦੇ ਤਦ ਤਕ ਕੋਈ ਨਹੀਂ ਸਮਝ ਸਕਦਾ ਕਿ ਇਹ ਮਾਇਆ ਮੋਹ ਕੀ ਹੈ। ਇਹ ਮਾਇਆ ਮੋਹ ਸੰਸਾਰ ਦੇ ਅੰਦਰ ਸਾਡੇ ਸਭ ਦੇ ਵਿੱਚ ਵਰਤਦਾ ਹੈ ਪਰ ਉਸਦੀ ਸਮਝ ਤਾਂ ਹੀ ਪੈਂਦੀ ਹੈ ਜਦੋਂ ਤੁਸੀ ਆਪਣੇ ਅੰਦਰੋਂ ਜਾਣੋਗੇ ਕਿ ਮਾਇਆ ਮੋਹ ਕੀ ਹੈ ਜਿਸਦੀ ਸਮਝ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈ ਸਕਦੀ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝੀਏ।

“ਪਉਣੁ ਪਾਣੀ ਹੈ ਬੈਸੰਤਰੁ ॥ ਮਾਇਆ ਮੋਹੁ ਵਰਤੈ ਸਭ ਅੰਤਰਿ ॥
ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥ ਇਕਿ ਮਾਇਆ ਮੋਹਿ ਗਰਬਿ ਵਿਆਪੇ ॥
ਹਉਮੈ ਹੋਇ ਰਹੇ ਹੈ ਆਪੇ ॥ ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥
ਜਿਨਿ ਉਪਾਏ ਸੋ ਬਿਧਿ ਜਾਣੈ ॥ ਗੁਰਮੁਖਿ ਦੇਵੈ ਸਬਦੁ ਪਛਾਣੈ ॥
ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥”

(ਅੰਗ ੧੦੬੦)

ਜਦ ਤਕ ਅਸੀਂ ਕਿਸੇ ਆਕਾਰ ਰੂਪ ਨੂੰ ਭਾਵ ਕਿਸੇ ਵਸਤੂ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਇਹ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਹੈ ਜਿਵੇਂ ਕਿ ਉਪਰ ਪਹਿਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਪਉਣੁ ਪਾਣੀ ਹੈ ਬੈਸੰਤਰੁ ॥ ਮਾਇਆ ਮੋਹੁ ਵਰਤੈ ਸਭ ਅੰਤਰਿ ॥
ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥”

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਇਹ ਪਉਣ ਹੈ, ਇਹ ਪਾਣੀ ਹੈ, ਇਹ ਬੈਸੰਤਰ ਹੈ ਸਾਡਾ ਇਹੋ ਜਿਹਾ ਕਹਿਣਾ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਸਾਡੀ ਅਗਿਆਨਤਾ ਵਾਲੀ ਮਤਿ ਹੈ ਜੋ ਸਭ ਦੇ ਅੰਦਰ ਇੱਕੋ ਤਰੀਕੇ ਵਰਤ ਰਹੀ ਹੈ ਜਿਸਨੇ ਸਭ ਨੂੰ ਸੱਚ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਅਸਲ ਵਿੱਚ ਕਿਸੇ ਵੀ ਹੋਂਦ ਨੂੰ ਭਾਵੇਂ ਉਹ ਕੋਈ ਵੀ ਆਕਾਰ ਰੂਪ ਹੈ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ ਉਸਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਸਾਡੀ ਅਗਿਆਨਤਾ ਹੈ, ਸਾਡੇ ਅੰਦਰ ਦਾ ਮਾਇਆ ਮੋਹ ਹੈ। ਅਸਲ ਵਿੱਚ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵੇਂ ਉਹ ਅਸੀਂ ਹਾਂ, ਪਉਣ ਹੈ, ਪਾਣੀ ਹੈ, ਬੈਸੰਤਰ ਹੈ ਜਾਂ ਹੋਰ ਵੀ ਕੋਈ ਆਕਾਰ ਰੂਪ ਹੈ ਭਾਵ ਸਭ ਕੁਝ ਪ੍ਰਮਾਤਮਾ

41/5240

ਆਪ ਹੀ ਹੈ ਜਿਸਨੇ ਹਰ ਰੂਪ ਨੂੰ ਆਪ ਹੀ ਬਣਾਇਆ ਹੈ ਭਾਵ ਆਪਣੇ ਗਿਆਨ ਰੂਪ ਦੁਆਰਾ ਭਾਵ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਤੇ ਆਪ ਹੀ ਸਭ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ, ਜੋਤਿ ਰੂਪ ਦੁਆਰਾ ਚਲਾ ਰਿਹਾ ਹੈ। ਜਦ ਤਕ ਅਸੀਂ ਮਨ ਦੇ ਭਰਮ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ ਤਦ ਤਕ ਅਸੀਂ ਉਸ ਪ੍ਰਮਾਤਮਾ ਨੂੰ ਜਿਸਨੇ ਆਪ ਹੀ ਸਾਰੇ ਰੂਪ ਕੀਤੇ ਹਨ, ਬਣਾਏ ਹਨ ਉਸਨੂੰ ਆਪਣੇ ਅੰਦਰੋਂ ਨਹੀਂ ਪਛਾਣ ਸਕਦੇ। ਜਦੋਂ ਪ੍ਰਮਾਤਮਾ ਆਪ ਹੀ ਕਿਸੇ ਨੂੰ ਮਾਇਆ ਮੋਹ ਵਿੱਚੋਂ ਕੱਢ ਲੈਂਦਾ ਹੈ ਤੇ ਤਾਂ ਹੀ ਉਹ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣਦਾ ਹੈ, ਨਿਰੰਕਾਰ ਰੂਪ ਨੂੰ ਪਛਾਣਦਾ ਹੈ ਭਾਵ ਉਸ ਗਿਆਨ ਦੇ ਦਾਤੇ ਨੂੰ ਪਛਾਣਦਾ ਹੈ ਤੇ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਨੇ ਸਭ ਕੁਛ ਆਪ ਹੀ ਆਪਣੇ ਗਿਆਨ ਦੁਆਰਾ ਬਣਾਇਆ ਹੈ ਤੇ ਆਪ ਹੀ ਸਭ ਨੂੰ ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। ਅਸਲ ਵਿੱਚ ਹਰ ਵਸਤੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਉਹ ਸਭ ਕੁਛ ਆਪ ਹੀ ਹੈ ਪਰ ਸਾਡੇ ਅੰਦਰ ਮਾਇਆ ਮੋਹ ਪਾ ਕੇ ਉਸਨੇ ਆਪ ਹੀ ਸਭ ਨੂੰ ਭੁਲਾਇਆ ਹੋਇਆ ਹੈ ਭਾਵ ਆਪਣੇ ਆਪ ਨੂੰ ਪਰਦੇ ਵਿੱਚ ਰੱਖਿਆ ਹੋਇਆ ਹੈ। **(ਪਉਣੁ ਪਾਣੀ ਹੈ ਬੈਸੰਤਰੁ ॥ ਮਾਇਆ ਮੋਹੁ ਵਰਤੈ ਸਭ ਅੰਤਰਿ ॥ ਜਿਨਿ ਕੀਤੇ ਜਾ ਤਿਸੈ ਪਛਾਣਹਿ**

ਮਾਇਆ ਮੋਹੁ ਚੁਕਾਇਦਾ ॥੧੪॥)

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥}

(ਅੰਗ ੧੪੨੭)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥}

(ਅੰਗ ੧੦੬੬)

ਸਾਡੇ ਅੰਦਰ ਇਹ ਮਾਇਆ ਮੋਹ ਕਿਸ ਰੂਪ ਵਿੱਚ ਹੈ ਭਾਵ ਇਹ ਪੜਦਾ ਕਿਸ ਰੂਪ ਵਿੱਚ ਹੈ ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥
ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥”

ਉਪਰ ਦੋ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਇਹ ਮਾਇਆ ਮੋਹ ਸਾਨੂੰ ਕੀ ਸਿਖਾਉਂਦਾ ਹੈ ਭਾਵ ਕਿਹੋ ਜਿਹੀ ਪੱਟੀ ਪੜਾਉਂਦਾ ਹੈ ਭਾਵ ਕਿਹੋ ਜਿਹੀ ਮਤਿ ਦਿੰਦਾ ਹੈ। ਸਾਡੀ ਅਹੰਕਾਰ ਵਾਲੀ ਮਤਿ ਸਾਡੇ ਅੰਦਰ ਮਾਇਆ ਮੋਹ ਦੀ ਪਾਈ ਹੋਈ ਸਮਝ ਹੈ। ਸਾਡੇ ਅੰਦਰ ਦਾ ਇਹ ਅਹੰਕਾਰ ਭਾਵ ਹਉਮੈ ਕਿਸ ਤਰੀਕੇ ਸਾਨੂੰ ਅਹੰਕਾਰੀ ਬਣਾਉਂਦੀ ਹੈ ਭਾਵ ਸਾਡੇ ਅੰਦਰ

ਅਹੰਕਾਰ ਕਿਸ ਗੱਲ ਦਾ ਹੈ ਇਸਨੂੰ ਸਮਝਣਾ ਸਭ ਤੋਂ ਜਰੂਰੀ ਹੈ। ਸਾਡੇ ਅੰਦਰ ਇਹ ਹਉਮੈ ਭਾਵ ਇਹ ਮਾਇਆ ਮੋਹ ਵਾਲੀ ਮਤਿ ਸਾਨੂੰ ਇਹ ਸਮਝਾਉਂਦੀ ਹੈ ਕਿ ਮੇਰੀ ਆਪਣੀ ਹੋਂਦ ਹੈ ਭਾਵ ਮੇਰੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਹੈ ਭਾਵ ਇਹ ਸਰੀਰ ਮੇਰਾ ਹੈ ਤੇ ਇਸਦੇ ਅੰਦਰ ਮਤਿ ਵੀ ਮੇਰੀ ਹੈ। ਸਾਡੇ ਅੰਦਰ ਦੀ ਇਹ ਸਮਝ ਹੀ ਜੋ ਸਾਨੂੰ ਆਪੇ ਵਿੱਚ ਰੱਖਦੀ ਹੈ, ਇਹ ਸਾਡਾ ਪ੍ਰਮਾਤਮਾ ਦੇ ਨਾਲੋਂ ਪੜਦਾ ਹੈ ਭਾਵ ਇਹ ਮਾਇਆ ਸਾਨੂੰ ਇਸ ਭਰਮ ਵਿੱਚ ਪਾਉਂਦੀ ਹੈ ਕਿ ਮੈਂ ਪ੍ਰਮਾਤਮਾ ਨਾਲੋਂ ਵੱਖਰਾ ਹਾਂ ਜੋ ਕਿ ਸੱਚ ਨਹੀਂ ਹੈ ਕਿਉਂਕਿ ਅਸਲ ਵਿੱਚ ਅਸੀਂ ਪ੍ਰਮਾਤਮਾ ਦੇ ਆਪਣੇ ਹੀ ਰੂਪ ਹਾਂ ਜਿਸਦੀ ਕਿ ਸਮਝ ਮਾਇਆ ਮੋਹ ਵਾਲੀ ਮਤਿ ਦੇ ਵਿੱਚੋਂ ਨਿਕਲਕੇ ਹੀ ਪੈਂਦੀ ਹੈ ਜੋ ਸਮਝ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪਾਉਂਦਾ ਹੈ। ਸਾਡੇ ਅੰਦਰ ਦੀ ਇਹ ਅਗਿਆਨਤਾ ਵਾਲੀ ਮਤਿ ਹੀ ਸਾਡੇ ਅੰਦਰ ਦਾ ਜਮਕਾਲ ਹੈ ਜੋ ਸਾਨੂੰ ਮਨ ਦੀ ਮਾੜੀ ਸਮਝ ਦੁਆਰਾ ਧਰਮ ਦੇ ਮਾਰਗ ਤੋਂ ਦੂਰ ਰੱਖਦਾ ਹੈ ਤੇ ਸਾਨੂੰ ਆਤਮਿਕ ਤੌਰ ਤੇ ਮਾਰ ਕੇ ਰੱਖਦਾ ਹੈ ਭਾਵ ਸਾਡੇ ਅੰਦਰ ਦੀ ਸੱਚੀ ਸੋਝੀ ਨੂੰ ਮਾਰਦਾ ਰਹਿੰਦਾ ਹੈ ਤੇ ਸਾਨੂੰ ਇਸਦੀ ਆਪਣੇ ਆਪ ਸਮਝ ਨਹੀਂ ਪੈ ਸਕਦੀ ਜਿਸ ਕਰਕੇ ਸਾਨੂੰ ਪਛਤਾਉਂਣਾ ਹੀ ਪੈਂਦਾ ਹੈ ਭਾਵ ਸਾਡਾ ਜੀਵਨ ਵਿਅਰਥ ਹੀ ਜਾਂਦਾ ਹੈ ਭਾਵ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਭਾਵ ਇਸ ਮਾਇਆ ਮੋਹ ਦੇ ਰਹਿੰਦਿਆ, ਹਉਮੈ ਦੇ ਰਹਿੰਦਿਆ ਅਸੀਂ ਮਨ ਦੇ ਭਰਮਾਂ ਵਿੱਚ ਹੀ ਰਹਿੰਦੇ ਹਾਂ ਤੇ ਭਰਮ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਤੇ ਇਹ ਮਾਇਆ ਮੋਹ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋਣ ਦਿੰਦਾ ਭਾਵ ਮਨ ਦੀ ਅਗਿਆਨਤਾ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਦੀ ਹੈ। **(ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥ ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥)**

ਇਸ ਮਾਇਆ ਮੋਹ ਤੋਂ ਪਾਰ ਕਿਵੇਂ ਪਾਇਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਿਨਿ ਉਪਾਏ ਸੋ ਬਿਧਿ ਜਾਣੈ ॥ ਗੁਰਮੁਖਿ ਦੇਵੈ ਸਬਦੁ ਪਛਾਣੈ ॥

ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥"

ਸਾਨੂੰ ਪੈਦਾ ਕਰਨ ਵਾਲਾ ਆਪ ਪ੍ਰਮਾਤਮਾ ਹੈ ਭਾਵ ਮਨੁੱਖੀ ਸਰੀਰ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੋਈ ਹੈ। ਜਿਸਨੇ ਮੁੱਢ ਤੋਂ ਲੈ ਕੇ ਇਸ ਸਰੀਰ ਦੀ ਰਚਨਾ ਕੀਤੀ ਹੈ, ਇਸਦੇ ਅੰਦਰ ਮਨ ਦੀ ਸਮਝ ਵੀ ਜੋ ਸ਼ੁਰੂ ਤੋਂ ਪੈਂਦੀ ਆ ਰਹੀ ਹੈ ਇਹ ਉਹ ਉਸਦੀ ਪਾਈ ਹੋਈ ਹੀ ਹੈ ਭਾਵ

41/5242

ਇਸ ਸਰੀਰ ਨੂੰ ਬਣਾਕੇ ਇਸਨੂੰ ਚਲਾਉਂਣ ਦਾ ਢੰਗ ਸਾਡੇ ਅੰਦਰ ਉਸਨੇ ਆਪ ਹੀ ਪਾਇਆ ਹੋਇਆ ਹੈ। ਸਾਡਾ ਸਰੀਰ ਜੋ ਕੁਝ ਕਰਦਾ ਹੈ ਉਹ ਮਨ ਦੇ ਗਿਆਨ ਦੁਆਰਾ ਹੀ ਕਰਦਾ ਹੈ ਭਾਵ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ। ਜਿਸਨੇ ਸਾਡੇ ਅੰਦਰ ਇਹ ਬਿਧ ਪਾਈ ਹੋਈ ਹੈ ਉਹੀ ਸਾਨੂੰ ਇਸ ਬਿਧ ਵਿੱਚੋਂ ਕੱਢ ਸਕਦਾ ਹੈ ਭਾਵ ਇਸ ਮਾਇਆ ਮੋਹ ਵਿੱਚੋਂ ਨਿਕਲਣਾ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਭਾਵ ਆਪਣੇ ਆਪ ਨੂੰ ਪਹਿਚਾਨਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ। **(ਜਿਨਿ ਉਪਾਏ ਸੋ ਬਿਧਿ ਜਾਣੈ॥)** ਪ੍ਰਮਾਤਮਾ ਦੀ ਇਸ ਬਿਧ ਨੂੰ ਉਹੀ ਜਾਣ ਸਕਦਾ ਹੈ ਜਿਸਨੂੰ ਉਹ ਆਪਣੀ ਬਿਧ ਆਪ ਸਮਝਾਉਂਦਾ ਹੈ। ਉਹ ਇਹ ਆਪਣੀ ਬਿਧ ਆਪਣੇ ਗੁਰਮੁਖਿ ਰੂਪ ਨੂੰ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਇਹ ਬਿਧ ਸਮਝਾਈ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਸਮਝਾਈ ਹੈ। ਜਿਸ ਮਨ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਉਸਦਾ ਗੁਰਮੁਖਿ ਰੂਪ ਬਣ ਜਾਂਦਾ ਹੈ ਭਾਵ ਉਸਦਾ ਆਪਣਾ ਰੂਪ ਬਣ ਜਾਂਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ **"ਸਬਦੁ"** ਰੂਪ ਵਿੱਚ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **"ਸਬਦੁ"** ਨੂੰ ਆਪਣੇ ਅੰਦਰੋਂ ਪਹਿਚਾਨਣਾ ਹੀ ਗੁਰੂ ਨੂੰ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਨਣਾ ਹੈ। **"ਸਬਦੁ"** ਰੂਪ ਪ੍ਰਮਾਤਮਾ ਦਾ **"ਸਚੁ"** ਰੂਪ ਹੈ, ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਗੁਰੂ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਰੀ ਗੁਰਬਾਣੀ ਵਿੱਚ ਆਪ ਹੀ ਹੈ ਤੇ ਉਹ ਆਪ ਹੀ ਗੁਰੂ ਹੈ। ਮਾਇਆ ਮੋਹ ਵਿੱਚੋਂ ਨਿਕਲਣ ਦੀ ਬਿਧ ਆਪਣੇ ਅੰਦਰੋਂ **"ਸਬਦੁ"** ਰੂਪ ਪ੍ਰਮਾਤਮਾ ਨੂੰ ਪਛਾਨਣ ਦੁਆਰਾ ਹੀ ਸਮਝ ਆਉਂਦੀ ਹੈ ਜੋ ਸਮਝ ਪ੍ਰਮਾਤਮਾ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਨਾਉਂਣ ਦੁਆਰਾ ਦਿੰਦਾ ਹੈ। ਜਦੋਂ ਤੁਸੀ ਆਪਣੇ ਅੰਦਰੋਂ ਸਬਦੁ ਨੂੰ ਪਛਾਣ ਲਵੋਗੇ ਤਾਂ ਫਿਰ ਇਹ ਕਿਵੇਂ ਕਹਿ ਸਕੋਗੇ ਕਿ ਇਹ ਸਰੀਰ ਮੇਰਾ ਹੈ, ਮੇਰੇ ਅੰਦਰ ਦੀ ਮਤਿ ਮੇਰੀ ਹੈ ਭਾਵ ਫਿਰ ਅਸੀਂ ਮੈਂ ਤੋਂ ਬਦਲਕੇ ਤੂੰ ਰੂਪ ਹੋ ਜਾਂਦੇ ਹਾਂ ਭਾਵ ਅਸੀਂ ਆਪਣੀ ਕੋਈ ਵੱਖਰੀ ਹੋਂਦ ਨਹੀਂ ਸਮਝਦੇ। ਇਹ ਸਾਡੇ ਅੰਦਰੋਂ ਹਉਮੈ ਦਾ ਨਿਕਲਣਾ ਹੈ, ਮਾਇਆ ਮੋਹ ਦਾ ਨਿਕਲਣਾ ਹੈ, ਮਨ ਦੀ ਅਗਿਆਨਤਾ ਦਾ ਨਿਕਲਣਾ ਹੈ ਜੋ ਸਾਨੂੰ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਾਂਦੀ ਹੈ ਭਾਵ ਮਾਇਆ ਮੋਹ ਤੋਂ ਮਨੁੱਖ ਉਦੋਂ ਹੀ ਦੂਰ ਹੁੰਦਾ ਹੈ ਜਦੋਂ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨਾਂ ਕਿਸੇ ਵੀ ਹੋਰ ਹੋਂਦ ਦਾ ਹੋਣਾ ਜਾਂ ਸਮਝਣਾ ਝੂਠ ਹੈ। ਜੇਕਰ ਅਸੀਂ ਇਹ ਕਹਾਂਗੇ ਕਿ ਇਹ ਪਵਨ ਹੈ, ਇਹ ਪਾਣੀ ਹੈ, ਇਹ ਬੈਸੰਤਰ ਹੈ ਇਹ ਝੂਠ ਹੈ ਤੇ ਸੱਚ ਇਹ ਹੈ ਕਿ ਹਰ ਵਸਤੂ ਨੂੰ ਬਣਾਕੇ ਤੇ ਸਭ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਸਬਦੁ ਰੂਪ

41/5243

ਵਿੱਚ ਵਿਚਰ ਰਿਹਾ ਹੈ। ਆਪਣੇ ਅੰਦਰੋਂ ਉਸਦੇ ਸਬਦੁ ਰੂਪ ਨੂੰ ਪਛਾਣੇ ਬਿਨਾਂ ਸਭ ਵਿੱਚ ਉਸਦਾ ਸਬਦੁ ਰੂਪ ਨਹੀਂ ਦਿੱਸ ਸਕਦਾ ਭਾਵ ਅਸੀਂ ਸੰਸਾਰ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ। ਪੂਰੀ ਸਾਇੰਸ ਭਾਵ ਸੱਚੀ ਸਾਇੰਟਿਫਿਕ ਨੌਲੇਜ (ਗਿਆਨ) ਪ੍ਰਮਾਤਮਾ ਦਾ ਸਬਦੁ ਰੂਪ ਹੀ ਹੈ ਜਿਸ ਨਾਲ ਪ੍ਰਮਾਤਮਾ ਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਉਸਨੂੰ ਚਲਾ ਰਿਹਾ ਹੈ। ਸਬਦੁ ਨੂੰ ਆਪਣੇ ਅੰਦਰੋਂ ਪਹਿਚਾਨਣ ਦੁਆਰਾ ਹੀ ਕੋਈ ਉਸ ਪ੍ਰਮਾਤਮਾ ਦਾ ਦਾਸ ਬਣਦਾ ਹੈ ਭਾਵ ਉਸਦੇ ਹੁਕਮ ਨੂੰ ਸਮਝਕੇ ਉਸਦੇ ਹੁਕਮ ਅਨੁਸਾਰ ਵਿਚਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਉਸਦੇ ਗੁਰਮੁਖਿ ਰੂਪ ਉਸਦਾ ਦਾ ਦਾਸ ਬਣੇ ਹਨ। ਮਨ ਦੀ ਇਸ ਸੱਚੀ ਸੋਝੀ ਦੁਆਰਾ ਫਿਰ ਮਨੁੱਖ ਜੋ ਵੀ ਕਰਮ ਕਰਦਾ ਹੈ ਭਾਵ ਸੱਚ ਦੁਆਰਾ ਜੋ ਵੀ ਕਰਮ ਕਰਦਾ ਹੈ ਉਹ ਨਾਮ ਦੀ ਸਮਝ ਦੁਆਰਾ ਕਰਦਾ ਹੈ ਭਾਵ ਸ਼ਬਦ ਦੇ ਗਿਆਨ ਦੁਆਰਾ ਕਰਦਾ ਹੈ ਤੇ ਸਾਡੇ ਇਹੋ ਜਿਹੇ ਕਰਮ ਹੀ ਪ੍ਰਮਾਤਮਾ ਅੱਗੇ ਸਾਡੀ ਬੇਨਤੀ ਕਰਨ ਦਾ ਅਸਲ ਤਰੀਕਾ ਹੈ। **(ਜਿਨਿ ਉਪਾਏ ਸੋ ਬਿਧਿ ਜਾਣੈ ॥ ਗੁਰਮੁਖਿ ਦੇਵੈ ਸਬਦੁ ਪਛਾਣੈ ॥ ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥)**

{ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥੫॥}

(ਅੰਗ ੬੪)

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ ੪੬੮)

{ਹਰਿ ਆਪਿ ਉਪਾਏ ਹਰਿ ਆਪੇ ਵੇਖੈ ਹਰਿ ਆਪੇ ਕਾਰੈ ਲਾਇਆ ਜੀਉ ॥
ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ ॥
ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ ਮੰਗਾਇਆ ਜੀਉ ॥
ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ ਜਨ ਨਾਨਕ ਨਾਮੁ ਧਿਆਇਆ ਜੀਉ ॥੪॥੨॥੨੮॥੬੬॥}

(ਅੰਗ ੧੭੩)

{ਜੋਗ ਜੁਗਤਿ ਇਵ ਪਾਵਸਿਤਾ ॥ ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥}

(ਅੰਗ ੧੫੫)

{ਮਨ ਰੇ ਦੂਜਾ ਭਾਉ ਚੁਕਾਇ ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥
ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥
ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥ ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥
ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥
ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥}

(ਅੰਗ ੩੩-੩੪)

{ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥
ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥
ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥
ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥ ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥
ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥ ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥
ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ ੩੪-੩੫)

41/5244

{ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥ ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ॥
ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥੧॥ ਮਨ ਰੇ ਨਿਜ ਘਰਿ ਵਾਸਾ ਹੋਇ ॥
ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ ॥੧॥ ਰਹਾਉ ॥}

(ਅੰਗ ੩੬)

{ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥ ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ॥
ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥}

(ਅੰਗ ੩੭)

{ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥}

(ਅੰਗ ੫੯੮)

{ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥
ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥
ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥ ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥
ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥
ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥}

(ਅੰਗ ੩੯)

{ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥
ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥
ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ॥
ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥ ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ॥੩॥
ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥
ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥ ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥੪॥੧੧॥੯੧॥}

(ਅੰਗ ੪੬)

{ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥
ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥ ਮੇਰੇ ਮਨ ਪ੍ਰਭ ਸਰਣਾਈ ਪਾਇ ॥
ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥}

(ਅੰਗ ੪੬)

{ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥ ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥
ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥ ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥
ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥ ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥੭॥
ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥ ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪॥}

(ਅੰਗ ੫੫)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥}

(ਅੰਗ ੫੫)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ ੫੮)

{ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ ॥ ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ ॥
ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥੫॥}

(ਅੰਗ ੫੯-੫੯)

{ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ ॥ ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥
ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ ॥੮॥੧੦॥}

(ਅੰਗ ੫੯)

41/5245

{ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੧)

{ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥
ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ ਮਨ ਰੇ ਸਾਚੀ ਖਸਮ ਰਜਾਇ ॥
ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥}

(ਅੰਗ ੬੨)

{ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥
ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

{ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ ॥ ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ॥
ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ ॥੬॥
ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ ॥
ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ ॥
ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ ॥੭॥}

(ਅੰਗ ੬੫)

{ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥
ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥}

(ਅੰਗ ੬੭)

{ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ॥ ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ॥
ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥}

(ਅੰਗ ੬੭)

{ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥
ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥}

(ਅੰਗ ੧੧੩)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥}

(ਅੰਗ ੧੧੩)

{ਰਤਨੁ ਪਦਾਰਥੁ ਪਲਰਿ ਤਿਆਗੈ ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥
ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥
ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ ਗੁਰ ਕਾ ਸਬਦੁ ਮੰਨਿ ਵਸਾਏ ॥
ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥
ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥}

(ਅੰਗ ੧੧੩)

{ਸਚੁ ਕਰਣੀ ਸਬਦੁ ਹੈ ਸਾਰੁ ॥ ਪੂਰੈ ਗੁਰਿ ਪਾਈਐ ਮੋਖ ਦੁਆਰੁ ॥
ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥੪॥}

(ਅੰਗ ੧੧੪)

{ਵਰਨ ਰੂਪ ਵਰਤਹਿ ਸਭ ਤੇਰੇ ॥ ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ ॥
ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥
ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥
ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥
ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥
ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥
ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥
ਮਾਇਆ ਮਹਿ ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ ਸਦ ਰਹੈ ਸਮਾਏ ॥
ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥
ਸਚੁ ਸਾਲਾਹੀ ਸਦਾ ਹਜੂਰੇ ॥ ਗੁਰ ਕੈ ਸਬਦਿ ਰਹਿਆ ਭਰਪੂਰੇ ॥
ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥
ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥
ਸਚੁ ਸਾਲਾਹੀ ਅਵਰੁ ਨ ਕੋਈ ॥ ਜਿਤੁ ਸੇਵਿਐ ਸਦਾ ਸੁਖੁ ਹੋਈ ॥
ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥੧੮॥੧੯॥}

(ਅੰਗ ੧੨੦-੧੨੧)

41/5246

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥
ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥
ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥
ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥
ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥
ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥
ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥
ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥

ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ ਤਨੁ ਮੋਹੈ ॥
ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥
ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥
ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥
ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥}

(ਅੰਗ ੧੨੧)

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ ੧੨੪)

{ਗੁਰਮੁਖਿ ਜੀਵੈ ਮਰੈ ਪਰਵਾਣੁ ॥ ਆਰਜਾ ਨ ਛੀਜੈ ਸਬਦੁ ਪਛਾਣੁ ॥
ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥
ਗੁਰਮੁਖਿ ਹਰਿ ਦਰਿ ਸੋਭਾ ਪਾਏ ॥ ਗੁਰਮੁਖਿ ਵਿਚਹੁ ਆਪੁ ਗਵਾਏ ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥
ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ ਗੁਰਮੁਖਿ ਹਉਮੈ ਚੂਕੈ ਪੀਰ ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥

ਗੁਰਮੁਖਿ ਨਾਮੁ ਮਿਲੈ ਵਡਿਆਈ ॥ ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥੫॥
ਗੁਰਮੁਖਿ ਅਨਦਿਨੁ ਸਬਦੇ ਰਾਤਾ ॥ ਗੁਰਮੁਖਿ ਜੁਗ ਚਾਰੇ ਹੈ ਜਾਤਾ ॥
ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥
ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥
ਗੁਰਮੁਖਿ ਆਪੇ ਕਰੇ ਕਰਾਏ ॥ ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥
ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥}

(ਅੰਗ ੧੨੫)

{ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰ ਹੀ ਮਹਿ ਪਾਈ ॥
ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥
ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥
ਘਰ ਮਹਿ ਧਰਤੀ ਧਉਲੁ ਪਾਤਾਲਾ ॥ ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥
ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥
ਕਾਇਆ ਅੰਦਰਿ ਹਉਮੈ ਮੇਰਾ ॥ ਜੰਮਣ ਮਰਣੁ ਨ ਚੂਕੈ ਫੇਰਾ ॥
ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥
ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥
ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥
ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥
ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ ੧੨੬)

{ਅਲਖ ਅਭੇਉ ਹਰਿ ਰਹਿਆ ਸਮਾਏ ॥ ਉਪਾਇ ਨ ਕਿਤੀ ਪਾਇਆ ਜਾਏ ॥
ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ ॥੨॥
ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥

ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥
ਹਉ ਹਉ ਕਰੇ ਤੈ ਆਪੁ ਜਣਾਏ ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥
ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥੫॥
ਉਪਜੈ ਪਚੈ ਹਰਿ ਬੂਝੈ ਨਾਹੀ ॥ ਅਨਦਿਨੁ ਦੂਜੈ ਭਾਇ ਫਿਰਾਹੀ ॥
ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ ॥੬॥
ਪਿਰੁ ਪਰਦੇਸਿ ਸਿਗਾਰੁ ਬਣਾਏ ॥ ਮਨਮੁਖ ਅੰਧੁ ਐਸੇ ਕਰਮ ਕਮਾਏ ॥
ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ ॥੭॥
ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥
ਅਨਦਿਨੁ ਭਗਤਿ ਕਰੇ ਦਿਨੁ ਰਾਤੀ ਸਹਜੇ ਹੀ ਸੁਖੁ ਪਾਵਣਿਆ ॥੮॥
ਸਭ ਮਹਿ ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਨਕ ਨਾਮਿ ਰਤੇ ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ ॥੯॥੨੯॥੩੦॥}

(ਅੰਗ ੧੨੭)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥
ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥
ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥
ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥੩॥
ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥
ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥
ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥
ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥
ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥
ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥
ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥
ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥}

(ਅੰਗ ੧੨੮)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥
ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥}

(ਅੰਗ ੧੨੯)

ਜਦ ਤਕ ਅਸੀਂ ਸ਼ਬਦ ਦੇ ਗਿਆਨ ਨਾਲ ਨਹੀਂ ਜੁੜਦੇ ਭਾਵ ਕੇਵਲ ਸ਼ਬਦਾਂ ਦੀ ਕਥਨੀ ਨਾਲ ਜੁੜੇ ਰਹਾਂਗੇ ਤਦ ਤਕ ਸਾਡੇ ਅੰਦਰੋਂ ਕਦੇ ਹਉਮੈ, ਮਾਇਆ ਮੋਹ ਨਹੀਂ ਨਿਕਲ ਸਕਦਾ ਜਿਸ ਦੁਆਰਾ ਅਸੀਂ ਕਦੇ ਵੀ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ ਕਿਉਂਕਿ ਭਗਤੀ ਦਾ ਮਾਰਗ ਸਾਨੂੰ ਸ਼ਬਦ ਨੇ ਹੀ ਸਮਝਾਉਂਣਾ ਹੈ ਜਿਵੇਂ ਕਿ ਅਸੀਂ ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਸ਼ਬਦ ਨੇ ਸਾਨੂੰ ਸੱਚੀ ਮਤਿ ਦੇ ਕੇ ਹਉਮੈ, ਮਾਇਆ ਮੋਹ ਵਿੱਚੋਂ ਹੀ ਕੱਢਣਾ ਹੈ ਜਿਸ ਅਵਸਥਾ ਵਿੱਚ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਸ਼ਬਦ ਦਾ ਮਕਸਦ ਸਾਨੂੰ ਇਹੀ ਹੈ ਕਿ ਅਸੀਂ ਮਾੜੇ ਕਰਮ ਨਾ ਕਰੀਏ ਕਿਉਂਕਿ ਮਾੜੇ ਕਰਮਾਂ ਵਿੱਚੋਂ ਨਿਕਲਣਾ ਭਾਵ ਚੰਗੇ ਕਰਮ ਕਰਨਾ ਹੀ ਸਾਡੇ ਜੀਵਨ ਦਾ ਅਸਲ ਮਾਰਗ ਹੈ। ਸ਼ਬਦ ਨੂੰ ਜਪਣ ਦਾ ਮਕਸਦ ਸ਼ਬਦ ਦੀ ਗੱਲ ਨੂੰ ਮੰਨਣ ਦਾ ਹੀ ਹੈ। ਜੋ ਮਨੁੱਖ ਮਾੜੇ ਕਰਮ ਕਰਦਾ ਹੈ ਉਹ ਤਾਂ ਨਾਮ ਤੋਂ ਦੂਰ ਹੀ ਰਹਿੰਦਾ ਹੈ

41/5247

ਤੇ ਨਾ ਹੀ ਉਸਦਾ ਪ੍ਰਮਾਤਮਾ ਦੇ ਨਾਲ ਪਿਆਰ ਜੁੜ ਸਕਦਾ ਹੈ। ਇਹ ਗੱਲ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਆਸਾਨੀ ਨਾਲ ਸਮਝ ਸਕਦੇ ਹਾਂ ਭਾਵ ਨਾਮ ਦਾ ਮਕਸਦ, ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢਣ ਦਾ ਹੈ ਜੋ ਕਰਮ ਅਸੀਂ ਨਾਸਮਝ ਮਤਿ ਦੁਆਰਾ ਕਰਦੇ ਹਾਂ। ਨਾਮ ਦਾ ਮਕਸਦ ਸਾਡੀ ਮਤਿ ਨੂੰ ਬਦਲਕੇ ਉਲਟੀ ਕਰਨ ਦਾ ਹੈ ਜਿਸ ਮਤਿ ਦੇ ਉਲਟਣ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਖੋਜ ਸਕਦੇ ਹਾਂ ਭਾਵ ਜਾਣ ਸਕਦੇ ਹਾਂ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਆਪਣੀ ਮਤਿ ਨੂੰ ਬਦਲਣ ਦਾ ਹੈ ਤੇ ਇਹੀ ਨਾਮ ਦਾ ਮਕਸਦ ਹੈ, ਸ਼ਬਦ ਦਾ ਮਕਸਦ ਹੈ। ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਭਾਵ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕੇਵਲ ਮੰਨਣ ਦੀ ਲੋੜ ਹੈ।

ਭੈਰਉ ਮਹਲਾ ੩ ॥

“ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥”

(ਅੰਗ ੧੧੩੨-੧੧੩੩)

ਬਾਣੀ ਨੇ ਬਾਰ-ਬਾਰ ਹਉਮੈ ਦੀ, ਮਾਇਆ ਮੋਹ ਦੀ ਗੱਲ ਕੀਤੀ ਹੈ ਇਸਦਾ ਮਕਸਦ ਹੀ ਸਾਨੂੰ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਲਈ ਸਾਨੂੰ ਭਰਮ ਵਿੱਚ ਰੱਖਣ ਦਾ ਹੈ। ਸਾਡੇ ਅੰਦਰ ਜੋ ਲੋਭ ਲਾਲਚ ਦੀ ਬਿਰਤੀ ਹੈ ਉਹ ਸਾਡੇ ਅੰਦਰ ਮਨ ਦੀ ਨਾਮਸਝੀ ਕਰਕੇ ਹੀ ਹੈ ਭਾਵ ਅਸੀਂ ਆਪਣੇ ਜੀਵਨ ਦੇ ਸਹੀ ਮਾਰਗ ਤੋਂ ਭਰਮੇ ਹੋਏ ਹਾਂ। ਲੋਭ ਲਾਲਚ ਵਾਲੀ ਬਿਰਤੀ ਵਿੱਚ ਰਹਿੰਦੇ ਹੋਏ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਮਾੜੇ ਕਰਮ ਕਰਨ ਦੁਆਰਾ ਅਸੀਂ ਜੋ ਖੱਟਦੇ ਹਾਂ ਭਾਵ ਜੋ ਕਮਾਉਂਦੇ ਹਾਂ ਉਹ ਦੁੱਖ

ਖੱਟਦੇ ਹਾਂ ਭਾਵ ਉਹ ਸਾਡੇ ਦੁੱਖਾਂ ਦਾ ਕਾਰਣ ਹੈ। ਅਸੀਂ ਜੋ ਕਮਾਉਂਦੇ ਹਾਂ ਉਹੋ ਕੁਝ ਹੀ ਅਸੀਂ ਖਾਂਦੇ ਹਾਂ। ਇਹ ਮਾੜੇ ਕਰਮਾਂ ਦੀ ਕਮਾਈ ਸਾਡਾ ਮਨ ਕਰਦਾ ਹੈ ਭਾਵ ਸਾਡੀ ਮਨ ਦੀ ਮਾੜੀ ਸਮਝ ਕਰਦੀ ਹੈ ਤੇ ਇਸ ਨਾਲ ਜੋ ਦੁੱਖ ਪਹੁੰਚਦਾ ਹੈ ਉਹ ਵੀ ਮਨ ਨੂੰ ਪਹੁੰਚਦਾ ਹੈ ਭਾਵ ਉਸਦੀ ਸਜਾ ਵੀ ਮਨ ਨੂੰ ਹੀ ਭੁਗਤਣੀ ਪੈਂਦੀ ਹੈ। ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਸਾਨੂੰ ਲੋਭ ਲਾਲਚ ਵਿੱਚ ਰੱਖਦੀਆਂ ਹਨ ਤੇ ਮਨ ਦੀਆਂ ਇਹ ਤ੍ਰਿਸ਼ਨਾਵਾਂ ਹੀ ਸਾਨੂੰ ਦੁੱਖ ਦਿੰਦੀਆਂ ਹਨ ਕਿਉਂਕਿ ਤ੍ਰਿਸ਼ਨਾਵਾਂ ਸਾਡੇ ਅੰਦਰ ਉਪਜਦੀਆਂ ਹੀ ਰਹਿੰਦੀਆਂ ਹਨ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਇਹੋ ਜਿਹੀ ਮਤਿ ਸਾਨੂੰ ਮਾੜੇ ਪਾਸੇ ਹੀ ਤੋਰਦੀ ਹੈ ਜੋ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਮੋਹ ਹੈ। ਮਨ ਦੀ ਇਸ ਅਵਸਥਾ ਵਿੱਚੋਂ ਨਿਕਲਣ ਦਾ, ਹਉਮੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਤਰੀਕਾ ਸਾਡੀ ਸਮਝ ਦੇ ਅੰਦਰ

41/5248

"ਬਿਬੇਕ" ਦਾ ਨਾ ਹੋਣਾ ਹੈ। ਜਦ ਤਕ ਸਾਡੇ ਅੰਦਰ ਬਿਬੇਕ ਨਹੀਂ ਹੈ ਤਦ ਤਕ ਸਾਡੇ ਅੰਦਰ ਭਰਮ ਹੀ ਵਰਤਦੇ ਹਨ ਭਾਵ ਸਾਡੀ ਮਤਿ ਭਰਮਾਂ ਵਿੱਚ ਰਹਿੰਦੀ ਹੈ। ਸਾਡੇ ਅੰਦਰ ਦਾ ਬਿਬੇਕ ਸੱਚੇ ਗਿਆਨ ਵਾਲੀ ਬੁਧਿ ਹੈ ਜੋ ਬੁਧਿ ਗੁਰੂ ਦੀ ਹੈ ਭਾਵ ਹਉਮੈ, ਮਾਇਆ ਮੋਹ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ ਤੇ ਸਾਡੇ ਅੰਦਰੋਂ ਮਨ ਦੇ ਬਿਬੇਕ ਬਿਨਾਂ ਨਹੀਂ ਨਿਕਲ ਸਕਦੀ ਭਾਵ ਬਿਬੇਕ ਬੁਧਿ ਦਾ ਮਕਸਦ ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢਕੇ ਚੰਗੇ ਕਰਮ ਕਰਾਉਂਣ ਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਮਕਸਦ ਸਾਨੂੰ ਮਨ ਦੀ ਮਾੜੀ ਸਮਝ ਵਿੱਚੋਂ ਕੱਢ ਕੇ, ਅਉਗੁਣਾਂ ਵਿੱਚੋਂ ਕੱਢ ਕੇ ਗੁਣੀ ਬਨਾਉਂਣ ਦਾ ਹੈ। ਸਾਨੂੰ ਗੁਣੀ ਮਨ ਦੀ ਸੱਚੀ ਸਮਝ ਹੀ ਬਣਾਉਂਦੀ ਹੈ ਜੋ ਸਾਨੂੰ ਤ੍ਰਿਸ਼ਨਾਵਾਂ ਵਿੱਚੋਂ ਕੱਢ ਕੇ ਮਨ ਦੇ ਸੰਤੋਖ ਨਾਲ ਜੋੜਦੀ ਹੈ। ਮਨ ਦੇ ਵਿੱਚ ਸੱਚਾ ਗਿਆਨ ਹੋਏ ਬਿਨਾਂ ਅਸੀਂ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਹੀ ਰਹਿੰਦੇ ਹਾਂ। **(ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥ ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥)**

ਲੋਭ ਲਾਲਚ ਵਾਲੀ ਬਿਰਤੀ ਵਿੱਚ ਜੋ ਰਹਿੰਦੇ ਹਨ ਭਾਵ ਜੋ ਗੁਰੂ ਦੇ ਸੱਚੇ ਗਿਆਨ ਨੂੰ ਨਹੀਂ ਅਪਨਾਉਂਦੇ ਭਾਵ ਜੋ ਮਨ ਦੇ ਭਰਮਾਂ ਵਿੱਚੋਂ ਨਹੀਂ ਨਿਕਲਦੇ ਉਹਨਾਂ ਬਾਰੇ ਗੁਰੂ ਸਾਹਿਬ ਕੀ ਕਹਿੰਦੇ ਹਨ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥

ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥"

ਜੋ ਵੀ ਮਨੁੱਖ ਗੁਰੂ ਦੇ ਸੱਚੇ ਗਿਆਨ ਨਾਲ ਨਹੀਂ ਜੁੜਦਾ ਭਾਵ ਬਿਬੇਕ ਬੁਧਿ ਵਾਲਾ ਨਹੀਂ ਬਣਦਾ ਉਹ ਮਾੜੇ ਕਰਮ ਨਹੀਂ ਛੱਡਦਾ ਭਾਵ ਲੋਭ ਲਾਲਚ ਨਹੀਂ ਛੱਡਦਾ ਤੇ ਇਹੋ ਜਿਹੇ ਮਨੁੱਖ ਜਿਹੋ ਜਿਹਾ ਜੀਵਨ ਜਿਉਂਦੇ ਹਨ ਭਾਵ ਜਿਹੋ ਜਿਹੇ ਕਰਮ ਕਰਦੇ ਹਨ, ਸੰਸਾਰ ਵਿੱਚ ਵਿਚਰਦੇ ਹਨ ਉਹਨਾਂ ਮਾੜੇ ਕਰਮਾਂ ਕਰਕੇ ਉਹਨਾਂ ਨੂੰ ਫਿਟਕਾਰ ਪਾਈ ਹੋਈ ਹੈ। ਇਹੋ ਜਿਹੇ ਮਨੁੱਖ ਮਨਮੁਖਿ ਹਨ ਭਾਵ ਆਪਣੇ ਮਨ ਦੀ ਮਨੰਦੇ ਹਨ, ਆਪਣੀ ਮਤਿ ਦੁਆਰਾ ਵਿਚਰਦੇ ਹਨ। ਇਹੋ ਜਿਹੇ ਮਾੜੇ ਕਰਮ ਕਰਨ ਵਾਲੇ ਮਨੁੱਖਾਂ ਨੇ ਪ੍ਰਮਾਤਮਾ ਦੇ ਨਾਮ ਨੂੰ ਸੁਪਨੇ ਵਿੱਚ ਵੀ ਨਹੀਂ ਚੇਤਿਆ ਭਾਵ ਨਾਮ ਤੋਂ ਬਿਲਕੁੱਲ ਹੀ ਸੱਖਣੇ ਹਨ, ਗੁਰੂ ਦੀ ਮਤਿ ਤੋਂ, ਗੁਰੂ ਦੇ ਸੱਚੇ ਗਿਆਨ ਤੋਂ ਬਿਲਕੁੱਲ ਸੱਖਣੇ ਹਨ ਤੇ ਇਹੋ ਜਿਹੇ ਮਨਮਤਿ ਤੇ ਚੱਲਣ ਵਾਲੇ ਮਨੁੱਖਾਂ ਦਾ ਪ੍ਰਮਾਤਮਾ ਨਾਲ ਕਦੇ ਪਿਆਰ ਨਹੀਂ ਜੁੜ ਸਕਦਾ ਭਾਵ ਪ੍ਰਮਾਤਮਾ

41/5249

ਦੇ ਨਾਲ ਪਿਆਰ ਜੋ ਗੁਰੂ ਦੀ ਗੱਲ ਨੂੰ ਮੰਨ ਕੇ ਭਾਵ ਨਾਮ ਦੀ ਮਤਿ ਨੂੰ ਮੰਨ ਕੇ, ਆਪਣੀ ਮਤਿ ਵਿੱਚੋਂ ਨਿਕਲਕੇ ਮਾੜੇ ਕਰਮ ਛੱਡ ਦਿੰਦੇ ਹਨ ਤੇ ਚੰਗੇ ਕਰਮ ਕਰਦੇ ਹਨ। ਇਹੋ ਜਿਹੇ ਮਨੁੱਖ ਫਿਰ ਭਰਮਾਂ ਵਾਲੀ ਮਤਿ ਵਿੱਚ ਨਹੀਂ ਵਿਚਰਦੇ ਜੋ ਮਤਿ ਸਾਨੂੰ ਧਰਮ ਦੇ ਪੁੱਠੇ ਮਾਰਗ ਤੇ ਤੋਰਦੀ ਹੈ। **(ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥ ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਵਿੱਚ ਸਾਡੀ ਰੁਕਾਵਟ ਕੀ ਹੈ।

"ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥

ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥"

ਉਪਰਲੀਆਂ ਪੰਗਤੀਆਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਪ੍ਰਮਾਤਮਾ ਨੂੰ ਬੁੱਝਣ ਦਾ ਤਰੀਕਾ ਕੀ ਹੈ ਤੇ ਉਸਦੇ ਵਿੱਚ ਰੁਕਾਵਟ ਕੀ ਹੈ। ਸਭ ਕੁਝ ਸਾਡੇ ਮਨ ਦੀ ਸੋਝੀ ਦੇ ਨਾਲ ਜੁੜਿਆ ਹੋਇਆ ਹੈ। ਜਦ ਤਕ ਅਸੀਂ ਮਾਇਆ ਮੋਹ ਵਾਲੀ ਮਤਿ ਵਿੱਚ ਹਾਂ ਭਾਵ ਭਰਮ ਵਾਲੀ ਮਤਿ ਵਿੱਚ ਹਾਂ ਤਦ ਤਕ ਅਸੀਂ ਮਨ ਦੇ ਲੋਭ ਲਾਲਚ ਕਰਕੇ ਮਾੜੇ ਕਰਮ ਕਰਦੇ ਹਾਂ ਜਿਵੇਂ ਕਿ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਸਾਡੇ ਇਹ ਮਾੜੇ ਕਰਮ ਪਸ਼ੂਆਂ ਵਾਲੇ ਕਰਮ ਹਨ ਭਾਵ ਇਹ ਮਨੁੱਖਾਂ ਵਾਲੇ ਕਰਮ ਨਹੀਂ ਹਨ ਜੋ ਇੱਕ ਮਨੁੱਖ ਨੂੰ ਕਰਨੇ ਚਾਹੀਦੇ ਹਨ। ਸਾਡਾ ਕੰਮ ਉਹੀ ਚੰਗਾ ਹੁੰਦਾ ਹੈ ਜਿਸ ਵਿੱਚ ਗੁਰੂ ਦੀ ਮਤਿ ਹੁੰਦੀ ਹੈ ਭਾਵ ਸਾਡੀ ਆਪਣੀ ਮਤਿ ਨਹੀਂ ਹੁੰਦੀ। ਆਪਣੇ ਵੱਲੋਂ ਅਸੀਂ ਅਨੇਕਾਂ ਧਰਮ ਕਰਮ ਵੀ ਕਰਦੇ ਹਾਂ ਭਾਵ ਭਗਤੀ ਦੇ ਦਿਖਾਵੇ ਵੀ ਕਰਦੇ ਹਾਂ ਜਿਸ ਵਿੱਚ ਕੇਵਲ ਸਾਡੀ ਅਗਿਆਨਤਾ ਹੁੰਦੀ ਹੈ ਭਾਵ ਪਸ਼ੂ ਬਿਰਤੀ ਹੁੰਦੀ ਹੈ। ਪ੍ਰਮਾਤਮਾ ਨੂੰ ਪਾਉਂਣ ਦਾ ਮਾਰਗ ਸਾਡੇ ਕਰਮਾਂ ਦੇ ਨਾਲ ਜੁੜਿਆ ਹੋਇਆ ਹੈ। ਜੇਕਰ ਅਸੀਂ ਚੰਗੇ ਕਰਮ ਕਰਦੇ ਹਾਂ ਭਾਵ ਜੇਕਰ ਗੁਰੂ ਦੀ ਮਤਿ ਅਨੁਸਾਰ ਵਿਚਰਦੇ ਹਾਂ ਤਾਂ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਸਕਦੇ ਹਾਂ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਬੁੱਝ ਸੱਕਣ ਦਾ ਕਾਰਨ ਸਾਡੇ ਮਾੜੇ ਕਰਮ ਹਨ ਭਾਵ ਸਾਡੀ ਮਾੜੀ ਵਿਚਰਨ ਹੈ **(ਪਸੂਆ ਕਰਮ ਕਰੈ ਨਹੀ ਬੂਝੈ)**। ਸਾਡੇ ਜੀਵਨ ਦੀ ਕਮਾਈ ਭਾਵ ਧਰਮ ਦੀ ਕਮਾਈ ਸਾਡੇ ਕਰਮਾਂ ਦੇ ਨਾਲ ਜੁੜੀ ਹੋਈ ਹੈ। ਆਪਣੇ ਚੰਗੇ ਕਰਮਾਂ ਦੁਆਰਾ ਭਾਵ ਗੁਰੂ ਦੀ ਸੱਚੀ ਮਤਿ ਤੇ ਚੱਲਣ ਦੁਆਰਾ ਅਸੀਂ ਸੱਚ ਦੀ ਕਮਾਈ ਕਰਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਕਮਾਈ ਕਰਦੇ ਹਾਂ ਤੇ ਆਪਣੀ ਝੂਠੀ ਮਤਿ ਪਿੱਛੇ ਲੱਗ ਕੇ ਅਸੀਂ ਮਾੜੇ ਕਰਮ

ਕਰਦੇ ਹਾਂ ਜਿਨ੍ਹਾਂ ਕਰਮਾਂ ਦੁਆਰਾ ਅਸੀਂ ਕੂੜ ਦੀ ਕਮਾਈ ਕਰਦੇ ਹਾਂ ਭਾਵ ਝੂਠ ਦੀ ਕਮਾਈ ਕਰਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਅੰਦਰ ਝੂਠ ਨੂੰ ਹੀ ਉੱਚਾ ਕਰਦੇ ਹਾਂ ਭਾਵ ਸੱਚ ਨਾਲੋਂ ਆਪਣੀ ਦੂਰੀ ਵਧਾਉਂਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਤੋਂ ਪੁੱਠੇ ਪਾਸੇ ਚੱਲਦੇ ਹਾਂ। ਸਭ ਕੁਝ ਸਾਡੇ ਕਰਮਾਂ ਨਾਲ ਜੁੜਿਆ ਹੋਇਆ ਹੈ। ਸਾਡੇ ਮਾੜੇ ਕਰਮ ਪ੍ਰਮਾਤਮਾ ਦੇ ਮੇਲ ਤੋਂ ਦੂਰ ਕਰਦੇ ਹਨ ਤੇ ਸਾਡੇ ਚੰਗੇ ਕਰਮ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੇ ਮਾਰਗ ਤੇ ਤੋਰਦੇ ਹਨ। **(ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥)**

{ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥}

(ਅੰਗ ੮)

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥}

(ਅੰਗ ੪੬੮)

ਮਨ ਦੀ ਮਾੜੀ ਮਤਿ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ ਜੋ ਸਾਨੂੰ ਭਗਤੀ ਦੀ ਸਮਝ ਤੋਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਸਮਝ ਤੋਂ ਅਗਿਆਨਤਾ ਵਿੱਚ ਰੱਖਦੀ ਹੈ। ਗੁਰੂ ਦੀ ਮਤਿ ਦਾ ਮਕਸਦ ਭਾਵ ਗੁਰੂ ਦੇ ਗਿਆਨ ਦਾ ਮਕਸਦ ਸਾਡੀ ਨਾਸਮਝ ਮਤਿ ਨੂੰ ਬਦਲਣ ਦਾ ਹੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਤੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜ ਸਕੀਏ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥”

ਉਪਰਲੀ ਪੰਗਤੀ ਰਾਹੀਂ ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਸਤਿਗੁਰੁ ਦੇ ਨਾਲ ਮੇਲ ਕਿਸਨੇ ਕਰਨਾ ਹੈ ਭਾਵ ਸਾਡੇ ਸਰੀਰ ਨੇ ਕਰਨਾ ਹੈ ਜਾਂ ਸਾਡੇ ਮਨ ਨੇ ਕਰਨਾ ਹੈ। ਹਉਮੈ ਦਾ ਰੋਗ, ਮਾਇਆ ਦਾ ਰੋਗ ਤਾਂ ਸਾਡੇ ਮਨ ਦੇ ਅੰਦਰ ਹੈ, ਸਾਡੀ ਮਤਿ ਦੇ ਅੰਦਰ ਹੈ ਜੋ ਅਗਿਆਨਤਾ ਵਿੱਚ ਹੈ ਤੇ ਮਨੁੱਖ ਕੋਲੋਂ ਮਾੜੇ ਕਰਮ ਕਰਾਉਂਦੀ ਹੈ। ਸਤਿਗੁਰੁ ਦੇ ਨਾਲ ਮੇਲ ਦਾ ਮਕਸਦ ਤਾਂ ਆਪਣੀ ਅਗਿਆਨਤਾ ਵਾਲੀ ਮਤਿ ਨੂੰ ਉਲਟੀ ਕਰਨ ਦਾ ਹੈ ਭਾਵ ਪੂਰੀ ਤਰ੍ਹਾਂ ਬਦਲਣ ਦਾ ਹੈ ਭਾਵ ਪੂਰੀ ਤਰ੍ਹਾਂ ਭਰਮਾਂ ਵਿੱਚੋਂ ਕੱਢਣ ਦਾ ਹੈ ਜਿਨ੍ਹਾਂ

41/5251

ਭਰਮਾਂ ਨਾਲ ਸਾਡੀ ਮਤਿ ਭਰੀ ਹੋਈ ਹੈ। ਗੁਰੂ ਦਾ ਸੱਚਾ ਗਿਆਨ ਭਰਮਾਂ ਤੋਂ ਰਹਿਤ ਹੈ ਜਿਸਨੂੰ ਮੰਨਣ ਦੁਆਰਾ ਸਾਡੀ ਮਤਿ ਪੂਰੀ ਤਰ੍ਹਾਂ ਅਗਿਆਨਤਾ ਤੋਂ ਉਲਟ ਹੋ ਜਾਂਦੀ ਹੈ ਤੇ ਇਹੋ ਜਿਹੀ ਮਤਿ ਸਾਡੇ ਕੋਲੋਂ ਕਦੇ ਕੋਈ ਮਾੜਾ ਕਰਮ ਨਹੀਂ ਕਰਵਾ ਸਕਦੀ ਭਾਵ ਕੋਈ ਵੀ ਐਸਾ ਕਰਮ ਨਹੀਂ ਕਰਵਾਉਂਦੀ ਜੋ ਗੁਰੂ ਦੀ ਮਤਿ ਅਨੁਸਾਰ ਨਾ ਹੋਵੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਿਆ ਜਾ ਸਕਦਾ ਹੈ ਜਿਸਨੂੰ ਕਿ ਕੋਈ ਵਿਰਲਾ ਹੀ ਖੋਜ ਸਕਦਾ ਹੈ ਤੇ ਉਸ ਪ੍ਰਮਾਤਮਾ ਦਾ **“ਜਨੁ”** ਬਣ ਸਕਦਾ ਹੈ ਭਾਵ ਉਸਦਾ ਭਗਤ ਬਣ ਸਕਦਾ ਹੈ ਭਾਵ ਪੂਰੀ ਭਗਤੀ ਦੀ ਸੋਝੀ ਵਾਲਾ ਬਣ ਸਕਦਾ ਹੈ ਭਾਵ ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਟਿਕਿਆ ਹੋਇਆ ਹੈ, ਸਾਡੇ ਕਰਮ ਕਰਨ ਦੇ ਨਾਲ ਜੁੜਿਆ ਹੋਇਆ ਹੈ ਕਿ ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ ਭਾਵ ਸਾਡੀ ਸੰਸਾਰਿਕ ਵਿਚਰਨ ਕਿਹੋ ਜਿਹੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣ ਦਾ ਮਾਰਗ ਇਹੋ ਹੀ ਹੈ ਤੇ ਹੋਰ ਕੋਈ ਨਹੀਂ। **(ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥ ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥)**

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥}

(ਅੰਗ ੩੫੫)

{ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥}

(ਅੰਗ ੧੧੨੩)

{ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥
ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥੧॥}

(ਅੰਗ ੧੫੮)

{ਦੇਖੋ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ ੩੩੧-੩੩੨)

{ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥

ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥}

(ਅੰਗ ੨੨੬)

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡੇ ਅੰਦਰ ਨਾਮ ਦਾ ਵੱਸਣਾ

41/5252

ਕੀ ਹੈ ਇਸ ਗੱਲ ਨੂੰ ਸਪਸ਼ਟ ਕੀਤਾ ਹੋਇਆ ਹੈ। ਨਾਮ ਦਾ ਮਕਸਦ ਸਾਡੀ ਮਤਿ ਨੂੰ ਉਲਟਣਾ ਹੀ ਹੈ। ਅਸੀਂ ਆਪਣੀ ਮਤਿ ਨੂੰ ਹਉਮੈ ਵਾਲੀ ਮਤਿ ਤੋਂ ਉਲਟਣਾ ਹੀ ਹੈ ਭਾਵ ਅਗਿਆਨਤਾ ਵਾਲੀ ਮਤਿ ਨੂੰ ਬਦਲਣਾ ਹੀ ਹੈ। ਜਦੋਂ ਸਾਡੀ ਮਤਿ ਬਦਲ ਜਾਂਦੀ ਹੈ ਭਾਵ ਜਦੋਂ ਸਾਡੇ ਮਨ ਦੀ ਅਵਸਥਾ ਹਉਮੈ ਵਾਲੀ ਅਵਸਥਾ ਵਿੱਚੋਂ ਨਿਕਲ ਜਾਂਦੀ ਹੈ, ਮਨ ਦੇ ਭਰਮਾਂ ਵਿੱਚੋਂ ਨਿਕਲ ਜਾਂਦੀ ਹੈ ਤਾਂ ਫਿਰ ਸਾਡੇ ਮਨ ਦੀ ਅਵਸਥਾ ਨਾਮ ਵਾਲੀ ਬਣ ਜਾਂਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਇਹ ਅਵਸਥਾ ਹੀ ਹੈ ਭਾਵ ਸਾਡੇ ਅੰਦਰ ਨਾਮ ਦਾ ਵੱਸਣਾ ਜਾਂ ਉਸ ਪ੍ਰਮਾਤਮਾ ਦਾ ਵੱਸਣਾ ਇੱਕੋ ਗੱਲ ਹੀ ਹੈ। ਉਹ ਪ੍ਰਮਾਤਮਾ ਗੁਣਾਂ ਦਾ ਖਜਾਨਾ ਹੈ ਜੋ ਖਜਾਨਾ ਉਸਦਾ ਸੱਚਾ ਗਿਆਨ ਹੈ ਭਾਵ ਭਰਮਾਂ ਤੋਂ ਰਹਿਤ ਸੱਚੀ ਮਤਿ ਹੈ ਜੋ ਗੁਣਾਂ ਨਾਲ ਭਰਪੂਰ ਹੈ ਜੋ ਸਾਡੀ ਹਉਮੈ ਵਾਲੀ ਮਤਿ ਨੂੰ ਬਦਲ ਕੇ, ਅਉਗੁਣਾਂ ਵਾਲੀ ਮਤਿ ਨੂੰ ਬਦਲ ਕੇ ਗੁਣਾਂ ਵਾਲੀ ਮਤਿ ਬਣਾ ਦਿੰਦੀ ਹੈ। ਮਨੁੱਖ ਦੀ ਮੈਂ ਭਾਵ ਆਪਣੀ ਹੋਂਦ, ਆਪਣੀ ਮਤਿ ਦਾ ਘਮੰਡ, ਆਪਣੇ ਗਿਆਨ ਦਾ ਘਮੰਡ ਮਨ ਦੀ ਇਸ ਅਵਸਥਾ ਦੁਆਰਾ ਹੀ ਦੂਰ ਹੁੰਦਾ ਹੈ। ਜਦੋਂ ਮਨੁੱਖ ਨੂੰ ਮਨ ਦੇ ਵਿੱਚੋਂ ਹੀ ਇਹ ਸਮਝ ਪੈਂਦੀ ਹੈ ਕਿ ਗਿਆਨ ਦਾ ਦਾਤਾ ਪ੍ਰਮਾਤਮਾ ਆਪ ਹੀ ਹੈ ਤੇ ਉਹੀ ਸਭ ਜਗ੍ਹਾ ਵਿਚਰ ਰਿਹਾ ਹੈ ਪਰ ਸਾਰੇ ਸੰਸਾਰ ਨੂੰ ਉਸਨੇ ਹਉਮੈ ਵਿੱਚ ਰੱਖਿਆ ਹੈ ਭਾਵ ਮਨ ਦੇ ਪੜਦੇ ਵਿੱਚ ਰੱਖਿਆ ਹੈ। ਨਾਮ ਦਾ ਮਕਸਦ ਸਾਡੀ ਹਉਮੈ ਕੱਢਣਾ ਹੀ ਹੈ ਭਾਵ ਗੁਰਮਤਿ ਦਾ ਮਕਸਦ ਸਾਡੀ ਮਨਮਤਿ ਕੱਢਣਾ ਹੀ ਹੈ ਭਾਵ ਸਾਡੀ ਮਨਮਤਿ ਨੂੰ ਉਲਟਕੇ ਗੁਰਮਤਿ ਬਨਾਉਂਣ ਦਾ ਹੀ ਹੈ ਜਿਸ ਅਵਸਥਾ ਦੁਆਰਾ ਮਨ ਦੇ ਵਿੱਚ ਹੀ ਉਸ ਗੁਰਮਤਿ ਰੂਪ ਖਜਾਨੇ ਦੇ ਮਾਲਕ ਨਾਲ ਮੇਲ ਹੁੰਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੇਵਲ ਤੇ ਕੇਵਲ ਮਨਮਤਿ ਛੱਡਕੇ ਗੁਰਮਤਿ ਨਾਲ ਜੁੜਨ ਦਾ ਹੈ ਭਾਵ ਮਨ ਦੇ ਭਰਮਾਂ ਵਿੱਚੋਂ ਨਿਕਲਕੇ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦਾ ਹੈ। **(ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ॥ ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥)**

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥}

(ਅੰਗ ੧੨੬੩)

ਜਦ ਤਕ ਸਾਡੇ ਅੰਦਰ ਹਉਮੈ ਵਾਲੀ ਮਤਿ ਹੈ ਤਦ ਤਕ ਅਸੀਂ ਧਰਮ ਦੇ ਮਾਰਗ ਨੂੰ ਸਮਝਣ ਵਿੱਚ, ਭਗਤੀ ਦੇ ਮਾਰਗ ਨੂੰ

41/5253

ਸਮਝਣ ਵਿੱਚ, ਪ੍ਰਮਾਤਮਾ ਨੂੰ ਪਾਉਂਣ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਰਹਿੰਦੇ ਹਾਂ ਤੇ ਪ੍ਰਮਾਤਮਾ ਨੂੰ ਖੋਜਣ ਲਈ ਭਗਤੀ ਦੇ ਉਹੋ ਜਿਹੇ ਮਾਰਗ ਤੇ ਚੱਲਦੇ ਹਾਂ ਜੋ ਸੱਚਾ ਮਾਰਗ ਨਹੀਂ ਹੁੰਦਾ ਭਾਵੇਂ ਅਸੀਂ ਅਨੇਕਾਂ ਦਿਖਾਵੇ ਕਰਦੇ ਹਾਂ ਜਿਨ੍ਹਾਂ ਵਿਖਾਵਿਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਨਾਮ ਦੀ ਮਤਿ ਦਾ ਮਕਸਦ ਸਾਨੂੰ ਹਉਮੈ ਵਾਲੀ ਮਤਿ ਵਿੱਚੋਂ ਕੱਢ ਕੇ ਸੱਚੀ ਭਗਤੀ ਸਮਝਾਉਂਣ ਦਾ ਹੀ ਹੈ ਤੇ ਸਾਨੂੰ ਸੱਚੇ ਮਾਰਗ ਤੇ ਉਹ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ ਜੋ ਸਾਡੀ ਮਤਿ ਦਾ ਮਾਲਕ ਹੈ। ਕਰਮ ਕਰਵਾਉਂਣ ਵਾਲਾ ਉਹ ਆਪ ਹੈ ਜੋ ਸਭ ਕੁਝ ਮਨ ਦੀ ਮਤਿ ਰਾਹੀਂ ਕਰਾਉਂਦਾ ਹੈ ਤੇ ਮਨੁੱਖੀ ਸਰੀਰ ਰਾਹੀਂ ਕਰਣ ਵਾਲਾ ਵੀ ਉਹ ਆਪ ਹੀ ਹੈ ਜਿਸਦੀ ਸਮਝ ਉਸਨੂੰ ਮਨ ਦੇ ਵਿੱਚੋਂ ਜਾਨਣ ਦੁਆਰਾ ਹੀ ਪੈਂਦੀ ਹੈ ਤੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਸ ਸਰੀਰ ਨੂੰ ਆਪ ਹੀ ਸੱਚੇ ਮਾਰਗ ਤੇ ਪਾਉਂਦਾ ਹੈ। **(ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥)** ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਮੇਲ ਦੁਆਰਾ ਆਪਣੇ ਸੱਚੇ ਗਿਆਨ ਨਾਲ ਜੋੜ ਲੈਂਦਾ ਹੈ ਉਹ ਉਸਦਾ ਗੁਰਮੁਖਿ ਰੂਪ ਬਣਦਾ ਹੈ ਤੇ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ। ਗੁਰਮਤਿ ਰੂਪ ਸੱਚੇ ਗਿਆਨ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ। ਆਪਣੀ ਵਡਿਆਈ ਕਰਵਾਉਂਣੀ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਪ੍ਰਮਾਤਮਾ ਦੀ ਵਡਿਆਈ ਕਰਨੀ ਸਾਡੇ ਅੰਦਰ ਦੀ ਮਤਿ ਹੀ ਸਾਨੂੰ ਸਮਝਾਉਂਦੀ ਹੈ ਜੋ ਸਮਝ ਸਾਡੀ ਮਤਿ ਨੂੰ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਵਿੱਚ ਸਮਾਉਂਣ ਦੁਆਰਾ ਪੈਂਦੀ ਹੈ ਭਾਵ ਸਾਡੀ ਹਉਮੈ ਵਾਲੀ ਮਤਿ ਨੂੰ ਨਾਮ ਦੀ ਮਤਿ ਵਿੱਚ ਸਮਾਉਂਣ ਦੁਆਰਾ ਪੈਂਦੀ ਹੈ ਤੇ ਪ੍ਰਮਾਤਮਾ ਦੇ ਨਾਮ ਵਿੱਚ ਸਮਾਉਂਣਾ ਜਾਂ ਉਸਦੀ ਜੋਤਿ ਵਿੱਚ ਸਮਾਉਂਣਾ ਇੱਕੋ ਹੀ ਗੱਲ ਹੈ ਜਿਸ ਵਿੱਚ ਅਸੀਂ ਆਪਣੇ ਜੀਵਨ ਵਿੱਚ ਹੀ ਸਮਾਉਂਣਾ ਹੈ। **(ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥ ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥)**

{ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥੨॥}

(ਅੰਗ ੬੯੪)

{ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ ॥ ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥
ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥
ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥੨॥
ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥ ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥
ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥ ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥}

(ਅੰਗ ੩੫)

{ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥
ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥
ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥
ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥ ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥ ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥}

(ਅੰਗ ੫੫)

41/5254

{ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

{ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੁਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥}

(ਅੰਗ ੧੨੪)

ਬਾਣੀ ਵਿੱਚ ਬਾਰ-ਬਾਰ ਨਾਮ ਦੇ ਵਿੱਚ ਸਮਾਉਂਣ ਦੀ ਗੱਲ ਆਉਂਦੀ ਹੈ, ਸੱਚ ਦੇ ਵਿੱਚ ਸਮਾਉਂਣ ਦੀ ਗੱਲ ਆਉਂਦੀ ਹੈ, ਪ੍ਰਮਾਤਮਾ ਦੇ ਵਿੱਚ ਸਮਾਉਂਣ ਦੀ ਗੱਲ ਆਉਂਦੀ ਹੈ, ਪ੍ਰਮਾਤਮਾ ਦੀ ਜੋਤਿ ਵਿੱਚ ਸਮਾਉਂਣ ਦੀ ਗੱਲ ਆਉਂਦੀ ਹੈ। ਇਹਨਾਂ ਸਾਰੀਆਂ ਗੱਲਾਂ ਤੋਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੀ ਹੈ ਜੋ ਮੇਲ ਸਾਡੇ ਅੰਦਰ ਹੀ ਹੁੰਦਾ ਹੈ। ਜਦ ਤਕ ਅਸੀਂ ਪ੍ਰਮਾਤਮਾ ਦੇ ਵਿੱਚ ਨਹੀਂ ਸਮਾਉਂਦੇ, ਨਾਮ ਵਿੱਚ ਨਹੀਂ ਸਮਾਉਂਦੇ ਫਿਰ ਤਦ ਤਕ ਅਸੀਂ ਕਿੱਥੇ ਸਮਾਏ ਹੋਏ ਹਾਂ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਿਨਾਂ ਵੀ ਅਸੀਂ ਸਮਾਏ ਹੋਏ ਹਾਂ ਜਿਸਨੂੰ ਸਮਝੇ ਬਿਨਾਂ ਅਸੀਂ ਪ੍ਰਮਾਤਮਾ ਵਿੱਚ ਸਮਾਉਂਣਾ ਨਹੀਂ ਸਮਝ ਸਕਦੇ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਵਿੱਚ ਸਮਾਉਂਣ ਦਾ ਉਹੋ ਜਿਹਾ ਉਪਰਾਲਾ ਕਰੀਏ, ਉਹੋ ਜਿਹਾ ਉੱਦਮ ਕਰੀਏ ਜੋ ਸਾਡਾ ਸਭ ਦਾ ਸੱਚਾ ਉੱਦਮ ਹੋਣਾ ਚਾਹੀਦਾ ਹੈ।

“ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥”

(ਅੰਗ ੭੨੨)

ਸਾਡੇ ਅੰਦਰ ਲਬ, ਲੋਭ, ਅਹੰਕਾਰ ਕਿੱਥੇ ਵੱਸਿਆ ਹੋਇਆ ਹੈ ਤੇ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ ਇਸ ਗੱਲ ਨੂੰ ਸਮਝਣਾ ਕਿਸੇ ਲਈ ਔਖਾ ਨਹੀਂ ਹੈ ਭਾਵ ਇਹ ਸਾਡੀ ਮਤਿ ਦੇ ਅੰਦਰ ਸਾਡੇ ਵਿਚਾਰ ਹਨ ਜੋ ਵਿਚਾਰ ਸਾਡੇ ਅੰਦਰ ਵੱਸੇ ਹੋਏ ਹਨ। ਕੀ ਅਸੀਂ ਆਪਣੇ ਵਿਚਾਰਾਂ ਨੂੰ ਦੇਖ ਸਕਦੇ ਹਾਂ ਭਾਵ ਨਹੀਂ ਦੇਖ ਸਕਦੇ। ਅਸੀਂ ਕੇਵਲ ਇਹਨਾਂ ਨੂੰ ਸਮਝ ਸਕਦੇ ਹਾਂ ਕਿਉਂਕਿ ਇਹ ਸਾਡੇ ਅੰਦਰ

ਗਿਆਨ ਰੂਪ ਵਿੱਚ ਹਨ। ਗਿਆਨ ਦਾ ਕੋਈ ਰੂਪ ਰੇਖ ਨਹੀਂ ਹੁੰਦਾ। ਸਾਡੇ ਅੰਦਰ ਲਬ, ਲੋਭ, ਅਹੰਕਾਰ ਵਾਲੀ ਮਤਿ ਮਾੜੀ ਮਤਿ ਹੈ ਜਿਸਨੂੰ ਕਿ ਮਾਇਆ ਵਿੱਚ ਸਮਾਈ ਹੋਈ ਕਿਹਾ ਹੈ ਭਾਵ ਸਾਡੇ ਅੰਦਰ ਦੀ ਮਾਇਆ ਉਹ ਹੈ ਜੋ ਸਾਨੂੰ ਮਨ ਦੇ ਮਾੜੇ ਵਿਚਾਰਾਂ ਨਾਲ ਜੋੜਕੇ ਰੱਖਦੀ ਹੈ। ਸਾਡੀ ਇਹੋ ਜਿਹੀ ਮਤਿ ਨੂੰ ਭਾਵ ਮਾਇਆ ਵਿੱਚ ਸਮਾਈ ਹੋਈ

41/5255

ਮਤਿ ਨੂੰ ਇਆਣੀ ਮਤਿ ਕਿਹਾ ਹੈ ਭਾਵ ਨਾਸਮਝ ਮਤਿ ਕਿਹਾ ਹੈ, ਬੱਚਿਆਂ ਵਾਲੀ ਮਤਿ ਕਿਹਾ ਹੈ ਭਾਵ ਅਗਿਆਨਤਾ ਵਾਲੀ ਮਤਿ ਕਿਹਾ ਹੈ ਜੋ ਸਾਨੂੰ ਮਾੜੇ ਵਿਚਾਰਾਂ ਵਿੱਚ ਜੋੜਕੇ ਰੱਖਦੀ ਹੈ। ਬੜਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਇਹੋ ਜਿਹੀ ਮਤਿ ਦੁਆਰਾ, ਮਾਇਆ ਵਿੱਚ ਸਮਾਈ ਹੋਈ ਮਤਿ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਪ੍ਰਮਾਤਮਾ ਨੂੰ ਇਹੋ ਜਿਹੀ ਮਤਿ ਵਿੱਚੋਂ ਨਿਕਲਣ ਦੁਆਰਾ ਹੀ ਪਾਇਆ ਜਾ ਸਕਦਾ ਹੈ। ਜੇਕਰ ਮਾਇਆ ਵਿੱਚ ਸਮਾਈ ਹੋਈ ਮਤਿ ਇਹੋ ਜਿਹੀ ਹੁੰਦੀ ਹੈ, ਤ੍ਰੈ ਗੁਣਾਂ ਵਿੱਚ ਸਮਾਈ ਹੋਈ ਮਤਿ ਇਹੋ ਜਿਹੀ ਹੁੰਦੀ ਹੈ ਫਿਰ ਨਾਮ ਵਿੱਚ ਸਮਾਉਂਣਾ ਕੀ ਹੈ ਜੋ ਕਿ ਇਸ ਮਤਿ ਨੂੰ ਬਦਲਣ ਦੁਆਰਾ ਸਮਾਉਂਣਾ ਹੈ। ਪ੍ਰਮਾਤਮਾ ਦਾ ਮੇਲ ਮਨ ਦੇ ਵਿੱਚ ਨਾਮ ਵਿੱਚ ਸਮਾਉਂਣ ਦੁਆਰਾ ਹੁੰਦਾ ਹੈ ਭਾਵ ਮਨ ਦੀ ਅਨਜਾਣ ਮਤਿ ਵਿੱਚੋਂ ਨਿਕਲਕੇ ਗੁਰੂ ਦੇ ਸੱਚੇ ਗਿਆਨ ਵਾਲੀ ਮਤਿ ਵਿੱਚ ਸਮਾਉਂਣ ਦੁਆਰਾ ਹੁੰਦਾ ਹੈ। ਮਤਿ ਸਾਡੇ ਅੰਦਰ ਵਰਤਦੀ ਹੈ ਤੇ ਮੇਲ ਵੀ ਮਤਿ ਦੇ ਅੰਦਰ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਨਾਲੋਂ ਵਿਛੋੜਾ ਵੀ ਮਨ ਦੀ ਮਤਿ ਰਾਹੀਂ ਹੀ ਹੈ, ਮਾਇਆ ਵਾਲੀ ਮਤਿ ਦੇ ਰਾਹੀਂ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਵੀ ਮਤਿ ਦੇ ਰਾਹੀਂ ਹੀ ਹੈ ਭਾਵ ਸੱਚੇ ਗਿਆਨ ਵਾਲੇ ਮਤਿ ਰਾਹੀਂ ਹੀ ਹੈ। ਸਾਨੂੰ ਸੱਚੀ ਮਤਿ ਗੁਰੂ ਦੇ ਸ਼ਬਦਾਂ ਨੇ ਦੇਣੀ ਹੈ ਜਿਨ੍ਹਾਂ ਨੇ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣਾ ਹੈ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣਾ ਹੈ ਤੇ ਇਹ ਕੁਝ ਤਾਂ ਹੀ ਹੋਵੇਗਾ ਜੇਕਰ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਤੇ ਜੇਕਰ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਵਾਂਗੇ ਕੀ ਅਸੀਂ ਭਰਮਾਂ ਵਾਲੀ ਮਤਿ ਵਿੱਚੋਂ ਨਿਕਲ ਸਕਦੇ ਹਾਂ ਭਾਵ ਕਦੇ ਨਹੀਂ। ਭਗਤੀ ਦਾ ਮਾਰਗ ਹੀ ਗੁਰੂ ਦੀ ਗੱਲ ਨੂੰ ਮੰਨਣ ਦਾ ਹੈ ਨਾ ਕਿ ਸਾਡੇ ਦਿਖਾਵੇ ਦਾ, ਜਿਸ ਤਰੀਕੇ ਹਰ ਕੋਈ ਲੱਗਾ ਹੋਇਆ ਹੈ ਤੇ ਵਿਅਰਥ ਵਿੱਚ ਆਪਣੀ ਝੂਠੀ ਸ਼ੋਭਾ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਗੁਰੂ ਦੀ ਕੋਈ ਸ਼ੋਭਾ ਨਹੀਂ ਹੁੰਦੀ। ਗੁਰੂ ਦੀ ਸ਼ੋਭਾ ਕਰਨ ਲਈ ਆਪਣੀ ਸ਼ੋਭਾ ਛੱਡਣੀ ਹੀ ਪੈਂਦੀ ਹੈ। ਸਾਡੀ ਝੂਠੀ ਸ਼ੋਭਾ ਸਾਡੇ ਕੋਲੋਂ ਸਾਡੀ ਝੂਠੀ ਮਤਿ ਕਰਵਾਉਂਦੀ ਹੈ, ਨਾਸਮਝ ਮਤਿ ਕਰਵਾਉਂਦੀ ਹੈ, ਇਸੇ ਲਈ ਇਹ ਝੂਠੀ ਮਤਿ ਛੱਡਣੀ ਬਹੁਤ ਔਖੀ ਹੈ ਕਿਉਂਕਿ ਆਪਣਾ ਮਾਣ ਛੱਡਣਾ ਬਹੁਤ ਔਖਾ ਹੈ। **(ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥ ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥ ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥ ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥)**

ਅਸੀਂ ਮਾਇਆ ਮੋਹ ਦੇ ਬੰਧਨ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਾਇਆ ਦਾ ਬੰਧਨ ਸਾਨੂੰ ਤਾਂ ਹੀ ਪੂਰੀ ਤਰ੍ਹਾਂ ਸਮਝ ਆ ਸਕਦਾ ਹੈ ਜਦੋਂ ਸਾਨੂੰ ਇਹ ਗੱਲ ਸਪਸ਼ਟ ਹੋ ਜਾਵੇ ਕਿ ਮਾਇਆ ਕੀ ਹੈ। ਪਿੱਛੇ ਅਸੀਂ

41/5256

ਕਾਫੀ ਸ਼ਬਦਾਂ ਦੁਆਰਾ ਮਾਇਆ ਨੂੰ ਹੀ ਸਮਝਿਆ ਹੈ ਕਿ ਇਹ ਮਾਇਆ ਸਾਡੇ ਅੰਦਰ ਦੀ ਨਾਸਮਝ ਮਤਿ ਹੈ, ਅਗਿਆਨਤਾ ਵਾਲੀ ਮਤਿ ਹੈ ਜੋ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਣ ਤੋਂ ਤੇ ਉਸ ਤੇ ਚੱਲਣ ਤੋਂ ਦੂਰ ਰੱਖਦੀ ਹੈ ਤੇ ਅਸੀਂ ਆਪਣੇ ਆਪ ਇਸ ਮਾਇਆ ਦੇ ਬੰਧਨ ਵਿੱਚੋਂ, ਤ੍ਰੈ ਗੁਣਾਂ ਦੀ ਅਵਸਥਾ ਵਿੱਚੋਂ ਆਪਣੇ ਆਪ ਨਹੀਂ ਨਿਕਲ ਸਕਦੇ। ਸਾਡੇ ਅੰਦਰ ਇਹ ਬੰਧਨ ਕਿਸ ਰੂਪ ਵਿੱਚ ਹੈ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਾਡੇ ਮਨ ਦੇ ਅੰਦਰ ਸਾਡੇ ਵਿਚਾਰਾਂ ਨੂੰ ਬੰਨਿਆ ਹੋਇਆ ਹੈ ਭਾਵ

ਸਾਡੇ ਲਈ ਇੱਕ ਦਾਇਰਾ ਬਣਾਇਆ ਹੋਇਆ ਹੈ, ਇੱਕ ਤ੍ਰੈ ਗੁਣ ਰੂਪ ਦਾਇਰਾ ਬਣਾਇਆ ਹੋਇਆ ਹੈ ਜਿਸ ਦਾਇਰੇ ਦੇ ਅੰਦਰ ਹੀ ਸਾਡੇ ਵਿਚਾਰ ਰਹਿੰਦੇ ਹਨ ਤੇ ਉਸ ਦਾਇਰੇ ਤੋਂ ਬਾਹਰ ਅਸੀਂ ਨਹੀਂ ਨਿਕਲ ਸਕਦੇ। ਸਾਡੇ ਅੰਦਰ ਇਹ ਬੰਧਨ ਕਿਸ ਰੂਪ ਵਿੱਚ ਹੈ ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰਦੇ ਹਾਂ।

“ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥
ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥
ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ ॥੩॥
ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥
ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥੪॥੬॥”

(ਅੰਗ ੮੦੦)

ਹਰ ਕੋਈ ਮਨੁੱਖ ਦੇ ਅੰਦਰ ਪ੍ਰਮਾਤਮਾ ਨੇ ਇਹ ਮਾਇਆ ਮੋਹ ਵਾਲੀ ਸਮਝ ਪਾਈ ਹੋਈ ਹੈ ਤੇ ਇਸੇ ਲਈ ਹਰ ਕੋਈ ਮਨੁੱਖ ਮੂੜ ਹੈ ਭਾਵ ਧਰਮ ਦੇ ਸੱਚ ਨੂੰ ਸਮਝਣ ਵਿੱਚ ਅਗਿਆਨੀ ਹੈ ਜਿਸ ਲਈ ਸਭ ਨੂੰ ਸਾਕਤ ਕਿਹਾ ਗਿਆ ਹੈ ਭਾਵ **ਸਕਤਿ** ਨਾਲ ਬੱਝਿਆ ਹੋਇਆ ਹੈ, ਮਾਇਆ ਨਾਲ ਬੱਝਿਆ ਹੋਇਆ ਹੈ ਭਾਵ ਉਸਨੂੰ ਮਨ ਦੇ ਗਿਆਨ ਰਾਹੀਂ ਮਾਇਆ ਨੇ ਬੰਨਿਆ ਹੋਇਆ ਹੈ, ਆਪਣੇ ਬੰਧਨ ਵਿੱਚ ਪਾਇਆ ਹੋਇਆ ਹੈ ਜਿਸ ਕਰਕੇ ਉਹ ਮਾਇਆ ਦੇ ਬਣਾਏ ਹੋਏ ਦਾਇਰੇ ਵਿੱਚ ਹੀ ਫਿਰਦੇ ਰਹਿੰਦੇ ਹਨ ਭਾਵ ਉਹਨਾਂ ਦੇ ਵਿਚਾਰ ਮਾਇਆ ਦੇ ਦਾਇਰੇ ਤੋਂ ਬਾਹਰ ਨਹੀਂ ਨਿਕਲ ਸਕਦੇ, ਮਾਇਆ ਵਾਲੀ ਸਮਝ ਤੋਂ, ਅਗਿਆਨਤਾ ਵਾਲੀ ਸਮਝ ਤੋਂ ਬਾਹਰ ਨਹੀਂ ਨਿਕਲ ਸਕਦੇ। **(ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥)** ਇਹ ਮਾਇਆ ਦਾ ਬੰਧਨ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਸਾਨੂੰ ਕਿਸ ਤਰੀਕੇ ਬੰਨਕੇ ਰੱਖਦਾ ਹੈ, ਬੰਧਨ ਵਿੱਚ ਰੱਖਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥”

41/5257

ਜਦ ਤਕ ਅਸੀਂ ਮਾਇਆ ਮੋਹਿ ਵਾਲੀ ਮਤਿ ਵਿੱਚ ਹਾਂ ਅਸੀਂ ਮਨ ਦੇ ਵਿੱਚ ਤ੍ਰਿਸ਼ਨਾਵਾਂ ਨਾਲ ਭਰੇ ਰਹਿੰਦੇ ਹਾਂ ਜੋ ਕਿ ਸਾਨੂੰ ਦੁੱਖੀ ਕਰਦੀਆਂ ਰਹਿੰਦੀਆਂ ਹਨ। ਹਰ ਕੋਈ ਆਪਣੀਆਂ ਤ੍ਰਿਸ਼ਨਾਵਾਂ ਕਰਕੇ ਪਰੇਸ਼ਾਨ ਹੁੰਦਾ ਹੈ। ਭਾਵੇਂ ਅਸੀਂ ਕੋਈ ਵੀ ਕਿਰਤ ਕਰਦੇ ਹਾਂ ਤ੍ਰਿਸ਼ਨਾਵਾਂ ਹਰ ਕਿਰਤ ਦੇ ਵਿੱਚ ਸਾਡੇ ਨਾਲ ਹੀ ਰਹਿੰਦੀਆਂ ਹਨ ਭਾਵ ਇਹਨਾਂ ਤ੍ਰਿਸ਼ਨਾਵਾਂ ਵਿੱਚੋਂ , ਮਨ ਦੀਆਂ ਇਛਾਵਾਂ ਵਿੱਚੋਂ ਅਸੀਂ ਨਹੀਂ ਨਿਕਲ ਸਕਦੇ ਭਾਵ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਹੀ ਬਾਰ-ਬਾਰ ਫਿਰਦੇ ਹਾਂ। ਇਹ ਤ੍ਰਿਸ਼ਨਾਵਾਂ ਸਾਡੇ ਮਨ ਦਾ ਬੰਧਨ ਹਨ, ਸਾਡੇ ਅੰਦਰ ਮਾਇਆ ਦਾ ਬੰਧਨ ਹੈ ਜੋ ਤ੍ਰਿਸ਼ਨਾਵਾਂ ਦੇ ਵਿੱਚੋਂ ਨਿਕਲਣ ਨਹੀਂ ਦਿੰਦਾ। ਜਿਵੇਂ ਇੱਕ ਤੇਲੀ ਦਾ ਬਲਦ ਕੋਹਲੂ ਚਲਾਣ ਦੇ ਲਈ ਇੱਕ ਦਾਇਰੇ ਵਿੱਚ ਬੱਝਾ ਰਹਿੰਦਾ ਹੈ ਭਾਵ ਉਸੇ ਗੋਲ ਦਾਇਰੇ ਵਿੱਚ ਚੱਕਰ ਕੱਟੀ ਜਾਂਦਾ ਹੈ ਪਰ ਉਸ ਗੋਲ ਦਾਇਰੇ ਤੋਂ ਬਾਹਰ ਨਹੀਂ ਨਿਕਲ ਸਕਦਾ। ਉਸਦੇ ਚੱਕਰ ਕੱਟੀ ਜਾਣ ਵਿੱਚ ਉਹ ਔਖਾ ਹੁੰਦਾ ਹੈ ਪਰ ਉਸ ਵਿੱਚੋਂ ਨਿਕਲਣਾ ਉਸਦੇ ਵੱਸ ਵਿੱਚ ਨਹੀਂ ਹੁੰਦਾ। ਬਲਦ ਨੂੰ ਉਸ ਦਾਇਰੇ ਵਿੱਚ ਬੰਨਣ ਵਾਲਾ ਉਸਦਾ ਮਾਲਕ ਤੇਲੀ ਹੈ ਤੇ ਉਸਦੇ ਬਿਨਾਂ ਉਸਦਾ ਇਹ ਬੰਧਨ ਨਹੀਂ ਖੁੱਲਦਾ। ਇਸੇ ਤਰ੍ਹਾਂ ਅਸੀਂ ਆਪਣੀਆਂ ਮਨ ਦੀਆਂ ਇਛਾਵਾਂ ਵਿੱਚੋਂ ਆਪਣੇ ਆਪ ਨਹੀਂ ਨਿਕਲ ਸਕਦੇ। ਜਿਸ ਮਾਲਕ ਨੇ ਸਾਨੂੰ ਇਸ ਬੰਧਨ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਸਾਨੂੰ ਇਸ ਬੰਧਨ ਵਿੱਚੋਂ ਕੱਢ ਸਕਦਾ ਹੈ ਭਾਵ ਇਹਨਾਂ ਵਿੱਚੋਂ ਨਿਕਲਣਾ ਸਾਡੇ ਵੱਸ ਵਿੱਚ ਨਹੀਂ ਹੈ। **(ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥ ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥)**

ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਬੰਧਨ ਪਾਇਆ ਹੋਇਆ ਹੈ ਉਸ ਵਿੱਚੋਂ ਕੱਢਣ ਦਾ ਸਾਧਨ ਵੀ ਪ੍ਰਮਾਤਮਾ ਨੇ ਬਣਾਇਆ ਹੋਇਆ ਹੈ ਜਿਸ ਲਈ ਉਸਨੇ ਧਰਮ ਗ੍ਰੰਥਾਂ ਦੀ ਰਚਨਾ ਵੀ ਕੀਤੀ ਹੋਈ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਮਨ ਦੀ ਸੱਚੀ ਸੋਝੀ ਪਾਉਂਣ ਦਾ ਹੈ ਕਿਉਂਕਿ ਧਰਮ ਗ੍ਰੰਥਾਂ ਦਾ ਗਿਆਨ ਮਾਇਆ ਦੇ ਬੰਧਨ ਤੋਂ ਰਹਿਤ ਹੈ। ਅਸੀਂ ਮਨ ਦੇ ਬੰਧਨ ਵਿੱਚੋਂ ਕਿਵੇਂ ਨਿਕਲਣਾ

ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥

ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ ॥੩॥”

ਜਦ ਤਕ ਅਸੀਂ ਮਨ ਦੀ ਨਾਸਮਝ ਮਤਿ ਨਾਲ ਜੁੜੇ ਹੋਏ ਹਾਂ, ਮਾਇਆ ਮੋਹ ਦੇ ਬੰਧਨ ਵਿੱਚ ਹਾਂ ਤਦ ਤਕ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਮਾੜੇ ਕਰਮ ਕਰਦੇ ਹਾਂ ਜੋ ਕਿ ਭਗਤੀ ਦਾ ਮਾਰਗ

41/5258

ਨਹੀਂ ਹੈ। ਨਾਸਮਝ ਮਤਿ ਦੇ ਦਾਇਰੇ ਵਿੱਚੋਂ ਨਿਕਲਣ ਲਈ ਸਾਨੂੰ ਗੁਰੂ ਦੀ ਮਤਿ ਦੀ ਲੋੜ ਹੈ ਜੋ ਇਸ ਦਾਇਰੇ ਵਿੱਚੋਂ ਬਾਹਰ ਹੈ। ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। **{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}** ਅੰਗ ੨੨੩ **{ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ ਗੁਰ ਕਾ ਸਬਦੁ ਸਹਜਿ ਵੀਚਾਰੁ ॥ ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥ ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥੩॥}** ਅੰਗ ੩੬੪ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਹੈ ਜਿਸਦਾ ਮਕਸਦ ਸਾਨੂੰ ਮਾਇਆ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ, ਹਉਮੈ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ, ਨਾਸਮਝ ਮਤਿ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ ਜੋ ਮਤਿ ਸਾਨੂੰ ਤ੍ਰਿਸ਼ਨਾਵਾਂ ਨਾਲ ਜੋੜਕੇ ਰੱਖਦੀ ਹੈ ਜਿਸ ਰਾਹੀਂ ਅਸੀਂ ਮਨ ਦੇ ਲੋਭ ਲਾਲਚ ਕਾਰਨ ਮਾੜੇ ਕਰਮ ਕਰਦੇ ਹਾਂ। ਗੁਰੂ ਦੀ ਸੇਵਾ ਦਾ ਮਕਸਦ ਸਾਡੀ ਕਰਣੀ ਨੂੰ ਚੰਗੀ ਬਨਾਉਂਣ ਦਾ ਹੀ ਹੈ ਜਿਸ ਲਈ ਸਾਨੂੰ ਮਨ ਦੀਆਂ ਇਛਾਵਾਂ ਭਾਵ ਮਾੜੀਆਂ ਇਛਾਵਾਂ ਛੱਡਣੀਆਂ ਪੈਂਦੀਆਂ ਹਨ ਭਾਵ ਭਗਤੀ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੇ ਕਰਮ ਚੰਗੇ ਕਰੀਏ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। ਅਸੀਂ ਉੱਦਮ ਹੀ ਕਰਨਾ ਹੈ ਤੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਵੱਡੇ ਭਾਗਾਂ ਵਾਲਾ ਬਣਾਉਂਦਾ ਹੈ ਤੇ ਆਪਣੀ ਸੇਵਾ ਲਈ ਲਾਉਂਦਾ ਹੈ ਭਾਵ ਆਪਣੇ ਸੱਚੇ ਵਿਚਾਰਾਂ ਨਾਲ ਜੋੜਕੇ, ਮਾਇਆ ਮੋਹ ਵਿੱਚੋਂ ਕੱਢਕੇ ਸੱਚੀ ਸੁੱਚੀ ਵਿਚਰਨ ਕਰਵਾਉਂਣ ਦੁਆਰਾ ਆਪਣੀ ਸੇਵਾ ਵਿੱਚ ਲਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਸੇਵਕ ਬਣਾਇਆ ਹੈ। ਜੋ ਗੁਰੂ ਦੀ ਸੇਵਾ ਕਰਨਾ ਹੈ ਉਹੀ ਪ੍ਰਮਾਤਮਾ ਨੂੰ ਜੱਪਣਾ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਹੈ ਤੇ ਉਹੀ ਉਸਦਾ ਨਾਮ ਜੱਪਣਾ ਹੈ। ਜਿਸਨੇ **ਫਲੁ** ਦੀ ਪ੍ਰਾਪਤੀ ਕੀਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਫਲ ਪ੍ਰਾਪਤ ਕੀਤਾ ਹੈ ਉਹ ਸ਼ਬਦ ਦੇ ਵਿਚਾਰਾਂ ਨੂੰ ਮੰਨਕੇ ਹੀ ਕੀਤਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਹੀ ਫਲ ਪਾਇਆ ਹੈ, ਮਾਇਆ ਦੇ ਬੰਧਨ ਦੇ ਵਿੱਚੋਂ ਨਿਕਲਕੇ ਹੀ ਫਲ ਪਾਇਆ ਹੈ। **(ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥ ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ ॥੩॥)**

ਭਗਤੀ ਦਾ ਸੱਚਾ ਮਾਰਗ ਉਸ ਪ੍ਰਮਾਤਮਾ ਦਾ ਸੇਵਕ ਬਣਨ ਦੁਆਰਾ ਹੀ ਸਮਝ ਆਉਂਦਾ ਹੈ ਤੇ ਜੋ ਉਸਦਾ ਸੇਵਕ ਬਣ ਜਾਂਦਾ ਹੈ ਉਸਦਾ ਫਿਰ ਪ੍ਰਮਾਤਮਾ ਦੇ ਨਾਲ ਭੇਦ ਮਿੱਟ ਜਾਂਦਾ ਹੈ ਜੋ ਮਨ ਦੇ ਵਿੱਚੋਂ ਮਾਇਆ ਮੋਹ ਦੇ ਨਿਕਲਣ ਦੁਆਰਾ ਹੀ ਮਿਟਦਾ ਹੈ। ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

41/5259

“ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥

ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥੪॥੬॥”

ਗੁਰੂ ਦਾ, ਪ੍ਰਮਾਤਮਾ ਦਾ ਸੇਵਕ ਅਖਵਾਉਂਣ ਵਾਲਿਆਂ ਦੀ ਤਾਂ ਕਮੀ ਨਹੀਂ, ਜਿਹੜਾ ਕਿਹੜਾ ਆਪਣੇ ਆਪ ਨੂੰ ਸੇਵਕ ਹੀ ਸਮਝਦਾ ਹੈ, ਗੁਰੂ ਦੀ ਸੇਵਾ ਵਾਲਾ ਸਮਝਦਾ ਹੈ ਜੋ ਕਿ ਆਪਣੇ ਆਪ ਵਿੱਚ ਹੀ ਭਰਮ ਹੈ। ਸੰਸਾਰ ਵਿੱਚ ਸੱਚੇ ਸੁੱਚੇ ਹੋ ਕੇ ਵਿਚਰਨਾ ਹੀ, ਮਾਇਆ ਮੋਹ ਤੋਂ ਰਹਿਤ ਹੋ ਕੇ, ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਵਿਚਰਨਾ ਹੀ ਉਸ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਭਾਵ ਅਉਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨਾ ਹੀ, ਸੱਚੇ ਸੁੱਚੇ ਕਰਮ ਕਰਨਾ ਹੀ ਪ੍ਰਮਾਤਮਾ ਦੀ ਸੇਵਾ ਹੈ। ਸਭ ਦੇ ਵਿੱਚ ਪ੍ਰਮਾਤਮਾ ਆਪ ਹੀ ਵਰਤਦਾ ਹੈ ਜਿਸ ਗੱਲ ਨੂੰ ਸਮਝੇ ਬਿਨਾਂ ਪ੍ਰਮਾਤਮਾ ਦੀ ਸੇਵਾ ਨਹੀਂ ਹੁੰਦੀ। ਉਸਦਾ ਸੇਵਕ ਬਣਨਾ ਬਹੁਤ ਵੱਡੀ ਗੱਲ ਹੈ। ਜਿਸਨੂੰ ਪ੍ਰਮਾਤਮਾ ਆਪਣਾ ਸੇਵਕ ਬਣਾਉਂਦਾ ਹੈ ਉਸਨੂੰ ਮਨ ਦੀ ਅਗਿਆਨਤਾ ਵਿੱਚੋਂ ਭਾਵ ਮਾਇਆ ਦੇ ਬੰਧਨ ਵਿੱਚੋਂ ਕੱਢਕੇ ਹੀ ਬਣਾਉਂਦਾ ਹੈ ਭਾਵ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਹੀ ਬਣਾਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਸੋਝੀ ਪੈਂਦੀ ਹੈ ਕਿ ਮਨੁੱਖੀ

ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਭਾਵ ਉਹ ਆਪ ਹੀ ਠਾਕੁਰ ਹੈ ਤੇ ਆਪ ਹੀ ਆਪਣਾ ਸੇਵਕ ਹੈ। ਮਨ ਦੇ ਵਿੱਚੋਂ ਇਹ ਭਰਮ ਹੀ ਨਿਕਲਦਾ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਭਰਮ ਰੂਪ ਬੰਧਨ ਵਿੱਚ ਰੱਖਿਆ ਹੋਇਆ ਹੈ, ਮਾਇਆ ਦੇ ਬੰਧਨ ਵਿੱਚ ਰੱਖਿਆ ਹੋਇਆ ਹੈ। ਮਨ ਦੇ ਇਸ ਬੰਧਨ ਵਿੱਚੋਂ ਨਿਕਲੇ ਬਿਨਾਂ ਨਾ ਪ੍ਰਮਾਤਮਾ ਦੀ ਭਗਤੀ ਦੀ ਸਮਝ ਆਉਂਦੀ ਹੈ ਤੇ ਨਾ ਹੀ ਉਸਦਾ ਸੇਵਕ ਬਣਿਆ ਜਾ ਸਕਦਾ ਹੈ। ਉਸਦਾ ਸੇਵਕ ਬਣਨ ਦੁਆਰਾ ਫਿਰ ਮਨੁੱਖ ਉਸੇ ਤਰੀਕੇ ਹੀ ਵਿਚਰਦਾ ਹੈ ਜਿਵੇਂ ਪ੍ਰਮਾਤਮਾ ਨੂੰ ਭਾਉਂਦਾ ਹੈ ਭਾਵ ਉਸਦੇ ਭਾਣੇ ਵਿੱਚ ਵਿਚਰਦਾ ਹੈ ਭਾਵ ਉਸਦੀ ਸੱਚੀ ਮਤਿ ਦੁਆਰਾ ਵਿਚਰਦਾ ਹੈ ਜੋ ਕਿ ਸੇਵਾ ਦਾ ਸੱਚਾ ਮਾਰਗ ਹੈ, ਭਗਤੀ ਦਾ ਸੱਚਾ ਮਾਰਗ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਆਪਣੇ ਜੀਵਨ ਵਿੱਚ ਇਸ ਮਾਰਗ ਤੇ ਚੱਲੇ ਹਨ। ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਨ ਤੋਂ ਬਿਨਾਂ ਜੋ ਵੀ ਸੰਸਾਰੀਆਂ ਨੇ ਤਰੀਕੇ ਅਪਨਾਏ ਹੋਏ ਹਨ ਉਹਨਾਂ ਦੇ ਵਿੱਚ ਸੱਚ ਨਹੀਂ ਹੈ ਭਾਵ ਸ਼ਬਦ ਦੀ ਵਿਚਾਰ ਨਹੀਂ ਹੈ ਜਿਸ ਕਰਕੇ ਉਹਨਾਂ ਤਰੀਕਿਆਂ ਦਾ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਤੇ ਕੇਵਲ ਭਗਤੀ ਦਾ ਪਾਖੰਡ ਕਿਹਾ ਗਿਆ ਹੈ। ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜੋ ਸਮਝ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ

41/5260

ਪਾਈ ਹੈ, ਆਪਣੇ ਸੇਵਕ ਬਣਾਕੇ ਪਾਈ ਹੈ, ਆਪਣਾ ਭਗਤ ਰੂਪ ਬਣਾਕੇ ਪਾਈ ਹੈ, ਆਪਣਾ ਗੁਰੂ ਰੂਪ ਬਣਾਕੇ ਪਾਈ ਹੈ। **(ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥ ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥੪॥੬॥)**

ਜਿਵੇਂ ਕਿ ਅਸੀਂ ਉਪਰਲੇ ਸ਼ਬਦ ਰਾਹੀਂ ਸਮਝਿਆ ਹੈ ਸਭ ਕੁਝ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ। ਇਤਨਾ ਵੱਡਾ ਪਸਾਰਾ ਜੋ ਅਸੀਂ ਦੇਖ ਰਹੇ ਹਾਂ ਜਿਸਦਾ ਕੋਈ ਅੰਤ ਹੀ ਨਹੀਂ ਹੈ ਆਖਰ ਕਿਸੇ ਨੇ ਤੇ ਉਸਨੂੰ ਬਣਾਇਆ ਹੈ ਤੇ ਜਿਸਨੇ ਬਣਾਇਆ ਹੈ ਉਹ ਇਸਨੂੰ ਚਲਾ ਵੀ ਰਿਹਾ ਹੈ। ਇਸ ਸੱਚਾਈ ਤੋਂ ਤਾਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਇਹ ਪਸਾਰਾ ਮਨੁੱਖ ਨੇ ਨਹੀਂ ਬਣਾਇਆ ਬਲਕਿ ਮਨੁੱਖ ਖੁਦ ਇਸ ਪਸਾਰੇ ਦਾ ਹਿੱਸਾ ਹੈ। ਅਗਰ ਸਾਰੇ ਪਸਾਰੇ ਵਿੱਚ ਧਿਆਨ ਨਾਲ ਵੇਖੋ ਤਾਂ ਕੇਵਲ ਇੱਕ ਮਨੁੱਖੀ ਹੋਂਦ ਐਸੀ ਹੈ ਜਿਸਨੂੰ ਪ੍ਰਮਾਤਮਾ ਨੇ ਸਭ ਤੋਂ ਉੱਚੀ ਸਮਝ ਪਾਈ ਹੈ ਭਾਵ ਕੇਵਲ ਇੱਕ ਮਨੁੱਖੀ ਹੋਂਦ ਹੈ ਜੋ ਇਸ ਪਸਾਰੇ ਨੂੰ ਸਮਝ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਿਆ ਹੈ ਤੇ ਜਿਨ੍ਹਾਂ ਨੇ ਆਪਣੀ ਸਮਝ ਦੁਆਰਾ ਇਸ ਪਸਾਰੇ ਦੇ ਮਾਲਕ ਨੂੰ ਜਾਣਿਆ ਹੈ ਤੇ ਸੰਸਾਰ ਨੂੰ ਆਪਣਾ ਗਿਆਨ ਦੇ ਕੇ ਜਨਾਇਆ ਹੈ ਕਿ ਅਸੀਂ ਮਨੁੱਖੀ ਰੂਪ ਵਿੱਚ ਹੁੰਦੇ ਹੋਏ ਉਸ ਪਸਾਰੇ ਦੇ ਮਾਲਕ ਨੂੰ ਕਿਵੇਂ ਜਾਣਿਆ ਹੈ ਤੇ ਹਰ ਮਨੁੱਖ ਕੋਲ ਸਮਝ ਹੁੰਦੇ ਹੋਏ ਵੀ ਉਸ ਪ੍ਰਮਾਤਮਾ ਨੂੰ ਕਿਉਂ ਨਹੀਂ ਜਾਣ ਸਕਦਾ। ਜੋ ਕੁਝ ਉਹਨਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ ਉਹ ਗਲਤ ਨਹੀਂ ਹੋ ਸਕਦਾ ਭਾਵ ਇਸ ਵਿੱਚ ਪੂਰਨ ਸੱਚ ਹੈ। ਜੇਕਰ ਅਸੀਂ ਗੁਰੂ ਦੀ ਕਹੀ ਹੋਈ ਗੱਲ ਨੂੰ ਸੱਚ ਮੰਨਦੇ ਹਾਂ ਤਾਂ ਫਿਰ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਤੇ ਅਸੀਂ ਭਰਮ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸ ਖੇਡ ਨੂੰ ਅਸੀਂ ਮਨ ਦੇ ਭਰਮ ਵਿੱਚ ਰਹਿੰਦੇ ਹੋਏ ਨਹੀਂ ਜਾਣ ਸਕਦੇ। ਜਿਸ ਖੇਡ ਨੂੰ ਹਰ ਕੋਈ ਜਾਣ ਲਵੇ ਫਿਰ ਉਸ ਖੇਡ ਖਿਡਾਉਂਣ ਵਾਲੇ ਦੀ ਮਹਿਮਾ ਨਹੀਂ ਰਹਿੰਦੀ ਜਿਵੇਂ ਕਿ ਕਿਸੇ ਬਾਜੀਗਰ ਦੀ ਖੇਡ ਸਮਝ ਪੈਣ ਨਾਲ ਫਿਰ ਬਾਜੀਗਰ ਦੀ ਮਹਿਮਾ ਨਹੀਂ ਰਹਿੰਦੀ। ਬਾਜੀਗਰ ਦੀ ਖੇਡ ਤਦ ਤਕ ਹੀ ਚੱਲਦੀ ਹੈ ਜਦ ਤਕ ਦੂਜਿਆਂ ਨੂੰ ਉਸਦੀ ਖੇਡ ਸਮਝ ਨਹੀਂ ਪੈਂਦੀ ਭਾਵ ਜਦ ਤਕ ਦੂਸਰੇ ਉਸਦੀ ਖੇਡ ਨੂੰ ਸਮਝਣ ਵਿੱਚ ਭਰਮ ਵਿੱਚ ਰਹਿੰਦੇ ਹਨ ਤਦ ਤਕ ਉਸਦੀ ਖੇਡ ਚੱਲਦੀ ਰਹਿੰਦੀ ਹੈ ਤੇ ਹਰ ਕਿਸੇ ਨੂੰ ਉਸਦੀ ਖੇਡ ਸਮਝਣ ਵਿੱਚ ਦਿਲਚਸਪੀ ਬਣੀ ਰਹਿੰਦੀ ਹੈ, ਉਤਸ਼ਾਹ ਬਣਿਆ ਰਹਿੰਦਾ ਹੈ। ਉਹ ਪ੍ਰਮਾਤਮਾ ਬਹੁਤ ਵੱਡਾ ਬਾਜੀਗਰ ਹੈ ਜੋ ਸਾਰੇ ਸੰਸਾਰ ਨੂੰ ਭਰਮ ਵਿੱਚ ਰੱਖਕੇ ਆਪਣੀ ਖੇਡ ਚਲਾ ਰਿਹਾ ਹੈ ਤੇ

41/5261

ਉਹ ਆਪਣੀ ਖੇਡ ਕਦੇ ਹੀ ਲੰਬੇ ਸਮੇਂ ਬਾਅਦ ਕਿਸੇ ਅਰਬਾਂ ਖਰਬਾਂ ਵਿੱਚੋਂ ਆਪਣੀ ਇਹ ਖੇਡ ਸਮਝਾਉਂਦਾ ਹੈ, ਮਨ ਦੇ ਵਿੱਚੋਂ ਭਰਮ ਦਾ ਪੜਦਾ ਕੱਢਣ ਦੁਆਰਾ ਸਮਝਾਉਂਦਾ ਹੈ ਤੇ ਜਿਨ੍ਹਾਂ ਦਾ ਪੜਦਾ ਨਿਕਲ ਜਾਂਦਾ ਹੈ ਉਹ ਫਿਰ ਪ੍ਰਮਾਤਮਾ ਦੀ ਅਸਲੀਅਤ ਹੀ ਬਿਆਨ ਕਰਦੇ ਹਨ ਪਰ ਸਭ ਦੇ ਅੰਦਰ ਪਹਿਲਾਂ ਤੋਂ ਹੀ ਵਰਤ ਰਿਹਾ ਭਰਮ ਉਹਨਾਂ ਦੀ ਗੱਲ ਨੂੰ ਸਮਝਣ ਨਹੀਂ ਦਿੰਦਾ ਤੇ ਉਹਨਾਂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਣ ਦਿੰਦਾ ਕਿਉਂਕਿ ਪ੍ਰਮਾਤਮਾ ਖੁਦ ਹੀ ਇਹੋ ਕੁਝ ਚਾਹੁੰਦਾ ਹੈ ਫਿਰ ਇਸ ਲਈ ਆਪ ਹੀ ਸਭ ਨੂੰ ਮਨ ਦੇ ਭਰਮ ਵਿੱਚ ਰੱਖਿਆ ਹੋਇਆ ਹੈ, ਮਾਇਆ ਰੂਪ ਬੰਧਨ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ

ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ। ਮਨ ਦੇ ਵਿੱਚੋਂ ਇਹ ਭਰਮ ਰੂਪ ਪੜਦਾ ਉਤਰੇ ਬਿਨਾਂ, ਹਉਮੈ ਨਿਕਲੇ ਬਿਨਾਂ ਨਾ ਕਿਸੇ ਨੇ ਅਜ ਤਕ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਉਸਦੀ ਖੇਡ ਨੂੰ ਸਮਝਿਆ ਹੈ।

ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਸ ਗੱਲ ਨੂੰ ਮਨ ਦੇ ਭਰਮ ਵਿੱਚੋਂ ਨਿਕਲਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ, ਉਸ ਖੇਡ ਦੇ ਮਾਲਕ ਦੇ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਰਾਗੁ ਸੂਹੀ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥

“ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥
ਸਾਂਗੁ ਉਤਾਰਿ ਬੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥
ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥
ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥”

(ਅੰਗ ੭੩੬)

ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸ ਖੇਡ ਦੇ ਸਮਝ ਆਏ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ, ਹਰ ਰੂਪ ਪ੍ਰਮਾਤਮਾ ਦਾ ਹੀ ਹੈ ਤੇ ਉਸ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੈ। ਜੇਕਰ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤਾਂ ਫਿਰ ਜਨਮ ਮਰਨ ਕਿਸ ਦਾ ਹੋ ਸਕਦਾ ਹੈ ਭਾਵ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ। ਕਿਸੇ ਦਾ ਜਨਮ ਮਰਨ ਸਮਝਣਾ ਕੇਵਲ ਸਾਡਾ ਭਰਮ ਹੈ ਤੇ ਪ੍ਰਮਾਤਮਾ ਆਪਣੀ ਇਹ ਖੇਡ ਸਾਰੇ ਸੰਸਾਰ ਨੂੰ ਭਰਮ ਵਿੱਚ ਰੱਖਕੇ ਹੀ ਚਲਾ ਰਿਹਾ ਹੈ ਤੇ ਇਹੀ ਕੁਝ ਸਾਨੂੰ ਉਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ ਪਰ ਮਨ ਦਾ ਭਰਮ ਸਾਨੂੰ ਵਿਸ਼ਵਾਸ ਨਹੀਂ ਆਉਂਣ ਦਿੰਦਾ। ਜੇਕਰ ਵਿਸ਼ਵਾਸ ਆ ਜਾਵੇ ਤਾਂ ਫਿਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਕਿਸ ਕੰਮ ਦੀ ਹੋਈ ਭਾਵ ਮਾਇਆ ਪ੍ਰਮਾਤਮਾ ਦੀ ਪਾਈ ਹੋਈ ਜੁਗਤਿ ਭਾਵ ਉਸਦਾ ਸਾਡੇ ਅੰਦਰ ਭਰਮ ਦਾ ਪੜਦਾ ਇਤਨਾ ਪੱਕਾ

41/5262

ਹੈ ਜਿਸ ਤੋਂ ਪਾਰ ਨਹੀਂ ਪਾਇਆ ਜਾ ਸਕਦਾ। ਕੋਈ ਨਹੀਂ ਮੰਨ ਸਕਦਾ ਕਿ ਮੈਂ ਇੱਕ ਮਨੁੱਖ ਨਹੀਂ ਹਾਂ ਭਾਵ ਮੇਰੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਪਰ ਇਹ ਸੱਚ ਹੈ ਭਾਵ ਮਨ ਦਾ ਭਰਮ ਸਾਨੂੰ ਸੱਚ ਸਮਝਣ ਤੋਂ, ਗੁਰੂ ਦੀ ਸੱਚੀ ਗੱਲ ਤੇ ਵਿਸ਼ਵਾਸ ਆਉਂਣ ਤੋਂ ਦੂਰ ਰੱਖਦਾ ਹੈ। ਕਿਸੇ ਦੇ ਮਨ ਦਾ ਭਰਮ ਨਿਕਲੇ ਬਿਨਾਂ ਨਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕਿਸੇ ਨੂੰ ਵਿਸ਼ਵਾਸ ਆ ਸਕਦਾ ਹੈ ਕਿ ਹਰ ਵਸਤੂ ਦੇ ਰੂਪ ਵਿੱਚ, ਪੂਰਨ ਪਸਾਰੇ ਦੇ ਰੂਪ ਵਿੱਚ ਜਿਸ ਵਿੱਚ ਅਸੀਂ ਵੀ ਆਉਂਦੇ ਹਾਂ ਕੇਵਲ ਤੇ ਕੇਵਲ ਆਪ ਪ੍ਰਮਾਤਮਾ ਹੀ ਹੈ ਪਰ ਉਸਦੀ ਇਸ ਖੇਡ ਨੂੰ ਉਸਦੇ ਆਪ ਸਮਝਾਏ ਬਿਨਾਂ ਕੋਈ ਨਹੀਂ ਸਮਝ ਸਕਦਾ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਇਹ ਖੇਡ ਸਮਝਾਈ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਇਸਦਾ ਬਿਆਨ ਕੀਤਾ ਹੈ ਤੇ ਗੁਰੂ ਜੋ ਗੱਲ ਸਾਨੂੰ ਸਮਝਾਉਂਦਾ ਹੈ, ਦੱਸਦਾ ਹੈ ਉਹ ਕਦੇ ਗਲਤ ਨਹੀਂ ਹੋ ਸਕਦਾ। ਗੁਰੂ ਗਿਆਨ ਦਾ ਸਾਗਰ ਹੈ ਜਿਸਨੂੰ ਅਸਲੀਅਤ ਦੀ ਸਮਝ ਹੈ ਤੇ ਅਸੀਂ ਅਗਿਆਨੀ ਹਾਂ ਭਾਵ ਸਾਡੀ ਮਤਿ ਗੁਰੂ ਦੀ ਮਤਿ ਨਾਲੋਂ ਬਹੁਤ ਨੀਵੀਂ ਹੈ ਜੋ ਮਤਿ ਸਾਨੂੰ ਭਰਮ ਵਿੱਚ ਹੀ ਰੱਖਦੀ ਹੈ। ਇਸ ਭਰਮ ਵਾਲੀ ਮਤਿ ਵਿੱਚੋਂ ਨਿਕਲੇ ਬਿਨਾਂ ਅਸੀਂ ਆਪਣੀ ਅਸਲੀਅਤ ਨੂੰ, ਸੰਸਾਰ ਦੀ ਅਸਲੀਅਤ ਨੂੰ ਨਹੀਂ ਜਾਣ ਸਕਦੇ ਜੋ ਕਿ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਜਿਸ ਖੇਡ ਦਾ ਉਹ ਆਪ ਹੀ ਆਨੰਦ ਮਾਣ ਰਿਹਾ ਹੈ, ਸਭ ਨੂੰ ਭਰਮ ਵਿੱਚ ਰੱਖ ਕੇ ਆਨੰਦ ਮਾਣ ਰਿਹਾ ਹੈ।

ਆਉ ਹੁਣ ਸ਼ਬਦ ਦੇ ਪਹਿਲੇ ਪਦੇ ਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਕੇ ਸਮਝੀਏ।

"ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥"

ਜਿਵੇਂ ਇੱਕ ਤਮਾਸ਼ਾ ਕਰਨ ਵਾਲਾ ਲੋਗਾਂ ਨੂੰ ਆਪਣਾ ਤਮਾਸ਼ਾ ਦਿਖਾਉਂਣ ਦੁਆਰਾ ਉਹ ਕੁਝ ਦਿਖਾਉਂਦਾ ਹੈ ਜੋ ਕੁਝ ਉਹ ਹੁੰਦਾ ਨਹੀਂ ਭਾਵ ਉਸਦੇ ਤਮਾਸ਼ੇ ਵਿੱਚ ਪੜਦਾ ਹੁੰਦਾ ਹੈ। ਲੋਕਾਂ ਨੂੰ ਉਸਦੇ ਤਮਾਸ਼ੇ ਦੀ ਸਮਝ ਨਹੀਂ ਆਉਂਦੀ ਪਰ ਕੇਵਲ ਹੈਰਾਨ ਹੁੰਦੇ ਰਹਿੰਦੇ ਹਨ ਭਾਵ ਉਹ ਬਾਜੀਗਰ, ਤਮਾਸ਼ਾ ਦਿਖਾਉਂਣ ਵਾਲਾ ਆਪਣਾ ਤਮਾਸ਼ਾ ਦੂਸਰਿਆਂ ਨਾਲੋਂ ਪੜਦੇ ਵਿੱਚ ਹੀ ਰੱਖਦਾ ਹੈ ਤਾਂ ਜੋ ਉਸਦੀ ਮਹਿਮਾ ਬਣੀ ਰਹੇ ਭਾਵ ਉਹ ਆਪਣੀ ਕਲਾ, ਆਪਣੀ ਸਿਆਣਪ ਕਿਸੇ ਨੂੰ ਸਮਝ ਨਹੀਂ ਆਉਂਣ ਦਿੰਦਾ। ਇਸੇ ਤਰ੍ਹਾਂ ਪ੍ਰਮਾਤਮਾ ਨੇ ਅਨੇਕਾਂ ਹੀ ਰੂਪ ਧਾਰੇ ਹੋਏ ਹਨ ਜਿਨ੍ਹਾਂ ਰਾਹੀਂ ਕੇਵਲ ਇੱਕ ਦਿਖਾਵਾ ਹੈ ਭਾਵ ਜਿਨ੍ਹਾਂ ਵਿੱਚ ਅਸਲੀਅਤ ਨਹੀਂ ਹੈ ਭਾਵ ਜਿਵੇਂ ਇੱਕ ਬਾਜੀਗਰ

ਦਿਖਾਵਾ ਕਰਦਾ ਹੈ, ਦੂਸਰਿਆਂ ਨੂੰ ਉਲਝਾਉਂਦਾ ਹੈ ਇਸੇ ਤਰ੍ਹਾਂ ਪ੍ਰਮਾਤਮਾ ਆਪਣੇ ਅਨੇਕਾਂ ਰੂਪ ਬਣਾਕੇ ਆਪਣਾ ਦਿਖਾਵਾ ਪ੍ਰਗਟ ਕਰ ਰਿਹਾ ਹੈ ਭਾਵ ਉਸ ਦਿਖਾਵੇ ਦੇ ਅੰਦਰ ਅਸਲੀਅਤ ਨਹੀਂ ਹੈ ਭਾਵ ਸੱਚ ਨਹੀਂ ਹੈ। **(ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥)** ਪ੍ਰਮਾਤਮਾ ਨੇ ਜੋ ਸਭ ਦੇ ਅੰਦਰ ਦਿਖਾਵੇ ਵਾਲਾ ਰੂਪ ਧਾਰਿਆ ਹੋਇਆ ਹੈ ਇਹ ਕੇਵਲ ਉਸਦਾ ਨਕਲੀ ਰੂਪ ਹੈ ਭਾਵ ਉਸਦਾ **"ਸਾਂਗੁ"** ਹੈ। ਜਦੋਂ ਪ੍ਰਮਾਤਮਾ ਆਪਣਾ ਇਹ ਨਕਲੀ ਚਿਹਰਾ ਉਤਾਰ ਦਿੰਦਾ ਹੈ ਭਾਵ ਜਿਸ ਸਰੀਰ ਦੇ ਰਾਹੀਂ ਉਹ ਆਪਣੀ ਅਸਲੀਅਤ ਪ੍ਰਗਟ ਕਰ ਦਿੰਦਾ ਹੈ ਤਾਂ ਫਿਰ ਉਸ ਮਨੁੱਖੀ ਰੂਪ ਨੂੰ ਉਸ ਪ੍ਰਮਾਤਮਾ ਦੀ ਖੇਡ ਸਮਝ ਪੈ ਜਾਂਦੀ ਹੈ ਜੋ ਖੇਡ ਉਹ ਸਾਡੇ ਸਭ ਦੇ ਅੰਦਰ ਬੈਠ ਕੇ ਆਪ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦੀ ਇਹ ਖੇਡ ਸਮਝ ਆਉਂਣ ਨਾਲ ਭਾਵ ਉਸਦੀ ਅਸਲੀਅਤ ਸਮਝ ਆਉਂਣ ਨਾਲ ਫਿਰ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਪੂਰੇ ਸੰਸਾਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। **"ਥੰਮ੍ਹਿਓ ਪਾਸਾਰਾ"** ਇਸ ਤੋਂ ਭਾਵ ਹੈ ਕਿ ਸਾਰਾ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਇਸੇ ਲਈ ਪ੍ਰਮਾਤਮਾ ਦਾ ਇਹ **ਸਾਂਗ** ਨਾ ਕਿਤੇ ਜਾਂਦਾ ਹੈ ਤੇ ਨਾ ਕਿਤੋਂ ਆਉਂਦਾ ਹੈ ਭਾਵ ਹਰ ਚੀਜ ਇੱਥੇ ਹੀ ਟਿਕੀ ਰਹਿੰਦੀ ਹੈ, ਰੁੱਕੀ ਰਹਿੰਦੀ ਹੈ ਕੇਵਲ ਕਿਸੇ ਵਸਤੂ ਦਾ ਰੂਪ ਹੀ ਬਦਲਦਾ ਰਹਿੰਦਾ ਹੈ ਤੇ ਹਰ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੁੰਦਾ ਹੈ ਭਾਵ ਸੰਸਾਰ ਵਿੱਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ। ਜਦ ਸਭ ਕੁਝ ਪ੍ਰਮਾਤਮਾ ਆਪ ਹੈ ਉਹ ਉਪਜਣ ਬਿਨਸਣ ਤੋਂ ਰਹਿਤ ਹੈ। ਸੰਸਾਰ ਵਿੱਚ ਜੋ ਕੁਝ ਵੀ ਬਿਨਸਦਾ ਹੈ ਭਾਵ ਜੋ ਵੀ ਆਕਾਰ ਬਿਨਸਦਾ ਹੈ ਉਹ ਇੱਥੇ ਹੀ ਰਹਿੰਦਾ ਹੈ ਭਾਵ ਉਸਦਾ ਰੂਪ ਹੀ ਬਦਲਦਾ ਹੈ ਤੇ ਇਸ ਸੰਸਾਰ ਵਿੱਚੋਂ ਕੋਈ ਆਉਂਦਾ ਜਾਂਦਾ ਨਹੀਂ। **(ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥)** ਕੁਝ ਵੀ ਉਪਜਦਾ ਬਿਨਸਦਾ ਨਹੀਂ, ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਪਸ਼ਟ ਕੀਤੀ ਹੋਈ ਹੈ।

"ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥"

ਪ੍ਰਮਾਤਮਾ ਦੇ ਇਸ ਪਸਾਰੇ ਦੇ ਵਿੱਚ ਹਰ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ। ਸਰਗੁਣ ਰੂਪ ਵੀ ਉਹ ਆਪ ਹੈ ਤੇ ਉਸਦੇ ਅੰਦਰ ਨਿਰਗੁਣ ਰੂਪ ਵੀ ਉਹ ਆਪ ਹੈ ਭਾਵ ਆਕਾਰ ਰੂਪ ਵੀ ਆਪ ਹੈ ਤੇ ਉਸਦੇ ਅੰਦਰ ਦਾ ਨਿਰੰਕਾਰ ਰੂਪ ਵੀ ਉਹ ਆਪ ਹੈ। ਉਸਨੇ ਆਪਣੇ ਨਿਰੰਕਾਰ ਰੂਪ ਦੁਆਰਾ

ਆਪ ਹੀ ਆਪਣਾ ਹਰ ਆਕਾਰ ਰੂਪ ਬਣਾਇਆ ਹੈ ਤੇ ਆਪ ਹੀ ਆਪਣੇ ਹਰ ਆਕਾਰ ਰੂਪ ਨੂੰ ਆਪਣੇ ਨਿਰੰਕਾਰ ਰੂਪ ਨਾਲ ਭਾਵ ਜੋਤਿ ਰੂਪ ਨਾਲ ਚਲਾ ਰਿਹਾ ਹੈ। ਇਸੇ ਲਈ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੈ ਉਹ ਕਿਹੜਾ ਰੂਪ ਹੈ ਜਿਸਨੂੰ ਅਸੀਂ ਦੇਖਿਆ ਹੈ ਤੇ ਉਹ ਬਿਨਸ ਗਇਆ ਹੈ। ਬਿਨਸਦਾ ਉਹ ਹੈ ਜੋ ਫਿਰ ਨਹੀਂ ਉਪਜ ਸਕਦਾ। ਜੋ ਚੀਜ ਬਿਨਸਦੀ ਹੈ ਉਸ ਦੁਆਰਾ ਦੂਸਰੀ ਚੀਜ ਉਪਜ ਜਾਂਦੀ ਹੈ ਭਾਵ ਇਸ ਸੰਸਾਰ ਵਿੱਚੋਂ ਜਾਂਦਾ ਕੁਝ ਵੀ ਨਹੀਂ, ਇਸ ਸੰਸਾਰ ਵਿੱਚੋਂ ਨਾ ਕੁਝ ਜਾਂਦਾ ਹੈ ਨਾ ਕੁਝ ਆਉਂਦਾ ਹੈ ਭਾਵ ਸਭ ਕੁਝ ਇੱਥੇ ਹੀ ਰਹਿੰਦਾ ਹੈ। ਇੱਕ ਆਕਾਰ ਤੋਂ ਜੋ ਕੁਝ ਵੀ ਦੂਸਰਾ ਰੂਪ ਉਪਜਦਾ ਹੈ ਜਾਂ ਬਣਦਾ ਹੈ ਉਹ ਰੂਪ ਵੀ ਪ੍ਰਮਾਤਮਾ ਦਾ ਹੀ ਹੈ। ਅਗਰ ਕੋਈ ਆਕਾਰ ਰੂਪ ਬਿਨਸ ਕੇ ਮਿੱਟੀ ਵਿੱਚ ਰੱਲ ਜਾਂਦਾ ਹੈ ਫਿਰ ਵੀ ਉਹ ਪ੍ਰਮਾਤਮਾ ਦਾ ਰੂਪ ਹੀ ਰਹਿੰਦਾ ਹੈ ਕਿਉਂਕਿ ਹਰ ਰੂਪ ਹੀ ਪ੍ਰਮਾਤਮਾ ਦਾ ਹੈ। ਜਦੋਂ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਫਿਰ ਨਾ ਕੁਝ ਆਉਂਦਾ ਹੈ ਨਾ ਕੁਝ

ਜਾਂਦਾ ਹੈ ਭਾਵ ਨਾ ਕੁਝ ਜੰਮਦਾ ਹੈ ਨਾ ਕੁਝ ਮਰਦਾ ਹੈ ਕਿਉਂਕਿ ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ। **(ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥)**

{ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥
ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥
ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥
ਰਚਿ ਰਚਨਾ ਅਪਨੀ ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥}

(ਅੰਗ ੨੮੭-੨੮੮)

{ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥}

(ਅੰਗ ੨੫੦)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥}

(ਅੰਗ ੧੦੬੬)

{ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ ੨੦੯)

{ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥}

(ਅੰਗ ੬੯੫)

ਹਰ ਰੂਪ ਪ੍ਰਮਾਤਮਾ ਦਾ ਹੀ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

41/5265

“ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥”

ਇੱਕ ਬੀਜ ਤੋਂ ਜੋ ਕੁਝ ਵੀ ਉਪਜਦਾ ਹੈ ਉਹ ਭਾਵੇਂ ਵੇਖਣ ਨੂੰ ਵੱਖਰਾ ਲੱਗਦਾ ਹੈ ਪਰ ਅਸਲ ਵਿੱਚ ਉਹ ਇੱਕੋ ਰੂਪ ਹੀ ਹੁੰਦਾ ਹੈ ਜਿਵੇਂ ਪਾਣੀ ਦੇ ਵਿੱਚੋਂ ਲਹਿਰਾਂ ਉੱਠਦੀਆਂ ਹਨ ਕਹਿਣ ਨੂੰ ਲਹਿਰ ਵੱਖਰੀ ਹੈ ਪਰ ਉਹ ਜਲ ਦਾ ਰੂਪ ਹੀ ਹੁੰਦੀ ਹੈ। ਇਸੇ ਤਰ੍ਹਾਂ ਸੋਨੇ ਦੇ ਗਹਿਣੇ ਭਾਵੇਂ ਦੇਖਣ ਨੂੰ ਵੱਖਰੇ ਵੱਖਰੇ ਰੂਪ ਦੇ ਲੱਗਦੇ ਹਨ ਪਰ ਹੁੰਦੇ ਅਸਲ ਵਿੱਚ ਉਹ ਸੋਨਾ ਹੀ ਹਨ। ਪ੍ਰਮਾਤਮਾ ਇਸੇ ਤਰੀਕੇ ਹੀ ਆਪਣੇ ਪਸਾਰੇ ਵਿੱਚ ਵਿਚਰ ਰਿਹਾ ਹੈ। ਦੇਖਣ ਨੂੰ ਹਰ ਹੋਂਦ ਵੱਖਰੀ ਵੱਖਰੀ ਲੱਗਦੀ ਹੈ ਪਰ ਉਹਨਾਂ ਨੂੰ ਬਨਾਉਂਣ ਵਾਲਾ ਉਹ ਮੂਲ ਇੱਕੋ ਹੀ ਹੈ। ਅਸੀਂ ਵੱਖਰੇ ਵੱਖਰੇ ਬੀਜ ਬੀਜਦੇ ਹਾਂ, ਅਨੇਕਾਂ ਪ੍ਰਕਾਰ ਦੇ ਉਹਨਾਂ ਦੇ ਰੂਪ ਦੇਖਦੇ ਹਾਂ ਤੇ ਜਦੋਂ ਉਹਨਾਂ ਤੇ ਫਲ ਪੱਕਦੇ ਹਨ ਤੇ ਉਹਨਾਂ ਵਿੱਚੋਂ ਫਿਰ ਉਹੀ ਬੀਜ ਨਿਕਲ ਆਉਂਦੇ ਹਨ ਜਿਨ੍ਹਾਂ ਬੀਜਾਂ ਨਾਲ ਉਹ ਬੂਟੇ ਉੱਗੇ ਸਨ ਭਾਵ ਪ੍ਰਮਾਤਮਾ ਨੇ ਉਤਪੱਤੀ ਦਾ ਸਾਧਨ ਤੇ ਬਿਨਸਨ ਦਾ ਸਾਧਨ ਨਾਲ ਹੀ ਪਾਇਆ ਹੋਇਆ ਹੈ। ਜਿਵੇਂ ਪੇੜਾਂ ਦੀ ਉਤਪੱਤੀ ਦਾ ਮੂਲ ਬੀਜ ਹੈ ਫਿਰ ਉਸ ਵਿੱਚੋਂ ਬੀਜ ਹੀ ਨਿਕਲਦੇ ਹਨ ਤੇ ਉਹਨਾਂ ਨਾਲ ਫਿਰ ਪੇੜ ਉੱਗਦੇ ਹਨ ਇਸੇ ਤਰੀਕੇ ਪ੍ਰਮਾਤਮਾ ਹਰ ਵਸਤੂ ਦੇ ਅੰਦਰ ਵਿਚਰ

ਰਿਹਾ ਹੈ ਭਾਵ ਇੱਥੇ ਆਪਣੇ ਆਪ ਉਤਪੱਤੀ ਕਿਸੇ ਦੀ ਨਹੀਂ ਹੁੰਦੀ ਜੋ ਮੂਲ ਰੂਪ ਬੀਜ ਪ੍ਰਮਾਤਮਾ ਨੇ ਆਪ ਬਣਾਇਆ ਹੈ ਭਾਵ ਉਹਨਾਂ ਦੇ ਅੰਦਰ ਜੋ ਗਿਆਨ ਆਪ ਪਾਇਆ ਹੈ ਉਸੇ ਗਿਆਨ ਰਾਹੀਂ ਸ੍ਰਿਸ਼ਟੀ ਉਪਜਦੀ ਬਿਨਸਦੀ ਰਹਿੰਦੀ ਹੈ ਤੇ ਸਭ ਕੁਝ ਇੱਥੇ ਧਰਤੀ ਤੇ ਹੀ ਰਹਿੰਦਾ ਹੈ ਕੇਵਲ ਆਕਾਰਾਂ ਦੇ ਰੂਪ ਬਦਲਦੇ ਰਹਿੰਦੇ ਹਨ। **(ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥)**

ਹਰ ਰੂਪ ਪ੍ਰਮਾਤਮਾ ਦਾ ਹੈ ਪਰ ਜਦ ਤਕ ਅਸੀਂ ਆਪਣੇ ਅੰਦਰੋਂ ਖੁੱਦ ਨਹੀਂ ਜਾਣ ਲੈਂਦੇ ਭਾਵ ਜਦ ਤਕ ਸਾਡਾ ਭਰਮ ਦੂਰ ਨਹੀਂ ਹੁੰਦਾ ਤਦ ਤਕ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥

ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥”

ਕਿਤੇ ਹਜਾਰਾਂ ਘੜੇ ਪਏ ਹੋਣ ਤੇ ਉਸ ਘੜੇ ਦੇ ਪਾਣੀ ਵਿੱਚ ਜਦੋਂ ਵੇਖੋਗੇ ਤਾਂ ਹਰ ਘੜੇ ਵਿੱਚ ਇੱਕੋ ਆਕਾਸ਼ ਨਜਰ ਆਉਂਦਾ ਹੈ ਕਿਉਂਕਿ ਆਕਾਸ਼ ਇੱਕ ਹੀ ਹੈ, ਆਕਾਸ਼ ਦੋ ਨਹੀਂ ਹਨ। ਘੜੇ ਟੁੱਟਣ ਨਾਲ ਆਕਾਸ਼ ਨੂੰ

ਫਰਕ ਨਹੀਂ ਪੈਂਦਾ ਭਾਵ ਆਕਾਸ਼ ਆਪਣੀ ਜਗ੍ਹਾ ਹੀ ਰਹਿੰਦਾ ਹੈ। ਇਸੇ ਤਰ੍ਹਾਂ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਕਾਰ ਰੂਪ ਬਿਨਸਣ ਨਾਲ ਉਸਦਾ ਰੂਪ ਬਦਲ ਜਾਂਦਾ ਹੈ ਜਿਵੇਂ ਘੜੇ ਦੇ ਟੁੱਟਣ ਨਾਲ ਉਸਦਾ ਰੂਪ ਬਦਲ ਜਾਂਦਾ ਹੈ ਪਰ ਉਸ ਘੜੇ ਦੇ ਅੰਦਰ ਜੋ ਕੁਝ ਸੀ ਉਸਨੂੰ ਫਰਕ ਨਹੀਂ ਪੈਂਦਾ ਭਾਵ ਜੋ ਉਸਦੇ ਅੰਦਰ ਪ੍ਰਮਾਤਮਾ ਦਾ ਰੂਪ ਦਿਸਦਾ ਸੀ **(ਏਕੁ ਆਕਾਸੁ)** ਉਸਨੂੰ ਕੋਈ ਫਰਕ ਨਹੀਂ ਪੈਂਦਾ ਭਾਵ ਵਸਤੂਆਂ ਦੇ ਰੂਪ ਬਦਲਦੇ ਰਹਿੰਦੇ ਹਨ ਪਰ ਉਹ ਨਿਰੰਕਾਰ ਰੂਪ ਪ੍ਰਮਾਤਮਾ ਦੀ ਜੋਤਿ ਉਹਨਾਂ ਦੇ ਅੰਦਰ ਉਸੇ ਤਰ੍ਹਾਂ ਬਣੀ ਰਹਿੰਦੀ ਹੈ ਕਿਉਂਕਿ ਬਿਨਾਂ ਜੋਤਿ ਤੋਂ ਕੋਈ ਵੀ ਆਕਾਰ ਰੂਪ ਨਹੀਂ ਹੈ, ਜੋ ਕਦੇ ਬਿਨਸ ਨਹੀਂ ਸਕਦੀ ਉਹ ਹਰ ਆਕਾਰ ਰੂਪ ਵਿੱਚ ਰਹਿੰਦੀ ਹੈ। ਭਾਵੇਂ ਮਨੁੱਖੀ ਸਰੀਰ ਜਦੋਂ ਮਿੱਟੀ ਬਣ ਜਾਂਦਾ ਹੈ ਉਹ ਮਿੱਟੀ ਦੇ ਵਿੱਚ ਵੀ ਪ੍ਰਮਾਤਮਾ ਦੀ ਜੋਤਿ ਹੀ ਹੈ ਤੇ ਉਹ ਮਿੱਟੀ ਕਿਤੇ ਨਹੀਂ ਜਾਂਦੀ ਭਾਵ ਮਨੁੱਖ ਕਿਤੇ ਆਉਂਦਾ ਜਾਂਦਾ ਨਹੀਂ ਤੇ ਮਨੁੱਖੀ ਜਨਮ ਮਰਨ ਨੂੰ ਸੱਚ ਸਮਝਣਾ ਕੇਵਲ ਸਾਡਾ ਭਰਮ ਹੈ। **(ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥)**

ਜਿਵੇਂ ਕਿ ਉਪਰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਅਸੀਂ ਭਰਮ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਜੋ ਕਿ ਸੱਚ ਨਹੀਂ ਹੈ।

“ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥”

ਪ੍ਰਮਾਤਮਾ ਨੂੰ ਸਮਝਣ ਜਾਂ ਨਾਸਮਝਣ ਦਾ ਕਾਰਣ ਆਪਣੇ ਮਨ ਦੀ ਸਮਝ ਹੀ ਹੈ। ਜਦ ਤਕ ਸਾਡੇ ਅੰਦਰ ਮਾਇਆ ਮੋਹ ਹੈ ਇਹ ਸਮਝ ਸਾਨੂੰ ਮਨ ਦੇ ਭਰਮ ਵਿੱਚ ਹੀ ਰੱਖਦੀ ਹੈ ਜਿਸ ਨਾਸਮਝ ਮਤਿ ਦੁਆਰਾ ਅਸੀਂ ਲੋਭ ਲਾਲਚ ਕਰਕੇ ਅਉਗੁਣਾਂ ਦੁਆਰਾ ਵਿਚਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ। ਸਾਡੀ ਇਹ ਮਤਿ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਨਹੀਂ ਦਿੰਦੀ ਤੇ ਅਸੀਂ ਭਰਮ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ, ਇੱਕ ਮਨੁੱਖ ਸਮਝਦੇ ਹਾਂ ਜਿਸ ਮਨੁੱਖੀ ਰੂਪ ਦਾ ਉਪਜਣਾ ਬਿਨਸਣਾ ਅਸੀਂ ਜਨਮ ਮਰਨ ਸਮਝਦੇ ਹਾਂ ਲੇਕਿਨ ਜਦੋਂ ਪ੍ਰਮਾਤਮਾ ਕਿਸੇ ਦਾ ਭਰਮ ਕੱਢ ਦਿੰਦਾ ਹੈ ਫਿਰ ਤਾਂ ਹੀ ਉਸਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਮੈਂ ਨਹੀਂ ਬਲਕਿ ਆਪ ਪ੍ਰਮਾਤਮਾ ਹੀ ਹੈ ਜੋ ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ ਤੇ ਤਾਂ ਹੀ

ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਆਪਣੀ ਜੋਤਿ ਦੁਆਰਾ ਭਾਵ ਆਪਣੇ ਗਿਆਨ ਦੁਆਰਾ ਸਭ ਨੂੰ ਬਣਾਕੇ ਆਪ ਹੀ ਉਹਨਾਂ ਦੇ ਅੰਦਰ ਵਰਤ ਰਿਹਾ ਹੈ। **(ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥)**

ਮਨੁੱਖ ਦਾ ਭਰਮ ਪ੍ਰਮਾਤਮਾ ਕਿਵੇਂ ਕੱਢਦਾ ਹੈ ਤੇ ਉਸ ਅਬਿਨਾਸੀ ਪ੍ਰਮਾਤਮਾ ਨੂੰ ਮਨੁੱਖ ਕਿਵੇਂ ਜਾਣਦਾ ਹੈ ਇਹੀ ਗੱਲ ਸਾਨੂੰ

ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥

ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥”

ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਜੋ ਪ੍ਰਮਾਤਮਾ ਆਪਣੇ ਅੰਦਰ ਹੈ ਉਹੀ ਸਭ ਦੇ ਅੰਦਰ ਹੈ ਤੇ ਫਿਰ ਬਿਨਸ ਤਾਂ ਕੁਝ ਵੀ ਨਹੀਂ ਸਕਦਾ ਤੇ ਇਸੇ ਲਈ ਸੰਸਾਰ ਵਿੱਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ ਤੇ ਜੋ ਮਨੁੱਖ ਨੂੰ ਭਾਵ ਇਸ ਮਨੁੱਖੀ ਸਰੀਰ ਨੂੰ ਸੰਸਾਰ ਵਿੱਚ ਆਉਂਣਾ ਜਾਣਾ ਸਮਝਦੇ ਹਨ ਭਾਵ ਜਨਮ ਮਰਨ ਵਿੱਚ ਸਮਝਦੇ ਹਨ ਉਹ ਕੇਵਲ ਭਰਮ ਹੈ ਸੱਚ ਨਹੀਂ। **(ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥)** ਪ੍ਰਮਾਤਮਾ ਸਾਡਾ ਭਰਮ ਕਿਸ ਤਰੀਕੇ ਕੱਢਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥”

“ਹਉਮੈ ਮਲੁ” ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹਉਮੈ ਦੀ ਮੈਲ ਸਾਡੇ ਅੰਦਰ ਦੀ ਅਗਿਆਨਤਾ ਹੈ, ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਸਾਡੇ ਅੰਦਰ ਦੀ ਨਾਸਮਝ ਮਤਿ ਹੈ। ਸਾਨੂੰ ਇਸ ਮੈਲੀ ਮਤਿ ਵਿੱਚ ਕੇਵਲ ਉਹ ਪੂਰਾ ਗੁਰੂ ਭਾਵ ਪ੍ਰਮਾਤਮਾ ਹੀ ਕੱਢ ਸਕਦਾ ਹੈ ਜੋ ਮੱਲ ਉਹ ਆਪਣਾ ਸੱਚਾ ਗਿਆਨ ਦੇਣ ਦੁਆਰਾ ਕੱਢਦਾ ਹੈ। ਸੱਚੇ ਗਿਆਨ ਦੀ ਸਮਝ ਦੁਆਰਾ ਹੀ ਸਾਡੀ **“ਪਰਮ ਗਤਿ”** ਹੁੰਦੀ ਹੈ ਭਾਵ ਸਾਡੀ ਉੱਚੀ ਆਤਮਿਕ ਅਵਸਥਾ ਬਣਦੀ ਹੈ ਭਾਵ ਸਾਡੀ ਅਗਿਆਨਤਾ ਵਾਲੀ ਮਤਿ, ਭਰਮਾਂ ਵਾਲੀ ਮਤਿ ਉੱਚੇ ਗਿਆਨ ਵਾਲੀ ਬਣ ਜਾਂਦੀ ਹੈ ਜਿਸ ਉੱਚੇ ਗਿਆਨ ਦੁਆਰਾ ਮਨ ਦੇ ਵਿੱਚ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਜਨਮ ਮਰਨ ਤੋਂ ਰਹਿਤ ਹੈ, ਅਬਿਨਾਸੀ ਹੈ। ਆਪਣੀ ਮਨੁੱਖੀ ਹੋਂਦ ਸਮਝਣਾ ਜਾਂ ਕੋਈ ਹੋਰ ਹੋਂਦ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਕੇਵਲ ਸਾਡਾ ਭਰਮ ਹੈ। ਸਾਨੂੰ ਇਸ ਭਰਮ

ਵਿੱਚ ਰੱਖ ਕੇ ਹੀ ਪ੍ਰਮਾਤਮਾ ਆਪਣੀ ਖੇਡ ਚਲਾ ਰਿਹਾ ਹੈ ਜਿਸਦੀ ਸਮਝ ਉਹ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ, ਪਰਮ ਗਤਿ ਕਰਨ ਦੁਆਰਾ ਪਾਉਂਦਾ ਹੈ। **(ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥)**

ਸਾਨੂੰ ਬਾਰ-ਬਾਰ ਬਾਣੀ ਰਾਹੀਂ ਇਹ ਸਮਝਾਇਆ ਗਿਆ ਹੈ ਕਿ ਸਾਡੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਪਰ ਸਾਡੇ ਅੰਦਰ ਦੀ ਮਾਇਆ ਸਾਨੂੰ ਵਿਸ਼ਵਾਸ ਨਹੀਂ ਆਉਂਣ ਦਿੰਦੀ ਭਾਵ ਮਨ ਦਾ ਭਰਮ ਹੀ ਪ੍ਰਮਾਤਮਾ ਨੂੰ ਜਾਨਣ ਦਾ ਸਾਡਾ ਪੜਦਾ ਹੈ। ਜਦ ਤਕ ਸਾਡੇ ਅੰਦਰ ਭਰਮ ਵਾਲੀ ਮਤਿ ਹੈ ਇਹ ਸਾਡੀ ਅਧੂਰੀ ਮਤਿ ਹੈ ਤੇ ਪ੍ਰਮਾਤਮਾ ਦੇ ਦਰਸ਼ਨ ਆਪਣੇ ਅੰਦਰੋਂ ਉਸੇ ਨੂੰ ਹੀ ਹੁੰਦੇ ਹਨ ਜਿਸਨੂੰ ਪਹਿਲੇ ਪ੍ਰਮਾਤਮਾ ਪੂਰਾ ਕਰਦਾ ਹੈ ਭਾਵ ਜਿਸਦੀ ਮਤਿ ਨੂੰ ਪ੍ਰਮਾਤਮਾ ਪੂਰੀ ਕਰਦਾ ਹੈ ਉਹੀ ਮਨੁੱਖ ਪੂਰਾ ਹੁੰਦਾ ਹੈ, ਉਸ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਪੂਰਾ ਹੁੰਦਾ ਹੈ ਫਿਰ ਉਸਨੂੰ ਹੀ ਸਮਝ ਲੱਗਦੀ ਹੈ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਦੀ ਕਹਾਣੀ ਉਹੀ ਜਾਣ ਸਕਦਾ ਹੈ ਜਿਸਨੂੰ ਉਹ ਆਪਣੀ ਕਹਾਣੀ ਪਹਿਲਾਂ ਆਪ ਸਮਝਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਕਹਾਣੀ ਹੈ, ਉਸ ਨਾ ਕਥੇ ਜਾਣ ਵਾਲੇ ਪ੍ਰਮਾਤਮਾ ਦੀ ਭਾਵ ਉਸ ਅਕਥ ਪ੍ਰਮਾਤਮਾ ਦੀ ਕਹਾਣੀ ਹੈ, ਅਕਥ ਕਹਾਣੀ ਹੈ। ਆਉ ਹੁਣ ਅਗਲੇ ਸ਼ਬਦ ਦੁਆਰਾ ਧੰਨ ਧੰਨ ਕਬੀਰ ਜੀ ਦੇ ਉਚਾਰੇ ਹੋਏ ਸ਼ਬਦ ਦੁਆਰਾ ਇਸ ਗੱਲ ਨੂੰ ਸਮਝੀਏ ਕਿ ਰਾਜਾ ਰਾਮ ਨੇ ਉਹਨਾਂ ਨੂੰ ਆਪਣੀ ਕੀ ਕਹਾਣੀ ਸੁਣਾਈ ਹੈ ਭਾਵ ਉਹਨਾਂ ਨੇ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਜਾਣਿਆ ਹੈ।

“ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥

ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥੧॥ ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥

ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ ॥

ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰ ਧਰਿਆ ॥ ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ॥੨॥

ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥

ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥”

(ਅੰਗ ੯੭੦)

ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਡੇ ਮਨੁੱਖੀ ਸਰੀਰ ਨੂੰ ਇੱਕ ਪੇੜ ਦੇ ਨਾਲ ਤੁਲਨਾ ਕਰਨ ਦੁਆਰਾ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥

ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥੧॥"

ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਮਨ ਦੇ ਰੂਪ ਵਿੱਚ ਹੈ ਜਿੱਥੋਂ ਸਾਡੇ ਅੰਦਰ

41/5269

ਵਿਚਾਰ ਉਪਜਦੇ ਹਨ। ਸਾਡੇ ਮਨ ਨੂੰ **"ਤਰਵਰੁ"** ਕਿਹਾ ਹੈ ਜੋ ਕਿ **"ਏਕੁ"** ਭਾਵ ਪ੍ਰਮਾਤਮਾ ਹੈ। ਜਿਵੇਂ ਤਰਵਰ ਤੋਂ ਅਨੇਕਾਂ ਹੀ ਸ਼ਾਖਾ ਉਪਜਦੀਆਂ ਹਨ, ਫੁੱਲ, ਪੱਤੇ ਉਪਜਦੇ ਹਨ ਤੇ ਉਹਨਾਂ ਦੇ ਅੰਦਰ ਜੋ ਰੱਸ ਜਾਂਦਾ ਹੈ ਭਾਵ ਉਹਨਾਂ ਦੇ ਅੰਦਰ ਖਾਣਾ ਜਾਂਦਾ ਹੈ ਜਿਸ ਰੱਸ ਨਾਲ ਉਹ ਪਨਪਦੇ ਹਨ, ਫੱਲਦੇ ਫੁੱਲਦੇ ਹਨ ਉਹ ਉਸ ਪੇੜ ਦੇ ਰਾਹੀਂ ਹੀ ਜਾਂਦਾ ਹੈ ਭਾਵ ਉਹਨਾਂ ਨੂੰ ਜੋ ਜੀਵਨ ਮਿਲਦਾ ਹੈ ਪੇੜ ਦੇ ਰਾਹੀਂ ਹੀ ਮਿਲਦਾ ਹੈ ਭਾਵ ਉਹਨਾਂ ਦਾ ਮੂਲ ਪੇੜ ਹੈ। ਇਸੇ ਤਰ੍ਹਾਂ ਸਾਡੇ ਅੰਦਰ ਜੋ ਮਨ ਰੂਪ ਪੇੜ ਹੈ ਉਹ ਆਪ ਪ੍ਰਮਾਤਮਾ ਹੈ ਜੋ ਸਾਡੇ ਵਿਚਾਰਾਂ ਦਾ ਮੂਲ ਹੈ। ਜਿਵੇਂ ਪੇੜ ਦੇ ਅੰਦਰੋਂ ਫੁੱਲ ਪੱਤੇ ਉਪਜਦੇ ਹਨ, ਸ਼ਾਖਾਵਾਂ ਰਾਹੀਂ ਉਪਜਦੇ ਹਨ ਇਸੇ ਤਰ੍ਹਾਂ ਸਾਡੇ ਮਨ ਦੇ ਵਿਚਾਰਾਂ ਰਾਹੀਂ ਅਨੇਕਾਂ ਸ਼ਾਖਾਵਾਂ ਉਪਜਦੀਆਂ ਹਨ, ਇੱਛਾਵਾਂ ਉਪਜਦੀਆਂ ਹਨ ਤੇ ਸਾਡੀਆਂ ਇੱਛਾਵਾਂ ਦੇ ਵਿੱਚੋਂ ਅੱਗੇ ਤੋਂ ਅੱਗੇ ਹੋਰ ਇੱਛਾਵਾਂ ਉਪਜਦੀਆਂ ਹਨ, ਪੇੜ ਦੇ ਫੁੱਲ ਪੱਤੇ ਦੀ ਤਰ੍ਹਾਂ ਉਪਜਦੀਆਂ ਹਨ ਜਿਨ੍ਹਾਂ ਦੇ ਅੰਦਰ ਦਾ ਰੱਸ ਮਨ ਰੂਪ ਪੇੜ ਰਾਹੀਂ ਆਉਂਦਾ ਹੈ ਭਾਵ ਸਾਡੇ ਅੰਦਰ ਦੀ ਹਰ ਇੱਛਾ ਨੂੰ ਗਿਆਨ ਰੂਪ ਰੱਸ ਦੇਣ ਵਾਲਾ ਸਾਡਾ ਮਨ ਹੈ। ਸਾਡਾ ਇਹ ਸਰੀਰ ਉਸ ਪ੍ਰਮਾਤਮਾ ਦੀ ਬਣਾਈ ਹੋਈ ਭਾਵ ਉਸ **"ਅੰਮ੍ਰਿਤ"** ਰੂਪ ਪ੍ਰਮਾਤਮਾ ਦੀ ਬਣਾਈ ਹੋਈ ਬਗੀਚੀ ਹੈ ਜਿਸਨੂੰ ਉਹ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਪਾਲਦਾ ਹੈ, ਇਹ ਸਰੀਰ ਨੂੰ ਬਣਾਕੇ ਆਪ ਹੀ ਪਾਲਦਾ ਹੈ। ਜਿਸਨੂੰ ਪ੍ਰਮਾਤਮਾ ਪੂਰਾ ਕਰ ਦਿੰਦਾ ਹੈ ਭਾਵ ਆਪਣੇ ਨਾਲ ਇੱਕ ਕਰ ਲੈਂਦਾ ਹੈ ਉਹੀ ਇਸਨੂੰ ਜਾਣ ਸਕਦਾ ਹੈ ਕਿ ਇਹ ਸਰੀਰ ਮੇਰਾ ਨਹੀਂ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਹੈ। **(ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥ ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥੧॥)** ਜਿਸਨੂੰ ਪ੍ਰਮਾਤਮਾ ਪੂਰਾ ਕਰਦਾ ਹੈ ਉਸਨੂੰ ਹੀ ਉਸ ਪ੍ਰਮਾਤਮਾ ਦੀ ਕਹਾਣੀ ਸਮਝ ਆਉਂਦੀ ਹੈ। ਉਹ ਪੂਰਾ ਕਿਵੇਂ ਕਰਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥

ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ ॥"

ਜਿਸਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ, ਪ੍ਰਮਾਤਮਾ ਦੀ ਕਹਾਣੀ ਨੂੰ ਜਾਣਿਆ ਹੈ, ਪ੍ਰਮਾਤਮਾ ਦੀ ਸਚਾਈ ਨੂੰ ਜਾਣਿਆ ਹੈ ਇੱਕੋ ਤਰੀਕੇ ਨਾਲ ਹੀ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ। ਪ੍ਰਮਾਤਮਾ ਨੂੰ ਉਹੀ ਜਾਣ ਸਕਦਾ ਹੈ ਜਿਸਦੇ ਅੰਦਰ ਪ੍ਰਮਾਤਮਾ ਮਨ ਦੇ ਵਿੱਚ ਭਾਵ ਜੋਤਿ ਦੇ ਰਾਹੀਂ ਆਪਣੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਭਾਵ

41/5270

ਸੱਚੇ ਗਿਆਨ ਦੀ ਮਤਿ ਵਾਲਾ ਬਣਾਉਂਦਾ ਹੈ, ਭਰਮਾਂ ਵਾਲੀ ਮਤਿ ਵਿੱਚੋਂ ਕੱਢ ਕੇ ਬਣਾਉਂਦਾ ਹੈ। ਆਪਣਾ ਉਹ ਗੁਰਮੁਖਿ ਰੂਪ ਕਿਸੇ ਵਿਰਲੇ ਨੂੰ ਹੀ ਬਣਾਉਂਦਾ ਹੈ ਤੇ ਕੇਵਲ ਉਹੀ ਜਾਣ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਜਿਸਨੂੰ ਉਹ ਪੂਰੀ ਮਤਿ ਵਾਲਾ ਬਣਾਉਂਦਾ ਹੈ ਆਪਣੇ ਉਸ ਗੁਰਮੁਖਿ ਰੂਪ ਨੂੰ ਹੀ ਪੂਰਾ ਕਰਦਾ ਹੈ ਭਾਵ ਆਪਣੇ ਨਾਲ ਮਿਲਾਉਂਦਾ ਹੈ। ਮਨ ਦੀ ਮਤਿ ਰਾਹੀਂ ਪੂਰੇ ਹੋਏ ਬਿਨਾਂ ਭਾਵ ਜੋਤਿ ਦੇ ਵਿੱਚ ਪ੍ਰਮਾਤਮਾ ਦੇ ਪ੍ਰਕਾਸ਼ ਕੀਤੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਉਸਦੀ ਕਥਾ ਕਿਵੇਂ ਕੀਤੀ ਜਾ ਸਕਦੀ ਹੈ ਭਾਵ ਉਸਨੂੰ ਕਿਵੇਂ ਕਥਿਆ ਜਾ ਸਕਦਾ ਹੈ। **(ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥ ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ ॥)**

ਸ਼ਬਦ ਦੇ ਅਗਲੇ ਪਦੇ ਰਾਹੀਂ ਉਸ ਪ੍ਰਮਾਤਮਾ ਦੀ ਕਹਾਣੀ ਹੀ ਸੁਣਾਈ ਹੋਈ ਹੈ ਕਿ ਉਹ ਸਾਡੇ ਅੰਦਰ, ਸਾਡੇ ਸਭ ਦੇ ਅੰਦਰ

ਕਿਸ ਰੂਪ ਵਿੱਚ ਵਿਚਰਦਾ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰ ਧਰਿਆ ॥

ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ ॥੨॥”

ਸ਼ਬਦ ਦੇ ਪਹਿਲੇ ਪਦੇ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਪ੍ਰਮਾਤਮਾ ਤਰਵਰ ਦੇ ਰੂਪ ਵਿੱਚ ਹੈ **(ਤਰਵਰੁ ਏਕੁ)**। ਉਪਰ ਵਾਲੀ ਪੰਗਤੀ ਰਾਹੀਂ **“ਭਵਰੁ ਏਕੁ”** ਲਿਖਿਆ ਹੋਇਆ ਹੈ ਭਾਵ ਭਵਰ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ। ਜਦੋਂ ਪੇੜ ਦੇ ਉਪਰ ਫੁੱਲ ਖਿੜਦੇ ਹਨ ਉਹਨਾਂ ਤੇ ਭਵਰਾ ਵੀ ਆਉਂਦਾ ਹੈ, ਉਹਨਾਂ ਦਾ ਰੱਸ ਚੂਸਣ ਲਈ ਆਉਂਦਾ ਹੈ। ਭਵਰ ਵੀ ਸਾਡਾ ਮਨ ਹੈ ਜੋ ਮਨ ਦੇ ਵਿਚਾਰਾਂ ਰਾਹੀਂ, ਮਨ ਦੀਆਂ ਇਛਾਵਾਂ ਰਾਹੀਂ ਮਾਇਆ ਦੇ ਰੱਸ ਚੂਸਦਾ ਹੈ ਭਾਵ ਉਸਨੂੰ ਮਾਯਾਵੀ ਪਦਾਰਥਾਂ ਦੀਆਂ ਇਛਾਵਾਂ ਮੋਹਦੀਆਂ ਹਨ ਜਿਨ੍ਹਾਂ ਰਾਹੀਂ ਉਹ ਰੱਸ ਚੂਸਣ ਵਰਗਾ ਸਮਝਦਾ ਹੈ, ਜਿਵੇਂ ਕਿ ਇੱਕ ਭਵਰਾ ਫੁੱਲ ਦਾ ਰੱਸ ਚੂਸਣਾ ਚੰਗਾ ਸਮਝਦਾ ਹੈ ਤੇ ਰੱਸ ਚੂਸਣ ਵਿੱਚ ਉਹ ਉੱਥੇ ਫੱਸ ਜਾਂਦਾ ਹੈ। ਸਾਡਾ ਮਨ ਮਾਇਆ ਮੋਹ ਕਰਕੇ ਫੱਸਦਾ ਹੈ। ਸਾਡੇ ਮਨ ਨੂੰ ਮਾਇਆ ਮੋਹ ਵਿੱਚ ਫਸਾਣ ਵਾਲਾ ਵੀ ਪ੍ਰਮਾਤਮਾ ਆਪ ਹੈ ਭਾਵ ਭਵਰ ਦੇ ਰੂਪ ਵਿੱਚ ਵੀ ਉਹ ਆਪ ਹੈ। ਮਨ ਦੀਆਂ ਇਹ ਤ੍ਰਿਸ਼ਨਾਵਾਂ ਜੋ ਸਾਨੂੰ ਮਾਇਆ ਮੋਹ ਵਿੱਚ ਫਸਾਂਦੀਆਂ ਹਨ ਕਦੇ ਘੱਟਦੀਆਂ ਨਹੀਂ ਬਲਕਿ ਵੱਧਦੀਆਂ ਹੀ ਜਾਂਦੀਆਂ ਹਨ। ਜਿਵੇਂ ਕਿ ਇੱਕ ਭੰਵਰਾ ਬਾਰਾਂ ਪੰਖੜੀਆਂ ਵਾਲੇ ਫੁੱਲ ਦਾ,

ਸੁੰਦਰ ਫੁੱਲ ਦਾ ਰੱਸ ਲੈ ਕੇ ਆਪਣੇ ਅੰਦਰ ਵਸਾਉਂਦਾ ਹੈ ਕਿਉਂਕਿ ਉਹ ਰੱਸ ਉਸਨੂੰ ਚੰਗਾ ਲੱਗਦਾ ਹੈ ਤੇ ਇਸਦੇ ਨਾਲ ਵੀ ਉਸ ਦੀਆਂ ਇਛਾਵਾਂ ਦੀ ਪੂਰਤੀ ਨਹੀਂ ਹੁੰਦੀ ਭਾਵ ਉਹ ਹੋਰ ਰੱਸ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ, ਬਾਰਾਂ ਪੰਖੜੀਆਂ ਵਾਲੇ ਫੁੱਲ ਤੋਂ ਵੀ ਵੱਡੇ ਫੁੱਲ ਦੇ ਭਾਵ ਸੋਲਾਂ ਪੰਖੜੀਆਂ ਵਾਲੇ ਫੁੱਲ ਦੇ ਰੱਸ ਨੂੰ ਚੂੱਸਨਾ ਚਾਹੁੰਦਾ ਹੈ ਤੇ ਚੂੱਸਦਾ ਵੀ ਹੈ। ਇਸੇ ਤਰ੍ਹਾਂ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਨੂੰ ਹੋਰ ਵੀ ਉੱਚੇ ਰੱਸ ਨਾਲ ਪੂਰਾ ਕਰਨਾ ਚਾਹੁੰਦੇ ਹਾਂ ਕਿ ਅਸੀਂ ਹੋਰ ਵੱਡੇ ਫੁੱਲ ਦਾ ਰੱਸ ਚੂੱਸੀਏ, ਸੋਲਾਂ ਪੰਖੜੀਆਂ ਵਾਲੇ ਫੁੱਲ ਦਾ ਰੱਸ ਚੂੱਸੀਏ ਜਿਸਦੀ ਪੂਰਤੀ ਲਈ ਸਾਡਾ ਮਨ ਹੋਰ ਉੱਚਾ ਉੜਦਾ ਹੈ ਭਾਵ ਸਾਡੀਆਂ ਤ੍ਰਿਸ਼ਨਾਵਾਂ ਹੋਰ ਉੱਚੀਆਂ ਹੋ ਜਾਂਦੀਆਂ ਹਨ, ਆਕਾਸ਼ ਨੂੰ ਛੂਹੰਦੀਆਂ ਹਨ। ਇਹ ਸਾਡੇ ਸਭ ਦੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ ਜੋ ਸਾਨੂੰ ਸਾਡੀਆਂ ਤ੍ਰਿਸ਼ਨਾਵਾਂ ਵਿੱਚ ਪਾ ਕੇ ਰੱਖਦੀ ਹੈ ਜਿਸ ਨਾਸਮਝ ਮਤਿ ਕਰਕੇ ਨਾ ਅਸੀਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਧਰਮ ਦੇ ਮਾਰਗ ਦੀ ਅਸਲੀਅਤ ਨੂੰ ਸਮਝ ਸਕਦੇ ਹਾਂ ਤੇ ਉਸ ਅਨੁਸਾਰ ਵਿਚਰ ਸਕਦੇ ਹਾਂ। **(ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰ ਧਰਿਆ ॥ ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ ॥੨॥)**

ਸਾਡੇ ਅੰਦਰ ਸਾਡੀ ਮਾਇਆ ਮੋਹ ਵਾਲੀ ਮਤਿ ਹੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਦੀ ਹੈ ਤੇ ਜਦ ਤਕ ਇਹ ਸਾਡੇ ਅੰਦਰੋਂ ਨਿਕਲਦੀ ਨਹੀਂ ਤਦ ਤਕ ਸਾਨੂੰ ਉਹ ਤਰਵਰ ਰੂਪ ਪ੍ਰਮਾਤਮਾ ਆਪਣੇ ਅੰਦਰੋਂ ਨਜਰ ਨਹੀਂ ਆ ਸਕਦਾ। ਸਾਡੇ ਅੰਦਰ ਦੀ ਇਹ ਅਗਿਆਨਤਾ ਵਾਲੀ ਮਤਿ ਕਿਵੇਂ ਦੂਰ ਹੁੰਦੀ ਹੈ ਤੇ ਉਸ ਪ੍ਰਮਾਤਮਾ ਦੇ ਦਰਸ਼ਨ ਕਿਵੇਂ ਹੁੰਦੇ ਹਨ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥

ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥”

ਸਾਡੇ ਅੰਦਰ **“ਸਹਜ”** ਦੀ ਅਵਸਥਾ ਕੀ ਹੈ, **“ਸੁੰਨਿ”** ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਪ੍ਰਮਾਤਮਾ ਮਨ ਦੀ ਇਸ ਅਵਸਥਾ ਵਿੱਚ ਹੀ ਹੈ ਜੋ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦੀ ਸਹਜ, ਸੁੰਨਿ ਵਾਲੀ ਅਵਸਥਾ ਹੀ ਉਹ ਬਿਰਵਾ ਹੈ, ਉਹ ਪੇੜ ਹੈ ਜਿਸਦੇ ਰੂਪ ਵਿੱਚ ਉਹ ਪ੍ਰਮਾਤਮਾ ਸਾਡੇ ਅੰਦਰ ਉਪਜਦਾ ਹੈ ਭਾਵ ਸਾਡੇ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਜੋ ਸਾਡੇ ਅੰਦਰ ਵਿਚਾਰ ਉਪਜਦੇ ਹਨ ਉਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਬਿਰਵਾ ਦੇ ਰੂਪ ਵਿੱਚ ਉਪਜਦਾ ਹੈ, ਤਰਵਰ ਦੇ ਰੂਪ ਵਿੱਚ ਉਪਜਦਾ ਹੈ। ਜਿਵੇਂ ਦੁਨਿਆਵੀ ਪੇੜ ਧਰਤੀ ਦੇ ਅੰਦਰੋਂ

ਜਲ ਨੂੰ ਸੋਖਦਾ ਹੈ ਇਸੇ ਤਰ੍ਹਾਂ ਸੱਚਾ ਗਿਆਨ ਰੂਪ ਪੇੜ ਸਾਡੇ ਅੰਦਰੋਂ ਸਾਡੀ ਅਗਿਆਨਤਾ ਵਾਲੀ ਮਤਿ ਨੂੰ ਸੋਖਦਾ ਹੈ, ਹਉਮੈ ਨੂੰ

ਸੋਖਦਾ ਹੈ, ਮਾਇਆ ਮੋਹ ਨੂੰ ਸੋਖਦਾ ਹੈ ਭਾਵ ਜੋ ਮਤਿ ਸਾਨੂੰ ਭਰਮਾਂ ਵਿੱਚ ਰੱਖਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਤੋਂ ਦੂਰ ਰੱਖਦੀ ਹੈ ਉਸਨੂੰ ਸੋਖ ਲੈਂਦਾ ਹੈ ਭਾਵ ਉਸ ਵਿੱਚੋਂ ਕੱਢ ਲੈਂਦਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਮਨ ਦੇ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਪ੍ਰਮਾਤਮਾ ਆਪਣੀ ਕਹਾਣੀ ਸਮਝਾਉਂਦਾ ਹੈ ਭਾਵ ਉਹ ਆਪਣੀ ਅਸਲੀਅਤ ਆਪ ਹੀ ਸਮਝਾਉਂਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਇਹ ਮਨ ਰੂਪ ਬਿਰਵਾ ਦਿਖਾਉਂਦਾ ਹੈ ਉਸ ਰਾਹੀਂ ਉਹ ਆਪਣੇ ਸੱਚੇ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ ਤੇ ਉਹਨਾਂ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਪ੍ਰਮਾਤਮਾ ਦਾ ਸੇਵਕ ਬਣਨਾ ਹੈ। ਪ੍ਰਮਾਤਮਾ ਦੇ ਦਿੱਤੇ ਹੋਏ ਵਿਚਾਰਾਂ ਦਾ ਸੇਵਕ ਬਣਨਾ ਜਾਂ ਜਿਸਦੇ ਮੁੱਖੋਂ ਸ਼ਬਦਾਂ ਦੀ ਵਿਚਾਰ ਆਈ ਹੈ ਉਸਦਾ ਸੇਵਕ ਬਣਨਾ ਇੱਕੋ ਹੀ ਗੱਲ ਹੈ ਕਿਉਂਕਿ ਜਿਸ ਸਰੀਰ ਰਾਹੀਂ ਪ੍ਰਮਾਤਮਾ ਸੱਚੇ ਵਿਚਾਰ ਦਿੰਦਾ ਹੈ, ਆਪਣਾ ਸੱਚਾ ਗਿਆਨ ਦਿੰਦਾ ਹੈ ਉਹ ਉਸਦਾ ਆਪਣਾ ਹੀ ਰੂਪ ਹੁੰਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ, ਸ਼ਬਦਾਂ ਦੀ ਵਿਚਾਰ ਦੇਣ ਵਾਲੇ ਸਰੀਰ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਨ ਤੇ ਉਹਨਾਂ ਦੁਆਰਾ ਦਿੱਤੀ ਹੋਈ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ, ਸ਼ਬਦਾਂ ਦੁਆਰਾ ਦਿੱਤੇ ਹੋਏ ਗਿਆਨ ਦੇ ਵਿੱਚ, ਸ਼ਬਦਾਂ ਦੁਆਰਾ ਪਾਈ ਹੋਈ ਸਮਝ ਦੇ ਵਿੱਚ ਭਾਵ ਸ਼ਬਦਾਂ ਦੀ ਬ੍ਰਹਮ ਗਿਆਨ ਰੂਪ ਪਾਈ ਹੋਈ ਸੋਝੀ ਦੇ ਵਿੱਚ ਪ੍ਰਮਾਤਮਾ ਆਪ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਪ੍ਰਮਾਤਮਾ ਦਾ ਸੇਵਕ ਬਣਨਾ ਹੈ। ਸੇਵਕ ਅਸੀਂ ਉਸੇ ਦਾ ਹੀ ਬਣਨਾ ਹੈ ਜਿਨ੍ਹਾਂ ਨੇ ਆਪਣੇ ਅੰਦਰੋਂ ਇਹ ਬਿਰਵਾ ਦੇਖਿਆ ਹੈ ਤੇ ਪੂਰੀ ਗੁਰਬਾਣੀ ਰਾਹੀਂ ਸਾਨੂੰ ਉਸ ਬਿਰਵਾ ਦੀ ਕਥਾ ਸੁਣਾਈ ਹੈ। ਉਹਨਾਂ ਦੀ ਸੁਣਾਈ ਹੋਈ ਕਥਾ ਨੂੰ ਮੰਨਣਾ ਹੀ ਗੁਰੂ ਦੇ ਸੇਵਕ ਬਣਨਾ ਹੈ ਭਾਵ ਅਸੀਂ ਹੋਰ ਕਿਸੇ ਦੀ ਮਤਿ ਨੂੰ ਨਹੀਂ ਮੰਨਣਾ, ਅਗਿਆਨਤਾ ਦੀ ਮਤਿ ਨੂੰ ਨਹੀਂ ਮੰਨਣਾ ਜਿਨ੍ਹਾਂ ਨੇ ਆਪਣੇ ਅੰਦਰੋਂ ਬਿਰਵਾ ਨਹੀਂ ਦੇਖਿਆ। **(ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥ ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥)**

ਇਸ ਗੱਲ ਨੂੰ ਸੱਚ ਕਰਕੇ ਜਾਣੋ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਭਾਵ ਗੁਰੂ ਸਾਹਿਬ ਸਾਨੂੰ ਬਾਰ-ਬਾਰ ਇਹ ਗੱਲ ਸਮਝਾ ਕੇ ਸੱਚ

ਹੀ ਸਮਝਾ ਰਹੇ ਹਨ। ਇਹ ਵੀ ਸਾਨੂੰ ਬਾਰ-ਬਾਰ ਸਮਝਾਇਆ ਜਾ ਰਿਹਾ ਹੈ ਕਿ ਸਭ ਦੇ ਅੰਦਰ ਮਾਇਆ ਮੋਹ ਹੈ ਜਿਸ ਕਰਕੇ ਹਰ ਕੋਈ ਮਨ ਦੀ ਅਗਿਆਨਤਾ ਵਿੱਚ ਰਹਿੰਦਾ ਹੈ ਤੇ ਇਹ ਵੀ ਸੱਚ ਹੈ ਭਾਵ ਗੁਰੂ ਝੂਠ ਨਹੀਂ ਸਮਝਾਉਂਦਾ। ਸਾਨੂੰ ਗੁਰੂ ਬਾਰ-ਬਾਰ ਸਮਝਾ ਰਿਹਾ ਹੈ ਕਿ ਨਾਮ ਸ਼ਬਦ ਦੀ ਮਤਿ ਹੈ, ਸ਼ਬਦ ਦਾ ਗਿਆਨ ਹੈ ਜਿਸਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਇਹ ਸੱਚ ਹੈ ਕਿਉਂਕਿ ਗੁਰੂ ਝੂਠੀ ਗੱਲ ਨਹੀਂ ਕਹਿ ਸਕਦਾ। ਗੁਰੂ ਸਾਨੂੰ ਬਾਰ-ਬਾਰ ਸਮਝਾ ਰਿਹਾ ਹੈ ਕਿ ਕਿਸੇ ਅੱਖਰ ਦੀ ਕਥਨੀ ਕਰੀ ਜਾਣਾ ਨਾਮ ਨਹੀਂ ਹੈ ਜੋ ਕਿ ਸੱਚ ਹੈ ਭਾਵ ਗੁਰੂ ਝੂਠ ਨਹੀਂ ਬੋਲਦਾ। ਝੂਠੇ ਅਸੀਂ ਹਾਂ ਜੋ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਕਰਦੇ ਇਹੀ ਸਾਡੀ ਅਗਿਆਨਤਾ ਹੈ ਜਿਸ ਅਗਿਆਨਤਾ ਵਿੱਚੋਂ ਜਿਉਂ ਜਿਉਂ ਨਿਕਲਾਂਗੇ ਤਿਉਂ ਤਿਉਂ ਅਸੀਂ ਸੱਚ ਨਾਲ ਜੁੜੀ ਜਾਵਾਂਗੇ। ਪ੍ਰਮਾਤਮਾ ਸੱਚ ਰੂਪ ਹੈ ਤੇ ਉਸਦੇ ਨਾਲ ਮੇਲ ਵੀ ਮਨ ਦੀ ਸੱਚੀ ਸਮਝ ਦੁਆਰਾ ਹੁੰਦਾ ਹੈ ਭਾਵ ਮਨ ਦੀ ਸੱਚੀ ਸਮਝ ਸੱਚ ਹੈ ਤੇ ਝੂਠੀ ਸਮਝ ਝੂਠ ਹੈ। ਇਹ ਝੂਠ ਸੱਚ ਦੀ ਖੇਡ ਹੀ ਸਾਡੇ ਅੰਦਰ ਚੱਲ ਰਹੀ ਹੈ ਜਿਸ ਵਿੱਚੋਂ ਅਸੀਂ ਨਿਕਲਣਾ ਹੈ। ਝੂਠ ਸੱਚ ਨੂੰ ਕਦੇ ਵੀ ਨਹੀਂ ਹਰਾ ਸਕਦਾ ਭਾਵ ਜਿਤ ਸੱਚ ਦੀ ਹੀ ਹੁੰਦੀ ਹੈ ਫਿਰ ਕਿਉਂ ਨਾ ਉਸ ਪਾਸੇ ਨਾਲ ਜੁੜੀਏ ਜਿਸ ਪਾਸੇ ਜਿਤ ਹੈ। ਮਨ ਦੇ ਝੂਠ ਨੂੰ ਜਿਤਣਾ ਹੀ ਸੱਚ ਹੈ ਤੇ ਝੂਠ ਨੂੰ ਜਿਤਣਾ ਹੀ ਸੱਚ ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕਰਦੇ ਹਾਂ ਕਿ ਅਗਿਆਨਤਾ ਵਿੱਚੋਂ ਨਿਕਲਣਾ ਹੀ ਗੁਰੂ ਦੇ ਨਾਮ ਨਾਲ ਜੁੜਨਾ ਹੈ।

“ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥
ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥੬॥
ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥
ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥ ਸਚੁ ਨਾਮੁ ਹਰਿ ਹਿਰਦੈ ਵਸਾਈ ॥
ਕੀਮਤਿ ਕਉਣੁ ਕਰੇ ਪ੍ਰਭ ਤੇਰੀ ਤੂ ਆਪੇ ਸਹਜਿ ਸਮਾਇਆ ॥੮॥

ਨਾਮੁ ਅਮੋਲਕੁ ਅਗਮ ਅਪਾਰਾ ॥ ਨਾ ਕੋ ਹੋਆ ਤੋਲਣਹਾਰਾ ॥
ਆਪੇ ਤੋਲੇ ਤੋਲਿ ਤੋਲਾਏ ਗੁਰ ਸਬਦੀ ਮੇਲਿ ਤੋਲਾਇਆ ॥੯॥"

(ਅੰਗ ੧੦੬੭)

ਉਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝੋ ਕਿ ਸਾਰੇ ਜਗ ਨੂੰ ਕੀ ਸਮਝਾਇਆ ਹੋਇਆ ਹੈ। ਗੁਰਬਾਣੀ ਸਾਰੇ ਸੰਸਾਰ ਨੂੰ ਇੱਕੋ ਜਿਹੀ ਗੱਲ ਹੀ ਸਮਝਾਉਂਦੀ ਹੈ, ਗੁਰੂ ਦੀ ਵਿੱਦਿਆ, ਪ੍ਰਮਾਤਮਾ ਦੀ ਵਿੱਦਿਆ ਸਾਰੇ ਸੰਸਾਰ ਲਈ ਸਾਂਝੀ ਹੈ ਜੋ ਸਭ ਦਾ ਇੱਕੋ ਜਿਹਾ ਭਲਾ ਚਾਹੁੰਦੀ ਹੈ। ਜੇਕਰ ਗੁਰੂ ਸਾਨੂੰ ਇਹ ਕਹਿ ਰਿਹਾ ਹੈ ਕਿ ਸਾਰੇ ਜਗ ਦੇ ਵਿੱਚ ਮੋਹ ਦਾ ਪਸਾਰਾ ਹੈ ਭਾਵ ਸਭ ਦੇ ਅੰਦਰ ਮਾਇਆ ਮੋਹ ਵਾਲੀ ਬਿਰਤੀ ਹੈ ਤਾਂ ਇਹ ਸੱਚ ਹੈ। ਕੋਈ ਵੀ ਸੰਸਾਰ ਤੋਂ ਬਾਹਰ ਨਹੀਂ ਹੈ। ਸਿੱਖ ਜਗਤ ਵੀ ਬਾਹਰ ਨਹੀਂ ਹੈ ਤੇ ਹੋਰ ਵੀ ਕੋਈ ਬਾਹਰ ਨਹੀਂ ਹੈ। ਜੇ ਮਾਇਆ ਮੋਹ ਕਰਕੇ ਹਰ ਕੋਈ ਮਨਮੁਖਿ ਹੈ, ਅਗਿਆਨੀ ਹੈ, ਅੰਧਾ ਹੈ ਭਾਵ ਉਸਦੇ ਮਨ ਵਿੱਚ

41/5274

ਅਗਿਆਨਤਾ ਦਾ ਅੰਧੇਰਾ ਹੈ ਫਿਰ ਇਹ ਸੱਚ ਹੈ, ਪੂਰੇ ਸੰਸਾਰ ਲਈ ਸੱਚ ਹੈ, ਸਿੱਖ ਜਗਤ ਲਈ ਵੀ ਸੱਚ ਹੈ। ਭਾਵੇਂ ਕੋਈ ਗਿਆਨੀ ਅਖਵਾਉਂਦਾ ਹੈ, ਧਰਮ ਦਾ ਵਿਦਵਾਨ ਅਖਵਾਉਂਦਾ ਹੈ ਉਸਦੇ ਲਈ ਵੀ ਸੱਚ ਹੈ। ਜੇ ਕੋਈ ਆਪਣੇ ਆਪ ਨੂੰ ਗਿਆਨਵਾਨ ਕਹਿੰਦਾ ਹੈ ਜਾਂ ਸਮਝਦਾ ਹੈ ਜਾਂ ਤੇ ਫਿਰ ਉਹ ਝੂਠਾ ਹੈ ਤੇ ਜਾਂ ਫਿਰ ਗੁਰੂ ਝੂਠਾ ਹੈ। ਆਪਣੇ ਆਪ ਨੂੰ ਪ੍ਰਮਾਤਮਾ ਦੀ ਪਾਈ ਹੋਈ ਅਗਿਆਨਤਾ ਵਿੱਚੋਂ ਆਪਣੇ ਆਪ ਕੋਈ ਉਸ ਤੋਂ ਬਾਹਰ ਸਮਝੇ ਇਹ ਭਰਮ ਹੈ ਜੋ ਭਰਮ ਸਭ ਜਗ੍ਹਾ ਭਰਪੂਰ ਹੈ। ਅਸੀਂ ਇਹਨਾਂ ਮਨ ਦੇ ਭਰਮਾਂ ਵਿੱਚੋਂ ਹੀ ਨਿਕਲਣਾ ਹੈ। ਜਦ ਤਕ ਸਾਡੇ ਅੰਦਰ ਅਗਿਆਨਤਾ ਵਾਲੀ ਮਤਿ ਹੈ ਤਦ ਤਕ ਮਾਇਆ ਵਾਲੀ ਸਮਝ ਉਸਨੂੰ ਮਾਯਾਵਿਕ ਧੰਧਿਆ ਵਿੱਚ ਹੀ ਉਲਝਾਈ ਰੱਖਦੀ ਹੈ, ਮਾਯਾਵੀ ਪਦਾਰਥਾਂ ਦੇ ਸੁੱਖ ਵਿੱਚ ਹੀ ਪਾਈ ਰੱਖਦੀ ਹੈ ਜਿਸ ਰਾਹੀਂ ਅਸੀਂ ਮਾੜੇ ਕਰਮ ਵੀ ਕਰਦੇ ਹਾਂ, ਲੋਭ ਲਾਲਚ ਕਰਦੇ ਹਾਂ। ਜਿੱਥੇ ਮਾਇਆ ਮੋਹ ਭਾਵ ਜਿੱਥੇ ਧਰਮ ਦੇ ਮਾਰਗ ਨੂੰ ਲੈ ਕੇ ਅਗਿਆਨਤਾ ਹੈ ਉੱਥੇ ਨਾਮ ਨਹੀਂ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਨਹੀਂ ਹੈ, ਗੁਰੂ ਦਾ ਸੱਚਾ ਗਿਆਨ ਨਹੀਂ ਹੈ ਜਿਸ ਕਰਕੇ ਮਨੁੱਖ ਦੁੱਖ ਪਾਉਂਦਾ ਹੈ, ਤ੍ਰਿਸ਼ਨਾਵਾਂ ਵਿੱਚ ਜਾਂਦਾ ਰਹਿੰਦਾ ਹੈ ਤੇ ਅਨੇਕਾਂ ਹੀ ਉਹੋ ਜਿਹੇ ਕਰਮ ਕਰਦਾ ਹੈ ਜੋ ਸਾਨੂੰ ਦੁੱਖਾਂ ਵਿੱਚ ਪਾਉਂਦੇ ਹਨ। ਸਾਡੇ ਅੰਦਰ ਦੁੱਖ ਦਾ ਕਾਰਣ ਮਨ ਦੀ ਅਗਿਆਨਤਾ ਹੈ ਭਾਵ ਨਾਮ ਦਾ ਨਾ ਹੋਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ। ਗੁਰੂ ਦੇ ਸੱਚੇ ਗਿਆਨ ਤੋਂ ਵਿਛੋੜਾ ਹੀ ਭਾਵ ਸੱਚ ਤੋਂ ਵਿਛੋੜਾ ਹੀ ਪ੍ਰਮਾਤਮਾ ਨਾਲੋਂ ਵਿਛੋੜੇ ਦਾ **"ਦੁਖੁ"** ਹੈ ਜਿਸ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਸੁੱਖ ਕੇਵਲ ਸੱਚ ਦੇ ਵਿੱਚ ਹੈ ਜਿਸਦਾ ਨਾ ਹੋਣਾ ਸਾਡੇ ਮਨ ਦੀ ਅਗਿਆਨਤਾ ਹੈ, ਮਾਇਆ ਮੋਹ ਹੈ। **(ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥ ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥੬॥)**

ਗੁਰੂ ਦੀ ਸਾਡੇ ਜੀਵਨ ਵਿੱਚ ਇਹੀ ਮਹਿਤੱਤਾ ਹੈ ਕਿ ਉਹ ਕਿਸੇ ਨੂੰ ਮਾਇਆ ਮੋਹ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਭਾਵ ਗੁਰੂ ਦਾ ਮਕਸਦ ਹੀ, ਧਰਮ ਗ੍ਰੰਥਾਂ ਦਾ ਮਕਸਦ ਹੀ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਜੀਵਨ ਦੇ ਸਹੀ ਮਾਰਗ ਤੇ ਚੱਲੀਏ ਜੋ ਮਾਰਗ ਸਾਨੂੰ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਸਮਝ ਨਹੀਂ ਪੈਂਦਾ। ਗੁਰੂ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥"

41/5275

ਗੁਰਬਾਣੀ ਸਾਡੇ ਕੋਲ **"ਸਤਿਗੁਰੁ"** ਦੇ ਰੂਪ ਵਿੱਚ ਹੈ ਤੇ ਉਹ ਸੱਚਾ ਸਤਿਗੁਰ ਭਾਵ ਪ੍ਰਮਾਤਮਾ ਜਿਸਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹ ਸਾਡੇ ਅੰਦਰ ਹੀ ਹੈ। ਉਹ ਸਾਡੇ ਅੰਦਰ ਆਪਣੇ ਮੇਲ ਦੁਆਰਾ ਸਾਡੇ ਅੰਦਰੋਂ ਹਉਮੈ ਦੀ ਮੈਲ ਹੀ ਕੱਢਦਾ ਹੈ, ਮਾਇਆ ਮੋਹ ਦੀ, ਅਗਿਆਨਤਾ ਦੀ ਮੈਲ ਹੀ ਕੱਢਦਾ ਹੈ, ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਕੱਢਦਾ ਹੈ। ਬੜੇ ਉੱਚੇ ਕਰਮਾਂ ਦੁਆਰਾ ਉਸ ਸਤਿਗੁਰੁ ਦੇ ਨਾਲ ਮੇਲ ਹੁੰਦਾ ਹੈ। ਸਾਡਾ ਮਨ ਹਉਮੈ ਦੀ ਮੈਲ ਦੁਆਰਾ ਅਪਵਿੱਤਰ ਹੈ ਭਾਵ ਮਨ ਦੀ ਅਗਿਆਨਤਾ ਦੀ ਮੈਲ ਦੁਆਰਾ ਅਪਵਿੱਤਰ ਹੈ ਜੋ ਮੈਲ ਸ਼ਬਦ ਦੇ ਗਿਆਨ ਦੁਆਰਾ ਧੁੱਪਦੀ ਹੈ ਜੋ ਮੈਲ ਧੁੱਪਣ ਦੁਆਰਾ ਭਾਵ ਮਨ ਦੇ ਵਿੱਚੋਂ ਅਗਿਆਨਤਾ ਵਾਲੇ ਵਿਚਾਰ ਨਿਕਲਣ ਦੁਆਰਾ, ਭਰਮ ਵਾਲੇ ਵਿਚਾਰ ਨਿਕਲਣ ਦੁਆਰਾ ਸਾਡਾ ਅਪਵਿੱਤਰ ਮਨ ਨਿਰਮਲ ਹੋ ਜਾਂਦਾ ਹੈ ਭਾਵ ਪਵਿੱਤਰ

ਹੋ ਜਾਂਦਾ ਹੈ। ਗੁਰੂ ਦਾ ਸ਼ਬਦ ਹੀ ਗੁਰੂ ਦਾ ਰਤਨ ਹੈ ਜੋ ਕਿ ਗਿਆਨ ਰਤਨ ਹੈ ਜਿਸ ਗਿਆਨ ਦੇ ਸਾਡੇ ਅੰਦਰ ਵੱਸਣ ਨਾਲ ਅਗਿਆਨਤਾ ਵਿੱਚੋਂ ਨਿਕਲਕੇ, ਮਨ ਦੇ ਹਨੇਰੇ ਵਿੱਚੋਂ ਨਿਕਲਕੇ ਸਾਡੀ ਮਤਿ ਨਿਰਮਲ ਹੁੰਦੀ ਹੈ। ਗੁਰੂ ਦਾ ਸ਼ਬਦ ਰੂਪ ਰਤਨ ਹੀ ਨਾਮ ਰਤਨ ਹੈ ਜੋ ਗਿਆਨ ਰਤਨੁ ਹੈ ਭਾਵ ਨਾਮ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਕੱਢਣ ਦਾ ਹੀ ਹੈ ਤੇ ਨਾਮ ਦਾ ਕੋਈ ਹੋਰ ਮਕਸਦ ਨਹੀਂ ਹੈ। ਜੋ ਨਾਮ ਨੂੰ ਇੱਕ ਅੱਖਰ ਸਮਝ ਕੇ ਕਥੀ ਜਾਂਦੇ ਹਨ ਭਾਵ ਬੋਲੀ ਜਾਂਦੇ ਹਨ, ਆਪਣੇ ਵੱਲੋਂ ਨਾਮ ਜੱਪੀ ਜਾਂਦੇ ਹਨ ਉਹ ਫਿਰ ਕਿਤਨੇ ਵੱਡੇ ਭਰਮ ਵਿੱਚ ਹਨ ਤੇ ਫਿਰ ਵੀ ਆਪਣੇ ਆਪ ਨੂੰ ਠੀਕ ਸਮਝਦੇ ਹਨ ਭਾਵ ਸੱਚਾ ਸਮਝਦੇ ਹਨ। ਜੇਕਰ ਉਹ ਆਪ ਸੱਚੇ ਹਨ ਤਾਂ ਫਿਰ ਗੁਰੂ ਨੂੰ ਝੂਠਾ ਸਾਬਿਤ ਕਰਦੇ ਹਨ। ਸਾਰੀ ਬਾਣੀ ਵਿੱਚ ਸ਼ਬਦ ਹਨ ਤੇ ਹਰ ਸ਼ਬਦ ਦਾ ਮਕਸਦ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। ਪੂਰੀ ਗੁਰਬਾਣੀ ਨਾਮ ਦਾ ਭੰਡਾਰ ਹੈ, ਸ਼ਬਦਾਂ ਦਾ ਭੰਡਾਰ ਹੈ, ਗਿਆਨ ਦਾ ਭੰਡਾਰ ਹੈ ਜਿਸਦਾ ਮਕਸਦ ਸਾਰੇ ਸੰਸਾਰ ਵਿੱਚ ਗਿਆਨ ਦਾ ਚਾਨਣ ਕਰਨਾ ਹੀ ਹੈ ਤਾਂ ਜੋ ਪੂਰਾ ਸੰਸਾਰ ਜਿਸਨੂੰ ਪ੍ਰਮਾਤਮਾ ਨੇ ਆਪ ਹੀ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ ਉਸ ਮਾਇਆ ਮੋਹ ਵਿੱਚੋਂ ਨਿਕਲ ਸਕੇ ਭਾਵ ਸ਼ਬਦਾਂ ਦੇ ਗਿਆਨ ਨਾਲ ਜੁੜ ਕੇ, ਸ਼ਬਦਾਂ ਦੀ ਮਤਿ ਦੁਆਰਾ ਵਿਚਰਕੇ ਉਸ ਗਿਆਨ ਦੇ ਮਾਲਕ ਤਕ ਪਹੁੰਚ ਕਰ ਸਕੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰ ਸਕੇ। **(ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥ ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥)** 41/5276

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ ੧੦੬੯)

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥}

(ਅੰਗ ੫੦੫)

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥}

(ਅੰਗ ੧੩੨੭)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥ ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥}

(ਅੰਗ ੧੨੩੯)

ਪ੍ਰਮਾਤਮਾ ਦਾ ਨਾਮ ਕੀ ਹੈ ਭਾਵ ਉਹ ਗਿਆਨ ਦਾ ਰਤਨ ਹੈ ਜਿਸਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਨੂੰ ਕੱਢਣ ਦਾ ਹੈ ਪਰ ਮਨ ਦੀ ਅਗਿਆਨਤਾ ਕਰਕੇ ਸਭ ਨੇ ਨਾਮ ਨੂੰ ਕੀ ਸਮਝਿਆ ਹੋਇਆ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥ ਸਚੁ ਨਾਮੁ ਹਰਿ ਹਿਰਦੈ ਵਸਾਈ ॥
ਕੀਮਤਿ ਕਉਣੁ ਕਰੇ ਪ੍ਰਭ ਤੇਰੀ ਤੂ ਆਪੇ ਸਹਜਿ ਸਮਾਇਆ ॥੮॥”

ਹਰ ਕਿਸੇ ਨੇ ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਨਾਮ ਬਣਾਇਆ ਹੋਇਆ ਹੈ ਪਰ ਨਾਮ ਤਾਂ ਇੱਕੋ ਹੀ ਹੈ ਜਿਸਨੂੰ ਅਸੀਂ ਜੱਪਣਾ ਹੈ। ਪ੍ਰਮਾਤਮਾ ਤਾਂ ਇੱਕੋ ਹੀ ਹੈ ਜਿਸਨੂੰ ਅਸੀਂ ਜੱਪਣਾ ਹੈ ਪਰ ਆਪਣੀ ਆਪਣੀ ਮਤਿ ਦੁਆਰਾ ਅਸੀਂ ਉਸ

ਪ੍ਰਮਾਤਮਾ ਦੇ ਅਨੇਕਾਂ ਨਾਮ ਬਣਾਏ ਹੋਏ ਹਨ ਜਿਨ੍ਹਾਂ ਨੂੰ ਹਰ ਕੋਈ ਆਪਣੀ ਆਪਣੀ ਆਸਥਾ ਅਨੁਸਾਰ ਜੱਪਦਾ ਹੈ। ਕੋਈ ਰਾਮ ਰਾਮ ਕਹਿ ਕੇ ਜੱਪਦਾ ਹੈ, ਕੋਈ ਹਰਿ ਹਰਿ ਕਹਿ ਕੇ ਜੱਪਦਾ ਹੈ, ਕੋਈ ਅਲ੍ਹਾ ਅਲ੍ਹਾ ਕਹਿ ਕੇ ਜੱਪਦਾ ਹੈ ਤੇ ਸਿੱਖ ਜਗਤ ਨੇ ਆਪਣਾ ਵੱਖਰਾ ਨਾਮ ਬਣਾਇਆ ਹੋਇਆ

41/5277

ਹੈ ਜਿਸਨੂੰ ਉਹ ਵਾਹਿਗੁਰੂ ਵਾਹਿਗੁਰੂ ਬੋਲ ਕੇ ਜੱਪਦੇ ਹਨ ਭਾਵ ਸਭ ਕੋਈ ਕਿਸੇ ਅੱਖਰ ਦੀ ਕਥਨੀ ਨੂੰ ਹੀ ਨਾਮ ਜੱਪਣਾ ਸਮਝਦਾ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਨੂੰ ਪਾਉਂਣ ਦੀ ਕੀਮਤ ਸਮਝਦੇ ਹਨ ਕਿ ਇਹੋ ਜਿਹੀ ਕੀਮਤ ਚੁਕਾਉਂਣ ਨਾਲ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਤੇ ਉਸਨੂੰ ਪਾਇਆ ਜਾ ਸਕਦਾ ਹੈ ਲੇਕਿਨ ਗੁਰੂ ਜੀ ਸਾਨੂੰ ਸਮਝਾ ਰਹੇ ਹਨ ਇਸ ਤਰੀਕੇ ਪ੍ਰਮਾਤਮਾ ਦੀ ਕੀਮਤ ਨਹੀਂ ਪਾਈ ਜਾ ਸਕਦੀ ਭਾਵ ਇਹ ਪ੍ਰਮਾਤਮਾ ਨੂੰ ਜਪਣ ਦਾ ਤਰੀਕਾ ਨਹੀਂ ਹੈ ਕਿਉਂਕਿ ਭਰਮੇ ਹੋਏ ਇਸੇ ਨੂੰ ਹੀ ਕੀਮਤ ਪਾਉਂਣੀ ਸਮਝਦੇ ਹਨ, ਗੁਰੂ ਸਾਹਿਬ ਸਾਡਾ ਇਹ ਭਰਮ ਹੀ ਕੱਢ ਰਹੇ ਹਨ। ਗੁਰੂ ਸਾਹਿਬ ਦਾ ਮਕਸਦ ਸਾਡੇ ਭਰਮ ਕੱਢਣਾ ਹੀ ਹੈ। **(ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥)** ਪ੍ਰਮਾਤਮਾ ਨੂੰ ਪਾਉਂਣ ਦੀ ਕੀਮਤ ਕੋਈ ਨਹੀਂ ਚੁਕਾ ਸਕਦਾ ਕਿਉਂਕਿ ਇਹ ਮਸਲਾ ਹੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ, ਮਾਇਆ ਮੋਹ ਵਿੱਚੋਂ ਨਿਕਲਣਾ ਮਨੁੱਖ ਦੀ ਸਮਰਥਾ ਤੋਂ ਬਾਹਰ ਹੈ। ਅਸੀਂ ਕੇਵਲ ਨਾਮ ਦੀ ਮਤਿ ਨੂੰ ਮੰਨਣ ਦਾ ਉੱਦਮ ਹੀ ਕਰਨਾ ਹੈ ਭਾਵ ਅਗਿਆਨਤਾ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਜੋ ਉੱਦਮ ਬਾਰ-ਬਾਰ ਸ਼ਬਦਾਂ ਰਾਹੀਂ ਸਾਡੇ ਨਾ ਲਗਾਇਆ ਹੋਇਆ ਹੈ ਜੋ ਕਿ ਅਉਗੁਣ ਛੱਡ ਕੇ ਚੰਗੇ ਕਰਮ ਕਰਨ ਦਾ ਹੈ। ਜੇਕਰ ਅਸੀਂ ਆਪਣਾ ਫਰਜ ਨਿਭਾਵਾਂਗੇ ਤਾਂ ਫਿਰ ਪ੍ਰਮਾਤਮਾ ਆਪ ਹੀ ਸਾਨੂੰ ਕ੍ਰਿਤਾਰਥ ਕਰਦਾ ਹੈ ਭਾਵ ਆਪਣਾ ਆਪ ਸਾਡੇ ਅੰਦਰ ਵਸਾਉਂਣ ਦੁਆਰਾ ਸਾਡੇ ਤੇ ਕਿਰਪਾ ਕਰਦਾ ਹੈ। ਉਹ ਆਪਣਾ ਨਾਮ ਸਾਡੇ ਅੰਦਰ ਸਹਜਿ ਦੀ ਅਵਸਥਾ ਦੁਆਰਾ ਵਸਾਉਂਦਾ ਹੈ। ਪ੍ਰਮਾਤਮਾ ਆਪਣੀ ਕੀਮਤ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਪ੍ਰਗਟ ਹੋਣ ਦੁਆਰਾ ਪਾਉਂਦਾ ਹੈ। ਜਿਸ ਤਰੀਕੇ ਹਰ ਕੋਈ ਪ੍ਰਮਾਤਮਾ ਦੀ ਕੀਮਤ ਪਾਉਂਣਾ ਸਮਝਦਾ ਹੈ ਉਹ ਪ੍ਰਮਾਤਮਾ ਦੀ ਕੀਮਤ ਪਾਉਂਣ ਦਾ ਤਰੀਕਾ ਹੈ ਹੀ ਨਹੀਂ। ਕੀਮਤ ਤਾਂ ਅਸੀਂ ਗੁਰੂ ਦੇ ਗਿਆਨ ਦੀ ਪਾਉਂਣੀ ਹੈ ਜੋ ਬਹੁਤ ਹੀ ਉੱਚਾ ਗਿਆਨ ਹੈ ਜਿਸਦੀ ਕੀਮਤ ਪਾਉਂਣਾ ਸਾਡੇ ਵੱਸ ਵਿੱਚ ਹੀ ਨਹੀਂ ਹੈ। ਪ੍ਰਮਾਤਮਾ ਚੌਥੇ ਪਦ ਦੇ ਗਿਆਨ ਦੇ ਵਿੱਚ ਹੈ, ਸਾਡੇ ਅੰਦਰ ਸਹਜਿ ਦੀ ਅਵਸਥਾ ਦੇ ਵਿੱਚ ਹੈ ਤੇ ਉਸਦੇ ਸਹਜਿ ਵਿੱਚ ਸਮਾਉਂਣਾ ਭਾਵ ਆਪਣੇ ਆਪ ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਨਿਕਲਕੇ ਚਉਥੇ ਪਦ ਵਿੱਚ ਪਹੁੰਚਣਾ ਕਿਸੇ ਲਈ ਵੀ ਨਾਮੁਮਕਿਨ ਹੈ। ਚਉਥੇ ਪਦ ਦਾ ਗਿਆਨ ਕਿਤਨਾ ਕੂ ਉੱਚਾ ਹੈ, ਕਿਤਨੀ ਉੱਚੀ ਕੀਮਤ ਵਾਲਾ ਹੈ, ਨਾਮ ਕਿਤਨਾ ਕੂ ਉੱਚਾ ਹੈ,

41/5278

ਸ਼ਬਦ ਦੀ ਵਿਚਾਰ ਕਿਤਨੀ ਉੱਚੀ ਹੈ ਭਾਵ ਗਿਆਨ ਦਾ ਮਾਲਕ ਪ੍ਰਮਾਤਮਾ ਕਿਤਨੇ ਉੱਚੇ ਗਿਆਨ ਵਾਲਾ ਹੈ ਇਸਦੀ ਕੀਮਤ ਉਸਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਅਸੀਂ ਕਥਨੀ ਦੁਆਰਾ ਉਸਦੀ ਕੀਮਤ ਪਾਉਂਣੀ ਚਾਹੁੰਦੇ ਹਾਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨਾਂ, ਭਰਮਾਂ ਨੂੰ ਛੱਡੇ ਬਿਨਾਂ ਉਸ ਗਿਆਨ ਰੂਪ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ ਭਾਵ ਨਾਮੁਮਕਿਨ ਗੱਲ ਨੂੰ ਮੁਮਕਿਨ ਗੱਲ ਬਨਾਉਂਣਾ ਚਾਹੁੰਦੇ ਹਾਂ ਜੋ ਕਿ ਕਦੇ ਨਹੀਂ ਹੋ ਸਕਦਾ ਭਾਵ ਕਥਨੀ ਦੁਆਰਾ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ ਹੈ। **(ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥ ਸਚੁ ਨਾਮੁ ਹਰਿ ਹਿਰਦੈ ਵਸਾਈ ॥ ਕੀਮਤਿ ਕਉਣੁ ਕਰੇ ਪ੍ਰਭ ਤੇਰੀ ਤੂ ਆਪੇ ਸਹਜਿ ਸਮਾਇਆ ॥੮॥)**

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥ ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥
ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥}

(ਅੰਗ ੭੯੫)

{ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥
ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਣਹੋਂਦੀ ਹਿਰੈ ॥੨॥}

(ਅੰਗ ੯੦੦)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

{ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥
ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥

ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥
ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥
ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥
ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥
ਗਣਤ ਗਣੀਐ ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥
ਕਰਿ ਅਪਰਾਧ ਸਰਣਿ ਹਮ ਆਇਆ ॥ ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥
ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥
ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥
ਏਕੁ ਬੁਰਾ ਭਲਾ ਸਚੁ ਏਕੈ ॥ ਬੂਝੁ ਗਿਆਨੀ ਸਤਗੁਰ ਕੀ ਟੇਕੈ ॥
ਗੁਰਮੁਖਿ ਵਿਰਲੀ ਏਕੋ ਜਾਣਿਆ ॥ ਆਵਣੁ ਜਾਣਾ ਮੇਟਿ ਸਮਾਣਿਆ ॥੮॥
ਜਿਨ ਕੈ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥
ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥੯॥੪॥}

(ਅੰਗ ੯੦੪-੯੦੫)

{ਮਾਇਆ ਬਿਖੁ ਭੁਇਅੰਗਮ ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥
ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥
ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥
ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉ ਹਾਰਾ ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥
ਸਤਿਗੁਰੁ ਮਿਲੈ ਤ ਮਨੂਆ ਟੇਕੈ ॥ ਰਾਮ ਨਾਮੁ ਦੇ ਸਰਣਿ ਪਰੇਕੈ ॥
ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ ॥੧੬॥
ਰਾਮ ਨਾਮੁ ਸਾਧੂ ਸਰਣਾਈ ॥ ਸਤਿਗੁਰ ਬਚਨੀ ਗਤਿ ਮਿਤਿ ਪਾਈ ॥
ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ ॥੧੭॥੩॥੯॥}

(ਅੰਗ ੧੦੨੯-੧੦੩੦)

ਪਹਿਲੀ ਗੱਲ ਤਾਂ ਅੱਖਰ ਨੂੰ ਨਾਮ ਕਹਿਣ ਵਾਲੇ ਇਹੀ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਨਾਮੁ ਆਪ ਪ੍ਰਮਾਤਮਾ ਹੈ ਭਾਵ ਨਾਮ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ, ਸਾਡੇ ਅੰਦਰ ਨਾਮ ਦਾ ਵੱਸਣਾ ਜਾਂ ਪ੍ਰਮਾਤਮਾ ਦਾ ਵੱਸਣਾ ਇੱਕੋ ਹੀ ਗੱਲ ਹੈ ਤੇ ਇਹੋ ਜਿਹਿਆਂ ਦੀ ਗਿਣਤੀ ਘੱਟ ਨਹੀਂ ਹੈ ਜੋ ਇਹ ਕਹਿੰਦੇ ਹਨ ਕਿ ਉਹਨਾਂ ਦੇ ਅੰਦਰ ਨਾਮ ਵੱਸਿਆ ਹੋਇਆ ਹੈ

41/5279

ਪਰ ਪ੍ਰਮਾਤਮਾ ਕੀ ਹੈ ਇਸਦੀ ਕਿਸੇ ਨੂੰ ਕਉਡੀ ਭਰ ਵੀ ਸਮਝ ਨਹੀਂ ਤੇ ਇਹੋ ਜਿਹੇ ਨਾਮ ਵਾਲੇ ਇਹ ਕਹਿੰਦੇ ਹਨ ਕਿ ਨਾਮ ਜਪੋ ਗਿਆਨ ਤੋਂ ਕੀ ਲੈਣਾ ਹੈ। ਨਾਮ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਸ਼ਬਦ ਦੇ ਅਗਲੇ

ਪਦੇ ਰਾਹੀਂ ਵੀ ਇਹੀ ਗੱਲ ਸਮਝਾਈ ਹੋਈ ਹੈ।

“ਨਾਮੁ ਅਮੋਲਕੁ ਅਗਮ ਅਪਾਰਾ ॥ ਨਾ ਕੋ ਹੋਆ ਤੋਲਣਹਾਰਾ ॥
ਆਪੇ ਤੋਲੇ ਤੋਲਿ ਤੋਲਾਏ ਗੁਰ ਸਬਦੀ ਮੇਲਿ ਤੋਲਾਇਆ ॥੯॥”

ਉਪਰ ਪੰਗਤੀ ਰਾਹੀਂ ਕਿਸਨੂੰ ਸਮਝ ਨਹੀਂ ਆਉਂਦੀ ਕਿ ਨਾਮ ਕੀ ਹੈ ਭਾਵ **“ਨਾਮੁ”** ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਜਿਸਦਾ ਕੋਈ ਮੁੱਲ ਨਹੀਂ ਹੈ ਭਾਵ ਉਸਦੀ ਕੀਮਤ ਕੋਈ ਨਹੀਂ ਪਾ ਸਕਦਾ। ਨਾਮ ਅਗਮ ਹੈ ਭਾਵ ਉਸਨੂੰ ਪ੍ਰਾਪਤ ਕਰਨਾ ਪਹੁੰਚ ਤੋਂ ਬਾਹਰ ਹੈ, ਨਾਮ ਅਪਾਰਾ ਹੈ ਭਾਵ ਜਿਸਦਾ ਪਾਰ ਨਹੀਂ ਪਾਇਆ ਜਾ ਸਕਦਾ ਭਾਵ ਜਿਸਨੂੰ ਸਮਝਿਆ ਨਹੀਂ ਜਾ ਸਕਦਾ ਕਿ ਨਾਮ ਕੀ ਹੈ। ਭਰਮੇ ਹੋਏ ਜੋ ਇੱਕ ਅੱਖਰ ਨੂੰ ਨਾਮ ਸਮਝਦੇ ਹਨ ਉਹਨਾਂ ਵਾਸਤੇ ਨਾ ਹੀ ਨਾਮ ਅਮੋਲਕ ਹੈ, ਨਾ ਹੀ ਅਗਮ ਹੈ, ਨਾ ਹੀ ਅਪਾਰਾ ਹੈ ਭਾਵ ਉਹਨਾਂ ਨੇ ਤਾਂ ਨਾਮ ਤੱਕ ਪਹੁੰਚ ਵੀ ਕਰ ਲਈ ਹੈ, ਨਾਮ ਨੂੰ ਸਮਝ ਵੀ ਲਿਆ ਹੈ ਤੇ ਬੋਲ ਬੋਲ ਕੇ ਉਸਦੀ ਕੀਮਤ ਵੀ ਪਾ ਲੈਂਦੇ ਹਨ ਭਾਵ ਬੋਲ ਕੇ ਨਾਮ ਦਾ ਤੋਲ ਤੁੱਲ ਵੀ ਲੈਂਦੇ ਹਨ ਭਾਵ ਉਹਨਾਂ ਵਾਸਤੇ ਨਾਮ ਬੜੀ ਹੀ ਮਾਮੂਲੀ ਗੱਲ ਹੈ, ਮਾਮੂਲੀ ਜਿਹੀ ਵਸਤੂ ਹੈ। ਗੁਰੂ ਸਾਹਿਬ ਸਾਨੂੰ ਕਹਿ ਰਹੇ ਹਨ ਕਿ ਨਾਮ ਨੂੰ ਕੋਈ ਨਹੀਂ ਤੋਲ ਸਕਦਾ ਪਰ ਇਹ ਭਰਮੇ ਹੋਏ ਕਹਿੰਦੇ ਹਨ ਕਿ ਅਸੀਂ ਤੋਲ ਲੈਂਦੇ ਹਾਂ। **(ਨਾਮੁ ਅਮੋਲਕੁ ਅਗਮ ਅਪਾਰਾ ॥)** ਗੁਰੂ ਸਾਹਿਬ ਸੱਚ ਕਹਿ ਰਹੇ ਹਨ ਜਾਂ ਅੱਖਰ ਨੂੰ ਨਾਮ ਕਹਿਣ ਵਾਲੇ ਸੱਚ ਕਹਿ ਰਹੇ ਹਨ ਇਸਦਾ ਫੈਸਲਾ ਉਹ ਆਪ ਹੀ ਕਰ ਲੈਣ। ਗੁਰੂ ਭਰਮ ਵਿੱਚ ਨਹੀਂ ਹੈ, ਪ੍ਰਮਾਤਮਾ ਭਰਮ ਵਿੱਚ ਨਹੀਂ ਹੈ ਤੇ ਅੱਖਰ ਨੂੰ ਨਾਮ ਕਹਿਣ ਵਾਲਿਉ, ਸਮਝਣ ਵਾਲਿਉ ਨਾ ਆਪ ਭਰਮ ਵਿੱਚ ਪੈ ਕੇ ਗੁਰੂ ਨੂੰ ਝੂਠਾ ਸਾਬਿਤ ਕਰਨ ਦੀ ਕੋਸ਼ਿਸ਼ ਕਰੋ ਤੇ ਨਾ ਹੀ ਦੂਸਰਿਆਂ ਨੂੰ ਝੂਠ ਨਾਲ ਜੋੜੋ। ਗੁਰੂ ਨੂੰ ਝੂਠਾ ਸਾਬਿਤ ਕਰਨਾ ਕਿਤਨੀ ਕੁ ਵੱਡੀ ਮੂਰਖਤਾ ਹੈ ਇਸ ਗੱਲ ਨੂੰ ਸਮਝੋ। ਗੁਰੂ ਨੂੰ ਝੂਠਾ ਸਾਬਿਤ ਕਰਨਾ ਗੁਰੂ ਦੀ ਨਿੰਦਾ ਹੈ, ਗੁਰੂ ਰੂਪ ਸੱਚੇ ਸੰਤ ਦੀ ਨਿੰਦਾ ਹੈ ਜਿਸਦੇ ਦੋਖ ਤੋਂ ਬਚੋ, ਸੰਤ ਦਾ ਦੋਖੀ ਬਣਨ ਤੋਂ ਬਚੋ, ਉਸ ਦੀਆਂ ਸਜਾਵਾਂ ਤੋਂ ਬਚੋ।

ਨਾਮ ਦਾ ਤੋਲ ਪ੍ਰਮਾਤਮਾ ਆਪ ਹੀ ਤੁਲਾਉਂਦਾ ਹੈ, ਆਪਣੇ ਮੇਲ ਦੁਆਰਾ ਤੁਲਾਉਂਦਾ ਹੈ ਭਾਵ ਆਪਣੇ ਮੇਲ ਦੁਆਰਾ,

41/5280

ਸ਼ਬਦਾਂ ਦੇ ਗਿਆਨ ਦੁਆਰਾ ਭਾਵ ਆਪਣਾ ਨਾਮ ਦੇਣ ਦੁਆਰਾ ਤੋਲ ਤੁਲਾਉਂਦਾ ਹੈ। ਸ਼ਬਦਾਂ ਦੇ ਗਿਆਨ ਵਾਲੀ ਮਤਿ ਤੇ ਪੂਰਾ ਉਤਰਨਾ ਹੀ ਨਾਮ ਦਾ ਤੋਲ ਤੁਲਣਾ ਹੈ ਭਾਵ ਗੁਰਮਤਿ ਦੀ ਪੂਰਨ ਸੋਝੀ ਦੁਆਰਾ ਵਿਚਰਨਾ ਹੀ ਨਾਮ ਦਾ ਤੋਲ ਤੁਲਣਾ ਹੈ। ਗੁਰਮਤਿ ਦਾ ਤੋਲ ਤੁਲਣਾ ਹੀ ਨਾਮ ਦਾ ਤੋਲ ਤੁਲਣਾ ਹੈ। ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣੀ ਸੱਚੀ ਮਤਿ ਦਿੰਦਾ ਹੈ ਤੇ ਆਪ ਹੀ ਉਸ ਮਤਿ ਦੁਆਰਾ ਚਲਾਕੇ ਆਪਣਾ ਤੋਲ ਤੁਲਾਉਂਦਾ ਹੈ। ਇਹ ਤੋਲ ਤੁਲਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ। **(ਨਾਮੁ ਅਮੋਲਕੁ ਅਗਮ ਅਪਾਰਾ ॥ ਨਾ ਕੋ ਹੋਆ ਤੋਲਣਹਾਰਾ ॥ ਆਪੇ ਤੋਲੇ ਤੋਲਿ ਤੋਲਾਏ ਗੁਰ ਸਬਦੀ ਮੇਲਿ ਤੋਲਾਇਆ ॥੯॥)**

ਆਪਣੇ ਵੱਲੋਂ ਪ੍ਰਮਾਤਮਾ ਦੀ ਵਡਿਆਈ ਤਾਂ ਕਰਨ ਵਾਲੇ ਬਹੁਤ ਹਨ ਪਰ ਜਦ ਤਕ ਅਸੀਂ ਮਾਇਆ ਮੋਹ ਵਿੱਚ ਹਾਂ ਭਾਵ ਮਨ ਦੀ ਅਗਿਆਨਤਾ ਵਿੱਚ ਹਾਂ ਤਦ ਤਕ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ ਤੇ ਇਹੋ ਜਿਹੀ ਵਡਿਆਈ ਕਿਸੇ ਲੇਖੇ ਨਹੀਂ ਪੈਂਦੀ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਸੂਹੀ ਮਹਲਾ ੫ ॥

“ਕਵਨ ਕਾਜ ਮਾਇਆ ਵਡਿਆਈ ॥ ਜਾ ਕਉ ਬਿਨਸਤ ਬਾਰ ਨ ਕਾਈ ॥੧॥
ਇਹੁ ਸੁਪਨਾ ਸੋਵਤ ਨਹੀ ਜਾਨੈ ॥ ਅਚੇਤ ਬਿਵਸਥਾ ਮਹਿ ਲਪਟਾਨੈ ॥੧॥ ਰਹਾਉ ॥
ਮਹਾ ਮੋਹਿ ਮੋਹਿਓ ਗਾਵਾਰਾ ॥ ਪੇਖਤ ਪੇਖਤ ਊਠਿ ਸਿਧਾਰਾ ॥੨॥
ਊਚ ਤੇ ਊਚ ਤਾ ਕਾ ਦਰਬਾਰਾ ॥ ਕਈ ਜੰਤ ਬਿਨਾਹਿ ਉਪਾਰਾ ॥੩॥
ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦॥੧੬॥”

(ਅੰਗ ੭੪੦)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਕਿਸੇ ਦੀ ਵਡਿਆਈ ਕਰਨੀ ਕੀ ਹੁੰਦੀ ਹੈ। ਇਸ ਗੱਲ ਨੂੰ ਲੇਖ ਵਿੱਚ ਕਾਫੀ ਪਿੱਛੇ ਵੀ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਵਡਿਆਉਂਦੇ ਉਸਨੂੰ ਹਾਂ ਜਿਸਦੀ ਗੱਲ

ਨੂੰ ਅਸੀਂ ਮੰਨਦੇ ਹਾਂ। ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਦੇ ਹਾਂ ਭਾਵ ਗੁਰੂ ਦੀ ਗੱਲ ਤੇ ਅਮਲ ਕਰਦੇ ਹਾਂ ਇਹ ਗੁਰੂ ਦੀ ਵਡਿਆਈ ਕਰਨੀ ਹੈ ਭਾਵ ਕਥਨੀ ਕਰੀ ਜਾਣਾ, ਸ਼ਬਦਾਂ ਦੀ ਕਥਨੀ ਕਰੀ ਜਾਣਾ ਗੁਰੂ ਦੀ ਵਡਿਆਈ ਨਹੀਂ ਹੈ ਜਿਵੇਂ ਕਿ ਸਾਡੇ ਕੋਲੋਂ ਕੁਝ ਸ਼ਬਦ ਬੋਲਣ ਦੁਆਰਾ ਸਾਡੇ ਮਾਂ ਬਾਪ ਸਾਡੇ ਕੋਲੋਂ ਪਾਣੀ ਮੰਗਦੇ ਹਨ, ਦਵਾਈ ਮੰਗਦੇ ਹਨ ਕਿ ਮੈਨੂੰ ਪਾਣੀ ਦੀ ਲੋੜ ਹੈ, ਮੈਨੂੰ ਦਵਾਈ ਦੀ ਲੋੜ ਹੈ ਤੇ ਜੇਕਰ ਅਸੀਂ ਉਹਨਾਂ ਦੀ ਲੋੜ ਪੂਰੀ ਨਹੀਂ ਕਰਦੇ ਕੀ ਇਸ ਵਿੱਚ ਉਹਨਾਂ ਦੀ ਵਡਿਆਈ ਹੁੰਦੀ ਹੈ, ਉਹਨਾਂ ਨੂੰ ਖੁਸ਼ੀ ਮਿਲਦੀ ਹੈ ਭਾਵ ਜੋ ਗੱਲ ਮਾਂ ਬਾਪ ਨੇ ਆਖੀ ਹੈ ਉਹੀ ਗੱਲ ਅਸੀਂ ਕਹੀ ਜਾਈਏ ਕਿ ਮੈਨੂੰ ਪਾਣੀ ਦੀ ਲੋੜ ਹੈ, ਮੈਨੂੰ ਦਵਾਈ ਦੀ ਲੋੜ ਹੈ ਭਾਵ ਉਹਨਾਂ ਦੀ ਬੋਲੀ ਹੋਈ ਗੱਲ ਨੂੰ

41/5281

ਹੀ ਬਾਰ-ਬਾਰ ਕਥੀ ਜਾਈਏ ਪਰ ਉਹਨਾਂ ਦੀ ਗੱਲ ਤੇ ਅਮਲ ਨਾ ਕਰੀਏ ਭਾਵ ਨਾ ਉਹਨਾਂ ਨੂੰ ਪਾਣੀ ਦੇਈਏ, ਨਾ ਦਵਾਈ ਦੇਈਏ ਫਿਰ ਕੀ ਇਸ ਤਰੀਕੇ ਅਸੀਂ ਮਾਂ ਬਾਪ ਦੀ ਕੋਈ ਵਡਿਆਈ ਕੀਤੀ ਭਾਵ ਨਹੀਂ ਕੀਤੀ। ਜੇਕਰ ਅਸੀਂ ਮਾਂ ਪਿਉ ਦੀ ਗੱਲ ਨਹੀਂ ਮੰਨੀ ਫਿਰ ਅਸੀਂ ਕਿਸਦੀ ਗੱਲ ਮੰਨੀ ਭਾਵ ਆਪਣੇ ਮਨ ਦੀ ਗੱਲ ਮੰਨੀ ਭਾਵ ਅਸੀਂ ਮਾਂ ਪਿਉ ਦੀ ਮਤਿ ਨੂੰ ਨਹੀਂ ਵਡਿਆਇਆ, ਆਪਣੀ ਮਤਿ ਨੂੰ ਵਡਿਆਇਆ ਭਾਵ ਆਪਣੀ ਨਾਸਮਝ ਮਤਿ ਨੂੰ ਵਡਿਆਇਆ। ਸਾਡੇ ਅੰਦਰ ਦੀ ਨਾਸਮਝ ਮਤਿ, ਅਗਿਆਨਤਾ ਵਾਲੀ ਮਤਿ ਹੀ ਸਾਡੇ ਅੰਦਰ ਦੀ ਮਾਇਆ ਹੈ ਭਾਵ ਅਸੀਂ ਮਾਇਆ ਦੀ ਵਡਿਆਈ ਕੀਤੀ। ਅਸੀਂ ਗੁਰੂ ਦੀ ਵਡਿਆਈ ਇਸੇ ਤਰੀਕੇ ਹੀ ਕਰਦੇ ਹਾਂ ਭਾਵ ਗੁਰੂ ਦੀ ਕਹੀ ਹੋਈ ਗੱਲ ਨੂੰ ਹੀ ਕਥੀ ਜਾਂਦੇ ਹਾਂ, ਸ਼ਬਦਾਂ ਨੂੰ ਕਥੀ ਜਾਂਦੇ ਹਾਂ ਤੇ ਉਸੇ ਵਿੱਚ ਹੀ ਗੁਰੂ ਦੀ ਵਡਿਆਈ ਕਰਨੀ ਸਮਝਦੇ ਹਾਂ ਜਿਸ ਕਰਕੇ ਵੱਧ ਤੋਂ ਵੱਧ ਸ਼ਬਦਾਂ ਦੀ ਕਥਨੀ ਕਰਦੇ ਹਾਂ, ਦਿਨ ਰਾਤ ਕਥਨੀ ਵਿੱਚ ਲੱਗੇ ਰਹਿੰਦੇ ਹਾਂ ਪਰ ਗੁਰੂ ਦੀ ਗੱਲ ਨੂੰ ਮੰਨਦੇ ਨਹੀਂ ਤੇ ਵਿਚਰਦੇ ਉਸੇ ਤਰੀਕੇ ਹਾਂ ਜੋ ਸਾਡੀ ਮਤਿ ਨੂੰ ਚੰਗਾ ਲੱਗਦਾ ਹੈ। ਗੁਰੂ ਦੀ ਮਤਿ ਨੂੰ ਨਾ ਮੰਨ ਕੇ ਆਪਣੀ ਮਾਇਆ ਰੂਪ ਮਤਿ ਰਾਹੀਂ ਵਿਚਰਨਾ ਇਹ ਮਾਇਆ ਦੀ ਵਡਿਆਈ ਹੈ ਭਾਵ ਅਸੀਂ ਆਪਣੀ ਮਤਿ ਨੂੰ ਹੀ ਉੱਚਾ ਕਰਕੇ ਚੱਲਦੇ ਹਾਂ ਤੇ ਗੁਰੂ ਦੀ ਮਤਿ ਸਾਡੇ ਲਈ ਇੱਕ ਕਥਨੀ ਹੈ ਜਿਸ ਰਾਹੀਂ ਗੁਰੂ ਦੀ ਕੋਈ ਵਡਿਆਈ ਨਹੀਂ ਹੈ। ਇਸ ਤਰੀਕੇ ਗੁਰੂ ਦੀ ਵਡਿਆਈ ਕਰਨਾ ਕਿਸੇ ਲੇਖੇ ਨਹੀਂ ਹੈ, ਕਿਸੇ ਕਾਜ ਨਹੀਂ ਹੈ ਜਿਸਨੂੰ ਬਿਨਸਦਿਆਂ ਪਲ ਵੀ ਨਹੀਂ ਲੱਗਦਾ ਭਾਵ ਸਾਡੀ ਨਾਸਮਝ ਮਤਿ ਦੁਆਰਾ ਕੀਤੀ ਵਡਿਆਈ ਕਿਸੇ ਲੇਖੇ ਨਹੀਂ ਹੈ। ਸਾਡੀ ਨਾਸਮਝ ਮਤਿ ਦੀ ਵਿਚਰਨ ਦੁਆਰਾ ਅਸੀਂ ਭਾਵੇਂ ਬੋਲ ਬੋਲ ਕੇ ਗੁਰੂ ਦੀ ਵਡਿਆਈ ਕਰਦੇ ਹਾਂ ਉਹ ਕਿਸੇ ਲੇਖੇ ਨਹੀਂ ਭਾਵ ਕੇਵਲ ਸਾਡਾ ਭਰਮ ਹੈ। **(ਕਵਨ ਕਾਜ ਮਾਇਆ ਵਡਿਆਈ॥ ਜਾ ਕਉ ਬਿਨਸਤ ਬਾਰ ਨ ਕਾਈ ॥੧॥)**

ਸਾਡੇ ਅੰਦਰ ਇਹ ਮਾਇਆ ਕਿਸ ਰੂਪ ਵਿੱਚ ਹੈ ਜਿਸ ਕਰਕੇ ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝ ਨਹੀਂ ਆਉਂਦੀ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਇਹੁ ਸੁਪਨਾ ਸੋਵਤ ਨਹੀ ਜਾਨੈ ॥ ਅਚੇਤ ਬਿਵਸਥਾ ਮਹਿ ਲਪਟਾਨੈ ॥੧॥ ਰਹਾਉ ॥”

ਇਹ ਮਾਇਆ ਮੋਹ ਵਾਲੀ ਮਤਿ ਪ੍ਰਮਾਤਮਾ ਨੂੰ, ਉਸਦੇ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਸਾਰੇ ਸੰਸਾਰ ਵਿੱਚ ਇੱਕੋ ਜਿਹੀ ਹੀ ਵਰਤਦੀ ਹੈ। ਇਹ ਮਾਇਆ ਵਾਲੀ ਸਮਝ ਸਾਡੇ ਅੰਦਰ ਇੱਕ ਸੁਪਨੇ ਦੀ ਤਰ੍ਹਾਂ ਹੈ ਜੋ ਸੁਪਨਾ ਹਰ ਕੋਈ ਸੁੱਤੇ ਹੋਏ ਦੇਖਦਾ ਹੈ, ਨੀਂਦ ਵਿੱਚ ਦੇਖਦਾ ਹੈ ਜਿਸ

41/5282

ਨੂੰ ਹਰ ਕੋਈ ਜਾਣਦਾ ਹੈ ਕਿ ਸੁਪਨਾ ਕੀ ਹੁੰਦਾ ਹੈ। ਜਦੋਂ ਰਾਤ ਦੀ ਨੀਂਦ ਵਿੱਚ ਅਸੀਂ ਜੋ ਸੁਪਨਾ ਦੇਖਦੇ ਹਾਂ ਉਹ ਸੁਪਨਾ ਸਾਨੂੰ ਸੱਚ ਹੀ ਲੱਗਦਾ ਹੈ ਪਰ ਅਸਲ ਵਿੱਚ ਉਹ ਸੱਚ ਨਹੀਂ ਹੁੰਦਾ, ਨੀਂਦ ਖੁੱਲਦੇ ਹੀ ਸੱਚ ਸਾਹਮਣੇ ਆ ਜਾਂਦਾ ਹੈ ਬਿਲਕੁੱਲ ਇਹੀ ਮਨੁੱਖੀ ਮਨ ਦੀ ਹਾਲਤ ਹੈ ਜਿਸ ਹਾਲ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ। ਇਹ ਸਾਡੇ ਅੰਦਰ ਮਨ ਦੀ ਅਗਿਆਨਤਾ ਵਾਲੀ ਨੀਂਦ ਹੈ, ਮਾਇਆ ਮੋਹ ਦੀ ਨੀਂਦ ਹੈ ਜਿਸ ਰਾਹੀਂ ਸਰੀਰਕ ਤੌਰ ਤੇ ਹਰ ਕੋਈ ਜਾਗਦਾ ਹੋਇਆ ਵੀ ਨੀਂਦ ਵਿੱਚ ਹੈ ਭਾਵ ਭਰਮ ਵਾਲੀ ਮਤਿ ਵਿੱਚ ਹੈ ਜੋ ਇੱਕ ਝੂਠ ਨੂੰ ਵੀ ਸੱਚ ਸਮਝਦੀ ਹੈ, ਸੁਪਨੇ ਦੀ ਤਰ੍ਹਾਂ ਸੱਚ ਸਮਝਦੀ ਹੈ। ਜਿਹੋ ਜਿਹੀ ਭਗਤੀ ਦੇ ਮਾਰਗ ਤੇ ਹਰ ਕੋਈ ਲੱਗਾ ਹੋਇਆ ਹੈ, ਆਪਣੇ ਵੱਲੋਂ ਪ੍ਰਮਾਤਮਾ ਦੀ ਵਡਿਆਈ ਕਰਨ ਵਿੱਚ ਲੱਗਾ ਹੋਇਆ ਹੈ ਉਹ ਉਸ ਮਾਰਗ ਨੂੰ ਸੱਚ ਹੀ ਸਮਝਦਾ ਹੈ ਭਾਵ ਇੱਕ ਸੁਪਨੇ ਦੀ ਤਰ੍ਹਾਂ ਉਸਨੂੰ ਇਹ ਸੱਚ ਹੀ ਮਹਿਸੂਸ ਹੁੰਦਾ ਹੈ ਜੋ ਕਿ ਅਸਲ ਵਿੱਚ ਸੱਚ ਨਹੀਂ ਹੈ ਜਿਸਦੀ ਸਮਝ ਸੁਪਨਾ ਟੁੱਟਣ ਤੇ ਹੀ ਲੱਗਦੀ ਹੈ ਭਾਵ ਮਨ ਦੀ ਅਗਿਆਨਤਾ ਨਿਕਲਣ ਤੇ ਹੀ ਲੱਗਦੀ ਹੈ ਭਾਵ ਮਾਇਆ ਮੋਹ

ਨਿਕਲਣ ਦੁਆਰਾ ਹੀ ਲੱਗਦੀ ਹੈ। ਜਿਵੇਂ ਸੁਪਨਾ ਸਾਨੂੰ ਅਚੇਤ ਅਵਸਥਾ ਵਿੱਚ ਰੱਖਦਾ ਹੈ ਇਸੇ ਤਰ੍ਹਾਂ ਸਾਡੇ ਅੰਦਰ ਦੀ ਮਾਇਆ ਮਨ ਦੀ ਅਚੇਤ ਬਿਵਸਥਾ ਵਿੱਚ ਰੱਖਦੀ ਹੈ ਤੇ ਹਰ ਕੋਈ ਇਸ ਅਚੇਤ ਅਵਸਥਾ ਨਾਲ ਹੀ ਲਿਪਟਿਆ ਰਹਿੰਦਾ ਹੈ, ਜੁੜਿਆ ਰਹਿੰਦਾ ਹੈ ਜਿਸ ਵਿੱਚੋਂ ਕੋਈ ਨਹੀਂ ਨਿਕਲ ਸਕਦਾ ਕਿਉਂਕਿ ਸਾਡੇ ਅੰਦਰ ਇਹ ਅਵਸਥਾ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਵਿੱਚੋਂ ਆਪਣੇ ਆਪ ਨਿਕਲਣਾ ਨਾਮੁਮਕਿਨ ਹੈ। **(ਇਹੁ ਸੁਪਨਾ ਸੋਵਤ ਨਹੀ ਜਾਨੈ ॥ ਅਚੇਤ ਬਿਵਸਥਾ ਮਹਿ ਲਪਟਾਨੈ ॥੧॥ ਰਹਾਉ ॥)**

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥}

(ਅੰਗ ੧੧੨)

{ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥}

(ਅੰਗ ੪੧੮)

{ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥ ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ ॥
ਆਪਿ ਬਿਨਾਹੇ ਆਪਿ ਕਰੇ ਰਾਸਿ ॥ ਨਾਨਕ ਪ੍ਰਭ ਆਗੈ ਅਰਦਾਸਿ ॥੪॥੧੧॥੮੦॥}

(ਅੰਗ ੧੭੯)

{ਇਹੁ ਜਗਤੁ ਜੀਵਤੁ ਮਰੈ ਜਾ ਇਸ ਨੋ ਸੋਝੀ ਹੋਇ ॥
ਜਾ ਤਿਨ੍ਹ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ ॥}

(ਅੰਗ ੫੫੪)

41/5283

{ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥ ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥
ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ ॥੨॥}

(ਅੰਗ ੧੮)

{ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥
ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ ੩੪-੩੫)

{ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥ ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ॥
ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥੭॥}

(ਅੰਗ ੬੩)

{ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥}

(ਅੰਗ ੨੧੯)

{ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥੧॥ ਬਾਬਾ ਮਾਇਆ ਮੋਹ ਹਿਤੁ ਕੀਨ੍ ॥
ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥}

(ਅੰਗ ੪੮੨)

{ਚੰਚਲੁ ਸੁਪਨੈ ਹੀ ਉਰਝਾਇਓ ॥ ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ ॥੧॥ ਰਹਾਉ॥
ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ ॥
ਲੋਭ ਸੁਨੈ ਮਨਿ ਸੁਖੁ ਕਰਿ ਮਾਨੈ ਬੇਗਿ ਤਹਾ ਉਠਿ ਧਾਇਓ ॥੧॥
ਫਿਰਤ ਫਿਰਤ ਬਹੁਤੁ ਸ੍ਰਮੁ ਪਾਇਓ ਸੰਤ ਦੁਆਰੈ ਆਇਓ ॥
ਕਰੀ ਕ੍ਰਿਪਾ ਪਾਰਬ੍ਰਹਮਿ ਸੁਆਮੀ ਨਾਨਕ ਲੀਓ ਸਮਾਇਓ ॥੨॥੧੫॥}

(ਅੰਗ ੫੩੧)

{ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥}

(ਅੰਗ ੫੫੮)

{ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ ॥
ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ ॥ ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ ॥
ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ ॥ ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ ॥
ਨਾਮਿ ਰਤੇ ਗੁਰਿ ਪੂਰੈ ਰਾਖੇ ਨਾਨਕ ਸਹਜਿ ਸੁਭਾਏ ॥੪॥੪॥}

(ਅੰਗ ੫੯੧)

{ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ ॥
ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ ॥੧॥
ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥ ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥੨॥}

(ਅੰਗ ੭੦੭)

ਪਉੜੀ ॥

{ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥ ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥
ਆਰਜਾ ਗਈ ਵਿਹਾਇ ਧੰਧੈ ਧਾਇਆ ॥ ਪੂਰਨ ਭਏ ਨ ਕਾਮ ਮੋਹਿਆ ਮਾਇਆ ॥
ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥੮॥}

(ਅੰਗ ੭੦੭)

{ਤੁਮਹਿ ਛਡਾਇ ਲੀਓ ਜਨੁ ਅਪਨਾ ॥ ਉਰਝਿ ਪਰਿਓ ਜਾਲੁ ਜਗੁ ਸੁਪਨਾ ॥੧॥ ਰਹਾਉ ॥}

(ਅੰਗ ੭੪੨)

{ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥}

(ਅੰਗ ੮੦੮)

{ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥ ਤੇਰੈ ਕਾਜਿ ਨ ਅਵਰਾ ਜੋਗ ॥
ਕਰਿ ਅਹੰਕਾਰੁ ਹੋਇ ਵਰਤਹਿ ਅੰਧ ॥ ਜਮ ਕੀ ਜੇਵੜੀ ਤੂ ਆਗੈ ਬੰਧ ॥੧॥
ਛਾਡਿ ਵਿਡਾਣੀ ਤਾਤਿ ਮੂੜੇ ॥ ਈਹਾ ਬਸਨਾ ਰਾਤਿ ਮੂੜੇ ॥
ਮਾਇਆ ਕੇ ਮਾਤੇ ਤੈ ਉਠਿ ਚਲਨਾ ॥ ਰਾਚਿ ਰਹਿਓ ਤੂ ਸੰਗਿ ਸੁਪਨਾ ॥੧॥ ਰਹਾਉ ॥}

(ਅੰਗ ੮੮੯)

41/5284

{ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥}

(ਅੰਗ ੮੮੫)

{ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥}

(ਅੰਗ ੧੦੪੫)

{ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ ॥
ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥੨॥੧॥}

(ਅੰਗ ੧੨੩੧)

{ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥
ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੮॥
ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥
ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨॥}

(ਅੰਗ ੧੨੭੪)

ਸਾਡੇ ਅੰਦਰ ਸੁਪਨਾ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਇਹ ਸੁਪਨਾ ਸਾਡੇ ਮਨ ਦੀ ਅਗਿਆਨਤਾ ਹੈ ਜਿਸ ਵਿੱਚ ਸਾਡੇ ਮਨ ਦੀ ਸਮਝ ਹਰ ਵੇਲੇ ਸੁੱਤੀ ਰਹਿੰਦੀ ਹੈ। ਪ੍ਰਮਾਤਮਾ ਇਸ ਸੁਪਨੇ ਵਾਲੀ ਮਤਿ ਵਿੱਚੋਂ ਕਦੇ ਹੀ ਕਿਸੇ ਵਿਰਲੇ ਨੂੰ ਕੱਢਦਾ ਹੈ ਤੇ ਉਸਨੂੰ ਇਸ ਸੰਸਾਰ ਦੀ, ਆਪਣੇ ਆਪ ਦੀ, ਪ੍ਰਮਾਤਮਾ ਦੀ ਅਸਲੀਅਤ ਸਮਝ ਆਉਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਈ ਹੈ। ਸਾਰਾ ਸੰਸਾਰ ਇਸ ਸੁਪਨੇ ਵਾਲੀ ਨੀਂਦਰ ਵਿੱਚ ਹੀ ਇੱਥੇ ਆਉਂਦਾ ਹੈ ਤੇ ਉਸੇ ਨੀਂਦਰ ਵਿੱਚ ਹੀ ਇੱਥੋਂ ਚਲਾ ਜਾਂਦਾ ਹੈ ਭਾਵ ਭਰਮ ਵਿੱਚ ਹੀ ਆਉਂਦਾ ਹੈ ਤੇ ਭਰਮ ਵਿੱਚ ਹੀ ਚਲਾ ਜਾਂਦਾ ਹੈ ਭਾਵ ਹਰ ਕੋਈ ਅਸਲੀਅਤ ਨੂੰ ਜਾਨਣ ਤੋਂ ਵਾਂਝਾ ਹੀ ਰਹਿੰਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮਹਾ ਮੋਹਿ ਮੋਹਿਓ ਗਾਵਾਰਾ ॥ ਪੇਖਤ ਪੇਖਤ ਊਠਿ ਸਿਧਾਰਾ ॥੨॥”

ਸਾਡੇ ਅੰਦਰ ਦੀ ਇਹ ਮਾਇਆ **“ਮਹਾ ਮੋਹਿ”** ਹੈ ਭਾਵ ਬਹੁਤ ਵੱਡੀ ਅਗਿਆਨਤਾ ਹੈ ਜਿਸਨੇ ਸਾਰੇ ਸੰਸਾਰ ਨੂੰ ਮੋਹ ਕੇ ਗਾਵਾਰ ਬਣਾਇਆ ਹੋਇਆ ਹੈ ਭਾਵ ਵੱਡੀ ਮੂਰਖਤਾ ਵਿੱਚ ਰੱਖਿਆ ਹੋਇਆ ਹੈ। ਮਨ ਦੀ ਵੱਡੀ ਅਗਿਆਨਤਾ ਹੀ ਸਾਡੇ ਅੰਦਰ ਦਾ ਸੁਪਨਾ ਹੈ ਜਿਸ ਸੁਪਨੇ ਵਿੱਚ ਅਸੀਂ ਹਰ ਵੇਲੇ ਰਹਿੰਦੇ ਹਾਂ। ਇਹ ਸੁਪਨਾ ਵੇਖਦੇ ਵੇਖਦੇ ਮਨੁੱਖ ਇਸ ਸੰਸਾਰ ਤੋਂ ਉੱਠ ਜਾਂਦਾ ਹੈ ਭਾਵ ਸੁਪਨੇ ਵਿੱਚ ਆਉਂਦਾ ਹੈ ਤੇ ਸੁਪਨੇ ਵਿੱਚ ਹੀ ਚਲਾ ਜਾਂਦਾ ਹੈ ਭਾਵ ਮਾਇਆ ਮੋਹ ਵਿੱਚ ਆਉਂਦਾ ਹੈ ਤੇ ਮਾਇਆ ਮੋਹ

ਵਿੱਚ ਹੀ ਚਲਾ ਜਾਂਦਾ ਹੈ ਭਾਵ ਸੰਸਾਰ ਦੀ ਅਸਲੀਅਤ ਨੂੰ, ਪ੍ਰਮਾਤਮਾ ਦੀ ਅਸਲੀਅਤ ਨੂੰ, ਆਪਣੇ ਆਪ ਦੀ ਅਸਲੀਅਤ ਨੂੰ ਜਾਣੇ ਬਿਨਾਂ ਹੀ ਹਰ ਕੋਈ ਇੱਥੋਂ ਚਲਾ ਜਾਂਦਾ ਹੈ। **(ਮਹਾ ਮੋਹਿ ਮੋਹਿਓ ਗਾਵਾਰਾ ॥ ਪੇਖਤ ਪੇਖਤ ਊਠਿ ਸਿਧਾਰਾ ॥੨॥)**

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥}

(ਅੰਗ ੧੪੨੭)

{ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥}

(ਅੰਗ ੫੫੯)

ਜਿਸ ਅਵਸਥਾ ਵਿੱਚ ਸਾਡਾ ਸਰੀਰ ਵਿਚਰਦਾ ਹੈ ਉਸ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੈ। ਇਸ ਅਵਸਥਾ ਵਿੱਚੋਂ ਸਾਨੂੰ ਕੱਢ ਵੀ ਆਪ ਪ੍ਰਮਾਤਮਾ ਹੀ ਸਕਦਾ ਹੈ ਤੇ ਹੋਰ ਕੋਈ ਨਹੀਂ। ਪ੍ਰਮਾਤਮਾ ਆਪ ਉੱਚਾ ਹੈ ਤੇ ਹੋਰ ਸਭ ਨੂੰ ਉਸਨੇ ਨੀਵਾਂ ਰੱਖਿਆ ਹੋਇਆ ਹੈ। ਅਸੀਂ ਆਪਣੀ ਅਗਿਆਨਤਾ ਵਾਲੀ ਮਤਿ ਕਰਕੇ ਨੀਵੇਂ ਹਾਂ ਤੇ ਪ੍ਰਮਾਤਮਾ ਆਪਣੇ ਗਿਆਨ ਕਰਕੇ ਉੱਚਾ ਹੈ ਤੇ ਸਾਨੂੰ ਨੀਵੀਂ ਮਤਿ ਵਿੱਚੋਂ ਕੇਵਲ ਉਹ ਉੱਚੀ ਮਤਿ ਵਾਲਾ ਪ੍ਰਮਾਤਮਾ ਹੀ ਕੱਢ ਸਕਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਊਚ ਤੇ ਊਚ ਤਾ ਕਾ ਦਰਬਾਰਾ ॥ ਕਈ ਜੰਤ ਬਿਨਾਹਿ ਉਪਾਰਾ ॥੩॥”

ਪ੍ਰਮਾਤਮਾ ਆਪ ਹੀ ਆਪਣੇ ਆਪ ਵਿੱਚ ਉੱਚਾ ਹੈ ਭਾਵ ਪ੍ਰਮਾਤਮਾ ਆਪ ਗਿਆਨ ਦਾ ਮਾਲਕ ਹੈ ਤੇ ਇਸ ਕਰਕੇ ਪ੍ਰਮਾਤਮਾ ਦਾ ਦਰਬਾਰ ਹੀ ਕੇਵਲ ਉੱਚਾ ਹੈ ਭਾਵ ਹੋਰ ਕੋਈ ਐਸਾ ਦਰਬਾਰ ਨਹੀਂ ਹੈ ਜਿਸਨੂੰ ਉੱਚਾ ਕਿਹਾ ਜਾ ਸਕੇ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਕਰਕੇ ਉੱਚਾ ਹੈ ਜੋ ਗਿਆਨ ਕੇਵਲ ਉਸਦੇ ਆਪਣੇ ਕੋਲ ਹੀ ਹੈ ਭਾਵ ਹੋਰ ਕਿਸੇ ਕੋਲ ਇਹ ਗਿਆਨ ਨਹੀਂ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੱਚਾ ਦਰਬਾਰ ਹੈ ਜਿਸ ਵਿੱਚ ਉਸਨੇ ਆਪ ਹੀ ਗਿਆਨ ਪਾਇਆ ਹੋਇਆ ਹੈ ਭਾਵ ਆਪ ਹੀ ਆਪਣੇ ਦਰਬਾਰ ਨੂੰ ਉੱਚਾ ਕੀਤਾ ਹੋਇਆ ਹੈ। ਜਿਸ ਮਨ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ ਉਹ ਆਪਣਾ ਦਰਬਾਰ ਲਗਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਲਗਾਇਆ ਹੈ। ਉਹਨਾਂ ਸਰੀਰਾਂ ਰਾਹੀਂ ਉਸਦੇ ਦਰਬਾਰ ਵਿੱਚੋਂ ਜੋ ਗਿਆਨ ਉਪਜਿਆ ਹੈ ਉਹੀ ਸਾਰਾ ਗਿਆਨ ਗੁਰਬਾਣੀ ਦੇ ਅੰਦਰ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਜਿਸਨੂੰ ਪ੍ਰਮਾਤਮਾ ਆਪਣਾ ਦਰਬਾਰ ਦਿਖਾਉਂਦਾ ਹੈ ਉਸਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਹੀ ਦਿਖਾਉਂਦਾ ਹੈ ਤੇ ਆਪਣਾ ਇਹ ਦਰਬਾਰ ਉਸਨੇ ਕਈਆਂ ਨੂੰ ਭਾਵ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਮਨ ਦੇ ਵਿੱਚੋਂ ਹੀ

ਦਿਖਾਇਆ ਹੈ। ਜੋ ਉਸ ਪ੍ਰਮਾਤਮਾ ਦਾ ਦਰਬਾਰ ਦੇਖਦਾ ਹੈ ਉਸਦਾ ਫਿਰ ਆਪਾ ਮੁੱਕ ਜਾਂਦਾ ਹੈ ਭਾਵ ਉਸਦੀ ਹਉਮੈ ਖਤਮ ਹੋ ਜਾਂਦੀ ਹੈ ਭਾਵ ਉਸਦੀ ਆਪਣੀ ਮਨੁੱਖੀ ਹੋਂਦ ਨਹੀਂ ਰਹਿੰਦੀ, ਉਸਦੀ ਮਨੁੱਖੀ ਹੋਂਦ ਦਾ ਭਰਮ ਬਿਨਸ ਜਾਂਦਾ ਹੈ ਤੇ ਉਸ ਤੋਂ ਬਾਅਦ ਉਸਦਾ ਮਨ ਦੇ ਗਿਆਨ ਰਾਹੀਂ ਨਵਾਂ ਜਨਮ ਹੁੰਦਾ ਹੈ, ਗੁਰਮਤਿ ਦੇ ਘਰ ਵਿੱਚ ਹੁੰਦਾ ਹੈ, ਬ੍ਰਹਮ ਗਿਆਨ ਦੇ ਘਰ ਵਿੱਚ ਹੁੰਦਾ ਹੈ, ਪ੍ਰਮਾਤਮਾ ਦੇ ਘਰ ਵਿੱਚ ਹੁੰਦਾ ਹੈ ਭਾਵ ਮਨੁੱਖ ਦੀ ਅਗਿਆਨਤਾ ਵਾਲੀ ਮਤਿ ਬਿਨਸ ਕੇ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਜੁੜ ਜਾਂਦੀ ਹੈ ਜਿਸ ਰਾਹੀਂ ਉਹ ਪ੍ਰਮਾਤਮਾ ਦਾ ਰੂਪ ਬਣ ਜਾਂਦਾ ਹੈ ਭਾਵ ਉਹ ਸੁਪਨੇ ਵਾਲੀ ਨੀਂਦ ਵਿੱਚੋਂ ਨਿਕਲ ਜਾਂਦਾ ਹੈ ਤੇ ਉਸਨੂੰ ਆਪਣੇ ਆਪ ਦੀ, ਪ੍ਰਮਾਤਮਾ ਦੀ, ਇਸ ਸੰਸਾਰ ਦੀ ਅਸਲੀਅਤ ਸਮਝ ਆ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪ ਹੀ ਸਾਰੇ ਸੰਸਾਰ ਨੂੰ ਮਾਇਆ ਮੋਹ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ। ਮਨ ਦੇ ਵਿੱਚੋਂ ਮਾਇਆ ਮੋਹ ਦੇ ਬਿਨਸੇ ਬਿਨਾ, ਹਉਮੈ ਦੇ ਬਿਨਸੇ ਬਿਨਾਂ, ਅਗਿਆਨਤਾ ਦੇ ਬਿਨਸੇ ਬਿਨਾਂ ਉਸ ਪ੍ਰਮਾਤਮਾ ਦੇ ਉੱਚੇ ਦਰਬਾਰ ਵਿੱਚ ਕੋਈ ਵੀ ਨਹੀਂ ਪਹੁੰਚ ਸਕਦਾ। ਜੇਕਰ ਅਸੀਂ ਪ੍ਰਮਾਤਮਾ ਦਾ ਦਰਬਾਰ ਦੇਖਣਾ ਚਾਹੁੰਦੇ ਹਾਂ ਤਾਂ ਫਿਰ ਉਸ ਲਈ ਇੱਕੋ ਇੱਕ ਰਸਤਾ ਮਨ ਦੀ ਅਗਿਆਨਤਾ ਛੱਡਣ ਦਾ ਹੈ ਜੋ ਕਿ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਮਿਲ ਸਕਦਾ ਹੈ। **(ਊਚ ਤੇ ਊਚ ਤਾ ਕਾ ਦਰਬਾਰਾ ॥ ਕਈ ਜੰਤ ਬਿਨਾਹਿ ਉਪਾਰਾ ॥੩॥)**

ਉੱਚਾ ਦਰਬਾਰ ਕੇਵਲ ਉਸ ਪ੍ਰਮਾਤਮਾ ਦਾ ਹੈ ਜੋ ਆਪਣੇ ਬ੍ਰਹਮ ਗਿਆਨ ਦੁਆਰਾ ਉੱਚਾ ਹੈ। ਗੁਰੂ ਪ੍ਰਮਾਤਮਾ ਦਾ ਆਪਣਾ ਦਰਬਾਰ ਹੈ ਜੋ ਕਿ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਸਹੀ ਮਾਰਗ ਦਿਖਾ ਸਕਦਾ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਨੂੰ ਕੱਢ ਸਕਦਾ ਹੈ। ਆਪਣਾ ਆਪਣਾ ਉੱਚਾ ਦਰਬਾਰ ਲਗਾ ਕੇ ਕਈ ਬੈਠੇ ਹਨ ਭਾਵ ਗੁਰੂ ਵਰਗੇ ਥਾਪ ਕੇ ਬੈਠੇ ਹਨ ਪਰ ਪ੍ਰਮਾਤਮਾ ਦਾ ਗੁਰੂ ਤੋਂ ਬਿਨਾਂ ਕੋਈ ਦੂਸਰਾ ਦਰਬਾਰ ਨਹੀਂ ਹੋ ਸਕਦਾ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦॥੧੬॥”

ਇਸ ਗੱਲ ਨੂੰ ਨਾ ਤਾਂ ਹਰ ਕੋਈ ਸਮਝ ਸਕਦਾ ਹੈ ਕਿ ਪ੍ਰਮਾਤਮਾ ਇੱਕੋ ਹੀ ਹੈ ਜਿਸਨੇ ਸਾਰੀ ਸ੍ਰਿਸ਼ਟੀ ਨੂੰ ਬਣਾਇਆ ਹੈ ਤੇ ਉਸਨੂੰ

ਚਲਾ ਰਿਹਾ ਹੈ। ਪ੍ਰਮਾਤਮਾ ਤੋਂ ਬਿਨਾਂ ਦੂਸਰਾ ਨਾ ਕੋਈ ਹੋਰ ਹੋਇਆ ਹੈ ਤੇ ਨਾ ਹੀ ਕਦੇ ਹੋਰ ਕੋਈ ਹੋ ਸਕਦਾ ਹੈ ਪਰ ਸੰਸਾਰ ਵਿੱਚ ਅਨੇਕਾਂ ਹੀ ਆਪਣੀਆਂ ਆਪਣੀਆਂ ਧਾਰਮਿਕ ਭਾਵਨਾਵਾਂ ਅਨੁਸਾਰ ਪ੍ਰਮਾਤਮਾ ਦੇ ਵੱਖਰੇ ਵੱਖਰੇ ਰੂਪ ਸਮਝੇ ਜਾਂਦੇ ਹਨ, ਉਸਦੇ ਵੱਖਰੇ ਵੱਖਰੇ ਟਿਕਾਣੇ ਸਮਝੇ ਜਾਂਦੇ ਹਨ, ਵੱਖਰੇ ਵੱਖਰੇ ਦਰਬਾਰ ਸਮਝੇ ਜਾਂਦੇ ਹਨ ਜੋ ਕਿ ਕੇਵਲ ਇੱਕ ਭਰਮ ਹੈ। ਪ੍ਰਮਾਤਮਾ ਦਾ ਦਰਬਾਰ ਕੋਈ ਆਕਾਰ ਰੂਪ ਨਹੀਂ ਹੈ। ਉਸਦਾ ਦਰਬਾਰ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ। ਉਸਦੇ ਦਰਬਾਰ ਵਿੱਚੋਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਗਿਆਨ ਮਿਲਦਾ ਹੈ, ਇੱਕੋ ਜਿਹੀ ਸਿੱਖਿਆ ਮਿਲਦੀ ਹੈ ਜਿਸਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਕੇ ਧਰਮ ਦਾ ਸੱਚਾ ਮਾਰਗ ਸਮਝਾਉਂਣ ਦਾ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਹ ਮਾਰਗ ਸੱਚ ਤੇ ਚੱਲਣ ਦਾ ਹੈ ਤੇ ਸੱਚ ਸਾਡੇ ਅੰਦਰ ਤਾਂ ਹੀ ਵੱਸੇਗਾ ਜੇਕਰ ਸਾਡੇ ਅੰਦਰੋਂ ਭਰਮ ਨਿਕਲਣਗੇ ਜੋ ਸਾਨੂੰ ਝੂਠੀ ਧਾਰਮਿਕ ਆਸਥਾ ਨਾਲ ਜੋੜਕੇ ਰੱਖਦੇ ਹਨ ਤੇ ਅਸੀਂ ਪ੍ਰਮਾਤਮਾ ਦੇ ਵੱਖਰੇ ਵੱਖਰੇ ਰੂਪ ਸਮਝਦੇ ਹਾਂ, ਵੱਖਰੇ ਟਿਕਾਣੇ ਸਮਝਦੇ ਹਾਂ ਤੇ ਆਪਣੀ ਝੂਠੀ ਧਾਰਮਿਕ ਆਸਥਾ ਰਾਹੀਂ ਅਨੇਕਾਂ ਇਹੋ ਜਿਹੇ ਧਰਮ ਕਰਮ ਕਰਦੇ ਹਾਂ ਜਿਨ੍ਹਾਂ ਰਾਹੀਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਨੂੰ ਪਾਉਂਣ ਦਾ ਇੱਕੋ ਇੱਕ ਮਾਰਗ ਪ੍ਰਮਾਤਮਾ ਨੂੰ ਆਪਣੇ ਅੰਦਰ ਜਪਣ ਦਾ ਹੈ ਤੇ ਜੱਪਣਾ ਕੀ ਹੈ ਇਸੇ ਗੱਲ ਦਾ ਵੱਡਾ ਭਰਮ ਹੈ। ਜੱਪਣਾ ਅਸੀਂ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਨੂੰ ਹੈ ਜਿਸਨੂੰ ਕਿ ਸ਼ਬਦ ਦੀ ਦਿੱਤੀ ਹੋਈ ਮਤਿ ਨੂੰ ਮੰਨਣ ਦੁਆਰਾ ਜੱਪਿਆ ਜਾ ਸਕਦਾ ਹੈ ਜਿਸਨੇ ਸਾਡੇ ਅੰਦਰੋਂ ਭਰਮ ਵਾਲੀ ਮਤਿ ਨੂੰ ਕੱਢਣਾ ਹੈ, ਮਨਮਤਿ ਨੂੰ ਕੱਢਣਾ ਹੈ, ਅਗਿਆਨਤਾ ਨੂੰ ਕੱਢਣਾ ਹੈ। ਧਰਮ ਗ੍ਰੰਥਾਂ ਵਿੱਚ ਪਾਈ ਹੋਈ ਮਤਿ ਪ੍ਰਮਾਤਮਾ ਦੀ ਦਿੱਤੀ ਹੋਈ ਹੈ ਜੋ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਸਮਝਾਉਂਦੀ ਹੈ, ਨਾਮ ਦਾ ਮਾਰਗ ਸਮਝਾਉਂਦੀ ਹੈ ਜੋ ਨਾਮ ਸੱਚੀ ਮਤਿ ਨੂੰ ਮੰਨਣ ਦੁਆਰਾ ਜੱਪਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਦੇ ਦਰਬਾਰ ਵਿੱਚ ਪਹੁੰਚਣ ਦਾ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਇਹੀ ਮਾਰਗ ਹੈ। ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਨੂੰ ਜੱਪਣਾ ਪ੍ਰਮਾਤਮਾ ਨੂੰ ਜੱਪਣਾ ਹੈ ਭਾਵ ਉਸਦੇ ਨਾਲ ਮੇਲ ਕਰਨ ਦਾ ਤਰੀਕਾ ਹੈ। **(ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦॥੧੬॥)**

ਉਪਰਲੇ ਸ਼ਬਦ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਸਾਡਾ ਸੁਪਨਾ ਕੀ ਹੈ, ਸਾਡੀ ਨੀਂਦ ਕੀ ਹੈ ਭਾਵ ਜਦ ਤਕ ਅਸੀਂ ਮਨ ਦੀ ਅਗਿਆਨਤਾ ਵਿੱਚ ਹਾਂ ਅਸੀਂ ਸੁੱਤੇ ਹੋਏ ਹਾਂ ਜਿਸ ਰਾਹੀਂ ਅਸੀਂ ਕਦੇ ਵੀ ਨਹੀਂ ਜਾਣ ਸਕਦੇ ਕਿ

41/5288

ਪ੍ਰਮਾਤਮਾ ਕੀ ਹੈ। ਜਦੋਂ ਅਸੀਂ ਇਸ ਨੀਂਦ ਵਿੱਚੋਂ ਜਾਗ ਜਾਂਦੇ ਹਾਂ ਤਾਂ ਹੀ ਸਾਨੂੰ ਇਸ ਸੰਸਾਰ ਦੀ ਅਸਲੀਅਤ ਸਮਝ ਆਉਂਦੀ ਹੈ ਕਿ ਸਭ ਕੁਝ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਅਸੀਂ ਭਰਮ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਿਆ ਹੋਇਆ ਹੈ। ਆਉ ਇਸ ਗੱਲ ਨੂੰ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਹਨਾਂ ਨੇ ਬਾਬੇ ਨਾਨਕ ਨੂੰ ਨੀਂਦ ਵਿੱਚੋਂ ਕਿਵੇਂ ਜਗਾਇਆ ਹੈ ਜੋ ਹੁਣ ਤਕ ਜਾਗ ਰਹੇ ਹਨ ਤੇ ਮੁੜ ਕਦੇ ਸੌਂ ਨਹੀਂ ਸਕਦੇ।

ਮਲਾਰ ਮਹਲਾ ੧ ॥

“ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥
ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥ ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥
ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥੧॥ ਰਹਾਉ ॥
ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥ ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ ॥੨॥
ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ ॥
ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥੩॥
ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥
ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈਂ ॥੪॥
ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥
ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥
ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥
ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥
ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ ਦਇਆਲਾ ॥
ਤੁਮ੍ਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥੭॥ ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ॥
ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੮॥
ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥
ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨॥”

(ਅੰਗ ੧੨੭੩-੧੨੭੪)

ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਲੇਖ ਦੇ ਸ਼ੁਰੂ ਤੋਂ ਲੈ ਕੇ ਹੁਣ ਤਕ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਸਾਡੇ ਮਨ ਦੀਆਂ ਦੋ ਹੀ ਅਵਸਥਾਵਾਂ ਹਨ। ਸਾਡੇ ਸਭ ਦੇ ਅੰਦਰ ਜਾਂ ਹਉਮੈ ਹੈ ਜਾਂ ਨਾਮ ਹੈ ਭਾਵ ਦੋਨਾਂ ਵਿੱਚੋਂ ਇੱਕ ਅਵਸਥਾ ਹੀ ਹੁੰਦੀ ਹੈ ਭਾਵ ਜਾਂ ਤ੍ਰੈ ਗੁਣ ਹੈ ਜਾਂ ਚਉਥਾ ਪਦ ਹੈ ਭਾਵ ਜਾਂ ਪ੍ਰਮਾਤਮਾ ਨੂੰ ਸਮਝਣ ਵਿੱਚ ਅਗਿਆਨਤਾ ਹੈ ਜਾਂ ਉਸਨੂੰ ਜਾਨਣ ਦਾ ਸੱਚਾ ਗਿਆਨ ਹੈ। ਮਨ ਦੇ ਵਿੱਚ ਸਦਾ ਰਹਿਣ ਵਾਲੀ ਅਵਸਥਾ ਸਾਡੇ ਅੰਦਰ ਦਾ ਸੱਚਾ ਗਿਆਨ ਹੈ। ਅਗਿਆਨਤਾ ਵਾਲੀ ਅਵਸਥਾ, ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ, ਮਾਇਆ ਮੋਹ ਵਾਲੀ ਅਵਸਥਾ ਬਿਨਸ ਸਕਦੀ ਹੈ ਪਰ ਇੱਕ ਵਾਰੀ ਸਾਡੇ ਅੰਦਰ ਸੱਚਾ ਗਿਆਨ ਵੱਸ ਜਾਵੇ ਤਾਂ ਫਿਰ ਉਹ ਸਦਾ ਲਈ ਵੱਸਿਆ ਹੀ ਰਹਿੰਦਾ ਹੈ ਕਿਉਂਕਿ ਉਸ ਗਿਆਨ ਦੇ ਨਾਲ ਸਾਡੀ ਮਤਿ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੀ ਹੈ, ਉਸ ਵਿੱਚ ਸਮਾ ਜਾਂਦੀ ਹੈ ਜੋ ਮਤਿ ਕਦੇ ਨਹੀਂ ਬਿਨਸ ਸਕਦੀ। ਇਸ

ਮਤਿ ਦੁਆਰਾ ਮਨੁੱਖ ਜੋ ਗਿਆਨ ਪ੍ਰਾਪਤ ਕਰਦਾ ਹੈ ਉਹ ਗਿਆਨ ਸਦਾ ਅਟੱਲ ਰਹਿਣ ਵਾਲਾ ਹੈ ਜਿਵੇਂ ਕਿ ਗੁਰਬਾਣੀ ਦੀ ਗੱਲ ਸਦਾ ਅਟੱਲ ਰਹਿਣ ਵਾਲੀ ਹੈ ਜਿਸਨੂੰ ਕਦੇ ਬਦਲਿਆ ਨਹੀਂ ਜਾ ਸਕਦਾ। ਅਗਿਆਨਤਾ ਵਿੱਚ ਕੀਤੀ ਹੋਈ ਗਲਤ ਗੱਲ ਨੂੰ ਬਦਲਿਆ ਜਾ ਸਕਦਾ ਹੈ ਤੇ ਬਦਲੇਗਾ ਉਹੀ ਜਿਸ ਕੋਲ ਸੱਚਾ ਗਿਆਨ ਹੈ ਕਿਉਂਕਿ ਸੱਚਾ ਗਿਆਨ ਹਰ ਭਰਮ ਤੋਂ ਰਹਿਤ ਹੈ। ਜਿਸਨੂੰ ਪ੍ਰਮਾਤਮਾ ਮਨ ਦੀ ਨੀਂਦ ਤੋਂ ਜਗਾਉਂਦਾ ਹੈ ਭਾਵ ਅਗਿਆਨਤਾ ਦੀ ਨੀਂਦ ਤੋਂ ਜਗਾਉਂਦਾ ਹੈ ਉਸਨੂੰ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਜਗਾਉਂਦਾ ਹੈ ਤੇ ਫਿਰ ਉਹ ਜਾਗਦਾ ਹੀ ਰਹਿੰਦਾ ਹੈ ਜਿਵੇਂ ਕਿ ਉਪਰ ਸ਼ਬਦ ਦੇ

41/5289

ਪਹਿਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥

ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥”

ਮਨ ਦੀ ਸਮਝ ਰਾਹੀਂ ਜੋ ਇੱਕ ਵਾਰੀ ਜਾਗ ਜਾਂਦਾ ਹੈ ਉਹ ਫਿਰ ਸਦਾ ਜਾਗਦਾ ਹੀ ਰਹਿੰਦਾ ਹੈ, ਗੁਰਮਤਿ ਦੀ ਸੱਚੀ ਸਮਝ ਦੁਆਰਾ ਜਾਗਦਾ ਹੀ ਰਹਿੰਦਾ ਹੈ ਕਿਉਂਕਿ ਉਸਦੀ ਸੱਚੀ ਸਮਝ ਕਦੇ ਬਦਲ ਨਹੀਂ ਸਕਦੀ ਕਿਉਂਕਿ ਇਹ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਦਿੰਦਾ ਹੈ ਜੋ ਸਾਨੂੰ ਮਾਇਆ ਮੋਹ ਦੀ ਨੀਂਦ ਤੋਂ ਜਗਾਉਂਦਾ ਹੈ। ਗੁਰੂ ਦੀ ਸੇਵਾ ਮਨ ਦੇ ਜਾਗਣ ਨਾਲ ਹੀ ਹੁੰਦੀ ਹੈ ਭਾਵ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਹੁੰਦੀ ਹੈ। ਗੁਰਮਤਿ ਦੀ ਸੋਝੀ ਦੁਆਰਾ ਵਿਚਰਨਾ, ਮਨ ਦੇ ਹਰ ਭਰਮ ਤੋਂ ਰਹਿਤ ਹੋ ਕੇ ਵਿਚਰਨਾ ਹੀ, ਅਉਗੁਣਾਂ ਤੋਂ ਪੂਰੀ ਤਰ੍ਹਾਂ ਰਹਿਤ ਹੋ ਕੇ ਵਿਚਰਨਾ ਹੀ ਗੁਰੂ ਦੀ ਸੇਵਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਜਿਸਨੂੰ ਮਨ ਦੀ ਸਮਝ ਦੁਆਰਾ ਆਪਣੀ ਮਤਿ ਦੇ ਨਾਲ ਮਿਲਾ ਕੇ, ਮਨ ਦੀ ਨੀਂਦ ਵਿੱਚੋਂ ਜਗਾ ਕੇ ਆਪਣੇ ਨਾਲ ਇੱਕ ਕਰਦਾ ਹੈ ਭਾਵ ਆਪਣਾ ਰੂਪ ਬਣਾਉਂਦਾ ਹੈ ਉਹੀ ਉਸਦਾ ਸੇਵਕ ਬਣਦਾ ਹੈ। ਜੋ ਉਸਦਾ ਸੇਵਕ ਹੁੰਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਮਨ ਦੀ ਨੀਂਦ ਵਿੱਚ ਰਹਿੰਦੇ ਹੋਏ, ਅਗਿਆਨਤਾ ਦੀ ਨੀਂਦ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹਾਂ ਜੋ ਕਿ ਅਸਲੀਅਤ ਨਹੀਂ ਹੈ। ਇਸ ਸੰਸਾਰ ਦੀ ਅਸਲੀਅਤ ਮਨ ਦੇ ਜਾਗਣ ਦੁਆਰਾ ਹੀ ਸਮਝ ਆਉਂਦੀ ਹੈ ਜਿਸ ਗਿਆਨ ਵਾਲੀ ਮਤਿ ਦੇ ਦੁਆਰਾ ਇਹ ਸਮਝ ਪੈਂਦੀ ਹੈ ਕਿ ਹਰ ਹੋਂਦ ਪ੍ਰਮਾਤਮਾ ਦੀ ਆਪਣੀ ਹੀ ਹੈ ਜਿਸਨੂੰ ਉਹ ਆਪ ਹੀ ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। ਮਨ ਦੇ ਜਾਗਣ ਦੁਆਰਾ ਮਨੁੱਖ ਦਾ ਭਰਮ ਹੀ ਦੂਰ ਹੁੰਦਾ ਹੈ ਜਿਸ ਭਰਮ ਵਿੱਚ ਉਸਨੇ ਸਾਰੇ ਸੰਸਾਰ ਨੂੰ ਆਪ ਹੀ ਰੱਖਿਆ ਹੋਇਆ ਹੈ। ਭਰਮ ਵਿੱਚ ਰਹਿੰਦੇ ਹੋਏ ਸਾਨੂੰ ਗੁਰੂ ਦੀ ਸੇਵਾ ਕਰਨੀ ਕੀ ਹੈ ਇਸਦੀ ਸਮਝ ਹੀ ਨਹੀਂ ਪੈਂਦੀ ਤੇ ਆਪਣੀ ਸੇਵਾ ਦੀ ਸਮਝ, ਭਗਤੀ ਦੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਮੇਲ ਦੁਆਰਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦਾ ਭਰਮ ਕੱਢਣ ਦੁਆਰਾ ਭਾਵ ਉਹਨਾਂ ਦੀ ਮਤਿ ਨੂੰ ਜਗਾਉਂਣ ਦੁਆਰਾ ਪਾਈ ਹੋਈ ਹੈ ਤੇ ਉਹਨਾਂ ਨੂੰ ਇਸ ਗੱਲ ਦੀ ਸਮਝ ਪਾਈ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। **(ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥)**

41/5290

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥

ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥

ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥}

(ਅੰਗ ੩੯)

{ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥}

(ਅੰਗ ੧੧੨੯)

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥}

(ਅੰਗ ੧੧੨)

{ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥}

(ਅੰਗ ੪੧੮)

{ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥ ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ ॥
ਆਪਿ ਬਿਨਾਹੇ ਆਪਿ ਕਰੇ ਰਾਸਿ ॥ ਨਾਨਕ ਪ੍ਰਭ ਆਗੈ ਅਰਦਾਸਿ ॥੪॥੧੧॥੮੦॥}

(ਅੰਗ ੧੭੬)

{ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥
ਸੁੰਵੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥
ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ ੩੪-੩੫)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥
ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥}

(ਅੰਗ ੯੭੪)

{ਪ੍ਰਭ ਕੀ ਸੇਵਾ ਜਨ ਕੀ ਸੋਭਾ ॥ ਕਾਮ ਕ੍ਰੋਧ ਮਿਟੇ ਤਿਸੁ ਲੋਭਾ ॥
ਨਾਮੁ ਤੇਰਾ ਜਨ ਕੈ ਭੰਡਾਰਿ ॥ ਗੁਨ ਗਾਵਹਿ ਪ੍ਰਭ ਦਰਸ ਪਿਆਰਿ ॥੧॥
ਤੁਮਰੀ ਭਗਤਿ ਪ੍ਰਭ ਤੁਮਹਿ ਜਨਾਈ ॥ ਕਾਟਿ ਜੇਵਰੀ ਜਨ ਲੀਏ ਛਡਾਈ ॥੧॥ ਰਹਾਉ ॥}

(ਅੰਗ ੧੩੩੮)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥
ਏਕੋ ਜਾਣੈ ਅਵਰੁ ਨ ਕੋਇ ॥ ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥

ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ ੧੩੪੩)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ॥
ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥ ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥
ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥ ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ ੨੯੬-੨੯੭)

41/5291

{ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥ ਮਨ ਰੇ ਸਦਾ ਭਜਹੁ ਹਰਿ ਸਰਣਾਈ ॥
ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥
ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥
ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥
ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥
ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥੩॥}

(ਅੰਗ ੩੧)

{ਸੇਵ ਕੀਤੀ ਸੰਤੋਖੀਏਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥}

(ਅੰਗ ੪੬੬-੪੬੭)

{ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥}

(ਅੰਗ ੧੭੬)

{ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥}

(ਅੰਗ ੨੨੦)

{ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ ੨੨੩)

{ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥
ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥}

(ਅੰਗ ੨੨੪)

{ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ ੪੫)

{ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥
ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥
ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥੩॥
ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥ ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ॥
ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥੪॥੨੧॥੯੧॥}

(ਅੰਗ ੫੦)

{ਮਨ ਰੇ ਹਉਮੈ ਛੋਡਿ ਗੁਮਾਨੁ ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥
ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥}

(ਅੰਗ ੨੧)

{ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ ਬਿਆਧਿ ਤਿਆਗੈ ਕਵਰੇ ॥
ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥ ਐਸਾ ਰਾਮ ਭਗਤੁ ਜਨੁ ਹੋਈ ॥
ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥}

(ਅੰਗ ੨੨੫)

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ ੩੦੯-੩੧੦)

41/5292

{ਊਂਦਰ ਦੂੰਦਰ ਪਾਸਿ ਧਰੀਜੈ ॥ ਧੁਰ ਕੀ ਸੇਵਾ ਰਾਮੁ ਰਵੀਜੈ॥ ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥}

(ਅੰਗ ੯੦੫)

{ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥
ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥੭॥}

(ਅੰਗ ੪੨੭)

{ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ ॥ ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥੨॥
ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥ ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ ॥੩॥}

(ਅੰਗ ੪੨੧)

{ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥}

(ਅੰਗ ੨੩੩)

{ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥
ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ ॥
ਐਥੈ ਓਥੈ ਮੰਨੀਅਨਿ ਹਰਿ ਨਾਮਿ ਲਗੇ ਵਾਪਾਰਿ ॥ ਗੁਰਮੁਖਿ ਸਬਦਿ ਸਿਞਾਪਦੇ ਤਿਤੁ ਸਾਚੈ ਦਰਬਾਰਿ ॥
ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ ॥ ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥
ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥੨੬॥}

(ਅੰਗ ੧੪੧੫-੧੪੧੬)

{ਕਹਨ ਕਹਾਵਨ ਕਉ ਕਈ ਕੇਤੈ ॥ ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥੧॥ ਰਹਾਉ ॥
ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥ ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥
ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨॥੩॥੨੨॥}

(ਅੰਗ ੧੩੦੨)

{ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥ ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥
ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ ਜੋਤੀ ਜੋਤਿ ਮਿਲਾਈ ॥
ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ ॥
ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥
ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ ॥ ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ ॥੨੦॥}

(ਅੰਗ ੧੨੮੭)

{ਬਹੁ ਬਿਧਿ ਮਾਇਆ ਮੋਹ ਹਿਰਾਨੋ ॥ ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥੧॥ ਰਹਾਉ ॥
ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ ॥}

(ਅੰਗ ੧੨੬੯)

{ਦੂਜੀ ਸੇਵਾ ਜੀਵਨੁ ਬਿਰਥਾ ॥ ਕਛੂ ਨ ਹੋਈ ਹੈ ਪੂਰਨ ਅਰਥਾ ॥
ਮਾਣਸ ਸੇਵਾ ਖਰੀ ਦੁਹੇਲੀ ॥ ਸਾਧ ਕੀ ਸੇਵਾ ਸਦਾ ਸੁਹੇਲੀ ॥੨॥}

(ਅੰਗ ੧੧੮੨)

{ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥
ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥ ਚਰਨ ਕਮਲ ਮੇਰੇ ਹੀਅਰੇ ਬਸੈਂ ॥੧॥ ਰਹਾਉ ॥}

(ਅੰਗ ੧੧੯੫)

ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਮਨ ਦਾ ਜਾਗਣਾ ਸਮਝਿਆ ਹੈ, ਗੁਰੂ ਦੀ ਸੇਵਾ ਕਰਨੀ ਸਮਝੀ ਹੈ। ਗੁਰੂ ਦੀ ਸੇਵਾ ਮਨ ਦੇ ਜਾਗਣ ਦੁਆਰਾ ਹੀ ਹੁੰਦੀ ਹੈ ਭਾਵ ਅਗਿਆਨਤਾ ਵਿੱਚੋਂ ਨਿਕਲਕੇ ਹੀ

41/5293

ਹੁੰਦੀ ਹੈ, ਅਉਗੁਣਾਂ ਵਿੱਚੋਂ ਨਿਕਲਕੇ ਗੁਰਮਤਿ ਅਨੁਸਾਰ ਸਮਝਾਏ ਹੋਏ ਗੁਣਾਂ ਦੁਆਰਾ ਵਿਚਰਕੇ ਹੁੰਦੀ ਹੈ ਭਾਵ ਸੰਸਾਰ ਦੇ ਵਿੱਚ ਸਾਡੀ ਸੱਚੀ ਸੁੱਚੀ ਵਿਚਰਨ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥"

ਗੁਰੂ ਪ੍ਰਮਾਤਮਾ ਦੀ ਸੇਵਾ ਸਾਡੇ **"ਰਹਣੁ"** ਨਾਲ ਜੁੜੀ ਹੋਈ ਹੈ ਭਾਵ ਸੰਸਾਰ ਵਿੱਚ ਸਾਡੀ ਰਹਿਣੀ ਨਾਲ ਜੁੜੀ ਹੋਈ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਨਾਲ ਜੁੜੀ ਹੋਈ ਹੈ। ਸਾਡੀ ਵਿਚਰਨ ਸਾਡੇ ਕਰਮ ਹਨ ਕਿ ਅਸੀਂ ਸੰਸਾਰ ਵਿੱਚ ਰਹਿੰਦੇ ਹੋਏ ਕਰਮ ਕਿਹੋ ਜਿਹੇ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਜਾਂ ਚੰਗੇ ਕਰਮ ਕਰਦੇ ਹਾਂ। ਜੇਕਰ ਸਾਡੇ ਅੰਦਰ ਅਉਗੁਣ ਹਨ ਅਸੀਂ ਮਾੜੇ ਕਰਮ ਕਰਾਂਗੇ ਤੇ ਅਉਗੁਣਾਂ ਤੋਂ ਰਹਿਤ ਹੋ ਕੇ ਅਸੀਂ ਚੰਗੇ ਕਰਮ ਕਰਾਂਗੇ। ਅਸੀਂ ਜੋ ਵੀ ਕਰਮ ਕਰਦੇ ਹਾਂ ਮਨ ਦੀ ਸਮਝ ਨਾਲ ਹੀ ਕਰਦੇ ਹਾਂ। ਮਾੜੀ ਮਤਿ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ ਜਿਸ ਵਿੱਚ ਗੁਰੂ ਦੀ ਸੇਵਾ ਨਹੀਂ ਹੈ ਤੇ ਜੇਕਰ ਗੁਰੂ ਦੀ ਚੰਗੀ ਮਤਿ ਲੈ ਲਵਾਂਗੇ ਫਿਰ ਮਾੜੀ ਮਤਿ ਛੱਡ ਦੇਵਾਂਗੇ ਤੇ ਚੰਗੇ ਕਰਮ ਕਰਾਂਗੇ ਜਿਸ ਵਿੱਚ ਗੁਰੂ ਦੀ ਸੇਵਾ ਹੈ। ਅਸੀਂ ਜਤਨ ਬਹੁਤ ਕਰਦੇ ਹਾਂ ਕਿ ਅਸੀਂ ਗੁਰੂ ਦੀ ਸੇਵਾ ਵਾਲੇ ਬਣੀਏ, ਗੁਰੂ ਦੀ ਭਗਤੀ ਵਾਲੇ ਬਣੀਏ ਭਾਵ ਅਸੀਂ ਅਨੇਕਾਂ ਆਪਣੇ ਵੱਲੋਂ ਧਰਮ ਕਰਮ ਕਰਦੇ ਹਾਂ, ਸਰੀਰਕ ਕਿਰਿਆਵਾਂ ਆਦਿ ਕਰਦੇ ਹਾਂ ਪਰ ਉਹਨਾਂ ਰਾਹੀਂ ਸਾਡੀ ਰਹਿਣੀ ਚੰਗੀ ਨਹੀਂ ਹੋ ਸਕਦੀ ਭਾਵ ਅਸੀਂ ਵਿਕਾਰਾਂ ਤੋਂ ਮੁਕਤਿ ਨਹੀਂ ਹੁੰਦੇ। ਇਹ ਸਾਡੇ ਅਨੇਕਾਂ ਜਤਨ ਇੱਕ ਕੱਚ ਦੀ ਤਰ੍ਹਾਂ ਹਨ ਜੋ ਅੱਗ ਦੇ ਲੱਗਣ ਨਾਲ ਟੁੱਟ ਜਾਂਦਾ ਹੈ ਭਾਵ ਸਾਡੀ ਆਪਣੀ ਮਤਿ ਦੁਆਰਾ ਕੀਤੀ ਹੋਈ ਭਗਤੀ ਕਿਸੇ ਕੰਮ ਨਹੀਂ ਆਉਂਦੀ। ਸਾਡੇ ਅੰਦਰ ਤ੍ਰਿਸ਼ਨਾ ਰੂਪ ਅੱਗ ਹੈ, **"ਆਚੁ"** ਹੈ ਜੋ ਸਾਡੀ ਆਪਣੇ ਜਤਨਾਂ ਦੁਆਰਾ ਕੀਤੀ ਹੋਈ ਸੇਵਾ ਨੂੰ, ਭਗਤੀ ਨੂੰ ਨਾਸ ਕਰ ਦਿੰਦੀ ਹੈ ਜਿਵੇਂ ਅਗਨੀ ਕੱਚ ਦਾ ਨਾਸ ਕਰ ਦਿੰਦੀ ਹੈ। ਜਦ ਤਕ ਸਾਡੀ ਸੰਸਾਰਿਕ ਵਿਚਰਨ ਚੰਗੀ ਨਹੀਂ ਹੈ ਤਦ ਤਕ ਅਸੀਂ ਅਗਿਆਨਤਾ ਦੀ ਮਤਿ ਵਿੱਚ ਸੁੱਤੇ ਪਏ ਹਾਂ ਜਿਸਦੇ ਰਹਿੰਦਿਆਂ ਚੋਰ ਸਾਡੇ ਘਰ ਨੂੰ ਲੁੱਟਦੇ ਰਹਿੰਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਚੋਰ ਸਾਡੇ ਅੰਦਰ ਨਾਮ ਨੂੰ ਚੁਰਾਉਂਦੇ ਰਹਿੰਦੇ ਹਨ ਜਿਸਦੇ ਰਹਿੰਦਿਆਂ ਸਾਡੀ ਸੰਸਾਰਿਕ ਵਿਚਰਨ ਚੰਗੀ ਨਹੀਂ ਹੋ ਸਕਦੀ ਭਾਵ ਗੁਰੂ ਪ੍ਰਮਾਤਮਾ ਦੀ ਸੇਵਾ ਨਹੀਂ ਹੋ ਸਕਦੀ, ਅਸੀਂ ਉਸਦੇ ਸੇਵਕ ਨਹੀਂ ਬਣ ਸਕਦੇ। **(ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥ ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥)**

41/5294

ਜਦ ਤਕ ਅਸੀਂ ਮਾਇਆ ਮੋਹ ਵਿੱਚ ਸੁੱਤੇ ਹੋਏ ਹਾਂ, ਅਗਿਆਨਤਾ ਵਿੱਚ ਸੁੱਤੇ ਹੋਏ ਹਾਂ ਤਦ ਤਕ ਅਸੀਂ ਆਪਣੇ ਸਰੀਰ ਨੂੰ ਆਪਣਾ ਸਮਝਦੇ ਹਾਂ ਜੋ ਕਿ ਅਸਲੀਅਤ ਨਹੀਂ ਹੈ ਭਾਵ ਸਾਡੀ ਹਉਮੈ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥
ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥੧॥ ਰਹਾਉ ॥"

ਆਪਣੇ ਤਨ ਨੂੰ, ਧਨ ਨੂੰ ਹਰ ਕੋਈ ਆਪਣਾ ਸਮਝਦਾ ਹੈ ਤੇ ਉਸਦਾ ਅਹੰਕਾਰ ਵੀ ਕਰਦਾ ਹੈ। ਜੋ ਚੀਜ ਅਗਰ ਸਾਡੀ ਆਪਣੀ ਹੋਵੇ ਤਾਂ ਉਹ ਸਦਾ ਆਪਣੀ ਹੀ ਰਹਿਣੀ ਚਾਹੀਦੀ ਹੈ ਭਾਵ ਉਹ ਖਤਮ ਨਹੀਂ ਹੋਣੀ ਚਾਹੀਦੀ ਇਸਨੂੰ ਧਿਆਨ ਨਾਲ ਸਮਝਣਾ ਚਾਹੀਦਾ ਹੈ। ਜੇਕਰ ਇਹ ਤਨ ਮੇਰਾ ਹੈ ਫਿਰ ਇਹ ਬਿਨਸਦਾ ਕਿਉਂ ਹੈ ਭਾਵ ਇਹ ਤਨ ਜਿਸਨੇ ਬਣਾਇਆ ਹੈ, ਜਿਸਨੇ ਮੂਲ ਤੋਂ ਇਸਨੂੰ ਬਣਾਇਆ ਹੈ ਭਾਵ ਜਿਸਨੇ ਮੂਲ ਤੋਂ ਇਸਨੂੰ ਬਨਾਉਂਣ ਦੀ ਵਿਧੀ ਬਣਾਈ ਹੈ ਉਹ ਇਸ ਦਾ ਮਾਲਕ ਹੈ ਜੋ ਜਦੋਂ ਚਾਹੇ ਇਸ ਤਨ ਨੂੰ ਖਤਮ ਕਰ ਸਕਦਾ ਹੈ ਤੇ ਅਸੀਂ ਆਪਣੇ ਬਵਰੇਪਨ ਵਿੱਚ, ਮਨ ਦੀ ਅਗਿਆਨਤਾ ਕਰਕੇ ਇਸ ਸਰੀਰ ਨੂੰ ਆਪਣਾ ਸਮਝਦੇ ਹਾਂ ਜੋ ਕਿ ਸਾਡਾ ਨਹੀਂ ਹੈ ਤੇ ਇਹੀ ਸਾਡੇ ਅੰਦਰ ਦੀ ਹਉਮੈ ਹੈ ਜੋ ਸਾਨੂੰ ਆਪਣੇ ਆਪ ਦੇ ਹੋਣ ਦਾ ਗਰਬ ਕਰਾਉਂਦੀ ਹੈ। ਸਾਰਾ ਸੰਸਾਰ ਇਸ ਮਨ ਦੀ ਝੂਠੀ ਸਮਝ ਦੁਆਰਾ ਖਪ ਰਿਹਾ ਹੈ ਭਾਵ ਵਿਅਰਥ ਵਿੱਚ ਹੀ ਉਹ ਕੁਝ ਕਰਦਾ ਹੈ ਜਿਸ ਰਾਹੀਂ ਉਹ ਆਪਣੇ ਆਪ ਨੂੰ ਉੱਚਾ ਬਣਾਉਂਦਾ ਹੈ, ਧਨ ਦਾ ਲੋਭ ਕਰਦਾ ਹੈ ਤੇ ਉਸਨੂੰ ਕਮਾਕੇ ਉਸਦਾ ਅਹੰਕਾਰ ਕਰਦਾ ਹੈ। **(ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥ ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥੧॥ ਰਹਾਉ ॥)**

ਜਦ ਤਕ ਅਸੀਂ ਆਪਣੀ ਹੋਂਦ ਸਮਝਦੇ ਹਾਂ ਤਦ ਤਕ ਅਸੀਂ ਆਪਣੇ ਆਪ ਦਾ ਘਮੰਡ ਕਰਦੇ ਹਾਂ ਭਾਵ ਆਪਣੇ ਆਪ ਨੂੰ ਉੱਚਾ ਕਰਦੇ ਹਾਂ, ਆਪਣੀ **"ਜੈ"** ਕਰਾਉਂਦੇ ਹਾਂ ਜੋ ਕਿ ਝੂਠ ਹੈ। ਆਪਣੀ ਜੈ ਕਰਾਉਂਣ ਨਾਲ ਪ੍ਰਮਾਤਮਾ ਦੀ ਜੈ ਨਹੀਂ ਹੋ ਸਕਦੀ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥ ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ ॥੨॥"

41/5295

ਹਰ ਕੰਮ ਵਿੱਚ, ਗੱਲ ਵਿੱਚ ਭਾਵ ਜੋ ਕੁਝ ਵੀ ਸੰਸਾਰ ਵਿੱਚ ਹੋ ਰਿਹਾ ਹੈ ਉਸ ਵਿੱਚ ਪ੍ਰਮਾਤਮਾ ਦੀ ਜੈ ਹੀ ਹੋ ਰਹੀ ਹੈ, ਜੈ ਜਗਦੀਸ ਹੀ ਹੋ ਰਹੀ ਹੈ ਪਰ ਇਸ ਗੱਲ ਦੀ ਸਮਝ ਤਾਂ ਆਵੇਗੀ ਜਦੋਂ ਸਾਡੀ ਹਉਮੈ ਨਿਕਲੇਗੀ, ਅਗਿਆਨਤਾ ਨਿਕਲੇਗੀ ਭਾਵ ਜਦੋਂ ਅਸੀਂ ਸੁਪਨੇ ਵਿੱਚੋਂ ਜਾਗਾਂਗੇ ਤੇ ਅਸਲੀਅਤ ਵਿੱਚ ਸਾਡੀ ਹੋਂਦ ਝੂਠੀ ਹੈ ਤੇ ਭਰਮ ਵਿੱਚ ਹੀ ਅਸੀਂ ਮਨੁੱਖੀ ਰੂਪ ਦੀ ਜੈ ਕਰਦੇ ਹਾਂ। ਸਭ ਪਾਸੇ ਭਰਮ ਵਿੱਚ ਰਹਿੰਦੇ ਹੋਏ ਅਸੀਂ ਉਹਨਾਂ ਦੀ ਜੈ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ, ਬਾਬੇ, ਸੰਤ, ਬ੍ਰਹਮ ਗਿਆਨੀ, ਪੀਰ ਆਦਿ, ਰਿਸ਼ੀ ਮੁਨੀ ਆਦਿ, ਦੇਵਤੇ ਆਦਿ ਮੰਨਿਆ ਹੋਇਆ ਹੈ। ਕਿਸੇ ਆਕਾਰ ਰੂਪ ਦੀ ਜੈ ਜੈ ਕਰਨਾ, ਬਾਬਿਆਂ ਦੀ ਧੰਨ ਧੰਨ ਕਰਨਾ ਸਭ ਪਾਸੇ ਆਮ ਜਿਹੀ ਗੱਲ ਹੈ। ਜਿਤਨੇ ਭਰਮ ਵਿੱਚ ਆਪਣੀ ਜੈ ਜੈ ਕਰਵਾਉਂਣ ਵਾਲੇ ਹਨ ਤੇ ਉਤਨੇ ਭਰਮ ਵਿੱਚ ਹੀ ਉਹਨਾਂ ਦੀ ਜੈ ਜੈ ਕਰਨ ਵਾਲੇ ਹਨ ਇਸ ਵਿੱਚ ਪ੍ਰਮਾਤਮਾ ਦੀ ਜੈ ਜੈ ਨਹੀਂ ਹੈ ਜੋ ਅਸਲ ਵਿੱਚ ਸਾਡਾ ਮਾਲਕ ਹੈ, ਸਾਨੂੰ ਰੱਖਣ ਵਾਲਾ ਹੈ ਤੇ ਸਾਨੂੰ ਮਨ ਦੀ ਮਤਿ ਰਾਹੀਂ ਪਰਖਣ ਵਾਲਾ ਹੈ। ਜੇਕਰ ਅਸੀਂ ਦੂਜਿਆਂ ਦੀ ਜੈ ਜੈ ਕਾਰ ਕਰੀ ਜਾਵਾਂਗੇ ਤਾਂ ਫਿਰ ਸਾਡੀ ਪਰਖ ਕਰਨ ਵਾਲਾ ਕੀ ਸਾਡੀ ਪਰਖ ਚੰਗੀ ਕਰੇਗਾ, ਕੀ ਸਾਨੂੰ ਚੰਗਾ ਸਮਝੇਗਾ ਭਾਵ ਜਿਸ ਜੈ ਜੈ ਕਰਨ ਨਾਲ, ਵਡਿਆਈ ਕਰਨ ਨਾਲ ਪ੍ਰਮਾਤਮਾ ਦੀ ਵਡਿਆਈ ਨੀਵੀਂ ਹੁੰਦੀ ਹੈ ਉਸ ਰਾਹੀਂ ਅਸੀਂ ਪ੍ਰਮਾਤਮਾ ਨੂੰ ਕੀ ਖੁਸ਼ ਕਰ ਸਕਦੇ ਹਾਂ ਭਾਵ ਇਹ ਸਾਡੇ ਮਨ ਦੀ ਅਗਿਆਨਤਾ ਹੈ। ਹਰ ਕਿਸੇ ਨੂੰ ਬਨਾਉਂਣ ਵਾਲਾ ਪ੍ਰਮਾਤਮਾ ਆਪ ਹੈ ਤੇ ਹੋਰ ਕੋਈ ਨਹੀਂ ਹੈ ਤੇ ਜੇਕਰ ਅਸੀਂ ਕਿਸੇ ਨੂੰ ਵਡਿਆਉਂਦੇ ਹਾਂ ਤਾਂ ਫਿਰ ਉਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ, **"ਜੈ ਜਗਦੀਸ"** ਨਹੀਂ ਹੈ ਭਾਵ ਨਾ ਵਡਿਆਈ ਕਰਵਾਉਂਣ ਵਾਲਿਆਂ ਨੂੰ ਪ੍ਰਮਾਤਮਾ ਦੀ ਸਮਝ ਹੈ ਜੋ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ ਤੇ ਨਾ ਹੀ ਵਡਿਆਈ ਕਰਨ ਵਾਲਿਆਂ ਨੂੰ ਸਮਝ ਹੈ ਭਾਵ ਹਰ ਕੋਈ ਅਗਿਆਨਤਾ ਵਿੱਚ ਸੁੱਤਾ ਹੋਇਆ ਹੈ। ਪ੍ਰਮਾਤਮਾ ਦੀ ਵਡਿਆਈ ਉਹਨਾਂ ਨੇ ਹੀ ਕੀਤੀ ਹੈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਉਹਨਾਂ ਨੂੰ ਸਮਝ ਪਈ ਹੈ ਕਿ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੈ ਜਿਸਨੂੰ ਵਡਿਆਉਣਾ ਕੇਵਲ ਭਰਮ ਹੈ, ਮਾਇਆ ਮੋਹ ਹੈ ਭਾਵ ਸਾਡੀ ਨਾ ਸਮਝ ਮਤਿ ਹੈ, ਸੁੱਤੀ ਹੋਈ ਮਤਿ ਹੈ ਜੋ ਸੁਪਨੇ ਦੀ ਤਰ੍ਹਾਂ ਝੂਠ ਨੂੰ ਸੱਚ ਸਮਝਦੇ ਹਨ। **(ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥ ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ ॥੨॥)**

ਪ੍ਰਮਾਤਮਾ ਦੀ ਵਡਿਆਈ ਉਸਦਾ ਗੁਰਮੁਖਿ ਰੂਪ ਬਣਕੇ

41/5296

ਹੀ ਹੁੰਦੀ ਹੈ ਜੋ ਰੂਪ ਉਹ ਆਪ ਹੀ ਬਣਾਉਂਦਾ ਹੈ, ਮਨ ਦਾ ਭਰਮ ਕੱਢਣ ਦੁਆਰਾ ਬਣਾਉਂਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ

ਰਾਹੀਂ ਸਮਝਾਈ ਹੋਈ ਹੈ।

“ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ ॥
ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥੩॥”

ਉਪਰਲੇ ਪਦੇ ਨੂੰ ਕੋਈ ਤਾਂ ਹੀ ਸਮਝ ਸਕਦਾ ਹੈ ਅਗਰ ਉਸਨੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੋਇਆ ਹੈ ਪਰ ਗੁਰੂ ਇਸ ਗੱਲ ਨੂੰ ਜਾਣਦਾ ਹੈ ਤੇ ਉਸ ਲਈ ਇਹ ਪੂਰਨ ਸੱਚ ਹੈ। ਗੁਰਬਾਣੀ ਰਾਹੀਂ ਸਾਨੂੰ ਜੋ ਵੀ ਸਮਝਾਇਆ ਗਿਆ ਹੈ ਉਹ ਪੂਰਨ ਸੱਚ ਹੈ, ਗੁਰੂ ਦੇ ਬੋਲ ਅਟਲ ਹਨ ਤੇ ਇਸੇ ਲਈ ਉਹਨਾਂ ਤੇ ਵਿਸ਼ਵਾਸ ਕਰਨਾ ਸਾਡਾ ਫਰਜ ਹੈ ਪਰ ਮਾਇਆ ਮੋਹ ਵੀ ਸਾਡੇ ਨਾਲ ਹੀ ਹੈ ਭਾਵ ਭਰਮ ਵੀ ਸਾਡੇ ਨਾਲ ਹੀ ਹੈ ਜੋ ਵਿਸ਼ਵਾਸ ਨਹੀਂ ਆਉਂਣ ਦਿੰਦਾ। ਜਿਸਨੂੰ ਵਿਸ਼ਵਾਸ ਆਉਂਦਾ ਹੈ ਮਨ ਦੇ ਭਰਮ ਵਿੱਚੋਂ ਨਿਕਲਕੇ ਹੀ ਆਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਇਆ ਹੈ। ਜੋ ਰੂਪ ਉਹਨਾਂ ਨੇ ਪ੍ਰਮਾਤਮਾ ਦਾ ਆਪਣੇ ਅੰਦਰੋਂ ਦੇਖਿਆ ਹੈ ਉਹੀ ਕੁਝ ਗੁਰਬਾਣੀ ਰਾਹੀਂ ਬਿਆਨ ਕੀਤਾ ਹੈ। ਸਾਨੂੰ ਬਨਾਉਂਣ ਵਾਲਾ ਪ੍ਰਮਾਤਮਾ ਆਪ ਹੈ ਤੇ ਉਸਨੇ ਸਭ ਨੂੰ ਕਿਵੇਂ ਬਣਾਇਆ ਹੈ ਇਸ ਗੱਲ ਦੀ ਸਮਝ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਪ੍ਰਮਾਤਮਾ ਨੂੰ ਜਿਸ ਜੁਗਤਿ ਦੁਆਰਾ ਜਾਣਿਆ ਜਾ ਸਕਦਾ ਹੈ ਉਹ ਜੁਗਤਿ ਪ੍ਰਮਾਤਮਾ ਨੇ ਆਪਣੇ ਵੱਸ ਵਿੱਚ ਰੱਖੀ ਹੋਈ ਹੈ। ਇਹ ਜੁਗਤਿ ਸਾਡੇ ਅੰਦਰ ਹੀ ਵਰਤਦੀ ਹੈ ਜਿਸ ਜੁਗਤਿ ਨਾਲ ਪ੍ਰਮਾਤਮਾ ਨੇ ਸਭ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ ਉਹ ਸਾਡੇ ਅੰਦਰ ਦੀ ਮਾਇਆ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਹੈ ਤੇ ਇਸ ਵਿੱਚੋਂ ਨਿਕਲਣ ਦੀ ਜੁਗਤਿ ਵੀ ਪ੍ਰਮਾਤਮਾ ਦੇ ਆਪਣੇ ਕੋਲ ਹੀ ਹੈ ਜੋ ਕਿ ਉਸਦਾ ਸੱਚਾ ਗਿਆਨ ਹੈ ਜੋ ਗਿਆਨ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ, ਹਰ ਭਰਮ ਵਿੱਚੋਂ ਕੱਢਦਾ ਹੈ ਤੇ ਸਮਝ ਲੱਗਦੀ ਹੈ ਕਿ ਅਸਲ ਵਿੱਚ ਵੱਡਾ ਕੌਣ ਹੈ, ਇਸ ਸੰਸਾਰ ਦਾ ਸਿਰਮੋਰ ਕੌਣ ਹੈ, ਸ਼ਰੋਮਣੀ ਕੌਣ ਹੈ। ਪ੍ਰਮਾਤਮਾ ਜਿਸਨੂੰ ਇਹ ਆਪਣਾ ਰੂਪ ਦਿਖਾਉਂਦਾ ਹੈ ਉਹ ਉਸਦੇ ਅੰਦਰ ਆਪਣਾ ਗਿਆਨ ਰੂਪ ਅੰਜਨ ਪਾਉਂਦਾ ਹੈ ਜਿਸ ਰਾਹੀਂ ਮਨੁੱਖ ਨੂੰ ਸੱਚੀ ਸਮਝ ਪੈਂਦੀ ਹੈ ਤੇ ਉਹ ਗੁਰਮੁੱਖ ਰੂਪ ਬਣਦਾ ਹੈ ਜੋ ਕਿ ਉਸਦਾ ਗੁਰੂ ਰੂਪ ਹੈ, ਭਗਤ ਰੂਪ ਹੈ। ਪ੍ਰਮਾਤਮਾ ਦੀ ਵਡਿਆਈ ਮਨ ਦੇ ਵਿੱਚੋਂ ਉਸਦਾ ਇਸ ਤਰੀਕੇ ਵੱਡਾ ਰੂਪ ਜਾਨਣ ਦੁਆਰਾ ਹੀ ਹੁੰਦੀ ਹੈ। ਵੱਡਾ

41/5297

ਉਹ ਹੈ ਜੋ ਅਮਰ ਹੈ, ਅਨਾਥ ਹੈ ਭਾਵ ਜੋ ਮਰਨ ਤੋਂ ਰਹਿਤ ਹੈ ਜੋ ਆਪ ਹੀ ਨਾਥ ਹੈ ਭਾਵ ਉਸਦੇ ਉਪਰ ਹੋਰ ਕੋਈ ਨਾਥ ਨਹੀਂ ਹੈ। ਇਸੇ ਲਈ ਪ੍ਰਮਾਤਮਾ ਕੇਵਲ ਇੱਕੋ ਇੱਕ ਆਪ ਹੀ ਸ਼ਿਰੋਮਣੀ ਹੈ ਭਾਵ ਵੱਡਾ ਕਹਾਉਂਣ ਦੇ ਲਾਇਕ ਹੈ, ਆਪਣੀ ਜੈ ਕਰਾਉਂਣ ਦੇ ਲਾਇਕ ਹੈ ਤੇ ਕਿਸੇ ਹੋਰ ਦੀ ਜੈ ਕਰਨ ਵਾਲੇ ਉਹੀ ਹਨ, ਬਾਬਿਆਂ ਆਦਿ ਦੀ ਜੈ ਕਰਨ ਵਾਲੇ ਉਹ ਹੀ ਹਨ, ਆਪਣੀ ਜੈ ਕਰਾਉਂਣ ਵਾਲੇ ਉਹੀ ਹਨ, ਧਰਮ ਦੇ ਸ਼ਿਰੋਮਣੀ ਅਖਵਾਉਂਣ ਵਾਲੇ ਉਹੀ ਹਨ ਜਿਨ੍ਹਾਂ ਨੇ ਉਸ ਸ਼ਿਰੋਮਣੀ ਅਕਾਲ ਪੁਰਖ ਨੂੰ ਨਹੀਂ ਜਾਣਿਆ। ਵੱਡਾ ਉਹ ਅਖਵਾ ਸਕਦਾ ਹੈ, ਸ਼ਿਰੋਮਣੀ ਉਹ ਅਖਵਾ ਸਕਦਾ ਹੈ ਜੋ ਸਾਡੇ ਕਾਲ ਨੂੰ ਬਿਕਾਲ ਕਰ ਸਕੇ ਭਾਵ ਸਾਨੂੰ ਕਾਲ ਰਹਿਤ ਕਰ ਸਕੇ, ਸਾਨੂੰ ਭਰਮ ਤੋਂ ਰਹਿਤ ਕਰ ਸਕੇ, ਭੈ ਤੋਂ ਰਹਿਤ ਕਰ ਸਕੇ। ਇਹ ਵਡਿਆਈ ਕੇਵਲ ਪ੍ਰਮਾਤਮਾ ਦੇ ਕੋਲ ਹੈ ਜਿਸਦੇ ਵੱਸ ਵਿੱਚ ਇਹ ਜੁਗਤਿ ਹੈ। ਜਿਸਨੂੰ ਪ੍ਰਮਾਤਮਾ ਆਪਣਾ ਗਿਆਨ ਰੂਪ ਅੰਜਨ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ ਉਸਨੂੰ ਆਪ ਹੀ ਕਾਲ ਤੋਂ ਰਹਿਤ ਕਰਦਾ ਹੈ। ਸਾਡੇ ਅੰਦਰ ਦਾ ਕਾਲ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ ਹੈ ਜੋ ਸਾਨੂੰ ਮਾੜੇ ਵਿਚਾਰਾਂ ਵਿੱਚ ਰੱਖ ਕੇ, ਅਉਗੁਣਾਂ ਵਾਲੀ ਮਤਿ ਵਿੱਚੋਂ ਰੱਖ ਕੇ ਆਤਮਿਕ ਮੌਤ ਮਾਰਦੀ ਹੈ ਤੇ ਸਾਡੇ ਅੰਦਰ ਮਾਇਆ ਦੇ ਸੁੱਖਾਂ ਦਾ ਭੈ, ਤ੍ਰਿਸ਼ਨਾਵਾਂ ਦੀ ਪੁਰਤੀ ਦਾ ਭੈ ਬਣਾਕੇ ਰੱਖਦੀ ਹੈ। ਮਨ ਦੀ ਇਸ ਅਵਸਥਾ ਵਿੱਚ ਰਹਿੰਦੇ ਹੋਏ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਕਿਉਂਕਿ ਸਾਡੇ ਅੰਦਰ ਮਨ ਦੀ ਇਹ ਅਵਸਥਾ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ, ਉਸਦੀ ਆਪਣੀ ਪਾਈ ਹੋਈ ਜੁਗਤਿ ਹੈ ਜਿਸ ਵਿੱਚੋਂ ਉਹ ਆਪ ਹੀ ਆਪਣੇ ਸੱਚੇ ਗਿਆਨ ਦੁਆਰਾ ਕੱਢਕੇ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਤੇ ਆਪਣੀ ਵਡਿਆਈ ਸਮਝਾਉਂਦਾ ਹੈ, ਕਰਵਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੀ ਵਡਿਆਈ ਕਰਨੀ ਸਿਖਾਈ ਹੈ ਤੇ ਉਹਨਾਂ ਨੇ ਹੀ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ ਕਿ ਜਗ੍ਹਾ ਜਗ੍ਹਾ ਆਪਣੀ ਵਡਿਆਈ ਕਰਵਾਉਂਣ ਵਾਲੇ ਆਪਣੇ ਡੇਰੇ ਬਣਾਕੇ ਬੈਠੇ ਹਨ, ਆਪਣੇ ਆਪਣੇ ਦਰਬਾਰ ਸਜਾ ਕੇ ਬੈਠੇ ਹਨ, ਆਪਣੀ ਜੈ ਜੈ ਕਾਰ ਕਰਾਉਂਣ ਵਾਲੇ ਬੈਠੇ ਹਨ ਜੋ ਕੇਵਲ ਮਨ ਦਾ ਭਰਮ ਹੈ, ਨਾਸਮਝੀ ਹੈ। ਆਪਣੀ ਵਡਿਆਈ ਉਹੀ ਕਰਵਾ ਸਕਦਾ ਹੈ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਉਹੀ ਥਾਪ ਸਕਦਾ ਹੈ ਜਿਸਨੇ ਉਸ ਸ਼ਰੋਮਣੀ ਪ੍ਰਮਾਤਮਾ ਨੂੰ ਨਹੀਂ ਜਾਣਿਆ ਜੋ ਸਾਰੇ ਸੰਸਾਰ ਲਈ ਇੱਕੋ ਹੀ ਹੈ ਤੇ ਦੂਸਰਾ ਨਹੀਂ ਹੋ ਸਕਦਾ ਭਾਵ ਕਿਸੇ ਹੋਰ ਦੀ ਵਡਿਆਈ ਝੂਠੀ ਵਡਿਆਈ ਹੈ, ਕਿਸੇ ਮਨੁੱਖੀ ਰੂਪ ਦੀ ਵਡਿਆਈ ਝੂਠੀ ਵਡਿਆਈ

ਹੈ। **(ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ ॥ ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥੩॥)**

41/5298

ਅਸੀਂ ਜੋ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਾਂ, ਆਪਣੀ ਜੈ ਜੈ ਕਰਾਉਂਦੇ ਹਾਂ ਉਸਦੇ ਪਿੱਛੇ ਸਾਡੀਆਂ ਕੇਵਲ ਚਤੁਰਾਈਆਂ ਹਨ ਜਿਨ੍ਹਾਂ ਕਰਕੇ ਅਸੀਂ ਆਪਣੇ ਆਪ ਨੂੰ ਭਗਤੀ ਵਾਲੇ ਸਮਝਦੇ ਹਾਂ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਸ਼ਬਦ ਦੀ ਰਹਾਉ ਵਾਲੀ ਪੰਗਤੀ ਵਿੱਚ ਸਾਨੂੰ ਸਮਝਾਇਆ ਹੋਇਆ ਹੈ ਭਾਵ ਜੋ ਹਉਮੈ ਦਾ ਗਰਬ ਕਰਨਾ ਸਮਝਾਇਆ ਹੋਇਆ ਹੈ ਉਹੀ ਗੱਲ ਸਾਨੂੰ ਸ਼ਬਦ ਦੇ ਪਦਿਆਂ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਝੂਠਾ ਗਰਬ ਕਰਦੇ ਹਾਂ, ਆਪਣਾ ਝੂਠਾ ਮਾਣ ਕਰਦੇ ਹਾਂ।

“ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥

ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ ॥੪॥”

ਉਪਰ ਪਦੇ ਰਾਹੀਂ ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜੋ ਸਾਡੇ ਅੰਦਰ ਅਗਿਆਨਤਾ ਵਾਲੀ ਅਵਸਥਾ ਹੈ। ਸਾਡੇ ਅੰਦਰ ਦੀ ਜੋ ਮਤਿ ਹੈ ਉਸਦੀ ਤੁਲਨਾ ਇੱਕ ਕਾਗਜ ਦੇ ਕਿਲੇ ਨਾਲ ਕੀਤੀ ਹੋਈ ਹੈ ਜੋ ਕਿ ਅਸਲ ਵਿੱਚ ਕਿਲਾ ਕਹਾਉਂਣ ਦੇ ਲਾਇਕ ਨਹੀਂ ਹੈ ਭਾਵ ਜਿਸ ਕਿਲੇ ਦੇ ਅੰਦਰ ਰਹਿ ਕੇ ਅਸੀਂ ਆਪਣੇ ਆਪ ਦੀ ਰਖਵਾਲੀ ਨਹੀਂ ਕਰ ਸਕਦੇ ਪਰ ਅਸੀਂ ਆਪਣੀ ਇਸ ਨਾਸਮਝ ਮਤਿ ਨੂੰ ਹੀ ਆਪਣਾ ਰਾਖਾ ਸਮਝਿਆ ਹੋਇਆ ਹੈ ਜਿਸ ਕਰਕੇ ਸਾਨੂੰ ਬਪੁਰੇ ਕਿਹਾ ਹੈ। ਜਿਸ ਕਾਗਜ ਦੇ ਕਿਲੇ ਨੂੰ ਇੱਕ ਛੋਟੀ ਜਿਹੀ ਪਾਣੀ ਦੀ ਬੂੰਦ ਗਾਲ ਸਕਦੀ ਹੈ ਤੇ ਹਵਾ ਉੜਾ ਸਕਦੀ ਹੈ ਭਾਵ ਜਿਸ ਕਿਲੇ ਦੀ ਕੋਈ ਤਾਕਤ ਨਹੀਂ ਹੈ ਉਸਨੂੰ ਫਿਰ ਵੀ ਅਸੀਂ ਆਪਣਾ ਕਿਲਾ ਮੰਨਿਆ ਹੋਇਆ ਹੈ ਤੇ ਉਸਨੂੰ ਮਨ ਦੀ ਮਤਿ ਨਾਲ ਰੰਗਿਆ ਹੋਇਆ ਹੈ ਭਾਵ ਜਿਸਨੂੰ ਨਹੀਂ ਰੰਗਿਆ ਜਾ ਸਕਦਾ ਹੈ ਉਸਨੂੰ ਰੰਗਿਆ ਹੋਇਆ ਹੈ। ਆਪਣੀ ਮਤਿ ਨਾਲ ਅਸੀਂ ਆਪਣੇ ਆਪ ਨੂੰ ਕਿਵੇਂ ਉੱਚਾ ਰੰਗਦੇ ਹਾਂ ਭਾਵ ਆਪਣੇ ਆਪ ਨੂੰ ਕਿਵੇਂ ਵੱਡਾ ਥਾਪਦੇ ਹਾਂ, ਕਿਲੇ ਦੇ ਅੰਦਰ ਰਹਿਣ ਵਾਲਾ ਥਾਪਦੇ ਹਾਂ ਉਹ ਸਾਡੀਆਂ ਚਤੁਰਾਈਆਂ ਹਨ ਭਾਵ ਭਗਤੀ ਦੀਆਂ ਚਤੁਰਾਈਆਂ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਭਗਤੀ ਦੇ ਮਾਰਗ ਦੀ ਸੱਚੀ ਸਮਝ ਨਾ ਹੋਣ ਕਰਕੇ ਅਸੀਂ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਭਗਤੀ ਦਾ ਸੱਚਾ ਮਾਰਗ ਮੰਨਦੇ ਹਾਂ ਤੇ ਆਪਣੀ ਮਤਿ ਨੂੰ ਇੱਕ ਕਿਲੇ ਦੀ ਤਰ੍ਹਾਂ ਉੱਚਾ ਮੰਨਦੇ ਹਾਂ, ਪੱਕਾ ਮੰਨਦੇ ਹਾਂ, ਆਪਣਾ ਰਾਖਾ ਮੰਨਦੇ ਹਾਂ ਜੋ ਕਿ

41/5299

ਸਾਡਾ ਭਰਮ ਹੈ, ਭਗਤੀ ਦੀਆਂ ਚਤੁਰਾਈਆਂ ਹਨ। ਭਗਤੀ ਦਾ ਮਾਰਗ ਸਾਰੇ ਅਉਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਪਰ ਅਸੀਂ ਅਉਗੁਣ ਛੱਡੇ ਬਿਨਾਂ ਹੀ, ਸਰੀਰਕ ਕਿਰਿਆਵਾਂ ਦੁਆਰਾ ਹੀ, ਸਰੀਰਕ ਜਪਾਂ ਤਪਾਂ ਆਦਿ ਦੁਆਰਾ ਹੀ ਭਗਤੀ ਕਰਨਾ ਸਮਝਦੇ ਹਾਂ ਜੋ ਕੇਵਲ ਸਾਡੀਆਂ ਚਤੁਰਾਈਆਂ ਹਨ ਤੇ ਇਹਨਾਂ ਚਤੁਰਾਈਆਂ ਦੁਆਰਾ ਹੀ ਹਰ ਕੋਈ ਅਪਨੇ ਆਪ ਨੂੰ ਉੱਚਾ ਥਾਪ ਕੇ ਬੈਠਾ ਹੈ, ਆਪਣੇ ਵੱਲੋਂ ਪੱਕੇ ਕਿਲੇ ਦੇ ਵਿੱਚ ਬੈਠਾ ਹੈ ਜਿੱਥੇ ਉਹ ਆਪਣੇ ਆਪ ਨੂੰ ਮਹਿਫੂਜ਼ ਸਮਝਦਾ ਹੈ ਪਰ ਇਹਨਾਂ ਅਗਿਆਨੀਆਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਇਹ ਕੇਵਲ ਭਗਤੀ ਦੀਆਂ ਚਤੁਰਾਈਆਂ ਹਨ ਜਿਨ੍ਹਾਂ ਰਾਹੀਂ ਉਹ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਆਪਣੀ ਪਤਿ ਗਵਾਉਂਦੇ ਹਨ ਤੇ ਹਰ ਪਲ ਜਨਮ ਮਰਨ ਵਿੱਚ ਹੀ ਰਹਿੰਦੇ ਹਨ ਭਾਵ ਹਉਮੈ ਵਾਲੇ ਵਿਚਾਰਾਂ ਵਿੱਚ ਹੀ ਰਹਿੰਦੇ ਹਨ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਵੱਡਾ ਅਖਵਾਉਂਣਾ ਕੇਵਲ ਚਤੁਰਾਈ ਹੈ ਹੋਰ ਕੁਝ ਵੀ ਨਹੀਂ ਹੈ ਭਾਵ ਕੇਵਲ ਚਤੁਰਾਈ ਦਾ ਚਿਹਨ ਹੈ, ਚਤੁਰਾਈ ਦਾ ਪ੍ਰਮਾਣ ਹੈ। **(ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥ ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ ॥੪॥)**

ਸਾਡੀਆਂ ਇਹਨਾਂ ਚਤੁਰਾਈਆਂ ਦਾ ਕਾਰਨ ਕੀ ਹੈ, ਸਾਡੇ ਝੂਠੇ ਵਿਸ਼ਵਾਸ ਦਾ ਕਾਰਣ ਕੀ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥

ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥”

ਜਿਵੇਂ ਅਸੀਂ ਇੱਕ ਕਾਗਦ ਦੇ ਕਿਲੇ ਨੂੰ ਆਪਣਾ ਘਰ ਸਮਝਦੇ ਹਾਂ ਉਸੇ ਤਰ੍ਹਾਂ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ

ਹੋਇਆ ਹੈ, ਇੱਕ ਨਦੀ ਦੇ ਕੰਡੇ ਤੇ ਰੁੱਖ ਰੂਪ ਘਰ ਦਾ ਹਵਾਲਾ ਦੇ ਕੇ ਸਮਝਾਇਆ ਹੋਇਆ ਹੈ। ਨਦੀ ਦੇ ਕੰਡੇ ਤੇ ਇੱਕ ਰੁੱਖ ਜਿਵੇਂ ਮਹਿਫੂਜ਼ ਨਹੀਂ ਰਹਿੰਦਾ ਉਸੇ ਤਰ੍ਹਾਂ ਹੀ ਸਾਡੇ ਅੰਦਰ ਦਾ ਘਰ ਹੈ, ਸਾਡਾ ਮਨ ਰੂਪ ਘਰ ਹੈ। ਜਿਵੇਂ ਨਦੀ ਦੇ ਕੰਡੇ ਪੇੜ ਦੇ ਉੱਤੇ ਸੱਪਾਂ ਦਾ ਵਾਸਾ ਹੁੰਦਾ ਹੈ ਉਸੇ ਤਰ੍ਹਾਂ ਸਾਡੇ ਅੰਦਰ, ਸਾਡੇ ਸਭ ਦੇ ਅੰਦਰ ਮਾਇਆ ਰੂਪ ਸ੍ਰਪਨੀ ਦਾ ਘਰ ਹੈ ਭਾਵ ਮਾਇਆ ਮੋਹ ਤੋਂ ਖਾਲੀ ਘਰ ਕੋਈ ਨਹੀਂ ਭਾਵ ਮਨ ਦੀ ਅਗਿਆਨਤਾ ਤੋਂ ਬਿਨਾਂ ਕੋਈ ਨਹੀਂ। ਇਹ ਸ੍ਰਪਨੀ ਸਾਡੇ ਅੰਦਰ ਜੋ ਸਾਨੂੰ ਹਰ ਵੇਲੇ ਡੱਸਦੀ ਰਹਿੰਦੀ ਹੈ ਉਹ ਮਨ ਦੇ ਮਾੜੇ ਵਿਚਾਰਾਂ ਰਾਹੀਂ ਡੱਸਦੀ ਹੈ, ਮਨ ਦੀ ਅਗਿਆਨਤਾ ਰਾਹੀਂ ਡੱਸਦੀ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਸਾਡੇ ਅੰਦਰ

ਪ੍ਰਮਾਤਮਾ ਨਹੀਂ ਬਲਕਿ ਕੋਈ ਦੂਜਾ ਹੈ ਭਾਵ ਉਸ ਵਿੱਚ ਮੈਂ ਹਾਂ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਤੇ ਵਡਿਆਈਆਂ ਲੈਂਦੇ ਹਾਂ ਲੇਕਿਨ ਸਾਡੇ ਇਸ ਤਰਵਰ ਰੂਪ ਦਾ ਕੋਈ ਵਜੂਦ ਨਹੀਂ ਹੈ ਜੋ ਕਿ ਨਦੀ ਦੇ ਵਿੱਚ ਪਾਣੀ ਦਾ ਉਛਾਲ ਆਉਂਣ ਨਾਲ ਤਰਵਰ ਢਹਿ ਜਾਂਦਾ ਹੈ ਉਸੇ ਤਰ੍ਹਾਂ ਸਾਡੀ ਝੂਠੀ ਮਤਿ ਟਿਕਣ ਵਾਲੀ ਮਤਿ ਨਹੀਂ ਹੈ, ਜਿਸਦਾ ਕੋਈ ਵਜੂਦ ਪੱਕਾ ਨਹੀਂ ਹੈ ਭਾਵ ਕੱਚੀ ਮਤਿ, ਅਗਿਆਨਤਾ ਵਾਲੀ ਮਤਿ ਸਾਨੂੰ ਝੂਠ ਦੇ ਨਾਲ ਜੋੜ ਕੇ ਰੱਖਦੀ ਹੈ ਜੋ ਸੱਚ ਤੋਂ ਪਰੇ ਹੈ। ਨਦੀ ਸਾਡੇ ਅੰਦਰ ਦੀ ਮਤਿ ਹੈ ਜਿਸਦੇ ਉਪਰ ਸਾਡਾ ਤਰਵਰ ਰੂਪ ਘਰ ਉਪਜਦਾ ਹੈ, ਮਨ ਦੇ ਵਿਚਾਰਾਂ ਰਾਹੀਂ ਉਪਜਦਾ ਹੈ, ਅਗਿਆਨਤਾ ਵਾਲੇ ਵਿਚਾਰਾਂ ਦੇ ਰੂਪ ਵਿੱਚ ਉਪਜਦਾ ਹੈ ਜੋ ਘਰ ਟਿਕਣ ਵਾਲਾ ਨਹੀਂ ਹੈ। ਜਦੋਂ ਸਾਡੇ ਅੰਦਰ ਦੀ ਨਦੀ ਭਾਵ ਮਤਿ ਉਲਟ ਜਾਂਦੀ ਹੈ ਭਾਵ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ ਤਾਂ ਫਿਰ ਸਾਡੇ ਅੰਦਰੋਂ ਅਗਿਆਨਤਾ ਵਾਲੇ ਘਰ ਨੂੰ ਢਾ ਦਿੰਦੀ ਹੈ ਭਾਵ ਸਾਨੂੰ ਸੱਚ ਦੀ ਸਮਝ ਲੱਗ ਜਾਂਦੀ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਸਾਡੇ ਅੰਦਰ ਸ੍ਰਪਨੀ ਕੀ ਹੈ ਜੋ ਸਭ ਨੂੰ ਡੱਸਦੀ ਹੈ ਤੇ ਸਭ ਨੂੰ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਦੂਸਰਾ ਰੂਪ ਦਿਖਾਉਂਦੀ ਹੈ।

ਸਾਨੂੰ ਆਪਣੇ ਅੰਦਰੋਂ ਸ੍ਰਪਣੀ ਦੀ ਸਮਝ ਕਿਵੇਂ ਆਉਂਦੀ ਹੈ ਤੇ ਉਹ ਕਿਸ ਤਰੀਕੇ ਮਰਦੀ ਹੈ ਤੇ ਮਨੁੱਖ ਸੱਚ ਨਾਲ ਕਿਸ ਤਰੀਕੇ ਜੁੜਦਾ ਹੈ ਭਾਵ ਸਾਡੇ ਅੰਦਰ ਦੀ ਮਤਿ ਕਿਸ ਤਰੀਕੇ ਉਲਟਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥

ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥”

ਬਾਰ-ਬਾਰ ਬਾਣੀ ਵਿੱਚ **“ਬਿਖਿਆ”** ਦੀ ਗੱਲ ਆਉਂਦੀ ਹੈ। ਬਿਖਿਆ ਜਹਿਰ ਨੂੰ ਕਹਿੰਦੇ ਹਨ ਜੋ ਜਹਿਰ ਹਰ ਵੇਲੇ ਸਾਡੇ ਅੰਦਰ ਹੀ ਹੈ। ਜਦ ਤਕ ਸਾਡੇ ਅੰਦਰ ਮਾਇਆ ਰੂਪ ਸ੍ਰਪਣੀ ਹੈ ਇਹ ਸਾਡੇ ਅੰਦਰ ਜਹਿਰ ਹੀ ਘੋਲਦੀ ਹੈ ਭਾਵ ਸਾਡੇ ਅੰਦਰ ਅਗਿਆਨਤਾ ਰੂਪ ਜਹਿਰ ਹੀ ਘੋਲਦੀ ਹੈ ਜੋ ਜਹਿਰ ਮਨ ਦੀ ਨਾਸਮਝੀ ਦੁਆਰਾ ਸਾਨੂੰ ਧਰਮ ਦੇ ਸੱਚੇ ਮਾਰਗ ਤੋਂ ਦੂਰ ਰੱਖਦਾ ਹੈ ਤੇ ਸਾਨੂੰ ਮਨ ਦੇ ਮਾੜੇ ਵਿਚਾਰਾਂ ਰਾਹੀਂ ਆਤਮਿਕ ਮੌਤ ਮਾਰਦਾ ਹੈ। ਸੱਪ ਦੇ ਜਹਿਰ ਨੂੰ ਮਾਰਨ ਦਾ ਮੰਤ੍ਰ ਭਾਵ ਗਾਰੁੜ ਹੈ। ਇਹ ਗਾਰੁੜ ਰੂਪ ਮੰਤ੍ਰ ਹੀ ਗੁਰਮਤਿ ਰੂਪ ਨਾਮ ਹੈ ਭਾਵ ਨਾਮ ਮੰਤ੍ਰ ਹੈ

ਜਿਸ ਮੰਤ੍ਰ ਨੂੰ ਜਪਣ ਨਾਲ ਸਾਡੇ ਅੰਦਰੋਂ ਅਗਿਆਨਤਾ ਰੂਪ ਜਹਿਰ ਨਿਕਲਣਾ ਹੈ। ਇਹ ਗਾਰੁੜ ਮੰਤ੍ਰ ਗੁਰੂ ਦਾ ਗਿਆਨ ਹੈ ਤੇ ਜਦੋਂ ਗੁਰੂ ਦਾ ਗਿਆਨ ਭਾਵ ਗੁਰੂ ਦੇ ਬਚਨ ਭਾਵ ਗੁਰ ਦੀ ਮਤਿ ਸਾਡੇ ਧਿਆਨ ਵਿੱਚ ਵੱਸ ਜਾਂਦੀ ਹੈ ਭਾਵ ਸਾਡੇ ਵਿਚਾਰਾਂ ਵਿੱਚ ਵੱਸ ਜਾਂਦੀ ਹੈ ਤਾਂ ਫਿਰ ਇਹ ਗਿਆਨ ਰੂਪ ਗੁਰੂ ਦੀ ਮਤਿ ਸਾਡੇ ਅੰਦਰੋਂ ਅਗਿਆਨਤਾ ਰੂਪ ਬਿਖਿਆ ਨੂੰ ਸਾੜ ਦਿੰਦੀ ਹੈ। ਅਗਿਆਨਤਾ ਨੂੰ ਗਿਆਨ ਹੀ ਮਾਰ ਸਕਦਾ ਹੈ ਤੇ ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਜੋ ਨਾਮ ਮੰਤ੍ਰ ਹੈ ਜਿਸਨੂੰ ਜਪਣ ਦੁਆਰਾ ਭਾਵ ਮੰਨਣ ਦੁਆਰਾ ਅਸੀਂ ਅਗਿਆਨਤਾ ਤੋਂ ਮੁਕਤਿ ਹੁੰਦੇ ਹਾਂ, ਮਨ ਦੀ ਸ੍ਰਪਣੀ ਰੂਪ ਮਾਇਆ ਤੋਂ ਮੁਕਤਿ ਹੁੰਦੇ ਹਾਂ। ਗੁਰਮਤਿ ਰੂਪ ਸੱਚਾ ਗਿਆਨ ਸਾਡੇ ਮਨ ਦੀ ਮਤਿ ਨੂੰ ਬਦਲ ਦਿੰਦਾ ਹੈ, ਅਗਿਆਨਤਾ ਵੱਲੋਂ ਉਲਟ ਦਿੰਦਾ ਹੈ ਜਿਸ ਦੁਆਰਾ ਫਿਰ ਅਗਿਆਨਤਾ ਰੂਪ ਸ੍ਰਪਣੀ ਸਾਡੇ ਮਨ ਰੂਪ ਘਰ ਨੂੰ ਨਹੀਂ ਡੰਗਦੀ ਤੇ ਸਾਡਾ ਘਰ ਸਲਾਮਤ ਰਹਿੰਦਾ ਹੈ, ਗੁਰਮਤਿ ਰੂਪ ਘਰ ਭਾਵ ਗੁਰਮਤਿ ਦੇ ਵਿਚਾਰਾਂ ਵਾਲਾ ਘਰ ਸਲਾਮਤ ਰਹਿੰਦਾ ਹੈ। ਸਾਡੇ ਬਿਖਿਆ ਰੂਪ ਵਿਚਾਰ ਡੋਲਦੇ ਰਹਿੰਦੇ ਹਨ, ਸਾਡੀ ਤ੍ਰਿਸ਼ਨਾ ਰਾਹੀਂ ਡੋਲਦੇ ਰਹਿੰਦੇ ਹਨ ਤੇ ਗੁਰਮਤਿ ਵਾਲੇ ਵਿਚਾਰ ਸਾਡੇ ਘਰ ਨੂੰ ਅਡੋਲ ਰੱਖਦੇ ਹਨ, ਸਾਡੇ ਮਨ ਨੂੰ ਥਿਰ ਰੱਖਦੇ ਹਨ ਜੋ ਵਿਚਾਰ ਕਦੇ ਡੋਲ ਨਹੀਂ ਸਕਦੇ। ਇਹ ਘਰ ਸੱਚੇ ਵਿਚਾਰਾਂ

ਦਾ ਘਰ ਹੈ ਤੇ ਸੱਚੇ ਵਿਚਾਰ ਕੇਵਲ ਗੁਰੂ ਦੇ ਕੋਲ ਹਨ। ਮਨ ਦੇ ਅੰਦਰ ਇਹ ਸੱਚੇ ਵਿਚਾਰ ਹੀ ਸਾਡੇ ਅੰਦਰ ਸੰਤੋਖ ਵਾਲੀ ਬਿਰਤੀ ਹਨ ਜੋ ਵਿਚਾਰ ਮਾਇਆ ਮੋਹ ਵਿੱਚ ਨਹੀਂ ਡੋਲਦੇ। ਮਨ ਦੀ ਇਸ **"ਸਚੁ"** ਰੂਪ ਅਵਸਥਾ ਵਿੱਚ ਹੀ ਪ੍ਰਮਾਤਮਾ ਸਾਡੇ ਅੰਦਰ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾ ਸਕੀ ਦਾ ਹੈ। ਮਨ ਦੀ ਇਸ ਅਵਸਥਾ ਵਿੱਚ ਫਿਰ ਆਪਣੀ ਭਗਤੀ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਆਪਣੇ ਸੱਚੇ ਗਿਆਨ ਦੁਆਰਾ ਸਮਝਾਉਂਦਾ ਹੈ ਜਿਸ ਦੁਆਰਾ ਸਾਡੇ ਅੰਦਰੋਂ ਅਗਿਆਨਤਾ ਦਾ ਨਾਸ ਹੁੰਦਾ ਹੈ। ਪ੍ਰਮਾਤਮਾ ਦੀ ਭਗਤੀ ਨਿਰਾਰੀ ਹੈ ਭਾਵ ਉਹੋ ਜਿਹੀ ਨਹੀਂ ਹੈ ਜਿਹੋ ਜਿਹੀ ਭਗਤੀ ਕਰਨ ਵਿੱਚ ਹਰ ਕੋਈ ਮਨ ਦੀ ਅਗਿਆਨਤਾ ਦੁਆਰਾ ਲੱਗਾ ਹੋਇਆ ਹੈ। ਭਗਤੀ ਦਾ ਸਾਨੂੰ ਨਿਰਾਲਾ ਮਾਰਗ ਉਹਨਾਂ ਨੇ ਹੀ ਸਮਝਾਇਆ ਹੈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸਚੁ ਦੇ ਰੂਪ ਵਿੱਚ ਪਾਇਆ ਹੈ, ਆਪਣੇ ਅੰਦਰ ਦੀ ਅਗਿਆਨਤਾ ਨੂੰ ਸਾੜ ਕੇ ਪਾਇਆ ਹੈ ਤੇ ਗੁਰਬਾਣੀ ਰਾਹੀਂ ਸਾਨੂੰ ਭਗਤੀ ਦਾ ਵੱਖਰਾ ਮਾਰਗ ਸਮਝਾਇਆ ਹੈ ਜੋ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। **(ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥ ਮਨ ਤਨ ਹੋਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ॥੬॥)**

41/5302

ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਦ੍ਰਿੜ ਕਰਵਾਈ ਹੋਈ ਹੈ ਕਿ ਪ੍ਰਮਾਤਮਾ ਸਚੁ ਰੂਪ ਹੈ ਤੇ ਉਹ ਸੱਚ ਤੇ ਚੱਲਣ ਦੁਆਰਾ ਹੀ ਮਿਲਦਾ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ। ਸੱਚ ਸਾਡੀ ਸਮਝ ਦੇ ਵਿੱਚ ਵੱਸਣਾ ਹੈ। ਜੇਕਰ ਅਸੀਂ ਸੱਚ ਦੀ ਸ਼ਰਨ ਵਿੱਚ ਆਵਾਂਗੇ ਭਾਵ ਗੁਰੂ ਦੇ ਗਿਆਨ ਦੀ ਸੱਚੀ ਸ਼ਰਨ ਵਿੱਚ ਆਵਾਂਗੇ ਫਿਰ ਤਾਂ ਹੀ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਮਨ ਦੀ ਸੱਚੀ ਸਮਝ ਨਾਲ ਜੁੜਾਂਗੇ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਂਣਾ ਤਾਂ ਹਰ ਕੋਈ ਚਾਹੁੰਦਾ ਹੈ ਤੇ ਉਹ ਆਪਣੀ ਦਇਆ ਸਭ ਤੇ ਕਰਦਾ ਹੈ ਭਾਵ ਉਸਨੂੰ ਹਰ ਕੋਈ ਪਾ ਸਕਦਾ ਹੈ ਤੇ ਉਸਨੂੰ ਪਾਉਂਣ ਦਾ ਤਰੀਕਾ ਕੇਵਲ ਗੁਰੂ ਦੇ ਦੱਸੇ ਹੋਏ ਸੱਚ ਨੂੰ ਅਪਨਾਉਂਣ ਦਾ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ। ਸਾਡੀ ਪਤਿ ਮਨ ਦੀ ਮਾਇਆ ਖਰਾਬ ਕਰਦੀ ਹੈ ਜੋ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਤੋਂ ਦੂਰ ਰੱਖਦੀ ਹੈ ਤੇ ਗੁਰੂ ਦਾ ਸੱਚ ਹੀ ਸਾਡੀ ਪਤਿ ਬਚਾਉਂਦਾ ਹੈ ਜਿਸ ਦੁਆਰਾ ਅਸੀਂ ਧਰਮ ਦੇ ਸੱਚੇ ਮਾਰਗ ਤੇ ਚੱਲ ਕੇ ਭਾਵ ਉਸ ਤੇ ਚੱਲਣ ਦਾ ਉੱਦਮ ਕਰਕੇ ਉਸ ਸਚੁ ਰੂਪ ਪ੍ਰਮਾਤਮਾ ਨੂੰ ਪਾ ਸਕਦੇ ਹਾਂ। **(ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ ਦਇਆਲਾ ॥ ਤੁਮ੍ਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥੭॥)**

ਸੱਚ ਸਾਨੂੰ ਕਿਸ ਰੂਪ ਵਿੱਚ ਮਿਲਦਾ ਹੈ ਤੇ ਸੱਚ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥

ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੯॥"

ਉਪਰ ਜੋ ਕੁਝ ਲਿਖਿਆ ਹੋਇਆ ਹੈ ਇਹੀ ਕੁਝ ਸਾਰੇ ਸੰਸਾਰ ਦੀ ਅਵਸਥਾ ਹੈ ਜਿਸਨੂੰ ਮੰਨਣਾ ਹੀ ਸਭ ਤੋਂ ਔਖੀ ਗੱਲ ਹੈ ਜੋ ਕਿ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਕਹਿਣ ਵਾਲੇ ਜਾਂ ਸਮਝਣ ਵਾਲੇ ਕਦੇ ਇਹ ਨਹੀਂ ਮੰਨ ਸਕਦੇ ਕਿ ਉਹ ਗਲਤ ਹਨ ਪਰ ਗੁਰੂ ਤਾਂ ਗਲਤ ਨਹੀਂ ਹੋ ਸਕਦਾ ਭਾਵ ਗੁਰੂ ਜੋ ਵੀ ਕਹਿੰਦਾ ਹੈ ਉਹੀ ਸੱਚ ਹੈ। ਸਭ ਤੋਂ ਪਹਿਲਾਂ ਤਾਂ ਇਹ ਸਮਝੋ ਕਿ ਉਪਰ ਪੰਗਤੀਆਂ ਰਾਹੀਂ ਸੱਚ ਕਿਸਨੂੰ ਕਿਹਾ ਹੈ। ਸੱਚ ਗਿਆਨ ਨੂੰ ਕਿਹਾ ਹੈ ਭਾਵ ਸਾਡੇ ਮਨ

41/5303

ਦੇ ਅੰਦਰ ਜੋ ਗੁਰੂ ਦੇ ਮੇਲ ਦੁਆਰਾ ਸੱਚੀ ਸਮਝ ਪੈਂਦੀ ਹੈ ਉਹ ਸਾਡੇ ਅੰਦਰ ਗਿਆਨ ਦੇ ਰੂਪ ਵਿੱਚ ਵੱਸਦਾ ਹੈ ਭਾਵ ਮਨ ਦਾ ਉਹ ਗਿਆਨ ਸੱਚ ਹੈ ਭਾਵ ਜੋ ਗੁਰੂ ਦਾ ਗਿਆਨ ਸਾਨੂੰ ਸੱਚੀ ਮਤਿ ਸਮਝਾਉਂਦਾ ਹੈ ਉਹ ਸੱਚ ਹੈ। ਸੱਚ ਹੀ ਨਾਮ ਹੈ। ਪੂਰੀ ਗੁਰਬਾਣੀ ਵਿੱਚ ਸੱਚ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਨਾਮ ਹੈ। ਇਸ ਨਾਮ ਦਾ ਮਕਸਦ, ਸੱਚ ਦਾ ਮਕਸਦ, ਗਿਆਨ ਦਾ ਮਕਸਦ ਹਰ ਕੋਈ ਸਮਝ ਸਕਦਾ ਹੈ ਕਿ ਨਾਮ ਦਾ ਮਕਸਦ ਕੀ ਹੈ। ਗਿਆਨ ਦਾ ਮਕਸਦ ਅਗਿਆਨਤਾ ਨੂੰ ਕੱਢਣ ਤੋਂ ਬਿਨਾਂ ਹੋਰ ਕੁਝ ਨਹੀਂ ਹੋ ਸਕਦਾ। ਸੱਚ ਦਾ ਮਕਸਦ ਸਾਡੇ ਅੰਦਰੋਂ ਝੂਠ ਨੂੰ ਕੱਢਣ ਤੋਂ ਬਿਨਾਂ ਹੋਰ ਕੁਝ ਨਹੀਂ ਹੋ ਸਕਦਾ ਭਾਵ ਨਾਮ ਦਾ ਮਕਸਦ ਸਾਨੂੰ ਸੱਚ ਸਮਝਾਉਂਣ ਨਾਲ ਹੈ। ਜਿੱਥੇ ਵੀ ਅਗਿਆਨਤਾ ਹੈ, ਭਰਮ ਹੈ ਫਿਰ ਸੱਚ ਨਹੀਂ ਹੈ ਭਾਵ ਉੱਥੇ ਨਾਮ ਨਹੀਂ ਹੈ, ਉੱਥੇ ਗੁਰੂ ਦਾ ਗਿਆਨ ਨਹੀਂ ਹੈ। ਸਾਰਾ ਸੰਸਾਰ ਮਨ ਦੀ ਉਸ ਅਵਸਥਾ ਵਿੱਚ ਹੈ ਜੋ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਮਾਇਆ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ ਭਾਵ ਅਗਿਆਨਤਾ ਵਾਲੀ ਮਤਿ ਵਿੱਚ, ਬੰਧਨ ਦੇ ਰੂਪ ਵਿੱਚ ਰੱਖਿਆ ਹੋਇਆ ਹੈ ਜਿਸਦੇ ਰਹਿੰਦਿਆਂ ਕਿਸੇ ਨੂੰ ਆਪਣਾ ਧਰਮ ਦਾ ਸਹੀ ਮਾਰਗ, ਜੀਵਨ ਦਾ ਸਹੀ ਮਾਰਗ ਨਹੀਂ ਸੁੱਝਦਾ ਤੇ ਇਹੋ ਜਿਹੀ ਅਗਿਆਨਤਾ ਵਾਲੀ ਮਤਿ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਕਰਮ ਕਮਾਉਂਦੇ ਹਾਂ, ਆਪਣੇ ਵੱਲੋਂ ਧਰਮ ਦੇ ਕਰਮ ਕਰਦੇ ਹਾਂ ਪਰ ਉਹ ਕੇਵਲ ਮਾਇਆ ਦਾ ਧੰਧਾ ਹੈ ਭਾਵ ਕੇਵਲ ਮਾਇਆ ਦੀ ਜੁਗਤਿ ਹੈ। ਇਹੋ ਜਿਹੀ ਮਨ ਦੀ ਸਮਝ ਸਾਨੂੰ ਪ੍ਰਮਾਤਮਾ ਦੇ ਮੇਲ ਤੋਂ ਦੂਰ ਰੱਖਦੀ ਹੈ ਕਿਉਂਕਿ ਇਹ ਮਤਿ ਸਾਨੂੰ ਝੂਠ ਨਾਲ ਜੋੜ ਕੇ ਰੱਖਦੀ ਹੈ। ਅਸੀਂ ਧਰਮ ਦੇ ਝੂਠੇ ਮਾਰਗ ਨੂੰ ਹੀ ਸੱਚ ਸਮਝਦੇ ਹਾਂ ਭਾਵ ਅਗਿਆਨਤਾ ਵਿੱਚ ਰਹਿੰਦੇ ਹੋਏ ਸਾਨੂੰ ਪ੍ਰਮਾਤਮਾ ਦੇ ਪਾਉਂਣ ਦੇ ਸਹੀ ਮਾਰਗ ਦੀ ਸੋਝੀ ਕਦੇ ਨਹੀਂ ਪੈ ਸਕਦੀ। ਸੱਚੀ ਸੋਝੀ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਉਸਦਾ ਸੱਚਾ ਗਿਆਨ ਹੈ ਜਿਸ ਵਿੱਚ ਪੂਰਨ ਸੱਚ ਹੈ ਤੇ ਇਹ ਸੱਚ ਹੀ ਆਪ ਪ੍ਰਮਾਤਮਾ ਹੈ ਜਿਸ ਸੱਚ ਨੂੰ ਕੇਵਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੁਆਰਾ ਹੀ ਪਾਇਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਦੇ ਨਾਲ ਮੇਲ ਦੁਆਰਾ ਪਾਇਆ ਹੈ, ਸੱਚੇ ਗਿਆਨ ਦੇ ਰੂਪ ਵਿੱਚ ਪਾਇਆ ਹੈ। **(ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥ ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੯॥)**

41/5304

ਜਿਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਸੱਚ ਦੇ ਰੂਪ ਵਿੱਚ ਹੀ ਜਾਣਿਆ ਹੈ ਭਾਵ ਮਨ ਦੇ ਅੰਦਰ ਨਾਮ ਦੇ ਰੂਪ ਵਿੱਚ ਹੀ ਜਾਣਿਆ ਹੈ, ਸ਼ਬਦ ਦੇ ਰੂਪ ਵਿੱਚ ਹੀ ਜਾਣਿਆ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਜਾਣਿਆ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਜਾਣਿਆ ਹੈ ਜਿਸ ਦੁਆਰਾ ਮਨ ਦੀ ਅਗਿਆਨਤਾ ਹੀ ਨਿਕਲਦੀ ਹੈ ਤੇ ਪ੍ਰਮਾਤਮਾ ਦਾ ਉਹ ਰੂਪ ਨਜਰ ਆਉਂਦਾ ਹੈ ਜਿਸ ਰੂਪ ਵਿੱਚ ਉਹ ਸਭ ਦੇ ਅੰਦਰ ਹੈ, ਸਾਰੇ ਸੰਸਾਰ ਦੇ ਅੰਦਰ ਹੈ। ਮਨ ਦੇ ਵਿੱਚ ਸੱਚੇ ਗਿਆਨ ਦੇ ਵੱਸੇ ਬਿਨਾ ਭਾਵ ਸੱਚ ਦੀ ਸਮਝ ਆਏ ਬਿਨਾਂ ਹਰ ਕੋਈ ਅਗਿਆਨੀ ਹੈ ਜਿਸ ਅਗਿਆਨਤਾ ਕਰ ਕੇ ਹਰ ਕੋਈ ਵੱਖਰੀ ਵੱਖਰੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਭਾਵ ਸੰਸਾਰ ਨੇ ਆਪਣੇ ਆਪ ਨੂੰ ਵੱਖਰੇ ਵੱਖਰੇ ਧਰਮਾਂ ਵਿੱਚ ਵੰਡਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਆਪਣੀ ਆਪਣੀ ਆਸਥਾ ਅਨੁਸਾਰ ਧਰਮ ਦਾ ਮਾਰਗ ਵੱਖਰਾ ਸਮਝਦਾ ਹੈ, ਪ੍ਰਮਾਤਮਾ ਨੂੰ ਪਾਉਂਣ ਦਾ ਵੱਖਰਾ ਵੱਖਰਾ ਮਾਰਗ ਸਮਝਦਾ ਹੈ ਤੇ ਪ੍ਰਮਾਤਮਾ ਦਾ ਰੂਪ ਵੀ ਵੱਖਰਾ ਵੱਖਰਾ ਸਮਝਦਾ ਹੈ ਭਾਵ ਪ੍ਰਮਾਤਮਾ ਨੂੰ ਸਮਝਣ ਵਿੱਚ, ਧਰਮ ਦਾ ਸੱਚਾ ਮਾਰਗ ਸਮਝਣ ਵਿੱਚ, ਭਗਤੀ ਦਾ ਸੱਚਾ ਮਾਰਗ ਸਮਝਣ ਵਿੱਚ ਸਾਰਾ ਸੰਸਾਰ ਭਰਮ ਵਿੱਚ ਹੀ ਹੈ। ਹਿੰਦੂ ਧਰਮ ਵਿੱਚ ਆਸਥਾ ਰੱਖਣ

ਵਾਲਾ ਕਦੇ ਨਹੀਂ ਮਨ ਸਕਦਾ ਕਿ ਉਹ ਗਲਤ ਹੋ ਸਕਦਾ ਹੈ ਤੇ ਇਸ ਤਰ੍ਹਾਂ ਨਾ ਕਦੇ ਕੋਈ ਮੁਸਲਮਾਨ ਅਖਵਾਉਂਣ ਵਾਲਾ ਇਹ ਮੰਨ ਸਕਦਾ ਹੈ ਕਿ ਉਸਨੂੰ ਧਰਮ ਦੀ ਸਮਝ ਨਹੀਂ ਹੈ ਜਾਂ ਅਲ੍ਹਾ ਨੂੰ ਪਾਉਂਣ ਦੀ ਸਮਝ ਨਹੀਂ ਹੈ। ਪ੍ਰਮਾਤਮਾ ਨੂੰ ਹਿੰਦੂ ਧਰਮ ਵਿੱਚ ਰਹਿਣ ਵਾਲਿਆਂ ਨੇ ਵੀ ਪਾਇਆ ਹੈ ਤੇ ਮੁਸਲਮਾਨ ਅਖਵਾਉਂਣ ਵਾਲਿਆਂ ਨੇ ਵੀ ਪਾਇਆ ਹੈ ਜਿਨ੍ਹਾਂ ਦੀ ਬਾਣੀ ਗੁਰਬਾਣੀ ਵਿੱਚ ਦਰਜ ਹੈ ਪਰ ਕੀ ਉਹਨਾਂ ਨੇ ਉਸ ਪ੍ਰਮਾਤਮਾ ਨੂੰ ਭਾਵ ਅਲ੍ਹਾ ਨੂੰ ਕਿਸੇ ਵੱਖਰੇ ਵੱਖਰੇ ਰੂਪ ਵਿੱਚ ਪਾਇਆ ਹੈ ਜਾਂ ਸਾਨੂੰ ਕੋਈ ਧਰਮ ਦਾ ਵੱਖਰਾ ਵੱਖਰਾ ਮਾਰਗ ਸਮਝਾਇਆ ਹੈ ਭਾਵ ਉਹਨਾਂ ਨੇ ਪ੍ਰਮਾਤਮਾ ਨੂੰ ਇੱਕੋ ਰੂਪ ਵਿੱਚ ਹੀ ਜਾਣਿਆ ਹੈ ਤੇ ਸੰਸਾਰ ਨੂੰ ਧਰਮ ਦਾ ਇੱਕੋ ਜਿਹਾ ਮਾਰਗ ਜੀ ਸਮਝਾਇਆ ਹੈ, ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਇਆ ਹੈ। ਪ੍ਰਮਾਤਮਾ ਸੱਚ ਤੇ ਚੱਲਣ ਨਾਲ ਮਿਲਦਾ ਹੈ ਤੇ ਉਹ ਸੱਚ ਭਾਵੇਂ ਜਿਹੜੇ ਮਰਜੀ ਧਰਮ ਗ੍ਰੰਥ ਤੋਂ ਲੈ ਲਵੋ, ਭਾਵੇਂ ਵੇਦਾਂ ਵਿੱਚੋਂ ਲੈ ਲਵੋ, ਭਾਵੇਂ ਕੁਰਾਣ ਵਿੱਚੋਂ ਲੈ ਲਵੋ ਕੀ ਫਰਕ ਪੈਂਦਾ ਹੈ। ਮਕਸਦ ਤਾਂ ਮਨ ਦੀ ਅਗਿਆਨਤਾ ਦੂਰ ਕਰਨ ਦਾ ਹੈ ਜੋ ਕਿ ਸੱਚੇ ਨਾਮ ਨੇ ਹੀ ਦੂਰ ਕਰਨੀ ਹੈ ਤੇ ਸਾਰੇ ਧਰਮ ਗ੍ਰੰਥਾਂ ਵਿੱਚ ਸੱਚਾ ਗਿਆਨ ਹੀ ਹੈ ਪਰ ਸਾਨੂੰ ਭਰਮਾਉਂਣ ਵਾਲਿਆਂ

41/5305

ਦੀ ਕਮੀ ਵੀ ਨਹੀਂ ਹੈ ਜਿਨ੍ਹਾਂ ਨੂੰ ਆਪ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ ਭਾਵ ਧਰਮ ਗ੍ਰੰਥਾਂ ਦੇ ਸਮਝਾਏ ਹੋਏ ਸੱਚ ਦੀ ਸਮਝ ਨਹੀਂ ਹੈ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਗਿਣਦੇ ਹਨ। ਇਹ ਸਭ ਸਾਡੇ ਅੰਦਰ ਦੀ ਮਾਇਆ ਹੈ ਜੋ ਸਾਰੇ ਸੰਸਾਰ ਅੰਦਰ ਇੱਕੋ ਜਿਹੀ ਹੀ ਵਿਚਰ ਰਹੀ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਫਿਰ ਕਿਸੇ ਖਾਸ ਧਾਰਮਿਕ ਆਸਥਾ ਨਾਲ ਨਹੀਂ ਜੁੜਿਆ ਰਹਿੰਦਾ ਭਾਵ ਵੱਖਰੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਨਹੀਂ ਰਹਿੰਦਾ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਧੰਨ ਧੰਨ ਭਗਤ ਨਾਮਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਭਗਵਾਨ ਰਾਮ ਦੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{“ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥”}

(ਅੰਗ ੮੭੫)

ਭਗਤ ਨਾਮਦੇਵ ਜੀ ਹਿੰਦੂ ਪਰਿਵਾਰ ਵਿੱਚੋਂ ਸਨ ਪਰ ਫਿਰ ਵੀ ਉਹਨਾਂ ਨੇ ਅੰਨ੍ਹਾ ਕਿਹਾ ਹੈ ਭਾਵ ਅਗਿਆਨਤਾ ਵਿੱਚ ਦੱਸਿਆ ਹੈ ਕਿ ਉਹਨਾਂ ਨੂੰ ਪ੍ਰਮਾਤਮਾ ਦੀ ਸਮਝ ਨਹੀਂ ਹੈ ਤੇ ਨਾ ਹੀ ਉਸਨੂੰ ਪਾਉਂਣ ਦੀ ਸਮਝ ਹੈ ਜਿਵੇਂ ਕਿ ਅਸੀਂ ਪਹਿਲੇ ਪੂਰੇ ਸ਼ਬਦ ਦੇ ਅਰਥਾਂ ਦੁਆਰਾ ਸਮਝਿਆ ਹੈ। ਨਾ ਹੀ ਉਹਨਾਂ ਨੇ ਮੁਸਲਿਮ ਮਤਿ ਨੂੰ ਸਿਆਣਾ ਦੱਸਿਆ ਹੈ ਕਿਉਂਕਿ ਉਹ ਪ੍ਰਮਾਤਮਾ ਦੇ ਅਸਲ ਰੂਪ ਨੂੰ ਸਮਝਣ ਵਿੱਚ ਨਾਸਮਝ ਹਨ। ਪ੍ਰਮਾਤਮਾ ਗਿਆਨ ਰੂਪ ਵਿੱਚ ਹੈ ਜਿਸਦੀ ਸਮਝ ਸੰਸਾਰ ਨੂੰ ਨਹੀਂ ਹੈ ਭਾਵੇਂ ਉਹ ਕਿਸੇ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਸਿਆਣਾ ਗਿਆਨੀ ਨੂੰ ਕਿਹਾ ਗਿਆ ਹੈ ਭਾਵ ਗਿਆਨਵਾਨ ਨੂੰ ਗਿਆਨੀ ਕਿਹਾ ਹੈ। ਗਿਆਨਵਾਨ ਉਹੀ ਹੈ ਜੋ ਪ੍ਰਮਾਤਮਾ ਨੂੰ ਜਾਣਦਾ ਹੈ ਤੇ ਫਿਰ ਉਸਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਸੰਸਾਰ ਦਾ ਧਰਮ ਇੱਕੋ ਹੀ ਹੈ ਭਾਵ ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਣੀ ਕੇਵਲ ਮਨ ਦੀ ਅਗਿਆਨਤਾ ਹੈ। ਜੋ ਖੁੱਦ ਗਿਆਨੀ ਅਖਵਾ ਕੇ ਆਪਣੇ ਆਪ ਨੂੰ ਵੱਖਰੀ ਧਾਰਮਿਕ ਆਸਥਾ ਵਾਲਾ ਸਮਝਦਾ ਹੈ ਭਾਵ ਸਿੱਖ ਧਰਮ ਵਾਲਾ ਸਮਝਦਾ ਹੈ ਭਾਵ ਵੱਖਰੀ ਧਾਰਮਿਕ ਆਸਥਾ ਵਾਲਾ ਸਮਝਦਾ ਹੈ ਤੇ ਕਿਸੇ ਨੂੰ ਹਿੰਦੂ ਮੁਸਲਮਾਨ ਸਮਝਦਾ ਹੈ ਫਿਰ ਉਹ ਕਿਸ ਗੱਲ ਦਾ ਗਿਆਨੀ ਹੈ ਭਾਵ ਉਹ ਵੀ ਅਗਿਆਨੀ ਹੈ। ਜੋ

41/5306

ਅਸਲ ਵਿੱਚ ਗਿਆਨੀ ਹੈ ਉਸਨੂੰ ਇਹ ਵੀ ਪਤਾ ਹੁੰਦਾ ਹੈ ਕਿ ਗਿਆਨੀ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸਦਾ ਆਪਣਾ ਰੂਪ ਹੀ ਗਿਆਨ ਰੂਪ ਹੈ, ਬ੍ਰਹਮ ਗਿਆਨੀ ਰੂਪ ਹੈ। ਪ੍ਰਮਾਤਮਾ ਦੇ ਦੋ ਰੂਪ ਨਹੀਂ ਹੋ ਸਕਦੇ ਪਰ ਅਸੀਂ ਤਾਂ ਮਨ ਦੀ ਅਗਿਆਨਤਾ ਕਰਕੇ ਉਸਦੇ ਅਨੇਕਾਂ ਹੀ ਰੂਪ ਬਣਾਏ ਹੋਏ ਹਨ ਜੋ ਕਿ ਕੇਵਲ ਸਾਡੀ ਅਗਿਆਨਤਾ ਹੈ ਹੋਰ ਕੁਝ ਵੀ ਨਹੀਂ ਹੈ। ਜੋ ਵਾਹਿਗੁਰੂ ਹੈ ਉਹੀ ਰਾਮ ਹੈ, ਉਹੀ ਹਰਿ ਹੈ, ਉਹੀ ਅੱਲ੍ਹਾ ਹੈ, ਉਹੀ ਗਾੱਡ ਹੈ ਭਾਵ ਉਸਦਾ ਹਰ ਰੂਪ ਜਿਸਨੂੰ ਅਸੀਂ ਭਾਵੇਂ ਕਿਸੇ ਵੀ ਨਾਮ ਨਾਲ ਪੁਕਾਰੀਏ ਉਸਦਾ ਇੱਕੋ ਰੂਪ ਗਿਆਨ ਰੂਪ ਹੀ ਹੈ, ਸਚੁ ਰੂਪ ਹੀ ਹੈ ਤੇ ਜੋ ਸੱਚ ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਹੀ ਹੈ, ਇਸ ਨਾਮ ਨੂੰ ਹੀ ਜੱਪਣਾ ਹੈ ਭਾਵ ਇਸ ਸੱਚ ਨੂੰ ਅਸੀਂ ਮੰਨਣਾ ਹੈ ਉਹ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਸੱਚ ਦਾ ਮਕਸਦ ਸਾਡੇ ਅੰਦਰੋਂ ਅਗਿਆਨਤਾ ਕੱਢਣ ਦਾ ਹੀ ਹੈ ਜਿਸਦਾ ਮਕਸਦ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸਾਰੇ ਸੰਸਾਰ ਦਾ ਧਰਮ ਇੱਕੋ

ਹੀ ਹੈ ਜੋ ਕਿ ਸੱਚ ਹੈ ਭਾਵ ਸੱਚ ਅਨੁਸਾਰ ਵਿਚਰਨ ਦਾ ਹੈ, ਗੁਰੂ ਦੇ ਸੱਚੇ ਗਿਆਨ ਨੂੰ, ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨ ਕੇ ਉਸ ਤੇ ਚੱਲਣ ਦਾ ਹੈ। **(ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥)** ਅੰਗ ੧੧੯੮

{ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

ਸੱਚ ਕੇਵਲ ਸੱਚ ਦੇ ਮਾਲਕ ਕੋਲ ਹੈ ਭਾਵ ਪ੍ਰਮਾਤਮਾ ਦੇ ਕੋਲ ਹੈ ਜੋ ਆਪ ਹੀ ਸਾਰੇ ਸੰਸਾਰ ਦਾ ਗੁਰੂ ਹੈ। ਜਿਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਹਨਾਂ ਨੇ ਗੁਰੂ ਰੂਪ ਪ੍ਰਮਾਤਮਾ ਕੋਲੋਂ ਸੱਚ ਜਾਨਣ ਦੁਆਰਾ ਹੀ ਸੰਸਾਰ ਨੂੰ ਸੱਚ ਸਮਝਾਇਆ ਹੈ ਤੇ ਉਸ **"ਸਚੁ"** ਰੂਪ ਪ੍ਰਮਾਤਮਾ ਨੂੰ ਜਾਣੇ ਬਿਨਾਂ ਹਰ ਕੋਈ ਅਗਿਆਨਤਾ ਵਿੱਚ ਹੀ ਹੈ, ਸੁਪਨੇ ਵਿੱਚ ਹੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥
ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨॥"

41/5307

ਹੁਣ ਉਪਰਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਸਮਝੋ ਕਿ ਸੱਚ ਦਾ ਮਕਸਦ ਕੀ ਹੈ ਤੇ ਸੱਚ ਸਾਨੂੰ ਕਿੱਥੋਂ ਮਿਲਣਾ ਹੈ। ਜਿੱਥੋਂ ਧੰਨ ਧੰਨ ਬਾਬਾ ਨਾਨਕ ਨੂੰ ਸੱਚ ਮਿਲਿਆ ਹੈ ਉਹੀ ਸੱਚ ਦਾ ਮੂਲ ਹੈ। ਬਾਬਾ ਨਾਨਕ ਸਾਨੂੰ ਸਮਝਾ ਰਹੇ ਹਨ ਕਿ ਮੇਰਾ ਵੀ ਕੋਈ ਗੁਰੂ ਹੈ ਜਿਸ ਕੋਲੋਂ ਮੈਂ ਪੁੱਛਦਾ ਹਾਂ ਭਾਵ ਮੈਂ ਆਪਣੇ ਗੁਰੂ ਕੋਲੋਂ ਸੱਚ ਸਮਝਦਾ ਹਾਂ ਜਿਸ ਸੱਚ ਬਿਨਾਂ ਸਾਡੀ ਦੇਹ ਕੱਚੀ ਹੈ ਭਾਵ ਸਾਡੀ ਮਤਿ ਕੱਚੀ ਹੈ। ਜਿਸ ਮਤਿ ਦੇ ਵਿੱਚ ਸੱਚ ਨਹੀਂ ਹੈ ਉਸ ਮਤਿ ਦੇ ਵਿੱਚ ਗੁਣ ਨਹੀਂ ਹੁੰਦੇ ਭਾਵ ਉਹ ਮਤਿ ਨਿਰਗੁਣ ਹੁੰਦੀ ਹੈ। ਸੱਚ ਗੁਰੂ ਦੀ ਸੱਚੀ ਮਤਿ ਹੈ ਜੋ ਸਾਨੂੰ ਗੁਣ ਸਮਝਾਉਂਦੀ ਹੈ ਤੇ ਅਉਗੁਣਾਂ ਵਿੱਚੋਂ ਕੱਢਦੀ ਹੈ। ਗੁਣ ਸਾਡੇ ਅੰਦਰ ਤਾਂ ਹੀ ਵੱਸਣਗੇ ਜੇਕਰ ਅਸੀਂ ਗੁਰੂ ਦੀ ਦਿੱਤੀ ਹੋਈ ਸੱਚੀ ਮਤਿ ਨੂੰ ਮੰਨਾਂਗੇ। ਸੱਚ ਨੂੰ ਮੰਨਣਾ ਹੀ, ਆਪਣੀ ਮਨਮਤਿ ਵਿੱਚੋਂ ਨਿਕਲਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੈ ਜੋ ਕਿ ਸਚੁ ਰੂਪ ਭਾਵ ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਝੂਠ ਨੂੰ ਛੱਡਣਾ ਹੀ ਪੈਂਦਾ ਹੈ, ਆਪਣੀ ਝੂਠੀ ਮਤਿ ਨੂੰ, ਅਗਿਆਨਤਾ ਵਾਲੀ ਮਤਿ ਨੂੰ ਛੱਡਣਾ ਹੀ ਪੈਂਦਾ ਹੈ। ਜੇਕਰ ਅਸੀਂ ਇਹੋ ਜਿਹਾ ਸੱਚਾ ਉੱਦਮ ਕਰਾਂਗੇ ਤੇ ਫਿਰ ਤਾਂ ਹੀ ਉਹ ਸਚੁ ਰੂਪ **"ਪ੍ਰਭੂ"** ਜੋ ਕਿ ਸਾਡੇ ਅੰਦਰ ਹੀ ਹੈ ਉਹ ਆਪਣਾ ਆਪ ਭਾਵ ਆਪਣਾ ਪ੍ਰਭੂ ਰੂਪ ਸਾਨੂੰ ਦਿਖਾਉਂਦਾ ਹੈ। ਉਸ ਪ੍ਰਭੂ ਨੂੰ ਆਪਣੇ ਅੰਦਰੋਂ ਦੇਖੇ ਬਿਨਾਂ, ਉਸ ਸੱਚੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖੇ ਬਿਨਾਂ ਪੂਰਾ ਜੱਗ ਸੁਪਨੇ ਵਿੱਚ ਹੀ ਰਹਿੰਦਾ ਹੈ ਭਾਵ ਅਗਿਆਨਤਾ ਦੀ ਨੀਂਦ ਸੁੱਤਾ ਰਹਿੰਦਾ ਹੈ, ਮਾਇਆ ਮੋਹ ਦੀ ਨੀਂਦ ਸੁੱਤਾ ਰਹਿੰਦਾ ਹੈ ਜਿਸ ਨੀਂਦ ਵਿੱਚ ਰਹਿੰਦਿਆਂ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਜੋ ਸਭ ਦੇ ਅੰਦਰ ਹੀ ਹੈ ਤੇ ਇਸ ਸੰਸਾਰ ਦੀ ਸੱਚਾਈ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਸੰਸਾਰ ਦਾ ਭਰਮ ਕੀ ਹੈ ਤੇ ਉਸ ਭਰਮ ਵਿੱਚੋਂ ਨਿਕਲਣਾ ਕੀ ਹੈ ਭਾਵ ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹੀ ਸੱਚ ਨੂੰ ਜਾਣ ਸਕਦਾ ਹੈ ਤੇ ਉਸਨੂੰ ਜਾਣੇ ਬਿਨਾਂ ਹਰ ਕੋਈ ਭਰਮ ਵਾਲੀ ਮਤਿ ਦੁਆਰਾ ਅਗਿਆਨਤਾ ਵਿੱਚ ਸੁੱਤਾ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਹੈ ਜਿਸਦਾ ਸਾਡੀਆਂ ਸਰੀਰਕ ਕਿਰਿਆਵਾਂ ਨਾਲ ਕੋਈ ਵਾਸਤਾ ਨਹੀਂ ਹੈ, ਸਰੀਰਕ ਜਪਾਂ ਤਪਾਂ, ਸਮਾਧੀਆਂ ਆਦਿ ਨਾਲ ਕੋਈ ਵਾਸਤਾ ਨਹੀਂ ਹੈ, ਤੀਰਥਾਂ ਦੇ ਇਸ਼ਨਾਨ ਆਦਿ ਨਾਲ ਕੋਈ ਵਾਸਤਾ ਨਹੀਂ ਹੈ। ਅਸੀਂ ਕਿਹੋ ਜਿਹਾ ਭੋਜਨ ਖਾਂਦੇ ਹਾਂ, ਸ਼ਾਕਾਹਾਰੀ ਖਾਂਦੇ ਹਾਂ ਜਾਂ ਮਾਸਾਹਾਰੀ ਖਾਂਦੇ ਹਾਂ ਇਸਦਾ ਕੋਈ ਵਾਸਤਾ ਨਹੀਂ ਹੈ, ਕਿਹੋ ਜਿਹੇ

41/5308

ਚੌਂਕੇ ਤੇ ਬੈਠ ਕੇ ਖਾਂਦੇ ਹਾਂ ਤੇ ਕਿਹੋ ਜਿਹਿਆਂ ਦੇ ਹੱਥੋਂ ਖਾਂਦੇ ਹਾਂ ਇਸ ਨਾਲ ਕੋਈ ਵਾਸਤਾ ਨਹੀਂ ਹੈ। ਕਿਹੋ ਜਿਹੇ ਧਾਰਮਿਕ ਅਸਥਾਨ ਤੇ ਜਾਂਦੇ ਹਾਂ ਫਿਰ ਇਸ ਨਾਲ ਕੀ ਫਰਕ ਪੈਂਦਾ ਹੈ ਜੇਕਰ ਅਸੀਂ ਭਰਮ ਛੱਡਣੇ ਹੀ ਨਹੀਂ ਤੇ ਫਿਰ ਕਿਹੋ ਜਿਹਾ ਧਰਮ ਅਸਥਾਨ ਹੋਵੇ ਕੀ ਫਰਕ ਪੈਂਦਾ ਹੈ, ਅਸੀਂ ਜਿਹੜਾ ਮਰਜੀ ਅੱਖਰ ਬੋਲ ਬੋਲ ਕੇ ਆਪਣੇ ਵੱਲੋਂ ਨਾਮ ਜੱਪੀ ਜਾਈਏ ਉਸ ਨਾਲ ਕਿਸਦਾ ਭਰਮ ਨਿਕਲ ਸਕਦਾ ਹੈ ਜਦ ਕਿ ਅਸਲੀਅਤ ਇਹ ਹੈ ਕਿ ਅੱਖਰ ਨੂੰ ਜੱਪੀ ਜਾਣਾ ਹੀ ਭਰਮ ਹੈ। ਅਗਿਆਨਤਾ ਵਿੱਚੋਂ ਨਿਕਲਣ ਲਈ ਗਿਆਨ ਨੂੰ ਜੱਪਣਾ ਪੈਂਦਾ ਹੈ ਜੋ ਕਿ ਅਸਲ ਵਿੱਚ ਨਾਮ ਜੱਪਣਾ ਹੈ ਜਿਸ ਦੁਆਰਾ ਅਸੀਂ ਸੱਚ ਦੇ ਨਾਲ ਜੁੜ ਸਕਦੇ ਹਾਂ ਜਿਵੇਂ ਕਿ ਗੁਰਬਾਣੀ

ਦੀ ਰਚਨਾ ਕਰਨ ਵਾਲੇ ਜੁੜੇ ਹਨ ਤੇ ਉਹਨਾਂ ਨੇ ਸਚੁ ਰੂਪ ਪ੍ਰਮਾਤਮਾ ਨੂੰ ਪਾਇਆ ਹੈ। **(ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥ ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨॥)**

ਗਿਆਨੀ ਅਖਵਾਉਂਣ ਵਾਲੇ ਭਾਵ ਧਰਮ ਦੇ ਗਿਆਨਵਾਨ ਅਖਵਾਉਂਣ ਵਾਲੇ, ਪੰਡਿਤ ਅਖਵਾਉਂਣ ਵਾਲੇ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਂਣ ਵਾਲੇ ਤਾਂ ਬਹੁਤ ਹਨ ਪਰ ਅਸਲ ਵਿੱਚ ਗਿਆਨੀ ਕੌਣ ਹੈ ਇਸ ਗੱਲ ਦੀ ਕਿਸੇ ਨੂੰ ਸਮਝ ਨਹੀਂ ਹੈ। ਆਪਣੇ ਆਪ ਨੂੰ ਗਿਆਨੀ ਉਹੀ ਅਖਵਾ ਸਕਦਾ ਹੈ ਜਿਸਨੂੰ ਪ੍ਰਮਾਤਮਾ ਦੀ ਸਮਝ ਨਹੀਂ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸਲੋਕ ਦੁਆਰਾ ਸਮਝੀਏ ਤੇ ਗਿਆਨੀ ਅਖਵਾਉਂਣਾ ਕਿਤਨੀ ਕੁ ਵੱਡੀ ਗੱਲ ਹੈ।

ਸਲੋਕ ਮਃ ੩ ॥

“ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥
ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥
ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥”

(ਅੰਗ ੫੪੮-੫੪੯)

ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਗਿਆਨੀ ਉਹ ਹੈ ਜਿਸਨੇ ਸਾਰੇ ਜਗ ਨੂੰ ਜਿੱਤਿਆ ਹੋਇਆ ਹੈ ਤੇ ਕੀ ਇਹੋ ਜਿਹੇ ਜੋ ਆਪਣੇ ਆਪ ਨੂੰ ਗਿਆਨਵਾਨ ਅਖਵਾਉਂਦੇ ਹਨ ਉਹਨਾਂ ਨੇ ਸੰਸਾਰ ਨੂੰ ਜਿੱਤਿਆ ਹੋਇਆ ਹੈ। ਨਾ ਤੇ ਉਹਨਾਂ ਨੂੰ ਜਗ ਦੀ ਸਮਝ ਹੈ ਭਾਵ ਜਿਸ ਚੀਜ ਨੂੰ ਜਿੱਤਣਾ ਹੈ ਅਗਰ ਉਸੇ ਗੱਲ ਦੀ ਸਮਝ ਨਹੀਂ ਫਿਰ ਜਿੱਤਣਾ ਕਿਸਨੂੰ ਹੈ। ਬਾਣੀ ਰਾਹੀਂ ਸਾਨੂੰ ਇਹ ਵੀ ਸਮਝਾਇਆ ਹੋਇਆ ਹੈ ਕਿ ਆਪਣੇ ਮਨ ਨੂੰ ਜਿੱਤਣਾ ਹੀ ਇਸ ਜਗ ਨੂੰ ਜਿੱਤਣਾ ਹੈ। **{ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥}** ਅੰਗ ੬

41/5309

ਇਹ ਮਨ ਕੀ ਹੈ ਇਸਦੀ ਤੇ ਕਿਸੇ ਨੂੰ ਸਮਝ ਨਹੀਂ ਹੈ, ਆਪਣੇ ਮਨ ਨੂੰ ਤਾਂ ਕਿਸੇ ਨੇ ਦੇਖਿਆ ਨਹੀਂ, ਜਾਣਿਆ ਨਹੀਂ ਤਾਂ ਫਿਰ ਜਿੱਤਣਾ ਕਿਸਨੂੰ ਹੈ। ਇਸ ਮਨ ਨੂੰ **“ਜਗੁ”** ਕਿਹਾ ਹੈ ਪਹਿਲਾਂ ਤਾਂ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਸਾਰਾ ਜਗ ਭਾਵ ਸਾਰਾ ਸੰਸਾਰ ਆਪਣੇ ਆਪ ਨੂੰ ਇੱਕ ਮਨੁੱਖ ਸਮਝਦਾ ਹੈ ਜਿਸਦੀ ਸਮਝ ਸਾਨੂੰ ਸਾਡਾ ਮਨ ਪਾਉਂਦਾ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ, ਹਉਮੈ ਵਾਲੀ ਮਤਿ ਭਾਵ ਸਾਡੇ ਅੰਦਰ ਦੀ ਨਾਸਮਝ ਮਤਿ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ। ਹਰ ਸੰਸਾਰੀ ਮਨੁੱਖ ਜੋ ਕੁਝ ਆਪਣੇ ਆਪ ਨੂੰ ਸਮਝਦਾ ਹੈ ਉਹ ਝੂਠ ਹੈ ਭਾਵ ਇਹ **“ਜਗੁ”** ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਪਰ ਅਸੀਂ ਇਸਨੂੰ ਮਨੁੱਖਾਂ ਦਾ ਸੰਸਾਰ ਸਮਝਦੇ ਹਾਂ ਭਾਵ ਇਹ ਸਾਰਾ ਸੰਸਾਰ ਅਗਿਆਨਤਾ ਦਾ ਪੁਤਲਾ ਹੈ, ਮਾਇਆ ਦਾ ਪੁਤਲਾ ਹੈ। ਮਨ ਦੀ ਇਸ ਅਗਿਆਨਤਾ ਨੂੰ ਜਿੱਤਣਾ ਹੀ ਜਗ ਨੂੰ ਜਿੱਤਣਾ ਹੈ ਤੇ ਇਸ ਅਗਿਆਨਤਾ ਨੂੰ ਭਾਵ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਕੇਵਲ ਗੁਰੂ ਪ੍ਰਮਾਤਮਾ ਦੇ ਦਿੱਤੇ ਹੋਏ ਸੱਚੇ ਗਿਆਨ ਨਾਲ ਜਿੱਤਿਆ ਜਾ ਸਕਦਾ ਹੈ ਭਾਵ ਚੌਥੇ ਪਦ ਦੇ ਗਿਆਨ ਦੁਆਰਾ ਜਿੱਤਿਆ ਜਾ ਸਕਦਾ ਹੈ। ਆਪਣੀ ਤ੍ਰੈ ਗੁਣਾਂ ਵਾਲੀ ਮਤਿ ਨੂੰ ਜਿੱਤਣ ਵਾਲਾ ਗਿਆਨੀ ਹੈ। ਜਿਸਨੂੰ ਅਸੀਂ ਜਿੱਤਣਾ ਹੈ ਭਾਵ ਜਿਸ ਅਗਿਆਨਤਾ ਵਾਲੀ ਸਮਝ ਨੂੰ ਅਸੀਂ ਜਿੱਤਣਾ ਹੈ ਉਸ ਅਗਿਆਨਤਾ ਨੇ ਸਭ ਨੂੰ ਜਿੱਤਿਆ ਹੋਇਆ ਹੈ ਭਾਵ ਹਰ ਮਨੁੱਖ ਮਨ ਦੀ ਅਗਿਆਨਤਾ ਵਿੱਚ ਹੈ, ਮਾਇਆ ਮੋਹ ਵਿੱਚ ਹੈ ਜਿਸਨੂੰ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਜਿੱਤਿਆ ਜਾ ਸਕਦਾ ਹੈ ਜਿਸ ਅਵਸਥਾ ਦੁਆਰਾ ਗੁਰਬਾਣੀ ਦੀ ਰਚਨਾ ਹੋਈ ਹੈ ਭਾਵ ਗੁਰੂ ਆਪ ਹੀ ਗਿਆਨੀ ਹੈ ਜੋ ਪ੍ਰਮਾਤਮਾ ਦਾ ਹੀ ਰੂਪ ਹੈ। **(ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥)**

{ਅਸੀ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥
ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥
ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥
ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥}

(ਅੰਗ ੨੫)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥}

(ਅੰਗ ੧੨੪)

{ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ ॥ ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥
ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥ ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥
ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥ ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥
ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥ ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ॥
ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥੨॥}

(ਅੰਗ ੬੪੪)

41/5310

ਜਿਸਦਾ ਪ੍ਰਮਾਤਮਾ ਕਾਰਜ ਸਿੱਧ ਕਰਦਾ ਹੈ ਭਾਵ ਜਿਸਦੇ ਜੀਵਨ ਨੂੰ ਸਫਲ ਕਰਦਾ ਹੈ ਉਸਨੂੰ ਆਪਣੇ ਮੇਲ ਦੁਆਰਾ ਹੀ ਕਰਦਾ ਹੈ ਭਾਵ ਆਪਣਾ ਗਿਆਨੀ ਰੂਪ ਬਨਾਉਂਣ ਦੁਆਰਾ ਹੀ ਕਰਦਾ ਹੈ ਤੇ ਉਸਦੇ ਗਿਆਨ ਦਾ ਮਿਲਨਾ ਹੀ ਨਾਮ ਦਾ ਮਿਲਨਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥”

ਸਾਡੇ ਅੰਦਰ ਸੱਚੇ ਗਿਆਨ ਦੀ ਅਵਸਥਾ, ਨਾਮ ਵਾਲੀ ਅਵਸਥਾ, ਸਹਜ ਵਾਲੀ ਅਵਸਥਾ ਇੱਕੋ ਹੀ ਗੱਲ ਹੈ ਭਾਵ ਇਹ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ ਜੋ ਸਾਡੇ ਅੰਦਰੋਂ ਅਗਿਆਨਤਾ ਵਾਲੀ ਅਵਸਥਾ, ਤ੍ਰੈ ਗੁਣਾਂ ਵਾਲੀ ਅਵਸਥਾ ਨੂੰ ਦੂਰ ਕਰਦੀ ਹੈ ਭਾਵ ਹਉਮੈ ਵਿੱਚੋਂ ਕੱਢਦੀ ਹੈ। ਜਿੱਥੇ ਨਾਮ ਵੱਸ ਜਾਂਦਾ ਹੈ ਉੱਥੇ ਫਿਰ ਹਉਮੈ ਨਹੀਂ ਰਹਿ ਸਕਦੀ। ਮਨ ਦੀ ਇਸ ਅਵਸਥਾ ਦੁਆਰਾ ਫਿਰ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਜੋ ਕੁਝ ਵੀ ਮਨੁੱਖ ਕਰਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਕਰਦਾ ਹੈ ਤੇ

ਪ੍ਰਮਾਤਮਾ ਸਾਡੇ ਅੰਦਰ ਸਹਜ ਗਿਆਨ ਦੇ ਰੂਪ ਵਿੱਚ ਹੈ ਜੋ ਆਪ ਹੀ ਸਭ ਕੁਝ ਕਰਵਾਉਂਦਾ ਹੈ ਤੇ ਇਸੇ ਲਈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ, ਜਿਨ੍ਹਾਂ ਨੂੰ ਉਸਨੇ ਆਪਣਾ ਸੱਚਾ ਗਿਆਨ ਬਖਸ਼ਿਆ ਹੈ, ਸਹਜ ਗਿਆਨ ਬਖਸ਼ਿਆ ਹੈ, ਆਪਣਾ ਨਾਮ ਬਖਸ਼ਿਆ ਹੈ ਫਿਰ ਉਹਨਾਂ ਨੇ ਉਹੋ ਕੁਝ ਹੀ ਕਰਮ ਕੀਤੇ ਹਨ ਜੋ ਉਸ ਪ੍ਰਮਾਤਮਾ ਨੂੰ ਭਾਉਂਦੇ ਹਨ। ਜੋ ਉਸਨੂੰ ਭਾਉਂਦਾ ਹੈ ਉਹ ਉਹੀ ਕੁਝ ਕਰਵਾਉਂਦਾ ਹੈ। **(ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥)**

ਪ੍ਰਮਾਤਮਾ ਜਿਨ੍ਹਾਂ ਦਾ ਕਾਰਜ ਸਿੱਧ ਕਰਦਾ ਹੈ ਉਸਨੂੰ ਹੀ ਆਪਣਾ ਭਗਤ ਰੂਪ ਬਣਾਉਂਦਾ ਹੈ ਭਾਵ ਸੱਚਾ ਗਿਆਨੀ ਬਣਾਉਂਦਾ ਹੈ ਉਹਨਾਂ ਨੂੰ ਸੱਚਾ ਗਿਆਨ ਗੁਰਮਤਿ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ॥”

ਪ੍ਰਮਾਤਮਾ ਦੀ ਭਗਤੀ ਸਾਡੀ ਉਸ ਮਤਿ ਦੁਆਰਾ ਹੁੰਦੀ ਹੈ ਜੋ ਮਤਿ **“ਅਚਲੁ”** ਹੈ ਭਾਵ ਅਟੱਲ ਹੈ, ਅਡੋਲ ਹੈ ਭਾਵ ਜੋ ਮਤਿ ਥਿਰ ਰਹਿੰਦੀ ਹੈ

41/5311

ਜੋ ਕਿ ਕੇਵਲ ਤੇ ਕੇਵਲ ਗੁਰੂ ਦੀ ਮਤਿ ਹੈ। ਆਪਣੇ ਭਗਤਾਂ ਨੂੰ ਪ੍ਰਮਾਤਮਾ ਮਨ ਦੇ ਗਿਆਨ ਰਾਹੀਂ ਸਹਜ ਦੀ ਅਵਸਥਾ ਰਾਹੀਂ, ਸ਼ਬਦਾਂ ਦੀ ਵਿਚਾਰ ਦੇ ਰਾਹੀਂ ਇਹੋ ਜਿਹੀ ਮਤਿ ਹੀ ਦਿੰਦਾ ਹੈ ਜੋ ਕਦੇ ਡੋਲ ਨਹੀਂ ਸਕਦੀ, ਮਾਇਆ ਮੋਹ ਵਿੱਚ ਡੋਲ ਨਹੀਂ ਸਕਦੀ ਭਾਵ ਜਿਸ ਮਤਿ ਨੂੰ ਧਰਮ ਦਾ ਮਾਰਗ ਸਮਝਣ ਵਿੱਚ, ਪ੍ਰਮਾਤਮਾ ਦੇ ਦਰ ਨੂੰ ਸਮਝਣ ਵਿੱਚ ਕਦੇ ਬਦਲਿਆ ਨਹੀਂ ਜਾ ਸਕਦਾ। ਪੂਰੀ ਗੁਰਬਾਣੀ ਵਿੱਚ ਜੋ ਵੀ ਭਗਤਾਂ ਦੇ ਬਚਨ ਹਨ, ਗੁਰੂ ਸਾਹਿਬਾਨ ਦੇ ਬਚਨ ਹਨ ਉਹ ਪ੍ਰਮਾਤਮਾ ਦੇ ਆਪਣੇ ਹੀ ਬਚਨ ਹਨ ਜਿਨ੍ਹਾਂ ਰਾਹੀਂ ਉਸਨੇ ਸਾਰੇ ਸੰਸਾਰ ਨੂੰ ਗੁਰਮਤਿ ਸਮਝਾਈ ਹੈ। ਗੁਰੂ ਦੇ ਇਹ ਬਚਨ ਅਟਲ ਹਨ ਜਿਨ੍ਹਾਂ ਨੂੰ ਕਦੇ ਵੀ ਬਦਲਿਆ ਨਹੀਂ ਜਾ ਸਕਦਾ ਕਿਉਂਕਿ ਉਹਨਾਂ ਵਿੱਚ ਪੂਰਨ ਸੱਚ ਹੈ ਕਿਉਂਕਿ ਉਹ ਭਰਮ ਤੋਂ ਰਹਿਤ ਹਨ। ਭਰਮ ਵਾਲੀ ਮਤਿ ਡੋਲਦੀ ਹੈ ਜੋ ਸੱਚ ਦੇ ਸਾਹਮਣੇ ਆਉਂਣ ਤੋਂ ਡੋਲ ਜਾਂਦੀ ਹੈ ਭਾਵ ਭਰਮ ਵਾਲੀ ਮਤਿ ਥਿਰ ਨਹੀਂ ਰਹਿ ਸਕਦੀ ਤੇ ਸੱਚੀ ਮਤਿ ਕਦੀ ਆਪਣੇ ਮਾਰਗ ਤੋਂ, ਆਪਣੇ ਵਿਚਾਰਾਂ ਤੋਂ ਡੋਲ ਨਹੀਂ ਸਕਦੀ। ਪ੍ਰਮਾਤਮਾ ਆਪਣੇ ਭਗਤਾਂ ਨੂੰ ਇਹੋ ਜਿਹੀ ਮਤਿ ਦਿੰਦਾ ਹੈ ਜਿਸ ਦੁਆਰਾ ਉਹ ਉਹਨਾਂ ਨੂੰ ਭਰਮ ਵਾਲੀ ਮਤਿ ਵਿੱਚੋਂ ਕੱਢਦਾ ਹੈ, ਮਨਮਤਿ ਵਿੱਚੋਂ, ਝੂਠੀ ਮਤਿ ਵਿੱਚੋਂ ਕੱਢਦਾ ਹੈ। ਪ੍ਰਮਾਤਮਾ ਆਪਣੇ ਭਗਤਾਂ ਦਾ ਇਸ ਤਰੀਕੇ ਮਨ ਦੇ ਗਿਆਨ ਰਾਹੀਂ ਅੰਗੀਕਾਰ ਕਰਦਾ ਹੈ ਭਾਵ ਉਹਨਾਂ ਦਾ ਸਹਾਈ ਬਣਦਾ ਹੈ ਜਿਸ ਦੁਆਰਾ ਉਹਨਾਂ ਦਾ ਕਾਰਜ ਰਾਸ ਆਉਂਦਾ ਹੈ। **(ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥)**

{ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥}

(ਅੰਗ ੧੨੦੪)

{ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥
ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥}

(ਅੰਗ ੨੨੨)

{ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ ॥
ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ ॥੪॥੨॥}

(ਅੰਗ ੬੫੪)

{ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗਣਿਆਰਿ ॥
ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥੫॥
ਅਉਗਣਿਆਰੀ ਕੰਤ ਨ ਭਾਵੈ ॥ ਮਨ ਕੀ ਜੂਠੀ ਜੂਠੁ ਕਮਾਵੈ ॥
ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ ॥੬॥
ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥
ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥}

(ਅੰਗ ੧੦੪੭)

{ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥
ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥
ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥}

(ਅੰਗ ੧੨੩੩)

41/5312

{ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥
ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥
ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥ ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

{ਇਕਿ ਧੁਰਿ ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ ॥
ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ ॥੧॥
ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥}

(ਅੰਗ ੧੩੪੫)

{ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥ ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥੧੩॥}

(ਅੰਗ ੧੪੨੫)

ਜਿਸਨੂੰ ਪ੍ਰਮਾਤਮਾ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਉਸਨੂੰ ਆਪਣੀ ਸੱਚੀ ਗੁਰਮਤਿ ਦੇਣ ਦੁਆਰਾ ਹੀ ਕੱਢਦਾ ਹੈ, ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਹੀ ਕੱਢਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕੱਢਿਆ ਹੈ ਤੇ ਸਾਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦਾ ਮਕਸਦ ਸਾਨੂੰ ਮਨਮਤਿ ਵਿੱਚੋਂ ਕੱਢਣ ਦਾ ਹੀ ਹੈ ਭਾਵ ਅਗਿਆਨਤਾ ਵਾਲੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਆਪਣੇ ਜੀਵਨ ਦੇ ਸਹੀ ਮਾਰਗ ਨੂੰ ਸਮਝ ਸਕੀਏ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥”

ਜਦ ਤਕ ਸਾਡੇ ਅੰਦਰ ਸ਼ਬਦ ਦੀ ਵੀਚਾਰ ਨਹੀਂ ਹੈ ਭਾਵ ਜਦ ਤਕ ਸਾਡੇ ਅੰਦਰ ਗੁਰੂ ਦਾ ਗਿਆਨ ਨਹੀਂ ਹੈ ਤਦ ਤਕ ਸਾਡੇ ਸਭ ਦੇ ਅੰਦਰ ਅਗਿਆਨਤਾ ਵਾਲੀ ਮਤਿ ਹੀ ਹੈ ਭਾਵ ਮਾਇਆ ਮੋਹ ਹੀ ਹੈ ਜਿਸ ਕਰਕੇ ਸਾਨੂੰ ਆਪਣੇ ਜੀਵਨ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ ਜੋ ਕਿ ਆਪਣੇ ਅੰਦਰੋਂ ਲੋਭ ਲਾਲਚ ਛੱਡ ਕੇ, ਹਉਮੈ ਛੱਡ ਕੇ ਭਾਵ ਅਉਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਜਿਸ ਮਨੁੱਖ ਦੇ ਅੰਦਰ ਅਉਗੁਣ ਹਨ ਉਹ ਸ਼ਬਦ ਦਾ ਵੀਚਾਰੀ ਨਹੀਂ ਹੈ ਇਸ ਲਈ ਉਹ ਮਨਮੁਖਿ ਹੈ ਤੇ ਸੱਚ ਤੋਂ ਭੁੱਲਿਆ ਹੋਇਆ ਹੈ ਭਾਵ ਨਾਮ ਨੂੰ ਭੁੱਲਿਆ ਹੋਇਆ ਹੈ। ਸ਼ਬਦ ਦੀ ਵਿਚਾਰ ਸਾਨੂੰ ਮਤਿ ਦੇਣ ਲਈ ਹੀ ਹੈ ਭਾਵ ਸਾਨੂੰ ਮਨਮੁਖਿ ਵਾਲੀ ਮਤਿ

ਵਿੱਚੋਂ ਕੱਢਣ ਲਈ ਹੀ ਹੈ, ਮਨ ਦੀ ਭੁੱਲ ਵਿੱਚੋਂ ਕੱਢਣ ਲਈ ਹੀ ਹੈ ਜੋ ਭੁੱਲ ਅਸੀਂ ਮਾੜੇ ਕਰਮ ਕਰਨ ਦੁਆਰਾ ਕਰਦੇ ਹਾਂ। ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਸਾਡੇ ਮਾੜੇ ਕਰਮਾਂ ਕਰਕੇ ਹੀ ਹੈ ਜਿਸਦਾ ਕਾਰਨ ਸਾਡੀ ਨਾਸਮਝ ਮਤਿ ਹੈ ਭਾਵ ਸਾਡੀ ਹਉਮੈ ਵਾਲੀ ਮਤਿ ਹੈ। ਹਉਮੈ ਦਾ ਨਾਮ ਦੇ ਨਾਲ ਵਿਰੋਧ ਹੈ ਭਾਵ ਝਗੜਾ ਹੈ ਜੋ ਝਗੜਾ ਸਾਡਾ ਹਰ ਵੇਲੇ ਬਣਿਆ ਰਹਿੰਦਾ ਹੈ, ਅੱਠੇ ਪਹਿਰ ਬਣਿਆ ਰਹਿੰਦਾ ਹੈ। ਸ਼ਬਦ ਦੀ ਵਿਚਾਰ ਨਾਮ ਹੈ ਤੇ ਜੇਕਰ ਅਸੀਂ ਸ਼ਬਦ ਦੀ ਵਿਚਾਰ ਨੂੰ ਮੰਨਾਂਗੇ ਭਾਵ ਅਉਗੁਣ ਛਡਾਂਗੇ, ਮਾੜੇ ਕਰਮ ਕਰਨੇ ਛਡਾਂਗੇ ਤੇ ਤਾਂ ਹੀ ਸਾਡਾ ਨਾਮ ਦੇ ਨਾਲ ਵਿਰੋਧ ਖਤਮ ਹੋਵੇਗਾ, ਸੱਚ ਦੇ ਨਾਲ ਵਿਰੋਧ ਖਤਮ ਹੋਵੇਗਾ, ਪ੍ਰਮਾਤਮਾ ਦੇ ਨਾਲ ਵਿਰੋਧ ਖਤਮ ਹੋਵੇਗਾ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਝਗੜਾ ਮਨਮਤਿ ਦਾ ਗੁਰਮਤਿ ਦੇ ਨਾਲ ਹੈ, ਸਾਡੀ ਅਗਿਆਨਤਾ ਦਾ ਝਗੜਾ ਗੁਰੂ ਦੇ ਸੱਚੇ ਗਿਆਨ ਦੇ ਨਾਲ ਹੈ ਜੋ ਝਗੜਾ ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਦੂਰ ਹੋ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। **(ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥ ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥)**

ਸ਼ਬਦ ਦਾ ਵੀਚਾਰੀ ਬਣਨਾ ਕੀ ਹੈ, ਸ਼ਬਦ ਦੇ ਨਾਲ ਜੁੜਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਆਉ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰੀਏ ਕਿ ਸ਼ਬਦ ਨਾਲ ਜੁੜਨਾ ਕੀ ਹੈ ਤੇ ਉਸਦਾ ਮਕਸਦ ਕੀ ਹੈ ਜੋ ਵੱਡੇ ਵੱਡੇ ਧਰਮ ਦੇ ਗਿਆਨੀ ਅਖਵਾਉਂਣ ਵਾਲਿਆਂ ਨੂੰ ਫਿਰ ਵੀ ਸਮਝ ਨਹੀਂ ਆਉਂਦਾ ਭਾਵੇਂ ਗੁਰੂ ਸਾਹਿਬ ਨੇ ਬੜੇ ਸਿੱਧੇ ਤੇ ਸੋਖੇ ਢੰਗ ਨਾਲ ਸਮਝਾਇਆ ਹੋਇਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

“ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥

ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥"

(ਅੰਗ ੧੦੪੫)

ਉਪਰ ਪਹਿਲੀਆਂ ਦੋ ਪੰਗਤੀਆਂ ਨੂੰ ਪੜਨ ਦੁਆਰਾ ਹੀ ਕਿਸਨੂੰ ਸਮਝ ਨਹੀਂ ਆਉਂਦੀ ਕਿ ਸ਼ਬਦ ਨੂੰ ਵਿਚਾਰਨਾ ਕੀ ਹੈ। ਹਰ ਕੋਈ ਸਮਝਦਾ ਹੈ ਕਿ ਪੰਚ ਦੂਤ ਕੀ ਹਨ, ਗਿਆਨੀ ਅਖਵਾਉਂਣ ਵਾਲੇ ਵੀ ਸਮਝਦੇ ਹਨ ਕਿ ਪੰਚ ਦੂਤ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜੋ ਸਾਡੀ ਮਤਿ ਦੇ ਅੰਦਰ ਹੀ ਹਨ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹਨ ਤੇ ਸਾਡੇ ਸਰੀਰ ਨੂੰ ਨਾਸ ਕਰਨ ਵਾਲੇ ਇਹ ਅਉਗੁਣ ਵਾਲੇ ਵਿਚਾਰ ਹੀ ਹਨ ਭਾਵ

41/5314

ਇਹਨਾਂ ਅਉਗੁਣਾਂ ਵਿੱਚੋਂ ਨਿਕਲਣਾ ਹੀ ਸਾਡੇ ਜੀਵਨ ਦਾ ਮਕਸਦ ਹੈ ਜਿਨ੍ਹਾਂ ਕਰਕੇ ਸਾਡਾ ਜੀਵਨ ਵਿਅਰਥ ਜਾ ਰਿਹਾ ਹੈ। ਸਾਡੇ ਅੰਦਰ ਇਹ ਮਾੜੇ ਵਿਚਾਰਾਂ ਦਾ ਬਣੇ ਰਹਿਣਾ ਹੀ ਸਾਡਾ ਜਨਮ ਮਰਨ ਹੈ ਜਿਸ ਵਿੱਚੋਂ ਸਾਨੂੰ ਸ਼ਬਦ ਦੀ ਵਿਚਾਰ ਨੇ ਕੱਢਣਾ ਹੈ ਭਾਵ ਗੁਰਮਤਿ ਵਾਲੀ ਵਿਚਾਰ ਨੇ ਕੱਢਣਾ ਹੈ ਭਾਵ ਮਨਮਤਿ ਵਾਲੇ ਵਿਚਾਰ ਸਾਡੇ ਜੀਵਨ ਦਾ ਨਾਸ ਕਰਦੇ ਹਨ, ਸਾਡੇ ਕੋਲੋਂ ਮਾੜੇ ਕਰਮ ਕਰਵਾਉਂਣ ਦੁਆਰਾ ਸਾਡੇ ਜੀਵਨ ਦਾ ਨਾਸ ਕਰਦੇ ਹਨ ਤੇ ਜੇਕਰ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨ ਲਵਾਂਗੇ ਫਿਰ ਅਸੀਂ ਸਾਰੇ ਅਉਗੁਣ ਤਿਆਗ ਦੇਵਾਂਗੇ ਤੇ ਸੱਚੇ ਸੁੱਚੇ ਕਰਮ ਕਰਾਂਗੇ ਜਿਨ੍ਹਾਂ ਨਾਲ ਸਾਡਾ ਜੀਵਨ ਸਫਲ ਹੋਵੇਗਾ। ਸਾਡੇ ਅੰਦਰ ਮਾੜੀ ਮਤਿ ਦਾ ਹੋਣਾ ਸਾਡੇ ਅੰਦਰ ਦਾ ਮਾਇਆ ਮੋਹ ਹੈ ਜਿਸ ਕਰਕੇ ਸਾਡੇ ਅੰਦਰ ਹਨੇਰਾ ਹੈ ਜਿਸ ਕਰਕੇ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਭਾਵ ਅਸੀਂ ਝੂਠੀ ਮਤਿ ਨੂੰ ਹੀ ਸੱਚ ਸਮਝੀ ਰੱਖਦੇ ਹਾਂ ਜਿਵੇਂ ਕਿ ਸੁਪਨੇ ਅੰਦਰ ਰਹਿੰਦੇ ਹਾਂ, ਅਸੀਂ ਝੂਠ ਨੂੰ ਹੀ ਸੱਚ ਸਮਝਦੇ ਹਾਂ। ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਗੁਰੂ ਦੇ ਸੱਚੇ ਗਿਆਨ ਨਾਲ ਜੋੜਨ ਦਾ ਹੈ ਤਾਂ ਜੋ ਅਸੀਂ ਪੰਜੇ ਵਿਕਾਰਾਂ ਵਿੱਚੋਂ ਨਿਕਲਕੇ ਸੱਚਾ ਸੁੱਚਾ ਜੀਵਨ ਜੀਵੀਏ। **(ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥)** ਜੋ ਸ਼ਬਦ ਦਾ ਵੀਚਾਰੀ ਬਣਨਾ ਹੈ ਉਹੀ ਸ਼ਬਦ ਦੇ ਨਾਲ ਜੁੜਨਾ ਹੈ ਭਾਵ ਇੱਕੋ ਹੀ ਗੱਲ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥)** ਬੜਾ ਸਪਸ਼ਟ ਹੈ ਕਿ ਜਦ ਤਕ ਕਿਸੇ ਦੇ ਪੰਜੇ ਅਉਗੁਣ ਨਹੀਂ ਮਰੇ ਭਾਵ ਜਦ ਤਕ ਮਨੁੱਖ ਅਉਗੁਣਾਂ ਤੋਂ ਪੂਰੀ ਤਰ੍ਹਾਂ ਰਹਿਤ ਨਹੀਂ ਹੋਇਆ, ਪੂਰੀ ਤਰ੍ਹਾਂ ਮਨ ਦੀ ਅਗਿਆਨਤਾ ਤੋਂ ਰਹਿਤ ਨਹੀਂ ਹੋਇਆ, ਮਾਇਆ ਮੋਹ ਤੋਂ ਰਹਿਤ ਨਹੀਂ ਹੋਇਆ ਉਹ ਸ਼ਬਦ ਦੇ ਨਾਲ ਨਹੀਂ ਜੁੜਿਆ। ਹਰ ਕੋਈ ਆਪਣੇ ਆਪ ਨੂੰ ਸ਼ਬਦ ਦੇ ਨਾਲ ਜੁੜਿਆ ਹੋਇਆ ਹੀ ਕਹਿੰਦਾ ਹੈ ਭਾਵ ਸ਼ਬਦਾਂ ਦੀ ਕਥਨੀ ਨੂੰ ਹੀ ਸ਼ਬਦਾਂ ਨਾਲ ਜੁੜਿਆ ਸਮਝਿਆ ਜਾਂਦਾ ਹੈ ਤੇ ਇਹੀ ਕੁਝ ਵੱਡੇ ਵੱਡੇ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ ਸਮਝਾਉਂਦੇ ਹਨ। ਸ਼ਬਦ ਨਾਲ ਜੁੜਿਆ ਹੋਇਆ ਉਹੀ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਜੋ ਕਿ ਉਸਦੀ ਕਿਰਪਾ ਦੁਆਰਾ ਕਿਸੇ ਵਡਭਾਗੇ ਦਾ ਹੀ ਹੁੰਦਾ ਹੈ। ਜੋ ਸ਼ਬਦ ਦੀ ਮਤਿ ਨਾਲ ਜੁੜ ਜਾਂਦਾ ਹੈ ਉਹ ਆਪਣੇ ਅੰਦਰੋਂ ਸਚੁ ਰੂਪ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਤੇ ਉਸਦੇ ਰੰਗ ਵਿੱਚ ਹੀ ਰੱਤਿਆ ਰਹਿੰਦਾ ਹੈ ਭਾਵ ਉਸਦੀ

41/5315

ਦਿੱਤੀ ਹੋਈ ਸੱਚੀ ਮਤਿ ਨਾਲ ਹੀ ਰੰਗਿਆ ਰਹਿੰਦਾ ਹੈ, ਸੱਚੇ ਗਿਆਨ ਦੇ ਰੰਗ ਵਿੱਚ ਰੱਤਿਆ ਰਹਿੰਦਾ ਹੈ ਜੋ ਕਿ ਮਨ ਦੇ ਅੰਦਰ ਸਹਜ ਵਾਲੀ ਅਵਸਥਾ ਹੈ ਭਾਵ ਚੌਥੇ ਪਦ ਵਾਲੀ ਅਵਸਥਾ ਹੈ ਜਿਸ ਅਵਸਥਾ ਵਿੱਚ ਪ੍ਰਮਾਤਮਾ ਸਾਡੇ ਅੰਦਰ ਵਰਤ ਰਿਹਾ ਹੈ। ਆਪਣੇ ਸ਼ਬਦ ਦੇ ਨਾਲ ਪ੍ਰਮਾਤਮਾ ਆਪ ਜੋੜਦਾ ਹੈ, ਆਪਣੇ ਮੇਲ ਦੁਆਰਾ ਜੋੜਦਾ ਹੈ ਪਰ ਸ਼ਬਦਾਂ ਨਾਲ ਜੁੜਨ ਦਾ ਉੱਦਮ ਅਸੀਂ ਹੀ ਕਰਨਾ ਹੈ ਭਾਵ ਅਉਗੁਣਾਂ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ, ਮਾੜੇ ਕਰਮ ਛੱਡਣ ਦਾ ਉੱਦਮ ਅਸੀਂ ਹੀ ਕਰਨਾ ਹੈ ਕਿਉਂਕਿ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਇਹੀ ਤਰੀਕਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ। **(ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥ ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥)**

ਜਦ ਤਕ ਮਨੁੱਖ ਦੇ ਅੰਦਰ ਅਉਗੁਣ ਹਨ ਭਾਵ ਜਦ ਤਕ ਉਹ ਸ਼ਬਦ ਦਾ ਵੀਚਾਰੀ ਨਹੀਂ ਹੈ ਉਸ ਮਨੁੱਖ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥

ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥

ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥”

ਸ਼ਬਦ ਦੀ ਵਿਚਾਰ ਦਾ ਮਕਸਦ ਆਪਣੀ ਮਤਿ ਦੀ ਸਮਝ ਨੂੰ ਚੰਗੀ ਬਨਾਉਂਣ ਦਾ ਹੀ ਹੈ। ਪ੍ਰਮਾਤਮਾ ਨੇ ਸਭ ਨੂੰ ਮਾਇਆ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਜਿਸਦਾ ਮਕਸਦ ਸਾਨੂੰ ਨਾਸਮਝ ਮਤਿ ਵਿੱਚ ਰੱਖਣ ਦਾ ਹੀ ਹੈ ਤੇ ਜਦ ਤਕ ਸਾਡੀ ਮਤਿ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਭੁੱਲੀ ਹੋਈ ਹੈ ਤਦ ਤਕ ਸਾਡੇ ਬੋਲ ਵਿਕਾਰਾਂ ਵਾਲੇ ਹੁੰਦੇ ਹਨ। ਵਿਕਾਰਾਂ ਵਾਲੇ ਬੋਲਾਂ ਦਾ ਮਕਸਦ ਸਾਡੀ ਰਸਨਾ ਦੇ ਨਾਲ ਬੋਲਣ ਦਾ ਨਹੀਂ ਹੈ। ਸਾਡੇ ਬੋਲ ਸਾਡੇ ਕਰਮ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਮਾੜੀ ਮਤਿ ਵਿੱਚ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਇਹੀ ਸਾਡੇ ਮਾੜੇ ਬੋਲ ਹਨ ਭਾਵ ਸਾਡੇ ਸਭ ਕਰਮ ਮਾੜੇ ਕਰਮ ਹੁੰਦੇ ਹਨ ਭਾਵ ਸਾਡਾ ਜੋ ਵੀ ਕਰਮ ਸ਼ਬਦ ਦੀ ਵਿਚਾਰ ਅਨੁਸਾਰ ਨਹੀਂ ਹੁੰਦਾ, ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦਾ ਉਹ ਸਾਡਾ ਵਿਕਾਰੀ ਕਰਮ ਹੈ, ਸਾਡਾ ਮਾੜਾ ਬੋਲ ਹੈ। **(ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥)** ਸਾਡੇ ਵਿਕਾਰਾਂ ਵਾਲੇ ਬੋਲ ਕੀ ਹਨ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥”

41/5316

ਜਦ ਤਕ ਸਾਡੀ ਮਤਿ ਨਾਸਮਝ ਹੈ ਭਾਵ ਸ਼ਬਦ ਦੇ ਵਿਚਾਰਾਂ ਅਨੁਸਾਰ ਨਹੀਂ ਹੈ ਇਹ ਮਤਿ ਸਾਨੂੰ ਧਰਮ ਦੇ ਮਾਰਗ ਨੂੰ ਸਮਝਣ ਤੋਂ ਦੂਰ ਰੱਖਦੀ ਹੈ। ਧਰਮ ਦਾ ਸੱਚਾ ਮਾਰਗ ਤ੍ਰਿਸ਼ਨਾਵਾਂ ਤੋਂ ਦੂਰ ਹੋਣ ਦਾ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ। ਤ੍ਰਿਸ਼ਨਾਵਾਂ ਨੂੰ ਤਿਆਗਣ ਨਾਲ ਹੀ ਸਾਡੇ ਅੰਦਰ ਸੰਤੋਖ ਵਾਲੀ ਬਿਰਤੀ ਆਉਂਦੀ ਹੈ ਜਿਸ ਦੁਆਰਾ ਅਸੀਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਉਗੁਣ ਨਹੀਂ ਕਰਦੇ ਤੇ ਮਨ ਦੇ ਸੰਤੋਖ ਰਾਹੀਂ ਗੁਣਾਂ ਦੁਆਰਾ ਵਿਚਰਦੇ ਹਾਂ। ਜਦ ਤਕ ਅਸੀਂ ਤ੍ਰਿਸ਼ਨਾਵਾਂ ਦੇ ਭਰੇ ਹੋਏ ਹਾਂ ਤਦ ਤਕ ਅਸੀਂ ਮਨ ਦੀ ਅਗਿਆਨਤਾ ਵਿੱਚ, ਮਨ ਦੇ ਹਨੇਰੇ ਵਿੱਚ ਹਾਂ ਭਾਵ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਭਰਮ ਵਿੱਚ ਹਾਂ ਜੋ ਭਰਮ ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਨਿਕਲਦਾ ਹੈ ਤੇ ਸਮਝ ਪੈਂਦੀ ਹੈ ਕਿ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਮਨ ਦੇ ਸੰਤੋਖ ਰਾਹੀਂ ਸੱਚੇ ਸੁੱਚੇ ਕਰਮ ਕਰਨਾ ਹੀ ਸਾਡੇ ਸੱਚੇ ਬੋਲ ਹਨ ਭਾਵ ਪ੍ਰਮਾਤਮਾ ਦੇ ਅੱਗੇ ਸਾਡੇ ਭਗਤੀ ਵਾਲੇ ਬੋਲ ਹਨ, ਸੱਚੇ ਬੋਲ ਹਨ। **(ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥ ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥) {ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥}** ਅੰਗ ੧੫

ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝੋ ਕਿ ਪ੍ਰਮਾਤਮਾ ਦੇ ਦਰ ਤੇ ਮਾੜੇ ਚੰਗੇ ਮਨੁੱਖ ਦਾ ਫੈਸਲਾ ਕਿਸ ਗੱਲ ਨਾਲ ਹੁੰਦਾ ਹੈ।

“ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥”

“ਮਾਇਆ ਮੋਹਿ” ਕਿਸ ਵਿੱਚ ਨਹੀਂ ਹੈ ਭਾਵ ਸਭ ਵਿੱਚ ਹੈ ਜੋ ਕਿ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ ਹੈ ਤੇ ਸਾਰੇ ਸੰਸਾਰ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਇਹ ਮਾਇਆ ਮੋਹ ਸਾਡੇ ਅੰਦਰ ਦੀ ਮਨਮਤਿ ਹੈ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਦੂਰ ਰੱਖਦੀ ਹੈ। ਇਹ ਮਤਿ ਸਾਨੂੰ ਤ੍ਰਿਸ਼ਨਾਵਾਂ ਨਾਲ ਜੋੜਕੇ ਰੱਖਦੀ ਹੈ ਜਿਸ ਰਾਹੀਂ ਸਾਡਾ ਮਨ ਹਰ ਵੇਲੇ ਬਾਹਰੀ ਮਾਇਆ ਪਿੱਛੇ ਦੌੜਦਾ ਰਹਿੰਦਾ ਹੈ, ਦੁਨਿਆਵੀ ਪਦਾਰਥਾਂ ਦੇ ਸੁੱਖ ਪਿੱਛੇ ਦੌੜਦਾ ਰਹਿੰਦਾ ਹੈ ਜਿਨ੍ਹਾਂ ਦੀ ਪ੍ਰਾਪਤੀ ਲਈ ਉਹ ਅਨੇਕਾਂ ਮਾੜੇ ਕਰਮ ਕਰਦਾ ਹੈ। ਤ੍ਰਿਸ਼ਨਾਵਾਂ ਤੋਂ ਨਿਕਲਿਆਂ ਨਹੀਂ ਜਾਂਦਾ ਤੇ ਜਿਤਨੀ ਮਰਜੀ ਬਾਹਰੀ ਮਾਇਆ ਦੀ ਪ੍ਰਾਪਤੀ ਹੋ ਜਾਵੇ ਤਾਂ ਵੀ ਰੱਜ ਨਹੀਂ ਹੁੰਦਾ ਭਾਵ ਮਨ ਵਿੱਚ ਸੰਤੋਖ ਨਹੀਂ ਆਉਂਦਾ ਜੋ ਸਾਨੂੰ ਭਗਤੀ

41/5317

ਦੇ ਅਸਲ ਮਾਰਗ ਤੋਂ ਦੂਰ ਰੱਖਦੀ ਹੈ। ਮਨ ਦੀ ਇਹੋ ਜਿਹੀ ਬਿਰਤੀ ਵਾਲਾ ਸ਼ਬਦ ਦਾ ਵਿਚਾਰੀ ਨਹੀਂ ਹੈ ਤੇ ਇਸੇ ਲਈ ਹਰ ਕੋਈ ਮਨਮੁਖਿ ਹੈ। ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਇਹੋ ਜਿਹੇ ਮਨਮੁੱਖਾਂ ਨਾਲੋਂ ਸਾਡੀ ਤੁੱਟੀ ਭਲੀ ਭਾਵ ਜੋ ਆਪ ਮਾਇਆ

ਮੋਹ ਵਿੱਚ ਹਨ, ਮਨ ਦੀ ਅਗਿਆਨਤਾ ਵਿੱਚ ਹਨ, ਧਰਮ ਦੇ ਮਾਰਗ ਨੂੰ ਸਮਝਣ ਤੋਂ ਦੂਰ ਹਨ ਸਾਨੂੰ ਉਹਨਾਂ ਦੀ ਮਤਿ ਦੇ ਨਾਲ ਨਹੀਂ ਜੁੜਨਾ ਚਾਹੀਦਾ ਭਾਵ ਉਹਨਾਂ ਨਾਲੋਂ ਸਾਨੂੰ ਆਪਣੀ ਮਤਿ ਵੱਖਰੀ ਕਰ ਲੈਣੀ ਚਾਹੀਦੀ ਹੈ ਭਾਵ ਸਾਨੂੰ ਗੁਰੂ ਦੀ ਮਤਿ ਲੈਣੀ ਚਾਹੀਦੀ ਹੈ, ਸ਼ਬਦ ਦੀ ਵਿਚਾਰ ਲੈਣੀ ਚਾਹੀਦੀ ਹੈ। ਜੇਕਰ ਧਿਆਨ ਨਾਲ ਦੇਖੋਗੇ ਤੇ ਜੋ ਧਰਮ ਦੇ ਮਾਰਗ ਤੋਂ ਖੁਦ ਅਨਜਾਣ ਹਨ ਭਾਵ ਅਗਿਆਨਤਾ ਵਿੱਚ ਹਨ ਉਹ ਹੀ ਸਾਨੂੰ ਧਰਮ ਦਾ ਮਾਰਗ ਸਮਝਾਉਂਣ ਵਾਲੇ ਬਣੇ ਬੈਠੇ ਹਨ, ਜਗ੍ਹਾ ਜਗ੍ਹਾ ਬੈਠੇ ਹਨ, ਜਗ੍ਹਾ ਜਗ੍ਹਾ ਆਪਣੇ ਦਿਖਾਵੇ ਕਰਦੇ ਹਨ। ਸਾਰੀ ਪੰਗਤੀ ਦਾ ਸਾਰ ਇਹ ਹੈ ਕਿ ਸਾਨੂੰ ਗੁਰੂ ਦੀ ਮਤਿ ਤੋਂ ਬਿਨਾਂ ਕਿਸੇ ਹੋਰ ਦੀ ਮਤਿ ਪਿੱਛੇ ਨਹੀਂ ਲੱਗਣਾ ਚਾਹੀਦਾ, ਨਹੀਂ ਲੱਗਣਾ ਚਾਹੀਦਾ, ਨਹੀਂ ਲੱਗਣਾ ਚਾਹੀਦਾ ਕਿਉਂਕਿ ਕੇਵਲ ਗੁਰੂ ਹੀ, ਕੇਵਲ ਗੁਰੂ ਹੀ, ਕੇਵਲ ਗੁਰੂ ਹੀ ਸੱਚੇ ਗਿਆਨ ਦਾ ਘਰ ਹੈ ਤੇ ਬਾਕੀ ਸਭ ਪਾਸੇ ਧਰਮ ਦੇ ਮਾਰਗ ਨੂੰ ਲੈ ਕੇ ਅਗਿਆਨਤਾ ਦਾ ਹੀ ਪਸਾਰਾ ਹੈ, ਦਿੱਸਣ ਨੂੰ ਭਾਵੇਂ ਉਹ ਗਿਆਨਵਾਨ ਹੀ ਲੱਗਦੇ ਹਨ ਜੋ ਕਿ ਸਾਡੇ ਮਨ ਦਾ ਭਰਮ ਹੈ ਕਿਉਂਕਿ ਹਰ ਕੋਈ ਮਾਇਆ ਮੋਹ ਵਿੱਚ ਹੈ। **(ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥ ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥ ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥)**

ਉਪਰ ਸ਼ਬਦ ਰਾਹੀਂ ਅਸੀਂ ਸਮਝਿਆ ਹੈ ਕਿ ਆਪਣੇ ਅੰਦਰੋਂ ਪੰਜੇ ਅਉਗੁਣਾਂ ਨੂੰ ਮਾਰੇ ਬਿਨਾਂ ਅਸੀਂ ਸ਼ਬਦ ਦੇ ਵੀਚਾਰੀ ਨਹੀਂ ਬਣ ਸਕਦੇ ਭਾਵ ਸਾਡਾ ਸਾਰਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਆਪ ਨੂੰ ਅਉਗੁਣਾਂ ਤੋਂ ਮੁਕਤਿ ਕਰਨ ਦਾ ਉੱਦਮ ਕਰੀਏ ਤਾਂ ਜੋ ਸਾਡੇ ਅੰਦਰ ਇਨਸਾਨੀਅਤ ਵੱਸੇ ਤੇ ਇਨਸਾਨੀਅਤ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ, ਕਿਸੇ ਲਈ ਕੋਈ ਵੱਖਰੀ ਨਹੀਂ ਹੋ ਸਕਦੀ। ਸਾਡੇ ਜੀਵਨ ਨੂੰ ਬਰਬਾਦ ਕਰਨ ਵਾਲੇ ਅਉਗੁਣ ਹੀ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹੀ ਹਨ ਜਿਨ੍ਹਾਂ ਵਿੱਚੋਂ ਨਿਕਲਣ ਦੁਆਰਾ ਹੀ ਸੰਸਾਰ ਵਿੱਚ ਭਲਾਈ ਵਰਤਦੀ ਹੈ ਭਾਵ ਹਰ ਕਿਸੇ ਦਾ ਜੀਵਨ ਸੁਖੀ ਹੁੰਦਾ ਹੈ। ਸਾਡੇ ਜੀਵਨ ਨੂੰ ਸੁਖੀ ਬਨਾਉਂਣਾ ਹੀ ਧਰਮ ਗ੍ਰੰਥਾਂ ਦੀ ਮਤਿ ਦਾ ਮਕਸਦ ਹੈ।

{ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥}

(ਅੰਗ ੪੧੪)

41/5318

{ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥
ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥}

(ਅੰਗ ੧੧੩)

{ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥ ਜੋਗ ਜੁਗਤਿ ਇਵ ਪਾਵਸਿਤਾ ॥
ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥}

(ਅੰਗ ੧੫੫)

{ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥ ਧਾਵਤ ਪੰਚ ਰਹੇ ਹਰਿ ਧਿਆਇਆ ॥
ਅਨਦਿਨੁ ਨਗਰੀ ਹਰਿ ਗੁਣ ਗਾਇਆ ॥੨॥}

(ਅੰਗ ੧੬੫)

{ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥
ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥}

(ਅੰਗ ੧੮੨)

{ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥੨॥
ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥

ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੯੬॥}

(ਅੰਗ ੧੮੨)

{ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥੩॥}

(ਅੰਗ ੧੮੯)

{ਅਨਿਕ ਜੁਗਤਿ ਨਹੀ ਪਾਇਆ ॥ ਗੁਰਿ ਚਾਕਰ ਲੈ ਲਾਇਆ ॥੧॥
ਮਾਰੇ ਪੰਚ ਬਿਖਾਦੀਆ ॥ ਗੁਰ ਕਿਰਪਾ ਤੇ ਦਲੁ ਸਾਧਿਆ ॥੨॥
ਬਖਸੀਸ ਵਜਹੁ ਮਿਲਿ ਏਕੁ ਨਾਮ ॥ ਸੂਖ ਸਹਜ ਆਨੰਦ ਬਿਸ੍ਰਾਮ ॥੩॥
ਪ੍ਰਭ ਕੇ ਚਾਕਰ ਸੇ ਭਲੇ ॥ ਨਾਨਕ ਤਿਨ ਮੁਖ ਊਜਲੇ ॥੪॥੩॥੧੪੧॥}

(ਅੰਗ ੨੧੦-੨੧੧)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥}

(ਅੰਗ ੨੨੩)

{ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥}

(ਅੰਗ ੨੨੬)

{ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥
ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥ ਸੋ ਜਨੁ ਸਾਚਾ ਜਿ ਹਉਮੈ ਮਾਰੈ ॥
ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥
ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ ॥
ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥ ਬਹੁਤੇ ਭੇਖ ਕਰੈ ਭੇਖਧਾਰੀ ॥
ਅੰਤਰਿ ਤਿਸਨਾ ਫਿਰੈ ਅਹੰਕਾਰੀ ॥ ਆਪੁ ਨ ਚੀਨੈ ਬਾਜੀ ਹਾਰੀ ॥੬॥
ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥
ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥}

(ਅੰਗ ੨੩੦)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥}

(ਅੰਗ ੨੩੬)

{ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥}

(ਅੰਗ ੨੭੪)

41/5319

{ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥}

(ਅੰਗ ੨੯੭)

{ਮੰਗਲਵਾਰੇ ਲੇ ਮਾਹੀਤਿ ॥ ਪੰਚ ਚੋਰ ਕੀ ਜਾਣੈ ਰੀਤਿ ॥
ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥੩॥}

(ਅੰਗ ੩੪੪)

{ਭੀਤਰਿ ਪੰਚ ਗੁਪਤ ਮਨਿ ਵਾਸੇ ॥
ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥ ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥
ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥੧॥ ਰਹਾਉ ॥}

(ਅੰਗ ੩੫੯)

{ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ ਝੂਮਿ ਝੂਮਿ ਰੋਵੈ ਹਾਥ ਪਛੋੜੀ ॥੩॥}

(ਅੰਗ ੩੭੫)

{ਗੁਰ ਪੂਰੇ ਮਿਲਿ ਝਗਰੁ ਚੁਕਾਇਆ ॥ ਪੰਚ ਦੂਤ ਸਭਿ ਵਸਗਤਿ ਆਇਆ ॥੩॥
ਜਿਸੁ ਮਨਿ ਵਸਿਆ ਹਰਿ ਕਾ ਨਾਮੁ ॥ ਨਾਨਕ ਤਿਸੁ ਊਪਰਿ ਕੁਰਬਾਨ ॥੪॥੪॥੯੮॥}

(ਅੰਗ ੩੯੫)

{ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥}

(ਅੰਗ ੪੦੪)

{ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥
ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥}

(ਅੰਗ ੪੧੫)

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥}

(ਅੰਗ ੪੫੨)

{ਬਲਿ ਤਿਸੁ ਬਾਪੈ ਜਿਨਿ ਹਉ ਜਾਇਆ ॥ ਪੰਚਾ ਤੇ ਮੇਰਾ ਸੰਗੁ ਚੁਕਾਇਆ ॥
ਪੰਚ ਮਾਰਿ ਪਾਵਾ ਤਲਿ ਦੀਨੇ ॥ ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥੨॥}

(ਅੰਗ ੪੭੬)

{ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਝੂਮਤੇ ॥ ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥}

(ਅੰਗ ੪੮੦)

{ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ ॥
ਝੂਠੀ ਮਾਇਆ ਸਭੁ ਜਗੁ ਬਾਧਿਆ ਮੈ ਰਾਮ ਰਮਤ ਸੁਖੁ ਪਾਇਆ ॥੩॥੩॥੨੫॥}

(ਅੰਗ ੪੮੨)

{ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥
ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥੧॥ ਰਹਾਉ ॥}

(ਅੰਗ ੪੮੬)

41/5320

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥}

(ਅੰਗ ੫੦੩)

{ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥
ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥}

(ਅੰਗ ੫੭੭)

{ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥ ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥
ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥
ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥}

(ਅੰਗ ੫੮੦)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥}

(ਅੰਗ ੬੦੦)

{ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥}

(ਅੰਗ ੬੪੧)

{ਮੇਰਾ ਮਨੁ ਲਾਗਾ ਹੈ ਰਾਮ ਪਿਆਰੇ ॥
ਦੀਨ ਦਇਆਲਿ ਕਰੀ ਪ੍ਰਭਿ ਕਿਰਪਾ ਵਸਿ ਕੀਨੇ ਪੰਚ ਦੂਤਾਰੇ ॥੧॥ ਰਹਾਉ ॥}

(ਅੰਗ ੬੭੦)

{ਹਾ ਹਾ ਪ੍ਰਭ ਰਾਖਿ ਲੇਹੁ ॥

ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ ਰਹਾਉ ॥
ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥੧॥
ਊਚ ਨੀਚ ਸੂਖ ਦੂਖ ॥ ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥
ਮਨਿ ਬਾਸਨਾ ਰਚਿ ਬਿਖੈ ਬਿਆਧਿ ॥ ਪੰਚ ਦੂਤ ਸੰਗਿ ਮਹਾ ਅਸਾਧ ॥੩॥
ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥ ਨਾਨਕ ਜਾਨੁ ਸਦਾ ਹਰਿ ਨੇਰਾ ॥੪॥੧॥੧੯॥}

(ਅੰਗ ੬੭੫)

{ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥
ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥੧॥
ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥
ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥੧॥ ਰਹਾਉ ॥
ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥
ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ ॥੨॥
ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥
ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥
ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥}

(ਅੰਗ ੬੮੬-੬੮੭)

{ਹਰਿ ਹਰਿ ਗੁਣ ਗੋਵਿੰਦ ਜਪਾਹਾ ॥ ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥
ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ ॥੨॥}

(ਅੰਗ ੬੯੯)

{ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥}

(ਅੰਗ ੭੧੦)

{ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥
ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥
ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥
ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥
ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ ॥
ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥}

(ਅੰਗ ੭੧੬)

41/5321

{ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥੪॥
ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥੫॥}

(ਅੰਗ ੭੬੦)

{ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ॥
ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ ॥
ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ ॥
ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥
ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥
ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ॥੨॥}

(ਅੰਗ ੭੬੫)

{ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥ ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥}

(ਅੰਗ ੭੯੩)

{ਪੰਚ ਸੰਗੁ ਗੁਰ ਤੇ ਛੂਟੇ ਦੋਖ ਅਰੁ ਰਾਗਉ ॥ ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ ॥੩॥}

(ਅੰਗ ੮੦੮)

{ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥ ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥
ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥੧॥ ਰਹਾਉ ॥ ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥ ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥
ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥ ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥
ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥੯॥੩੯॥}

(ਅੰਗ ੮੧੦)

{ਐਸੀ ਕਿਰਪਾ ਮੋਹਿ ਕਰਹੁ ॥ ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ ॥੧॥ ਰਹਾਉ ॥
ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ ॥
ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥੧॥
ਜੋ ਤੁਮ੍ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ ॥
ਨਾਨਕ ਕੇ ਪ੍ਰਭ ਤੁਮ ਹੀ ਦਾਤੇ ਸੰਤਸੰਗਿ ਲੇ ਮੋਹਿ ਉਧਰਹੁ ॥੨॥੩॥੧੧੯॥}

(ਅੰਗ ੮੨੮)

{ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥

ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥}

(ਅੰਗ ੮੩੩)

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥ ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ ॥੧॥}

(ਅੰਗ ੮੫੪)

{ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥
ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥ ਰਾਮ ਜਨਾ ਮਿਲਿ ਮੰਗਲੁ ਗਾਇਆ ॥੧॥
ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ ਰਹਾਉ ॥
ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦ ਭਗਤ ਕਉ ਕਰਹਿ ਸਲਾਮੁ ॥
ਲੂਟਿ ਲੇਹਿ ਸਾਕਤ ਪਤਿ ਖੋਵਹਿ ॥ ਸਾਧ ਜਨਾ ਪਗ ਮਲਿ ਮਲਿ ਧੋਵਹਿ ॥੨॥
ਪੰਚ ਪ੍ਰੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥
ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥
ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥}

(ਅੰਗ ੮੬੫)

{ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥
ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥੧੨॥੧੪॥}

(ਅੰਗ ੮੬੬)

{ਭਵ ਸਾਗਰ ਬੋਹਿਥ ਹਰਿ ਚਰਣ ॥ ਸਿਮਰਤ ਨਾਮੁ ਨਾਹੀ ਫਿਰਿ ਮਰਣ ॥
ਹਰਿ ਗੁਣ ਰਮਤ ਨਾਹੀ ਜਮ ਪੰਥ ॥ ਮਹਾ ਬੀਚਾਰ ਪੰਚ ਦੂਤਹ ਮੰਥ ॥੧॥}

(ਅੰਗ ੮੬੭)

{ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥
ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥
ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥}

(ਅੰਗ ੮੭੭)

41/5322

{ਕਿਸੁ ਭਰਵਾਸੈ ਬਿਚਰਹਿ ਭਵਨ ॥ ਮੂੜ ਮੁਗਧ ਤੇਰਾ ਸੰਗੀ ਕਵਨ ॥

ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ ॥ ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ ॥੧॥}

(ਅੰਗ ੮੯੮)

{ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥ ਦਸ ਬਿਘਿਆੜੀ ਲਈ ਨਿਵਾਰਿ ॥
ਤੀਨਿ ਆਵਰਤ ਕੀ ਚੂਕੀ ਘੇਰ ॥ ਸਾਧਸੰਗਿ ਚੂਕੇ ਭੈ ਫੇਰ ॥੧॥}

(ਅੰਗ ੮੯੯)

{ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥
ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥
ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥
ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥
ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥}

(ਅੰਗ ੯੦੪)

{ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥
ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥ ਚਾੜਸਿ ਪਵਨੁ ਸਿੰਘਾਸਨੁ ਭੀਜੈ ॥
ਨਿਉਲੀ ਕਰਮ ਖਟੁ ਕਰਮ ਕਰੀਜੈ ॥ ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥
ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥ ਅੰਤਰਿ ਮੈਲੁ ਤੀਰਥ ਭਰਮੀਜੈ ॥
ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥ ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥
ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥
ਮਨਮੁਖਿ ਜਨਮੈ ਜਨਮਿ ਮਰੀਜੈ ॥੬॥ ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥
ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਕਿਆ ਕਰਮੁ ਕੀਜੈ ॥੭॥
ਊਂਦਰ ਦੂੰਦਰ ਪਾਸਿ ਧਰੀਜੈ ॥ ਧੁਰ ਕੀ ਸੇਵਾ ਰਾਮੁ ਰਵੀਜੈ ॥
ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥}

(ਅੰਗ ੯੦੫)

{ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥}

(ਅੰਗ ੯੧੭)

{ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥ ਦੇਵ ਸੰਸੈ ਗਾਂਠਿ ਨ ਛੂਟੈ ॥

ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥}

(ਅੰਗ ੯੭੩-੯੭੪)

{ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥}

(ਅੰਗ ੯੯੦)

{ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥}

(ਅੰਗ ੧੦੨੧)

{ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ ੧੦੨੨)

{ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥
ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥
ਬਾਝੁ ਗੁਰੂ ਹੈ ਮੋਹੁ ਗੁਬਾਰਾ ॥ ਫਿਰਿ ਫਿਰਿ ਡੂਬੈ ਵਾਰੋ ਵਾਰਾ ॥
ਸਤਿਗੁਰ ਭੇਟੇ ਸਚੁ ਦ੍ਰਿੜਾਏ ਸਚੁ ਨਾਮੁ ਮਨਿ ਭਾਇਆ ॥੮॥}

(ਅੰਗ ੧੦੬੮)

{ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ ਏਕਾ ਓਟ ਤਜਉ ਬਿਖੁ ਕਾਮੀ ॥
ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥
ਰਸਨਾ ਗੁਣ ਗਾਵੈ ਹਰਿ ਤੇਰੇ ॥ ਮਿਟਹਿ ਕਮਾਤੇ ਅਵਗੁਣ ਮੇਰੇ ॥
ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥੪॥}

(ਅੰਗ ੧੦੮੦)

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥

ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ ੧੦੯੬)

41/5323

{ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ॥
ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥
ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥
ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥}

(ਅੰਗ ੧੧੧੩)

ਉਪਰ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਇਸ ਮਨ ਨੂੰ ਜਿੱਤਣਾ ਕੀ ਹੈ ਭਾਵ ਆਪਣੇ ਅੰਦਰ ਦੀ ਮਾਇਆ ਮੋਹ ਨੂੰ ਜਿੱਤਣਾ ਹੀ ਇਸ ਮਨ ਨੂੰ ਜਿੱਤਣਾ ਹੈ। ਸਾਡੀ ਅਗਿਆਨਤਾ ਵਾਲੀ ਮਤਿ ਸਾਨੂੰ ਗੁਰੂ ਦੇ ਸੱਚੇ ਗਿਆਨ ਤੋਂ ਦੂਰ ਰੱਖਦੀ ਹੈ ਜਿਸ ਕਰਕੇ ਅਸੀਂ ਵਿਕਾਰਾਂ ਨਾਲ ਜੁੜੇ ਰਹਿੰਦੇ ਹਾਂ। ਮਨ ਦੀ ਇਸ ਅਗਿਆਨਤਾ ਵਾਲੀ ਮਤਿ ਨੂੰ ਸ਼ਬਦਾਂ ਦੇ ਗਿਆਨ ਦੁਆਰਾ ਹੀ ਜਿੱਤਿਆ ਜਾ ਸਕਦਾ ਹੈ ਤੇ ਸੱਚਾ ਗਿਆਨਵਾਨ ਉਹੀ ਹੈ, ਸੱਚਾ ਗਿਆਨੀ ਉਹੀ ਹੈ ਜੋ ਸ਼ਬਦਾਂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਦਾ ਹੈ ਤੇ ਮਨ ਦੀ ਅਗਿਆਨਤਾ ਤੋਂ ਪੂਰਨ ਰੂਪ ਵਿੱਚ ਨਿਕਲ ਜਾਂਦਾ ਹੈ ਭਾਵ ਮਨਮਤਿ ਵਿੱਚੋਂ ਪੂਰੀ ਤਰ੍ਹਾਂ ਨਿਕਲਕੇ ਗੁਰਮਤਿ ਦੇ ਸੱਚੇ ਗਿਆਨ ਵਾਲਾ ਬਣ ਜਾਂਦਾ ਹੈ। ਗੁਰੂ ਦੇ ਸ਼ਬਦ ਦਾ ਮਕਸਦ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨਾ ਹੀ ਹੈ ਤੇ ਗੁਰੂ ਦਾ ਹਰ ਸ਼ਬਦ ਆਪਣੇ ਗਿਆਨ ਦੇ ਪ੍ਰਕਾਸ਼ ਦੁਆਰਾ ਸਾਨੂੰ ਅਗਿਆਨਤਾ ਵਿੱਚੋਂ ਕੱਢਣ ਲਈ ਹੀ ਹੈ ਤਾਂ ਜੋ ਅਸੀਂ ਉਹ ਕੁਝ ਕਰੀਏ ਭਾਵ ਉਹੋ ਜਿਹਾ ਜੀਵਨ ਜੀਵੀਏ ਜੋ ਗੁਰੂ ਨੂੰ ਭਾਉਂਦਾ ਹੈ ਭਾਵ ਅਉਗੁਣਾਂ ਤੋਂ ਰਹਿਤ ਹੋ ਕੇ ਵਿਚਰੀਏ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੀ ਮਾੜੀ ਮਤਿ ਕਰਕੇ ਹੀ ਹੈ ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਗੁਰੂ ਦੇ ਸ਼ਬਦਾਂ ਦਾ ਮਕਸਦ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਹਟਾਉਂਣ ਦਾ ਹੀ ਹੈ। ਦੂਰੀ ਤਾਂ ਹੀ ਹਟੇਗੀ ਜਦੋਂ ਸ਼ਬਦਾਂ ਦੇ ਗਿਆਨ ਦੁਆਰਾ ਮਨ ਦੀ ਅਗਿਆਨਤਾ ਨੂੰ ਛਡਾਂਗੇ ਭਾਵ ਸ਼ਬਦਾਂ ਦੀ ਮਤਿ ਨੂੰ ਆਪਣੀ ਕਰਣੀ ਵਿੱਚ ਲਿਆਵਾਂਗੇ। ਜੇਕਰ ਅਸੀਂ ਸ਼ਬਦਾਂ ਨੂੰ ਆਪਣੀ ਕਰਨੀ ਬਣਾਵਾਂਗੇ ਤਾਂ ਫਿਰ ਅਸੀਂ ਉਹੋ ਜਿਹੇ ਭਗਤੀ ਦੇ ਤਰੀਕੇ ਨਹੀਂ ਅਪਨਾਵਾਂਗੇ ਜਿਨ੍ਹਾਂ ਨੂੰ ਗੁਰੂ ਆਪਣੇ ਸ਼ਬਦਾਂ ਰਾਹੀਂ ਗਲਤ ਕਹਿੰਦਾ ਹੈ। ਭਗਤੀ ਦੇ ਉਹਨਾਂ ਤਰੀਕਿਆਂ ਨਾਲ ਜੁੜੇ ਰਹਿਣਾ ਭਾਵ ਸਰੀਰਕ ਜਪਾਂ ਤਪਾਂ ਆਦਿ ਨਾਲ ਜੁੜੇ ਰਹਿਣਾ, ਸ਼ਬਦਾਂ ਦੀ ਕਥਨੀ ਨਾਲ ਜੁੜੇ ਰਹਿਣਾ ਤੇ ਇਹੋ ਕੁਝ ਦੂਸਰਿਆਂ ਨੂੰ ਸਮਝਾਉਂਣਾ ਤੇ ਆਪਣੇ ਆਪ ਨੂੰ ਗਿਆਨੀ ਅਖਵਾਉਂਣਾ ਭਾਵ ਧਰਮ ਦਾ ਵਿਦਵਾਨ ਅਖਵਾਉਂਣਾ ਭਾਵ ਸ਼ਬਦਾਂ ਦੇ ਗਿਆਨ ਵਾਲਾ ਅਖਵਾਉਂਣਾ ਫਿਰ ਸੱਚ ਕਿਵੇਂ ਹੋ ਸਕਦਾ ਹੈ। ਸੱਚ ਉਹੀ ਹੈ ਜੋ ਗੱਲ

41/5324

ਸ਼ਬਦ ਦੀ ਮਤਿ ਤੇ ਪੂਰੀ ਉਤਰਦੀ ਹੈ। ਅਸੀਂ ਮਨ ਨੂੰ ਤਾਂ ਹੀ ਜਿੱਤ ਸਕਦੇ ਹਾਂ ਜੇਕਰ ਹਰ ਭਰਮ ਨੂੰ ਜਿੱਤਾਂਗੇ ਭਾਵ ਜਦੋਂ ਪੂਰੀ ਤਰ੍ਹਾਂ ਅਗਿਆਨਤਾ ਤੋਂ ਮੁਕਤਿ ਹੋਵਾਂਗੇ ਤੇ ਭਗਤੀ ਦਾ ਉਹੋ ਜਿਹਾ ਮਾਰਗ ਅਪਨਾਵਾਂਗੇ ਜੋ ਸ਼ਬਦਾਂ ਦੀ ਮਤਿ ਅਨੁਸਾਰ ਹਰ ਗੱਲ ਤੇ ਖਰਾ ਉਤਰੇ। ਇਸ ਮਨ ਨੂੰ ਜਿੱਤਣਾ ਭਾਵ ਮਨ ਦੀ ਅਗਿਆਨਤਾ ਨੂੰ ਜਿੱਤਣਾ ਸਾਡੇ ਵੱਸ ਨਹੀਂ ਹੈ ਤੇ ਅਸੀਂ ਕੇਵਲ ਉੱਦਮ ਹੀ ਕਰ ਸਕਦੇ ਹਾਂ। ਪ੍ਰਮਾਤਮਾ ਦੇ ਦਰਸ਼ਨ ਆਪਣੇ ਅੰਦਰੋਂ ਇਸ ਮਨ ਨੂੰ ਜਿੱਤਣ ਦੁਆਰਾ ਹੀ ਹੁੰਦੇ ਹਨ ਭਾਵ ਅਗਿਆਨਤਾ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੇ ਹਨ ਜੋ ਕਿ ਕੇਵਲ ਤੇ ਕੇਵਲ ਗੁਰੂ ਪ੍ਰਸਾਦਿ ਹੈ। ਜਿਸਨੂੰ ਪ੍ਰਮਾਤਮਾ ਆਪਣਾ ਗਿਆਨੀ ਆਪ ਬਣਾਏ ਉਹੀ ਬਣ ਸਕਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਭਾਵ ਪੂਰੀ ਤਰ੍ਹਾਂ ਅਗਿਆਨਤਾ ਤੋਂ ਮੁਕਤਿ ਕਰਕੇ ਬਣਾਇਆ ਹੈ, ਤ੍ਰੈ ਗੁਣਾਂ ਵਾਲੀ, ਭਰਮ ਵਾਲੀ ਮਤਿ ਵਿੱਚੋਂ ਕੱਢਕੇ ਚੌਥੇ ਪਦ ਦੇ ਗਿਆਨ ਦੁਆਰਾ ਬਣਾਇਆ ਹੈ। ਜਦ ਤਕ ਵੀ ਅਸੀਂ ਕਿਸੇ ਉਹੋ ਜਿਹੇ ਭਗਤੀ ਦੇ ਤਰੀਕੇ ਨਾਲ ਜੁੜੇ ਹੋਏ ਹਾਂ ਜੋ ਕੇਵਲ ਭਗਤੀ ਦਾ ਦਿਖਾਵਾ ਹੈ ਉਹ ਕੇਵਲ ਸਾਡੀ ਅਗਿਆਨਤਾ ਹੈ ਭਾਵ ਉਸ ਵਿੱਚ ਗੁਰੂ ਦਾ ਦਿੱਤਾ ਹੋਇਆ ਗਿਆਨ ਨਹੀਂ ਹੈ। ਇਸ ਮਨ ਨੂੰ ਜਿੱਤਣਾ ਕੀ ਹੈ ਇਸ ਗੱਲ ਨੂੰ ਧੰਨ ਧੰਨ ਭਗਤ

ਕਬੀਰ ਜੀ ਦੇ ਉਚਾਰੇ ਹੋਏ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ।

“ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥
ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥
ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ॥ ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥
ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥
ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥”

(ਅੰਗ ੧੧੦੩)

ਪ੍ਰਮਾਤਮਾ ਦੀ ਭਗਤੀ ਦੇ ਤਰੀਕੇ ਅਸੀਂ ਅਨੇਕਾਂ ਹੀ ਬਣਾਏ ਹੋਏ ਹਨ ਤੇ ਹਰ ਕਿਸੇ ਨੂੰ ਆਪਣਾ ਆਪਣਾ ਤਰੀਕਾ ਚੰਗਾ ਹੀ ਲੱਗਦਾ ਹੈ ਭਾਵ ਉਹ ਉਸਨੂੰ ਆਪਣਾ ਭਗਤੀ ਦਾ ਸੱਚਾ ਗਿਆਨ ਸਮਝਦੇ ਹਨ। ਜੋ ਜਟਾਧਾਰੀ ਹਨ ਉਹ ਉਸਨੂੰ ਧਰਮ ਦਾ ਮਾਰਗ ਸਮਝਦੇ ਹਨ, ਜੋ ਜੋਗੀ ਆਦਿ ਆਪਣੇ ਸਰੀਰ ਤੇ ਸੁਆਹ ਦਾ ਲੇਪ ਕਰਦੇ ਹਨ ਉਹ ਇਸ ਵਿੱਚ ਧਰਮ ਦਾ ਗਿਆਨ ਸਮਝਦੇ ਹਨ, ਜੋ ਗੁਫਾ ਅੰਦਰ ਬੈਠ ਕੇ ਜਪ ਤਪ ਕਰਦੇ ਹਨ ਉਹ ਵੀ ਇਸਨੂੰ ਧਾਰਮਿਕ ਗਿਆਨ ਸਮਝਦੇ ਹਨ ਕਿਉਂਕਿ ਇਹੋ ਜਿਹਾ ਗਿਆਨ ਉਹਨਾਂ ਨੇ ਧਰਮ ਦੇ ਗਿਆਨੀਆਂ ਕੋਲੋਂ ਹੀ ਸਿੱਖਿਆ ਹੁੰਦਾ ਹੈ। ਜਿਹੋ ਜਿਹੇ ਭਗਤੀ ਦੇ ਕਰਮ ਜੋ ਆਪ ਕਰਦੇ ਹਨ ਉਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ ਭਾਵ ਆਪਣੇ ਆਪ ਨੂੰ ਉਹ ਗਿਆਨਵਾਨ ਹੀ ਸਮਝਦੇ ਹਨ। ਭਗਤੀ ਦੇ ਅਸੀਂ ਅਨੇਕਾਂ ਹੀ

ਤਰੀਕੇ ਬਣਾਏ ਹੋਏ ਹਨ ਜਿਵੇਂ ਕਿ ਸਾਨੂੰ ਬਾਰ-ਬਾਰ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਕਿ ਉਹ ਕਿਸੇ ਲੇਖੇ ਨਹੀ ਹਨ। ਜੋ ਕੋਈ ਵੀ ਇਹੋ ਜਿਹੇ ਤਰੀਕਿਆਂ ਨਾਲ ਜੁੜਿਆ ਹੋਇਆ ਹੈ ਉਸਦੇ ਅੰਦਰ ਬਿਖਿਆ ਹੀ ਹੈ ਭਾਵ ਮਾਇਆ ਮੋਹ ਹੀ ਹੈ ਭਾਵ ਭਗਤੀ ਨੂੰ ਸਮਝਣ ਵਿੱਚ ਅਗਿਆਨਤਾ ਹੀ ਹੈ। ਮਨ ਦੀ ਇਸ ਅਗਿਆਨਤਾ ਤੋਂ ਉਦਾਸ ਹੋਣਾ ਹੀ ਭਾਵ ਇਸ ਤੋਂ ਨਿਰਲੇਪ ਹੋਣਾ ਹੀ ਭਾਵ ਇਸ ਤੋਂ ਵੱਖਰਾ ਹੋਣਾ ਹੀ, ਇਸਨੂੰ ਤਿਆਗਣਾ ਹੀ ਆਪਣੇ ਮਨ ਨੂੰ ਜਿੱਤਣਾ ਹੈ, ਜਗ ਨੂੰ ਜਿੱਤਣਾ ਹੈ। ਇਸ ਅਗਿਆਨਤਾ ਤੋਂ ਪਾਰ ਪਾਏ ਬਿਨਾਂ ਅਸੀਂ ਉਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੁੜੇ ਰਹਿੰਦੇ ਹਾਂ ਜਿਨ੍ਹਾਂ ਰਾਹੀਂ ਪ੍ਰਮਾਤਮਾ ਨੂੰ ਨਾ ਕਦੇ ਕਿਸੇ ਨੇ ਪਾਇਆ ਹੈ ਤੇ ਨਾ ਹੀ ਕਦੇ ਕੋਈ ਪਾ ਸਕਦਾ ਹੈ ਪਰ ਫਿਰ ਵੀ ਇਹੋ ਜਿਹੇ ਤਰੀਕਿਆਂ ਦਾ ਪ੍ਰਚਾਰ ਕਰਨ ਵਾਲੇ, ਗੁਫਾਵਾਂ ਵਿੱਚ ਬੈਠ ਕੇ ਜਪ ਤਪ ਕਰਨ ਵਾਲੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਹੀ ਸਮਝਦੇ ਹਨ, ਧਰਮ ਦੇ ਪੰਡਿਤ ਅਖਵਾਉਂਦੇ ਹਨ ਜੋ ਕਿ ਕੇਵਲ ਉਹਨਾਂ ਦਾ ਭਰਮ ਹੈ। ਸਿੱਖ ਜਗਤ ਵਿੱਚ ਵੀ ਸਰੀਰਕ ਕਿਰਿਆਵਾਂ ਨਾਲ ਜੋੜਨ ਵਾਲੇ ਬਹੁਤ ਹਨ, ਜਪਾਂ ਤਪਾਂ ਦਾ ਪ੍ਰਚਾਰ ਕਰਨ ਵਾਲੇ ਬਹੁਤ ਹਨ ਤੇ ਉਹ ਆਪਣੇ ਆਪ ਨੂੰ ਗਿਆਨਵਾਨ ਹੀ ਅਖਵਾਉਂਦੇ ਹਨ ਜੋ ਕਿ ਉਹਨਾਂ ਦੇ ਅੰਦਰ ਮਾਇਆ ਵਾਲੀ ਬਿਰਤੀ ਦਾ ਨਤੀਜਾ ਹੈ ਭਾਵ ਨਾਸਮਝ ਮਤਿ ਦਾ ਨਤੀਜਾ ਹੈ। **(ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥ ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥)**

ਇਸ ਮਨ ਨੂੰ ਜਿੱਤਣਾ, ਬਿਖਿਆ ਤੋਂ ਉਦਾਸ ਹੋਣਾ ਕੀ ਹੈ ਭਾਵ ਇਸ ਮਨ ਨੂੰ ਕਿਵੇਂ ਜਿੱਤਿਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥
ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥”

ਮਨ ਦੀ ਬਿਖਿਆ ਤੋਂ ਉਦਾਸ ਹੋਣਾ ਭਾਵ ਮਾਇਆ ਮੋਹ ਨੂੰ ਛੱਡਣਾ ਔਖੀ ਗੱਲ ਹੈ ਕਿਉਂਕਿ ਇਸਦੇ ਨਾਲ ਸਾਨੂੰ ਮਾਯਾਵੀ ਸੁੱਖਾਂ ਨੂੰ ਤਿਆਗਣਾ ਪੈਂਦਾ ਹੈ, ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗਣਾ ਪੈਂਦਾ ਹੈ ਜੋ ਕਿ ਸਾਨੂੰ ਭਾਉਂਦਾ ਨਹੀਂ। ਗੁਰੂ ਸਾਨੂੰ ਆਪਣੀ ਸਿੱਖਿਆ ਉਸਨੂੰ ਸਮਝਕੇ ਆਪਣੇ ਅੰਦਰ ਵਸਾਉਂਣ ਲਈ ਦਿੰਦਾ ਹੈ ਤੇ ਜੇਕਰ ਸਾਨੂੰ ਉਹ ਸਿੱਖਿਆ ਭਾਵੇਗੀ ਤਾਂ ਹੀ ਉਸਨੂੰ ਅਸੀਂ ਮੰਨਾਂਗੇ ਤੇ ਆਪਣੀ ਮਤਿ ਨੂੰ ਛਡਾਂਗੇ। ਗੁਰੂ ਦੀ ਗੱਲ ਤਾਂ ਸਾਰੇ ਸੁਣਦੇ ਹਾਂ ਪਰ ਉਸਨੂੰ ਮੰਨਣ ਦੀ ਇੱਛਾ ਵਿੱਚ ਹੀ ਫਰਕ ਹੁੰਦਾ ਹੈ। ਜਿਵੇਂ ਸੁਰਮਾ (ਅੰਜਨੁ) ਅੱਖਾਂ ਵਿੱਚ ਪਾਈਏ ਤੇ ਉਹ ਸਾਡੀ ਮਤਿ ਨੂੰ ਨਹੀਂ ਬਦਲਦਾ ਤੇ ਉਹ ਸਾਡੀਆਂ ਅੱਖਾਂ ਤੱਕ

ਹੀ ਰਹਿੰਦਾ ਹੈ। ਗੁਰੂ ਸਾਨੂੰ ਆਪਣਾ ਗਿਆਨ ਅੰਜਨੁ ਦੇ ਰੂਪ ਵਿੱਚ ਦਿੰਦਾ ਹੈ ਤੇ ਜੇਕਰ ਅਸੀਂ ਇਸ ਗਿਆਨ ਨੂੰ ਬਾਹਰਲੀਆਂ ਅੱਖਾਂ ਤੱਕ ਰਖਾਂਗੇ ਭਾਵ ਉਸ ਗਿਆਨ ਨੂੰ ਕੇਵਲ ਬਾਹਰਲੀਆਂ ਅੱਖਾਂ ਦੁਆਰਾ ਪੜੀ ਜਾਵਾਂਗੇ ਤਾਂ ਫਿਰ ਉਹ ਗਿਆਨ ਸਾਡੇ ਕੰਮ ਨਹੀਂ ਆਵੇਗਾ। ਗੁਰੂ ਦਾ ਅੰਜਨੁ ਅਸੀਂ ਆਪਣੇ ਮਨ ਦੀਆਂ ਅੱਖਾਂ ਵਿੱਚ ਪਾਉਂਣਾ ਹੈ ਜਿਨ੍ਹਾਂ ਨੇ ਸਾਡੀਆਂ ਅੱਖਾਂ ਨੂੰ ਭਾਵ ਮਨ ਦੀ ਸਮਝ ਰੂਪ ਅੱਖਾਂ ਨੂੰ ਆਪਣੇ ਗਿਆਨ ਦੁਆਰਾ ਰੋਸ਼ਨ ਕਰਨਾ ਹੈ ਭਾਵ ਸਾਡੇ ਮਨ ਨੂੰ ਰੋਸ਼ਨ ਕਰਨਾ ਹੈ। ਜੇਕਰ ਅਸੀਂ ਇਹ ਗਿਆਨ ਅੰਜਨੁ ਮਨ ਦੀਆਂ ਅੱਖਾਂ ਵਿੱਚ ਪਾਵਾਂਗੇ ਤੇ ਤਾਂ ਹੀ ਅਗਿਆਨਤਾ ਵਾਲੀ ਮਤਿ ਵਿੱਚੋਂ ਨਿਕਲਾਂਗੇ ਤੇ ਭਗਤੀ ਦੇ ਸਹੀ ਮਾਰਗ ਨੂੰ ਸਮਝਾਂਗੇ ਜੋ ਕਿ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਹੈ, ਅਉਗੁਣਾਂ ਵਿੱਚੋਂ ਨਿਕਲਣ ਦਾ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਦਾ ਹੈ ਨਾ ਕਿ ਉਹੋ ਜਿਹੇ ਤਰੀਕਿਆਂ ਦਾ ਜਿਸਨੂੰ ਸੰਸਾਰ ਨੇ ਮਨ ਦੀ ਅਗਿਆਨਤਾ ਕਰਕੇ ਭਗਤੀ ਦੇ ਤਰੀਕੇ ਬਣਾਇਆ ਹੋਇਆ ਹੈ। **(ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥ ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥)**

ਅਗਿਆਨਤਾ ਵਿੱਚੋਂ ਨਿਕਲਣ ਦਾ ਗਿਆਨ, ਭਗਤੀ ਨੂੰ ਸਮਝਣ ਦਾ ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥

ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥”

ਉਪਰਲੀਆਂ ਪੰਗਤੀਆਂ ਰਾਹੀਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਭਗਤ ਕਬੀਰ ਜੀ ਨੇ ਪ੍ਰਮਾਤਮਾ ਨੂੰ ਕਿਸ ਤਰੀਕੇ ਭੇਟਿਆ ਹੈ ਭਾਵ ਉਹਨਾਂ ਦਾ ਕਿਸ ਤਰੀਕੇ ਮੇਲ ਹੋਇਆ ਹੈ। ਪ੍ਰਮਾਤਮਾ ਦੇ ਨਾਲ ਭੇਟ ਜਿਸਦੀ ਵੀ ਹੁੰਦੀ ਹੈ ਉਹ ਮਨ ਦੇ ਵਿੱਚ ਗਿਆਨ ਦੁਆਰਾ ਹੀ ਹੁੰਦੀ ਹੈ ਜੋ ਗਿਆਨ ਉਹ ਸੰਸਾਰ ਦਾ ਗੁਰੂ ਭਾਵ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਦਿੰਦਾ ਹੈ ਤੇ ਆਪਣੀ ਭਗਤੀ ਦੀ ਸਮਝ ਆਪ ਹੀ ਪਾਉਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਸਮਝਾਏ ਬਿਨਾਂ ਭਾਵ ਮਨ ਦੀ ਅਗਿਆਨਤਾ ਨਿਕਲੇ ਬਿਨਾਂ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਨਹੀਂ ਪੈਂਦੀ। ਸਾਡੀ ਅੰਤਰਗਤਿ ਸੱਚੇ ਗਿਆਨ ਦੁਆਰਾ ਹੀ ਹੁੰਦੀ ਹੈ। ਸਾਡੀ ਗਤਿ ਮਨ ਦੇ ਵਿੱਚ ਅਗਿਆਨਤਾ

ਤੋਂ ਹੀ ਹੁੰਦੀ ਹੈ, ਮਾਇਆ ਮੋਹ ਤੋਂ ਹੀ ਹੁੰਦੀ ਹੈ ਤੇ ਤਾਂ ਹੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਭੇਟ ਹੁੰਦੀ ਹੈ। ਭਗਤੀ ਦਾ ਮਾਰਗ ਇਸ ਮਨ ਨੂੰ ਟਿਕਾਉਂਣਾ ਹੀ ਹੈ ਜੋ ਮਾਇਆ ਮੋਹ ਕਰਕੇ, ਮਨ ਦੀਆਂ ਤ੍ਰਿਸ਼ਨਾਵਾਂ ਕਰਕੇ ਮਾਯਾਵੀ ਪਦਾਰਥਾਂ ਪਿੱਛੇ ਦੌੜਦਾ ਹੈ। ਜਦੋਂ ਮਨ ਮਾਇਆ ਮੋਹ ਵਿੱਚ ਦੌੜਨਾ ਬੰਦ ਹੋ ਜਾਂਦਾ ਹੈ ਤਾਂ ਹੀ ਮਨੁੱਖ ਮਨ ਦੀ ਸੱਚੀ ਸਮਝ ਦੁਆਰਾ ਭਗਤੀ ਦੇ ਸਹੀ ਮਾਰਗ ਤੇ ਚੱਲਦਾ ਹੈ ਜੋ ਕਿ ਟਿਕੇ ਹੋਏ ਮਨ ਦੁਆਰਾ ਸੱਚੀ ਸੁੱਚੀ ਕਿਰਤ ਕਰਨ ਦਾ ਹੈ, ਸੱਚੇ ਸੁੱਚੇ ਕਰਮ ਕਰਨ ਦਾ ਹੈ। **(ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥ ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ॥੪॥੨॥)**

ਸਾਨੂੰ ਗਿਆਨ ਦੇਣ ਵਾਲੇ ਤਾਂ ਬਹੁਤ ਹਨ, ਭਗਤੀ ਦਾ ਮਾਰਗ ਦਿਖਾਉਂਣ ਵਾਲੇ ਬਹੁਤ ਹਨ ਭਾਵ ਜੋ ਕੰਮ ਗੁਰੂ ਦਾ ਹੈ ਉਹ ਕੰਮ ਉਹ ਕਰਦੇ ਹਨ ਜੋ ਉਹਨਾਂ ਨੂੰ ਕਰਨਾ ਨਹੀਂ ਬਣਦਾ ਭਾਵ ਭਗਤੀ ਸਿਖਾਉਂਣਾ ਗੁਰੂ ਦਾ ਕੰਮ ਹੈ ਜੋ ਪ੍ਰਮਾਤਮਾ ਨੂੰ ਜਾਣਦਾ ਹੈ। ਜੋ ਪ੍ਰਮਾਤਮਾ ਨੂੰ ਜਾਣਨ ਵਿੱਚ ਖੁਦ ਭਰਮ ਵਿੱਚ ਹੈ ਉਹ ਦੂਸਰਿਆਂ ਨੂੰ ਭਗਤੀ ਦੇ ਝੂਠੇ ਮਾਰਗ ਤੇ ਤੋਰਦੇ ਹਨ ਤੇ ਆਪਣੇ ਉਪਰ ਉਲਟਾ ਭਾਰ ਹੀ ਪਾਉਂਦੇ ਹਨ। ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥
ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥
ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥੫॥
ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥
ਸਾਈ ਪੁੜੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥
ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥
ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥”

(ਅੰਗ ੪੩੪-੪੩੫)

ਉਪਰ ਸ਼ਬਦ ਰਾਹੀਂ ਉਹਨਾਂ ਨੂੰ ਹੀ ਸਮਝਾਇਆ ਹੋਇਆ ਹੈ ਜੋ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਸਮਝਕੇ, ਪ੍ਰਮਾਤਮਾ ਦੀ ਭਗਤੀ ਦਾ ਵਿਦਵਾਨ ਸਮਝਕੇ ਦੂਸਰਿਆਂ ਨੂੰ ਭਗਤੀ ਦਾ ਗਿਆਨ ਦਿੰਦੇ ਹਨ। ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਭਗਤੀ ਦੀ ਸੱਚੀ ਸਮਝ ਕੇਵਲ ਉਸਨੂੰ ਹੀ ਪੈਂਦੀ ਹੈ ਜਿਸਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਭਗਤੀ ਦਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਭਗਤੀ ਦੀ ਸੱਚੀ ਸਿੱਖਿਆ ਕੇਵਲ ਗੁਰੂ ਦੇ ਕੋਲ ਹੈ ਪਰ ਫਿਰ ਵੀ ਆਪਣੇ ਆਪ ਨੂੰ ਅਨੇਕਾਂ ਹੀ ਆਪਣੇ ਆਪ ਹੀ ਭਗਤੀ ਦੇ ਮਾਰਗ ਤੇ ਉੱਚਾ ਸਮਝਣ ਲੱਗ ਪੈਂਦੇ ਹਨ ਜਿਵੇਂ ਕਿ ਅਸੀਂ ਹਰ ਪਾਸੇ ਦੇਖਦੇ ਆ ਰਹੇ ਹਾਂ ਤੇ ਇਹੋ ਕੁਝ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਇਹੋ ਜਿਹਿਆਂ ਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੈ ਪਰ ਉਹ ਆਪਣੀ ਆਪਣੀ ਆਸਥਾ ਅਨੁਸਾਰ ਆਪ

ਹੀ ਅਨੇਕਾਂ ਭਗਤੀ ਦੇ ਤਰੀਕਿਆਂ ਦੁਆਰਾ ਆਪਣੇ ਆਪ ਨੂੰ ਉੱਚਾ ਥਾਪੀ ਬੈਠੇ ਹਨ ਜਿਸ ਵਿੱਚ ਸਭ ਤੋਂ ਜਿਆਦਾ ਸਰੀਰਕ ਜਪਾਂ ਤਪਾਂ ਵਾਲੇ ਹਨ। ਜਿਹੋ ਜਿਹੇ ਤਰੀਕੇ ਉਹਨਾਂ ਨੇ ਆਪ ਅਪਨਾਏ ਹਨ ਉਹੀ ਕੁਝ ਉਹ ਦੂਸਰਿਆਂ ਨੂੰ ਸਮਝਾਉਂਦੇ ਹਨ ਭਾਵ ਆਪ ਭਰਮ ਵਾਲੀ ਭਗਤੀ ਨੂੰ ਸੱਚੀ ਭਗਤੀ ਸਮਝਦੇ ਹਨ ਤੇ ਇਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ ਤਾਂ ਜੋ ਦੁਨੀਆ ਉਹਨਾਂ ਨੂੰ ਸੱਚ ਹੀ ਸਮਝੇ ਤੇ ਲੋਗ ਉਹਨਾਂ ਨੂੰ ਸੱਚਾ ਹੀ ਸਮਝਦੇ ਹਨ ਕਿਉਂਕਿ ਹਰ ਕੋਈ ਭਰਮ ਵਿੱਚ ਹੀ ਹੈ। ਇਸੇ ਤਰ੍ਹਾਂ ਅਨੇਕਾਂ ਹੀ ਆਪਣੇ ਆਪ ਨੂੰ ਧਰਮ ਗ੍ਰੰਥਾਂ ਦੇ ਵਿਦਵਾਨ ਸਮਝਦੇ ਹਨ, ਗੁਰਬਾਣੀ ਦੇ ਗਿਆਨੀ ਸਮਝਦੇ ਹਨ ਕਿ ਉਹਨਾਂ ਨੂੰ ਪੂਰੀ ਸਮਝ ਹੈ ਕਿ ਧਰਮ ਗ੍ਰੰਥਾਂ ਵਿੱਚ ਕੀ ਲਿਖਿਆ ਹੋਇਆ ਹੈ। ਸਿੱਖ ਜਗਤ ਵਿੱਚ ਗੁਰਬਾਣੀ ਦੀ ਵਿਆਖਿਆ ਕਰਨ ਵਾਲਿਆਂ ਦੀ ਭਰਮਾਰ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਉਹ ਕਿਤਨੀ ਕੁ ਸਮਝ ਰੱਖਦੇ ਹਨ ਇਸ ਗੱਲ ਦਾ ਅੰਦਾਜਾ ਆਪਜੀ ਨੂੰ ਹੁਣ ਤੱਕ ਹੋ ਗਿਆ ਹੋਵੇਗਾ। ਗੁਰਬਾਣੀ ਵਿੱਚ ਜੋ ਕੁਝ ਵੀ ਲਿਖਿਆ ਹੋਇਆ ਹੈ ਉਹ ਉਸੇ ਤਰ੍ਹਾਂ ਹੂ ਬ ਹੂ ਸੱਚ ਹੈ ਪਰ ਜਦ ਤਕ ਪ੍ਰਮਾਤਮਾ ਕਿਸੇ ਨੂੰ

ਆਪਣਾ ਸੱਚ ਦਿਖਾਉਂਦਾ ਨਹੀਂ, ਆਪਣਾ ਸੱਚ ਆਪ ਸਮਝਾਉਂਦਾ ਨਹੀਂ ਕੋਈ ਨਹੀਂ ਸਮਝ ਸਕਦਾ ਕਿ ਗੁਰਬਾਣੀ ਕਿਤਨੇ ਉੱਚੇ ਗਿਆਨ ਦੀ ਮਾਲਕ ਹੈ ਜਿਸਨੂੰ ਅਗਿਆਨੀਆਂ ਨੇ ਬਹੁਤ ਨੀਵਾਂ ਕਰ ਦਿੱਤਾ ਹੋਇਆ ਹੈ ਭਾਵ ਆਪਣੀ ਝੂਠੀ ਮਤਿ ਨਾਲ ਇਤਨੀ ਵੱਡੀ, ਉੱਚੀ ਮਤਿ ਨੂੰ ਬਹੁਤ ਨੀਵਾਂ ਕਰਕੇ ਆਪ ਸਮਝਿਆ ਹੈ ਤੇ ਇਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਆ ਰਹੇ ਹਨ ਤੇ ਆਪਣੇ ਆਪ ਨੂੰ ਹਰ ਕੋਈ ਉੱਚਾ ਗਿਆਨਵਾਨ ਬਨਾਉਂਣ ਵਿੱਚ ਲੱਗਾ ਹੋਇਆ ਹੈ। ਇਹੋ ਜਿਹੇ ਆਪ ਵੱਡੇ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਤੇ ਦੁਨੀਆਂ ਉਹਨਾਂ ਨੂੰ ਸੱਚੇ ਹੀ ਸਮਝਦੀ ਹੈ ਜਿਸ ਕਰਕੇ ਗੁਰੂ ਦਾ ਸੱਚ ਛੁੱਪਿਆ ਹੀ ਰਹਿ ਜਾਂਦਾ ਹੈ। ਜਦ ਤਕ ਪ੍ਰਮਾਤਮਾ ਨੂੰ ਆਪ ਕਿਸੇ ਨੇ ਨਹੀਂ ਬੁੱਝਿਆ, ਆਪ ਪ੍ਰਮਾਤਮਾ ਨੂੰ ਨਹੀਂ ਜਾਣਿਆ ਉਹ ਕਿਸੇ ਦੂਸਰੇ ਨੂੰ ਪ੍ਰਮਾਤਮਾ ਬਾਰੇ ਕੀ ਸਮਝਾ ਸਕਦਾ ਹੈ। ਇਹੀ ਗੱਲ ਸਾਨੂੰ ਉਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਇਹਨਾਂ ਵਿਦਵਾਨ ਅਖਵਾਉਂਣ ਵਾਲਿਆਂ ਨੂੰ ਤਾੜਨਾ ਪਾਈ ਹੋਈ ਹੈ ਕਿ ਤੁਸੀਂ ਦੂਸਰਿਆਂ ਨੂੰ ਗਲਤ ਸਿੱਖਿਆਂ ਦੇਣ ਕਰਕੇ ਆਪ ਸਜਾਵਾਂ ਦੇ ਹਕਦਾਰ ਬਣਦੇ ਹੋ। ਗੁਰੂ ਜੋ ਕਹਿੰਦਾ ਹੈ ਉਹ ਪ੍ਰਮਾਤਮਾ ਦੇ ਹੀ ਬੋਲ ਹਨ ਤੇ ਗੁਰੂ ਦੇ ਹਰ ਬੋਲ ਨੂੰ ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ।

“ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥”

41/5329

ਪ੍ਰਮਾਤਮਾ ਨੇ ਸਭ ਨੂੰ ਭਰਮ ਵਿੱਚ ਰੱਖ ਕੇ ਆਪਣੇ ਆਪ ਨੂੰ ਜਾਨਣ ਵਿੱਚ ਭੁਲਾਇਆ ਹੋਇਆ ਹੈ। ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਭਰਮਾਂ ਵਿੱਚੋਂ ਨਿਕਲਣ ਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣ ਵਾਲਾ ਫਿਰ ਉਹੋ ਜਿਹੀ ਭਗਤੀ ਦਾ ਮਾਰਗ ਕਿਸੇ ਨੂੰ ਨਹੀਂ ਸਮਝਾ ਸਕਦਾ ਜੋ ਸ਼ਬਦਾਂ ਦੀ ਵਿਚਾਰ ਤੇ ਖਰਾ ਨਹੀਂ ਉਤਰਦਾ। ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਬੁੱਝਿਆ ਭਾਵ ਜੋ **“ਮੂੜੇ”** ਹੀ ਰਹੇ ਹਨ, ਪ੍ਰਮਾਤਮਾ ਨੂੰ ਜਾਨਣ ਵਿੱਚ ਅਗਿਆਨੀ ਹੀ ਰਹੇ ਹਨ, ਭਰਮ ਵਿੱਚ ਹੀ ਰਹੇ ਹਨ ਤੇ ਜਿਨ੍ਹਾਂ ਦਾ ਜਨਮ ਵਿਅਰਥ ਹੀ ਗਿਆ ਹੈ ਉਹਨਾਂ ਨੇ ਆਪਣੇ ਆਪ ਨੂੰ ਪਾਧਾ ਅਖਵਾਇਆ ਹੈ ਭਾਵ ਧਰਮ ਦਾ ਵਿਦਵਾਨ ਅਖਵਾਇਆ ਹੈ ਜੋ ਕਿ ਉਹ ਨਹੀਂ ਸਨ, ਨਹੀਂ ਹਨ। ਉਹਨਾਂ ਦਾ ਆਪਣਾ ਭਾਰ ਤਾਂ ਉਤਰਿਆ ਨਹੀਂ ਜੋ ਭਾਰ ਮਨ ਦੀ ਨਾਸਮਝੀ ਕਰਕੇ, ਸੱਚੀ ਭਗਤੀ ਦੁਆਰਾ ਨਾ ਵਿਚਰਕੇ ਸਭ ਦੇ ਉਪਰ ਚੜਦਾ ਰਹਿੰਦਾ ਹੈ। ਸਾਡਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੁੰਦਾ ਉਹ ਸਾਡੇ ਸਿਰ ਤੇ ਭਾਰ ਹੀ ਹੈ, ਕਰਜ ਹੀ ਹੈ। ਜਿਨ੍ਹਾਂ ਦਾ ਆਪਣਾ ਭਾਰ ਤਾਂ ਉਤਰਿਆਂ ਨਹੀਂ ਭਾਵ ਖੁੱਦ ਤਾਂ ਗੁਰੂ ਦੀ ਸੱਚੀ ਸਿੱਖਿਆ ਸਮਝ ਆਈ ਨਹੀਂ ਤੇ ਦੂਸਰਿਆਂ ਨੂੰ ਉਹੋ ਜਿਹੀ ਝੂਠੀ ਸਿੱਖਿਆਂ ਨਾਲ ਜੋੜਕੇ ਉਹਨਾਂ ਦਾ ਭਾਰ ਵੀ ਆਪਣੇ ਸਿਰ ਲਿਆ ਹੈ ਤੇ ਹੁਣ ਵੀ ਲੈ ਰਹੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਹੋ ਜਿਹੀ ਸਿੱਖਿਆ ਦੇਣ ਵਾਲੇ ਉਹੋ ਜਿਹੀ ਭਗਤੀ ਦੇ ਤਰੀਕੇ ਨਾਲ ਜੋੜਦੇ ਹਨ ਜਿਨ੍ਹਾਂ ਤਰੀਕਿਆਂ ਦਾ ਗੁਰਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ, ਜੋ ਕਿ ਅਨੇਕਾਂ ਹੀ ਹਨ। ਇਹ ਸਭ ਸਾਨੂੰ ਕਥਨੀ ਨਾਲ ਹੀ ਜੋੜਦੇ ਹਨ, ਸਰੀਰਕ ਕਿਰਿਆਵਾਂ ਨਾਲ ਹੀ ਜੋੜਦੇ ਹਨ, ਸਰੀਰਕ ਜਪਾਂ ਤਪਾਂ ਨਾਲ ਹੀ ਜੋੜਦੇ ਹਨ, ਕਿਸੇ ਅੱਖਰ ਦਾ ਜਪ ਕਰਨ ਨਾਲ ਜੋੜਦੇ ਹਨ ਜਿਸਨੂੰ ਇਹ ਨਾਮ ਕਹਿੰਦੇ ਹਨ। ਕੋਈ ਤੀਰਥਾਂ ਦੇ ਇਸ਼ਨਾਨ ਕਰਨ ਨਾਲ ਜੋੜਦਾ ਹੈ, ਕੋਈ ਸਾਡੇ ਖਾਨ ਪਾਨ ਨਾਲ ਜੋੜਦਾ ਹੈ, ਕੋਈ ਸੱਚੇ ਝੂਠੇ ਚੌਂਕੇ ਦੀਆਂ ਗੱਲਾਂ ਕਰਦਾ ਹੈ, ਕੋਈ ਲੰਬੀਆਂ ਸਮਾਧੀਆਂ ਲਗਾਉਂਣ ਦੀਆਂ ਗੱਲਾਂ ਕਰਦਾ ਹੈ, ਧਿਆਨ ਜੋੜਕੇ ਬੈਠਣ ਦੀਆਂ ਗੱਲਾਂ ਕਰਦਾ ਹੈ ਭਾਵ ਅਨੇਕਾਂ ਹੀ ਤਰੀਕੇ ਸਮਝਾਏ ਜਾਂਦੇ ਹਨ, ਵੱਖਰੀ ਵੱਖਰੀ ਮਰਿਯਾਦਾ ਸਮਝਾਈ ਜਾਂਦੀ ਹੈ ਤੇ ਆਪਣੀ ਆਪਣੀ ਆਸਥਾ ਅਨੁਸਾਰ ਚੰਗਾ ਸਮਾਂ ਸਮਝਾਇਆ ਜਾਂਦਾ ਹੈ ਕਿ ਜਪ ਤਪ ਲਈ ਕਿਹੜਾ ਸਮਾਂ ਜਿਆਦਾ ਅੱਛਾ ਹੈ। ਸਿੱਖ ਜਗਤ ਨੇ ਆਪਣੀ ਆਸਥਾ ਅਨੁਸਾਰ ਕਿਸੇ ਖਾਸ ਵੇਲੇ ਨੂੰ ਉੱਚਾ ਮੰਨਕੇ ਉਸਨੂੰ ਅੰਮ੍ਰਿਤ ਵੇਲਾ ਮੰਨਿਆ ਹੋਇਆ ਹੈ ਜਿਸਦਾ ਪ੍ਰਚਾਰ ਕਰਨ ਵਾਲਿਆਂ ਦੀ ਕਮੀ ਨਹੀਂ ਹੈ ਭਾਵ ਭਗਤੀ ਦੇ

41/5330

ਮਾਰਗ ਨੂੰ ਸਮਝਣ ਵਿੱਚ ਵੱਡੇ ਭਰਮ ਵਿੱਚ ਹੈ ਤੇ ਭਗਤੀ ਦਾ ਭਰਮ ਫੈਲਾਉਂਣ ਵਾਲੇ ਬਹੁਤ ਹਨ, ਪਾਧੇ ਬਹੁਤ ਹਨ ਜੋ ਆਪਣੇ ਉਪਰ ਭਾਰ ਹੀ ਵਧਾਉਂਦੇ ਹਨ ਭਾਵ ਦੂਸਰਿਆਂ ਦਾ ਵੀ ਮਾੜਾ ਕਰਦੇ ਹਨ ਤੇ ਆਪਣਾ ਉਸ ਤੋਂ ਵੀ ਜਿਆਦਾ ਮਾੜਾ ਕਰਦੇ ਹਨ। **(ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥ ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਇਹੋ ਜਿਹੇ ਝੂਠੇ ਵਿਦਵਾਨ ਅਖਵਾਉਂਣ ਵਾਲਿਆਂ ਨੂੰ ਹੋਰ ਵੀ ਤਾੜਨਾ ਪਾਈ ਹੋਈ

ਹੈ ਭਾਵ ਇਹ ਗੱਲ ਤੋਂ ਅਗਾਹ ਕੀਤਾ ਹੋਇਆ ਹੈ ਕਿ ਤੁਸੀਂ ਮਾੜਾ ਕੰਮ ਕਰ ਰਹੇ ਹੋ।

"ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥

ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥"

ਸਭ ਤੋਂ ਪਹਿਲੇ **"ਜੋਤਿ"** ਨੂੰ ਸਮਝਣ ਦੀ ਲੋੜ ਹੈ ਜੋ ਸਭ ਦੇ ਅੰਦਰ ਵਰਤ ਰਹੀ ਹੈ। ਸਾਡੇ ਅੰਦਰ ਦੀ ਜੋਤਿ ਕੀ ਹੈ ਇਸਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੋਤਿ ਸਾਡੇ ਅੰਦਰ ਦੀ ਸਮਝ ਹੈ ਜਿਸ ਰਾਹੀਂ ਸਾਨੂੰ ਮਨ ਦੇ ਵਿੱਚੋਂ ਗਿਆਨ ਮਿਲਦਾ ਹੈ। ਜਦ ਤਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਾਂ, ਮਾਇਆ ਵਿੱਚ ਹਾਂ ਤਦ ਤਕ ਅਸੀਂ ਨਹੀਂ ਜਾਣ ਸਕਦੇ ਕਿ ਇਹ ਜੋਤਿ ਕੀ ਹੈ। ਜੋਤਿ ਨੂੰ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਜੋਤਿ ਰੂਪ ਮਾਲਕ ਕਿਸੇ ਦੇ ਅੰਦਰ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ, ਹਰ ਵਸਤੂ ਦੇ ਅੰਦਰ ਜੋਤਿ ਰੂਪ ਵਿੱਚ ਹੀ ਹੈ, ਗਿਆਨ ਰੂਪ ਵਿੱਚ ਹੀ ਹੈ। ਤ੍ਰੈ ਗਣਾਂ ਵਾਲੀ ਅਵਸਥਾ ਵਿੱਚ ਵੀ ਸਾਨੂੰ ਜੋ ਮਨ ਦੇ ਅੰਦਰੋਂ ਗਿਆਨ ਮਿਲਦਾ ਹੈ ਭਾਵ ਜਿਹੋ ਜਿਹੀ ਸੋਝੀ ਸਾਨੂੰ ਮਨ ਵਿੱਚੋਂ ਪੈਂਦੀ ਹੈ ਉਹ ਜੋਤਿ ਰਾਹੀਂ ਹੀ ਪੈਂਦੀ ਹੈ ਜਿਸਦੀ ਸਮਝ ਕੇਵਲ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈ ਸਕਦੀ ਹੈ। ਸਾਡੇ ਲਈ ਇਤਨਾ ਸਮਝਣਾ ਕਾਫੀ ਹੈ ਕਿ ਜੋਤਿ ਸਾਡੇ ਅੰਦਰ ਦੀ ਸਮਝ ਹੈ। ਜੋ ਆਪਣੇ ਆਪ ਨੂੰ ਪਾਧਾ ਅਖਵਾਉਂਦੇ ਹਨ ਭਾਵ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਉਹਨਾਂ ਨੂੰ ਇਸ ਗੱਲ ਦੀ ਤਾਂ ਸਮਝ ਨਹੀਂ ਕਿ **"ਜੋਤਿ"** ਕੀ ਹੈ ਭਾਵ ਸਾਡੇ ਅੰਦਰ ਗਿਆਨ ਦਾ ਸ੍ਰੋਤ ਕੀ ਹੈ ਭਾਵ ਸਾਨੂੰ ਸੱਚਾ ਗਿਆਨ ਕਿੱਥੋਂ ਮਿਲਦਾ ਹੈ ਜਿਸ ਰਾਹੀਂ ਪ੍ਰਮਾਤਮਾ ਆਪਣੀ ਸੱਚੀ ਭਗਤੀ ਦੀ ਸੋਝੀ ਪਾਉਂਦਾ ਹੈ ਭਾਵ ਜੋਤਿ ਨੂੰ ਜਾਣੇ ਬਿਨਾਂ ਹੀ

41/5331

ਅਸੀਂ ਭਗਤੀ ਦੇ ਵਿਦਵਾਨ ਅਖਵਾਉਂਦੇ ਹਾਂ ਜਿਸ ਕਰਕੇ ਸਾਨੂੰ **"ਮੂੜੇ"** ਕਿਹਾ ਹੈ, ਮੂਰਖ ਕਿਹਾ ਹੈ ਕਿਉਂਕਿ ਅਸੀਂ ਦੂਸਰਿਆਂ ਨੂੰ ਗਲਤ ਸਿੱਖਿਆਂ ਨਾਲ ਜੋੜਦੇ ਹਾਂ ਜਿਸ ਕਰਕੇ ਇਹਨਾਂ ਨੂੰ ਪਛਤਾਉਂਣਾ ਪੈਂਦਾ ਹੈ। ਜੋ ਵੀ ਗੁਰਮਤਿ ਦੇ ਉਲਟ ਪ੍ਰਚਾਰ ਕਰਦਾ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਦੇ ਉਲਟ ਪ੍ਰਚਾਰ ਕਰਦਾ ਹੈ ਉਸਨੂੰ ਪਛਤਾਉਂਣਾ ਹੀ ਪੈਂਦਾ ਹੈ। ਇਹ ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਣ ਹੈ ਜੋ ਕਿ ਸੱਚ ਹੈ। **(ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥)** ਆਪਣੇ ਅੰਦਰੋਂ ਜੋਤਿ ਨੂੰ ਜਾਨਣਾ ਜਾਂ ਪ੍ਰਮਾਤਮਾ ਨੂੰ ਜਾਨਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥"

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਜੋਤਿ ਰੂਪ ਵਿੱਚ ਹੀ ਹੈ ਜਿਸਨੂੰ ਹਰ ਕੋਈ ਸਮਝਦਾ ਹੈ। **"ਸਬਦੁ"** ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਇੱਕੋ ਇੱਕ ਆਪ ਹੀ ਹੈ। **"ਸਬਦੁ"** ਰੂਪ ਪ੍ਰਮਾਤਮਾ ਦਾ ਗੁਰੂ ਰੂਪ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਹੀ ਹੈ। ਜਦ ਤਕ ਕੋਈ ਇਸ ਗੱਲ ਨੂੰ ਨਹੀਂ ਜਾਣਦਾ ਕਿ ਸਾਰੇ ਸੰਸਾਰ ਦਾ ਗੁਰੂ ਇੱਕ ਹੀ ਹੈ ਤਦ ਤਕ ਕੋਈ ਨਹੀ ਜਾਣ ਸਕਦਾ ਕਿ ਧਰਮ ਗ੍ਰੰਥਾਂ ਵਿੱਚ ਸਿੱਖਿਆ ਦੇਣ ਵਾਲਾ ਕੌਣ ਹੈ ਭਾਵ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਹੀ ਜਾਣਿਆ ਹੈ ਜਿਨ੍ਹਾਂ ਨੇ **"ਸਬਦੁ"** ਨੂੰ ਗੁਰੂ ਆਖਿਆ ਹੈ, ਇੱਕੋ ਇੱਕ ਪ੍ਰਮਾਤਮਾ ਨੂੰ ਗੁਰੂ ਆਖਿਆ ਹੈ। ਉਸ **"ਸਬਦੁ"** ਰੂਪ ਗੁਰੂ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਫਿਰ ਆਪਣੇ ਆਪ ਨੂੰ ਕੋਈ ਵੀ ਧਰਮ ਦਾ ਵਿਦਵਾਨ ਨਹੀਂ ਅਖਵਾ ਸਕਦਾ ਕਿਉਂਕਿ ਉਹਨਾਂ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਗਿਆਨ ਦਾ ਮਾਲਕ ਇੱਕੋ ਇੱਕ ਆਪ ਪ੍ਰਮਾਤਮਾ ਹੈ ਤੇ ਹੋਰ ਕੋਈ ਨਹੀਂ ਹੈ। ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾਉਂਣ ਵਾਲੇ ਉਹੀ ਹਨ ਜਿਨ੍ਹਾਂ ਨੇ ਆਪਣੇ ਅੰਦਰੋਂ **"ਏਕੋ ਸਬਦੁ"** ਨੂੰ ਨਹੀਂ ਜਾਣਿਆ ਤੇ ਇਸੇ ਲਈ ਉਹ ਜੂਨਾਂ ਵਿੱਚ ਹੀ ਰਹਿੰਦੇ ਹਨ ਭਾਵ ਆਵਾਗਉਂਣ ਵਿੱਚ ਹੀ ਰਹਿੰਦੇ ਹਨ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣਾ ਮਾੜੀ ਗੱਲ ਹੈ, ਬਹੁਤ ਵੱਡਾ ਭਰਮ ਹੈ ਜਿਸ ਵਿੱਚੋਂ ਸਾਨੂੰ ਨਿਕਲਣ ਦੀ ਲੋੜ ਹੈ ਜੋ ਕਿ ਉਪਰਲੀਆਂ ਪੰਗਤੀਆਂ ਦਾ ਮਕਸਦ ਹੈ। **(ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥ ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥)**

41/5332

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ ੨੩੧)

{ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥
ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥੨॥ ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ॥
ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥
ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥}

(ਅੰਗ ੧੩੩੨)

ਆਪਣੇ ਅੰਦਰੋਂ ਉਸ **"ਏਕੁ ਸਬਦੁ"** ਨੂੰ ਜਾਣੇ ਬਿਨਾਂ ਭਾਵ ਪ੍ਰਮਾਤਮਾ ਨੂੰ ਜਾਣੇ ਬਿਨਾਂ, ਗਿਆਨ ਦੇ ਮਾਲਕ ਨੂੰ ਜਾਣੇ ਬਿਨਾਂ ਕੋਈ ਵੀ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦਾ, ਧਰਮ ਦੇ ਮਾਰਗ ਦੀ ਸੱਚੀ ਸੋਝੀ ਉਸਨੂੰ ਨਹੀਂ ਪੈ ਸਕਦੀ ਭਾਵ ਉਹ ਖੁੱਦ ਬਿਖਿਆ ਵਿੱਚ ਰਹਿੰਦਾ ਹੈ ਤੇ ਦੂਸਰਿਆਂ ਨੂੰ ਵੀ ਬਿਖਿਆ ਹੀ ਸਿਖਾਉਂਦਾ ਹੈ ਭਾਵ ਜੋ ਖੁੱਦ ਅਗਿਆਨਤਾ ਵਿੱਚ ਹੈ ਉਹ ਦੂਸਰਿਆਂ ਨੂੰ ਅਗਿਆਨਤਾ ਵਿੱਚ ਹੀ ਪਾਉਂਦਾ ਹੈ ਜਿਸ ਕਰਕੇ ਉਹ ਖੁਦ ਤਾਂ ਸਜਾਵਾਂ ਭੁਗਤਦਾ ਹੀ ਹੈ ਤੇ ਦੂਸਰਿਆਂ ਨੂੰ ਵੀ ਸਜਾਵਾਂ ਵਿੱਚ ਪਾਉਂਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥੫॥"

ਉਪਰ ਪਹਿਲੇ ਪਦੇ ਰਾਹੀਂ ਅਸੀਂ ਜੋਤਿ ਬਾਰੇ ਸਮਝਿਆ ਹੈ। ਸਾਡੇ ਅੰਦਰ ਜੋ ਵਿਚਾਰ ਲਿਖੇ ਜਾਂਦੇ ਹਨ ਭਾਵ ਮਨ ਦੇ ਅੰਦਰ ਜੋ ਵਿਚਾਰ ਲਿਖੇ ਜਾਂਦੇ ਹਨ ਉਹ ਜੋਤਿ ਦੁਆਰਾ ਹੀ ਲਿਖੇ ਜਾਂਦੇ ਹਨ। **"ਪੰਡਿਤ"** ਅਖਵਾਉਂਣ ਵਾਲਿਆਂ ਨੂੰ ਭਾਵ ਧਰਮ ਦੇ ਵਿਦਵਾਨ ਅਖਵਾਉਂਣ ਵਾਲਿਆਂ ਨੂੰ, ਪਾਧੇ ਅਖਵਾਉਂਣ ਵਾਲਿਆਂ ਨੂੰ ਇਹ ਸਮਝਾਇਆ ਹੈ ਕਿ ਪਹਿਲਾਂ ਇਸ ਗੱਲ ਨੂੰ ਜਾਣੋ ਕਿ ਤੁਹਾਡੇ ਸਿਰ ਤੇ ਲੇਖ ਕੀ ਲਿਖੇ ਜਾ ਰਹੇ ਹਨ ਭਾਵ ਤੁਹਾਡੇ ਅੰਦਰ ਵਿਚਾਰ ਕਿਵੇਂ ਆ ਰਹੇ ਹਨ, ਤੁਹਾਡੇ ਅੰਦਰ ਲੇਖ ਕਿਸ ਤਰੀਕੇ ਲਿਖੇ ਜਾ ਰਹੇ ਹਨ ਭਾਵ ਇਸ ਗੱਲ ਨੂੰ ਜਾਣੋ ਕਿ ਸਾਡੇ ਅੰਦਰ ਗਿਆਨ ਕਿੱਥੋਂ ਆਉਂਦਾ ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਆਪਣੇ ਵਿਚਾਰਾਂ ਦੀ ਲਿਖਤ ਨੂੰ ਨਹੀਂ ਸਮਝਦੇ, ਸਾਡੇ ਅੰਦਰ ਲੇਖ ਲਿਖਣ ਵਾਲੇ ਉਸ ਪ੍ਰਮਾਤਮਾ ਨੂੰ ਨਹੀਂ ਸਮਝਦੇ ਤਦ ਤਕ ਅਸੀਂ **"ਬਿਖਿਆ"** ਵਾਲੀ ਮਤਿ ਵਿੱਚ ਹੀ ਰਹਿੰਦੇ ਹਾਂ ਭਾਵ ਮਾਇਆ ਮੋਹ ਵਾਲੀ,

41/5333

ਤ੍ਰੈ ਗੁਣਾਂ ਵਾਲੀ, ਅਗਿਆਨਤਾ ਵਾਲੀ ਮਤਿ ਵਿੱਚ ਹੀ ਰਹਿੰਦੇ ਹਾਂ। ਸਾਡੀ ਅਗਿਆਨਤਾ ਸਾਡੇ ਅੰਦਰ ਲੇਖ ਲਿਖਣ ਵਾਲਾ ਉਹ ਪ੍ਰਮਾਤਮਾ ਆਪ ਹੀ ਕੱਢਦਾ ਹੈ ਤੇ ਉਸੇ ਦੀ ਹੀ ਕੱਢਦਾ ਹੈ ਜਿਸਦੇ ਅੰਦਰ ਉਹ ਆਪਣੇ ਆਪ ਨੂੰ ਮਨ ਦੇ ਵਿੱਚ ਪ੍ਰਗਟ ਕਰਦਾ ਹੈ, ਜੋਤਿ ਰੂਪ ਵਿੱਚ ਪ੍ਰਗਟ ਕਰਦਾ ਹੈ। ਆਪਣੇ ਅੰਦਰੋਂ ਆਪਣੇ ਲੇਖ ਪੜਨ ਤੋਂ ਬਿਨਾਂ ਭਾਵ ਜਾਣੇ ਬਿਨਾਂ ਹੀ ਅਸੀਂ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਦੇ ਹਾਂ ਭਾਵ ਖੁੱਦ ਬਿਖਿਆ ਵਾਲੀ ਮਤਿ ਵਿੱਚ ਰਹਿੰਦੇ ਹੋਏ ਦੂਸਰਿਆਂ ਨੂੰ ਬਿਖਿਆ ਹੀ ਸਿਖਾਉਂਦੇ ਹਾਂ ਭਾਵ ਭਗਤੀ ਦੇ ਮਾਰਗ ਨੂੰ ਆਪ ਸਮਝਣ ਵਿੱਚ ਅਗਿਆਨਤਾ ਵਿੱਚ ਰਹਿੰਦੇ ਹੋਏ ਦੂਸਰਿਆਂ ਨੂੰ ਅਗਿਆਨਤਾ ਵਾਲੀ ਸਿੱਖਿਆ ਨਾਲ ਹੀ ਜੋੜਦੇ ਹਾਂ। ਇਹ ਸਾਡਾ ਮਾੜਾ ਕਰਮ ਹੈ ਜਿਸ ਕਰਕੇ ਪਹਿਲਾਂ ਪ੍ਰਮਾਤਮਾ ਫਾਹਾ ਇਹਨਾਂ ਪਾਧਿਆਂ ਸਿਰ ਪਾਉਂਦਾ ਹੈ ਤੇ ਬਾਅਦ ਵਿੱਚ ਇਹ ਫਾਹਾ ਚਾਟੜਿਆ ਦੇ ਗੱਲ ਵਿੱਚ ਪੈਂਦਾ ਹੈ ਭਾਵ ਇਹਨਾਂ ਕੋਲੋਂ ਸਿੱਖਿਆ ਲੈਣ ਵਾਲਿਆਂ ਦੇ ਗੱਲ ਪੈਂਦਾ ਹੈ। ਜੋ ਵੀ ਕਰਮ ਅਸੀਂ ਗੁਰੂ ਦੀ ਸੱਚੀ ਮਤਿ ਦੇ ਉਲਟ ਕਰਦੇ ਹਾਂ ਉਹ ਸਾਡੇ ਗੱਲ ਫਾਹਾ ਹੈ, ਅਗਿਆਨਤਾ ਦਾ ਫਾਹਾ ਹੈ, ਮਾਇਆ ਦਾ ਫਾਹਾ ਹੈ। ਵਿਦਵਾਨ ਅਖਵਾਉਂਣ ਵਾਲਿਆਂ ਨੂੰ ਤਾੜਨਾ ਦੇ ਕੇ ਸੁਚੇਤ ਕੀਤਾ ਹੋਇਆ ਹੈ ਕਿ ਆਪ ਵੀ ਫਾਹੇ ਤੋਂ ਬਚੋ ਤੇ ਦੂਸਰਿਆਂ ਨੂੰ ਵੀ ਫਾਹੇ ਤੋਂ ਬਚਾਕੇ ਰੱਖੋ । **(ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥ ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥੫॥)**

ਜੋ ਦੂਸਰਿਆਂ ਨੂੰ ਝੂਠੀ ਸਿੱਖਿਆ ਨਾਲ ਜੋੜਦੇ ਹਨ ਉਹਨਾਂ ਨੇ ਇਹ ਮਤਿ ਗੁਰੂ ਕੋਲੋਂ ਨਹੀਂ ਲਈ ਹੁੰਦੀ ਭਾਵ ਉੱਥੋਂ ਲਈ ਹੁੰਦੀ ਹੈ ਜੋ ਖੁਦ ਅਗਿਆਨਤਾ ਵਿੱਚ ਹੁੰਦੇ ਹਨ ਤੇ ਇਸੇ ਲਈ ਉਹਨਾਂ ਦੀ ਮਤਿ ਗੁਰੂ ਦੀ ਮਤਿ ਤੇ ਨਹੀਂ ਟਿਕਦੀ। ਇਹੀ ਗੱਲ ਸਾਨੂੰ ਸਬਦ ਦੇ ਅਗਲੇ ਪਦੇ ਰਾਹੀਂ ਕੁਝ ਗੂੜੇ ਢੰਗ ਨਾਲ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥

ਸਾਈ ਪੁੜੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥”

ਉਪਰਲੀ ਪੰਗਤੀ ਰਾਹੀਂ ਪਹਿਲੇ ਇਸ ਗੱਲ ਨੂੰ ਸਮਝੀਏ ਕਿ **“ਏਕੁ ਦਾਨੁ”** ਕੀ ਹੈ। ਇਸ ਤੋਂ ਭਾਵ ਹੈ ਗੁਰੂ ਦੀ ਸੱਚੀ ਸਿੱਖਿਆ ਦਾ ਦਾਨ ਜੋ ਦਾਨ ਕੇਵਲ ਇੱਕੋ ਇੱਕ ਪ੍ਰਮਾਤਮਾ ਦਾ ਦਾਨ ਹੈ ਜੋ ਗਿਆਨ ਦਾ ਮਾਲਕ ਹੈ। ਇਹ ਨਾਮ ਰੂਪ ਦਾਨ ਹੈ ਜੋ ਦਾਨ ਪ੍ਰਮਾਤਮਾ ਕੋਲੋਂ ਹੀ ਮਿਲਦਾ ਹੈ ਤੇ ਹੋਰ ਕੋਈ ਇਹ ਦਾਨ ਨਹੀਂ ਦੇ ਸਕਦਾ। ਇਹ ਗੁਰੂ ਦੀ ਦੀਖਿਆ

ਦਾ ਦਾਨ ਹੈ। ਜਿਸਨੂੰ ਪ੍ਰਮਾਤਮਾ ਇਹ ਦਾਨ ਦਿੰਦਾ ਹੈ ਉਹ ਸਭ ਨੂੰ ਇੱਕੋ ਰੂਪ ਵਿੱਚ ਹੀ ਦਿੰਦਾ ਹੈ ਭਾਵ ਉਸਦਾ ਇਹ ਦਾਨ ਸਭ ਦੇ ਲਈ ਇੱਕ ਹੀ ਹੈ ਜੋ ਦਾਨ ਉਹ ਧਰਮ ਦੇ ਮਾਰਗ ਦੀ, ਭਗਤੀ ਦੇ ਮਾਰਗ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਦਿੰਦਾ ਹੈ ਤੇ ਸਭ ਨੂੰ ਇੱਕੋ ਜਿਹੀ ਸਿੱਖਿਆ ਹੀ ਦਿੰਦਾ ਹੈ, ਇੱਕੋ ਜਿਹਾ ਨਾਮ ਦਾਨ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ ਤੇ ਉਹਨਾਂ ਨੇ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਇੱਕੋ ਜਿਹਾ ਨਾਮ ਹੀ ਸਮਝਾਇਆ ਹੈ, ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ। ਸੱਚਾ ਦਾਨ ਪ੍ਰਮਾਤਮਾ ਦਾ ਆਪਣਾ ਦਾਨ ਹੈ ਜਿੱਥੋਂ ਉਹ ਆਪਣਾ ਦਾਨ ਦਿੰਦਾ ਹੈ। ਇਹ ਦਾਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਜਜਮਾਨ ਹੈ ਤੇ ਜਿਨ੍ਹਾਂ ਨੇ ਨਾਮ ਦਾਨ ਦੀ ਪ੍ਰਾਪਤੀ ਕੀਤੀ ਹੈ ਉਹਨਾਂ ਦਾ ਜਜਮਾਨ ਆਪ ਪ੍ਰਮਾਤਮਾ ਹੀ ਹੈ ਜਿਸਨੂੰ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥

ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ ਕਰਤਾ ਤੂ ਮੇਰਾ ਜਜਮਾਨੁ ॥

ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥

ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥

ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥”

(ਅੰਗ ੧੩੨੯)

ਪ੍ਰਮਾਤਮਾ ਦਾ ਨਾਮ ਤਾਂ ਉਹੀ ਹੈ ਜੋ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਨਾਮ ਦੀ ਪ੍ਰਾਪਤੀ ਮਨੁੱਖ ਨੂੰ ਉਦੋਂ ਹੀ ਹੁੰਦੀ ਹੈ ਜਦੋਂ ਪ੍ਰਮਾਤਮਾ ਆਪ ਹੀ ਸਾਡੇ ਅੰਦਰ ਆਪਣਾ ਪ੍ਰਗਾਸ ਕਰਦਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਨਾਮ ਰਾਹੀਂ ਪ੍ਰਮਾਤਮਾ ਆਪਣਾ ਗਿਆਨ ਹੀ ਦਿੰਦਾ ਹੈ ਜਿਸਨੂੰ ਮਨੁੱਖ ਆਪਣੇ ਅੰਦਰ ਵਿਚਾਰਦਾ ਹੈ ਤੇ ਮਨ ਦੇ ਅੰਦਰ ਗੁਰੂ ਦੇ ਗਿਆਨ ਨੂੰ ਵਿਚਾਰਨਾ ਹੀ ਉਹਨਾਂ ਨੂੰ ਪੜਨਾ ਹੈ ਭਾਵ ਜੋ ਸਾਡੀ ਸੱਚੀ ਪੜਾਈ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਦਰ ਤੋਂ ਮਾਣ ਮਿਲਦਾ ਹੈ, ਸੰਸਾਰ ਵਿੱਚੋਂ ਮਾਣ ਮਿਲਦਾ ਹੈ ਜੋ ਕਿ ਸੱਚਾ ਮਾਣ ਹੈ ਜੋ ਮਾਣ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲਿਆ ਹੈ। ਆਪਣਾ ਨਾਮ ਰੂਪ ਦੀਖਿਆ ਦੇਣ ਵਾਲਾ ਭਾਵ ਆਪਣਾ ਨਾਮ ਰੂਪ ਦਾਨ ਦੇਣ ਵਾਲਾ ਆਪ ਪ੍ਰਮਾਤਮਾ ਹੈ ਤੇ ਜਿਸਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਹੀ ਇਸ ਗੱਲ ਨੂੰ ਜਾਣ ਸਕਦਾ ਹੈ ਕਿ ਪ੍ਰਮਾਤਮਾ ਆਪ ਹੀ ਮੇਰਾ ਜਜਮਾਨ ਹੈ ਜੋ ਕਿ ਨਾਮ ਦਾ ਮਾਲਕ ਹੈ, ਸਿੱਖਿਆ ਦਾ ਮਾਲਕ ਹੈ। ਨਾਮ ਰੂਪ ਸੱਚਾ ਗਿਆਨ ਪ੍ਰਮਾਤਮਾ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਸ ਰਾਹੀਂ ਉਹ ਆਪਣੀ ਸੱਚੀ ਸਿੱਖਿਆ ਦਿੰਦਾ ਹੈ, ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਰਾਹੀਂ ਸੱਚੀ ਸਿੱਖਿਆ ਦਿੰਦਾ ਹੈ ਜਿਸ ਸਿੱਖਿਆ ਨੂੰ ਪੜਨ ਦੁਆਰਾ ਭਾਵ ਮਨ ਦੇ ਵਿੱਚ ਵਿਚਾਰਨ ਦੁਆਰਾ

ਆਪਣੀ ਮਾੜੀ ਮਤਿ ਤਿਆਗ ਦਿੰਦਾ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੁਆਰਾ ਮਨੁੱਖ ਦੀ ਦੁਰਮਤਿ ਨਿਕਲ ਜਾਂਦੀ ਹੈ ਜਿਸ ਦੁਰਮਤਿ ਦੇ ਰਹਿੰਦੇ ਹੋਇਆਂ ਸਾਡੀ ਮਤਿ ਵਿਕਾਰਾਂ ਵਿੱਚ ਰਹਿੰਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਰਹਿੰਦੀ ਹੈ ਭਾਵ ਹਉਮੈ ਵਿੱਚ ਰਹਿੰਦੀ ਹੈ, ਆਪਣੇ ਝੂਠੇ ਮਾਣ ਵਿੱਚ ਰਹਿੰਦੀ ਹੈ ਭਾਵ ਗੁਰੂ ਦੀ ਨਾਮ ਰੂਪ ਸੱਚੀ ਸਿੱਖਿਆ ਦਾ ਮਕਸਦ ਸਾਨੂੰ ਸਾਰੇ ਅਉਗੁਣਾਂ ਤੋਂ ਮੁਕਤਿ ਕਰਨ ਦਾ ਹੈ ਜੋ ਸਿੱਖਿਆ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ **“ਦਖਿਣਾ”** ਦੇ ਰੂਪ ਵਿੱਚ ਦਿੰਦਾ ਹੈ, ਦਾਨ ਦੇ ਰੂਪ ਵਿੱਚ ਦਿੰਦਾ ਹੈ, ਨਾਮ ਦਾਨ ਦੇ ਰੂਪ ਵਿੱਚ ਦਿੰਦਾ ਹੈ ਤੇ ਇਸੇ ਲਈ ਪ੍ਰਮਾਤਮਾ ਆਪ ਹੀ ਜਜਮਾਨ ਹੈ ਭਾਵ ਦਾਨ ਦੇਣ ਵਾਲਾ

ਹੈ, ਗੁਰਮਤਿ ਰੂਪ ਸੱਚੇ ਗਿਆਨ ਦਾ ਦਾਨ ਦੇਣ ਵਾਲਾ ਹੈ ਜਿਸ ਦਾਨ ਦੁਆਰਾ ਮਨੁੱਖ ਆਪਣੀ ਦੁਰਮਤਿ ਤੋਂ ਮੁਕਤਿ ਹੁੰਦਾ ਹੈ, ਮਨ ਦੇ ਸਾਰੇ ਵਿਕਾਰਾਂ ਤੋਂ ਮੁਕਤਿ ਹੁੰਦਾ ਹੈ ਭਾਵ ਮਨ ਦੀ ਅਗਿਆਨਤਾ ਤੋਂ ਮੁਕਤਿ ਹੁੰਦਾ ਹੈ ਤੇ ਗੁਰਮਤਿ ਰੂਪ ਸੱਚੀ ਸੋਝੀ ਦੁਆਰਾ, ਨਾਮ ਰੂਪ ਸੱਚੀ ਸੋਝੀ ਦੁਆਰਾ ਸੱਚਾ ਸੁੱਚਾ ਜੀਵਨ ਜਿਉਂਦਾ ਹੈ। ਗੁਰੂ ਦੀ ਸੱਚੀ ਸਿੱਖਿਆ ਦਾ ਮਕਸਦ ਇਹੀ ਹੈ। **(ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥ ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ॥੧॥ ਕਰਤਾ ਤੂ ਮੇਰਾ ਜਜਮਾਨੁ ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥ ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥ ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥)**

ਉਪਰਲੇ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਅਸੀਂ ਤਾਂ ਹੀ ਸਮਝ ਪਾਵਾਂਗੇ ਜੇਕਰ ਪਹਿਲਾਂ ਅਸੀਂ ਇਸ ਗੱਲ ਨੂੰ ਸਮਝ ਲਵਾਂਗੇ ਕਿ **"ਏਕੁ ਦਾਨੁ"** ਕੀ ਹੈ ਤੇ ਜਜਮਾਨ ਕਉਂਣ ਹੈ ਜੋ ਕਿ ਅਸੀਂ ਉਪਰਲੇ ਸ਼ਬਦ ਦੁਆਰਾ ਸਮਝਿਆ ਹੈ। ਇਸ ਦਾਨ ਨੂੰ ਜਿਸਨੇ ਸੱਚੀ ਜਗ੍ਹਾ ਤੋਂ ਲਿਆ ਹੈ ਭਾਵ ਸੱਚੇ ਥਾਨ ਤੋਂ ਲਿਆ ਹੈ ਭਾਵ ਉਸ ਪ੍ਰਮਾਤਮਾ ਕੋਲੋਂ ਲਿਆ ਹੈ ਉਸਨੂੰ ਹੀ ਇਹ ਸੱਚਾ ਦਾਨ ਮਿਲਦਾ ਹੈ ਕਿਉਂਕਿ ਇਹ ਦਾਨ ਬ੍ਰਹਮ ਗਿਆਨ ਰੂਪ ਦਾਨ ਹੈ ਜੋ ਦਾਨ ਪ੍ਰਮਾਤਮਾ ਕੇਵਲ ਤੇ ਕੇਵਲ ਮਨ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਹੀ ਦਿੰਦਾ ਹੈ। ਬ੍ਰਹਮ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਜੋ ਬ੍ਰਹਮ ਗਿਆਨ ਕੇਵਲ ਤੇ ਕੇਵਲ ਗੁਰੂ ਰੂਪ ਵਿੱਚ ਦਿੱਤਾ ਹੈ ਤੇ ਹੋਰ ਕਿਸੇ ਕੋਲ ਨਹੀਂ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਇਹ ਦਿੱਤਾ ਹੋਇਆ ਦਾਨ ਹੈ, ਨਾਮ ਦਾਨ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਗੁਰੂ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ ਜਿਸਦਾ ਮਕਸਦ ਸਾਨੂੰ ਅਗਿਆਨਤਾ ਵਾਲੀ ਮਾੜੀ ਮਤਿ ਵਿੱਚੋਂ ਕੱਢਣ ਦਾ ਹੈ, ਦੁਰਮਤਿ ਵਿੱਚੋਂ ਕੱਢਣ ਦਾ ਹੈ, ਅਉਗੁਣਾਂ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਧਰਮ ਦੇ ਮਾਰਗ ਤੇ ਚੱਲ ਸਕੀਏ ਭਾਵ ਸੱਚੇ ਸੁੱਚੇ ਕਰਮ ਕਰੀਏ। ਗੁਰੂ ਦਾ ਦਰ ਪ੍ਰਮਾਤਮਾ ਦਾ ਦਰ

ਹੀ ਹੈ ਭਾਵ ਪ੍ਰਮਾਤਮਾ ਦਾ ਸੱਚਾ ਥਾਨ ਹੀ ਹੈ ਤੇ ਜੋ ਇਸ ਸੱਚੇ ਥਾਨ ਤੋਂ ਦੀਖਿਆ ਲਵੇਗਾ ਭਾਵ ਗੁਰੂ ਰੂਪ ਜਜਮਾਨ ਤੋਂ ਦੀਖਿਆ ਲਵੇਗਾ ਉਹ ਤਾਂ ਫਿਰ ਆਪਣੇ ਮਨ ਨੂੰ ਸੰਜਮ ਵਿੱਚ ਰੱਖੇਗਾ ਭਾਵ ਆਪਣੀ ਮਤਿ ਨੂੰ ਵਿਕਾਰਾਂ ਵਲੋਂ ਰੋਕ ਕੇ ਰੱਖੇਗਾ। ਜਿਨ੍ਹਾਂ ਨੇ ਸਿੱਖਿਆ ਰੂਪ ਮਤਿ ਗੁਰੂ ਕੋਲੋਂ ਨਹੀਂ ਲਈ, ਪ੍ਰਮਾਤਮਾ ਦੇ ਦਰ ਤੋਂ ਨਹੀਂ ਲਈ ਉਹ ਫਿਰ ਮਨ ਨੂੰ ਸੰਜਮ ਵਿੱਚ ਨਹੀਂ ਰੱਖਦੇ ਤੇ ਉਹਨਾਂ ਨੇ ਇਹ ਮਤਿ ਕਿਸੇ ਮਾੜੀ ਜਗ੍ਹਾ ਤੋਂ ਲਈ ਹੈ, ਗਲਤ ਜਗ੍ਹਾ ਤੋਂ ਲਈ ਹੈ ਭਾਵ ਜੋ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ, ਪਾਧੇ ਅਖਵਾਉਂਣ ਵਾਲੇ ਸਾਨੂੰ ਇਹ ਸਮਝਾਉਂਦੇ ਹਨ ਕਿ ਕਥਨੀ ਕਰੀ ਜਾਣਾ ਜਾਂ ਹੋਰ ਸਰੀਰਕ ਕਿਰਿਆਵਾਂ ਕਰੀ ਜਾਣਾ ਸਾਡੀ ਭਗਤੀ ਦਾ ਮਾਰਗ ਹੈ ਤਾਂ ਫਿਰ ਉਹ ਭਰਮ ਵਿੱਚ ਹਨ ਤੇ ਉਹਨਾਂ ਨੇ ਸਿੱਖਿਆ ਗੁਰੂ ਤੋਂ ਨਹੀਂ ਲਈ ਭਾਵ ਕਿਸੇ ਗਲਤ ਜਗ੍ਹਾ ਤੋਂ ਲਈ ਹੈ। ਜਿਸ ਕੋਲ ਸੱਚੀ ਸਿੱਖਿਆ ਹੈ ਉਹ ਤਾਂ ਸਾਨੂੰ ਇਹੀ ਗੱਲ ਸਮਝਾਵੇਗਾ ਕਿ ਇਸ ਮਨ ਨੂੰ ਸੰਜਮ ਵਿੱਚ ਰੱਖੋ ਭਾਵ ਆਪਣੀ ਦੁਰਮਤਿ ਛੱਡੋ, ਆਪਣੇ ਵਿਕਾਰ ਛੱਡੋ ਤੇ ਸੱਚੇ ਸੁੱਚੇ ਹੋ ਕੇ ਵਿਚਰੋ ਜੋ ਭਗਤੀ ਦਾ ਸਹੀ ਮਾਰਗ ਹੈ ਤੇ ਜੋ ਇਹੋ ਜਿਹੀ ਸਿੱਖਿਆ ਨਾਲ ਨਹੀਂ ਜੋੜਦੇ ਭਾਵ ਹੋਰਾਂ ਗੱਲਾਂ ਨਾਲ ਜੋੜਦੇ ਹਨ ਉਹਨਾਂ ਨੂੰ ਮੂੜੇ ਕਿਹਾ ਹੈ ਭਾਵ ਅਗਿਆਨੀ ਕਿਹਾ ਹੈ ਭਾਵੇਂ ਉਹ ਪਾਧੇ ਅਖਵਾਉਂਦੇ ਹਨ ਭਾਵ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਤੇ ਉਹਨਾਂ ਨੇ ਇਹੋ ਜਿਹੀ ਸਿੱਖਿਆ ਗਲਤ ਥਾਂ ਤੋਂ ਲਈ ਹੈ ਭਾਵ ਗੁਰੂ ਕੋਲੋਂ ਨਹੀਂ ਲਈ।

(ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥)

ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਪਾਧਾ ਅਖਵਾਉਂਣ ਵਾਲੇ ਸਮਝ ਸਕਣ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਨਾ ਪਾਉਂਣ।

"ਸਾਈ ਪੁੜੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥"

ਅਸੀਂ ਪਹਿਲੇ ਇਸ ਗੱਲ ਨੂੰ ਸਮਝਿਆ ਹੈ ਕਿ ਅਸਲ ਵਿੱਚ ਜਜਮਾਨ ਕਉਂਣ ਹੈ ਭਾਵ ਦੀਖਿਆ ਦੇਣ ਵਾਲਾ ਕਉਂਣ ਹੈ। ਧਰਮ ਦੇ ਮਾਰਗ ਦੀ ਦੀਖਿਆ ਗੁਰੂ ਹੀ ਦਿੰਦਾ ਹੈ ਜਦ ਤਕ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ ਗੁਰੂ ਅਸਲ ਵਿੱਚ ਕਉਂਣ ਹੈ ਤਦ ਤਕ ਅਸੀਂ ਬਾਣੀ ਨੂੰ ਨਹੀਂ ਸਮਝ ਸਕਦੇ ਜਿਵੇਂ ਕਿ ਬਾਰ-ਬਾਰ ਸਮਝਾਇਆ ਗਿਆ ਹੈ ਕਿ ਗੁਰੂ ਕੋਈ ਮਨੁੱਖ ਨਹੀਂ ਹੈ, ਗੁਰੂ ਆਪ ਪ੍ਰਮਾਤਮਾ ਹੈ ਜੋ ਮਨੁੱਖੀ ਰੂਪ ਵਿੱਚ ਮਨ ਦੇ ਗਿਆਨ ਰਾਹੀਂ, ਬ੍ਰਹਮ ਗਿਆਨ ਰਾਹੀਂ ਆਪਣੇ ਆਪ ਨੂੰ ਮਨੁੱਖੀ

ਸਰੀਰ ਰਾਹੀਂ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ

ਕੀਤਾ ਹੈ, ਆਪਣਾ ਭਗਤ ਰੂਪ, ਗੁਰੂ ਰੂਪ ਪ੍ਰਗਟ ਕੀਤਾ ਹੈ। ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿੱਚ ਗੁਰੂ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਗੁਰੂ ਹੈ ਜੋ ਗੁਰੂ ਰੂਪ ਪ੍ਰਮਾਤਮਾ ਦਾ ਸਾਰੀ ਗੁਰਬਾਣੀ ਦੇ ਵਿੱਚ ਹੈ ਜਿਸ ਰਾਹੀਂ ਪੋਥੀ ਪਰਮੇਸ਼ਵਰ ਦਾ ਥਾਨ ਹੈ। ਜਦ ਤਕ ਪ੍ਰਮਾਤਮਾ ਆਪਣਾ ਜਜਮਾਨ ਰੂਪ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਕੋਈ ਨਹੀਂ ਜਾਣ ਸਕਦਾ ਕਿ ਧਰਮ ਦੇ ਮਾਰਗ ਦੀ ਦੀਖਿਆ ਦੇਣ ਵਾਲਾ ਜਜਮਾਨ ਕਉਂਣ ਹੈ। ਪ੍ਰਮਾਤਮਾ ਦਾ ਜਜਮਾਨ ਰੂਪ ਸਾਡੇ ਅੰਦਰ ਬ੍ਰਹਮ ਗਿਆਨ ਰੂਪ ਹੈ ਭਾਵ ਸੱਚੇ ਗਿਆਨ ਵਾਲਾ ਰੂਪ ਹੈ ਭਾਵ ਚੌਥੇ ਪਦ ਵਾਲਾ ਰੂਪ ਹੈ ਭਾਵ ਸਾਡੇ ਮਨ ਦੀ ਸਮਝ ਹੀ ਹੈ। ਪ੍ਰਮਾਤਮਾ ਦਾ ਇਹ ਰੂਪ ਆਪਣੇ ਅੰਦਰੋਂ ਜਾਨਣ ਵਾਲੇ ਨੂੰ ਹੀ ਸਮਝ ਲੱਗ ਸਕਦੀ ਹੈ ਕਿ ਸਾਡੇ ਅੰਦਰ ਵਿਚਾਰ ਕਿੱਥੋਂ ਆਉਂਦੇ ਹਨ। ਸਾਡੀ ਮਤਿ ਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਮਾਇਆ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ, ਅਗਿਆਨਤਾ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ। ਸਾਡੇ ਅੰਦਰ ਜੋ ਮਤਿ ਉਪਜਦੀ ਹੈ ਇਹ ਮਤਿ ਉਸ ਜਜਮਾਨ ਦੀ ਹੀ ਹੈ ਭਾਵ ਪ੍ਰਮਾਤਮਾ ਦੀ ਹੀ ਹੈ। ਜਦ ਤਕ ਅਸੀਂ ਇਸ ਪੁਤਰੀ ਵਾਲੀ ਮਤਿ ਨਾਲ ਜੁੜੇ ਹੋਏ ਹਾਂ ਇਹ ਧਰਮ ਦੇ ਮਾਰਗ ਦੀ ਸਿੱਖਿਆ ਲੈਣ ਦਾ ਸੱਚਾ ਥਾਨ ਨਹੀਂ ਹੈ ਭਾਵ ਕੁਥਾਨ ਹੈ ਤੇ ਜੋ ਕੋਈ ਵੀ ਗੁਰੂ ਤੋਂ ਬਿਨਾਂ ਕਿਸੇ ਹੋਰ ਕੋਲੋਂ ਸਿੱਖਿਆ ਲੈਂਦਾ ਹੈ ਭਾਵ ਸਿੱਖਿਆ ਰੂਪ ਦਾਨ ਲੈਂਦਾ ਹੈ ਉਹ ਜਜਮਾਨ ਦੀ ਪੁਤਰੀ ਕੋਲੋਂ ਹੀ ਲੈਂਦਾ ਹੈ। ਪੁਤਰੀ ਸਾਰਿਆਂ ਦੀ ਇੱਕੋ ਜਿਹੀ ਹੀ ਹੁੰਦੀ ਹੈ। ਜਿਵੇਂ ਕਿ ਪੁਰਾਣੀ ਹਿੰਦੂ ਮਾਨਤਾ ਅਨੁਸਾਰ ਆਪਣੀ ਪੁਤਰੀ ਕੋਲੋਂ **"ਧਾਨਿ"** ਖਾਣਾ ਭਾਵ ਅੰਨ ਖਾਣਾ ਭਾਵ ਭੋਜਨ ਖਾਣਾ ਮਾੜਾ ਸਮਝਿਆ ਜਾਂਦਾ ਰਹਿਆ ਹੈ ਤੇ ਹੁਣ ਵੀ ਮਾੜਾ ਸਮਝਿਆ ਜਾਂਦਾ ਹੈ ਭਾਵ ਧੀਆਂ ਦੇ ਘਰੋਂ ਖਾਣਾ ਮਾੜਾ ਸਮਝਿਆ ਜਾਂਦਾ ਹੈ ਇਸੇ ਤਰ੍ਹਾਂ ਅਗਿਆਨਤਾ ਵਾਲੀ ਮਤਿ ਵਾਲਿਆਂ ਕੋਲੋਂ ਸਿੱਖਿਆ ਦਾ ਦਾਨ ਲੈਣਾ ਵੀ ਗਲਤ ਹੈ। ਜੋ ਵੀ ਆਪਣੇ ਆਪ ਨੂੰ ਪਾਧੇ ਅਖਵਾਉਂਦੇ ਹਨ, ਧਰਮ ਦੇ ਵਿਦਵਾਨ ਅਖਵਾਉਂਦੇ ਹਨ, ਪੰਡਿਤ ਅਖਵਾਉਂਦੇ ਹਨ ਉਹਨਾਂ ਨੂੰ ਇਹ ਸਮਝਾਇਆ ਹੈ ਕਿ ਜਿਸ ਤਰੀਕੇ ਤੁਸੀਂ ਇਹ ਸਮਝਦੇ ਹੋ ਕਿ ਧੀਆਂ ਦੇ ਘਰ ਦਾ ਖਾਣਾ ਮਾੜੀ ਗੱਲ ਹੈ, ਸਾਡਾ ਜਨਮ ਭਰਿਸ਼ਟ ਹੁੰਦਾ ਹੈ ਇਸੇ ਤਰ੍ਹਾਂ ਅਗਿਆਨੀਆਂ ਕੋਲੋਂ ਧਰਮ ਦੀ ਮਤਿ ਲੈਣਾ, ਸਿੱਖਿਆ ਦਾ ਦਾਨ ਲੈਣਾ ਸਾਡੇ ਜਨਮ ਨੂੰ ਵਿਅਰਥ ਗਵਾਉਂਦਾ ਹੈ। ਜੋ ਵੀ ਸਿੱਖਿਆ ਗੁਰੂ ਦੀ ਸਿੱਖਿਆ ਤੇ ਪੂਰੀ ਨਹੀਂ ਉਤਰਦੀ ਉਹ ਤ੍ਰੈ ਗੁਣਾਂ ਵਾਲੀ ਮਤਿ ਦੀ ਸਿੱਖਿਆ ਹੈ, ਪੁਤਰੀ ਦੇ ਘਰ ਦਾ **"ਧਾਨਿ"** ਹੈ।

41/5338

(ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥ ਸਾਈ ਪੁੜ੍ਹੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥) ਅਗਿਆਨਤਾ ਵਾਲੀ ਮਤਿ ਸਾਡੇ ਸਭ ਦੇ ਅੰਦਰ ਹੀ ਹੈ ਭਾਵ ਜੋ ਇੱਕੋ ਜਜਮਾਨ ਕੋਲੋਂ ਆਉਂਦੀ ਹੈ, ਇੱਕੋ ਪ੍ਰਮਾਤਮਾ ਕੋਲੋਂ ਆਉਂਦੀ ਹੈ ਤੇ ਅਸੀਂ ਆਪਣੀ ਮਤਿ ਨਾਲ ਜਿਸਨੂੰ ਵੀ ਜੋੜਾਂਗੇ ਉਹ ਪਹਿਲੇ ਹੀ ਅਗਿਆਨਤਾ ਵਿੱਚ ਹੈ ਜਿਸ ਕਰਕੇ ਉਹ ਸੱਚਾਈ ਨੂੰ ਸਮਝ ਨਹੀਂ ਸਕਦਾ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥

ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥"

ਹਉਮੈ ਵਿੱਚ ਤਾਂ ਹਰ ਕੋਈ ਪਹਿਲੇ ਹੀ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਤਾਂ ਪ੍ਰਮਾਤਮਾ ਨੇ ਸਭ ਨੂੰ ਪਹਿਲੇ ਹੀ ਰੱਖਿਆ ਹੋਇਆ ਹੈ। ਕੇਵਲ ਗੁਰੂ ਹਉਮੈ ਤੋਂ ਬਾਹਰ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਬਾਹਰ ਹੈ ਕਿਉਂਕਿ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਭਗਤੀ ਦੇ ਸੱਚੇ ਮਾਰਗ ਨੂੰ ਜਾਣਦਾ ਹੈ। ਜੇਕਰ ਅਸੀਂ ਕੁਥਾਨ ਤੋਂ ਮਤਿ ਲਵਾਂਗੇ ਉਹਨਾਂ ਨੇ ਫਿਰ ਸਾਡੀ ਮਤਿ ਨੂੰ ਹੋਰ ਉਲਝਾਉਂਣਾ ਹੀ ਹੈ ਭਾਵ ਸਾਡੇ ਅੰਦਰ ਦੇ ਸੱਚ ਨੂੰ ਖਰਾਬ ਹੀ ਕਰਨਾ ਹੈ ਤੇ ਜੋ ਰੋਗ ਅਸੀਂ ਛੱਡਣਾ ਹੈ ਭਾਵ ਜਿਸ ਅਗਿਆਨਤਾ ਦੇ ਰੋਗ ਵਿੱਚੋਂ ਨਿਕਲਣਾ ਹੈ, ਜਿਸ ਹਉਮੈ ਰੋਗ ਵਿੱਚੋਂ ਅਸੀਂ ਨਿਕਲਣਾ ਹੈ ਉਹ ਅਗਿਆਨਤਾ ਰੂਪ ਰੋਗ ਸਾਡਾ ਹੋਰ ਵੱਡਾ ਹੋ ਜਾਂਦਾ ਹੈ। ਸਾਨੂੰ ਇਹੋ ਜਿਹੀ ਮਤਿ ਦੇਣ ਵਾਲੇ ਉਹੀ ਹੁੰਦੇ ਹਨ ਭਾਵ ਮਾੜੀ ਸਿੱਖਿਆ ਦੇਣ ਵਾਲੇ ਉਹੀ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ, ਉਹ ਸੱਚੀ ਸਿੱਖਿਆ ਦੇਣ ਵਾਲੇ ਜਜਮਾਨ ਨੂੰ ਨਹੀਂ ਜਾਣਿਆ ਜਿਸ ਕਰਕੇ ਉਹ ਮਾਇਆ ਦੇ ਮੁਹਤਾਜ ਰਹਿੰਦੇ ਹਨ ਭਾਵ ਮਨ ਦੀ ਅਗਿਆਨਤਾ ਦੇ ਮੁਹਤਾਜ ਰਹਿੰਦੇ ਹਨ ਭਾਵ ਆਪਣੀ ਸਮਝ ਦੁਆਰਾ ਉਹੋ ਕੁਝ ਹੀ ਕਰਦੇ ਹਨ ਜੋ ਭਰਮ ਵਾਲੀ ਮਤਿ ਉਹਨਾਂ ਦੇ ਕੋਲ ਹੁੰਦੀ ਹੈ। ਜੋ ਆਪ ਭਰਮ ਵਿੱਚ ਹਨ, ਹਉਮੈ ਵਿੱਚ ਹਨ ਉਹ ਦੂਸਰਿਆਂ ਨੂੰ ਝੂਠੀ ਸਿੱਖਿਆ ਨਾਲ ਹੀ ਜੋੜਦੇ ਹਨ। ਗੁਰੂ ਦੀ ਸੱਚੀ ਸਿੱਖਿਆ ਭਾਵ ਗੁਰੂ ਦਾ ਸੱਚਾ ਗਿਆਨ ਸਾਡੇ ਅਗਿਆਨਤਾ ਰੂਪ ਰੋਗ ਨੂੰ ਕੱਢਣ ਲਈ ਹੀ ਹੈ ਤੇ ਜਿਨ੍ਹਾਂ ਅਗਿਆਨੀਆਂ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ ਉਹ ਦੂਸਰਿਆਂ ਨੂੰ ਝੂਠੀ ਸਿੱਖਿਆ ਦੇ ਕੇ ਭਾਵ ਪਾਧੇ ਬਣ ਕੇ, ਧਰਮ ਦੇ ਵਿਦਵਾਨ ਬਣ ਕੇ ਉਹਨਾਂ ਦਾ ਹਉਮੈ ਰੋਗ ਹੋਰ ਵਧਾਉਂਦੇ

41/5339

ਹਨ ਭਾਵ ਅਗਿਆਨਤਾ ਵਧਾਉਂਦੇ ਹਨ। ਇਹ ਮਨ ਦੀ ਅਗਿਆਨਤਾ ਹੀ ਸਾਡਾ ਉਹ ਰੋਗ ਹੈ ਜਿਸ ਕਰਕੇ ਸਾਡੇ ਅੰਦਰ ਹਉਮੈ ਰੋਗ ਹੈ, ਤ੍ਰਿਸ਼ਨਾ ਰੋਗ ਹੈ, ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਰੋਗ ਹੈ, ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁੱਖ ਹੈ। ਜਿਸ ਰੋਗ ਵਿੱਚੋਂ ਇਹ ਪਾਧਾ ਅਖਵਾਉਂਣ ਵਾਲੇ ਆਪ ਨਹੀਂ ਨਿਕਲੇ ਦੂਸਰਿਆਂ ਨੂੰ ਕੀ ਕੱਢਣਗੇ। **(ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥ ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥)**

ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ ਜੋ ਸਾਡੇ ਅੰਦਰ ਗੁਰੂ ਦੀ ਸੱਚੀ ਸਿੱਖਿਆ ਨਾ ਹੋਣ ਕਰਕੇ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ ਇਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਰੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥”

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਭਗਤੀ ਦੀ ਸੱਚੀ ਸਿੱਖਿਆ ਸਮਝਾ ਰਹੇ ਹਨ ਭਾਵ ਭਗਤੀ ਦਾ ਸੱਚਾ ਮਾਰਗ ਸਮਝਾ ਰਹੇ ਹਨ ਜੋ ਕਿ ਕੇਵਲ ਤੇ ਕੇਵਲ ਸਾਡੀ ਸੱਚੀ ਕਰਣੀ ਦਾ ਮਾਰਗ ਹੈ। ਜਦ ਤਕ ਸਾਡੇ ਅੰਦਰ ਅਉਗੁਣ ਹਨ ਤਦ ਤਕ ਅਸੀਂ ਭਗਤੀ ਦੇ ਮਾਰਗ ਤੋਂ ਭਾਵ ਗੁਰੂ ਦੀ ਸੱਚੀ ਸਿੱਖਿਆ ਦੇ ਮਾਰਗ ਤੋਂ ਭਟਕੇ ਹੋਏ ਹਾਂ ਜਿਸ ਕਰਕੇ ਸਾਨੂੰ ਅਗਿਆਨੀ ਕਿਹਾ ਹੈ ਭਾਵ ਅਸੀਂ ਗੁਰੂ ਕੋਲੋਂ ਗਿਆਨ ਨਹੀਂ ਲਿਆ ਭਾਵ ਅਸੀਂ ਮਾਇਆ ਨਾਲ ਜੁੜੇ ਹੋਏ ਹਾਂ। ਜੋ ਵਿਕਾਰਾਂ ਵਾਲੀ ਮਤਿ ਨਾਲ ਜੁੜਿਆ ਹੋਇਆ ਹੈ ਉਸਨੂੰ ਪ੍ਰਮਾਤਮਾ ਵਿਸਰਿਆ ਹੋਇਆ ਹੈ ਭਾਵ ਉਸਨੂੰ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ, ਉਸਦੀ ਦਿੱਤੀ ਹੋਈ ਸਿੱਖਿਆ ਵਿਸਰੀ ਹੋਈ ਹੈ। **(ਕਰੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥)** ਹੁਣ ਧਿਆਨ ਨਾਲ ਸਮਝੋ ਕਿ ਇਹ ਪਾਧਾ ਅਖਵਾਉਂਣ ਵਾਲੇ ਹਰਿ ਨੂੰ ਯਾਦ ਰੱਖਣਾ ਕੀ ਸਮਝਾਉਂਦੇ ਹਨ, ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰੱਖਣਾ ਕੀ ਸਮਝਾਉਂਦੇ ਹਨ ਜਿਸ ਦੁਆਰਾ ਸਾਨੂੰ ਹਰਿ ਕਦੇ ਨਾ ਵਿਸਰੇ। ਇਹਨਾਂ ਨੇ ਹਰਿ ਨੂੰ ਇੱਕ ਅੱਖਰ ਬਣਾਇਆ ਹੋਇਆ ਹੈ, ਕੋਈ ਸਾਰਾ ਦਿਨ ਬੈਠਾ ਹਰਿ ਹਰਿ ਕਰੀ ਜਾਂਦਾ ਹੈ, ਕੋਈ ਰਾਮ ਰਾਮ ਕਰੀ ਜਾਂਦਾ ਹੈ, ਕੋਈ ਅਲ੍ਹਾ ਅਲ੍ਹਾ ਕਰੀ ਜਾਂਦਾ ਹੈ, ਕੋਈ ਤੂੰ ਹੀ ਤੂੰ ਹੀ ਕਰੀ

41/5340

ਜਾਂਦਾ ਹੈ, ਕੋਈ ਵਾਹਿਗੁਰੂ ਵਾਹਿਗੁਰੂ ਕਰੀ ਜਾਂਦਾ ਹੈ ਭਾਵ ਆਪਣੀ ਆਪਣੀ ਆਸਥਾ ਅਨੁਸਾਰ ਅਸੀਂ ਹਰ ਵੇਲੇ ਪ੍ਰਮਾਤਮਾ ਨੂੰ ਯਾਦ ਰੱਖਣ ਲਈ ਕਿਸੇ ਅੱਖਰ ਨੂੰ ਚੁਣਿਆ ਹੋਇਆ ਹੈ ਜਿਸਨੂੰ ਅਸੀਂ ਨਾਮ ਜੱਪਣਾ ਸਮਝਿਆ ਹੋਇਆ ਹੈ ਪਰ ਅਸਲ ਵਿੱਚ ਉਸ ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰੱਖਣਾ ਇਹੀ ਹੈ ਜੋ ਸਾਨੂੰ ਉਪਰ ਪੰਗਤੀ ਰਾਹੀਂ ਗੁਰੂ ਸਾਹਿਬ ਨੇ ਸਮਝਾਇਆ ਹੈ। ਗੁਰੂ ਸਾਹਿਬ ਤਾਂ ਕਦੇ ਗਲਤ ਨਹੀਂ ਹੋ ਸਕਦੇ ਉਹ ਸਾਨੂੰ ਸੱਚ ਹੀ ਸਮਝਾਉਂਦੇ ਹਨ ਪਰ ਇਹ ਪਾਧੇ ਅਖਵਾਉਂਣ ਵਾਲੇ, ਧਰਮ ਦੇ ਵਿਦਵਾਨ ਅਖਵਾਉਂਣ ਵਾਲੇ ਸਾਨੂੰ ਇੱਕ ਅੱਖਰ ਨੂੰ ਰੱਟੀ ਜਾਣਾ ਹੀ ਉਸ ਪ੍ਰਮਾਤਮਾ ਨੂੰ ਚੇਤੇ ਰੱਖਣਾ ਸਮਝਾਉਂਦੇ ਹਨ ਭਾਵ ਖੁੱਦ ਵੱਡੀ ਅਗਿਆਨਤਾ ਵਿੱਚ ਹਨ ਤੇ ਦੂਸਰਿਆਂ ਨੂੰ ਅਗਿਆਨਤਾ ਵਿੱਚ ਹੀ ਪਾਉਂਦੇ ਹਨ, ਆਪ ਮੂੜੇ ਹਨ ਤੇ ਦੂਸਰਿਆਂ ਨੂੰ ਮੂੜ ਬਣਾਉਂਦੇ ਹਨ। **(ਕਰੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥)** ਅਗਲੀ ਪੰਗਤੀ ਰਾਹੀਂ ਇਹਨਾਂ ਪਾਧੇ ਅਖਵਾਉਂਣ ਵਾਲਿਆਂ ਦਾ ਹੋਰ ਭਰਮ ਕੱਢਿਆ ਹੋਇਆ ਹੈ ਜਿਸ ਭਰਮ ਵਿੱਚ ਉਹ ਸਾਰਿਆਂ ਨੂੰ ਪਾਉਂਦੇ ਹਨ।

“ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥”

ਅਸੀਂ ਸ਼ਬਦਾਂ ਨੂੰ ਪੜੀ ਜਾਣਾ ਹੀ ਆਪਣਾ ਗੁਣ ਸਮਝਦੇ ਹਾਂ ਕਿ ਵੱਧ ਤੋਂ ਵੱਧ ਧਰਮ ਗ੍ਰੰਥਾਂ ਨੂੰ ਪੜੀ ਜਾਵੋ ਕਿਉਂਕਿ ਸਾਨੂੰ ਇਹੋ ਕੁਝ ਧਰਮ ਦੇ ਵਿਦਵਾਨਾਂ ਨੇ ਹੀ ਸਮਝਾਇਆ ਹੋਇਆ ਹੈ। ਅਸੀਂ ਕਿਸੇ ਅੱਖਰ ਦਾ ਜਪ ਕਰਦੇ ਹਾਂ ਜਿਸ ਰਾਹੀਂ ਅਸੀਂ ਪ੍ਰਮਾਤਮਾ ਨੂੰ ਪੁਕਾਰਦੇ ਹਾਂ, ਬਹੁਤ ਪੁਕਾਰਦੇ ਹਾਂ, ਕਿਸੇ ਅੱਖਰ ਨੂੰ ਪੁਕਾਰੀ ਜਾਂਦੇ ਹਾਂ ਇਸਨੂੰ ਅਸੀਂ ਨਾਮ ਜੱਪਣਾ ਸਮਝਦੇ ਹਾਂ ਜਿਸਨੂੰ ਕਿ ਕੇਵਲ ਵਿਅਰਥ ਦੀ ਕਿਰਿਆ ਦੱਸਿਆ ਹੈ। ਗੁਰੂ ਦੀ ਬਾਣੀ ਪੜਨ ਦੇ ਲਈ ਹੀ ਹੈ ਜਿਸਨੂੰ ਪੜਨਾ ਸਾਡਾ ਪਹਿਲਾ ਫਰਜ ਹੈ ਤੇ ਅਸਲ ਫਰਜ ਗੁਰੂ ਦੀ ਗੱਲ ਨੂੰ ਸਮਝਣ ਦਾ ਹੈ, ਉਸਨੂੰ ਆਪਣੇ ਮਨ ਦੇ ਰਾਹੀਂ ਬੁੱਝਣ ਦਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦਾ ਹੈ, ਉਸ ਤੇ ਅਮਲ ਕਰਨ ਦਾ ਹੈ। ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਣਾ ਹੀ ਨਹੀਂ ਤਾਂ ਫਿਰ ਅਸੀਂ ਮਨ ਦੀ ਸਮਝ ਰਾਹੀਂ ਡੁੱਬ ਜਾਂਦੇ ਹਾਂ ਭਾਵ ਮਨ ਦੀ ਅਗਿਆਨਤਾ

41/5341

ਸਾਨੂੰ ਡੁਬੋ ਦਿੰਦੀ ਹੈ, ਮਨ ਦੇ ਮਾੜੇ ਵਿਚਾਰ, ਅਉਗੁਣਾਂ ਵਾਲੇ ਵਿਚਾਰ ਸਾਨੂੰ ਡੁਬੋ ਦਿੰਦੇ ਹਨ ਭਾਵ ਸਾਡੇ ਜੀਵਨ ਦਾ ਨਾਸ ਕਰ ਦਿੰਦੇ ਹਨ ਭਾਵ ਸਾਨੂੰ ਸੱਚੇ ਸੁੱਚੇ ਜੀਵਨ ਤੋਂ ਦੂਰ ਕਰ ਦਿੰਦੇ ਹਨ ਤੇ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਸਾਨੂੰ ਆਤਮਿਕ ਰੂਪ ਵਿੱਚ ਡੁਬੋ ਕੇ ਸ਼ਰਮਸਾਰ ਕਰਦੇ ਹਨ। ਗੁਰੂ ਦੀ ਸਿੱਖਿਆ ਦਾ ਮਕਸਦ ਇਹੀ ਹੈ ਕਿ ਅਸੀਂ ਉਸਨੂੰ ਪੜੀਏ, ਸਮਝੀਏ ਤੇ ਮੰਨੀਏ ਤੇ ਮਨ ਦੀ ਮਾੜੀ ਮਤਿ ਵਿੱਚੋਂ ਨਿਕਲੀਏ। ਅਸੀਂ ਕੇਵਲ ਕਥਨੀ ਨਾਲ ਜੁੜੇ ਹੋਏ ਹਾਂ ਤੇ ਆਪਣੀ ਕਥਨੀ ਨੂੰ ਹੀ ਨਾਮ ਬਣਾਇਆ ਹੋਇਆ ਹੈ ਜੋ ਕਿ ਇਹਨਾਂ ਪਾਧੇ ਅਖਵਾਉਂਣ ਵਾਲਿਆਂ ਦੀ ਦੇਨ ਹੈ ਜੋ ਸਾਨੂੰ ਗੁਰੂ ਦੀ ਸਿੱਖਿਆ ਦੇ ਅਸਲ ਮਾਰਗ ਤੋਂ ਦੂਰ ਕਰਦੇ ਹਨ, ਆਪ ਅਗਿਆਨਤਾ ਵਿੱਚ ਡੁੱਬੇ ਹੋਏ ਹਨ ਤੇ ਦੂਸਰਿਆਂ ਨੂੰ ਵੀ ਡੁਬੋਂਦੇ ਹਨ। **(ਕਰੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥ ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥)**

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ ੬੫੦)

{ਪੜਿ੍ ਪੜਿ੍ ਪੰਡਿਤ ਮੁੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥
ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥}

(ਅੰਗ ੧੨੪੬)

{ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥੪॥}

(ਅੰਗ ੧੦੧੩)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

{ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥

ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ ੧੪੧੧)

41/5342

ਗੁਰਬਾਣੀ ਰਾਹੀਂ ਸਾਨੂੰ ਇਹ ਬਾਰ-ਬਾਰ ਸਮਝਾਇਆ ਗਿਆ ਹੈ ਕਿ ਸੱਚਾ ਪਾਧਾ ਕੇਵਲ ਗੁਰੂ ਹੈ ਜਿਸਨੂੰ ਸੱਚੀ ਸਿੱਖਿਆ ਦੀ ਸਮਝ ਹੈ ਤੇ ਸਾਨੂੰ ਧਰਮ ਦੇ ਮਾਰਗ ਦੀ ਸਿੱਖਿਆ ਕੇਵਲ ਗੁਰੂ ਕੋਲੋਂ ਹੀ ਲੈਣੀ ਚਾਹੀਦੀ ਹੈ ਤੇ ਉਹਨਾਂ ਕੋਲੋਂ ਨਹੀਂ ਲੈਣੀ ਚਾਹੀਦੀ ਜੋ ਆਪਣੇ ਆਪ ਨੂੰ ਜਗ੍ਹਾ ਜਗ੍ਹਾ ਤੇ ਪਾਧੇ ਬਣਾਈ ਬੈਠੇ ਹਨ ਜੋ ਸਭ ਨੂੰ ਉਲਝਾਉਂਦੇ ਹੀ ਹਨ। ਆਪਣੀਆਂ ਉਲਝਣਾਂ ਵਿੱਚੋਂ ਨਿਕਲਣਾ ਹੀ ਸਾਡੇ ਜੀਵਨ ਦਾ ਮਕਸਦ ਹੈ ਜੋ ਮਕਸਦ ਕੇਵਲ ਗੁਰੂ ਰੂਪ ਪਾਧਾ ਹੀ ਪੂਰਾ ਕਰ ਸਕਦਾ ਹੈ। ਹੇਠ ਦਿੱਤੇ ਕੁਝ ਸ਼ਬਦਾਂ ਨੂੰ ਵਿਚਾਰਕੇ ਹਰ ਕੋਈ ਸਮਝ ਸਕਦਾ ਹੈ ਕਿ ਸਾਨੂੰ ਧਰਮ ਦਾ ਗਿਆਨ ਕੇਵਲ ਗੁਰੂ ਰੂਪ ਪਾਧੇ ਕੋਲੋਂ ਹੀ ਲੈਣਾ ਚਾਹੀਦਾ ਹੈ, ਧਰਮ ਦੇ ਸੱਚੇ ਵਿਦਵਾਨ ਕੋਲੋਂ ਹੀ ਲੈਣਾ ਚਾਹੀਦਾ ਹੈ।

{ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ ਰਹਾਉ ॥}

(ਅੰਗ ੧੬੮)

{ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ ॥
ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ ॥
ਇਕ ਥੈ ਪੜਿ ਬੁਝੈ ਸਭੁ ਆਪੇ ਇਕ ਥੈ ਆਪੇ ਕਰੇ ਇਆਣੇ ॥
ਇਕਨਾ ਅੰਦਰਿ ਮਹਲਿ ਬੁਲਾਏ ਜਾ ਆਪਿ ਤੇਰੈ ਮਨਿ ਸਚੇ ਭਾਣੇ ॥
ਜਿਨਾ ਆਪੇ ਗੁਰਮੁਖਿ ਦੇ ਵਡਿਆਈ ਸੇ ਜਨ ਸਚੀ ਦਰਗਹਿ ਜਾਣੇ ॥੧੧॥}

(ਅੰਗ ੫੫੨-੫੫੩)

{ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥ ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥
ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥ ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥}

(ਅੰਗ ੯੩੭-੯੩੮)

{ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ ॥
ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ ॥ ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ ॥
ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥
ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ ॥੮॥}

(ਅੰਗ ੧੩੧੬)

ਆਪਣੇ ਆਪ ਨੂੰ ਧਰਮ ਦਾ ਵਿਦਵਾਨ ਉਹੀ ਅਖਵਾ ਸਕਦਾ ਹੈ ਜਿਸਨੂੰ ਮਾਇਆ ਦੀ ਸਮਝ ਨਹੀਂ ਹੈ ਤੇ ਮਾਇਆ ਨੂੰ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਕਹਿ ਜਾਵੇ ਇਹ ਨਾਮੁਮਕਿਨ ਹੈ। ਮਾਇਆ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਈ ਹੋਈ ਹੈ ਜਿਸਦਾ ਮਕਸਦ ਹੀ ਸਾਨੂੰ ਅਗਿਆਨਤਾ ਵਿੱਚ ਰੱਖਣ ਦਾ ਹੈ। ਅਗਿਆਨਤਾ ਵਿੱਚ ਰਹਿੰਦੇ ਹੋਏ ਕੋਈ ਸੱਚੇ ਗਿਆਨ ਨੂੰ ਭਾਵ ਉਸਦੇ ਅੰਦਰ ਦੀ ਗਹਿਰਾਈ ਨੂੰ ਸਮਝਿਆ ਵੀ ਕਿਵੇਂ ਜਾ ਸਕਦਾ ਹੈ। ਸੱਚੇ ਗਿਆਨ ਦੇ ਅੰਦਰ ਦੀ ਗਹਿਰਾਈ ਚੌਥਾ ਪਦ ਹੈ ਜਿਸਨੂੰ ਸਮਝਣਾ

41/5343

ਮਾਇਆ ਵਾਲੀ ਮਤਿ ਰਾਹੀਂ ਨਾਮੁਮਕਿਨ ਹੈ। ਜੋ ਪਹਿਲੇ ਮਾਇਆ ਨੂੰ ਸਮਝੇਗਾ ਉਹ ਹੀ ਗੁਰੂ ਦੇ ਸੱਚੇ ਗਿਆਨ ਨੂੰ ਸਮਝਣ ਵਾਲਾ ਬਣ ਸਕਦਾ ਹੈ ਭਾਵ ਉੱਚੇ ਗਿਆਨ ਦੁਆਰਾ ਅਗਿਆਨਤਾ ਨੂੰ ਸਮਝਿਆ ਜਾ ਸਕਦਾ ਹੈ ਪਰ ਅਗਿਆਨਤਾ ਦੁਆਰਾ ਗੁਰੂ ਦੀ ਉੱਚੀ ਮਤਿ ਨੂੰ ਸਮਝਣਾ ਨਾਮੁਮਕਿਨ ਹੈ। ਉੱਚਾ ਧਰਮ ਦਾ ਗਿਆਨ ਪ੍ਰਮਾਤਮਾ ਕੇਵਲ ਆਪ ਦਿੰਦਾ ਹੈ ਜਿਸ ਦੁਆਰਾ ਉਸ ਗਿਆਨ ਦੇ ਮਾਲਕ ਨੂੰ ਮਨੁੱਖ ਆਪਣੇ ਅੰਦਰੋਂ ਜਾਣਦਾ ਹੈ ਤੇ ਸਮਝ ਲੱਗਦੀ ਹੈ ਕਿ ਮਾਇਆ ਕੀ ਹੈ, ਤ੍ਰੈ ਗੁਣ ਕੀ ਹੈ, ਹਉਮੈ ਕੀ ਹੈ, ਅਗਿਆਨਤਾ ਕੀ ਹੈ ਤੇ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਕੋਈ ਆਪਣੇ ਆਪ ਨੂੰ ਗਿਆਨੀ ਕਹਿ ਜਾਵੇ, ਧਰਮ ਦਾ ਵਿਦਵਾਨ ਕਹਿ ਜਾਵੇ ਇਹ ਨਾਮੁਮਕਿਨ ਹੈ ਭਾਵ ਆਪਣੇ ਆਪ ਨੂੰ ਜਿਨ੍ਹਾਂ ਨੇ ਵੀ ਧਰਮ ਦੇ ਮਾਰਗ ਤੇ ਉੱਚਾ ਅਖਵਾਇਆ ਹੈ ਉਹਨਾਂ ਨੇ ਮਨ ਦੀ ਮਾਇਆ ਕਰਕੇ ਹੀ ਅਖਵਾਇਆ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਹੀ ਗਿਆਨਵਾਨ ਅਖਵਾਇਆ ਹੈ। ਇਸ ਗੱਲ ਤੇ ਵਿਸ਼ਵਾਸ ਕਰਨਾ ਸਭ ਲਈ ਬਹੁਤ ਔਖਾ ਹੈ ਪਰ ਗੁਰੂ ਗਲਤ ਨਹੀਂ ਹੋ ਸਕਦਾ, ਗੁਰੂ ਹਮੇਸ਼ਾ ਸੱਚ ਹੀ ਬੋਲਦਾ ਹੈ ਜਿਵੇਂ ਉਸਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਬੋਲਿਆ ਹੈ। ਆਉ ਇਸ ਗੱਲ ਨੂੰ ਗੁਰੂ ਪ੍ਰਮਾਤਮਾ ਦੇ ਬੋਲੇ ਹੋਏ ਬੋਲ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਜੋ ਬੋਲ ਉਸਨੇ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਬੋਲੇ ਹਨ।

ਗੂਜਰੀ ਮਹਲਾ ੫ ॥

“ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ ॥
ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ ॥੧॥
ਬਲਵੰਤਿ ਬਿਆਪਿ ਰਹੀ ਸਭ ਮਹੀ ॥
ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥੧॥ ਰਹਾਉ ॥
ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥
ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥੨॥੫॥੧੪॥”

(ਅੰਗ ੪੯੮-੪੯੯)

ਇਸ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਮਾਇਆ ਕਿਤਨੀ ਬਲਵਾਨ ਹੈ ਜਿਵੇਂ ਕਿ ਰਹਾਉ ਵਾਲੀ ਪੰਗਤੀ ਦੁਆਰਾ ਸਪਸ਼ਟ ਕੀਤਾ ਹੋਇਆ ਹੈ। ਉਹ ਬਲਵਾਨ ਰੂਪ ਕੀ ਹੋਇਆ ਜਿਸਨੂੰ ਅਸੀਂ ਜਿੱਤ ਸਕੀਏ ਭਾਵ ਇਸ ਮਾਇਆ ਨੂੰ ਜਿੱਤਣਾ ਸਾਡੇ ਵੱਸ ਤੋਂ ਬਾਹਰ ਹੈ, ਕਿਸੇ ਦੇ ਵੀ ਵੱਸ ਤੋਂ ਬਾਹਰ ਹੈ। ਮਾਇਆ ਸਾਡੇ ਵਿਚਾਰਾਂ ਦੇ ਵਿੱਚ ਹੈ ਭਾਵ ਸਾਡੀ ਸਮਝ ਦੇ ਰੂਪ ਵਿੱਚ ਹੈ ਭਾਵ ਆਪਣੀ ਸਮਝ ਨੂੰ ਜਿੱਤਣਾ ਇਸ ਮਾਇਆ ਨੂੰ ਜਿੱਤਣਾ ਹੈ। ਆਪਣੀ ਸਮਝ ਨੂੰ ਕੋਈ ਨਹੀਂ ਜਿੱਤ ਸਕਦਾ ਇਸਨੂੰ ਜਿੱਤਣਾ ਕਿਸੇ ਦੇ ਵੀ ਵੱਸ ਤੋਂ ਬਾਹਰ ਹੈ। ਮਨੁੱਖ ਜੋ ਕੁਝ ਵੀ ਹੈ, ਮਨ ਦੀ ਸਮਝ ਕਰਕੇ ਹੀ ਹੈ ਤੇ ਮਨੁੱਖ ਜੋ ਕੁਝ ਵੀ ਕਰਦਾ ਹੈ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ। ਆਪਣੀ ਸਮਝ ਨੂੰ ਸਮਝਣਾ ਹੀ ਮਾਇਆ ਨੂੰ ਸਮਝਣਾ ਹੈ ਤੇ ਸਾਡੀ ਇਹ ਸਮਝ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਹੈ ਭਾਵ ਸਾਡੇ ਅੰਦਰ ਮਾਇਆ ਪ੍ਰਮਾਤਮਾ ਦੀ ਪਾਈ ਹੋਈ ਹੈ ਜਿਸ ਪ੍ਰਮਾਤਮਾ

41/5344

ਨੇ ਮਨ ਦੀ ਸਮਝ ਦੁਆਰਾ ਹੀ ਸਭ ਨੂੰ ਆਪਣੇ ਆਪ ਨੂੰ ਸਮਝਣ ਤੋਂ ਅਸਮਝ ਕੀਤਾ ਹੋਇਆ ਹੈ ਭਾਵ ਮਾਇਆ ਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਨਾਲੋਂ ਵੱਖਰਾ ਕਰਕੇ ਰੱਖਣ ਦਾ ਹੈ। ਜਦ ਤਕ ਪ੍ਰਮਾਤਮਾ ਖੁੱਦ ਨਹੀਂ ਚਾਹੁੰਦਾ ਕਿ ਮੈਨੂੰ ਕੋਈ ਸਮਝੇ ਭਾਵ ਮੈਨੂੰ ਕੋਈ ਜਾਣੇ ਤਦ ਤਕ ਅਸੀਂ ਇਸ ਅਸਮਝ ਮਤਿ ਵਿੱਚੋਂ ਭਾਵ ਮਾਇਆ ਵਿੱਚੋਂ ਪਾਰ ਕਿਵੇਂ ਪਾ ਸਕਦੇ ਹਾਂ ਭਾਵ ਇਸ ਮਾਇਆ ਨੂੰ ਮਨੁੱਖ

ਤਾਂ ਹੀ ਜਾਣ ਸਕਦਾ ਹੈ ਜਦੋਂ ਉਹ ਆਪਣੇ ਅੰਦਰੋਂ ਪ੍ਰਮਾਤਮਾ ਦੀ ਮਨੁੱਖ ਤੇ ਸਭ ਤੋਂ ਵੱਡੀ ਕਿਰਪਾ ਦੁਆਰਾ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜਿਸਨੇ ਆਪ ਹੀ ਹਰ ਕਿਸੇ ਦੇ ਵਿੱਚ ਮਾਇਆ ਪਾ ਕੇ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਮਾਇਆ ਨੂੰ ਜਾਨਣਾ ਜਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਇੱਕੋ ਹੀ ਗੱਲ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਭਾਵ ਮਾਇਆ ਵਿੱਚ ਰਹਿੰਦੇ ਹੋਈ ਕੋਈ ਆਪਣੇ ਆਪ ਨੂੰ ਮਨੁੱਖ ਅਖਵਾ ਸਕਦਾ ਹੈ ਤੇ ਮਨੁੱਖੀ ਰੂਪ ਵਿੱਚ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣਾ ਅੰਦਰ ਦੀ ਮਾਇਆ ਹੀ ਹੈ ਭਾਵ ਵੱਡਾ ਭਰਮ ਹੈ ਜਿਸ ਰਾਹੀਂ ਪ੍ਰਮਾਤਮਾ ਸੰਸਾਰ ਵਿੱਚ ਆਪ ਹੀ ਭਰਮ ਦਾ ਪ੍ਰਚਾਰ ਕਰਦਾ ਹੈ ਭਾਵ ਆਪ ਹੀ ਸੰਸਾਰ ਨੂੰ ਦੂਜੇ ਪਾਸੇ ਤੌਰ ਕੇ ਸੱਚ ਤੋਂ ਦੂਰ ਰੱਖਦਾ ਹੈ ਭਾਵ ਸੰਸਾਰ ਨੂੰ ਉਸਨੇ ਆਪ ਹੀ ਉਲਝਾਇਆ ਹੋਇਆ ਹੈ ਜਿਸ ਦੁਆਰਾ ਉਹ ਆਪਣੀ ਖੇਡ ਚਲਾ ਰਿਹਾ ਹੈ। ਇਹ ਬਿਲਕੁੱਲ ਸੱਚਾਈ ਹੈ ਤੇ ਇਹੀ ਪੂਰੇ ਸ਼ਬਦ ਦਾ ਸਾਰ ਹੈ ਜਿਵੇਂ ਕਿ ਅਸੀਂ ਇਸਨੂੰ ਸ਼ਬਦ ਦੁਆਰਾ ਸਮਝਣਾ ਹੈ।

“ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ ॥

ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੂ ਨ ਰਹੀ ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਉਹਨਾਂ ਦੀ ਗੱਲ ਕੀਤੀ ਹੋਈ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਵੱਡਾ ਅਖਵਾਇਆ ਹੈ, ਧਰਮ ਦੇ ਗਿਆਤਾ ਭਾਵ ਗਿਆਨਵਾਨ ਅਖਵਾਇਆ ਹੈ ਲੇਕਿਨ ਇਹ ਜਿਤਨੇ ਵੀ ਆਪਣੇ ਆਪ ਨੂੰ ਉੱਚਾ ਅਖਵਾਉਂਣ ਵਾਲੇ ਹੋਏ ਹਨ ਉਹ ਸਭ ਮਾਇਆ ਦੇ ਵੱਸ ਵਿੱਚ ਹੀ ਰਹੇ ਹਨ ਭਾਵ ਮਨ ਦੀ ਨਾਸਮਝ ਮਤਿ ਵਿੱਚ ਹੀ ਰਹੇ ਹਨ ਭਾਵ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਤੇ ਜੇਕਰ ਜਾਣ ਲੈਂਦੇ ਫਿਰ ਆਪ ਨੂੰ ਉੱਚਾ ਕਿਉਂ ਅਖਵਾਉਂਦੇ ਭਾਵ ਇਹੋ ਜਿਹਿਆਂ ਨੇ ਪ੍ਰਮਾਤਮਾ ਨੂੰ ਨਹੀਂ ਪਾਇਆ। **(ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ ॥)** ਜਿਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਹੀ ਅਖਵਾਇਆ ਹੈ, **“ਤੀਨਿ ਦੇਵ”** ਭਾਵ ਬ੍ਰਹਮਾ, ਵਿਸ਼ਨੂੰ, ਸ਼ਿਵ ਅਖਵਾਇਆ ਹੈ ਉਹਨਾਂ ਨੇ ਵੀ ਆਪਣੇ

ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ, ਇਸੇ ਤਰ੍ਹਾਂ ਤੇਤੀ ਕਰੋੜ ਦੇਵਤੇ ਜਿਨ੍ਹਾਂ ਨੂੰ ਇਤਨਾ ਵੱਡਾ ਮੰਨਿਆ ਜਾਂਦਾ ਹੈ ਉਹ ਵੀ ਇਸ ਸੰਸਾਰ ਵਿੱਚੋਂ ਹੈਰਾਨ ਹੋ ਕੇ ਹੀ ਗਏ ਹਨ ਕਿ ਪ੍ਰਮਾਤਮਾ ਤੈਨੂੰ ਜਾਣ ਨਹੀਂ ਸਕੇ ਭਾਵ ਉਹਨਾਂ ਨੂੰ ਇਸ ਮਾਇਆ ਨੇ ਹੈਰਾਨ ਹੀ ਕੀਤਾ ਹੈ ਭਾਵ ਉਹਨਾਂ ਦੇ ਨਾਲ ਮਜਾਕ ਹੀ ਕੀਤਾ ਹੈ ਭਾਵ ਉਹਨਾਂ ਕੋਲੋਂ ਉਹ ਕੁਝ ਅਖਵਾਇਆ ਹੈ ਜੋ ਕੁਝ ਉਹ ਨਹੀਂ ਸਨ। ਹੁਣ ਜੇਕਰ ਅਸੀਂ ਇਹ ਕਹੀਏ ਕਿ ਜਿਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਅਖਵਾਇਆ ਹੈ ਪਰ ਉਹ ਅਸਲੀਅਤ ਵਿੱਚ ਨਹੀਂ ਸਨ ਜਿਵੇਂ ਕਿ ਬ੍ਰਹਮਾ, ਵਿਸ਼ਨੂ, ਮਹੇਸ਼ ਨੇ ਅਖਵਾਇਆ ਹੈ, ਕਰੋੜਾਂ ਦੇਵਤਿਆਂ ਨੇ ਅਖਵਾਇਆ ਹੈ ਪਰ ਅਸਲੀਅਤ ਕੁਝ ਹੋਰ ਹੋਵੇ ਇਹ ਹੈਰਾਨਗੀ ਭਰੀ ਗੱਲ ਹੈ ਭਾਵ ਮਾਇਆ ਨੇ ਉਹਨਾਂ ਦੇ ਰਾਹੀਂ ਹੀ ਆਪਣਾ ਹੈਰਾਨ ਕਰਨ ਵਾਲਾ ਰੂਪ ਦਿਖਾਇਆ ਹੈ ਭਾਵ ਜੋ ਅਸਲੀਅਤ ਨਹੀਂ ਸੀ ਉਸਨੂੰ ਅਸਲੀਅਤ ਦੀ ਤਰ੍ਹਾਂ ਪੇਸ਼ ਕੀਤਾ ਹੈ ਭਾਵ ਆਪਣਾ ਵੱਡਾ ਭਰਮ ਰੂਪ ਦਿਖਾਇਆ ਹੈ ਭਾਵ ਆਪਣਾ ਭਰਮ ਦਿਖਾਉਂਣ ਵਿੱਚ ਦੁਨੀਆਂ ਨੂੰ ਹੈਰਾਨ ਕਰਨ ਵਿੱਚ ਇਹ ਮਾਇਆ ਕਿਸੇ ਵੀ ਹਦ ਤਾਈਂ ਜਾ ਸਕਦੀ ਹੈ ਭਾਵ ਕਿਸੇ ਮਨੁੱਖ ਕੋਲੋਂ ਆਪਣੇ ਆਪ ਨੂੰ ਪ੍ਰਮਾਤਮਾ ਅਖਵਾ ਸਕਦੀ ਹੈ ਤੇ ਉਸਨੂੰ ਹੈਰਾਨ ਕਰ ਸਕਦੀ ਹੈ, ਉਸਨੂੰ ਝੂਠ ਮੂਠ ਵੱਡਾ ਬਣਾਕੇ ਹੈਰਾਨ ਕਰ ਸਕਦੀ ਹੈ। ਮਾਇਆ ਜਿਤਨਾ ਚਾਹੇ ਉਤਨਾ ਵੱਡਾ ਭਰਮ ਪਾ ਸਕਦੀ ਹੈ। **(ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੂ ਨ ਰਹੀ ॥੧॥)**

ਇਹ ਮਾਇਆ ਬਹੁਤ ਬਲਵਾਨ ਹੈ ਜਿਸਨੂੰ ਉਸ ਪ੍ਰਮਾਤਮਾ ਦੀ ਕ੍ਰਿਪਾ ਤੋਂ ਬਿਨਾਂ ਨਹੀਂ ਜਾਣਿਆ ਜਾ ਸਕਦਾ ਜਿਵੇਂ ਕਿ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਬਲਵੰਤਿ ਬਿਆਪਿ ਰਹੀ ਸਭ ਮਹੀ॥ ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥੧॥ ਰਹਾਉ ॥”

ਇਹ ਮਾਇਆ ਸਾਡੇ ਸਭ ਦੇ ਅੰਦਰ ਹੀ ਹੈ ਭਾਵ ਹਰ ਕੋਈ ਮਨ ਦੀ ਅਗਿਆਨਤਾ ਵਿੱਚ ਹੈ। ਬੜਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਇਸ ਮਾਇਆ ਦਾ ਮਰਮ ਭਾਵ ਇਸਦਾ ਭੇਤ, ਇਸਦੀ ਦਵਾ ਕੋਈ ਨਹੀਂ ਜਾਣਦਾ ਤੇ ਕੇਵਲ ਗੁਰੂ ਪ੍ਰਮਾਤਮਾ ਹੀ ਇਸਦਾ ਮਰਮ ਜਾਣਦਾ ਹੈ। ਇਸ ਮਾਇਆ ਦਾ ਮਰਮ, ਸਾਡੇ ਮਨ ਦੀ ਸਮਝ ਹੈ ਭਾਵ ਸੱਚੇ ਗਿਆਨ ਵਾਲੀ ਸਮਝ ਹੈ ਜੋ ਕੇਵਲ ਉਸ ਗੁਰੂ ਰੂਪ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਮਿਲਦੀ ਹੈ ਤੇ ਉਪਰ ਪੰਗਤੀਆਂ ਰਾਹੀਂ ਧੰਨ ਧੰਨ ਪੰਜਵੀਂ ਪਾਤਸ਼ਾਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਂ ਮਾਇਆ ਨੂੰ ਜਾਨਣ ਦੀ ਮਰਮ ਭਾਵ

ਆਪਣੇ ਅੰਦਰ ਦੀ ਅਗਿਆਨਤਾ ਨੂੰ ਸਮਝਣ ਦੀ ਸੋਝੀ ਗੁਰੂ ਦੀ ਕ੍ਰਿਪਾ ਨਾਲ ਲਈ ਹੈ ਭਾਵ ਗੁਰੂ ਪ੍ਰਮਾਤਮਾ ਹੈ ਜਿਸਨੇ ਮੈਨੂੰ ਮੇਰੇ ਅੰਦਰ ਦੀ ਮਾਇਆ ਸਮਝਾਈ ਹੈ ਭਾਵ ਇਸ ਵਿੱਚੋਂ ਕੱਢਿਆ ਹੈ ਤੇ ਮੈਨੂੰ ਅਸਲੀਅਤ ਦੀ ਸਮਝ ਪਾਈ ਹੈ। ਜਿਸਨੂੰ ਇਸ ਮਾਇਆ ਦੀ ਸਮਝ ਪੈ ਜਾਂਦੀ ਹੈ ਉਸਨੂੰ ਫਿਰ ਇਹ ਸਮਝ ਲੱਗ ਜਾਂਦੀ ਹੈ ਕਿ ਗੁਰੂ ਆਪ ਪ੍ਰਮਾਤਮਾ ਹੀ ਹੈ ਤੇ ਉਸਦੇ ਆਪ ਸਮਝ ਪਾਏ ਬਿਨਾਂ ਇਸ ਮਨ ਦੀ ਮਾਇਆ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਉਸਦੀ ਵਡਿਆਈ ਨੂੰ ਨਹੀਂ ਸਮਝਿਆ ਜਾ ਸਕਦਾ ਭਾਵ ਉਸ ਗਿਆਨ ਦੇ ਦਾਤੇ ਨੂੰ ਜਾਣੇ ਬਿਨਾਂ ਹੀ ਕੋਈ ਆਪਣੇ ਆਪ ਨੂੰ ਵੱਡਾ ਅਖਵਾ ਸਕਦਾ ਹੈ, ਗਿਆਨਵਾਨ ਅਖਵਾ ਸਕਦਾ ਹੈ ਜੋ ਕਿ ਸਾਡੇ ਅੰਦਰ ਦੀ ਮਾਇਆ ਹੀ ਇਹ ਕੁਝ ਕਰਵਾਉਂਦੀ ਹੈ। **(ਬਲਵੰਡਿ ਬਿਆਪਿ ਰਹੀ ਸਭ ਮਹੀ ॥ ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥੧॥ ਰਹਾਉ ॥)**

ਇਸ ਮਾਇਆ ਦਾ ਮਕਸਦ ਸਾਰੇ ਸੰਸਾਰ ਨੂੰ ਭਰਮ ਵਿੱਚ ਰੱਖਣਾ ਹੀ ਹੈ ਤੇ ਜੋ ਮਨ ਦੇ ਭਰਮ ਰਾਹੀਂ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ, ਰੱਬ ਦਾ ਰੂਪ ਅਖਵਾਉਂਦੇ ਹਨ, ਦੇਵਤੇ ਆਦਿ ਅਖਵਾਉਂਦੇ ਹਨ, ਮੁਨੀ, ਜੋਗੀ ਆਦਿ ਅਖਵਾਉਂਦੇ ਹਨ, ਸ਼ਾਸਤਰਾਂ ਦੇ ਗਿਆਤਾ ਭਾਵ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਉਹਨਾਂ ਕੋਲੋਂ ਇਹ ਸਭ ਮਾਇਆ ਹੀ ਕਰਵਾਉਂਦੀ ਹੈ ਜਿਸਦਾ ਮਕਸਦ ਸੰਸਾਰ ਵਿੱਚ ਭਰਮ ਦਾ ਪਸਾਰਾ ਕਰਨਾ ਹੀ ਹੁੰਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥

ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥੨॥੫॥੧੪॥”

ਉਪਰ ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਇਹ ਮਾਇਆ ਆਪਣੇ ਆਪ ਨੂੰ ਕਿਵੇਂ ਫੈਲਾਉਂਦੀ ਹੈ ਭਾਵ ਧਰਮ ਦੇ ਮਾਰਗ ਦੇ ਉਪਰ ਝੂਠੇ ਵਿਸ਼ਵਾਸ ਨੂੰ ਕਿਵੇਂ ਫੈਲਾਉਂਦੀ ਹੈ, ਅੱਗੇ ਤੋਂ ਅੱਗੇ ਕਿਵੇਂ ਫੈਲਾਉਂਦੀ ਹੈ। ਅਸੀਂ ਉਹਨਾਂ ਉਪਰ ਆਪਣਾ ਵਿਸ਼ਵਾਸ ਰੱਖਦੇ ਹਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਉੱਤੇ ਉੱਚਾ ਸਮਝਦੇ ਹਾਂ ਕਿ ਇਹ ਪ੍ਰਮਾਤਮਾ ਰੂਪ ਹਨ ਜਾਂ ਇਹਨਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੋਇਆ ਹੈ। ਜਿਵੇਂ ਕਿ ਅਸੀਂ ਪਹਿਲੇ ਪਦੇ ਰਾਹੀਂ ਜਾਣਿਆ ਹੈ ਕਿ ਬ੍ਰਹਮਾ, ਇੰਦ੍ਰ, ਸ਼ਿਵਜੀ ਆਦਿ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਉਹ ਪ੍ਰਮਾਤਮਾ ਦੇ ਰੂਪ ਹੀ ਹਨ

41/5347

ਭਾਵ ਸਾਡੇ ਅੰਦਰ ਇਹ ਪੂਰਨ ਵਿਸ਼ਵਾਸ ਹੈ ਕਿ ਉਹ ਪ੍ਰਮਾਤਮਾ ਦਾ ਰੂਪ ਹੀ ਹਨ ਜਿਸ ਤਰੀਕੇ ਮਾਇਆ ਨੇ ਉਹਨਾਂ ਅੰਦਰ ਵਿਸ਼ਵਾਸ ਪਾ ਕੇ ਭਰਮਇਆ ਹੈ ਕਿ ਮੈਂ ਹੀ ਪ੍ਰਮਾਤਮਾ ਹਾਂ ਉਸੇ ਤਰ੍ਹਾਂ ਮਾਇਆ ਨੇ ਸੰਸਾਰ ਦੇ ਅੰਦਰ ਇਹ ਵਿਸ਼ਵਾਸ ਪਾਇਆ ਹੋਇਆ ਹੈ ਕਿ ਉਹ ਆਪ ਪ੍ਰਮਾਤਮਾ ਹੀ ਹਨ। ਜਿਸ ਤਰੀਕੇ ਮਾਇਆ ਨੇ ਉਹਨਾਂ ਨੂੰ ਜਿੱਤਿਆ ਹੈ, ਪ੍ਰਮਾਤਮਾ ਅਖਵਾਉਂਣ ਵਾਲਿਆਂ ਨੂੰ ਜਿੱਤਿਆ ਹੈ, ਦੇਵਤਾ ਅਖਵਾਉਂਣ ਵਾਲੇ ਕਰੋੜਾ ਨੂੰ ਜਿੱਤਿਆ ਹੈ, ਰਿਸ਼ੀਆਂ ਮੁਨੀਆਂ ਆਦਿ ਅਖਵਾਉਂਣ ਵਾਲਿਆਂ ਨੂੰ ਜਿੱਤਿਆ ਹੈ, ਧਰਮ ਦੇ ਵਿਦਵਾਨ ਅਖਵਾਉਂਣ ਵਾਲਿਆਂ ਨੂੰ ਜਿੱਤਿਆ ਹੈ ਭਾਵ ਉਹਨਾਂ ਨੂੰ ਭਰਮ ਵਿੱਚ ਪਾਇਆ ਹੈ ਭਾਵ ਉਹਨਾਂ ਨੂੰ ਅਸਲੀਅਤ ਤੋਂ ਦੂਰ ਰੱਖਿਆ ਹੈ ਭਾਵ ਉਹਨਾਂ ਨੂੰ ਝੂਠੇ ਵਿਸ਼ਵਾਸ ਵਿੱਚ ਰੱਖਿਆ ਹੈ ਕਿ ਅਸੀਂ ਉੱਚੇ ਹਾਂ ਉਸੇ ਤਰ੍ਹਾਂ ਇਸ ਮਾਇਆ ਨੇ ਸਭ ਨੂੰ ਜਿੱਤਿਆ ਹੋਇਆ ਹੈ, ਸਭ ਦੇ ਅੰਦਰ ਇਹ ਵਿਸ਼ਵਾਸ ਪਾ ਕੇ ਜਿੱਤਿਆ ਹੋਇਆ ਹੈ ਕਿ ਜਿਨ੍ਹਾਂ ਨੂੰ ਅਸੀਂ ਪ੍ਰਮਾਤਮਾ ਰੂਪ ਸਮਝਦੇ ਹਾਂ ਉਹ ਸੱਚ ਹੈ, ਜਿਨ੍ਹਾਂ ਨੂੰ ਅਸੀਂ ਦੇਵਤੇ ਸਮਝਦੇ ਹਾਂ ਉਹ ਸੱਚ ਹੈ, ਜਿਨ੍ਹਾਂ ਨੂੰ ਅਸੀਂ ਰਿਸ਼ੀ ਮੁਨੀ ਆਦਿ ਸਮਝਦੇ ਹਾਂ ਉਹ ਸੱਚ ਹੈ, ਜਿਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਸਮਝਦੇ ਹਾਂ ਉਹ ਸੱਚ ਹੈ ਭਾਵ ਪਹਿਲਾਂ ਮਾਇਆ ਨੇ ਅਨੇਕਾਂ ਨੂੰ ਜਿੱਤਣ ਦੁਆਰਾ ਭਾਵ ਆਪਣੇ ਭਰਮ ਨਾਲ ਜਿੱਤਣ ਦੁਆਰਾ ਉੱਚਾ ਬਣਾਇਆ ਹੈ ਜੋ ਕਿ ਅਸਲੀਅਤ ਨਹੀਂ ਹੈ ਤੇ ਸੰਸਾਰ ਨੇ ਉਹਨਾਂ ਦੇ ਇਸ ਝੂਠੇ ਉੱਚੇਪਨ ਨੂੰ ਮੰਨਿਆ ਹੈ ਜੋ ਝੂਠੀ ਮਾਨਤਾ ਸਦੀਆਂ ਤੋਂ ਅੱਗੇ ਤੋਂ ਅੱਗੇ ਚੱਲਦੀ ਰਹਿੰਦੀ ਹੈ ਕਿਉਂਕਿ ਮਾਇਆ ਸਭ ਦੇ ਅੰਦਰ ਇੱਕੋ ਜਿਹੀ ਹੀ ਵਰਤਦੀ ਹੈ ਤੇ ਉਸਦਾ ਮਕਸਦ ਹੀ ਝੂਠ ਦਾ ਪਸਾਰਾ ਕਰਨਾ ਹੈ ਭਾਵ ਪ੍ਰਮਾਤਮਾ ਦੇ ਸੱਚ ਨੂੰ, ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣਾ ਹੈ। ਮਾਇਆ ਆਪਣੇ ਇਸ ਰੂਪ ਦੁਆਰਾ ਆਪਣਾ ਮਕਸਦ ਨਿਭਾਉਂਦੀ ਹੈ ਭਾਵ ਆਪਣਾ ਭਰਮ ਸੰਸਾਰ ਵਿੱਚ ਫੈਲਾਉਂਦੀ ਹੈ ਜਿਵੇਂ ਕਿ ਅਸੀਂ ਸਭ ਪਾਸੇ ਦੇਖ ਰਹੇ ਹਾਂ। ਜਿਨ੍ਹਾਂ ਨੇ ਭਰਮ ਵਿੱਚ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ ਤੇ ਉਹਨਾਂ ਨੇ ਸਾਨੂੰ ਜਿਹੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ, ਜਿਹੋ ਜਿਹੇ ਕਰਮ ਧਰਮ ਸਿਖਾਏ ਹਨ, ਜਿਹੋ ਜਿਹੀ ਪੂਜਾ ਸਿਖਾਈ ਹੈ ਅਸੀਂ ਉਹਨਾਂ ਗੱਲਾਂ ਨੂੰ ਹੀ ਸੱਚ ਮੰਨ ਕੇ ਆਪਣੀ ਸੱਚੀ ਪੂਜਾ ਸਮਝਦੇ ਹਾਂ ਭਾਵ ਭਰਮ ਅੱਗੇ ਤੋਂ ਅੱਗੇ ਫੈਲਦਾ ਰਹਿੰਦਾ ਹੈ। ਕੋਈ ਨਦੀਆਂ ਨੂੰ ਪੂਜਦਾ ਹੈ, ਕੋਈ ਪੇੜਾਂ ਨੂੰ ਪੂਜਦਾ ਹੈ, ਕੋਈ ਕਿਸੇ ਜਾਨਵਰ ਨੂੰ ਪੂਜਦਾ ਹੈ, ਕੋਈ ਕਿਸੇ ਪੰਛੀ ਨੂੰ ਪੂਜਦਾ ਹੈ, ਕੋਈ ਕਿਸੇ ਦਿਨ ਤਿਉਹਾਰ

ਨੂੰ ਉੱਚਾ ਸਮਝਕੇ ਪੂਜਦਾ ਹੈ, ਕੋਈ ਕਿਸੇ ਖਾਸ ਵੇਲੇ ਨੂੰ ਉੱਚਾ ਸਮਝਕੇ ਪੂਜਦਾ ਹੈ, ਕੋਈ ਸੂਰਜ ਨੂੰ ਉੱਚਾ ਸਮਝਕੇ ਪੂਜਦਾ ਹੈ, ਕੋਈ ਚੰਦ੍ਰਮਾ ਨੂੰ ਉੱਚਾ ਸਮਝਕੇ

41/5348

ਪੂਜਦਾ ਹੈ, ਕੋਈ ਕਿਸੇ ਨਕਸ਼ਤੱਰ ਨੂੰ ਉੱਚਾ ਸਮਝਕੇ ਪੂਜਦਾ ਹੈ, ਕੋਈ ਕਿਸੇ ਹੋਰ ਨਕਸ਼ਤੱਰ ਭਾਵ ਗ੍ਰਹਿ ਦੇ ਡਰ ਤੋਂ ਪੂਜਦਾ ਹੈ ਭਾਵ ਇਹ ਅਨੇਕਾਂ ਹੀ ਅਸੀਂ ਜੋ ਪੂਜਾ ਦੇ ਤਰੀਕੇ ਬਣਾਏ ਹੋਏ ਹਨ ਇਹ ਸਭ ਮਾਇਆ ਦੇ ਪਾਏ ਹੋਏ ਭਰਮ ਹਨ ਜੋ ਅਸੀਂ ਜੋ ਕੁਝ ਆਪਣੇ ਵੱਡੇ ਵੱਡੇਰਿਆਂ ਤੋਂ ਸਮਝਿਆ ਹੈ, ਧਰਮ ਦੇ ਪੰਡਿਤਾਂ ਤੋਂ ਸਮਝਿਆ ਹੈ ਉਸੇ ਤਰ੍ਹਾਂ ਹੀ ਅੱਗੇ ਤੋਂ ਅੱਗੇ ਚੱਲਦਾ ਜਾ ਰਿਹਾ ਹੈ। ਮਾਇਆ ਨੇ ਹੀ ਸਭ ਨੂੰ ਜਿੱਤਿਆ ਹੋਇਆ ਹੈ। ਮਾਇਆ ਦਾ ਥਾਨ ਸਭ ਦੇ ਅੰਦਰ ਹੀ ਹੈ ਭਾਵ ਸਭ ਦੇ ਮਨ ਦੇ ਅੰਦਰ ਹੈ ਤੇ ਇਹ ਉਹ ਸਭ ਕੁਝ ਆਪ ਹੀ ਕਰਵਾਉਂਦੀ ਹੈ ਭਾਵ ਸਾਡੇ ਅੰਦਰ ਦੀ ਮਾਇਆ ਰੂਪ ਸਮਝ ਹੀ ਸਾਨੂੰ ਭਗਤੀ ਦੇ ਮਾਰਗ ਦੇ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਜੋ ਸਦੀਆਂ ਤੋਂ ਇਸੇ ਤਰ੍ਹਾਂ ਹੀ ਚੱਲਦੇ ਆ ਰਹੇ ਹਨ। **(ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ॥)**

{ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥}

(ਅੰਗ ੧੦੯੪)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥}

(ਅੰਗ ੮੫੨)

ਇਸ ਮਾਇਆ ਨੂੰ ਅਗਰ ਆਪਣੇ ਅੰਦਰੋਂ ਕਿਸੇ ਨੇ ਕੱਢਿਆ ਹੈ ਭਾਵ ਮਨ ਦੀ ਅਗਿਆਨਤਾ ਨੂੰ ਅਗਰ ਆਪਣੇ ਅੰਦਰੋਂ ਕਿਸੇ ਨੇ ਕੱਢਿਆ ਹੈ ਤਾਂ ਉਹ **"ਸਾਧ"** ਨੇ ਕੱਢਿਆ ਹੈ ਭਾਵ ਗੁਰੂ ਨੇ ਕੱਢਿਆ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਕੱਢਿਆ ਹੈ ਜਿਸ ਸਰੀਰ ਰਾਹੀਂ ਉਸ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣਾ ਸਾਧ ਰੂਪ ਧਾਰਿਆ ਹੈ, ਗੁਰੂ ਰੂਪ ਧਾਰਿਆ ਹੈ, ਸੰਤ ਰੂਪ ਧਾਰਿਆ ਹੈ, ਭਗਤ ਰੂਪ ਧਾਰਿਆ ਹੈ ਜੋ ਗੁਰੂ ਰੂਪ ਧਾਰਨ ਦੁਆਰਾ ਉਸਨੇ ਗੁਰਬਾਣੀ ਦੀ ਰਚਨਾ ਕੀਤੀ ਹੈ। ਪੂਰੀ ਗੁਰਬਾਣੀ ਇਸ ਲਈ ਮਾਇਆ ਤੋਂ ਰਹਿਤ ਹੈ, ਅਗਿਆਨਤਾ ਤੋਂ ਰਹਿਤ ਹੈ ਕਿਉਂਕਿ ਉਸਦੇ ਅੰਦਰ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ। ਅਗਿਆਨਤਾ ਨੂੰ ਗਿਆਨ ਹੀ ਮਾਰਦਾ ਹੈ ਭਾਵ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੀ ਇਸਨੂੰ ਕਿਸੇ ਦੇ ਅੰਦਰੋਂ ਕੱਢਦਾ ਹੈ ਫਿਰ ਉਸਦੇ ਅੰਦਰ ਇਹ ਮਾਇਆ ਉਸਦੀ ਚੇਲੀ ਬਣਕੇ ਵਿਚਰਦੀ ਹੈ ਭਾਵ ਉਸਦੇ ਆਖੇ ਲੱਗਦੀ ਹੈ ਕਿਉਂਕਿ ਇਸਦਾ ਬੱਲ ਟੁੱਟ ਜਾਂਦਾ ਹੈ, ਸੱਚਾ ਗਿਆਨ ਅਗਿਆਨਤਾ ਦਾ ਬੱਲ ਤੋੜ ਦਿੰਦਾ ਹੈ ਤੇ ਤਾਂ ਹੀ ਉਸਦੀ ਦਾਸੀ ਬਣਦੀ ਹੈ, ਉਸਦੇ ਅੱਗੇ ਝੁੱਕਦੀ ਹੈ ਭਾਵ ਸੱਚੀ ਗੁਰਮਤਿ ਦੇ ਅੱਗੇ ਫਿਰ ਮਨਮਤਿ ਝੁੱਕ ਜਾਂਦੀ ਹੈ ਤੇ ਉਸਦੀ ਕੋਈ ਪੇਸ਼ ਨਹੀਂ ਜਾਂਦੀ ਤੇ ਫਿਰ ਉਹ ਉਸ ਮਨੁੱਖ ਨੂੰ ਕਿਸੇ ਭਰਮ ਵਿੱਚ ਨਹੀਂ ਪਾ ਸਕਦੀ, ਭਗਤੀ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਹੀਂ ਪਾ ਸਕਦੀ ਜੋ ਭਰਮ ਉਸਨੇ ਸਾਰੇ ਸੰਸਾਰ ਵਿੱਚ ਪਾਇਆ ਹੋਇਆ ਹੈ। **(ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥ ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥੨॥੫॥੧੪॥)**

41/5349

ਇਸ ਮਾਇਆ ਤੋਂ ਛੁਟਕਾਰਾ ਬਹੁਤ ਔਖਾ ਹੈ ਪਰ ਜੇਕਰ ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਕਰਦਾ ਹੈ ਇੱਕ ਘੜੀ ਵਿੱਚ ਮਨੁੱਖ ਇਸ ਤੋਂ ਪਾਰ ਪਾ ਲੈਂਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥

ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥੧੧॥"

(ਅੰਗ ੪੩੫)

ਇਸ ਮਾਇਆ ਵਿੱਚੋਂ ਉਹੀ ਨਿਕਲ ਸਕਦਾ ਹੈ ਜੋ ਉਸ ਪ੍ਰਮਾਤਮਾ ਦੀ ਕਿਰਪਾ ਨਾਲ ਇਹ ਜਾਣ ਲੈਂਦਾ ਹੈ ਕਿ ਸਭ ਕੁਝ ਇੱਕੋ ਇੱਕ ਪ੍ਰਮਾਤਮਾ ਹੀ ਹੈ ਤੇ ਸੰਸਾਰ ਵਿੱਚ ਹੋਰ ਕੁਝ ਵੀ ਨਹੀਂ ਹੈ। ਪ੍ਰਮਾਤਮਾ ਨੂੰ ਉਹੀ ਜਾਣ ਸਕਦਾ ਹੈ ਜਿਸਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਆਪਣਾ ਗਿਆਨ ਰੂਪ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਪ੍ਰਮਾਤਮਾ ਨੂੰ ਜਾਣੇ ਬਿਨਾਂ ਕੋਈ ਨਹੀਂ ਸਮਝ ਸਕਦਾ ਕਿ ਇਸ ਸੰਸਾਰ ਦੀ ਅਸਲੀਅਤ

ਕੀ ਹੈ, ਅਸੀਂ ਕੀ ਹਾਂ। ਮਾਇਆ ਦਾ ਮਕਸਦ ਹੀ ਸਾਨੂੰ ਇਹ ਅਸਲੀਅਤ ਜਾਨਣ ਤੋਂ ਦੂਰ ਰੱਖਣ ਦਾ ਹੈ। ਜਦੋਂ ਮਨੁੱਖ ਨੂੰ ਇਸ ਸੰਸਾਰ ਦੀ ਅਸਲੀਅਤ ਸਮਝ ਪੈ ਜਾਂਦੀ ਹੈ, ਆਪਣੇ ਆਪ ਦੀ ਸਮਝ ਪੈ ਜਾਂਦੀ ਹੈ ਕਿ ਜੋ ਮੇਰੇ ਅੰਦਰ ਹੈ ਉਹ ਉਸੇ ਰੂਪ ਵਿੱਚ ਸਭ ਦੇ ਅੰਦਰ ਹੈ ਭਾਵ ਸਭ ਰੂਪ ਪ੍ਰਮਾਤਮਾ ਦਾ ਹੀ ਹੈ ਤੇ ਮਨ ਦੇ ਭਰਮ ਕਰਕੇ ਉਸਦੀ ਸਮਝ ਨਹੀਂ ਲੱਗ ਸਕਦੀ ਫਿਰ ਤਾਂ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਇਹ ਮਾਇਆ ਕੀ ਹੈ ਤੇ ਉਹ ਸਭ ਦੇ ਅੰਦਰ ਕਿਸ ਰੂਪ ਵਿੱਚ ਵਿਚਰ ਰਹੀ ਹੈ ਤੇ ਕਿਸ ਮਕਸਦ ਲਈ ਵਿਚਰ ਰਹੀ ਹੈ। ਸਭ ਕੁਝ ਮਨ ਦੇ ਵਿੱਚ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਤਾਂ ਹੀ ਮਨੁੱਖ ਦੀ ਔਕਾਤ ਸਮਝ ਲੱਗਦੀ ਹੈ ਕਿ ਉਹ ਕਿਤਨਾ ਕੂ ਤੁੱਛ ਹੈ ਤੇ ਮਨ ਦੇ ਭਰਮ ਕਰਕੇ, ਮਨ ਦੀ ਮਾਇਆ ਕਰਕੇ ਉਹ ਆਪਣੇ ਆਪ ਨੂੰ ਵਿਅਰਥ ਵਿੱਚ ਹੀ ਉੱਚਾ ਥਾਪਦਾ ਹੈ, ਵੱਡਾ ਸਮਝਦਾ ਹੈ ਜੋ ਅਸਲ ਵਿੱਚ ਉਸਨੂੰ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਹੋਰ ਨੀਵਾਂ ਬਣਾਉਂਦਾ ਹੈ, ਮੂਰਖ ਬਣਾਉਂਦਾ ਹੈ। ਪ੍ਰਮਾਤਮਾ ਜਿਸਨੂੰ ਚਾਹੇ ਇੱਕ ਘੜੀ ਵਿੱਚ, ਇੱਕ ਖਿਨ ਵਿੱਚ ਕੱਢ ਲੈਂਦਾ ਹੈ ਕਿਉਂਕਿ ਉਹ ਜਿਸ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਇੱਕ ਘੜੀ ਵਿੱਚ ਹੀ ਕਰਦਾ ਹੈ ਜਿਸਨੂੰ ਬਿਆਨ ਕਰਨਾ ਬਹੁਤ ਔਖਾ ਹੈ ਕਿ

41/5350

ਪ੍ਰਮਾਤਮਾ ਆਪਣਾ ਰੂਪ ਸਾਡੇ ਅੰਦਰ ਕਿਸ ਤਰੀਕੇ ਪ੍ਰਗਟ ਕਰਦਾ ਹੈ। ਇਹ ਸੰਸਾਰ ਦਾ ਇੱਕੋ ਇੱਕ ਅਸਚਰਜ ਹੈ, ਕਰਾਮਾਤ ਹੈ ਜੋ ਕਿਸੇ ਦੀ ਵੀ ਸਮਝ ਤੋਂ ਬਾਹਰ ਹੈ ਤੇ ਪ੍ਰਮਾਤਮਾ ਦੀ ਇਸ ਕਰਾਮਾਤ ਨੂੰ ਉਹੀ ਸਮਝ ਸਕਦਾ ਹੈ ਜਿਸਨੂੰ ਉਹ ਆਪਣੀ ਇਹ ਕਰਾਮਾਤ ਦਿਖਾਉਂਦਾ ਹੈ, ਉਹ ਆਪਣੀ ਇਹ ਕਰਾਮਾਤ ਇੱਕ ਘੜੀ ਵਿੱਚ, ਇੱਕ ਖਿਨ ਵਿੱਚ ਦਿਖਾ ਦਿੰਦਾ ਹੈ ਤੇ ਮਨੁੱਖ ਨੂੰ ਇਹ ਵਿਸ਼ਵਾਸ ਕਰਨਾ ਔਖਾ ਹੋ ਜਾਂਦਾ ਹੈ ਕਿ ਇਹ ਮੇਰੇ ਨਾਲ ਕੀ ਹੋ ਰਿਹਾ ਹੈ, ਮੇਰੇ ਸਰੀਰ ਨਾਲ ਕੀ ਵਾਪਰ ਰਿਹਾ ਹੈ ਕਿਉਂਕਿ ਉਸਦਾ ਸਰੀਰ ਉਸੇ ਦੇ ਵੱਸ ਵਿੱਚ ਹੀ ਨਹੀਂ ਰਹਿੰਦਾ, ਉਸਦੀ ਹੈਰਾਨੀ ਦੀ ਕੋਈ ਹੱਦ ਹੀ ਨਹੀਂ ਰਹਿੰਦੀ ਜਿਸਨੂੰ ਬਿਆਨ ਕਰਨਾ ਬਹੁਤ ਹੀ ਔਖਾ ਹੈ। ਸਭ ਕੁਝ ਪ੍ਰਮਾਤਮਾ ਫਿਰ ਮਨ ਦੇ ਅੰਦਰੋਂ ਆਪ ਹੀ ਸਮਝਾਉਂਦਾ ਹੈ ਕਿ ਉਸਦੇ ਨਾਲ ਕੀ ਹੋਇਆ ਹੈ ਤੇ ਕਿਸ ਲਈ ਹੋਇਆ ਹੈ। ਜਿਸਦੇ ਨਾਲ ਇਹ ਕੁਝ ਹੁੰਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ। ਗੁਰਬਾਣੀ ਵਿੱਚ ਲਿਖਿਆ ਹੋਇਆ ਹੈ ਕਿ ਸਾਡਾ ਸਰੀਰ ਪ੍ਰਮਾਤਮਾ ਦੇ ਵੱਸ ਹੈ ਤੇ ਉਹ ਮਨੁੱਖ ਨੂੰ ਫਿਰ ਆਪ ਵਿਸ਼ਵਾਸ ਕਰਵਾਉਂਦਾ ਹੈ ਕਿ ਸੱਚਮੁੱਚ ਇਹ ਸਰੀਰ ਪ੍ਰਮਾਤਮਾ ਦੇ ਹੀ ਵੱਸ ਹੈ, ਉਸਦੇ ਇਸ਼ਾਰੇ ਨਾਲ ਹੀ ਹਰ ਅੰਗ ਚੱਲਦਾ ਹੈ। ਇਹ ਪੂਰੀ ਤਰ੍ਹਾਂ ਸੱਚ ਹੈ ਉਹ ਇੱਕ ਘੜੀ ਵਿੱਚ ਆਪਣੇ ਆਪ ਨੂੰ ਕਿਸੇ ਦੇ ਅੰਦਰ ਵੀ ਪ੍ਰਗਟ ਕਰ ਸਕਦਾ ਹੈ। **(ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ॥ ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥੧੧॥)**

{ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥

ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥੧॥ ਰਹਾਉ ॥}

(ਅੰਗ ੪੯੪)

ਸਾਡੇ ਅੰਦਰ ਜੋ ਗੜ ਹੈ ਉਹ ਮਾਇਆ ਦੇ ਰੂਪ ਵਿੱਚ ਹੈ ਜੋ ਗੜ ਉਸਦਾ ਪੱਕਾ ਗੜ ਹੈ ਕਿਉਂਕਿ ਇਹ ਮਾਇਆ ਬਹੁਤ ਪ੍ਰਬਲ ਹੈ ਤੇ ਇਸਦੇ ਗੜ ਨੂੰ ਤੋੜਨਾ ਬਹੁਤ ਔਖਾ ਹੈ। ਇਹ ਅਗਿਆਨਤਾ ਵਾਲੀ ਮਤਿ ਦਾ ਗੜ ਹੈ ਜਿਸ ਗੜ ਨੂੰ ਗੁਰੂ ਦਾ ਗਿਆਨ ਹੀ ਤੋੜ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਇਸਦੇ ਅਰਥ ਲੇਖ ਵਿੱਚ ਪਹਿਲੇ ਕੀਤੇ ਹੋਏ ਹਨ।

{ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥

ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥

ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥

ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥

ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥

ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥

ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥

ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ ੧੧੬੧-੧੧੬੨)

41/5351

ਸੰਸਾਰ ਵਿੱਚ ਮਾਇਆ ਤੋਂ ਰਹਿਤ ਕੋਈ ਨਹੀਂ ਹੈ ਭਾਵ ਹਉਮੈ ਤੋਂ, ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਰਹਿਤ ਕੋਈ ਨਹੀਂ ਹੈ ਜਿਸਦੇ ਰਹਿੰਦਿਆਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ। ਅਸੀਂ ਪ੍ਰਮਾਤਮਾ ਨੂੰ ਖੋਜਦੇ ਹਾਂ, ਅਨੇਕਾਂ ਹੀ ਖੋਜਦੇ ਰਹੇ ਹਨ ਪਰ ਉਸਨੂੰ ਖੋਜਣ ਦੁਆਰਾ ਕੋਈ ਨਹੀਂ ਪਾ ਸਕਦਾ ਕਿਉਂਕਿ ਉਹ ਕਿਸੇ ਆਕਾਰ ਰੂਪ ਵਿੱਚ ਨਹੀਂ ਹੈ, ਉਸਦਾ ਰੂਪ ਰੇਖ ਨਹੀਂ ਹੈ। ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝਣਾ ਤੇ ਉਸਦੀ ਖੋਜ ਕਰਨਾ ਇਹ ਵੀ ਸਾਡੇ ਅੰਦਰ ਦੀ ਮਾਇਆ ਹੈ ਜੋ ਸਾਨੂੰ ਪ੍ਰਮਾਤਮਾ ਨੂੰ ਜਾਨਣ ਬਾਰੇ ਆਪ ਹੀ ਭਰਮਾਂ ਵਿੱਚ ਪਾਉਂਦੀ ਹੈ ਭਾਵ ਪ੍ਰਮਾਤਮਾ ਦੀ ਹਕੀਕਤ ਜਾਨਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਨੂੰ ਉਸਨੇ ਹੀ ਜਾਣਿਆ ਹੈ ਜਿਸਨੇ ਉਸਨੂੰ ਆਪਣੇ ਅੰਦਰੋਂ ਜਾਣਿਆ ਹੈ ਤੇ ਉਸੇ ਨੂੰ ਹੀ ਸਮਝ ਆਈ ਹੈ ਕਿ ਇਹ ਮਾਇਆ ਕੀ ਹੈ ਤੇ ਉਸਦੇ ਅੰਦਰੋਂ ਇਹ ਮਾਇਆ ਨਿਕਲੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਨਿਕਲੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰੋਂ ਨਿਕਲੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਨਾਮਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਗੂਜਰੀ ਘਰੁ ੧ ॥

"ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥ ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥੧॥
ਕਉਨੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥
ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥ ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥੨॥
ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥ ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥"

(ਅੰਗ ੫੨੫)

ਉਪਰ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਭਗਤ ਨਾਮਦੇਵ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਉਹਨਾਂ ਨੇ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਪਾਇਆ ਹੈ ਜੋ ਕਿ ਆਪ ਹੀ ਉਹਨਾਂ ਦੇ ਅੰਦਰ ਆਇਆ ਹੈ। ਉਸ ਪ੍ਰਮਾਤਮਾ ਦਾ ਰੂਪ ਮੈਲ ਤੋਂ ਰਹਿਤ ਹੈ, ਕਿਸੇ ਲੱਛਣ, ਦਾਗ ਤੋਂ ਰਹਿਤ ਹੈ। ਉਸਦਾ ਰੂਪ **"ਪਰਮਲੀਓ"** ਹੈ ਭਾਵ ਪੂਰੀ ਤਰ੍ਹਾਂ ਮੱਲ ਤੋਂ ਰਹਿਤ ਹੈ। ਇਹ ਪ੍ਰਮਾਤਮਾ ਦਾ ਉਹੀ ਰੂਪ ਹੈ ਜੋ ਪ੍ਰਮਾਤਮਾ ਦਾ ਨਿਰੰਕਾਰ ਰੂਪ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦਾ ਇਹ ਰੂਪ ਸਾਡੇ ਅੰਦਰ ਗੁਰਮਤਿ ਗਿਆਨ ਰੂਪ ਸੱਚੀ ਮਤਿ ਦਾ ਰੂਪ ਹੈ ਜੋ ਮਤਿ ਹਉਮੈ ਦੀ ਮੈਲ ਤੋਂ ਰਹਿਤ ਹੈ, ਅਗਿਆਨਤਾ ਦੀ ਮੈਲ ਤੋਂ ਰਹਿਤ ਹੈ, ਮਾਇਆ ਦੀ ਮੱਲ ਤੋਂ ਰਹਿਤ ਹੈ ਜਿਸ ਮਤਿ ਤੇ ਕਦੇ ਕੋਈ ਲੱਛਣ ਨਹੀਂ ਲੱਗ ਸਕਦਾ, ਕਦੇ ਕੋਈ ਦਾਗ ਨਹੀਂ ਲੱਗ ਸਕਦਾ ਭਾਵ ਇਹ ਮਤਿ ਪੂਰੀ ਤਰ੍ਹਾਂ ਪਵਿੱਤਰ ਮਤਿ ਹੈ, ਅੰਮ੍ਰਿਤ ਰੂਪ ਮਤਿ ਹੈ ਜਿਸ ਮਤਿ ਦੁਆਰਾ ਚੱਲਣ ਤੇ ਕੋਈ ਦਾਗ ਨਹੀਂ ਲੱਗ ਸਕਦਾ। ਜਿਸਦੇ ਅੰਦਰ ਪ੍ਰਮਾਤਮਾ ਆਪਣਾ ਵਾਸ ਕਰਦਾ ਹੈ ਉਸਨੂੰ ਪ੍ਰਮਾਤਮਾ ਆਪਣੀ ਇਹੋ ਜਿਹੀ ਮਤਿ ਹੀ ਬਖਸ਼ਦਾ ਹੈ, ਸੱਚੇ ਗਿਆਨ ਵਾਲੀ ਮਤਿ ਹੀ ਬਖਸ਼ਦਾ ਹੈ ਜੋ ਮਤਿ ਸਭ ਨੂੰ ਸੁਗੰਧਿਤ ਕਰਦੀ ਹੈ ਕਿਉਂਕਿ ਉਸਦੇ ਵਿੱਚ ਅਗਿਆਨਤਾ ਦੀ ਮੈਲ ਨਹੀਂ ਹੁੰਦੀ। **(ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥)** ਪ੍ਰਮਾਤਮਾ ਦਾ ਇਹ ਰੂਪ ਆਕਾਰ ਰਹਿਤ ਰੂਪ ਹੈ, ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ ਜੋ ਕਿ ਸੰਸਾਰ ਦੀ ਸਮਝ ਤੋਂ ਬਾਹਰ ਹੈ ਕਿਉਂਕਿ ਸਭ

41/5352

ਦੇ ਅੰਦਰ ਮਾਇਆ ਰੂਪ ਭਰਮ ਹੈ ਜੋ ਸਾਨੂੰ ਆਪਣੇ ਅੰਦਰ ਪ੍ਰਮਾਤਮਾ ਦੇ ਹੁੰਦੇ ਹੋਏ ਵੀ ਉਸਨੂੰ ਸਮਝਣ ਨਹੀਂ ਦਿੰਦੀ ਤੇ ਇਸੇ ਲਈ ਜੋ ਵੀ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਹ ਭਾਵੇਂ ਜਿਤਨਾ ਮਰਜੀ ਸਮਝਾਉਂਦਾ ਹੈ ਕਿਸੇ ਨੂੰ ਉਸਦੀ ਗੱਲ ਤੇ ਯਕੀਨ ਨਹੀਂ ਆਉਂਦਾ। ਯਕੀਨ ਸਾਨੂੰ ਉਸੇ ਗੱਲ ਤੇ ਆਉਂਦਾ ਹੈ ਜਿਸਨੂੰ ਅਸੀਂ ਆਪਣੀ ਅੱਖੀ ਦੇਖ ਲਈਏ ਤੇ ਇਸੇ ਲਈ ਕਿਸੇ ਨੂੰ ਪ੍ਰਮਾਤਮਾ ਦਾ ਰੂਪ ਸਮਝਾਉਂਣਾ ਔਖਾ ਹੈ, ਕਿਸੇ ਨੂੰ ਵਿਸ਼ਵਾਸ ਦਿਲਾਉਂਣਾ ਔਖਾ ਹੈ। ਵਿਸ਼ਵਾਸ ਉਸੇ ਨੂੰ ਹੀ ਆਉਂਦਾ ਹੈ ਜੋ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ। **(ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥੧॥)**

{ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥ ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ ॥
ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ ॥੧੨੨॥}

(ਅੰਗ ੧੩੭੦)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

ਕਿਸੇ ਨੂੰ ਵਿਸ਼ਵਾਸ ਤਾਂ ਹੀ ਦਿਵਾਇਆ ਜਾ ਸਕਦਾ ਹੈ ਜੇਕਰ ਤੁਸੀਂ ਕਿਸੇ ਆਕਾਰ ਰੂਪ ਪ੍ਰਮਾਤਮਾ ਨੂੰ ਦੇਖਿਆ ਹੋਵੇ ਪਰ ਪ੍ਰਮਾਤਮਾ ਆਕਾਰ ਰੂਪ ਨਹੀਂ ਹੈ ਇਸੇ ਕਰਕੇ ਕਿਸੇ ਨੂੰ ਵਿਸ਼ਵਾਸ ਨਹੀਂ ਆਉਂਦਾ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

“ਕਉਨੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥”

ਜੋ ਪ੍ਰਮਾਤਮਾ ਸਭ ਜਗ੍ਹਾ ਵਿਆਪਕ ਹੈ ਪਰ ਫਿਰ ਵੀ ਕਿਸੇ ਨੂੰ ਨਜਰ ਨਹੀਂ ਆਉਂਦਾ ਇਸਦਾ ਕਾਰਣ ਇਹ ਹੈ ਕਿ ਉਸਦਾ ਕੋਈ ਆਕਾਰ ਨਹੀਂ ਹੈ ਭਾਵ ਉਹ ਕੁਲਰਹਿਤ ਹੈ, ਉਹ ਜਨਮ ਮਰਣ ਤੋਂ ਰਹਿਤ ਹੈ, ਉਹ ਰੂਪ ਰੇਖ ਤੋਂ ਰਹਿਤ ਹੈ ਇਸੇ ਲਈ ਕਿਸੇ ਨੂੰ ਵੀ ਇਹ ਸਮਝਾਇਆ ਨਹੀਂ ਜਾ ਸਕਦਾ ਕਿਉਂਕਿ ਉਸਦਾ ਰੂਪ ਕਿਸੇ ਨੂੰ ਵਿਖਾਇਆ ਨਹੀਂ ਜਾ ਸਕਦਾ। ਕਹਿਕੇ ਸਮਝਾਉਂਣ ਨਾਲ ਕੋਈ ਮੰਨਦਾ ਨਹੀਂ ਕਿਉਂਕਿ ਮਨਾਉਂਣਾ ਤਾਂ ਸਾਡੀ ਮਤਿ ਨੇ ਹੀ ਹੁੰਦਾ ਹੈ ਤੇ ਸਾਡੀ ਮਤਿ ਸਾਨੂੰ ਮੰਨਣ ਨਹੀਂ ਦਿੰਦੀ ਭਾਵ ਵਿਸ਼ਵਾਸ ਨਹੀਂ ਆਉਂਣ ਦਿੰਦੀ ਕਿਉਂਕਿ ਸਾਡੇ ਅੰਦਰ ਦੀ ਮਤਿ ਦਾ, ਮਾਇਆ ਦਾ, ਹਉਮੈ ਦਾ, ਤ੍ਰੈ ਗੁਣਾਂ ਵਾਲੀ ਅਵਸਥਾ ਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਦੀ ਸਮਝ ਤੋਂ ਦੂਰ ਰੱਖਣ ਦਾ ਹੈ। ਇਸੇ ਲਈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਅਗਰ ਉਹ ਪ੍ਰਮਾਤਮਾ ਦਾ ਰੂਪ ਕਿਸੇ ਨੂੰ ਸਮਝਾਉਂਦੇ ਹਨ ਉਸ ਤੇ ਕਿਸੇ ਨੂੰ ਵਿਸ਼ਵਾਸ ਨਹੀਂ ਆਉਂਦਾ ਕਿਉਂਕਿ ਪ੍ਰਮਾਤਮਾ ਦਾ ਉਹ ਰੂਪ ਕਿਸੇ ਨੂੰ ਦਿਖਾ ਨਹੀਂ ਸਕਦੇ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਸਨੂੰ ਫਿਰ ਇਹ ਵੀ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਤੇ ਜੇਕਰ ਕਿਸੇ ਨੂੰ ਇਹ ਕਹਿਕੇ ਸਮਝਾਉ ਕਿ ਤੁਸੀਂ ਸਭ ਆਪ ਪ੍ਰਮਾਤਮਾ ਦਾ ਹੀ ਰੂਪ ਹੋ ਭਾਵ ਤੁਹਾਡੇ ਮਨੁੱਖੀ ਰੂਪ ਵਿੱਚ ਆਪ

ਪ੍ਰਮਾਤਮਾ ਹੀ ਹੈ ਜੋ ਤੁਹਾਡੇ ਅੰਦਰ ਹੀ ਹੈ ਕੋਈ ਇਸ ਗੱਲ ਤੇ ਯਕੀਨ ਨਹੀਂ ਕਰਦਾ। ਮਨੁੱਖ ਯਕੀਨ ਉਸੇ ਗੱਲ ਤੇ ਕਰਦਾ ਹੈ ਜਦੋਂ ਉਹ ਆਪ ਦੇਖ ਲੈਂਦਾ ਹੈ, ਮਹਿਸੂਸ ਕਰ ਲੈਂਦਾ ਹੈ। **(ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ॥ ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥੧॥ ਕਉਨੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥)**

ਸਾਡੇ ਅੰਦਰ ਮਨ ਦਾ ਭਰਮ ਸਾਨੂੰ ਪ੍ਰਮਾਤਮਾ ਦਾ ਨਿਰੰਕਾਰ ਰੂਪ ਜਾਨਣ ਤੋਂ ਦੂਰ ਰੱਖਦਾ ਹੈ ਭਾਵ ਪ੍ਰਮਾਤਮਾ ਦੀ ਅਸਲੀਅਤ ਜਾਨਣ ਤੋਂ ਦੂਰ ਰੱਖਦਾ ਹੈ ਪਰ ਮਨ ਦੀ ਸਮਝ ਰਾਹੀਂ ਹਰ ਕੋਈ ਇਹ ਵੀ ਮਹਿਸੂਸ ਕਰਦਾ ਹੈ ਕਿ ਪ੍ਰਮਾਤਮਾ ਹੈ ਤੇ ਉਹ ਕਿਸੇ ਆਕਾਰ

ਰੂਪ ਵਿੱਚ ਹੈ ਜਿਸ ਕਰਕੇ ਹਰ ਕੋਈ ਪ੍ਰਮਾਤਮਾ ਨੂੰ ਖੋਜਣਾ ਚਾਹੁੰਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥ ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥੨॥"

ਪ੍ਰਮਾਤਮਾ ਨੂੰ ਖੋਜਣ ਵਾਲੇ ਬਹੁਤ ਹਨ ਤੇ ਸਦੀਆਂ ਤੋਂ ਖੋਜਦੇ ਆ ਰਹੇ ਹਨ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕੋਈ ਪ੍ਰਮਾਤਮਾ ਨੂੰ ਕਿਸੇ ਰੂਪ ਵਿੱਚ ਸਮਝਦਾ ਹੈ, ਕੋਈ ਕਿਸੇ ਹੋਰ ਰੂਪ ਵਿੱਚ ਸਮਝਦਾ ਹੈ, ਕੋਈ ਕਿਤੇ ਟਿਕਾਣੇ ਤੇ ਸਮਝਦਾ ਹੈ, ਕੋਈ ਕਿਸੇ ਹੋਰ ਸਥਾਨ ਤੇ ਸਮਝਦਾ ਹੈ ਤੇ ਹਰ ਕੋਈ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝਕੇ ਹੀ ਖੋਜਦਾ ਹੈ ਤੇ ਉਪਰਲੀਆਂ ਪੰਗਤੀਆਂ ਰਾਹੀਂ ਸੰਸਾਰ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਉਸ ਪ੍ਰਮਾਤਮਾ ਨੂੰ ਖੋਜਿਆ ਨਹੀਂ ਜਾ ਸਕਦਾ ਉਸਨੂੰ ਬਾਹਰੋਂ ਖੋਜਣਾ, ਆਕਾਰ ਰੂਪ ਵਿੱਚ ਖੋਜਣਾ ਸਾਡੀ ਵਿਅਰਥ ਦੀ ਕਿਰਿਆ ਹੈ। ਜਿਵੇਂ ਅਸੀਂ ਇਸ ਚੀਜ ਦੀ ਖੋਜ ਕਰਨਾ ਚਾਹੀਏ ਕਿ ਆਕਾਸ਼ ਵਿੱਚ ਪੰਖੀ ਕਿਸ ਰਸਤੇ ਤੋਂ ਉੜਕੇ ਗਏ ਹਨ ਉਸ ਰਸਤੇ ਨੂੰ ਖੋਜਣਾ ਸਾਡੀ ਵਿਅਰਥ ਦੀ ਕਿਰਿਆ ਹੈ ਜਿਸਨੂੰ ਖੋਜਿਆ ਨਹੀਂ ਜਾ ਸਕਦਾ ਕਿਉਂਕਿ ਪੰਖੀ ਆਪਣਾ ਆਕਾਸ਼ ਵਿੱਚ ਕੋਈ ਨਿਸ਼ਾਨ ਛੱਡਕੇ ਨਹੀਂ ਜਾਂਦੇ ਜਿਸ ਰਾਹੀਂ ਅਸੀਂ ਉਹਨਾਂ ਦਾ ਮਾਰਗ ਖੋਜ ਸਕੀਏ। ਇਸੇ ਤਰ੍ਹਾਂ ਪ੍ਰਮਾਤਮਾ ਨੂੰ ਖੋਜਣਾ ਵਿਅਰਥ ਹੈ ਜਿਵੇਂ ਕਿ ਇੱਕ ਮਛਲੀ ਦੇ ਮਾਰਗ ਨੂੰ ਜਲ ਦੇ ਵਿੱਚੋਂ ਨਹੀਂ ਖੋਜਿਆ ਜਾ ਸਕਦਾ ਕਿਉਂਕਿ ਉਹ ਪਾਣੀ ਵਿੱਚ ਆਪਣਾ ਨਿਸ਼ਾਨ ਨਹੀਂ ਛੱਡਦੀ ਇਸੇ ਤਰ੍ਹਾਂ ਪ੍ਰਮਾਤਮਾ ਨੂੰ ਖੋਜਣ ਵਾਲੇ ਆਪਣੀ ਵਿਅਰਥ ਦੀ ਕੋਸ਼ਿਸ਼ ਹੀ ਕਰਦੇ ਹਨ ਕਿਉਂਕਿ ਜੋ ਚੀਜ ਹੈ ਹੀ ਨਹੀਂ, ਜਿਸਦਾ ਕੋਈ ਰੂਪ ਰੇਖ ਹੈ ਹੀ ਨਹੀਂ ਉਸਨੂੰ ਖੋਜਿਆ ਕਿਵੇਂ ਜਾ ਸਕਦਾ ਹੈ। **(ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥ ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ॥੨॥)**

41/5354

ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਖੋਜਣਾ ਸਾਡਾ ਭਰਮ ਹੈ ਤੇ ਪ੍ਰਮਾਤਮਾ ਨੂੰ ਮਨ ਦਾ ਭਰਮ ਨਿਕਲਣ ਦੁਆਰਾ ਹੀ ਪਾਇਆ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ॥ ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥"

ਸਾਡੇ ਲਈ ਪ੍ਰਮਾਤਮਾ ਨੂੰ ਖੋਜਣਾ ਇਸ ਤਰ੍ਹਾਂ ਦਾ ਹੈ ਜਿਵੇਂ ਕਿ ਹਿਰਨ ਆਪਣੀ ਪਾਣੀ ਦੀ ਪਿਆਸ ਬੁਝਾਉਂਣ ਲਈ ਉਸ ਜਗ੍ਹਾ ਤੇ ਪਾਣੀ ਨੂੰ ਖੋਜਦਾ ਹੈ ਜਿੱਥੇ ਅਸਲ ਵਿੱਚ, ਭਰਮ ਵਿੱਚ ਪਾਣੀ ਦਿਸਦਾ ਹੈ ਪਰ ਅਸਲ ਵਿੱਚ ਉੱਥੇ ਪਾਣੀ ਨਹੀਂ ਹੁੰਦਾ। ਰੇਤਲੇ ਇਲਾਕਿਆਂ ਵਿੱਚ ਗਰਮੀ ਦੇ ਕਾਰਣ ਭਾਵ ਜੋ ਆਕਾਸ਼ ਤੋਂ ਕਿਰਨਾਂ ਪੈਂਦੀਆਂ ਹਨ ਉਹਨਾਂ ਦੀ ਚਮਕ ਦੇ ਕਾਰਨ ਸਾਨੂੰ ਆਪਣੇ ਤੋਂ ਕੁਝ ਦੂਰੀ ਤੇ ਇਸੇ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਉੱਥੇ ਪਾਣੀ ਹੈ ਪਰ ਅਸਲ ਵਿੱਚ ਉੱਥੇ ਪਾਣੀ ਨਹੀਂ ਹੁੰਦਾ ਤੇ ਮਿਰਗ ਵਿਅਰਥ ਵਿੱਚ ਹੀ ਉਸ ਪਾਣੀ ਦੇ ਪਿੱਛੇ ਜਾਂਦਾ ਹੈ ਭਾਵ ਜਿੱਥੇ ਉਹ ਪਾਣੀ ਨੂੰ ਖੋਜਦਾ ਹੈ ਉੱਥੇ ਪਾਣੀ ਨਹੀਂ ਹੁੰਦਾ ਭਾਵ ਇਹ ਭਰਮ ਵਾਲੀ ਗੱਲ ਹੈ ਜਿਸ ਵਿੱਚ ਅਸਲੀਅਤ ਨਹੀਂ ਹੁੰਦੀ ਪਰ ਉਸਨੂੰ ਅਸੀਂ ਅਸਲੀਅਤ ਸਮਝ ਬੈਠਦੇ ਹਾਂ। ਸਾਡੇ ਅੰਦਰ ਦੀ ਮਾਇਆ ਸਾਡੇ ਅੰਦਰ ਇਸੇ ਤਰੀਕੇ ਹੀ ਵਿਚਰਦੀ ਹੈ ਕਿ ਅਸੀਂ ਆਪਣੇ ਵੱਲੋਂ ਜਿਸਨੂੰ ਅਸਲੀਅਤ ਸਮਝਦੇ ਹਾਂ ਉਹ ਅਸਲੀਅਤ ਨਹੀਂ ਹੁੰਦੀ। ਇਹ ਭਰਮ ਹੈ ਭਾਵ ਅਸੀਂ ਆਪਣੇ ਵੱਲੋਂ ਜਿਸ ਚੀਜ ਨੂੰ ਅਸੀਂ ਸੱਚ ਸਮਝਦੇ ਹਾਂ ਉਹ ਅਸਲ ਵਿੱਚ ਝੂਠ ਹੁੰਦਾ ਹੈ। ਅਸੀਂ ਆਪਣੇ ਵੱਲੋਂ ਜੋ ਪ੍ਰਮਾਤਮਾ ਨੂੰ ਖੋਜਦੇ ਹਾਂ, ਜਿਸ ਰੂਪ ਵਿੱਚ ਖੋਜਦੇ ਹਾਂ, ਜਿਸ ਅਸਥਾਨ ਤੇ ਖੋਜਦੇ ਹਾਂ ਉਸਨੂੰ ਆਪਣੇ ਵਿਸ਼ਵਾਸ ਦੁਆਰਾ ਹੀ ਖੋਜਦੇ ਹਾਂ ਕਿ ਅਸੀਂ ਸੱਚੇ ਮਾਰਗ ਤੇ ਚੱਲ ਰਹੇ ਹਾਂ ਕਿਉਂਕਿ ਇਹ ਸਾਡੀ ਆਸਥਾ ਦਾ ਮਾਰਗ ਹੈ ਜੋ ਸਾਡੇ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ। ਸਾਡੇ ਅੰਦਰ ਦਾ ਇਹ ਝੂਠਾ ਵਿਸ਼ਵਾਸ ਸਾਡੇ ਅੰਦਰ ਦੀ ਮਾਇਆ ਹੈ। ਹਰ ਕੋਈ ਮਨ ਦੇ ਪੂਰੇ ਵਿਸ਼ਵਾਸ ਨਾਲ ਹੀ ਆਪਣੇ ਵੱਲੋਂ ਪ੍ਰਮਾਤਮਾ ਨੂੰ ਖੋਜਦਾ ਹੈ ਪਰ ਅਸਲ ਵਿੱਚ ਇਹ ਪ੍ਰਮਾਤਮਾ ਨੂੰ ਖੋਜਣ ਦਾ ਮਾਰਗ ਨਹੀਂ ਹੈ ਤੇ ਨਾ ਹੀ ਇਸ ਤਰੀਕੇ ਕਿਸੇ ਨੇ ਪ੍ਰਮਾਤਮਾ ਨੂੰ ਖੋਜਿਆ ਹੈ ਤੇ ਨਾ ਹੀ ਖੋਜ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਸਮਝਣਾ, ਕਿਸੇ ਖਾਸ ਟਿਕਾਣੇ ਤੇ ਸਮਝਣਾ ਕੇਵਲ ਸਾਡਾ ਭਰਮ ਹੈ ਭਾਵ ਸਾਡੇ ਅੰਦਰ ਦੀ ਮਾਇਆ ਹੈ ਜੋ ਸਾਡੇ ਕੋਲੋਂ ਇਹ ਕੁਝ

41/5355

ਕਰਵਾਉਂਦੀ ਹੈ। **(ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥)**

{ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥}

(ਅੰਗ ੬੫੭)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥}

(ਅੰਗ ੧੦੨)

{ਜਿਸੁ ਤੂ ਵੁਠਾ ਚਿਤਿ ਤਿਸੁ ਦਰਦੁ ਨਿਵਾਰਣੋ ॥ ਜਿਸੁ ਤੂ ਵੁਠਾ ਚਿਤਿ ਤਿਸੁ ਕਦੇ ਨ ਹਾਰਣੋ ॥
ਜਿਸੁ ਮਿਲਿਆ ਪੂਰਾ ਗੁਰੂ ਸੁ ਸਰਪਰ ਤਾਰਣੋ ॥ ਜਿਸ ਨੋ ਲਾਏ ਸਚਿ ਤਿਸੁ ਸਚੁ ਸਮ੍ਹਾਲਣੋ ॥
ਜਿਸੁ ਆਇਆ ਹਥਿ ਨਿਧਾਨੁ ਸੁ ਰਹਿਆ ਭਾਲਣੋ ॥ ਜਿਸ ਨੋ ਇਕੋ ਰੰਗੁ ਭਗਤੁ ਸੋ ਜਾਨਣੋ ॥
ਓਹੁ ਸਭਨਾ ਕੀ ਰੇਣੁ ਬਿਰਹੀ ਚਾਰਣੋ ॥ ਸਭਿ ਤੇਰੇ ਚੋਜ ਵਿਡਾਣ ਸਭੁ ਤੇਰਾ ਕਾਰਣੋ ॥੧੩॥}

(ਅੰਗ ੯੬੩)

{ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥}

(ਅੰਗ ੧੧੭)

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ ੧੨੪)

ਆਪਣੇ ਅੰਦਰ ਦੀ ਬਜਾਏ ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਖੋਜਣਾ ਕਿਤਨਾ ਵੱਡਾ ਭਰਮ ਹੈ, ਅਗਿਆਨਤਾ ਹੈ, ਮੂਰਖਤਾ ਹੈ ਇਸ ਗੱਲ ਨੂੰ ਉਪਰ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਜਿੱਥੇ ਹੈ ਭਾਵ ਜਿੱਥੇ ਉਸਦਾ ਨਿਰੰਕਾਰ ਰੂਪ ਅਸਥਾਨ ਹੈ ਕੇਵਲ ਉੱਥੋਂ ਹੀ ਉਸਨੂੰ ਖੋਜਿਆ ਜਾ ਸਕਦਾ ਹੈ। ਪ੍ਰਮਾਤਮਾ ਦਾ ਟਿਕਾਣਾ ਸਾਡੇ ਮਨ ਵਿੱਚ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਮਨ ਦੀ ਸੋਝੀ ਦੁਆਰਾ ਖੋਜਿਆ ਜਾ ਸਕਦਾ ਹੈ ਭਾਵ ਉਸ ਸੋਝੀ ਦੁਆਰਾ ਖੋਜਿਆ ਜਾ ਸਕਦਾ ਹੈ ਜੋ ਸੋਝੀ ਮਾਇਆ ਵਾਲੀ ਮਤਿ, ਮਾਇਆ ਵਾਲੀ ਸੋਝੀ ਤੋਂ ਬਹੁਤ ਉੱਚੀ ਸੋਝੀ ਹੈ ਜੋ ਸੋਝੀ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਜੋ ਸਾਡੀ ਸੋਝੀ ਦਾ ਮਾਲਕ ਹੈ ਉਹੀ ਸਾਨੂੰ ਮਾਇਆ ਵਾਲੀ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਕੱਢਕੇ ਸਾਨੂੰ ਆਪ ਹੀ ਆਪਣੇ ਅੰਦਰੋਂ ਆਪਣੇ ਆਪ ਦੇ ਦਰਸ਼ਨ ਕਰਵਾਉਂਦਾ ਹੈ ਤੇ ਜੋ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹੀ ਇਸ ਗੱਲ ਨੂੰ ਜਾਣ ਸਕਦਾ ਹੈ ਕਿ ਮਾਇਆ ਕੀ ਹੈ ਜਿਸਨੇ ਸੰਸਾਰ ਨੂੰ ਬੜੇ ਹੀ ਪ੍ਰਬਲ ਤਰੀਕੇ ਨਾਲ ਭੁਲਾਇਆ ਹੋਇਆ ਹੈ ਤੇ ਹਰ ਕੋਈ ਪ੍ਰਮਾਤਮਾ ਨੂੰ ਉੱਥੋਂ ਖੋਜਦਾ ਫਿਰਦਾ ਹੈ, ਆਕਾਰ ਰੂਪ ਵਿੱਚ ਖੋਜਦਾ

41/5356

ਫਿਰਦਾ ਹੈ, ਜਿੱਥੇ ਪ੍ਰਮਾਤਮਾ ਹੈ ਹੀ ਨਹੀਂ ਭਾਵ ਜਿਸ ਰੂਪ ਵਿੱਚ ਉਹ ਹੈ ਹੀ ਨਹੀਂ ਉਸ ਰੂਪ ਵਿੱਚ ਸੰਸਾਰ ਉਸਨੂੰ ਖੋਜਣ ਵਿੱਚ ਲੱਗਾ ਹੋਇਆ ਹੈ। ਪ੍ਰਮਾਤਮਾ ਦੀ ਖੋਜ ਕਿੱਥੋਂ ਹੁੰਦੀ ਹੈ, ਕਿਸ ਤਰੀਕੇ ਹੁੰਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥"

"ਤੀਨੈ" ਤੋਂ ਭਾਵ ਹੈ ਸਾਡੇ ਅੰਦਰ ਦੇ ਤ੍ਰੈ ਗੁਣ ਭਾਵ ਸਾਡੀ ਤ੍ਰੈ ਗੁਣਾਂ ਵਾਲੀ ਅਵਸਥਾ ਭਾਵ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਅਵਸਥਾ, ਅਗਿਆਨਤਾ ਵਾਲੀ ਸਮਝ। ਪ੍ਰਮਾਤਮਾ ਦੇ ਦਰਸ਼ਨ ਜਿਸਨੂੰ ਵੀ ਹੋਏ ਹਨ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਕੇ ਹੀ ਹੋਏ ਹਨ, ਮਾਇਆ ਮੋਹ ਵਾਲੀ ਅਵਸਥਾ ਵਿੱਚੋਂ ਨਿਕਲਕੇ ਹੀ ਹੋਏ ਹਨ ਭਾਵ ਮਨ ਦੇ ਅੰਦਰੋਂ ਹੀ ਹੋਏ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਖੋਜਿਆ ਜਾ ਸਕਦਾ ਹੈ, ਲੱਭਿਆ ਜਾ ਸਕਦਾ ਹੈ, ਮਿਲਿਆ ਜਾ ਸਕਦਾ ਹੈ। ਇਹ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਪ੍ਰਮਾਤਮਾ ਜਿਸਨੂੰ ਆਪਣਾ ਰੂਪ ਆਪ ਦਿਖਾਣਾ ਚਾਹੇ ਉਹੀ ਉਸਨੂੰ ਜਾਣ ਸਕਦਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਭਾਵ ਸੱਚੇ ਗਿਆਨ ਵਾਲਾ ਰੂਪ ਹੈ, ਬ੍ਰਹਮ ਗਿਆਨ ਵਾਲਾ ਰੂਪ ਹੈ ਜਿਸ ਰੂਪ ਦੁਆਰਾ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦੀ ਅਗਿਆਨਤਾ ਨੂੰ ਹੀ ਦੂਰ ਕਰਦਾ ਹੈ। ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨਾਂ, ਮਾਇਆ ਮੋਹ ਵਿੱਚੋਂ ਨਿਕਲੇ ਬਿਨਾਂ, ਤ੍ਰੈ ਗੁਣਾਂ ਵਿੱਚੋਂ ਨਿਕਲੇ ਬਿਨਾਂ ਨਹੀਂ ਜਾਣਿਆ ਜਾ ਸਕਦਾ ਤੇ ਜੋ ਕੋਈ ਵੀ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਹੋਣਾ ਸਮਝਦਾ ਹੈ ਜਾਂ ਆਕਾਰ ਰੂਪ ਵਿੱਚ ਮੇਲ ਦੀਆਂ ਗੱਲਾਂ ਕਰਦਾ ਹੈ ਇਹ ਉਸਦੇ ਅੰਦਰ ਦੀ ਮਾਇਆ ਹੈ ਜੋ ਮਨੁੱਖ ਨੂੰ ਜਿਤਨਾ ਚਾਹੇ ਉਲਝਾ ਸਕਦੀ ਹੈ। ਮਨ ਦੇ ਵਿਚਾਰਾਂ ਰਾਹੀਂ ਜਿਤਨਾ ਚਾਹੇ ਉਤਨੇ ਵੱਡੇ ਭਰਮਾਂ ਵਿੱਚ ਪਾ ਸਕਦੀ ਹੈ ਕਿਉਂਕਿ ਉਸਦਾ ਮਕਸਦ ਹੀ ਇਹ ਹੈ ਤੇ ਇਸੇ ਤਰ੍ਹਾਂ ਉਹ ਸੰਸਾਰ ਵਿੱਚ ਭਰਮ ਫੈਲਾਉਂਦੀ ਰਹਿੰਦੀ ਹੈ ਜਿਸਨੂੰ ਸਮਝਣਾ ਨਾਮੁਮਕਿਨ ਹੈ ਭਾਵ ਮਨੁੱਖੀ ਸਮਰਥਾ ਤੋਂ ਬਾਹਰ ਹੈ। ਉਸ ਪ੍ਰਮਾਤਮਾ ਦੀ ਆਪਣੀ ਕਿਰਪਾ ਤੋਂ ਬਿਨਾਂ ਇਸ ਮਾਇਆ ਨੂੰ ਨਹੀਂ ਸਮਝਿਆ ਜਾ ਸਕਦਾ, ਨਹੀਂ ਸਮਝਿਆ ਜਾ ਸਕਦਾ, ਨਹੀਂ ਸਮਝਿਆ ਜਾ ਸਕਦਾ। **(ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥ ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥)**

41/5357

{ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ ੬੦੪)

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥}

(ਅੰਗ ੩੦)

{ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥}

(ਅੰਗ ੧੨੬੦)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥}

(ਅੰਗ ੮੩੩)

{ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥}

(ਅੰਗ ੫੦੯)

42/5358

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਮਨ ਦੀ ਮਾਇਆ ਨੂੰ ਬਰੀਕੀ ਨਾਲ ਸਮਝਿਆ ਹੈ ਜਿਸਨੇ ਪੂਰੇ ਸੰਸਾਰ ਨੂੰ ਮਨ ਦੇ ਭਰਮ ਵਿੱਚ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸਦਾ ਮਕਸਦ ਸਾਨੂੰ ਪ੍ਰਮਾਤਮਾ ਦੀ ਅਸਲੀਅਤ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ। ਪ੍ਰਮਾਤਮਾ ਸਭ ਕੁਝ ਆਪ ਹੀ ਹੈ ਪਰ ਉਹ ਕਿਸੇ ਨੂੰ ਵੀ ਇਸ ਗੱਲ ਦੀ ਸਮਝ ਨਹੀਂ ਪੈਣ ਦਿੰਦਾ ਭਾਵ ਉਸਨੇ ਸਭ ਦੇ ਅੰਦਰ ਆਪਣੀ ਮਾਇਆ ਵਾਲੀ ਜੁਗਤਿ ਪਾ ਕੇ, ਤ੍ਰੈ ਗੁਣਾਂ ਵਾਲੀ ਜੁਗਤਿ ਪਾ ਕੇ ਭਰਮਾਇਆ ਹੋਇਆ ਹੈ। ਹਰ ਕੋਈ ਸੰਸਾਰ ਵਿੱਚੋਂ ਮੁਕਤੀ ਲੈਣਾ ਚਾਹੁੰਦਾ ਹੈ ਭਾਵ ਆਵਾਗਉਂਣ ਵਿੱਚੋਂ ਨਿਕਲਣਾ ਚਾਹੁੰਦਾ ਹੈ। ਪ੍ਰਮਾਤਮਾ ਕੋਲੋਂ ਮੁਕਤੀ ਮੰਗਣਾ ਵੀ ਸਾਡਾ ਭਰਮ ਹੈ ਕਿਉਂਕਿ ਅਸੀਂ ਪਹਿਲੇ ਹੀ ਪ੍ਰਮਾਤਮਾ ਦਾ ਰੂਪ ਹਾਂ ਫਿਰ ਮੁਕਤੀ ਸਾਨੂੰ ਕਿਸ ਲਈ ਚਾਹੀਦੀ ਹੈ। ਮੁਕਤੀ ਉਹੀ ਮਨੁੱਖ ਮੰਗ ਸਕਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਨਹੀਂ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਉਹ ਮਨੁੱਖ ਆਪ ਵੀ ਪ੍ਰਮਾਤਮਾ ਦਾ ਹੀ ਰੂਪ ਹੈ ਜਿਸਦੀ ਕਿ ਪਹਿਲੇ ਉਸਨੂੰ ਸਮਝ ਨਹੀਂ ਭਾਵ ਅਸੀਂ ਆਪਣੇ ਮਨ ਦੀ ਸਮਝ ਤੋਂ ਮੁਕਤਿ ਹੋਣਾ ਹੈ, ਅਗਿਆਨਤਾ ਵਾਲੀ ਸਮਝ ਤੋਂ ਮੁਕਤਿ ਹੋਣਾ ਹੈ ਭਾਵ ਮਾਇਆ ਮੋਹ ਤੋਂ, ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਮੁਕਤਿ ਹੋਣਾ ਹੈ ਜਿਸ ਅਵਸਥਾ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਤੇ ਮਨ ਦੇ ਵਿੱਚ ਭਰਮ ਵਾਲੇ ਵਿਚਾਰਾਂ ਰਾਹੀਂ ਆਪਣੇ ਆਪ ਨੂੰ ਆਵਾਗਉਂਣ ਵਿੱਚ ਸਮਝਦੇ ਹਾਂ। ਮੁਕਤਿ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਮਨ ਦੀ ਅਗਿਆਨਤਾ ਤੋਂ ਮੁਕਤੀ ਸਾਡੀ ਸੰਸਾਰ ਦੇ ਆਵਾਗਉਂਣ ਤੋਂ ਮੁਕਤੀ ਹੈ। ਬਾਣੀ ਵਿੱਚ ਬਾਰ-ਬਾਰ ਤਰਨ ਤਾਰਨ ਦੀ ਗੱਲ ਆਉਂਦੀ ਹੈ ਪਰ ਤਰਨਾ ਅਸੀਂ ਮਨ ਦੀ ਮਾਇਆ ਤੋਂ ਹੀ ਹੈ ਤੇ ਇਸ ਮਾਇਆ ਤੋਂ ਤਰਨਾ ਹੀ ਸਾਡੀ ਮੁਕਤੀ ਹੈ ਭਾਵ ਅਸੀਂ ਮੁਕਤਿ ਭਰਮ ਤੋਂ ਹੀ ਹੋਣਾ ਹੈ ਜਿਸ ਰਾਹੀਂ ਸਾਨੂੰ ਇਹ ਸਮਝ ਪੈਂਦੀ ਹੈ ਕਿ ਅਸੀਂ ਭਰਮ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜਦ ਕਿ ਅਸੀਂ ਉਸੇ ਦਾ ਹੀ ਰੂਪ ਹਾਂ ਭਾਵ ਸਾਡੇ ਸਭ ਦੇ ਰੂਪ ਵਿੱਚ ਉਹ ਆਪ ਹੀ ਹੈ ਤੇ ਜੇਕਰ ਉਹ ਆਪ ਹੀ ਹੈ ਫਿਰ ਆਵਾਗਉਂਣ ਕਿਸਦਾ ਹੋਇਆ ਭਾਵ ਆਪਣੇ ਆਪ ਨੂੰ ਆਵਾਗਉਂਣ ਵਿੱਚ ਸਮਝਣਾ ਮਨ ਦਾ ਭਰਮ ਹੈ ਭਾਵ ਸਾਡੇ ਅੰਦਰ ਦੀ ਮਾਇਆ ਹੈ ਜਿਸ ਤੋਂ ਮੁਕਤੀ ਹੋਣਾ ਹੀ ਸੰਸਾਰ ਦੇ ਆਵਾਗਉਂਣ ਤੋਂ ਮੁਕਤ ਹੋਣਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਹਨਾਂ ਨੇ ਪ੍ਰਮਾਤਮਾ ਕੋਲੋਂ ਮੁਕਤੀ ਕਿਸ ਤਰੀਕੇ ਪਾਈ ਹੈ।

“ਜਉ ਤੁਮ੍ ਮੋ ਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ ॥
ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ ॥੧॥ ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥
ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਾਈ ਹੈ ॥੧॥ ਰਹਾਉ ॥
ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥
ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥੨॥੫॥”

(ਅੰਗ ੧੧੦੪)

42/5359

ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਮੁਕਤੀ ਕੀ ਹੈ।

“ਜਉ ਤੁਮ੍ ਮੋ ਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ ॥
ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ ॥੧॥”

ਅਸੀਂ ਬਾਰ-ਬਾਰ ਇਸ ਗੱਲ ਨੂੰ ਬਾਣੀ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਆਪ ਮਾਇਆ ਤੋਂ ਮੁਕਤਿ ਹੈ, ਮਾਇਆ ਤੋਂ ਨਿਰਲੇਪ ਹੈ ਤੇ ਸਾਰੇ ਸੰਸਾਰ ਨੂੰ ਉਸਨੇ ਮਾਇਆ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਆਪ ਭਰਮਾਂ ਤੋਂ ਮੁਕਤਿ ਹੈ ਤੇ ਸਾਰੇ ਸੰਸਾਰ ਨੂੰ ਉਸਨੇ ਭਰਮਾਂ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਆਪਣੇ ਆਪ ਨੂੰ ਇਹਨਾਂ ਗੱਲਾਂ ਤੋਂ ਇਸ ਲਈ ਮੁਕਤਿ ਕਹਿੰਦਾ ਹੈ ਕਿਉਂਕਿ ਉਹ ਇਸ ਦੁਆਰਾ ਆਪਣੇ ਆਪ ਨੂੰ ਦੂਸਰਿਆਂ ਤੋਂ ਦੂਰ ਰੱਖਦਾ ਹੈ ਭਾਵ ਆਪਣੇ ਆਪ ਨੂੰ ਵੱਖਰਾ ਰੱਖਦਾ ਹੈ ਭਾਵ ਇਹ ਉਸਦੀ ਬਣਾਈ ਹੋਈ ਗਿਆਨ ਰੂਪ ਜੁਗਤਿ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਇਹ ਸਮਝਾਉਂਦਾ ਹੈ ਕਿ ਮੈਂ ਮਾਇਆ ਤੋਂ ਮੁਕਤਿ ਹਾਂ, ਭਰਮਾਂ ਤੋਂ ਮੁਕਤਿ ਹਾਂ ਭਾਵ ਆਵਾਗਉਂਣ ਤੋਂ ਮੁਕਤਿ ਹਾਂ। ਸੰਸਾਰ ਨੂੰ ਇਹ ਗੱਲ ਕਹਿ ਕੇ ਪ੍ਰਮਾਤਮਾ, ਧਰਮ ਗ੍ਰੰਥਾਂ ਰਾਹੀਂ ਕਹਿ ਕੇ ਇਹ

ਭਰਮ ਪਾਉਂਦਾ ਹੈ, ਸਾਰੇ ਸੰਸਾਰ ਨੂੰ ਇਹ ਭਰਮ ਪਾਉਂਦਾ ਹੈ ਕਿ ਮੈਂ ਤੁਹਾਡੇ ਨਾਲੋਂ ਵੱਖਰਾ ਹਾਂ ਜਿਸ ਨਾਲ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਦੂਰ ਸਮਝਦੇ ਹਾਂ ਕਿ ਅਸੀਂ ਕੁਝ ਹੋਰ ਹਾਂ ਤੇ ਪ੍ਰਮਾਤਮਾ ਕੁਝ ਹੋਰ ਹੈ ਭਾਵ ਅਸੀਂ ਇੱਕ ਮਨੁੱਖ ਹਾਂ ਤੇ ਪ੍ਰਮਾਤਮਾ ਪਤਾ ਨਹੀਂ ਕੀ ਹੈ, ਕੌਣ ਹੈ ਭਾਵ ਪ੍ਰਮਾਤਮਾ ਸਭ ਨੂੰ ਮਨ ਦੇ ਭਰਮ ਰਾਹੀਂ ਇਹ ਨਹੀਂ ਸਮਝ ਆਉਂਣ ਦਿੰਦਾ ਕਿ ਉਹ ਆਪ ਹੀ ਭਾਵ ਉਹ ਏਕ ਹੀ ਅਨੇਕ ਹੈ ਪਰ ਮਨ ਦੇ ਭਰਮ ਵਿੱਚ ਰਹਿੰਦੇ ਹੋਏ ਉਸਨੂੰ ਕੋਈ ਸਮਝ ਨਹੀਂ ਸਕਦਾ। ਉਪਰ ਪੰਗਤੀਆਂ ਰਾਹੀਂ ਭਗਤ ਕਬੀਰ ਜੀ ਪ੍ਰਮਾਤਮਾ ਨੂੰ ਸੰਬੋਧਨ ਕਰਕੇ ਇਹ ਗੱਲ ਕਹਿ ਰਹੇ ਹਨ ਕਿ ਮੇਰੇ ਮਨ ਦਾ ਭਰਮ ਤੂੰ ਕੱਢ ਦਿੱਤਾ ਹੈ ਕਿ ਤੂੰ ਸਭ ਕਿੱਛ ਆਪ ਹੀ ਹੈ ਤੇ ਅਸਲ ਵਿੱਚ ਤੂੰ ਆਪ ਭਰਮਾਂ ਤੋਂ ਮੁਕਤਿ ਹੈ ਤੇ ਸੰਸਾਰ ਨੂੰ ਤੂੰ ਆਪ ਹੀ ਭਰਮਾਂ ਵਿੱਚ ਪਾ ਕੇ ਮਨ ਦੀ ਮੁਕਤੀ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਜਿਸਨੂੰ ਪ੍ਰਮਾਤਮਾ ਮਨ ਦੇ ਭਰਮਾਂ ਤੋਂ ਮੁਕਤਿ ਕਰ ਦਿੰਦਾ ਹੈ, ਮਾਇਆ ਤੋਂ ਮੁਕਤਿ ਕਰ ਦਿੰਦਾ ਹੈ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਤੇ ਜਨਮ ਮਰਨ ਇੱਕ ਝੂਠੀ ਗੱਲ ਹੈ, ਸੰਸਾਰਿਕ ਆਵਾਗਉਂਣ ਵਾਲੀ ਇੱਕ ਝੂਠੀ ਗੱਲ ਹੈ ਭਾਵ ਕੇਵਲ ਸਾਡੇ ਮਨ ਦੀ ਨਾਸਮਝੀ ਹੈ ਜਿਸ ਨਾਸਮਝੀ ਤੋਂ ਮੁਕਤਿ ਹੋਣ ਨਾਲ ਮਨ ਦੇ ਵਿਚਾਰਾਂ ਰਾਹੀਂ ਮਨੁੱਖ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦਾ ਹੈ, ਉਸੇ ਦਾ ਰੂਪ ਹੀ ਹੋ ਜਾਂਦਾ ਹੈ ਤੇ ਉਸਨੂੰ ਇਸ ਗੱਲ

ਦੀ ਸਮਝ ਲੱਗ ਜਾਂਦੀ ਹੈ ਕਿ ਸੰਸਾਰ ਭਰਮ ਵਿੱਚ ਹੀ ਆਪਣੇ ਆਪ ਨੂੰ ਆਵਾਗਉਂਣ ਵਿੱਚ ਸਮਝਦਾ ਹੈ ਭਾਵ ਸਾਡੇ ਮਨ ਦੇ ਭਰਮ ਨੇ ਹੀ ਸਾਨੂੰ ਆਵਾਗਉਂਣ ਵਿੱਚ ਰੱਖਿਆ ਹੋਇਆ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਸਾਨੂੰ ਝੂਠੇ ਆਵਾਗਉਂਣ ਵਿੱਚ ਪਾਇਆ ਹੋਇਆ ਹੈ, ਸੰਸਾਰ ਨੂੰ ਭਰਮ ਵਿੱਚ ਰੱਖ ਕੇ ਪਾਇਆ ਹੋਇਆ ਹੈ ਜਿਸ ਭਰਮ ਦੁਆਰਾ ਉਸਨੇ ਆਪ ਹੀ ਸਭ ਨੂੰ ਆਪਣੇ ਆਪ ਤੋਂ ਦੂਰ ਰੱਖਿਆ ਹੋਇਆ ਹੈ, ਵਿਛੋੜਿਆ ਹੋਇਆ ਹੈ ਭਾਵ ਆਪਣੇ ਆਪ ਨੂੰ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਭਰਮ ਤੋਂ ਕੇਵਲ ਉਹ ਆਪ ਹੀ ਮੁਕਤਿ ਹੈ। ਜਿਸਨੂੰ ਪ੍ਰਮਾਤਮਾ ਇੱਕ ਵਾਰੀ ਇਸ ਭਰਮ ਤੋਂ ਕੱਢ ਦਿੰਦਾ ਹੈ ਉਹ ਫਿਰ ਦੁਬਾਰਾ ਭਰਮ ਵਿੱਚ ਨਹੀਂ ਪੈ ਸਕਦਾ ਤੇ ਉਸਨੂੰ ਇਸ ਸੰਸਾਰ ਦੀ ਅਸਲੀਅਤ, ਆਪਣੇ ਆਪ ਦੀ ਅਸਲੀਅਤ, ਪ੍ਰਮਾਤਮਾ ਦੀ ਅਸਲੀਅਤ ਪੱਕੇ ਤੌਰ ਤੇ ਸਮਝ ਲੱਗ ਜਾਂਦੀ ਹੈ ਕਿਉਂਕਿ ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਭਰਮ ਪਾਇਆ ਹੋਇਆ ਹੈ, ਮਾਇਆ ਪਾਈ ਹੋਈ ਹੈ ਤੇ ਜਦੋਂ ਉਹ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਕਿਸੇ ਨੂੰ ਇਸ ਭਰਮ ਵਿੱਚੋਂ ਕੱਢਦਾ ਹੈ ਫਿਰ ਦੁਬਾਰਾ ਉਸਨੂੰ ਭਰਮ ਵਿੱਚ ਕੌਣ ਪਾ ਸਕਦਾ ਹੈ। **(ਜਉ ਤੁਮ੍ ਮੋ ਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ ॥ ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ ॥੧॥)**

ਜਦੋਂ ਮਨੁੱਖ ਮਨ ਦੇ ਭਰਮ ਤੋਂ ਮੁਕਤਿ ਹੋ ਜਾਂਦਾ ਹੈ ਫਿਰ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰਾ ਹੁਣ ਆਵਾਗਉਂਣ ਖਤਮ ਹੋ ਗਿਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥

ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਾਈ ਹੈ ॥੧॥ ਰਹਾਉ ॥”

ਉਪਰਲੀਆਂ ਪੰਗਤੀਆਂ ਰਾਹੀਂ ਭਗਤ ਕਬੀਰ ਜੀ ਪ੍ਰਮਾਤਮਾ ਨੂੰ ਹੀ ਸੰਬੋਧਨ ਕਰ ਰਹੇ ਹਨ, ਇਹ ਸੰਸਾਰ ਦਾ ਮੁਕਤੀ ਬਾਰੇ ਭਰਮ ਹੀ ਕੱਢ ਰਹੇ ਹਨ। ਹਰ ਕੋਈ ਇਹ ਕੁਝ ਸਮਝਦਾ ਹੈ ਕਿ ਮਨੁੱਖ ਸੰਸਾਰ ਵਿੱਚੋਂ ਜਾਣ ਤੋਂ ਬਾਅਦ ਕਿਤੇ ਹੋਰ ਚਲਾ ਜਾਂਦਾ ਹੈ ਭਾਵ ਸਵਰਗ ਨਰਕ ਵਿੱਚ ਚਲਾ ਜਾਂਦਾ ਹੈ ਜੋ ਕਿ ਸੰਸਾਰ ਦਾ ਬਹੁਤ ਵੱਡਾ ਭਰਮ ਹੈ। ਹਰ ਕੋਈ ਸਵਰਗ ਵਿੱਚ ਜਾਣਾ ਚੰਗਾ ਸਮਝਦਾ ਹੈ ਤੇ ਨਰਕ ਵਿੱਚ ਜਾਣ ਤੋਂ ਬਚਣਾ ਚਾਹੁੰਦਾ ਹੈ ਭਾਵ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅੱਗੇ ਜਾਣਾ ਚਾਹੁੰਦਾ ਹੈ ਜਿਵੇਂ ਕਿ ਸਿੱਖ ਜਗਤ ਵਾਲੇ ਸੱਚਖੰਡ ਜਾਣ ਦੀਆਂ ਗੱਲਾਂ ਕਰਦੇ ਹਨ ਕਿ ਪ੍ਰਮਾਤਮਾ

ਉੱਥੇ ਵੱਸਦਾ ਹੈ, ਮੁਸਲਿਮ ਭਾਈਚਾਰਾ **“ਭਿਸਤ”** ਵਿੱਚ ਜਾਣ ਦੀਆਂ ਗੱਲਾਂ ਕਰਦਾ ਹੈ, ਹਿੰਦੂ ਸਵਰਗ ਨਰਕ ਜਾਣ ਦੀਆਂ ਗੱਲਾਂ ਕਰਦਾ ਹੈ ਭਾਵ ਹਰ ਕੋਈ ਮੁਕਤੀ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ। ਭਗਤ ਕਬੀਰ ਜੀ ਉਪਰ ਪੰਗਤੀ ਰਾਹੀਂ ਇਹ ਪੁੱਛ ਰਹੇ ਹਨ ਕਿ ਪ੍ਰਮਾਤਮਾ ਤੂੰ ਮੈਨੂੰ ਤਾਰ ਲਿਆ ਹੈ ਭਾਵ ਮੈਨੂੰ ਮਨ ਦੀ ਅਗਿਆਨਤਾ ਤੋਂ ਤਾਰ ਲਿਆ ਹੈ ਤੇ ਮੈਨੂੰ ਸਮਝ ਲੱਗ ਚੁਕੀ ਹੈ ਕਿ ਮੁਕਤੀ ਕੀ ਹੁੰਦੀ ਹੈ, ਹੁਣ ਤੂੰ ਮੈਨੂੰ ਭਰਮਾਂ ਵਿੱਚ ਨਹੀਂ ਪਾ ਸਕਦਾ ਭਾਵ ਮੈਨੂੰ ਸਮਝ ਲੱਗ ਚੁਕੀ ਹੈ ਕਿ ਮੈਂ ਤੇਰਾ ਹੀ ਰੂਪ ਹਾਂ ਤੇ

ਹੁਣ ਮੈਨੂੰ ਸੰਸਾਰ ਤੋਂ ਬਾਅਦ ਲੈ ਕੇ ਕਿੱਥੇ ਜਾਵੇਂਗਾ ਭਾਵ ਜਦੋਂ ਮਨੁੱਖੀ ਰੂਪ ਵਿੱਚ ਤੂੰ ਆਪ ਹੀ ਹੈ ਤੇ ਤੂੰ ਆਵਾਗਉਂਣ ਤੋਂ ਮੁਕਤਿ ਹੈ ਫਿਰ ਜਾਣਾ ਕਿੱਥੇ ਹੋਇਆ ਭਾਵ ਜਾਣਾ ਕਿਤੇ ਵੀ ਨਹੀਂ ਭਾਵ ਆਵਾਗਉਂਣ ਇੱਕ ਭਰਮ ਹੀ ਸੀ ਜੋ ਭਰਮ ਹੁਣ ਨਹੀਂ ਰਿਹਾ। **(ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥)** ਅਗਲੀਆਂ ਪੰਗਤੀਆਂ ਰਾਹੀਂ ਭਗਤ ਜੀ ਪ੍ਰਮਾਤਮਾ ਨੂੰ ਹੋਰ ਪੁੱਛ ਰਹੇ ਹਨ ਕਿ ਇਹੋ ਜਿਹੀ ਮੁਕਤੀ ਜੋ ਤੂੰ ਮੈਨੂੰ ਦਿੱਤੀ ਹੈ, ਜੋ ਮੁਕਤੀ ਮੈ ਤੇਰੀ ਕਿਰਪਾ ਨਾਲ ਪਾਈ ਹੈ ਫਿਰ ਸਾਰੇ ਸੰਸਾਰ ਨੂੰ ਤੂੰ ਕਿਹੋ ਜਿਹੀ ਮੁਕਤੀ ਦਿੰਦਾ ਹੈ ਜਿਹੋ ਜਿਹੀ ਮੁਕਤੀ ਹਰ ਕੋਈ ਚਾਹੁੰਦਾ ਹੈ ਭਾਵ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਚਾਹੁੰਦਾ ਹੈ ਭਾਵ ਹਰ ਕੋਈ ਮੁਕਤੀ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ। ਮੁਕਤੀ ਤਾਂ ਜਿਸਨੂੰ ਮਿਲਦੀ ਹੈ ਉਹ ਇੱਕੋ ਤਰੀਕੇ ਹੀ ਮਿਲਦੀ ਹੈ ਜੋ ਮਨ ਦੇ ਭਰਮ ਵਿੱਚੋਂ ਨਿਕਲਣ ਦੁਆਰਾ ਮਿਲਦੀ ਹੈ ਭਾਵ ਮਨ ਦੀ ਸਮਝ ਦੁਆਰਾ ਮਿਲਦੀ ਹੈ ਕਿ ਮੇਰੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਜੋ ਆਵਾਗਉਂਣ ਤੋਂ ਮੁਕਤਿ ਹੈ। ਪ੍ਰਮਾਤਮਾ ਤਾਂ ਆਪ ਇੱਕੋ ਹੀ ਹੈ ਜੋ ਸਭ ਦੇ ਅੰਦਰ ਹੈ ਫਿਰ ਮੁਕਤੀ ਵੀ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਮਨ ਦੇ ਭਰਮ ਵਿੱਚੋਂ ਨਿਕਲਣ ਦੀ ਹੈ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੇ ਨਾਲ ਮਿਲਦੀ ਹੈ। **(ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥ ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਾਈ ਹੈ ॥੧॥ ਰਹਾਉ ॥)**

ਹਰ ਕੋਈ ਇਹ ਸਮਝਦਾ ਹੈ ਕਿ ਪ੍ਰਮਾਤਮਾ ਮੈਨੂੰ ਤਾਰ ਲੈ ਭਾਵ ਮੈਨੂੰ ਇਸ ਸੰਸਾਰ ਤੋਂ ਤਾਰ ਲੈ, ਇਸ ਭਵਸਾਗਰ ਤੋਂ ਤਾਰ ਲੈ ਭਾਵ ਮੈਨੂੰ ਇਸ ਸੰਸਾਰ ਸਾਗਰ ਤੋਂ ਮੁਕਤਿ ਕਰ ਦੇ ਜੋ ਕਿ ਸਾਡਾ ਭਰਮ ਹੈ ਭਾਵ ਮੁਕਤੀ ਮੰਗਣਾ ਸਾਡਾ ਭਰਮ ਹੈ, ਆਵਾਗਉਂਣ ਤੋਂ ਮੁਕਤੀ ਮੰਗਣਾ ਸਾਡਾ ਭਰਮ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥

ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥੨॥੫॥”

42/5362

ਉਪਰ ਪੰਗਤੀ ਰਾਹੀਂ ਭਗਤ ਜੀ ਸਾਨੂੰ ਜੋ ਕੁਝ ਸਮਝਾ ਰਹੇ ਹਨ ਉਹ ਝੂਠ ਤੇ ਕਦੇ ਨਹੀਂ ਹੋ ਸਕਦਾ ਭਾਵ ਬਿਲਕੁਲ ਸੱਚ ਹੈ। ਤਾਰਨ ਤਰਨ ਦੀਆਂ ਗੱਲਾਂ ਹਰ ਕੋਈ ਕਰਦਾ ਹੈ ਪਰ ਤਾਰਨ ਤਰਨ ਹੈ ਕੀ ਇਸਦੀ ਕਿਸੇ ਨੂੰ ਸਮਝ ਨਹੀਂ, ਸੰਸਾਰ ਤੋਂ ਮੁਕਤਿ ਹੋਣ ਦੀਆਂ ਗੱਲਾਂ ਹਰ ਕੋਈ ਕਰਦਾ ਹੈ ਪਰ ਇਸਦੀ ਸਮਝ ਕਿਸੇ ਨੂੰ ਨਹੀਂ ਹੈ। ਅਸੀਂ ਅਨੇਕਾਂ ਨੂੰ ਧਰਮ ਦੇ ਮਾਰਗ ਤੇ ਉੱਚੇ ਇਸ ਗੱਲ ਕਰ ਕੇ ਮੰਨਿਆ ਹੁੰਦਾ ਹੈ ਕਿ ਉਹ ਤਰੇ ਹੋਏ ਹਨ, ਸੰਸਾਰ ਸਾਗਰ ਤੋਂ ਤਰੇ ਹੋਏ ਹਨ ਤੇ ਉਹ ਸਾਨੂੰ ਵੀ ਤਾਰ ਲੈਣਗੇ ਪਰ ਇਹ ਸਾਡਾ ਵੱਡਾ ਭਰਮ ਹੈ। ਤਾਰਨ ਤਰਨ ਦੀਆਂ ਮਨੁੱਖੀ ਰੂਪ ਵਿੱਚ ਗੱਲਾਂ ਹੀ ਉਹ ਕਰਦਾ ਹੈ ਜਿਸਨੇ ਆਪਣੇ ਅੰਦਰੋਂ **“ਤਤੁ”** ਨੂੰ ਨਹੀਂ ਜਾਣਿਆ ਭਾਵ ਅਸਲੀਅਤ ਨੂੰ ਨਹੀਂ ਜਾਣਿਆ ਕਿ ਮਨੁੱਖ ਦੀ ਅਸਲੀਅਤ ਕੀ ਹੈ। ਸਾਡੇ ਅੰਦਰ ਤਤੁ ਰੂਪ ਵਿੱਚ ਆਪ ਪ੍ਰਮਾਤਮਾ ਹੈ ਤੇ ਆਪਣਾ ਤਤੁ ਉਹ ਆਪ ਹੀ ਸਮਝਾਉਂਦਾ ਹੈ। ਤਤੁ ਕੇਵਲ ਸੱਚੇ ਗਿਆਨ ਦੁਆਰਾ ਸਮਝ ਆਉਂਦਾ ਹੈ ਤੇ ਪ੍ਰਮਾਤਮਾ ਸਾਡੇ ਅੰਦਰ ਤਤੁ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦਾ ਇਹ **“ਤਤੁ”** ਸਾਨੂੰ ਮਨ ਦੀ ਅਗਿਆਨਤਾ ਤੋਂ ਹੀ ਤਾਰਦਾ ਹੈ ਜਿਸ ਦੁਆਰਾ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਅਸਲੀਅਤ ਹੈ। ਮੁਕਤੀ ਕੀ ਹੈ ਇਸ ਗੱਲ ਦੀ ਸਮਝ ਮਨ ਦੇ ਵਿੱਚ ਤਤੁ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਪੂਰੀ ਗੁਰਬਾਣੀ ਵਿੱਚ ਤਤੁ ਹੀ ਹੈ ਜੋ ਕਿ ਤਤੁ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਕਰਕੇ ਗੁਰਬਾਣੀ ਸਾਰੇ ਸੰਸਾਰ ਨੂੰ ਅਸਲੀਅਤ ਹੀ ਸਮਝਾਉਂਦੀ ਹੈ ਤੇ ਇਸ ਸੰਸਾਰ ਦੀ ਅਸਲੀਅਤ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਸਾਰਾ ਸੰਸਾਰ ਇਸ ਅਸਲੀਅਤ ਨੂੰ, ਤਤੁ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ। ਸਾਨੂੰ ਕੇਵਲ ਗੁਰੂ ਹੀ ਤਾਰ ਸਕਦਾ ਹੈ ਤੇ ਹੋਰ ਕੋਈ ਨਹੀਂ ਤਾਰ ਸਕਦਾ ਤੇ ਜਿਸਨੂੰ ਗੁਰੂ ਤਾਰਦਾ ਹੈ ਉਹ ਉਸਨੂੰ ਮਨ ਦੀ ਅਗਿਆਨਤਾ ਤੋਂ ਹੀ ਤਾਰਦਾ ਹੈ, ਆਪਣੇ ਤਤੁ ਗਿਆਨ ਦੁਆਰਾ ਤਾਰਦਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਅਸਲ ਵਿੱਚ ਸਾਡੀ ਆਪਣੀ ਕੋਈ ਹੋਂਦ ਹੀ ਨਹੀਂ ਹੈ ਤੇ ਇਸ ਲਈ ਸੰਸਾਰ ਤੋਂ ਆਵਾਗਉਂਣ ਕੇਵਲ ਇੱਕ ਸਾਡਾ ਭਰਮ ਹੈ। ਸਾਰਾ ਸੰਸਾਰ ਭਰਮ ਵਿੱਚ ਹੈ ਇਸੇ ਲਈ ਕਿਸੇ ਨੂੰ ਤਾਰਨ ਤਰਨ ਕੀ ਹੈ ਇਸਦੀ ਸਮਝ ਹੀ ਨਹੀਂ ਹੈ। **(ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥)**

42/5363

ਤਾਰਨ ਤਰਨ ਦੀਆਂ ਗੱਲਾਂ ਕੋਈ ਤਦ ਤਕ ਹੀ ਕਰਦਾ ਹੈ ਜਦ ਤਕ ਉਸਦਾ ਮਨ ਅਪਵਿੱਤਰ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਅਪਵਿੱਤਰ ਹੈ, ਤਤੁ ਨੂੰ ਨਾ ਜਾਨਣ ਕਰਕੇ ਅਪਵਿੱਤਰ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥੨॥੫॥”

ਸਾਡਾ ਮਨ ਮਾਇਆ ਕਰਕੇ ਅਪਵਿੱਤਰ ਹੈ ਭਾਵ ਮਨ ਦੇ ਭਰਮਾਂ ਕਰਕੇ ਅਪਵਿੱਤਰ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਅਪਵਿੱਤਰ ਮਨ ਕਰਕੇ ਅਸੀਂ ਆਪਣੇ ਆਪ ਦੀ, ਪ੍ਰਮਾਤਮਾ ਦੀ ਅਸਲੀਅਤ ਸਮਝਣ ਤੋਂ ਦੂਰ ਰਹਿੰਦੇ ਹਾਂ, ਧਰਮ ਦੇ ਸੱਚੇ ਮਾਰਗ ਦੀ ਸੋਝੀ ਤੋਂ ਦੂਰ ਰਹਿੰਦੇ ਹਾਂ। ਆਪਣੇ ਅੰਦਰੋਂ ਤਤੁ ਨੂੰ ਜਾਨਣ ਤੋਂ ਬਾਅਦ ਤੇ ਮਨ ਦੀ ਅਗਿਆਨਤਾ ਨਿਕਲਣ ਤੋਂ ਬਾਅਦ ਸਾਡਾ ਮਨ ਪਵਿੱਤਰ ਹੋ ਜਾਂਦਾ ਹੈ ਜਿਸ ਦੁਆਰਾ ਸਾਡਾ ਮਨ ਅਸਲੀਅਤ ਨੂੰ ਜਾਣਦਾ ਹੈ ਤੇ ਉਸਨੂੰ ਮੰਨਦਾ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਭਾਵ ਸੰਸਾਰ ਤੋਂ ਮੁਕਤਿ ਹੋਣ ਦੀਆਂ ਗੱਲਾਂ ਕਰਨੀਆਂ, ਤਾਰਨ ਤਰਨ ਦੀਆਂ ਗੱਲਾਂ ਕਰਨੀਆਂ ਕੇਵਲ ਸਾਡਾ ਭਰਮ ਹੈ। ਮੁਕਤੀ ਤਾਂ ਅਸੀਂ ਕੇਵਲ ਮਨ ਦੀ ਅਗਿਆਨਤਾ ਤੋਂ ਲੈਣੀ ਹੈ ਜਿਸ ਦੁਆਰਾ ਸਾਨੂੰ ਅਸਲੀਅਤ ਦੀ ਸਮਝ ਪੈਂਦੀ ਹੈ। **(ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥)**

ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੇ ਭਰਮ ਰਾਹੀਂ ਸਭ ਨੂੰ ਆਪਣੀ ਅਸਲੀਅਤ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਪ੍ਰਮਾਤਮਾ ਨੇ ਇਹ ਸੰਸਾਰ ਨੂੰ ਆਪਣੀ ਖੇਡ ਦੇ ਰੂਪ ਵਿੱਚ ਰੱਚਿਆ ਹੋਇਆ ਹੈ ਪਰ ਸਾਨੂੰ ਉਹ ਆਪਣੀ ਖੇਡ ਸਮਝ ਨਹੀਂ ਆਉਂਣ ਦਿੰਦਾ। ਸਾਡੇ ਅੰਦਰ ਜੋ ਪ੍ਰਮਾਤਮਾ ਨੇ ਮਾਇਆ ਰੂਪ ਜੁਗਤਿ ਪਾਈ ਹੋਈ ਹੈ ਭਾਵ ਜੋ ਭਰਮ ਰੂਪ ਪੜਦਾ ਪਾਇਆ ਹੋਇਆ ਹੈ ਇਸੇ ਦੁਆਰਾ ਉਹ ਆਪਣੀ ਖੇਡ ਖੇਡ ਰਿਹਾ ਹੈ ਜੋ ਸਾਰੇ ਸੰਸਾਰ ਦੀ ਸਮਝ ਤੋਂ ਬਾਹਰ ਹੈ। ਸਾਡੇ ਅੰਦਰ ਇਹ ਮਾਇਆ ਹੀ ਪ੍ਰਮਾਤਮਾ ਦੀ ਉਹ ਕਲਾ ਹੈ ਜਿਸਨੂੰ ਕੋਈ ਸਮਝ ਨਹੀਂ ਸਕਦਾ ਤੇ ਉਸਦੀ ਇਸ ਕਲਾ ਨੂੰ ਸਮਝੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਇਸ ਸੰਸਾਰ ਦੀ ਅਸਲੀਅਤ ਕੀ ਹੈ। ਅਸਲੀਅਤ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

42/5364

“ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥
ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥ ਓਤਿ ਪੋਤਿ ਰਵਿਆ ਰੂਪ ਰੰਗ ॥
ਭਏ ਪ੍ਰਗਾਸ ਸਾਧ ਕੈ ਸੰਗ ॥ ਰਚਿ ਰਚਨਾ ਅਪਨੀ ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥੯॥੧੯॥”

(ਅੰਗ ੨੮੭-੨੮੮)

ਜਿਵੇਂ ਕਿ ਅਸੀਂ ਪਹਿਲੇ ਸਮਝਦੇ ਆ ਰਹੇ ਹਾਂ ਨਿਰਗੁਣ ਰੂਪ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਤੇ ਸਰਗੁਣ ਰੂਪ ਪ੍ਰਮਾਤਮਾ ਦਾ ਆਕਾਰ ਰੂਪ ਹੈ। ਇਹਨਾਂ ਦੋਨਾਂ ਰੂਪਾਂ ਤੋਂ ਇਲਾਵਾ ਹੋਰ ਕੋਈ ਐਸਾ ਰੂਪ ਨਹੀਂ ਬਚਦਾ ਜਿਸ ਵਿੱਚ ਕੋਈ ਰੂਪ ਬਣ ਸਕੇ ਭਾਵ ਸੰਸਾਰ ਦੀ ਰਚਨਾ ਇਸ ਤੋਂ ਬਾਹਰ ਨਹੀਂ ਹੋ ਸਕਦੀ। ਜੇਕਰ ਨਿਰਗੁਨ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਤੇ ਸਰਗੁਣ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਫਿਰ ਉਸ ਤੋਂ ਇਲਾਵਾ ਹੋਰ ਕੌਣ ਬਚਿਆ ਜਿਸਦਾ ਆਪਣਾ ਕੋਈ ਰੂਪ ਹੋ ਸਕਦਾ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜੋ ਕੋਈ ਵੀ ਰੂਪ ਇਹਨਾਂ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਤੇ ਜੋ ਕੁਝ ਵੀ ਮਨ ਦੀ ਸਮਝ ਨਾਲ ਸਮਝਿਆ ਜਾ ਸਕਦਾ ਹੈ ਉਹ ਰੂਪ ਪ੍ਰਮਾਤਮਾ ਦਾ ਹੀ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਲੇਕਿਨ ਫਿਰ ਵੀ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ। ਉਹ ਕਿਹੜੀ ਗੱਲ ਹੈ ਜਿਸ ਕਰਕੇ ਮਨੁੱਖ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ। ਇਹ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਕਲਾ ਹੈ ਭਾਵ ਪ੍ਰਮਾਤਮਾ ਦੀ ਪਾਈ ਹੋਈ ਜੁਗਤਿ ਹੈ ਜਿਸ ਦੁਆਰਾ ਉਸਨੇ ਸਾਰੇ ਸੰਸਾਰ ਨੂੰ ਮੋਹਿਆ ਹੋਇਆ ਹੈ ਭਾਵ ਮਾਇਆ ਨੇ ਆਪਣੇ ਵੱਸ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਇਹ ਕਲਾ, ਉਸਦੀ ਇਹ ਮਾਇਆ ਸਾਡੇ ਸਭ ਦੇ ਅੰਦਰ ਭਰਮ ਦੇ ਰੂਪ ਵਿੱਚ ਹੈ ਜਿਸ ਭਰਮ ਨੇ ਭਾਵ ਜਿਸ ਨਾਸਮਝ ਮਤਿ ਨੇ ਸਭ ਨੂੰ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ ਜੋ ਸਾਨੂੰ ਸਮਝਾਉਂਦੀ ਹੀ ਇਹ ਕੁਝ ਹੈ ਕਿ ਅਸੀਂ ਇੱਕ ਮਨੁੱਖ ਹਾਂ ਤੇ ਸਾਡੀ ਆਪਣੀ ਇੱਕ ਹੋਂਦ ਹੈ ਤੇ ਪ੍ਰਮਾਤਮਾ ਕੀ ਹੈ ਇਸ ਗੱਲ ਦੀ ਸਮਝ ਸਾਨੂੰ ਇਹ ਪ੍ਰਮਾਤਮਾ ਦੀ ਪਾਈ ਹੋਈ ਕਲਾ ਨਹੀਂ ਆਉਂਣ ਦਿੰਦੀ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਸਾਡੇ ਅੰਦਰ ਦੀ ਇਹ ਕਲਾ ਸਾਨੂੰ ਇਸ ਗੱਲ ਦੀ ਸਮਝ ਨਹੀਂ ਆਉਂਣ ਦਿੰਦੀ। **(ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥)**

ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ, ਉਸਦਾ ਆਪਣਾ ਇਹ **"ਚਰਿਤ"** ਭਾਵ ਤਮਾਸ਼ਾ ਹੈ। ਕਿਸੇ ਵੀ ਤਮਾਸ਼ੇ ਦੀ ਕੀਮਤ ਤਾਂ ਹੀ ਪੈਂਦੀ ਹੈ ਜਦ ਤਕ ਉਸ ਤਮਾਸ਼ੇ ਦੀ ਕਿਸੇ ਨੂੰ ਸਮਝ ਨਾ ਆਵੇ ਭਾਵ ਹਰ ਕੋਈ ਉਸ ਤਮਾਸ਼ੇ ਨੂੰ ਜਾਨਣਾ ਚਾਵੇ ਤੇ ਇਸੇ ਵਿੱਚ ਹੀ ਉਸਦੀ ਕੀਮਤ ਹੈ। ਤਮਾਸ਼ੇ ਦੀ ਸਮਝ ਆ ਜਾਣ ਨਾਲ ਫਿਰ ਉਸ ਤਮਾਸ਼ੇ ਦੀ ਕੀਮਤ ਨਹੀਂ ਪੈਂਦੀ। ਪ੍ਰਮਾਤਮਾ ਨੇ ਆਪਣੀ ਕਲਾ ਦੁਆਰਾ ਭਾਵ ਮਾਇਆ ਦੀ ਕਲਾ

42/5365

ਦੁਆਰਾ ਆਪਣੀ ਇਹ ਖੇਡ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਤੇ ਉਸਨੇ ਆਪ ਹੀ ਆਪਣੇ ਇਸ ਤਮਾਸ਼ੇ ਨੂੰ ਕੀਮਤੀ ਬਣਾਇਆ ਹੋਇਆ ਹੈ ਕਿ ਉਸਨੂੰ ਕੋਈ ਜਾਣ ਨਾ ਸਕੇ। **(ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥)**

ਅਸੀਂ ਪ੍ਰਮਾਤਮਾ ਨੂੰ ਇਸੇ ਲਈ ਜਾਨਣਾ ਚਾਹੁੰਦੇ ਹਾਂ, ਉਸ ਬਹੁਤ ਵੱਡੇ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ ਕਿਉਂਕਿ ਅਸੀਂ ਆਪਣੇ ਆਪ ਨੂੰ ਉਸ ਤੋਂ ਵੱਖਰਾ ਸਮਝਦੇ ਹਾਂ ਤੇ ਜੇਕਰ ਅਸੀਂ ਉਸੇ ਦਾ ਰੂਪ ਹੀ ਹੋਈਏ ਫਿਰ ਅਸੀਂ ਪ੍ਰਮਾਤਮਾ ਨੂੰ ਕਿਸ ਲਈ ਜਾਣਾਂਗੇ, ਉਸਦੀ ਕੀਮਤ ਕਿਸ ਲਈ ਪਾਵਾਂਗੇ ਭਾਵ ਅਸੀਂ ਤਾਂ ਹੀ ਪ੍ਰਮਾਤਮਾ ਨੂੰ ਉੱਚਾ ਸਮਝਾਂਗੇ, ਉਸਨੂੰ ਜਾਨਣਾ ਚਾਹਾਂਗੇ ਜੇਕਰ ਆਪਣੇ ਆਪ ਨੂੰ ਉਸ ਤੋਂ ਵੱਖਰਾ ਸਮਝਾਂਗੇ। ਜਿਨ੍ਹਾਂ ਨੂੰ ਪ੍ਰਮਾਤਮਾ ਆਪਣੀ ਇਹ ਖੇਡ ਸਮਝਾ ਦਿੰਦਾ ਹੈ ਉਹਨਾਂ ਨੂੰ ਫਿਰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਦੂਜਾ ਹੋਰ ਕੋਈ ਵੀ ਨਹੀਂ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਅਸਲ ਕੀਮਤ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਪਤਾ ਲੱਗਦੀ ਹੈ ਕਿ ਉਹ ਕਿਤਨਾ ਕੂ ਵੱਡਾ ਹੈ ਜੋ ਆਪ ਹੀ ਇਸ ਸੰਸਾਰ ਨੂੰ ਬਣਾਕੇ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ। ਜੋ ਪ੍ਰਮਾਤਮਾ ਦੀ ਖੇਡ ਨੂੰ ਜਾਣਦਾ ਹੈ ਉਹ ਇਸਨੂੰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਜਾਣਦਾ ਹੈ, ਉਸ ਸਾਧ ਰੂਪ, ਗੁਰੂ ਰੂਪ ਪ੍ਰਮਾਤਮਾ ਦਾ ਸੰਗ ਹੋਣ ਦੁਆਰਾ ਹੀ ਜਾਣਦਾ ਹੈ ਜਿਸ ਦੁਆਰਾ ਉਹ ਮਨ ਦੇ ਵਿੱਚ ਗਿਆਨ ਦੁਆਰਾ ਉਸਦਾ ਰੂਪ ਬਣਕੇ ਹੀ ਪ੍ਰਗਾਸ ਹੋ ਜਾਂਦੇ ਹਨ, ਸੰਸਾਰ ਵਿੱਚ ਪ੍ਰਗਟ ਹੋ ਜਾਂਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਉਸ ਪ੍ਰਮਾਤਮਾ ਦਾ ਰੂਪ ਬਣਕੇ ਪ੍ਰਗਟ ਹੋਏ ਹਨ। **(ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥ ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥)**

ਇਹ ਸੰਸਾਰ ਦੀ ਰਚਨਾ ਕਰਨ ਵਾਲਾ ਪ੍ਰਮਾਤਮਾ ਆਪ ਹੈ ਜਿਸ ਰਚਨਾ ਵਿੱਚ ਮਨੁੱਖ ਵੀ ਆਉਂਦਾ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਪ੍ਰਮਾਤਮਾ ਨੇ ਇਹ ਰਚਨਾ ਕਿਵੇਂ ਰਚੀ ਹੈ, ਕਿਸ ਵਿਧੀ ਦੁਆਰਾ ਰਚੀ ਹੈ ਜਿਸਦਾ ਕਾਰਨ ਸਾਡੇ ਅੰਦਰ ਦੀ ਕਲਿ ਹੈ ਜੋ ਕਲਿ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਸਾਡੇ ਅੰਦਰ ਦੀ ਇਹ ਕਲਿ ਹੀ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਹੈ ਜਿਸ ਕਲਾ ਦੁਆਰਾ ਉਹ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ, ਆਪਣੇ ਮਨੁੱਖੀ ਰੂਪ ਦੁਆਰਾ ਚਲਾ ਰਿਹਾ ਹੈ। ਸਾਡੇ ਅੰਦਰ ਦੀ ਇਹ ਕਲਿ

42/5366

ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਭਾਵ ਸਾਡੇ ਅੰਦਰ ਦਾ ਗਿਆਨ ਹੈ ਜੋ ਸਾਨੂੰ ਆਪਣੇ ਆਪ ਦੀ ਅਸਲੀਅਤ ਨੂੰ ਸਮਝਣ ਤੋਂ, ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਰੱਖਦੀ ਹੈ, ਇਸ ਰਚਨਾ ਦੇ ਰਚਨਹਾਰ ਨੂੰ ਸਮਝਣ ਤੋਂ ਦੂਰ ਰੱਖਦੀ ਹੈ। ਸਾਡੇ ਅੰਦਰ ਕਲਿ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਆਪਣਾ ਹੀ ਬਣਾਇਆ ਹੋਇਆ ਮਾਇਆ ਰੂਪ ਹੈ ਜਿਸ ਦੁਆਰਾ ਉਹ ਕਿਸੇ ਨੂੰ ਵੀ ਆਪਣੇ ਆਪ ਦੀ ਸਮਝ ਨਹੀਂ ਆਉਂਣ ਦਿੰਦਾ। ਉਹ ਇਤਨੀ ਵੱਡੀ ਸ੍ਰਿਸ਼ਟੀ ਦਾ ਮਾਲਕ ਹੁੰਦਾ ਹੋਇਆ ਵੀ ਆਪਣੀ ਵਡਿਆਈ ਜਾਹਰ ਨਹੀਂ ਕਰਦਾ ਜਿਸ ਕਰਕੇ ਗੁਰੂ ਸਾਹਿਬ ਇਹ ਕਹਿ ਰਹੇ ਹਨ ਮੈਂ ਉਸ ਪ੍ਰਮਾਤਮਾ ਤੋਂ ਬਾਰ-ਬਾਰ ਬਲਿਹਾਰੀ ਜਾਂਦਾ ਹਾਂ, ਉਸ ਤੋਂ ਕੁਰਬਾਨ ਜਾਂਦਾ ਹਾਂ। ਇਹ ਬਹੁਤ ਵੱਡੀ ਗੱਲ ਹੈ। ਇੱਕ ਮਨੁੱਖ ਨੂੰ ਛੋਟੀ ਜਿਹੀ ਵਡਿਆਈ ਮਿਲਦੀ ਹੈ ਤਾਂ ਉਹ ਆਪਣਾ ਵੱਡਾਪਨ ਜਾਹਰ ਕਰਨ ਲਈ ਉਤਾਵਲਾਪਨ ਦਿਖਾਉਂਦਾ ਹੈ। ਵੱਡਾਪਨ ਸਭ ਨੂੰ ਬਹੁਤ ਭਾਉਂਦਾ ਹੈ, ਆਪਣਾ ਮਾਣ ਸਭ ਨੂੰ ਬਹੁਤ ਚੰਗਾ ਲੱਗਦਾ ਹੈ ਪਰ ਧੰਨ ਹੈ ਉਹ ਆਪ ਪ੍ਰਮਾਤਮਾ, ਬਾਰ-ਬਾਰ ਧੰਨਤਾ ਦੇ ਯੋਗ ਹੈ ਉਹ ਪ੍ਰਮਾਤਮਾ ਜੋ ਇਤਨੀ ਵਡਿਆਈ ਦਾ ਮਾਲਕ ਹੁੰਦੇ ਹੋਏ ਵੀ, ਸਭ ਕੁਝ ਆਪ ਹੁੰਦੇ ਹੋਏ ਵੀ ਆਪਣਾ ਆਪ ਜਾਹਰ ਨਹੀਂ ਕਰਦਾ। ਸਭ ਦੇ ਅੰਦਰ ਉਸਨੇ ਆਪ ਹੀ ਕਲਿ ਪਾਈ ਹੋਈ ਹੈ ਜਿਸਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਦੀ ਵਡਿਆਈ ਜਾਨਣ ਤੋਂ ਦੂਰ ਰੱਖਣ ਦਾ ਹੈ, ਉਸ ਖੇਡ ਦੇ ਮਾਲਕ ਦੀ ਖੇਡ ਜਾਨਣ ਤੋਂ ਦੂਰ ਰੱਖਣ ਦਾ ਹੈ। **(ਰਚਿ ਰਚਨਾ ਅਪਨੀ ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ॥੮॥੧੮॥)**

ਸਾਡੇ ਅੰਦਰ ਦੀ ਇਹ ਕਲਿ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਕਲਿ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜਿਸਨੇ ਸਾਡੇ ਮਨ ਦੇ ਵਿੱਚ ਅਗਿਆਨਤਾ ਰੂਪ ਅੰਧੇਰਾ ਕੀਤਾ ਹੋਇਆ ਹੈ ਜਿਸ ਹਨੇਰੇ ਵਿੱਚੋਂ ਸਾਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। **(ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥)** ਅੰਗ - ੨੧੦ ਸਾਡੇ ਅੰਦਰ ਦੀ ਜੋ ਇਹ ਕਲਿ ਹੈ ਇਸ ਦੁਆਰਾ ਹੀ ਪ੍ਰਮਾਤਮਾ ਸਾਨੂੰ ਇੱਕ ਮਨੁੱਖੀ ਰੂਪ ਬਣਾ ਕੇ ਚਲਾ ਰਿਹਾ ਹੈ ਭਾਵ ਇਸ ਮਨ ਦੀ ਕਲਿ ਕਰਕੇ ਹੀ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਜੋ ਕਿ ਅਸਲੀਅਤ ਨਹੀਂ ਹੈ। ਸਾਡੇ ਅੰਦਰ ਇਹ ਪਾਈ ਹੋਈ ਕਲਿ ਹੀ ਪ੍ਰਮਾਤਮਾ ਦੀ ਕਲਾ ਹੈ ਜਿਸ ਕਲਾ ਦੁਆਰਾ ਉਹ ਸੰਸਾਰ ਨੂੰ ਚਲਾ ਰਿਹਾ ਹੈ। ਕਲਾ ਹੁਨਰ ਨੂੰ ਕਹਿੰਦੇ ਹਨ ਤੇ ਪ੍ਰਮਾਤਮਾ ਕੋਲ ਇਹ

ਹੁਨਰ ਹੈ ਕਿ ਉਹ ਸਾਨੂੰ ਇਸ ਤਰੀਕੇ ਚਲਾ ਸਕਦਾ ਹੈ। ਪ੍ਰਮਾਤਮਾ ਬਹੁਤ ਵੱਡੇ ਗਿਆਨ ਦਾ ਮਾਲਕ ਹੈ ਤੇ ਉਸਦਾ ਉੱਚਾ ਗਿਆਨ ਹੀ ਉਸ ਪ੍ਰਮਾਤਮਾ ਦੀ ਕਲਾ ਹੈ ਜਿਸ ਉੱਚੇ ਗਿਆਨ ਦੁਆਰਾ ਉਹ ਹਰ ਕਲਾ ਵਰਤਾ ਸਕਦਾ ਹੈ। ਸਾਰੇ ਸੰਸਾਰ ਵਿੱਚ ਉਸਦੀ ਕਲਾ ਹੀ ਵਰਤ ਰਹੀ ਹੈ, ਹਰ ਵਸਤੂ ਵਿੱਚ, ਹਰ ਰਚਨਾ ਵਿੱਚ ਉਸਦੀ ਕਲਾ ਹੀ ਵਰਤ ਰਹੀ ਹੈ। ਸਾਡੇ ਸਰੀਰ ਦੀ ਰਚਨਾ ਵੀ ਉਸਦੀ ਕਲਾ ਦੁਆਰਾ ਹੀ ਹੋਈ ਹੈ ਤੇ ਸਾਡੇ ਸਰੀਰ ਨੂੰ ਰੱਚ ਕੇ ਉਸਦੇ ਅੰਦਰ ਆਪਣੀ ਪਾਈ ਹੋਈ ਕਲਿ ਦੁਆਰਾ ਉਹ ਆਪ ਹੀ ਚਲਾ ਰਿਹਾ ਹੈ ਭਾਵ ਸਾਡੇ ਅੰਦਰ ਪਾਈ ਹੋਈ ਕਲਿ ਵੀ ਪ੍ਰਮਾਤਮਾ ਦੀ ਕਲਾ ਹੈ ਕਿਉਂਕਿ ਉਹ ਆਪਣੀ ਕਲਾ ਦੁਆਰਾ ਸਭ ਕੁਝ ਕਰਨ ਦੇ ਸਮਰਥ ਹੈ। ਜਦ ਤਕ ਸਾਨੂੰ ਪ੍ਰਮਾਤਮਾ ਦੀ ਇਹ ਕਲਾ ਸਮਝ ਨਹੀਂ ਆਉਂਦੀ ਤਦ ਤਕ ਨਾ ਅਸੀਂ ਉਸ ਕਲਾ ਦੇ ਮਾਲਕ ਨੂੰ ਭਾਵ ਉਸ ਕਲਾਕਾਰ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਆਪਣੇ ਅੰਦਰ ਦੀ ਕਲਿ ਨੂੰ ਸਮਝ ਸਕਦੇ ਹਾਂ ਜਿਸਦੀ ਸਮਝ ਆਏ ਬਿਨਾਂ ਅਸੀਂ ਇਸ ਸੰਸਾਰ ਦੀ ਅਸਲੀਅਤ ਨੂੰ ਨਹੀਂ ਜਾਣ ਸਕਦੇ, ਆਪਣੀ ਅਸਲੀਅਤ ਨੂੰ ਨਹੀਂ ਜਾਣ ਸਕਦੇ ਕਿ ਅਸੀਂ ਕੌਣ ਹਾਂ ਭਾਵ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਜਿਸਦੀ ਸਮਝ ਉਸ ਪ੍ਰਮਾਤਮਾ ਦੀ ਕਲਾ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਜਿਸ ਪੂਰੇ ਸ਼ਬਦ ਨੂੰ ਅਸੀਂ ਕਾਫੀ ਪਿੱਛੇ ਲੇਖ ਵਿੱਚ ਪਹਿਲੇ ਸਮਝ ਚੁਕੇ ਹਾਂ।

“ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥ ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥ ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥ ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥”

(ਅੰਗ ੯੭੪)

ਅਸੀਂ ਇਸ ਗੱਲ ਨੂੰ ਤਾਂ ਸਮਝਦੇ ਹਾਂ ਕਿ ਸਭ ਦੇ ਅੰਦਰ ਪ੍ਰਮਾਤਮਾ ਦੀ ਕਲਾ ਹੀ ਵਰਤ ਰਹੀ ਹੈ। ਅਸੀਂ ਇਸ ਗੱਲ ਨੂੰ ਵੀ ਸਮਝਦੇ ਹਾਂ ਕਿ ਪ੍ਰਮਾਤਮਾ ਸਭ ਦੇ ਅੰਦਰ ਜੋਤਿ ਦੇ ਰੂਪ ਵਿੱਚ ਹੈ। ਸਾਡੇ ਅੰਦਰ ਪ੍ਰਮਾਤਮਾ ਮਨ ਦੀ ਜੋਤਿ ਰਾਹੀਂ ਹੀ ਆਪਣੀ ਕਲਾ ਵਰਤਾਂਦਾ ਹੈ। ਜਿਸਨੂੰ ਪ੍ਰਮਾਤਮਾ ਦੀ ਇਹ ਕਲਾ ਸਮਝ ਆ ਜਾਂਦੀ ਹੈ ਕਿ ਉਹ ਸਾਡੇ ਅੰਦਰ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ, ਆਪਣੇ ਜੋਤਿ ਰੂਪ ਵਿੱਚ ਕਿਸ ਤਰੀਕੇ ਵੱਸਿਆ ਹੋਇਆ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ

ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਉਹ ਜਗ੍ਹਾ ਸਮਝਾਈ ਹੋਈ ਹੈ ਜਿਸ ਥਾਂ ਤੇ ਪ੍ਰਮਾਤਮਾ ਵਾਸ ਕਰਦਾ ਹੈ ਭਾਵ ਜੋ ਪ੍ਰਮਾਤਮਾ ਦਾ ਸਥਾਨ ਉਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਜੋ ਉਸ ਅਸਥਾਨ ਤੇ ਪ੍ਰਮਾਤਮਾ ਨੂੰ ਪਾਉਂਦਾ ਹੈ ਇਹੀ ਪ੍ਰਮਾਤਮਾ ਨੂੰ ਜਾਨਣ ਦੀ ਨਿਸ਼ਾਨੀ ਹੈ ਤੇ ਜੋ ਪ੍ਰਮਾਤਮਾ ਨੂੰ ਕਿਸੇ ਹੋਰ ਸਥਾਨ ਤੇ ਜਾਂ ਕਿਸੇ ਹੋਰ ਰੂਪ ਵਿੱਚ ਪਾਉਂਣ ਦੀਆਂ ਗੱਲਾਂ ਕਰਦੇ ਹਨ ਫਿਰ ਇਸਦਾ ਮਤਲਬ ਇਹ ਹੈ ਕਿ ਉਹਨਾਂ ਨੂੰ ਪ੍ਰਮਾਤਮਾ ਦੀ ਕੋਈ ਸਮਝ ਨਹੀਂ ਹੈ ਤੇ ਉਹ ਪ੍ਰਮਾਤਮਾ ਨੂੰ ਜਾਨਣ ਵਿੱਚ ਭਰਮ ਵਿੱਚ ਹੀ ਹਨ ਭਾਵ ਮਾਇਆ ਮੋਹ ਵਿੱਚ ਹੀ ਹਨ। ਜੋ ਪ੍ਰਮਾਤਮਾ ਨੂੰ ਪਾਉਂਦਾ ਹੈ ਉਹ ਮਨ ਦੇ ਅੰਦਰੋਂ ਮਾਇਆ ਮੋਹ ਨਿਕਲਣ ਦੁਆਰਾ ਹੀ ਪਾਉਂਦਾ ਹੈ ਤੇ ਜਿਸ ਸਥਾਨ ਤੇ ਸਾਡਾ ਮਾਇਆ ਮੋਹ ਨਿਕਲਦਾ ਹੈ ਉਹ ਅਸਥਾਨ ਤੇ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਜਿਸ ਰੂਪ ਵਿੱਚ ਮਾਇਆ ਮੋਹ ਨਿਕਲਦਾ ਹੈ ਉਸੇ ਰੂਪ ਵਿੱਚ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਹੀ ਗੱਲ ਸਾਨੂੰ ਉਪਰ ਪੰਗਤੀਆਂ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਦੀ ਨਿਸ਼ਾਨੀ ਸਮਝਾਈ ਹੋਈ ਹੈ ਜੋ ਕਿ ਕਦੇ ਝੂਠੀ ਗੱਲ ਨਹੀਂ ਹੋ ਸਕਦੀ ਕਿਉਂਕਿ ਜਿਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੇ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਕੀਤੀ ਹੈ ਤੇ ਉਹਨਾਂ ਨੇ ਜਿਸ ਰੂਪ ਵਿੱਚ ਪ੍ਰਮਾਤਮਾ

ਨੂੰ ਪਾਇਆ ਹੈ, ਜਿਸ ਅਸਥਾਨ ਤੇ ਪਾਇਆ ਹੈ ਉਹ ਗਲਤ ਕਿਵੇਂ ਹੋ ਸਕਦਾ ਹੈ ਭਾਵ ਪੂਰਨ ਸੱਚ ਹੈ। ਸਾਡੇ ਸਭ ਦੇ ਅੰਦਰ ਮਾਇਆ ਹੈ ਤੇ ਇਹ ਮਾਇਆ ਹੀ ਸਾਨੂੰ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖਦੀ ਹੈ ਇਹ ਪੂਰਨ ਵਿਸ਼ਵਾਸ ਉਸਨੂੰ ਹੀ ਆਉਂਦਾ ਹੈ ਜਦੋਂ ਕੋਈ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ। ਸਭ ਤੋਂ ਪਹਿਲਾਂ ਸਾਡੇ ਲਈ ਇਹ ਜਰੂਰੀ ਹੈ ਕਿ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਕਰੀਏ ਨਾ ਕਿ ਉਹਨਾਂ ਦੀ ਗੱਲ ਤੇ ਜਿਨ੍ਹਾਂ ਨੇ ਸਾਨੂੰ ਪ੍ਰਮਾਤਮਾ ਨੂੰ ਪਾਉਂਣ ਦਾ ਕੋਈ ਹੋਰ ਅਸਥਾਨ ਸਮਝਾਇਆ ਹੈ ਤੇ ਕਿਸੇ ਆਕਾਰ ਰੂਪ ਵਿੱਚ ਹੋਣ ਦੀ ਗੱਲ ਸਮਝਾਈ ਹੋਈ ਹੈ, ਆਪਣੇ ਸਰੀਰ ਤੋਂ ਬਿਨਾਂ ਕਿਸੇ ਹੋਰ ਜਗ੍ਹਾ ਤੇ ਪਾਉਂਣ ਦੀ ਗੱਲ ਸਮਝਾਈ ਹੋਈ ਹੈ ਫਿਰ ਉਹ ਪੂਰੀ ਤਰ੍ਹਾਂ ਭਰਮ ਵਿੱਚ ਹਨ ਤੇ ਉਹਨਾਂ ਤੇ ਵਿਸ਼ਵਾਸ ਕਰਨ ਵਾਲੇ ਵੀ ਪੂਰੇ ਭਰਮ ਵਿੱਚ ਹਨ। ਅਸੀਂ ਗੁਰੂ ਨੂੰ ਮੰਨਦੇ ਹਾਂ, ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ ਤੇ ਫਿਰ ਸਾਨੂੰ ਵਿਸ਼ਵਾਸ ਕਿਸ ਦੀ ਗੱਲ ਤੇ ਕਰਨਾ ਚਾਹੀਦਾ ਹੈ ਇਹ ਕਿਸੇ ਨੂੰ ਸਮਝਾਉਂਣ ਦੀ ਲੋੜ ਨਹੀਂ ਹੈ। ਆਉ ਹੁਣ ਸਮਝੀਏ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਕੀ ਨਿਸ਼ਾਨੀ ਸਮਝਾਈ ਹੈ।

“ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥”

42/5369

ਪ੍ਰਮਾਤਮਾ ਦਾ ਸਥਾਨ ਉਹ ਹੈ ਜਿਸ ਅਸਥਾਨ ਤੋਂ ਗੁਰਬਾਣੀ ਆਈ ਹੈ, ਅਨਾਹਦ ਬਾਣੀ ਆਈ ਹੈ। ਜਿਨ੍ਹਾਂ ਸਰੀਰਾਂ ਦੇ ਰਾਹੀਂ ਅਨਾਹਦ ਬਾਣੀ ਆਈ ਹੈ ਉਹ ਉਹਨਾਂ ਦੇ ਮੁੱਖੋਂ ਸ਼ਬਦਾਂ ਦੇ ਰੂਪ ਵਿੱਚ ਆਈ ਹੈ। ਮਨੁੱਖ ਜੋ ਵੀ ਸ਼ਬਦ ਉਚਾਰਦਾ ਹੈ ਜਾਂ ਬੋਲਦਾ ਹੈ ਉਹ ਪਹਿਲੇ ਸਾਡੇ ਮਨ ਦੇ ਵਿੱਚ ਵਿਚਾਰਾਂ ਦੇ ਰੂਪ ਵਿੱਚ ਉਪਜਦਾ ਹੈ। ਜਦ ਤਕ ਅਸੀਂ ਮਾਇਆ ਮੋਹ ਵਿੱਚ ਹਾਂ, ਤ੍ਰੈ ਗੁਣਾਂ ਵਿੱਚ ਹਾਂ ਤਦ ਵੀ ਅਸੀਂ ਜੋ ਕੁਝ ਮੁੱਖੋਂ ਬੋਲਦੇ ਹਾਂ ਉਹ ਸ਼ਬਦਾਂ ਦੇ ਰਾਹੀਂ ਹੀ ਬੋਲਦੇ ਹਾਂ ਤੇ ਉਹ ਬੋਲ ਸਾਡੇ ਅੰਦਰੋਂ ਹੀ ਉਪਜਦੇ ਹਨ, ਮਨ ਦੇ ਵਿੱਚੋਂ ਹੀ ਉਪਜਦੇ ਹਨ ਪਰ ਸਾਨੂੰ ਇਹ ਸਮਝ ਨਹੀਂ ਹੁੰਦੀ ਕਿ ਸਾਡੇ ਅੰਦਰ ਇਹ ਵਿਚਾਰ ਕਉਂਣ ਪਾ ਰਿਹਾ ਹੈ, ਕਿਵੇਂ ਪਾ ਰਿਹਾ ਹੈ। ਸਾਰਾ ਭੇਦ ਇੱਥੇ ਹੀ ਛੁੱਪਿਆ ਹੋਇਆ ਹੈ। ਜਦੋਂ ਸਾਡੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਗਿਆਨ ਕਿੱਥੋਂ ਉਪਜਦਾ ਹੈ, ਕਿਸਦੀ ਮਰਜੀ ਨਾਲ ਉਪਜਦਾ ਹੈ। ਜਦ ਤਕ ਅਸੀਂ ਮਨ ਦੀ ਸਮਝ ਨੂੰ ਆਪਣੀ ਸਮਝਦੇ ਹਾਂ ਤਦ ਤਕ ਆਪਣੇ ਬੋਲਾਂ ਨੂੰ ਆਪਣੀ ਬਾਣੀ ਸਮਝਦੇ ਹਾਂ ਭਾਵ ਇਸਨੂੰ ਅਨਾਹਦ ਬਾਣੀ ਨਹੀਂ ਸਮਝਦੇ। ਅਨਾਹਦ ਬਾਣੀ ਦੁਆਰਾ ਸਾਨੂੰ ਮਨ ਦੇ ਵਿੱਚੋਂ ਜੋ ਕੁਝ ਸਮਝ ਪੈਂਦੀ ਹੈ ਉਸ ਵਿੱਚ ਪੂਰਨ ਸੱਚ ਹੁੰਦਾ ਹੈ। ਇਹ ਅਨਾਹਦ ਪਹਿਲੇ ਸਾਡਾ ਮਨ ਸੁਣਦਾ ਹੈ ਜੋ ਬਿਨਾਂ ਕਿਸੇ ਆਹਟ ਤੋਂ ਸੁਣਦਾ ਹੈ ਭਾਵ ਮਨ ਦੀ ਖਾਮੋਸ਼ ਅਵਸਥਾ ਇਸਨੂੰ ਮਨ ਦੇ ਵਿੱਚ ਵਿਚਾਰਾਂ ਰਾਹੀਂ ਸੁਣਦੀ ਹੈ ਭਾਵ ਗਿਆਨ ਰੂਪ ਵਿੱਚ ਸੁਣਦੀ ਹੈ ਭਾਵ ਨਿਰੰਕਾਰ ਰੂਪ ਵਿੱਚ ਸੁਣਦੀ ਹੈ। ਜਿਸ ਜਗ੍ਹਾ ਤੇ ਮਨ ਇਸ ਨਾਦ ਨੂੰ ਸੁਣਦਾ ਹੈ ਉਹੀ ਪ੍ਰਮਾਤਮਾ ਦਾ ਸਥਾਨ ਹੈ ਭਾਵ ਸਾਡਾ ਮਨ ਹੈ ਜਿਸਦਾ ਕੋਈ ਰੂਪ ਰੇਖ ਨਹੀਂ ਹੈ, ਜਿਸਦਾ ਕੋਈ ਆਕਾਰ ਰੂਪ ਨਹੀਂ ਹੈ ਤੇ ਨਾ ਹੀ ਉਸ ਜਗ੍ਹਾ ਤੇ ਕੋਈ ਹੋਰ ਆਕਾਰ ਰੂਪ ਹੁੰਦਾ ਹੈ ਭਾਵ ਉੱਥੇ ਚੰਦ, ਸੂਰਜ, ਪਉਂਣ, ਪਾਣੀ ਕੁਝ ਵੀ ਨਹੀਂ ਹੁੰਦਾ। ਉਸ ਜਗ੍ਹਾ ਤੇ ਕੇਵਲ ਸ਼ਬਦ ਰੂਪ ਗਿਆਨ ਹੀ ਉਪਜਦਾ ਹੈ ਜਿਸ ਗਿਆਨ ਦੁਆਰਾ ਸਾਡੇ ਅੰਦਰ ਦੀ ਮਤਿ ਜਾਗਦੀ ਹੈ, ਗੁਰੂ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਜਾਗਦੀ ਹੈ, ਸੱਚੀ ਗੁਰਮਤਿ ਦੇ ਰੂਪ ਵਿੱਚ ਜਾਗਦੀ ਹੈ ਜਿਸ ਸਿੱਖਿਆ ਨੂੰ ਜਾਨਣ ਦੁਆਰਾ ਇਹ ਮਨੁੱਖੀ ਰੂਪ ਗੁਰਮੁਖਿ ਰੂਪ ਬਣਦਾ ਹੈ, ਗੁਰੂ ਰੂਪ ਬਣਦਾ ਹੈ, ਭਗਤ ਰੂਪ ਬਣਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਜੋ ਕੁਝ ਉਹਨਾਂ ਨੇ ਆਪਣੇ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਕੋਲੋਂ ਜਾਣਿਆ ਹੈ, ਸ਼ਬਦਾਂ ਦੇ ਰੂਪ ਵਿੱਚ ਜਾਣਿਆ ਹੈ, ਅਨਾਹਦ ਬਾਣੀ ਦੇ ਰੂਪ ਵਿੱਚ ਜਾਣਿਆ ਹੈ ਉਹੀ ਕੁਝ ਉਹਨਾਂ ਨੇ ਆਪਣੇ ਮੁੱਖਾਂ ਰਾਹੀਂ ਸ਼ਬਦਾਂ ਦੇ ਰੂਪ ਵਿੱਚ ਸੰਸਾਰ ਨੂੰ

42/5370

ਸੁਣਾਇਆ ਹੈ, ਸੱਚੀ ਸਿੱਖਿਆ ਦੇ ਰੂਪ ਵਿੱਚ ਸੁਣਾਇਆ ਹੈ, ਪੁਰਨ ਸੱਚ ਦੇ ਰੂਪ ਵਿੱਚ ਸੁਣਾਇਆ ਹੈ, ਨਾਮ ਦੇ ਰੂਪ ਵਿੱਚ ਸੁਣਾਇਆ ਹੈ। **(ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥ ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥)**

ਜਿਸ ਅਸਥਾਨ ਤੇ ਸੱਚੀ ਸਿੱਖਿਆ ਦੀ ਸਮਝ ਪੈਂਦੀ ਹੈ ਉਹ ਕਿਸ ਰੂਪ ਵਿੱਚ ਪੈਂਦੀ ਹੈ ਤੇ ਉਸ ਅਸਥਾਨ ਤੇ ਪ੍ਰਮਾਤਮਾ ਦੇ ਨਾਲ ਮੇਲ ਕਿਸ ਰੂਪ ਵਿੱਚ ਹੁੰਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥

ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥”

ਪ੍ਰਮਾਤਮਾ ਸਾਡੇ ਅੰਦਰ ਜਿਸ ਅਸਥਾਨ ਤੇ ਵੱਸਦਾ ਹੈ ਭਾਵ ਜਿਸ ਅਸਥਾਨ ਤੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਸ ਅਸਥਾਨ ਤੇ ਸਾਡੇ ਅੰਦਰ **“ਗਿਆਨੁ”** ਉਪਜਦਾ ਹੈ। ਗਿਆਨ ਉਪਜਣ ਦੀ ਇੱਕੋ ਇੱਕ ਜਗ੍ਹਾ ਸਾਡਾ ਮਨ ਹੈ ਤੇ ਦੂਸਰਾ ਅਸਥਾਨ ਨਹੀਂ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਮਨ ਰੂਪ ਅਸਥਾਨ ਤੇ ਵੱਸਦਾ ਹੈ ਤੇ ਉਸਦੇ ਵੱਸਣ ਦੇ ਨਾਲ ਸਾਡੇ ਅੰਦਰ ਉਹ ਗਿਆਨ ਉਪਜਦਾ ਹੈ ਜਿਸ ਗਿਆਨ ਦੁਆਰਾ ਸਾਡੇ ਅੰਦਰ ਦੀ ਦੁਰਮਤਿ ਦੂਰ ਹੁੰਦੀ ਹੈ, ਨਾਸ ਹੁੰਦੀ ਹੈ। ਜਦ ਤਕ ਅਸੀਂ ਦੁਰਮਤਿ ਦੇ ਵਿੱਚ ਹਾਂ ਤਦ ਤਕ ਸਾਡੇ ਅੰਦਰ ਗੁਰੂ ਦਾ ਸੱਚਾ ਗਿਆਨ ਨਹੀਂ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਨਹੀਂ ਹੈ ਜਿਸ ਦੁਆਰਾ ਸਾਡੀ ਮਤਿ ਜਾਗਦੀ ਹੈ। ਜਦ ਤਕ ਸਾਡੇ ਅੰਦਰ ਦੁਰਮਤਿ ਹੈ ਭਾਵ ਸਾਡੇ ਅੰਦਰ ਮਾਇਆ ਮੋਹ ਹੈ, ਅਗਿਆਨਤਾ ਹੈ ਭਾਵ ਮਨਮਤਿ ਹੈ ਤਦ ਤਕ ਹਰ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਹੈ। ਪ੍ਰਮਾਤਮਾ ਜਿਸਨੂੰ ਮਨ ਦੇ ਅੰਦਰ ਆਪਣਾ ਆਪ ਜਣਾਉਂਦਾ ਹੈ ਉਸਦੇ ਅੰਦਰ ਪ੍ਰਮਾਤਮਾ ਆਪ **“ਗਿਆਨ”** ਦੇ ਰੂਪ ਵਿੱਚ ਉਪਜਦਾ ਹੈ ਭਾਵ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਹੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਅੰਦਰ ਸੱਚੇ ਗਿਆਨ ਦੇ ਰੂਪ ਵਿੱਚ ਹੈ, ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੈ, ਗੁਰਮਤਿ ਰੂਪ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ ਜੋ ਮਨ ਦੇ ਵਿੱਚ ਆਪ ਹੀ ਪ੍ਰਗਟ ਹੋ ਕੇ ਆਪਣੀ ਸੱਚੀ ਸਿੱਖਿਆ ਸਮਝਾਉਂਦਾ ਹੈ, ਧਰਮ ਦੇ ਮਾਰਗ ਦੀ, ਭਗਤੀ ਦੇ ਮਾਰਗ ਦੀ ਸੱਚੀ ਸਿੱਖਿਆ ਸਮਝਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਦੁਰਮਤਿ ਵਿੱਚੋਂ ਭਾਵ ਅਗਿਆਨਤਾ ਵਾਲੀ ਨਾਸਮਝ ਮਤਿ ਵਿੱਚੋਂ ਕੱਢਦਾ ਹੈ ਜਿਸ ਮਤਿ ਵਿੱਚ ਰਹਿੰਦਿਆਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਤੇ ਨਾ ਹੀ ਉਸਦੀ ਸੱਚੀ ਸਿੱਖਿਆ ਦੀ ਸਮਝ ਪੈਂਦੀ ਹੈ

ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ। **(ਉਪਜੈ ਗਿਆਨੁ ਦੁਰਮਤਿ ਛੀਜੈ ॥)**

ਸਾਡੇ ਅੰਦਰ ਸੱਚੇ ਗਿਆਨ ਦਾ ਉਪਜਣਾ ਹੀ **“ਅੰਮ੍ਰਿਤ ਰਸਿ”** ਦੀ ਪ੍ਰਾਪਤੀ ਹੈ ਜੋ ਅੰਮ੍ਰਿਤ ਰਸਿ ਭਾਵ ਨਾਮ ਰਸ ਸਾਡਾ ਮਨ ਪੀਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਪੀਂਦਾ ਹੈ। ਇਹ ਅੰਮ੍ਰਿਤ ਰਸਿ ਗੁਰਮਤਿ ਰੂਪ ਸੱਚੀ ਸੋਝੀ ਦਾ ਰਸਿ ਹੈ, ਪ੍ਰਮਾਤਮਾ ਕੋਲੋਂ ਮਿਲਣ ਵਾਲੇ ਸੱਚੇ ਗਿਆਨ ਦਾ ਰਸ ਹੈ ਜਿਸ ਦੁਆਰਾ ਸਾਡਾ ਮਨ, ਮਨ ਦੇ ਵਿੱਚ ਹੀ **“ਗਗਨੰਤਰਿ”** ਦੇ ਨਾਲ ਭਿੱਜਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਭਿੱਜਦਾ ਹੈ। ਪ੍ਰਮਾਤਮਾ ਦੇ ਨਾਲ ਭਿੱਜਣਾ ਸਾਡੀ ਸਮਝ ਨੇ ਹੀ ਹੈ ਭਾਵ ਮਤਿ ਨੇ ਹੀ ਹੈ ਭਾਵ ਸਾਡੀ ਦੁਰਮਤਿ ਨੇ ਗੁਰਮਤਿ ਦੇ ਨਾਲ ਭਿੱਜਣਾ ਹੈ ਭਾਵ ਦੁਰਮਤਿ ਵਾਲੇ ਵਿਚਾਰ ਛੱਡ ਕੇ ਗੁਰਮਤਿ ਵਾਲੇ ਵਿਚਾਰਾਂ ਨਾਲ ਜੁੜਨਾ ਹੈ। ਪ੍ਰਮਾਤਮਾ ਸਾਡੇ ਅੰਦਰ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਸਦੇ ਨਾਲ ਮਨ ਦੇ ਵਿੱਚ ਵਿਚਾਰਾਂ ਰਾਹੀਂ ਹੀ ਮੇਲ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਇਹੀ ਹੈ ਤੇ ਹਰ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦਾ ਮੇਲ ਪ੍ਰਮਾਤਮਾ ਦੇ ਨਾਲ ਮਨ ਰੂਪ ਅਸਥਾਨ ਉੱਤੇ ਇਸੇ ਤਰੀਕੇ ਹੀ ਹੋਇਆ ਹੈ ਜਿਸ ਰਾਹੀਂ ਉਹਨਾਂ ਨੇ ਇੱਕੋ ਜਿਹੀ ਭਗਤੀ ਦੀ ਸਿੱਖਿਆ ਹੀ ਸਮਝਾਈ ਹੈ, ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਇਆ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪਣੀ ਦੁਰਮਤਿ ਨੂੰ ਛੱਡ ਕੇ ਗੁਰਮਤਿ ਨਾਲ ਜੁੜਨ ਦਾ ਹੈ।
(ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥)

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਉਹ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਕਿਸ ਕਰਕੇ ਉਸਨੂੰ ਆਪਣੇ ਅੰਦਰੋਂ ਜਾਣਿਆ ਨਹੀਂ ਜਾ ਸਕਦਾ ਇਹੀ ਪ੍ਰਮਾਤਮਾ ਦੀ ਕਲਾ ਹੈ ਜਿਸਨੂੰ ਆਪਣੇ ਆਪ ਸਮਝਣਾ ਨਾਮੁਮਕਿਨ ਹੈ। ਪ੍ਰਮਾਤਮਾ ਦੀ ਇਹ ਕਲਾ ਸਾਡੇ ਅੰਦਰ ਪਾਈ ਭਰਮ ਵਾਲੀ ਮਤਿ ਹੈ, ਮਾਇਆ ਮੋਹ ਵਾਲੀ ਮਤਿ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਭਾਵ ਸਾਡੇ ਅੰਦਰ ਦੀ ਦੁਰਮਤਿ ਹੈ ਜਿਸਦੇ ਰਹਿੰਦਿਆਂ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਜਿਸਦੇ ਅੰਦਰ ਪ੍ਰਮਾਤਮਾ ਆਪਣੇ ਗਿਆਨ ਦੇ ਰੂਪ ਵਿੱਚ ਉਪਜਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਉਪਜਦਾ ਹੈ ਉਹੀ ਪ੍ਰਮਾਤਮਾ ਦੀ ਪਾਈ ਹੋਈ ਸਾਡੇ ਅੰਦਰ ਦੀ ਕਲਾ ਨੂੰ ਸਮਝ ਸਕਦਾ ਹੈ ਤੇ ਜੋ ਇਸ ਕਲਾ ਨੂੰ ਜਾਣ ਲੈਂਦਾ ਹੈ ਉਸਦਾ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਭਾਵ ਜਿਸਨੇ ਪ੍ਰਮਾਤਮਾ ਦੀ ਕਲਾ ਨੂੰ ਨਹੀਂ ਜਾਣਿਆ ਉਸਨੇ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜੋ ਕਿ

ਗਿਆਨ ਦਾ ਮਾਲਕ ਹੋਣ ਕਰਕੇ ਆਪ ਹੀ ਸਾਰੇ ਜਗਤ ਦਾ ਗੁਰੂ ਹੈ ਜੋ ਆਪਣੇ ਗਿਆਨ ਰਾਹੀਂ ਬਹੁਤ ਉੱਚਾ ਹੈ। ਇਸੇ ਲਈ ਗੁਰਬਾਣੀ

ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ, ਸ਼ਬਦ ਨੂੰ ਗੁਰੂ ਕਿਹਾ ਹੈ ਜੋ ਆਪ ਹੀ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੀ ਇਹੀ ਨਿਸ਼ਾਨੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਨਿਸ਼ਾਨੀ ਦੱਸਣ ਵਾਲਿਆਂ ਦੀ ਕਮੀ ਨਹੀਂ ਹੈ ਭਾਵ ਹਰ ਕੋਈ ਇਹੋ ਜਿਹਾ ਪ੍ਰਮਾਤਮਾ ਨੂੰ ਜਾਨਣ ਦੇ ਭਰਮ ਵਿੱਚ ਹੀ ਹੈ, ਮਾਇਆ ਮੋਹ ਵਿੱਚ ਹੀ ਹੈ। ਇਹ ਮਾਇਆ ਮੋਹ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾਉਂਣ ਦਾ ਹੈ, ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ। **(ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥ ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥)**

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ ੧੩)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

{ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥
ਅਗਮ ਅਗੋਚਰੁ ਸਾਹਿਬੁ ਮੇਰਾ ॥ ਘਟ ਘਟ ਅੰਤਰਿ ਵਰਤੈ ਨੇਰਾ ॥
ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥
ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥

ਹਥੀ ਦਿਤੀ ਪ੍ਰਭਿ ਦੇਵਣਹਾਰੈ ॥ ਜਨਮ ਮਰਣ ਰੋਗ ਸਭਿ ਨਿਵਾਰੇ ॥
ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥}

(ਅੰਗ ੧੦੬)

ਜਿਵੇਂ ਕਿ ਅਸੀਂ ਉਪਰ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਭਾਵ ਨਿਰਗੁਣ ਰੂਪ ਵੀ ਉਹ ਆਪ ਹੈ ਤੇ ਸਰਗੁਣ ਰੂਪ ਵੀ ਉਹ ਆਪ ਹੈ ਪਰ ਫਿਰ ਵੀ ਉਸਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਕੋਈ ਸਮਝ ਨਹੀਂ ਸਕਦਾ ਜਿਸਦਾ ਕਾਰਣ ਸਾਡੇ ਅੰਦਰ ਵਰਤ ਰਹੀ ਉਸਦੀ ਕਲਾ ਹੈ, ਉਸਦੀ ਗਿਆਨ ਰੂਪ ਕਲਾ ਹੈ ਜਿਸ ਕਲਾ ਨੂੰ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਹੀਂ ਸਮਝਿਆ ਜਾ ਸਕਦਾ। ਇਸ ਸੰਸਾਰ ਦੀ ਖੇਡ ਨੂੰ ਬਣਾ ਕੇ ਪ੍ਰਮਾਤਮਾ ਆਪ ਹੀ ਚਲਾ ਰਿਹਾ ਹੈ ਤੇ ਜਿਸ ਤਰੀਕੇ ਉਹ ਆਪਣੀ ਖੇਡ ਨੂੰ ਚਲਾਂਦਾ ਹੈ ਇਹ ਉਸਦੀ ਕਲਾ ਹੈ ਭਾਵ ਗਿਆਨ ਰੂਪ ਕਲਾ ਹੈ। ਉਹ ਬਹੁਤ ਵੱਡੇ ਗਿਆਨ ਦਾ ਮਾਲਕ ਹੈ ਤੇ ਸਾਰੇ ਸੰਸਾਰ ਨੂੰ ਅਗਿਆਨਤਾ ਵਿੱਚ ਰੱਖਣਾ ਉਸਦੀ ਆਪਣੀ ਬਣਾਈ ਹੋਈ ਕਲਾ ਹੈ ਭਾਵ ਉਸ ਵੱਡੇ ਗਿਆਨ ਦੇ ਮਾਲਕ ਨੇ

ਆਪ ਹੀ ਆਪਣਾ ਆਕਾਰ ਰੂਪ ਬਣਾਕੇ ਉਸਦੇ ਵਿੱਚ ਆਪਣਾ ਨਿਰੰਕਾਰ ਰੂਪ ਪਾਇਆ ਹੋਇਆ ਹੈ, ਆਪਣੀ ਜੋਤਿ ਰਾਹੀਂ ਪਾਇਆ ਹੋਇਆ ਹੈ। ਉਹ ਆਪਣੀ ਕਲਾ ਆਪਣੇ ਨਿਰੰਕਾਰ ਰੂਪ ਦੁਆਰਾ ਵਰਤਾਉਂਦਾ ਹੈ। ਸਾਡੇ ਅੰਦਰ ਦੀ ਅਗਿਆਨਤਾ ਵੀ ਨਿਰੰਕਾਰ ਰੂਪ ਹੈ ਜਿਸਦਾ ਕੋਈ ਆਕਾਰ ਰੂਪ ਨਹੀਂ ਹੈ। ਜਿਸਨੂੰ ਪ੍ਰਮਾਤਮਾ ਆਪਣੀ ਇਹ ਕਲਾ ਦਿਖਾਉਂਦਾ ਹੈ ਉਸਨੂੰ ਮਨ ਦੇ ਅੰਦਰੋਂ ਆਪਣੀ ਜੋਤਿ ਰਾਹੀਂ ਹੀ ਦਿਖਾਉਂਦਾ ਹੈ ਭਾਵ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ, ਸੱਚੇ ਗਿਆਨ ਵਾਲੇ ਰੂਪ ਨੂੰ ਮਨ ਦੀ ਅਗਿਆਨਤਾ ਵਾਲੇ ਰੂਪ ਦੁਆਰਾ ਹੀ ਸਮਝਿਆ ਜਾਂਦਾ ਹੈ ਭਾਵ ਸਾਡੇ ਮਨ ਦੀ ਸਮਝ ਹੀ, ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਪਾਈ ਹੋਈ ਉਸ ਪ੍ਰਮਾਤਮਾ ਦੀ ਕਲਾ ਹੈ, ਮਾਇਆ ਰੂਪ ਕਲਾ ਹੈ ਜਿਸਦੀ ਸਮਝ ਕੇਵਲ ਉਸ ਨਾਲੋਂ ਉੱਚੇ ਗਿਆਨ ਦੁਆਰਾ ਹੀ ਪੈ ਸਕਦੀ ਹੈ ਭਾਵ ਛੋਟੇ ਗਿਆਨ ਦੀ ਸਮਝ ਵੱਡੇ ਗਿਆਨ ਦੁਆਰਾ ਹੀ ਪੈ ਸਕਦੀ ਹੈ ਤੇ ਉਸ ਵੱਡੇ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਜਿਸਦੀ ਸਮਝ ਮਨ ਦੇ ਛੋਟੇ ਗਿਆਨ ਨੂੰ ਨਹੀਂ ਪੈ ਸਕਦੀ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਮਨ ਦੇ ਅੰਦਰ ਆਪਣੇ ਵੱਡੇ ਗਿਆਨ ਵਾਲਾ ਰੂਪ ਦਿਖਾਵੇ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਸਾਨੂੰ ਪ੍ਰਮਾਤਮਾ ਨੇ ਆਪ ਹੀ ਛੋਟੇ ਗਿਆਨ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਹ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਜਿਸਨੂੰ ਉਸਦੀ ਖੇਡ ਸਮਝ ਆ ਜਾਂਦੀ ਹੈ ਉਸਨੂੰ ਹੀ ਫਿਰ ਵਿਸ਼ਵਾਸ ਆਉਂਦਾ ਹੈ ਕਿ ਸਾਡੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਭ ਨੂੰ ਮਨ ਦੇ ਗਿਆਨ ਰਾਹੀਂ ਭਰਮ ਵਿੱਚ ਰੱਖ ਕੇ ਆਪ ਹੀ ਚਲਾ ਰਿਹਾ ਹੈ। ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਹੋਂਦ ਕੇਵਲ ਇੱਕ ਝੂਠ ਹੀ ਹੈ। ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯

ੴ ਸਤਿਗੁਰ ਪ੍ਰਸਾਦਿ ॥

“ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਯੈ ਨਿਰਗੁਨ ਊਯੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥
ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥
ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥”

(ਅੰਗ ੮੨੭)

ਉਪਰ ਸਾਰੇ ਸ਼ਬਦ ਰਾਹੀਂ ਇਹੀ ਗੱਲ ਸਮਝਾਈ ਹੋਈ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਦਾ ਵਿਸ਼ਵਾਸ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆਉਂਦਾ ਹੈ ਜਿਵੇਂ ਕਿ ਸ਼ਬਦ ਦੀ ਆਖਰੀ ਪੰਗਤੀ ਦੁਆਰਾ ਸਪਸ਼ਟ ਕੀਤਾ ਹੋਇਆ

ਹੈ। ਇੱਕ ਗੱਲ ਤਾਂ ਪੱਕੀ ਹੈ ਕਿ ਜਦੋਂ ਪ੍ਰਮਾਤਮਾ ਦੇ ਨਾਲ ਮੇਲ ਹੋਵੇਗਾ ਫਿਰ ਸਿਵਾਏ ਪ੍ਰਮਾਤਮਾ ਤੋਂ ਹੋਰ ਕੁਝ ਵੀ ਨਹੀਂ ਦਿਸੇਗਾ ਤੇ ਜਦ ਤਕ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੁੰਦਾ ਤਦ ਤਕ ਸਭ ਕੁਝ ਪ੍ਰਮਾਤਮਾ ਤੋਂ ਵੱਖਰਾ ਹੀ ਦਿਸੇਗਾ ਜਿਸ ਵਿੱਚ ਅਸੀਂ ਆਪ

ਵੀ ਆਉਂਦੇ ਹਾਂ ਭਾਵ ਸਾਰਾ ਸੰਸਾਰ ਆਉਂਦਾ ਹੈ। ਫਰਕ ਕੇਵਲ ਮਨ ਦੀ ਸਮਝ ਦਾ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਜਿਹੜੀ ਮਨ ਦੀ ਸਮਝ ਸਾਨੂੰ ਸਭ ਕੁਝ ਪ੍ਰਮਾਤਮਾ ਤੋਂ ਦੂਸਰਾ ਰੂਪ ਸਮਝਾਉਂਦੀ ਹੈ ਉਹੀ ਮਨ ਦੀ ਸਮਝ ਫਿਰ ਸਭ ਵਿੱਚ ਪ੍ਰਮਾਤਮਾ ਨੂੰ ਦੇਖਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਵੀ ਸਾਡੇ ਮਨ ਦੀ ਸਮਝ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਵੀ ਸਾਡੇ ਮਨ ਦੀ ਸਮਝ ਹੈ। ਜਦ ਤਕ ਅਸੀਂ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹਾਂ ਫਿਰ ਕਿਸੇ ਵਿੱਚ ਵੀ ਪ੍ਰਮਾਤਮਾ ਨਜਰ ਨਹੀਂ ਆਉਂਦਾ। ਚੌਥੇ ਪਦ ਦੀ ਸਮਝ ਦੁਆਰਾ ਫਿਰ ਪ੍ਰਮਾਤਮਾ ਤੋਂ ਕੁਝ ਹੋਰ ਨਜਰ ਨਹੀਂ ਆਉਂਦਾ। ਪ੍ਰਮਾਤਮਾ ਆਪ ਹੀ ਨਿਰਗੁਣ ਰੂਪ ਵਿੱਚ ਹੈ ਜਿਸ ਰੂਪ ਵਿੱਚ ਉਹ ਸਾਡੇ ਅੰਦਰ ਵਿਚਰ ਰਿਹਾ ਹੈ। ਸਾਡੇ ਅੰਦਰ ਦੀ ਸਮਝ ਨਿਰੰਕਾਰ ਰੂਪ ਹੈ ਜਿਸਦਾ ਕੋਈ ਆਕਾਰ ਨਹੀਂ ਹੈ ਭਾਵ ਇਹ ਸਾਡੇ ਅੰਦਰ ਨਿਰਗੁਣ ਰੂਪ ਹੀ ਹੈ ਜਿਸ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਸਾਡਾ ਸਰੀਰ ਸਰਗੁਣ ਰੂਪ ਹੈ ਭਾਵ ਆਕਾਰ ਰੂਪ ਹੈ ਜਿਸ ਆਕਾਰ ਰੂਪ ਨੂੰ ਕੇਵਲ ਮਨ ਦਾ ਨਿਰਗੁਨ ਰੂਪ ਹੀ ਸਮਝ ਸਕਦਾ ਹੈ ਭਾਵ ਮਨ ਦੀ ਸਮਝ ਹੀ ਜਾਣ ਸਕਦੀ ਹੈ ਕਿ ਇਹ ਸਾਡਾ ਸਰੀਰ ਕੀ ਹੈ ਭਾਵ ਅਸੀਂ ਪੂਰੀ ਤਰ੍ਹਾਂ ਮਨ ਦੀ ਸਮਝ ਤੇ ਨਿਰਭਰ ਹਾਂ। ਪ੍ਰਮਾਤਮਾ ਸਾਡੇ ਅੰਦਰ ਆਪ ਹੀ ਆਪਣੀ ਖੇਡ ਚਲਾ ਰਿਹਾ ਹੈ ਜੋ ਖੇਡ ਉਹ ਮਨ ਦੀ ਸਮਝ ਦੁਆਰਾ ਚਲਾ ਰਿਹਾ ਹੈ ਭਾਵ ਸਾਡੇ ਅੰਦਰ ਦੇ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਮਨ ਦੀ ਇਸ ਖੇਡ ਦੁਆਰਾ ਉਸਨੇ ਆਪ ਹੀ ਸਰਗਣ ਰੂਪ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਜਿਸ ਸਰੀਰ ਨੂੰ ਅਸੀਂ ਆਪਣਾ ਸਰੀਰ ਸਮਝਦੇ ਹਾਂ ਤੇ ਹਰ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਹੀ ਸਮਝਦੇ ਹਾਂ। ਜਿਸਨੂੰ ਮਨ ਦੀ ਇਹ ਖੇਡ ਸਮਝ ਆ ਜਾਂਦੀ ਹੈ ਭਾਵ ਜੋ ਆਪਣੇ ਅੰਦਰੋਂ ਨਿਰਗੁਣ ਰੂਪ ਨੂੰ ਜਾਣ ਲੈਂਦਾ ਹੈ ਉਸਨੂੰ ਫਿਰ ਇਹ ਸਮਝ ਪੈ ਜਾਂਦੀ ਹੈ ਕਿ ਇਸ ਆਕਾਰ ਰੂਪ ਵਿੱਚ ਮੈਂ ਨਹੀਂ ਹਾਂ ਭਾਵ ਇਹ ਮਨੁੱਖੀ ਰੂਪ ਮੇਰਾ ਨਹੀਂ ਹੈ, ਇਸਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਆਪਣੇ ਨਿਰਗੁਣ ਰੂਪ ਦੁਆਰਾ ਇਸਨੂੰ ਬਣਾ ਕੇ ਆਪ ਹੀ ਚਲਾ ਰਿਹਾ ਹੈ ਤੇ ਇਸੇ ਤਰ੍ਹਾਂ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸਦੇ ਅੰਦਰ ਉਹ ਆਪ ਹੀ ਨਿਰੰਕਾਰ ਰੂਪ ਦੇ ਵਿੱਚ ਹੈ ਭਾਵ ਗਿਆਨ ਰੂਪ ਵਿੱਚ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦੇ ਗਿਆਨ ਨਾਲ ਹੀ ਬਣਿਆ ਹੈ ਤੇ ਉਸਦੇ ਗਿਆਨ ਦੁਆਰਾ ਹੀ ਟਿਕਿਆ ਰਹਿੰਦਾ ਹੈ ਤੇ ਕੰਮ ਕਰਦਾ ਹੈ ਭਾਵ ਪ੍ਰਮਾਤਮਾ

42/5375

ਦੀ ਸਾਰੀ ਰਚਨਾ ਸਾਇੰਟਿਫਿਕ ਹੈ ਤੇ ਸਾਇੰਟਿਫਿਕਲੀ ਹੀ ਹਰ ਆਕਾਰ ਰੂਪ ਕੰਮ ਕਰਦਾ ਹੈ। ਪ੍ਰਮਾਤਮਾ ਦੇ ਆਪਣੇ ਅੰਦਰੋਂ ਨਿਰਗੁਣ ਰੂਪ ਨੂੰ ਜਾਣੇ ਬਿਨਾਂ ਭਾਵ ਗਿਆਨ ਰੂਪ ਨੂੰ ਜਾਣੇ ਬਿਨਾਂ ਕੋਈ ਨਹੀਂ ਸਮਝ ਸਕਦਾ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕੁਝ ਵੀ ਹੋਰ ਸਮਝਣਾ, ਕੋਈ ਵੀ ਦੂਜੀ ਹੋਂਦ ਸਮਝਣਾ ਸਾਡੇ ਅੰਦਰ ਦਾ ਭਰਮ ਹੈ, ਸਾਡੇ ਅੰਦਰ ਦੀ ਨਾਸਮਝ ਮਤਿ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ, ਸਾਡੇ ਅੰਦਰ ਦੀ ਸੰਸਾ ਹੈ, ਦੁਬਿਧਾ ਹੈ, ਦੁਚਿੱਤੀ ਹੈ, ਸਾਡੇ ਅੰਦਰ ਦਾ ਪੁੱਠਾ ਕਮਲ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਹੈ, ਮਨਮਤਿ ਹੈ, ਦੁਰਮਤਿ ਹੈ ਭਾਵ ਪੁੱਠੀ ਮਤਿ ਹੈ ਜੋ ਸਾਨੂੰ ਪੁੱਠੀ ਗੱਲ ਸਮਝਾਉਂਦੀ ਹੈ ਭਾਵ ਸਭ ਕੁਝ ਪ੍ਰਮਾਤਮਾ ਦੇ ਹੁੰਦੇ ਹੋਏ ਵੀ ਸਾਨੂੰ ਉਸ ਤੋਂ ਵੱਖਰਾ ਰੂਪ ਸਮਝਾਉਂਦੀ ਹੈ ਭਾਵ ਸਿੱਧੀ ਗੱਲ ਦੀ ਬਜਾਏ ਪੁੱਠੀ ਗੱਲ ਸਮਝਾਉਂਦੀ ਹੈ। ਜਦੋਂ ਇਹ ਸਾਡੇ ਅੰਦਰ ਦੀ ਪੁੱਠੀ ਮਤਿ ਸਾਨੂੰ ਸਿੱਧੀ ਗੱਲ ਸਮਝਾਏਗੀ ਫਿਰ ਸਭ ਕੁਝ ਪ੍ਰਮਾਤਮਾ ਹੀ ਨਜਰ ਆਵੇਗਾ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਇਆ ਹੈ। **(ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥)**

ਜਦੋਂ ਪ੍ਰਮਾਤਮਾ ਸਾਡੇ ਅੰਦਰ ਦੀ ਪੁੱਠੀ ਮਤਿ ਨੂੰ ਸਿੱਧੀ ਕਰ ਦਿੰਦਾ ਹੈ ਭਾਵ ਅਗਿਆਨਤਾ ਵਾਲੀ ਮਤਿ ਨੂੰ ਸੱਚੇ ਗਿਆਨ ਵਾਲੀ ਮਤਿ ਬਣਾ ਦਿੰਦਾ ਹੈ ਫਿਰ ਸਭ ਪਾਸੇ ਪ੍ਰਮਾਤਮਾ ਦਾ ਰੂਪ ਹੀ ਨਜਰ ਆਉਂਦਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਆਪਣੇ ਅੰਦਰੋਂ ਨਜਰ ਆਉਂਦਾ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਸਭ ਵਿੱਚ ਨਜਰ ਆਉਂਦਾ ਹੈ ਭਾਵ ਗਿਆਨ ਰੂਪ ਨਜਰ ਆਉਂਦਾ ਹੈ। ਜੋ ਵੀ ਮਨੁੱਖੀ ਰੂਪ ਹੈ ਉਹ ਪ੍ਰਮਾਤਮਾ ਦਾ ਹੀ ਰੂਪ ਹੈ। ਰਾਜੇ ਦੇ ਰੂਪ ਵਿੱਚ ਉਹ ਆਪ ਹੀ ਹੈ ਤੇ ਰਈਅਤ ਦੇ ਰੂਪ ਵਿੱਚ ਉਹ ਆਪ ਹੀ ਹੈ, ਮਾਲਕ ਦੇ ਰੂਪ ਵਿੱਚ ਉਹ ਆਪ ਹੀ ਹੈ ਤੇ ਚੇਲੇ ਭਾਵ ਨੌਕਰ ਦੇ ਰੂਪ ਵਿੱਚ ਉਹ ਆਪ ਹੀ ਹੈ ਭਾਵ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਗੱਲ ਦੀ ਸਮਝ ਸਾਡੇ ਅੰਦਰ ਦੀ ਸਮਝ ਬਦਲਣ ਦੁਆਰਾ ਲੱਗਦੀ ਹੈ ਭਾਵ ਮਨ ਦਾ ਭਰਮ ਰੂਪ ਪੜਦਾ ਨਿਕਲਣ ਦੁਆਰਾ ਲੱਗਦੀ ਹੈ, ਹਉਮੈ ਰੂਪ ਪੜਦਾ ਨਿਕਲਣ ਦੁਆਰਾ ਲੱਗਦੀ ਹੈ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। **(ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥ ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥)**

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਗਿਆਨ ਰੂਪ ਦੇ ਮਨ ਵਿੱਚ ਪ੍ਰਗਟ ਹੋਣ ਦੁਆਰਾ ਮਨੁੱਖ

ਨੂੰ ਅਸਲੀਅਤ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਵਿਚਰ ਰਿਹਾ ਹੈ। ਜੋ ਰੂਪ ਪ੍ਰਮਾਤਮਾ ਦਾ

42/5376

ਆਪਣੇ ਅੰਦਰੋਂ ਨਜਰ ਆਉਂਦਾ ਹੈ ਉਹੀ ਰੂਪ ਪ੍ਰਮਾਤਮਾ ਦਾ ਸਭ ਦੇ ਅੰਦਰੋਂ ਨਜਰ ਆਉਂਦਾ ਹੈ ਪਰ ਪ੍ਰਮਾਤਮਾ ਦੇ ਉਸ ਰੂਪ ਨੂੰ ਆਪਣੇ ਅੰਦਰ ਅਗਿਆਨਤਾ ਵਿੱਚ ਰਹਿੰਦੇ ਹੋਏ ਕੋਈ ਨਹੀਂ ਜਾਣ ਸਕਦਾ। ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੀ ਉਸਦਾ ਨਾਮ ਰੂਪ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਜਾਣੇ ਬਿਨਾਂ ਕੋਈ ਨਾਮ ਨੂੰ ਨਹੀਂ ਜਾਣ ਸਕਦਾ ਤੇ ਜਦੋਂ ਕੋਈ ਨਾਮ ਨੂੰ ਜਾਣ ਲੈਂਦਾ ਹੈ ਫਿਰ ਸਭ ਵਿੱਚ ਪ੍ਰਮਾਤਮਾ ਦਾ ਨਾਮ ਰੂਪ ਹੀ ਨਜਰ ਆਉਂਦਾ ਹੈ ਭਾਵ ਬ੍ਰਹਮ ਗਿਆਨ ਰੂਪ ਹੀ ਨਜਰ ਆਉਂਦਾ ਹੈ।

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਆਪੇ ਆਪਿ ਵਸੈ ਮਨਿ ਆਏ ॥
ਨਿਹਚਲ ਮਤਿ ਸਦਾ ਮਨ ਧੀਰ ॥ ਹਰਿ ਗੁਣ ਗਾਵੈ ਗੁਣੀ ਗਹੀਰ ॥੧॥
ਨਾਮਹੁ ਭੂਲੇ ਮਰਹਿ ਬਿਖੁ ਖਾਇ ॥ ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥੧॥ ਰਹਾਉ ॥
ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥ ਬਹੁ ਅਭਿਮਾਨਿ ਅਪਣੀ ਪਤਿ ਖੋਇ ॥
ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥ ਬਾਹਰਿ ਜਾਦਾ ਘਰ ਮਹਿ ਆਣਿਆ ॥੨॥
ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥
ਆਪਿ ਕਰੇ ਕਿਛੁ ਕਰਣੁ ਨ ਜਾਇ ॥ ਆਪੇ ਭਾਵੈ ਲਏ ਮਿਲਾਇ ॥
ਤਿਸ ਤੇ ਨੇੜੈ ਨਾਹੀ ਕੋ ਦੂਰਿ ॥ ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧॥}

(ਅੰਗ ੧੧੭੫)

ਭਗਤੀ ਦੇ ਸੱਚੇ ਮਾਰਗ ਤੇ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਚੱਲਦਾ ਹੈ ਜੋ ਮਾਰਗ ਮਨ ਦੇ ਵਿੱਚੋਂ ਹੀ ਸਮਝ ਆਉਂਦਾ ਹੈ ਤੇ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਭਗਤੀ ਦਾ ਮਾਰਗ ਸੰਸਾਰ ਵਿੱਚ ਮਨ ਦੀ ਸੁਚਿ ਨਾਲ ਵਿਚਰਨ ਦਾ ਹੈ ਭਾਵ ਕਿਸੇ ਦਾ ਵੀ ਮਾੜਾ ਨਾ ਕਰਨ ਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥”

ਕਹਿਣ ਨੂੰ ਤਾਂ ਕਹਿਣ ਵਾਲੇ ਬਹੁਤ ਹਨ ਕਿ ਪ੍ਰਮਾਤਮਾ ਸਾਰਿਆਂ ਦੇ ਅੰਦਰ ਵੱਸਦਾ ਹੈ ਤੇ ਜੇਕਰ ਉਹ ਹਕੀਕਤ ਵਿੱਚ ਇਸ ਗੱਲ ਨੂੰ ਮੰਨਦੇ ਹੋਣ ਫਿਰ ਕੀ ਉਹ ਕਿਸੇ ਦਾ ਬੁਰਾ ਕਰ ਸਕਦੇ ਹਨ, ਕਿਸੇ ਦਾ ਹੱਕ ਮਾਰ ਸਕਦੇ ਹਨ, ਕਿਸੇ ਨਾਲ ਠੱਗੀ ਕਰ ਸਕਦੇ ਹਨ, ਕਿਸੇ ਨਾਲ ਮਾੜਾ ਵਿਹਾਰ ਕਰ ਸਕਦੇ ਹਨ ਭਾਵ ਨਹੀਂ ਕਰ ਸਕਦੇ ਲੇਕਿਨ ਕਿਸੇ ਦੇ ਅੰਦਰ ਇਹ ਚੀਜ ਦਾ ਵਿਸ਼ਵਾਸ ਨਹੀਂ ਹੈ ਜਿਸ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ। ਬਾਣੀ ਸਾਨੂੰ ਬਾਰ-ਬਾਰ ਸਮਝਾਉਂਦੀ ਹੈ ਕਿ ਪ੍ਰਮਾਤਮਾ ਅੰਤਰਜਾਮੀ ਹੈ ਜੋ ਸਭ ਕੁਝ ਜਾਣਦਾ ਹੈ ਕਿ ਮਨੁੱਖ ਕੀ ਕੁਝ ਕਰ ਰਿਹਾ ਹੈ ਭਾਵ ਉਸ ਪ੍ਰਮਾਤਮਾ ਤੋਂ ਸਾਡਾ ਕੋਈ ਉਲ੍ਹਾ ਨਹੀਂ ਹੈ ਪਰ ਇਸ ਗੱਲ ਦਾ ਵਿਸ਼ਵਾਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹਕੀਕਤ ਵਿੱਚ ਜਾਨਣ ਨਾਲ ਹੀ ਆਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਇਆ ਹੈ ਜਿਸ ਕਰਕੇ ਉਹਨਾਂ ਨੇ ਕਿਸੇ ਦਾ ਮਾੜਾ ਨਹੀਂ ਕੀਤਾ ਤੇ ਸਾਰੇ ਸੰਸਾਰ ਨੂੰ ਚੰਗੇ

42/5377

ਕਰਮ ਕਰਨ ਲਈ ਸਮਝਾਇਆ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹਰ ਰੂਪ ਪ੍ਰਮਾਤਮਾ ਦਾ ਹੀ ਰੂਪ ਨਜਰ ਆਉਂਦਾ ਹੈ ਤੇ ਕਿਸੇ ਨਾਲ ਵੀ ਠੱਗੀ ਕਰਨੀ ਪ੍ਰਮਾਤਮਾ ਦੇ ਨਾਲ ਠੱਗੀ ਕਰਨੀ ਹੀ ਹੈ। ਸੱਚ ਕਰਕੇ ਜਾਣੋਂ ਇਹ ਪੂਰੀ ਤਰ੍ਹਾਂ ਹਕੀਕਤ ਹੈ ਤੇ ਕਿਸੇ ਦਾ ਵੀ ਬੁਰਾ ਕਰਨ ਤੋਂ ਬਚੋ ਤੇ ਕਿਸੇ ਦਾ ਵੀ ਮਾੜਾ ਕਰਨ ਤੋਂ ਬਚੋ। ਜਦੋਂ ਮਨੁੱਖ ਉਸ ਗੁਰੂ ਰੂਪ ਪ੍ਰਮਾਤਮਾ ਨੂੰ ਭੇਟ ਲੈਂਦਾ ਹੈ ਭਾਵ ਮਨ ਦੇ ਵਿੱਚ ਉਸਦੇ ਨਾਲ ਮੇਲ ਹੋ ਜਾਂਦਾ ਹੈ ਫਿਰ ਉਹ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ, ਸਾਧ ਰੂਪ ਬਣ ਜਾਂਦਾ ਹੈ ਭਾਵ **"ਸਾਧ ਮੂਰਤਿ"** ਹੋ ਜਾਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਇਸ ਤਰੀਕੇ ਦਾ ਹੈ ਜਿਵੇਂ ਬੂੰਦ ਤੇ ਸਾਗਰ ਦਾ ਮੇਲ ਹੈ। ਬੂੰਦ ਵੀ ਪਾਣੀ ਹੈ ਤੇ ਸਾਗਰ ਵੀ ਪਾਣੀ ਹੈ। ਕਹਿਣ ਨੂੰ ਬੂੰਦ ਵੱਖਰੀ ਹੈ ਪਰ ਉਹ ਸਾਗਰ ਦਾ ਹੀ ਹਿੱਸਾ ਹੈ। ਸਾਡੇ ਅੰਦਰ ਦੀ ਮਤਿ ਬੂੰਦ ਦੇ ਬਰਾਬਰ ਹੈ ਭਾਵ ਉਸ ਸਾਗਰ ਦੇ ਮੁਕਾਬਲੇ ਬਹੁਤ ਛੋਟੀ ਮਤਿ ਹੈ ਪਰ ਉਸ ਸਾਗਰ ਦੇ ਵਿੱਚ ਸਮਾ ਕੇ ਉਸਦੇ ਨਾਲ ਇੱਕ ਹੋ ਜਾਂਦੀ ਹੈ, ਉਸੇ ਦਾ ਹੀ ਰੂਪ ਬਣ ਜਾਂਦੀ ਹੈ। ਉਹ ਸਾਗਰ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਉਹ ਗਿਆਨ ਦਾ ਸਾਗਰ ਹੈ ਪਰ ਜਦ ਤਕ ਉਸਨੇ ਸਾਨੂੰ ਅਗਿਆਨਤਾ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰੇ ਸਮਝਦੇ ਹਾਂ ਜਿਵੇਂ ਅਸੀਂ ਬੂੰਦ ਨੂੰ ਸਾਗਰ ਤੋਂ ਵੱਖਰਾ ਸਮਝਦੇ ਹਾਂ ਪਰ ਅਸਲ ਵਿੱਚ ਫਰਕ ਨਹੀਂ ਹੈ। ਸਾਡੀ ਅਗਿਆਨਤਾ ਵਾਲੀ ਮਤਿ ਦੇ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ, ਆਪਣੇ ਮਾਇਆ ਰੂਪ ਵਿੱਚ ਹੈ ਜੋ ਕਿ ਉਸਨੇ ਆਪ ਹੀ ਸਾਡੇ ਅੰਦਰ ਪਾਈ ਹੋਈ ਹੈ ਤੇ ਆਪਣੇ ਸਾਗਰ ਰੂਪ ਤੋਂ ਵੱਖਰਾ ਕੀਤਾ ਹੋਇਆ ਹੈ। ਮਨ ਦੇ ਵਿੱਚ ਉਸ ਗਿਆਨ ਦੇ ਸਾਗਰ ਵਿੱਚ ਸਮਾਉਂਣ ਤੋਂ ਬਾਅਦ ਫਿਰ ਸਾਡੀ ਸਮਝ ਉਸਦੇ ਨਾਲ ਇੱਕ ਹੋ ਜਾਂਦੀ ਹੈ ਤੇ ਫਿਰ ਸਾਨੂੰ ਪ੍ਰਮਾਤਮਾ ਤੋਂ ਬਿਨਾਂ ਕੋਈ ਹੋਰ ਨਜਰ ਨਹੀਂ ਆਉਂਦਾ ਭਾਵ ਸਭ ਕੁਝ ਪ੍ਰਮਾਤਮਾ ਦਾ ਰੂਪ ਹੀ ਨਜਰ ਆਉਂਦਾ ਹੈ। **(ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥ ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥)**

ਆਕਾਰ ਰੂਪ ਨੂੰ ਤਾਂ ਹਰ ਕੋਈ ਸਮਝ ਸਕਦਾ ਹੈ ਭਾਵ ਜੋ ਕੁਝ ਅਸੀਂ ਦੇਖਦੇ ਹਾਂ ਉਹ ਸਭ ਆਕਾਰ ਰੂਪ ਹੈ ਭਾਵ ਸਰਗੁਣ ਰੂਪ ਹੈ ਭਾਵ ਜੋ ਕੁਝ ਵੀ ਪੰਜਾਂ ਤੱਤਾਂ ਨਾਲ ਬਣਿਆ ਹੈ ਉਹ ਸਭ ਆਕਾਰ ਰੂਪ ਹੈ। ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਇਸ ਗੱਲ ਦੀ ਸਮਝ ਕਿਵੇਂ ਪੈਂਦੀ ਹੈ ਕਿ ਇਹ ਪੰਜ ਤੱਤ ਹਨ ਭਾਵ ਮਨ ਦੇ ਗਿਆਨ ਰਾਹੀਂ ਹੀ ਕੇਵਲ ਅਸੀਂ ਇਹ ਕਹਿੰਦੇ ਹਾਂ ਕਿ ਇਹ ਸਭ ਆਕਾਰ ਰੂਪ ਹੈ। ਦੇਖਦੇ

ਤਾਂ ਅਸੀਂ ਸਭ ਕੁਝ ਸਰੀਰ ਦੀਆਂ ਅੱਖਾਂ ਦੇ ਨਾਲ ਹਾਂ ਪਰ ਸਾਨੂੰ ਇਸ ਗੱਲ ਦਾ ਯਕੀਨ ਕਉਂਣ ਦਿਵਾਉਂਦਾ ਹੈ ਕਿ ਜੋ ਕੁਝ ਅਸੀਂ ਦੇਖ ਰਹੇ ਹਾਂ ਉਹ ਆਕਾਰ ਰੂਪ ਹੈ ਭਾਵ ਜਿਸ ਗੱਲ ਨੂੰ ਵੀ ਅਸੀਂ ਮੰਨਦੇ ਹਾਂ ਉਸਨੂੰ ਅਸੀਂ ਮਨ ਦੀ ਸਮਝ ਦੁਆਰਾ ਮੰਨਦੇ ਹਾਂ। ਸਾਡੇ ਮਨ ਦੀ ਸਮਝ ਨਿਰੰਕਾਰ ਰੂਪ ਹੈ ਤੇ ਹੋਰ ਕਿਸੇ ਦਾ ਨਿਰੰਕਾਰ ਰੂਪ ਨਹੀਂ ਹੋ ਸਕਦਾ। ਮਨ ਦੀ ਜੋ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਮੇਰੇ ਸਾਹਮਣੇ ਇੱਕ ਪੇੜ ਹੈ ਤੇ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਉਹੋ ਮਨ ਦੀ ਸਮਝ ਫਿਰ ਇਹ ਸਮਝਾਉਂਦੀ ਹੈ ਕਿ ਇਸ ਪੇੜ ਦੇ ਰੂਪ ਵਿੱਚ ਵੀ ਆਪ ਪ੍ਰਮਾਤਮਾ ਹੈ ਕਿ ਇਹ ਪੇੜ ਨੂੰ ਕਿਸਨੇ ਬਣਾਇਆ ਹੈ, ਕਿਸ ਤਰੀਕੇ ਬਣਾਇਆ ਹੈ ਤੇ ਇਹ ਕਿਸ ਤਰੀਕੇ ਚੱਲ ਰਿਹਾ ਹੈ ਭਾਵ ਆਕਾਰ ਰੂਪ ਦੀ ਆਪਣੀ ਕੋਈ ਹਸਤੀ ਨਹੀਂ ਹੈ ਤੇ ਅਸਲ ਹਸਤੀ ਨਿਰੰਕਾਰ ਦੀ ਹੈ ਜਿਸਨੂੰ ਜਾਣੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ। ਪ੍ਰਮਾਤਮਾ ਦਾ ਨਿਰਗੁਣ ਰੂਪ ਕੀ ਹੈ ਤੇ ਸਰਗੁਣ ਰੂਪ ਕੀ ਹੈ ਇਸਨੂੰ ਸਮਝਣ ਵਿੱਚ ਵੀ ਮਨ ਦੀ ਸਮਝ ਦੀ ਲੋੜ ਹੈ। ਪ੍ਰਮਾਤਮਾ ਦੇ ਨਿਰਗੁਣ ਰੂਪ ਨੂੰ ਜਾਨਣਾ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣਾ ਹੈ ਜਿਸਨੂੰ ਜਾਣੇ ਬਿਨਾਂ ਸਰਗੁਣ ਰੂਪ ਨੂੰ ਨਹੀਂ ਜਾਣਿਆ ਜਾ ਸਕਦਾ ਭਾਵ ਸਭ ਕੁਝ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਨਿਰੰਕਾਰ ਰੂਪ ਨਾਲ ਜੁੜਿਆ ਹੋਇਆ ਹੈ ਜਿਸ ਨਾਲ ਜੁੜੇ ਬਿਨਾਂ ਅਸੀਂ ਆਕਾਰ ਰੂਪ ਨੂੰ ਨਹੀਂ ਸਮਝ ਸਕਦੇ। ਪੂਰੀ ਗੁਰਬਾਣੀ ਵਿੱਚ ਜੋ ਕੁਝ ਵੀ ਅਸੀਂ ਆਪਣੀਆਂ ਅੱਖਾਂ ਨਾਲ ਦੇਖਦੇ ਹਾਂ ਉਹ ਸਰਗੁਣ ਰੂਪ ਹੈ ਭਾਵ ਆਕਾਰ ਰੂਪ ਹੈ ਜੋ ਕੁਝ ਸ਼ਬਦਾਂ ਦੀ ਮਤਿ ਦੁਆਰਾ ਸਮਝਾਇਆ ਹੋਇਆ ਹੈ ਭਾਵ ਜੋ ਸ਼ਬਦਾਂ ਦੇ ਅੰਦਰ ਦਾ ਗਿਆਨ ਹੈ ਉਹ ਨਿਰੰਕਾਰ ਰੂਪ ਹੈ, ਨਿਰਗੁਣ ਰੂਪ ਹੈ। ਇਸ ਨਿਰੰਕਾਰ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ। **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥ ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥)** ਅੰਗ ੧੨੦ ਜਦ ਤਕ ਅਸੀਂ ਸ਼ਬਦਾਂ ਦੇ ਗਿਆਨ ਨਾਲ ਨਹੀਂ ਜੁੜਦੇ ਤਦ ਤਕ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਨਹੀਂ ਜੁੜਦੇ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਵੀ ਨਿਰੰਕਾਰ ਰੂਪ ਹੈ ਤੇ ਚਉਥੇ ਪਦ ਦਾ ਗਿਆਨ ਵੀ ਨਿਰੰਕਾਰ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਨਿਰੰਕਾਰ ਰੂਪ ਨੇ ਸਾਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਕੱਢਣਾ ਹੈ ਭਾਵ ਪ੍ਰਮਾਤਮਾ ਨੂੰ ਅਗਰ ਅਸੀਂ

ਜਾਨਣਾ ਚਾਹੁੰਦੇ ਹਾਂ, ਇਸ ਆਕਾਰ ਰੂਪ ਨੂੰ ਜਾਨਣਾ ਚਾਹੁੰਦੇ ਹਾਂ ਉਸਨੂੰ ਕੇਵਲ ਮਨ ਦੀ ਉਸ ਸਮਝ ਦੁਆਰਾ ਜਾਣਿਆ ਜਾ ਸਕਦਾ ਹੈ ਜੋ ਸਮਝ ਗੁਰਬਾਣੀ ਦੇ

42/5379

ਅੰਦਰ ਹੈ ਜਿਸ ਸਮਝ ਨੇ ਸਾਨੂੰ ਅਗਿਆਨਤਾ ਵਾਲੀ ਮਤਿ ਵਿੱਚੋਂ ਕੱਢਣਾ ਹੈ। ਅਸੀਂ ਸਰਗੁਣ ਰੂਪ ਨਾਲ ਜੁੜੇ ਰਹਿੰਦੇ ਹਾਂ ਭਾਵ ਆਕਾਰ ਰੂਪ ਨਾਲ ਜੁੜੇ ਰਹਿੰਦੇ ਹਾਂ ਤੇ ਕੇਵਲ ਗੁਰੂ ਦੇ ਦਰਸ਼ਨਾਂ ਨੂੰ ਹੀ ਗੁਰੂ ਨਾਲ ਜੁੜਨਾ ਸਮਝਦੇ ਹਾਂ ਤੇ ਸਰੀਰਕ ਕਿਰਿਆਵਾਂ ਨੂੰ, ਆਕਾਰ ਰੂਪ ਕਿਰਿਆਵਾਂ ਨੂੰ ਭਗਤੀ ਦਾ ਮਾਰਗ ਸਮਝਦੇ ਹਾਂ, ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ। ਸਾਨੂੰ ਆਕਾਰ ਰੂਪ ਨੇ ਨਿਰੰਕਾਰ ਰੂਪ ਦੇ ਦਰਸ਼ਨ ਨਹੀਂ ਕਰਵਾਉਂਣੇ ਬਲਕਿ ਨਿਰੰਕਾਰ ਰੂਪ ਨੇ ਆਕਾਰ ਰੂਪ ਦੀ ਸਮਝ ਪਾਉਂਣੀ ਹੈ ਭਾਵ ਸਾਨੂੰ ਕੇਵਲ ਤੇ ਕੇਵਲ ਆਪਣੇ ਮਨ ਦੀ ਸਮਝ ਨੂੰ ਬਦਲਣ ਦੀ ਲੋੜ ਹੈ, ਗੁਰੂ ਦੇ ਗਿਆਨ ਅਨੁਸਾਰ ਬਦਲਣ ਦੀ ਲੋੜ ਹੈ ਭਾਵ ਗੁਰੂ ਦੀ ਉੱਚੀ ਸਮਝ ਨੂੰ ਮੰਨ ਕੇ ਉਸਦੀ ਮਤਿ ਨਾਲ ਇੱਕ ਹੋਣ ਦੀ ਲੋੜ ਹੈ ਤਾਂ ਜੋ ਅਸੀਂ ਉਸ ਨਿਰੰਕਾਰ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ ਤੇ ਉਸਦੇ ਇਸ ਪਸਾਰੇ ਨੂੰ ਜਾਣ ਸਕੀਏ। ਆਉ ਇਸ ਗੱਲ ਨੂੰ ਹੇਠ ਦਿੱਤੇ ਸਲੋਕ ਤੇ ਪਉੜੀ ਦੁਆਰਾ ਸਮਝਦੇ ਹਾਂ।

ਸਲੋਕੁ ॥

“ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥”

(ਅੰਗ ੨੫੦)

ਪਉੜੀ ॥

“ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥ ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥
ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ ॥
ਜਨਮ ਮਰਨ ਮਨ ਮੋਹੁ ਬਢਾਇਓ ॥ ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥੨॥”

(ਅੰਗ ੨੫੦)

ਉਪਰ ਸਲੋਕ ਰਾਹੀਂ ਸਭ ਤੋਂ ਪਹਿਲੇ ਤਾਂ ਇਹ ਸਮਝੋ ਕਿ ਪ੍ਰਮਾਤਮਾ ਦਾ ਨਿਰਗੁਣ ਸਰਗੁਣ ਰੂਪ ਕੀ ਹੈ। ਨਿਰਗੁਣ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਭਾਵ ਜਿਸ ਰੂਪ ਦਾ ਕੋਈ ਆਕਾਰ ਨਹੀਂ ਹੈ ਤੇ ਸਰਗੁਣ ਰੂਪ ਪ੍ਰਮਾਤਮਾ ਦਾ ਉਹ ਰੂਪ ਹੈ ਜਿਸਦਾ ਆਕਾਰ ਰੂਪ ਹੈ। ਪ੍ਰਮਾਤਮਾ ਤਾਂ ਇੱਕੋ ਹੀ ਹੈ ਤੇ ਉਸਦੇ ਰੂਪ ਅਨੇਕਾਂ ਹਨ ਤੇ ਉਸ ਪ੍ਰਮਾਤਮਾ ਨੂੰ ਇੱਕੋ ਇੱਕ ਤਾਂ ਹੀ ਅਸੀਂ ਕਹਿ ਸਕਦੇ ਹਾਂ ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਜਾਣੇ ਬਿਨਾਂ ਕੋਈ ਨਾ ਤਾਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਸਾਨੂੰ ਆਕਾਰ ਰੂਪ ਦੀ ਅਸਲੀਅਤ ਸਮਝ ਆ ਸਕਦੀ ਹੈ ਜੋ ਕਿ ਹਰ ਆਕਾਰ ਰੂਪ ਪ੍ਰਮਾਤਮਾ ਦਾ ਹੀ ਆਪਣਾ ਰੂਪ ਹੈ। ਹਰ ਰੂਪ ਪ੍ਰਮਾਤਮਾ ਦਾ

42/5380

ਆਪਣਾ ਹੀ ਰੂਪ ਹੈ ਤੇ ਇਹ ਗੱਲ ਸਾਨੂੰ ਉਹਨਾਂ ਨੇ ਸਮਝਾਈ ਹੈ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਾਈ ਹੈ ਜਿਨ੍ਹਾਂ ਨੇ ਆਕਾਰ ਰੂਪ ਦੇ ਮਾਲਕ ਨੂੰ ਜਾਣਿਆ ਹੈ ਭਾਵ ਉਸਦੇ ਨਿਰੰਕਾਰ ਰੂਪ ਨੂੰ ਜਾਣਿਆ ਹੈ ਜੋ ਰੂਪ ਉਸਦਾ ਸਾਡੇ ਅੰਦਰ ਹੀ ਹੈ ਪਰ ਉਸਨੂੰ ਆਪਣੇ ਆਪ ਕੋਈ ਜਾਣ ਨਹੀਂ ਸਕਦਾ। ਉਸਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਹੀ ਪ੍ਰਮਾਤਮਾ ਨੂੰ ਅਨੇਕਾਂ ਹੀ ਉਸਨੂੰ ਆਕਾਰ ਰੂਪ ਵਿੱਚ ਹੋਣਾ ਸਮਝਦੇ ਹਨ ਭਾਵ ਖੁੱਦ ਪ੍ਰਮਾਤਮਾ ਨੂੰ ਹੀ ਕਿਸੇ ਇੱਕ ਆਕਾਰ ਰੂਪ ਵਿੱਚ ਹੋਣਾ ਸਮਝਦੇ ਹਨ ਜਦ ਕਿ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। **(ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥)**

ਪ੍ਰਮਾਤਮਾ ਆਪ ਹੀ ਨਿਰੰਕਾਰ ਰੂਪ ਤੇ ਆਪ ਹੀ ਆਕਾਰ ਰੂਪ ਕਿਸ ਕਰਕੇ ਹੈ ਇਹੀ ਗੱਲ ਸਾਨੂੰ ਪਉੜੀ ਰਾਹੀਂ ਸਮਝਾਈ ਹੋਈ ਹੈ।

“ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥”

"ਓਅੰ ਗੁਰਮੁਖਿ" ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। **"ਓਅੰ"** ਤੋਂ ਭਾਵ ਹੈ ਉਹ ਪ੍ਰਮਾਤਮਾ ਆਪ ਹੀ। ਉਹ ਪ੍ਰਮਾਤਮਾ ਆਪ ਹੀ ਗੁਰਮੁਖਿ ਰੂਪ ਹੈ। ਪ੍ਰਮਾਤਮਾ ਦਾ ਗੁਰਮੁਖਿ ਰੂਪ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰਮੁਖਿ ਰੂਪ ਪ੍ਰਮਾਤਮਾ ਦਾ ਸੱਚੇ ਗਿਆਨ ਦਾ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ ਜਿਸਦਾ ਕੋਈ ਆਕਾਰ ਨਹੀਂ ਹੁੰਦਾ। ਪ੍ਰਮਾਤਮਾ ਸਭ ਵਿੱਚ ਆਪਣੇ ਇਸ ਰੂਪ ਦੁਆਰਾ ਹੀ ਵਿਚਰਦਾ ਹੈ ਤੇ ਜਿਸ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਉੱਥੇ ਉਹ ਗੁਰੂ ਰੂਪ ਵਿੱਚ ਆਪ ਹੀ ਪ੍ਰਗਟ ਹੋ ਜਾਂਦਾ ਹੈ ਜਿਵੇਂ ਕਿ ਉਹ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਵਿੱਚ ਪ੍ਰਗਟ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਆਪਣੇ ਨਿਰੰਕਾਰ ਰੂਪ ਦੇ ਵਿੱਚ ਹੈ ਤੇ ਉਸਦਾ ਨਿਰੰਕਾਰ ਰੂਪ ਹੀ ਉਸਦਾ ਗੁਰੂ ਰੂਪ ਹੈ, ਗੁਰਮੁਖਿ ਰੂਪ ਹੈ, ਸ਼ਬਦ ਰੂਪ ਹੈ, ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਪ੍ਰਮਾਤਮਾ ਨੇ ਜੋ ਕੁਝ ਵੀ ਰਚਨਾ ਕੀਤੀ ਹੈ ਉਹ ਬ੍ਰਹਮ ਗਿਆਨ ਦੁਆਰਾ ਹੀ ਕੀਤੀ ਹੈ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਕੀਤੀ ਹੈ ਤੇ ਇਸੇ ਲਈ ਹੀ ਹਰ ਰਚਨਾ ਦਾ ਮਾਲਕ, ਹਰ ਆਕਾਰ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਭਾਵ ਰਚਨਕਾਰ ਵੀ ਉਹ ਆਪ ਹੈ ਤੇ ਰਚਨਾ ਵਿੱਚ ਵੀ ਉਹ ਆਪ ਹੈ। ਹਰ ਰਚਨਾ ਦੇ ਵਿੱਚ ਵੀ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਹੈ ਭਾਵ ਜੋਤਿ ਰੂਪ ਦੁਆਰਾ ਹੀ ਹੈ ਜਿਸ ਰਾਹੀਂ ਆਕਾਰ ਬਣਦਾ ਹੈ ਤੇ ਬਿਨਸਦਾ ਰਹਿੰਦਾ ਹੈ ਪਰ ਨਿਰੰਕਾਰ ਰੂਪ ਬਿਨਸਣ ਤੋਂ ਬਾਹਰ ਹੈ। **(ਓਅੰ ਗੁਰਮੁਖਿ ਕੀਓ ਅਕਾਰਾ ॥)**

42/5381

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥}

(ਅੰਗ ੧੦੬੬)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

ਹਰ ਆਕਾਰ ਰੂਪ ਬਣਾ ਕੇ ਉਹਨਾਂ ਨੂੰ ਚਲਾਉਂਣ ਵਾਲਾ ਵੀ ਪ੍ਰਮਾਤਮਾ ਆਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੀ ਹੈ ਭਾਵ ਪ੍ਰਮਾਤਮਾ ਸਭ ਨੂੰ ਆਪਣੀ ਗਿਆਨ ਰੂਪ ਵਿਧੀ ਨਾਲ ਹੀ ਚਲਾ ਰਿਹਾ ਹੈ, ਉਸਨੇ ਸਭ ਨੂੰ ਆਪਣੇ ਗਿਆਨ ਰੂਪ ਸੂਤ ਨਾਲ ਪਰੋਇਆ ਹੋਇਆ ਹੈ ਭਾਵ ਜਿਸ ਮਕਸਦ ਲਈ ਪ੍ਰਮਾਤਮਾ ਨੇ ਜਿਹੜਾ ਆਕਾਰ ਰੂਪ ਬਣਾਇਆ ਹੈ ਉਹ ਉਸੇ ਤਰ੍ਹਾਂ ਹੀ ਵਿਚਰਦਾ ਹੈ ਭਾਵ ਪ੍ਰਮਾਤਮਾ ਦੇ ਹੁਕਮ ਨੂੰ ਮੰਨਦਾ ਹੈ। **(ਏਕਹਿ ਸੂਤਿ ਪਰੋਵਨਹਾਰਾ ॥)**

ਸਾਡੇ ਮਨੁੱਖੀ ਰੂਪ ਨੂੰ ਪ੍ਰਮਾਤਮਾ ਨੇ ਬਣਾ ਕੇ ਉਸਨੂੰ ਕਿਸ ਤਰੀਕੇ ਆਪਣੇ **"ਸੂਤਿ"** ਵਿੱਚ ਪਰੋਇਆ ਹੋਇਆ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥"

ਪ੍ਰਮਾਤਮਾ ਆਪ ਹੀ ਸਭ ਨੂੰ ਬਨਾਉਂਣ ਵਾਲਾ ਹੈ ਤੇ ਆਪ ਹੀ ਸਭ ਨੂੰ ਬਣਾ ਕੇ ਸਭ ਨੂੰ ਚਲਾਉਂਣ ਵਾਲਾ ਹੈ ਜਿਸ ਵਿੱਚ ਅਸੀਂ ਵੀ ਆਉਂਦੇ ਹਾਂ। ਪ੍ਰਮਾਤਮਾ ਨੇ ਅਨੇਕਾਂ ਹੀ ਆਪਣੇ ਮਨੁੱਖੀ ਰੂਪ ਬਣਾਏ ਹੋਏ ਹਨ, ਭਿੰਨ ਭਿੰਨ ਰੂਪ ਬਣਾਏ ਹੋਏ ਹਨ ਪਰ ਫਿਰ ਵੀ ਪ੍ਰਮਾਤਮਾ ਨੂੰ ਕੋਈ ਜਾਣ ਨਹੀਂ ਸਕਦਾ ਤੇ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦਾ ਹੈ ਭਾਵ ਆਪਣੇ ਮਨੁੱਖੀ ਰੂਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਰੂਪ ਸਮਝਦਾ ਹੈ। ਇਸਦਾ ਕਾਰਣ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਮਤਿ ਹੈ ਭਾਵ ਸਾਡੇ ਅੰਦਰ ਦੀ ਮਾਇਆ ਹੈ ਜਿਸਨੇ ਹਰ ਕਿਸੇ ਨੂੰ ਮਨ ਦੀ ਨਾਸਮਝੀ ਵਿੱਚ ਰੱਖਿਆ ਹੋਇਆ ਹੈ। ਕੋਈ ਵੀ ਮਨੁੱਖ ਜੋ ਵੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਉਹ ਕਦੇ ਨਹੀਂ ਕਹਿ ਸਕਦਾ ਕਿ ਮੈਂ ਪ੍ਰਮਾਤਮਾ ਦਾ ਰੂਪ ਹਾਂ ਤੇ ਹਰ ਕੋਈ ਇਸੇ ਗੱਲ ਦਾ ਹੀ ਪ੍ਰਚਾਰ ਕਰਦਾ ਹੈ ਕਿ ਅਸੀਂ ਹੋਰ ਹਾਂ ਤੇ ਪ੍ਰਮਾਤਮਾ ਕੁਝ ਹੋਰ ਹੈ। ਜਿਤਨੇ ਸਾਨੂੰ ਧਰਮ ਦਾ ਮਾਰਗ ਸਮਝਾਉਂਣ ਵਾਲੇ ਹਨ ਜੋ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾਉਂਦੇ ਹਨ ਉਹ ਵੀ ਇਹੀ ਗੱਲ ਸਮਝਾਉਂਦੇ ਹਨ ਕਿ ਪ੍ਰਮਾਤਮਾ ਕੁਝ ਹੋਰ ਹੈ ਭਾਵ ਉਹ ਮਨੁੱਖੀ ਰੂਪ ਨਹੀਂ ਹੋ

ਸਕਦਾ। ਸਭ ਨੂੰ ਪ੍ਰਮਾਤਮਾ ਨੇ

42/5382

ਇਹ ਤ੍ਰੈ ਗੁਣਾਂ ਵਾਲੀ ਮਤਿ ਦੁਆਰਾ ਪਰੋਇਆ ਹੋਇਆ ਹੈ, ਸਭ ਨੂੰ ਇਸੇ ਸੂਤਿ ਵਿੱਚ ਪਰੋਇਆ ਹੋਇਆ ਹੈ ਭਾਵ ਇਸ ਤੋਂ ਬਾਹਰ ਕੋਈ ਨਹੀਂ ਹੈ। ਅਸੀਂ ਜੋ ਕੁਝ ਵੀ ਸਰਗੁਣ ਰੂਪ ਨੂੰ ਦੇਖਦੇ ਹਾਂ ਭਾਵ ਜੋ ਕੁਝ ਵੀ ਆਕਾਰ ਰੂਪ ਨੂੰ ਸਮਝਦੇ ਹਾਂ ਉਹ ਮਨ ਦੇ ਨਿਰਗੁਣ ਰੂਪ ਦੁਆਰਾ ਹੀ ਸਮਝਦੇ ਹਾਂ ਭਾਵ ਮਨ ਦੇ ਨਿਰੰਕਾਰ ਰੂਪ ਦੁਆਰਾ ਹੀ ਇਸ ਗੱਲ ਨੂੰ ਸਮਝਦੇ ਹਾਂ ਕਿ ਇਹ ਆਕਾਰ ਰੂਪ ਕੀ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਡੇ ਅੰਦਰ ਨਿਰਗੁਣ ਰੂਪ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਭਾਵ ਅਗਿਆਨਤਾ ਵਾਲੀ ਮਤਿ ਹੈ ਤੇ ਜੋ ਕੁਝ ਸਾਡੀ ਅਗਿਆਨਤਾ ਵਾਲੀ ਮਤਿ ਸਾਨੂੰ ਸਮਝਾਵੇਗੀ ਉਹੀ ਕੁਝ ਅਸੀਂ ਆਕਾਰ ਰੂਪ ਨੂੰ ਸਮਝਾਂਗੇ ਭਾਵ ਜੇਕਰ ਸਾਡੇ ਅੰਦਰ ਦੀ ਮਤਿ ਸਾਨੂੰ ਇਹ ਸਮਝਾਉਂਦੀ ਹੈ ਕਿ ਸਾਡਾ ਆਕਾਰ ਰੂਪ ਇੱਕ ਮਨੁੱਖੀ ਰੂਪ ਹੈ ਜੋ ਪ੍ਰਮਾਤਮਾ ਤੋਂ ਵੱਖਰਾ ਰੂਪ ਹੈ ਫਿਰ ਅਸੀਂ ਉਹੀ ਕੁਝ ਸਮਝਾਂਗੇ। ਸਾਡੇ ਅੰਦਰ ਦੀ ਸਮਝ ਸਾਡੇ ਵੱਸ ਨਹੀਂ ਹੈ, ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸਨੇ ਆਪ ਹੀ ਸਾਨੂੰ ਭਰਮ ਵਿੱਚ ਰੱਖ ਕੇ ਆਪਣੀ ਅਸਲੀਅਤ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਭਾਵੇਂ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਪਰ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਨਿਰਗੁਣ ਰੂਪ ਸਮਝ ਜੋ ਕੁਝ ਸਾਨੂੰ ਸਮਝਾਉਂਦੀ ਹੈ ਅਸੀਂ ਉਹੋ ਕੁਝ ਆਕਾਰ ਰੂਪ ਨੂੰ ਸਮਝਦੇ ਹਾਂ ਭਾਵ ਮਨ ਦੀ ਨਾ ਸਮਝੀ ਕਰਕੇ ਹਰ ਕੋਈ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਹੀ ਰਹਿੰਦਾ ਹੈ, ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਕਰਕੇ ਭਰਮ ਵਿੱਚ ਰਹਿੰਦਾ ਹੈ। **(ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥)**

ਪ੍ਰਮਾਤਮਾ ਨੂੰ ਜਾਨਣਾ ਹਰ ਕੋਈ ਚਾਹੁੰਦਾ ਹੈ ਤੇ ਉਸਨੂੰ ਜਾਨਣ ਲਈ ਅਸੀਂ ਅਨੇਕਾਂ ਉਪਾਇ ਕਰਦੇ ਹਾਂ ਭਾਵ ਤਰੀਕੇ ਅਪਨਾਉਂਦੇ ਹਾਂ ਪਰ ਫਿਰ ਵੀ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ ਤੇ ਕਿਸ ਕਰਕੇ ਨਹੀਂ ਜਾਣ ਸਕਦਾ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਗਲ ਭਾਤਿ ਕਰਿ ਕਰਹਿ ਉਪਾਇਓ ॥ ਜਨਮ ਮਰਨ ਮਨ ਮੋਹੁ ਬਢਾਇਓ ॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਉਪਰ ਪਹਿਲੀ ਪੰਗਤੀ ਤੋਂ ਭਾਵ ਇਹ ਹੈ ਕਿ ਸਾਰੇ ਹੀ ਪ੍ਰਮਾਤਮਾ ਨੂੰ ਪਾਉਂਣ ਲਈ ਭਾਵ ਉਸਦੀ ਭਗਤੀ ਕਰਨ ਲਈ ਅਨੇਕਾਂ ਹੀ ਤਰੀਕਿਆਂ ਨਾਲ ਭਾਵ ਵੱਖਰੀ

42/5383

ਵੱਖਰੀ **“ਭਾਤਿ”** ਦੁਆਰਾ ਆਪਣੇ ਆਪਣੇ ਉਪਾਇ ਕਰਦੇ ਹਨ ਭਾਵ ਪ੍ਰਮਾਤਮਾ ਨੂੰ ਪਾਉਂਣ ਦਾ ਉਪਰਾਲਾ ਕਰਦੇ ਹਨ ਜਿਸ ਲਈ ਉਸਦੀ ਭਗਤੀ ਲਈ ਭਾਂਤਿ ਭਾਂਤਿ ਦੇ ਤਰੀਕੇ ਅਪਨਾਉਂਦੇ ਹਨ ਜਿਵੇਂ ਕਿ ਅਸੀਂ ਹਰ ਪਾਸੇ ਦੇਖਦੇ ਹਾਂ। ਹਰ ਕੋਈ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਆਪਣੀ ਆਸਥਾ ਅਨੁਸਾਰ ਪ੍ਰਮਾਤਮਾ ਦੀ ਆਪਣੇ ਵੱਲੋਂ ਭਗਤੀ ਕਰਦਾ ਹੈ। **(ਸਗਲ ਭਾਤਿ ਕਰਿ ਕਰਹਿ ਉਪਾਇਓ ॥)** ਸਾਡੇ ਇਹ ਉਪਾਵ ਭਾਵ ਭਗਤੀ ਦੇ ਤਰੀਕੇ ਕਿਤਨੇ ਕੂ ਕੰਮ ਆਉਂਦੇ ਹਨ ਤੇ ਸਾਡੇ ਤੇ ਆਪਣਾ ਕੀ ਅਸਰ ਪਾਉਂਦੇ ਹਨ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਨਮ ਮਰਨ ਮਨ ਮੋਹੁ ਬਢਾਇਓ ॥”

ਜਿਹੋ ਜਿਹੇ ਅਸੀਂ ਪ੍ਰਮਾਤਮਾ ਨੂੰ ਪਾਉਂਣ ਦੇ ਉਪਰਾਲੇ ਕਰਦੇ ਹਾਂ ਉਸ ਨਾਲ ਪ੍ਰਮਾਤਮਾ ਨੇ ਤਾਂ ਕੀ ਮਿਲਣਾ ਹੈ ਪਰ ਉਲਟਾ ਸਾਡੇ ਮਨ ਦੀ ਅਵਸਥਾ ਹੋਰ ਮਾੜੀ ਹੋ ਜਾਂਦੀ ਹੈ ਭਾਵ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਹੋਰ ਵੱਧ ਜਾਂਦੀ ਹੈ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਦਾ ਕਾਰਣ ਸਾਡੇ ਮਨ ਦਾ ਮੋਹ ਹੈ, ਮਾਇਆ ਮੋਹ ਹੈ ਭਾਵ ਮਨ ਦੀ ਅਗਿਆਨਤਾ ਹੈ। ਭਗਤੀ ਦਾ ਜੋ ਵੀ ਤਰੀਕਾ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਉਸ ਵਿੱਚ ਅਗਿਆਨਤਾ ਹੈ ਤੇ ਅਗਿਆਨਤਾ ਵਾਲੀ ਭਗਤੀ ਨਾਲ ਜੁੜ ਕੇ ਅਸੀਂ ਮਨ ਦੀ ਅਗਿਆਨਤਾ ਨੂੰ ਹੋਰ ਉੱਚਾ ਕਰਦੇ ਹਾਂ, ਆਪਣੇ ਅੰਦਰ ਦੀ ਹਉਮੈ ਹੋਰ ਵਧਾਉਂਦੇ ਹਾਂ, ਆਪਣੀ ਮੈਂ ਹੋਰ ਵਧਾਉਂਦੇ ਹਾਂ, ਆਪਣੀ ਮਤਿ ਨੂੰ ਹੋਰ ਉੱਚਾ ਕਰਦੇ ਹਾਂ ਕਿ ਸਾਨੂੰ ਭਗਤੀ ਦੀ ਬਹੁਤ ਸਮਝ ਹੈ। ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਮਤਿ ਹੀ ਸਾਡਾ ਜਨਮ ਮਰਨ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਹੀ, ਸਾਡੀ ਅਗਿਆਨਤਾ ਵਾਲੀ ਸਮਝ ਹੀ ਸਾਨੂੰ ਜਨਮ ਮਰਨ ਵਿੱਚ ਰੱਖਦੀ ਹੈ ਕਿ ਮਨੁੱਖ ਜੰਮਦਾ ਮਰਦਾ ਹੈ ਜਦ ਕਿ ਇਹ ਝੂਠ ਹੈ। ਅਸਲ ਵਿੱਚ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ। ਸਾਡੇ ਅਗਿਆਨਤਾ ਵਾਲੇ ਵਿਚਾਰ ਸਾਨੂੰ ਇਹ ਸਮਝਾਉਂਦੇ ਹਨ ਕਿ ਅਸੀਂ ਇੱਕ ਮਨੁੱਖ ਹਾਂ ਭਾਵ ਅਸਲ ਵਿੱਚ ਸਾਡੇ ਅੰਦਰ ਦੇ ਇਹ ਨਾਸਮਝ ਵਿਚਾਰ

ਹੀ ਸਾਡਾ ਜਨਮ ਮਰਨ ਹਨ। ਸਾਡਾ ਭਗਤੀ ਦਾ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੁੰਦਾ ਉਹ ਸਾਨੂੰ ਮਨ ਦੀ ਅਗਿਆਨਤਾ ਉੱਚੀ ਕਰਨ ਦੁਆਰਾ ਜਨਮ ਮਰਨ ਵਿੱਚ ਹੀ ਰੱਖਦਾ ਹੈ। **(ਸਗਲ ਭਾਤਿ ਕਰਿ ਕਰਹਿ ਉਪਾਇਓ ॥ ਜਨਮ ਮਰਨ ਮਨ ਮੋਹੁ ਬਢਾਇਓ ॥)**

42/5384

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੯॥}

(ਅੰਗ ੫੮)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥ ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥}

(ਅੰਗ ੭੯੫)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥

ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

ਪ੍ਰਮਾਤਮਾ ਆਪ ਉਸ ਅਵਸਥਾ ਤੋਂ ਮੁਕਤਿ ਹੈ ਜੋ ਅਵਸਥਾ ਉਸਨੇ ਸਾਰੇ ਸੰਸਾਰ ਦੇ ਅੰਦਰ ਪਾਈ ਹੋਈ ਹੈ ਇਸੇ ਕਰਕੇ ਉਸ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥੨॥"

ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਪ੍ਰਮਾਤਮਾ ਨੇ ਸਭ ਨੂੰ ਮਨ ਦੀ ਜਨਮ ਮਰਨ ਵਾਲੀ ਅਵਸਥਾ ਵਿੱਚ ਪਾਇਆ ਹੋਇਆ ਹੈ ਭਾਵ ਮਨ ਦੀ ਨਾਸਮਝ ਅਵਸਥਾ ਵਿੱਚ ਰੱਖਿਆ ਹੋਇਆ ਹੈ। ਮਨ ਦੀ ਇਸ ਜਨਮ ਮਰਨ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਭਾਵ **"ਦੁਹੂ ਭਾਤਿ"** ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਆਪ ਸਭ ਦੀ ਸਮਝ ਤੋਂ ਵੱਖਰਾ ਰਹਿੰਦਾ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਜਨਮ ਮਰਨ ਵਾਲੀ ਅਵਸਥਾ ਵਿੱਚ ਰੱਖ ਕੇ, ਦੁਹੂ ਭਾਤਿ ਵਿੱਚ ਰੱਖ ਕੇ ਭਾਵ ਮਨ ਦੀ ਨਾਸਮਝ ਮਤਿ ਵਿੱਚ ਰੱਖ ਕੇ, ਮਾਇਆ ਮੋਹ ਵਿੱਚ ਰੱਖ ਕੇ ਆਪ ਹੀ ਆਪਣੇ ਆਪ ਨੂੰ ਮਨੁੱਖ ਦੀ ਸਮਝ ਤੋਂ ਵੱਖਰਾ ਕੀਤਾ ਹੋਇਆ ਹੈ ਭਾਵ ਮਨੁੱਖ ਦੀ ਸਮਝ ਤੋਂ ਬਾਹਰ ਰੱਖਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਤੇ ਉਸ ਪ੍ਰਮਾਤਮਾ ਨੂੰ ਲੱਭਣਾ ਚਾਹੁੰਦਾ ਹੈ।

42/5385

ਮਨ ਦੀ ਨਾਸਮਝ ਮਤਿ ਕਰਕੇ ਉਸ ਪ੍ਰਮਾਤਮਾ ਦੇ ਅੰਤ ਨੂੰ ਕੋਈ ਨਹੀਂ ਜਾਣ ਸਕਦਾ, ਉਸਦੇ ਵੱਡੇਪਨ ਨੂੰ ਕੋਈ ਨਹੀਂ ਜਾਣ ਸਕਦਾ ਜੋ ਕਿ ਅਸਲ ਵਿੱਚ ਸਭ ਕੁਝ ਆਪ ਹੀ ਹੈ, ਹਰ ਆਕਾਰ ਰੂਪ ਵਿੱਚ ਆਪ ਹੀ ਹੈ। **(ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥੨॥)**

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਤੇ ਮਨੁੱਖ ਦਾ ਸਭ ਤੋਂ ਵੱਡਾ ਭਰਮ ਇਹੀ ਹੈ ਕਿ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਦੇ ਹਾਂ, ਸੰਸਾਰ ਦੀ ਹਰ ਹੋਂਦ ਨੂੰ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਦੇ ਹਾਂ ਭਾਵ ਪ੍ਰਮਾਤਮਾ ਨੂੰ ਜਾਨਣਾ ਜਾਂ ਨਾ ਜਾਨਣਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਸਾਰੀ ਗੱਲ ਇਸ ਗੱਲ ਨੂੰ ਸਮਝਣ ਦੀ ਹੈ ਕਿ ਉਹ ਕਿਹੜੀ ਸਮਝ ਹੈ ਜੋ ਸਮਝ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ ਤੇ ਉਹ ਸਮਝ ਕਿਹੜੀ ਹੈ ਜਿਸ ਸਮਝ ਨਾਲ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ। ਸਾਡੀ ਸਮਝ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ ਇੱਕ ਸਮਝ ਮਨਮਤਿ ਹੈ ਤੇ ਦੂਜੀ ਸਮਝ ਗੁਰਮਤਿ ਹੈ। ਮਨਮਤਿ ਵਿੱਚ ਰਹਿੰਦਿਆਂ ਆਪਣੇ ਅੰਦਰੋਂ ਕੋਈ ਵੀ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਜੋ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਦਾ ਹੈ ਉਹ ਗੁਰਮਤਿ ਵਾਲੀ ਸਮਝ ਦੁਆਰਾ ਹੀ ਜਾਣਦਾ ਹੈ। ਮਨਮਤਿ ਹਉਮੈ ਹੈ ਤੇ ਗੁਰਮਤਿ ਸ਼ਬਦ ਦਾ ਸੱਚਾ ਗਿਆਨ ਹੈ ਭਾਵ ਨਾਮ ਹੈ। ਸਾਰਾ ਫਰਕ ਹਉਮੈ ਤੇ ਨਾਮ ਦਾ ਹੀ ਹੈ। ਹਉਮੈ ਸਾਡੇ ਮਨ ਦੀ ਅਗਿਆਨਤਾ ਹੈ ਤੇ ਨਾਮ ਸਾਡੇ ਅੰਦਰ ਸੱਚੇ ਗਿਆਨ ਵਾਲੀ ਮਤਿ ਹੈ ਭਾਵ ਗੁਰਮਤਿ ਹੈ। ਜੇ ਕੋਈ ਆਪਣੇ ਆਪ ਨੂੰ ਗੁਰਮਤਿ ਵਾਲਾ ਕਹਿੰਦਾ ਹੈ ਭਾਵ ਗੁਰੂ ਦੀ ਮਤਿ ਨੂੰ ਸਮਝਣ ਵਾਲਾ ਕਹਿੰਦਾ ਹੈ ਕਿ ਉਸਨੂੰ ਗੁਰਮਤਿ ਦੀ ਸਮਝ ਹੈ ਤੇ ਫਿਰ ਵੀ ਉਹ ਇਹ ਕਹੇ ਕਿ ਮੈਂ ਇੱਕ ਮਨੁੱਖ ਹਾਂ ਤੇ ਪ੍ਰਮਾਤਮਾ ਮੇਰੇ ਨਾਲੋਂ ਵੱਖਰਾ ਹੈ ਭਾਵ ਪ੍ਰਮਾਤਮਾ ਨੂੰ ਮੈਂ ਨਹੀਂ ਜਾਣਦਾ ਫਿਰ ਇਹ ਗੁਰਮਤਿ ਵਾਲੀ ਸੋਝੀ ਨਹੀਂ ਹੈ। ਜਿਸਦੇ ਅੰਦਰ ਗੁਰਮਤਿ ਵਾਲੀ ਸੋਝੀ ਹੈ ਉਸਨੂੰ ਆਪਣੇ ਅੰਦਰ ਤੇ ਹਰ ਆਕਾਰ ਰੂਪ ਵਿੱਚ ਕੇਵਲ ਤੇ ਕੇਵਲ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਭਾਵ ਸਭ ਕੁਝ ਪ੍ਰਮਾਤਮਾ ਹੀ ਨਜਰ ਆਉਂਦਾ ਹੈ। ਜਿਸਨੂੰ ਹਰ ਰੂਪ ਪ੍ਰਮਾਤਮਾ ਦਾ ਨਜਰ ਨਹੀਂ ਆਉਂਦਾ ਉਹ ਮਨਮਤਿ ਵਿੱਚ ਹੈ, ਹਉਮੈ ਵਿੱਚ ਹੈ, ਭਰਮ ਵਿੱਚ ਹੈ, ਮਾਇਆ ਮੋਹ ਵਿੱਚ ਹੈ, ਤ੍ਰੈ ਗੁਣਾਂ ਵਿੱਚ ਹੈ, ਅਗਿਆਨਤਾ ਵਿੱਚ ਹੈ। ਗੁਰਮਤਿ ਦੀ ਸੋਝੀ ਹੋਣੀ ਬਹੁਤ ਹੀ ਵੱਡੀ ਗੱਲ ਹੈ ਕਿਉਂਕਿ ਪ੍ਰਮਾਤਮਾ ਸਾਡੇ ਅੰਦਰ ਹੈ ਹੀ ਗੁਰਮਤਿ ਰੂਪ ਸੱਚੀ ਸੋਝੀ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਤੇ ਮਨ ਦੇ ਵਿੱਚ ਗੁਰਮਤਿ ਰੂਪ ਸੱਚੀ ਸੋਝੀ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਪਾਉਂਦਾ ਹੈ ਜਿਵੇਂ

42/5386

ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਕੋਈ ਵੀ ਗੁਰਮਤਿ ਵਾਲੀ ਸੱਚੀ ਸੋਝੀ ਵਾਲਾ ਨਹੀਂ ਹੋ ਸਕਦਾ। ਆਉ ਇਸ ਗੱਲ ਨੂੰ ਪ੍ਰਮਾਤਮਾ ਰੂਪ ਧੰਨ ਧੰਨ ਗੁਰੂ ਅਮਰ ਦਾਸ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝੀਏ।

“ਨਿਹਚਲੁ ਏਕੁ ਸਦਾ ਸਚੁ ਸੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਹਰਿ ਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ ॥੧॥
ਅੰਦਰਿ ਰੰਗੁ ਸਦਾ ਸਚਿਆਰਾ ॥ ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥
ਨਉ ਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ ॥੨॥
ਰਈਅਤਿ ਰਾਜੇ ਦੁਰਮਤਿ ਦੋਈ ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥
ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ ॥੩॥
ਆਵਣੁ ਜਾਣਾ ਰਖੈ ਨ ਕੋਈ ॥ ਜੰਮਣੁ ਮਰਣੁ ਤਿਸੈ ਤੇ ਹੋਈ ॥
ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ ॥੪॥ ਸਚੁ ਸੰਜਮੁ ਸਤਿਗੁਰੂ ਦੁਆਰੈ ॥
ਹਉਮੈ ਕ੍ਰੋਧੁ ਸਬਦਿ ਨਿਵਾਰੈ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥
ਹਉਮੈ ਮੋਹੁ ਉਪਜੈ ਸੰਸਾਰਾ ॥ ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ ॥੬॥”

(ਅੰਗ ੧੦੫੭)

ਸ਼ਬਦ ਦੇ ਪਹਿਲੇ ਪਦੇ ਰਾਹੀਂ ਧਿਆਨ ਨਾਲ ਸਮਝੋ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਇਸ ਗੱਲ ਦਾ ਕਿਵੇਂ ਪਤਾ ਲੱਗਾ ਹੈ ਕਿ ਸਦਾ ਤੋਂ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ, ਉਹ ਸਚੁ ਰੂਪ ਪ੍ਰਮਾਤਮਾ ਆਪ ਹੀ ਹੈ ਜੋ ਸਦਾ ਤੋਂ ਨਿਹਚਲ ਹੈ ਭਾਵ

ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਇਸ ਗੱਲ ਦੀ ਉਹਨਾਂ ਨੂੰ ਸੋਝੀ ਹੀ ਪਈ ਹੈ ਭਾਵ ਇਸ ਗੱਲ ਨੂੰ ਉਹਨਾਂ ਨੇ ਆਪਣੇ ਮਨ ਦੀ ਸਮਝ ਦੁਆਰਾ ਜਾਣਿਆ ਹੈ ਜੋ ਸਮਝ ਉਹਨਾਂ ਨੂੰ ਪੂਰੇ ਗੁਰੂ ਨੇ ਪਾਈ ਹੈ। ਗੁਰੂ ਅਮਰਦਾਸ ਜੀ ਸਾਨੂੰ ਇਹ ਕਹਿ ਰਹੇ ਹਨ ਕਿ ਮੈਨੂੰ ਇਹ ਸਮਝ ਪੂਰੇ ਗੁਰੂ ਨੇ ਪਾਈ ਹੈ ਭਾਵ ਉਸ ਜਗਤ ਗੁਰੂ ਪ੍ਰਮਾਤਮਾ ਨੇ ਆਪ ਪਾਈ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਹੋਣ ਦੀ ਸੋਝੀ ਪਾਉਂਦਾ ਹੈ, ਇੱਕੋ ਇੱਕ ਪ੍ਰਮਾਤਮਾ ਦਾ ਆਪ ਹੋਣਾ ਹੀ ਸਮਝਾਉਂਦਾ ਹੈ ਉਹਨਾਂ ਨੂੰ ਇਹ ਸੋਝੀ, ਗੁਰਮਤਿ ਰੂਪ ਸੱਚੇ ਗਿਆਨ ਦੀ ਸੋਝੀ ਵੀ ਪਾਉਂਦਾ ਹੈ ਜਿਸ ਸੱਚੀ ਸੋਝੀ ਦੁਆਰਾ ਉਹ ਮਨੁੱਖ ਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਭਾਵ ਮਨਮਤਿ ਵਾਲੀ ਝੂਠੀ ਸੋਝੀ ਵਿੱਚੋਂ ਕੱਢਦਾ ਹੈ ਜੋ ਝੂਠੀ ਸੋਝੀ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ ਤੇ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ, ਸਾਡੀ ਆਪਣੀ ਇੱਕ ਹੋਂਦ ਹੈ। ਜਿਸਨੂੰ ਪ੍ਰਮਾਤਮਾ ਮਨ ਦੀ ਝੂਠੀ ਸਮਝ ਵਿੱਚੋਂ ਕੱਢਦਾ ਹੈ ਉਸਨੂੰ ਮਨ ਦੇ ਵਿੱਚ ਗੁਰਮਤਿ ਰੂਪ ਸੱਚਾ ਗਿਆਨ ਦੇਣ ਦੁਆਰਾ ਹੀ ਕੱਢਦਾ ਹੈ। ਇੱਕ ਵਾਰੀ ਜਦੋਂ ਮਨੁੱਖ ਦੇ ਅੰਦਰ ਗੁਰਮਤਿ ਰੂਪ ਸੱਚਾ ਗਿਆਨ ਵੱਸ ਜਾਂਦਾ ਹੈ ਇਹ ਮਨੁੱਖ ਨੂੰ ਫਿਰ ਮਾੜੇ ਵਿਚਾਰਾਂ ਵਿੱਚੋਂ ਕੱਢ ਲੈਂਦਾ ਹੈ ਭਾਵ ਤ੍ਰਿਸ਼ਨਾਵਾਂ ਵਿੱਚੋਂ ਕੱਢ ਲੈਂਦਾ ਹੈ ਜੋ ਸਾਨੂੰ ਧਰਮ ਦੇ ਮਾਰਗ ਤੋਂ ਦੂਰ ਕਰਦੀਆਂ ਹਨ। ਮਨ ਦੇ ਵਿੱਚ ਸੰਤੋਖ ਤ੍ਰਿਸ਼ਨਾਵਾਂ ਨਿਕਲਣ ਦੁਆਰਾ ਹੀ ਆਉਂਦਾ ਹੈ ਭਾਵ ਗੁਰਮਤਿ ਰੂਪ ਸੱਚੀ ਸੋਝੀ ਪੈਣ ਦੁਆਰਾ ਹੀ ਆਉਂਦਾ ਹੈ ਜਿਸ ਦੁਆਰਾ ਮਨੁੱਖ ਧਰਮ ਦੇ ਸੱਚੇ ਮਾਰਗ ਤੇ ਚੱਲਦਾ ਹੈ। ਗੁਰਮਤਿ ਰੂਪ ਸੱਚਾ ਗਿਆਨ ਹੀ ਸਾਡੇ ਮਨ ਦੀ ਸਨਾਹ ਹੈ ਜੋ ਸਾਡੇ ਮਨ ਦੇ ਅੰਦਰ ਮਨ ਦੇ ਮਾੜੇ ਵਿਚਾਰਾਂ ਤੋਂ ਰਾਖੀ ਕਰਦੀ ਹੈ, ਭਰਮ ਵਾਲੇ, ਅਉਗੁਣਾਂ ਵਾਲੇ ਮਾੜੇ ਵਿਚਾਰਾਂ ਤੋਂ

ਬਚਾ ਕੇ ਰੱਖਦੀ ਹੈ। ਸਾਡੇ ਅੰਦਰ ਦੇ ਇਹ ਸੱਚੇ ਵਿਚਾਰ ਹੀ ਪ੍ਰਮਾਤਮਾ ਦਾ **"ਹਰਿ ਰਸਿ"** ਹਨ ਭਾਵ ਉਸਦੇ ਗੁਰਮਤਿ ਰੂਪ ਸੱਚੇ ਗਿਆਨ ਦਾ ਰਸਿ ਹਨ ਜਿਸ ਰਸਿ ਵਿੱਚ ਫਿਰ ਮਨ ਦੇ ਵਿਚਾਰ ਭਿੱਜੇ ਰਹਿੰਦੇ ਹਨ। ਇਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਭਿੱਜਣਾ ਹੈ, ਉਸਦੇ ਨਾਮ ਦੇ ਨਾਲ ਭਿੱਜਣਾ ਹੈ ਜਿਸ ਗੁਰਮਤਿ ਰੂਪ ਨਾਮ ਨੂੰ ਫਿਰ ਮਨੁੱਖ ਆਪਣੇ ਧਿਆਨ ਦੇ ਵਿੱਚ ਵਸਾ ਕੇ ਰੱਖਦਾ ਹੈ ਭਾਵ ਗੁਰਮਤਿ ਰੂਪ ਸੱਚੇ ਵਿਚਾਰਾਂ ਨਾਲ ਜੁੜਿਆ ਰਹਿੰਦਾ ਹੈ। ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਇਹੋ ਜਿਹੀ ਸੋਝੀ ਦੁਆਰਾ ਹੁੰਦੇ ਹਨ ਜੋ ਸੋਝੀ ਮਨ ਦੇ ਵਿੱਚ ਉਹ ਪੂਰਾ ਗੁਰੂ ਪ੍ਰਮਾਤਮਾ ਆਪ ਹੀ ਪਾਉਂਦਾ ਹੈ। **(ਨਿਹਚਲੁ ਏਕੁ ਸਦਾ ਸਚੁ ਸੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਹਰਿ ਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ ॥੧॥)**

ਸਾਡੇ ਅੰਦਰ ਗੁਰਮਤਿ ਰੂਪ ਸੱਚੀ ਸੋਝੀ ਪੈਣਾ ਜਾਂ ਨਾਮ ਦੀ ਸਮਝ ਪੈਣਾ ਜਾਂ ਸਾਡੇ ਅੰਦਰ ਪ੍ਰਮਾਤਮਾ ਦਾ ਵੱਸਣਾ, ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ ਜਿਸਦਾ ਮਕਸਦ ਸਾਡੇ ਅੰਦਰੋਂ ਅਗਿਆਨਤਾ ਦਾ ਦੂਰ ਹੋਣਾ ਹੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਅੰਦਰਿ ਰੰਗੁ ਸਦਾ ਸਚਿਆਰਾ ॥ ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥

ਨਉ ਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ ॥੨॥"

ਸਾਡੇ ਅੰਦਰ ਗੁਰਮਤਿ ਰੂਪ ਸੱਚਾ ਗਿਆਨ ਵੱਸਣਾ ਹੀ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਰੰਗ ਲੱਗਣਾ ਹੈ। ਪ੍ਰਮਾਤਮਾ ਜਿਸਨੂੰ ਆਪਣੇ ਨਾਲ ਰੰਗਦਾ ਹੈ ਉਸਨੂੰ ਗੁਰਮਤਿ ਰੂਪ ਸੱਚਾ ਗਿਆਨ ਦੇਣ ਦੁਆਰਾ ਹੀ ਰੰਗਦਾ ਹੈ ਜਿਸ ਸੱਚੇ ਗਿਆਨ ਨਾਲ ਇਹ ਸਮਝ ਪੈਂਦੀ ਹੈ ਕਿ ਸਦਾ ਤੋਂ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਮਨ ਦੇ ਵਿੱਚ ਉਸ ਪ੍ਰਮਾਤਮਾ ਦੇ ਰੰਗ ਵਿੱਚ ਫਿਰ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਉਸਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। **(ਅੰਦਰਿ ਰੰਗੁ ਸਦਾ ਸਚਿਆਰਾ ॥)** ਮਨ ਦੇ ਵਿੱਚ ਗੁਰਮਤਿ ਰੂਪ ਸੱਚੀ ਸੋਝੀ ਪ੍ਰਮਾਤਮਾ ਆਪਣੇ ਸ਼ਬਦਾਂ ਦੁਆਰਾ ਹੀ ਪਾਉਂਦਾ ਹੈ। ਸ਼ਬਦਾਂ ਦੇ ਅੰਦਰ ਦੀ ਸੋਝੀ ਹੀ ਨਾਮ ਹੈ। ਪ੍ਰਮਾਤਮਾ ਦੇ ਨਾਲ ਪਿਆਰ ਮਨ ਦੀ ਇਸ ਸੱਚੀ ਸਮਝ ਦੁਆਰਾ ਹੀ ਜੁੜਦਾ ਹੈ। ਗੁਰਮਤਿ ਦੇ ਨਾਲ ਪਿਆਰ ਹੀ ਪ੍ਰਮਾਤਮਾ ਦੇ ਨਾਲ ਪਿਆਰ ਹੈ। **(ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥)** ਪ੍ਰਮਾਤਮਾ ਦਾ ਗੁਰਮਤਿ ਰੂਪ ਸੱਚਾ ਗਿਆਨ ਹੀ **"ਨਉ ਨਿਧਿ"** ਹੈ ਭਾਵ ਉਸਦਾ ਸੱਚਾ ਖਜਾਨਾ ਹੈ, ਉਸਦਾ ਨਾਮ ਰੂਪ ਖਜਾਨਾ ਹੈ, ਨਾਮ ਧਨ ਹੈ ਤੇ ਪ੍ਰਮਾਤਮਾ ਆਪ ਇਸ ਨਾਮ ਧਨ ਦੇ ਰੂਪ ਵਿੱਚ ਹੀ ਹੈ ਤੇ ਉਹ ਸਾਡੇ ਅੰਦਰ ਇਸੇ ਰੂਪ ਵਿੱਚ ਹੀ ਵੱਸਦਾ ਹੈ ਭਾਵ ਪ੍ਰਗਟ ਹੁੰਦਾ ਹੈ, ਗੁਰਮਤਿ ਰੂਪ ਸੱਚੇ ਗਿਆਨ ਦੁਆਰਾ ਪ੍ਰਗਟ ਹੁੰਦਾ ਹੈ ਜੋ ਮਨੁੱਖ ਨੂੰ

ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਕੱਢਦਾ ਹੈ, ਮਨ ਦੀ ਅਗਿਆਨਤਾ ਵਾਲੇ, ਮਨਮਤਿ ਵਾਲੇ ਵਿਚਾਰਾਂ ਵਿੱਚੋਂ ਕੱਢਦਾ ਹੈ। ਜਦ ਤਕ ਮਨੁੱਖ ਮਾਇਆ ਵਾਲੇ ਵਿਚਾਰਾਂ ਨਾਲ ਜੁੜਿਆ ਰਹਿੰਦਾ ਹੈ ਤਦ ਤਕ ਉਸਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਉਹ ਉਹਨਾਂ ਵਿਚਾਰਾਂ ਰਾਹੀਂ ਪ੍ਰਮਾਤਮਾ ਨੂੰ ਪਾਉਂਣ ਦੀਆਂ ਗੱਲਾਂ ਕਰਦਾ ਹੈ ਭਾਵ ਲਾਹਾ ਲੈਣ ਦੀਆਂ ਗੱਲਾਂ ਕਰਦਾ ਹੈ ਜਿਸ ਵਿੱਚੋਂ ਫਿਰ ਉਹ ਨਿਕਲ ਜਾਂਦਾ ਹੈ ਤੇ ਫਿਰ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਲਾਹਾ ਕੇਵਲ ਗੁਰਮਤਿ ਅਨੁਸਾਰ ਵਿਚਰਨ ਵਿੱਚ ਹੈ। ਲਾਹਾ ਪ੍ਰਮਾਤਮਾ ਦੇ ਮੇਲ ਵਿੱਚ ਹੀ ਹੈ ਜੋ ਮੇਲ ਕੇਵਲ ਗੁਰਮਤਿ ਨੂੰ ਆਪਣੇ ਜੀਵਨ ਵਿੱਚ ਅਪਨਾਉਂਣ ਦੁਆਰਾ ਹੀ ਹੋ ਸਕਦਾ ਹੈ। ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਗੁਰਮਤਿ ਰੂਪ ਸੱਚੇ ਗਿਆਨ ਨਾਲ ਹੁੰਦੇ ਹਨ ਤੇ ਪ੍ਰਮਾਤਮਾ ਦੇ ਨਾਲ ਮੇਲ ਦਾ ਭਾਵ ਲਾਹਾ ਲੈਣ ਦਾ ਹੋਰ ਕੋਈ ਤਰੀਕਾ ਨਹੀਂ ਹੈ ਤੇ ਇਸੇ ਲਈ ਸਾਡਾ ਇਹੋ ਸੱਚਾ ਉੱਦਮ ਹੋਣਾ ਚਾਹੀਦਾ ਹੈ ਕਿ ਅਸੀਂ ਮਨਮਤਿ ਵਾਲੇ ਵਿਚਾਰ ਛੱਡੀਏ ਤੇ ਗੁਰੂ ਦੇ ਦੱਸੇ ਹੋਏ ਸੱਚੇ ਵਿਚਾਰਾਂ ਨਾਲ, ਸ਼ਬਦ ਦੇ ਵਿਚਾਰਾਂ ਨਾਲ, ਨਾਮ ਦੇ ਵਿਚਾਰਾਂ ਨਾਲ ਭਾਵ ਗੁਰਮਤਿ ਦੇ ਵਿਚਾਰਾਂ ਨਾਲ ਜੁੜੀਏ। **(ਅੰਦਰਿ ਰੰਗੁ ਸਦਾ ਸਚਿਆਰਾ ॥ ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥ ਨਉ ਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ ॥੨॥)**

ਜਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਦੇ ਤਦ ਤਕ ਅਸੀਂ ਇਸ ਗੱਲ ਨੂੰ ਕਦੇ ਨਹੀਂ ਜਾਣ ਸਕਦੇ ਕਿ ਹਰ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ ਭਾਵ ਅਸੀਂ ਕਿਸੇ ਮਨੁੱਖ ਨੂੰ ਦੂਜੇ ਮਨੁੱਖ ਨਾਲ ਵੱਖਰਾ ਸਮਝਦੇ ਹਾਂ ਇਹ ਵੀ ਸਾਡਾ ਭਰਮ ਹੈ ਭਾਵ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਭਾਵ ਸਾਡੇ ਅੰਦਰ ਗੁਰਮਤਿ ਰੂਪ ਸੱਚੀ ਸੋਝੀ ਦਾ ਨਾ ਹੋਣਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਰਈਅਤਿ ਰਾਜੇ ਦੁਰਮਤਿ ਦੋਈ ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥
ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ ॥੩॥”

ਉਪਰਲੇ ਪਦੇ ਰਾਹੀਂ ਸਾਨੂੰ ਗੁਰਮਤਿ ਤੇ ਦੁਰਮਤਿ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਗੁਰਮਤਿ ਰੂਪ ਸੱਚਾ ਗਿਆਨ ਮਿਲਣ ਦੁਆਰਾ ਉਸ ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦੇ ਤਦ ਤਕ ਹਰ ਕੋਈ ਦੁਰਮਤਿ ਵਿੱਚ ਹੈ। ਜਦ ਤਕ ਅਸੀਂ ਕਿਸੇ ਨੂੰ ਵੀ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਇਹ ਸਾਡੇ ਅੰਦਰ ਦੀ ਦੁਰਮਤਿ ਹੀ ਹੈ, ਮਨਮਤਿ ਹੀ ਹੈ, ਮਨ ਦੀ ਅਗਿਆਨਤਾ ਹੀ ਹੈ ਜੋ ਸਾਨੂੰ ਇਹ ਕੁਝ ਸਮਝਾਉਂਦੀ

ਹੈ। ਧਰਮ ਦੇ ਮਾਰਗ ਤੇ ਅਨੇਕਾਂ ਹੀ ਆਪਣੇ ਆਪ ਨੂੰ ਉੱਚਾ ਥਾਪ ਲੈਂਦੇ ਹਨ, ਧਰਮ ਦੇ ਵਿਦਵਾਨ ਥਾਪ ਲੈਂਦੇ ਹਨ, ਸੰਤ, ਬ੍ਰਹਮ ਗਿਆਨੀ ਆਦਿ ਥਾਪ ਲੈਂਦੇ ਹਨ ਭਾਵ ਧਾਰਮਿਕ ਗਿਆਨ ਦੇ ਰਾਜੇ ਬਣਕੇ ਬੈਠ ਜਾਂਦੇ ਹਨ ਕਿ ਅਸੀਂ ਧਰਮ ਦੇ ਮਾਰਗ ਤੇ ਬਹੁਤ ਉੱਚੇ ਹਾਂ, ਸਾਨੂੰ ਭਗਤੀ ਦੇ ਮਾਰਗ ਦੀ ਬੜੀ ਸਮਝ ਹੈ। ਇਹੋ ਜਿਹਿਆਂ ਦੇ ਪਿੱਛੇ ਲੱਗਣ ਵਾਲੇ ਅਨੇਕਾਂ ਹੀ ਅਨੇਕਾਂ ਹਨ ਜੋ ਉਹਨਾਂ ਰਾਜਿਆਂ ਲਈ ਰਈਅਤ ਦੀ ਤਰ੍ਹਾਂ ਹਨ ਭਾਵ ਉਹਨਾਂ ਨੂੰ ਵੱਡਾ ਮੰਨ ਕੇ ਉਹਨਾਂ ਨੂੰ ਮੰਨਣ ਵਾਲੇ ਹਨ, ਉਹਨਾਂ ਦੀ ਪੂਜਾ ਆਦਿ ਵੀ ਕਰਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਸਿੱਖ ਜਗਤ ਵਿੱਚ ਵੀ ਇਹੋ ਜਿਹੇ ਧਰਮ ਦੇ ਰਾਜੇ ਅਖਵਾਉਂਣ ਵਾਲਿਆਂ ਦੀ ਭਰਮਾਰ ਹੈ ਤੇ ਉਹਨਾਂ ਦੇ ਪਿੱਛੇ ਤੁਰਨ ਵਾਲੀ ਰਈਅਤ ਵੀ ਬਹੁਤ ਹੈ ਜੋ ਉਹਨਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਮੰਨਦੀ ਹੈ। ਇਹੋ ਜਿਹੇ ਉੱਚੇ ਅਖਵਾਉਂਣ ਵਾਲੇ ਵੀ ਦੁਰਮਤਿ ਵਿੱਚ ਹਨ ਭਾਵ ਮਨ ਦੀ ਅਗਿਆਨਤਾ ਵਿੱਚ ਹਨ ਤੇ ਉਹਨਾਂ ਦੇ ਪਿੱਛੇ ਲੱਗਣ ਵਾਲੇ ਵੀ ਦੁਰਮਤਿ ਵਿੱਚ ਹੀ ਹਨ। ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਭਾਵ ਜਿਸਨੂੰ ਗੁਰਮਤਿ ਦੀ ਸੱਚੀ ਸੋਝੀ ਪੈ ਜਾਂਦੀ ਹੈ ਉਹ ਫਿਰ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾ ਹੀ ਨਹੀਂ ਸਕਦਾ ਕਿਉਂਕਿ ਉਹ ਆਪਣੇ ਅੰਦਰੋਂ ਉਸ ਸੱਚੇ ਰਾਜੇ ਨੂੰ ਜਾਣ ਲੈਂਦਾ ਹੈ, ਉਸਦੇ ਵੱਡੇਪਨ ਨੂੰ ਜਾਣ ਲੈਂਦਾ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ। ਦੁਰਮਤਿ ਨਿਕਲੇ ਬਿਨਾਂ ਹੀ ਕੋਈ ਆਪਣੇ ਆਪ ਨੂੰ ਉੱਚਾ ਅਖਵਾ ਸਕਦਾ ਹੈ ਤੇ ਉਹਨਾਂ ਦੇ ਪਿੱਛੇ ਲੱਗਣ ਵਾਲੇ ਵੀ ਦੁਰਮਤਿ ਵਿੱਚ ਹੀ ਹੁੰਦੇ ਹਨ। **(ਰਈਅਤਿ ਰਾਜੇ ਦੁਰਮਤਿ ਦੋਈ ॥)** ਜਿਸਦੀ ਦੁਰਮਤਿ ਨਿਕਲ ਜਾਂਦੀ ਹੈ ਭਾਵ ਜਿਸਨੂੰ ਗੁਰਮਤਿ ਦੀ ਸੱਚੀ ਸਮਝ ਪੈ ਜਾਂਦੀ ਹੈ ਉਸਨੂੰ ਨਾ ਫਿਰ ਕੋਈ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲਾ ਵੱਖਰਾ ਲੱਗਦਾ ਹੈ ਤੇ ਨਾ ਹੀ ਉਹਨਾਂ ਦੇ ਪਿੱਛੇ ਲੱਗਣ ਵਾਲੇ ਵੱਖਰੇ ਲੱਗਦੇ ਹਨ ਭਾਵ ਉਸਨੂੰ ਸਾਰਿਆਂ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ, ਹਰ ਮਨੁੱਖੀ ਰੂਪ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਤੇ ਸਮਝ ਲੱਗ ਜਾਂਦੀ ਹੈ ਕਿ ਮਨ ਦੇ ਭਰਮ ਕਰਕੇ, ਦੁਰਮਤਿ ਕਰਕੇ ਹੀ ਭਾਵ ਮਨ ਦੀ ਨਾਸਮਝ ਮਤਿ ਕਰਕੇ ਹੀ ਕੋਈ ਆਪਣੇ

ਆਪ ਨੂੰ ਉੱਚਾ ਅਖਵਾਉਂਦਾ ਹੈ ਤੇ ਨਾਸਮਝ ਮਤਿ ਕਰਕੇ ਹੀ ਦੁਨੀਆਂ ਉਹਨਾਂ ਦੇ ਪਿੱਛੇ ਲੱਗਦੀ ਹੈ। ਦੁਰਮਤਿ ਨੂੰ ਸਾਡੇ ਅੰਦਰੋਂ ਸਤਿਗੁਰ ਦੀ ਸੇਵਾ ਹੀ ਕੱਢਦੀ ਹੈ ਭਾਵ ਸ਼ਬਦ ਦੀ ਵਿਚਾਰ ਹੀ ਕੱਢਦੀ ਹੈ ਜੋ ਵਿਚਾਰ ਮਨ ਦੇ ਵਿੱਚ ਦੇਣ ਦੁਆਰਾ ਪ੍ਰਮਾਤਮਾ ਆਪ ਹੀ ਸਾਨੂੰ ਦੁਰਮਤਿ ਵਿੱਚੋਂ ਕੱਢਦਾ ਹੈ ਤੇ ਫਿਰ ਮਨ ਦੀ ਸੱਚੀ ਸਮਝ ਦੁਆਰਾ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ। **(ਰਈਅਤਿ ਰਾਜੇ ਦੁਰਮਤਿ ਦੋਈ ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥)**

42/5390

ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਨਣਾ ਹੀ **"ਏਕੁ ਧਿਆਇਨਿ"** ਹੈ। ਧਿਆਉਂਣਾ ਤਾਂ ਅਸੀਂ ਗੁਰੂ ਦੀ ਮਤਿ ਨੂੰ ਹੀ ਹੈ ਭਾਵ ਨਾਮ ਨੂੰ ਹੀ ਹੈ ਤੇ ਪ੍ਰਮਾਤਮਾ ਆਪ ਉਸ ਗੁਰਮਤਿ ਰੂਪ ਗਿਆਨ ਵਿੱਚ ਹੈ ਜਿਸਨੂੰ ਧਿਆਉਂਣਾ ਆਪਣੇ ਅੰਦਰ ਪ੍ਰਮਾਤਮਾ ਨੂੰ ਧਿਆਉਂਣਾ ਹੈ ਭਾਵ ਹਰ ਵੇਲੇ ਮਨ ਦੇ ਵਿੱਚ ਸੱਚੀ ਗੁਰਮਤਿ ਨਾਲ ਜੁੜੇ ਰਹਿਣਾ ਉਸ ਪ੍ਰਮਾਤਮਾ ਨੂੰ ਧਿਆਉਂਣਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਨੂੰ ਧਿਆਇਆ ਹੈ ਤੇ ਉਹਨਾਂ ਨੂੰ ਸਾਰਿਆਂ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਇਆ ਹੈ। ਪ੍ਰਮਾਤਮਾ ਨੂੰ ਇਸ ਤਰੀਕੇ ਆਪਣੇ ਅੰਦਰ ਧਿਆਉਂਣਾ ਸਦਾ ਲਈ **"ਸੁਖੁ"** ਦੀ ਪ੍ਰਾਪਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ। ਮਨ ਦੇ ਵਿੱਚ ਭਾਵ ਸਾਡੇ ਧਿਆਨ ਦੇ ਵਿੱਚ ਗੁਰਮਤਿ ਰੂਪ ਸੱਚੇ ਗਿਆਨ ਦਾ ਵੱਸਣਾ ਸਾਡੀ ਮਤਿ ਨੂੰ, ਸਾਡੇ ਮਨ ਦੀ ਸਮਝ ਨੂੰ **"ਨਿਹਚਲੁ"** ਬਣਾਉਂਦਾ ਹੈ ਜੋ ਮਤਿ ਫਿਰ ਮਾਇਆ ਮੋਹ ਵਿੱਚ ਨਹੀਂ ਡੋਲਦੀ, ਭਰਮਾਂ ਵਿੱਚ ਨਹੀਂ ਡੋਲਦੀ ਭਾਵ ਸੱਚ ਤੇ ਅਡੋਲ ਰਹਿੰਦੀ ਹੈ। ਸਾਡੇ ਅੰਦਰ ਇਹੋ ਜਿਹੀ ਨਿਹਚਲ ਮਤਿ ਦਾ ਹੋਣਾ ਸਾਡੇ ਅੰਦਰ **"ਨਿਹਚਲੁ ਰਾਜੁ"** ਹੈ ਜਿਹੋ ਜਿਹੇ **"ਨਿਹਚਲੁ ਰਾਜੁ"** ਦੀ ਪ੍ਰਾਪਤੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਹੋਈ ਹੈ। **"ਨਿਹਚਲੁ ਰਾਜੁ"** ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਹੈ ਜੋ ਗਿਆਨ ਦਾ ਮਾਲਕ ਹੈ ਤੇ ਇਹੋ ਜਿਹਾ **"ਨਿਹਚਲੁ ਰਾਜੁ"** ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਜਿਸਨੂੰ ਬਖਸ਼ਦਾ ਹੈ ਉਹ ਹੀ ਧਰਮ ਦਾ ਸੱਚਾ ਰਾਜਾ ਹੈ ਜੋ ਸੱਚਾ ਰਾਜ ਗੁਰੂ ਦੇ ਕੋਲ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਭਾਵ ਜਿਨ੍ਹਾਂ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਇਹ **"ਨਿਹਚਲੁ ਰਾਜੁ"** ਬਖਸ਼ਿਆ ਹੈ ਉਹਨਾਂ ਨੇ ਫਿਰ ਪ੍ਰਮਾਤਮਾ ਨੂੰ ਹੀ ਗੁਰੂ ਕਿਹਾ ਹੈ, **"ਨਿਹਚਲੁ ਰਾਜੁ"** ਦਾ ਮਾਲਕ ਕਿਹਾ ਹੈ। ਆਪਣੇ ਆਪ ਨੂੰ ਧਰਮ ਦੇ ਰਾਜੇ ਉਹੀ ਅਖਵਾ ਸਕਦੇ ਹਨ ਜੋ ਦੁਰਮਤਿ ਦੇ ਭਰੇ ਹੋਏ ਹਨ ਤੇ ਉਹਨਾਂ ਦੇ ਪਿੱਛੇ ਲੱਗਣ ਵਾਲੇ ਵੀ ਦੁਰਮਤਿ ਵਿੱਚ ਹਨ ਭਾਵ ਇਹ ਸਭ ਸੱਚੀ ਗੁਰਮਤਿ ਤੋਂ ਵਾਂਝੇ ਹਨ ਜੋ ਗੁਰਮਤਿ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ। **(ਰਈਅਤਿ ਰਾਜੇ ਦੁਰਮਤਿ ਦੋਈ ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥ ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ ॥੩॥)**

{ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥
ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿ ਰਤਾ ਸੋਈ ਨਿਰਬਾਣੁ ॥੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥}

(ਅੰਗ ੩੮੫)

{ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥
ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ ॥
ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥
ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ ॥
ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥}

(ਅੰਗ ੧੩੯੯)

42/5391

{ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥੧॥
ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥
ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥ ਹਰਿ ਕੈ ਮਾਰਗਿ ਪਤਿਤ ਪੁਨੀਤ ॥
ਪੂਰੀ ਸੋਭਾ ਪੂਰਾ ਲੋਕੀਕ ॥੩॥ ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥੪॥੪੫॥੧੧੪॥}

(ਅੰਗ ੧੮੮)

{ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥ ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥ ਰਹਾਉ ॥
ਭਾਠੀ ਗਗਨੁ ਸਿੰਞਿਆ ਅਰੁ ਚੁੰਞਿਆ ਕਨਕ ਕਲਸ ਇਕੁ ਪਾਇਆ ॥
ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥੨॥
ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥
ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥੩॥
ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥}

(ਅੰਗ ੯੨)

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਤਾਂ ਬਹੁਤ ਹਨ ਤੇ ਉਹਨਾਂ ਦੇ ਪਿੱਛੇ ਲੱਗਣ ਵਾਲੇ ਵੀ ਬਹੁਤ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਹੋ ਜਿਹਿਆਂ ਦੇ ਪਿੱਛੇ ਲੱਗਣ ਵਾਲੇ ਇਹਨਾਂ ਦੇ ਪਿੱਛੇ ਇਸੇ ਲਈ ਲੱਗਦੇ ਹਨ ਕਿ ਇਹ ਪ੍ਰਮਾਤਮਾ ਦੇ ਨੇੜੇ ਹਨ ਜਾਂ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਹਨ ਤੇ ਸਾਨੂੰ ਵੀ ਪ੍ਰਮਾਤਮਾ ਦੇ ਨੇੜੇ ਲਗਾ ਦੇਣਗੇ। ਉਹ ਇਹੀ ਸਮਝਦੇ ਹਨ ਕਿ ਇਹੋ ਜਿਹੇ ਉੱਚੇ ਅਖਵਾਉਂਣ ਵਾਲੇ, ਧਰਮ ਦਾ ਰਾਜੇ ਅਖਵਾਉਂਣ ਵਾਲੇ ਆਪ ਸੰਸਾਰ ਦੇ ਆਵਾਗਉਂਣ ਵਿੱਚੋਂ ਨਿਕਲੇ ਹੋਏ ਹਨ ਤੇ ਸਾਨੂੰ ਵੀ ਆਵਾਗਉਂਣ ਤੋਂ ਬਚਾ ਲੈਣਗੇ। ਇਹ ਸੰਸਾਰ ਦਾ ਬਹੁਤ ਵੱਡਾ ਭਰਮ ਹੈ ਤੇ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ

“ਆਵਣੁ ਜਾਣਾ ਰਖੈ ਨ ਕੋਈ ॥ ਜੰਮਣੁ ਮਰਣੁ ਤਿਸੈ ਤੇ ਹੋਈ ॥
ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ ॥੪॥”

ਉਪਰ ਪਦੇ ਰਾਹੀਂ ਉੱਚਾ ਅਖਵਾਉਂਣ ਵਾਲਿਆਂ ਦੀ ਮਤਿ ਦੇ ਵਿੱਚ ਤੇ ਗੁਰੂ ਦੀ ਮਤਿ ਦੇ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਕਿਸਦੀ ਮਤਿ ਦੇ ਨਾਲ ਜੁੜਨਾ ਚਾਹੀਦਾ ਹੈ ਭਾਵ ਸਾਨੂੰ ਉੱਚਾ ਅਖਵਾਉਂਣ ਵਾਲਿਆਂ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ ਜਾਂ ਗੁਰੂ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ। ਸਾਨੂੰ ਜੁੜਨਾ ਉਸੇ ਦੇ ਨਾਲ ਚਾਹੀਦਾ ਹੈ ਜੋ ਆਪ ਆਵਾਗਉਂਣ ਤੋਂ ਮੁਕਤਿ ਹੈ, ਜਮਣ ਮਰਨ ਤੋਂ ਮੁਕਤਿ ਹੈ। ਇਹ ਅਵਸਥਾ ਕੇਵਲ ਤੇ ਕੇਵਲ ਗੁਰੂ ਦੀ ਹੈ ਜੋ ਕਿ ਪ੍ਰਮਾਤਮਾ ਦਾ ਹੀ ਰੂਪ ਹੈ। ਜਿਨ੍ਹਾਂ ਨੂੰ ਇਸ ਗੱਲ

ਦੀ ਸਮਝ ਵੀ ਨਹੀਂ ਕਿ ਅਸਲ ਵਿੱਚ ਸੰਸਾਰ ਵਿੱਚ ਆਵਣ ਜਾਣਾ

42/5392

ਕੀ ਹੈ, ਜੰਮਣ ਮਰਨ ਕੀ ਹੈ ਅਸੀਂ ਉਹਨਾਂ ਨੂੰ ਹੀ ਉੱਚੇ ਮੰਨਿਆ ਹੋਇਆ ਹੈ। ਉਹ ਸੰਸਾਰ ਦੇ ਵਿੱਚ ਇਸ ਮਨੁੱਖੀ ਰੂਪ ਦੇ ਜੰਮਣ ਮਰਨ ਨੂੰ ਹੀ ਆਵਣ ਜਾਣਾ ਸਮਝਦੇ ਹਨ ਜੋ ਕਿ ਉਹਨਾਂ ਦਾ ਵੱਡਾ ਭਰਮ ਹੈ। ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਆਪ ਨੂੰ ਮਨੁੱਖ ਸਮਝਣਾ ਹੀ ਸਭ ਤੋਂ ਵੱਡਾ ਭਰਮ ਹੈ ਤੇ ਇਸੇ ਲਈ ਮਰਦਾ ਜੰਮਦਾ ਕੋਈ ਨਹੀਂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਡੇ ਅੰਦਰ ਦਾ ਜੰਮਣ ਮਰਨ ਸਾਡੇ ਮਨ ਦੇ ਵਿਚਾਰਾਂ ਰਾਹੀਂ ਹੈ, ਸਾਡੇ ਅਗਿਆਨਤਾ ਵਾਲੇ ਵਿਚਾਰਾਂ ਰਾਹੀਂ ਹੈ, ਸਾਡੇ ਹਉਮੈ ਵਾਲੇ ਵਿਚਾਰਾਂ ਰਾਹੀਂ ਹੈ ਜੋ ਵਿਚਾਰ ਸਾਡੇ ਅੰਦਰ ਜੰਮਦੇ ਮਰਦੇ ਰਹਿੰਦੇ ਹਨ ਭਾਵ ਉਪਜਦੇ ਬਿਨਸਦੇ ਰਹਿੰਦੇ ਹਨ ਜਿਨ੍ਹਾਂ ਵਿਚਾਰਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਸਾਡੀ ਅਸਲੀਅਤ ਕੀ ਹੈ। ਇਹ ਭਰਮ ਵਾਲੇ ਵਿਚਾਰ ਸਾਨੂੰ ਇਹ ਸਮਝਾਉਂਦੇ ਹਨ ਕਿ ਅਸੀਂ ਇੱਕ ਮਨੁੱਖ ਹਾਂ ਜੋ ਮਨੁੱਖੀ ਰੂਪ ਜੰਮਦਾ ਮਰਦਾ ਹੈ ਭਾਵ ਸੰਸਾਰ ਦੇ ਆਵਾਗਉਂਣ ਵਿੱਚ ਰਹਿੰਦਾ ਹੈ। ਸਾਡੇ ਅੰਦਰ ਇਹ ਭਰਮ ਵਾਲੇ ਵਿਚਾਰ, ਜਨਮ ਮਰਨ ਸਮਝਾਉਂਣ ਵਾਲੇ ਵਿਚਾਰ, ਉਪਜਣ ਬਿਨਸਣ ਵਾਲੇ ਵਿਚਾਰ ਸਾਡੇ ਆਪਣੇ ਨਹੀਂ ਹਨ ਤੇ ਇਹ ਵਿਚਾਰ ਸਾਡੇ ਅੰਦਰ ਪ੍ਰਮਾਤਮਾ ਦੇ ਆਪਣੇ ਹੀ ਪਾਏ ਹੋਏ ਹਨ ਜਿਸਨੇ ਸਾਨੂੰ ਆਪ ਹੀ ਇਹਨਾਂ ਵਿਚਾਰਾਂ ਦੁਆਰਾ ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ, ਹਉਮੈ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਰਾਹੀਂ ਪ੍ਰਮਾਤਮਾ ਸੰਸਾਰ ਦੀ ਇਸ ਖੇਡ ਨੂੰ ਪੜਦੇ ਨਾਲ ਚਲਾ ਰਿਹਾ ਹੈ ਤੇ ਮਨੁੱਖ ਭਰਮ ਵਿੱਚ ਹੀ ਆਪਣੇ ਆਪ ਨੂੰ ਸੰਸਾਰਿਕ ਜੰਮਣ ਮਰਨ ਵਿੱਚ ਸਮਝਦਾ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਵੀ ਇਹੀ ਕੁਝ ਸਮਝਦੇ ਹਨ ਤੇ ਦੂਸਰਿਆਂ ਨੂੰ ਇਹੀ ਕੁਝ ਸਮਝਾਉਂਦੇ ਹਨ। ਆਵਾਗਉਂਣ ਕੀ ਹੈ ਇਸ ਗੱਲ ਦੀ ਸਮਝ ਕੇਵਲ ਗੁਰੂ ਨੂੰ ਹੈ ਤੇ ਇਸ ਲਈ ਸਾਨੂੰ ਇਹ ਸਮਝਾਇਆ ਹੈ ਕਿ ਸੱਚ ਦੀ ਸਮਝ ਗੁਰੂ ਨੂੰ ਹੈ ਇਸ ਲਈ ਕੇਵਲ ਗੁਰੂ ਨੂੰ ਧਿਆਵੋ, ਆਪਣੇ ਗੁਰੂ ਨੂੰ ਧਿਆਵੋ ਭਾਵ ਕੇਵਲ ਗੁਰੂ ਦੀ ਗੱਲ ਨੂੰ ਮੰਨੋ ਭਾਵ ਕੇਵਲ ਨਾਮ ਧਿਆਵੋ ਜਿਸਨੇ ਸਾਨੂੰ ਸਾਡੇ ਮਨ ਦੇ ਭਰਮਾਂ ਤੋਂ ਮੁਕਤਿ ਕਰਨਾ ਹੈ, ਮਨ ਦੇ ਵਿੱਚ ਸੱਚੀ ਸਮਝ ਦੇਣ ਨਾਲ ਮੁਕਤਿ ਕਰਨਾ ਹੈ ਜਿਸ ਦੁਆਰਾ ਅਸੀਂ ਆਵਾਗਉਂਣ ਤੋਂ ਮੁਕਤਿ ਹੋਣਾ ਹੈ ਭਾਵ ਜਦੋਂ ਸਾਨੂੰ ਮਨ ਦੇ ਵਿੱਚ ਇਹ ਸਮਝ ਲੱਗ ਜਾਵੇਗੀ ਕਿ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਤੇ ਭਰਮ ਵਿੱਚ ਹੀ ਆਪਣੇ ਆਪ ਨੂੰ ਮਨੁੱਖ ਸਮਝੀ ਬੈਠੇ ਸੀ, ਇਹੀ ਆਵਾਗਉਂਣ ਤੋਂ ਮੁਕਤੀ ਹੈ, ਜੰਮਣ ਮਰਨ ਤੋਂ ਮੁਕਤੀ ਹੈ। ਅਸਲ ਵਿੱਚ ਮਨ ਦੀ ਅਗਿਆਨਤਾ ਤੋਂ ਮੁਕਤੀ ਹੀ ਜਨਮ ਮਰਨ ਤੋਂ ਮੁਕਤੀ ਹੈ। **(ਆਵਣੁ ਜਾਣਾ ਰਖੈ ਨ ਕੋਈ ॥ ਜੰਮਣੁ ਮਰਣੁ ਤਿਸੈ ਤੇ ਹੋਈ ॥ ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ॥੪॥)**

42/5393

ਸਾਡੇ ਅੰਦਰ ਭਰਮ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਜਿਸਦੇ ਰਹਿੰਦਿਆਂ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਭਾਵ ਅਸਲੀਅਤ ਦੀ ਸਮਝ ਨਹੀਂ ਪੈਂਦੀ। ਪੂਰੇ ਜਗਤ ਨੂੰ ਪ੍ਰਮਾਤਮਾ ਨੇ ਹਉਮੈ ਵਿੱਚ ਰੱਖਿਆ ਹੋਇਆ ਹੈ ਤੇ ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਸੱਚੇ ਗਿਆਨ ਦਾ ਮਾਲਕ ਹੈ ਜੋ ਸਾਨੂੰ ਹਉਮੈ ਵਿੱਚੋਂ ਕੱਢ ਸਕਦਾ ਹੈ, ਅਗਿਆਨਤਾ ਵਿੱਚੋਂ ਕੱਢ ਸਕਦਾ ਹੈ ਭਾਵ ਧਰਮ ਦੇ ਮਾਰਗ ਦੀ ਸਿੱਖਿਆ ਸਾਨੂੰ ਕੇਵਲ ਗੁਰੂ ਦੇ ਦੁਆਰੇ ਤੋਂ ਲੈਣੀ ਚਾਹੀਦੀ ਹੈ ਜੋ ਆਪਣੇ ਸੱਚ ਦੁਆਰਾ ਉੱਚਾ ਹੈ ਤੇ ਉਹਨਾਂ ਕੋਲੋਂ ਸਿੱਖਿਆ ਨਹੀਂ ਲੈਣੀ ਚਾਹੀਦੀ ਜਿਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਉੱਚਾ ਮੰਨਿਆ ਹੋਇਆ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਚੁ ਸੰਜਮੁ ਸਤਿਗੁਰੂ ਦੁਆਰੈ ॥ ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥”

“ਸਚੁ” ਕੀ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। **“ਸਚੁ”** ਉਹ ਹੈ ਜੋ ਝੂਠ ਨਹੀਂ ਹੈ ਭਾਵ ਜਿਸਦੇ ਅੰਦਰ ਕੋਈ ਭਰਮ ਨਹੀਂ ਹੈ ਭਾਵ ਜੋ ਪੂਰਨ ਸੱਚਾਈ ਹੈ ਜਿਸ ਤੋਂ ਉਪਰ ਹੋਰ ਕੋਈ ਨਹੀਂ ਹੋ ਸਕਦਾ। **“ਸਚੁ”** ਰੂਪ ਹੀ ਪ੍ਰਮਾਤਮਾ ਆਪ ਹੈ ਤੇ **“ਸਚੁ”** ਹੀ ਨਾਮ ਹੈ। ਪੂਰੀ ਗੁਰਬਾਣੀ ਵਿੱਚ **“ਸਚੁ”** ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਗੁਰਮਤਿ ਦੀ ਸਮਝ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। **“ਸਚੁ”** ਧਰਮ ਦੇ ਮਾਰਗ ਦਾ ਸੱਚਾ ਗਿਆਨ ਹੈ ਜੋ ਗਿਆਨ ਉਸ ਸਚੁ ਰੂਪ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਹੈ। ਅਸੀਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਪਾਉਂਣਾ ਹੈ, ਜਾਨਣਾ

ਹੈ ਤੇ ਸਚੁ ਦੀ ਪ੍ਰਾਪਤੀ ਉੱਥੋਂ ਹੀ ਕੀਤੀ ਜਾ ਸਕਦੀ ਹੈ ਜਿੱਥੇ ਸੱਚ ਵੱਸਿਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਸੱਚ ਹੀ ਵੱਸਿਆ ਹੋਇਆ ਹੈ ਤੇ ਗੁਰੂ ਇਸ ਸਚੁ ਦੁਆਰਾ ਹੀ ਉੱਚਾ ਹੈ, ਧਰਮ ਦੇ ਮਾਰਗ ਤੇ ਸਭ ਤੋਂ ਉੱਚਾ ਹੈ, ਧਰਮ ਦਾ ਰਾਜਾ ਹੈ। ਜਿਸਦੇ ਅੰਦਰ ਸੱਚ ਨਹੀਂ ਹੈ ਅਗਰ ਉਹ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦਾ ਹੈ ਫਿਰ ਉਹ ਭਰਮ ਵਿੱਚ ਹੈ, ਹਉਮੈ ਵਿੱਚ ਹੈ। ਸੱਚ ਹੀ ਗੁਰਮਤਿ ਹੈ ਤੇ ਜਿੱਥੇ ਗੁਰਮਤਿ ਨਹੀਂ ਉੱਥੇ ਮਨਮਤਿ ਹੈ, ਦੁਰਮਤਿ ਹੈ। ਸਚੁ ਹੀ ਨਾਮ ਹੈ ਤੇ ਜਿੱਥੇ ਸੱਚ ਨਹੀਂ ਉੱਥੇ ਨਾਮ ਨਹੀਂ ਭਾਵ ਹਉਮੈ ਹੈ। ਸਚੁ ਹੀ ਆਪ ਪ੍ਰਮਾਤਮਾ ਹੈ ਤੇ ਜਿਸਦੇ ਅੰਦਰ ਸੱਚ

42/5394

ਨਹੀਂ ਉਸਨੂੰ ਆਪਣੇ ਅੰਦਰ ਪ੍ਰਮਾਤਮਾ ਦੀ ਸਮਝ ਨਹੀਂ ਭਾਵ ਉੱਥੇ ਭਰਮ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਮਨੁੱਖ ਸਮਝਦਾ ਹੈ ਤੇ ਆਪਣੇ ਆਪ ਨੂੰ ਵੱਡਾ ਸਮਝਦਾ ਹੈ। ਆਪਣੇ ਅੰਦਰੋਂ ਉਸ ਵੱਡੇ ਨੂੰ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਵੱਡਾ ਨਹੀਂ ਕਹਿ ਸਕਦਾ ਭਾਵ ਧਰਮ ਦੇ ਮਾਰਗ ਤੇ ਅਗਰ ਗੁਰੂ ਤੋਂ ਬਿਨਾਂ ਕੋਈ ਵੱਡਾ ਅਖਵਾਉਂਦਾ ਹੈ, ਉੱਚਾ ਅਖਵਾਉਂਦਾ ਹੈ ਤੇ ਇਹ ਕੇਵਲ ਉਸਦਾ ਭਰਮ ਹੈ, ਹਉਮੈ ਹੈ। ਸਾਡੇ ਜੀਵਨ ਦਾ ਮਕਸਦ ਹੀ ਹਉਮੈ ਵਿੱਚੋਂ ਨਿਕਲਣ ਦਾ ਹੈ ਭਾਵ ਅਗਿਆਨਤਾ ਵਾਲੀ ਮਤਿ ਵਿੱਚੋਂ ਨਿਕਲਣ ਦਾ ਹੈ ਤਾਂ ਜੋ ਅਸੀਂ ਸੱਚ ਨਾਲ ਜੁੜ ਸਕੀਏ। ਗੁਰੂ ਦੀ ਮਤਿ ਨਾਲ ਜੁੜਨ ਦੁਆਰਾ ਹੀ ਅਸੀਂ ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਗੁਰੂ ਦੀ ਸੱਚੀ ਮਤਿ ਨੇ ਸਾਨੂੰ ਪਹਿਲੇ ਧਰਮ ਦਾ ਸੱਚਾ ਮਾਰਗ ਸਿਖਾਉਂਣਾ ਹੈ ਜੋ ਕਿ ਮਨ ਨੂੰ ਸੰਜਮ ਵਿੱਚ ਰੱਖਣ ਦਾ ਹੈ ਭਾਵ ਮਨ ਨੂੰ ਵਿਕਾਰਾਂ ਵੱਲੋਂ ਰੋਕ ਕੇ ਰੱਖਣ ਦਾ ਹੈ ਤਾਂ ਜੋ ਅਸੀਂ ਮਾੜੇ ਕਰਮਾਂ ਤੋਂ ਬਚੀਏ ਭਾਵ ਚੰਗੇ ਕਰਮ ਕਰੀਏ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ, ਹਉਮੈ ਵਾਲੀ ਮਤਿ ਸਾਨੂੰ ਧਰਮ ਦੇ ਸੱਚੇ ਮਾਰਗ ਤੋਂ ਦੂਰ ਰੱਖਦੀ ਹੈ, ਚੰਗੇ ਕਰਮ ਕਰਨ ਤੋਂ ਦੂਰ ਰੱਖਦੀ ਹੈ ਜੋ ਕਿ ਪ੍ਰਮਾਤਮਾ ਨਾਲ ਮੇਲ ਦਾ ਅਸਲ ਮਾਰਗ ਹੈ। ਜਦ ਤਕ ਅਸੀਂ ਹਉਮੈ ਵਿੱਚ ਰਹਿੰਦੇ ਹਾਂ ਭਾਵ ਮਨ ਨੂੰ ਸੰਜਮ ਵਿੱਚ ਰੱਖੇ ਬਿਨਾਂ ਜੋ ਵੀ ਮਾੜੇ ਕਰਮ ਕਰਦੇ ਹਾਂ ਉਹ ਸੱਚ ਦੇ ਉਲਟ ਚੱਲਦੇ ਹਾਂ ਭਾਵ ਸੱਚ ਨਾਲ ਵਿਰੋਧਤਾ ਦਿਖਾਉਂਦੇ ਹਾਂ, ਸੱਚ ਨਾਲ ਕ੍ਰੋਧ ਦਿਖਾਉਂਦੇ ਹਾਂ। ਇਹ ਸਾਡੇ ਅੰਦਰ ਦੀ ਮਾੜੀ ਮਤਿ ਹੈ ਜੋ ਸ਼ਬਦ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਨਿਕਲ ਸਕਦੀ ਹੈ ਤੇ ਸਾਨੂੰ ਗੁਰੂ ਇਸੇ ਗੱਲ ਲਈ ਹੀ ਪ੍ਰੇਰਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਣ ਲਈ ਇਹੋ ਜਿਹੀ ਸਿੱਖਿਆ ਦਿੰਦਾ ਹੈ। ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਹੈ ਜਿਸ ਦੁਆਰਾ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਮਨ ਦੇ ਸੰਤੋਖ ਵਾਲੀ ਬਿਰਤੀ ਵਿੱਚ ਆਉਂਦੇ ਹਾਂ, ਸਮਝ ਵਿੱਚ ਆਉਂਦੇ ਹਾਂ ਜਿਸ ਸਮਝ ਦੁਆਰਾ ਵਿਚਰਦੇ ਹੋਏ ਸਾਨੂੰ **"ਸੁਖੁ"** ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਨੂੰ ਸੁਖੁ ਦੀ ਪ੍ਰਾਪਤੀ ਹੋਈ ਹੋਈ ਹੈ ਭਾਵ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੋਇਆ ਹੈ। ਜਿੱਥੇ **"ਸਚੁ"** ਹੈ ਉੱਥੇ ਹੀ ਸੁਖੁ ਹੈ, ਉੱਥੇ ਹੀ **"ਸੀਲੁ ਸੰਤੋਖੁ"** ਹੈ। ਕੇਵਲ ਗੁਰੂ ਦਾ ਦੁਆਰਾ ਹੀ ਉੱਚਾ ਦੁਆਰਾ ਹੈ ਭਾਵ ਸਾਨੂੰ ਗੁਰੂ ਦੇ ਦਰ ਤੋਂ ਬਿਨਾਂ ਕਿਸੇ ਹੋਰ ਦੇ ਦਰ ਨੂੰ ਉੱਚਾ ਨਹੀਂ ਮੰਨਣਾ ਚਾਹੀਦਾ। ਜੋ ਆਪ ਭਰਮ ਵਿੱਚ ਹਨ, ਹਉਮੈ ਵਿੱਚ ਹਨ ਉਹਨਾਂ ਨੇ ਕਿਸੇ ਦੀ ਹਉਮੈ ਕੀ ਕੱਢਣੀ ਹੈ। **(ਸਚੁ ਸੰਜਮੁ ਸਤਿਗੁਰੂ ਦੁਆਰੈ ॥ ਹਉਮੈ ਕ੍ਰੋਧੁ ਸਬਦਿ ਨਿਵਾਰੈ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥)**

42/5395

ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਸੰਸਾਰ ਵਿੱਚ ਹਰ ਕੋਈ ਹਉਮੈ ਵਿੱਚ ਹੈ, ਮਾਇਆ ਮੋਹ ਵਿੱਚ ਹੈ ਭਾਵ ਹਰ ਕੋਈ ਸੱਚ ਨੂੰ ਜਾਨਣ ਤੋਂ ਦੂਰ ਹੈ, ਨਾਮ ਨੂੰ ਜਾਨਣ ਤੋਂ ਦੂਰ ਹੈ ਭਾਵ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਹਰ ਕੋਈ ਭਰਮ ਵਿੱਚ ਹੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਹਉਮੈ ਮੋਹੁ ਉਪਜੈ ਸੰਸਾਰਾ ॥ ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥

ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ ॥੬॥"

ਪ੍ਰਮਾਤਮਾ ਸਭ ਕੁਝ ਆਪ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਸ ਸ਼ਬਦ ਦੁਆਰਾ ਵੀ ਸਮਝਾਇਆ ਹੋਇਆ ਹੈ। ਇਹ ਗੱਲ ਸਾਨੂੰ ਗੁਰੂ ਸਮਝਾ ਰਿਹਾ ਹੈ, ਗੁਰਬਾਣੀ ਸਮਝਾ ਰਹੀ ਹੈ, ਪ੍ਰਮਾਤਮਾ ਆਪ ਸਮਝਾ ਰਿਹਾ ਹੈ। ਜੋ ਗੱਲ ਸਾਨੂੰ ਗੁਰੂ ਰੂਪ ਪ੍ਰਮਾਤਮਾ ਆਪ ਸਮਝਾ ਰਿਹਾ ਹੈ ਉਹ ਪੂਰਨ ਸੱਚ ਹੈ ਕਿਉਂਕਿ ਗੁਰੂ ਝੂਠ ਨਹੀਂ ਬੋਲ ਸਕਦਾ। ਜੇਕਰ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਫਿਰ ਸਾਨੂੰ ਇਸ ਗੱਲ ਦੀ ਸਮਝ ਕਿਉਂ ਨਹੀਂ ਪੈਂਦੀ ਭਾਵ ਸਾਡੀ ਸਮਝ ਵਿੱਚ ਹੀ ਫਰਕ ਹੈ ਤੇ ਇਹੀ ਗੱਲ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਅਸੀਂ ਇਹ ਸਮਝਦੇ ਹਾਂ ਕਿ ਇੱਕ ਮਨੁੱਖ ਉਪਜਦਾ ਹੈ ਤੇ ਬਿਨਸਦਾ

ਹੈ ਪਰ ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਸਮਝਾਇਆ ਹੈ ਕਿ ਸਭ ਦੇ ਅੰਦਰ ਭਾਵ ਸਾਰੇ ਸੰਸਾਰ ਦੇ ਅੰਦਰ ਭਾਵ ਸੰਸਾਰ ਦੇ ਹਰ ਮਨੁੱਖੀ ਰੂਪ ਦੇ ਅੰਦਰ **"ਹਉਮੈ ਮੋਹੁ"** ਉਪਜਦਾ ਹੈ। ਹਉਮੈ ਸਾਡੇ ਮਨ ਦੀ ਸਮਝ ਹੈ, ਮੋਹੁ ਭਾਵ ਮਾਇਆ ਮੋਹ ਵੀ ਸਾਡੇ ਮਨ ਦੀ ਸਮਝ ਹੈ। ਸਾਡੇ ਅੰਦਰ ਦੀ ਇਹ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ ਤੇ ਸਾਰੇ ਸੰਸਾਰ ਵਿੱਚ ਮਨੁੱਖ ਹੀ ਵਿਚਰ ਰਹੇ ਹਨ ਤੇ ਹਰ ਕੋਈ ਇੱਕ ਦੂਸਰੇ ਨੂੰ ਮਨੁੱਖ ਹੀ ਸਮਝਦੇ ਹਨ। ਜੋ ਸਾਡੇ ਅੰਦਰ ਉਪਜਦਾ ਹੈ ਉਹੀ ਕੁਝ ਹੀ ਬਿਨਸਦਾ ਹੈ ਭਾਵ ਹਉਮੈ ਮੋਹੁ ਉਪਜਦਾ ਹੈ ਤੇ ਹਉਮੈ ਮੋਹੁ ਹੀ ਬਿਨਸਦਾ ਹੈ ਭਾਵ ਸਾਡੇ ਅੰਦਰ ਭਰਮ ਵਾਲੀ ਮਤਿ ਉਪਜਦੀ ਹੈ, ਭਰਮ ਵਾਲੇ ਵਿਚਾਰ ਉਪਜਦੇ ਹਨ ਤੇ ਬਿਨਸਦੇ ਹਨ। ਸਾਰੇ ਜਗ ਨਾਲ ਇਹੀ ਕੁਝ ਹੁੰਦਾ ਹੈ ਭਾਵ ਸਾਨੂੰ ਆਪਣੇ ਅੰਦਰੋਂ ਅਸਲੀਅਤ ਦੀ ਸਮਝ ਨਹੀਂ ਪੈਂਦੀ ਕਿ ਅਸਲ ਵਿੱਚ ਅਸੀਂ ਕੋਣ ਹਾਂ, ਪ੍ਰਮਾਤਮਾ ਕੀ ਹੈ, ਇਹ ਸੰਸਾਰ ਦੀ ਰਚਨਾ ਕੀ ਹੈ ਤੇ ਇਹ ਜਾਣੇ ਬਿਨਾਂ ਸਭ ਦਾ ਜੀਵਨ ਬਿਨਸ ਜਾਂਦਾ ਹੈ ਭਾਵ ਵਿਅਰਥ ਚਲਾ ਜਾਂਦਾ ਹੈ। ਮਨ ਦੇ ਇਸ ਹਉਮੈ ਮੋਹ ਵਿੱਚੋਂ ਨਿਕਲਣ ਦਾ ਸਾਧਨ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਸਾਧਨ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਹੈ, ਗੁਰੂ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ

42/5396

ਜਿਸਨੂੰ ਸਭ ਨੇ ਵਿਸਾਰਿਆ ਹੋਇਆ ਹੈ ਜਿਸ ਕਰਕੇ ਕਿਸੇ ਨੂੰ ਆਪਣੇ ਅੰਦਰੋਂ ਸੱਚ ਦੀ ਸਮਝ ਨਹੀਂ ਪੈਂਦੀ, ਅਸਲੀਅਤ ਦੀ ਸਮਝ ਨਹੀਂ ਪੈਂਦੀ। **(ਹਉਮੈ ਮੋਹੁ ਉਪਜੈ ਸੰਸਾਰਾ ॥ ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥)** ਨਾਮ ਕੇਵਲ ਗੁਰੂ ਦੇ ਕੋਲ ਹੈ ਭਾਵ ਸੱਚਾ ਗਿਆਨ ਕੇਵਲ ਗੁਰੂ ਦੇ ਕੋਲ ਹੈ ਜੋ ਮਨੁੱਖ ਨੂੰ ਹਉਮੈ ਮੋਹ ਵਾਲੀ ਮਤਿ ਵਿੱਚੋਂ ਕੱਢ ਸਕਦਾ ਹੈ। ਗੁਰੂ ਕੋਲੋਂ ਸਾਨੂੰ ਨਾਮ ਦੀ ਪ੍ਰਾਪਤੀ ਤਾਂ ਹੀ ਹੋਵੇਗੀ ਜੇਕਰ ਧਰਮ ਦਾ ਮਾਰਗ ਸਿੱਖਣ ਲਈ, ਸੱਚ ਦਾ ਮਾਰਗ ਸਿੱਖਣ ਲਈ ਕੇਵਲ ਗੁਰੂ ਦੀ ਮਤਿ ਨਾਲ ਜੁੜਾਂਗੇ। ਗੁਰੂ ਕੋਲੋਂ ਸਿੱਖਿਆ ਲੈਣਾ ਹੀ ਗੁਰੂ ਦੀ ਸੇਵਾ ਹੈ ਭਾਵ ਗੁਰੂ ਦੇ ਸ਼ਬਦ ਦੇ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਹੈ ਜਿਸ ਦੁਆਰਾ ਅਸੀਂ ਨਾਮ ਦੀ ਪ੍ਰਾਪਤੀ ਕਰ ਸਕਦੇ ਹਾਂ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਕਰ ਸਕਦੇ ਹਾਂ ਜਿਸ ਸੱਚੇ ਗਿਆਨ ਨੇ ਸਾਡੀ ਅਗਿਆਨਤਾ ਵਾਲੀ ਸਮਝ ਨੂੰ ਭਾਵ ਮਾਇਆ ਮੋਹ ਨੂੰ ਸਾਡੇ ਅੰਦਰੋਂ ਕੱਢਣਾ ਹੈ। ਨਾਮ ਦੀ ਪ੍ਰਾਪਤੀ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਤੇ ਇਹੀ ਸਾਡੇ ਜੀਵਨ ਦਾ ਲਾਹਾ ਹੈ ਭਾਵ ਇਸ ਜੀਵਨ ਨੂੰ ਸਫਲ ਕਰਨ ਦਾ ਲਾਭ ਹੈ ਜਿਸ ਦੁਆਰਾ ਸਾਡਾ ਜੀਵਨ ਬਿਨਸਣ ਤੋਂ ਬੱਚ ਸਕਦਾ ਹੈ। ਨਾਮ ਦੀ ਪ੍ਰਾਪਤੀ ਨਾਲ ਹੀ ਸਮਝ ਆਉਂਦੀ ਹੈ ਕਿ ਸਭ ਕੁਝ ਉਹ ਨਾਮ ਰੂਪ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪ ਹੀ ਸਾਰੇ ਜਗ ਨੂੰ ਹਉਮੈ ਮੋਹੁ ਵਿੱਚ ਪਾ ਕੇ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਜੋ ਵੀ ਇਸ ਜਗ ਵਿੱਚ ਆਪਣੇ ਆਪ ਨੂੰ ਵੱਡਾ ਅਖਵਾਉਂਦਾ ਹੈ, ਉੱਚਾ ਅਖਵਾਉਂਦਾ ਹੈ ਉਹ ਹਉਮੈ ਮੋਹ ਕਰਕੇ ਹੀ ਅਖਵਾਉਂਦਾ ਹੈ ਭਾਵ ਨਾਮ ਦੀ ਪ੍ਰਾਪਤੀ ਨਾ ਹੋਣ ਕਰਕੇ ਹੀ ਅਖਵਾਉਂਦਾ ਹੈ। ਜਿਹੋ ਜਿਹੇ ਨਾਮ ਨਾਲ ਸੰਸਾਰ ਜੁੜਿਆ ਹੋਇਆ ਹੈ ਭਾਵ ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਦੇ ਜੱਪ ਨਾਲ ਜੁੜਿਆ ਹੋਇਆ ਹੈ ਇਹ ਉਹਨਾਂ ਦੀ ਦੇਨ ਹੈ ਜਿਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ ਤੇ ਅਸੀਂ ਭਰਮ ਵਿੱਚ ਹੀ ਉਹਨਾਂ ਨੂੰ ਉੱਚੇ ਮੰਨਿਆ ਹੋਇਆ ਹੈ। ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਨਾਮ ਆਪ ਹੀ ਹੈ ਤੇ ਜਿਸਨੇ ਖੁੱਦ ਉਸਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਉਸਨੇ ਦੂਸਰਿਆਂ ਨੂੰ ਕੀ ਸਮਝਾਉਂਣਾ ਹੈ, ਜੋ ਖੁੱਦ ਹਉਮੈ ਮੋਹ ਵਿੱਚ ਹਨ ਉਹਨਾਂ ਨੇ ਦੂਸਰਿਆਂ ਦਾ ਹਉਮੈ ਮੋਹ ਕੀ ਕੱਢਣਾ ਹੈ। ਜਿਨ੍ਹਾਂ ਨੂੰ ਖੁੱਦ ਲਾਹੇ ਦੀ ਪ੍ਰਾਪਤੀ ਨਹੀਂ ਹੋਈ ਉਹਨਾਂ ਕੋਲੋਂ ਦੂਸਰਿਆਂ ਨੂੰ ਕੀ ਲਾਹਾ ਮਿਲਣਾ ਹੈ। **(ਹਉਮੈ ਮੋਹੁ ਉਪਜੈ ਸੰਸਾਰਾ॥ ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥ ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ ॥੬॥)**

ਸਾਡੇ ਸਭ ਦੇ ਅੰਦਰ ਮਾਇਆ ਇੱਕ ਨਸ਼ੇ ਦੀ ਤਰ੍ਹਾਂ ਹੈ ਜਿਸਨੂੰ ਛੱਡਣਾ ਬਹਤੁ ਔਖਾ ਹੈ। ਜਿਵੇਂ ਕਿਸੇ ਵੀ ਨਸ਼ੇ ਦੀ ਲੱਤ ਮਾੜੀ ਹੈ ਉਸੇ ਤਰ੍ਹਾਂ ਸਾਡੇ ਅੰਦਰ ਦਾ ਮਾਇਆ ਮਦ ਹੈ ਜੋ ਸਾਨੂੰ ਆਪਣੀ ਮਤਿ ਨਾਲ ਭਾਵ ਮਨ

42/5397

ਦੇ ਭਰਮਾਂ ਨਾਲ ਇੱਕ ਨਸ਼ੇ ਦੀ ਤਰ੍ਹਾਂ ਜੋੜ ਕੇ ਰੱਖਦਾ ਹੈ, ਬਾਹਰ ਦੀ ਮਾਇਆ ਦੇ ਨਾਲ ਭਾਵ ਮਾਯਾਵੀ ਸੁੱਖਾਂ ਦੇ ਨਾਲ ਇਸ ਤਰ੍ਹਾਂ ਜੋੜ ਕੇ ਰੱਖਦਾ ਹੈ ਜਿਨ੍ਹਾਂ ਨੂੰ ਛੱਡਣਾ ਉਤਨਾ ਹੀ ਔਖਾ ਹੈ ਜਿਵੇਂ ਕਿ ਨਸ਼ੇ ਨੂੰ ਛੱਡਣਾ। ਸਾਰੇ ਸੰਸਾਰ ਦੀ ਮਤਿ ਇਸ ਨਸ਼ੇ ਨਾਲ ਹੀ ਜੁੜੀ ਹੋਈ ਹੈ ਜਿਸ ਕਰਕੇ ਇਸ ਵਿੱਚੋਂ ਨਿਕਲਣਾ ਕਿਸੇ ਲਈ ਵੀ ਬਹੁਤ ਔਖਾ ਹੈ। ਆਪਣੇ ਆਪ ਨੂੰ ਵੱਡਾ ਅਖਵਾਉਂਣਾ, ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣਾ ਬਹੁਤ ਵੱਡਾ ਮਾਯਾ ਮਦ ਹੈ ਜਿਸਨੂੰ ਕੋਈ ਨਹੀਂ ਛੱਡ ਸਕਦਾ। ਇਸੇ ਕਰਕੇ ਇਹ ਮਾਇਆ ਬਹੁਤ ਪ੍ਰਬਲ ਹੈ ਜੋ ਸਾਨੂੰ ਸੱਚ ਨਾਲ ਜੁੜਨ ਤੋਂ ਦੂਰ ਰੱਖਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ

ਹਾਂ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

{ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥੧॥
ਰਾਮੁ ਬਿਸਾਰਿਓ ਹੈ ਅਭਿਮਾਨਿ ॥ ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥
ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥
ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥੨॥੫॥}

(ਅੰਗ ੧੧੨੪)

{ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ॥
ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥੧॥}

(ਅੰਗ ੨੫੯)

{ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥}

(ਅੰਗ ੨੬੧)

{ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥੧॥}

(ਅੰਗ ੨੫੨)

{ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥ ਇਆ ਮਾਇਆ ਮਹਿ ਜਨਮਹਿ ਮਰਨਾ ॥
ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਠਾਕੁਰ ਸਦਾ ਅਲਿਪਨਾ ॥੧੧॥}

(ਅੰਗ ੨੫੨)

{ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥
ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ ਮਾਇਆ ਮੋਹੁ ਜਗਤੁ ਗੁਬਾਰਾ ॥
ਗੁਰਮੁਖਿ ਬੂਝੈ ਕੋ ਵੀਚਾਰਾ ॥ ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥
ਆਪੇ ਮੇਲੇ ਦੇ ਵਡਿਆਈ ॥ ਗੁਰ ਪਰਸਾਦੀ ਕੀਮਤਿ ਪਾਈ ॥
ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ ॥੩॥ ਹਉਮੈ ਮਾਇਆ ਵਿਚੇ ਪਾਈ ॥
ਮਨਮੁਖ ਭੂਲੇ ਪਤਿ ਗਵਾਈ ॥ ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥
ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥ ਸਤਿਗੁਰੁ ਸੇਵੇ ਆਪੁ ਗਵਾਏ ॥
ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥ ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ ॥੬॥
ਦੂਖ ਨਿਵਾਰਣੁ ਗੁਰ ਤੇ ਜਾਤਾ ॥ ਆਪਿ ਮਿਲਿਆ ਜਗਜੀਵਨੁ ਦਾਤਾ ॥
ਜਿਸ ਨੋ ਲਾਏ ਸੋਈ ਬੂਝੈ ਭਉ ਭਰਮੁ ਸਰੀਰਹੁ ਜਾਈ ਹੇ ॥੭॥

ਆਪੇ ਗੁਰਮੁਖਿ ਆਪੇ ਦੇਵੈ ॥ ਸਚੈ ਸਬਦਿ ਸਤਿਗੁਰੁ ਸੇਵੈ ॥
ਜਰਾ ਜਮੁ ਤਿਸੁ ਜੋਹਿ ਨ ਸਾਕੈ ਸਾਚੇ ਸਿਉ ਬਣਿ ਆਈ ਹੇ ॥੮॥
ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥
ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ ॥੯॥ ਸਤਿਗੁਰੁ ਸੇਵਨਿ ਸੇ ਵਡਭਾਗੀ ॥
ਸਾਚੈ ਨਾਮਿ ਸਦਾ ਲਿਵ ਲਾਗੀ ॥ ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥
ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਵਿਰਲੈ ਕਿਨੈ ਪਛਾਣੀ ॥
ਸਚੇ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ ॥੧੧॥ ਸਬਦੁ ਬੁਝੈ ਸੋ ਮੈਲੁ ਚੁਕਾਏ ॥
ਨਿਰਮਲ ਨਾਮੁ ਵਸੈ ਮਨਿ ਆਏ ॥ ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ ॥੧੨॥
ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ ॥
ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ ॥੧੩॥ ਆਪੇ ਆਪਿ ਮਿਲੈ ਤਾ ਬੂਝੈ ॥
ਗਿਆਨ ਵਿਹੂਣਾ ਕਿਛੂ ਨ ਸੂਝੈ ॥ ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ ॥੧੪॥
ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥ ਕੋਇ ਨ ਮੇਟੈ ਧੁਰਿ ਫੁਰਮਾਇਆ ॥
ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ ॥੧੫॥ ਅਪਣੀ ਨਦਰਿ ਕਰੇ ਸੋ ਪਾਏ ॥
ਸਚੈ ਸਬਦਿ ਤਾੜੀ ਚਿਤੁ ਲਾਏ ॥ ਨਾਨਕ ਦਾਸੁ ਕਹੈ ਬੇਨੰਤੀ ਭੀਖਿਆ ਨਾਮੁ ਦਰਿ ਪਾਈ ਹੇ ॥੧੬॥੧॥}

(ਅੰਗ ੧੦੪੩-੧੦੪੪)

{ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ ॥ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥੧॥
ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥
ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥ ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ॥
ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥ ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥
ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥੩॥ ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥੪॥੧੨॥੧੧੪॥}

(ਅੰਗ ੩੯੯)

ਸਾਡੇ ਅੰਦਰ ਮਾਇਆ ਰੂਪ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਮਾਇਆ ਸਾਡੇ ਅੰਦਰ ਦੇ ਵਿਚਾਰ ਹਨ

42/5398

ਜਿਨ੍ਹਾਂ ਰਾਹੀਂ ਮਨੁੱਖ ਵਿਚਰਦਾ ਹੈ। ਮਾਇਆ ਸਾਡੇ ਅੰਦਰ ਦੀਆਂ ਇੱਛਾਵਾਂ ਹਨ ਜੋ ਸਾਨੂੰ ਤ੍ਰਿਸ਼ਨਾਵਾਂ ਵਿੱਚ ਪਾਉਂਦੀਆਂ ਹਨ ਤੇ ਮਨੁੱਖ ਉਹਨਾਂ ਦੀ ਪੂਰਤੀ ਲਈ ਭਟਕਦਾ ਰਹਿੰਦਾ ਹੈ, ਉਹਨਾਂ ਦੀ ਪੂਰਤੀ ਲਈ ਚਿੰਤਾਵਾਂ ਵਿੱਚ ਰਹਿੰਦਾ ਹੈ ਭਾਵ ਇਹ ਮਾਇਆ ਸਾਡੇ ਅੰਦਰ ਸੰਤੋਖ ਨਹੀਂ ਆਉਂਣ ਦਿੰਦੀ ਤੇ ਮਨ ਦੇ ਵਿੱਚ ਸੰਤੋਖ ਆਏ ਬਿਨਾਂ ਅਸੀਂ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ। ਇਸ ਮਾਇਆ ਤੋਂ ਰਹਿਤ ਕੋਈ ਵੀ ਨਹੀਂ ਹੈ ਜਿਸਨੇ ਸਾਰੇ ਸੰਸਾਰ ਨੂੰ ਭਰਮਾਂ ਵਿੱਚ ਪਾਇਆ ਹੋਇਆ ਹੈ ਜੋ ਨਾ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝ ਆਉਂਣ ਦਿੰਦੀ ਹੈ ਤੇ ਨਾ ਹੀ ਉਸ ਤੇ ਚੱਲਣ ਦਿੰਦੀ ਹੈ। ਮਨ ਦੀ ਇਸ ਮਾਇਆ ਵਿੱਚੋਂ ਨਿਕਲੇ ਬਿਨਾਂ ਪ੍ਰਮਾਤਮਾ ਨੂੰ ਜਾਨਣਾ ਨਾਮੁਮਕਿਨ ਹੈ ਪਰ ਇਸ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ ਤੇ ਸਾਡੇ ਸੱਚੇ ਉੱਦਮ ਦੀ ਮਤਿ ਕੇਵਲ ਗੁਰੂ ਦੇ ਕੋਲੋਂ ਮਿਲ ਸਕਦੀ ਹੈ ਜੋ ਮਾਇਆ ਤੋਂ ਰਹਿਤ ਹੈ। ਮਾਇਆ ਤੋਂ ਰਹਿਤ ਹੋਣਾ ਹੀ ਸਾਡਾ ਸੱਚਾ ਉੱਦਮ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪੰਜਵੇਂ ਪਾਤਸ਼ਾਹ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਾਰੂ ਮਹਲਾ ੫ ਘਰੁ ੯ ਅੰਜੁਲੀਆ

ੴ ਸਤਿਗੁਰ ਪ੍ਰਸਾਦਿ ॥

“ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥ ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥
ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥੨॥
ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥ ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥
ਮੋਹ ਮਗਨ ਮਨੁ ਵਿਆਪਿਆ ਚਿੰਦਾ ॥ ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥੪॥
ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥
ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥ ਛੋਡਿ ਬਹੈ ਤਉ ਛੂਟੈ ਨਾਹੀ ॥
ਜਉ ਸੰਚੈ ਤਉ ਭਉ ਮਨ ਮਾਹੀ ॥ ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ॥੬॥
ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥
ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥
ਕਰਿ ਕਰਿ ਵੇਖੈ ਅਪਣੇ ਜਚਨਾ ॥ ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥੮॥੧॥੭॥”

(ਅੰਗ ੧੦੧੯)

ਉਪਰ ਸ਼ਬਦ ਦੇ ਪਹਿਲੇ ਪਦੇ ਨੂੰ ਧਿਆਨ ਨਾਲ ਸਮਝੋ ਕਿ ਚਿੰਤਾ ਤੋਂ ਮੁਕਤਿ ਕੌਣ ਹੈ ਭਾਵ ਸੁਖੀ ਕੌਣ ਹੈ।

“ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥”

ਉਪਰ ਸਾਨੂੰ ਦੁਨਿਆਵੀ ਮਾਇਆ ਦੀ ਗੱਲ ਨਹੀਂ ਸਮਝਾਈ ਹੋਈ ਜਿਵੇਂ ਕਿ ਮਾਇਆ ਨੂੰ ਸਮਝਣ ਵਿੱਚ ਸਭ ਦੇ ਵਿੱਚ ਭਰਮ ਹੈ। ਮਾਇਆ ਦੀ ਤਾਂ ਸਭ ਨੂੰ ਲੋੜ ਹੈ, ਮਾਇਆ ਬਿਨਾਂ ਸੰਸਾਰ ਨਹੀਂ ਚੱਲ ਸਕਦਾ। ਉਪਰ ਪੰਗਤੀਆਂ ਰਾਹੀਂ ਸੁਖੀ ਉਸਨੂੰ ਦੱਸਿਆ ਹੈ ਜੋ ਪੂਰੀ ਤਰ੍ਹਾਂ ਮਾਇਆ ਤੋਂ ਮੁਕਤਿ ਹੈ ਭਾਵ ਸਾਨੂੰ ਮਨ ਦੀ ਮਾਇਆ ਸਮਝਾਈ ਹੋਈ ਹੈ ਜਿਸ ਤੋਂ ਮੁਕਤਿ ਹੋਏ ਬਿਨਾਂ ਕੋਈ ਸੁਖੀ ਨਹੀਂ ਹੋ ਸਕਦਾ, ਇਸ ਮਨ ਦੀ ਮਾਇਆ ਤੋਂ ਮੁਕਤਿ ਹੋਏ ਬਿਨਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਮਨ

ਦੇ ਵਿੱਚ ਉਸ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾਂ ਕੋਈ ਵੀ ਇਸ ਸੰਸਾਰ ਵਿੱਚ ਸੁਖੀ ਜੀਵਨ ਨਹੀਂ ਬਿਤਾ ਸਕਦਾ ਜੋ ਕਿ ਮਨ ਦੇ ਸੰਤੋਖ ਵਾਲਾ ਜੀਵਨ ਹੈ, ਤ੍ਰਿਸ਼ਨਾਵਾਂ ਤੋਂ ਪੂਰੀ ਤਰ੍ਹਾਂ ਮੁਕਤਿ ਹੋ ਕੇ ਜਿਉਂਣ ਦਾ ਮਾਰਗ ਹੈ ਜਿਨ੍ਹਾਂ ਤ੍ਰਿਸ਼ਨਾਵਾਂ

42/5399

ਤੋਂ ਪ੍ਰਮਾਤਮਾ ਆਪ ਹੀ ਕਿਸੇ ਨੂੰ ਮੁਕਤਿ ਕਰਦਾ ਹੈ। ਜਦੋਂ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਮੇਰੇ ਅੰਦਰ ਪ੍ਰਮਾਤਮਾ ਆਪ ਹੀ ਹੈ ਫਿਰ ਪ੍ਰਮਾਤਮਾ ਦਾ ਉਹ ਮਨੁੱਖੀ ਰੂਪ ਪੂਰੇ ਵਿਸ਼ਵਾਸ ਨਾਲ ਸੱਚ ਤੇ ਚੱਲਦਾ ਹੈ ਕਿਉਂਕਿ ਉਸਨੂੰ ਪਤਾ ਹੁੰਦਾ ਹੈ ਕਿ ਸੱਚ ਦੀ ਰਾਖੀ ਕਰਨ ਵਾਲਾ ਅੰਦਰ ਹੀ ਹੈ, ਸਭ ਕੁਝ ਦੇਣ ਵਾਲਾ ਅੰਦਰ ਹੀ ਹੈ ਜੋ ਉਸਦੀ ਹਰ ਜਰੂਰਤ ਦਾ ਧਿਆਨ ਆਪੇ ਹੀ ਰੱਖਦਾ ਹੈ। ਮਾਇਆ ਵਾਲੀ ਬਿਰਤੀ ਵਿੱਚ ਰਹਿੰਦੇ ਹੋਏ ਮਨੁੱਖ ਤ੍ਰਿਸ਼ਨਾਵਾਂ ਵਿੱਚ ਹੀ ਰਹਿੰਦਾ ਹੈ। ਸਾਡੇ ਗ੍ਰਹਿ ਦੇ ਅੰਦਰ ਭਾਵ ਸਾਡੇ ਮਨ ਰੂਪ ਗ੍ਰਹਿ ਦੇ ਅੰਦਰ ਅਨੇਕਾਂ ਹੀ ਤ੍ਰਿਸ਼ਨਾਵਾਂ ਉਪਜਦੀਆਂ ਰਹਿੰਦੀਆਂ ਹਨ ਤੇ ਜਿਸਦੇ ਅੰਦਰ ਜਿਤਨੀਆਂ ਜਿਆਦਾ ਤ੍ਰਿਸ਼ਨਾਵਾਂ ਉਪਜਦੀਆਂ ਹਨ ਉਸਦੇ ਗ੍ਰਹਿ ਰੂਪ ਮਨ ਵਿੱਚ ਉਤਨੀ ਹੀ ਜਿਆਦਾ ਚਿੰਤਾ ਬਣੀ ਰਹਿੰਦੀ ਹੈ ਭਾਵ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਚਿੰਤਾ ਬਣੀ ਰਹਿੰਦੀ ਹੈ। ਇਹ ਚਿੰਤਾਵਾਂ ਮਿੱਟਦੀਆਂ ਨਹੀਂ ਕਿਉਂਕਿ ਇਹ ਹੋਰ ਉਪਜਦੀਆਂ ਰਹਿੰਦੀਆਂ ਹਨ। ਜਿਨ੍ਹਾਂ ਦੇ ਅੰਦਰ ਤ੍ਰਿਸ਼ਨਾਵਾਂ ਥੋੜੀਆਂ ਉਪਜਦੀਆਂ ਹਨ ਪਰ ਉਹਨਾਂ ਨੂੰ ਪੂਰੀ ਕਰਨ ਦੀ ਚਿੰਤਾ ਉਸਦੇ ਵਿੱਚ ਵੀ ਰਹਿੰਦੀ ਹੈ ਜਿਸ ਲਈ ਉਹ ਭਟਕਦਾ ਰਹਿੰਦਾ ਹੈ ਭਾਵ ਜਦ ਤਕ ਸਾਡੇ ਅੰਦਰ ਮਾਇਆ ਹੈ ਤਦ ਤਕ ਚਿੰਤਾ ਤੋਂ ਮੁਕਤਿ ਕੋਈ ਨਹੀਂ। ਭਾਵੇਂ ਕਿਸੇ ਦੇ ਅੰਦਰ ਬਹੁਤ ਲਾਲਸਾ ਹੈ, ਭਾਵੇਂ ਕਿਸੇ ਦੇ ਅੰਦਰ ਘੱਟ ਲਾਲਸਾ ਹੈ ਇਹ ਮਾਇਆ ਦਾ ਰੂਪ ਹੀ ਹਨ ਭਾਵ ਮਨ ਦੀਆਂ ਦੋਨੋਂ ਬਿਵਸਥਾ ਮਾਇਆ ਰੂਪ ਹੀ ਹਨ। ਇਹਨਾਂ ਦੋਨਾਂ ਬਿਵਸਥਾ ਤੋਂ ਮੁਕਤਿ ਹੋਣਾ ਹੀ ਮਾਇਆ ਤੋਂ ਮੁਕਤਿ ਹੋਣਾ ਹੈ ਭਾਵ ਮਨ ਦੀ ਹਰ ਇੱਕ ਤ੍ਰਿਸ਼ਨਾ ਤੋਂ, ਮਨ ਦੀ ਹਰ ਇੱਕ ਇੱਛਾ ਤੋਂ ਮੁਕਤਿ ਹੋਣਾ ਹੀ ਸੁਖੀ ਹੋਣਾ ਹੈ। ਆਪਣੇ ਅੰਦਰੋਂ ਉਸ ਮਾਇਆ ਦੇ ਮਾਲਕ ਨੂੰ ਜਾਣੇ ਬਿਨਾਂ, ਇਛਾਵਾਂ ਦੇ ਮਾਲਕ ਨੂੰ ਜਾਣੇ ਬਿਨਾਂ ਕੋਈ ਵੀ ਇਸ ਮਾਇਆ ਤੋਂ ਮੁਕਤਿ ਨਹੀਂ ਹੋ ਸਕਦਾ ਭਾਵ ਕੋਈ ਸੁਖੀ ਨਹੀਂ ਹੋ ਸਕਦਾ। **(ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥)**

{ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥ ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥੧॥ ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥
ਬੁਰਾ ਭਲਾ ਨਹੀ ਸੁਝੀ ਹੇ ॥੨॥ ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥
ਮਨ ਬਿਖੈ ਹੀ ਮਹਿ ਲੁਝੀ ਹੇ ॥੩॥ ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥
ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥}

(ਅੰਗ ੨੧੩)

{ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪਰਾਪਤਿ ਹੋਇ ॥
ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ ਨਾਨਕ ਹਰਿ ਜਾਪਿ ॥੫॥}

(ਅੰਗ ੨੭੮-੨੭੯)

ਇਹ ਮਾਇਆ ਸਾਡੇ ਕਿਸ ਗ੍ਰਿਹ ਵਿੱਚ ਵੱਸੀ ਹੋਈ ਹੈ ਤੇ ਇਸਨੇ ਸਾਨੂੰ ਪ੍ਰਮਾਤਮਾ ਦੀ ਭਗਤੀ ਤੋਂ ਕਿਸ ਤਰੀਕੇ ਦੂਰ ਕੀਤਾ ਹੋਇਆ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥
ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥੨॥”

42/5400

ਇਸ ਮਾਇਆ ਦਾ ਗ੍ਰਿਹ ਸਾਡਾ ਮਨ ਹੀ ਹੈ। ਸਾਡੇ ਮਨ ਦੇ ਅੰਦਰ ਰਾਜ ਇਸ ਮਾਇਆ ਦਾ ਹੀ ਚੱਲਦਾ ਹੈ ਭਾਵ ਅਗਿਆਨਤਾ

ਵਾਲੀ ਮਤਿ ਹੀ ਸਾਡੇ ਅੰਦਰ ਰਾਜ ਕਰਦੀ ਹੈ ਜਿਸ ਉੱਤੇ ਸਾਡਾ ਵੱਸ ਨਹੀਂ ਚੱਲਦਾ। ਇਸੇ ਲਈ ਸਾਡੇ ਮਨ ਨੂੰ ਸ਼ਬਦਾਂ ਰਾਹੀਂ ਰਾਜਾ ਵੀ ਕਿਹਾ ਗਿਆ ਹੈ। ਮਾਇਆ ਸਭ ਦੇ ਅੰਦਰ ਹੈ ਤੇ ਸਭ ਦੇ ਅੰਦਰ ਮਨ ਤੇ ਰਾਜ ਮਾਇਆ ਦਾ ਹੀ ਚੱਲਦਾ ਹੈ। ਜਦ ਤਕ ਸਾਡੇ ਅੰਦਰ ਮਾਇਆ ਦਾ ਰਾਜ ਹੈ ਇਹੀ ਸਾਡੇ ਅੰਦਰ ਦਾ ਨਰਕ ਹੈ। ਸਾਡੇ ਅੰਦਰ ਨਰਕ ਦਾ ਕਾਰਨ ਸਾਡੇ ਮਨ ਦੇ ਉਹ ਵਿਚਾਰ ਹਨ ਜਿਨ੍ਹਾਂ ਵਿਚਾਰਾਂ ਰਾਹੀਂ ਅਸੀਂ ਗੁਰੂ ਦੀ ਸੱਚੀ ਮਤਿ ਨਾਲ ਕ੍ਰੋਧ ਦਿਖਾਉਂਦੇ ਹਾਂ ਭਾਵ ਗੁਰੂ ਦੀ ਮਤਿ ਦਾ ਵਿਰੋਧ ਕਰਦੇ ਹਾਂ ਜਦ ਕਿ ਸਾਨੂੰ ਕ੍ਰੋਧ ਆਪਣੀ ਮਾੜੀ ਮਤਿ ਦਾ ਕਰਨਾ ਚਾਹੀਦਾ ਹੈ, ਮਾਇਆ ਵਾਲੇ ਮਾੜੇ ਵਿਚਾਰਾਂ ਦਾ ਵਿਰੋਧ ਕਰਨਾ ਚਾਹੀਦਾ ਹੈ ਪਰ ਉਹ ਸੱਚਾ ਕ੍ਰੋਧ ਕਰਨ ਵਿੱਚ ਅਸੀਂ ਉਦਾਸ ਹੋ ਜਾਂਦੇ ਹਾਂ ਭਾਵ ਆਪਣੀ ਮਤਿ ਦਾ ਵਿਰੋਧ ਕਰਨਾ ਸਾਨੂੰ ਚੰਗਾ ਨਹੀਂ ਲੱਗਦਾ। ਆਪਣੀ ਮਾਇਆ ਵਾਲੀ ਮਤਿ ਸਾਨੂੰ ਮਾਇਆ ਦੇ ਦੁਨਿਆਵੀ ਸੁੱਖਾਂ ਨਾਲ ਜੋੜਦੀ ਹੈ ਜੋ ਸਭ ਨੂੰ ਚੰਗੇ ਲੱਗਦੇ ਹਨ ਜਿਨ੍ਹਾਂ ਵਿੱਚੋਂ ਨਿਕਲਣਾ ਸਾਨੂੰ ਚੰਗਾ ਨਹੀਂ ਲੱਗਦਾ ਭਾਵ ਅਸੀਂ ਸੱਚ ਨਾਲ ਜੁੜਨ ਤੋਂ ਆਪਣਾ ਉਦਾਸਪਨ ਦਿਖਾਉਂਦੇ ਹਾਂ। ਮਾਇਆ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿਣਾ ਹੀ ਸਾਡੇ ਅੰਦਰ ਦਾ ਨਰਕ ਹੈ ਜਿਸ ਰਾਹੀਂ ਅਸੀਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ। ਸਾਡਾ ਜੋ ਵੀ ਕਰਮ ਗੁਰੂ ਦੀ ਮਤਿ ਦੇ ਉਲਟ ਹੈ ਉਹ ਸਾਡੇ ਅੰਦਰ ਦਾ ਨਰਕ ਹੈ ਭਾਵ ਸਾਡੇ ਅੰਦਰ ਦੀ ਮਾਇਆ ਵਾਲੀ ਮਤਿ ਹੈ ਜਿਸਦੇ ਰਾਹੀਂ ਅਸੀਂ ਧਰਮ ਤੋਂ ਉਲਟ ਮਾਰਗ ਤੇ ਚੱਲਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ। **(ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥)**

{ਰੇ ਮਨ ਲੋਭੀ ਸੁਣਿ ਮਨ ਮੇਰੇ ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥
ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥੧੧॥ ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥ ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥}

(ਅੰਗ ੧੦੭੩)

ਮਾਇਆ ਦੇ ਰਾਜ ਵਿੱਚ ਰਹਿੰਦੇ ਹੋਏ ਭਾਵ ਮਨ ਦੀ ਨਾਮਸਝ ਮਤਿ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਵੱਲੋਂ ਧਰਮ ਦੇ ਮਾਰਗ ਤੇ ਚੱਲਦੇ ਹਾਂ। ਧਰਮ ਗ੍ਰੰਥਾਂ ਦਾ ਪਾਠ ਕਰਦੇ ਹਾਂ ਤੇ ਅਨੇਕਾਂ ਵਿਧੀਆਂ ਦੁਆਰਾ ਪਾਠ ਕਰਦੇ ਹਾਂ, ਆਪਣੀ ਆਪਣੀ ਮਰਿਯਾਦਾ ਅਨੁਸਾਰ ਵੱਖਰੇ ਵੱਖਰੇ ਢੰਗ ਨਾਲ ਪਾਠ ਕਰਦੇ ਹਾਂ ਤੇ ਉਹਨਾਂ ਧਰਮ ਗ੍ਰੰਥਾਂ ਦੀਆਂ ਵਿਚਾਰਾਂ ਵੀ ਕਰਦੇ ਹਾਂ ਤੇ ਇਸੇ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਾਂ। ਜੇਕਰ ਅਸੀਂ ਕੇਵਲ ਪਾਠ ਪੜੀ ਜਾਵਾਂਗੇ ਪਰ ਗੁਰੂ ਦੀ ਗੱਲ ਨੂੰ ਜਦ ਤਕ ਮੰਨਾਂਗੇ ਨਹੀਂ ਤਦ ਤਕ ਪੜਨ ਦਾ ਕੀ ਲਾਭ, ਜਿਹੜੀ ਮਰਜੀ ਵਿਧੀ ਨਾਲ ਪਾਠ ਕਰ ਲਈਏ ਉਸਦਾ ਕੀ ਲਾਭ। ਸਾਡੇ ਅੰਦਰ ਦਾ ਨਰਕ ਭਾਵ ਸਾਡੇ ਅੰਦਰ ਦੀ ਮਨਮਤਿ ਵਾਲੀ ਮਤਿ, ਧਰਮ

ਦੇ ਮਾਰਗ ਨੂੰ ਨਾਸਮਝਣ ਵਾਲੀ ਅਗਿਆਨਤਾ ਵਾਲੀ ਮਤਿ ਤਾ ਤਾਂ ਹੀ ਦੂਰ ਹੋਣੀ ਹੈ ਜੇਕਰ ਧਰਮ ਗ੍ਰੰਥਾਂ ਵਿੱਚ ਸਮਝਾਈ ਹੋਈ ਮਤਿ ਨੂੰ ਮੰਨਾਂਗੇ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਾਂਗੇ, ਮਾੜੇ ਕਰਮਾਂ ਵਿੱਚੋਂ ਨਿਕਲਾਂਗੇ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਇਸ ਮਨ ਦੀ ਮਾਇਆ ਤੋਂ ਅਲਿਪਤ ਕਰਨ ਦਾ ਹੈ ਭਾਵ ਇਸ ਤੋਂ ਵੱਖਰਾ ਕਰਨ ਦਾ ਹੈ ਤਾਂ ਜੋ ਅਸੀਂ ਧਰਮ ਦੇ ਮਾਰਗ ਤੇ ਚੱਲ ਸਕੀਏ। ਜਦੋਂ ਧਰਮ ਗ੍ਰੰਥਾਂ ਦੀ ਮਤਿ ਨੂੰ ਮੰਨ ਲਵਾਂਗੇ ਤਾਂ ਹੀ ਅਸੀਂ ਮਨ ਦੀ ਮਾਇਆ ਤੋਂ ਅਲਿਪਤ ਹੋਵਾਂਗੇ ਭਾਵ ਧਰਮ ਗ੍ਰੰਥਾਂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਅਗਿਆਨਤਾ ਵਾਲੀ ਮਤਿ ਤੋਂ ਅਲਿਪਤ ਹੋਵਾਂਗੇ। ਜੋ ਮਨੁੱਖ ਇਸ ਮਨ ਦੀ ਮਾਇਆ ਤੋਂ ਅਲਿਪਤ ਹੁੰਦਾ ਹੈ ਭਾਵ ਆਪਣੀ ਅਗਿਆਨਤਾ ਵਾਲੀ ਮਤਿ ਨੂੰ ਛੱਡਦਾ ਹੈ ਉਸਦੀ ਹੀ ਘਾਲਣਾ ਪੂਰਨ ਹੁੰਦੀ ਹੈ ਭਾਵ ਉਸੇ ਦਾ ਜੀਵਨ ਸਫਲ ਹੁੰਦਾ ਹੈ ਭਾਵ ਉਹੀ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਦਾ ਹੈ ਤੇ ਸੱਚੇ ਸੁਖ ਦੀ ਪ੍ਰਾਪਤੀ ਕਰਦਾ ਹੈ। ਉਸਦੇ ਅੰਦਰੋਂ ਫਿਰ ਮਾਇਆ ਦਾ ਰਾਜ ਮੁੱਕ ਜਾਂਦਾ ਹੈ ਤੇ ਗੁਰਮਤਿ ਰੂਪ ਸੱਚੇ ਵਿਚਾਰਾਂ ਦਾ ਰਾਜ ਚੱਲ ਪੈਂਦਾ ਹੈ। **(ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥੨॥)**

ਇਸ ਮਾਇਆ ਤੋਂ ਅਸੀਂ ਅਲਿਪਤ ਕਿਸ ਰੂਪ ਵਿੱਚ ਹੋਣਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਇਸ ਮਾਇਆ ਤੋਂ ਅਲਿਪਤ ਹੋਏ ਬਿਨਾਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ।

“ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥”

ਉਪਰ ਪੰਗਤੀਆਂ ਰਾਹੀਂ ਸਾਨੂੰ ਸਾਡੇ ਅੰਦਰ ਦਾ ਮਾਇਆ ਰੂਪ ਹੀ ਸਮਝਾਇਆ ਹੋਇਆ ਹੈ ਜੋ ਮਾਇਆ ਰੂਪ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਾਇਆ ਸਾਡੇ ਅੰਦਰ ਭਰਮ ਵਾਲੀ ਮਤਿ ਹੈ, ਹਉਮੈ ਵਾਲੀ ਮਤਿ ਹੈ ਜਿਸਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਅਸੀਂ ਮਨ ਦੀ ਇਸ ਮਾਇਆ ਤੋਂ ਹੀ ਮੁਕਤਿ ਹੋਣਾ ਹੈ ਭਾਵ ਮਨ ਦੇ ਭਰਮ ਵਾਲੇ ਵਿਚਾਰਾਂ ਤੋਂ ਹੀ ਮੁਕਤਿ ਹੋਣਾ ਹੈ, ਮਨ ਦੀ ਹਉਮੈ ਤੋਂ ਹੀ ਮੁਕਤਿ ਹੋਣਾ ਹੈ ਤੇ ਇਹੀ ਸਾਡੇ ਅੰਦਰ ਦਾ ਬੰਧਨ ਹੈ ਜੋ ਬੰਧਨ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਭਾਵ ਸਾਡੀ ਸਮਝ ਦੇ ਰੂਪ ਵਿੱਚ ਹੈ, ਸਾਡੇ ਅੰਦਰ ਦੀ ਭਰਮਾਂ ਵਾਲੀ ਮਤਿ ਸਾਡਾ ਬੰਧਨ ਹੈ ਜਿਸਨੇ ਸਾਡੀ ਮਤਿ ਨੂੰ ਬੰਨਿਆ ਹੋਇਆ ਹੈ ਜਿਸ ਬੰਧਨ ਵਿੱਚੋਂ ਆਪਣੇ ਆਪ ਕੋਈ ਨਹੀਂ ਨਿਕਲ ਸਕਦਾ। ਇਸ ਬੰਧਨ ਤੋਂ ਮੁਕਤਿ ਕੇਵਲ ਆਪ ਗੁਰੂ ਹੈ ਭਾਵ ਗੁਰੂ ਦਾ ਸੱਚਾ ਗਿਆਨ ਭਰਮਾਂ ਤੋਂ ਮੁਕਤਿ ਹੈ, ਅਗਿਆਨਤਾ

42/5402

ਤੋਂ ਮੁਕਤਿ ਹੈ ਤੇ ਗੁਰੂ ਦੇ ਗਿਆਨ ਤੋਂ ਬਿਨਾਂ ਸਾਨੂੰ ਕੋਈ ਹੋਰ ਇਸ ਮਾਇਆ ਤੋਂ ਮੁਕਤਿ ਨਹੀਂ ਕਰ ਸਕਦਾ। ਮਨ ਦੀ ਅਗਿਆਨਤਾ ਤੋਂ ਮੁਕਤਿ ਕੋਈ ਵੀ ਨਹੀਂ ਹੈ। ਅਸੀਂ ਸਰੀਰਕ ਤੌਰ ਤੇ ਜਾਗਦੇ ਹਾਂ ਪਰ ਮਨ ਦੀ ਸਮਝ ਰਾਹੀਂ ਹਰ ਕੋਈ ਸੁੱਤਾ ਹੋਇਆ ਹੀ ਹੈ ਤੇ ਆਪਣੇ ਵੱਲੋਂ ਭਗਤੀ ਵਾਲੇ ਕਰਮ ਵੀ ਕਰਦਾ ਹੈ, ਅਨੇਕਾਂ ਸਰਰਿਕ ਕਿਰਿਆਵਾਂ ਆਦਿ ਕਰਦਾ ਹੈ ਜਿਨ੍ਹਾਂ ਰਾਹੀਂ ਹਰ ਕੋਈ ਮਨ ਦੇ ਭਰਮ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਖੁਆਰ ਹੀ ਕਰਦਾ ਹੈ। ਸਾਨੂੰ ਭਗਤੀ ਦਾ ਮਾਰਗ ਸਿਖਾਉਂਣ ਵਾਲੇ ਬਹੁਤ ਹਨ, ਪ੍ਰਮਾਤਮਾ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਪਰ ਪ੍ਰਮਾਤਮਾ ਨੂੰ ਜਾਨਣ ਦਾ ਅਸਲ ਮਾਰਗ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਹੈ ਭਾਵ ਆਪਣੇ ਆਪ ਨੂੰ ਭਰਮਾਂ ਤੋਂ ਮੁਕਤਿ ਕਰਨ ਦਾ ਹੈ, ਮਨ ਦੀ ਮਾਇਆ ਤੋਂ ਮੁਕਤਿ ਕਰਨ ਦਾ ਹੈ ਤੇ ਮਨ ਦੇ ਭਰਮਾਂ ਤੋਂ ਮੁਕਤਿ ਸਾਨੂੰ ਕੇਵਲ ਗੁਰੂ ਦੀ ਮਤਿ ਕਰ ਸਕਦੀ ਹੈ, ਗੁਰੂ ਦਾ ਗਿਆਨ ਕਰ ਸਕਦਾ ਹੈ। **(ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥)**

ਮਨ ਦੀ ਇਸ ਮਾਇਆ ਤੋਂ ਮੁਕਤਿ ਹੋਣਾ ਹੀ ਮਾਇਆ ਤੋਂ ਅਲਿਪਤ ਹੋਣਾ ਹੈ, ਮਾਇਆ ਤੋਂ ਨਿਰਲੇਪ ਹੋਣਾ ਹੈ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ, ਮਾਇਆ ਮੋਹ ਵਾਲੇ ਵਿਚਾਰਾਂ ਨੂੰ ਛੱਡ ਕੇ ਗੁਰੂ ਦੇ ਵਿਚਾਰਾਂ ਅਨੁਸਾਰ ਚੱਲਣਾ ਹੈ ਭਾਵ ਆਪਣੇ ਮਨ ਦੀ ਸਮਝ ਨੂੰ ਗੁਰੂ ਦੀ ਸਮਝ ਅਨੁਸਾਰ ਬਨਾਉਂਣਾ ਹੈ। ਇਹੀ ਆਪਣੀ ਹਉਮੈ ਨੂੰ ਛੱਡਣਾ ਹੈ ਭਾਵ ਹਉਮੈ ਦੇ ਬੰਧਨ ਵਿੱਚੋਂ ਨਿਕਲਣਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥”

ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਉਹ ਪ੍ਰਮਾਤਮਾ ਸਾਨੂੰ ਕਿਵੇਂ ਨਜਰ ਆਉਂਦਾ ਹੈ। ਉਹ ਸਾਨੂੰ ਆਪਣੇ ਅੰਦਰੋਂ ਹੀ ਦਿੱਸਦਾ ਹੈ ਤੇ ਉਸਨੂੰ ਸਾਡੇ ਅੰਦਰ ਦੀ ਸਮਝ ਹੀ ਦੇਖਦੀ ਹੈ ਭਾਵ ਜਾਣਦੀ ਹੈ। ਜਦ ਤਕ ਅਸੀਂ ਭਰਮ ਵਾਲੀ ਮਤਿ ਵਿੱਚ ਹਾਂ, ਹਉਮੈ ਵਿੱਚ ਹਾਂ, ਮਾਇਆ ਮੋਹ ਵਿੱਚ ਹਾਂ ਤਦ ਤਕ ਕੋਈ ਵੀ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ। ਅਸਲ ਵਿੱਚ ਸਭ ਕੁਝ ਇੱਕੋ ਇੱਕ ਪ੍ਰਮਾਤਮਾ ਹੀ ਹੈ, ਮਨੁੱਖ ਵੀ ਉਸੇ ਦਾ ਹੀ ਰੂਪ ਹੈ ਪਰ ਮਨ ਦੇ ਵਿੱਚੋਂ ਹਉਮੈ ਦਾ ਬੰਧਨ ਤੁੱਟੇ ਬਿਨਾਂ ਭਾਵ ਮਨ ਦੀ ਅਗਿਆਨਤਾ ਤੋਂ ਮੁਕਤਿ ਹੋਏ ਬਿਨਾਂ ਕੋਈ ਵੀ ਇਸ ਗੱਲ ਨੂੰ ਨਹੀਂ ਜਾਣ ਸਕਦਾ। ਮਨ ਦੀ ਅਗਿਆਨਤਾ ਦਾ ਬੰਧਨ **“ਸਾਧਸੰਗਿ”** ਦੁਆਰਾ ਹੀ ਤੁੱਟਦਾ ਹੈ ਭਾਵ ਗੁਰੂ ਦੀ ਸੰਗਤਿ ਦੁਆਰਾ ਹੀ ਤੁੱਟਦਾ ਹੈ ਭਾਵ ਗੁਰੂ ਦੀ ਮਤਿ ਦੀ ਸੰਗਤਿ ਕਰਨ ਦੁਆਰਾ ਹੀ ਤੁੱਟਦਾ ਹੈ

42/5403

ਜੋ ਸੰਗਤਿ ਸਾਡੇ ਮਨ ਦੇ ਵਿਚਾਰਾਂ ਨੇ ਕਰਨੀ ਹੈ ਜਿਸ ਦੁਆਰਾ ਸਾਡੇ ਮਨ ਦੇ ਮਾੜੇ ਵਿਚਾਰ, ਭਰਮ ਵਾਲੇ ਵਿਚਾਰ ਸੱਚੇ ਵਿਚਾਰਾਂ ਵਿੱਚ ਬਦਲ ਜਾਂਦੇ ਹਨ। ਪ੍ਰਮਾਤਮਾ ਆਪਣੇ ਅੰਦਰੋਂ ਗੁਰਮਤਿ ਰੂਪ ਸੱਚੇ ਗਿਆਨ ਵਾਲੇ ਵਿਚਾਰਾਂ ਦੁਆਰਾ ਹੀ ਨਜਰ ਆਉਂਦਾ ਹੈ ਭਾਵ ਮਨ ਦੇ ਸੱਚੇ ਗਿਆਨ ਦੁਆਰਾ ਹੀ ਸਮਝ ਆਉਂਦਾ ਹੈ, ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਜਾਨਣ ਦਾ ਇੱਕੋ ਇੱਕ ਤਰੀਕਾ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ ਜੋ ਅਗਿਆਨਤਾ ਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਕੱਢ ਸਕਦਾ ਤੇ ਜਿਸਦੇ ਮਨ ਦੀ ਅਗਿਆਨਤਾ ਨਿਕਲ ਜਾਂਦੀ ਹੈ ਉਹ ਫਿਰ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਕਦੇ ਉੱਚਾ ਨਹੀਂ ਥਾਪ ਸਕਦਾ। ਪ੍ਰਮਾਤਮਾ ਕਿਸੇ ਤੇ ਇਹ ਕਿਰਪਾ ਕਰ ਦੇਵੇ, ਕਿਸੇ ਨੂੰ **“ਸਾਧਸੰਗਿ”** ਬਖਸ਼ ਦੇਵੇ ਇਹ ਉਸਦੀ ਬਹੁਤ ਹੀ ਵੱਡੀ ਕਿਰਪਾ ਹੈ ਜੋ ਕਿਰਪਾ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਤੇ ਕੀਤੀ ਹੈ ਜਿਸ ਦੁਆਰਾ ਉਹਨਾਂ ਦੇ ਹਉਮੈ ਰੂਪ ਬੰਧਨ ਤੁੱਟੇ ਹਨ, ਅਗਿਆਨਤਾ ਦੇ ਬੰਧਨ

ਤੁੱਟੇ ਹਨ ਤੇ ਮਨ ਦੇ ਸੱਚੇ ਗਿਆਨ ਰਾਹੀਂ ਉਹਨਾਂ ਨੂੰ ਸਮਝ ਪਈ ਹੈ ਕਿ ਸਭ ਕੁਝ ਇੱਕੋ ਇੱਕ ਆਪ ਪ੍ਰਮਾਤਮਾ ਹੀ ਹੈ ਜਿਸਨੇ ਆਪ ਹੀ ਸਭ ਦੇ ਅੰਦਰ ਆਪਣੀ ਮਾਇਆ ਪਾ ਕੇ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਜਿਸ ਭਰਮ ਵਿੱਚ ਰਹਿੰਦਿਆਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਜੋ ਸਭ ਦੇ ਅੰਦਰ ਹੀ ਹੈ ਤੇ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ ਭਾਵ ਆਪਣੇ ਗੁਪਤ ਰੂਪ ਦੁਆਰਾ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ। **(ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥ ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥)**

ਜਿਵੇਂ ਕਿ ਅਸੀਂ ਉਪਰਲੇ ਪਦੇ ਦੁਆਰਾ ਸਮਝਿਆ ਹੈ ਮਨ ਦੇ ਭਰਮਾਂ ਵਿੱਚ ਰਹਿੰਦਿਆਂ ਅਸੀਂ ਆਪਣੇ ਵੱਲੋਂ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿਨ੍ਹਾਂ ਵਿੱਚ ਅਸੀਂ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ ਪਰ ਅਸਲ ਭਗਤੀ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਜੋ ਭਗਤੀ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥ਮੋਹ ਮਗਨ ਮਨੁ ਵਿਆਪਿਆ ਚਿੰਦਾ ॥

ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥੪॥”

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਸਭ ਨੇ ਹੀ ਆਪਣੀ ਆਪਣੀ

ਧਾਰਮਿਕ ਆਸਥਾ ਅਨੁਸਾਰ ਪ੍ਰਮਾਤਮਾ ਦੀ ਭਗਤੀ ਕਰਨ ਦੇ ਤਰੀਕੇ ਬਣਾਏ ਹੋਏ ਹਨ, ਸਮਝੇ ਹੋਏ ਹਨ, ਉਹਨਾਂ ਕੋਲੋਂ ਸਮਝੇ ਹੋਏ ਹਨ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਾਂ। ਅਸੀਂ ਇਹਨਾਂ ਨੂੰ ਆਪਣੇ ਭਗਤੀ ਵਾਲੇ ਕਰਮ ਕਹਿੰਦੇ ਹਾਂ। ਜਿਆਦਾ ਤਰ ਸਾਡੇ ਇਹ ਕਰਮ ਸਾਡੀਆਂ ਸਰੀਰਕ ਕਿਰਿਆਵਾਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਨੂੰ ਅਸੀਂ ਜਪ ਤਪ ਕਹਿੰਦੇ ਹਾਂ, ਤੀਰਥਾਂ ਆਦਿ ਤੇ ਗਉਂਣ ਕਰਦੇ ਹਾਂ, ਕਿਹੋ ਜਿਹਾ ਖਾਣਾ ਧਰਮ ਦੇ ਮਾਰਗ ਲਈ ਚੰਗਾ ਹੈ ਤੇ ਕਿਹੋ ਜਿਹਾ ਖਾਣਾ ਧਰਮ ਦੇ ਮਾਰਗ ਲਈ ਮਾੜਾ ਹੈ ਇਹਨਾਂ ਨੂੰ ਅਸੀਂ ਧਰਮ ਦੇ ਕਰਮ ਨਾਲ ਜੋੜਿਆ ਹੋਇਆ ਹੈ। ਆਪਣੀ ਆਪਣੀ ਮਰਿਯਾਦਾ ਅਨੁਸਾਰ ਅਸੀਂ ਅਨੇਕਾਂ ਹੀ ਇਹੋ ਜਿਹੇ ਕਰਮ ਬਣਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੀ ਭਗਤੀ ਨਾਲ ਜੋੜਿਆ ਹੋਇਆ ਹੈ ਭਾਵ ਧਰਮ ਦੇ ਮਾਰਗ ਨਾਲ ਜੋੜਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਤੇ ਗੁਰਬਾਣੀ ਰਾਹੀਂ ਇਹੋ ਜਿਹੇ ਸਾਡੇ ਭਗਤੀ ਦੇ ਤਰੀਕਿਆਂ ਦਾ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਇਸਦਾ ਕਾਰਣ ਸਾਡੇ ਅੰਦਰ ਦੀ ਮਾਇਆ ਹੈ ਭਾਵ ਨਾਸਮਝ ਮਤਿ ਹੈ ਜੋ ਸਾਨੂੰ ਪੁੱਠੇ ਮਾਰਗ ਤੇ ਤੋਰਦੀ ਹੈ। ਮਾਇਆ ਸਭ ਦੇ ਅੰਦਰ ਹੀ ਹੈ ਤੇ ਇਸੇ ਲਈ ਸਾਡੇ ਆਪਣੇ ਬਣਾਏ ਹੋਏ ਭਗਤੀ ਦੇ ਤਰੀਕਿਆਂ ਨੂੰ ਹੀ ਹਰ ਕੋਈ ਠੀਕ ਸਮਝਦਾ ਹੈ ਪਰ ਅਸਲ ਵਿੱਚ ਇਹ ਕਰਮ ਧਰਮ ਸਾਨੂੰ ਬੰਧਨ ਵਿੱਚ ਹੀ ਪਾਉਂਦੇ ਹਨ ਤੇ ਜੇਕਰ ਕੋਈ ਇਹੋ ਜਿਹੇ ਕਰਮ ਧਰਮ ਨਹੀਂ ਕਰਦਾ ਤਾਂ ਫਿਰ ਉਸਨੂੰ ਸੰਸਾਰ ਨਿੰਦਦਾ ਹੈ ਭਾਵ ਇਹੋ ਜਿਹੇ ਮਨੁੱਖ ਨੂੰ ਮਾੜਾ ਕਹਿੰਦਾ ਹੈ ਕਿਉਂਕਿ ਹਰ ਕੋਈ ਨਾਸਮਝੀ ਵਿੱਚ ਹੀ ਹੈ। ਆਪਣੇ ਅੰਦਰ ਮਾਇਆ ਮੋਹ ਦੇ ਰਹਿੰਦੇ ਹੋਏ ਅਗਰ ਕੋਈ ਇਹੋ ਜਿਹੇ ਕਰਮ ਧਰਮ ਨਹੀਂ ਕਰਦਾ ਤਾਂ ਫਿਰ ਉਹ ਆਪ ਵੀ ਚਿੰਤਾ ਵਿੱਚ ਰਹਿੰਦਾ ਹੈ ਕਿ ਮੈਂ ਅੱਜ ਕਰਮ ਧਰਮ ਨਹੀਂ ਕਰ ਸਕਿਆ, ਮੈਂ ਅੱਜ ਜਿਤਨੇ ਪਾਠ ਕਰਨੇ ਸੀ ਉਤਨੇ ਨਹੀਂ ਕਰ ਸਕਿਆ, ਮੈਂ ਅੱਜ ਸਵੇਰੇ ਉੱਠਣਾ ਸੀ ਨਹੀਂ ਉੱਠ ਸਕਿਆ ਭਾਵ ਮੈਂ ਉੱਚੇ ਵੇਲੇ ਦੀ ਸੰਭਾਲ ਨਹੀਂ ਕਰ ਸਕਿਆ, ਮੈਂ ਅੱਜ ਗੁਰੂ ਦੇ ਦੁਆਰੇ ਤੇ ਮੱਥਾ ਟੇਕਣ ਨਹੀਂ ਜਾ ਸਕਿਆ ਤੇ ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਕਰਮ ਧਰਮ ਸਮਝੇ ਹੋਏ ਹਨ ਤੇ ਜੇਕਰ ਉਹ ਨਹੀਂ ਹੁੰਦੇ ਤਾਂ ਸਾਨੂੰ ਇਸ ਗੱਲ ਦੀ ਚਿੰਤਾ ਖਾਂਦੀ ਰਹਿੰਦੀ ਹੈ ਪਰ ਅਸਲ ਵਿੱਚ ਇਹ ਸਾਡੇ ਅੰਦਰ ਭਗਤੀ ਦੀ ਸੱਚੀ ਸਮਝ ਦਾ ਨਾ ਹੋਣਾ ਹੈ, ਸਾਡੇ ਅੰਦਰ ਦੀ ਮਾਇਆ ਹੈ ਜੋ ਸਾਨੂੰ ਵਿਅਰਥ ਦੀ ਚਿੰਤਾ ਵਿੱਚ ਪਾਈ ਰੱਖਦੀ ਹੈ। **(ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥ ਮੋਹ ਮਗਨ ਮਨੁ ਵਿਆਪਿਆ ਚਿੰਦਾ ॥)**

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥

ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥

ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥ ਸੁਣਿ ਪੰਡਿਤ ਕਰਮਾ ਕਾਰੀ ॥

ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੁਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ ੬੩੫-੬੩੬)

42/5405

{ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥
ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥੧॥}

(ਅੰਗ ੩੩੫)

{ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥
ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥੪॥੬॥੫੩॥}

(ਅੰਗ ੭੪੮)

{ਬੰਧਨ ਮਾਤ ਪਿਤਾ ਸੁਤ ਬਨਿਤਾ ॥ ਬੰਧਨ ਕਰਮ ਧਰਮ ਹਉ ਕਰਤਾ ॥
ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥}

(ਅੰਗ ੧੧੪੭)

{ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥

ਗੁਰਮੁਖਿ ਵਿਚਹੁ ਹਉਮੈ ਜਾਇ ॥ ਗੁਰਮੁਖਿ ਮੈਲੁ ਨ ਲਾਗੈ ਆਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥ ਗੁਰਮੁਖਿ ਕਰਮ ਧਰਮ ਸਚਿ ਹੋਈ ॥
ਗੁਰਮੁਖਿ ਅਹੰਕਾਰੁ ਜਲਾਏ ਦੋਈ ॥ ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥}

(ਅੰਗ ੨੨੯-੨੩੦)

{ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥ ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥}

(ਅੰਗ ੫੫੧)

{ਅਗਿਆਨੁ ਅਧੇਰਾ ਸੰਤੀ ਕਾਟਿਆ ਜੀਅ ਦਾਨੁ ਗੁਰ ਦੈਣੀ ॥
ਕਰਿ ਕਿਰਪਾ ਕਰਿ ਲੀਨੋ ਅਪੁਨਾ ਜਲਤੇ ਸੀਤਲ ਹੋਣੀ ॥੧॥
ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ ॥
ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ ॥੨॥੯॥}

(ਅੰਗ ੫੩੦)

{ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥
ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥ ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥}

(ਅੰਗ ੪੦੫)

{ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥}

(ਅੰਗ ੭੪੭-੭੪੯)

{ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ ॥ ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ॥
ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ॥ ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥
ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥ ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥
ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥ ਓਪਾਈਅਨ੍ ਸਭਿ ਨਿਧਾਨ ਸਾਹਿਬਿ ਤੁਠਿਆ ॥੧੨॥}

(ਅੰਗ ੫੨੧)

{ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥ ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥੨॥}

(ਅੰਗ ੫੫੨)

42/5406

{ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥}

(ਅੰਗ ੧੧੮੫)

{ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ ਕਿਲਵਿਖ ਮੈਲੁ ਪਾਪ ਧੋਵਾਹਾ ॥
ਦੀਨ ਦਇਆਲ ਹੋਹੁ ਜਨ ਊਪਰਿ ਦੇਹੁ ਨਾਨਕ ਨਾਮੁ ਓਮਾਹਾ ਰਾਮ ॥੪॥੫॥੧੧॥}

(ਅੰਗ ੬੯੬)

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥
ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥
ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥
ਆਪਿ ਤਰੈ ਸਗਲੇ ਕੁਲ ਉਧਾਰਾ ॥੩॥ ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥}

(ਅੰਗ ੧੬੦-੧੬੧)

{ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰਪਉ ਸਭ ਹੋਮਾ ॥ ਗਰਬੁ ਮੋਹੁ ਤਜਿ ਹੋਵਉ ਰੇਨ ॥
ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ ॥੩॥ ਨਿਮਖ ਨਿਮਖ ਏਹੀ ਆਰਾਧਉ ॥ ਦਿਨਸੁ ਰੈਣਿ ਏਹ ਸੇਵਾ ਸਾਧਉ ॥
ਭਏ ਕ੍ਰਿਪਾਲ ਗੁਪਾਲ ਗੋਬਿੰਦ ॥ ਸਾਧਸੰਗਿ ਨਾਨਕ ਬਖਸਿੰਦ ॥੪॥੩੩॥੮੪॥}

(ਅੰਗ ੩੯੧)

{ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧਸੰਗਿ ਜਪੀਐ ਹਰਿ ਨਾਮੁ ॥ ਸਾਗਰ ਤਰਿ ਬੋਹਿਥ ਪ੍ਰਭ ਚਰਣ ॥
ਅੰਤਰਜਾਮੀ ਪ੍ਰਭ ਕਾਰਣ ਕਰਣ ॥੩॥ ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥
ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥੧੨॥੧੪॥}

(ਅੰਗ ੮੬੬)

{ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥ ਨਾਮ ਬਿਹੂਣੇ ਚਲਸਹਿ ਰੋਇ ॥੨॥}

(ਅੰਗ ੮੯੦)

{ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥

ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ ॥੧॥}

(ਅੰਗ ੪੩੭)

{ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥
ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥}

(ਅੰਗ ੪੧੩)

{ਸਗਲ ਧਰਮ ਮਹਿ ਉਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥
ਜਿਸ ਕਉ ਚਾਹਹਿ ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥੩॥}

(ਅੰਗ ੧੧੮੨)

ਧਰਮ ਦਾ ਮਾਰਗ ਸਾਡੇ ਕਰਮ ਹੀ ਹਨ ਭਾਵ ਸਾਡੇ ਸੱਚੇ ਸੁੱਚੇ ਕਰਮ ਹਨ ਜੋ ਕਰਮ ਅਸੀਂ ਗੁਰਮਤਿ ਰੂਪ ਸੱਚੀ ਸੋਝੀ ਦੁਆਰਾ ਕਰਦੇ ਹਾਂ, ਗੁਰੂ ਦੇ ਭਾਣੇ ਅਨੁਸਾਰ ਵਿਚਰਦੇ ਹਾਂ ਜਿਵੇਂ ਕਿ ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਭਗਤੀ ਦਾ ਭਾਵ ਧਰਮ ਦਾ ਸੱਚਾ ਮਾਰਗ ਕੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥੪॥”

42/5407

ਭਗਤੀ ਦਾ ਮਾਰਗ ਕੇਵਲ ਤੇ ਕੇਵਲ **“ਗੁਰ ਪ੍ਰਸਾਦਿ”** ਹੈ ਭਾਵ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਜਿਸਨੂੰ ਉਹ ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਆਪਣੀ ਭਗਤੀ ਸਮਝਾਉਂਦਾ ਹੈ। ਭਗਤੀ ਦਾ ਮਾਰਗ ਉਹੀ ਹੈ ਜੋ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਸੱਚੇ ਸੁੱਚੇ ਕਰਮ ਕਰਨ ਨੂੰ ਭਗਤੀ ਦਾ ਮਾਰਗ ਨਹੀਂ ਸਮਝਦੇ ਬਲਕਿ ਆਪਣੇ ਬਣਾਏ ਹੋਏ ਅਨੇਕਾਂ ਤਰੀਕਿਆਂ ਨੂੰ ਭਗਤੀ ਦਾ ਮਾਰਗ ਸਮਝਦੇ ਹਾਂ। ਮਾਇਆ ਮੋਹ ਵਿੱਚ ਰਹਿੰਦੇ ਹੋਏ ਅਸੀਂ ਮਾਇਆ ਦੇ ਪਦਾਰਥਾਂ ਦੇ ਸੁੱਖ ਵਿੱਚ ਹੀ ਆਪਣਾ ਅਸਲ ਸੁੱਖ ਸਮਝਦੇ ਹਾਂ ਤੇ ਜਦੋਂ ਸਾਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ ਉਸ ਵਿੱਚ ਅਸੀਂ ਦੁੱਖ ਮਹਿਸੂਸ ਕਰਦੇ ਹਾਂ। ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਹੀ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਜੋ ਕਿ ਭਗਤੀ ਦਾ ਮਾਰਗ ਨਹੀਂ ਹੈ। ਸਾਡੇ ਅੰਦਰ ਹਰ ਵੇਲੇ ਤ੍ਰਿਸ਼ਨਾਵਾਂ ਉਪਜਦੀਆਂ ਰਹਿੰਦੀਆਂ ਹਨ। ਆਪਣੀ ਤ੍ਰਿਸ਼ਨਾ ਦੀ ਪੂਰਤੀ ਵਿੱਚ ਅਸੀਂ ਸੁੱਖ ਮਹਿਸੂਸ ਕਰਦੇ ਹਾਂ ਤੇ ਜਦੋਂ ਸਾਡੀ ਤ੍ਰਿਸ਼ਨਾ ਦੀ ਪੂਰਤੀ ਨਹੀਂ ਹੁੰਦੀ ਉਸ ਵਿੱਚ ਅਸੀਂ ਦੁੱਖ ਮਹਿਸੂਸ ਕਰਦੇ ਹਾਂ ਭਾਵ ਸੁੱਖ ਦੁੱਖ ਸਾਡੇ ਮਨ ਦੀਆਂ ਇੱਛਾਵਾਂ ਦੇ ਨਾਲ ਜੁੜੇ ਹੋਏ ਹਨ। ਮਨ ਦੀਆਂ ਇੱਛਾਵਾਂ ਦਾ ਕੋਈ ਅੰਤ ਨਹੀਂ ਹੈ ਜਿਨ੍ਹਾਂ ਦੀ ਪੂਰਤੀ ਲਈ ਹੀ ਅਸੀਂ ਅਉਗੁਣਾਂ ਦਾ ਸਹਾਰਾ ਲੈਂਦੇ ਹਾਂ, ਅਨੇਕਾਂ ਦਾ ਮਾੜਾ ਕਰਦੇ ਹਾਂ ਭਾਵ ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਸਾਡੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਹੀ ਕਰਵਾਉਂਦੇ ਹਨ ਜਿਨ੍ਹਾਂ ਵਿੱਚ ਅਸੀਂ ਸੁੱਖ ਮਹਿਸੂਸ ਕਰਦੇ ਹਾਂ। ਸੁੱਖਾਂ ਨੂੰ ਕੋਈ ਨਹੀਂ ਤਿਆਗਣਾ ਚਾਹੁੰਦਾ ਤੇ ਇਸੇ ਲਈ ਕੋਈ ਆਪਣੀਆਂ ਇੱਛਾਵਾਂ ਨਹੀਂ ਛੱਡਣੀਆਂ ਚਾਹੁੰਦਾ। ਇੱਛਾਵਾਂ ਛੱਡਣ ਵਿੱਚ ਦੁੱਖ ਮਹਿਸੂਸ ਹੁੰਦਾ ਹੈ ਤੇ ਇਸੇ ਲਈ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ। ਭਗਤੀ ਦਾ ਮਾਰਗ ਸੁੱਖ ਦੁੱਖ ਨੂੰ ਇੱਕੋ ਜਿਹਾ ਕਰਕੇ ਜਾਨਣ ਦਾ ਹੈ ਭਾਵ ਜੇਕਰ ਸਾਨੂੰ ਕਿਸੇ ਗੱਲ ਵਿੱਚ ਸੁੱਖ ਮਹਿਸੂਸ ਹੁੰਦਾ ਹੈ ਤੇ ਜੇਕਰ ਸਾਨੂੰ ਕੋਈ ਸੁੱਖ ਨਹੀਂ ਮਿਲਦਾ ਉਸ ਵਿੱਚ ਸਾਨੂੰ ਫਿਰ ਦੁੱਖ ਮਹਿਸੂਸ ਨਹੀਂ ਹੋਣਾ ਚਾਹੀਦਾ। ਇਹੀ ਪ੍ਰਮਾਤਮਾ ਦੇ ਭਾਣੇ ਵਿੱਚ ਵਿਚਰਨਾ ਹੈ। ਮਨੁੱਖ ਸੱਚੇ ਸੁੱਚੇ ਕਰਮ ਮਨ ਦੀਆਂ ਇੱਛਾਵਾਂ ਵਿੱਚੋਂ ਨਿਕਲਣ ਦੁਆਰਾ ਹੀ ਕਰ ਸਕਦਾ ਹੈ, ਮਾਯਾਵੀ ਸੁੱਖਾਂ ਦੇ ਤਿਆਗ ਦੁਆਰਾ ਹੀ ਕਰ ਸਕਦਾ ਹੈ ਭਾਵ ਅਉਗੁਣਾਂ ਤੋਂ ਰਹਿਤ ਹੋ ਕੇ ਹੀ ਕਰ ਸਕਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਮਨ ਦੇ ਵਿੱਚ ਸੱਚੀ ਸਮਝ ਦੁਆਰਾ ਹੀ ਆ ਸਕਦੀ ਹੈ, ਮਾਇਆ ਮੋਹ ਵਿੱਚੋਂ ਨਿਕਲਕੇ ਹੀ ਆ ਸਕਦੀ ਹੈ ਜੋ ਕਿ ਕੇਵਲ ਗੁਰ ਪ੍ਰਸਾਦਿ ਹੈ। ਜਦੋਂ ਪ੍ਰਮਾਤਮਾ ਸਾਡੇ ਅੰਦਰ ਆਪ ਵੱਸ ਜਾਂਦਾ ਹੈ, ਜਦੋਂ ਘੱਟ ਘੱਟ ਦੇ ਵਿੱਚ ਭਾਵ ਜਦੋਂ ਹਰ ਮਨੁੱਖ ਦੇ ਵਿੱਚ ਪ੍ਰਮਾਤਮਾ ਦਾ ਰੂਪ ਨਜਰ ਆਉਂਦਾ ਹੈ ਉਦੋਂ ਹੀ ਮਨੁੱਖ ਇਹੋ ਜਿਹੀ ਮਨ ਦੀ ਸਮਝ ਦੁਆਰਾ

42/5408

ਵਿਚਰ ਸਕਦਾ ਹੈ ਜੋ ਕਿ ਭਗਤੀ ਦਾ ਅਸਲ ਮਾਰਗ ਹੈ। ਮਨ ਦੇ ਵਿੱਚ ਉਹ ਸਮਝ ਵੀ ਆਪ ਹੀ ਪਾਉਂਦਾ ਹੈ ਤੇ ਆਪ ਹੀ ਆਪਣੀ ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਇਸ ਮਾਰਗ ਤੇ ਚਲਾਇਆ ਹੈ। **(ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥ ਮੋਹ ਮਗਨ ਮਨੁ ਵਿਆਪਿਆ ਚਿੰਦਾ ॥ ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥੪॥)**

ਭਗਤੀ ਦਾ ਸਹੀ ਮਾਰਗ ਕਿਸੇ ਨੂੰ ਵੀ ਕਿਸ ਕਰਕੇ ਸਮਝ ਨਹੀਂ ਆਉਂਦਾ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥

ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥”

ਗੁਰੂ ਸਾਹਿਬ ਜੋ ਸਾਨੂੰ ਸਮਝਾ ਰਹੇ ਹਨ ਉਹ ਸੱਚ ਹੈ ਭਾਵ ਗੁਰੂ ਦੀ ਗੱਲ ਪੂਰਨ ਭਰੋਸੇ ਯੋਗ ਹੈ ਜਿਸਨੂੰ ਮੰਨਣ ਵਿੱਚ ਕਿਸੇ ਨੂੰ ਵੀ ਜਿੱਦ ਨਹੀਂ ਕਰਨੀ ਚਾਹੀਦੀ ਭਾਵੇਂ ਕੋਈ ਆਪਣੇ ਆਪ ਨੂੰ ਕਿਤਨਾ ਵੀ ਗਿਆਨਵਾਨ ਸਮਝਦਾ ਹੋਵੇ, ਧਰਮ ਦੇ ਮਾਰਗ ਦੀ ਉੱਚੀ ਸੋਝੀ ਵਾਲਾ ਸਮਝਦਾ ਹੋਵੇ। ਅਗਰ ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਸਾਰਾ ਸੰਸਾਰ ਸਹਿਸਾ ਦੇ ਵਿੱਚ ਹੈ ਭਾਵ ਭਰਮ ਦੇ ਵਿੱਚ ਹੈ ਫਿਰ ਇਹ ਸੱਚ ਹੈ। ਸਹਿਸਾ ਸਾਡੇ ਅੰਦਰ ਦੀ ਸਮਝ ਹੈ ਭਾਵ ਨਾਸਮਝ ਮਤਿ ਹੈ ਜਿਸਨੂੰ ਸੱਚ ਦੀ ਸਮਝ ਨਹੀਂ ਪੈਂਦੀ। ਸਾਡੇ ਅੰਦਰ ਦੀ ਸਹਿਸਾ ਹੀ ਮਾਇਆ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਵਿੱਚ ਰੱਖਦੀ ਹੈ ਭਾਵ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਰੱਖਦੀ ਹੈ। ਉਹੀ ਗੱਲ ਸਾਨੂੰ ਉਪਰ ਸਮਝਾਈ ਹੋਈ ਹੈ। ਧਰਮ ਗ੍ਰੰਥ ਉਸ ਪ੍ਰਮਾਤਮਾ ਦੀ ਕਥਾ ਬਿਆਨ ਕਰਦੇ ਹਨ ਜੋ ਸਭ ਦੇ ਲਈ ਅਕਥ ਹੈ। ਉਸ ਅਕਥ ਪ੍ਰਮਾਤਮਾ ਨੂੰ ਉਹਨਾਂ ਨੇ ਹੀ ਕਥਿਆ ਹੈ ਜਿਨ੍ਹਾਂ ਨੇ ਉਸਨੂੰ ਆਪਣੇ ਅੰਦਰੋਂ ਜਾਣਿਆ ਹੈ ਤੇ ਉਸ ਅਕਥ ਨੇ ਉਹਨਾਂ ਸਰੀਰਾਂ ਰਾਹੀਂ ਆਪ ਹੀ ਆਪਣੀ ਕਥਾ ਬਿਆਨ ਕਰਵਾਈ ਹੈ। ਪੂਰੀ ਗੁਰਬਾਣੀ ਉਸ ਅਕਥ ਰੂਪ ਪ੍ਰਮਾਤਮਾ ਦੀ ਕਥਾ ਹੈ ਭਾਵ ਅਕਥ ਕਥਾ ਹੈ। ਜਿਨ੍ਹਾਂ ਨੇ ਇਸ ਅਕਥ ਕਥਾ ਨੂੰ ਜਾਣਿਆ ਹੈ ਭਾਵ ਬਿਆਨ ਕੀਤਾ ਹੈ ਉਹਨਾਂ ਨੂੰ ਪਹਿਲਾਂ ਪ੍ਰਮਾਤਮਾ ਨੇ ਮਨ ਦੇ ਭਰਮ ਵਿੱਚੋਂ ਕੱਢਿਆ ਹੈ, ਸਹਸਾ ਵਿੱਚੋਂ ਕੱਢਿਆ ਹੈ, ਮਾਇਆ ਵਿੱਚੋਂ ਕੱਢਿਆ ਹੈ, ਹਉਮੈ ਵਿੱਚੋਂ ਕੱਢਿਆ ਹੈ, ਤ੍ਰੈ ਗੁਣਾਂ ਵਿੱਚੋਂ ਕੱਢਿਆ ਹੈ। ਪ੍ਰਮਾਤਮਾ ਦੀ ਅਕਥ ਕਥਾ ਚਉਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਕਿ ਗਿਆਨ ਦੀ ਬਹੁਤ ਉੱਚੀ ਅਵਸਥਾ ਹੈ। ਇਸ ਉੱਚੇ ਗਿਆਨ ਨੂੰ ਭਰਮ ਵਾਲੀ ਮਤਿ

ਦੁਆਰਾ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਅਗੋਚਰ ਹੈ ਭਾਵ ਪਹੁੰਚ ਤੋਂ ਬਾਹਰ ਹੈ ਭਾਵ ਸਾਡੀ ਸਮਝ ਤੋਂ ਬਾਹਰ ਹੈ। ਉਹ ਪ੍ਰਮਾਤਮਾ ਸਾਡੇ ਅੰਦਰ ਉੱਚੇ ਗਿਆਨ ਦੀ ਅਵਸਥਾ ਵਿੱਚ ਹੀ ਵਿਚਰਦਾ ਹੈ ਤੇ ਆਪਣੀ ਅਕਥ ਕਥਾ ਉਸਨੇ ਮਨ ਦੇ ਵਿੱਚ ਆਪਣਾ ਇਹ ਉੱਚੇ ਗਿਆਨ ਵਾਲਾ ਰੂਪ ਪ੍ਰਗਟ ਕਰਨ ਦੁਆਰਾ ਹੀ ਲਿਖਾਈ ਹੈ। ਅਸਲ ਵਿੱਚ ਅਕਥ ਕਥਾ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਕਰਕੇ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਸਥਾਨ ਹੈ। ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਅਕਥ ਕਥਾ ਹੈ ਤੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਕੋਈ ਪ੍ਰਮਾਤਮਾ ਦੀ ਅਕਥ ਕਥਾ ਨੂੰ ਨਹੀਂ ਜਾਣ ਸਕਦਾ। ਧਰਮ ਦਾ ਮਾਰਗ ਸਾਨੂੰ ਅਕਥ ਕਥਾ ਹੀ ਸਮਝਾਉਂਦੀ ਹੈ ਪਰ ਸਾਰਾ ਸੰਸਾਰ ਸਹਿਸਾ ਵਿੱਚ ਹੈ ਭਾਵ ਛੋਟੀ ਮਤਿ ਵਿੱਚ ਹੈ, ਚੌਥੇ ਪਦ ਦੇ ਗਿਆਨ ਦੇ ਸਾਹਮਣੇ ਬਹੁਤ ਨੀਵੀਂ ਮਤਿ ਵਾਲਾ ਹੈ। ਨੀਵੀਂ ਮਤਿ ਕਰਕੇ ਹੀ ਸਾਡੀ ਮਤਿ ਭਰਮਾਂ ਵਿੱਚ ਹੈ। ਮਨ ਦੀ ਇਹੋ ਜਿਹੀ ਮਤਿ ਵਿੱਚ ਰਹਿੰਦੇ ਹੋਏ ਨਾ ਕੋਈ ਅਕਥ ਕਥਾ ਨੂੰ ਸਮਝ ਸਕਦਾ ਹੈ ਭਾਵ ਗੁਰਬਾਣੀ ਦਾ ਗਿਆਨ ਸਮਝ ਆ ਸਕਦਾ ਹੈ ਤੇ ਨਾ ਹੀ ਸਾਨੂੰ ਉਸ ਅਗੋਚਰ ਦੀ ਭਾਵ ਉਸ ਪ੍ਰਮਾਤਮਾ ਦੀ ਸਮਝ ਪੈ ਸਕਦੀ ਹੈ। **(ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥)** ਆਪਣੀ ਭਰਮ ਵਾਲੀ ਮਤਿ ਵਿੱਚ ਰਹਿੰਦੇ ਹੋਏ ਕੋਈ ਪ੍ਰਮਾਤਮਾ ਦੀ ਅਕਥ ਕਥਾ ਨੂੰ ਜਾਣ ਲਵੇ ਭਾਵ ਗੁਰਬਾਣੀ ਵਿੱਚ ਸਾਨੂੰ ਕਿਹੋ ਜਿਹਾ ਉੱਚਾ ਗਿਆਨ ਦਿੱਤਾ ਹੋਇਆ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਕੀ ਹੈ ਇਸਨੂੰ ਕਿਸੇ ਲਈ ਜਾਨਣਾ ਨਾਮੁਮਕਿਨ ਹੈ ਤੇ ਭਰਮ ਵਾਲੀ ਮਤਿ ਵਿੱਚ ਰਹਿੰਦੇ ਹੋਏ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਨਾਮੁਮਕਿਨ ਹੈ। ਸ਼ਬਦ ਦੇ ਅੰਦਰ ਦੀ ਪੂਰਨ ਸੋਝੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਭਾਵ ਜੇਕਰ ਕੋਈ ਗੁਰਬਾਣੀ ਦੇ ਪੂਰੇ ਵਿਚਾਰਾਂ ਨੂੰ ਜਾਣ ਲੈਂਦਾ ਹੈ ਫਿਰ ਇਸਦਾ ਮਤਲਬ ਇਹ ਹੈ ਕਿ ਉਸਨੇ ਪ੍ਰਮਾਤਮਾ ਨੂੰ ਵੀ ਜਾਣ ਲਿਆ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇਗਾ ਉਹੀ ਉਸਦੀ ਅਕਥ ਕਥਾ ਨੂੰ ਜਾਣੇਗਾ। **(ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥)** ਅੰਗ ੧੨੦ ਸਹਿਸਾ ਵਾਲੀ ਮਤਿ ਵਿੱਚ

ਰਹਿੰਦੇ ਹੋਏ ਕੋਈ ਅਕਥ ਕਥਾ ਨੂੰ ਜਾਣ ਲਏ, ਉਸ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾ ਮੁਮਕਿਨ ਹੈ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥"

ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਉਸ ਪ੍ਰਮਾਤਮਾ

42/5410

ਦੀ ਕਥਾ ਨੂੰ ਭਾਵ ਅਕਥ ਕਥਾ ਨੂੰ, ਉਸ ਅਗੋਚਰ ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਹੀ ਜਾਣ ਸਕਦਾ ਹੈ ਜਿਸਨੂੰ ਉਹ ਆਪ ਮਨ ਦੇ ਵਿੱਚ ਸੋਝੀ ਪਾਉਂਦਾ ਹੈ ਭਾਵ ਮਨ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਪਾਉਂਦਾ ਹੈ। ਉਸ ਪ੍ਰਮਾਤਮਾ ਦੇ ਉੱਚੇ ਗਿਆਨ ਰੂਪ ਨੂੰ ਜਾਨਣ ਤੋਂ ਬਾਅਦ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਮਤਿ ਉਸਦੀ ਉੱਚੀ ਮਤਿ ਦੇ ਸਾਹਮਣੇ ਇੱਕ ਬੱਚਿਆ ਵਾਲੀ ਮਤਿ ਹੈ। ਮਨ ਦੇ ਵਿੱਚ ਪ੍ਰਗਟ ਹੋਣ ਤੋਂ ਬਾਅਦ ਉਹ ਹਰ ਗੱਲ ਇਸ ਤਰ੍ਹਾਂ ਸਮਝਾਉਂਦਾ ਹੈ ਜਿਵੇਂ ਕਿ ਬੱਚਿਆਂ ਨੂੰ ਸਮਝਾਈ ਦਾ ਹੈ ਭਾਵ ਨਾਸਮਝਾਂ ਨੂੰ ਸਮਝਾਈ ਦਾ ਹੈ। ਬੱਚਿਆਂ ਵਾਲੀ ਮਤਿ ਵਿੱਚ ਰਹਿੰਦਿਆਂ ਭਾਵ ਸਹਿਸਾ ਵਾਲੀ ਮਤਿ ਵਿੱਚ ਰਹਿੰਦਿਆਂ ਨਾ ਹੀ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਭਾਵ ਨਾ ਹੀ ਗੁਰੂ ਦੀ ਬਾਣੀ ਦੇ ਸਹੀ ਅਰਥਾਂ ਦੀ ਸਮਝ ਪੈਂਦੀ ਹੈ ਤੇ ਨਾ ਹੀ ਉਹਨਾਂ ਤੇ ਚੱਲਿਆ ਜਾ ਸਕਦਾ ਹੈ ਤੇ ਨਾ ਹੀ ਸਹਿਸਾ ਦੇ ਰਹਿੰਦੇ ਹੋਏ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਜਿਸਨੇ ਆਪ ਹੀ ਸਾਨੂੰ ਬੱਚਿਆਂ ਵਰਗੀ ਛੋਟੀ ਮਤਿ ਵਿੱਚ ਰੱਖਿਆ ਹੋਇਆ ਹੈ, ਨਾਸਮਝ ਮਤਿ ਵਿੱਚ ਰੱਖਿਆ ਹੋਇਆ ਹੈ।
(ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥ ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥)

ਆਪਣੇ ਅੰਦਰ ਮਾਇਆ ਮੋਹ ਦੇ ਰਹਿੰਦਿਆਂ ਸਾਨੂੰ ਕਾਫੀ ਗੱਲਾਂ ਗੁਰੂ ਦੀਆਂ ਸਮਝ ਵੀ ਆਉਂਦੀਆਂ ਹਨ ਜਿਨ੍ਹਾਂ ਨੂੰ ਗੁਰੂ ਨੇ ਬੜੇ ਆਸਾਨ ਢੰਗ ਨਾਲ ਸਮਝਾਇਆ ਹੁੰਦਾ ਹੈ। ਬਾਰ-ਬਾਰ ਸਾਨੂੰ ਗੁਰਬਾਣੀ ਰਾਹੀਂ, ਧਰਮ ਗ੍ਰੰਥਾਂ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਲੋਭ ਲਾਲਚ ਮਾੜੀ ਚੀਜ ਹੈ, ਕਿਸੇ ਦਾ ਹੱਕ ਖਾਣਾ ਮਾੜੀ ਗੱਲ ਹੈ, ਕਿਸੇ ਪਰਾਈ ਇਸਤਰੀ ਵੱਲ ਮਾੜੀ ਨਜਰ ਰੱਖਣਾ ਗਲਤ ਗੱਲ ਹੈ, ਝੂਠਾ ਮਾਣ ਲੈਣਾ ਮਾੜੀ ਗੱਲ ਹੈ, ਜਾਤ ਪਾਤ ਦਾ ਭੇਦ ਕਰਨਾ ਮਾੜੀ ਗੱਲ ਹੈ, ਝੂਠ ਬੋਲਣਾ ਮਾੜੀ ਗੱਲ ਹੈ ਤੇ ਇਸੇ ਤਰ੍ਹਾਂ ਸਾਨੂੰ ਅਨੇਕਾਂ ਹੀ ਗੱਲਾਂ ਗੁਰੂ ਦੀਆਂ ਸਪਸ਼ਟ ਸਮਝ ਆਉਂਦੀਆਂ ਹਨ ਪਰ ਗੁਰੂ ਦੀਆਂ ਇਹ ਗੱਲਾਂ ਮੰਨਣ ਲਈ ਸਾਨੂੰ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ, ਆਪਣੀਆਂ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਮਾਇਆ ਦੇ ਸੁੱਖ ਛੱਡਣੇ ਪੈਂਦੇ ਹਨ ਜੋ ਕਿ ਸਾਡੇ ਕੋਲੋਂ ਛੱਡੇ ਨਹੀਂ ਜਾਂਦੇ ਭਾਵ ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਛੋਡਿ ਬਹੈ ਤਉ ਛੂਟੈ ਨਾਹੀ ॥ ਜਉ ਸੰਚੈ ਤਉ ਭਉ ਮਨ ਮਾਹੀ ॥
ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ॥੬॥”

42/5411

ਉਪਰਲੀਆਂ ਪੰਗਤੀਆਂ ਨੂੰ ਤਾਂ ਹੀ ਸਮਝ ਪਾਵੋਗੇ ਜੇਕਰ ਸਾਨੂੰ **“ਭਉ”** ਦੀ ਸਮਝ ਹੈ। ਹੁਣ ਭਉ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਣਾ ਜਾਂ ਮਨ ਦੇ ਭਉ ਵਿੱਚੋਂ ਨਿਕਲਣਾ ਇੱਕੋ ਹੀ ਗੱਲ ਹੈ। ਸਾਡੇ ਅੰਦਰ ਭਉ ਮਾਇਆ ਦੇ ਸੁੱਖਾਂ ਨੂੰ ਛੱਡਣ ਦਾ ਹੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਦਾ ਹੀ ਹੈ ਜਿਸ ਵਿੱਚੋਂ ਨਿਕਲਣ ਦਾ ਸਭ ਦੇ ਅੰਦਰ ਭਉ ਹੈ, ਡਰ ਹੈ। ਇਸ ਭਉ ਨੂੰ ਕਬੂਲ ਕੀਤੇ ਬਿਨਾਂ ਅਸੀਂ ਗੁਰੂ ਦੀਆਂ ਗੱਲਾਂ ਨੂੰ ਨਹੀਂ ਮੰਨ ਸਕਦੇ ਤੇ ਜਦ ਤਕ ਗੁਰੂ ਦੀ ਗੱਲ ਨੂੰ ਨਹੀਂ ਮੰਨਦੇ ਇਹ ਮਾਇਆ ਦਾ ਭਉ ਸਾਡੇ ਅੰਦਰ ਟਿਕਿਆ ਰਹਿੰਦਾ ਹੈ। ਜਦੋਂ ਅਸੀਂ ਮਾਇਆ ਵਾਲੇ ਵਿਚਾਰਾਂ ਨੂੰ ਛੱਡਣਾ ਚਾਹੀਏ ਫਿਰ ਅਸੀਂ ਉਹਨਾਂ ਨੂੰ ਮਾਇਆ ਦੇ ਸੁੱਖਾਂ ਦੇ ਭਉ ਕਰਕੇ ਛੱਡ ਨਹੀਂ ਸਕਦੇ ਤੇ ਜੇਕਰ ਮਾਇਆ ਵਾਲੇ ਵਿਚਾਰਾਂ ਨੂੰ ਆਪਣੇ ਅੰਦਰ ਸੰਚਦੇ ਹਾਂ ਭਾਵ ਉਹਨਾਂ ਨੂੰ ਛੱਡਦੇ ਨਹੀਂ ਭਾਵ ਆਪਣੇ ਅੰਦਰ ਤ੍ਰਿਸ਼ਨਾਵਾਂ ਨੂੰ ਪਾਲਦੇ ਹਾਂ ਤਾਂ ਫਿਰ ਭਉ ਸਾਡੇ ਅੰਦਰ ਹੀ ਰਹਿੰਦਾ ਹੈ। ਬਹੁਤ ਔਖਾ ਹੈ ਮਨ ਦੇ ਮਾਇਆ ਵਾਲੇ ਭਉ ਵਿੱਚੋਂ ਨਿਕਲਣਾ। ਮਾਇਆ ਦੇ ਭਉ ਵਿੱਚੋਂ ਨਿਕਲੇ ਬਿਨਾਂ ਅਸੀਂ ਗੁਰੂ ਦੇ ਭਉ ਨੂੰ ਆਪਣੇ ਅੰਦਰ ਟਿਕਾ ਨਹੀਂ ਸਕਦੇ। ਜਦ ਤਕ ਸਾਡੇ ਅੰਦਰ ਮਾਇਆ ਦਾ ਭਉ ਹੈ ਤਦ ਤਕ ਸਾਡੇ ਅੰਦਰ ਗੁਰੂ ਦਾ ਭਉ ਨਹੀਂ ਹੈ। ਗੁਰੂ ਦੀ ਗੱਲ ਨੂੰ ਮੰਨਣਾ, ਗੁਰੂ ਦੇ ਭਉ ਨੂੰ ਕਬੂਲ ਕਰਨਾ ਹੈ। ਗੁਰੂ ਕਹਿੰਦਾ ਹੈ ਝੂਠ ਬੋਲਣਾ ਛੱਡੋ ਭਾਵ ਅਨੇਕਾਂ ਹੀ ਅਉਗੁਣ ਗਿਣਾਏ ਹੋਏ ਹਨ ਜਿਨ੍ਹਾਂ ਨੂੰ ਛੱਡਣ ਦਾ ਭਉ ਸਾਡੇ ਅੰਦਰ ਬਣਿਆ ਰਹਿੰਦਾ ਹੈ, ਇਹਨਾਂ ਤੋਂ ਇਲਾਵਾ ਸਾਡੇ ਅੰਦਰ ਹੋਰ ਵੀ ਅਨੇਕਾਂ ਭਉ ਹਨ। ਗੁਰੂ ਭਾਵੇਂ ਸਾਨੂੰ ਬਾਰ-ਬਾਰ ਸਮਝਾਉਂਦਾ ਹੈ ਕਿ ਕਿਸੇ ਅੱਖਰ ਨੂੰ ਜੱਪੀ ਜਾਣਾ ਨਾਮ ਨਹੀਂ ਹੈ ਪਰ ਫਿਰ ਵੀ ਅਸੀਂ ਆਪਣੀ ਮਤਿ ਛੱਡਣ ਵਿੱਚ ਭਉ ਮਹਿਸੂਸ ਕਰਦੇ ਹਾਂ ਕਿਉਂਕਿ ਸਾਰੇ ਤਾਂ ਇਸੇ ਨੂੰ ਨਾਮ ਸਮਝਦੇ ਹਨ ਇਸ ਲਈ ਮੈਂ ਕਿਉਂ ਛੱਡਾਂ ਭਾਵ ਸਾਡੇ ਅੰਦਰ ਵਿਅਰਥ ਦਾ ਭਉ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਗੁਰੂ ਸਾਨੂੰ ਬਾਰ-ਬਾਰ ਸਮਝਾਉਂਦਾ ਹੈ ਕਿ ਤੀਰਥਾਂ ਆਦਿ ਤੇ ਇਸ਼ਨਾਨ ਕਰਨ ਦਾ ਕੋਈ ਲਾਭ ਨਹੀਂ ਹੈ ਕਿਉਂਕਿ ਉਸਦੇ ਨਾਲ ਮਨ ਦੀ ਮੈਲ ਨਹੀਂ ਉਤਰਦੀ ਪਰ ਅਸੀਂ ਗੁਰੂ ਦੀ ਗੱਲ ਨੂੰ ਮੰਨਣ ਤੋਂ ਡਰਦੇ ਹਾਂ ਭਾਵ ਸਾਡੇ ਅੰਦਰ ਭਉ ਬਣਿਆ ਰਹਿੰਦਾ ਹੈ ਕਿਉਂਕਿ ਅਸੀਂ ਇਹ ਸਮਝਦੇ ਹਾਂ ਕਿ ਸਾਰੇ ਤਾਂ ਇਹੋ ਕੁਝ ਹੀ ਕਰਦੇ ਹਨ ਤੇ ਫਿਰ ਮੈਂ ਕਿਉਂ ਨਾ ਕਰਾਂ ਭਾਵ ਮੈਂ ਕਿਧਰੇ ਗਲਤ ਨਾ ਹੋ ਜਾਵਾਂ। ਇਹ ਸਾਡੇ ਅੰਦਰ ਦਾ ਭਰਮ ਹੈ, ਅਗਿਆਨਤਾ ਹੈ, ਮਾਇਆ ਮੋਹ ਹੈ ਜਿਸਨੇ ਸਾਡੇ ਅੰਦਰ ਵਿਅਰਥ ਦੇ ਭਉ ਪਾਏ ਹੋਏ ਹਨ

42/5412

ਜਿਨ੍ਹਾਂ ਵਿੱਚੋਂ ਇਹ ਮਾਇਆ ਸਾਨੂੰ ਨਿਕਲਣ ਹੀ ਨਹੀਂ ਦਿੰਦੀ। ਇਸੇ ਤਰ੍ਹਾਂ ਭਾਵੇਂ ਸਾਨੂੰ ਗੁਰੂ ਬਾਰ-ਬਾਰ ਸਮਝਾਉਂਦਾ ਹੈ ਕਿ ਥਿਤਾਂ ਵਾਰਾਂ ਆਦਿ ਨੂੰ ਪੂਜਣਾ, ਮੱਸਿਆ, ਸੰਗਰਾਂਦਾਂ ਆਦਿ ਨੂੰ ਉੱਚਾ ਮੰਨਣਾ ਸਾਡਾ ਗੁਆਰਪੁਣਾ ਹੈ ਪਰ ਅਸੀਂ ਗੁਰੂ ਦੀ ਗੱਲ ਨੂੰ ਮੰਨਣ ਤੋਂ ਡਰਦੇ ਹਾਂ ਤੇ ਉਹੀ ਕੁਝ ਕਰਦੇ ਹਾਂ ਜੋ ਸਦੀਆਂ ਤੋਂ ਹੁੰਦਾ ਆ ਰਿਹਾ ਹੈ। ਇਹ ਸਾਡੇ ਅੰਦਰ ਮਾਇਆ ਦਾ ਭਉ ਹੈ। ਗੁਰੂ ਭਾਵੇਂ ਸਾਨੂੰ ਇਹ ਸਮਝਾਉਂਦਾ ਹੈ ਕਿ ਖਾਲੀ ਕਥਨੀ ਕਰੀ ਜਾਣ ਦਾ ਕੋਈ ਲਾਭ ਨਹੀਂ ਹੈ, ਗੁਰੂ ਨੂੰ ਕੇਵਲ ਸਰੀਰਕ ਰੂਪ ਵਿੱਚ ਮੱਥੇ ਟੇਕੀ ਜਾਣ ਦਾ ਲਾਭ ਨਹੀਂ ਹੈ ਭਾਵ ਸਾਡਾ ਇਹ ਫਰਜ ਜਰੂਰ ਹੈ ਕਿ ਅਸੀਂ ਗੁਰੂ ਦੇ ਦਰ ਤੇ ਜਾਈਏ, ਗੁਰੂ ਨੂੰ ਮੱਥਾ ਵੀ ਟੇਕੀਏ, ਗੁਰੂ ਦੀ ਗੱਲ ਨੂੰ ਪੜੀਏ, ਸੁਣੀਏ ਪਰ ਲਾਭ ਤਾਂ ਹੀ ਮਿਲੇਗਾ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ ਭਾਵ ਲਾਭ ਕਰਨੀ ਨਾਲ ਮਿਲੇਗਾ ਪਰ ਫਿਰ ਵੀ ਹਰ ਕੋਈ ਇਹੀ ਮੰਨਦਾ ਹੈ ਕਿ ਕੇਵਲ ਕਥਨੀ ਵਿੱਚ ਹੀ ਲਾਭ ਹੈ, ਕੇਵਲ ਮੱਥੇ ਟੇਕਣ ਵਿੱਚ ਹੀ ਲਾਭ ਹੈ, ਕੇਵਲ ਕਿਸੇ

ਅੱਖਰ ਜੱਪੀ ਜਾਣ ਵਿੱਚ ਹੀ ਲਾਭ ਹੈ ਤੇ ਇਸ ਕਰਕੇ ਉਹਨਾਂ ਨੇ ਇਸੇ ਗੱਲ ਨੂੰ ਹੀ ਆਪਣਾ ਭਉ ਬਣਾਇਆ ਹੋਇਆ ਹੈ। ਇਹ ਗੁਰੂ ਦੇ ਭਉ ਨੂੰ ਮੰਨਣ ਵਾਲੀ ਗੱਲ ਨਹੀਂ ਹੈ ਬਲਕਿ ਸਾਡੇ ਅੰਦਰ ਦੀ ਮਾਇਆ ਦਾ ਭਉ ਹੈ ਭਾਵ ਅਗਿਆਨਤਾ ਦਾ ਭਉ ਹੈ। ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਸਰੀਰਕ ਜਪ ਤਪ ਆਦਿ ਬਣਾਏ ਹੋਏ ਹਨ ਜਿਨ੍ਹਾਂ ਦਾ ਗੁਰੂ ਬਾਰ-ਬਾਰ ਖੰਡਨ ਕਰਦਾ ਹੈ ਪਰ ਫਿਰ ਉਹਨਾਂ ਤਰੀਕਿਆਂ ਨੂੰ ਅਪਨਾਈ ਰੱਖਣ ਦਾ ਭਉ ਸਾਡੇ ਅੰਦਰ ਬਣਿਆ ਰਹਿੰਦਾ ਹੈ ਜੋ ਕਿ ਝੂਠਾ ਭਉ ਹੈ, ਮਾਇਆ ਦਾ ਭਉ ਹੈ। ਇਸੇ ਤਰ੍ਹਾਂ ਅਸੀਂ ਆਪਣੇ ਖਾਣ ਪਾਨ ਨਾਲ ਜੋੜਿਆ ਹੋਇਆ ਹੈ ਕਿ ਇਹੋ ਜਿਹਾ ਖਾਣਾ ਭਗਤੀ ਦੇ ਮਾਰਗ ਵਾਲਾ ਹੈ ਤੇ ਇਹੋ ਜਿਹਾ ਖਾਣਾ ਭਗਤੀ ਦੇ ਉਲਟ ਹੈ ਭਾਵ ਅਸੀਂ ਖਾਣੇ ਨੂੰ ਮਾਸਾਹਾਰੀ ਤੇ ਸ਼ਾਕਾਹਾਰੀ ਵਿੱਚ ਬਦਲਿਆ ਹੋਇਆ ਹੈ। ਭਾਵੇਂ ਗੁਰੂ ਸਾਨੂੰ ਸਪਸ਼ਟ ਸਮਝਾਉਂਦਾ ਹੈ ਕਿ ਮਾਸ ਖਾਣਾ ਜਾਂ ਨਾ ਖਾਣਾ ਭਗਤੀ ਦੇ ਨਾਲ ਸੰਬੰਧਿਤ ਨਹੀਂ ਹੈ ਪਰ ਫਿਰ ਵੀ ਜਿਨ੍ਹਾਂ ਦੇ ਅੰਦਰ ਸਦੀਆਂ ਤੋਂ ਝੂਠਾ ਵਿਸ਼ਵਾਸ ਬਣਿਆ ਹੋਇਆ ਹੈ ਉਹ ਮਾਸ ਖਾਣ ਨੂੰ ਭਗਤੀ ਦੇ ਉਲਟ ਸਮਝਦੇ ਹਨ, ਧਰਮ ਦੇ ਉਲਟ ਸਮਝਦੇ ਹਨ ਭਾਵ ਇੱਕ ਝੂਠਾ ਭਉ ਆਪਣੇ ਅੰਦਰ ਪਾਲਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਮਾਇਆ ਦਾ ਪਾਇਆ ਹੋਇਆ ਭਉ ਹੈ, ਮਨ ਦੀ ਅਗਿਆਨਤਾ ਦਾ, ਨਾਸਮਝ ਮਤਿ ਦਾ ਪਾਇਆ ਹੋਇਆ ਭਉ ਹੈ ਜੋ ਕਿ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਈਆਂ ਦੇ ਵਿੱਚ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਬਹੁਤ ਔਖਾ ਹੈ ਮਾਇਆ ਭਉ ਵਿੱਚੋਂ ਨਿਕਲਣਾ ਕਿਉਂਕਿ ਇਹ ਭਉ ਸਾਡੇ ਅੰਦਰ ਦੀ

ਧਾਰਮਿਕ ਆਸਥਾ ਦਾ ਭਉ ਹੈ। ਮਾਇਆ ਦਾ ਪ੍ਰਬਲ ਰੂਪ ਧਾਰਮਿਕ ਆਸਥਾ ਦੇ ਰੂਪ ਵਿੱਚ ਸਭ ਦੇ ਅੰਦਰ ਦੇਖਿਆ ਜਾ ਸਕਦਾ ਹੈ। ਗੁਰੂ ਸਾਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਆਪਣੀ ਝੂਠੀ ਧਾਰਮਿਕ ਆਸਥਾ ਵਿੱਚੋਂ ਨਿਕਲਣ ਲਈ ਪ੍ਰੇਰਦਾ ਹੈ, ਸਮਝਾਉਂਦਾ ਹੈ ਪਰ ਸਾਡੇ ਅੰਦਰ ਦੀ ਇਹ ਮਾਇਆ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਣ ਦਿੰਦੀ। ਅਸੀਂ ਗੁਰੂ ਨੂੰ ਝੂਠਾ ਮੰਨ ਲੈਂਦੇ ਹਾਂ ਜਿਸਦਾ ਕਾਰਣ ਸਾਡੇ ਅੰਦਰ ਦੀ ਇਹ ਮਾਇਆ ਹੈ ਭਾਵ ਮਾਇਆ ਦਾ ਝੂਠਾ ਭਉ ਹੈ ਜਿਸ ਵਿੱਚੋਂ ਨਿਕਲਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ। ਇਸ ਮਾਇਆ ਦੇ ਭਉ ਵਿੱਚੋਂ ਨਿਕਲੇ ਬਿਨਾਂ ਮਨੁੱਖ ਦੀ ਪਤਿ ਪ੍ਰਮਾਤਮਾ ਦੇ ਦਰ ਤੇ ਉਤਰਦੀ ਹੈ ਪਰ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਦੀ ਇਸ ਮਾਇਆ ਵਿੱਚ ਰਹਿੰਦੇ ਹੋਏ ਹੀ ਪਤਿ ਰੱਖਦਾ ਹੈ। ਹਰ ਕੋਈ ਮਾਇਆ ਵਿੱਚ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ ਭਾਵ ਹਰ ਕੋਈ ਅਗਿਆਨਤਾ ਵਿੱਚ ਹੈ, ਮਨ ਦੀ ਨਾਸਮਝ ਮਤਿ ਦੇ ਵਿੱਚ ਹੈ ਜੋ ਮਤਿ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਜਿਸਦੀ ਪ੍ਰਮਾਤਮਾ ਪਤਿ ਰੱਖਦਾ ਹੈ ਉਸਨੂੰ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਮਾਇਆ ਵਿੱਚੋਂ ਹੀ ਕੱਢਦਾ ਹੈ ਭਾਵ ਆਪਣਾ ਸੱਚਾ ਗਿਆਨ ਬਖਸ਼ਨ ਦੁਆਰਾ ਹੀ ਕੱਢਦਾ ਹੈ। ਜਿਸਨੂੰ ਪ੍ਰਮਾਤਮਾ ਮਾਇਆ ਵਿੱਚੋਂ ਕੱਢ ਲੈਂਦਾ ਹੈ ਉਹ ਹੀ ਪ੍ਰਮਾਤਮਾ ਦਾ ਸਾਧੂ ਰੂਪ ਬਣਦਾ ਹੈ, ਗੁਰੂ ਰੂਪ ਬਣਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਉਹਨਾਂ ਦੇ ਅੰਦਰ ਭਾਵ ਮਨ ਦੇ ਅੰਦਰ ਗੁਰਮਤਿ ਰੂਪ ਸੱਚੇ ਗਿਆਨ ਦਾ ਪ੍ਰਕਾਸ਼ ਪ੍ਰਮਾਤਮਾ ਆਪ ਕਰਦਾ ਹੈ ਭਾਵ ਉਸਦੇ ਅੰਦਰ ਫਿਰ ਸੱਚੇ ਗਿਆਨ ਦਾ ਚਉਰ ਝੁਲਦਾ ਹੈ ਭਾਵ ਫਿਰ ਉਸਦੇ ਅੰਦਰ ਗੁਰਮਤਿ ਦਾ ਰਾਜ ਚੱਲਦਾ ਹੈ। ਪੂਰੀ ਗੁਰਬਾਣੀ ਵਿੱਚ ਸੱਚੇ ਗਿਆਨ ਦਾ ਚਉਰ ਝੁਲ ਰਿਹਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸਾਧੂ ਰੂਪ ਹੈ, ਸੰਤ ਰੂਪ ਹੈ, ਗੁਰੂ ਰੂਪ ਹੈ ਜੋ ਉਹਨਾਂ ਦੇ ਮਨ ਰਾਹੀਂ ਆਈ ਹੈ ਜਿੱਥੇ ਪ੍ਰਮਾਤਮਾ ਨੇ ਆਪਣਾ ਸਾਧੂ ਰੂਪ ਪ੍ਰਗਟ ਕਰਕੇ ਸੱਚੇ ਗਿਆਨ ਦਾ ਚਉਰ ਝੁਲਾਇਆ ਹੈ ਤੇ ਇਸੇ ਲਈ ਗੁਰਬਾਣੀ ਅਗਿਆਨਤਾ ਤੋਂ ਪੂਰੀ ਤਰ੍ਹਾਂ ਰਹਿਤ ਹੈ, ਮਾਇਆ ਤੋਂ ਪੁਰੀ ਤਰ੍ਹਾਂ ਰਹਿਤ ਹੈ। **(ਛੋਡਿ ਬਹੈ ਤਉ ਛੁਟੈ ਨਾਹੀ ॥ ਜਉ ਸੰਚੈ ਤਉ ਭਉ ਮਨ ਮਾਹੀ ॥ ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ॥੬॥)**

{ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ ੧੦੮੯)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥

ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

42/5414

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥}

(ਅੰਗ ੧੦੧੦)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}

(ਅੰਗ ੮੪੩)

{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥

ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਧੇ ਹਉ ਬਹੁ ਬਿਧਿ ਹਢਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥}

(ਅੰਗ ੧੨੮੯-੧੨੯੦)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥}

(ਅੰਗ ੫੬)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}

(ਅੰਗ ੬੮੭)

ਜੋ ਗੱਲ ਸਾਨੂੰ ਸ਼ਬਦ ਦੀ ਵਿਚਾਰ ਸਮਝਾਉਂਦੀ ਹੈ ਉਸ ਗੱਲ ਨੂੰ ਮੰਨਣਾ ਗੁਰੂ ਦੇ ਭਉ ਨੂੰ ਮੰਨਣਾ ਹੈ ਤੇ ਜੋ ਗੁਰੂ ਦੇ ਭਉ ਨੂੰ ਕਬੂਲ ਕਰਦਾ ਹੈ ਉਹੀ ਮਾਇਆ ਦੇ ਭਉ ਵਿੱਚੋਂ ਨਿਕਲਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥
ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥”

ਜੋ ਇਸ ਮਾਇਆ ਦੇ ਭਉ ਵਿੱਚੋਂ ਨਿਕਲਦਾ ਹੈ ਭਾਵ ਜੋ ਸ਼ਬਦ ਦੀ ਵਿਚਾਰ ਨੂੰ ਮੰਨਦਾ ਹੈ ਉਹ ਗੁਰੂ ਦੇ ਭਉ ਨੂੰ ਮੰਨਦਾ ਹੈ। ਗੁਰੂ ਦੇ ਭਉ ਨੂੰ ਮੰਨਣ ਵਾਲਾ ਹੀ ਭਾਵ ਮਾਇਆ ਦੇ ਭਉ ਨੂੰ ਛੱਡਣ ਵਾਲਾ ਹੀ ਅਸਲ ਸੂਰਮਾ ਹੈ। ਸ਼ਬਦ ਦੇ ਪਦੇ ਨੂੰ ਧਿਆਨ ਨਾਲ ਸਮਝੋ ਕਿ ਸੂਰਮਾ ਬਣਨਾ ਕੀ ਹੈ ਭਾਵ ਅਸੀਂ ਕੀ ਕੰਮ ਕਰਨ ਦੁਆਰਾ ਸੂਰਮਾ ਬਣਨਾ ਹੈ ਭਾਵ ਮਾਇਆ ਦੇ ਭਉ ਵਿੱਚੋਂ ਨਿਕਲਣਾ ਕੀ ਹੈ ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ।

42/5415

ਉਪਰ ਪਦੇ ਰਾਹੀਂ ਸੂਰਮਾ ਉਸਨੂੰ ਕਿਹਾ ਹੋਇਆ ਹੈ ਜੋ ਆਪਣੇ ਅੰਦਰ ਦੀ ਦੁਰਮਤਿ ਨੂੰ ਸਾੜਦਾ ਹੈ। ਸਾਡੇ ਅੰਦਰ ਦੀ ਇਹ ਦੁਰਮਤਿ ਹੀ ਮਾਇਆ ਹੈ ਭਾਵ ਸਾਨੂੰ ਭਰਮ ਵਿੱਚ ਰੱਖਣ ਵਾਲੀ ਹੈ, ਸਾਡੇ ਅੰਦਰ ਦੀ ਦੁਰਮਤਿ ਹੀ ਮਨਮਤਿ ਹੈ। ਜਿੱਥੇ ਦੁਰਮਤਿ ਹੈ ਉੱਥੇ ਗੁਰਮਤਿ ਨਹੀਂ ਹੈ ਤੇ ਜਿੱਥੇ ਗੁਰਮਤਿ ਹੈ ਉੱਥੇ ਦੁਰਮਤਿ ਨਹੀਂ ਹੋ ਸਕਦੀ। ਸਾਡੇ ਅੰਦਰ ਦੀ ਦੁਰਮਤਿ ਤਾਂ ਹੀ ਸੜੇਗੀ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਮੰਨਾਂਗੇ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਾਂਗੇ। ਸਾਡੇ ਅੰਦਰ ਦੀ ਦੁਰਮਤਿ ਦਾ ਮਰਨਾ ਹੀ, ਅਗਿਆਨਤਾ ਵਾਲੀ

ਮਤਿ ਦਾ ਮਰਨਾ ਹੀ, ਮਨਮਤਿ ਦਾ ਮਰਨਾ ਹੀ ਸਾਡਾ ਅਸਲ ਮਰਨਾ ਹੈ, ਸ਼ਬਦ ਦੁਆਰਾ ਮਰਨਾ ਹੈ। ਗੁਰਮਤਿ ਸੱਚਾ ਗਿਆਨ ਹੈ, ਨਾਮ ਹੈ ਜਿਸਨੇ ਸਾਡੇ ਅੰਦਰ ਦੀ ਮਾਇਆ ਰੂਪ ਮਤਿ ਨੂੰ ਮਾਰਨਾ ਹੈ ਤੇ ਸਾਡੇ ਅੰਦਰ ਦੀ ਇਸ ਮਤਿ ਦਾ ਮਰਨਾ ਹੀ ਮਾਇਆ ਰੂਪ ਭਉ ਦਾ ਮਰਨਾ ਹੈ, ਹਉਮੈ ਦਾ ਮਰਨਾ ਹੈ ਜੋ ਨਾਮ ਦੁਆਰਾ ਮਰਦੀ ਹੈ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਮਰਦੀ ਹੈ। ਜੋ ਸ਼ਬਦ ਦੀ ਵਿਚਾਰ ਨੂੰ ਮੰਨਦਾ ਹੈ ਉਹੀ ਸੂਰਮਾ ਹੈ। ਸ਼ਬਦ ਦੀ ਮਤਿ ਦੁਆਰਾ ਮਰਨਾ ਸਾਡਾ ਅਸਲ ਮਰਨਾ ਹੈ ਜਿਸ ਦੁਆਰਾ ਸਾਨੂੰ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਹੋਂਦ ਨੂੰ ਸਮਝਣਾ ਇੱਕ ਝੂਠ ਹੈ, ਭਰਮ ਹੈ ਸਾਡੇ ਅੰਦਰ ਦੀ ਅਗਿਆਨਤਾ ਹੈ। ਜਦ ਤਕ ਮਨੁੱਖ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦਾ ਹੈ ਤਦ ਤਕ ਉਹ ਮਨ ਦੇ ਭਰਮ ਵਾਲੇ ਵਿਚਾਰਾਂ ਰਾਹੀਂ ਆਪਣੇ ਆਪ ਨੂੰ ਜਨਮ ਮਰਨ ਦੇ ਗੇੜ ਵਿੱਚ ਸਮਝਦਾ ਹੈ ਭਾਵ ਜੂਨਾਂ ਵਿੱਚ ਹੀ ਫਿਰਦਾ ਰਹਿੰਦਾ ਹੈ ਜੋ ਕਿ ਕੇਵਲ ਮਨ ਦਾ ਭਰਮ ਹੈ। ਜਦੋਂ ਮਨੁੱਖ ਦੀ ਹੋਂਦ ਹੀ ਨਹੀਂ ਹੈ ਫਿਰ ਆਵਾਗਉਂਣ ਇੱਕ ਝੂਠ ਹੀ ਹੈ। ਇਸਦੀ ਸਮਝ ਮਨ ਦੀ ਅਗਿਆਨਤਾ ਮਿੱਟਣ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੇ ਵਿੱਚ ਸ਼ਬਦ ਦੀ ਵਿਚਾਰ ਵੱਸਣ ਦੁਆਰਾ, ਮੰਨਣ ਦੁਆਰਾ ਹੀ ਪੈਂਦੀ ਹੈ ਤੇ ਜੋ ਸ਼ਬਦ ਦੀ ਵਿਚਾਰ ਨੂੰ ਮੰਨਣ ਤੋਂ ਭੱਜਦਾ ਹੈ ਭਾਵ ਮਾਇਆ ਮੋਹ ਨੂੰ ਛੱਡਣ ਤੋਂ ਭੱਜਦਾ ਹੈ, ਮਾਇਆ ਦਾ ਭਉ ਛੱਡਣ ਤੋਂ ਭੱਜਦਾ ਹੈ ਉਹ ਫਿਰ ਮਨ ਦੀ ਮਾਇਆ ਵਿੱਚ ਹੀ ਰਹਿੰਦਾ ਹੈ, ਭਰਮ ਵਾਲੇ ਵਿਚਾਰਾਂ ਵਿੱਚ ਹੀ ਰਹਿੰਦਾ ਹੈ ਭਾਵ ਜੂਨਾਂ ਵਿੱਚ ਹੀ ਰਹਿੰਦਾ ਹੈ। ਮਨ ਦੀ ਇਹ ਅਵਸਥਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਬਣਦੀ ਹੈ ਤੇ ਇਸ ਅਵਸਥਾ ਵਿੱਚ ਰਹਿੰਦੇ ਹੋਏ ਫਿਰ ਮਨੁੱਖ ਨੂੰ ਉਹੀ ਕੁਝ ਚੰਗਾ ਲੱਗਦਾ ਹੈ ਜੋ ਪ੍ਰਮਾਤਮਾ ਆਪ ਮਨ ਦੇ ਵਿੱਚ ਆਪਣੇ ਹੁਕਮ ਦੁਆਰਾ ਬੁਝਾਉਂਦਾ ਹੈ, ਆਪਣੀ ਸੱਚੀ ਗੁਰਮਤਿ ਰੂਪ ਗਿਆਨ ਦੁਆਰਾ ਸਮਝਾਉਂਦਾ ਹੈ ਤੇ ਮਨ ਦੇ ਵਿੱਚ ਇਸ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਭਾਵ ਸੱਚੇ ਗੁਰਮਤਿ ਰੂਪ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਮਨੁੱਖ ਦੀ ਦੁਰਮਤਿ ਸੜਦੀ ਹੈ, ਮਾਇਆ ਵਾਲੀ, ਅਗਿਆਨਤਾ

42/5416

ਵਾਲੀ ਸਮਝ ਸੜਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਦੁਰਮਤਿ ਸੜਨ ਦੁਆਰਾ ਹੀ ਹੁੰਦੇ ਹਨ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੁਆਰਾ ਹੁੰਦੇ ਹਨ। **(ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥ ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥)**

{ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥ ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ ॥
ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥ ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥
ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥ ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥
ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥੧॥}

(ਅੰਗ ੮੬)

{ਤੁਮ ਦਾਤੇ ਤੁਮ ਪੁਰਖ ਬਿਧਾਤੇ ॥ ਤੁਮ ਸਮਰਥ ਸਦਾ ਸੁਖਦਾਤੇ ॥
ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ ॥੨॥
ਦਰਸਨਿ ਤੇਰੈ ਭਵਨ ਪੁਨੀਤਾ ॥ ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥
ਤੁਮ ਦਾਤੇ ਤੁਮ ਪੁਰਖ ਬਿਧਾਤੇ ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥
ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ ॥ ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥
ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ ॥੪॥੧੧॥੧੮॥}

(ਅੰਗ ੯੯-੧੦੦)

{ਜੋ ਹਰਿ ਕੀਤਾ ਆਪਣਾ ॥ ਤਿਨਹਿ ਗੁਸਾਈ ਜਾਪਣਾ ॥
ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ ॥੫॥ ਮਨ ਮੰਧੇ ਪ੍ਰਭੁ ਅਵਗਾਹੀਆ ॥

ਏਹਿ ਰਸ ਭੋਗਣ ਪਾਤਿਸਾਹੀਆ ॥ ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥੬॥
ਕਰਤਾ ਮੰਨਿ ਵਸਾਇਆ ॥ ਜਨਮੈ ਕਾ ਫਲੁ ਪਾਇਆ ॥
ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥੭॥ ਅਟਲ ਪਦਾਰਥੁ ਪਾਇਆ ॥
ਭੈ ਭੰਜਨ ਕੀ ਸਰਣਾਇਆ ॥ ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ ॥੮॥੪॥੩੮॥}

(ਅੰਗ ੧੩੨)

{ਹਰਿ ਚਰਣੀ ਜਾ ਕਾ ਮਨੁ ਲਾਗਾ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥
ਹਰਿ ਧਨ ਕੋ ਵਾਪਾਰੀ ਪੂਰਾ ॥ ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ ਰਹਾਉ ॥}

(ਅੰਗ ੧੯੪)

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥ ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁਗਿਆਨੀ ॥
ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥ ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੭-੨੩੮)

{ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥}

(ਅੰਗ ੩੦੦)

{ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥ ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥
ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ ॥
ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ ॥ ਸੂਖ ਸਹਜ ਆਨੰਦ ਘਨੇਰੇ ਪਤਿਤ ਪਾਵਨ ਸਾਧੂ ਧੂਰਾ ॥
ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੋ ਪੂਰਾ ॥੪॥੧॥੩॥}

(ਅੰਗ ੪੫੪)

{ਮੇਰਾ ਸਾਹਿਬੁ ਅਤਿ ਵਡਾ ਸਚੁ ਗਹਿਰ ਗੰਭੀਰਾ ॥ ਸਭੁ ਜਗੁ ਤਿਸ ਕੈ ਵਸਿ ਹੈ ਸਭੁ ਤਿਸ ਕਾ ਚੀਰਾ ॥
ਗੁਰ ਪਰਸਾਦੀ ਪਾਈਐ ਨਿਹਚਲੁ ਧਨੁ ਧੀਰਾ ॥ ਕਿਰਪਾ ਤੇ ਹਰਿ ਮਨਿ ਵਸੈ ਭੇਟੈ ਗੁਰੁ ਸੂਰਾ ॥
ਗੁਣਵੰਤੀ ਸਾਲਾਹਿਆ ਸਦਾ ਥਿਰੁ ਨਿਹਚਲੁ ਹਰਿ ਪੂਰਾ ॥੭॥}

(ਅੰਗ ੫੧੧)

{ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥}

(ਅੰਗ ੬੭੯)

{ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ ॥ ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ ॥
ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥ ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥
ਛਿਆਨੁ ਗਵਾਇਆ ਦੂਜਾ ਭਾਇਆ ਗਰਬਿ ਗਲੇ ਬਿਖੁ ਖਾਇਆ ॥
ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ ॥
ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ਮਨਿ ਤਨਿ ਸਾਚੁ ਸੁਖਾਇਆ ॥
ਆਪੇ ਗੁਰਮੁਖਿ ਆਪੇ ਦੇਵੈ ਆਪੇ ਅੰਮ੍ਰਿਤੁ ਪੀਆਇਆ ॥੪॥ ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥ ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥
ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ ॥
ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ ॥ ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ॥
ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ ॥੬॥}

(ਅੰਗ ੯੩੦)

42/5417

{ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥}

(ਅੰਗ ੧੦੨੦)

{ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥}

(ਅੰਗ ੧੦੨੩)

ਜਿਸਨੂੰ ਪ੍ਰਮਾਤਮਾ ਦੁਰਮਤਿ ਵਿੱਚੋਂ ਕੱਢਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ, ਹਉਮੈ ਵਿੱਚੋਂ ਕੱਢਦਾ ਹੈ ਉਸਨੂੰ ਆਪਣਾ ਨਾਮ ਦੇਣ ਦੁਆਰਾ ਹੀ ਕੱਢਦਾ ਹੈ, ਗੁਰਮਤਿ ਰੂਪ ਸੱਚਾ ਗਿਆਨ ਦੇ ਕੇ ਹੀ ਕੱਢਦਾ ਹੈ ਜਿਸ ਮਤਿ ਰਾਹੀਂ ਫਿਰ ਮਨੁੱਖ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ, ਉਸਦੇ ਹੁਕਮ ਅਨੁਸਾਰ ਚੱਲਦਾ ਹੈ ਜੋ ਹੁਕਮ ਪ੍ਰਮਾਤਮਾ ਦਾ ਸਾਡੇ ਮਨ ਦੇ ਵਿਚਾਰਾਂ ਰਾਹੀਂ ਸਾਡੇ ਅੰਦਰ ਹੀ ਚਲੱਦਾ ਹੈ ਪਰ ਉਸਦੀ ਸਮਝ ਅਗਿਆਨਤਾ ਵਾਲੀ ਮਤਿ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ। ਦੁਰਮਤਿ ਵਿੱਚ ਰਹਿੰਦੇ ਅਸੀਂ ਮਾੜੀ ਮਤਿ ਦੁਆਰਾ ਵਿਚਰਦੇ ਹਾਂ ਤੇ ਗੁਰਮਤਿ ਰੂਪ ਗਿਆਨ ਮਿਲਣ ਦੁਆਰਾ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਵਿਚਰਦੇ ਹਾਂ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਕਰਿ ਕਰਿ ਵੇਖੈ ਅਪਣੇ ਜਚਨਾ ॥

ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥੮॥੧॥੭॥”

ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਲੱਗਦੀ ਹੈ ਕਿ ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਕਰਵਾਉਂਣ ਵਾਲਾ ਆਪ ਪ੍ਰਮਾਤਮਾ ਹੀ ਹੈ। ਜਦ ਤਕ ਪ੍ਰਮਾਤਮਾ ਨੇ ਸਾਨੂੰ ਮਾਇਆ ਵਿੱਚ ਰੱਖਿਆ ਹੋਇਆ ਹੈ ਤਦ ਤਕ ਜੋ ਮਨ ਦੀ ਮਾਇਆ ਸਾਡੇ ਕੋਲੋਂ ਜੋ ਕੁਝ ਕਰਾਉਂਦੀ ਹੈ ਅਸੀਂ ਉਹੀ ਕੁਝ ਕਰਦੇ ਹਾਂ ਪਰ ਅਸੀਂ ਇਸ ਗੱਲ ਨੂੰ ਸਮਝ ਨਹੀਂ ਸਕਦੇ ਕਿ ਸਾਡੇ ਕੋਲ ਕਰਾਉਂਣ ਵਾਲਾ ਕਉਂਣ ਹੈ। ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ ਤੇ ਜਿੱਥੇ ਸਾਡੇ ਮਨ ਦੇ ਵਿਚਾਰ ਸਾਨੂੰ ਲਗਾਉਂਦੇ ਹਨ ਅਸੀਂ ਉਸੇ ਪਾਸੇ ਲੱਗਦੇ ਹਾਂ। ਇਸ ਗੱਲ ਦੀ ਸਮਝ ਮਾਇਆ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਦਾ ਨਾਮ ਮਿਲਣ ਦੁਆਰਾ ਪੈਂਦੀ ਹੈ, ਉਸਦਾ ਸੱਚਾ ਗਿਆਨ ਮਿਲਣ ਦੁਆਰਾ ਪੈਂਦੀ ਹੈ ਜੋ ਨਾਮ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਦਿੰਦਾ ਹੈ, ਗੁਰਮਤਿ ਰੂਪ ਸੱਚੀ ਸਿੱਖਿਆ ਦੇ ਰੂਪ ਵਿੱਚ ਦਿੰਦਾ ਹੈ, ਸ਼ਬਦਾਂ ਦੀ ਸੱਚੀ ਸਮਝ ਦੇ ਰੂਪ ਵਿੱਚ ਦਿੰਦਾ ਹੈ। ਪ੍ਰਮਾਤਮਾ ਨੂੰ ਜੋ ਕੁਝ ਚੰਗਾ ਲੱਗਦਾ ਹੈ ਭਾਵ ਜੱਚਦਾ ਹੈ ਉਹ ਮਨੁੱਖ ਨੂੰ ਫਿਰ ਉਹਨਾਂ ਵਿਚਾਰਾਂ ਦੁਆਰਾ ਹੀ ਚਲਾਉਂਦਾ ਹੈ ਭਾਵ ਵੇਖਦਾ ਹੈ। ਗੁਰਮਤਿ ਰੂਪ

ਸੱਚੇ ਵਿਚਾਰਾਂ ਦੁਆਰਾ ਚੱਲਣਾ ਹੀ ਭਾਵ ਵਿਚਰਨਾ ਹੀ ਆਪਣੇ ਅੰਦਰ ਨਾਮ ਦੀ ਸੰਭਾਲ ਕਰਨੀ ਹੈ। ਮਨ ਦੇ ਵਿੱਚ ਇਹੋ ਜਿਹੀ ਅਵਸਥਾ ਪੂਰੇ ਸੁੱਖ ਵਾਲੀ ਅਵਸਥਾ ਹੈ ਜੋ ਸੁੱਖ ਉਹ ਪੂਰਨ ਸੁੱਖ ਦਾ ਮਾਲਕ, ਪੂਰਨ ਸੁੱਖ ਦਾ ਦਾਤਾ ਆਪਣਾ ਨਾਮ ਦੇਣ ਦੁਆਰਾ ਆਪ ਹੀ ਬਖਸ਼ਦਾ ਹੈ ਭਾਵ ਪੂਰਨ ਸੁੱਖ ਦੁਰਮਤਿ ਵਿੱਚੋਂ ਨਿਕਲਣ ਦੁਆਰਾ ਹੈ, ਗੁਰਮਤਿ ਰੂਪ ਸੱਚਾ ਗਿਆਨ ਮਿਲਣ ਦੁਆਰਾ ਹੈ ਜਿਸ ਮਨ ਦੀ ਸਮਝ ਦੁਆਰਾ ਮਨੁੱਖ ਸੱਚਾ ਸੁੱਖ ਮਾਣਦਾ ਹੈ ਕਿਉਂਕਿ ਉਸ ਸਮਝ ਦੁਆਰਾ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਉਹ ਪ੍ਰਮਾਤਮਾ ਦਾ ਹੀ ਰੂਪ ਹੈ ਜਿਸਨੂੰ ਕਿ ਪ੍ਰਮਾਤਮਾ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ ਤੇ ਜੋ ਉਸਦੀ ਰਜਾ ਹੈ ਉਸੇ ਤਰ੍ਹਾਂ ਹੀ ਹੋ ਰਿਹਾ ਹੈ। ਮਨੁੱਖ ਨੂੰ ਫਿਰ ਉਹ ਚਿੰਤਾ ਮੁਕਤਿ ਕਰ ਦਿੰਦਾ ਹੈ ਕਿਉਂਕਿ ਪਾਲਣ ਦੀ ਚਿੰਤਾ ਉਹ ਪ੍ਰਮਾਤਮਾ ਆਪ ਹੀ ਕਰਦਾ ਹੈ। ਫਿਰ ਮਨੁੱਖ ਦੇ ਅੰਦਰ ਤ੍ਰਿਸ਼ਨਾਵਾਂ ਨਹੀਂ ਉਪਜਦੀਆਂ ਜਿਨ੍ਹਾਂ ਦੀ ਪੂਰਤੀ ਨਾ ਹੋਣ ਦਾ ਦੁੱਖ ਉਸਦੇ ਅੰਦਰ ਨਹੀਂ ਰਹਿ ਜਾਂਦਾ। ਇਹ ਮਨੁੱਖ ਦੇ ਅੰਦਰ ਮਨ ਦੇ ਸੰਤੋਖ ਦਾ ਸੁੱਖ ਹੈ, ਨਾਮ ਦੀ ਪ੍ਰਾਪਤੀ ਦਾ ਸੁੱਖ ਹੈ। **(ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਕਰਿ ਕਰਿ ਵੇਖੈ ਅਪਣੇ ਜਚਨਾ ॥ ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥੮॥੧॥੭॥)**

ਨਾਮ ਕੀ ਹੈ ਇਸਦੀ ਸਮਝ ਨਾਮ ਮਿਲਣ ਦੁਆਰਾ ਹੀ ਪੈਂਦੀ ਹੈ ਤੇ ਨਾਮ ਦਾ ਮਕਸਦ ਕੀ ਹੈ ਇਸਦੀ ਸਮਝ ਵੀ ਨਾਮ ਮਿਲਣ ਦੁਆਰਾ ਹੀ ਪੈਂਦੀ ਹੈ। ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਹੋਰ ਵੀ ਇਸ ਗੱਲ ਨੂੰ ਦ੍ਰਿੜ ਕਰਦੇ ਹਾਂ ਕਿ ਨਾਮ ਦੁਆਰਾ ਅਸੀਂ ਕਿਵੇਂ ਤਰਨਾ ਹੈ।

“ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥

ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥ ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ॥੩॥”

(ਅੰਗ ੪੦੫)

ਇਸ ਸੰਸਾਰ ਸਾਗਰ ਤੋਂ ਤਰਨ ਦੀਆਂ ਗੱਲਾਂ ਸਦੀਆਂ ਤੋਂ ਹੁੰਦੀਆਂ ਆ ਰਹੀਆਂ ਹਨ। ਇਸ ਗੱਲ ਨੂੰ ਤਾਂ ਅਨੇਕਾਂ ਸਮਝਦੇ ਹਨ ਕਿ ਇਹ ਮਾਇਆ ਮੋਹ ਦਾ ਸਾਗਰ ਹੈ ਜਿਸਨੂੰ ਅਸੀਂ ਤਰਨਾ ਹੈ। ਅਸਲ ਵਿੱਚ ਇਸ ਗੱਲ ਦੀ ਸਮਝ ਹੀ ਨਹੀਂ ਕਿ ਮਾਇਆ ਮੋਹ ਕੀ ਹੈ। ਅਸੀਂ ਤਰਾਂਗੇ ਤਾਂ ਹੀ ਜੇਕਰ ਪਹਿਲੇ ਇਹ ਸਮਝ ਹੋਵੇ ਕਿ ਅਸੀਂ ਤਰਨਾ ਕਿਸ ਤੋਂ ਹੈ ਤੇ ਉਸ ਤੋਂ ਤਰਨ ਦਾ ਤਰੀਕਾ ਕੀ ਹੈ। ਮਾਇਆ ਮੋਹ ਦੇ ਸਾਗਰ ਤੋਂ ਤਰਨ ਦਾ ਤਰੀਕਾ

ਨਾਮ ਹੀ ਹੈ ਭਾਵ ਨਾਮ ਨੂੰ ਜਪਣ ਦੁਆਰਾ ਹੀ ਅਸੀਂ ਮਾਇਆ ਮੋਹ ਦੇ ਸਾਗਰ ਤੋਂ ਤਰ ਸਕਦੇ ਹਾਂ। ਨਾ ਮਾਇਆ ਦੀ ਸਮਝ ਹੈ

ਨਾ ਨਾਮ ਦੀ ਸਮਝ ਹੈ ਭਾਵ ਸਭ ਪਾਸੇ ਭਰਮ ਹੀ ਹੈ। ਗੁਰਬਾਣੀ ਦਾ ਮਕਸਦ ਸਾਨੂੰ ਇਹਨਾਂ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਜੋ ਭਰਮ ਸਾਡੇ ਅੰਦਰ ਸਦੀਆਂ ਤੋਂ ਚੱਲਦੇ ਆ ਰਹੇ ਹਨ। ਬੇਦਾਂ ਸ਼ਾਸਤਰਾਂ ਦੀ ਰਚਨਾ ਸਦੀਆਂ ਪਹਿਲੇ ਹੋਈ ਸੀ ਜਿਨ੍ਹਾਂ ਰਾਹੀਂ ਅਸੀਂ ਮਾਇਆ ਦੇ ਸਾਗਰ ਤੋਂ ਤਰਨਾ ਚਾਹੁੰਦੇ ਹਾਂ। ਵੇਦਾਂ ਸ਼ਾਸਤਰਾਂ ਦੇ ਵਿੱਚ ਨਾਮ ਹੀ ਹੈ ਭਾਵ ਪ੍ਰਮਾਤਮਾ ਦਾ ਦਿੱਤਾ ਹੋਇਆ ਗਿਆਨ ਹੀ ਹੈ ਜਿਸ ਰਾਹੀਂ ਸਾਨੂੰ ਚੰਗੇ ਕਰਮ ਕਰਨੇ ਹੀ ਸਮਝਾਏ ਹੋਏ ਹਨ ਪਰ ਉਸ ਗੱਲ ਨੂੰ ਸਮਝੇ ਬਿਨਾਂ ਹਰ ਕੋਈ ਵੇਦਾਂ ਸ਼ਾਸਤਰਾਂ ਨੂੰ ਪੜੀ ਜਾਣਾ ਹੀ ਭਾਵ ਕਥਨੀ ਕਰੀ ਜਾਣਾ ਹੀ ਮਾਇਆ ਦੇ ਸਾਗਰ ਨੂੰ ਤਰਨ ਦਾ ਤਰੀਕਾ ਸਮਝਦੇ ਹਨ। ਧਰਮ ਗ੍ਰੰਥਾਂ ਦੀ ਮਤਿ ਸਾਡੇ ਧਿਆਉਂਣ ਲਈ ਹੈ ਭਾਵ ਆਪਣੇ ਧਿਆਨ ਵਿੱਚ ਵਸਾਉਂਣ ਲਈ ਹੈ ਭਾਵ ਉਹਨਾਂ ਦੁਆਰਾ ਦਿੱਤੀ ਹੋਈ ਸਿੱਖਿਆ ਨੂੰ ਮੰਨਣ ਦੀ ਹੈ ਜਿਸ ਦੁਆਰਾ ਸੰਸਾਰ ਮਾਇਆ ਤੋਂ ਤਰ ਸਕਦਾ ਹੈ। ਤਰਨਾ ਤਾਂ ਅਸੀਂ ਮਨ ਦੀ ਅਗਿਆਨਤਾ ਵਾਲੀ ਮਤਿ ਤੋਂ ਹੀ ਹੈ ਭਾਵ ਦੁਰਮਤਿ ਤੋਂ ਹੀ ਹੈ ਜਿਸ ਵਿੱਚੋਂ ਨਿਕਲਣ ਦੁਆਰਾ ਹੀ ਸਾਡੀ ਮਤਿ ਨਾਮ ਵਾਲੀ ਬਣਦੀ ਹੈ ਭਾਵ ਨਾਮ ਦੀ ਸਮਝ ਵਾਲੀ ਬਣਦੀ ਹੈ ਭਾਵ ਚੰਗੇ ਆਚਾਰ ਕਰਨ ਵਾਲੀ ਬਣਦੀ ਹੈ, ਚੰਗੇ ਕਰਮ ਕਰਨ ਵਾਲੀ ਬਣਦੀ ਹੈ। ਨਾਮ ਰੂਪ ਆਚਾਰ ਕਰਨ ਤੋਂ ਉੱਤੇ ਹੋਰ ਕੁਝ ਨਹੀਂ ਹੈ ਭਾਵ ਇਹੀ ਸਭ ਤੋਂ ਉੱਚਾ ਕਰਮ ਹੈ। ਅਸੀਂ ਨਾਮ ਦੇ ਆਚਾਰ ਵਾਲੇ ਬਣਨ ਦੀ ਬਜਾਏ ਆਪਣੇ ਅਨੇਕਾਂ ਹੀ ਇਹੋ ਜਿਹੇ ਕਰਮ ਧਰਮ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਭਗਤੀ ਵਾਲੇ ਕਰਮ ਸਮਝਦੇ ਹਾਂ ਲੇਕਿਨ ਉਹ ਸਾਡਾ ਭਰਮ ਹੈ। ਨਾਮ ਆਚਾਰ ਤੋਂ ਉਪਰ ਕੁਝ ਨਹੀਂ ਹੈ। ਪ੍ਰਮਾਤਮਾ ਦੇ ਜੋ ਜਨ ਬਣਦੇ ਹਨ ਉਹੀ ਇਸ ਗੱਲ ਨੂੰ ਸਮਝਦੇ ਹਨ ਕਿ ਨਾਮ ਦਾ ਮਕਸਦ ਸਾਡੇ ਚੰਗੇ ਆਚਾਰ ਹਨ ਜਿਸ ਦੁਆਰਾ ਮਾਇਆ ਦੇ ਸਾਗਰ ਤੋਂ ਤਰਿਆ ਜਾ ਸਕਦਾ ਹੈ। **(ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥ ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥)**

ਨਾਮੁ ਆਚਾਰੁ ਕਿਸ ਰੂਪ ਵਿੱਚ ਹੁੰਦੇ ਹਨ ਭਾਵ ਨਾਮ ਦੁਆਰਾ ਸਾਡੇ ਚੰਗੇ ਆਚਾਰ ਕਿਸ ਤਰੀਕੇ ਹੁੰਦੇ ਹਨ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥

ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥”

42/5420

ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਦੁਆਰਾ ਸਮਝਿਆ ਹੈ ਕਿ ਵੇਦਾਂ ਸ਼ਾਸਤਰਾਂ ਨੂੰ ਧਿਆਉਂਣ ਦਾ ਮਕਸਦ **“ਨਾਮੁ ਅਚਾਰੁ”** ਹੈ ਭਾਵ ਸਾਡੇ ਚੰਗੇ ਆਚਾਰ ਤੇ ਚੰਗੇ ਆਚਾਰ ਮਨੁੱਖ ਦੇ ਤਾਂ ਹੀ ਹੋ ਸਕਦੇ ਹਨ ਜੇਕਰ ਅੰਦਰੋਂ ਅਉਗੁਣ ਨਿਕਲਣ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨਿਕਲਣ ਜਿਨ੍ਹਾਂ ਮਾੜੇ ਵਿਚਾਰਾਂ ਦੇ ਰਹਿੰਦਿਆਂ ਸਾਡੇ ਆਚਾਰ ਚੰਗੇ ਨਹੀਂ ਹੋ ਸਕਦੇ ਭਾਵ ਨਾਮ ਦਾ ਮਕਸਦ, ਵੇਦਾਂ ਸ਼ਾਸਤਰਾਂ ਦਾ ਮਕਸਦ ਸਾਨੂੰ ਚੰਗੇ ਆਚਾਰੀ ਬਨਾਉਂਣਾ ਹੀ ਹੈ। ਅਸੀਂ ਚੰਗੇ ਆਚਾਰੀ ਬਣਨ ਦੁਆਰਾ ਹੀ ਗੁਰੂ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ। ਪ੍ਰਮਾਤਮਾ ਦੇ ਨਾਲ ਮੇਲ ਸਾਡਾ ਨਾਮ ਨੇ ਹੀ ਕਰਾਉਂਣਾ ਹੈ ਤੇ ਉਹ ਤਾਂ ਹੀ ਹੋਵੇਗਾ ਜੇਕਰ ਪਹਿਲਾਂ ਅਸੀਂ ਧਰਮ ਗ੍ਰੰਥਾਂ ਵਿੱਚੋਂ ਮਤਿ ਲੈ ਕੇ ਭਾਵ ਨਾਮ ਲੈ ਕੇ ਉਸਨੂੰ ਆਪਣੇ ਅੰਦਰ ਵਸਾਵਾਂਗੇ ਭਾਵ ਆਪਣੀ ਮਾੜੀ ਮਤਿ ਛਡਾਂਗੇ, ਅੰਦਰ ਦਾ ਮਾਇਆ ਮੋਹ ਛਡਾਂਗੇ ਭਾਵ ਮਾਇਆ ਨੂੰ ਤਰਾਂਗੇ ਤੇ ਮਨ ਦੀ ਚੰਗੀ ਮਤਿ ਦੁਆਰਾ ਚੰਗੇ ਕਰਮ ਕਰਾਂਗੇ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਪ੍ਰਮਾਤਮਾ ਦੀ ਭਗਤੀ ਆਪਣੇ ਅੰਦਰ ਇਹੋ ਜਿਹਾ ਨਾਮ ਦ੍ਰਿੜ ਕਰਨ ਦੁਆਰਾ ਹੁੰਦੀ ਹੈ ਭਾਵ ਅਉਗੁਣਾਂ ਤੋਂ ਰਹਿਤ ਹੋ ਕੇ ਚੰਗੇ ਕਰਮ ਕਰਨ ਦੁਆਰਾ ਹੁੰਦੀ ਹੈ, ਇਹੋ ਜਿਹਾ ਨਾਮ ਜਪਣ ਦੁਆਰਾ ਹੁੰਦੀ ਹੈ। ਸਾਡੀ ਇਹੋ ਜਿਹੀ ਭਗਤੀ ਹੀ ਪ੍ਰਮਾਤਮਾ ਦੀ ਸੇਵਾ ਹੈ ਭਾਵ ਸਾਡੇ ਸੱਚੇ ਸੁੱਚੇ ਕਰਮ ਕਰਨਾ ਹੀ ਨਾਮ ਜੱਪਣਾ ਹੈ, ਪ੍ਰਮਾਤਮਾ ਦੀ ਭਗਤੀ ਹੈ, ਪ੍ਰਮਾਤਮਾ ਦੀ ਸੇਵਾ ਹੈ। **(ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥ ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥ ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥ ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥) {ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}** ਅੰਗ ੮੩੧

ਪਾਰ ਤਾਂ ਅਸੀਂ ਮਨ ਦੀ ਮਾਇਆ ਤੋਂ ਹੀ ਪਾਉਂਣਾ ਹੈ ਤੇ ਇਸ ਮਾਇਆ ਵਿੱਚੋਂ ਪਾਰ ਵੀ ਸਾਨੂੰ ਨਾਮ ਨੇ ਹੀ ਲਗਾਣਾ ਹੈ। ਮਾਇਆ ਬਿਖ ਹੈ ਤੇ ਨਾਮ ਅੰਮ੍ਰਿਤ ਹੈ, ਬਿਖ ਸਾਡੇ ਅੰਦਰ ਦੀ ਅਗਿਆਨਤਾ ਹੈ, ਸਾਡੇ ਅੰਦਰ ਦੀ ਦੁਬਿਧਾ ਵਾਲੀ ਮਤਿ ਹੈ। ਪਾਰ

ਅਸੀਂ ਮਨ ਦੀ ਬਿਖ ਤੋਂ ਹੀ ਪਾਉਂਣਾ ਹੈ ਭਾਵ ਮਨ ਦੀ ਦੁਬਿਧਾ ਤੋਂ ਹੀ ਪਾਉਂਣਾ ਹੈ ਤੇ ਉਹ ਤਾਂ ਹੀ ਪਾਵਾਂਗੇ ਜੇਕਰ ਪਹਿਲੇ ਨਾਮ ਨੂੰ ਸਮਝਾਂਗੇ, ਅੰਮ੍ਰਿਤ ਨੂੰ ਸਮਝਾਂਗੇ ਜੋ ਅੰਮ੍ਰਿਤ ਸਾਡੇ ਮਨ ਨੇ ਪੀਣਾ ਹੈ। ਇਹ ਨਾਮ ਰੂਪ ਅੰਮ੍ਰਿਤ ਸੱਚੇ ਗਿਆਨ ਦਾ ਅੰਮ੍ਰਿਤ ਸਾਡੇ ਮਨ ਨੇ ਪੀਣਾ ਹੈ। ਇਹ ਨਾਮ ਰੂਪ ਅੰਮ੍ਰਿਤ ਸੱਚੇ ਗਿਆਨ ਦਾ ਅੰਮ੍ਰਿਤ ਹੈ ਜਿਸਨੇ ਸਾਨੂੰ ਮਨ ਦੀ ਦੁਰਮਤਿ ਵਿੱਚੋਂ ਕੱਢਣਾ ਹੈ ਜਿਸ ਦੁਰਮਤਿ ਵਿੱਚੋਂ ਨਿਕਲਕੇ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। ਕੇਵਲ ਕਿਸੇ ਅੱਖਰ ਨੂੰ ਬੋਲੀ ਜਾਣ ਨਾਲ ਸਾਡੇ ਮਨ ਦੇ ਵਿੱਚੋਂ ਦੁਰਮਤਿ

ਨਹੀਂ ਨਿਕਲ ਸਕਦੀ। ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਇਸ ਗੱਲ ਨੂੰ ਫਿਰ ਤੋਂ ਸਮਝਿਆ ਜਾ ਸਕਦਾ ਹੈ ਜਿਸਨੂੰ ਕਿ ਅਸੀਂ ਪਹਿਲੇ ਕਾਫੀ ਪਿੱਛੇ ਸਮਝ ਚੁੱਕੇ ਹਾਂ।

{ਮਾਇਆ ਬਿਖੁ ਭੁਇਅੰਗਮ ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥
ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥
ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥
ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉ ਹਾਰਾ ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥
ਸਤਿਗੁਰੁ ਮਿਲੈ ਤ ਮਨੂਆ ਟੇਕੈ ॥ ਰਾਮ ਨਾਮੁ ਦੇ ਸਰਣਿ ਪਰੇਕੈ ॥
ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ ॥੧੬॥
ਰਾਮ ਨਾਮੁ ਸਾਧੂ ਸਰਣਾਈ ॥ ਸਤਿਗੁਰ ਬਚਨੀ ਗਤਿ ਮਿਤਿ ਪਾਈ ॥
ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ ॥੧੭॥੩॥੯॥}

(ਅੰਗ ੧੦੨੯-੧੦੩੦)

ਜਿਹੋ ਜਿਹੀ ਵੀ ਕੋਈ ਭਗਤੀ ਵਿੱਚ ਲੱਗਾ ਹੋਇਆ ਹੈ ਉਹ ਮਨ ਦੀ ਮਾਇਆ ਕਰਕੇ ਹੀ ਲੱਗਾ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਹੀ ਲੱਗਾ ਹੋਇਆ ਹੈ ਲੇਕਿਨ ਇਸ ਗੱਲ ਨੂੰ ਕੋਈ ਨਹੀਂ ਮੰਨ ਸਕਦਾ ਕਿ ਉਹ ਝੂਠੀ ਭਗਤੀ ਵਿੱਚ ਲੱਗਾ ਹੋਇਆ ਹੈ ਭਾਵ ਹਰ ਕੋਈ ਭਗਤੀ ਦਾ ਮਾਣ ਹੀ ਕਰਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਸਮਾਜ ਨਾਲੋਂ ਉੱਚਾ ਸਮਝਦਾ ਹੈ। ਭਗਤੀ ਦਾ ਅਸਲ ਮਾਰਗ ਸਾਡੇ ਸੱਚੇ ਸੁੱਚੇ ਕਰਮ ਹੀ ਹਨ ਜਿਸਦੀ ਸਮਝ ਮਨ ਦੀ ਮਾਇਆ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ ਜੋ ਗਿਆਨ ਪ੍ਰਮਾਤਮਾ ਆਪ ਹੀ ਕਿਸੇ ਨੂੰ ਪਾਉਂਦਾ ਹੈ ਜਿਸ ਦੁਆਰਾ ਉਹ ਮਾਇਆ ਮੋਹ ਵਿੱਚ ਸੁੱਤੇ ਹੋਏ ਮਨ ਨੂੰ ਆਪ ਹੀ ਜਗਾਉਂਦਾ ਹੈ।

ਭੈਰਉ ਮਹਲਾ ੩ ॥

“ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥ ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥ ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥ ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥ ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥ ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥ ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥”

(ਅੰਗ ੧੧੨੮)

ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਉਹਨਾਂ ਬਾਰੇ ਹੀ ਦੱਸਿਆ ਹੋਇਆ ਹੈ ਜੋ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲੇ ਸਮਝਦੇ ਹਨ ਤੇ ਜਿਨ੍ਹਾਂ ਨੂੰ ਸੰਸਾਰ ਭਗਤੀ ਕਰਨ ਵਾਲੇ ਸਮਝਦਾ ਹੈ। ਜੇਕਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋਗੇ ਤਾਂ ਇਸ ਵਿੱਚ ਹਰ ਕੋਈ ਆ ਜਾਂਦਾ ਹੈ ਜੋ ਆਪਣੇ ਆਪ ਨੂੰ ਭਗਤੀ ਵਾਲਾ ਸਮਝਦਾ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੋਵੇ। ਜੋ ਵੀ ਗ੍ਰਿਹ ਤਿਆਗਕੇ ਜਾਂਦੇ ਹਨ ਉਹ ਆਪਣੇ ਆਪ ਨੂੰ ਜੋਗੀ ਅਖਵਾਉਂਦੇ ਹਨ ਤੇ ਜੋ ਵੀ ਆਪਣੇ ਗ੍ਰਿਹ ਵਿੱਚ ਰਹਿ ਕੇ ਆਪਣੇ ਆਪ ਨੂੰ ਭਗਤੀ ਵਾਲਾ ਸਮਝਦਾ ਹੈ ਜਾਂ ਅਖਵਾਉਂਦਾ ਹੈ ਉਹ ਹਰ ਕੋਈ ਇਸ ਵਿੱਚ ਆ ਜਾਂਦਾ ਹੈ। ਜੋ ਵੀ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਪੰਡਿਤ ਅਖਵਾਉਂਦਾ ਹੈ ਭਾਵ ਗਿਆਨਵਾਨ ਅਖਵਾਉਂਦਾ ਹੈ ਉਹ ਹਰ ਕੋਈ ਇਸ ਵਿੱਚ ਆ ਜਾਂਦਾ ਹੈ ਭਾਵੇਂ ਉਹ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਇਸੇ ਤਰ੍ਹਾਂ ਭੇਖਧਾਰੀ ਉਹ ਹਨ ਜੋ ਭਗਤੀ ਦਾ ਦਿਖਾਵਾ ਕਰਦੇ

42/5422

ਹਨ, ਵੱਖਰੇ ਵੱਖਰੇ ਬਾਣੇ ਪਾਉਂਣ ਦੁਆਰਾ ਕਰਦੇ ਹਨ, ਵੱਖਰਾ ਵੱਖਰਾ ਸਰੂਪ ਬਨਾਉਂਣ ਦੁਆਰਾ ਕਰਦੇ ਹਨ। ਇਹ ਦਿਖਾਵਾ ਭਗਤੀ ਦਾ ਹੀ ਹੈ ਤਾਂ ਕਿ ਸਾਨੂੰ ਭਗਤੀ ਵਾਲੇ ਸਮਝਿਆ ਜਾਵੇ ਤੇ ਸਾਨੂੰ ਉੱਚਾ ਸਮਝਿਆ ਜਾਵੇ। ਅਨੇਕਾਂ ਹੀ ਗ੍ਰਿਹ ਵਿੱਚ ਰਹਿਣ ਵਾਲੇ ਆਪਣੀ ਭਗਤੀ ਦਾ ਪ੍ਰਗਟਾਵਾ ਕਰਦੇ ਹਨ, ਕੋਈ ਵੱਧ ਤੋਂ ਵੱਧ ਬਾਣੀਆਂ ਪੜਨ ਵਿੱਚ ਭਗਤੀ ਦਾ ਮਾਰਗ ਸਮਝਦਾ ਹੈ, ਕੋਈ ਮੰਤਰਾਂ ਦਾ ਜਾਪ ਕਰਨ ਵਿੱਚ ਭਗਤੀ ਦਾ ਪ੍ਰਗਟਾਵਾ ਕਰਦਾ ਹੈ, ਕੋਈ ਸਵੇਰੇ ਸ਼ਾਮ ਧਰਮ ਅਸਥਾਨਾਂ ਤੇ ਜਾ ਕੇ ਮੱਥੇ ਟੇਕਣ ਦੁਆਰਾ ਭਗਤੀ ਦਾ ਪ੍ਰਗਟਾਵਾ ਕਰਦਾ ਹੈ। ਕੋਈ ਸਮਾਧੀਆਂ ਲਗਾਉਂਣ ਦੁਆਰਾ ਭਗਤੀ ਦਾ ਪ੍ਰਗਟਾਵਾ ਕਰਦਾ ਹੈ, ਕੋਈ ਕਥਾ ਸੁਨਾਉਂਣ ਦੁਆਰਾ ਤੇ ਕੋਈ ਕਥਾ ਸੁਨਣ ਦੁਆਰਾ ਭਗਤੀ ਦਾ ਪ੍ਰਗਟਾਵਾ ਕਰਦਾ ਹੈ। ਕੋਈ ਕਿਸੇ ਖਾਸ ਵੇਲੇ ਨੂੰ ਉੱਚਾ ਸਮਝਕੇ ਜਿਸਨੂੰ ਅੰਮ੍ਰਿਤ ਵੇਲਾ ਕਿਹਾ ਜਾਂਦਾ ਹੈ ਉਸਦੀ ਸੰਭਾਲ ਕਰਨ ਵਿੱਚ ਭਗਤੀ ਦਾ ਪ੍ਰਗਟਾਵਾ ਸਮਝਦਾ ਹੈ, ਕੋਈ ਥਿਤਾਂ ਵਾਰਾਂ ਵਾਲੇ ਦਿਨ ਉਚੇਚੇ ਤੌਰ ਤੇ ਧਰਮ ਸਥਾਨਾਂ ਆਦਿ ਤੇ ਜਾਣ ਵਿੱਚ, ਪੂਜਾ ਪਾਠ ਆਦਿ ਕਰਨ ਵਿੱਚ ਭਗਤੀ ਦਾ ਪ੍ਰਗਟਾਵਾ ਸਮਝਦਾ ਹੈ। ਕੋਈ ਸ਼ਾਕਾਹਾਰੀ ਖਾਣਾ ਖਾਣ ਵਿੱਚ ਹੀ ਹੈ ਤੇ ਇਸਦਾ ਪ੍ਰਚਾਰ ਕਰਨ ਵਿੱਚ ਭਗਤੀ ਦਾ ਪ੍ਰਗਟਾਵਾ ਸਮਝਦਾ ਹੈ ਭਾਵ ਹਰ ਕਿਸੇ ਨੇ ਆਪਣੇ ਬਾਹਰੀ ਦਿਖਾਵੇ ਨੂੰ ਭਗਤੀ ਦਾ ਮਾਰਗ ਬਣਾਇਆ ਹੋਇਆ ਹੈ ਤੇ ਆਪਣੀ ਇਹੋ ਜਿਹੀ ਭਗਤੀ ਦਾ ਹੀ ਹਰ ਕੋਈ ਮਾਣ ਕਰਦਾ ਹੈ, ਅਹੰਕਾਰ ਕਰਦਾ ਹੈ ਕਿਉਂਕਿ ਸੰਸਾਰ ਇਹਨਾਂ ਗੱਲਾਂ ਦਾ ਹੀ ਉਹਨਾਂ ਨੂੰ ਮਾਣ ਦਿੰਦਾ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਹੋ ਜਿਹੇ ਸਾਰੇ ਸੁੱਤੇ ਹੋਏ ਹਨ ਭਾਵ ਅਗਿਆਨਤਾ ਵਿੱਚ ਸੁੱਤੇ ਹੋਏ ਹਨ ਭਾਵ ਆਪਣੀ ਨਾਸਮਝ ਮਤਿ ਦੁਆਰਾ ਸੁੱਤੇ ਹੋਏ ਹਨ ਭਾਵ ਭਰਮ ਵਿੱਚ ਹੀ ਆਪਣੇ ਆਪ ਨੂੰ ਭਗਤੀ ਵਾਲੇ ਸਮਝਦੇ ਹਨ। **(ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥)**

ਸਾਡੇ ਸਉਂਣ ਦਾ ਕਾਰਨ ਕੀ ਹੈ, ਨੀਂਦ ਦਾ ਕਾਰਨ ਕੀ ਹੈ ਭਾਵ ਸਾਡੇ ਭਰਮ ਦਾ ਕਾਰਨ ਕੀ ਹੈ ਤੇ ਆਪਣੇ ਆਪ ਨੂੰ ਝੂਠੀ ਭਗਤੀ ਵਾਲੇ ਅਖਵਾਉਂਣ ਦਾ ਕਾਰਨ ਕੀ ਹੈ ਤੇ ਭਗਤੀ ਦਾ ਅਸਲ ਮਾਰਗ ਕੀ ਹੈ, ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥”

42/5423

ਅਗਰ ਉਪਰ ਰਹਾਉ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋਗੇ ਸਾਨੂੰ ਭਗਤੀ ਦਾ ਅਸਲ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਭਗਤੀ ਦਾ ਮਾਰਗ ਸਾਨੂੰ ਗੁਰਬਾਣੀ ਬਾਰ-ਬਾਰ ਸਮਝਾ ਰਹੀ ਹੈ ਤੇ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ

ਆ ਰਹੇ ਹਾਂ। ਭਗਤੀ ਦਾ ਮਾਰਗ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਜਿਸਨੂੰ ਭਗਤੀ ਦੀ ਸਮਝ ਹੈ ਉਹ ਫਿਰ ਭਗਤੀ ਦੇ ਦਿਖਾਵੇ ਨਹੀਂ ਕਰ ਸਕਦਾ ਜਿਵੇਂ ਕਿ ਅਸੀਂ ਪਹਿਲੇ ਪਦੇ ਦੁਆਰਾ ਸਮਝਿਆ ਹੈ। ਹਰ ਕੋਈ ਮਾਇਆ ਵਿੱਚ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚ ਹੈ ਜਿਸ ਨਸ਼ੇ ਵਿੱਚ ਪ੍ਰਮਾਤਮਾ ਨੇ ਹਰ ਕਿਸੇ ਨੂੰ ਸਵਾਇਆ ਹੋਇਆ ਹੈ ਤੇ ਆਪਣੇ ਆਪ ਨੂੰ ਭਗਤੀ ਵਾਲਾ ਅਖਵਾਉਂਣ ਵਾਲੇ ਵੀ ਉਸੇ ਮਾਇਆ ਮਦ ਵਿੱਚ ਹੀ ਹਨ ਜਿਸ ਨਸ਼ੇ ਵਿੱਚ ਸਾਰਾ ਸੰਸਾਰ ਹੀ ਸੁੱਤਾ ਹੋਇਆ ਹੈ ਭਾਵ ਭਗਤੀ ਦੇ ਅਸਲ ਮਾਰਗ ਦੀ ਸਮਝ ਸੰਸਾਰ ਨੂੰ ਨਹੀਂ ਹੈ। ਭਗਤੀ ਦੇ ਮਾਰਗ ਦੀ ਸਮਝ ਉਸੇ ਨੂੰ ਪੈਂਦੀ ਹੈ ਜਿਸਨੂੰ ਪ੍ਰਮਾਤਮਾ ਪਹਿਲੇ ਮਨ ਦੀ ਅਗਿਆਨਤਾ ਵਿੱਚੋਂ ਜਗਾਉਂਦਾ ਹੈ ਭਾਵ ਨਾਸਮਝ ਮਤਿ ਵਿੱਚੋਂ ਜਗਾਉਂਦਾ ਹੈ। ਜੋ ਮਨ ਦੀ ਅਗਿਆਨਤਾ ਵਿੱਚੋਂ, ਮਾਇਆ ਵਿੱਚੋਂ ਜਾਗਦਾ ਹੈ ਉਹ ਸੱਚੇ ਗਿਆਨ ਦੁਆਰਾ ਹੀ ਜਾਗਦਾ ਹੈ ਤੇ ਉਸਨੂੰ ਹੀ ਭਗਤੀ ਦੀ ਸੱਚੀ ਸਮਝ ਪੈਂਦੀ ਹੈ ਜੋ ਕਿ ਆਪਣੇ ਆਪ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣ ਦੀ ਹੈ ਭਾਵ ਵਿਕਾਰਾਂ ਵਿੱਚੋਂ ਨਿਕਲਕੇ ਗੁਣਾਂ ਵਾਲੀ ਮਤਿ ਨੂੰ ਅਪਨਾਉਂਣ ਦੀ ਹੈ ਭਾਵ ਭਗਤੀ ਦਾ ਮਾਰਗ ਸਾਡੇ ਕਰਮ ਹਨ, ਸੱਚੇ ਸੁੱਚੇ ਕਰਮ ਹਨ ਜੋ ਕਰਮ ਅਸੀਂ ਵਿਕਾਰਾਂ ਤੋਂ ਰਹਿਤ ਹੋ ਕੇ ਹੀ ਕਰ ਸਕਦੇ ਹਾਂ। ਆਪਣੇ ਸੱਚੇ ਸੁੱਚੇ ਕਰਮ ਕਰਨ ਤੋਂ ਇਲਾਵਾ ਅਸੀਂ ਜੋ ਕੁਝ ਵੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਉਹ ਕੇਵਲ ਸਾਡੇ ਦਿਖਾਵੇ ਹਨ ਜਿਸਦਾ ਕਾਰਣ ਸਾਡੇ ਅੰਦਰ ਦੀ ਮਾਇਆ ਹੈ ਭਾਵ ਸਾਡੀ ਅਗਿਆਨਤਾ ਹੈ। ਭਗਤੀ ਦੇ ਸੱਚੇ ਮਾਰਗ ਲਈ ਭਾਵ ਸੱਚੇ ਸੁੱਚੇ ਕਰਮ ਕਰਨ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ ਭਾਵ ਕਿਸੇ ਝੂਠੇ ਮਾਣ ਦੀ ਲੋੜ ਨਹੀਂ ਹੈ। ਸੱਚੇ ਸੁੱਚੇ ਕਰਮ ਅਸੀਂ ਆਪਣੀ ਕਿਰਤ ਵਿੱਚ ਕਰਨੇ ਹਨ, ਗ੍ਰਹਿਸਤ ਵਿੱਚ ਰਹਿ ਕੇ ਕਰਨੇ ਹਨ, ਆਪਣੇ ਕਾਰ ਵਿਹਾਰ ਵਿੱਚ ਕਰਨੇ ਹਨ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ।

(ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

42/5424

ਇਸ ਮਾਇਆ ਮੋਹ ਵਿੱਚੋਂ ਕੋਈ ਆਪਣੇ ਆਪ ਜਾਗ ਜਾਵੇ ਭਾਵ ਕੋਈ ਆਪਣੇ ਆਪ ਮਨ ਦੀ ਅਗਿਆਨਤਾ ਵਿੱਚੋਂ ਜਾਗ ਜਾਵੇ ਤੇ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਲਵੇ ਜੋ ਕਿ ਪੰਜਾਂ ਅਉਗੁਣਾਂ ਵਿੱਚੋਂ ਨਿਕਲਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ, ਇਹ ਨਾਮੁਮਕਿਨ ਹੈ। ਭਗਤੀ ਦਾ ਸੱਚਾ ਮਾਰਗ ਉਸ ਸਤਿਗੁਰੁ ਨਾਲ, ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆਉਂਦਾ ਹੈ ਜਿਸਨੂੰ ਉਹ ਪ੍ਰਮਾਤਮਾ ਮਨ ਦੇ ਵਿੱਚ ਸੱਚਾ ਗਿਆਨ ਦੇਣ ਦੁਆਰਾ ਆਪ ਹੀ ਜਗਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਜਗਾਇਆ ਹੈ ਤੇ ਉਹਨਾਂ ਰਾਹੀਂ ਸੰਸਾਰ ਨੂੰ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥”

ਮਨ ਦਾ ਜਾਗਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦਾ ਜਾਗਣਾ ਇਸ ਸ਼ਬਦ ਵਿੱਚ ਵੀ ਆਖਰੀ ਪਦੇ ਵਿੱਚ ਸਪਸ਼ਟ ਕੀਤਾ ਹੋਇਆ ਹੈ। ਸਾਡੇ ਮਨ ਦੀ ਮਾਇਆ ਅਗਿਆਨਤਾ ਰੂਪ ਹੈ ਜਿਸ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਜਗਾ ਸਕਦਾ ਹੈ, ਸਾਡੀ ਤ੍ਰੈ ਗੁਣਾਂ ਵਿੱਚ ਸੁੱਤੀ ਹੋਈ ਮਤਿ ਨੂੰ ਚਉਥੇ ਪਦ ਦਾ ਗਿਆਨ ਹੀ ਜਗਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ। ਗੁਰੂ ਚਉਥੇ ਪਦ ਵਿੱਚ ਹੈ, ਸਹਜ ਦੇ ਰੂਪ ਵਿੱਚ ਹੈ ਜੋ ਸਾਨੂੰ ਮਨ ਦੇ ਵਿੱਚੋਂ ਆਪ ਹੀ ਪ੍ਰਗਟ ਹੋ ਕੇ ਜਗਾਉਂਦਾ ਹੈ। ਜਿਸਨੂੰ ਪ੍ਰਮਾਤਮਾ ਜਗਾਉਂਦਾ ਹੈ ਉਸਨੂੰ ਮਨ ਦੇ ਵਿੱਚ ਗੁਰਮਤਿ ਰੂਪ ਸੱਚਾ ਗਿਆਨ ਦੇਣ ਦੁਆਰਾ ਹੀ ਜਗਾਉਂਦਾ ਹੈ। ਗੁਰਮਤਿ ਰੂਪ ਗਿਆਨ ਦਾ ਮਕਸਦ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਾਉਂਣਾ ਹੀ ਹੈ ਜੋ ਕਿ ਆਪਣੇ ਅੰਦਰੋਂ ਪੰਜੇ ਅਉਗੁਣਾਂ ਨੂੰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਆਪਣੇ ਅੰਦਰੋਂ ਕੱਢਣ ਦਾ ਹੈ, ਉਹਨਾਂ ਨੂੰ ਵੱਸ ਵਿੱਚ ਰੱਖਣ ਦਾ ਹੈ ਜੋ ਕਿ ਮਨੁੱਖੀ ਸਮਰਥਾ ਤੋਂ ਬਾਹਰ ਹੈ। ਆਪਣੇ ਮੇਲ ਦੁਆਰਾ ਪ੍ਰਮਾਤਮਾ ਆਪ ਹੀ ਪੰਜਾਂ ਦੂਤਾਂ ਨੂੰ ਵੱਸ ਵਿੱਚ ਕਰਦਾ ਹੈ ਤੇ ਆਪਣੇ ਮਨੁੱਖੀ ਰੂਪ ਨੂੰ ਭਗਤੀ ਦੇ

42/5425

ਮਾਰਗ ਤੇ ਚਲਾਉਂਦਾ ਹੈ ਜੋ ਕਿ ਅਉਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਇਹ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਲਈ ਕਿਸੇ ਵੱਖਰੀ ਵੱਖਰੀ ਧਾਰਮਿਕ ਆਸਥਾ ਦੀ ਲੋੜ ਨਹੀਂ ਹੈ, ਕਿਸੇ ਭਗਤੀ ਦੇ ਦਿਖਾਵੇ ਦੀ ਲੋੜ ਨਹੀਂ ਹੈ। ਭਗਤੀ ਦਾ ਮਾਰਗ ਸੰਸਾਰ ਨੂੰ ਸੁਖੀ ਬਨਾਉਂਣ ਲਈ ਹੈ ਤਾਂ ਕਿ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਦਾ ਮਾੜਾ ਨਾ ਕਰੇ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਤੇ ਇਹੀ ਗੱਲ ਸਾਨੂੰ ਗੁਰਬਾਣੀ ਬਾਰ-ਬਾਰ ਸਮਝਾ ਰਹੀ ਹੈ। ਫਰਕ ਸਾਡੀ ਸਮਝ ਵਿੱਚ ਹੈ ਭਾਵ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਦੀ ਅਗਿਆਨਤਾ ਹੈ ਜਿਸ ਵਿੱਚੋਂ ਜਾਗੇ ਬਿਨਾਂ ਭਗਤੀ ਦਾ ਸੱਚਾ ਮਾਰਗ ਸਮਝ ਨਹੀਂ ਆ ਸਕਦਾ ਤੇ ਵਿਅਰਥ ਵਿੱਚ ਹੀ ਹਰ ਕੋਈ ਭਗਤੀ ਦੇ ਦਿਖਾਵਿਆਂ ਵਿੱਚ ਲੱਗਾ ਹੋਇਆ ਹੈ ਤੇ ਸਿੱਖ ਜਗਤ ਵੀ ਭਗਤੀ ਦੇ ਦਿਖਾਵਿਆਂ ਵਿੱਚ ਕਿਸੇ ਨਾਲੋਂ ਘੱਟ ਨਹੀਂ ਹੈ ਕਿਉਂਕਿ ਹਰ ਕੋਈ ਦਿਖਾਵਿਆਂ ਨੂੰ ਹੀ ਭਗਤੀ ਸਮਝਦਾ ਹੈ ਤੇ ਭਗਤੀ ਵਾਲਾ ਅਖਵਾਉਂਣ ਦੀ ਇੱਛਾ ਸਭ ਦੇ ਅੰਦਰ ਬਣੀ ਰਹਿੰਦੀ ਹੈ। ਬਹੁਤ ਔਖਾ ਹੈ ਮਾਇਆ ਮੋਹ ਵਿੱਚੋਂ ਜਾਗਣਾ, ਮਨ ਦੀ ਨਾਸਮਝ ਮਤਿ ਵਿੱਚੋਂ ਜਾਗਣਾ ਤੇ ਉਸਦੇ ਆਪਣੇ ਜਗਾਏ ਬਗੈਰ ਕੋਈ ਨਹੀਂ ਜਾਗ ਸਕਦਾ। **(ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥)**

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥}

(ਅੰਗ ੧੧੯੩)

{ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥
ਆਸਾ ਵਿਚਿ ਸੁਤੇ ਕਈ ਲੋਈ ॥ ਸੋ ਜਾਗੈ ਜਾਗਾਵੈ ਸੋਈ ॥੧॥}

(ਅੰਗ ੪੨੩)

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥
ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

{ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥}

(ਅੰਗ ੪੧੮)

{ਜਿਸ ਕੈ ਮਸਤਕਿ ਕਰਮੁ ਹੋਇ ਸੋ ਸੇਵਾ ਲਾਗਾ ॥ ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ ਸੋ ਅਨਦਿਨੁ ਜਾਗਾ ॥
ਲਗਾ ਰੰਗੁ ਚਰਣਾਰਬਿੰਦ ਸਭੁ ਭ੍ਰਮੁ ਭਉ ਭਾਗਾ ॥ ਆਤਮੁ ਜਿਤਾ ਗੁਰਮਤੀ ਆਗੰਜਤ ਪਾਗਾ ॥
ਜਿਸਹਿ ਧਿਆਇਆ ਪਾਰਬ੍ਰਹਮੁ ਸੋ ਕਲਿ ਮਹਿ ਤਾਗਾ ॥ ਸਾਧੂ ਸੰਗਤਿ ਨਿਰਮਲਾ ਅਠਸਠਿ ਮਜਨਾਗਾ ॥
ਜਿਸੁ ਪ੍ਰਭੁ ਮਿਲਿਆ ਆਪਣਾ ਸੋ ਪੁਰਖੁ ਸਭਾਗਾ ॥ ਨਾਨਕ ਤਿਸੁ ਬਲਿਹਾਰਣੈ ਜਿਸੁ ਏਵਡ ਭਾਗਾ ॥੧੭॥}

(ਅੰਗ ੯੬੪-੯੬੫)

42/5426

{ਮੇਰਾ ਮਨੁ ਰਾਮ ਨਾਮਿ ਰਸਿ ਲਾਗਾ ॥
ਕਮਲ ਪ੍ਰਗਾਸੁ ਭਇਆ ਗੁਰੁ ਪਾਇਆ ਹਰਿ ਜਪਿਓ ਭ੍ਰਮੁ ਭਉ ਭਾਗਾ ॥੧॥ ਰਹਾਉ ॥

ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ ਮਨੁ ਸੋਇਓ ਗੁਰਮਤਿ ਜਾਗਾ ॥
ਕਿਲਬਿਖ ਖੀਨ ਭਏ ਸਾਂਤਿ ਆਈ ਹਰਿ ਉਰ ਧਾਰਿਓ ਵਡਭਾਗਾ ॥੧॥}

(ਅੰਗ ੯੮੫)

{ਗੁਰ ਮਿਲਿ ਤਿਆਗਿਓ ਦੂਜਾ ਭਾਉ ॥ ਗੁਰਮੁਖਿ ਜਪਿਓ ਹਰਿ ਕਾ ਨਾਉ ॥
ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥੧॥
ਕਰਿ ਕਿਰਪਾ ਅਪਨੀ ਸੇਵਾ ਲਾਏ ॥ ਸਾਧੂ ਸੰਗਿ ਸਰਬ ਸੁਖ ਪਾਏ ॥੧॥ ਰਹਾਉ ॥}

(ਅੰਗ ੧੧੪੭-੧੧੪੮)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥}

(ਅੰਗ ੩੭੫-੩੭੬)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

ਮਨੁੱਖ ਮਾਇਆ ਮੋਹ ਵਿੱਚੋਂ ਕਿਵੇਂ ਜਾਗਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਕਿਵੇਂ ਜਾਗਦਾ ਹੈ ਤੇ ਜਾਗਣ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥"

ਮਨ ਦਾ ਜਾਗਣਾ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਭਾਵ ਜਾਗਣਾ ਸਾਡੀ ਮਤਿ ਨੇ ਹੀ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਹੀ ਜਾਗਣਾ ਹੈ। ਸਾਡੇ ਮਨ ਦੇ ਵਿਚਾਰ ਹੀ ਸਾਡੇ ਮਨ ਦੀ ਸਮਝ ਹਨ। ਸਾਡੀ ਸਮਝ ਹੀ ਸੁੱਤੀ ਹੋਈ ਹੈ ਤੇ ਸਮਝ ਨੇ ਹੀ ਜਾਗਣਾ ਹੈ। ਸੁੱਤੀ ਹੋਈ ਮਤਿ ਉਹ ਹੈ ਜਿਸਦੇ ਅੰਦਰ **"ਤਤੁ"** ਨਹੀਂ ਹੈ ਭਾਵ ਤਤੁ ਵਾਲੇ ਵਿਚਾਰ ਨਹੀਂ ਹਨ। ਤਤੁ ਉਹ ਹੈ ਜਿਸਦੇ ਅੰਦਰ ਪੂਰਨ ਸੱਚ ਹੁੰਦਾ ਹੈ, ਪੂਰਨ ਨਿਚੋੜ ਹੁੰਦਾ ਹੈ। ਜਿੱਥੇ ਤਤੁ ਨਹੀਂ ਹੈ ਉੱਥੇ ਭਰਮ ਹੈ। ਸਾਡੇ ਜੋ ਵਿਚਾਰ ਭਗਤੀ ਨੂੰ ਸਮਝਣ ਵਿੱਚ ਭਰਮ ਵਿੱਚ ਹਨ, ਅਗਿਆਨਤਾ ਵਿੱਚ ਹਨ ਉਹ ਸਾਡੇ ਨਾਸਮਝ ਵਿਚਾਰ ਹਨ, ਸਾਡੇ ਅੰਦਰ ਦੀ ਨਾਸਮਝ ਮਤਿ ਹੈ ਜੋ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਸੁੱਤੀ ਹੋਈ ਹੈ ਭਾਵ ਮਾਇਆ ਮੋਹ ਵਿੱਚ ਹੈ, ਅਗਿਆਨਤਾ ਵਿੱਚ ਹੈ। ਭਗਤੀ ਦੀ ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੈ। ਗੁਰੂ ਦੇ ਦਿੱਤੇ ਹੋਏ ਵਿਚਾਰ ਸਾਨੂੰ **"ਤਤੁ"** ਦੀ ਗੱਲ ਸਮਝਾਉਂਦੇ ਹਨ ਭਾਵ ਪੂਰਨ ਸੱਚ ਦੀ ਗੱਲ

ਸਮਝਾਉਂਦੇ ਹਨ ਜਿਨ੍ਹਾਂ ਵਿਚਾਰਾਂ ਵਿੱਚ ਸੱਚਾ ਗਿਆਨ ਹੈ ਭਾਵ ਤਤੁ ਗਿਆਨ ਹੈ ਜੋ ਵਿਚਾਰ ਪੂਰੀ ਤਰ੍ਹਾਂ ਅਗਿਆਨਤਾ ਤੋਂ ਰਹਿਤ ਹਨ, ਜਿਨ੍ਹਾਂ ਨੂੰ ਭਗਤੀ ਦੇ ਮਾਰਗ ਦੀ ਅਸਲੀਅਤ ਦੀ ਸਮਝ ਹੈ। ਜੇਕਰ ਅਸੀਂ ਗੁਰੂ ਦੇ ਸ਼ਬਦਾਂ ਦੁਆਰਾ ਸਮਝਾਏ ਹੋਏ ਤਤੁ ਨੂੰ ਭਾਵ ਗੁਰੂ ਦੀ ਸੱਚੀ ਮਤਿ ਨੂੰ ਆਪਣੇ ਅੰਦਰ ਵਿਚਾਰਾਂਗੇ ਤਾਂ ਫਿਰ ਉਹ ਸਾਨੂੰ ਭਗਤੀ ਦਾ ਸੱਚਾ ਗਿਆਨ ਸਮਝਾਉਂਣ ਦੁਆਰਾ ਸਾਨੂੰ ਅਗਿਆਨਤਾ ਵਾਲੀ ਮਤਿ ਵਿੱਚੋਂ ਕੱਢੇਗੀ ਭਾਵ ਸਾਡੀ ਸੁੱਤੀ ਮਤਿ ਨੂੰ ਜਗਾਏਗੀ ਤੇ ਫਿਰ ਅਸੀਂ ਉਸੇ ਗੱਲ ਵਿੱਚ ਭਗਤੀ ਸਮਝਾਂਗੇ

ਜੋ ਭਗਤੀ ਦਾ ਅਸਲ ਮਾਰਗ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਮਾਰਗ ਹੈ। **(ਸੋ ਜਾਗੈ ਜੋ ਤਤੁ ਬੀਚਾਰੈ ॥)** ਮਨ ਦੇ ਜਾਗਣ ਦੁਆਰਾ ਜੋ ਭਗਤੀ ਦੀ ਸੱਚੀ ਸਮਝ ਪੈਂਦੀ ਹੈ ਉਹ ਕਿਸ ਰੂਪ ਵਿੱਚ ਪੈਂਦੀ ਹੈ ਭਾਵ ਭਗਤੀ ਦਾ ਸੱਚਾ ਮਾਰਗ ਕੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਆਪਿ ਮਰੈ ਅਵਰਾ ਨਹ ਮਾਰੈ ॥੩॥”

ਸਾਰੀ ਗੱਲ ਆਪਾ ਮਾਰਨ ਦੀ ਹੈ ਭਾਵ ਆਪਣੇ ਆਪ ਨੂੰ ਮਾਰਨ ਦੀ ਹੈ ਭਾਵ ਆਪਣੀ ਮਤਿ ਛੱਡਣ ਦੀ ਹੈ, ਮਨਮਤਿ ਛੱਡਣ ਦੀ ਹੈ, ਭਰਮਾਂ ਵਾਲੀ ਨਾਸਮਝ ਮਤਿ ਛੱਡਣ ਦੀ ਹੈ ਭਾਵ ਹਉਮੈ ਛੱਡਣ ਦੀ ਹੈ, ਆਪਣੇ ਅੰਦਰ ਮਾਇਆ ਛੱਡਣ ਦੀ ਹੈ। ਆਪਣੀ ਮਤਿ ਛੱਡੇ ਬਿਨਾਂ ਭਗਤੀ ਦੀ ਸਮਝ ਨਹੀਂ ਪੈ ਸਕਦੀ ਤੇ ਨਾ ਹੀ ਉਸ ਤੇ ਚੱਲਿਆ ਜਾ ਸਕਦਾ ਹੈ। ਜਦੋਂ ਅਸੀਂ ਆਪਣੇ ਅੰਦਰ **“ਤਤੁ”** ਨੂੰ ਵਿਚਾਰਾਂਗੇ ਉਸਨੇ ਸਾਡੇ ਅੰਦਰੋਂ ਮਨਮਤਿ ਵਾਲੇ ਵਿਚਾਰਾਂ ਨੂੰ ਹੀ ਕੱਢਣਾ ਹੈ। ਤਤੁ ਨੂੰ ਵਿਚਾਰਨਾ ਜਾਂ ਗੁਰੂ ਦੇ ਵਿਚਾਰਾਂ ਨੂੰ ਮੰਨਣਾ ਇੱਕੋ ਹੀ ਗੱਲ ਹੈ ਭਾਵ ਸਾਰੀ ਗੱਲ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ, ਨਾਮ ਨੂੰ ਮੰਨਣ ਦੀ ਹੈ ਤੇ ਇਹੀ ਨਾਮ ਜੱਪਣਾ ਹੈ। ਜਦੋਂ ਸਾਨੂੰ ਗੁਰਮਤਿ ਰੂਪ ਸੱਚੇ ਵਿਚਾਰਾਂ ਦੁਆਰਾ, ਗੁਰੂ ਦੇ ਸੱਚੇ ਗਿਆਨ ਦੁਆਰਾ ਸੱਚੀ ਭਗਤੀ ਦੀ ਸਮਝ ਪੈ ਜਾਂਦੀ ਹੈ ਉਹ ਇਹੀ ਪੈਂਦੀ ਹੈ ਕਿ ਅਸੀਂ ਉਹੋ ਜਿਹੇ ਕਰਮ ਕਰੀਏ ਜਿਸਦੇ ਨਾਲ ਕਿਸੇ ਹੋਰ ਨੂੰ ਨਾ ਮਾਰੀਏ ਭਾਵ ਕਿਸੇ ਦਾ ਮਾੜਾ ਨਾ ਕਰੀਏ ਭਾਵ ਆਪਣੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਕਰੀਏ। ਸਾਡੀ ਸੱਚੀ ਸੁੱਚੀ ਵਿਚਰਨ ਤਾਂ ਹੀ ਹੋਵੇਗੀ ਜੇਕਰ ਪਹਿਲਾਂ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਾਂਗੇ ਭਾਵ ਆਪਣੇ ਮਨ ਨੂੰ ਮਾਰਾਂਗੇ ਤੇ ਅਉਗੁਣਾਂ ਤੋਂ ਰਹਿਤ ਹੋਵਾਂਗੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚੋਂ ਨਿਕਲਾਂਗੇ। ਇਹੋ ਜਿਹੀ ਸੱਚੀ ਸੁੱਚੀ ਵਿਚਰਨ ਹੀ ਸਾਰੇ ਸੰਸਾਰ ਲਈ ਇੱਕੋ ਇੱਕ ਭਗਤੀ ਦਾ ਮਾਰਗ ਹੈ ਤੇ ਇਸ ਤੋਂ ਬਿਨਾਂ ਅਸੀਂ ਜੋ ਕੁਝ

ਵੀ ਕਰਦੇ ਹਾਂ ਉਹ ਕੇਵਲ ਭਗਤੀ ਦੇ ਦਿਖਾਵੇ ਹਨ, ਪਾਖੰਡ ਹਨ ਜਿਸ ਕਰਕੇ ਬਾਣੀ ਰਾਹੀਂ ਬਾਰ-ਬਾਰ ਉਹਨਾਂ ਤਰੀਕਿਆਂ ਨੂੰ ਖੰਡਿਆ ਹੋਇਆ ਹੈ। **(ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥)**

{ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥ ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

{ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥ ਜਗੁ ਦੁਖੀਆ ਸੁਖੀਆ ਜਨੁ ਕੋਇ ॥ ਜਗੁ ਰੋਗੀ ਭੋਗੀ ਗੁਣ ਰੋਇ ॥ ਜਗੁ ਉਪਜੈ ਬਿਨਸੈ ਪਤਿ ਖੋਇ ॥ ਗੁਰਮੁਖਿ ਹੋਵੈ ਬੂਝੈ ਸੋਇ ॥੭॥}

(ਅੰਗ ੪੧੩)

ਕੋਈ ਵੀ ਜਦੋਂ ਜਾਗਦਾ ਹੈ, ਮਨ ਦੀ ਅਗਿਆਨਤਾ ਤੋਂ ਜਾਗਦਾ ਹੈ, ਉਹ ਸਤਿਗੁਰੁ ਦੇ ਨਾਲ ਮੇਲ ਦੁਆਰਾ ਹੀ ਜਾਗਦਾ ਹੈ ਜੋ ਮੇਲ ਸਾਡੇ ਮਨ ਦੇ ਵਿਚਾਰਾਂ ਰਾਹੀਂ ਹੁੰਦਾ ਹੈ। ਆਪਣੇ ਅੰਦਰ ਸਤਿਗੁਰੁ ਦੇ ਨਾਲ ਮੇਲ ਹੋਣਾ ਜਾਂ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ ਕਿਉਂਕਿ ਜਗਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੋ ਜਾਗੈ ਜੋ ਏਕੋ ਜਾਣੈ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥”

ਜਦ ਤਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਲੈਂਦਾ ਤਦ ਤਕ ਇਹ ਜਾਣੋ ਕਿ ਉਹ ਸੁੱਤਾ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੈ। ਪ੍ਰਮਾਤਮਾ ਸਾਡੇ ਅੰਦਰ ਗਿਆਨ ਦੇ ਰੂਪ ਵਿੱਚ ਹੀ ਹੈ ਤੇ ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣਾ ਆਪ

ਜਣਾਉਂਦਾ ਹੈ ਉਹ ਮਨ ਦੇ ਗਿਆਨ ਰਾਹੀਂ ਹੀ ਜਣਾਉਂਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਜੋ ਵੀ ਪ੍ਰਮਾਤਮਾ ਨੂੰ ਨਹੀਂ ਜਾਣਦਾ ਜਾਂ ਪ੍ਰਮਾਤਮਾ ਨੂੰ ਮਨ ਦੀ ਬਜਾਏ ਕਿਤੇ ਹੋਰ ਜਗ੍ਹਾ ਤੇ ਜਾਨਣ ਦੀ ਗੱਲ ਕਰਦਾ ਹੈ, ਕਿਸੇ ਆਕਾਰ ਰੂਪ ਵਿੱਚ ਜਾਨਣ ਦੀਆਂ ਗੱਲਾਂ ਕਰਦਾ ਹੈ ਫਿਰ ਉਹ ਅਗਿਆਨਤਾ ਵਿੱਚ ਸੁੱਤਾ ਹੋਇਆ ਹੀ ਹੈ। ਜਾਗਦਾ ਉਹੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਦਾ ਹੈ ਤੇ ਜਗਾਉਂਣ ਵਾਲਾ ਪ੍ਰਮਾਤਮਾ ਆਪ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਜਗਾਇਆ ਹੈ ਤੇ ਮਨ ਦੇ ਵਿੱਚ ਆਪਣਾ ਸਤਿਗੁਰੁ ਰੂਪ ਦਿਖਾਇਆ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਫਿਰ **"ਪਰਕਿਰਤਿ"** ਛੱਡ ਦਿੰਦਾ ਹੈ ਭਾਵ ਉਸਨੂੰ

42/5429

ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖ ਜੋ ਕੁਝ ਵੀ ਕਿਰਤ ਕਰਦਾ ਹੈ, ਜੋ ਕੁਝ ਵੀ ਕਰਮ ਕਰਦਾ ਹੈ ਉਹ ਕਰਾਉਂਣ ਵਾਲਾ ਪ੍ਰਮਾਤਮਾ ਆਪ ਹੈ। ਜਦ ਤਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਸਾਨੂੰ ਕਿਰਤ ਕਰਾਉਂਣ ਵਾਲਾ ਕਉਂਣ ਹੈ ਤਦ ਤਕ ਹਰ ਕੋਈ ਇਹੀ ਸਮਝਦਾ ਹੈ ਕਿ ਮਨੁੱਖ ਆਪ ਹੀ ਕਿਰਤ ਕਰਨ ਵਾਲਾ ਹੈ ਭਾਵ ਇਸ ਗੱਲ ਨੂੰ ਨਹੀਂ ਸਮਝਦਾ ਕਿ ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਵਿਚਾਰ ਦੇਣ ਵਾਲਾ ਸਾਨੂੰ ਆਪ ਪ੍ਰਮਾਤਮਾ ਹੀ ਹੈ। ਜਦ ਤਕ ਅਸੀਂ ਪ੍ਰਮਾਤਮਾ ਤੋਂ ਪਰਾਏ ਬਣੇ ਰਹਿੰਦੇ ਹਾਂ ਤੇ ਇਹੀ ਸਮਝਦੇ ਹਾਂ ਕਿ ਜੋ ਕੁਝ ਵੀ ਅਸੀਂ ਕਰਦੇ ਹਾਂ ਭਾਵ ਜੋ ਕੁਝ ਵੀ ਕਿਰਤ ਕਰਦੇ ਹਾਂ ਉਹ ਅਸੀਂ ਆਪਣੀ ਸਮਝ ਦੁਆਰਾ ਕਰਦੇ ਹਾਂ, ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦੇ ਹਾਂ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ ਪ੍ਰਮਾਤਮਾ ਤੋਂ ਪਰਾਏ ਸਮਝਦੇ ਹਾਂ ਜੋ ਕਿ ਸੱਚ ਨਹੀਂ ਹੈ। ਸਾਡੇ ਮਨ ਦੀ ਇਹ ਸਮਝ **"ਪਰਕਿਰਤਿ"** ਹੈ। ਜਦੋਂ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਕਿ ਅਸੀਂ ਜੋ ਵੀ ਕਿਰਤ ਕਰਦੇ ਹਾਂ ਉਹ ਪ੍ਰਮਾਤਮਾ ਆਪ ਹੀ ਕਰਾਉਂਦਾ ਹੈ। ਜਦ ਤਕ ਅਸੀਂ ਮਾਇਆ ਮੋਹ ਵਿੱਚ ਹਾਂ ਭਾਵ ਜਦ ਤਕ ਅਸੀਂ ਅਗਿਆਨਤਾ ਵਿੱਚ ਹਾਂ ਤਦ ਤਕ ਅਸੀਂ ਇਸ ਗੱਲ ਨੂੰ ਕਦੇ ਨਹੀਂ ਸਮਝ ਸਕਦੇ ਕਿ ਸਾਡੇ ਅੰਦਰ ਵਿਚਾਰ ਪਾਉਂਣ ਵਾਲਾ ਕਉਂਣ ਹੈ, ਸਾਨੂੰ ਮਨ ਦੀ ਅਗਿਆਨਤਾ ਵਿੱਚ ਰੱਖਣ ਵਾਲਾ ਕਉਂਣ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਅਸੀਂ ਮਨ ਦੀ ਇਸ ਸਮਝ ਨੂੰ ਛੱਡ ਦਿੰਦੇ ਹਾਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਨੂੰ ਛੱਡ ਦਿੰਦੇ ਹਾਂ ਭਾਵ ਪਰਕਿਰਤਿ ਵਾਲੀ ਸਮਝ ਨੂੰ ਛੱਡ ਦਿੰਦੇ ਹਾਂ ਕਿਉਂਕਿ ਅਸੀਂ ਆਪਣੇ ਅੰਦਰੋਂ **"ਤਤੁ"** ਨੂੰ ਪਛਾਣ ਲੈਂਦੇ ਹਾਂ, ਅਸਲੀਅਤ ਨੂੰ ਪਛਾਣ ਲੈਂਦੇ ਹਾਂ। **"ਤਤੁ"** ਇਹ ਹੈ ਭਾਵ ਸੱਚ ਇਹ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਜੋ ਆਪ ਹੀ ਸਾਡੇ ਵਿਚਾਰਾਂ ਦਾ ਮਾਲਕ ਹੈ। ਮਨ ਦੇ ਵਿਚਾਰਾਂ ਰਾਹੀਂ ਉਸਨੇ ਆਪ ਹੀ ਸਭ ਨੂੰ ਅਗਿਆਨਤਾ ਵਿੱਚ ਰੱਖ ਕੇ ਆਪਣੇ ਆਪ ਨੂੰ ਛੁਪਾਇਆ ਹੋਇਆ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਉਹ ਜਿਸਨੂੰ ਕੱਢ ਦਿੰਦਾ ਹੈ, ਜਿਸਨੂੰ ਅਗਿਆਨਤਾ ਤੋਂ ਜਗਾ ਦਿੰਦਾ ਹੈ ਉਸਨੂੰ ਅਸਲੀਅਤ ਦੀ ਸਮਝ ਪੈ ਜਾਂਦੀ ਹੈ ਕਿ ਆਪਣੇ ਆਪ ਨੂੰ ਮਨੁੱਖ ਸਮਝਣਾ ਭਰਮ ਹੈ ਤੇ **"ਤਤੁ"** ਦੀ ਗੱਲ ਇਹ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ। **(ਸੋ ਜਾਗੈ ਜੋ ਏਕੋ ਜਾਣੈ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥)**

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਦੇ ਹੀ ਕੋਈ ਜਾਣ ਸਕਦਾ ਹੈ, ਵਿਰਲਾ ਹੀ ਕੋਈ ਜਾਣ ਸਕਦਾ ਹੈ ਕਿਉਂਕਿ ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ, ਅਗਿਆਨਤਾ ਦੀ ਨੀਂਦ ਵਿੱਚੋਂ ਜਗਾਉਂਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

42/5430

"ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥"

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਡਾ ਜਮਾਂ ਤੋਂ ਛੁੱਟਣਾਂ, ਕਾਲ ਤੋਂ ਛੁੱਟਣਾ ਕੀ ਹੈ। ਇਹਨਾਂ ਤੋਂ ਛੁੱਟਦਾ ਉਹੀ ਹੈ ਜੋ ਮਨ ਦੀ ਨੀਂਦ ਤੋਂ ਜਾਗਦਾ ਹੈ ਭਾਵ ਮਾਇਆ ਮੋਹ ਤੋਂ ਜਾਗਦਾ ਹੈ, ਮਨ ਦੀ ਅਗਿਆਨਤਾ ਤੋਂ ਜਾਗਦਾ ਹੈ। ਸਾਡੇ ਅੰਦਰ ਜਮ ਕੀ ਹਨ, ਕਾਲ ਕੀ ਹੈ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸਨੂੰ ਪ੍ਰਮਾਤਮਾ ਮਨ ਦੀ ਨੀਂਦ ਤੋਂ ਜਗਾ ਦਿੰਦਾ ਹੈ ਭਾਵ ਜੋ ਆਪਣੇ ਅੰਦਰੋਂ ਤਤੁ ਨੂੰ ਪਛਾਣ ਲੈਂਦਾ ਹੈ, ਪ੍ਰਮਾਤਮਾ ਨੂੰ ਪਛਾਣ ਲੈਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਸਭ ਕੁਝ ਉਹ ਆਪ ਹੀ ਹੈ, ਸਭ ਦੇ ਅੰਦਰ ਉਹ ਆਪ ਹੀ ਹੈ। ਜਦ ਤਕ ਅਸੀਂ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹਾਂ ਇਹਨਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਨਾ ਸਾਨੂੰ ਆਪਣੇ ਆਪ ਦੀ ਸਮਝ ਪੈਂਦੀ ਹੈ ਤੇ ਨਾ ਹੀ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਪੈਂਦੀ ਹੈ। ਜੇਕਰ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤਾਂ ਫਿਰ ਜਮ ਉਸਦਾ ਕੀ ਵਿਗਾੜ

ਸਕਦੇ ਹਨ, ਕਾਲ ਉਸਦਾ ਕੀ ਵਿਗਾੜ ਸਕਦਾ ਹੈ ਜੋ ਪ੍ਰਮਾਤਮਾ ਹੈ ਹੀ ਕਾਲ ਤੋਂ ਰਹਿਤ। ਅਸਲੀਅਤ ਵਿੱਚ ਨਾ ਕੋਈ ਜਮ ਹੁੰਦੇ ਹਨ ਭਾਵ ਉਹਨਾਂ ਦਾ ਕੋਈ ਆਕਾਰ ਰੂਪ ਨਹੀਂ ਹੈ ਤੇ ਨਾ ਹੀ ਕੋਈ ਕਾਲ ਹੈ। ਇਹ ਸਭ ਸਾਡੇ ਅੰਦਰ ਦੇ ਭਰਮ ਵਾਲੇ ਵਿਚਾਰ ਹਨ ਜੋ ਸਾਨੂੰ ਆਤਮਿਕ ਤੌਰ ਤੇ ਮਾਰਦੇ ਹਨ। ਅਸੀਂ ਜੋ ਵੀ ਮਾੜਾ ਕਰਮ ਕਰਦੇ ਹਾਂ ਉਹ ਸਾਡੇ ਅੰਦਰ ਦਾ ਕਾਲ ਹੈ ਜੋ ਸਾਨੂੰ ਆਤਮਿਕ ਮੌਤ ਮਾਰਦਾ ਹੈ। ਅਸੀਂ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ, ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹੋਏ ਮਨ ਦੇ ਵਿਚਾਰਾਂ ਰਾਹੀਂ ਦੁੱਖੀ ਰਹਿੰਦੇ ਹਾਂ। ਸਾਨੂੰ ਦੁੱਖੀ ਕਰਨ ਵਾਲੇ ਵਿਚਾਰ ਸਾਡੇ ਅੰਦਰ ਦੇ ਜਮ ਹਨ। ਇਹਨਾਂ ਗੱਲਾਂ ਨੂੰ ਅਸੀਂ ਅੱਗੇ ਚੱਲ ਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਅਸੀਂ ਮਨ ਦੇ ਵਿਚਾਰਾਂ ਰਾਹੀਂ ਅਨੇਕਾਂ ਹੀ ਭਗਤੀ ਦੇ ਮਾਰਗ ਸਮਝੇ ਹੋਏ ਹਨ ਜਿਨ੍ਹਾਂ ਕਰਕੇ ਅਸੀਂ ਵਿਅਰਥ ਵਿੱਚ ਹੀ ਆਪਣੇ ਆਪ ਨੂੰ ਖੁਆਰ ਕਰਦੇ ਰਹਿੰਦੇ ਹਾਂ ਭਾਵ ਵਿਅਰਥ ਵਿੱਚ ਹੀ ਪਰੇਸ਼ਾਨ ਹੁੰਦੇ ਰਹਿੰਦੇ ਹਾਂ, ਵਿਅਰਥ ਵਿੱਚ ਹੀ ਆਪਣੇ ਸਰੀਰ ਨੂੰ ਦੁੱਖ ਦਿੰਦੇ ਰਹਿੰਦੇ ਹਾਂ, ਇਹ ਸਭ ਜਮਾਂ ਦੀ ਮਾਰ ਹੀ ਹੈ। ਮਨ ਦੀ ਅਗਿਆਨਤਾ ਤੋਂ ਜਾਗਣ ਤੋਂ ਬਾਅਦ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਫਿਰ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ ਜੋ ਕਿ ਕਾਲ ਤੋਂ ਬਾਹਰ ਹੈ ਭਾਵ ਉਸਨੂੰ ਸਮਝ

42/5431

ਲੱਗ ਜਾਂਦੀ ਹੈ ਕਿ ਮਨੁੱਖੀ ਜਨਮ ਮਰਨ ਇੱਕ ਝੂਠ ਹੀ ਹੈ ਭਾਵ ਕਾਲ ਇੱਕ ਝੂਠ ਹੀ ਹੈ। ਭਗਤੀ ਦੀ ਸਹੀ ਸਮਝ ਪੈਣ ਨਾਲ ਫਿਰ ਮਨੁੱਖ ਆਤਮਿਕ ਮੌਤ ਨਹੀਂ ਮਰਦਾ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ, ਤ੍ਰਿਸ਼ਨਾਵਾਂ ਵਿੱਚ ਨਹੀਂ ਪੈਂਦਾ ਜੋ ਮਨੁੱਖ ਨੂੰ ਜਮਾਂ ਦੇ ਰੂਪ ਵਿੱਚ ਪਰੇਸ਼ਾਨ ਕਰਦੀਆਂ ਹਨ, ਵਿਅਰਥ ਦੇ ਭਗਤੀ ਦੇ ਤਰੀਕੇ ਨਹੀਂ ਅਪਨਾਉਂਦਾ ਜੋ ਸਾਨੂੰ ਖੁਆਰ ਕਰਦੇ ਹਨ, ਜਮਾਂ ਦੇ ਰੂਪ ਵਿੱਚ ਖੁਆਰ ਕਰਦੇ ਹਨ। ਬਹੁਤ ਬਹੁਤ ਔਖਾ ਹੈ ਇਸ ਗੱਲ ਤੇ ਵਿਸ਼ਵਾਸ ਕਰਨਾ ਹੈ ਪਰ ਇਹ ਸੱਚ ਹੈ। ਜੋ ਇਹਨਾਂ ਜਮਾਂ ਤੋਂ, ਕਾਲ ਤੋਂ ਛੁੱਟਦਾ ਹੈ ਉਹ ਆਪਣੇ ਜੀਵਨ ਵਿੱਚ ਹੀ ਛੁੱਟਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਛੁੱਟੇ ਹਨ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੁਆਰਾ ਛੁੱਟੇ ਹਨ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਛੁੱਟੇ ਹਨ, ਆਪਣੇ ਅੰਦਰੋਂ **“ਤਤੁ”** ਨੂੰ ਪਛਾਨਣ ਦੁਆਰਾ ਛੁੱਟੇ ਹਨ। ਕੋਈ ਵਿਰਲਾ ਹੀ ਮਨ ਦੀ ਅਗਿਆਨਤਾ ਤੋਂ ਛੁੱਟ ਸਕਦਾ ਹੈ ਤੇ ਕਾਲ ਤੋਂ, ਜਮਾਂ ਤੋਂ ਛੁੱਟ ਸਕਦਾ ਹੈ। **(ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥)**

ਮਨ ਦਾ ਜਾਗਣਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥”

ਗੁਰੂ ਸਾਨੂੰ ਜਿਹੋ ਜਿਹਾ ਜਾਗਣਾ ਸਮਝਾ ਰਿਹਾ ਹੈ ਉਹ ਬੜਾ ਸਪਸ਼ਟ ਕਰਕੇ ਸਮਝਾ ਰਿਹਾ ਹੈ ਜਿਸ ਨਾਲ ਸਾਨੂੰ ਇਹ ਵੀ ਸਪਸ਼ਟ ਤੌਰ ਤੇ ਸਮਝ ਆਉਂਦਾ ਹੈ ਕਿ ਮਨ ਦਾ ਸੁੱਤਾ ਹੋਣਾ ਕੀ ਹੈ। ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਮਨ ਦੀ ਸਮਝ ਦੁਆਰਾ ਹੀ ਅਸੀਂ ਇੱਕ ਮਨੁੱਖ ਹਾਂ ਤੇ ਮਨ ਦੀ ਸਮਝ ਦੁਆਰਾ ਹੀ ਸਾਨੂੰ ਇਹ ਪਤਾ ਲੱਗਦਾ ਹੈ ਕਿ ਸਾਡੇ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਜਦ ਤਕ ਅਸੀਂ ਮਨ ਦੀ ਸਮਝ ਰਾਹੀਂ ਸੁੱਤੇ ਹੋਏ ਹਾਂ ਤਦ ਤਕ ਹਰ ਕੋਈ ਅਗਿਆਨੀ ਹੈ ਤੇ ਗਿਆਨੀ ਉਹੀ ਹੈ ਜੋ ਮਨ ਦੀ ਨੀਂਦ ਤੋਂ ਜਾਗ ਜਾਂਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਆਪਣੇ ਆਪ ਨੂੰ ਮਨੁੱਖ ਸਮਝਣਾ ਭਰਮ ਹੈ ਕਿਉਂਕਿ ਮਨ ਦਾ ਗਿਆਨ ਹੀ ਸਾਨੂੰ ਇਹ ਸਮਝਾਉਂਦਾ ਹੈ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ

42/5432

ਭਾਵ ਮਨ ਦੇ ਗਿਆਨ ਰਾਹੀਂ ਹੀ ਇਹ ਸਮਝ ਲੱਗਦੀ ਹੈ ਕਿ ਗਿਆਨ ਦਾ ਮਾਲਕ ਕਉਂਣ ਹੈ। ਉਸ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਗਿਆਨੀ ਕਹਿ ਜਾਵੇ, ਬ੍ਰਹਮ ਗਿਆਨੀ ਕਹਿ ਜਾਵੇ, ਸੰਤ ਆਦਿ ਕਹਿ ਜਾਵੇ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾ ਜਾਵੇ ਇਹ ਨਾਮੁਮਕਿਨ ਹੈ ਭਾਵ ਜੋ ਆਪਣੇ ਆਪ ਨੂੰ ਇਹ ਕੁਝ ਅਖਵਾਉਂਦੇ ਹਨ, ਵੱਡਾ ਅਖਵਾਉਂਦੇ ਹਨ ਉਹ ਮਨ ਦੀ ਘੋਰ ਅਗਿਆਨਤਾ ਵਿੱਚ ਹਨ। ਸਾਡੇ ਅੰਦਰ ਗਿਆਨ ਰੂਪ ਸੁਰਮਾ ਪਾਉਂਣ ਵਾਲਾ ਉਹ ਪ੍ਰਮਾਤਮਾ ਆਪ ਹੈ, ਸਾਨੂੰ ਜਗਾਉਂਣ ਵਾਲਾ ਉਹ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਮਨ ਦੀਆਂ ਅੱਖਾਂ ਦੇ ਵਿੱਚ ਸੁਰਮਾ ਪਾਉਂਦਾ ਹੈ। ਸਾਡੇ ਮਨ ਦੀਆਂ ਅੱਖਾਂ ਸਾਡੇ ਮਨ ਦੀ ਸਮਝ ਹੈ ਜੋ ਅਨੇਕਾਂ ਵਿਚਾਰਾਂ ਨਾਲ ਜੁੜੀ ਹੋਈ ਹੈ। ਜਦ ਤਕ ਸਾਡਾ ਮਨ ਭਰਮ ਵਾਲੇ ਵਿਚਾਰਾਂ ਨਾਲ ਭਰਿਆ ਹੋਇਆ ਹੈ ਤਦ ਤਕ ਹਰ ਕੋਈ ਸੁੱਤਾ ਹੋਇਆ ਹੈ, ਮਨ ਦੀ ਨਾਸਮਝ ਮਤਿ ਦੇ ਵਿੱਚ ਸੁੱਤਾ ਹੋਇਆ ਹੈ। ਪ੍ਰਮਾਤਮਾ ਆਪਣੇ ਅੰਦਰੋਂ ਸੱਚੇ ਗਿਆਨ ਦੀਆਂ ਅੱਖਾਂ ਦੁਆਰਾ ਹੀ ਨਜਰ ਆਉਂਦਾ ਹੈ, ਮਨ ਦੀਆਂ ਅੱਖਾਂ ਦੁਆਰਾ ਹੀ ਨਜਰ

ਆਉਂਦਾ ਹੈ ਤੇ ਇਹੀ ਸਾਡੇ ਅੰਦਰ ਦੀ ਦਿਬ ਦ੍ਰਿਸ਼ਟ ਹੈ। ਆਪਣੇ ਆਪ ਕੋਈ ਮਨ ਦੀ ਅਗਿਆਨਤਾ ਵਿੱਚੋਂ ਜਾਗ ਜਾਵੇ ਇਹ ਨਾਮੁਮਕਿਨ ਹੈ ਇਸੇ ਲਈ ਪ੍ਰਮਾਤਮਾ ਨੂੰ ਕਿਸੇ ਦੇ ਲਈ ਵੀ ਜਾਨਣਾ ਨਾਮੁਮਕਿਨ ਹੈ। ਉਹ ਕਦੇ ਹੀ ਪੂਰੇ ਸੰਸਾਰ ਵਿੱਚ ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਤੇ ਆਪਣੀ ਕਿਰਪਾ ਕਰਦਾ ਹੈ ਤੇ ਉਸਨੂੰ ਮਨ ਦੀ ਨੀਂਦ ਵਿੱਚੋਂ ਜਗਾ ਕੇ ਮਨ ਦੀਆਂ ਅੱਖਾਂ ਦੁਆਰਾ, ਗਿਆਨ ਰੂਪ ਅੱਖਾਂ ਦੁਆਰਾ ਆਪਣੇ ਦਰਸ਼ਨ ਕਰਾਉਂਦਾ ਹੈ ਤੇ ਕਿਸੇ ਨੂੰ ਇਸ ਸੰਸਾਰ ਦੀ, ਆਪਣੇ ਆਪ ਦੀ ਅਸਲੀਅਤ ਸਮਝਾਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ। **(ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥ ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥)**

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

42/5433

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥
ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥
ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥
ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥
ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥}

(ਅੰਗ ੫੭੩)

{ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥}

(ਅੰਗ ੭੬੪)

{ਭਉ ਬੈਰਾਗਾ ਸਹਜਿ ਸਮਾਤਾ ॥ ਹਉਮੈ ਤਿਆਗੀ ਅਨਹਦਿ ਰਾਤਾ ॥
ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੯॥}

(ਅੰਗ ੧੦੪੦)

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥}

(ਅੰਗ ੨੯੩)

{ਸਫਲ ਜਨਮੁ ਮੋ ਕਉ ਗੁਰ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥
ਨਾਮਦੇਇ ਸਿਮਰਨੁ ਕਰਿ ਜਾਨਾਂ ॥ ਜਗਜੀਵਨ ਸਿਉ ਜੀਉ ਸਮਾਨਾਂ ॥੨॥੧॥}

(ਅੰਗ ੮੫੭-੮੫੮)

{ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥}

(ਅੰਗ ੬੧੦)

{ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥}

(ਅੰਗ ੨੫੪)

{ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥
ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥੪॥੯॥}

(ਅੰਗ ੬੭੩)

{ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥}

(ਅੰਗ ੧੧੩੦)

{ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥
ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥੧੩॥}

(ਅੰਗ ੪੭੦)

{ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥ ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥੭॥}

(ਅੰਗ ੧੦੧੫)

42/5434

{ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥ ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥੧॥}

(ਅੰਗ ੫੪੨)

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥}

(ਅੰਗ ੧੨੪)

{ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ ॥
ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ ॥੨॥}

(ਅੰਗ ੬੯੧)

{ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥ ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥
ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥ ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥}

(ਅੰਗ ੫੭)

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ॥੧॥ ਰਹਾਉ ॥
ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥}

(ਅੰਗ ੪੨੫)

{ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥ ਸੰਜੋਗੀ ਧਨ ਪਿਰ ਮੇਲਾ ਹੋਵੈ ॥
ਗੁਰਮਤਿ ਵਿਚਹੁ ਦੁਰਮਤਿ ਖੋਵੈ ॥ ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥}

(ਅੰਗ ੧੦੧੬)

{ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥
ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥
ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥
ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ ਦ੍ਰਿਸ੍ਟਿ ਕਾਰਣ ਕਰਣੰ ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥}

(ਅੰਗ ੧੪੦੨)

ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚ ਸੱਚੀ ਸਮਝ ਦੁਆਰਾ ਹੀ ਹੁੰਦੇ ਹਨ ਭਾਵ ਮਨ ਦੇ ਗਿਆਨ ਦੁਆਰਾ ਹੀ ਹੁੰਦੇ ਹਨ, ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਹੁੰਦੇ ਹਨ, ਮਾਇਆ ਮੋਹ ਨਿਕਲਣ ਦੁਆਰਾ ਹੀ ਹੁੰਦੇ ਹਨ ਤੇ ਪ੍ਰਮਾਤਮਾ ਨੂੰ ਪਾਉਂਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਸਭ ਤੋਂ ਵੱਡਾ ਭਰਮ ਨਾਮ ਨੂੰ ਸਮਝਣ ਵਿੱਚ ਹੈ ਤੇ ਨਾਮ ਦੀ ਸੱਚੀ ਸਮਝ ਹੋਏ ਬਿਨਾਂ ਅਸੀਂ ਉਸ ਮਾਰਗ ਤੇ ਚੱਲ ਹੀ ਨਹੀਂ ਸਕਦੇ ਜਿਸ ਮਾਰਗ ਤੇ ਚੱਲਣ ਦੁਆਰਾ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਹੈ। ਨਾਮ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਜਿਸਦਾ ਮਕਸਦ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਾਉਂਣ ਨਾਲ ਹੀ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦਾ ਸੱਚਾ ਉਪਦੇਸ਼ ਹੈ ਜਿਸਨੇ ਸਾਨੂੰ ਸੱਚ ਨਾਲ ਹੀ ਜੋੜਨਾ ਹੈ ਕਿਉਂਕਿ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ।

42/5435

ਸਾਨੂੰ ਮਨ ਦੀ ਮਾਇਆ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਾਮ ਨੇ ਹੀ ਕੱਢਣਾ ਹੈ ਜਿਵੇਂ ਕਿ ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਅਸੀਂ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦੇ ਸੱਚੇ ਗਿਆਨ ਦਾ ਧਨ ਹੀ ਨਾਮ ਦਾ ਧਨ ਹੈ ਜਿਸ ਨਾਮ ਧਨ ਨੇ ਸਾਨੂੰ ਮਨ ਦੀ ਮਾਇਆ ਵਿੱਚੋਂ ਕੱਢਣਾ ਹੈ ਜਿਸ ਦੁਆਰਾ ਭਗਤੀ ਦਾ ਸੱਚਾ ਮਾਰਗ ਸਮਝ ਆਉਂਦਾ ਹੈ ਤੇ ਮਨ ਦੇ ਅੰਦਰੋਂ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਆਉ ਇਸ ਗੱਲ ਨੂੰ ਧੰਨ ਧੰਨ ਨੌਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਹਨਾਂ ਨੂੰ ਨਾਮ ਧਨ ਕਿਸ ਰੂਪ ਵਿੱਚ ਮਿਲਿਆ ਹੈ ਜਿਸ ਦੁਆਰਾ ਉਹਨਾਂ ਨੇ ਆਪਣੇ ਅੰਦਰੋਂ ਅਕਾਲ ਪੁਰਖ ਨੂੰ ਜਾਣਿਆ ਹੈ ਤੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ, ਨਾਮ ਜਪਣ ਦਾ ਮਾਰਗ ਸਮਝਾਇਆ ਹੈ।

ਬਸੰਤੁ ਮਹਲਾ ੯ ॥

“ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥”

(ਅੰਗ ੧੧੮੬)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਹਾਉ ਵਾਲੀਆਂ ਪੰਗਤੀਆਂ ਹਨ, ਜਿਨ੍ਹਾਂ ਰਾਹੀਂ ਸਾਨੂੰ ਨਾਮ ਧਨ ਹੀ ਸਮਝਾਇਆ ਹੋਇਆ ਹੈ ਤੇ ਜੋ ਕੁਝ **“ਰਹਾਉ”** ਰਾਹੀਂ ਸਮਝਾਇਆ ਹੁੰਦਾ ਹੈ ਉਹੀ ਕੁਝ ਪੂਰੇ ਸ਼ਬਦ ਰਾਹੀਂ ਸਮਝਾਇਆ ਹੁੰਦਾ ਹੈ ਭਾਵ ਉਪਰਲੇ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਨਾਮ ਧਨ ਕੀ ਹੈ ਤੇ ਨਾਮ ਧਨ ਦਾ ਮਕਸਦ ਕੀ ਹੈ ਤੇ ਇਹ ਕਿਸ ਤਰੀਕੇ ਪਾਇਆ ਜਾ ਸਕਦਾ ਹੈ, ਕਿਸ ਰੂਪ ਵਿੱਚ ਪਾਇਆ ਜਾਂਦਾ ਹੈ।

“ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥”

ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਨਾਮ ਧਨ ਦੀ ਪ੍ਰਾਪਤੀ ਕੀਤੀ ਹੈ। ਇਸ ਨਾਮ ਧਨ ਨੂੰ ਪਾਉਂਣ ਦੁਆਰਾ ਮੇਰਾ ਮਨ ਦੌੜਨ ਤੋਂ ਹੱਟ ਗਿਆ ਹੈ ਤੇ ਇੱਕ ਜਗ੍ਹਾ ਟਿੱਕ ਕੇ ਬੈਠ ਗਿਆ ਹੈ। ਮਨ ਦਾ ਦੌੜਨਾ ਕੀ ਹੈ ਤੇ ਟਿਕਾਉ ਵਿੱਚ ਆਉਂਣਾ ਕੀ ਹੈ, ਅਡੋਲ ਅਵਸਥਾ ਵਿੱਚ ਆਉਂਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡਾ ਮਨ ਮਾਇਆ ਮੋਹ ਵਿੱਚ ਦੌੜਦਾ ਹੈ ਭਾਵ ਮਾਯਾਵੀ ਪਦਾਰਥਾਂ ਦੀ ਪ੍ਰਾਪਤੀ ਲਈ

42/5436

ਦੌੜਦਾ ਹੈ ਭਾਵ ਹਰ ਵੇਲੇ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦਾ ਹੈ ਕਿ ਮੇਰੀ ਇਹ ਇੱਛਾ ਪੂਰੀ ਹੋ ਜਾਵੇ, ਉਹ ਇੱਛਾ ਪੂਰੀ ਹੋ ਜਾਵੇ। ਮਨ ਦੇ ਵਿੱਚੋਂ ਇਹ ਮਾਇਆ ਮੋਹ ਵਾਲੀਆਂ ਇੱਛਾਵਾਂ ਦਾ ਨਿਕਲਣਾ ਹੀ ਮਨ ਦੇ ਦੌੜਨ ਤੋਂ ਛੁਟਕਾਰਾ ਹੈ ਜੋ ਕਿ ਮਨ ਦੇ ਸੰਤੋਖ ਵਾਲੀ ਅਵਸਥਾ ਹੈ ਭਾਵ ਜਿਸਨੂੰ ਨਾਮ ਧਨ ਦੀ ਪ੍ਰਾਪਤੀ ਹੁੰਦੀ ਹੈ ਉਹ ਮਨ ਦੀਆਂ ਇੱਛਾਵਾਂ ਤੋਂ ਮੁਕਤਿ ਹੋ ਜਾਂਦਾ ਹੈ ਤੇ ਉਸਦਾ ਮਨ ਸੰਤੋਖ ਵਿੱਚ ਟਿੱਕ ਜਾਂਦਾ ਹੈ ਭਾਵ ਮਾਯਾਵੀ ਪਦਾਰਥਾਂ ਦੀ ਪ੍ਰਾਪਤੀ ਦੇ ਮੋਹ ਵਿੱਚੋਂ ਨਿਕਲ ਜਾਂਦਾ ਹੈ। **(ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥)**

ਨਾਮ ਧਨ ਦੀ ਪ੍ਰਾਪਤੀ ਸਾਡੇ ਮਨ ਨੂੰ ਟਿਕਾਉ ਦੇ ਵਿੱਚ ਕਿਸ ਤਰੀਕੇ ਲਿਆਉਂਦੀ ਹੈ ਤੇ ਕਿਸ ਮਕਸਦ ਲਈ ਲਿਆਉਂਦੀ ਹੈ ਭਾਵ ਨਾਮ ਧਨ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥

ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਦੇਖੋ ਕਿ ਨਾਮ ਧਨ ਦੀ ਪ੍ਰਾਪਤੀ ਕਿਸ ਰੂਪ ਵਿੱਚ ਸਮਝਾਈ ਹੋਈ ਹੈ। ਨਾਮ ਧਨ ਦੀ ਪ੍ਰਾਪਤੀ ਸਾਡੇ ਅੰਦਰ **“ਨਿਰਮਲ ਗਿਆਨੁ”** ਦਾ ਉਪਜਣਾ ਹੈ ਜੋ ਗਿਆਨ ਸਾਡੇ ਮਨ ਦੇ ਅੰਦਰ ਹੀ ਉਪਜਦਾ ਹੈ। ਮਨ ਦੇ ਅੰਦਰ **“ਨਿਰਮਲ ਗਿਆਨੁ”** ਉਹ ਗਿਆਨ ਹੈ ਜੋ ਗਿਆਨ ਅਪਵਿੱਤਰਤਾ ਤੋਂ ਰਹਿਤ ਹੈ ਭਾਵ ਮੈਲ ਤੋਂ ਰਹਿਤ ਹੈ ਭਾਵ ਅਗਿਆਨਤਾ ਦੀ ਮੈਲ ਤੋਂ ਰਹਿਤ ਹੈ। ਨਿਰਮਲ ਗਿਆਨੁ ਸਾਡੇ ਅੰਦਰੋਂ ਅਗਿਆਨਤਾ ਦੀ ਮੈਲ ਨੂੰ ਹੀ ਧੋਂਦਾ ਹੈ ਭਾਵ ਸਾਡੇ ਅੰਦਰੋਂ ਮਾਇਆ ਮਮਤਾ ਵਾਲੀ ਸਮਝ ਨੂੰ, ਅਗਿਆਨਤਾ ਵਾਲੀ ਸਮਝ ਨੂੰ ਦੂਰ ਕਰਦਾ ਹੈ। ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਏ, ਮਨ ਦੀ ਮਾਇਆ ਵਿੱਚ ਰਹਿੰਦੇ ਹੋਏ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ ਤੇ ਸੱਚੀ ਭਗਤੀ ਦੀ ਸਮਝ ਸਾਨੂੰ ਸੱਚਾ ਗਿਆਨ ਹੀ ਪਾਉਂਦਾ ਹੈ, ਨਾਮ ਧਨ ਹੀ ਪਾਉਂਦਾ ਹੈ ਭਾਵ ਸਾਡੇ ਅੰਦਰ ਦੀ ਭਰਮ ਵਾਲੀ ਮਤਿ ਨੂੰ ਭਗਤੀ ਵਾਲੀ ਸਮਝ ਦਿੰਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਅਉਗੁਣਾਂ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ ਭਾਵ ਲੋਭ, ਮੋਹ ਆਦਿ ਨਿਕਲਣ ਦੁਆਰਾ ਹੁੰਦੀ ਹੈ ਜਿਨ੍ਹਾਂ ਮਾੜੇ ਵਿਚਾਰਾਂ ਦੇ ਰਹਿੰਦੇ ਹੋਏ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਭਗਤੀ ਦਾ ਮਾਰਗ ਪੂਰੀ ਤਰ੍ਹਾਂ ਸੱਚੇ ਸੁੱਚੇ ਕਰਮ ਕਰਨ ਦਾ ਹੈ ਭਾਵ ਮਨ ਦੀ ਉਹ ਸਮਝ ਹੈ ਜਿਸ

ਸਮਝ ਨੂੰ ਲੋਭ, ਮੋਹ ਆਦਿ ਪਰਸ ਵੀ ਨਾ ਸੱਕਣ ਭਾਵ ਸਾਡੇ ਅੰਦਰ ਦੀ ਪੂਰੀ ਤਰ੍ਹਾਂ ਅਉਗੁਣਾਂ ਤੋਂ ਰਹਿਤ ਮਤਿ ਸੱਚੇ ਗਿਆਨ ਵਾਲੀ ਮਤਿ ਹੈ, ਨਿਰਮਲ ਗਿਆਨੁ ਵਾਲੀ ਮਤਿ ਹੈ ਜਿਸ ਮਤਿ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਨਾਮ ਦਾ ਮਕਸਦ ਸਾਨੂੰ ਇਹੋ ਜਿਹੀ ਭਗਤੀ ਸਮਝਾਉਂਣ ਦਾ ਹੈ ਤੇ ਸੰਸਾਰ ਨੇ ਨਾਮ ਨੂੰ ਕੀ ਸਮਝਿਆ ਹੋਇਆ ਹੈ ਇਸਨੂੰ ਸਭ ਪਾਸੇ ਦੇਖਿਆ ਜਾ ਸਕਦਾ ਹੈ ਭਾਵ ਸਭ ਪਾਸੇ ਮਾਇਆ ਹੀ ਵਰਤਦੀ ਹੈ। **(ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥ ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥ ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥)**

ਨਾਮ ਦਾ ਮਕਸਦ ਸਾਡੇ ਅੰਦਰ ਮਾਇਆ ਵਾਲੀ ਸਮਝ ਕੱਢਣ ਦਾ ਹੀ ਹੈ ਭਾਵ ਸਾਡੇ ਅੰਦਰ ਭਰਮ ਕੱਢਣ ਦਾ ਹੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਨਾਮ ਕੀ ਹੈ।

“ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥

ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥”

ਨਾਮ ਦਾ ਮਕਸਦ ਸਾਡੇ ਅੰਦਰੋਂ ਸੰਸਾ ਦੂਰ ਕਰਨ ਦਾ ਹੀ ਹੈ ਭਾਵ ਸਹਿਸਾ, ਭਰਮ, ਸ਼ੱਕ, ਦੁਚਿੱਤੀ, ਦੁਬਿਧਾ ਦੂਰ ਕਰਨ ਦਾ ਹੀ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਸਾਨੂੰ ਅਸਲੀਅਤ ਦੀ ਸਮਝ ਨਹੀਂ ਪੈਂਦੀ ਭਾਵ ਸੱਚਾਈ ਦੀ ਸਮਝ ਨਹੀਂ ਲੱਗਦੀ, ਹਕੀਕਤ ਦੀ ਸਮਝ ਨਹੀਂ ਲੱਗਦੀ। ਨਾਮ ਗੁਰੂ ਦਾ ਰਤਨ ਹੈ ਭਾਵ ਗੁਰੂ ਦਾ ਸ਼ਬਦ ਹੈ ਜਿਸ ਸ਼ਬਦ ਦੀ ਵਿਚਾਰ ਸੱਚ ਹੀ ਸਮਝਾਉਂਦੀ ਹੈ, ਭਗਤੀ ਦੀ ਸੱਚਾਈ ਹੀ ਸਮਝਾਉਂਦੀ ਹੈ ਕਿ ਪ੍ਰਮਾਤਮਾ ਦੀ ਭਗਤੀ ਕੀ ਹੈ ਕਿਉਂਕਿ ਸਾਰਾ ਸੰਸਾਰ ਭਰਮ ਵਿੱਚ ਰਹਿੰਦੇ ਹੋਏ, ਮਾਇਆ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਸਮਝਣ ਵਿੱਚ ਸੰਸਾ ਵਿੱਚ ਹੀ ਹੈ ਤੇ ਜਿਹੋ ਜਿਹੇ ਭਗਤੀ ਦੇ ਤਰੀਕਿਆਂ ਵਿੱਚ, ਆਪਣੀ ਆਪਣੀ ਆਸਥਾ ਅਨੁਸਾਰ ਲੱਗਾ ਹੋਇਆ ਹੈ ਉਹ ਸਭ ਸੰਸਾ ਹੀ ਹੈ। ਨਾਮ ਦਾ ਮਕਸਦ, ਗੁਰੂ ਦੇ ਸੱਚੇ ਗਿਆਨ

ਦਾ ਮਕਸਦ ਸਾਨੂੰ ਭਗਤੀ ਦੇ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਉਹੋ ਜਿਹੀ ਭਗਤੀ ਕਰੀਏ ਜਿਸਦੇ ਨਾਲ ਸੰਸਾਰ ਦਾ ਭਲਾ ਹੁੰਦਾ ਹੈ ਤੇ ਉਹ ਸੱਚੀ ਭਗਤੀ ਦਾ ਮਾਰਗ ਸਾਡੀ ਸੰਸਾਰਿਕ ਸੱਚੀ ਸੁੱਚੀ ਵਿਚਰਨ ਹੈ। ਸਾਡੀ ਸੰਸਾਰਿਕ ਵਿਚਰਨ ਨੂੰ ਮਾੜਾ ਸਾਡੇ ਮਾੜੇ ਵਿਚਾਰ ਹੀ ਬਣਾਉਂਦੇ ਹਨ, ਸਾਡੇ ਅਉਗੁਣ ਹੀ ਬਣਾਉਂਦੇ ਹਨ ਜਿਸਦਾ ਕਾਰਣ ਸਾਡੀਆਂ ਮਨ ਦੀਆਂ ਤ੍ਰਿਸ਼ਨਾਵਾਂ ਹਨ। ਗੁਰੂ ਦੇ ਸੱਚੇ ਗਿਆਨ ਵਾਲੀ ਮਤਿ, ਨਾਮ ਵਾਲੀ ਮਤਿ ਸਾਨੂੰ ਤ੍ਰਿਸ਼ਨਾਵਾਂ ਛੱਡਣ ਲਈ ਹੀ ਸਮਝਾਉਂਦੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰ ਸਕੀਏ ਤੇ ਜਿਸਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਮਨ ਦੀ ਸੱਚੀ ਸਮਝ ਦੁਆਰਾ ਤ੍ਰਿਸ਼ਨਾਵਾਂ ਤੋਂ ਪੂਰੀ ਤਰ੍ਹਾਂ ਮੁਕਤਿ ਹੋ ਜਾਂਦਾ ਹੈ ਤੇ

ਸਾਨੂੰ ਸੱਚੇ ਸੁੱਖ ਤੋਂ ਭਾਵ ਆਪਣੇ ਸੱਚੇ ਘਰ ਦੇ ਸੁੱਖ ਤੋਂ ਦੂਰ ਕਰਨ ਵਾਲੀਆਂ ਮਨ ਦੀਆਂ ਤ੍ਰਿਸ਼ਨਾਵਾਂ ਹੀ ਹਨ, ਮਨ ਦੇ ਵਿਕਾਰ ਹੀ ਹਨ ਜਿਨ੍ਹਾਂ ਦਾ ਕਾਰਨ ਸਾਡੇ ਅੰਦਰ ਭਰਮ ਵਾਲੀ ਮਤਿ ਹੈ। ਗੁਰੂ ਦਾ ਸੱਚਾ ਗਿਆਨ, ਰਤਨ ਨਾਮ ਸਾਡੇ ਅੰਦਰ **"ਨਿਜ ਸੁਖ"** ਵਾਲਾ ਘਰ ਜਿਸਦੇ ਅੰਦਰ ਸਾਡੇ ਮਨ ਦੇ ਵਿਚਾਰ ਸਮਾ ਜਾਂਦੇ ਹਨ। ਇਹੀ ਸਾਡੇ ਅੰਦਰ ਪ੍ਰਮਾਤਮਾ ਦਾ ਘਰ ਹੈ, ਸੱਚੇ ਸੁੱਖ ਦਾ ਘਰ ਹੈ ਜਿਸ ਵਿੱਚ ਰਹਿੰਦੇ ਹੋਏ ਸਾਨੂੰ ਵਿਕਾਰਾਂ ਦੇ ਦੁੱਖਾਂ ਵਿੱਚ ਫਿਰ ਨਹੀਂ ਪੈਣਾ ਪੈਂਦਾ। ਜੋ ਮਨ ਦੀ ਸਮਝ ਸਾਨੂੰ ਵਿਕਾਰਾਂ ਨਾਲ ਜੋੜ ਕੇ ਰੱਖਦੀ ਹੈ ਉਹ ਸਾਨੂੰ ਦੁੱਖਾਂ ਨਾਲ ਜੋੜਕੇ ਰੱਖਦੀ ਹੈ। ਸਾਡੇ ਅੰਦਰ ਹਰ ਵੇਲੇ ਭਰਮ ਵਾਲੇ ਵਿਚਾਰ ਭਾਵ ਸੰਸਾ ਵਾਲੇ ਵਿਚਾਰ ਹੀ ਉਪਜਦੇ ਹਨ ਤੇ ਇਹੀ ਸਾਡਾ ਜਨਮ ਹੈ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਮਨੁੱਖੀ ਜਨਮ ਵਿੱਚ ਸਮਝਦੇ ਹਾਂ ਤੇ ਰਤਨ ਨਾਮ ਦੀ ਪ੍ਰਾਪਤੀ ਦੁਆਰਾ ਭਾਵ ਸੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਸਾਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਜਨਮ ਸਮਝਣਾ ਸਾਡਾ ਭਰਮ ਹੀ ਹੈ ਜੋ ਭਰਮ ਸਾਡੇ ਅੰਦਰੋਂ ਨਾਮ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਰੂਪ ਨਾਮ ਦੇਣ ਦੁਆਰਾ ਆਪ ਹੀ ਕੱਢਦਾ ਹੈ ਤੇ ਸਮਝ ਪੈਂਦੀ ਹੈ ਕਿ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਸਾਡੇ ਵਿਚਾਰਾਂ ਦੇ ਰੂਪ ਵਿੱਚ ਹੈ ਜਿਸਦੀ ਸਮਝ ਮਨ ਦੀ ਸੰਸਾ ਵਿੱਚੋਂ ਨਿਕਲਕੇ ਹੀ ਪੈਂਦੀ ਹੈ ਤੇ ਆਪਣੀ ਸੱਚੀ ਭਗਤੀ ਦਾ ਮਾਰਗ ਉਹ ਆਪ ਹੀ ਸਮਝਾਉਂਦਾ ਹੈ। **(ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥)**

ਜਦ ਤਕ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ ਭਾਵ ਜਦ ਤਕ ਮਨੁੱਖ ਤ੍ਰਿਸ਼ਨਾਵਾਂ ਤੋਂ ਮੁਕਤਿ ਨਹੀਂ ਹੁੰਦਾ, ਪੂਰੀ ਤਰ੍ਹਾਂ ਅਉਗੁਣਾਂ ਤੋਂ ਮੁਕਤਿ ਨਹੀਂ ਹੁੰਦਾ ਤਦ ਤਕ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਕਿਉਂਕਿ ਉਸਦੇ ਗੁਣ ਗਾਉਂਣੇ ਗੁਣਾਂ ਦੁਆਰਾ ਵਿਚਰਨਾ ਹੀ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥

ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥"

ਪ੍ਰਮਾਤਮਾ ਦੇ ਗੁਣ ਗਾਉਂਣ ਵਾਲੇ ਤਾਂ ਬਹੁਤ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਭਾਵ ਹਰ ਕੋਈ ਆਪਣੀ ਕਥਨੀ ਵਿੱਚ ਤੇ ਆਪਣੇ ਭਗਤੀ ਦੇ ਦਿਖਾਵਿਆਂ ਵਿੱਚ, ਸਰੀਰਕ ਜਪਾਂ ਤਪਾਂ ਆਦਿ

ਨੂੰ ਹੀ ਪ੍ਰਮਾਤਮਾ ਦੇ ਗੁਣ ਗਾਉਂਣੇ ਸਮਝਦਾ ਹੈ। ਪ੍ਰਮਾਤਮਾ ਦੇ ਗੁਣ ਗਾਉਂਣੇ ਸਾਡੀ ਕਰਨੀ ਹੈ ਜੋ ਕਰਨੀ ਅਸੀਂ ਭਾਵ ਜੋ ਭਗਤੀ ਦਾ ਮਾਰਗ ਅਸੀਂ ਉਪਰਲੇ ਪਦਿਆਂ ਰਾਹੀਂ ਸਮਝਿਆ ਹੈ। ਜਦ ਤਕ ਸਾਡੇ ਅੰਦਰ ਤ੍ਰਿਸ਼ਨਾਵਾਂ ਹਨ, ਅਉਗੁਣ ਹਨ ਭਾਵ ਜਦ ਤਕ ਅਸੀਂ ਮਾੜੇ ਕਰਮ ਕਰਦੇ ਹਾਂ ਤਦ ਤਕ ਸਾਡੇ ਅੰਦਰ ਭਗਤੀ ਭਾਵਨਾ ਨਹੀਂ ਹੈ ਭਾਵ ਤਦ ਤਕ ਅਸੀਂ ਪ੍ਰਮਾਤਮਾ ਦੇ ਗੁਣ ਨਹੀਂ ਗਾਉਂਦੇ। ਪ੍ਰਮਾਤਮਾ ਦੀ ਭਗਤੀ ਜਾਂ ਉਸਦੇ ਗੁਣ ਗਾਉਂਣੇ ਇੱਕੋ ਹੀ ਗੱਲ ਹੈ ਜੋ ਕਿ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ। ਪ੍ਰਮਾਤਮਾ ਦੇ ਗੁਣ ਮਨ ਦੀ ਸੱਚੀ ਸਮਝ ਦੁਆਰਾ ਹੀ ਗਾਏ ਜਾ ਸਕਦੇ ਹਨ ਭਾਵ ਭਗਤੀ ਦੇ ਸੱਚੇ ਮਾਰਗ ਤੇ ਮਨ ਦੀ ਸੱਚੀ ਸਮਝ ਦੁਆਰਾ ਹੀ ਚੱਲਿਆ ਜਾ ਸਕਦਾ ਹੈ। ਸਾਡੇ ਅੰਦਰ ਮਨ ਦੀ ਸੱਚੀ ਸਮਝ ਹੀ ਸਾਡੇ ਅੰਦਰ ਦਾ ਨਾਮ ਧਨ ਹੈ, ਸਾਡੀ **"ਸੰਪੈ"** ਹੈ ਜੋ ਨਾਮ ਧਨ ਕੋਈ ਵਿਰਲਾ ਹੀ ਪਾਉਂਦਾ ਹੈ, ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣ ਕੇ ਪਾਉਂਦਾ ਹੈ ਜਿਵੇਂ ਇਹ ਧਨ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਾਇਆ ਹੈ ਜਿਸ ਨਾਮ ਧਨ ਦੀ ਪ੍ਰਾਪਤੀ ਦੁਆਰਾ ਉਹਨਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਤੇ ਉਹਨਾਂ ਨੇ ਪ੍ਰਮਾਤਮਾ ਦੇ ਕੋਲੋਂ ਭਗਤੀ ਦਾ ਮਾਰਗ ਸਮਝਿਆ ਹੈ ਤੇ ਸਾਰੇ ਸੰਸਾਰ ਨੂੰ ਸਮਝਾਇਆ ਹੈ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ

ਲਈ ਇੱਕੋ ਜਿਹਾ ਹੀ ਹੈ, ਪ੍ਰਮਾਤਮਾ ਦੇ ਗੁਣ ਗਾਉਂਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ, ਅਉਗੁਣਾਂ ਤੋਂ ਮੁਕਤਿ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਪ੍ਰਮਾਤਮਾ ਦੀ ਆਪਣੀ ਕਿਰਪਾ ਤੋਂ ਬਿਨਾਂ ਨਾ ਕਿਸੇ ਨੂੰ ਭਗਤੀ ਦਾ ਸੱਚਾ ਮਾਰਗ ਸਮਝ ਆ ਸਕਦਾ ਹੈ ਤੇ ਨਾ ਹੀ ਉਸ ਤੇ ਕੋਈ ਚੱਲ ਸਕਦਾ ਹੈ। **(ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥)**

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥}

(ਅੰਗ ੭੭੫)

{ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥}

(ਅੰਗ ੧੦੬੭)

42/5440

{ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥}

(ਅੰਗ ੧੧੦੧-੧੧੦੨)

ਸਾਡਾ ਸੱਚਾ ਧਨ ਕੀ ਹੈ, ਨਾਮ ਧਨ ਕੀ ਹੈ ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਦੁਆਰਾ ਵੀ ਸਮਝਿਆ ਹੈ ਤੇ ਹੋਰ ਅਨੇਕਾਂ ਸ਼ਬਦਾਂ ਦੁਆਰਾ ਵੀ ਸਮਝਦੇ ਆ ਰਹੇ ਹਾਂ। ਸਾਡੇ ਅੰਦਰ **"ਧਨੁ"** ਸਾਡੀ ਸਮਝ ਹੈ। ਜਦ ਤਕ ਸਾਡੀ ਸਮਝ ਅਗਿਆਨਤਾ ਵਾਲੀ ਹੈ ਇਹ ਸਾਡੇ ਅੰਦਰ ਦਾ ਅਪਵਿੱਤਰ ਧਨ ਹੈ ਤੇ ਸਾਡੇ ਅੰਦਰ ਦੀ ਸੱਚੀ ਸਮਝ ਭਾਵ ਸੱਚੇ ਗਿਆਨ ਵਾਲੀ ਸਮਝ ਸਾਡੇ ਅੰਦਰ ਦਾ ਪਵਿੱਤਰ ਧਨ ਹੈ ਭਾਵ ਨਾਮ ਧਨ ਹੈ। ਜੋ ਉਸ ਨਾਮ ਧਨ ਨੂੰ ਪਾਉਂਦਾ ਹੈ ਉਹ ਆਪਣੇ ਅੰਦਰੋਂ ਮਾਇਆ ਵਾਲੇ ਧਨ ਦੇ ਨਿਕਲਣ ਦੁਆਰਾ ਹੀ ਪਾਉਂਦਾ ਹੈ ਜਿਸ ਨਾਮ ਧਨ ਦੇ ਮਿਲਣ ਦੁਆਰਾ ਕੋਈ ਗੁਰਮੁਖਿ ਰੂਪ ਬਣਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ ਤੇ ਉਸ ਸੱਚੇ ਧਨ ਨੂੰ ਆਪਣੇ ਅੰਦਰ ਇਕੱਠਾ ਕਰੀਏ ਜਿਸ ਧਨ ਨੂੰ ਖਰਚਣ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ।

ਪਉੜੀ ॥

"ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥ ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥
ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥

ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥"

(ਅੰਗ ੧੨੪੬)

"ਗੁਰਮੁਖਿ" ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮੁਖਿ ਰੂਪ ਉਹ ਹੈ ਜਿਸ ਮਨੁੱਖ ਦੇ ਸਰੀਰ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੈ ਭਾਵ ਗੁਰੂ ਰੂਪ, ਭਗਤ ਰੂਪ, ਸੰਤ ਰੂਪ, ਸਾਧ ਰੂਪ, ਜਨੁ ਰੂਪ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ। ਪੂਰੀ ਗੁਰਬਾਣੀ ਦੀ ਰਚਨਾ ਉਹਨਾਂ ਸਰੀਰਾਂ ਦੁਆਰਾ ਹੀ ਹੋਈ ਹੈ ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਉਹਨਾਂ ਦੇ ਇਸ ਰੂਪ ਵਿੱਚ ਪ੍ਰਮਾਤਮਾ ਨੇ ਉਹਨਾਂ ਦੇ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਧਨ ਹੀ ਪਾਇਆ ਹੈ, ਆਪਣਾ ਨਾਮ ਧਨ ਹੀ ਪਾਇਆ ਹੈ ਭਾਵ ਆਪਣੀ ਸੱਚੀ ਮਾਇਆ ਪਾਈ ਹੈ ਜੋ ਮਾਇਆ ਪੂਰੀ ਤਰ੍ਹਾਂ ਪਵਿੱਤਰ ਹੈ ਭਾਵ ਹਰ ਭਰਮ ਤੋਂ ਪਵਿੱਤਰ ਹੈ। ਇਹ ਸੱਚੀ ਮਾਇਆ ਦਾ ਧਨ ਸਾਡੇ ਅੰਦਰ ਸੱਚੇ ਗਿਆਨ ਵਾਲੀ ਸਮਝ ਹੈ ਜੋ ਸਾਰੀ ਦੀ ਸਾਰੀ ਸਮਝ ਪਵਿੱਤਰ ਹੈ ਭਾਵ ਉਸ ਵਿੱਚ ਰੱਤੀ ਭਰ ਵੀ ਅਗਿਆਨਤਾ ਰੂਪ

42/5441

ਅਪਵਿੱਤਰਤਾ ਨਹੀਂ ਹੈ ਭਾਵ ਉਸ ਮਤਿ ਨੂੰ ਧਰਮ ਦੇ ਮਾਰਗ ਦੀ ਪੂਰਨ ਸਮਝ ਹੈ। **(ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ॥)** ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝੋ ਕਿ ਉਹ ਕਿਹੜੀ ਮਾਇਆ ਹੈ ਜੋ ਮਾਇਆ ਖਰਚਣੀ ਪ੍ਰਮਾਤਮਾ ਦੇ ਲੇਖੇ ਲੱਗਦੀ ਹੈ।

"ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥"

ਮਨ ਦੇ ਵਿੱਚ ਜੋ ਸੱਚੇ ਗਿਆਨ ਦਾ ਧਨ ਹੈ ਇਹ ਸਾਡੇ ਖਰਚਣ ਲਈ ਹੀ ਹੈ। ਇਸ ਧਨ ਨੂੰ ਅਸੀਂ ਜਿਤਨਾ ਵੀ ਖਰਚਦੇ ਹਾਂ ਉਸਨੂੰ **"ਹਰਿ ਅਰਥਿ"** ਹੀ ਖਰਚਦੇ ਹਾਂ ਭਾਵ ਇਸ ਧਨ ਨੂੰ ਖਰਚਣ ਦੁਆਰਾ ਅਸੀਂ ਉਹ ਕੁਝ ਕਰਦੇ ਹਾਂ ਜੋ ਹਰਿ ਨੂੰ ਚੰਗਾ ਲੱਗਦਾ ਹੈ, ਜੋ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ। ਅਸੀਂ ਜੋ ਵੀ ਕੰਮ ਕਰਦੇ ਹਾਂ ਉਹ ਮਨ ਦੀ ਸਮਝ ਰਾਹੀਂ ਹੀ ਕਰਦੇ ਹਾਂ। ਮਾੜੀ ਸਮਝ ਰਾਹੀਂ ਮਾੜੇ ਕਰਮ ਕਰਦੇ ਹਾਂ ਤੇ ਸੱਚੀ ਸਮਝ ਰਾਹੀਂ ਚੰਗੇ ਕਰਮ ਕਰਦੇ ਹਾਂ। ਆਪਣੀ ਸਮਝ ਦੁਆਰਾ ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਹੀ ਸਾਡਾ ਇਸ ਧਨ ਨੂੰ ਖਰਚਣਾ ਹੈ। ਆਪਣੀ ਮਤਿ ਰਾਹੀਂ ਅਸੀਂ ਜੋ ਕੁਝ ਕਿਸੇ ਨੂੰ ਸਮਝਾਉਂਦੇ ਹਾਂ ਭਾਵ ਜੋ ਵੀ ਦੂਸਰਿਆਂ ਨੂੰ ਗਿਆਨ ਵੰਡਦੇ ਹਾਂ ਉਹ ਵੀ ਅਸੀਂ ਇਸ ਧਨ ਨੂੰ ਖਰਚਦੇ ਹਾਂ। ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣ ਕੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਜੀਵਨ ਵਿੱਚ ਹੀ ਖਰਚਿਆ ਹੈ ਤੇ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਇਹ ਧਨ ਵੰਡਿਆ ਹੈ ਭਾਵ ਉਹ ਆਪ ਵੀ ਭਗਤੀ ਦੇ ਸੱਚੇ ਮਾਰਗ ਤੇ ਚੱਲੇ ਹਨ ਤੇ ਸੰਸਾਰ ਨੂੰ ਵੀ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ ਤੇ ਉਹਨਾਂ ਨੇ ਇਹ ਸਭ ਕੁਝ **"ਹਰਿ ਅਰਥਿ"** ਹੀ ਕੀਤਾ ਹੈ ਤੇ ਉਹਨਾਂ ਨੇ ਇਹ ਧਨ ਖਰਚਣ ਦੁਆਰਾ, ਦੇਣ ਦੁਆਰਾ **"ਸੁਖੁ"** ਦੀ ਪ੍ਰਾਪਤੀ ਕੀਤੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕੀਤੀ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੁਆਰਾ **"ਸੁਖੁ"** ਦੀ ਪ੍ਰਾਪਤੀ ਕੀਤੀ ਹੈ, ਮਨ ਦੇ ਵਿਕਾਰਾਂ ਵਿੱਚੋਂ ਨਿਕਲਣ ਦੁਆਰਾ, ਤ੍ਰਿਸ਼ਨਾਵਾਂ ਦੇ ਦੁੱਖ ਵਿੱਚੋਂ ਨਿਕਲਣ ਦੁਆਰਾ ਭਾਵ ਮਨ ਦੇ ਦੁੱਖਾਂ ਵਿੱਚੋਂ ਨਿਕਲਣ ਦੁਆਰਾ ਸੁਖੁ ਦੀ ਪ੍ਰਾਪਤੀ ਕੀਤੀ ਹੈ, ਮਨ ਦੇ ਸੰਤੋਖ ਦੁਆਰਾ ਸੁਖੁ ਪਾਇਆ ਹੈ। **(ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥ ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥)** ਜੋ ਇਸ ਸੱਚੇ ਧਨ ਦੀ ਪ੍ਰਾਪਤੀ ਕਰਦਾ ਹੈ, ਨਾਮ ਧਨ ਦੀ ਪ੍ਰਾਪਤੀ ਕਰਦਾ ਹੈ ਉਹ ਕਿਸ ਤਰੀਕੇ ਕਰਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ॥"

42/5442

ਜਿਨ੍ਹਾਂ ਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਉਹਨਾਂ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦਿੱਸ ਪੈਂਦਾ ਹੈ ਕਿਉਂਕਿ ਜਦ ਤਕ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦਿੱਸਦਾ ਨਹੀਂ ਤਦ ਤਕ ਕੋਈ ਵੀ ਨਾਮ ਧਨ ਦੀ ਪ੍ਰਾਪਤੀ ਨਹੀਂ ਕਰ ਸਕਦਾ। ਜਦ ਤਕ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜਰ ਨਹੀਂ ਆਉਂਦਾ ਤਦ ਤਕ ਹਰ ਕੋਈ ਮਾਇਆ ਵਿੱਚ ਹੈ ਭਾਵ ਤਦ ਤਕ ਹਰ ਕੋਈ ਅਗਿਆਨਤਾ ਵਾਲੀ ਮਤਿ ਵਿੱਚ ਹੈ, ਭਰਮ ਵਾਲੀ ਮਤਿ ਵਿੱਚ ਹੈ। ਮਨ ਦੀ ਇਸ ਮਾਇਆ ਵਿੱਚੋਂ ਨਿਕਲੇ ਬਿਨਾਂ ਸੱਚੇ ਧਨ ਨੂੰ ਭਾਵ ਸੱਚੀ ਮਾਇਆ ਨੂੰ ਨਹੀਂ ਪਾਇਆ ਜਾ ਸਕਦਾ। ਗੁਰਮੁੱਖਾਂ ਦੇ ਅੰਦਰ ਸੱਚੀ ਮਾਇਆ ਰੂਪ ਧਨ ਹੁੰਦਾ ਹੈ ਭਾਵ ਸੱਚੇ ਗਿਆਨ ਵਾਲੀ ਸਮਝ ਦਾ ਧਨ

ਹੁੰਦਾ ਹੈ ਜਿਸਨੂੰ ਅਗਿਆਨਤਾ ਵਾਲੀ ਮਤਿ ਨਿਕਲਣ ਦੁਆਰਾ ਪਾਇਆ ਜਾਂਦਾ ਹੈ। ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਧਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਤੇ ਉਸਨੂੰ ਮਨ ਦੀ ਮਾਇਆ ਵਿੱਚੋਂ ਕੱਢਦਾ ਹੈ। ਆਪਣੇ ਅੰਦਰ ਸੱਚੇ ਗਿਆਨ ਦੀ ਪ੍ਰਾਪਤੀ ਹੀ ਆਪਣੇ ਅੰਦਰ ਪ੍ਰਮਾਤਮਾ ਦਾ ਨਾਮ ਧਿਆਉਂਣਾ ਹੈ ਜੋ ਨਾਮ ਰੂਪ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਮਨ ਦੇ ਵਿੱਚ ਉਹ ਆਪਣੇ ਨਾਮ ਧਨ ਦੀ ਤੋਟ ਨਹੀਂ ਆਉਂਣ ਦਿੰਦਾ। ਮਨ ਦੇ ਵਿੱਚ ਪ੍ਰਮਾਤਮਾ ਇਹ ਧਨ ਆਪਣੇ ਸ਼ਬਦਾਂ ਦੇ ਰੂਪ ਵਿੱਚ ਦਿੰਦਾ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਮਾਇਆ ਵਾਲੀ ਸਮਝ ਉਸਦਾ ਗੁਰਮੁਖਿ ਰੂਪ ਸੁੱਟ ਦਿੰਦਾ ਹੈ ਭਾਵ ਅਗਿਆਨਤਾ ਵਾਲੇ ਵਿਚਾਰਾਂ ਨੂੰ ਤਿਆਗ ਦਿੰਦਾ ਹੈ। ਪ੍ਰਮਾਤਮਾ ਆਪ ਸਾਡੇ ਅੰਦਰ ਸੱਚੇ ਨਾਮ ਦੇ ਰੂਪ ਵਿੱਚ, ਨਾਮ ਧਨ ਦੇ ਰੂਪ ਵਿੱਚ ਹੀ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਨਾਮ ਧਨ ਹੀ ਹੈ ਜਿਸ ਧਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਪੂਰੀ ਗੁਰਬਾਣੀ ਵਿੱਚ ਗੁਰੂ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। **(ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥)** ਪ੍ਰਮਾਤਮਾ ਦਾ ਗੁਰਮੁਖਿ ਰੂਪ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਉਹੀ ਪ੍ਰਮਾਤਮਾ ਦਾ ਭਗਤ ਰੂਪ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥”

42/5443

ਜਦ ਤਕ ਸਾਨੂੰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਤਦ ਤਕ ਹਰ ਕੋਈ ਮਾਇਆ ਵਿੱਚ ਹੈ ਤੇ ਮਨ ਦੀ ਉਸ ਅਵਸਥਾ ਵਿੱਚ ਸਾਨੂੰ ਚਿੱਤ ਦੇ ਵਿੱਚ ਜੋ ਵੀ ਆਉਂਦਾ ਹੈ ਉਹ ਵਿਚਾਰ ਹੀ ਆਉਂਦੇ ਹਨ, ਉਹ ਵਿਚਾਰ **“ਹੋਰੁ”** ਵਿਚਾਰ ਹਨ ਭਾਵ ਨਾਮ ਤੋਂ ਬਿਨਾਂ ਦੂਸਰੇ ਵਿਚਾਰ ਹਨ, ਮਾਇਆ ਵਾਲੇ ਵਿਚਾਰ ਹਨ, ਭਰਮ ਵਾਲੇ ਵਿਚਾਰ ਹਨ। ਪ੍ਰਮਾਤਮਾ ਦੇ ਭਗਤ, ਗੁਰਮੁਖਿ ਮਨ ਦੀ ਇਸ ਅਵਸਥਾ ਵਿੱਚੋਂ ਨਿਕਲ ਜਾਂਦੇ ਹਨ ਤੇ ਉਹ ਨਾਮ ਵਾਲੀ ਮਤਿ ਵਿੱਚ ਸਮਾ ਜਾਂਦੇ ਹਨ ਭਾਵ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੇ ਗਿਆਨ ਵਾਲੀ ਮਤਿ ਦੇ ਵਿੱਚ ਸਮਾਏ ਰਹਿੰਦੇ ਹਨ, ਨਾਮ ਦੇ ਵਿੱਚ ਸਮਾਏ ਰਹਿੰਦੇ ਹਨ ਤੇ ਇਹੀ ਪ੍ਰਮਾਤਮਾ ਦੇ ਵਿੱਚ ਸਮਾਉਂਣਾ ਹੈ ਜਿਸ ਰਾਹੀਂ ਮਨੁੱਖ ਨਾਮ ਧਨ ਖੱਟਦਾ ਹੈ ਜਿਸਦੀ ਪ੍ਰਮਾਤਮਾ ਕਦੇ ਵੀ ਮਨ ਦੇ ਵਿੱਚ ਤੋਟ ਨਹੀਂ ਆਉਂਣ ਦਿੰਦਾ ਤੇ ਉਸਦੇ ਭਗਤ ਇਸੇ ਧਨ ਨੂੰ ਹੀ ਖਰਚਦੇ ਹਨ, ਹਰਿ ਅਰਥਿ ਖਰਚਦੇ ਹਨ। **(ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥ ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥ ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥ ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥)**

ਸਾਡਾ ਅਸਲ ਧਨ ਸਾਡੇ ਅੰਦਰ ਦੀ ਸਮਝ ਹੈ ਜਿਸ ਧਨ ਦਾ ਖਰਚ ਅਸੀਂ ਹਰ ਕੰਮ ਵਿੱਚ ਕਰਦੇ ਹਾਂ, ਹਰ ਕਰਮ ਵਿੱਚ ਕਰਦੇ ਹਾਂ। ਜੇਕਰ ਸਾਡੀ ਸਮਝ ਮਾੜੀ ਹੈ ਤਾਂ ਫਿਰ ਅਸੀਂ ਮਾੜਾ ਧਨ ਖਰਚਾਂਗੇ ਤੇ ਮਾੜਾ ਧਨ ਖਰਚਣ ਨਾਲ ਅਸੀਂ ਉਸ ਚੰਗੀ ਚੀਜ ਨੂੰ ਪ੍ਰਾਪਤ ਨਹੀਂ ਕਰ ਸਕਦੇ ਜਿਹੜੀ ਚੀਜ ਲੈਣ ਲਈ ਅਸੀਂ ਇਸ ਸੰਸਾਰ ਵਿੱਚ ਆਏ ਹਾਂ। ਸਾਡੇ ਅੰਦਰ ਦੀ ਮਾੜੀ ਮਤਿ, ਧਰਮ ਦੇ ਸੱਚੇ ਮਾਰਗ ਨੂੰ ਨਾਸਮਝਣ ਵਾਲੀ ਮਤਿ ਸਾਡੀ ਖੋਟੀ ਰਾਸਿ ਹੈ, ਖੋਟੀ ਪੂੰਜੀ ਹੈ ਜਿਸ ਨਾਲ ਅਸੀਂ ਸੱਚ ਦੀ ਖਰੀਦ ਕਰਨੀ ਚਾਹੁੰਦੇ ਹਾਂ ਭਾਵ ਸਚੁ ਰੂਪ ਪ੍ਰਮਾਤਮਾ ਨੂੰ ਪਾਉਂਣਾ ਚਾਹੁੰਦੇ ਹਾਂ ਜੋ ਕਿ ਨਹੀਂ ਹੋ ਸਕਦਾ। ਉਹ ਸਚੁ ਰੂਪ ਪ੍ਰਮਾਤਮਾ ਸੱਚੀ ਪੂੰਜੀ ਖਰਚਣ ਦੁਆਰਾ ਹੀ ਮਿਲਦਾ ਹੈ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨ ਕੇ ਉਸ ਦੁਆਰਾ ਵਿਚਰਨ ਨਾਲ ਹੀ ਮਿਲਦਾ ਹੈ ਭਾਵ ਸੱਚਾ ਧਨ ਖਰਚਣ ਨਾਲ ਮਿਲਦਾ ਹੈ। ਅਸੀਂ ਪ੍ਰਮਾਤਮਾ ਨੂੰ ਆਪਣੀ ਖੋਟੀ ਪੂੰਜੀ ਦੁਆਰਾ ਪਾਉਂਣਾ ਚਾਹੁੰਦੇ ਹਾਂ ਭਾਵ ਆਪਣੀ ਅਗਿਆਨਤਾ ਵਾਲੀ ਮਤਿ ਵਿੱਚ ਰਹਿੰਦੇ ਹੋਏ ਪਾਉਂਣਾ ਚਾਹੁੰਦੇ ਹਾਂ, ਖੋਟੀ ਰਾਸਿ, ਖੋਟੀ ਪੂੰਜੀ ਖਰਚਣ ਦੁਆਰਾ ਪਾਉਂਣਾ ਚਾਹੁੰਦੇ ਹਾਂ ਭਾਵ ਮਨਮਤਿ ਛੱਡੇ ਬਿਨਾਂ ਹੀ ਪ੍ਰਮਾਤਮਾ ਨੂੰ ਪਾਉਂਣਾ ਚਾਹੁੰਦੇ ਹਾਂ ਜੋ ਕਿ ਨਹੀਂ ਹੋ ਸਕਦਾ। ਸਾਡੇ ਅੰਦਰ ਦੀ ਮਾਇਆ ਸਾਨੂੰ ਮਾੜੇ ਧਨ ਨਾਲ ਜੋੜ ਕੇ ਰੱਖਦੀ ਹੈ ਜਿਸ ਮਾੜੇ ਧਨ ਨੂੰ ਖਰਚਣ ਨਾਲ ਕੋਈ ਪ੍ਰਮਾਤਮਾ ਨੂੰ ਪਾ ਲਵੇ ਭਾਵ ਆਪਣੇ ਆਪ ਨੂੰ ਭਗਤੀ ਵਾਲਾ ਅਖਵਾ ਲਵੇ ਭਾਵ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਉਹ ਭਗਤੀ ਵਾਲਾ ਅਖਵਾ ਲਵੇ ਇਹ ਨਹੀਂ ਹੋ ਸਕਦਾ। ਪਹਿਲਾਂ ਤਾਂ ਸਾਡੇ ਅੰਦਰ ਦੀ ਸੰਪੈ ਕੀ ਹੈ, ਧਨ

42/5444

ਕੀ ਹੈ ਇਸੇ ਨੂੰ ਸਮਝਣਾ ਜਰੂਰੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁਝ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝਦੇ ਹਾਂ ਕਿ ਸੰਸਾਰ ਦੇ ਅੰਦਰ ਪ੍ਰਮਾਤਮਾ ਨੇ ਕਿਹੋ ਜਿਹਾ ਧਨ ਪਾਇਆ ਹੋਇਆ ਹੈ। ਪਹਿਲੇ ਵੀ ਸਮਝਿਆ ਹੈ ਤੇ ਹੋਰ ਵੀ ਸਮਝਦੇ ਹਾਂ।

ਸਲੋਕੁ ॥

“ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥”

(ਅੰਗ ੨੬੧)

ਪਉੜੀ ॥

“ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥ ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥ ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥”

(ਅੰਗ ੨੬੧)

ਸਲੋਕ ਦੀ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

ਸਲੋਕੁ ॥

“ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥”

“ਲੇਖੈ” ਤੋਂ ਭਾਵ ਹੈ ਸਾਡੇ ਅੰਦਰ ਲਿਖੇ ਜਾਣ ਵਾਲੇ ਲੇਖ। ਸਾਡੇ ਅੰਦਰ ਲੇਖ ਲਿਖਣ ਵਾਲਾ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਪਹਿਲਾਂ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਇਹ ਲੇਖ ਸਾਡੇ ਸਭ ਦੇ ਅੰਦਰ ਸਾਡੇ ਮਨ ਦੇ ਵਿੱਚ ਲਿਖਦਾ ਹੈ, ਮਨ ਦੇ ਵਿੱਚ ਵਿਚਾਰਾਂ ਦੇ ਰੂਪ ਵਿੱਚ ਲਿਖਦਾ ਹੈ, ਸਾਡੀ ਮਨ ਰੂਪ ਪੱਟੀ ਦੇ ਉਪਰ ਲਿਖਦਾ ਹੈ ਤੇ ਜੋ ਵਿਚਾਰ ਅਸੀਂ ਮਨ ਦੀ ਪੱਟੀ ਤੋਂ ਪੜਦੇ ਹਾਂ ਉਹੀ ਕੁਝ ਸਾਡੀ ਸਮਝ ਬਣਦੀ ਹੈ ਭਾਵ ਸਾਨੂੰ ਮਨ ਦੇ ਵਿੱਚ ਸਮਝ ਪਾਉਂਣ ਵਾਲਾ ਆਪ ਪ੍ਰਮਾਤਮਾ ਹੈ ਤੇ ਉਸਨੇ ਆਪ ਹੀ ਸੰਸਾਰ ਨੂੰ ਮਨ ਦੀ ਸਮਝ ਰਾਹੀਂ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਉਸਨੇ ਆਪ ਹੀ ਸਭ ਨੂੰ ਭੂਲਣਹਾਰ ਬਣਾਇਆ ਹੋਇਆ ਹੈ। ਸਾਡੇ ਅੰਦਰ ਇਹ ਵਿਚਾਰ ਹਰ ਵੇਲੇ ਉਪਜਦੇ ਰਹਿੰਦੇ ਹਨ, **“ਖਿਨੁ ਖਿਨੁ”** ਉਪਜਦੇ ਰਹਿੰਦੇ ਹਨ ਤੇ ਸਾਡੇ ਅੰਦਰ ਦਾ ਹਰ ਵਿਚਾਰ ਤ੍ਰੈ ਗੁਣਾਂ ਵਾਲੀ ਅਵਸਥਾ ਵਾਲਾ ਹੁੰਦਾ ਹੈ, ਮਾਇਆ ਮੋਹ ਵਾਲਾ ਹੁੰਦਾ ਹੈ ਜੋ ਸਾਨੂੰ ਇਹ ਸਮਝਣ ਤੋਂ ਦੂਰ ਰੱਖਦਾ ਹੈ ਕਿ ਪ੍ਰਮਾਤਮਾ ਕੀ ਹੈ ਤੇ ਅਸੀਂ ਕੀ ਹਾਂ। ਮਨ ਦੇ ਵਿਚਾਰਾਂ ਰਾਹੀਂ ਅਸੀਂ ਆਪਣੇ ਆਪ ਨੂੰ ਮਨੁੱਖ ਹੀ ਸਮਝਦੇ ਹਾਂ ਤੇ ਉਹ ਕੁਝ ਕਰਦੇ ਹਾਂ ਜੋ ਸਾਡੇ ਮਨ ਦੇ ਵਿਚਾਰ ਸਾਡੋ ਕੋਲੋਂ ਕਰਵਾਉਂਦੇ ਹਨ। ਅਸੀਂ ਦੁਨਿਆਵੀ ਮਾਇਆ ਦੇ ਪਿੱਛੇ ਦੌੜਦੇ ਹਾਂ, ਮਾਯਾਵੀ ਪਦਾਰਥਾਂ ਦੇ ਵਿੱਚ ਸੁੱਖ ਸਮਝਦੇ ਹਾਂ, ਤ੍ਰਿਸ਼ਨਾਵਾਂ ਦੀ ਪੂਰਤੀ ਵਿੱਚ ਫਸੇ ਰਹਿੰਦੇ ਹਾਂ ਭਾਵ ਧਰਮ ਦੇ ਮਾਰਗ ਦੀ ਸਾਨੂੰ ਸਮਝ ਨਹੀਂ ਪੈਂਦੀ ਤੇ ਅਸੀਂ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲਦੇ ਭਾਵ ਅਸੀਂ ਹਰ ਵੇਲੇ ਭੁੱਲ ਵਿੱਚ ਹੀ ਰਹਿੰਦੇ ਹਾਂ, ਸੱਚ ਨੂੰ ਸਮਝਣ ਦੀ ਤੇ ਉਸ ਤੇ ਚੱਲਣ ਦੀ ਭੁੱਲ ਵਿੱਚ ਹੀ ਰਹਿੰਦੇ ਹਾਂ।

42/5445

ਇਹ ਸਾਡੇ ਵੱਸ ਨਹੀਂ ਹੈ ਕਿਉਂਕਿ ਮਨ ਦੇ ਵਿੱਚ ਲੇਖ ਲਿਖਣ ਵਾਲਾ ਪ੍ਰਮਾਤਮਾ ਆਪ ਹੈ ਭਾਵ ਸਾਨੂੰ ਹਰ ਵੇਲੇ ਭੁੱਲ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੈ ਇਸੇ ਕਰਕੇ ਅਸੀਂ ਇਸ ਅਗਿਆਨਤਾ ਦੇ ਬੰਧਨ ਵਿੱਚੋਂ ਨਹੀਂ ਛੁੱਟ ਸਕਦੇ, ਮਾਇਆ ਮੋਹ ਦੇ ਬੰਧਨ ਤੋਂ ਨਹੀਂ ਛੁੱਟ ਸਕਦੇ। **(ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥)**

ਆਪਣੇ ਆਪ ਕੋਈ ਮਨੁੱਖ ਮਨ ਦੀ ਅਗਿਆਨਤਾ ਦੇ ਬੰਧਨ ਤੋਂ ਛੁੱਟ ਜਾਵੇ ਤੇ ਆਪਣੇ ਅੰਦਰੋਂ ਸੱਚ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਬਖਸ਼ਿਸ਼ ਹੈ ਜੇਕਰ ਕਿਸੇ ਤੇ ਹੋ ਜਾਵੇ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਤੇ ਹੋਈ ਹੈ। ਜੋ ਸਾਡੇ ਅੰਦਰ ਮਾਇਆ ਮੋਹ ਵਾਲੇ ਲੇਖ ਲਿਖਣ ਵਾਲਾ ਹੈ ਭਾਵ ਸਾਨੂੰ ਅਗਿਆਨਤਾ ਵਿੱਚ ਰੱਖਣ ਵਾਲਾ ਹੈ ਉਹੀ ਸਾਨੂੰ ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਾਰ ਸਕਦਾ ਹੈ ਭਾਵ ਮਨ ਦੀ ਭੂਲਣਹਾਰ ਅਵਸਥਾ ਵਿੱਚੋਂ ਪਾਰ ਉਤਾਰ ਸਕਦਾ ਹੈ। **(ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥)**

{ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥}

(ਅੰਗ ੧੨੯੧)

ਪਉੜੀ ॥

{ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੯॥੧॥ ਸੁਧੁ}

(ਅੰਗ ੧੨੯੧)

{ਪ੍ਰਹਲਾਦ ਪਠਾਏ ਪੜਨ ਸਾਲ ॥ ਸੰਗਿ ਸਖਾ ਬਹੁ ਲੀਏ ਬਾਲ ॥
ਮੋ ਕਉ ਕਹਾ ਪੜ੍ਹਾਵਸਿ ਆਲ ਜਾਲ ॥ ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋਪਾਲ ॥੧॥}

(ਅੰਗ ੧੧੯੪)

{ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥ ਦੂਜੈ ਭਾਇ ਫਾਥੇ ਜਮ ਜਾਲਾ ॥
ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥ ਹਰਿ ਸੁਖਦਾਤਾ ਮੇਰੈ ਨਾਲਾ ॥੧॥}

(ਅੰਗ ੧੧੩੩)

{ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ ॥
ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥ ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ ॥
ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥ ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥
ਜਿਨ੍ੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ ॥ ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ ॥
ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥੮॥੧॥}

(ਅੰਗ ੯੬੮)

{ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥ ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥}

(ਅੰਗ ੯੩੮)

ਸਾਡੇ ਮਨ ਦੀ ਪੱਟੀ ਤੇ ਲੇਖ ਲਿਖਣ ਵਾਲਾ ਪ੍ਰਮਾਤਮਾ ਆਪ ਹੈ ਤੇ ਇਹ ਉਸਦੀ ਰਜਾ ਹੈ ਕਿ ਉਹ ਕਿਸੇ ਨੂੰ ਕਿਹੋ ਜਿਹੀ ਮਤਿ ਦਿੰਦਾ ਹੈ। ਹਰ ਕਿਸੇ ਨੂੰ ਉਸਨੇ ਆਪ ਹੀ ਭਰਮ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਤੇ ਸਾਡੇ ਅੰਦਰ ਦੀ ਇਹ ਭਰਮ ਵਾਲੀ ਮਤਿ ਹੀ ਸਾਡਾ ਧਨ ਹੈ ਜਿਸ ਧਨ ਨੂੰ ਹਰ ਕੋਈ ਖਰਚਦਾ ਹੈ। ਇਸ ਧਨ ਨੂੰ ਅਸੀਂ ਕਿਸ ਰੂਪ ਵਿੱਚ ਖਰਚਦੇ ਹਾਂ ਤੇ ਕਿਸ ਤਰੀਕੇ ਅਸੀਂ

ਭਗਤੀ ਦੇ ਮਾਰਗ ਤੋਂ ਦੂਰ ਰਹਿੰਦੇ ਹਾਂ ਇਹੀ ਗੱਲ ਸਾਨੂੰ ਸਲੋਕ ਤੋਂ ਬਾਅਦ ਪਉੜੀ ਰਾਹੀਂ ਸਮਝਾਈ ਹੋਈ ਹੈ। ਜਿਸ ਤੇ ਪ੍ਰਮਾਤਮਾ ਆਪਣੀ ਬਖਸ਼ਿਸ਼ ਕਰਦਾ ਹੈ, ਜਿਸਨੂੰ ਉਹ ਮਨ ਦੀ ਖੋਟੀ ਰਾਸਿ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਭਗਤੀ ਦਾ ਸੱਚਾ ਮਾਰਗ ਸਮਝ ਆਉਂਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

ਪਉੜੀ ॥

“ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥”

(ਅੰਗ ੨੬੧)

ਜਦ ਤਕ ਸਾਡੇ ਅੰਦਰ ਮਾਇਆ ਵਾਲੀ ਮਤਿ ਹੈ ਭਾਵ ਅਗਿਆਨਤਾ ਵਾਲੀ ਮਤਿ ਹੈ ਇਹ ਮਤਿ ਹੀ ਸਾਡੇ ਅੰਦਰ ਦੀ **“ਅਲਪ ਮਤਿ”** ਹੈ ਭਾਵ ਥੋੜੀ ਮਤਿ ਹੈ, ਛੋਟੀ ਮਤਿ ਹੈ ਜਿਸ ਘੱਟ ਮਤਿ ਕਰਕੇ ਅਸੀਂ ਪੂਰੀ ਮਤਿ ਦੀ ਗੱਲ ਨੂੰ ਨਹੀਂ ਸਮਝ ਸਕਦੇ ਭਾਵ ਉੱਚੀ ਮਤਿ ਦੀ ਗੱਲ ਨੂੰ ਨਹੀਂ ਸਮਝ ਸਕਦੇ। ਗੁਰੂ ਦੀ ਮਤਿ ਉੱਚੀ ਮਤਿ ਹੈ ਭਾਵ ਉੱਚੇ ਗਿਆਨ ਵਾਲੀ ਮਤਿ ਹੈ। ਆਪਣੇ ਅੰਦਰ ਅਲਪ ਮਤਿ ਦੇ ਰਹਿੰਦਿਆਂ ਅਸੀਂ ਗੁਰੂ ਦੀ ਉੱਚੀ ਮਤਿ ਨੂੰ ਸਮਝਣ ਤੇ ਉਸਨੂੰ ਅਪਨਾਉਂਣ ਵਿੱਚ ਅਸਮਰਥ ਰਹਿੰਦੇ ਹਾਂ ਜਿਸ ਕਰਕੇ ਅਸੀਂ ਗੁਰਮਤਿ ਅਨੁਸਾਰ ਨਹੀਂ ਵਿਚਰ ਸਕਦੇ ਭਾਵ ਧਰਮ ਦੇ ਸੱਚੇ ਮਾਰਗ ਤੇ ਨਹੀਂ ਵਿਚਰ ਸਕਦੇ ਭਾਵ ਅਸੀਂ ਉਹ ਕੁਝ ਕਰਦੇ ਹਾਂ, ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ ਭਾਵ ਮਾੜੇ ਕਰਮ ਕਰਦੇ ਹਾਂ, ਅਉਗੁਣਾਂ ਦੁਆਰਾ ਵਿਚਰਦੇ ਹਾਂ ਜਿਸ ਕਰਕੇ ਅਸੀਂ ਗੁਰੂ ਦੇ, ਪ੍ਰਮਾਤਮਾ ਦੇ ਗੁਨਾਹਗਾਰ ਬਣਦੇ ਹਾਂ ਤੇ ਉਸ ਤੋਂ ਬੇਗਾਨੇ ਬਣੇ ਰਹਿੰਦੇ ਹਾਂ। ਜਦ ਤਕ ਗੁਰੂ ਦੀ ਮਤਿ ਸਾਡੇ ਲਈ ਬੇਗਾਨੀ ਹੈ ਤਦ ਤਕ ਗੁਰੂ ਸਾਡੇ ਲਈ ਬੇਗਾਨਾ ਹੈ। ਸਾਡੇ ਇਹੋ ਜਿਹੇ ਮਾੜੇ ਕਰਮ ਸਾਨੂੰ ਗੁਰੂ ਦੀਆਂ ਨਜਰਾਂ ਵਿੱਚ ਲੂਣ ਹਰਾਮੀ ਬਣਾਉਂਦੇ ਹਨ ਕਿਉਂਕਿ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਸਾਡਾ ਸਰੀਰ ਪ੍ਰਮਾਤਮਾ ਦਾ ਹੀ ਦਿੱਤਾ ਹੋਇਆ ਹੈ, ਸਾਨੂੰ ਮਾਇਆ ਦੇ ਸੁੱਖ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਜਦ ਤਕ ਸਾਨੂੰ ਆਪਣੇ ਆਪ ਦੀ ਸਮਝ ਨਹੀਂ ਪੈਂਦੀ, ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਨਹੀਂ ਪੈਂਦੀ ਤਦ ਤਕ ਮਨ ਦੀ ਅਗਿਆਨਤਾ ਕਰਕੇ ਅਸੀਂ ਇਹ ਸਮਝਦੇ ਹਾਂ ਕਿ ਸਾਰੇ ਸੁੱਖ ਮੇਰੇ ਕਰਕੇ ਭਾਵ ਮੇਰੀ ਮਿਹਨਤ ਨਾਲ ਆਉਂਦੇ ਹਨ ਜੋ ਕਿ ਸਾਡਾ ਭਰਮ ਹੈ ਭਾਵ ਸਾਡੇ ਅੰਦਰ ਦੀ ਅਲਪ ਮਤਿ ਹੈ। ਹਕੀਕਤ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਅਸੀਂ ਉਸਦੇ ਕੀਤੇ ਨੂੰ ਨਹੀਂ

ਜਾਣਦੇ ਤੇ ਆਪਣੇ ਆਪ ਨੂੰ ਸੁੱਖ ਦੀ ਕਮਾਈ ਕਰਨ ਵਾਲਾ ਸਮਝਦੇ ਹਾਂ ਜਿਸ ਲਈ ਸਾਨੂੰ ਲੂਣ ਹਰਾਮੀ ਕਿਹਾ ਗਿਆ ਹੈ, ਗੁਨਾਹਗਾਰ ਕਿਹਾ ਗਿਆ ਹੈ, ਪ੍ਰਮਾਤਮਾ ਤੋਂ ਬੇਗਾਨੇ ਕਿਹਾ ਗਿਆ ਹੈ। **(ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥)**

ਆਪਣੇ ਅੰਦਰ ਅਲਪ ਮਤਿ ਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਇਸੇ ਕਰਕੇ ਅਸੀਂ ਪ੍ਰਮਾਤਮਾ ਨੂੰ ਬਾਹਰੋਂ ਢੂੰਢਦੇ ਹਾਂ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥”

ਸਾਡੇ ਜੀਵਨ ਦਾ ਅਸਲ ਲਾਹਾ ਭਾਵ ਜਿੰਦਗੀ ਦਾ ਅਸਲ ਲਾਭ ਉਹ ਹੈ ਜਦੋਂ ਅਸੀਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਾਂ ਭਾਵ ਪਾ ਲੈਂਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ ਪਰ ਮਨ ਦੀ ਨਾਸਮਝੀ ਕਰਕੇ, ਅਲਪ ਮਤਿ ਕਰਕੇ ਅਸੀਂ ਲਾਹਾ ਮਾਇਆ ਦੀ ਪ੍ਰਾਪਤੀ ਵਿੱਚ ਸਮਝਦੇ ਹਾਂ, ਦੁਨਿਆਵੀ ਮਾਯਾ ਦੀ ਪ੍ਰਾਪਤੀ ਵਿੱਚ ਸਮਝਦੇ ਹਾਂ ਜਿਸ ਕਰਕੇ ਸਾਨੂੰ ਅਸਲ ਲਾਹੇ ਦੀ ਪ੍ਰਾਪਤੀ ਨਹੀਂ ਹੁੰਦੀ ਜੋ ਲਾਹਾ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਭਾਵ ਅਲਪ ਮਤਿ ਕਰਕੇ ਸਾਨੂੰ ਇਹ ਸਮਝ ਨਹੀਂ ਪੈਂਦੀ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਇਧਰੋਂ ਉਧਰੋਂ, ਸਾਰੇ ਪਾਸਿਉ ਖੋਜਦੇ ਹਾਂ ਕਿ ਪ੍ਰਮਾਤਮਾ ਕਿੱਧਰੇ ਹੋਰ ਵੱਸਦਾ ਹੈ। ਜਿਸ ਮਾਇਆ ਦੇ ਪਿੱਛੇ ਲੱਗ ਕੇ ਭਾਵ ਮਾਯਾਵੀ ਪਦਾਰਥਾਂ ਦੇ ਸੁੱਖ ਵਿੱਚ ਪੈ ਕੇ ਅਸੀਂ ਆਪਣਾ ਅਸਲ ਲਾਹਾ ਨਹੀਂ ਲੈ ਸਕਦੇ ਉਸ ਪ੍ਰਮਾਤਮਾ ਨੂੰ, ਉਸ ਸਭ ਕੁਝ ਦੇਣ ਵਾਲੇ ਨੂੰ ਇੱਕ ਨਿਮਖ ਲਈ ਵੀ ਆਪਣੇ ਅੰਦਰ ਨਹੀਂ ਵਸਾਉਂਦੇ ਭਾਵ ਜਿਸ ਪ੍ਰਮਾਤਮਾ ਦੀ ਦਿੱਤੀ ਹੋਈ ਮਤਿ ਨਾਲ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਉਸ ਮਤਿ ਨੂੰ ਅਸੀਂ ਨਿਮਖ ਲਈ ਵੀ ਆਪਣੇ ਅੰਦਰ ਨਹੀਂ ਵਸਾਉਂਦੇ ਕਿਉਂਕਿ ਅਸੀਂ ਮਾਯਾ ਮੋਹ ਨੂੰ ਛੱਡਣਾ ਨਹੀਂ ਚਾਹੁੰਦੇ, ਧਰਮ ਦੇ ਸੱਚੇ ਮਾਰਗ ਤੇ ਚੱਲਣ

ਲਈ ਮਾਯਾ ਦੇ ਸੁੱਖਾਂ ਨੂੰ ਛੱਡਣਾ ਨਹੀਂ ਚਾਹੁੰਦੇ ਜਿਨ੍ਹਾਂ ਲਈ ਸਾਨੂੰ ਮਾੜੇ ਕਰਮ ਕਰਨੇ ਪੈਂਦੇ ਹਨ, ਪ੍ਰਮਾਤਮਾ ਦਾ ਗੁਨਹਗਾਰ ਬਣਨਾ ਪੈਂਦਾ ਹੈ। **(ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥)**

ਮਨ ਦੀ ਅਲਪ ਮਤਿ ਵਿੱਚ ਰਹਿੰਦੇ ਹੋਏ ਭਾਵ ਅਨਜਾਣੀ

42/5448

ਮਤਿ ਵਿੱਚ, ਨਾਸਮਝ ਮਤਿ ਵਿੱਚ ਰਹਿੰਦੇ ਹੋਏ ਅਸੀਂ ਉਸ ਧਨ ਦੀ ਕਮਾਈ ਕਰਦੇ ਹਾਂ ਜਿਸ ਧਨ ਦੁਆਰਾ ਸਾਨੂੰ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਪਰ ਸਾਡਾ ਅਸਲ ਧਨ ਕੀ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਪੈਂਦੀ। ਸਾਡਾ ਅਸਲ ਧਨ ਨਾਮ ਧਨ ਹੈ, ਸੱਚੇ ਗਿਆਨ ਦਾ ਧਨ ਹੈ ਜਿਸ ਧਨ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਭਾਵ ਸਾਨੂੰ ਅਸਲ ਲਾਹੇ ਦੀ ਪ੍ਰਾਪਤੀ ਹੁੰਦੀ ਹੈ। ਜਦ ਤਕ ਅਸੀਂ ਦੁਨਿਆਵੀ ਮਾਇਆ ਵਿੱਚ ਜੁੜੇ ਰਹਿੰਦੇ ਹਾਂ ਤਦ ਤਕ ਸਾਡੇ ਅੰਦਰ ਦੀ ਮਾਯਾ, ਸਾਡੇ ਅੰਦਰ ਦਾ ਧਨ ਭਾਵ ਸਾਡਾ ਸਮਝ ਰੂਪ ਧਨ ਕਿਹੋ ਜਿਹਾ ਹੁੰਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥”

ਸਾਡੇ ਅੰਦਰ ਦਾ ਸੱਚਾ ਧਨ ਕੀ ਹੈ ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਤੇ ਉਸ ਤੋਂ ਪਹਿਲੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੀ ਸਮਝ ਸਾਡਾ ਧਨ ਹੈ। ਜਦ ਤਕ ਅਸੀਂ ਅਲਪ ਮਤਿ ਵਿੱਚ ਹਾਂ, ਧਰਮ ਦੇ ਮਾਰਗ ਨੂੰ ਨਾਸਮਝਣ ਵਾਲੀ ਅਗਿਆਨਤਾ ਵਾਲੀ ਮਤਿ ਵਿੱਚ ਹਾਂ ਤਦ ਤਕ ਸਾਡਾ ਸਮਝ ਰੂਪ ਧਨ ਕਿਹੋ ਜਿਹਾ ਹੁੰਦਾ ਹੈ ਇਹੀ ਗੱਲ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਹਰ ਕੋਈ ਸਮਝ ਸਕਦਾ ਹੈ। ਸਾਡੀ ਅਗਿਆਨਤਾ ਵਾਲੀ ਮਤਿ ਸਾਨੂੰ ਧਰਮ ਦੇ ਮਾਰਗ ਤੋਂ ਦੂਰ ਰੱਖਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੋੜਕੇ ਰੱਖਦੀ ਹੈ, ਮਾਯਾ ਦੇ ਸੁੱਖਾਂ ਨਾਲ ਜੋੜਕੇ ਰੱਖਦੀ ਹੈ ਜਿਨ੍ਹਾਂ ਦੀ ਪ੍ਰਾਪਤੀ ਲਈ ਮਨੁੱਖ ਲਾਲਚ ਕਰਦਾ ਹੈ, ਝੂਠ ਬੋਲਦਾ ਹੈ, ਵਿਕਾਰੀ ਕੰਮ ਕਰਦਾ ਹੈ ਭਾਵ ਮਾਯਾ ਦੀ ਪ੍ਰਾਪਤੀ ਵਿੱਚ ਮੋਹ ਰੱਖਦਾ ਹੈ। ਇਹ ਸਭ ਸਾਡੇ ਮਨ ਦੇ ਵਿਚਾਰ ਹਨ ਭਾਵ ਸਾਡੇ ਅੰਦਰ ਦੀ ਮਾੜੀ ਸਮਝ ਹੈ, ਮਨਮਤਿ ਹੈ, ਦੁਰਮਤਿ ਹੈ ਜੋ ਗੁਰਮਤਿ ਤੇ ਪੁਰੀ ਨਹੀਂ ਉਤਰਦੀ। ਸਾਡੇ ਅੰਦਰ ਦੀ ਇਹ ਮਾੜੀ ਮਤਿ ਸਾਡੀ **“ਸੰਪੈ”** ਹੈ ਭਾਵ ਸਾਡਾ ਧਨ ਹੈ ਉਹ ਸਾਡੇ ਮਨ ਦੇ ਵਿੱਚ ਹੀ ਹੈ। **(ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥)** ਇਸ ਤੋਂ ਉਲਟ ਨਾਮ ਧਨ ਹੈ ਜੋ ਕਿ ਸਾਡੇ ਅੰਦਰ ਗੁਰਮਤਿ ਰੂਪ ਸੱਚੇ ਵਿਚਾਰਾਂ ਦਾ ਧਨ ਹੈ, ਸ਼ਬਦ ਦੇ ਵਿਚਾਰਾਂ ਦਾ ਧਨ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਦਾ ਧਨ ਹੈ ਜਿਸ ਧਨ ਦੀ ਪ੍ਰਾਪਤੀ ਬਹੁਤ ਔਖੀ ਹੈ ਕਿਉਂਕਿ ਉਸ ਲਈ ਗੁਰੂ ਦੀ ਗੱਲ ਨੂੰ ਮੰਨਣਾ ਪੈਂਦਾ

42/5449

ਹੈ, ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਪੈਂਦਾ ਹੈ ਭਾਵ ਮਾਯਾ ਦੇ ਸੁੱਖਾਂ ਵਿੱਚੋਂ ਨਿਕਲਣਾ ਪੈਂਦਾ ਹੈ ਜੋ ਬਹੁਤ ਔਖਾ ਹੈ ਭਾਵ ਨਾਮ ਜੱਪਣਾ ਬਹੁਤ ਔਖਾ ਹੈ ਜਿਸ ਕਰਕੇ ਹਰ ਕੋਈ ਕਥਨੀ ਨੂੰ ਹੀ ਨਾਮ ਬਣਾਈ ਬੈਠਾ ਹੈ ਤੇ ਕਥਨੀ ਨੂੰ ਹੀ ਨਾਮ ਧਨ ਬਣਾਈ ਬੈਠਾ ਹੈ ਭਾਵ ਹਰ ਕੋਈ ਅਲਪ ਮਤਿ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ। ਜਦ ਤਕ ਅਸੀਂ ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਜੁੜੇ ਹੋਏ ਹਾਂ ਭਾਵ ਮਨ ਦੇ ਮਾੜੇ ਧਨ ਨਾਲ ਜੁੜੇ ਹੋਏ ਹਾਂ ਉਸੇ ਕਰਕੇ ਸਾਨੂੰ ਲੰਪਟ ਚੋਰ ਕਿਹਾ ਹੈ, ਗੁਰੂ ਦਾ ਨਿੰਦਕ ਕਿਹਾ ਹੈ, ਵੱਡਾ ਨਿੰਦਕ ਕਿਹਾ ਹੈ। ਮਨ ਦੇ ਮਾੜੇ ਵਿਚਾਰਾਂ ਕਰਕੇ ਭਾਵ ਜਦ ਤਕ ਸਾਡੇ ਅੰਦਰ ਅਉਗੁਣ ਹਨ ਅਸੀਂ ਆਪਣੇ ਅੰਦਰੋਂ ਗੁਣਾਂ ਦੇ ਚੋਰ ਹਾਂ, ਨਾਮ ਦੇ ਚੋਰ ਹਾਂ ਜਿਨ੍ਹਾਂ ਕਰਕੇ ਸਾਡੀ ਵਿਚਰਨ ਮਾੜੀ ਹੁੰਦੀ ਹੈ ਤੇ ਅਸੀਂ ਗੁਰੂ ਦੇ, ਸੰਤ ਦੇ ਨਿੰਦਕ ਬਣਦੇ ਹਾਂ। ਜਿਤਨੇ ਕੋਈ ਮਾੜੇ ਕਰਮ ਕਰਦਾ ਹੈ ਭਾਵ ਜਿਤਨਾ ਕੋਈ ਮਨਮਤਿ ਦੁਆਰਾ ਵਿਚਰਦਾ ਹੈ ਉਹ ਉਤਨਾ ਵੱਡਾ ਗੁਰੂ ਦਾ ਨਿੰਦਕ ਹੈ। **(ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥)**

ਸਾਡੀ ਅਗਿਆਨਤਾ ਵਾਲੀ ਮਤਿ ਭਾਵ ਸਾਡੇ ਅੰਦਰ ਦਾ ਮਾਇਆ ਮੋਹ ਭਾਵ ਸਾਡੇ ਅੰਦਰ ਦੇ ਵਿਚਾਰ ਸਾਡੇ ਵੱਸ ਨਹੀਂ ਹਨ। ਇਹਨਾਂ ਵਿੱਚੋਂ ਨਿਕਲਣ ਦਾ ਉੱਦਮ ਸਾਡੇ ਨਾਮ ਹੀ ਹੈ ਜੋ ਕਿ ਮਾਇਆ ਦੇ ਸੁੱਖ ਵੀ ਅਸੀਂ ਹੀ ਭੋਗਦੇ ਹਾਂ। ਜਿਸ ਗੁਰੂ ਪ੍ਰਮਾਤਮਾ ਨੇ ਇਹ ਉੱਦਮ ਸਾਡੇ ਨਾਮ ਲਗਾਇਆ ਹੋਇਆ ਹੈ ਉਸਦੀ ਵਜ੍ਹਾ ਉਹ ਆਪ ਹੀ ਜਾਣਦਾ ਹੈ ਤੇ ਸਾਡਾ ਫਰਜ ਇਹ ਹੀ ਬਣਦਾ ਹੈ ਕਿ ਅਸੀਂ ਆਪਣਾ ਫਰਜ ਨਿਭਾਈਏ। ਮਨ ਦੀ ਅਗਿਆਨਤਾ ਵਿੱਚੋਂ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਆਪ ਹੀ ਕਿਸੇ ਤੇ ਕਿਰਪਾ ਕਰਕੇ ਕੱਢਦਾ ਹੈ ਤੇ ਕਿਵੇਂ ਕੱਢਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥”

ਉਪਰ ਪਹਿਲੀ ਪੰਗਤੀ ਰਾਹੀਂ ਇਸ ਗੱਲ ਨੂੰ ਸਮਝੋ ਕਿ ਅਸੀਂ ਖੋਟੇ ਕਿਸ ਕਰਕੇ ਹਾਂ ਤੇ ਖਰੇ ਹੋਣਾ ਕੀ ਹੈ। ਆਪਣੇ ਮਨ ਦੀ ਸਮਝ ਦੁਆਰਾ ਹੀ ਅਸੀਂ ਖੋਟੇ ਹਾਂ ਤੇ ਆਪਣੇ ਮਨ ਦੀ ਸਮਝ ਦੁਆਰਾ ਹੀ ਅਸੀਂ ਖਰੇ ਬਣਦੇ ਹਾਂ। ਸਾਡੀ ਸਮਝ ਹੀ ਸਾਡਾ ਧਨ ਹੈ ਭਾਵ ਸਾਡੀ ਪੂੰਜੀ ਹੈ, ਸਾਡੀ ਰਾਸਿ ਹੈ। ਸਾਡੇ ਮਨ ਦੇ ਮਾੜੇ ਵਿਚਾਰ ਸਾਡੀ ਖੋਟੀ ਰਾਸਿ ਹੈ ਤੇ ਸਾਡੇ ਚੰਗੇ ਵਿਚਾਰ ਸਾਡੀ ਖਰੀ ਰਾਸਿ ਹੈ। ਸਾਡੀ

ਰਾਸਿ ਖੋਟੀ ਹੈ ਗੁਰੂ ਦੀ ਰਾਸਿ ਖਰੀ ਹੈ। ਜੇਕਰ ਅਸੀਂ ਖਰੀ ਰਾਸਿ ਨਾਲ ਸੰਗ ਕਰਾਂਗੇ ਤਾਂ ਫਿਰ ਖੋਟੇ ਵਿਚਾਰ ਖਰੇ ਵਿਚਾਰਾਂ ਵਿੱਚ ਬਦਲ ਜਾਣਗੇ। ਜਦੋਂ ਪ੍ਰਮਾਤਮਾ ਕਿਸੇ ਤੇ ਆਪਣੀ ਬਖਸ਼ਿਸ਼ ਕਰਦਾ ਹੈ, ਕਿਰਪਾ ਕਰਦਾ ਹੈ ਉਹ ਮਨ ਦੇ ਵਿੱਚ ਉਸਦੇ ਨਾਲ ਆਪਣਾ ਸੰਗ ਹੀ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਸੰਗ ਹੀ ਕਰਦਾ ਹੈ ਜਿਸ ਦੁਆਰਾ ਉਹ ਮਨੁੱਖ ਦੀ ਅਗਿਆਨਤਾ ਵਾਲੀ ਮਾੜੀ ਮਤਿ ਨੂੰ, ਮਾੜੇ ਵਿਚਾਰਾਂ ਵਾਲੀ ਮਤਿ ਨੂੰ ਗੁਰਮਤਿ ਵਾਲੇ ਸੱਚੇ ਵਿਚਾਰ ਦੇਣ ਦੁਆਰਾ ਸੱਚੇ ਗਿਆਨ ਵਾਲੀ ਮਤਿ ਬਣਾ ਦਿੰਦਾ ਹੈ ਭਾਵ ਮਨ ਦੇ ਖੋਟੇ ਵਿਚਾਰਾਂ ਨੂੰ ਖਰੇ ਵਿਚਾਰ ਬਣਾ ਦਿੰਦਾ ਹੈ। ਸਾਡੇ ਮਨ ਦੇ ਖੋਟੇ ਵਿਚਾਰ, ਅਗਿਆਨਤਾ ਵਾਲੇ ਮਾੜੇ ਵਿਚਾਰ ਸਾਡੇ ਅੰਦਰ ਦੇ ਪਾਹਨ ਹਨ ਭਾਵ ਪੱਥਰ ਹਨ ਜੋ ਸਾਨੂੰ ਮਨ ਦੀ ਅਗਿਆਨਤਾ ਵਿੱਚ ਡੁਬੋ ਕੇ ਰੱਖਦੇ ਹਨ, ਅਗਿਆਨਤਾ ਰੂਪ ਮਾਇਆ ਦੇ ਸਾਗਰ ਵਿੱਚ ਡੁਬੋਈ ਰੱਖਦੇ ਹਨ। ਪ੍ਰਮਾਤਮਾ ਅਗਿਆਨਤਾ ਵਾਲੇ ਵਿਚਾਰਾਂ ਨੂੰ, ਸਾਡੇ ਅੰਦਰ ਦੇ ਪੱਥਰਾਂ ਨੂੰ ਆਪਣੇ ਸੱਚੇ ਗਿਆਨ ਦੀ ਮਤਿ ਦੁਆਰਾ ਤਾਰ ਦਿੰਦਾ ਹੈ। ਪ੍ਰਮਾਤਮਾ ਇਹ ਆਪਣੀ ਕਿਰਪਾ ਮਨ ਦੇ ਵਿੱਚ ਪ੍ਰਗਟ ਹੋ ਕੇ ਕਰਦਾ ਹੈ ਜਿਸਨੇ ਆਪ ਹੀ ਸਭ ਨੂੰ ਅਗਿਆਨਤਾ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਤੇ ਉਹ ਆਪ ਹੀ ਕਿਸੇ ਨੂੰ ਇਸ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਸਭ ਜਗ੍ਹਾ ਆਪਣੇ ਗਿਆਨ ਰੂਪ ਦੁਆਰਾ ਵਿਚਰ ਰਿਹਾ ਹੈ। **(ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥)**

ਜਦ ਤਕ ਸਾਡੇ ਅੰਦਰ ਦੀ ਸੰਪੈ ਮਾੜੀ ਹੈ ਭਾਵ ਸਾਡੇ ਮਨ ਦੇ ਵਿਚਾਰ ਮਾੜੇ ਹਨ, ਜਦ ਤਕ ਸਾਡੇ ਅੰਦਰ ਅਉਗੁਣ ਹਨ ਤਦ ਤਕ ਸਾਡੇ ਅੰਦਰ ਧਰਮ ਤੇ ਚੱਲਣ ਵਾਲੀ ਮਤਿ ਨਹੀਂ ਹੈ, ਗੁਰੂ ਦੀ ਸੇਵਾ ਵਾਲੀ ਮਤਿ ਨਹੀਂ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

“ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨ੍ਹੋ ਮੈ ਫੇਰਾ ॥
ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥੩॥ ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥”

(ਅੰਗ ੯੭੧)

ਸਭ ਤੋਂ ਪਹਿਲਾਂ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਸਾਡਾ ਪ੍ਰਮਾਤਮਾ ਦੇ ਸੰਤਾਂ ਦੇ ਦੁਆਰੇ ਤੇ ਭਾਵ ਗੁਰੂ ਦੇ ਦੁਆਰੇ ਤੇ ਜਾਣ ਦਾ ਮਕਸਦ ਕੀ ਹੈ। ਪਹਿਲਾਂ ਤਾਂ ਪ੍ਰਮਾਤਮਾ ਦੇ ਸੰਤਾਂ ਨੂੰ

42/5451

ਸਮਝਣ ਵਿੱਚ ਹੀ ਅਸੀਂ ਨਾਸਮਝ ਹਾਂ ਕਿ ਸੰਤਾਂ ਦੇ ਦੁਆਰੇ ਤੇ ਜਾਣਾ ਕੀ ਹੈ, ਸੰਤਾਂ ਦੇ ਘਰ ਵਿੱਚ ਜਾਣਾ ਕੀ ਹੈ। ਪ੍ਰਮਾਤਮਾ ਦੇ ਸੰਤ ਉਹ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਸੰਤ ਰੂਪ ਬਣਾਇਆ ਹੈ, ਆਪਣਾ ਭਗਤ ਰੂਪ ਬਣਾਇਆ ਹੈ ਭਾਵ ਆਪਣਾ ਗੁਰੂ ਰੂਪ ਬਣਾਇਆ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੰਤ ਰੂਪ ਹੈ, ਗੁਰੂ ਰੂਪ ਹੈ ਜਿਸ ਵਿੱਚ ਪ੍ਰਮਾਤਮਾ ਨੇ ਅਨੇਕਾਂ ਸਰੀਰਾਂ ਰਾਹੀਂ ਆਪਣਾ ਸੰਤ ਰੂਪ ਪ੍ਰਗਟ ਕਰਕੇ ਭਗਤੀ ਦਾ ਸੱਚਾ ਗਿਆਨ ਪਾਇਆ ਹੈ। ਪੂਰੀ ਗੁਰਬਾਣੀ ਉਸ ਸੰਤ ਰੂਪ ਪ੍ਰਮਾਤਮਾ ਦਾ ਘਰ ਹੈ। ਇਸੇ ਤਰ੍ਹਾਂ ਦੂਸਰੇ ਧਰਮ ਗ੍ਰੰਥ ਵੀ ਉਸ ਸੰਤ ਰੂਪ ਪ੍ਰਮਾਤਮਾ ਦਾ ਹੀ ਘਰ ਹਨ। ਹਰ ਧਰਮ ਗ੍ਰੰਥ ਉਸ ਪ੍ਰਮਾਤਮਾ ਦੀ ਕਥਾ ਹੀ ਕਰਦਾ ਹੈ ਜਿਸ ਕਥਾ ਦੁਆਰਾ ਉਹ ਸਾਨੂੰ ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਗੁਰਬਾਣੀ ਸਾਨੂੰ ਆਪਣੀ ਕਥਾ ਦੁਆਰਾ ਭਗਤੀ ਦਾ ਮਾਰਗ ਸਮਝਾਉਂਦੀ ਹੈ, ਧਰਮ ਦਾ ਮਾਰਗ ਸਮਝਾਉਂਦੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਸਮਝਾਉਂਦੀ ਹੈ। ਧਰਮ ਗ੍ਰੰਥਾਂ ਵਿੱਚੋਂ ਕਥਾ ਨੂੰ ਪੜਨ ਸੁਣਨ ਤਾਂ ਬਹੁਤ ਜਾਂਦੇ ਹਨ ਪਰ ਉਸਦੀ ਕਥਾ ਨੂੰ ਪੜਨ ਸੁਣਨ ਦਾ ਮਕਸਦ ਕੀ ਹੈ ਇਸ ਗੱਲ ਨੂੰ ਕੋਈ ਨਹੀਂ ਸਮਝਦਾ। ਗੁਰੂ ਦੀ ਕਥਾ ਨੂੰ ਸੁਣਨ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਛੱਡੀਏ ਜਿਨ੍ਹਾਂ ਕਰਕੇ ਅਸੀਂ ਪ੍ਰਮਾਤਮਾ ਦੇ ਲੰਪਟ ਚੋਰ ਬਣਦੇ ਹਾਂ, ਮਾੜੇ ਮਨੁੱਖ ਅਖਵਾਉਂਦੇ ਹਾਂ, ਮਾਇਆ ਮਦ ਵਾਲੇ ਅਖਵਾਉਂਦੇ ਹਾਂ। ਗੁਰੂ ਦੀ ਕਥਾ ਨੂੰ ਸੁਣਨ ਦਾ ਮਕਸਦ ਇਹਨਾਂ ਵਿਚਾਰਾਂ ਵਿੱਚੋਂ ਨਿਕਲਣ ਦਾ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਦਾ ਸੰਗ ਛੱਡਣ ਦਾ ਹੈ। ਜੇਕਰ ਅਸੀਂ ਗੁਰੂ ਦੇ ਘਰ ਵਿੱਚ ਜਿਤਨੇ ਮਰਜੀ ਫੇਰੇ ਲਗਾਈਏ, ਭਾਵੇਂ ਉਸਦੀ ਕਥਾ ਸੁਣੀਏ ਪਰ ਜੇਕਰ ਅਸੀਂ ਵਿਕਾਰਾਂ ਨੂੰ ਨਹੀਂ ਛੱਡਿਆ ਤਾਂ ਫਿਰ ਸਾਡਾ ਇੱਕ ਵੀ ਫੇਰਾ ਲੇਖੇ ਵਿੱਚ ਨਹੀਂ ਹੈ, ਕਥਾ ਸੁਣਨੀ ਲੇਖੇ ਵਿੱਚ ਨਹੀਂ ਹੈ। **(ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨ੍ਹੋ ਮੈ ਫੇਰਾ ॥ ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ॥੩॥)**

ਸਾਡੇ ਮਨ ਦੇ ਮਾੜੇ ਵਿਚਾਰ ਹੀ ਭਾਵ ਸਾਡੇ ਅੰਦਰ ਦੀ ਮਾੜੀ ਮਤਿ ਹੀ ਸਾਡੇ ਅੰਦਰ ਦੀ **“ਸੰਪੈ”** ਹੈ, ਸਾਡਾ ਸਮਝ ਰੂਪ ਧਨ ਹੈ ਜਿਸ ਧਨ ਨਾਲ ਜੁੜਿਆਂ ਅਸੀਂ ਧਰਮ ਦੇ ਮਾਰਗ ਤੇ ਰੱਤੀ ਭਰ ਵੀ ਨਹੀਂ ਚੱਲ ਸਕਦੇ ਜਿਵੇਂ ਕਿ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥”

42/5452

ਉਪਰ ਵਾਲੀਆਂ ਪੰਗਤੀਆਂ ਪੜਨ ਦੁਆਰਾ ਦੱਸੋ ਕਿਸਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਧਰਮ ਦਾ ਮਾਰਗ ਕੀ ਹੈ ਤੇ ਗੁਰੂ ਦੀ ਸੇਵਾ ਕਰਨੀ ਕੀ ਹੈ। ਵੱਡੇ ਵੱਡੇ ਧਰਮ ਦੇ ਗਿਆਨਵਾਨ ਅਖਵਾਉਂਣ ਵਾਲੇ ਕੀ ਇਸ ਗੱਲ ਨੂੰ ਨਹੀਂ ਸਮਝਦੇ ਤੇ ਉਸਦੇ ਬਾਅਦ ਵੀ ਉਹ ਦੂਸਰਿਆਂ ਨੂੰ ਕੀ ਕੁਝ ਸਮਝਾਉਂਦੇ ਹਨ ਇਹ ਸਭ ਕੁਝ ਅਸੀਂ ਜਾਣਦੇ ਹੀ ਹਾਂ ਜੋ ਸਭ ਪਾਸੇ ਦੇਖਣ ਨੂੰ ਮਿਲਦਾ ਹੈ। ਕੀ ਇਹੋ ਜਿਹੇ ਧਰਮ ਦੇ ਮਾਰਗ ਤੇ ਚੱਲਣ ਲਈ, ਗੁਰੂ ਦੀ ਸੇਵਾ ਕਰਨ ਲਈ ਕਿਸੇ ਸਰੀਰਕ ਜਪ ਤਪ ਦੀ ਲੋੜ ਹੈ, ਹਰ ਵੇਲੇ ਕਥਨੀ

ਕਰੀ ਜਾਣ ਦੀ ਲੋੜ ਹੈ ਜਾਂ ਕਿਸੇ ਖਾਸ ਵਿਧੀਆਂ ਦੁਆਰਾ ਧਰਮ ਦੇ ਮਾਰਗ ਤੇ ਚੱਲਣ ਦੀ ਲੋੜ ਹੈ। ਸਾਰੇ ਸੰਸਾਰ ਲਈ ਧਰਮ ਦਾ ਮਾਰਗ ਇੱਕੋ ਜਿਹਾ ਹੀ ਹੈ, ਭਗਤੀ ਦਾ ਮਾਰਗ ਇੱਕੋ ਜਿਹਾ ਹੀ ਹੈ, ਗੁਰੂ ਦੀ ਸੇਵਾ ਦਾ ਮਾਰਗ ਇੱਕੋ ਜਿਹਾ ਹੀ ਹੈ। ਸਾਰੀ ਗੱਲ ਆਪਣੇ ਅੰਦਰੋਂ ਮਾੜੇ ਵਿਚਾਰਾਂ ਨੂੰ ਛੱਡਣ ਦੀ ਹੈ, ਕਾਮ, ਕ੍ਰੋਧ, ਮਾਇਆ ਮਦ, ਮਤਸਰ ਨੂੰ ਛੱਡਣ ਦੀ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਨੂੰ ਤਿਆਗਣ ਦੀ ਹੈ ਭਾਵ ਅਉਗੁਣਾਂ ਨੂੰ ਤਿਆਗਕੇ ਗੁਣਾਂ ਨੂੰ ਅਪਨਾਉਂਣ ਦੀ ਹੈ ਜੋ ਗੁਣ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ। ਅਉਗੁਣਾਂ ਦੇ ਰਹਿੰਦਿਆਂ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਅਉਗੁਣਾਂ ਨੂੰ ਤਿਆਗਣ ਦੁਆਰਾ ਅਸੀਂ ਗੁਣਾਂ ਵਾਲੇ ਵਿਚਾਰਾਂ ਵਾਲੇ ਬਣ ਜਾਂਦੇ ਹਾਂ ਜਿਸ ਦੁਆਰਾ ਅਸੀਂ ਕੇਵਲ ਤੇ ਕੇਵਲ ਚੰਗੇ ਕਰਮ ਹੀ ਕਰਦੇ ਹਾਂ ਜੋ ਕਿ ਧਰਮ ਦਾ ਮਾਰਗ ਹੈ, ਗੁਰੂ ਦੀ ਸੇਵਾ ਦਾ ਮਾਰਗ ਹੈ। ਮਾੜੇ ਕਰਮ ਕਰਨ ਦੁਆਰਾ ਅਸੀਂ ਅਨੇਕਾਂ ਨੂੰ ਦੁੱਖ ਦਿੰਦੇ ਹਾਂ, ਅਨੇਕਾਂ ਦੇ ਦਿਲ ਦੁਖਾਉਂਦੇ ਹਾਂ, ਅਨੇਕਾਂ ਦਾ ਮਾੜਾ ਕਰਦੇ ਹਾਂ ਭਾਵ ਸਾਨੂੰ ਕਿਸੇ ਤੇ ਦਇਆ ਨਹੀਂ ਆਉਂਦੀ। ਮਾੜੇ ਕਰਮ ਛੱਡਣ ਦੁਆਰਾ ਹੀ ਅਸੀਂ ਦਇਆ ਵਾਲੇ ਬਣਦੇ ਹਾਂ ਭਾਵ ਸਾਰੀ ਗੱਲ ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰਨ ਦੀ ਹੈ ਜਿਸ ਵਿੱਚ ਦਇਆ, ਧਰਮ, ਭਗਤੀ, ਗੁਰੂ ਦੀ ਸੇਵਾ ਆਦਿ ਸਭ ਕੁਝ ਆ ਜਾਂਦਾ ਹੈ। ਕਹਿਣ ਨੂੰ ਤਾਂ ਭਗਤੀ ਵਾਲੇ, ਧਰਮ ਵਾਲੇ ਅਨੇਕਾਂ ਹੀ ਅਖਵਾਉਂਦੇ ਹਨ, ਗੁਰੂ ਦੀ ਸੇਵਾ ਵਾਲੇ ਅਖਵਾਉਂਦੇ ਹਨ ਪਰ ਜੇਕਰ ਉਹ ਕਰਮ ਮਾੜੇ ਕਰਦੇ ਹਨ ਤਾਂ ਫਿਰ ਉੱਥੇ ਧਰਮ ਦਾ ਮਾਰਗ ਸੁਪਨੇ ਵਿੱਚ ਵੀ ਨਹੀਂ ਹੈ। ਕਹਿਣ ਨੂੰ ਤਾਂ ਨਾਮ ਧਨ ਵਾਲੇ ਅਨੇਕਾਂ ਹੀ ਅਨੇਕਾਂ ਹਨ ਪਰ ਅੰਦਰ ਧਨ ਕਿਸ ਰੂਪ ਵਿੱਚ ਹੈ ਭਾਵ ਜੇਕਰ ਉਹ ਮਾੜੇ ਕਰਮ ਕਰਦੇ ਹਨ ਤਾਂ

42/5453

ਫਿਰ ਉਹ ਸੁਪਨੇ ਵਿੱਚ ਵੀ ਨਾਮ ਵਾਲੇ ਨਹੀਂ ਹਨ, ਗੁਰਮਤਿ ਵਾਲੇ ਨਹੀਂ ਹਨ, ਭਾਵੇਂ ਉਹ ਦਿਨ ਰਾਤ ਗੁਰੂ ਗੁਰੂ ਕਰਦੇ ਹਨ ਪਰ ਉਹ ਸੁਪਨੇ ਵਿੱਚ ਵੀ ਗੁਰੂ ਵਾਲੇ ਨਹੀਂ ਹਨ ਭਾਵ ਗੁਰੂ ਦੀ ਮਤਿ ਨੂੰ ਮੰਨਣ ਤੋਂ ਬਹੁਤ ਦੂਰ ਹਨ, ਦਇਆ, ਧਰਮ, ਗੁਰੂ ਦੀ ਸੇਵਾ ਤੋਂ ਬਹੁਤ ਦੂਰ ਹਨ ਭਾਵ ਸਭ ਪਾਸੇ ਭਰਮ ਹੀ ਹੈ, ਝੂਠੀ ਮਤਿ ਦਾ ਧਨ ਹੀ ਹੈ। **(ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥ ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥)**

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ ੧੧੯੮)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥}

(ਅੰਗ ੫੬)

ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਨੂੰ ਕਿਸ ਸੰਤ ਕੋਲ ਜਾਣਾ ਚਾਹੀਦਾ ਹੈ ਜੋ ਸਾਨੂੰ ਸੱਚੀ ਸਿੱਖਿਆ ਦੇ ਸਕੇ ਤੇ ਸਾਡੇ ਅੰਦਰੋਂ ਮਾੜੇ ਵਿਚਾਰਾਂ ਨੂੰ ਕੱਢ ਕੇ ਸਾਨੂੰ ਧਰਮ ਦੇ ਮਾਰਗ ਨਾਲ ਜੋੜੇ। ਸਾਡੇ ਅੰਦਰ ਦੀ ਸੰਪੈ ਭਾਵ ਸਾਡੇ ਅੰਦਰ ਦਾ ਧਨ ਮਾੜਾ ਧਨ ਹੈ ਭਾਵ ਸਾਡੇ ਅੰਦਰ ਦੀ ਸਮਝ ਭਰਮਾਂ ਵਿੱਚ ਹੈ ਜਿਸ ਕਰਕੇ ਸਾਡਾ ਧਨ ਭਾਵ ਸਾਡੇ ਅੰਦਰ ਦੀ ਰਾਸਿ ਮਾੜੀ ਹੈ। ਸਾਡੇ ਅੰਦਰ ਦੀ ਮਾੜੀ ਰਾਸਿ ਉਹੀ ਕੱਢ ਸਕਦਾ ਹੈ ਜਿਸਦੇ ਕੋਲ ਚੰਗੀ ਰਾਸਿ ਹੈ। ਚੰਗੀ ਰਾਸਿ ਭਾਵ ਚੰਗੀ ਮਤਿ ਉਹ ਹੈ ਜਿਸਦੇ ਕੋਲ ਸਚੁ ਰੂਪ ਧਨ ਹੈ। ਸੱਚ ਭਰਮਾਂ ਤੋਂ ਰਹਿਤ ਹੁੰਦਾ ਹੈ ਜੋ ਸਾਡੇ ਅੰਦਰੋਂ ਖੋਟੀ ਰਾਸਿ ਨੂੰ ਕੱਢਦਾ ਹੈ। ਸੰਤ ਉਹੀ ਹੈ ਜਿਸਦੇ ਕੋਲ ਸੱਚੀ ਰਾਸਿ ਹੈ ਭਾਵ ਸੱਚਾ ਗਿਆਨ ਹੈ ਜੋ ਗਿਆਨ ਹਰ ਭਰਮ ਤੋਂ ਰਹਿਤ ਹੈ ਭਾਵ ਜਿਸ ਸੱਚੀ ਰਾਸਿ ਦੁਆਰਾ ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਇਹ ਰਾਸਿ ਕੇਵਲ ਗੁਰੂ ਰੂਪ ਸੰਤ ਕੋਲੋਂ ਮਿਲਦੀ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਆਪਣੇ ਆਪ ਨੂੰ ਸੰਤ ਅਖਵਾਉਂਣ ਵਾਲੇ ਤਾਂ ਬਹੁਤ ਹਨ ਪਰ ਸੱਚੀ ਰਾਸਿ ਕਿਸਨੂੰ ਕਹਿੰਦੇ ਹਨ ਇਸ ਗੱਲ ਦੀ ਉਹਨਾਂ ਨੂੰ ਸਮਝ ਨਹੀਂ ਹੁੰਦੀ।

ਜੋ ਆਪ ਭਰਮਾਂ ਵਾਲੀ ਮਤਿ ਵਿੱਚ ਹਨ ਉਹਨਾਂ ਨੇ ਦੂਸਰਿਆਂ ਦੇ ਭਰਮ ਕੀ ਕੱਢਣੇ ਹਨ। ਸੱਚੀ ਰਾਸਿ ਉਹ ਹੈ ਜੋ ਸਾਡੇ ਮਨ ਨੂੰ ਸੁੱਚਾ ਕਰਦੀ ਹੈ, ਸਾਡੇ ਅੰਦਰੋਂ ਅਗਿਆਨਤਾ ਦੀ ਮੱਲ ਕੱਢ ਕੇ ਸੱਚੇ ਗਿਆਨ ਨਾਲ ਸੁੱਚਾ ਕਰਦੀ ਹੈ। ਇਹ ਸੱਚੀ ਰਾਸਿ ਕੇਵਲ ਗੁਰੂ ਰੂਪ ਸੰਤ ਦੇ ਕੋਲ ਹੈ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਨਾਲ ਜੋੜ ਸਕਦਾ ਹੈ ਭਾਵ ਧਰਮ ਦੇ ਮਾਰਗ

ਦੀ ਸਿੱਖਿਆ ਲੈਣ ਲਈ ਕੇਵਲ ਗੁਰੂ ਰੂਪ ਸੰਤ ਕੋਲ ਜਾਣਾ ਚਾਹੀਦਾ ਹੈ ਤੇ ਹੋਰਾਂ ਦੇ ਦਰ ਤੋਂ ਨਹੀਂ ਭਟਕਣਾ ਚਾਹੀਦਾ ਜੋ ਆਪਣੇ ਆਪ ਨੂੰ ਭਰਮ ਵਿੱਚ ਹੀ ਸੰਤ ਬਣਾਈ ਬੈਠੇ ਹਨ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਸਲੋਕੁ ॥

“ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥ ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥੧॥”

(ਅੰਗ ੨੫੦)

ਪਵੜੀ ॥

“ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥ ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥ ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥ ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥”

(ਅੰਗ ੨੫੦)

ਸਾਡੇ ਅੰਦਰ ਦਾ ਮਾੜਾ ਧਨ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ ਮਾੜਾ ਧਨ ਉਹ ਹੈ ਜੋ ਸਾਨੂੰ ਝੂਠੀ ਮਤਿ ਦੇ ਨਾਲ ਜੋੜਦਾ ਹੈ ਭਾਵ ਸਾਨੂੰ ਜੋ ਸੱਚ ਸਮਝਣ ਤੋਂ ਦੂਰ ਰੱਖਦਾ ਹੈ। ਮਨੁੱਖੀ ਮਤਿ ਵਿੱਚ ਤੇ ਗੁਰੂ ਦੀ ਮਤਿ ਵਿੱਚ ਇਹੀ ਫਰਕ ਹੈ। ਗੁਰੂ ਕੋਲ ਸੱਚ ਦਾ ਧਨ ਹੈ ਭਾਵ ਸੱਚੀ ਮਤਿ ਦਾ ਧਨ ਹੈ, ਸੱਚੇ ਗਿਆਨ ਵਾਲੀ ਮਤਿ ਦਾ ਧਨ ਹੈ ਜੋ ਮਨ ਦਾ ਗਿਆਨ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ ਕਿਉਂਕਿ ਮਨੁੱਖ ਕੋਲ ਇਹ ਸੱਚੀ ਸਮਝ ਨਹੀਂ ਹੈ। ਅਸਲ ਸਾਹ ਭਾਵ ਧਨ ਵਾਲਾ ਉਹ ਹੈ, ਭਾਗਾਂ ਵਾਲਾ ਉਹ ਹੈ ਜਿਸਦੇ ਕੋਲ **“ਸਚੁ”** ਰੂਪ ਧਨ ਹੈ ਭਾਵ ਨਾਮ ਰੂਪ ਧਨ ਹੈ। ਇਹ ਸੱਚਾ ਧਨ ਹੀ ਪ੍ਰਮਾਤਮਾ ਦੀ ਦਿੱਤੀ ਹੋਈ ਰਾਸਿ ਹੈ ਭਾਵ **“ਹਰਿ ਰਾਸਿ”** ਹੈ ਭਾਵ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸੱਚੇ ਗਿਆਨ ਦੀ ਪੂੰਜੀ ਹੈ ਜੋ ਪੂੰਜੀ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤੀ ਹੈ, ਆਪਣੀ ਇਹ ਰਾਸਿ ਸਉਂਪੀ ਹੈ, ਆਪਣਾ ਸੰਤ ਰੂਪ ਧਾਰ ਕੇ ਦਿੱਤੀ ਹੈ, ਗੁਰੂ ਰੂਪ ਧਾਰ ਕੇ ਦਿੱਤੀ ਹੈ। ਇਸ ਸੱਚੀ ਰਾਸਿ ਦੀ ਪ੍ਰਾਪਤੀ ਅਸੀਂ ਉੱਥੋਂ ਹੀ ਕਰ ਸਕਦੇ ਹਾਂ ਜਿੱਥੇ ਪ੍ਰਮਾਤਮਾ ਨੇ ਆਪਣੀ ਇਹ ਰਾਸਿ ਦਿੱਤੀ ਹੋਈ ਹੈ, ਆਪਣੇ ਸੰਤਾਂ ਦੇ ਰਾਹੀਂ ਦਿੱਤੀ ਹੋਈ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਸੰਤਾਂ ਦੀ ਪਾਈ ਹੋਈ ਰਾਸਿ ਹੀ ਹੈ ਜੋ ਰਾਸਿ ਉਹਨਾਂ ਨੂੰ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਦਿੱਤੀ ਹੈ। ਇਹ ਰਾਸਿ ਮਨ ਦੇ ਵਿੱਚ ਆਪਣਾ ਪੂਰਨ ਸੱਚ ਸਮਝਾਉਂਦੀ ਹੈ, ਪ੍ਰਮਾਤਮਾ ਦਾ ਸੱਚ ਸਮਝਾਉਂਦੀ ਹੈ, ਸੰਸਾਰ ਦਾ ਸੱਚ ਸਮਝਾਉਂਦੀ ਹੈ, ਭਗਤੀ ਦਾ

ਸੱਚ ਸਮਝਾਉਂਦੀ ਹੈ ਜਿਸ ਸੱਚ ਤੋ ਬਾਹਰ ਹੋਰ ਕੁਝ ਨਹੀਂ ਹੋ ਸਕਦਾ। ਇਸ ਸੱਚ ਦਾ ਮਕਸਦ ਸਾਡੇ ਮਨ ਨੂੰ ਸੁੱਚੇ ਕਰਨ ਦਾ ਹੈ ਜਿਸ ਨਾਲ ਅਸੀਂ ਮਨ ਦੀ **“ਸੁਚਿ”** ਪ੍ਰਾਪਤ ਕਰਦੇ ਹਾਂ। ਸਾਡੇ ਅੰਦਰ ਮਨ ਦੇ ਭਰਮਾਂ ਦੀ ਜੂਠਿ ਹੈ ਜਿਸ ਜੂਠਿ ਵਿੱਚੋਂ ਸਾਨੂੰ ਮਨ ਦੀ ਸੱਚੀ ਸਮਝ ਕੱਢ ਲੈਂਦੀ ਹੈ ਭਾਵ ਮਨ ਦੀ ਹਰ ਅਗਿਆਨਤਾ ਵਿੱਚੋਂ ਸਾਨੂੰ **“ਸਚੁ”** ਕੱਢ ਲੈਂਦਾ ਹੈ। ਸਾਡੇ ਅੰਦਰ ਇਹ ਸੱਚ ਪ੍ਰਮਾਤਮਾ ਦਾ ਸੱਚਾ ਧਨ ਹੈ, **“ਹਰਿ ਰਾਸਿ”** ਹੈ ਜੋ ਧਨ ਸਾਨੂੰ ਕੇਵਲ ਗੁਰੂ ਰੂਪ ਸੰਤ ਦੇ ਦਵਾਰ ਤੋਂ ਮਿਲ ਸਕਦਾ ਹੈ। ਗੁਰੂ ਦੇ ਇਸ ਸੱਚੇ ਧਨ ਨੇ ਸਾਨੂੰ ਸਾਡੇ ਮਾੜੇ ਧਨ ਵਿੱਚੋਂ ਕੱਢਣਾ ਹੈ ਜਿਸ ਨਾਲ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਸਮਝਕੇ ਤੇ ਉਸ ਅਨੁਸਾਰ ਵਿਚਰਕੇ ਉਸ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ, ਉਸ **“ਸਚੁ”** ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ। ਜਿਨ੍ਹਾਂ ਦਾ ਉਸ **“ਸਚੁ”** ਰੂਪ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਇਆ ਹੈ ਉਹਨਾਂ ਨੂੰ ਹੀ ਉਸਨੇ **“ਸਚੁ”** ਰੂਪ ਰਾਸਿ ਦਿੱਤੀ ਹੈ, ਨਾਮ ਰੂਪ ਰਾਸਿ ਦਿੱਤੀ ਹੈ ਭਾਵ ਬ੍ਰਹਮ ਗਿਆਨ ਰੂਪ ਰਾਸਿ ਦਿੱਤੀ ਹੈ ਜੋ ਰਾਸਿ ਹਰ ਭਰਮ ਤੋਂ ਰਹਿਤ ਹੈ ਤੇ ਸਾਡੇ ਮਨ

ਦੀ ਅਗਿਆਨਤਾ ਰੂਪ ਮੈਲ ਨੂੰ ਧੋ ਕੇ ਉਸਨੂੰ ਸੁੱਚਿਆਂ ਕਰਦੀ ਹੈ। ਅਸੀਂ ਗੁਰੂ ਦਾ ਸੱਚਾ ਗਿਆਨ ਲੈ ਕੇ ਆਪਣੀ ਮਨ ਦੀ ਮੈਲ ਨੂੰ ਧੋਣ ਦਾ ਉੱਦਮ ਹੀ ਕਰਨਾ ਹੈ ਭਾਵ ਸੱਚ ਨਾਲ ਜੁੜਨ ਦਾ ਉੱਦਮ ਹੀ ਕਰਨਾ ਹੇ ਤੇ ਉਹ **"ਸਚੁ"** ਰੂਪ ਪ੍ਰਮਾਤਮਾ ਆਪ ਹੀ ਆਪਣੀ ਕਿਰਪਾ ਦੁਆਰਾ ਕਿਸੇ ਨੂੰ ਆਪਣੀ ਸੱਚੀ ਰਾਸਿ ਬਖਸ਼ਦਾ ਹੈ, ਆਪਣੇ ਮੇਲ ਦੁਆਰਾ ਬਖਸ਼ਦਾ ਹੈ। **(ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥ ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥੧॥)**

ਜਿਸਨੂੰ ਸਚੁ ਰੂਪ ਰਾਸਿ ਮਿਲ ਜਾਂਦੀ ਹੈ ਉਸਨੂੰ ਫਿਰ ਇਹ ਵੀ ਸਮਝ ਪੈ ਜਾਂਦੀ ਹੈ ਕਿ ਸੱਚ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਸਭ ਜਗ੍ਹਾ ਪ੍ਰਮਾਤਮਾ ਦਾ ਸੱਚ ਹੀ ਵਰਤ ਰਿਹਾ ਹੈ ਭਾਵ ਉਸਦਾ ਸੱਚਾ ਗਿਆਨ ਹੀ ਵਰਤ ਰਿਹਾ ਹੈ ਜਿਵੇਂ ਕਿ ਸਾਨੂੰ ਸਲੋਕ ਦੀ ਪਉੜੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥"

ਜਿਸਨੂੰ ਮਨ ਵਿੱਚ ਸੱਚੀ ਰਾਸਿ ਮਿਲਦੀ ਹੈ ਭਾਵ ਸੱਚੇ ਗਿਆਨ ਵਾਲੀ ਮਤਿ ਮਿਲਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਿਲੀ ਹੈ, ਉਹਨਾਂ ਨੂੰ ਹੀ ਇਹ ਸਮਝ ਪੈਂਦੀ ਹੈ

ਕਿ ਸੱਚੀ ਰਾਸਿ ਦੇਣ ਵਾਲਾ ਕਉਣ ਹੈ ਤੇ ਉਹ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ। ਪ੍ਰਮਾਤਮਾ ਜੋ ਰਾਸਿ ਮਨ ਦੇ ਅੰਦਰ ਬਖਸ਼ਦਾ ਹੈ ਭਾਵ ਜੋ **"ਸੱਚਾ ਗਿਆਨ"** ਬਖਸ਼ਦਾ ਹੈ, ਬ੍ਰਹਮ ਗਿਆਨ ਬਖਸ਼ਦਾ ਹੈ, ਪ੍ਰਮਾਤਮਾ ਆਪ ਸਾਡੇ ਅੰਦਰ ਉਸੇ ਰੂਪ ਵਿੱਚ ਹੀ ਹੈ ਭਾਵ ਸੱਚ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਦਾ ਸਚੁ ਰੂਪ ਹੀ ਉਸਦਾ **"ਸਤਿ"** ਰੂਪ ਹੈ। ਸਤਿ ਰੂਪ ਉਸਦਾ ਪੂਰਨ ਸੱਚ ਵਾਲਾ ਰੂਪ ਹੈ ਭਾਵ ਪੂਰਨ ਤੱਤ ਵਾਲਾ ਰੂਪ ਹੈ, ਪੂਰਨ ਨਿਚੋੜ ਵਾਲਾ ਰੂਪ ਹੈ ਜਿਸ ਤੋਂ ਉਪਰ ਹੋਰ ਕਹਿਣ ਨੂੰ ਕੁਝ ਨਹੀਂ ਬੱਚਦਾ। ਬ੍ਰਹਮ ਗਿਆਨ ਤੋਂ ਉਪਰ ਹੋਰ ਕੁਝ ਨਹੀਂ ਹੈ ਭਾਵ ਜਿੱਥੇ ਬ੍ਰਹਮ ਗਿਆਨ ਹੈ ਉੱਥੇ ਪੂਰਨ ਸੱਚ ਹੈ, ਪੂਰਨ ਸਤਿ ਹੈ ਭਾਵ ਹਰ ਗੱਲ ਦਾ ਪੂਰਨ ਨਿਚੋੜ ਹੈ ਭਾਵ ਪੂਰੀ ਪ੍ਰਫੈਕਸ਼ਨ ਹੈ, ਸਾਇੰਟਿਫਿਕ ਪ੍ਰਫੈਕਸ਼ਨ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪਣੇ ਇਸ ਸਤਿ ਰੂਪ ਵਿੱਚ ਹੀ ਵਿਚਰਦਾ ਹੈ, ਸਾਇੰਟਿਫਿਕ ਰੂਪ ਵਿੱਚ ਹੀ ਵਿਚਰਦਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਸਾਇੰਟਿਫਿਕ ਰੂਪ ਹੈ ਤੇ ਸੰਸਾਰ ਵਿੱਚ ਐਸਾ ਕੁਛ ਵੀ ਨਹੀਂ ਹੈ ਜੋ ਪ੍ਰਮਾਤਮਾ ਦੇ ਸਾਇੰਟਿਫਿਕ ਰੂਪ ਤੋਂ ਵੱਖਰਾ ਹੋਵੇ। ਇਸ ਗੱਲ ਦੀ ਸਮਝ ਮਨ ਦੇ ਵਿੱਚੋਂ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜਿਸਨੂੰ ਉਹ ਆਪਣਾ ਸੰਤ ਰੂਪ ਬਣਾਉਂਦਾ ਹੈ ਮਨ ਦੇ ਵਿੱਚ ਆਪਣਾ ਇਹੋ ਜਿਹਾ **"ਸਤਿ"** ਸਮਝਾਉਂਣ ਦੁਆਰਾ ਹੀ ਪਾਉਂਦਾ ਹੈ ਤੇ ਸਮਝ ਲੱਗਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ। ਜਦ ਤਕ ਸਾਡੇ ਅੰਦਰ ਖੋਟੀ ਰਾਸਿ ਹੈ ਭਾਵ ਅਗਿਆਨਤਾ ਵਾਲੀ ਮਤਿ ਹੈ ਤਦ ਤਕ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਨਹੀਂ ਜਾਣ ਸਕਦਾ। ਉਸਨੂੰ ਉਹੀ ਜਾਣ ਸਕਦਾ ਹੈ ਜਿਸਨੂੰ ਉਹ ਆਪਣੀ ਸੱਚੀ ਰਾਸਿ ਬਖਸ਼ਦਾ ਹੈ, ਸੱਚੇ ਗਿਆਨ ਦੀ ਰਾਸਿ ਬਖਸ਼ਦਾ ਹੈ ਜੋ ਰਾਸਿ ਮਨੁੱਖ ਨੂੰ ਅਗਿਆਨਤਾ ਵਾਲੀ ਰਾਸਿ ਵਿੱਚੋਂ ਕੱਢਦੀ ਹੈ ਤੇ ਫਿਰ ਸਭ ਕੁਝ, ਸਭ ਵਿੱਚ ਪ੍ਰਮਾਤਮਾ ਹੀ ਨਜਰ ਆਉਂਦਾ ਹੈ। **(ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥)**

ਜਦੋਂ ਮਨੁੱਖ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਸਨੂੰ ਪਤਾ ਲੱਗ ਜਾਂਦਾ ਹੈ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਫਿਰ ਮਨ ਦੀ ਉਸ ਅਵਸਥਾ ਦੁਆਰਾ ਹੀ ਮਨੁੱਖ ਪ੍ਰਮਾਤਮਾ ਦੀ ਸ਼ਰਨ ਵਿੱਚ ਆਉਂਦਾ ਹੈ ਤੇ ਹਰ ਵੇਲੇ ਪ੍ਰਮਾਤਮਾ ਨੂੰ ਸਿਮਰਦਾ ਹੈ ਜਿਵੇਂ ਕਿ ਸ਼ਬਦ

ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥"

ਪ੍ਰਮਾਤਮਾ ਨੂੰ ਪਾ ਲੈਣਾ ਭਾਵ ਉਸਦੇ ਨਾਲ ਮੇਲ ਹੋ ਜਾਣਾ ਇਹੀ ਉਸਦੀ ਸ਼ਰਨ ਵਿੱਚ ਆਉਂਣਾ ਹੈ ਤੇ ਆਪਣੀ ਸ਼ਰਨ ਵਿੱਚ ਪ੍ਰਮਾਤਮਾ ਉਸੇ ਨੂੰ ਲਿਆਉਂਦਾ ਹੈ ਜਿਸਨੂੰ ਉਹ ਆਪ ਚਾਹੁੰਦਾ ਹੈ ਭਾਵ ਆਪਣੇ ਆਪ ਕੋਈ ਪ੍ਰਮਾਤਮਾ ਦੀ ਸ਼ਰਨ ਵਿੱਚ ਨਹੀਂ ਆ ਸਕਦਾ ਭਾਵ ਆਪਣੇ ਆਪ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਭਾਵ ਆਪਣੇ ਆਪ ਕੋਈ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦਾ। ਪ੍ਰਮਾਤਮਾ ਆਪ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ ਤੇ ਉਸਦੀ ਸ਼ਰਨ ਵਿੱਚ ਵੀ ਮਨੁੱਖੀ ਮਤਿ ਹੀ ਆਉਂਦੀ ਹੈ ਭਾਵ ਸਾਡੀ ਨਿਰੰਕਾਰ ਰੂਪ ਮਤਿ ਹੀ, ਅਗਿਆਨਤਾ ਵਾਲੀ ਮਤਿ ਹੀ ਸੱਚੇ ਗਿਆਨ ਦੇ ਮਤਿ ਦੀ ਸ਼ਰਨ ਵਿੱਚ ਆਉਂਦੀ ਹੈ ਭਾਵ

ਸਾਡੀ ਮਨ ਮਤਿ ਸੱਚੀ ਗੁਰਮਤਿ ਦੀ ਸ਼ਰਨ ਵਿੱਚ ਆਉਂਦੀ ਹੈ ਜਿਸ ਰਾਹੀਂ ਸਾਡੀ ਪਹਿਲੇ ਵਾਲੀ ਮਤਿ ਸੱਚੇ ਗਿਆਨ ਵਾਲੀ ਮਤਿ ਨੂੰ ਸਿਮਰਦੀ ਹੈ ਭਾਵ ਸੱਚੀ ਮਤਿ ਨੂੰ ਸਮਝਦੀ ਹੈ ਤੇ ਉਸਨੂੰ ਮੰਨਦੀ ਹੈ। ਪ੍ਰਮਾਤਮਾ ਆਪਣੀ ਸੱਚੀ ਮਤਿ ਦੁਆਰਾ ਸਾਨੂੰ ਮਨ ਦੇ ਵਿੱਚ ਆਪਣੇ ਸ਼ਬਦਾਂ ਦੀ ਵਿਚਾਰ ਦਿੰਦਾ ਹੈ ਜਿਨ੍ਹਾਂ ਵਿਚਾਰਾਂ ਨੂੰ ਸਾਡੀ ਮਤਿ ਸਿਮਰਦੀ ਹੈ, ਬਾਰ-ਬਾਰ ਸਿਮਰਦੀ ਹੈ ਭਾਵ ਅਨੇਕਾਂ ਹੀ ਸ਼ਬਦਾਂ ਦੀ ਵਿਚਾਰ ਨੂੰ ਸਮਝਦੀ ਹੈ, ਉਹਨਾਂ ਨੂੰ ਮੰਨਦੀ ਹੈ ਤੇ ਮਨੁੱਖ ਉਸੇ ਤਰੀਕੇ ਹੀ ਫਿਰ ਵਿਚਰਦਾ ਹੈ ਭਾਵ ਕਰਮ ਕਰਦਾ ਹੈ। ਪ੍ਰਮਾਤਮਾ ਦੇ ਗੁਣ ਗਾਉਂਣੇ ਗੁਰੂ ਦੀ ਸੱਚੀ ਮਤਿ ਅਨੁਸਾਰ ਵਿਚਰਨਾ ਹੀ ਹੈ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਿਸ ਤਰੀਕੇ ਪ੍ਰਮਾਤਮਾ ਨੂੰ ਸਿਮਰ ਕੇ ਉਸਦੇ ਗੁਣ ਗਾਏ ਹਨ ਉਹੋ ਜਿਹਾ ਸਿਮਰਨਾ, ਗੁਣ ਗਾਉਂਣਾ ਹੀ ਉਹਨਾਂ ਨੇ ਸੰਸਾਰ ਨੂੰ ਸੁਣਾਇਆ ਹੈ, ਪੂਰੀ ਗੁਰਬਾਣੀ ਰਾਹੀਂ ਸੁਣਾਇਆ ਹੈ ਜਿਸ ਰਾਹੀਂ ਉਹਨਾਂ ਨੇ ਪ੍ਰਮਾਤਮਾ ਦੇ ਸਿਮਰਨ ਦੀ ਸਿੱਖਿਆ ਦਿੱਤੀ ਹੈ, ਉਸਦੇ ਗੁਣ ਗਾਉਂਣੇ ਸਿਖਾਏ ਹਨ ਜੋ ਸਿੱਖਿਆ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਸਿਮਰਨ ਤੇ ਗੁਣ ਗਾਉਂਣੇ ਸਿਖਾਏ ਹਨ ਜੋ ਕਿ ਸਾਡੇ ਗੁਰਮਤਿ ਅਨੁਸਾਰ ਸੱਚੇ ਸੁੱਚੇ ਕਰਮ ਕਰਨਾ ਹੀ ਹੈ। **(ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥)**

42/5458

ਗੁਰੂ ਪ੍ਰਮਾਤਮਾ ਨੂੰ ਸਿਮਰਨਾ ਕੀ ਹੈ ਭਾਵ ਸਿਮਰਨ ਦੇ ਨਾਲ ਸਾਨੂੰ ਪ੍ਰਾਪਤੀ ਕੀ ਹੁੰਦੀ ਹੈ ਭਾਵ ਸਿਮਰਨ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ। ਜਿਵੇਂ ਕਿ ਅਸੀਂ ਬਾਰ-ਬਾਰ ਜਾਣਦੇ ਆ ਰਹੇ ਹਾਂ ਸਿਮਰਨ ਦਾ ਮਤਲਬ ਗੁਰੂ ਦੀ ਗੱਲ ਨੂੰ ਸਮਝਕੇ ਆਪਣੀ ਸਮਝ ਵਿੱਚ ਵਸਾਉਂਣ ਦਾ ਹੈ। ਸਾਡੀ ਮਤਿ ਸਹਿਸਾ ਵਾਲੀ ਹੈ, ਸੰਸੈ ਵਾਲੀ ਹੈ, ਭਰਮਾਂ ਨਾਲ ਭਰੀ ਹੋਈ ਹੈ। ਗੁਰੂ ਦੇ ਸ਼ਬਦਾਂ ਨੂੰ ਸਿਮਰਨ ਦਾ ਮਕਸਦ ਆਪਣੇ ਅੰਦਰੋਂ ਭਰਮਾਂ ਵਾਲੀ ਮਤਿ ਨੂੰ ਕੱਢਣ ਨਾਲ ਹੀ ਹੈ ਕਿਉਂਕਿ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ, ਅਗਿਆਨਤਾ ਵਾਲੀ ਸਮਝ ਹੈ। ਜਦ ਤਕ ਅਸੀਂ ਗੁਰੂ ਦੀ ਗੱਲ ਨੂੰ, ਗੁਰੂ ਦੀ ਸਮਝ ਨੂੰ ਆਪਣੀ ਸਮਝ ਦੇ ਵਿੱਚ ਨਹੀਂ ਸਿਮਰਦੇ ਤਦ ਤਕ ਅਸੀਂ ਭਰਮਾਂ ਵਾਲੀ ਮਤਿ ਦੇ ਵੱਸ ਵਿੱਚ ਰਹਿੰਦੇ ਹਾਂ ਭਾਵ ਸਾਡੇ ਅੰਦਰ ਮਾਇਆ ਮੋਹ ਦਾ ਜੋਰ ਚੱਲਦਾ ਹੈ। ਗੁਰੂ ਦੇ ਸ਼ਬਦਾਂ ਨੂੰ ਸਿਮਰਨ ਦਾ ਮਕਸਦ ਸਾਨੂੰ ਮਾਇਆ ਮੋਹ ਦੇ ਵੱਸ ਵਿੱਚੋਂ ਕੱਢਣ ਦਾ ਹੀ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤੇ ਸਾਡੇ ਮਨ ਦੇ ਭਰਮ ਤਾਂ ਹੀ ਨਿਕਲਣਗੇ ਜੇਕਰ ਅਸੀਂ ਗੁਰੂ ਦੀਆਂ ਸਮਝਾਈਆਂ ਹੋਈਆਂ ਗੱਲਾਂ ਨੂੰ ਮੰਨਾਂਗੇ ਤੇ ਜੇਕਰ ਅਸੀਂ ਖਾਲੀ ਕਥਨੀ ਵਿੱਚ ਹੀ ਪਏ ਰਹਾਂਗੇ ਭਾਵ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਦੀ ਕਥਨੀ ਕਰੀ ਜਾਵਾਂਗੇ, ਕਿਸੇ ਅੱਖਰ ਨੂੰ ਜੱਪੀ ਜਾਵਾਂਗੇ ਫਿਰ ਸਿਮਰਨ ਦਾ ਮਕਸਦ ਹੀ ਕੀ ਰਹਿ ਗਿਆ ਭਾਵ ਸਾਡੇ ਭਰਮ ਉੱਥੇ ਹੀ ਰਹੇ, ਸੰਸਾ ਉੱਥੇ ਹੀ ਰਹੀ, ਸਾਡੇ ਅੰਦਰ ਜੋਰ ਮਾਇਆ ਦਾ ਹੀ ਚੱਲਿਆ। ਜੋ ਅਸਲ ਵਿੱਚ ਗੁਰੂ ਦੇ ਸ਼ਬਦਾਂ ਦਾ ਸਿਮਰਨ ਕਰ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤਾ ਹੈ ਉਹਨਾਂ ਦੇ ਅੰਦਰ ਭਰਮਾਂ ਵਾਲੀ, ਮਾਇਆ ਵਾਲੀ ਮਤਿ ਦਾ ਜੋਰ ਮੁੱਕ ਜਾਂਦਾ ਹੈ। **(ਸੰਸੈ ਭਰਮੁ ਨਹੀ ਕਛੁ ਬਿਆਪਤ ॥)** ਜਦ ਤਕ ਸਾਡੇ ਅੰਦਰ ਭਰਮਾਂ ਵਾਲੀ ਮਤਿ ਹੈ ਭਾਵ ਮਾਇਆ ਹੈ, ਅਗਿਆਨਤਾ ਹੈ ਤਦ ਤਕ ਕੋਈ ਵੀ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਜਿਸਦਾ ਪ੍ਰਤਾਪ ਸਭ ਪਾਸੇ

42/5459

ਫੈਲਿਆ ਹੋਇਆ ਹੈ। ਭਰਮਾਂ ਵਾਲੀ ਮਤਿ ਆਪਣੇ ਅੰਦਰੋਂ ਨਿਕਲਣ ਦੁਆਰਾ ਹੀ ਪ੍ਰਮਾਤਮਾ ਆਪਣੇ ਅੰਦਰੋਂ ਨਜਰ ਆਉਂਦਾ ਹੈ ਤੇ ਸਭ ਵਿੱਚ, ਸਭ ਜਗ੍ਹਾ ਨਜਰ ਆਉਂਦਾ ਹੈ ਭਾਵ ਹਰ ਵਡਿਆਈ ਪ੍ਰਮਾਤਮਾ ਦੀ ਹੀ ਨਜਰ ਆਉਂਦੀ ਹੈ। ਆਪਣਾ ਮਨੁੱਖੀ ਪ੍ਰਤਾਪ ਤਦ ਤਕ ਹੀ ਨਜਰ ਆਉਂਦਾ ਹੈ ਜਦ ਤਕ ਮਨ ਦੇ ਅੰਦਰ ਅਗਿਆਨਤਾ ਹੈ। ਮਨ ਦੀ ਅਗਿਆਨਤਾ ਨਿਕਲਣ ਤੋਂ ਬਾਅਦ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਵੱਡਾ ਕਹਿ ਲਵੇ, ਸਮਝ ਲਵੇ ਜਾਂ ਅਖਵਾ ਲਵੇ ਇਹ ਨਹੀਂ ਹੋ ਸਕਦਾ। ਆਪਣੇ ਆਪ ਨੂੰ ਵੱਡਾ ਉਹੀ ਅਖਵਾ ਸਕਦਾ ਹੈ ਭਾਵ ਧਰਮ ਦੇ ਮਾਰਗ ਤੇ ਉੱਚਾ ਉਹੀ ਅਖਵਾ ਸਕਦਾ ਹੈ, ਆਪਣੇ ਆਪ ਨੂੰ ਸਾਧੂ, ਸੰਤ, ਮਹਾਤਮਾ, ਬ੍ਰਹਮ ਗਿਆਨੀ ਆਦਿ ਉਹੀ ਅਖਵਾ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਪ੍ਰਤਾਪ ਨੂੰ ਨਹੀਂ ਜਾਣਿਆ ਜੋ ਸਭ ਕੁਝ ਆਪ ਹੀ ਹੈ। **(ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥)**

ਆਪਣੇ ਆਪ ਨੂੰ ਸਾਧੂ, ਸੰਤ ਆਦਿ ਅਖਵਾਉਂਣ ਵਾਲੇ ਤਾਂ ਬਹੁਤ ਹਨ ਪਰ ਅਸਲ ਸਾਧੂ ਕਉਂਣ ਹੁੰਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥"

ਉਪਰ ਪਹਿਲੇ ਸਾਰੇ ਸ਼ਬਦ ਰਾਹੀਂ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਸਮਝੀ ਹੈ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਸ ਤਰੀਕੇ ਪਾਇਆ ਜਾਂਦਾ ਹੈ, ਸਿਮਰਿਆ ਜਾਂਦਾ ਹੈ। ਜੋ ਆਪਣੇ ਮਨ ਦੀ ਪਹੁੰਚ ਉਸ ਪ੍ਰਮਾਤਮਾ ਦੇ ਨਾਲ ਇਸ ਤਰੀਕੇ ਬਣਾਉਂਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਦਾ ਹੈ ਉਹੀ ਅਸਲ ਵਿੱਚ ਸਾਧੂ ਹੈ, ਸੰਤ ਹੈ ਜੋ ਕਿ ਪ੍ਰਮਾਤਮਾ ਦਾ ਹੀ ਆਪਣਾ ਗੁਰੂ ਰੂਪ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਵਾਲੇ ਇਹੋ ਜਿਹੇ ਸੱਚੇ ਸਾਧੂ ਸੱਚੇ ਮਾਣ ਦੇ ਹੱਕਦਾਰ ਹਨ ਜਿਨ੍ਹਾਂ ਤੋਂ ਸਾਨੂੰ ਬਲਿਹਾਰੇ ਜਾਣਾ ਚਾਹੀਦਾ ਹੈ, ਕੁਰਬਾਨ ਜਾਣਾ ਚਾਹੀਦਾ ਹੈ। ਉਹਨਾਂ ਤੋਂ ਕੁਰਬਾਨ ਤਾਂ ਸਾਡੀ ਮਤਿ ਨੇ ਹੀ ਜਾਣਾ ਹੈ ਭਾਵ ਸਾਨੂੰ ਕੇਵਲ ਉਹਨਾਂ ਦੀ ਮਤਿ ਹੀ ਮੰਨਣੀ ਚਾਹੀਦੀ ਹੈ, ਕੇਵਲ ਗੁਰੂ ਦੀ ਸੱਚੀ ਮਤਿ ਹੀ ਮੰਨਣੀ ਚਾਹੀਦੀ ਹੈ ਤੇ ਉਹੋ ਜਿਹੇ ਸਾਧੂ ਸੰਤਾਂ ਪਿੱਛੇ ਨਹੀਂ ਲੱਗਣਾ ਚਾਹੀਦਾ

42/5460

ਜੋ ਜਗ੍ਹਾ ਜਗ੍ਹਾ ਆਪਣਾ ਪ੍ਰਤਾਪ ਬਣਾਈ ਬੈਠੇ ਹਨ। **(ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ॥ ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥)**

ਆਪਣੇ ਉੱਚਾ ਹੋਣ ਦਾ ਮਾਣ ਕੋਈ ਤਦ ਤਕ ਹੀ ਕਰਦਾ ਹੈ ਭਾਵ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਉਹੀ ਸਮਝਦਾ ਹੈ ਜਿਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਭਾਵ ਜਿਸਦੇ ਅੰਦਰ ਮਾਇਆ ਵਰਤਦੀ ਹੈ ਭਾਵ ਭਰਮ ਵਾਲੀ ਮਤਿ ਵਰਤਦੀ ਹੈ। ਭਰਮ ਵਾਲੀ ਮਤਿ ਦੇ ਵਿੱਚੋਂ ਸਾਨੂੰ ਨਾਮ ਨੇ ਹੀ ਕੱਢਣਾ ਹੈ ਭਾਵ ਪ੍ਰਮਾਤਮਾ ਨੇ ਹੀ ਕੱਢਣਾ ਹੈ ਜੋ ਸਾਡੇ ਸਭ ਦੇ ਅੰਦਰ ਨਾਮ ਦੇ ਰੂਪ ਵਿੱਚ ਹੀ ਹੈ ਭਾਵ ਜਿਸਨੂੰ ਨਾਮ ਦੀ ਸਮਝ ਨਹੀਂ ਉਸਨੂੰ ਪ੍ਰਮਾਤਮਾ ਦੀ ਵੀ ਸਮਝ ਨਹੀਂ ਹੈ ਭਾਵ ਜਿਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਉਸਨੇ ਨਾਮ ਨੂੰ ਨਹੀਂ ਜਾਣਿਆ। ਜਿਸਨੂੰ ਨਾਮ ਦੀ ਸਮਝ ਹੈ ਭਾਵ ਜਿਸਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਫਿਰ ਕਦੇ ਆਪਣੇ ਆਪ ਨੂੰ ਉੱਚਾ ਨਹੀਂ ਕਹਿ ਸਕਦਾ। ਜਿਸਨੂੰ ਪ੍ਰਮਾਤਮਾ ਉੱਚਾ ਬਣਾਉਂਦਾ ਹੈ ਉਸਨੂੰ ਆਪਣਾ ਨਾਮ ਦੇਣ ਦੁਆਰਾ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਜਿਨ੍ਹਾਂ ਨੂੰ ਉਹ ਧਰਮ ਦੇ ਮਾਰਗ ਤੇ ਉੱਚਾ ਬਣਾਉਂਦਾ ਹੈ ਉਹਨਾਂ ਨੂੰ ਫਿਰ ਇਹ ਵੀ ਪਤਾ ਹੁੰਦਾ ਹੈ ਕਿ ਜਿਸ ਗਿਆਨ ਦੁਆਰਾ ਉਹਨਾਂ ਦੀ ਮਤਿ ਉੱਚੀ ਹੋਈ ਹੈ, ਉਹਨਾਂ ਦਾ ਰੁਤਬਾ ਉੱਚਾ ਹੋਇਆ ਹੈ ਉਹ ਕਿਵੇਂ ਹੋਇਆ ਹੈ ਤੇ ਕਿਸਨੇ ਕੀਤਾ ਹੈ ਕਿਉਂਕਿ ਉਹਨਾਂ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਅੰਦਰ ਪ੍ਰਮਾਤਮਾ ਆਪ ਹੀ ਹੈ ਜੋ ਗਿਆਨ ਦਾ ਮਾਲਕ ਹੈ ਤੇ ਪ੍ਰਮਾਤਮਾ ਜਿਸਨੂੰ ਵੀ ਭਾਵ ਜਿਸ ਮਨੁੱਖੀ ਰੂਪ ਨੂੰ ਵੀ ਉੱਚਾ ਬਣਾਉਂਦਾ ਹੈ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ। ਇਸ ਗੱਲ ਦੀ ਸਮਝ ਮਨ ਦੇ ਭਰਮ ਵਿੱਚੋਂ ਨਿਕਲਕੇ ਹੀ ਪੈਂਦੀ ਹੈ, ਮਾਇਆ ਵਿੱਚੋਂ ਨਿਕਲਕੇ ਹੀ ਪੈਂਦੀ ਹੈ। ਮਨ ਦੇ ਵਿੱਚੋਂ ਉਸ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡਾ ਅਸਲ ਸੱਜਣ ਕੌਣ ਹੈ ਜੋ ਸਾਡਾ ਭਲਾ ਕਰ ਸਕਦਾ ਹੈ ਤੇ ਇਸ ਗੱਲ ਦੀ ਸਮਝ ਪਏ ਬਿਨਾਂ ਅਸੀਂ ਅਨੇਕਾਂ ਹੀ ਇਹੋ ਜਿਹੇ ਸੱਜਣ ਬਣਾਏ ਹੋਏ ਹਨ, ਸਮਝੇ ਹੁੰਦੇ ਹਨ ਜੋ ਸਾਨੂੰ ਧਰਮ ਦੇ ਸੱਚੇ ਮਾਰਗ ਤੇ ਚਲਾ ਕੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦੇ ਹਨ।

42/5461

ਜੋ ਖੁੱਦ ਉਸ ਸੱਜਣ ਨੂੰ ਨਹੀਂ ਜਾਣਦੇ ਜੋ ਸਾਡੇ ਸਭ ਦੇ ਅੰਦਰ ਹੀ ਹੈ ਉਹੀ ਆਪਣੇ ਆਪ ਨੂੰ ਸੱਜਣ ਅਖਵਾ ਸਕਦੇ ਹਨ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾ ਸਕਦੇ ਹਨ। ਆਉ ਆਪਣੇ ਅਸਲ ਸੱਜਣ ਨੂੰ ਜਾਣੀਏ ਕਿ ਉਹ ਕਉਂਣ ਹੈ ਤੇ ਕਿਵੇਂ ਮਿਲਦਾ ਹੈ।

ਰਾਮਕਲੀ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

"ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥

ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥

ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥

ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥
ਗੋਬਿੰਦਾ ਮੇਰੇ ਗੋਬਿੰਦਾ ਪ੍ਰਾਣ ਅਧਾਰਾ ਮੇਰੇ ਗੋਬਿੰਦਾ ॥
ਕਿਰਪਾਲਾ ਮੇਰੇ ਕਿਰਪਾਲਾ ਦਾਨ ਦਾਤਾਰਾ ਮੇਰੇ ਕਿਰਪਾਲਾ ॥
ਦਾਨ ਦਾਤਾਰਾ ਅਪਰ ਅਪਾਰਾ ਘਟ ਘਟ ਅੰਤਰਿ ਸੋਹਨਿਆ ॥
ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥
ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ ॥
ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ ॥੨॥ ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ ॥
ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ ॥ ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥
ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ ॥
ਤਿਨ ਹੀ ਪਾਇਆ ਤਿਨਹਿ ਧਿਆਇਆ ਸਗਲ ਤਿਸੈ ਕਾ ਮਾਣੋ ॥
ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ ॥੩॥
ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ॥ ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ ॥
ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ ॥
ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥
ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ ॥
ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਨੀਐ ॥੪॥੧॥"

(ਅੰਗ ੯੨੪)

ਆਉ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝੀਏ ਕਿ ਸਾਡਾ ਸੱਜਣ ਕਉਂਣ ਹੈ।

"ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥
ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥"

ਗੁਰਬਾਣੀ ਸਾਨੂੰ ਕਦੇ ਝੂਠੀ ਗੱਲ ਨਹੀਂ ਸਮਝਾ ਸਕਦੀ ਭਾਵ ਗੁਰੂ ਸਦਾ ਸੱਚ ਦੀ ਗੱਲ ਹੀ ਕਰਦਾ ਹੈ ਪਰ ਸਾਡੇ ਅੰਦਰ ਜੋ ਸਮਝ ਪ੍ਰਮਾਤਮਾ ਨੇ ਪਾਈ ਹੋਈ ਹੈ ਉਹ ਉਸ ਗੱਲ ਤੇ ਵਿਸ਼ਵਾਸ ਹੀ ਨਹੀਂ ਆਉਂਣ ਦਿੰਦੀ। ਉਪਰ ਪਦੇ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਸਾਡਾ ਸੱਜਣ ਪ੍ਰਮਾਤਮਾ ਹੈ ਜੋ ਸਭ ਦੇ ਨਿਕਟ ਹੀ ਖੜਾ ਹੈ। ਉਹ ਹਕੀਕਤ ਵਿੱਚ ਨਿਕਟ ਹੀ ਖੜਾ ਹੈ ਇਹ ਸੱਚ ਹੈ, ਸੱਚ ਹੈ, ਸੱਚ ਹੈ। ਜੇਕਰ ਨਿਕਟ ਖੜਾ ਹੈ ਤੇ ਇਹ ਸੱਚ ਵੀ ਹੈ ਫਿਰ ਉਹ ਕਿਸੇ ਨੂੰ ਨਜਰ ਨਹੀਂ ਆਉਂਦਾ ਭਾਵ ਪ੍ਰਮਾਤਮਾ ਮਨ ਦੀਆਂ ਅੱਖਾਂ ਨਾਲ ਦਿੱਸਦਾ ਹੈ, ਸੱਚੇ ਗਿਆਨ ਦੀਆਂ ਅੱਖਾਂ ਨਾਲ ਦਿੱਸਦਾ ਹੈ, ਗੁਰਮਤਿ ਰੂਪ ਸੱਚੇ ਗਿਆਨ ਨਾਲ ਦਿੱਸਦਾ ਹੈ ਜੋ ਅੱਖਾਂ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ। ਜੋ ਉਸ ਪ੍ਰਮਾਤਮਾ ਨੂੰ ਆਪਣੇ ਮਨ ਦੀਆਂ ਅੱਖਾਂ ਨਾਲ ਦੇਖ ਲੈਂਦਾ ਹੈ,

ਦਿਬ ਦ੍ਰਿਸ਼ਟ ਨਾਲ ਦੇਖ ਲੈਂਦਾ ਹੈ

42/5462

ਉਸਨੂੰ ਫਿਰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਹਰ ਘਟ ਦੇ ਵਿੱਚ ਹੈ, ਹਰ ਮਨ ਦੇ ਵਿੱਚ ਹੈ ਪਰ ਸਭ ਦੇ ਅੰਦਰ ਉਸਨੇ ਆਪ ਹੀ ਸਭ ਨੂੰ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ, ਮਾਇਆ ਮੋਹ ਵਿੱਚ ਸਵਾਇਆ ਹੋਇਆ ਹੈ। ਸਾਡੇ ਅੰਦਰ ਮਾਇਆ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ, ਸਾਨੂੰ ਅਗਿਆਨਤਾ ਵਾਲੀ ਮਤਿ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਹਰ ਮਨੁੱਖੀ ਸਰੀਰ ਦੇ ਵਿੱਚ ਆਪ ਹੀ ਆਪਣੇ ਮਾਇਆ ਰੂਪ ਵਿੱਚ ਸੁੱਤਾ ਹੋਇਆ ਹੈ, ਜਾਣਬੁੱਝ ਕੇ ਸੁੱਤਾ ਹੋਇਆ ਹੈ ਭਾਵ ਉਸਨੇ ਆਪ ਹੀ ਆਪਣਾ ਪੜਦਾ ਬਣਾਇਆ ਹੋਇਆ ਹੈ। ਸੁੱਤਾ ਹੋਇਆ ਬੰਦਾ ਕੁਝ ਬੋਲਦਾ ਨਹੀਂ ਤੇ ਇਹੀ ਮਨੁੱਖੀ ਮਨ ਦੀ ਅਵਸਥਾ ਹੈ। ਪ੍ਰਮਾਤਮਾ ਅੰਦਰ ਹੁੰਦੇ ਹੋਏ ਵੀ ਸਾਡੇ ਨਾਲ ਬੋਲਦਾ ਨਹੀਂ ਭਾਵ ਉਹ ਆਪ ਅੰਦਰ ਹੁੰਦੇ ਹੋਏ ਵੀ ਆਪਣੇ ਆਪ ਨੂੰ ਜਾਹਿਰ ਨਹੀਂ ਕਰਦਾ। ਅਸਲ ਵਿੱਚ ਪ੍ਰਮਾਤਮਾ ਅੰਦਰ ਜਾਗਦਾ ਹੀ ਹੁੰਦਾ ਹੈ ਜਿਸਨੇ ਆਪ ਹੀ ਆਪਣੇ ਆਪ ਨੂੰ ਸਵਾਇਆ ਹੋਇਆ ਹੈ। ਪ੍ਰਮਾਤਮਾ ਇਹ ਕਲਾ ਵਰਤਾਉਂਣ ਦੇ ਸਮਰਥ ਹੈ ਜਿਸ ਕਰਕੇ ਉਸਨੂੰ **"ਅਤਿ ਅੰਮ੍ਰਿਤ ਪ੍ਰਿਅ ਗੂੜਾ"** ਕਿਹਾ ਹੈ। ਪ੍ਰਮਾਤਮਾ ਸਾਡੇ ਅੰਦਰ ਅੰਮ੍ਰਿਤ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਰੂਪ ਪ੍ਰਮਾਤਮਾ ਦਾ ਅਤਿ ਗੂੜਾ ਹੈ ਭਾਵ ਪ੍ਰਮਾਤਮਾ ਬਹੁਤ ਹੀ ਗਹਿਰੇ ਗਿਆਨ ਦਾ ਮਾਲਕ ਹੈ, ਬਹੁਤ ਹੀ ਜਿਆਦਾ ਉੱਚੇ ਗਿਆਨ ਦਾ ਮਾਲਕ ਹੈ ਜਿਸ ਉੱਚੇ ਗਿਆਨ ਦੁਆਰਾ ਪ੍ਰਮਾਤਮਾ, ਸਾਇੰਟਿਫਿਕ ਗਿਆਨ ਦੁਆਰਾ ਪ੍ਰਮਾਤਮਾ ਸਭ ਕੁਝ ਕਰਨ ਦੇ ਸਮਰਥ ਹੈ ਜਿਵੇਂ ਕਿ ਅਸੀਂ ਸਭ ਪਾਸੇ ਦੇਖ ਰਹੇ ਹਾਂ ਕਿ ਪ੍ਰਮਾਤਮਾ ਨੇ ਆਪਣੀ ਇਤਨੀ ਵੱਡੀ ਰਚਨਾ ਰਚਾਈ ਹੋਈ ਹੈ, ਖੰਡ, ਬ੍ਰਹਮੰਡ ਰਚਾਏ ਹੋਏ ਹਨ ਤੇ ਉਹਨਾਂ ਨੂੰ ਆਪ ਹੀ ਆਪਣੇ ਉੱਚੇ ਗਿਆਨ ਦੁਆਰਾ ਚਲਾ ਰਿਹਾ ਹੈ। ਮਨੁੱਖੀ ਮਤਿ ਨੂੰ ਰੱਚਣ ਵਾਲਾ ਵੀ ਉਹ ਆਪ ਹੀ ਹੈ ਤੇ ਉਹ ਜਿਸ ਤਰੀਕੇ ਚਾਹੇ ਸਾਡੀ ਮਤਿ ਨੂੰ ਚਲਾ ਸਕਦਾ ਹੈ। ਸਾਡੀ ਮਨ ਦੀ ਸਮਝ ਵਿੱਚ ਹੀ ਉਸਨੇ ਤ੍ਰੈ ਗੁਣਾਂ ਵਾਲੀ ਅਵਸਥਾ ਪਾਈ ਹੋਈ ਹੈ ਤੇ ਆਪ ਹੀ ਉਸਨੇ ਆਪਣੇ ਆਪ ਨੂੰ ਵੱਖਰਾ ਰੱਖਿਆ ਹੋਇਆ ਹੈ ਭਾਵ ਚਉਥੇ ਪਦ ਵਿੱਚ ਰੱਖਿਆ ਹੋਇਆ ਹੈ। ਉਹ ਸਭ ਕੁਝ ਕਰਨ ਦੇ ਸਮਰਥ ਹੈ ਕਿਉਂਕਿ ਉਹ ਬਹੁਤ ਵੱਡੇ ਗਿਆਨ ਦਾ ਮਾਲਕ ਹੈ। ਜੋ ਪ੍ਰਮਾਤਮਾ ਨੂੰ

42/5463

ਆਪਣੇ ਅੰਦਰੋਂ ਗਿਆਨ ਦੀਆਂ ਅੱਖਾਂ ਨਾਲ ਭਾਵ ਚਉਥੇ ਪਦ ਦੇ ਗਿਆਨ ਵਾਲੀਆਂ ਅੱਖਾਂ ਨਾਲ ਜਾਣ ਲੈਂਦਾ ਹੈ ਭਾਵ ਚਉਥੇ ਪਦ ਵਾਲੀ ਉੱਚੀ ਮਤਿ ਦੇ ਨਾਲ ਜੋ ਉਸਨੂੰ ਜਾਣ ਲੈਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਕਿਤਨੇ ਜਿਆਦਾ ਉੱਚੇ ਗਿਆਨ ਵਾਲਾ ਹੈ ਕਿਉਂਕਿ ਉਸਨੂੰ ਮਨ ਦੇ ਵਿੱਚ ਚਉਥੇ ਪਦ ਵਾਲਾ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੇ ਅੰਦਰੋਂ ਨਜਰ ਆਉਂਦਾ ਹੈ ਤੇ ਸਮਝ ਲੱਗਦੀ ਹੈ ਕਿ ਧਰਮ ਦਾ ਉੱਚਾ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ ਤੇ ਆਪ ਹੀ ਗੁਰੂ ਰੂਪ ਸੱਜਣ ਹੈ। ਉਸ ਸੱਜਣ ਦੇ ਨਾਲ ਪਿਆਰ ਉਸਨੂੰ ਮਨ ਦੇ ਵਿੱਚ ਜਾਨਣ ਤੋਂ ਬਾਅਦ ਹੀ ਪੈਂਦਾ ਹੈ। ਪਿਆਰ ਤਾਂ ਅਸਲ ਵਿੱਚ ਉਸਦੀ ਦਿੱਤੀ ਹੋਈ ਸੱਚੀ ਮਤਿ ਦੇ ਨਾਲ ਹੀ ਪੈਂਦਾ ਹੈ, ਗੁਰਮਤਿ ਰੂਪ ਸੱਚੇ ਗਿਆਨ ਵਾਲੀ ਮਤਿ ਨਾਲ ਹੀ ਪੈਂਦਾ ਹੈ ਕਿਉਂਕਿ ਪ੍ਰਮਾਤਮਾ ਸਾਡੇ ਅੰਦਰ ਆਪਣੇ ਆਪ ਨੂੰ ਇਸੇ ਰੂਪ ਵਿੱਚ ਪ੍ਰਗਟ ਕਰਦਾ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਭਾਵ ਮਨ ਦੇ ਵਿੱਚ ਉਹ ਉੱਚੀ ਮਤਿ ਆਪ ਹੀ ਦਿੰਦਾ ਹੈ, ਆਪਣਾ ਅੰਮ੍ਰਿਤ ਆਪ ਹੀ ਪਿਆਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪਿਆਉਂਦਾ ਹੈ। ਉਹ ਸੱਜਣ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਬਿਲਕੁਲ ਨਿਕਟ ਹੀ ਹੈ। ਇਹ ਨਿਕਟਤਾ ਮਨ ਦੇ ਵਿਚਾਰਾਂ ਦੀ ਹੈ। ਜਿਸ ਜਗ੍ਹਾ ਤੋਂ ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰ ਉਪਜਦੇ ਹਨ ਉੱਥੋਂ ਹੀ ਚਉਥੇ ਪਦ ਵਾਲੇ ਵਿਚਾਰ ਉਪਜਦੇ ਹਨ ਉਹ ਸਾਡੇ ਬਹੁਤ ਨਿਕਟ ਹੈ, ਬਹੁਤ ਨਿਕਟ ਹੈ, ਬਹੁਤ ਨਿਕਟ ਹੈ, ਸੱਚ ਕਰਕੇ ਜਾਣੋਂ ਬਹੁਤ ਨਿਕਟ ਹੈ, ਸਾਡੇ ਅੰਦਰ ਹੀ ਹੈ ਪਰ ਉਸਨੂੰ ਜਾਨਣਾ ਭਾਵ ਆਪਣੇ ਆਪ ਜਾਨਣਾ ਕਿਸੇ ਦੇ ਵੱਸ ਨਹੀਂ ਹੈ ਕਿਉਂਕਿ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ, ਆਪਣੇ ਮਨ ਦੀ ਸਮਝ ਨੂੰ ਜਾਨਣਾ, ਆਪਣੀ ਸੋਚ ਨੂੰ ਜਾਨਣਾ ਜਾਂ ਪ੍ਰਮਾਤਮਾ ਨੂੰ ਜਾਨਣਾ ਇੱਕੋ ਹੀ ਗੱਲ ਹੈ। **(ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥ ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥ ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥)**

ਉਹ ਸੱਜਣ ਪ੍ਰਮਾਤਮਾ ਜੋ ਆਪ ਹੀ ਗੁਰੂ ਹੈ ਤੇ ਹਰ ਵੇਲੇ ਸਾਡੇ ਨਾਲ ਹੀ ਹੈ ਪਰ ਅਸੀਂ ਫਿਰ ਵੀ ਉਸਦੇ ਨਾਲ ਮਿਲ ਨਹੀਂ ਸਕਦੇ,

42/5464

ਇਸਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥”

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਨਣ ਦਾ ਕਾਰਨ ਉਹੀ ਸਮਝਾਇਆ ਹੋਇਆ ਹੈ ਜੋ ਕਾਰਨ ਅਸੀਂ ਹੁਣ ਤੱਕ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿਉਂਕਿ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਹੀ ਹੈ। ਇੱਕੋ ਇੱਕ ਹੀ ਪ੍ਰਮਾਤਮਾ ਹੈ ਤੇ ਇੱਕੋ ਇੱਕ ਹੀ ਉਸਨੂੰ ਜਾਨਣ ਦਾ ਤਰੀਕਾ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਮਾਇਆ ਮਦ ਵਿੱਚ ਰੱਖਿਆ ਹੋਇਆ ਹੈ ਭਾਵ ਭਰਮ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਮਤਿ ਵਿੱਚ ਰਹਿੰਦਿਆਂ ਭਾਵ ਮਨ ਦੀ ਅਗਿਆਨਤਾ ਵਿੱਚ ਰਹਿੰਦਿਆਂ ਉਸਨੂੰ ਆਪਣੇ ਅੰਦਰੋਂ ਕੋਈ ਨਹੀਂ ਜਾਣ ਸਕਦਾ ਜੋ ਕਿ ਹਰ ਵੇਲੇ ਸਾਡੇ ਨਾਲ ਹੀ ਹੈ, ਮਨ ਦੇ ਵਿੱਚ ਹੀ ਹੈ। ਜਦ ਤਕ ਅਸੀਂ ਭਰਮ ਵਾਲੀ ਮਤਿ ਵਿੱਚ ਹਾਂ ਤਦ ਤਕ ਸਾਨੂੰ ਪ੍ਰਮਾਤਮਾ ਨੂੰ ਜਾਨਣ ਦੇ ਅਸਲ ਮਾਰਗ ਦੀ ਸੋਝੀ ਹੀ ਨਹੀਂ ਪੈਂਦੀ ਤੇ ਨਾ ਹੀ ਉਸ ਤੇ ਚੱਲਿਆ ਜਾ ਸਕਦਾ ਹੈ। ਮਾਇਆ ਵਿੱਚ ਰਹਿੰਦੇ ਹੋਏ ਸਾਨੂੰ ਮਾਇਆ ਦੇ ਪਦਾਰਥਾਂ ਵਿੱਚ ਹੀ ਸੁਆਦ ਆਉਂਦਾ ਹੈ ਭਾਵ ਸਾਨੂੰ ਚੰਗਾ ਲੱਗਦਾ ਹੈ ਜਿਸ ਵਿੱਚੋਂ ਨਿਕਲਣਾ ਸਾਨੂੰ ਚੰਗਾ ਨਹੀਂ ਲੱਗਦਾ। ਆਪਣੀ ਮਨਮਤਿ ਵਿੱਚੋਂ ਨਿਕਲਕੇ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਹੀ ਅਸੀਂ ਗੁਰਮਤਿ ਦੇ ਵਿਚਾਰਾਂ ਨਾਲ ਜੁੜ ਸਕਦੇ ਹਾਂ ਜਿਸਦਾ ਸੁਆਦ ਅਸੀਂ ਚੱਖਣਾ ਚੰਗਾ ਨਹੀਂ ਸਮਝਦੇ ਭਾਵ ਗੁਰਮਤਿ ਦੇ ਵਿਚਾਰਾਂ ਨੂੰ ਮੰਨਣਾ ਸਾਨੂੰ ਨਹੀਂ ਭਾਉਂਦਾ ਜਿਸ ਕਰਕੇ ਸਾਨੂੰ ਮੂੜ ਕਿਹਾ ਗਿਆ ਹੈ, ਮੂਰਖ ਕਿਹਾ ਗਿਆ ਹੈ। ਸਾਡੇ ਜੀਵਨ ਦਾ ਅਸਲੀ ਸੁਆਉ ਉਹ ਹੈ ਜੇਕਰ ਅਸੀਂ ਗੁਰਮਤਿ ਨੂੰ ਮੰਨਣ ਵਿੱਚ ਉਸਨੂੰ ਚੰਗਾ ਸਮਝਦੇ ਹਾਂ ਭਾਵ ਮਾਇਆ ਮੋਹ ਵਾਲੇ ਵਿਚਾਰ ਛੱਡੇ ਬਿਨਾਂ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਜੋ ਸਾਡੇ ਨਾਲ ਹੀ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ, ਗੁਰਮਤਿ ਰੂਪ ਸੱਚੇ ਵਿਚਾਰਾਂ ਦੇ ਵਿੱਚ ਹੀ ਹੈ ਤੇ ਉਸਦੇ ਨਾਲ ਮੇਲ ਵੀ ਗੁਰਮਤਿ ਰੂਪ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਹੁੰਦਾ ਹੈ।

42/5465

ਮਾਇਆ ਦੇ ਨਸ਼ੇ ਵਿੱਚ ਰਹਿੰਦੇ ਹੋਏ ਭਾਵ ਆਪਣੀ ਮਤਿ ਦੇ ਨਸ਼ੇ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਬਣਾਏ ਹੋਏ ਭਗਤੀ ਦੇ ਤਰੀਕਿਆਂ ਨੂੰ ਹੀ ਭਗਤੀ ਦੇ ਅਸਲ ਤਰੀਕੇ ਸਮਝਦੇ ਹਾਂ ਜਿਨ੍ਹਾਂ ਨੂੰ ਸਾਡੀਆਂ ਹੋਛੀਆਂ ਗੱਲਾਂ ਕਿਹਾ ਹੈ ਭਾਵ ਸਾਡੀ ਹੋਛੀ ਮਤਿ ਕਿਹਾ ਹੈ ਜਿਸ ਮਤਿ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਂਣ ਦੀ ਕੋਸ਼ਿਸ਼ ਕਰਦੇ ਹਾਂ। ਮਨ ਦੀ ਇਹੋ ਜਿਹੀ ਸਮਝ ਦੁਆਰਾ ਸਾਡਾ ਧੜਾ ਭਰਮ ਵਾਲੇ ਪਾਸੇ ਨਾਲ ਹੁੰਦਾ ਹੈ ਭਾਵ ਜਿਸ ਪਾਸੇ ਸੱਚ ਨਹੀਂ ਹੈ ਭਾਵ ਜਿੱਥੇ ਧਰਮ ਦਾ ਸੱਚਾ ਗਿਆਨ ਨਹੀਂ ਹੈ। ਸਾਨੂੰ ਭਰਮ ਵਾਲੀ ਭਗਤੀ ਸਿਖਾਉਂਣ ਵਾਲੇ ਬਹੁਤ ਹਨ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਕੇ ਉਹਨਾਂ ਨੂੰ ਆਪਣੇ ਸੱਜਣ ਸਮਝਦੇ ਹਾਂ ਤੇ ਉਹਨਾਂ ਦੀ ਮਤਿ ਨਾਲ ਜੁੜਦੇ ਹਾਂ। ਇਹ ਭਰਮ ਦਾ ਧੜਾ ਹੈ ਭਾਵ ਗੁਰੂ ਦਾ ਧੜਾ ਨਹੀਂ ਹੈ ਜੋ ਸੱਚ ਦਾ ਧੜਾ ਹੈ। ਗੁਰੂ ਤੋਂ ਬਿਨਾਂ ਸਾਡਾ ਹੋਰ ਕੋਈ ਸੱਚਾ ਸੱਜਣ ਨਹੀਂ ਹੈ ਕਿਉਂਕਿ ਗੁਰੂ ਆਪ ਹੀ ਪ੍ਰਮਾਤਮਾ ਦਾ ਰੂਪ ਹੈ ਤੇ ਉਸ ਗੁਰੂ ਰੂਪ ਸੱਜਣ ਦੀ ਮਤਿ ਨਾਲ ਜੁੜੇ ਬਿਨਾਂ ਭਾਵ ਗੁਰੂ ਦੇ ਧੜੇ ਵੱਲ ਹੋਏ ਬਿਨਾਂ ਭਾਵ ਭਰਮਾਂ ਤੋਂ ਰਹਿਤ ਸੱਚੀ ਮਤਿ ਅਪਨਾਏ ਬਿਨਾਂ ਅਸੀਂ ਆਪਣੇ ਸੱਚੇ ਸੱਜਣ ਨੂੰ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਰੀ ਗੱਲ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਣ ਦੀ ਹੈ ਤੇ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਸੱਜਣ ਬਣਾਇਆ ਹੋਇਆ ਹੈ ਭਾਵ ਜੋ ਆਪ ਹੀ ਭਰਮ ਵਿੱਚ ਹਨ ਉਹਨਾਂ ਨੇ ਕਿਸੇ ਦੇ ਭਰਮ ਕੀ ਕੱਢਣੇ ਹਨ। ਆਪਣੇ ਆਪ ਨੂੰ ਸੱਜਣ ਉਹੀ ਅਖਵਾ ਸਕਦਾ ਹੈ ਭਾਵ ਧਰਮ ਦੇ ਮਾਰਗ ਤੇ ਉੱਚਾ ਉਹੀ ਅਖਵਾ ਸਕਦਾ ਹੈ ਜੋ ਉਸ ਸੱਚੇ ਸੱਜਣ ਨੂੰ ਭਾਵ ਪ੍ਰਮਾਤਮਾ ਨੂੰ ਨਹੀਂ ਜਾਣਦਾ। ਗੁਰੂ ਉਸ ਸੱਚੇ ਸੱਜਣ ਨੂੰ ਜਾਣਦਾ ਹੈ ਤੇ ਇਸੇ ਲਈ ਗੁਰੂ ਸਾਨੂੰ ਸਮਝਾ ਰਿਹਾ ਹੈ ਕਿ ਸੱਜਣ ਆਪ ਪ੍ਰਮਾਤਮਾ ਹੀ ਹੈ ਜਿਸਨੇ ਆਪ ਹੀ ਆਪਣਾ ਗੁਰੂ ਰੂਪ ਧਾਰਿਆ ਹੋਇਆ ਹੈ। ਉਹ ਸੱਚਾ ਸੱਜਣ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਨਿਰੰਕਾਰ ਰੂਪ ਵਿੱਚ ਹੈ ਤੇ ਉਸਦਾ ਵਾਸਾ ਸਾਡੇ ਮਨ ਦੇ ਵਿੱਚ ਹੈ ਜੋ ਕਿ ਨਿਰੰਕਾਰ ਰੂਪ ਹੈ। ਉਹ ਸੱਜਣ ਹਰ ਵੇਲੇ ਸਾਡੇ ਨਾਲ ਹੈ ਪਰ ਉਹ ਕੇਵਲ ਮਨ ਦੀਆਂ ਅੱਖਾਂ ਨਾਲ ਦਿੱਖਦਾ ਹੈ ਕਿਉਂਕਿ ਉਹ ਨਿਰੰਕਾਰ ਰੂਪ ਹੈ। **(ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥ ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥ ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥)**

42/5466

{ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥}

(ਅੰਗ ੨੩)

ਜੋ ਆਪ **"ਡੁਮਣੀ"** ਮਤਿ ਵਿੱਚ ਰਹੇ ਹਨ ਭਾਵ ਦੁਚਿੱਤੀ ਵਿੱਚ ਰਹੇ ਹਨ, ਭਰਮ ਵਾਲੀ ਮਤਿ ਵਿੱਚ ਰਹੇ ਹਨ ਭਾਵ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ ਉਹਨਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਆਪਣੇ ਸੱਜਣ ਮੰਨ ਲੈਂਦੇ ਹਾਂ ਭਾਵ ਧਰਮ ਦੇ ਮਾਰਗ ਤੇ ਪਹੁੰਚੇ ਹੋਏ ਮੰਨ ਲੈਂਦੇ ਹਾਂ ਤੇ ਉਹਨਾਂ ਦੀ ਮਤਿ ਦੇ ਨਾਲ ਜੁੜ ਜਾਂਦੇ ਹਾਂ ਤੇ ਇਸ ਗੱਲ ਦੀ ਉਮੀਦ ਲਾਈ ਰੱਖਦੇ ਹਾਂ ਕਿ ਇਹ ਸੱਜਣ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਦੇਣਗੇ, ਸਾਡੇ ਜੀਵਨ ਦੇ ਰੱਖਿਅਕ ਬਣਨਗੇ ਪਰ ਇਹ ਸਾਡੀ ਅਗਿਆਨਤਾ ਹੈ। ਧਰਮ ਦੇ ਮਾਰਗ ਤੇ ਚੱਲਣ ਲਈ, ਧਰਮ ਦਾ ਮਾਰਗ ਸਮਝਣ ਲਈ ਗੁਰੂ ਤੋਂ ਬਿਨਾਂ ਸਾਡਾ ਕੋਈ ਸੱਜਣ ਨਹੀਂ ਹੈ ਜੋ ਆਪ ਹੀ ਪ੍ਰਮਾਤਮਾ ਦਾ ਰੂਪ ਹੈ। ਗੁਰੂ ਨੂੰ ਮਤਿ ਦੇਣ ਵਾਲਾ ਪ੍ਰਮਾਤਮਾ ਭਾਵ ਗੁਰੂ ਨੂੰ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਕੋਲੋਂ ਮਤਿ ਮਿਲੇ ਬਿਨਾਂ ਕਿਸੇ ਦਾ ਭਰਮ ਨਹੀਂ ਨਿਕਲ ਸਕਦਾ ਤੇ ਭਰਮ ਵਿੱਚੋਂ ਨਿਕਲੇ ਬਿਨਾਂ ਕਿਸੇ ਨੂੰ ਸੱਚ ਦੀ ਸਮਝ ਨਹੀਂ ਪੈ ਸਕਦੀ, ਨਾਮ ਦੀ ਸਮਝ ਨਹੀਂ ਪੈ ਸਕਦੀ ਭਾਵ ਆਪਣਾ ਨਾਮ ਦੇ ਕੇ, ਸੱਚ ਸਮਝਾ ਕੇ ਪ੍ਰਮਾਤਮਾ ਆਪ ਹੀ ਕਿਸੇ ਨੂੰ ਭਰਮ ਵਾਲੀ ਮਤਿ ਵਿੱਚੋਂ ਕੱਢਦਾ ਹੈ ਤੇ ਇਸੇ ਗੱਲ ਨੂੰ ਹੇਠ ਦਿੱਤੇ ਪਦੇ ਦੁਆਰਾ ਸਪਸ਼ਟ ਕੀਤਾ ਹੋਇਆ ਹੈ।

"ਗੋਬਿੰਦਾ ਮੇਰੇ ਗੋਬਿੰਦਾ ਪ੍ਰਾਣ ਅਧਾਰਾ ਮੇਰੇ ਗੋਬਿੰਦਾ ॥
ਕਿਰਪਾਲਾ ਮੇਰੇ ਕਿਰਪਾਲਾ ਦਾਨ ਦਾਤਾਰਾ ਮੇਰੇ ਕਿਰਪਾਲਾ ॥
ਦਾਨ ਦਾਤਾਰਾ ਅਪਰ ਅਪਾਰਾ ਘਟ ਘਟ ਅੰਤਰਿ ਸੋਹਨਿਆ ॥
ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥
ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ ॥
ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ ॥੨॥"

ਧਿਆਨ ਨਾਲ ਸਮਝੋ ਕਿ ਉਪਰਲੇ ਪਦੇ ਰਾਹੀਂ ਧੰਨ ਧੰਨ ਪੰਜਵੀ ਪਾਤਸ਼ਾਹੀ ਸਾਨੂੰ ਕੀ ਸਮਝਾ ਰਹੇ ਹਨ। ਉਹ ਸਾਨੂੰ ਇਹ ਸਮਝਾ ਰਹੇ ਹਨ ਕਿ ਉਹਨਾਂ ਨੂੰ ਨਾਮ ਦਾ ਦਾਨ ਭਾਵ ਸੱਚ ਦਾ ਦਾਨ ਕਿੱਥੋਂ ਮਿਲਿਆ ਹੈ ਤੇ ਉਹਨਾਂ ਨੇ ਸੰਸਾਰ ਨੂੰ ਸੱਚ ਕਿਸ ਤਰੀਕੇ ਸਮਝਾਇਆ ਹੈ, ਸੱਚ ਕਿੱਥੋਂ ਸਮਝ ਕੇ ਸਮਝਾਇਆ ਹੈ। ਗੁਰੂ ਸਾਹਿਬ ਸਾਨੂੰ ਇਹ ਕਹਿ ਰਹੇ ਹਨ ਕਿ ਮੇਰੇ ਪ੍ਰਾਣਾਂ ਦਾ ਆਸਰਾ ਪ੍ਰਮਾਤਮਾ ਆਪ ਹੈ। ਸਾਡੇ ਪ੍ਰਾਣ ਸਾਡੇ ਅੰਦਰ ਦੀ ਮਤਿ ਹੈ ਜੋ ਸਾਨੂੰ ਚਲਾਉਂਦੀ ਹੈ ਜਿਵੇਂ ਕਿ

42/5467

ਅਸੀਂ ਪਹਿਲੇ ਵੀ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਸਾਡੇ ਪ੍ਰਾਣਾਂ ਦਾ ਆਸਰਾ ਆਪਣਾ ਦਾਨ ਦੇਣ ਦੁਆਰਾ ਬਣਦਾ ਹੈ ਭਾਵ ਆਪਣਾ ਨਾਮ ਦਾ ਦਾਨ ਦੇਣ ਦੁਆਰਾ ਬਣਦਾ ਹੈ। ਪ੍ਰਮਾਤਮਾ ਦੇ ਨਾਮ ਦਾ ਦਾਨ ਸੱਚ ਦਾ ਦਾਨ ਹੈ ਭਾਵ ਸੱਚੇ ਗਿਆਨ ਦਾ ਦਾਨ ਹੈ ਜੋ ਦਾਨ ਸਾਡੀ ਮਤਿ ਹੀ ਦਿੰਦੀ ਹੈ ਤੇ ਸੱਚੇ ਗਿਆਨ ਵਾਲੀ ਮਤਿ ਹੀ ਸਾਡਾ ਆਸਰਾ ਹੈ, ਸਾਡਾ ਪ੍ਰਾਣ ਅਧਾਰਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ। ਪ੍ਰਮਾਤਮਾ ਇਸ ਦਾਨ ਦੁਆਰਾ ਹੀ ਮਨੁੱਖ ਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਉਸਦੇ ਮਨ ਦੇ ਵਿੱਚੋਂ ਦਰਸ਼ਨ ਹੁੰਦੇ ਹਨ, ਮਨ ਦੇ ਗਿਆਨ ਰਾਹੀਂ, ਮਨ ਦੀ ਸਮਝ ਰਾਹੀਂ ਉਸਦੇ ਦਰਸ਼ਨ ਹੁੰਦੇ ਹਨ ਤੇ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਘੱਟ ਘੱਟ ਵਿੱਚ ਪ੍ਰਮਾਤਮਾ ਆਪ ਹੀ ਹੈ, ਉਹ ਸੋਹਣੇ ਰੂਪ ਵਾਲਾ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦਾ ਸੋਹਣਾ ਰੂਪ ਉਸਦੇ ਸੱਚੇ ਗਿਆਨ ਵਾਲਾ ਰੂਪ ਹੈ ਜੋ ਰੂਪ ਹਰ ਭਰਮ ਤੋਂ ਰਹਿਤ ਹੈ। **(ਗੋਬਿੰਦਾ ਮੇਰੇ ਗੋਬਿੰਦਾ ਪ੍ਰਾਣ ਅਧਾਰਾ ਮੇਰੇ ਗੋਬਿੰਦਾ॥ ਕਿਰਪਾਲਾ ਮੇਰੇ ਕਿਰਪਾਲਾ ਦਾਨ ਦਾਤਾਰਾ ਮੇਰੇ ਕਿਰਪਾਲਾ ॥ ਦਾਨ ਦਾਤਾਰਾ ਅਪਰ ਅਪਾਰਾ ਘਟ ਘਟ ਅੰਤਰਿ ਸੋਹਨਿਆ ॥)**

ਜਿਸਨੂੰ ਪ੍ਰਮਾਤਮਾ ਆਪਣਾ ਨਾਮ ਦਾਨ ਦਿੰਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਦੀ ਮਾਇਆ ਕੀ ਹੈ ਤੇ ਪ੍ਰਮਾਤਮਾ ਦਾ ਨਾਮ ਭਾਵ ਉਸਦਾ ਸੱਚ ਕਿਸ ਰੂਪ ਵਿੱਚ ਮਿਲਦਾ ਹੈ, ਇਹੀ ਗੱਲ ਸਾਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾ ਰਹੇ ਹਨ ਕਿ ਉਹਨਾਂ ਨੂੰ ਸੱਚ ਕਿਸ ਰੂਪ ਵਿੱਚ ਮਿਲਿਆ ਹੈ।

“ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥

ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ ॥

ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ ॥੨॥”

ਆਪਣੇ ਆਪ ਨੂੰ ਪ੍ਰਮਾਤਮਾ ਨੂੰ ਜਾਨਣ ਵਾਲਾ ਅਨੇਕਾਂ ਹੀ ਕਹਿੰਦੇ ਹਨ ਪਰ ਸਾਡੇ ਅੰਦਰ ਮਾਇਆ ਕਿਸ ਰੂਪ ਵਿੱਚ ਹੈ ਜਿਸਨੇ ਸਭ ਨੂੰ ਮੋਹਿਆ ਹੋਇਆ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੁੰਦੀ। ਮਾਇਆ ਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ ਜਿਸਦੀ ਸਮਝ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ। ਇਹ

ਮਾਇਆ ਪ੍ਰਮਾਤਮਾ ਦੀ ਦਾਸੀ ਹੈ ਭਾਵ ਉਸਦੇ ਹੁਕਮ ਦੇ ਅੰਦਰ ਚੱਲਦੀ ਹੈ। ਇਹ ਮਾਇਆ ਸਾਡੇ ਅੰਦਰ ਦੀ ਸਮਝ ਹੈ ਜੋ ਪ੍ਰਮਾਤਮਾ ਦੇ ਹੁਕਮ ਅਨੁਸਾਰ ਚੱਲਦੀ ਹੈ ਭਾਵ ਸਾਡੀ ਸਮਝ ਤੇ ਆਪਣਾ ਕੋਈ ਜੋਰ ਨਹੀਂ ਚੱਲਦਾ। ਇਹ ਮਾਇਆ ਬੜੀ ਸਬਲ ਹੈ ਭਾਵ ਬੜੇ ਬਲ ਵਾਲੀ ਹੈ ਭਾਵ ਸਾਡੇ ਮਨ ਦੇ ਵਿਚਾਰ ਜੋ ਚਾਹੁਣ ਸਾਡੇ ਕੋਲੋਂ ਕਰਵਾ ਸਕਦੇ ਹਨ, ਮਨੁੱਖ ਨੂੰ ਉਹ ਕੁਝ ਕਰਨਾ ਹੀ ਪੈਂਦਾ ਹੈ ਜੋ ਕੁਝ ਉਸਦੀ ਸਮਝ ਕਰਨ ਲਈ ਕਹਿੰਦੀ ਹੈ ਭਾਵ ਇਹ ਸਮਝ ਮਨੁੱਖ ਨੂੰ ਮਜਬੂਰ ਕਰ ਦਿੰਦੀ ਹੈ। ਇਸ ਮਾਇਆ ਤੋਂ ਰਹਿਤ ਸੰਸਾਰ ਵਿੱਚ ਕੋਈ ਨਹੀਂ ਹੈ, ਸਭ ਦੇ ਵਿੱਚ ਇਸੇ ਦਾ ਹੀ ਪਸਾਰਾ ਹੈ ਤੇ ਸਾਡੇ ਅੰਦਰ ਦੀ ਇਸ ਮਤਿ ਨੇ ਹੀ ਸਭ ਨੂੰ ਮੋਹਿਆ ਹੋਇਆ ਹੈ ਭਾਵ ਸਭ ਨੂੰ ਆਪਣੀ ਮਤਿ ਹੀ ਚੰਗੀ ਲੱਗਦੀ ਹੈ, ਹਰ ਕਿਸੇ ਨੂੰ ਆਪਣੀ ਮਤਿ ਉੱਚੀ ਕਰਨਾ ਹੀ ਚੰਗਾ ਲੱਗਦਾ ਹੈ ਭਾਵ ਪ੍ਰਮਾਤਮਾ ਨੇ ਇਹ ਸਭ ਲਈ ਬੜੀ ਪਿਆਰੀ ਬਣਾਈ ਹੋਈ ਹੈ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਸਾਡੇ ਅੰਦਰ ਦੀ ਇਹ ਸਮਝ ਕਿੱਥੋਂ ਆਉਂਦੀ ਹੈ ਭਾਵ ਸਾਡੇ ਅੰਦਰ ਦੀ ਸਮਝ ਹੀ ਸਾਨੂੰ ਇਹ ਸਮਝਣ ਤੋਂ ਦੂਰ ਰੱਖਦੀ ਹੈ ਕਿ ਸਾਡੇ ਅੰਦਰ ਇਹ ਸਮਝ ਕਿੱਥੋਂ ਆ ਰਹੀ ਹੈ। ਅਸੀਂ ਇਸ ਸਮਝ ਦੇ ਅੱਗੇ ਮਜਬੂਰ ਹਾਂ। ਸਾਡੀ ਇਹ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ, ਸਾਰੇ ਮਨੁੱਖ ਹਨ। ਸਾਡੀ ਸਮਝ ਹੀ ਇਹ ਸਮਝਾਉਂਦੀ ਹੈ ਕਿ ਪਤਾ ਨਹੀਂ ਪ੍ਰਮਾਤਮਾ ਕੀ ਹੈ, ਉਹ ਕਉਂਣ ਹੈ ਤੇ ਇਸ ਸਾਰੇ ਸੰਸਾਰ ਨੂੰ ਕਿਸਨੇ ਬਣਾਇਆ ਹੈ ਤੇ ਕਉਂਣ ਚਲਾ ਰਿਹਾ ਹੈ, ਕਿਵੇਂ ਚਲਾ ਰਿਹਾ ਹੈ ਭਾਵ ਪ੍ਰਮਾਤਮਾ ਦੀ ਅਸਲੀਅਤ ਸਮਝਣ ਵਿੱਚ, ਸਾਡੇ ਆਪਣੇ ਆਪ ਦੀ ਅਸਲੀਅਤ ਸਮਝਣ ਵਿੱਚ, ਸੰਸਾਰ ਦੀ ਅਸਲੀਅਤ ਸਮਝਣ ਵਿੱਚ ਸਾਡੀ ਸਮਝ ਹੀ ਸਾਨੂੰ ਜਾਣਬੁੱਝ ਕੇ ਭਰਮ ਵਿੱਚ ਰੱਖਦੀ ਹੈ ਕਿਉਂਕਿ ਸਾਡੇ ਅੰਦਰ ਦੀ ਸਮਝ ਭਾਵ ਮਾਇਆ ਪ੍ਰਮਾਤਮਾ ਦੀ ਦਾਸੀ ਹੈ ਤੇ ਉਹੋ ਕੁਝ ਹੀ ਕਰਦੀ ਹੈ ਜਿਵੇਂ ਪ੍ਰਮਾਤਮਾ ਚਾਹੁੰਦਾ ਹੈ। ਸਾਡੇ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ ਪੜਦੇ ਵਿੱਚ ਰੱਖਿਆ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤਿ ਬਖਸ਼ਦਾ ਹੈ ਉਸਨੂੰ ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਹੀ ਬਖਸ਼ਦਾ ਹੈ ਤੇ ਮਨੁੱਖੀ ਮਤਿ ਨੂੰ, ਮਾਇਆ ਵਾਲੀ ਮਤਿ ਨੂੰ ਭਰਮਾਂ ਵਿੱਚੋਂ ਕੱਢ ਲੈਂਦਾ ਹੈ। ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਹੈ ਭਾਵ ਉੱਥੇ

ਸੱਚੀ ਸਮਝ ਨਹੀਂ ਹੈ। ਜਿਸਨੂੰ ਪ੍ਰਮਾਤਮਾ ਇਸ ਮਾਇਆ ਮੋਹ ਤੋਂ ਰੱਖ ਲੈਂਦਾ ਹੈ ਉਸਨੂੰ ਹੀ ਸੱਚ ਸਮਝ ਆਉਂਦਾ ਹੈ, ਪ੍ਰਮਾਤਮਾ ਦਾ ਸੱਚ ਸਮਝ ਆਉਂਦਾ ਹੈ, ਸੰਸਾਰ ਦਾ ਸੱਚ ਸਮਝ ਆਉਂਦਾ ਹੈ, ਆਪਣੇ ਆਪ ਦਾ ਸੱਚ ਸਮਝ ਆਉਂਦਾ ਹੈ। ਜਿਸਨੂੰ ਸੱਚ ਦੀ ਸਮਝ ਪੈ ਜਾਂਦੀ ਹੈ ਫਿਰ ਉਹੀ ਸੱਚ ਬੋਲ ਸਕਦਾ ਹੈ ਭਾਵ ਸੱਚੀ ਗੱਲ ਕਰ ਸਕਦਾ ਹੈ, ਸੱਚਾਈ ਬੋਲ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਾਰੇ ਸੰਸਾਰ ਨੂੰ ਸੱਚ ਸਮਝਾਇਆ ਹੈ, ਸ਼ਬਦਾਂ ਰਾਹੀਂ ਬੋਲ ਕੇ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਸਮਝਾਇਆ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਪੂਰਨ ਸੱਚ ਸਮਝਾਉਂਦੀ ਹੈ ਕਿਉਂਕਿ ਉਹ ਹਰ ਵਿਚਾਰ ਭਰਮ ਤੋਂ ਰਹਿਤ ਹੈ। ਸ਼ਬਦਾਂ ਦੀ ਵਿਚਾਰ ਦੇ ਅੰਦਰ ਦਾ **“ਸਚੁ”** ਹੀ ਨਾਮ ਹੈ ਭਾਵ ਸ਼ਬਦਾਂ ਦੁਆਰਾ ਦਿੱਤੀ ਹੋਈ ਸੱਚੀ ਸਮਝ ਨਾਮ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਇਹ ਸਚੁ ਰੂਪ ਨਾਮ ਦਿੰਦਾ ਹੈ ਉਹੀ ਸੰਸਾਰ ਨੂੰ ਸੱਚ ਸਮਝਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਾਇਆ ਹੈ। **(ਦਾਨ ਦਾਤਾਰਾ ਅਪਰ ਅਪਾਰਾ ਘਟ ਘਟ ਅੰਤਰਿ ਸੋਹਨਿਆ॥ ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥ ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ**

ਸਬਦੁ ਬੀਚਾਰਾ॥)

ਸਚੁ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਸਮਝਾਉਂਦੀ ਹੈ ਭਾਵ ਸ਼ਬਦਾਂ ਦੀ ਵਿਚਾਰ ਦੁਆਰਾ ਸੱਚਾ ਗਿਆਨ ਸਚੁ ਹੈ। ਪ੍ਰਮਾਤਮਾ ਇਸ ਸੱਚੇ ਗਿਆਨ ਦੇ ਰੂਪ ਵਿੱਚ ਹੈ। **{ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}** ਅੰਗ ੧੨੦ **{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥}** ਅੰਗ ੪੫੬ ਆਪਣੇ ਅੰਦਰੋਂ **"ਸਚੁ"** ਨੂੰ ਜਾਨਣਾ ਹੀ ਪ੍ਰਮਾਤਮਾ ਨੂੰ ਜਾਨਣਾ ਹੈ ਤੇ ਪ੍ਰਮਾਤਮਾ ਨੂੰ ਕੋਈ ਆਪਣੇ ਆਪ ਜਾਣ ਲਵੇ ਭਾਵ ਆਪਣੇ ਆਪ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਜਾਵੇ, ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲ ਜਾਵੇ ਇਹ ਨਾਮੁਮਕਿਨ ਹੈ ਭਾਵ ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ, ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਕਿਸਨੂੰ ਆਪਣਾ ਸੱਚ ਸਮਝਾਉਂਦਾ ਹੈ, ਕਿਸਨੂੰ ਆਪਣਾ ਨਾਮ ਦਿੰਦਾ ਹੈ। ਪ੍ਰਮਾਤਮਾ ਨੂੰ ਕਿਹੜੀ ਮਨੁੱਖੀ ਦੇਹ ਚੰਗੀ ਲੱਗ ਜਾਵੇ ਇਹ ਕੇਵਲ ਉਹੀ ਜਾਣਦਾ ਹੈ ਭਾਵ

ਆਪਣੀ ਦਾਤਿ ਉਹ ਆਪਣੀ ਰਜਾ ਨਾਲ ਹੀ ਦਿੰਦਾ ਹੈ। ਜੋ ਮਨੁੱਖੀ ਰੂਪ ਪ੍ਰਮਾਤਮਾ ਨੂੰ ਭਾਉਂਦਾ ਹੈ ਫਿਰ ਉਸੇ ਮਨੁੱਖ ਦਾ ਪਿਆਰ ਹੀ ਪ੍ਰਮਾਤਮਾ ਦੇ ਨਾਲ ਜੁੜਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਕਿਵੇਂ ਜੁੜਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਪ੍ਰਮਾਤਮਾ ਦੇ ਉਸ ਰੂਪ ਨਾਲ ਹੀ ਪਿਆਰ ਜੁੜਦਾ ਹੈ। ਪ੍ਰਮਾਤਮਾ ਸੱਚ ਦੇ ਰੂਪ ਵਿੱਚ ਹੈ ਤੇ ਜਿਸਨੂੰ ਸੱਚ ਪਿਆਰਾ ਲੱਗਦਾ ਹੈ ਉਸਨੂੰ ਪ੍ਰਮਾਤਮਾ ਪਿਆਰਾ ਲੱਗਦਾ ਹੈ ਤੇ ਜਦ ਤਕ ਸੱਚ ਦੀ ਸਮਝ ਹੀ ਨਹੀਂ ਭਾਵ ਜਦ ਤਕ ਅੰਦਰ ਮਾਇਆ ਹੈ, ਭਰਮ ਹੈ ਤਦ ਤਕ ਸੱਚ ਦੇ ਨਾਲ ਪਿਆਰ ਕਿਵੇਂ ਜੁੜ ਸਕਦਾ ਹੈ। ਸੱਚ ਗੁਰੂ ਦਾ ਸੱਚਾ ਗਿਆਨ ਹੈ ਭਾਵ ਸ਼ਬਦਾਂ ਦੀ ਵਿਚਾਰ ਹੈ ਤੇ ਜਦ ਤਕ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਨਹੀਂ ਸਾਡਾ ਸੱਚ ਨਾਲ ਪਿਆਰ ਨਹੀਂ ਜੁੜ ਸਕਦਾ। ਸਾਡੇ ਅੰਦਰ ਦੀ ਮਾਇਆ ਨਾ ਸਾਨੂੰ ਸ਼ਬਦਾਂ ਦੀ ਸੱਚੀ ਵਿਚਾਰ ਦੀ ਸਮਝ ਪੈਣ ਦਿੰਦੀ ਹੈ ਤੇ ਨਾ ਹੀ ਉਹਨਾਂ ਨੂੰ ਮੰਨਣ ਦਿੰਦੀ ਹੈ ਭਾਵ ਸਾਨੂੰ ਭਰਮਾਂ ਵਿੱਚ ਪਾ ਕੇ ਹੀ ਰੱਖਦੀ ਹੈ। ਸਾਨੂੰ ਸਾਫ ਸਮਝ ਆਉਂਦੀ ਗੱਲ ਨੂੰ ਵੀ ਇਹ ਮਾਇਆ ਮੰਨਣ ਨਹੀਂ ਦਿੰਦੀ। ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਬਾਰ-ਬਾਰ ਸਮਝਾਇਆ ਹੋਇਆ ਹੈ ਕਿ ਨਾਮ ਕੀ ਹੈ ਪਰ ਇਹ ਸਾਡੇ ਅੰਦਰ ਦੀ ਮਾਇਆ ਸਾਨੂੰ ਮੰਨਣ ਨਹੀਂ ਦਿੰਦੀ ਭਾਵ ਇਸ ਮਾਇਆ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਸੱਚ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ। ਪ੍ਰਮਾਤਮਾ ਆਪ ਸਚੁ ਰੂਪ ਹੈ ਤੇ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਸੱਚ ਦੀ ਸਮਝ ਪੈਂਦੀ ਹੈ ਜੋ ਸਮਝ ਉਹ ਆਪ ਹੀ ਪਾਉਂਦਾ ਹੈ ਤੇ ਹੋਰ ਕੋਈ ਨਹੀਂ ਪਾ ਸਕਦਾ। ਉਸ ਸੱਚ ਤੱਕ ਪਹੁੰਚਣ ਦਾ ਮਾਰਗ ਗੁਰੂ ਦੀ ਬਾਣੀ ਹੈ ਜਿਸ ਵਿੱਚ ਸ਼ਬਦਾਂ ਦੇ ਵਿਚਾਰਾਂ ਰਾਹੀਂ ਸਾਰੇ ਸੰਸਾਰ ਨੂੰ ਸੱਚ ਸਮਝਾਇਆ ਹੋਇਆ ਹੈ ਤੇ ਸਭ ਦੇ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜੀਏ ਭਾਵ ਸੱਚ ਨਾਲ ਪਿਆਰ ਪਾਉਂਣ ਦਾ ਉੱਦਮ ਕਰੀਏ। ਆਪਣੀ ਕਿਰਪਾ ਉਹ ਸੱਚ ਦਾ ਮਾਲਕ ਉਸ ਤੇ ਹੀ ਕਰਦਾ ਹੈ ਜੋ ਪਹਿਲਾਂ ਸੱਚ ਦੇ ਨਾਲ ਜੁੜਨ ਦਾ ਉੱਦਮ ਕਰਦਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਪਿਆਰ

ਪਾਉਂਣ ਦਾ ਉੱਦਮ ਕਰਦਾ ਹੈ। ਪਿਆਰ ਕਥਨੀ ਨਾਲ ਨਹੀਂ ਪੈਂਦਾ, ਗੁਰੂ ਦੀ ਮਤਿ ਨੂੰ ਮੰਨਣ ਨਾਲ ਪੈਂਦਾ ਹੈ ਭਾਵ ਸੱਚ ਨੂੰ ਮੰਨਣ ਨਾਲ ਪੈਂਦਾ ਹੈ ਜਿਸ ਤਰੀਕੇ ਸੱਚ ਸਾਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ, ਮਾਇਆ ਮੋਹ ਤੋਂ ਕੱਢਦਾ ਹੈ। ਬਹੁਤ ਔਖਾ ਹੈ ਗੁਰੂ ਨਾਲ ਪਿਆਰ ਪਾਉਂਣਾ, ਬਹੁਤ ਔਖਾ ਹੈ ਗੁਰੂ ਦੀ ਹਰ ਗੱਲ ਨੂੰ ਮੰਨਣਾ ਤੇ ਮੰਨੇ ਬਿਨਾਂ ਪਿਆਰ ਨਹੀਂ ਪੈਂਦਾ। ਗੁਰੂ ਦੀ ਮਤਿ ਨਾਲ ਪਿਆਰ ਹੀ ਪ੍ਰਮਾਤਮਾ ਨਾਲ ਪਿਆਰ ਹੈ। **(ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥ ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ ॥ ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ ॥੨॥)**

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

ਪ੍ਰਮਾਤਮਾ ਦੇ ਦਰ ਤੋਂ ਮਾਣ ਸੱਚ ਨੂੰ ਹੀ ਮਿਲਦਾ ਹੈ ਭਾਵ ਉਸ ਮਨੁੱਖੀ ਦੇਹ ਨੂੰ ਮਿਲਦਾ ਹੈ ਜਿਸਦੇ ਅੰਦਰ ਸੱਚ ਹੁੰਦਾ ਹੈ। ਜਿਸਨੂੰ ਸੱਚ ਮਿਲਦਾ ਹੈ ਭਾਵ ਸੱਚਾ ਗਿਆਨ ਮਿਲਦਾ ਹੈ, ਨਾਮ ਮਿਲਦਾ ਹੈ ਉਸਨੂੰ ਫਿਰ ਇਹ ਵੀ ਸਮਝ ਹੁੰਦੀ ਹੈ ਕਿ ਮੈਨੂੰ ਸੱਚ ਦੇਣ ਵਾਲਾ ਕਉਂਣ ਹੈ ਭਾਵ ਆਪ ਪ੍ਰਮਾਤਮਾ ਹੀ ਹੈ। ਜਿਸਨੂੰ ਸੱਚ ਦੀ ਸਮਝ ਪੈ ਜਾਂਦੀ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਦੇਹ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ, ਸਭ ਕੁਝ ਆਪ ਪ੍ਰਮਾਤਮਾ ਹੀ ਹੈ। ਜਿਸਨੂੰ ਸਭ ਵਿੱਚ ਪ੍ਰਮਾਤਮਾ ਨਜਰ ਨਹੀਂ ਆਉਂਦਾ ਉਸਦੇ ਅੰਦਰ ਸੱਚ ਨਹੀਂ ਹੈ ਭਾਵ ਉਸਦੀ ਮਤਿ ਝੂਠੀ ਹੈ, ਅਗਿਆਨਤਾ ਵਾਲੀ ਮਤਿ ਹੈ। ਮਾਣ ਉਸੇ ਦਾ ਹੀ ਹੈ ਜੋ ਸੱਚੇ ਗਿਆਨ ਦਾ ਮਾਲਕ ਹੈ ਭਾਵ ਜੋ ਮਨੁੱਖ ਨੂੰ ਅਗਿਆਨਤਾ ਵਿੱਚੋਂ ਕੱਢਦਾ ਹੈ। ਇਸੇ ਲਈ ਗੁਰੂ ਦਾ ਮਾਣ ਜਾਂ ਪ੍ਰਮਾਤਮਾ ਦਾ ਮਾਣ ਇੱਕੋ ਗੱਲ ਹੀ ਹੈ ਭਾਵ ਮਾਣ ਤਾਂ ਮਨ ਦੇ ਵਿੱਚ ਸੱਚੇ ਗਿਆਨ ਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ ॥ ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ ॥

ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥

ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ ॥

ਤਿਨ ਹੀ ਪਾਇਆ ਤਿਨਹਿ ਧਿਆਇਆ ਸਗਲ ਤਿਸੈ ਕਾ ਮਾਣੋ ॥

ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ ॥੩॥”

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਨੂੰ

42/5472

ਗੁਰੂ ਸਾਹਿਬ ਕੀ ਸਮਝਾ ਰਹੇ ਹਨ। ਉਹ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਨੂੰ ਜੋ ਵੀ ਮਾਣ ਮਿਲਿਆ ਹੈ ਉਹ ਪ੍ਰਮਾਤਮਾ ਦਾ ਮਾਣ ਹੈ। ਪ੍ਰਮਾਤਮਾ ਦਾ ਮਾਣ ਉਹ ਕਰਦਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ। ਉਹ ਪ੍ਰਮਾਤਮਾ ਨੂੰ ਜਿਸ ਰੂਪ ਵਿੱਚ ਜਾਣਦੇ ਹਨ ਉਹ ਉਸਨੂੰ **“ਸੁਘੜੁ”** ਰੂਪ ਵਿੱਚ ਜਾਣਦੇ ਹਨ ਭਾਵ ਚੰਗੀ ਘੜਤ ਕਰਨ ਵਾਲੇ ਦੇ ਰੂਪ ਵਿੱਚ ਜਾਣਦੇ ਹਨ, ਘੜਤ ਤਾਂ ਉਹ ਸਾਡੇ ਅੰਦਰ ਵਿਚਾਰਾਂ ਦੀ ਹੀ ਕਰਦਾ ਹੈ ਜਿਸ ਘਾੜਤ ਦੁਆਰਾ ਉਹ ਮਨੁੱਖ ਦੀ ਮਤਿ ਨੂੰ ਸੁਜਾਣ ਬਣਾ ਦਿੰਦਾ ਹੈ ਭਾਵ ਅਗਿਆਨਤਾ ਵਾਲੇ ਵਿਚਾਰਾਂ ਨੂੰ ਘੜ ਕੇ ਸਿਆਣੀ ਮਤਿ ਬਣਾ ਦਿੰਦਾ ਹੈ, ਸਾਡੀ ਮਤਿ ਨੂੰ ਉੱਚੇ ਗਿਆਨ ਵਾਲਾ ਬਣਾ ਦਿੰਦਾ ਹੈ। ਗੁਰੂ ਸੁਘੜੁ ਸੁਜਾਣ ਹੈ ਤੇ ਗੁਰੂ ਨੂੰ ਸੁਘੜੁ ਸੁਜਾਣ ਬਨਾਉਂਣ ਵਾਲਾ ਆਪ ਪ੍ਰਮਾਤਮਾ ਹੈ। ਜੋ ਸਾਡੇ ਅੰਦਰ ਸਾਡੀ ਮਤਿ ਨੂੰ ਘੜਨ ਵਾਲਾ ਹੈ ਉਸਨੇ ਹੀ ਸਾਡੇ ਅੰਦਰ ਅਗਿਆਨਤਾ ਵਾਲੀ ਮਤਿ ਪਾਈ ਹੋਈ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਹੀ ਜਾਣਦਾ ਹੈ ਜਿਸਦੀ ਮਤਿ ਨੂੰ ਘੜ ਕੇ ਉਹ ਸੁਜਾਣ ਬਣਾ ਦਿੰਦਾ ਹੈ ਭਾਵ ਅਗਿਆਨਤਾ ਵਿੱਚੋਂ ਕੱਢਕੇ ਸੱਚੇ ਗਿਆਨ ਵਾਲਾ ਬਣਾ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਤੇ ਇਸੇ ਲਈ ਉਹ ਪ੍ਰਮਾਤਮਾ ਨੂੰ ਉੱਚਾ ਕਹਿੰਦੇ ਹਨ, ਉਸਦਾ ਮਾਣ ਕਰਦੇ ਹਨ। **(ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ ॥ ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ ॥)**

{ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥

ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥}

(ਅੰਗ ੮)

{ਸਚ ਕੀ ਕਾਤੀ ਸਚੁ ਸਭੁ ਸਾਰੁ ॥ ਘਾੜਤ ਤਿਸ ਕੀ ਅਪਰ ਅਪਾਰ ॥ ਸਬਦੇ ਸਾਣ ਰਖਾਈ ਲਾਇ ॥

ਗੁਣ ਕੀ ਥੇਕੈ ਵਿਚਿ ਸਮਾਇ ॥ ਤਿਸ ਦਾ ਕੁਠਾ ਹੋਵੈ ਸੇਖੁ ॥ ਲੋਹੂ ਲਬੁ ਨਿਕਥਾ ਵੇਖੁ ॥

ਹੋਇ ਹਲਾਲੁ ਲਗੈ ਹਕਿ ਜਾਇ ॥ ਨਾਨਕ ਦਰਿ ਦੀਦਾਰਿ ਸਮਾਇ ॥੨॥}

(ਅੰਗ ੯੫੬)

{ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ॥ ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ॥

ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥੧॥}

(ਅੰਗ ੧੩੮)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

ਜਿਸਦੀ ਮਤਿ ਨੂੰ ਪ੍ਰਮਾਤਮਾ ਘੜ ਕੇ ਸੁਜਾਣ ਮਤਿ ਬਣਾਉਂਦਾ ਹੈ

42/5473

ਉਹ ਮਤਿ ਹੀ ਭਾਵ ਸਾਡੀ ਮਤਿ ਦੇ ਅੰਦਰ ਉਹ ਸੱਚਾ ਗਿਆਨ ਹੀ ਸਾਡੇ ਅੰਦਰ ਦਾ ਅੰਮ੍ਰਿਤੁ ਹੈ, ਨਾਮ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥
ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ ॥”

ਹੁਣ ਧਿਆਨ ਨਾਲ ਸਮਝੋ ਕਿ ਨਾਮ ਕੀ ਹੈ। ਉਹ ਸੁਘੜ ਸੁਜਾਣ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਿਆ ਹੈ। ਸਦਾ ਤੋਂ ਪ੍ਰਧਾਨ ਭਾਵ ਸਦਾ ਤੋਂ ਉੱਚਾ ਪ੍ਰਮਾਤਮਾ ਕਿਸ ਕਰਕੇ ਹੈ। ਉਹ ਆਪਣੇ ਉੱਚੇ ਗਿਆਨ ਦੁਆਰਾ ਸੁਘੜ ਸੁਜਾਨ ਹੈ ਜਿਸ ਕਰਕੇ ਪ੍ਰਮਾਤਮਾ ਸਦਾ ਤੋਂ ਹੀ ਸੰਸਾਰ ਦਾ ਪ੍ਰਧਾਨ ਹੈ ਕਿਉਂਕਿ ਹੋਰ ਕਿਸੇ ਕੋਲ ਗਿਆਨ ਹੈ ਹੀ ਨਹੀਂ, ਉਹ ਗਿਆਨ ਦਾ ਮਾਲਕ ਆਪ ਹੀ ਹੈ, ਸਾਨੂੰ ਅਗਿਆਨਤਾ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ, ਉਸਦਾ ਉੱਚਾ ਗਿਆਨ ਹੀ ਉਸਦਾ **“ਅੰਮ੍ਰਿਤੁ”** ਰੂਪ ਹੈ ਜੋ ਰੂਪ ਪ੍ਰਮਾਤਮਾ ਦਾ ਮ੍ਰਿਤਯੂ ਤੋਂ ਰਹਿਤ ਹੈ ਜਿਸ ਰੂਪ ਕਰਕੇ ਪ੍ਰਮਾਤਮਾ ਸਦਾ ਲਈ ਅਮਰ ਹੀ ਰਹਿੰਦਾ ਹੈ, ਸੱਚੇ ਗਿਆਨ ਨੂੰ ਕੋਈ ਮਿਟਾ ਨਹੀਂ ਸਕਦਾ। ਪ੍ਰਮਾਤਮਾ ਸਾਇੰਟਿਫਿਕਲੀ ਅਮਰ ਹੈ, ਆਪਣੀ ਸੱਚੀ ਸਾਇੰਸ ਦੇ ਰੂਪ ਵਿੱਚ ਅਮਰ ਹੈ। ਪੂਰੇ ਸੰਸਾਰ ਵਿੱਚ ਸਾਇੰਟਿਫਿਕ ਗਿਆਨ ਹੀ ਸਦਾ ਤੋਂ ਪ੍ਰਧਾਨ ਹੈ ਭਾਵ ਉਸ ਤੋਂ ਉਪਰ ਹੋਰ ਕੁਝ ਨਹੀਂ ਹੈ ਤੇ ਨਾ ਹੀ ਕਦੇ ਸਾਇੰਟਿਫਿਕ ਗਿਆਨ ਖਤਮ ਹੋ ਸਕਦਾ ਹੈ ਭਾਵ ਸੱਚਾ ਗਿਆਨ **“ਅੰਮ੍ਰਿਤੁ”** ਹੈ ਭਾਵ ਕਦੇ ਨਾ ਖਤਮ ਹੋਣ ਵਾਲਾ ਹੈ। ਪ੍ਰਮਾਤਮਾ ਦਾ ਇਹ ਸੱਚਾ ਗਿਆਨ ਹੀ ਉਸਦਾ ਨਾਮ ਹੈ। ਪ੍ਰਮਾਤਮਾ ਆਪਣੇ ਇਸ ਅੰਮ੍ਰਿਤੁ ਨਾਮ ਦੁਆਰਾ ਹੀ ਸੁਘੜ ਸੁਜਾਨ ਹੈ। ਜਿਸਨੂੰ ਪ੍ਰਮਾਤਮਾ ਆਪਣਾ ਇਹ ਸੱਚ ਰੂਪ ਅੰਮ੍ਰਿਤੁ ਨਾਮ ਬਖਸ਼ਦਾ ਹੈ ਉਸਨੂੰ ਮਨ ਦੇ ਵਿੱਚ ਹੀ ਬਖਸ਼ਦਾ ਹੈ, ਮਨ ਦੀ ਮਤਿ ਨੂੰ ਘੜਨ ਦੁਆਰਾ ਹੀ ਬਖਸ਼ਦਾ ਹੈ ਜਿਸ **“ਅੰਮ੍ਰਿਤੁ”** ਨੂੰ ਸਾਡੀ ਮਤਿ ਚੱਖਦੀ ਹੈ ਤੇ ਆਪਣਾ ਇਹ ਅੰਮ੍ਰਿਤੁ ਚਖਾ ਕੇ ਪ੍ਰਮਾਤਮਾ ਮਨੁੱਖੀ ਮਤਿ ਨੂੰ ਰਜਾ ਦਿੰਦਾ ਹੈ ਭਾਵ ਫਿਰ ਉਸ ਮਤਿ ਦੇ ਅੰਦਰ ਮਾਯਾਵੀ ਪਦਾਰਥਾਂ ਦੀ ਭੁੱਖ ਨਹੀਂ ਰਹਿ ਜਾਂਦੀ, ਤ੍ਰਿਸ਼ਨਾਵਾਂ ਨਹੀਂ ਰਹਿ ਜਾਂਦੀਆਂ। ਇਹ ਅੰਮ੍ਰਿਤੁ ਪ੍ਰਮਾਤਮਾ ਆਪ ਪਿਆਉਂਦਾ ਹੈ ਤੇ ਕਿਸੇ ਭਾਗਾਂ ਵਾਲੇ ਨੂੰ ਪਿਆਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਿਆਇਆ ਹੈ। **(ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥ ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ ॥)**

42/5474

ਹੁਣ ਅਗਲੀਆਂ ਪੰਗਤੀਆਂ ਰਾਹੀਂ ਸਮਝੋ ਕਿ ਪ੍ਰਮਾਤਮਾ ਨੂੰ ਧਿਆਉਂਣਾ ਕੀ ਹੈ ਭਾਵ ਨਾਮ ਧਿਆਉਂਣਾ ਕੀ ਹੈ।

“ਤਿਨ ਹੀ ਪਾਇਆ ਤਿਨਹਿ ਧਿਆਇਆ ਸਗਲ ਤਿਸੈ ਕਾ ਮਾਣੋ ॥
ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ ॥੩॥”

ਹੁਣ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੂੰ ਧਿਆਉਂਣਾ ਕੀ ਹੈ। ਬਹੁਤ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜਿਨ੍ਹਾਂ ਨੂੰ ਪ੍ਰਮਾਤਮਾ ਆਪਣਾ ਅੰਮ੍ਰਿਤ ਚਖਾਉਂਦਾ ਹੈ ਭਾਵ ਮਨ ਦੀ ਸਮਝ ਦੇਣ ਦੁਆਰਾ ਸੁਘੜ ਸੁਜਾਨ ਬਣਾਉਂਦਾ ਹੈ ਉਹਨਾਂ ਨੇ ਹੀ ਪ੍ਰਮਾਤਮਾ ਨੂੰ ਪਾਇਆ ਹੈ ਭਾਵ ਜਿਸਨੂੰ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਹੀ ਪ੍ਰਮਾਤਮਾ ਨੂੰ ਪਾਉਂਦਾ ਹੈ ਭਾਵ ਜਿਸਨੇ ਪ੍ਰਮਾਤਮਾ ਨੂੰ ਨਹੀਂ ਪਾਇਆ ਉਹ ਨਾਮ ਵਾਲਾ ਨਹੀਂ ਹੈ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਹਨਾਂ ਨੇ ਹੀ ਪ੍ਰਮਾਤਮਾ ਨੂੰ ਧਿਆਇਆ ਹੈ ਭਾਵ ਉਹਨਾਂ ਨੇ ਹੀ ਨਾਮ ਧਿਆਇਆ ਹੈ। ਆਪਣੇ ਆਪ ਨੂੰ ਨਾਮ ਧਿਆਉਂਣ ਵਾਲੇ ਜੋ ਅਖਵਾਉਂਦੇ ਹਨ ਉਹ ਗਿਣਤੀ ਤੋਂ ਬਾਹਰ ਹਨ ਭਾਵ ਸਭ ਭਰਮ ਵਿੱਚ ਹਨ ਤੇ ਕਿਸੇ ਨੂੰ ਨਾਮ ਦੀ ਸਮਝ ਨਹੀਂ ਹੈ ਭਾਵ ਜੋ ਸਾਨੂੰ ਨਾਮ ਸਮਝਾਉਂਣ ਵਾਲੇ ਹਨ ਉਹ ਸਭ ਭਰਮ ਵਿੱਚ ਹੀ ਹਨ ਜੋ ਜਗ੍ਹਾ ਜਗ੍ਹਾ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠੇ ਹਨ, ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਤੇ ਭਰਮ ਵਿੱਚ ਹੀ ਅਸੀਂ ਇਹੋ ਜਿਹਿਆਂ ਨੂੰ ਮਾਣ ਦਿੰਦੇ ਹਾਂ। ਜੋ ਨਾਮ ਨੂੰ ਧਿਆ ਲੈਂਦਾ ਹੈ ਭਾਵ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਾਰਾ ਮਾਣ ਪ੍ਰਮਾਤਮਾ ਦਾ ਹੀ ਹੈ ਜੋ ਆਪਣੀ ਨਾਮ ਵਾਲੀ ਮਤਿ ਦਿੰਦਾ ਹੈ ਭਾਵ ਸੱਚਾ ਗਿਆਨ ਦਿੰਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਵਾਲੇ ਫਿਰ ਉਹਨਾਂ ਨੂੰ ਮਾਣ ਨਹੀਂ ਦਿੰਦੇ ਜਿਨ੍ਹਾਂ ਨੂੰ ਆਪ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ ਤੇ ਦੂਸਰਿਆਂ ਨੂੰ ਵੀ ਉਹ ਭਰਮ ਵਿੱਚ ਪਾਉਂਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਸੇ ਲਈ ਇਹੋ ਜਿਹਿਆਂ ਦੀ ਬਾਰ-ਬਾਰ ਬਾਣੀ ਰਾਹੀਂ ਨਿਖੇਧੀ ਕੀਤੀ ਹੋਈ ਹੈ ਕਿ ਉਹਨਾਂ ਦਾ ਮਾਣ ਝੂਠਾ ਹੈ ਜਿਸ ਵਿੱਚੋਂ ਸਾਨੂੰ

ਬੱਚਣਾ ਚਾਹੀਦਾ ਹੈ। ਸੱਚਾ ਮਾਣ ਧਰਮ ਦੇ ਮਾਰਗ ਤੇ ਕੇਵਲ ਗੁਰੂ ਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਆਪਣਾ ਨਾਮ ਦੇਣ ਦੁਆਰਾ ਪ੍ਰਮਾਤਮਾ ਸੱਚ ਹੀ ਸਮਝਾਉਂਦਾ ਹੈ ਜਿਸ ਦੁਆਰਾ ਸਾਡੇ ਅੰਦਰ ਦੀ ਮਤਿ ਮਾਇਆ ਵਾਲੀ ਮਤਿ ਵਿੱਚੋਂ ਨਿਕਲਣ ਦੁਆਰਾ **"ਥਿਰੁ"** ਹੁੰਦੀ ਹੈ ਭਾਵ ਅਡੋਲ ਹੁੰਦੀ ਹੈ ਜੋ ਫਿਰ ਧਰਮ ਦੇ ਮਾਰਗ ਨੂੰ ਲੈ ਕੇ ਭਰਮਾਂ ਵਿੱਚ ਨਹੀਂ ਡੋਲਦੀ। ਪ੍ਰਮਾਤਮਾ ਦਾ ਤਖਤ ਸਾਡੇ ਅੰਦਰ ਇਸ **"ਥਿਰੁ"** ਮਤਿ ਦੁਆਰਾ ਹੈ ਭਾਵ ਨਾਮ ਵਾਲੀ ਗੁਰਮਤਿ ਰੂਪ ਸੱਚੇ ਗਿਆਨ ਵਾਲੀ ਮਤਿ ਦੁਆਰਾ ਹੈ। ਪ੍ਰਮਾਤਮਾ ਦਾ ਦੀਬਾਣ ਸਾਡੇ ਅੰਦਰ ਇਹੋ ਜਿਹੀ ਨਾਮ ਵਾਲੀ ਮਤਿ ਦੁਆਰਾ ਹੈ ਜਿਸ ਦੀਬਾਣ ਤੋਂ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਸੱਚਾ ਫੁਰਮਾਣ ਹੀ ਸਮਝਾਉਂਦਾ ਹੈ, ਜੋ ਫੁਰਮਾਣ ਉਸਦਾ ਸ਼ਬਦਾਂ ਦੇ ਰੂਪ ਵਿੱਚ ਹੁੰਦਾ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੁੰਦਾ ਹੈ। ਜਿਨ੍ਹਾਂ ਨੇ ਮਨ ਦੇ ਵਿੱਚ ਪ੍ਰਮਾਤਮਾ ਦੇ ਦਿਬਾਣ ਤੋਂ ਸੱਚ ਰੂਪ ਫੁਰਮਾਣ ਸੁਣਿਆ ਹੈ ਭਾਵ ਨਾਮ ਰੂਪ ਸੱਚਾ ਗਿਆਨ ਲਿਆ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਸਾਰੇ ਸੰਸਾਰ ਨੂੰ ਸੱਚ ਦਾ ਫੁਰਮਾਨ ਦਿੱਤਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਫੁਰਮਾਣ ਸੁਣਾਇਆ ਹੈ, ਨਾਮ ਦੇ ਰੂਪ ਵਿੱਚ ਪ੍ਰਮਾਤਮਾ ਦਾ ਫੁਰਮਾਣ ਸੁਣਾਇਆ ਹੈ। **(ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ ॥ ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ ॥ ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥ ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ ॥ ਤਿਨ ਹੀ ਪਾਇਆ ਤਿਨਹਿ ਧਿਆਇਆ ਸਗਲ ਤਿਸੈ ਕਾ ਮਾਣੋ ॥ ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ ॥੩॥)**

ਮਨ ਦੇ ਵਿੱਚ ਆਪਣੇ ਸੱਚੇ ਤਖਤ ਤੇ ਬੈਠਾ ਹੋਇਆ ਪ੍ਰਮਾਤਮਾ ਜੋ ਸੱਚ ਰੂਪ ਸੋਝੀ ਪਾਉਂਦਾ ਹੈ, ਜੋ ਸੱਚ ਰੂਪ ਗਿਆਨ ਦਿੰਦਾ ਹੈ ਉਹ ਕਿਸ ਮਕਸਦ ਲਈ ਦਿੰਦਾ ਹੈ ਤੇ ਕਿਸ ਤਰੀਕੇ ਦਿੰਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ ॥ ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ॥
ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ ॥
ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥
ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ ॥
ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਨੀਐ ॥੪॥੧॥"

ਸੱਚ ਦਾ ਮਕਸਦ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਦਾ ਹੈ, ਧਰਮ ਦਾ ਮਾਰਗ ਸਮਝਣ ਲਈ ਹੈ ਤੇ ਉਸਦੇ ਉੱਤੇ ਚੱਲਣ ਲਈ ਹੈ। ਸੱਚੇ ਧਰਮ ਦੇ ਮਾਰਗ ਤੇ ਚੱਲਣਾ ਹੀ ਮੰਗਲ ਗੀਤ ਗਾਉਂਣਾ ਹੈ, ਪ੍ਰਮਾਤਮਾ ਦਾ ਮੰਗਲ ਗਾਉਂਣਾ ਹੈ। ਸਾਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਮੰਗਲ ਗੀਤ ਹੀ ਸੁਣਾਏ ਹੋਏ ਹਨ, ਸ਼ਬਦਾਂ ਰਾਹੀਂ ਸੁਣਾਏ ਹੋਏ ਹਨ। ਜਿਨ੍ਹਾਂ ਨੇ ਸਾਨੂੰ ਇਹ ਮੰਗਲ ਗੀਤ ਸੁਣਾਏ

ਹਨ ਉਹ ਆਪਣੇ ਆਪ

42/5476

ਨਹੀਂ ਸੁਣਾਏ ਭਾਵ ਉਹਨਾਂ ਨੇ ਗੁਰਬਾਣੀ ਰਾਹੀਂ ਸਾਨੂੰ ਉਹ ਕੁਝ ਸੁਣਾਇਆ ਹੈ, ਉਹੋ ਜਿਹੇ ਬਚਨ ਸੁਣਾਏ ਹਨ ਜੋ ਕੁਝ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਕੋਲੋਂ ਸੁਣਿਆ ਹੈ ਜੋ ਸਾਡੇ ਅੰਦਰ ਹੀ ਸਚੁ ਰੂਪ ਤਖਤ ਤੇ ਬੈਠਾ ਹੋਇਆ ਹੈ ਤੇ ਆਪਣਾ ਫੁਰਮਾਨ ਉਹ ਆਪ ਹੀ ਸ਼ਬਦਾਂ ਦੁਆਰਾ ਸੁਣਾਉਂਦਾ ਹੈ। ਸ਼ਬਦਾਂ ਦੇ ਅੰਦਰ ਉਹ ਆਪਣੇ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ ਭਾਵ ਆਪਣਾ ਮੰਗਲ ਗਾਉਂਣਾ ਸਮਝਾਉਂਦਾ ਹੈ। ਧਰਮ ਦੇ ਸੱਚੇ ਮਾਰਗ ਤੇ ਖੁਸ਼ੀ ਦੇ ਨਾਲ ਚੱਲਣਾ ਹੀ ਪ੍ਰਮਾਤਮਾ ਦੇ ਮੰਗਲ ਗਾਉਂਣਾ ਹੈ ਜੋ ਮੰਗਲ ਗਾਉਂਣ ਨਾਲ ਸਭ ਨੂੰ ਖੁਸ਼ੀ ਮਿਲਦੀ ਹੈ ਭਾਵ ਕਿਸੇ ਨੂੰ ਦੁੱਖ ਨਹੀਂ ਮਿਲਦਾ। ਜੇਕਰ ਅਸੀਂ ਆਪਣੇ ਕਰਮ ਕਰਨ ਦੁਆਰਾ ਦੂਸਰੇ ਨੂੰ ਦੁੱਖ ਪਹੁੰਚਾਉਂਦੇ ਹਾਂ ਇਹ ਪ੍ਰਮਾਤਮਾ ਦਾ ਮੰਗਲ ਗਾਉਂਣਾ ਨਹੀਂ ਹੈ। ਮੰਗਲ ਗਾਉਂਣਾ ਉਹ ਹੈ ਸਾਡੇ ਜਿਸ ਕਰਮ ਦੁਆਰਾ ਪ੍ਰਮਾਤਮਾ ਨੂੰ ਖੁਸ਼ੀ ਮਿਲਦੀ ਹੈ ਭਾਵ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ। ਸਾਡੇ ਮਾੜੇ ਕਰਮ ਪ੍ਰਮਾਤਮਾ ਨੂੰ ਚੰਗੇ ਨਹੀਂ ਲੱਗਦੇ, ਸਾਡੇ ਚੰਗੇ ਕਰਮ ਹੀ ਪ੍ਰਮਾਤਮਾ ਨੂੰ ਚੰਗੇ ਲੱਗਦੇ ਹਨ ਭਾਵ ਸੱਚ ਅਨੁਸਾਰ ਵਿਚਰਨਾ ਹੀ ਪ੍ਰਮਾਤਮਾ ਦਾ ਮੰਗਲ ਗਾਉਂਣਾ ਹੈ। ਆਪਣਾ ਮੰਗਲ ਗਾਉਂਣਾ ਪ੍ਰਮਾਤਮਾ ਆਪ ਹੀ ਸਿਖਾਉਂਦਾ ਹੈ, ਆਪਣੀ ਸਿੱਖਿਆ ਦੇ ਰੂਪ ਵਿੱਚ ਸਿਖਾਉਂਦਾ ਹੈ। ਜਿਨ੍ਹਾਂ ਨੇ ਪ੍ਰਮਾਤਮਾ ਕੋਲੋਂ ਮਨ ਦੇ ਅੰਦਰ ਇਹ ਸੱਚੀ ਸਿੱਖਿਆ ਸੁਣੀ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਨੂੰ ਮੰਗਲ ਗਾਉਂਣਾ ਸਿਖਾਇਆ ਹੈ। ਪ੍ਰਮਾਤਮਾ ਦਾ ਮੰਗਲ ਗਾਉਂਣਾ ਹੀ ਪ੍ਰਮਾਤਮਾ ਦਾ ਸੋਹਿਲਾ ਗਾਉਂਣਾ ਹੈ ਭਾਵ ਸਿਫਤ ਸਾਲਾਹ ਕਰਨਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣਾ ਮੰਗਲ ਗਾਉਂਣਾ, ਸੋਹਿਲਾ ਗਾਉਂਣਾ ਮਨ ਦੇ ਵਿੱਚ ਅਨਹਦ ਧੁਨਿ ਦੁਆਰਾ ਸੁਣਾਉਂਦਾ ਹੈ। ਅਨਹਦ ਧੁਨਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਸਾਡੇ ਮਨ ਦਾ ਨਾਦ ਹੈ ਭਾਵ ਗਿਆਨ ਰੂਪ ਨਾਦ ਹੈ ਜਿਸ ਨਾਦ ਦੁਆਰਾ ਸਾਨੂੰ ਮਨ ਦੇ ਵਿੱਚ ਸਮਝ ਪੈਂਦੀ ਹੈ ਜੋ ਨਾਦ ਸਾਡੇ ਅੰਦਰ ਹਰ ਵੇਲੇ ਵੱਜਦਾ ਰਹਿੰਦਾ ਹੈ। ਇਹ ਨਾਦ ਅਨਹਦ ਨਾਦ ਹੈ ਜਿਸਦੀ ਕੋਈ ਆਵਾਜ ਨਹੀਂ ਹੁੰਦੀ। ਜਦੋਂ ਪ੍ਰਮਾਤਮਾ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਗੱਲ ਸੁਣਾਉਂਦਾ ਹੈ ਭਾਵ ਆਪਣਾ ਸੱਚ ਸੁਣਾਉਂਦਾ ਹੈ ਇਹ ਸਾਡੇ ਅੰਦਰ ਦੀ ਅਨਹਦ ਧੁਨਿ ਹੈ ਭਾਵ ਸਾਡੇ ਮਨ ਦੀ ਸਮਝ ਜਦੋਂ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ, ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲੀ ਬਣ ਜਾਂਦੀ ਹੈ ਇਹ ਸਾਡੇ ਅੰਦਰ ਅਨਹਦ ਧੁਨਿ ਵਾਲਾ ਬਣਨਾ ਹੈ। ਪ੍ਰਮਾਤਮਾ ਕੋਲੋਂ ਆਪਣੇ ਅੰਦਰ ਸੁਣਨ ਦੁਆਰਾ ਅਸੀਂ

42/5477

ਮਾਇਆ ਵਾਲੇ ਵਿਚਾਰਾਂ ਵਿੱਚੋਂ ਨਿਕਲਦੇ ਹਾਂ ਤੇ ਸਾਡੇ ਅੰਦਰ ਮਾਇਆ ਵਾਲੇ ਵਿਚਾਰ ਸਾਨੂੰ ਮਾਇਆ ਦੀ ਧੁਨਿ ਨਾਲ ਜੋੜ ਕੇ ਰੱਖਦੇ ਹਨ। ਮਨ ਦੇ ਵਿਚਾਰਾਂ ਰਾਹੀਂ ਜੋ ਕੁਝ ਕਰਨਾ ਸਾਨੂੰ ਚੰਗਾ ਲੱਗਦਾ ਹੈ ਉਹ ਸਾਡੇ ਅੰਦਰ ਦੀ ਧੁਨਿ ਹੈ। ਅਨਹਦ ਧੁਨਿ ਨਾਲ ਜੁੜਨ ਦੁਆਰਾ ਪ੍ਰਮਾਤਮਾ ਸਾਨੂੰ ਆਪਣਾ ਮੰਗਲ ਗਾਉਂਣਾ, ਸੋਹਿਲਾ ਗਾਉਂਣਾ ਹੀ ਸਿਖਾਉਂਦਾ ਹੈ। **(ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ ॥ ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ ॥)**

ਪ੍ਰਮਾਤਮਾ ਦਾ ਮੰਗਲ ਗਾਉਂਣਾ ਸਾਡੇ ਸੱਚੇ ਸੁੱਚੇ ਕਰਮ ਕਰਨੇ ਹੀ ਹਨ ਜਿਸਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਜਿਸਨੂੰ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

{ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ ॥ ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ॥
ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ ॥
ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥
ਗ੍ਰਿਹਿ ਲਾਲੁ ਆਵੈ ਮਹਲੁ ਪਾਵੈ ਮਿਲਿ ਸੰਗਿ ਮੰਗਲੁ ਗਾਈਐ ॥
ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ ॥੩॥
ਸੰਤਨ ਕੈ ਪਰਸਾਦਿ ਹਰਿ ਹਰਿ ਪਾਇਆ ਰਾਮ ॥ ਇਛ ਪੁੰਨੀ ਮਨਿ ਸਾਂਤਿ ਤਪਤਿ ਬੁਝਾਇਆ ਰਾਮ ॥
ਸਫਲਾ ਸੁ ਦਿਨਸ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਨਾ ॥
ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ ॥
ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥

ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥}

(ਅੰਗ ੫੪੩)

{ਏਹੁ ਸੋਹਿਲਾ ਸਬਦੁ ਸੁਹਾਵਾ ॥ ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥
ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥
ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥
ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥}

(ਅੰਗ ੯੧੯)

{ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}

(ਅੰਗ ੯੨੨)

{ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ॥
ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ ॥੩॥}

(ਅੰਗ ੭੭੧)

{ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ ॥
ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ ॥੧॥}

(ਅੰਗ ੭੭੦)

{ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥
ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥
ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ ॥
ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮ੍ਹਾਲੇ ॥
ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ॥
ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ ॥੩॥}

(ਅੰਗ ੭੭੧)

{ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ ॥
ਹਰਿ ਸੋਹਿਲਾ ਤਿਨ੍ ਸਦ ਸਦਾ ਜੋ ਹਰਿ ਗੁਣ ਗਾਵਹਿ ॥
ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥
ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥
ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥
ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥੨॥}

(ਅੰਗ ੪੪੦)

42/5478

{ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥
ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥
ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ ॥
ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥
ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥੧॥
ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥
ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥
ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥
ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥
ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥ ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥
ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ ॥ ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ ॥੩॥
ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥ ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥
ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ ॥ ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥
ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥
ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥}

(ਅੰਗ ੭੬੯)

ਉਪਰਲੇ ਸ਼ਬਦਾਂ ਨੂੰ ਅਗਰ ਧਿਆਨ ਨਾਲ ਸਮਝੋਗੇ ਜੋ ਮੰਗਲ ਗਾਉਂਣਾ ਹੈ ਉਹੀ ਕੁਝ ਸੋਹਿਲਾ ਗਾਉਂਣਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ, ਗੁਰੂ ਦੀ ਸੱਚੀ ਸਮਝ ਦੁਆਰਾ ਗੁਣੀ ਹੋ ਕੇ ਵਿਚਰਨਾ ਹੈ, ਅਉਗੁਣਾਂ ਤੋਂ ਰਹਿਤ ਹੋ ਕੇ, ਹਉਮੈ ਤੋਂ ਰਹਿਤ ਹੋ ਕੇ ਸਾਡੀ ਸੱਚੀ ਸੁੱਚੀ ਵਿਚਰਨ ਹੈ। **{ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥ ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥}** ਅੰਗ ੫੪੩ **{ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥ ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥}** ਅੰਗ ੭੬੯

ਮੰਗਲ ਗਾਉਂਣਾ, ਸੋਹਿਲਾ ਗਾਉਂਣਾ ਸਾਡਾ ਧਰਮ ਦਾ ਮਾਰਗ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸਾਡੀ ਸੱਚੀ ਸੁੱਚੀ ਵਿਚਰਨ ਹੈ ਤੇ ਇਹ ਮਾਰਗ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਅਨਹਦ ਧੁਨਿ ਦੇ ਨਾਲ ਜੋੜ ਕੇ ਸਮਝਾਇਆ ਹੈ ਜਿਵੇਂ ਕਿ ਅਸੀਂ ਉਪਰ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪਣੀ ਅਨਹਦ ਧੁਨਿ ਦੇ ਨਾਲ ਕਿਸ ਤਰੀਕੇ ਜੋੜਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ ॥

ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥”

ਪ੍ਰਮਾਤਮਾ ਮਨ ਦੇ ਅੰਦਰ ਜੋ ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ, ਮੰਗਲ ਗਾਉਂਣਾ, ਸੋਹਿਲਾ ਗਾਉਂਣਾ ਸਮਝਾਉਂਦਾ ਹੈ ਉਹ ਸ਼ਬਦਾਂ ਦੁਆਰਾ ਹੀ ਸਮਝਾਉਂਦਾ ਹੈ। ਜੋ ਸ਼ਬਦ ਉਸਨੇ ਮਨ ਦੇ ਵਿੱਚ ਸਮਝਾਏ ਹਨ ਉਹੀ ਸ਼ਬਦ ਪੂਰੀ ਗੁਰਬਾਣੀ ਵਿੱਚ ਹਨ। ਮਨ

42/5479

ਦੇ ਵਿੱਚ ਪ੍ਰਮਾਤਮਾ ਆਪਣਾ ਸੱਚਾ ਗਿਆਨ ਸ਼ਬਦਾਂ ਦੁਆਰਾ ਹੀ ਦਿੰਦਾ ਹੈ ਜਿਨ੍ਹਾਂ ਸ਼ਬਦਾਂ ਰਾਹੀਂ ਸਾਨੂੰ ਮਨ ਦੇ ਵਿੱਚ ਕੇਵਲ ਸਮਝ ਪੈਂਦੀ ਹੈ ਤੇ ਮਨ ਦੇ ਵਿੱਚ ਕੋਈ ਆਵਾਜ ਨਹੀਂ ਉਪਜਦੀ ਭਾਵ ਸ਼ਬਦ ਸਾਡੇ ਮਨ ਦੇ ਅੰਦਰ ਅਨਹਦ ਰੂਪ ਦੇ ਵਿੱਚ ਵੱਜਦੇ ਹਨ, ਬਿਨਾਂ ਆਵਾਜ ਤੋਂ ਵੱਜਦੇ ਹਨ। ਪ੍ਰਮਾਤਮਾ ਇਸ ਗਿਆਨ ਦੇ ਰੂਪ ਵਿੱਚ ਹੀ ਸਾਡੇ ਅੰਦਰ ਗੱਜਦਾ ਹੈ ਭਾਵ ਆਪਣੀ ਗੱਲ ਨੂੰ ਉਹ ਸ਼ਬਦਾਂ ਦੇ ਰੂਪ ਵਿੱਚ ਗੱਜ ਵੱਜ ਕੇ ਸੁਣਾਉਂਦਾ ਹੈ ਭਾਵ ਪੂਰੀ ਅਥੋਰਿਟੀ ਨਾਲ ਸੁਣਾਉਂਦਾ ਹੈ ਕਿ ਇਸ ਵਿੱਚ ਪੂਰਨ ਸੱਚ ਹੈ ਜਿਸ ਤੋਂ ਉਪਰ ਕੋਈ ਹੋਰ ਗਿਆਨ ਨਹੀਂ ਹੋ ਸਕਦਾ। ਉਹ ਮਨ ਦੇ ਵਿੱਚ ਆਪਣੇ ਸ਼ਬਦ ਗੱਜ ਕੇ ਸੁਣਾਉਂਦਾ ਹੈ ਪਰ ਫਿਰ ਵੀ ਉਹਨਾਂ ਨੂੰ ਅਗਾਜੇ ਕਿਹਾ ਹੈ ਭਾਵ ਉਹਨਾਂ ਵਿੱਚੋਂ ਗੱਜਣ ਦੀ ਆਵਾਜ ਨਹੀਂ ਆਉਂਦੀ, ਉਹਨਾਂ ਨੂੰ ਸਾਡਾ ਮਨ ਕੇਵਲ ਸਮਝਦਾ ਹੈ ਜਿਸ ਵਿੱਚੋਂ ਪ੍ਰਮਾਤਮਾ ਦੀ ਸਮਝਾਈ ਹੋਈ ਗੱਲ ਨੂੰ ਪੂਰਨ ਰੂਪ ਵਿੱਚ ਸੱਚ ਮੰਨਦਾ ਹੈ, ਪੂਰੀ ਅਥੋਰਿਟੀ ਨਾਲ ਮੰਨਦਾ ਹੈ ਕਿ ਇਸ ਤੋਂ ਉਪਰ ਕੋਈ ਹੋਰ ਸੱਚਾਈ ਨਹੀਂ ਹੋ ਸਕਦੀ। ਜੋ ਗੱਲ ਪ੍ਰਮਾਤਮਾ ਆਪ ਕਹਿੰਦਾ ਹੈ ਕੀ ਉਸ ਤੋਂ ਵੱਡਾ ਸੱਚ ਕੋਈ ਹੋਰ ਹੋ ਸਕਦਾ ਹੈ, ਕੀ ਪ੍ਰਮਾਤਮਾ ਤੋਂ ਵੱਡਾ ਕੋਈ ਹੋਰ ਹੋ ਸਕਦਾ ਹੈ ਭਾਵ ਉੱਥੇ ਇਹ ਗੱਲ ਮੰਨਣ ਵਿੱਚ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ ਕਿ ਇਸ ਤੋਂ ਉਪਰ ਵੀ ਕੋਈ ਸੱਚ ਹੋ ਸਕਦਾ ਹੈ। ਜਿਸਦੇ ਨਾਲ ਇਹ ਕੁਝ ਹੋਇਆ ਹੈ ਭਾਵ ਜਿਸਨੂੰ ਪ੍ਰਮਾਤਮਾ ਨੇ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਸੱਚ ਸਮਝਾਇਆ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਸਮਝਾਇਆ ਹੈ, ਕੇਵਲ ਤੇ ਕੇਵਲ ਉਹੀ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਸੱਚ ਕੀ ਹੈ ਤੇ ਭਰਮ ਕੀ ਹੈ ਭਾਵ ਭਰਮ ਤੇ ਸੱਚ ਵਿੱਚ ਫਰਕ ਸੱਚ ਨੂੰ ਜਾਨਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਮਾਇਆ ਮੋਹ ਵਾਲੀ ਮਤਿ ਵਿੱਚ ਰਹਿੰਦੇ ਹੋਏ ਮਨੁੱਖ ਦੀ ਮਤਿ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਨੂੰ ਲੈ ਕੇ ਭਰਮਾਂ ਵਿੱਚ ਭਰੀ ਹੋਈ ਹੈ। ਭਰਮਾਂ ਵਾਲੀ ਮਤਿ ਵਿੱਚੋਂ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਸ਼ਬਦਾਂ ਦੇ ਗਿਆਨ ਦੁਆਰਾ ਕੱਢਦਾ ਹੈ। ਉਹ ਪ੍ਰਮਾਤਮਾ ਨਿਤ ਨਿਤ ਆਪਣੇ ਸ਼ਬਦਾਂ ਦਾ ਗਿਆਨ ਦਿੰਦਾ ਹੀ ਰਹਿੰਦਾ ਹੈ ਭਾਵ ਗਿਆਨ ਵਧਾਉਂਦਾ ਰਹਿੰਦਾ ਹੈ। **(ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ॥)** ਆਉ ਹੁਣ ਅਗਲੀ ਪੰਗਤੀ ਰਾਹੀਂ ਸਮਝੀਏ ਕਿ ਪ੍ਰਮਾਤਮਾ ਨੂੰ ਧਿਆਉਂਣਾ ਕੀ ਹੈ।

42/5480

“ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥”

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ, ਪਿਛਲੇ ਸ਼ਬਦ ਦੁਆਰਾ ਵੀ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਧਿਆ ਲੈਣਾ ਜਾਂ ਪ੍ਰਮਾਤਮਾ ਨੂੰ ਪਾ ਲੈਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਨੂੰ ਧਿਆਉਂਣਾ ਉਹ ਹੈ ਜਦੋਂ ਪ੍ਰਮਾਤਮਾ ਸਾਡੇ ਧਿਆਨ ਦੇ ਅੰਦਰ ਵੱਸ ਜਾਂਦਾ ਹੈ ਭਾਵ ਸਾਡੀ ਸਮਝ ਦੇ ਅੰਦਰ ਵੱਸ ਜਾਂਦਾ ਹੈ, ਜਦੋਂ ਸਾਡੀ ਸਮਝ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਹੈ। ਮਨ ਦੇ ਵਿੱਚ ਇਹ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣੇ ਅਨਹਦ ਸ਼ਬਦ ਸੁਨਾਉਂਣ ਦੁਆਰਾ ਪਾਉਂਦਾ ਹੈ। ਸ਼ਬਦਾਂ ਦੀ ਮਤਿ ਨੂੰ ਆਪਣੇ ਅੰਦਰ ਧਿਆਉਂਣਾ ਹੀ ਪ੍ਰਮਾਤਮਾ ਨੂੰ ਧਿਆਉਂਣਾ ਹੈ ਕਿਉਂਕਿ ਪ੍ਰਮਾਤਮਾ ਆਪ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੀ ਹੈ। ਜੋ ਗੱਲ ਸਾਡੇ ਧਿਆਨ ਵਿੱਚ ਵੱਸ ਜਾਂਦੀ ਹੈ ਇਹ ਉਸ ਗੱਲ ਨੂੰ ਧਿਆਉਂਣਾ ਹੈ ਭਾਵ ਜਿਸ ਗੱਲ ਨੂੰ ਅਸੀਂ ਮੰਨ ਲੈਂਦੇ ਹਾਂ ਉਸ ਗੱਲ ਨੂੰ ਅਸੀਂ ਧਿਆ ਲੈਂਦੇ ਹਾਂ। ਸ਼ਬਦਾਂ ਦੀ ਗੱਲ ਨੂੰ ਮੰਨਣਾ ਹੀ ਪ੍ਰਮਾਤਮਾ ਨੂੰ ਧਿਆਉਂਣਾ ਹੈ, ਨਾਮ ਨੂੰ ਧਿਆਉਂਣਾ ਹੈ ਤੇ ਇਹੀ ਕੁਝ ਪ੍ਰਮਾਤਮਾ ਨੂੰ ਜੱਪਣਾ ਹੈ, ਨਾਮ ਜੱਪਣਾ ਹੈ, ਸਿਮਰਨਾ ਹੈ। ਜੱਪਣਾ ਅਸੀਂ ਆਪਣੇ ਅੰਦਰ ਗੁਰੂ ਦੇ ਸੱਚੇ ਗਿਆਨ ਨੂੰ ਹੀ ਹੈ ਜਿਸ ਰਾਹੀਂ ਸਾਨੂੰ ਸੱਚ ਦੀ ਸਮਝ ਪੈਂਦੀ ਹੈ ਤੇ ਉਹ ਸੱਚ ਹੀ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਦਾ ਹੈ, ਅਗਿਆਨਤਾ ਵਿੱਚੋਂ ਕੱਢਦਾ ਹੈ, ਮਾਇਆ ਵਿੱਚੋਂ ਕੱਢਦਾ ਹੈ, ਹਉਮੈ ਵਿੱਚੋਂ ਕੱਢਦਾ ਹੈ, ਤ੍ਰੈ ਗੁਣਾਂ ਵਿੱਚੋਂ ਕੱਢਦਾ ਹੈ ਜਿਸ ਕਰਕੇ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਪੜਦਾ ਹੈ। ਸ਼ਬਦਾਂ ਦਾ ਗਿਆਨ ਸਾਨੂੰ ਮਨ ਦੇ ਇਸ ਪੜਦੇ ਵਿੱਚੋਂ ਕੱਢ ਲੈਂਦਾ ਹੈ ਜੋ ਗਿਆਨ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿੰਦਾ ਹੈ। ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਨੂੰ ਆਪਣੇ ਅੰਦਰ ਧਿਆਉਂਣਾ ਹੀ ਭਾਵ ਗੁਰਮਤਿ ਰੂਪ ਸੱਚੀ ਮਤਿ ਨੂੰ ਆਪਣੇ ਅੰਦਰ ਵਸਾਉਂਣਾ ਹੀ ਆਪਣੇ ਅੰਦਰ ਪ੍ਰਮਾਤਮਾ ਨੂੰ ਧਿਆਉਂਣਾ ਹੈ। ਜੋ ਪ੍ਰਮਾਤਮਾ

ਨੂੰ ਆਪਣੇ ਅੰਦਰ ਧਿਆ ਲੈਂਦਾ ਹੈ ਉਸਦੇ ਧਿਆਨ ਵਿੱਚ ਪ੍ਰਮਾਤਮਾ ਵੱਸ ਜਾਂਦਾ ਹੈ ਜਿਸਦੇ ਵੱਸਣ ਦੁਆਰਾ ਭਾਵ ਉਸਦੇ ਮੇਲ ਦੁਆਰਾ ਮਨੁੱਖ ਸਭ ਕੁਝ ਪਾ ਲੈਂਦਾ ਹੈ ਤੇ ਉਸਦੇ ਪਾਉਂਣ ਲਈ ਫਿਰ ਹੋਰ ਕੁਝ ਬਾਕੀ ਨਹੀਂ ਰਹਿ ਜਾਂਦਾ। ਸਭ ਕੁਝ ਪ੍ਰਮਾਤਮਾ ਆਪ ਹੈ ਤੇ ਜੇਕਰ ਉਸਨੂੰ ਹੀ ਪਾ ਲਿਆ ਫਿਰ ਹੋਰ

42/5481

ਪਾਉਂਣ ਨੂੰ ਕੀ ਰਹਿ ਗਿਆ। ਉਸਨੂੰ ਪਾਉਂਣ ਦੁਆਰਾ ਮਨੁੱਖ ਉਸੇ ਦਾ ਰੂਪ ਹੀ ਹੋ ਜਾਂਦਾ ਹੈ ਜੋ ਪ੍ਰਮਾਤਮਾ ਕਦੇ ਮਰ ਨਹੀਂ ਸਕਦਾ ਭਾਵ ਆਵਾ ਗਉਂਣ ਤੋਂ ਰਹਿਤ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੁੰਦਾ ਹੈ ਜੋ ਰੂਪ ਆਵਾ ਗਉਂਣ ਤੋਂ ਰਹਿਤ ਹੈ। ਅਸਲ ਵਿੱਚ ਅਸੀਂ ਸਾਰੇ ਪ੍ਰਮਾਤਮਾ ਦਾ ਹੀ ਰੂਪ ਹਾਂ ਪਰ ਸਾਡੀ ਭਰਮ ਵਾਲੀ ਮਤਿ ਸਾਨੂੰ ਆਵਾਗਉਂਣ ਨਾਲ ਜੋੜ ਕੇ ਰੱਖਦੀ ਹੈ ਕਿਉਂਕਿ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ, ਆਪਣੇ ਆਪ ਨੂੰ ਆਵਾਗਉਂਣ ਵਿੱਚ ਸਮਝਦੇ ਹਾਂ। ਮਨ ਦੀ ਸਮਝ ਸਾਨੂੰ ਇਸ ਭਰਮ ਵਿੱਚੋਂ ਕੱਢ ਲੈਂਦੀ ਹੈ ਭਾਵ ਆਵਾਗਉਂਣ ਵਿੱਚੋਂ ਕੱਢ ਲੈਂਦੀ ਹੈ। **(ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ ॥ ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥)**

ਪ੍ਰਮਾਤਮਾ ਦੇ ਨਾਲ ਮੇਲ ਕਿਸ ਰੂਪ ਵਿੱਚ ਹੁੰਦਾ ਹੈ ਜਿਸ ਰੂਪ ਵਿੱਚ ਉਹ ਆਪਣਾ ਮੰਗਲ ਸੁਣਾਉਂਦਾ ਹੈ, ਸੋਹਿਲਾ ਗਾਉਂਣਾ ਸਿਖਾਉਂਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ ॥
ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਨੀਐ ॥੪॥੧॥”

ਪ੍ਰਮਾਤਮਾ ਦੇ ਨਾਲ ਮੇਲ ਉਸਦੇ ਨਿਰਗੁਣ ਰੂਪ ਦੇ ਨਾਲ ਹੀ ਹੁੰਦਾ ਹੈ ਭਾਵ ਉਸਦੇ ਨਿਰੰਕਾਰ ਰੂਪ ਨਾਲ ਹੀ ਹੁੰਦਾ ਹੈ ਭਾਵ ਉਸਦੇ ਗਿਆਨ ਰੂਪ ਨਾਲ ਹੀ ਹੁੰਦਾ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੇ ਰੂਪ ਨਾਲ ਹੁੰਦਾ ਹੈ ਜੋ ਰੂਪ ਉਸਦਾ ਮਾਇਆ ਤੋਂ ਰਹਿਤ ਹੈ ਭਾਵ ਭਰਮਾਂ ਤੋਂ ਰਹਿਤ ਹੈ, ਮਨ ਦੀ ਅਗਿਆਨਤਾ ਤੋਂ ਰਹਿਤ ਹੈ ਜਿਸ ਰਾਹੀਂ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ, ਮਨ ਦੇ ਵਿੱਚ ਉਸਦਾ ਨਿਤ ਨਿਤ ਮੰਗਲ ਸੁਣਨ ਦੁਆਰਾ ਪੈਂਦੀ ਹੈ ਜੋ ਮੰਗਲ ਉਹ ਆਪਣੇ ਨਿਰਗੁਨ ਰੂਪ ਘਰ ਵਿੱਚੋਂ ਆਪ ਹੀ ਸੁਣਾਉਂਦਾ ਹੈ। ਜਦ ਤਕ ਅਸੀਂ ਅਗਿਆਨਤਾ ਵਾਲੀ ਮਤਿ ਵਿੱਚ ਰਹਿੰਦੇ ਹਾਂ ਤਦ ਤਕ ਧਰਮ ਦੇ ਸੱਚੇ ਮਾਰਗ ਦੀ ਸਮਝ ਨਾ ਹੋਣ ਕਰਕੇ ਅਸੀਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਜਿਸ ਰਾਹੀਂ ਸਾਡੇ ਅੰਦਰ ਮਾਇਆ ਦੇ ਸੁੱਖਾਂ ਦੀ ਪਿਆਸ ਹਰ ਵੇਲੇ ਬਣੀ ਰਹਿੰਦੀ ਹੈ ਜਿਨ੍ਹਾਂ ਵਿੱਚੋਂ ਨਿਕਲੇ ਬਿਨਾਂ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਮੰਗਲ ਨਹੀਂ ਗਾਏ ਜਾ ਸਕਦੇ

42/5482

ਜੋ ਕਿ ਵਿਕਾਰਾਂ ਤੋਂ ਰਹਿਤ ਹੋ ਕੇ ਸਾਡੀ ਸੱਚੀ ਸੁੱਚੀ ਵਿਚਰਨ ਹੈ। ਜਦੋਂ ਮਨੁੱਖ ਦੇ ਅੰਦਰੋਂ ਤ੍ਰਿਸ਼ਨਾਵਾਂ ਮੁੱਕ ਜਾਂਦੀਆਂ ਹਨ, ਮਾਇਆ ਦੀ ਪਿਆਸ ਮੁੱਕ ਜਾਂਦੀ ਹੈ ਉਹ ਫਿਰ ਤਾਂ ਹੀ ਭਗਤੀ ਦੇ ਮਾਰਗ ਤੇ ਚੱਲਦਾ ਹੈ। ਇਹੀ ਸਾਡੀਆਂ ਆਸ਼ਾਵਾਂ ਦੀ ਪੂਰਤੀ ਹੈ ਭਾਵ ਜਦੋਂ ਸਾਡੇ ਅੰਦਰੋਂ ਇੱਛਾਵਾਂ ਨਹੀਂ ਜਾਗਦੀਆਂ ਇਹ ਸਾਡੀਆਂ ਇੱਛਾਵਾਂ ਦੀ ਪੂਰਤੀ ਹੈ। ਪ੍ਰਮਾਤਮਾ ਆਪਣੇ ਮੇਲ ਦੁਆਰਾ, ਆਪਣੀ ਸੱਚੀ ਸਮਝ ਦੇਣ ਦੁਆਰਾ ਮਨੁੱਖ ਨੂੰ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਕੱਢ ਦਿੰਦਾ ਹੈ। ਮਨੁੱਖ ਦੀ ਸਭ ਤੋਂ ਵੱਡੀ ਆਸ ਪ੍ਰਮਾਤਮਾ ਦੇ ਨਾਲ ਮੇਲ ਦੀ ਹੁੰਦੀ ਹੈ ਫਿਰ ਮਨੁੱਖ ਦੀ ਹੋਰ ਕੋਈ ਆਸ ਨਹੀਂ ਰਹਿ ਜਾਂਦੀ ਕੋਈ ਹੋਰ ਇੱਛਾ ਨਹੀਂ ਰਹਿ ਜਾਂਦੀ। ਪ੍ਰਮਾਤਮਾ ਮਨੁੱਖ ਦੀ ਸਭ ਤੋਂ ਪਹਿਲਾਂ ਇਹ ਇੱਛਾ ਪੂਰੀ ਕਰਦਾ ਹੈ ਭਾਵ ਆਪਣੇ ਨਾਲ ਮੇਲ ਦੀ ਇੱਛਾ ਪੂਰੀ ਕਰਦਾ ਹੈ ਤੇ ਉਸ ਤੋਂ ਬਾਅਦ ਹੀ ਮਨੁੱਖ ਫਿਰ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਦਾ ਹੈ ਤੇ ਉਹੋ ਜਿਹਾ ਜੀਵਨ ਜਿਉਂਦਾ ਹੈ ਜਿਹੋ ਜਿਹਾ ਮਾਰਗ ਪ੍ਰਮਾਤਮਾ ਆਪ ਸਮਝਾਉਂਦਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ **“ਗੁਰਮੁਖਿ”** ਰੂਪ ਵਿੱਚ ਹੁੰਦਾ ਹੈ। ਪ੍ਰਮਾਤਮਾ ਦਾ ਗੁਰਮੁਖਿ ਰੂਪ ਹੀ ਉਸਦਾ ਗੁਰੂ ਰੂਪ ਹੈ, ਭਗਤ ਰੂਪ ਹੈ ਜੋ ਕਿ ਉਸਦਾ ਸੱਚੇ ਗਿਆਨ ਦੀ ਮਤਿ ਵਾਲਾ ਰੂਪ ਹੈ। ਪ੍ਰਮਾਤਮਾ ਇਸ ਰੂਪ ਵਿੱਚ ਮਨ ਦੇ ਵਿੱਚ ਆਪਣੀ ਸੱਚੇ ਗਿਆਨ ਵਾਲੀ ਮਤਿ ਦਿੰਦਾ ਹੈ ਜੋ ਕਿ ਉਹ ਆਪਣੇ ਸ਼ਬਦਾਂ ਰਾਹੀਂ ਨਿਤ ਨਿਤ ਦਿੰਦਾ ਹੀ ਰਹਿੰਦਾ ਹੈ ਭਾਵ **“ਮੰਗਲੁ”** ਸੁਣਾਉਂਦਾ ਹੀ ਰਹਿੰਦਾ ਹੈ, ਭਗਤੀ ਦਾ ਸੱਚਾ ਮਾਰਗ ਨਿਤ ਨਿਤ ਸਮਝਾਉਂਦਾ ਹੀ ਰਹਿੰਦਾ ਹੈ। **(ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ ॥ ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ ॥ ਅਨਹਦ ਵਾਜੇ ਸਬਦ ਅਗਾਜੇ ਨਿਤ**

ਨਿਤ ਜਿਸਹਿ ਵਧਾਈ ॥ ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥ ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ ॥ ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਨੀਐ ॥੪॥੧॥)

ਜੋ ਕੁਝ ਸਾਡੇ ਅੰਦਰ ਅਨਹਦ ਵਾਜੇ ਵੱਜਣਾ ਹੈ ਉਸੇ ਗੱਲ ਨੂੰ ਭਗਤ ਨਾਮਦੇਵ ਜੀ ਨੇ ਹੇਠ ਦਿੱਤੇ ਸ਼ਬਦ ਰਾਹੀਂ **"ਅਣਮੜਿਆ ਮੰਦਲੁ ਬਾਜੈ"** ਅੰਗ ੬੫੭ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ। **"ਮੰਦਲੁ"** ਢੋਲ ਨੂੰ ਕਹਿੰਦੇ ਹਨ। ਢੋਲ ਨੂੰ ਵਜਾਉਂਣ ਲਈ ਉਸਨੂੰ ਚਮੜੇ ਨਾਲ ਮੜਿਆ ਜਾਂਦਾ ਹੈ ਭਾਵ ਉਸਨੂੰ ਬਿਨਾਂ ਮੜਨ ਤੋਂ ਨਹੀਂ ਵਜਾਇਆ ਜਾ ਸਕਦਾ। ਸਾਡੇ ਅੰਦਰ ਪ੍ਰਮਾਤਮਾ ਜੋ ਆਪਣਾ ਨਾਦ ਸੁਣਾਉਂਦਾ ਹੈ ਉਹ ਬਿਨਾਂ ਕਿਸੇ ਆਵਾਜ ਕਰਨ ਤੋਂ ਹੀ ਸੁਣਾਉਂਦਾ ਹੈ ਕਿਉਂਕਿ ਇਹ ਨਾਦ ਉਸਦੇ ਗਿਆਨ ਦਾ ਨਾਦ ਹੈ ਜਿਸ ਨਾਦ ਨੂੰ ਸੁਣਨ ਲਈ ਕਿਸੇ ਆਵਾਜ ਦੀ ਲੋੜ ਨਹੀਂ ਹੈ। ਇਸੇ ਤਰ੍ਹਾਂ ਹੀ ਭਗਤ ਜੀ ਨੇ ਪ੍ਰਮਾਤਮਾ ਨੂੰ ਸਾਡੇ ਅੰਦਰ ਗੱਜਣਾ ਸਮਝਾਇਆ ਹੋਇਆ ਹੈ। **(ਬਿਨੁ ਸਾਵਣ ਘਨਹਰੁ ਗਾਜੈ ॥)**

42/5483

ਅਸਮਾਨ ਵਿੱਚੋਂ ਬੱਦਲਾਂ ਦੀ ਗੂੰਜ, ਉਹਨਾਂ ਦੇ ਗੱਜਣ ਦੀ ਆਵਾਜ ਬਾਰਿਸ਼ ਦੇ ਮੌਸਮ ਵਿੱਚ ਹੀ ਸੁਣੀ ਜਾਂਦੀ ਹੈ ਭਾਵ ਇਹ ਮਨ ਦੇ ਵਿੱਚ ਪ੍ਰਮਾਤਮਾ ਦੀ ਗਰਜਣ ਸੁਣਨਾ ਹੈ ਜਿਸਦੇ ਲਈ ਕਿਸੇ ਦੁਨਿਆਵੀ ਆਵਾਜ ਦੀ ਲੋੜ ਨਹੀਂ। ਇਹ ਗਰਜਣ ਸਾਡੇ ਅੰਦਰ ਪ੍ਰਮਾਤਮਾ ਕਿਸ ਰੂਪ ਵਿੱਚ ਕਰਦਾ ਹੈ, ਆਪਣਾ ਨਾਦ ਕਿਸ ਰੂਪ ਵਿੱਚ ਵਜਾਉਂਦਾ ਹੈ ਇਸ ਗੱਲ ਨੂੰ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਬਾਦਲ ਬਿਨੁ ਬਰਖਾ ਹੋਈ ॥ ਜਉ ਤਤੁ ਬਿਚਾਰੈ ਕੋਈ ॥੧॥"

ਦੁਨਿਆਵੀ ਤੌਰ ਤੇ ਜਦੋਂ ਬਰਖਾ ਹੁੰਦੀ ਹੈ ਉਹ ਬੱਦਲਾਂ ਦੇ ਹੋਣ ਨਾਲ ਹੀ ਹੁੰਦੀ ਹੈ ਜੋ ਸਭ ਨੂੰ ਨਜਰ ਆਉਂਦਾ ਹੈ ਕਿਉਂਕਿ ਬੱਦਲਾਂ ਦਾ ਵੀ ਆਕਾਰ ਰੂਪ ਹੁੰਦਾ ਹੈ ਤੇ ਬਰਖਾ ਦਾ ਵੀ ਆਕਾਰ ਰੂਪ ਹੁੰਦਾ ਹੈ। ਉਪਰ ਪੰਗਤੀਆਂ ਰਾਹੀਂ ਬਰਖਾ ਦੀ ਗੱਲ ਕੀਤੀ ਹੋਈ ਹੈ ਉਹ ਵਰਖਾ ਸਾਡੇ ਮਨ ਦੇ ਵਿੱਚ ਹੁੰਦੀ ਹੈ ਜਿਸਦਾ ਕੋਈ ਆਕਾਰ ਰੂਪ ਨਹੀਂ ਹੁੰਦਾ ਤੇ ਨਾ ਹੀ ਉਸਦੇ ਲਈ ਬੱਦਲ ਦੀ ਲੋੜ ਹੈ ਕਿਉਂਕਿ ਇਹ ਵਰਖਾ ਸਾਡੇ ਅੰਦਰ ਨਿਰੰਕਾਰ ਰੂਪ ਵਿੱਚ ਹੁੰਦੀ ਹੈ ਭਾਵ ਗਿਆਨ ਰੂਪ ਵਿੱਚ ਹੁੰਦੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ, ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੁੰਦੀ ਹੈ ਜੋ ਬਰਖਾ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਕਰਦਾ ਹੈ। ਮਨ ਦੇ ਵਿੱਚ ਇਸ ਗਿਆਨ ਦੀ ਬਰਖਾ ਨਾਲ ਪ੍ਰਮਾਤਮਾ ਆਪਣਾ ਪੂਰਨ ਸੱਚ ਸਮਝਾਉਂਦਾ ਹੈ, **"ਤਤੁ"** ਦੀ ਗੱਲ ਸਮਝਾਉਂਦਾ ਹੈ, ਪੂਰਾ ਨਿਚੋੜ ਕੱਢਦਾ ਹੈ ਕਿ ਸੱਚ ਕੀ ਹੈ ਤੇ ਭਰਮ ਕੀ ਹੈ। ਸਾਡੀ ਭਰਮਾਂ ਵਾਲੀ ਮਤਿ ਆਪਣੇ ਅੰਦਰ ਤਤੁ ਵਿਚਾਰਨ ਦੁਆਰਾ ਹੀ ਦੂਰ ਹੁੰਦੀ ਹੈ। ਮਨ ਦੇ ਵਿੱਚ ਗਿਆਨ ਦੀ ਵਰਖਾ ਦੁਆਰਾ ਮਨੁੱਖ ਨੂੰ ਤੱਤ ਗਿਆਨ ਮਿਲਦਾ ਹੈ ਜਿਸਨੂੰ ਫਿਰ ਉਹ ਵਿਚਾਰਦਾ ਹੈ। ਪਹਿਲੇ ਉਹ ਆਪ ਤਤੁ ਨੂੰ ਬਿਚਾਰਦਾ ਹੈ ਤੇ ਫਿਰ ਪੂਰੇ ਸੰਸਾਰ ਨੂੰ ਸਮਝਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਇਆ ਹੈ। ਭਗਤੀ ਦਾ ਸੱਚਾ ਮਾਰਗ ਤਤੁ ਵਿਚਾਰਨ ਦੁਆਰਾ ਹੀ ਸਮਝ ਆਉਂਦਾ ਹੈ ਤੇ ਸਾਨੂੰ ਉਹਨਾਂ ਹਰ ਤਰੀਕਿਆਂ ਵਿੱਚੋਂ ਕੱਢਦਾ ਹੈ ਜੋ ਭਗਤੀ ਦੇ ਤਰੀਕੇ ਸੰਸਾਰ ਨੇ ਭਰਮਾਂ ਵਾਲੀ ਮਤਿ ਕਰਕੇ ਹੀ ਬਣਾਏ ਹੋਏ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ। ਜਿਨ੍ਹਾਂ ਨੇ ਤਤੁ ਨੂੰ ਵਿਚਾਰਿਆ ਹੈ ਉਹਨਾਂ ਨੂੰ ਇਹ **"ਤਤੁ"** ਰੂਪ ਗਿਆਨ ਪ੍ਰਮਾਤਮਾ ਨੇ ਆਪ ਦਿੱਤਾ ਹੈ ਤੇ ਜਿਸ ਪ੍ਰਮਾਤਮਾ ਦੀ ਅਸੀਂ ਭਗਤੀ ਕਰਨੀ ਹੈ

42/5484

ਉਸਨੇ ਆਪਣੇ **"ਤਤੁ"** ਗਿਆਨ ਰਾਹੀਂ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਾਰੇ ਸੰਸਾਰ ਲਈ ਇੱਕੋ ਜਿਹਾ ਭਗਤੀ ਦਾ ਤਰੀਕਾ ਹੀ ਸਮਝਾਇਆ ਹੈ ਤੇ ਸ਼ਬਦਾਂ ਰਾਹੀਂ ਉਸ ਹਰ ਤਰੀਕੇ ਦਾ ਖੰਡਨ ਕੀਤਾ ਹੋਇਆ ਹੈ ਜਿਨ੍ਹਾਂ ਨੂੰ ਭਰਮਾਂ ਵਿੱਚ ਹੀ ਸੰਸਾਰ ਨੇ ਆਪਣੇ ਭਗਤੀ ਦੇ ਤਰੀਕੇ ਬਣਾਇਆ ਹੋਇਆ ਹੈ। ਜਿਸ ਪ੍ਰਮਾਤਮਾ ਦੀ ਅਸੀਂ ਭਗਤੀ ਕਰਨੀ ਹੈ ਉਸਨੇ ਆਪ ਹੀ ਆਪਣੀ ਭਗਤੀ ਦਾ ਤਰੀਕਾ ਸਮਝਾਇਆ ਹੈ ਜੋ ਕਿ ਤਤੁ ਦੀ ਗੱਲ ਹੈ ਤੇ ਜੇਕਰ ਉਸੇ ਪ੍ਰਮਾਤਮਾ ਨੂੰ ਅਸੀਂ ਜਿਸਨੇ ਭਗਤੀ ਦਾ ਮਾਰਗ ਸਮਝਾਇਆ ਹੈ ਉਸ ਤੋਂ ਪੁੱਠੇ ਤਰੀਕਿਆਂ ਨਾਲ ਚੱਲ ਕੇ ਕੀ ਕਦੇ ਉਸ ਨੂੰ ਪਾਇਆ ਜਾ ਸਕਦਾ ਹੈ ਭਾਵ ਕਦੇ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਨੂੰ ਪਾਉਂਣ ਦਾ ਇੱਕੋ ਇੱਕ ਉਹੀ ਤਰੀਕਾ ਹੈ ਜੋ **"ਤਤੁ"** ਵਿਚਾਰ ਪ੍ਰਮਾਤਮਾ ਨੇ ਸਾਨੂੰ ਆਪ ਹੀ ਦਿੱਤੀ ਹੈ ਤੇ ਉਹ **"ਤਤੁ"** ਬਿਚਾਰ ਹੀ ਪੂਰੀ ਗੁਰਬਾਣੀ ਵਿੱਚ ਦਰਜ ਹੈ, ਤਤੁ ਵਿਚਾਰ ਨੂੰ ਮੰਨਣ ਦੁਆਰਾ ਹੀ ਅਸੀਂ ਭਰਮਾਂ ਵਿੱਚੋਂ ਨਿਕਲ ਸਕਦੇ ਹਾਂ ਤੇ ਭਗਤੀ ਦੇ, ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ ਤੇ ਉਹੋ ਜਿਹਾ ਨਾਮ ਜੱਪ ਸਕਦੇ ਹਾਂ ਜਿਹੋ ਜਿਹਾ ਸਾਨੂੰ ਗੁਰੂ ਨੇ ਤਤੁ ਬਿਚਾਰ ਦੇਣ ਦੁਆਰਾ ਸਮਝਾਇਆ ਹੈ। **(ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥ ਬਾਦਲ ਬਿਨੁ ਬਰਖਾ ਹੋਈ ॥ ਜਉ ਤਤੁ ਬਿਚਾਰੈ ਕੋਈ ॥੧॥)**

ਸਾਡੇ ਅੰਦਰ ਪ੍ਰਮਾਤਮਾ ਜੋ ਗਿਆਨ ਰੂਪ ਬਰਖਾ ਕਰਦਾ ਹੈ ਉਹੀ ਪ੍ਰਮਾਤਮਾ ਦਾ ਅੰਮ੍ਰਿਤ ਜਲ ਹੈ ਜੋ ਜਲ ਸਾਡਾ ਮਨ ਪੀਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪੀਂਦਾ ਹੈ। ਇਹ ਅੰਮ੍ਰਿਤ ਜਲ ਮਨ ਦੇ ਸੁਣਨ ਦਾ ਜਲ ਹੈ ਕਿਉਂਕਿ ਇਹ ਗਿਆਨ ਰੂਪ ਜਲ ਹੈ ਜਿਸ ਅੰਮ੍ਰਿਤ ਜਲ ਨੂੰ ਪਹਿਲੇ ਮਨ ਸੁਣਦਾ ਹੈ ਤੇ ਫਿਰ ਉਸਨੂੰ ਆਪਣੇ ਅੰਦਰ ਵਿਚਾਰਦਾ ਹੈ, ਮਨ ਦੀ ਸਮਝ ਦੇ ਵਿੱਚ ਵਿਚਾਰਦਾ ਹੈ। ਪ੍ਰਮਾਤਮਾ ਆਪਣਾ ਇਹ ਅੰਮ੍ਰਿਤ ਜਲ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਵਰਸਾਉਂਦਾ ਹੈ ਜਿਸਨੂੰ ਸਾਡਾ ਮਨ ਹੀ ਸੁਣਦਾ ਹੈ ਤੇ ਮਨ ਹੀ ਵਿਚਾਰਦਾ ਹੈ। ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਉਸਦੇ ਅੰਦਰ ਹੀ ਪ੍ਰਮਾਤਮਾ ਆਪਣੇ ਅੰਮ੍ਰਿਤ ਜਲ ਦੀ ਵਰਖਾ ਕਰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਜਿਸਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਸਨੇ ਪ੍ਰਮਾਤਮਾ ਦੇ ਗਿਆਨ ਰੂਪ ਜਲ ਦੁਆਰਾ ਹੀ ਪਾਇਆ ਹੈ ਜਿਸ ਜਲ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ। **{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥ ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥ ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥ ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}** ਅੰਗ ੧੦੨

ਜੋ ਮੁੱਖ ਸ਼ਬਦ ਅਸੀਂ ਭਗਤ ਨਾਮਦੇਵ ਜੀ ਦਾ ਉਚਾਰਿਆ ਹੋਇਆ ਵਿਚਾਰ ਕਰ ਰਹੇ ਹਾਂ ਉਸ ਰਾਹੀਂ ਭਗਤ ਜੀ ਨੇ ਪ੍ਰਮਾਤਮਾ ਦੇ ਨਾਲ

ਆਪਣਾ ਮੇਲ ਹੀ ਸਮਝਾਇਆ ਹੋਇਆ ਹੈ, ਮਨ ਦੇ ਵਿੱਚ ਗਿਆਨ ਰੂਪ ਬਰਖਾ ਹੋਣ ਦੁਆਰਾ ਸਮਝਾਇਆ ਹੋਇਆ ਹੈ ਜਿਸ ਦੁਆਰਾ ਮਨੁੱਖ ਨੂੰ ਤਤੁ ਦੀ ਸਮਝ ਪੈਂਦੀ ਹੈ ਤੇ ਮਨੁੱਖ ਹਰ ਭਰਮ ਤੋਂ ਰਹਿਤ ਹੁੰਦਾ ਹੈ।

ਸੋਰਠਿ ਘਰੁ ੩ ॥

“ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥ ਬਾਦਲ ਬਿਨੁ ਬਰਖਾ ਹੋਈ ॥
ਜਉ ਤਤੁ ਬਿਚਾਰੈ ਕੋਈ ॥੧॥ ਮੋ ਕਉ ਮਿਲਿਓ ਰਾਮੁ ਸਨੇਹੀ ॥ ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥
ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥ ਨਿਜ ਭਾਉ ਭਇਆ ਭ੍ਰਮੁ ਭਾਗਾ ॥
ਗੁਰ ਪੂਛੇ ਮਨੁ ਪਤੀਆਗਾ ॥੨॥ ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥
ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥੩॥”

(ਅੰਗ ੬੫੭)

ਅਸੀਂ ਉਪਰ ਸ਼ਬਦ ਦੇ ਪਹਿਲੇ ਪਦੇ ਨੂੰ ਵਿਚਾਰਿਆ ਹੈ ਤੇ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜੋ ਮੇਲ ਪ੍ਰਮਾਤਮਾ ਦੇ ਨਾਲ ਤਤੁ ਗਿਆਨ ਦੀ ਬਰਖਾ ਹੋਣ ਦੁਆਰਾ ਹੀ ਹੁੰਦਾ ਹੈ।

“ਮੋ ਕਉ ਮਿਲਿਓ ਰਾਮੁ ਸਨੇਹੀ ॥ ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥”

ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਸਮਝ ਹੀ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ ਤੇ ਮਨੁੱਖ ਨੂੰ ਇਸ ਗੱਲ ਦਾ ਵਿਸ਼ਵਾਸ ਆਉਂਦਾ ਹੈ ਕਿ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਮਝ ਮਨ ਦਾ ਭਰਮ ਮਿੱਟਣ ਦੁਆਰਾ ਪੈਂਦੀ ਹੈ ਜੋ ਭਰਮ ਪ੍ਰਮਾਤਮਾ ਆਪ ਹੀ ਮਿਟਾਉਂਦਾ ਹੈ। ਜਿਹੜੀ ਦੇਹ ਨੂੰ ਅਸੀਂ ਆਪਣੀ ਦੇਹ ਸਮਝਦੇ ਹਾਂ ਭਾਵ ਇੱਕ ਮਨੁੱਖੀ ਦੇਹ ਸਮਝਦੇ ਹਾਂ ਉਹੀ ਆਪਣੀ ਦੇਹ **“ਸੁਦੇਹੀ”** ਨਜਰ ਆਉਂਦੀ ਹੈ ਭਾਵ ਚੰਗੀ ਦੇਹ ਨਜਰ ਆਉਂਦੀ ਹੈ ਕਿਉਂਕਿ ਉਸ ਵਿੱਚ ਪ੍ਰਮਾਤਮਾ ਦਾ ਰੂਪ ਨਜਰ ਆਉਂਦਾ ਹੈ। **(ਮੋ ਕਉ ਮਿਲਿਓ ਰਾਮੁ ਸਨੇਹੀ ॥ ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥)**

ਸਾਡੀ ਕਾਇਆ ਮਾੜੀ ਕਿਸ ਕਰਕੇ ਹੈ ਤੇ ਚੰਗੀ ਕਿਸ ਤਰੀਕੇ ਬਣਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਦੇ ਤਦ ਤਕ ਨਾ ਅਸੀਂ ਆਪਣੇ ਆਪ

ਦੀ ਹਕੀਕਤ ਨੂੰ ਜਾਣਦੇ ਹਾਂ ਤੇ ਨਾ ਹੀ ਧਰਮ ਦੇ ਸੱਚੇ ਮਾਰਗ ਨੂੰ ਜਾਣਦੇ ਹਾਂ ਤੇ ਆਪਣੀ ਨਾਮਸਝ ਮਤਿ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ ਜਿਸ ਕਰਕੇ ਸਾਡੀ ਕਾਇਆ ਮਾੜੀ ਹੈ। ਮਨ ਦੇ ਵਿੱਚ ਸਮਝ ਪੈਣ ਨਾਲ ਕਿ ਸਾਡੀ ਕਾਇਆ ਕੀ ਹੈ ਤੇ ਧਰਮ ਦਾ ਮਾਰਗ ਕੀ ਹੈ ਫਿਰ ਇਹ ਕਾਇਆ ਚੰਗੇ ਕਰਮ ਹੀ ਕਰਦੀ ਹੈ ਜਿਸ ਕਰਕੇ ਇਹ ਕਾਇਆ ਚੰਗੀ ਬਣ ਜਾਂਦੀ ਹੈ। ਅਉਗੁਣਾਂ ਵਾਲੀ ਕਾਇਆ ਮਾੜੀ ਕਾਇਆ ਹੈ

42/5486

ਤੇ ਗੁਣਾਂ ਵਾਲੀ ਕਾਇਆ ਚੰਗੀ ਕਾਇਆ ਹੈ, ਸੋਹਣੀ ਕਾਇਆ ਹੈ।

{ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥ ਸੁਣਿ ਸੁਣਿ ਸਿਖ ਹਮਾਰੀ ॥
ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥
ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥ ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ॥
ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥
ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥੨॥
ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ ॥
ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ ॥
ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥੩॥}

(ਅੰਗ ੧੫੪-੧੫੫)

ਸਾਡੀ ਦੇਹ ਕਿਸ ਤਰੀਕੇ ਚੰਗੀ ਬਣਦੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥
ਨਿਜ ਭਾਉ ਭਇਆ ਭ੍ਰਮੁ ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥੨॥"

(ਅੰਗ ੬੫੭)

ਚੰਗੀ ਦੇਹ ਉਹ ਬਣਦੀ ਹੈ ਜੋ ਦੇਹ ਕੰਚਨ ਰੂਪ ਬਣ ਜਾਂਦੀ ਹੈ ਭਾਵ ਸੋਨੇ ਵਰਗੀ ਦੇਹ ਬਣ ਜਾਂਦੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਸਾਡੀ ਦੇਹ ਜਿਹੋ ਜਿਹੀ ਪਹਿਲੇ ਦਿਸਦੀ ਹੈ ਉਹੋ ਜਿਹੀ ਹੀ ਬਾਅਦ ਵਿੱਚ ਦਿਸਦੀ ਹੈ। ਪ੍ਰਮਾਤਮਾ ਨਾਲ ਮੇਲ ਤੋਂ ਬਾਅਦ ਜੇ ਕੋਈ ਚੀਜ ਚੰਗੀ ਬਣਦੀ ਹੈ ਉਹ ਸਾਡੇ ਅੰਦਰ ਦੀ ਮਤਿ ਚੰਗੀ ਬਣਦੀ ਹੈ, ਸਾਡੇ ਅੰਦਰ ਦੀ ਮਾੜੀ ਸਮਝ ਚੰਗੀ ਸਮਝ ਬਣ ਜਾਂਦੀ ਹੈ, ਲੋਹੇ ਵਾਲੀ ਮਾੜੀ ਮਤਿ ਕੰਚਨ ਰੂਪ ਚੰਗੀ ਮਤਿ ਬਣ ਜਾਂਦੀ ਹੈ, ਲੋਹੇ ਵਰਗੀ ਅਸ਼ੁਧਿ ਮਤਿ ਸੋਨੇ ਵਰਗੀ ਸ਼ੁਧਿ ਮਤਿ ਬਣ ਜਾਂਦੀ ਹੈ ਭਾਵ ਅਗਿਆਨਤਾ ਵਾਲੀ ਮਤਿ ਸੱਚੇ ਗਿਆਨ ਵਾਲੀ ਮਤਿ ਬਣ ਜਾਂਦੀ ਹੈ ਜਿਸ ਮਤਿ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਪੈ ਜਾਂਦੀ ਹੈ ਜੋ ਸਮਝ ਪਾਰਸ ਰੂਪ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਪਾਉਂਦਾ ਹੈ। ਪਾਰਸ ਤੋਂ ਉਪਰ ਹੋਰ ਕੁਝ ਨਹੀਂ ਹੋ ਸਕਦਾ ਭਾਵ ਪ੍ਰਮਾਤਮਾ ਆਪਣੇ ਉੱਚੇ ਗਿਆਨ ਦੁਆਰਾ ਪਾਰਸ ਹੈ ਜੋ ਸਾਡੀ ਮਤਿ ਨੂੰ ਕੰਚਨ ਰੂਪ ਬਣਾ ਦਿੰਦਾ ਹੈ। ਸਾਡੀ ਮਤਿ ਨੂੰ ਉਹ ਕੰਚਨ ਆਪਣੇ ਰਤਨ ਰੂਪ ਵਿਚਾਰਾਂ ਦੇ ਨਾਲ ਭਾਵ ਸ਼ਬਦਾਂ ਦੇ ਵਿਚਾਰਾਂ ਦੁਆਰਾ ਬਣਾਉਂਦਾ ਹੈ। ਇਹ ਰਤਨ ਸ਼ਬਦ ਦੇ ਵਿਚਾਰ ਹਨ ਜੋ ਸਾਡੇ ਅੰਦਰ ਦੀ **"ਮਨਸਾ"** ਭਾਵ ਸਾਡੇ ਅੰਦਰ ਦੇ ਖਿਆਲ ਹਨ ਭਾਵ ਸਾਡੇ ਅੰਦਰ ਦੇ ਵਿਚਾਰ ਹਨ। ਸਾਡੀ ਸਮਝ ਨੂੰ ਕੰਚਨ ਰੂਪ ਸ਼ਬਦ ਦੇ ਵਿਚਾਰ ਹੀ ਬਣਾਉਂਦੇ ਹਨ ਤੇ ਸਾਡੇ ਅੰਦਰ ਸ਼ਬਦ ਰੂਪ ਵਿਚਾਰ ਪ੍ਰਮਾਤਮਾ ਆਪ ਹੀ ਪਰੋਂਦਾ ਹੈ ਭਾਵ ਆਪ ਹੀ ਸਾਡੇ ਅੰਦਰ ਉਪਜਾਉਂਦਾ ਹੈ। ਜਿਸਦੇ ਅੰਦਰ ਰਤਨ ਰੂਪ ਵਿਚਾਰ ਵੱਸ ਜਾਂਦੇ ਹਨ ਉਹੀ ਆਪਣੇ ਮੁੱਖੋਂ ਰਤਨ ਵਾਲੇ ਵਿਚਾਰਾਂ ਨੂੰ ਉਚਾਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਚਾਰੇ ਹਨ ਤੇ ਸਾਰੀ ਗੁਰਬਾਣੀ ਵਿੱਚ ਉਹਨਾਂ ਦੇ ਮੁੱਖੋਂ ਉਚਾਰੇ ਹੋਏ ਰਤਨ ਹੀ ਹਨ,

42/5487

ਸ਼ਬਦ ਹੀ ਹਨ ਜੋ ਉਹਨਾਂ ਨੇ ਪਾਰਸ ਰੂਪ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਆਪਣੀ ਕੰਚਨ ਰੂਪ ਮਤਿ ਦੁਆਰਾ ਉਚਾਰੇ ਹਨ। **(ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥)**

ਪ੍ਰਮਾਤਮਾ ਆਪਣੇ ਰਤਨ ਰੂਪ ਵਿਚਾਰਾਂ ਨਾਲ ਮਨੁੱਖੀ ਮਤਿ ਨੂੰ ਕਿਸ ਤਰੀਕੇ ਕੰਚਨ ਰੂਪ ਮਤਿ ਬਣਾਉਂਦਾ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਿਜ ਭਾਉ ਭਇਆ ਭ੍ਰਮੁ ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥੨॥”

ਜਦੋਂ ਮਨ ਦੇ ਵਿੱਚ ਮਨੁੱਖ ਉਸ ਪਾਰਸ ਰੂਪ ਪ੍ਰਮਾਤਮਾ ਨੂੰ ਪਰਸ ਲੈਂਦਾ ਹੈ ਫਿਰ ਉਹ ਆਪਣੇ ਅਸਲ ਘਰ ਵਿੱਚ ਪਹੁੰਚ ਜਾਂਦਾ ਹੈ ਭਾਵ ਆਪਣੇ ਨਿਜ ਘਰ ਵਿੱਚ ਪਹੁੰਚ ਜਾਂਦਾ ਹੈ ਜੋ ਕਿ ਪ੍ਰਮਾਤਮਾ ਦਾ ਘਰ ਹੈ, ਸੱਚੇ ਗਿਆਨ ਦਾ ਘਰ ਹੈ ਜਿਸ ਘਰ ਵਿੱਚੋਂ ਸਾਨੂੰ ਸੱਚ ਦੀ ਸਮਝ ਪੈਂਦੀ ਹੈ, ਆਪਣੇ ਆਪ ਦੀ ਅਸਲੀਅਤ ਦੀ ਸੋਝੀ ਪੈਂਦੀ ਹੈ ਕਿ ਅਸੀਂ ਕਉਂਣ ਹਾਂ ਤੇ ਇਸੇ ਘਰ ਵਿੱਚੋਂ ਧਰਮ ਦੀ ਸੱਚੀ ਸੋਝੀ ਪੈਂਦੀ ਹੈ, ਸ਼ਬਦਾਂ ਦੇ ਸੱਚੇ ਗਿਆਨ ਦੁਆਰਾ, ਰਤਨ ਰੂਪ ਵਿਚਾਰਾਂ ਦੁਆਰਾ ਗੁਰਮਤਿ ਰੂਪ ਗਿਆਨ ਦੀ ਸੱਚੀ ਸੋਝੀ ਪੈਂਦੀ ਹੈ ਤੇ ਸਾਡਾ ਪਿਆਰ ਗੁਰਮਤਿ ਦੀ ਸੱਚੀ ਸਮਝ ਦੇ ਨਾਲ ਜੁੜਦਾ ਹੈ ਤੇ ਇਹ ਸੱਚਾ ਗਿਆਨ ਹੀ ਸਾਨੂੰ ਉਸ ਹਰ ਭਰਮ ਵਿੱਚੋਂ ਕੱਢਦਾ ਹੈ ਜੋ ਭਰਮ ਸਭ ਦੇ ਅੰਦਰ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਬਣਿਆ ਹੋਇਆ ਹੈ। ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਸਾਡੀ ਮਤਿ ਨੂੰ ਕੰਚਨ ਰੂਪ ਬਣਾਕੇ ਹਰ ਭਰਮ ਵਿੱਚੋਂ ਕੱਢ ਦਿੰਦਾ ਹੈ। ਸਾਡੀ ਲੋਹਾ ਮਤਿ ਮਨ ਦੀ ਅਗਿਆਨਤਾ ਕਰਕੇ ਹੀ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਨਾ ਹੋਣ ਕਰਕੇ ਹੀ ਹੈ। ਮਨੁੱਖ ਨੂੰ ਆਪਣੇ ਆਪ ਸੱਚੀ ਸਮਝ ਨਹੀਂ ਲੱਗ ਸਕਦੀ ਤੇ ਮਨ ਦੇ ਵਿੱਚ ਸੱਚੀ ਸਮਝ ਗੁਰੂ ਆਪ ਹੀ ਪਾਉਂਦਾ ਹੈ ਭਾਵ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਸ ਕਰਕੇ ਮਨੁੱਖ ਨੂੰ ਇਸ ਗੱਲ ਦੀ ਤਸੱਲੀ ਹੁੰਦੀ ਹੈ ਕਿ ਜੋ ਕੁਝ ਮੈਨੂੰ ਸਮਝ ਪਈ ਹੈ ਉਹ ਪੂਰੀ ਤਰ੍ਹਾਂ ਸੱਚ ਹੈ ਤੇ ਤਾਂ ਹੀ ਉਹ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਦਾ ਹੈ। **(ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥ ਨਿਜ ਭਾਉ ਭਇਆ ਭ੍ਰਮੁ ਭਾਗਾ॥ ਗੁਰ ਪੂਛੇ ਮਨੁ ਪਤੀਆਗਾ ॥੨॥)**

ਪਾਰਸ ਨੂੰ ਪਰਸਣਾ ਕੀ ਹੈ ਭਾਵ ਸਾਡੀ ਮਤਿ ਕਿਸ ਤਰੀਕੇ ਕੰਚਨ ਹੁੰਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ 42/5488 ਦੁਆਰਾ ਸਮਝਿਆ ਜਾ ਸਕਦਾ ਹੈ।

{ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥}

(ਅੰਗ ੪੮੧)

{ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥}

(ਅੰਗ ੧੧੬੭)

{ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥ ਸਤਿਗੁਰ ਸਬਦਿ ਕਰੋਧੁ ਜਲਾਵੈ ॥
ਗਗਨਿ ਨਿਵਾਸਿ ਸਮਾਧਿ ਲਗਾਵੈ ॥ ਪਾਰਸੁ ਪਰਸਿ ਪਰਮ ਪਦੁ ਪਾਵੈ ॥੨॥}

(ਅੰਗ ੪੧੧)

{ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥
ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ ॥
ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥
ਨਾਨਕ ਗਣਤੈ ਸੇਵਕੁ ਨਾ ਮਿਲੈ ਜਿਸੁ ਬਖਸੇ ਸੋ ਪਵੈ ਥਾਇ ॥੧॥}

(ਅੰਗ ੬੪੯)

{ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥}

(ਅੰਗ ੨੫੦)

{ਆਪੇ ਪਾਰਸੁ ਆਪਿ ਧਾਤੁ ਹੈ ਆਪਿ ਕੀਤੋਨੁ ਕੰਚਨੁ ॥ ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖੰਡਨੁ ॥
ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ॥ ਆਪਿ ਬਿਬੇਕੁ ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ॥
ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂ ਹਰਿ ਸੁਖਦਾਤਾ ਵਡਨੁ ॥੧੦॥}

(ਅੰਗ ੫੫੨)

{ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥}

(ਅੰਗ ੬੩੮)

{ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥ ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥
ਵੰਨੀ ਸਾਚੇ ਲਾਲ ਕੀ ਕਿਨਿ ਕੀਮਤਿ ਕੀਜੈ ॥੭॥}

(ਅੰਗ ੧੦੧੨)

{ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥
ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥
ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ ॥
ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੪॥}

(ਅੰਗ ੧੩੯੭)

{ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥}

(ਅੰਗ ੧੪੦੮)

ਮਨੁੱਖ ਦੀ ਮਤਿ ਨੂੰ ਪ੍ਰਮਾਤਮਾ ਕਿਸ ਰੂਪ ਵਿੱਚ ਪਾਰਸ ਕਰਦਾ ਹੈ, ਕੰਚਨ ਬਣਾਉਂਦਾ ਹੈ ਭਾਵ ਮਨ ਦੇ ਭਰਮਾਂ ਵਿੱਚੋਂ ਕੱਢਦਾ ਹੈ ਤੇ ਉਸਦੇ ਨਾਲ ਕੀ ਪ੍ਰਾਪਤੀ ਹੁੰਦੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

42/5489

“ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥
ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥੩॥”

ਉਪਰ ਪਦੇ ਰਾਹੀਂ ਸਾਨੂੰ ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਗਿਆਨ ਜਲ ਦੇ ਰੂਪ ਵਿੱਚ ਹੈ, ਅੰਮ੍ਰਿਤ ਜਲ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਸਾਡੇ ਅੰਦਰ ਚਉਥੇ ਪਦ ਦੇ ਗਿਆਨ ਰੂਪ ਜਲ ਦੇ ਵਿੱਚ ਹੈ ਜੋ ਕਿ ਬਹੁਤ ਹੀ ਉੱਚੇ ਗਿਆਨ ਵਾਲਾ ਜਲ ਹੈ, ਅੰਮ੍ਰਿਤ ਜਲ ਹੈ ਭਾਵ ਸਾਡੇ ਅੰਦਰ ਸਹਜ ਗਿਆਨ ਵਾਲੀ ਅਵਸਥਾ ਹੈ। ਸਾਡੀ ਮਤਿ ਦਾ ਮਾਲਕ ਪ੍ਰਮਾਤਮਾ ਇਸੇ ਗਿਆਨ ਦੇ ਰੂਪ ਵਿੱਚ ਹੀ ਹੈ ਤੇ ਉਸਨੇ ਆਪ ਹੀ ਸਭ ਨੂੰ ਆਪਣੇ ਉੱਚੇ ਗਿਆਨ ਦੁਆਰਾ ਬਹੁਤ ਛੋਟੀ ਮਤਿ ਵਿੱਚ ਰੱਖਿਆ ਹੋਇਆ ਹੈ ਭਾਵ ਇਤਨੀ ਛੋਟੀ ਮਤਿ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਸਮੁੰਦਰ ਦੇ ਸਾਹਮਣੇ ਘੜੇ ਦੇ ਅੰਦਰ ਦਾ ਪਾਣੀ ਹੋਵੇ। ਸੰਸਾਰ ਦੀ ਮਤਿ ਪ੍ਰਮਾਤਮਾ ਨੇ ਕੁੰਭ ਭਾਵ ਘੜੇ ਦੇ ਜਲ ਬਰਾਬਰ ਰੱਖੀ

ਹੋਈ ਹੈ ਜੋ ਕਿ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੈ, ਮਾਇਆ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ ਜੋ ਮਤਿ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੀ ਹੈ ਭਾਵ ਭਰਮ ਵਿੱਚ ਰੱਖਦੀ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣੇ ਨਾਲ ਮਿਲਾਉਂਣ ਦੀ ਕਿਰਪਾ ਕਰਦਾ ਹੈ ਉਹ ਮਨੁੱਖ ਨੂੰ ਇਸ ਨੀਵੀਂ ਮਤਿ ਵਿੱਚੋਂ ਹੀ ਕੱਢਦਾ ਹੈ ਤੇ ਆਪਣੀ ਉੱਚੀ ਮਤਿ ਨਾਲ ਮਿਲਾ ਲੈਂਦਾ ਹੈ ਜੋ ਉਸਦੀ ਉੱਚੀ ਮਤਿ ਪਾਰਸ ਰੂਪ ਹੈ, ਕੰਚਨ ਰੂਪ ਹੈ ਭਾਵ ਹਰ ਭਰਮ ਤੋਂ ਰਹਿਤ ਹੈ। ਪ੍ਰਮਾਤਮਾ ਦੀ ਇਸ ਉੱਚੀ ਮਤਿ ਵਿੱਚ ਮਿਲਣਾ ਹੀ ਕੁੰਭ ਦਾ ਜਲ ਵਿੱਚ ਸਮਾਉਂਣਾ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਸਾਨੂੰ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਸਭ ਦੇ ਵਿੱਚ ਉਹ ਆਪ ਹੀ ਹੈ, ਆਪਣੇ ਗਿਆਨ ਰੂਪ ਵਿੱਚ ਆਪ ਹੀ ਹੈ ਤੇ ਮਨੁੱਖ ਨੂੰ ਉਸਨੇ ਆਪ ਹੀ ਇਹ ਕੁਝ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਆਪ ਹੀ ਭਰਮ ਵਿੱਚ ਰੱਖਿਆ ਹੋਇਆ ਹੈ। **(ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥)**

ਜਦੋਂ ਮਨੁੱਖ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਫਿਰ ਤਾਂ ਹੀ ਉਸਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਆਪ ਹੀ

42/5490

ਧਰਮ ਦਾ ਗਿਆਨ ਦਿੰਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥੩॥”

ਉਪਰ ਪਹਿਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਗੁਰੂ ਕਉਂਣ ਹੈ ਤੇ ਚੇਲਾ ਕਉਂਣ ਹੈ। ਜਿਨ੍ਹਾਂ ਸਰੀਰਾਂ ਰਾਹੀਂ ਬਾਣੀ ਆਈ ਹੈ ਉਹ ਸਾਡੇ ਗੁਰੂ ਹਨ ਜਿਸ ਵਿੱਚ ਕਿਸੇ ਨੂੰ ਕੋਈ ਸ਼ੱਕ ਨਹੀਂ। ਗੁਰੂ ਪ੍ਰਮਾਤਮਾ ਆਪ ਹੈ ਜੋ ਕਿ ਸਾਡੇ ਸਰੀਰ ਦੇ ਅੰਦਰ ਹੀ ਹੈ ਭਾਵ ਨਿਰੰਕਾਰ ਰੂਪ ਵਿੱਚ ਹੈ, ਗਿਆਨ ਰੂਪ ਵਿੱਚ ਹੈ ਜਿਸ ਰੂਪ ਰਾਹੀਂ ਉਹ ਆਪਣਾ ਉੱਚਾ ਗਿਆਨ ਦੇ ਕੇ ਆਪਣੇ ਅੰਦਰੋਂ ਭਾਵ ਇਸ ਸਰੀਰ ਦੇ ਅੰਦਰੋਂ ਉਹ ਆਪਣਾ ਗੁਰੂ ਰੂਪ ਪ੍ਰਗਟ ਕਰਦਾ ਹੈ ਤੇ ਮਨੁੱਖ ਨੂੰ ਇਹ ਸਮਝ ਆਉਂਦੀ ਹੈ ਕਿ ਇਹ ਮਨੁੱਖੀ ਹੋਂਦ ਝੂਠੀ ਹੋਂਦ ਹੈ ਭਾਵ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਆਪਣੇ ਗੁਰੂ ਰੂਪ ਵਿੱਚ ਮਨ ਦੇ ਅੰਦਰੋਂ ਜੋ ਕੁਝ ਸਮਝਾਉਂਦਾ ਹੈ ਉਹ ਧਰਮ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਜੋ ਕੁਝ ਉਹਨਾਂ ਨੇ ਪ੍ਰਮਾਤਮਾ ਕੋਲੋਂ ਧਰਮ ਦਾ ਮਾਰਗ ਸਮਝਿਆ ਹੈ ਉਹਨਾਂ ਨੇ ਆਪ ਉਹ ਕੁਝ ਪੂਰਨ ਰੂਪ ਵਿੱਚ ਮੰਨਿਆ ਹੈ ਭਾਵ ਉਹ ਆਪ ਹੀ ਚੇਲੇ ਬਣੇ ਹਨ। ਚੇਲਾ ਸਾਡਾ ਸਰੀਰ ਬਣਦਾ ਹੈ ਜੋ ਸਭ ਨੂੰ ਨਜਰ ਆਉਂਦਾ ਹੈ ਪਰ ਇਹ ਸਰੀਰ ਨੂੰ ਸਮਝਾਉਂਣ ਵਾਲਾ ਗੁਰੂ ਵੀ ਅੰਦਰ ਹੀ ਹੈ ਜੋ ਕਿ ਨਿਰੰਕਾਰ ਰੂਪ ਵਿੱਚ ਹੈ। ਸਾਡਾ ਸਰੀਰ ਉਹੀ ਕੁਝ ਕਰਦਾ ਹੈ ਜਿਸ ਗੱਲ ਨੂੰ ਸਾਡਾ ਮਨ ਮੰਨਦਾ ਹੈ ਭਾਵ ਅਸਲ ਵਿੱਚ ਚੇਲਾ ਵੀ ਸਾਡਾ ਮਨ ਹੀ ਹੈ ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ ਤੇ ਆਪਣੇ ਸਰੀਰ ਦੁਆਰਾ ਉਹੀ ਕੁਝ ਕਰਦਾ ਹੈ ਭਾਵ ਉਸੇ ਤਰੀਕੇ ਵਿਚਰਦਾ ਹੈ ਜੋ ਧਰਮ ਦਾ ਸੱਚਾ ਮਾਰਗ ਹੁੰਦਾ ਹੈ। ਆਪਣੇ ਜੀਵਨ ਕਾਲ ਵਿੱਚ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪ ਹੀ ਗੁਰੂ ਰੂਪ ਬਣਕੇ ਦਿਖਾਇਆ ਹੈ ਤੇ ਆਪ ਹੀ ਆਪਣੇ ਚੇਲੇ ਬਣਕੇ ਦਿਖਾਇਆ ਹੈ ਕਿਉਂਕਿ ਉਹਨਾਂ ਨੇ ਆਪਣੇ ਅੰਦਰੋਂ **“ਤਤੁ”** ਨੂੰ ਪਛਾਣਿਆ ਹੈ ਭਾਵ ਪ੍ਰਮਾਤਮਾ ਨੂੰ ਪਛਾਣਿਆ ਹੈ, **“ਤਤੁ”** ਗਿਆਨ ਨੂੰ ਪਛਾਣਿਆ ਹੈ ਤੇ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੇ ਤਤੁ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਰੂਪ ਦੁਆਰਾ ਉਹ ਆਪਣਾ ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ, ਤਤੁ ਦੀ ਗਲ ਸਮਝਾਉਂਦਾ ਹੈ, ਸੱਚ ਦੀ ਗੱਲ ਸਮਝਾਉਂਦਾ ਹੈ,

42/5491

ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਸਮਝਾਉਂਦਾ ਹੈ ਤੇ ਇਸ ਲਈ ਪੂਰੀ ਗੁਰਬਾਣੀ ਵਿੱਚ ਤਤੁ ਗਿਆਨ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਆਪਣਾ ਸਥਾਨ ਹੈ ਜਿਸ ਵਿੱਚ ਪ੍ਰਮਾਤਮਾ ਤਤੁ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ। ਉਸ ਤਤੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣੇ ਬਿਨਾਂ ਕੋਈ ਨਹੀਂ ਜਾਣਦਾ ਕਿ ਗੁਰੂ ਪ੍ਰਮਾਤਮਾ ਆਪ ਹੀ ਹੈ ਇਸੇ ਲਈ ਸਾਰੀ ਬਾਣੀ ਧੁਰ ਕੀ ਬਾਣੀ ਹੈ ਜੋ ਮਨ ਦੇ ਰਾਹੀਂ ਹੀ ਆਈ ਹੈ ਜਿੱਥੇ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਨਿਵਾਸ ਕਰ ਰਿਹਾ ਹੈ ਪਰ ਮਨ ਦਾ ਭਰਮ ਨਿਕਲੇ ਬਿਨਾਂ ਇਸ ਗੱਲ ਨੂੰ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਭਰਮ ਵਿੱਚੋਂ ਨਿਕਲਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। **(ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥ ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ**

ਪਛਾਨਿਆ ॥੩॥੨॥)

{ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥੪੪॥}

(ਅੰਗ ੯੪੩)

ਗੁਰਬਾਣੀ ਰਾਹੀਂ ਸਾਨੂੰ ਬਾਰ-ਬਾਰ ਇਹ ਸਮਝਾਇਆ ਜਾ ਰਿਹਾ ਹੈ ਕਿ ਪ੍ਰਮਾਤਮਾ ਤੇ ਮਨੁੱਖ ਦੇ ਵਿੱਚ ਕੇਵਲ ਇੱਕ ਭਰਮ ਰੂਪ ਪੜਦਾ ਹੀ ਸਾਡੀ ਉਸ ਨਾਲੋਂ ਦੂਰੀ ਹੈ। ਜਦ ਤਕ ਸਾਡੇ ਅੰਦਰ ਭਰਮ ਹੈ ਤਦ ਤਕ ਸਾਨੂੰ ਕਿਤੇ ਪ੍ਰਮਾਤਮਾ ਨਜਰ ਨਹੀਂ ਆਉਂਦਾ ਤੇ ਮਨ ਦਾ ਭਰਮ ਦੂਰ ਹੋਣ ਤੋਂ ਬਾਅਦ ਸਿਵਾਏ ਪ੍ਰਮਾਤਮਾ ਤੋਂ ਕੁਝ ਹੋਰ ਨਜਰ ਨਹੀਂ ਆਉਂਦਾ। ਗੁਰਬਾਣੀ ਸਾਨੂੰ ਕਦੇ ਗਲਤ ਗੱਲ ਨਹੀਂ ਸਮਝਾ ਸਕਦੀ ਭਾਵ ਸਾਨੂੰ ਪੂਰਨ ਸੱਚ ਹੀ ਸਮਝਾਉਂਦੀ ਹੈ। ਭਰਮ ਸਾਡੇ ਅੰਦਰ ਹੈ ਗੁਰੂ ਦੇ ਅੰਦਰ ਨਹੀਂ ਹੈ। ਸਾਡੇ ਜੀਵਨ ਦਾ ਮਕਸਦ ਭਾਵ ਸਾਡਾ ਸੱਚਾ ਮਕਸਦ ਉਸ ਪ੍ਰਮਾਤਮਾ ਨੂੰ ਜਾਨਣ ਦਾ ਹੀ ਹੈ ਜੋ ਹਕੀਕਤ ਵਿੱਚ ਸਾਡੇ ਅੰਦਰ ਹੀ ਹੈ ਤੇ ਉਸਨੂੰ ਪਾਉਂਣ ਦਾ ਤਰੀਕਾ ਵੀ ਇੱਕੋ ਇੱਕ ਭਰਮਾਂ ਵਿੱਚੋਂ ਨਿਕਲਣ ਦਾ ਹੀ ਹੈ ਜਿਨ੍ਹਾਂ ਭਰਮਾਂ ਵਿੱਚੋਂ ਨਿਕਲਣ ਲਈ ਸਾਨੂੰ ਬਾਣੀ ਬਾਰ-ਬਾਰ ਸਮਝਾ ਰਹੀ ਹੈ। ਜੋ ਕੁਝ ਵੀ ਅਸੀਂ ਭਗਤੀ ਦੇ ਤਰੀਕੇ ਅਪਨਾਏ ਹੋਏ ਹਨ ਉਹ ਸਭ ਭਰਮ ਹੈ ਤੇ ਇਸੇ ਲਈ ਬਾਣੀ ਸਾਨੂੰ ਬਾਰ-ਬਾਰ ਉਹਨਾਂ ਨੂੰ ਛੱਡਣ ਲਈ ਸਮਝਾਉਂਦੀ ਹੈ। ਧਰਮ ਦੇ ਮਾਰਗ ਨੂੰ ਲੈ ਕੇ ਜਿਤਨੇ ਕਿਸੇ ਦੇ ਵਿੱਚ ਜਿਆਦਾ ਭਰਮ ਹਨ ਉਹ ਉਤਨਾ ਹੀ ਪ੍ਰਮਾਤਮਾ ਨਾਲੋਂ ਦੂਰ ਹੈ ਕਿਉਂਕਿ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਹੀ ਸਾਡੇ ਅੰਦਰ ਦੇ ਭਰਮ ਹਨ ਜਿਨ੍ਹਾਂ ਵਿੱਚੋਂ ਨਿਕਲਣਾ ਹੀ ਸਾਡੇ ਜੀਵਨ ਦਾ ਸੱਚਾ ਉੱਦਮ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਰਵੀਦਾਸ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝੀਏ ਕਿ ਉਹਨਾਂ ਨੇ ਪ੍ਰਮਾਤਮਾ ਨੂੰ ਕਿਸ ਤਰੀਕੇ ਜਾਣਿਆ ਹੈ।

42/5492

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

“ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੂ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲ�ि ਪਰੇ ਅਬ ਕਹਤੇ ਕਹਨੁ ਨ ਆਇਆ ॥੩॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥”

(ਅੰਗ ੬੫੭-੬੫੮)

“ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥
ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥
ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥
ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥"

(ਅੰਗ ੬੫੮)

ਉਪਰ ਪਹਿਲੀਆਂ ਪੰਗਤੀਆਂ ਰਾਹੀਂ ਮਨੁੱਖ ਦਾ ਤੇ ਪ੍ਰਮਾਤਮਾ ਦਾ ਆਪਸ ਵਿੱਚ ਰਿਸ਼ਤਾ ਹੀ ਸਮਝਾਇਆ ਹੋਇਆ ਹੈ। ਇਹ ਰਿਸ਼ਤਾ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਰਿਸ਼ਤਾ ਇਹ ਹੈ ਜਾਂ ਮਨੁੱਖ ਹੈ ਤੇ ਜਾਂ ਪ੍ਰਮਾਤਮਾ ਹੈ ਭਾਵ ਦੋਨਾਂ ਦੇ ਵਿੱਚੋਂ ਇੱਕ ਦੀ ਹੋਂਦ ਸੱਚੀ ਹੈ ਤੇ ਇੱਕ ਦੀ ਹੋਂਦ ਝੂਠੀ ਹੈ। ਇਹ ਰਿਸ਼ਤਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਜੇਕਰ ਸਾਡੀ ਸਮਝ ਇਹ ਕਹਿੰਦੀ ਹੈ ਕਿ ਇਹ ਮੈਂ ਹਾਂ ਭਾਵ ਮੈਂ ਇੱਕ ਮਨੁੱਖ ਹਾਂ ਫਿਰ ਪ੍ਰਮਾਤਮਾ ਨਹੀਂ ਹੈ। ਇਹ ਰਿਸ਼ਤਾ ਮੈਂ ਤੇ ਤੂੰ ਨੂੰ ਸਮਝਣ ਦਾ ਹੈ। ਜੇਕਰ ਸਾਡੇ ਮਨ ਦੀ ਸਮਝ ਇਹ ਸਮਝਾਉਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਤੂੰ ਹੈ ਫਿਰ ਮੈਂ ਨਹੀਂ ਰਹਿੰਦਾ। ਇਹ ਰਿਸ਼ਤਾ ਮੈਂ ਤੇ ਤੂੰ ਦਾ ਹੈ ਜਦ ਕਿ ਦੋਨਾਂ ਵਿੱਚੋਂ ਇੱਕ ਦਾ ਹੋਣਾ ਹੀ ਸੱਚਾ ਹੈ। ਪ੍ਰਮਾਤਮਾ ਦਾ ਹੋਣਾ ਤਾਂ ਝੂਠ ਨਹੀਂ ਹੋ ਸਕਦਾ ਕਿਉਂਕਿ ਉਸਦੀ ਹੋਂਦ ਤਾਂ ਸਦਾ ਤੋਂ ਹੈ ਤੇ ਅਗਰ ਹੋਂਦ ਝੂਠੀ ਹੈ ਤਾਂ ਉਹ ਸਾਡੀ ਹੋਂਦ ਝੂਠੀ ਹੈ ਭਾਵ ਮੈਂ ਦਾ ਹੋਣਾ ਝੂਠ ਹੈ ਤੇ ਤੂੰ ਦਾ ਹੋਣਾ ਸੱਚ ਹੈ ਭਾਵ ਸਾਰੀ ਗੱਲ ਸਾਡੀ ਸਮਝ ਦੇ ਨਾਲ ਜੁੜੀ ਹੋਈ ਹੈ। ਪ੍ਰਮਾਤਮਾ ਨਾਲ ਸਾਡਾ ਰਿਸ਼ਤਾ ਮਨ ਦੇ ਵਿੱਚ ਹੀ ਹੈ। ਜਦ ਤਕ ਸਾਡੇ ਅੰਦਰ ਅਗਿਆਨਤਾ ਹੈ ਤਦ ਤਕ ਅਸੀਂ ਗਿਆਨ ਰੂਪ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਮਨ ਦੀ ਅਗਿਆਨਤਾ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਮੈਂ ਹਾਂ। ਜਦੋਂ ਮਨ ਦੀ ਅਗਿਆਨਤਾ ਨਿਕਲ ਜਾਂਦੀ ਹੈ, ਭਰਮ ਨਿਕਲ ਜਾਂਦਾ ਹੈ ਫਿਰ ਕੇਵਲ ਤੂੰ ਹੀ ਨਜਰ ਆਉਂਦਾ ਹੈ। ਜਿਸਨੂੰ ਵੀ ਪ੍ਰਮਾਤਮਾ ਆਪਣੇ ਵਿੱਚ ਨਜਰ ਆਉਂਦਾ ਹੈ ਉਸੇ ਰੂਪ ਵਿੱਚ ਉਹ ਸਭ ਵਿੱਚ ਨਜਰ ਆਉਂਦਾ ਹੈ। **(ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥)** ਪ੍ਰਮਾਤਮਾ ਦੇ ਨਾਲ ਸਾਡਾ ਰਿਸ਼ਤਾ ਕਿਸ ਤਰੀਕੇ ਦਾ ਹੈ ਜਿਵੇਂ ਕਿ ਸਮੁੰਦਰ ਦੇ ਪਾਣੀ ਦਾ ਤੇ ਉਸ ਵਿੱਚੋਂ ਉੱਠਣ ਵਾਲੀਆਂ ਲਹਿਰਾਂ ਦਾ ਜੋ ਲਹਿਰਾਂ ਸਮੁੰਦਰ ਦੇ ਵਿੱਚੋਂ ਤੇਜ ਹਵਾਵਾਂ ਦੇ ਕਾਰਨ ਉੱਠਦੀਆਂ ਹਨ। ਜਦ ਤਕ ਲਹਿਰ ਜਲ ਤੋਂ ਵੱਖਰੀ ਹੁੰਦੀ ਹੈ ਉਸਨੂੰ ਲਹਿਰ ਸਮਝਣਾ ਭਾਵ ਜਲ ਤੋਂ ਵੱਖਰਾ ਸਮਝਣਾ ਸਾਡਾ ਭਰਮ ਹੈ ਕਿਉਂਕਿ ਅਸਲ ਵਿੱਚ ਉਹ ਕੇਵਲ ਜਲ ਹੀ ਹੈ। ਜਿਸ ਤਰੀਕੇ ਲਹਿਰ

ਨੂੰ ਜਲ ਤੋਂ ਵੱਖਰਾ ਰੂਪ ਸਮਝਣਾ ਸਾਡਾ ਭਰਮ ਹੈ ਇਸੀ ਤਰੀਕੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਸਾਡਾ ਭਰਮ ਹੈ ਭਾਵ ਸਾਡੀ ਨਾਮਸਝ ਮਤਿ ਹੈ, ਸਾਡੀ ਅਗਿਆਨਤਾ ਹੈ। **(ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥)**

ਮੈਂ ਜਾਂ ਤੂੰ ਦਾ ਭੇਦ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥"

ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੂੰ ਸਮਝਣ ਵਿੱਚ ਭਰਮ ਕੀ ਹੈ। ਤੁਸੀ ਆਪਣੇ ਆਪ ਨੂੰ ਮੈਂ ਮੰਨਦੇ ਹੋ ਜਾਂ ਤੂੰ ਮੰਨਦੇ ਹੋ ਭਾਵ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹੋ ਜਾਂ ਆਪਣੇ ਆਪ ਨੂੰ ਇਸ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਸਮਝਦੇ ਹੋ। ਹਰ ਕੋਈ ਆਪਣੇ ਆਪ ਨੂੰ ਮਨੁੱਖ ਹੀ ਮੰਨਦਾ ਹੈ ਪਰ ਜੋ ਵੀ ਕੋਈ ਅਸੀਂ ਆਪਣੇ ਆਪ ਨੂੰ ਮਨੁੱਖ ਹੀ ਮੰਨਦੇ ਹਾਂ ਅਸੀਂ ਉਹ ਕੁਝ ਨਹੀਂ ਹਾਂ ਭਾਵ ਇਹੀ ਸਾਡੇ ਅੰਦਰ ਦਾ ਭਰਮ ਹੈ। ਆਪਣੇ ਆਪ ਨੂੰ ਮੈਂ ਕਹਿਣਾ ਸਾਡਾ ਭਰਮ ਹੈ ਤੇ ਆਪਣੇ ਆਪ ਨੂੰ ਤੂੰ ਕਹਿਣਾ ਸੱਚ ਹੈ। ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਮਨ ਦੇ ਵਿੱਚ ਭਰਮ ਵਿੱਚੋਂ ਹੀ ਨਿਕਲਦਾ ਹੈ ਕਿ ਮੈਂ ਜੋ ਕੁਝ ਆਪਣੇ ਆਪ ਨੂੰ ਮੰਨਿਆ ਹੋਇਆ ਸੀ ਮੈਂ ਉਹ ਕੁਝ ਨਹੀਂ ਹਾਂ ਭਾਵ ਮੈਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦਾ ਸੀ ਪਰ ਮੈਂ ਉਹ ਕੁਝ ਨਹੀਂ ਹਾਂ ਭਾਵ ਮੈਂ ਪ੍ਰਮਾਤਮਾ ਦਾ ਹੀ ਰੂਪ ਹਾਂ ਜੋ ਮੇਰੇ ਮਨੁੱਖੀ ਸਰੀਰ ਨੂੰ ਬਣਾ ਕੇ ਆਪ ਹੀ ਇਸਨੂੰ ਚਲਾ ਰਿਹਾ ਹੈ। ਜੋ ਆਪਣੇ ਅੰਦਰ ਦੀ ਮਤਿ ਨੂੰ, ਸਮਝ ਨੂੰ ਮੈਂ ਆਪਣੀ ਸਮਝ ਜਾਣਿਆ ਹੋਇਆ ਸੀ ਉਹ ਸੱਚ ਨਹੀਂ ਹੈ। ਜਦੋਂ ਮਨੁੱਖ ਦਾ ਆਪਣਾ ਭਰਮ ਨਿਕਲ ਜਾਂਦਾ ਹੈ ਫਿਰ ਤਾਂ ਹੀ ਉਸਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ਕੋਈ ਭਰਮ ਵਿੱਚ ਹੀ ਹੈ ਜੋ ਆਪਣੇ ਆਪ ਨੂੰ ਮਨੁੱਖ ਸਮਝਦੇ ਹਨ, ਪ੍ਰਮਾਤਮਾ ਤੋਂ

ਵੱਖਰਾ ਸਮਝਦੇ ਹਨ ਤੇ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਭਾਵ ਸਭ ਕੋਲੋਂ ਉਸਨੇ ਆਪ ਹੀ ਆਪਣਾ ਪੜਦਾ ਬਣਾ ਕੇ ਰੱਖਿਆ ਹੋਇਆ ਹੈ, ਭਰਮ ਰੂਪ, ਹਉਮੈ ਰੂਪ, ਮਾਇਆ ਰੂਪ ਪੜਦਾ ਬਣਾ ਕੇ ਰੱਖਿਆ ਹੋਇਆ ਹੈ। **(ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥)**

42/5494

ਮਨ ਦੇ ਭਰਮ ਦੇ ਕਾਰਨ ਅਸੀਂ ਆਪਣੇ ਆਪ ਦੀ ਅਸਲੀਅਤ ਨੂੰ ਸਮਝਣ ਤੋਂ ਕਿਸ ਤਰੀਕੇ ਦੂਰ ਰਹਿੰਦੇ ਹਾਂ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥”

ਉਪਰਲੀਆਂ ਪੰਗਤੀਆਂ ਰਾਹੀਂ ਸਾਡੀ ਅਸਲੀਅਤ ਹੀ ਸਮਝਾਈ ਹੋਈ ਹੈ ਕਿ ਅਸਲ ਵਿੱਚ ਅਸੀਂ ਕੀ ਹਾਂ ਤੇ ਸਮਝਦੇ ਆਪਣੇ ਆਪ ਨੂੰ ਕੀ ਹਾਂ। ਜਿਵੇਂ ਸੁੱਤਾ ਹੋਇਆ ਮਨੁੱਖ ਨੀਂਦ ਦੇ ਵਿੱਚ ਸੁਪਨੇ ਰਾਹੀਂ ਜੋ ਕੁਝ ਦੇਖਦਾ ਹੈ ਉਸਨੂੰ ਸੱਚ ਹੀ ਸਮਝਦਾ ਹੈ। ਪ੍ਰਮਾਤਮਾ ਨੇ ਸਾਨੂੰ ਸਭ ਨੂੰ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਭਾਵੇਂ ਸਰੀਰਕ ਤੌਰ ਤੇ ਜਾਗਦੇ ਹਾਂ ਪਰ ਸਾਡੇ ਮਨ ਦੀ ਸਮਝ ਹਰ ਵੇਲੇ ਸੁੱਤੀ ਹੋਈ ਅਵਸਥਾ ਵਿੱਚ ਹੈ ਤੇ ਆਪਣੀ ਇਸ ਸਮਝ ਦੁਆਰਾ ਜੋ ਕੁਝ ਅਸੀਂ ਸਮਝਦੇ ਹਾਂ ਉਸੇ ਨੂੰ ਸੱਚ ਕਰਕੇ ਮੰਨਦੇ ਹਾਂ। ਜੇਕਰ ਸਾਡੀ ਸਮਝ ਇਹ ਕਹਿੰਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਤੇ ਹੋਰ ਵੀ ਮੇਰੀ ਤਰ੍ਹਾਂ ਮਨੁੱਖ ਹਨ, ਜੀਵ ਹਨ ਪਰ ਪ੍ਰਮਾਤਮਾ ਕਿਤੇ ਨਜਰ ਨਹੀਂ ਆਉਂਦਾ ਅਸੀਂ ਉਹੋ ਕੁਝ ਸੱਚ ਸਮਝਦੇ ਹਾਂ ਜੋ ਕਿ ਅਸਲ ਵਿੱਚ ਸੱਚ ਨਹੀਂ ਹੈ ਭਾਵ ਇੱਕ ਸੁਪਨੇ ਦੀ ਤਰ੍ਹਾਂ ਝੂਠ ਹੈ। ਜਿਵੇਂ ਕਿ ਇੱਕ ਰਾਜਾ ਜੋ ਕਿ ਸਿੰਘਾਸਨ ਦਾ ਮਾਲਕ ਹੋਵੇ ਤੇ ਸਰੀਰਕ ਤੌਰ ਤੇ ਸੁੱਤਾ ਹੋਇਆ ਇਹ ਸਪੁਨਾ ਵੇਖੇ ਕਿ ਉਹ ਇੱਕ ਭਿਖਾਰੀ ਹੈ ਤੇ ਉਹ ਆਪਣੇ ਆਪ ਨੂੰ ਭਿਖਾਰੀ ਹੀ ਸਮਝਣ ਲੱਗ ਪੈਂਦਾ ਹੈ ਕਿਉਂਕਿ ਸੁਪਨੇ ਵਿੱਚ ਮਨੁੱਖ ਜੋ ਕੁਝ ਦੇਖਦਾ ਹੈ ਉਸੇ ਗੱਲ ਨੂੰ ਸੱਚ ਸਮਝਦਾ ਹੈ ਇਹ ਭਰਮ ਹੈ। ਜੇਕਰ ਇੱਕ ਰਾਜਾ ਆਪਣੇ ਆਪ ਨੂੰ ਭਿਖਾਰੀ ਸਮਝੇ ਇਹ ਸੱਚ ਨਹੀਂ ਭਾਵ ਭਰਮ ਹੈ। ਸਾਡੇ ਮਨ ਦੀ ਸਮਝ ਪ੍ਰਮਾਤਮਾ ਨੇ ਹਰ ਵੇਲੇ ਭਰਮ ਵਿੱਚ ਰੱਖੀ ਹੋਈ ਹੈ। ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ, ਰਾਜੇ ਦਾ ਹੀ ਰੂਪ ਹਾਂ ਤੇ ਭਰਮ ਵਿੱਚ ਹੀ ਆਪਣੇ ਆਪ ਨੂੰ ਭਿਖਾਰੀ ਸਮਝੀ ਬੈਠੇ ਹਾਂ ਭਾਵ ਆਪਣੇ ਆਪ ਨੂੰ ਮਨੁੱਖੀ ਰੂਪ ਸਮਝ ਕੇ ਬਹੁਤ ਨੀਵੇਂ ਸਮਝੀ ਬੈਠੇ ਹਾਂ। ਜਿਵੇਂ ਇੱਕ ਰਾਜਾ ਆਪਣਾ ਰਾਜ ਹੁੰਦੇ ਹੋਏ ਵੀ ਮਨ ਦੇ ਭਰਮ ਕਰਕੇ ਆਪਣੇ ਰਾਜ ਤੋਂ ਵਿੱਛੜ ਜਾਂਦਾ ਹੈ, ਦੂਰ ਹੋ ਜਾਂਦਾ ਹੈ ਤੇ ਆਪਣੇ ਆਪ ਨੂੰ ਦੁੱਖੀ ਮਹਿਸੂਸ ਕਰਦਾ ਹੈ ਭਾਵ ਆਪਣੇ ਰਾਜ ਦੇ ਵਿਛੋੜੇ ਦਾ ਦੁੱਖ ਪਾਉਂਦਾ ਹੈ ਸਾਡੀ ਹਾਲਤ ਉਹੋ ਜਿਹੀ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਮਨ ਦੇ ਭਰਮ ਕਾਰਨ ਅਸੀਂ ਉਸ ਨਾਲੋਂ

42/5495

ਵਿਛੋੜੇ ਦਾ ਦੁੱਖ ਪਾ ਰਹੇ ਹਾਂ। **(ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥ ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥)**

ਜਿਵੇਂ ਕਿ ਮਨ ਦੇ ਭਰਮ ਕਰਕੇ ਅਸੀਂ ਆਪਣੇ ਆਪ ਨੂੰ ਇੱਕ ਰਾਜਾ ਹੁੰਦੇ ਹੋਏ ਵੀ ਭਿਖਾਰੀ ਸਮਝਦੇ ਹਾਂ ਭਾਵ ਤੂੰ ਹੁੰਦੇ ਹੋਏ ਵੀ ਆਪਣੇ ਆਪ ਨੂੰ ਮੈਂ ਸਮਝਦੇ ਹਾਂ ਭਾਵ ਪ੍ਰਮਾਤਮਾ ਦਾ ਰੂਪ ਹੁੰਦੇ ਹੋਏ ਵੀ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ, ਸਾਡੇ ਇਸ ਮਨ ਦੇ ਭਰਮ ਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਦੂਸਰੇ ਢੰਗ ਨਾਲ ਸਮਝਾਇਆ ਹੋਇਆ ਹੈ।

“ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੂ ਮਰਮੁ ਜਨਾਇਆ ॥

ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥”

ਭਗਤ ਰਵਿਦਾਸ ਜੀ ਉਪਰ ਪਦੇ ਰਾਹੀਂ ਸਾਨੂੰ ਇਹ ਸਮਝਾ ਰਹੇ ਹਨ ਕਿ ਸਾਡੇ ਅੰਦਰ ਭਰਮ ਕਿਸ ਰੂਪ ਵਿੱਚ ਹੈ ਉਸ ਗੱਲ ਦਾ ਭੇਦ ਮੈਨੂੰ ਪ੍ਰਮਾਤਮਾ ਨੇ ਆਪ ਸਮਝਾਇਆ ਹੈ। ਇਹ ਭੇਦ ਸਾਡੇ ਅੰਦਰ ਹੀ ਹੈ ਜੋ ਭੇਦ ਸਾਨੂੰ **“ਰਾਜ”** ਭਾਵ ਰੱਸੀ ਤੇ ਭੁਇਅੰਗ ਭਾਵ ਸੱਪ ਦਾ ਪ੍ਰਮਾਣ ਦੇਣ ਦੁਆਰਾ ਸਮਝਾਇਆ ਹੋਇਆ ਹੈ। ਰੱਸੀ ਤੇ ਸੱਪ ਦੀ ਗੱਲ ਅਕਸਰ ਸਾਨੂੰ ਕੁਝ ਸਮਝਾਉਂਣ ਲਈ ਦੱਸੀ ਜਾਂਦੀ ਹੈ ਜੋ ਗੱਲ ਸਾਡੇ ਸਮਾਜ ਵਿੱਚ ਕਾਫੀ ਪ੍ਰਚਲਿਤ ਹੈ। ਦੇਖਣ ਵਿੱਚ ਜਮੀਨ ਉੱਤੇ ਲੇਟਿਆ ਹੋਇਆ ਸੱਪ ਤੇ ਜਮੀਨ ਦੇ ਪਈ

ਹੋਈ ਰੱਸੀ ਇੱਕੋ ਜਿਹੇ ਤਰੀਕੇ ਨਾਲ ਪਏ ਹੋਏ ਦਿੱਸਦੇ ਹਨ। ਦਿਨ ਦੇ ਚਾਨਣੇ ਵਿੱਚ ਅਸੀਂ ਦੋਨਾਂ ਵਿੱਚ ਫਰਕ ਪਹਿਚਾਨ ਲੈਂਦੇ ਹਾਂ ਕਿ ਇਹ ਸੱਪ ਹੈ ਤੇ ਇਹ ਰੱਸੀ ਹੈ ਤੇ ਜਦੋਂ ਹਨੇਰਾ ਪੈ ਜਾਂਦਾ ਹੈ ਤੇ ਸਾਡੇ ਲਈ ਪਹਿਚਾਨਣਾ ਮੁਸ਼ਕਿਲ ਹੋ ਜਾਂਦਾ ਹੈ ਭਾਵ ਜੇਕਰ ਕਿਤੇ ਰੱਸੀ ਪਈ ਹੋਈ ਹੋਵੇ ਤੇ ਹਨੇਰੇ ਕਾਰਣ ਅਸੀਂ ਉਸਨੂੰ ਸੱਪ ਸਮਝੀ ਜਾਂਦੇ ਹਾਂ। ਇਹੀ ਸਾਡੇ ਅੰਦਰ ਦਾ ਭਰਮ ਹੈ ਜਿਸ ਭਰਮ ਵਿੱਚ ਹਰ ਕੋਈ ਹੈ। ਇਹੀ ਅਵਸਥਾ ਸਾਡੇ ਸਭ ਦੇ ਅੰਦਰ ਮਨ ਦੇ ਹਨੇਰੇ ਦੇ ਰੂਪ ਵਿੱਚ ਹੈ ਜਿਸ ਕਰਕੇ ਅਸੀਂ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਮਝ ਬੈਠਦੇ ਹਾਂ ਭਾਵ ਰੱਸੀ ਤੇ ਸੱਪ ਵਿੱਚ ਪਹਿਚਾਨ ਨਹੀਂ ਕਰ ਸਕਦੇ ਤੇ ਭਰਮ ਵਿੱਚ ਹੀ ਰੱਸੀ ਨੂੰ ਸੱਪ ਸਮਝ ਬੈਠਦੇ ਹਾਂ ਤੇ ਉਸ ਤੋਂ ਡਰੀ ਜਾਂਦੇ ਹਾਂ ਤੇ ਡਰ ਦੇ ਕਾਰਨ ਅਸੀਂ ਉਸਦੇ ਨੇੜੇ ਨਹੀਂ ਲੱਗਦੇ। ਸਾਡੇ ਅੰਦਰ ਦੇ ਭਰਮ ਨੇ ਸਾਨੂੰ ਵਿਅਰਥ ਹੀ ਝੂਠੇ ਡਰਾਂ ਵਿੱਚ ਪਾਇਆ ਹੋਇਆ ਹੈ ਜਿਸ ਕਰਕੇ ਅਸੀਂ ਗੁਰਮਤਿ ਰੂਪ ਸੱਚ ਨੂੰ ਛੂਣ ਤੋਂ ਡਰਦੇ ਹਾਂ ਕਿ ਗੁਰਮਤਿ ਨੂੰ ਨਹੀਂ ਅਪਨਾਉਂਣਾ।

42/5496

ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਅਸੀਂ ਅਨੇਕਾਂ ਹੀ ਆਪਣੇ ਅੰਦਰ ਡਰ ਪਾਲੇ ਹੋਏ ਹਨ ਜਿਸ ਵਿੱਚ ਸਭ ਤੋਂ ਵੱਡਾ ਡਰ ਦੁਨਿਆਵੀ ਪਦਾਰਥਾਂ ਦੇ ਸੁੱਖ ਵਿੱਚੋਂ ਨਿਕਲਣ ਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ। ਅਨੇਕਾਂ ਹੀ ਝੂਠੀ ਭਗਤੀ ਦੇ ਤਰੀਕਿਆਂ ਨੂੰ ਸੱਚ ਮੰਨਿਆ ਹੋਇਆ ਹੈ ਜੇਕਰ ਇਹ ਤਰੀਕੇ ਛੱਡ ਦਿੱਤੇ ਤਾਂ ਸਾਡੇ ਕੋਲੋਂ ਗੁਰੂ ਨਾਰਾਜ ਹੋ ਜਾਵੇਗਾ, ਪ੍ਰਮਾਤਮਾ ਨਾਰਾਜ ਹੋ ਜਾਵੇਗਾ, ਜਿਨ੍ਹਾਂ ਦੇ ਕੋਲੋਂ ਅਸੀਂ ਧਰਮ ਦਾ ਮਾਰਗ ਸਿੱਖਿਆ ਹੈ, ਆਪਣੇ ਵੱਲੋਂ ਉੱਚਾ ਸਮਝਕੇ ਸਿੱਖਿਆ ਹੈ ਉਹਨਾਂ ਦੇ ਦੱਸੇ ਤਰੀਕੇ ਛੱਡਣ ਨਾਲ ਉਹ ਨਾਰਾਜ ਹੋ ਜਾਣਗੇ, ਜੇਕਰ ਅਸੀਂ ਗੁਰੂ ਦੇ ਦਰ ਤੇ ਮੱਥਾ ਨਹੀਂ ਟੇਕਿਆ ਜਾਂ ਸਮਾਧੀ ਲਾ ਕੇ ਉਸਨੂੰ ਯਾਦ ਨਹੀਂ ਕੀਤਾ ਤਾਂ ਫਿਰ ਸਾਡੀਆਂ ਇੱਛਾਵਾਂ ਪੂਰੀਆਂ ਨਹੀਂ ਹੋਣਗੀਆਂ ਤੇ ਇਹ ਡਰ ਸਭ ਨੂੰ ਹੀ ਖਾਂਦਾ ਰਹਿੰਦਾ ਹੈ। ਇਹੋ ਜਿਹੇ ਹਰ ਡਰ ਦਾ ਕਾਰਨ ਸਾਡੇ ਮਨ ਦਾ ਭਰਮ ਹੈ ਭਾਵ ਵਿਅਰਥ ਵਿੱਚ ਹੀ ਰੱਸੀ ਨੂੰ ਸੱਪ ਸਮਝਕੇ ਉਸ ਤੋਂ ਡਰਣ ਵਾਲੀ ਗੱਲ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਇਹ ਝੂਠੇ ਭਉ ਵਿੱਚੋਂ ਕੱਢਦਾ ਹੈ ਉਸਨੂੰ ਮਨ ਦੇ ਭਰਮ ਵਿੱਚੋਂ ਹੀ ਕੱਢਦਾ ਹੈ ਭਾਵ ਮਨ ਦੇ ਵਿੱਚ ਉਹ ਆਪਣੀ ਸੱਚੀ ਮਤਿ ਦੇਣ ਦੁਆਰਾ ਆਪਣਾ ਭੇਦ ਆਪ ਹੀ ਦਿੰਦਾ ਹੈ ਜੋ ਕਿ ਉਸਦਾ ਕੋਈ ਭੇਦ ਆਪਣੇ ਆਪ ਜਾਣ ਲਵੇ ਇਹ ਮਨੁੱਖੀ ਸਮਰਥਾ ਤੋਂ ਬਾਹਰ ਹੈ ਕਿਉਂਕਿ ਉਸਨੇ ਆਪ ਹੀ ਸਭ ਦੇ ਅੰਦਰ ਭਰਮਾਂ ਵਾਲੀ ਮਤਿ ਪਾਉਂਣ ਦੁਆਰਾ ਆਪਣਾ ਭੇਦ ਜਾਨਣ ਤੋਂ ਅਸਮਰਥ ਕੀਤਾ ਹੋਇਆ ਹੈ। **(ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥)** ਅਗਲੀ ਪੰਗਤੀ ਰਾਹੀਂ ਸਾਡਾ ਭਰਮ ਹੀ ਸਮਝਾਇਆ ਹੋਇਆ ਹੈ। ਉਹ ਪ੍ਰਮਾਤਮਾ ਤਾਂ ਇੱਕੋ ਹੀ ਹੈ ਤੇ ਹਰ ਕੋਈ ਉਸ ਪ੍ਰਮਾਤਮਾ ਦਾ ਹੀ ਰੂਪ ਹੈ। ਜਿਸ ਤਰੀਕੇ ਸੋਨਾ ਇੱਕੋ ਹੀ ਹੈ ਤੇ ਜੇਕਰ ਉਸਦੇ ਅਨੇਕਾਂ ਕੜੇ ਬਣਾ ਦਿੱਤੇ ਜਾਣ ਤੇ ਉਹਨਾਂ ਕੜਿਆਂ ਨੂੰ ਅਸੀਂ ਕੜੇ ਸਮਝੀਏ ਭਾਵ ਸੋਨਾ ਨਾ ਕਹੀਏ ਇਹ ਸਾਡੀ ਭੁੱਲ ਹੈ। ਪ੍ਰਮਾਤਮਾ ਸੋਨੇ ਦੇ ਰੂਪ ਵਿੱਚ ਹੈ ਤੇ ਹਰ ਕੜਾ ਭਾਵ ਹਰ ਮਨੁੱਖੀ ਰੂਪ ਭਾਵੇਂ ਵੇਖਣ ਨੂੰ ਵੱਖਰਾ ਦਿੱਸਦਾ ਹੈ ਪਰ ਅਸਲ ਵਿੱਚ ਉਹ ਸੋਨੇ ਦਾ ਹੀ ਰੂਪ ਹੈ ਭਾਵ ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਉਸ ਪ੍ਰਮਾਤਮਾ ਨੂੰ, ਸੋਨਾ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਨੂੰ ਪ੍ਰਮਾਤਮਾ ਮਨ ਦੀ ਭੁੱਲ ਵਿੱਚੋਂ ਕੱਢ ਲੈਂਦਾ ਹੈ ਤੇ ਪ੍ਰਮਾਤਮਾ ਕੁਝ ਹੋਰ ਹੈ ਤੇ ਮਨੁੱਖ ਕੁਝ ਹੋਰ ਹੈ ਭਾਵ ਉਹ ਫਿਰ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਰੂਪ ਨਹੀਂ ਕਹਿ ਸਕਦਾ ਤੇ ਨਾ ਹੀ ਕਿਸੇ ਹੋਰ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਕਹਿ ਸਕਦਾ ਹੈ ਭਾਵ ਉਸਨੂੰ ਆਪਣੇ ਵਿੱਚ ਤੇ ਸਭ ਦੇ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ, ਸਭ ਵਿੱਚ ਤੂੰ ਹੀ ਤੂੰ ਨਜਰ ਆਉਂਦਾ ਹੈ। **(ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥ ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥)**

42/5497

ਪ੍ਰਮਾਤਮਾ ਜਿਸਨੂੰ ਆਪਣਾ ਰੂਪ ਦਿਖਾਉਂਦਾ ਹੈ ਤੇ ਭਰਮ ਵਿੱਚੋਂ ਕਿਸ ਤਰੀਕੇ ਕੱਢਦਾ ਹੈ ਜਿਸ ਰਾਹੀਂ ਮਨੁੱਖ ਨੂੰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥”

ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਫਿਰ ਇਹ ਕਦੇ ਨਹੀਂ ਕਹਿ ਸਕਦਾ ਕਿ ਪ੍ਰਮਾਤਮਾ ਕੇਵਲ ਮੇਰੇ ਅੰਦਰ ਹੀ ਹੈ ਕਿਉਂਕਿ ਜੋ ਵੀ ਪ੍ਰਮਾਤਮਾ ਨੂੰ ਜਾਣਦਾ ਹੈ ਉਹ ਆਪਣੇ ਮਨ ਦੇ ਰਾਹੀਂ ਹੀ ਜਾਣਦਾ ਹੈ ਕਿ ਸਾਡੇ ਮਨ ਨੂੰ ਭੋਗਣ ਵਾਲਾ ਕਉਂਣ ਹੈ।

ਪ੍ਰਮਾਤਮਾ ਸਾਡੇ ਮਨ ਨੂੰ ਆਪਣੇ ਗਿਆਨ ਦੁਆਰਾ ਭੋਗਦਾ ਹੈ, ਸਾਡੇ ਅੰਦਰ ਦੀ ਸਮਝ ਦੇਣ ਦੁਆਰਾ ਭੋਗਦਾ ਹੈ ਤੇ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਨੂੰ ਇਹ ਸਮਝ ਆ ਜਾਂਦੀ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਕਿਉਂਕਿ ਗਿਆਨ ਸਭ ਦੇ ਅੰਦਰ ਉਪਜਦਾ ਹੈ ਭਾਵ ਮਨ ਦੇ ਵਿਚਾਰ ਸਭ ਦੇ ਅੰਦਰ ਉਪਜਦੇ ਹਨ ਜਿਨ੍ਹਾਂ ਰਾਹੀਂ ਮਨੁੱਖ ਨੂੰ ਸਮਝ ਪੈਂਦੀ ਹੈ। ਸਾਨੂੰ ਭਰਮ ਰੂਪ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਭੋਗਣ ਵਾਲਾ ਵੀ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਦੀ ਸਮਝ ਸਹਜ ਦੀ ਅਵਸਥਾ ਦੁਆਰਾ ਪੈਂਦੀ ਹੈ ਭਾਵ ਚਉਥੇ ਪਦ ਦੇ ਗਿਆਨ ਦੀ ਸਮਝ ਦੁਆਰਾ ਪੈਂਦੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਮਨੁੱਖ ਦੇ ਅੰਦਰ ਪ੍ਰਗਟ ਕਰਦਾ ਹੈ ਤੇ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖ ਕੋਲੋਂ ਸਭ ਕੁਝ ਕਰਵਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਮਨ ਦੀ ਸਮਝ ਦੇਣ ਦੁਆਰਾ ਉਹ ਆਪ ਹੀ ਸਭ ਕੁਝ ਕਰਵਾਉਂਦਾ ਹੈ ਪਰ ਸਹਜ ਦੀ ਅਵਸਥਾ ਦੀ ਪ੍ਰਾਪਤੀ ਹੋਏ ਬਿਨਾਂ ਇਸ ਗੱਲ ਨੂੰ ਜਾਣਿਆ ਨਹੀਂ ਜਾ ਸਕਦਾ। ਪ੍ਰਮਾਤਮਾ ਇਸ ਸਰੀਰ ਦਾ ਮਾਲਕ ਆਪ ਹੀ ਹੈ, ਇਸ ਸਰੀਰ ਦੇ ਰੂਪ ਵਿੱਚ ਆਪ ਹੀ ਹੈ ਜੋ ਕਿ ਆਪਣੇ ਨਿਰੰਕਾਰ ਰੂਪ ਵਿੱਚ ਭਾਵ ਗਿਆਨ ਰੂਪ ਵਿੱਚ ਆਪ ਹੀ ਸਰੀਰ ਨੂੰ ਚਲਾ ਰਿਹਾ ਹੈ। ਭਗਤ ਰਵਿਦਾਸ ਜੀ ਇਸੇ ਲਈ ਸਾਨੂੰ ਇਹ ਕਹਿ ਕੇ ਸਮਝਾ ਰਹੇ ਹਨ ਕਿ ਪ੍ਰਮਾਤਮਾ ਸਾਡੇ ਹੱਥ ਨਾਲੋਂ ਵੀ

ਨੇੜੇ ਹੈ ਭਾਵ ਸਾਡੇ ਨਾਲ ਹੀ ਹੈ ਭਾਵ ਆਪ ਹੀ ਹੈ, ਸਭ ਕੁਝ, ਸਭ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਦੀ ਸਮਝ ਤਾਂ ਹੀ ਪੈਂਦੀ ਹੈ ਜਦੋਂ ਉਹ ਕਿਸੇ ਨੂੰ ਮਨ ਦੇ ਭਰਮ ਵਿੱਚੋਂ ਕੱਢ ਦਿੰਦਾ ਹੈ ਜੋ ਭਰਮ ਸਹਜ ਦੀ ਅਵਸਥਾ ਦੁਆਰਾ ਹੀ ਨਿਕਲ ਸਕਦਾ ਹੈ, ਚਉਥੇ ਪਦ ਦੁਆਰਾ ਹੀ ਨਿਕਲ ਸਕਦਾ ਹੈ ਜੋ ਪਦ ਉਹ ਕਿਸੇ ਵਿਰਲੇ ਨੂੰ ਆਪ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ। **(ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੰਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥)**

ਨਾਲ ਰਲਵੇਂ ਅਗਲੇ ਸ਼ਬਦ ਰਾਹੀਂ ਭਗਤ ਰਵਿਦਾਸ ਜੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵਸਥਾ ਹੀ ਸਮਝਾ ਰਹੇ ਹਨ ਭਾਵ ਸਹਜ ਵਾਲੀ ਅਵਸਥਾ ਹੀ ਸਮਝਾ ਰਹੇ ਹਨ ਕਿ ਉਹ ਕਿਹੋ ਜਿਹੀ ਹੁੰਦੀ ਹੈ।

“ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥

ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥”

ਇਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ। ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਫਿਰ ਜੋ ਪਿਆਰ ਆਪਸ ਵਿੱਚ ਜੁੜਦਾ ਹੈ ਉਸ ਤੋਂ ਵੱਡਾ ਪਿਆਰ ਸੰਸਾਰ ਵਿੱਚ ਨਹੀਂ ਹੋ ਸਕਦਾ। ਉਹ ਪ੍ਰਮਾਤਮਾ ਬਹੁਤ ਹੀ ਪਿਆਰਾ ਹੈ, ਬਹੁਤ ਹੀ ਪਿਆਰਾ ਹੈ, ਬਹੁਤ ਹੀ ਪਿਆਰਾ ਹੈ। ਆਪਣਾ ਉਹ ਪਿਆਰ ਮਨ ਦੇ ਵਿੱਚ ਹੀ ਜਤਾਉਂਦਾ ਹੈ, ਮਨ ਦੇ ਵਿੱਚ ਗੱਲਾਂ ਕਰਨ ਨਾਲ ਹੀ ਜਤਾਉਂਦਾ ਹੈ। ਪ੍ਰਮਾਤਮਾ ਦੇ ਨਾਲ ਪਿਆਰ ਉਦੋਂ ਹੀ ਜੁੜਦਾ ਹੈ ਜਦੋਂ ਉਹ ਆਪ ਜੋੜਦਾ ਹੈ। ਜਦ ਤਕ ਮਨੁੱਖ ਮਾਇਆ ਮੋਹ ਦੇ ਬੰਧਨ ਵਿੱਚ ਫੱਸਿਆ ਹੋਇਆ ਹੈ ਤਦ ਤਕ ਨਾ ਉਹ ਪ੍ਰਮਾਤਮਾ ਨੂੰ ਜਾਣਦਾ ਹੈ ਤੇ ਨਾ ਹੀ ਉਸ ਪ੍ਰਮਾਤਮਾ ਨਾਲ ਮੇਲ ਜੁੜ ਸਕਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਜਾਣਿਆ ਹੈ ਪ੍ਰਮਾਤਮਾ ਸਾਡੇ ਅੰਦਰ ਗਿਆਨ ਰੂਪ ਵਿੱਚ ਹੈ ਤੇ ਜਦ ਤਕ ਉਸਨੇ ਮਨੁੱਖ ਨੂੰ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਭਾਵ ਮਾਇਆ ਮੋਹ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ ਤਦ ਤਕ ਕਿਸੇ ਨੂੰ ਕੀ ਪਤਾ ਕਿ ਪ੍ਰਮਾਤਮਾ ਕੀ ਹੈ ਤੇ ਉਸਦੇ ਨਾਲ ਪਿਆਰ ਕਰਨਾ ਕੀ ਹੈ ਭਾਵ ਉਸ ਨਾਲ ਪਿਆਰ ਜਤਾਉਂਣਾ ਕੀ ਹੈ, ਉਸ ਨਾਲ ਗੱਲਾਂ ਕਰਨੀਆਂ ਕੀ ਹਨ। ਪ੍ਰਮਾਤਮਾ ਦੇ ਨਾਲ ਗੱਲਾਂ ਮਨ ਦੇ ਵਿੱਚ ਹੀ ਹੁੰਦੀਆਂ

ਹਨ, ਗਿਆਨ ਰੂਪ ਵਿੱਚ ਹੁੰਦੀਆਂ ਹਨ, ਮਨ ਦੀ ਸਮਝ ਵਿੱਚ ਹੁੰਦੀਆਂ ਹਨ। ਮਨ ਦੇ ਵਿੱਚ ਕਰਨ ਦੁਆਰਾ ਹੀ ਪ੍ਰਮਾਤਮਾ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਉਹ ਮਨੁੱਖ ਨੂੰ ਆਪੇ ਹੀ ਉਹਨਾਂ ਤਕਲੀਫਾਂ ਵਿੱਚੋਂ ਕੱਢ ਲਵੇਗਾ ਜੋ ਬਿਨਾਂ ਵਿਸ਼ਵਾਸ ਤੋਂ ਮਨੁੱਖ ਨੂੰ ਪਰੇਸ਼ਾਨ ਕਰਦੀਆਂ ਰਹਿੰਦੀਆਂ ਹਨ। ਪ੍ਰਮਾਤਮਾ ਆਪਣਾ ਦਿੱਤਾ ਹੋਇਆ ਭਰੋਸਾ ਨਹੀਂ ਤੋੜਦਾ ਤੇ ਚੁੱਪ ਚੁਪੀਤੇ ਮਨੁੱਖ ਨੂੰ ਆਪ ਹੀ ਤਕਲੀਫਾਂ ਤੋਂ ਬਚਾ ਲੈਂਦਾ ਹੈ। ਇਹ ਬਹੁਤ ਵੱਡੀ ਗੱਲ ਹੈ ਜਿਸਨੂੰ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਸਾਡੇ ਨਾਲ ਇਸ ਪ੍ਰੇਮ ਦੇ ਬੰਧਨ ਨਾਲ ਬੱਝਿਆ ਰਹਿੰਦਾ ਹੈ ਤੇ ਮਨੁੱਖ ਨੂੰ ਵੀ ਉਹ ਆਪ ਹੀ ਆਪਣੇ ਪ੍ਰੇਮ ਦੇ ਵਿੱਚ ਬੰਨਦਾ ਹੈ। ਪ੍ਰਮਾਤਮਾ ਆਪ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੈ ਜੋ ਸੱਚਾ ਗਿਆਨ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਦਿੰਦਾ ਹੈ ਤੇ ਆਪ ਹੀ ਆਪਣੀ ਗੁਰਮਤਿ ਸਮਝਾਉਂਣ ਦੇ ਨਾਲ ਮਨੁੱਖ ਦੇ ਵਿਚਾਰਾਂ ਨੂੰ ਗੁਰਮਤਿ ਦੇ ਸੱਚੇ ਵਿਚਾਰਾਂ ਨਾਲ ਬੰਨਦਾ ਹੈ। ਉਸਦੀ ਦਿੱਤੀ ਹੋਈ ਸੱਚੀ ਗੁਰਮਤਿ ਦੇ ਨਾਲ ਪ੍ਰੇਮ ਪ੍ਰਮਾਤਮਾ ਦੇ ਨਾਲ ਪ੍ਰੇਮ ਦਾ ਬੰਧਨ ਹੈ। ਪ੍ਰਮਾਤਮਾ ਦੇ ਨਾਲ ਇਹ ਪ੍ਰੇਮ ਦਾ ਬੰਧਨ ਉਸੇ ਦਾ ਹੀ ਬੱਝਦਾ ਹੈ ਜਿਸਨੂੰ ਉਹ ਪਹਿਲੇ ਮਾਇਆ ਮੋਹ ਦੇ ਬੰਧਨ ਵਿੱਚੋਂ ਕੱਢਦਾ ਹੈ। ਸਾਡਾ ਬੰਧਨ ਦਾ ਤਰੀਕਾ ਸਾਡੇ ਮਨ ਦੇ ਵਿੱਚ ਹੀ ਹੈ ਭਾਵ ਮਨ ਦੀ ਸਮਝ ਰਾਹੀਂ ਹੀ ਹੈ। ਪ੍ਰਮਾਤਮਾ ਮੋਹ ਦੇ ਬੰਧਨ ਵਿੱਚ ਹੀ ਭਾਵ ਮਾਇਆ ਦੇ ਬੰਧਨ ਵਿੱਚ ਹੀ ਮਨ ਦੀ ਸਮਝ ਦੁਆਰਾ ਪਾਉਂਦਾ ਹੈ ਤੇ ਮਨ ਦੀ ਸਮਝ ਦੁਆਰਾ ਹੀ ਮਾਇਆ ਦੇ ਬੰਧਨ ਵਿੱਚੋਂ ਕੱਢਕੇ ਪ੍ਰੇਮ ਦੇ ਬੰਧਨ ਵਿੱਚ ਬੰਨ ਲੈਂਦਾ ਹੈ ਭਾਵ ਸਾਰੀ ਗੱਲ ਸਾਡੀ ਮਨ ਦੀ ਸਮਝ ਨਾਲ ਜੁੜੀ ਹੋਈ ਹੈ ਭਾਵ ਮਨ ਦੀ ਅਗਿਆਨਤਾ ਜਾਂ ਸੱਚੇ ਗਿਆਨ ਦੇ ਨਾਲ ਜੁੜੀ ਹੋਈ ਹੈ ਭਾਵ ਸਾਰਾ ਫਰਕ ਮਨਮਤਿ ਵਾਲੀ ਸਮਝ ਜਾਂ ਗੁਰਮਤਿ ਵਾਲੀ ਸਮਝ ਵਿੱਚ ਹੈ। **(ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥)** ਜਦੋਂ ਮਨੁੱਖੀ ਮਤਿ ਭਾਵ ਮਾਇਆ ਮੋਹ ਵਾਲੀ ਮਤਿ ਗੁਰਮਤਿ ਰੂਪ ਮਤਿ ਦੇ ਨਾਲ ਇੱਕ ਹੋ ਜਾਂਦੀ ਹੈ ਫਿਰ ਉਹ ਸਦਾ ਲਈ ਗੁਰਮਤਿ ਵਾਲੇ ਵਿਚਾਰਾਂ ਵਾਲੀ ਹੀ ਰਹਿੰਦੀ ਹੈ। ਮਨਮਤਿ ਵਾਲੀ ਭਾਵ ਅਗਿਆਨਤਾ ਵਾਲੀ ਮਤਿ ਤੋਂ ਛੁੱਟਣਾ ਹੀ ਉਸ ਪ੍ਰਮਾਤਮਾ ਨੂੰ ਅਰਾਧਨਾ ਹੈ। ਅਰਾਧਨਾ ਉਸਦੀ ਸੱਚੀ ਮਤਿ ਨੂੰ ਹੀ ਹੈ ਜਿਸਨੂੰ ਅਰਾਧਨ ਦੁਆਰਾ ਮਨੁੱਖ ਅਗਿਆਨਤਾ

ਵਾਲੀ ਮਤਿ ਵਿੱਚੋਂ ਛੁੱਟ ਜਾਂਦਾ ਹੈ ਭਾਵ ਮਾਇਆ ਮੋਹ ਦੇ ਬੰਧਨ ਵਿੱਚੋਂ ਛੁੱਟ ਜਾਂਦਾ ਹੈ। ਸਾਡੇ ਮਨ ਦੀਆਂ ਕੇਵਲ ਦੋ ਹੀ ਅਵਸਥਾਵਾਂ ਹਨ ਇੱਕ ਅਗਿਆਨਤਾ ਵਾਲੀ ਅਵਸਥਾ ਹੈ ਤੇ ਦੂਸਰੀ ਸੱਚੇ ਗਿਆਨ ਵਾਲੀ ਅਵਸਥਾ ਹੈ ਭਾਵ ਇੱਕ ਹਉਮੈ ਵਾਲੀ ਅਵਸਥਾ ਹੈ ਤੇ ਦੂਸਰੀ ਨਾਮ ਵਾਲੀ ਅਵਸਥਾ ਹੈ ਭਾਵ ਇੱਕ ਮਨਮਤਿ ਵਾਲੀ ਅਵਸਥਾ ਹੈ ਤੇ ਦੂਸਰੀ ਗੁਰਮਤਿ ਰੂਪ ਸੱਚੇ ਗਿਆਨ ਵਾਲੀ ਅਵਸਥਾ ਹੈ ਭਾਵ ਇੱਕ ਮਾੜੀ ਮਤਿ ਹੈ ਤੇ ਇੱਕ ਚੰਗੀ ਮਤਿ ਹੈ, ਇੱਕ ਨਾਸਮਝ ਮਤਿ ਹੈ ਤੇ ਦੂਸਰੀ ਸਮਝ ਵਾਲੀ ਮਤਿ ਹੈ ਭਾਵ ਇੱਕ ਬਹੁਤ

ਨੀਵੀਂ ਸਮਝ ਵਾਲੀ ਮਤਿ ਹੈ ਤੇ ਦੂਸਰੀ ਬਹੁਤ ਉੱਚੀ ਸਮਝ ਵਾਲੀ ਮਤਿ ਹੈ। ਹਰ ਕੋਈ ਨਾਸਮਝ ਮਤਿ ਵਿੱਚੋਂ ਹੀ ਛੁੱਟਣਾ ਚਾਹੇਗਾ ਤੇ ਇਸੇ ਲਈ ਅਗਲੀ ਪੰਗਤੀ ਰਾਹੀਂ ਭਗਤ ਰਵਿਦਾਸ ਜੀ ਪ੍ਰਮਾਤਮਾ ਨਾਲ ਆਪਣਾ ਮਜਾਕ ਕਰਨਾ ਦਿਖਾ ਰਹੇ ਹਨ, ਮਜਾਕ ਕਰਨ ਦੁਆਰਾ ਆਪਣਾ ਪ੍ਰੇਮ ਕਰਨਾ ਦਿਖਾ ਰਹੇ ਹਨ ਕਿ ਹੇ ਪ੍ਰਮਾਤਮਾ ਮੈਂ ਤਾਂ ਮਾੜੀ ਮਤਿ ਵਿੱਚੋਂ ਛੁੱਟ ਕੇ ਉੱਚੀ ਮਤਿ ਵਿੱਚ ਆ ਗਿਆ ਹਾਂ ਭਾਵ ਅਗਿਆਨਤਾ ਵਿੱਚੋਂ ਨਿਕਲਕੇ ਤੇਰੇ ਦਿੱਤੇ ਹੋਏ ਗਿਆਨ ਨਾਲ ਇੱਕ ਹੋ ਗਿਆ ਹਾਂ ਤੇ ਇਸੇ ਲਈ ਹੁਣ ਤੂੰ ਆਪਣੇ ਉੱਚੇ ਗਿਆਨ ਵਾਲੀ ਮਤਿ ਨਹੀਂ ਛੱਡ ਸਕਦਾ ਕਿਉਂਕਿ ਤੂੰ ਜਾਣਦਾ ਹੈ ਕਿ ਉੱਚੀ ਮਤਿ ਵਿੱਚੋਂ ਛੁੱਟਣਾ ਕੋਈ ਵੀ ਨਹੀਂ ਚਾਹੁੰਦਾ, ਅਗਿਆਨਤਾ ਕਿਸੇ ਨੂੰ ਚੰਗੀ ਨਹੀਂ ਲੱਗਦੀ। ਭਗਤ ਰਵਿਦਾਸ ਜੀ ਪ੍ਰਮਾਤਮਾ ਨਾਲ ਮਜਾਕ ਦੇ ਰਾਹੀਂ ਸੰਸਾਰ ਨੂੰ ਸੱਚ ਹੀ ਸਮਝਾ ਰਹੇ ਹਨ ਕਿ ਹਰ ਕਿਸੇ ਨੂੰ ਮਾਇਆ ਮੋਹ ਵਾਲੀ ਮਤਿ ਵਿੱਚੋਂ ਛੁੱਟਣ ਦਾ ਉਪਰਾਲਾ ਕਰਨਾ ਚਾਹੀਦਾ ਹੈ ਜਿਸ ਵਿੱਚੋਂ ਨਿਕਲੇ ਬਿਨਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਉਸਦੇ ਨਾਲ ਪ੍ਰੇਮ ਨਹੀਂ ਜੁੜ ਸਕਦਾ। **(ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥)**

ਭਗਤ ਰਵਿਦਾਸ ਜੀ ਪ੍ਰਮਾਤਮਾ ਨੂੰ ਇਹੋ ਜਿਹੀ ਗੱਲ ਕਿਸ ਤਰੀਕੇ ਕਹਿ ਰਹੇ ਹਨ ਭਾਵ ਅਗਿਆਨਤਾ ਵਾਲੀ ਮਤਿ ਕਿਸ ਲਈ ਚੰਗੀ ਨਹੀਂ ਲੱਗਦੀ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥”

42/5501

ਭਗਤ ਰਵਿਦਾਸ ਜੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਗੱਲਾਂ ਹੀ ਕਰ ਰਹੇ ਹਨ, ਪਿਆਰ ਵਿੱਚ ਗੱਲਾਂ ਹੀ ਕਰ ਰਹੇ ਹਨ ਜਿਸ ਰਾਹੀਂ ਉਹ ਸੰਸਾਰ ਨੂੰ ਸੱਚੀ ਸਿੱਖਿਆ ਹੀ ਸਮਝਾ ਰਹੇ ਹਨ, ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਹੀ ਸਮਝਾ ਰਹੇ ਹਨ। ਉਹ ਪ੍ਰਮਾਤਮਾ ਨੂੰ ਇਹ ਕਹਿ ਰਹੇ ਹਨ ਕਿ ਪ੍ਰਮਾਤਮਾ ਜਿਸ ਮਤਿ ਵਿੱਚੋਂ ਮੈਂ ਛੁੱਟਿਆ ਹਾਂ, ਜਿਸ ਮਾਇਆ ਮੋਹ ਦੇ ਬੰਧਨ ਵਿੱਚੋਂ ਮੈਂ ਛੁੱਟਿਆ ਹਾਂ ਉਸਨੂੰ ਤੂੰ ਜਾਣਦਾ ਹੈ ਭਾਵ ਉਹ ਜਿਹੋ ਜਿਹੀ ਮਤਿ ਹੈ ਤਿਹੋ ਜਿਹੀ ਮਤਿ ਨੂੰ ਤੂੰ ਜਾਣਦਾ ਹੈ ਭਾਵ ਉਹ ਮਾੜੀ ਮਤਿ ਹੈ, ਅਗਿਆਨਤਾ ਵਾਲੀ ਮਤਿ ਹੈ ਤੇ ਉਹੋ ਜਿਹੀ ਮਤਿ ਵਿੱਚ ਭਾਵ ਐਸੀ ਮਤਿ ਵਿੱਚ ਤੂੰ ਕਿਉਂ ਜਾਣਾ ਚਾਹੇਂਗਾ ਭਾਵ ਆਪਣਾ ਸੱਚਾ ਗਿਆਨ ਤੂੰ ਕਿਉਂ ਛੱਡਣਾ ਚਾਹੇਂਗਾ। ਪ੍ਰਮਾਤਮਾ ਜਿਸਨੂੰ ਮਨ ਦੇ ਭਰਮ ਵਿੱਚੋਂ ਕੱਢਦਾ ਹੈ, ਮਾਇਆ ਮੋਹ ਵਿੱਚੋਂ ਕੱਢਦਾ ਹੈ ਉਹ ਆਪਣਾ ਆਪ ਜਤਾਉਂਣ ਲਈ ਹੀ ਕੱਢਦਾ ਹੈ ਤੇ ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲ ਲੈਂਦਾ ਹੈ ਉਸਨੂੰ ਫਿਰ ਕਦੇ ਵੀ ਆਪਣੇ ਆਪ ਤੋਂ ਵੱਖਰਾ ਨਹੀਂ ਕਰਦਾ। ਇਸ ਗੱਲ ਨੂੰ ਉਸਦੇ ਭਗਤ ਹੀ ਸਮਝ ਸਕਦੇ ਹਨ ਕਿ ਪ੍ਰਮਾਤਮਾ ਨੇ ਉਹਨਾਂ ਨੂੰ ਕਿਸ ਮਕਸਦ ਲਈ ਮਨ ਦੀ ਅਗਿਆਨਤਾ ਵਿੱਚੋਂ ਕੱਢਿਆ ਹੈ ਤੇ ਹੁਣ ਉਸਨੂੰ ਪ੍ਰਮਾਤਮਾ ਕਦੇ ਵੀ ਦੁਬਾਰਾ ਅਗਿਆਨਤਾ ਵਿੱਚ ਨਹੀਂ ਪਾਵੇਗਾ। ਇੱਕ ਵਾਰੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਉਸਦੇ ਨਾਲ ਸਦਾ ਲਈ ਮੇਲ ਹੋ ਜਾਂਦਾ ਹੈ ਤੇ ਫਿਰ ਉਹ ਕਦੇ ਨਹੀਂ ਵਿਛੜਦਾ। ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ ਜਿਸ ਤੇ ਉਹ ਪੂਰਾ ਉਤਰਦਾ ਹੈ। ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਪ੍ਰਮਾਤਮਾ ਮਨੁੱਖੀ ਰੂਪ ਵਿੱਚ ਆਪ ਹੀ ਹੈ ਤੇ ਜੋ ਰੂਪ ਉਹ ਆਪਣਾ ਮਨ ਦੇ ਰਾਹੀਂ ਪ੍ਰਗਟ ਕਰਦਾ ਹੈ ਫਿਰ ਉਹ ਉਸੇ ਰੂਪ ਵਿੱਚ ਹੀ ਰਹਿੰਦਾ ਹੈ ਭਾਵ ਜਿਸਨੂੰ ਗੁਰਮਤਿ ਰੂਪ ਸੱਚੇ ਗਿਆਨ ਦੀ ਸੋਝੀ ਪਾ ਦਿੰਦਾ ਹੈ ਫਿਰ ਉਸਨੂੰ ਉਸੇ ਸੋਝੀ ਨਾਲ ਜੋੜਕੇ ਹੀ ਰੱਖਦਾ ਹੈ। ਇਸ ਗੱਲ ਨੂੰ ਉਹ ਹੀ ਸਮਝ ਸਕਦੇ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਦੇ ਬੰਧਨ ਵਿੱਚੋਂ ਕੱਢਿਆ ਹੈ ਭਾਵ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਅਰਾਧਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਅਰਾਧਿਆ ਹੈ ਭਾਵ ਉਸਨੂੰ ਜਾਣਿਆ ਹੈ। **(ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥ ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥)**

42/5502

ਜਿਸਨੂੰ ਪ੍ਰਮਾਤਮਾ ਮਾਇਆ ਮੋਹ ਵਿੱਚੋਂ ਕੱਢਕੇ ਆਪਣੀ ਸੱਚੀ ਗੁਰਮਤਿ ਸਮਝਾ ਦਿੰਦਾ ਹੈ ਭਾਵ ਜੋ ਉਸਨੂੰ ਆਪਣੇ ਅੰਦਰ ਅਰਾਧ ਲੈਂਦਾ ਹੈ, ਜੋ ਉਸਦੇ ਨਾਲ ਪਿਆਰ ਦੇ ਬੰਧਨ ਵਿੱਚ ਬੱਝ ਜਾਂਦਾ ਹੈ ਫਿਰ ਉਹ ਮਨੁੱਖੀ ਰੂਪ ਪ੍ਰਮਾਤਮਾ ਨਾਲ ਆਪਣਾ ਪਿਆਰ ਕਿਸ ਰੂਪ ਵਿੱਚ ਨਿਭਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥”

ਜਿਵੇਂ ਕਿ ਅਸੀਂ ਉਪਰ ਜਾਣਿਆ ਹੈ ਪ੍ਰਮਾਤਮਾ ਨਾਲ ਪ੍ਰੀਤ, ਗੁਰੂ ਨਾਲ ਪ੍ਰੀਤ ਗੁਰਮਤਿ ਨਾਲ ਪ੍ਰੀਤ ਹੈ, ਗੁਰੂ ਦੀ ਸੱਚੀ ਮਤਿ ਨਾਲ ਪ੍ਰੀਤ ਹੈ ਜੋ ਕਿ ਗੁਰਮਤਿ ਨੂੰ ਮੰਨਣ ਦੁਆਰਾ ਹੀ ਕੀਤੀ ਜਾ ਸਕਦੀ ਹੈ। ਇਹ ਪ੍ਰੀਤ ਕਰਨੀ ਬਹੁਤ ਔਖੀ ਹੈ ਜੋ ਪ੍ਰੀਤ ਮਾਇਆ ਮੋਹ ਵਿੱਚੋਂ ਨਿਕਲਣ ਦੁਆਰਾ ਹੀ ਨਿਭਾਈ ਜਾ ਸਕਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦੁਆਰਾ ਹੀ ਨਿਭਾਈ ਜਾ ਸਕਦੀ ਹੈ, ਮਾਇਆ ਦੇ ਦੁਨਿਆਵੀ ਸੁੱਖਾਂ ਨੂੰ ਤਿਆਗਣ ਦੁਆਰਾ ਹੀ ਨਿਭਾਈ ਜਾ ਸਕਦੀ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਜਿਹੀ ਪ੍ਰੀਤ ਹੀ ਕਰਨੀ ਸਿਖਾਈ ਹੋਈ ਹੈ। ਉਹੋ ਜਿਹੀ ਪ੍ਰੀਤ ਕਰਨੀ ਸਿਖਾਈ ਹੋਈ ਹੈ ਜਿਹੋ ਜਿਹੀ ਪ੍ਰੀਤ ਮੱਛੀ ਜਲ ਦੇ ਨਾਲ ਕਰਦੀ ਹੈ। ਮੱਛੀ ਨੂੰ ਜਲ ਦੇ ਵਿੱਚੋਂ ਪਕੜ ਕੇ ਲਿਆਇਆ ਜਾਂਦਾ ਹੈ, ਉਸਨੂੰ ਖਾਣ ਲਈ ਪਕੜਿਆ ਜਾਂਦਾ ਹੈ। ਮੱਛੀ ਨੂੰ ਪਕਾਉਂਣ ਲਈ ਛੋਟੇ ਛੋਟੇ ਟੁੱਕੜਿਆਂ ਵਿੱਚ ਕੱਟਿਆ ਜਾਂਦਾ ਹੈ ਤੇ ਉਸਨੂੰ ਅਨੇਕਾਂ ਤਰੀਕਿਆਂ ਨਾਲ ਅੱਗ ਦੇ ਉੱਤੇ ਬਣਾਇਆ ਜਾਂਦਾ ਹੈ ਭਾਵ ਮੱਛੀ ਦੇ ਟੁੱਕੜੇ ਟੁੱਕੜੇ ਕਰਕੇ ਉਸਦਾ ਭੋਜਨ ਕੀਤਾ ਜਾਂਦਾ ਹੈ। ਜਦੋਂ ਮੱਛਲੀ ਮਰ ਹੀ ਜਾਂਦੀ ਹੈ ਫਿਰ ਉਹ ਪਾਣੀ ਨੂੰ ਕਿਸ ਤਰੀਕੇ ਯਾਦ ਰੱਖਦੀ ਹੈ ਪਰ ਸਾਨੂੰ ਸਮਝਾਇਆ ਹੋਇਆ ਹੈ ਕਿ ਮੱਛੀ ਨੂੰ ਮਾਰਨ ਤੋਂ ਬਾਅਦ ਪਾਣੀ ਨਹੀਂ ਵਿਸਰਦਾ ਭਾਵ ਮੱਛੀ ਦੀ ਪ੍ਰੀਤ ਪਾਣੀ ਦੇ ਨਾਲ ਇਹੋ ਜਿਹੀ ਹੈ ਜੋ ਉਸਦੀ ਮਰਨ ਦੇ ਨਾਲ ਵੀ ਨਹੀਂ ਵਿਛੜਦੀ। ਅਸੀਂ ਗੁਰੂ ਦੇ ਨਾਲ ਪ੍ਰੀਤ ਮਨ ਦੇ ਨਾਲ ਕਰਨੀ ਹੈ ਤੇ ਸਾਡੀ ਇਹ ਪ੍ਰੀਤ ਗੁਰੂ ਪ੍ਰਮਾਤਮਾ ਦੇ ਨਾਲ ਤਾਂ ਹੀ ਨਿਭੇਗੀ ਜੇਕਰ ਪਹਿਲਾਂ ਸਾਡੀ ਮਤਿ ਭਾਵ ਮਨਮਤਿ,

42/5503

ਮਾਇਆ ਮੋਹ ਵਾਲੀ ਮਤਿ ਦੇ ਟੁੱਕੜੇ ਟੁੱਕੜੇ ਕਰਕੇ ਇਸਦਾ ਭੋਜਨ ਬਣਾਇਆ ਜਾਏਗਾ। ਬਹੁਤ ਔਖਾ ਹੈ ਆਪਣੇ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਮਾਰਨਾ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਮਾਰਨਾ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਸਭ ਦੇ ਅੰਦਰ ਭੈ ਹੀ ਆਪਣੇ ਅੰਦਰ ਦੇ ਮਾਇਆ ਮੋਹ ਨੂੰ ਛੱਡਣ ਦਾ ਹੈ ਭਾਵ ਗੁਰੂ ਦੀ ਮਤਿ ਦੇ ਭਉ ਨੂੰ ਕਬੂਲ ਕਰਨ ਦਾ ਹੈ ਭਾਵ ਆਪਣੇ ਮਨ ਨੂੰ ਮਾਰਨ ਦਾ ਹੈ ਜੋ ਕਿ ਬਹੁਤ ਔਖਾ ਹੈ, ਬਹੁਤ ਔਖਾ ਹੈ। ਇਹ ਇਤਨੀ ਔਖੀ ਪੀੜ ਹੈ ਜਿਹੋ ਜਿਹੀ ਪੀੜ ਮੱਛੀ ਆਪਣੇ ਟੁੱਕੜੇ ਟੁੱਕੜੇ ਕਰਾਉਂਣ ਦੁਆਰਾ ਸਹਿੰਦੀ ਹੈ ਪਰ ਇਹੋ ਜਿਹੀ ਪੀੜ ਸਹੇ ਬਿਨਾਂ ਪ੍ਰਮਾਤਮਾ ਦੇ ਨਾਲ ਪਿਆਰ ਨਹੀਂ ਜੁੜਦਾ। ਬਹੁਤ ਔਖਾ ਹੈ ਭਗਤੀ ਦਾ ਮਾਰਗ। ਜਿਸਨੂੰ ਪ੍ਰਮਾਤਮਾ ਆਪਣੇ ਪਿਆਰ ਨਾਲ ਜੋੜਦਾ ਹੈ, ਗੁਰਮਤਿ ਦੇ ਨਾਲ ਪਿਆਰ ਜੋੜਦਾ ਹੈ ਉਸਨੂੰ ਫਿਰ ਇਸ ਔਖਾਪਨ ਸਹਿਣ ਦੀ ਭਾਵ ਮਾਇਆ ਮੋਹ ਛੱਡਣ ਦੀ, ਗੁਰਮਤਿ ਤੇ ਚੱਲਣ ਦਾ ਭਉ ਕਬੂਲ ਕਰਨ ਦੀ ਸਮਰਥਾ ਵੀ ਆਪ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ। ਧਰਮ ਦੇ ਮਾਰਗ ਲਈ ਆਪਣੇ ਸੀਸ ਕਟਾਉਂਣ ਵਾਲਿਆਂ ਨੂੰ ਬਖਸ਼ੀ ਹੈ, ਖੋਪਰੀ ਲਹਾਉਂਣ ਵਾਲਿਆਂ ਨੂੰ ਬਖਸ਼ੀ ਹੈ, ਸੀਸ ਤੇ ਆਰੇ ਚਲਾਉਂਣ ਵਾਲਿਆਂ ਨੂੰ ਬਖਸ਼ੀ ਹੈ, ਸਰੀਰ ਦਾ ਅੰਗ ਅੰਗ ਕਟਾਉਂਣ ਵਾਲਿਆਂ ਨੂੰ ਬਖਸ਼ੀ ਹੈ। ਬਹੁਤ ਔਖੀ ਹੈ ਉਸ ਗੁਰੂ ਪ੍ਰਮਾਤਮਾ ਦੇ ਨਾਲ ਆਪਣੀ ਪ੍ਰੀਤ ਨਿਭਾਉਂਣੀ। **(ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥ ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥)**

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥

ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥ ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥
ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥
ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥
ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥}

(ਅੰਗ ੧੦੧੦)

42/5504

ਪ੍ਰਮਾਤਮਾ ਦੀ ਭਗਤੀ ਤੇ ਪੂਰਾ ਉਤਰਨਾ ਬਹੁਤ ਔਖਾ ਹੈ, ਧਰਮ ਦੇ ਮਾਰਗ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਇਹ ਕੇਵਲ ਉਹ ਹੀ ਪੂਰੇ ਉਤਰ ਸਕਦੇ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਆਪ ਪੂਰਾ ਉਤਾਰਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਪੂਰਾ ਉਤਾਰਦਾ ਹੈ ਜਿਸ ਤਰੀਕੇ ਉਹ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਦਿਖਾਉਂਦੇ ਹਨ। ਧੰਨ ਧੰਨ ਧੰਨ ਦਸਵੀਂ ਪਾਤਸ਼ਾਹੀ ਨੇ ਸਰਬੰਸ ਵਾਰਨ ਦੁਆਰਾ ਪ੍ਰਮਾਤਮਾ ਨਾਲ ਆਪਣਾ ਪਿਆਰ ਹੀ ਦਿਖਾਇਆ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲ ਕੇ ਦਿਖਾਇਆ ਹੈ ਤੇ ਦੁਨੀਆਂ ਨੂੰ ਧਰਮ ਦੇ ਮਾਰਗ ਤੇ ਚੱਲਣ ਦਾ ਤਰੀਕਾ ਸਮਝਾਇਆ ਹੈ ਕਿ ਕਿਤਨਾ ਔਖਾ ਹੈ। ਧਰਮ ਦੇ ਮਾਰਗ ਤੇ ਮਨ ਦੀ ਸੋਝੀ ਦੁਆਰਾ ਹੀ ਚੱਲਿਆ ਜਾ ਸਕਦਾ ਹੈ, ਮਨ ਦੇ ਵਿੱਚੋਂ ਮਾਇਆ ਵਾਲੇ ਵਿਚਾਰ ਮਰਨ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਭਾਵ ਮਨ ਦੇ ਅੰਦਰ ਨਾਮ ਦ੍ਰਿੜ ਹੋਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ, ਗੁਰਮਤਿ ਦ੍ਰਿੜ ਹੋਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਜਿਸ ਰਾਹੀਂ ਮਨੁੱਖ ਫਿਰ ਇਸ ਸਰੀਰ ਨੂੰ ਵਾਰਨ ਤੋਂ ਨਹੀਂ ਡਰਦਾ ਭਾਵ ਪਹਿਲੇ ਮਨ ਦੀ ਮਾਇਆ ਮਰੇਗੀ ਤੇ ਤਾਂ ਹੀ ਧਰਮ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਗੁਰਮਤਿ ਦਾ ਮਕਸਦ, ਨਾਮ ਦਾ ਮਕਸਦ ਸਾਡੇ ਅੰਦਰ ਦੀ ਮਾਇਆ ਨੂੰ ਮਾਰਨ ਦਾ ਹੀ ਹੈ ਭਾਵ ਮਾਇਆ ਮੋਹ ਵਾਲੀ ਨਾਸਮਝ ਮਤਿ ਨੂੰ ਮਾਰਨ ਦਾ ਹੀ ਹੈ ਭਾਵ ਸਾਡੇ ਅੰਦਰ ਨਾਮ ਦ੍ਰਿੜ ਕਰਨ ਦਾ ਹੀ ਹੈ ਤਾਂ ਜੋ ਅਸੀਂ ਮਨ ਦੀ ਦ੍ਰਿੜਤਾ ਦੇ ਨਾਲ ਧਰਮ ਦੇ ਮਾਰਗ ਤੇ ਚੱਲ ਸਕੀਏ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕਰਕੇ ਦਿਖਾਇਆ ਹੈ, ਦਸਮ ਪਿਤਾ ਨੇ ਚੱਲ ਕੇ ਦਿਖਾਇਆ ਹੈ।

{ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥
ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥
ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥੧॥}

(ਅੰਗ ੫੧੩)

{ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥
ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥
ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥੨॥}

(ਅੰਗ ੮੫੩)

ਜਦ ਤਕ ਸਾਡੇ ਅੰਦਰ ਮਾਇਆ ਮੋਹ ਹੈ ਭਾਵ ਧਰਮ ਦੇ

42/5505

ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਹੈ ਤਦ ਤਕ ਆਪਣੀ ਮਤਿ ਵਿੱਚ ਰਹਿੰਦੇ ਹੋਏ ਨਾ ਧਰਮ ਦਾ ਸੱਚਾ ਮਾਰਗ ਸਮਝ ਆਉਂਦਾ ਹੈ ਤੇ ਨਾ ਹੀ ਉਸ ਉੱਤੇ ਚੱਲਿਆ ਜਾ ਸਕਦਾ ਹੈ ਤੇ ਨਾ ਹੀ ਧਰਮ ਦੇ ਸੱਚੇ ਮਾਰਗ ਤੇ ਚੱਲੇ ਬਿਨਾਂ ਪ੍ਰਮਾਤਮਾ ਨਾਲ ਪਿਆਰ ਦਿਖਾਇਆ ਜਾ ਸਕਦਾ ਹੈ। ਪ੍ਰਮਾਤਮਾ ਨਾਲ ਪਿਆਰ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੁਆਰਾ ਹੀ ਦਿਖਾਇਆ ਜਾ ਸਕਦਾ ਹੈ ਭਾਵ

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਦਿਖਾਇਆ ਜਾ ਸਕਦਾ ਹੈ ਭਾਵ ਕੋਈ ਵਿਰਲਾ ਹੀ ਪ੍ਰਮਾਤਮਾ ਨਾਲ ਪਿਆਰ ਪਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥

ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥”

ਪਹਿਲਾਂ ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨਾਲ ਪਿਆਰ ਕਿਸਦਾ ਜੁੜਦਾ ਹੈ। **“ਆਪਨ ਬਾਪੈ ਨਾਹੀ ਕਿਸੀ ਕੋ”** ਇਸ ਤੋਂ ਭਾਵ ਹੈ ਕਿ ਜੋ ਆਪਣੇ ਆਪ ਨੂੰ ਹੀ ਬਾਪ ਸਮਝਦਾ ਹੈ ਭਾਵ ਧਰਮ ਦੇ ਮਾਰਗ ਤੇ ਉੱਚਾ ਸਮਝਦਾ ਹੈ, ਇਹੋ ਜਿਹਾ ਆਪਣੇ ਆਪ ਨੂੰ ਉੱਚਾ ਸਮਝਣ ਵਾਲੇ ਕਿਸੇ ਨੂੰ ਪ੍ਰਮਾਤਮਾ ਨਾਲ ਪਿਆਰ ਨਹੀਂ ਹੈ। **“ਭਾਵਨ ਕੋ ਹਰਿ ਰਾਜਾ”** ਤੋਂ ਭਾਵ ਹੈ ਪ੍ਰਮਾਤਮਾ ਉਸਨੂੰ ਭਾਉਂਦਾ ਹੈ ਜੋ ਪ੍ਰਮਾਤਮਾ ਨੂੰ ਰਾਜਾ ਸਮਝਦਾ ਹੈ ਭਾਵ ਉੱਚਾ ਸਮਝਦਾ ਹੈ। ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝਣ ਵਾਲੇ ਬਹੁਤ ਹਨ ਜੋ ਆਪ ਹੀ ਧਰਮ ਦੀ ਸੋਝੀ ਪਾਉਂਣ ਵਾਲੇ ਬਣ ਕੇ ਰਾਜੇ ਬਣੀ ਬੈਠੇ ਹਨ ਭਾਵ ਉਹਨਾਂ ਨੇ ਆਪਣਾ ਹੀ ਰਾਜ ਚਲਾਇਆ ਹੋਇਆ ਹੈ ਕਿ ਸਾਨੂੰ ਭਗਤੀ ਦੀ ਬਹੁਤ ਸਮਝ ਹੈ। ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਉਹੀ ਥਾਪ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜੋ ਆਪ ਹੀ ਆਪਣੀ ਸੱਚੀ ਭਗਤੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ ਉਹਨਾਂ ਨੇ ਹੀ ਪ੍ਰਮਾਤਮਾ ਦੇ ਉੱਚੇਪਨ ਨੂੰ ਜਾਣਿਆ ਹੈ, ਵੱਡੇਪਨ ਨੂੰ ਜਾਣਿਆ ਹੈ ਤੇ ਉਸਨੂੰ ਹੀ ਗਿਆਨ ਦਾ ਮਾਲਕ ਕਿਹਾ ਹੈ। ਆਪਣੇ ਆਪ ਨੂੰ ਉੱਚਾ ਅਖਵਾਉਂਣ ਵਾਲੇ, ਆਪਣੇ ਆਪ ਨੂੰ ਧਰਮ ਦੇ ਰਾਜੇ ਥਾਪ ਕੇ ਜਗ੍ਹਾ ਜਗ੍ਹਾ ਬੈਠੇ

42/5506

ਹੋਏ ਹਨ, ਸੰਤ, ਗਿਆਨੀ ਆਦਿ ਬਣ ਕੇ ਬੈਠੇ ਹੋਏ ਹਨ, ਆਪਣੇ ਆਪ ਨੂੰ ਧਰਮ ਦੇ ਵਿਦਵਾਨ ਥਾਪ ਕੇ ਬੈਠੇ ਹੋਏ ਹਨ ਤੇ ਆਪਣੀ ਹੀ ਪੂਜਾ ਕਰਵਾਉਂਦੇ ਹਨ। ਜਿਨ੍ਹਾਂ ਨੂੰ ਆਪਣੇ ਉੱਚੇ ਮਾਣ ਦੇ ਨਾਲ ਪਿਆਰ ਹੈ, ਆਪਣੇ ਆਪ ਨੂੰ ਮੱਥੇ ਟਿਕਵਾਉਂਦੇ ਹਨ, ਆਪਣੀ ਜੈ ਜੈ ਕਰਵਾਉਂਦੇ ਹਨ ਉਹਨਾਂ ਨੇ ਆਪ ਪ੍ਰਮਾਤਮਾ ਦਾ ਕੀ ਮਾਣ ਕਰਨਾ ਹੈ ਤੇ ਇਹੋ ਜਿਹਿਆਂ ਦਾ ਮਾਣ ਕਰਨ ਵਾਲਿਆਂ ਨੇ ਪ੍ਰਮਾਤਮਾ ਦਾ ਕੀ ਮਾਣ ਕਰਨਾ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਣਾ ਉਸ ਪ੍ਰਮਾਤਮਾ ਦਾ ਮਾਣ ਘਟਾਉਂਣਾ ਹੀ ਹੈ ਜਿਸਦਾ ਮਾਣ ਕੇਵਲ ਉਸਨੂੰ ਮਨ ਦੇ ਵਿੱਚੋਂ ਜਾਨਣ ਦੁਆਰਾ ਹੀ ਕੀਤਾ ਜਾ ਸਕਦਾ ਹੈ। **(ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥)** ਆਪਣੇ ਆਪ ਨੂੰ ਜੋ ਉੱਚਾ ਥਾਪਦੇ ਹਨ ਤੇ ਇਹੋ ਜਿਹਿਆਂ ਨੂੰ ਸੰਸਾਰ ਉੱਚਾ ਕਿਸ ਲਈ ਮੰਨਦਾ ਹੈ ਜਿਵੇਂ ਕਿ ਹਰ ਪਾਸੇ ਦੇਖਿਆ ਜਾ ਸਕਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥”

ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਨੇ ਸਭ ਨੂੰ ਹੀ, ਪੂਰੇ ਜਗਤ ਨੂੰ ਹੀ ਮਾਇਆ ਮੋਹ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਇਹ ਮਾਇਆ ਮੋਹ ਵਾਲੀ ਸਮਝ ਹੀ ਸੰਸਾਰ ਵਿੱਚ ਸਭ ਦੇ ਅੰਦਰ **“ਪਟਲ”** ਦੇ ਰੂਪ ਵਿੱਚ ਹੈ ਭਾਵ ਪੜਦੇ ਦੇ ਰੂਪ ਵਿੱਚ ਹੈ। ਇਹ ਪੜਦਾ ਸਾਡੇ ਅੰਦਰ ਭਾਵ ਸਾਰੇ ਸੰਸਾਰ ਦੇ ਅੰਦਰ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ ਭਰਮ ਵਾਲੀ ਮਤਿ ਦੇ ਰੂਪ ਵਿੱਚ ਹੈ, ਜੋ ਪੜਦਾ ਨਿਕਲੇ ਬਿਨਾਂ ਨਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਉਸ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਸਮਝ ਸਕਦਾ ਹੈ ਜੋ ਭਗਤੀ ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ। ਜਿਸਦਾ ਅਗਿਆਨਤਾ ਰੂਪ ਪੜਦਾ ਦੂਰ ਹੋ ਜਾਂਦਾ ਹੈ ਉਸਨੂੰ ਹੀ ਪ੍ਰਮਾਤਮਾ ਦੀ ਵਡਿਆਈ ਸਮਝ ਆਉਂਦੀ ਹੈ ਤੇ ਇਸ ਮਨੁੱਖ ਦੀ ਔਕਾਤ ਸਮਝ ਆਉਂਦੀ ਹੈ ਕਿ ਉਸਦੀ ਮਤਿ, ਅਗਿਆਨਤਾ ਵਾਲੀ ਮਤਿ ਪ੍ਰਮਾਤਮਾ ਦੀ ਸੱਚੀ ਸੁੱਚੀ ਮਤਿ ਦੇ ਅੱਗੇ ਕਿਤਨੀ ਕੂ ਤੁੱਛ ਹੈ, ਨੀਵੀਂ ਹੈ। ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚੀ ਮਤਿ ਵਾਲਾ ਅਖਵਾਉਂਦਾ ਹੈ

42/5507

ਉਹ ਤਾਂ ਹੀ ਅਖਵਾ ਸਕਦਾ ਹੈ ਜਦ ਤਕ ਉਸਨੇ ਉਸ ਉੱਚੀ ਮਤਿ ਦੇਣ ਵਾਲੇ ਨੂੰ ਪਹਿਚਾਨਿਆ ਨਹੀਂ ਭਾਵ ਜੋ ਵੀ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚੇ ਗਿਆਨ ਵਾਲਾ ਸਮਝਦਾ ਹੈ ਜਾਂ ਅਖਵਾਉਂਦਾ ਹੈ ਉਹ ਮਨ ਦੇ ਭਰਮ ਕਰਕੇ ਹੀ ਅਖਵਾਉਂਦਾ ਹੈ, ਮਨ ਦੀ ਅਗਿਆਨਤਾ ਕਰਕੇ ਹੀ ਅਖਵਾਉਂਦਾ ਹੈ ਤੇ ਸਭ ਪਾਸੇ ਮਨ ਦੀ ਅਗਿਆਨਤਾ ਕਰਕੇ ਹੀ ਦੁਨੀਆਂ ਵਾਲੇ ਉਹਨਾਂ ਨੂੰ ਉੱਚਾ ਸਮਝਕੇ ਉਹਨਾਂ ਦੇ ਪਿੱਛੇ ਲੱਗਦੇ ਹਨ ਤੇ ਉਹਨਾਂ ਦੀ ਹੀ ਧੰਨ ਧੰਨ ਕਰੀ ਜਾਂਦੇ ਹਨ ਭਾਵ ਉਹਨਾਂ ਨਾਲ ਆਪਣਾ ਪਿਆਰ ਦਿਖਾਉਂਦੇ

ਹਨ, ਜਿਨ੍ਹਾਂ ਦਾ ਆਪਣਾ ਪਿਆਰ ਪ੍ਰਮਾਤਮਾ ਦੇ ਨਾਲ ਨਹੀਂ ਜੁੜਿਆ ਉਹਨਾਂ ਦੇ ਨਾਲ ਹੀ ਆਪਣਾ ਪਿਆਰ ਦਿਖਾਉਂਦੇ ਹਨ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ ਤੇ ਇਸੇ ਲਈ ਇਹੋ ਜਿਹਾ ਉੱਚਾ ਅਖਵਾਉਂਣ ਵਾਲੇ ਭਗਤੀ ਦੇ ਝੂਠੇ ਤਰੀਕਿਆਂ ਨੂੰ ਆਪ ਫੈਲਾਉਂਦੇ ਹਨ ਤੇ ਇਹੋ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ ਭਾਵ ਕਥਨੀ ਨਾਲ ਤੇ ਸਰੀਰਕ ਕਿਰਿਆਵਾਂ ਆਦਿ ਦੇ ਨਾਲ ਜੋੜਦੇ ਹਨ ਪਰ ਭਗਤੀ ਦਾ ਅਸਲ ਮਾਰਗ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਿਛਲੇ ਪਦੇ ਰਾਹੀਂ ਸਮਝਿਆ ਹੈ ਜੋ ਕਿ ਇੱਕ ਮੱਛੀ ਦੇ ਭੋਜਨ ਵਰਗਾ ਬਣਨਾ ਔਖਾ ਹੈ ਭਾਵ ਆਪਣਾ ਆਪ ਤਿਆਗਣਾ ਪੈਂਦਾ ਹੈ, ਪ੍ਰਮਾਤਮਾ ਦਾ ਭਾਣਾ ਮੰਨਣਾ ਪੈਂਦਾ ਹੈ, ਸਮੇਂ ਅਨੁਸਾਰ ਜਿਵੇਂ ਜਿਵੇਂ ਪ੍ਰਮਾਤਮਾ ਨੂੰ ਭਾਉਂਦਾ ਹੈ ਉਸੇ ਅਨੁਸਾਰ ਵਿਚਰਨਾ ਪੈਂਦਾ ਹੈ। ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣ ਲਈ ਜੇਕਰ ਸਰੀਰ ਛੱਡਣਾ ਪਵੇ ਤਾਂ ਧਰਮ ਦੇ ਮਾਰਗ ਤੇ ਖਰੇ ਉਤਰਨ ਲਈ ਉਹ ਵੀ ਤਿਆਗਣਾ ਪੈਂਦਾ ਹੈ ਜਿਵੇਂ ਕਿ ਭਗਤਾਂ ਨੇ ਆਪਣੇ ਜੀਵਨ ਵਿੱਚ ਪੂਰਾ ਉਤਰਕੇ ਦਿਖਾਇਆ ਹੈ। ਜਿਨ੍ਹਾਂ ਨੂੰ ਭਗਤੀ ਦੀ ਸਮਝ ਨਹੀਂ ਉਹ ਇਹੋ ਜਿਹੇ ਸੱਚੇ ਮਾਰਗ ਤੇ ਚੱਲਣ ਤੋਂ ਡਰਦੇ ਹਨ ਭਾਵ ਦੁੱਖ ਮਹਿਸੂਸ ਕਰਦੇ ਹਨ ਪਰ ਪ੍ਰਮਾਤਮਾ ਦੇ ਭਗਤ ਜੋ ਕਿ ਉਸਦੇ ਆਪਣੇ ਗੁਰੂ ਰੂਪ ਹਨ ਉਹ ਇਸ ਵਿੱਚ ਸੰਤਾਪ ਨਹੀਂ ਮਹਿਸੂਸ ਕਰਦੇ ਭਾਵ ਦੁੱਖ ਮਹਿਸੂਸ ਨਹੀਂ ਕਰਦੇ ਜਿਵੇਂ ਕਿ ਧੰਨ ਧੰਨ ਪੰਜਵੀ ਪਾਤਸ਼ਾਹੀ ਪ੍ਰਮਾਤਮਾ ਦਾ ਭਾਣਾ ਮੰਨ ਕੇ, ਧਰਮ ਦੇ ਮਾਰਗ

42/5508

ਤੇ ਪੂਰਾ ਉਤਰਨ ਲਈ ਆਪਣਾ ਸਰੀਰ ਵਾਰ ਕੇ ਦਿਖਾਇਆ ਹੈ ਤੇ ਉਸ ਵਿੱਚ ਕੋਈ ਦੁੱਖ ਮਹਿਸੂਸ ਨਹੀਂ ਕੀਤਾ ਭਾਵ ਪ੍ਰਮਾਤਮਾ ਦਾ ਭਾਣਾ ਹੱਸ ਕੇ ਮੰਨਿਆ ਹੈ, ਆਪਣੀ ਸਮਝਾਈ ਹੋਈ ਗੁਰਮਤਿ ਤੇ ਆਪ ਹੀ ਪੂਰਾ ਉਤਰਕੇ ਦਿਖਾਇਆ ਹੈ। ਧੰਨ ਧੰਨ ਨੌਵੀਂ ਪਾਤਸ਼ਾਹੀ ਨੇ ਧਰਮ ਦੇ ਮਾਰਗ ਨੂੰ ਉੱਚਾ ਕਰਨ ਲਈ, ਭਗਤੀ ਦੇ ਮਾਰਗ ਦਾ ਸੱਚ ਉੱਚਾ ਕਰਨ ਲਈ ਆਪਣਾ ਸਰੀਰ ਹੱਸ ਕੇ ਤਿਆਗਿਆ ਹੈ ਤੇ ਕੋਈ ਸੰਤਾਪ ਨਹੀਂ ਕੀਤਾ ਭਾਵ ਜੋ ਧਰਮ ਦਾ ਔਖਾ ਮਾਰਗ ਉਹਨਾਂ ਨੇ ਆਪ ਸਮਝਾਇਆ ਹੈ ਆਪ ਹੀ ਉਸ ਤੇ ਚੱਲ ਕੇ ਦਿਖਾਇਆ ਹੈ। ਧੰਨ ਧੰਨ ਦਸਵੀਂ ਪਾਤਸ਼ਾਹੀ ਨੇ ਉਸੇ ਸੱਚੇ ਮਾਰਗ ਨੂੰ ਅੱਗੇ ਵਧਾਉਂਦੇ ਹੋਏ ਆਪ ਉਸ ਤੇ ਚੱਲ ਕੇ ਦਿਖਾਇਆ ਹੈ, ਸਰਬੰਸ ਤੱਕ ਵਾਰ ਦਿੱਤਾ ਹੈ ਤੇ ਕੋਈ ਸੰਤਾਪ ਨਹੀਂ ਕੀਤਾ, ਸਭ ਕੁਝ ਖੁਸ਼ੀ ਨਾਲ ਕਬੂਲ ਕੀਤਾ ਹੈ। ਸੱਚੇ ਭਗਤ ਇਹੋ ਜਿਹੇ ਹੁੰਦੇ ਹਨ, ਪ੍ਰਮਾਤਮਾ ਨਾਲ ਪਿਆਰ ਕਰਨ ਵਾਲੇ ਇਹੋ ਜਿਹੇ ਹੁੰਦੇ ਹਨ ਜੋ ਕਿ ਔਖੇ ਸਮੇਂ ਵਿੱਚ ਗੁਰਮਤਿ ਨਹੀਂ ਛੱਡਦੇ ਤੇ ਉਸਨੂੰ ਹੱਸ ਕੇ ਕਬੂਲ ਕਰਦੇ ਹਨ। ਭਗਤੀ ਦਾ ਮਾਰਗ ਔਖਾ ਹੈ, ਪ੍ਰਮਾਤਮਾ ਦਾ ਨਾਮ ਜੱਪਣਾ ਔਖਾ ਹੈ ਜਿਸ ਲਈ ਮਨ ਦੀਆਂ ਇੱਛਾਵਾਂ ਨੂੰ ਤਿਆਗਣਾ ਪੈਂਦਾ ਹੈ ਜਿਨ੍ਹਾਂ ਨੂੰ ਤਿਆਗੇ ਬਿਨਾਂ ਸੱਚ ਤੇ ਨਹੀਂ ਚੱਲਿਆ ਜਾ ਸਕਦਾ। ਸੱਚ ਦੀ ਸਮਝ ਸਾਨੂੰ ਤਾਂ ਹੀ ਪੈਂਦੀ ਹੈ ਜੇਕਰ ਸਾਡੇ ਅੰਦਰੋਂ ਮਨ ਦੀ ਅਗਿਆਨਤਾ ਦੂਰ ਹੋਵੇ, ਭਰਮ ਦਾ ਪੜਦਾ ਦੂਰ ਹੋਵੇ ਜੋ ਪੜਦਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਦੂਰ ਹੋ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਰੇ ਸੰਸਾਰ ਲਈ ਇੱਕੋ ਇੱਕ ਉੱਦਮ ਇਹੀ ਹੈ ਕਿ ਉਹ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਉੱਦਮ ਕਰਨ, ਸੱਚ ਨੂੰ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਦਾ ਉੱਦਮ ਕਰਨ ਤੇ ਉਸ ਅਨੁਸਾਰ ਆਪਣਾ ਜੀਵਨ ਬਨਾਉਂਣ ਦਾ ਉੱਦਮ ਕਰਨ ਜਿਸ ਦੁਆਰਾ ਅਸੀਂ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਦਿਖਾ ਸਕਦੇ ਹਾਂ। **(ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥ ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥)**

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

42/5509

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥ ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ॥
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥
ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੯॥}

(ਅੰਗ ੫੯)

{ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥
ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥ ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥
ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥੨॥
ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥}

(ਅੰਗ ੨੭)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥}

(ਅੰਗ ੬੫)

ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਭਗਤ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਪ੍ਰਮਾਤਮਾ ਦੀ ਭਗਤੀ ਕਰਨ ਵਿੱਚ ਭਾਵ ਭਗਤੀ ਦੇ ਮਾਰਗ ਤੇ ਚੱਲਣ ਵਿੱਚ ਤਾਂ ਉਹ ਦੁੱਖ ਮਹਿਸੂਸ ਨਹੀਂ ਕਰਦੇ ਭਾਵ ਉਸਦਾ ਅਉਖਾਪਨ ਹੱਸ ਕੇ ਮੰਨਦੇ ਹਨ, ਮਾਇਆ ਦੇ ਦੁਨਿਆਵੀ ਸੁੱਖਾਂ ਨੂੰ ਤਿਆਗਣ ਵਿੱਚ ਦੁੱਖ ਮਹਿਸੂਸ ਨਹੀਂ ਕਰਦੇ ਪਰ ਇੱਕ ਦੁੱਖ ਉਹ ਅਜੇ ਵੀ ਮਹਿਸੂਸ ਕਰਦੇ ਹਨ। ਉਹ ਦੁੱਖ ਕੀ ਹੈ ਆਉ ਇਸ ਗੱਲ ਨੂੰ ਸਮਝੀਏ।

“ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥”

ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਸਾਰਾ ਸੰਸਾਰ ਹੀ ਮਾਇਆ ਵਾਲੀ ਸਮਝ ਵਿੱਚ ਹੈ ਭਾਵ ਭਰਮ ਵਿੱਚ ਹੈ ਜੋ ਭਰਮ ਸਦੀਆਂ ਤੋਂ ਚੱਲਦਾ ਆ ਰਿਹਾ ਹੈ ਜਿਵੇਂ ਕਿ ਹਰ ਪਾਸੇ ਦੇਖਿਆ ਜਾ ਸਕਦਾ ਹੈ। ਸੰਸਾਰ ਨੇ ਅਨੇਕਾਂ ਹੀ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿਨ੍ਹਾਂ ਦਾ ਵਰਨਣ ਗੁਰਬਾਣੀ ਵਿੱਚ ਅਨੇਕਾਂ ਸ਼ਬਦਾਂ ਵਿੱਚ ਬਾਰ-ਬਾਰ ਕੀਤਾ ਹੋਇਆ ਹੈ ਤੇ ਉਹਨਾਂ ਤਰੀਕਿਆਂ ਵਿੱਚੋ ਨਿਕਲਣ ਲਈ ਸਮਝਾਇਆ ਹੋਇਆ ਹੈ ਤੇ ਸੱਚੀ ਭਗਤੀ ਦਾ ਇੱਕੋ ਇੱਕ ਤਰੀਕਾ ਸੱਚ ਤੇ ਚੱਲਣ ਦਾ ਸਮਝਾਇਆ ਹੋਇਆ ਹੈ ਭਾਵ ਸੱਚੀ ਸੁੱਚੀ ਵਿਚਰਨ ਦਾ ਸਮਝਾਇਆ ਹੋਇਆ ਹੈ ਭਾਵ ਵਿਕਾਰਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਸਮਝਾਇਆ ਹੋਇਆ ਹੈ ਤੇ ਇਸੇ ਨੂੰ ਨਾਮ ਜੱਪਣਾ ਸਮਝਾਇਆ ਹੋਇਆ

42/5510

ਹੈ ਪਰ ਸੰਸਾਰ ਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੈ, ਨਾਮ ਦੀ ਸਮਝ ਨਹੀਂ ਹੈ ਇਹੀ ਗੱਲ ਸਾਨੂੰ ਭਗਤ ਜੀ ਉਪਰ ਪੰਗਤੀਆਂ ਰਾਹੀਂ ਸਮਝਾ ਰਹੇ ਹਨ। ਸਾਨੂੰ ਭਗਤ ਜੀ ਇਹ ਗੱਲ ਪ੍ਰਮਾਤਮਾ ਦੇ ਨਾਲ ਆਪਣੀ ਗੱਲ ਕਰਨ ਦੁਆਰਾ ਸਮਝਾ ਰਹੇ ਹਨ ਕਿ ਪ੍ਰਮਾਤਮਾ ਮੈਂ ਇਤਨੀ ਸੱਚੀ ਭਗਤੀ ਸਿੱਖੀ ਹੈ ਭਾਵ ਤੇਰੇ ਕੋਲੋਂ ਸਿੱਖੀ ਹੈ ਤੇ ਮੈਂ ਉਸ ਭਗਤੀ ਨੂੰ ਆਪਣੇ ਬੋਲਾਂ ਦੁਆਰਾ ਵਧਾਇਆ ਹੈ ਭਾਵ ਸੰਸਾਰ ਨੂੰ ਸਮਝਾਇਆ ਹੈ ਪਰ ਤੇਰੀ ਇਹ ਗੱਲ ਭਾਵ ਭਗਤੀ ਦਾ ਮਾਰਗ ਕਿਸਨੂੰ ਆਖ ਕੇ ਸੁਣਾਈਏ ਭਾਵ ਜੋ ਤੂੰ ਭਗਤੀ ਦਾ ਮਾਰਗ ਸਮਝਾਇਆ ਹੈ ਉਹ ਕਿਸੇ ਦੇ ਪੱਲੇ ਨਹੀਂ ਪੈਂਦਾ ਭਾਵ ਕੋਈ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿ ਭਗਤੀ ਕੇਵਲ ਸਾਡੇ ਕਰਮ ਹਨ ਭਾਵ ਸੱਚੇ ਸੁੱਚੇ ਕਰਮ ਹਨ ਜਿਸ ਲਈ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣਾ ਪੈਂਦਾ ਹੈ, ਮਾਇਆ ਦੇ ਸੁੱਖਾਂ ਨੂੰ ਤਿਆਗਣਾ ਪੈਂਦਾ ਹੈ ਪਰ ਕੋਈ ਇਹਨਾਂ ਗੱਲਾਂ ਨੂੰ ਅਪਨਾਉਂਣ ਲਈ ਤਿਆਰ ਨਹੀਂ ਹੁੰਦਾ ਤੇ ਹਰ ਕੋਈ ਉਹਨਾਂ ਗੱਲਾਂ ਵਿੱਚ ਹੀ ਭਗਤੀ ਦਾ ਮਾਰਗ ਸਮਝਦਾ ਹੈ ਜਿਨ੍ਹਾਂ ਵਿੱਚ ਹਰ ਕੋਈ ਪੁਰਾਨੀਆਂ ਮਰਿਯਾਦਾ ਅਨੁਸਾਰ ਲੱਗਾ ਹੋਇਆ ਹੈ। ਭਗਤ ਜੀ ਪ੍ਰਮਾਤਮਾ ਨੂੰ ਕੋਈ ਉਲਾਮਾ ਨਹੀਂ ਦੇ ਰਹੇ ਪਰ ਉਹ ਸੱਚ ਬਿਆਨ ਕਰ ਰਹੇ ਹਨ ਕਿਉਂਕਿ ਹਕੀਕਤ ਵਿੱਚ ਇਹੋ ਕੁਝ ਹੀ ਹੁੰਦਾ ਹੈ ਕਿਉਂਕਿ ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਭਗਤੀ ਨੂੰ ਸਮਝਣ ਦਾ ਭਰਮ ਮਨ ਦੀ ਅਗਿਆਨਤਾ ਕਰਕੇ ਸਦੀਆਂ ਤੋਂ ਚੱਲਦਾ ਆ ਰਿਹਾ ਹੈ ਤੇ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮਾਂ ਵਿੱਚ ਪਾਇਆ ਹੋਇਆ ਹੈ ਭਾਵ ਸੰਸਾਰ ਨੂੰ ਆਪਣੀ ਖੇਡ ਬਣਾਇਆ ਹੋਇਆ ਹੈ ਜੋ ਕਿ ਸਦੀਆਂ ਤੋਂ ਇਸੇ ਤਰ੍ਹਾਂ ਚੱਲਦੀ ਆ ਰਹੀ ਹੈ। ਉਸਦੀ ਸੱਚੀ ਭਗਤੀ ਦੀ ਸਮਝ ਬ੍ਰਹਮਾ, ਬਿਸਨ, ਮਹੇਸ਼ ਆਦਿ ਨੂੰ ਵੀ ਨਹੀਂ ਆਈ, ਵੱਡੇ ਵੱਡੇ ਦੇਵਤੇ, ਰਿਸ਼ੀ, ਮੁਨੀ ਆਦਿ ਅਖਵਾਉਂਣ ਵਾਲਿਆਂ ਨੂੰ ਵੀ ਨਹੀਂ ਆਈ ਤੇ ਉਹਨਾਂ ਦੇ ਪਿੱਛੇ ਤੁਰਨ ਵਾਲਿਆਂ ਨੂੰ ਕੀ ਸਮਝ ਲੱਗਣੀ ਹੈ ਭਾਵ ਹਰ ਕੋਈ ਭਰਮਾਂ ਵਿੱਚ ਹੀ ਆਪਣੇ ਆਪ ਨੂੰ ਭਗਤੀ ਵਾਲਾ ਸਮਝੀ ਬੈਠਾ ਹੈ ਤੇ ਕਿਸੇ ਦਾ ਭਰਮ ਕੱਢਣਾ ਬਹੁਤ ਔਖਾ ਹੈ ਕਿਉਂਕਿ ਉਹ ਭਰਮ ਪ੍ਰਮਾਤਮਾ ਦੇ ਆਪਣੇ ਹੀ ਪਾਏ ਹੋਏ ਹਨ ਜਿਨ੍ਹਾਂ ਭਰਮਾਂ ਰਾਹੀਂ ਉਹ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ, ਮਾਇਆ ਦੀ ਸਮਝ ਦੁਆਰਾ ਚਲਾ ਰਿਹਾ ਹੈ। **(ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥)**

42/5511

ਆਉ ਹੁਣ ਅਗਲੀ ਪੰਗਤੀ ਨੂੰ ਸਮਝੀਏ ਕਿ ਭਗਤ ਜੀ ਪ੍ਰਮਾਤਮਾ ਨਾਲ ਆਪਣਾ ਕਿਹੜਾ ਦੁੱਖ ਸਾਂਝਾ ਕਰ ਰਹੇ ਹਨ।

“ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥”

ਭਗਤ ਜੀ ਪ੍ਰਮਾਤਮਾ ਨਾਲ ਇਹ ਗੱਲ ਕਰ ਰਹੇ ਹਨ ਕਿ ਜਿਹੜਾ ਆਪਣਾ ਦੁੱਖ ਦੂਰ ਕਰਨ ਲਈ ਮੈਂ ਤੈਨੂੰ ਅਰਾਧਿਆ ਹੈ ਭਾਵ ਪਾਇਆ ਹੈ ਭਾਵ ਜਿਸ ਕਰਕੇ ਮੈਂ ਤੈਨੂੰ ਆਪਣੇ ਅੰਦਰੋਂ ਜਾਣਿਆ ਹੈ ਮੇਰਾ ਉਹ ਦੁੱਖ ਦੂਰ ਨਹੀਂ ਹੋਇਆ। ਐਥੇ ਵੀ ਸੰਸਾਰ ਦੀ ਅਗਿਆਨਤਾ ਹੀ ਸਮਝਾਈ ਹੋਈ ਹੈ ਕਿਉਂਕਿ ਕੋਈ ਇਸ ਗੱਲ ਨੂੰ ਨਹੀਂ ਸਮਝਦਾ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਪ੍ਰਮਾਤਮਾ ਨੂੰ ਅਰਾਧਣਾ ਕੀ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ ਜੋ ਕਿ ਸਾਡੇ ਅੰਦਰ ਨਿਰੰਕਾਰ ਰੂਪ ਦੇ ਵਿੱਚ ਹੈ, ਸਾਡੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਰੂਪ ਵਿੱਚ ਉਹ ਸਭ ਦੇ ਅੰਦਰ ਹੈ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਹ ਫਿਰ ਇਹ ਵੀ ਚਾਹੁੰਦਾ ਹੈ ਕਿ ਹਰ ਕੋਈ ਪ੍ਰਮਾਤਮਾ ਨੂੰ ਜਾਣੇ ਕਿ ਉਹ ਕੀ ਹੈ, ਹਰ ਕੋਈ ਉਸਦੀ ਭਗਤੀ ਨੂੰ ਸਮਝੇ ਤੇ ਉਸੇ ਅਨੁਸਾਰ ਆਪਣਾ ਜੀਵਨ ਬਣਾਏ ਭਾਵ ਉਸਨੂੰ ਇਸ ਗੱਲ ਵਿੱਚ ਸੁੱਖ ਮਹਿਸੂਸ ਹੁੰਦਾ ਹੈ ਕਿ ਹਰ ਕੋਈ ਉਸ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝੇ ਪਰ ਉਸਦੀ ਗੱਲ ਨੂੰ ਸਮਝਣ ਵਾਲਾ ਨਹੀਂ ਮਿਲਦਾ ਭਾਵ ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ, ਜੋ ਸੁੱਖ ਦੀ ਪ੍ਰਾਪਤੀ ਕਰ ਲੈਂਦਾ ਹੈ ਉਹ ਫਿਰ ਇਹ ਵੀ ਚਾਹੁੰਦਾ ਹੈ ਕਿ ਦੂਸਰੇ ਵੀ ਪ੍ਰਮਾਤਮਾ ਦੇ ਨਾਲ ਸੁੱਖ ਦੀ ਪ੍ਰਾਪਤੀ ਕਰਨ ਕਿਉਂਕਿ ਉਹ ਇਸ ਵਿੱਚ ਹੀ ਆਪਣਾ ਫਰਜ ਸਮਝਦਾ ਹੈ ਤੇ ਦੂਸਰਿਆਂ ਨੂੰ ਇਹ ਸੁੱਖ ਪਹੁੰਚਾਉਂਣ ਵਿੱਚ ਉਹ ਆਪ ਸੁੱਖ ਮਹਿਸੂਸ ਕਰਦਾ ਹੈ ਪਰ ਸੰਸਾਰੀਆਂ ਨੂੰ ਮਨ ਦਾ ਇਹ ਭਰਮ ਮੰਨਣ ਨਹੀਂ ਦਿੰਦਾ ਤੇ ਉਹਨਾਂ ਦੇ ਨਾ ਮੰਨਣ ਦਾ ਦੁੱਖ ਭਾਵ ਸੱਚ ਨੂੰ ਨਾ ਮੰਨਣ ਦਾ ਦੁੱਖ ਸੱਚੀ ਭਗਤੀ ਸਮਝਾਉਂਣ ਵਾਲਿਆਂ ਨੂੰ ਹੁੰਦਾ ਹੈ। **(ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥ ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥)**

42/5512

ਪ੍ਰਮਾਤਮਾ ਦੇ ਨਾਲ ਮੇਲ ਭਾਵ ਮਨ ਦੇ ਵਿੱਚ ਉਸਦੇ ਨਿਰੰਕਾਰ ਰੂਪ ਦਾ ਮੇਲ ਕਿਸੇ ਨੂੰ ਕਿਸ ਲਈ ਜਿਆਦਾ ਮੁਸ਼ਕਿਲ ਹੈ ਇਸਦਾ ਕਾਰਨ ਸਦੀਆਂ ਤੋਂ ਮਨ ਦੇ ਵਿੱਚ ਬੈਠਾ ਹੋਇਆ ਇਹ ਭਰਮ ਹੈ ਕਿ ਪ੍ਰਮਾਤਮਾ ਕਿਸੇ ਆਕਾਰ ਰੂਪ ਵਿੱਚ ਹੈ ਤੇ ਉਹ ਕਿਸੇ ਖਾਸ ਟਿਕਾਣੇ ਤੇ, ਖੰਡ, ਬ੍ਰਹਮੰਡ ਵਿੱਚ ਰਹਿੰਦਾ ਹੈ ਇਸੇ ਲਈ ਇਹ ਸੱਚਾਈ ਕਿਸੇ ਨੂੰ ਸਮਝਾਉਂਣੀ ਬਹੁਤ ਔਖੀ ਹੈ, ਭਗਤੀ ਦੇ ਮਾਰਗ ਦੀ ਸੱਚਾਈ ਸਮਝਾਉਂਣੀ ਬਹੁਤ ਔਖੀ ਹੈ, ਸਦੀਆਂ ਤੋਂ ਚੱਲਦੇ ਆ ਰਹੇ ਭਰਮ ਕੱਢਣੇ ਬਹੁਤ ਔਖੇ ਹਨ। ਪ੍ਰਮਾਤਮਾ ਜਿਸ ਤੇ ਆਪ ਕਿਰਪਾ ਕਰਦਾ ਹੈ ਉਹ ਹੀ ਭਰਮਾਂ ਵਿੱਚੋਂ ਨਿਕਲਦਾ ਹੈ। ਸੰਸਾਰ ਨੂੰ ਸਮਝਾਉਂਣਾ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਧੰਨ ਧੰਨ ਕਬੀਰ ਜੀ ਦੇ ਸ਼ਬਦਾਂ ਦੁਆਰਾ ਤੇ ਹੋਰ ਸ਼ਬਦਾਂ ਦੁਆਰਾ ਸਮਝਿਆ ਹੈ।

{ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥
ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥
ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ॥ ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ॥੧੨੨॥}

(ਅੰਗ ੧੩੭੦)

{ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥
ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥੨੩॥}

(ਅੰਗ ੧੩੬੫)

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ ੯੫੪)

ਪਉੜੀ ॥

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ ੯੫੪)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੯)

ਜੋ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਿੱਚ ਲੱਗੇ ਹੋਏ ਸਮਝਦੇ ਹਨ ਉਹ ਸਭ ਸੁੱਖ ਦੀ ਇੱਛਾ ਹੀ ਰੱਖਦੇ ਹਨ ਪਰ ਅਸਲ ਸੁੱਖ ਕੀ ਹੈ ਇਸ ਗੱਲ ਦੀ ਸਮਝ ਕੇਵਲ ਉਸਨੂੰ ਹੀ ਪੈਂਦੀ ਹੈ ਜਿਸ **"ਸੁਖੁ"** ਰੂਪ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। ਅਸਲ ਸੁੱਖ ਮਾਇਆ ਦੇ ਪਦਾਰਥਾਂ ਵਿੱਚ ਨਹੀਂ ਹੈ, ਇੱਕ ਸਰੀਰ ਦੀ ਛੋਟੀ ਜਾਂ ਲੰਬੀ ਉਮਰ ਨਾਲ ਨਹੀਂ ਹੈ। ਅਸਲ **"ਸੁਖੁ"** ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ

ਹੈ ਜਿਸ ਸਮਝ ਰਾਹੀਂ ਸਾਨੂੰ ਮਨ ਦੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਉਸਦੇ ਨਾਲ ਗੱਲਾਂ ਹੁੰਦੀਆਂ ਹਨ। ਇਹ **"ਸੁਖੁ"** ਬਹੁਤ ਵੱਡਾ ਸੁਖੁ ਹੈ ਜਿਸ ਸੁਖੁ ਦੀ ਕਿਸੇ ਹੋਰ ਸੁੱਖ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਇਹ ਸੁਖੁ ਪ੍ਰਮਾਤਮਾ ਦੇ ਨਾਲ ਗੱਲਾਂ ਕਰਨ ਦਾ ਸੁਖੁ ਹੈ, ਇਸ ਜੀਵਨ ਦੇ ਸਫਲ ਹੋਣ ਦਾ ਸੁਖੁ ਹੈ, ਮਨ ਦੇ ਸੰਤੋਖ ਦਾ ਸੁਖੁ ਹੈ ਭਾਵ ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣ ਦਾ ਸੁਖੁ

ਹੈ, ਮਨ ਦੇ ਹਰ ਭਰਮ ਵਿੱਚੋਂ ਨਿਕਲਣ ਦਾ ਸੁਖੁ ਹੈ, ਝੂਠੇ ਆਵਾਗਉਂਣ ਵਿੱਚੋਂ ਨਿਕਲਣ ਦਾ ਸੁਖੁ ਹੈ ਭਾਵ ਜਨਮ ਮਰਨ ਦੀ ਸੋਝੀ ਪੈਣ ਦਾ ਸੁਖੁ ਹੈ, ਹਰ ਭਉ ਵਿੱਚੋਂ ਨਿਕਲਣ ਦਾ ਸੁਖੁ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਵਿੱਚ ਇਸ ਸੁਖੁ ਦੀ ਪ੍ਰਾਪਤੀ ਦੁਆਰਾ ਹੁੰਦੀ ਹੈ ਜਿਸ ਰਾਹੀਂ ਫਿਰ ਮਨੁੱਖ ਨੂੰ ਮਾਯਾਵਿਕ ਪਦਾਰਥਾਂ ਦੇ ਨਾ ਹੋਣ ਦਾ ਜਾਂ ਉਹਨਾਂ ਨੂੰ ਛੱਡਣ ਦਾ ਦੁੱਖ ਮਹਿਸੂਸ ਨਹੀਂ ਹੁੰਦਾ। ਸਾਡੇ ਅੰਦਰ ਦਾ ਮਾਇਆ ਮੋਹ ਹੀ ਭਾਵ ਮਨ ਦੀ ਅਗਿਆਨਤਾ ਹੀ ਭਾਵ ਸਾਡੀ ਨਾਸਮਝ ਮਤਿ ਹੀ ਸਾਨੂੰ ਮਾਇਆ ਦੇ ਸੁੱਖਾਂ ਨਾਲ ਜੋੜ ਕੇ ਰੱਖਦੀ ਹੈ। ਮਨ ਦੀ ਇਸ ਮੋਹ ਮਾਇਆ ਕਰਕੇ ਹੀ ਅਸੀਂ ਪ੍ਰਮਾਤਮਾ ਨਾਲੋਂ ਵਿਛੜੇ ਹੋਏ ਹਾਂ, ਝੂਠੇ ਸੁੱਖਾਂ ਵਿੱਚ ਸੁੱਖ ਸਮਝਣ ਨਾਲ ਵਿਛੜੇ ਹੋਏ ਹਾਂ। ਪ੍ਰਮਾਤਮਾ ਦੀ ਭਗਤੀ ਇਹਨਾਂ ਮਾਇਆ ਦੇ ਸੁੱਖਾਂ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ ਭਾਵ ਅਸਲ ਸੁਖੁ ਦੀ ਪ੍ਰਾਪਤੀ ਦੁਆਰਾ ਹੁੰਦੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਬਚਨਾਂ ਦੁਆਰਾ ਸਮਝੀਏ ਕਿ ਉਹਨਾਂ ਨੇ ਸੁਖੁ ਦੀ ਪ੍ਰਾਪਤੀ ਕਿਸ ਤਰੀਕੇ ਕੀਤੀ ਹੈ ਤੇ ਸੰਸਾਰ ਕਿਹੋ ਜਿਹੇ ਸੁੱਖਾਂ ਨਾਲ ਜੁੜਿਆ ਹੋਇਆ ਹੈ।

ਰਾਗੁ ਗਉੜੀ ਚੇਤੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

"ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥ ਰਹਾਉ ॥
ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥੧॥ ਹੈਵਰ ਗੈਵਰ ਰਾਜ ਰੰਗ ॥
ਤਿਆਗਿ ਚਲਿਓ ਹੈ ਮੂੜ ਨੰਗ ॥੨॥ ਚੋਆ ਚੰਦਨ ਦੇਹ ਫੂਲਿਆ ॥ ਸੋ ਤਨੁ ਧਰ ਸੰਗਿ ਰੂਲਿਆ ॥੩॥
ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥"

(ਅੰਗ ੨੧੦)

ਜਿਵੇਂ ਕਿ ਉਪਰ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਭਗਤੀ ਬਿਨਾਂ **"ਸੁਖੁ"** ਨਹੀਂ ਹੈ ਤੇ ਪ੍ਰਮਾਤਮਾ ਦੀ ਭਗਤੀ ਆਪਣੇ ਇਸ ਜਨਮ ਨੂੰ ਜਿੱਤਣ ਦੁਆਰਾ ਹੀ ਹੁੰਦੀ ਹੈ। ਜਨਮ ਜਿੱਤਣਾ ਕੀ ਹੈ ਇਸ ਗੱਲ ਨੂੰ ਸਮਝਣਾ ਜਰੂਰੀ ਹੈ। ਆਪਣੇ ਇਸ ਜਨਮ ਨੂੰ ਇੱਕ ਮਨੁੱਖੀ ਜਨਮ ਸਮਝਣਾ ਸਾਡਾ ਭਰਮ ਹੈ।

42/5514

ਸਾਡਾ ਅਸਲ ਜਨਮ ਉਸ ਦਿਨ ਹੁੰਦਾ ਹੈ ਜਿਸ ਦਿਨ ਸਾਨੂੰ ਆਪਣੇ ਆਪ ਦੀ ਸਮਝ ਪੈ ਜਾਂਦੀ ਹੈ ਕਿ ਸਾਡੀ ਅਸਲੀਅਤ ਕੀ ਹੈ। ਸਾਡੀ ਅਸਲੀਅਤ ਇਹ ਹੈ ਕਿ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਭਾਵ **"ਅਮੋਲਕੁ" "ਰਤਨੁ"** ਹਾਂ। **"ਅਮੋਲਕੁ" "ਰਤਨੁ"** ਸਾਡੇ ਅੰਦਰ ਦਾ ਨਾਮ ਰਤਨ ਹੈ, ਗਿਆਨ ਰਤਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ **"ਰਤਨੁ" "ਅਮੋਲਕੁ"** ਰੂਪ ਸਾਡੇ ਅੰਦਰ ਸੱਚੇ ਗਿਆਨ ਵਾਲੀ ਸਮਝ ਹੈ ਜਿਸ ਸਮਝ ਦੇ ਨਾਲ ਜੁੜਕੇ ਸਾਡਾ ਅਸਲ ਜਨਮ ਹੁੰਦਾ ਹੈ ਜਿਸ ਦੁਆਰਾ ਅਸੀਂ ਆਪਣੇ ਜਨਮ ਨੂੰ ਜਿੱਤਦੇ ਹਾਂ। ਜਿੱਤਦੇ ਅਸੀਂ ਮਨ ਦੀ ਅਗਿਆਨਤਾ ਤੋਂ ਹੀ ਹਾਂ ਜੋ ਅਗਿਆਨਤਾ ਸਾਨੂੰ ਸਾਡੀ ਅਸਲੀਅਤ ਜਾਨਣ ਤੋਂ ਦੂਰ ਰੱਖਦੀ ਹੈ। ਸਾਨੂੰ ਅਸਲੀਅਤ ਦੀ ਸਮਝ ਆਪਣੇ ਅੰਦਰ **"ਸਾਧਸੰਗਤਿ"** ਵਾਲੀ ਅਵਸਥਾ ਵਿੱਚ ਪੈਂਦੀ ਹੈ ਜੋ ਸੰਗਤਿ ਸਾਡੇ ਮਨ ਦੀ ਸਮਝ ਕਰਦੀ ਹੈ। ਪ੍ਰਮਾਤਮਾ ਸਾਡੇ ਅੰਦਰ ਸਾਧੂ ਰੂਪ ਵਿੱਚ ਹੀ ਹੈ, ਗੁਰੂ ਰੂਪ ਵਿੱਚ ਹੀ ਹੈ ਜੋ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਆਪਣੇ ਸੱਚੇ ਗਿਆਨ ਦੀ ਸੰਗਤਿ ਕਰਵਾਉਂਦਾ ਹੈ। ਜਦੋਂ ਮਨੁੱਖ ਦੀ ਇੱਕ ਖਿਨ ਲਈ ਵੀ ਇਹ ਸਾਧਸੰਗਤਿ ਹੋ ਜਾਂਦੀ ਹੈ ਇਹੀ ਪ੍ਰਮਾਤਮਾ ਨੂੰ ਜੱਪਣਾ ਹੈ ਭਾਵ ਉਸਦੀ ਆਪਣੇ ਅੰਦਰ ਸਮਝ ਪੈਣਾ ਹੈ, ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਪਣ ਦੁਆਰਾ ਹੀ ਸਾਡੇ ਅੰਦਰ ਸਾਨੂੰ ਪ੍ਰਮਾਤਮਾ ਆਪ ਹੀ ਮਨ ਦੀ ਸੱਚੀ ਸਮਝ ਦੇਣ ਦੁਆਰਾ ਆਪਣੀ ਭਗਤੀ ਸਮਝਾਉਂਦਾ ਹੈ, ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਜਿਸ ਰਾਹੀਂ ਉਹਨਾਂ ਨੇ ਪ੍ਰਮਾਤਮਾ ਦੇ ਮੇਲ ਦੁਆਰਾ ਅਸਲ **"ਸੁਖੁ"** ਦੀ ਪ੍ਰਾਪਤੀ ਕੀਤੀ ਹੈ, ਇਹ **"ਰਤਨੁ" "ਅਮੋਲਕੁ"** ਜਨਮ ਨੂੰ ਜਿੱਤਿਆ ਹੈ। **(ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥ ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥ ਰਹਾਉ ॥)**

ਸੰਸਾਰ ਅਸਲ ਸੁੱਖ ਕਿਸ ਵਿੱਚ ਸਮਝਦਾ ਹੈ ਤੇ ਪ੍ਰਮਾਤਮਾ ਨਾਲੋਂ ਵਿਛੋੜਾ ਕਿਸ ਕਰਕੇ ਹੈ ਭਾਵ ਅਸਲ ਸੁਖੁ ਤੋਂ ਵਿਛੋੜਾ ਕਿਸ ਕਰਕੇ ਹੈ ਇਹੀ ਗੱਲ ਸਾਨੂੰ ਬਾਕੀ ਸ਼ਬਦ ਦੁਆਰਾ ਸਮਝਾਈ ਹੋਈ ਹੈ।

"ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥੧॥ ਹੈਵਰ ਗੈਵਰ ਰਾਜ ਰੰਗ ॥
ਤਿਆਗਿ ਚਲਿਓ ਹੈ ਮੂੜ ਨੰਗ ॥੨॥ ਚੋਆ ਚੰਦਨ ਦੇਹ ਫੂਲਿਆ ॥ ਸੋ ਤਨੁ ਧਰ ਸੰਗਿ ਰੂਲਿਆ ॥੩॥
ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥"

42/5515

ਉਪਰ ਪਹਿਲੇ ਤਿੰਨ ਪਦਿਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਹਰ ਸੰਸਾਰੀ ਕਿਨ੍ਹਾਂ ਗੱਲਾਂ ਵਿੱਚ ਸੁਖੁ ਸਮਝਦਾ ਹੈ ਭਾਵ ਹਰ ਕੋਈ ਮਾਯਾਵੀ ਪਦਾਰਥਾਂ ਵਿੱਚ ਹੀ ਸੁਖੁ ਸਮਝਦਾ ਹੈ ਜਿਸਨੂੰ ਕਿ ਇੱਕ ਝੂਠਾ ਸੁੱਖ ਕਹਿ ਕੇ ਸਮਝਾਇਆ ਹੈ। ਮਾਇਆ

ਦੇ ਪਦਾਰਥਾਂ ਨਾਲ ਜੁੜਨਾ ਸਾਡੇ ਮਨ ਦੀਆਂ ਇੱਛਾਵਾਂ ਹਨ ਜੋ ਹਰ ਵੇਲੇ ਮਨੁੱਖ ਦੇ ਅੰਦਰ ਉਪਜਦੀਆਂ ਰਹਿੰਦੀਆਂ ਹਨ ਜਿਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਹੀ ਮਨੁੱਖ ਅਨੇਕਾਂ ਇਹੋ ਜਿਹੇ ਕਰਮ ਕਰਦਾ ਹੈ, ਅਉਗੁਣ ਕਰਦਾ ਹੈ ਭਾਵ ਮਾੜੇ ਕਰਮ ਕਰਦਾ ਹੈ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦਾ ਹੈ ਜਿਸ ਰਾਹੀਂ ਉਹ ਭਗਤੀ ਦੇ ਮਾਰਗ ਤੋਂ ਦੂਰ ਰਹਿੰਦਾ ਹੈ, ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰਹਿੰਦਾ ਹੈ ਭਾਵ ਪ੍ਰਮਾਤਮਾ ਨਾਲ ਮੇਲ ਦੇ ਅਸਲ **"ਸੁਖੁ"** ਤੋਂ ਦੂਰ ਰਹਿੰਦਾ ਹੈ। ਇਹਨਾਂ ਮਾਯਾਵੀ ਸੁੱਖਾਂ ਵਿੱਚ ਪੈਣ ਕਰਕੇ ਹੀ ਸਾਨੂੰ ਮੂਰਖ ਕਿਹਾ ਹੈ, ਨੰਗ ਕਿਹਾ ਹੈ ਭਾਵ ਮਾਯਾਵਿਕ ਪਦਾਰਥਾਂ ਨਾਲ ਅਸੀਂ ਆਪਣੀ ਪਤਿ ਵਲੋਂ ਨੰਗੇ ਹੀ ਰਹਿੰਦੇ ਹਾਂ। ਮਾਯਾਵੀ ਪਦਾਰਥਾਂ ਨੂੰ ਹੀ ਮਿੱਟੀ ਕਿਹਾ ਹੈ ਜਿਸਦਾ ਸੰਗ ਕਰਨ ਨਾਲ ਸਾਡਾ ਜੀਵਨ ਰੁੱਲਦਾ ਹੈ ਪਰ ਹਰ ਕਿਸੇ ਨੂੰ ਇਹ ਮਾਯਾਵੀ ਸੁੱਖ ਹੀ ਭਾਉਂਦੇ ਹਨ ਤੇ ਇਸੇ ਲਈ ਹੀ ਕੋਈ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲਦਾ ਭਾਵ ਗੁਰੂ ਦੀ ਮਤਿ ਅਨੁਸਾਰ ਨਹੀਂ ਵਿਚਰ ਸਕਦਾ। ਆਪਣੇ ਵੱਲੋਂ ਭਗਤੀ ਦਾ ਦਿਖਾਵਾ ਕਰਨ ਵਾਲੇ ਬਹੁਤ ਹਨ, ਭਗਤੀ ਦੇ ਮਾਰਗ ਤੇ ਵੱਡੇ ਵੱਡੇ ਅਖਵਾਉਂਣ ਵਾਲੇ ਬਹੁਤ ਹਨ ਪਰ ਪਿਆਰੀ ਸਭ ਨੂੰ ਮਾਇਆ ਹੀ ਲੱਗਦੀ ਹੈ ਭਾਵ ਉਹ ਮਾਯਾਵਿਕ ਪਦਾਰਥਾਂ ਦੇ ਵਿੱਚ ਹੀ ਸੁੱਖ ਮਹਿਸੂਸ ਕਰਦੇ ਹਨ। ਆਪਣੇ ਆਪ ਨੂੰ ਉੱਚਾ ਅਖਵਾਉਂਣਾ ਵੀ ਮਾਇਆ ਹੈ ਭਾਵ ਮਾਯਾਵਿਕ ਸੁੱਖ ਹੈ ਤੇ ਇਸੇ ਲਈ ਹਰ ਕੋਈ ਅਸਲ ਸੁਖੁ ਦੀ ਪ੍ਰਾਪਤੀ ਤੋਂ ਦੂਰ ਹੈ ਤੇ ਨਾ ਹੀ ਕੋਈ ਜਾਣ ਸਕਦਾ ਹੈ ਕਿ ਅਸਲ ਸੁਖੁ ਕੀ ਹੈ। ਸ਼ਬਦ ਦੇ ਆਖਰੀ ਪਦੇ ਰਾਹੀਂ ਸਾਨੂੰ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਨ ਹੀ ਸਮਝਾਇਆ ਹੋਇਆ ਹੈ ਭਾਵ ਅਸਲ ਸੁਖੁ ਦੀ ਦੂਰੀ ਦਾ ਕਾਰਨ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਸਾਡੀ ਨਾਸਮਝ ਮਤਿ ਹੈ ਜੋ ਸਾਨੂੰ ਬਾਹਰੀ ਮਾਇਆ ਦੇ ਸੁੱਖਾਂ ਨਾਲ ਜੋੜ ਕੇ ਰੱਖਦੀ ਹੈ। ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਉਹ ਪ੍ਰਮਾਤਮਾ ਸਦਾ ਹੀ ਹਦੂਰਿ ਹੈ ਭਾਵ ਸਾਡੇ ਅੰਦਰ ਹੀ ਹੈ ਜਿਸਨੂੰ ਕਿ ਮਨ ਦੇ ਵਿੱਚ ਮਾਇਆ ਮੋਹ ਦੇ ਰਹਿੰਦੇ ਹੋਇਆ ਅਸੀਂ

ਦੂਰ ਸਮਝਦੇ ਹਾਂ। ਗੁਰੂ ਤਾਂ ਸਾਨੂੰ ਸੱਚ ਹੀ ਸਮਝਾ ਰਿਹਾ ਹੈ ਪਰ ਸਾਡੇ ਅੰਦਰ ਦਾ ਮਾਇਆ ਮੋਹ ਹੀ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦਾ ਹੈ ਭਾਵ ਜੇਕਰ ਅਸੀਂ ਉਸ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ, ਉਸ ਪ੍ਰਮਾਤਮਾ ਦੀ ਸੱਚੀ ਭਗਤੀ ਕਰਨਾ ਚਾਹੁੰਦੇ ਹਾਂ ਫਿਰ ਉਸ ਲਈ ਇੱਕੋ ਇੱਕ ਸੱਚਾ ਉੱਦਮ ਮਾਇਆ ਨੂੰ ਛੱਡਣ ਦਾ ਹੈ ਭਾਵ ਅਗਿਆਨਤਾ ਵਾਲੀ ਮਤਿ ਛੱਡਣ ਦਾ ਹੈ ਜਿਸਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਅੰਦਰ ਹੁੰਦੇ ਹੋਏ ਵੀ ਨਜਰ ਨਹੀਂ ਆਉਂਦਾ ਤੇ ਅਸੀਂ ਉਸਨੂੰ ਦੂਰ ਸਮਝਦੇ ਹਾਂ। **(ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥੧॥ ਹੈਵਰ ਗੈਵਰ ਰਾਜ ਰੰਗ ॥ ਤਿਆਗਿ ਚਲਿਓ ਹੈ ਮੂੜ ਨੰਗ ॥੨॥ ਚੋਆ ਚੰਦਨ ਦੇਹ ਫੂਲਿਆ ॥ ਸੋ ਤਨੁ ਧਰ ਸੰਗਿ ਰੂਲਿਆ ॥੩॥ ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥)**

ਭਗਤੀ ਦੇ ਮਾਰਗ ਨੂੰ ਲੈ ਕੇ ਸਭ ਦੇ ਅੰਦਰ ਭਰਮ ਹੀ ਹੈ। ਸਭ ਇਹੀ ਸਮਝਦੇ ਹਨ ਕਿ ਜੋ ਸੁੱਖ ਮਾਇਆ ਦੀ ਪ੍ਰਾਪਤੀ ਵਿੱਚ ਮਿਲਦਾ ਹੈ ਉਹ ਭਗਤੀ ਦਾ ਫਲ ਹੀ ਹੈ। ਜਿਨ੍ਹਾਂ ਤਰੀਕਿਆਂ ਨਾਲ ਅਸੀਂ ਆਪਣੇ ਭਗਤੀ ਦੇ ਤਰੀਕੇ ਬਣਾਇਆ ਹੋਇਆ ਹੈ ਭਾਵ ਕਥਨੀ ਆਦਿ ਬਣਾਇਆ ਹੋਇਆ ਹੈ ਉਹਨਾਂ ਤੇ ਚੱਲਣ ਦੁਆਰਾ ਜਦੋਂ ਕਿਸੇ ਦੀ ਕੋਈ ਇੱਛਾ ਪੂਰੀ ਹੁੰਦੀ ਹੈ ਉਸ ਇੱਛਾ ਦੀ ਪੂਰਤੀ ਨੂੰ ਹੀ ਭਗਤੀ ਦਾ ਫਲ ਸਮਝਿਆ ਜਾਂਦਾ ਹੈ ਤੇ ਇਸੇ ਲਈ ਸੱਚੀ ਗੱਲ ਤਾਂ ਇਹ ਹੈ ਹਰ ਕੋਈ ਮਾਯਾਵੀ ਸੁੱਖਾਂ ਵਿੱਚ ਹੀ ਭਗਤੀ ਦਾ ਫਲ ਸਮਝਦਾ ਹੈ। ਸਭ ਪਾਸੇ ਇਹੀ ਕੁਝ ਹੋ ਰਿਹਾ ਹੈ ਤੇ ਜੋ ਵੀ ਕੋਈ ਦਿਨ ਰਾਤ ਲੱਗਿਆ ਹੋਇਆ ਹੈ, ਕਿਸੇ ਮਾਯਾਵੀ ਸੁੱਖ ਦੀ ਪ੍ਰਾਪਤੀ ਲਈ ਹੀ ਲੱਗਾ ਹੋਇਆ ਹੈ ਭਾਵ ਹਰ ਕੋਈ ਇੱਛਾਵਾਂ ਦੀ ਪੂਰਤੀ ਕਰਨ ਕਰਕੇ ਹੀ ਜੁੜਿਆ ਹੋਇਆ ਹੈ। ਇਹ ਸਾਡੇ ਅੰਦਰ ਦਾ ਮਾਇਆ ਮੋਹ ਹੈ ਕਿਉਂਕਿ ਮਾਇਆ ਮੋਹ ਦਾ ਮਕਸਦ ਹੀ ਸਾਨੂੰ ਮਨ ਦੀਆਂ ਇੱਛਾਵਾਂ ਨਾਲ ਉਲਝਾ ਕੇ ਰੱਖਣ ਦਾ ਹੈ ਜਿਸ ਕਰਕੇ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਬਣਿਆ ਰਹਿੰਦਾ ਹੈ ਤੇ ਮਾਇਆ ਦਾ ਮਕਸਦ ਸਾਨੂੰ ਪ੍ਰਮਾਤਮਾ ਨਾਲੋਂ ਵਿਛੋੜ ਕੇ ਰੱਖਣ ਦਾ ਹੀ ਹੈ। ਪ੍ਰਮਾਤਮਾ ਕੀ ਹੈ ਇਸ ਗੱਲ ਦੀ ਤਾਂ ਕਿਸੇ ਨੂੰ ਸਮਝ ਨਹੀਂ ਹੈ ਤੇ ਪੁਰਾਤਨ ਸਮੇਂ ਤੋਂ ਇਹੀ ਕੁਝ ਸਮਝਿਆ ਜਾ ਰਿਹਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਮਾਯਾਵੀ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ ਕਿ ਸਦੀਆਂ ਤੋਂ ਚੱਲਦੀ ਆ ਰਹੀ ਹਿੰਦੂ ਧਾਰਮਿਕ ਆਸਥਾ ਅਨੁਸਾਰ ਇਹ ਸਮਝਿਆ ਜਾਂਦਾ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਦੁਆਰਾ ਭਾਵ ਸਮਾਧੀਆਂ ਵਿੱਚ ਜਪ ਤਪ ਆਦਿ ਕਰਨ ਦੁਆਰਾ ਇੱਛਾਵਾਂ ਦੀ ਪੂਰਤੀ ਹੁੰਦੀ ਹੈ, ਸ਼ਕਤੀਆਂ ਆਦਿ ਦੀ ਪ੍ਰਾਪਤੀ ਹੁੰਦੀ ਹੈ, ਸਵਰਗਾਂ ਦੀ ਪ੍ਰਾਪਤੀ ਹੁੰਦੀ ਹੈ, ਕਿਸੇ ਮਹਿਲ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਪ੍ਰਮਾਤਮਾ ਦੇ ਮਹਿਲ ਕਿਸੇ ਆਕਾਰ

ਰੂਪ ਵਿੱਚ ਸਮਝੇ ਜਾਂਦੇ ਹਨ ਭਾਵ ਅਸਲ ਸੁਖੁ ਕੀ ਹੈ, ਪ੍ਰਮਾਤਮਾ ਕੀ ਹੈ ਇਸ ਗੱਲ ਨੂੰ ਲੈ ਕੇ ਸਦੀਆਂ ਤੋਂ ਹੀ ਭਰਮ ਚੱਲਦਾ ਆ ਰਿਹਾ ਹੈ ਜੋ ਭਰਮ ਪ੍ਰਮਾਤਮਾ ਨੇ ਆਪ ਹੀ ਗੁਰਬਾਣੀ ਰਾਹੀਂ ਕੱਢਿਆ ਹੈ ਪਰ ਹਰ ਕੋਈ ਅਗਿਆਨਤਾ ਵਿੱਚ ਹੈ, ਸਿੱਖ ਜਗਤ ਵੀ ਅਗਿਆਨਤਾ ਵਿੱਚ ਹੈ ਭਾਵ ਮਾਇਆ ਮੋਹ ਵਾਲੀ ਅਵਸਥਾ ਸਭ ਦੇ ਅੰਦਰ ਇੱਕੋ ਜਿਹੀ ਹੀ ਹੈ ਜਿਸ ਕਰਕੇ ਅਸਲ ਸੁਖੁ ਦੀ ਸਮਝ ਕਿਸੇ ਨੂੰ ਵੀ ਨਹੀਂ ਹੈ। ਗੁਰਬਾਣੀ ਨੂੰ ਭਾਵੇਂ ਕੋਈ ਜਿਤਨਾ ਮਰਜੀ ਪੜੀ ਜਾਵੇ ਪਰ ਸੁਖੁ ਦੀ ਪ੍ਰਾਪਤੀ ਭਾਵ ਅਸਲ ਸੁਖੁ ਦੀ ਪਰਾਪਤੀ ਕਿਵੇਂ ਹੋ ਸਕਦੀ ਹੈ ਕਿਉਂਕਿ ਅਸਲ ਸੁਖੁ ਹੈ ਹੀ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ, ਮਾਯਾਵੀ ਸੁੱਖਾਂ ਵਿੱਚੋਂ ਨਿਕਲਣ ਦਾ ਪਰ ਹਰ ਕੋਈ ਗੁਰਬਾਣੀ ਨੂੰ ਪੜਦਾ ਹੀ ਇਸ ਮਕਸਦ ਲਈ ਹੈ ਕਿ ਮੇਰੀਆਂ ਵੱਧ ਤੋਂ ਵੱਧ ਇੱਛਾਵਾਂ ਪੂਰੀਆਂ ਹੋਣ। ਸਾਨੂੰ ਸਿਖਾਉਂਣ ਵਾਲੇ ਵੀ ਇਹੋ ਜਿਹੇ ਹੀ ਹਨ ਜੋ ਆਪ ਹੀ ਆਪਣੀਆਂ ਮਾਯਾਵੀ ਇੱਛਾਵਾਂ ਦੀ ਪੂਰਤੀ ਵਿੱਚ ਲੱਗੇ ਹੋਏ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਕੋਈ ਕਿਹੜੇ ਧਰਮ ਗ੍ਰੰਥ ਨੂੰ ਪੜਦਾ ਹੈ ਇਸ ਗੱਲ ਨਾਲ ਕੀ ਫਰਕ ਪੈਂਦਾ ਹੈ ਜਦੋਂ ਸਭ ਦੇ ਅੰਦਰ ਤਾਂ ਇੱਕੋ ਜਿਹਾ ਮਾਇਆ ਮੋਹ ਹੀ ਵਰਤਦਾ ਹੈ, ਇੱਕੋ ਜਿਹੀ ਤ੍ਰੈ ਗੁਣਾਂ ਵਾਲੀ ਅਵਸਥਾ ਹੀ ਵਰਤਦੀ ਹੈ ਜਿਸਦਾ ਮਕਸਦ ਹੀ ਸਾਨੂੰ ਮਾਯਾਵੀ ਪਦਾਰਥਾਂ ਦੇ ਸੁੱਖਾਂ ਨਾਲ ਜੋੜਕੇ ਰੱਖਣ ਦਾ ਹੈ ਭਾਵ ਅਸਲ ਸੁਖੁ ਦੀ ਪ੍ਰਾਪਤੀ ਕਰਨ ਤੋਂ ਦੂਰ ਰੱਖਣ ਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ।

ਜਦ ਤਕ ਕਿਸੇ ਨੂੰ ਪ੍ਰਮਾਤਮਾ ਆਪਣੀ ਭਗਤੀ ਦੀ ਸੱਚੀ ਸਮਝ ਨਹੀਂ ਬਖਸ਼ਦਾ ਤਦ ਤਕ ਹਰ ਕੋਈ ਮਾਯਾਵੀ ਸੁੱਖਾਂ ਦੀ ਪ੍ਰਾਪਤੀ ਵਿੱਚ ਹੀ ਸੁੱਖ ਸਮਝਦਾ ਹੈ ਜਿਵੇਂ ਕਿ ਪੁਰਾਤਨ ਸਮੇਂ ਤੋਂ ਚੱਲਦਾ ਆ ਰਿਹਾ ਹੈ ਕਿ ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਸ ਦੀਆਂ ਉੱਚੀਆਂ ਤੋਂ ਉੱਚੀਆਂ ਇੱਛਾਵਾਂ ਪੂਰੀਆਂ ਹੋ ਜਾਂਦੀ ਹਨ। ਜਿਸਨੂੰ ਪ੍ਰਮਾਤਮਾ ਭਗਤੀ ਦੀ ਸੱਚੀ ਸੋਝੀ ਪਾਉਂਦਾ ਹੈ ਉਸਨੂੰ ਮਾਇਆ ਮੋਹ ਵਾਲੀ ਮਤਿ ਦੇ ਵਿੱਚ ਹੀ ਪਾਉਂਦਾ ਹੈ ਤੇ ਤਾਂ ਹੀ ਕਿਸੇ ਨੂੰ ਦੁਖੁ ਦਾ ਕਾਰਨ ਸਮਝ ਆਉਂਦਾ ਹੈ, ਭਗਤੀ ਦਾ ਸੱਚਾ ਮਾਰਗ ਸਮਝ ਆਉਂਦਾ ਹੈ

42/5518

ਤੇ ਅਸਲ ਸੁਖੁ ਦੀ ਸਮਝ ਆਉਂਦੀ ਹੈ। ਜਿਸਨੂੰ ਵੀ ਪ੍ਰਮਾਤਮਾ ਇਹ ਸਮਝ ਪਾਉਂਦਾ ਹੈ ਉਹ ਇਸੇ ਮਨੁੱਖੀ ਜੀਵਨ ਵਿੱਚ ਰਹਿੰਦੇ ਹੋਏ ਹੀ ਪਾਉਂਦਾ ਹੈ। ਅਨੇਕਾਂ ਇਸ ਗੱਲ ਤੇ ਵਿਸ਼ਵਾਸ ਰੱਖਦੇ ਹਨ ਕਿ ਇਹ ਜੀਵਨ ਖਤਮ ਹੋਣ ਤੋਂ ਬਾਅਦ ਅੱਗੇ ਜਾ ਕੇ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਅੱਗੇ ਜਾ ਕੇ ਜਪਾਂ ਤਪਾਂ ਦੀ ਭਗਤੀ ਦਾ ਫੱਲ ਮਿਲ ਜਾਂਦਾ ਹੈ। ਇਹ ਸਭ ਸਾਡਾ ਭਰਮ ਹੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਅਕਾਲ ਪੁਰਖ ਰੂਪ ਭਗਤ ਸਧਨਾ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਮਨੁੱਖ ਭਗਤੀ ਕਰਦਾ ਕਿਹੋ ਜਿਹੇ ਸੁੱਖ ਲਈ ਹੈ ਤੇ ਅਸਲ ਭਗਤੀ ਕੀ ਹੈ।

ਬਾਣੀ ਸਧਨੇ ਕੀ ਰਾਗੁ ਬਿਲਾਵਲੁ

ੴ ਸਤਿਗੁਰ ਪ੍ਰਸਾਦਿ ॥

“ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥ ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥ ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥ ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥”

(ਅੰਗ ੮੫੮)

ਭਗਤੀ ਦੇ ਮਾਰਗ ਤੇ ਮਨੁੱਖ ਕਿਸ ਲਈ ਤੁਰਦਾ ਹੈ ਭਾਵ ਕਿਹੋ ਜਿਹੀ ਇੱਛਾ ਲੈ ਕੇ ਤੁਰਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥”

ਨ੍ਰਿਪ ਰਾਜੇ ਨੂੰ ਕਹਿੰਦੇ ਹਨ ਜੋ ਸਮਾਜ ਵਿੱਚ ਬਹੁਤ ਉੱਚਾ ਸਥਾਨ ਰੱਖਦਾ ਹੈ, ਵੱਡੀ ਤਾਕਤ ਰੱਖਦਾ ਹੈ ਤੇ ਰਾਜੇ ਦੀ ਲੜਕੀ ਨੂੰ ਪ੍ਰਾਪਤ ਕਰਨਾ ਭਾਵ ਕਿਸੇ ਦੀ ਰਾਜ ਕੁਮਾਰੀ ਦੇ ਨਾਲ ਸ਼ਾਦੀ ਹੋਣਾ ਕਿਸੇ ਦੀ ਵੀ ਬਹੁਤ ਵੱਡੀ ਇੱਛਾ ਹੋ ਸਕਦੀ ਹੈ ਭਾਵ ਬੜੇ

ਵੱਡੇ ਸੁੱਖ ਦੀ ਪ੍ਰਾਪਤੀ ਮੰਨਿਆ ਜਾਂਦਾ ਹੈ ਜੋ ਕਿ ਬਹੁਤ ਵੱਡਾ ਮਾਇਆ ਦਾ ਸੁੱਖ ਹੈ। ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਚੱਲਣ ਵਾਲਾ ਅਖਵਾਉਂਦਾ ਹੈ ਭਾਵ ਧਰਮ ਵਾਲਾ ਭੇਖ ਬਣਾਉਂਦਾ ਹੈ, ਦਿਖਾਵਾ ਬਣਾਉਂਦਾ ਹੈ, ਉਹ ਪ੍ਰਮਾਤਮਾ ਦੀ ਭਗਤੀ ਇਸ ਮਕਸਦ ਲਈ ਕਰਦਾ ਹੈ ਕਿ ਉਸਨੂੰ ਬੜੇ ਉੱਚੇ ਸੁੱਖ ਦੀ ਪ੍ਰਾਪਤੀ ਹੋ ਜਾਵੇ ਜਿਵੇਂ ਕਿ ਕਿਸੇ ਰਾਜੇ ਦੀ ਕੰਨਿਆ ਦੇ ਨਾਲ ਸ਼ਾਦੀ ਹੋ ਜਾਣਾ ਬਹੁਤ ਉੱਚਾ ਸੁੱਖ ਮੰਨਿਆ ਜਾਂਦਾ ਹੈ ਪਰ ਪ੍ਰਮਾਤਮਾ ਨੂੰ ਜਿਸਦੀ ਭਗਤੀ ਚੰਗੀ ਲੱਗਦੀ ਹੈ ਉਹ ਇਹੋ ਜਿਹੀ ਇੱਛਾ ਰੱਖਣ ਵਾਲੇ

ਦੀ ਭਗਤੀ ਨੂੰ ਚੰਗਾ ਨਹੀਂ ਸਮਝਦਾ ਕਿਉਂਕਿ ਇਹ ਭਗਤੀ ਦਾ ਸੱਚਾ ਮਾਰਗ ਨਹੀਂ ਹੈ। ਇਹੋ ਜਿਹਾ ਮਨੁੱਖ **"ਕਾਮਾਰਥੀ"** ਹੈ ਭਾਵ ਆਪਣੀ ਕਾਮ ਵਾਸਨਾ ਪੂਰੀ ਕਰਨਾ ਚਾਹੁੰਦਾ ਹੈ ਜਿਸ ਰਾਹੀਂ ਉਹ ਆਪਣਾ ਸੁਆਰਥ ਪੂਰਾ ਕਰਨਾ ਚਾਹੁੰਦਾ ਹੈ, ਆਪਣਾ ਸੁਆਰਥ ਪੂਰਾ ਕਰਨ ਵਾਲਾ ਭਾਵ ਜੋ ਆਪਣੇ ਸੁਆਰਥ ਦੀ ਪੂਰਤੀ ਲਈ, ਆਪਣੀ ਤ੍ਰਿਸ਼ਨਾ ਦੀ ਪੂਰਤੀ ਲਈ ਆਪਣੇ ਆਪ ਨੂੰ ਭਗਤੀ ਵਾਲਾ ਅਖਵਾਉਂਦਾ ਹੈ ਉਹ ਭਗਤੀ ਦਾ ਮਾਰਗ ਨਹੀਂ ਹੈ। ਪ੍ਰਮਾਤਮਾ ਜਿਸਨੂੰ ਆਪਣੀ ਭਗਤੀ ਦੇ ਮਾਰਗ ਤੇ ਪਾਉਂਦਾ ਹੈ ਉਹ ਮਨੁੱਖ ਨੂੰ ਮਨ ਦੀਆਂ ਇੱਛਾਵਾਂ ਵਿੱਚੋਂ ਕੱਢ ਲੈਂਦਾ ਹੈ। ਸੁਆਰਥੀ ਮਨੁੱਖ, ਕਾਮਾਰਥੀ ਮਨੁੱਖ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਇੱਜਤ ਨਹੀਂ ਪਾਉਂਦਾ ਤੇ ਪ੍ਰਮਾਤਮਾ ਜਿਸਨੂੰ ਆਪਣੀ ਭਗਤੀ ਵਾਲਾ ਬਣਾਉਂਦਾ ਹੈ ਉਸਨੂੰ ਮਨ ਦੀਆਂ ਇੱਛਾਵਾਂ ਵਿੱਚੋਂ ਕੱਢਕੇ ਭਾਵ ਮਾੜੇ ਕਰਮਾਂ ਵਿੱਚੋਂ ਕੱਢਕੇ ਉਸਦੀ ਇੱਜਤ ਨੂੰ ਸੁਆਰਦਾ ਹੈ ਭਾਵ ਉਸ ਮਨੁੱਖ ਦੀ ਸਮਝ ਨੂੰ ਭਗਤੀ ਤੇ ਚੱਲਣ ਵਾਲੀ ਸਮਝ ਬਣਾਉਂਦਾ ਹੈ ਜੋ ਕਿ ਮਨ ਦੀਆਂ ਇੱਛਾਵਾਂ ਵਿੱਚੋਂ ਨਿਕਲਕੇ ਸੱਚੇ ਸੁੱਚੇ ਕਰਮ ਕਰਨ ਦਾ ਮਾਰਗ ਹੈ। **(ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥)**

ਪ੍ਰਮਾਤਮਾ ਮਨੁੱਖ ਨੂੰ ਮਾਇਆ ਮੋਹ ਵਾਲੀਆਂ ਇੱਛਾਵਾਂ ਵਿੱਚੋਂ, ਮਾੜੇ ਵਿਚਾਰਾਂ ਵਿੱਚੋਂ ਕਿਸ ਲਈ ਕੱਢਦਾ ਹੈ ਤੇ ਕਿਸ ਲਈ ਮਨੁੱਖ ਦੀ ਪੈਜ ਸੁਆਰਦਾ ਹੈ ਉਹ ਉਸਨੂੰ ਧਰਮ ਦੇ ਮਾਰਗ ਤੇ ਚਲਾਉਂਣ ਲਈ ਹੀ ਕਰਦਾ ਹੈ, ਗੁਰੂ ਦੀ ਮਤਿ ਦੇ ਨਾਲ ਜੁੜਨ ਲਈ ਹੀ ਕਰਦਾ ਹੈ ਜਿਵੇਂ ਕਿ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥"

ਉਪਰਲੀ ਪੰਗਤੀ ਰਾਹੀਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਸਾਰੇ ਜਗਤ ਦਾ ਗੁਰੂ ਕੌਣ ਹੈ ਜੋ ਸਾਰੇ ਸੰਸਾਰ ਨੂੰ ਸਿੱਖਿਆ ਦੇਣ ਵਾਲਾ ਹੈ, ਧਰਮ ਦੇ ਮਾਰਗ ਦੀ ਸਿੱਖਿਆ ਦੇਣ ਵਾਲਾ ਹੈ। ਭਗਤ ਸਧਨਾ ਜੀ ਪ੍ਰਮਾਤਮਾ ਜੀ ਨੂੰ ਸੰਬੋਧਨ ਕਰਨ ਦੁਆਰਾ ਪ੍ਰਮਾਤਮਾ ਨੂੰ ਜਗਤ ਗੁਰੂ ਕਹਿ ਰਹੇ ਹਨ। ਇਹ ਗੱਲ ਉਹੀ ਕਹਿ ਸਕਦੇ ਹਨ ਜਿਨ੍ਹਾਂ ਨੇ ਉਸ ਸੱਚੇ ਗੁਰੂ ਨੂੰ, ਸਤਿਗੁਰ ਨੂੰ ਆਪਣੇ ਅੰਦਰੋਂ ਜਾਣਿਆ ਹੈ

ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਗੁਰਬਾਣੀ ਰਾਹੀਂ ਸਾਰੇ ਜਗਤ ਨੂੰ ਇਹ ਸਮਝਾਇਆ ਹੈ ਕਿ ਪੂਰੇ ਜਗਤ ਦਾ ਗੁਰੂ ਇੱਕੋ ਹੀ ਹੈ ਤੇ ਜਿਸ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਗੁਰੂ ਰੂਪ ਦੁਆਰਾ ਹੀ ਪ੍ਰਗਟ ਕਰਦਾ ਹੈ। ਦਸ ਪਾਤਸ਼ਾਹੀਆਂ ਦੇ ਰਾਹੀਂ ਉਸਨੇ ਆਪਣੇ ਆਪ ਨੂੰ ਗੁਰੂ ਰੂਪ ਵਿੱਚ ਹੀ ਪ੍ਰਗਟ ਕੀਤਾ ਹੈ ਭਾਵੇਂ ਉਸਨੇ ਸਾਰੇ ਸਰੀਰਾਂ ਰਾਹੀਂ ਗੁਰਬਾਣੀ ਦਾ ਉਚਾਰਨ ਨਹੀਂ ਕੀਤਾ ਪਰ ਗੱਦੀ ਦਾ ਮਾਲਕ ਭਾਵ ਗੁਰੂ ਦੀ ਗੱਦੀ ਦਾ ਮਾਲਕ ਉਹ ਆਪ ਹੀ ਰਿਹਾ ਹੈ ਜੋ ਗੱਦੀ ਉਸਦੀ ਮਨ ਦੇ ਵਿੱਚ ਚੱਲਦੀ ਰਹੀ ਹੈ, ਮਨ ਦੇ ਸੱਚੇ ਗਿਆਨ ਰਾਹੀਂ ਚੱਲਦੀ ਰਹੀ ਹੈ। ਉਹ ਗੁਰੂ ਨਿਰੰਕਾਰ ਰੂਪ ਵਿੱਚ ਹੈ ਜੋ ਰੂਪ ਉਸਦਾ ਸਾਡੇ ਮਨ ਦੀ ਸਮਝ ਦੇ ਰਾਹੀਂ ਹੈ। ਜਿਨ੍ਹਾਂ ਨੂੰ ਉਹ ਆਪਣਾ ਗੁਰੂ ਰੂਪ ਦਿਖਾਉਂਦਾ ਹੈ, ਮਨ ਦੀ ਸਮਝ ਰਾਹੀਂ ਹੀ ਦਿਖਾਉਂਦਾ ਹੈ ਤੇ ਮਨ ਦੀ ਸਮਝ ਰਾਹੀਂ ਹੀ ਸ਼ਬਦਾਂ ਦਾ ਗਿਆਨ ਦਿੰਦਾ ਹੈ ਜਿਸ ਰਾਹੀਂ ਉਹ ਭਗਤੀ ਦਾ ਮਾਰਗ ਸਮਝਾਉਂਦਾ ਹੈ, ਭਗਤੀ ਦੇ ਗੁਣ ਸਮਝਾਉਂਦਾ ਹੈ। ਮਨ ਦੇ ਵਿੱਚ ਅਉਗੁਣਾਂ ਦੇ ਰਹਿੰਦੇ ਹੋਏ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਮਨ ਦੀ ਇਹੋ ਜਿਹੀ ਅਵਸਥਾ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਗੁਣ ਨਹੀਂ ਹਨ, ਪ੍ਰਮਾਤਮਾ ਦੇ ਗੁਣ ਨਹੀਂ ਹਨ। ਭਗਤ ਜੀ ਉਪਰ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾ ਰਹੇ ਹਨ ਕਿ ਹੇ ਜਗਤ ਗੁਰੂ ਪ੍ਰਮਾਤਮਾ ਜਿਸ ਮਨੁੱਖ ਦੇ ਮਾੜੇ ਕਰਮ ਨਹੀਂ ਨੱਸਦੇ, ਜੋ ਮਨੁੱਖ ਮਾੜੇ ਕਰਮ ਕਰਨੇ ਨਹੀਂ ਛੱਡਦਾ ਉਸਦੇ ਅੰਦਰ ਤੂੰ ਆਪਣੇ ਗੁਣ ਨਹੀਂ ਪਾਏ ਭਾਵ ਉਸਨੂੰ ਭਗਤੀ ਦੇ ਮਾਰਗ ਦੀ ਸਮਝ ਨਹੀਂ ਪਾਈ।

(ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥) ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝੋ ਕਿ ਗੁਰੂ ਦੀ ਸ਼ਰਨ ਵਿੱਚ ਜਾਣਾ ਕੀ ਹੈ।

"ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥"

"ਜੰਬੁਕੁ" ਗਿੱਦੜ ਨੂੰ ਕਹਿੰਦੇ ਹਨ, **"ਸਿੰਘ"** ਸ਼ੇਰ ਨੂੰ ਕਹਿੰਦੇ ਹਨ ਜੋ ਕਿ ਜੰਗਲ ਵਿੱਚ ਰਹਿੰਦੇ ਹਨ। ਜੰਗਲ ਦੇ ਵਿੱਚ ਸ਼ੇਰ ਦਾ ਰਾਜ ਚੱਲਦਾ ਹੈ, ਸ਼ੇਰ ਦੀ ਤਾਕਤ ਹੁੰਦੀ ਹੈ ਤੇ ਜੇਕਰ ਕੋਈ ਸ਼ੇਰ ਦੀ ਸ਼ਰਨ ਵਿੱਚ ਆ ਜਾਵੇ ਤਾਂ ਫਿਰ ਉਸ ਜੀਵ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ। ਇਸੇ ਤਰ੍ਹਾਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਗੁਰੂ ਸਾਡੇ ਲਈ ਸਿੰਘ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਾਡੇ ਜੀਵਨ ਦੀ ਰੱਖਿਆ ਤਾਂ ਹੀ ਹੁੰਦੀ ਹੈ ਭਾਵ ਸਾਡਾ ਜੀਵਨ ਤਾਂ ਹੀ ਸਫਲ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਸ਼ਰਨ ਵਿੱਚ ਆਈਏ। ਗੁਰੂ ਅਸਲ ਵਿੱਚ ਗੁਰੂ ਦੀ ਸਿੱਖਿਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ।

42/5521

ਜਦ ਤਕ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜੇ ਹੋਏ ਹਾਂ ਭਾਵ ਮਾਇਆ ਮੋਹ ਵਿੱਚ ਹਾਂ ਤਦ ਤਕ ਇਹ ਤ੍ਰਿਸ਼ਨਾਵਾਂ ਸਾਨੂੰ ਖਾਂਦੀਆਂ ਰਹਿੰਦੀਆਂ ਹਨ ਭਾਵ ਸਾਡੇ ਅੰਦਰ ਦਾ ਮਾਇਆ ਮੋਹ ਹੀ ਸਾਡੇ ਅੰਦਰ ਦਾ ਜੰਬੁਕੁ ਹੈ, ਗਿੱਦੜ ਹੈ ਜੋ ਸਾਡੇ ਅੰਦਰੋਂ ਸਾਡੇ ਮਨ ਦੇ ਵਿਚਾਰਾਂ ਰਾਹੀਂ ਸਾਡੇ ਕੋਲੋਂ ਮਾੜੇ ਕਰਮ ਕਰਾਉਂਣ ਦੁਆਰਾ ਸਾਡੇ ਆਤਮਿਕ ਜੀਵਨ ਨੂੰ ਖਾਂਦਾ ਰਹਿੰਦਾ ਹੈ। ਗਿੱਦੜ ਕੋਲੋਂ ਡਰਨ ਦੀ ਲੋੜ ਨਹੀਂ ਹੁੰਦੀ ਪਰ ਸਾਡੇ ਅੰਦਰ ਇਹ ਗਿੱਦੜ ਹੀ ਆਪਣਾ ਡਰ ਬਣਾਈ ਰੱਖਦਾ ਹੈ ਤੇ ਜਿਸਦੇ ਡਰ ਕਾਰਨ ਅਸੀਂ ਗਿੱਦੜ ਨੂੰ ਹੀ ਵੱਡਾ ਮੰਨਿਆ ਹੋਇਆ ਹੈ ਭਾਵ ਅਸੀਂ ਗਿੱਦੜ ਦੀ ਸ਼ਰਨ ਵਿੱਚ ਹੀ ਰਹਿੰਦੇ ਹਾਂ ਜਿਸ ਕਰਕੇ ਅਸੀਂ ਸਿੰਘ ਦੀ ਸ਼ਰਨ ਨਹੀਂ ਜਾਣਾ ਚਾਹੁੰਦੇ ਭਾਵ ਸਾਨੂੰ ਸਿੰਘ ਦੀ ਸ਼ਰਨ ਦੀ ਭਾਵ ਗੁਰੂ ਦੀ ਸ਼ਰਨ ਦੀ ਲੋੜ ਮਹਿਸੂਸ ਨਹੀਂ ਹੈ ਭਾਵ ਅਸੀਂ ਮਾਇਆ ਦੇ ਸੁੱਖਾਂ ਵਿੱਚ ਹੀ ਆਪਣਾ ਅਸਲ ਸੁੱਖ ਸਮਝਦੇ ਹਾਂ ਜਿਸ ਕਰਕੇ ਅਸੀਂ ਅਉਗੁਣਾਂ ਦਾ ਸਹਾਰਾ ਲੈ ਕੇ ਮਾੜੇ ਕਰਮ ਕਰਦੇ ਹਾਂ ਭਾਵ ਭਗਤੀ ਦੇ ਅਸਲ ਮਾਰਗ ਤੋਂ ਦੂਰ ਰਹਿੰਦੇ ਹਾਂ। **(ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥ ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥)**

ਭਗਤੀ ਦਾ ਅਸਲ ਮਕਸਦ ਪ੍ਰਮਾਤਮਾ ਨੂੰ ਪਾਉਂਣ ਦਾ ਹੈ ਜਿਸਨੂੰ ਪਾਉਂਣ ਦਾ ਮਾਰਗ ਸਾਡੇ ਚੰਗੇ ਕਰਮ ਹਨ ਜਿਨ੍ਹਾਂ ਲਈ ਮਾਇਆ ਮੋਹ ਨੂੰ ਛੱਡਣਾ ਪੈਂਦਾ ਹੈ ਪਰ ਮਾਇਆ ਮੋਹ ਨੂੰ ਛੱਡਣ ਦਾ ਡਰ ਭਾਵ ਮਾਯਾਵੀ ਸੁੱਖਾਂ ਨੂੰ ਛੱਡਣ ਦਾ ਡਰ ਸਭ ਦੇ ਅੰਦਰ ਹੈ ਜਿਸ ਡਰ ਦੇ ਕਾਰਨ ਅਸੀਂ ਗੁਰੂ ਦੀ ਸ਼ਰਨ ਵਿੱਚ ਨਹੀਂ ਜਾ ਸਕਦੇ। ਅਸਲ ਸੁੱਖ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਤੇ ਜਿਨ੍ਹਾਂ ਸੁੱਖਾਂ ਨਾਲ ਅਸੀਂ ਜੁੜੇ ਹੋਏ ਹਾਂ ਉੱਥੇ ਉਹ ਸੁੱਖ ਸਾਨੂੰ ਕਦੇ ਨਹੀਂ ਮਿਲ ਸਕਦਾ। ਮਾਇਆ ਦੇ ਰਹਿੰਦੇ ਹੋਏ ਸਾਡੇ ਅੰਦਰ ਪ੍ਰਮਾਤਮਾ ਦੇ ਵਿਛੋੜੇ ਦਾ ਦੁੱਖ ਬਣਿਆ ਰਹਿੰਦਾ ਹੈ ਜੋ ਦੁੱਖ ਅਸੀਂ ਆਪਣੀ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਕਰਕੇ ਭੋਗਦੇ ਹਾਂ। ਤ੍ਰਿਸ਼ਨਾਵਾਂ ਕਦੇ ਕਿਸੇ ਦੀਆਂ ਪੂਰੀਆਂ ਨਹੀਂ ਹੁੰਦੀਆਂ ਬਲਕਿ ਵੱਧਦੀਆਂ ਹੀ ਜਾਂਦੀਆਂ ਹਨ। ਅਸਲ ਸੁੱਖ ਇਸ ਮਾਇਆ ਮੋਹ ਵਿੱਚੋਂ ਨਿਕਲਕੇ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ ਤੇ ਉਹ ਮੇਲ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਸ਼ਰਨ ਵਿੱਚ ਆਈਏ ਤੇ ਗੁਰੂ ਦੀ ਸ਼ਰਨ ਵਿੱਚ ਨਾ

42/5522

ਆਉਂਣਾ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥ ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥"

"ਏਕ ਬੂੰਦ" ਦੀ ਗੱਲ ਤੇ **"ਚਾਤ੍ਰਿਕੁ"** ਦੀ ਗੱਲ ਹੋਰਾਂ ਸ਼ਬਦਾਂ ਰਾਹੀਂ ਵੀ ਸਮਝਾਈ ਹੋਈ ਹੈ ਭਾਵ ਚਾਤ੍ਰਿਕ ਤਾਂ ਸੁਖੁ ਦੀ ਪ੍ਰਾਪਤੀ ਕਰਦਾ ਹੈ ਜੇਕਰ ਉਸਨੂੰ ਇੱਕ ਬੂੰਦ ਦੀ ਪ੍ਰਾਪਤੀ ਹੋ ਜਾਵੇ ਜਿਸ ਨਾਲ ਉਸਦਾ ਸਾਰਾ ਦੁੱਖ ਮਿੱਟ ਜਾਂਦਾ ਹੈ। ਚਾਤ੍ਰਿਕ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ, ਬਬੀਹਾ ਦੇ ਰੂਪ ਵਿੱਚ ਸਮਝਿਆ ਹੈ। **"ਚਾਤ੍ਰਿਕੁ"** ਸਾਡਾ ਮਨ ਹੈ, ਮਨੁੱਖੀ ਮਨ ਹੈ, ਮਨੁੱਖੀ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ, ਮਾਇਆ ਮੋਹ ਵਾਲੀ ਅਵਸਥਾ ਜੋ ਹਰ ਵੇਲੇ ਤਿਸ਼ਨਾਵਾਂ ਨਾਲ ਭਰੀ ਰਹਿੰਦੀ ਹੈ। ਇਹ ਤ੍ਰਿਸ਼ਨਾਵਾਂ ਹੀ ਸਾਡੇ ਅੰਦਰ ਦੀ ਅਗਨ ਹਨ ਜੋ ਸਾਡੇ ਅੰਦਰ ਨੂੰ ਸਾੜਦੀਆਂ ਰਹਿੰਦੀਆਂ ਹਨ, ਹਰ ਵੇਲੇ ਦੁੱਖੀ ਕਰਦੀਆਂ ਰਹਿੰਦੀਆਂ ਹਨ ਕਿ ਮੇਰੀ ਇਹ ਇੱਛਾ ਪੂਰੀ ਹੋ ਜਾਵੇ, ਮੇਰੀ ਉਹ ਇੱਛਾ ਪੂਰੀ ਹੋ ਜਾਵੇ ਭਾਵ ਇਹ ਮਨ ਦੀਆਂ ਇੱਛਾਵਾਂ ਹਰ ਵੇਲੇ ਮਨੁੱਖ ਨੂੰ ਦੁੱਖ ਦਿੰਦੀਆਂ ਰਹਿੰਦੀਆਂ ਹਨ। ਜੇ ਕਿਸੇ ਇੱਕ ਇੱਛਾ ਦੀ ਪੂਰਤੀ ਵਿੱਚ ਸੁੱਖ ਮਿਲਦਾ ਹੈ ਤੇ ਹੋਰ ਅਨੇਕਾਂ ਇੱਛਾਵਾਂ

ਜਾਗ ਪੈਂਦੀਆਂ ਹਨ ਜਿਨ੍ਹਾਂ ਦੀ ਪੂਰਤੀ ਨਾ ਹੋਣ ਤੇ ਮਨੁੱਖ ਹਰ ਵੇਲੇ ਦੁੱਖੀ ਹੁੰਦਾ ਰਹਿੰਦਾ ਹੈ। ਇਹੀ ਸਾਡੇ ਅੰਦਰ ਦੀ ਟੈਂਸ਼ਨ ਹੈ ਜਿਸਦੇ ਇਲਾਜ ਲਈ ਭਾਵ ਮਨ ਨੂੰ ਸ਼ਾਂਤ ਕਰਨ ਲਈ ਮਨੁੱਖ ਦਵਾਈਆਂ ਦਾ ਆਸਰਾ ਲੈਂਦਾ ਹੈ ਕਿ ਕਿਸੇ ਤਰੀਕੇ ਮੇਰੇ ਮਨ ਨੂੰ ਸ਼ਾਤੀ ਮਿਲ ਜਾਵੇ, ਮੇਰੇ ਅੰਦਰ ਸੰਤੋਖ ਆ ਜਾਵੇ। ਮਨ ਦੇ ਸੰਤੋਖ ਵਿੱਚ ਮਨੁੱਖ ਨੂੰ ਸੁੱਖ ਮਹਿਸੂਸ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਅਦ ਮਨ ਦੇ ਵਿੱਚ ਸੰਤੋਖ ਹੀ ਆਉਂਦਾ ਹੈ ਕਿਉਂਕਿ ਪ੍ਰਮਾਤਮਾ ਆਪ ਹੀ ਸਾਡੇ ਮਨ ਦੀਆਂ ਇੱਛਾਵਾਂ ਦਾ ਮਾਲਕ ਹੈ। ਉਹ ਫਿਰ ਆਪ ਹੀ ਮਨ ਦੀਆਂ ਇੱਛਾਵਾਂ ਤੋਂ, ਤ੍ਰਿਸ਼ਨਾਵਾਂ ਤੋਂ ਬਚਾ ਕੇ ਰੱਖਦਾ ਹੈ, ਮਨੁੱਖ ਨੂੰ ਪੂਰਨ ਵਿਸ਼ਵਾਸ ਦਿਲਾ ਕੇ ਰੱਖਦਾ ਹੈ ਕਿ ਉਸਦੀ ਰਾਖੀ ਕਰਨ ਵਾਲਾ ਆਪ ਅੰਦਰ ਹੀ ਬੈਠਾ ਹੈ ਤੇ ਉਸਦੀ ਸਮੇਂ ਮੁਤਾਬਿਕ ਜੋ ਲੋੜ ਹੋਵੇਗੀ ਉਹ ਆਪੇ ਪੂਰੀ ਕਰਾ ਦੇਵੇਗਾ ਤੇ ਮਾਇਆ ਦੀ ਪ੍ਰਾਪਤੀ ਲਈ ਉਸਨੂੰ ਭੱਜਣ ਦੀ ਲੋੜ ਨਹੀਂ ਹੈ ਭਾਵ ਮਾੜੇ ਕਰਮ ਕਰਨ ਦੁਆਰਾ ਕਮਾਉਂਣ ਦੀ ਲੋੜ ਨਹੀਂ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਵਿੱਚ ਜੋ ਵੀ ਕਮਾਈ ਹੋਵੇਗੀ ਉਸ

42/5523

ਵਿੱਚ ਹੀ ਤ੍ਰਿਪਤੀ ਬਣੀ ਰਹੇਗੀ। ਇਹ ਬਹੁਤ ਹੀ ਵੱਡੀ ਗੱਲ ਹੈ ਜੋ ਕੇਵਲ ਉਹੀ ਸਮਝ ਸਕਦਾ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਮਨ ਦੇ ਵਿੱਚ ਆਪਣਾ ਭਰੋਸਾ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ ਤੇ ਮਨੁੱਖ ਨੂੰ ਉਹ ਹਰ ਵੇਲੇ ਖੇੜੇ ਵਿੱਚ ਹੀ ਰੱਖਦਾ ਹੈ ਜੋ ਮਨ ਦਾ ਖੇੜਾ ਤ੍ਰਿਸ਼ਨਾਵਾਂ ਦੀ ਮੁਕਤੀ ਦੁਆਰਾ ਹੁੰਦਾ ਹੈ। ਸਾਡਾ ਦੁੱਖੀ ਹੋਣਾ ਜਾਂ ਸੁੱਖੀ ਹੋਣਾ ਸਾਡੇ ਮਨ ਦੀ ਅਵਸਥਾ ਨਾਲ ਜੁੜਿਆ ਹੋਇਆ ਹੈ, ਮਨ ਦੀ ਸਮਝ ਨਾਲ, ਮਨ ਦੀ ਸੋਚ ਨਾਲ, ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ। **"ਚਾਤ੍ਰਿਕੁ"** ਮਨ ਦੀ ਪਿਆਸ ਕਰਕੇ ਦੁੱਖੀ ਹੁੰਦਾ ਹੈ, ਮਾਇਆ ਦੀ ਪਿਆਸ ਕਰਕੇ ਦੁੱਖੀ ਹੁੰਦਾ ਹੈ ਭਾਵ ਇੱਛਾਵਾਂ ਦੀ ਪੂਰਤੀ ਕਰਨ ਲਈ ਹੁੰਦਾ ਹੈ, ਆਪਣੀਆਂ ਇੱਛਾਵਾਂ ਦੀ ਪਿਆਸ ਬੁਝਾਉਂਣ ਲਈ ਦੁੱਖੀ ਹੁੰਦਾ ਹੈ ਕਿ ਮੇਰੀ ਇਹ ਪਿਆਸ ਕਿਸ ਤਰ੍ਹਾਂ ਬੁੱਝੇ। ਪਿਆਸ ਨੂੰ ਬੁਝਾਉਂਣ ਲਈ ਜਲ ਦੀ ਲੋੜ ਹੁੰਦੀ ਹੈ। ਇਹ ਉਹ ਜਲ ਹੈ ਜੋ ਜਲ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਆਪਣੇ ਕੋਲ ਹੈ। ਇਹ ਜਲ ਉਸਦੇ ਸੱਚੇ ਗਿਆਨ ਦਾ ਜਲ ਹੈ, ਅੰਮ੍ਰਿਤ ਜਲ ਹੈ, ਨਾਮ ਰੂਪ ਜਲ ਹੈ ਜਿਸ ਜਲ ਦਾ ਮਾਲਕ ਸਾਡੇ ਅੰਦਰ ਹੀ ਹੈ। ਉਹ ਅੰਮ੍ਰਿਤ ਜਲ ਦਾ ਸਾਗਰ ਹੈ, ਗਿਆਨ ਰੂਪ ਜਲ ਦਾ ਸਾਗਰ ਹੈ, ਬ੍ਰਹਮ ਗਿਆਨ ਦਾ ਸਾਗਰ ਹੈ। ਉਸਦੇ ਸਾਗਰ ਵਿੱਚੋਂ ਇੱਕ ਬੂੰਦ ਵੀ ਮਿਲ ਜਾਵੇ ਤੇ ਉਹ ਮਨੁੱਖ ਦੀ ਪਿਆਸ ਨੂੰ ਬੁਝਾ ਦਿੰਦੀ ਹੈ, ਤ੍ਰਿਸ਼ਨਾਵਾਂ ਦੀ ਪਿਆਸ ਨੂੰ ਬੁਝਾ ਦਿੰਦੀ ਹੈ, ਮਾਇਆ ਮੋਹ ਦੀ ਪਿਆਸ ਨੂੰ ਬੁਝਾ ਦਿੰਦੀ ਹੈ। ਇਸ ਪਿਆਸ ਦਾ ਮੂਲ ਸਾਡੇ ਅੰਦਰ ਦੀ ਨਾਸਮਝ ਮਤਿ ਹੈ, ਅਗਿਆਨਤਾ ਵਾਲੀ ਮਤਿ ਹੈ ਜੋ ਹਰ ਵੇਲੇ ਸਾਨੂੰ ਮਾਇਆ ਦੇ ਪਦਾਰਥਾਂ ਦੀ ਹੋੜ ਵਿੱਚ ਲਗਾਈ ਰੱਖਦੀ ਹੈ। ਜਿਸ ਮਨ ਦੇ ਅੰਦਰ ਪ੍ਰਮਾਤਮਾ ਆਪਣੇ ਜਲ ਦੀ ਬੂੰਦ ਪਾਉਂਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਪਾਉਂਦਾ ਹੈ ਤੇ ਉਹ ਮਨ ਦੇ ਵਿੱਚ ਇੱਕ ਖਿਨ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ ਭਾਵ ਮਨੁੱਖੀ ਮਤਿ ਨੂੰ ਇੱਕ ਖਿਨ ਵਿੱਚ ਹੀ ਇਹ ਸਮਝ ਲੱਗ ਜਾਂਦੀ ਹੈ, ਇੱਕ ਵਿਚਾਰ ਉਪਜਣ ਦੁਆਰਾ ਹੀ ਸਮਝ ਲੱਗ ਜਾਂਦੀ ਹੈ ਕਿ ਇਹ ਮੇਰੇ ਅੰਦਰ ਇੱਕਦਮ ਕੌਣ ਆ ਗਿਆ ਹੈ ਜਿਸ ਕਰਕੇ ਮਨੁੱਖ ਅਚਾਨਕ ਹੀ ਹੈਰਾਨ ਹੋ ਜਾਂਦਾ ਹੈ ਕਿ ਇਹ ਮੇਰੇ ਅੰਦਰ ਕੀ ਹੋ ਰਿਹਾ ਹੈ। ਇਹੀ ਇੱਕੋ ਇੱਕ ਪ੍ਰਮਾਤਮਾ ਦੀ ਕਰਾਮਾਤ ਹੈ ਜੋ ਕਿਸੇ ਦੀ ਵੀ ਸਮਝ ਤੋਂ ਬਾਹਰ ਹੈ। ਮਨ ਦੇ ਵਿੱਚ ਇਸ ਬੂੰਦ ਦੀ ਪ੍ਰਾਪਤੀ

42/5524

ਹੋਏ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਚਾਤ੍ਰਿਕ ਕੌਣ ਹੈ ਤੇ ਇਹ ਬੂੰਦ ਕਿੱਥੋਂ ਆਉਂਦੀ ਹੈ। ਇਹ ਬੂੰਦ ਮਨ ਦੇ ਵਿੱਚ ਜੋ ਗਿਆਨ ਦਾ ਸਾਗਰ ਹੈ ਉੱਥੋਂ ਹੀ ਆਉਂਦੀ ਹੈ ਜਿਸ ਗਿਆਨ ਰੂਪ ਸਾਗਰ ਵਿੱਚ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਉਸਦੇ ਵਿੱਚੋਂ ਬੂੰਦ ਦੀ ਪ੍ਰਾਪਤੀ ਹੋਏ ਬਿਨਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਨਾ ਹੀ ਅਸਲ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ ਜੋ ਸੁਖ ਉਹ ਮਨੁੱਖ ਨੂੰ ਮਾਇਆ ਮੋਹ ਵਿੱਚੋਂ ਕੱਢਕੇ ਦਿੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਦਿੰਦਾ ਹੈ। ਇਸ ਸੁੱਖ ਦੀ ਪ੍ਰਾਪਤੀ ਸਾਨੂੰ ਇਸ ਜੀਵਨ ਦੇ ਰਹਿੰਦੇ ਹੋਏ ਹੀ ਹੋ ਸਕਦੀ ਹੈ ਤੇ ਉਸ ਤੋਂ ਬਾਅਦ ਨਹੀਂ ਹੋ ਸਕਦੀ। ਇੱਕ ਵਾਰੀ ਮਨੁੱਖੀ ਸਰੀਰ ਖਤਮ ਹੋ ਗਿਆ ਭਾਵ ਸਾਡੀ ਜੋਤਿ ਸਰੀਰ ਨਾਲੋਂ ਵੱਖਰੀ ਹੋ ਗਈ ਤਾਂ ਫਿਰ ਉਸ ਜੋਤਿ ਨੇ ਜੋਤਿ ਵਿੱਚ ਹੀ ਰੱਲਣਾ ਹੈ ਜਿਸ ਜੋਤਿ ਨੇ ਫਿਰ ਸਰੀਰ ਦੇ ਕੰਮ ਨਹੀਂ ਆਉਣਾ ਭਾਵ ਵੇਲਾ ਲੰਘ ਜਾਂਦਾ ਹੈ, ਪ੍ਰਮਾਤਮਾ ਨੂੰ ਮਿਲਣ ਦਾ ਵੇਲਾ ਇਸ ਮਨੁੱਖੀ ਸਰੀਰ ਦੇ ਰਹਿੰਦੇ ਹੋਏ ਹੀ ਹੈ। **(ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥ ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥)**

{ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥}

(ਅੰਗ ੧੨੮)

{ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥
ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥੧॥ ਬੋਲਹੁ ਰਾਮੁ ਕਰੇ ਨਿਸਤਾਰਾ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥
ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥
ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰ ਧਾਰੇ ॥
ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ ॥੩॥
ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥
ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ ॥੪॥੧੬॥}

(ਅੰਗ ੩੫੩)

{ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥}

(ਅੰਗ ੪੪੨)

{ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥}

(ਅੰਗ ੬੧੨)

{ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥
ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥੧॥
ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥ ਗੁਰ ਪੂਰੇ ਤੇ ਪਾਈ ॥ ਰਹਾਉ ॥
ਪ੍ਰਭ ਕੀ ਅਕਥ ਕਹਾਣੀ ॥ ਜਨ ਬੋਲਹਿ ਅੰਮ੍ਰਿਤ ਬਾਣੀ ॥
ਨਾਨਕ ਦਾਸ ਵਖਾਣੀ ॥ ਗੁਰ ਪੂਰੇ ਤੇ ਜਾਣੀ ॥੨॥੨॥੬੬॥}

(ਅੰਗ ੬੨੫-੬੨੬)

{ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥}

(ਅੰਗ ੮੪੭-੯੪੮)

42/5525

{ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥

ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥ ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥ ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

ਦੁੱਖ ਦਾ ਕਾਰਨ ਸਾਡੀ ਮਾਇਆ ਮੋਹ ਵਾਲੀ ਮਤਿ ਹੈ ਤੇ ਸੁੱਖ ਇਸ ਵਿੱਚੋਂ ਨਿਕਲਣ ਦੁਆਰਾ ਮਿਲਦਾ ਹੈ ਤੇ ਉਹ ਸੁੱਖ ਦਾ ਸਾਗਰ, ਸੱਚੇ ਗਿਆਨ ਵਾਲੀ ਮਤਿ ਦਾ ਸਾਗਰ ਸਾਡੇ ਅੰਦਰ ਹੀ ਹੈ ਜਿਸਦੇ ਮੇਲ ਦੁਆਰਾ ਮਨ ਦੀ ਅਗਿਆਨਤਾ ਵਾਲੀ ਮਤਿ ਹੀ ਨਿਕਲਦੀ ਹੈ, ਦੁੱਖ ਦੇਣ ਵਾਲੀ ਮਤਿ ਹੀ ਨਿਕਲਦੀ ਹੈ। ਅਸਲ ਸੁਖੁ ਭਾਵ ਅਸਲ ਆਨੰਦ ਮਾਇਆ ਮੋਹ ਵਿੱਚੋਂ ਨਿਕਲਣ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਦੇ ਆਏ ਹਾਂ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ ੯੧੭)

ਜਦ ਤਕ ਸਾਡਾ ਜੀਵਨ ਹੈ ਤਦ ਤਕ ਅਸੀਂ ਮਨ ਦੀ ਸਮਝ ਦੁਆਰਾ ਹੀ ਵਿਚਰਨਾ ਹੈ ਤੇ ਅਸਲ ਵਿੱਚ ਜਦ ਤਕ ਸਾਡੇ ਅੰਦਰ ਦੀ ਸਮਝ ਉਪਜਦੀ ਰਹਿੰਦੀ ਹੈ ਤਦ ਤਕ ਹੀ ਸਾਡਾ ਜੀਵਨ ਚੱਲਦਾ ਹੈ ਭਾਵ ਸਾਡੇ ਸਰੀਰ ਨੂੰ ਜਿੰਦਾ ਰੱਖਣ ਵਾਲੀ, ਚਲਾਉਂਣ ਵਾਲੀ ਸਾਡੇ ਅੰਦਰ ਦੀ ਮਤਿ ਹੈ, ਸਾਡੇ ਅੰਦਰ ਦਾ ਗਿਆਨ ਹੈ ਭਾਵ ਸਾਡੇ ਅੰਦਰ ਦੀ ਜੋਤਿ ਹੈ ਭਾਵ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਜੋ ਇਸ ਸਰੀਰ ਦਾ ਮਾਲਕ ਹੈ। ਇਸੇ ਲਈ ਸਾਡੇ ਅੰਦਰ ਜੋ ਸਮਝ ਉਪਜਦੀ ਹੈ ਉਹੀ ਸਾਡੇ ਪ੍ਰਾਣ ਹਨ ਜੋ ਪ੍ਰਾਣ ਸਾਡੇ ਵੱਸ ਨਹੀਂ ਹਨ। ਮਨ ਦੇ ਇਹ ਪ੍ਰਾਣ ਸਾਡੇ ਅੰਦਰ ਜੋਤਿ ਰੂਪ ਵਿੱਚ ਹਨ ਭਾਵ ਜਦ ਤਕ ਸਾਡੇ ਅੰਦਰ ਜੋਤਿ ਰਹਿੰਦੀ ਹੈ ਤਦ ਤਕ ਹੀ ਸਾਡੇ ਪ੍ਰਾਣ ਰਹਿੰਦੇ ਹਨ। ਮੁੱਖ ਸ਼ਬਦ ਦੇ ਪਿਛਲੇ ਪਦੇ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਾਣ ਖਤਮ ਹੋਣ ਤੋਂ ਬਾਅਦ, ਮਨ ਦੀ ਜੋਤਿ ਨਿਕਲਣ ਤੋਂ ਬਾਅਦ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਸਾਡੇ ਅੰਦਰ ਇਹ ਪ੍ਰਾਣ ਕਿਸ ਰੂਪ ਵਿੱਚ ਹਨ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥ ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥”

42/5526

ਸਾਡੇ ਜੋ ਪ੍ਰਾਣ ਖਤਮ ਹੋਣ ਤੋਂ ਬਾਅਦ ਤੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਉਹਨਾਂ ਪ੍ਰਾਣਾਂ ਦੇ ਰਹਿੰਦੇ ਹੋਏ ਵੀ ਕਿਸ ਕਰਕੇ ਨਹੀਂ ਹੁੰਦਾ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਿਵੇਂ ਕਿ ਅਸੀਂ ਉਪਰ ਸਮਝਿਆ ਹੈ ਸਾਡੇ ਅੰਦਰ ਦੇ ਪ੍ਰਾਣ ਸਾਡੇ ਅੰਦਰ ਦੀ ਸਮਝ ਹੈ। ਜਿਸ ਸਮਝ ਦੇ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਉਸ ਸਮਝ ਦੇ ਖਤਮ

ਹੋਣ ਤੋਂ ਬਾਅਦ ਫਿਰ ਪ੍ਰਮਾਤਮਾ ਨੂੰ ਕਿਵੇਂ ਪਾਇਆ ਜਾ ਸਕਦਾ ਹੈ, ਪ੍ਰਮਾਤਮਾ ਨੂੰ ਪਾਉਂਣ ਦਾ ਇੱਕੋ ਇੱਕ ਤਰੀਕਾ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਇੱਕੋ ਇੱਕ ਤਰੀਕਾ ਸਾਡੇ ਅੰਦਰ ਦੀ ਸਮਝ ਹੈ ਤੇ ਉਸ ਪ੍ਰਮਾਤਮਾ ਨੂੰ ਕੇਵਲ ਇਸ ਸਰੀਰ ਦੇ ਰਹਿੰਦੇ ਹੋਏ ਹੀ ਪਾਇਆ ਜਾ ਸਕਦਾ ਹੈ। ਸਾਡੇ ਅੰਦਰ ਦੇ ਪ੍ਰਾਣ ਭਾਵ ਸਾਡੇ ਅੰਦਰ ਦੀ ਮਤਿ ਨਿਕਲਣ ਤੋਂ ਬਾਅਦ ਸਾਡਾ ਸਰੀਰ ਵੀ ਨਹੀਂ ਰਹਿੰਦਾ ਤੇ ਪ੍ਰਮਾਤਮਾ ਨੂੰ ਕੇਵਲ ਮਨ ਦੀ ਉਸ ਸਮਝ ਦੁਆਰਾ ਪਾਇਆ ਜਾ ਸਕਦਾ ਹੈ ਜੋ ਸਮਝ ਸਾਡੇ ਅੰਦਰ ਸਾਡੇ ਸਰੀਰ ਦੇ ਹੁੰਦਿਆਂ ਬਣੀ ਰਹਿੰਦੀ ਹੈ। ਸਾਡੇ ਅੰਦਰ ਦੀ ਮਤਿ ਭਾਵ ਸਾਡੇ ਅੰਦਰ ਦੀ ਸਮਝ ਜੋ ਕਿ ਸਾਡੇ ਪ੍ਰਾਣ ਹਨ ਜਦ ਤਕ ਉਹ ਥਿਰ ਨਹੀਂ ਹੁੰਦੇ ਭਾਵ ਜਦ ਤਕ ਸਾਡਾ ਮਨ ਅਡੋਲ ਨਹੀਂ ਹੁੰਦਾ ਤਦ ਤਕ ਅਸੀਂ ਭਗਤੀ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ। ਡੋਲਣ ਵਾਲੀ ਮਤਿ ਮਾਇਆ ਮੋਹ ਵਿੱਚ ਡੋਲਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਕਰਕੇ ਡੋਲਦੀ ਹੈ ਜਿਸ ਕਰਕੇ ਸਾਡੀ ਮਤਿ ਸੱਚ ਤੇ ਨਹੀਂ ਟਿੱਕਦੀ, ਗੁਰਮਤਿ ਤੇ ਨਹੀਂ ਟਿੱਕਦੀ ਭਾਵ ਸੱਚ ਤੋਂ ਡੋਲ ਜਾਂਦੀ ਹੈ ਜਿਸ ਕਰਕੇ ਅਸੀਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਾੜੇ ਕਰਮ ਕਰਦੇ ਹਾਂ। ਭਗਤੀ ਦੇ ਸੱਚੇ ਮਾਰਗ ਤੇ ਮਨ ਦੇ ਵਿੱਚ ਸੰਤੋਖ ਵਾਲੀ ਅਵਸਥਾ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਭਾਵ ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣ ਤੋਂ ਬਾਅਦ ਜਦੋਂ ਮਨ ਮਾਇਆ ਮੋਹ ਵਿੱਚੋਂ ਡੋਲਣੋਂ ਹੱਟ ਜਾਂਦਾ ਹੈ ਤੇ ਇਹ ਹੀ ਸਾਡੇ ਅੰਦਰ ਦੀ ਧੀਰਜ ਦੀ ਅਵਸਥਾ ਹੈ, ਸੰਤੋਖ ਵਾਲੀ ਅਵਸਥਾ ਹੈ। ਜਦ ਤਕ ਅਸੀਂ ਮਨ ਦੇ ਸੰਤੋਖ ਵਿੱਚ ਨਹੀਂ ਆਉਂਦੇ ਭਾਵ ਜਦ ਤਕ ਸਾਡਾ ਮਨ ਗੁਰਮਤਿ ਰੂਪ ਸੱਚ ਤੇ ਅਡੋਲ ਨਹੀਂ ਹੁੰਦਾ ਤਦ ਤਕ ਅਸੀਂ ਮਾਇਆ ਮੋਹ ਵਿੱਚ ਡੁੱਬੇ ਹੁੰਦੇ ਹਾਂ ਭਾਵ ਆਤਮਿਕ ਤੌਰ ਤੇ ਮਰੇ ਹੁੰਦੇ ਹਾਂ। ਇਹੋ ਜਿਹੇ ਮਨ ਦੀ ਅਵਸਥਾ ਵਿੱਚ ਜੇਕਰ ਅਸੀਂ ਸਰੀਰ ਛੱਡਦੇ ਹਾਂ ਫਿਰ ਉਸ ਤੋਂ ਬਾਅਦ ਸਾਨੂੰ ਮਾਇਆ ਮੋਹ ਵਿੱਚੋਂ ਤਰਨ ਦਾ ਮੌਕਾ ਨਹੀਂ ਮਿਲਦਾ ਭਾਵ ਆਪਣੇ ਜੀਵਨ ਵਿੱਚ ਗੁਰੂ ਦੀ ਸਚੁ ਰੂਪ ਨਉਕਾ ਤੇ ਭਾਵ ਬੇੜੀ ਤੇ ਚੜਨ ਦਾ ਮੌਕਾ ਨਹੀਂ ਮਿਲਦਾ। ਉਹ ਨਉਕਾ ਗੁਰਮਤਿ ਰੂਪ ਸੱਚਾ ਗਿਆਨ

ਹੈ ਜਿਸ ਨਉਕਾ ਤੇ ਇਸ ਸਰੀਰ ਦੇ ਰਹਿੰਦਿਆਂ ਚੜਿਆ ਜਾ ਸਕਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਸਮਾਂ ਇਹ ਸਾਡਾ ਜੀਵਨ ਹੀ ਹੈ ਜਿਸਦੇ ਰਹਿੰਦਿਆਂ ਅਸੀਂ ਮਾਇਆ ਮੋਹ ਵਿੱਚੋਂ ਨਿਕਲਕੇ ਮਨ ਦੀ ਅਡੋਲਤਾ ਹਾਸਿਲ ਕਰ ਸਕਦੇ ਹਾਂ ਤੇ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ। **(ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥ ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥)**

ਪ੍ਰਮਾਤਮਾ ਨੂੰ ਪਾਉਂਣ ਦਾ ਅਉਸਰ ਸਾਡਾ ਇਹ ਜੀਵਨ ਹੀ ਹੈ ਤੇ ਇਸ ਅਉਸਰ ਦਾ ਲਾਭ ਸਾਨੂੰ ਕਿਵੇਂ ਮਿਲਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥”

ਪ੍ਰਮਾਤਮਾ ਨੂੰ ਪਾਉਂਣ ਦਾ ਇੱਕੋ ਇੱਕ ਤਰੀਕਾ ਆਪਣੀ ਮੈਂ ਛੱਡਣ ਦਾ ਹੈ, ਆਪਣੀ ਹਉਮੈ ਛੱਡਣ ਦਾ ਹੈ ਭਾਵ ਆਪਣੀ ਨਾਸਮਝ ਮਤਿ ਨੂੰ ਛੱਡਣ ਦਾ ਹੈ, ਮਾਇਆ ਮੋਹ ਨੂੰ ਛੱਡਣ ਦਾ ਹੈ ਜਿਸਨੂੰ ਕੋਈ ਛੱਡਣਾ ਨਹੀਂ ਚਾਹੁੰਦਾ ਕਿਉਂਕਿ ਹਰ ਕੋਈ ਮਾਇਆ ਦੇ ਸੁੱਖਾਂ ਵਿੱਚ ਹੀ ਆਪਣਾ ਅਸਲ ਸੁੱਖ ਸਮਝਦਾ ਹੈ। ਗੁਰੂ ਦੀ ਮਤਿ ਸਾਨੂੰ ਬਾਰ-ਬਾਰ ਇਹ ਸਮਝਾਉਂਦੀ ਹੈ ਕਿ ਮਨੁੱਖ ਆਪਣੀ ਮਤਿ ਛੱਡ ਕੇ ਤੇ ਗੁਰੂ ਦੀ ਮਤਿ ਲੈ ਕੇ ਉਹ ਕੁਝ ਕਰੇ ਜੋ ਗੁਰੂ ਨੂੰ ਭਾਉਂਦਾ ਹੈ। ਸਾਡੇ ਲਈ ਉੱਦਮ ਇਹੀ ਹੈ ਕਿ ਅਸੀਂ ਆਪਣੀ ਮਤਿ ਨੂੰ ਛੱਡਣ ਦਾ ਉੱਦਮ ਕਰੀਏ ਤੇ ਕਿਰਪਾ ਪ੍ਰਮਾਤਮਾ ਆਪ ਹੀ ਕਰਦਾ ਹੈ ਕਿ ਉਹ ਕਿਸੇ ਦੀ ਲਾਜ ਰੱਖਣ ਦੁਆਰਾ ਪੂਰੀ ਤਰ੍ਹਾਂ ਮਾਇਆ ਮੋਹ ਵਿੱਚੋਂ ਕੱਢ ਦਿੰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ **“ਜਨੁ”** ਬਣਾਉਂਦਾ ਹੈ, ਆਪਣੇ ਮੇਲ ਦੁਆਰਾ ਆਪਣਾ ਜਨੁ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। **(ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥)**

ਭਗਤੀ ਦਾ ਮਾਰਗ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਰੀ ਗੱਲ ਮਨ ਦੀਆਂ ਇੱਛਾਵਾਂ ਨੂੰ ਤਿਆਗਣ ਦੀ ਹੈ ਭਾਵ ਮਾਇਆ ਮੋਹ ਤਿਆਗਣ ਦੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰ ਸਕੀਏ ਤੇ ਇਹੀ

ਭਗਤੀ ਦਾ ਸੱਚਾ ਮਾਰਗ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਭਗਤੀ ਨੂੰ ਲੈ ਕੇ ਸਭ ਪਾਸੇ ਨਾਸਮਝੀ ਹੈ ਜਿਸ ਵਿੱਚ ਸਭ ਤੋਂ ਜਿਆਦਾ ਨਾਸਮਝੀ ਨਾਮ ਨੂੰ ਸਮਝਣ ਵਿੱਚ ਹੈ। ਨਾਮ ਨੇ ਹੀ ਸਾਨੂੰ ਸੱਚੀ ਭਗਤੀ ਦੇ ਮਾਰਗ ਤੇ ਤੋਰਨਾ ਹੈ। ਅਸੀਂ ਨਾਮ ਨੂੰ ਆਪਣੀ ਕਥਨੀ ਬਣਾਇਆ ਹੋਇਆ ਹੈ ਜਦਕਿ ਨਾਮ ਦਾ ਮਕਸਦ ਸਾਡੀ ਕਰਨੀ ਦੇ ਨਾਲ ਹੈ। ਅਸੀਂ ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਕਿਸੇ ਅੱਖਰ ਦੀ ਕਥਨੀ ਕਰਨ ਦੁਆਰਾ ਦਿਖਾਉਂਦੇ ਹਾਂ ਜਿਸਨੂੰ ਅਸੀਂ ਨਾਮ ਜੱਪਣਾ ਸਮਝਦੇ ਹਾਂ। ਅਸੀਂ ਇਹੋ

ਜਿਹਾ ਪਿਆਰ ਦਿਖਾਉਂਣ ਦੇ ਬਦਲੇ ਗੁਰੂ ਕੋਲੋਂ ਪਿਆਰ ਦੀ ਉਮੀਦ ਰੱਖਦੇ ਹਾਂ। ਪਿਆਰ ਦਿਖਾਉਂਣ ਦੇ ਪਿੱਛੇ ਕੋਈ ਮਕਸਦ ਵੀ ਹੁੰਦਾ ਹੈ। ਜਿੱਥੇ ਕਿਸੇ ਦਾ ਆਪਸ ਵਿੱਚ ਪਿਆਰ ਹੁੰਦਾ ਹੈ ਉਹ ਇੱਕ ਦੂਜੇ ਦੇ ਕੰਮ ਆਉਂਦੇ ਹਨ। ਜੇਕਰ ਅਸੀਂ ਗੁਰੂ ਦੇ ਕੰਮ ਆਵਾਂਗੇ ਤੇ ਫਿਰ ਤਾਂ ਹੀ ਗੁਰੂ ਸਾਡੇ ਕੰਮ ਆਵੇਗਾ ਭਾਵ ਆਪਣਾ ਪਿਆਰ ਦਿਖਾਵੇਗਾ। ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਦੀ ਮੰਗ ਕਰਦੇ ਹਾਂ ਤੇ ਗੁਰੂ ਸਾਡੀ ਮੰਗ ਤਾਂ ਹੀ ਮੰਨੇਗਾ ਜੇਕਰ ਪਹਿਲਾਂ ਅਸੀਂ ਗੁਰੂ ਦੀ ਮੰਗ ਨੂੰ ਮੰਨਾਂਗੇ। ਗੁਰੂ ਸਭ ਕੋਲੋਂ ਇੱਕੋ ਇੱਕ ਮੰਗ ਕਰਦਾ ਹੈ ਕਿ ਅਸੀਂ ਉਹ ਕੁਝ ਕਰੀਏ ਜੋ ਗੁਰੂ ਨੂੰ ਚੰਗਾ ਲੱਗਦਾ ਹੈ ਭਾਵ ਗੁਰੂ ਦੀ ਹਰ ਗੱਲ ਨੂੰ ਮੰਨੀਏ। ਕਿਸੇ ਦੇ ਨਾਲ ਦੋਸਤੀ, ਪਿਆਰ ਉੱਥੇ ਨਿਭਦਾ ਹੈ ਜਿੱਥੇ ਇੱਕ ਦੂਜੇ ਦਾ ਸਾਥ ਦੇਈਏ। ਜਦ ਤਕ ਅਸੀਂ ਗੁਰੂ ਦਾ ਸਾਥ ਨਹੀਂ ਦੇਵਾਂਗੇ ਫਿਰ ਗੁਰੂ ਸਾਡਾ ਸਾਥ ਕਿਵੇਂ ਦੇ ਸਕਦਾ ਹੈ। ਅਸੀਂ ਗੁਰੂ ਦੇ ਨਾਲ ਝੂਠੀ ਦੋਸਤੀ ਨਿਭਾਉਂਣਾ ਚਾਹੁੰਦੇ ਹਾਂ ਭਾਵ ਕੇਵਲ ਕਥਨੀ ਦੁਆਰਾ ਗੁਰੂ ਨਾਲ ਆਪਣੀ ਦੋਸਤੀ ਦਿਖਾਉਂਣਾ ਚਾਹੁੰਦੇ ਹਾਂ ਤੇ ਉਸਨੂੰ ਹੀ ਆਪਣੀ ਸੱਚੀ ਦੋਸਤੀ ਸਮਝਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ। ਗੁਰੂ ਦੇ ਨਾਲ ਪਿਆਰ ਕੇਵਲ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਪੈ ਸਕਦਾ ਹੈ ਭਾਵ ਨਾਮ ਦੇ ਅਸਲ ਮਕਸਦ ਨੂੰ ਪੂਰਾ ਕਰਨ ਦੁਆਰਾ ਹੀ ਪੈ ਸਕਦਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਕੋਲੋਂ ਹੇਠ ਦਿੱਤੇ ਸ਼ਬਦਾਂ ਦੁਆਰਾ ਨਾਮ ਜੱਪਣਾ ਸਿੱਖੀਏ।

ਸਲੋਕ ਮਃ ੧ ॥

“ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥
ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥”

(ਅੰਗ ੧੨੮੮)

ਮਃ ੧ ॥

“ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥”

(ਅੰਗ ੧੨੮੮)

42/5529

ਪਉੜੀ ॥

“ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥
ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥ ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥
ਗਹਿਰ ਗਭੀਰ ਅਥਾਹੁ ਹਾਥ ਨ ਲਭਈ ॥ ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥
ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥ ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥”

(ਅੰਗ ੧੨੮੮)

ਉਪਰਲੀਆਂ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਨੂੰ ਆਪਸ ਵਿੱਚ ਦੋਸਤੀ ਹੀ ਸਮਝਾਈ ਹੋਈ ਹੈ ਕਿ ਦੋਸਤੀ ਦਾ ਤਰੀਕਾ ਕੀ ਹੁੰਦਾ ਹੈ ਭਾਵ ਇੱਕ ਦੂਜੇ ਨਾਲ ਪਿਆਰ ਦਿਖਾਉਂਣਾ ਕੀ ਹੁੰਦਾ ਹੈ। ਰੂਪ ਦੀ ਤੇ ਕਾਮ ਦੀ ਆਪਸ ਵਿੱਚ ਦੋਸਤੀ ਹੈ ਜੋ ਕਿ ਸੱਚੀ ਦੋਸਤੀ ਹੈ। ਰੂਪ ਸਰੀਰਕ ਸੁੰਦਰਤਾ ਹੈ ਜੋ ਦੂਸਰੇ ਦੇ ਅੰਦਰ ਕਾਮ ਦੀ ਉਤੇਜਨਾ ਪੈਦਾ ਕਰਦਾ ਹੈ। ਰੂਪ ਦਾ ਮਕਸਦ ਕਾਮ ਪੂਰਾ ਕਰਦਾ ਹੈ ਤੇ ਕਾਮ ਦਾ ਮਕਸਦ ਰੂਪ ਪੂਰਾ ਕਰਦਾ ਹੈ ਭਾਵ ਇਹ ਇੱਕ ਦੂਸਰੇ ਦੇ ਕੰਮ ਆਉਂਦੇ ਹਨ ਜੋ ਕਿ ਸੱਚਾਈ ਹੈ ਤੇ ਇਸੇ ਲਈ ਇਹਨਾਂ ਦੀ ਦੋਸਤੀ ਸੱਚੀ ਹੈ, ਪੱਕੀ ਹੈ। ਇਸੇ ਤਰ੍ਹਾਂ ਭੁੱਖ ਤੇ ਸਵਾਦ ਦੀ ਆਪਸ ਵਿੱਚ ਗੰਢ ਹੈ ਭਾਵ ਜੋੜ ਹੈ, ਮੇਲ ਹੈ, ਦੋਸਤੀ ਹੈ। ਭੁੱਖ ਸਵਾਦ ਦੇ ਕੰਮ ਆਉਂਦੀ ਹੈ ਤੇ ਸਵਾਦ ਭੁੱਖ ਦੇ ਕੰਮ ਆਉਂਦਾ ਹੈ। ਭੁੱਖ ਦੇ ਨਾਲ ਸਵਾਦ ਵੱਧਦਾ ਹੈ ਤੇ ਜੇਕਰ ਕੋਈ ਵਸਤੂ ਸਵਾਦ ਹੁੰਦੀ ਹੈ ਉਹ ਭੁੱਖ ਨੂੰ ਵਧਾਉਂਦੀ ਹੈ ਭਾਵ ਇਹਨਾਂ ਦੀ ਮਿਤੱਰਤਾ ਸੱਚੀ ਹੈ, ਇਹ ਇੱਕ ਦੂਜੇ ਦਾ ਸਾਥ ਦਿੰਦੇ ਹਨ। ਇਸੇ ਤਰ੍ਹਾਂ ਮਨ ਦੇ ਲੋਭ ਦਾ ਤੇ ਧਨ ਦਾ ਆਪਸ ਵਿੱਚ ਮੇਲ ਹੈ ਤੇ ਆਪਸ ਵਿੱਚ ਘੁਲੇ ਮਿਲੇ ਹੋਏ ਹਨ ਭਾਵ ਇੱਕ ਦੂਜੇ ਦੇ ਨਾਲ ਇਕਮਿਕ ਹਨ। ਮਨ ਦਾ ਲੋਭ ਸਾਨੂੰ ਧਨ ਕਮਾਉਂਣ ਦੀ ਇੱਛਾ ਨਾਲ ਜੋੜਦਾ ਹੈ ਤੇ ਧਨ ਸਾਡੇ ਅੰਦਰ ਹੋਰ ਧਨ ਦਾ ਲੋਭ ਵਧਾਉਂਦਾ ਹੈ ਭਾਵ ਲੋਭ ਤੇ

ਧਨ ਦੀ ਆਪਸ ਵਿੱਚ ਪੱਕੀ ਮਿਤੱਰਤਾ ਹੈ, ਸੱਚੀ ਮਿਤੱਰਤਾ ਹੈ ਭਾਵ ਦੋਨੋਂ ਇੱਕ ਦੂਸਰੇ ਦਾ ਸਾਥ ਦਿੰਦੇ ਹਨ। ਇਸੇ ਤਰ੍ਹਾਂ ਨੀਂਦ ਦਾ ਤੇ ਪਲੰਗ ਦਾ ਆਪਸ ਵਿੱਚ ਮੇਲ ਹੈ ਜੋ ਕਿ ਸੱਚਾ ਮੇਲ ਹੈ। ਨੀਂਦ ਦਾ ਸਾਥ ਪਲੰਗ ਦਿੰਦਾ ਹੈ ਭਾਵ ਉਹ ਪਲੰਗ ਛੋਟਾ ਹੀ ਕਿਉਂ ਨਾ ਹੋਵੇ ਪਰ ਉਸਦਾ ਮਕਸਦ ਮਨੁੱਖ ਦੀ ਨੀਂਦ ਦੇ ਕੰਮ ਆਉਂਦਾ ਹੈ। ਪਲੰਗ ਦਾ ਮਕਸਦ ਉਸਦੇ ਉਪਰ ਨੀਂਦ ਕਰਨ ਵਾਲਾ ਹੀ ਪੂਰਾ ਕਰਦਾ ਹੈ, ਪਲੰਗ ਦੀ ਕੀਮਤ ਉਸ ਤੇ ਸੌਣ ਵਾਲਾ ਹੀ ਪਾਉਂਦਾ ਹੈ ਭਾਵ ਇਹਨਾਂ ਦਾ ਸਾਥ ਪੱਕਾ ਹੈ, ਇਹਨਾਂ ਦੀ ਦੋਸਤੀ ਪੱਕੀ ਹੈ ਜੋ ਇੱਕ ਦੂਜੇ ਦੇ ਕੰਮ ਆਉਂਦੀ ਹੈ। **(ਰੂਪੈ ਕਾਮੈ ਦੋਸਤੀ ਭੂਖੈ ਸਾਦੈ ਗੰਢੁ ॥ ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥)**

42/5530

ਸੱਚੀ ਦੋਸਤੀ ਕਿਹੋ ਜਿਹੀ ਹੁੰਦੀ ਹੈ, ਆਪਸ ਵਿੱਚ ਸੱਚਾ ਪਿਆਰ ਕਿਹੋ ਜਿਹਾ ਹੁੰਦਾ ਹੈ ਇਸ ਗੱਲ ਨੂੰ ਅਸੀਂ ਉਪਰਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਗੁਰੂ ਸਾਹਿਬ ਨੇ ਸਾਨੂੰ ਇਹੋ ਜਿਹੀ ਸੱਚੀ ਦੋਸਤੀ ਕਿਸ ਲਈ ਸਮਝਾਈ ਹੈ, ਕਿਸ ਮਕਸਦ ਲਈ ਸਮਝਾਈ ਹੈ, ਉਹ ਮਕਸਦ ਹੀ ਗੁਰੂ ਸਾਹਿਬ ਨੇ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥”

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਨਾਮ ਦਾ ਮਕਸਦ ਸਮਝਾਇਆ ਹੋਇਆ ਹੈ ਜਿਸ ਨਾਮ ਨੂੰ ਜਪਣ ਦੁਆਰਾ ਸਾਡਾ ਗੁਰੂ ਦੇ ਨਾਲ ਪਿਆਰ ਜੁੜਦਾ ਹੈ। ਨਾਮ ਦਾ ਮਕਸਦ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਸਮਝਦੇ ਆ ਰਹੇ ਹਾਂ। ਗੁਰੂ ਦੇ ਨਾਲ ਸਾਡਾ ਪਿਆਰ ਨਾਮ ਦੇ ਨਾਲ ਹੀ ਜੁੜਨਾ ਹੈ ਪਰ ਉਹ ਤਾਂ ਹੀ ਜੁੜੇਗਾ ਜੇਕਰ ਅਸੀਂ ਇੱਕ ਦੂਜੇ ਦੇ ਕੰਮ ਆਵਾਂਗੇ। ਗੁਰੂ ਸਾਨੂੰ ਬਾਰ-ਬਾਰ ਸਮਝਾਉਂਦਾ ਹੈ, ਸ਼ਬਦਾਂ ਦੁਆਰਾ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ ਭਾਵ ਆਪਣੀ ਨਾਮ ਰੂਪ ਮਤਿ ਦੇਣ ਦੁਆਰਾ ਸਮਝਾਉਂਦਾ ਹੈ ਕਿ ਮਾਇਆ ਮੋਹ ਛੱਡੋ, ਤ੍ਰਿਸ਼ਨਾਵਾਂ ਛੱਡੋ, ਅਉਗੁਣ ਛੱਡੋ, ਮਾੜੇ ਕਰਮ ਛੱਡੋ ਤੇ ਆਪਣੇ ਅੰਦਰ ਗੁਣ ਵਸਾਉਂਣ ਦੁਆਰਾ ਸੱਚੇ ਸੁੱਚੇ ਕਰਮ ਕਰੋ ਜੋ ਕਿ ਨਾਮ ਦਾ ਮਕਸਦ ਹੈ ਲੇਕਿਨ ਅਸੀਂ ਗੁਰੂ ਦਾ ਮਕਸਦ ਪੂਰਾ ਨਹੀਂ ਕਰਦੇ ਭਾਵ ਉਸਦੀ ਗੱਲ ਨੂੰ ਨਹੀਂ ਮੰਨਦੇ ਤੇ ਆਪਣੀ ਕਥਨੀ ਦੁਆਰਾ ਹੀ ਨਾਮ ਦੇ ਮਕਸਦ ਤੇ ਪੂਰਾ ਉਤਰਨਾ ਚਾਹੁੰਦੇ ਹਾਂ ਜੋ ਕਿ ਸਾਡੀ ਭੁੱਲ ਹੈ, ਅਗਿਆਨਤਾ ਹੈ ਤੇ ਸਾਡੀ ਨਾਮ ਨੂੰ ਲੈ ਕੇ ਇਹ ਅਗਿਆਨਤਾ ਹੀ ਉਪਰਲੀਆਂ ਪੰਗਤੀਆਂ ਰਾਹੀਂ ਦ੍ਰਿਸ਼ਟਾਈ ਹੋਈ ਹੈ। ਨਾਮ ਸਾਨੂੰ ਕਥਨੀ ਨਹੀਂ ਸਿਖਾਉਂਦਾ ਭਾਵ ਬੋਲ ਬੋਲ ਕੇ ਰੋਲਾ ਪਾਉਂਣਾ ਨਹੀਂ ਸਿਖਾਉਂਦਾ। ਨਾਮ ਦਾ ਮਕਸਦ ਹੈ ਕਿ ਅਸੀਂ ਆਪਣੇ ਅੰਦਰ ਦੇ ਕ੍ਰੋਧ ਨੂੰ ਨਿਵਾਰੀਏ। ਸਾਡੇ ਅੰਦਰ ਦਾ ਇਹ ਕ੍ਰੋਧ ਸਾਡੇ ਅੰਦਰ ਨਾਮ ਦੀ ਵਿਰੋਧਤਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਵਿਰੋਧਤਾ ਹੈ। ਅਸੀਂ ਆਪਣੇ ਅੰਦਰੋਂ ਉਹਨਾਂ ਵਿਚਾਰਾਂ ਨੂੰ ਨਹੀਂ ਛੱਡਦੇ ਜਿਨ੍ਹਾਂ ਕਰਕੇ ਅਸੀਂ ਗੁਰੂ ਦੀ ਮਤਿ ਦੇ ਨਾਲ ਵਿਰੋਧਤਾ ਦਿਖਾਉਂਦੇ ਹਾਂ, ਸੱਚ ਨਾਲ ਆਪਣਾ ਕ੍ਰੋਧ ਦਿਖਾਉਂਦੇ ਹਾਂ ਕਿਉਂਕਿ ਅਸੀਂ ਮਾਇਆ ਮੋਹ

42/5531

ਨੂੰ ਛੱਡਣਾ ਨਹੀਂ ਚਾਹੁੰਦੇ ਜੋ ਕਿ ਗੁਰੂ ਦੇ ਨਾਲ ਪਿਆਰ ਦਿਖਾਉਂਣ ਦਾ ਅਸਲ ਤਰੀਕਾ ਹੈ ਤੇ ਕੇਵਲ ਕਥਨੀ ਕਰੀ ਜਾਣ ਦੁਆਰਾ ਹੀ, ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਬੋਲ ਬੋਲ ਕੇ ਰੋਲਾ ਪਾਈ ਜਾਣ ਨੂੰ ਹੀ ਗੁਰੂ ਨਾਲ ਆਪਣਾ ਪਿਆਰ ਦਿਖਾਉਂਣਾ ਸਮਝਦੇ ਹਾਂ ਜਿਸ ਕਰਕੇ ਇਹੋ ਜਿਹਾ ਨਾਮ ਜਪਣ ਵਾਲਿਆਂ ਨੂੰ **ਫਕੜੁ** ਕਿਹਾ ਹੈ, ਅੰਨਾ ਕਿਹਾ ਹੈ ਭਾਵ ਨਾਸਮਝ ਕਿਹਾ ਹੈ ਜਿਨ੍ਹਾਂ ਨੂੰ ਨਾਮ ਦੀ ਸਮਝ ਹੀ ਨਹੀਂ ਹੈ ਕਿ ਨਾਮ ਦੁਆਰਾ ਗੁਰੂ ਦੇ ਨਾਲ ਪਿਆਰ ਪਾਉਂਣਾ ਕੀ ਹੈ। ਇਹੋ ਜਿਹੇ ਬੇਸਮਝਾਂ ਨੂੰ ਗੁਰੂ ਸਾਹਿਬ ਇਹੀ ਸਮਝਾ ਰਹੇ ਹਨ, ਤਾੜਨਾ ਦੇਣ ਦੁਆਰਾ ਸਮਝਾ ਰਹੇ ਹਨ ਕਿ ਇਹੋ ਜਿਹੇ ਰੋਲਾ ਪਾਉਂਣ ਨਾਲੋਂ ਤੁਸੀਂ ਚੁੱਪ ਹੀ ਚੰਗੇ ਹੋ ਕਿਉਂਕਿ ਤੁਹਾਡੇ ਅੰਦਰ ਨਾਮ ਨਹੀਂ ਹੈ ਭਾਵ ਤੁਹਾਡੇ ਅੰਦਰ ਗੁਰਮਤਿ ਨਹੀਂ ਹੈ ਤੇ ਐਵੈਂ ਮੁੰਹੋਂ ਜੋ ਕੁਝ ਬੋਲੀ ਜਾ ਰਹੇ ਹੋ ਉਸ ਵਿੱਚ ਕੋਈ ਸੱਚਾਈ ਨਹੀਂ ਹੈ ਭਾਵ ਝੂਠ ਹੈ, **ਗੰਧੁ** ਹੈ ਜਿਸ ਤਰੀਕੇ ਗੁਰੂ ਦੇ ਨਾਲ ਦੋਸਤੀ ਨਹੀਂ ਨਿਭਾਈ ਜਾ ਸਕਦੀ, ਪਿਆਰ ਨਹੀਂ ਪਾਇਆ ਜਾ ਸਕਦਾ ਭਾਵ ਉਹੋ ਜਿਹੀ ਦੋਸਤੀ ਨਿਭਾਉਂਣੀ ਸਿੱਖੋ ਜਿਹੋ ਜਿਹੀ ਦੋਸਤੀ ਨਿਭਾਉਂਣੀ ਤੁਹਾਨੂੰ ਪਹਿਲੀਆਂ ਪੰਗਤੀਆਂ ਦੁਆਰਾ ਸਮਝਾਈ ਹੈ। **(ਰੂਪੈ ਕਾਮੈ ਦੋਸਤੀ ਭੂਖੈ ਸਾਦੈ ਗੰਢੁ ॥ ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥ ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥)**

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥
ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥
ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

{ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥
ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥}

(ਅੰਗ ੫੬੫)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}

(ਅੰਗ ੭੩੨)

{ਗੋਬਿਦ ਕੀ ਐਸੀ ਕਾਰ ਕਮਾਇ ॥
ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥੧॥ ਰਹਾਉ ॥
ਗੋਬਿਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ ॥
ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ ॥੧॥
ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ ॥
ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ ॥੨॥
ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥੩॥
ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥ ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ ॥

ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ ॥੫॥੪॥}

(ਅੰਗ ੧੧੯੯)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

42/5532

ਗੁਰੂ ਪ੍ਰਮਾਤਮਾ ਨਾਲ ਸਾਡਾ ਪਿਆਰ ਮਨ ਦੀ ਸਮਝ ਨਾਲ ਹੀ ਜੁੜਦਾ ਹੈ ਨਾ ਕਿ ਜੁਬਾਨ ਦੇ ਨਾਲ। ਜੁਬਾਨੀ ਜਿਤਨਾ ਮਰਜੀ ਬੋਲੀ ਜਾਵੋ ਪਰ ਅੰਦਰੋਂ ਸਾਡਾ ਮਨ ਸ਼ਬਦ ਦੀ ਮਤਿ ਨਾਲ ਇੱਕ ਨਹੀਂ ਹੁੰਦਾ ਜਿਸ ਕਰਕੇ ਮਨ ਸ਼ਬਦ ਦੀ ਵਿਰੋਧਤਾ ਕਰਦਾ ਹੈ। ਮਨ ਦੇ ਵਿੱਚੋਂ ਹਉਮੈ ਛੱਡੇ ਬਿਨਾਂ, ਮਾਇਆ ਮੋਹ ਛੱਡੇ ਬਿਨਾਂ, ਆਪਣੀਆਂ ਤ੍ਰਿਸ਼ਨਾਵਾਂ ਛੱਡੇ ਬਿਨਾਂ ਸ਼ਬਦ ਨਾਲ ਪਿਆਰ ਨਹੀਂ ਜੁੜਦਾ। ਸ਼ਬਦ ਦੀ ਗੱਲ ਅਸੀਂ ਤਾਂ ਹੀ ਮੰਨ ਸਕਦੇ ਹਾਂ ਜੇਕਰ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗੀਏ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਉਹ ਕੁਝ ਕਰਦੇ ਹਾਂ ਭਾਵ ਉਹੋ ਜਿਹੇ ਕਰਮ ਕਰਦੇ ਹਾਂ ਜਿਨ੍ਹਾਂ ਲਈ ਸਾਨੂੰ ਸ਼ਬਦ ਦੀ ਮਤਿ ਮਨ੍ਹਾ ਕਰਦੀ ਹੈ ਤੇ ਅਸੀਂ ਸ਼ਬਦ ਦੀ ਵਿਰੋਧਤਾ ਕਰਦੇ ਹਾਂ ਭਾਵ ਮਨ ਦੇ ਵਿੱਚ ਤਾਂ ਵਿਰੋਧਤਾ ਹੈ ਪਰ ਮੁੱਖੋਂ ਅਸੀਂ ਸ਼ਬਦ ਬੋਲੀ ਜਾਣ ਦੁਆਰਾ ਅਸੀਂ ਆਪਣਾ ਪਿਆਰ ਜਤਾਉਂਦੇ ਹਾਂ ਇਸ ਕਰਕੇ ਸਾਡਾ ਪਿਆਰ ਝੂਠਾ ਹੈ। ਅਸੀਂ ਪ੍ਰਮਾਤਮਾ ਨਾਲ ਝੂਠਾ ਪਿਆਰ ਕਿਸ ਕਰਕੇ ਦਿਖਾਉਂਦੇ ਹਾਂ ਭਾਵ ਨਾਮ ਦੀ ਮਤਿ ਨੂੰ ਕਿਸ ਕਰਕੇ ਨਹੀਂ ਮੰਨਦੇ ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ।

ਮਃ ੧ ॥

“ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥”

(ਅੰਗ ੧੨੮੮)

ਉਪਰ ਸਲੋਕ ਰਾਹੀਂ ਸਾਨੂੰ ਨਾਮ ਬਾਰੇ ਹੀ ਸਮਝਾਇਆ ਹੋਇਆ ਹੈ ਕਿ ਨਾਮ ਨੂੰ ਨਾ ਮੰਨਣਾ ਕੀ ਹੈ, ਨਾਮ ਦੀ ਵਿਰੋਧਤਾ ਕੀ ਹੈ ਭਾਵ ਨਾਮ ਨਾਲ ਪਿਆਰ ਨਾ ਜੁੜਨ ਦਾ ਕਾਰਨ ਕੀ ਹੈ ਇਸ ਗੱਲ ਨੂੰ ਅੱਗੇ ਸਲੋਕਾਂ ਦੀ ਪਉੜੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਸ ਤੇ ਚੱਲਣਾ ਹਰ ਕਿਸੇ ਲਈ ਅਉਖਾ ਹੈ।

“ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥”

42/5533

ਉਪਰ ਪੰਗਤੀ ਰਾਹੀਂ ਮਨੁੱਖ ਦੇ ਪੰਜ ਠੱਗ ਗਿਣਵਾਏ ਹੋਏ ਹਨ ਜਿਨ੍ਹਾਂ ਠੱਗਾਂ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਠੱਗਿਆ ਹੋਇਆ ਹੈ। ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਨੇ ਸਭ ਦੇ ਅੰਦਰ ਹਉਮੈ ਪਾਈ ਹੋਈ ਹੈ, ਮਾਇਆ ਮੋਹ ਪਾਇਆ ਹੋਇਆ ਹੈ ਤੇ ਮਾਇਆ ਨੂੰ ਠੱਗਣੀ ਕਿਹਾ ਹੈ ਕਿ ਇਹ ਸਾਰੇ ਸੰਸਾਰ ਨੂੰ ਠੱਗਦੀ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਮਾਇਆ ਦੀ ਠੱਗੀ ਹੀ ਸਮਝਾਈ ਹੋਈ ਹੈ ਕਿ ਉਹ ਕਿਸ ਤਰੀਕੇ ਸਾਰੇ ਸੰਸਾਰ ਨੂੰ ਠੱਗਦੀ ਹੈ। ਮਾਇਆ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਹੀ ਠੱਗਦੀ

ਹੈ, ਮਨ ਦੇ ਵਿੱਚ ਤ੍ਰਿਸ਼ਨਾਵਾਂ ਪੈਦਾ ਕਰਨ ਦੁਆਰਾ ਠੱਗਦੀ ਹੈ। ਉਪਰ ਜੋ ਪੰਜ ਠੱਗ ਗਿਣਾਏ ਹੋਏ ਹਨ ਉਹ ਸਾਰੇ ਸੰਸਾਰ ਦੀਆਂ ਤ੍ਰਿਸ਼ਨਾਵਾਂ ਹੀ ਹਨ ਜਿਸ ਤ੍ਰਿਸ਼ਨਾ ਨੂੰ ਹਰ ਕੋਈ ਪੂਰਾ ਕਰਨਾ ਚਾਹੁੰਦਾ ਹੈ। ਜੋ ਚੀਜ ਸਾਡੇ ਮਨ ਨੂੰ ਭਾਉਂਦੀ ਹੈ, ਚੰਗੀ ਲੱਗਦੀ ਹੈ ਉਸਦੀ ਪ੍ਰਾਪਤੀ ਕਰਨਾ ਹੀ ਸਾਡੀ ਤ੍ਰਿਸ਼ਨਾ ਹੈ। **ਰਾਜ** ਸਭ ਨੂੰ ਚੰਗਾ ਲੱਗਦਾ ਹੈ ਜਿਸਦੀ ਪ੍ਰਾਪਤੀ ਲਈ ਜਦ ਦਾ ਸੰਸਾਰ ਬਣਿਆ ਹੈ ਉਸ ਕਰਕੇ ਲੜਾਈਆਂ ਹੁੰਦੀਆਂ ਆ ਰਹੀਆਂ ਹਨ ਤੇ ਅੱਜ ਵੀ ਹੋ ਰਹੀਆਂ ਹਨ। ਰਾਜ ਦੀ ਪ੍ਰਾਪਤੀ ਲਈ ਕਿਤਨੇ ਕੂ ਮਾੜੇ ਕਰਮ ਕਰਨੇ ਪੈਂਦੇ ਹਨ, ਕਿਤਨਿਆਂ ਨੂੰ ਦੁੱਖ ਦੇਣਾ ਪੈਂਦਾ ਹੈ, ਕਿਤਨਿਆਂ ਨੂੰ ਉਜਾੜਨਾ ਪੈਂਦਾ ਹੈ ਭਾਵ ਕਿਤਨਿਆਂ ਦਾ ਹੱਕ ਖੋਹਣਾ ਪੈਂਦਾ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਰਾਜ ਦੀ ਲਾਲਸਾ ਸਾਡੇ ਮਨ ਦੀ ਇੱਛਾ ਹੀ ਹੈ, ਬਹੁਤ ਵੱਡੀ ਇੱਛਾ ਹੈ ਭਾਵ ਇਹ ਮਨ ਦੀ ਇੱਛਾ ਹੀ ਸਾਨੂੰ ਠੱਗਦੀ ਹੈ। ਸਮਝਣ ਦੀ ਗੱਲ ਇਹ ਹੈ ਕਿ ਇਹ ਠੱਗਦੀ ਕਿਸਨੂੰ ਹੈ ਭਾਵ ਸਾਨੂੰ ਠੱਗ ਕਿਸ ਰੂਪ ਵਿੱਚ ਬਣਾਉਂਦੀ ਹੈ। ਜਦੋਂ ਅਸੀਂ ਤ੍ਰਿਸ਼ਨਾ ਦੀ ਪੂਰਤੀ ਲਈ ਮਾੜੇ ਕਰਨ ਕਰਦੇ ਹਾਂ ਤਾਂ ਅਸੀਂ ਸੱਚ ਦੇ ਨਾਲ ਠੱਗੀ ਕਰਦੇ ਹਾਂ ਭਾਵ ਨਾਮ ਦੇ ਨਾਲ ਠੱਗੀ ਕਰਦੇ ਹਾਂ, ਗੁਰੂ ਦੀ ਮਤਿ ਦੇ ਨਾਲ ਠੱਗੀ ਕਰਦੇ ਹਾਂ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਠੱਗੀ ਕਰਦੇ ਹਾਂ। ਇਹੋ ਜਿਹੀ ਠੱਗੀ ਕਰਦੇ ਹੋਏ ਕੀ ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਆਪਣੇ ਆਪ ਨੂੰ ਪਿਆਰ ਕਰਨ ਵਾਲਾ ਸਮਝ ਸਕਦੇ ਹਾਂ ਭਾਵ ਕੀ ਸਾਡੀ ਦੋਸਤੀ ਹੋ ਸਕਦੀ ਹੈ ਭਾਵ ਨਹੀਂ ਹੋ ਸਕਦੀ ਕਿਉਂਕਿ ਅਸੀਂ ਰਾਜ ਦੀ ਪ੍ਰਾਪਤੀ ਲਈ ਕਰਮ ਮਾੜੇ ਕਰਦੇ ਹਾਂ। ਕਰਮ ਤਾਂ ਅਸੀਂ ਮਾੜੇ ਕਰੀ ਜਾਂਦੇ ਹਾਂ ਭਾਵ ਮਨ ਦੇ ਵਿੱਚ ਤਾਂ ਗੁਰੂ ਦੀ ਮਤਿ ਦੇ ਨਾਲ ਵਿਰੋਧ ਦਿਖਾਉਂਦੇ ਹਾਂ

42/5534

ਭਾਵ ਸਾਡੇ ਅੰਦਰ ਦਾ ਕ੍ਰੋਧ ਹੈ ਪਰ ਬਾਹਰੋਂ ਅਸੀਂ ਪਿਆਰ ਦਿਖਾਉਂਦੇ ਹਾਂ, ਕਿਸੇ ਅੱਖਰ ਨੂੰ ਰੱਟੀ ਜਾਣ ਦੁਆਰਾ ਪ੍ਰੀਤ ਦਿਖਾਉਂਦੇ ਹਾਂ, ਸ਼ਬਦਾਂ ਨੂੰ ਕੇਵਲ ਕਥੀ ਜਾਣ ਦੁਆਰਾ ਪ੍ਰੀਤ ਦਿਖਾਉਂਦੇ ਹਾਂ ਭਾਵ ਗੁਰੂ ਪ੍ਰਮਾਤਮਾ ਨਾਲ ਆਪਣੀ ਦੋਸਤੀ ਦਿਖਾਉਂਦੇ ਹਾਂ ਜੋ ਕਿ ਝੂਠੀ ਦੋਸਤੀ ਹੈ। ਗੁਰੂ ਇਹੋ ਜਿਹੀ ਦੋਸਤੀ ਕਬੂਲ ਨਹੀਂ ਕਰਦਾ ਜਿਸ ਕਰਕੇ ਸਾਨੂੰ ਪਿਛਲੇ ਸਲੋਕ ਰਾਹੀਂ ਝਾੜ ਪਾਈ ਹੋਈ ਹੈ, ਸਾਨੂੰ ਸੁਧਾਰਨ ਲਈ ਝਾੜ ਪਾਈ ਹੋਈ ਹੈ ਭਾਵ ਸਾਡੇ ਚੰਗੇ ਲਈ, ਸਾਡੇ ਭਲੇ ਲਈ ਝਾੜ ਪਾਈ ਹੋਈ ਹੈ ਕਿਉਂਕਿ ਗੁਰੂ ਸਭ ਦਾ ਭਲਾ ਹੀ ਕਰਦਾ ਹੈ। ਸਾਡਾ ਜੋ ਵੀ ਕਰਮ ਗੁਰਮਤਿ ਦੇ ਉਲਟ ਹੈ ਉਸ ਰਾਹੀਂ ਅਸੀਂ ਗੁਰੂ ਦੀਆਂ ਨਜਰਾਂ ਵਿੱਚ ਆਪਣੇ ਆਪ ਨੂੰ ਠੱਗ ਹੀ ਬਣਾਉਂਦੇ ਹਾਂ ਭਾਵ ਨਾਮ ਦੇ ਚੋਰ ਹੀ ਬਣਾਉਂਦੇ ਹਾਂ। ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਹੀ ਸਾਨੂੰ ਠੱਗ ਬਣਾਉਂਦੀਆਂ ਹਨ ਕਿਉਂਕਿ ਸਭ ਤੋਂ ਪਹਿਲੇ ਇਹ ਸਾਡੀ ਮਤਿ ਨੂੰ ਮਾੜਾ ਬਣਾਉਂਦੀਆਂ ਹਨ ਜਿਸ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ। ਜਿਵੇਂ ਰਾਜ ਦੀ ਪ੍ਰਾਪਤੀ ਸਭ ਨੂੰ ਚੰਗੀ ਲੱਗਦੀ ਹੈ ਇਸੇ ਤਰ੍ਹਾਂ **"ਮਾਲੁ"** ਭਾਵ ਧਨ ਪ੍ਰਾਪਤ ਕਰਨ ਲਈ ਇੱਛਾ ਸਭ ਦੇ ਅੰਦਰ ਬਹੁਤ ਪ੍ਰਬਲ ਇੱਛਾ ਹੈ ਜਿਸ ਇੱਛਾ ਦੀ ਪੂਰਤੀ ਲਈ, ਵੱਧ ਤੋਂ ਵੱਧ ਧਨ ਕਮਾਉਂਣ ਦੀ ਇੱਛਾ ਲਈ ਸਾਨੂੰ ਅਨੇਕਾਂ ਨਾਲ ਠੱਗੀ ਮਾਰਨੀ ਪੈਂਦੀ ਹੈ ਭਾਵ ਅਨੇਕਾਂ ਦਾ ਹੱਕ ਮਾਰਨਾ ਪੈਂਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਆਪਣਾ **ਰੂਪੁ** ਭਾਵ ਆਪਣੀ ਸੁੰਦਰਤਾ ਸਭ ਨੂੰ ਲੁਭਾਉਂਦੀ ਹੈ ਜਿਸ ਕਰਕੇ ਅਸੀਂ ਸਮਾਜ ਵਿੱਚ ਇੱਕ ਦੂਜੇ ਤੋਂ ਭੇਦ ਭਾਵ ਬਣਾਉਂਦੇ ਹਾਂ ਜਿਵੇਂ ਕਿ ਗੋਰੇ ਕਾਲੇ ਦਾ ਭੇਦ ਕਰਦੇ ਹਾਂ ਜੋ ਸਾਡੇ ਅੰਦਰ ਇੱਕ ਦੂਜੇ ਲਈ ਨਫਰਤ ਪੈਦਾ ਕਰਦਾ ਹੈ ਭਾਵ ਰੂਪ ਕਰਕੇ ਅਸੀਂ ਚੰਗੇ ਮਾੜੇ ਦਾ ਭੇਦ ਕਰਦੇ ਹਾਂ ਜੋ ਕਿ ਮਨੁੱਖਤਾ ਦੇ ਨਾਲ ਭੇਦ ਭਾਵ ਹੈ। ਰੂਪ ਸਭ ਨੂੰ ਦੇਣ ਵਾਲਾ ਇੱਕੋ ਇੱਕ ਪ੍ਰਮਾਤਮਾ ਹੀ ਹੈ ਤੇ ਕਿਸੇ ਦੇ ਰੂਪ ਕਰਕੇ ਕਿਸੇ ਨੂੰ ਮਾੜਾ ਕਹਿਣਾ ਤੇ ਆਪਣੇ ਆਪ ਨੂੰ ਸੁੰਦਰ ਸਮਝਣਾ ਇਹ ਗੁਰਮਤਿ ਦੇ ਉਲਟ ਹੈ। ਸਮਾਜ ਦੇ ਵਿੱਚ ਅਕਸਰ ਦੇਖਿਆ ਜਾਂਦਾ ਹੈ ਕਿ ਇਸਤਰੀ ਆਪਣੀ ਸੁੰਦਰਤਾ ਕਰਕੇ ਘੱਟ ਸੁੰਦਰ ਇਸਤਰੀ ਨੂੰ ਮਾੜਾ ਕਹਿੰਦੀ ਹੈ ਭਾਵ ਸੁੰਦਰਤਾ ਸਭ ਨੂੰ ਮੋਹਦੀ ਹੈ ਜੋ ਸਾਨੂੰ ਸੱਚ ਦੇ ਉਲਟ ਚਲਾਉਂਦੀ ਹੈ। ਸੰਸਾਰ ਵਿੱਚ ਸਰੀਰਕ ਰੂਪ ਦਾ ਭੇਦ ਭਾਵ ਕਰਨਾ ਮਾੜੀ ਗੱਲ ਹੈ ਇਸ ਲਈ ਅਸੀਂ ਦੂਸਰਿਆਂ ਨੂੰ ਦੁੱਖ ਪਹੁੰਚਾਉਂਦੇ ਹਾਂ, ਦੂਸਰਿਆਂ ਨੂੰ ਨੀਵਾਂ

42/5535

ਦਿਖਾਉਂਦੇ ਹਾਂ, ਇੱਕ ਦੂਸਰੇ ਤੋਂ ਨਫਰਤ ਕਰਦੇ ਹਾਂ ਜੋ ਕਿ ਮਾੜਾ ਕਰਮ ਹੈ ਭਾਵ ਅਸੀਂ ਸੱਚ ਨਾਲ ਠੱਗੀ ਕਰਦੇ ਹਾਂ। ਕਿਸੇ ਵੀ ਮਨੁੱਖ ਨਾਲ ਰੂਪ ਕਰਕੇ ਭੇਦਭਾਵ ਕਰਨਾ ਗੁਰਮਤਿ ਦੇ ਉਲਟ ਹੈ। ਇਸੇ ਤਰ੍ਹਾਂ ਅਸੀਂ ਸੰਸਾਰ ਨੂੰ ਜਾਤਾਂ ਵਿੱਚ ਵੰਡਿਆ ਹੋਇਆ ਹੈ ਤੇ ਹਰ ਕੋਈ ਉੱਚੀ ਜਾਤਿ ਵਾਲਾ ਹੋਣ ਦੀ ਇੱਛਾ ਰੱਖਦਾ ਹੈ ਭਾਵ ਇਹਨਾਂ ਗੱਲਾਂ ਨਾਲ ਸੰਸਾਰ ਵਿੱਚ ਭੇਦਭਾਵ ਫੈਲਦਾ ਹੈ, ਨਫਰਤ ਫੈਲਦੀ ਹੈ ਤੇ ਜਾਤ ਕਰਕੇ ਕਿਸੇ ਨੂੰ ਨੀਵਾਂ ਕਹਿਣਾ, ਸਮਝਣਾ ਸੱਚ ਦੇ ਉਲਟ ਹੈ, ਨਾਮ ਦੇ ਉਲਟ ਹੈ ਭਾਵ ਗੁਰੂ ਦੀ ਸਿੱਖਿਆ ਦੇ ਉਲਟ ਹੈ ਭਾਵ **ਜਾਤਿ** ਦਾ ਭੇਦਭਾਵ ਕਰਨਾ ਸਾਡੇ ਅੰਦਰ ਦੀ ਮਾੜੀ ਤ੍ਰਿਸ਼ਨਾ ਹੈ ਕਿ ਅਸੀਂ ਉੱਚੀ ਜਾਤਿ ਵਾਲੇ ਹੋਈਏ ਜਿਸ ਵਿੱਚ ਅਸੀਂ ਆਪਣੀ ਇੱਜਤ ਸਮਝਦੇ ਹਾਂ। ਇਹੋ ਜਿਹੀ ਤ੍ਰਿਸ਼ਨਾ ਦੀ ਪੂਰਤੀ ਸਾਨੂੰ ਗੁਰੂ ਦੇ ਘਰ ਵਿੱਚ ਠੱਗ ਹੀ ਬਣਾਉਂਦੀ ਹੈ, ਗੁਰਮਤਿ

ਦਾ ਚੋਰ ਹੀ ਬਣਾਉਂਦੀ ਹੈ। ਇਸੇ ਤਰ੍ਹਾਂ ਆਪਣਾ **ਜੋਬਨੁ** ਸਭ ਨੂੰ ਪਿਆਰਾ ਲੱਗਦਾ ਹੈ ਕਿਉਂਕਿ ਜੋਬਨ ਵਿੱਚ ਰਹਿੰਦੇ ਹੋਏ ਮਾਯਾਵੀ ਸੁੱਖਾਂ ਦੇ ਭੋਗ ਚੰਗੇ ਲੱਗਦੇ ਹਨ ਤੇ ਹਰ ਕੋਈ ਇਸੇ ਲਈ ਜੋਬਨ ਵਿੱਚ ਹੀ ਰਹਿਣਾ ਚਾਹੁੰਦਾ ਹੈ ਤੇ ਬੁਢਾਪੇ ਤੋਂ ਡਰਦਾ ਹੈ ਕਿਉਂਕਿ ਉਦੋਂ ਮਾਇਆ ਦੇ ਸੁੱਖ ਭੋਗਣੇ ਔਖੇ ਲੱਗਦੇ ਹਨ, ਸਰੀਰ ਸਾਥ ਨਹੀਂ ਦਿੰਦਾ ਪਰ ਅੰਦਰ ਤ੍ਰਿਸ਼ਨਾਵਾਂ ਨਹੀਂ ਘੱਟਦੀਆਂ। ਤ੍ਰਿਸ਼ਨਾਵਾਂ ਦੀ ਪੂਰਤੀ ਮਨੁੱਖ ਜੋਬਨ ਦੇ ਵਿੱਚ ਪੂਰੀਆਂ ਕਰਨੀਆਂ ਚਾਹੁੰਦਾ ਹੈ ਜਿਸਦੀ ਪੂਰਤੀ ਲਈ ਉਸਨੂੰ ਅਨੇਕਾਂ ਮਾੜੇ ਕਰਮ ਵੀ ਕਰਨੇ ਪੈਂਦੇ ਹਨ ਜਿਵੇਂ ਕਿ ਅਸੀਂ ਸਭ ਪਾਸੇ ਦੇਖ ਸਕਦੇ ਹਾਂ। ਇਹ ਸਭ ਸਾਡੇ ਮਨ ਦੇ ਵਿਚਾਰ ਹੀ ਹਨ ਜੋ ਸਾਨੂੰ ਇੱਛਾਵਾਂ ਵਿੱਚ ਪਾ ਕੇ ਉਹਨਾਂ ਦੀ ਪ੍ਰਾਪਤੀ ਲਈ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ। ਸਾਡੇ ਅੰਦਰ ਦੀ ਮਾਇਆ ਸਾਨੂੰ ਇਸ ਤਰੀਕੇ ਠੱਗਦੀ ਰਹਿੰਦੀ ਹੈ, ਸਾਰੇ ਸੰਸਾਰ ਨੂੰ ਠੱਗਦੀ ਹੈ ਜਿਸ ਰਾਹੀਂ ਉਹ ਸਾਨੂੰ ਗੁਰੂ ਦੀ ਸੱਚੀ ਮਤਿ ਨਾਲ ਜੁੜਨ ਨਹੀਂ ਦਿੰਦੀ, ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਨਹੀਂ ਦਿੰਦੀ ਭਾਵ ਸਾਨੂੰ ਮਨ ਦੀ ਅਗਿਆਨਤਾ ਵਿੱਚ ਰੱਖ ਕੇ ਸੱਚੇ ਗਿਆਨ ਦੀ ਮਤਿ ਸਾਡੇ ਅੰਦਰ ਵੱਸਣ ਤੋਂ ਦੂਰ ਰੱਖਦੀ ਹੈ। ਇਹਨਾਂ ਵਿਚਾਰਾਂ ਤੋਂ, ਤ੍ਰਿਸ਼ਨਾਵਾਂ ਤੋਂ ਕੋਈ ਆਪਣੇ ਆਪ ਖਲਾਸੀ ਪਾ ਲਵੇ ਇਹ ਨਹੀਂ ਹੋ ਸਕਦਾ ਤੇ ਇਹਨਾਂ ਤੋਂ ਖਲਾਸੀ ਪਾਏ ਬਿਨਾਂ ਕਿਸੇ ਦੀ ਇੱਜਤ ਨਹੀਂ ਰਹਿ ਸਕਦੀ ਭਾਵ ਗੁਰੂ

42/5536

ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕਿਸੇ ਦੀ ਇੱਜਤ ਨਹੀਂ ਰਹਿੰਦੀ। ਮਾਇਆ ਮੋਹ ਨੇ ਸਾਰੇ ਸੰਸਾਰ ਨੂੰ ਹੀ ਬੰਨਿਆ ਹੋਇਆ ਹੈ ਭਾਵ ਮਨ ਦੀ ਨਾਸਮਝ ਮਤਿ ਨੇ ਸਾਰੇ ਸੰਸਾਰ ਨੂੰ ਹੀ ਬੰਨਿਆ ਹੋਇਆ ਹੈ ਤੇ ਸਾਡੀ ਸਮਝ ਸਾਡੇ ਵੱਸ ਨਹੀਂ ਹੈ ਜਿਸ ਕਰਕੇ ਕੋਈ ਵੀ ਆਪਣੇ ਆਪ ਮਨ ਦੀ ਠੱਗੀ ਵਿੱਚੋਂ ਨਹੀਂ ਨਿਕਲ ਸਕਦਾ ਤੇ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਆਪਣੀ ਇੱਜਤ ਨਹੀਂ ਬਚਾ ਸਕਦਾ। **(ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥)**

ਇਹਨਾਂ ਠੱਗਾਂ ਤੋਂ ਬੱਚਣ ਦਾ ਇੱਕੋ ਇੱਕ ਮਾਰਗ ਗੁਰੂ ਦੀ ਸਿੱਖਿਆ ਹੈ, ਗੁਰੂ ਦਾ ਸੱਚਾ ਗਿਆਨ ਹੈ ਜਿਸਨੂੰ ਮੰਨਣ ਦੁਆਰਾ ਹੀ ਇਹਨਾਂ ਠੱਗਾਂ ਤੋਂ ਬਚਿਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥

ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥”

ਜਿਨ੍ਹਾਂ ਠੱਗਾਂ ਨੇ ਸਾਰੇ ਸੰਸਾਰ ਨੂੰ ਠੱਗਿਆ ਹੋਇਆ ਹੈ ਉਹਨਾਂ ਠੱਗਾਂ ਨੂੰ ਫਿਰ ਕੌਣ ਠੱਗੇਗਾ। ਜਿੱਥੇ ਇਹ ਠੱਗ ਵੱਸਦੇ ਹਨ ਇਹਨਾਂ ਨੂੰ ਉਸੇ ਜਗ੍ਹਾ ਤੋਂ ਠੱਗਿਆ ਜਾ ਸਕਦਾ ਹੈ। ਇਹ ਠੱਗ ਵੱਸਦੇ ਵੀ ਸਾਡੇ ਅੰਦਰ ਹੀ ਹਨ ਤੇ ਇਹਨਾਂ ਠੱਗਾਂ ਨੂੰ ਠੱਗਣਾ ਵੀ ਅਸੀਂ ਆਪ ਹੀ ਹੈ ਭਾਵ ਅਸੀਂ ਆਪਣੇ ਆਪ ਨੂੰ ਹੀ ਠੱਗਣਾ ਹੈ। ਸਾਡੇ ਜੋ ਮਾੜੇ ਵਿਚਾਰ ਦੂਸਰਿਆਂ ਨੂੰ ਠੱਗਦੇ ਹਨ ਤੇ ਜੇਕਰ ਉਹਨਾਂ ਆਪਣੇ ਮਾੜੇ ਵਿਚਾਰਾਂ ਨੂੰ ਅਸੀਂ ਠੱਗਣਾ ਹੈ ਉਹ ਕਿਸ ਤਰੀਕੇ ਠੱਗਣਾ ਹੈ ਬਸ ਇਹੀ ਗੱਲ ਸਮਝਣ ਦੀ ਲੋੜ ਹੈ। ਅਸੀਂ ਮਾੜੇ ਵਿਚਾਰਾਂ ਨੂੰ ਸਮਝਾਉਂਣਾ ਹੀ ਹੈ ਕਿ ਕਿਸੇ ਨਾਲ ਠੱਗੀ ਕਰਨੀ ਮਾੜੀ ਗੱਲ ਹੈ। ਅਸੀਂ ਕਿਵੇਂ ਸਮਝਾਉਂਣਾ ਹੈ ਇਹੀ ਗੱਲ ਸਾਨੂੰ ਗੁਰੂ ਸਮਝਾਉਂਦਾ ਹੈ ਕਿਉਂਕਿ ਇਹਨਾਂ ਠੱਗਾਂ ਨੂੰ ਕਾਬੂ ਕਰਨ ਦਾ ਤਰੀਕਾ ਗੁਰੂ ਹੀ ਜਾਣਦਾ ਹੈ, ਪ੍ਰਮਾਤਮਾ ਆਪ ਹੀ ਜਾਣਦਾ ਹੈ ਜੋ ਆਪ ਹੀ ਵਿਚਾਰਾਂ ਦਾ ਮਾਲਕ ਹੈ। ਗੁਰੂ ਨੂੰ ਇਹ ਸਮਝ ਹੈ ਕਿ ਸਾਡੇ ਅੰਦਰ ਇਹ ਠੱਗੀ ਵਾਲੇ ਵਿਚਾਰ ਕਿਸ ਲਈ ਉਪਜਦੇ ਹਨ, ਕਿਸ ਮਕਸਦ ਲਈ ਉਪਜਦੇ ਹਨ। ਇਹਨਾਂ ਠੱਗਾਂ ਦਾ ਮੂਲ ਸਾਡੇ ਅੰਦਰ ਦੀ ਤ੍ਰਿਸ਼ਨਾ ਹੈ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਮਾੜੇ ਵਿਚਾਰਾਂ ਦਾ ਸਾਥ ਲੈਂਦੇ ਹਾਂ ਤੇ ਆਪਣੇ ਸੁਆਰਥ ਦੀ ਪੂਰਤੀ ਲਈ

42/5537

ਮਾੜੇ ਕਰਮ ਕਰਦੇ ਹਾਂ। ਸਾਡੇ ਮਾੜੇ ਸੁਆਰਥ ਹੀ ਇਹੀ ਸਾਡੇ ਅੰਦਰ ਮਾੜੇ ਵਿਚਾਰਾਂ ਨੂੰ ਪਾਲਦੇ ਹਨ। ਇਸੇ ਲਈ ਗੁਰੂ ਸਾਨੂੰ ਬਾਰ-ਬਾਰ ਸਮਝਾਉਂਦਾ ਹੈ ਕਿ ਮਨ ਦੀਆਂ ਇੱਛਾਵਾਂ ਨੂੰ ਵੱਸ ਵਿੱਚ ਰੱਖੋ ਜਿਸ ਰਾਹੀਂ ਅਸੀਂ ਕਿਸੇ ਦਾ ਬੁਰਾ ਨਾ ਕਰੀਏ, ਆਪਣੇ ਝੂਠੇ ਸੁਆਰਥ ਦੀ ਪੂਰਤੀ ਲਈ ਦੂਸਰਿਆਂ ਨੂੰ ਦੁੱਖੀ ਨਾ ਕਰੀਏ। ਸਾਰੀ ਗੱਲ ਆਪਣੀ ਨਾਸਮਝ ਮਤਿ ਨੂੰ ਸਮਝਾਉਂਣ ਦੀ ਹੀ ਹੈ, ਆਪਣੇ ਮਨ ਨੂੰ ਸੰਜਮ ਵਿੱਚ ਰੱਖਣ ਦੀ ਹੈ, ਆਪਣੇ ਮਨ ਨੂੰ ਜਿੱਤਣ ਦੀ ਹੀ ਹੈ। ਇਹੀ ਆਪਣੇ ਅੰਦਰ ਦੇ ਇਹਨਾਂ ਠੱਗਾਂ ਨੂੰ ਆਪ ਠੱਗਣਾ ਹੈ। ਠੱਗਣਾ ਅਸੀਂ ਝੂਠ ਨੂੰ ਹੀ ਹੈ ਤੇ ਝੂਠ ਨੂੰ ਸੱਚ ਦੇ ਨਾਲ ਹੀ ਠੱਗਿਆ ਜਾ ਸਕਦਾ ਹੈ ਤੇ ਸੱਚ ਕੇਵਲ ਗੁਰੂ ਦੇ ਕੋਲ ਹੈ। ਜੇਕਰ ਅਸੀਂ ਗੁਰੂ ਦੇ ਦੱਸੇ ਹੋਏ ਸੱਚ ਨੂੰ ਭਾਵ ਗੁਰੂ ਦੀ ਸਮਝਾਈ ਹੋਈ ਸਿੱਖਿਆ ਨੂੰ ਮੰਨ ਲੈਂਦੇ ਹਾਂ ਇਹੀ ਗੁਰੂ ਦੇ ਪੈਰੀ ਪੈਣਾ ਹੈ। **(ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥)** *ਜੋ ਇਸ ਤਰੀਕੇ ਆਪਣੇ ਅੰਦਰ ਦੇ ਠੱਗਾਂ ਨੂੰ ਠੱਗ ਲੈਂਦਾ ਹੈ ਭਾਵ ਗੁਰੂ ਦੀ*

ਸਿੱਖਿਆ ਨੂੰ ਮੰਨ ਲੈਂਦਾ ਭਾਵ ਜੋ ਮਨੁੱਖ ਕਿਸੇ ਦਾ ਮਾੜਾ ਨਹੀਂ ਕਰਦਾ ਉਹੀ ਕਰਮਾਂ ਵਾਲਾ ਹੈ ਭਾਵ ਭਾਗਾਂ ਵਾਲਾ ਹੈ ਜੋ ਗੁਰੂ ਨੂੰ ਚੰਗਾ ਲੱਗਦਾ ਹੈ ਤੇ ਜੋ ਇਹਨਾਂ ਠੱਗਾਂ ਨੂੰ ਆਪਣੇ ਅੰਦਰ ਵਸਾਈ ਰੱਖਦੇ ਹਨ ਭਾਵ ਮਾੜੇ ਕਰਮ ਕਰਦੇ ਹਨ ਉਹ ਸੰਸਾਰ ਤੋਂ ਖੁੱਦ ਹੀ ਆਪਣੇ ਆਪ ਨੂੰ ਠੱਗੀ ਮਰਵਾ ਕੇ ਜਾਂਦੇ ਹਨ ਭਾਵ ਆਪਣਾ ਜੀਵਨ ਵਿਅਰਥ ਕਰਕੇ ਜਾਂਦੇ ਹਨ। **(ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥)**

ਜੋ ਕੁਝ ਅਸੀਂ ਸਲੋਕਾਂ ਰਾਹੀਂ ਸਮਝਿਆ ਹੈ ਉਹਨਾਂ ਰਾਹੀਂ ਸਾਨੂੰ ਨਾਮ ਦਾ ਮਕਸਦ ਹੀ ਸਮਝਾਇਆ ਹੈ, ਗੁਰੂ ਪ੍ਰਮਾਤਮਾ ਨਾਲ ਸੱਚਾ ਪਿਆਰ ਜੋੜਨਾ ਹੀ ਸਮਝਾਇਆ ਹੋਇਆ ਹੈ ਤੇ ਅੱਗੇ ਪਉੜੀ ਰਾਹੀਂ ਸਾਨੂੰ ਨਾਮ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਭਾਵ ਸਲੋਕਾਂ ਦੀ ਗੱਲ ਨੂੰ ਹੋਰ ਸਪਸ਼ਟ ਕੀਤਾ ਹੋਇਆ ਹੈ ਜੋ ਕਿ ਪਉੜੀ ਦਾ ਮਕਸਦ ਹੁੰਦਾ ਹੈ।

ਪਉੜੀ ॥

“ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥
ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥ ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥
ਗਹਿਰ ਗਭੀਰ ਅਥਾਹੁ ਹਾਥ ਨ ਲਭਈ ॥ ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥
ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥ ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥”

(ਅੰਗ ੧੨੯੮)

42/5538

ਉਪਰਲੀਆਂ ਦੋ ਪੰਗਤੀਆਂ ਰਾਹੀਂ ਅਸੀਂ ਨਾਮ ਦੇ ਮਕਸਦ ਨੂੰ ਸਮਝ ਸਕਦੇ ਹਾਂ ਭਾਵ ਨਾਮ ਬਾਰੇ ਸਾਡਾ ਭਰਮ ਹੀ ਕੱਢਿਆ ਹੋਇਆ ਹੈ।

“ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥”

ਨਾਮ ਨੂੰ ਲੈ ਕੇ ਸਭ ਦੇ ਅੰਦਰ ਭਰਮ ਕਥਨੀ ਤੇ ਕਰਨੀ ਨੂੰ ਸਮਝਣ ਵਿੱਚ ਹੀ ਹੈ। ਅਸੀਂ ਧਰਮ ਗ੍ਰੰਥਾਂ ਨੂੰ ਪੜਦੇ ਹਾਂ, ਸ਼ਬਦਾਂ ਨੂੰ ਪੜਦੇ ਹਾਂ, ਸਵੇਰੇ ਸ਼ਾਮ ਪੜਦੇ ਹਾਂ, ਹਰ ਰੋਜ ਪੜਦੇ ਹਾਂ। ਹਰ ਸ਼ਬਦ ਨਾਮ ਹੈ। ਗੱਲ ਸਿਰਫ ਸ਼ਬਦਾਂ ਨੂੰ ਪੜਨ ਦੇ ਮਕਸਦ ਨੂੰ ਸਮਝਣ ਦੀ ਹੈ। ਅਸੀਂ ਜੋ ਕੁਝ ਵੀ ਸ਼ਬਦਾਂ ਰਾਹੀਂ ਪੜਿਆ ਹੈ ਉਸ ਪੜਨ ਦਾ ਮਕਸਦ ਉਸਦੇ ਅੰਦਰ ਲਿਖੀ ਹੋਈ ਗੱਲ ਨੂੰ ਅਸੀਂ ਸਮਝਣਾ ਹੈ ਭਾਵ ਉਸਦੇ ਅੰਦਰ ਦੇ ਲੇਖ ਦਾ ਅਸੀਂ ਹਿਸਾਬ ਵੀ ਮੋੜਨਾ ਹੈ। ਸ਼ਬਦ ਦੀ ਹਰ ਲਿਖਤ ਸਾਨੂੰ ਕੁਝ ਸਮਝਾਉਂਦੀ ਹੈ ਤੇ ਅਸੀਂ ਉਸ ਸਮਝ ਨੂੰ ਆਪਣੇ ਅੰਦਰ ਲਿਖ ਕੇ ਉਸਦਾ ਹਿਸਾਬ ਵੀ ਮੋੜਨਾ ਹੈ, ਇਹ ਲੇਖਾ ਕਥਨੀ ਨਾਲ, ਚਤੁਰਾਈਆਂ ਨਾਲ ਨਹੀਂ ਮੋੜਿਆ ਜਾ ਸਕਦਾ। ਸਾਡੇ ਕੋਲੋਂ ਇਸਦਾ ਹਿਸਾਬ ਮੰਗਿਆ ਜਾਂਦਾ ਹੈ ਭਾਵ ਪ੍ਰਮਾਤਮਾ ਨੇ ਜੋ ਕੁਝ ਆਪਣੇ ਸ਼ਬਦਾਂ ਰਾਹੀਂ ਸਾਨੂੰ ਸਮਝਾਇਆ ਹੈ ਅਸੀਂ ਉਸ ਸਮਝ ਤੇ ਅਮਲ ਕਰਕੇ ਵੀ ਦਿਖਾਉਂਣਾ ਹੈ, ਅਸੀਂ ਉਸ ਲਿਖਤ ਦਾ ਜਵਾਬ ਵੀ ਦੇਣਾ ਹੈ। ਹਰ ਸ਼ਬਦ ਰਾਹੀਂ ਸਾਨੂੰ ਜੋ ਕੁਝ ਸੋਝੀ ਪਾਈ ਹੁੰਦੀ ਹੈ ਉਹ ਨਾਮ ਹੈ ਭਾਵ ਪੂਰਨ ਸੱਚ ਹੈ ਜਿਸ ਸੱਚ ਨੂੰ ਅਸੀਂ ਆਪਣੇ ਅੰਦਰ ਲਿਖਣਾ ਹੈ, ਜਿਸ ਸੱਚ ਦੀ ਲਿਖਤ ਨੇ ਸਾਡੀ ਸਮਝ ਨੂੰ ਸੱਚ ਵਾਲੀ ਸਮਝ ਬਨਾਉਂਣਾ ਹੈ ਤੇ ਜੇਕਰ ਅਸੀਂ ਆਪਣੀ ਸਮਝ ਨੂੰ ਸੱਚੀ ਨਹੀਂ ਬਣਾਉਂਦੇ ਫਿਰ ਅਸੀਂ ਕੂੜੀ ਮਤਿ ਨਾਲ ਜੁੜੇ ਰਹਿੰਦੇ ਹਾਂ ਭਾਵ ਝੂਠੀ ਮਤਿ ਨਾਲ ਜੁੜੇ ਰਹਿੰਦੇ ਹਾਂ ਜਿਸ ਰਾਹੀਂ ਅਸੀਂ ਕੂੜੀ ਮਤਿ ਦੁਆਰਾ ਵਿਚਰਦੇ ਹਾਂ ਭਾਵ ਕੂੜ ਦਾ ਵਾਪਾਰ ਕਰਦੇ ਹਾਂ। ਸਾਡੇ ਅੰਦਰ ਦੀ ਇਹ ਕੂੜੀ ਮਤਿ ਹੀ, ਬਿਨਾਂ ਨਾਮ ਵਾਲੀ ਮਤਿ ਹੀ ਸਾਡੇ ਜੀਵਨ ਨੂੰ ਔਖਾ ਕਰਦੀ ਹੈ, ਸਾਨੂੰ ਤੰਗੀਆਂ ਵਿੱਚ ਭਾਵ ਮਨ ਦੇ ਦੁੱਖਾਂ ਵਿੱਚ ਪਾਉਂਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਰਾਹੀਂ ਸਾਨੂੰ ਤੰਗ ਕਰਦੀ ਹੈ। ਨਾਮ ਦੀ ਮਤਿ ਆਪਣੇ ਅੰਦਰ ਵਸਾਉਂਣ ਵਾਲਾ ਫਿਰ ਤ੍ਰਿਸ਼ਨਾਵਾਂ ਦੇ ਔਖੇਪਨ ਵਿੱਚੋਂ ਨਿਕਲ ਜਾਂਦਾ ਹੈ। **(ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥)**

42/5539

ਮਨ ਦੇ ਔਖੇਪਨ ਵਿੱਚੋਂ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਦੀ ਅਗਨ ਤੋਂ ਸਾਨੂੰ ਗੁਰੂ ਦਾ ਨਾਮ ਹੀ ਕੱਢਦਾ ਹੈ, ਗੁਰੂ ਦਾ ਸ਼ਬਦ ਹੀ ਕੱਢਦਾ ਹੈ ਤੇ ਉਹ ਕਿਸ ਤਰੀਕੇ ਕੱਢਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥ ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥”

ਉਪਰ ਪੰਗਤੀਆਂ ਰਾਹੀਂ ਸਾਨੂੰ ਮਨ ਦੀਆਂ ਤ੍ਰਿਸ਼ਨਾਵਾਂ ਤੇ ਮਨ ਦੇ ਸੰਤੋਖ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਸਾਡੇ ਅੰਦਰ ਜੋ ਵੀ ਮਨ ਦੀ ਸਮਝ ਹੈ ਉਹ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਭਾਵ ਸਾਡੇ ਅੰਦਰ ਮਾਇਆ ਮੋਹ ਉਸਨੇ ਆਪ ਪਾਇਆ ਹੋਇਆ ਹੈ, ਤ੍ਰਿਸ਼ਨਾਵਾਂ ਆਪ ਹੀ ਪਾਈਆਂ ਹੋਈਆਂ ਹਨ। ਮਨ ਦੇ ਇਸ ਮਾਇਆ ਮੋਹ ਵਿੱਚੋਂ ਕੋਈ ਆਪਣੇ ਆਪ ਨਿਕਲ ਜਾਵੇ ਭਾਵ ਕੋਈ ਆਪਣੇ ਆਪ ਇਸ ਵਿੱਚੋਂ ਨਿਕਲਣ ਦਾ ਮਾਰਗ ਲੱਭ ਲਵੇ ਇਹ ਨਹੀਂ ਹੋ ਸਕਦਾ। ਇਹਨਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਇਸ ਵਿੱਚੋਂ ਨਿਕਲਣ ਦੇ ਤਰੀਕੇ ਪ੍ਰਮਾਤਮਾ ਨੇ ਆਪ ਹੀ ਬੰਦ ਕੀਤੇ ਹੋਏ ਹਨ। ਇਸ ਰਾਹ ਵਿੱਚੋਂ ਨਿਕਲਣ ਦੀਆਂ ਗਲੀਆਂ ਪ੍ਰਮਾਤਮਾ ਨੇ ਆਪ ਹੀ ਰੋਕੀਆਂ ਹੋਈਆਂ ਹਨ। ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦੀ ਸੱਚੀ ਮਤਿ ਹੈ ਜਿਨ੍ਹਾਂ ਨੂੰ ਸਾਡੇ ਅੰਦਰ ਦੀ ਮਾਇਆ ਮੋਹ ਨੇ ਪਿਆਰ ਕਰਨ ਦੀ ਮਤਿ ਨੂੰ ਰੋਕਿਆ ਹੋਇਆ ਹੈ ਭਾਵ ਸਾਨੂੰ ਮਾਇਆ ਮੋਹ ਹੀ ਚੰਗਾ ਲੱਗਦਾ ਹੈ ਤੇ ਇਸ ਵਿੱਚੋਂ ਨਿਕਲਣਾ ਔਖਾ ਹੈ ਤੇ ਇਸੇ ਲਈ ਅਸੀਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਔਖਾ ਕਰੀ ਰੱਖਦੇ ਹਾਂ, ਤ੍ਰਿਸ਼ਨਾਵਾਂ ਦੀ ਪੂਰਤੀ ਲਈ ਔਖੇ ਹੁੰਦੇ ਰਹਿੰਦੇ ਹਾਂ। ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਇਹ ਅਵਸਥਾ ਪਾਈ ਹੋਈ ਹੈ ਉਸ ਇਨਸਾਨ ਨੂੰ ਇਸੇ ਅਵਸਥਾ ਵਿੱਚ ਰੱਖ ਕੇ ਵੇਪਰਵਾਹ ਹੈ ਕਿਉਂਕਿ ਇਹ ਸੰਸਾਰ ਨੂੰ ਉਹ ਆਪਣੀ ਖੇਡ ਬਣਾਕੇ ਚਲਾ ਰਿਹਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਫਿਰ ਉਹ ਆਪਣੇ ਸ਼ਬਦ ਦੀ ਮਤਿ ਨਾਲ ਜੋੜ ਲੈਂਦਾ ਹੈ, ਨਾਮ ਦੀ ਮਤਿ ਨਾਲ ਜੋੜ ਲੈਂਦਾ ਹੈ ਜਿਸ ਦੁਆਰਾ

ਉਸਦੇ ਮਨ ਦੀਆਂ ਇੱਛਾਵਾਂ ਸੰਤੋਖ ਵਿੱਚ ਆ ਜਾਂਦੀਆਂ ਹਨ ਭਾਵ ਟਿੱਕ ਜਾਂਦੀਆਂ ਹਨ ਤੇ ਫਿਰ ਮਨੁੱਖ ਨੂੰ ਉਹ ਤੰਗ ਨਹੀਂ ਕਰਦੀਆਂ ਭਾਵ ਨਾਮ ਦਾ ਮਕਸਦ, ਸ਼ਬਦ ਦਾ ਮਕਸਦ ਸਾਨੂੰ ਤ੍ਰਿਸ਼ਨਾਵਾਂ ਵਿੱਚੋਂ ਕੱਢਕੇ ਮਨ ਦੇ ਸੰਤੋਖ ਵਿੱਚ ਲਿਆਉਂਣ ਦਾ ਹੈ ਤਾਂ ਜੋ ਅਸੀਂ ਨਾ ਆਪ ਤੰਗ ਹੋਈਏ ਤੇ ਨਾ ਹੀ ਕਿਸੇ ਹੋਰ ਨੂੰ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਤੰਗ ਕਰੀਏ। ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਮਨ ਦੇ ਸੰਤੋਖ ਰਾਹੀਂ ਅਸੀਂ ਚੰਗੇ ਕਰਮ ਕਰਦੇ ਹਾਂ। ਨਾਮ ਦਾ ਮਕਸਦ ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢਕੇ ਚੰਗੇ ਕਰਮਾਂ ਨਾਲ ਜੋੜਨ ਦਾ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਨਾਲ ਪਿਆਰ ਜੁੜਦਾ ਹੈ। ਗੁਰਮਤਿ ਨੂੰ ਆਪਣੇ ਅੰਦਰ ਵਸਾਉਂਣਾ ਹੀ ਭਾਵ ਉਸ ਅਨੁਸਾਰ ਵਿਚਰਨਾ ਹੀ ਆਪਣਾ ਲੇਖਾ ਦੇਣਾ ਹੈ ਜੋ ਲੇਖਾ ਸਾਡੇ ਕੋਲੋਂ ਪ੍ਰਮਾਤਮਾ ਆਪਣੇ ਸ਼ਬਦਾਂ ਦੁਆਰਾ ਮੰਗਦਾ ਹੈ ਤੇ ਇਹ ਲੇਖਾ ਦਿੱਤੇ ਬਿਨਾਂ ਅਸੀਂ ਉਸ ਪ੍ਰਮਾਤਮਾ ਦੇ ਕਰਜਦਾਰ ਰਹਿੰਦੇ ਹਾਂ। ਸ਼ਬਦਾਂ ਨੂੰ ਕੇਵਲ ਪੜੀ ਜਾਣ ਦੁਆਰਾ ਅਸੀਂ ਲੇਖੇਦਾਰ ਹੀ ਰਹਿੰਦੇ ਹਾਂ, ਸ਼ਬਦਾਂ ਦੀ ਲਿਖਤ ਤੇ ਪੂਰਾ ਉਤਰਨਾ ਹੀ ਲੇਖਾ ਦੇਣਾ ਹੈ ਜੋ ਲੇਖਾ ਅਸੀਂ ਆਪਣੇ ਇਸ ਜੀਵਨ ਵਿੱਚ ਹੀ ਦੇਣਾ ਹੈ। ਇਹ ਲੇਖਾ ਚੁਕਾਣਾ ਬਹੁਤ ਔਖਾ ਹੈ, ਮਾਇਆ ਮੋਹ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਣਾ ਬਹੁਤ ਔਖਾ ਹੈ। **(ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥ ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥ ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥)**

ਮਨ ਦੀਆਂ ਇੱਛਾਵਾਂ ਵਿੱਚੋਂ ਨਿਕਲਣਾ ਭਾਵ ਮਾਇਆ ਮੋਹ ਤੋਂ ਛੁੱਟਣਾ ਕਿਸ ਲਈ ਔਖਾ ਹੈ ਤੇ ਕਿਸ ਤਰੀਕੇ ਛੁੱਟਿਆ ਜਾ ਸਕਦਾ ਹੈ, ਇਹ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗਹਿਰ ਗਭੀਰ ਅਥਾਹੁ ਹਾਥ ਨ ਲਭਈ ॥ ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥”

ਪ੍ਰਮਾਤਮਾ ਬਹੁਤ ਹੀ ਉੱਚੇ ਗਿਆਨ ਦਾ ਮਾਲਕ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਬਾਣੀ ਦੀ ਰਚਨਾ ਪ੍ਰਮਾਤਮਾ ਦੇ ਆਪਣੇ ਗਿਆਨ ਦਾ ਹੀ ਪ੍ਰਮਾਣ ਹੈ ਕਿ ਗੁਰਬਾਣੀ ਦੇ ਅੰਦਰ ਕਿਤਨਾ ਕੂ ਉੱਚਾ ਗਿਆਨ ਹੈ। ਪ੍ਰਮਾਤਮਾ ਦਾ ਇਹ ਉੱਚੇ ਗਿਆਨ ਵਾਲਾ ਰੂਪ ਹੀ ਉਸਦਾ **ਗਹਿਰ ਗੰਭੀਰ ਆਥਾਹੁ** ਰੂਪ ਹੈ। ਪ੍ਰਮਾਤਮਾ ਆਪਣੇ ਗਿਆਨ ਵਿੱਚ ਬਹੁਤ

ਹੀ ਗਹਿਰਾ ਹੈ, ਡੂੰਘਾ ਹੈ ਜਿਸਦੀ ਗਹਿਰਾਈ ਨੂੰ ਮਾਪਣਾ ਨਾਮੁਮਕਿਨ ਹੈ ਭਾਵ ਉਹ **ਅਥਾਹੁ** ਹੈ ਜਿਸਦੀ ਡੂੰਘਾਈ ਨਾਪੀ ਨਹੀਂ ਜਾ ਸਕਦੀ। ਇਸੇ ਲਈ ਪ੍ਰਮਾਤਮਾ ਦੀ ਹਰ ਗੱਲ ਕਹਿਣ ਦਾ ਤਰੀਕਾ ਬੜਾ ਗੰਭੀਰ ਹੁੰਦਾ ਹੈ ਭਾਵ ਉਸਦੇ ਅੰਦਰ ਅਤਿ ਦੀ ਸੋਚ ਵਿਚਾਰ ਹੁੰਦੀ ਹੈ ਭਾਵ ਪ੍ਰਮਾਤਮਾ ਜੋ ਵੀ ਗੱਲ ਸਮਝਾਉਂਦਾ ਹੈ ਉਹ ਪੂਰੀ ਗੰਭੀਰਤਾ ਨਾਲ ਸਮਝਾਉਂਦਾ ਹੈ। ਉਹ ਆਪਣੇ ਸ਼ਬਦਾਂ ਰਾਹੀਂ ਜੋ ਵੀ ਵਿਚਾਰ ਦਿੰਦਾ ਹੈ ਉਹ ਪੂਰੀ ਗੰਭੀਰਤਾ ਨਾਲ ਦਿੰਦਾ ਹੈ ਜਿਸ ਕਰਕੇ ਉਹ ਸ਼ਬਦ ਦੀ ਵਿਚਾਰ ਕਦੇ ਬਦਲਦੀ ਨਹੀਂ। ਪ੍ਰਮਾਤਮਾ ਨੇ ਮਨੁੱਖ ਨੂੰ ਉਹ ਸਮਝ ਨਹੀਂ ਦਿੱਤੀ ਹੋਈ ਕਿ ਉਹ ਪ੍ਰਮਾਤਮਾ ਦੇ ਗਿਆਨ ਦੀ ਗਹਿਰਾਈ ਨੂੰ ਸਮਝ ਸਕੇ। ਪੂਰੀ ਗੁਰਬਾਣੀ ਬਹੁਤ

ਡੂੰਘੇ ਗਿਆਨ ਦੇ ਵਿੱਚ ਉਚਾਰੀ ਹੋਈ ਹੈ ਜਿਸ ਕਰਕੇ ਉਸਦੀ ਡੂੰਘਾਈ ਮਨੁੱਖੀ ਗਿਆਨ ਦੁਆਰਾ ਨਾਪੀ ਨਹੀਂ ਜਾ ਸਕਦੀ ਭਾਵ ਉਸਨੂੰ ਸਮਝਿਆ ਨਹੀਂ ਜਾ ਸਕਦਾ। ਸ਼ਬਦਾਂ ਦੀ ਵਿਚਾਰ ਬਹੁਤ ਡੂੰਘੀ ਹੈ ਤੇ ਇਸੇ ਲਈ ਮਾਇਆ ਮੋਹ ਦੀ ਅਵਸਥਾ ਵਿੱਚ ਰਹਿੰਦੇ ਹੋਏ ਨਾ ਹੀ ਗੁਰੂ ਦੀ ਸਮਝਾਈ ਹੋਈ ਸਿੱਖਿਆ ਨੂੰ ਪੂਰੀ ਤਰ੍ਹਾਂ ਸਮਝ ਸਕਦਾ ਹੈ ਤੇ ਨਾ ਹੀ ਉਸ ਤੇ ਚੱਲਿਆ ਜਾ ਸਕਦਾ ਹੈ ਜਿਸ ਕਰਕੇ ਮਨੁੱਖ ਮਾਇਆ ਮੋਹ ਵਿੱਚ ਹੀ ਰਹਿੰਦਾ ਹੈ ਤੇ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਹੀ ਪਿਆ ਰਹਿੰਦਾ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਮਨੁੱਖ ਨੂੰ ਆਪਣੀ ਗਹਿਰਾਈ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਪ੍ਰਮਾਤਮਾ ਦੀ ਗਹਿਰਾਈ ਨੂੰ ਜਾਣੇ ਬਿਨਾਂ ਸੱਚ ਨੂੰ ਨਹੀਂ ਸਮਝਿਆ ਜਾ ਸਕਦਾ ਤੇ ਇਸੇ ਲਈ ਮਨੁੱਖ ਭਰਮ ਵਾਲੇ ਵਿਚਾਰਾਂ ਨਾਲ ਹੀ ਜੁੜਿਆ ਰਹਿੰਦਾ ਹੈ ਭਾਵ ਮਾਇਆ ਮੋਹ ਵਿੱਚ ਹੀ ਰਹਿੰਦਾ ਹੈ, ਮਨ ਦੀ ਅਗਿਆਨਤਾ ਨਾਲ ਹੀ ਜੁੜਿਆ ਰਹਿੰਦਾ ਹੈ ਜਿਸ ਵਿੱਚ ਰਹਿੰਦੇ ਹੋਏ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਹੀ ਨਹੀਂ ਪੈਂਦੀ। ਮਨ ਦੀ ਇਸ ਅਗਿਆਨਤਾ ਨੂੰ ਭਾਵ ਮਾਇਆ ਮੋਹ ਤੋਂ ਭਾਵ ਮਾਇਆ ਦੇ ਬੰਧਨ ਤੋਂ ਛੁੱਟਣ ਦਾ ਤਰੀਕਾ ਇੱਕੋ ਇੱਕ ਗੁਰੂ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਤੇ ਉਸਦੇ ਨਾਲ ਜੁੜੇ ਬਿਨਾਂ ਅਸੀਂ ਮਨ ਦੇ ਮਾਇਆ ਮੋਹ ਵਿੱਚੋਂ ਨਹੀਂ ਨਿਕਲ ਸਕਦੇ, ਤ੍ਰਿਸ਼ਨਾਵਾਂ ਵਿੱਚੋਂ ਨਹੀਂ ਨਿਕਲ ਸਕਦੇ। ਅਸੀਂ ਧਰਮ ਦੇ ਮਾਰਗ ਤੇ ਚੱਲਣ ਲਈ ਗੁਰੂ ਦੀ ਬਜਾਏ ਅਨੇਕਾਂ ਹੋਰਾਂ ਤੋਂ ਮਤਿ ਲੈਂਦੇ ਹਾਂ, ਅਨੇਕਾਂ ਦੇ ਮੂੰਹਾਂ ਤੋਂ, ਮੁੱਖਾਂ ਤੋਂ ਮਤਿ ਲੈਂਦੇ ਹਾਂ ਜਿਸ ਦੁਆਰਾ ਉਹ ਸਾਨੂੰ ਅਗਿਆਨਤਾ ਦੀ ਚੋਟ ਹੀ ਮਾਰਦੇ ਹਨ ਭਾਵ ਜੋ ਖੁੱਦ

ਅਗਿਆਨਤਾ ਵਿੱਚ ਹਨ, ਖੁੱਦ ਮਾਇਆ ਮੋਹ ਵਿੱਚ ਹਨ ਉਹ ਸਾਡਾ ਮਾਇਆ ਮੋਹ ਕੀ ਕੱਢਣਗੇ, ਜੋ ਖੁੱਦ ਤ੍ਰਿਸ਼ਨਾਵਾਂ ਵਿੱਚ ਹਨ ਉਹ ਸਾਨੂੰ ਤ੍ਰਿਸ਼ਨਾਵਾਂ ਵਿੱਚੋਂ ਕੀ ਕੱਢਣਗੇ, ਜਿਨ੍ਹਾਂ ਨੂੰ ਖੁੱਦ ਧਰਮ ਦੇ ਮਾਰਗ ਦੀ ਸਮਝ ਨਹੀਂ ਉਹ ਸਾਨੂੰ ਧਰਮ ਦਾ ਮਾਰਗ ਕੀ ਸਮਝਾਉਂਣਗੇ ਭਾਵ ਸਾਨੂੰ ਕੇਵਲ ਤੇ ਕੇਵਲ ਗੁਰੂ ਕੋਲੋਂ ਮਤਿ ਲੈਣੀ ਚਾਹੀਦੀ ਹੈ ਤੇ ਸਾਨੂੰ ਉਹੀ ਕੁਝ ਕਰਨਾ ਚਾਹੀਦਾ ਹੈ ਜੋ ਕੁਝ ਸਾਨੂੰ ਗੁਰੂ ਸਮਝਾਉਂਦਾ ਹੈ, ਗੁਰੂ ਆਪਣੇ ਹਰ ਸ਼ਬਦ ਦੀ ਵਿਚਾਰ ਰਾਹੀਂ ਸਾਨੂੰ ਨਾਮ ਹੀ ਸਮਝਾਉਂਦਾ ਹੈ ਤੇ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਨਾਮ ਜੱਪਣਾ ਹੈ। ਅਸੀਂ ਇਹ ਉੱਦਮ ਹੀ ਕਰਨਾ ਹੈ ਤੇ ਜੋ ਸੱਚਾ ਉੱਦਮ ਕਰਦਾ ਹੈ ਪ੍ਰਮਾਤਮਾ ਆਪ ਹੀ ਆਪਣੀ ਕਿਰਪਾ ਕਰਕੇ ਉਸਨੂੰ ਮਾਇਆ ਮੋਹ ਦੇ ਬੰਧਨ ਵਿੱਚੋਂ ਕੱਢ ਲੈਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਤੋਂ ਛੁਟਕਾਰਾ ਕਰਾ ਦਿੰਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਨਾਲ ਜੋੜ ਲੈਂਦਾ ਹੈ। **(ਗਹਿਰ ਗਭੀਰ ਅਥਾਹੁ ਹਾਥ ਨ ਲਭਈ ॥ ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥)**

ਜਿਸਦਾ ਪ੍ਰਮਾਤਮਾ ਤ੍ਰਿਸ਼ਨਾਵਾਂ ਤੋਂ ਛੁਟਕਾਰਾ ਕਰਦਾ ਹੈ ਉਹ ਹੀ ਫਿਰ ਸਿਰਫ ਧਰਮ ਦੇ ਸੱਚੇ ਮਾਰਗ ਤੇ ਚੱਲਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਦਾ ਹੈ ਜਿਨ੍ਹਾਂ ਕਰਕੇ ਉਹ ਆਪਣੀ ਪਤਿ ਦੇ ਨਾਲ ਪ੍ਰਮਾਤਮਾ ਦੇ ਘਰ ਜਾਂਦਾ ਹੈ ਤੇ ਇਹੀ ਨਾਮ ਦਾ ਵਖਾਣ ਕਰਨਾ ਹੈ ਭਾਵ ਨਾਮ ਵਾਲੇ ਬਣਨਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥ ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥”

ਨਾਮ ਦਾ ਵਖਾਣ ਕਰਨਾ ਕੀ ਹੈ ਇਸ ਗੱਲ ਨੂੰ ਅਸੀਂ ਉਪਰ ਸਮਝਿਆ ਹੈ ਜੋ ਨਾਮ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਕੇ ਹੀ ਆਪਣੇ ਅਮਲਾਂ ਦੁਆਰਾ ਦਿਖਾਉਂਦੇ ਹਾਂ। ਨਾਮ ਦਾ ਵਖਾਣ ਅਸੀਂ ਕਿਵੇਂ ਕਰਦੇ ਹਾਂ ਭਾਵ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਦੀ ਸਮਝ ਕਿਵੇਂ ਪੈਂਦੀ ਹੈ ਇਹੀ ਗੱਲ ਸਾਨੂੰ ਦੂਸਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਦੂਸਰੀ ਪੰਗਤੀ ਨੂੰ ਸਮਝਣ ਨਾਲ ਸਾਨੂੰ ਇਹ ਵੀ ਸਮਝ ਆ ਜਾਵੇਗੀ ਕਿ ਪ੍ਰਮਾਤਮਾ ਨੂੰ **ਸਾਸਿ ਗਰਾਸਿ** ਭਾਵ **ਸਾਹ ਗਿਰਾਹ** ਜੱਪਣਾ ਕੀ ਹੈ। ਪ੍ਰਮਾਤਮਾ ਦੇ ਨਾਮ ਦਾ ਵਖਾਣ ਕਰਨਾ ਭਾਵ ਨਾਮ ਦੁਆਰਾ ਵਿਚਰਨਾ ਪ੍ਰਮਾਤਮਾ ਦੇ ਹੁਕਮ ਵਿੱਚ ਚੱਲਣਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ

ਦਾ ਨਾਮ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਸ ਰਾਹੀਂ ਗੁਰੂ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪਣਾ ਹੁਕਮ ਸੁਣਾਇਆ ਹੋਇਆ ਹੈ ਤੇ ਉਸਦੇ ਹੁਕਮ ਨੂੰ ਮੰਨਣਾ ਨਾਮ ਜੱਪਣਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਭਾਵ ਜੋ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਂਦਾ ਹੈ ਉਸਨੂੰ ਹੀ ਉਹ ਆਪਣਾ ਹੁਕਮ ਸਮਝਾਉਂਦਾ ਹੈ ਭਾਵ ਨਾਮ ਸਮਝਾਉਂਦਾ ਹੈ ਤੇ ਉਸ ਅਨੁਸਾਰ ਚਲਾਉਂਦਾ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਹੀ ਵਰਤਦਾ ਹੈ ਜਿਸਦੀ ਸਮਝ ਪ੍ਰਮਾਤਮਾ ਦੇ ਮਨ ਰੂਪ ਘਰ ਵਿੱਚ ਪਹੁੰਚਕੇ ਹੀ ਪੈਂਦੀ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਇਹੀ ਪ੍ਰਮਾਤਮਾ ਦਾ ਹੁਕਮ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਵੀ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਵਰਤਦਾ ਹੈ ਪਰ ਸਾਨੂੰ ਉਸਦੇ ਹੁਕਮ ਦੀ ਸਮਝ ਨਹੀਂ ਪੈਂਦੀ ਕਿਉਂਕਿ ਉਸਨੇ ਆਪ ਹੀ ਸਭ ਨੂੰ ਹਉਮੈ ਵਿੱਚ ਰੱਖ

ਕੇ, ਮਨ ਦੀ ਅਗਿਆਨਤਾ ਵਿੱਚ ਰੱਖ ਕੇ ਆਪਣਾ ਸੱਚਾ ਹੁਕਮ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਮਨ ਦੇ ਵਿੱਚ ਮੇਲ ਤੋਂ ਬਾਅਦ ਫਿਰ ਪ੍ਰਮਾਤਮਾ ਆਪਣੇ ਮਨੁੱਖੀ ਰੂਪ ਨੂੰ ਆਪਣੇ ਸੱਚੇ ਹੁਕਮ ਨਾਲ ਜੋੜ ਲੈਂਦਾ ਹੈ ਭਾਵ ਸੱਚੇ ਵਿਚਾਰਾਂ ਨਾਲ ਜੋੜ ਲੈਂਦਾ ਹੈ, ਸ਼ਬਦ ਰੂਪ ਸੱਚੇ ਵਿਚਾਰਾਂ ਨਾਲ ਜੋੜ ਲੈਂਦਾ ਹੈ ਭਾਵ ਗੁਰਮਤਿ ਰੂਪ ਸੱਚੀ ਮਤਿ ਨਾਲ ਜੋੜ ਲੈਂਦਾ ਹੈ ਜਿਸ ਦੁਆਰਾ ਫਿਰ ਉਹ ਮਨੁੱਖ ਨੂੰ ਆਪਣੇ ਹੁਕਮ ਅਨੁਸਾਰ ਹੀ ਚਲਾਉਂਦਾ ਹੈ ਭਾਵ ਸੱਚੇ ਧਰਮ ਦੇ ਮਾਰਗ ਤੇ ਚਲਾਉਂਦਾ ਹੈ, ਤ੍ਰਿਸ਼ਨਾਵਾਂ ਤੋਂ ਮੁਕਤਿ ਕਰਕੇ ਚਲਾਉਂਦਾ ਹੈ ਭਾਵ ਆਪਣੇ ਭਾਣੇ ਅਨੁਸਾਰ ਚਲਾਉਂਦਾ ਹੈ। ਪ੍ਰਮਾਤਮਾ ਦੇ ਇਹ ਸੱਚੇ ਹੁਕਮ ਵਾਲੇ ਵਿਚਾਰ ਹੀ ਸਾਡੇ ਮਨ ਦੇ ਸਵਾਸ ਹਨ, ਸਾਡੇ ਮਨ ਦਾ ਭੋਜਨ ਹੈ ਤੇ ਜਿਸਨੂੰ ਪ੍ਰਮਾਤਮਾ ਮਨ ਦੇ ਸਵਾਸਾਂ ਰਾਹੀਂ ਭਾਵ ਮਨ ਦੇ ਵਿਚਾਰਾਂ ਰਾਹੀਂ ਆਪਣਾ ਸੱਚਾ ਭੋਜਨ ਦਿੰਦਾ ਹੈ ਉਹੀ ਜਾਣ ਸਕਦਾ ਹੈ ਕਿ ਸਾਨੂੰ ਇਹ ਭੋਜਨ ਦੇਣ ਵਾਲਾ ਕੌਣ ਹੈ, ਸਾਡੇ ਅੰਦਰ ਹੁਕਮ ਕਿਸਦਾ ਚੱਲਦਾ ਹੈ ਭਾਵ ਸਾਡੀ ਮਤਿ ਦਾ ਮਾਲਕ ਕੌਣ ਹੈ, ਗਿਆਨ ਦਾ ਮਾਲਕ ਕੌਣ ਹੈ ਜਿਸ ਰਾਹੀਂ ਸਾਰਾ ਗਿਆਨ ਸੰਸਾਰ ਵਿੱਚ ਆਉਂਦਾ ਹੈ। **(ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥ ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥) {ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥ ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥੨॥}** ਅੰਗ ੩੯੨ **{ਗੁਰ ਮਿਲਿ ਤਿਆਗਿਓ ਦੂਜਾ ਭਾਉ ॥ ਗੁਰਮੁਖਿ ਜਪਿਓ ਹਰਿ ਕਾ ਨਾਉ ॥ ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥੧॥ ਕਰਿ ਕਿਰਪਾ ਅਪਨੀ ਸੇਵਾ ਲਾਏ ॥ ਸਾਧੂ ਸੰਗਿ ਸਰਬ ਸੁਖ ਪਾਏ ॥੧॥ ਰਹਾਉ ॥ ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ ਮਨ ਭੀਤਰਿ ਸਾਰੇ ॥ ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥੨॥ ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥ ਸਾਧਸੰਗਤਿ ਊਂਧ ਕਮਲ ਬਿਗਾਸ ॥ ਗੁਣ ਗਾਵਤ ਨਿਹਚਲੁ ਬਿਸ੍ਰਾਮ ॥ ਪੂਰਨ ਹੋਏ ਸਗਲੇ ਕਾਮ ॥੩॥ ਦੁਲਭ ਦੇਹ ਆਈ ਪਰਵਾਨੁ ॥ ਸਫਲ ਹੋਈ ਜਪਿ ਹਰਿ ਹਰਿ ਨਾਮੁ ॥ ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥ ਸਾਸਿ ਗਿਰਾਸਿ ਜਪਉ ਹਰਿ ਹਰੀ ॥੪॥੨੯॥੪੨॥}** ਅੰਗ ੧੧੪੭

42/5544

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
ਕਹਤ ਨਾਨਕੁ ਹਉਮੈ ਕਹੈ ਨ ਕੋਇ ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥}

(ਅੰਗ ੧੧੭੬)

{ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥}

(ਅੰਗ ੧੩੫੦)

{ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥}

(ਅੰਗ ੨੩੨)

{ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥}

(ਅੰਗ ੧੦੬)

{ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥
ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥}

(ਅੰਗ ੧੦੯)

ਜਿਵੇਂ ਕਿ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਦੇ ਨਾਲ ਮੇਲ ਜਾਂ ਵਿਛੋੜਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਸਾਡੀ ਸਮਝ ਦੇ ਦੋ ਹੀ ਰੂਪ ਹਨ, ਭਰਮ ਜਾਂ ਸੱਚ ਭਾਵ ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਹੁੰਦਾ ਤੇ ਜਿੱਥੇ ਸੱਚ ਹੈ ਉੱਥੇ ਭਰਮ ਨਹੀਂ ਹੁੰਦਾ। ਸਾਡੇ ਮਨ ਦਾ ਭਰਮ ਜਾਂ ਸੱਚ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸਮਝਣ ਦਾ ਹੈ। ਪ੍ਰਮਾਤਮਾ ਸੱਚ ਦੇ ਰੂਪ ਵਿੱਚ ਹੈ ਤੇ ਸੱਚ ਹੀ ਨਾਮ ਹੈ। ਪ੍ਰਮਾਤਮਾ ਨੂੰ ਜਾਨਣ ਲਈ ਹਰ ਕੋਈ ਭਰਮ ਵਿੱਚ ਹੈ ਤੇ ਭਰਮ ਵਿੱਚੋਂ ਕੇਵਲ ਤੇ ਕੇਵਲ ਸੱਚ ਹੀ ਕੱਢ ਸਕਦਾ ਹੈ ਭਾਵ ਨਾਮ ਹੀ ਕੱਢ ਸਕਦਾ ਹੈ। ਭਰਮ ਵਿੱਚ ਪਾਉਂਣ ਵਾਲਾ ਪ੍ਰਮਾਤਮਾ ਆਪ ਹੈ ਤੇ ਇਸੇ ਲਈ ਪ੍ਰਮਾਤਮਾ ਆਪ ਹੀ ਕਿਸੇ ਨੂੰ ਭਰਮ ਵਿੱਚੋਂ ਕੱਢਦਾ ਹੈ ਭਾਵ ਸੱਚ ਦੁਆਰਾ ਕੱਢਦਾ ਹੈ ਭਾਵ ਨਾਮ ਦੁਆਰਾ ਕੱਢਦਾ ਹੈ। ਹਰ ਕੋਈ ਇਸੇ ਗੱਲ ਨੂੰ ਸਮਝਣ ਦੇ ਭਰਮ ਵਿੱਚ ਹੈ ਕਿ ਉਹ ਸਚੁ ਕੀ ਹੈ ਜਿਸਨੇ ਸਾਨੂੰ ਭਰਮ ਵਿੱਚੋਂ ਕੱਢਣਾ ਹੈ ਭਾਵ ਨਾਮ ਨੂੰ ਅਸੀਂ ਸੱਚ ਕਹਿ ਤੇ ਦਿੰਦੇ ਹਾਂ ਕਿ ਸੱਚ ਨਾਮ ਹੈ ਪਰ ਉਹ ਨਾਮ ਕਿਸ ਰੂਪ ਵਿੱਚ ਸੱਚ ਹੈ ਇਸ ਗੱਲ ਦੀ ਸਮਝ ਨਹੀਂ ਹੈ। ਅਸੀਂ ਕਹਿ ਤੇ ਦਿੰਦੇ ਹਾਂ ਕਿ ਸੱਚੀ

42/5545

ਬਾਣੀ ਸੱਚ ਹੈ ਤੇ ਸੱਚ ਹੀ ਨਾਮ ਹੈ ਪਰ ਇਹ ਨਹੀਂ ਮੰਨਦੇ ਕਿ ਬਾਣੀ ਹੀ ਨਾਮ ਹੈ। ਬਾਣੀ ਆਪਣੇ ਸੱਚ ਦੁਆਰਾ ਹੀ ਸੱਚੀ ਹੈ ਭਾਵ ਬਾਣੀ ਦੀ ਹਰ ਗੱਲ ਸੱਚੀ ਹੈ ਭਾਵ ਬਾਣੀ ਦੀ ਕਥਨੀ ਵਿੱਚ ਕੋਈ ਭਰਮ ਵਾਲੀ ਗੱਲ ਨਹੀਂ ਹੈ ਜਿਸਨੂੰ ਕਦੇ ਵੀ ਕੋਈ ਰਹਿੰਦੀ ਦੁਨੀਆਂ ਤੱਕ ਝੂਠ ਸਾਬਿਤ ਕਰ ਦੇਵੇ। ਗੁਰੂ ਦੇ ਬਚਨ ਅਡੋਲ ਹਨ ਭਾਵ ਜੋ ਕਦੇ ਡੋਲ ਨਹੀਂ ਸਕਦੇ। ਭਰਮ ਵਾਲੀ ਗੱਲ ਡੋਲ ਜਾਂਦੀ ਹੈ ਪਰ ਸੱਚੀ ਗੱਲ ਕਦੇ ਨਹੀਂ ਡੋਲਦੀ ਭਾਵ ਉਹ ਸਦਾ ਲਈ ਥਿਰ ਰਹਿੰਦੀ ਹੈ। ਸਾਡੇ ਮਨ ਦੀ ਅਵਸਥਾ ਇਹੋ ਕੁਝ ਹੀ ਹੈ। ਜਦ ਤੱਕ ਸਾਡੇ ਅੰਦਰ ਭਰਮ ਵਾਲੀ ਮਤਿ ਹੈ, ਮਾਇਆ ਮੋਹ ਵਾਲੀ ਮਤਿ ਹੈ ਭਾਵ ਅਗਿਆਨਤਾ ਵਾਲੀ ਮਤਿ ਹੈ ਇਹ ਡੋਲਣ ਵਾਲੀ ਮਤਿ ਹੈ ਭਾਵ ਭਰਮ ਵਾਲੇ ਵਿਚਾਰ ਕਦੇ ਵੀ ਝੂਠ ਸਾਬਿਤ ਹੋ ਸਕਦੇ ਹਨ ਤੇ ਉਹ ਡੋਲ ਜਾਂਦੇ ਹਨ। ਨਾ ਡੋਲਣ ਵਾਲਾ ਸਾਡਾ ਥਿਰ ਮਨ ਹੈ ਤੇ ਮਨ ਨੂੰ ਥਿਰ ਕਰਨ ਵਾਲਾ ਕੇਵਲ ਤੇ ਕੇਵਲ ਸੱਚ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਤੇ ਜੇਕਰ ਉਹ ਗਿਆਨ ਸਾਡੇ ਅੰਦਰ ਵੱਸ ਜਾਂਦਾ ਹੈ, ਸਾਡੇ ਵਿਚਾਰਾਂ ਵਿੱਚ ਵੱਸ ਜਾਂਦਾ ਹੈ ਤਾਂ ਫਿਰ ਅਸੀਂ ਜੋ ਵੀ ਗੱਲ ਕਰਾਂਗੇ ਭਾਵ ਧਰਮ ਦੇ ਮਾਰਗ ਨੂੰ ਲੈ ਕੇ, ਗੁਰੂ ਪ੍ਰਮਾਤਮਾ ਨੂੰ ਲੈ ਕੇ ਜੋ ਵੀ ਗੱਲ ਕਰਾਂਗੇ ਉਹ ਗੱਲ ਥਿਰ ਰਹੇਗੀ, ਕਦੇ ਡੋਲ ਨਹੀਂ ਸਕੇਗੀ ਭਾਵ ਉਸਨੂੰ ਕਦੇ ਕੋਈ ਝੂਠੀ ਗੱਲ ਸਾਬਿਤ ਨਹੀਂ ਕਰ ਸਕਦਾ। ਨਾਮ ਸੱਚ ਹੈ ਜਿਸਦਾ ਮਕਸਦ ਸਾਡੀ ਭਰਮਾਂ ਵਿੱਚ ਡੋਲਦੀ ਹੋਈ ਮਤਿ ਨੂੰ ਆਪਣੇ ਸੱਚੇ ਗਿਆਨ ਦੁਆਰਾ ਥਿਰ ਕਰਨ ਦਾ ਹੈ ਤਾਂ ਜੋ ਸਾਡਾ ਮਨ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਕਦੇ ਨਾ ਡੋਲੇ ਭਾਵ ਉਹ ਮਨ ਸੱਚ ਤੇ ਦ੍ਰਿੜ ਰਵੇ। ਨਾਮ ਨੂੰ ਸਮਝਣ ਵਿੱਚ ਬਹੁਤ ਹੀ ਵੱਡਾ ਭਰਮ ਹੈ ਭਾਵ ਜਿਸ ਚੀਜ ਨੇ ਸਾਨੂੰ ਭਰਮਾਂ ਵਿੱਚੋਂ ਕੱਢਣਾ ਹੈ ਅਸੀਂ ਉਸੇ ਨੂੰ ਭਰਮ ਦਾ ਰੂਪ ਬਣਾਇਆ ਹੋਇਆ ਹੈ, ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਨਾਮ ਬਣਾਇਆ ਹੋਇਆ ਹੈ ਭਾਵ ਹਰ ਕਿਸੇ ਨੇ ਭਰਮ ਨੂੰ ਹੀ ਸੱਚ ਸਮਝਿਆ ਹੋਇਆ ਹੈ। ਜੋ ਖੁੱਦ ਹੀ ਇੱਕ ਭਰਮ ਹੈ ਉਹ ਸਾਡੇ ਭਰਮ ਕੀ ਕੱਢੇਗਾ। ਨਾਮ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਕੋਈ ਭਰਮ ਰੂਪ ਨਹੀਂ ਹੈ ਭਾਵ ਉਹ ਕੋਈ ਅੱਖਰ ਰੂਪ ਨਹੀਂ ਹੈ, ਉਹ ਹਰ ਅੱਖਰ ਦਾ ਮਾਲਕ ਹੈ ਭਾਵ ਗਿਆਨ ਦਾ ਮਾਲਕ ਹੈ।

42/5546

ਨਾ ਹੀ ਸਾਨੂੰ ਨਾਮ ਦੀ ਸਮਝ ਹੈ ਤੇ ਨਾ ਹੀ ਨਾਮ ਦੇ ਮਕਸਦ ਦੀ ਸਮਝ ਹੈ ਪਰ ਫਿਰ ਵੀ ਹਰ ਕੋਈ ਕਿਸੇ ਅੱਖਰ ਨਾਲ ਜੁੜਿਆ ਹੋਇਆ ਆਪਣੇ ਆਪ ਨੂੰ ਭਗਤੀ ਵਾਲਾ ਸਮਝਦਾ ਹੈ ਭਾਵ ਆਪਣੇ ਆਪ ਨੂੰ ਭਗਤੀ ਵਾਲਾ ਸਮਝਣਾ ਭਰਮ ਹੈ। ਮਨ ਦੇ ਭਰਮ ਵਿੱਚੋਂ ਕੇਵਲ ਤੇ ਕੇਵਲ ਸਾਨੂੰ ਨਾਮ ਕੱਢ ਸਕਦਾ ਹੈ, ਸੱਚ ਕੱਢ ਸਕਦਾ ਹੈ ਭਾਵ ਪ੍ਰਮਾਤਮਾ ਆਪ ਕੱਢ ਸਕਦਾ ਹੈ ਤੇ ਉਹ ਤਾਂ ਹੀ ਕੱਢੇਗਾ ਜੇਕਰ ਉਸਦੇ ਦੱਸੇ ਹੋਏ, ਸਮਝਾਏ ਹੋਏ ਸੱਚੇ ਗਿਆਨ ਨੂੰ ਮੰਨਾਂਗੇ ਤੇ ਇਹੀ ਸਾਡਾ ਸੱਚਾ ਉੱਦਮ ਹੈ। ਮਨ ਦੀ ਅਗਿਆਨਤਾ ਤੋਂ ਕੋਈ ਆਪਣੇ ਆਪ ਨਿਕਲ ਜਾਵੇ ਇਹ ਨਾਮੁਮਕਿਨ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨਾਂ ਕੋਈ ਸਚੁ ਰੂਪ ਪ੍ਰਮਾਤਮਾ ਨੂੰ ਪਾ ਲਵੇ ਇਹ ਨਾਮੁਮਕਿਨ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸਲੋਕਾਂ ਦੁਆਰਾ ਤੇ ਪਉੜੀ ਦੁਆਰਾ ਸਮਝੀਏ।

ਸਲੋਕ ਮਃ ੧ ॥

“ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥ ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥
ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥”

(ਅੰਗ ੧੨੮੭)

ਮਃ ੧ ॥

“ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥
ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥ ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥੨॥”

(ਅੰਗ ੧੨੮੭)

ਮਃ ੧ ॥

“ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥
ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥”

(ਅੰਗ ੧੨੮੭)

ਮਃ ੧ ॥

“ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥
ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥ ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥
ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥ ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥੪॥”

(ਅੰਗ ੧੨੮੭)

ਪਉੜੀ ॥

“ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ ॥ ਬਧੇ ਛੁਟਹਿ ਸਚਿ ਸਚੁ ਪਛਾਣੀਐ ॥
ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥
ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ ਚੋਰ ਜਾਰ ਜੂਆਰ ਪੀੜੇ ਘਾਣੀਐ ॥
ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥ ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥”

(ਅੰਗ ੧੨੮੭-੧੨੮੮)

42/5547

ਜੇਕਰ ਨਾਮ ਦੀ ਸਮਝ ਨਹੀਂ ਹੈ ਫਿਰ ਨਾਮ ਧਨ ਦੀ ਸਮਝ ਵੀ ਕਿਵੇਂ ਹੋ ਸਕਦੀ ਹੈ ਭਾਵ ਅੱਖਰ ਨੂੰ ਨਾਮ ਸਮਝਣ ਵਾਲਿਆਂ ਲਈ ਉਸ ਅੱਖਰ ਨੂੰ ਰੱਟੀ ਜਾਣਾ ਹੀ ਉਸ ਧਨ ਨੂੰ ਇੱਕਠਾ ਕਰਨਾ ਹੈ। ਇਤਨਾ ਕੁ ਉਹ ਜਰੂਰ ਸਮਝਦੇ ਹਨ ਕਿ ਦੁਨਿਆਵੀ ਧਨ ਨਾਮਧਨ ਨਹੀਂ ਹੈ ਪਰ ਮੋਹ ਸਭ ਦਾ ਦੁਨਿਆਵੀ ਧਨ ਨਾਲ ਹੀ ਜੁੜਿਆ ਹੁੰਦਾ ਹੈ ਭਾਵ ਇੱਕਠਾ ਹਰ ਕੋਈ ਦੁਨਿਆਵੀ ਧਨ ਨੂੰ ਹੀ ਕਰਨਾ ਚਾਹੁੰਦਾ ਹੈ ਭਾਵ ਕਰਦਾ ਵੀ ਉਹੋ ਕੁਝ ਹੀ ਹੈ ਜਿਸ ਰਾਹੀਂ ਮਾਇਆ ਧਨ ਇੱਕਠਾ ਹੁੰਦਾ ਹੈ ਪਰ ਫਿਰ ਵੀ ਅਖਵਾਉਂਦੇ ਆਪਣੇ ਆਪ ਨੂੰ ਨਾਮ ਧਨ ਵਾਲੇ ਹਨ ਜਿਸ ਨਾਮ ਧਨ ਦਾ ਮਕਸਦ ਹੀ ਸਾਨੂੰ ਦੁਨਿਆਵੀ ਧਨ ਦੇ ਮੋਹ ਵਿੱਚੋਂ ਕੱਢਣ ਦਾ ਹੈ। ਨਾਮ ਧਨ ਕੀ ਹੈ ਤੇ ਇਸਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਪਹਿਲੇ ਸਲੋਕ ਰਾਹੀਂ ਸਮਝਾਈ ਹੋਈ ਹੈ।

“ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥ ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥”

ਉਪਰ ਪਹਿਲੀ ਪੰਗਤੀ ਰਾਹੀਂ ਤੇ ਦੂਸਰੀ ਪੰਗਤੀ ਰਾਹੀਂ ਨਾਮ ਧਨ ਤੇ ਮਾਇਆ ਰੂਪ ਧਨ ਦੇ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਪਹਿਲੀ ਪੰਗਤੀ ਰਾਹੀਂ ਸਾਨੂੰ ਨਾਮ ਧਨ ਸਮਝਾਇਆ ਹੋਇਆ ਹੈ ਕਿ ਨਾਮ ਧਨ ਕੀ ਹੈ ਤੇ ਉਸਦਾ ਮਕਸਦ ਕੀ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ ਨਾਮ ਧਨ ਗੁਰੂ ਦੇ ਸੱਚੇ ਗਿਆਨ ਦਾ ਧਨ ਹੈ, ਗੁਰਮਤਿ ਦੇ ਗਿਆਨ

ਦਾ ਧਨ ਹੈ ਜਿਸ ਧਨ ਦੇ ਨਾਲ ਸਾਡੇ ਮਨ ਦੀ ਸਮਝ ਗੁਰਮਤਿ ਦੇ ਗਿਆਨ ਵਾਲੀ ਬਣ ਜਾਂਦੀ ਹੈ ਭਾਵ ਨਾਮ ਧਨ ਵਾਲੀ ਬਣ ਜਾਂਦੀ ਹੈ। ਜਿਸਦੇ ਕੋਲ ਇਹ ਗੁਰਮਤਿ ਰੂਪ ਸੱਚੀ ਸਿੱਖਿਆ ਦਾ ਧਨ ਹੈ ਉਹ ਗੁਰੂ ਦੀ ਸੱਚੀ ਸਿੱਖਿਆ ਸਾਨੂੰ ਸਾਡੇ ਜੀਵਨ ਦਾ ਸੱਚਾ ਮਾਰਗ ਹੀ ਸਿਖਾਉਂਦੀ ਹੈ, ਧਰਮ ਦਾ ਮਾਰਗ ਹੀ ਸਮਝਾਉਂਦੀ ਹੈ। ਸਾਡੇ ਜੀਵਨ ਦਾ ਸੱਚਾ ਮਾਰਗ **"ਸਰਮੁ ਧਰਮੁ"** ਹੈ। **"ਸਰਮੁ"** ਸਾਡੀ ਕਿਰਤ ਦਾ ਮਾਰਗ ਹੈ ਭਾਵ ਸਾਡੇ ਕਾਰ ਵਿਹਾਰ ਦਾ ਮਾਰਗ ਹੈ ਜਿਸਦੇ ਉਪਰ ਚੱਲਣ ਦੁਆਰਾ ਹੀ ਅਸੀਂ **"ਧਰਮੁ"** ਵਾਲੇ ਅਖਵਾਉਂਦੇ ਹਾਂ ਭਾਵ ਸਰਮੁ ਕਰਨ ਦੁਆਰਾ ਭਾਵ ਸੱਚਾ ਸੁੱਚਾ ਕਾਰ ਵਿਹਾਰ ਕਰਨ ਦੁਆਰਾ ਮਨੁੱਖ ਦਾ ਧਰਮੁ ਵਿੱਚੇ ਹੀ ਆ

42/5548

ਜਾਂਦਾ ਹੈ, ਦੋਵੇਂ ਗੱਲਾਂ ਇੱਕਠੀਆਂ ਹੀ ਪੂਰੀਆਂ ਹੋ ਜਾਂਦੀਆਂ ਹਨ ਭਾਵ ਧਰਮ ਦਾ ਮਾਰਗ ਸਰਮ ਨਾਲੋਂ ਵੱਖਰਾ ਨਹੀਂ ਹੈ। ਮਨੁੱਖ ਆਪਣੇ ਇਹੋ ਜਿਹੇ ਧਰਮ ਦੇ ਮਾਰਗ ਤੇ ਤਾਂ ਹੀ ਚੱਲ ਸਕਦਾ ਹੈ ਜੇਕਰ ਉਸਦੇ ਕੋਲ ਧਰਮ ਦੇ ਮਾਰਗ ਤੇ ਚੱਲਣ ਲਈ ਸੱਚੀ ਸਮਝ ਹੋਵੇ ਭਾਵ ਉਸਦੇ ਅੰਦਰ ਸੱਚ ਹੋਵੇ, ਨਾਮ ਹੋਵੇ ਜਿਸ ਦੁਆਰਾ ਮਨੁੱਖ ਨੂੰ ਸੱਚ ਤੇ ਚੱਲਣ ਦੀ ਸਮਝ ਆਉਂਦੀ ਹੈ ਕਿ ਸੱਚ ਤੇ ਚੱਲਣਾ ਕੀ ਹੈ। ਸਾਰੇ ਸੰਸਾਰ ਦਾ ਧਰਮ ਸੱਚ ਹੀ ਹੈ ਤੇ ਸੱਚ ਤੇ ਉਹੀ ਚੱਲਦਾ ਹੈ ਜੋ ਗੁਰੂ ਦੀ ਮਤਿ ਤੇ ਪੂਰਾ ਉਤਰਦਾ ਹੈ ਤੇ ਗੁਰਮਤਿ ਤੇ ਪੂਰਾ ਉਹੀ ਉਤਰਦਾ ਹੈ ਜੋ ਆਪਣੇ ਅੰਦਰੋਂ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਤਿਆਗਦਾ ਹੈ, ਅਉਗੁਣਾਂ ਨੂੰ ਤਿਆਗਦਾ ਹੈ ਭਾਵ ਗੁਣਾਂ ਦੁਆਰਾ ਵਿਚਰਦਾ ਹੈ ਭਾਵ ਜੋ ਵੀ ਕਰਮ ਕਰਦਾ ਹੈ, ਜੋ ਵੀ ਕਾਰ ਵਿਹਾਰ ਕਰਦਾ ਹੈ, **"ਸਰਮੁ"** ਕਰਦਾ ਹੈ ਉਹ ਅਉਗੁਣਾਂ ਤੋਂ ਰਹਿਤ ਹੋ ਕੇ ਕਰਦਾ ਹੈ ਭਾਵ ਜੋ ਵੀ ਧਨ ਕਮਾਉਂਦਾ ਹੈ ਆਪਣੀ ਸੱਚੀ ਸੁੱਚੀ ਵਿਚਰਨ ਦੁਆਰਾ ਕਮਾਉਂਦਾ ਹੈ ਭਾਵ ਧਰਮ ਦੇ ਦਾਇਰੇ ਵਿੱਚ ਰਹਿ ਕੇ ਚੱਲਦਾ ਹੈ। ਨਾਮ ਧਨ ਦਾ ਮਕਸਦ ਸਾਨੂੰ ਅਉਗੁਣਾਂ ਤੋਂ ਰਹਿਤ ਬਣਾ ਕੇ ਧਰਮ ਦੇ ਮਾਰਗ ਤੇ ਚਲਾਉਂਣ ਦਾ ਹੀ ਹੈ ਤੇ ਧਰਮ ਦੇ ਸੱਚੇ ਮਾਰਗ ਤੇ ਉਹੀ ਚੱਲ ਸਕਦਾ ਹੈ ਜਿਸਦੇ ਪੱਲੇ ਨਾਮ ਧਨ ਹੈ ਭਾਵ ਗੁਰਮਤਿ ਰੂਪ ਸੱਚੀ ਸਮਝ ਹੈ। **(ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥)**

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ ੧੧੮੮)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

{ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥}

(ਅੰਗ ੭੨੨)

{ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥ ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥੨॥}

(ਅੰਗ ੧੨੪੩)

ਪਉੜੀ ॥

{ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ ॥ ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ ॥
ਸਾਹਿਬ ਸਬਦੁ ਨ ਊਚਰੈ ਮਾਇਆ ਮੋਹ ਪਸਾਰੀ ॥ ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥
ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥੧੪॥}

(ਅੰਗ ੧੨੪੩)

ਨਾਮ ਧਨ ਦਾ ਮਕਸਦ ਕੀ ਹੈ ਇਸ ਗੱਲ ਨੂੰ ਅਸੀਂ ਮੁੱਖ

42/5549

ਸ਼ਬਦ ਦੀ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। ਜਿਸਦੇ ਅੰਦਰ ਨਾਮ ਧਨ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਹੈ ਉਹ ਫਿਰ ਮਾਇਆ ਦੇ ਧਨ ਨਾਲ ਪ੍ਰੇਮ ਨਹੀਂ ਕਰਦਾ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਸੋ ਧਨੁ ਮਿਤ੍ਰ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥”

ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜਿਸਦੇ ਪੱਲੇ ਨਾਮ ਧਨ ਹੈ ਉਸਨੂੰ ਫਿਰ ਦੁਨਿਆਵੀ ਧਨ ਨਾਲ ਮਿੱਤਰਤਾ ਨਹੀਂ ਹੁੰਦੀ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਾਨੂੰ ਦੁੱਖਾਂ ਵਿੱਚ ਪਾਉਂਣ ਵਾਲਾ ਇਹ ਮਾਇਆ ਰੂਪ ਧਨ ਹੈ ਜੋ ਕਿ ਸਭ ਦੇ ਅੰਦਰ ਬਹੁਤ ਵੱਡੀ ਤ੍ਰਿਸ਼ਨਾ ਹੈ ਤੇ ਉਸ ਧਨ ਦੀ ਪ੍ਰਾਪਤੀ ਲਈ ਮਨੁੱਖ ਨੂੰ ਮਾੜੇ ਕਰਮ ਵੀ ਕਰਨੇ ਪੈਂਦੇ ਹਨ ਭਾਵ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਮਾੜਾ ਬਣਨਾ ਪੈਂਦਾ ਹੈ, ਗੁਰੂ ਦੀ ਮਤਿ ਦੇ ਉਲਟ ਚੱਲਣਾ ਪੈਂਦਾ ਹੈ ਤੇ ਫਿਰ ਵੀ ਦੁਨਿਆਵੀ ਧਨ ਨਾਲ ਤ੍ਰਿਸ਼ਨਾ ਨਹੀਂ ਘੱਟਦੀ ਬਲਕਿ ਵੱਧਦੀ ਹੀ ਰਹਿੰਦੀ ਹੈ ਤੇ ਮਨ ਦੀਆਂ ਇਹ ਤ੍ਰਿਸ਼ਨਾਵਾਂ ਹੀ ਮਨੁੱਖ ਦੇ ਦੁੱਖਾਂ ਦਾ ਕਾਰਨ ਹਨ। ਇਸੇ ਲਈ ਜਿਨ੍ਹਾਂ ਦੇ ਪੱਲੇ ਨਾਮ ਧਨ ਹੈ ਉਹ ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਕੇਵਲ ਸੱਚੀ ਸੁੱਚੀ ਕਿਰਤ ਹੀ ਕਰਦੇ ਹਨ ਤੇ ਜੋ ਕੁਝ ਕਮਾਉਂਦੇ ਹਨ ਉਸੇ ਵਿੱਚ ਹੀ ਸੰਤੋਖ ਕਰਦੇ ਹਨ। ਧਰਮ ਦੇ ਮਾਰਗ ਤੇ ਮਨ ਦੇ ਸੰਤੋਖ ਦੁਆਰਾ ਹੀ ਚੱਲਿਆ ਜਾ ਸਕਦਾ ਹੈ। ਨਾਮ ਧਨ ਦਾ ਮਕਸਦ ਸਾਨੂੰ ਮਾਇਆ ਧਨ ਦੇ ਮੋਹ ਵਿੱਚੋਂ ਕੱਢਣ ਦਾ ਹੈ ਤੇ ਜਿਨ੍ਹਾਂ ਨੂੰ ਨਾਮ ਧਨ ਦੀ ਸਮਝ ਨਹੀਂ ਹੈ ਉਹ ਕਿਸੇ ਅੱਖਰ ਦਾ ਜੱਪ ਹੀ ਇਸ ਲਈ ਕਰਦੇ ਹਨ ਕਿ ਸਾਨੂੰ ਪ੍ਰਮਾਤਮਾ ਖੁਸ਼ ਹੋ ਕੇ ਵੱਧ ਤੋਂ ਵੱਧ ਮਾਇਆ ਦੇਵੇਗਾ ਭਾਵ ਮਨ ਦੀਆਂ ਇੱਛਾਵਾਂ ਵਿੱਚ ਮਾਇਆ ਧਨ ਨਾਲ ਪ੍ਰੇਮ ਹੀ ਵੱਸਿਆ ਹੁੰਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। **(ਸੋ ਧਨੁ ਮਿਤ੍ਰ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥)**

ਜੋ ਧਰਮ ਦਾ ਮਾਰਗ ਹੈ ਉਹੀ ਗੁਰੂ ਦੀ ਸੇਵਾ ਦਾ ਮਾਰਗ ਹੈ ਜੋ ਕਿ ਆਪਣੇ ਅੰਦਰ ਸੱਚ ਨੂੰ ਧਿਆਉਂਣ ਦੁਆਰਾ ਹੀ ਹੁੰਦਾ ਹੈ, ਨਾਮ ਨੂੰ ਧਿਆਉਂਣ ਦੁਆਰਾ ਹੀ ਹੁੰਦਾ

42/5550

ਹੈ ਜੋ ਸੇਵਾ ਮਨੁੱਖ ਧਰਮ ਦੇ ਮਾਰਗ ਤੇ ਚੱਲ ਕੇ ਹੀ ਨਿਭਾਉਂਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਨਿਭਾਉਂਦਾ ਹੈ ਭਾਵ ਉਹ ਮਨੁੱਖ ਮਨ ਦੇ ਵਿੱਚ ਸੱਚੀ ਸਮਝ ਦੁਆਰਾ ਸੱਚੀ ਸੁੱਚੀ ਕਿਰਤ ਹੀ ਕਰਦਾ ਹੈ ਤੇ ਕੋਈ ਮੰਦਾ ਕਰਮ ਨਹੀਂ ਕਰਦਾ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਸੇਵ ਕੀਤੀ ਸੰਤੋਖੀਏਂ ਜਿਨ੍ੀ ਸਚੋ ਸਚੁ ਧਿਆਇਆ ॥

ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥

ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਮਾਇਆ ਦੇ ਧਨ ਵਿੱਚ ਤੇ ਨਾਮ ਧਨ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥”

ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਉਹਨਾਂ ਦੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿਨ੍ਹਾਂ ਦੀ ਮਿਤੱਰਤਾ ਮਾਇਆ ਦੇ ਧਨ ਨਾਲ ਹੈ ਤੇ ਦੂਸਰੀ ਪੰਗਤੀ ਵਿੱਚ ਉਹਨਾਂ ਦੇ ਮਨ ਦੀ ਅਵਸਥਾ ਹੈ ਜਿਨ੍ਹਾਂ ਦੇ ਕੋਲ ਨਾਮ ਧਨ ਹੈ। ਫਰਕ ਬੜੀ ਆਸਾਨੀ ਨਾਲ ਸਮਝ ਆ ਸਕਦਾ ਹੈ। ਜਿਨ੍ਹਾਂ ਦੇ ਪੱਲੇ ਮਾਇਆ ਧਨ ਹੈ ਭਾਵ ਜਿਨ੍ਹਾਂ ਦੀ ਇੱਛਾ ਮਾਇਆ ਧਨ ਨਾਲ ਜੁੜੀ ਰਹਿੰਦੀ ਹੈ ਉਹ ਕਹਿਣ ਨੂੰ ਦੁਨੀਆਂ ਦੀ ਨਜਰਾਂ ਵਿੱਚ ਅਮੀਰ ਸਮਝੇ ਜਾਂਦੇ ਹਨ ਪਰ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਉਹ ਫਕੀਰ ਹਨ। ਇਹ ਫਕੀਰੀ ਨਾਮ ਧਨ ਦੇ ਨਾ ਹੋਣ ਕਰਕੇ ਹੈ ਭਾਵ ਗੁਰਮਤਿ ਦੀ ਸਮਝ ਨਾ ਹੋਣ ਕਰਕੇ ਹੈ, ਧਰਮ ਦੇ ਮਾਰਗ ਦੀ ਸੱਚੀ ਸਮਝ ਨਾ ਹੋਣ ਕਰਕੇ ਹੈ ਜਿਸ ਕਰਕੇ ਉਹ ਮਾਇਆ ਧਨ ਦੀ ਪ੍ਰਾਪਤੀ ਪਿੱਛੇ ਲੱਗੇ ਰਹਿੰਦੇ ਹਨ ਜਿਸਦੀ ਪ੍ਰਾਪਤੀ ਲਈ ਮਾੜੇ ਕਰਮ ਵੀ ਕਰਨੇ ਪੈਂਦੇ ਹਨ ਭਾਵ ਅਉਗੁਣ ਵੀ ਕਰਨੇ ਪੈਂਦੇ ਹਨ ਭਾਵ ਗੁਰਮਤਿ ਤੋਂ ਬਾਹਰ ਜਾਣਾ ਪੈਂਦਾ ਹੈ, ਗੁਰਮਤਿ ਦੇ, ਸੱਚ ਦੇ ਉਲਟ ਚੱਲਣਾ ਪੈਂਦਾ ਹੈ। ਗੁਰਮਤਿ ਰੂਪ ਸੱਚੀ ਸੋਝੀ ਸਾਡੇ ਮਨ ਦੀ ਅਮੀਰੀ ਹੈ ਤੇ ਗੁਰਮਤਿ ਦੇ ਉਲਟ ਸਮਝ ਰੱਖਣਾ ਸਾਡੇ ਮਨ ਦੀ ਫਕੀਰੀ ਹੈ। ਨਾਮ ਧਨ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਦੁਆਰਾ

42/5551

ਬਾਰ-ਬਾਰ ਸਮਝਿਆ ਹੈ ਜੋ ਕਿ ਗੁਰਮਤਿ ਰੂਪ ਸੱਚਾ ਗਿਆਨ ਹੈ ਤੇ ਗੁਰਮਤਿ ਰੂਪ ਸੱਚਾ ਗਿਆਨ ਹੀ ਸੱਚ ਹੈ ਤੇ ਇਸੇ ਰੂਪ ਵਿੱਚ ਆਪ ਪ੍ਰਮਾਤਮਾ ਹੈ। ਜਿਸਦੇ ਅੰਦਰ ਪ੍ਰਮਾਤਮਾ ਵੱਸਦਾ ਹੈ ਭਾਵ ਜੋ ਮਨੁੱਖ ਉਸਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਦੇ ਅੰਦਰ ਹੀ ਨਾਮ ਧਨ ਹੁੰਦਾ ਹੈ ਜੋ ਨਾਮ ਧਨ ਪ੍ਰਮਾਤਮਾ ਆਪ ਹੀ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ, ਸ਼ਬਦਾਂ ਦੇ ਰੂਪ ਵਿੱਚ ਦਿੰਦਾ ਹੈ, ਆਪਣੀ ਗੁਰਮਤਿ ਸਮਝਾਉਂਣ ਦੁਆਰਾ ਦਿੰਦਾ ਹੈ ਜਿਨ੍ਹਾਂ ਰਾਹੀਂ ਉਹ ਮਨ ਦੇ ਵਿੱਚੋਂ ਮਾਇਆ ਮੋਹ ਵਿੱਚ ਫਸੀ ਹੋਈ ਸਮਝ ਨੂੰ ਕੱਢ ਦਿੰਦਾ ਹੈ, ਮਾਇਆ ਧਨ ਦੀ ਤ੍ਰਿਸ਼ਨਾ ਨੂੰ ਕੱਢ ਦਿੰਦਾ ਹੈ ਭਾਵ ਹਰ ਅਉਗੁਣ ਨੂੰ ਕੱਢ ਦਿੰਦਾ ਹੈ ਜਿਨ੍ਹਾਂ ਦੁਆਰਾ ਮਨੁੱਖ ਮਾੜੇ ਕਰਮ ਕਰਦਾ ਹੈ। ਮਨੁੱਖ ਦਾ ਉਹ ਹਰ ਕਰਮ ਮਾੜਾ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੈ। ਆਪਣਾ ਨਾਮ ਧਨ ਦੇਣ ਦੁਆਰਾ ਉਹ ਉਸ ਮਨੁੱਖੀ ਮਤਿ ਨੂੰ ਗੁਣਾਂ ਦੁਆਰਾ ਗਹਿਰੀ ਬਣਾ ਦਿੰਦਾ ਹੈ ਭਾਵ ਡੂੰਘੀ ਸਮਝ ਵਾਲਾ ਬਣਾ ਦਿੰਦਾ ਹੈ, ਪੂਰਨ ਤੌਰ ਤੇ ਗੁਣਾਂ ਵਾਲੀ ਬਣਾ ਦਿੰਦਾ ਹੈ ਜਿਸ ਗੁਣਾਂ ਵਾਲੀ ਮਤਿ ਦੁਆਰਾ ਫਿਰ ਮਨੁੱਖ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਭਾਵ **“ਸਰਮੁ ਧਰਮੁ”** ਹੀ ਕਰਦਾ ਹੈ। **(ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥ ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥ ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥)**

ਅਗਲੇ ਸਲੋਕ ਰਾਹੀਂ ਵੀ ਨਾਮ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜੋ ਕਿ ਦੁਨਿਆਵੀ ਪਦਾਰਥਾਂ ਦੇ ਸੁੱਖਾਂ ਵਿੱਚੋਂ ਨਿਕਲਣ

ਦਾ ਹੈ ਭਾਵ ਅਸੀਂ ਉਹਨਾਂ ਵਿੱਚ ਸੁੱਖ ਸਮਝਦੇ ਹਾਂ ਪਰ ਅਸਲ ਵਿੱਚ ਉਹ ਸਾਡੇ ਦੁੱਖ ਦਾ ਕਾਰਨ ਹਨ ਜੋ ਸਾਨੂੰ ਹਰ ਵੇਲੇ ਤ੍ਰਿਸ਼ਨਾਵਾਂ ਵਿੱਚ ਰੱਖਦੇ ਹਨ। ਨਾਮ ਦਾ ਮਕਸਦ ਸਾਨੂੰ ਇਹਨਾਂ ਮਾਇਆ ਦੇ ਪਦਾਰਥਾਂ ਦੇ ਸੁੱਖਾਂ ਵਿੱਚੋਂ ਕੱਢਣ ਦਾ ਹੀ ਹੈ ਜਿਸ ਵਿੱਚੋਂ ਕੋਈ ਨਿਕਲਣਾ ਨਹੀਂ ਚਾਹੁੰਦਾ ਤੇ ਇਸੇ ਲਈ ਨਾਮ ਜਪਣਾ ਔਖਾ ਹੈ।

ਮਃ ੧ ॥

“ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥
ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥ ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥੨॥”

ਮਾਇਆ ਦੀ ਤ੍ਰਿਸ਼ਨਾ ਤੋਂ ਬਿਨਾਂ ਸੰਸਾਰ ਵਿੱਚ ਕੋਈ ਨਹੀਂ ਹੈ। ਮਾਇਆ ਦੇ ਅਨੇਕਾਂ ਰੂਪ ਹਨ। ਹਰ ਪਦਾਰਥ ਮਾਇਆ ਦਾ ਹੀ ਰੂਪ ਹੈ।

42/5552

ਹਰ ਕਿਸੇ ਦੇ ਅੰਦਰ ਹਰ ਵੇਲੇ ਕੁਝ ਨਾ ਕੁਝ ਪ੍ਰਾਪਤੀ ਦੀ ਇੱਛਾ ਲੱਗੀ ਰਹਿੰਦੀ ਹੈ। ਜਦ ਤਕ ਇੱਛਾ ਪੂਰੀ ਨਹੀਂ ਹੁੰਦੀ ਤਦ ਤਕ ਮਨੁੱਖ ਦੁੱਖੀ ਰਹਿੰਦਾ ਹੈ ਤੇ ਜੇਕਰ ਇੱਛਾ ਪੂਰੀ ਹੋ ਜਾਵੇ ਤੇ ਉਸ ਤੋਂ ਬਾਅਦ ਕੋਈ ਵਸਤੂ ਚੱਲੀ ਜਾਵੇ ਤਾਂ ਉਸ ਵਿੱਚ ਦੁੱਖ ਮਹਿਸੂਸ ਹੁੰਦਾ ਹੈ। ਮਨੁੱਖ ਦੀ ਕੋਈ ਵੀ ਇੱਛਾ ਜਿਸਦੀ ਪ੍ਰਾਪਤੀ ਵਿੱਚ ਉਸਨੂੰ ਸੁੱਖ ਮਹਿਸੂਸ ਹੁੰਦਾ ਹੈ ਉਹ ਸੁੱਖ ਕਦੇ ਵੀ ਜਾ ਸਕਦਾ ਹੈ ਜਿਸਦੇ ਜਾਣ ਦਾ ਦੁੱਖ ਜਰੂਰ ਲੱਗਦਾ ਹੈ। ਦੁਨਿਆਵੀ ਮਾਨ ਲੈਣਾ ਵੀ ਮਨੁੱਖ ਦੀ ਬੜੀ ਵੱਡੀ ਇੱਛਾ ਹੈ ਜਿਸ ਵਿੱਚ ਮਨੁੱਖ ਸੁੱਖ ਮਹਿਸੂਸ ਕਰਦਾ ਹੈ ਤੇ ਜੇਕਰ ਮਾਣ ਮਿਲਣਾ ਘੱਟ ਜਾਵੇ ਜਾਂ ਨਾ ਮਿਲੇ ਫਿਰ ਉਸ ਵਿੱਚ ਦੁੱਖ ਮਹਿਸੂਸ ਹੁੰਦਾ ਹੈ। ਇਹ ਸਭ ਕੁਝ ਸਾਡੀ ਤ੍ਰਿਸ਼ਨਾ ਹੈ ਜੋ ਹਰ ਵੇਲੇ ਕਿਸੇ ਨਾ ਕਿਸੇ ਪ੍ਰਾਪਤੀ ਵਿੱਚ ਲੱਗੀ ਰਹਿੰਦੀ ਹੈ। ਸਾਡੇ ਅੰਦਰ ਦੀ ਇਹ ਤ੍ਰਿਸ਼ਨਾ ਹੀ ਸਾਡੇ ਅੰਦਰ ਦੀ ਭੁੱਖ ਹੈ। ਤ੍ਰਿਸ਼ਨਾ ਸਾਡੇ ਅੰਦਰ ਸਾਡੇ ਵਿਚਾਰਾਂ ਦੀ ਉਪਜ ਹੈ ਭਾਵ ਸਾਡੇ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ ਜੋ ਸਮਝ ਸਾਨੂੰ ਜਿਹੋ ਜਿਹਾ ਸਮਝਾਉਂਦੀ ਹੈ ਸਾਨੂੰ ਉਹੋ ਕੁਝ ਕਰਨਾ ਚੰਗਾ ਲੱਗਦਾ ਹੈ। ਮਾਇਆ ਦੇ ਪਦਾਰਥਾਂ ਦੀ ਇੱਛਾ ਸਾਡੀ ਸਮਝ ਨਾਲੋਂ ਕੋਈ ਵੱਖਰੀ ਨਹੀਂ ਹੈ। ਸਾਡੇ ਅੰਦਰ ਦੀ ਸਮਝ ਜੋ ਹਰ ਵੇਲੇ ਸਾਨੂੰ ਤ੍ਰਿਸ਼ਨਾਵਾਂ ਵਿੱਚ ਰੱਖਦੀ ਹੈ ਭਾਵੇਂ ਉਹ ਤ੍ਰਿਸ਼ਨਾ ਕਿਸੇ ਰੂਪ ਵਿੱਚ ਹੈ ਇਹ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਸਾਡੇ ਅੰਦਰ ਦੀ ਉਹ ਮਤਿ ਹੈ ਜੋ ਮਤਿ ਗੁਰਮਤਿ ਵਾਲੀ ਨਹੀਂ ਹੈ ਭਾਵ ਨਾਮ ਵਾਲੀ ਨਹੀਂ ਹੈ। ਨਾਮ ਦੀ ਮਤਿ ਉਹ ਮਤਿ ਹੈ ਜੋ ਸਾਨੂੰ ਮਾਯਾਵੀ ਪਦਾਰਥਾਂ ਦੀ ਭੁੱਖ ਨੂੰ ਤਿਆਗਣ ਲਈ ਸਮਝਾਉਂਦੀ ਹੈ ਜੋ ਕਿ ਗੁਰੂ ਸਾਡਾ ਭਲਾ ਹੀ ਚਾਹੁੰਦਾ ਹੈ। ਗੁਰੂ ਨੂੰ ਪਤਾ ਹੈ ਕਿ ਮਨੁੱਖ ਦੀਆਂ ਤ੍ਰਿਸ਼ਨਾਵਾਂ ਕਦੇ ਪੂਰੀਆਂ ਨਹੀਂ ਹੁੰਦੀਆਂ ਜਿਨ੍ਹਾਂ ਦੀ ਪ੍ਰਾਪਤੀ ਲਈ ਉਹ ਹਰ ਵੇਲੇ ਦੁੱਖੀ ਹੁੰਦਾ ਰਹਿੰਦਾ ਹੈ। ਗੁਰੂ ਦੀ ਮਤਿ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਮਾਯਾਵੀ ਪਦਾਰਥਾਂ ਦੀ ਭੁੱਖ ਵਿੱਚੋਂ ਕੱਢਣ ਦਾ ਹੀ ਹੈ ਜੋ ਭੁੱਖ ਕਿਸੇ ਨਾ ਕਿਸੇ ਰੂਪ ਵਿੱਚ ਸਭ ਦੇ ਅੰਦਰ ਹੀ ਹੁੰਦੀ ਹੈ ਤੇ ਭੁੱਖ ਦਾ ਪੂਰਾ ਨਾ ਹੋਣਾ ਹੀ ਦੁੱਖ ਹੈ ਤੇ ਭੁੱਖ ਨੂੰ ਪੂਰੀ ਕਰਨ ਲਈ ਵੀ ਅਸੀਂ ਦੁੱਖੀ ਹੁੰਦੇ ਹਾਂ ਤੇ ਅਨੇਕਾਂ ਨੂੰ ਦੁੱਖੀ ਕਰਦੇ ਹਾਂ, ਅਨੇਕਾਂ ਮਾੜੇ ਕਰਮ ਕਰਦੇ ਹਾਂ ਭਾਵ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਸੰਸਾਰ ਨੂੰ ਦੁੱਖੀ ਹੀ ਕਰਦੀਆਂ ਹਨ ਤੇ ਗੁਰੂ ਦੀ ਮਤਿ ਜੋ ਮੰਨ ਲੈਂਦਾ ਹੈ ਭਾਵ ਜੋ ਨਾਮ ਜਪ ਲੈਂਦਾ ਹੈ ਉਸਦੇ ਅੰਦਰੋਂ ਮਾਯਾਵੀ ਪਦਾਰਥਾਂ ਦੀ ਭੁੱਖ ਮੁੱਕ ਜਾਂਦੀ ਹੈ ਭਾਵ ਉਹ ਮਨ ਦੇ ਸੰਤੋਖ ਵਿੱਚ ਆ ਜਾਂਦਾ ਹੈ ਤੇ ਕੇਵਲ ਗੁਰੂ ਦੀ ਮਤਿ ਅਨੁਸਾਰ ਹੀ ਵਿਚਰਦਾ ਹੈ, ਸੱਚ ਤੇ ਹੀ ਚੱਲਦਾ ਹੈ ਜਿਸ ਵਿੱਚ ਉਹ ਸੁੱਖ ਮਹਿਸੂਸ ਕਰਦਾ ਹੈ ਭਾਵ ਨਾ ਆਪ ਦੁੱਖੀ ਹੁੰਦਾ ਹੈ ਤੇ ਨਾ ਦੂਸਰਿਆਂ ਨੂੰ ਦੁੱਖੀ ਕਰਦਾ ਹੈ। **(ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥)**

42/5553

ਪ੍ਰਮਾਤਮਾ ਨੇ ਜੇਕਰ ਸਭ ਦੇ ਅੰਦਰ ਮਾਯਾਵੀ ਪਦਾਰਥਾਂ ਦੀ ਤ੍ਰਿਸ਼ਨਾ ਪਾਈ ਹੋਈ ਹੈ ਤੇ ਉਸਦਾ ਕਾਰਨ ਵੀ ਨਾਲ ਹੀ ਬਣਾਇਆ ਹੋਇਆ ਹੈ। ਮਾਇਆ ਦੇ ਅਨੇਕਾਂ ਹੀ ਰੂਪ ਹਨ। ਜਿੱਧਰ ਦੇਖੋ ਸਭ ਕੁਝ ਮਾਇਆ ਰੂਪ ਹੀ ਹੈ ਤੇ ਮਾਇਆ ਦਾ ਹਰ ਰੂਪ ਚੰਗਾ ਲੱਗਦਾ ਹੈ, ਸਾਨੂੰ ਲੁਭਾਉਂਦਾ ਹੈ ਤੇ ਉਸਦੀ ਪ੍ਰਾਪਤੀ ਦੀ ਇੱਛਾ ਮਨ ਵਿੱਚ ਜਾਗਦੀ ਹੈ। ਜੇਕਰ ਮਨੁੱਖ ਕਿਸੇ ਸੁੰਦਰ ਬੰਗਲੇ ਨੂੰ ਦੇਖਦਾ ਹੈ ਤੇ ਉਸਨੂੰ ਪ੍ਰਾਪਤ ਕਰਨ ਦੀ ਇੱਛਾ ਮਨ ਵਿੱਚ ਜਾਗਦੀ ਹੈ ਕਿ ਮੇਰੇ ਕੋਲ ਵੀ ਇਹ ਕੁਝ ਹੋਵੇ, ਇਸ ਤੋਂ ਵੀ ਸੁੰਦਰ ਬੰਗਲਾ ਹੋਵੇ। ਜੇ ਕਿਤੇ ਸੋਹਣੀ ਕਾਰ ਦੇਖਦਾ ਹੈ ਤਾਂ ਫਿਰ ਉਸਦੀ ਪ੍ਰਾਪਤੀ ਦੀ ਇੱਛਾ ਮਨ ਵਿੱਚ ਲੱਗ ਜਾਂਦੀ ਹੈ ਭਾਵ ਉਸਨੂੰ ਪ੍ਰਾਪਤੀ ਦੀ ਭੁੱਖ ਮਨ ਵਿੱਚ ਜਾਗ ਪੈਂਦੀ ਹੈ, ਜੇਕਰ ਕਿਤੇ ਸੁੰਦਰ ਬਗੀਚਾ ਨਜਰ ਆਉਂਦਾ ਹੈ ਤਾਂ ਮਨੁੱਖ ਦਾ ਦਿਲ ਕਰਦਾ ਹੈ ਕਿ ਮੇਰੇ ਕੋਲ ਇਹੋ ਜਿਹਾ ਬਗੀਚਾ ਹੋਵੇ। ਹਰ ਮਾਇਆ ਦਾ ਰੂਪ ਪ੍ਰਮਾਤਮਾ ਨੇ ਆਪ ਹੀ ਘੜਿਆ ਹੋਇਆ ਹੈ ਤੇ ਜਿਧਰ ਨਜਰ ਮਾਰੋ ਸਭ ਪਾਸੇ ਮਾਇਆ ਦੇ

ਰੂਪ ਹੀ ਨਜਰ ਆਉਂਦੇ ਹਨ ਤੇ ਉਹਨਾਂ ਨੂੰ ਦੇਖ ਕੇ ਉਹਨਾਂ ਦੀ ਪ੍ਰਾਪਤੀ ਦੀ ਇੱਛਾ ਵੀ ਜਾਗਦੀ ਹੈ ਲੇਕਿਨ ਕੀ ਕੋਈ ਸਭ ਕੁਝ ਪ੍ਰਾਪਤ ਕਰ ਸਕਦਾ ਹੈ ਭਾਵ ਕੀ ਕਦੇ ਕਿਸੇ ਦੀ ਭੁੱਖ ਪੂਰੀ ਹੋ ਸਕਦੀ ਹੈ ਭਾਵ ਨਹੀਂ ਹੋ ਸਕਦੀ। ਮਾਯਾਵੀ ਰੂਪ ਇਤਨੇ ਹਨ ਜਿਨ੍ਹਾਂ ਦੀ ਗਿਣਤੀ ਕਰਨੀ ਵੀ ਮੁਸ਼ਕਿਲ ਹੈ। ਜੇਕਰ ਅਸੀਂ ਕਿਸੇ ਵੱਡੇ ਅਹੁਦੇ ਵਾਲੇ ਨੂੰ ਦੇਖਦੇ ਹਾਂ ਉਹੀ ਮਾਇਆ ਦਾ ਰੂਪ ਹੈ ਤੇ ਮਨ ਵਿੱਚ ਇੱਛਾ ਜਾਗਦੀ ਹੈ ਕਿ ਮੈਂ ਵੀ ਇਹੋ ਜਿਹੇ ਉੱਚੇ ਅਹੁਦੇ ਵਾਲਾ ਬਣਾ, ਮੇਰੇ ਬੱਚੇ ਇਹੋ ਜਿਹੇ ਉੱਚੇ ਅਹੁਦੇ ਵਾਲੇ ਬਣਨ। ਇਹ ਸਭ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਹਨ ਜੋ ਹਰ ਵੇਲੇ ਮਨੁੱਖ ਨੂੰ ਦੁੱਖੀ ਹੀ ਰੱਖਦੀਆਂ ਹਨ ਭਾਵ ਉਹਨਾਂ ਦੀ ਪ੍ਰਾਪਤੀ ਦੀ ਭੁੱਖ ਹੀ ਰਹਿੰਦੀ ਹੈ। **(ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥)** ਅਸੀਂ ਜੋ ਵੀ ਆਪਣੀ ਇੱਛਾ ਪੂਰੀ ਕਰਨੀ ਚਾਹੁੰਦੇ ਹਾਂ ਉਹ ਆਪਣੇ ਸੁੱਖ ਲਈ ਪ੍ਰਾਪਤ ਕਰਨੀ ਚਾਹੁੰਦੇ ਹਾਂ ਜਿਸ ਵਿੱਚ ਅਸੀਂ ਰੱਸ ਮਹਿਸੂਸ ਕਰਦੇ ਹਾਂ ਭਾਵ ਜੋ ਕੁਝ ਸਾਨੂੰ ਚੰਗਾ ਲੱਗਦਾ ਹੈ ਉਹ ਸਾਡਾ ਰੱਸ ਹੈ। ਸਾਡੇ ਅੰਦਰ ਦੀ ਹਰ ਤ੍ਰਿਸ਼ਨਾ, ਮਾਇਆ ਦੀ ਇੱਛਾ ਸਾਡੇ ਲਈ ਸਾਡਾ ਰੱਸ ਹੈ ਭਾਵ ਅਸੀਂ ਪ੍ਰਾਪਤੀ ਆਪਣੇ ਰੱਸ ਦੀ ਕਰਨੀ ਚਾਹੁੰਦੇ ਹਾਂ,

42/5554

ਆਪਣੇ ਸੁੱਖ ਲਈ ਕਰਨੀ ਚਾਹੁੰਦੇ ਹਾਂ ਪਰ ਅਸਲ ਵਿੱਚ ਉਹ ਸਾਡੇ ਦੁੱਖ ਦਾ ਕਾਰਨ ਹੈ। ਮਨੁੱਖ ਦੀ ਇੱਕ ਇੱਛਾ ਪੂਰੀ ਹੁੰਦੀ ਹੈ ਤਾਂ ਅਨੇਕਾਂ ਹੋਰ ਜਾਗ ਪੈਂਦੀਆਂ ਹਨ ਜਿਨ੍ਹਾਂ ਦੀ ਪ੍ਰਪਾਤੀ ਕਰਨ ਲਈ ਮਨੁੱਖ ਹਰ ਵੇਲੇ ਪਰੇਸ਼ਾਨ ਰਹਿੰਦਾ ਹੈ, ਟੈਂਸ਼ਨ ਵਿੱਚ ਰਹਿੰਦਾ ਹੈ ਤੇ ਹੋਰਾਂ ਨੂੰ ਵੀ ਟੈਂਸ਼ਨ ਦਿੰਦਾ ਹੈ। **(ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥੨॥)** ਇਸੇ ਲਈ ਗੁਰੂ ਸਾਹਿਬ ਸਾਨੂੰ ਬਾਰ-ਬਾਰ ਸਮਝਾਉਂਦੇ ਹਨ ਕਿ ਨਾਮ ਜਪੋ ਭਾਵ ਮਾਇਆ ਮੋਹ ਛੱਡੋ, ਦੁੱਖ ਵਿੱਚੋਂ ਨਿਕਲੋ ਤੇ ਮਨ ਦੇ ਸੁੱਖ ਨਾਲ ਜੁੜੋ, ਨਾ ਆਪ ਦੁੱਖੀ ਹੋਵੋ ਨਾ ਦੂਸਰਿਆਂ ਨੂੰ ਦੁੱਖੀ ਕਰੋ। **(ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥ ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥ ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥੨॥)**

ਅਗਲੇ ਸਲੋਕ ਰਾਹੀਂ ਸਾਨੂੰ ਨਾਮ ਦੀ ਮਹਿਮਾ ਹੀ ਸਮਝਾਈ ਹੋਈ ਹੈ ਕਿ ਨਾਮ ਨੇ ਸਾਨੂੰ ਦੁੱਖਾਂ ਵਿੱਚੋਂ ਕਿਸ ਤਰੀਕੇ ਕੱਢਣਾ ਹੈ ਭਾਵ ਨਾਮ ਵਿਹੂਣੇ ਮਨੁੱਖਾਂ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ ਭਾਵ ਸਾਡੇ ਅੰਦਰ ਮਾਇਆ ਮੋਹ ਕਿਸ ਰੂਪ ਵਿੱਚ ਹੈ ਜਿਸ ਵਿੱਚੋਂ ਅਸੀਂ ਨਿਕਲਣਾ ਹੈ, ਨਾਮ ਜਪਣ ਦੁਆਰਾ ਨਿਕਲਣਾ ਹੈ।

ਮਃ ੧ ॥

“ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥
ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥”

ਉਪਰਲੇ ਸਲੋਕ ਰਾਹੀਂ ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜੋ ਅਵਸਥਾ ਬਿਨਾਂ ਨਾਮ ਵਾਲੀ ਹੈ ਜਿਵੇਂ ਕਿ ਸਲੋਕ ਦੀ ਆਖੀਰਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਸਾਰਾ ਸੰਸਾਰ ਨਾਮ ਵਿਹੂਣੀ ਮਤਿ ਵਿੱਚ ਹੀ ਹੈ ਭਾਵ ਮਾਇਆ ਮੋਹ ਵਿੱਚ ਹੀ ਹੈ, ਮਨ ਦੀ ਨਾਸਮਝ ਮਤਿ ਵਿੱਚ ਹੀ ਹੈ ਜਿਸ ਰਾਹੀਂ ਉਹ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦਾ ਹੈ ਤੇ ਉਹਨਾਂ ਦੀ ਪੂਰਤੀ ਲਈ ਉਹ ਕੁਝ ਕਰਦਾ ਹੈ ਜੋ ਨਾਮ ਅਨੁਸਾਰ ਨਹੀਂ ਹੁੰਦਾ ਭਾਵ ਗੁਰੂ ਦੇ ਗਿਆਨ ਅਨੁਸਾਰ ਨਹੀਂ ਹੁੰਦਾ ਭਾਵ ਧਰਮ ਦੇ ਮਾਰਗ ਅਨੁਸਾਰ ਨਹੀਂ ਹੁੰਦਾ, ਸੱਚ ਅਨੁਸਾਰ ਨਹੀਂ ਹੁੰਦਾ ਭਾਵ ਮਨ ਦੀ ਸੱਚੀ ਸਮਝ ਦੁਆਰਾ ਨਹੀਂ ਹੁੰਦਾ। ਸਲੋਕ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਜਿਸ ਰਾਹੀਂ ਸਾਰੇ ਸੰਸਾਰ ਦੀ ਮਨੁੱਖੀ ਮਤਿ ਦੀ ਅਵਸਥਾ ਹੀ ਸਮਝਾਈ ਹੋਈ ਹੈ ਭਾਵ ਮਾਇਆ ਮੋਹ ਵਾਲੀ ਮਤਿ ਹੀ ਸਮਝਾਈ ਹੋਈ ਹੈ।

“ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥”

42/5555

ਉਪਰ ਪੰਗਤੀਆਂ ਰਾਹੀਂ ਸਾਡੇ ਅੰਦਰ ਮਾਇਆ ਦਾ ਪ੍ਰਬਲ ਰੂਪ ਹੀ ਸਮਝਾਇਆ ਹੋਇਆ ਹੈ ਜਿਸ ਮਾਇਆ ਮੋਹ ਵਿੱਚੋਂ ਨਿਕਲਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ ਭਾਵ ਕਿਸੇ ਲਈ ਵੀ ਇੰਪਾਸੀਬਲ ਭਾਵ ਅਸੰਭਵ ਹੈ ਜਿਸ ਵਿੱਚੋਂ ਨਿਕਲਣ ਦਾ ਤੋੜ ਕੇਵਲ ਤੇ ਕੇਵਲ ਗੁਰੂ ਕੋਲ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸਾਡੇ ਅੰਦਰ ਦੀ ਮਾਇਆ ਦਾ ਮਕਸਦ ਸਾਡੇ ਕਰਮਾਂ ਦੇ ਨਾਲ ਹੈ ਭਾਵ ਜੋ ਕੁਝ ਕਰਮ ਵੀ ਅਸੀਂ ਕਰਦੇ ਹਾਂ ਉਹ ਮਾਇਆ ਵਾਲੀ ਮਤਿ ਦੁਆਰਾ ਹੀ ਕਰਦੇ ਹਾਂ। ਮਾਇਆ ਵਾਲੀ ਮਤਿ ਵਿੱਚ ਰਹਿੰਦੇ ਹੋਏ ਸਾਨੂੰ ਪੂਰਨ ਸੱਚ ਦੀ ਸਮਝ ਨਹੀਂ ਪੈਂਦੀ ਭਾਵ ਅਸੀਂ ਚੰਗੇ ਕਰਮ ਵੀ ਕਰਦੇ ਹਾਂ ਤੇ ਮਾੜੇ ਕਰਮ ਵੀ ਕਰਦੇ ਹਾਂ। ਅਸੀਂ ਜੋ ਵੀ

ਮਾੜਾ ਕੰਮ ਕਰਦੇ ਹਾਂ ਭਾਵ ਜੋ ਵੀ ਅੰਧੇ ਕੰਮ ਕਰਦੇ ਹਾਂ ਉਸਦੇ ਪਿੱਛੇ ਸਾਡਾ **"ਅੰਧੁ ਮਨੁ"** ਹੈ ਭਾਵ ਸਾਡੇ ਮਨ ਦੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜਿਸ ਸਮਝ ਦੇ ਅੰਦਰ ਗੁਰਮਤਿ ਨਹੀਂ ਹੈ, ਨਾਮ ਨਹੀਂ ਹੈ ਭਾਵ ਸੱਚ ਨਹੀਂ ਹੈ। ਸੱਚੀ ਮਤਿ ਸਾਡੇ ਕੋਲੋਂ ਸੱਚੇ ਸੁੱਚੇ ਕਰਮ ਕਰਾਉਂਦੀ ਹੈ ਤੇ ਅਗਿਆਨਤਾ ਵਾਲੀ ਅੰਨੀ ਮਤਿ ਸਾਡੇ ਕੋਲੋਂ ਅੰਨੇ ਕੰਮ ਭਾਵ ਮਾੜੇ ਕਰਮ ਕਰਾਉਂਦੀ ਹੈ। ਜੋ ਵੀ ਅਸੀਂ ਕਰਮ ਕਰਦੇ ਹਾਂ ਉਹ ਆਪਣੇ ਤਨ ਦੁਆਰਾ ਕਰਦੇ ਹਾਂ ਭਾਵ ਸਰੀਰ ਦੇ ਅੰਗਾਂ ਦੁਆਰਾ ਕਰਦੇ ਹਾਂ ਜਿਨ੍ਹਾਂ ਨੂੰ ਕਰਮ ਇੰਦਰੇ ਵੀ ਕਿਹਾ ਜਾਂਦਾ ਹੈ ਜਾਂ ਕੋਈ ਉਹਨਾਂ ਨੂੰ ਗਿਆਨ ਇੰਦਰੇ ਵੀ ਕਹਿੰਦੇ ਹਨ। ਇਸਦੇ ਵਿੱਚ ਸਾਡੇ ਕਿਸੇ ਇੰਦਰੇ ਦਾ ਦੋਸ਼ ਨਹੀਂ ਹੈ ਕਿਉਂਕਿ ਇੰਦਰੇ ਉਹੀ ਕੁਝ ਕਰਦੇ ਹਨ ਜੋ ਸਾਡਾ ਮਨ ਉਹਨਾਂ ਨੂੰ ਕਰਨ ਲਈ ਸਮਝਾਉਂਦਾ ਹੈ, ਸਾਡੇ ਇੰਦਰੇ ਉਹੀ ਕੁਝ ਦੇਖ ਕੇ ਸਮਝਦੇ ਹਨ ਜੋ ਕੁਝ ਉਹਨਾਂ ਨੂੰ ਮਨ ਸਮਝਾਉਂਦਾ ਹੈ ਭਾਵ ਆਪਣੇ ਤਨ ਰਾਹੀਂ ਅਸੀਂ ਜੋ ਵੀ ਕਰਮ ਕਰਦੇ ਹਾਂ ਉਸ ਵਿੱਚ ਤਨ ਦੀ ਕੋਈ ਭੂਮਿਕਾ ਨਹੀਂ ਹੈ, ਤਨ ਦੀ ਕੋਈ ਚੰਗਿਆਈ ਜਾਂ ਬੁਰਿਆਈ ਨਹੀਂ ਹੈ। ਜੇਕਰ ਅਸੀਂ ਮਾੜੇ ਕਰਮ ਕਰਦੇ ਹਾਂ ਉਹ ਅਸੀਂ ਮਨ ਦੀ ਅਗਿਆਨਤਾ ਕਰਕੇ ਕਰਦੇ ਹਾਂ ਭਾਵ ਮਨ ਦੀ ਮਾੜੀ ਮਤਿ ਕਰਕੇ ਕਰਦੇ ਹਾਂ ਜਿਸ ਕਰਕੇ ਤਨ ਨੂੰ ਮਾੜਾ ਕਿਹਾ ਜਾਂਦਾ ਹੈ, ਕਿਸੇ ਮਨੁੱਖੀ ਰੂਪ ਨੂੰ ਮਾੜਾ ਕਿਹਾ ਜਾਂਦਾ ਹੈ ਭਾਵ ਮਾਇਆ ਮੋਹ ਦਾ ਮਕਸਦ ਸਾਡੇ ਮਨ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜੋ ਮਨੁੱਖ ਕੋਲੋਂ ਮਾੜੇ ਕਰਮ ਕਰਵਾਉਂਣ ਦੁਆਰਾ ਮਨੁੱਖ ਨੂੰ ਮਾੜਾ ਬਣਾਉਂਦੀ ਹੈ। **(ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥)**

42/5556

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥}

(ਅੰਗ ੫੫-੫੬)

ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਹ ਮਾਇਆ ਭਾਵ ਮਨ ਦੀ ਅਗਿਆਨਤਾ ਸਭ ਦੇ ਅੰਦਰ ਹੈ ਭਾਵ ਇਸ ਤੋਂ ਬਿਨਾਂ ਕੋਈ ਨਹੀਂ ਹੈ ਜਿਸ ਕਰਕੇ ਕੋਈ ਵੀ ਪੂਰਨ ਸੱਚ ਦੇ ਮਾਰਗ ਤੇ ਨਹੀਂ ਚੱਲ ਸਕਦਾ ਤੇ ਆਪਣੇ ਅੰਦਰੋਂ ਕਦੇ ਵੀ ਕੋਈ ਆਪਣੇ ਆਪ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ, ਉਸ ਨਾਮ ਨੂੰ ਨਹੀਂ ਜਾਣ ਸਕਦਾ। ਸਾਡੀ ਅਗਿਆਨਤਾ ਵਾਲੀ ਮਤਿ ਚਿਕੱੜ ਵਾਲੀ ਮਤਿ ਹੈ ਭਾਵ ਜੇਕਰ ਕਿਸੇ ਜਗ੍ਹਾ ਚਿਕੱੜ ਦੇ ਨਾਲ ਬੰਧ ਬਣਾਈਏ ਤਾਂ ਉਹ ਬੰਧ ਨਹੀਂ ਰੁੱਕ ਸਕਦਾ ਭਾਵ ਆਪਣੀ ਮਤਿ ਦੁਆਰਾ ਕੋਈ ਵੀ ਆਪਣੇ ਅੰਦਰ ਅਗਿਆਨਤਾ ਨੂੰ ਵੜਨ ਤੋਂ ਨਹੀਂ ਰੋਕ ਸਕਦਾ। ਸਾਡੇ ਅੰਦਰ ਇਹ ਅਗਿਆਨਤਾ ਕਿੱਥੋਂ ਆਉਂਦੀ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ। ਇਹ ਅਗਿਆਨਤਾ, ਮਾਇਆ ਮੋਹ ਸਾਡੇ ਅੰਦਰ ਪ੍ਰਮਾਤਮਾ ਆਪ ਪਾਉਂਦਾ ਹੈ ਤੇ ਪ੍ਰਮਾਤਮਾ ਦੇ ਅੱਗੇ ਕੋਈ ਡੱਕਾ ਲਗਾ ਸਕਦਾ ਹੈ ਭਾਵ ਉਸਨੂੰ ਸਾਡੇ ਅੰਦਰ ਅਗਿਆਨਤਾ ਪਾਉਂਣ ਤੋਂ ਰੋਕ ਸਕਦਾ ਹੈ। ਚਿਕੜ ਦਾ ਬੰਨਾ ਲਾਉਂਣ ਨਾਲ ਤਾਂ ਉਹਨੇ ਕੀ ਰੁੱਕਣਾ ਹੈ ਉੱਚੇ ਪੱਥਰ ਦਾ ਬੰਧ ਵੀ ਕੰਮ ਨਹੀਂ ਆਉਂਦਾ ਭਾਵ ਆਪਣੇ ਅੰਦਰ ਅਗਿਆਨਤਾ ਨੂੰ ਆਉਂਣ ਤੋਂ ਕੋਈ ਰੋਕ ਲਵੇ, ਆਪਣੇ ਅੰਦਰ ਮਾਇਆ ਮੋਹ ਵਾਲੀ ਮਤਿ, ਹਉਮੈ ਵਾਲੀ ਮਤਿ, ਤ੍ਰੈ ਗੁਣਾਂ ਵਾਲੀ ਮਤਿ ਕੋਈ ਆਣ ਤੋਂ ਰੋਕ ਲਵੇ ਇਹ ਨਾਮੁਮਕਿਨ ਹੈ। **(ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥)**

ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਮਾਇਆ ਮੋਹ ਦਾ ਸਾਗਰ ਹੈ ਜਿਸ ਵਿੱਚੋਂ ਅਸੀਂ ਪਾਰ ਉਤਰਨਾ ਹੈ। ਉਹ ਮਾਇਆ ਮੋਹ ਦਾ ਸਾਗਰ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥"

ਮਾਇਆ ਮੋਹ ਦਾ ਬੰਧ ਸਭ ਦੇ ਅੰਦਰ ਟੁੱਟਾ ਹੋਇਆ ਹੈ ਭਾਵ ਮਾਇਆ ਮੋਹ ਨੂੰ ਸਾਡੇ ਅੰਦਰ ਆਉਂਣ ਤੋਂ ਕੋਈ ਰੁਕਾਵਟ ਨਹੀਂ ਹੈ। ਇਹ ਹਰ ਵੇਲੇ ਸਾਡੇ ਅੰਦਰ ਆਉਂਦੀ ਹੀ ਰਹਿੰਦੀ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਉਪਜਦੀ ਰਹਿੰਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ

42/5557

ਰਾਹੀਂ, ਇੱਛਾਵਾਂ ਰਾਹੀਂ ਮਾਇਆ ਉਪਜਦੀ ਰਹਿੰਦੀ ਹੈ ਭਾਵ ਮਨ ਦੇ ਅਗਿਆਨਤਾ ਵਾਲੇ ਵਿਚਾਰਾਂ ਰਾਹੀਂ ਉਪਜਦੀ ਰਹਿੰਦੀ ਹੈ, ਬਿਨਾਂ ਕਿਸੇ ਰੁਕਾਵਟ ਤੋਂ ਉਪਜਦੀ ਰਹਿੰਦੀ ਹੈ ਕਿਉਂਕਿ ਇਸਦਾ ਬੰਧ ਕੋਈ ਨਹੀਂ ਹੈ ਤੇ ਸਾਡੇ ਅੰਦਰ ਮਨ ਦੀਆਂ ਇੱਛਾਵਾਂ

ਇੱਕਠੀਆਂ ਹੁੰਦੀਆਂ ਰਹਿੰਦੀਆਂ ਹਨ, ਅਨੇਕਾਂ ਇੱਛਾਵਾਂ ਇੱਕਠੀਆਂ ਹੁੰਦੀਆਂ ਰਹਿੰਦੀਆਂ ਹਨ। ਸਾਡੇ ਅੰਦਰ ਮਨ ਦੀਆਂ ਇੱਛਾਵਾਂ ਨਾਲ ਭਰੇ ਰਹਿਣਾ ਹੀ ਸਾਡੇ ਅੰਦਰ ਦਾ ਮਾਇਆ ਮੋਹ ਦਾ ਸਾਗਰ ਹੈ ਜਿਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਹੀ ਕਰਮ ਕਰਦੇ ਹਾਂ ਜਿਸ ਕਰਕੇ ਅਨੇਕਾਂ ਮਾੜੇ ਕਰਮ ਵੀ ਕਰਦੇ ਹਾਂ। ਇਹਨਾਂ ਇੱਛਾਵਾਂ ਦੀ ਪੂਰਤੀ ਲਈ ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਇਹ ਮਾਇਆ ਮੋਹ ਦੇ ਸਾਗਰ ਵਿੱਚ ਡੁੱਬਣਾ ਹੈ। ਇਸ ਮਾਇਆ ਮੋਹ ਦੇ ਸਾਗਰ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਲਈ ਮਨੁੱਖ ਕੋਲ ਉਹ ਮਤਿ ਨਹੀਂ ਹੈ ਭਾਵ ਉਹ ਗਿਆਨ ਨਹੀਂ ਹੈ, ਉਹ ਸਮਝ ਨਹੀਂ ਹੈ ਜੋ ਸਾਨੂੰ ਇਸ ਵਿੱਚੋਂ ਕੱਢ ਸਕੇ। ਇਹਨਾਂ ਵਿਚਾਰਾਂ ਵਿੱਚੋਂ ਕੱਢਣ ਵਾਲੀ ਭਾਵ ਸੱਚੀ ਮਤਿ ਭਾਵ ਸੱਚਾ ਗਿਆਨ ਹੀ ਉਹ ਬੇੜੀ ਹੈ, ਉਹ ਤੁਲਹਾ ਹੈ ਜੋ ਸਾਨੂੰ ਮਨ ਦੀ ਨਾਸਮਝ ਮਤਿ ਵਿੱਚੋਂ ਕੱਢ ਸਕਦਾ ਹੈ, ਮਾਇਆ ਮੋਹ ਵਿੱਚੋਂ ਕੱਢ ਸਕਦਾ ਹੈ। ਮਨ ਦੇ ਇਹਨਾਂ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲੇ ਬਿਨਾਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨਾਂ ਸਾਨੂੰ ਉਸ ਪ੍ਰਮਾਤਮਾ ਦਾ ਹੱਥ ਨਹੀਂ ਲੱਭ ਸਕਦਾ ਭਾਵ ਪ੍ਰਮਾਤਮਾ ਆਪਣੀ ਬਾਂਹ ਨਹੀਂ ਫੜਾਉਂਦਾ। ਸਾਡੇ ਅੰਦਰ ਸੱਚੇ ਗਿਆਨ ਦੀ ਬੇੜੀ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਹੱਥ ਹੈ ਭਾਵ ਪ੍ਰਮਾਤਮਾ ਦਾ ਸਾਥ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੈ। ਸਾਡੇ ਅੰਦਰ ਇਹ ਬੇੜੀ ਪ੍ਰਮਾਤਮਾ ਦੀ ਗੁਰਮਤਿ ਰੂਪ ਗਿਆਨ ਵਾਲੀ ਸੱਚੀ ਮਤਿ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਹ ਮਨ ਦੇ ਗਿਆਨ ਰਾਹੀਂ ਆਪ ਹੀ ਆਪਣਾ ਹੱਥ ਪਕੜਾਉਂਦਾ ਹੈ ਭਾਵ ਆਪਣਾ ਆਪ ਪ੍ਰਗਟ ਕਰਦਾ ਹੈ। ਆਪਣੇ ਇਸ ਸੱਚੇ ਗਿਆਨ ਦੀ ਮਤਿ ਦੁਆਰਾ ਪ੍ਰਮਾਤਮਾ ਆਪਣਾ ਪੂਰਨ ਸੱਚ ਹੀ ਸਮਝਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਦੀ ਮਤਿ ਨੂੰ ਹਰ ਭਰਮ ਵਾਲੇ ਵਿਚਾਰ ਵਿੱਚੋਂ ਕੱਢ ਲੈਂਦਾ ਹੈ, ਪੂਰੀ ਤਰ੍ਹਾਂ ਅਗਿਆਨਤਾ ਤੋਂ ਮੁਕਤਿ ਕਰ ਦਿੰਦਾ ਹੈ ਤੇ ਆਪਣਾ ਧਰਮ ਦਾ ਮਾਰਗ ਸਮਝਾਉਂਦਾ ਹੈ ਜੋ ਕਿ ਇੱਛਾਵਾਂ ਵਿੱਚੋਂ ਨਿਕਲਕੇ ਮਨ ਦੇ ਸੰਤੋਖ ਦੁਆਰਾ ਸੱਚੇ ਸੁੱਚੇ ਕਰਮ ਕਰਨ ਦਾ ਹੈ, ਫਿਰ ਮਨ ਦੀ ਅਗਿਆਨਤਾ ਕਰਕੇ ਕੋਈ ਮਾੜਾ ਕੰਮ ਨਹੀਂ ਕਰਦਾ। ਮਨ ਦੇ

ਵਿੱਚ ਜੋ ਸੱਚੇ ਗਿਆਨ ਰੂਪ ਬੇੜੀ ਹੈ ਇਹੀ ਪ੍ਰਮਾਤਮਾ ਦਾ ਸੱਚਾ ਨਾਮ ਹੈ ਭਾਵ ਨਾਮ ਰੂਪ ਬੇੜੀ ਹੈ ਜਿਸ ਦੁਆਰਾ ਮਨੁੱਖ ਮਾਇਆ ਮੋਹ ਦੇ ਸਾਗਰ ਤੋਂ ਪਾਰ ਉਤਰਦਾ ਹੈ ਭਾਵ ਮਨ ਦੀ ਅਗਿਆਨਤਾ ਤੋਂ ਪਾਰ ਉਤਰਦਾ ਹੈ ਤੇ ਜੋ ਮਨੁੱਖ ਮਨ ਦੀ ਅਗਿਆਨਤਾ ਵਾਲੀ ਮਤਿ ਦੇ ਨਾਲ ਹੀ ਜੁੜੇ ਰਹਿੰਦੇ ਹਨ ਭਾਵ ਜੋ ਨਾਮ ਨੂੰ ਨਹੀਂ ਸਮਝਦੇ ਤੇ ਨਾਮ ਨੂੰ ਕੋਈ ਅੱਖਰ ਹੀ ਸਮਝਦੇ ਹਨ ਉਹ ਆਪ ਤਾਂ ਅਗਿਆਨਤਾ ਦੇ ਸਾਗਰ ਵਿੱਚ ਡੁੱਬੇ ਹੀ ਰਹਿੰਦੇ ਹਨ ਤੇ ਅਨੇਕਾਂ ਨੂੰ ਆਪਣੇ ਨਾਲ ਡੋਬਦੇ ਹਨ ਜੋ ਉਹਨਾਂ ਦਾ ਸਾਥ ਦਿੰਦੇ ਹਨ ਭਾਵ ਉਹਨਾਂ ਦੀ ਮਤਿ ਨਾਲ ਜੁੜਦੇ ਹਨ। ਸੱਚਾ ਨਾਮ ਭਾਵ ਗੁਰਮਤਿ ਰੂਪ ਸੱਚਾ ਗਿਆਨ ਫਿਰ ਸਾਡੇ ਅੰਦਰ ਦੀ ਅਗਿਆਨਤਾ ਨੂੰ ਉਹ ਬੰਧ ਲਗਾ ਦਿੰਦਾ ਹੈ ਜੋ ਕਦੇ ਟੁੱਟ ਨਹੀਂ ਸਕਦਾ ਕਿਉਂਕਿ ਸਾਡੇ ਅੰਦਰ ਅਗਿਆਨਤਾ ਪਾਉਂਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ।

{ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥
ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥
ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥
ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥
ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥}

(ਅੰਗ ੬੨੭)

ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਸਾਡੇ ਅੰਦਰ ਦਾ ਬੰਨਾ ਕੀ ਹੈ ਤੇ ਉਹ ਬੰਨਾ ਸਾਡੀ ਸਮਝ ਦੇ ਅੰਦਰ ਕੌਣ ਲਗਾਉਂਦਾ ਹੈ ਭਾਵ ਸ੍ਰਿਸ਼ਟੀ ਦਾ ਕਰਤਾ, ਪ੍ਰਮਾਤਮਾ, ਅੱਲ੍ਹਾ, ਅਕਾਲਪੁਰਖ ਆਪ ਹੀ ਲਗਾਉਂਦਾ ਹੈ ਜੋ ਮਨ ਦੇ ਵਿੱਚ ਬੰਨਾ ਲੱਗਣ ਦੁਆਰਾ ਫਿਰ ਮਨ ਦੇ ਵਿਚਾਰ ਗੁਰਮਤਿ ਵਾਲੇ ਵਿਚਾਰਾਂ ਦੇ ਨਾਲ ਪੂਰੀ ਤਰ੍ਹਾਂ ਜੁੜੇ ਰਹਿੰਦੇ ਹਨ ਭਾਵ ਗੁਰਮਤਿ ਤੋਂ ਬਾਹਰ ਨਹੀਂ ਜਾਂਦੇ ਭਾਵ ਫਿਰ ਮਨੁੱਖ ਸੱਚ ਤੇ ਹੀ ਚੱਲਦਾ ਹੈ, ਉਸ ਦਾ ਸੱਚਾ ਨਾਮ ਹੀ ਜਪਦਾ ਹੈ, ਸੱਚੇ ਸੁੱਚੇ ਕਰਮ ਹੀ ਕਰਦਾ ਹੈ ਤੇ ਕੋਈ ਮਾੜਾ ਕਰਮ ਨਹੀਂ ਕਰਦਾ ਜੋ ਮਾੜੇ ਕਰਮ ਮਨੁੱਖ ਨੂੰ ਦੁੱਖ ਦਰਦ ਵਿੱਚ ਪਾਉਂਦੇ ਹਨ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰੱਖਦੇ ਹਨ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਕਰਕੇ ਮਨੁੱਖ ਦੁੱਖ ਦਰਦ ਵਾਲੇ ਵਿਚਾਰਾਂ ਵਿੱਚ ਔਖਾ ਹੁੰਦਾ ਰਹਿੰਦਾ ਹੈ। ਜਿਸਨੂੰ

ਉਹ ਇੱਕ ਵਾਰੀ ਆਪਣੇ ਨਾਮ ਨਾਲ, ਸੱਚੇ ਗਿਆਨ ਨਾਲ ਜੋੜ ਲੈਂਦਾ ਹੈ ਉਹ ਫਿਰ ਸਦਾ ਲਈ ਜੁੜਿਆ ਹੀ ਰਹਿੰਦਾ ਹੈ ਭਾਵ ਫਿਰ ਕਦੇ ਉਸਦੇ ਅੰਦਰ ਧਰਮ ਦੇ ਮਾਰਗ ਨੂੰ ਲੈ ਕੇ ਅਗਿਆਨਤਾ ਵਾਲੀ ਮਤਿ ਨਹੀਂ ਵੜ ਸਕਦੀ ਭਾਵ ਅੰਦਰ ਨਹੀਂ ਟਿੱਕ ਸਕਦੀ। **(ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥ ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥)**

ਸਾਡੇ ਅੰਦਰ ਇਹ ਬੇੜੀ ਕਿਸ ਰੂਪ ਵਿੱਚ ਹੈ ਇਸਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਇਸ ਬੇੜੀ ਤੇ ਚੜੇ ਬਿਨਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜੋ ਸਾਡੇ ਅੰਦਰ ਹੀ ਹੈ। ਇਹ ਬੇੜੀ ਵੀ ਸਾਡੇ ਮਨ ਵਿੱਚ ਹੈ ਤੇ ਪ੍ਰਮਾਤਮਾ ਵੀ ਸਾਡੇ ਮਨ ਵਿੱਚ ਹੈ। ਜਿਸਨੂੰ ਪ੍ਰਮਾਤਮਾ ਇਸ ਬੇੜੀ ਤੇ ਚੜਾਉਂਦਾ ਹੈ ਭਾਵ ਸੱਚ ਦੀ ਬੇੜੀ ਤੇ ਚੜਾਉਂਦਾ ਹੈ, ਨਾਮ ਰੂਪ ਬੇੜੀ ਤੇ ਚੜਾਉਂਦਾ ਹੈ ਆਪ ਹੀ ਚੜਾਉਂਦਾ ਹੈ ਤੇ ਮਨੁੱਖ ਨੂੰ ਮਾਇਆ ਮੋਹ ਦੇ ਸਾਗਰ ਵਿੱਚੋਂ ਤਾਰਦਾ ਹੈ। ਅਸੀਂ ਇਸ ਬੇੜੀ ਤੇ ਚੜਨ ਦਾ ਉੱਦਮ ਹੀ ਕਰਨਾ ਹੈ। ਪ੍ਰਮਾਤਮਾ ਦੀ ਇਹ ਨਾਮ ਰੂਪ ਬੇੜੀ, ਸੱਚ ਰੂਪ ਬੇੜੀ ਪੂਰੀ ਗੁਰਬਾਣੀ ਹੈ ਜੋ ਗੁਰੂ ਦੇ ਵਿਚਾਰਾਂ ਦੁਆਰਾ ਭਰੀ ਹੋਈ ਹੈ, ਸ਼ਬਦ ਦੇ ਵਿਚਾਰਾਂ ਦੁਆਰਾ ਭਰੀ ਹੋਈ ਹੈ ਭਾਵ ਗੁਰਮਤਿ ਰੂਪ ਵਿੱਚ ਸੱਚੇ ਗਿਆਨ ਨਾਲ ਭਰੀ ਹੋਈ ਹੈ ਗੁਰਮਤਿ ਰੂਪ ਸੱਚੇ ਗਿਆਨ ਨਾਲ ਜੁੜਨਾ ਹੀ ਸਚੁ ਰੂਪ ਬੇੜੀ ਤੇ ਨਾਮ ਰੂਪ ਬੇੜੀ ਤੇ ਚੜਨ ਦਾ ਸਾਡਾ ਸੱਚਾ ਉੱਦਮ ਹੈ। ਮਾਇਆ ਮੋਹ ਅਗਿਆਨਤਾ ਦਾ ਸਾਗਰ ਹੈ ਤੇ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਸੱਚੇ ਗਿਆਨ ਦਾ ਸਾਗਰ ਹੈ, ਬ੍ਰਹਮ ਗਿਆਨ ਦਾ ਸਾਗਰ ਹੈ। ਜਿਸ

42/5559

ਨੂੰ ਪ੍ਰਮਾਤਮਾ ਇਸ ਬੇੜੀ ਤੇ ਬਿਠਾ ਲੈਂਦਾ ਹੈ ਉਸਨੂੰ ਮਾਇਆ ਮੋਹ ਦੇ ਸਾਗਰ ਵਿੱਚੋਂ ਕੱਢ ਕੇ ਭਾਵ ਅਗਿਆਨਤਾ ਦੇ ਸਾਗਰ ਵਿੱਚੋਂ ਕੱਢ ਕੇ ਭਾਵ ਉਸ ਵਿੱਚੋਂ ਤਾਰ ਕੇ ਸੱਚੇ ਗਿਆਨ ਦੇ ਸਾਗਰ ਵਿੱਚ ਲੈ ਜਾਂਦਾ ਹੈ ਜੋ ਸਾਗਰ ਅੰਮ੍ਰਿਤ ਜਲ ਨਾਲ ਭਰਪੂਰ ਹੈ, ਨਾਮ ਜਲ ਨਾਲ ਭਰਪੂਰ ਹੈ। ਪੂਰੀ ਗੁਰਬਾਣੀ ਨਾਮ ਜਲ ਨਾਲ ਭਰਪੂਰ ਹੈ ਭਾਵ ਸੱਚੇ ਗਿਆਨ ਦਾ ਸਾਗਰ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਨਾਮ ਰੂਪ ਬੇੜੀ ਤੇ ਚੜਾਇਆ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਨੂੰ ਸੱਚੇ ਗਿਆਨ ਨਾਲ ਭਰਿਆ ਹੈ ਭਾਵ ਨਾਮ ਜਲ ਨਾਲ ਭਰਿਆ ਹੈ। ਪ੍ਰਮਾਤਮਾ ਦਾ ਇਹ ਗਿਆਨ ਰੂਪ ਜਲ ਹੀ ਪ੍ਰਮਾਤਮਾ ਦੀ ਬੇੜੀ ਹੈ ਜਿਸਦੇ ਉੱਤੇ ਸਾਡੇ ਮਨ ਦੇ ਵਿਚਾਰਾਂ ਨੇ ਬੈਠਣਾ ਹੈ ਤੇ ਇਸ ਬੇੜੀ ਤੇ ਸਾਡੇ ਵਿਚਾਰ ਤਾਂ ਹੀ ਬੈਠਣਗੇ ਜੇਕਰ ਪਹਿਲਾਂ ਅਗਿਆਨਤਾ ਵਾਲੀ ਮਤਿ ਵਿੱਚੋਂ ਨਿਕਲਾਂਗੇ ਭਾਵ ਮਾਇਆ ਮੋਹ ਵਾਲੀ ਮਤਿ ਵਿੱਚੋਂ ਨਿਕਲਾਂਗੇ। ਇਹੀ ਸਾਡਾ ਸੱਚਾ ਉੱਦਮ ਹੈ ਕਿ ਅਸੀਂ ਸਚੁ ਰੂਪ ਬੇੜੀ ਤੇ ਚੜਨ ਦਾ ਉੱਦਮ ਕਰੀਏ। ਇਸ ਸਚੁ ਰੂਪ ਬੇੜੀ ਨੇ ਹੀ ਸਾਨੂੰ ਸਚੁ ਰੂਪ ਪ੍ਰਮਾਤਮਾ ਦੇ ਘਰ ਵਿੱਚ ਲੈ ਕੇ ਜਾਣਾ ਹੈ ਜੋ ਉਸਦਾ ਘਰ ਸਾਡੇ ਅੰਦਰ ਹੀ ਹੈ।

ਸਿਰੀਰਾਗੁ ਮਹਲਾ ੧ ॥

“ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥ ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥
ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥ ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥
ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥”

(ਅੰਗ ੨੦)

ਇਸ ਸੱਚ ਦੀ ਬੇੜੀ ਤੇ, ਨਾਮ ਦੀ ਬੇੜੀ ਤੇ ਸੰਸਾਰ ਵਿੱਚ ਕਦੇ ਕੋਈ ਵਿਰਲਾ ਹੀ ਇਸ ਬੇੜੀ ਤੇ ਚੜਦਾ ਹੈ ਜੋ ਮਾਇਆ ਮੋਹ ਦੇ ਸਾਗਰ ਵਿੱਚੋਂ ਤਰਦਾ ਹੈ ਭਾਵ ਆਪਣੀ ਸੁਰਤਿ ਦੇ ਵਿਚਾਰਾਂ ਵਿੱਚੋਂ ਤਰਦਾ ਹੈ ਤੇ ਸ਼ਬਦ ਦੇ ਵਿਚਾਰਾਂ ਨਾਲ ਜੁੜਦਾ ਹੈ। ਗੁਰੂ ਜੋ

ਵੀ ਵਿਚਾਰ ਦਿੰਦਾ ਹੈ, ਆਪਣੇ ਸ਼ਬਦਾਂ ਰਾਹੀਂ ਜੋ ਵੀ ਵਿਚਾਰ ਦਿੰਦਾ ਹੈ ਉਸ ਰਾਹੀਂ ਉਹ ਸੱਚ ਹੀ ਸਮਝਾਉਂਦਾ ਹੈ ਭਾਵ ਨਾਮ ਹੀ ਸਮਝਾਉਂਦਾ ਹੈ, ਸੱਚਾ ਗਿਆਨ ਹੀ ਦਿੰਦਾ ਹੈ। ਤਰਨਾ ਤਾਂ ਅਸੀਂ ਮਨ ਦੇ ਗਿਆਨ ਨਾਲ ਹੀ ਹੈ ਜੋ ਕਿ ਮਨ ਦੇ ਵਿਚਾਰਾਂ ਰਾਹੀਂ ਤਰਨਾ ਹੈ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ, ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਤਰਨਾ ਹੈ ਭਾਵ ਉਸ ਵਿੱਚੋਂ ਨਿਕਲਣਾ ਹੈ। ਸੱਚੇ ਵਿਚਾਰਾਂ ਦੀ ਬੇੜੀ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਕੇ ਮਨ ਦੇ ਵਿੱਚ ਹੀ ਸੱਚੇ ਗਿਆਨ ਨਾਲ ਜੋੜ ਦਿੰਦੀ ਹੈ ਜੋ ਗਿਆਨ ਮਨ ਦੇ

42/5560

ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਦਿੰਦਾ ਹੈ ਭਾਵ ਨਾਮ ਰਾਹੀਂ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ ਤੇ ਉਹਨਾਂ ਨੂੰ ਇਹੋ ਜਿਹੀ ਬੇੜੀ ਦੁਆਰਾ ਤਾਰਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਇਹੋ ਜਿਹੇ ਸੱਚੇ ਗਿਆਨ ਦੁਆਰਾ ਹੁੰਦਾ ਹੈ ਜਿਸ ਰਾਹੀਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਨਹੀਂ ਹਾਂ ਬਲਕਿ ਆਪ ਪ੍ਰਮਾਤਮਾ ਹੈ ਤੇ ਮਨੁੱਖ ਭਰਮ ਵਿੱਚ ਹੀ ਭਾਵ ਮਨ ਦੀ ਅਗਿਆਨਤਾ ਕਰਕੇ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਆਪਣੇ ਆਪ ਨੂੰ ਆਵਾਗਉਂਣ ਵਿੱਚ ਸਮਝਦਾ ਹੈ ਜਿਸ ਕਰਕੇ ਉਹ ਹਉਮੈ ਵਿੱਚ ਰਹਿੰਦਾ ਹੈ, ਆਪਣੀ ਹੋਂਦ ਦਾ ਅਹੰਕਾਰ ਕਰਦਾ ਹੈ। ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਣ ਵਾਲੇ ਸਾਰੇ ਹੀ ਹਨ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਾ ਜਾਨਣ ਵਾਲੇ ਸਾਰੇ ਹੀ ਹਨ ਭਾਵ ਪੂਰਾ ਸੰਸਾਰ ਭਰਿਆ ਪਿਆ ਹੈ ਜੋ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਕੇ ਆਵਾਗਉਂਣ ਵਿੱਚ ਸਮਝਦਾ ਹੈ ਭਾਵ ਇਹ ਸਾਰੇ ਹੀ ਸੱਚ ਦੀ ਬੇੜੀ ਤੇ ਨਹੀਂ ਚੜੇ, ਨਾਮ ਦੀ ਬੇੜੀ ਤੇ ਨਹੀਂ ਚੜੇ ਭਾਵ ਇਹ ਮਾਇਆ ਮੋਹ ਦੇ ਸਾਗਰ ਵਿੱਚੋਂ ਨਹੀਂ ਤਰੇ। **(ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥)** ਜੇਕਰ ਅਸੀਂ ਤਰਨਾ ਗੁਰੂ ਦੀ ਵਿਚਾਰ ਦੁਆਰਾ ਹੈ ਤੇ ਫਿਰ ਡੁੱਬਣਾ ਵੀ ਅਸੀਂ ਮਨ ਦੇ ਵਿਚਾਰਾਂ ਦੁਆਰਾ ਹੀ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥”

ਸਾਡੇ ਡੁੱਬਣ ਦਾ ਕਾਰਨ ਤੇ ਉਸ ਵਿੱਚੋਂ ਤਰਨ ਦਾ ਤਰੀਕਾ ਬੜਾ ਹੀ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਦੀ ਸਮਝ ਹੈ ਭਾਵ ਸਾਡੀ ਨਾਸਮਝ ਮਤਿ ਹੈ ਤੇ ਜਦ ਤਕ ਅਸੀਂ ਆਪਣੀ ਮਤਿ ਨੂੰ ਹੀ ਠੀਕ ਸਮਝਦੇ ਹਾਂ ਕਿ ਸਾਨੂੰ ਧਰਮ ਦੇ ਮਾਰਗ ਦੀ ਸਮਝ ਹੈ ਭਾਵ ਸਾਨੂੰ ਸੱਚ ਦੀ ਸਮਝ ਹੈ, ਸਾਨੂੰ ਨਾਮ ਦੀ ਸਮਝ ਹੈ, ਸਾਨੂੰ ਭਗਤੀ ਦੀ ਸਮਝ ਹੈ ਜਿਵੇਂ ਕਿ ਹਰ ਪਾਸੇ ਸਮਝਿਆ ਜਾਂਦਾ ਹੈ ਸਾਡੀ ਇਹੋ ਜਿਹੀ ਮਤਿ ਮਨਹਠਿ, ਮਨਮਤਿ ਹੈ ਭਾਵ ਸਾਡੇ ਮਨ ਦੀ ਜੋ ਵੀ ਵਿਚਾਰ ਗੁਰੂ ਦੀ ਵਿਚਾਰ ਤੋਂ ਵੱਖਰੀ ਹੈ, ਸ਼ਬਦ ਦੀ ਵਿਚਾਰ ਤੋਂ ਵੱਖਰੀ ਹੈ ਉਹ ਮਨਹਠਿ ਹੈ। ਸਾਡੀ

42/5561

ਇਹ ਮਤਿ ਮਾਇਆ ਮੋਹ ਵਾਲੀ ਮਤਿ ਹੈ, ਸਮਝ ਹੈ ਜਿਸ ਮਤਿ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰਹਿੰਦੇ ਹਾਂ। ਸਾਨੂੰ ਡੁਬੋਣ ਵਾਲੀ ਸਾਡੀ ਨਾਸਮਝ ਮਤਿ ਹੈ ਤੇ ਅਸੀਂ ਤਰਨਾ ਆਪਣੀ ਮਾੜੀ ਮਤਿ ਤੋਂ ਹੀ ਹੈ ਤੇ ਸਾਨੂੰ ਤਾਰ ਉਹੀ ਸਕਦਾ ਹੈ ਜਿਸਦੇ ਕੋਲ ਸੱਚੀ ਮਤਿ ਹੈ ਭਾਵ ਜਿਸਦੀ ਮਤਿ ਦੇ ਅੰਦਰ ਸੱਚ ਹੈ। ਸੱਚ ਗੁਰੂ ਦੀ ਮਤਿ ਦੇ ਅੰਦਰ ਹੈ, ਗੁਰੂ ਦੀ ਵਿਚਾਰ ਦੇ ਅੰਦਰ ਹੈ ਜੋ ਸੱਚ ਸੱਚੀ ਸਮਝ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਮਨ ਦੇ ਵਿੱਚ ਇਹੋ ਜਿਹੀ ਸਮਝ ਦੇ ਨਾਲ ਜੁੜਨਾ ਗੁਰਮੁਖਿ ਰੂਪ ਮਤਿ ਦੇ ਨਾਲ ਜੁੜਨਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਜੁੜਨਾ ਹੈ ਜਿਸ ਸੱਚੀ ਮਤਿ ਨੇ ਸਾਨੂੰ ਮਨ ਦੇ ਵਿੱਚ ਮਨਹਠਿ ਵਾਲੀ ਮਤਿ ਵਿੱਚੋਂ ਤਾਰਨਾ ਹੈ, ਅਗਿਆਨਤਾ ਵਾਲੀ ਮਤਿ ਦੇ ਵਿੱਚੋਂ ਤਾਰਨਾ ਹੈ ਜਿਸ ਮਤਿ ਵਿੱਚ ਸਾਰਾ ਸੰਸਾਰ ਹੀ ਡੁੱਬਾ ਹੋਇਆ ਹੈ। **(ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥ ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥)**

{ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥

ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ ੧੩੪੩)

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਤੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਭਗਤੀ ਦਾ ਸੱਚਾ ਮਾਰਗ ਮਨ ਦੇ ਵਿੱਚ ਸੱਚੀ ਸਮਝ ਦੁਆਰਾ ਹੀ ਪੈਂਦਾ ਹੈ, ਮਨ ਦੇ ਵਿੱਚ ਸੱਚ ਦੁਆਰਾ ਹੀ ਪੈਂਦਾ ਹੈ ਜੋ ਮਾਰਗ ਮਨ ਦੇ ਵਿੱਚ ਸਚੁ ਰੂਪ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਨਾਮ ਰੂਪ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਸਾਨੂੰ ਧਰਮ ਦਾ, ਭਗਤੀ ਦਾ ਸੱਚਾ ਮਾਰਗ ਹੀ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਜੋ ਮਾਰਗ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸੰਸਾਰ ਨੇ ਅਨੇਕਾਂ ਹੀ ਆਪਣੀ ਆਪਣੀ ਆਸਥਾ ਅਨੁਸਾਰ, ਵੱਖਰੀ ਵੱਖਰੀ ਮਰਿਯਾਦਾ ਅਨੁਸਾਰ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿਨ੍ਹਾਂ ਵਿੱਚ ਸਿੱਖ ਜਗਤ ਵੀ ਖੁੱਲ ਕੇ ਸ਼ਾਮਿਲ ਹੈ। ਭਾਵੇਂ ਉਹਨਾਂ ਦੇ ਭਗਤੀ ਦੇ ਹਰ ਤਰੀਕੇ ਦਾ ਖੰਡਨ ਕੀਤਾ ਹੋਇਆ ਹੈ, ਪਾਖੰਡ ਦੱਸਿਆ ਹੋਇਆ ਹੈ, ਮੂਰਖਤਾ ਦੱਸਿਆ ਹੋਇਆ ਹੈ ਪਰ ਫਿਰ ਵੀ ਹਰ ਕੋਈ ਇਹੀ ਕਹਿੰਦਾ ਹੈ ਕਿ ਮੈਂ ਠੀਕ ਹਾਂ ਤੇ ਕਿਸੇ ਨੂੰ ਵੀ ਅਗਰ ਇਹ ਸਮਝਾਉ ਕਿ ਤੈਨੂੰ ਭਗਤੀ ਦੀ ਸਮਝ ਨਹੀਂ ਹੈ, ਤੈਨੂੰ ਨਾਮ ਦੀ ਸਮਝ ਨਹੀਂ ਹੈ ਪਰ ਕੋਈ ਮੰਨਣ ਲਈ ਤਿਆਰ ਨਹੀਂ ਹੁੰਦਾ ਉਲਟਾ ਗੁੱਸਾ ਦਿਖਾਉਂਦਾ ਹੈ, ਵਿਰੋਧਤਾ ਕਰਦਾ ਹੈ, ਇਹ ਮਨਹਠਿ ਹੈ ਜਿਸਨੇ ਸਭ ਨੂੰ

ਡੁਬਾਇਆ ਹੋਇਆ ਹੈ ਭਾਵ ਕੋਈ ਮਨਹਠਿ ਵਿੱਚੋਂ ਤਰਨਾ ਚਾਹੁੰਦਾ ਹੀ ਨਹੀਂ, ਸੱਚ ਨਾਲ ਜੁੜਨਾ ਚਾਹੁੰਦਾ ਹੀ ਨਹੀਂ, ਗੁਰੂ ਦੀ ਵਿਚਾਰ ਨਾਲ ਜੁੜਨਾ ਚਾਹੁੰਦਾ ਹੀ ਨਹੀਂ। ਜੋ ਸਾਡੇ ਮਨ ਦੀ ਸਮਝ ਸਾਨੂੰ ਮਨਹਠਿ ਵਿੱਚ ਰੱਖਦੀ ਹੈ ਭਾਵ ਮਨਮਤਿ ਨਾਲ ਜੋੜਕੇ ਰੱਖਦੀ ਹੈ ਭਾਵ ਗੁਰੂ ਦੀ ਵਿਚਾਰ ਤੋਂ ਦੂਰ ਰੱਖਦੀ ਹੈ ਇਹੀ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ, ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਜੋ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ ਜਿਸਦਾ ਮਕਸਦ ਹੀ ਸਾਨੂੰ ਸੱਚ ਨਾਲੋਂ ਦੂਰ ਰੱਖਣ ਦਾ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰੱਖਣ ਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਸਚੁ ਰੂਪ ਵਿੱਚ ਹੀ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ। ਗੁਰਬਾਣੀ ਦੀ ਰਚਨਾ ਕਰਨ ਦੁਆਰਾ ਪ੍ਰਮਾਤਮਾ ਨੇ ਆਪਣਾ ਸੱਚ ਹੀ ਸਮਝਾਇਆ ਹੋਇਆ ਹੈ ਤੇ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਸੱਚ ਰੂਪ ਹੈ ਭਾਵ ਸੱਚੇ ਗਿਆਨ ਦਾ ਰੂਪ ਹੈ ਜਿਸਦਾ ਮਕਸਦ ਸਾਨੂੰ ਸਚੁ ਨਾਲ ਜੋੜਨ ਦਾ ਹੈ ਭਾਵ ਸਾਡੀ ਮਨਮਤਿ ਵਿੱਚੋਂ, ਮਨਹਠਿ ਵਿੱਚੋਂ ਤਾਰਨ ਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥ ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥"

ਸੱਚ ਕੇਵਲ ਗੁਰੂ ਦੇ ਕੋਲ ਹੈ ਭਾਵ ਕਿਸੇ ਹੋਰ ਦੇ ਕੋਲ ਨਹੀਂ ਹੈ ਜਿਸ ਦੁਆਰਾ ਅਸੀਂ ਤਰ ਸਕਦੇ ਹਾਂ। ਗੁਰੂ ਕੋਲੋਂ ਮਤਿ ਲੈਣ ਵਾਲੇ

ਬਹੁਤ ਘੱਟ ਹੀ ਹੁੰਦੇ ਹਨ ਤੇ ਹਰ ਕੋਈ ਉਹੋ ਜਿਹਿਆਂ ਦੀ ਮਤਿ ਦੇ ਨਾਲ ਜੁੜਿਆ ਹੋਇਆ ਹੈ ਜੋ ਪਹਿਲੇ ਹੀ ਆਪਣੀ ਮਨਹਠਿ ਨਾਲ ਡੁੱਬੇ ਹੋਏ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਉੱਤੇ ਸਿਆਣੇ ਸਮਝਦੇ ਹਨ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਦ੍ਰਿੜ ਕਰਵਾਈ ਹੋਈ ਹੈ ਕਿ ਗੁਰੂ ਦੀ ਮਤਿ ਤੋਂ ਬਿਨਾਂ ਕਿਸੇ ਹੋਰ ਦੀ ਮਤਿ ਦੇ ਨਾਲ ਨਾ ਜੁੜੋ। ਜੇਕਰ ਅਸੀਂ **"ਸੁਖੁ"** ਦੀ ਪ੍ਰਾਪਤੀ ਕਰਨਾ ਚਾਹੁੰਦੇ ਹਾਂ ਉਹ ਪ੍ਰਾਪਤੀ ਕੇਵਲ ਤੇ ਕੇਵਲ ਮਨਹਠਿ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ ਭਾਵ ਗੁਰੂ ਦੇ ਦੱਸੇ ਹੋਏ ਸੱਚ ਨਾਲ ਜੁੜਕੇ ਹੀ ਹੋ

42/5563

ਸਕਦੀ ਹੈ, ਮਨ ਦੇ ਵਿੱਚ ਸੱਚੇ ਗਿਆਨ ਵਾਲੀ ਮਤਿ ਦੁਆਰਾ ਹੀ ਹੋ ਸਕਦੀ ਹੈ। ਮਾਇਆ ਮੋਹ ਵਿੱਚ ਰਹਿੰਦਿਆਂ ਭਾਵ ਮਨ ਦੀ ਅਗਿਆਨਤਾ ਵਿੱਚ ਰਹਿੰਦਿਆਂ ਹਰ ਕੋਈ ਪ੍ਰਮਾਤਮਾ ਨਾਲੋਂ ਵਿਛੋੜੇ ਦੇ ਦੁੱਖ ਵਿੱਚ ਹੀ ਰਹਿੰਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਦੇ ਦੁੱਖ ਵਿੱਚ ਹੀ ਰਹਿੰਦਾ ਹੈ। ਸੁੱਖ ਮਨ ਦੇ ਸੰਤੋਖ ਵਿੱਚ ਹੈ ਜੋ ਸੰਤੋਖ ਮਨ ਦੇ ਵਿੱਚ ਸੱਚੀ ਸਮਝ ਦੁਆਰਾ ਹੀ ਆਉਂਦਾ ਹੈ। ਇਸ **"ਸੁਖੁ"** ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਹੀ ਉਸਦਾ ਸਾਡੇ ਅੰਦਰ **"ਸਚੁ"** ਰੂਪ ਹੈ। ਮਨ ਦੀ ਇਸ ਅਵਸਥਾ ਦੁਆਰਾ ਉਹ ਮਨੁੱਖ ਨੂੰ ਮਾਇਆ ਮੋਹ ਵਿੱਚੋਂ ਕੱਢ ਕੇ ਆਪਣੇ ਭਾਣੇ ਅਨੁਸਾਰ ਚਲਾਉਂਦਾ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਧਰਮ ਦੇ, ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ ਜੋ ਮਾਰਗ ਉਸਦੇ ਭਾਣੇ ਅਨੁਸਾਰ ਚੱਲਣ ਦਾ ਹੀ ਹੈ। ਜਿਸਨੂੰ ਪ੍ਰਮਾਤਮਾ ਮਨ ਦੀ ਇਹ ਅਵਸਥਾ ਬਖਸ਼ ਦਿੰਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸੱਚ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕੋਈ ਦੂਸਰਾ ਨਹੀਂ ਹੈ ਜੋ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਸਕੇ ਭਾਵ ਮਾਇਆ ਮੋਹ ਵਿੱਚੋਂ ਤਾਰ ਸਕੇ। ਕੇਵਲ ਤੇ ਕੇਵਲ ਗੁਰੂ ਤੇ ਭਰੋਸਾ ਰੱਖੋ ਤੇ ਉਹੋ ਜਿਹਾ ਭਗਤੀ ਨੂੰ ਅਪਨਾਉਂਣ ਦਾ ਉੱਦਮ ਕਰੋ ਜੋ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਆਪ ਹੀ ਸਮਝਾਇਆ ਹੈ। **(ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥ ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥)**

ਜਿਸਨੂੰ ਪ੍ਰਮਾਤਮਾ ਮਾਇਆ ਮੋਹ ਦੇ ਸਾਗਰ ਵਿੱਚੋਂ ਤਾਰ ਲੈਂਦਾ ਹੈ ਤੇ ਮਨ ਵਿੱਚ ਉਸਨੂੰ ਆਪਣੇ ਸਚੁ ਰੂਪ ਨਾਲ ਇੱਕ ਕਰ ਲੈਂਦਾ ਹੈ ਫਿਰ ਉਸਨੂੰ ਪ੍ਰਮਾਤਮਾ ਕਿਸ ਤਰੀਕੇ ਆਪਣੇ ਭਾਣੇ ਵਿੱਚ ਚਲਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ॥ ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਭਗਤੀ ਦਾ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਮਾਰਗ ਅਸੀਂ ਹੁਣ ਤੱਕ

42/5564

ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਆਪਣੀ ਭਗਤੀ ਦਾ ਸੱਚਾ ਮਾਰਗ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਮਨੁੱਖ ਦੀ ਸਮਝ ਨੂੰ ਬਦਲਕੇ ਆਪ ਹੀ ਉਸ ਤੇ ਚਲਾਉਂਦਾ ਹੈ ਭਾਵ ਮਾਇਆ ਮੋਹ ਵਾਲੀ ਮਤਿ ਬਦਲਕੇ ਉਸਨੂੰ ਸੱਚੇ ਗਿਆਨ ਵਾਲੀ ਮਤਿ ਬਣਾਕੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ।

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਕਿ ਭਗਤੀ ਦਾ ਸੱਚਾ ਮਾਰਗ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਵਿਚਰਨ ਦਾ ਹੈ ਕਿਉਂਕਿ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਨੁੱਖ ਆਪ ਹੀ ਦੁੱਖੀ ਹੁੰਦਾ ਹੈ ਤੇ ਦੂਸਰਿਆਂ ਨੂੰ ਵੀ ਦੁੱਖੀ ਕਰਦਾ ਹੈ, ਮਾੜੇ ਕਰਮ ਕਰਨ ਦੁਆਰਾ ਕਰਦਾ ਹੈ ਜਿਸ ਦੁਆਰਾ ਉਹ ਗੁਰੂ ਦੇ ਭਾਣੇ ਅਨੁਸਾਰ ਨਹੀਂ ਚੱਲਦਾ ਭਾਵ ਜੋ ਗੁਰੂ ਨੂੰ ਭਾਉਂਦਾ ਹੈ ਉਸ ਅਨੁਸਾਰ ਨਹੀਂ ਚੱਲਦਾ ਭਾਵ ਗੁਰੂ ਦੀ ਮਤਿ ਅਨੁਸਾਰ ਨਹੀਂ ਚੱਲਦਾ। ਗੁਰਮਤਿ ਅਨੁਸਾਰ ਚੱਲਣਾ ਹੀ ਗੁਰੂ ਦੇ ਭਾਣੇ ਅਨੁਸਾਰ ਚੱਲਣਾ ਹੈ। ਸਾਨੂੰ ਇਸ ਮਾਰਗ ਤੇ ਚੱਲਣ ਦੇ ਵਿੱਚ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਹੀ ਸਾਡੀਆਂ ਰੁਕਾਵਟਾਂ ਹਨ। ਪ੍ਰਮਾਤਮਾ ਭਗਤੀ ਤੇ ਚੱਲਣ ਦੀ ਇਹ ਰੁਕਾਵਟ ਹੀ ਦੂਰ ਕਰਦਾ ਹੈ। ਮਾਇਆ ਮੋਹ ਵਾਲੀ ਮਤਿ ਵਿੱਚ ਰਹਿੰਦਿਆਂ ਅਸੀਂ ਅਨੇਕਾਂ ਹੀ ਤ੍ਰਿਸ਼ਨਾਵਾਂ ਨਾਲ ਜੁੜੇ ਰਹਿੰਦੇ ਹਾਂ ਤੇ ਅਸੀਂ ਉਹਨਾਂ ਤ੍ਰਿਸ਼ਨਾਵਾਂ ਦੀ ਅਗਨਿ ਵਿੱਚ ਜਲਦੇ ਰਹਿੰਦੇ ਹਾਂ। ਜਿਸਨੇ ਸਾਡੇ ਅੰਦਰ ਇਹ ਤ੍ਰਿਸ਼ਨਾਵਾਂ ਪਾਈਆਂ ਹੋਈਆਂ ਹਨ ਉਹ ਆਪ ਹੀ ਇਸ ਗੱਲ ਨੂੰ ਜਾਣਦਾ ਹੈ ਤੇ ਉਹ ਮਨ ਦੇ ਵਿੱਚ ਆਪ ਹੀ ਆਪਣੇ ਮਨੁੱਖੀ ਰੂਪ ਨੂੰ ਆਪਣੇ ਮੇਲ ਦੁਆਰਾ ਇਹ ਸਮਝਾਉਂਦਾ ਹੈ ਕਿ ਮਨ ਦੀਆਂ ਇਹ ਤ੍ਰਿਸ਼ਨਾਵਾਂ ਹੀ ਸਾਡਾ ਰੋਗ ਹਨ ਜੋ ਸਾਡੇ ਆਤਮਿਕ ਜੀਵਨ ਨੂੰ ਖਰਾਬ ਕਰਦੀਆਂ ਹਨ। ਉਹ

ਫਿਰ ਮਨੁੱਖ ਨੂੰ ਇਹ ਸਮਝਾਉਂਦਾ ਹੈ ਕਿ ਇਸੇ ਮਤਿ ਨਾਲ ਅੱਗੇ ਤੁਰਨਾ ਭਾਵ ਮਾਇਆ ਮੋਹ ਦੀ ਮਤਿ ਦੇ ਨਾਲ ਅਗਲਾ ਜੀਵਨ ਜੀਊਂਣਾ ਤ੍ਰਿਸ਼ਨਾਵਾਂ ਭਰਿਆ ਹੈ ਜਿਸ ਦੁਆਰਾ ਧਰਮ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਤੇ ਮਨ ਦੀ ਇਸ ਮਤਿ ਤੋਂ ਪਿੱਛੇ ਮੁੜਨਾ ਹੀ ਮਨੁੱਖ ਲਈ ਚੰਗਾ ਹੈ ਭਾਵ ਤ੍ਰਿਸ਼ਨਾਵਾਂ ਦੁੱਖ ਦੇਂਦੀਆਂ ਹਨ ਤੇ ਇਹਨਾਂ ਵਿੱਚੋਂ ਪਿੱਛੇ ਮੁੜਨਾ ਸੁੱਖ ਦਿੰਦਾ ਹੈ। ਜਿਸ ਤਰੀਕੇ ਕੋਮਲ ਘਾਹ ਸਾਨੂੰ ਸੁੱਖ ਦਿੰਦੀ ਹੈ ਤੇ ਜਲਦੀ ਹੋਈ ਅੱਗ ਦੁੱਖ ਦਿੰਦੀ ਹੈ। ਭਗਤੀ ਦੇ ਮਾਰਗ ਤੇ ਪ੍ਰਮਾਤਮਾ ਮਨੁੱਖ ਨੂੰ ਤ੍ਰਿਸ਼ਨਾਵਾਂ ਦੀ ਅੱਗ ਵਿੱਚੋਂ ਕੱਢਕੇ ਹੀ ਭਾਵ ਉਸ ਪਾਸਿਉਂ ਮੋੜਕੇ ਹੀ ਉਸਨੂੰ

42/5565

ਭਗਤੀ ਦੇ ਮਾਰਗ ਤੇ ਚਲਾਉਂਦਾ ਹੈ। ਸਾਡੀਆਂ ਤ੍ਰਿਸ਼ਨਾਵਾਂ ਸਾਡੇ ਮਨ ਦੇ ਵਿਚਾਰ ਹਨ ਜੋ ਕਿ ਸਾਡੇ ਵੱਸ ਨਹੀਂ ਹਨ ਤੇ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆਉਂਦੀ ਹੈ। ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰ ਪਾਉਂਣ ਵਾਲਾ, ਸਾਡੇ ਅੰਦਰ ਤ੍ਰਿਸ਼ਨਾਵਾਂ ਉਪਜਾਉਂਣ ਵਾਲਾ ਪ੍ਰਮਾਤਮਾ ਆਪ ਹੈ। ਜਿਸਨੇ ਸਾਡੇ ਅੰਦਰ ਇਹ ਤ੍ਰਿਸ਼ਨਾਵਾਂ ਪਾਈਆਂ ਹੋਈਆਂ ਹਨ ਉਹੀ ਇਹਨਾਂ ਨੂੰ ਸਾਡੇ ਅੰਦਰੋਂ ਖਤਮ ਕਰ ਸਕਦਾ ਹੈ ਕਿਉਂਕਿ ਹਰ ਘੱਟ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਭ ਦੇ ਅੰਦਰ **"ਸਚੁ"** ਦੇ ਰੂਪ ਵਿੱਚ ਹੀ ਹੈ। ਜਿਸਨੂੰ ਪ੍ਰਮਾਤਮਾ ਆਪਣੇ ਸੱਚ ਨਾਲ ਜੋੜਦਾ ਹੈ ਭਾਵ ਸੱਚ ਦੀ ਬੇੜੀ ਤੇ ਬਿਠਾਉਂਦਾ ਹੈ ਉਸਦੀ ਫਿਰ ਉਹ ਮਤਿ ਹੀ ਬਦਲਦਾ ਹੈ, ਤ੍ਰਿਸ਼ਨਾਵਾਂ ਵਾਲੀ ਮਤਿ ਵਿੱਚੋਂ ਕੱਢ ਕੇ, ਮਾਇਆ ਮੋਹ ਵਾਲੀ ਮਤਿ ਵਿੱਚੋਂ ਕੱਢ ਕੇ ਆਪਣੀ ਸਚੁ ਰੂਪ ਮਤਿ ਨਾਲ ਜੋੜਦਾ ਹੈ ਜਿਸ ਮਤਿ ਦੁਆਰਾ ਉਹ ਮਨੁੱਖ ਨੂੰ ਆਪਣੇ ਸੱਚੇ ਵਿਚਾਰ ਦੇਣ ਦੁਆਰਾ ਸੱਚ ਸਮਝਾਉਂਦਾ ਹੈ ਤੇ ਸੱਚ ਤੇ ਚਲਾਉਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਜਦੋਂ ਆਪਣਾ ਸੱਚ ਸਮਝਾਉਂਦਾ ਹੈ ਉਹ ਸ਼ਬਦ ਦੇ ਵਿਚਾਰਾਂ ਰਾਹੀਂ ਹੀ ਸਮਝਾਉਂਦਾ ਹੈ ਤੇ ਇਹੀ ਉਸਦਾ ਨਾਮ ਜਪਾਉਂਣਾ ਹੈ ਜੋ ਆਪਣਾ ਨਾਮ ਪ੍ਰਮਾਤਮਾ ਆਪ ਹੀ ਜਪਾਉਂਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਹ ਉਸਨੂੰ ਮਨ ਦੇ ਵਿੱਚ ਆਪਣੇ ਇਸ ਸਚੁ ਰੂਪ ਨਾਲ ਹੀ ਜੋੜ ਦਿੰਦਾ ਹੈ ਭਾਵ ਨਾਮ ਰੂਪ ਨਾਲ ਜੋੜਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦਾ ਸਚੁ ਰੂਪ ਸੱਚੇ ਗਿਆਨ ਵਾਲਾ ਰੂਪ ਹੈ, ਚਉਥੇ ਪਦ ਦੇ ਗਿਆਨ ਵਾਲਾ ਰੂਪ ਹੈ ਜੋ ਕਿ ਸਾਡੇ ਮਨ ਦੇ ਵਿੱਚ ਹੀ ਹੈ ਤੇ ਪ੍ਰਮਾਤਮਾ ਦਾ ਮਹਿਲ ਸਾਡੇ ਮਨ ਦੇ ਵਿੱਚ ਹੀ ਹੈ ਜਿਸ ਮਹਿਲ ਵਿੱਚ ਉਹ ਸਦਾ ਹੀ ਪ੍ਰਗਟ ਰਹਿੰਦਾ ਹੈ। ਜਿਸਨੂੰ ਉਹ ਮਨ ਦੇ ਸੱਚੇ ਗਿਆਨ ਰਾਹੀਂ ਆਪਣੇ ਨਾਲ ਮੇਲ ਲੈਂਦਾ ਹੈ ਉਹ ਮਨੁੱਖ ਫਿਰ ਉਸ ਪ੍ਰਮਾਤਮਾ ਨੂੰ ਮਨ ਰੂਪ ਮਹਿਲ ਦੇ ਵਿੱਚੋਂ ਸਦਾ ਹੀ ਹਾਜਰ ਨਾਜਰ ਦੇਖਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹਰ ਵੇਲੇ ਉਸਦੇ ਨਾਲ ਹੀ ਰਹਿੰਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੁੰਦੀ ਹੈ ਜੋ ਭਗਤੀ ਦਾ ਮਾਰਗ ਪ੍ਰਮਾਤਮਾ ਆਪਣਾ ਸੱਚ ਬਖਸ਼ਣ ਦੁਆਰਾ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਤੇ ਗੁਰੂ ਸਾਹਿਬਾਨ ਨੂੰ ਜਿਨ੍ਹਾਂ ਨੇ ਭਾਵੇਂ ਸ਼ਬਦਾਂ ਦਾ ਉਚਾਰਨ ਗੁਰਬਾਣੀ ਰਾਹੀਂ ਨਹੀਂ ਕੀਤਾ ਹੈ ਉਸ

42/5566

ਨੇ ਸਭ ਨੂੰ ਮਨ ਦੇ ਵਿੱਚ ਭਗਤੀ ਦਾ ਮਾਰਗ ਆਪ ਹੀ ਸਮਝਾਇਆ ਹੈ ਤੇ ਆਪ ਹੀ ਉਸ ਤੇ ਚਲਾਇਆ ਹੈ। **(ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥ ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥)**

ਬਾਣੀ ਵਿੱਚ ਬਾਰ-ਬਾਰ ਪ੍ਰਮਾਤਮਾ ਨੂੰ ਸਵਾਸ ਸਵਾਸ ਧਿਆਉਂਣ ਦੀ ਗੱਲ ਆਉਂਦੀ ਹੈ ਜਿਸਦੀ ਕਿ ਕਿਸੇ ਨੂੰ ਬਿਲਕੁੱਲ ਵੀ ਸਮਝ ਨਹੀਂ ਹੈ। ਪ੍ਰਮਾਤਮਾ ਨੂੰ ਸਾਸ ਗਿਰਾਸ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਬਹੁਤ ਪਿੱਛੇ ਵੀ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਜਦ ਤਕ ਸਾਨੂੰ ਪ੍ਰਮਾਤਮਾ ਨੂੰ ਜਪਣਾ ਸਮਝ ਨਹੀਂ ਪੈਂਦਾ, ਨਾਮ ਧਿਆਉਂਣਾ ਸਮਝ ਨਹੀਂ ਪੈਂਦਾ ਤਦ ਤਕ ਕਿਸੇ ਨੂੰ ਸਵਾਸ ਸਵਾਸ ਧਿਆਉਂਣਾ ਵੀ ਸਮਝ ਨਹੀਂ ਪੈਂਦਾ। ਪ੍ਰਮਾਤਮਾ ਦਾ ਨਾਮ ਸੱਚ ਹੈ ਤੇ ਸੱਚ ਦੀ ਪ੍ਰਾਪਤੀ ਹੋਏ ਬਿਨਾਂ ਭਾਵ ਨਾਮ ਦੀ ਪ੍ਰਾਪਤੀ ਹੋਏ ਬਿਨਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋਏ ਬਿਨਾਂ ਜਿਵੇਂ ਕਿ ਅਸੀਂ ਪਿਛਲੇ ਪਦੇ ਰਾਹੀਂ ਸਮਝਿਆ ਹੈ, ਤਦ ਤਕ ਪ੍ਰਮਾਤਮਾ ਨੂੰ ਸਵਾਸ ਸਵਾਸ ਧਿਆਉਂਣਾ ਵੀ ਕਿਸੇ ਦੀ ਸਮਝ ਵਿੱਚ ਆਉਂਣਾ ਔਖਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥"

ਪ੍ਰਮਾਤਮਾ ਦਾ ਨਾਮ ਸਾਡਾ ਮਨ ਹੀ ਜਪਦਾ ਹੈ ਜੋ ਕਿ ਆਪਣੇ ਅੰਦਰ ਸੱਚ ਨੂੰ ਜਪਦਾ ਹੈ, ਗੁਰੂ ਦੀ ਮਤਿ ਨੂੰ ਜਪਦਾ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਆਪਣੇ ਅੰਦਰ ਜਪਦਾ ਹੈ, ਧਿਆਉਂਦਾ ਹੈ ਭਾਵ ਆਪਣੇ ਵਿਚਾਰਾਂ ਦੇ ਵਿੱਚ ਵਸਾਉਂਦਾ ਹੈ, ਗੁਰੂ ਦੇ ਹਰ ਵਿਚਾਰ ਨੂੰ ਆਪਣੇ ਅੰਦਰ ਵਸਾਉਂਦਾ ਹੈ, ਬਾਰ-ਬਾਰ ਆਪਣੇ ਅੰਦਰ ਵਸਾਉਂਦਾ ਹੈ ਭਾਵ ਹਰ ਵੇਲੇ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਦਾ ਹੈ ਕਿਉਂਕਿ ਪ੍ਰਮਾਤਮਾ ਆਪਣੇ ਮੇਲ ਤੋਂ ਬਾਅਦ ਹਰ ਵਿਚਾਰ ਗੁਰਮਤਿ ਵਾਲਾ ਹੀ ਦਿੰਦਾ ਹੈ, ਨਾਮ ਵਾਲਾ ਹੀ ਦਿੰਦਾ ਹੈ ਭਾਵ ਹਰ ਵੇਲੇ ਆਪਣੇ ਸੱਚੇ ਗਿਆਨ ਨਾਲ ਹੀ ਜੋੜਕੇ ਰੱਖਦਾ ਹੈ। ਸਾਡੇ ਅੰਦਰ ਸੱਚੇ ਵਿਚਾਰ ਹੀ ਸਾਡੇ ਅੰਦਰ ਦਾ ਅਸਲ ਜੀਵਨ ਹਨ ਜੋ ਸਾਨੂੰ ਆਤਮਿਕ ਜੀਵਨ ਦਿੰਦੇ ਹਨ ਭਾਵ ਸਾਡੇ ਪ੍ਰਾਣ ਹਨ, ਸਾਡੇ ਮਨ ਦੇ ਸਵਾਸ ਹਨ ਜੋ ਸਾਨੂੰ ਹਰ ਵੇਲੇ ਆਤਮਿਕ ਤੌਰ ਤੇ ਜਿੰਦਾ ਰੱਖਦੇ ਹਨ। ਆਪਣੇ ਅੰਦਰ ਪ੍ਰਮਾਤਮਾ ਨੂੰ ਸਵਾਸ ਸਵਾਸ ਜਪਣ ਨਾਲ, ਨਾਮ ਨੂੰ ਸਵਾਸ ਸਵਾਸ ਜਪਣ ਨਾਲ ਭਾਵ ਮਨ ਦੇ ਹਰ ਵਿਚਾਰ ਰਾਹੀਂ ਗੁਰੂ ਦੀ ਮਤਿ ਨੂੰ ਆਪਣੇ ਅੰਦਰ

ਵਸਾਉਂਣ ਨਾਲ ਫਿਰ ਗੁਰੂ ਦੀ ਮਤਿ ਕਦੇ ਨਹੀਂ ਵਿਸਰਦੀ, ਸੱਚ ਕਦੇ ਨਹੀਂ ਵਿਸਰਦਾ, ਨਾਮ ਕਦੇ ਨਹੀਂ ਵਿਸਰਦਾ ਭਾਵ ਗੁਰੂ ਦੀ ਮਤਿ ਹਰ ਵੇਲੇ ਚੇਤੇ ਰਹਿੰਦੀ ਹੈ ਤੇ ਮਨੁੱਖ ਹਰ ਕਰਮ ਗੁਰੂ ਦੀ ਮਤਿ ਅਨੁਸਾਰ ਹੀ ਕਰਦਾ ਹੇ ਭਾਵ ਹਰ ਵੇਲੇ, ਅੱਠੇ ਪਹਿਰ ਗੁਰੂ ਦੇ ਭਾਣੇ ਅਨੁਸਾਰ ਹੀ ਵਿਚਰਦਾ ਹੈ। **(ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥)**

ਹੁਣ ਅਗਲੀ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਵੱਸਣਾ ਕੀ ਹੈ ਤੇ ਅੰਮ੍ਰਿਤ ਪੀਣਾ ਕੀ ਹੈ।

“ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ॥੩॥”

ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਉਹ ਕਿਸ ਰੂਪ ਵਿੱਚ ਸਾਡੇ ਅੰਦਰ ਵੱਸਦਾ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ। ਜੋ ਰੂਪ ਅਸੀਂ ਪ੍ਰਮਾਤਮਾ ਦਾ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਉਹੀ ਰੂਪ ਪ੍ਰਮਾਤਮਾ ਦਾ ਸਾਨੂੰ ਪਿਛਲੀ ਪੰਗਤੀ ਰਾਹੀਂ ਸਮਝਾਇਆ ਹੈ। ਪ੍ਰਮਾਤਮਾ ਨਿਰੰਕਾਰ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਜਿਉਂ ਜਿਉਂ ਅਸੀਂ ਆਪਣੇ ਅੰਦਰ ਨਾਮ ਨੂੰ ਜਪਦੇ ਹਾਂ ਭਾਵ ਜਿਉਂ ਜਿਉਂ ਅਸੀਂ ਗੁਰਮਤਿ ਨੂੰ ਭਾਵ ਗੁਰਮਤਿ ਦੀ ਸਮਝ ਨੂੰ ਆਪਣੇ ਅੰਦਰ ਜਪਦੇ ਹਾਂ ਭਾਵ ਆਪਣੇ ਅੰਦਰ ਵਸਾਉਂਦੇ ਹਾਂ ਭਾਵ ਮੰਨਣ ਦੁਆਰਾ ਆਪਣੇ ਅੰਦਰ ਵਸਾਉਂਦੇ ਹਾਂ ਇਹੀ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਂਣਾ ਹੈ ਕਿਉਂਕਿ ਪ੍ਰਮਾਤਮਾ ਹੈ ਹੀ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਭਾਵ ਸੱਚ ਦੇ ਰੂਪ ਵਿੱਚ। ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ, ਆਪਣੇ ਸੱਚ ਰੂਪ ਗਿਆਨ ਦੁਆਰਾ ਭਾਵ ਆਪਣੀ ਸੱਚ ਰੂਪ ਬੇੜੀ ਤੇ ਚੜਾਉਂਣ ਦੁਆਰਾ ਪ੍ਰਮਾਤਮਾ ਇਸੇ ਤਰੀਕੇ ਹੀ ਕਿਸੇ ਦੇ ਅੰਦਰ ਆਪਣੇ ਆਪ ਨੂੰ ਵਸਾਉਂਦਾ ਹੈ ਤੇ ਇਸੇ ਤਰੀਕੇ ਹੀ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਤੇ ਮਨ ਦੇ ਵਿੱਚ ਹੀ ਆਪਣਾ ਅੰਮ੍ਰਿਤ ਪਿਆਉਂਦਾ ਹੈ ਭਾਵ ਆਪਣਾ ਨਾਮ ਬਖਸ਼ਦਾ ਹੈ, ਆਪਣਾ ਸੱਚਾ ਗਿਆਨ ਬਖਸ਼ਦਾ ਹੈ। ਆਪਣਾ ਅੰਮ੍ਰਿਤ ਪ੍ਰਮਾਤਮਾ ਆਪਣੇ ਮੇਲ ਦੁਆਰਾ ਹੀ ਪਿਆਉਂਦਾ ਹੈ, ਆਪਣਾ ਨਾਮ ਪ੍ਰਮਾਤਮਾ ਆਪਣੇ ਮੇਲ ਦੁਆਰਾ ਹੀ ਦਿੰਦਾ ਹੈ। ਇਹ ਮਨ ਦਾ **ਅੰਮ੍ਰਿਤੁ** ਹੈ, ਸੱਚੇ ਗਿਆਨ ਦਾ **ਅੰਮ੍ਰਿਤੁ** ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੇ ਮਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਇਸ ਤਨ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਭਾਵ ਇਸ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸਨੂੰ ਮਨ ਦੀ ਅਗਿਆਨਤਾ ਕਰਕੇ

ਭਾਵ ਹਉਮੈ ਕਰਕੇ ਇਸ ਤਨ ਨੂੰ ਆਪਣਾ ਸਮਝਦਾ ਹੈ। ਮਨ ਦੇ ਵਿੱਚ ਸੱਚੀ ਸਮਝ ਪੈਣ ਦੁਆਰਾ ਭਾਵ ਅੰਮ੍ਰਿਤ ਪੀਣ ਦੁਆਰਾ ਫਿਰ ਮਨੁੱਖ ਹਉਮੈ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ ਤੇ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦੇ ਗਿਆਨ ਵਾਲੀ ਮਤਿ ਦੇ ਨਾਲ ਇੱਕ ਹੋ ਜਾਂਦਾ ਹੈ ਭਾਵ ਉਸਦੇ ਵਿੱਚ ਸਮਾ ਜਾਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਵਿੱਚ ਸਮਾ ਜਾਂਦਾ ਹੈ। **(ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥)**

ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਸਚੁ ਰੂਪ ਬੇੜੀ ਤੇ ਚੜਾਇਆ ਹੈ, ਨਾਮ ਦੀ ਬੇੜੀ ਤੇ ਚੜਾਇਆ ਹੈ ਉਹਨਾਂ ਨੂੰ ਹੀ ਆਪਣਾ ਸਚੁ ਰੂਪ ਅੰਮ੍ਰਿਤ ਛਕਾਇਆ ਹੈ, ਮਨ ਦੇ ਵਿੱਚ ਗੁਰਮਤਿ ਰੂਪ ਸੱਚਾ ਗਿਆਨ ਦੇਣ ਦੁਆਰਾ ਛਕਾਇਆ ਹੈ, ਸ਼ਬਦਾਂ ਦੀ ਵਿਚਾਰ ਦੇਣ ਦੇ ਰੂਪ ਵਿੱਚ ਛਕਾਇਆ ਹੈ ਤੇ ਉਹਨਾਂ ਨੂੰ ਆਪਣਾ ਗੁਰਮੁਖਿ ਰੂਪ ਬਨਾਉਂਣ ਦੁਆਰਾ ਅੰਮ੍ਰਿਤ ਬਾਣੀ ਦੀ ਰਚਨਾ ਕੀਤੀ ਹੈ, ਪ੍ਰਮਾਤਮਾ ਦੀ ਅਕਥ ਕਥਾ ਦੀ ਰਚਨਾ ਕੀਤੀ ਹੈ ਜੋ ਆਪਣੀ ਅਕਥ ਕਥਾ ਪ੍ਰਮਾਤਮਾ ਨੇ ਉਹਨਾਂ ਦੇ ਸਰੀਰਾਂ ਰਾਹੀਂ ਆਪਣੇ ਮੇਲ ਦੁਆਰਾ, ਮਨ ਦੇ ਵਿਚਾਰਾਂ ਰਾਹੀਂ ਮੇਲ ਦੁਆਰਾ ਆਪ ਹੀ ਲਿਖਵਾਈ ਹੈ।

{ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥੧॥
ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥
ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ ਸਹਜਿ ਸੁਭਾਇ ਮਿਲੇ ਸਾਬਾਸਿ ॥੨॥
ਜਾਹਿ ਸਵਾਰੈ ਸਾਝ ਬਿਆਲ ॥ ਇਤ ਉਤ ਮਨਮੁਖ ਬਾਧੇ ਕਾਲ ॥੩॥
ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥}

(ਅੰਗ ੧੫੪)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥}

(ਅੰਗ ੧੦੨)

ਅਸੀਂ ਆਪਣੇ ਅੰਦਰ ਸਚੁ ਰੂਪ ਪ੍ਰਮਾਤਮਾ ਨੂੰ, ਨਾਮ ਰੂਪ ਪ੍ਰਮਾਤਮਾ ਨੂੰ ਕਿਸ ਰੂਪ ਵਿੱਚ ਜਾਣਦੇ ਹਾਂ, ਪ੍ਰਮਾਤਮਾ ਆਪਣਾ ਅੰਮ੍ਰਿਤ ਮਨ ਦੇ ਵਿੱਚ ਕਿਸ ਰੂਪ ਵਿੱਚ ਪਿਆਉਂਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥ ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥"

ਜਿਵੇਂ ਕਿ ਅਸੀਂ ਸ਼ਬਦ ਦੇ ਪਿਛਲੇ ਪਦੇ ਰਾਹੀਂ ਸਮਝਿਆ ਹੈ ਕਿ

42/5569

ਪ੍ਰਮਾਤਮਾ ਆਪਣਾ ਸਚੁ ਰੂਪ **ਅੰਮ੍ਰਿਤੁ**, ਨਾਮ ਰੂਪ **ਅੰਮ੍ਰਿਤੁ** ਜਿਸਨੂੰ ਪਿਆਉਂਦਾ ਹੈ ਉਸਨੂੰ ਹੀ ਉਹ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਭਾਵ ਆਪਣਾ ਹੀ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਉਪਰਲੇ ਪਦੇ ਰਾਹੀਂ ਗੁਰਮੁਖਿ ਰੂਪ ਵਿੱਚ ਤੇ ਮਨਮੁਖਿ ਰੂਪ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਜਿਸਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਉਸਦੇ ਅੰਦਰ ਪ੍ਰਮਾਤਮਾ ਆਪ ਹੀ ਚਾਨਣ ਕਰਦਾ ਹੈ ਭਾਵ ਮਨ ਦੀ ਜੋਤਿ ਰਾਹੀਂ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਸਚੁ ਰੂਪ, ਨਾਮ ਰੂਪ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰਦਾ ਹੈ ਜਿਸ ਰਾਹੀਂ ਉਹ ਮਨੁੱਖ ਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ, ਮਾਇਆ ਮੋਹ ਦੇ ਸਾਗਰ ਵਿੱਚੋਂ ਕੱਢਦਾ ਹੈ ਭਾਵ ਆਪਣੀ ਸੱਚ ਦੀ ਬੇੜੀ ਦੁਆਰਾ ਭਰਮ ਮੋਹ ਦੇ ਸਾਗਰ ਤੋਂ ਤਾਰਦਾ ਹੈ। ਭਰਮ ਮੋਹ ਵਾਲੀ ਮਤਿ ਵਿੱਚ ਰਹਿੰਦਿਆਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਜਿਸਦੇ ਅੰਦਰ ਪ੍ਰਮਾਤਮਾ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰ ਦਿੰਦਾ ਹੈ ਉਸਦੇ ਰਾਹੀਂ ਹੀ ਉਹ ਕਿਸੇ ਮਨੁੱਖ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਜਿਸ ਰੂਪ ਦੁਆਰਾ ਭਾਵ ਮਨ ਦੀ ਸੱਚੀ ਮਤਿ ਦੁਆਰਾ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਦਾ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਦਾ ਉਹ ਮਨਮੁਖਿ ਹੀ ਰਹਿੰਦਾ ਹੈ, **"ਮੁਗਧੁ"** ਹੀ ਰਹਿੰਦਾ ਹੈ ਭਾਵ ਮਨ ਦੇ ਗੁਬਾਰ ਕਰਕੇ, ਮਨ ਦੇ ਅਗਿਆਨਤਾ ਰੂਪ ਹਨੇਰੇ ਕਰਕੇ **"ਮੁਗਧੁ"** ਹੀ ਰਹਿੰਦਾ ਹੈ ਭਾਵ ਜੋ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਦਾ ਉਹ ਹਰ ਕੋਈ ਮਨਮੁਖਿ ਹੈ ਤੇ ਇਸੇ ਲਈ ਉਹ **ਮੁਗਧੁ** ਹੈ ਭਾਵ ਮਨ ਦੀ ਅਗਿਆਨਤਾ ਕਰਕੇ ਨਾਸਮਝ ਮਤਿ ਵਿੱਚ ਹੈ ਜਿਸ ਮਤਿ

ਵਿੱਚ ਰਹਿੰਦਿਆਂ ਕੋਈ ਵੀ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਤੇ ਨਾ ਹੀ ਕਦੇ ਜਾਣਿਆ ਜਾ ਸਕਦਾ ਹੈ। ਮਨ ਦੇ ਪ੍ਰਕਾਸ਼ ਰਾਹੀਂ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਨੇ ਇਸ ਜਗਤ ਦੀ ਰਚਨਾ ਕਿਵੇਂ ਕੀਤੀ ਹੈ, ਹਰ ਆਕਾਰ ਰੂਪ ਉਸਨੇ ਕਿਸ ਤਰੀਕੇ ਬਣਾਇਆ ਹੈ। ਪ੍ਰਮਾਤਮਾ ਹਰ ਘੱਟ ਦੇ ਵਿੱਚ ਆਪਣੀ ਜੋਤਿ ਦੁਆਰਾ ਹੀ ਹੈ ਭਾਵ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਆਪਣੀ ਜੋਤਿ ਰਾਹੀਂ ਸਭ ਦੇ ਅੰਦਰ ਆਪ ਹੀ ਕਰਦਾ ਹੈ ਪਰ ਜਦ ਤਕ ਉਹ ਕਿਸੇ ਨੂੰ ਆਪ ਹੀ ਆਪਣੀ ਜੋਤਿ ਦੁਆਰਾ ਭਰਮ ਵਿੱਚ ਰੱਖਦਾ ਹੈ, ਮਨ ਦੀ ਅਗਿਆਨਤਾ

42/5570

ਵਿੱਚ ਰੱਖਦਾ ਹੈ ਤੇ ਮਨ ਦੀ ਉਸ ਅਵਸਥਾ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਨਹੀਂ ਜਾਣ ਸਕਦਾ ਭਾਵ ਕੋਈ ਨਹੀਂ ਬੁੱਝ ਸਕਦਾ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਹੀ ਬੁੱਝਦਾ ਹੈ ਜਿਸਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਮਨ ਦੀ ਜੋਤਿ ਰਾਹੀਂ ਆਪ ਹੀ ਉਸਦੇ ਅੰਦਰ ਪ੍ਰਕਾਸ਼ ਕਰਦਾ ਹੈ। ਪ੍ਰਮਾਤਮਾ ਆਪਣਾ ਇਹ ਗਿਆਨ ਦਾ ਪ੍ਰਕਾਸ਼ ਗੁਰਮਤਿ ਵਾਲੀ ਸੱਚੀ ਸਮਝ ਦੇਣ ਦੁਆਰਾ ਕਰਦਾ ਹੈ, ਸ਼ਬਦਾਂ ਦੇ ਗਿਆਨ ਰਾਹੀਂ ਕਰਦਾ ਹੈ ਜਿਸ ਗਿਆਨ ਰਾਹੀਂ ਉਹ ਗੁਰਮਤਿ ਦਾ **"ਸਾਰੁ"** ਸਮਝਾਉਂਦਾ ਹੈ ਭਾਵ ਤੱਤ ਸਮਝਾਉਂਦਾ ਹੈ, ਅਸਲੀਅਤ ਸਮਝਾਉਂਦਾ ਹੈ ਭਾਵ ਉਹ ਮਨ ਦੇ ਵਿੱਚ ਜੋ ਗਿਆਨ ਰੂਪ ਪ੍ਰਕਾਸ਼ ਕਰਦਾ ਹੈ ਉਸ ਰਾਹੀਂ ਉਹ ਤੱਤ ਗਿਆਨ ਹੀ ਦਿੰਦਾ ਹੈ ਜੋ ਤੱਤ ਗਿਆਨ ਧਰਮ ਦੇ ਮਾਰਗ ਦੀ ਅਸਲੀਅਤ ਸਮਝਾਉਂਦਾ ਹੈ, ਪ੍ਰਮਾਤਮਾ ਦੀ ਅਸਲੀਅਤ ਸਮਝਾਉਂਦਾ ਹੈ, ਇਸ ਸੰਸਾਰ ਦੀ ਅਸਲੀਅਤ ਸਮਝਾਉਂਦਾ ਹੈ। ਜਿਨ੍ਹਾਂ ਸਰੀਰਾਂ ਦੇ ਅੰਦਰ ਪ੍ਰਮਾਤਮਾ ਨੇ ਆਪਣਾ ਤੱਤ ਗਿਆਨ ਰੂਪ ਪ੍ਰਕਾਸ਼ ਕੀਤਾ ਹੈ ਉਹਨਾਂ ਨੇ ਹੀ ਸਾਰੀ ਗੁਰਬਾਣੀ ਰਾਹੀਂ ਸੰਸਾਰ ਨੂੰ ਤੱਤ ਗਿਆਨ ਦਿੱਤਾ ਹੈ ਭਾਵ ਅਸਲੀਅਤ ਸਮਝਾਈ ਹੈ, ਤੱਤ ਸਮਝਾਇਆ ਹੈ, ਨਾਮ ਸਮਝਾਇਆ ਹੈ। ਤੱਤ ਤੋਂ ਬਾਹਰ ਹੋਰ ਕੋਈ ਅਸਲੀਅਤ ਨਹੀਂ ਹੋ ਸਕਦੀ ਤੇ ਇਸੇ ਲਈ ਗੁਰਬਾਣੀ ਤੋਂ ਬਾਹਰ ਪ੍ਰਮਾਤਮਾ ਨੂੰ ਸਮਝਣ ਵਿੱਚ ਕੋਈ ਹੋਰ ਅਸਲੀਅਤ ਨਹੀਂ ਹੋ ਸਕਦੀ, ਕੋਈ ਹੋਰ ਸੱਚਾਈ ਨਹੀਂ ਹੋ ਸਕਦੀ, ਕੋਈ ਹੋਰ ਗੁਰਮਤਿ ਨਹੀਂ ਹੋ ਸਕਦੀ ਜੋ ਗੁਰਮਤਿ ਸਾਰੇ ਸੰਸਾਰ ਲਈ ਇੱਕੋ ਹੀ ਹੈ, ਸਾਰੇ ਸੰਸਾਰ ਲਈ ਧਰਮ ਦਾ ਮਾਰਗ, ਭਗਤੀ ਦਾ ਮਾਰਗ ਇੱਕੋ ਹੀ ਹੈ। ਗੁਰਬਾਣੀ ਦੇ ਹਰ ਸ਼ਬਦ ਰਾਹੀਂ ਸਾਨੂੰ ਤੱਤ ਹੀ ਸਮਝਾਇਆ ਹੋਇਆ ਹੈ ਤੇ ਪ੍ਰਮਾਤਮਾ ਨੂੰ ਜਾਨਣ ਲਈ, ਗੁਰਮਤਿ ਤੇ ਚੱਲਣ ਲਈ ਅਸੀਂ ਇਸ ਤੱਤ ਦੇ ਨਾਲ ਹੀ ਜੁੜਨਾ ਹੈ ਭਾਵ ਸ਼ਬਦਾਂ ਦੁਆਰਾ ਦਿੱਤੇ ਹੋਏ ਸੱਚੇ ਗਿਆਨ ਨੂੰ ਹੀ ਆਪਣੇ ਅੰਦਰ ਵਸਾਉਂਣਾ ਹੈ ਜਿਸਨੇ ਸਾਨੂੰ ਮਨ ਦੇ ਗੁਬਾਰ ਵਿੱਚੋਂ ਭਾਵ ਅਗਿਆਨਤਾ ਵਾਲੀ ਮੂਰਖ ਮਤਿ ਵਿੱਚੋਂ, ਮਨਮੁੱਖਤਾ ਵਿੱਚੋਂ ਕੱਢਣਾ ਹੈ। ਤੱਤ ਗਿਆਨ ਵਾਲੀ ਮਤਿ ਸਾਡੇ ਅੰਦਰ ਗੁਰਮੁਖਿ ਵਾਲੀ ਮਤਿ ਹੈ ਤੇ ਅਗਿਆਨਤਾ ਵਾਲੀ ਮਤਿ ਸਾਡੇ ਅੰਦਰ ਮਨਮੁਖਿ ਰੂਪ ਵਾਲੀ ਮਤਿ ਹੈ। ਅਸੀਂ ਆਪਣੀ ਅਗਿਆਨਤਾ ਵਾਲੀ ਮਤਿ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਤੇ ਇਸ ਉੱਦਮ ਨੇ ਹੀ ਸਾਨੂੰ ਗੁਰੂ ਦੀ ਗੁਰਮੁਖਿ ਰੂਪ ਮਤਿ ਨਾਲ ਜੋੜਨਾ ਹੈ ਜਿਸ ਰਾਹੀਂ ਸਾਨੂੰ ਅਸਲੀਅਤ ਦੀ ਸਮਝ ਪੈਣੀ ਹੈ, ਸੱਚੀ ਗੁਰਮਤਿ ਦੀ ਸਮਝ ਪੈਂਣੀ ਹੈ ਤਾਂ ਜੋ ਅਸੀਂ

42/5571

ਉਸ ਮਤਿ ਅਨੁਸਾਰ ਵਿਚਰੀਏ। **(ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥ ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥)**

42/5571-A1

ਮਨੁੱਖ ਦੇ ਗੁਰਮੁਖਿ ਰੂਪ ਤੇ ਮਨਮੁਖਿ ਰੂਪ ਦੇ ਫਰਕ ਨੂੰ ਥੋੜਾ ਹੋਰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਇਹ ਦੋਨੋਂ ਸਾਡੇ ਮਨ ਦੀਆਂ ਅਵਸਥਾਵਾਂ ਹੀ ਹਨ। ਜਦੋਂ ਪ੍ਰਮਾਤਮਾ ਕਿਸੇ ਨੂੰ ਗੁਰਮੁਖਿ ਰੂਪ ਵਾਲੀ ਮਤਿ ਬਖਸ਼ ਦਿੰਦਾ ਹੈ ਜੋ ਕਿ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਬਖਸ਼ਦਾ ਹੈ। ਉਸ ਮਨੁੱਖ ਦੇ ਮਨ ਦੀ ਅਵਸਥਾ ਫਿਰ ਸਦਾ ਗੁਰਮੁਖਿ ਵਾਲੀ ਹੀ ਰਹਿੰਦੀ ਹੈ। ਮਨਮੁਖਿ ਵਾਲੀ ਅਵਸਥਾ ਦੇ ਵਿੱਚ ਮਨੁੱਖ ਦੀ ਸਮਝ ਬਦਲਦੀ ਰਹਿੰਦੀ ਹੈ ਤੇ ਉਸਨੂੰ ਗੁਰੂ ਕੋਲੋਂ ਸਮਝ ਲੈਣ ਦੀ ਲੋੜ ਪੈਂਦੀ ਹੈ। ਜੋ ਮਤਿ ਗੁਰੂ ਦੀ ਉਹ ਮੰਨ ਲੈਂਦੇ ਹਨ ਉਸ ਮਤਿ ਦੁਆਰਾ, ਉਹ ਗੁਰਮੁਖਿ ਰੂਪ ਮਤਿ ਦੁਆਰਾ ਵਿਚਰਦੇ ਹਨ ਭਾਵ ਉਹ ਕੁਝ ਕਰਦੇ ਹਨ ਜੋ ਗੁਰਮਤਿ ਅਨੁਸਾਰ ਹੁੰਦਾ ਹੈ। ਅਨੇਕਾਂ ਹੀ ਹਨ ਜੋ ਗੁਰੂ ਦੀ ਮਤਿ ਨੂੰ ਆਪਣੇ ਕਰਮਾਂ ਵਿੱਚ ਵਸਾਉਂਦੇ ਹਨ ਤੇ ਉਹਨਾਂ ਦੇ ਇਹੋ ਜਿਹੇ ਕਰਮ ਮਨਮੁਖਿ ਵਾਲੇ ਨਹੀਂ ਹੁੰਦੇ ਭਾਵ ਗੁਰਮੁਖਿ ਵਾਲੇ ਹੁੰਦੇ ਹਨ। ਗੁਰੂ ਸਾਹਿਬਾਨ ਦੇ ਜੀਵਨ ਵਿੱਚ ਅਨੇਕਾਂ ਉਹਨਾਂ ਦੇ ਸੇਵਕ ਰਹੇ ਹਨ, ਜਾਨਣ ਵਾਲੇ ਰਹੇ ਹਨ ਜਿਨ੍ਹਾਂ ਦੇ ਅੰਦਰ ਭਾਵੇਂ ਆਪ ਪ੍ਰਮਾਤਮਾ ਪ੍ਰਗਟ ਨਹੀਂ ਸੀ ਪਰ ਉਹ ਗੁਰੂ ਸਾਹਿਬਾਨ ਦੀਆਂ ਗੱਲਾਂ ਮੰਨਦੇ ਸਨ ਭਾਵ ਆਪਣੀ ਮਤਿ ਨਹੀਂ ਵਰਤਦੇ ਸਨ ਭਾਵ ਉਹਨਾਂ ਨੇ ਆਪਣੇ ਬਹੁਤੇ ਜੀਵਨ ਵਿੱਚ ਜੋ ਵੀ

ਕਰਮ ਗੁਰਮਤਿ ਅਨੁਸਾਰ ਕੀਤੇ ਹਨ ਉਹ ਗੁਰਮੁਖਿ ਵਾਲੀ ਮਤਿ ਦੁਆਰਾ ਕੀਤੇ ਹਨ। ਅਨੇਕਾਂ ਨੇ ਗੁਰੂ ਦੀ ਗੱਲ ਨੂੰ ਮੰਨ ਕੇ ਧਰਮ ਦੇ ਮਾਰਗ ਲਈ ਆਪਣੇ ਜੀਵਨ ਦੀਆਂ ਕੁਰਬਾਨੀਆਂ ਦਿੱਤੀਆਂ ਹਨ ਭਾਵ ਗੁਰਮੁਖਿ ਮਨ ਦੁਆਰਾ ਧਰਮ ਦੇ ਮਾਰਗ ਤੇ ਚੱਲੇ ਹਨ। ਪੰਜ ਪਿਆਰਿਆਂ ਨੂੰ ਧੰਨ ਧੰਨ ਦਸਵੀਂ ਪਾਤਸ਼ਾਹੀ ਨੇ ਆਪ ਅੰਮ੍ਰਿਤ ਛਕਾਇਆ ਸੀ ਤਾਂ ਜੋ ਉਹ ਗੁਰੂ ਦੀ ਮਤਿ ਤੇ ਦ੍ਰਿੜ ਹੋ ਕੇ ਚੱਲਣ। ਉਹ ਗੁਰੂ ਜੀ ਦੀ ਹਰ ਗੱਲ ਨੂੰ ਮੰਨਦੇ ਸਨ ਭਾਵ ਗੁਰਮੁਖਿ ਮਨ ਦੁਆਰਾ ਵਿਚਰਦੇ ਰਹੇ ਹਨ। ਜਦ ਤਕ ਪ੍ਰਮਾਤਮਾ ਆਪ ਕਿਸੇ ਦੇ ਅੰਦਰ ਪ੍ਰਗਟ ਨਹੀਂ ਹੁੰਦਾ ਉਸਨੂੰ ਮਤਿ ਗੁਰੂ ਕੋਲੋਂ ਹੀ ਲੈਣੀ ਪੈਂਦੀ ਹੈ। ਮਨਮੁਖਿ ਰੂਪ ਵਿੱਚ ਹੁੰਦਿਆਂ ਸਾਡੇ ਮਨ ਦੀ ਅਵਸਥਾ ਬਦਲ ਸਕਦੀ ਹੈ, ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਬਦਲ ਜਾਂਦੀ ਹੈ ਭਾਵ ਮਨੁੱਖ ਅਨੇਕਾਂ ਕਰਮ ਆਪਣੀ ਮਤਿ

42/5571-A2

ਦੁਆਰਾ ਕਰਦਾ ਹੈ ਤੇ ਅਨੇਕਾਂ ਕਰਮ ਗੁਰੂ ਦੀ ਮਤਿ ਅਨੁਸਾਰ ਕਰਦਾ ਹੈ ਇਹੀ ਮਨ ਦੀ ਦੁਚਿੱਤੀ ਹੈ ਭਾਵ ਸਾਡਾ ਚਿੱਤ ਦੋ ਪਾਸੇ ਦਾ ਬਣਕੇ ਰਹਿੰਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾ ਲੈਂਦਾ ਹੈ ਉਹ ਫਿਰ ਇੱਕ ਮਨ ਇੱਕ ਚਿੱਤ ਵਾਲੀ ਅਵਸਥਾ ਵਾਲਾ ਜੋ ਹਾਂਦਾ ਹੈ ਭਾਵ ਪੂਰਨ ਤੌਰ ਤੇ ਸੱਚੀ ਸਮਝ ਵਾਲਾ ਹੋ ਜਾਂਦਾ ਹੈ। ਪੂਰੀ ਗੁਰਬਾਣੀ ਦੀ ਰਚਨਾ ਮਨ ਦੀ ਇਸ ਅਵਸਥਾ ਦੁਆਰਾ ਹੀ ਹੋਈ ਹੈ ਜਿਸਦਾ ਮਕਸਦ ਹੀ ਸਾਨੂੰ ਮਨਮੁਖਿ ਵਾਲੀ ਅਵਸਥਾ ਵਿੱਚੋਂ ਕੱਢ ਕੇ ਗੁਰਮੁਖਿ ਵਾਲੀ ਅਵਸਥਾ ਬਨਾਉਂਣ ਦਾ ਹੈ ਤਾਂ ਜੋ ਅਸੀਂ ਉਹੋ ਕੁਝ ਕਰੀਏ ਜੋ ਗੁਰੂ ਨੂੰ ਭਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਗੁਰਮੁਖਿ ਅੱਖਰ ਗੁਰੂ ਲਈ ਵਰਤਿਆ ਗਿਆ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰਮੁਖਿ ਰੂਪ ਬਣਨ ਤੋਂ ਬਾਅਦ ਫਿਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਨਹੀਂ ਸਮਝ ਸਕਦਾ ਭਾਵ ਆਪਣੇ ਆਪ ਨੂੰ ਮਨੁੱਖ ਨਹੀਂ ਸਮਝ ਸਕਦਾ ਤੇ ਨਾ ਹੀ ਕਿਸੇ ਹੋਰ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝ ਸਕਦਾ ਹੈ। ਉਸਨੂੰ ਹਰ ਆਕਾਰ ਰੂਪ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ। ਉਸਦੀ ਸਮਝ ਹਰ ਵੇਲੇ ਪੂਰਨ **ਸਚੁ** ਦੇ ਨਾਲ ਜੁੜੀ ਰਹਿੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਜੁੜੀ ਰਹਿੰਦੀ ਹੈ। ਆਪਣੇ ਅੰਦਰ ਦੀ ਮਤਿ ਰਾਹੀਂ ਪ੍ਰਮਾਤਮਾ ਦੇ ਨਾਲ ਜੁੜੇ ਬਿਨਾਂ ਸੰਸਾਰ ਵਿੱਚ ਹਰ ਕੋਈ ਤ੍ਰੈ ਗੁਣਾਂ ਵਾਲੀ ਮਤਿ ਵਿੱਚ ਹੀ ਰਹਿੰਦਾ ਹੈ ਜਿਸ ਮਤਿ ਦੇ ਵਿੱਚ ਸੱਚ ਤੇ ਭਰਮ ਨਾਲ ਨਾਲ ਹੀ ਚੱਲਦੇ ਹਨ ਭਾਵ ਮਨੁੱਖ ਅਨੇਕਾਂ ਸੱਚੇ ਕਰਮ ਵੀ ਕਰਦਾ ਹੈ ਤੇ ਅਨੇਕਾਂ ਉਹੋ ਜਿਹੇ ਕਰਮ ਕਰਦਾ ਹੈ ਜਿਨ੍ਹਾਂ ਵਿੱਚ ਭਰਮ ਹੁੰਦਾ ਹੈ ਤੇ ਉਸਨੂੰ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ ਕਿ ਮੇਰੇ ਇਸ ਕਰਮ ਵਿੱਚ ਸੱਚ ਹੈ ਜਾਂ ਭਰਮ ਹੈ ਭਾਵ ਠੀਕ ਹੈ ਜਾਂ ਗਲਤ ਹੈ। ਅਸੀਂ ਧਰਮ ਦੇ ਮਾਰਗ ਤੇ ਅਨੇਕਾਂ ਚੰਗੇ ਕਰਮ ਕਰਦੇ ਹਾਂ ਜਿਵੇਂ ਕਿਸੇ ਦੀ ਆਪਣੀ ਆਪਣੀ ਧਾਰਮਿਕ ਆਸਥਾ ਹੈ ਪਰ ਨਾਲ ਭਰਮ ਦੇ ਵਿੱਚ ਇਹੋ ਜਿਹੇ ਕਰਮ ਵੀ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਆਪਣੇ ਵੱਲੋਂ ਭਗਤੀ ਦਾ ਮਾਰਗ ਸਮਝਦੇ ਹਾਂ ਪਰ ਉਹ ਸਾਡਾ ਭਰਮ ਹੁੰਦਾ ਹੈ ਜਿਵੇਂ ਕਿ ਸਰੀਰਕ ਜਪ ਤਪ ਕਰਨਾ ਸਾਡਾ ਭਰਮ ਹੈ ਤੇ ਅਸੀਂ ਹੋਰ ਵੀ ਅਨੇਕਾਂ ਭਰਮਾਂ ਨਾਲ ਭਰੇ ਰਹਿੰਦੇ ਹਾਂ ਭਾਵ ਸਾਡੇ ਅੰਦਰ ਪੂਰਨ ਸੱਚ ਨਹੀਂ ਹੈ। ਆਪਣੇ ਆਪ ਨੂੰ ਇੱਕ ਮਨੁੱਖ ਸਮਝਣਾ ਵੀ ਸੱਚ ਨਹੀਂ ਹੈ ਭਾਵ ਭਰਮ ਹੈ ਭਾਵ ਮਨਮੁੱਖਤਾ ਹੈ। ਗੁਰਮੁਖਿ ਰੂਪ ਪੂਰਨ ਸਚੁ ਰੂਪ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੈ, ਪੂਰਨ ਸਚੁ ਰੂਪ ਹੈ ਜਿਸਦਾ ਮਕਸਦ ਸੰਸਾਰ ਨੂੰ ਭਰਮਾਂ ਵਿੱਚੋਂ ਕੱਢ ਕੇ ਸੱਚ ਨਾਲ ਜੋੜਨ ਦਾ ਹੈ ਭਾਵ ਹਰ ਕਿਸੇ ਨੂੰ ਉਸਦੀ ਮਨਮੁੱਖਤਾ ਵਿੱਚੋਂ ਕੱਢਣ ਦਾ ਹੈ।

42/5571

ਜੋ ਮਨ ਦੇ ਪ੍ਰਗਾਸ ਦੁਆਰਾ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਗੁਰਮਤਿ ਸਾਰ ਰੂਪ ਮਤਿ ਵਾਲਾ ਬਣ ਜਾਂਦਾ ਹੈ ਉਹ ਫਿਰ ਗੁਰਮਤਿ ਅਨੁਸਾਰ ਆਪਣੇ ਜੀਵਨ ਵਿੱਚ ਕਿਸ ਤਰੀਕੇ ਵਿਚਰਦਾ ਹੈ ਭਾਵ ਧਰਮ ਦੇ ਮਾਰਗ ਤੇ ਕਿਸ ਤਰੀਕੇ ਚੱਲਦਾ ਹੈ, ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਚੱਲੇ ਹਨ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ॥ ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥
ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥”

ਸਭ ਤੋਂ ਪਹਿਲੇ ਤਾਂ ਉਪਰਲੀ ਪੰਗਤੀ ਰਾਹੀਂ ਇਹ ਦ੍ਰਿੜ ਕਰੋ ਕਿ **“ਗੁਰਮੁਖਿ”** ਅਖਵਾਉਂਣਾ ਕੀ ਹੈ, ਗੁਰਮੁਖਿ ਬਣਨਾ ਕੀ ਹੈ ਤੇ ਸੱਚਾ ਮਾਣ ਕਿਸਦਾ ਹੈ। ਬੜਾ ਸਪਸ਼ਟ ਹੈ ਕਿ ਗੁਰਮੁਖਿ ਉਹੀ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਜੋ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਦਾ ਉਹ ਹਰ ਕੋਈ ਮਨਮੁਖਿ ਹੈ। ਗੁਰੂ ਸਾਹਿਬ ਸਾਨੂੰ ਆਪ ਹੀ ਇਹ ਗੱਲ ਸਮਝਾ ਰਹੇ ਹਨ ਤੇ ਸ਼ਾਬਾਸ਼ੀ ਲੈਣ ਦਾ ਹੱਕਦਾਰ ਉਹੀ ਹੈ ਭਾਵ ਸੱਚਾ ਮਾਣ ਲੈਣ ਦਾ ਹੱਕਦਾਰ ਉਹੀ ਹੈ ਜਿਸਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਿਆ ਹੈ ਭਾਵ ਜਿਸਨੂੰ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਪੂਰਨ ਗੁਰਮਤਿ ਦੀ ਸਮਝ ਪੈ ਚੁਕੀ ਹੈ, ਤੱਤ, ਸਾਰੁ

ਦੀ ਸਮਝ ਪੈ ਚੁੱਕੀ ਹੈ, ਆਪਣੇ ਅੰਦਰੋਂ ਜੋਤਿ ਦੀ ਸਮਝ ਪੈ ਚੁੱਕੀ ਹੈ ਜਿਸ ਰਾਹੀਂ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਭਾਵ ਜਿਸਨੂੰ ਇਸ ਗੱਲ ਦੀ ਸਮਝ ਲੱਗ ਚੁੱਕੀ ਹੈ ਕਿ ਗਿਆਨ ਮਨੁੱਖ ਦਾ ਆਪਣਾ ਨਹੀਂ ਹੈ, ਇਹ ਸਮਝ ਮਨੁੱਖ ਦੀ ਆਪਣੀ ਨਹੀਂ ਹੈ ਭਾਵ ਸਾਨੂੰ ਸਮਝ ਦੇਣ ਵਾਲਾ ਪ੍ਰਮਾਤਮਾ ਮਨ ਦੀ ਜੋਤਿ ਰਾਹੀਂ ਆਪ ਹੀ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹਰ ਆਕਾਰ ਰੂਪ ਵਿੱਚ ਉਹ ਆਪ ਹੀ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਨਿਰੰਕਾਰ ਰੂਪ ਵਿੱਚ ਵੀ ਆਪ ਹੈ ਤੇ ਆਕਾਰ ਰੂਪ ਵਿੱਚ ਵੀ ਆਪ ਹੈ

42/5572

ਤੇ ਇਸ ਗੱਲ ਦੀ ਸਮਝ ਮਨੁੱਖ ਨੂੰ ਨਿਰੰਕਾਰ ਰੂਪ ਵਿੱਚ ਪੈਂਦੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੁੰਦਾ ਹੈ। ਪ੍ਰਮਾਤਮਾ ਮਨ ਦੇ ਵਿੱਚ ਆਪਣੇ ਨਿਰੰਕਾਰ ਰੂਪ ਨਾਲ ਜੋੜਨ ਦੁਆਰਾ ਹੀ ਭਾਵ ਆਪਣੇ ਗਿਆਨ ਰੂਪ ਨਾਲ ਜੋੜਨ ਦੁਆਰਾ ਹੀ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਤੇ ਕਿਸੇ ਨੂੰ ਮਨਮੁਖਿ ਰੂਪ ਵਿੱਚੋਂ ਕੱਢਦਾ ਹੈ। ਸੱਚੇ ਮਾਣ ਦਾ ਹੱਕਦਾਰ ਪ੍ਰਮਾਤਮਾ ਕਿਸੇ ਨੂੰ ਆਪਣਾ ਇਹੋ ਜਿਹਾ ਗੁਰਮੁਖਿ ਰੂਪ ਬਨਾਉਂਣ ਦੁਆਰਾ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਣਾਇਆ ਹੈ। ਝੂਠਾ ਮਾਣ ਲੈਣ ਵਾਲਿਆਂ ਦੀ ਕਮੀ ਨਹੀਂ ਹੈ ਜਿਨ੍ਹਾਂ ਨੂੰ ਸੱਚੀ ਗੁਰਮਤਿ ਦੀ ਸਮਝ ਨਾ ਹੋਣ ਕਰਕੇ ਆਪ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ, ਗੁਰਮੁਖਿ ਰੂਪ ਥਾਪਿਆ ਹੋਇਆ ਹੈ। **(ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥)** ਉਹ ਸੱਚੇ ਮਾਣ ਦੇ ਹੱਕਦਾਰ ਪਹਿਲਾਂ ਤਾਂ ਇਸ ਲਈ ਬਣਦੇ ਹਨ ਕਿ ਉਹਨਾਂ ਨੇ ਸੰਸਾਰ ਨੂੰ ਸੱਚ ਸਮਝਾਇਆ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਸਮਝਾਇਆ ਹੈ ਭਾਵ ਧਰਮ ਦਾ ਸੱਚਾ ਮਾਰਗ ਸਮਝਾਇਆ ਹੈ, ਧਰਮ ਦਾ, ਸੰਸਾਰ ਦਾ, ਪ੍ਰਮਾਤਮਾ ਦਾ ਸੱਚ ਸਮਝਾਇਆ ਹੈ ਤੇ ਦੂਸਰਾ ਮਾਣ ਇਸ ਗੱਲ ਦਾ ਹੈ ਕਿ ਉਹਨਾਂ ਨੇ ਆਪ ਵੀ ਸੱਚ ਦੇ ਮਾਰਗ ਤੇ, ਨਾਮ ਦੇ ਮਾਰਗ ਤੇ ਭਾਵ ਭਗਤੀ ਦੇ ਮਾਰਗ ਤੇ ਚੱਲ ਕੇ ਦਿਖਾਇਆ ਹੈ ਭਾਵ ਔਖੇ ਮਾਰਗ ਤੇ ਚੱਲ ਕੇ ਦਿਖਾਇਆ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥”

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸੱਚ ਤੇ ਚੱਲਣ ਦਾ ਹੀ ਹੈ ਤੇ ਇਸੇ ਲਈ ਇਹ ਮਾਰਗ ਔਖਾ ਹੈ। ਭਗਤੀ ਦਾ ਮਾਰਗ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਜਦ ਤਕ ਸਾਡੀ ਸਮਝ ਸੱਚੀ ਨਹੀਂ ਬਣਦੀ ਤਦ ਤਕ ਸੱਚ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਨਾਮ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਪ੍ਰਮਾਤਮਾ ਆਪ ਸੱਚ ਹੈ ਜੋ ਕਿ ਆਪਣੀ ਸੱਚੀ ਸਮਝ ਦੁਆਰਾ ਸੱਚ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਹੀ ਸੱਚ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ ਤੇ ਆਪਣੇ ਮੇਲ ਦੁਆਰਾ ਉਹ ਮਨੁੱਖ ਦੀ ਸਮਝ ਨੂੰ ਹੀ ਸੱਚੀ ਬਣਾਉਂਦਾ ਹੈ। ਆਪਸ ਵਿੱਚ

42/5573

ਮਨ ਦੀ ਸਮਝ ਦਾ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਣਾ ਪ੍ਰਮਾਤਮਾ ਦੇ ਨਾਲ ਰੱਲ ਮਿਲ ਜਾਣਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਤੋਂ ਪਹਿਲਾਂ ਮਨੁੱਖ ਮਾਇਆ ਮੋਹ ਵਾਲੀ ਸਮਝ ਵਿੱਚ ਹੁੰਦਾ ਹੈ ਜੋ ਮਨੁੱਖ ਨੂੰ ਮਾਯਾਵੀ ਸੁੱਖਾਂ ਦੇ ਪਦਾਰਥਾਂ ਨਾਲ ਜੋੜਕੇ ਰੱਖਦੀ ਹੈ ਜਿਨ੍ਹਾਂ ਸੁੱਖਾਂ ਨੂੰ ਕੋਈ ਛੱਡਣਾ ਨਹੀਂ ਚਾਹੁੰਦਾ ਤੇ ਉਹਨਾਂ ਸੁੱਖਾਂ ਦੀ ਪ੍ਰਾਪਤੀ ਲਈ ਮਨੁੱਖ ਨੂੰ ਅਨੇਕਾਂ ਮਾੜੇ ਕਰਮ ਵੀ ਕਰਨੇ ਪੈਂਦੇ ਹਨ ਤੇ ਮਨੁੱਖ ਹੋਰ ਵੀ ਅਨੇਕਾਂ ਇਹੋ ਜਿਹੇ ਕਰਮ ਕਰਦਾ ਹੈ ਜੋ ਸੱਚ ਅਨੁਸਾਰ ਨਹੀਂ ਹੁੰਦੇ ਭਾਵ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦੇ ਜਿਵੇਂ ਕਿ ਅਨੇਕਾਂ ਹੀ ਪ੍ਰਮਾਤਮਾ ਦੀ ਭਗਤੀ ਦੇ ਤਰੀਕੇ ਜੋ ਸੰਸਾਰ ਨੇ ਅਪਨਾਏ ਹੋਏ ਹਨ, ਥਿਤਾਂ ਵਾਰਾਂ ਨੂੰ ਉੱਚਾ ਮੰਨਿਆ ਹੋਇਆ ਹੈ, ਕਿਸੇ ਖਾਸ ਸਮੇਂ ਨੂੰ ਭਗਤੀ ਦਾ ਸਮਾਂ ਮੰਨਿਆ ਹੋਇਆ ਹੈ, ਆਪਣੇ ਖਾਣ ਪਾਨ ਵਿੱਚ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਤੇ ਹੋਰ ਵੀ ਅਨੇਕਾਂ ਇਹੋ ਜਿਹੇ ਭਰਮ ਬਣੇ ਹੋਏ ਹਨ ਜਿਨ੍ਹਾਂ ਵਿੱਚ ਸੱਚ ਨਹੀਂ ਹੈ ਭਾਵ ਭਗਤੀ ਦੇ ਇਹੋ ਜਿਹੇ ਤਰੀਕਿਆਂ ਨੂੰ ਅਪਨਾਉਂਣਾ ਸੱਚ ਨਹੀਂ ਹੈ। ਜਿਸ ਕਰਮ ਵਿੱਚ ਸੱਚ ਨਹੀਂ ਹੈ ਉਹ ਗੁਣ ਨਹੀਂ ਹੈ ਭਾਵ ਉਹ ਮਨੁੱਖ ਦਾ ਅਉਗੁਣ ਹੈ। ਝੂਠੀ ਭਗਤੀ ਦਾ ਮਾਣ ਲੈਣਾ ਸੱਚ ਨਹੀਂ ਹੈ, ਗੁਣ ਨਹੀਂ ਹੈ ਭਾਵ ਝੂਠ ਹੈ, ਅਉਗੁਣ ਹੈ ਭਾਵ ਕੇਵਲ ਮਨ ਦੀ ਤ੍ਰਿਸ਼ਨਾ ਹੈ। ਮਾਇਆ ਮੋਹ ਵਾਲੀ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਅਨੇਕਾਂ ਹੀ ਤ੍ਰਿਸ਼ਨਾਵਾਂ ਨਾਲ ਜੁੜਿਆ ਰਹਿੰਦਾ ਹੈ ਜਿਨ੍ਹਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਭਾਵ ਬਹੁਤ ਕੁਝ ਤਿਆਗਣਾ ਪੈਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣਾ ਪੈਂਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਭਾਵ ਹਰ ਅਉਗੁਣ ਵਿੱਚੋਂ ਨਿਕਲਕੇ ਮਨ ਦੇ ਵਿੱਚ ਸੱਚੇ ਗੁਣਾਂ ਦੇ ਪ੍ਰਗਾਸ ਦੁਆਰਾ ਚੱਲਿਆ ਜਾ ਸਕਦਾ ਹੈ। ਮਨ

ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਪ੍ਰਮਾਤਮਾ ਮਨੁੱਖੀ ਸਮਝ ਨੂੰ ਗੁਣਾਂ ਦੇ ਪ੍ਰਗਾਸ ਦੁਆਰਾ ਹੀ ਸੱਚੀ ਬਣਾਉਂਦਾ ਹੈ ਤੇ ਮਨੁੱਖ ਨੂੰ ਹਰ ਅਉਗੁਣ ਵਿੱਚੋਂ ਕੱਢ ਲੈਂਦਾ ਹੈ। ਜੋ ਵੀ ਕਰਮ ਮਨੁੱਖ ਦਾ ਗੁਰਮਤਿ ਅਨੁਸਾਰ ਹੁੰਦਾ ਹੈ ਉਹ ਗੁਣ ਹੈ ਤੇ ਜੋ ਵੀ ਕਰਮ ਗੁਰਮਤਿ ਅਨੁਸਾਰ ਨਹੀਂ ਹੈ ਉਹ ਅਉਗੁਣ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਪਹਿਲਾਂ ਭਰਮਾਂ ਦਾ ਭਰਿਆ ਹੁੰਦਾ ਹੈ ਜਿਨ੍ਹਾਂ ਕਰਕੇ ਉਹ ਅਨੇਕਾਂ ਹੀ ਅਉਗੁਣ ਕਰਦਾ ਹੈ ਤੇ ਆਪਣੀ ਸੱਚੀ ਸਮਝ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ ਤੇ ਆਪ ਹੀ ਮਨ ਦੀ ਸੱਚੀ ਸਮਝ ਦੁਆਰਾ ਧਰਮ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ। ਧਰਮ ਦਾ ਸੱਚਾ ਮਾਰਗ ਮਨ ਦੇ ਸੰਤੋਖ ਦੁਆਰਾ ਵਿਚਰਨ ਦਾ

42/5574

ਹੈ ਤੇ ਮਨ ਦੇ ਵਿੱਚ ਸੰਤੋਖ ਸੱਚੇ ਗੁਣਾਂ ਦੇ ਪ੍ਰਗਾਸ ਦੁਆਰਾ ਹੀ ਆਉਂਦਾ ਹੈ ਭਾਵ ਸੱਚ ਦੁਆਰਾ ਹੀ ਆਉਂਦਾ ਹੈ, ਨਾਮ ਦੁਆਰਾ ਹੀ ਆਉਂਦਾ ਹੈ। ਨਾਮ ਕੀ ਹੈ ਇਸਦੀ ਸਮਝ ਹੀ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਪੈਂਦੀ ਹੈ। ਨਾਮ ਸੱਚ ਹੈ ਜੋ ਕਿ ਮਨ ਦੀ ਸੱਚੀ ਸਮਝ ਹੈ ਭਾਵ ਮਨ ਦਾ ਸੱਚਾ ਗਿਆਨ ਹੈ ਜਿਸਦੇ ਦੁਆਰਾ ਮਨ ਦੇ ਵਿੱਚ ਸੱਚੇ ਗੁਣਾਂ ਦਾ ਪ੍ਰਗਾਸ ਹੁੰਦਾ ਹੈ ਤੇ ਮਨੁੱਖ ਹਰ ਅਉਗੁਣ ਤੋਂ, ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਮਨ ਦੇ ਸੰਤੋਖ ਰਾਹੀਂ ਵਿਚਰਦਾ ਹੈ ਜਿਸ ਦੁਆਰਾ ਮਨੁੱਖ ਦੀ ਸੰਸਾਰਿਕ ਵਿਚਰਨ ਹੀ ਸੱਚੀ ਸੁੱਚੀ ਹੁੰਦੀ ਹੈ, ਗੁਣਾਂ ਵਾਲੀ ਹੁੰਦੀ ਹੈ, ਪ੍ਰਮਾਤਮਾ ਦੇ ਭਾਣੇ ਅਨੁਸਾਰ ਚੱਲਣ ਵਾਲੀ ਹੁੰਦੀ ਹੈ ਭਾਵ ਗੁਰਮਤਿ ਅਨੁਸਾਰ ਵਿਚਰਨ ਵਾਲੀ ਹੁੰਦੀ ਹੈ। ਮਨ ਦੀ ਇਹੋ ਜਿਹੀ ਅਵਸਥਾ ਵਿੱਚ ਫਿਰ ਮਨੁੱਖ ਨੂੰ ਇਸ ਗੱਲ ਦੀ ਵੀ ਸਮਝ ਹੁੰਦੀ ਹੈ ਕਿ ਨਾ ਇਹ ਮਨ ਦੀ ਸਮਝ ਮੇਰੀ ਹੈ ਤੇ ਨਾ ਹੀ ਇਹ ਸਰੀਰ ਮੇਰਾ ਹੈ ਭਾਵ ਇਹ ਤਨ ਮਨ ਸਭ ਪ੍ਰਮਾਤਮਾ ਕੋਲ ਮਨੁੱਖ ਵੇਚ ਦਿੰਦਾ ਹੈ। ਜਦ ਤੱਕ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਦਾ ਤਦ ਤੱਕ ਉਹ ਮਨ ਦੇ ਵਿਚਾਰਾਂ ਨੂੰ ਵੀ ਆਪਣੇ ਵਿਚਾਰ ਸਮਝਦਾ ਹੈ ਤੇ ਇਸ ਸਰੀਰ ਨੂੰ ਵੀ ਆਪਣਾ ਸਰੀਰ ਸਮਝਦਾ ਹੈ ਜੋ ਕਿ ਸੱਚ ਨਹੀਂ ਹੈ ਭਾਵ ਝੂਠ ਹੈ ਤੇ ਜਦੋਂ ਇਹ ਸਮਝ ਪੈ ਜਾਂਦੀ ਹੈ ਕਿ ਮਨ ਦੀ ਸਮਝ ਵਿੱਚ ਪ੍ਰਮਾਤਮਾ ਆਪ ਹੈ ਭਾਵ ਨਿਰੰਕਾਰ ਰੂਪ ਵਿੱਚ ਸਾਡੇ ਅੰਦਰ ਆਪ ਹੈ, ਗਿਆਨ ਰੂਪ ਵਿੱਚ ਸਾਡੇ ਅੰਦਰ ਆਪ ਹੈ ਤੇ ਉਸਨੇ ਆਪ ਹੀ ਆਪਣੇ ਉੱਚੇ ਗਿਆਨ ਦੁਆਰਾ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪ ਹੀ ਉਸਨੂੰ ਚਲਾ ਰਿਹਾ ਹੈ ਫਿਰ ਤਾਂ ਹੀ ਮਨੁੱਖ ਇਹ ਗੱਲ ਕਹਿ ਸਕਦਾ ਹੈ ਕਿ ਇਹ **"ਜੀਉ"** ਵੀ ਉਸਦਾ ਹੈ, ਪਿੰਡ ਵੀ ਉਸਦਾ ਹੈ ਭਾਵ ਮਨੁੱਖੀ ਹੋਂਦ ਸਮਝਣਾ ਕੇਵਲ ਭਰਮ ਹੈ ਭਾਵ ਸੱਚ ਨਹੀਂ ਹੈ। ਜਦੋਂ ਮਨੁੱਖ ਹਰ ਕਰਮ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਸਮਝ ਦੁਆਰਾ ਕਰਦਾ ਹੈ ਭਾਵ ਮਾਇਆ ਮੋਹ ਤੋਂ ਰਹਿਤ ਹੋ ਕੇ ਕਰਦਾ ਹੈ ਇਹ ਹੀ ਆਪਣੇ ਮਨ ਨੂੰ ਪ੍ਰਮਾਤਮਾ ਦੇ ਕੋਲ ਵੇਚਣਾ ਹੈ ਜਿਸਦੇ ਬਦਲੇ ਵਿੱਚ ਮਨੁੱਖ ਨੂੰ ਮਨ ਦਾ ਸੰਤੋਖ ਮਿਲਦਾ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਸੁੱਖ ਮਿਲਦਾ ਹੈ। **(ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥ ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥)**

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

42/5575

ਇਸ ਤੋਂ ਪਹਿਲੇ ਜਿਨ੍ਹਾਂ ਸ਼ਬਦਾਂ ਨੂੰ ਸਲੋਕਾਂ ਰਾਹੀਂ ਸਮਝ ਰਹੇ ਸੀ ਉਹਨਾਂ ਵਿੱਚ ਨਾਮ ਰੂਪ ਬੇੜੀ ਦੀ ਗੱਲ ਕੀਤੀ ਹੋਈ ਸੀ। ਹੇਠ ਦਿੱਤੇ ਸਲੋਕ ਨੂੰ ਤੇ ਉਸਦੇ ਪਹਿਲੇ ਸਲੋਕਾਂ ਨੂੰ ਅਸੀਂ ਸਮਝ ਚੁੱਕੇ ਹਾਂ। **(ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥ ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥)**

ਉਪਰਲੇ ਸਲੋਕਾਂ ਰਾਹੀਂ ਅਸੀਂ ਪਿੱਛੇ ਨਾਮ ਹੀ ਸਮਝਿਆ ਹੈ, ਸੱਚ ਹੀ ਸਮਝਿਆ ਹੈ ਜਿਸ ਸੱਚ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤੇ ਉਸੇ ਗੱਲ ਨੂੰ ਅਗਲੇ ਸਲੋਕ ਦੁਆਰਾ ਤੇ ਸਲੋਕਾਂ ਦੀ ਪਉੜੀ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ।

ਮਃ ੧ ॥

“ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥
ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥ ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥
ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥ ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥੪॥”

(ਅੰਗ ੧੨੮੭)

ਪਉੜੀ ॥

“ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ ॥ ਬਧੇ ਛੁਟਹਿ ਸਚਿ ਸਚੁ ਪਛਾਣੀਐ ॥
ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥
ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ ਚੋਰ ਜਾਰ ਜੂਆਰ ਪੀੜੇ ਘਾਣੀਐ ॥
ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥ ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥”

(ਅੰਗ ੧੨੮੭-੧੨੮੮)

ਉਪਰ ਸਲੋਕ ਰਾਹੀਂ ਸਾਡੀ ਮਾਇਆ ਮੋਹ ਵਾਲੀ ਮਤਿ ਹੀ ਸਮਝਾਈ ਹੋਈ ਹੈ ਜਿਸਦੇ ਰਹਿੰਦਿਆਂ ਅਸੀਂ ਉਹ ਕੁਝ ਕਰਦੇ ਹਾਂ ਤੇ ਆਪਣੇ ਆਪ ਨੂੰ ਉਹ ਕੁਝ ਸਮਝਦੇ ਹਾਂ ਜਿਸ ਵਿੱਚ ਸੱਚ ਨਹੀਂ ਹੈ ਭਾਵ ਨਾਮ ਨਹੀਂ ਹੈ, ਗੁਰੂ ਦੀ ਮਤਿ ਨਹੀਂ ਹੈ। ਮਾਇਆ ਵੱਡੀ ਹੈ ਜਾਂ ਸੱਚ ਵੱਡਾ ਹੈ ਇਸ ਗੱਲ ਦੀ ਸਮਝ ਪਾਈ ਹੋਈ ਹੈ ਭਾਵ ਮਨੁੱਖ ਮਾਇਆ ਨਾਲ ਉੱਚਾ ਬਣਦਾ ਹੈ ਜਾਂ ਮਾਇਆ ਵਿੱਚੋਂ ਨਿਕਲਣ ਦੁਆਰਾ ਉੱਚਾ ਬਣਦਾ ਹੈ। ਹਰ ਕੋਈ ਮਾਇਆ ਨਾਲ ਹੀ ਉੱਚਾ ਬਣਨਾ ਚਾਹੁੰਦਾ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਵਡਿਆਈ ਭੁੱਲ ਜਾਂਦੀ ਹੈ ਜੋ ਆਪ ਹੀ ਉਸ ਮਾਇਆ ਦਾ ਮਾਲਕ ਹੈ।

ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਆਪ ਹੀ ਮਾਇਆ ਮੋਹ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਆਪ ਹੀ ਬਾਹਰੀ ਮਾਇਆ ਬਣਾਈ ਹੋਈ ਹੈ ਜਿਸ ਮਾਇਆ ਦੀ ਪ੍ਰਾਪਤੀ ਹਰ ਕੋਈ ਕਰਨਾ ਚਾਹੁੰਦਾ ਹੈ ਜਿਸ ਦੁਆਰਾ ਉਸ ਮਨੁੱਖ ਨੂੰ ਉੱਚਾ ਸਮਝਿਆ ਜਾਂਦਾ ਹੈ, ਪਾਤਸ਼ਾਹ ਸਮਝਿਆ ਜਾਂਦਾ ਹੈ। ਆਪਣੇ ਆਪ ਨੂੰ ਉੱਚਾ ਅਖਵਾਉਂਣ ਦੀ ਖੁਆਇਸ਼ ਸਭ ਦੇ ਅੰਦਰ ਹੁੰਦੀ ਹੈ ਜਿਵੇਂ ਰਾਜਿਆਂ

ਮਾਹਾਰਾਜਿਆਂ ਨੂੰ ਹੁੰਦੀ ਹੈ। ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣਾ ਵੀ ਭਾਵ ਧਰਮ ਦੇ ਰਾਜੇ ਬਾਦਸ਼ਾਹ ਅਖਵਾਉਂਣ ਵਾਲੇ ਵੀ ਬਹੁਤ ਹਨ ਜਿਨ੍ਹਾਂ ਨੇ ਆਪਣੇ ਵੱਖਰੇ ਵੱਖਰੇ ਉੱਚੇ ਅਸਥਾਨ ਬਣਾਏ ਹੋਏ ਹਨ ਤੇ ਆਪਣੀਆਂ ਗੱਦੀਆਂ ਬਣਾਕੇ ਉੱਥੇ ਬਿਰਾਜਦੇ ਹਨ ਤੇ ਅਨੇਕਾਂ ਸੇਵਕ ਉਹਨਾਂ ਦੇ ਅੱਗੇ ਪਿੱਛੇ ਫਿਰਦੇ ਹਨ। ਜਿਸ ਤਰੀਕੇ ਵੀ ਕੋਈ ਵੱਡਾ ਅਖਵਾ ਸਕਦਾ ਹੈ ਉਹ ਅਖਵਾਉਂਣਾ ਚਾਹੁੰਦਾ ਹੈ ਭਾਵ ਇਹ ਤ੍ਰਿਸ਼ਨਾ ਸਭ ਦੇ ਅੰਦਰ ਹੁੰਦੀ ਹੈ। **(ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥ ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥)**

ਦੁਨੀਆਵੀ ਤੌਰ ਤੇ ਜਿਨ੍ਹਾਂ ਨੂੰ ਅਸੀਂ ਆਪਣੀਆਂ ਅੱਖਾਂ ਨਾਲ ਉੱਚੇ ਦੇਖਦੇ ਹਾਂ ਉਹਨਾਂ ਨੂੰ ਹੀ ਪਾਤਸ਼ਾਹ ਸਮਝਦੇ ਹਾਂ ਭਾਵ ਉਹਨਾਂ ਦਾ ਇੱਜਤ ਮਾਣ ਕਰਦੇ ਹਾਂ ਪਰ ਅਸਲ ਪਾਤਸ਼ਾਹ ਕੌਣ ਹੈ ਇਸ ਗੱਲ ਦੀ ਸਮਝ ਉਸ ਵੇਲੇ ਲੱਗਦੀ ਹੈ ਜਦੋਂ ਮਨੁੱਖ ਇਸ ਮਾਇਆ ਮੋਹ ਦੇ ਸਾਗਰ ਨੂੰ ਪਾਰ ਕਰਦਾ ਹੈ। ਉਹ ਸੱਚਾ ਬਾਦਸ਼ਾਹ ਸਚੁ ਰੂਪ ਵਿੱਚ ਹੈ ਜੋ ਕਿ ਸਾਡੇ ਅੰਦਰ ਹੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥ ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥
ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥੪॥”

ਦੁਨਿਆਵੀ ਤੌਰ ਤੇ ਕੋਈ ਭਾਵੇਂ ਜਿਤਨਾ ਮਰਜੀ ਵੱਡਾ ਅਖਵਾ ਲਵੇ ਉਹ ਕਿਸੇ ਨੂੰ ਮਾਇਆ ਮੋਹ ਦੇ ਸਾਗਰ ਵਿੱਚੋਂ ਪਾਰ ਕਰਾ ਸਕੇ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਕੱਢ ਸਕੇ ਇਹ ਨਾਮੁਮਕਿਨ ਹੈ। ਉਹ ਅਸਲ ਪਾਤਸ਼ਾਹ ਹੈ ਜੋ ਸਾਨੂੰ ਮਾਇਆ ਮੋਹ ਦੇ ਸਾਗਰ ਤੋਂ ਪਾਰ ਕਰਾ ਸਕੇ ਭਾਵ ਮਨ ਦੀ ਅਗਿਆਨਤਾ ਦੇ ਸਾਗਰ ਤੋਂ ਪਾਰ ਕਰਾ ਸਕੇ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਕੱਢ ਸਕੇ ਜਿਸ ਕਰਕੇ ਮਨੁੱਖੀ ਮਤਿ ਤ੍ਰਿਸ਼ਨਾਵਾਂ ਦੀ ਅਗਨਿ ਵਿੱਚ ਸੜਦੀ ਰਹਿੰਦੀ ਹੈ। ਇਹ ਮਾਇਆ ਮੋਹ ਦਾ ਸਾਗਰ ਭਾਵ ਅਗਿਆਨਤਾ ਦਾ

ਸਾਗਰ, ਭਰਮ ਵਾਲੇ ਵਿਚਾਰਾਂ ਦਾ ਸਾਗਰ ਬਹੁਤ ਹੀ ਗਹਿਰਾ ਹੈ ਜਿਸ ਵਿੱਚੋਂ ਇਹ ਵੱਡੇ ਵੱਡੇ ਪਾਤਸ਼ਾਹ ਅਖਵਾਉਂਣ ਵਾਲੇ, ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਆਪ ਨਹੀਂ ਨਿਕਲ ਸਕੇ ਉਹ ਕਿਸੇ ਨੂੰ ਕੀ ਕੱਢਣਗੇ। ਸਾਡੇ ਅੰਦਰ ਇਹ ਭਰਮ ਮੋਹ ਵਾਲੀ ਮਤਿ ਉਸ ਸੱਚੇ ਪਾਤਸ਼ਾਹ ਦੀ ਪਾਈ ਹੋਈ ਹੈ, ਉਸ ਪ੍ਰਮਾਤਮਾ ਦੀ ਆਪਣੀ

42/5577

ਪਾਈ ਹੋਈ ਹੈ, ਸਭ ਦੇ ਅੰਦਰ ਅਗਿਆਨਤਾ ਇਤਨੀ ਗਹਿਰੀ ਪਾਈ ਹੋਈ ਹੈ ਜਿਸਦੇ ਰਹਿੰਦਿਆਂ ਸਾਨੂੰ ਉਸ ਵਿੱਚੋਂ ਨਿਕਲਣ ਦਾ ਕੋਈ ਮਾਰਗ ਨਜਰ ਨਹੀਂ ਆਉਂਦਾ, ਕੋਈ ਸਾਗਰ ਦਾ ਕੰਡਾ ਨਜਰ ਨਹੀਂ ਆਉਂਦਾ ਕਿ ਅਸੀਂ ਕਿਸ ਪਾਸੇ ਜਾਣਾ ਹੈ ਤੇ ਮਨੁੱਖ ਤ੍ਰਿਸ਼ਨਾਵਾਂ ਦੀ ਅਗਨਿ ਵਿੱਚ ਹੀ ਅਉਖਾ ਹੁੰਦਾ ਰਹਿੰਦਾ ਹੈ ਭਾਵ ਮਨ ਦੇ ਵਿੱਚ ਤ੍ਰਿਸ਼ਨਾਵਾਂ ਦਾ ਸ਼ੋਰ ਮੱਚਿਆ ਰਹਿੰਦਾ ਹੈ ਜੋ ਮਨੁੱਖ ਨੂੰ ਹਰ ਵੇਲੇ ਦੁੱਖੀ ਕਰੀ ਰੱਖਦੀਆਂ ਹਨ, ਟੈਂਸ਼ਨਾਂ ਵਿੱਚ ਪਾਈ ਰੱਖਦੀਆਂ ਹਨ। ਜਦੋਂ ਪ੍ਰਮਾਤਮਾ ਕਿਸੇ ਮਨੁੱਖ ਤੇ ਆਪਣੀ ਕਿਰਪਾ ਕਰਨ ਦੁਆਰਾ ਮਨ ਦੇ ਵਿੱਚ ਆਪਣੀ ਸੱਚੀ ਸਮਝ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪਾਉਂਦਾ ਹੈ ਤੇ ਕਿਸੇ ਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਭਾਵ ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ ਉਸਨੂੰ ਫਿਰ ਤ੍ਰਿਸ਼ਨਾਵਾਂ ਵਿੱਚੋਂ ਕੱਢ ਕੇ ਮਨ ਦੇ ਸੰਤੋਖ ਵਾਲੀ ਬਿਰਤੀ ਬਖਸ਼ਦਾ ਹੈ ਜਿਸ ਰਾਹੀ ਮਨੁੱਖ ਤ੍ਰਿਸ਼ਨਾਵਾਂ ਦੇ ਦੁੱਖ ਤੋਂ ਮੁਕਤਿ ਹੁੰਦਾ ਹੈ ਤੇ ਮਨ ਦੇ ਸੰਤੋਖ ਵਿੱਚ ਸੁੱਖ ਮਹਿਸੂਸ ਕਰਦਾ ਹੈ ਭਾਵ ਸੱਚ ਤੇ ਚੱਲਣ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ, ਮਨ ਦੇ ਵਿੱਚ ਨਾਮ ਜਪਣ ਦੁਆਰਾ ਸੁੱਖ ਮਹਿਸੂਸ ਕਰਦਾ ਹੈ, ਧਰਮ ਦੇ ਸੱਚੇ ਮਾਰਗ ਤੇ ਚੱਲਣ ਵਿੱਚ ਸੁੱਖ ਮਹਿਸੂਸ ਕਰਦਾ ਹੈ ਤੇ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਾਇਆ ਭਾਵੇਂ ਕੋਈ ਜਿਤਨੀ ਮਰਜੀ ਇੱਕਠੀ ਕਰ ਲਵੇ ਉਸ ਰਾਹੀਂ ਕੋਈ ਤ੍ਰਿਸ਼ਨਾਵਾਂ ਤੋਂ ਮੁਕਤਿ ਨਹੀਂ ਹੁੰਦਾ, ਆਪਣੇ ਬਾਹਰੀ ਰੂਪ ਨਾਲ ਭਾਵੇਂ ਕੋਈ ਧਰਮ ਦੇ ਮਾਰਗ ਤੇ ਜਿਤਨਾ ਮਰਜੀ ਉੱਚਾ ਅਖਵਾ ਲਵੇ ਪਰ ਤ੍ਰਿਸ਼ਨਾਵਾਂ ਤੋਂ ਮੁਕਤਿ ਨਹੀਂ ਹੁੰਦਾ ਭਾਵ ਪ੍ਰਮਾਤਮਾ ਦੇ ਨਾਲ ਵਿਛੋੜੇ ਦੇ ਦੁੱਖ ਵਿੱਚੋਂ ਨਹੀਂ ਨਿਕਲ ਸਕਦਾ। ਜਦੋਂ ਪ੍ਰਮਾਤਮਾ ਕਿਸੇ ਨੂੰ ਅਸਲ ਸੁਖੁ ਬਖਸ਼ਦਾ ਹੈ ਉਸਨੂੰ ਮਾਇਆ ਮੋਹ ਵਿੱਚੋਂ ਕੱਢਕੇ ਹੀ ਬਖਸ਼ਦਾ ਹੈ ਤੇ ਉਸੇ ਮਨੁੱਖ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਅਸਲ ਪਾਤਸ਼ਾਹ ਕੌਣ ਹੈ ਜੋ ਕਿ ਸਾਡੇ ਅੰਦਰ ਹੀ ਹੈ, ਨਿਰੰਕਾਰ ਰੂਪ ਵਿੱਚ ਹੈ ਤੇ ਆਪ ਹੀ ਸਾਡੀ ਸਮਝ ਦਾ ਮਾਲਕ ਹੈ। ਉਹ ਆਪਣੇ ਉੱਚੇ ਗਿਆਨ ਦੁਆਰਾ ਹੀ ਸਾਰੀ ਸ੍ਰਿਸ਼ਟੀ ਦਾ ਪਾਤਸ਼ਾਹ ਹੈ ਜਿਸਨੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ, ਉੱਚੇ ਗਿਆਨ ਦੁਆਰਾ, ਸਾਇੰਟਿਫਿਕ ਗਿਆਨ ਦੁਆਰਾ ਸ੍ਰਿਸ਼ਟੀ ਨੂੰ ਰੱਚਿਆ ਹੈ ਤੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ, ਸਾਇੰਟਿਫਿਕ ਗਿਆਨ ਦੁਆਰਾ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਸਭ ਕੁਝ

42/5578

ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਜਿਸ ਗੁਰਮਤਿ ਦੀ ਸਮਝ ਆਏ ਬਿਨਾਂ ਉਸ ਪਾਤਸ਼ਾਹ ਨੂੰ ਨਹੀਂ ਸਮਝਿਆ ਜਾ ਸਕਦਾ। **(ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥ ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ॥ ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥ ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥ ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥੪॥)**

ਉਪਰਲੇ ਸਲੋਕ ਦੇ ਨਾਲ ਜੁੜੇ ਪੂਰੇ ਸ਼ਬਦ ਦੇ ਤਿੰਨ ਸਲੋਕਾਂ ਨੂੰ ਅਸੀਂ ਇਸ ਤੋਂ ਪਹਿਲੇ ਸਮਝਿਆ ਹੈ। ਪੂਰੇ ਸਲੋਕਾਂ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ ਭਾਵ ਨਾਮ ਬਾਰੇ ਹੀ ਸਮਝਾਇਆ ਹੋਇਆ ਹੈ ਭਾਵ ਸਾਡੇ ਜੀਵਨ ਵਿੱਚ ਸੱਚ ਦਾ ਕੀ ਮਕਸਦ ਹੈ, ਨਾਮ ਦਾ ਕੀ ਮਕਸਦ ਹੈ ਇਹ ਕੁਝ ਹੀ ਸਮਝਾਇਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਸਲੋਕਾਂ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ।

ਪਉੜੀ ॥

“ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ ॥ ਬਧੇ ਛੁਟਹਿ ਸਚਿ ਸਚੁ ਪਛਾਣੀਐ ॥
ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥
ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ ਚੋਰ ਜਾਰ ਜੂਆਰ ਪੀੜੇ ਘਾਣੀਐ ॥
ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥ ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥”

(ਅੰਗ ੧੨੮੭-੧੨੮੮)

ਸਾਡੇ ਅੰਦਰ ਮਾਇਆ ਮੋਹ ਦਾ ਬੰਧਨ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਸ ਤੋਂ ਛੁੱਟਣਾ ਕੀ ਹੈ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਸਾਡੇ ਅੰਦਰ ਮਾਇਆ ਮੋਹ ਦਾ ਬੰਧਨ ਜਾਂ ਮਾਇਆ ਮੋਹ ਦਾ ਸਾਗਰ, ਭਉਜਲ ਸਾਗਰ ਇੱਕੋ ਹੀ ਗੱਲ ਹੈ ਭਾਵ ਬੰਧਨ ਇੱਕੋ ਹੀ ਹੈ ਜੋ ਕਿ ਮਨ ਦੀ ਅਗਿਆਨਤਾ ਦਾ ਹੈ, ਮਨ ਦੀ ਭਰਮਾਂ ਵਾਲੀ ਮਤਿ ਦਾ ਹੈ ਜਿਸ ਬੰਧਨ ਵਿੱਚੋਂ ਕੇਵਲ **"ਸਚੁ"** ਹੀ ਕੱਢ ਸਕਦਾ ਹੈ, ਨਾਮ ਹੀ ਕੱਢ ਸਕਦਾ ਹੈ ਭਾਵ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ, ਉਹ ਦੀਨ ਦੁਨੀ ਦਾ ਪਾਤਸ਼ਾਹ ਆਪ ਹੀ ਕੱਢ ਸਕਦਾ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ।

ਸਾਡੇ ਅੰਦਰ ਇਹ ਮਾਇਆ ਮੋਹ ਦਾ ਬੰਧਨ ਹੀ ਭਾਵ ਮਨ ਦੀ ਅਗਿਆਨਤਾ ਦਾ ਬੰਧਨ ਹੀ ਸਭ ਦੇ ਗਲੇ ਦੀ ਜੰਜੀਰ ਹੈ ਜਿਸਨੇ ਸੰਸਾਰ ਦੀ ਮਤਿ ਨੂੰ ਬੰਨਿਆ ਹੋਇਆ ਹੈ ਭਾਵ ਆਪਣਾ ਕੈਦੀ ਬਣਾਇਆ ਹੋਇਆ ਹੈ ਜਿਸ ਕੈਦਖਾਨੇ ਵਿੱਚੋਂ, ਮਨ ਦੇ ਬੰਦੀਖਾਨੇ ਵਿੱਚੋਂ ਕੋਈ ਨਹੀਂ ਨਿਕਲ ਸਕਦਾ। ਮਨ ਦੀ ਇਸ ਵਿਚਾਰਾਂ ਰੂਪ ਕੈਦ ਵਿਚੋਂ ਕੇਵਲ ਸੱਚ ਦੁਆਰਾ ਭਾਵ ਗੁਰੂ ਦੇ ਸੱਚੇ ਵਿਚਾਰਾਂ ਦੁਆਰਾ ਨਿਕਲਿਆ ਜਾ ਸਕਦਾ ਹੈ ਜਿਨ੍ਹਾਂ ਵਿਚਾਰਾਂ ਰਾਹੀਂ ਸਾਨੂੰ ਸੱਚ ਦੀ ਸਮਝ ਹੀ ਪੈਂਦੀ ਹੈ ਜੋ ਸੱਚ ਭਾਵ ਜੋ ਨਾਮ ਹਰ ਭਰਮ

ਤੋਂ ਰਹਿਤ ਹੈ ਭਾਵ ਉਸਦੇ ਵਿੱਚ ਸੱਚਾ ਗਿਆਨ ਹੈ ਜੋ ਸੱਚਾ ਗਿਆਨ ਜੇਕਰ ਸਾਡੀ ਮਤਿ ਦੇ ਅੰਦਰ ਵੱਸ ਜਾਵੇ ਜੋ ਸਾਡੇ ਮਨ ਦੇ ਵਿਚਾਰਾਂ ਨੂੰ ਅਗਿਆਨਤਾ ਦੇ ਬੰਦੀਖਾਨੇ ਵਿੱਚੋਂ ਆਜਾਦ ਕਰ ਦਿੰਦਾ ਹੈ, ਮਾਇਆ ਮੋਹ ਦੇ ਕੈਦਖਾਨੇ ਵਿੱਚੋਂ ਛੁੜਾ ਲੈਂਦਾ ਹੈ। ਸੱਚੇ ਗਿਆਨ ਦਾ ਮਾਲਕ **"ਸਚੁ"** ਰੂਪ ਪ੍ਰਮਾਤਮਾ ਆਪ ਹੈ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ ਤੇ ਜੋ ਉਸ **"ਸਚੁ"** ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਨ ਲੈਂਦਾ ਹੈ, ਜਾਣ ਲੈਂਦਾ ਹੈ ਉਸਨੂੰ ਹੀ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਮਨ ਦੀ ਅਗਿਆਨਤਾ ਤੋਂ ਮੁਕਤਿ ਕਰਦਾ ਹੈ ਭਾਵ ਆਪਣੇ ਆਪ ਇਸ ਬੰਧਨ ਤੋਂ ਕੋਈ ਮੁਕਤਿ ਨਹੀਂ ਹੋ ਸਕਦਾ। ਪੂਰੀ ਗੁਰਬਾਣੀ ਰਾਹੀਂ ਸਾਨੂੰ ਸੱਚ ਸਮਝਾਇਆ ਹੋਇਆ ਹੈ ਜਿਸਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤੇ ਸਾਡੇ ਸਭ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜੀਏ, ਨਾਮ ਨਾਲ ਜੁੜੀਏ ਭਾਵ ਸ਼ਬਦਾਂ ਦੀ ਵਿਚਾਰ ਨਾਲ ਜੁੜੀਏ ਜਿਨ੍ਹਾਂ ਨੇ ਸਾਨੂੰ ਸਾਡੀ ਸੁਰਤਿ ਦੇ ਵਿਚਾਰਾਂ ਵਿੱਚੋਂ ਕੱਢਣਾ ਹੈ, ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਕੱਢਣਾ ਹੈ ਤੇ ਅਸੀਂ ਉਸ ਸਚੁ ਰੂਪ ਪ੍ਰਮਾਤਮਾ ਦੀ ਕਿਰਪਾ ਦੇ ਪਾਤਰ ਬਣ ਸਕੀਏ ਭਾਵ ਉਸਨੂੰ ਆਪਣੇ ਅੰਦਰੋਂ ਪਹਿਚਾਨ ਸਕੀਏ। ਉਸ **"ਸਚੁ"** ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਨੇ ਬਿਨਾਂ ਕੋਈ ਮਾਇਆ ਮੋਹ ਦੀ ਜੰਜੀਰ ਤੋਂ ਨਹੀਂ ਛੁੱਟ ਸਕਦਾ। **(ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ ॥ ਬਧੇ ਛੁਟਹਿ ਸਚਿ ਸਚੁ ਪਛਾਣੀਐ ॥)**

ਉਹ **"ਸਚੁ"** ਰੂਪ ਪ੍ਰਮਾਤਮਾ ਸਾਨੂੰ ਮਨ ਦੇ ਵਿੱਚ ਕਿਸ ਤਰੀਕੇ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ ਤੇ ਕਿਸ ਤਰੀਕੇ ਮਨ ਦੇ ਬੰਧਨ ਤੋਂ ਆਜਾਦ ਕਰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥
ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥"

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ **"ਸਚੁ"** ਰੂਪ

ਪ੍ਰਮਾਤਮਾ ਨੂੰ ਜਾਨਣਾ ਕੀ ਹੈ, ਸੱਚ ਨੂੰ ਪਛਾਨਣਾ ਕੀ ਹੈ ਭਾਵ ਆਪਣੇ ਅੰਦਰੋਂ ਨਾਮ ਰੂਪ ਪ੍ਰਮਾਤਮਾ ਨੂੰ ਜਾਨਣਾ ਕੀ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਜਾਣਿਆ ਹੈ ਤੇ ਬਾਣੀ ਵਿੱਚ ਬਾਰ-ਬਾਰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਸਾਡੇ ਅੰਦਰ ਸਮਝ ਪਾਉਂਣ ਵਾਲਾ ਪ੍ਰਮਾਤਮਾ ਆਪ ਹੈ, ਸਭ ਨੂੰ ਆਪਣੇ ਹੁਕਮ ਵਿੱਚ ਚਲਾਉਂਣ ਵਾਲਾ ਪ੍ਰਮਾਤਮਾ ਆਪ ਹੈ। ਸਾਡੇ ਮਨ ਦੇ ਵਿੱਚ ਲੇਖ ਲਿਖਣ ਵਾਲਾ ਪ੍ਰਮਾਤਮਾ ਆਪ ਹੈ ਪਰ ਮਾਇਆ ਮੋਹ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿ ਸਾਡੇ ਅੰਦਰ ਪ੍ਰਮਾਤਮਾ ਜੋ ਲੇਖ ਲਿਖਦਾ ਹੈ ਉਹ ਕੀ ਹਨ ਤੇ ਕਿਵੇਂ ਲਿਖਦਾ ਹੈ, ਮਾਇਆ ਮੋਹ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਹਉਮੈ ਵਿੱਚ, ਤ੍ਰੈ ਗੁਣਾਂ ਵਿੱਚ ਰਹਿੰਦੇ ਹੋਏ ਲੇਖ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਲਿਖ ਰਿਹਾ ਹੈ, ਜੋ ਕਿ ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਲਿਖ ਰਿਹਾ ਹੈ, ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਲਿਖ ਰਿਹਾ ਹੈ ਜਿਸ ਰਾਹੀਂ ਮਨੁੱਖ ਨੂੰ

ਮਨ ਦੇ ਵਿੱਚੋਂ ਗਿਆਨ ਮਿਲਦਾ ਰਹਿੰਦਾ ਹੈ ਪਰ ਉਸ ਸਮਝ ਵਿੱਚ ਰਹਿੰਦੇ ਹੋਏ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ ਕਿ ਸਾਡੇ ਅੰਦਰ ਦੀ ਇਹ ਸਮਝ ਹੀ ਪ੍ਰਮਾਤਮਾ ਦੇ ਲਿਖੇ ਹੋਏ ਸਾਡੇ ਅੰਦਰ ਦੇ ਲੇਖ ਹਨ ਕਿਉਂਕਿ ਮਨ ਦੇ ਉਹ ਲੇਖ ਹੀ ਸਾਨੂੰ ਭਰਮ ਵਾਲੀ ਮਤਿ ਵਿੱਚ ਰੱਖਦੇ ਹਨ, ਮਾਇਆ ਮੋਹ ਵਿੱਚ ਰੱਖਦੇ ਹਨ ਤੇ ਸਾਨੂੰ ਇਹ ਸਮਝਾਉਂਦੇ ਹਨ ਕਿ ਮੈਂ ਇੱਕ ਮਨੁੱਖ ਹਾਂ, ਮੇਰੇ ਅੰਦਰ ਦੀ ਸਮਝ ਮੇਰੀ ਹੈ ਜਿਸਦੇ ਰਹਿੰਦਿਆਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ, ਉਹ ਕਿੱਥੇ ਰਹਿੰਦਾ ਹੈ, ਕਿਸ ਰੂਪ ਵਿੱਚ ਰਹਿੰਦਾ ਹੈ। ਸਾਡੇ ਅੰਦਰ ਦੇ ਇਹ ਲੇਖ ਹੀ ਮਾਇਆ ਮੋਹ ਦਾ ਸਾਗਰ ਹਨ ਜਿਸ ਸਾਗਰ ਵਿੱਚ ਮਨੁੱਖ ਮਨ ਦੇ ਵਿਚਾਰਾਂ ਰਾਹੀਂ ਡੁੱਬਿਆ ਰਹਿੰਦਾ ਹੈ, ਅਗਿਆਨਤਾ ਵਿੱਚ ਡੁੱਬਿਆ ਰਹਿੰਦਾ ਹੈ। ਜੋ ਸਾਡੇ ਅੰਦਰ ਦੀ ਲਿਖਤ ਨੂੰ ਭਾਵ ਮਨ ਦੇ ਵਿਚਾਰਾਂ ਦੀ ਲਿਖਤ ਨੂੰ ਸਾਡੇ ਪੱਲੇ ਪਾਉਂਦਾ ਹੈ ਕਿ ਇਹ ਲਿਖਤ ਕੀ ਹੈ ਤੇ ਸਾਡੇ ਅੰਦਰ ਕੌਣ ਲਿਖ ਰਿਹਾ ਹੈ, ਇਹ ਗੱਲ ਪੱਲੇ ਪਾਉਂਣ ਵਾਲਾ **"ਸਚੁ"** ਹੈ ਭਾਵ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦਾ ਸਚੁ ਰੂਪ ਹੀ ਉਸਦਾ ਨਾਮ ਰੂਪ ਹੈ। ਆਪਣੇ ਅੰਦਰੋਂ ਸੱਚ ਨੂੰ ਜਾਨਣਾ ਜਾਂ ਨਾਮ ਨੂੰ ਜਾਨਣਾ ਇੱਕੋ ਹੀ ਗੱਲ ਹੈ ਜਿਸਨੂੰ ਕੇਵਲ ਤੇ ਕੇਵਲ ਉਹੀ ਜਾਣ ਸਕਦਾ ਹੈ ਜੋ ਆਪਣੇ ਅੰਦਰ ਦੀ ਲਿਖਤ ਨੂੰ ਜਾਣ ਲੈਂਦਾ ਹੈ ਭਾਵ ਆਪਣੀ ਸਮਝ ਨੂੰ ਜਾਣ ਲੈਂਦਾ ਹੈ ਕਿ ਸਾਡੀ ਸਮਝ ਦਾ ਮਾਲਕ ਕੌਣ ਹੈ, ਸਾਡੀ ਸੁਰਤਿ ਦੇ ਵਿੱਚ ਵਿਚਾਰ ਪਾਉਂਣ

42/5581

ਵਾਲਾ ਕੋਣ ਹੈ। **(ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥)**

ਜੋ ਸਾਡੇ ਅੰਦਰ ਦੀ ਲਿਖਤ ਹੈ ਭਾਵ ਜੋ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਸਾਡੇ ਅੰਦਰ ਲੇਖ ਲਿਖਦਾ ਹੈ ਉਹੀ ਪ੍ਰਮਾਤਮਾ ਦਾ ਸਾਡੇ ਅੰਦਰ ਹੁਕਮ ਹੈ ਜਿਸ ਹੁਕਮ ਦਾ ਹਰ ਕੋਈ ਬੱਝਿਆ ਹੋਇਆ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਵੀ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜਿਸ ਹੁਕਮ ਦੁਆਰਾ ਪ੍ਰਮਾਤਮਾ ਆਪ ਹੀ ਸਭ ਨੂੰ ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਰੱਖਦਾ ਹੈ। ਉਸਦੇ ਇਸ ਮਾਇਆ ਰੂਪ ਹੁਕਮ ਵਿੱਚੋਂ ਆਪਣੇ ਆਪ ਕੋਈ ਨਹੀਂ ਨਿਕਲ ਸਕਦਾ ਭਾਵ ਸਭ ਨੂੰ ਉਹ ਹੁਕਮ ਮੰਨਣਾ ਹੀ ਪੈਂਦਾ ਹੈ। ਉਸ ਮਾਇਆ ਵਾਲੇ ਹੁਕਮ ਵਿੱਚੋਂ ਨਿਕਲਣ ਦਾ ਤਰੀਕਾ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦਾ ਤਰੀਕਾ ਪ੍ਰਮਾਤਮਾ ਨੇ ਆਪ ਹੀ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਸਮਝਾਇਆ ਹੋਇਆ ਹੈ, ਧਰਮ ਗ੍ਰੰਥਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਸੱਚਾ ਹੁਕਮ ਸੁਣਾਇਆ ਹੋਇਆ ਹੈ ਜਿਸਨੂੰ ਮੰਨਣ ਦਾ ਉੱਦਮ ਮਨੁੱਖ ਦੇ ਨਾਮ ਹੈ। ਜਦੋਂ ਵੀ ਸਾਡਾ ਨਿਬੇੜਾ ਹੋਣਾ ਹੈ ਭਾਵ ਜਦੋਂ ਅਸੀਂ ਇਸ ਮਨੁੱਖੀ ਆਵਾਗਉਂਣ ਵਿੱਚੋਂ ਨਿਕਲਣਾ ਹੈ ਭਾਵ ਜਦੋਂ ਅਸੀਂ ਪ੍ਰਮਾਤਮਾ ਨੂੰ ਜਾਨਣਾ ਹੈ ਉਹ ਉਸਦੇ ਸੱਚੇ ਹੁਕਮ ਨੂੰ ਮੰਨਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਨਿਬੇੜਾ ਸਾਡਾ ਉਸ ਵੇਲੇ ਹੁੰਦਾ ਹੈ ਜਦੋਂ ਸਾਡੀ ਮੈਂ ਮੁੱਕ ਜਾਂਦੀ ਹੈ, ਸਾਡੀ ਹਉਮੈ ਮੁੱਕ ਜਾਂਦੀ ਹੈ ਭਾਵ ਜਦੋਂ ਸਾਨੂੰ ਇਹ ਸਮਝ ਪੈ ਜਾਂਦੀ ਹੈ ਕਿ ਆਪਣੀ ਮਨੁੱਖੀ ਹੋਂਦ ਇੱਕ ਝੂਠੀ ਹੋਂਦ ਹੈ। ਜਿਸਨੂੰ ਪ੍ਰਮਾਤਮਾ ਆਪਣੇ ਸੱਚੇ ਹੁਕਮ ਨਾਲ ਜੋੜਦਾ ਹੈ ਭਾਵ ਸੱਚੇ ਗਿਆਨ ਵਾਲੀ ਮਤਿ ਨਾਲ ਜੋੜਦਾ ਹੈ ਭਾਵ ਜਿਸਨੂੰ ਆਪਣੇ ਮਨ ਦੀ ਲਿਖਤ ਨਾਲ ਆਪ ਜੋੜਦਾ ਹੈ ਉਸਦਾ ਹੀ ਨਿਬੇੜਾ ਹੁੰਦਾ ਹੈ ਤੇ ਉਸਨੂੰ ਇਹ ਸਮਝ ਪੈਂਦੀ ਹੈ ਕਿ ਹੁਣ ਤੱਕ ਜੋ ਕੁਝ ਮੈਂ ਆਪਣੇ ਆਪ ਨੂੰ ਸਮਝਦਾ ਆਇਆ ਹਾਂ ਉਹ ਮੈਂ ਨਹੀਂ ਹੈ ਭਾਵ ਆਪਣੀ ਹਉਮੈ ਚੱਲੀ ਜਾਂਦੀ ਹੈ ਭਾਵ ਆਪਾ ਨਿਬੜ ਜਾਂਦਾ ਹੈ। **(ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥)**

ਸਾਡੇ ਅੰਦਰ ਹਉਮੈ ਵਾਲੀ ਮਤਿ ਹੀ ਭਾਵ ਅਗਿਆਨਤਾ ਵਾਲੀ ਮਤਿ ਹੀ ਸਾਡੇ ਅੰਦਰ ਦਾ ਭਉਜਲ ਹੈ ਭਾਵ ਮਾਇਆ ਮੋਹ ਦਾ ਸਮੁੰਦਰ ਹੈ ਜਿਸ ਵਿਚੋਂ **"ਸਚੁ"** ਦੁਆਰਾ ਹੀ ਤਰਿਆ ਜਾ ਸਕਦਾ ਹੈ,

42/5582

ਨਾਮ ਦੁਆਰਾ ਹੀ ਤਰਿਆ ਜਾ ਸਕਦਾ ਹੈ, ਮਨ ਦੇ ਵਿੱਚ ਸੱਚੇ ਗਿਆਨ ਵਾਲੀ ਸਮਝ ਦੁਆਰਾ ਹੀ ਤਰਿਆ ਜਾ ਸਕਦਾ ਹੈ ਜੋ ਸਮਝ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਦਿੰਦਾ ਹੈ, ਆਪਣੇ ਸ਼ਬਦਾਂ ਦੁਆਰਾ ਦਿੰਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲਕੇ ਹੀ ਪਛਾਣਿਆ ਜਾਂਦਾ ਹੈ ਭਾਵ ਮਨ ਦੇ ਵਿੱਚ ਸਾਨੂੰ **"ਤਾਰਣਹਾਰੁ"** ਪ੍ਰਮਾਤਮਾ ਆਪ ਹੈ ਜੋ ਸਾਨੂੰ ਸ਼ਬਦਾਂ ਦੇ ਗਿਆਨ ਦੁਆਰਾ ਮਨ ਦੀ ਅਗਿਆਨਤਾ ਵਿੱਚੋਂ ਤਾਰ ਕੇ ਮਨ ਦੇ ਵਿੱਚ ਆਪਣੀ ਪਹਿਚਾਨ ਆਪ ਕਰਾਉਂਦਾ ਹੈ। **(ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥ ਭਉਜਲ ਤਾਰਣਹਾਰੁ ਸਬਦਿ ਪਛਾਣੀਐ॥)**

{ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ॥

ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥ ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ ॥

ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ ਆਇਆ ਸੋਇ ॥੧॥}

(ਅੰਗ ੧੨੪੪)

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਚਿ ਸਮਾਣਾ ॥੩॥
ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥ ਨਾਨਕ ਸਿਮਰੈ ਨਾਮੁ ਨਿਧਾਨੁ ॥੪॥੬੬॥੧੩੫॥}

(ਅੰਗ ੧੯੩)

{ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥}

(ਅੰਗ ੪੬੬)

ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਭਾਵ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਪਹਿਚਾਨ ਲੈਂਦਾ ਹੈ ਭਾਵ ਜਦੋਂ ਉਹ ਮਾਇਆ ਮੋਹ ਦੇ ਸਾਗਰ ਵਿੱਚੋਂ ਤਰ ਜਾਂਦਾ ਹੈ ਉਸ ਤੋਂ ਬਾਅਦ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਆਪ ਹੀ ਧਰਮ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਚੋਰ ਜਾਰ ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥
ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥"

42/5583

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਹਨਾਂ ਨੂੰ ਸਮਝਣ ਵਿੱਚ ਸੰਸਾਰ ਬਹੁਤ ਹੀ ਵੱਡੇ ਭਰਮ ਵਿੱਚ ਹੈ। ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਡੇ ਅੰਦਰ ਸੱਚੀ ਭਗਤੀ ਵਾਲੀ ਮਤਿ ਕਿਹੋ ਜਿਹੀ ਹੁੰਦੀ ਹੈ ਇਹ ਕੁਝ ਸਮਝਾਇਆ ਹੋਇਆ ਹੈ, ਮਾਇਆ ਮੋਹ ਦੇ ਸਾਗਰ ਵਿੱਚੋਂ ਤਰਨ ਤੋਂ ਬਾਅਦ ਸਾਡੇ ਮਨ ਦੀ ਅਵਸਥਾ ਨੂੰ ਪ੍ਰਮਾਤਮਾ ਕਿਸ ਤਰੀਕੇ ਬਦਲਦਾ ਹੈ, ਕਿਸ ਰੂਪ ਵਿੱਚ ਬਦਲਦਾ ਹੈ ਇਹ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਜਦ ਤਕ ਸਾਡੇ ਅੰਦਰ ਦੀ ਸਮਝ ਮਾੜੀ ਹੈ ਤਦ ਤਕ ਅਸੀਂ ਮਾਇਆ ਮੋਹ ਵਾਲੀ ਮਤਿ ਵਿੱਚ ਹੁੰਦੇ ਹਾਂ, ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜੇ ਰਹਿੰਦੇ ਹਾਂ, ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਦੇ ਨਾਲ ਜੁੜੇ ਰਹਿੰਦੇ ਹਾਂ ਜਿਸਦੇ ਲਈ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ। ਸਾਡੇ ਕੋਲੋਂ ਇਹ ਮਾੜੇ ਕਰਮ ਕਰਵਾਉਂਣ ਵਾਲੇ ਸਾਡੇ ਮਨ ਦੇ ਵਿਚਾਰ ਹਨ। ਜੇਕਰ ਅਸੀਂ ਚੋਰ ਹਾਂ, ਜਾਰ ਹਾਂ, ਜੁਆਰ ਹਾਂ ਉਹ ਅਸੀਂ ਮਨ ਦੇ ਮਾੜੇ ਵਿਚਾਰਾਂ ਕਰਕੇ ਹਾਂ। ਮਨੁੱਖ ਦਾ ਆਪਣਾ ਸਰੀਰ ਚੋਰ, ਜਾਰ, ਜੁਆਰ ਨਹੀਂ ਹੈ ਕਿਉਂਕਿ ਸਾਡਾ ਸਰੀਰ ਜੋ ਕੁਝ ਵੀ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ। ਇਹ ਸਰੀਰ ਆਪਣੇ ਆਪ ਵਿੱਚ ਕੇਵਲ ਇੱਕ ਪੰਜ ਤੱਤਾਂ ਦਾ ਪੁਤਲਾ ਹੈ ਤੇ ਇਸ ਪੁਤਲੇ ਵਿੱਚ ਗਿਆਨ ਪਾਉਂਣ ਵਾਲਾ ਸਾਡਾ ਮਨ ਹੈ ਜੋ ਇਸ ਸਰੀਰ ਨੂੰ ਚਲਾਉਂਦਾ ਹੈ, ਸਾਡੇ ਅੰਦਰ ਦੀ ਜੋਤਿ ਹੈ ਜੋ ਇਸ ਸਰੀਰ ਨੂੰ ਚਲਾਉਂਦੀ ਹੈ ਭਾਵ ਸਾਡੇ ਅੰਦਰ ਦੇ ਵਿਚਾਰ ਹਨ, ਸਾਡੇ ਅੰਦਰ ਦੀ ਸਮਝ ਹੈ ਜੋ ਇਸ ਸਰੀਰ ਨੂੰ ਚਲਾਉਂਦੀ ਹੈ। ਜੇਕਰ ਮਨ ਦੀ ਸਮਝ ਮਾੜੀ ਹੈ ਤਾਂ ਇਹ ਸਰੀਰ ਮਾੜੇ ਕਰਮ ਕਰਦਾ ਹੈ ਭਾਵ ਚੋਰ, ਜਾਰ, ਜੁਆਰ ਅਖਵਾਉਂਦਾ ਹੈ ਤੇ ਜੇਕਰ ਮਨ ਦੀ ਸਮਝ ਚੰਗੀ ਹੈ ਤੇ ਉਹ ਚੰਗਾ ਬਣਕੇ ਵਿਚਰਦਾ ਹੈ ਭਾਵ ਕੋਈ ਵੀ ਮਨੁੱਖ ਮਾੜਾ ਜਾਂ ਚੰਗਾ ਮਨ ਦੀ ਸਮਝ ਕਰਕੇ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਦੇ ਅੰਦਰੋਂ ਵਿਕਾਰਾਂ ਨੂੰ ਹੀ ਮਾਰਦਾ ਹੈ। ਉਪਰਲੀ ਪੰਗਤੀ ਰਾਹੀਂ ਸਾਡੇ ਮਨ ਦੇ ਵਿਕਾਰਾਂ ਨੂੰ ਮਾਰਨ ਦੀ ਹੀ ਗੱਲ ਸਮਝਾਈ ਹੋਈ ਹੈ। ਇਹਨਾਂ ਵਿਚਾਰਾਂ ਨੂੰ ਪ੍ਰਮਾਤਮਾ ਪੂਰੀ ਤਰ੍ਹਾਂ ਮਾਰ ਦਿੰਦਾ ਹੈ ਭਾਵ ਉਹਨਾਂ ਦੇ ਮਨ ਦੇ ਅੰਦਰੋਂ ਪੂਰੀ ਤਰ੍ਹਾਂ ਨਾਸ ਕਰ ਦਿੰਦਾ ਹੈ ਜਿਵੇਂ ਕਿ ਤੇਲ ਦੇ ਬੀਜਾਂ

42/5584

ਨੂੰ ਪੀੜ ਕੇ ਖਤਮ ਕਰ ਦਿੱਤਾ ਜਾਂਦਾ ਹੈ ਭਾਵ ਉਹ ਦੁਬਾਰਾ ਬੀਜ ਨਹੀਂ ਬਣ ਸਕਦੇ। ਇਸੇ ਤਰ੍ਹਾਂ ਪ੍ਰਮਾਤਮਾ ਪੂਰੀ ਤਰ੍ਹਾਂ ਵਿਕਾਰਾਂ ਨੂੰ ਮਨ ਦੇ ਵਿੱਚੋਂ ਖਤਮ ਕਰ ਦਿੰਦਾ ਹੈ ਭਾਵ ਉਹ ਵਿਕਾਰ ਕਦੇ ਮਨੁੱਖ ਦੇ ਮਨ ਵਿੱਚ ਟਿੱਕ ਹੀ ਨਹੀਂ ਸਕਦੇ। ਸਾਡੇ ਮਨ ਦੇ ਵਿਚਾਰ ਪ੍ਰਮਾਤਮਾ ਦੇ ਹੀ ਵੱਸ ਹਨ, ਮਾਇਆ ਉਸਦੇ ਆਪਣੇ ਵੱਸ ਹੈ ਤੇ ਮਾਇਆ ਵਾਲੇ ਵਿਚਾਰ ਫਿਰ ਸਾਡੇ ਅੰਦਰ ਨਾ ਉਪਜਣ ਇਹੀ ਭਉਜਲ ਤਰਨਾ ਹੈ। ਜਦ ਤਕ ਸਾਡੇ ਮਨ ਦੇ ਵਿਚਾਰ ਮਾੜੇ ਹਨ ਭਾਵ ਮਨੁੱਖ ਨੂੰ ਚੋਰ, ਜਾਰ, ਜੁਆਰ ਆਦਿ ਬਣਾਉਂਦੇ ਹਨ ਤਦ ਤਕ ਉਹ ਧਰਮ ਦੇ ਮਾਰਗ ਤੇ ਚੱਲਣ ਵਾਲਾ ਨਹੀਂ ਬਣ ਸਕਦਾ, ਗੁਰੂ ਦੀ ਮਤਿ ਨੂੰ ਮੰਨਣ ਵਾਲਾ ਨਹੀਂ ਬਣ ਸਕਦਾ। ਗੁਰੂ ਦੀ ਮਤਿ ਅਨੁਸਾਰ ਨਾ ਵਿਚਰਨਾ ਹੀ ਗੁਰੂ ਦਾ ਨਿੰਦਕ ਬਣਨਾ ਹੈ, ਸੰਤ ਰੂਪ ਗੁਰੂ ਦਾ ਨਿੰਦਕ ਬਣਨਾ ਹੈ, ਲਾਇਤਬਾਰ ਬਣਨਾ ਹੈ ਭਾਵ ਜਿਸ ਮਨੁੱਖ ਤੇ ਗੁਰੂ ਇਤਬਾਰ ਨਹੀਂ ਕਰਦਾ, ਉਸ ਮਨੁੱਖ ਤੇ ਆਪਣਾ ਵਿਸ਼ਵਾਸ ਨਹੀਂ ਟਿਕਾਉਂਦਾ। ਸਾਨੂੰ ਨਿੰਦਕ, ਲਾਇਤਬਾਰ ਬਨਾਉਂਣ ਵਾਲੇ ਵੀ ਸਾਡੇ ਮਨ ਦੇ ਵਿਚਾਰ ਹਨ ਜਿਨ੍ਹਾਂ ਮਾੜੇ ਵਿਚਾਰਾਂ ਨੂੰ ਪ੍ਰਮਾਤਮਾ ਹੱਥਕੜੀਆਂ ਲੱਗਾ ਦਿੰਦਾ ਹੈ ਭਾਵ ਉਹਨਾਂ ਨੂੰ ਬੰਨ ਦਿੰਦਾ ਹੈ ਭਾਵ ਉਹਨਾਂ ਤੇ ਬੰਧਨ ਲੱਗਾ ਦਿੰਦਾ ਹੈ ਤਾਂ ਜੋ ਮਨੁੱਖ ਕੋਈ ਮਾੜਾ ਕਰਮ ਨਾ ਕਰੇ ਭਾਵ ਗੁਰੂ ਦੀ ਮਤਿ ਅਨੁਸਾਰ ਚੱਲੇ ਭਾਵ ਕੇਵਲ ਸੱਚੇ ਸੁੱਚੇ ਕਰਮ ਕਰੇ ਜੋ ਕਿ ਭਗਤੀ ਦਾ ਅਸਲ ਮਾਰਗ ਹੈ। ਮਨ ਦੇ ਵਿੱਚੋਂ ਜਦੋਂ ਪੂਰੀ ਤਰ੍ਹਾਂ ਪ੍ਰਮਾਤਮਾ ਕਿਸੇ ਨੂੰ ਵਿਕਾਰਾਂ ਤੋਂ ਰਹਿਤ ਕਰ ਦਿੰਦਾ ਹੈ ਭਾਵ ਪੂਰੀ ਤਰ੍ਹਾਂ ਮਨ ਦੀ ਮਾੜੀ ਸਮਝ ਤੋਂ ਰਹਿਤ ਕਰ ਦਿੰਦਾ ਹੈ ਉਸਨੂੰ ਹੀ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ, ਉਸਦੀ ਮਤਿ ਨੂੰ ਆਪਣੇ ਸਮਝਾਏ ਹੋਏ ਸੱਚ ਵਿੱਚ ਸਮਾਉਂਣ ਦੁਆਰਾ ਬਣਾਉਂਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਵਾਲਾ ਪ੍ਰਮਾਤਮਾ ਦੀ ਦਰਗਾਹ ਵਿੱਚ ਪਹੁੰਚਦਾ ਹੈ ਜੋ ਦਰਗਾਹ ਸਾਡੇ ਮਨ ਦੇ ਵਿੱਚ ਹੀ ਹੈ ਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਕੋਲੋਂ ਇੱਜਤ ਪਾਉਂਦਾ ਹੈ, ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦੀ ਇੱਜਤ ਪਾਉਂਦਾ ਹੈ। ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਪਹਿਲੇ ਜਾਣਿਆ ਹੈ ਤੇ ਬਾਰ-ਬਾਰ ਬਾਣੀ ਰਾਹੀਂ ਸਮਝਾਇਆ ਹੋਇਆ ਹੈ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਤੇ ਆਪਣੀ ਮਨੁੱਖੀ ਹੋਂਦ ਸਮਝਣਾ ਸਾਡਾ ਕੇਵਲ ਭਰਮ ਹੈ ਭਾਵ ਮਨੁੱਖੀ ਜਨਮ ਮਰਨ ਸਮਝਣਾ ਸਾਡਾ ਭਰਮ ਹੈ। ਪ੍ਰਮਾਤਮਾ ਸਜਾਵਾਂ ਸਾਨੂੰ ਇੱਥੇ ਹੀ ਦਿੰਦਾ ਹੈ, ਮਨ ਦੇ ਵਿੱਚ ਹੀ ਦਿੰਦਾ ਹੈ ਤੇ ਅੱਗੇ ਚੱਲ ਕੇ ਇਸ ਗੱਲ ਨੂੰ

42/5585

ਹੋਰ ਬਰੀਕੀ ਨਾਲ ਸਮਝਾਂਗੇ। **(ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ ॥ ਬਧੇ ਛੁਟਹਿ ਸਚਿ ਸਚੁ ਪਛਾਣੀਐ ॥ ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥ ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ ਚੋਰ ਜਾਰ ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥ ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥)**

{ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥}

(ਅੰਗ ੧੨੯੭)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥}

(ਅੰਗ ੫੫-੫੬)

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥}

(ਅੰਗ ੧੧੯੩)

{ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥}

(ਅੰਗ ੨੯੭)

ਪਉੜੀ ॥

{ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ ॥ ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ ॥
ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥ ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥
ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥ ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ ॥
ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥ ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ॥੫॥}

(ਅੰਗ ੨੯੭)

{ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ॥ ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ ॥
ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ ॥ ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ ॥
ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ ॥੨੭॥}

(ਅੰਗ ੧੨੪੭-੧੨੪੮)

ਉਪਰ ਪਿੱਛੇ ਸ਼ਬਦਾਂ ਰਾਹੀਂ ਅਸੀਂ ਮਨ ਦੀਆਂ ਜੰਜੀਰਾਂ ਨੂੰ ਸਮਝਿਆ ਹੈ ਜੋ ਸਾਡੇ ਅੰਦਰ ਮਨ ਦੇ ਵਿੱਚ ਭਰਮ ਵਾਲੇ ਵਿਚਾਰਾਂ ਦੇ ਰੂਪ ਵਿੱਚ ਹਨ ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਮਤਿ ਦੇ ਨਾਲ ਜਕੜਿਆ ਹੋਇਆ ਹੈ। ਮਨ ਦੇ ਵਿੱਚ ਇਹਨਾਂ ਜੰਜੀਰਾਂ ਦੀ ਜਕੜ ਵਿੱਚ ਰਹਿੰਦੇ ਹੋਏ ਸਾਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਨਹੀਂ ਪੈਂਦੀ ਤੇ ਅਸੀਂ ਜੋ ਵੀ ਕਰਮ ਧਰਮ ਦੇ ਮਾਰਗ ਤੋਂ ਉਲਟ ਕਰਦੇ ਹਾਂ ਤੇ ਉਸੇ ਨੂੰ ਠੀਕ ਸਮਝਦੇ ਹਾਂ, ਇਹੀ ਸਾਡੇ ਅੰਦਰ ਜੰਜੀਰਾਂ ਦੀ ਜਕੜ ਹੈ। ਧਰਮ ਦੇ ਮਾਰਗ ਦਾ ਸੱਚ ਇਹਨਾਂ ਜੰਜੀਰਾਂ ਦੇ ਖੁੱਲਣ ਦੁਆਰਾ ਹੀ ਸਮਝ ਆਉਂਦਾ ਹੈ ਤੇ ਤਾਂ ਹੀ ਧਰਮ ਦੇ ਸੱਚੇ ਮਾਰਗ ਉੱਤੇ ਚੱਲਿਆ ਜਾ ਸਕਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸਲੋਕਾਂ ਤੇ ਉਹਨਾਂ ਦੇ ਨਾਲ ਲੱਗਦੀਆਂ ਪਉੜੀਆਂ ਦੁਆਰਾ ਸਮਝੀਏ।

43/5586

ਮਹਲਾ ੨ ॥

"ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥ ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥"

(ਅੰਗ ੪੭੫)

ਪਉੜੀ ॥

“ਨਾਨਕ ਅੰਤ ਨ ਜਾਪਨ੍ਹੀ ਹਰਿ ਤਾ ਕੇ ਪਾਰਾਵਾਰ ॥ ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥
ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥
ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥
ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥”

(ਅੰਗ ੪੭੫)

ਸਲੋਕੁ ਮਃ ੧ ॥

“ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥ ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ ॥
ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ ॥ ਤਿਨ੍ਹਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ ॥੧॥”

(ਅੰਗ ੪੭੫)

ਮਹਲਾ ੨ ॥

“ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥
ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥”

(ਅੰਗ ੪੭੫)

ਪਉੜੀ ॥

“ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥
ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥ ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ”

(ਅੰਗ ੪੭੫)

ਆਉ ਪਹਿਲੇ ਸਲੋਕ ਦੁਆਰਾ ਸਮਝੀਏ ਕਿ ਸਾਡੇ ਅੰਦਰ ਭਰਮ ਰੂਪ ਬੇੜੀਆਂ ਸਾਨੂੰ ਕਿਹੋ ਜਿਹੀ ਸਮਝ ਵਿੱਚ ਰੱਖਦੀਆਂ ਹਨ।

ਸਲੋਕੁ ਮਹਲਾ ੨ ॥

“ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥ ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੧॥”

(ਅੰਗ ੪੭੪-੪੭੫)

ਉਪਰ ਸਲੋਕ ਰਾਹੀਂ ਧੰਨ ਧੰਨ ਦੂਜੀ ਪਾਤਸ਼ਾਹੀ ਨੇ ਆਪਣੇ ਮੁੱਖੋਂ ਸਾਨੂੰ ਨਾਮ ਦੀ ਦਾਤਿ ਬਾਰੇ ਸਮਝਾਇਆ ਹੋਇਆ ਹੈ ਜਿਸ ਤੋਂ ਵੱਡੀ ਦਾਤਿ ਸੰਸਾਰ ਵਿੱਚ ਹੋਰ ਕੋਈ ਨਹੀਂ। ਅਸੀਂ ਪ੍ਰਮਾਤਮਾ ਦੀ ਇਸ ਦਾਤਿ ਨੂੰ ਕਿੰਨਾ ਛੋਟਾ ਬਣਾਇਆ ਹੋਇਆ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਦੀ ਦਾਤਿ ਪ੍ਰਮਾਤਮਾ ਦੀ ਸਭ ਤੋਂ ਵੱਡੀ ਦਾਤਿ ਹੈ

43/5587

ਜੋ ਦਾਤਿ ਉਹ ਕਿਸੇ ਨੂੰ ਆਪ ਹੀ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਦਿੰਦਾ ਹੈ, ਬ੍ਰਹਮ ਗਿਆਨ ਦੀ ਸਮਝ ਦੇ ਰੂਪ ਵਿੱਚ ਦਿੰਦਾ ਹੈ ਜਿਸ ਮਨ ਦੀ ਸਮਝ ਦੁਆਰਾ ਉਹ ਮਨ ਦੇ ਅੰਦਰ ਮਨੁੱਖ ਦੇ ਨਾਲ ਆਪਣਾ ਮੇਲ ਕਰਦਾ ਹੈ। ਆਪਣੀ ਇਸ ਦਾਤਿ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਆਪਣਾ ਪੂਰਨ ਸੱਚ ਸਮਝਾਉਂਦਾ ਹੈ ਕਿ ਪ੍ਰਮਾਤਮਾ ਕੀ ਹੈ ਭਾਵ ਉਸਦਾ ਨਿਰੰਕਾਰ ਰੂਪ ਕੀ ਹੈ, ਇਹ ਮਨੁੱਖੀ ਰੂਪ ਕੀ ਹੈ, ਹਰ ਆਕਾਰ ਰੂਪ ਕੀ ਹੈ ਭਾਵ ਇਸ ਸੰਸਾਰ ਦਾ ਸੱਚ ਕੀ ਹੈ। ਸੰਸਾਰ ਦੇ ਵਿੱਚ ਉਸ ਪ੍ਰਮਾਤਮਾ ਨੂੰ ਜਾਨਣ ਤੋਂ ਵੱਡੀ ਕੀ ਕੋਈ ਦਾਤਿ ਹੋ ਸਕਦੀ ਹੈ ਭਾਵ ਨਹੀਂ ਹੋ ਸਕਦੀ, ਸੁਪਨੇ ਵਿੱਚ ਵੀ ਨਹੀਂ ਹੋ ਸਕਦੀ। ਪ੍ਰਮਾਤਮਾ ਦਾ ਮਿਲਣਾ ਜਾਂ ਨਾਮ ਦਾ ਮਿਲਣਾ ਇੱਕੋ ਹੀ ਗੱਲ ਹੈ। ਸੰਸਾਰ ਵਿੱਚ ਇੱਕੋ ਇੱਕ ਕਰਾਮਾਤਿ ਇਹੋ ਹੀ ਹੈ ਕਿ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਮਨੁੱਖੀ ਸਰੀਰ

ਦੇ ਅੰਦਰ ਕਿਸ ਤਰੀਕੇ ਪ੍ਰਗਟ ਕਰਦਾ ਹੈ ਤੇ ਉਸਦਾ ਆਪਣੇ ਆਪ ਨੂੰ ਪ੍ਰਗਟ ਕਰਨਾ ਹੀ ਸਾਡੇ ਅੰਦਰ ਨਾਮ ਦਾ ਵੱਸਣਾ ਹੈ ਭਾਵ ਮਨ ਦੇ ਅੰਦਰ ਨਾਮ ਦੀ ਪ੍ਰਾਪਤੀ ਹੈ ਜੋ ਨਾਮ ਮਿਲਣ ਦੁਆਰਾ ਮਨੁੱਖ ਹਰ ਭਰਮ ਤੋਂ ਭਾਵ ਪ੍ਰਮਾਤਮਾ ਨੂੰ ਸਮਝਣ ਦੇ ਹਰ ਭਰਮ ਤੋਂ, ਧਰਮ ਦੇ ਮਾਰਗ ਨੂੰ ਸਮਝਣ ਦੇ ਹਰ ਭਰਮ ਤੋਂ ਮੁਕਤਿ ਹੋ ਜਾਂਦਾ ਹੈ। ਸਾਰੀ ਗੱਲ ਸਾਡੇ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਸਾਇੰਸ ਇਸ ਗੱਲ ਨੂੰ ਤਾਂ ਸਮਝ ਸਕਦੀ ਹੈ ਕਿ ਸਾਡੇ ਅੰਦਰ ਵਿਚਾਰ ਉਪਜਦੇ ਹਨ ਪਰ ਉਹਨਾਂ ਵਿਚਾਰਾਂ ਦੇ ਵਿੱਚ ਭਰਮ ਕਿਵੇਂ ਉਪਜਦਾ ਹੈ ਤੇ ਸੱਚ ਕਿਵੇਂ ਉਪਜਦਾ ਹੈ ਭਾਵ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਆਪ ਆਪਣੇ ਸੱਚੇ ਗਿਆਨ ਰਾਹੀਂ ਮਨ ਦੇ ਅੰਦਰ ਕਿਵੇਂ ਪ੍ਰਗਟ ਹੁੰਦਾ ਹੈ ਤੇ ਕਿਸ ਤਰੀਕੇ ਆਪਣਾ ਸੱਚ ਸਮਝਾਉਂਦਾ ਹੈ ਭਾਵ ਆਪਣਾ ਨਾਮ ਬਖਸ਼ਦਾ ਹੈ, ਇਹ ਗੱਲ ਪ੍ਰਮਾਤਮਾ ਨੇ ਸਾਇੰਸ ਦੀ ਸਮਝ ਤੋਂ ਬਾਹਰ ਰੱਖੀ ਹੋਈ ਹੈ ਭਾਵ ਪ੍ਰਮਾਤਮਾ ਦਾ ਸਾਡੇ ਅੰਦਰ ਪ੍ਰਗਟ ਹੋਣਾ ਇੱਕੋ ਇੱਕ ਸੰਸਾਰ ਦੀ ਕਰਾਮਾਤਿ ਹੈ ਜੋ ਕਿ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ, ਪ੍ਰਮਾਤਮਾ ਦੀ ਮਨੁੱਖ ਦੇ ਉੱਤੇ ਸਭ ਤੋਂ ਵੱਡੀ ਬਖਸ਼ਿਸ਼ ਹੈ ਜੋ ਉਹ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣੀ ਖੁਸ਼ੀ ਨਾਲ ਬਖਸ਼ਦਾ ਹੈ ਭਾਵ ਨਾਮ ਦੀ ਦਾਤਿ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਦੇ ਸਕਦਾ ਹੈ ਤੇ ਇਹ ਮਨੁੱਖੀ ਸਮਰਥਾ ਤੋਂ ਬਾਹਰ ਹੈ ਕਿ ਕੋਈ ਨਾਮ ਨੂੰ ਜਾਣ ਲਵੇ ਭਾਵ ਨਾਮ ਦੀ ਪ੍ਰਾਪਤੀ ਕਰ ਲਵੇ। ਹੁਣ ਧਿਆਨ ਨਾਲ ਸਮਝੋ ਕਿ ਸੰਸਾਰ ਵਿੱਚ ਹਰ ਕਿਸੇ ਨੇ ਆਪਣੀ ਆਪਣੀ ਧਾਰਮਿਕ ਆਸਥਾ

43/5588

ਅਨੁਸਾਰ ਕੀ ਸਮਝਿਆ ਹੋਇਆ ਹੈ ਤੇ ਕੀ ਕੁਝ ਸਮਝਾਇਆ ਜਾਂਦਾ ਹੈ। ਨਾਮ ਦੀ ਦਾਤਿ ਵੰਡਣ ਵਾਲੇ ਵੀ ਬਹੁਤ ਹਨ ਜੋ ਕਿਸੇ ਨੂੰ ਕੁਝ ਨਾਮ ਦਿੰਦੇ ਹਨ, ਕਿਸੇ ਨੂੰ ਕੁਝ ਨਾਮ ਸਮਝਾਉਂਦੇ ਹਨ ਤੇ ਕਿਸੇ ਨੂੰ ਕੁਝ ਹੋਰ ਸਮਝਾਉਂਦੇ ਹਨ ਭਾਵ ਹਰ ਕੋਈ ਅੱਖਰਾਂ ਦੇ ਨਾਲ ਹੀ ਜੁੜਿਆ ਹੋਇਆ ਹੈ, ਕਿਸੇ ਸ਼ਬਦ ਨੂੰ ਰੱਟੀ ਜਾਣ ਨਾਲ ਹੀ ਜੁੜਿਆ ਹੋਇਆ ਹੈ। ਉਪਰ ਸਲੋਕ ਰਾਹੀਂ ਨਾਮ ਬਾਰੇ ਸੰਸਾਰ ਦਾ ਭਰਮ ਹੀ ਕੱਢਿਆ ਹੋਇਆ ਹੈ ਕਿ ਇਹ ਦਾਤਿ ਆਪਸ ਵਿੱਚ ਕਿਸੇ ਕੋਲੋਂ ਨਹੀਂ ਲਈ ਜਾ ਸਕਦੀ, ਨਹੀਂ ਸਮਝੀ ਜਾ ਸਕਦੀ, ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਦਾਤਿ ਹੈ ਤੇ ਉਹ ਆਪ ਹੀ ਕਿਸੇ ਨੂੰ ਦਿੰਦਾ ਹੈ, ਆਪਣੇ ਮੇਲ ਦੁਆਰਾ ਦਿੰਦਾ ਹੈ। ਇਹੋ ਜਿਹਾ ਨਾਮ ਵੰਡਣ ਵਾਲੇ ਤੇ ਲੈਣ ਵਾਲੇ ਸਭ ਭਰਮ ਦੀਆਂ ਜੰਜੀਰਾਂ ਵਿੱਚ ਜਕੜੇ ਹੋਏ ਹਨ ਜੋ ਕਿ ਆਪਣੇ ਭਰਮ ਨੂੰ ਹੀ ਸੱਚ ਸਮਝਦੇ ਹਨ ਭਾਵ ਆਪਣੀ ਮਨਮਤਿ ਨੂੰ ਹੀ ਗੁਰਮਤਿ ਸਮਝਦੇ ਹਨ। **(ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥ ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੧॥)**

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ ੬੫੦)

ਜਿਵੇਂ ਕਿ ਅਸੀਂ ਉਪਰਲੇ ਸਲੋਕ ਰਾਹੀਂ ਸਮਝਿਆ ਹੈ ਨਾਮ ਦੀ ਦਾਤਿ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਆਪਣੇ ਨਾਮ ਦੀ ਦਾਤਿ ਦੁਆਰਾ ਹੀ ਉਹ ਆਪਣੀ ਭਗਤੀ ਦਾ ਮਾਰਗ ਸਮਝਾਉਂਦਾ ਹੈ, ਆਪਣੀ ਸੇਵਾ ਦਾ ਮਾਰਗ ਸਮਝਾਉਂਦਾ ਹੈ ਤੇ ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ।

ਮਹਲਾ ੨ ॥

“ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥ ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥”

(ਅੰਗ ੪੭੫)

ਪ੍ਰਮਾਤਮਾ ਦੀ ਭਗਤੀ ਦੀ ਸਮਝ ਭਾਵ ਪ੍ਰਮਾਤਮਾ ਦੀ ਚਾਕਰੀ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਤੇ ਤਾਂ ਹੀ ਉਸ ਪ੍ਰਮਾਤਮਾ ਦਾ ਕੋਈ ਸੱਚਾ ਸੇਵਕ ਬਣ ਸਕਦਾ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੀ ਚਾਕਰੀ ਦਾ ਉਹ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਪ੍ਰਮਾਤਮਾ ਦੀ ਚਾਕਰੀ

ਦਾ ਤਰੀਕਾ ਗੁਰੂ ਦੁਆਰਾ

43/5589

ਸਮਝਾਈ ਹੋਈ ਗੱਲ ਨੂੰ ਮੰਨਕੇ ਉਸ ਅਨੁਸਾਰ ਵਿਚਰਨ ਦਾ ਹੈ। ਗੁਰੂ ਜੋ ਕੁਝ ਵੀ ਸਮਝਾਉਂਦਾ ਹੈ ਉਹ ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ ਤੇ ਗੁਰੂ ਦੀ ਹਰ ਵਿਚਾਰ ਨੂੰ ਮੰਨਣਾ ਹੀ ਸਭ ਲਈ ਔਖਾਪਨ ਹੈ ਕਿਉਂਕਿ ਗੁਰੂ ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ ਤਾਂ ਜੋ ਅਸੀਂ ਉਹਨਾਂ ਦੀ ਪੂਰਤੀ ਲਈ ਕੋਈ ਮਾੜਾ ਕੰਮ ਨਾ ਕਰੀਏ ਭਾਵ ਗੁਰੂ ਦੀ ਗੱਲ ਨੂੰ ਮੰਨਣ ਵਿੱਚ ਅਸੀਂ ਭਉ ਮਹਿਸੂਸ ਕਰਦੇ ਹਾਂ, ਡਰ ਮਹਿਸੂਸ ਕਰਦੇ ਹਾਂ ਭਾਵ ਸ਼ਬਦ ਦੀ ਵਿਚਾਰ ਨੂੰ ਅਪਨਾਉਂਣ ਵਿੱਚ, ਸੱਚ ਨੂੰ ਅਪਨਾਉਂਣ ਵਿੱਚ ਭਉ ਮਹਿਸੂਸ ਕਰਦੇ ਹਾਂ। ਜਦ ਤਕ ਸਾਡੇ ਅੰਦਰੋਂ ਗੁਰਮਤਿ ਰੂਪ ਸੱਚ ਨੂੰ ਮੰਨਣ ਦਾ ਭਉ ਨਹੀਂ ਨਿਕਲਦਾ, ਮਾਇਆ ਮੋਹ ਛੱਡਣ ਦਾ ਭਉ ਨਹੀਂ ਨਿਕਲਦਾ ਉਸਦੇ ਬਿਨਾਂ ਅਸੀਂ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ, ਆਪਣੇ ਜੀਵਨ ਵਿੱਚ ਸੱਚੀ ਸੁੱਚੀ ਕਿਰਤ ਨਾਲ ਨਹੀਂ ਜੁੜ ਸਕਦੇ ਭਾਵ ਗੁਰਮਤਿ ਅਨੁਸਾਰ ਨਹੀਂ ਵਿਚਰ ਸਕਦੇ ਜਿਸਦੇ ਵਿਚਰੇ ਬਿਨਾਂ ਗੁਰੂ ਪ੍ਰਮਾਤਮਾ ਦੀ ਚਾਕਰੀ ਨਹੀਂ ਹੋ ਸਕਦੀ। ਆਪਣੇ ਵੱਲੋਂ ਚਾਕਰੀ ਕਰਨ ਵਾਲੇ ਤਾਂ ਬਹੁਤ ਹਨ ਜਿਨ੍ਹਾਂ ਨੇ ਅਨੇਕਾਂ ਹੀ ਭਗਤੀ ਦੇ ਮਾਰਗ ਬਣਾਏ ਹੋਏ ਹਨ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਚਾਕਰੀ ਕਰਨ ਦਾ ਤਰੀਕਾ ਇੱਕੋ ਇੱਕ ਇਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਭਉ ਕਬੂਲ ਕਰਨ ਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **(ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥)**

{ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ ੧੦੮੯)

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥}

(ਅੰਗ ੧੦੧੦)

ਜਦ ਤਕ ਸਾਡੇ ਅੰਦਰ ਗੁਰਮਤਿ ਨੂੰ ਮੰਨਣ ਦਾ ਭਉ ਨਹੀਂ ਵੱਸਦਾ ਤਦ ਤਕ ਉਸ ਗੁਰੂ ਦਾ ਸੇਵਕ ਨਹੀਂ ਬਣਿਆ ਜਾ ਸਕਦਾ। ਪ੍ਰਮਾਤਮਾ ਕਿਸੇ ਵਿਰਲੇ ਨੂੰ ਹੀ ਆਪਣਾ ਸੇਵਕ ਬਣਾਉਂਦਾ ਹੈ ਭਾਵ ਆਪਣੇ ਮੇਲ ਦੁਆਰਾ ਕਿਸੇ ਨੂੰ ਆਪਣਾ

43/5590

ਸੇਵਕ ਬਣਾਉਂਦਾ ਹੈ ਭਾਵ ਆਪਣਾ ਭਗਤ ਰੂਪ, ਗੁਰੂ ਰੂਪ ਉਸਦਾ ਸੇਵਕ ਰੂਪ ਹੈ ਜਿਸਨੂੰ ਪਹਿਲੇ ਉਹ ਆਪ ਗੁਰਮਤਿ ਰੂਪ ਸੱਚੀ ਸੋਝੀ ਪਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ ਭਾਵ ਆਪ ਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। **(ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥ ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥)**

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥
ਦੇ ਵਡਿਆਈ ਕਰੇ ਸੁ ਹੋਇ ॥੨॥ ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥

ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥}

(ਅੰਗ ੩੫੫)

ਸੰਸਾਰ ਨੂੰ ਭਰਮ ਵਾਲੀ ਮਤਿ ਵਿੱਚ ਰਹਿੰਦੇ ਹੋਏ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਤੇ ਸਾਡੇ ਅੰਦਰ ਭਰਮ ਪਾਉਂਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ ਭਾਵ ਪ੍ਰਮਾਤਮਾ ਦੀ ਰਜਾ ਤੋਂ ਬਿਨਾਂ ਨਾ ਹੀ ਕੋਈ ਭਗਤੀ ਦੇ ਮਾਰਗ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਉਸ ਤੇ ਚੱਲ ਸਕਦਾ ਹੈ, ਇਹੀ ਗੱਲ ਸਾਨੂੰ ਸਲੋਕਾਂ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ।

ਪਉੜੀ ॥

“ਨਾਨਕ ਅੰਤ ਨ ਜਾਪਨ੍ਹੀ ਹਰਿ ਤਾ ਕੇ ਪਾਰਾਵਾਰ ॥ ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥

ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥

ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥

ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥”

(ਅੰਗ ੪੭੫)

ਪ੍ਰਮਾਤਮਾ ਸਭ ਕੁਝ ਆਪ ਹੀ ਹੈ ਤੇ ਸਾਡੇ ਅੰਦਰ ਹੀ ਹੈ ਲੇਕਿਨ ਉਸਨੂੰ ਜਾਣਿਆ ਨਹੀਂ ਜਾ ਸਕਦਾ, ਕਿਸ ਕਰਕੇ ਨਹੀਂ ਜਾਣਿਆ ਜਾ ਸਕਦਾ ਇਹੀ ਗੱਲ ਸਾਨੂੰ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਾਨਕ ਅੰਤ ਨ ਜਾਪਨ੍ਹੀ ਹਰਿ ਤਾ ਕੇ ਪਾਰਾਵਾਰ ॥

ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥”

ਉਪਰ ਪਹਿਲੀ ਪੰਗਤੀ ਰਾਹੀਂ ਇਹੀ ਸਮਝਾਇਆ ਹੋਇਆ ਹੈ ਕਿ ਉਸ ਪ੍ਰਮਾਤਮਾ ਦਾ ਹਦ ਬੰਨਾ ਕੀ ਹੈ ਭਾਵ ਉਹ ਕਿਤਨਾ ਕੁ ਵੱਡਾ ਹੈ ਤੇ ਕੀ ਹੈ ਇਸ ਗੱਲ ਨੂੰ ਕੋਈ ਨਹੀਂ ਜਾਣ ਸਕਦਾ। ਇਸਦਾ ਜਵਾਬ ਅਗਲੀ ਪੰਗਤੀ ਰਾਹੀਂ ਦਿੱਤਾ ਹੋਇਆ ਹੈ ਕਿ ਉਸ ਪ੍ਰਮਾਤਮਾ ਨੂੰ ਕਿਉਂ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਨੂੰ ਜਿਸਨੇ ਵੀ ਜਾਨਣਾ ਹੈ ਮਨ ਦੇ ਵਿਚਾਰਾਂ ਰਾਹੀਂ ਹੀ ਜਾਨਣਾ ਹੈ ਭਾਵ ਮਨ ਦੀ ਸਮਝ ਰਾਹੀਂ ਹੀ ਜਾਨਣਾ ਹੈ। ਸਾਡੇ

ਅੰਦਰ ਸਮਝ ਨੂੰ ਉਪਜਾਉਣ ਵਾਲਾ ਪ੍ਰਮਾਤਮਾ ਆਪ ਹੈ। ਮਨ ਦੀ ਸਮਝ ਰਾਹੀਂ ਹੀ ਉਹ ਸਾਡੇ ਅੰਦਰੋਂ ਉਸ ਸਮਝ ਨੂੰ ਮਾਰ ਦਿੰਦਾ ਹੈ ਜਿਸ ਸਮਝ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਭਾਵ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਭਾਵ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਆਪ ਹੀ ਸਭ ਨੂੰ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਦਾ ਹੈ, ਮਨ ਦੇ ਵਿਚਾਰਾਂ ਰਾਹੀਂ ਦੂਰ ਰੱਖਦਾ ਹੈ ਭਾਵ ਆਪ ਹੀ ਸਭ ਨੂੰ ਭਰਮ ਵਿੱਚ ਪਾ ਕੇ ਰੱਖਦਾ ਹੈ ਕਿ ਪ੍ਰਮਾਤਮਾ ਕੀ ਹੈ, ਸੱਚ ਕੀ ਹੈ, ਭਗਤੀ ਦਾ ਮਾਰਗ ਕੀ ਹੈ, ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਕੀ ਹੈ ਭਾਵ ਸਾਨੂੰ ਆਤਮਿਕ ਤੌਰ ਤੇ ਮਾਰਨ ਵਾਲੇ ਸਾਡੇ ਮਨ ਦੇ ਨਾਸਮਝ ਵਿਚਾਰ ਹਨ। **(ਨਾਨਕ ਅੰਤ ਨ ਜਾਪਨ੍ਹੀ ਹਰਿ ਤਾ ਕੇ ਪਾਰਾਵਾਰ ॥ ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥)**

ਸਾਡੇ ਅੰਦਰ ਪ੍ਰਮਾਤਮਾ ਜੋ ਵਿਚਾਰ ਉਪਜਾਉਂਦਾ ਹੈ ਤੇ ਸਾਨੂੰ ਭਰਮ ਵਾਲੇ ਵਿਚਾਰਾਂ ਵਿੱਚ ਰੱਖਦਾ ਹੈ, ਇਹ ਵਿਚਾਰ ਹੀ ਸਾਡੀਆਂ ਜੰਜੀਰਾਂ ਹਨ, ਮਨ ਦੇ ਵਿੱਚ ਸਾਡੇ ਬੰਧਨ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥

ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥

ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥”

ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆ ਰਹੇ ਹਾਂ ਸਾਡੇ ਮਨ ਦੀਆਂ ਦੋ ਹੀ ਅਵਸਥਾਵਾਂ ਹਨ, ਇੱਕ ਹਉਮੈ ਵਾਲੀ ਹੈ ਤੇ ਦੂਜੀ ਨਾਮ ਵਾਲੀ ਹੈ ਭਾਵ ਇੱਕ ਦੁਚਿੱਤੀ ਵਾਲੀ ਹੈ ਤੇ ਦੂਜੀ ਪੂਰਨ ਸੱਚ ਵਾਲੀ ਹੈ ਭਾਵ ਇੱਕ ਭਰਮਾਂ ਵਾਲੀ ਹੈ ਤੇ ਦੂਜੀ ਪੂਰੀ ਤਰ੍ਹਾਂ ਭਰਮਾਂ

ਤੋਂ ਰਹਿਤ ਹੈ, ਇੱਕ ਤ੍ਰਿਸ਼ਨਾਵਾਂ ਵਾਲੀ ਹੈ ਤੇ ਦੂਜੀ ਤ੍ਰਿਸ਼ਨਾਵਾਂ ਤੋਂ ਰਹਿਤ ਹੈ, ਇੱਕ ਤ੍ਰੈ ਗੁਣਾਂ ਵਾਲੀ ਹੈ ਤੇ ਦੂਜੀ ਚਉਥੇ ਪਦ ਵਾਲੀ ਹੈ, ਇੱਕ ਪ੍ਰਮਾਤਮਾ ਤੋਂ ਵਿਛੋੜੇ ਵਾਲੀ ਹੈ ਤੇ ਦੂਜੀ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਹੈ ਭਾਵ ਇੱਕ ਮਨਮਤਿ ਵਾਲੀ ਹੈ ਤੇ ਦੂਸਰੀ ਪੂਰਨ ਗੁਰਮਤਿ ਵਾਲੀ ਹੈ ਭਾਵ ਇੱਕ ਸਾਡੀ ਸੁਰਤਿ ਦੇ ਵਿਚਾਰਾਂ ਵਾਲੀ ਹੈ ਤੇ ਦੂਸਰੀ ਸ਼ਬਦ ਦੇ ਵਿਚਾਰਾਂ ਵਾਲੀ ਹੈ, ਇੱਕ ਮਾਇਆ ਮੋਹ ਦੇ ਬੰਧਨ ਵਾਲੀ ਹੈ ਤੇ ਦੂਸਰੀ ਬੰਧਨ ਤੋਂ ਮੁਕਤਿ ਵਾਲੀ ਹੈ ਭਾਵ ਇੱਕ ਭਰਮ ਵਾਲੀ ਹੈ, ਅਗਿਆਨਤਾ ਵਾਲੀ ਹੈ ਤੇ ਦੂਸਰੀ ਪੂਰਨ ਸੱਚੇ ਗਿਆਨ

43/5592

ਵਾਲੀ ਹੈ। ਮਨ ਦੀ ਇਹ ਅਵਸਥਾ ਹੀ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **"ਇਕਨ੍ਹਾ"** ਤੋਂ ਭਾਵ ਹੈ ਇੱਕੋ ਇੱਕ ਪ੍ਰਮਾਤਮਾ ਦੁਆਰਾ। **"ਇਕਨ੍ਹਾ ਗਲੀ ਜੰਜੀਰੀਆ"** ਤੋਂ ਭਾਵ ਹੈ ਉਸ ਪ੍ਰਮਾਤਮਾ ਨੇ ਆਪ ਹੀ ਮਨੁੱਖੀ ਮਤਿ ਨੂੰ ਜੰਜੀਰਾਂ ਵਿੱਚ ਜਕੜਿਆ ਹੋਇਆ ਹੈ, ਮਾਇਆ ਮੋਹ ਦੀਆਂ ਜੰਜੀਰਾਂ ਵਿੱਚ, ਭਰਮ ਮੋਹ ਦੀਆਂ ਜੰਜੀਰਾਂ ਵਿੱਚ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਜਕੜਿਆਂ ਹੋਇਆ ਹੈ ਜਿਨ੍ਹਾਂ ਵਿੱਚੋਂ ਕੋਈ ਆਪਣੇ ਆਪ ਨਹੀਂ ਨਿਕਲ ਸਕਦਾ। **"ਇਕਿ ਤੁਰੀ ਚੜਹਿ ਬਿਸੀਆਰ"** ਇਸ ਤੋਂ ਭਾਵ ਹੈ ਇਹਨਾਂ ਜੰਜੀਰਾਂ ਵਿੱਚੋਂ **"ਇਕਿ"** ਭਾਵ ਉਹ ਇੱਕੋ ਇੱਕ ਪ੍ਰਮਾਤਮਾ ਆਪ ਹੀ ਕਿਸੇ ਨੂੰ ਖੋਲਦਾ ਹੈ ਭਾਵ ਆਜਾਦ ਕਰਦਾ ਹੈ, ਭਰਮ ਮੋਹ ਦੇ ਬੰਧਨ ਤੋਂ ਆਜਾਦ ਕਰਦਾ ਹੈ ਤੇ ਉਹ ਇਹਨਾਂ ਜੰਜੀਰਾਂ ਤੋਂ ਆਜਾਦ ਹੋ ਕੇ ਸੁੱਖ ਮਹਿਸੂਸ ਕਰਦਾ ਹੈ। ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹੋਏ ਉਹਨਾਂ ਦੀ ਪੂਰਤੀ ਲਈ ਅਸੀਂ ਹਰ ਵੇਲੇ ਮਨ ਦੀਆਂ ਪਰੇਸ਼ਾਨੀਆਂ ਨਾਲ ਜੁੜੇ ਰਹਿੰਦੇ ਹਾਂ, ਉਹਨਾਂ ਦੀ ਨਾ ਪੂਰਤੀ ਕਰਕੇ ਅਸੀਂ ਦੁੱਖਾਂ ਵਿੱਚ, ਡਿਪਰੈਸ਼ਨ ਵਿੱਚ, ਟੈਂਸ਼ਨ ਵਿੱਚ ਰਹਿੰਦੇ ਹਾਂ ਤੇ ਜਦੋਂ ਪ੍ਰਮਾਤਮਾ ਕਿਸੇ ਨੂੰ ਇਸ ਬੰਧਨ ਤੋਂ ਮੁਕਤਿ ਕਰ ਦਿੰਦਾ ਹੈ ਉਹ ਫਿਰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਸਦਾ ਪੂਰਨ ਭਰੋਸਾ ਪ੍ਰਮਾਤਮਾ ਦੇ ਉੱਤੇ ਟਿੱਕ ਜਾਂਦਾ ਹੈ ਕਿ ਉਹ ਆਪੇ ਹੀ ਉਸ ਦੀਆਂ ਜਰੂਰਤਾਂ ਪੂਰੀਆਂ ਕਰੇਗਾ ਜਿਸ ਕਰਕੇ ਉਹ ਹਰ ਵੇਲੇ ਅਨੰਦ ਵਿੱਚ ਰਹਿੰਦਾ ਹੈ, ਇੱਕ ਘੋੜ ਸਵਾਰ ਵਾਂਗ ਆਨੰਦ ਮਾਣਦਾ ਹੈ। **(ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥)** ਪ੍ਰਮਾਤਮਾ ਮਨੁੱਖ ਨੂੰ ਦੁੱਖਾਂ ਵਿੱਚ ਰੱਖੇ ਜਾਂ ਸੁੱਖਾਂ ਵਿੱਚ ਰੱਖੇ ਇਹ ਕੇਵਲ ਉਸਦੀ ਆਪਣੀ ਰਜਾ ਹੈ ਕਿਉਂਕਿ ਸਾਡੇ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ। ਆਪਣੀ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਅਸੀਂ ਮਾੜੇ ਕਰਮ ਵੀ ਕਰਦੇ ਹਾਂ ਜੋ ਕਿ ਉਹ ਆਪ ਹੀ ਕਰਵਾਉਂਦਾ ਹੈ ਤੇ ਉਸ ਤੋਂ ਬਿਨਾਂ ਸਾਨੂੰ ਹੋਰ ਕੋਈ ਸਾਡੀ ਮਾਇਆ ਮੋਹ ਵਾਲੀ ਮਤਿ ਵਿੱਚੋਂ ਨਹੀਂ ਕੱਢ ਸਕਦਾ ਭਾਵ ਕਿਸੇ ਹੋਰ ਅੱਗੇ, ਕਿਸੇ ਮਨੁੱਖ ਅੱਗੇ ਸਾਡੀ ਪੁਕਾਰ ਕਰਨੀ ਵਿਅਰਥ ਹੈ। ਜੋ ਖੁੱਦ ਮਾਇਆ ਮੋਹ ਦੇ ਬੰਧਨ ਵਿੱਚ ਹਨ ਉਹਨਾਂ ਨੇ ਕਿਸੇ ਨੂੰ ਬੰਧਨਾਂ ਵਿੱਚੋਂ ਕੀ ਕੱਢਣਾ ਹੈ। ਜਿਸਨੇ ਸਾਡੇ ਅੰਦਰ ਇਹ ਭਰਮ ਮੋਹ ਵਾਲੀ ਮਤਿ ਪਾਈ ਹੋਈ ਹੈ ਉਹ ਹੀ ਸਾਨੂੰ ਇਸ ਵਿੱਚੋਂ ਕੱਢ ਕੇ ਭਾਵ ਮਾਇਆ ਮੋਹ ਦੀਆਂ ਜੰਜੀਰਾਂ ਵਿੱਚੋਂ ਕੱਢ ਕੇ ਸਾਡੀ ਸਾਰ ਕਰ ਸਕਦਾ ਹੈ ਭਾਵ ਸਾਨੂੰ ਜੀਵਨ ਦੇ ਸੱਚੇ ਮਾਰਗ ਤੇ ਪਾ ਸਕਦਾ ਹੈ। **(ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥ ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥)**

43/5593

ਜੋ ਗੱਲ ਅਸੀਂ ਪਿੱਛਲੇ ਸ਼ਬਦ ਰਾਹੀਂ ਸਮਝੀ ਹੈ ਉਹੀ ਗੱਲ ਸਾਨੂੰ ਅਗਲੇ ਸ਼ਬਦ ਦੇ ਨਾਲ ਲੱਗਦੇ ਸਲੋਕ ਦੁਆਰਾ ਸਮਝਾਈ ਹੋਈ ਹੈ, ਦੂਸਰੇ ਢੰਗ ਨਾਲ ਸਮਝਾਈ ਹੋਈ ਹੈ।

ਸਲੋਕੁ ਮਃ ੧ ॥

"ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥ ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ ॥
ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ ॥ ਤਿਨ੍ਹਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ ॥੧॥"

(ਅੰਗ ੪੭੫)

ਮਨੁੱਖੀ ਸਰੀਰ ਨੂੰ ਬਨਾਉਂਣ ਵਾਲਾ ਪ੍ਰਮਾਤਮਾ ਆਪ ਹੈ ਤੇ ਉਸਦੇ ਅੰਦਰ ਮਨ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ। ਸਾਡੇ ਅੰਦਰ ਸਾਡਾ ਮਨ ਹੀ ਭਾਂਡਾ ਹੈ ਜਿਸਨੂੰ ਸਾਡੇ ਅੰਦਰ ਸਜਾਉਂਣ ਵਾਲਾ ਪ੍ਰਮਾਤਮਾ ਆਪ ਹੈ। ਇਹ ਭਾਂਡਾ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਤੇ ਜਿਸਨੂੰ ਪ੍ਰਮਾਤਮਾ **"ਪੂਰਣੁ"** ਕਰਦਾ ਹੈ ਭਾਵ ਮਨ ਦੀ ਪੂਰਨਤਾ ਬਖਸ਼ਦਾ ਹੈ ਉਸਨੂੰ ਮਨ ਦੇ ਵਿਚਾਰਾਂ ਰਾਹੀਂ ਪੂਰਨ ਕਰਦਾ ਹੈ। ਜਦ ਤਕ ਅਸੀਂ ਮਾਇਆ ਮੋਹ ਵਾਲੇ ਵਿਚਾਰਾਂ ਦੇ ਵਿੱਚ ਹਾਂ, ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਹਾਂ ਤਦ ਤਕ ਹਰ ਕੋਈ

ਅਧੂਰਾ ਹੈ ਭਾਵ ਉਸਦੀ ਮਤਿ ਅਧੂਰੀ ਹੈ ਜਿਸ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਭਗਤੀ ਦੇ ਸੱਚੇ ਮਾਰਗ ਨੂੰ ਨਹੀਂ ਜਾਣ ਸਕਦੇ ਤੇ ਮਾਇਆ ਮੋਹ ਤੋਂ ਮੁਕਤਿ ਨਹੀਂ ਹੋ ਸਕਦੇ। ਜਿਸ ਮਤਿ ਨੂੰ ਪ੍ਰਮਾਤਮਾ ਪੂਰਨ ਕਰ ਦਿੰਦਾ ਹੈ ਉਹ ਮਨੁੱਖ ਫਿਰ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲ ਜਾਂਦਾ ਹੈ ਭਾਵ ਤ੍ਰਿਸ਼ਨਾ ਦੀ ਅਗਨਿ ਵਿੱਚੋਂ ਨਿਕਲ ਜਾਂਦਾ ਹੈ ਭਾਵ ਉਹ ਮਨ ਦੇ ਸੰਤੋਖ ਵਿੱਚ ਆ ਜਾਂਦਾ ਹੈ। ਉਸਦੀ ਮਤਿ ਫਿਰ ਗੁਰੂ ਦੀ ਮਤਿ ਵਿੱਚ ਸਮਾ ਜਾਂਦੀ ਹੈ ਭਾਵ ਉਸ ਦੀਆਂ ਤ੍ਰਿਸ਼ਨਾਵਾਂ ਠੰਡੀਆਂ ਹੋ ਜਾਂਦੀਆਂ ਹਨ ਤੇ ਜਿਨ੍ਹਾਂ ਨੂੰ ਪ੍ਰਮਾਤਮਾ ਆਪਣੀ ਸੱਚੀ ਮਤਿ ਨਾ ਦੇਣ ਦੁਆਰਾ ਭਾਵ ਮਨ ਦੀ ਪੂਰਨਤਾ ਨਾ ਦੇਣ ਦੁਆਰਾ ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਰੱਖਦਾ ਹੈ, ਮਨਮਤਿ ਵਿੱਚ ਹੀ ਰੱਖਦਾ ਹੈ, ਭਰਮਾਂ ਵਾਲੀ ਸਮਝ ਵਿੱਚ ਹੀ ਰੱਖਦਾ ਹੈ ਭਾਵ ਹਉਮੈ ਵਿੱਚ, ਤ੍ਰੈ ਗੁਣਾਂ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਹੀ ਰੱਖਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਦੀ ਸਮਝ ਨਾ ਪਾਉਂਣ ਵਿੱਚ ਹੀ ਰੱਖਦਾ ਹੈ, ਨਾਮ ਦੀ ਸੱਚੀ ਸਮਝ ਨਾ ਪਾਉਣ ਵਿੱਚ ਹੀ ਰੱਖਦਾ ਹੈ ਜਿਸ ਕਰਕੇ ਉਹ ਤ੍ਰਿਸ਼ਨਾਵਾਂ ਦੀ ਅਗਨਿ ਵਿੱਚ ਹੀ ਜਲਦੇ ਰਹਿੰਦੇ ਹਨ ਜਿਵੇਂ ਕਿ ਚੁੱਲ੍ਹੇ ਉੱਤੇ ਪਿਆ ਹੋਇਆ ਦੁੱਧ ਉਬਲਦਾ ਰਹਿੰਦਾ ਹੈ ਭਾਵ ਔਖਾ ਹੁੰਦਾ ਰਹਿੰਦਾ ਹੈ। ਸਾਡੇ ਮਾਇਆ ਮੋਹ ਵਾਲੇ ਵਿਚਾਰ ਹੀ ਸਾਨੂੰ ਦੁੱਖੀ ਕਰਦੇ ਹਨ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਦੁਆਰਾ ਦੁੱਖੀ ਕਰਦੇ ਹਨ ਤੇ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਮਨੁੱਖ ਨੂੰ

43/5594

ਮਨ ਦੇ ਵਿੱਚ ਸੰਤੋਖ ਆਉਂਦਾ ਹੈ ਜੋ ਸੰਤੋਖ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣੇ ਸੱਚੇ ਗਿਆਨ ਵਾਲੀ ਮਤਿ ਦੁਆਰਾ, ਪੂਰਨ ਕਰਨ ਦੁਆਰਾ ਦਿੰਦਾ ਹੈ। **(ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥ ਇਕਨ੍ੀ ਦੁਧੁ ਸਮਾਈਐ ਇਕਿ ਚੁਲ੍ੈ ਰਹਨ੍ਿ ਚੜੇ॥)**

ਮਨੁੱਖੀ ਮਤਿ ਨੂੰ ਪੂਰਨ ਕਰਨ ਦੁਆਰਾ ਮਨੁੱਖ ਸੁੱਖ ਕਿਵੇਂ ਮਹਿਸੂਸ ਕਰਦਾ ਹੈ ਤੇ ਜੋ ਤ੍ਰਿਸ਼ਨਾ ਵਿੱਚ ਹੀ ਰਹਿੰਦੇ ਹਨ ਭਾਵ ਜੋ ਮਨ ਦੀ ਅਗਨਿ ਵਿੱਚ ਹੀ ਰਹਿੰਦੇ ਹਨ ਉਹ ਕਿਸ ਕਰਕੇ ਰਹਿੰਦੇ ਹਨ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਇਕਿ ਨਿਹਾਲੀ ਪੈ ਸਵਨ੍ਿ ਇਕਿ ਉਪਰਿ ਰਹਨਿ ਖੜੇ ॥

ਤਿਨ੍ਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ ॥੧॥”

ਉਪਰਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਸਾਨੂੰ ਮਨ ਦੇ ਸੁੱਖ ਦੀ ਪ੍ਰਾਪਤੀ ਕਿਸ ਲਈ ਨਹੀਂ ਹੁੰਦੀ। ਜਿਸ ਮਨੁੱਖ ਨੂੰ ਪ੍ਰਮਾਤਮਾ ਪੂਰਨਤਾ ਬਖਸ਼ਦਾ ਹੈ ਉਹ ਆਪਣੇ ਗੁਰਮਤਿ ਰੂਪ ਸੱਚੇ ਗਿਆਨ ਦੁਆਰਾ ਹੀ ਬਖਸ਼ਦਾ ਹੈ। ਸਾਡੇ ਅੰਦਰ ਦੀ ਗੁਰਮਤਿ ਰੂਪ ਸੱਚੇ ਗਿਆਨ ਵਾਲੀ ਮਤਿ ਹੀ ਸਾਡੀ **“ਨਿਹਾਲੀ”** ਭਾਵ ਸਾਡਾ ਬਿਸਤਰ ਹੈ, ਸਾਡੇ ਬਿਸਤਰ ਦਾ ਗੱਦਾ ਹੈ ਜੋ ਸਾਨੂੰ ਆਰਾਮ ਦਿੰਦਾ ਹੈ, ਸੁੱਖ ਦਿੰਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦੁਆਰਾ ਮਨ ਦੇ ਸੰਤੋਖ ਦੁਆਰਾ ਸੁੱਖ ਦਿੰਦਾ ਹੈ ਤੇ ਜੋ ਮਨੁੱਖ ਤ੍ਰਿਸ਼ਨਾਵਾਂ ਦੀ ਅਗਨਿ ਵਿੱਚ ਜਲਦੇ ਰਹਿੰਦੇ ਹਨ, ਚੁੱਲ੍ਹੇ ਤੇ ਪਏ ਦੁੱਧ ਦੀ ਤਰ੍ਹਾਂ ਸੜਦੇ ਰਹਿੰਦੇ ਹਨ ਉਹਨਾਂ ਦਾ ਕਾਰਨ ਇਹ ਹੈ ਕਿ ਉਹ ਗੁਰਮਤਿ ਰੂਪ ਨਿਹਾਲੀ ਤੇ ਸਉਂਣ ਦੀ ਬਜਾਇ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੀ ਬਜਾਏ ਉਹ ਗੁਰਮਤਿ ਰੂਪ ਸੁੱਖ ਦੇਣ ਵਾਲੀ ਨਿਹਾਲੀ ਦੇ ਉਪਰ ਖੜੇ ਰਹਿੰਦੇ ਹਨ ਭਾਵ ਨਿਹਾਲੀ ਨੂੰ ਦੇਖਦੇ ਜਰੂਰ ਹਨ ਪਰ ਉਸਦਾ ਸੁੱਖ ਨਹੀਂ ਮਾਣ ਸਕਦੇ, ਗੁਰੂ ਦੀ ਦਿੱਤੀ ਹੋਈ ਮਤਿ ਨੂੰ ਪੜਦੇ ਜਰੂਰ ਹਨ ਪਰ ਉਸਨੂੰ ਮੰਨਦੇ ਨਹੀਂ ਭਾਵ ਆਪਣੀ ਤ੍ਰਿਸ਼ਨਾਵਾਂ ਨੂੰ ਛੱਡਦੇ ਨਹੀਂ ਜਿਨ੍ਹਾਂ ਵਿੱਚੋਂ ਨਿਕਲਣ ਲਈ ਸਾਨੂੰ ਗੁਰੂ ਬਾਰ-ਬਾਰ ਸਮਝਾਉਂਦਾ ਹੈ। ਅਸਲ ਸੁੱਖ ਤ੍ਰਿਸ਼ਨਾਵਾਂ ਦੇ ਦੁੱਖ ਵਿੱਚੋਂ ਨਿਕਲਕੇ ਮਨ ਦੇ ਸੰਤੋਖ ਵਿੱਚ ਹੈ ਜੋ ਸੰਤੋਖ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਮਿਲਣਾ ਹੈ। ਅਸੀਂ ਗੁਰੂ ਦੀ ਮਤਿ ਨੂੰ ਮੰਨਣ ਦਾ ਉੱਦਮ ਹੀ ਕਰਨਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਉਦੱਮ ਹੀ ਕਰਨਾ ਹੈ ਤੇ ਸਵਾਰਦਾ ਪ੍ਰਮਾਤਮਾ ਆਪ ਹੀ ਹੈ ਜਿਸਦੇ ਵੱਸ ਸਾਡੇ ਮਨ ਦੇ ਵਿਚਾਰ ਹਨ, ਜਿਸਨੇ ਆਪ ਸਭ ਦੇ ਅੰਦਰ ਮਾਇਆ

43/5595

ਮੋਹ ਪਾਇਆ ਹੋਇਆ ਹੈ। **(ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥ ਇਕਨ੍ੀ ਦੁਧੁ ਸਮਾਈਐ ਇਕਿ ਚੁਲ੍ੈ ਰਹਨ੍ਿ ਚੜੇ ॥ ਇਕਿ ਨਿਹਾਲੀ ਪੈ ਸਵਨ੍ਿ ਇਕਿ ਉਪਰਿ ਰਹਨਿ ਖੜੇ ॥ ਤਿਨ੍ਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ॥੧॥)**

{ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥

ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ ਜਪਿ ਨਾਨਕ ਹਰਿ ਹਰਿ ਨਾਮਾ ॥੪॥੨੬॥੯੦॥}

(ਅੰਗ ੬੩੦)

{ਹਰਿ ਰਸੁ ਪੀਵਹੁ ਭਾਈ ॥
ਨਾਮੁ ਜਪਹੁ ਨਾਮੋ ਆਰਾਧਹੁ ਗੁਰ ਪੂਰੇ ਕੀ ਸਰਨਾਈ ॥ ਰਹਾਉ ॥
ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ ॥
ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ ॥੨॥੨੫॥੯੯॥}

(ਅੰਗ ੬੩੦)

{ਹਰਿ ਦਰਸਨ ਪ੍ਰਾਨ ਅਧਾਰਾ ॥ ਇਹੁ ਪੂਰਨ ਬਿਮਲ ਬੀਚਾਰਾ ॥
ਕਰਿ ਕਿਰਪਾ ਅੰਤਰਜਾਮੀ ॥ ਦਾਸ ਨਾਨਕ ਸਰਣਿ ਸੁਆਮੀ ॥੪॥੮॥੫੮॥}

(ਅੰਗ ੬੨੩)

{ਅਪਨੀ ਭਗਤਿ ਆਪ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥
ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥}

(ਅੰਗ ੩੩੧)

{ਕਹੈ ਕਬੀਰੁ ਪੂਰਨ ਜਗ ਸੋਈ ॥ ਜਾ ਕੇ ਹਿਰਦੈ ਅਵਰੁ ਨ ਹੋਈ ॥੫॥੩੮॥}

(ਅੰਗ ੩੩੦)

{ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥}

(ਅੰਗ ੩੧੯)

{ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥ ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੬॥}

(ਅੰਗ ੩੦੦)

{ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥ ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ ॥
ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥ ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥
ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ॥ ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ ॥
ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥ ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥੧੫॥}

(ਅੰਗ ੨੯੯-੩੦੦)

{ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ ॥ ਪਤਿਤ ਉਧਾਰਨੁ ਮਨਿ ਬਸੈ ਨਾਨਕ ਛੂਟੈ ਨਾਮ ॥੧੩॥}

(ਅੰਗ ੨੯੯)

{ਅਸਟਮੀ ਅਸਟ ਸਿਧਿ ਨਵ ਨਿਧਿ ॥ ਸਗਲ ਪਦਾਰਥ ਪੂਰਨ ਬੁਧਿ ॥}

(ਅੰਗ ੨੯੮)

43/5596

{ਭਲੀ ਸੁ ਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰ ਮੰਤ ॥
ਸਾਧਸੰਗਿ ਪ੍ਰਭ ਦੇਹੁ ਨਿਵਾਸ ॥ ਸਰਬ ਸੂਖ ਨਾਨਕ ਪਰਗਾਸ ॥੮॥੨੦॥}

(ਅੰਗ ੨੯੦)

{ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ ਨਹੀ ਡੋਲਾਨੇ ॥}

(ਅੰਗ ੨੯੯)

{ਜਿਹਬਾ ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ ॥}

(ਅੰਗ ੨੯੭)

{ਜੀਉ ਪਿੰਡੁ ਸਭ ਤਿਸ ਕੀ ਰਾਸਿ ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥
ਅਪਨੀ ਬਣਤ ਆਪਿ ਬਨਾਈ ॥ ਨਾਨਕ ਜੀਵੈ ਦੇਖਿ ਬਡਾਈ ॥੪॥}

(ਅੰਗ ੨੭੭)

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ॥
ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥
ਲਾਲ ਭਏ ਸੂਹਾ ਰੰਗੁ ਮਾਣਿਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥
ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥}

(ਅੰਗ ੨੨੦-੨੨੧)

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥}

(ਅੰਗ ੨੧੮)

{ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥੨॥}

(ਅੰਗ ੨੧੫)

{ਪ੍ਰਭ ਕੀ ਸਰਨਿ ਉਬਰੈ ਸਭ ਕੋਇ ॥ ਕਰਨ ਕਰਾਵਨ ਪੂਰਨ ਸਚੁ ਸੋਇ ॥ ਰਹਾਉ ॥}

(ਅੰਗ ੨੦੨)

{ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥}

(ਅੰਗ ੨੦੦)

{ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧਸੰਗਿ ਭੈ ਭਰਮ ਮਿਟਾਇਆ ॥੩॥
ਜਤ ਕਤ ਦੇਖਉ ਤਤ ਰਹਿਆ ਸਮਾਇ ॥ ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥}

(ਅੰਗ ੧੯੩)

{ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥੧॥
ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥
ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥ ਹਰਿ ਕੈ ਮਾਰਗਿ ਪਤਿਤ ਪੁਨੀਤ ॥
ਪੂਰੀ ਸੋਭਾ ਪੂਰਾ ਲੋਕੀਕ ॥੩॥ ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥੪॥੪੫॥੧੧੪॥}

(ਅੰਗ ੧੯੮)

{ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥ ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥
ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥}

(ਅੰਗ ੧੩੬)

{ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ ਕਰਿ ਕਿਰਪਾ ਭਗਤੰਹੀ ਪ੍ਰਗਟਾਇਆ ॥
ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥
ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥
ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥}

(ਅੰਗ ੧੦੮)

43/5597

{ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥}

(ਅੰਗ ੧੦੮)

{ਜਿਉ ਅੰਧਿਆਰੈ ਦੀਪਕੁ ਪਰਗਾਸਾ ॥ ਭਰਤਾ ਚਿਤਵਤ ਪੂਰਨ ਆਸਾ ॥
ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥੩॥}

(ਅੰਗ ੧੦੦)

{ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ॥ ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ॥
ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥ ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥੩॥}

(ਅੰਗ ੪੭)

ਪੂਰਨ ਕੇਵਲ ਪ੍ਰਮਾਤਮਾ ਆਪ ਹੈ ਜੋ ਕਿ ਆਪਣੇ ਉੱਚੇ ਗਿਆਨ ਦੁਆਰਾ ਪੂਰਾ ਹੈ, ਬ੍ਰਹਮ ਗਿਆਨ ਦੁਆਰਾ ਪੂਰਾ ਹੈ ਤੇ ਜਿਸਨੂੰ ਪ੍ਰਮਾਤਮਾ ਪੂਰਨ ਕਰਦਾ ਹੈ, ਮਨ ਦੇ ਵਿੱਚ ਆਪਣੇ ਮੇਲ ਦੁਆਰਾ ਹੀ ਕਰਦਾ ਹੈ, ਮਨੁੱਖੀ ਮਤਿ ਨੂੰ ਸੱਚੇ ਗਿਆਨ ਵਾਲੀ ਮਤਿ ਬਨਾਉਣ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਦਾ ਹੈ ਤੇ ਮਨ ਦੇ ਸੰਤੋਖ ਦੁਆਰਾ ਵਿਚਰਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ ਕਿ ਉਹ ਆਪਣੇ ਭਗਤੀ ਦੇ ਮਾਰਗ ਤੇ ਕਿਵੇਂ ਚਲਾਉਂਦਾ ਹੈ।

ਮਹਲਾ ੨ ॥

“ਆਪੇ ਸਾਜੇ ਕਰੇ ਆਪਿ ਜਾਣੀ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥”

(ਅੰਗ ੪੭੫)

ਉਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਆਪ ਹੀ ਸਾਡੇ ਮਨ ਰੂਪ ਭਾਂਡੇ ਨੂੰ ਸਾਜਦਾ ਹੈ ਭਾਵ ਆਪ ਹੀ ਸਾਡੀ ਮਤਿ ਨੂੰ ਆਪਣੀ ਸੱਚੀ ਮਤਿ ਨਾਲ ਸਜਾਉਂਦਾ ਹੈ। ਜਿਸਦੀ ਮਤਿ ਨੂੰ ਪ੍ਰਮਾਤਮਾ ਸਜਾਉਂਦਾ ਹੈ ਭਾਵ ਜਿਸਦੇ ਅੰਦਰ ਆਪਣੀ ਸਮਝ ਪਾਉਂਦਾ ਹੈ ਉਸਨੂੰ ਫਿਰ ਇਹ ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਉਹ ਆਪ ਹੀ ਅੰਦਰ ਮਤਿ ਦੇਣ ਵਾਲਾ ਹੈ ਤੇ ਆਪ ਹੀ ਇਸ ਸਰੀਰ ਰਾਹੀਂ ਕਰਨ ਵਾਲਾ ਹੈ ਭਾਵ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਜਿਸ ਗੱਲ ਦੀ ਮਨੁੱਖ ਨੂੰ

43/5598

ਮਨ ਦੇ ਭਰਮ ਵਿੱਚ ਰਹਿੰਦਿਆਂ ਸਮਝ ਨਹੀਂ ਪੈਂਦੀ। ਸਾਡੇ ਅੰਦਰ ਮਤਿ ਨੂੰ ਉਪਜਾਉਂਣ ਵਾਲਾ ਵੀ ਆਪ ਹੈ ਤੇ ਉਸ ਮਤਿ ਤੇ ਟਿਕਾਉਂਣ ਵਾਲਾ ਵੀ ਆਪ ਹੈ, ਇਸ ਗੱਲ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਪੈਂਦੀ ਹੈ ਤੇ ਆਪਣੇ ਮੇਲ ਤੋਂ ਬਾਅਦ ਪ੍ਰਮਾਤਮਾ ਫਿਰ ਮਨ ਦੇ ਵਿੱਚ ਆਪਣੀ ਸਮਝ ਹੀ ਉਪਜਾਉਂਦਾ ਹੈ ਤੇ ਆਪ ਹੀ ਉਸ ਤੇ ਰੱਖਦਾ ਹੈ ਭਾਵ ਆਪ ਹੀ ਉਸ ਤੇ ਚਲਾਉਂਦਾ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਆਪ ਹੀ ਉਸ ਤੇ ਚੱਲਣ ਵਾਲਾ ਹੈ, ਆਪਣੇ ਮਨੁੱਖੀ ਰੂਪ ਦੁਆਰਾ ਚੱਲਣ ਵਾਲਾ ਹੈ। **(ਆਪੇ ਸਾਜੇ ਕਰੇ ਆਪਿ ਜਾਣੀ ਭਿ ਰਖੈ ਆਪਿ ॥)** ਮਨ ਦੀ ਸਮਝ ਰਾਹੀਂ ਹੀ ਅਸੀਂ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ।

“ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥”

ਉਪਰ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਨੂੰ ਆਪ ਹੀ ਮਨ ਦੇ ਰਾਹੀਂ ਇਹ ਸਮਝਾਉਂਦਾ ਹੈ ਕਿ ਅਸੀਂ ਇੱਕ ਮਨੁੱਖ ਹਾਂ ਭਾਵ ਪ੍ਰਮਾਤਮਾ ਆਪ ਹੀ ਸਾਨੂੰ ਭਰਮ ਵਿੱਚ ਪਾਉਂਦਾ ਹੈ। ਅਸਲ ਵਿੱਚ ਪ੍ਰਮਾਤਮਾ ਸਭ ਕੁਝ ਆਪ ਹੈ ਤੇ ਜਿਹੜੀ ਮਤਿ ਉਹ ਸਾਡੇ ਅੰਦਰ ਉਪਜਾਉਂਦਾ ਹੈ ਉਸ ਮਤਿ ਰਾਹੀਂ ਹੀ ਸਾਡਾ ਮਨ ਦੇ ਵਿੱਚੋਂ ਮਨੁੱਖੀ ਰੂਪ ਉਪਜਦਾ ਹੈ, **“ਜੰਤ”** ਰੂਪ ਉਪਜਦਾ ਹੈ ਜੋ ਰੂਪ ਸਾਡਾ ਪ੍ਰਮਾਤਮਾ ਆਪ ਹੀ ਉਪਜਾਉਂਦਾ ਹੈ ਕਿਉਂਕਿ ਸਾਡੀ ਮਤਿ ਭਾਵ ਸਾਡੇ ਅੰਦਰ ਦੀ ਸਮਝ ਸਾਡੇ ਵੱਸ ਨਹੀਂ ਹੈ ਤੇ ਸਾਡੀ ਸਮਝ ਜੋ ਕੁਝ ਸਾਨੂੰ ਸਮਝਾਏਗੀ ਅਸੀਂ ਉਸੇ ਨੂੰ ਹੀ ਸੱਚ ਸਮਝਾਂਗੇ ਭਾਵ ਜੇਕਰ ਸਾਡੀ ਮਤਿ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ ਤਾਂ ਫਿਰ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਹੀ ਸਮਝਾਂਗੇ। ਇਹੀ ਸਾਡੇ ਅੰਦਰ ਮਾਇਆ ਮੋਹ ਵਾਲੀ ਸਮਝ ਹੈ, ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੈ ਜੋ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਚਾਈ ਨੂੰ ਸਮਝਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਸਾਨੂੰ ਇਸ ਸੰਸਾਰ ਦੇ ਵਿੱਚ ਮਨੁੱਖੀ ਰੂਪ ਬਣਾ ਕੇ ਆਪ ਹੀ ਸਾਨੂੰ ਦੇਖਦਾ ਹੈ ਭਾਵ ਸਾਡੀ ਸੰਭਾਲ ਕਰਦਾ ਹੈ ਭਾਵ ਮਨ ਦੀ ਸਮਝ ਰਾਹੀਂ ਆਪ ਹੀ ਸਾਨੂੰ ਜੀਵਨ ਦੇ ਮਾਰਗ ਤੇ ਚਲਾਉਂਦਾ ਹੈ, ਮਾਇਆ ਮੋਹ ਵਾਲੀ ਸਮਝ ਦੁਆਰਾ ਚਲਾਉਂਦਾ ਹੈ। ਸਾਡੇ ਅੰਦਰ

43/5599

ਵਿਚਾਰਾਂ ਰਾਹੀਂ **“ਥਾਪਿ ਉਥਾਪਿ”** ਹੁੰਦੀ ਰਹਿੰਦੀ ਹੈ ਭਾਵ ਸਾਡੇ ਅੰਦਰ ਦੇ ਵਿਚਾਰ ਉਪਜਦੇ ਬਿਨਸਦੇ ਰਹਿੰਦੇ ਹਨ ਜੋ ਸਾਨੂੰ ਸਾਡੇ ਜੀਵਨ ਦਾ ਮਾਰਗ ਸਮਝਾਉਂਦੇ ਹਨ, ਪ੍ਰਮਾਤਮਾ ਇਸ **“ਥਾਪਿ ਉਥਾਪਿ”** ਦੁਆਰਾ ਸਾਨੂੰ ਦੇਖਦਾ ਹੈ ਭਾਵ ਸਾਡੇ ਜੀਵਨ ਦੀ ਸੰਭਾਲ

ਕਰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਤੋਂ ਬਿਨਾਂ ਕੋਈ ਆਪਣੇ ਅੰਦਰ ਦੀ ਸਮਝ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਅਸਲ ਵਿੱਚ ਪ੍ਰਮਾਤਮਾ ਸਭ ਕੁਝ ਆਪ ਹੀ ਹੈ ਪਰ ਆਪਣੀ ਖੇਡ ਚਲਾਉਂਣ ਲਈ ਉਸਨੇ ਆਪ ਹੀ ਸਭ ਨੂੰ ਮਨ ਦੇ ਭਰਮ ਵਿੱਚ ਰੱਖ ਕੇ ਆਪਣੇ ਆਪ ਨੂੰ ਗੁਪਤ ਰੱਖਿਆ ਹੋਇਆ ਹੈ। ਸਭ ਦੇ ਅੰਦਰ ਗੁਪਤ ਰੂਪ ਵਿੱਚ ਉਹ ਆਪ ਹੀ ਹੈ ਤੇ ਉਸਨੇ ਆਪ ਹੀ ਸਭ ਨੂੰ ਮਨ ਦੇ ਵਿਚਾਰਾਂ ਰਾਹੀਂ ਭਰਮ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਆਪਣੇ ਆਪ ਨੂੰ ਮਨੁੱਖ ਹੀ ਸਮਝਦਾ ਹੈ ਤੇ ਪ੍ਰਮਾਤਮਾ ਕੀ ਹੈ ਇਸਨੂੰ ਸਮਝਣ ਤੋਂ ਹਰ ਕੋਈ ਦੂਰ ਹੀ ਰਹਿੰਦਾ ਹੈ ਤੇ ਜੇਕਰ ਕਿਸੇ ਨੂੰ ਇਹ ਕਹਿ ਕੇ ਸਮਝਾਇਆ ਜਾਏ ਕਿ ਸਭ ਕੁਝ ਪ੍ਰਮਾਤਮਾ ਹੀ ਹੈ, ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਤੁਸੀਂ ਸਭ ਪ੍ਰਮਾਤਮਾ ਦਾ ਰੂਪ ਹੀ ਹੋ ਇਹ ਕਹਿਣ ਨਾਲ ਕਿਸੇ ਨੂੰ ਵਿਸ਼ਵਾਸ ਨਹੀਂ ਆਉਂਦਾ ਕਿਉਂਕਿ ਸਾਡੇ ਅੰਦਰ ਦੀ ਭਰਮ ਵਾਲੀ ਮਤਿ ਇਸ ਗੱਲ ਤੇ ਕਿਸੇ ਨੂੰ ਵਿਸ਼ਵਾਸ ਨਹੀਂ ਆਉਂਣ ਦਿੰਦੀ ਕਿ ਮੈਂ ਆਪ ਪ੍ਰਮਾਤਮਾ ਦਾ ਰੂਪ ਹੀ ਹਾਂ ਭਾਵ ਕਿਸੇ ਨੂੰ ਜਿਤਨਾ ਮਰਜੀ ਕਹਿ ਕੇ ਸਮਝਾ ਲਵੋ ਉਹ ਕਹਿਣ ਵਾਲਿਆਂ ਨੂੰ ਤਾਂ ਭਰਮਿਆ ਹੋਇਆ ਕਹਿ ਦੇਵੇਗਾ ਪਰ ਆਪ ਨਹੀਂ ਮੰਨ ਸਕਦਾ ਕਿ ਮੈਂ ਆਪ ਪ੍ਰਮਾਤਮਾ ਦਾ ਰੂਪ ਹਾਂ ਇਸੇ ਲਈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਸੰਸਾਰ ਨੂੰ ਸਮਝਾਉਂਣ ਦੀ ਕੋਸ਼ਿਸ਼ ਕੀਤੀ ਹੈ ਸੰਸਾਰ ਨੇ ਉਹਨਾਂ ਨੂੰ ਹੀ ਬਉਰੇ ਹੋਏ ਕਿਹਾ ਹੈ, ਦਿਵਾਨੇ ਕਿਹਾ ਹੈ। ਦਾਸ ਨਾਲ ਇਹ ਸਭ ਕੁਝ ਬਹੁਤ ਵਾਰੀ ਹੋ ਚੁਕਾ ਹੈ, ਕੋਈ ਮੰਨਣ ਨੂੰ ਤਿਆਰ ਨਹੀਂ ਹੁੰਦਾ ਇਸ ਕਰਕੇ ਚੁੱਪ ਰਹਿਣਾ ਹੀ ਬਿਹਤਰ ਹੈ। **(ਆਪੇ ਸਾਜੇ ਕਰੇ ਆਪਿ ਜਾਣੀ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥)**

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥}

(ਅੰਗ ੧੩੫੧)

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥
ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥}

(ਅੰਗ ੧੫੨)

43/5600

{ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥
ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥ ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ ॥
ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ ॥੧੨੨॥}

(ਅੰਗ ੧੩੭੦)

{ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥੨੩॥}

(ਅੰਗ ੧੩੬੫)

{ਲੋਗੁ ਕਹੈ ਕਬੀਰੁ ਬਉਰਾਨਾ ॥ ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥੪॥੬॥}

(ਅੰਗ ੧੧੫੮)

{ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥}

(ਅੰਗ ੯੯੧)

{ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥
ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥}

(ਅੰਗ ੪੬੩)

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥}

(ਅੰਗ ੧੪੨੭)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ॥
ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

ਜੇਕਰ ਬਾਣੀ ਸਾਨੂੰ ਬਾਰ-ਬਾਰ ਇਹ ਸਮਝਾਉਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕੁਝ ਵੀ ਹੋਰ ਸਮਝਣਾ ਝੂਠ ਹੈ ਤਾਂ ਫਿਰ ਗੁਰੂ ਤਾਂ ਸੱਚ ਹੀ ਕਹਿੰਦਾ ਹੈ ਭਾਵ ਗੁਰੂ ਸੱਚਾ ਹੈ ਤੇ ਜੇਕਰ ਸਾਨੂੰ ਸਭ ਕੁਝ ਪ੍ਰਮਾਤਮਾ ਦਾ ਰੂਪ ਨਜਰ ਨਹੀਂ ਆਉਂਦਾ ਫਿਰ ਅਸੀਂ ਝੂਠੇ ਹਾਂ, ਗੁਰੂ ਝੂਠਾ ਨਹੀਂ ਹੋ ਸਕਦਾ। ਸਾਨੂੰ ਝੂਠਾ ਬਣਾ ਕੇ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਸਾਨੂੰ ਉਹ ਇਸੇ ਮਤਿ ਵਿੱਚ ਰੱਖਣਾ ਚਾਹੁੰਦਾ ਹੈ, ਮਨ ਦੇ ਭਰਮ ਵਿੱਚ ਹੀ ਰੱਖਣਾ ਚਾਹੁੰਦਾ ਹੈ ਕਿਉਂਕਿ ਉਹ ਆਪਣੀ ਸੰਸਾਰ ਦੀ ਖੇਡ ਨੂੰ ਇਸ ਤਰੀਕੇ ਹੀ ਚਲਾ ਰਿਹਾ ਹੈ। ਪ੍ਰਮਾਤਮਾ ਬਹੁਤ ਵੱਡਾ ਹੈ ਭਾਵ ਸਭ ਕੁਝ ਉਹ ਆਪ ਹੀ ਹੈ ਪਰ ਮਨ ਦੇ ਭਰਮ ਕਰਕੇ ਉਸ ਦੀਆਂ ਵਡਿਆਈਆਂ ਨੂੰ ਕੋਈ ਨਹੀਂ ਜਾਣ ਸਕਦਾ ਤੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਅਸੀਂ ਕਿਸ ਲਈ ਨਹੀਂ ਜਾਣ ਸਕਦੇ ਤੇ ਉਸਦੀ ਵਡਿਆਈ ਨੂੰ ਨਹੀਂ ਸਮਝ ਸਕਦੇ ਤੇ ਕਿਸ ਤਰੀਕੇ ਉਸਨੂੰ ਸਮਝਿਆ ਜਾ ਸਕਦਾ ਹੈ, ਇਹੀ ਗੱਲ ਸਾਨੂੰ ਸਲੋਕਾਂ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ।

ਪਉੜੀ ॥

"ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥
ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥ ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ"

(ਅੰਗ ੪੭੫)

ਸ਼ਬਦ ਦੇ ਅਰਥ ਗਹਿਰਾਈ ਵਿੱਚ ਹਨ। ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ, ਪਹਿਲੇ ਪ੍ਰਮਾਤਮਾ ਨਾਲੋਂ ਵਿਛੋੜੇ ਵਾਲੀ ਅਵਸਥਾ ਸਮਝਾਈ ਹੋਈ ਹੈ ਤੇ ਬਾਅਦ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਸਮਝਾਇਆ

ਹੋਇਆ ਹੈ। ਪ੍ਰਮਾਤਮਾ ਦੀ ਵਡਿਆਈ ਤਾਂ ਆਪਣੇ ਵਲੋਂ ਹਰ ਕੋਈ ਕਰਦਾ ਹੈ ਲੇਕਨ ਉਸ ਪ੍ਰਮਾਤਮਾ ਨੂੰ ਜਾਣੇ ਬਿਨਾਂ ਉਸ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ, ਕੁਛ ਵੀ ਵਡਿਆਈ ਨਹੀਂ ਕੀਤੀ ਜਾ ਸਕਦੀ। ਜਿਸ ਚੀਜ ਨੂੰ ਅਸੀਂ ਜਾਣਦੇ ਹੀ ਨਹੀਂ, ਕਦੇ ਵੇਖਿਆ ਹੀ ਨਹੀਂ ਉਸਦੀ ਵਡਿਆਈ ਕੀਤੀ ਵੀ ਕਿਵੇਂ ਜਾ ਸਕਦੀ ਹੈ। ਉਸ ਪ੍ਰਮਾਤਮਾ ਦੀ ਵਡਿਆਈ ਉਦੋਂ ਹੀ ਕੀਤੀ ਜਾ

ਸਕਦੀ ਹੈ ਜਦੋਂ ਇਸ ਗੱਲ ਦੀ ਸਮਝ ਪੈ ਜਾਵੇ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜਦ ਤਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣਦੇ ਅਸੀਂ ਅਨੇਕਾਂ ਦੀ ਵਡਿਆਈ ਕਰਦੇ ਹਾਂ, ਆਪਣੀ ਵਡਿਆਈ ਕਰਵਾਉਂਦੇ ਹਾਂ, ਦਾਤਾਂ ਦੀ ਵਡਿਆਈ ਕਰਦੇ ਹਾਂ ਪਰ ਉਹ ਦਾਤਿ ਕਿਸਨੇ ਬਣਾਈ ਹੈ, ਕਿਵੇਂ ਬਣਾਈ ਹੈ, ਉਸ ਦਾਤਿ ਦਾ ਮਾਲਕ ਕੌਣ ਹੈ ਤੇ ਉਹ ਕਿਸ ਰੂਪ ਵਿੱਚ ਮਾਲਕ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ। ਅਸੀਂ ਆਪਣੇ ਆਪ ਨੂੰ ਅਨੇਕਾਂ ਹੀ ਵਸਤੂਆਂ ਦੇ ਮਾਲਕ ਸਮਝਦੇ ਹਾਂ ਕਿ ਇਹ ਜਮੀਨ ਮੇਰੀ ਹੈ, ਇਹ ਘਰ ਮੇਰਾ ਹੈ, ਇਹ ਘਰ ਦੇ ਵਿੱਚ ਸਾਮਾਨ ਮੇਰਾ ਹੈ ਭਾਵ ਅਸੀਂ ਆਪਣੇ ਆਪ ਨੂੰ ਹੀ ਵਸਤੂਆਂ ਦਾ ਮਾਲਕ ਸਮਝਦੇ ਹਾਂ ਜਿਸਦੇ ਨਾਲ ਮਨੁੱਖਾਂ ਦੀ ਵਡਿਆਈ ਹੀ ਹੁੰਦੀ ਹੈ। ਅਸਲ ਵਿੱਚ ਮਨੁੱਖੀ ਵਡਿਆਈ ਕੋਈ ਤਾਂ ਹੀ ਕਰ ਸਕਦਾ ਹੈ ਜਦ ਤਕ ਕਿਸੇ ਨੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਨਹੀਂ, ਉਸਦੇ ਨਿਰੰਕਾਰ ਰੂਪ ਨੂੰ ਜਾਣਿਆ ਨਹੀਂ ਜਿਸਨੇ ਆਪ ਹੀ ਹਰ ਚੀਜ ਨੂੰ ਬਣਾਇਆ ਹੈ ਤੇ ਆਪ ਹੀ ਹਰ ਵਸਤੂ ਨੂੰ ਆਪਣੇ ਦਿੱਤੇ ਹੋਏ ਗਿਆਨ ਦੁਆਰਾ ਚਲਾ ਰਿਹਾ ਹੈ। ਸਾਡੇ ਮਨੁੱਖੀ ਰੂਪ ਨੂੰ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਬਣਾ ਕੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਇਸਨੂੰ ਚਲਾ ਰਿਹਾ ਹੈ। ਆਪ ਹੀ ਉਸਨੇ ਧਰਤੀ ਤੇ ਸਾਰਾ ਰਿਜਕ ਬਣਾਇਆ ਹੈ ਤੇ ਆਪ ਹੀ ਸਭ ਨੂੰ ਉਹ ਆਪਣੇ ਮਨੁੱਖੀ ਸਰੀਰਾਂ ਰਾਹੀਂ ਰਿਜਕ ਅਪੜਾਉਂਦਾ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਉਸਦੀ ਵਡਿਆਈ ਤਾਂ ਹੀ ਜਾਣੀ ਜਾ ਸਕਦੀ ਹੈ ਜਦੋਂ ਮਨ ਦੇ ਅੰਦਰੋਂ ਇਹ ਸਮਝ ਪੈ ਜਾਵੇ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਹੋਰ ਸਭ ਵਡਿਆਈ ਝੂਠੀ ਹੈ, ਮਨੁੱਖੀ ਵਡਿਆਈ ਵੀ ਝੂਠੀ ਹੈ। **(ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਨੁ ਨ ਜਾਇ ॥ ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥)**

{ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ ॥
ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ ॥
ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ ॥ ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ ॥
ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ ॥੬॥}

(ਅੰਗ ੫੫੦)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਨੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

43/5602

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਨੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

ਅਸੀਂ ਪ੍ਰਮਾਤਮਾ ਦੀ ਵਡਿਆਈ ਕਿਸ ਕਰਕੇ ਨਹੀਂ ਜਾਣ ਸਕਦੇ ਭਾਵ ਅਸੀਂ ਮਨੁੱਖੀ ਵਡਿਆਈਆਂ ਕਿਸ ਲਈ ਕਰਦੇ ਹਾਂ ਤੇ ਪ੍ਰਮਾਤਮਾ ਦੀ ਵਡਿਆਈ ਕਰਨੀ ਕਿਵੇਂ ਜਾਣ ਸਕਦੇ ਹਾਂ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ"

ਜਦ ਤਕ ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਨਹੀਂ ਆਉਂਦੀ ਤਦ ਤਕ ਸਾਨੂੰ ਆਪਣੇ ਜੀਵਨ ਦਾ ਸਹੀ ਮਾਰਗ ਸਮਝ ਨਹੀਂ ਆਉਂਦਾ ਭਾਵ ਜੀਵਨ ਦੇ ਵਿੱਚ ਸਹੀ ਮਾਰਗ ਤੇ ਚੱਲਣਾ ਹੀ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ। ਪ੍ਰਮਾਤਮਾ ਦੀ ਵਡਿਆਈ ਗੱਲਾਂ ਨਾਲ, ਬੋਲ ਬੋਲ ਕੇ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਸ ਤਰੀਕੇ ਮਨੁੱਖ ਨੂੰ ਆਪਣੀ ਵਡਿਆਈ ਹੀ ਮਿਲਦੀ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਵਡਿਆਈ ਉਦੋਂ ਹੁੰਦੀ ਹੈ ਜਦੋਂ ਮਨੁੱਖ ਆਪਣੀਆਂ ਵਡਿਆਈਆਂ ਵਿੱਚੋਂ ਨਿਕਲ ਜਾਂਦਾ ਹੈ। ਪ੍ਰਮਾਤਮਾ ਦੀ ਵਡਿਆਈ ਮਨ ਦੀ ਸਮਝ ਦੁਆਰਾ ਹੁੰਦੀ ਹੈ ਜੋ ਵਡਿਆਈ ਕਰਨੀ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਭਾਵ ਆਪਣੀ ਭਗਤੀ ਦਾ ਮਾਰਗ ਉਹ ਆਪ ਹੀ ਸਮਝਾਉਂਦਾ ਹੈ। ਭਗਤੀ ਦੇ ਮਾਰਗ ਤੇ ਚਲੱਣਾ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਤੇ ਭਗਤੀ ਦਾ ਮਾਰਗ ਸਾਡੀ ਸੱਚੀ ਸੁੱਚੀ ਕਾਰ ਹੈ, ਸਾਡੀ ਸੱਚੀ ਸੁੱਚੀ ਕਿਰਤ ਹੈ ਭਾਵ ਜੋ ਵੀ ਕਾਰ ਅਸੀਂ ਗੁਰਮਤਿ ਅਨੁਸਾਰ ਕਰਦੇ ਹਾਂ, ਜੋ ਵੀ ਕਰਮ ਅਸੀਂ ਗੁਰਮਤਿ ਅਨੁਸਾਰ ਕਰਦੇ ਹਾਂ ਉਸ ਵਿੱਚ ਹੀ ਪ੍ਰਮਾਤਮਾ ਦੀ ਵਡਿਆਈ ਹੈ। ਭਗਤੀ ਦੇ ਮਾਰਗ ਦੀ ਸੱਚੀ ਸੋਝੀ ਪਏ ਬਿਨਾਂ ਅਸੀਂ ਉਹੋ ਜਿਹੀ ਕਾਰ ਹੀ ਕਰਦੇ ਹਾਂ ਜਿਹੋ ਜਿਹੀ ਸਾਡੀ ਮਤਿ, ਸਾਡੇ ਅੰਦਰ ਦੀ ਸਮਝ ਭਾਵ ਸਾਡੀ ਮਨਮਤਿ ਸਾਡੇ ਕੋਲੋਂ ਕਰਵਾਉਂਦੀ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ, ਮਨ ਦੀ ਨਾਸਮਝ ਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਸਨੇ ਆਪ ਹੀ ਸਭ ਨੂੰ ਆਪਣੇ ਆਪ ਨਾਲੋਂ ਵਿਛੋੜਿਆ ਹੋਇਆ ਹੈ, ਧੁਰੋਂ ਹੀ ਸਭ ਨੂੰ ਵਿਛੋੜਿਆ ਹੋਇਆ ਹੈ ਭਾਵ ਆਪਣੇ ਨਾਲੋਂ ਵਿਛੋੜਿਆ ਹੋਇਆ ਹੈ। ਮਨ ਦੀ ਇਹੋ ਜਿਹੀ ਨਾਸਮਝ ਮਤਿ ਵਿਚ ਰਹਿੰਦੇ ਹੋਏ, ਪ੍ਰਮਾਤਮਾ ਨਾਲੋਂ

43/5603

ਵਿਛੋੜੇ ਵਿੱਚ ਰਹਿੰਦੇ ਹੋਏ ਅਸੀਂ ਉਹੋ ਜਿਹੀ ਕਾਰ ਕਮਾਉਂਦੇ ਹਾਂ ਭਾਵ ਉਹੋ ਜਿਹੀ ਸੰਸਾਰਿਕ ਵਿਚਰਨ ਰੱਖਦੇ ਹਾਂ ਭਾਵ ਮਾਇਆ ਮੋਹ ਦੁਆਰਾ ਵਿਚਰਦੇ ਹਾਂ ਜਿਨ੍ਹਾਂ ਦੁਆਰਾ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ। **(ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥) "ਤਿੰਨੈ"** ਤੋਂ ਭਾਵ ਹੈ ਤਿੰਨੇ ਗੁਣ, ਮਾਇਆ ਦੇ ਤ੍ਰੈ ਗੁਣ ਜਿਨ੍ਹਾਂ ਵਿੱਚ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਰੱਖਿਆ ਹੋਇਆ ਹੈ ਜਿਸ ਕਰਕੇ ਹਰ ਕਿਸੇ ਦਾ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਵਿਛੋੜਾ ਬਣਿਆ ਰਹਿੰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਇਸ ਭਰਮਾਂ ਵਾਲੀ ਨਾਸਮਝ ਮਤਿ ਵਿੱਚੋਂ ਨਿਕਲੇ ਬਿਨਾਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਨਾ ਹੀ ਉਸ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝ ਆ ਸਕਦੀ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ"

ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਪਾਈ ਹੋਈ ਹੈ, ਭਰਮਾਂ ਵਾਲੀ ਸਮਝ ਪਾਈ ਹੋਈ ਹੈ ਉਹ ਆਪ ਹੀ ਇਸ ਸਮਝ ਵਿੱਚੋਂ ਬਾਹਰ ਕੱਢ ਸਕਦਾ ਹੈ **(ਨਾਨਕ ਏਕੀ ਬਾਹਰੀ)**। ਜਿਸਨੂੰ ਪ੍ਰਮਾਤਮਾ ਤ੍ਰੈ ਗੁਣਾਂ ਵਿੱਚੋਂ ਕੱਢਦਾ ਹੈ, ਬਾਹਰ ਕੱਢਦਾ ਹੈ ਭਾਵ ਕਰਦਾ ਹੈ ਉਸਨੂੰ ਆਪਣੀ ਗੁਰਮਤਿ ਰੂਪ ਸੱਚੀ ਮਤਿ ਦੇਣ ਦੁਆਰਾ ਹੀ ਕਰਦਾ ਹੈ ਜਿਸ ਸੱਚੀ ਸਮਝ ਦੁਆਰਾ ਭਾਵ ਚਉਥੇ ਪਦ ਵਾਲੇ ਗਿਆਨ ਦੁਆਰਾ ਮਨ ਦੇ ਵਿੱਚ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਉਸ ਪ੍ਰਮਾਤਮਾ ਦੀ ਵਡਿਆਈ ਸਮਝ ਪੈਂਦੀ ਹੈ ਕਿ ਉਹ ਕਿਤਨਾ ਕੂ ਵੱਡਾ ਹੈ ਜੋ ਮਨੁੱਖ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ ਭਾਵ ਸਭ ਕੁਝ ਆਪ ਹੀ ਹੈ। ਮਨ ਦੀ ਇਸ ਸਮਝ ਦੁਆਰਾ ਫਿਰ ਮਨੁੱਖ ਦੀ ਮਤਿ ਕਿਸੇ ਹੋਰ ਦੀ ਵਡਿਆਈ ਵੱਲ ਨਹੀਂ ਜਾਂਦੀ ਭਾਵ ਪ੍ਰਮਾਤਮਾ ਦੀ ਵਡਿਆਈ ਤੋਂ ਬਿਨਾਂ ਕਿਸੇ ਹੋਰ ਦੀ ਵਡਿਆਈ ਨਹੀਂ ਕਰਦੀ। ਆਪਣੀ ਵਡਿਆਈ ਕਰਾਉਂਣ ਵਾਲੇ ਜਗ੍ਹਾ ਜਗ੍ਹਾ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚੇ

ਥਾਪ ਕੇ ਬੈਠੇ ਹੋਏ ਹਨ, ਸੰਤ, ਬਾਬੇ ਆਦਿ ਥਾਪ ਕੇ ਬੈਠੇ ਹੋਏ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਮਨ ਦੇ ਵਿੱਚ ਸੱਚੀ ਸਮਝ ਪੈਣ ਦੁਆਰਾ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਣ

43/5604

ਦੁਆਰਾ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਕੋਈ ਪ੍ਰਮਾਤਮਾ ਤੋਂ ਬਿਨਾਂ ਕਿਸੇ ਦੂਜੇ ਦੀ ਵਡਿਆਈ ਕਰ ਜਾਵੇ ਜਾਂ ਜਿਸ ਸਰੀਰ ਰਾਹੀਂ ਪ੍ਰਮਾਤਮਾ ਉਸਦੇ ਅੰਦਰ ਪ੍ਰਗਟ ਹੋਇਆ ਹੋਵੇ ਜੋ ਕਿ ਪ੍ਰਮਾਤਮਾ ਦਾ ਹੀ ਰੂਪ ਹੁੰਦੇ ਹਨ ਉਹਨਾਂ ਤੋਂ ਬਿਨਾਂ ਕਿਸੇ ਹੋਰ ਨੂੰ ਧਰਮ ਦੇ ਮਾਰਗ ਤੋਂ ਉੱਚਾ ਸਮਝ ਕੇ ਕਿਸੇ ਦੀ ਵਡਿਆਈ ਕਰ ਜਾਵੇ ਭਾਵ ਸੰਤ, ਬਾਬੇ ਆਦਿ ਅਖਵਾਉਂਣ ਵਾਲਿਆਂ ਦੀ ਇਸ ਗੱਲੋਂ ਵਡਿਆਈ ਕਰ ਜਾਵੇ ਕਿ ਇਹ ਧਰਮ ਦੇ ਮਾਰਗ ਦੀ ਉੱਚੀ ਸਮਝ ਰੱਖਦੇ ਹਨ, ਸੱਚੀ ਸਮਝ ਰੱਖਦੇ ਹਨ, ਇਹ ਨਾਮੁਮਕਿਨ ਹੈ। **(ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥)** ਜਿਸਨੂੰ ਪ੍ਰਮਾਤਮਾ ਦੀ ਸੱਚੀ ਵਡਿਆਈ ਸਮਝ ਆ ਜਾਂਦੀ ਹੈ ਉਹ ਫਿਰ ਪ੍ਰਮਾਤਮਾ ਦੀ ਵਡਿਆਈ ਕਿਸ ਰੂਪ ਵਿੱਚ ਕਰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ”

ਪ੍ਰਮਾਤਮਾ ਦੀ ਵਡਿਆਈ ਕਰਨੀ, ਉਸਦੀ ਭਗਤੀ ਕਰਨੀ, ਉਸਦੀ ਸੇਵਾ ਕਰਨੀ, ਉਸਦਾ ਨਾਮ ਜਪਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਹੋ ਜਿਹਾ ਭਗਤੀ ਦਾ ਮਾਰਗ, ਪ੍ਰਮਾਤਮਾ ਦੀ ਵਡਿਆਈ ਕਰਨ ਦਾ ਮਾਰਗ ਅਸੀਂ ਹੁਣ ਤੱਕ ਸਮਝਿਆ ਹੈ ਉਹੀ ਮਾਰਗ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਆਪਣੀ ਵਡਿਆਈ ਕਰਨੀ ਭਾਵ ਧਰਮ ਤੇ ਚੱਲਣ ਦਾ ਮਾਰਗ ਆਪ ਹੀ ਸਮਝਾਉਂਦਾ ਹੈ, ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਕੱਢਕੇ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਭਾਵ ਗੁਰਮਤਿ ਰੂਪ ਸੱਚੀ ਸਮਝ ਆਪ ਹੀ ਪਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਪ੍ਰਮਾਤਮਾ ਦੀ ਵਡਿਆਈ ਕਰਨ ਦਾ ਮਾਰਗ ਪ੍ਰਮਾਤਮਾ ਦੀ ਰਜਾ ਵਿੱਚ ਚੱਲਣ ਦਾ ਹੈ, ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣ ਦਾ ਹੈ। ਆਪਣਾ ਭਾਣਾ ਆਪਣੀ ਮਤਿ ਦੇਣ ਦੁਆਰਾ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਉਹੀ ਗੁਰਮਤਿ ਹੈ ਜਿਸ ਰਾਹੀਂ ਉਹ ਸਾਨੂੰ ਸਾਡੇ ਜੀਵਨ ਦਾ ਮਾਰਗ ਸਮਝਾਉਂਦਾ ਹੈ ਜੋ ਕਿ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਕੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਸੱਚਾ ਸੁੱਚਾ ਜੀਵਨ ਜਿਉਂਣ ਦਾ ਹੈ। ਜੋ ਮਨੁੱਖੀ ਸਰੀਰ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਸੱਚੀ ਭਗਤੀ ਦਾ ਮਾਰਗ ਸਮਝ ਲੈਂਦਾ ਹੈ ਉਹ ਫਿਰ ਉਹੀ ਕੁਝ ਕਰਦਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਰਜਾ ਹੁੰਦੀ ਹੈ ਭਾਵ ਉਹ ਗੁਰਮਤਿ ਅਨੁਸਾਰ ਜੀਵਨ ਜਿਉਂਦਾ ਹੈ। ਗੁਰਮਤਿ ਅਨੁਸਾਰ ਵਿਚਰਨਾ ਹੀ, ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਨਾ ਹੀ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨਾ ਹੈ। **(ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥ ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥ ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥ ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ)**

43/5605

ਜਿਵੇਂ ਕਿ ਅਸੀਂ ਬਾਰ-ਬਾਰ ਜਾਣਦੇ ਆ ਰਹੇ ਹਾਂ ਤੇ ਪਿਛਲੇ ਸ਼ਬਦ ਰਾਹੀਂ ਵੀ ਜਾਣਿਆ ਹੈ ਪ੍ਰਮਾਤਮਾ ਦੀ ਵਡਿਆਈ ਉਸਨੂੰ ਜਾਣੇ ਬਿਨਾਂ ਨਹੀਂ ਕੀਤੀ ਜਾ ਸਕਦੀ। ਜਦ ਤਕ ਸਾਨੂੰ ਹਰ ਕਿਸੇ ਵਿੱਚ ਪ੍ਰਮਾਤਮਾ ਨਜਰ ਨਹੀਂ ਆਉਂਦਾ, ਹਰ ਆਕਾਰ ਰੂਪ ਪ੍ਰਮਾਤਮਾ ਦਾ ਰੂਪ ਨਜਰ ਨਹੀਂ ਆਉਂਦਾ, ਹਰ ਕਰਮ ਵਿੱਚ ਪ੍ਰਮਾਤਮਾ ਨਜਰ ਨਹੀਂ ਆਉਂਦਾ ਤਦ ਤਕ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ ਕਿ ਹਕੀਕਤ ਵਿੱਚ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਜੋ ਕਿ ਸਭ ਕੁਝ ਆਪ ਹੀ ਆਪ ਹੈ ਤੇ ਉਸ ਤੋਂ ਬਿਨਾਂ ਕਿਸੇ ਵੀ ਹੋਂਦ ਨੂੰ ਪ੍ਰਮਾਤਮਾ ਦੀ ਹੋਂਦ ਤੋਂ ਵੱਖਰਾ ਸਮਝਣਾ ਕੇਵਲ ਮਨੁੱਖ ਦਾ ਭਰਮ ਹੈ ਜਿਸ ਭਰਮ ਵਿੱਚ ਪ੍ਰਮਾਤਮਾ ਨੇ ਆਪ ਹੀ ਸਾਰੇ ਸੰਸਾਰ ਨੂੰ ਰੱਖਿਆ ਹੋਇਆ ਹੈ ਕਿਉਂਕਿ ਉਹ ਉਸਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰਾਹੀਂ ਉਸਨੇ ਆਪਣਾ ਸੱਚ ਸਮਝਾਇਆ ਹੋਇਆ ਹੈ ਕਿਉਂਕਿ ਆਪਣੇ ਆਪ ਕੋਈ ਸੱਚ ਨੂੰ ਨਹੀਂ ਜਾਣ ਸਕਦਾ। ਮਨੁੱਖ ਨੂੰ ਉਸਨੇ ਉਹ ਸਮਝ ਹੀ ਨਹੀਂ ਦਿੱਤੀ ਜੋ ਆਪਣੇ ਆਪ ਸੱਚ ਨੂੰ ਜਾਣ ਸਕੇ। ਸਾਡੇ ਲਈ ਇੱਕੋ ਇੱਕ ਪ੍ਰਮਾਤਮਾ ਦਾ ਸੱਚ ਸਮਝਣ ਲਈ ਇਹੋ ਤਰੀਕਾ ਹੈ ਕਿ ਅਸੀਂ ਗੁਰਬਾਣੀ ਦੀ ਦੱਸੀ ਹੋਈ ਹਰ ਗੱਲ ਤੇ ਵਿਸ਼ਵਾਸ ਰੱਖੀਏ ਭਾਵ ਉਸਨੂੰ ਸੱਚ ਕਰਕੇ ਜਾਣੀਏ। ਹੇਠ ਦਿੱਤੇ ਸਲੋਕਾਂ ਰਾਹੀਂ ਸਾਨੂੰ ਪ੍ਰਮਾਤਮਾ ਦੀ ਵਡਿਆਈ ਹੀ ਸਮਝਾਈ ਹੋਈ ਹੈ ਜੋ ਕਿ ਉਹਨਾਂ ਸਰੀਰਾਂ ਨੇ ਸਮਝਾਈ ਹੈ ਜਿਨ੍ਹਾਂ ਵਿੱਚ ਆਪ ਸਚੁ ਰੂਪ ਪ੍ਰਮਾਤਮਾ ਨੇ ਪ੍ਰਗਟ ਹੋਣ ਦੁਆਰਾ ਆਪਣਾ ਸੱਚ ਸਮਝਾਇਆ ਹੈ, ਆਪਣੀ ਸੱਚੀ ਵਡਿਆਈ ਸਮਝਾਈ ਹੈ।

ਸਲੋਕੁ ਮਃ ੧ ॥

“ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥
ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥”

(ਅੰਗ ੪੬੩)

ਮਃ ੧ ॥

“ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥
ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥
ਵਡੀ ਵਡਿਆਈ ਬੁਝੈ ਸਭਿ ਭਾਉ ॥ ਵਡੀ ਵਡਿਆਈ ਜਾ ਪੁਛਿ ਨ ਦਾਤਿ ॥
ਵਡੀ ਵਡਿਆਈ ਜਾ ਆਪੇ ਆਪਿ ॥ ਨਾਨਕ ਕਾਰ ਨ ਕਥਨੀ ਜਾਇ ॥ ਕੀਤਾ ਕਰਣਾ ਸਰਬ ਰਜਾਇ ॥੨॥”

(ਅੰਗ ੪੬੩)

43/5606

ਉਪਰ ਸਲੋਕਾਂ ਰਾਹੀਂ ਸਾਨੂੰ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨੀ ਹੀ ਸਮਝਾਈ ਹੋਈ ਹੈ। ਪਹਿਲੇ ਸਲੋਕ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਦ ਤਕ ਸਾਨੂੰ ਸਭ ਵਿੱਚ ਇੱਕੋ ਇੱਕ ਸਚੁ ਰੂਪ ਪ੍ਰਮਾਤਮਾ ਨਜਰ ਨਹੀਂ ਆਉਂਦਾ ਤਦ ਤਕ ਉਸਦੀ ਵਡਿਆਈ ਨਹੀਂ ਹੋ ਸਕਦੀ ਭਾਵ ਜਦ ਤਕ ਅਸੀਂ ਕਿਸੇ ਵੀ ਵਸਤੂ ਨੂੰ ਪ੍ਰਮਾਤਮਾ ਤੋਂ ਬਿਨਾਂ ਕੋਈ ਹੋਰ ਰੂਪ ਸਮਝਦੇ ਹਾਂ ਉਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ। ਜਦ ਤਕ ਕੋਈ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਨਹੀਂ ਜਾਣ ਲੈਂਦਾ ਭਾਵ ਉਸਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਲੈਂਦਾ ਤਦ ਤਕ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ ਹਰ ਆਕਾਰ ਰੂਪ ਕਿਵੇਂ ਬਣਿਆ ਹੈ ਤੇ ਕਿਵੇਂ ਚੱਲ ਰਿਹਾ ਹੈ ਭਾਵ ਪ੍ਰਮਾਤਮਾ ਕਿਸ ਤਰੀਕੇ ਸਭ ਕੁਝ ਆਪ ਹੀ ਹੈ, ਸਭ ਪਾਸੇ ਪ੍ਰਮਾਤਮਾ ਆਪਣੇ ਸਚੁ ਰੂਪ ਵਿੱਚ ਹੀ ਪਸਰਿਆ ਹੋਇਆ ਹੈ। ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਜਦ ਤਕ ਆਪਣੇ ਅੰਦਰੋਂ ਸਚੁ ਰੂਪ ਪ੍ਰਮਾਤਮਾ ਨਜਰ ਨਹੀਂ ਆਉਂਦਾ ਤਦ ਤਕ ਸਾਡੇ ਅੰਦਰ ਦੀ ਸਮਝ ਸੱਚੀ ਨਹੀਂ ਬਣ ਸਕਦੀ। ਸੱਚੀ ਸਮਝ ਨੂੰ ਸਭ ਪਾਸੇ ਸਚੁ ਹੀ ਸਚੁ ਨਜਰ ਆਉਂਦਾ ਹੈ।

ਜੋ ਕੁਝ ਵੀ ਅਸੀਂ ਦੇਖਦੇ ਹਾਂ, ਸੁਣਦੇ ਹਾਂ ਭਾਵ ਜੋ ਵੀ ਪਸਾਰਾ ਹੈ ਇਹ ਸਿਵਾਏ ਪ੍ਰਮਾਤਮਾ ਤੋਂ ਹੋਰ ਕੁਝ ਨਹੀਂ ਹੈ ਕਿਉਂਕਿ ਪ੍ਰਮਾਤਮਾ ਕਿਤਨਾ ਵੱਡਾ ਹੈ, ਆਪਣੇ ਕਿਸ ਰੂਪ ਕਰਕੇ ਵੱਡਾ ਹੈ ਇਸ ਗੱਲ ਦੀ ਸਮਝ ਉਸਨੂੰ ਮਨ ਦੇ ਵਿੱਚੋਂ ਜਾਨਣ ਦੁਆਰਾ ਹੀ ਪੈਂਦੀ ਹੈ ਕਿ ਜੋ ਕੋਈ ਵੀ ਆਕਾਰ ਹੋ ਸਕਦਾ ਹੈ ਉਹ ਸਭ ਕੁਝ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਤੇ ਉਸ ਤੋਂ ਬਾਹਰ ਕੁਝ ਨਹੀਂ ਹੋ ਸਕਦਾ ਭਾਵ ਸਭ ਜਗ੍ਹਾ ਇੱਕੋ ਇੱਕ, ਸਭ ਕੁਝ ਪ੍ਰਮਾਤਮਾ ਦੇ ਬ੍ਰਹਮ ਗਿਆਨ ਦੁਆਰਾ ਬਣਿਆ ਹੈ, ਸਾਇੰਟਿਫਿਕਲੀ ਬਣਿਆ ਹੈ ਤੇ ਸਾਇੰਟਿਫਿਕਲੀ ਹੀ ਸਭ ਕੁਝ ਚੱਲ ਰਿਹਾ ਹੈ ਭਾਵ ਸਚੁ ਨਾਲ ਹੀ ਸਭ ਕੁਝ ਬਣਿਆ ਹੈ ਤੇ ਸਚੁ ਨਾਲ ਹੀ ਸਭ ਕੁਝ ਚੱਲ ਰਿਹਾ ਹੈ। ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਉਸਦਾ ਸਚੁ ਰੂਪ ਹੈ, ਸਾਇੰਟਿਫਿਕ ਰੂਪ ਹੈ ਜੋ ਰੂਪ ਉਸਦਾ ਪ੍ਰਫੈਕਟ ਰੂਪ ਹੈ ਜਿਸ ਵਿੱਚ ਕੋਈ ਕਮੀ ਨਹੀਂ ਹੈ ਭਾਵ ਕੋਈ ਨਾਸਮਝੀ ਨਹੀਂ ਹੈ, ਹਰ ਗੱਲ ਦੇ ਵਿੱਚ ਪੂਰਨ ਸਮਝ ਹੈ, ਪੂਰਨ ਪ੍ਰਫੈਕਸ਼ਨ ਹੈ। **(ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥)**

ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਹਰ ਕਰਣੀ ਕਿਸ ਤਰੀਕੇ ਸੱਚ ਹੈ।

“ਸਚੇ ਤੇਰੇ ਕਰਣੇ ਸਰਬ ਬੀਚਾਰ ॥”

ਜਦੋਂ ਕੋਈ ਜੋ ਕੁਝ ਵੀ ਕਰਦਾ ਹੈ, ਕੋਈ ਵੀ ਚੀਜ ਬਣਾਉਂਦਾ ਹੈ ਉਸਦੇ

43/5607

ਲਈ ਵਿਚਾਰ ਦੀ ਲੋੜ ਹੁੰਦੀ ਹੈ ਭਾਵ ਮਨ ਦੀ ਸਮਝ ਦੀ ਲੋੜ ਹੁੰਦੀ ਹੈ। ਜੇਕਰ ਮਨ ਦੀ ਸਮਝ ਦੇ ਵਿੱਚ ਪ੍ਰਫੈਕਸ਼ਨ ਨਹੀਂ ਹੈ ਤਾਂ ਫਿਰ ਜੋ ਚੀਜ ਕੋਈ ਬਣਾਉਂਦਾ ਹੈ ਉਸ ਵਿੱਚ ਪ੍ਰਫੈਕਸ਼ਨ ਨਹੀਂ ਹੁੰਦੀ ਭਾਵ ਉਸ ਵਿੱਚ ਕਮੀ ਰਹਿ ਜਾਂਦੀ ਹੈ। ਪ੍ਰਮਾਤਮਾ ਨੇ ਸਭ ਕੁਝ ਭਾਵ ਜੋ ਵੀ ਰਚਨਾ ਰਚੀ ਹੈ ਉਸਨੇ ਸੱਚੇ ਵਿਚਾਰਾਂ ਦੁਆਰਾ ਕੀਤੀ ਹੈ, ਉਸਦੀ ਹਰ ਰਚਨਾ ਵਿੱਚ ਸੱਚਾ ਵਿਚਾਰ ਹੈ। ਅਸੀਂ ਜੋ ਵੀ ਕੁਝ ਦੇਖਦੇ ਹਾਂ, ਆਪਣੇ ਆਪ ਨੂੰ ਦੇਖਦੇ ਹਾਂ, ਪਸ਼ੂ ਪਕਸ਼ੀਆਂ ਨੂੰ ਦੇਖਦੇ ਹਾਂ, ਜੀਵ ਜੰਤੂਆਂ ਨੂੰ ਦੇਖਦੇ ਹਾਂ, ਬਨਸਪਤੀ ਦੀ ਰਚਨਾ ਨੂੰ ਦੇਖਦੇ ਹਾਂ, ਪਹਾੜਾਂ ਨਦੀਆਂ ਦੀ ਰਚਨਾ ਨੂੰ ਦੇਖਦੇ ਹਾਂ, ਅਗਨੀ ਹਵਾ ਦੀ ਰਚਨਾ ਨੂੰ ਦੇਖਦੇ ਹਾਂ ਜਿਸਨੂੰ ਮਨੁੱਖ ਦੇਖ ਦੇਖ ਕੇ ਹੈਰਾਨ ਹੀ ਹੁੰਦਾ ਰਹਿੰਦਾ ਹੈ ਕਿ ਹਰ ਗੱਲ ਵਿੱਚ ਇਤਨੀ ਪ੍ਰਫੈਕਸ਼ਨ ਕਿੱਥੋਂ ਆਈ ਹੈ, ਕਿਵੇਂ ਆਈ ਹੈ, ਕਿਸਨੇ ਪਾਈ ਹੈ। ਪ੍ਰਮਾਤਮਾ ਦੀ ਹਰ ਕਰਨੀ ਸੱਚ ਹੈ ਕਿਉਂਕਿ ਉਸਦੀ ਹਰ ਕਰਨੀ ਵਿੱਚ ਉਸਦੇ ਅੰਦਰ ਦੀ ਵਿਚਾਰ ਸੱਚੀ ਹੈ ਭਾਵ ਪ੍ਰਮਾਤਮਾ ਦੀ ਸਮਝ ਸੱਚੀ ਹੈ ਭਾਵ ਪ੍ਰਮਾਤਮਾ ਦੀ ਸਮਝ ਸੱਚੇ ਗਿਆਨ ਵਾਲੀ ਹੈ, ਸਾਇੰਟਿਫਿਕ ਗਿਆਨ ਵਾਲੀ ਹੈ ਜਿਸ ਕਰਕੇ ਉਸਦੀ ਹਰ ਰਚਨਾ ਵਿੱਚ ਪ੍ਰਫੈਕਸ਼ਨ ਹੈ। **(ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥)**

ਸੰਸਾਰ ਵਿੱਚ ਆਪਣੇ ਆਪ ਨੂੰ ਇਸ ਧਰਤੀ ਦੇ ਮਾਲਕ ਅਖਵਾਉਂਣ ਨਾਲ ਆਪਣੇ ਆਪ ਨੂੰ ਰਾਜੇ ਅਖਵਾਇਆ ਹੈ, ਪਾਤਸ਼ਾਹ ਅਖਵਾਇਆ ਹੈ ਤੇ ਹੁਣ ਵੀ ਅਖਵਾ ਰਹੇ ਹਨ ਪਰ ਜੇਕਰ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਵਸਤੂ ਦਾ ਮਾਲਕ ਉਹ ਆਪ ਹੀ ਹੈ ਫਿਰ ਸੰਸਾਰ ਵਿੱਚ ਅਸਲ ਪਾਤਸ਼ਾਹ ਕੌਣ ਹੈ, ਹੁਕਮ ਕਿਸਦਾ ਚੱਲਦਾ ਹੈ ਇਹ ਗੱਲ ਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥”

ਜਦ ਤਕ ਅਸੀਂ ਸੰਸਾਰ ਦੇ ਅਸਲ ਪਾਤਸ਼ਾਹ ਨੂੰ ਨਹੀਂ ਜਾਣਦੇ ਤਦ ਤਕ ਉਸਦੀ ਵਡਿਆਈ ਨਹੀਂ ਹੋ ਸਕਦੀ, ਸੰਸਾਰ ਦੇ ਵਿੱਚ ਆਪਣੇ ਆਪ ਨੂੰ ਪਾਤਸ਼ਾਹ ਅਖਵਾਉਂਣ ਵਾਲੇ ਬਹੁਤ ਹਨ, ਉੱਚੇ ਅਖਵਾਉਂਣ ਵਾਲੇ ਬਹੁਤ ਹਨ, ਵਡਿਆਈਆਂ ਲੈਣ ਵਾਲੇ ਬਹੁਤ ਹਨ ਜਿਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੋ ਸਕਦੀ ਜੋ ਸੰਸਾਰ ਦਾ ਅਸਲ

ਮਾਲਕ ਹੈ ਤੇ ਹਰ ਵਡਿਆਈ ਦਾ ਹੱਕਦਾਰ ਹੈ। ਪ੍ਰਮਾਤਮਾ ਜਦ ਤਕ ਆਪਣਾ ਪਾਤਸ਼ਾਹੀ ਰੂਪ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਤਦ ਤਕ ਇਸ ਗੱਲ ਨੂੰ ਨਹੀਂ ਸਮਝਿਆ ਜਾ ਸਕਦਾ ਕਿ ਅਸਲ ਪਾਤਸ਼ਾਹ ਕੌਣ ਹੈ, ਅਸਲ ਵਡਿਆਈ ਕਿਸਦੀ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹਨਾਂ ਨੇ ਹੀ ਪ੍ਰਮਾਤਮਾ ਦਾ ਪਾਤਸ਼ਾਹ ਰੂਪ ਦੇਖਿਆ ਹੈ, ਮਨ ਦੇ ਵਿੱਚ ਉਸਦਾ **“ਦੀਬਾਣੁ”** ਦੇਖਿਆ ਹੈ ਜਿਸ ਦੀਬਾਣੁ ਵਿੱਚ ਉਹਨਾਂ ਨੇ ਪ੍ਰਮਾਤਮਾ ਦਾ ਸੱਚਾ **“ਹੁਕਮੁ”** ਸੁਣਿਆ ਹੈ, ਉਸਦਾ ਸੱਚਾ **“ਫੁਰਮਾਣੁ”** ਸੁਣਿਆ ਹੈ ਤੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਉਸਦੇ ਦਰਬਾਰ ਦਾ ਫੁਰਮਾਣ ਸੁਣਾਇਆ ਹੈ। ਪ੍ਰਮਾਤਮਾ ਆਪਣਾ ਦੀਬਾਣੁ, ਆਪਣਾ ਸੱਚਾ ਤਖਤ ਜਿਸ ਸਰੀਰ ਦੇ ਅੰਦਰ ਲਗਾਉਂਦਾ ਹੈ ਉਸ ਮਨੁੱਖੀ ਸਰੀਰ ਤੇ ਹੀ ਪ੍ਰਮਾਤਮਾ ਆਪਣਾ ਸੱਚਾ **“ਕਰਮੁ”** ਕਰਦਾ ਹੈ ਤੇ ਉਸਦੇ ਉੱਤੇ ਆਪਣੀ ਸੱਚੀ ਮੋਹਰ ਲਗਾਉਂਦਾ ਹੈ, ਸੱਚਾ **“ਨੀਸਾਣੁ”** ਲਗਾਉਂਦਾ ਹੈ ਤੇ ਉਸ ਸਰੀਰ ਰਾਹੀਂ ਜੋ ਫੁਰਮਾਣ ਸੁਣਾਇਆ ਜਾਂਦਾ ਹੈ ਉਹ ਪ੍ਰਮਾਤਮਾ ਦਾ ਸੱਚਾ ਹੁਕਮ ਹੈ ਜਿਸ ਹੁਕਮ ਵਿੱਚ ਪੂਰਨ ਸੱਚ ਹੁੰਦਾ ਹੈ ਭਾਵ ਉਹ ਹੁਕਮ ਹਰ ਭਰਮ ਤੋਂ ਰਹਿਤ ਹੁੰਦਾ ਹੈ ਜਿਸ ਰਾਹੀਂ ਪ੍ਰਮਾਤਮਾ ਦਾ ਸੱਚ ਬਿਆਨ ਕੀਤਾ ਜਾਂਦਾ ਹੈ ਜਿਸ ਰਾਹੀਂ ਪ੍ਰਮਾਤਮਾ ਦੀ ਸੱਚੀ ਵਡਿਆਈ ਬਿਆਨ ਕੀਤੀ ਜਾਂਦੀ ਹੈ ਭਾਵ ਪ੍ਰਮਾਤਮਾ ਦਾ ਆਪਣੇ ਅੰਦਰੋਂ ਉਸਦਾ ਪਾਤਸ਼ਾਹ ਰੂਪ ਵੇਖੇ ਬਿਨਾਂ, ਹਕੀਕਤ ਵਿੱਚ ਵੱਡਾ ਰੂਪ ਵੇਖੇ ਬਿਨਾਂ ਉਸਦੀ ਵਡਿਆਈ ਨਹੀਂ ਕੀਤੀ ਜਾ ਸਕਦੀ। **(ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥)**

ਪ੍ਰਮਾਤਮਾ ਦੀ ਵਡਿਆਈ ਜੋ ਆਪਣੇ ਅੰਦਰੋਂ ਦੇਖ ਲੈਂਦਾ ਹੈ, ਸਮਝ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਵੱਡਾ ਨਹੀਂ ਕਹਿ ਸਕਦਾ ਭਾਵ ਮਨੁੱਖੀ ਰੂਪ ਨੂੰ ਵੱਡਾ ਨਹੀਂ ਕਹਿ ਸਕਦਾ, ਧਰਮ ਦੇ ਮਾਰਗ ਤੇ ਵੱਡਾ ਨਹੀਂ ਕਹਿ ਸਕਦਾ ਕਿਉਂਕਿ ਉਹ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਦੇਖ ਲੈਂਦਾ ਹੈ, ਉਸਦੇ ਦੀਬਾਣੁ ਨੂੰ ਦੇਖ ਲੈਂਦਾ ਹੈ ਜਿਸ ਰਾਹੀਂ ਧਰਮ ਦੇ ਸੱਚੇ ਮਾਰਗ ਦਾ ਪ੍ਰਮਾਤਮਾ ਆਪ ਹੀ ਫੁਰਮਾਣ ਸੁਣਾਉਂਦਾ ਹੈ ਭਾਵ ਉਸ ਪ੍ਰਮਾਤਮਾ ਦੇ ਤਾਣ ਨੂੰ ਦੇਖ ਲੈਂਦਾ ਹੈ। ਉਸ ਪ੍ਰਮਾਤਮਾ ਨੂੰ ਆਖਣ ਵਾਲੇ ਅਨੇਕਾਂ ਹੀ ਹਨ ਜੋ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ ਭਾਵ ਆਪਣੀ ਵਡਿਆਈ ਕਰਵਾਉਂਦੇ ਹਨ ਜਿਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥”

43/5609

ਪ੍ਰਮਾਤਮਾ ਨੂੰ ਆਖਣ ਵਾਲੇ ਭਾਵ ਪ੍ਰਮਾਤਮਾ ਨੂੰ ਜਪਣ ਵਾਲੇ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਦੇ ਆਖਣ ਵਾਲੇ **“ਲਖ ਕਰੋੜਿ”** ਹਨ ਭਾਵ ਅਰਬਾਂ ਖਰਬਾਂ ਹਨ ਭਾਵ ਅਣਗਿਣਤ ਹਨ। ਹਰ ਕੋਈ ਪ੍ਰਮਾਤਮਾ ਦੀ ਗੱਲ ਕਰਦਾ ਹੀ ਹੈ ਤੇ ਆਪਣੇ ਆਪ ਨੂੰ ਭਗਤੀ ਵਾਲਾ ਸਮਝਣ ਵਾਲੇ ਅਣਗਿਣਤ ਹਨ। ਅਨੇਕਾਂ ਨੇ ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ ਤੇ ਉਸ ਵਿੱਚ ਆਪਣਾ ਤਾਣ ਸਮਝਿਆ ਹੈ, ਆਪਣਾ ਜੋਰ ਸਮਝਿਆ ਹੈ ਕਿ ਉਹਨਾਂ ਨੇ ਆਪਣੇ ਬੱਲ ਦੇ ਨਾਲ ਉੱਚਾ ਮੁਕਾਮ ਹਾਸਲ ਕੀਤਾ ਹੈ। ਜਿਸਨੇ ਵੀ ਆਪਣੇ ਆਪ ਨੂੰ ਤਾਣ ਵਾਲਾ ਸਮਝਿਆ ਹੈ ਜੋ ਕਿ ਅਨੇਕਾਂ ਹੀ ਅਨੇਕਾਂ ਹਨ ਉਹਨਾਂ ਨੇ ਫਿਰ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਤਾਣ ਨੂੰ ਨਹੀਂ ਜਾਣਿਆ। ਮਨੁੱਖ ਅਗਰ ਭਗਤੀ ਵਿੱਚ ਆਪਣਾ ਤਾਣ ਸਮਝਦਾ ਹੈ, ਜੋਰ ਸਮਝਦਾ ਹੈ ਉਹ ਉਸਦੇ ਕੋਲੋਂ ਇਹ ਕੁਝ ਮਨ ਦੀ ਸਮਝ ਹੀ ਅਖਵਾਉਂਦੀ ਹੈ, ਅੰਦਰ ਦੀ ਮਾਇਆ ਹੀ ਅਖਵਾਉਂਦੀ ਹੈ ਜੋ ਸਾਡੇ ਅੰਦਰ ਉਸ ਸਚੁ ਰੂਪ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਗੱਲ ਨੂੰ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਕੇਵਲ ਉਹੀ ਸਮਝ ਸਕਦਾ ਹੈ। ਜੋ ਆਪਣਾ ਤਾਣ, ਆਪਣਾ ਜੋਰ ਸਮਝਦਾ ਹੈ ਭਾਵ ਆਪਣੇ ਆਪ ਨੂੰ ਉੱਚਾ ਅਖਵਾਉਂਦਾ ਹੈ ਉਹ ਵਡਿਆਈ ਵੀ ਆਪਣੀ ਹੀ ਕਰਵਾਉਂਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਹ ਮਨੁੱਖੀ ਦੇਹ ਦੀ ਵਡਿਆਈ ਹੈ, ਆਪਣੇ ਆਪ ਦੀ ਵਡਿਆਈ ਹੈ। ਵੱਡੇ ਵੱਡੇ ਅਖਵਾਉਂਣ ਵਾਲਿਆਂ ਨੇ, ਬ੍ਰਹਮਾ, ਬਿਸਨ, ਮਹੇਸ਼ ਆਦਿ ਨੇ, ਰਿਸ਼ੀ, ਮੁਨੀ ਆਦਿ ਅਖਵਾਉਂਣ ਵਾਲਿਆਂ ਨੇ, ਸੰਤ ਬ੍ਰਹਮ ਗਿਆਨੀ ਅਖਵਾਉਂਣ ਵਾਲਿਆਂ ਨੇ, ਸਾਧ, ਬਾਬੇ ਅਦਿ ਅਖਵਾਉਂਣ ਵਾਲਿਆਂ ਨੇ ਆਪਣੀ ਵਡਿਆਈ ਕਰਵਾਈ ਹੈ ਤੇ ਅੱਜ ਵੀ ਕਰਵਾ ਰਹੇ ਹਨ। ਜਿੱਥੇ ਮਨੁੱਖੀ ਵਡਿਆਈ ਆ ਜਾਂਦੀ ਹੈ ਉੱਥੇ ਪ੍ਰਮਾਤਮਾ ਦੀ ਵਡਿਆਈ ਨਹੀਂ ਰਹਿੰਦੀ। ਉਹਨਾਂ ਦੀ ਵਡਿਆਈ ਦੇ ਪਿੱਛੇ ਉਹਨਾਂ ਦੇ ਮਨ ਦਾ ਭਰਮ ਹੁੰਦਾ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਭਾਵ ਪ੍ਰਮਾਤਮਾ ਨੇ ਆਪ ਹੀ ਉਹਨਾਂ ਨੂੰ ਆਪਣੀ ਸੱਚੀ ਵਡਿਆਈ ਤੋ ਦੂਰ ਰੱਖਿਆ ਹੋਇਆ ਹੈ। **(ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥)**

ਮਨੁੱਖੀ ਸਿਫਤ ਭਾਵ ਮਨੁੱਖੀ ਵਡਿਆਈ ਝੂਠੀ ਵਡਿਆਈ ਹੈ ਤੇ ਸੱਚੀ ਸਿਫਤ ਕੇਵਲ ਪ੍ਰਮਾਤਮਾ ਦੀ ਹੈ ਜੋ ਉਸਦੀ ਸਿਫਤ ਉਹੀ ਕਰ ਸਕਦਾ ਹੈ ਜੋ ਉਸ ਸਚੁ ਰੂਪ

43/5610

ਪ੍ਰਮਾਤਮਾ ਦਾ ਆਪਣਾ ਹੀ ਰੂਪ ਬਣ ਜਾਂਦਾ ਹੈ ਤੇ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥
ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥”

ਮਨੁੱਖੀ ਸਿਫਤ ਕੋਈ ਤਾਂ ਹੀ ਕਰ ਸਕਦਾ ਹੈ ਭਾਵ ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਤਾਂ ਹੀ ਮੰਨ ਸਕਦਾ ਹੈ ਜੋ ਪ੍ਰਮਾਤਮਾ ਨੂੰ ਨਹੀਂ ਜਾਣਦਾ, ਉਸ ਗਿਆਨ ਦੇ ਮਾਲਕ ਨੂੰ ਨਹੀਂ ਜਾਣਦਾ ਜੋ ਸਭ ਦੇ ਅੰਦਰ ਆਪ ਹੀ ਵਿਚਾਰਾਂ ਦੇ ਰੂਪ ਵਿੱਚ ਵਿਚਰ ਰਿਹਾ ਹੈ। ਪ੍ਰਮਾਤਮਾ ਨੂੰ ਉਹੀ ਜਾਣਦਾ ਹੈ ਜੋ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰ ਧਿਆ ਲੈਂਦਾ ਹੈ ਭਾਵ ਜਿਸਦੇ ਧਿਆਨ ਦੇ ਅੰਦਰ ਸਚੁ ਰੂਪ ਪ੍ਰਮਾਤਮਾ ਵੱਸ ਜਾਂਦਾ ਹੈ। ਸੱਚ ਨੂੰ ਧਿਆਉਂਣ ਵਾਲੇ ਸਚੁ ਰੂਪ ਹੀ ਬਣ ਜਾਂਦੇ ਹਨ ਭਾਵ ਉਹ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦੇ ਹਨ ਕਿਉਂਕਿ ਉਹਨਾਂ ਨੂੰ ਆਪਣੇ ਅੰਦਰੋਂ ਇਹ ਸਮਝ ਪੈ ਜਾਂਦੀ ਹੈ ਕਿ ਸਾਡੇ ਅੰਦਰ ਗਿਆਨ ਦੇਣ ਵਾਲਾ ਆਪ ਪ੍ਰਮਾਤਮਾ ਹੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਨੂੰ ਹੀ ਆਪਣਾ ਗੁਰੂ ਦੱਸਿਆ ਹੈ, ਜਗਤ ਗੁਰੂ ਦੱਸਿਆ ਹੈ। ਜੋ ਆਪਣੇ ਅੰਦਰ ਸਚੁ ਰੂਪ ਪ੍ਰਮਾਤਮਾ ਨੂੰ ਧਿਆ ਲੈਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ, ਮਨੁੱਖੀ ਰੂਪ ਵਿੱਚ ਵੀ ਆਪ ਪ੍ਰਮਾਤਮਾ ਹੀ ਹੈ ਤੇ ਉਹ ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਜਾਂਦੇ ਹਨ ਕਿਉਂਕਿ ਪ੍ਰਮਾਤਮਾ ਆਪ ਜਨਮ ਮਰਨ ਦੇ ਗੇੜ ਤੋਂ ਬਾਹਰ ਹੈ ਤੇ ਉਸਦਾ ਰੂਪ ਬਣ ਕੇ ਉਹ ਉਸਦੇ ਨਾਲ ਇੱਕ ਜੋ ਜਾਂਦੇ ਹਨ, ਮਨ ਦੇ ਵਿਚਾਰਾਂ ਰਾਹੀਂ ਇੱਕ ਜੋ ਜਾਂਦੇ ਹਨ, ਮਨ ਦੀ ਸੱਚੀ ਸਮਝ ਦੁਆਰਾ ਇੱਕ ਹੋ ਜਾਂਦੇ ਹਨ ਜਿਸ ਕਰਕੇ ਉਹ ਹਰ ਭਰਮ ਤੋਂ ਰਹਿਤ ਹੋ ਜਾਂਦੇ ਹਨ। ਜੋ ਸਚੁ ਰੂਪ ਪ੍ਰਮਾਤਮਾ ਨੂੰ ਨਹੀਂ ਧਿਆਉਂਦੇ ਭਾਵ ਨਹੀਂ ਜਾਣਦੇ ਉਹ ਭਰਮ ਵਾਲੇ ਵਿਚਾਰਾਂ ਵਿੱਚ ਹੀ ਰਹਿੰਦੇ ਹਨ ਤੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹਨ, ਇੱਕ ਮਨੁੱਖ ਹੀ ਸਮਝਦੇ ਹਨ ਜਿਸ ਕਰਕੇ ਉਹ ਆਪਣੇ ਆਪ ਨੂੰ ਮਰਨ ਜੰਮਣ ਦੇ

ਗੇੜ ਵਿੱਚ ਹੀ ਸਮਝਦੇ ਹਨ ਜਿਸ ਕਰਕੇ ਉਹਨਾਂ ਨੂੰ **"ਕਚੁ ਨਿਕਚੁ"** ਕਿਹਾ ਹੈ ਭਾਵ ਕੱਚੀ ਮਤਿ ਵਾਲੇ ਕਿਹਾ ਹੈ, ਭਰਮ ਵਾਲੀ ਮਤਿ ਵਾਲੇ ਕਿਹਾ ਹੈ, ਜਿੰਨ੍ਹਾਂ ਦੇ ਅੰਦਰ ਸੱਚੀ ਮਤਿ ਨਹੀਂ ਵੱਸਦੀ। ਸੱਚੀ ਮਤਿ ਆਪਣੇ ਅੰਦਰ ਵੱਸਣ ਦੁਆਰਾ ਫਿਰ ਸਭ ਵਿੱਚ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ

43/5611

ਇਹ ਸਮਝ ਪੈਂਦੀ ਹੈ ਕਿ ਇੱਕ ਪ੍ਰਮਾਤਮਾ ਦੀ ਸਿਫਤ ਹੀ ਸੱਚੀ ਹੈ, ਇੱਕ ਪ੍ਰਮਾਤਮਾ ਦਾ ਜੱਸ ਹੀ ਸੱਚਾ ਹੈ ਕਿਉਂਕਿ ਸਾਰੀ ਕੁਦਰਤ ਭਾਵ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਸੇ ਲਈ ਪ੍ਰਮਾਤਮਾ ਆਪ ਹੀ ਇੱਕੋ ਇੱਕ ਸੱਚਾ ਪਾਤਸ਼ਾਹ ਹੈ, ਸਾਰੀ ਸ੍ਰਿਸ਼ਟੀ ਦਾ ਇੱਕੋ ਇੱਕ ਸੱਚਾ ਮਾਲਕ ਹੈ। ਉਸ ਪ੍ਰਮਾਤਮਾ ਦੀ ਸਿਫਤ ਸਾਲਾਹ ਉਸਦੇ ਵੱਡੇਪਨ ਦੀ ਭਾਵ ਉਸਦੀ ਅਸਲੀਅਤ ਜਾਨਣ ਦੁਆਰਾ ਹੀ ਹੋ ਸਕਦੀ ਹੈ, ਉਸਦਾ ਰੂਪ ਬਣ ਕੇ ਹੀ ਹੋ ਸਕਦੀ ਹੈ ਨਾ ਕਿ ਕਿਸੇ ਕਥਨੀ ਦੁਆਰਾ। ਕਥਨੀ ਕਰਨ ਵਾਲੇ ਮੂੰਹੋਂ ਤਾਂ ਪ੍ਰਮਾਤਮਾ ਪ੍ਰਮਾਤਮਾ ਬੋਲਦੇ ਹਨ ਪਰ ਵਡਿਆਈਆਂ ਮਨੁੱਖੀ ਰੂਪ ਨੂੰ ਦਿੰਦੇ ਹਨ ਤੇ ਆਪ ਹੀ ਵਡਿਆਈਆਂ ਲੈਂਦੇ ਹਨ। ਪ੍ਰਮਾਤਮਾ ਦੀ ਵਡਿਆਈ ਜਾਨਣ ਵਾਲਾ ਜੇਕਰ ਵਡਿਆਈ ਲੈਂਦਾ ਹੈ ਤਾਂ ਉਹ ਸੱਚੀ ਵਡਿਆਈ ਲੈਂਦਾ ਹੈ ਭਾਵ ਪ੍ਰਮਾਤਮਾ ਦਾ ਰੂਪ ਬਣਕੇ ਹੀ ਲੈਂਦਾ ਹੈ ਜਿਵੇਂ ਕਿ ਭਗਤਾਂ ਨੇ ਵਡਿਆਈ ਲਈ ਹੈ, ਗੁਰੂ ਸਾਹਿਬਾਨ ਨੇ ਵਡਿਆਈ ਲਈ ਹੈ, ਸੱਚੇ ਬਣ ਕੇ ਵਡਿਆਈ ਲਈ ਹੈ। **(ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥)**

ਅਗਲੇ ਸਲੋਕ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਉਸ ਪ੍ਰਮਾਤਮਾ ਦੀ ਵਡਿਆਈ ਤਾਂ ਹੀ ਕੀਤੀ ਜਾ ਸਕਦੀ ਹੈ ਜਦੋਂ ਕੋਈ ਉਸ ਪ੍ਰਮਾਤਮਾ ਦੇ ਵੱਡੇਪਨ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਕਿ ਪ੍ਰਮਾਤਮਾ ਦਾ ਵੱਡਾ ਰੂਪ ਕੀ ਹੈ ਤੇ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਕੀ ਹੁੰਦਾ ਹੈ। ਪ੍ਰਮਾਤਮਾ ਦੀ ਵਡਿਆਈ ਸਾਡੀ ਕਥਨੀ ਨਾਲ ਨਹੀਂ ਹੁੰਦੀ ਜੋ ਕਿ ਸਾਡੀ ਕਰਨੀ ਨਾਲ ਹੁੰਦੀ ਹੈ। ਇਹੀ ਗੱਲ ਸਾਨੂੰ ਸਲੋਕ ਰਾਹੀਂ ਸਮਝਾਈ ਹੋਈ ਹੈ।

ਮਃ ੧ ॥

“ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥
ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥
ਵਡੀ ਵਡਿਆਈ ਬੁਝੈ ਸਭਿ ਭਾਉ ॥ ਵਡੀ ਵਡਿਆਈ ਜਾ ਪੁਛਿ ਨ ਦਾਤਿ ॥
ਵਡੀ ਵਡਿਆਈ ਜਾ ਆਪੇ ਆਪਿ ॥ ਨਾਨਕ ਕਾਰ ਨ ਕਥਨੀ ਜਾਇ ॥ ਕੀਤਾ ਕਰਣਾ ਸਰਬ ਰਜਾਇ ॥੨॥”

(ਅੰਗ ੪੬੩)

ਉਪਰ ਸਲੋਕ ਰਾਹੀਂ ਜੋ ਮਨੁੱਖ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਪ੍ਰਮਾਤਮਾ ਦੀ ਵਡਿਆਈ ਕਿਸ ਤਰੀਕੇ ਕਰਦਾ ਹੈ ਇਹੀ ਸਮਝਾਇਆ ਹੋਇਆ ਹੈ ਕਿਉਂਕਿ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਵਡਿਆਈ ਨਹੀਂ ਹੋ ਸਕਦੀ। ਸਭ ਤੋਂ ਪਹਿਲਾਂ ਸਲੋਕ ਦੀ ਪਹਿਲੀ ਪੰਗਤੀ ਨੂੰ ਸਮਝੋ।

“ਵਡੀ ਵਡਿਆਈ ਜਾ ਵਡਾ ਨਾਉ ॥”

43/5612

ਪ੍ਰਮਾਤਮਾ ਦੀ ਵਡਿਆਈ ਤਾਂ ਵੱਡੀ ਹੈ ਪਰ ਉਹ ਤਾਂ ਹੀ ਵੱਡੀ ਹੈ ਜੇਕਰ ਅਸੀਂ ਪਹਿਲੇ ਪ੍ਰਮਾਤਮਾ ਦੇ ਵੱਡੇਪਨ ਨੂੰ ਜਾਣੀਏ ਕਿ ਪ੍ਰਮਾਤਮਾ ਕਿਸ ਤਰੀਕੇ ਵੱਡਾ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਵੱਡਾ ਹੈ ਭਾਵ ਪ੍ਰਮਾਤਮਾ ਨੂੰ ਵੱਡਾ ਬਨਾਉਂਣ ਵਾਲਾ ਉਸਦਾ ਨਾਮ ਹੈ ਭਾਵ ਬ੍ਰਹਮ ਗਿਆਨ ਹੈ। ਜਦ ਤਕ ਕਿਸੇ ਨੂੰ ਨਾਮ ਦੀ ਸਮਝ ਹੀ ਨਹੀਂ ਤਦ ਤਕ ਫਿਰ ਉਸ ਮਨੁੱਖ ਨੂੰ ਪ੍ਰਮਾਤਮਾ ਦੇ ਵੱਡੇਪਨ ਦੀ ਸਮਝ ਹੀ ਨਹੀਂ ਲੱਗ ਸਕਦੀ। ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਨਾਮ ਦਾ ਮਿਲਣਾ ਜਾਂ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ। ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਦਾ ਨਾਮ ਕਿਤਨਾ ਵੱਡਾ ਹੈ ਉਸਦੇ ਰਾਹੀਂ ਹੀ ਪ੍ਰਮਾਤਮਾ ਦਾ ਵੱਡਾਪਨ ਸਮਝ ਆਉਂਦਾ ਹੈ ਤੇ ਸਮਝ ਪੈਂਦੀ ਹੈ ਕਿ ਸਭ ਰਚਨਾ ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਕੀਤੀ ਹੈ ਭਾਵ ਆਪਣੇ ਉੱਚੇ ਬ੍ਰਹਮ ਗਿਆਨ ਦੁਆਰਾ ਕੀਤੀ ਹੈ। **(ਵਡੀ ਵਡਿਆਈ ਜਾ ਵਡਾ ਨਾਉ ॥)**

{ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥}

(ਅੰਗ ੫)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

ਪ੍ਰਮਾਤਮਾ ਜਿਸਨੂੰ ਆਪਣਾ ਨਾਮ ਬਖਸ਼ਦਾ ਹੈ ਉਸਨੂੰ ਹੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਕੱਢਦਾ ਹੈ ਤੇ ਮਨ ਦੇ ਵਿੱਚ ਚਉਥਾ ਪਦ ਬਖਸ਼ਦਾ ਹੈ, ਉੱਚੇ ਗਿਆਨ ਵਾਲਾ ਪਦ, ਬ੍ਰਹਮ ਗਿਆਨ ਵਾਲਾ ਪਦ ਬਖਸ਼ਦਾ ਹੈ ਜਿਵੇਂ ਕਿ ਉਪਰਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਜਿਸਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸਦੇ ਰਾਹੀਂ ਪ੍ਰਮਾਤਮਾ ਮਨ ਦੇ ਵਿੱਚ ਆਪਣਾ **“ਸਚੁ”** ਹੀ ਸਮਝਾਉਂਦਾ ਹੈ

ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

“ਵਡੀ ਵਡਿਆਈ ਜਾ ਸਚੁ ਨਿਆਉ ॥”

ਜੋ ਨਾਮ ਹੈ ਉਹੀ ਸਚੁ ਹੈ ਭਾਵ ਜੋ ਨਾਮ ਹੈ ਉਹੀ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦਾ ਸਚੁ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੈ ਜਿਸ ਸੱਚੇ ਗਿਆਨ ਰਾਹੀਂ ਪ੍ਰਮਾਤਮਾ ਆਪਣਾ ਭਗਤੀ ਦਾ ਮਾਰਗ ਸਮਝਾਉਂਦਾ

43/5613

ਹੈ ਤੇ ਮਨ ਦੇ ਅੰਦਰ ਦੀ ਸਮਝ ਨੂੰ ਸੱਚੀ ਸਮਝ ਬਣਾਉਂਦਾ ਹੈ, ਬ੍ਰਹਮ ਗਿਆਨ ਵਾਲੀ ਸਮਝ ਬਣਾਉਂਦਾ ਹੈ, ਨਾਮ ਵਾਲੀ ਸਮਝ ਬਣਾਉਂਦਾ ਹੈ। ਸਾਡੇ ਅੰਦਰ ਇਹੋ ਜਿਹੀ ਉੱਚੀ ਸਮਝ ਦੇ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਸਚੁ ਰੂਪ ਹੈ। ਪੂਰੀ ਗੁਰਬਾਣੀ ਦੀ ਰਚਨਾ ਮਨ ਦੇ ਇਹੋ ਜਿਹੇ ਸੱਚ ਦੁਆਰਾ ਹੋਈ ਹੈ ਭਾਵ ਉਸ ਸਚੁ ਰੂਪ ਪ੍ਰਮਾਤਮਾ ਨੇ ਆਪ ਹੀ ਸੱਚੀ ਬਾਣੀ ਦੀ ਰਚਨਾ ਕੀਤੀ ਹੈ ਜਿਸ ਕਰਕੇ ਗੁਰਬਾਣੀ ਦੇ ਅੰਦਰ ਪੂਰਨ ਸੱਚ ਹੈ, ਪੂਰਨ ਨਾਮ ਹੈ, ਪੂਰਨ ਬ੍ਰਹਮ ਗਿਆਨ ਹੈ ਤੇ ਇਸੇ ਲਈ ਹੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਉਪਰਲੀ ਪੰਗਤੀ ਰਾਹੀਂ ਸਾਨੂੰ ਸੱਚ ਦਾ ਮਕਸਦ ਕੀ ਹੈ, ਨਾਮ ਦਾ ਮਕਸਦ ਕੀ ਹੈ ਇਹੀ ਸਮਝਾਇਆ ਹੋਇਆ ਹੈ ਜਿਸ ਮਕਸਦ ਤੇ ਪੂਰਾ ਉਤਰਨਾ ਹੀ ਪ੍ਰਮਾਤਮਾ ਦੀ ਸੱਚੀ ਵਡਿਆਈ ਹੈ। ਪ੍ਰਮਾਤਮਾ ਦੀ ਵਡਿਆਈ ਤਾਂ ਵੱਡੀ ਹੈ ਜੇਕਰ ਅਸੀਂ ਉਸਦੇ ਸਮਝਾਏ ਹੋਏ ਸੱਚ ਨੂੰ, ਨਾਮ ਨੂੰ ਆਪਣੇ ਜੀਵਨ ਵਿੱਚ ਅਪਨਾਈਏ ਤੇ ਸਭ ਨਾਲ ਇਨਸਾਫ ਕਰੀਏ ਭਾਵ ਕੋਈ ਮਾੜਾ ਕਰਮ ਨਾ ਕਰੀਏ। ਗੁਰੂ ਦੀ ਮਤਿ ਸਾਨੂੰ ਜੋ ਵੀ ਸਮਝਾਉਂਦੀ ਹੈ, ਸ਼ਬਦ ਦੀ ਵਿਚਾਰ ਸਾਨੂੰ ਜੋ ਵੀ ਸਮਝਾਉਂਦੀ ਹੈ ਉਹ ਸੱਚ ਹੀ ਸਮਝਾਉਂਦੀ ਹੈ, ਨਾਮ ਹੀ ਸਮਝਾਉਂਦੀ ਹੈ ਜੇਕਰ ਅਸੀਂ ਇਸ ਸੱਚ ਨੂੰ ਆਪਣੇ ਅੰਦਰ ਜਪਾਂਗੇ, ਨਾਮ ਨੂੰ ਆਪਣੇ ਅੰਦਰ ਜਪਾਂਗੇ ਫਿਰ ਅਸੀਂ ਸਭ ਦੇ ਨਾਲ ਇਨਸਾਫ ਹੀ ਕਰਾਂਗੇ, ਸੱਚੇ ਸੁੱਚੇ ਕਰਮ ਹੀ ਕਰਾਂਗੇ ਭਾਵ ਗੁਰੂ ਦੀ ਮਤਿ ਤੇ ਪੂਰਾ ਉਤਰਾਂਗੇ। ਜੇਕਰ ਅਸੀਂ ਸਭ ਨਾਲ ਇਨਸਾਫ ਕਰਦੇ ਹਾਂ ਤਾਂ ਇਸ ਵਿੱਚ ਪ੍ਰਮਾਤਮਾ ਦੀ ਵਡੀ ਵਡਿਆਈ ਹੈ। **(ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥)**

ਪ੍ਰਮਾਤਮਾ ਦੀ ਵਡਿਆਈ ਮਨ ਦੀ ਸੱਚੀ ਸਮਝ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਹੀ ਹੁੰਦੀ ਹੈ ਤੇ ਉਹ ਮਤਿ ਸਾਡੇ ਅੰਦਰ ਕਿਸ ਰੂਪ ਵਿੱਚ ਹੁੰਦੀ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥

ਵਡੀ ਵਡਿਆਈ ਬੁਝੈ ਸਭਿ ਭਾਉ ॥”

ਪ੍ਰਮਾਤਮਾ ਦੀ ਵਡਿਆਈ ਤਾਂ ਹੀ ਵੱਡੀ ਹੋ ਸਕਦੀ ਹੈ ਜੇਕਰ ਉਹ ਵਡਿਆਈ **“ਨਿਹਚਲ ਥਾਉ”** ਤੋਂ ਹੋਵੇ ਭਾਵ ਜਦੋਂ ਅਸੀਂ ਪ੍ਰਮਾਤਮਾ ਦੇ ਨਿਹਚਲ ਥਾਉ ਨੂੰ ਜਾਣ ਲਈਏ ਜੋ ਥਾਉ ਸਾਡੇ ਅੰਦਰ ਹੀ

43/5614

ਹੈ। ਪ੍ਰਮਾਤਮਾ ਦਾ ਨਿਹਚਲ ਥਾਉ ਸਾਡੇ ਅੰਦਰ ਦੀ ਨਿਹਚਲ ਮਤਿ ਹੈ ਜੋ ਮਤਿ ਕੇਵਲ ਅੰਦਰ ਸੱਚ ਦੇ ਵੱਸਣ ਦੁਆਰਾ ਹੀ ਹੁੰਦੀ ਹੈ ਭਾਵ ਸੱਚੇ ਗਿਆਨ ਦੇ ਵੱਸਣ ਦੁਆਰਾ ਹੀ ਹੁੰਦੀ ਹੈ, ਨਾਮ ਦੇ ਵੱਸਣ ਦੁਆਰਾ ਹੀ ਹੁੰਦੀ ਹੈ। ਸੱਚ ਦੇ ਵੱਸਣ ਤੋਂ ਬਿਨਾਂ ਸਾਡੇ ਮਨ ਦੀ ਸਮਝ ਮਾਇਆ ਮੋਹ ਵਿੱਚ ਡੋਲਦੀ ਰਹਿੰਦੀ ਹੈ, ਭਰਮਾਂ ਵਿੱਚ ਡੋਲਦੀ ਰਹਿੰਦੀ ਹੈ ਜਿਸ ਡੋਲਣ ਵਾਲੀ ਮਤਿ ਦੁਆਰਾ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਭਾਵ ਅਸੀਂ ਗੁਰੂ ਦੀ ਮਤਿ ਨਾਲ ਇਨਸਾਫ ਨਹੀਂ ਕਰਦੇ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ। ਪ੍ਰਮਾਤਮਾ ਦੀ ਵਡਿਆਈ ਮਨ ਦੀ ਨਿਹਚਲ ਮਤਿ ਦੁਆਰਾ ਹੀ ਹੁੰਦੀ ਹੈ ਜੋ ਮਤਿ ਮਨ ਦੇ ਵਿੱਚ ਮੇਲ ਦੁਆਰਾ, ਆਪਣਾ ਸੱਚਾ ਗਿਆਨ ਦੇਣ ਦੁਆਰਾ ਕਿਸੇ ਨੂੰ ਆਪ ਹੀ ਬਖਸ਼ਦਾ ਹੈ। ਸਾਡਾ ਆਲਾਉਣਾ ਭਾਵ ਸਾਡੇ ਬੋਲ ਜਿਨ੍ਹਾਂ ਦੁਆਰਾ ਅਸੀਂ ਪ੍ਰਮਾਤਮਾ ਦੀ ਵਡਿਆਈ ਕਰਦੇ ਹਾਂ ਉਹ ਸਾਡੇ ਕਰਮ ਹੀ ਹਨ ਜੋ ਕਿ ਮਾਇਆ ਮੋਹ ਵਾਲੀ ਮਤਿ ਵਿੱਚੋਂ ਨਿਕਲ ਕੇ ਨਿਹਚਲ ਮਤਿ ਦੁਆਰਾ ਹੁੰਦੇ ਹਨ। ਨਿਹਚਲ ਮਤਿ ਦੇ ਨਾਲ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਪੈਂਦੀ ਹੈ ਜੋ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਇਹੋ ਜਿਹੀ ਮਤਿ ਦੁਆਰਾ ਹੀ ਮਨੁੱਖ ਆਪਣੇ ਅੰਦਰ ਇਸ ਗੱਲ ਨੂੰ ਬੁੱਝਦਾ ਹੈ, ਸਮਝਦਾ ਹੈ ਕਿ ਪ੍ਰਮਾਤਮਾ ਨੂੰ ਕੀ ਕੁਝ ਭਾਉਂਦਾ ਹੈ ਭਾਵ ਉਸਨੂੰ ਪ੍ਰਮਾਤਮਾ ਦੇ ਨਾਲ ਪਿਆਰ ਪਾਉਂਣ ਦੀ ਹਰ ਸਮਝ ਪੈ ਜਾਂਦੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਉਸਦੀ ਮਤਿ ਦੇ ਨਾਲ ਪਿਆਰ ਹੈ, ਉਸਦੇ ਸ਼ਬਦਾਂ ਦੇ ਨਾਲ ਪਿਆਰ ਹੈ ਤੇ ਆਪਣੀ ਸੱਚੀ ਮਤਿ ਦੁਆਰਾ ਮਨੁੱਖੀ ਮਤਿ ਸ਼ਬਦ ਦੀ ਸਮਝਾਈ ਹੋਈ ਹਰ ਗੱਲ ਨੂੰ ਮੰਨਦੀ ਹੈ ਭਾਵ ਉਹਨਾਂ

ਨਾਲ ਪਿਆਰ ਪਾਉਂਦੀ ਹੈ ਤਾਂ ਜੋ ਮਨੁੱਖ ਕੋਈ ਵੀ ਮਾੜਾ ਕਰਮ ਨਾ ਕਰੇ ਭਾਵ ਗੁਰੂ ਦੀ ਹਰ ਗੱਲ ਤੇ ਪੂਰਾ ਉਤਰੇ। ਪ੍ਰਮਾਤਮਾ ਦੀ ਵਡਿਆਈ ਗੁਰੂ ਦੀ ਹਰ ਗੱਲ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ ਭਾਵ ਸਾਡੀ ਕਰਨੀ ਦੁਆਰਾ ਹੀ ਹੁੰਦੀ ਹੈ। **(ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥ ਵਡੀ ਵਡਿਆਈ ਬੁਝੈ ਸਭਿ ਭਾਉ ॥)**

ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਭਾਵ ਇਸ ਗੱਲ ਦੀ ਸਮਝ ਆਏ ਬਿਨਾਂ ਕਿ ਪ੍ਰਮਾਤਮਾ ਸਭ ਕੁਝ ਆਪ ਹੀ ਹੈ ਉਸਦੀ ਵਡਿਆਈ ਨਹੀਂ ਕੀਤੀ ਜਾ ਸਕਦੀ, ਮਨੁੱਖੀ ਵਡਿਆਈ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

43/5615

“ਵਡੀ ਵਡਿਆਈ ਜਾ ਪੁਛਿ ਨ ਦਾਤਿ ॥ ਵਡੀ ਵਡਿਆਈ ਜਾ ਆਪੇ ਆਪਿ ॥

ਨਾਨਕ ਕਾਰ ਨ ਕਥਨੀ ਜਾਇ ॥ ਕੀਤਾ ਕਰਣਾ ਸਰਬ ਰਜਾਇ ॥੨॥”

ਉਪਰ ਪਹਿਲੀਆਂ ਦੋ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀ ਸੱਚੀ ਵਡਿਆਈ ਕਿਵੇਂ ਹੁੰਦੀ ਹੈ। ਕਹਿਣ ਨੂੰ ਤਾਂ ਹਰ ਕੋਈ ਕਹਿ ਦਿੰਦਾ ਹੈ ਕਿ ਪ੍ਰਮਾਤਮਾ ਆਪ ਹੀ ਸਭ ਕੁਝ ਹੈ ਤੇ ਇਸ ਗੱਲ ਨੂੰ ਮੰਨਣਾ ਕੀ ਹੈ ਇਹੀ ਗੱਲ ਸਾਨੂੰ ਉਪਰ ਸਮਝਾਈ ਹੋਈ ਹੈ। ਹਰ ਮਨੁੱਖ ਦਾਤਾਂ ਦੇ ਨਾਲ ਜੁੜਿਆ ਹੋਇਆ ਹੈ, ਮਾਇਆ ਦੀਆਂ ਦਾਤਾਂ ਦੇ ਨਾਲ ਜੁੜਿਆ ਹੋਇਆ ਹੈ। ਕਿਸੇ ਨੂੰ ਕੋਈ ਦਾਤਿ ਚਾਹੀਦੀ ਹੈ ਤੇ ਕਿਸੇ ਨੂੰ ਕੋਈ ਦਾਤਿ ਚਾਹੀਦੀ ਹੈ। ਅਸੀਂ ਅਨੇਕਾਂ ਹੀ ਇਹੋ ਜਿਹੇ ਦਰ ਬਣਾਏ ਹੋਏ ਹਨ, ਸਮਝੇ ਹੋਏ ਹਨ ਜਿਨ੍ਹਾਂ ਨੂੰ ਅਸੀਂ ਇਸੇ ਲਈ ਉੱਚਾ ਮੰਨਦੇ ਹਾਂ ਕਿ ਉਹਨਾਂ ਦੇ ਦਰ ਤੋਂ ਦਾਤਾਂ ਦੀ ਪ੍ਰਾਪਤੀ ਹੁੰਦੀ ਹੈ। ਕਿਸੇ ਦਰ ਨੂੰ ਅਸੀਂ ਕਿਸੇ ਦਾਤਿ ਨਾਲ ਜੋੜਿਆ ਹੋਇਆ ਹੈ ਤੇ ਕਿਸੇ ਦਰ ਨੂੰ ਅਸੀਂ ਕਿਸੇ ਹੋਰ ਦਾਤਿ ਨਾਲ ਜੋੜਿਆ ਹੋਇਆ ਹੈ। ਕਿਸੇ ਦਰ ਨੂੰ ਅਸੀਂ ਮਾਇਆ ਦੀ ਪ੍ਰਾਪਤੀ ਨਾਲ ਜੋੜਿਆ ਹੋਇਆ ਹੈ, ਕਿਸੇ ਦਰ ਨੂੰ ਸਰੀਰ ਦੀ ਤੰਦਰੁਸਤੀ ਮਿਲਣ ਦੇ ਨਾਲ ਜੋੜਿਆ ਹੋਇਆ ਹੈ, ਕਿਸੇ ਦਰ ਨੂੰ ਪੁੱਤਰਾਂ ਦੀ ਦਾਤਿ ਮਿਲਣ ਦੇ ਨਾਲ ਜੋੜਿਆ ਹੋਇਆ ਹੈ ਭਾਵ ਆਪਣੀ ਇੱਛਾਵਾਂ ਦੀ ਪੂਰਤੀ ਦੇ ਨਾਲ ਜੋੜਿਆ ਹੋਇਆ ਹੈ ਤੇ ਹਰ ਕਿਸੇ ਨੇ ਆਪਣੀ ਆਪਣੀ ਇੱਛਾਵਾਂ ਦੀ ਪੂਰਤੀ ਅਨੁਸਾਰ ਕਿਸੇ ਨਾ ਕਿਸੇ ਦਰ ਨੂੰ ਉੱਚਾ ਥਾਪਿਆ ਹੋਇਆ ਹੈ, ਅਨੇਕਾਂ ਹੀ ਮਨੁੱਖੀ ਰੂਪਾਂ ਨੂੰ ਉੱਚਾ ਥਾਪਿਆ ਹੋਇਆ ਹੈ ਕਿ ਉਹ ਸਾਡੀਆਂ ਇੱਛਾਵਾਂ ਪੂਰੀਆਂ ਕਰ ਦੇਣਗੇ ਜਾਂ ਪ੍ਰਮਾਤਮਾ ਨੂੰ ਸਾਡੀ ਸਿਫਾਰਿਸ਼ ਕਰ ਦੇਣਗੇ ਜਿਸ ਕਰਕੇ ਅਸੀਂ ਉਹਨਾਂ ਮਨੁੱਖੀ ਰੂਪਾਂ ਦੀ ਵਡਿਆਈ ਕਰਦੇ ਹਾਂ, ਉਹਨਾਂ ਦੇ ਗੁਣ ਗਾਉਂਦੇ ਹਾਂ, ਅਨੇਕਾਂ ਸੰਤ ਆਦਿ ਅਖਵਾਉਂਣ ਵਾਲਿਆਂ ਨੂੰ ਮੱਥੇ ਟੇਕਦੇ ਹਾਂ ਕਿ ਇਹਨਾਂ ਦੀ ਵਡਿਆਈ ਕਰਨ ਨਾਲ ਸਾਨੂੰ ਦਾਤਾਂ ਮਿਲਣਗੀਆਂ। ਜਿੱਥੇ ਮਨੁੱਖੀ ਵਡਿਆਈ ਆ ਜਾਂਦੀ ਹੈ ਉੱਥੇ ਫਿਰ ਪ੍ਰਮਾਤਮਾ ਦੀ ਵਡਿਆਈ ਵੱਡੀ ਨਹੀਂ ਰਹਿ ਜਾਂਦੀ ਭਾਵ ਨੀਵੀਂ ਹੋ ਜਾਂਦੀ ਹੈ। ਜਿਸ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਮਨੁੱਖੀ ਰੂਪ ਵਿੱਚ, ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਕਿਸੇ ਮਨੁੱਖੀ ਰੂਪ ਦੇ ਆਪਣੇ ਵੱਸ ਕੁਝ ਨਹੀਂ ਹੈ ਤੇ ਸਭ ਕੁਝ ਪ੍ਰਮਾਤਮਾ ਦੇ ਆਪਣੇ ਹੀ ਵੱਸ ਹੈ ਉਹ ਫਿਰ ਕਿਸੇ ਦਾਤਿ ਦੀ ਪ੍ਰਾਪਤੀ ਲਈ ਕਿਸੇ ਹੋਰ ਦੇ

43/5616

ਦਰ ਤੇ ਨਹੀਂ ਜਾਂਦਾ ਭਾਵ ਕੇਵਲ ਤੇ ਕੇਵਲ ਪ੍ਰਮਾਤਮਾ ਤੇ ਹੀ ਭਰੋਸਾ ਰੱਖਦਾ ਹੈ, ਗੁਰੂ ਤੇ ਹੀ ਭਰੋਸਾ ਰੱਖਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। **(ਵਡੀ ਵਡਿਆਈ ਜਾ ਪੁਛਿ ਨ ਦਾਤਿ ॥ ਵਡੀ ਵਡਿਆਈ ਜਾ ਆਪੇ ਆਪਿ ॥)**

ਪ੍ਰਮਾਤਮਾ ਦੀ ਵਡਿਆਈ ਸਾਡੀ ਕਾਰ ਦੁਆਰਾ ਹੀ ਹੁੰਦੀ ਹੈ ਭਾਵ ਜੋ ਕੁਝ ਵੀ ਅਸੀਂ ਕਰਮ ਕਰਦੇ ਹਾਂ ਉਸ ਦੁਆਰਾ ਹੀ ਹੁੰਦੀ ਹੈ ਤੇ ਆਪਣੀ ਕਾਰ ਦੁਆਰਾ ਪ੍ਰਮਾਤਮਾ ਦੀ ਸੱਚੀ ਵਡਿਆਈ ਉਹੀ ਕਰਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਕਾਰ ਕਰਨੀ ਮਨੁੱਖ ਦੇ ਵੱਸ ਨਹੀਂ ਹੈ ਕਿ ਉਸਨੇ ਕਿਹੋ ਜਿਹੀ ਕਾਰ ਕਰਨੀ ਹੈ। ਸਾਡੇ ਕੋਲੋਂ ਕਾਰ ਕਰਵਾਉਂਣ ਵਾਲਾ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ ਤੇ ਮਨੁੱਖ ਨੂੰ ਜਿਹੋ ਜਿਹੇ ਵਿਚਾਰ ਦਿੰਦਾ ਹੈ ਉਹੋ ਜਿਹੀ ਕਾਰ ਹੀ ਉਹ ਕਰਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਮਨੁੱਖ ਨੂੰ ਫਿਰ ਇਹ ਸਮਝ ਪੈ ਜਾਂਦੀ ਹੈ ਕਿ ਜੋ ਕੁਝ ਵੀ ਹੁਣ ਤੱਕ ਕੀਤਾ ਹੈ ਉਹ ਸਭ ਕੁਝ ਪ੍ਰਮਾਤਮਾ ਨੇ ਹੀ ਕਰਵਾਇਆ ਹੈ ਤੇ ਜੋ ਕੁਝ ਅੱਗੇ ਕਰਨਾ ਹੈ ਉਹ ਪ੍ਰਮਾਤਮਾ ਨੇ ਆਪ ਹੀ ਕਰਵਾਉਂਣਾ ਹੈ ਭਾਵ ਸਭ ਕੁਝ ਉਸਦੀ ਰਜਾ ਵਿੱਚ ਹੀ ਹੁੰਦਾ ਹੈ। ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਹੈ, ਰਜਾ ਉਸੇ ਦੀ ਹੀ ਵਰਤ ਰਹੀ ਹੈ ਭਾਵ ਉਹ ਆਪ ਹੀ ਸਭ ਕੁਝ ਕਰਵਾ ਰਿਹਾ ਹੈ, ਮਨੁੱਖ ਨੂੰ ਭਰਮ ਵਿੱਚ ਰੱਖ ਕੇ ਕਰਵਾ ਰਿਹਾ ਹੈ ਪਰ ਮਨ ਦੇ ਭਰਮ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਵਡਿਆਈ

ਸਮਝ ਨਹੀਂ ਆਉਂਦੀ। ਪ੍ਰਮਾਤਮਾ ਦੀ ਵਡਿਆਈ ਤਾਂ ਹੀ ਸਮਝ ਆਉਂਦੀ ਹੈ ਜਦੋਂ ਉਹ ਮਨੁੱਖ ਨੂੰ ਮਨ ਦੇ ਭਰਮਾਂ ਵਿੱਚੋਂ ਕੱਢ ਕੇ ਆਪਣੇ ਸੱਚ ਨਾਲ ਜੋੜ ਲੈਂਦਾ ਹੈ ਜਿਸ ਸੱਚੀ ਮਤਿ ਦੁਆਰਾ ਪ੍ਰਮਾਤਮਾ ਦੀ ਵਡਿਆਈ ਸਮਝ ਆਉਂਦੀ ਹੈ ਤੇ ਉਸ ਮਤਿ ਅਨੁਸਾਰ ਵਿਚਰ ਕੇ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ। **(ਨਾਨਕ ਕਾਰ ਨ ਕਥਨੀ ਜਾਇ ॥ ਕੀਤਾ ਕਰਣਾ ਸਰਬ ਰਜਾਇ ॥੨॥)**

ਜਿਵੇਂ ਕਿ ਅਸੀਂ ਉਪਰਲੇ ਸਲੋਕਾਂ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਦੀ ਵਡਿਆਈ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਹੁੰਦੀ ਹੈ ਜੋ ਕਿ ਪ੍ਰਮਾਤਮਾ ਦੀ ਵਡਿਆਈ ਸੱਚੇ ਮਾਰਗ ਤੇ ਚੱਲਣ ਦੁਆਰਾ ਹੁੰਦੀ ਹੈ ਜੋ ਸੱਚਾ ਮਾਰਗ ਉਹ ਸਚੁ ਰੂਪ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਸਮਝਾਉਂਦਾ ਹੈ, ਹਰ ਭਰਮ ਵਿੱਚੋਂ ਕੱਢਦਾ ਹੈ ਜਿਸ ਰਾਹੀਂ ਹਰ ਮਨੁੱਖ ਦੇ ਵਿੱਚ ਇੱਕੋ ਇੱਕ ਪ੍ਰਮਾਤਮਾ ਨਜਰ ਆਉਂਦਾ ਹੈ ਤੇ ਸੱਚ ਦੇ ਮਾਰਗ ਤੇ ਪ੍ਰਮਾਤਮਾ ਆਪ ਹੀ ਮਨੁੱਖ ਨੂੰ ਚਲਾਉਂਦਾ ਹੈ, ਧਰਮ ਦੇ ਸੱਚੇ

ਮਾਰਗ ਤੇ ਚਲਾਉਂਦਾ ਹੈ, ਮਾਇਆ ਮੋਹ ਵਿੱਚੋਂ ਕੱਢ ਕੇ ਚਲਾਉਂਦਾ ਹੈ ਕਿਉਂਕਿ ਮਾਇਆ ਮੋਹ ਵਿੱਚ ਰਹਿੰਦੇ ਹੋਏ ਧਰਮ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਨਾਮ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਤੇ ਪਉੜੀ ਰਾਹੀਂ ਸਮਝਾਈ ਹੋਈ ਹੈ ਜਿਨ੍ਹਾਂ ਦੇ ਅਰਥ ਅਸੀਂ ਲੇਖ ਵਿੱਚ ਬਹੁਤ ਪਿੱਛੇ ਪਹਿਲੇ ਹੀ ਸਮਝ ਚੁੱਕੇ ਹਾਂ। **(ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥ ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥)** ਅੰਗ ੪੬੩ **(ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥ ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥ ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ ਲਿਖਿ ਨਾਵੈ ਧਰਮੁ ਬਹਾਲਿਆ ॥੨॥)** ਅੰਗ ੪੬੩

ਜਿਵੇਂ ਕਿ ਅਸੀਂ ਹੁਣ ਤੱਕ ਸਮਝਿਆ ਹੈ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਇੱਕੋ ਇੱਕ ਸਾਡੇ ਸੱਚੇ ਸੁੱਚੇ ਕਰਮ ਹਨ ਤੇ ਇਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ, ਧਰਮ ਦਾ ਮਾਰਗ ਹੈ, ਨਾਮ ਜਪਣਾ ਹੈ, ਪ੍ਰਮਾਤਮਾ ਦੀ ਵਡਿਆਈ ਕਰਨੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਉਪਰ ਵਾਲੇ ਸ਼ਬਦ ਰਾਹੀਂ ਗੁਰੂ ਦੀ ਸੇਵਾ ਕਰਨੀ ਕੀ ਹੈ, ਨਾਮ ਜਪਣਾ ਕੀ ਹੈ, ਧਰਮ ਦੇ ਮਾਰਗ ਤੇ ਚੱਲਣਾ ਕੀ ਹੈ, ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ ਇਹ ਸਭ ਕੁਝ ਸਾਨੂੰ ਇੱਕੋ ਤਰੀਕੇ ਨਾਲ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੀ ਸੁਕ੍ਰਿਤ ਕਰਨੀ ਹੈ ਭਾਵ ਸਾਡੇ ਸੱਚੇ ਸੁੱਚੇ ਕਰਮ ਹਨ ਜੋ ਕਿ ਕੇਵਲ ਮਨ ਦੇ ਵਿੱਚ ਸੰਤੋਖ ਹੋਣ ਦੁਆਰਾ ਹੀ ਹੋ ਸਕਦੇ ਹਨ ਭਾਵ ਤ੍ਰਿਸ਼ਨਾਵਾਂ ਤੋਂ, ਮਾਇਆ ਮੋਹ ਤੋਂ ਭਾਵ ਨਾਮਸਝ ਮਤਿ ਤੋਂ ਮੁਕਤਿ ਹੋ ਕੇ ਹੀ ਹੋ ਸਕਦੇ ਹਨ ਭਾਵ ਮਨ ਦੇ ਵਿੱਚ ਧਰਮ ਦਾ ਸੱਚਾ ਮਾਰਗ ਸਮਝ ਆਉਂਣ ਨਾਲ ਤੇ ਉਸ ਤੇ ਚੱਲਣ ਦੁਆਰਾ ਹੀ ਹੋ ਸਕਦੇ ਹਨ ਭਾਵ ਮਨ ਦੇ ਵਿੱਚ ਸੱਚੀ ਮਤਿ ਵੱਸਣ ਦੁਆਰਾ ਹੀ ਹੋ ਸਕਦੇ ਹਨ। ਮਨ ਦੇ ਵਿੱਚ ਸੱਚੀ ਮਤਿ ਦਾ ਵੱਸਣਾ ਹੀ ਸਾਡੇ ਅੰਦਰ ਸੱਚ ਦਾ ਵੱਸਣਾ ਹੈ, ਨਾਮ ਦਾ ਵੱਸਣਾ ਹੈ ਜਿਸਦਾ ਮਕਸਦ ਕੇਵਲ ਤੇ ਕੇਵਲ ਸਾਡੀ ਸੁਕ੍ਰਿਤ ਕਰਨੀ ਦੇ ਨਾਲ ਹੈ ਭਾਵ ਸੱਚਾ ਸੁੱਚਾ ਜੀਵਨ ਬਨਾਉਂਣ ਦੇ ਨਾਲ ਹੈ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ, ਸਰੀਰਕ ਕਿਰਿਆਵਾਂ ਦੀ ਲੋੜ ਨਹੀਂ ਹੈ, ਸਾਰਾ ਦਿਨ ਕਥਨੀ ਕਰੀ ਜਾਣ ਦੀ ਲੋੜ ਨਹੀਂ ਹੈ ਭਾਵ ਗੁਰੂ ਦੀ ਗੱਲ ਨੂੰ ਮੰਨਣ ਦੀ ਲੋੜ ਹੈ, ਮਾਇਆ ਮੋਹ ਨੂੰ ਛੱਡਣ ਦੀ ਲੋੜ ਹੈ, ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦੀ ਲੋੜ ਹੈ, ਅਉਗੁਣਾਂ ਨੂੰ ਛੱਡਣ ਦੀ ਲੋੜ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ

ਛੱਡਣ ਦੀ ਲੋੜ ਹੈ ਭਾਵ ਆਪਣੀ ਸਮਝ ਨੂੰ ਬਦਲਣ ਦੀ ਲੋੜ ਹੈ, ਆਪਣੀ ਸਮਝ ਨੂੰ ਸੱਚੀ ਸਮਝ ਬਨਾਉਂਣ ਦੀ ਲੋੜ ਹੈ, ਭਰਮਾਂ ਵਾਲੀ ਮਤਿ ਵਿੱਚੋਂ ਨਿਕਲਣ ਦੀ ਲੋੜ ਹੈ। ਪ੍ਰਮਾਤਮਾ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਹ ਆਪਣੇ ਮੇਲ ਦੁਆਰਾ ਮਨੁੱਖ ਦੀ ਸਮਝ ਹੀ ਸੱਚੀ ਬਣਾਉਂਦਾ ਹੈ, ਧਰਮ ਦੇ ਮਾਰਗ ਵਾਲੀ ਬਣਾਉਂਦਾ ਹੈ ਤੇ ਆਪ ਹੀ ਉਸ ਮਤਿ ਤੇ ਚਲਾਉਂਦਾ ਹੈ ਭਾਵ ਆਪ ਹੀ ਆਪਣੀ ਵਡਿਆਈ ਕਰਵਾਉਂਦਾ ਹੈ। ਕਥਨੀ ਕਰਨ ਦੁਆਰਾ ਪ੍ਰਮਾਤਮਾ ਦੀ ਵਡਿਆਈ ਨਹੀਂ ਹੁੰਦੀ ਬਲਕਿ ਕਥਨੀ ਕਰਨ ਵਾਲਿਆਂ ਦੀ ਆਪਣੀ ਵਡਿਆਈ ਹੁੰਦੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਸਮਝ ਸਕਦੇ ਹਾਂ।

ਪ੍ਰਮਾਤਮਾ ਦੀ ਵਡਿਆਈ ਹਰ ਕੋਈ ਆਖ ਆਖ ਕੇ ਕਰਦਾ ਹੈ, ਬੋਲ ਬੋਲ ਕੇ ਕਰਦਾ ਹੈ ਤੇ ਜਿਸਦੀ ਵਡਿਆਈ ਦਾ ਕੋਈ ਅੰਤ ਹੀ ਨਹੀਂ ਹੈ, ਜਿਸਦੇ ਆਪਣੇ ਵੱਡੇਪਨ ਦਾ ਕੋਈ ਅੰਤ ਹੀ ਨਹੀਂ ਹੈ ਉਸਨੂੰ ਹੋਰ ਵੱਡਾ ਕੋਈ ਕੀ ਕਰ ਸਕਦਾ ਹੈ ਤੇ ਕਿਵੇਂ ਕਰ ਸਕਦਾ ਹੈ। ਆਪਣੀ ਵਡਿਆਈ ਦੀ ਉਸਨੂੰ ਲੋੜ ਹੁੰਦੀ ਹੈ ਜਿਸਦੇ ਕੋਲ ਵਡਿਆਈ ਦੀ ਕੋਈ ਕਸਰ ਬਾਕੀ ਹੋਵੇ ਭਾਵ ਜੋ ਪਹਿਲੇ ਹੀ ਪੂਰਨ ਤੌਰ ਤੇ ਵੱਡਾ ਹੈ ਉਸਨੂੰ ਗੱਲਾਂ ਨਾਲ ਨਹੀਂ ਵਡਿਆਇਆ ਜਾ ਸਕਦਾ। ਉਸ ਦੀਆਂ ਸਮਝਾਈਆਂ ਹੋਈਆਂ ਗੱਲਾਂ ਤੇ ਅਮਲ ਕਰਨਾ ਹੀ ਉਸ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਣਾ ਹੀ ਉਸਦੀ ਵਡਿਆਈ ਵਿੱਚ ਸ਼ਾਮਿਲ ਹੋਣਾ ਹੈ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਸ ਨੂੰ ਫਿਰ ਤੋਂ ਸਮਝਿਆ ਜਾ ਸਕਦਾ ਹੈ। ਪੂਰੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਸਮਝ ਚੁਕੇ ਹਾਂ।

“ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥
ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥”

(ਅੰਗ ੯-੧੦)

ਸ਼ਬਦ ਨੂੰ ਪੜਿਆ ਤਾਂ ਹਰ ਰੋਜ ਜਾਂਦਾ ਹੈ ਪਰ ਉਸਨੂੰ ਸਮਝ ਕੇ ਅਮਲ ਕੌਣ ਕਰ ਸਕਦਾ ਹੈ ਇਸਦਾ ਅੰਦਾਜਾ ਹਰ ਕੋਈ ਆਪਣੇ ਆਪ ਲਗਾ ਸਕਦਾ ਹੈ। ਵਡਿਆਈ ਤਾਂ ਆਪਣੇ ਵੱਲੋਂ ਹਰ ਕੋਈ ਪ੍ਰਮਾਤਮਾ ਦੀ ਹੀ ਕਰਦਾ ਹੈ, ਸ਼ਬਦਾਂ ਨੂੰ ਆਖ ਆਖ ਕੇ, ਕਿਸੇ ਅੱਖਰ ਨੂੰ ਆਖ ਆਖ ਕੇ, ਬੋਲ ਬੋਲ ਕੇ ਕਰਦਾ ਹੈ ਤੇ ਹਰ ਕੋਈ ਇਹੀ ਸਮਝਦਾ ਹੈ ਕਿ ਇਸ ਤਰੀਕੇ ਹੀ ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ ਤੇ ਇਹੀ ਉਸ ਪ੍ਰਮਾਤਮਾ ਦੀ ਕੀਮਤ ਚੁਕਾਉਂਣਾ ਹੈ ਜਿਸ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ। ਪ੍ਰਮਾਤਮਾ

43/5619

ਦੀ ਵਡਿਆਈ ਕਰਨੀ ਜਾਂ ਨਾਮ ਦੀ ਵਡਿਆਈ ਕਰਨੀ ਇੱਕੋ ਹੀ ਗੱਲ ਹੈ ਕਿਉਂਕਿ ਨਾਮ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ। ਇਸ ਤਰੀਕੇ ਪ੍ਰਮਾਤਮਾ ਨੂੰ ਆਖ ਆਖ ਕੇ ਦੁਨੀਆ ਥੱਕ ਗਈ ਹੈ ਭਾਵ ਰਸਨਾ ਨਾਲ ਬੋਲ ਬੋਲ ਕੇ ਥੱਕ ਗਈ ਹੈ ਪਰ ਇਸ ਤਰੀਕੇ ਪ੍ਰਮਾਤਮਾ ਨੂੰ ਨਾ ਕਦੇ ਕਿਸੇ ਨੇ ਪਾਇਆ ਹੈ ਤੇ ਨਾ ਹੀ ਪਾਇਆ ਜਾ ਸਕਦਾ ਹੈ ਕਿਉਂਕਿ ਇਸ ਤਰੀਕੇ ਪ੍ਰਮਾਤਮਾ ਦੀ ਇੱਕ **“ਤਿਲੁ”** ਜਿੰਨੀ ਵਡਿਆਈ ਨਹੀਂ ਕੀਤੀ ਜਾ ਸਕਦੀ ਭਾਵ ਰੱਤੀ ਭਰ ਵਡਿਆਈ ਵੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਕਥਨੀ ਕਰੀ ਜਾਣਾ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਹੀ ਨਹੀਂ ਹੈ, ਉਸਦੀ ਕੀਮਤ ਪਾਉਂਣ ਦਾ ਤਰੀਕਾ ਹੀ ਨਹੀਂ ਹੈ। **(ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥)**

ਬੋਲ ਬੋਲ ਕੇ ਪ੍ਰਮਾਤਮਾ ਦੀ ਵਡਿਆਈ ਇਸ ਕਰਕੇ ਨਹੀਂ ਹੁੰਦੀ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥”

ਜੇ ਪਹਿਲੇ ਕੋਈ ਛੋਟਾ ਹੋਵੇ ਤੇ ਕਿਸੇ ਦੇ ਕਹਿਣ ਨਾਲ ਵੱਡਾ ਹੋ ਜਾਵੇ ਤਾਂ ਉਸਨੂੰ ਖੁਸ਼ੀ ਮਿਲਦੀ ਹੈ। ਜੋ ਪ੍ਰਮਾਤਮਾ ਪਹਿਲਾਂ ਹੀ ਇਤਨਾ ਵੱਡਾ ਹੈ ਜਿਸ ਤੋਂ ਹੋਰ ਵੱਡਾ ਹੋਰ ਨਹੀਂ ਹੋਇਆ ਜਾ ਸਕਦਾ ਉਸ ਪ੍ਰਮਾਤਮਾ ਨੂੰ ਬੋਲ ਬੋਲ ਕੇ ਕੀ ਕੋਈ ਹੋਰ ਉਸ ਤੋਂ ਵੱਡਾ

ਕਰ ਸਕਦਾ ਹੈ ਜਾਂ ਕਿਸੇ ਦੇ ਨਾ ਕਹਿਣ ਨਾਲ ਕੀ ਪ੍ਰਮਾਤਮਾ ਦਾ ਵੱਡਾਪਨ ਘੱਟ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਸਦੇ ਵੱਡੇਪਨ ਦਾ ਕੋਈ ਅੰਤ ਹੀ ਨਹੀਂ ਹੈ। ਸਾਰਾ ਸੰਸਾਰ ਭਾਵੇਂ ਮਿਲ ਕੇ ਮੁੱਖੋਂ ਇਹ ਆਖੀ ਜਾਏ ਕਿ ਪ੍ਰਮਾਤਮਾ ਬਹੁਤ ਵੱਡਾ ਹੈ ਉਸਦੇ ਵੱਡੇਪਨ ਨੂੰ ਫਰਕ ਨਹੀਂ ਪੈਂਦਾ। ਜੋ ਪ੍ਰਮਾਤਮਾ ਖੰਡਾ ਬ੍ਰਹਮੰਡਾਂ ਦਾ ਮਾਲਕ ਹੈ ਜੋ ਖੰਡ ਬ੍ਰਹਮੰਡ ਗਿਣਤੀ ਤੋਂ ਹੀ ਬਾਹਰ ਹਨ ਭਾਵ ਪ੍ਰਮਾਤਮਾ ਦੀਆਂ ਵਡਿਆਈਆਂ ਦਾ, ਉਸਦੇ ਵੱਡੇਪਨ ਦਾ ਕੋਈ ਅੰਤ ਹੀ ਨਹੀਂ ਹੈ ਤੇ ਉਸਨੂੰ ਅਸੀਂ ਬੋਲ

43/5620

ਬੋਲ ਕੇ ਹੋਰ ਵੱਡਾ ਕੀ ਕਰਾਂਗੇ ਜਿਸਦਾ ਵੱਡਾਪਨ ਸਾਡੀ ਸਮਝ ਤੋਂ ਹੀ ਬਾਹਰ ਹੈ। **(ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥)**

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

ਬੋਲ ਬੋਲ ਕੇ ਵਡਿਆਈ ਕਰਨ ਵਿੱਚ ਪ੍ਰਮਾਤਮਾ ਨੂੰ ਕਿਸ ਲਈ ਫਰਕ ਨਹੀਂ ਪੈਂਦਾ ਤੇ ਅਸਲ ਵਿੱਚ ਅਸੀਂ ਵਡਿਆਈ ਕਿਸ ਲਈ ਕਰਦੇ ਹਾਂ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥”

ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ ਤੇ ਜੋ ਕਦੇ ਮਰ ਹੀ ਨਹੀਂ ਸਕਦਾ ਕੀ ਅਸੀਂ ਉਸਨੂੰ ਹੋਰ ਵੱਡਾ ਕਰ ਸਕਦੇ ਹਾਂ ਤੇ ਕੀ ਉਸਨੂੰ ਇਸ ਗੱਲ ਵਿੱਚ ਕਦੇ ਖੁਸ਼ੀ ਮਿਲ ਸਕਦੀ ਹੈ ਕਿ ਮੈਂ ਕਿਸੇ ਦੇ ਕਹਿਣ ਨਾਲ ਹੋਰ ਵੱਡਾ ਹੋ ਸਕਦਾ ਹਾਂ। ਮਨੁੱਖ ਜਨਮ ਮਰਨ ਵਿੱਚ ਹੈ ਤੇ ਜੇਕਰ ਕਿਸੇ ਮਨੁੱਖ ਨੂੰ ਇਹ ਕਹੋ ਕਿ ਤੂੰ ਸੋ ਸਾਲ ਜੀਵੇਂਗਾ, ਦੋ ਸੋ ਸਾਲ ਜੀਵੇਂਗਾ ਭਾਵ ਤੂੰ ਬਹੁਤ ਵੱਡਾ ਹੋਵੇਂਗਾ ਤਾਂ ਉਸਨੂੰ ਇਹ ਸੁਣ ਕੇ ਹੀ ਚੰਗਾ ਲੱਗਦਾ ਹੈ ਕਿ ਮੇਰੀ ਉਮਰ ਵੱਡੀ ਹੋ ਜਾਵੇਗੀ ਪਰ ਜੋ ਪ੍ਰਮਾਤਮਾ ਹੈ ਹੀ ਮਰਨ ਤੋਂ ਰਹਿਤ ਉਸਨੂੰ ਬੋਲ ਬੋਲ ਕੇ ਅਸੀਂ ਹੋਰ ਵੱਡਾ ਕੀ ਕਰ ਸਕਦੇ ਹਾਂ ਭਾਵ ਪ੍ਰਮਾਤਮਾ ਨੂੰ ਸਾਡੀ ਇਹੋ ਜਿਹੀ ਵਡਿਆਈ ਦੇਣ ਨਾਲ, ਵੱਡਾ ਕਰਨ ਨਾਲ ਕੋਈ ਫਰਕ ਨਹੀਂ ਪੈਂਦਾ। ਵਡਿਆਈ ਸਭ ਨੂੰ ਚੰਗੀ ਲੱਗਦੀ ਹੈ ਤੇ ਜਦੋਂ ਕੋਈ ਸੋਗ ਵਿੱਚ ਬੈਠਾ ਹੋਵੇ ਭਾਵ ਗਮ ਵਿੱਚ ਬੈਠਾ ਹੋਵੇ ਤੇ ਉਹ ਆਪਣੀ ਵਡਿਆਈ ਸੁਣ ਕੇ ਖੁਸ਼ ਹੋ ਜਾਂਦਾ ਹੈ ਭਾਵ ਉਸਦਾ ਸੋਗ ਦੂਰ ਹੁੰਦਾ ਹੈ ਲੇਕਿਨ ਪ੍ਰਮਾਤਮਾ ਕਦੇ ਵੀ ਸੋਗ ਵਿੱਚ ਨਹੀਂ ਹੁੰਦਾ, ਉਹ ਸਦਾ ਹੀ ਖੇੜੇ ਵਿੱਚ ਰਹਿੰਦਾ ਹੈ ਭਾਵ ਉਸਨੂੰ ਕਿਸੇ ਵਡਿਆਈ ਨਾਲ ਫਰਕ ਨਹੀਂ ਪੈਂਦਾ, ਆਖ ਆਖ ਕੇ ਉਸਦੀ ਵਡਿਆਈ ਕਰਨ ਨਾਲ ਉਸਨੂੰ ਕੋਈ ਫਰਕ ਨਹੀਂ ਪੈਂਦਾ। **(ਨਾ ਓਹੁ ਮਰੈ ਨ ਹੋਵੈ ਸੋਗੁ ॥)**

ਅਸਲ ਵਿੱਚ ਹਰ ਕੋਈ ਪ੍ਰਮਾਤਮਾ ਦੀ ਵਡਿਆਈ ਕਿਸ ਵਜ੍ਹਾ ਕਰਕੇ ਕਰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਦੇਦਾ ਰਹੈ ਨ ਚੂਕੈ ਭੋਗੁ ॥”

43/5621

ਪ੍ਰਮਾਤਮਾ ਦੀ ਵਡਿਆਈ ਕਰਨ ਵਿੱਚ ਆਪਣੇ ਅੰਦਰ ਦੀ ਮਨਸਾ ਹਰ ਕਿਸੇ ਦੀ ਇਹੀ ਹੁੰਦੀ ਹੈ ਕਿ ਪ੍ਰਮਾਤਮਾ ਦੀ ਵਡਿਆਈ ਕਰਨ ਨਾਲ ਪ੍ਰਮਾਤਮਾ ਦਾਤਾਂ ਦਿੰਦਾ ਹੈ, ਮਾਇਆ ਦੇ ਸੁੱਖ ਦਿੰਦਾ ਹੈ, ਜਿਆਦਾ ਵਡਿਆਈ ਕਰਨ ਨਾਲ ਜਿਆਦਾ ਦਿੰਦਾ ਹੈ ਤੇ ਹਰ ਕੋਈ ਇਹ ਸੋਚਦਾ ਹੈ ਕਿ ਅਗਰ ਮੈਂ ਵਡਿਆਈ ਨਾ ਕੀਤੀ ਤੇ ਪ੍ਰਮਾਤਮਾ ਮੈਨੂੰ ਦਾਤਾਂ ਦੇਣ ਵਿੱਚ, ਦਾਤਾਂ ਦਾ ਭੋਗ ਕਰਾਉਂਣ ਵਿੱਚ ਚੂਕ ਕਰ ਸਕਦਾ ਹੈ ਭਾਵ ਕੋਈ ਕਮੀ ਕਰ ਸਕਦਾ ਹੈ, ਕੋਈ ਭੁੱਲ ਕਰ ਸਕਦਾ ਹੈ। ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਹੇ ਮਨੁੱਖ ਪ੍ਰਮਾਤਮਾ ਕਦੇ ਦਾਤਾਂ ਦੇਣ ਵਿੱਚ ਚੂਕ ਨਹੀਂ ਕਰਦਾ ਉਹ ਤਾਂ ਸਦਾ ਤੋਂ ਸਭ ਨੂੰ ਦਿੰਦਾ ਹੀ ਆ ਰਿਹਾ ਹੈ। ਉਸ ਦੀਆਂ ਦਾਤਾਂ ਕਿਸੇ ਵਡਿਆਈ ਦੀ ਮੁਹਤਾਜ ਨਹੀਂ ਹਨ, ਉਹ ਦਾਤਾਂ ਸਭ ਨੂੰ ਹੀ ਦਿੰਦਾ ਹੈ, ਕੋਈ ਉਸਦੀ ਵਡਿਆਈ ਕਰੇ ਜਾਂ ਨਾ ਕਰੇ ਭਾਵ ਬੋਲ ਬੋਲ ਕੇ ਉਸਦੀ ਵਡਿਆਈ ਕੋਈ ਕਰੇ ਜਾਂ ਨਾ ਕਰੇ ਉਹ ਕਦੇ ਦਾਤਾਂ ਦੇਣ ਵਿੱਚ ਚੂਕ ਨਹੀਂ ਕਰਦਾ। **(ਦੇਦਾ ਰਹੈ ਨ ਚੂਕੈ ਭੋਗੁ ॥)**

{ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥}

(ਅੰਗ ੨)

ਮੁੱਖੋਂ ਬੋਲ ਬੋਲ ਕੇ ਭਾਵ ਆਪਣੀ ਕਥਨੀ ਦੁਆਰਾ ਅਸੀਂ ਜੋ ਵੀ ਪ੍ਰਮਾਤਮਾ ਦੀ ਆਪਣੇ ਵੱਲੋਂ ਵਡਿਆਈ ਕਰਦੇ ਹਾਂ, ਉਸਨੂੰ ਆਪਣਾ ਗੁਣ ਸਮਝਦੇ ਹਾਂ ਕਿ ਅਸੀਂ ਬੋਲ ਬੋਲ ਕੇ ਪ੍ਰਮਾਤਮਾ ਦੇ ਗੁਣ ਗਾ ਰਹੇ ਹਾਂ। ਜਿਸ ਕਥਨੀ ਦੁਆਰਾ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ ਉਹ ਫਿਰ ਸਾਡਾ ਗੁਣ ਕਿਵੇਂ ਹੋ ਸਕਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥”

ਕਿਤਨਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਪ੍ਰਮਾਤਮਾ ਦੇ ਗੁਣ ਕਿਵੇਂ ਗਾਏ ਜਾ ਸਕਦੇ ਹਨ ਭਾਵ ਪ੍ਰਮਾਤਮਾ ਦੀ ਵਡਿਆਈ ਕਿਵੇਂ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਦੇ ਗੁਣ ਗਾਉਂਣ ਲਈ ਕਿਸੇ ਕਥਨੀ ਦੀ ਲੋੜ ਨਹੀਂ ਹੈ, ਕੇਵਲ ਇੱਕੋ ਗੁਣ ਦੀ ਲੋੜ ਹੈ ਜਦੋਂ ਮਨੁੱਖ ਨੂੰ ਇਹੀ ਗੱਲ ਸਮਝ ਆ ਜਾਵੇ ਕਿ ਪ੍ਰਮਾਤਮਾ ਸਭ ਕੁਝ ਆਪ ਹੀ ਹੈ ਭਾਵ ਉਸ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੈ। ਮਨੁੱਖ ਵੀ ਇਸ ਵਿੱਚ ਆਉਂਦਾ ਹੈ। ਇਹ ਗੱਲ ਮਨੁੱਖ ਨੂੰ ਉਦੋਂ ਹੀ ਸਮਝ ਆ ਸਕਦੀ ਹੈ ਭਾਵ ਉਦੋਂ ਹੀ ਵਿਸ਼ਵਾਸ

ਆਉਂਦਾ ਹੈ ਜਦੋਂ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਫਿਰ ਤਾਂ ਹੀ ਮਨੁੱਖ ਇਹ ਗੱਲ ਕਹਿੰਦਾ ਹੈ ਕਿ ਇਸ ਸ੍ਰਿਸ਼ਟੀ ਵਿੱਚ ਨਾ ਹੀ ਕੋਈ ਪ੍ਰਮਾਤਮਾ ਤੋਂ ਬਿਨਾਂ ਕੋਈ ਹੁਣ ਤੱਕ ਹੋਇਆ ਹੈ ਤੇ ਨਾ ਹੀ ਕੋਈ ਹੋ ਸਕਦਾ ਹੈ ਭਾਵ ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ। ਬਹੁਤ ਔਖੀ ਹੈ ਪ੍ਰਮਾਤਮਾ ਦੀ ਵਡਿਆਈ ਸਮਝ ਆਉਂਣਾ, ਬਹੁਤ ਔਖਾ ਹੈ ਪ੍ਰਮਾਤਮਾ ਦੇ ਗੁਣ ਗਾਉਂਣਾ, ਬਹੁਤ ਔਖਾ ਹੈ ਪ੍ਰਮਾਤਮਾ ਨੂੰ ਜਾਨਣਾ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਕਿ ਕੋਈ ਇਸ ਗੱਲ ਨੂੰ ਜਾਣ ਸਕੇ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਉਸਦੀ ਉਹੋ ਜਿਹੀ ਵਡਿਆਈ ਕਰ ਸਕੇ, ਉਸਦੇ ਉਹੋ ਜਿਹੇ ਗੁਣ ਗਾ ਸਕੇ ਜਿਹੋ ਜਿਹੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਨੂੰ ਜਾਨਣ ਦੁਆਰਾ ਗਾਏ ਹਨ, ਉਸਨੇ ਆਪ ਹੀ ਗਵਾਏ ਹਨ। **(ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥)**

ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਗਾਏ ਜਾ ਸਕਦੇ ਹਨ, ਉਸਦੇ ਨਾਮ ਦੀ ਦਾਤਿ ਮਿਲਣ ਦੁਆਰਾ ਗਾਏ ਜਾ ਸਕਦੇ ਹਨ ਕਿਉਂਕਿ ਪ੍ਰਮਾਤਮਾ ਦੇ ਨਾਲ ਮੇਲ ਉਸਦੀ ਨਾਮ ਦੀ ਦਾਤਿ ਮਿਲਣ ਦੁਆਰਾ ਹੀ ਹੁੰਦਾ ਹੈ ਤੇ ਉਸਦੇ ਨਾਮ ਦੀ ਦਾਤਿ ਕਿਸ ਰੂਪ ਵਿੱਚ ਮਿਲਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥

ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥”

ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਭਾਵ ਅਗਿਆਨਤਾ ਵਾਲੀ ਸਮਝ ਨਿਕਲਣ ਦੁਆਰਾ ਹੀ ਹੁੰਦਾ ਹੈ ਤੇ ਪ੍ਰਮਾਤਮਾ

ਜਿਸਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਉਸਨੂੰ ਆਪਣੇ ਨਾਮ ਦੀ ਦਾਤਿ ਦੇਣ ਦੁਆਰਾ ਹੀ ਕੱਢਦਾ ਹੈ। ਜਿਤਨਾ ਵੱਡਾ ਪ੍ਰਮਾਤਮਾ ਆਪ ਹੈ, ਉਤਨੀ ਹੀ ਵੱਡੀ ਉਸਦੀ ਨਾਮ ਦੀ ਦਾਤਿ ਹੈ ਭਾਵ ਨਾਮ ਦੀ ਦਾਤਿ ਦਾ ਮਿਲਣਾ ਜਾਂ ਪ੍ਰਮਾਤਮਾ ਦਾ ਮਿਲਣਾ ਇੱਕੋ ਹੀ ਗੱਲ ਹੈ ਜਿਸਦਾ ਮਕਸਦ ਸਾਨੂੰ ਮਨ ਦੇ ਹਨੇਰੇ ਵਿੱਚੋਂ ਕੱਢਣ ਦਾ ਹੈ, ਰਾਤਿ ਦੇ ਹਨੇਰੇ ਵਿੱਚੋਂ ਕੱਢਣ ਦਾ ਹੈ ਜੋ ਰਾਤਿ ਦਾ ਹਨੇਰਾ ਪ੍ਰਮਾਤਮਾ ਨੇ ਸਭ ਦੇ ਅੰਦਰ ਆਪ ਹੀ ਕੀਤਾ ਹੋਇਆ ਹੈ, ਆਪ ਹੀ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੁੰਦੇ ਹੋਏ ਸਭ ਨੂੰ ਮਨ ਦੇ ਹਨੇਰੇ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਆਪ ਸਭ ਦੇ ਅੰਦਰ ਗਿਆਨ

43/5623

ਦੇ ਪ੍ਰਕਾਸ਼ ਦੇ ਰੂਪ ਵਿੱਚ ਹੈ ਭਾਵ ਦਿਨ ਦੇ ਚਾਨਣ ਦੀ ਤਰ੍ਹਾਂ ਹੈ ਤੇ ਉਸਨੇ ਸਭ ਨੂੰ ਰਾਤਿ ਦੇ ਹਨੇਰੇ ਵਿੱਚ ਭਾਵ ਅਗਿਆਨਤਾ ਦੇ ਹਨੇਰੇ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਜਿਸਦੇ ਅੰਦਰੋਂ ਇਹ ਅਗਿਆਨਤਾ ਰੂਪ ਹਨੇਰਾ ਕੱਢਦਾ ਹੈ ਉਸਨੂੰ ਆਪਣੀ ਨਾਮ ਦੀ ਦਾਤਿ ਭਾਵ ਸੱਚੇ ਗਿਆਨ ਦੀ ਦਾਤਿ ਦੇਣ ਦੁਆਰਾ ਹੀ ਕੱਢਦਾ ਹੈ। ਸਾਡਾ ਸਭ ਦਾ ਖਸਮ ਭਾਵ ਪ੍ਰਮਾਤਮਾ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ ਉਹ ਮਨ ਦੀ ਅਗਿਆਨਤਾ ਕਰਕੇ ਸਭ ਨੂੰ ਆਪਣੇ ਅੰਦਰੋਂ ਵਿਸਰਿਆ ਰਹਿੰਦਾ ਹੈ, ਮਨ ਦੀ ਅਗਿਆਨਤਾ ਕਰਕੇ ਭਾਵ ਮਨ ਦੀ ਘੱਟ ਸਮਝ ਕਰਕੇ ਵਿਸਰਿਆ ਰਹਿੰਦਾ ਹੈ। **"ਕਮਜਾਤਿ"** ਤੋਂ ਭਾਵ ਹੈ ਕਿ ਉਹਨਾਂ ਦੀ ਸਮਝ ਘੱਟ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਉਹ ਥੋੜੀ ਮਤਿ ਵਾਲੇ ਹਨ ਜਿਸ ਕਰਕੇ ਉਹ ਆਪਣੇ ਅੰਦਰੋਂ ਉੱਚੀ ਮਤਿ ਵਾਲੇ ਖਸਮ ਨੂੰ ਵਿਸਾਰੀ ਰੱਖਦੇ ਹਨ। ਸਾਡੇ ਅੰਦਰ ਖਸਮ ਦਾ ਵਿਸਰਨਾ ਜਾਂ ਨਾਮ ਦਾ ਵਿਸਰਨਾ ਇੱਕੋ ਹੀ ਗੱਲ ਹੈ ਕਿਉਂਕਿ ਸਾਡੇ ਅੰਦਰ ਅਗਿਆਨਤਾ ਰੂਪ ਹਨੇਰਾ ਨਾਮ ਨਾ ਹੋਣ ਕਰਕੇ ਹੀ ਹੈ। **"ਸਨਾਤਿ"** ਤੋਂ ਭਾਵ ਹੈ ਹਨੇਰਾ ਜੋ ਸਾਡੀ ਮਤਿ ਨੂੰ ਨੀਵੀਂ ਰੱਖਦਾ ਹੈ, ਪ੍ਰਮਾਤਮਾ ਦੀ ਉੱਚੀ ਮਤਿ ਦੇ ਸਾਹਮਣੇ ਨੀਵੀਂ ਮਤਿ ਵਾਲਾ ਬਣਾ ਕੇ ਰੱਖਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤਿ ਬਖਸ਼ ਦਿੰਦਾ ਹੈ ਉਸਨੂੰ ਮਨ ਦੀ ਨੀਵੀਂ ਮਤਿ ਵਿੱਚੋਂ ਕੱਢ ਲੈਂਦਾ ਹੈ ਤੇ ਆਪਣੇ ਨਾਲ ਮਿਲਾ ਲੈਂਦਾ ਹੈ, ਆਪਣੇ ਉੱਚੇ ਗਿਆਨ ਦੇ ਨਾਲ ਮਿਲਾ ਲੈਂਦਾ ਹੈ। ਪ੍ਰਮਾਤਮਾ ਦੀ ਵਡਿਆਈ ਉਸਦੀ ਨਾਮ ਦੀ ਦਾਤਿ ਮਿਲਣ ਦੁਆਰਾ ਹੀ ਸਮਝ ਆਉਂਦੀ ਹੈ ਕਿ ਉਹ ਕਿਤਨਾ ਕੁ ਵੱਡਾ ਹੈ ਤੇ ਆਪਣੀ ਭਗਤੀ ਦਾ ਮਾਰਗ ਆਪਣੇ ਮੇਲ ਦੁਆਰਾ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਜਿਸ ਦੁਆਰਾ ਉਸਦੇ ਗੁਣ ਗਾਏ ਜਾ ਸਕਦੇ ਹਨ ਤੇ ਮਨੁੱਖ ਨੂੰ ਸਮਝ ਆਉਂਦੀ ਹੈ ਕਿ ਪ੍ਰਮਾਤਮਾ ਨੂੰ ਜਾਣੇ ਬਿਨਾਂ ਇਹ ਨਹੀਂ ਸਮਝ ਆ ਸਕਦੀ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਨਾ ਅੱਜ ਤੱਕ ਕੋਈ ਹੋਰ ਹੋਇਆ ਹੈ ਤੇ ਨਾ ਹੀ ਕੋਈ ਹੋਰ ਹੋ ਸਕਦਾ ਹੈ। **(ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥)**

ਉਹ ਪ੍ਰਮਾਤਮਾ ਜੋ ਇਤਨਾ ਕੁ ਵੱਡਾ ਹੈ, ਕਰੋੜਾਂ ਬ੍ਰਹਮੰਡਾਂ ਦਾ ਮਾਲਕ ਹੈ ਉਸਦੀ ਵਡਿਆਈ ਨੂੰ ਜਦ ਤੱਕ ਕੋਈ ਜਾਣ ਨਹੀਂ ਲੈਂਦਾ ਭਾਵ ਜਦ ਤੱਕ ਉਸਦੇ ਨਾਲ ਮੇਲ ਨਹੀਂ ਹੋ ਜਾਂਦਾ ਤਦ ਤੱਕ ਉਸਦੀ ਵਡਿਆਈ ਇੱਕ ਅੱਖਰ ਨੂੰ ਬੋਲੀ ਜਾਣਾ ਹੀ

43/5624

ਹਰ ਕੋਈ ਉਸਦੀ ਵਡਿਆਈ ਕਰਨਾ ਸਮਝਦਾ ਹੈ ਭਾਵ ਉਸ ਪ੍ਰਮਾਤਮਾ ਦੀ ਵਡਿਆਈ ਨੂੰ ਬਹੁਤ ਹੀ ਨੀਵਾਂ ਬਣਾ ਦਿੱਤਾ ਜਾਂਦਾ ਹੈ ਭਾਵ ਉਸਦੀ ਵਡਿਆਈ ਦਾ ਦਾਇਰਾ ਇੱਕ ਅੱਖਰ ਦੀ ਵਡਿਆਈ ਵਿੱਚ ਸਮੇਟ ਦਿੱਤਾ ਜਾਂਦਾ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਨੂੰ ਇੱਕ ਅੱਖਰ ਦੀ ਬਰਾਬਰੀ ਨਾਲ ਤੋਲ ਦਿੱਤਾ ਜਾਂਦਾ ਹੈ ਜਿਸ ਕਰਕੇ ਹਰ ਕੋਈ ਆਪਣੇ ਆਪ ਨੂੰ ਉੱਚਾ ਅਖਵਾਉਂਦਾ ਹੈ, ਪ੍ਰਮਾਤਮਾ ਦੀ ਭਗਤੀ ਕਰਨ ਵਾਲਾ, ਨਾਮ ਜਪਣ ਵਾਲਾ ਅਖਵਾਉਂਦਾ ਹੈ ਪਰ ਅਸਲ ਵਿੱਚ ਉਸਨੂੰ ਇਹ ਨਾਸਮਝੀ ਕਰਕੇ ਗੁਰੂ ਸਾਹਿਬ ਮੂਰਖ ਕਹਿ ਰਹੇ ਹਨ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ, ਧਿਆਨ ਵਿੱਚ ਲਿਆਂਦਾ ਜਾ ਸਕਦਾ ਹੈ ਕਿਉਂਕਿ ਪੂਰੇ ਸ਼ਬਦ ਦੇ ਅਰਥ ਲੇਖ ਵਿੱਚ ਪਿੱਛੇ ਪਹਿਲੇ ਹੀ ਕੀਤੇ ਹੋਏ ਹਨ।

{ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥
ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥

ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥}

(ਅੰਗ ੬੧੨)

ਝੂਠੀਆਂ ਵਡਿਆਈਆਂ ਹਰ ਕੋਈ ਲੈਂਦਾ ਹੈ, ਕਥਨੀ ਕਰੀ ਜਾਣ ਦੁਆਰਾ ਲੈਂਦਾ ਹੈ। ਸੱਚੀ ਵਡਿਆਈ ਕੇਵਲ ਉਸਦੀ ਹੈ ਜੋ ਗੁਰੂ ਦੀ ਗੱਲ ਨੂੰ ਮੰਨਦਾ ਹੈ ਤੇ ਗੁਰੂ ਪ੍ਰਮਾਤਮਾ ਦੇ ਭਾਣੇ ਅਨੁਸਾਰ ਚੱਲਦਾ ਹੈ। ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥
ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ ॥
ਕਿਰਪਾ ਕਰੇ ਜਿਸੁ ਆਪਣੀ ਤਿਸੁ ਕਰਮਿ ਪਰਾਪਤਿ ਹੋਇ ॥
ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ ॥੧॥}

(ਅੰਗ ੯੦)

{ਸਤਿਗੁਰੁ ਸੇਵਿਐ ਵਡੀ ਵਡਿਆਈ ॥ ਹਰਿ ਜੀ ਅਚਿੰਤੁ ਵਸੈ ਮਨਿ ਆਈ ॥
ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ ॥
ਹਰਿ ਸਤਸੰਗਤਿ ਆਪੇ ਮੇਲੈ ਗੁਰ ਸਬਦੀ ਹਰਿ ਗੁਣ ਗਾਵਣਿਆ ॥੧॥ ਰਹਾਉ ॥
ਸਤਿਗੁਰੁ ਸੇਵੀ ਸਬਦਿ ਸੁਹਾਇਆ ॥ ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥
ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥੨॥
ਬਿਨੁ ਗੁਰ ਨਾਮੁ ਨ ਪਾਇਆ ਜਾਇ ॥ ਸਿਧ ਸਾਧਿਕ ਰਹੇ ਬਿਲਲਾਇ ॥
ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ ॥੩॥
ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥
ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥੪॥
ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥ ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥
ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ ॥੫॥
ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥ ਦੂਜਾ ਭਰਮੁ ਗੁਰ ਸਬਦਿ ਜਲਾਏ ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥
ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥੭॥

ਸਤਿਗੁਰੁ ਦਾਤਾ ਮਿਲੈ ਮਿਲਾਇਆ ॥ ਪੂਰੈ ਭਾਗਿ ਮਨਿ ਸਬਦੁ ਵਸਾਇਆ ॥
ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ ॥੮॥੯॥੧੦॥}

(ਅੰਗ ੧੧੪-੧੧੫)

{ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ ॥
ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ ॥
ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ ॥
ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ ॥
ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ ॥੬॥}

(ਅੰਗ ੮੪)

{ਆਪੇ ਹਰਿ ਜਗਜੀਵਨੁ ਦਾਤਾ ਆਪੇ ਬਖਸਿ ਮਿਲਾਏ ॥ ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ॥
ਗੁਰਮੁਖਿ ਆਪੇ ਦੇ ਵਡਿਆਈ ਆਪੇ ਸੇਵ ਕਰਾਏ ॥੨॥}

(ਅੰਗ ੬੪)

43/5625

ਜਿਸ ਮਨੁੱਖੀ ਰੂਪ ਨੂੰ ਵੀ ਪ੍ਰਮਾਤਮਾ ਸੱਚੀ ਵਡਿਆਈ ਬਖਸ਼ਦਾ ਹੈ ਉਹ ਆਪਣੇ ਮੇਲ ਦੁਆਰਾ ਹੀ ਬਖਸ਼ਦਾ ਹੈ ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਵਡਿਆਈ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਹੋ ਸਕਦੀ ਹੈ ਭਾਵ ਜੋ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਦਾ ਹੈ ਉਸਦੀ ਹੀ ਆਪਣੀ ਵਡਿਆਈ ਸੱਚੀ ਹੈ। ਕਥਨੀ ਕਰੀ ਜਾਣ ਨਾਲ ਪ੍ਰਮਾਤਮਾ ਦੀ ਵਡਿਆਈ ਤਾਂ ਨਹੀਂ ਹੁੰਦੀ ਤੇ ਆਪਣੀ ਵਡਿਆਈ ਹੀ ਹਰ ਕੋਈ ਕਰਵਾਉਂਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ।

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥

ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੯॥੯॥}

(ਅੰਗ ੫੯)

{ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥ ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥}

(ਅੰਗ ੪੫)

{ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥੨॥}

(ਅੰਗ ੩੧੯)

{ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥}

(ਅੰਗ ੧੨੯੦)

ਉਪਰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ ਤੇ ਮਨੁੱਖ ਦੀ ਆਪਣੀ ਵਡਿਆਈ ਕਿਸ ਵਿੱਚ ਹੈ। ਵਡਿਆਈ ਸੱਚ ਦੀ ਹੀ ਹੋਣੀ ਹੈ ਤੇ ਜਦ ਤੱਕ ਸੱਚ ਦੀ ਸਮਝ ਹੀ ਨਹੀਂ ਤਦ ਤੱਕ ਸੱਚ ਦੀ ਵਡਿਆਈ ਕੀ ਹੋ ਸਕਦੀ ਹੈ। ਸਚੁ ਰੂਪ ਪ੍ਰਮਾਤਮਾ ਆਪ ਹੈ ਜਿਸਦੀ ਵਡਿਆਈ ਸੱਚੀ ਹੀ ਹੈ ਤੇ ਉਸਦਾ ਸਚੁ ਰੂਪ ਹੋਏ ਬਿਨਾਂ ਨਾ ਮਨੁੱਖ ਦੀ ਆਪਣੀ ਵਡਿਆਈ

43/5626

ਸੱਚੀ ਹੈ ਤੇ ਨਾ ਹੀ ਪ੍ਰਮਾਤਮਾ ਦੀ ਵਡਿਆਈ ਕਿਸ ਵਿੱਚ ਹੈ ਇਸ ਗੱਲ ਦੀ ਸਮਝ ਆਉਂਦੀ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ ਤੇ ਉਸ ਸੱਚ ਉਪਰ ਚੱਲਣਾ ਹੀ ਸੱਚ ਦੀ ਵਡਿਆਈ ਹੈ, ਨਾਮ ਦੀ ਵਡਿਆਈ ਹੈ, ਪ੍ਰਮਾਤਮਾ ਦੀ ਵਡਿਆਈ ਹੈ ਤੇ ਜੋ ਉਸ ਸੱਚ ਉਪਰ ਚੱਲਦਾ ਹੈ ਉਸਦੀ ਆਪਣੀ ਵਡਿਆਈ ਸੱਚੀ ਹੈ। ਅਸੀਂ ਸੱਚ ਤੇ ਚੱਲਣ ਦਾ ਉਦੱਮ ਹੀ ਕਰਨਾ ਹੈ, ਪੂਰਨ ਸੱਚ ਦੀ ਸਮਝ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਸਾਡੇ ਮਨ ਦੀ ਸਮਝ ਨਾਲ ਜੁੜੀ ਹੋਈ ਹੈ, ਸਾਡੀ ਮਤਿ ਦੇ ਨਾਲ ਜੁੜੀ ਹੋਈ ਹੈ, ਸਾਡੇ ਮਨ ਦੇ ਗਿਆਨ ਨਾਲ ਜੁੜੀ ਹੋਈ ਹੈ। ਜਿਸਦੇ ਅੰਦਰ ਗੁਰੂ ਦੀ ਮਤਿ ਪੂਰਨ ਰੂਪ ਵਿੱਚ ਵੱਸ ਜਾਂਦੀ ਹੈ ਉਸੇ ਮਨੁੱਖ ਦੀ ਮਤਿ ਸੱਚੀ ਮਤਿ ਬਣਦੀ ਹੈ ਤੇ ਉਹੀ ਮਨੁੱਖ ਪ੍ਰਮਾਤਮਾ ਦੀ ਸੱਚੀ ਵਡਿਆਈ ਕਰ ਸਕਦਾ ਹੈ ਭਾਵ ਪੂਰਨ ਸੱਚੀ ਮਤਿ ਦੁਆਰਾ ਵਿਚਰ ਸਕਦਾ ਹੈ, ਪੂਰਨ ਗੁਰਮਤਿ ਦੁਆਰਾ ਵਿਚਰ ਸਕਦਾ ਹੈ ਭਾਵ ਪ੍ਰਮਾਤਮਾ ਦੀ ਸੱਚੀ ਵਡਿਆਈ ਕਰ ਸਕਦਾ ਹੈ ਤੇ ਇਹੋ ਜਿਹੇ ਮਨੁੱਖ ਦੀ ਆਪਣੀ ਵਡਿਆਈ ਸੱਚੀ ਹੈ ਭਾਵ ਸਭ ਕੁਝ ਮਨ ਦੇ ਸੱਚ ਨਾਲ ਜੁੜਿਆ ਹੋਇਆ ਹੈ, ਮਨ ਦੇ ਸੱਚ ਵੱਸਣ ਨਾਲ ਜੁੜਿਆ ਹੋਇਆ ਹੈ। ਜਦ ਤੱਕ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਇਸ ਵਿੱਚ ਸੱਚ ਨਹੀਂ ਹੈ ਕਿਉਂਕਿ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੀ ਆਪਣੀ ਮਨੁੱਖੀ ਹੋਂਦ ਨਹੀਂ ਹੈ ਤੇ ਮਨੁੱਖੀ ਹੋਂਦ ਦੀ ਵਡਿਆਈ ਝੂਠੀ ਵਡਿਆਈ ਹੈ। ਆਪਣੀ ਵਡਿਆਈ ਛੱਡੇ ਬਿਨਾਂ ਭਾਵ ਮਨੁੱਖੀ ਵਡਿਆਈ ਛੱਡੇ ਬਿਨਾਂ ਪ੍ਰਮਾਤਮਾ ਦੀ ਵਡਿਆਈ ਨਹੀਂ ਹੁੰਦੀ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਹਨਾਂ ਨੇ ਪ੍ਰਮਾਤਮਾ ਦੀ ਵਡਿਆਈ ਕਿਸ ਤਰੀਕੇ ਸਮਝਾਈ ਹੈ ਤੇ ਉਹਨਾਂ ਨੇ ਕਿਸ ਤਰੀਕੇ ਪ੍ਰਮਾਤਮਾ ਦੀ ਵਡਿਆਈ ਕੀਤੀ ਹੈ ਤੇ ਉਹਨਾਂ ਦੀ ਆਪਣੀ ਵਡਿਆਈ ਕਿਸ ਕਰਕੇ ਸੱਚੀ ਹੈ।

ਮਾਰੂ ਮਹਲਾ ੧ ॥

“ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥ ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥
ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ ॥੧॥ ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ ॥
ਜਿਸੁ ਤੂ ਮੇਲਹਿ ਸੋ ਮਿਲੈ ਧੁਰਿ ਹੁਕਮੁ ਅਪਾਰਾ ॥੧॥ ਰਹਾਉ ॥
ਜਿਉ ਤੂ ਰਾਖਹਿ ਤਿਉ ਰਹਾ ਜੋ ਦੇਹਿ ਸੁ ਖਾਉ ॥ ਜਿਉ ਤੂ ਚਲਾਵਹਿ ਤਿਉ ਚਲਾ ਮੁਖਿ ਅੰਮ੍ਰਿਤ ਨਾਉ ॥
ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ ॥੨॥ ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥
ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥ ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥੩॥
ਪੰਡਿਤੁ ਪੜਿ ਨ ਪਹੁਚਈ ਬਹੁ ਆਲ ਜੰਜਾਲਾ ॥ ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ ॥
ਵਿਛੋੜਾ ਭਉ ਵੀਸਰੈ ਪੂਰਾ ਰਖਵਾਲਾ ॥੪॥ ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥
ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥ ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥
ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ ॥ ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥
ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ ॥੬॥ ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥
ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥ ਵੰਨੀ ਸਾਚੇ ਲਾਲ ਕੀ ਕਿਨਿ ਕੀਮਤਿ ਕੀਜੈ ॥੭॥
ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥

ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥"

(ਅੰਗ ੧੦੧੨)

ਪ੍ਰਮਾਤਮਾ ਦੀ ਵਡਿਆਈ ਮਨੁੱਖ ਨੂੰ ਕਿਵੇਂ ਸਮਝ ਆਉਂਦੀ ਹੈ ਤੇ ਮਨੁੱਖ ਦੀ ਆਪਣੀ ਵਡਿਆਈ ਕਿਤਨੀ ਕੁ ਨੀਵੀਂ ਹੈ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆਉਂਦੀ ਹੈ

43/5627

ਜਿਵੇਂ ਕਿ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥ ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥

ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ ॥੧॥"

ਉਪਰ ਪਦੇ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ। ਜਦ ਤੱਕ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਤਦ ਤੱਕ ਹੀ ਅਸੀਂ ਆਪਣੇ ਆਪ ਨੂੰ ਸੰਸਾਰ ਦੇ ਵਿੱਚ ਰਹਿਣ ਵਾਲਾ ਸਮਝਦੇ ਹਾਂ। ਜੋ ਕੁਝ ਵੀ ਅਸੀਂ ਸਮਝਦੇ ਹਾਂ ਉਹ ਆਪਣੇ ਮਨ ਦੇ ਅੰਦਰ ਲਿਖੇ ਹੋਏ ਲੇਖ ਦੁਆਰਾ ਹੀ ਸਮਝਦੇ ਹਾਂ, ਆਪਣੇ ਮਨ ਦੇ ਵਿਚਾਰਾਂ ਦੁਆਰਾ ਹੀ ਸਮਝਦੇ ਹਾਂ। ਪ੍ਰਮਾਤਮਾ ਦਾ ਹੁਕਮ ਸਾਡੇ ਸਭ ਦੇ ਅੰਦਰ ਚੱਲ ਰਿਹਾ ਹੈ, ਮਨ ਦੇ ਵਿਚਾਰਾਂ ਰਾਹੀਂ ਚੱਲ ਰਿਹਾ ਹੈ। ਪ੍ਰਮਾਤਮਾ ਦਾ ਹੁਕਮ ਹੀ ਸਾਡੇ ਅੰਦਰ ਲਿਖੇ ਜਾ ਰਹੇ ਉਸਦੇ ਲੇਖ ਹਨ, ਉਸਦੇ ਲਿਖੇ ਜਾ ਰਹੇ ਫੁਰਮਾਣ ਹਨ। ਸਾਡੇ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਜੋ ਵੀ ਸਾਡੇ ਅੰਦਰ ਵਿਚਾਰ ਉਪਜ ਰਹੇ ਹਨ ਉਹ ਸਾਡੇ ਅੰਦਰ ਪ੍ਰਮਾਤਮਾ ਦੀ ਲਿਖੀ ਹੋਈ ਚਿੱਠੀ ਹੈ ਜਿਸਨੂੰ ਅਸੀਂ ਮਨ ਦੇ ਵਿੱਚੋਂ ਪੜਦੇ ਰਹਿੰਦੇ ਹਾਂ ਭਾਵ ਉਹੀ ਕੁਝ ਸਮਝਦੇ ਹਾਂ ਜੋ ਕੁਝ ਆਪਣੇ ਅੰਦਰੋਂ ਪੜਦੇ ਹਾਂ। ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਹੀ ਪੜਦੇ ਹਾਂ ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣੇ ਨਾਲ ਮਿਲਾਉਂਦਾ ਹੈ ਉਹ ਮਨ ਦੇ ਹੁਕਮ ਰਾਹੀਂ ਹੀ ਮਿਲਾਉਂਦਾ ਹੈ ਭਾਵ ਆਪਣਾ ਹੁਕਮ ਹੀ ਬਦਲਦਾ ਹੈ ਭਾਵ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਹੀ ਬਦਲਦਾ ਹੈ, ਮਾਇਆ ਮੋਹ ਵਾਲੀ ਸਮਝ ਨੂੰ ਹੀ ਬਦਲਦਾ ਹੈ, ਸਾਡੇ ਅੰਦਰ ਲਿਖੇ ਜਾ ਰਹੇ ਲੇਖ ਹੀ ਬਦਲਦਾ ਹੈ ਭਾਵ ਸਾਡੇ ਅੰਦਰੋਂ ਤ੍ਰੈ ਗੁਣਾਂ ਵਾਲੇ ਲੇਖਾਂ ਨੂੰ ਮਾਰ ਦਿੰਦਾ ਹੈ ਭਾਵ ਖਤਮ ਕਰ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਹੀ ਇਹ ਸਮਝ ਪੈਂਦੀ ਹੈ ਕਿ ਮੈਂ ਇੱਕ ਮਨੁੱਖ ਨਹੀਂ ਹਾਂ ਭਾਵ ਮੇਰਾ ਸੰਸਾਰ ਵਿੱਚ ਰਹਿਣਾ ਇੱਕ ਭਰਮ ਸੀ ਜੋ ਭਰਮ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਲੇਖ ਲਿਖਣ ਰਾਹੀਂ ਭਾਵ ਆਪਣੇ ਸੱਚੇ ਹੁਕਮ ਰਾਹੀਂ ਕੱਢ ਦਿੰਦਾ ਹੈ। **(ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥)**

ਜਦੋਂ ਪ੍ਰਮਾਤਮਾ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਭਾਵ ਮਨੁੱਖ ਨੂੰ ਮਨ ਦੇ ਅੰਦਰ ਆਪਣਾ ਹੁਕਮ

43/5628

ਸਮਝਾ ਦਿੰਦਾ ਹੈ ਫਿਰ ਮਨੁੱਖੀ ਮਤਿ ਨੂੰ ਕਿਸ ਤਰੀਕੇ ਬਦਲਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥ ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ ॥੧॥"

ਜਦੋਂ ਵੀ ਕੋਈ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਦਾ ਹੈ ਉਸਨੂੰ ਇਸੇ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਇਹ ਵਿਚਾਰ ਕਿਵੇਂ ਉਪਜਦੇ ਹਨ ਭਾਵ ਕੌਣ ਉਪਜਾਉਂਦਾ ਹੈ ਭਾਵ ਸਾਡੇ ਵਿਚਾਰ ਇਹ ਕਿਸਦੇ ਵੱਸ ਹਨ। ਮਨੁੱਖ ਨੂੰ ਆਪਣੇ ਅੰਦਰੋਂ ਤਾਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਨੂੰ ਮਨ ਦੀ ਨਾਸਮਝ ਮਤਿ ਵਿੱਚ ਰੱਖਣ ਵਾਲਾ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਣ ਵਾਲਾ, ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ, **"ਸਹੁ"** ਆਪ ਹੀ ਹੈ। ਤ੍ਰੈ ਗੁਣਾਂ ਵਿੱਚ ਰਹਿੰਦੇ ਹੋਏ ਭਾਵ ਮਾਇਆ ਮੋਹ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਕਿ ਉਹ ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਅਉਗੁਣ ਕਰਦਾ ਹੈ, ਮਾੜੇ ਕਰਮ ਕਰਦਾ ਹੈ ਭਾਵ ਮਨ ਦੀ ਮਾੜੀ ਸਮਝ ਦੁਆਰਾ ਕਰਦਾ ਹੈ ਜੋ ਸਮਝ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ, **"ਸਹੁ"** ਭਾਵ ਸਾਡਾ ਖਸਮ ਆਪ ਹੀ ਪਾਉਂਦਾ ਹੈ। ਉਹ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਜਿਸਨੂੰ ਆਪਣੇ ਅੰਦਰੋਂ ਉਹ ਆਪਣੇ ਸੱਚੇ ਹੁਕਮ ਨਾਲ ਜੋੜ ਲੈਂਦਾ ਹੈ ਉਹ ਫਿਰ ਮਨੁੱਖ ਦੇ ਸਾਰੇ ਅਉਗੁਣ ਬਖਸ਼ ਦਿੰਦਾ ਹੈ, ਉਸਦੇ ਸਾਰੇ ਗੁਨਾਹ ਬਖਸ਼ ਦਿੰਦਾ ਹੈ ਜੋ ਗੁਨਾਹ ਮਨੁੱਖ ਮਾਇਆ ਮੋਹ ਵਾਲੀ ਸਮਝ ਦੁਆਰਾ ਕਰਦਾ ਰਹਿੰਦਾ ਹੈ, ਮਨ ਦੀ ਨਾਸਮਝੀ

ਦੁਆਰਾ ਕਰਦਾ ਰਹਿੰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਮਨੁੱਖ ਨੂੰ ਆਪਣੇ ਆਪ ਦੀ ਸਮਝ ਲੱਗਦੀ ਹੈ ਕਿ ਮਨੁੱਖ ਪ੍ਰਮਾਤਮਾ ਦੇ ਅੱਗੇ ਕੇਵਲ ਇੱਕ ਮੰਗਤਾ ਹੈ ਤੇ ਮਨ ਦੀ ਨਾਸਮਝੀ ਕਰਕੇ ਭਾਵ ਜਦ ਤੱਕ ਮਨੁੱਖ ਨੂੰ ਆਪਣੀ ਅਸਲੀਅਤ ਦੀ ਸਮਝ ਨਹੀਂ ਪੈਂਦੀ ਉਹ ਤਦ ਤੱਕ ਹੀ ਆਪਣੇ ਆਪ ਨੂੰ ਵੱਡਾ ਅਖਵਾ ਸਕਦਾ ਹੈ। ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਮਨੁੱਖੀ ਹੈਸੀਅਤ ਦੀ ਸਮਝ ਆਉਂਦੀ ਹੈ ਕਿ ਵਡਿਆਈ ਕਿਸਦੀ ਚੰਗੀ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆਉਂਦੀ ਹੈ ਜਿਵੇਂ ਕਿ ਗੁਰੂ ਸਾਹਿਬਾਨ ਨੂੰ ਸਮਝ ਆਈ ਹੈ, ਭਗਤਾਂ ਨੂੰ ਸਮਝ ਆਈ ਹੈ, ਗੁਰਬਾਣੀ ਦੀ

43/5629

ਰਚਨਾ ਕਰਨ ਵਾਲਿਆਂ ਨੂੰ ਸਮਝ ਆਈ ਹੈ। ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਵੱਡਾ ਕਹਿ ਜਾਵੇ ਇਹ ਨਹੀਂ ਹੋ ਸਕਦਾ ਭਾਵ ਆਪਣੀ ਵਡਿਆਈ ਉਹ ਹੀ ਕਰਵਾ ਸਕਦਾ ਹੈ, ਸਮਝਦਾ ਹੈ ਜਿਸਨੇ ਪ੍ਰਮਾਤਮਾ ਨੂੰ ਨਹੀਂ ਜਾਣਿਆ। **(ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥ ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥ ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ ॥੧॥)**

ਜੋ ਕੁਝ ਅਸੀਂ ਉਪਰ ਪਹਿਲੇ ਪਦੇ ਰਾਹੀਂ ਸਮਝਿਆ ਹੈ ਉਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਪਸ਼ਟ ਕੀਤੀ ਹੋਈ ਹੈ ਤਾਂ ਜੋ ਅਸੀਂ ਪੂਰੇ ਸ਼ਬਦ ਦੀ ਹਕੀਕਤ ਨਾਲ ਜੁੜ ਸਕੀਏ।

“ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ ॥

ਜਿਸੁ ਤੂ ਮੇਲਹਿ ਸੋ ਮਿਲੈ ਧੁਰਿ ਹੁਕਮੁ ਅਪਾਰਾ ॥੧॥ ਰਹਾਉ ॥”

ਪ੍ਰਮਾਤਮਾ ਮਨ ਦੇ ਵਿੱਚ ਜਦੋਂ ਕਿਸੇ ਨੂੰ ਆਪਣਾ ਹੁਕਮ ਸਮਝਾਉਂਦਾ ਹੈ ਭਾਵ ਜਦੋਂ ਕਿਸੇ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਉਹ ਮਨ ਦੇ ਵਿੱਚ ਆਪਣਾ ਹੁਕਮ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਹੀ ਸਮਝਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਆਪਣਾ ਹੁਕਮ ਹੀ ਸੁਣਾਇਆ ਹੋਇਆ ਹੈ ਜੋ ਹੁਕਮ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਜਿਨ੍ਹਾਂ ਨੇ ਮਨ ਦੇ ਅੰਦਰੋਂ ਪ੍ਰਮਾਤਮਾ ਦਾ ਇਹ ਹੁਕਮ ਸੁਣਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸ਼ਬਦਾਂ ਦੀ ਵਿਚਾਰ ਦੁਆਰਾ ਸਾਰੇ ਸੰਸਾਰ ਨੂੰ ਪ੍ਰਮਾਤਮਾ ਦਾ ਇਹ ਹੁਕਮ ਸੁਣਾਇਆ ਹੈ ਜਿਸ ਰਾਹੀਂ ਉਹਨਾਂ ਨੇ ਆਪਣੇ ਅੰਦਰੋਂ ਸੱਚ ਸੁਣਿਆ ਹੈ ਤੇ ਸਾਰੇ ਸੰਸਾਰ ਨੂੰ ਸੱਚ ਸੁਣਾਇਆ ਹੈ, ਆਪਣੇ ਅੰਦਰੋਂ ਨਾਮ ਸੁਣਿਆ ਹੈ ਤੇ ਸ਼ਬਦਾਂ ਦੀ ਵਿਚਾਰ ਰਾਹੀਂ ਸਾਰੇ ਸੰਸਾਰ ਨੂੰ ਨਾਮ ਸਮਝਾਇਆ ਹੈ। ਜਿਸਦਾ ਵੀ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਉਸਦਾ **“ਧੁਰਿ”** ਤੋਂ ਪ੍ਰਮਾਤਮਾ ਦਾ ਹੁਕਮ ਸੁਣਨ ਦੁਆਰਾ ਹੀ ਹੋਇਆ ਹੈ। **“ਧੁਰਿ”** ਪ੍ਰਮਾਤਮਾ ਦਾ ਟਿਕਾਣਾ ਹੈ ਜੋ ਕਿ ਸਾਡੇ ਅੰਦਰ ਸਾਡੇ ਮਨ ਦੇ ਰੂਪ ਵਿੱਚ ਹੈ। ਸਾਰੀ ਬਾਣੀ ਮਨ ਦੇ ਰਾਹੀਂ ਹੀ ਆਈ ਹੈ ਇਸ ਲਈ ਸਾਰੀ ਬਾਣੀ ਧੁਰਿ ਦੀ ਬਾਣੀ ਹੈ ਭਾਵ ਪ੍ਰਮਾਤਮਾ ਦੀ ਆਪਣੀ ਬਾਣੀ ਹੈ। ਜਿਸਨੂੰ ਵੀ ਆਪਣੇ ਆਪ ਦੀ ਸਮਝ ਆਈ ਹੈ

43/5630

ਉਹ ਮਨ ਦੇ ਅੰਦਰੋਂ ਹੀ ਆਈ ਹੈ ਜੋ ਸਮਝ ਪ੍ਰਮਾਤਮਾ ਨੇ ਆਪ ਹੀ ਪਾਈ ਹੈ। ਮਨੁੱਖ ਦੀ ਅਸਲੀਅਤ ਇਹ ਹੈ ਕਿ ਉਹ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਮਨ ਦੇ ਵਿੱਚ ਇਹ ਸਮਝ ਪੈਣਾ ਹੀ ਇਸ ਸੰਸਾਰ ਤੋਂ ਉੱਠ ਕੇ ਚਲੇ ਜਾਣਾ ਹੈ ਭਾਵ ਸਾਡੀ ਮੈਂ ਦਾ ਖਤਮ ਹੋਣਾ ਹੈ, ਹਉਮੈ ਦਾ ਖਤਮ ਹੋਣਾ ਹੈ ਜਿਸਨੇ ਸਾਨੂੰ ਮਨ ਦੇ ਭਰਮ ਕਰਕੇ ਮਨੁੱਖੀ ਹੋਂਦ ਵਾਲਾ ਸਮਝਾਇਆ ਹੋਇਆ ਹੈ ਜੋ ਕਿ ਇੱਕ ਝੂਠ ਹੈ। ਸ਼ਬਦ ਦੀ ਵਿਚਾਰ ਸੱਚ ਹੈ ਜੋ ਮਨ ਦੇ ਵਿੱਚ ਮਨੁੱਖ ਦਾ ਇਹ ਭਰਮ ਕੱਢ ਦਿੰਦੀ ਹੈ ਤੇ ਮਨ ਦਾ ਇਹ ਭਰਮ ਨਿਕਲਣ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। **(ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ ॥ ਜਿਸੁ ਤੂ ਮੇਲਹਿ ਸੋ ਮਿਲੈ ਧੁਰਿ ਹੁਕਮੁ ਅਪਾਰਾ ॥੧॥ ਰਹਾਉ ॥)**

ਪ੍ਰਮਾਤਮਾ ਦੀ ਵਡਿਆਈ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆਉਂਦੀ ਹੈ ਤੇ ਆਪਣੀ ਵਡਿਆਈ ਕਰਵਾਉਂਣੀ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਪ੍ਰਮਾਤਮਾ ਨੂੰ ਜਾਨਣ ਵਾਲਿਆਂ ਨੇ ਉਸਦੀ ਵਡਿਆਈ ਕਿਵੇਂ ਕੀਤੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਿਉ ਤੂ ਰਾਖਹਿ ਤਿਉ ਰਹਾ ਜੋ ਦੇਹਿ ਸੁ ਖਾਉ ॥ ਜਿਉ ਤੂ ਚਲਾਵਹਿ ਤਿਉ ਚਲਾ ਮੁਖਿ ਅੰਮ੍ਰਿਤ ਨਾਉ ॥

ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ ॥੨॥”

ਜੋ ਪ੍ਰਮਾਤਮਾ ਦਾ ਨਾਮ ਜਪਣਾ ਹੈ ਉਹੀ ਕੁਝ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ। ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਨਿਰੰਕਾਰ ਰੂਪ ਵਿੱਚ ਹੈ ਭਾਵ ਮਨ ਦੇ ਅੰਦਰ ਗਿਆਨ ਦੇ ਰੂਪ ਵਿੱਚ ਹੈ। ਸਭ ਕੁਝ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਹੱਥੀ ਪ੍ਰਮਾਤਮਾ ਜੋ ਕੁਝ ਮਨੁੱਖ ਨੂੰ ਦਿੰਦਾ ਹੈ ਉਹ ਮਨ ਦੇ ਵਿੱਚ ਗਿਆਨ ਹੀ ਦਿੰਦਾ ਹੈ ਭਾਵ ਮਨ ਦੀ ਸਮਝ ਹੀ ਦਿੰਦਾ ਹੈ। ਮਨੁੱਖ ਜੋ ਕੁਝ ਵੀ ਕਾਰ ਵਿਹਾਰ ਕਰਦਾ ਹੈ, ਸੰਸਾਰ ਦੇ ਵਿੱਚ ਜੋ ਵੀ ਧਨ ਦੌਲਤ ਕਮਾਉਂਦਾ ਹੈ ਉਹ ਸਭ ਕੁਝ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਮਨ ਦੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇਹ ਕੰਮ ਕਰਾਂ ਜਾਂ ਉਹ ਕੰਮ ਕਰਾਂ, ਮੈਨੂੰ ਇਸ ਕੰਮ ਵਿੱਚ ਲਾਭ ਹੈ ਜਾਂ ਉਸ ਕੰਮ ਵਿੱਚ ਲਾਭ ਹੈ, ਮੈਂ ਇਸ ਜਗ੍ਹਾ ਤੇ ਕੰਮ ਕਰਾਂ ਜਾਂ ਕਿਸੇ ਹੋਰ ਜਗ੍ਹਾ ਤੇ ਜਾ ਕੇ ਕੰਮ ਕਰਾਂ ਜਿਸ ਵਿੱਚ ਮੈਨੂੰ ਲਾਭ ਹੈ ਭਾਵ ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ

ਅੰਦਰੋਂ ਜਾਣ ਲੈਂਦਾ ਹੈ ਤਾਂ ਹੀ ਉਸਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਕਿਸ ਲਈ ਕਰਦਾ ਹੈ ਤੇ ਉਸ ਕੋਲੋਂ ਇਹ ਸਭ ਕੌਣ ਕਰਵਾਉਂਦਾ ਹੈ। ਮਨੁੱਖ ਤ੍ਰਿਸ਼ਨਾਵਾਂ ਦਾ ਭਰਿਆ ਰਹਿੰਦਾ ਹੈ ਤੇ ਉਹਨਾਂ ਦੀ ਪੂਰਤੀ ਲਈ ਮਾਇਆ ਪਿੱਛੇ ਦੌੜਦਾ ਹੈ ਤੇ ਉਸ ਪੂਰਤੀ ਲਈ ਉਹ ਅਨੇਕਾਂ ਮਾੜੇ ਕਰਮ ਵੀ ਕਰਦਾ ਹੈ, ਅਨੇਕਾਂ ਦੇ ਹੱਕ ਵੀ ਖਾਂਦਾ ਹੈ ਭਾਵ ਗੁਰਮਤਿ ਨੂੰ ਨਹੀਂ ਮੰਨਦਾ, ਗੁਰੂ ਦੀ ਰਜਾ ਅਨੁਸਾਰ ਨਹੀਂ ਵਿਚਰਦਾ ਭਾਵ ਸੰਸਾਰ ਵਿੱਚ ਉਸ ਤਰੀਕੇ ਨਹੀਂ ਰਹਿੰਦਾ, ਨਹੀਂ ਵਿਚਰਦਾ ਜਿਸ ਤਰੀਕੇ ਸਾਨੂੰ ਗੁਰੂ ਇਸ ਸੰਸਾਰ ਵਿੱਚ ਰਹਿਣ ਲਈ ਸਮਝਾਉਂਦਾ ਹੈ। ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਫਿਰ ਪ੍ਰਮਾਤਮਾ ਉਸਦੀ ਸਮਝ ਨੂੰ ਹੀ ਬਦਲਦਾ ਹੈ। ਪ੍ਰਮਾਤਮਾ ਦੇ ਕੋਲੋਂ ਜੋ ਸਾਨੂੰ ਮਨ ਦੇ ਵਿੱਚ ਮਿਲਦਾ ਹੈ ਉਹ ਨਿਰੰਕਾਰ ਰੂਪ ਵਿੱਚ ਮਿਲਦਾ ਹੈ ਜੋ ਕਿ ਸਾਡੇ ਮਨ ਦਾ ਭੋਜਨ ਹੈ, ਗਿਆਨ ਰੂਪ ਭੋਜਨ ਹੈ। ਜਿਹੋ ਜਿਹਾ ਭੋਜਨ ਮਨ ਦੇ ਵਿੱਚ ਪ੍ਰਮਾਤਮਾ ਖੁਆਉਂਦਾ ਹੈ ਭਾਵ ਜਿਹੋ ਜਿਹੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਪਾਉਂਦਾ ਹੈ ਉਸਦੇ ਰਾਹੀਂ ਉਹ ਮਨੁੱਖ ਨੂੰ ਤ੍ਰਿਸ਼ਨਾਵਾਂ ਵਿੱਚੋਂ ਹੀ ਕੱਢਦਾ ਹੈ ਤੇ ਮਨੁੱਖ ਨੂੰ ਆਪਣੇ ਭਾਣੇ ਅਨੁਸਾਰ ਚਲਾਉਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੀ ਸੱਚੀ ਸਮਝ ਦਾ ਭੋਜਨ ਹੀ ਭਾਵ ਉਸਦੇ ਸੱਚੇ ਗਿਆਨ ਦਾ ਭੋਜਨ ਹੀ ਉਸਦਾ ਅੰਮ੍ਰਿਤ ਨਾਮ ਹੈ ਤੇ ਫਿਰ ਮਨੁੱਖ ਦੀ ਹਰ ਵਿਚਰਨ ਨਾਮ ਅਨੁਸਾਰ ਹੀ ਹੁੰਦੀ ਹੈ। ਸਾਡੇ ਅੰਦਰ ਜੋ ਸਾਨੂੰ ਸਮਝਾਉਂਦਾ ਹੈ ਉਹ ਸਾਡਾ ਮਨ ਹੀ ਸਮਝਾਉਂਦਾ ਹੈ ਤੇ ਇਹ ਮਨ ਹੀ ਸਾਡੇ ਅੰਦਰ ਦਾ **"ਮੁਖਿ"** ਹੈ ਜੋ ਸਾਨੂੰ ਸਾਡੇ ਅੰਦਰੋਂ ਬੋਲ ਕੇ ਸਮਝਾਉਂਦਾ ਹੈ। ਜਦ ਤੱਕ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣਦੇ ਤਦ ਤੱਕ ਸਾਡਾ ਮਨ **"ਮਨਮੁਖਿ"** ਹੈ ਤੇ ਜਦੋਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਾਂ ਤੇ ਸਾਡਾ ਮਨ **"ਗੁਰਮੁਖਿ"** ਬਣ ਜਾਂਦਾ ਹੈ। ਇਹੋ ਜਿਹਾ ਗੁਰਮੁਖਿ ਮਨ ਸਾਨੂੰ ਪ੍ਰਮਾਤਮਾ ਦੇ ਭਾਣੇ ਅਨੁਸਾਰ ਚਲਾਉਂਦਾ ਹੈ ਭਾਵ ਫਿਰ ਮਨੁੱਖ ਸਭ ਕੁਝ ਪ੍ਰਮਾਤਮਾ ਦੀ ਰਜਾ ਅਨੁਸਾਰ ਹੀ ਕਰਦਾ ਹੈ। ਪ੍ਰਮਾਤਮਾ ਦੇ ਭਾਣੇ ਵਿੱਚ ਚੱਲਣਾ ਹੀ ਮੁੱਖੋਂ ਨਾਮ ਜਪਣਾ ਹੈ, ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਭਾਵ ਫਿਰ ਮਨੁੱਖ ਦੀ ਹਰ ਕਰਨੀ ਵਿੱਚ ਨਾਮ ਹੁੰਦਾ ਹੈ, ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ ਜੋ ਕਰਨੀ ਪ੍ਰਮਾਤਮਾ ਦੇ ਮੇਲ ਦੁਆਰਾ ਹੀ ਹੁੰਦੀ ਹੈ ਤੇ ਮਨੁੱਖ ਆਪਣੀ ਹਰ ਕਰਨੀ ਮਨ ਦੀ ਖੁਸ਼ੀ ਨਾਲ ਕਰਦਾ ਹੈ ਭਾਵ ਗੁਰੂ ਦੀ ਮਤਿ ਤੇ ਚੱਲਣ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ। ਪ੍ਰਮਾਤਮਾ ਆਪ ਹੀ

ਆਪਣੇ ਮੇਲ ਦੁਆਰਾ ਆਪਣੇ ਭਾਣੇ ਵਿੱਚ ਚਲਾ ਸਕਦਾ ਹੈ, ਮਨ ਦੀ ਸਮਝ ਦੁਆਰਾ ਚਲਾ ਸਕਦਾ ਹੈ ਭਾਵ ਉਹ ਆਪ ਹੀ ਆਪਣਾ ਨਾਮ ਜਪਵਾ ਸਕਦਾ ਹੈ, ਆਪ ਹੀ ਉਹ ਕਿਸੇ ਕੋਲੋਂ ਆਪਣੀ ਵਡਿਆਈ ਕਰਵਾ ਸਕਦਾ ਹੈ। **(ਜਿਉ ਤੂ ਰਾਖਹਿ ਤਿਉ ਰਹਾ ਜੋ ਦੇਹਿ ਸੁ ਖਾਉ ॥ ਜਿਉ ਤੂ ਚਲਾਵਹਿ ਤਿਉ ਚਲਾ ਮੁਖਿ ਅੰਮ੍ਰਿਤ ਨਾਉ ॥ ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ ॥੨॥)**

ਜਦੋਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਜਿਵੇਂ ਕਿ ਅਸੀਂ ਉਪਰ ਪਦੇ ਦੁਆਰਾ ਸਮਝਿਆ ਹੈ ਉਸਨੂੰ ਹੀ ਪ੍ਰਮਾਤਮਾ ਦੀ ਸੱਚੀ ਵਡਿਆਈ ਸਮਝ ਆਉਂਦੀ ਹੈ। ਜਦੋਂ ਉਹ ਆਪਣੇ ਅੰਦਰੋਂ ਉਸ ਵਡਿਆਈਆਂ ਦੇ ਮਾਲਕ ਨੂੰ ਜਾਣ ਲੈਂਦਾ ਹੈ ਫਿਰ ਉਹ ਕਿਸੇ ਮਨੁੱਖ ਦੀ ਵਡਿਆਈ ਨੂੰ ਵੱਡਾ ਨਹੀਂ ਸਮਝਦਾ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥ ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥

ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥੩॥"

ਬੜਾ ਪਸਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਕੀਤੇ ਹੋਏ ਨੂੰ ਕੋਈ ਤਾਂ ਹੀ ਸਾਲਾਹ ਸਕਦਾ ਹੈ ਭਾਵ ਕਿਸੇ ਮਨੁੱਖੀ ਰੂਪ ਦੀ ਕੋਈ ਤਾਂ ਹੀ ਵਡਿਆਈ ਕਰ ਸਕਦਾ ਹੈ ਜਦ ਤੱਕ ਕਿਸੇ ਨੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਿਸਨੇ ਸਭ ਨੂੰ ਕੀਤਾ ਹੈ, ਬਣਾਇਆ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਭਾਵ ਜਿਸਦੇ ਮਨ ਦੇ ਵਿੱਚ ਪ੍ਰਮਾਤਮਾ ਵੱਸ ਜਾਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਜਿਤਨੇ ਵੀ ਆਪਣੀਆਂ ਵਡਿਆਈਆਂ ਕਰਵਾਉਂਣ ਵਾਲੇ ਹਨ ਇਹਨਾਂ ਨੂੰ ਸੱਚੀ ਵਡਿਆਈ ਕਿਸਦੀ ਹੈ, ਇਸ ਗੱਲ ਦੀ ਸਮਝ ਨਹੀਂ ਹੈ। ਇਹੋ ਜਿਹਿਆਂ ਨੂੰ ਜੋ ਸਾਲਾਹੁੰਦੇ ਹਨ ਉਹਨਾਂ ਨੂੰ ਗੁਰੂ ਸਾਹਿਬ ਸਮਝਾ ਰਹੇ ਹਨ ਕਿ ਇੱਕੋ ਇੱਕ ਪ੍ਰਮਾਤਮਾ ਨੂੰ ਹੀ ਸਾਲਾਹੁਣਾ ਚਾਹੀਦਾ ਹੈ ਜਿਸਨੂੰ ਸਾਲਾਹੁਣ ਨਾਲ ਹੀ ਕੇਵਲ ਪ੍ਰਮਾਤਮਾ ਦੇ ਦਰ ਤੋਂ ਪਤਿ ਮਿਲਦੀ ਹੈ, ਇੱਜਤ ਮਿਲਦੀ ਹੈ। ਪ੍ਰਮਾਤਮਾ ਨੂੰ ਸਾਲਾਹੁਣਾ ਕੀ ਹੈ ਇਸ ਗੱਲ ਨੂੰ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ ਜੋ ਕਿ ਗੁਰੂ ਦੇ ਭਾਣੇ ਅਨੁਸਾਰ ਵਿਚਰਨਾ ਹੈ, ਗੁਰੂ ਦੀ ਮਤਿ ਅਨੁਸਾਰ ਵਿਚਰਨਾ ਹੈ। **(ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥ ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥ ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥੩॥)**

ਜਿਹੋ ਜਿਹੇ ਮਨੁੱਖੀ ਰੂਪਾਂ ਨੂੰ ਅਸੀਂ ਸਾਲਾਹੁੰਦੇ ਹਾਂ ਉਹਨਾਂ ਨੂੰ ਅਸੀਂ ਧਰਮ ਦੇ ਵਿਦਵਾਨ ਸਮਝ ਕੇ ਹੀ ਸਾਲਾਹੁੰਦੇ ਹਾਂ ਪਰ ਜੋ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਸਮਝ ਕੇ ਆਪਣੀ ਵਡਿਆਈ ਕਰਵਾਉਂਦਾ ਹੈ ਇਹੋ ਜਿਹਿਆਂ ਨੂੰ ਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਕਿ ਉਹ ਝੂਠੀ ਵਡਿਆਈ ਲੈਂਦੇ ਹਨ।

"ਪੰਡਿਤੁ ਪੜਿ ਨ ਪਹੁਚਈ ਬਹੁ ਆਲ ਜੰਜਾਲਾ ॥ ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ ॥

ਵਿਛੋੜਾ ਭਉ ਵੀਸਰੈ ਪੂਰਾ ਰਖਵਾਲਾ ॥੪॥"

"ਪੰਡਿਤੁ" ਤੋਂ ਭਾਵ ਹੈ ਧਰਮ ਦਾ ਵਿਦਵਾਨ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੋਵੇ। ਧਰਮ ਦਾ ਵਿਦਵਾਨ ਅਖਵਾਉਂਣ ਵਾਲੇ ਆਪ ਧਰਮ ਗ੍ਰੰਥਾਂ ਦੀ ਕਥਨੀ ਨਾਲ ਜੁੜੇ ਰਹਿੰਦੇ ਹਨ, ਕਿਸੇ ਅੱਖਰ ਦੀ ਕਥਨੀ ਨਾਲ ਜੁੜੇ ਰਹਿੰਦੇ ਹਨ ਤੇ ਇਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ ਕਿ ਵੱਧ ਤੋਂ ਵੱਧ ਧਰਮ ਗ੍ਰੰਥਾਂ ਨੂੰ ਪੜੀ ਜਾਵੋ, ਵੱਧ ਤੋਂ ਵੱਧ ਬਾਣੀਆਂ ਨੂੰ ਪੜੋ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਭਾਵ ਸ਼ਬਦਾਂ ਦੀ ਕਥਨੀ ਨੂੰ ਹੀ ਭਗਤੀ ਦਾ ਮਾਰਗ, ਧਰਮ ਦਾ ਮਾਰਗ ਸਮਝਿਆ ਜਾਂਦਾ ਹੈ। ਗੁਰਬਾਣੀ ਰਾਹੀਂ ਸਾਡਾ ਬਾਰ-ਬਾਰ ਇਹ ਭਰਮ ਕੱਢਿਆ ਹੋਇਆ ਹੈ ਤੇ ਉਪਰਲੇ ਪਦੇ ਰਾਹੀਂ ਵੀ ਸੰਸਾਰ ਨੂੰ ਇਹੋ ਕੁਝ ਸਮਝਾਇਆ ਹੋਇਆ ਹੈ, ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ। ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਉਹੀ ਹੈ ਜਿਸਨੂੰ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਧਰਮ ਗ੍ਰੰਥਾਂ ਦਾ ਮਕਸਦ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਮਤਿ ਨੂੰ ਕੱਢਣ ਦਾ ਹੈ ਜੋ ਮਤਿ ਸਭ ਦੇ ਅੰਦਰ ਭਰੀ ਪਈ ਹੈ, ਪੰਡਿਤ ਅਖਵਾਉਂਣ ਵਾਲਿਆਂ ਦੇ ਅੰਦਰ ਵੀ ਭਰੀ ਪਈ ਹੈ ਜੋ ਮਨੁੱਖ ਨੂੰ ਹਰ ਵੇਲੇ ਮਨ ਦੀਆਂ ਇੱਛਾਵਾਂ ਨਾਲ ਜੋੜ ਕੇ ਰੱਖਦੀ ਹੈ, ਤ੍ਰਿਸ਼ਨਾਵਾਂ ਨਾਲ ਜੋੜ ਕੇ ਰੱਖਦੀ ਹੈ। ਸਾਡੇ ਅੰਦਰ ਇਹ ਮਾਇਆ ਮੋਹ ਵਾਲੀ ਮਤਿ ਹੀ, ਸਾਡੇ ਅੰਦਰ ਦੇ ਵਿਚਾਰ ਨੂੰ ਸਾਨੂੰ ਪਾਪ ਪੁੰਨ ਵਾਲੀ ਅਵਸਥਾ ਵਿੱਚ ਰੱਖਦੇ ਹਨ ਭਾਵ ਚੰਗੇ ਮਾੜੇ ਕਰਮਾਂ ਵਿੱਚ ਪਾਈ ਰੱਖਦੇ ਹਨ ਪਰ ਸਾਨੂੰ ਅਸਲ ਪਾਪ ਕਿਸ ਵਿੱਚ ਹੈ, ਪੁੰਨ ਕਿਸ ਵਿੱਚ ਹੈ ਭਾਵ ਅਸਲ ਧਰਮ ਦਾ ਮਾਰਗ ਕੀ ਹੈ ਇਸਨੂੰ ਸਮਝਣ ਵਿੱਚ ਸਾਡੇ ਮਨ ਦੇ ਵਿਚਾਰ ਸਾਨੂੰ ਭਰਮ ਵਿੱਚ ਹੀ ਰੱਖਦੇ ਹਨ। ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਸਾਨੂੰ ਇਹ ਪਾਪ ਪੁੰਨ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਆਪਣੀ ਮਤਿ ਰਾਹੀਂ ਜਿਨ੍ਹਾਂ ਨੂੰ ਅਸੀਂ ਪਾਪ ਪੁੰਨ ਬਣਾਇਆ ਹੋਇਆ ਹੈ ਉਸ ਵਿੱਚੋਂ ਕੱਢਣ ਦਾ ਹੈ। ਆਪਣੀ ਮਤਿ ਅਨੁਸਾਰ

ਅਸੀਂ ਧਰਮ ਗ੍ਰੰਥਾਂ ਦੇ ਪੜੀ ਜਾਣ ਨੂੰ ਹੀ ਪੁੰਨ ਸਮਝਦੇ ਹਾਂ ਤੇ ਨਾ ਪੜਨ ਵਾਲੇ ਨੂੰ ਪਾਪੀ ਸਮਝਦੇ ਹਾਂ ਤੇ ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਆਪਣੇ ਵੱਲੋਂ ਧਰਮ ਦੇ ਮਾਰਗ ਥਾਪੇ ਹੋਏ ਹਨ ਜਿਨ੍ਹਾਂ ਉੱਤੇ ਚੱਲਣਾ ਹੀ ਪੁੰਨ ਸਮਝਦੇ ਹਾਂ ਤੇ ਨਾ ਚੱਲਣ ਵਾਲਿਆਂ ਨੂੰ ਪਾਪੀ ਸਮਝਦੇ ਹਾਂ ਜਿਵੇਂ ਕਿ ਕੋਈ ਖਾਸ ਵਰਤ ਰੱਖਣ ਵਾਲਿਆਂ ਨੂੰ ਪੁੰਨ ਦਾ ਕਰਮ ਕਹਿੰਦੇ ਹਾਂ ਤੇ ਨਾ ਰੱਖਣ ਵਾਲਿਆਂ ਨੂੰ ਪਾਪੀ ਸਮਝਦੇ ਹਾਂ ਭਾਵ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਸੀਂ ਪਾਪ ਪੁੰਨ ਬਣਾਏ ਹੋਏ ਹਨ ਜੋ ਕਿ ਸਾਡੇ ਅੰਦਰ ਦੇ ਵਿਚਾਰ ਹਨ ਤੇ ਜੋ ਧਰਮ ਦਾ ਅਸਲ ਮਾਰਗ ਹੈ ਭਾਵ ਜੋ ਮਾਇਆ ਮੋਹ ਛੱਡਣ ਦਾ ਮਾਰਗ ਹੈ ਉਸ ਤੋਂ ਸਾਨੂੰ

ਦੂਰ ਰੱਖਦੇ ਹਨ। ਸਾਡੇ ਅੰਦਰ ਹਰ ਵੇਲੇ ਮਾਇਆ ਦੀ ਭੁੱਖ ਰਹਿੰਦੀ ਹੈ ਤੇ ਇਹ ਮਾਇਆ ਦੀ ਭੁੱਖ ਵਾਲੇ ਵਿਚਾਰ ਹੀ ਸਾਡੇ ਅੰਦਰ ਦੇ ਜੰਮ ਹਨ ਜੋ ਸਾਨੂੰ ਆਤਮਿਕ ਮੌਤ ਮਾਰਦੇ ਹਨ ਜਿਸ ਕਰਕੇ ਇਹ ਜਮਕਾਲ ਹਨ। ਧਰਮ ਦਾ ਅਸਲ ਮਾਰਗ ਭਾਵ ਧਰਮ ਗ੍ਰੰਥਾਂ ਨੂੰ ਪੜਨ ਦਾ ਅਸਲ ਮਨੋਰਥ ਮਨ ਦੇ ਇਹਨਾਂ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਦਾ ਹੈ ਜਿਨ੍ਹਾਂ ਕਰਕੇ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਮਾਇਆ ਦੇ ਸੁੱਖਾਂ ਲਈ ਅਨੇਕਾਂ ਮਾੜੇ ਕਰਮ ਕਰਦੇ ਹਾਂ ਜੋ ਸਾਨੂੰ ਆਤਮਿਕ ਮੌਤ ਮਾਰਦੇ ਹਨ ਭਾਵ ਸਾਡੇ ਧਰਮ ਦੇ ਸੱਚੇ ਮਾਰਗ ਨੂੰ ਖੁਆਰ ਕਰਦੇ ਹਨ। ਪ੍ਰਮਾਤਮਾ ਦੇ ਨਾਲ ਵਿਛੋੜਾ ਮਨ ਦੇ ਇਹਨਾਂ ਮਾੜੇ ਵਿਚਾਰਾਂ ਕਰਕੇ ਹੈ ਜਿਨ੍ਹਾਂ ਵਿਚਾਰਾਂ ਵਿੱਚੋਂ ਨਿਕਲਣਾ ਹੀ ਸਭ ਤੋਂ ਔਖਾ ਲੱਗਦਾ ਹੈ, ਮਾਇਆ ਮੋਹ ਛੱਡਣਾ ਸਭ ਨੂੰ ਔਖਾ ਲੱਗਦਾ ਹੈ ਭਾਵ ਇਹ ਭਉ ਸਭ ਦੇ ਅੰਦਰ ਹੈ ਭਾਵ ਇਸ ਭਉ ਨਾਲੋਂ ਵਿਛੋੜਾ ਸਭ ਨੂੰ ਔਖਾ ਲੱਗਦਾ ਹੈ ਤੇ ਮਨ ਦੇ ਵਿੱਚੋਂ ਇਸ ਭਉ ਨਾਲੋਂ ਵਿਛੋੜਾ ਹੋਏ ਬਿਨਾਂ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜਾ ਦੂਰ ਨਹੀਂ ਹੁੰਦਾ ਭਾਵ ਮਾਇਆ ਮੋਹ ਦਾ ਭਉ ਛੱਡੇ ਬਿਨਾਂ ਸਭ ਨੂੰ ਪ੍ਰਮਾਤਮਾ ਵਿਸਰਿਆ ਰਹਿੰਦਾ ਹੈ ਭਾਵ ਉਹ ਸੱਚੀ ਮਤਿ ਵਿਸਰੀ ਰਹਿੰਦੀ ਹੈ ਜੋ ਧਰਮ ਗ੍ਰੰਥ ਸਾਨੂੰ ਦਿੰਦੇ ਹਨ। ਪ੍ਰਮਾਤਮਾ ਉਸ ਸੱਚੀ ਮਤਿ ਦੇ ਅੰਦਰ, ਉਸ ਸੱਚੇ ਗਿਆਨ ਦੇ ਅੰਦਰ ਹੈ ਜੋ ਧਰਮ ਗ੍ਰੰਥਾਂ ਦੇ ਅੰਦਰ ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੇ ਅੰਦਰ ਦੀ ਵਿਚਾਰ ਹੀ ਸਾਡੀ ਰਖਵਾਲੀ ਹੈ ਜਿਨ੍ਹਾਂ ਦੇ ਨਾਲ ਪ੍ਰਮਾਤਮਾ ਸਾਡਾ ਰਖਵਾਲਾ ਬਣਦਾ ਹੈ। ਇਹ ਸੱਚੀ ਮਤਿ ਸਾਡੀ ਜਮਾਂ ਤੋਂ ਰਾਖੀ ਕਰਦੀ ਹੈ, ਮਾਇਆ ਮੋਹ ਵਾਲੇ ਵਿਚਾਰਾਂ ਤੋਂ ਰਾਖੀ ਕਰਦੀ ਹੈ ਜੋ ਸਾਡੇ ਅੰਦਰ ਦੇ ਜਮਕਾਲ ਹਨ। ਜੋ ਸ਼ਬਦਾਂ ਦੇ ਵਿਚਾਰਾਂ ਨੂੰ ਮੰਨ ਲੈਂਦਾ ਹੈ ਭਾਵ ਜੋ ਧਰਮ ਗ੍ਰੰਥਾਂ ਦੇ ਪੜਨ ਦੇ ਮਕਸਦ ਨੂੰ ਸਮਝ ਕੇ ਉਹਨਾਂ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ ਭਾਵ ਜੋ

43/5635

ਮਾਇਆ ਮੋਹ ਦਾ ਭਉ ਛੱਡ ਦਿੰਦਾ ਹੈ ਫਿਰ ਪ੍ਰਮਾਤਮਾ ਉਸਦਾ ਪੂਰਾ ਰਖਵਾਲਾ ਬਣ ਜਾਂਦਾ ਹੈ ਜੋ ਮਨ ਦੇ ਵਿੱਚ ਮਾੜੇ ਵਿਚਾਰਾਂ ਨੂੰ ਆਪ ਹੀ ਮਨੁੱਖ ਦੀ ਰੱਖਿਆ ਕਰਦਾ ਹੈ। **(ਪੰਡਿਤੁ ਪੜਿ ਨ ਪਹੁਚਈ ਬਹੁ ਆਲ ਜੰਜਾਲਾ ॥ ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ ॥ ਵਿਛੋੜਾ ਭਉ ਵੀਸਰੈ ਪੂਰਾ ਰਖਵਾਲਾ ॥੪॥)**

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਤੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੮)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥ ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥ ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥}

(ਅੰਗ ੧੨੦)

ਅਸੀ ਧਰਮ ਗ੍ਰੰਥਾਂ ਨੂੰ ਪੜ ਕੇ ਤੇ ਉਹਨਾਂ ਨੂੰ ਸਮਝ ਕੇ ਉਹਨਾਂ ਦੀ ਮਤਿ ਅਨੁਸਾਰ ਚੱਲਣ ਦਾ ਉੱਦਮ ਹੀ ਕਰਨਾ ਹੈ ਤੇ ਪ੍ਰਮਾਤਮਾ ਫਿਰ ਸਾਡਾ ਪੂਰਾ ਰਖਵਾਲਾ ਕਿਸ ਤਰੀਕੇ ਬਣਦਾ ਹੈ ਭਾਵ ਸਾਨੂੰ ਜਮਾਂ ਤੋਂ ਕਿਸ ਤਰੀਕੇ ਬਚਾਉਂਦਾ ਹੈ, ਕਾਲ ਤੋਂ ਕਿਸ ਤਰੀਕੇ ਬਚਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥ ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥”

ਪ੍ਰਮਾਤਮਾ ਜਿਸਦਾ ਰਖਵਾਲਾ ਬਣਦਾ ਹੈ ਉਹ ਮਨ ਦੀ ਸਮਝ ਦੁਆਰਾ ਹੀ ਬਣਦਾ ਹੈ। ਮਨੁੱਖ ਦੀ ਪਤਿ ਮਨੁੱਖ ਦੀ ਮਤਿ ਹੀ ਤਹਿ ਕਰਦੀ ਹੈ, ਮਨੁੱਖ ਦੀ ਸਮਝ ਹੀ ਤਹਿ ਕਰਦੀ ਹੈ ਕਿਉਂਕਿ ਧਰਮ ਦਾ ਮਾਰਗ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਤੇ ਧਰਮ ਦੇ ਮਾਰਗ ਤੇ ਮਨੁੱਖ ਤਾਂ ਹੀ ਚੱਲਦਾ ਹੈ ਜਦੋਂ ਪ੍ਰਮਾਤਮਾ ਉਸਦੀ ਸਮਝ ਨੂੰ ਪਤਿ ਵਾਲੀ ਬਣਾਉਂਦਾ ਹੈ। ਸਾਡੀ ਸਮਝ ਪਤਿ ਵਾਲੀ ਤਾਂ ਹੀ ਬਣਦੀ ਹੈ ਜਦੋਂ ਇਹ ਸਮਝ ਮਾਇਆ ਮੋਹ ਵਾਲੀ ਬਿਰਤੀ ਵਿੱਚੋਂ ਨਿਕਲ ਜਾਵੇ। ਸਾਡੀ ਸਮਝ ਉਹ ਹੈ ਜੋ ਸਾਡੇ ਅੰਦਰ ਦੇ ਲੇਖ ਹਨ ਤੇ ਸਾਡੇ ਅੰਦਰ ਲੇਖ ਲਿਖਣ ਵਾਲਾ ਭਾਵ ਮਨ ਦੇ ਵਿੱਚ ਵਿਚਾਰ ਲਿਖਣ ਵਾਲਾ ਆਪ ਪ੍ਰਮਾਤਮਾ ਹੈ। ਜਿਸਦੇ ਅੰਦਰ ਪ੍ਰਮਾਤਮਾ ਚੰਗੇ ਲੇਖ ਲਿਖਦਾ ਹੈ, ਚੰਗੇ ਵਿਚਾਰ ਲਿਖਦਾ ਹੈ ਉਸਦੇ ਅੰਦਰ ਹੀ ਪਤਿ ਵਾਲੀ ਸਮਝ ਪੈਂਦੀ ਹੈ ਜੋ ਮਨੁੱਖ ਨੂੰ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਕੱਢਦੀ ਹੈ ਜਿਨ੍ਹਾਂ ਦੇ ਰਹਿੰਦੇ ਸਾਡੀ ਪ੍ਰਮਾਤਮਾ ਦੇ ਦਰਬਾਰ ਵਿੱਚ ਪਤਿ ਨਹੀਂ ਪੈਂਦੀ। ਜਿਸਨੂੰ ਪ੍ਰਮਾਤਮਾ ਪਤਿ ਵਾਲਾ ਬਣਾਉਂਦਾ ਹੈ ਉਹ ਮਨ ਦੇ ਲੇਖ ਲਿਖਣ ਦੁਆਰਾ ਆਪ ਹੀ ਬਣਾਉਂਦਾ ਹੈ ਤੇ ਸੰਸਾਰ ਵਿੱਚ ਉਹ ਮਨੁੱਖ ਹੀ ਪੂਰਾ ਬਣਦਾ ਹੈ ਭਾਵ ਉਸਦਾ ਜੀਵਨ ਹੀ ਪੂਰਾ ਹੁੰਦਾ ਹੈ ਭਾਵ ਉਸਦਾ ਜੀਵਨ ਹੀ ਸਫਲ ਹੁੰਦਾ ਹੈ। ਪ੍ਰਮਾਤਮਾ ਜਿਸਨੂੰ ਪੂਰਾ ਬਣਾਉਂਦਾ ਹੈ ਉਸਨੂੰ ਆਪਣੀ ਪੂਰੀ ਮਤਿ ਦੇਣ ਦੁਆਰਾ ਹੀ ਬਣਾਉਂਦਾ ਹੈ। ਮਨੁੱਖ ਸੰਸਾਰ ਵਿੱਚ ਅਧੂਰਾ ਜਾਂ ਪੂਰਾ

ਆਪਣੀ ਮਤਿ ਦੁਆਰਾ ਹੈ ਭਾਵ ਮਨ ਦੀ ਸਮਝ ਦੁਆਰਾ ਹੈ। ਜਦ ਤਕ ਅਸੀਂ ਮਾਇਆ ਮੋਹ ਦੇ ਵਿੱਚ ਹਾਂ ਤਦ ਤੱਕ ਹਰ ਕੋਈ ਅਧੂਰੀ ਮਤਿ ਵਾਲਾ ਹੈ ਜਿਸਦੇ ਰਹਿੰਦਿਆਂ ਕੋਈ ਵੀ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਉਸਦਾ ਜੀਵਨ ਅਧੂਰਾ ਹੀ ਰਹਿੰਦਾ ਹੈ। ਜੋ ਵੀ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਦਾ ਹੈ ਉਹੀ ਪੂਰੀ ਮਤਿ ਦੁਆਰਾ ਹੀ ਜਾਣਦਾ ਹੈ ਜੋ ਮਤਿ ਮਨੁੱਖ ਨੂੰ ਧਰਮ ਦੇ ਮਾਰਗ ਤੇ ਪੂਰਾ ਕਰਦੀ ਹੈ, ਮਾਇਆ ਮੋਹ ਵਾਲੀ ਮਤਿ ਵਿੱਚੋਂ ਕੱਢ ਕੇ ਪੂਰਾ ਕਰਦੀ ਹੈ। ਪ੍ਰਮਾਤਮਾ ਦੀ ਵਡਿਆਈ ਇਹੋ ਜਿਹੀ ਪੂਰੀ ਮਤਿ ਦੁਆਰਾ ਸਮਝ ਆਉਂਦੀ ਹੈ ਤੇ ਮਨੁੱਖ ਪੂਰੀ ਤਰ੍ਹਾਂ ਧਰਮ ਦੇ ਮਾਰਗ ਤੇ ਚੱਲਦਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਸੱਚੀ ਵਡਿਆਈ ਹੈ। ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਮਤਿ ਦਿੰਦਾ ਹੀ ਰਹਿੰਦਾ ਹੈ, ਮਨ ਦੇ ਵਿੱਚ ਲੇਖ ਲਿਖਣ ਦੁਆਰਾ ਦਿੰਦਾ ਹੀ ਰਹਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦੇਂਦਾ ਹੀ ਰਹਿੰਦਾ ਹੈ ਜਿਸ ਵਿੱਚ ਉਹ ਕੋਈ ਤੋਟ ਨਹੀਂ ਆਉਂਣ ਦਿੰਦਾ, ਕਮੀ ਨਹੀਂ ਆਉਣ ਦਿੰਦਾ ਭਾਵ ਮਨੁੱਖ ਦੇ ਹਰ ਕਰਮ ਵਿੱਚ ਉਹ ਮਨ ਦੀ ਸੱਚੀ ਸਮਝ ਦੁਆਰਾ ਆਪ ਹੀ ਰਖਵਾਲਾ ਬਣ ਕੇ ਮਤਿ ਦਿੰਦਾ ਰਹਿੰਦਾ ਹੈ। ਮਤਿ ਲੈਣ ਵਾਲਾ ਥੱਕ ਜਾਂਦਾ ਹੈ ਭਾਵ ਸਰੀਰ ਬਿਨਸ ਜਾਂਦਾ ਹੈ ਪਰ ਉਸਦੀ ਮਤਿ ਨਹੀਂ ਖਤਮ ਹੁੰਦੀ ਭਾਵ ਉਹ ਗਿਆਨ ਦਾ ਸ੍ਰੋਤ ਉਸੇ ਤਰ੍ਹਾਂ ਹੀ ਬਣਿਆ ਰਹਿੰਦਾ ਹੈ ਭਾਵ ਗਿਆਨ ਲੈਣ ਵਾਲਾ ਥੱਕ ਜਾਂਦਾ ਹੈ ਪਰ ਦੇਣ ਵਾਲਾ ਕਦੇ ਵੀ ਨਹੀਂ ਥੱਕਦਾ। ਇਸ ਸੰਸਾਰ ਵਿੱਚ ਪੂਰਾ ਉਤਰਨਾ ਕਿਸੇ ਦੇ ਵੱਸ ਨਹੀਂ ਹੈ ਪਰ ਆਪਣੇ ਆਪ ਨੂੰ ਮਨ ਦੇ ਭਰਮ ਕਰਕੇ ਹੀ ਅਨੇਕਾਂ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਪੂਰਾ ਸਮਝ ਕੇ ਗਏ ਹਨ, ਆਪਣੀ ਕਥਨੀ ਦੁਆਰਾ ਹੀ ਪੂਰਾ ਸਮਝ ਕੇ ਗਏ ਹਨ ਭਾਵ ਪ੍ਰਮਾਤਮਾ ਦੀ ਝੂਠੀ ਵਡਿਆਈ ਕਰਕੇ ਗਏ ਹਨ ਭਾਵ ਉਸਨੂੰ ਬਿਨਾਂ ਜਾਣੇ ਹੀ ਉਸਦੀ ਝੂਠੀ ਵਡਿਆਈ ਕਰਕੇ ਗਏ ਹਨ, ਆਪਣੀ ਕਥਨੀ ਨਾਲ ਵਡਿਆਈ ਕਰਕੇ ਗਏ ਹਨ, ਧਰਮ ਦੇ ਮਾਰਗ ਦੀ ਸੱਚੀ ਸਮਝ ਪਏ ਬਿਨਾਂ ਹੀ ਝੂਠੀ ਵਡਿਆਈ ਕਰਕੇ ਗਏ ਹਨ ਤੇ ਆਪਣੀ ਝੂਠੀ ਵਡਿਆਈ ਲੈ ਕੇ ਗਏ ਹਨ ਤੇ ਅਨੇਕਾਂ ਨੂੰ ਝੂਠੀ ਵਡਿਆਈ ਸਮਝਾ ਕੇ ਗਏ ਹਨ। ਜਦ ਤੱਕ ਪ੍ਰਮਾਤਮਾ ਕਿਸੇ ਦੀ ਮਤਿ ਨੂੰ ਪੂਰੀ ਨਹੀਂ ਕਰਦਾ, ਆਪਣਾ ਸੱਚੇ ਗਿਆਨ ਵਾਲਾ ਰੂਪ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਤਦ ਤੱਕ ਇਸ ਸੰਸਾਰ ਵਿੱਚ ਹਰ ਕੋਈ ਅਧੂਰਾ ਹੀ ਭਾਵ ਅਧੂਰੀ ਮਤਿ ਵਾਲਾ ਹੀ, ਮਾਇਆ ਮੋਹ ਵਾਲੀ ਮਤਿ ਵਾਲਾ ਹੀ, ਭਰਮਾਂ ਵਾਲੀ ਮਤਿ ਵਾਲਾ ਹੀ ਹੈ

43/5637

ਜਿਸ ਮਤਿ ਵਿੱਚ ਰਹਿੰਦਿਆਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਤੇ ਨਾ ਹੀ ਧਰਮ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ, ਸੱਚੇ ਸੁੱਚੇ ਕਰਮ ਕਰਨ ਦਾ ਮਾਰਗ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸੱਚੀ ਵਡਿਆਈ ਹੁੰਦੀ ਹੈ ਜੋ ਆਪਣੀ ਵਡਿਆਈ ਪ੍ਰਮਾਤਮਾ ਮਨ ਦੀ ਸਮਝ ਦੇਣ ਦੁਆਰਾ ਆਪ ਹੀ ਕਰਾਉਂਦਾ ਹੈ। **(ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥ ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥)**

ਜਿਵੇਂ ਕਿ ਅਸੀਂ ਉਪਰ ਸਮਝਿਆ ਹੈ ਪ੍ਰਮਾਤਮਾ ਦੀ ਵਡਿਆਈ ਉਹੀ ਕਰਦਾ ਹੈ ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਪ੍ਰਮਾਤਮਾ ਦੀ ਵਡਿਆਈ ਦਾ ਮਾਰਗ ਵੀ ਸਾਨੂੰ ਉਹੀ ਸਮਝਾ ਸਕਦਾ ਹੈ ਜੋ ਪ੍ਰਮਾਤਮਾ ਦੀ ਵਡਿਆਈ ਨੂੰ ਜਾਣਦਾ ਹੈ। ਪ੍ਰਮਾਤਮਾ ਦੀ ਵਡਿਆਈ ਗੁਰੂ ਜਾਣਦਾ ਹੈ ਜਿਸਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਉਹ ਪ੍ਰਮਾਤਮਾ ਦੇ ਨਾਲ ਇੱਕ ਹੀ ਹੈ ਭਾਵ ਉਸਦਾ ਆਪਣਾ ਹੀ ਰੂਪ ਹੈ। ਗੁਰੂ ਤੋਂ ਬਿਨਾਂ ਸਾਨੂੰ ਪ੍ਰਮਾਤਮਾ ਦੀ ਵਡਿਆਈ ਸਮਝਾਉਂਣ ਵਾਲੇ ਬਹੁਤ ਹਨ ਪਰ ਜੋ ਖੁੱਦ ਪ੍ਰਮਾਤਮਾ ਦੀ ਵਡਿਆਈ ਨੂੰ ਨਹੀਂ ਜਾਣਦੇ ਉਹਨਾਂ ਨੇ ਦੂਸਰਿਆਂ ਨੂੰ ਪ੍ਰਮਾਤਮਾ ਦੀ ਵਡਿਆਈ ਦਾ ਮਾਰਗ ਕੀ ਸਮਝਾਉਂਣਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ ॥ ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥
ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ ॥੬॥”

ਪ੍ਰਮਾਤਮਾ ਦੀ ਅਸਲ ਵਡਿਆਈ ਦਾ ਮਾਰਗ ਪ੍ਰਮਾਤਮਾ ਨੂੰ ਜਾਨਣ ਦਾ ਹੈ ਜੋ ਕਿ ਮਾਇਆ ਮੋਹ ਵਿੱਚੋਂ ਨਿਕਲਣ ਦਾ ਮਾਰਗ ਹੈ। ਅਸੀਂ ਅਨੇਕਾਂ ਦੀ ਮਤਿ ਦੇ ਨਾਲ ਜੁੜਦੇ ਹਾਂ ਜਿਨ੍ਹਾਂ ਨੂੰ ਖਾਰੇ ਸਮੁੰਦਰ ਦੀ ਤਰ੍ਹਾਂ ਕਿਹਾ ਹੈ ਤੇ ਖਾਰੇ ਸਮੁੰਦਰ ਨੂੰ ਖੋਜਣ ਦੁਆਰਾ ਅਸੀਂ ਮਾਇਆ ਹੀ ਲੱਭਦੇ ਹਾਂ ਜੋ ਕਿ ਪ੍ਰਮਾਤਮਾ ਨੂੰ ਪਾਉਂਣ ਦਾ ਮਾਰਗ ਨਹੀਂ ਹੈ। ਜਿਵੇਂ ਸਮੁੰਦਰ ਵਿੱਚੋਂ ਕੋਈ ਵੱਧ ਤੋਂ ਵੱਧ ਲਭੇ ਤੇ ਉਸ ਵਿੱਚੋਂ ਰਤਨ ਮਿਲ ਸਕਦਾ ਹੈ ਜੋ ਕਿ ਮਾਇਆ ਹੈ ਜੋ ਸਾਨੂੰ ਸੁਹਾਉਂਦੀ ਹੈ ਪਰ ਉਹ ਅਖੀਰ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਡੇ ਕੰਮ ਨਹੀਂ ਆਉਂਦੀ ਭਾਵ ਇੱਕ ਰਤਨ ਦੀ ਵਡਿਆਈ ਪ੍ਰਮਾਤਮਾ ਦੇ ਨਾਲ ਮੇਲ ਦੀ ਵਡਿਆਈ ਦੇ ਸਾਹਮਣੇ ਬਹੁਤ ਨੀਵੀਂ ਹੈ। ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ

43/5638

ਥਾਪ ਲੈਂਦੇ ਹਾਂ ਅਸੀਂ ਉਹਨਾਂ ਦੀ ਮਤਿ ਨੂੰ ਰਤਨ ਦੀ ਤਰ੍ਹਾਂ ਚੰਗਾ ਸਮਝਦੇ ਹਾਂ, ਕੀਮਤੀ ਸਮਝਦੇ ਹਾਂ ਜੋ ਕੁਝ ਸਮੇਂ ਲਈ ਹੀ ਸਾਨੂੰ ਉੱਚੀ ਲੱਗਦੀ ਹੈ ਕਿਉਂਕਿ ਜਦੋਂ ਸਾਨੂੰ ਧਰਮ ਦੇ ਮਾਰਗ ਦੀ ਸੱਚਾਈ ਸਮਝ ਲੱਗ ਜਾਂਦੀ ਹੈ ਤਾਂ ਫਿਰ ਉਹਨਾਂ ਦੀ ਮਤਿ ਇਤਨੀ ਨੀਵੀਂ ਲੱਗਦੀ ਹੈ ਜਿਸਨੂੰ ਮਿੱਟੀ ਰੋਲ ਦਿੰਦੀ ਹੈ ਭਾਵ ਬਹੁਤ ਹੀ ਨਾਸਮਝ ਮਹਿਸੂਸ ਹੁੰਦੀ ਹੈ, ਮਿੱਟੀ ਤੋਂ ਵੀ ਮਾੜੀ ਮਹਿਸੂਸ ਹੁੰਦੀ ਹੈ ਕਿਉਂਕਿ ਉਹਨਾਂ ਦੀ ਮਤਿ ਦੇ ਅੰਦਰ **“ਸਤਿ”** ਨਹੀਂ ਹੁੰਦਾ ਭਾਵ ਸੱਚਾਈ ਨਹੀਂ ਹੁੰਦੀ ਜਿਸ ਰਾਹੀਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਸੱਚਾ ਸਾਗਰ ਗੁਰੂ ਹੈ ਜਿਸਦੀ ਮਤਿ ਦੇ ਅੰਦਰ ਪੂਰਨ ਸੱਚ ਹੈ ਤੇ ਕੇਵਲ ਸਾਨੂੰ ਗੁਰੂ ਦੀ ਮਤਿ ਦੇ ਨਾਲ ਹੀ ਜੁੜਨਾ ਚਾਹੀਦਾ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਜੋੜ ਸਕਦੀ ਹੈ ਭਾਵ ਉਹ ਸਾਡੀ ਮਤਿ ਦੇ ਅੰਦਰ ਸੱਚ ਦੀ ਤੋਟ ਨਹੀਂ ਆਉਂਣ ਦਿੰਦੀ। ਸਭ ਤੋਂ ਉੱਚਾ ਸੱਚ ਹੈ ਭਾਵ ਸਭ ਤੋਂ ਕੀਮਤੀ ਗੁਰੂ ਦੀ ਸੱਚੀ ਮਤਿ ਹੈ, ਜੋ ਕਿ ਅਸਲ ਰਤਨ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਰਤਨ ਹੈ ਤੇ **“ਗੁਰੁ ਸਾਗਰੁ”** ਇਹਨਾਂ ਰਤਨਾਂ ਦੇ ਨਾਲ ਭਰਿਆ ਹੋਇਆ ਹੈ ਜਿਸਦੀ ਗੁਰੂ ਕੋਲ ਕੋਈ ਤੋਟ ਨਹੀਂ ਹੈ ਤੇ ਅਸੀਂ ਜਿਤਨੇ ਮਰਜੀ ਰਤਨ ਗੁਰੂ ਦੇ ਕੋਲੋਂ ਲੈ ਸਕਦੇ ਹਾਂ, ਗੁਰਬਾਣੀ ਦੇ ਵਿੱਚੋਂ ਲੈ ਸਕਦੇ ਹਾਂ। ਗੁਰੂ ਦਾ ਹਰ ਰਤਨ ਸਾਨੂੰ ਸੱਚ ਸਮਝਾਉਂਦਾ ਹੈ ਜਿਸਨੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਣਾ ਹੈ, ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਾਉਣੀ ਹੈ। **(ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ ॥ ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥ ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ॥੬॥)**

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ ੯੨੦)

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}

(ਅੰਗ ੧੨੯੦)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥}

(ਅੰਗ ੪੦)

43/5639

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥}

(ਅੰਗ ੫੯)

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ ੭੮)

{ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥

ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥}

(ਅੰਗ ੮੩)

{ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੭)

{ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥ ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥
ਗੁਰਮੁਖਿ ਪਾਏ ਨਾਮੁ ਅਪਾਰਾ ॥ ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ ੧੨੬)

{ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥ ਰਤਨੁ ਪਦਾਰਥੁ ਘਰ ਤੇ ਪਾਇਆ ॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ॥੭॥
ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ ੧੨੯)

{ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥
ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ ੧੨੯)

{ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥}

(ਅੰਗ ੧੪੫)

{ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥}

(ਅੰਗ ੧੮੧)

{ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥
ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥੩॥

ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥
ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥}

(ਅੰਗ ੨੦੯)

{ਸਾਧੋ ਇਹੁ ਮਨੁ ਗਹਿਓ ਨ ਜਾਈ ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥
ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥੨॥੪॥}

(ਅੰਗ ੨੧੯)

43/5640

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥
ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥}

(ਅੰਗ ੨੩੩)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ॥
ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥ ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥
ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥ ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ ੨੯੬-੨੯੭)

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥}

(ਅੰਗ ੩੫੩)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

{ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ ੩੬੮)

ਗੁਰੂ ਰਤਨਾਂ ਦਾ ਸਾਗਰ ਹੈ ਜਿਵੇਂ ਕਿ ਉਪਰ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਸਮਝ ਸਕਦੇ ਹਾਂ। ਗੁਰੂ ਦਾ ਰਤਨ ਸੱਚੇ ਗਿਆਨ ਦਾ ਰਤਨ ਹੈ, ਗੁਰੂ ਦੀ ਸੱਚੀ ਮਤਿ ਦਾ ਰਤਨ ਹੈ ਜਿਸ ਤੋਂ ਉੱਚੀ ਕੀਮਤ ਕਿਸੇ ਹੋਰ ਚੀਜ ਦੀ ਨਹੀਂ ਹੋ ਸਕਦੀ। ਇਸ ਰਤਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਗਿਆਨ ਰਤਨ ਦੇ ਵਿੱਚ ਹੀ ਹੈ। ਗਿਆਨ ਰਤਨ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਤੇ ਪ੍ਰਮਾਤਮਾ ਦੀ ਵਡਿਆਈ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਹੀ ਸਮਝ ਆ ਸਕਦੀ ਹੈ ਕਿਉਂਕਿ ਪ੍ਰਮਾਤਮਾ ਦੇ ਨਾਲੋਂ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ ਤੇ ਵਿਛੋੜਾ ਦੂਰ ਹੋਏ ਬਿਨਾਂ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ ਤੇ ਮੇਲ ਤੋਂ ਬਿਨਾਂ ਉਸਦੀ ਵਡਿਆਈ ਸਮਝ ਨਹੀਂ ਆ ਸਕਦੀ। ਗੁਰੂ ਦੇ ਰਤਨ ਦਾ ਮਕਸਦ ਸਾਡੇ ਮਨ ਦੀ ਅਗਿਆਨਤਾ ਰੂਪ ਮੈਲ ਕੱਢਣ ਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਜਾਣ ਸਕੀਏ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥ ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥
ਵੰਨੀ ਸਾਚੇ ਲਾਲ ਕੀ ਕਿਨਿ ਕੀਮਤਿ ਕੀਜੈ ॥੭॥”

(ਅੰਗ ੧੦੧੨)

43/5641

ਗੁਰੂ ਦੇ ਰਤਨ ਦਾ ਮਕਸਦ ਭਾਵ ਗੁਰੂ ਦੇ ਸ਼ਬਦ ਦਾ ਮਕਸਦ ਸਾਡੇ ਮਨ ਦੀ ਮੈਲ ਕੱਢਣ ਨਾਲ ਹੀ ਹੈ, ਅਗਿਆਨਤਾ ਦੀ ਮੈਲ ਕੱਢਣ ਦਾ ਹੀ ਹੈ ਭਾਵ ਮਾਇਆ ਮੋਹ ਦੀ ਮੈਲ ਕੱਢਣ ਦਾ ਹੀ ਹੈ ਜਿਸ ਮੈਲ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਦੀ ਵਡਿਆਈ ਨੂੰ ਨਹੀਂ ਜਾਣ ਸਕਦੇ। ਪ੍ਰਮਾਤਮਾ ਨੂੰ ਜੋ ਮਨੁੱਖ ਭਾਉਂਦਾ ਹੈ ਭਾਵ ਚੰਗਾ ਲੱਗਦਾ ਹੈ ਉਸ ਤੇ ਪ੍ਰਮਾਤਮਾ ਆਪਣੀ ਕਿਰਪਾ ਉਸਦੇ ਮਨ ਦੀ ਮੈਲ ਕੱਢਣ ਦੁਆਰਾ ਹੀ ਕਰਦਾ ਹੈ, ਉਸਦੇ ਮਨ ਨੂੰ ਊਜਲ ਕਰਨ ਦੁਆਰਾ ਹੀ ਕਰਦਾ ਹੈ ਕਿਉਂਕਿ ਇਹ ਮਾਇਆ ਮੋਹ ਦੀ ਮੈਲ ਸਭ ਦੇ ਅੰਦਰ ਭਰੀ ਹੋਈ ਹੈ। ਇਸ ਮਨ ਦੀ ਮੈਲ ਵਿੱਚੋਂ ਸਾਨੂੰ ਉਹੀ ਕੱਢ ਸਕਦਾ ਹੈ ਜਿਸਨੇ ਸਾਡੇ ਅੰਦਰ ਇਹ ਮੈਲ ਪਾਈ ਹੈ। ਪ੍ਰਮਾਤਮਾ ਆਪ ਪਾਰਸ ਹੈ, ਰਤਨ ਹੈ ਜੋ ਪੂਰੀ ਤਰ੍ਹਾਂ ਅਗਿਆਨਤਾ ਦੀ ਮੈਲ ਤੋਂ ਰਹਿਤ ਹੈ ਤੇ ਜਿਸ ਮਨੁੱਖ ਦੇ ਮਨ ਨੂੰ ਪ੍ਰਮਾਤਮਾ ਊਜਲ ਕਰਦਾ ਹੈ ਉਸਨੂੰ ਆਪਣਾ **“ਸੰਗਿ”** ਕਰਨ ਦੁਆਰਾ ਹੀ ਕਰਦਾ ਹੈ ਭਾਵ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਹੀ ਕਰਦਾ ਹੈ। ਮਨ ਦੇ ਵਿੱਚ ਸਾਡੇ ਮਾਇਆ ਮੋਹ ਵਾਲੇ ਵਿਚਾਰ, ਅਗਿਆਨਤਾ ਵਾਲੇ ਵਿਚਾਰ ਪ੍ਰਮਾਤਮਾ ਦੇ ਸੱਚੇ ਗਿਆਨ ਵਾਲੇ ਵਿਚਾਰਾਂ ਦੇ ਨਾਲ ਭਿੱਜ ਕੇ ਇੱਕ ਹੋ ਜਾਂਦੇ ਹਨ। ਪ੍ਰਮਾਤਮਾ ਦੇ ਸੱਚੇ ਗਿਆਨ ਦੇ ਵਿਚਾਰਾਂ ਦਾ ਰੰਗ ਲਾਲ ਰੰਗ ਹੈ ਭਾਵ ਉਹ ਰੰਗ ਹੈ ਜੋ ਰੰਗ ਇੱਕ ਵਾਰੀ ਕਿਸੇ ਤੇ ਚੜ ਜਾਵੇ ਤੇ ਫਿਰ ਉਹ ਰੰਗ ਕਦੇ ਨਹੀਂ ਉਤਰਦਾ ਭਾਵ ਉਹ ਰੰਗ ਚੜਿਆ ਹੀ ਰਹਿੰਦਾ ਹੈ, ਮਨ ਦੇ ਵਿੱਚ ਪ੍ਰਮਾਤਮਾ ਦੇ ਸੱਚੇ ਰੰਗ ਵਿੱਚ ਫਿਰ ਮਨੁੱਖ ਰੰਗਿਆ ਹੀ ਰਹਿੰਦਾ ਹੈ, ਉਸ ਵਿੱਚ ਭਿੱਜਿਆ ਹੀ ਰਹਿੰਦਾ ਹੈ। ਸਾਡੇ ਅੰਦਰ ਇਹ ਲਾਲ ਰੰਗ ਇਤਨਾ ਉੱਚਾ ਰੰਗ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦਾ ਰੰਗ ਇਤਨਾ ਕੂ ਉੱਚਾ ਰੰਗ ਹੈ ਇਸਦੀ ਕੀਮਤ ਕੋਈ ਆਪਣੇ ਆਪ ਪਾ ਲਵੇ ਇਹ ਨਾਮੁਮਕਿਨ ਹੈ। ਇਸ ਸੱਚੇ ਰੰਗ ਦੇ ਨਾਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜੋ ਮੇਲ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਭਾਵ ਆਪਣੀ ਕੀਮਤ ਆਪ ਹੀ ਪੁਆਉਂਦਾ ਹੈ। ਜੋ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਉਸਦੇ ਰੰਗ ਵਿੱਚ ਭਿੱਜੇ ਹਨ ਉਹਨਾਂ ਨੇ ਹੀ ਇਸ ਸੱਚੇ ਗਿਆਨ ਦੀ ਕੀਮਤ ਨੂੰ ਜਾਣਿਆ ਹੈ ਜਿਸ ਦੁਆਰਾ ਉਹਨਾਂ ਨੂੰ ਪ੍ਰਮਾਤਮਾ ਦੀ ਵਡਿਆਈ ਪਤਾ ਲੱਗੀ ਹੈ ਕਿ ਉਹ ਕਿਤਨਾ ਕੂ ਵੱਡਾ ਹੈ ਤੇ ਸਾਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਾਈ ਹੈ। ਪ੍ਰਮਾਤਮਾ ਦੀ ਵਡਿਆਈ ਮਨ ਦੇ ਅੰਦਰੋਂ ਹੀ ਸਮਝ ਪੈਂਦੀ ਹੈ, ਉਸਦੇ ਨਾਲ ਮਨ ਦੇ ਵਿੱਚ ਵਿਚਾਰਾਂ ਰਾਹੀਂ ਇੱਕ ਹੋਣ ਦੁਆਰਾ ਹੀ ਸਮਝ ਪੈਂਦੀ ਹੈ ਭਾਵ ਉਸਦਾ ਰੂਪ ਬਣਨ ਦੁਆਰਾ ਹੀ ਸਮਝ ਪੈਂਦੀ ਹੈ ਤੇ ਉਸਦੀ ਕੀਮਤ ਜਾਨਣ ਤੋਂ ਬਾਅਦ ਫਿਰ ਕੋਈ ਮਨੁੱਖ ਆਪਣੀ ਕੀਮਤ

43/5642

ਪਾ ਲਵੇ ਭਾਵ ਆਪਣੀ ਵਡਿਆਈ ਕਰਵਾ ਲਵੇ ਭਾਵ ਕਿਸੇ ਮਨੁੱਖੀ ਰੂਪ ਨੂੰ ਉੱਚਾ ਜਾਣੇ ਇਹ ਨਹੀਂ ਹੋ ਸਕਦਾ। ਇਹ ਸਾਡੀ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਜਦ ਤੱਕ ਮਨ ਦੇ ਵਿੱਚ ਮੈਲ ਹੈ ਤਦ ਤੱਕ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝ ਨਹੀਂ ਆ ਸਕਦੀ। ਪੂਰੀ ਗੁਰਬਾਣੀ ਵਿੱਚ ਸ਼ਬਦ ਰੂਪ ਰਤਨਾਂ ਦਾ ਭੰਡਾਰ ਹੈ ਜਿਨ੍ਹਾਂ ਦਾ ਮਕਸਦ ਸਾਨੂੰ ਮਨ ਦੀ ਮੈਲ ਵਿੱਚੋਂ ਕੱਢਣ ਦਾ ਹੀ ਹੈ, ਸਾਡੇ ਮਨ ਨੂੰ ਊਜਲ ਕਰਨ ਦਾ ਹੀ ਹੈ, ਆਪਣੇ ਮਨ ਨੂੰ ਸ਼ਬਦਾਂ ਦੀ ਵਿਚਾਰ ਦੇ ਨਾਲ ਰੰਗਣ ਦਾ ਹੀ ਹੈ ਭਾਵ ਲਾਲ ਰੰਗ ਦੇ ਨਾਲ ਰੰਗਣ ਦਾ ਹੀ ਹੈ ਤੇ ਉਹ ਰੰਗ ਸਾਡੇ ਤੇ ਤਾਂ ਹੀ ਚੜੇਗਾ ਜੇਕਰ ਅਸੀਂ ਸ਼ਬਦ ਦੀ ਵਿਚਾਰਾਂ ਨੂੰ ਮੰਨਾਂਗੇ ਭਾਵ ਮਨ ਦੀ ਅਗਿਆਨਤਾ

ਨੂੰ ਛੱਡਾਂਗੇ, ਮਨ ਦੇ ਭਰਮਾਂ ਵਿੱਚੋਂ ਨਿਕਲਾਂਗੇ। **(ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥ ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥ ਵੰਨੀ ਸਾਚੇ ਲਾਲ ਕੀ ਕਿਨਿ ਕੀਮਤਿ ਕੀਜੈ ॥੭॥)**

ਅਸੀਂ ਉਸ ਪ੍ਰਮਾਤਮਾ ਦੀ ਕੀਮਤ ਕਥਨੀ ਦੁਆਰਾ ਪਾਉਂਦੇ ਹਾਂ ਤੇ ਅਨੇਕਾਂ ਆਪਣੇ ਦਿਖਾਵਿਆਂ ਦੁਆਰਾ ਪਾਉਂਦੇ ਹਾਂ ਜਿਨ੍ਹਾਂ ਨੂੰ ਅਸੀਂ ਭਗਤੀ ਦਾ ਮਾਰਗ ਸਮਝਦੇ ਹਾਂ ਪਰ ਪ੍ਰਮਾਤਮਾ ਦੀ ਕੀਮਤ ਇਹਨਾਂ ਤਰੀਕਿਆਂ ਨਾਲ ਕਦੇ ਨਹੀਂ ਪੈ ਸਕਦੀ, ਉਸਦੀ ਕੀਮਤ ਮਨ ਦੀ ਮੈਲ ਨਿਕਲੇ ਬਿਨਾਂ ਕਦੇ ਨਹੀਂ ਪੈ ਸਕਦੀ। ਪ੍ਰਮਾਤਮਾ ਦੀ ਕੀਮਤ ਗੁਰੂ ਨੇ ਪਾਈ ਹੈ ਭਾਵ ਉਸਦੀ ਵਡਿਆਈ ਨੂੰ ਸਮਝਿਆ ਵੀ ਹੈ ਤੇ ਉਸਦੀ ਵਡਿਆਈ ਆਪਣੇ ਜੀਵਨ ਵਿੱਚ ਕਰਕੇ ਵੀ ਦਿਖਾਈ ਹੈ ਭਾਵ ਗੁਰੂ ਦੇ ਭਾਣੇ ਵਿੱਚ ਚੱਲ ਕੇ ਉਸਦੀ ਵਡਿਆਈ ਕਰਨੀ ਸਿਖਾਈ ਹੈ ਭਾਵ ਮਨ ਦੀ ਮੈਲ ਵਿੱਚੋਂ ਰਹਿਤ ਹੋ ਕੇ ਪ੍ਰਮਾਤਮਾ ਦੀ ਕੀਮਤ ਪਾਈ ਹੈ। ਗੁਰੂ ਨੇ ਪ੍ਰਮਾਤਮਾ ਦੀ ਕੀਮਤ ਕਿਸ ਤਰੀਕੇ ਪਾਈ ਹੈ, ਗੁਰੂ ਕਿਸ ਤਰੀਕੇ ਮਨ ਦੀ ਮੈਲ ਤੋਂ ਰਹਿਤ ਹੋਇਆ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥
ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥”

ਜਿਵੇਂ ਕਿ ਅਸੀਂ ਉਪਰ ਪਹਿਲੇ ਪਦਿਆਂ ਦੁਆਰਾ ਸਮਝਿਆ ਹੈ, ਆਪਣੇ ਆਪ ਨੂੰ ਪੰਡਿਤ ਅਖਵਾਉਂਣ ਵਾਲਿਆਂ ਬਾਰੇ ਸਮਝਿਆ ਹੈ, ਗੁਰੂ ਦੇ ਰਤਨਾਂ ਦੇ ਮਕਸਦ ਨੂੰ ਸਮਝਿਆ ਹੈ ਉਹੀ ਕੁਝ ਸਾਨੂੰ ਭਾਵ ਉਸੇ ਗੱਲ ਦਾ ਨਿਚੋੜ ਹੀ ਸਾਨੂੰ ਉਪਰਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ ਜਿਸ ਰਾਹੀਂ ਸਾਨੂੰ ਭਗਤੀ ਦਾ ਅਸਲ ਮਾਰਗ ਸਮਝਾਇਆ

ਹੋਇਆ ਹੈ, ਧਰਮ ਗ੍ਰੰਥਾਂ ਦੇ ਲਿਖਣ ਦਾ ਮਕਸਦ ਸਮਝਾਇਆ ਹੋਇਆ ਹੈ। ਸਾਰਾ ਭੇਦ ਸਾਡੀ ਕਥਨੀ ਤੇ ਕਰਨੀ ਵਿੱਚ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਭਗਤੀ ਦਾ ਮਾਰਗ ਕਥਨੀ ਨਹੀਂ ਸਾਡੀ ਕਰਨੀ ਹੈ। ਪ੍ਰਮਾਤਮਾ ਦੀ ਵਡਿਆਈ ਸਾਡੀ ਕਥਨੀ ਨਹੀਂ ਸਾਡੀ ਕਰਨੀ ਹੈ। ਭਗਤੀ ਦਾ ਮਾਰਗ, ਧਰਮ ਦਾ ਮਾਰਗ ਸਾਡੇ ਦਿਖਾਵੇ ਨਹੀਂ ਬਲਕਿ ਸਾਡੇ ਕਰਮ ਹਨ।

ਅਸੀਂ ਭਗਤੀ ਦੇ ਮਾਰਗ ਤੇ ਚੱਲਣ ਲਈ ਭੇਖ ਕਰਦੇ ਹਾਂ ਭਾਵ ਦਿਖਾਵੇ ਕਰਦੇ ਹਾਂ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਕੋਈ ਸਾਰਾ ਦਿਨ ਬੈਠ ਕੇ, ਸਮਾਧੀ ਲਗਾ ਕੇ ਗੁਰੂ ਦੀ ਗੱਲ ਨੂੰ ਪੜੀ ਸੁਣੀ ਜਾਂਦਾ ਹੈ ਜਿਸ ਵਿੱਚ ਉਹ ਆਪਣੀ ਭਗਤੀ ਸਮਝਦਾ ਹੈ, ਕੋਈ ਪਹਿਰਾਵਿਆਂ ਦੇ ਨਾਲ ਜੁੜਿਆ ਹੋਇਆ ਹੈ, ਕੋਈ ਉੱਚੇ ਸੁੱਚੇ ਭੋਜਨ ਨਾਲ ਜੁੜਿਆ ਹੋਇਆ ਹੈ, ਕੋਈ ਕਿਸੇ ਖਾਸ ਵੇਲੇ ਦੀ ਸੰਭਾਲ ਨਾਲ ਜੁੜਿਆ ਹੋਇਆ ਹੈ ਜਿਸਨੂੰ ਅੰਮ੍ਰਿਤ ਵੇਲਾ ਸਮਝਿਆ ਜਾਂਦਾ ਹੈ ਤੇ ਇਸੇ ਤਰੀਕੇ ਹਰ ਕਿਸੇ ਨੇ ਆਪਣੀ ਆਪਣੀ ਆਸਥਾ ਅਨੁਸਾਰ ਭਗਤੀ ਦੇ ਮਾਰਗ ਬਣਾਏ ਹੋਏ ਹਨ। ਕੋਈ ਵਰਤ ਰੱਖਦਾ ਹੈ, ਕੋਈ ਰੋਜੇ ਰੱਖਦਾ ਹੈ, ਕੋਈ ਥਿਤਾਂ ਵਾਰਾਂ ਨੂੰ ਪੂਜਦਾ ਹੈ, ਕੋਈ ਚਲੀਹੇ ਸੁੱਖਦਾ ਹੈ, ਕੋਈ ਤੀਰਥਾਂ ਦੇ ਆਉਂਣ ਜਾਣ ਵਿੱਚ ਪ੍ਰਮਾਤਮਾ ਦੀ ਭਗਤੀ ਸਮਝਦਾ ਹੈ, ਕੋਈ ਉੱਚੇ ਉੱਚੇ ਸਮਾਗਮ ਭਾਵ ਧਾਰਮਿਕ ਸਮਾਗਮ ਕਰਵਾਉਂਣ ਵਿੱਚ ਧਰਮ ਦਾ ਮਾਰਗ ਸਮਝਦਾ ਹੈ, ਕੋਈ ਉੱਚੇ ਦਾਨ ਦੇਣ ਵਿੱਚ ਧਰਮ ਦਾ ਮਾਰਗ ਸਮਝਦਾ ਹੈ ਭਾਵ ਭਗਤੀ ਦੇ ਮਾਰਗ ਨੂੰ ਲੈ ਕੇ ਹਰ ਕੋਈ ਆਪਣੀ ਆਪਣੀ ਧਾਰਮਿਕ ਮਰਿਯਾਦਾ ਅਨੁਸਾਰ, ਇੱਧਰੋ ਉਧਰੋਂ ਸਿਖੀਆਂ ਹੋਈਆਂ ਮਰਿਯਾਦਾਵਾਂ ਅਨੁਸਾਰ ਚੱਲਣ ਵਿੱਚ ਹੀ ਪ੍ਰਮਾਤਮਾ ਦੀ ਭਗਤੀ ਸਮਝਦਾ ਹੈ, ਧਰਮ ਦਾ ਮਾਰਗ ਸਮਝਦਾ ਹੈ ਤੇ ਹਰ ਕੋਈ ਇਸੇ ਗੱਲ ਵਿੱਚ ਹੀ ਵਿਸ਼ਵਾਸ ਰੱਖਦਾ ਹੈ ਕਿ ਜਿਸਨੇ ਪ੍ਰਮਾਤਮਾ ਨੂੰ ਪਾਇਆ ਹੈ ਉਹਨਾਂ ਨੇ ਇਹਨਾਂ ਤਰੀਕਿਆਂ ਨਾਲ ਹੀ ਪਾਇਆ ਹੈ ਪਰ ਇਹਨਾਂ ਤਰੀਕਿਆਂ ਨਾਲ ਕਦੇ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ, ਉਸਦੀ ਵਡਿਆਈ ਨੂੰ ਨਹੀਂ ਜਾਣ ਸਕਦਾ। ਧਰਮ ਗ੍ਰੰਥਾਂ ਦੀ ਕੇਵਲ ਕਥਨੀ ਨੂੰ ਹੀ ਹਰ ਕਿਸੇ ਨੇ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਪਰ ਜਦ ਤੱਕ ਅਸੀਂ ਧਰਮ ਗ੍ਰੰਥਾਂ ਦੀ ਗੱਲ ਨੂੰ ਮੰਨਦੇ ਨਹੀਂ ਤਦ ਤੱਕ ਹਰ ਕੋਈ ਮੁਠਿਆ ਹੋਇਆ ਹੀ ਹੈ ਭਾਵ ਠੱਗੀ ਵਿੱਚ ਹੀ ਹੈ ਭਾਵ ਮਾਇਆ ਦੀ ਠੱਗੀ ਵਿੱਚ ਹੀ

ਹੈ, ਮਨ ਦੀ ਅਗਿਆਨਤਾ ਦੀ ਠੱਗੀ ਵਿੱਚ ਹੀ ਹੈ ਜਿਸ ਠੱਗੀ ਵਿੱਚ ਸਾਰਾ ਸੰਸਾਰ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਇਸ ਮਾਇਆ ਦੀ ਠੱਗੀ ਵਿੱਚੋਂ ਕੱਢਣ ਦਾ ਹੈ ਜਿਸ ਵਿੱਚੋਂ ਕੇਵਲ ਤੇ ਕੇਵਲ ਧਰਮ ਗ੍ਰੰਥਾਂ ਦੀ ਗੱਲ ਨੂੰ ਮੰਨਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਸਵੇਰ ਤੋਂ ਲੈ ਕੇ ਰਾਤ ਤੱਕ ਸਾਰਾ ਦਿਨ ਧਰਮ ਗ੍ਰੰਥਾਂ ਨੂੰ ਪੜੀ ਜਾਉ ਤੇ ਜੇਕਰ ਅਸੀਂ ਉਹਨਾਂ ਦੀ ਗੱਲ ਤੇ ਅਮਲ

ਹੀ ਨਹੀਂ ਕਰਨਾ ਫਿਰ ਅਸੀਂ ਮਨ ਦੀ ਠੱਗੀ ਵਿੱਚ ਹੀ ਰਹਿਣਾ ਹੈ ਜਿਸ ਵਿੱਚੋਂ ਬਿਨਾਂ ਮੰਨੇ ਨਹੀਂ ਨਿਕਲਿਆ ਜਾ ਸਕਦਾ। ਮਨ ਦੀ ਠੱਗੀ ਵਿੱਚੋਂ ਨਿਕਲੇ ਬਿਨਾਂ ਉਸ ਪ੍ਰਮਾਤਮਾ ਦੀ ਕੀਮਤ ਨਹੀਂ ਪਾਈ ਜਾ ਸਕਦੀ ਭਾਵ ਉਸਦੀ ਵਡਿਆਈ ਦੀ ਸਮਝ ਨਹੀਂ ਆ ਸਕਦੀ ਜਿਸਦੀ ਸਮਝ ਮਨ ਦੇ ਵਿੱਚੋਂ ਹੀ ਲੱਗਣੀ ਹੈ ਤੇ ਮਾਇਆ ਮੋਹ ਦੀ ਠੱਗੀ ਵਿੱਚੋਂ ਨਿਕਲ ਕੇ ਹੀ ਲੱਗਣੀ ਹੈ। ਜੋ ਮਾਇਆ ਮੋਹ ਦੀ ਠੱਗੀ ਵਿੱਚੋਂ ਨਿਕਲਦਾ ਹੈ ਉਹੀ ਸੰਸਾਰ ਵਿੱਚ ਪੂਰਾ ਹੁੰਦਾ ਹੈ। ਜੋ ਵੀ ਪੂਰਾ ਹੁੰਦਾ ਹੈ ਉਹ ਮਨ ਦੇ ਗਿਆਨ ਦੁਆਰਾ ਹੀ ਪੂਰਾ ਹੁੰਦਾ ਹੈ। ਗੁਰੂ ਆਪਣੇ ਗਿਆਨ ਦੁਆਰਾ ਹੀ ਪੂਰਾ ਹੈ ਜਿਸ ਕਰਕੇ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸਾਨੂੰ ਮਾਇਆ ਦੀ ਠੱਗੀ ਵਿੱਚੋਂ ਭਾਵ ਮਨ ਦੀ ਅਗਿਆਨਤਾ ਰੂਪ ਠੱਗੀ ਵਿੱਚੋਂ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਤੇ ਗੁਰੂ ਦਾ ਸੱਚਾ ਗਿਆਨ ਹੀ ਹਰ ਧਰਮ ਗ੍ਰੰਥ ਦੇ ਵਿੱਚ ਹੈ। ਧਰਮ ਗ੍ਰੰਥਾਂ ਨੂੰ ਮੰਨਣਾ ਗੁਰੂ ਦੇ ਗਿਆਨ ਨੂੰ ਮੰਨਣਾ ਹੀ ਹੈ ਜਿਸਨੇ ਸਾਨੂੰ ਧਰਮ ਦੇ ਮਾਰਗ ਦੀ ਸਮਝ ਪਾਉਣੀ ਹੈ, ਪ੍ਰਮਾਤਮਾ ਦੀ ਵਡਿਆਈ ਕਰਨੀ ਸਿਖਾਉਣੀ ਹੈ, ਧਰਮ ਗ੍ਰੰਥਾਂ ਦੀ ਮਤਿ ਅਨੁਸਾਰ ਚੱਲਣਾ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਹਰ ਧਰਮ ਗ੍ਰੰਥ ਸਾਨੂੰ ਸੱਚੇ ਸੁੱਚੇ ਕਰਮ ਕਰਨੇ ਹੀ ਸਿਖਾਉਂਦਾ ਹੈ ਤੇ ਧਰਮ ਦੇ ਦਿਖਾਵੇ ਕਰਨੇ ਨਹੀਂ ਸਮਝਾਉਂਦਾ, ਪਰ ਹਰ ਕੋਈ ਦਿਖਾਵਿਆਂ ਵਿੱਚ ਹੀ ਪ੍ਰਮਾਤਮਾ ਦੀ ਭਗਤੀ ਸਮਝਦਾ ਹੈ, ਉਸਦੀ ਵਡਿਆਈ ਕਰਨਾ ਸਮਝਦਾ ਹੈ। ਅਸੀਂ ਧਰਮ ਗ੍ਰੰਥਾਂ ਨੂੰ ਮੰਨਣ ਦਾ ਉੱਦਮ ਹੀ ਕਰਨਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਉੱਦਮ ਹੀ ਕਰਨਾ ਹੈ, ਉਸਦੀ ਕੀਮਤ ਪਾਉਂਣ ਦਾ ਉੱਦਮ ਹੀ ਕਰਨਾ ਹੈ ਤੇ ਫਿਰ ਆਪਣੀ ਕਿਰਪਾ ਕਰਨ ਦੁਆਰਾ ਪ੍ਰਮਾਤਮਾ ਆਪਣੀ ਕੀਮਤ ਆਪ ਹੀ ਪੁਆਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਮਨੁੱਖੀ ਮਤਿ ਨੂੰ ਆਪਣੇ ਸੱਚੇ ਗਿਆਨ ਨਾਲ ਪੂਰਾ ਕਰਨ

43/5645

ਦੁਆਰਾ ਹੀ ਪਾਉਂਦਾ ਹੈ ਜਿਸ ਰਾਹੀਂ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਉਸਨੂੰ ਜਾਨਣ ਦੁਆਰਾ ਹੀ ਹੁੰਦੀ ਹੈ ਤੇ ਆਪਣਾ ਆਪ ਉਹ ਆਪ ਹੀ ਜਣਾਉਂਦਾ ਹੈ, ਮਨ ਦੇ ਗਿਆਨ ਦੁਆਰਾ ਜਣਾਉਂਦਾ ਹੈ, ਮਾਇਆ ਮੋਹ ਦੀ ਠੱਗੀ ਵਿੱਚੋਂ ਕੱਢਣ ਦੁਆਰਾ ਜਣਾਉਂਦਾ ਹੈ। **(ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥ ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥)**

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥}

(ਅੰਗ ੫੬)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥

ਨਾਨਕੁ ਗੁਰ ਚਰਣਿ ਪਰਾਤਾ ॥੯॥੨॥੨੭॥}

(ਅੰਗ ੭੧)

{ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥
ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੩॥}

(ਅੰਗ ੧੫)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥
ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥
ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥}

(ਅੰਗ ੧੪-੧੫)

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੈ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥}

(ਅੰਗ ੨੨)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥ ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥
ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥ ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥
ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥ ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥ ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥ ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥
ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥ ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥ ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥ ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥
ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥ ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥}

(ਅੰਗ ੫੩)

{ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥ ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥ ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥੬॥}

(ਅੰਗ ੬੦)

43/5646

{ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥ ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥ ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥ ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥
ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥ ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥ ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥
ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ॥ ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥}

(ਅੰਗ ੬੧)

{ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ ॥ ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥}

(ਅੰਗ ੧੩੭)

{ਤਿਸ ਕੀ ਕੀਮਤਿ ਕਿਨੈ ਨ ਹੋਈ ॥ ਕਹਿ ਕਹਿ ਕਥਨੁ ਕਹੈ ਸਭੁ ਕੋਈ ॥
ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥੩॥ ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥
ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥ ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥੪॥੯॥੨੯॥}

(ਅੰਗ ੧੬੦)

{ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥
ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥}

(ਅੰਗ ੩੫੫)

{ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥
ਸਭਿ ਦੁਖ ਮੇਟੇ ਸਾਚੈ ਨਾਈ ॥੬॥ ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥
ਅੰਤਰਿ ਸਾਚੁ ਸਭੇ ਸੁਖ ਨਾਲਾ ॥ ਨਦਰਿ ਕਰੇ ਰਾਖੈ ਰਖਵਾਲਾ ॥੭॥}

(ਅੰਗ ੪੧੨)

{ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥ ਜਹ ਦੇਖਾ ਤਹ ਰਵਿ ਰਹੇ ਕਿਨਿ ਕੀਮਤਿ ਹੋਈ ॥੩॥
ਆਪਿ ਕਰੇ ਆਪੇ ਹਰੇ ਵੇਖੈ ਵਡਿਆਈ ॥ ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ ॥੪॥}

(ਅੰਗ ੪੨੧)

ਪ੍ਰਮਾਤਮਾ ਦੀ ਵਡਿਆਈ ਕੀ ਹੈ ਇਸ ਗੱਲ ਨੂੰ ਹੀ ਅਸੀਂ ਉਪਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦੋਂ ਮਨੁੱਖ ਪ੍ਰਮਾਤਮਾ ਦੀ ਵਡਿਆਈ ਨੂੰ ਜਾਣ ਲੈਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨੁੱਖੀ ਵਡਿਆਈ ਝੂਠੀ ਵਡਿਆਈ ਹੈ ਭਾਵ ਜੋ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ, ਧਰਮ ਦੇ ਵਿਦਵਾਨ ਅਖਵਾਉਂਦੇ ਹਨ, ਸੰਤ ਅਖਵਾਉਂਣ ਦੁਆਰਾ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ ਉਹਨਾਂ ਨੂੰ ਪ੍ਰਮਾਤਮਾ ਦੀ ਵਡਿਆਈ ਦੀ ਰੱਤੀ ਭਰ ਵੀ ਸਮਝ ਨਹੀਂ ਕਿ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਕੀ ਹੈ ਇਸ ਗੱਲ ਦੀ ਵੀ ਉਹਨਾਂ ਨੂੰ ਸਮਝ ਨਹੀਂ ਪੈਂਦੀ। ਉਹ ਆਪ ਕਥਨੀ ਨਾਲ ਤੇ ਭਗਤੀ ਦੇ ਦਿਖਾਵਿਆਂ ਦੁਆਰਾ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਨ ਤੇ ਇਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ। ਸਭ ਪਾਸੇ ਇਹੀ ਕੁਝ ਦੇਖਿਆ ਜਾ ਸਕਦਾ ਹੈ ਤੇ ਇਸੇ ਲਈ ਗੁਰਬਾਣੀ ਰਾਹੀਂ ਸਾਨੂੰ ਇਹ ਸਮਝਾਇਆ ਹੈ, ਬਾਰ-ਬਾਰ ਸਮਝਾਇਆ ਹੈ ਕਿ ਸਾਨੂੰ ਇਹੋ ਜਿਹਿਆਂ ਦੀ ਮਤਿ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ

ਜੋ ਧਰਮ ਦੇ ਮਾਰਗ ਦੇ ਝੂਠੇ ਆਗੂ ਬਣੇ ਬੈਠੇ ਹਨ, ਆਪ ਝੂਠੀ ਵਡਿਆਈ ਲੈਂਦੇ ਹਨ ਤੇ ਦੂਸਰਿਆਂ ਨੂੰ ਪ੍ਰਮਾਤਮਾ ਦੀ ਝੂਠੀ ਵਡਿਆਈ ਨਾਲ ਜੋੜਦੇ ਹਨ ਭਾਵ ਉਹਨਾਂ ਨੂੰ ਖੁੱਦ ਪ੍ਰਮਾਤਮਾ ਦੀ ਸਮਝ ਨਹੀਂ ਹੈ, ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ, ਉਹ ਆਪ ਭਟਕੇ ਹੋਏ ਹਨ ਤੇ ਦੂਸਰਿਆਂ ਨੂੰ ਵੀ ਭਟਕਣਾ ਵਿੱਚ ਪਾਉਂਦੇ ਹਨ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਰੂਪ ਵਿੱਚ ਅਕਾਲ ਪੁਰਖ ਨੇ ਸਾਨੂੰ ਇਹੋ ਜਿਹੇ ਧਰਮ ਦੇ ਆਗੂਆਂ ਬਾਰੇ ਕੀ ਕੁਝ ਕਹਿ ਕੇ ਸਮਝਾਇਆ ਹੈ।

ਧਨਾਸਰੀ ਮਹਲਾ ੧ ॥

“ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥
ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥
ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥ ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥

ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥"

(ਅੰਗ ੬੬੨)

ਸਭ ਤੋਂ ਪਹਿਲੀ ਪੰਗਤੀ ਰਾਹੀਂ ਹੀ ਸਾਨੂੰ ਆਪਣੇ ਸਰੀਰ ਬਾਰੇ ਚਾਨਣਾ ਪਾਇਆ ਹੋਇਆ ਹੈ ਕਿ ਭਗਤੀ ਦਾ ਮਾਰਗ ਸਾਡੇ ਸਰੀਰ ਦੇ ਕਿਹੜੇ ਹਿੱਸੇ ਨਾਲ ਜੁੜਿਆ ਹੋਇਆ ਹੈ ਤੇ ਸਾਨੂੰ ਨਾਸਮਝ ਕਿਸ ਲਈ ਕਿਹਾ ਹੈ। ਸਾਡੀ ਇਸ ਕਾਇਆ ਨੂੰ ਇੱਕ ਕਾਗਜ ਕਿਹਾ ਹੈ ਜਿਸਦੇ ਅੰਦਰ ਮਨ ਇਸ ਸਰੀਰ ਲਈ ਪਰਵਾਣਾ ਹੈ ਭਾਵ ਇਹ ਸਰੀਰ ਮਨ ਦੇ ਹੁਕਮ ਵਿੱਚ ਚੱਲਦਾ ਹੈ ਭਾਵ ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ ਭਾਵ ਇਸ ਸਰੀਰ ਨੂੰ ਚਲਾਉਂਣ ਵਾਲਾ ਮਨੁੱਖ ਦਾ ਮਨ ਹੈ ਭਾਵ ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਸਾਡੇ ਮਨ ਦੇ ਨਾਲ ਜੁੜਿਆ ਹੋਇਆ ਹੈ। ਸਾਡਾ ਮਨ ਸਾਡਾ ਸਿਰ ਹੈ ਜਿੱਥੇ ਸਾਡੇ ਅੰਦਰ ਲੇਖ ਲਿਖੇ ਜਾਂਦੇ ਹਨ। ਸਾਡੇ ਅੰਦਰ ਸਾਡੇ ਮਨ ਦੇ ਵਿੱਚ ਜੋ ਲੇਖ ਲਿਖੇ ਜਾਂਦੇ ਹਨ ਉਹੀ ਸਾਡੇ ਅੰਦਰ ਦਾ ਪਰਵਾਣਾ ਹੈ ਭਾਵ ਮਨ ਦੇ ਅੰਦਰ ਲਿਖਿਆ ਹੋਇਆ ਹੁਕਮ ਹੈ। ਜੋ ਆਪਣੇ ਮਨ ਦੇ ਪਰਵਾਣੇ ਨੂੰ ਪੜ ਲੈਂਦਾ ਹੈ ਭਾਵ ਆਪਣੇ ਅੰਦਰ ਦੇ ਲਿਖੇ ਹੋਏ ਲੇਖ ਨੂੰ ਪੜ ਲੈਂਦਾ ਹੈ ਉਹ ਸਿਆਣਾ ਹੈ ਤੇ ਜੋ ਆਪਣੇ ਅੰਦਰ ਦੇ ਲੇਖ ਨਹੀਂ ਪੜਦਾ ਉਹ ਇਆਣਾ ਹੈ ਭਾਵ ਨਾਸਮਝ ਹੈ। ਮਨ ਦੇ ਅੰਦਰ ਲਿਖੇ ਹੋਏ ਲੇਖ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਹੁੰਦੇ ਹਨ ਜੋ ਲੇਖ ਅਸੀਂ ਆਪ ਨਹੀਂ ਲਿਖਦੇ ਭਾਵ ਇਹ ਸਾਡੇ ਅੰਦਰ ਆਪ ਪ੍ਰਮਾਤਮਾ ਲਿਖਦਾ ਹੈ ਭਾਵ ਸਾਡੇ ਮਨ ਦੇ ਵਿੱਚ ਜੋ ਵੀ ਸਮਝ ਉਪਜਦੀ ਹੈ, ਸੋਚ ਉਪਜਦੀ ਹੈ ਉਹ ਸਾਡੇ ਅੰਦਰ ਪ੍ਰਮਾਤਮਾ ਦੇ ਲਿਖੇ ਹੋਏ ਲੇਖ ਹਨ ਤੇ ਜੋ ਇਹਨਾਂ ਲੇਖਾਂ ਨੂੰ ਨਹੀਂ ਪੜਦਾ ਭਾਵ ਸਮਝਦਾ ਉਹ ਇਆਣਾ ਹੈ ਭਾਵ ਨਾਸਮਝ ਹੈ। **(ਕਾਇਆ ਕਾਗਦੁ ਮਨੁ ਪਰਵਾਣਾ॥ ਸਿਰ ਕੇ ਲੇਖ ਨ ਪੜੈ ਇਆਣਾ ॥)**

ਸਾਡੇ ਸਿਰ ਦੇ ਲੇਖ ਕਿੱਥੇ ਲਿਖੇ ਜਾਂਦੇ ਹਨ ਭਾਵ ਸਾਡੇ ਮਨ

43/5648

ਦੇ ਵਿੱਚ ਹੁਕਮ ਕਿੱਥੇ ਲਿਖਿਆ ਜਾਂਦਾ ਹੈ ਤੇ ਕਿਸ ਰੂਪ ਵਿੱਚ ਲਿਖਿਆ ਜਾਂਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥"

ਬਾਰ-ਬਾਰ ਸਾਨੂੰ ਗੁਰਬਾਣੀ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਿੱਚ ਰੱਖਿਆ ਹੋਇਆ ਹੈ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ, ਹਉਮੈ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ। ਸਾਡੇ ਅੰਦਰ ਦੀ ਇਹ ਅਵਸਥਾ ਕੀ ਹੈ, ਕਿਸਨੇ ਪਾਈ ਹੋਈ ਹੈ, ਕਿਸ ਜਗ੍ਹਾ ਤੇ ਪਾਈ ਹੋਈ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਡੇ ਅੰਦਰ ਜੋ ਲੇਖ ਪ੍ਰਮਾਤਮਾ ਲਿਖਦਾ ਹੈ, ਜੋ ਆਪਣਾ ਪਰਵਾਣਾ ਲਿਖਦਾ ਹੈ, ਹੁਕਮ ਲਿਖਦਾ ਹੈ ਉਹ ਸਾਡੇ ਮਨ ਦੇ ਵਿੱਚ ਹੀ ਲਿਖਦਾ ਹੈ ਜਿਸ ਕਰਕੇ ਸਾਡਾ ਮਨ ਪਰਵਾਣਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਪ੍ਰਮਾਤਮਾ ਦਾ ਟਿਕਾਣਾ ਸਾਡਾ ਮਨ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ, ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡਾ ਮਨ ਹੀ ਪ੍ਰਮਾਤਮਾ ਦਾ ਸਾਡੇ ਅੰਦਰ ਮਹਲ ਹੈ ਭਾਵ ਨਿਰੰਕਾਰ ਰੂਪ ਮਹਲ ਹੈ ਜਿਸ ਮਹਲ ਦਾ ਕੋਈ ਆਕਾਰ ਨਹੀਂ ਹੈ ਜੋ ਮਹਲ ਗਿਆਨ ਰੂਪ ਵਿੱਚ ਹੈ, ਬ੍ਰਹਮ ਗਿਆਨ ਰੂਪ ਹੈ, ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਮਨ ਦੇ ਸਹਜ ਦੇ ਰੂਪ ਵਿੱਚ ਹੈ। ਸਾਡਾ ਮਨ ਰੂਪ ਮਹਲ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਦਰਗਾਹ ਹੈ, ਸੱਚਖੰਡ ਹੈ ਜਿਸ ਦਰਗਾਹ ਵਿੱਚ, ਖੰਡ ਵਿੱਚ ਕੇਵਲ ਸੱਚ ਹੁੰਦਾ ਹੈ ਭਾਵ ਬ੍ਰਹਮ ਗਿਆਨ ਹੁੰਦਾ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਭ ਦੇ ਅੰਦਰ ਆਪ ਹੀ ਹੈ ਪਰ ਪ੍ਰਮਾਤਮਾ ਕਿਸੇ ਨੂੰ ਵੀ ਆਪਣਾ ਆਪ ਜਾਹਰ ਨਹੀਂ ਕਰਦਾ ਭਾਵ ਆਪਣੇ ਆਪ ਨੂੰ ਸਭ ਦੇ ਅੰਦਰ ਗੁਪਤ ਰੂਪ ਵਿੱਚ ਹੀ ਰੱਖਦਾ ਹੈ। ਆਪਣੇ ਆਪ ਨੂੰ ਗੁਪਤ ਰੱਖਣ ਲਈ ਭਾਵ ਪੜਦੇ ਵਿੱਚ ਰੱਖਣ ਲਈ ਉਸਨੇ ਆਪ ਹੀ ਆਪਣੇ ਹਰ ਮਨੁੱਖੀ ਰੂਪ ਨੂੰ ਮਨ ਦੇ ਵਿੱਚ ਲੇਖ ਲਿਖਣ ਦੁਆਰਾ ਭਾਵ ਮਨ ਦੀ ਸਮਝ ਪਾਉਂਣ ਦੁਆਰਾ ਆਪਣੇ ਆਪ ਨੂੰ ਪੜਦੇ ਵਿੱਚ ਰੱਖਿਆ ਹੋਇਆ ਹੈ ਤਾਂ ਜੋ ਉਸਨੂੰ ਕੋਈ ਜਾਣ ਨ ਸਕੇ। **"ਤੀਨੇ ਲੇਖ"** ਭਾਵ ਸਾਡੇ ਅੰਦਰ ਦੇ ਤ੍ਰੈ ਗੁਣ ਰੂਪ ਲੇਖ ਸਾਡੇ ਅੰਦਰ ਮਨ ਰੂਪ ਪ੍ਰਮਾਤਮਾ ਦੀ ਦਰਗਾਹ ਦੇ ਰੂਪ ਵਿੱਚ ਘੜੇ ਜਾਂਦੇ ਹਨ ਭਾਵ ਲਿਖੇ ਜਾਂਦੇ ਹਨ ਭਾਵ ਸਾਡੇ ਅੰਦਰ ਦੇ ਮਨ ਦੇ ਵਿਚਾਰਾਂ ਨੂੰ ਅੰਦਰ ਨਿਰੰਕਾਰ ਰੂਪ ਵਿੱਚ ਬੈਠਾ ਹੋਇਆ ਪ੍ਰਮਾਤਮਾ ਆਪ ਹੀ ਕਰਦਾ ਹੈ ਜਿਸ ਦੁਆਰਾ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ

43/5649

ਰੱਖਿਆ ਹੋਇਆ ਹੈ, ਮਾਇਆ ਮੋਹ ਵਿੱਚ, ਹਉਮੈ ਵਿੱਚ ਭਾਵ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਰਾਹੀਂ ਉਸਨੇ ਸਾਡੇ ਮਨ ਦੇ ਵਿਚਾਰਾਂ ਵਿੱਚ ਭਰਮ ਰੂਪ ਖੋਟ ਪਾਈ ਹੋਈ ਹੈ ਜਿਸ ਖੋਟ ਵਿੱਚੋਂ ਸਾਰੇ ਸੰਸਾਰ ਨੂੰ ਨਿਕਲਣ ਲਈ ਸਮਝਾਇਆ ਹੈ ਭਾਵ ਉਹਨਾਂ ਦੀ ਪਰਖ ਕਰਨ ਲਈ ਸਮਝਾਇਆ ਹੋਇਆ ਹੈ, ਉਹਨਾਂ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਤਾਂ ਜੋ ਅਸੀਂ ਆਪਣੇ ਜੀਵਨ ਦੇ ਸਹੀ ਮਾਰਗ ਨੂੰ ਸਮਝ ਸਕੀਏ, ਧਰਮ ਦੇ ਸਹੀ ਮਾਰਗ ਨੂੰ ਸਮਝ ਸਕੀਏ। ਧਰਮ ਗ੍ਰੰਥਾਂ ਦੀ ਰਚਨਾ ਪ੍ਰਮਾਤਮਾ ਨੇ ਸਾਡੀ ਤ੍ਰੈ ਗੁਣਾਂ ਵਾਲੀ ਖੋਟੀ ਮਤਿ ਵਿੱਚੋਂ, ਮਾਇਆ ਮੋਹ ਵਾਲੀ ਖੋਟੀ ਮਤਿ ਵਿੱਚੋਂ ਨਿਕਲਣ ਲਈ ਹੀ ਕੀਤੀ ਹੈ ਜਿਨ੍ਹਾਂ ਰਾਹੀਂ ਉਸਨੇ ਸੰਸਾਰ ਨੂੰ ਧਰਮ ਦਾ ਸੱਚਾ ਮਾਰਗ ਸਮਝਾਇਆ ਹੋਇਆ ਹੈ ਜੋ ਕਿ ਤ੍ਰੈ ਗੁਣਾਂ ਵਾਲੀ ਮਤਿ ਵਿੱਚ ਰਹਿੰਦੇ ਹੋਏ ਸਮਝ ਨਹੀਂ ਆਉਂਦਾ। **(ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ॥ ਖੋਟਾ ਕਾਮਿ ਨ ਆਵੈ ਵੇਖੁ ॥੧॥)**

ਸਾਡੇ ਜੀਵਨ ਦਾ ਮਾਰਗ ਮਨ ਦੀ ਖੋਟ ਵਿੱਚੋਂ ਨਿਕਲਣ ਦੁਆਰਾ ਹੀ ਤਹਿ ਹੁੰਦਾ ਹੈ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ ਭਰਮ ਦੀ ਖੋਟਿ ਵਿੱਚੋਂ ਕੱਢਣ ਦੁਆਰਾ, ਅਗਿਆਨਤਾ ਦੀ ਖੋਟਿ ਵਿੱਚੋਂ ਕੱਢਣ ਦੁਆਰਾ, ਮਾਇਆ ਮੋਹ ਦੀ ਖੋਟਿ ਵਿੱਚੋਂ ਕੱਢਣ ਦੁਆਰਾ ਹੀ ਤਹਿ ਹੁੰਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥”

ਬਾਹਰੀ ਖੋਟਿ ਕੀ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਪਰ ਮਨ ਦੀ ਖੋਟਿ ਨੂੰ ਅਸੀਂ ਆਪਣੇ ਆਪ ਨਹੀਂ ਸਮਝ ਸਕਦੇ। ਜੇਕਰ ਕਿਸੇ ਸਿੱਕੇ ਦੇ ਵਿੱਚ ਖੋਟ ਹੋਵੇ ਤੇ ਉਸਨੂੰ ਹਰ ਕੋਈ ਖੋਟਾ ਕਹਿੰਦਾ ਹੈ ਤੇ ਉਸ ਸਿੱਕੇ ਨਾਲ ਕੋਈ ਵਾਪਾਰ ਨਹੀਂ ਕਰਦਾ ਭਾਵ ਹਰ ਕੋਈ ਖਰਾ ਸਿੱਕਾ ਹੀ ਲੈਣਾ ਚਾਹੁੰਦਾ ਹੈ। ਜਿਸ ਸਿੱਕੇ ਵਿੱਚ ਚਾਂਦੀ ਹੋਵੇ ਭਾਵ ਰੁਪਾ ਹੋਵੇ ਉਸਨੂੰ ਹਰ ਕੋਈ ਖਰਾ ਆਖਦਾ ਹੈ ਕਿਉਂਕਿ ਕੀਮਤ ਖਰੇ ਦੀ ਪੈਂਦੀ ਹੈ। ਖੋਟੇ ਸਿੱਕੇ ਦੀ ਕੀਮਤ ਨਹੀਂ ਪੈਂਦੀ। ਇਸੇ ਤਰ੍ਹਾਂ ਜਿਸ ਮਨੁੱਖ ਦੇ ਮਨ ਦੇ ਅੰਦਰ ਖੋਟਿ ਹੈ ਉਹ ਮਨ ਦੇ ਰਾਹੀਂ ਅਪਵਿੱਤਰ ਹੈ ਜਿਸ ਕਰਕੇ ਧਰਮ ਦੇ ਮਾਰਗ ਤੇ ਉਸਦੀ ਕੀਮਤ ਨਹੀਂ ਪੈਂਦੀ। ਅਸੀਂ ਆਪਣੇ ਮਨ ਨੂੰ ਖੋਟ ਤੋਂ ਪਵਿੱਤਰ ਕਰਨਾ ਹੈ ਭਾਵ ਆਪਣੀ ਮਤਿ ਨੂੰ ਖਰਾ ਕਰਨਾ ਹੈ ਤਾਂ ਜੋ ਸਾਡੀ ਧਰਮ ਦੇ ਮਾਰਗ ਤੇ ਕੀਮਤ

43/5650

ਪਵੇ। ਧਰਮ ਗ੍ਰੰਥ ਪਵਿੱਤਰ ਹਨ ਜੋ ਕਿ ਆਪਣੇ ਸੱਚੇ ਗਿਆਨ ਦੁਆਰਾ ਪਵਿੱਤਰ ਹਨ ਭਾਵ ਸੱਚ ਦੁਆਰਾ ਪਵਿੱਤਰ ਹਨ, ਧਰਮ ਦੇ ਸੱਚੇ ਮਾਰਗ ਦੀ ਸਮਝ ਦੁਆਰਾ ਪਵਿੱਤਰ ਹਨ ਕਿਉਂਕਿ ਉਹ ਪ੍ਰਮਾਤਮਾ ਦੇ ਆਪਣੇ ਹੀ ਰਚੇ ਹੋਏ ਹਨ ਜਿਨ੍ਹਾਂ ਦੇ ਅੰਦਰ ਮਾਇਆ ਮੋਹ ਰੂਪ ਖੋਟ ਨਹੀਂ ਹੈ, ਅਗਿਆਨਤਾ ਰੂਪ ਖੋਟਿ ਨਹੀਂ ਹੈ ਭਾਵ ਉਹ ਚਾਂਦੀ ਦੀ ਤਰ੍ਹਾਂ ਸ਼ੁਧਿ ਹਨ, ਖਰੇ ਹਨ। ਉਹਨਾਂ ਕੋਲੋਂ ਮਤਿ ਲੈ ਕੇ ਅਸੀਂ ਆਪਣੀ ਖੋਟੀ ਮਤਿ ਨੂੰ ਖਰੀ ਕਰ ਸਕਦੇ ਹਾਂ ਭਾਵ ਸਾਨੂੰ ਖਰਾ ਉਹ ਬਣਾ ਸਕਦਾ ਹੈ ਜੋ ਆਪ ਖਰਾ ਹੈ। **(ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥)**

{ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥ ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ ॥੧੪॥}

(ਅੰਗ ੧੪੪)

{ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥
ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥ ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥}

(ਅੰਗ ੫੬)

{ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥
ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥ ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥
ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥ ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥
ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ ॥੧॥}

(ਅੰਗ ੮੯)

{ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥}

(ਅੰਗ ੧੧੬)

{ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥}

(ਅੰਗ ੧੧੯)

ਖੋਟੇ ਖਰੇ ਦਾ ਭੇਦ ਕੀ ਹੈ ਇਸ ਗੱਲ ਨੂੰ ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਕੋਈ ਵੀ ਮਨੁੱਖ ਖੋਟਾ ਜਾਂ ਖਰਾ ਆਪਣੇ ਮਨ ਦੀ ਮਤਿ ਦੁਆਰਾ ਹੈ ਭਾਵ ਮਨ ਦੀ ਸਮਝ ਦੁਆਰਾ ਹੈ। ਮਨੁੱਖ ਦੀ ਮਤਿ ਹੀ ਮਨੁੱਖ ਦੀ ਰਾਸਿ ਹੈ, ਮਨੁੱਖ ਦੀ ਪੂੰਜੀ ਹੈ ਜਿਸ ਦੁਆਰਾ ਮਨੁੱਖ ਸੰਸਾਰ ਵਿੱਚ ਵਿਚਰਦਾ ਹੈ ਤੇ ਆਪਣੀ ਇਸ ਪੂੰਜੀ ਨੂੰ ਖਰਚਦਾ ਹੈ, ਆਪਣੇ ਹਰ ਕਰਮ ਵਿੱਚ ਖਰਚਦਾ ਹੈ। ਗੁਰੂ ਕੋਲ ਇਹ ਪੂੰਜੀ ਸੱਚ ਦੇ ਰੂਪ ਵਿੱਚ ਹੈ ਜੋ ਕਿ ਉਸਦੇ ਕੋਲ ਸੱਚੀ ਮਤਿ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਦੁਆਰਾ ਗੁਰੂ ਉਸਨੂੰ ਸੱਚ ਦੇ ਰੂਪ ਵਿੱਚ

43/5651

ਖਰਚਦਾ ਹੈ ਭਾਵ ਆਪ ਧਰਮ ਦੇ ਮਾਰਗ ਤੇ ਚੱਲਦਾ ਹੈ ਤੇ ਸੰਸਾਰ ਨੂੰ ਧਰਮ ਦੇ ਮਾਰਗ ਤੇ ਚੱਲਣਾ ਸਮਝਾਉਂਦਾ ਹੈ। ਮਨੁੱਖੀ ਮਤਿ ਨੂੰ ਜਦ ਤੱਕ ਸੱਚ ਦੀ ਸਮਝ ਨਹੀਂ ਹੈ ਉਹ ਮਨਮਤਿ ਹੈ ਭਾਵ ਖੋਟੀ ਮਤਿ ਹੈ, ਖੋਟੀ ਰਾਸਿ ਹੈ ਜਿਸ ਦੁਆਰਾ ਉਹ ਸੱਚ ਦੇ ਮਾਰਗ ਤੇ ਨਹੀਂ ਚੱਲ ਸਕਦਾ ਤੇ ਨਾ ਹੀ ਦੂਸਰਿਆਂ ਨੂੰ ਸੱਚ ਦੇ ਮਾਰਗ ਤੇ ਚੱਲਣਾ ਸਮਝਾ ਸਕਦਾ ਹੈ। ਧਰਮ ਦਾ ਮਾਰਗ ਕੇਵਲ ਗੁਰੂ ਹੀ ਸਮਝਾ ਸਕਦਾ ਹੈ ਪਰ ਧਰਮ ਦਾ ਮਾਰਗ ਸਮਝਾਉਂਣ ਵਾਲੇ ਬਹੁਤ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਆਪ ਹੀ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੁੰਦਾ ਹੈ। ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਾਨੂੰ ਉਹਨਾਂ ਬਾਰੇ ਹੀ ਸਮਝਾਇਆ ਹੋਇਆ ਹੈ ਜਿਨ੍ਹਾਂ ਨੂੰ ਖੁੱਦ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ ਪਰ ਉਹ ਖੁੱਦ ਆਪਣੇ ਆਪ ਨੂੰ ਧਰਮ ਦੇ ਆਗੂ ਸਮਝਦੇ ਹਨ ਤੇ ਇਸੇ ਲਈ ਉਹਨਾਂ ਨੂੰ ਮਾੜੇ ਕਿਹਾ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ।

“ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥”

ਉਪਰ ਜਿਨ੍ਹਾਂ ਦੀ ਗੱਲ ਕੀਤੀ ਹੋਈ ਹੈ ਉਹ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਤੇ ਉੱਚਾ ਹੀ ਅਖਵਾਉਂਦੇ ਹਨ ਤੇ ਦੂਸਰਿਆਂ ਨੂੰ ਧਰਮ ਦਾ ਮਾਰਗ ਸਮਝਾਉਂਦੇ ਹਨ। ਧਰਮ ਦਾ ਮਾਰਗ ਤਾਂ ਸੱਚ ਤੇ ਚੱਲਣ ਦਾ ਹੈ ਤੇ ਉਪਰ ਪਦੇ ਰਾਹੀਂ ਆਗੂ ਅਖਵਾਉਂਣ ਵਾਲਿਆਂ ਨੂੰ ਨਿੰਦਿਆ ਹੋਇਆ ਹੈ ਜੋ ਕਿ ਉਹਨਾਂ ਨੂੰ ਆਪਣੇ ਮਾੜੇ ਜੀਵਨ ਲਈ, ਆਪਣੇ ਮਾੜੇ ਕਰਮਾਂ ਲਈ ਨਿੰਦਿਆ ਹੋਇਆ ਹੈ ਕਿਉਂਕਿ ਧਰਮ ਦਾ ਮਾਰਗ ਹੀ ਮਨੁੱਖ ਦੇ ਕਰਮਾਂ ਨਾਲ ਜੁੜਿਆ ਹੋਇਆ ਹੈ। ਜਿਸਦੇ ਆਪਣੇ ਕਰਮ ਮਾੜੇ ਹਨ ਉਸਨੇ ਦੂਸਰਿਆਂ ਨੂੰ ਧਰਮ ਦਾ ਸੱਚਾ ਮਾਰਗ ਕੀ ਸਮਝਾਉਂਣਾ ਹੈ। ਉਹ ਦੂਸਰਿਆਂ ਨੂੰ ਧਰਮ ਦਾ ਉਹੋ ਜਿਹਾ ਮਾਰਗ ਸਮਝਾਉਂਦੇ ਹਨ ਜਿਸਨੂੰ ਉਹ ਮਨੁੱਖ ਦੇ ਕਰਮਾਂ ਨਾਲ ਨਹੀਂ ਜੋੜਦੇ, ਮਨੁੱਖ ਦੀ ਸੱਚੀ ਸੁੱਚੀ ਕਿਰਤ ਨਾਲ ਨਹੀਂ ਜੋੜਦੇ ਬਲਕਿ ਹੋਰ ਹੀ ਅਨੇਕਾਂ ਮਰਿਯਾਦਾਵਾਂ ਨਾਲ ਜੋੜਦੇ ਹਨ, ਕਥਨੀ ਨਾਲ, ਸਰੀਰਕ ਕਿਰਿਯਾਵਾਂ ਆਦਿ ਨਾਲ ਜੋੜਦੇ ਹਨ ਭਾਵ ਅਨੇਕਾਂ ਉਹਨਾਂ ਤਰੀਕਿਆਂ ਨਾਲ ਜੋੜਦੇ ਹਨ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਧਰਮ ਦਾ ਮਾਰਗ ਜੋ ਕਾਜੀ ਲਈ ਹੈ, ਉਹੀ ਬ੍ਰਾਹਮਣ ਲਈ ਹੈ ਭਾਵ ਜੋ ਮੁਸਲਮਾਨ ਲਈ ਹੈ ਉਹੀ ਹਿੰਦੂ ਲਈ ਹੈ। ਕਾਜੀ ਅਗਰ ਝੂਠ ਬੋਲਦਾ ਹੈ ਫਿਰ ਇਹ ਮਾੜਾ ਕਰਮ ਹੈ ਭਾਵ ਧਰਮ ਦੇ ਉਲਟ ਹੈ। ਬ੍ਰਾਹਮਣ ਭਾਵੇਂ ਸਰੀਰਕ ਸੁਚਿ ਦੁਆਰਾ ਚੰਗਾ ਬਣਦਾ ਹੈ ਪਰ ਜੇਕਰ ਉਹ ਜੀਆਂ ਦਾ ਹੱਕ ਖਾਂਦਾ ਹੈ ਫਿਰ ਇਹ ਮਾੜਾ ਕਰਮ ਹੈ ਭਾਵ ਧਰਮ ਦੇ

43/5652

ਉਲਟ ਹੈ। ਇਸੇ ਤਰ੍ਹਾਂ ਜੋਗੀ ਲੋਕ ਆਪਣਾ ਘਰ ਬਾਰ ਛੱਡ ਕੇ ਭਾਵ ਗ੍ਰਿਹਸਤ ਵਾਲਾ ਜੀਵਨ ਛੱਡ ਕੇ ਬਾਹਰ ਜੰਗਲਾਂ ਆਦਿ ਵਿੱਚ

ਚਲੇ ਜਾਂਦੇ ਹਨ ਤੇ ਦੂਸਰਿਆਂ ਨੂੰ ਵੀ ਇਹੋ ਜਿਹੇ ਜੀਵਨ ਲਈ ਪ੍ਰੇਰਦੇ ਹਨ ਜਿਸਨੂੰ ਕਿ ਉਹ ਧਰਮ ਦਾ ਮਾਰਗ, ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਦੇ ਹਨ ਇਸ ਲਈ ਉਹਨਾਂ ਨੂੰ ਅੰਨ੍ਹੇ ਕਿਹਾ ਹੈ ਭਾਵ ਧਰਮ ਦੇ ਅਗਿਆਨੀ ਕਿਹਾ ਹੈ। ਇਹੋ ਜਿਹੇ ਤਿੰਨੇ ਭਾਵ ਕਾਜੀ, ਬ੍ਰਾਹਮਣ, ਜੋਗੀ ਕੋਈ ਵੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੋਂ ਘੱਟ ਨਹੀਂ ਅਖਵਾਉਂਦੇ ਪਰ ਅਸਲ ਵਿੱਚ ਇਹ ਧਰਮ ਦੇ ਉਲਟ ਪ੍ਰਚਾਰ ਕਰਨ ਦੁਆਰਾ ਦੂਸਰਿਆਂ ਦੇ ਜੀਵਨ ਨੂੰ ਉਜਾੜਦੇ ਹਨ, ਦੂਸਰਿਆਂ ਦਾ ਜੀਵਨ ਵੀ ਬਰਬਾਦ ਕਰਦੇ ਹਨ। ਜੋ ਵੀ ਇਹਨਾਂ ਦੀਆਂ ਗੱਲਾਂ ਮੰਨਦੇ ਹਨ ਉਹ ਸੱਚ ਕਰਕੇ ਹੀ ਮੰਨਦੇ ਹਨ ਭਾਵ ਇਹ ਦੂਸਰਿਆਂ ਦੀ ਸਮਝ ਦੇ ਵਿੱਚ **"ਬੰਧੁ"** ਲਗਾ ਦਿੰਦੇ ਹਨ ਭਾਵ ਉਹਨਾਂ ਦੀ ਸੋਚਿ ਨੂੰ ਬੰਨ ਦਿੰਦੇ ਹਨ ਜੋ ਫਿਰ ਉਹ ਸੋਚ ਤੋਂ ਬਾਹਰ ਨਹੀਂ ਨਿਕਲਦੇ। ਇਸੇ ਲਈ ਹਰ ਕੋਈ ਇਹਨਾਂ ਦੀ ਸੋਚ ਦੇ ਨਾਲ ਬੱਝਿਆ ਰਹਿੰਦਾ ਹੈ ਤੇ ਧਰਮ ਦੇ ਅਸਲ ਮਾਰਗ ਤੋਂ ਉਜੜਿਆ ਰਹਿੰਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਜੋ ਧਰਮ ਦਾ ਮਾਰਗ ਇਹਨਾਂ ਨੇ ਸਮਝਾਇਆ ਹੋਇਆ ਹੈ ਉਹੀ ਧਰਮ ਦਾ ਮਾਰਗ ਸਿੱਖ ਜਗਤ ਦੇ ਉੱਚੇ ਆਗੂ ਅਖਵਾਉਂਣ ਵਾਲਿਆਂ ਲਈ ਹੈ, ਸੰਤ ਆਦਿ ਅਖਵਾਉਂਣ ਵਾਲਿਆਂ ਲਈ ਹੈ ਜੋ ਕਿ ਆਪਣੇ ਜੀਵਨ ਨੂੰ ਸੱਚਾ ਸੁੱਚਾ ਬਨਾਉਂਣ ਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਮਾਇਆ ਦੀ ਖੋਟ ਵਿੱਚੋਂ ਨਿਕਲਣ ਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜਨ ਦਾ ਹੈ ਤਾਂ ਜੋ ਅਸੀਂ ਆਪ ਸੱਚੇ ਸੁੱਚੇ ਕਰਮ ਕਰੀਏ ਤੇ ਦੂਸਰਿਆਂ ਨੂੰ ਵੀ ਇਹੋ ਕੁਝ ਸਮਝਾਈਏ ਭਾਵ ਆਪ ਵੀ ਸੱਚੀ ਸੁੱਚੀ ਕਰਨੀ ਨਾਲ ਜੁੜੀਏ ਤੇ ਦੂਸਰਿਆਂ ਨੂੰ ਵੀ ਸੱਚੀ ਸੁੱਚੀ ਕਿਰਤ ਕਰਨੀ ਸਮਝਾਈਏ ਜੋ ਕਿ ਧਰਮ ਦਾ ਸੱਚਾ ਮਾਰਗ ਹੈ ਭਾਵ ਨਾ ਆਪਣਾ ਜੀਵਨ ਉਜਾੜੀਏ ਤੇ ਨਾ ਹੀ ਹੋਰਾਂ ਨੂੰ ਕਥਨੀਆਂ ਆਦਿ ਨਾਲ ਜੋੜਕੇ, ਆਪਣੀ ਆਪਣੀ ਮਰਿਯਾਦਾਵਾਂ ਨਾਲ ਜੋੜ ਕੇ ਦੂਸਰਿਆਂ ਦਾ ਜੀਵਨ ਬਰਬਾਦ ਕਰੀਏ। **(ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥)**

ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਧਰਮ ਦਾ ਮਾਰਗ ਸਭ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪਣੀ ਮਤਿ ਨੂੰ ਸਮਝਾਉਂਣ ਦਾ ਹੈ ਭਾਵ ਗੁਰੂ ਦੀ ਗੱਲ ਮੰਨਣ ਦਾ ਹੈ ਤੇ ਇਹੀ ਗੱਲ ਤਿੰਨਾਂ ਲਈ ਭਾਵ ਸਭ ਦੇ ਲਈ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥
ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥"

43/5653

ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਤਾਂ ਬਹੁਤ ਹਨ ਪਰ ਅਸਲ ਵਿੱਚ ਧਰਮ ਦੇ ਮਾਰਗ ਤੇ ਉੱਚਾ ਕੌਣ ਹੁੰਦਾ ਹੈ, ਇਹੀ ਗੱਲ ਸਾਨੂੰ ਉਪਰ ਪਦੇ ਰਾਹੀਂ ਸਮਝਾਈ ਹੋਈ ਹੈ। ਜੋਗੀ ਉਹੀ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਜੋਗ ਹੋ ਜਾਂਦਾ ਹੈ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਜਿਸਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁਝ ਇੱਕੋ ਇੱਕ ਆਪ ਪ੍ਰਮਾਤਮਾ ਹੀ ਹੈ। ਪ੍ਰਮਾਤਮਾ ਕਿਸੇ ਨੂੰ ਆਪਣਾ ਜੋਗੀ ਬਣਾਵੇ ਇਹ ਕੇਵਲ ਗੁਰੂ ਪ੍ਰਸਾਦਿ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਜੁਗਤਿ ਕੀ ਹੈ ਭਾਵ ਪ੍ਰਮਾਤਮਾ ਦੀ ਭਗਤੀ ਦੀ ਜੁਗਤਿ ਕੀ ਹੈ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਮੇਲ ਹੋਏ ਤੋਂ ਬਿਨਾਂ ਕੋਈ ਸੱਚਾ ਜੋਗੀ ਨਹੀਂ ਹੈ ਤੇ ਇਸੇ ਲਈ ਉਹਨਾਂ ਨੂੰ ਭਗਤੀ ਦੇ ਮਾਰਗ ਦੀ ਜੁਗਤਿ ਦੀ ਸਮਝ ਨਹੀਂ ਪੈਂਦੀ ਤੇ ਉਹ ਘਰ ਬਾਰ ਛੱਡ ਕੇ ਬਾਹਰ ਭਟਕਦੇ ਰਹਿੰਦੇ ਹਨ। **(ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥)**

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥ ਗੁਰ ਕੀ ਸੇਵਾ ਸਬਦੁ ਵੀਚਾਰੁ ॥

ਹਉਮੈ ਮਾਰੇ ਕਰਣੀ ਸਾਰੁ ॥੭॥ ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

ਪ੍ਰਮਾਤਮਾ ਦੇ ਨਾਲ ਜੋਗ ਕਰਨ ਦੀ ਜੁਗਤਿ ਇੱਕੋ ਹੀ ਹੈ ਜਿਵੇਂ ਕਿ ਉਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਸਾਰੀ ਗੱਲ ਆਪਣੇ ਵਿਕਾਰਾਂ ਨੂੰ ਮਾਰਨ ਦੁਆਰਾ ਸੱਚੇ ਸੁੱਚੇ ਕਰਮ ਕਰਨ ਦੀ ਹੈ, ਸੱਚਾ ਸੁੱਚਾ ਗ੍ਰਿਹਸਤ ਜੀਵਨ ਜਿਉਂਣ ਦੀ ਹੈ। ਜੋ ਜੁਗਤਿ ਜੋਗੀ ਦੇ ਲਈ ਹੈ ਉਹੀ ਜੁਗਤਿ ਕਾਜੀ ਦੇ ਲਈ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥”

ਉਪਰਲੀਆਂ ਪੰਗਤੀਆਂ ਰਾਹੀਂ ਵੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜੋ ਕਿ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। ਜੀਵਤ ਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰੋਂ ਸਾਡੀ ਹਉਮੈ ਦਾ ਮਰਨਾ ਸਾਡਾ ਜੀਵਤ ਮਰਨਾ ਹੈ ਭਾਵ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਮੈਂ ਨਹੀਂ ਹਾਂ ਬਲਕਿ ਆਪ ਪ੍ਰਮਾਤਮਾ ਹੈ ਇਹ ਸਾਡਾ ਜੀਵਤ ਮਰਨਾ ਹੈ। ਜਿਹੋ ਜਿਹੀ ਸਮਝ ਪ੍ਰਮਾਤਮਾ ਨੇ ਸਾਡੇ ਅੰਦਰ ਪਾਈ ਹੋਈ ਹੈ, ਉਹ ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਮੋਹ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਜਿਸ ਸਮਝ ਵਿੱਚ ਰਹਿੰਦਿਆਂ ਅਸੀਂ

43/5654

ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਦੇ ਅੰਦਰ ਦੀ ਮਤਿ ਹੀ ਉਲਟਦੀ ਹੈ, ਉਸਦੇ ਅੰਦਰ ਦੀ ਸਮਝ ਹੀ ਉਲਟਦੀ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਨੂੰ ਉਲਟ ਕੇ ਚਉਥੇ ਪਦ ਦੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਆਪਣੇ ਅੰਦਰੋਂ ਸਮਝ ਪੈਂਦੀ ਹੈ ਕਿ ਇੱਕ ਮਨੁੱਖੀ ਰੂਪ ਵਿੱਚ ਮੈਂ ਨਹੀਂ ਹਾਂ। ਇਹ ਜੀਵਤ ਮਰਨਾ ਹੈ ਜੋ ਕਿ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। ਅਸਲ ਕਾਜੀ ਉਹ ਹੈ ਜੋ ਇਸ ਤਰੀਕੇ ਆਪਣੇ ਆਪ ਨੂੰ ਜੀਵਤ ਮਾਰਦਾ ਹੈ ਤੇ ਉਸ ਅਵਸਥਾ ਵਿੱਚ ਪ੍ਰਮਾਤਮਾ ਆਪ ਹੀ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਉਹ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ। **(ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥)** ਜੋ ਤਰੀਕਾ ਕਾਜੀ ਬਣਨ ਦਾ ਹੈ, ਜੋਗੀ ਬਣਨ ਦਾ ਹੈ ਉਹੀ ਤਰੀਕਾ ਅਸਲ **“ਬ੍ਰਾਹਮਣੁ”** ਬਣਨ ਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥”

“ਬ੍ਰਾਹਮਣੁ” ਉਹ ਹੈ ਜਿਸਨੂੰ ਇਸ ਗਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਵਿਚਾਰਾਂ ਦੇ ਵਿੱਚ ਆਪ **“ਬ੍ਰਹਮੁ”** ਹੈ ਭਾਵ ਆਪ ਪ੍ਰਮਾਤਮਾ ਹੈ ਜੋ ਮੈਨੂੰ ਮੇਰੇ ਅੰਦਰੋਂ ਸਾਰੇ ਵਿਚਾਰ ਦੇ ਰਿਹਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਇਹੀ ਹੈ ਜਦੋਂ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਮੇਰੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ, ਮਨ ਦੇ ਵਿੱਚ ਸਮਝ ਪਾਉਂਣ ਵਾਲਾ ਆਪ ਪ੍ਰਮਾਤਮਾ ਹੈ, ਮੇਰੇ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਜਦੋਂ ਮਨ ਦੇ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਆਪਣਾ ਸੱਚਾ ਗਿਆਨ ਦਿੰਦਾ ਹੈ, ਆਪਣੇ ਸੱਚੇ ਵਿਚਾਰ ਦਿੰਦਾ ਹੈ ਉਹਨਾਂ ਵਿਚਾਰਾਂ ਰਾਹੀਂ ਉਹ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਤਰ ਜਾਂਦਾ ਹੈ, ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਤਰ ਜਾਂਦਾ ਹੈ। ਇਹੀ ਸਾਡੇ ਅੰਦਰ ਸਗਲੇ ਕੁਲਾਂ ਦਾ ਤਰਨਾ ਹੈ ਭਾਵ ਸਾਨੂੰ ਮਨ ਦੇ ਰਾਹੀਂ ਇਹ ਸਮਝ ਪੈ ਜਾਂਦੀ ਹੈ ਕਿ ਇਸ ਮਨੁੱਖੀ ਰੂਪ ਨੂੰ ਬਨਾਉਂਣ ਵਾਲੇ ਸਾਡੇ ਮਨ ਦੇ ਵਿਚਾਰ ਹੀ ਹਨ। ਸਾਡੇ ਮਨ ਦੇ ਵਿਚਾਰ ਹੀ ਸਾਡੇ ਪਿੱਤਰ ਹਨ ਤੇ ਜਿਨ੍ਹਾਂ ਨੂੰ ਅਸੀਂ ਹੁਣ ਤੱਕ ਆਪਣੇ ਦੁਨਿਆਵੀ ਕੁੱਲ ਸਮਝਦੇ ਆਏ ਹਾਂ ਉਹਨਾਂ ਸਭ ਦੀ ਸਮਝ

43/5655

ਪੈ ਜਾਂਦੀ ਹੈ ਕਿ ਉਹਨਾਂ ਦੇ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਸੀ। ਕੁੱਲਾਂ ਦਾ ਤਰਨਾ ਕੀ ਹੈ ਇਸ ਗੱਲ ਨੂੰ ਅੱਗੇ ਚੱਲ ਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ। ਜਦੋਂ ਮਨੁੱਖ ਮਨ ਦੇ ਭਰਮਾਂ ਵਿੱਚੋਂ ਤਰ ਜਾਂਦਾ ਹੈ ਭਾਵ ਜਦੋਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਫਿਰ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਸਭ ਕੁਝ ਪ੍ਰਮਾਤਮਾ ਇੱਕੋ ਇੱਕ ਆਪ ਹੀ ਹੈ, ਜਿਨ੍ਹਾਂ ਨੂੰ ਅਸੀਂ ਆਪਣੇ ਕੁੱਲ ਸਮਝਦੇ ਆਏ ਹਾਂ ਉਹ ਅਸਲ ਵਿੱਚ ਆਪ ਪ੍ਰਮਾਤਮਾ ਹੀ ਸੀ ਭਾਵ ਆਪਣੇ ਆਪ ਵਿੱਚ ਕਿਸੇ

ਨੂੰ ਵੀ ਮਨੁੱਖ ਸਮਝਣਾ ਕੇਵਲ ਸਾਡੇ ਮਨ ਦਾ ਭਰਮ ਹੈ ਜੋ ਭਰਮ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਨਿਕਲਦਾ ਹੈ, ਉਸਦਾ ਸੱਚਾ ਬ੍ਰਾਹਮਣੁ ਬਣਨ ਦੁਆਰਾ ਹੀ ਨਿਕਲਦਾ ਹੈ। ਆਪਣੀ ਭਗਤੀ ਦੇ ਸੱਚੇ ਮਾਰਗ ਦੀ ਸਮਝ ਪ੍ਰਮਾਤਮਾ ਇਹੋ ਜਿਹੇ ਸੱਚੇ **"ਬ੍ਰਾਹਮਣੁ"** ਰੂਪ ਵਿੱਚ ਪਾਉਂਦਾ ਹੈ ਜੋ ਫਿਰ ਸਭ ਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦੇ ਹਨ, ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਉਂਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਾਇਆ ਹੈ। **(ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥)**

ਜੋ ਤਰੀਕਾ ਪ੍ਰਮਾਤਮਾ ਨੂੰ ਪਾਉਂਣ ਲਈ ਜੋਗੀ ਦਾ ਹੈ, ਕਾਜੀ ਦਾ ਹੈ, ਬ੍ਰਾਹਮਣ ਦਾ ਹੈ ਭਾਵ ਜੋ ਜੋਗੀ ਬਣਨਾ ਹੈ, ਕਾਜੀ ਬਣਨਾ ਹੈ, ਬ੍ਰਾਹਮਣ ਬਣਨਾ ਹੈ ਉਹੀ ਕੁਝ ਗਿਆਨੀ ਬਣਨਾ ਹੈ, ਪੰਡਿਤ ਬਣਨਾ ਹੈ, ਸੰਤ ਬਣਨਾ ਹੈ, ਸਾਧ ਬਣਨਾ ਹੈ, ਬ੍ਰਹਮ ਗਿਆਨੀ ਬਣਨਾ ਹੈ। ਸਭ ਤੋਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦਾ ਹੈ ਤੇ ਇਹੀ ਪ੍ਰਮਾਤਮਾ ਦਾ ਆਪਣਾ ਭਗਤ ਰੂਪ ਹੈ, ਗੁਰੂ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਪ੍ਰਗਟ ਕਰਦਾ ਹੈ ਜਿਸ ਰਾਹੀਂ ਉਹ ਮਨੁੱਖ ਦੇ ਵਿਚਾਰਾਂ ਨੂੰ ਹੀ ਸ਼ੁਧਿ ਕਰਦਾ ਹੈ, ਹਰ ਭਰਮ ਤੋਂ ਸ਼ੁਧਿ ਕਰਦਾ ਹੈ, ਮਾਇਆ ਮੋਹ ਤੋਂ ਸ਼ੁਧਿ ਕਰਦਾ ਹੈ ਜਿਸ ਰਾਹੀਂ ਉਹ ਕਿਸੇ ਨੂੰ ਗਿਆਨਵਾਨ ਬਣਾਉਂਦਾ ਹੈ ਭਾਵ ਭਗਤੀ ਦੇ ਮਾਰਗ ਦੀ ਸੱਚੀ ਸੋਝੀ ਵਾਲਾ ਬਣਾਉਂਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥

ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥"

ਆਪਣੇ ਆਪ ਨੂੰ **"ਦਾਨਸਬੰਦੁ"** ਅਖਵਾਉਂਣ ਵਾਲੇ ਤਾਂ ਬਹੁਤ ਹਨ ਭਾਵ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ ਬਹੁਤ ਹਨ ਪਰ ਅਸਲ

ਦਾਨਸਬੰਦ ਉਹ ਹੈ ਜੋ ਆਪਣੇ ਦਿਲ ਨੂੰ ਧੋਂਦਾ ਹੈ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ ਸਾਫ ਕਰਦਾ ਹੈ, ਆਪਣੇ ਮਨ ਦੀ ਮੈਲ ਨੂੰ ਕੱਢਦਾ ਹੈ। ਸਾਡੇ ਸਭ ਦੇ ਅੰਦਰ ਮਾਇਆ ਮੋਹ ਦੀ ਮੈਲ ਹੈ, ਅਗਿਆਨਤਾ ਦੀ ਮੈਲ ਹੈ ਜਿਸਦੇ ਰਹਿੰਦਿਆਂ ਕੋਈ ਵੀ ਧਰਮ ਦੇ ਮਾਰਗ ਦਾ ਸਿਆਣਾ ਨਹੀਂ ਬਣ ਸਕਦਾ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹ ਸਾਡੇ ਅੰਦਰ ਹਉਮੈ ਦੀ ਮੈਲ ਹੈ ਜੋ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੈ। ਧਰਮ ਦੇ ਮਾਰਗ ਨੂੰ ਸਮਝਣਾ ਸਾਰੇ ਸੰਸਾਰ ਲਈ ਇੱਕੋ ਜਿਹੇ ਧਰਮ ਨੂੰ ਸਮਝਣਾ ਹੈ ਜਿਸਨੂੰ ਕਿ ਮਨ ਦੀ ਅਗਿਆਨਤਾ ਰੂਪ ਮੈਲ ਨਿਕਲਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਜਿਸ ਤਰੀਕੇ ਕੋਈ ਧਰਮ ਦਾ ਗਿਆਨਵਾਨ ਬਣਦਾ ਹੈ ਜਿਵੇਂ ਕਿ ਅਸੀਂ ਪਿਛਲੇ ਪਦੇ ਦੁਆਰਾ ਸਮਝਿਆ ਹੈ। **(ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥)** ਸਾਡੇ ਮਨ ਦੀ ਮੈਲ ਕਿਵੇਂ ਧੁੱਪਦੀ ਹੈ ਤੇ ਕੌਣ ਧੋਂਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥"

ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਉਹ ਕੁਝ ਪੜਨਾ, ਬੁੱਝਣਾ ਸਮਝਾਇਆ ਹੋਇਆ ਹੈ ਜੋ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ। **(ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥)** ਸਭ ਨੂੰ ਮਨ ਦੀ **"ਮਲੁ"** ਵਿੱਚ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਭਾਵ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ, ਧਰਮ ਸਿਖਾਉਂਣ ਵਾਲੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਇਸ ਅਵਸਥਾ ਵਿੱਚ ਰੱਖਿਆ ਹੋਇਆ ਹੈ। ਮਨ ਦੇ ਲੇਖਾਂ ਰਾਹੀਂ ਪ੍ਰਮਾਤਮਾ ਸਾਨੂੰ ਇਆਣਾ ਬਣਾ ਕੇ ਰੱਖਦਾ ਹੈ ਤੇ ਮਨ ਦੇ ਲੇਖਾਂ ਰਾਹੀਂ ਹੀ ਉਹ ਕਿਸੇ ਨੂੰ ਸਿਆਣਾ ਭਾਵ ਦਾਨਸਬੰਦ ਬਣਾਉਂਦਾ ਹੈ। ਸਾਰੀ ਗੱਲ ਆਪਣੇ ਅੰਦਰੋਂ ਲਿਖੇ ਹੋਏ ਲੇਖਾਂ ਨੂੰ ਪੜ ਕੇ ਉਹਨਾਂ ਨੂੰ ਬੁੱਝਣ ਦੀ ਹੈ ਜੋ ਕਿ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਪ੍ਰਮਾਤਮਾ ਆਪਣੇ ਲਿਖੇ ਹੋਏ ਲੇਖ ਆਪ ਹੀ ਬੁਝਾਉਂਦਾ ਹੈ, ਮਨ ਦੇ ਵਿੱਚ ਆਪਣੇ ਸੱਚ ਰੂਪ ਲੇਖ ਲਿਖਣ ਦੁਆਰਾ ਸਮਝਾਉਂਦਾ ਹੈ ਜਿਸ ਰਾਹੀਂ ਉਹ ਮਨੁੱਖ ਦੀ ਮੱਲ ਨੂੰ ਧੋਂਦਾ ਹੈ ਭਾਵ ਤ੍ਰੈ ਗੁਣਾਂ ਵਾਲੇ ਵਿਚਾਰਾਂ ਨੂੰ, ਭਰਮ ਵਾਲੇ, ਮਾਇਆ ਮੋਹ ਵਾਲੇ ਵਿਚਾਰਾਂ ਨੂੰ ਆਪਣੇ ਸੱਚੇ ਵਿਚਾਰਾਂ ਨਾਲ ਧੋਂਦਾ ਹੈ ਭਾਵ ਸ਼ੁਧਿ ਕਰਦਾ ਹੈ ਜਿਸ ਰਾਹੀਂ ਉਹ ਧਰਮ ਦੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ। ਪ੍ਰਮਾਤਮਾ ਦੀ ਦਰਗਾਹ ਵਿੱਚ ਇਹੋ ਜਿਹਾ

ਮਨੁੱਖ ਪਰਵਾਣ ਹੁੰਦਾ ਹੈ

43/5657

ਜੋ ਦਰਗਾਹ ਉਸਦੀ ਸਾਡਾ ਮਨ ਹੀ ਹੈ ਜਿੱਥੇ ਉਹ ਲੇਖ ਲਿਖਦਾ ਹੈ। ਪ੍ਰਮਾਤਮਾ ਦਾ ਨੀਸਾਣੁ ਇਹੋ ਜਿਹੇ ਗਿਆਨਵਾਨ ਮਨੁੱਖ ਤੇ ਲੱਗਦਾ ਹੈ ਭਾਵ ਉਹ ਉਸੇ ਦਾ ਰੂਪ ਹੀ ਬਣ ਜਾਂਦੇ ਹਨ, ਉਹ ਪ੍ਰਮਾਤਮਾ ਦੇ ਨਾਲ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਸੱਚੇ ਗਿਆਨ ਰਾਹੀਂ ਇੱਕ ਹੋ ਜਾਂਦੇ ਹਨ ਜਿਵੇਂ ਕਿ ਉਸਦੇ ਭਗਤ ਹੋਏ ਹਨ, ਗੁਰੂ ਸਾਹਿਬਾਨ ਹੋਏ ਹਨ, ਉਸਨੂੰ ਜਾਨਣ ਵਾਲੇ ਹੋਏ ਹਨ ਜਿਸ ਦੁਆਰਾ ਉਹਨਾਂ ਨੇ ਪ੍ਰਮਾਤਮਾ ਦੀ ਸੱਚੀ ਵਡਿਆਈ ਜਾਣੀ ਹੈ ਤੇ ਉਸਦੀ ਸੱਚੀ ਵਡਿਆਈ ਕੀਤੀ ਹੈ। **(ਦਾਨਸਬੰਦੁ ਸੋਈ ਦਿਲਿ ਧੋਵੈ॥ ਮੁਸਲਮਾਣੁ ਸੋਈ ਮਲੁ ਖੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥)**

ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਾਂ ਭਾਵ ਧਰਮ ਦੇ ਗਿਆਨਵਾਨ ਸਮਝਦੇ ਹਾਂ ਉਹਨਾਂ ਨੂੰ ਅਸੀਂ ਉਹਨਾਂ ਦੇ ਬਾਹਰੀ ਦਿਖਾਵਿਆਂ ਦੁਆਰਾ ਸਮਝਦੇ ਹਾਂ, ਉਹਨਾਂ ਦੀਆਂ ਗੱਲਾਂ ਕਰਨ ਦੇ ਤਰੀਕਿਆਂ ਦੁਆਰਾ ਸਮਝਦੇ ਹਾਂ ਪਰ ਅਸਲ ਭਗਤੀ ਦਾ ਤਰੀਕਾ, ਅਸਲ ਭਗਤੀ ਦਾ ਮਾਰਗ ਕੇਵਲ ਆਪਣੇ ਮਨ ਨੂੰ ਸਮਝਾਉਂਣ ਦਾ ਹੈ ਭਾਵ ਮਨ ਦੇ ਸੰਤੋਖ ਦੁਆਰਾ ਸੰਸਾਰ ਵਿੱਚ ਵਿਚਰਨ ਦਾ ਹੈ ਜਿਸਦੀ ਸਮਝ ਕੇਵਲ ਉਸਨੂੰ ਹੀ ਪੈਂਦੀ ਹੈ ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਰੂਪ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਭਗਤੀ ਦਾ ਦਿਖਾਵਾ ਕੀ ਹੈ ਤੇ ਅਸਲ ਮਾਰਗ ਕੀ ਹੈ। ਹੇਠ ਦਿੱਤੇ ਸ਼ਬਦ ਦੁਆਰਾ ਸਾਨੂੰ ਇਸ ਗੱਲ ਦਾ ਫਰਕ ਹੀ ਸਮਝਾਇਆ ਹੋਇਆ ਹੈ।

ਆਸਾ ॥

“ਫੀਲੁ ਰਬਾਬੀ ਬਲਦੁ ਪਖਾਵਜ ਕਉਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥੧॥
ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥
ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥
ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥੨॥
ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥ ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥੩॥
ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥
ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥”

(ਅੰਗ ੪੭੭)

43/5658

ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ, ਪ੍ਰਮਾਤਮਾ ਦੀ ਵਡਿਆਈ ਮਨ ਦੀ ਸਮਝ ਦੁਆਰਾ ਹੀ ਪੈਂਦੀ ਹੈ ਜਦੋਂ ਸਭ ਦੇ ਵਿੱਚ ਹੀ ਪ੍ਰਮਾਤਮਾ ਨਜਰ ਆਉਂਦਾ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਸਮਝ ਆਏ ਬਿਨਾਂ ਅਸੀਂ ਆਪਣੀ ਵਡਿਆਈ ਦੇ ਨਾਲ ਜੁੜੇ ਰਹਿੰਦੇ ਹਾਂ ਭਾਵ ਆਪਣੇ ਵੱਲੋਂ ਦਿਖਾਵਾ ਪ੍ਰਮਾਤਮਾ ਦੀ ਵਡਿਆਈ ਦਾ ਕਰਦੇ ਹਾਂ ਤੇ ਅਸਲ ਵਿੱਚ ਵਡਿਆਈ ਸਾਡੀ ਹੁੰਦੀ ਹੈ। ਜੋ ਵੀ ਦੂਸਰਿਆਂ ਨੂੰ ਵਡਿਆਈ ਦੇਂਦੇ ਹਨ ਉਹ ਉਹਨਾਂ ਨੂੰ ਭਗਤੀ ਦੇ ਦਿਖਾਵਿਆਂ ਦੁਆਰਾ ਹੀ ਦੇਂਦੇ ਹਨ। ਉਹਨਾਂ ਨੂੰ ਹੀ ਭਗਤੀ ਦੇ ਮਾਰਗ ਤੇ ਉੱਚਾ ਥਾਪਦੇ ਹਨ ਜੋ ਭਗਤੀ ਦਾ ਜਿਆਦਾ ਦਿਖਾਵਾ ਕਰਦੇ ਹਨ।

ਉਪਰਲੇ ਸ਼ਬਦ ਰਾਹੀਂ ਜੋ ਪ੍ਰਮਾਤਮਾ ਦੀ ਵਡਿਆਈ ਦਾ ਦਿਖਾਵਾ ਕਰਦੇ ਹਨ ਤੇ ਆਪਣੇ ਆਪ ਨੂੰ ਇਸ ਲਈ ਉੱਚਾ ਸਮਝਦੇ ਹਨ, ਉਹਨਾਂ ਦੀ ਅਵਸਥਾ ਹੀ ਸਮਝਾਈ ਹੋਈ ਹੈ। ਉਪਰਲੇ ਸ਼ਬਦ ਰਾਹੀਂ ਆਪਣੇ ਆਪ ਨੂੰ ਜੋ ਸੰਤ ਆਦਿ ਅਖਵਾਉਂਦੇ ਹਨ ਭਾਵ ਜੋ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ, ਧਰਮ ਦੇ ਵਿਦਵਾਨ ਅਖਵਾਉਂਦੇ ਹਨ ਉਹਨਾਂ ਨੂੰ ਹੀ ਭਗਤੀ ਦਾ ਸਹੀ ਮਾਰਗ ਸਮਝਾਇਆ ਹੋਇਆ ਹੈ। ਜਿਵੇਂ ਕਿ ਸ਼ਬਦ ਦੇ ਆਖਰੀ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ। ਉਪਰ ਪਹਿਲੇ ਪਦੇ ਰਾਹੀਂ ਆਪਣੇ ਆਪ ਨੂੰ ਵੱਡਾ ਅਖਵਾਉਂਣ ਵਾਲੇ, ਆਪਣੀ ਵਡਿਆਈ ਕਰਵਾਉਂਣ ਵਾਲੇ ਕਿਸ ਤਰੀਕੇ ਵਡਿਆਈ ਕਰਵਾਉਂਦੇ ਹਨ ਤੇ ਕਿਸ ਤਰੀਕੇ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਦੇ ਹਨ ਤੇ ਸਮਝਾਉਂਦੇ ਹਨ, ਇਹ ਹੀ ਗੱਲ ਸਮਝਾਈ ਹੋਈ ਹੈ।

ਆਸਾ ॥

“ਫੀਲੁ ਰਬਾਬੀ ਬਲਦੁ ਪਖਾਵਜ ਕਉਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥੧॥
ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥
ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥
ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥੨॥
ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥ ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥੩॥
ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥

ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥"

(ਅੰਗ ੪੭੭)

43/5659

ਉਪਰ ਸ਼ਬਦ ਰਾਹੀਂ ਸਾਨੂੰ ਉਹ ਸਾਜ ਜੋ ਪ੍ਰਮਾਤਮਾ ਦੀ ਭਗਤੀ ਲਈ ਵਜਾਏ ਜਾਂਦੇ ਹਨ ਉਹਨਾਂ ਦਾ ਹਵਾਲਾ ਦੇ ਕੇ ਭਗਤੀ ਦਾ ਸੱਚ ਝੂਠ ਸਮਝਾਇਆ ਹੋਇਆ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ ਹਰ ਕਿਸੇ ਨੇ ਆਪਣੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ, ਸ਼ਬਦਾਂ ਦੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਤੇ ਇਸੇ ਗੱਲ ਦਾ ਹੀ ਪ੍ਰਚਾਰ ਕੀਤਾ ਜਾਂਦਾ ਹੈ। ਜਿਤਨਾ ਕੋਈ ਜਿਆਦਾ ਸ਼ਬਦਾਂ ਦੀ ਕਥਨੀ ਕਰਕੇ ਦਿਖਾਉਂਦਾ ਹੈ ਉਤਨਾ ਹੀ ਉਸਨੂੰ ਜਿਆਦਾ ਇੱਜਤ ਮਾਨ ਮਿਲਦਾ ਹੈ। ਆਪਣੇ ਵੱਲੋਂ ਤਾਂ ਉਹ ਇਸ ਵਿੱਚ ਪ੍ਰਮਾਤਮਾ ਦੀ ਭਗਤੀ ਸਮਝਦੇ ਹਨ ਪਰ ਅਸਲ ਵਿੱਚ ਇਹ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਭਾਵ ਭਗਤੀ ਦਾ ਦਿਖਾਵਾ ਹੈ। ਸ਼ਬਦਾਂ ਦੀ ਕਥਨੀ ਭਗਤੀ ਦੇ ਮਾਰਗ ਨੂੰ ਸਿੱਖਣ ਲਈ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਸਮਝਣ ਲਈ ਹੈ ਤੇ ਅਸਲ ਭਗਤੀ ਸਿੱਖਿਆ ਨੂੰ ਮੰਨ ਕੇ ਉਸ ਉਪਰ ਚੱਲਣ ਵਿੱਚ ਹੈ ਭਾਵ ਸਾਡੀ ਕਰਨੀ ਵਿੱਚ ਹੈ। ਕਥਨੀ ਕਰੀ ਜਾਣਾ ਕੇਵਲ ਸਾਡਾ ਦਿਖਾਵਾ ਹੈ ਭਾਵ ਉਸ ਵਿੱਚ ਭਗਤੀ ਨਹੀਂ ਹੈ, ਪ੍ਰਮਾਤਮਾ ਦੀ ਵਡਿਆਈ ਨਹੀਂ ਹੈ। ਸਾਡੇ ਭਗਤੀ ਦੇ ਦਿਖਾਵੇ ਨੂੰ ਪਸ਼ੂਆ ਨਾਲ ਜੋੜ ਕੇ ਸਮਝਾਇਆ ਹੋਇਆ ਹੈ ਭਾਵ ਕੇਵਲ ਇੱਕ ਝੂਠੀ ਭਗਤੀ ਕਹਿ ਕੇ ਸਮਝਾਇਆ ਹੋਇਆ ਹੈ।

"ਫੀਲੁ" ਹਾਥੀ ਨੂੰ ਕਹਿੰਦੇ ਹਨ। ਜੇਕਰ ਇੱਕ ਹਾਥੀ ਰਬਾਬ ਵਜਾਵੇ, ਇੱਕ **ਬਲਦੁ** ਜੋੜੀ ਵਜਾਵੇ ਤੇ **ਕਉਆ** ਤਾਲ ਵਜਾਵੇ ਤਾਂ ਫਿਰ ਕੀ ਅਸੀਂ ਉਹਨਾਂ ਨੂੰ ਭਗਤੀ ਵਾਲੇ ਸਮਝਾਂਗੇ ਭਾਵ ਭਗਤੀ ਤਰ੍ਹਾਂ ਦੀ ਵਡਿਆਈ ਦੇਵਾਂਗੇ ਭਾਵ ਨਹੀਂ ਦੇਵਾਂਗੇ। ਖਾਲੀ ਸਾਜ ਵਜਾਈ ਜਾਣ ਨਾਲ ਉਹਨਾਂ ਦੇ ਅੰਦਰ ਦਾ ਪਸ਼ੂਆਂ ਵਾਲਾ ਸੁਭਾਅ ਨਹੀਂ ਬਦਲਿਆ ਜਾ ਸਕਦਾ ਕਿਉਂਕਿ ਉਹਨਾਂ ਨੇ ਆਪਣੇ ਸੁਭਾਅ ਦੁਆਰਾ ਉਹ ਹੀ ਕੁਝ ਕਰਨਾ ਹੈ ਜੋ ਪਸ਼ੂ ਕਰਦੇ ਹਨ। ਵੇਖੋ ਇਹੋ ਜਿਹਿਆਂ ਨੂੰ ਜੋ ਭਗਤੀ ਵਾਲਾ ਸਮਝ ਕੇ ਉਹਨਾਂ ਨੂੰ ਮਾਣ ਦੇਂਦੇ ਹਨ ਉਹਨਾਂ ਦੀ ਤੁਲਨਾ ਗਧੇ ਨਾਲ ਕੀਤੀ ਹੋਈ ਹੈ ਜੋ ਇਹਨਾਂ ਦੇ ਅੱਗੇ ਨੱਚਦਾ ਹੈ ਭਾਵ ਉਹ ਨਾਸਮਝ ਹੈ ਜੋ ਇਹੋ ਜਿਹੇ ਕਥਨੀ ਕਰਨ ਵਾਲਿਆਂ ਨੂੰ ਭਗਤੀ ਵਾਲਾ ਸਮਝਦਾ ਹੈ। ਇਹੋ ਜਿਹਿਆਂ ਨੂੰ ਜੋ ਉੱਚਾ ਸਮਝ ਕੇ ਉਹਨਾਂ ਕੋਲੋਂ ਭਗਤੀ

43/5660

ਕਰਵਾਉਂਦੇ ਹਨ ਉਹਨਾਂ ਦੀ ਤੁਲਨਾ ਭੈਂਸੇ ਨਾਲ ਕੀਤੀ ਹੋਈ ਹੈ ਭਾਵ ਬਿਲਕੁੱਲ ਨਾਸਮਝ ਪਸ਼ੂ ਨਾਲ ਕੀਤੀ ਹੋਈ ਹੈ। ਸਮਝਾਇਆ ਸਾਨੂੰ ਹੀ ਹੈ ਕਿ ਇਸ ਵਿੱਚ ਇਹ ਭਗਤੀ ਦਾ ਮਾਰਗ ਨਹੀਂ ਹੈ। ਕੇਵਲ ਕਥਨੀ ਨੂੰ ਭਗਤੀ ਸਮਝਣਾ ਸਾਡਾ ਭਰਮ ਹੈ ਤੇ ਇਹੋ ਜਿਹੀ ਭਗਤੀ ਵਾਲਿਆਂ ਨੂੰ ਉੱਚਾ ਮਾਣ ਦੇਣਾ ਸਾਡੇ ਸਮਾਜ ਦੀ ਨਾਸਮਝੀ ਹੈ ਜੋ ਕਿ ਸਦੀਆਂ ਤੋਂ ਚੱਲਦੀ ਆ ਰਹੀ ਹੈ। ਗੁਰੂ ਸਾਹਿਬ ਦਾ ਮਕਸਦ, ਗੁਰਬਾਣੀ ਦਾ ਮਕਸਦ ਸਾਨੂੰ ਇਹਨਾਂ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਗਤੀ ਦੀ ਅਸਲੀਅਤ ਨੂੰ ਸਮਝੀਏ ਜੋ ਭਗਤੀ, ਪ੍ਰਮਾਤਮਾ ਦੀ ਵਡਿਆਈ ਸਾਡੀ ਕਰਨੀ ਦੁਆਰਾ ਹੁੰਦੀ ਹੈ ਜਿਸ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ। ਸਾਡੇ ਇਹੋ ਜਿਹੇ ਦਿਖਾਵਿਆਂ ਨਾਲ ਪ੍ਰਮਾਤਮਾ ਦਾ ਕੋਈ ਮਾਨ ਨਹੀਂ ਹੁੰਦਾ, ਸੱਚ ਦੀ ਕੋਈ ਵਡਿਆਈ ਨਹੀਂ ਹੁੰਦੀ ਬਲਕਿ ਵਡਿਆਈ ਵਿਖਾਵਾ ਕਰਨ ਵਾਲਿਆਂ ਦੀ ਹੁੰਦੀ ਹੈ, ਕਥਨੀ ਰੂਪ ਦਿਖਾਵਾ ਕਰਨ ਵਾਲਿਆਂ ਦੀ ਹੁੰਦੀ ਹੈ। **(ਫੀਲੁ ਰਬਾਬੀ ਬਲਦੁ ਪਖਾਵਜ ਕਉਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥੧॥)**

ਭਗਤੀ ਦਾ ਅਸਲ ਮਾਰਗ ਕੀ ਹੈ ਇਹ ਹੀ ਗੱਲ ਸਾਨੂੰ ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਜੋ ਭਗਤੀ ਦਾ ਮਾਰਗ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਉਹ ਹੀ ਗੱਲ ਸਾਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥"

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ, ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ, ਗੁਰੂ ਦੀ ਸਿੱਖਿਆ ਨੂੰ ਮੰਨਣ ਦਾ ਹੈ ਤੇ ਉਸ ਅਨੁਸਾਰ ਆਪਣੇ ਜੀਵਨ ਦੀ ਵਿਚਰਨ ਨੂੰ ਬਨਾਉਂਣ ਦਾ ਹੈ। ਗੁਰੂ ਦੀ ਗੱਲ ਨੂੰ ਮੰਨਣਾ ਸਭ ਲਈ ਔਖਾ ਹੈ ਕਿਉਂਕਿ ਮਾਇਆ ਮੋਹ ਛੱਡਣਾ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣਾ, ਮਾਇਆ ਦੇ ਸੁੱਖਾਂ ਨੂੰ ਛੱਡਣਾ, ਬਹੁਤ ਔਖਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਕੁਝ ਸਮਝਾਇਆ

43/5661

ਹੋਇਆ ਹੈ, ਗੁਰੂ ਦੀ ਗੱਲ ਦੇ ਔਖੇਪਨ ਨੂੰ ਮੰਨਣਾ ਹੀ ਸਮਝਾਇਆ ਹੋਇਆ ਹੈ ਤੇ ਮੰਨ ਉਹ ਹੀ ਸਕਦਾ ਹੈ ਜਿਸਨੂੰ ਉਹ ਆਪ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਅਸਲੀ ਭਗਤੀ ਸਮਝਾਉਂਦਾ ਹੈ ਤੇ ਉਸਦੇ ਉੱਤੇ ਉਹ ਆਪ ਹੀ ਚਲਾਉਂਦਾ ਹੈ ਭਾਵ ਔਖਾਪਨ ਮੰਨਣ ਦੀ ਸਮਰਥਾ ਆਪ ਹੀ ਬਖਸ਼ਦਾ ਹੈ, ਮਨ ਦੇ ਵਿਚਾਰਾਂ ਰਾਹੀਂ ਬਖਸ਼ਦਾ ਹੈ। **"ਕਕਰੀਆ"** ਅੱਕ ਦੀਆਂ ਖਖਰੀਆਂ ਨੂੰ ਕਹਿੰਦੇ ਹਨ ਜੋ ਕਿ ਅੱਕ ਦੇ ਬੂਟੇ ਉਪਰ ਲੱਗਣ ਵਾਲਾ ਫੁੱਲ ਹੁੰਦਾ ਹੈ ਤੇ ਖਾਣ ਵਿੱਚ ਬਹੁਤ ਕੌੜਾ ਹੁੰਦਾ ਹੈ ਜਿਸ ਕਰਕੇ ਉਸਨੂੰ ਕੋਈ ਨਹੀਂ ਖਾਂਦਾ। ਗੁਰੂ ਦੀ ਮਤਿ ਨੂੰ ਇਸੇ ਤਰ੍ਹਾਂ ਹੀ ਮੰਨਣਾ ਬਹੁਤ ਔਖਾ ਹੈ ਕਿਉਂਕਿ ਆਪਣੇ ਅੰਦਰ ਦਾ ਮਾਇਆ ਮੋਹ ਖਾਣਾ ਪੈਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਖਾਣਾ ਪੈਂਦਾ ਹੈ, ਮਨ ਦੇ ਹਰ ਔਗੁਣ ਨੂੰ ਖਾਣਾ ਪੈਂਦਾ ਹੈ, ਗੁਰੂ ਦੇ ਭਾਣੇ ਨੂੰ ਮੰਨਣਾ ਪੈਂਦਾ ਹੈ ਜੋ ਕਿ ਬਹੁਤ ਔਖਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਭਾਵ ਜਿਸਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਨੂੰ ਅੱਕ ਦੀ ਕਕਰੀ ਰੂਪ ਫੱਲ ਆਪ ਹੀ ਖੁਆਉਂਦਾ ਹੈ, ਉਸ ਕੌੜੇ ਫੱਲ ਨੂੰ ਪਕੋੜਿਆਂ ਦੀ ਤਰ੍ਹਾਂ ਤੱਲਕੇ ਆਪ ਹੀ ਉਸਨੂੰ ਸਵਾਦ ਫੱਲ ਬਣਾ ਦਿੰਦਾ ਹੈ ਜਿਸ ਰਾਹੀਂ ਮਨੁੱਖ ਉਸ ਕੌੜੇ ਫੱਲ ਨੂੰ ਮਿੱਠਾ ਕਰਕੇ ਜਾਣਦਾ ਹੈ ਭਾਵ ਔਖੀ ਗੁਰਮਤਿ ਨੂੰ ਮਿੱਠੀ ਕਰਕੇ ਮੰਨਦਾ ਹੈ, ਪ੍ਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਅਪਨਾਉਂਦਾ ਹੈ, ਹਰ ਔਗੁਣ ਤੋਂ ਰਹਿਤ ਹੋ ਕੇ ਆਪਣੇ ਜੀਵਨ ਵਿੱਚ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ ਜਿਸਤੇ ਚੱਲਣ ਲਈ ਮਨ ਦੇ ਵਿਚਾਰਾਂ ਰਾਹੀਂ ਉਹ ਆਪ ਹੀ ਸਮਝਾਉਂਦਾ ਹੈ। ਉਸ ਪ੍ਰਮਾਤਮਾ ਨੂੰ ਜੋ ਆਪਣੇ ਅੰਦਰੋਂ ਬੁੱਝ ਲੈਂਦਾ ਹੈ ਉਸਨੂੰ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਸਮਝ ਆਉਂਦੀ ਹੈ, ਸੱਚੀ ਗੁਰਮਤਿ ਸਮਝ ਆਉਂਦੀ ਹੈ ਤੇ ਉਹ ਹੀ ਆਪਣੇ ਅੰਦਰੋਂ ਮਾਇਆ ਮੋਹ ਦੇ ਵਿਚਾਰਾਂ ਨੂੰ ਖਾਂਦਾ ਹੈ ਤੇ ਭਗਤੀ ਦੇ ਅਸਲ ਮਾਰਗ ਤੇ ਚੱਲਦਾ ਹੈ ਜੋ ਕਿ ਕੋਈ ਵਿਰਲਾ ਹੀ ਹੁੰਦਾ ਹੈ ਜਿਵੇਂ ਕਿ ਭਗਤ ਸਾਹਿਬਾਨ ਹੋਏ ਹਨ, ਗੁਰੂ ਸਾਹਿਬਾਨ ਹੋਏ ਹਨ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦੁਆਰਾ ਹੋਏ ਹਨ। **(ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥)**

ਭਗਤੀ ਦਾ ਮਾਰਗ ਆਪਣੇ ਮਾੜੇ ਵਿਚਾਰਾਂ ਨੂੰ ਸਮਝਾਉਂਣ

43/5662

ਦਾ ਹੀ ਹੈ, ਮਾਇਆ ਮੋਹ ਦੇ ਵਿਚਾਰਾਂ ਨੂੰ ਛੱਡਣ ਦਾ ਹੀ ਹੈ ਭਾਵ ਔਖੇਪਨ ਨੂੰ ਅਪਨਾਉਂਣ ਦਾ ਹੀ ਹੈ ਤੇ ਇਹ ਹੀ **"ਅਚਰੁ"** ਚਰਨਾ ਹੈ, **"ਅਜਰ"** ਜਰਨਾ ਹੈ ਜਿਵੇਂ ਕਿ ਅਸੀਂ ਪਹਿਲੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥
ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥
ਜਿਸ ਨੋ ਬਖਸੇ ਦੇ ਵਡਿਆਈ ॥ ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ ਰਹਾਉ ॥
ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥
ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥
ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥੩॥
ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥
ਆਪਣੀ ਕਲਾ ਆਪੇ ਹੀ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥}

(ਅੰਗ ੧੫੯)

{ਅਚਰੁ ਚਰੈ ਤਾਂ ਭਰਮੁ ਚੁਕਾਏ ॥ ਜੀਵਨ ਮੁਕਤੁ ਮਨਿ ਨਾਮੁ ਵਸਾਏ ॥}

(ਅੰਗ ੪੧੨)

{ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥}

(ਅੰਗ ੬੦੭)

{ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ ੧੨੭੬)

{ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥}

(ਅੰਗ ੯੭੪)

{ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥}

(ਅੰਗ ੯੯੧)

{ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥}

(ਅੰਗ ੧੨੮੬)

ਭਗਤੀ ਦੀ ਸੱਚੀ ਸਮਝ ਬਿਨਾਂ ਨਾ ਭਗਤੀ ਹੁੰਦੀ ਹੈ ਤੇ ਨਾ ਹੀ ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ। ਭਗਤੀ ਦੀ ਸਮਝ ਬਿਨਾਂ ਭਾਵ ਕਥਨੀ ਨਾਲ ਜੁੜਕੇ ਰਹਿਣ ਦੁਆਰਾ ਅਸੀਂ ਕੇਵਲ ਭਗਤੀ ਦੇ ਦਿਖਾਵੇ ਹੀ ਕਰਦੇ ਹਾਂ ਜਿਸ ਦੁਆਰਾ ਸਾਡੀ ਆਪਣੀ ਵਡਿਆਈ ਹੀ ਹੁੰਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ।

43/5663

"ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥
ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥੨॥"

"ਸਿੰਘੁ" ਉਹ ਅਖਵਾਉਂਦਾ ਹੈ ਜੋ ਆਪਣੇ ਆਪ ਨੂੰ ਵੱਡਾ ਸਮਝਦਾ ਹੈ, ਜੰਗਲ ਦਾ ਰਾਜਾ ਸਮਝਦਾ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਜੋ ਆਪਣੇ ਆਪ ਨੂੰ ਧਰਮ ਦੇ ਸਿੰਘ ਅਖਵਾਉਂਦੇ ਹਨ ਭਾਵ ਧਰਮ ਦੇ ਬਾਦਸ਼ਾਹ ਅਖਵਾਉਂਦੇ ਹਨ, ਆਪਣੇ ਆਪ ਨੂੰ ਧਰਮ ਦੇ ਮਾਰਗ ਉੱਤੇ ਉੱਚਾ ਅਖਵਾਉਂਦੇ ਹਨ, ਸੰਤ ਆਦਿ ਅਖਵਾਉਂਦੇ ਹਨ ਉਹਨਾਂ ਦੇ ਜੀਵਨ ਬਾਰੇ ਸਮਝਾਇਆ ਹੋਇਆ ਹੈ ਜੋ ਕਿ ਆਪਣੇ ਧਾਰਮਿਕ ਦਿਖਾਵਿਆਂ ਦੁਆਰਾ ਉੱਚਾ ਥਾਪ ਕੇ ਬੈਠਦੇ ਹਨ ਤੇ ਦੂਸਰਿਆਂ ਕੋਲੋਂ ਆਪਣੀ ਸੇਵਾ ਕਰਵਾਉਂਦੇ ਹਨ, ਆਪਣੇ ਸੇਵਕਾਂ ਆਦਿ ਕੋਲੋਂ ਸੇਵਾ ਕਰਵਾਉਂਦੇ ਹਨ ਜਿਨ੍ਹਾਂ ਦੀ ਤੁਲਨਾ **"ਘੀਸ"** ਨਾਲ ਕੀਤੀ ਹੋਈ ਹੈ ਜੋ ਉਹਨਾਂ ਲਈ ਭਾਵ ਸੰਤਾਂ ਆਦਿ ਲਈ, ਵੇਹਲੇ ਬੈਠੇ ਖਾਣ ਵਾਲਿਆਂ ਲਈ **"ਗਲਉਰੇ"** ਲੈ ਕੇ ਆਉਂਦੇ ਹਨ ਭਾਵ ਉਹਨਾਂ ਲਈ ਖਾਣ-ਪੀਣ ਦਾ ਪ੍ਰਬੰਧ ਕਰਦੇ ਹਨ, ਉਹਨਾਂ ਦੀ ਸੇਵਾ ਕਰਦੇ ਹਨ। **(ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥)** ਇਹੋ ਜਿਹੇ ਉੱਚੇ ਅਖਵਾਉਂਣ ਵਾਲਿਆਂ ਦੀ ਪ੍ਰਸ਼ੰਸਾ ਕਰਨ ਵਾਲੇ ਅਨੇਕਾਂ ਹੁੰਦੇ ਹਨ, ਘਰ-ਘਰ ਦੇ ਵਿੱਚ ਹੁੰਦੇ ਹਨ ਜਿਨ੍ਹਾਂ ਨੂੰ **"ਮੁਸਰੀ"** ਕਹਿ ਕੇ ਸਮਝਾਇਆ ਹੈ ਭਾਵ ਚੂਹੇ ਚੂਹੀਆਂ ਕਹਿ ਕੇ ਸਮਝਾਇਆ ਹੈ ਭਾਵ ਬਿਲਕੁੱਲ ਹੀ ਨਾਸਮਝੀ ਕਹਿ ਕੇ ਸਮਝਾਇਆ ਹੈ। ਇਹੋ ਜਿਹਿਆਂ ਦਾ ਜੱਸ ਫਲਾਉਂਣ ਵਾਲਿਆਂ ਨੂੰ **"ਕਛੂਆ"** ਕਹਿ ਕੇ ਸਮਝਾਇਆ ਹੈ ਜੋ ਇਨ੍ਹਾਂ ਦੀ ਘਰ-ਘਰ ਪ੍ਰਸ਼ੰਸਾ ਫਲਾਉਂਦੇ ਹਨ ਕਿ ਉਹ ਬਹੁਤ ਉੱਚੇ ਸੰਤ ਹਨ, ਬਹੁਤੇ ਉੱਚੇ ਧਰਮ ਦੇ ਵਿਦਵਾਨ ਹਨ, ਪ੍ਰਮਾਤਮਾ ਦੇ ਰੂਪ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਝੂਠੇ ਸੰਤ ਅਖਵਾਉਂਣ ਵਾਲਿਆਂ ਦਾ, ਬਾਬੇ ਆਦਿ ਅਖਵਾਉਂਣ ਵਾਲਿਆਂ ਦਾ ਬੋਲਬਾਲਾ ਸਭ ਪਾਸੇ ਇਸੇ ਤਰੀਕੇ ਹੀ ਫੈਲਦਾ ਹੈ। ਸਾਰੇ ਉਹੋ ਜਿਹਾ ਪ੍ਰਮਾਤਮਾ ਦਾ ਜੱਸ ਗਾਉਂਦੇ ਹਨ, **"ਮੰਗਲੁ"** ਗਾਉਂਦੇ ਹਨ ਜਿਹੋ ਜਿਹਾ ਉਹ ਪ੍ਰਚਾਰ ਕਰਦੇ ਹਨ। ਜੱਸ ਅਸਲ ਵਿੱਚ ਉਹ ਸੰਤ, ਬਾਬਿਆਂ ਦਾ ਹੀ ਗਾਉਂਦੇ ਹਨ। **(ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥ ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥੨॥)**

43/5664

ਸੱਚਾ ਸੰਤ ਕੌਣ ਹੁੰਦਾ ਹੈ, ਪ੍ਰਮਾਤਮਾ ਦੀ ਭਗਤੀ ਨੂੰ ਜਾਨਣ ਵਾਲਾ ਤੇ ਉਸ ਤੇ ਚੱਲਣ ਵਾਲਾ ਕੌਣ ਹੁੰਦਾ ਹੈ ਇਸ ਗੱਲ ਨੂੰ ਅਸੀਂ

ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸੰਤ ਰੂਪ ਉਹ ਹੈ ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪ ਪ੍ਰਗਟ ਹੈ ਭਾਵ ਆਪ ਗੁਰੂ ਹੈ ਜੋ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੈ। ਪ੍ਰਮਾਤਮਾ ਦਾ ਰੂਪ ਸਾਡਾ ਮਨ ਹੀ ਬਣਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਬਣਦਾ ਹੈ ਤੇ ਮਨ ਦੇ ਵਿੱਚ ਹੀ ਕੋਈ ਪ੍ਰਮਾਤਮਾ ਦੀ **"ਨਾਰਿ"** ਬਣਦਾ ਹੈ ਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਸਾਡਾ ਸੁਹਾਗ ਬਣਦਾ ਹੈ ਭਾਵ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਸਾਡਾ ਵਿਆਹ ਹੁੰਦਾ ਹੈ ਜਿਸ ਰਾਹੀਂ ਕੋਈ ਪ੍ਰਮਾਤਮਾ ਦਾ ਰੂਪ ਬਣਦਾ ਹੈ ਜਿਸ ਰਾਹੀਂ ਕੋਈ ਮਨੁੱਖ ਇਸ ਸਰੀਰ ਦੀ ਕੋਈ ਵਡਿਆਈ ਨਹੀਂ ਸਮਝਦਾ ਭਾਵ ਆਪਣੇ ਆਪ ਨੂੰ ਕੋਈ ਉੱਚਾ ਨਹੀਂ ਥਾਪਦਾ ਕਿਉਂਕਿ ਉਹ ਆਪਣੇ ਅੰਦਰੋਂ ਉਸ ਉੱਚੇ ਨੂੰ ਪਹਿਚਾਣ ਲੈਂਦਾ ਹੈ ਜੋ ਗਿਆਨ ਦਾ ਮਾਲਕ ਹੈ, ਹਰ ਵਡਿਆਈ ਦਾ ਮਾਲਕ ਹੈ। ਝੂਠੇ ਸੰਤ ਅਖਵਾਉਂਣ ਵਾਲੇ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਦੇ ਨਾਲ ਵਿਆਹ ਕੀ ਹੁੰਦਾ ਹੈ ਤੇ ਉਹ ਆਪਣੀ ਵੱਖਰੀ ਹੋਂਦ ਹੀ ਸਮਝਦੇ ਹਨ, ਆਪਣੇ ਆਪ ਨੂੰ ਮਨੁੱਖੀ ਰੂਪ ਹੀ ਸਮਝਦੇ ਹਨ ਤੇ ਫਿਰ ਵੀ ਇਹ ਕਹਿੰਦੇ ਹਨ ਕਿ ਉਹਨਾਂ ਦਾ ਪ੍ਰਮਾਤਮਾ ਦੇ ਨਾਲ ਵਿਆਹ ਹੋਇਆ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਇਨ੍ਹਾਂ ਵੱਡੇ ਅਖਵਾਉਂਣ ਵਾਲਿਆਂ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ।

"ਬੰਸ ਕੋ ਪੂਤੁ ਬੀਆਹਨ ਚਲਿਆ ਸੁਣਿਨੇ ਮੰਡਪ ਛਾਏ ॥

ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥੩॥"

"ਬੰਸ ਕੋ ਪੂਤੁ" ਕੌਣ ਹੈ, ਇਸ ਗੱਲ ਨੂੰ ਸਮਝਣਾ ਬਹੁਤ ਜਰੂਰੀ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਸਾਰੇ ਸੰਸਾਰ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਮਾਇਆ ਮੋਹ ਵਾਲੀ ਸਮਝ ਪਾ ਕੇ, ਹਉਮੈ ਵਿੱਚ ਰੱਖ ਕੇ, ਅਗਿਆਨਤਾ ਵਿੱਚ ਰੱਖ ਕੇ ਇਸ ਗੱਲ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਕਿ ਸਾਡੀ ਅਸਲੀਅਤ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ। ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਸਾਡੇ ਅੰਦਰ ਦੀ ਅਗਿਆਨਤਾ

ਵਾਲੀ ਸਮਝ ਹੀ **"ਬੰਸ"** ਹੈ ਭਾਵ ਬਾਝ ਇਸਤਰੀ ਹੈ ਜੋ ਸਾਨੂੰ ਮਨ ਦੀ ਸਮਝ ਰਾਹੀਂ ਮਨੁੱਖੀ ਜੀਵਨ ਦੇਂਦੀ ਹੈ ਭਾਵ ਸਾਨੂੰ ਜੰਮਣ ਵਾਲੀ ਮਾਂ ਹੈ। ਜੋ ਵੀ ਕੋਈ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਸਮਝਦਾ ਹੈ ਤੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਆਪਣੇ ਆਪ ਦੀ ਅਸਲੀਅਤ ਜਾਣੇ ਬਿਨਾਂ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਜਾਣੇ ਬਿਨਾਂ ਭਾਵ ਆਪਣੀ ਹਉਮੈ ਖਤਮ ਹੋਏ ਬਿਨਾਂ ਹਰ ਕੋਈ **"ਬੰਸ ਕੋ ਪੂਤੁ"** ਹੀ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੀ ਹੈ। ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ ਤੇ ਪ੍ਰਮਾਤਮਾ ਦੇ ਨਾਲ ਵਿਆਹ ਕਰਨ ਦੀਆਂ ਗੱਲਾਂ ਕਰਦੇ ਹਨ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸਮਝਾਉਂਦੇ ਹਨ ਉਹ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਸਮਝਾਉਂਦੇ ਹਨ। ਉਹਨਾਂ ਦੀ ਇਹੋ ਜਿਹੀ ਮੱਤ ਨੂੰ ਮੰਨਣ ਵਾਲੇ ਉਹਨਾਂ ਦੀ ਬਹੁਤ ਕਦਰ ਕਰਦੇ ਹਨ, ਉਹਨਾਂ ਦੀ ਉੱਚੀ ਆਉ ਭਗਤ ਕਰਦੇ ਹਨ। ਮਨੁੱਖ ਦਾ ਵਿਆਹ ਅਸਲ ਵਿੱਚ ਮਨ ਦੇ ਵਿੱਚ ਸੱਚੀ ਗੁਰਮਤਿ ਦੇ ਨਾਲ ਹੀ ਹੁੰਦਾ ਹੈ ਭਾਵ ਮਨਮਤਿ ਨਾਰਿ ਹੈ ਤੇ ਗੁਰਮਤਿ ਸਾਡਾ ਸੁਹਾਗ ਹੈ। ਆਪਣੇ ਆਪ ਨੂੰ ਉੱਚਾ ਅਖਵਾਉਂਣ ਵਾਲੇ ਆਪਣੇ ਆਪ ਨੂੰ ਗੁਰਮਤਿ ਦਾ ਗਿਆਤਾ ਹੀ ਅਖਵਾਉਂਦੇ ਹਨ। **"ਰੂਪ ਕੰਨਿਆ"** ਗੁਰਮਤਿ ਹੈ ਜੋ ਕਿ ਬਹੁਤ ਸੁੰਦਰ ਹੈ। ਅਸਲ ਵਿੱਚ ਇਹ ਰੂਪ ਕੰਨਿਆ ਜੇਕਰ ਕਿਸੇ ਦਾ ਅਸਲ ਵਿਆਹ ਹੁੰਦਾ ਹੈ ਤੇ ਇਹ ਸਾਡੇ ਮਨ ਨੂੰ ਬੇਧਦੀ ਹੈ ਭਾਵ ਸਾਡੀ ਮਨਮਤਿ ਨੂੰ ਬੇਧਦੀ ਹੈ ਪਰ ਝੂਠੇ ਸੰਤ ਆਦਿ ਪ੍ਰਮਾਤਮਾ ਨਾਲ ਜੋ ਆਪਣੇ ਆਪ ਨੂੰ ਵਿਆਹ ਕਰਵਾਉਂਣ ਵਾਲੇ ਅਖਵਾਉਂਦੇ ਹਨ ਉਹ ਉਲਟਾ ਸੁੰਦਰ ਰੂਪ ਕੰਨਿਆ ਨੂੰ ਹੀ ਬੇਧਦੇ ਹਨ ਭਾਵ ਆਪਣੀ ਮਨਮਤਿ ਦੁਆਰਾ ਸੱਚੀ ਗੁਰਮਤਿ ਨੂੰ ਬੇਧਦੇ ਹਨ ਭਾਵ ਆਪਣੀ ਮਨਮਤਿ ਨੂੰ ਸੱਚਾ ਸਾਬਿਤ ਕਰਦੇ ਹਨ ਤੇ ਗੁਰਮਤਿ ਨੂੰ ਝੂਠਾ ਸਾਬਿਤ ਕਰਦੇ ਹਨ ਭਾਵ ਧਰਮ ਦੇ ਮਾਰਗ ਦਾ ਉਲਟ ਪ੍ਰਚਾਰ ਕਰਦੇ ਹਨ, ਆਪਣੀ ਵਡਿਆਈ ਕਰਵਾਉਂਦੇ ਹਨ। **"ਸਸਾ"** ਬਹੁਤ ਡਰਪੋਕ ਜਾਨਵਰ ਹੁੰਦਾ ਹੈ ਭਾਵ ਸਹੈ ਦੀ ਤਰ੍ਹਾਂ ਡਰਪੋਕ ਲੋਕੀ ਸਿੰਘ ਅਖਵਾਉਂਣ ਵਾਲਿਆਂ ਦੇ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲਿਆਂ ਦੇ ਗੁਣ ਗਾਂਦੇ ਹਨ ਭਾਵ ਉਹਨਾਂ ਦੇ ਅੰਦਰ ਇੱਕ ਝੂਠਾ ਡਰ ਬੈਠਾ

ਹੁੰਦਾ ਹੈ ਕਿ ਇਹ ਅਸਲ ਵਿੱਚ ਉੱਚੇ ਰੁਤਬੇ ਵਾਲੇ ਹਨ, ਧਰਮ ਦਾ ਉੱਚਾ ਗਿਆਨ ਰੱਖਣ ਵਾਲੇ ਹਨ, ਪ੍ਰਮਾਤਮਾ ਨੂੰ ਜਾਨਣ ਵਾਲੇ ਹਨ। **(ਬੰਸ ਕੋ ਪੂਤੁ ਬੀਆਹਨ ਚਲਿਆ ਸੁਣਿਨੇ ਮੰਡਪ ਛਾਏ ॥ ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ**

ਗਾਏ ॥੩॥)

ਉਪਰ ਸ਼ਬਦ ਰਾਹੀਂ ਅਸੀਂ ਝੂਠੀ ਭਗਤੀ ਤੇ ਉਸਦਾ ਝੂਠਾ ਮਾਣ ਲੈਣ ਬਾਰੇ ਜਾਣਿਆ ਹੈ ਤੇ ਝੂਠਾ ਮਾਣ ਕੌਣ ਲੈਂਦਾ ਹੈ ਭਾਵ ਇਸ ਸ਼ਬਦ ਦੁਆਰਾ ਕਿੰਨ੍ਹਾਂ ਨੂੰ ਸਮਝਾਇਆ ਗਿਆ ਹੈ ਤੇ ਕਿਸ ਲਈ ਸਮਝਾਇਆ ਗਿਆ ਹੈ, ਇਹ ਹੀ ਗੱਲ ਸਾਨੂੰ ਭਗਤ ਕਬੀਰ ਜੀ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾ ਰਹੇ ਹਨ।

"ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥

ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥"

ਬੜਾ ਸਪਸ਼ਟ ਹੈ ਕਿ ਆਪਣੇ ਆਪ ਨੂੰ ਸੰਤ ਅਖਵਾਉਂਣ ਵਾਲਿਆਂ ਨੂੰ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲਿਆਂ ਨੂੰ ਸਮਝਾਇਆ ਹੋਇਆ ਹੈ। ਜੋ ਆਪਣੇ ਆਪ ਨੂੰ ਬੜਾ ਉੱਚਾ ਸਮਝਦੇ ਹਨ ਭਗਤ ਜੀ ਉਨ੍ਹਾਂ ਨੂੰ **"ਕੀਟੀ"** ਕਹਿ ਰਹੇ ਹਨ ਭਾਵ ਉਨ੍ਹਾਂ ਦੀ ਤੁਲਨਾ ਕੀੜੀ ਦੇ ਨਾਲ ਕਰ ਰਹੇ ਹਨ ਜੋ ਕਿ ਬਹੁਤ ਛੋਟੀ ਹੁੰਦੀ ਹੈ। **"ਪਰਬਤੁ"** ਬਹੁਤ ਉੱਚਾ ਹੁੰਦਾ ਹੈ, ਵੱਡਾ ਹੁੰਦਾ ਹੈ। ਪਰਬਤ ਗੁਰੂ ਦੀ ਮਤਿ ਨੂੰ ਕਿਹਾ ਹੈ ਜੋ ਸਭ ਤੋਂ ਉੱਚੀ ਹੈ। ਇਹ ਕੀਟੀ ਰੂਪ ਸੰਤਾਂ ਨੇ ਪਰਬਤ ਨੂੰ ਹੀ ਖਾਣ ਵਾਲੇ ਦੱਸਿਆ ਹੈ ਭਾਵ ਇਹ ਗੁਰਮਤਿ ਨੂੰ ਖਾ ਜਾਂਦੇ ਹਨ, ਗੁਰੂ ਦੇ ਸਮਝਾਏ ਹੋਏ ਅਸਲ ਸੱਚ ਨੂੰ ਖਾ ਜਾਂਦੇ ਹਨ, ਸ਼ਬਦਾਂ ਦੀ ਸੱਚੀ ਵਿਚਾਰ ਨੂੰ ਆਪਣੇ ਝੂਠੇ ਵਿਚਾਰਾਂ ਦੁਆਰਾ ਨੀਵੀਂ ਕਰ ਦੇਂਦੇ ਹਨ ਜਿਸ ਰਾਹੀਂ ਇਹ ਧਰਮ ਦਾ ਝੂਠਾ ਪ੍ਰਚਾਰ ਕਰਦੇ ਹਨ ਤੇ ਝੂਠੀ ਵਡਿਆਈ ਲੈਂਦੇ ਹਨ। **(ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥)** ਆਪਣੇ ਝੂਠੇ ਧਾਰਮਿਕ ਪ੍ਰਚਾਰ ਦੁਆਰਾ ਇਹ ਜੋ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ ਉਹ ਹੀ ਕੁਝ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥"

ਉਪਰ ਸ਼ਬਦ ਵਿੱਚ ਪਹਿਲੇ ਵੀ ਕਛੂਏ ਦੀ ਗੱਲ ਆਈ ਹੈ, ਸੰਖ ਵਜਾਉਂਣ ਬਾਰੇ ਗੱਲ ਆਈ ਹੈ ਭਾਵ ਪ੍ਰਚਾਰ ਕਰਨ ਬਾਰੇ ਗੱਲ ਆਈ ਹੈ। ਉਪਰ ਪੰਗਤੀ ਰਾਹੀਂ ਇਨ੍ਹਾਂ ਸੰਤਾਂ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਇਹ ਕਹਿੰਦੇ ਹੋਏ ਸਮਝਾਇਆ ਹੈ **"ਅੰਗਾਰ ਭਿ ਲੋਰਉ"** ਭਾਵ ਉਸਨੂੰ ਨਿੱਘ ਦੀ ਵੀ ਲੋੜ ਹੈ ਭਾਵ ਮਾਇਆ ਦੇ ਨਿੱਘ ਦੀ ਲੋੜ ਹੈ ਭਾਵ ਸੰਤਾਂ ਦੇ ਪਿੱਛੇ ਲੱਗਣ ਨਾਲ ਸਾਡੀ ਮਾਇਆ ਦੀ ਲੋੜ ਹੈ ਭਾਵ ਸੰਤਾਂ ਦੇ ਪਿੱਛੇ ਲੱਗਣ ਨਾਲ ਸਾਡੀ ਮਾਇਆ ਦੀ ਲੋੜ ਵੀ ਪੂਰੀ ਹੁੰਦੀ ਹੈ। ਇਹੋ ਜਿਹਿਆਂ **"ਸਬਦੁ"** ਸੁਨਾਉਂਣ ਵਾਲਿਆਂ ਨੂੰ **"ਲੂਕੀ"** ਕਿਹਾ ਹੈ ਭਾਵ ਉਹ ਛੋਟਾ ਜਿਹਾ ਜਾਨਵਰ ਕਿਹਾ ਹੈ ਜੋ ਕਿ ਹਨੇਰੇ ਵਿੱਚ ਹੀ ਰਹਿੰਦਾ ਹੈ ਭਾਵ ਜਿਸਨੂੰ ਪ੍ਰਕਾਸ਼ ਚੰਗਾ ਨਹੀਂ ਲੱਗਦਾ ਭਾਵ ਜੋ ਮਨ ਦੀ ਅਗਿਆਨਤਾ ਵਿੱਚ ਹੀ ਰਹਿੰਦੇ ਹਨ, ਮਨ ਦੇ ਹਨੇਰੇ ਵਿੱਚ ਹੀ ਰਹਿੰਦੇ ਹਨ ਜਿਨ੍ਹਾਂ ਨੂੰ ਗੁਰੂ ਦਾ ਗੁਰਮਤਿ ਰੂਪ ਗਿਆਨ ਨਹੀਂ ਭਾਉਂਦਾ, ਮਨ ਦਾ ਪ੍ਰਕਾਸ਼ ਨਹੀਂ ਭਾਉਂਦਾ ਜਿਸਨੇ ਸਾਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਣਾ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਤੇ ਪ੍ਰਚਾਰ ਕਰਨ ਵਾਲੇ ਮਨ ਦੇ ਇਹੋ ਜਿਹੇ ਹਨੇਰੇ ਵਿੱਚ ਹਨ, ਮਨ ਦੀ ਅਗਿਆਨਤਾ ਵਿੱਚ ਹਨ। ਜਿਸਦੇ ਮਨ ਦੀ ਅਗਿਆਨਤਾ ਨਿਕਲ ਜਾਂਦੀ ਹੈ ਉਹ ਫਿਰ ਆਪਣੇ ਆਪ ਨੂੰ ਉੱਚਾ ਨਹੀਂ ਅਖਵਾਉਂਦਾ, ਆਪਣੀ ਵਡਿਆਈ ਨਹੀਂ ਕਰਵਾਉਂਦਾ ਤੇ ਪ੍ਰਮਾਤਮਾ ਦੀ ਉਸ ਤਰੀਕੇ ਸੱਚੀ ਵਡਿਆਈ ਕਰਦਾ ਹੈ ਜਿਵੇਂ ਕਿ ਅਸੀਂ ਉਪਰ ਸ਼ਬਦ ਵਿੱਚ **"ਰਹਾਉ"** ਵਾਲੀ ਪੰਗਤੀ ਦੁਆਰਾ ਸਮਝਿਆ ਹੈ। **(ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥ ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥)**

ਭਗਤੀ ਦੇ ਮਾਰਗ ਦੀ ਸਮਝ ਕੇਵਲ ਤੇ ਕੇਵਲ ਗੁਰੂ ਨੂੰ ਹੈ ਜਿਸਦੇ ਅੰਦਰ ਪ੍ਰਮਾਤਮਾ ਆਪ ਹਰ ਵੇਲੇ ਪ੍ਰਗਟ ਹੈ, ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਗਟ ਹੈ, ਸੱਚੀ ਗੁਰਮਤਿ ਦੇ ਰੂਪ ਵਿੱਚ ਪ੍ਰਗਟ ਹੈ ਜੋ ਸਾਨੂੰ ਹਰ ਸ਼ਬਦ ਰਾਹੀਂ ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ। ਭਗਤੀ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਬਹੁਤ ਹਨ ਤੇ ਇਹੋ ਜਿਹੇ ਹਰ ਕੋਈ ਆਪਣੀ ਮੱਤ ਨੂੰ ਹੀ ਉੱਚਾ ਸਮਝਦੇ ਹਨ ਤੇ ਉਨ੍ਹਾਂ ਨੂੰ ਭਗਤੀ ਦੀ ਉੱਚੀ ਸਮਝ ਹੈ ਤੇ ਉਨ੍ਹਾਂ

ਪਿੱਛੇ ਲੱਗਣ ਵਾਲੇ ਉਨ੍ਹਾਂ ਨੂੰ ਸੱਚਾ ਸਮਝ ਕੇ ਹੀ ਉਨ੍ਹਾਂ ਦੇ ਪਿੱਛੇ ਲੱਗਦੇ ਹਨ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ। ਹਰ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੈ, ਕਲਿ ਵਾਲੀ ਅਵਸਥਾ ਵਿੱਚ ਹੈ ਜਿਸ ਕਰਕੇ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ, ਗੁਰਮਤਿ ਦੀ ਸੱਚੀ ਸਮਝ ਨਹੀਂ ਪੈਂਦੀ ਤੇ ਅਸੀਂ ਆਪਣੇ ਆਪ ਨੂੰ ਸੱਚੀ ਭਗਤੀ ਵਾਲੇ ਹੀ

ਸਮਝਦੇ ਹਾਂ। ਆਪਣੇ ਆਪ ਨੂੰ ਉੱਚਾ ਅਖਵਾਉਂਣ ਵਾਲੇ ਕਦੇ ਇਸ ਗੱਲ ਨੂੰ ਨਹੀਂ ਮੰਨ ਸਕਦੇ ਕਿ ਉਹ ਗਲਤ ਮਾਰਗ ਤੇ ਚੱਲ ਰਹੇ ਹਨ। ਇਹੋ ਜਿਹੀ ਭਗਤੀ ਦੇ ਮਾਰਗ ਤੇ ਨਿਸ਼ਚਿੰਤ ਹੋ ਕੇ ਬੈਠਣਾ, ਖੁਸ਼ ਹੋ ਕੇ ਬੈਠਣਾ ਕਿ ਅਸੀਂ ਪ੍ਰਮਾਤਮਾ ਦੇ ਨਜਦੀਕ ਹਾਂ ਸਾਡਾ ਬਹੁਤ ਵੱਡਾ ਭਰਮ ਹੈ ਭਾਵ ਮਨ ਦੀ ਨਾਸਮਝੀ ਹੈ, ਸਾਡੀ ਅਗਿਆਨਤਾ ਹੈ। ਆਉ ਇਸ ਗੱਲ ਨੂੰ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਗੁਰੂ ਤੋਂ ਬਿਨ੍ਹਾਂ ਕਿਸੇ ਨੂੰ ਸੱਚੀ ਭਗਤੀ ਦੀ ਸਮਝ ਨਹੀਂ।

“ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ ਖੇਲਾਇਆ ॥ ਬਿਨੁ ਸ੍ਵਣਾ ਖੀਰੁ ਪਿਲਾਇਆ ॥੧॥
ਦੇਖਹੁ ਲੋਗਾ ਕਲਿ ਕੋ ਭਾਉ ॥ ਸੁਤਿ ਮੁਕਲਾਈ ਅਪਨੀ ਮਾਉ ॥੧॥ ਰਹਾਉ ॥
ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥ ਨਿਦ੍ਰਾ ਬਿਨੁ ਨਰੁ ਪੈ ਸੋਵੈ ॥
ਬਿਨੁ ਬਾਸਨ ਖੀਰੁ ਬਿਲੋਵੈ ॥੨॥ ਬਿਨੁ ਅਸਥਨ ਗਊ ਲਵੇਰੀ ॥ ਪੈਡੇ ਬਿਨੁ ਬਾਟ ਘਨੇਰੀ ॥
ਬਿਨੁ ਸਤਿਗੁਰ ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥੩॥੩॥”

(ਅੰਗ ੧੧੯੪)

ਉਪਰ ਸ਼ਬਦ ਰਾਹੀਂ ਸਾਨੂੰ ਮਨਮਤਿ ਤੇ ਗੁਰਮਤਿ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਭਾਵ ਮਨ ਦੀ ਨਾਸਮਝੀ ਹੀ ਸਮਝਾਈ ਹੋਈ ਹੈ ਜੋ ਕਿ ਸਾਡੇ ਅੰਦਰ ਦੀ ਪੁੱਠੀ ਮਤਿ ਹੈ ਭਾਵ ਗੁਰਮਤਿ ਨਾਲੋਂ ਪੁੱਠੀ ਮਤਿ ਹੈ, ਗੁਰਮਤਿ ਨਾਲੋਂ ਉਲਟੀ ਮਤਿ ਹੈ। ਅਸੀਂ ਆਪਣੀ ਪੁੱਠੀ ਮਤਿ ਨੂੰ ਹੀ ਸਿੱਧੀ ਮਤਿ ਸਮਝਦੇ ਹਾਂ ਤੇ ਇਹ ਹੀ ਸਾਡੇ ਅੰਦਰ ਦਾ ਭਰਮ ਹੈ ਜਿਸ ਕਰਕੇ ਅਸੀਂ ਸੱਚੀ ਭਗਤੀ ਨੂੰ ਨਾ ਸਮਝਦੇ ਹੋਏ ਵੀ ਸਮਝ ਵਾਲੇ ਅਖਵਾਉਂਦੇ ਹਾਂ। ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ ਖੇਲਾਇਆ ॥ ਬਿਨੁ ਸ੍ਵਣਾ ਖੀਰੁ ਪਿਲਾਇਆ ॥੧॥”

44/5669

ਉਪਰ ਪਦੇ ਰਾਹੀਂ ਸਾਨੂੰ ਉਹ ਕੁਝ ਸਮਝਾਇਆ ਹੋਇਆ ਹੈ ਜੋ ਕਿ ਸੱਚ ਤੋਂ ਉਲਟ ਹੈ, ਸੱਚ ਤੋਂ ਪੁੱਠੀ ਗੱਲ ਹੈ। ਸਾਡਾ ਪ੍ਰਮਾਤਮਾ ਦੇ ਨਾਲ ਸੰਬੰਧ ਇਸਤਰੀ ਤੇ ਖਸਮ ਵਾਲਾ ਹੈ ਭਾਵ ਹਰ ਕੋਈ ਉਸ ਖਸਮ ਰੂਪ ਪ੍ਰਮਾਤਮਾ ਦੀ ਨਾਰਿ ਹੈ, ਇਸਤਰੀ ਹੈ। ਪ੍ਰਮਾਤਮਾ ਦੇ ਨਾਲ ਸਾਡਾ ਇਹ ਰਿਸ਼ਤਾ ਮਨ ਦੇ ਵਿੱਚ ਹੀ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਹੈ ਭਾਵ ਮਨ ਦੀ ਸਮਝ ਰਾਹੀਂ ਹੀ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਾਂ ਤਦ ਤੱਕ ਸਾਨੂੰ ਪ੍ਰਮਾਤਮਾ ਦੇ ਨਾਲ ਰਿਸ਼ਤੇ ਦੀ ਸਮਝ ਨਹੀਂ ਪੈਂਦੀ। ਪ੍ਰਮਾਤਮਾ ਸਾਡਾ ਖਸਮ ਮਨ ਦੇ ਵਿੱਚ ਹੈ, ਸਹਜ ਰੂਪ ਗਿਆਨ ਦੁਆਰਾ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ। ਜਦੋਂ ਕਦੇ ਪ੍ਰਮਾਤਮਾ ਕਿਸੇ ਦੇ ਅੰਦਰ ਆਪਣਾ ਖਸਮ ਰੂਪ ਪ੍ਰਗਟ ਕਰਦਾ ਹੈ ਉਹ ਆਪ ਹੀ ਕਰਦਾ ਹੈ ਜਿਸ ਦੁਆਰਾ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਦੀ ਸਮਝ ਮੇਰੀ ਨਹੀਂ ਹੈ ਤੇ ਜੋ ਸਮਝ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਈ ਹੋਈ ਹੈ ਉਹ ਉਸਦੀ ਚੌਥੇ ਪਦ ਵਾਲੀ ਸਮਝ ਦੇ ਸਾਹਮਣੇ ਬਹੁਤ ਛੋਟੀ ਹੈ ਜਿਸ ਵਿੱਚ ਰਹਿੰਦਿਆਂ ਕੋਈ ਆਪਣੇ ਅੰਦਰੋਂ ਉਸ **“ਖਸਮੁ”** ਰੂਪ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਜੋ ਆਪਣੇ ਅੰਦਰੋਂ ਉਸ ਖਸਮ ਨੂੰ ਜਾਣ ਲੈਂਦੇ ਹਨ ਉਨ੍ਹਾਂ ਨੂੰ ਹੀ ਪ੍ਰਮਾਤਮਾ ਆਪਣੀ ਸੱਚੀ ਭਗਤੀ ਸਮਝਾਉਂਦਾ ਹੈ, ਸੱਚੀ ਗੁਰਮਤਿ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿਹੜੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹੀ ਭਾਵ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਹੀ ਪ੍ਰਮਾਤਮਾ ਨੂੰ ਜਾਨਣ ਦੀਆਂ ਗੱਲਾਂ ਕਰਦੇ ਹਨ, ਖਸਮ ਨੂੰ ਪਾਉਂਣ ਦੀਆਂ ਗੱਲਾਂ ਕਰਦੇ ਹਨ ਉਨ੍ਹਾਂ ਨੂੰ ਹੀ ਪਹਿਲੀ ਪੰਗਤੀ ਰਾਹੀਂ ਪੁੱਠੀ ਮਤਿ ਵਾਲੇ ਕਹਿ ਕੇ ਸਮਝਾਇਆ ਹੋਇਆ ਹੈ। **(ਜੋਇ ਖਸਮੁ ਹੈ ਜਾਇਆ ॥)** ਪ੍ਰਮਾਤਮਾ ਸਾਡਾ ਸਭ ਦਾ ਬਾਪ ਹੈ ਤੇ ਹਰ ਕੋਈ ਉਸਦਾ **“ਪੂਤਿ”** ਹੈ ਭਾਵ ਪ੍ਰਮਾਤਮਾ ਸਭ ਨੂੰ ਆਪ ਹੀ ਪਾਲਣ ਵਾਲਾ ਹੈ, ਸੰਸਾਰ ਦੀ ਖੇਡ ਖਿਡਾਉਂਣ ਵਾਲਾ ਹੈ। ਉਹ ਸਾਡੇ ਅੰਦਰ **“ਬਾਪੁ”** ਚੌਥੇ ਪਦ ਦੇ ਗਿਆਨ ਰੂਪ ਵਿੱਚ ਹੈ ਜਿਸ ਰਾਹੀਂ ਉਹ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਮਤਿ ਉਪਜਾਉਣ ਦੁਆਰਾ ਸਾਨੂੰ ਸਭ ਨੂੰ ਖਿਡਾਉਂਦਾ ਹੈ ਭਾਵ ਸੋਝੀ ਪਾਉਂਦਾ ਹੈ ਤੇ ਸੰਸਾਰ ਦੀ ਖੇਡ ਖਿਡਾਉਂਦਾ ਹੈ। ਉਸ ਗੁਰਮਤਿ ਦੇ ਦਾਤੇ ਨੇ ਆਪ ਹੀ ਸਭ ਨੂੰ ਮਨਮਤਿ ਦੇ ਵਿੱਚ ਰੱਖਿਆ ਹੋਇਆ ਹੈ ਪਰ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ

44/5670

ਜਾਣੇ ਬਿਨ੍ਹਾਂ ਤ੍ਰੈ ਗੁਣਾਂ ਵਾਲੀ ਮਤਿ ਵਾਲੇ ਭਾਵ ਮਨਮਤਿ ਵਾਲੇ ਗੁਰਮਤਿ ਰੂਪ ਉੱਚੀ ਮਤਿ ਦੇ ਨਾਲ ਖੇਡ ਕਰਦੇ ਹਨ ਭਾਵ ਆਪਣੀ

ਮਤਿ ਨੂੰ ਉੱਚੀ ਸਮਝਦੇ ਹਨ। ਪ੍ਰਮਾਤਮਾ ਖੁੱਦ ਗੁਰਮਤਿ ਰੂਪ ਉੱਚੀ ਮਤਿ ਵਿੱਚ ਸਾਡਾ **"ਬਾਪੁ"** ਹੈ ਤੇ ਨਾਸਮਝ ਮਤਿ ਵਾਲੇ, **"ਪੂਤਿ"** ਵਾਲੀ ਮਤਿ ਵਾਲੇ ਆਪਣੇ ਆਪ ਨੂੰ ਉੱਚਾ ਸਮਝ ਕੇ ਹੀ ਗੁਰਮਤਿ ਨਾਲ ਖਿਲਵਾੜ ਕਰਦੇ ਹਨ ਭਾਵ ਸੰਸਾਰ ਨੂੰ ਗੁਰਮਤਿ ਨਾਲੋਂ ਪੁੱਠੀ ਮਤਿ ਨਾਲ ਜੋੜਦੇ ਹਨ। **(ਪੂਤਿ ਬਾਪੁ ਖੇਲਾਇਆ ॥)**

ਬੱਚੇ ਦੀ ਪਾਲਣਾ ਕਰਨ ਲਈ ਮਾਂ ਬੱਚੇ ਨੂੰ ਦੁੱਧ ਪਿਲਾਉਂਦੀ ਹੈ ਜੋ ਦੁੱਧ ਆਪਣੇ ਥਨਾਂ ਦੁਆਰਾ ਪਿਲਾਉਂਦੀ ਹੈ ਭਾਵ ਬਿਨ੍ਹਾਂ ਥਨਾਂ ਤੋਂ ਬੱਚੇ ਨੂੰ ਦੁੱਧ ਨਹੀਂ ਪਿਲਾਇਆ ਜਾ ਸਕਦਾ। ਅਗਲੀ ਪੰਗਤੀ ਰਾਹੀਂ ਸਾਨੂੰ ਸਾਡੀ ਪੁੱਠੀ ਮਤਿ ਹੀ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਬਿਨੁ ਸ੍ਵਣਾ ਖੀਰੁ ਪਿਲਾਇਆ ॥੧॥"

ਜੋ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਥਾਪ ਲੈਂਦੇ ਹਨ, ਆਪਣੀ ਨਾਸਮਝ ਮਤਿ ਦੁਆਰਾ ਉੱਚਾ ਥਾਪ ਲੈਂਦੇ ਹਨ ਉਹ ਫਿਰ ਦੂਸਰਿਆਂ ਨੂੰ ਬੱਚਿਆਂ ਦੀ ਤਰ੍ਹਾਂ ਛੋਟਾ ਸਮਝਦੇ ਹਨ ਤੇ ਆਪਣੇ ਭਗਤੀ ਦੇ ਗਿਆਨ ਦੁਆਰਾ ਉਨ੍ਹਾਂ ਦੀ ਪਾਲਣਾ ਕਰਦੇ ਹਨ ਭਾਵ ਉਨ੍ਹਾਂ ਨੂੰ ਦੁੱਧ ਪਿਲਾਉਂਦੇ ਹਨ। ਜੋ ਦੁੱਧ ਉਨ੍ਹਾਂ ਦੇ ਆਪਣੇ ਕੋਲ ਨਹੀਂ ਹੈ ਕਿਉਂਕਿ ਉਹ ਆਪ ਬਿਨ੍ਹਾਂ ਸ੍ਵਣਾ ਤੋਂ ਹਨ ਪਰ ਫਿਰ ਵੀ ਦੁੱਧ ਪਿਲਾਉਂਦੇ ਹਨ ਭਾਵ ਬੇਤੁੱਕੀ ਗੱਲ ਕਰਦੇ ਹਨ। ਆਪਣੇ ਵੱਲੋਂ ਉਹ ਦੂਸਰਿਆਂ ਨੂੰ ਗੁਰਮਤਿ ਸਮਝਾਉਂਦੇ ਹਨ ਜਿਸਦੀ ਉਨ੍ਹਾਂ ਨੂੰ ਖੁੱਦ ਸਮਝ ਨਹੀਂ ਹੈ। ਜਦ ਤੱਕ ਕਿਸੇ ਦੇ ਅੰਦਰ ਪ੍ਰਮਾਤਮਾ ਖੁੱਦ ਪ੍ਰਗਟ ਹੋ ਕੇ ਆਪਣੀ ਸੱਚੀ ਗੁਰਮਤਿ ਨਹੀਂ ਸਮਝਾਉਂਦਾ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਸਮਝਾਈ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਈ ਹੈ ਤਦ ਤੱਕ ਹਰ ਕੋਈ ਸੱਚੀ ਗੁਰਮਤਿ ਨੂੰ ਸਮਝਣ ਵਿੱਚ ਅਸਮਰਥ ਹੈ। ਉਹ ਆਪ ਭਰਮ ਵਿੱਚ ਹੈ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਹੀ ਪਾਉਂਦਾ ਹੈ, ਆਪ ਗੁਰਮਤਿ ਦੇ ਉਲਟ ਚੱਲਦਾ ਹੈ ਤੇ ਦੂਸਰਿਆਂ ਨੂੰ ਵੀ ਉਲਟ ਚਲਾਉਂਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। **(ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ ਖੇਲਾਇਆ ॥ ਬਿਨੁ ਸ੍ਵਣਾ ਖੀਰੁ ਪਿਲਾਇਆ ॥੧॥)**

44/5671

ਸਾਡੇ ਅੰਦਰ ਇਹ ਪੁੱਠੀ ਮਤਿ ਦਾ ਕਾਰਨ ਕੀ ਹੈ, ਗੁਰਮਤਿ ਨੂੰ ਮਨ ਦੀ ਨਾਸਮਝੀ ਕਰਕੇ ਨੀਵਾਂ ਕਰਨ ਦਾ ਕਾਰਣ ਕੀ ਹੈ, ਭਗਤੀ ਦੀ ਨਾਸਮਝੀ ਦਾ ਕਾਰਣ ਭਾਵ ਸੱਚੀ ਭਗਤੀ ਦੀ ਨਾਸਮਝੀ ਦਾ ਕਾਰਣ ਕੀ ਹੈ ਇਹ ਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਦੇਖਹੁ ਲੋਗਾ ਕਲਿ ਕੋ ਭਾਉ ॥ ਸੁਤਿ ਮੁਕਲਾਈ ਅਪਨੀ ਮਾਉ ॥੧॥ ਰਹਾਉ ॥"

ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। **"ਕਲਿ"** ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਹਰ ਕੋਈ ਮਨ ਦੀ ਕਲਿ ਦੇ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੈ, ਮਾਇਆ ਮੋਹ ਵਿੱਚ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ ਜਿਸ ਵਿੱਚ ਰਹਿੰਦਿਆਂ ਅਸੀਂ ਧਰਮ ਦੇ ਮਾਰਗ ਦੇ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਪੂਰਨ ਸੱਚ ਦੀ ਸਮਝ ਉਹ ਸਚੁ ਰੂਪ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਪਾਉਂਦਾ ਹੈ, ਗੁਰਮਤਿ ਰੂਪ ਸੱਚ ਆਪ ਹੀ ਸਮਝਾਉਂਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਕਲਿ ਵਾਲੀ ਅਵਸਥਾ ਵਿੱਚੋਂ ਆਪ ਹੀ ਕੱਢਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਕੱਢਿਆ ਹੈ। ਆਪਣੇ ਆਪ ਨੂੰ ਆਪਣੀ ਮਤਿ ਵਿੱਚ ਰਹਿੰਦਿਆਂ ਤਾਂ ਹੀ ਕੋਈ ਉੱਚਾ ਕਹਾਉਂਦਾ ਹੈ ਜਦ ਤੱਕ ਉਸਦੇ ਅੰਦਰ **"ਕਲਿ"** ਹੈ ਭਾਵ ਮਨਮਤਿ ਰੂਪ ਅਗਿਆਨਤਾ ਹੈ ਜੋ ਕਿ ਸਾਡੇ ਅੰਦਰ ਦੀ ਪੁੱਠੀ ਮਤਿ ਹੈ ਤੇ ਸਾਨੂੰ ਧਰਮ ਦੇ ਪੁੱਠੇ ਮਾਰਗ ਨਾਲ ਜੋੜਦੀ ਹੈ ਤੇ ਸਾਨੂੰ ਉਹ ਪੁੱਠੀ ਮਤਿ ਹੀ ਚੰਗੀ ਲੱਗਦੀ ਹੈ, ਪਿਆਰੀ ਲੱਗਦੀ ਹੈ ਜਿਸ ਕਰਕੇ ਅਸੀਂ ਉਸ ਮਤਿ ਦੇ ਨਾਲ ਜੁੜੇ ਰਹਿੰਦੇ ਹਾਂ। ਆਪਣੀ ਪੁੱਠੀ ਮਤਿ ਕਰਕੇ ਅਸੀਂ ਧਰਮ ਦੇ ਮਾਰਗ ਤੇ ਚੱਲਣ ਲਈ ਕੰਮ ਵੀ ਪੁੱਠੇ ਹੀ ਕਰਦੇ ਹਾਂ ਜਿਵੇਂ ਕਿ ਕੋਈ ਪੁੱਤਰ ਹੁੰਦੇ ਹੋਏ ਆਪਣੀ ਮਾਂ ਦੇ ਨਾਲ ਵਿਆਹ ਕਰਵਾਉਂਦਾ ਹੈ ਭਾਵ ਆਪਣੀ ਮਾਂ ਨੂੰ ਬਦਨਾਮ ਕਰਦਾ ਹੈ। ਆਪਣੀ ਪੁੱਠੀ ਮਤਿ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਗੁਰਮਤਿ ਵਾਲੇ ਅਖਵਾਉਂਦੇ ਹਾਂ। ਗੁਰਮਤਿ ਸਾਡੀ ਮਾਂ ਹੈ ਜਿਸਨੇ ਸਾਡੀ ਬੱਚਿਆਂ ਵਾਲੀ ਮਤਿ ਨੂੰ, ਅਗਿਆਨਤਾ ਵਾਲੀ ਮਤਿ ਨੂੰ ਪਾਲਣਾ ਹੈ, ਸਮਝਾਉਂਣ ਦੁਆਰਾ

44/5672

ਪਾਲਣਾ ਹੈ ਪਰ ਅਸੀਂ ਗੁਰੂ ਦੀ ਮਤਿ ਨੂੰ ਮੰਨਣ ਦੀ ਬਜਾਏ ਭਾਵ ਆਪਣੀ ਮਤਿ ਛੱਡਣ ਦੀ ਬਜਾਏ ਆਪਣੀ ਮਤਿ ਨੂੰ ਹੀ ਗੁਰਮਤਿ

ਵਾਲੀ ਮਤਿ ਸਮਝਦੇ ਹਾਂ ਭਾਵ ਗੁਰਮਤਿ ਨੂੰ ਨੀਵਾਂ ਕਰਦੇ ਹਾਂ, ਗੁਰਮਤਿ ਨੂੰ ਬਦਨਾਮ ਕਰਦੇ ਹਾਂ, ਆਪਣੀ ਮਾਂ ਨੂੰ ਬਦਨਾਮ ਕਰਦੇ ਹਾਂ। ਸਾਡੀ ਮਾੜੀ ਮਤਿ ਨੂੰ ਦੁਤਕਾਰਿਆ ਹੋਇਆ ਹੈ, ਸਾਡੀ ਅਗਿਆਨਤਾ ਵਾਲੀ ਮਤਿ ਨੂੰ ਦੁਤਕਾਰਿਆ ਹੋਇਆ ਹੈ ਜਿਸ ਦੁਆਰਾ ਅਸੀਂ ਗੁਰੂ ਦੇ ਸੱਚੇ ਗਿਆਨ ਨੂੰ ਭਾਵ ਗੁਰੂ ਨੂੰ ਬਦਨਾਮ ਕਰਦੇ ਹਾਂ। **(ਦੇਖਹੁ ਲੋਗਾ ਕਲਿ ਕੋ ਭਾਉ ॥ ਸੁਤਿ ਮੁਕਲਾਈ ਅਪਨੀ ਮਾਉ ॥੧॥ ਰਹਾਉ ॥)**

ਆਪਣੀ ਪੁੱਠੀ ਮਤਿ ਵਿੱਚ ਰਹਿੰਦਿਆਂ ਜੋ ਆਪਣੇ ਆਪ ਨੂੰ ਭਗਤੀ ਵਾਲੇ ਸਮਝਦੇ ਹਨ ਤੇ ਆਪਣੀ ਭਗਤੀ ਤੇ ਖੁਸ਼ ਹੁੰਦੇ ਹਨ ਇਹ ਉਨ੍ਹਾਂ ਦਾ ਭਰਮ ਹੈ। ਇਹ ਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥

ਨਿਦ੍ਰਾ ਬਿਨੁ ਨਰੁ ਪੈ ਸੋਵੈ ॥ ਬਿਨੁ ਬਾਸਨ ਖੀਰੁ ਬਿਲੋਵੈ ॥੨॥”

ਆਪਣੀ ਮੱਤ ਦੇ ਪਿੱਛੇ ਲੱਗ ਕੇ ਭਾਵੇਂ ਕੋਈ ਕਿਹੋ ਜਿਹੀ ਭਗਤੀ ਦਾ ਤਰੀਕਾ ਅਪਨਾਉਂਦਾ ਹੈ, ਉਹ ਉਸਨੂੰ ਠੀਕ ਹੀ ਸਮਝਦਾ ਹੈ। ਗੁਰਬਾਣੀ ਰਾਹੀਂ ਅਨੇਕਾਂ ਹੀ ਭਗਤੀ ਦੇ ਤਰੀਕਿਆਂ ਦਾ ਜਿਨ੍ਹਾਂ ਨੂੰ ਵਰਤਿਆ ਜਾਂਦਾ ਹੈ ਉਨ੍ਹਾਂ ਦਾ ਖੰਡਨ ਕੀਤਾ ਹੋਇਆ ਹੈ ਭਾਵ ਉਹ ਪ੍ਰਮਾਤਮਾ ਦੀ ਭਗਤੀ ਕਰਨ ਦੇ ਤਰੀਕੇ ਨਹੀਂ ਹਨ। ਹਰ ਕੋਈ ਆਪਣੇ ਤਰੀਕਿਆਂ ਨੂੰ ਠੀਕ ਹੀ ਮੰਨਦਾ ਹੈ ਤੇ ਇਸ ਗੱਲ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ ਕਿ ਉਹ ਭਗਤੀ ਦੇ ਮਾਰਗ ਉੱਤੇ ਅੱਗੇ ਵੱਧ ਰਿਹਾ ਹੈ, ਗੁਰੂ ਪ੍ਰਮਾਤਮਾ ਦੇ ਨਾਲ ਉਸਦਾ ਪ੍ਰੇਮ ਪਿਆਰ ਵੱਧ ਰਿਹਾ ਹੈ। ਇਹੋ ਜਿਹੀ ਖੁਸ਼ੀ ਦਾ ਪ੍ਰਗਟਾਵਾ ਉਹੋ ਜਿਹਾ ਪ੍ਰਗਟਾਵਾ ਹੈ ਜਿਵੇਂ ਕੋਈ ਬਿਨ੍ਹਾਂ ਪੈਰਾਂ ਵਾਲਾ ਛਾਲਾਂ ਮਾਰਨ ਵਾਲਾ ਸਮਝੇ, ਬਿਨ੍ਹਾਂ ਮੂੰਹ ਦੇ ਹੁੰਦੇ ਹੋਏ ਆਪਣੇ ਆਪ ਨੂੰ ਹੱਸਣ ਵਾਲਾ ਸਮਝੇ ਭਾਵ ਕੇਵਲ ਭਰਮ ਹੈ ਜੋ ਭਰਮ ਸਭ ਪਾਸੇ ਵੇਖਿਆ ਜਾ ਸਕਦਾ ਹੈ। ਜਿੱਥੇ ਵੀ ਭਗਤੀ ਦਾ ਦਿਖਾਵਾ ਹੈ ਭਾਵ ਜਿੱਥੇ ਸੱਚੀ

44/5673

ਸੁੱਚੀ ਵਿਚਰਨ ਨਹੀਂ ਹੈ ਉਹ ਕੇਵਲ ਭਗਤੀ ਦਾ ਦਿਖਾਵਾ ਹੈ ਤੇ ਉਸ ਰਾਹੀਂ ਖੁਸ਼ੀ ਮਨਾਉਂਣਾ ਇੱਕ ਝੂਠੀ ਗੱਲ ਹੈ, ਆਪਣੇ ਆਪ ਨੂੰ ਝੂਠੀ ਤਸੱਲੀ ਦੇਣ ਵਾਲੀ ਗੱਲ ਹੈ। **(ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥)** ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਵੀ ਇਹੋ ਜਿਹੀ ਭਗਤੀ ਕਰਨ ਵਾਲਿਆਂ ਦਾ ਭਾਵ ਮਨਮਤਿ ਦੁਆਰਾ ਭਗਤੀ ਕਰਨ ਵਾਲੇ ਸਮਝਣ ਵਾਲਿਆਂ ਦਾ ਭਰਮ ਹੀ ਕੱਢਿਆ ਹੋਇਆ ਹੈ। ਝੂਠੀ ਭਗਤੀ ਦੀ ਤਸੱਲੀ ਕਰਨੀ ਇਹੋ ਜਿਹੀ ਗੱਲ ਹੈ ਜਿਵੇਂ ਕਿ ਕੋਈ ਬਿਨ੍ਹਾਂ ਨੀਂਦ ਦੇ ਆਉਣ ਤੋਂ ਹੀ ਇਹ ਸਮਝੇ ਕਿ ਉਹ ਸੁੱਤਾ ਹੋਇਆ ਹੈ ਭਾਵ ਬਿਲਕੁੱਲ ਝੂਠੀ ਗੱਲ ਹੈ। ਇਸੇ ਤਰ੍ਹਾਂ ਦੁੱਧ ਰਿੜਕਣ ਲਈ ਭਾਂਡੇ ਦੀ ਜਰੂਰਤ ਹੁੰਦੀ ਹੈ ਜਿਸ ਰਾਹੀਂ ਦੁੱਧ ਨੂੰ ਰਿੜਕਿਆ ਜਾ ਸਕਦਾ ਹੈ। ਭਗਤੀ ਦੇ ਮਾਰਗ ਤੇ ਚੱਲਣ ਲਈ ਸਾਡੇ ਅੰਦਰ ਗੁਰਮਤਿ ਰੂਪ ਭਾਂਡੇ ਦੀ ਲੋੜ ਹੈ ਭਾਵ ਮਨ ਦੇ ਵਿੱਚ ਗੁਰਮਤਿ ਰੂਪ ਸੱਚੇ ਵਿਚਾਰਾਂ ਦੀ ਲੋੜ ਹੈ ਜਿਨ੍ਹਾਂ ਨੂੰ ਅਸੀਂ ਮਨ ਦੇ ਵਿੱਚ ਰਿੜਕਣਾ ਹੈ ਭਾਵ ਉਨ੍ਹਾਂ ਨੂੰ ਸਮਝਣਾ ਹੈ ਤੇ ਉਨ੍ਹਾਂ ਦੇ ਅਨੁਸਾਰ ਚੱਲਣਾ ਹੈ ਜਿਸ ਦੁਆਰਾ ਉਸ ਵਿੱਚੋਂ ਤੱਤ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦੁਆਰਾ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਸਾਡੀ ਵਿਚਰਨ ਸੱਚੀ ਸੁੱਚੀ ਹੁੰਦੀ ਹੈ। ਬਿਨ੍ਹਾਂ ਗੁਰਮਤਿ ਰੂਪ ਭਾਂਡੇ ਨੂੰ ਅਪਨਾਏ ਬਿਨਾਂ ਆਪਣੀ ਮਨਮਤਿ ਉੱਤੇ ਚੱਲਣ ਦੁਆਰਾ ਹੀ ਜੇਕਰ ਕੋਈ ਇਹ ਸਮਝੇ ਕਿ ਉਹ ਤੱਤ ਦੀ ਪ੍ਰਾਪਤੀ ਕਰਨ ਲੱਗਾ ਹੋਇਆ ਹੈ, ਇਹ ਉਸਦਾ ਕੇਵਲ ਭਰਮ ਹੈ। **(ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥ ਨਿਦ੍ਰਾ ਬਿਨੁ ਨਰੁ ਪੈ ਸੋਵੈ ॥ ਬਿਨੁ ਬਾਸਨ ਖੀਰੁ ਬਿਲੋਵੈ ॥੨॥)**

ਸ਼ਬਦ ਦੇ ਅਗਲੇ ਪਦੇ ਰਾਹੀਂ, ਆਖਰੀ ਪਦੇ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਹੀ ਅਸਲ ਭਰਮ ਹੈ ਜਿਸ ਕਰਕੇ ਅਸੀਂ ਮਨ ਦੀ ਪੁੱਠੀ ਮਤਿ ਨਾਲ ਜੁੜੇ ਰਹਿੰਦੇ ਹਾਂ। ਭਗਤੀ ਦੇ ਮਾਰਗ ਦੀ ਸਮਝ ਕੇਵਲ ਤੇ ਕੇਵਲ ਗੁਰੂ ਨੂੰ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ।

44/5674

“ਬਿਨੁ ਅਸਥਨ ਗਊ ਲਵੇਰੀ ॥ ਪੈਡੇ ਬਿਨੁ ਬਾਟ ਘਨੇਰੀ ॥

ਬਿਨੁ ਸਤਿਗੁਰ ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥੩॥੩॥”

ਉਪਰ ਵਾਲੇ ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਰਾਹੀਂ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਸਾਡੀ ਅਗਿਆਨਤਾ ਹੀ

ਦਰਸਾਈ ਹੋਈ ਹੈ ਜੋ ਕਿ ਸਭ ਦੇ ਅੰਦਰ ਹੈ ਕਿਉਂਕਿ ਹਰ ਕਿਸੇ ਨੂੰ ਪ੍ਰਮਾਤਮਾ ਨੇ ਆਪ ਹੀ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ ਵਿੱਚ, ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਸੱਚ ਨੂੰ ਸਮਝਣ ਵਿੱਚ ਦੂਰ ਰਹਿੰਦੇ ਹਾਂ। ਅਸੀਂ ਆਪਣੀ ਭਗਤੀ ਦੇ ਤਰੀਕੇ ਨੂੰ ਭਾਵੇਂ ਠੀਕ ਸਮਝਦੇ ਹਾਂ ਪਰ ਅਸਲ ਵਿੱਚ ਉਹ ਇਤਨਾ ਗਲਤ ਹੈ ਜਿਵੇਂ ਕਿ ਅਸੀਂ ਬਿਨ੍ਹਾਂ ਥਣ ਵਾਲੀ ਗਊ ਨੂੰ ਦੁੱਧ ਦੇਣ ਵਾਲੀ ਗਊ ਕਹੀਏ। ਅਸਲ ਵਿੱਚ ਅਸੀਂ ਸੱਚੀ ਭਗਤੀ ਨਹੀਂ ਕਰਦੇ ਪਰ ਫਿਰ ਵੀ ਆਪਣੇ ਆਪ ਨੂੰ ਫੱਲ ਦੀ ਪ੍ਰਾਪਤੀ ਕਰਨ ਵਾਲੇ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ। ਇਸੇ ਤਰ੍ਹਾਂ ਜੇਕਰ ਕੋਈ ਮਨੁੱਖ ਕਿਸੇ ਜਗ੍ਹਾ ਜਾਣ ਲਈ ਕਦਮ ਵੀ ਨਾ ਤੁਰੇ ਤੇ ਫਿਰ ਵੀ ਇਹ ਕਹੇ ਕਿ ਉਸਨੇ ਲੰਬਾ ਰਸਤਾ ਤਹਿ ਕਰ ਲਿਆ ਹੈ ਇਹ ਉਸਦਾ ਵੱਡਾ ਭਰਮ ਹੈ ਭਾਵ ਆਪਣੀ ਝੂਠੀ ਭਗਤੀ ਨੂੰ ਸੱਚੀ ਭਗਤੀ ਸਮਝਣਾ ਸਾਡਾ ਭਰਮ ਹੈ। ਜਿਹੜੀ ਸੱਚੀ ਭਗਤੀ ਦੇ ਮਾਰਗ ਤੇ ਅਸੀਂ ਹੁਣ ਤੱਕ ਚੱਲੇ ਹੀ ਨਹੀਂ, ਭਗਤੀ ਦੀ ਸਮਝ ਹੀ ਨਹੀਂ ਤੇ ਅਸੀਂ ਇਹ ਸਮਝੀਏ ਕਿ ਮੈਂ ਭਗਤੀ ਦੇ ਮਾਰਗ ਤੇ ਬਹੁਤ ਅੱਗੇ ਨਿਕਲ ਗਿਆ ਹਾਂ ਇਹ ਕੇਵਲ ਸਾਡਾ ਭਰਮ ਹੈ। ਸਭ ਪਾਸੇ ਇਹ ਹੀ ਕੁਝ ਦੇਖਣ ਨੂੰ ਮਿਲਦਾ ਹੈ। ਆਪਣੀ ਆਪਣੀ ਆਸਥਾ ਅਨੁਸਾਰ, ਮਰਿਯਾਦਾਵਾਂ ਅਨੁਸਾਰ ਅਸੀਂ ਅਨੇਕਾਂ ਹੀ ਤਰੀਕੇ ਅਪਨਾਏ ਹੋਏ ਹਨ ਜਿਨ੍ਹਾਂ ਦਾ ਬਾਰ-ਬਾਰ ਬਾਣੀ ਰਾਹੀਂ ਖੰਡਨ ਕੀਤਾ ਗਿਆ ਹੈ ਪਰ ਅਸੀਂ ਫਿਰ ਵੀ ਉਨ੍ਹਾਂ ਤਰੀਕਿਆਂ ਨੂੰ ਹੀ ਸੱਚ ਸਮਝਦੇ ਹਾਂ ਜੋ ਕਿ ਅਸਲ ਵਿੱਚ ਝੂਠ ਹੈ। **(ਬਿਨੁ ਅਸਥਨ ਗਊ ਲਵੇਰੀ॥ ਪੈਡੇ ਬਿਨੁ ਬਾਟ ਘਨੇਰੀ ॥)** ਸਾਡੇ ਮਨ ਦਾ ਇਹ ਭਰਮ ਕਿਵੇਂ ਨਿਕਲਦਾ ਹੈ ਭਾਵ ਸਾਨੂੰ ਭਗਤੀ ਦਾ ਮਾਰਗ ਭਾਵ ਸੱਚੀ ਭਗਤੀ ਦਾ ਮਾਰਗ ਕੌਣ ਸਮਝਾ ਸਕਦਾ ਹੈ ਇਹ ਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

44/5675

“ਬਿਨੁ ਸਤਿਗੁਰ ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥੩॥੩॥”

ਜਿਵੇਂ ਕਿ ਅਸੀਂ ਉਪਰ ਸਾਰੇ ਸ਼ਬਦ ਰਾਹੀਂ ਸਮਝਿਆ ਹੈ ਜੋ ਕਿ ਉਸ ਰਾਹੀਂ ਸਾਡੀ ਪੁੱਠੀ ਮਤਿ ਹੀ ਸਮਝਾਈ ਹੋਈ ਹੈ ਤੇ ਇਹ ਸਾਡੀ ਪੁੱਠੀ ਮਤਿ ਭਾਵ ਤ੍ਰੈ ਗੁਣਾਂ ਵਾਲੀ ਨਾਸਮਝ ਮਤਿ ਕਿਵੇਂ ਦੂਰ ਹੋਣੀ ਹੈ ਇਹ ਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਗੁਰੂ ਪ੍ਰਮਾਤਮਾ ਦਾ ਰੂਪ ਹੈ ਜਿਸਦੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਹੈ ਜੋ ਤ੍ਰੈ ਗੁਣਾਂ ਤੋਂ ਰਹਿਤ ਹੈ ਜਿਸ ਕਰਕੇ ਉਸਨੂੰ ਸੱਚੀ ਭਗਤੀ ਦੀ ਸਮਝ ਹੈ। ਸਾਰੀ ਗੁਰਬਾਣੀ ਰਾਹੀਂ ਸਾਨੂੰ ਭਗਤੀ ਦਾ ਸਹੀ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੀ ਸੱਚੀ ਸੁੱਚੀ ਵਿਚਰਨ ਦਾ ਮਾਰਗ ਹੈ। ਭਗਤ ਕਬੀਰ ਜੀ ਸਾਨੂੰ ਇਹ ਹੀ ਸਮਝਾ ਰਹੇ ਹਨ ਕਿ ਭਗਤੀ ਦਾ ਮਾਰਗ ਕੇਵਲ ਤੇ ਕੇਵਲ ਗੁਰੂ ਦੇ ਕੋਲੋਂ ਸਿੱਖੇ ਭਾਵ ਕਿਸੇ ਹੋਰ ਦੇ ਕੋਲੋਂ ਨਾ ਸਿੱਖੇ ਜਿਨ੍ਹਾਂ ਨੂੰ ਅਸੀਂ ਨਾਸਮਝ ਮਤਿ ਦੁਆਰਾ ਭਗਤੀ ਦਾ ਉੱਚਾ ਮਾਰਗ ਸਮਝਿਆ ਹੋਇਆ ਹੈ। ਹਰ ਕੋਈ ਸਾਨੂੰ ਕਥਨੀ ਦੇ ਨਾਲ ਜੋੜਦਾ ਹੈ ਕਿ ਜਿਆਦਾ ਤੋਂ ਜਿਆਦਾ ਕਥਨੀ ਕਰੋ, ਸਵੇਰੇ ਸ਼ਾਮ ਸ਼ਬਦਾਂ ਦੀ ਕਥਨੀ ਕਰੀ ਜਾਉ, ਕਿਸੇ ਅੱਖਰ ਦੀ ਕਥਨੀ ਕਰੀ ਜਾਉ, ਸਰੀਰਕ ਜਪਾਂ ਤਪਾਂ ਆਦਿ ਨਾਲ ਜੁੜੇ ਰਹੋ, ਖਾਸ ਕਿਸਮ ਦਾ ਭੋਜਨ ਹੀ ਖਾਉ ਭਾਵ ਹੋਰ ਅਨੇਕਾਂ ਹੀ ਤਰੀਕੇ ਸਮਝਾਉਂਦੇ ਹਨ ਜਿਨ੍ਹਾਂ ਦਾ ਗੁਰਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਉਨ੍ਹਾਂ ਸਾਰੇ ਤਰੀਕਿਆਂ ਨੂੰ ਛੱਡਕੇ ਗੁਰੂ ਦੀ ਮਤਿ ਅਨੁਸਾਰ ਸੰਸਾਰ ਵਿੱਚ ਵਿਚਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ। ਭਗਤ ਜੀ ਸਾਨੂੰ ਉਪਰ ਪੰਗਤੀਆਂ ਰਾਹੀਂ ਇਹ ਕੁਝ ਹੀ ਸਮਝਾ ਰਹੇ ਹਨ ਕਿ ਉਸ ਗੱਲ ਨੂੰ ਮੰਨੋ ਜੋ ਗੁਰੂ ਕਹਿੰਦਾ ਹੈ। **(ਬਿਨੁ ਸਤਿਗੁਰ ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥੩॥੩॥)**

ਗੁਰੂ ਸਾਨੂੰ ਕਿਹੋ ਜਿਹੀ ਭਗਤੀ ਸਮਝਾਉਂਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਸਾਨੂੰ ਮਤਿ ਹੀ ਦਿੰਦਾ ਹੈ ਤੇ ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ ਪ੍ਰਮਾਤਮਾ ਦੀ ਭਗਤੀ ਹੈ। ਹਰ ਕੋਈ ਮਨਮਤਿ ਵਿੱਚ ਹੈ, ਮਾਇਆ ਮੋਹ ਵਿੱਚ ਹੈ ਜਿਸ ਰਾਹੀਂ ਹਰ ਕੋਈ ਮਾਇਆ ਦੇ ਸੁੱਖਾਂ ਦੇ

ਨਾਲ ਹੀ ਜੁੜਿਆ ਰਹਿਣਾ ਚਾਹੁੰਦਾ ਹੈ, ਮਨ ਦੀਆਂ ਇੱਛਾਵਾਂ ਦੀ ਪੂਰਤੀ ਨਾਲ ਹੀ ਜੁੜਿਆ ਰਹਿਣਾ ਚਾਹੁੰਦਾ ਹੈ ਕਿਉਂਕਿ ਸਭ ਨੂੰ ਇਹੋ ਕੁਝ ਹੀ ਚੰਗਾ ਲੱਗਦਾ ਹੈ। ਗੁਰੂ ਸਾਨੂੰ ਇਨ੍ਹਾਂ ਨੂੰ ਛੱਡਣ ਲਈ ਹੀ ਸਮਝਾਉਂਦਾ ਹੈ ਤਾਂ ਜੋ ਅਸੀਂ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਨ ਲਈ ਕੋਈ ਮਾੜਾ ਕਰਮ ਨਾ ਕਰੀਏ ਭਾਵ ਸੱਚੇ ਸੁੱਚੇ ਕਰਮ ਕਰੀਏ। ਇਹ ਹੀ ਪ੍ਰਮਾਤਮਾ ਦੀ ਭਗਤੀ ਹੈ ਜਿਸਦਾ ਸਾਡੀਆਂ ਸਰੀਰਕ ਕਿਰਿਆਵਾਂ ਨਾਲ ਕੋਈ ਸੰਬੰਧ ਨਹੀਂ ਹੈ ਭਾਵ ਸਰੀਰਕ ਜਪਾਂ ਤਪਾਂ ਨਾਲ ਕੋਈ ਸੰਬੰਧ ਨਹੀਂ ਹੈ ਭਾਵ ਉਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਹੀ ਕੋਈ ਲਾਭ ਨਹੀਂ ਹੈ ਭਾਵ ਕੇਵਲ ਕਥਨੀ ਭਗਤੀ ਨਹੀਂ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ। ਅਸੀਂ ਗੁਰਮਤਿ ਵਾਲੇ ਤਾਂ ਹੀ ਬਣਦੇ ਹਾਂ ਜੇਕਰ ਗੁਰਮਤਿ ਨੂੰ ਆਪਣੇ ਅੰਦਰ ਵਸਾਵਾਂਗੇ ਭਾਵ ਆਪਣੀ ਮਤਿ ਨੂੰ ਛੱਡਾਂਗੇ, ਮਨਮਤਿ ਨੂੰ, ਦੁਰਮਤਿ ਨੂੰ ਛੱਡਾਂਗੇ ਜਿਸ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਭਾਵੇਂ ਜਿਤਨੇ ਮਰਜੀ ਭਗਤੀ ਦੇ ਦਿਖਾਵੇ ਕਰੀ ਜਾਈਏ। ਆਉ ਇਸ ਗੱਲ ਨੂੰ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਲਿਖੇ ਸ਼ਬਦ ਦੁਆਰਾ ਸਮਝੀਏ ਕਿ ਮਨਮਤਿ ਛੱਡੇ ਬਿਨ੍ਹਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੈ।

ਬਿਲਾਵਲੁ ਮਹਲਾ ੧ ॥

“ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥
ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥
ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥
ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥
ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ ਧੋਤੀ ਊਜਲ ਤਿਲਕੁ ਗਲਿ ਮਾਲਾ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥
ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥
ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥
ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥
ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥”

(ਅੰਗ ੮੩੨)

ਅਸੀਂ ਬਾਰ-ਬਾਰ ਮਾਇਆ ਮੋਹ ਤੋਂ ਮੁਕਤ ਹੋਣਾ ਸਮਝਿਆ ਹੈ ਭਾਵ ਹਉਮੈ ਤੋਂ, ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਭਾਵ ਮਨ ਦੀ ਅਗਿਆਨਤਾ ਵਾਲੀ ਅਵਸਥਾ ਤੋਂ ਮੁਕਤ ਹੋਣਾ ਸਮਝਿਆ ਹੈ ਜੋ ਕਿ ਆਪਣੇ ਮਨ ਦੇ ਭਰਮ ਵਾਲੇ ਵਿਚਾਰਾਂ ਤੋਂ ਮੁਕਤ ਹੋਣਾ ਹੀ ਹੈ ਜਿਨ੍ਹਾਂ ਤੋਂ ਮੁਕਤ ਹੋਏ ਬਿਨ੍ਹਾਂ ਅਸੀਂ ਗੁਰੂ ਦੀ ਮਤਿ ਦੇ ਨਾਲ ਨਹੀਂ ਜੁੜ ਸਕਦੇ ਭਾਵ ਜੋ ਭਗਤੀ ਸਾਨੂੰ ਗੁਰੂ ਸਮਝਾਉਂਦਾ ਹੈ ਉਸਦੇ ਨਾਲ ਨਹੀਂ ਜੁੜ ਸਕਦੇ ਤੇ ਨਾ ਹੀ ਸਾਨੂੰ ਆਪਣੇ ਵਿਚਾਰ ਛੱਡੇ ਬਿਨ੍ਹਾਂ ਪ੍ਰਮਾਤਮਾ ਨਾਲ ਪਿਆਰ ਹੋ ਸਕਦਾ ਹੈ ਕਿਉਂਕਿ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਣਾ ਹੀ ਭਾਵ ਉਸਦੀ ਮਤਿ ਨੂੰ ਮੰਨਣਾ ਹੀ ਭਾਵ ਆਪਣੀ ਮਤਿ ਨੂੰ ਛੱਡਣਾ ਹੀ ਉਸ ਪ੍ਰਮਾਤਮਾ ਨਾਲ

ਪਿਆਰ ਪਾਉਂਣਾ ਹੈ। ਇਹ ਗੱਲ ਸਾਨੂੰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥"

ਬਾਣੀ ਵਿੱਚ ਬਾਰ-ਬਾਰ ਪੁੰਨ ਪਾਪ ਦੀ ਗੱਲ ਆਉਂਦੀ ਹੈ ਜੋ ਕਿ ਸਾਡੇ ਮਨ ਦੀ ਅਵਸਥਾ ਹੈ, ਸਾਡੇ ਮਨ ਦੀ ਸਮਝ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੀ ਭਗਤੀ ਨਾਲ ਨਹੀਂ ਜੁੜ ਸਕਦੇ।

{ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥}

(ਅੰਗ ੪)

ਉਪਰ ਮੁੱਖ ਸ਼ਬਦ ਰਾਹੀਂ ਸਾਨੂੰ ਸਾਡੇ ਅੰਦਰ **"ਪੁੰਨੁ ਪਾਪੁ"** ਵਾਲੀ ਬਿਰਤੀ ਸਮਝਾਈ ਹੋਈ ਹੈ ਜੋ ਕਿ ਸਾਡੇ ਮਨ ਦੇ ਅੰਦਰ ਉਪਜਣ ਵਾਲੇ ਸਾਡੇ ਵਿਚਾਰ ਹਨ ਜਿਨ੍ਹਾਂ ਦੇ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ। ਸਾਡੇ ਅੰਦਰ ਦੇ ਇਹ ਵਿਚਾਰ ਹੀ ਸਾਡੇ ਅੰਦਰ ਦੀ ਮਾਇਆ ਹੈ ਜੋ ਕਿ ਸਾਨੂੰ ਨਾਸਮਝ ਬਣਾ ਕੇ ਰੱਖਦੀ ਹੈ। ਪਾਪ ਪੁੰਨ ਸਾਡਾ ਮਨ ਉਚਾਰਦਾ ਹੈ ਭਾਵ ਸਾਡਾ ਮਨ ਸਾਨੂੰ ਸਮਝਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਸਮਝਾਉਂਦਾ ਹੈ। ਅਸਲ ਪਾਪ ਕਿਸ ਵਿੱਚ ਹੈ ਤੇ ਪੁੰਨ ਕਿਸ ਵਿੱਚ ਹੈ ਭਾਵ ਸਾਡੇ ਲਈ ਮਾੜਾ ਕੀ ਹੈ ਤੇ ਚੰਗਾ ਕੀ ਹੈ ਇਸਦੀ ਸਮਝ ਸਾਨੂੰ ਆਪਣੇ ਅੰਦਰੋਂ ਹੀ ਪੈਂਦੀ ਹੈ ਜਿਸ ਦੁਆਰਾ ਅਸੀਂ ਆਪਣੇ ਜੀਵਨ ਵਿੱਚ ਵਿਚਰਦੇ ਹਾਂ। ਅਸੀਂ ਉਨ੍ਹਾਂ ਅਨੇਕਾਂ ਗੱਲਾਂ ਵਿੱਚ ਪੁੰਨ ਸਮਝਦੇ ਹਾਂ ਜੋ ਅਸਲ ਵਿੱਚ ਗੁਰੂ ਦੀ ਮਤਿ ਦੇ ਉਲਟ ਹੁੰਦੀਆਂ ਹਨ। ਅਸੀਂ ਆਪਣੇ ਅਨੇਕਾਂ ਹੀ ਇਹੋ ਜਿਹੇ ਭਗਤੀ ਦੇ ਤਰੀਕੇ ਸਮਝੇ ਹੋਏ ਹਨ, ਬਣਾਏ ਹੋਏ ਹਨ, ਮਰਿਯਾਦਾਵਾਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਉਪਰ ਚੱਲਣਾ ਅਸੀਂ ਪੁੰਨ ਦਾ ਕੰਮ ਸਮਝਦੇ ਹਾਂ ਭਾਵ ਚੰਗਾ ਕੰਮ ਸਮਝਦੇ ਹਾਂ।

44/5678

ਕਿਸੇ ਨੂੰ ਸਰੀਰਕ ਜਪ ਤਪ ਨਾਲ ਜੋੜਨਾ, ਕਿਸੇ ਅੱਖਰ ਦੇ ਜਪ ਨਾਲ ਜੋੜਨਾ ਅਸੀਂ ਪੁੰਨ ਦਾ ਕੰਮ ਸਮਝਦੇ ਹਾਂ। ਕਿਸੇ ਦੁਨਿਆਵੀ ਨਕਲੀ ਸੰਤ ਦੇ ਪੈਰਾਂ ਨੂੰ ਹੱਥ ਲਾਉਂਣਾ, ਉਸਦੀ ਸੇਵਾ ਕਰਨਾ ਅਸੀਂ ਪੁੰਨ ਦਾ ਕੰਮ ਸਮਝਦੇ ਹਾਂ ਜਦ ਕਿ ਗੁਰੂ ਦੀ ਮਤਿ ਸਾਨੂੰ ਇਨ੍ਹਾਂ ਗੱਲਾਂ ਤੋਂ ਮਨ੍ਹਾ ਕਰਦੀ ਹੈ। ਜੋ ਵੀ ਕਰਮ ਅਸੀਂ ਗੁਰੂ ਦੀ ਮਤਿ ਤੋਂ ਉਲਟ ਕਰਦੇ ਹਾਂ ਉਹ ਪਾਪ ਹੈ ਤੇ ਜੋ ਕੁਝ ਵੀ ਅਸੀਂ ਗੁਰੂ ਦੀ ਮਤਿ ਦੇ ਅਨੁਸਾਰ ਕਰਦੇ ਹਾਂ ਉਸ ਵਿੱਚ ਪੁੰਨ ਹੈ। ਆਪਣੇ ਮਨ ਦੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਉਹ ਕੁਝ ਹੀ ਕਰਦੇ ਹਾਂ ਜੋ ਕੁਝ ਸਾਡਾ ਮਨ ਸਾਨੂੰ ਕਹਿੰਦਾ ਹੈ ਭਾਵ ਸਮਝਾਉਂਦਾ ਹੈ। ਜੋ ਸਾਡਾ ਮਨ ਕਹਿੰਦਾ ਹੈ ਉਹ ਹੀ ਸਾਡੇ ਮਨ ਦੀ ਮਨਸਾ ਹੈ ਭਾਵ ਉਹ ਕੁਝ ਹੀ ਸਾਨੂੰ ਕਰਨਾ ਚੰਗਾ ਲੱਗਦਾ ਹੈ ਭਾਵ ਸਾਡੇ ਮਨ ਦੀ ਸਮਝ ਹੀ ਸਾਡੇ ਅੰਦਰ ਦੀ ਪੁੰਨ ਪਾਪ ਵਾਲੀ ਬਿਰਤੀ ਹੈ ਜਿਸਦੇ ਨਾਲ ਅਸੀਂ ਜੁੜੇ ਰਹਿੰਦੇ ਹਾਂ ਭਾਵ ਆਪਣੀ ਮਤਿ ਨਾਲ ਜੁੜੇ ਰਹਿੰਦੇ ਹਾਂ ਤੇ ਭਗਤੀ ਦੇ ਮਾਰਗ ਨੂੰ ਵੀ ਇਹੋ ਜਿਹੀ ਮਤਿ ਨਾਲ ਹੀ ਸਮਝਦੇ ਹਾਂ। **(ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥)** ਸਾਡੇ ਅੰਦਰ ਦੀ ਸਾਡੀ ਮਨਸਾ, ਸਾਡੀ ਸਮਝ, ਪੁੰਨ ਪਾਪ ਵਾਲੀ ਸਮਝ ਹੀ ਸਾਡੇ ਅੰਦਰ ਵਾਲੀ ਮਾਇਆ ਹੈ ਜਿਸ ਵਿੱਚੋਂ ਅਸੀਂ ਨਿਕਲਣਾ ਹੈ ਤਾਂ ਜੋ ਅਸੀਂ ਗੁਰੂ ਦੀ ਸਮਝ ਦੇ ਨਾਲ ਜੁੜ ਸਕੀਏ, ਪ੍ਰਮਾਤਮਾ ਦੀ ਭਗਤੀ ਦੇ ਨਾਲ ਜੁੜ ਸਕੀਏ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥"

ਉਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦੇ ਨਾਲ ਪਿਆਰ ਪਾਉਂਣਾ ਕੀ ਹੈ। **"ਮਾਇਆ ਮਦਿ"** ਸਾਡੇ ਅੰਦਰ ਦੀ ਸਮਝ ਹੈ ਜਿਸ ਰਾਹੀਂ ਅਸੀਂ ਵਿਚਰਦੇ ਹਾਂ। ਆਪਣੀ ਮਤਿ ਸਭ ਨੂੰ ਚੰਗੀ ਲੱਗਦੀ ਹੈ। ਸਾਡੇ ਅੰਦਰ ਦਾ ਇਹ ਮਾਇਆ ਮਦਿ ਹੀ ਸਾਡੀ ਹਉਮੈ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਾਇਆ ਮਦਿ ਸਾਨੂੰ ਦੁਨਿਆਵੀ

44/5679

ਪਦਾਰਥਾਂ ਦੀ ਪੂਰਤੀ ਕਰਨ ਨਾਲ ਜੋੜਦਾ ਹੈ ਤੇ ਜਿਤਨੀ ਕਿਸੇ ਦੀ ਖੁਆਇਸ਼ ਪੂਰੀ ਹੁੰਦੀ ਹੈ, ਉਤਨਾ ਹੀ ਉਸਦਾ ਨਸ਼ਾ ਵੱਧਦਾ ਹੈ। ਇਹ ਨਸ਼ਾ ਸਭ ਨੂੰ ਚੰਗਾ ਲੱਗਦਾ ਹੈ ਜਿਸ ਨਸ਼ੇ ਵਿੱਚ ਰਹਿਣ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਭਾਵ ਸਾਡੀ ਸੰਸਾਰਿਕ

ਵਿਚਰਨ ਖਰਾਬ ਹੁੰਦੀ ਹੈ। ਸਾਡੀ ਇਹ ਮਾੜੀ ਸੰਸਾਰਿਕ ਵਿਚਰਨ ਹੀ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਤੋਂ ਦੂਰ ਕਰਦੀ ਹੈ ਕਿਉਂਕਿ ਪ੍ਰਮਾਤਮਾ ਦੀ ਭਗਤੀ ਹੈ ਹੀ ਸਾਡੀ ਸੱਚੀ ਸੁੱਚੀ ਵਿਚਰਨ ਜੋ ਕਿ ਮਨ ਦੇ ਸੰਤੋਖ ਦੁਆਰਾ ਹੁੰਦੀ ਹੈ। ਜਦ ਤੱਕ ਸਾਡੇ ਅੰਦਰ ਤ੍ਰਿਸ਼ਨਾਵਾਂ ਹਨ, ਮਾਇਆ ਮਦਿ ਹੈ ਤਦ ਤੱਕ ਸਾਡਾ ਮਨ ਮਾਇਆ ਵੱਲੋਂ ਤ੍ਰਿਪਤ ਨਹੀਂ ਹੈ ਭਾਵ ਸਾਡੇ ਅੰਦਰ ਸੰਤੋਖ ਨਹੀਂ ਹੈ। ਅਸੀਂ ਮਾਇਆ ਮਦਿ ਤੋਂ ਹੀ ਮੁਕਤਿ ਹੋਣਾ ਹੈ ਜਿਸ ਤੋਂ ਮੁਕਤ ਹੋਏ ਬਿਨ੍ਹਾਂ ਅਸੀਂ ਤ੍ਰਿਪਤ ਨਹੀਂ ਹੋ ਸਕਦੇ ਭਾਵ ਸਾਡੇ ਮਨ ਦੇ ਵਿੱਚ ਸੰਤੋਖ ਨਹੀਂ ਆ ਸਕਦਾ। ਅਸੀਂ ਮਾਇਆ ਮੋਹ ਤੋਂ ਮੁਕਤ ਤਾਂ ਹੀ ਹੋਵਾਂਗੇ ਜੇਕਰ ਮਨ ਦੇ ਉਨ੍ਹਾਂ ਵਿਚਾਰਾਂ ਤੋਂ ਮੁਕਤ ਹੋਵਾਂਗੇ ਜੋ ਸਾਨੂੰ ਹਰ ਵੇਲੇ ਤ੍ਰਿਸ਼ਨਾਵਾਂ ਨਾਲ ਜੋੜ ਕੇ ਰੱਖਦੇ ਹਨ। ਇਹੋ ਜਿਹੀ ਮਤਿ ਦੇ ਵਿੱਚ ਰਹਿੰਦੇ ਹੋਏ ਅਸੀਂ ਭਗਤੀ ਦੇ ਮਾਰਗ ਤੇ ਚੱਲਣ ਲਈ ਅਗਿਆਨਤਾ ਵਿੱਚ ਰਹਿੰਦੇ ਹਾਂ ਜਿਸ ਤੋਂ ਮੁਕਤ ਸਾਨੂੰ ਗੁਰੂ ਦੀ ਸੱਚੀ ਮਤਿ ਨੇ ਕਰਨਾ ਹੈ, ਗੁਰੂ ਦੇ ਸੱਚੇ ਗਿਆਨ ਨੇ ਕਰਨਾ ਹੈ। ਸਾਡਾ ਮਨ ਭਰਮ ਵਾਲੇ ਮਾੜੇ ਵਿਚਾਰਾਂ ਤੋਂ ਤਾਂ ਹੀ ਮੁਕਤ ਹੋਵੇਗਾ ਜੇਕਰ ਗੁਰੂ ਦੀ ਗੱਲ ਮੰਨਾਂਗੇ। ਮਾਇਆ ਮੋਹ ਤੋਂ ਮੁਕਤ ਹੋਏ ਬਿਨ੍ਹਾਂ ਭਾਵ ਇਸ ਮਨ ਦੇ ਤ੍ਰਿਪਤ ਹੋਏ ਬਿਨ੍ਹਾਂ ਸਾਨੂੰ ਪ੍ਰਮਾਤਮਾ ਦਾ ਗੁਰੂ ਰੂਪ ਨਹੀਂ ਭਾਉਂਦਾ ਭਾਵ ਪ੍ਰਮਾਤਮਾ ਦੀ ਸੱਚੀ ਮਤਿ ਨਹੀਂ ਭਾਉਂਦੀ ਜਿਸ ਸੱਚੀ ਮਤਿ ਦੇ ਅੰਦਰ ਉਹ ਆਪ ਵੱਸਦਾ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਭਾਵ ਨਿਰੰਕਾਰ ਰੂਪ ਹੈ। ਅਸੀਂ ਪ੍ਰਮਾਤਮਾ ਨਾਲ ਆਪਣਾ ਪਿਆਰ ਉਹੋ ਜਿਹੇ ਤਰੀਕੇ ਨਾਲ ਦਿਖਾਉਂਦੇ ਹਾਂ, ਕਥਨੀ ਦੁਆਰਾ ਦਿਖਾਉਂਦੇ ਹਾਂ, ਸਰੀਰਕ ਜਪਾਂ ਤਪਾਂ ਆਦਿ ਨਾਲ ਦਿਖਾਉਂਦੇ ਹਾਂ, ਤੀਰਥਾਂ ਆਦਿ ਤੇ ਭਵੀ ਜਾਣ ਦੁਆਰਾ ਦਿਖਾਉਂਦੇ ਹਾਂ ਤੇ ਹੋਰ ਵੀ ਅਨੇਕਾਂ ਤਰੀਕਿਆਂ ਦੁਆਰਾ ਦਿਖਾਉਂਦੇ ਹਾਂ ਜੋ ਕਿ ਪ੍ਰਮਾਤਮਾ ਦੇ ਨਾਲ ਪਿਆਰ ਦਿਖਾਉਂਣ ਦਾ ਤਰੀਕਾ ਹੈ ਹੀ ਨਹੀਂ। ਪ੍ਰਮਾਤਮਾ ਦੇ ਨਾਲ ਪਿਆਰ ਦਿਖਾਉਂਣ ਦਾ ਤਰੀਕਾ ਇੱਕੋ ਹੀ ਹੈ ਜੋ ਕਿ ਉਸਦੀ ਆਪਣੀ ਦਿੱਤੀ ਹੋਈ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੈ, ਮਨ ਦੀ ਮਾੜੀ ਸਮਝ ਨੂੰ ਤਿਆਗਣ

ਦੁਆਰਾ ਹੈ, ਮਨ ਨੂੰ ਸੰਤੋਖ ਵਾਲੀ ਅਵਸਥਾ ਵਿੱਚ ਲਿਆਉਣ ਦੁਆਰਾ ਹੈ ਜਿਸ ਦੁਆਰਾ ਮਨੁੱਖ ਸੱਚੀ ਸੁੱਚੀ ਵਿਚਰਨ ਹੀ ਕਰਦਾ ਹੈ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਸੱਚਾ ਮਾਰਗ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। **(ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥)**

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

{ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥
ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥੪॥੧੫॥}

(ਅੰਗ ੧੯-੨੦)

{ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥
ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥}

(ਅੰਗ ੧੮)

{ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥ ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥}

(ਅੰਗ ੧੪੭)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥}

(ਅੰਗ ੧੧੫)

44/5681

{ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥
ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥
ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ ਰਹਾਉ ॥
ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥
ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥੨॥}

(ਅੰਗ ੧੭੯)

{ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥}

(ਅੰਗ ੧੮੮)

{ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥
ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥}

(ਅੰਗ ੨੨੪)

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥}

(ਅੰਗ ੨੨੮)

{ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥
ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥੩॥}

(ਅੰਗ ੩੩੧)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥
ਜਨਮ ਮਰਨ ਚੂਕੇ ਸਭਿ ਭਾਰੇ ॥
ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥}

(ਅੰਗ ੩੭੯)

{ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥}

(ਅੰਗ ੪੭੦)

{ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥ ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥ ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥੪॥ ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥੫॥੭॥੯॥}

(ਅੰਗ ੪੯੨)

44/5682

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}

(ਅੰਗ ੫੧੨)

{ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ ॥
ਜੀਅ ਜੰਤ ਮਿਹਰਵਾਨੁ ਤਿਸ ਨੋ ਸਦਾ ਜਾਪਿ ॥ ਦਇਆ ਧਾਰੀ ਸਮਰਥਿ ਚੁਕੇ ਬਿਲ ਬਿਲਾਪ ॥
ਨਠੇ ਤਾਪ ਦੁਖ ਰੋਗ ਪੂਰੇ ਗੁਰ ਪ੍ਰਤਾਪਿ ॥ ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ ॥
ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ ॥ ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ ॥
ਵਡੀ ਹੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ ॥੧੩॥}

(ਅੰਗ ੫੨੧)

{ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥ ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥
ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥ ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥
ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥ ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥
ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥ ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥੫॥}

(ਅੰਗ ੫੧੯)

{ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥
ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥
ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥}

(ਅੰਗ ੫੪੯)

{ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥
ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ ॥੨॥}

(ਅੰਗ ੫੮੭)

{ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ ॥
ਜਿਨ੍ੀ ਸੋ ਸਾਲਾਹਿਆ ਪਿਆਰੇ ਹਉ ਤਿਨ੍ ਬਲਿਹਾਰੈ ਜਾਉ ॥
ਨਾਉ ਮਿਲੈ ਸੰਤੋਖੀਆਂ ਪਿਆਰੇ ਨਦਰੀ ਮੇਲਿ ਮਿਲਾਉ ॥੭॥}

(ਅੰਗ ੬੩੬)

{ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥
ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ ॥}

(ਅੰਗ ੬੪੧)

{ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥ ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥
ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥੨॥}

(ਅੰਗ ੬੪੭)

{ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ ਰਹਾਉ॥}

(ਅੰਗ ੬੮੨)

{ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥
ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥੨॥
ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥
ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥੩॥}

(ਅੰਗ ੭੦੦)

44/5683

{ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥ ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥
ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥ ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥
ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥੧੮॥}

(ਅੰਗ ੭੧੦)

{ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥
ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥ ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥
ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥੪॥੧॥}

(ਅੰਗ ੭੬੪)

{ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥੨॥}

(ਅੰਗ ੭੭੩)

{ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥
ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥
ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥
ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥ ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥
ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥੩॥
ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥
ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥
ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥
ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥੪॥੨॥}

(ਅੰਗ ੭੭੯)

{ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਾਏ ਸੰਤੋਖ ਗੁਰ ਸਰਾ ॥
ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥੩॥}

(ਅੰਗ ੭੯੯)

{ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥ ਤਾ ਮਿਲੀਐ ਜਾ ਲਏ ਮਿਲਾਈ ॥੩॥
ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥ ਕਹੁ ਨਾਨਕ ਸਫਲੁ ਸੋ ਆਇਆ ॥੪॥੪॥੯॥}

(ਅੰਗ ੮੦੪)

{ਤਿਖਾ ਭੂਖ ਬਹੁ ਤਪਤਿ ਵਿਆਪਿਆ ॥ ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥੨॥
ਕੋਟਿ ਜਤਨ ਸੰਤੋਖੁ ਨ ਪਾਇਆ ॥ ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥੩॥
ਦੇਹੁ ਭਗਤਿ ਪ੍ਰਭ ਅੰਤਰਜਾਮੀ ॥ ਨਾਨਕ ਕੀ ਬੇਨੰਤੀ ਸੁਆਮੀ ॥੪॥੫॥੧੦॥}

(ਅੰਗ ੮੦੪)

{ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥ ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥ ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥

ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥ ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥੧੩॥੪੩॥}

(ਅੰਗ ੮੧੧)

{ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥}

(ਅੰਗ ੮੧੨)

{ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥}

(ਅੰਗ ੮੨੦)

{ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥}

(ਅੰਗ ੮੨੨)

44/5684

{ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥
ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥੫॥}

(ਅੰਗ ੮੩੫)

{ਸਪਤਮੀ ਸਤੁ ਸੰਤੋਖੁ ਸਰੀਰਿ ॥ ਸਾਤ ਸਮੁੰਦ ਭਰੇ ਨਿਰਮਲ ਨੀਰਿ ॥
ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥
ਮਨਿ ਸਾਚਾ ਮੁਖਿ ਸਾਚਉ ਭਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੯॥}

(ਅੰਗ ੮੩੯)

{ਗ੍ਰਿਹਿ ਸੋਭਾ ਜਾ ਕੈ ਰੇ ਨਾਹਿ ॥ ਆਵਤ ਪਹੀਆ ਖੂਧੇ ਜਾਹਿ ॥ ਵਾ ਕੈ ਅੰਤਰਿ ਨਹੀ ਸੰਤੋਖੁ ॥
ਬਿਨੁ ਸੋਹਾਗਨਿ ਲਾਗੈ ਦੋਖੁ ॥੧॥ ਧਨੁ ਸੋਹਾਗਨਿ ਮਹਾ ਪਵੀਤ ॥ ਤਪੇ ਤਪੀਸਰ ਡੋਲੈ ਚੀਤ ॥੧॥ ਰਹਾਉ ॥}

(ਅੰਗ ੮੭੨)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ ੮੭੮)

{ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ ੮੯੧)

{ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥
ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥}

(ਅੰਗ ੮੯੩)

{ਗੁਰ ਬਚਨੀ ਸਮਸਰਿ ਸੁਖ ਦੂਖ ॥ ਕਦੇ ਨ ਬਿਆਪੈ ਤ੍ਰਿਸਨਾ ਭੂਖ ॥
ਮਨਿ ਸੰਤੋਖੁ ਸਬਦਿ ਗੁਰ ਰਾਜੇ ॥ ਜਪਿ ਗੋਬਿੰਦੁ ਪੜਦੇ ਸਭਿ ਕਾਜੇ ॥੩॥}

(ਅੰਗ ੮੯੭)

{ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥}

(ਅੰਗ ੯੩੯)

{ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥
ਗੁਰਿ ਵਣੁ ਤਿਣੁ ਹਰਿਆ ਕੀਤਿਆ ਨਾਨਕ ਕਿਆ ਮਨੁਖ ॥੨॥}

(ਅੰਗ ੯੫੮)

{ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥}

(ਅੰਗ ੧੦੨੩)

{ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥
ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥}

(ਅੰਗ ੧੦੩੭)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥}

(ਅੰਗ ੧੦੪੦)

44/5685

{ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥}

(ਅੰਗ ੧੦੪੩)

{ਸਚੁ ਸੰਜਮੁ ਸਤਿਗੁਰੂ ਦੁਆਰੈ ॥ ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥}

(ਅੰਗ ੧੦੫੭)

{ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥ ਗੁਰਿ ਮਿਲਿਐ ਨਹ ਜੋਹੈ ਮਾਈ ॥
ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ ਪਾਨਾਂ ਹੇ ॥੭॥}

(ਅੰਗ ੧੦੭੫)

{ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥ ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥
ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ ॥}

(ਅੰਗ ੧੦੮੯)

{ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥}

(ਅੰਗ ੧੧੬੧)

{ਨੇਤ੍ਰ ਸੰਤੋਖੇ ਦਰਸੁ ਪੇਖਿ ॥ ਰਸਨਾ ਗਾਏ ਗੁਣ ਅਨੇਕ ॥
ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥ ਮਨੁ ਆਘਾਨਾ ਹਰਿ ਰਸਹਿ ਸੁਆਦਿ ॥੩॥}

(ਅੰਗ ੧੧੮੧)

{ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ ਪਛਾਨਾ ਤੋਹਿ ॥
ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮॥੧॥}

(ਅੰਗ ੧੧੮੭)

{ਸੰਤੋਖੁ ਨ ਆਵਤ ਕਹੂੰ ਕਾਜ ॥ ਧ੍ਰੂੰਮ ਬਾਦਰ ਸਭਿ ਮਾਇਆ ਸਾਜ ॥ ਪਾਪ ਕਰੰਤੋ ਨਹ ਸੰਗਾਇ ॥
ਬਿਖੁ ਕਾ ਮਾਤਾ ਆਵੈ ਜਾਇ ॥੨॥ ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥
ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥}

(ਅੰਗ ੧੧੯੨)

{ਹਰਿ ਰਸਹਿ ਅਘਾਨੇ ਸਹਜਿ ਸਮਾਨੇ ਮੁਖ ਤੇ ਨਾਹੀ ਜਾਤ ਬਰਨ ॥
ਗੁਰ ਪ੍ਰਸਾਦਿ ਨਾਨਕ ਸੰਤੋਖੇ ਨਾਮੁ ਪ੍ਰਭੂ ਜਪਿ ਜਪਿ ਉਧਰਨ ॥੪॥੧੩॥}

(ਅੰਗ ੧੨੦੬)

{ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥ ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥}

(ਅੰਗ ੧੨੪੦)

{ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥}

(ਅੰਗ ੧੨੪੫)

{ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥
ਅੰਤ ਕਾਲਿ ਜਮੁ ਮਾਰੈ ਠੇਹ ॥੧॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ॥}

(ਅੰਗ ੧੨੫੬-੧੨੫੭)

44/5686

{ਸਾਚਾ ਸਾਹਿਬੁ ਮਾਹਰੋ ਸਤਿਗੁਰਿ ਦੀਆ ਦਿਖਾਇ ॥ ਅੰਮ੍ਰਿਤੁ ਵਰਸੈ ਮਨੁ ਸੰਤੋਖੀਐ ਸਚਿ ਰਹੈ ਲਿਵ ਲਾਇ ॥
ਹਰਿ ਕੈ ਨਾਇ ਸਦਾ ਹਰੀਆਵਲੀ ਫਿਰਿ ਸੁਕੈ ਨਾ ਕੁਮਲਾਇ ॥੪॥}

(ਅੰਗ ੧੨੭੬)

{ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥ ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥}

(ਅੰਗ ੧੨੭੯)

{ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ ॥ ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥
ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥
ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥ ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥
ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥
ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ॥ ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥੧੯॥}

(ਅੰਗ ੧੨੮੬)

{ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥
ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥੩॥}

(ਅੰਗ ੧੩੧੦)

{ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥੧॥
ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ ॥੨॥੧॥}

(ਅੰਗ ੧੩੨੧)

{ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥}

(ਅੰਗ ੧੩੨੮)

{ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥}

(ਅੰਗ ੧੩੩੪)

{ਕਿਲਬਿਖ ਮੇਟੇ ਸਬਦਿ ਸੰਤੋਖੁ ॥ ਨਾਮੁ ਅਰਾਧਨ ਹੋਆ ਜੋਗੁ ॥
ਸਾਧਸੰਗਿ ਹੋਆ ਪਰਗਾਸੁ ॥ ਚਰਨ ਕਮਲ ਮਨ ਮਾਹਿ ਨਿਵਾਸੁ ॥੧॥}

(ਅੰਗ ੧੩੪੦)

{ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ ॥
ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ ॥੬॥}

(ਅੰਗ ੧੩੯੨)

{ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥
ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥
ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ ॥
ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੪॥}

(ਅੰਗ ੧੩੯੭)

{ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥ ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥}

(ਅੰਗ ੧੩੯੭)

{ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥ ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥}

(ਅੰਗ ੧੩੯੭)

44/5687

{ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ ॥
ਗੁਰ ਅਰਜੁਨ ਕਲ੍ਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥੯॥}

(ਅੰਗ ੧੪੦੯)

{ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥}

(ਅੰਗ ੧੪੦੯)

{ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥
ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥}

(ਅੰਗ ੧੪੧੧)

{ਬਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥}

(ਅੰਗ ੧੪੨੯)

ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਮਨ ਦੇ ਸੰਤੋਖ ਵਾਲੀ ਅਵਸਥਾ ਨੂੰ ਸਮਝਿਆ ਹੈ ਜਿਸ ਦੁਆਰਾ ਸਾਡਾ ਮਨ ਮਾਇਆ ਮਦਿ ਤੋਂ ਮੁਕਤ ਹੁੰਦਾ ਹੈ ਭਾਵ ਮਾਇਆ ਵਲੋਂ ਤ੍ਰਿਪਤ ਹੁੰਦਾ ਹੈ। ਸਾਰੀ ਗੱਲ ਮਨ ਦੀਆਂ ਇੱਛਾਵਾਂ ਨੂੰ ਤਿਆਗਣ ਦੀ ਹੀ ਹੈ ਜਿਨ੍ਹਾਂ ਨੂੰ ਤਿਆਗੇ ਬਿਨਾਂ ਅਸੀਂ ਮਨ ਦੇ ਸੰਤੋਖ ਨਾਲ ਨਹੀਂ ਜੁੜ ਸਕਦੇ ਤੇ ਪ੍ਰਮਾਤਮਾ ਦੀ ਭਗਤੀ ਮਨ ਦੇ ਸੰਤੋਖ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਉਪਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਮਨ ਦਾ ਸੰਤੋਖ ਹੀ ਸਾਡੇ ਅੰਦਰ ਨਾਮ ਵਾਲੀ ਅਵਸਥਾ ਹੈ ਜਿਵੇਂ ਕਿ ਉਪਰ ਅਨੇਕਾਂ ਸ਼ਬਦਾਂ ਦੁਆਰਾ ਸਾਨੂੰ ਸਮਝਾਇਆ ਹੋਇਆ ਹੈ। ਮਨ ਦਾ ਸੰਤੋਖ ਸਾਡੇ ਵੱਸ ਨਹੀਂ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ ਸਾਡੇ ਵੱਸ ਨਹੀਂ ਹੈ। ਮਨ ਦੇ ਵਿੱਚ ਸੰਤੋਖ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਉਪਰ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ ਪਰ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਮਾਇਆ ਮੋਹ ਵਾਲੇ ਵਿਚਾਰ ਛੱਡ ਕੇ ਮਨ ਦੇ ਸੰਤੋਖ ਨਾਲ ਜੁੜਣ ਦਾ ਹੀ ਹੈ। ਅਸੀਂ ਇਹ ਸੱਚਾ ਉਦੱਮ ਹੀ ਕਰਨਾ ਹੈ ਤੇ ਇਹ ਸਾਡਾ ਸੱਚਾ ਉਦੱਮ ਹੀ ਭਾਵ ਆਪਣੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਦਾ ਉਦੱਮ ਕਰਨਾ ਹੀ, ਆਪਣੀ ਮਾਇਆ ਮੋਹ ਵਾਲੀ ਮੱਤ ਨੂੰ ਛੱਡਣ ਦਾ ਉਦੱਮ ਕਰਨਾ ਹੀ ਪ੍ਰਮਾਤਮਾ ਦੀ ਭਗਤੀ ਨਾਲ ਜੁੜਣ ਦਾ ਸੱਚਾ ਉਦੱਮ ਹੈ ਜਿਸ ਉਦੱਮ ਨਾਲ ਸਾਡੀ ਕਰਨੀ ਹੀ ਬਦਲੇਗੀ ਭਾਵ ਅਸੀਂ ਮਾਇਆ ਮੋਹ ਵਾਲੇ

44/5688

ਵਿਚਾਰਾਂ ਵਿੱਚੋਂ ਨਿਕਲ ਕੇ ਚੰਗੇ ਕਰਮ ਹੀ ਕਰਾਂਗੇ ਤੇ ਇਸੇ ਵਿੱਚ ਹੀ ਪ੍ਰਮਾਤਮਾ ਦੀ ਭਗਤੀ ਹੈ। ਜਦੋਂ ਸਾਡੇ ਹਰ ਕਰਮ ਵਿੱਚ ਗੁਰਮਤਿ ਵੱਸ ਜਾਵੇਗੀ ਫਿਰ ਅਸੀਂ ਉਹ ਕੁਝ ਹੀ ਕਰਾਂਗੇ ਜੋ ਸਾਨੂੰ ਗੁਰੂ ਸਮਝਾਉਂਦਾ ਹੈ, ਫਿਰ ਅਸੀਂ ਭਗਤੀ ਦੇ ਦਿਖਾਵੇ ਨਹੀਂ ਕਰਾਂਗੇ ਜਿਸ ਵਿੱਚ ਹਰ ਕੋਈ ਲੱਗਾ ਹੋਇਆ ਹੈ ਤੇ ਕੇਵਲ ਉਹੋ ਜਿਹੇ ਕਰਮ ਕਰਾਂਗੇ ਜਿਨ੍ਹਾਂ ਵਿੱਚ ਗੁਰਮਤਿ ਹੈ ਕਿਉਂਕਿ ਪ੍ਰਮਾਤਮਾ ਨੂੰ ਸਾਡੇ ਸੱਚੇ ਸੁੱਚੇ ਕਰਮ ਹੀ ਭਾਉਂਦੇ ਹਨ ਜੋ ਅਸੀਂ ਮਾਇਆ ਮੋਹ ਤੋਂ ਰਹਿਤ ਹੋ ਕੇ, ਮਨ ਦੀ ਅਗਿਆਨਤਾ ਤੋਂ ਰਹਿਤ ਹੋ ਕੇ ਕਰਦੇ ਹਾਂ, ਹਉਮੈ ਤੋਂ ਰਹਿਤ ਹੋ ਕੇ ਕਰਦੇ ਹਾਂ। ਹੁਣ ਅਸੀਂ ਮੁੱਖ ਸ਼ਬਦ ਦੇ ਪਹਿਲੇ ਪਦੇ ਦੇ ਮਕਸਦ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ। **(ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥ ਤ੍ਰਿਪਤਿ**

ਮੁਕਤਿ ਮਨਿ ਸਾਚਾ ਭਾਵੈ ॥੧॥)

ਮਨ ਦੀਆਂ ਇੱਛਾਵਾਂ ਵਿੱਚੋਂ ਨਿਕਲਣਾ ਹੀ, ਮਾਇਆ ਮੋਹ ਵਿੱਚੋਂ ਨਿਕਲਣਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵ ਗੁਰੂ ਦੀ ਮਤਿ ਦੇ ਨਾਲ ਜੁੜਨਾ ਹੈ ਤੇ ਇਹ ਹੀ ਗੱਲ ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਪਸ਼ਟ ਕੀਤੀ ਹੋਈ ਹੈ।

"ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥"

ਜਦ ਤੱਕ ਸਾਡੇ ਅੰਦਰ ਮਾਇਆ ਮੋਹ ਹੈ ਤਦ ਤੱਕ ਸਾਡੇ ਅੰਦਰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਹੈ। ਪ੍ਰਮਾਤਮਾ ਦੀ ਭਗਤੀ ਸਾਨੂੰ ਨਾਮ ਨਾਲ ਪੈਂਦੀ ਹੈ ਭਾਵ ਗੁਰੂ ਦੀ ਮਤਿ ਦੁਆਰਾ ਪੈਂਦੀ ਹੈ। ਪ੍ਰਮਾਤਮਾ ਦੇ ਘਰ ਵਿੱਚ ਸਾਨੂੰ ਪ੍ਰਮਾਤਮਾ ਦੀ ਭਗਤੀ ਲੈ ਕੇ ਜਾਂਦੀ ਹੈ ਪਰ ਮਨ ਦੀ ਨਾਸਮਝੀ ਕਰਕੇ ਅਸੀਂ ਤਨ ਦੇ ਸੁੱਖਾਂ ਨਾਲ ਜੁੜੇ ਰਹਿੰਦੇ ਹਾਂ ਜਿਸਦੇ ਲਈ ਅਸੀਂ ਮਾਇਆ ਧਨ ਦੇ ਪਿੱਛੇ ਦੌੜਦੇ ਹਾਂ ਤੇ ਮਾੜੇ ਕਰਮ ਵੀ ਕਰਦੇ ਹਾਂ, ਇਸਤਰੀ ਨੂੰ ਖੁਸ਼ ਕਰਨ ਲਈ ਧਨ ਦੌਲਤ ਦੇ ਪਿੱਛੇ ਦੌੜਦੇ ਹਾਂ ਤੇ ਉਸੇ ਚੀਜ ਦਾ ਮਾਨ ਕਰਦੇ ਹਾਂ ਕਿਉਂਕਿ ਉਸ ਵਿੱਚ ਸਾਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਜਦ ਤੱਕ ਅਸੀਂ ਇਹੋ ਜਿਹੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ, ਇਹੋ ਜਿਹੀ ਮਤਿ ਨਾਲ ਜੁੜੇ ਰਹਿੰਦੇ ਹਾਂ ਤਦ ਤੱਕ ਅਸੀਂ ਨਾਮ ਵਾਲੇ ਨਹੀਂ ਹਾਂ ਭਾਵ ਗੁਰੂ ਦੀ ਸੱਚੀ ਮਤਿ

ਸਾਡੇ ਅੰਦਰ ਨਹੀਂ ਹੈ ਜਿਸਨੇ ਸਾਡਾ ਸਾਥ ਦੇਣਾ ਹੈ। ਸਾਡਾ ਸਾਥ ਸਾਡੇ ਕਰਮਾਂ ਨੇ ਹੀ ਦੇਣਾ ਹੈ ਭਾਵ ਸੱਚੇ ਸੁੱਚੇ ਕਰਮਾਂ ਨੇ ਹੀ ਦੇਣਾ ਹੈ ਜੋ ਕਰਮ ਮਾਇਆ ਮੋਹ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੇ ਹਨ ਭਾਵ ਨਾਮ ਵਾਲੀ ਮਤਿ ਨਾਲ ਜੁੜਨ ਦੁਆਰਾ ਹੀ ਹੁੰਦੇ ਹਨ। **(ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥)**

ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਭਾਵ ਮਨ ਦੀ ਮਤਿ ਨਾਲ ਜੁੜੇ ਹੋਏ ਹਾਂ ਤਦ ਤੱਕ ਅਸੀਂ ਗੁਰੂ ਦੇ ਸ਼ਬਦ ਨਾਲ ਜੁੜੇ ਹੋਏ ਨਹੀਂ ਹਾਂ ਭਾਵ ਨਾਮ ਦੇ ਨਾਲ ਜੁੜੇ ਹੋਏ ਨਹੀਂ ਹਾਂ ਜਿਸ ਨਾਲ ਜੁੜੇ ਬਿਨ੍ਹਾਂ ਅਸੀਂ ਮਾਇਆ ਮੋਹ ਦੀ ਮੈਲ ਵਿੱਚੋਂ ਨਹੀਂ ਨਿਕਲ ਸਕਦੇ ਤੇ ਇਹ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥

ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥"

ਉਪਰਲੇ ਪਦੇ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਸਦੇ ਸਹੀ ਅਰਥ ਜਾਨਣਾ ਮਨੁੱਖੀ ਸਮਰਥਾ ਤੋਂ ਬਿਲਕੁੱਲ ਬਾਹਰ ਵਾਲੀ ਗੱਲ ਹੈ। ਉਪਰ ਪਦੇ ਰਾਹੀਂ ਸਾਨੂੰ ਮਾਇਆ ਮੋਹ ਵਾਲੀ ਮਤਿ ਵਿੱਚ ਭਾਵ ਮਨੁੱਖ ਦੀ ਅਗਿਆਨਤਾ ਵਾਲੀ ਮਤਿ ਵਿੱਚ ਤੇ ਗੁਰੂ ਦੀ ਮਤਿ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ, ਹਉਮੈ ਵਾਲੀ ਸਮਝ ਤੇ ਨਾਮ ਵਾਲੀ ਸਮਝ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰੋਂ ਮਾਇਆ ਮੋਹ ਵਾਲੀ ਸਮਝ ਕੇਵਲ ਗੁਰੂ ਦੀ ਮਤਿ ਨਾਲ ਜੁੜਨ ਦੁਆਰਾ ਨਿਕਲ ਸਕਦੀ ਹੈ ਪਰ ਭਗਤੀ ਦੇ ਮਾਰਗ ਨੂੰ ਸਮਝਣ ਲਈ ਹਰ ਕੋਈ ਉਨ੍ਹਾਂ ਦੀ ਮਤਿ ਨਾਲ ਜੁੜਿਆ ਹੋਇਆ ਹੈ ਜੋ ਖੁੱਦ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਨਾਸਮਝ ਹਨ, ਅਗਿਆਨਤਾ ਵਿੱਚ ਹਨ।

ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਅਸੀਂ ਮਾਇਆ ਦੇ ਰਸਾਂ ਨਾਲ ਜੁੜੇ ਰਹਿੰਦੇ ਹਾਂ ਤੇ ਉਹ ਕੁਝ ਕਰਦੇ

ਹਾਂ ਭਾਵ ਉਹੋ ਜਿਹੇ ਕਰਮ ਕਰਦੇ ਹਾਂ ਜਿਨ੍ਹਾਂ ਵਿੱਚ ਸਾਨੂੰ ਖੁਸ਼ੀ ਮਿਲਦੀ ਹੈ। ਸਾਨੂੰ ਆਪਣੀਆਂ ਇੱਛਾਵਾਂ ਦੀ ਪੂਰਤੀ ਵਿੱਚ ਖੁਸ਼ੀ ਮਿਲਦੀ ਹੈ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਵੀ ਕਰਦੇ ਹਾਂ, ਗੁਰੂ ਦੀ ਮਤਿ ਤੋਂ ਉਲਟ ਚੱਲਦੇ ਹਾਂ। ਅਸੀਂ ਅਨੇਕਾਂ ਭਗਤੀ ਦੇ ਇਹੋ ਜਿਹੇ ਤਰੀਕੇ ਅਪਨਾਏ ਹੋਏ ਹਨ, ਸਰੀਰਕ ਜਪ ਤਪ ਆਦਿ ਅਪਨਾਏ ਹੋਏ ਹਨ, ਕਿਸੇ ਖਾਸ ਵੇਲੇ ਦੀ ਭਗਤੀ ਨੂੰ ਉੱਚਾ ਸਮਝਦੇ ਹਾਂ ਤੇ ਉਸਨੂੰ ਅੰਮ੍ਰਿਤ ਵੇਲਾ ਸਮਝ ਕੇ ਉੱਥੇ ਜਾਣ ਵਿੱਚ, ਕਿਸੇ ਅੱਖਰ ਦਾ ਜਪ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਹਾਂ ਭਾਵ ਆਪਣੀ ਝੂਠੀ ਭਗਤੀ ਵਿੱਚ ਹੀ ਖੁਸ਼ੀ ਮਹਿਸੂਸ ਕਰਦੇ ਹਾਂ। ਇਹ ਸਭ ਕੁਝ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਦਾ ਮਾਇਆ ਰੱਸ ਹੈ ਜਿਸ ਵਿੱਚ ਪ੍ਰਮਾਤਮਾ ਦੀ ਸੱਚੀ ਭਗਤੀ ਨਹੀਂ ਹੈ। **(ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥)** ਸਾਡੇ ਅੰਦਰ ਇਹ ਮਨ ਦੀ ਅਵਸਥਾ ਭਾਵ ਝੂਠੀ ਭਗਤੀ ਦੀ ਪ੍ਰਸੰਨਤਾ, ਖੁਸ਼ੀ ਕਿਸ ਕਰਕੇ ਆਉਂਦੀ ਹੈ ਇਹ ਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਧਨੁ ਲੋਕਾਂ ਤਨੁ ਭਸਮੈ ਢੇਰੀ ॥”

ਉਪਰ ਪੰਗਤੀ ਰਾਹੀਂ ਸਾਨੂੰ ਸਾਡੇ ਮਨ ਦੇ ਧਨ ਬਾਰੇ ਸਮਝਾਇਆ ਹੋਇਆ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਦੇ ਆਏ ਹਾਂ ਸਾਡੇ ਅੰਦਰ ਮਾਇਆ ਮੋਹ ਵਾਲੀ ਸਮਝ ਸਾਡੇ ਅੰਦਰ ਦਾ ਮਾਇਆ ਧਨ ਹੈ ਜੋ ਸਾਨੂੰ ਭਗਤੀ ਦਾ ਮਾਰਗ ਸਮਝਣ ਵਿੱਚ ਮਨ ਦੀ ਅਗਿਆਨਤਾ ਨਾਲ ਜੋੜਕੇ ਰੱਖਦਾ ਹੈ ਤੇ ਗੁਰਮਤਿ ਰੂਪ ਸੱਚੇ ਗਿਆਨ ਦਾ ਧਨ ਨਾਮ ਧਨ ਹੈ ਜੋ ਸਾਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ। ਸਾਰੇ ਸੰਸਾਰ ਦੇ ਅੰਦਰ ਪ੍ਰਮਾਤਮਾ ਨੇ ਮਾਇਆ ਰੂਪ ਧਨ ਹੀ ਪਾਇਆ ਹੋਇਆ ਹੈ ਜਿਸ ਦੁਆਰਾ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ। ਅਸੀਂ ਆਪਣੇ ਵਿਚਾਰਾਂ ਦੇ ਵਿੱਚ ਜੋ ਧਨ ਗੁਰੂ ਕੋਲੋਂ ਲੈਣਾ ਚਾਹੀਦਾ ਹੈ ਉਹ ਧਨ ਅਸੀਂ ਲੋਕਾਂ ਕੋਲੋਂ ਲੈਂਦੇ ਹਾਂ ਭਾਵ ਇੱਧਰੋਂ ਉਧਰੋਂ ਲੈਂਦੇ ਹਾਂ ਜੋ ਆਪ ਮਾਇਆ ਧਨ ਵਿੱਚ ਹਨ ਭਾਵ ਮਨ ਦੀ ਅਗਿਆਨਤਾ ਵਿੱਚ ਹਨ। ਇਹ ਮਾਇਆ ਦਾ ਧਨ ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਦੂਰ ਰੱਖ ਕੇ ਸਾਡੇ ਜੀਵਨ ਦਾ

ਨਾਸ ਕਰਦਾ ਹੈ ਭਾਵ ਸਾਡਾ ਜੀਵਨ ਸੱਚੀ ਭਗਤੀ ਦੇ ਨਾਲ ਜੁੜਨ ਵਿੱਚ, ਆਪਣੇ ਅੰਦਰੋਂ ਪ੍ਰਮਾਤਮਾ ਦੇ ਜਾਨਣ ਵਿੱਚ ਵਿਅਰਥ ਹੀ ਜਾਂਦਾ ਹੈ ਭਾਵ ਸਾਨੂੰ ਆਤਮਿਕ ਮੌਤ ਮਾਰਦਾ ਹੈ। **(ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ॥)**

ਸਾਡੇ ਅੰਦਰ ਮਾਇਆ ਰੂਪ ਧਨ ਭਾਵ ਸਾਡੇ ਅੰਦਰ ਦੀ ਮਤਿ ਗੁਰੂ ਦੀ ਮਤਿ ਅੱਗੇ ਬਹੁਤ ਛੋਟੀ ਹੈ ਤੇ ਹਰ ਪਾਸੇ ਮਾਇਆ ਮੋਹ ਵਾਲੀ ਮਤਿ ਹੀ ਵਰਤਦੀ ਹੈ, ਫੈਲਦੀ ਹੈ ਜੋ ਕਿ ਸਾਡੇ ਅੰਦਰ ਦੀ ਮੈਲ ਹੈ, ਅਗਿਆਨਤਾ ਰੂਪ ਮੈਲ ਹੈ ਜੋ ਸਾਡੇ ਮਨ ਨੂੰ ਮੈਲਾ ਬਣਾ ਕੇ ਰੱਖਦੀ ਹੈ। ਇਹ ਮੈਲ ਹੀ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥”

ਇਨ੍ਹਾਂ ਤੋਂ ਪਹਿਲੀ ਪੰਗਤੀ ਰਾਹੀਂ ਭਸਮ ਦੀ ਫੇਰੀ ਦੀ ਗੱਲ ਸਮਝੀ ਹੈ। ਇਹ ਸਾਡੇ ਅੰਦਰ ਮਨ ਦੇ ਵਿੱਚ ਭਸਮ ਦੀ ਭਾਵ ਖਾਕ ਦੀ ਢੇਰੀ ਹੈ। ਸਾਡੇ ਅੰਦਰ ਅਗਿਆਨਤਾ ਵਾਲੇ ਵਿਚਾਰਾਂ ਦਾ ਢੇਰ ਲੱਗਿਆ ਹੋਇਆ ਹੈ। ਸਭ ਦੇ ਅੰਦਰ ਅਗਿਆਨਤਾ ਵਾਲੇ ਵਿਚਾਰ ਹੀ ਉਪਜਦੇ ਹਨ, ਮਾਇਆ ਮੋਹ ਵਾਲੇ ਵਿਚਾਰ ਹੀ ਉਪਜਦੇ ਹਨ ਜੋ ਸਾਡੇ ਆਤਮਿਕ ਜੀਵਨ ਨੂੰ ਭਸਮ ਕਰਦੇ ਹਨ। ਆਪਣੇ ਅੰਦਰ ਤਾਂ ਪਹਿਲਾਂ ਹੀ ਅਗਿਆਨਤਾ ਹੁੰਦੀ ਹੈ ਤੇ ਇੱਧਰੋਂ ਉਧਰੋਂ, ਲੋਕਾਂ ਕੋਲੋਂ ਅਸੀਂ ਅਗਿਆਨਤਾ ਹੀ ਇੱਕਠੀ ਕਰਦੇ ਹਾਂ ਭਾਵ ਆਪਣੇ ਅੰਦਰ ਭਸਮ ਦੀ ਢੇਰੀ ਇੱਕਠੀ ਕਰਦੇ ਹਾਂ। ਇਹ ਭਸਮ ਹੀ ਸਾਡੇ ਅੰਦਰ ਦੀ ਖਾਕ ਹੈ ਭਾਵ ਬਹੁਤ ਨੀਚ ਮਤਿ ਹੈ ਜੋ ਖਾਕ ਅਸੀਂ ਉਡਾਉਂਦੇ ਰਹਿੰਦੇ ਹਾਂ ਭਾਵ ਸੰਸਾਰ ਵਿਚ ਵੰਡਦੇ ਰਹਿੰਦੇ ਹਾਂ। ਜੋ ਬਹੁਤੀ ਖਾਕ ਉਡਾਉਂਦਾ ਹੈ ਭਾਵ ਜੋ ਬਹੁਤੀ ਅਗਿਆਨਤਾ ਵਾਲੀ ਭਗਤੀ ਦਾ ਪ੍ਰਚਾਰ ਕਰਦਾ ਹੈ, ਮਾਇਆ ਮੋਹ ਦਾ ਪ੍ਰਚਾਰ ਕਰਦਾ ਹੈ ਉਹ ਅਨੇਕਾਂ ਨੂੰ ਆਪਣੀ ਮਤਿ ਦੇ ਨਾਲ ਰਲਾਉਂਦਾ ਹੈ, ਅਗਿਆਨਤਾ ਦੇ ਨਾਲ ਰਲਾਉਂਦਾ ਹੈ ਤੇ ਸਭ ਪਾਸੇ ਇਹ ਖਾਕ ਇਸੇ ਤਰੀਕੇ ਹੀ ਫੈਲਦੀ ਹੈ, ਅਗਿਆਨਤਾ ਵਾਲੀ ਭਗਤੀ ਦੀ ਸਮਝ ਇਸੇ ਤਰੀਕੇ ਹੀ ਫੈਲਦੀ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ

ਸਕਦਾ ਹੈ। ਭਗਤੀ ਦਾ ਮਾਰਗ ਤਾਂ ਮਾਇਆ ਦੇ ਰਸਾਂ ਵਿੱਚੋਂ ਨਿਕਲਣ ਦਾ ਹੈ ਪਰ ਹਰ ਕੋਈ ਉਹੋ ਜਿਹੀ ਭਗਤੀ ਨਾਲ ਜੁੜਿਆ ਹੋਇਆ ਹੈ ਜੋ ਕੁਝ ਅਸੀਂ ਅਗਿਆਨੀਆਂ ਦੀ ਮਤਿ ਰਾਹੀਂ ਸਿੱਖਦੇ ਹਾਂ। **(ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥)**

ਅਸੀਂ ਇਸ ਮਨ ਦੀ ਖਾਕ ਰੂਪ ਮਤਿ ਵਿੱਚੋਂ ਭਾਵ ਮਨ ਦੀ ਮੈਲ ਵਿੱਚੋਂ, ਅਗਿਆਨਤਾ ਰੂਪ ਮੈਲ ਵਿੱਚੋਂ ਨਿਕਲਣਾ ਕਿਵੇਂ ਹੈ ਭਾਵ ਭਗਤੀ ਦਾ ਸੱਚਾ ਮਾਰਗ ਸਮਝਣਾ ਕਿੱਥੋਂ ਹੈ ਇਹ ਗੱਲ ਸਾਨੂੰ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥”

ਗੁਰੂ ਦੇ ਸ਼ਬਦ ਦਾ ਮਕਸਦ ਸਾਨੂੰ ਮਨ ਦੀ ਮੈਲ ਵਿੱਚੋਂ ਕੱਢਣ ਦਾ ਹੀ ਹੈ, ਖਾਕ ਰੂਪ ਮੈਲ ਵਿੱਚੋਂ ਕੱਢਣ ਦਾ ਹੀ ਹੈ। ਗੁਰੂ ਦਾ ਸ਼ਬਦ ਸੱਚੇ ਗਿਆਨ ਦਾ ਸ੍ਰੋਤ ਹੈ ਤੇ ਉਹ ਸਾਡੇ ਅੰਦਰੋਂ ਅਗਿਆਨਤਾ ਰੂਪ ਮੈਲ ਨੂੰ ਹੀ ਕੱਢਦਾ ਹੈ ਤੇ ਉਹ ਮੈਲ ਤਾਂ ਹੀ ਨਿਕਲਦੀ ਹੈ ਜੇਕਰ ਅਸੀਂ ਸ਼ਬਦ ਦੀ ਗੱਲ ਨੂੰ ਮੰਨਾਂਗੇ ਭਾਵ ਜੇਕਰ ਸਾਰਾ ਦਿਨ ਸ਼ਬਦ-ਸ਼ਬਦ ਰੱਟੀ ਜਾਵਾਂਗੇ ਤਾਂ ਕੀ ਫਿਰ ਸਾਡੇ ਅੰਦਰ ਦੀ ਮੈਲ ਧੁੱਪ ਜਾਵੇਗੀ ਤੇ ਸਾਨੂੰ ਭਗਤੀ ਦੀ ਸੱਚੀ ਸਮਝ ਪੈ ਜਾਵੇਗੀ ਭਾਵ ਨਹੀਂ ਪੈ ਸਕਦੀ। ਸ਼ਬਦ ਦੀ ਮਤਿ ਨਾਲ ਅਸੀਂ ਤਾਂ ਹੀ

ਜੁੜਦੇ ਹਾਂ ਜਦੋਂ ਅਸੀਂ ਸ਼ਬਦ ਦੀ ਮਤਿ ਨੂੰ ਮੰਨਦੇ ਹਾਂ। ਸ਼ਬਦ ਦੀ ਗੱਲ ਨੂੰ ਮੰਨਣ ਵਾਲਾ ਫਿਰ ਅਗਿਆਨੀਆਂ ਦੀ ਮਤਿ ਨਾਲ ਨਹੀਂ ਜੁੜ ਸਕਦਾ, ਮਾਇਆ ਧਨ ਨਾਲ ਨਹੀਂ ਜੁੜ ਸਕਦਾ, ਖਾਕ ਵਾਲੀ ਮਤਿ ਨਾਲ ਨਹੀਂ ਜੁੜ ਸਕਦਾ ਜੋ ਖਾਕ ਅਗਿਆਨੀਆਂ ਨੇ ਸਭ ਪਾਸੇ ਉਡਾਈ ਹੋਈ ਹੈ, ਸਦੀਆਂ ਤੋਂ ਉਡਾਉਂਦੇ ਆ ਰਹੇ ਹਨ ਤੇ ਹੁਣ ਵੀ ਉਡਾ ਰਹੇ ਹਨ। ਗੁਰਬਾਣੀ ਦਾ ਮਕਸਦ ਸਾਨੂੰ ਖਾਕ ਵਾਲੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਗਤੀ ਦੇ ਸੱਚੇ ਮਾਰਗ ਨਾਲ ਜੁੜ ਸਕੀਏ ਜੋ ਕਿ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਕੇ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ, ਗੁਰਮਤਿ ਅਨੁਸਾਰ ਆਪਣੇ ਜੀਵਨ ਵਿੱਚ ਵਿਚਰਨ ਦਾ ਹੀ ਹੈ, ਔਗੁਣਾਂ ਤੋਂ

ਰਹਿਤ ਹੋ ਕੇ ਗੁਣਾਂ ਅਨੁਸਾਰ ਵਿਚਰਨ ਦਾ ਹੀ ਹੈ, ਗੁਰੂ ਪ੍ਰਮਾਤਮਾ ਦੇ ਭਾਣੇ ਅਨੁਸਾਰ ਵਿਚਰਨ ਦਾ ਹੀ ਹੈ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਕੇਵਲ ਕਥਨੀ ਕਰੀ ਜਾਣ ਦਾ ਜਿਵੇਂ ਕਿ ਸਭ ਪਾਸੇ ਪ੍ਰਚਾਰ ਕੀਤਾ ਜਾਂਦਾ ਹੈ। **(ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥)**

{ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥
ਸਬਦਿ ਰਤੇ ਸਦਾ ਸੁਖੁ ਹੋਈ ॥੧॥ ਐਸਾ ਗਿਆਨੁ ਪਦਾਰਥੁ ਨਾਮੁ ॥
ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥ ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥
ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥ ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥
ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥
ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥
ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥
ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}

(ਅੰਗ ੮੩੧)

ਉਪਰ ਸ਼ਬਦ ਦੇ ਪ੍ਰਮਾਣ ਦੁਆਰਾ ਸਾਨੂੰ ਨਾਮ ਹੀ ਸਮਝਾਇਆ ਹੋਇਆ ਹੈ ਭਾਵ ਨਾਮ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਸੱਚੇ ਸੁੱਚੇ ਕਰਮ ਕਰਨ ਦਾ ਹੈ ਜੋ ਕਿ ਕਥਨੀ ਦੁਆਰਾ ਨਹੀਂ ਕਰਨੀ ਦੁਆਰਾ ਹੁੰਦੇ ਹਨ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੱਚੀ ਸਿੱਖਿਆ ਨਾਲ ਜੋੜਨ ਦਾ ਹੀ ਹੈ ਭਾਵ ਨਾਮ ਦੇ ਨਾਲ ਜੋੜਨ ਦਾ ਹੀ ਹੈ, ਹਉਮੈ ਵਿੱਚੋਂ, ਮਾਇਆ ਮੋਹ ਵਿੱਚੋਂ, ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਉਹੋ ਜਿਹੀ ਭਗਤੀ ਨਾਲ ਜੁੜੀਏ ਜੋ ਗੁਰੂ ਪ੍ਰਮਾਤਮਾ ਨੂੰ ਭਾਉਂਦੀ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਾਂ ਤਦ ਤੱਕ ਹਰ ਕੋਈ ਗੁਰਮਤਿ ਤੋਂ ਬਾਹਰ ਹੈ ਭਾਵ ਦੁਰਮਤਿ ਵਿੱਚ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੇ ਗੁਣ ਤਾਂ ਗਾਉਂਦੇ ਹਾਂ ਪਰ ਕਥਨੀ ਦੁਆਰਾ ਗਾਉਂਦੇ ਹਾਂ ਜੋ ਕਿ ਪ੍ਰਮਾਤਮਾ ਦੇ ਗੁਣ ਗਾਉਂਣੇ ਨਹੀਂ ਹਨ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥
ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥”

ਉਪਰ ਪਹਿਲੀਆਂ ਦੋ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਧਰਮ ਗ੍ਰੰਥਾਂ ਦਾ ਮਕਸਦ ਕੀ ਹੈ, ਧਰਮ ਗ੍ਰੰਥਾਂ ਨੂੰ ਗਾਉਂਣ ਦਾ ਮਕਸਦ ਕੀ ਹੈ ਭਾਵ ਉਨ੍ਹਾਂ ਨੂੰ ਕਿਸ

ਮਕਸਦ ਲਈ ਗਾਇਆ ਜਾਂਦਾ ਹੈ। ਅਸੀਂ ਧਰਮ ਗ੍ਰੰਥਾਂ ਦੇ ਸ਼ਬਦਾਂ ਨੂੰ ਕਥਨੀ ਕਰਨ ਦੁਆਰਾ ਗਾਉਂਦੇ ਹਾਂ, ਗੀਤ ਦੇ ਰੂਪ ਵਿੱਚ ਗਾਉਂਦੇ ਹਾਂ, ਰਾਗ ਦੇ ਵਿੱਚ ਗਾਉਂਦੇ ਹਾਂ, ਤਾਲ ਵਜਾਉਂਣ ਦੁਆਰਾ ਗਾਉਂਦੇ ਹਾਂ ਤੇ ਇਸੇ ਨੂੰ ਹੀ ਗੁਰੂ ਪ੍ਰਮਾਤਮਾ ਦੇ ਗੁਣ ਗਾਉਂਣੇ ਸਮਝਦੇ ਹਾਂ ਜਿਵੇਂ ਕਿ ਹਰ ਪਾਸੇ ਸਮਝਿਆ ਜਾਂਦਾ ਹੈ, ਆਪਣੀ ਆਪਣੀ ਧਾਰਮਿਕ ਆਸਥਾ ਦੁਆਰਾ ਸਮਝਿਆ ਜਾਂਦਾ ਹੈ। ਸਾਡੇ ਇਹੋ ਜਿਹੇ ਗੁਣ ਗਾਉਂਣ ਨੂੰ ਕੂੜ ਦੱਸਿਆ ਹੋਇਆ ਹੈ ਭਾਵ ਝੂਠੇ ਗੁਣ ਗਾਉਣੇ ਦੱਸਿਆ ਹੋਇਆ ਹੈ ਭਾਵ ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣਾ ਤੇ ਉਸੇ ਨੂੰ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਸਮਝਣਾ ਸਾਡੇ ਅੰਦਰ ਦਾ ਝੂਠ ਹੈ ਭਾਵ ਸਾਡੀ ਨਾਸਮਝੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸ਼ਬਦਾਂ ਨੂੰ ਗਾਉਂਣਾ ਚੰਗੀ ਗੱਲ ਹੈ ਪਰ ਸ਼ਬਦਾਂ ਨੂੰ ਗਾਉਂਣ ਦੇ ਮਕਸਦ ਨੂੰ ਸਮਝਣਾ ਅਸਲ ਗੱਲ ਹੈ। ਸਾਨੂੰ ਅਸਲ ਭਗਤੀ ਸ਼ਬਦਾਂ ਦੀ ਸਿੱਖਿਆ ਦੁਆਰਾ ਮਿਲਦੀ ਹੈ ਤੇ ਸਿੱਖਿਆ ਦੇ ਨਾਲ ਜੁੜਨ ਦੁਆਰਾ ਹੀ ਸਾਨੂੰ ਸ਼ਬਦ ਦੇ ਅੰਦਰ ਸਮਝਾਏ ਹੋਏ ਸੱਚ ਦੀ ਸਮਝ ਪੈਂਦੀ ਹੈ ਕਿ ਸਾਨੂੰ ਗੁਰੂ ਨੇ ਸਿੱਖਿਆ ਕੀ ਦਿੱਤੀ ਹੈ। ਉਪਰ

ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਹਰ ਕੋਈ ਤ੍ਰੈ ਗੁਣਾਂ ਵਾਲੀ ਮਤਿ ਦੇ ਵਿੱਚ ਹੈ, ਮਾਇਆ ਮੋਹ ਵਾਲੀ ਮਤਿ ਦੇ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਦੇ ਵਿੱਚ ਹੈ ਜਿਸ ਕਰਕੇ ਅਸੀਂ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਤੇ ਮਨ ਦੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੀ ਸਾਡੀ ਪ੍ਰਮਾਤਮਾ ਦੇ ਨਾਲੋਂ ਦੂਰੀ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਮਨ ਦੀ ਇਸ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਕੱਢਣ ਦਾ ਹੈ, ਅਗਿਆਨਤਾ ਰੂਪ ਮਾਇਆ ਮੋਹ ਵਾਲੀ ਮਤਿ ਵਿੱਚੋਂ ਕੱਢਣ ਦਾ ਹੈ ਜੋ ਕਿ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਸ਼ਬਦਾਂ ਦੀ ਸਿੱਖਿਆ ਨੂੰ ਮੰਨਾਂਗੇ ਭਾਵ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣਾ ਸਾਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਹੀਂ ਕੱਢ ਸਕਦਾ ਭਾਵ ਸਾਡੀ ਪ੍ਰਮਾਤਮਾ ਨਾਲੋਂ ਦੂਰੀ ਨਹੀਂ ਮਿੱਟ ਸਕਦੀ। ਜਦ ਤੱਕ ਅਸੀਂ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਿਆ ਹੋਇਆ ਹੈ ਜਿਵੇਂ ਕਿ ਹਰ ਕੋਈ ਸਮਝਦਾ ਹੈ ਇਹ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੀ ਹੈ ਭਾਵ ਸਾਡੇ ਅੰਦਰ ਦੇ ਭਰਮ ਰੂਪ ਵਿਚਾਰ ਹੀ ਹਨ ਜੋ ਸਾਨੂੰ ਇਹ ਸਮਝਾਉਂਦੇ ਹਨ ਕਿ ਅਸੀਂ ਇੱਕ ਮਨੁੱਖ ਹਾਂ ਜਿਸ ਕਰਕੇ ਅਸੀਂ ਜਨਮ ਮਰਨ ਵਿੱਚ ਹਾਂ। ਅਸਲ ਵਿੱਚ ਅਸੀਂ ਮਨੁੱਖੀ ਰੂਪ ਵਿੱਚ ਹੁੰਦੇ ਹੋਏ ਪ੍ਰਮਾਤਮਾ ਦਾ ਹੀ ਰੂਪ ਹਾਂ

44/5695

ਜਿਸਦੀ ਸਮਝ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ। ਸ਼ਬਦਾਂ ਦੀ ਕਥਨੀ ਕਰੀ ਜਾਣ ਦੁਆਰਾ ਅਸੀਂ ਕਦੇ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਹੀਂ ਨਿਕਲ ਸਕਦੇ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਚੌਥੇ ਪਦ ਦਾ ਗਿਆਨ ਕੱਢ ਸਕਦਾ ਹੈ। ਧਰਮ ਗ੍ਰੰਥਾਂ ਦੇ ਅੰਦਰ ਚੌਥੇ ਪਦ ਦਾ ਗਿਆਨ ਹੈ ਜੋ ਕਿ ਪ੍ਰਮਾਤਮਾ ਦੇ ਆਪਣੇ ਹੀ ਰਚੇ ਹੋਏ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਧਰਮ ਗ੍ਰੰਥਾਂ ਵਿੱਚ ਨਾਮ ਹੀ ਹੈ ਜੋ ਕਿ ਸੱਚ ਰੂਪ ਗਿਆਨ ਹੈ, ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਗਿਆਨ ਹੈ ਜਿਸਦਾ ਮਕਸਦ ਹੀ ਸਾਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਕੱਢਣ ਦਾ ਹੈ ਭਾਵ ਸੱਚੀ ਭਗਤੀ ਸਮਝਾਉਂਣ ਦਾ ਹੈ ਤਾਂ ਜੋ ਅਸੀਂ ਉਸ ਅਨੁਸਾਰ ਚੱਲ ਸਕੀਏ, ਆਪਣੇ ਜੀਵਨ ਨੂੰ ਸ਼ਬਦਾਂ ਦੀ ਮਤਿ ਅਨੁਸਾਰ ਬਣਾ ਸਕੀਏ ਤੇ ਪ੍ਰਮਾਤਮਾ ਨਾਲੋਂ ਸਾਡੀ ਦੂਰੀ ਇਸ ਤਰੀਕੇ ਹੀ ਮਿੱਟ ਸਕਦੀ ਹੈ ਜੋ ਕਿ ਉਸਦੀ ਆਪਣੀ ਕ੍ਰਿਪਾ ਦੁਆਰਾ ਹੀ ਮਿੱਟਦੀ ਹੈ ਪਰ ਉਸ ਲਈ ਉਦੱਮ ਅਸੀਂ ਹੀ ਕਰਨਾ ਹੈ। ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣਾ, ਸਾਜ ਵਜਾਈ ਜਾਣਾ ਤੇ ਉਸੇ ਨੂੰ ਹੀ ਭਗਤੀ ਸਮਝੀ ਜਾਣਾ ਸਾਡਾ ਕੇਵਲ ਭਰਮ ਹੈ ਭਾਵ ਸਾਡੀ ਝੂਠੀ ਸਮਝ ਹੈ। **(ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥)**

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥}

(ਅੰਗ ੫੬)

{ਫੀਲੁ ਰਬਾਬੀ ਬਲਦੁ ਪਖਾਵਜ ਕਉਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥੧॥
ਰਾਜਾ ਰਾਮ ਕਕਰੀਆ ਬਰੇ ਪਕਾਏ ॥ ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥}

(ਅੰਗ ੪੭੭)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

ਹਰ ਕੋਈ ਭਾਵ ਪੂਰਾ ਸੰਸਾਰ ਤ੍ਰੈ ਗੁਣਾਂ ਵਾਲੀ ਮਤਿ ਦੁਆਰਾ ਹੀ ਵਿਚਰਦਾ ਹੈ ਜਿਸ ਕਰਕੇ ਸਭ ਦੀ ਪ੍ਰਮਾਤਮਾ ਨਾਲੋਂ ਦੂਰੀ ਬਣੀ ਰਹਿੰਦੀ ਹੈ। ਜਿੱਥੇ ਤ੍ਰੈ ਗੁਣ ਹਨ ਉੱਥੇ ਗੁਰਮਤਿ

44/5696

ਨਹੀਂ ਹੁੰਦੀ ਭਾਵ ਗੁਰਮਤਿ ਦੀ ਪੂਰੀ ਸੋਝੀ ਨਹੀਂ ਹੁੰਦੀ। ਪ੍ਰਮਾਤਮਾ ਦੇ ਨਾਲ ਸਾਡਾ ਪਰਦਾ ਮਨ ਦੇ ਵਿੱਚ ਗੁਰਮਤਿ ਰੂਪ ਗਿਆਨ ਵੱਸਣ ਦੁਆਰਾ ਹੀ ਦੂਰ ਹੁੰਦਾ ਹੈ ਭਾਵ ਸ਼ਬਦਾਂ ਦਾ ਗਿਆਨ ਵੱਸਣ ਦੁਆਰਾ ਹੀ ਦੂਰ ਹੁੰਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ

ਹੀ ਦੂਰ ਹੁੰਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥"

ਉਪਰ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਦਾ ਦਰਦ ਕੀ ਹੈ ਭਾਵ ਮਨ ਦੇ ਦਰਦ ਦਾ ਕਾਰਣ ਕੀ ਹੈ, ਮਨ ਦੇ ਦੁੱਖ ਦਾ ਕਾਰਣ ਕੀ ਹੈ। ਸਾਡੇ ਅੰਦਰ ਦੇ ਦਰਦ ਦਾ ਕਾਰਣ ਪ੍ਰਮਾਤਮਾ ਨਾਲੋਂ ਵਿਛੋੜਾ ਹੀ ਹੈ ਤੇ ਉਸ ਵਿਛੋੜੇ ਦੀ ਵਜ੍ਹਾ ਸਾਡੇ ਅੰਦਰ ਦੁਰਮਤਿ ਦਾ ਹੋਣਾ ਹੈ ਭਾਵ ਗੁਰਮਤਿ ਰੂਪ ਸੱਚੀ ਮਤਿ ਦਾ ਨਾ ਹੋਣਾ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ ਵਿੱਚ ਹਾਂ ਸਾਡੇ ਅੰਦਰ ਦੀ ਇਹ ਮਤਿ ਸਾਨੂੰ ਗੁਰਮਤਿ ਦੀ ਸਮਝ ਤੋਂ ਦੂਰ ਰੱਖਦੀ ਹੈ ਭਾਵ ਦੁਰਮਤਿ ਵਿੱਚ ਰੱਖਦੀ ਹੈ ਜਿਸ ਕਰਕੇ ਅਸੀਂ ਸੱਚ ਦੇ ਮਾਰਗ ਤੇ ਨਹੀਂ ਚੱਲ ਸਕਦੇ ਕਿਉਂਕਿ ਸੱਚ ਦੀ ਸਮਝ ਕੇਵਲ ਗੁਰਮਤਿ ਵੱਸਣ ਦੁਆਰਾ ਪੈਂਦੀ ਹੈ। ਉਸ ਪ੍ਰਮਾਤਮਾ ਦੇ ਗੁਣ ਦੁਰਮਤਿ ਵਿੱਚ ਰਹਿੰਦੇ ਹੋਏ ਨਹੀਂ ਗਾਏ ਜਾਂ ਸਕਦੇ ਭਾਵ ਦੁਰਮਤਿ ਵਿੱਚੋਂ ਨਿਕਲਣ ਦੁਆਰਾ ਹੀ ਗਾਏ ਜਾ ਸਕਦੇ ਹਨ। ਗੁਰਮਤਿ ਵੱਸਣ ਦੁਆਰਾ ਅਸੀਂ ਉਹੀ ਕੁਝ ਕਰਦੇ ਹਾਂ ਜੋ ਗੁਰੂ ਦੀ ਮਤਿ ਸਾਨੂੰ ਸਮਝਾਉਂਦੀ ਹੈ। ਦੁਰਮਤਿ ਵਿੱਚੋਂ ਨਿਕਲ ਕੇ ਗੁਰਮਤਿ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੇ ਗੁਣ ਗਾਉਂਣੇ ਹਨ। ਕੇਵਲ ਕਥਨੀ ਕਰੀ ਜਾਣ ਦੁਆਰਾ ਅਸੀਂ ਮਨ ਦੀ ਦੁਰਮਤਿ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਗੁਰਮਤਿ ਦੇ ਨਾਲ ਨਹੀਂ ਜੁੜ ਸਕਦੇ। ਅਸੀਂ ਦੁਰਮਤਿ ਤੋਂ ਹੀ ਛੁਟਕਾਰਾ ਪਾਉਣਾ ਹੈ ਜਿਸ ਤੋਂ ਛੁੱਟਣ ਲਈ ਅਸੀਂ ਗੁਰਮੁਖਿ ਰੂਪ ਮਤਿ ਨਾਲ ਜੁੜਨਾ ਹੈ ਭਾਵ ਗੁਰੂ ਦੀ ਮਤਿ ਨਾਲ ਜੁੜਨਾ ਹੈ। ਗੁਰੂ ਦੀ ਮਤਿ ਹੀ ਉਹ ਦਾਰੂ ਹੈ ਭਾਵ ਨਾਮ ਰੂਪ ਦਾਰੂ ਹੈ ਜਿਸ ਦੁਆਰਾ ਅਸੀਂ ਆਪਣੀ ਦੁਰਮਤਿ ਤੋਂ ਛੁੱਟ ਸਕਦੇ ਹਾਂ ਭਾਵ ਗੁਰੂ ਦੇ ਦਾਰੂ ਦਾ ਮਕਸਦ, ਨਾਮ ਦਾ ਮਕਸਦ ਸਾਨੂੰ ਮਨ ਦੀ ਮਾੜੀ ਮਤਿ ਵਿੱਚੋਂ ਕੱਢਣ ਦਾ ਹੈ ਜੋ ਸਾਡੇ ਅੰਦਰ ਦੁੱਖ ਦਾ

ਕਾਰਣ ਹੈ, ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਹੈ। ਉਸ ਪ੍ਰਮਾਤਮਾ ਦੇ ਗੁਣ ਗਾਉਣੇ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ ਜੋ ਚੰਗੀ ਕਰਨੀ, ਸੱਚੀ ਸੁੱਚੀ ਕਰਨੀ ਆਪਣੀ ਮਾੜੀ ਮਤਿ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ। **(ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥)**

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ ੨੨੫)

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥}

(ਅੰਗ ੧੦੨੨)

{ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥ ਦੂਜਾ ਕਉਨੁ ਕਹਾ ਨਹੀ ਕੋਈ ॥
ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥ ਦੂਜੀ ਦੁਰਮਤਿ ਆਧੈ ਦੋਇ ॥
ਆਵੈ ਜਾਇ ਮਰਿ ਦੂਜਾ ਹੋਇ ॥੨॥ ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥
ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥
ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥
ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥ ਏਕੋ ਹੁਕਮੁ ਵਰਤੈ ਸਭ ਲੋਈ ॥
ਏਕਸੁ ਤੇ ਸਭ ਓਪਤਿ ਹੋਈ ॥੭॥ ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥
ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥੫॥}

(ਅੰਗ ੨੨੩)

{ਦੁਬਿਧਾ ਦੁਰਮਤਿ ਅਧੁਲੀ ਕਾਰ ॥ ਮਨਮੁਖਿ ਭਰਮੈ ਮਝਿ ਗੁਬਾਰ ॥੧॥ ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥

ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥ ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥
ਪਸੂ ਭਏ ਅਭਿਮਾਨੁ ਨ ਜਾਈ ॥੨॥ ਲਖ ਚਉਰਾਸੀਹ ਜੰਤ ਉਪਾਏ ॥ ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥੩॥
ਸਗਲੀ ਭੂਲੈ ਨਹੀ ਸਬਦੁ ਅਚਾਰੁ ॥ ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥ ਗੁਰ ਕੇ ਚਾਕਰ ਠਾਕੁਰ ਭਾਣੇ ॥
ਬਖਸਿ ਲੀਏ ਨਾਹੀ ਜਮ ਕਾਣੇ ॥੫॥ ਜਿਨ ਕੈ ਹਿਰਦੈ ਏਕੋ ਭਾਇਆ ॥ ਆਪੇ ਮੇਲੇ ਭਰਮੁ ਚੁਕਾਇਆ ॥੬॥
ਬੇਮੁਹਤਾਜੁ ਬੇਅੰਤੁ ਅਪਾਰਾ ॥ ਸਚਿ ਪਤੀਜੈ ਕਰਣੈਹਾਰਾ ॥੭॥
ਨਾਨਕ ਭੂਲੇ ਗੁਰੁ ਸਮਝਾਵੈ ॥ ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥}

(ਅੰਗ ੧੧੯੦)

ਕੇਵਲ ਧਰਮ ਗ੍ਰੰਥਾਂ ਦੀ ਕਥਨੀ ਕਰੀ ਜਾਣਾ ਕੇਵਲ ਸਾਡਾ ਭਗਤੀ ਦਾ ਦਿਖਾਵਾ ਹੈ ਤੇ ਅਸਲ ਗੱਲ ਗੁਰੂ ਦੀ ਸਿੱਖਿਆ ਨੂੰ ਮੰਨਣ ਦੀ ਹੈ, ਗੁਰੂ ਦੀ ਨਾਮ ਰੂਪ ਮਤਿ ਨੂੰ ਮੰਨਣ ਦੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥"

44/5698

ਅਸੀ ਆਪਣੇ ਸਰੀਰ ਦੇ ਰੂਪ ਨੂੰ ਕਿਸ ਤਰੀਕੇ ਨਾਲ ਸਜਾਉਂਦੇ ਹਾਂ, ਕਿਹੋ ਜਿਹਾ ਸਜਾਉਂਦੇ ਹਾਂ ਇਸ ਗੱਲ ਦਾ ਪ੍ਰਮਾਤਮਾ ਦੀ ਭਗਤੀ ਦੇ ਨਾਲ ਕੋਈ ਸੰਬੰਧ ਨਹੀਂ ਹੈ। ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ, ਆਪਣੀ ਆਪਣੀ ਬਣਾਈ ਹੋਈ ਮਰਿਯਾਦਾ ਅਨੁਸਾਰ, ਵੱਖਰੀਆਂ ਵੱਖਰੀਆਂ ਸਰੀਰਕ ਪੁਸ਼ਾਕਾਂ ਅਨੁਸਾਰ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਮਝਦਾ ਹੈ ਕਿ ਇਹ ਭਗਤੀ ਦਾ ਬਾਣਾ ਹੈ। ਪ੍ਰਮਾਤਮਾ ਦੀ ਭਗਤੀ ਇਨ੍ਹਾਂ ਗੱਲਾਂ ਨਾਲ ਜੁੜੀ ਹੋਈ ਨਹੀਂ ਹੈ। ਭਗਤੀ ਸਾਡੇ ਮਨ ਦੀ ਸਮਝ ਨਾਲ ਜੁੜੀ ਹੋਈ ਹੈ ਜੋ ਸਮਝ ਅਸੀਂ ਧਰਮ ਗ੍ਰੰਥਾਂ ਨੂੰ ਪੜਨ ਦੁਆਰਾ ਲੈਣੀ ਹੈ ਤੇ ਉਸ ਅਨੁਸਾਰ ਅਮਲ ਕਰਨਾ ਹੈ ਭਾਵ ਸਿੱਖਿਆ ਅਨੁਸਾਰ ਆਪਣੇ ਜੀਵਨ ਨੂੰ ਬਨਾਉਣਾ ਹੈ। ਧਰਮ ਗ੍ਰੰਥਾਂ ਦੀ ਸਿੱਖਿਆ ਸਾਨੂੰ ਸਰੀਰਕ ਸਜਾਵਟ ਨਾਲ ਨਹੀਂ ਜੋੜਦੀ ਬਲਕਿ ਮਨ ਦੀ ਸਜਾਵਟ ਨਾਲ ਜੋੜਦੀ ਹੈ। ਧਰਮ ਗ੍ਰੰਥ ਸਾਡੇ ਲਈ **"ਨਾਟ ਸਾਲਾ"** ਹਨ ਭਾਵ ਸਿੱਖਿਆ ਦੇ ਘਰ ਹਨ ਜਿਨ੍ਹਾਂ ਨੂੰ ਅਸੀਂ ਪੜਨਾ ਹੈ ਤਾਂ ਜੋ ਅਸੀਂ ਗੁਰੂ ਦੀ ਸਿੱਖਿਆ ਨੂੰ ਸਮਝ ਸਕੀਏ ਕਿ ਅਸੀਂ ਪੜਨ ਤੋਂ ਬਾਅਦ ਕੀ ਕਰਨਾ ਹੈ। ਗੁਰੂ ਦੀ ਸਿੱਖਿਆ ਨੂੰ ਪੜਨ ਦਾ ਮਕਸਦ ਆਪਣੇ ਅੰਦਰ ਦੇ ਕ੍ਰੋਧ ਨੂੰ ਦੂਰ ਕਰਨਾ ਹੈ। ਅਸੀਂ ਪਿਆਰ ਉਸ ਗੱਲ ਨਾਲ ਕਰਦੇ ਹਾਂ ਜੋ ਸਾਨੂੰ ਚੰਗੀ ਲੱਗਦੀ ਹੈ। ਸਾਨੂੰ ਮਾਇਆ ਮੋਹ ਚੰਗਾ ਲੱਗਦਾ ਹੈ ਭਾਵ ਪਦਾਰਥਾਂ ਦੇ ਸੁੱਖ ਚੰਗੇ ਲੱਗਦੇ ਹਨ। ਜਦ ਤੱਕ ਸਾਨੂੰ ਮਾਇਆ ਮੋਹ ਨਾਲ ਪਿਆਰ ਹੈ ਤਦ ਤੱਕ ਸਾਨੂੰ ਗੁਰੂ ਦੀ ਮਤਿ ਨਾਲ ਪਿਆਰ ਨਹੀਂ ਹੈ ਭਾਵ ਗੁਰੂ ਦੀ ਮਤਿ ਨਾਲ ਅਸੀਂ ਕ੍ਰੋਧ ਕਰਦੇ ਹਾਂ, ਗੁਰੂ ਦੀ ਮਤਿ ਦਾ ਵਿਰੋਧ ਕਰਦੇ ਹਾਂ। ਅਸੀਂ ਮਨ ਦੇ ਇਸ ਕ੍ਰੋਧ ਨੂੰ ਛੱਡਣਾ ਹੈ ਭਾਵ ਆਪਣੇ ਅੰਦਰ ਦੇ ਮਾਇਆ ਮੋਹ ਨੂੰ ਛੱਡਣਾ ਹੈ ਤਾਂ ਜੋ ਧਰਮ ਗ੍ਰੰਥਾਂ ਦੇ ਪੜਨ ਦਾ ਮਕਸਦ ਪੂਰਾ ਹੋ ਸਕੇ। ਖਾਲੀ ਧਰਮ ਗ੍ਰੰਥਾਂ ਨੂੰ ਪੜੀ ਜਾਣ ਨਾਲ ਭਾਵ ਕਥਨੀ ਕਰੀ ਜਾਣ ਨਾਲ ਧਰਮ ਗ੍ਰੰਥਾਂ ਦਾ ਮਕਸਦ ਪੂਰਾ ਨਹੀਂ ਹੁੰਦਾ ਭਾਵ ਇਸ ਵਿੱਚ ਕੋਈ ਭਗਤੀ ਨਹੀਂ ਹੈ, ਕੇਵਲ ਭਗਤੀ ਦਾ ਦਿਖਾਵਾ ਹੈ। ਗੁਰੂ ਦੀ ਸਿੱਖਿਆ ਨੂੰ ਪੜ ਕੇ ਉਸਨੂੰ ਨਾ ਮੰਨਣਾ ਭਾਵ ਗੁਰੂ ਦੀ ਮਤਿ ਦੇ ਨਾਲ ਕ੍ਰੋਧਤਾ ਨਾ ਛੱਡਣਾ, ਵਿਰੋਧਤਾ ਨਾ ਛੱਡਣਾ ਹੀ ਨਾਮ ਵਿਸਾਰਨਾ ਹੈ ਭਾਵ ਮਾਇਆ ਮਦ

44/5699

ਪੀਣਾ ਹੈ। ਜਦ ਤੱਕ ਸਾਡੇ ਅੰਦਰ ਮਾਇਆ ਮਦ ਹੈ ਤਦ ਤੱਕ ਹਰ ਕੋਈ ਗੁਰੂ ਦੀ ਭਗਤੀ ਤੋਂ ਬਿਨਾਂ ਹੀ ਹੈ, ਭਗਤੀ ਹੀਣ ਹੀ ਹੈ ਜਿਸਦੇ ਰਹਿੰਦਿਆਂ ਅਸੀਂ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਕਰ ਸਕਦੇ। ਗੁਰੂ ਦੀ ਸਿੱਖਿਆ ਅਨੁਸਾਰ ਆਪਣੇ ਜੀਵਨ ਨੂੰ ਢਾਲੇ ਬਿਨਾਂ ਭਾਵ ਉਸ ਅਨੁਸਾਰ ਵਿਚਰੇ ਬਿਨ੍ਹਾਂ ਭਗਤੀ ਨਹੀਂ ਹੈ ਭਾਵੇਂ ਹਰ ਕੋਈ ਆਪਣੀ ਕਥਨੀ ਨੂੰ ਹੀ, ਬਾਹਰੀ ਦਿਖਾਵਿਆਂ ਨੂੰ ਹੀ ਭਗਤੀ ਦਾ ਮਾਰਗ ਸਮਝੀ ਬੈਠਾ ਹੈ ਭਾਵ ਹਰ ਕੋਈ ਭਗਤੀ ਦਾ ਮਾਰਗ ਸਮਝਣ ਵਿੱਚ ਤੇ ਸਮਝਾਉਂਣ ਵਿੱਚ ਭਰਮ ਵਿੱਚ ਹੀ ਹੈ। ਭਗਤੀ ਦੀ ਸੱਚੀ ਸਮਝ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। **(ਧੋਤੀ ਊਜਲ ਤਿਲਕੁ ਗਲਿ ਮਾਲਾ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥)**

{ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥੧॥
ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥}

(ਅੰਗ ੮੮੭)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

ਜਦ ਤੱਕ ਅਸੀਂ ਗੁਰੂ ਦੀ ਸਿੱਖਿਆ ਨੂੰ ਮੰਨਣ ਤੋਂ ਦੂਰ ਰਹਿੰਦੇ ਹਾਂ ਭਾਵ ਮਾਇਆ ਮੋਹ ਵਿੱਚ ਰਹਿੰਦੇ ਹਾਂ ਤਦ ਤੱਕ ਹਰ ਕਿਸੇ ਨੂੰ ਨਾਮ ਵਿਸਰਿਆ ਹੋਇਆ ਹੈ ਭਾਵ ਤਦ ਤੱਕ ਹਰ ਕਿਸੇ ਨੇ ਗੁਰੂ ਤੋਂ ਮੂੰਹ ਫੇਰਿਆ ਹੋਇਆ ਹੈ। ਗੁਰਮਤਿ ਤੋਂ ਮੂੰਹ ਫੇਰਨਾ ਹੀ ਗੁਰੂ ਤੋਂ ਮੂੰਹ ਫੇਰਨਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਤੇ ਗੁਰੂ ਦੀ ਮਤਿ ਨਾ ਮੰਨਣ ਵਾਲਿਆਂ ਨੂੰ, ਮਾਇਆ ਮੋਹ ਭਾਵ ਆਪਣੀ ਮਤਿ ਨਾ ਛੱਡਣ ਵਾਲਿਆਂ ਨੂੰ ਕਿਤਨਾ ਕੂ ਮਾੜਾ ਕਿਹਾ ਹੋਇਆ ਹੈ ਇਸ ਗੱਲ ਨੂੰ ਵੀ ਅਗਲੇ ਪਦੇ ਰਾਹੀਂ ਸਮਝਿਆ ਜਾ ਸਕਦਾ ਹੈ।

“ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥”

44/5700

ਉਪਰਲੀਆਂ ਦੋ ਪੰਗਤੀਆਂ ਰਾਹੀਂ ਸਾਨੂੰ ਕਿਤਨਾ ਕੂ ਮਾੜਾ ਕਿਹਾ ਗਿਆ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਪਰ ਕਿਸ ਲਈ ਮਾੜਾ ਕਿਹਾ ਗਿਆ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਸਾਡੇ ਇਸ ਮਾੜੇਪਨ ਦਾ ਕਾਰਣ ਇਸ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ ਆਪਣੇ ਮਨ ਦੀ ਮਤਿ ਨੂੰ ਨਾ ਛੱਡਣਾ ਹੈ, ਮਾਇਆ ਮੋਹ ਦੇ ਵਿਚਾਰਾਂ ਨੂੰ ਨਾ ਛੱਡਣਾ ਹੈ ਭਾਵ ਸ਼ਬਦਾਂ ਦੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਣਾ ਹੈ, ਆਪਣੇ ਬਾਹਰੀ ਦਿਖਾਵਿਆਂ ਨੂੰ ਹੀ ਭਗਤੀ ਦਾ ਮਾਰਗ ਸਮਝਣਾ ਹੈ। ਭਗਤੀ ਗੁਰੂ ਦੀ ਗੱਲ ਨੂੰ ਮੰਨਣ ਦੇ ਵਿੱਚ ਹੈ ਨਾ ਕਿ ਕਥਨੀ ਦੇ ਵਿੱਚ ਹੈ। ਜਿਸਨੇ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਨਹੀਂ ਵਸਾਇਆ ਭਾਵ ਗੁਰੂ ਦੀ ਗੱਲ ਤੇ ਅਮਲ ਨਹੀਂ ਕੀਤਾ ਉਸਨੇ ਗੁਰੂ ਵੱਲੋਂ ਮੂੰਹ ਫੇਰਿਆ ਹੋਇਆ ਹੈ। ਗੁਰੂ ਦੀ ਗੱਲ ਨੂੰ ਸਾਡੇ ਮਨ ਦੇ ਵਿਚਾਰਾਂ ਨੇ ਮੰਨਣਾ ਹੈ ਜਿਸ ਦੁਆਰਾ ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਹੀ ਸੋਧਣਾ ਹੈ ਜੋ ਸਾਡੇ ਕੋਲੋਂ ਪਸ਼ੂਆਂ ਵਾਲੇ ਕਰਮ ਕਰਾਉਂਦੇ ਹਨ। ਸਾਡੇ ਅੰਦਰ ਇਹ ਪਸ਼ੂਆਂ ਵਾਲੇ ਵਿਚਾਰ ਹੀ, ਮਾੜੇ ਵਿਚਾਰ ਹੀ ਜੋ ਸਾਨੂੰ ਗੁਰੂ ਦੀ ਮਤਿ ਤੋਂ ਦੂਰ ਰੱਖਦੇ ਹਨ, ਨਾਮ ਤੋਂ ਦੂਰ ਰੱਖਦੇ ਹਨ ਇਹੀ ਸਾਡੇ ਅੰਦਰ ਦੀਆਂ ਜੂਨਾਂ ਹਨ ਜਿਨ੍ਹਾਂ ਵਿੱਚ ਸਾਡੇ ਵਿਚਾਰ ਭਉਂਦੇ ਰਹਿੰਦੇ ਹਨ, ਸਾਡੇ ਅੰਦਰ ਦਾ ਮਾਇਆ ਮੋਹ ਸਾਨੂੰ ਭਵਾਉਂਦਾ ਰਹਿੰਦਾ ਹੈ ਭਾਵ ਮਨ ਦੀ ਅਗਿਆਨਤਾ ਸਾਨੂੰ ਮਾੜੇ ਵਿਚਾਰਾਂ ਵਿੱਚ ਭਵਾਉਂਦੀ ਰਹਿੰਦੀ ਹੈ ਜਿਨ੍ਹਾਂ ਵਿੱਚੋਂ ਕੇਵਲ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਨਿਕਲਿਆ ਜਾ ਸਕਦਾ ਹੈ। ਸਾਡੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਬੰਧਨ ਹੈ ਜਿਸ ਰਾਹੀਂ ਪ੍ਰਮਾਤਮਾ ਨੇ ਹਰ ਕਿਸੇ ਨੂੰ ਇਸ ਬੰਧਨ ਦੇ ਵਿੱਚ ਬੰਨਿਆ ਹੋਇਆ ਹੈ ਜਿਸ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ, ਆਪਣੇ ਆਪ ਦੀ ਅਸਲੀਅਤ ਸਮਝਣ ਤੋਂ ਦੂਰ

ਰਹਿੰਦੇ ਹਾਂ ਤੇ ਮਨ ਦੀ ਅਗਿਆਨਤਾ ਕਰਕੇ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ, ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦੇ ਹਾਂ। ਜੂਨਾਂ ਬਾਰੇ ਅਸੀਂ ਲੇਖ ਵਿੱਚ ਅੱਗੇ ਚੱਲ ਕੇ ਵਿਸਥਾਰ ਨਾਲ ਸਮਝਾਂਗੇ। ਸਾਰੀ ਗੱਲ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਵਸਾਉਣ ਦੀ ਹੈ

44/5701

ਭਾਵ ਆਪਣੀ ਮਤਿ ਛੱਡਣ ਦੀ ਹੈ, ਮਾਇਆ ਮੋਹ ਛੱਡਣ ਦੀ ਹੈ, ਹਉਮੈ ਛੱਡਣ ਦੀ ਹੈ, ਤ੍ਰੈ ਗੁਣਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦੀ ਹੈ ਜਿਸ ਵਿੱਚੋਂ ਕੇਵਲ ਤੇ ਕੇਵਲ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਨਿਕਲਿਆ ਜਾ ਸਕਦਾ ਹੈ ਨਾ ਕਿ ਸ਼ਬਦਾਂ ਦੀ ਕਥਨੀ ਕਰੀ ਜਾਣ ਦੁਆਰਾ, ਕਿਸੇ ਅੱਖਰ ਦੀ ਕਥਨੀ ਕਰੀ ਜਾਣ ਦੁਆਰਾ ਜਿਸਨੂੰ ਭਗਤੀ ਦਾ ਮਾਰਗ ਸਮਝਣਾ ਕੇਵਲ ਸਾਡਾ ਭਰਮ ਹੈ, ਭਗਤੀ ਦਾ ਦਿਖਾਵਾ ਹੈ ਜਦ ਕਿ ਅਸਲ ਵਿੱਚ ਇਹ ਗੁਰੂ ਤੋਂ ਮੂੰਹ ਫੇਰਨ ਵਾਲੀ ਗੱਲ ਹੈ, ਸੱਚ ਤੋਂ ਮੂੰਹ ਫੇਰਨ ਵਾਲੀ ਗੱਲ ਹੈ, ਨਾਮ ਤੋਂ ਮੂੰਹ ਫੇਰਨ ਵਾਲੀ ਗੱਲ ਹੈ, ਹਉਮੈ ਨਾ ਛੱਡਣ ਵਾਲੀ ਗੱਲ ਹੈ, ਮਨਹਠ ਨਾ ਛੱਡਣ ਵਾਲੀ ਗੱਲ ਹੈ। **(ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥)**

ਸਾਰੀ ਗੱਲ ਗੁਰੂ ਦੇ ਹੁਕਮ ਨੂੰ ਮੰਨਣ ਦੀ ਹੈ ਭਾਵ ਗੁਰੂ ਦੇ ਉਪਦੇਸ਼ ਨੂੰ, ਗੁਰੂ ਦੀ ਸਿੱਖਿਆ ਨੂੰ ਮੰਨਣ ਦੀ ਹੈ ਜਿਸ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਗੇ ਬਣ ਸਕਦੇ ਹਾਂ, ਪ੍ਰਮਾਤਮਾ ਦੇ ਨਾਮ ਵਾਲੇ ਬਣ ਸਕਦੇ ਹਾਂ, ਗੁਰੂ ਦੀ ਸੇਵਾ ਵਾਲੇ ਬਣ ਸਕਦੇ ਹਾਂ ਜਿਵੇਂ ਕਿ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥

ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥”

ਉਪਰਲੇ ਪਦੇ ਰਾਹੀਂ ਸਾਨੂੰ ਬੜੇ ਹੀ ਸਪਸ਼ਟ ਤਰੀਕੇ ਨਾਲ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ, ਪ੍ਰਮਾਤਮਾ ਦੇ ਦਰ ਤੋਂ ਖੁਸ਼ੀ ਲੈਣ ਦਾ ਤਰੀਕਾ, ਆਪਣੇ ਇਸ ਜੀਵਨ ਨੂੰ ਸਫਲ ਕਰਨ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਦੇ ਹੁਕਮ ਨੂੰ ਮੰਨਣ ਦਾ ਹੀ ਹੈ। ਸਾਰੀ ਗੁਰਬਾਣੀ ਵਿੱਚ, ਧਰਮ ਗ੍ਰੰਥਾਂ ਵਿੱਚ ਗੁਰੂ, ਪ੍ਰਮਾਤਮਾ ਦਾ ਹੁਕਮ ਹੀ ਹੈ ਜਿਸ ਰਾਹੀਂ ਸਾਨੂੰ ਭਗਤੀ ਦਾ ਮਾਰਗ ਸਮਝਾਇਆ ਹੋਇਆ ਹੈ, ਨਾਮ ਸਮਝਾਇਆ ਹੋਇਆ ਹੈ, ਸੱਚੀ ਸਿੱਖਿਆ ਸਮਝਾਈ ਹੋਈ ਹੈ ਜਿਸ

44/5702

ਨੂੰ ਮੰਨਣ ਦੁਆਰਾ ਉਸ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸਦਾ ਨਾਮ ਪਦਾਰਥ ਮਿਲਣ ਦੁਆਰਾ ਸਾਡਾ ਜੀਵਨ ਸਫਲ ਹੁੰਦਾ ਹੈ ਜੋ ਨਾਮ ਉਹ ਪ੍ਰਮਾਤਮਾ ਆਪ ਹੀ ਦਿੰਦਾ ਹੈ, ਮਨ ਦੇ ਅੰਦਰ ਪ੍ਰਗਟ ਹੋਣ ਦੁਆਰਾ ਦਿੰਦਾ ਹੈ। ਪ੍ਰਮਾਤਮਾ ਦਾ ਇਹ ਨਾਮ ਪਦਾਰਥ ਲੈਣਾ ਬਹੁਤ ਔਖਾ ਹੈ ਜੋ ਕਿ ਉਸਦੇ ਕੋਲੋਂ ਸੱਚੀ ਗੁਰਮਤਿ ਦੇ ਰੂਪ ਵਿੱਚ ਮਿਲਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਮਿਲਦਾ ਹੈ ਪਰ ਉਸਦੇ ਲਈ ਸਾਡਾ ਸਭ ਦਾ ਉਦੱਮ ਗੁਰੂ ਦੀ ਸੇਵਾ ਕਰਨਾ ਹੈ। ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੇ ਵਿਚਾਰਾਂ ਨੂੰ ਮੰਨਣਾ ਹੀ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਭਾਵ ਉਸਦੀ ਸਿੱਖਿਆ ਅਨੁਸਾਰ ਵਿਚਰਨਾ ਹੀ ਗੁਰੂ ਦੀ ਸੇਵਾ ਹੈ। ਅਸੀਂ ਗੁਰੂ ਦੀ ਸਿੱਖਿਆ ਤੇ ਚੱਲਣ ਦਾ ਉਦੱਮ ਹੀ ਕਰਨਾ ਹੈ ਤੇ ਉਸਦੀ ਸਿੱਖਿਆ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਨੂੰ ਖੁਸ਼ੀ ਮਿਲਦੀ ਹੈ ਭਾਵ ਪ੍ਰਮਾਤਮਾ ਉਸਤੇ ਹੀ ਖੁਸ਼ ਹੁੰਦਾ ਹੈ ਤੇ ਉਸਨੂੰ ਆਪਣਾ ਨਾਮ ਬਖਸ਼ ਕੇ, ਨਾਮ ਪਦਾਰਥ ਬਖਸ਼ ਕੇ ਕ੍ਰਿਤਾਰਥ ਕਰਦਾ ਹੈ। ਆਪਣਾ ਨਾਮ ਪ੍ਰਮਾਤਮਾ ਆਪਣੀ ਦਰਗਾਹ ਵਿੱਚੋਂ ਹੀ ਦਿੰਦਾ ਹੈ ਜੋ ਉਸਦੀ ਦਰਗਾਹ ਸਾਡਾ ਮਨ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦੋਂ ਪ੍ਰਮਾਤਮਾ ਆਪਣਾ ਨਾਮ ਦੇ ਦਿੰਦਾ ਹੈ ਭਾਵ ਗੁਰਮਤਿ ਰੂਪ ਪੂਰੀ ਸੋਝੀ ਦੇ ਦਿੰਦਾ ਹੈ ਫਿਰ ਉਹ ਉਸਦਾ ਮਨੁੱਖੀ ਰੂਪ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ ਜੋ ਕਿ ਉਸਦੀ ਸੱਚੀ ਭਗਤੀ ਹੈ ਜਿਸ ਕਰਕੇ ਫਿਰ ਉਸਦੀ ਦਰਗਾਹ ਵਿੱਚ ਪੁੱਛ ਨਹੀਂ ਹੁੰਦੀ ਭਾਵ ਉਸਨੂੰ ਕਿਸੇ ਗੱਲੋਂ ਮਾੜਾ ਨਹੀਂ ਸਮਝਿਆ ਜਾਂਦਾ। ਉਹ ਮਨ ਦੇ ਲੇਖਾਂ ਤੋਂ ਬਾਹਰ ਹੋ ਜਾਂਦਾ ਹੈ ਭਾਵ ਮਾਇਆ ਮੋਹ ਵਾਲੇ ਲੇਖਾਂ ਵਿੱਚੋਂ ਬਾਹਰ ਹੋ ਜਾਂਦਾ ਹੈ, ਆਵਾਗਉਂਣ ਵਾਲੇ ਵਿਚਾਰਾਂ ਵਿੱਚੋਂ ਨਿਕਲ ਜਾਂਦਾ ਹੈ। ਉਹ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਵਿਚਰਦਾ ਹੈ ਜਿਵੇਂ ਕਿ ਉਸਦੇ ਭਗਤ ਵਿਚਰੇ ਹਨ, ਗੁਰੂ ਸਾਹਿਬਾਨ ਵਿਚਰੇ ਹਨ, ਗੁਰਬਾਣੀ ਦੀ ਰਚਨਾ ਕਰਨ ਵਾਲੇ ਵਿਚਰੇ ਹਨ, ਉਸ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ, ਗੁਰਮਤਿ ਦੀ ਸੱਚੀ ਸੋਝੀ ਪੈਣ ਦੁਆਰਾ ਵਿਚਰੇ ਹਨ ਜੋ ਸੋਝੀ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਆਪਣਾ ਨਾਮ ਬਖਸ਼ਣ

ਦੁਆਰਾ ਪਾਉਂਦਾ ਹੈ। **(ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥)**

44/5703

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥ ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥ ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ ੧੦੬੯-੧੦੭੦)

{ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥}

(ਅੰਗ ੨੯)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ॥ ਨਦਰਿ ਕਰੇ ਤਾ ਸਤਿਗੁਰੁ ਮਿਲੈ॥ ਪ੍ਰਣਵਤਿ ਨਾਨਕੁ ਭਵਜਲੁ ਤਰੈ॥੪॥੧੮॥}

(ਅੰਗ ੩੫੪)

{ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥
ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥
ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥
ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥
ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥੧॥}

(ਅੰਗ ੪੪੫)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

{ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥
ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥
ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥੪॥੧੨॥੨੩॥}

(ਅੰਗ ੬੧੫)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਭਾਵ ਪ੍ਰਮਾਤਮਾ ਦਾ ਨਾਮ ਮਿਲੇ ਬਿਨ੍ਹਾਂ ਨਾ ਹੀ ਉਸਦੇ ਹੁਕਮ ਨੂੰ ਪੂਰੀ ਤਰ੍ਹਾਂ ਸਮਝਿਆ

ਜਾ ਸਕਦਾ ਹੈ ਤੇ ਨਾ ਹੀ ਉਸਦੇ ਹੁਕਮ ਅਨੁਸਾਰ ਚੱਲਿਆ ਜਾ ਸਕਦਾ ਹੈ ਭਾਵ ਆਪਣੀ ਭਗਤੀ ਪ੍ਰਮਾਤਮਾ ਆਪ ਹੀ ਪੂਰਨ ਰੂਪ ਵਿੱਚ ਸਮਝਾਉਂਦਾ ਹੈ ਤੇ ਆਪ ਹੀ ਉਸਤੇ ਕਿਸੇ ਨੂੰ ਚਲਾਉਂਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥
ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥"

ਸਤਿਗੁਰ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ਤੇ ਇਸ ਗੱਲ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ। ਸਤਿਗੁਰੂ ਦੇ ਨਾਲ ਮੇਲ ਹੋਏ ਬਿਨ੍ਹਾਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਭਾਵ ਸਤਿਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ ਜੋ ਮਨ ਦੇ ਵਿੱਚੋਂ ਆਪ ਹੀ ਸਾਰਾ ਗਿਆਨ ਦਿੰਦਾ ਹੈ। **(ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥)** ਆਪਣੇ ਅੰਦਰੋਂ ਸਤਿਗੁਰੂ ਰੂਪ ਪ੍ਰਮਾਤਮਾ ਨੂੰ ਜਾਨਣਾ ਹੀ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਪਛਾਨਣਾ ਹੈ ਕਿਉਂਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੇ ਹੁਕਮ ਦੁਆਰਾ ਹੀ ਵਿਚਰਦਾ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਮਨ ਦੇ ਵਿੱਚ ਹਰ ਵੇਲੇ ਚੱਲਦਾ ਰਹਿੰਦਾ ਹੈ ਜਿਸ ਰਾਹੀਂ ਮਨੁੱਖ ਸਭ ਕੁਝ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਕਰਦਾ ਹੈ, ਮਨ ਦੀ ਸਮਝ ਰਾਹੀਂ ਕਰਦਾ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਇਹੀ ਪ੍ਰਮਾਤਮਾ ਦਾ ਸਾਡੇ ਸਭ ਦੇ ਅੰਦਰ ਉਸਦਾ ਹੁਕਮ ਹੈ। ਹਰ ਕੋਈ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਚੱਲਦਾ ਹੈ ਪਰ ਇਸ ਗੱਲ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਹੁਕਮ ਹੀ ਹੈ, ਉਸਦੀ ਪਾਈ ਹੋਈ ਮਾਇਆ ਹੀ ਹੈ ਜੋ ਕਿ ਸਾਨੂੰ ਆਪ ਹੀ ਭਰਮਾਂ ਵਿੱਚ ਪਾ ਕੇ ਰੱਖਦੀ ਹੈ, ਸਾਡੀ ਅਸਲੀਅਤ ਸਮਝਣ ਤੋਂ, ਪ੍ਰਮਾਤਮਾ ਦੀ ਅਸਲੀਅਤ ਸਮਝਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ

ਆਪਣੀ ਖੇਡ ਸਭ ਦੇ ਅੰਦਰ ਇਸੇ ਤਰੀਕੇ ਹੀ ਚਲਾ ਰਿਹਾ ਹੈ, ਮਾਇਆ ਮੋਹ ਦੇ ਰਾਹੀਂ ਹੀ ਚਲਾ ਰਿਹਾ ਹੈ ਜਿਸਨੂੰ ਮਨੁੱਖ ਆਪਣੇ ਆਪ ਕਦੇ ਨਹੀਂ ਸਮਝ ਸਕਦਾ। ਸੱਚ ਦੀ ਸਮਝ ਭਾਵ ਪੂਰਨ ਸੱਚ ਦੀ ਸਮਝ, ਭਗਤੀ ਦੇ

44/5705

ਮਾਰਗ ਦੀ ਸੱਚੀ ਸਮਝ ਪ੍ਰਮਾਤਮਾ ਆਪਣੇ ਮੇਲ ਦੁਆਰਾ ਹੀ ਪਾਉਂਦਾ ਹੈ ਤੇ ਇਸੇ ਲਈ ਉਸਦੇ ਨਾਲ ਮੇਲ ਹੋਏ ਬਿਨ੍ਹਾਂ ਕਿਸੇ ਨੂੰ ਪ੍ਰਮਾਤਮਾ ਦੇ ਹੁਕਮ ਵਿੱਚ ਚੱਲਣ ਦੀ, ਉਸਦੀ ਰਜਾ ਵਿੱਚ ਚੱਲਣ ਦੀ ਸਮਝ ਨਹੀਂ ਪੈਂਦੀ। ਇਹ ਸਮਝ ਚਉਥੇ ਪਦ ਵਿੱਚ ਪਹੁੰਚਣ ਦੁਆਰਾ ਹੀ ਪੈਂਦੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੁਕਮ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰਾਂ ਦੇ ਰੂਪ ਵਿੱਚ ਹੈ ਜਿਨ੍ਹਾਂ ਨੂੰ ਤ੍ਰੈ ਗੁਣਾਂ ਵਾਲੀ ਮਤਿ ਦੁਆਰਾ ਪੂਰਨ ਰੂਪ ਵਿੱਚ ਨਹੀਂ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਉਸਤੇ ਚੱਲਿਆ ਜਾ ਸਕਦਾ ਹੈ। ਪ੍ਰਮਾਤਮਾ ਦੇ ਹੁਕਮ ਅਨੁਸਾਰ ਚੱਲਣਾ ਹੀ ਉਸਦੀ ਰਜਾ ਵਿੱਚ ਰਹਿਣਾ ਹੈ। ਜੋ ਉਸ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਉਸਨੂੰ ਜਾਣ ਲੈਂਦਾ ਹੈ ਫਿਰ ਪ੍ਰਮਾਤਮਾ ਆਪ ਹੀ ਆਪਣਾ ਹੁਕਮ ਸਮਝਾਉਂਦਾ ਹੈ, ਗੁਰਮਤਿ ਰੂਪ ਸੱਚੀ ਸਿੱਖਿਆ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ ਭਾਵ ਆਪਣੀ ਰਜਾ ਵਿੱਚ ਰੱਖਦਾ ਹੈ। **(ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥)**

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥}

(ਅੰਗ ੮)

{ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥
ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ ॥
ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥
ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥}

(ਅੰਗ ੩੭)

{ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥}

(ਅੰਗ ੫੩)

44/5706

{ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ ਜਿਨਾ ਭਾਣੇ ਕਾ ਰਸੁ ਆਇਆ ॥
ਤਿਨ ਵਿਚਹੁ ਭਰਮੁ ਚੁਕਾਇਆ ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥
ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥ ਅੰਮ੍ਰਿਤੁ ਤੇਰੀ ਬਾਣੀਆ ॥
ਤੇਰਿਆ ਭਗਤਾ ਰਿਦੈ ਸਮਾਣੀਆ ॥ ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ॥੧੨॥
ਸਤਿਗੁਰੁ ਮਿਲਿਆ ਜਾਣੀਐ ॥ ਜਿਤੁ ਮਿਲਿਐ ਨਾਮੁ ਵਖਾਣੀਐ ॥
ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥੧੩॥

ਹਉ ਸਤਿਗੁਰ ਵਿਟਹੁ ਘੁਮਾਇਆ ॥ ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥
ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥੧੪॥ ਤੂੰ ਸਭਨਾ ਮਾਹਿ ਸਮਾਇਆ ॥
ਤਿਨਿ ਕਰਤੈ ਆਪੁ ਲੁਕਾਇਆ॥ ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ॥੧੫॥}

(ਅੰਗ ੭੨)

{ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥ ਜੇ ਧਨ ਖਸਮੈ ਚਲੈ ਰਜਾਈ ॥
ਦਰਿ ਘਰਿ ਸੋਭਾ ਮਹਲਿ ਬੁਲਾਈ ॥ ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥੧॥}

(ਅੰਗ ੮੫)

{ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ ॥ ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ ॥
ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥੫॥ ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥
ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥ ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥੬॥}

(ਅੰਗ ੬੬)

{ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥ ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ॥
ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥ ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥
ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥ ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥
ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥੧॥}

(ਅੰਗ ੮੬)

{ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥}

(ਅੰਗ ੮੯)

{ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥
ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥ ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥
ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥
ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥
ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥
ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ ॥੨॥}

(ਅੰਗ ੯੦)

{ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥

ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥}

(ਅੰਗ ੧੦੬)

44/5707

{ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥
ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥ ਮਨਮੁਖੁ ਭੂਲਾ ਠਉਰੁ ਨ ਪਾਏ ॥
ਜਮ ਦਰਿ ਬਧਾ ਚੋਟਾ ਖਾਏ ॥ ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥
ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥ ਪੇਈਅੜੈ ਪਿਰੁ ਜਾਤੋ ਨਾਹੀ ॥
ਝੂਠਿ ਵਿਛੁੰਨੀ ਰੋਵੈ ਧਾਹੀ ॥ ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥
ਪੇਈਅੜੈ ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ ਤਤੁ ਬੀਚਾਰਾ ॥
ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥ ਗੁਰਮੁਖਿ ਬੂਝੈ ਅਕਥੁ ਕਹਾਵੈ ॥
ਸਚੇ ਠਾਕੁਰ ਸਾਚੋ ਭਾਵੈ ॥ ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥}

(ਅੰਗ ੧੦੯)

{ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥ ਅਜਬ ਕੰਮ ਕਰਤੇ ਹਰਿ ਕੇਰੇ ॥
ਇਹੁ ਮਨੁ ਭੂਲਾ ਜਾਂਦਾ ਫੇਰੇ ॥ ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥
ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥ ਕਿਉ ਕਰਿ ਵੇਖਾ ਕਿਉ ਸਾਲਾਹੀ ॥
ਗੁਰ ਪਰਸਾਦੀ ਸਬਦਿ ਸਲਾਹੀ ॥ ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥
ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥}

(ਅੰਗ ੧੧੮)

{ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥੧॥}

(ਅੰਗ ੧੩੯)

{ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥
ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥
ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥
ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥ ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥੧੩॥}

(ਅੰਗ ੧੪੪)

{ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥}

(ਅੰਗ ੧੪੫)

{ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ ॥
ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥}

(ਅੰਗ ੨੦੯)

{ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥}

(ਅੰਗ ੨੦੯)

{ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥
ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ ੨੨੧)

44/5708

{ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥
ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥ ਰਾਹ ਦੋਵੈ ਖਸਮੁ ਏਕੋ ਜਾਣੁ ॥
ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥ ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥੫॥}

(ਅੰਗ ੨੨੩)

{ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥}

(ਅੰਗ ੨੩੨)

{ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥ ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥ ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥ ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥ ਸਾਧਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥

ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦੁਲਭ ਦੇਹ ਕਾ ਕਰਹੁ ਉਧਾਰੁ ॥ ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥
ਪ੍ਰਾਨ ਤਰਨ ਕਾ ਇਹੈ ਸੁਆਉ ॥ ਆਠ ਪਹਰ ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥
ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥੫॥ ਹਲਤੁ ਪਲਤੁ ਦੁਇ ਲੇਹੁ ਸਵਾਰਿ ॥
ਰਾਮ ਨਾਮੁ ਅੰਤਰਿ ਉਰਿ ਧਾਰਿ ॥ ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥
ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥ ਦੂਖੁ ਦਰਦੁ ਮਨ ਤੇ ਭਉ ਜਾਇ ॥ ਸਚੁ ਵਾਪਾਰੁ ਕਰਹੁ ਵਾਪਾਰੀ ॥
ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥
ਤਿਸ ਤੇ ਦੂਰਿ ਕਹਾ ਕੋ ਜਾਇ ॥ ਉਬਰੈ ਰਾਖਨਹਾਰੁ ਧਿਆਇ ॥ ਨਿਰਭਉ ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ ॥
ਚਿੰਤਾ ਜਾਇ ਮਿਟੈ ਅਹੰਕਾਰੁ ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥ ਸਿਰ ਊਪਰਿ ਠਾਢਾ ਗੁਰੁ ਸੂਰਾ ॥
ਨਾਨਕ ਤਾ ਕੇ ਕਾਰਜ ਪੂਰਾ ॥੭॥ ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥ ਦਰਸਨੁ ਪੇਖਤ ਉਧਰਤ ਸ੍ਰਿਸਟਿ ॥
ਚਰਨ ਕਮਲ ਜਾ ਕੇ ਅਨੂਪ ॥ ਸਫਲ ਦਰਸਨੁ ਸੁੰਦਰ ਹਰਿ ਰੂਪ ॥ ਧੰਨੁ ਸੇਵਾ ਸੇਵਕੁ ਪਰਵਾਨੁ ॥
ਅੰਤਰਜਾਮੀ ਪੁਰਖੁ ਪ੍ਰਧਾਨੁ ॥ ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ ਨ ਆਵਤ ਕਾਲੁ ॥
ਅਮਰ ਭਏ ਅਮਰਾ ਪਦੁ ਪਾਇਆ ॥ ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥}

(ਅੰਗ ੨੯੨-੨੯੩)

{ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥}

(ਅੰਗ ੩੦੩)

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

{ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥
ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥

ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥
ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥}

(ਅੰਗ ੩੩੭)

{ਤੇਰਾ ਤਾਨੁ ਤੂਹੈ ਦੀਬਾਨੁ ॥ ਗੁਰ ਕਾ ਸਬਦੁ ਸਚੁ ਨੀਸਾਨੁ ॥ ਮੰਨੇ ਹੁਕਮੁ ਸੁ ਪਰਗਟੁ ਜਾਇ ॥
ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥}

(ਅੰਗ ੩੫੫)

{ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥੧॥ ਤੇਰਾ ਹੁਕਮੁ ਭਲਾ ਤੁਧੁ ਭਾਵੈ ॥
ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥੧॥ ਰਹਾਉ ॥
ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ ॥
ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ ॥੨॥ ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥
ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ ॥੩॥ ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥
ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥੪॥੨॥੩੬॥}

(ਅੰਗ ੩੫੯)

44/5709

{ਬਾਂਛਤ ਨਾਹੀ ਸੁ ਬੇਲਾ ਆਈ ॥ ਬਿਨੁ ਹੁਕਮੈ ਕਿਉ ਬੂਝੈ ਬੁਝਾਈ ॥੧॥
ਠੰਢੀ ਤਾਤੀ ਮਿਟੀ ਖਾਈ ॥ ਓਹੁ ਨ ਬਾਲਾ ਬ੍ਰਿਧਾ ਭਾਈ ॥੧॥ ਰਹਾਉ ॥
ਨਾਨਕ ਦਾਸ ਸਾਧ ਸਰਣਾਈ ॥ ਗੁਰ ਪ੍ਰਸਾਦਿ ਭਉ ਪਾਰਿ ਪਰਾਈ॥੨॥੩੩॥}

(ਅੰਗ ੩੭੮)

{ਹੁਕਮੁ ਬੂਝੈ ਸੋਈ ਪਰਵਾਨੁ ॥ ਸਾਚੁ ਸਬਦੁ ਜਾ ਕਾ ਨੀਸਾਨੁ ॥੩॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥੪॥੮॥੫੯॥}

(ਅੰਗ ੩੮੬)

{ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ ॥੨॥
ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥੩॥}

(ਅੰਗ ੩੯੬)

{ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥
ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥}

(ਅੰਗ ੪੦੦)

{ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥ ਤੀਨ ਭਵਨ ਨਿਹਕੇਵਲ ਗਿਆਨੁ ॥ ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥
ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥}

(ਅੰਗ ੪੧੪)

{ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੂ ॥ ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੂ ॥੩॥}

(ਅੰਗ ੪੧੯)

{ਹੁਕਮੀ ਵਜਹੁ ਲਿਖਾਇ ਆਇਆ ਜਾਣੀਐ ॥ ਲਾਹਾ ਪਲੈ ਪਾਇ ਹੁਕਮੁ ਸਿਵਾਣੀਐ ॥੪॥}

(ਅੰਗ ੪੧੯)

44/5710

{ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥੫॥}

(ਅੰਗ ੪੨੩)

{ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥ ਆਸਾ ਵਿਚਿ ਸੁਤੇ ਕਈ ਲੋਈ ॥
ਸੋ ਜਾਗੈ ਜਾਗਾਵੈ ਸੋਈ ॥੧॥ ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥
ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ ॥੧॥ ਰਹਾਉ ॥}

(ਅੰਗ ੪੨੩-੪੨੪)

{ਤਿਸੁ ਕਿਆ ਦੀਜੈ ਜਿ ਸਬਦੁ ਸੁਣਾਏ ॥ ਕਰਿ ਕਿਰਪਾ ਨਾਮੁ ਮੰਨਿ ਵਸਾਏ ॥
ਇਹੁ ਸਿਰੁ ਦੀਜੈ ਆਪੁ ਗਵਾਏ ॥ ਹੁਕਮੈ ਬੂਝੇ ਸਦਾ ਸੁਖੁ ਪਾਏ ॥੩॥}

(ਅੰਗ ੪੨੪)

{ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ ॥੨॥ ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ ॥
ਆਪੇ ਦੇਇ ਸੁ ਪਾਈਐ ਗੁਰਿ ਬੂਝ ਬੁਝਾਈ ॥੩॥ ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥
ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥ ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥
ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥੫॥ ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ ॥
ਭਗਤਿ ਭੀ ਓਨਾ ਨੋ ਬਖਸੀਅਨੁ ਅੰਤਰਿ ਭੰਡਾਰਾ ॥੬॥ ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥
ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ ॥੭॥ ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ ॥
ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ਹੀ ਨਾਮਿ ਹਉਮੈ ਮਾਰੀ ॥੮॥੫॥੨੭॥}

(ਅੰਗ ੪੨੫)

{ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ ॥
ਹਰਿ ਸੋਹਿਲਾ ਤਿਨ੍ ਸਦ ਸਦਾ ਜੋ ਹਰਿ ਗੁਣ ਗਾਵਹਿ॥
ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥
ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥

ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥
ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥੨॥}

(ਅੰਗ ੪੪੦)

{ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥
ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥
ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥
ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥
ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥੯॥}

(ਅੰਗ ੪੪੧)

{ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥ ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥ ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥}

(ਅੰਗ ੪੬੬)

44/5711

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ ੪੬੬)

{ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥੧੪॥}

(ਅੰਗ ੪੭੦-੪੭੧)

{ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਨੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥}

(ਅੰਗ ੪੭੧)

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥}

(ਅੰਗ ੪੭੨)

{ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥ ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥}

(ਅੰਗ ੪੭੪)

{ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥
ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥੫॥੬॥੮॥}

(ਅੰਗ ੪੯੧)

{ਖੰਡ ਬ੍ਰਹਮੰਡ ਤ੍ੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥
ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥
ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥੭॥
ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥੮॥}

(ਅੰਗ ੫੦੬)

{ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਨੁ ਹੋਇ ਤਾ ਫਲੁ ਪਾਵੈ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥੨॥}

(ਅੰਗ ੫੦੯)

44/5712

{ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥ ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ ॥
ਹੁਕਮੁ ਭੀ ਤਿਨ੍ਾ ਮਨਾਇਸੀ ਜਿਨ੍ ਕਉ ਨਦਰਿ ਕਰੇਇ ॥
ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ ॥੧॥}

(ਅੰਗ ੫੧੦)

{ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ ॥
ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ ॥
ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ ॥ ਹਉ ਤਾ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ ॥

ਨਾਨਕ ਹੁਕਮੁ ਨ ਜਾਤੋ ਖਸਮ ਕਾ ਜਿ ਰਹਾ ਸਚਿ ਸਮਾਇ ॥੧॥}

(ਅੰਗ ੫੧੦-੫੧੧)

{ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਧੈ ਸੁਣੈ ਸੁਭਾਇ ॥
ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ ॥
ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ ॥
ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥
ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ ॥
ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ ॥੨॥}

(ਅੰਗ ੫੧੨)

ਪਉੜੀ ॥

{ਜਿਨਾ ਹੁਕਮੁ ਮਨਾਇਓਨੁ ਤੇ ਪੂਰੇ ਸੰਸਾਰਿ ॥ ਸਾਹਿਬੁ ਸੇਵਨ੍ਹਿ ਆਪਣਾ ਪੂਰੈ ਸਬਦਿ ਵੀਚਾਰਿ ॥
ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥ ਹਰਿ ਕਾ ਮਹਲੁ ਤਿਨ੍ਹੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ॥
ਨਾਨਕ ਗੁਰਮੁਖਿ ਮਿਲਿ ਰਹੇ ਜਪਿ ਹਰਿ ਨਾਮਾ ਉਰ ਧਾਰਿ ॥੧੦॥}

(ਅੰਗ ੫੧੨)

{ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥
ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥
ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥ ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ॥
ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥ ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ॥
ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥ ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥
ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥}

(ਅੰਗ ੫੧੬)

{ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ ॥ ਸਚੋ ਸਚਾ ਸਚੁ ਸਚੁ ਨਿਹਾਰੀਐ ॥
ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ॥ ਸਭਸੈ ਦੇ ਦਾਤਾਰੁ ਜੇਤ ਉਪਾਰੀਐ ॥ ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ॥
ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ ॥ ਪ੍ਰਭ ਜੀਉ ਤੁਧੁ ਧਿਆਏ ਸੋਇ ਜਿਸੁ ਭਾਗੁ ਮਥਾਰੀਐ ॥
ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ ਬਲਿਹਾਰੀਐ ॥੧॥}

(ਅੰਗ ੫੧੮)

{ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥ ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ ॥
ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ ॥ ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥
ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥ ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ ॥

ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ ॥ ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥੧੦॥}

(ਅੰਗ ੫੨੦)

{ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥ ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥
ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥
ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ ॥ ਅੰਤਰਿ ਬਾਹਰਿ ਇਕੁ ਨੈਣ ਅਲੋਵਣਾ ॥
ਜਿਨ੍ੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ ॥ ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ ॥੧੮॥}

(ਅੰਗ ੫੨੩)

44/5713

{ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥੨॥}

(ਅੰਗ ੫੨੩)

{ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥ ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥
ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥ ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥੨॥}

(ਅੰਗ ੫੫੫)

{ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥ ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥
ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ ਨੋ ਕਿਰਪਾ ਕਰੇ ਰਜਾਇ ॥੧॥}

(ਅੰਗ ੫੫੬)

{ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥ ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ ॥੨॥}

(ਅੰਗ ੫੫੮)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

{ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ ॥
ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ ॥
ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥

ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ ॥
ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ ॥
ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ ॥੩॥}

(ਅੰਗ ੫੬੮)

{ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ ॥
ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥
ਹੁਕਮਿ ਮਿਲਾਈ ਸਹਜਿ ਸਮਾਈ ਗੁਰ ਕਾ ਸਬਦੁ ਅਪਾਰਾ ॥
ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥
ਭਉ ਭੰਜਨੁ ਪਾਇਆ ਆਪੁ ਗਵਾਇਆ ਗੁਰਮੁਖਿ ਮੇਲਿ ਮਿਲਾਈ ॥
ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ਹੁਕਮੇ ਰਹਿਆ ਸਮਾਈ ॥੪॥੨॥}

(ਅੰਗ ੫੬੯)

{ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ ॥ ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ ॥
ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ ਨ ਕੋਇ ॥ ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ॥
ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥੧॥}

(ਅੰਗ ੫੮੮)

44/5714

{ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ ॥ ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ॥
ਹੁਕਮੁ ਸਿਞਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ ॥੬॥}

(ਅੰਗ ੬੩੬)

{ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ ॥
ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥੩॥}

(ਅੰਗ ੬੩੯)

{ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥
ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੇ ॥੩॥}

(ਅੰਗ ੬੭੬)

{ਤੁਮ ਸਰਿ ਅਵਰੁ ਨ ਕੋਇ ਆਇਆ ਜਾਇਸੀ ਜੀਉ ॥ ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ ॥
ਗੁਰੁ ਭਰਮੁ ਚੁਕਾਏ ਅਕਥੁ ਕਹਾਏ ਸਚ ਮਹਿ ਸਾਚੁ ਸਮਾਣਾ ॥
ਆਪਿ ਉਪਾਏ ਆਪਿ ਸਮਾਏ ਹੁਕਮੀ ਹੁਕਮੁ ਪਛਾਣਾ॥ ਸਚੀ ਵਡਿਆਈ ਗੁਰ ਤੇ ਪਾਈ ਤੂ ਮਨਿ ਅੰਤਿ ਸਖਾਈ॥
ਨਾਨਕ ਸਾਹਿਬੁ ਅਵਰੁ ਨ ਦੂਜਾ ਨਾਮਿ ਤੇਰੈ ਵਡਿਆਈ ॥੨॥}

(ਅੰਗ ੬੮੮)

{ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥ ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ॥

ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥
ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥
ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥
ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥੧॥}

(ਅੰਗ ੬੯੦)

{ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥}

(ਅੰਗ ੭੨੨)

{ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥੬॥
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥}

(ਅੰਗ ੭੨੫)

44/5715

{ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥
ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥ ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥
ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥
ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ॥ ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ॥
ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥ ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥੭॥}

(ਅੰਗ ੭੫੩-੭੫੪)

{ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥ ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥
ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ ॥
ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੮॥੧॥}

(ਅੰਗ ੭੫੪)

{ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥
ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥ ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥
ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥}

(ਅੰਗ ੭੮੬)

{ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ ॥ ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ ॥

ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥ ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ ॥
ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥੧੨॥}

(ਅੰਗ ੭੯੯)

{ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥
ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥
ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥੪॥੪॥}

(ਅੰਗ ੭੯੩)

ਜੋ ਕੁਝ ਵੀ ਸੰਸਾਰ ਵਿੱਚ ਹੋ ਰਿਹਾ ਹੈ, ਜਿਸ ਰੂਪ ਵਿੱਚ ਵੀ ਹੋ ਰਿਹਾ ਹੈ ਇਹ ਸਭ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਸਾਡੇ ਅੰਦਰ ਵੀ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਜਿਸ ਦੁਆਰਾ ਅਸੀਂ ਸਭ ਕਾਰ ਵਿਹਾਰ ਕਰਦੇ ਹਾਂ ਭਾਵ ਆਪਣੇ ਜੀਵਨ ਵਿੱਚ ਵਿਚਰਦੇ ਹਾਂ। ਸਾਡਾ ਸਰੀਰ ਵੀ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਕੰਮ ਕਰਦਾ ਹੈ ਭਾਵ ਸੰਸਾਰ ਦੀ ਹਰ ਵਿਚਰਨ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਹੁੰਦੀ ਹੈ। ਧਰਤੀ, ਚੰਦ, ਸੂਰਜ, ਸਭ ਖੰਡ, ਬ੍ਰਹਮੰਡ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਵਿਚਰ ਰਹੇ ਹਨ। ਉਸਦੇ ਹੁਕਮ ਦੁਆਰਾ ਹੀ ਹਰ ਆਕਾਰ ਰੂਪ ਬਣਿਆ ਹੈ ਤੇ ਉਸਦੇ ਹੁਕਮ ਦੁਆਰਾ ਹੀ ਸਭ ਕੁਝ ਚੱਲ ਰਿਹਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਦਾ ਹੁਕਮ ਮਨੁੱਖ ਦੇ ਅੰਦਰ ਵਰਤਦਾ ਹੈ ਭਾਵ ਮਨ ਦੇ ਅੰਦਰ ਵਰਤਦਾ ਹੈ ਉਸੇ ਰੂਪ ਵਿੱਚ ਉਹ ਸਭ

ਜਗ੍ਹਾ ਵਰਤਦਾ ਹੈ। ਪ੍ਰਮਾਤਮਾ ਦਾ ਹੁਕਮ ਨਿਰੰਕਾਰ ਰੂਪ ਵਿੱਚ ਵਰਤਦਾ ਹੈ ਜਿਸਦਾ ਆਪਣਾ ਕੋਈ ਆਕਾਰ ਨਹੀਂ ਹੈ ਭਾਵ ਗਿਆਨ ਦੇ ਰੂਪ ਵਿੱਚ ਵਰਤਦਾ ਹੈ, ਪ੍ਰਮਾਤਮਾ ਦੇ ਨਾਮ ਦੇ ਰੂਪ ਵਿੱਚ ਵਰਤਦਾ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਵਰਤਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਵਰਤਦਾ ਹੈ। ਸਭ ਜਗ੍ਹਾ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਹੀ ਵਰਤਦੀ ਹੈ ਤੇ ਪ੍ਰਮਾਤਮਾ ਦੀ ਇਹੀ ਸਾਇੰਸ ਹੀ ਭਾਵ ਸਾਇੰਟਿਫਿਕ ਗਿਆਨ ਹੀ ਪ੍ਰਮਾਤਮਾ ਦਾ ਹੁਕਮ ਹੈ ਜਿਸ ਤੋਂ ਬਾਹਰ ਕੁਝ ਨਹੀਂ ਹੈ। ਸਭ ਕੁਝ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਦੁਆਰਾ ਹੀ ਬਣਿਆ ਹੈ, ਸਾਇੰਸ ਦੁਆਰਾ ਹੀ ਸਭ ਕੁਝ ਚੱਲਦਾ ਹੈ ਤੇ ਸਾਇੰਸ ਦੁਆਰਾ ਹੀ ਆਕਾਰ ਰੂਪ ਬਿਨਸ ਜਾਂਦਾ ਹੈ। ਨਿਰੰਕਾਰ ਰੂਪ ਕਦੇ ਨਹੀਂ ਬਿਨਸਦਾ ਉਹ ਸਦਾ ਹੀ ਥਿਰ ਰਹਿੰਦਾ ਹੈ, ਸੱਚਾ ਗਿਆਨ ਸਦਾ ਹੀ ਥਿਰ ਰਹਿੰਦਾ ਹੈ। ਜਦੋਂ ਅਸੀਂ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝ ਲੈਂਦੇ ਹਾਂ ਉਸ ਰਾਹੀਂ ਪ੍ਰਮਾਤਮਾ ਮਨੁੱਖ ਦੇ ਮਨ ਨੂੰ ਆਪਣੇ ਸੱਚੇ ਗਿਆਨ ਦੁਆਰਾ ਆਪਣਾ ਸੱਚਾ ਹੁਕਮ ਹੀ ਸਮਝਾਉਂਦਾ ਹੈ ਜਿਸ ਰਾਹੀਂ ਉਹ ਮਨੁੱਖ ਦੇ ਵਿਚਾਰਾਂ ਨੂੰ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਕੱਢ ਕੇ ਆਪਣੇ ਸੱਚੇ ਗਿਆਨ ਦੁਆਰਾ ਥਿਰ ਵਿਚਾਰ ਬਣਾਉਂਦਾ ਹੈ ਜੋ ਵਿਚਾਰ ਸਦਾ ਹੀ ਥਿਰ ਰਹਿੰਦੇ ਹਨ ਕਿਉਂਕਿ ਉਹ ਵਿਚਾਰ ਸੱਚੇ ਹੁੰਦੇ ਹਨ, ਮਾਇਆ ਮੋਹ ਤੋਂ ਰਹਿਤ, ਹਰ ਭਰਮ ਤੋਂ ਰਹਿਤ ਹੁੰਦੇ ਹਨ ਜੋ ਵਿਚਾਰ ਕਦੇ ਡੋਲ ਨਹੀਂ ਸਕਦੇ ਭਾਵ ਕਦੇ ਬਦਲ ਨਹੀਂ ਸਕਦੇ ਭਾਵ ਉਹ ਹਰ ਸਮੇਂ ਵਿੱਚ ਸੱਚ ਤੇ ਖਰੇ ਉਤਰਦੇ ਹਨ। ਪੂਰੀ ਗੁਰਬਾਣੀ ਵਿੱਚ ਇਹੋ ਜਿਹੇ ਸੱਚੇ ਵਿਚਾਰ ਹੀ ਹਨ, ਥਿਰ ਰਹਿਣ ਵਾਲੇ, ਕਦੇ ਨਾ ਡੋਲਣ ਵਾਲੇ ਵਿਚਾਰ ਹਨ ਜਿਨ੍ਹਾਂ ਵਿਚਾਰਾਂ ਰਾਹੀਂ ਭਾਵ ਸ਼ਬਦ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਹੁਕਮ ਸੁਣਾਇਆ ਹੈ ਕਿਉਂਕਿ ਗੁਰਬਾਣੀ ਦੀ ਰਚਨਾ ਉਨ੍ਹਾਂ ਸਰੀਰਾਂ ਦੇ ਰਾਹੀਂ ਹੋਈ ਹੈ ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਿਆ ਹੈ, ਮਨ ਦੇ ਵਿਚਾਰਾਂ ਰਾਹੀਂ ਬੁੱਝਿਆ ਹੈ ਜੋ ਹੁਕਮ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਬੁੱਝਾਉਂਦਾ ਹੈ ਤੇ ਮਨੁੱਖ ਨੂੰ ਹਉਮੈ ਵਿੱਚੋਂ ਕੱਢਦਾ ਹੈ ਭਾਵ ਮਨ ਦੇ ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਕੱਢਦਾ ਹੈ, ਮਾਇਆ ਮੋਹ ਵਿੱਚੋਂ ਕੱਢਦਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ

ਕੱਢਦਾ ਹੈ ਜਿਨ੍ਹਾਂ ਵਿਚਾਰਾਂ ਦੇ ਰਹਿੰਦਿਆਂ ਸਾਨੂੰ ਨਾ ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈ ਸਕਦੀ ਹੈ ਤੇ ਨਾ ਹੀ ਉਸਦੇ ਸੱਚੇ ਹੁਕਮ ਦੀ ਸਮਝ ਪੈ ਸਕਦੀ ਹੈ ਭਾਵ ਸੱਚੀ ਭਗਤੀ ਦੀ ਸਮਝ ਪੈ ਸਕਦੀ ਹੈ, ਨਾਮ ਦੀ ਸਮਝ ਪੈ ਸਕਦੀ ਹੈ ਜੋ ਸਮਝ ਪ੍ਰਮਾਤਮਾ ਮਨ

ਦੇ ਵਿੱਚ ਆਪ ਹੀ ਦਿੰਦਾ ਹੈ ਤੇ ਆਪ ਹੀ ਮਨੁੱਖ ਨੂੰ ਉਸ ਅਨੁਸਾਰ ਚਲਾਉਂਦਾ ਹੈ ਭਾਵ ਆਪਣੀ ਰਜਾ ਅਨੁਸਾਰ ਚਲਾਉਂਦਾ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਪਦੇ ਨੂੰ ਹੋਰ ਵੀ ਬਰੀਕੀ ਨਾਲ ਸਮਝ ਸਕਦੇ ਹਾਂ। **(ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥)** ਪ੍ਰਮਾਤਮਾ ਦੇ ਦਰ ਤੇ ਮਨੁੱਖ ਦਾ ਵਾਸਾ ਉਸਦਾ ਹੁਕਮ ਪਛਾਨਣ ਦੁਆਰਾ ਹੀ ਹੁੰਦਾ ਹੈ ਜੋ ਪ੍ਰਮਾਤਮਾ ਦਾ ਦਰ ਸਾਡੇ ਅੰਦਰ ਹੀ ਹੈ ਭਾਵ ਸਾਡਾ ਮਨ ਹੀ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਜਨਮ ਮਰਨ ਦੇ ਗੇੜ ਵਿੱਚੋਂ ਨਿਕਲਦਾ ਹੈ ਜੋ ਜਨਮ ਮਰਨ ਸਾਡੇ ਮਨ ਦੇ ਵਿੱਚ ਹੀ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥”

ਪ੍ਰਮਾਤਮਾ ਦਾ ਹੁਕਮ ਪਛਾਨਣਾ ਕੀ ਹੈ ਇਸ ਗੱਲ ਨੂੰ ਅਸੀਂ ਇਨ੍ਹਾਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਪ੍ਰਮਾਤਮਾ ਦਾ ਹੁਕਮ ਮਨ ਦੇ ਵਿੱਚੋਂ ਹੀ ਪਛਾਣਿਆ ਜਾਂਦਾ ਹੈ ਤੇ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਭਾਵ ਪ੍ਰਮਾਤਮਾ ਦੇ ਦਰ ਤੇ ਮਨੁੱਖ ਦਾ ਵਾਸਾ ਹੁੰਦਾ ਹੈ ਭਾਵ ਉਸਦੇ ਨਾਲ ਮੇਲ ਹੁੰਦਾ ਹੈ ਜੋ ਕਿ ਮਨ ਦੀ ਸਮਝ ਰਾਹੀਂ ਹੁੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਭਾਵ ਮਨ ਦੇ ਗਿਆਨ ਰਾਹੀਂ ਹੁੰਦਾ ਹੈ। ਮਨ ਦੇ ਵਿੱਚ ਆਪਣਾ ਸੱਚਾ ਗਿਆਨ ਪ੍ਰਮਾਤਮਾ ਆਪਣੇ ਸ਼ਬਦਾਂ ਦੁਆਰਾ ਹੀ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਦੂਰ ਹੁੰਦੀ ਹੈ ਜਿਸ ਸਮਝ ਦੇ ਰਹਿੰਦਿਆਂ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਭਾਵ ਆਪਣੀ ਮਨੁੱਖੀ ਹੋਂਦ ਸਮਝਦਾ ਹੈ ਜੋ ਕਿ ਸਾਡੇ ਅੰਦਰ ਦਾ

ਭਰਮ ਹੈ ਭਾਵ ਸਾਡੀ ਹਉਮੈ ਵਾਲੀ ਮਤਿ ਹੈ। ਸਾਡੇ ਅੰਦਰ ਇਹ ਅਗਿਆਨਤਾ ਵਾਲੇ ਵਿਚਾਰ ਹੀ ਸਾਡੇ ਅੰਦਰ ਦੇ **“ਕਾਲ ਬਿਕਾਲ”** ਹਨ ਭਾਵ ਸਾਡੇ ਅੰਦਰ ਦਾ ਜਨਮ ਮਰਨ ਹਨ ਜੋ ਸਾਨੂੰ ਸਾਡਾ ਜਨਮ ਮਰਨ ਸਮਝਾਉਂਦੇ ਹਨ, ਪ੍ਰਮਾਤਮਾ ਤੋਂ ਵੱਖਰਾ ਸਮਝਣ ਦੁਆਰਾ ਸਮਝਾਉਂਦੇ ਹਨ ਜੋ ਕਿ ਅਸਲ ਵਿੱਚ ਅਸੀਂ ਨਹੀਂ ਹਾਂ। ਅਸਲ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਜਿਸਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਸਮਝ ਆਉਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ, ਆਪਣਾ ਹੁਕਮ ਸਮਝਾਉਂਣ ਦੁਆਰਾ ਦਿੰਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਭਾਵ ਉਸਦੀ ਰਜਾ ਅਨੁਸਾਰ ਵਿਚਰਿਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਵਿਚਰੇ ਹਨ, ਉਸਦੇ ਭਗਤ, ਗੁਰੂ ਸਾਹਿਬਾਨ ਵਿਚਰੇ ਹਨ। **(ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥)**

ਜਦ ਤੱਕ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਪਛਾਣਦਾ ਭਾਵ ਆਪਣੇ ਅੰਦਰੋਂ ਨਹੀਂ ਜਾਣਦਾ ਤਦ ਤੱਕ ਹੀ ਮਨੁੱਖ ਆਪਣੀ ਵੱਖਰੀ ਹੋਂਦ ਸਮਝਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਪਛਾਨਣ ਦੁਆਰਾ ਮਨੁੱਖ ਦੀ ਸਮਝ ਹੀ ਬਦਲਦੀ ਹੈ ਤੇ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥
ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥”

ਉਪਰਲੇ ਪਦੇ ਰਾਹੀਂ ਸਾਨੂੰ ਉਸ ਮਨੁੱਖ ਦੀ ਸਮਝ ਬਾਰੇ ਹੀ ਚਾਨਣਾ ਪਾਇਆ ਹੋਇਆ ਹੈ ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ।

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਮਨ ਦੇ ਵਿੱਚੋਂ ਹੀ ਬੁੱਝਿਆ ਜਾਂਦਾ ਹੈ ਜਿੱਥੇ ਪ੍ਰਮਾਤਮਾ ਦਾ ਸਾਡੇ ਅੰਦਰ ਹਰ ਵੇਲੇ ਹੁਕਮ ਚੱਲ ਰਿਹਾ ਹੈ, ਮਨ ਦੇ ਗਿਆਨ ਰਾਹੀਂ ਚੱਲ ਰਿਹਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਪਹਿਲਾਂ ਹਰ ਕੋਈ ਮਾਇਆ ਵਾਲੀ ਮਤਿ ਵਿੱਚ ਹੈ ਭਾਵ ਭਰਮ ਵਾਲੀ ਮਤਿ ਵਿੱਚ ਹੈ ਜਿਸ ਵਿੱਚ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਰੱਖਿਆ ਹੋਇਆ ਹੈ ਭਾਵ ਪ੍ਰਮਾਤਮਾ ਦਾ ਹੁਕਮ ਸਭ ਦੇ ਅੰਦਰ ਮਾਇਆ ਦੇ ਰੂਪ ਵਿੱਚ ਚੱਲ ਰਿਹਾ ਹੈ ਜਿਸਨੂੰ ਕੋਈ ਸਮਝ ਨਹੀਂ ਸਕਦਾ, ਬੁੱਝ ਨਹੀਂ ਸਕਦਾ, ਜਾਣ ਨਹੀਂ ਸਕਦਾ। ਬਾਣੀ ਵਿੱਚ ਬਾਰ-ਬਾਰ ਮਾਇਆ ਤੋਂ ਨਿਰਲੇਪ ਹੋਣ ਦੀ ਗੱਲ ਆਉਂਦੀ ਹੈ, ਮਾਇਆ ਨੂੰ ਤਿਆਗਣ ਦੀ ਗੱਲ ਆਉਂਦੀ ਹੈ ਭਾਵ

ਮਾਇਆ ਤੋਂ **"ਅਤੀਤੁ"** ਰਹਿਣ ਦੀ ਗੱਲ ਆਉਂਦੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਮਨੁੱਖ ਮਨ ਦੀ ਇਸ ਮਾਇਆ ਤੋਂ ਹੀ **"ਅਤੀਤੁ"** ਹੁੰਦਾ ਹੈ ਜੋ ਮਾਇਆ ਸਾਨੂੰ ਬਾਹਰਲੀ ਮਾਇਆ ਦੇ ਨਾਲ ਜੋੜਕੇ ਰੱਖਦੀ ਹੈ। ਮਨ ਦੀ ਮਾਇਆ ਤੋਂ **"ਅਤੀਤੁ"** ਹੋਏ ਬਿਨ੍ਹਾਂ ਭਾਵ ਨਿਰਲੇਪ ਹੋਏ ਬਿਨਾਂ ਅਸੀਂ ਆਪਣੀ ਮਾਇਆ ਰੂਪ ਸਮਝ ਦੁਆਰਾ ਆਪਣੇ ਆਪ ਨੂੰ ਮਨੁੱਖੀ ਰੂਪ ਹੀ ਸਮਝਦੇ ਹਾਂ ਭਾਵ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹਾਂ ਤੇ ਹਰ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਹੀ ਸਮਝਦੇ ਹਾਂ ਜੋ ਕਿ ਕੇਵਲ ਸਾਡੇ ਅੰਦਰ ਦਾ ਭਰਮ ਹੈ, ਸਾਡੇ ਅੰਦਰ ਦੀ ਮਾਇਆ ਹੈ, ਅਗਿਆਨਤਾ ਹੈ ਜੋ ਸਾਨੂੰ ਆਪਣੇ ਆਪ ਦਾ ਸੱਚ ਸਮਝਣ ਤੋਂ, ਸੰਸਾਰ ਦਾ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਮਨ ਦੀ ਮਾਇਆ ਤੋਂ ਨਿਰਲੇਪ ਹੋਣ ਤੋਂ ਬਾਅਦ ਫਿਰ ਸਭ ਵਿੱਚ, ਹਰ ਰੂਪ ਵਿੱਚ ਪ੍ਰਮਾਤਮਾ ਦਾ ਹੀ ਰੂਪ ਨਜਰ ਆਉਂਦਾ ਹੈ, ਸਭ ਵਿੱਚ ਪ੍ਰਮਾਤਮਾ ਦਾ ਹੁਕਮ ਹੀ ਨਜਰ ਆਉਂਦਾ ਹੈ ਜੋ ਕਿ ਸਭ ਦੇ ਅੰਦਰ ਨਿਰੰਕਾਰ ਰੂਪ ਵਿੱਚ ਵਰਤ ਰਿਹਾ ਹੈ, ਗਿਆਨ ਰੂਪ ਵਿੱਚ ਵਰਤ ਰਿਹਾ ਹੈ ਜਿਸਨੂੰ ਕੇਵਲ ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਨਾ ਇਹ ਤਨ ਸਾਡਾ ਹੈ, ਨਾ ਇਹ ਮਨ ਸਾਡਾ ਹੈ ਕਿਉਂਕਿ ਇਹ ਮਨੁੱਖੀ ਸਰੀਰ ਪ੍ਰਮਾਤਮਾ ਦਾ ਆਪਣਾ ਹੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਇਹ ਤਨ ਮਨ ਪ੍ਰਮਾਤਮਾ ਨੂੰ ਨਹੀਂ ਅਰਪਣ ਕੀਤਾ ਜਾ ਸਕਦਾ। ਪ੍ਰਮਾਤਮਾ ਆਪਣੀ ਭਗਤੀ ਦਾ ਸੱਚਾ ਮਾਰਗ

44/5720

ਇਸ ਤਰੀਕੇ ਮਨ ਤਨ ਅਰਪਣ ਕਰਨ ਦੁਆਰਾ ਸਮਝਾਉਂਦਾ ਹੈ, ਆਪਣਾ ਆਪ ਤਿਆਗਣ ਦੁਆਰਾ ਸਮਝਾਉਂਦਾ ਹੈ ਤੇ ਆਪ ਹੀ ਆਪਣੇ ਸੱਚੇ ਮਾਰਗ ਤੇ ਚਲਾਉਂਦਾ ਹੈ ਜਦੋਂ ਸਭ ਵਿੱਚ ਉਹ ਕੇਵਲ ਪ੍ਰਮਾਤਮਾ ਹੀ ਨਜਰ ਆਉਂਦਾ ਹੈ। **(ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥)** ਆਪਣੇ ਅੰਦਰੋਂ ਆਪਣੇ ਆਪ ਨੂੰ ਜਾਣੇ ਬਿਨ੍ਹਾਂ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਹੀ ਸਮਝਦੇ ਹਾਂ ਜੋ ਕਿ ਸਾਡੇ ਅੰਦਰ ਦਾ ਭਰਮ ਹੈ ਭਾਵ ਸਾਡੇ ਅੰਦਰ ਮਾਇਆ ਦੀ ਜੁਗਤਿ ਹੈ। ਜਦੋਂ ਮਨੁੱਖ ਇਸ ਮਾਇਆ ਵਿੱਚੋਂ ਨਿਕਲ ਜਾਂਦਾ ਹੈ ਭਾਵ ਉਸ ਤੋਂ ਨਿਰਲੇਪ ਹੋ ਜਾਂਦਾ ਹੈ ਫਿਰ ਉਹ ਮਨ ਦੀ ਸਮਝ ਰਾਹੀਂ ਉਸ ਪ੍ਰਮਾਤਮਾ ਦੇ ਵਿੱਚ ਸਮਾ ਜਾਂਦਾ ਹੈ। ਉਹ ਪ੍ਰਮਾਤਮਾ ਸਚੁ ਰੂਪ ਹੈ ਜੋ ਆਪਣੇ ਗਿਆਨ ਦੁਆਰਾ ਸੱਚਾ ਹੈ, ਨਾਮ ਦੁਆਰਾ ਸੱਚਾ ਹੈ। ਮਨ ਦੇ ਵਿੱਚ ਮੇਲ ਦੁਆਰਾ ਮਨੁੱਖ ਨੂੰ ਭਰਮਾਂ ਵਿੱਚੋਂ ਉਹ ਆਪਣੇ ਸੱਚੇ ਗਿਆਨ ਦੁਆਰਾ ਹੀ ਕੱਢਦਾ ਹੈ ਭਾਵ ਸਾਡੇ ਅੰਦਰ ਦੀ ਸੱਚੀ ਮਤਿ ਉਸ ਪ੍ਰਮਾਤਮਾ ਦੀ ਸੱਚੀ ਮਤਿ ਬਣ ਜਾਂਦੀ ਹੈ, ਉਸਦਾ ਹੀ ਰੂਪ ਬਣ ਜਾਂਦੀ ਹੈ ਤੇ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਇਸ ਮਨੁੱਖੀ ਰੂਪ ਨੂੰ ਪ੍ਰਮਾਤਮਾ ਆਪ ਹੀ ਬਣਾ ਕੇ ਚਲਾ ਰਿਹਾ ਹੈ, ਹਰ ਆਕਾਰ ਰੂਪ ਨੂੰ ਆਪ ਹੀ ਬਣਾ ਕੇ ਚਲਾ ਰਿਹਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਇੱਕ ਹੋ ਜਾਣ ਨਾਲ ਫਿਰ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ ਜੋ ਕਿ ਆਵਾਗਉਂਣ ਤੋਂ ਰਹਿਤ ਹੈ ਭਾਵ ਮਨੁੱਖ ਆਵਾਗਉਂਣ ਵਿੱਚੋਂ ਨਿਕਲ ਜਾਂਦਾ ਹੈ ਜੋ ਕਿ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਜਦ ਤੱਕ ਸਾਡੇ ਮਨ ਦੀ ਸਮਝ ਸਾਨੂੰ ਇੱਕ ਮਨੁੱਖੀ ਰੂਪ ਸਮਝਾਉਂਦੀ ਹੈ ਤਦ ਤੱਕ ਹਰ ਕੋਈ ਮਨ ਦੇ ਵਿਚਾਰਾਂ ਰਾਹੀਂ ਆਵਾਗਉਂਣ ਵਿੱਚ ਹੀ ਹੈ, ਝੂਠੇ ਆਵਾਗਉਂਣ ਵਿੱਚ ਹੀ ਹੈ। ਅਸਲ ਵਿੱਚ ਕੋਈ ਜੰਮਦਾ ਮਰਦਾ ਨਹੀਂ ਹੈ ਕਿਉਂਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। **(ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥)**

44/5721

ਜਿਵੇਂ ਕਿ ਅਸੀਂ ਉਪਰਲੇ ਸ਼ਬਦ ਦੁਆਰਾ ਸਮਝਿਆ ਹੈ ਤੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕੋਈ ਵੀ ਹੋਰ ਹੋਂਦ ਸਮਝਣਾ ਕੇਵਲ ਮਨੁੱਖ ਦਾ ਭਰਮ ਹੈ ਕਿਉਂਕਿ ਸਾਡੇ ਅੰਦਰ ਦਾ ਭਰਮ ਹੀ ਭਾਵ ਸਾਡੇ ਅੰਦਰ ਦੀ ਮਾਇਆ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ। ਗੁਰੂ ਭਾਵੇਂ ਸਾਨੂੰ ਬਾਰ-ਬਾਰ ਇਹ ਗੱਲ ਸਮਝਾ ਰਿਹਾ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ, ਸਭ ਕੁਝ ਉਹ ਆਪ ਹੀ ਹੈ ਭਾਵ ਕੁਝ ਵੀ ਜਨਮ ਮਰਨ ਵਿੱਚ ਨਹੀਂ ਹੈ। ਸਾਡੇ ਅੰਦਰ ਦਾ ਜਨਮ ਮਰਨ ਸਾਡੇ ਅੰਦਰ ਦੀ ਸਮਝ ਹੈ, ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਸਹਸਾ ਹੈ ਤੇ ਸਾਡੇ ਅੰਦਰ ਬਾਰ-ਬਾਰ ਇਹ ਵਿਚਾਰ ਹੀ ਉਪਜਦੇ ਬਿਨਸਦੇ ਰਹਿੰਦੇ ਹਨ। ਇਸੇ ਲਈ ਸਾਨੂੰ ਬਾਣੀ ਰਾਹੀਂ ਸਮਝਾਇਆ ਹੈ ਕਿ **"ਹਉਮੈ"** ਹੀ ਆਉਂਦੀ ਜਾਂਦੀ ਹੈ ਭਾਵ ਜੰਮਦੀ ਮਰਦੀ ਹੈ। ਸਹਸਾ ਹੀ ਆਉਂਦੀ ਜਾਂਦੀ ਹੈ ਭਾਵ ਜੰਮਦੀ ਮਰਦੀ ਹੈ ਭਾਵ ਸਾਡੇ ਅੰਦਰ ਦੇ ਜੋ ਵਿਚਾਰ ਹਨ ਉਹ ਹੀ ਸਾਡੇ ਅੰਦਰ ਦੀ ਹਉਮੈ ਹੈ, ਸਹਸਾ ਹੈ ਜੋ ਸਾਨੂੰ ਇਹ ਸਮਝਾਉਂਦੇ ਹਨ ਕਿ ਅਸੀਂ ਇੱਕ ਮਨੁੱਖ ਹਾਂ। ਇਹੀ ਸਾਡਾ ਜਨਮ ਮਰਨ ਹੈ ਜੋ ਕਿ ਕੇਵਲ ਸਾਡਾ ਭਰਮ ਹੈ, ਸੰਸਾਰ ਦਾ ਸਭ ਤੋਂ ਵੱਡਾ ਭਰਮ ਹੈ। ਮਨ ਦਾ ਇਹ ਭਰਮ ਨਿਕਲੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਜਨਮ ਮਰਨ ਕੀ ਹੈ ਜੋ ਕਿ ਕੇਵਲ ਸਾਡਾ ਭਰਮ ਹੀ ਹੈ। ਭਰਮ ਨਿਕਲਣ ਦੁਆਰਾ ਅਸੀਂ ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਜਾਂਦੇ ਹਾਂ ਜੋ ਜਨਮ ਮਰਨ ਦਾ ਗੇੜ ਸਾਡੇ ਅੰਦਰ ਹੀ ਹੈ। ਅਸੀਂ ਭਰਮ ਨੂੰ ਤਦ ਤੱਕ ਨਹੀਂ ਤਿਆਗ ਸਕਦੇ ਜਦ ਤੱਕ ਸਾਨੂੰ ਵਿਸ਼ਵਾਸ ਨਾ ਆ ਜਾਵੇ ਕਿ ਅਸੀਂ ਸੱਚਮੁੱਚ ਭਰਮ ਵਿੱਚ ਹਾਂ ਭਾਵ ਭਰਮ ਨੂੰ ਜਾਨਣਾ ਹੀ ਭਰਮ ਵਿੱਚੋਂ ਨਿਕਲਣਾ ਹੈ। ਸਾਡੇ ਅੰਦਰ ਦੀ ਮਾਇਆ ਸਾਡਾ ਭਰਮ ਹੈ ਤੇ ਆਪਣੇ ਅੰਦਰ ਦੀ ਮਾਇਆ ਨੂੰ ਜਾਣੇ ਬਿਨ੍ਹਾਂ ਅਸੀਂ ਭਰਮ ਵਿੱਚੋਂ ਨਹੀਂ ਨਿਕਲ ਸਕਦੇ। ਸਾਡੇ ਅੰਦਰ ਹੁਕਮ ਮਾਇਆ ਦਾ ਹੀ ਚੱਲਦਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਹੈ। ਜਦ ਤੱਕ ਪ੍ਰਮਾਤਮਾ ਆਪ ਨਾ ਚਾਹੇ ਕੌਣ ਜਾਣ ਸਕਦਾ ਹੈ ਕਿ

44/5722

ਭਰਮ ਕੀ ਹੈ ਤੇ ਭਰਮ ਵਿੱਚੋਂ ਨਿਕਲਣਾ ਕੀ ਹੈ। ਜਿੱਥੇ ਭਰਮ ਹੈ ਉੱਥੇ ਸੱਚ ਨਹੀਂ ਹੈ ਤੇ ਜਿੱਥੇ ਸੱਚ ਹੈ ਉੱਥੇ ਭਰਮ ਨਹੀਂ ਹੈ। ਸੱਚ ਪ੍ਰਮਾਤਮਾ ਆਪ ਹੈ ਤੇ ਜਦ ਤੱਕ ਸੱਚ ਹੀ ਸਾਨੂੰ ਭਰਮ ਵਿੱਚੋਂ ਨਾ ਕੱਢਣਾ ਚਾਹੇ, ਨਾਮ ਹੀ ਸਾਨੂੰ ਹਉਮੈ ਵਿੱਚੋਂ ਨਾ ਕੱਢਣਾ ਚਾਹੇ ਤਦ ਤੱਕ ਮਨੁੱਖ ਕਰ ਵੀ ਕੀ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਸੱਚ ਹੀ ਸਮਝਾਇਆ ਹੋਇਆ ਹੈ ਪਰ ਮਨ ਦਾ ਭਰਮ, ਮਨ ਦੀ ਮਾਇਆ ਉਸ ਗੱਲ ਤੇ ਵਿਸ਼ਵਾਸ ਨਹੀਂ ਆਉਣ ਦਿੰਦੀ ਕਿਉਂਕਿ ਮਨ ਦੀ ਮਾਇਆ ਦਾ ਮਕਸਦ ਹੀ ਇਹ ਹੈ ਕਿ ਉਹ ਸਾਨੂੰ ਸੱਚ ਤੋਂ ਦੂਰ ਰੱਖੇ। ਬਾਣੀ ਬਾਰ-ਬਾਰ ਸਮਝਾ ਰਹੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਸਾਡੇ ਅੰਦਰ ਦੀ ਮਾਇਆ ਭਾਵ ਸਾਡੇ ਅੰਦਰ ਦਾ ਭਰਮ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਣ ਦਿੰਦਾ। ਵਿਸ਼ਵਾਸ ਉਦੋਂ ਹੀ ਆਉਂਦਾ ਹੈ ਜਦੋਂ ਅਸੀਂ ਗੱਲ ਨੂੰ ਜਾਣ ਲਈਏ ਕਿ ਅਸੀਂ ਸੱਚਮੁੱਚ ਭਰਮ ਵਿੱਚ ਹੀ ਸੀ ਭਾਵ ਭਰਮ ਨੂੰ ਜਾਣੇ ਬਿਨਾਂ ਭਰਮ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ ਤੇ ਮਨੁੱਖ ਨੂੰ ਕਦੇ ਵਿਸ਼ਵਾਸ ਨਹੀਂ ਆ ਸਕਦਾ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਤੇ ਮਨੁੱਖੀ ਹੋਂਦ ਸਮਝਣਾ ਕੇਵਲ ਸਾਡਾ ਭਰਮ ਹੀ ਹੈ। ਭਰਮ ਵਿੱਚੋਂ ਪ੍ਰਮਾਤਮਾ ਆਪ ਹੀ ਕੱਢਦਾ ਹੈ, ਸਚੁ ਹੀ ਕੱਢਦਾ ਹੈ ਭਾਵ ਸੱਚਾ ਗਿਆਨ ਹੀ ਕੱਢਦਾ ਹੈ ਤੇ ਪੂਰੀ ਗੁਰਬਾਣੀ ਵਿੱਚ ਸੱਚਾ ਗਿਆਨ ਹੀ ਹੈ ਜਿਸਦਾ ਮਕਸਦ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਣਾ ਹੀ ਹੈ, ਮਨਮਤਿ ਵਿੱਚੋਂ, ਹਉਮੈ ਵਿੱਚੋਂ, ਮਾਇਆ ਵਿੱਚੋਂ, ਕੱਢਣ ਦਾ ਹੀ ਹੈ। ਅਸੀਂ ਇਹ ਉੱਦਮ ਹੀ ਕਰਨਾ ਹੈ ਤੇ ਜੋ ਸੱਚਾ ਉੱਦਮ ਕਰਦਾ ਹੈ ਭਾਵ ਜੋ ਗੁਰੂ ਦੀ ਗੱਲ ਨੂੰ ਮੰਨਣ ਦਾ ਉੱਦਮ ਕਰਦਾ ਹੈ ਪ੍ਰਮਾਤਮਾ ਉਸ ਤੇ ਹੀ ਆਪਣੀ ਕਿਰਪਾ ਕਰਦਾ ਹੈ ਤੇ ਉਸ ਮਨੁੱਖ ਨੂੰ ਹਰ ਭਰਮ ਤੋਂ ਮੁਕਤ ਕਰਦਾ ਹੈ ਭਾਵ ਆਪ ਹੀ ਮਨੁੱਖ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਭਰਮ ਤੇ ਸੱਚ ਵਿੱਚ ਫਰਕ ਸਮਝਾਉਂਦਾ ਹੈ। ਜਦ ਤੱਕ ਮਨ ਦੇ ਵਿੱਚ ਭਰਮ ਹੈ ਤਦ ਤੱਕ ਸਭ ਪਾਸੇ ਮਾਇਆ ਹੀ ਮਾਇਆ ਹੈ ਤੇ ਭਰਮ ਨਿਕਲਣ ਤੋਂ ਬਾਅਦ ਸਭ ਕੁਝ

44/5723

ਪ੍ਰਮਾਤਮਾ ਆਪ ਹੀ ਨਜਰ ਆਉਂਦਾ ਹੈ। ਮਨ ਦੇ ਭਰਮ ਵਿੱਚੋਂ ਪ੍ਰਮਾਤਮਾ ਸਾਨੂੰ ਕਿਸ ਤਰੀਕੇ ਕੱਢਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਉ ਧੰਨ ਧੰਨ ਤੀਜੀ ਪਤਾਸ਼ਾਹੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਸਾਨੂੰ ਕਿਸ ਤਰੀਕੇ ਭਰਮ ਵਿੱਚੋਂ ਨਿਕਲਣਾ ਸਿਖਾਇਆ ਹੈ।

ਮਹਲਾ ੩ ਗਉੜੀ ਬੈਰਾਗਣਿ ॥

“ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥੧॥ ਬਾਬਾ ਤੂੰ ਐਸੇ ਭਰਮੁ ਚੁਕਾਹੀ ॥
ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ ਰਹਾਉ ॥
ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥
ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥
ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥
ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥ ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥”

(ਅੰਗ ੧੬੨)

ਉਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਦ ਤੱਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਨਹੀਂ ਲੈਂਦਾ ਤਦ ਤੱਕ ਕਿਸੇ ਦਾ ਇਹ ਭਰਮ ਨਹੀਂ ਨਿਕਲ ਸਕਦਾ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ।

“ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥੧॥”

ਪਹਿਲੀ ਪੰਗਤੀ ਰਾਹੀਂ ਸਾਨੂੰ ਧਰਤੀ ਦਾ ਤੇ ਉਸ ਉਪਰ ਪਾਣੀ ਵਰਸਣ ਦਾ ਪ੍ਰਮਾਣ ਦੇਣ ਦੁਆਰਾ ਇਹ ਸਮਝਾਇਆ ਹੈ ਕਿ ਜਿਹੋ ਜਿਹੀ ਧਰਤੀ ਦੇ ਉਪਰ ਪਾਣੀ ਵਰਸਦਾ ਹੈ ਤੇ ਫਿਰ ਉਹੋ ਜਿਹੀ ਧਰਤੀ ਦੇ ਅੰਦਰ ਪਾਣੀ ਦਾ ਹੋਣਾ ਵੀ ਲਾਜਮੀ ਹੈ ਭਾਵ ਉੱਥੇ ਪਾਣੀ ਜਰੂਰ ਮਿਲਦਾ ਹੈ ਭਾਵ ਇਸ ਗੱਲ ਤੇ ਕੋਈ ਯਕੀਨ ਤਾਂ ਹੀ ਕਰੇਗਾ ਕਿ ਇਸ ਧਰਤੀ ਉਪਰ ਪਾਣੀ ਵਰਸਿਆ ਹੈ ਜੇਕਰ ਉੱਥੇ ਪਾਣੀ ਨਜਰ ਵੀ ਆਵੇਗਾ। ਬਿਨ੍ਹਾਂ ਪਾਣੀ ਨਜਰ ਆਏ ਇਸ ਗੱਲ ਨੂੰ ਨਹੀਂ ਮੰਨਿਆ ਜਾ ਸਕਦਾ ਕਿ ਇਸ ਜਗ੍ਹਾ ਤੇ ਭਾਵ ਧਰਤੀ ਤੇ ਪਾਣੀ ਵਰਸਿਆ ਹੈ। ਕੋਈ ਵੀ ਗੱਲ ਮੰਨਣ ਲਈ ਉਸ ਲਈ ਕੋਈ ਪ੍ਰਮਾਣ ਹੋਣਾ ਜਰੂਰੀ ਹੈ ਜਿਵੇਂ ਕਿ ਪਾਣੀ ਦੇ ਵਰਸਣ ਦੁਆਰਾ ਧਰਤੀ ਦੇ ਉਪਰ ਜਾਂ ਨੀਚੇ ਪਾਣੀ ਦਾ ਦਿੱਸਣਾ ਜਰੂਰੀ ਹੈ। ਅਗਰ ਕੋਈ ਇਹ ਕਹੇ ਕਿ ਇਸ ਧਰਤੀ ਤੇ ਪਾਣੀ ਵਰਸਿਆ ਹੈ ਤੇ ਉੱਥੇ ਪਾਣੀ ਨਾ ਨਜਰ ਆਵੇ ਫਿਰ ਉਸ ਤਰੀਕੇ ਮਨੁੱਖ ਦਾ

ਭਰਮ ਨਹੀਂ ਮਿੱਟਦਾ ਭਾਵ ਪਾਣੀ ਦੇ ਵਰਸਣ ਦਾ ਵਿਸ਼ਵਾਸ ਨਹੀਂ ਹੁੰਦਾ। ਮਨੁੱਖ ਦੇ ਅੰਦਰ ਦਾ ਵਿਸ਼ਵਾਸ ਵੀ ਉਸਦੇ ਅੰਦਰ ਦੇ ਭਰਮ ਨੂੰ ਕੱਢਦਾ ਹੈ ਤੇ ਵਿਸ਼ਵਾਸ ਕਿਸੇ ਗੱਲ ਤੇ ਤਾਂ ਹੀ ਆਉਂਦਾ ਹੈ ਜਾਂ ਆਉਣਾ ਚਾਹੀਦਾ ਹੈ ਜਦੋਂ ਅਸੀਂ ਉਸਦਾ ਪ੍ਰਤੱਖ ਪ੍ਰਮਾਣ ਦੇਖ ਲੈਂਦੇ ਹਾਂ। ਮਨ ਦਾ ਝੂਠਾ ਵਿਸ਼ਵਾਸ ਸਾਡਾ ਭਰਮ ਹੈ ਭਾਵ ਜਿਸ ਗੱਲ ਨੂੰ ਅਸੀਂ ਬਿਨਾਂ ਪ੍ਰਮਾਣ ਤੋਂ ਮੰਨਦੇ ਹਾਂ ਉਹ ਸਾਡਾ ਭਰਮ ਹੁੰਦਾ ਹੈ। ਸੱਚਾ ਵਿਸ਼ਵਾਸ ਤਾਂ ਹੀ ਆਉਂਦਾ ਹੈ ਜਦੋਂ ਅਸੀਂ ਉਸਦਾ ਪ੍ਰਤੱਖ ਪ੍ਰਮਾਣ ਦੇਖ ਲੈਂਦੇ ਹਾਂ ਜਿਵੇਂ ਕਿ ਪਾਣੀ ਵਰਸਣ ਦੁਆਰਾ ਧਰਤੀ ਤੇ ਪਾਣੀ ਨੂੰ ਦੇਖ ਲੈਂਦੇ ਹਾਂ। **(ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥)** ਜਿਸ ਤਰੀਕੇ ਸਾਨੂੰ ਧਰਤੀ ਅੰਦਰ ਪਾਣੀ ਵੇਖਣ ਦੁਆਰਾ ਵਿਸ਼ਵਾਸ ਆਉਂਦਾ ਹੈ ਉਸੇ ਤਰੀਕੇ ਹੀ ਜਦੋਂ ਕੋਈ ਮਨੁੱਖ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪ੍ਰਤੱਖ ਰੂਪ ਵਿੱਚ ਦੇਖ ਲੈਂਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਉਹ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਸਾਡੇ ਅੰਦਰ ਨਿਰੰਕਾਰ ਰੂਪ ਵਿੱਚ ਹੈ ਜਿਸਨੂੰ ਕਿ ਤਨ ਦੀਆਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਉਸਨੂੰ ਮਨ ਦੀਆਂ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ। ਪ੍ਰਮਾਤਮਾ ਆਪਣੇ ਜਲ ਦੀ ਵਰਖਾ ਭਾਵ ਆਪਣੀ ਗਿਆਨ ਰੂਪ ਵਰਖਾ ਸਭ ਦੇ ਅੰਦਰ ਕਰ ਰਿਹਾ ਹੈ ਜਿਸਦਾ ਕੋਈ ਆਕਾਰ ਨਹੀਂ ਹੈ। ਮਨ ਦੇ ਵਿੱਚੋਂ ਜਦੋਂ ਕੋਈ ਮਨ ਦੀ ਇਸ ਗਿਆਨ ਰੂਪ ਪ੍ਰਕਾਸ਼ ਦੀ ਵਰਖਾ ਵੇਖ ਲੈਂਦਾ ਹੈ, ਅੰਮ੍ਰਿਤ ਜਲ ਦੀ ਵਰਖਾ ਵੇਖ ਲੈਂਦਾ ਹੈ ਫਿਰ ਉਸਨੂੰ ਹੀ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ। **(ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥ ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥੧॥)**

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥

ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

44/5725

{ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥
ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ॥ ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ॥੧੨੨॥}

(ਅੰਗ ੧੩੭੦)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ॥
ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਕੇਵਲ ਸਾਡੇ ਅੰਦਰ ਦੇ ਵਿਸ਼ਵਾਸ ਦੀ ਗੱਲ ਹੈ। ਵਿਸ਼ਵਾਸ ਆਉਣ ਨਾਲ ਹੀ ਭਾਵ ਸੱਚਾ ਵਿਸ਼ਵਾਸ ਆਉਣ ਨਾਲ ਹੀ ਭਰਮ ਨਿਕਲਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਬਾਬਾ ਤੂੰ ਐਸੇ ਭਰਮੁ ਚੁਕਾਹੀ ॥ ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ ਰਹਾਉ ॥"

ਜਦ ਤੱਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦੀ ਗਿਆਨ ਰੂਪ, ਅੰਮ੍ਰਿਤ ਜਲ ਰੂਪ ਵਰਖਾ ਨੂੰ ਵੇਖ ਨਹੀਂ ਲੈਂਦਾ ਤਦ ਤੱਕ ਕਿਸੇ ਮਨੁੱਖ ਦਾ ਇਹ ਭਰਮ ਨਹੀਂ ਨਿਕਲ ਸਕਦਾ ਕਿ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ, ਮਨ ਦੀ ਸਮਝ ਦੇ ਰੂਪ ਵਿੱਚ ਆਪ ਹੀ ਹੈ। ਜਿਸ ਮਨੁੱਖ ਦਾ ਵੀ ਪ੍ਰਮਾਤਮਾ ਭਰਮ ਕੱਢਦਾ ਹੈ ਉਹ ਇਸੇ ਤਰੀਕੇ ਹੀ ਕੱਢਦਾ ਹੈ ਭਾਵ ਮਨ ਦੇ ਵਿੱਚ ਗਿਆਨ ਰਾਹੀਂ ਪ੍ਰਗਟ ਹੋ ਕੇ ਆਪ ਹੀ ਵਿਸ਼ਵਾਸ ਦਿਵਾਉਂਦਾ ਹੈ ਕਿ ਮਨੁੱਖ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜਿਸਦੀ ਮਨੁੱਖ ਨੂੰ ਆਪਣੇ ਆਪ ਕਦੇ ਸਮਝ ਨਹੀਂ ਲੱਗ ਸਕਦੀ। ਸਭ ਕਿਸੇ ਨੂੰ ਪ੍ਰਮਾਤਮਾ ਨੇ ਆਪ ਹੀ ਮਨ ਦੀ ਮਾਇਆ ਰਾਹੀਂ, ਤ੍ਰੈ ਗੁਣਾਂ ਰਾਹੀਂ, ਹਉਮੈ ਰਾਹੀਂ ਭਰਮ ਵਿੱਚ ਰੱਖਿਆ ਹੋਇਆ ਹੈ ਤੇ ਇਸ ਭਰਮ ਵਿੱਚੋਂ ਪ੍ਰਮਾਤਮਾ ਆਪ ਹੀ ਕੱਢਦਾ ਹੈ। ਜਦ ਤੱਕ ਅਸੀਂ ਭਰਮ ਵਿੱਚ ਹਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੇ ਭਰਮ ਵਿੱਚ ਹਾਂ ਤਦ ਤੱਕ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ

44/5726

ਭਾਵ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਜਿਸ ਕਰਕੇ ਅਸੀਂ ਇਹ ਸਮਝਦੇ ਹਾਂ ਕਿ ਅਸੀਂ ਜੋ ਕੁਝ ਕਰ ਰਹੇ ਹਾਂ ਉਹ ਆਪ ਹੀ ਕਰ ਰਹੇ ਹਾਂ, ਸਾਰੇ ਕਰਮ ਅਸੀਂ ਆਪ ਹੀ ਕਰ ਰਹੇ ਹਾਂ, ਆਪਣੀ ਸਮਝ ਦੁਆਰਾ ਕਰ ਰਹੇ ਹਾਂ। ਇਹੀ ਸਾਡਾ ਭਰਮ ਹੈ ਕਿ ਅਸੀਂ ਕੋਈ ਕਰਮ ਕਰਦੇ ਹਾਂ। ਸਾਨੂੰ ਸਭ ਕਰਮ ਕਰਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ ਤੇ ਸਾਡੇ ਮਨ ਦੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਹੈ ਕਿ ਅਸੀਂ ਇੱਕ ਮਨੁੱਖ ਹਾਂ। ਜਿਸਦਾ ਭਰਮ ਨਿਕਲ ਜਾਂਦਾ ਹੈ ਉਸਨੂੰ ਫਿਰ ਇਹੀ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਦੀ ਸਮਝ ਸਾਡੀ ਨਹੀਂ ਹੈ। ਜੋ ਕੁਝ ਵੀ ਅਸੀਂ ਆਪਣੇ ਆਪ ਨੂੰ ਸਮਝਿਆ ਹੋਇਆ ਹੈ ਉਹ ਸਾਡਾ ਭਰਮ ਹੈ ਭਾਵ ਸਾਡੇ ਅੰਦਰ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪ

ਹੀ ਆਪਣੇ ਗਿਆਨ ਦੁਆਰਾ ਇਸ ਸਰੀਰ ਨੂੰ ਰੱਚਿਆ ਹੈ ਤੇ ਮਨ ਦੇ ਗਿਆਨ ਰਾਹੀਂ ਆਪ ਹੀ ਇਸਨੂੰ ਚਲਾ ਰਿਹਾ ਹੈ, ਸਭ ਕਰਮ ਕਰ ਰਿਹਾ ਹੈ ਤੇ ਮਨ ਦੇ ਗਿਆਨ ਰਾਹੀਂ ਭਾਵ ਤ੍ਰੈ ਗੁਣ ਵਾਲੀ ਅਵਸਥਾ ਪਾਉਣ ਰਾਹੀਂ ਆਪ ਹੀ ਸਭ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਉਸਨੇ ਆਪ ਹੀ ਆਪਣਾ ਪਰਦਾ ਰੱਖਿਆ ਹੋਇਆ ਹੈ। ਜਿਸਦਾ ਪ੍ਰਮਾਤਮਾ ਭਰਮ ਕੱਢ ਦਿੰਦਾ ਹੈ ਫਿਰ ਉਹ ਆਪਣੇ ਆਪ ਨੂੰ ਕੋਈ ਵੱਖਰੀ ਮਨੁੱਖੀ ਹੋਂਦ ਵਾਲਾ ਨਹੀਂ ਸਮਝਦਾ ਤੇ ਮਨ ਦੇ ਗਿਆਨ ਰਾਹੀਂ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ ਤੇ ਮਨ ਦੀ ਇਹੋ ਜਿਹੀ ਸਮਝ ਦੁਆਰਾ ਉਸ ਪ੍ਰਮਾਤਮਾ ਵਿੱਚ ਹੀ ਸਮਾ ਜਾਂਦਾ ਹੈ, ਸਦਾ ਲਈ ਉਸ ਵਿੱਚ ਹੀ ਸਮਾ ਜਾਂਦਾ ਹੈ। **(ਬਾਬਾ ਤੂੰ ਐਸੇ ਭਰਮੁ ਚੁਕਾਹੀ ॥ ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ ਰਹਾਉ ॥)**

ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਜਿਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਇਹੀ ਪ੍ਰਮਾਤਮਾ ਦੇ ਵਿੱਚ ਸਮਾਉਂਣਾ ਹੈ ਜਿਵੇਂ ਕਿ ਉਪਰ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਵਿੱਚ ਅਸੀਂ ਆਪਣੀ ਮਤਿ ਦੁਆਰਾ ਹੀ ਸਮਾਉਂਦੇ ਹਾਂ। ਸਾਡੇ ਸਭ ਦੇ ਅੰਦਰ ਮਤਿ ਪ੍ਰਮਾਤਮਾ ਦੀ ਹੀ ਵਰਤ ਰਹੀ ਹੈ ਭਾਵ ਹੁਕਮ ਉਸੇ ਦਾ ਹੀ ਚੱਲ ਰਿਹਾ ਹੈ ਜਿਸ ਕਰਕੇ ਅਸੀਂ ਹੁਣ ਵੀ ਪ੍ਰਮਾਤਮਾ ਦੇ ਵਿੱਚ ਹੀ ਸਮਾਏ ਹੋਏ ਹਾਂ ਭਾਵ ਸਾਡੀ ਮਤਿ ਪ੍ਰਮਾਤਮਾ ਦੇ ਨਾਲ ਹੀ ਜੁੜੀ ਹੋਈ ਹੈ ਕਿਉਂਕਿ

ਸਾਡੇ ਅੰਦਰ ਮਾਇਆ ਵਾਲੀ ਮਤਿ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਪਰ ਮਨ ਦਾ ਭਰਮ ਨਿਕਲੇ ਬਿਨ੍ਹਾਂ ਇਸ ਗੱਲ ਨੂੰ ਸਮਝਿਆ ਨਹੀਂ ਜਾ ਸਕਦਾ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥
ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥"

ਉਪਰਲੇ ਪਦੇ ਰਾਹੀਂ ਗੁਰੂ ਜੀ ਨੇ ਆਪਣੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿਸਨੇ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਭਾਵ ਜਿਸਦਾ ਭਰਮ ਨਿਕਲਿਆ ਹੋਇਆ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਇਸਤਰੀ ਪੁਰਖ ਦੇ ਰੂਪ ਵਿੱਚ ਸਾਰੇ ਮਨੁੱਖ ਇਹੀ ਸਮਝਦੇ ਹਨ ਕਿ ਉਹ ਆਪ ਹੀ ਕਰਮ ਕਰਨ ਵਾਲੇ ਹਨ ਤੇ ਉਹ ਪ੍ਰਮਾਤਮਾ ਦਾ ਰੂਪ ਨਹੀਂ ਹਨ। ਇਹ ਉਨ੍ਹਾਂ ਦਾ ਭਰਮ ਹੈ ਕਿਉਂਕਿ ਉਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਹੁੰਦਾ। ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਹਰ ਇਸਤਰੀ ਰੂਪ, ਪੁਰਖ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਹ ਆਪ ਹੀ ਸਭ ਕਰਮ ਕਰਨ ਵਾਲਾ ਹੈ ਤੇ ਹਰ ਮਨੁੱਖ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਵਿੱਚ ਹੀ ਸਮਾਇਆ ਹੋਇਆ ਹੈ ਭਾਵ ਹਰ ਕਿਸੇ ਦੇ ਅੰਦਰ ਪ੍ਰਮਾਤਮਾ ਦੀ ਹੀ ਮਤਿ ਵਰਤ ਰਹੀ ਹੈ, ਉਸਦੇ ਹਰ ਆਪਣੇ ਰੂਪ ਵਿੱਚ ਆਪਣੀ ਹੀ ਮਤਿ ਵਰਤ ਰਹੀ ਹੈ। ਜੋ ਇਸ ਗੱਲ ਨੂੰ ਨਹੀਂ ਸਮਝ ਪਾਉਂਦੇ ਉਹ ਭਰਮ ਵਿੱਚ ਹਨ ਭਾਵ ਇਸ ਮਨੁੱਖੀ ਰੂਪ ਨੂੰ ਆਪਣਾ ਰੂਪ ਸਮਝਣਾ ਕੇਵਲ ਮਨੁੱਖ ਦਾ ਭਰਮ ਹੈ ਜੋ ਭਰਮ ਸਭ ਦੇ ਅੰਦਰ ਮਨ ਦੀ ਮਾਇਆ ਦੇ ਰੂਪ ਵਿੱਚ, ਮਨ ਦੀ ਸਮਝ ਦੇ ਰੂਪ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਮਨ ਦੇ ਭਰਮ ਵਿੱਚ ਰਹਿੰਦਿਆਂ ਕੋਈ ਕਦੇ ਨਹੀਂ ਮੰਨ ਸਕਦਾ ਕਿ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਸਾਹਿਬ ਨੇ ਸਾਨੂੰ ਇਹ ਗੱਲ ਬਾਰ-ਬਾਰ ਸਮਝਾਈ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਅਸੀਂ ਇਸ ਗੱਲ ਨੂੰ ਮੰਨ ਨਹੀਂ ਸਕਦੇ ਕਿਉਂਕਿ ਸਾਡੇ ਅੰਦਰ ਦਾ ਭਰਮ ਨਹੀਂ ਨਿਕਲਿਆ ਤੇ ਇਸੇ ਕਰਕੇ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਭਾਵ ਮਨ ਦੀ ਮਾਇਆ ਸਾਨੂੰ ਵਿਸ਼ਵਾਸ ਨਹੀਂ ਆਉਣ ਦਿੰਦੀ। ਦਾਸ ਨੇ ਅਨੇਕਾਂ ਨੂੰ ਇਹ ਗੱਲ ਸਮਝਾਉਂਣੀ

ਚਾਹੀ ਹੈ ਪਰ ਕਿਸੇ ਨੂੰ ਵਿਸ਼ਵਾਸ ਨਹੀਂ ਆਉਂਦਾ। ਦਾਸ ਨੂੰ ਇਹ ਵੀ ਸਮਝ ਹੈ ਕਿ ਵਿਸ਼ਵਾਸ ਕਿਸ ਲਈ ਨਹੀਂ ਆਉਂਦਾ ਕਿਉਂਕਿ ਸਾਡੇ ਅੰਦਰ ਦੀ ਮਾਇਆ ਦਾ ਮਕਸਦ ਇਹ ਹੈ। ਦਾਸ ਦੀ ਗੱਲ ਕੋਈ ਨਾ ਮੰਨੇ ਦਾਸ ਨੂੰ ਇਸ ਗੱਲ ਦਾ ਬੁਰਾ ਨਹੀਂ ਲੱਗਦਾ ਕਿਉਂਕਿ ਇਹ ਪ੍ਰਮਾਤਮਾ ਦੀ ਆਪਣੀ ਹੀ ਰਚੀ ਹੋਈ ਖੇਡ ਹੈ ਜਿਸ ਦੁਆਰਾ ਉਹ ਇਸ ਸੰਸਾਰ ਨੂੰ ਆਪ ਬਣਾ ਕੇ ਆਪ ਹੀ ਚਲਾ ਰਿਹਾ ਹੈ, ਮਨ ਦੇ ਭਰਮ ਰਾਹੀਂ ਚਲਾ ਰਿਹਾ ਹੈ। ਗੁਰੂ ਸਾਨੂੰ ਜੋ ਵੀ ਸਮਝਾ ਰਿਹਾ ਹੈ ਉਹ ਸੱਚ ਹੈ ਪਰ ਅਸੀਂ ਸੱਚ ਨੂੰ ਸਮਝਣ ਤੇ ਮੰਨਣ ਵਿੱਚ ਮਨ ਦੇ ਭਰਮ ਕਰਕੇ ਦੂਰ ਰਹਿੰਦੇ ਹਾਂ। ਪੂਰੀ ਬਾਣੀ ਦੇ ਵਿੱਚ ਸੱਚ ਹੈ ਭਾਵ ਨਾਮ ਹੈ ਪਰ ਸਾਰੇ ਸੰਸਾਰ ਦੇ ਅੰਦਰ ਹਉਮੈ ਹੈ ਭਾਵ ਭਰਮ ਹੈ ਤੇ ਇਸੇ ਲਈ ਹਉਮੈ ਤੇ ਨਾਮ ਦਾ ਮੇਲ ਨਹੀਂ ਹੈ ਕਿਉਂਕਿ ਹਉਮੈ ਸਾਨੂੰ ਨਾਮ ਤੇ ਵਿਸ਼ਵਾਸ ਨਹੀਂ ਆਉਂਣ ਦਿੰਦੀ ਹੈ। ਜਦੋਂ ਸਾਡੇ ਅੰਦਰ ਪੂਰਨ ਸੱਚ ਵੱਸ ਜਾਵੇਗਾ ਉਦੋਂ ਹੀ ਸਾਡੀ ਹਉਮੈ ਦੂਰ ਹੋਵੇਗੀ ਤੇ ਮਨ ਦੀ ਉਸ ਸਮਝ ਦੁਆਰਾ ਕੋਈ ਇਹ ਗੱਲ ਕਹਿ

ਸਕਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। **(ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥ ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥)**

ਮਨ ਦਾ ਭਰਮ ਨਿਕਲੇ ਬਿਨਾਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਨਜਰ ਆ ਸਕਦਾ ਹੈ ਤੇ ਨਾ ਹੀ ਸਭ ਦੇ ਅੰਦਰ ਪ੍ਰਮਾਤਮਾ ਨਜਰ ਆ ਸਕਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥
ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥”

ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਪਾਏ ਬਿਨ੍ਹਾਂ ਹਰ ਕੋਈ ਭੁੱਲਿਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਪਾਉਣਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਜਿਸਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਸਨੇ ਮਨ ਦੀ ਸਮਝ ਦੁਆਰਾ ਹੀ ਪਾਇਆ ਹੈ ਭਾਵ ਮਨ ਦੀ ਸਮਝ ਦੁਆਰਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ

44/5729

ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹਰ ਕੋਈ ਆਪਣੇ ਆਪ ਨੂੰ ਮਨੁੱਖੀ ਰੂਪ ਹੀ ਸਮਝਦਾ ਹੈ, ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦਾ ਹੈ। ਮਨੁੱਖ ਨੂੰ ਭੁੱਲ ਵਿੱਚ ਰੱਖਣ ਵਾਲੀ ਮਨੁੱਖ ਦੀ ਸਮਝ ਹੀ ਹੈ ਜੋ ਕਿ ਮਾਇਆ ਮੋਹ ਦੇ ਰੂਪ ਵਿੱਚ ਹੈ ਤੇ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਭਾਵ ਸਾਡੇ ਮਨ ਦੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ ਤੇ ਅਸੀਂ ਜਨਮ ਮਰਨ ਵਿੱਚ ਹਾਂ। ਅਸਲ ਵਿੱਚ ਅਸੀਂ ਜਨਮ ਮਰਨ ਵਿੱਚ ਨਹੀਂ ਹਾਂ ਕਿਉਂਕਿ ਅਸੀਂ ਕੋਈ ਮਨੁੱਖੀ ਰੂਪ ਹੈ ਹੀ ਨਹੀਂ ਜੋ ਕਿ ਸਾਡੇ ਮਨ ਦਾ ਭਰਮ ਹੈ। ਸਾਡੇ ਭਰਮਾਂ ਵਾਲੇ ਵਿਚਾਰ ਹੀ ਅਸਲ ਵਿੱਚ ਸਾਡਾ ਜਨਮ ਹਨ, ਇੱਕ ਝੂਠਾ ਜਨਮ ਹਨ ਭਾਵ ਇੱਕ ਝੂਠੀ ਮਨ ਦੀ ਸਮਝ ਹੈ ਜੋ ਕਿ ਜੰਮਦੀ ਮਰਦੀ ਰਹਿੰਦੀ ਹੈ। ਸਾਡੇ ਮਨ ਦੇ ਭਰਮ ਵਾਲੇ ਅਨੇਕਾਂ ਵਿਚਾਰ ਹੀ ਸਾਡੇ ਅਨੇਕਾਂ ਜਨਮ ਹਨ। ਜਦੋਂ ਮਨੁੱਖ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਭਾਵ ਆਪਣੇ ਅੰਦਰੋਂ ਜਾਣ ਲੈਂਦਾ ਹੈ ਫਿਰ ਉਸਦੀ ਜਨਮਾਂ ਜਨਮਾਂ ਦੀ ਭੁੱਲ ਦੂਰ ਹੋ ਜਾਂਦੀ ਹੈ ਭਾਵ ਭਰਮਾਂ ਵਾਲੇ ਸਾਰੇ ਵਿਚਾਰ ਦੂਰ ਹੋ ਜਾਂਦੇ ਹਨ ਜੋ ਸਾਨੂੰ ਪ੍ਰਮਾਤਮਾ ਨਾਲੋਂ ਵੱਖਰਾ ਰੂਪ ਬਣਾ ਕੇ ਰੱਖਦੇ ਹਨ। ਜਦ ਤੱਕ ਮਨੁੱਖ ਭੁੱਲ ਵਿੱਚ ਹੈ ਉਹ ਇਹੀ ਮਹਿਸੂਸ ਕਰਦਾ ਹੈ ਕਿ ਉਹ ਆਪ ਕਰਮ ਕਰਨ ਵਾਲਾ ਹੈ, ਕੰਮ ਕਾਜ ਕਰਨ ਵਾਲਾ ਹੈ, ਕਾਰ ਵਿਹਾਰ ਕਰਨ ਵਾਲਾ ਹੈ ਤੇ ਜਦੋਂ ਮਨ ਦੀ ਭੁੱਲ ਨਿਕਲ ਜਾਂਦੀ ਹੈ ਫਿਰ ਇਹ ਸਮਝ ਲੱਗ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹਰ ਕਾਰਜ ਪ੍ਰਮਾਤਮਾ ਆਪ ਹੀ ਕਰ ਰਿਹਾ ਹੈ ਕਿਉਂਕਿ ਉਹ ਆਪ ਹੀ ਸਭ ਕੁਝ ਜਾਨਣ ਵਾਲਾ ਹੈ, ਆਪ ਹੀ ਜਨਾਉਣ ਵਾਲਾ ਹੈ। ਮਨੁੱਖ ਦੀ ਇਹ ਭੁੱਲ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਹੀ ਕੱਢਦਾ ਹੈ, ਸ਼ਬਦਾਂ ਦਾ ਗਿਆਨ ਦੇਣ ਦੁਆਰਾ ਕੱਢਦਾ ਹੈ ਜਿਸ ਦੁਆਰਾ ਮਨੁੱਖ ਦੀ ਸਮਝ ਸ਼ਬਦ ਦੇ ਗਿਆਨ ਰਾਹੀਂ ਪ੍ਰਮਾਤਮਾ ਦੇ ਗਿਆਨ ਵਿੱਚ ਸਮਾ ਜਾਂਦੀ ਹੈ। ਪ੍ਰਮਾਤਮਾ ਆਪ ਸ਼ਬਦ ਦੇ ਗਿਆਨ ਦੇ ਰੂਪ ਵਿੱਚ ਹੀ ਹੈ। **(ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥ ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥)**

44/5730

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥}

(ਅੰਗ ੯੯੫)

{ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ ੫੧)

{ਆਪੇ ਪੇਡੁ ਬਿਸਥਾਰੀ ਸਾਖ ॥ ਅਪਨੀ ਖੇਤੀ ਆਪੇ ਰਾਖ ॥੧॥ ਜਤ ਕਤ ਪੇਖਉ ਏਕੈ ਓਹੀ ॥
ਘਟ ਘਟ ਅੰਤਰਿ ਆਪੇ ਸੋਈ ॥੧॥ ਰਹਾਉ ॥ ਆਪੇ ਸੂਰੁ ਕਿਰਣਿ ਬਿਸਥਾਰੁ ॥
ਸੋਈ ਗੁਪਤੁ ਸੋਈ ਆਕਾਰੁ ॥੨॥ ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥੩॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥ ਅਨਦ ਰੂਪੁ ਸਭੁ ਨੈਨ ਅਲੋਇਆ ॥੪॥੧੭॥੬੮॥}

(ਅੰਗ ੩੮੭)

{ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥
ਧਨ ਜਾਗੈ ਜੇ ਪਿਰੁ ਬੋਲੰਤਾ ॥੨॥ ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥
ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥
ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥
ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥੫॥}

(ਅੰਗ ੭੩੭-੭੩੮)

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥}

(ਅੰਗ ੯੯੯)

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥

ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ ੧੩੮-੧੩੯)

{ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥
ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥
ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥
ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥ ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ॥
ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ ॥ ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ ॥
ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ ॥੪॥੨੫॥੫੯॥}

(ਅੰਗ ੩੬)

44/5731

{ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ ੪੦)

{ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ ਜਿਨਾ ਭਾਣੇ ਕਾ ਰਸੁ ਆਇਆ ॥
ਤਿਨ ਵਿਚਹੁ ਭਰਮੁ ਚੁਕਾਇਆ ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥}

(ਅੰਗ ੭੨)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬-੮੭)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥
ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥}

(ਅੰਗ ੧੦੭)

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥ ਅਪਿਉ ਪੀਐ ਸੋ ਭਰਮੁ ਗਵਾਏ ॥
ਗੁਰ ਪਰਸਾਦਿ ਮੁਕਤਿ ਗਤਿ ਪਾਏ ॥ ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

{ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ ਗੁਰ ਕਾ ਸਬਦੁ ਮੰਨਿ ਵਸਾਏ ॥
ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥ ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ॥ ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥
ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥
ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥੭॥ ਆਪਿ ਕਰੇ ਕਿਸੁ ਆਖੈ ਕੋਈ ॥
ਆਖਣਿ ਜਾਈਐ ਜੇ ਭੂਲਾ ਹੋਈ ॥ ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ ॥੮॥੭॥੮॥}

(ਅੰਗ ੧੧੩-੧੧੪)

44/5732

{ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥}

(ਅੰਗ ੧੧੬)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥ ਅੰਤਰਿ ਰਤਨੁ ਮਿਲੈ ਮਿਲਾਇਆ ॥
ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥ ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ॥੫॥}

(ਅੰਗ ੧੧੬-੧੧੭)

{ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥
ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥
ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥}

(ਅੰਗ ੧੨੬-੧੨੭)

{ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥ ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥
ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ ॥ ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥
ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ ॥ ਸਚੇ ਦੈ ਦਰਿ ਜਾਇ ਸਚੁ ਚਵਾਂਈਐ ॥
ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥ ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ ॥੧੫॥}

(ਅੰਗ ੧੪੫)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥
ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ ੧੫੩)

{ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ ॥ ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥੨॥
ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥
ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥੩॥
ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ ੧੬੨)

{ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥੩॥}

(ਅੰਗ ੧੬੩)

{ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥
ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥}

(ਅੰਗ ੧੭੮)

44/5733

{ਸਹਜ ਸੂਖ ਆਨੰਦ ਨਿਧਾਨ ॥ ਰਾਖਨਹਾਰ ਰਖਿ ਲੇਇ ਨਿਦਾਨ ॥ ਦੂਖ ਦਰਦ ਬਿਨਸੇ ਭੈ ਭਰਮ ॥
ਆਵਣ ਜਾਣ ਰਖੇ ਕਰਿ ਕਰਮ ॥੨॥ ਪੇਖੈ ਬੋਲੈ ਸੁਣੈ ਸਭੁ ਆਪਿ ॥ ਸਦਾ ਸੰਗਿ ਤਾ ਕਉ ਮਨ ਜਾਪਿ ॥
ਸੰਤ ਪ੍ਰਸਾਦਿ ਭਇਓ ਪਰਗਾਸੁ ॥ ਪੂਰਿ ਰਹੇ ਏਕੈ ਗੁਣਤਾਸੁ ॥੩॥}

(ਅੰਗ ੧੮੩)

{ਜਾ ਕੈ ਅਚਿੰਤੁ ਵਸੈ ਮਨਿ ਆਇ ॥ ਤਾ ਕਉ ਚਿੰਤਾ ਕਤਹੂੰ ਨਾਹਿ ॥੨॥
ਜਾ ਕੈ ਬਿਨਸਿਓ ਮਨ ਤੇ ਭਰਮਾ ॥ ਤਾ ਕੈ ਕਛੂ ਨਾਹੀ ਡਰੁ ਜਮਾ ॥੩॥

ਜਾ ਕੈ ਹਿਰਦੈ ਦੀਓ ਗੁਰਿ ਨਾਮਾ ॥ ਕਹੁ ਨਾਨਕ ਤਾ ਕੈ ਸਗਲ ਨਿਧਾਨਾ ॥੪॥੩੪॥੧੦੩॥}

(ਅੰਗ ੧੮੬)

{ਸਭ ਤਜਿ ਅਨਾਥੁ ਏਕ ਸਰਣਿ ਆਇਓ ॥ ਊਚ ਅਸਥਾਨੁ ਤਬ ਸਹਜੇ ਪਾਇਓ ॥੩॥
ਦੂਖੁ ਦਰਦੁ ਭਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥੪॥੫੦॥੧੧੯॥}

(ਅੰਗ ੧੮੯)

{ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ ਰਹਾਉ ॥}

(ਅੰਗ ੧੯੦)

{ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧਸੰਗਿ ਭੈ ਭਰਮ ਮਿਟਾਇਆ ॥੩॥
ਜਤ ਕਤ ਦੇਖਉ ਤਤ ਰਹਿਆ ਸਮਾਇ ॥ ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥}

(ਅੰਗ ੧੯੩)

{ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥
ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥}

(ਅੰਗ ੧੯੫)

{ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥੩॥
ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥}

(ਅੰਗ ੧੯੬)

{ਮਾਨ ਮੋਹ ਖੋਏ ਗੁਰਿ ਭਰਮ ॥ ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੮੧॥੧੫੦॥}

(ਅੰਗ ੧੯੬)

{ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥}

(ਅੰਗ ੨੦੦)

44/5734

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥

ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥}

(ਅੰਗ ੨੦੫)

{ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥
ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥}

(ਅੰਗ ੨੦੯)

{ਹਰਿ ਹਰਿ ਹਰਿ ਆਰਾਧੀਐ ॥ ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥੧॥ ਰਹਾਉ ॥ }

(ਅੰਗ ੨੧੧)

{ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥
ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥੨॥
ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥
ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥੩॥
ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥
ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥}

(ਅੰਗ ੨੧੫-੨੧੬)

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥
ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥
ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥
ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥
ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥
ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥
ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥
ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥
ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥
ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥

ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥
ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥
ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥
ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ ੨੨੦-੨੨੧)

{ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥}

(ਅੰਗ ੨੨੩)

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥
ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥
ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ ੨੨੬-੨੨੭)

44/5735

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਜਿਨ ਕੈ ਮਨਿ ਵਸਿਆ ਸਚੁ ਸੋਈ ॥
ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥}

(ਅੰਗ ੨੨੮)

{ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥}

(ਅੰਗ ੨੨੯)

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥
ਮਨਮੁਖਿ ਸੂਤਕੁ ਕਬਹਿ ਨ ਜਾਇ ॥ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥
ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥ ਮਰਿ ਮਰਿ ਜੰਮੈ ਵਾਰੋ ਵਾਰ ॥੨॥
ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥
ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥
ਸਤਿਗੁਰੁ ਸੇਵਿਐ ਸੂਤਕੁ ਜਾਇ ॥ ਮਰੈ ਨ ਜਨਮੈ ਕਾਲੁ ਨ ਖਾਇ ॥੫॥
ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥}

(ਅੰਗ ੨੩੦)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤ੍ਰੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ ਅੰਧੇ ਗੁਰੂ ਤੇ ਭਰਮੁ ਨ ਜਾਈ ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ਰ ਭਰਮਾਏ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ ਸਹਜਿ ਸੁਭਾਏ॥੫॥
ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥੭॥
ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥
ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧-੨੩੨)

{ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥}

(ਅੰਗ ੨੩੪)

{ਜਬ ਇਨਿ ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ ॥
ਜਬ ਇਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥}

(ਅੰਗ ੨੩੫)

{ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥}

(ਅੰਗ ੨੩੯)

44/5736

{ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਨੁ ਭਰਮੁ ਚੁਕਾਏ ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥੧॥}

(ਅੰਗ ੨੪੪)

{ਸੰਸੈ ਭਰਮੁ ਨਹੀ ਕਛੂ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥
ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥}

(ਅੰਗ ੨੫੦)

{ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥
ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥}

(ਅੰਗ ੨੫੪)

{ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥
ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥}

(ਅੰਗ ੨੫੮)

{ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥ ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥
ਅਖਰ ਨਾਦ ਕਥਨ ਵਖ੍ਯਾਨਾ ॥ ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥}

(ਅੰਗ ੨੬੧)

{ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥੧॥}

(ਅੰਗ ੨੮੧)

{ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥}

(ਅੰਗ ੨੮੪)

44/5737

{ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥
ਸਹਸ ਸਿਆਨਪ ਲਇਆ ਨ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥}

(ਅੰਗ ੨੮੭)

{ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥
ਜਾ ਕੈ ਮਨਿ ਪ੍ਰਗਟੇ ਗੁਨਤਾਸ ॥ ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥
ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥}

(ਅੰਗ ੨੮੭)

{ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥
ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥
ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥
ਜਬ ਆਪਨ ਆਪ ਆਪਿ ਪਾਰਬ੍ਰਹਮ ॥ ਤਬ ਮੋਹ ਕਹਾ ਕਿਸੁ ਹੋਵਤ ਭਰਮ ॥
ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥੧॥}

(ਅੰਗ ੨੯੦-੨੯੧)

{ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥ ਆਲ ਜਾਲ ਮਾਇਆ ਜੰਜਾਲ ॥
ਹਉਮੈ ਮੋਹ ਭਰਮ ਭੈ ਭਾਰ ॥ ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥
ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥}

(ਅੰਗ ੨੯੧-੨੯੨)

{ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯਤ੍ਰ ਮਹਿ ਏਕੁ ॥ ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥
ਆਪਿ ਅਡੋਲੁ ਨ ਕਬਹੂ ਡੋਲੈ ॥ ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥}

(ਅੰਗ ੨੯੪)

{ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥ ਦੁਲਭ ਦੇਹ ਤਤਕਾਲ ਉਧਾਰੈ ॥ ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥
ਏਕੁ ਨਾਮੁ ਮਨ ਮਾਹਿ ਸਮਾਨੀ ॥ ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥
ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥}

(ਅੰਗ ੨੯੬)

{ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥
ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ ॥
ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ ॥
ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ ॥ ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ ॥
ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥੩॥}

(ਅੰਗ ੨੯੭)

{ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ ॥੧॥}

(ਅੰਗ ੩੦੫)

44/5738

{ਭੋਰੀ ਭਰਮੁ ਵਵਾਇ ਪਿਰੀ ਮੁਹਬਤਿ ਹਿਕੁ ਤੂ ॥ ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ ॥੧॥}

(ਅੰਗ ੩੨੨)

{ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

{ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥}

(ਅੰਗ ੩੩੦)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥ ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥੪॥੧॥੭॥੫੯॥}

(ਅੰਗ ੩੩੬)

{ਦਸਮੀ ਦਹ ਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥
ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲ ਨ ਛਾਹ ਨਹੀ ਧੂਪ ॥੧੧॥}

(ਅੰਗ ੩੪੪)

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥
ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥}

(ਅੰਗ ੩੫੩)

{ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥ ਹਰਿ ਨਾਮਾ ਜਸੁ ਜਾਚਉ ਨਾਉ ॥
ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ ॥

ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥ ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥
ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥
ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥ ਚੀਨ੍ਹੈ ਤਤੁ ਗਗਨ ਦਸ ਦੁਆਰ ॥
ਹਰਿ ਮੁਖਿ ਪਾਠ ਪੜੈ ਬੀਚਾਰ ॥੩॥ ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥ ਆਚਾਰੀ ਨਹੀ ਜੀਤਿਆ ਜਾਇ ॥
ਪਾਠ ਪੜੈ ਨਹੀ ਕੀਮਤਿ ਪਾਇ ॥ ਅਸਟ ਦਸੀ ਚਹੁ ਭੇਦੁ ਨ ਪਾਇਆ ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥}

(ਅੰਗ ੩੫੫)

44/5739

{ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥}

(ਅੰਗ ੩੫੬)

{ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ ॥ ਦੂਜੈ ਭਾਇ ਆਤਮ ਸੰਘਾਰਹਿ ॥ ਮੇਰਾ ਮੇਰਾ ਕਰਿ ਕਰਿ ਵਿਗੂਤਾ॥
ਆਤਮੁ ਨ ਚੀਨ੍ਹੈ ਭਰਮੈ ਵਿਚਿ ਸੂਤਾ ॥੧॥ ਮਰੁ ਮੁਇਆ ਸਬਦੇ ਮਰਿ ਜਾਇ ॥
ਉਸਤਤਿ ਨਿੰਦਾ ਗੁਰਿ ਸਮ ਜਾਣਾਈ ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ॥੧॥ ਰਹਾਉ ॥}

(ਅੰਗ ੩੬੨)

{ਨਿਰਤਿ ਕਰੇ ਬਹੁ ਵਾਜੇ ਵਜਾਏ ॥ ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥
ਅੰਤਰਿ ਲੋਭੁ ਭਰਮੁ ਅਨਲ ਵਾਉ ॥ ਦੀਵਾ ਬਲੈ ਨ ਸੋਝੀ ਪਾਇ ॥੧॥
ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥}

(ਅੰਗ ੩੬੪)

{ਮਤਾ ਕਰਉ ਸੋ ਪਕਨਿ ਨ ਦੇਈ ॥ ਸੀਲ ਸੰਜਮ ਕੈ ਨਿਕਟਿ ਖਲੋਈ ॥ ਵੇਸ ਕਰੇ ਬਹੁ ਰੂਪ ਦਿਖਾਵੈ ॥
ਗ੍ਰਿਹ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥੧॥ ਘਰ ਕੀ ਨਾਇਕਿ ਘਰ ਵਾਸੁ ਨ ਦੇਵੈ ॥
ਜਤਨ ਕਰਉ ਉਰਝਾਇ ਪਰੇਵੈ ॥੧॥ ਰਹਾਉ ॥ ਧੁਰ ਕੀ ਭੇਜੀ ਆਈ ਆਮਰਿ ॥
ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥ ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥
ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥੨॥ ਜਹ ਬੈਸਉ ਤਹ ਨਾਲੇ ਬੈਸੈ ॥ ਸਗਲ ਭਵਨ ਮਹਿ ਸਬਲ ਪ੍ਰਵੇਸੈ ॥
ਹੋਛੀ ਸਰਣਿ ਪਇਆ ਰਹਣੁ ਨ ਪਾਈ ॥ ਕਹੁ ਮੀਤਾ ਹਉ ਕੈ ਪਹਿ ਜਾਈ ॥੩॥
ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥ ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥
ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥ ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥੪॥
ਘਰੁ ਮੇਰਾ ਇਹ ਨਾਇਕਿ ਹਮਾਰੀ ॥ ਇਹ ਆਮਰਿ ਹਮ ਗੁਰਿ ਕੀਏ ਦਰਬਾਰੀ ॥੧॥ ਰਹਾਉ ਦੂਜਾ ॥੪॥੪॥}

(ਅੰਗ ੩੭੧)

{ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥ ਮਾਇਆ ਮੂਠਾ ਚੇਤੈ ਨਾਹੀ ॥
ਭਰਮੇ ਭੂਲਾ ਬਹੁਤੀ ਰਾਹੀ ॥੨॥ ਬਾਹਰਿ ਭੇਖ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥

ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥ ਮੂਰਖ ਬਾਮਣ ਪ੍ਰਭੂ ਸਮਾਲਿ ॥
ਦੇਖਤ ਸੁਨਤ ਤੇਰੈ ਹੈ ਨਾਲਿ ॥ ਕਹੁ ਨਾਨਕ ਜੇ ਹੋਵੀ ਭਾਗੁ ॥ ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥੮॥}

(ਅੰਗ ੩੭੨)

{ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ ॥
ਵਰਤਣਿ ਨਾਮੁ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਆ ॥੪॥੧॥੪੦॥}

(ਅੰਗ ੩੮੦)

{ਦੂਖੁ ਘਨੋ ਜਬ ਹੋਤੇ ਦੂਰਿ ॥ ਅਬ ਮਸਲਤਿ ਮੋਹਿ ਮਿਲੀ ਹਦੂਰਿ ॥੧॥ ਚੁਕਾ ਨਿਹੋਰਾ ਸਖੀ ਸਹੇਰੀ ॥
ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ॥੧॥ ਰਹਾਉ ॥ ਨਿਕਟਿ ਆਨਿ ਪ੍ਰਿਅ ਸੇਜ ਧਰੀ ॥
ਕਾਣਿ ਕਢਨ ਤੇ ਛੂਟਿ ਪਰੀ ॥੨॥ ਮੰਦਰਿ ਮੇਰੈ ਸਬਦਿ ਉਜਾਰਾ ॥ ਅਨਦ ਬਿਨੋਦੀ ਖਸਮੁ ਹਮਾਰਾ ॥੩॥
ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥ ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥੨॥੫੩॥}

(ਅੰਗ ੩੮੪)

{ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥ ਦਰਸਨੁ ਪੇਖਤ ਮੈ ਜੀਓ ॥
ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥੧॥ ਰਹਾਉ ॥
ਤੁਮ੍ਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ ਆਪਿ ਕੀਓ ॥
ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ ॥੨॥
ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥
ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥
ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥
ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥੪॥੮॥੪੭॥}

(ਅੰਗ ੩੮੨)

44/5740

{ਜਿਸ ਕਾ ਸਭੁ ਕਿਛੁ ਤਿਸ ਕਾ ਹੋਇ॥ ਤਿਸੁ ਜਨ ਲੇਪੁ ਨ ਬਿਆਪੈ ਕੋਇ ॥੧॥ ਹਰਿ ਕਾ ਸੇਵਕੁ ਸਦ ਹੀ ਮੁਕਤਾ॥
ਜੋ ਕਿਛੁ ਕਰੈ ਸੋਈ ਭਲ ਜਨ ਕੈ ਅਤਿ ਨਿਰਮਲ ਦਾਸ ਕੀ ਜੁਗਤਾ ॥੧॥ ਰਹਾਉ ॥
ਸਗਲ ਤਿਆਗਿ ਹਰਿ ਸਰਣੀ ਆਇਆ ॥ ਤਿਸੁ ਜਨ ਕਹਾ ਬਿਆਪੈ ਮਾਇਆ ॥੨॥
ਨਾਮੁ ਨਿਧਾਨੁ ਜਾ ਕੇ ਮਨ ਮਾਹਿ ॥ ਤਿਸ ਕਉ ਚਿੰਤਾ ਸੁਪਨੈ ਨਾਹਿ ॥੩॥
ਕਹੁ ਨਾਨਕ ਗੁਰੁ ਪੂਰਾ ਪਾਇਆ ॥ ਭਰਮੁ ਮੋਹੁ ਸਗਲ ਬਿਨਸਾਇਆ ॥੪॥੨੦॥੭੧॥}

(ਅੰਗ ੩੮੮)

{ਜਉ ਸੁਪ੍ਰਸੰਨ ਹੋਇਓ ਪ੍ਰਭੁ ਮੇਰਾ ॥ ਤਾਂ ਦੂਖੁ ਭਰਮੁ ਕਹੁ ਕੈਸੇ ਨੇਰਾ ॥੧॥}

(ਅੰਗ ੩੮੮)

{ਸਾਦਿ ਮੋਹਿ ਲਾਦੀ ਅਹੰਕਾਰੇ ॥ ਦੋਸੁ ਨਾਹੀ ਪ੍ਰਭ ਕਰਣੈਹਾਰੇ ॥੩॥

ਸਾਧਸੰਗਿ ਮਿਟੇ ਭਰਮ ਅੰਧਾਰੇ ॥ ਨਾਨਕ ਮੇਲੀ ਸਿਰਜਣਹਾਰੇ ॥੪॥੨੫॥੭੬॥}

(ਅੰਗ ੩੮੯)

{ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ ॥
ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥੧॥ ਰਹਾਉ ॥
ਕਰੁ ਗਹਿ ਲੀਨੇ ਆਪਣੇ ਸਚੁ ਹੁਕਮਿ ਰਜਾਈ ॥ ਜੋ ਪ੍ਰਭਿ ਦਿਤੀ ਦਾਤਿ ਸਾ ਪੂਰਨ ਵਡਿਆਈ ॥੨॥}

(ਅੰਗ ੩੯੯)

{ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥
ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥}

(ਅੰਗ ੪੦੦)

{ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥
ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥}

(ਅੰਗ ੪੦੬)

{ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥ ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥
ਅਨਦਿਨੋ ਪ੍ਰਭ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥}

(ਅੰਗ ੪੦੮)

44/5741

{ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ ॥
ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥੨॥੫॥੧੫੬॥}

(ਅੰਗ ੪੦੯)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਸਬਦਿ ਮਰੈ ਤਾਂ ਏਕ ਲਿਵ ਲਾਏ ॥ ਅਚਰੁ ਚਰੈ ਤਾਂ ਭਰਮੁ ਚੁਕਾਏ ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥ ਗੁਰਮੁਖਿ ਹੋਇ ਤ ਸਚਿ ਸਮਾਏ ॥੩॥}

(ਅੰਗ ੪੧੨)

{ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥
ਆਦਿ ਪੁਰਖ ਗੁਰ ਦਰਸ ਨ ਦੇਖਹਿ ॥ ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥}

(ਅੰਗ ੪੧੬)

{ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥ ਜਹ ਦੇਖਾ ਤਹ ਰਵਿ ਰਹੇ ਕਿਨਿ ਕੀਮਤਿ ਹੋਈ ॥੩॥
ਆਪਿ ਕਰੇ ਆਪੇ ਹਰੇ ਵੇਪੈ ਵਡਿਆਈ ॥ ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ ॥੪॥
ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ॥ ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ ॥੫॥
ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ ॥ ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ ॥੬॥
ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ ॥ ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ ॥੭॥
ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ ॥ ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ ॥੮॥੧੬॥}

(ਅੰਗ ੪੨੧)

{ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥ ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥੬॥
ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ ॥ ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ ॥੭॥
ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ ॥ ਅਉਗਣਿਆਰੇ ਕਉ ਗੁਣੁ ਨਾਨਕੈ ਸਚੁ ਮਿਲੈ ਵਡਾਈ॥੮॥੨੦॥}

(ਅੰਗ ੪੨੧)

{ਸਤਿਗੁਰ ਹਮਰਾ ਭਰਮੁ ਗਵਾਇਆ ॥ ਹਰਿ ਨਾਮੁ ਨਿਰੰਜਨੁ ਮੰਨਿ ਵਸਾਇਆ ॥
ਸਬਦੁ ਚੀਨਿ ਸਦਾ ਸੁਖੁ ਪਾਇਆ ॥੧॥ ਸੁਣਿ ਮਨ ਮੇਰੇ ਤਤੁ ਗਿਆਨੁ ॥
ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥
ਸਤਿਗੁਰ ਭੇਟੇ ਕੀ ਵਡਿਆਈ॥ ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ॥ ਸਹਜੇ ਮਾਤਾ ਹਰਿ ਗੁਣ ਗਾਈ॥੨॥}

(ਅੰਗ ੪੨੩)

44/5742

{ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ॥੫॥
ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥
ਜਿਨ੍ੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥
ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥੬॥੨੮॥}

(ਅੰਗ ੪੨੫)

{ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ॥
ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ ॥੧੦॥}

(ਅੰਗ ੪੩੩)

{ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ ॥
ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ ॥੨੦॥}

(ਅੰਗ ੪੩੩)

{ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥

ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥
ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥
ਮਹਾ ਜੁਧ ਜੋਧ ਬਹੁ ਕੀਨੇ ਵਿਚਿ ਹਉਮੈ ਪਚੈ ਪਚਾਇ ਜੀਉ ॥
ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥੩॥}

(ਅੰਗ ੪੪੫)

{ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ ॥
ਹਰਿ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਇਹੁ ਜੀਅੜਾ ਰਖਿਆ ਨ ਜਾਇ ਜੀਉ ॥
ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ ਜਿਸ ਕੀ ਵਸਤੁ ਸੋ ਲੈ ਜਾਇ ਜੀਉ ॥
ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ ਦਾਰੂ ਲਾਇ ਜੀਉ ॥
ਜਿਸ ਕੀ ਵਸਤੁ ਪ੍ਰਭੁ ਲਏ ਸੁਆਮੀ ਜਨ ਉਬਰੇ ਸਬਦੁ ਕਮਾਇ ਜੀਉ ॥
ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ ॥੨॥}

(ਅੰਗ ੪੪੭)

{ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ ॥ ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ ॥
ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤ੍ਰੂਟੀ ਭੀਤਾ ਭਰਮ ਗੜਾ ॥
ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥
ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥
ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥੪॥੧॥}

(ਅੰਗ ੪੫੨-੪੫੩)

{ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ ॥
ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰਾ ॥੩॥}

(ਅੰਗ ੪੫੪)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

44/5743

{ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥
ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥ ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ॥

ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥੪॥੪॥੭॥}

(ਅੰਗ ੪੫੭)

{ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ ॥ ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ ॥
ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥
ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ ॥
ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ ॥
ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ ॥੨॥}

(ਅੰਗ ੪੫੮)

{ਅੰਮ੍ਰਿਤ ਬਨੁ ਸੰਸਾਰੁ ਸਹਾਈ ਆਪਿ ਭਏ ॥ ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ ॥
ਗਤੁ ਭਰਮ ਮੋਹ ਬਿਕਾਰ ਬਿਨਸੇ ਜੋਨਿ ਆਵਣ ਸਭ ਰਹੇ ॥ ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ॥
ਗੋਵਿੰਦ ਗੁਪਾਲ ਦਇਆਲ ਸੰਮ੍ਰਿਥ ਬੋਲਿ ਸਾਧੂ ਹਰਿ ਜੈ ਜਏ ॥
ਨਾਨਕ ਨਾਮੁ ਧਿਆਇ ਪੂਰਨ ਸਾਧਸੰਗਿ ਪਾਈ ਪਰਮ ਗਤੇ ॥੨॥}

(ਅੰਗ ੪੫੮)

{ਸ੍ਰੀਰੰਗ ਰਾਤੇ ਨਾਮ ਮਾਤੇ ਭੈ ਭਰਮ ਦੁਤੀਆ ਸਗਲ ਖੋਤ ॥
ਕਰਿ ਮਇਆ ਦਇਆ ਦਇਆਲ ਪੂਰਨ ਹਰਿ ਪ੍ਰੇਮ ਨਾਨਕ ਮਗਨ ਹੋਤ ॥੨॥}

(ਅੰਗ ੪੬੨)

{ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

(ਅੰਗ ੪੭੨)

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥}

(ਅੰਗ ੪੭੨)

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥}

(ਅੰਗ ੪੭੨)

{ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥
ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ ॥੨॥
ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ ॥
ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ ॥੩॥੬॥੨੮॥}

(ਅੰਗ ੪੮੩)

{ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ ੪੮੫)

44/5744

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥}

(ਅੰਗ ੧੯)

{ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥
ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥
ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥}

(ਅੰਗ ੪੯੧)

{ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥}

(ਅੰਗ ੨੩)

{ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥
ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥}

(ਅੰਗ ੪੯੯)

{ਤੂੰ ਸਮਰਥੁ ਸਰਨਿ ਕੋ ਦਾਤਾ ਦੁਖ ਭੰਜਨੁ ਸੁਖ ਰਾਇ ॥
ਜਾਹਿ ਕਲੇਸ ਮਿਟੇ ਭੈ ਭਰਮਾ ਨਿਰਮਲ ਗੁਣ ਪ੍ਰਭ ਗਾਇ ॥੧॥}

(ਅੰਗ ੫੦੨)

{ਭਰਮਾਤਿ ਭਰਮੁ ਨ ਚੂਕਣੀ ਜਗੁ ਜਨਮਿ ਬਿਆਧਿ ਖਪੰ ॥
ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥੪॥}

(ਅੰਗ ੫੦੫)

{ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥ ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥੫॥}

(ਅੰਗ ੫੦੮)

{ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ ॥ ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ ॥

ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ ॥ ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥
ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ ॥੪॥}

(ਅੰਗ ੫੧੦)

44/5745

{ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥ ਫਉਜ ਸਤਾਣੀ ਹਾਠ ਪੰਚਾ ਜੋੜੀਐ ॥
ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥ ਜਿਣਿ ਜਿਣਿ ਲੈਨ੍ਹਿ ਰਲਾਇ ਏਹੋ ਏਨਾ ਲੋੜੀਐ ॥
ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ ॥ ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥
ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥ ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਐ ॥੧੫॥}

(ਅੰਗ ੫੨੨)

{ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥
ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥}

(ਅੰਗ ੫੨੨)

{ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥}

(ਅੰਗ ੫੨੩)

{ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ ॥ ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ ॥
ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥ ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ ॥
ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ ॥ ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ ॥
ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥੨॥}

(ਅੰਗ ੫੨੩)

{ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ ॥
ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ ॥੩॥}

(ਅੰਗ ੫੨੪)

{ਸਭ ਤੈ ਉਪਾਈ ਭਰਮ ਭੁਲਾਈ ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥
ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥੩॥}

(ਅੰਗ ੫੨੫)

{ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥ ਭਰਮੇ ਭੂਲੀ ਰੇ ਜੈ ਚੰਦਾ ॥
ਨਹੀ ਨਹੀ ਚੀਨ੍ਹਿਆ ਪਰਮਾਨੰਦਾ॥੧॥ ਰਹਾਉ॥ ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥

ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥
ਲਖ ਚਉਰਾਸੀਹ ਜਿਨ੍ਹ ਉਪਾਈ ਸੋ ਸਿਮਰਹੁ ਨਿਰਬਾਣੀ ॥੩॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥}

(ਅੰਗ ੫੨੫-੫੨੬)

{ਮਨ ਹਰਿ ਕੀਰਤਿ ਕਰਿ ਸਦਹੂੰ ॥ ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ ॥੧॥ ਰਹਾਉ ॥
ਜਹ ਤੇ ਉਪਜਿਓ ਤਹੀ ਸਮਾਇਓ ਇਹ ਬਿਧਿ ਜਾਨੀ ਤਬਹੂੰ ॥
ਜਹਾ ਜਹਾ ਇਹ ਦੇਹੀ ਧਾਰੀ ਰਹਨੁ ਨ ਪਾਇਓ ਕਬਹੂੰ ॥੧॥
ਸੁਖੁ ਆਇਓ ਭੈ ਭਰਮ ਬਿਨਾਸੇ ਕ੍ਰਿਪਾਲ ਹੂਏ ਪ੍ਰਭ ਜਬਹੂ ॥
ਕਹੁ ਨਾਨਕ ਮੇਰੇ ਪੂਰੇ ਮਨੋਰਥ ਸਾਧਸੰਗਿ ਤਜਿ ਲਬਹੂੰ ॥੨॥੪॥}

(ਅੰਗ ੫੨੯)

44/5746

{ਆਪੁ ਮੇਟਿ ਪਏ ਸਰਣਾਈ ਇਹ ਮਤਿ ਸਾਧੂ ਕਹੀ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ਭਰਮੁ ਅਧੇਰਾ ਲਹੀ ॥੧॥}

(ਅੰਗ ੫੨੯)

{ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥
ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥ ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥ ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥
ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥}

(ਅੰਗ ੫੩੭)

{ਆਪਿ ਅਭੁਲੁ ਨ ਭੁਲੈ ਕਬ ਹੀ ਸਭੁ ਸਚੁ ਤਪਾਵਸੁ ਸਚੁ ਥਿਆ ॥
ਆਪੇ ਜਿਨਾ ਬੁਝਾਏ ਗੁਰਮੁਖਿ ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩॥}

(ਅੰਗ ੫੫੩)

{ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥
ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥
ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥੨॥}

(ਅੰਗ ੫੫੪)

{ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥ ਨਿਰਮਲੁ ਨਾਮੁ ਵਸੈ ਮਨਿ ਆਇ ॥੨॥
ਭਰਮੇ ਭੂਲਾ ਫਿਰੈ ਸੰਸਾਰੁ ॥ ਮਰਿ ਜਨਮੈ ਜਮੁ ਕਰੇ ਖੁਆਰੁ ॥੩॥
ਨਾਨਕ ਸੇ ਵਡਭਾਗੀ ਜਿਨ ਹਰਿ ਨਾਮੁ ਧਿਆਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥੪॥੮॥}

(ਅੰਗ ੫੬੦)

{ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥
ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ ਤਾ ਆਸਾ ਮਨਸਾ ਸਭ ਪੂਰੇ ॥
ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ ਪਿਰੁ ਸਰਬ ਰਹਿਆ ਭਰਪੂਰੇ ॥
ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ ਗੁਰ ਸਤਿਗੁਰ ਕੈ ਲਗਿ ਪੈਰੇ ॥੫॥੧॥੯॥}

(ਅੰਗ ੫੬੪)

{ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ ॥ ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ ॥
ਗੁਰ ਪਰਸਾਦੀ ਕਰਹੁ ਕਿਰਪਾ ਲੇਹੁ ਜਮਹੁ ਉਬਾਰੇ ॥ ਜੁਗਹ ਜੁਗੰਤਰਿ ਭਗਤ ਤੁਮਾਰੇ ॥੫॥}

(ਅੰਗ ੫੬੭)

{ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ ॥
ਹਰਿ ਦਾਨੋ ਹਰਿ ਦਾਨੁ ਦੇਵੈ ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥
ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕਾ ਦੁਖੁ ਭਰਮੁ ਭਉ ਭਾਗਾ ॥
ਸੇਵਕ ਭਾਇ ਮਿਲੇ ਵਡਭਾਗੀ ਜਿਨ ਗੁਰ ਚਰਨੀ ਮਨੁ ਲਾਗਾ ॥
ਕਹੁ ਨਾਨਕ ਹਰਿ ਆਪਿ ਮਿਲਾਏ ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥
ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ॥੪॥੧॥}

(ਅੰਗ ੫੭੨)

44/5747

{ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥ ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥
ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ ॥੧॥ ਰਹਾਉ ॥
ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥੨॥੧॥੨੯॥}

(ਅੰਗ ੬੧੭)

{ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥
ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥ ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ॥
ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ ॥ ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ॥
ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥}

(ਅੰਗ ੫੭੭-੫੭੮)

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥ ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥

ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

{ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥
ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥
ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥
ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥
ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥
ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ ॥ ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ॥
ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥}

(ਅੰਗ ੫੯੬)

{ਮਹਾ ਗੰਭੀਰੁ ਸਦਾ ਸੁਖਦਾਤਾ ਤਿਸ ਕਾ ਅੰਤੁ ਨ ਪਾਇਆ ॥
ਪੂਰੇ ਗੁਰ ਕੀ ਸੇਵਾ ਕੀਨੀ ਅਚਿੰਤੁ ਹਰਿ ਮੰਨਿ ਵਸਾਇਆ ॥
ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ ਵਿਚਹੁ ਭਰਮੁ ਚੁਕਾਇਆ ॥੩॥}

(ਅੰਗ ੬੦੦)

{ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥
ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥}

(ਅੰਗ ੬੧੦)

{ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥}

(ਅੰਗ ੬੧੦)

{ਓਹੁ ਜੁ ਭਰਮੁ ਭੁਲਾਵਾ ਕਹੀਅਤ ਤਿਨ ਮਹਿ ਉਰਝਿਓ ਸਗਲ ਸੰਸਾਰਾ ॥
ਪੂਰਨ ਭਗਤੁ ਪੁਰਖ ਸੁਆਮੀ ਕਾ ਸਰਬ ਥੋਕ ਤੇ ਨਿਆਰਾ ॥੨॥}

(ਅੰਗ ੬੧੧)

{ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥
ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥
ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥ ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥}

(ਅੰਗ ੬੧੫)

44/5748

{ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥
ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ ॥੧॥ ਰਹਾਉ ॥
ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥

ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥੧॥}

(ਅੰਗ ੬੩੨)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥ ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ ੬੩੫-੬੩੬)

ਸਲੋਕੁ ਮਃ ੩ ॥

{ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥
ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥}

(ਅੰਗ ੬੪੬)

{ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥ ਮਨਮੁਖ ਭਰਮੈ ਸਹਸਾ ਹੋਵੈ ॥
ਅੰਤਰਿ ਚਿੰਤਾ ਨੀਦ ਨ ਸੋਵੈ ॥ ਗਿਆਨੀ ਜਾਗਹਿ ਸਵਹਿ ਸੁਭਾਇ ॥ ਨਾਨਕ ਨਾਮਿ ਰਤਿਆ ਬਲਿ ਜਾਉ ॥੨॥}

(ਅੰਗ ੬੪੬)

{ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥
ਨੈਨ ਰਹੇ ਰੰਗੁ ਲਾਈ ॥ ਅਬ ਬੇ ਗਲ ਕਹਨੁ ਨ ਜਾਈ ॥੧॥
ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥
ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥ ਬਾਜੀਗਰ ਸ੍ਵਾਂਗੁ ਸਕੇਲਾ ॥
ਅਪਨੇ ਰੰਗ ਰਵੈ ਅਕੇਲਾ ॥੨॥ ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥ ਗੁਰ ਕਿੰਚਤ ਕਿਰਪਾ ਕੀਨੀ ॥
ਸਭੁ ਤਨੁ ਮਨੁ ਦੇਹ ਹਰਿ ਲੀਨੀ ॥ ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ ੬੫੫)

{ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥੨॥
ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥੩॥੧॥੯॥}

(ਅੰਗ ੬੬੬)

{ਹਰਿ ਕੇ ਸੰਤ ਜਨਾ ਹਰਿ ਜਪਿਓ ਤਿਨ ਕਾ ਦੂਖੁ ਭਰਮੁ ਭਉ ਭਾਗੀ ॥
ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ ॥੧॥ ਹਰਿ ਕੈ ਨਾਮਿ ਰਤਾ ਬੈਰਾਗੀ ॥
ਹਰਿ ਹਰਿ ਕਥਾ ਸੁਣੀ ਮਨਿ ਭਾਈ ਗੁਰਮਤਿ ਹਰਿ ਲਿਵ ਲਾਗੀ ॥੧॥ ਰਹਾਉ ॥}

(ਅੰਗ ੬੬੭)

{ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ ॥
ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥੧॥ ਅਬ ਮੋਹਿ ਰਾਮ ਜਸੋ ਮਨਿ ਗਾਇਓ ॥
ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥੧॥ ਰਹਾਉ ॥
ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥
ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ ॥੨॥
ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥ ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥੩॥}

(ਅੰਗ ੬੭੧)

44/5749

{ਹਾ ਹਾ ਪ੍ਰਭ ਰਾਖਿ ਲੇਹੁ॥ ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ ਰਹਾਉ ॥
ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥੧॥ ਊਚ ਨੀਚ ਸੂਖ ਦੂਖ ॥
ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥ ਮਨਿ ਬਾਸਨਾ ਰਚਿ ਬਿਖੈ ਬਿਆਧਿ ॥ ਪੰਚ ਦੂਤ ਸੰਗਿ ਮਹਾ ਅਸਾਧ ॥੩॥
ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥ ਨਾਨਕ ਜਾਨੁ ਸਦਾ ਹਰਿ ਨੇਰਾ ॥੪॥੧॥੧੯॥}

(ਅੰਗ ੬੭੫)

{ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥}

(ਅੰਗ ੬੮੦)

ਉਪਰ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਮਨ ਦੇ ਭਰਮ ਨੂੰ ਹੀ ਸਮਝਿਆ ਹੈ ਤੇ ਬਰੀਕੀ ਨਾਲ ਇਸ ਗੱਲ ਨੂੰ ਜਾਣਿਆ ਹੈ ਕਿ ਸਾਡਾ ਸਭ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਸਾਡੇ ਅੰਦਰ ਦਾ ਭਰਮ ਹੈ ਭਾਵ ਮਾਇਆ ਮੋਹ ਵਾਲੀ ਮਤਿ ਹੈ ਜੋ ਸਾਡੇ ਅੰਦਰ ਹਉਮੈ ਰੂਪ ਕੰਧ ਦੀ ਤਰ੍ਹਾਂ ਹੈ, ਦੀਵਾਰ ਦੀ ਤਰ੍ਹਾਂ ਹੈ ਤੇ ਇਹੀ ਸਾਡੇ ਅੰਦਰ ਦਾ ਮਾਇਆ ਰੂਪ ਗੜ ਹੈ, ਭਰਮ ਰੂਪ ਗੜ ਹੈ ਜਿਸਨੂੰ ਤੋੜਨਾ ਬਹੁਤ ਔਖਾ ਹੈ। ਭਰਮ ਸਾਡੇ ਅੰਦਰ ਸਾਡਾ ਆਪਣਾ ਪਾਇਆ ਹੋਇਆ ਨਹੀਂ ਹੈ ਤੇ ਇਸੇ ਲਈ ਮਨ ਦੇ ਇਸ ਭਰਮ ਗੜ ਨੂੰ, ਮਾਇਆ ਮੋਹ ਦੇ ਕਿਲੇ ਨੂੰ ਆਪਣੀ ਮਤਿ ਦੁਆਰਾ ਨਹੀਂ ਜਿੱਤਿਆ ਜਾ ਸਕਦਾ, ਭਰਮ ਗੜ ਨਹੀਂ ਤੋੜਿਆ ਜਾ ਸਕਦਾ। ਸਾਡੇ ਅੰਦਰ ਭਰਮ ਵਾਲੀ ਅਵਸਥਾ ਹੀ ਸਾਡੇ ਅੰਦਰ ਦਾ ਮਾਇਆ ਮੋਹ ਰੂਪ ਸਾਗਰ ਹੈ ਜਿਸ ਵਿੱਚੋਂ ਆਪਣੇ ਆਪ ਨਹੀਂ ਤਰਿਆ ਜਾ ਸਕਦਾ। ਇਸ ਭਰਮ ਗੜ ਦੇ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜਿਸਨੇ ਆਪ ਹੀ ਸਾਡੇ ਅੰਦਰ ਭਰਮ ਰੂਪ ਖਾਈ ਪਾਈ ਹੋਈ ਹੈ। ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ, ਮਾਇਆ ਮੋਹ ਵਿੱਚੋਂ ਨਿਕਲਣ ਦਾ, ਅਗਿਆਨਤਾ ਰੂਪ ਸਾਗਰ ਵਿੱਚੋਂ ਨਿਕਲਣ ਦਾ, ਹਉਮੈ ਵਿੱਚੋਂ ਨਿਕਲਣ ਦਾ ਭਾਵ ਤ੍ਰੈ ਗੁਣਾਂ ਵਾਲੀ ਮਤਿ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਗੁਰੂ ਦਾ ਸੱਚਾ ਗਿਆਨ ਹੈ ਜੋ ਕਿ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਪ੍ਰਮਾਤਮਾ ਆਪ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜੋ ਵਿਚਾਰ ਚੌਥੇ ਪਦ ਦੇ ਗਿਆਨ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਇਸੇ ਗਿਆਨ ਰੂਪ ਵਿੱਚ ਹੈ ਤੇ ਆਪਣੇ ਇਸੇ ਰੂਪ ਵਿੱਚ ਉਹ ਮਨੁੱਖ ਦੇ ਅੰਦਰ ਹੈ। ਮਨ ਦੇ ਵਿੱਚ ਜਦੋਂ ਪ੍ਰਮਾਤਮਾ ਦੇ ਇਸ ਰੂਪ ਨਾਲ ਮੇਲ ਹੋ ਜਾਂਦਾ ਹੈ ਫਿਰ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢਦਾ ਹੈ ਤੇ ਆਪ ਹੀ ਆਪਣੀ

44/5750

ਸ਼ਬਦਾਂ ਦੀ ਵਿਚਾਰ ਰਾਹੀਂ ਆਪਣੀ ਸੱਚੀ ਭਗਤੀ ਸਮਝਾਉਂਦਾ ਹੈ, ਆਪਣਾ ਆਪ ਸਮਝਾਉਂਦਾ ਹੈ, ਮਨੁੱਖ ਦੀ ਅਸਲੀਅਤ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਈ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਇਹ ਉਹਨਾਂ ਦੇ ਮਨ ਦੀ ਅਵਸਥਾ ਹੈ। ਪੂਰੀ ਗੁਰਬਾਣੀ ਸ਼ਬਦਾਂ ਦੇ ਰੂਪ ਵਿੱਚ ਹੈ ਤੇ ਹਰ ਸ਼ਬਦ ਰਾਹੀਂ ਵਿਚਾਰ ਹੀ ਦਿੱਤੀ ਹੋਈ ਹੈ, ਗਿਆਨ ਹੀ ਦਿੱਤਾ ਹੋਇਆ ਹੈ। ਜੋ ਵੀ ਸ਼ਬਦ ਅਸੀਂ ਗੁਰਬਾਣੀ ਵਿੱਚੋਂ ਪੜਦੇ ਹਾਂ ਉਹ ਲਿਖਣ ਵਾਲਿਆਂ ਦੇ ਭਾਵ ਉਚਾਰਨ ਵਾਲਿਆਂ ਦੇ ਆਪਣੇ ਸ਼ਬਦ ਨਹੀਂ ਹਨ ਭਾਵ ਆਪਣੇ ਬੋਲ ਨਹੀਂ ਹਨ। ਜਿਨ੍ਹਾਂ ਸਰੀਰਾਂ ਦੇ ਵਿੱਚ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੇ ਵਿੱਚ ਸ਼ਬਦਾਂ ਰਾਹੀਂ ਗਿਆਨ ਪਾਇਆ ਹੈ। ਗੁਰੂ ਸਾਹਿਬ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਇਹ ਸਮਝਾ ਰਹੇ ਹਨ ਕਿ ਮੇਰੇ ਅੰਦਰ **"ਸਬਦੁ"** ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਉਹ ਮੇਰੇ ਮੁੱਖੋਂ ਆਪ ਹੀ ਸ਼ਬਦ ਲਿਖਵਾ ਰਿਹਾ ਹੈ ਭਾਵ ਸ਼ਬਦਾਂ ਰਾਹੀਂ ਉਹ ਸਬਦੁ ਰੂਪ ਪ੍ਰਮਾਤਮਾ ਆਪ ਹੀ ਆਪਣਾ ਗਿਆਨ ਦੇ ਰਿਹਾ ਹੈ। ਜੋ ਗਿਆਨ ਪ੍ਰਮਾਤਮਾ ਮਨ ਦੇ ਵਿੱਚ ਆਪ ਦਿੰਦਾ ਹੈ

ਭਾਵ ਜੋ ਗੱਲ ਉਹ ਆਪ ਸਮਝਾਉਂਦਾ ਹੈ ਉਸ ਗੱਲ ਵਿੱਚ ਫਿਰ ਭਰਮ ਕਿਵੇਂ ਹੋ ਸਕਦਾ ਹੈ। ਕੇਵਲ ਤੇ ਕੇਵਲ ਇੱਕ ਪ੍ਰਮਾਤਮਾ ਆਪ ਹੀ ਹੈ ਜਿਸਦੇ ਕੋਲ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਗਿਆਨ ਹਰ ਭਰਮ ਤੋਂ ਰਹਿਤ ਹੈ ਜਿਸ ਗਿਆਨ ਰਾਹੀਂ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਪ੍ਰਮਾਤਮਾ ਨੇ ਆਪ ਹੀ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ ਤੇ ਆਪ ਹੀ ਆਪਣਾ ਸੱਚਾ ਰੂਪ ਸਮਝਾਇਆ ਹੈ, ਆਪਣਾ ਨਿਰੰਕਾਰ ਰੂਪ ਸਮਝਾਇਆ ਹੈ ਜੋ ਕਿ ਉਸਦਾ **"ਸਬਦੁ"** ਰੂਪ ਹੈ, ਗੁਰੂ ਰੂਪ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ। ਮਨੁੱਖੀ ਮਤਿ ਭਰਮ ਵਾਲੀ ਮਤਿ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝਦੀ ਹੈ, ਪ੍ਰਮਾਤਮਾ ਦੇ ਨਾਲੋਂ ਵੱਖਰਾ ਸਮਝਦੀ

44/5751

ਹੈ ਪਰ ਮਨ ਦਾ ਭਰਮ ਨਿਕਲਣ ਤੋਂ ਬਾਅਦ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਹਰ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਸਭ ਕੁਝ ਪ੍ਰਮਾਤਮਾ ਆਪ ਹੀ ਹੈ। **(ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥)** ਪ੍ਰਮਾਤਮਾ ਸਭ ਦੇ ਅੰਦਰ ਆਪਣੇ ਸ਼ਬਦ ਰੂਪ ਵਿੱਚ ਹੀ ਹੈ ਭਾਵ ਸ਼ਬਦ ਦੇ ਗਿਆਨ ਰੂਪ ਵਿੱਚ ਹੀ ਹੈ, ਨਿਰੰਕਾਰ ਰੂਪ ਵਿੱਚ ਹੀ ਹੈ ਜਿਸ ਗੱਲ ਦੀ ਸਮਝ ਉਸਦੇ ਨਿਰੰਕਾਰ ਰੂਪ ਨਾਲ ਜੁੜ ਕੇ ਹੀ ਪੈਂਦੀ ਹੈ ਭਾਵ ਮਨ ਦੇ ਗਿਆਨ ਦੁਆਰਾ ਹੀ ਪੈਂਦੀ ਹੈ। **{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}** ਅੰਗ ੯੩੭ **{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}** ਅੰਗ ੧੨੦

ਪ੍ਰਮਾਤਮਾ ਦੇ ਸ਼ਬਦ ਰੂਪ ਦੇ ਨਾਲ ਮੇਲ ਹੀ ਤੱਤ ਦਾ ਤਤੁ ਨਾਲ ਮੇਲ ਹੈ ਜਿਵੇਂ ਕਿ ਅਗਲੀ ਪੰਗਤੀ ਦੁਆਰਾ ਸਪਸ਼ਟ ਕੀਤਾ ਹੋਇਆ ਹੈ।

"ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥"

ਇਸ ਤੋਂ ਪਹਿਲੀ ਪੰਗਤੀ ਰਾਹੀਂ ਸ਼ਬਦ ਦੁਆਰਾ ਮਨ ਦਾ ਭਰਮ ਨਿਕਲਣਾ ਸਮਝਾਇਆ ਹੋਇਆ ਹੈ। ਉਪਰ ਪੰਗਤੀ ਰਾਹੀਂ ਸਾਡਾ ਮਨ ਦਾ ਭਰਮ ਕਿਵੇਂ ਨਿਕਲਦਾ ਹੈ ਇਹੀ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਆਪਣੇ **"ਤਤੁ"** ਦੇ ਰੂਪ ਵਿੱਚ ਹੀ ਹੈ ਜੋ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਸ਼ਬਦਾਂ ਦੀ ਵਿਚਾਰ ਦੇ ਅੰਦਰ ਜੋ ਵੀ ਗਿਆਨ ਹੈ ਉਹ ਤਤੁ ਗਿਆਨ ਹੈ ਜੋ ਗਿਆਨ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੈ। ਹਰ ਕੋਈ ਤ੍ਰੈ ਗੁਣਾਂ ਵਾਲੀ ਮਤਿ ਵਿੱਚ ਹੈ, ਮਾਇਆ ਮੋਹ ਵਿੱਚ ਹੈ ਜਿਸ ਰਾਹੀਂ ਸਾਨੂੰ ਮਨ ਦੇ ਵਿੱਚੋਂ ਗਿਆਨ ਹੀ ਮਿਲਦਾ ਹੈ ਭਾਵ ਸਾਡੇ ਅੰਦਰ ਦਾ ਇਹ ਗਿਆਨ ਤੱਤ ਰੂਪ ਹੀ ਹੈ ਜੋ ਮਨੁੱਖ ਨੂੰ ਭਰਮਾਂ ਦੇ ਨਾਲ ਜੋੜ ਕੇ ਰੱਖਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਸਾਡੀ ਭਰਮਾਂ ਵਾਲੀ ਮਤਿ ਦਾ ਪ੍ਰਮਾਤਮਾ ਦੀ ਸੱਚੀ ਮਤਿ ਦੇ ਨਾਲ ਹੀ ਹੁੰਦਾ ਹੈ ਭਾਵ ਤੱਤ ਦਾ ਮੇਲ **"ਤਤੁ"** ਦੇ ਨਾਲ ਹੁੰਦਾ ਹੈ ਜਿਸ ਰਾਹੀਂ ਪ੍ਰਮਾਤਮਾ ਆਪ ਹੀ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢਦਾ ਹੈ ਤੇ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਮਨੁੱਖ ਦਾ ਸੱਚ ਸਮਝਾਉਂਦਾ ਹੈ, ਸੰਸਾਰ ਦਾ

44/5752

ਸੱਚ ਸਮਝਾਉਂਦਾ ਹੈ, ਭਗਤੀ ਦੇ ਮਾਰਗ ਦਾ ਸੱਚ ਸਮਝਾਉਂਦਾ ਹੈ, ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਤਰੀਕਾ ਸਮਝਾਉਂਦਾ ਹੈ। ਪੂਰੀ ਗੁਰਬਾਣੀ ਰਾਹੀਂ ਇਹ ਸੱਚ ਹੀ ਸਮਝਾਇਆ ਹੋਇਆ ਹੈ ਤੇ ਇਹ **"ਸਚੁ"** ਹੀ ਨਾਮੁ ਹੈ ਜਿਸਦਾ ਮਕਸਦ ਸਾਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੈ, ਹਉਮੈ ਵਿੱਚੋਂ ਕੱਢਣ ਦਾ ਹੈ, ਮਾਇਆ ਮੋਹ ਵਿੱਚੋਂ ਕੱਢਣ ਦਾ ਹੈ। ਪ੍ਰਮਾਤਮਾ ਆਪ ਇਸ ਸਚੁ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਨੂੰ ਉਹ ਹੀ ਪਾ ਸਕਦਾ ਹੈ ਜੋ ਸ਼ਬਦਾਂ ਦੀ ਵਿਚਾਰ ਰੂਪ ਸੱਚ ਨਾਲ ਜੁੜਦਾ ਹੈ ਭਾਵ ਨਾਮ ਨਾਲ ਜੁੜਦਾ ਹੈ। ਨਾਮ ਨਾਲ ਉਹੀ ਜੁੜਦਾ ਹੈ ਭਾਵ ਨਾਮ ਉਹੀ ਜਪਦਾ ਹੈ, ਸੱਚ ਉਹੀ ਜਪਦਾ ਹੈ ਜੋ ਸ਼ਬਦਾਂ ਦੀ ਵਿਚਾਰ ਨੂੰ ਮੰਨਦਾ ਹੈ ਭਾਵ ਗੁਰੂ ਦੇ ਤਤੁ ਨੂੰ ਆਪਣੇ ਅੰਦਰ ਵਸਾਉਂਦਾ ਹੈ। ਭਰਮ ਉਸੇ ਦਾ ਹੀ ਨਿਕਲਦਾ ਹੈ ਜੋ ਸ਼ਬਦ ਦੀ ਗੱਲ ਨੂੰ ਮੰਨਦਾ ਹੈ ਭਾਵ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਕਦੇ ਕਿਸੇ ਦਾ ਭਰਮ ਨਹੀਂ ਨਿਕਲ ਸਕਦਾ। ਮਨ ਦੇ ਭਰਮਾਂ ਕਰਕੇ ਹੀ ਅਸੀਂ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ ਤੇ ਆਵਾਗਉਂਣ ਵਿੱਚ ਸਮਝਦੇ ਹਾਂ। ਜਦੋਂ ਮਨੁੱਖ ਦੇ ਅੰਦਰ ਦਾ ਭਰਮ ਨਿਕਲ ਜਾਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਸੇ ਲਈ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਣਾ ਇੱਕ ਭਰਮ ਹੈ। ਸਾਰੀ ਗੱਲ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੀ ਹੈ ਜੋ ਕਿ ਸਾਡੇ ਸਭ ਦਾ ਸੱਚਾ ਉਦੱਮ ਹੋਣਾ

ਚਾਹੀਦਾ ਹੈ ਕਿ ਅਸੀਂ ਉਹੋ ਜਿਹੀ ਭਗਤੀ ਨਾਲ ਜੁੜੀਏ ਜਿਹੋ ਜਿਹੀ ਗੁਰੂ ਸਾਨੂੰ ਸਮਝਾਉਂਦਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨੀਏ ਤੇ ਆਪਣੇ ਉਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਛੱਡੀਏ ਜਿਨ੍ਹਾਂ ਨੂੰ ਛੱਡਣ ਲਈ ਗੁਰੂ ਸਾਹਿਬ ਸਾਨੂੰ ਬਾਰ-ਬਾਰ ਸਮਝਾ ਰਹੇ ਹਨ। ਅਸੀਂ ਮਨ ਦੇ ਭਰਮਾਂ ਕਰਕੇ ਹੀ ਉਨ੍ਹਾਂ ਨੂੰ ਭਗਤੀ ਦਾ ਸੱਚਾ ਮਾਰਗ ਸਮਝਿਆ ਹੋਇਆ ਹੈ। ਸ਼ਬਦਾਂ ਦੀ ਕਥਨੀ ਕਰੀ ਜਾਣਾ, ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲੀ ਜਾਣਾ ਕੇਵਲ ਸਾਡਾ ਭਰਮ ਹੈ ਕਿਉਂਕਿ ਉਸ ਦੁਆਰਾ ਸਾਡੇ ਮਨ ਦੀ ਸਮਝ ਵਿੱਚ ਕੋਈ ਬਦਲਾਵ ਨਹੀਂ ਆਉਂਦਾ ਭਾਵ ਅਸੀਂ ਕਰਮ ਉਹੋ ਜਿਹੇ ਹੀ ਕਰਦੇ ਰਹਿੰਦੇ ਹਾਂ ਜਿਹੋ ਜਿਹੇ ਕਰਮ ਨਾ ਕਰਨ ਲਈ ਸਾਨੂੰ ਗੁਰੂ ਸਾਹਿਬ ਬਾਰ-ਬਾਰ ਸਮਝਾ ਰਹੇ ਹਨ। ਜਦ ਤੱਕ ਸਾਡੇ ਅੰਦਰ ਇੱਕ ਵੀ ਔਗੁਣ ਹੈ ਅਸੀਂ ਸ਼ਬਦ ਦੀ ਵਿਚਾਰ ਮੰਨਣ ਤੋਂ ਦੂਰ ਹਾਂ ਭਾਵ ਸੱਚ ਤੋਂ ਦੂਰ ਹਾਂ ਭਾਵ ਸਾਡੇ ਮਨ ਦਾ ਭਰਮ ਨਹੀਂ

44/5753

ਨਿਕਲਿਆ। ਗੁਰੂ ਸਾਹਿਬ ਨੇ ਸਾਨੂੰ ਹਰ ਗੱਲ ਸਾਡੀ ਨਾਸਮਝੀ ਨੂੰ ਦੂਰ ਕਰਨ ਲਈ ਹੀ ਸਮਝਾਈ ਹੋਈ ਹੈ ਭਾਵ ਸਾਨੂੰ ਭਰਮਾਂ ਵਿੱਚੋਂ ਕੱਢਣ ਲਈ ਹੀ ਸਮਝਾਈ ਹੋਈ ਹੈ। ਸਰੀਰਕ ਜਪ ਤਪ ਕਰੀ ਜਾਣ ਨਾਲ ਕੀ ਸਾਡੀ ਸਮਝ ਵਿੱਚ ਕੋਈ ਬਦਲਾਵ ਆਉਂਦਾ ਹੈ ਭਾਵ ਨਹੀਂ ਆਉਂਦਾ ਤੇ ਇਸੇ ਲਈ ਸਾਨੂੰ ਬਾਰ-ਬਾਰ ਸਰੀਰਕ ਜਪਾਂ ਤਪਾਂ ਨੂੰ ਛੱਡਣ ਲਈ ਸਮਝਾਇਆ ਗਿਆ ਹੈ, ਸਮਾਧੀਆਂ ਲਗਾ ਕੇ ਬੈਠੇ ਰਹਿਣ ਤੋਂ ਦੂਰ ਰਹਿਣ ਲਈ ਸਮਝਾਇਆ ਹੋਇਆ ਹੈ ਕਿਉਂਕਿ ਉਨ੍ਹਾਂ ਦੁਆਰਾ ਸਾਡਾ ਕੋਈ ਭਰਮ ਨਹੀਂ ਨਿਕਲਦਾ। ਜੋ ਕਰਮ ਸਾਡਾ ਆਪਣੇ ਆਪ ਵਿੱਚ ਹੀ ਭਰਮ ਹੈ ਭਾਵ ਜੋ ਭਗਤੀ ਦਾ ਤਰੀਕਾ ਆਪਣੇ ਆਪ ਵਿੱਚ ਹੀ ਭਰਮ ਹੈ ਉਸ ਤਰੀਕੇ ਨੇ ਸਾਨੂੰ ਭਰਮਾਂ ਵਿੱਚੋਂ ਕੀ ਕੱਢਣਾ ਹੈ, ਸੱਚ ਨਾਲ ਕੀ ਜੋੜਨਾ ਹੈ। ਜੋ ਕੰਮ ਸਾਡਾ ਗੁਰੂ ਦੀ ਸੱਚੀ ਵਿਚਾਰ ਤੋਂ ਉਲਟ ਹੈ ਉਹ ਸੱਚ ਤੋਂ ਉਲਟ ਹੈ। ਜੋ ਗੱਲ ਸੱਚ ਤੋਂ ਉਲਟ ਹੈ ਉਹ ਨਾਮ ਤੋਂ ਉਲਟ ਹੈ। ਅਸੀਂ ਆਪਣੀ ਕਥਨੀ ਵਿੱਚ ਨਾਮ ਸਮਝਦੇ ਹਾਂ ਜੋ ਕਿ ਅਸਲੀਅਤ ਵਿੱਚ ਨਾਮ ਤੋਂ ਉਲਟ ਚੱਲਣ ਵਾਲੀ ਗੱਲ ਹੈ। ਨਾਮ ਦਾ ਮਕਸਦ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਤੇ ਉਹ ਤਾਂ ਹੀ ਨਿਕਲੇਗਾ ਜਦੋਂ ਸ਼ਬਦ ਦੀ ਗੱਲ ਨੂੰ ਮੰਨਾਂਗੇ, ਗੁਰੂ ਦੀ ਗੱਲ ਨੂੰ ਮੰਨਾਂਗੇ। ਅਸੀਂ ਮੇਲ ਵੀ ਸ਼ਬਦ ਦੇ ਨਾਲ ਕਰਨਾ ਹੈ ਤੇ ਸ਼ਬਦ ਦੀ ਮਤਿ ਤੋਂ ਉਲਟ ਚੱਲ ਕੇ ਕੀ ਕਦੇ ਸ਼ਬਦ ਦੇ ਨਾਲ ਮੇਲ ਕੀਤਾ ਜਾ ਸਕਦਾ ਹੈ। ਸਾਡੀ ਸੁਰਤਿ ਸਾਡੇ ਮਨ ਦੇ ਵਿਚਾਰ ਹਨ ਭਾਵ ਸਾਡੀ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੈ ਜਿਸਦਾ ਮੇਲ ਅਸੀਂ ਸ਼ਬਦ ਦੇ ਨਾਲ ਕਰਨਾ ਚਾਹੁੰਦੇ ਹਾਂ। ਇਹ ਮੇਲ ਤਾਂ ਹੀ ਹੋਵੇਗਾ ਜਦੋਂ ਸਾਡੀ ਸੁਰਤਿ ਦੇ ਵਿਚਾਰ ਸ਼ਬਦ ਦੀ ਵਿਚਾਰ ਨਾਲ ਇੱਕ ਹੋਣਗੇ ਭਾਵ ਸ਼ਬਦ ਦੀ ਵਿਚਾਰ ਨੂੰ ਮੰਨਣਗੇ। ਮੰਨਣ ਦੁਆਰਾ ਹੀ ਭਰਮ ਨਿਕਲ ਸਕਦਾ ਹੈ ਤੇ ਭਰਮ ਵਿੱਚੋਂ ਨਿਕਲਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਅਨੇਕਾਂ ਨੇ ਧਰਮ ਦੇ ਮਾਰਗ ਨੂੰ ਆਪਣੇ ਖਾਣ-ਪੀਣ ਨਾਲ ਜੋੜਿਆ ਹੈ ਜਿਸਦਾ ਮਕਸਦ ਸਾਡੇ ਤਨ ਦੇ ਨਾਲ ਹੈ ਭਾਵ ਸਾਡੇ ਤਨ ਦਾ ਭੋਜਨ ਹੈ ਜੋ ਮਨ ਨੂੰ ਭਰਮਾਂ ਵਿੱਚੋਂ ਨਹੀਂ ਕੱਢ ਸਕਦਾ। ਮਨ ਦੇ ਭਰਮ ਤਾਂ ਹੀ ਨਿਕਲਣਗੇ ਜਦੋਂ ਮਨ ਦੇ ਭੋਜਨ ਨਾਲ ਜੁੜਾਂਗੇ। ਮਨ ਦਾ ਭੋਜਨ ਮਨ ਦਾ ਗਿਆਨ ਹੈ। ਗੁਰੂ ਦੀ ਮਤਿ ਦਾ ਗਿਆਨ ਸਾਡੇ ਮਨ ਦਾ ਸੱਚਾ ਭੋਜਨ ਹੈ ਜੋ ਭੋਜਨ ਛੱਕਣ ਦੁਆਰਾ ਅਸੀਂ ਮਨ ਦੇ ਭਰਮਾਂ ਤੋਂ ਮੁਕਤ ਹੁੰਦੇ ਹਾਂ। ਇਹੀ ਸਾਡੇ ਮਨ ਦਾ ਅੰਮ੍ਰਿਤ ਭੋਜਨ ਹੈ ਜਿਸ ਭੋਜਨ ਨੂੰ ਛੱਕਣਾ ਹੀ ਗੁਰੂ ਦਾ ਅੰਮ੍ਰਿਤ ਪੀਣਾ ਹੈ। ਅਸੀਂ ਸ਼ਬਦਾਂ ਦੀ ਵਿਚਾਰ ਰਾਹੀਂ ਇਹ ਅੰਮ੍ਰਿਤ ਭੋਜਨ ਛੱਕਣ ਦਾ ਉਦੱਮ ਹੀ ਕਰਨਾ ਹੈ

44/5754

ਜਿਸ ਦੁਆਰਾ ਅਸੀਂ ਜਿਉਂ ਜਿਉਂ ਭਰਮਾਂ ਵਿੱਚੋਂ ਨਿਕਲਦੇ ਹਾਂ ਤਿਉਂ ਤਿਉਂ ਅਸੀਂ ਮਨ ਦੇ ਵਿਚਾਰਾਂ ਰਾਹੀਂ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਦੇ ਹਾਂ। ਸਾਡੀ ਜੋ ਵੀ ਕਿਰਿਆ ਜਿਸਨੂੰ ਅਸੀਂ ਧਾਰਮਿਕ ਕਿਰਿਆ ਸਮਝਦੇ ਹਾਂ ਜੇਕਰ ਉਸ ਦੁਆਰਾ ਸਾਡੇ ਮਨ ਦੀ ਸ਼ੁਧੀ ਨਹੀਂ ਹੁੰਦੀ ਭਾਵ ਭਰਮਾਂ ਤੋਂ ਸ਼ੁਧੀ ਨਹੀਂ ਹੁੰਦੀ ਉਹ ਕਿਰਿਆ ਕੇਵਲ ਵਿਅਰਥ ਹੈ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ। ਆਪਣੇ ਸਰੀਰ ਨੂੰ ਵਿਅਰਥ ਦੁੱਖਾਂ ਵਿੱਚ ਪਾਉਂਣਾ, ਬਸਤਰਹੀਨ ਰਹਿ ਕੇ ਜਿਉਣਾ, ਨੰਗੀ ਪੈਰੀਂ ਤੁਰੀ ਫਿਰੀ ਜਾਣਾ, ਤੀਰਥਾਂ ਆਦਿ ਤੇ ਤੁਰੀ ਫਿਰੀ ਜਾਣਾ ਸਭ ਵਿਅਰਥ ਹੈ, ਕੇਵਲ ਖੁਆਰੀ ਹੈ ਜੇਕਰ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਨਹੀਂ ਸਮਝਦੇ। ਸੱਚਾ ਮਾਰਗ ਕੇਵਲ ਸਾਡੀ ਸੱਚੀ ਸੁੱਚੀ ਵਿਚਰਨ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਕਿਸੇ ਦਾ ਮਾੜਾ ਨਾ ਕਰੀਏ, ਕਿਸੇ ਨਾਲ ਵੈਰ ਵਿਰੋਧਤਾ ਨਾ ਦਿਖਾਈਏ ਭਾਵ ਉਹ ਹਰ ਔਗੁਣ ਛੱਡੀਏ ਜੋ ਸਾਨੂੰ ਗੁਰੂ ਛੱਡਣ ਲਈ ਸਮਝਾਉਂਦਾ ਹੈ। ਜੋ ਕੁਝ ਵੀ ਅਸੀਂ ਗੁਰੂ ਦੀ ਮਤਿ ਤੋਂ ਉਲਟ ਕਰਦੇ ਹਾਂ ਉਹ ਸਾਡਾ ਔਗੁਣ ਹੈ ਤੇ ਜਿੱਥੇ ਔਗੁਣ ਹੈ ਉੱਥੇ ਪ੍ਰਮਾਤਮਾ ਦੀ ਭਗਤੀ ਨਹੀਂ ਹੈ, ਨਾਮ ਨਹੀਂ ਹੈ ਭਾਵ ਸੱਚ ਨਹੀਂ ਹੈ ਤੇ ਉਹ ਕੇਵਲ ਸਾਡਾ ਭਰਮ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕੋਈ ਵੀ ਪੂਰੀ ਤਰ੍ਹਾਂ ਭਰਮਾਂ ਤੋਂ ਰਹਿਤ ਨਹੀਂ ਹੋ ਸਕਦਾ। ਸਾਡਾ ਸਭ ਤੋਂ ਵੱਡਾ ਭਰਮ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣ ਦਾ ਹੈ ਤੇ ਇਹ ਭਰਮ ਨਿਕਲੇ ਬਿਨ੍ਹਾਂ ਕੋਈ ਇਸ ਗੱਲ

ਨੂੰ ਨਹੀਂ ਸਮਝ ਸਕਦਾ ਕਿ ਭਰਮ ਤੇ ਸੱਚ ਵਿੱਚ ਫਰਕ ਕੀ ਹੈ। ਇਹ ਫਰਕ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਆਪਣੇ ਤਤੁ ਨਾਲ ਜੋੜ ਕੇ ਸਮਝਾਉਂਦਾ ਹੈ। **(ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥ ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥)**

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥
ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}

(ਅੰਗ ੧੬੩)

{ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥}

(ਅੰਗ ੨੦੫)

44/5755

{ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ ॥
ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ ॥੨॥੬੦॥੯੩॥}

(ਅੰਗ ੧੨੨੦)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ॥
ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੯੫)

{ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥ ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥
ਆਪਿ ਅਡੋਲੁ ਨ ਕਬਹੂ ਡੋਲੈ ॥ ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥}

(ਅੰਗ ੨੯੪)

{ਸੁਣਿ ਮਨ ਮੇਰੇ ਸਬਦੁ ਵੀਚਾਰਿ ॥ ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥੧॥ ਰਹਾਉ ॥
ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ ॥੨॥}

(ਅੰਗ ੧੬੧)

ੴ ਸਤਿਗੁਰ ਪ੍ਰਸਾਦਿ ॥

ਰਾਗੁ ਬਿਹਾਗੜਾ ਮਹਲਾ ੯ ॥

{ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥
ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥ ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥ ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥

ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥}

(ਅੰਗ ੫੩੭)

{ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ ॥ ਗਤੁ ਭਰਮ ਮੋਹ ਬਿਕਾਰ ਬਿਨਸੇ ਜੋਨਿ ਆਵਣ ਸਭ ਰਹੇ ॥}

(ਅੰਗ ੪੫੯)

{ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ ॥ ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ ॥
ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥
ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ ॥
ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ ॥
ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ ॥੨॥}

(ਅੰਗ ੪੫੯)

{ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥
ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ ॥੨॥
ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ ॥
ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ ॥੩॥੬॥੨੮॥}

(ਅੰਗ ੪੮੩)

44/5756

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥

ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ ੧੦੬੯-੧੦੭੦)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

ਮਾਰੂ ਮਹਲਾ ੧ ॥

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥
ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥੨॥
ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥
ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

{ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ॥
ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

ਭਰਮ ਕੀ ਹੈ, ਇਸ ਗੱਲ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ। ਮਨੁੱਖ ਵਿੱਚ ਤੇ ਪ੍ਰਮਾਤਮਾ ਵਿੱਚ ਕੇਵਲ ਇੱਕ ਭਰਮ ਦਾ ਪਰਦਾ ਹੀ ਹੈ ਜੋ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਜੋ ਕੁਝ ਵੀ ਅਸੀਂ ਮਾੜਾ ਕਰਮ ਕਰਦੇ ਹਾਂ ਭਾਵ ਗੁਰਮਤਿ ਤੋਂ ਉਲਟ ਚੱਲਦੇ ਹਾਂ ਉਸ ਵਿੱਚ ਪ੍ਰਮਾਤਮਾ ਦੀ ਭਗਤੀ

ਬਿਲਕੁੱਲ ਨਹੀਂ ਹੈ ਭਾਵ ਉਸਨੂੰ ਭਗਤੀ ਸਮਝਣਾ ਕੇਵਲ ਸਾਡਾ ਭਰਮ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਬਾਰ-ਬਾਰ ਬਾਣੀ ਵਿੱਚ ਮਨ ਨੂੰ ਜਿੱਤਣ ਦੀ ਗੱਲ ਆਉਂਦੀ ਹੈ। ਆਪਣੇ ਅੰਦਰ ਦੇ ਭਰਮ ਗੜ ਨੂੰ ਜਿੱਤਣਾ ਹੀ, ਭਰਮ ਦੀ ਦੀਵਾਰ ਨੂੰ ਜਿੱਤਣਾ ਹੀ ਆਪਣੇ ਮਨ ਨੂੰ ਜਿੱਤਣਾ ਹੈ ਕਿਉਂਕਿ ਮਨ ਦੇ ਭਰਮ ਵਾਲੇ ਵਿਚਾਰ ਹੀ ਸਾਨੂੰ ਮਾਇਆ ਮੋਹ ਨਾਲ ਜੋੜ ਕੇ ਰੱਖਦੇ ਹਨ ਜਿਨ੍ਹਾਂ ਦੇ ਰਹਿੰਦਿਆਂ ਅਸੀਂ ਮਨ ਦੇ ਮਾੜੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ, ਔਗੁਣਾਂ ਨਾਲ ਜੁੜੇ ਰਹਿੰਦੇ ਹਾਂ। ਮਨ ਦੇ ਇਹ ਮਾੜੇ ਵਿਚਾਰ ਹੀ, ਭਰਮ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਰੋਗ ਹੈ ਜਿਸ ਰੋਗ ਦੇ ਰਹਿੰਦਿਆਂ ਅਸੀਂ ਕਦੇ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ। ਸਾਨੂੰ ਇਸ ਮਨ ਦੇ ਰੋਗ ਵਿੱਚੋਂ ਕੱਢਣ ਦਾ ਮਾਰਗ ਭਾਵ ਅਉਖਧ, ਦਾਰੂ ਗੁਰੂ ਦਾ ਨਾਮ ਹੈ ਭਾਵ ਗੁਰੂ ਦੀ ਮਤਿ ਹੈ ਜਿਸਨੂੰ ਮੰਨੇ ਬਿਨ੍ਹਾਂ ਸਾਡੇ ਅੰਦਰ ਦਾ ਰੋਗ ਨਹੀਂ ਜਾ ਸਕਦਾ, ਇਸ ਮਨ ਦੇ ਭਰਮ ਰੂਪ ਗੜ ਨੂੰ ਨਹੀਂ ਤੋੜਿਆ ਜਾ ਸਕਦਾ, ਭਰਮ ਦੀ ਦੀਵਾਰ ਤੋਂ ਪਾਰ ਨਹੀਂ ਪਾਇਆ ਜਾ ਸਕਦਾ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਤੇ ਉਹ ਕੁਝ ਕਰੀਏ ਜੋ ਭਗਤੀ ਨਾਲ ਜੁੜਨ ਦਾ ਅਸਲ ਮਾਰਗ ਹੈ, ਪ੍ਰਮਾਤਮਾ ਨੂੰ ਪਾਉਣ ਦਾ ਅਸਲ ਮਾਰਗ ਹੈ।

ਆਸਾ ਮਹਲਾ ੫ ॥

“ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥ ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥
ਅਨਦਿਨੋ ਪ੍ਰਭ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥”

(ਅੰਗ ੪੦੮)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ **“ਰਹਾਉ”** ਵਾਲੀਆਂ ਪੰਗਤੀਆਂ ਹਨ ਜਿਸ ਰਾਹੀਂ ਸਾਰੇ ਸ਼ਬਦ ਦਾ ਭਾਵ ਸਮਝਾਇਆ ਹੁੰਦਾ ਹੈ। ਸਾਡੇ ਅੰਦਰ ਦੇ ਗੜ ਦੀ, ਕਿਲੇ ਦੀ ਗੱਲ ਸਮਝਾਈ ਹੋਈ ਹੈ ਜਿਸ ਕਿਲੇ ਨੂੰ ਤੋੜਨਾ ਬਹੁਤ ਬਿਖਮ ਹੈ ਭਾਵ ਔਖਾ ਹੈ। ਆਪਣੇ ਅੰਦਰ ਦੇ ਇਸ ਕਿਲੇ ਨੂੰ ਕੋਈ ਵਿਰਲਾ ਹੀ ਤੋੜ ਸਕਦਾ ਹੈ ਤੇ ਜੋ ਇਸ ਕਿਲੇ ਨੂੰ ਤੋੜਦਾ ਹੈ ਉਸਦੇ ਅੰਦਰ ਹੀ ਨਾਮ ਵੱਸਦਾ ਹੈ ਭਾਵ ਉਸਨੂੰ ਹੀ ਨਾਮ ਰੂਪ ਖਜਾਨੇ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ ਕਿ ਸ਼ਬਦ ਦੀ ਆਖਰੀ ਪੰਗਤੀ ਦੁਆਰਾ ਸਪਸ਼ਟ ਕੀਤਾ ਹੋਇਆ

ਹੈ। ਪੂਰੇ ਸ਼ਬਦ ਰਾਹੀਂ ਸਾਨੂੰ ਨਾਮ ਦੀ ਪ੍ਰਾਪਤੀ ਕਰਨੀ ਹੀ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਹੀ ਸਮਝਾਇਆ ਹੋਇਆ ਹੈ। ਨਾਮ ਦੀ ਪ੍ਰਾਪਤੀ ਕਰਨੀ ਬਹੁਤ ਔਖੀ ਹੈ ਤੇ ਕੋਈ ਵਿਰਲਾ ਹੀ ਕਰ ਸਕਦਾ ਹੈ, ਆਪਣੇ ਮਨ

44/5758

ਰੂਪ ਕਿਲੇ ਨੂੰ ਤੋੜਕੇ ਹੀ ਕਰ ਸਕਦਾ ਹੈ। ਆਪਣੇ ਮਨ ਰੂਪ ਕਿਲੇ ਨੂੰ ਤੋੜਨਾ ਹੀ ਆਪਣੇ ਮਨ ਨੂੰ ਜਿੱਤਣਾ ਹੈ। ਇਹ ਕਿਲਾ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਭਾਵ ਸਾਡੀ ਮਨ ਦੀ ਸਮਝ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦੇ ਆਸ, ਪਿਆਸ, ਧੋਹ, ਮੋਹ, ਭਰਮ ਦੇ ਰੂਪ ਵਿੱਚ ਹੈ। ਹਰ ਮਨੁੱਖ ਆਸ਼ਾਵਾਂ ਨਾਲ ਭਾਵ ਮਨ ਦੀਆਂ ਇੱਛਾਵਾਂ ਨਾਲ ਬੱਝਿਆ ਹੋਇਆ ਹੈ, ਤ੍ਰਿਸ਼ਨਾਵਾਂ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਦੀ ਪਿਆਸ ਮਨੁੱਖ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਉਪਜਦੀ ਰਹਿੰਦੀ ਹੈ। ਆਪਣੀਆਂ ਇਨ੍ਹਾਂ ਇੱਛਾਵਾਂ ਦੀ ਪੂਰਤੀ ਕਰਨ ਲਈ, ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਕਰਨ ਲਈ ਫਿਰ ਮਾੜੇ ਕੰਮ ਕਰਦਾ ਹੈ, ਦੂਸਰਿਆਂ ਨਾਲ **"ਧ੍ਰੋਹ"** ਕਰਦਾ ਹੈ ਭਾਵ ਠੱਗੀ ਕਰਦਾ ਹੈ, ਦੂਸਰਿਆਂ ਦਾ ਹੱਕ ਖਾਂਦਾ ਹੈ। ਇਹ ਸਾਡੇ ਅੰਦਰ ਦਾ ਮਾਇਆ ਮੋਹ ਹੈ ਭਾਵ ਮਨ ਦੀਆਂ ਇੱਛਾਵਾਂ ਨਾਲ ਮੋਹ ਹੈ ਜੋ ਸਾਨੂੰ ਸੱਚ ਦੇ ਮਾਰਗ ਤੇ ਚੱਲਣ ਤੋਂ ਭਾਵ ਨਾਮ ਦੇ ਮਾਰਗ ਤੇ ਚੱਲਣ ਤੋਂ ਦੂਰ ਰੱਖਦੀਆਂ ਹਨ, ਸਾਨੂੰ ਆਪਣੇ ਜੀਵਨ ਦਾ ਅਸਲ ਮਾਰਗ ਸਮਝਣ ਤੇ ਉਸ ਤੇ ਚੱਲਣ ਵਿੱਚ ਭਰਮ ਵਿੱਚ ਰੱਖਦੀਆਂ ਹਨ, ਧਰਮ ਦੇ ਮਾਰਗ ਤੋਂ ਸਾਨੂੰ ਅਗਿਆਨੀ ਬਣਾ ਕੇ ਰੱਖਦੀਆਂ ਹਨ। ਗੁਰੂ ਗਿਆਨੀ ਹੈ ਭਾਵ ਉਸਦੇ ਕੋਲ ਧਰਮ ਦੇ ਮਾਰਗ ਦੀ ਸੱਚੀ ਸਮਝ ਹੈ ਜੋ ਕਿ ਸਾਨੂੰ ਧਰਮ ਦੇ ਮਾਰਗ ਤੇ ਚੱਲਣਾ ਸਿਖਾ ਰਿਹਾ ਹੈ, ਸਮਝਾ ਰਿਹਾ ਹੈ ਭਾਵ ਆਪਣਾ ਸੱਚਾ ਗਿਆਨ ਦੇ ਰਿਹਾ ਹੈ। ਗੁਰੂ ਸਾਹਿਬ ਸਾਨੂੰ ਆਪਣੇ ਅੰਦਰ ਦੀ ਆਸ, ਪਿਆਸ, ਧੋਹ, ਮੋਹ, ਭਰਮ ਵਾਲੀ ਸਮਝ ਛੱਡਣ ਲਈ ਸਮਝਾ ਰਹੇ ਹਨ ਭਾਵ ਸਾਡੀ ਮਾੜੀ ਸਮਝ ਛੱਡਣ ਲਈ ਸਮਝਾ ਰਹੇ ਹਨ। ਇਹੀ ਮਾਇਆ ਮੋਹ ਨੂੰ ਛੱਡਣਾ ਹੈ। ਸਾਡੇ ਅੰਦਰ ਦਾ ਇਹ ਮਾਇਆ ਮੋਹ ਹੀ ਬਿਖਮ ਗਾਰ ਹੈ ਜਿਸਨੂੰ ਅਸੀਂ ਤੋੜਣਾ ਹੈ। ਇਹ ਗੜ ਤਾਂ ਹੀ ਟੁੱਟੇਗਾ ਜਦੋਂ ਅਸੀਂ ਮਾੜੀ ਸਮਝ ਛੱਡਾਂਗੇ, ਭਰਮ ਵਾਲੀ ਸਮਝ ਛੱਡਾਂਗੇ। ਜੋ ਗੁਰੂ ਦੀ ਗੱਲ ਨੂੰ ਮੰਨ ਲਵੇਗਾ ਭਾਵ ਜੋ ਗੁਰੂ ਦੇ ਗਿਆਨ ਨੂੰ ਮੰਨ ਲਵੇਗਾ ਉਹ ਆਪਣੇ ਅੰਦਰ ਦੇ ਮਾੜੇ ਵਿਚਾਰਾਂ ਨੂੰ ਛੱਡ ਦੇਵੇਗਾ ਭਾਵ ਭਰਮ ਦੇ ਵਿੱਚੋਂ ਨਿਕਲ ਜਾਵੇਗਾ ਤੇ ਉਹ ਕੁਝ ਕਰੇਗਾ ਜੋ ਗੁਰੂ ਨੂੰ ਚੰਗਾ ਲੱਗਦਾ ਹੈ। ਗੁਰੂ ਨੂੰ ਸੱਚ ਚੰਗਾ ਲੱਗਦਾ ਹੈ, ਗੁਰੂ ਨੂੰ ਗੁਣ ਚੰਗੇ ਲੱਗਦੇ ਹਨ ਭਾਵ ਗੁਰੂ ਨੂੰ ਸਾਡੀ ਚੰਗੀ ਵਿਚਰਨ ਚੰਗੀ ਲੱਗਦੀ ਹੈ ਤੇ ਇਹੀ ਕੁਝ ਗੁਰੂ ਸਾਡੇ ਕੋਲੋਂ ਚਾਹੁੰਦਾ ਹੈ। ਗੁਰੂ ਸਾਨੂੰ ਜੋ ਕੁਝ ਵੀ ਸਮਝਾ ਰਿਹਾ ਹੈ ਉਹ

44/5759

ਸੱਚ ਹੈ ਭਾਵ ਨਾਮ ਹੈ। ਜੋ ਗੁਰੂ ਦੀ ਗੱਲ ਨੂੰ ਮੰਨ ਲਵੇਗਾ ਉਹ ਗੁਰੂ ਦੀ ਗੱਲ ਨੂੰ ਆਪਣੇ ਅੰਦਰ ਧਿਆ ਲਵੇਗਾ ਭਾਵ ਆਪਣੇ ਧਿਆਨ ਵਿੱਚ ਵਸਾ ਲਵੇਗਾ ਭਾਵ ਗੁਰੂ ਦੇ ਨਾਮ ਨੂੰ ਜਪ ਲਵੇਗਾ। ਜੋ ਨਾਮ ਜਪੇਗਾ ਉਹ ਭਰਮ ਵਿੱਚੋਂ ਨਿਕਲ ਜਾਵੇਗਾ ਭਾਵ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲ ਜਾਵੇਗਾ। ਪੂਰੀ ਗੁਰਬਾਣੀ ਦੇ ਵਿੱਚ ਸੰਸਾਰ ਨੂੰ ਸੱਚ ਹੀ ਸਮਝਾਇਆ ਹੋਇਆ ਹੈ ਭਾਵ ਨਾਮ ਹੀ ਸਮਝਾਇਆ ਹੋਇਆ ਹੈ ਤੇ ਜੋ ਨਾਮ ਜਪੇਗਾ ਭਾਵ ਜੋ ਗੁਰੂ ਦੀ ਗੱਲ ਨੂੰ ਮੰਨੇਗਾ ਉਹ ਭਰਮਾਂ ਵਿੱਚੋਂ ਨਿਕਲ ਜਾਵੇਗਾ ਭਾਵ ਆਪਣੇ ਮਾੜੇ ਵਿਚਾਰ ਛੱਡ ਦੇਵੇਗਾ ਜੋ ਸਾਨੂੰ ਧਰਮ ਦੇ ਮਾਰਗ ਤੋਂ ਦੂਰ ਕਰਦੇ ਹਨ। **(ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥)**

ਜਿਹੋ ਜਿਹੇ ਮਨ ਦੇ ਵਿਚਾਰਾਂ ਨੂੰ ਅਸੀਂ ਛੱਡਣਾ ਹੈ, ਮਨ ਦੇ ਭਰਮ ਨੂੰ ਅਸੀਂ ਛੱਡਣਾ ਹੈ ਉਹ ਕਿਸ ਰੂਪ ਵਿੱਚ ਛੱਡਣਾ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥"

ਜੋ ਗੱਲ ਸਾਨੂੰ ਬਾਣੀ ਵਿੱਚ ਬਾਰ-ਬਾਰ ਸਮਝਾਈ ਹੋਈ ਹੈ ਉਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਕੀ ਤਿਆਗਣਾ ਹੈ, ਕੀ ਛੱਡਣਾ ਹੈ ਜਿਸ ਰਾਹੀਂ ਅਸੀਂ ਮਨ ਰੂਪ ਕਿਲੇ ਨੂੰ ਤੋੜ ਸਕੀਏ, ਜਿੱਤ ਸਕੀਏ। ਸਾਨੂੰ ਬਾਰ-ਬਾਰ ਪੰਜੇ ਔਗੁਣ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣ ਲਈ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਦੇ ਮਾੜੇ ਵਿਚਾਰ ਹਨ। ਇਹ ਮਾੜੇ ਵਿਚਾਰ ਸਾਡੇ ਅੰਦਰੋਂ ਤਾਂ ਹੀ ਨਿਕਲ ਸਕਦੇ ਹਨ ਜੇਕਰ ਅਸੀਂ ਇਨ੍ਹਾਂ ਨੂੰ ਛੱਡਣ ਦਾ ਉਦੱਮ ਕਰਾਂਗੇ ਭਾਵ ਇਹ ਉਦੱਮ ਅਸੀਂ ਹੀ ਕਰਨਾ ਹੈ। ਆਪਣੇ ਆਪ ਇਹ ਵਿਕਾਰ ਨਹੀਂ ਨਿਕਲਦੇ ਕਿਉਂਕਿ ਸਾਨੂੰ ਇਨ੍ਹਾਂ ਨਾਲ ਮੋਹ ਹੈ, ਇਨ੍ਹਾਂ ਰਾਹੀਂ ਸਾਨੂੰ ਮਾਇਆ ਰੂਪ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਇਸੇ ਲਈ ਸਾਡੇ ਕੋਲੋਂ ਗੁਰੂ ਦੀ ਗੱਲ ਮੰਨੀ ਨਹੀਂ ਜਾਂਦੀ ਤੇ ਅਸੀਂ ਕੇਵਲ ਕਥਨੀ ਨੂੰ ਹੀ ਧਰਮ ਦਾ ਮਾਰਗ, ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਬਣਾ ਕੇ ਰੱਖਿਆ ਹੋਇਆ ਹੈ ਤੇ ਇਸੇ ਗੱਲ ਦਾ ਹੀ ਪ੍ਰਚਾਰ

ਕੀਤਾ ਜਾਂਦਾ ਹੈ। ਸਾਡੇ ਅੰਦਰ ਦੇ ਇਹ ਮਾੜੇ ਵਿਚਾਰ ਹੀ ਸਾਡੇ ਅੰਦਰ ਦੀ **"ਬਿਆਧਿ"** ਹਨ ਭਾਵ ਸਾਡੇ ਅੰਦਰ ਦੀ ਬੀਮਾਰੀ ਹਨ ਜੋ ਸਾਨੂੰ

44/5760

ਆਤਮਿਕ ਤੌਰ ਤੇ ਬਿਮਾਰ ਰੱਖਦੇ ਹਨ ਭਾਵ ਸਾਡੇ ਅੰਦਰ ਦੀ ਸਮਝ ਨੂੰ ਬਿਮਾਰ ਕਰਕੇ ਰੱਖਦੇ ਹਨ। ਸਾਡੇ ਅੰਦਰ ਦੀ ਇਹ ਬੀਮਾਰੀ ਹੀ ਅਸਲ ਵਿੱਚ ਸਾਡੇ ਦੁੱਖਾਂ ਦਾ ਕਾਰਨ ਹੈ, ਨਾਮ ਨਾਲੋਂ ਵਿਛੋੜੇ ਦਾ ਕਾਰਨ ਹੈ, ਸੱਚ ਨਾਲੋਂ, ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ। ਇਹ ਸਾਡੇ ਮਨ ਦਾ ਰੋਗ ਹੈ ਜਿਸਦੀ ਅਉਖਧ ਨਾਮ ਹੈ ਭਾਵ ਗੁਰੂ ਦੀ ਸੱਚੀ ਮਤਿ ਹੈ। ਜੇਕਰ ਗੁਰੂ ਦੀ ਸੱਚੀ ਮਤਿ ਨੂੰ ਮੰਨ ਲਵਾਂਗੇ ਭਾਵ ਮਾੜੇ ਵਿਚਾਰ ਛੱਡ ਦੇਵਾਂਗੇ ਤਾਂ ਸਾਡੇ ਅੰਦਰ ਦੀ ਬੀਮਾਰੀ ਦੂਰ ਹੋ ਜਾਵੇਗੀ, ਸਾਡੇ ਅੰਦਰ ਦਾ ਰੋਗ ਦੂਰ ਹੋ ਜਾਵੇਗਾ। ਆਪਣੇ ਮਨ ਰੂਪ ਕਿਲੇ ਨੂੰ ਤੋੜਨਾ ਜਾਂ ਆਪਣੇ ਅੰਦਰ ਦੇ ਰੋਗ ਨੂੰ ਛੱਡਣਾ ਇੱਕੋ ਹੀ ਗੱਲ ਹੈ ਜੋ ਕਿ ਬਹੁਤ ਔਖਾ ਹੈ। ਸਾਡੇ ਰੋਗ ਦਾ ਕਾਰਨ ਸਾਡੀ ਭਰਮ ਵਾਲੀ ਮਤਿ ਹੈ, ਮਾੜੇ ਵਿਚਾਰਾਂ ਵਾਲੀ ਮਤਿ ਹੈ, ਮਾਇਆ ਮੋਹ ਵਾਲੀ ਮਤਿ ਹੈ, ਦੁਰਮਤਿ ਹੈ ਜਿਸਨੂੰ ਛੱਡੇ ਬਿਨਾਂ ਇਸ ਮਨ ਰੂਪ ਕਿਲੇ ਨੂੰ ਨਹੀਂ ਜਿੱਤਿਆ ਜਾ ਸਕਦਾ। **(ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥ ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥)**

ਜਿਵੇਂ ਕਿ ਅਸੀਂ ਉਪਰ ਸਮਝਿਆ ਹੈ ਕੋਈ ਵਿਰਲਾ ਹੀ ਆਪਣੇ ਮਨ ਦੇ ਵਿਚਾਰਾਂ ਨੂੰ ਜਿੱਤਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਜਿੱਤਿਆ ਜਾਂਦਾ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਉਨ੍ਹਾਂ ਦੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿਨ੍ਹਾਂ ਨੇ ਆਪਣੇ ਅੰਦਰ ਦੇ ਕਿਲੇ ਨੂੰ ਜਿੱਤਿਆ ਹੈ ਭਾਵ ਮਨ ਦੇ ਵਿਚਾਰਾਂ ਨੂੰ ਜਿੱਤਿਆ ਹੈ। ਇਹ ਗੁਰੂ ਦੀ ਆਪਣੀ ਅਵਸਥਾ ਹੈ।

"ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥ ਅਨਦਿਨੋ ਪ੍ਰਭ ਧਿਆਵਉ ॥
ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥"

ਉਪਰ ਪਦੇ ਰਾਹੀਂ ਗੁਰੂ ਦੀ ਆਪਣੀ ਅਵਸਥਾ ਸਮਝਾਈ ਹੋਈ ਹੈ ਜੋ ਪ੍ਰਮਾਤਮਾ ਦੇ ਨਾਲ ਇੱਕ ਹੈ ਭਾਵ ਜਿਸਦਾ ਪ੍ਰਮਾਤਮਾ ਦੇ ਨਾਲ ਸੰਗ ਹੋਇਆ ਹੋਇਆ ਹੈ, ਸੰਤਸੰਗਿ ਹੋਇਆ ਹੋਇਆ ਹੈ ਭਾਵ ਜੋ ਸਾਧਸੰਗਿ ਵਿੱਚ ਹੈ। ਸੰਤਸੰਗਿ ਕੀ ਹੈ, ਸਾਧਸੰਗਿ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ

44/5761

ਦੁਆਰਾ ਸਮਝਿਆ ਹੋਇਆ ਹੈ। ਇਹ ਸੰਗਿ ਸਾਡੇ ਮਨ ਦੇ ਵਿਚਾਰਾਂ ਦਾ ਸੰਗਿ ਹੈ ਜੋ ਸੰਗਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੁੰਦਾ ਹੈ। ਸੰਤ ਰੂਪ, ਸਾਧ ਰੂਪ ਪ੍ਰਮਾਤਮਾ ਆਪ ਹੀ ਹੈ ਜਿਸ ਰੂਪ ਦੁਆਰਾ ਉਹ ਆਪ ਹੀ ਗੁਰੂ ਹੈ, ਨਿਰੰਕਾਰ ਰੂਪ ਵਿੱਚ ਗੁਰੂ ਹੈ, ਸੱਚੇ ਗਿਆਨ ਦੇ ਰੂਪ ਵਿੱਚ ਗੁਰੂ ਹੈ। ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਮਨ ਦੇ ਰਾਹੀਂ ਪ੍ਰਗਟ ਕਰਦਾ ਹੈ ਉਹ ਮਨ ਦੇ ਗਿਆਨ ਰਾਹੀਂ ਹੀ ਕਰਦਾ ਹੈ। ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਰਾਹੀਂ ਉਹ ਮਨੁੱਖ ਨੂੰ ਫਿਰ ਉਸ ਹਰ ਮਾੜੇ ਵਿਚਾਰ ਵਿੱਚੋਂ ਕੱਢ ਲੈਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਵਿੱਚੋਂ ਕੱਢ ਲੈਂਦਾ ਹੈ ਜਿਸ ਦੁਆਰਾ ਉਹ ਮਨੁੱਖੀ ਰੂਪ ਆਪਣੇ ਮਨ ਰੂਪ ਕਿਲੇ ਨੂੰ ਜਿੱਤ ਲੈਂਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਸੰਤਸੰਗਿ ਵਾਲੀ ਅਵਸਥਾ ਹੈ, ਨਾਮ ਦੇ ਰੰਗ ਵਾਲੀ ਅਵਸਥਾ ਹੈ ਜਿਸ ਅਵਸਥਾ ਦੁਆਰਾ ਉਸ ਪ੍ਰਮਾਤਮਾ ਦੇ ਗੁਣ ਗਾਏ ਜਾਂਦੇ ਹਨ। ਬਿਨ੍ਹਾਂ ਮਨ ਦੀ ਸਮਝ ਤੋਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀ ਮਤਿ ਛੱਡੇ ਬਿਨਾਂ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਮਨ ਦੇ ਮਾੜੇ ਵਿਚਾਰਾਂ ਤੋਂ ਮੁਕਤ ਹੋ ਕੇ ਮਨੁੱਖ ਸੱਚੀ ਸੁੱਚੀ ਵਿਚਰਨ ਦੁਆਰਾ ਹੀ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ। ਗੁਰੂ ਸਾਹਿਬ ਸਾਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਮੈਂ ਮਨ ਦੇ ਸਾਰੇ ਮਾੜੇ ਵਿਚਾਰਾਂ ਨੂੰ ਛੱਡਿਆ ਹੋਇਆ ਹੈ ਜਿਸ ਕਰਕੇ ਮੇਰੇ ਅੰਦਰ ਸੰਤਸੰਗਿ ਵਾਲੀ ਅਵਸਥਾ ਹੈ, ਮੈਂ ਨਾਮ ਦੇ ਰੰਗ ਵਿੱਚ ਰੰਗਿਆ ਹੋਇਆ ਹਾਂ ਤੇ ਪ੍ਰਮਾਤਮਾ ਦੇ ਗੁਣ ਗਾ ਰਿਹਾ ਹਾਂ। ਮਨ ਦੀ ਮਾੜੀ ਮਤਿ ਦੁਆਰਾ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਕਿਉਂਕਿ ਇਹ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਕਥਨੀ ਦਾ। ਕਥਨੀ ਦਾ ਮਕਸਦ ਕਰਨੀ ਨੂੰ ਸਿੱਖਣ ਦਾ ਹੈ ਭਾਵ ਮਾੜੇ ਵਿਚਾਰਾਂ ਵਿੱਚੋਂ ਨਿਕਲ ਕੇ ਚੰਗੇ ਕਰਮ ਕਰਨ ਦਾ ਹੈ ਜਿਸ ਦੁਆਰਾ ਮਨੁੱਖ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ। **(ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥ ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥)** ਜਿਸਨੇ ਆਪਣੇ ਅੰਦਰੋਂ ਸਾਰੇ ਵਿਕਾਰ ਛੱਡੇ ਹੁੰਦੇ ਹਨ ਉਹੀ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਤੇ ਉਹੀ ਪ੍ਰਮਾਤਮਾ ਨੂੰ ਹਰ ਵੇਲੇ ਆਪਣੇ ਅੰਦਰ ਧਿਆਉਂਦਾ ਹੈ ਭਾਵ ਉਸਦੇ ਅੰਦਰ ਹਰ ਵੇਲੇ ਗੁਰੂ ਦੀ ਮਤਿ ਵੱਸੀ ਰਹਿੰਦੀ ਹੈ ਤੇ ਉਹ ਹਰ ਵੇਲੇ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ। **(ਅਨਦਿਨੋ ਪ੍ਰਭ ਧਿਆਵਉ ॥)**

ਆਪਣੇ ਸਾਰੇ ਔਗੁਣਾਂ ਨੂੰ ਤਿਆਗਣਾ ਭਾਵ ਨਾਮ

44/5762

ਧਿਆਉਂਣਾ ਹੀ ਆਪਣੇ ਅੰਦਰ ਦੀ ਭਰਮ ਦੀ ਭੀਤਿ ਨੂੰ ਜਿੱਤਣਾ ਹੈ, ਭਰਮ ਦੀ ਭੀਤਿ ਨੂੰ ਮਿਟਾਉਣਾ ਹੈ ਜੋ ਸਾਡੇ ਸਭ ਦੇ ਅੰਦਰ ਮਨ ਦੇ ਵਿੱਚ ਹੀ ਹੈ ਜਿਸਦੇ ਰਹਿੰਦਿਆਂ ਹਰ ਕੋਈ ਨਾਮ ਤੋਂ ਦੂਰ ਰਹਿੰਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਪਸ਼ਟ ਕੀਤੀ ਹੋਈ ਹੈ।

“ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥”

ਹੁਣ ਉਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਨਾਮ ਰੂਪ ਖਜਾਨਾ ਕੀ ਹੈ ਭਾਵ ਨਾਮ ਨਿਧਿ ਕੀ ਹੈ। ਉਪਰ ਗੁਰੂ ਸਾਹਿਬ ਨੇ ਸਾਨੂੰ ਆਪਣੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਜਿਨ੍ਹਾਂ ਦੇ ਅੰਦਰ ਨਾਮ ਰੂਪ ਖਜਾਨਾ ਹੈ। ਜੋ ਖਜਾਨਾ ਉਨ੍ਹਾਂ ਦੇ ਕੋਲ ਆਪਣੇ ਸਰੀਰਕ ਜੀਵਨ ਦੇ ਰੂਪ ਵਿੱਚ ਸੀ ਉਹੀ ਖਜਾਨਾ ਉਨ੍ਹਾਂ ਨੇ ਗੁਰਬਾਣੀ ਦੇ ਵਿੱਚ ਪਾਇਆ ਹੈ। ਪੂਰੀ ਗੁਰਬਾਣੀ ਨਾਮ ਰੂਪ ਖਜਾਨਾ ਹੈ। ਇਹ ਖਜਾਨਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਪ੍ਰਮਾਤਮਾ ਆਪਣਾ ਇਹ ਨਾਮ ਰੂਪ ਖਜਾਨਾ ਉਸੇ ਮਨ ਦੇ ਵਿੱਚ ਬਖਸ਼ਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਭਰਮ ਰੂਪ ਭੀਤਿ ਹੈ ਭਾਵ ਇਹ ਭੀਤਿ ਸਾਡੇ ਅੰਦਰ ਭਰਮ ਰੂਪ ਵਿਚਾਰਾਂ ਦੇ ਰੂਪ ਵਿੱਚ ਹੈ। ਇਹੀ ਸਾਡੇ ਅੰਦਰ ਹਉਮੈ ਦੀ ਭੀਤਿ ਹੈ ਜਿਸਦੇ ਰਹਿੰਦਿਆਂ ਅਸੀਂ ਨਾਮ ਤੋਂ ਦੂਰ ਰਹਿੰਦੇ ਹਾਂ। ਹਉਮੈ ਵੀ ਸਾਡੇ ਮਨ ਦੇ ਵਿਚਾਰ ਹਨ ਤੇ ਨਾਮ ਵੀ ਸਾਡੇ ਮਨ ਦੇ ਵਿਚਾਰ ਹਨ। ਫਰਕ ਸਿਰਫ ਵਿਚਾਰਾਂ ਦੀ ਸ਼ੁੱਧੀ ਅਤੇ ਅਸ਼ੁੱਧੀ ਦਾ ਹੈ। ਜਿਸ ਵਿਚਾਰ ਦੇ ਅੰਦਰ ਭਰਮ ਹੈ ਉਹ ਵਿਚਾਰ ਅਸ਼ੁੱਧ ਹੈ ਤੇ ਜਿਸ ਵਿਚਾਰ ਦੇ ਅੰਦਰ ਕੋਈ ਭਰਮ ਨਹੀਂ ਹੈ ਉਹ ਵਿਚਾਰ ਸ਼ੁਧਿ ਹੈ। ਸਾਡੀ ਸੁਰਤਿ ਦੇ ਵਿਚਾਰ ਹਉਮੈ ਵਾਲੇ ਵਿਚਾਰ ਹਨ ਭਾਵ ਭਰਮ ਵਾਲੇ ਵਿਚਾਰ ਹਨ ਤੇ ਸ਼ਬਦ ਦੇ ਵਿਚਾਰ ਭਾਵ ਗੁਰੂ ਦੇ ਵਿਚਾਰ ਭਰਮ ਤੋਂ ਰਹਿਤ ਵਿਚਾਰ ਹਨ ਭਾਵ ਸ਼ੁੱਧ ਵਿਚਾਰ ਹਨ। ਸਾਡੇ ਵਿਚਾਰ **“ਹਉਮੈ”** ਹੈ ਤੇ ਸ਼ਬਦ ਦੇ ਵਿਚਾਰ **“ਨਾਮੁ”** ਹੈ। ਨਾਮ ਦੇ ਵਿਚਾਰਾਂ ਦਾ ਮਕਸਦ ਭਾਵ ਸ਼ਬਦਾਂ ਦਾ ਮਕਸਦ ਸਾਡੇ ਮਨ ਨੂੰ ਸ਼ੁੱਧ ਕਰਨ ਦਾ ਹੈ ਭਾਵ ਭਰਮਾਂ ਵਿੱਚੋਂ ਕੱਢਣ ਦਾ ਹੈ। ਸਾਡੇ ਅੰਦਰ ਤ੍ਰੈ ਗੁਣਾਂ

44/5763

ਵਾਲੀ ਅਵਸਥਾ ਭਾਵ ਮਾਇਆ ਮੋਹ ਵਾਲੀ ਅਵਸਥਾ ਹੀ ਸਾਡੇ ਅੰਦਰ ਦੀ ਭਰਮ ਭੀਤਿ ਹੈ। ਅਸੀਂ ਆਪਣੇ ਅੰਦਰ ਦੀ ਇਸ ਭੀਤਿ ਨੂੰ ਹੀ ਮਿਟਾਉਣਾ ਹੈ ਜਿਸਨੂੰ ਮਿਟਾਉਣ ਦਾ ਤਰੀਕਾ ਆਪਣੇ ਭਰਮ ਵਾਲੇ ਵਿਚਾਰਾਂ ਨੂੰ ਜਿੱਤਣ ਦਾ ਹੈ। ਜਿੱਤਣਾ ਅਸੀਂ ਆਪਣੇ ਸੁਰਤਿ ਦੇ ਵਿਚਾਰਾਂ ਨੂੰ ਹੀ ਹੈ ਭਾਵ ਅਸੀਂ ਆਪਣੀ ਮਨਮਤਿ ਨੂੰ ਹੀ ਜਿੱਤਣਾ ਹੈ ਜੋ ਸਾਡੇ ਅੰਦਰ ਇੱਕ ਦੀਵਾਰ ਦੀ ਤਰ੍ਹਾਂ ਖੜੀ ਹੈ। ਇਸ ਦੀਵਾਰ ਨੂੰ ਜਿੱਤਣ ਦਾ ਤਰੀਕਾ ਭਾਵ ਮਨਮਤਿ ਨੂੰ ਜਿੱਤਣ ਦਾ ਤਰੀਕਾ ਗੁਰੂ ਦੀ ਮਤਿ ਹੈ ਭਾਵ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਜਿਸਦਾ ਮਕਸਦ ਸਾਡੇ ਅੰਦਰ ਦੇ ਭਰਮਾਂ ਨੂੰ ਕੱਢਣ ਦਾ ਹੈ ਭਾਵ ਅਗਿਆਨਤਾ ਵਾਲੇ ਵਿਚਾਰਾਂ ਨੂੰ ਕੱਢਣ ਦਾ ਹੈ, ਮਾਇਆ ਮੋਹ ਨੂੰ ਕੱਢਣ ਦਾ ਹੈ। ਆਪਣੇ ਅੰਦਰ ਦੇ ਭਰਮਾਂ ਨੂੰ ਕੋਈ ਤਾਂ ਹੀ ਜਿੱਤ ਸਕਦਾ ਹੈ ਭਾਵ ਮਿਟਾ ਸਕਦਾ ਹੈ, ਖਤਮ ਕਰ ਸਕਦਾ ਹੈ ਜੇਕਰ ਉਹ ਗੁਰੂ ਦੇ ਵਿਚਾਰਾਂ ਨੂੰ, ਸ਼ਬਦ ਦੇ ਵਿਚਾਰਾਂ ਨੂੰ ਮੰਨੇਗਾ। ਸ਼ਬਦ ਦੇ ਵਿਚਾਰ ਹੀ ਨਾਮ ਹਨ। ਅਸੀਂ ਨਾਮ ਨੂੰ ਆਪਣੇ ਅੰਦਰ ਜਪਣਾ ਹੈ ਭਾਵ ਮੰਨਣਾ ਹੈ ਜਿਸਨੂੰ ਜਪਣ ਦੁਆਰਾ ਅਸੀਂ ਮਨ ਦੇ ਭਰਮਾਂ ਵਿੱਚੋਂ ਨਿਕਲ ਸਕਦੇ ਹਾਂ। ਗੁਰੂ ਦੇ ਅੰਦਰੋਂ ਇਹ ਭਰਮ ਭੀਤਿ ਮਿਟੀ ਹੋਈ ਹੈ ਜੋ ਭੀਤਿ ਪ੍ਰਮਾਤਮਾ ਮਨ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਮਿਟਾਉਂਦਾ ਹੈ, ਆਪਣਾ ਨਾਮ ਬਖਸ਼ ਕੇ ਭਾਵ ਮਨ ਦੇ ਵਿੱਚ ਬ੍ਰਹਮ ਗਿਆਨ ਬਖਸ਼ ਕੇ ਮਿਟਾਉਂਦਾ ਹੈ। ਨਾਮ ਦਾ ਖਜਾਨਾ ਸੱਚੇ ਗਿਆਨ ਦਾ ਖਜਾਨਾ ਹੈ, ਬ੍ਰਹਮ ਗਿਆਨ ਰੂਪ ਖਜਾਨਾ ਹੈ। ਪੂਰੀ ਗੁਰਬਾਣੀ ਦੇ ਵਿੱਚ ਇਹ ਬ੍ਰਹਮ ਗਿਆਨ ਰੂਪ ਖਜਾਨਾ ਹੀ ਹੈ, ਨਾਮ ਨਿਧਿ ਹੀ ਹੈ ਜੋ ਕਿ ਪ੍ਰਮਾਤਮਾ ਨੇ ਆਪ ਹੀ ਪੂਰੇ ਸੰਸਾਰ ਨੂੰ ਬਖਸ਼ਿਆ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਬਖਸ਼ਿਆ ਹੈ। ਉਨ੍ਹਾਂ ਨੇ ਪ੍ਰਮਾਤਮਾ ਦੇ ਗੁਣ ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਗਾਏ ਹਨ। **(ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥ ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥ ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ॥ ਅਨਦਿਨੋ ਪ੍ਰਭ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥)**

{ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥ ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥
ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥}

(ਅੰਗ ੫੯)

{ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥ ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ ॥
ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥ ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥੯॥}

(ਅੰਗ ੨੫੨)

44/5764

{ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥ ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥}

(ਅੰਗ ੪੫੪)

{ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ ॥ ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ॥
ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ ॥
ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥
ਗ੍ਰਿਹਿ ਲਾਲੁ ਆਵੈ ਮਹਲੁ ਪਾਵੈ ਮਿਲਿ ਸੰਗਿ ਮੰਗਲੁ ਗਾਈਐ ॥
ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ ॥੩॥}

(ਅੰਗ ੫੪੩)

{ਮਾਨੁ ਮੋਹੁ ਬਿਕਾਰੁ ਤਜੀਐ ਅਰਪਿ ਤਨੁ ਧਨੁ ਇਹੁ ਮਨਾ ॥
ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥
ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥}

(ਅੰਗ ੫੪੪)

{ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥੩॥
ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥}

(ਅੰਗ ੬੧੬)

{ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥੩॥
ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥੪॥
ਸਭੁ ਰਹਿਓ ਅੰਦੇਸਰੋ ਮਾਇਓ ॥ ਜੋ ਚਾਹਤ ਸੋ ਗੁਰੂ ਮਿਲਾਇਓ ॥
ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥੧੧॥੬੧॥}

(ਅੰਗ ੬੨੪)

{ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥ ਭਗਤਹ ਦਰਸੁ ਦੇਖਿ ਨੈਨ ਰੰਗਾ ॥

ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥ ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥}

(ਅੰਗ ੧੨੦੬)

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥}

(ਅੰਗ ੧੨੬੩)

{ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ ॥
ਬਿਸਮ ਭਏ ਨਾਨਕ ਜਸੁ ਗਾਵਤ ਠਾਕੁਰ ਗੁਨੀ ਗਹੀਰ ॥੨॥੨॥੩॥}

(ਅੰਗ ੯੭੯)

44/5765

{ਮਨੁ ਤਨੁ ਅਰਪਿ ਧਰੀ ਹਰਿ ਆਗੈ ॥ ਜਨਮ ਜਨਮ ਕਾ ਸੋਇਆ ਜਾਗੈ ॥
ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ ॥੭॥ ਜਲਿ ਥਲਿ ਪੂਰਨ ਅੰਤਰਜਾਮੀ ॥
ਘਟਿ ਘਟਿ ਰਵਿਆ ਅਛਲ ਸੁਆਮੀ ॥ ਭਰਮ ਭੀਤਿ ਖੋਈ ਗੁਰਿ ਪੂਰੈ ਏਕੁ ਰਵਿਆ ਸਰਬੰਗਨਾ ॥੮॥}

(ਅੰਗ ੧੦੮੦)

{ਪ੍ਰੀਤਮ ਬਸਤ ਰਿਦ ਮਹਿ ਖੋਰ ॥ ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ ॥੧॥ ਰਹਾਉ ॥}

(ਅੰਗ ੧੧੨੧)

ਜੇਕਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਤਾਂ ਫਿਰ ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ, ਮੰਨ ਲੈਣੀ ਚਾਹੀਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸ ਪ੍ਰਮਾਤਮਾ ਦੇ ਨਾਲੋਂ ਸਾਡਾ ਪਰਦਾ ਸਾਡੇ ਅੰਦਰ ਭਰਮ ਰੂਪ ਦੀਵਾਰ ਹੀ ਹੈ ਭਾਵ ਸਾਡੀ ਹਉਮੈ ਹੀ ਹੈ ਜਿਸਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਕਦੇ ਵੀ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ, ਨਾਮ ਨੂੰ ਨਹੀਂ ਜਾਣ ਸਕਦੇ ਕਿਉਂਕਿ ਜਦ ਤੱਕ ਅਸੀਂ ਹਉਮੈ ਵਿੱਚ ਹਾਂ ਅਸੀਂ ਨਾਮ ਤੋਂ ਦੂਰ ਹੀ ਰਹਿੰਦੇ ਹਾਂ। ਸਾਡੇ ਅੰਦਰ ਦੇ ਭਰਮ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਮਾਇਆ ਮੋਹ ਹੈ ਜਿਨ੍ਹਾਂ ਵਿੱਚ ਸਾਡਾ ਮਨ ਹਰ ਵੇਲੇ ਡੋਲਦਾ ਰਹਿੰਦਾ ਹੈ। ਸਾਡੇ ਅੰਦਰ ਭਰਮ ਵਾਲੇ ਵਿਚਾਰ ਹੀ ਸਾਡੇ ਅੰਦਰ ਮਾਇਆ ਮੋਹ ਦਾ ਬੰਧਨ ਹੈ ਜਿਸ ਤੋਂ ਮੁਕਤ ਹੋਏ ਬਿਨ੍ਹਾਂ ਅਸੀਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸੰਖੇਪ ਵਿੱਚ ਸਮਝਿਆ ਜਾ ਸਕਦਾ ਹੈ ਕਿ ਮਨ ਦੇ ਭਰਮਾਂ ਵਿੱਚੋਂ ਨਿਕਲਣਾ ਹੀ ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲਣਾ ਹੈ ਤੇ ਉਸ ਵਿੱਚੋਂ ਨਿਕਲੇ ਬਿਨਾਂ ਅਸੀਂ ਉਸ ਪ੍ਰਮਾਤਮਾ ਦੇ ਸੇਵਕ ਨਹੀਂ ਬਣ ਸਕਦੇ, ਉਸ ਪ੍ਰਮਾਤਮਾ ਦੇ ਬੰਦੇ ਨਹੀਂ ਬਣ ਸਕਦੇ।

ਆਸਾ ਮਹਲਾ ੫ ॥

“ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥
ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥”

(ਅੰਗ ੪੦੦)

ਉਪਰ ਪਹਿਲੇ ਪਦੇ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਸਾਡਾ ਮਨ ਜੋ ਕਿ ਮਾਇਆ ਮੋਹ ਵਿੱਚ ਡੋਲਦਾ ਹੈ, ਵਿਕਾਰਾਂ ਵਿੱਚ ਡੋਲਦਾ ਹੈ ਉਸਦਾ ਕਾਰਣ ਸਾਡੇ ਮਨ ਦੇ ਅੰਦਰ ਭਰਮ ਵਾਲੇ ਵਿਚਾਰ ਹਨ ਭਾਵ ਸਾਡੇ ਅੰਦਰ ਮਾੜੀ ਸਮਝ ਦਾ ਕਾਰਨ ਸਾਡੇ

ਮਨ ਦੇ ਭਰਮ ਹਨ। ਸਾਡੀ ਚੰਗੀ ਸਮਝ ਉਹ ਹੈ ਜੋ ਮਾਇਆ ਮੋਹ ਵਿੱਚ ਨਹੀਂ ਡੋਲਦੀ ਤੇ ਆਪਣੀ ਮਾੜੀ

44/5766

ਸਮਝ ਨੂੰ ਚੰਗਾ ਬਨਾਉਂਣ ਦਾ ਤਰੀਕਾ ਕੇਵਲ ਤੇ ਕੇਵਲ ਆਪਣੇ ਮਨ ਦੇ ਭਰਮਾਂ ਨੂੰ ਛੱਡਣਾ ਹੈ। ਸਾਡੇ ਕੋਲੋਂ ਮਾੜੇ ਕਰਮ ਸਾਡੇ ਮਨ ਦੇ ਭਰਮ ਕਰਵਾਉਂਦੇ ਹਨ ਜਿਨ੍ਹਾਂ ਦੇ ਰਹਿੰਦਿਆਂ ਅਸੀਂ ਧਰਮ ਦੇ ਮਾਰਗ ਤੇ ਨਹੀਂ ਚੱਲ ਸਕਦੇ, ਸੱਚ ਦੇ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਨਾਮ ਦੇ ਮਾਰਗ ਤੇ ਨਹੀਂ ਚੱਲ ਸਕਦੇ। ਸਾਡੀ ਸੱਚੀ ਸਮਝ ਉਹ ਹੈ ਜੋ ਭਰਮਾਂ ਤੋਂ ਰਹਿਤ ਹੈ। ਗੁਰੂ ਜਿਸ ਤੇ ਆਪਣੀ ਕਿਰਪਾ ਕਰਦਾ ਹੈ ਉਸ ਮਨੁੱਖ ਨੂੰ ਆਪਣੀ ਸੱਚੀ ਮਤਿ ਨਾਲ ਜੋੜਦਾ ਹੈ ਭਾਵ ਉਸ ਮਨੁੱਖ ਦੇ ਭਰਮ ਕੱਢਦਾ ਹੈ ਤਾਂ ਜੋ ਉਸਦਾ ਮਨ ਮਾਇਆ ਵਿੱਚ ਨਾ ਡੋਲੇ। ਜੋ ਮਾਇਆ ਮੋਹ ਤੋਂ ਟਿਕਿਆ ਹੋਇਆ ਮਨ ਹੈ ਉਹ ਮਨ ਭਰਮਾਂ ਤੋਂ ਰਹਿਤ ਹੈ ਜਿਸ ਮਨ ਦੀ ਸਮਝ ਦੁਆਰਾ ਮਨੁੱਖ ਫਿਰ ਮਾੜੇ ਕਰਨ ਨਹੀਂ ਕਰਦਾ ਭਾਵ ਸੱਚੇ ਸੁੱਚੇ ਕਰਮ ਕਰਦਾ ਹੈ, ਗੁਰੂ ਦੀ ਮਤਿ ਅਨੁਸਾਰ ਹੀ ਚੱਲਦਾ ਹੈ। ਸਾਡੇ ਅੰਦਰ ਦੀ ਭਰਮਾਂ ਵਾਲੀ ਮਤਿ **"ਮਨਮਤਿ"** ਹੈ ਤੇ ਭਰਮਾਂ ਤੋਂ ਰਹਿਤ **"ਗੁਰਮਤਿ"** ਸਾਡੇ ਅੰਦਰ ਦੀ ਥਿਰ ਰਹਿਣ ਵਾਲੀ ਮਤਿ ਹੈ। ਗੁਰੂ ਜਿਸਨੂੰ ਭਰਮਾਂ ਵਾਲੀ ਮਤਿ ਤੋਂ ਰਹਿਤ ਕਰਦਾ ਹੈ ਉਸਦਾ ਮਨ ਹੀ ਟਿਕਾਉ ਵਿੱਚ ਆਉਂਦਾ ਹੈ ਭਾਵ ਗੁਰੂ ਦੀ ਮਤਿ ਦਾ ਮਕਸਦ, ਨਾਮ ਦਾ ਮਕਸਦ ਸਾਡੇ ਮਨ ਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਹੀ ਹੈ, ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਜੋ ਭਰਮ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੇ ਹਨ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੇ ਹਨ ਤੇ ਤਾਂ ਹੀ ਮਨੁੱਖ ਧਰਮ ਦੇ ਮਾਰਗ ਤੇ ਚੱਲ ਸਕਦਾ ਹੈ। **(ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ॥੧॥)**

ਸਾਡੇ ਅੰਦਰ ਦੇ ਭਰਮ ਵਾਲੇ ਵਿਚਾਰ ਕਿਸ ਲਈ ਮਾੜੇ ਹੁੰਦੇ ਹਨ ਭਾਵ ਸਾਨੂੰ ਧਰਮ ਦੇ ਮਾਰਗ ਤੋਂ ਕਿਸ ਤਰੀਕੇ ਦੂਰ ਰੱਖਦੇ ਹਨ, ਗੁਰੂ ਪ੍ਰਮਾਤਮਾ ਤੋਂ ਕਿਸ ਤਰੀਕੇ ਦੂਰ ਰੱਖਦੇ ਹਨ ਇਹੀ ਗੱਲ ਸਾਨੂੰ ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥"

ਧਿਆਨ ਨਾਲ ਸਮਝੋ ਕਿ ਸਾਡੇ ਵੈਰੀ ਕੌਣ ਹਨ, ਅਸੀਂ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕਿਸ ਲਈ ਮਾੜੇ ਹਾਂ। ਸਾਡੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰ ਸਾਨੂੰ ਚੰਗੇ ਲੱਗਦੇ ਹਨ ਜੋ ਸਾਨੂੰ ਮਾਇਆ ਦੇ ਸੁੱਖਾਂ ਨਾਲ ਜੋੜ ਕੇ ਰੱਖਦੇ ਹਨ ਜਿਨ੍ਹਾਂ ਸੁੱਖਾਂ ਦੀ

44/5767

ਪ੍ਰਾਪਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਦਾ ਆਸਰਾ ਲੈਂਦੇ ਹਾਂ। ਇਹ ਵਿਚਾਰ ਸਾਡੇ ਲਈ ਸੁੱਖਾਂ ਦਾ ਕਾਰਨ ਬਣਦੇ ਹਨ ਪਰ ਇਹ ਸਾਨੂੰ **"ਬਿਖਾਦੀ"** ਬਣਾਉਂਦੇ ਹਨ ਭਾਵ ਝਗੜਾਲੂ ਬਣਾਉਂਦੇ ਹਨ। ਇਹ ਵਿਚਾਰ ਹੀ ਸਾਨੂੰ **"ਦੋਖੀਆ"** ਬਣਾਉਂਦੇ ਹਨ ਭਾਵ ਦੁੱਖ ਦੇਣ ਵਾਲਾ ਬਣਾਉਂਦੇ ਹਨ। ਆਪਣੇ ਸੁੱਖ ਲਈ ਅਸੀ ਅਨੇਕਾਂ ਦਾ ਮਾੜਾ ਕਰਦੇ ਹਾਂ ਪਰ ਇਹ ਵਿਚਾਰ ਸਾਨੂੰ ਗੁਰੂ ਦਾ ਬਿਖਾਦੀ, ਦੋਖੀਆ ਬਣਾਉਂਦੇ ਹਨ। ਅਸੀਂ ਅਨੇਕਾਂ ਵਾਰ ਇਸ ਗੱਲ ਨੂੰ ਸਮਝਿਆ ਹੈ ਕਿ ਹਉਮੈ ਦਾ ਨਾਮ ਦੇ ਨਾਲ ਵਿਰੋਧ ਹੈ ਭਾਵ ਝਗੜਾ ਹੈ।

{"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥

ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥"}

(ਅੰਗ ੫੬੦)

ਉਪਰ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਹਉਮੈ ਦੀ ਨਾਮ ਦੇ ਨਾਲ ਵਿਰੋਧਤਾ ਕਿਸ ਕਰਕੇ ਹੈ। ਇਸ ਗੱਲ ਨੂੰ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਸਾਨੂੰ ਜੋ ਵੀ ਗੱਲ ਸਮਝਾਉਂਦਾ ਹੈ ਉਹ ਉਸਦਾ ਹੁਕਮ ਹੁੰਦਾ ਹੈ ਭਾਵ ਸ਼ਬਦ ਦੀ ਹਰ ਵਿਚਾਰ ਦੇ ਵਿੱਚ ਗੁਰੂ ਪ੍ਰਮਾਤਮਾ ਦਾ ਸਾਡੇ ਲਈ ਹੁਕਮ ਹੈ। ਜੇਕਰ ਅਸੀਂ ਗੁਰੂ ਦੇ ਹੁਕਮ ਨੂੰ ਮੰਨਾਂਗੇ ਤਾਂ ਹੀ ਸਾਡੇ ਅੰਦਰੋਂ ਹਉਮੈ ਨਿਕਲ ਸਕਦੀ ਹੈ। ਗੁਰੂ ਦੇ ਹੁਕਮ ਨੂੰ ਮੰਨਣਾ ਹੀ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਕਮਾਉਂਣਾ ਹੈ, ਗੁਰੂ ਨੂੰ ਆਪਣੇ ਅੰਦਰ ਚੇਤਨਾ ਹੈ। ਗੁਰੂ ਦਾ ਸ਼ਬਦ ਨਾਮ ਹੈ ਤੇ ਗੁਰੂ ਦੇ ਸ਼ਬਦ ਦੁਆਰਾ ਦਿੱਤੇ ਹੋਏ ਹੁਕਮ ਨੂੰ ਮੰਨਣਾ ਨਾਮ ਨੂੰ ਜਪਣਾ ਹੈ ਜਿਹੋ ਜਿਹੇ ਜਪਣ ਦੁਆਰਾ ਹਉਮੈ ਦੀ ਨਾਮ ਦੇ ਨਾਲ ਵਿਰੋਧਤਾ ਖਤਮ ਹੋ ਸਕਦੀ ਹੈ ਭਾਵ ਗੁਰੂ ਦੀ ਗੱਲ ਨੂੰ ਨਾ ਮੰਨਣਾ ਹੀ, ਸਾਡੇ ਅੰਦਰ ਦੀ ਹਉਮੈ ਨਾ ਛੱਡਣਾ ਹੀ, ਨਾਮ ਦੇ ਨਾਲ ਵਿਰੋਧਤਾ ਹੈ। ਸਾਡੇ ਮਨ ਦੇ ਮਾੜੇ ਵਿਚਾਰ ਹੀ ਸਾਨੂੰ ਗੁਰੂ ਦਾ ਵਿਰੋਧੀ ਬਣਾਉਂਦੇ ਹਨ। ਗੁਰੂ ਆਪਣੀ ਸਿੱਖਿਆ ਦੇ ਰੂਪ ਵਿੱਚ ਗੁਰੂ ਹੈ ਤੇ ਗੁਰੂ ਦੀ ਸਿੱਖਿਆ ਦੀ ਵਿਰੋਧਤਾ ਗੁਰੂ ਦੀ ਵਿਰੋਧਤਾ ਹੈ। ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਸਾਡੇ ਅੰਦਰੋਂ ਨਾਮ ਦੀ ਵਿਰੋਧਤਾ ਨਹੀਂ ਮਿੱਟ ਸਕਦੀ। ਵਿਰੋਧਤਾ ਤਾਂ ਹੀ ਮਿਟੇਗੀ ਜਦੋਂ ਅਸੀ ਗੁਰੂ ਦੀ ਗੱਲ ਨੂੰ ਮੰਨਾਂਗੇ। ਗੁਰੂ ਦੀ ਗੱਲ ਨੂੰ ਮੰਨਣ ਤੋਂ ਬਾਅਦ ਭਾਵ ਪੂਰਨ ਰੂਪ ਵਿੱਚ ਮੰਨਣ ਤੋਂ ਬਾਅਦ ਫਿਰ ਸਾਡੇ ਅੰਦਰ ਹਰ ਵੇਲੇ ਨਾਮ ਵੱਸਿਆ ਰਹਿੰਦਾ ਹੈ ਕਿਉਂਕਿ ਅਸੀਂ ਫਿਰ

ਹਉਮੈ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦੇ ਹਾਂ। ਫਿਰ ਅਸੀਂ ਉਹੀ ਕੁਝ ਕਰਾਂਗੇ ਜੋ ਗੁਰੂ ਦੀ ਮਤਿ ਸਾਨੂੰ ਕਰਨ ਲਈ ਕਹਿੰਦੀ ਹੈ ਭਾਵ ਫਿਰ ਸਾਡੀ ਗੁਰੂ ਨਾਲ ਵਿਰੋਧਤਾ ਖਤਮ ਹੋ ਜਾਂਦੀ ਹੈ, ਹਉਮੈ ਦੀ ਨਾਮ ਨਾਲ ਵਿਰੋਧਤਾ ਖਤਮ ਹੋ ਜਾਂਦੀ ਹੈ। ਹਉਮੈ ਵਿੱਚ ਰਹਿੰਦੇ ਹੋਏ ਗੁਰੂ ਪ੍ਰਮਾਤਮਾ ਦੀ ਸੇਵਾ ਨਹੀਂ ਹੋ ਸਕਦੀ ਭਾਵ ਮਨਮਤਿ ਵਿੱਚ ਰਹਿੰਦਿਆਂ ਗੁਰੂ ਦੀ ਸੇਵਾ ਨਹੀਂ ਹੋ ਸਕਦੀ ਕਿਉਂਕਿ ਗੁਰਮਤਿ ਅਨੁਸਾਰ ਚੱਲਣਾ ਹੀ ਗੁਰੂ ਦੀ ਸੇਵਾ ਹੈ। ਸਾਰੀ ਗੱਲ ਗੁਰੂ ਦੀ ਗੱਲ ਮੰਨਣ ਦੀ ਹੈ ਭਾਵ ਆਪਣੀ ਹਉਮੈ ਛੱਡਣ ਦੀ ਹੈ ਜਿਸਨੂੰ ਛੱਡੇ ਬਿਨਾਂ ਨਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਸਕਦੀ ਹੈ। ਹਉਮੈ ਵਿੱਚ ਰਹਿੰਦੇ ਹੋਏ ਭਾਵ ਭਰਮਾਂ ਵਾਲੀ ਮਤਿ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਵੱਲੋਂ ਅਨੇਕਾਂ ਹੀ ਭਗਤੀ ਦੇ ਤਰੀਕੇ ਅਪਨਾਏ ਹੋਏ ਹਨ ਪਰ ਉਹ ਸਭ ਵਿਅਰਥ ਹੀ ਜਾਂਦੇ ਹਨ। **(ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥ ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥)**

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਅਸੀਂ ਬਿਖਾਦੀ ਭਾਵ ਝਗੜਾਲੂ ਕਿਸ ਲਈ ਹਾਂ ਭਾਵ ਆਪਣੀ ਮਤਿ ਨਾ ਛੱਡਣ ਕਰਕੇ ਹੀ ਭਾਵ ਮਾੜੇ ਕਰਮ ਕਰਨ ਦੁਆਰਾ ਹੀ ਅਸੀਂ ਬਿਖਾਦੀ ਹਾਂ ਤੇ ਸਾਡੇ ਮਨ ਦੀ ਇਹ ਭਰਮਾਂ ਵਾਲੀ ਸਮਝ ਹੀ, ਸਾਡੀ ਅੰਦਰ ਦੀ ਹਉਮੈ ਹੀ ਸਾਨੂੰ ਗੁਰੂ ਦੋਖੀ ਬਣਾਉਂਦੀ ਹੈ, ਗੁਰੂ ਰੂਪ ਸੰਤ ਦਾ, ਪ੍ਰਮਾਤਮਾ ਦਾ ਦੋਖੀ ਬਣਾਉਂਦੀ ਹੈ। ਗੁਰੂ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਫਿਰ ਮਨ ਦੀ ਮਾੜੀ ਮਤਿ ਵਿੱਚੋਂ ਕੱਢ ਲੈਂਦਾ ਹੈ, ਭਰਮਾਂ ਵਾਲੀ ਮਤਿ ਵਿੱਚੋਂ ਕੱਢ ਲੈਂਦਾ ਹੈ। ਜਦ ਤੱਕ ਅਸੀਂ ਆਪਣੇ ਮਨ ਦੇ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਚੰਗਾ ਸਮਝਦੇ ਹਾਂ ਤਦ ਤੱਕ ਅਸੀਂ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ। ਗੁਰੂ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ ਉਨ੍ਹਾਂ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਇਹ ਮਾਇਆ ਮੋਹ ਵਾਲੇ ਵਿਚਾਰ ਸਾਡੇ ਲਈ ਕਿੰਨੇ ਮਾੜੇ ਹਨ। ਇੱਕ ਵਾਰੀ ਜਦੋਂ ਮਨੁੱਖ ਇਨ੍ਹਾਂ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ ਉਨ੍ਹਾਂ ਨੂੰ ਫਿਰ ਸਦਾ ਲਈ ਛੱਡ ਦਿੰਦਾ ਹੈ ਤੇ ਫਿਰ ਉਹ ਗੁਰਮਤਿ ਦਾ ਦੋਖੀ

ਕਦੇ ਨਹੀਂ ਬਣਦਾ ਭਾਵ ਆਪਣੇ ਅੰਦਰੋਂ ਮਨਮਤਿ ਨੂੰ ਸਦਾ ਲਈ ਤਿਆਗ ਦਿੰਦਾ ਹੈ, ਭਰਮ ਵਾਲੇ ਵਿਚਾਰਾਂ ਨੂੰ ਸਦਾ ਲਈ ਤਿਆਗ ਦਿੰਦਾ ਹੈ। **(ਡੀਗਨ ਡੋਲਾ ਤਉ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥ ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥)**

ਸਾਡੇ ਅੰਦਰ ਦੇ ਇਹ ਭਰਮਾਂ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਬੰਧਨ ਹਨ, ਸਾਡੇ ਅੰਦਰ ਮਾਇਆ ਦਾ ਫੰਧਾ ਹੈ ਜਿਨ੍ਹਾਂ ਦੇ ਰਹਿੰਦਿਆਂ ਅਸੀਂ ਨਾ ਆਪਣੇ ਆਪ ਦੀ ਅਸਲੀਅਤ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥”

ਸਾਡੇ ਅੰਦਰ ਬੰਧਨ ਕਿਸ ਰੂਪ ਵਿੱਚ ਹੈ ਤੇ ਇਸ ਬੰਧਨ ਤੋਂ ਮੁਕਤੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਡੇ ਸਭ ਦੇ ਅੰਦਰ ਮਾਇਆ ਦਾ ਬੰਧਨ ਹੈ ਜੋ ਸਾਡੇ ਸਭ ਦੇ ਅੰਦਰ ਸਾਡੀ ਸਮਝ ਦੇ ਰੂਪ ਵਿੱਚ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਸਾਡੇ ਅੰਦਰ ਸਾਡੀ ਸਮਝ ਦੇ ਰੂਪ ਵਿੱਚ ਹੈ ਜਿਸ ਰਾਹੀਂ ਸਾਨੂੰ ਮਨ ਦੇ ਵਿਚਾਰਾਂ ਰਾਹੀਂ ਆਪਣੇ ਅੰਦਰੋਂ ਗਿਆਨ ਮਿਲਦਾ ਹੈ ਤੇ ਉਹ ਗਿਆਨ ਜੋ ਸਾਡੇ ਅੰਦਰ ਉਪਜਦਾ ਹੈ ਉਹੀ ਸਾਡੇ ਅੰਦਰ ਦੀ ਸਮਝ ਹੈ। ਸਾਡੇ ਅੰਦਰ ਦੀ ਇਹ ਸਮਝ ਹੀ ਸਾਡੇ ਅੰਦਰ ਦਾ ਬੰਧਨ ਹੈ ਜਿਸ ਸਮਝ ਨੇ ਸਾਡੇ ਮਨ ਨੂੰ ਭਰਮਾਂ ਦੇ ਨਾਲ ਬੰਨਿਆ ਹੋਇਆ ਹੈ ਭਾਵ ਸਾਡਾ ਮਨ ਉਨ੍ਹਾਂ ਭਰਮਾਂ ਤੋਂ ਬਾਹਰ ਨਹੀਂ ਨਿਕਲ ਸਕਦਾ ਭਾਵ ਸਾਨੂੰ ਅਗਿਆਨਤਾ ਵਿੱਚ ਰੱਖਦਾ ਹੈ ਕਿ ਅਸੀਂ ਕੌਣ ਹਾਂ, ਸਾਡੀ ਅਸਲੀਅਤ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ, ਪ੍ਰਮਾਤਮਾ ਦੀ ਅਸਲੀਅਤ ਕੀ ਹੈ। ਇਹ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਸਾਡੇ ਅੰਦਰ ਮਾਇਆ ਦੀ ਜੁਗਤਿ ਹੈ ਜੋ ਜਨਮ ਤੋਂ ਹੀ ਸਾਡੇ ਸਭ ਦੇ ਅੰਦਰ ਪੈ ਕੇ ਆਉਂਦੀ ਹੈ। ਇਸ ਮਾਇਆ ਦੇ ਬੰਧਨ ਤੋਂ ਮੁਕਤ ਕੋਈ ਵੀ ਨਹੀਂ ਹੈ। ਸਾਨੂੰ ਜਦ ਤੋਂ ਵੀ ਸਮਝ ਪੈਂਦੀ ਹੈ ਸਾਨੂੰ ਇਹੀ ਸਮਝ ਪੈਂਦੀ ਹੈ ਕਿ ਇਹ ਮੈਂ ਹਾਂ ਤੇ ਦੂਸਰਾ ਹੋਰ ਹੈ। ਇਹ ਚੀਜ

ਮੇਰੀ ਹੈ ਤੇ ਇਹ ਚੀਜ ਤੇਰੀ ਹੈ। ਇਹ ਸਰੀਰ ਮੇਰਾ ਹੈ ਤੇ ਇਹ ਸਰੀਰ ਤੇਰਾ ਹੈ। ਇਹੀ ਸਾਡੇ ਅੰਦਰ ਮਾਇਆ ਦਾ ਬੰਧਨ ਹੈ ਜਿਸਨੇ ਸਾਡੀ ਮਤਿ ਨੂੰ ਭਰਮਾਂ ਨਾਲ ਬੰਨਿਆ ਹੋਇਆ ਹੈ। ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਨਾ ਕਿਸੇ ਦਾ ਮੇਰਾ ਹੈ ਤੇ ਨਾ ਕਿਸੇ ਦਾ ਤੇਰਾ ਹੈ। ਨਾ ਕੋਈ **“ਮੈਂ”** ਹੈ ਤੇ ਨਾ ਕੋਈ **“ਤੂੰ”** ਹੈ। ਪ੍ਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਹੋਰ ਹੋਂਦ ਸਮਝਣਾ ਕੇਵਲ ਸਾਡਾ ਭਰਮ ਹੈ ਭਾਵ ਇਹ ਸਾਡੇ ਅੰਦਰ ਮਾਇਆ ਦਾ ਬੰਧਨ ਹੈ। **(ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥)**

ਮਨ ਦਾ ਬੰਧਨ ਦੂਰ ਕਿਵੇਂ ਹੁੰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥”

ਉਪਰ ਗੁਰੂ ਸਾਹਿਬ ਸੰਸਾਰ ਨੂੰ ਆਪਣੇ ਮਨ ਦੀ ਅਵਸਥਾ ਹੀ ਸਮਝਾ ਰਹੇ ਹਨ ਕਿ ਉਨ੍ਹਾਂ ਦਾ ਬੰਧਨ ਕਿਵੇਂ ਕੱਟਿਆ ਗਿਆ ਹੈ। ਉਨ੍ਹਾਂ ਦਾ ਬੰਧਨ ਗੁਰੂ ਨੇ ਹੀ ਕੱਟਿਆ ਹੈ ਭਾਵ ਗੁਰੂ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਬਾਰ-ਬਾਰ ਸਮਝਾਇਆ ਹੋਇਆ ਹੈ। ਗੁਰੂ ਸਾਹਿਬ ਦਾ ਬੰਧਨ ਪ੍ਰਮਾਤਮਾ ਨੇ ਉਨ੍ਹਾਂ ਦੀ ਮਨ ਦੀ ਅਗਿਆਨਤਾ ਕੱਟਣ ਦੁਆਰਾ ਕੱਟਿਆ ਹੈ ਭਾਵ ਮਨ ਦੀ ਅਗਿਆਨਤਾ ਹੀ ਸਾਡਾ ਬੰਧਨ ਹੈ ਜਿਸ ਬੰਧਨ ਤੋਂ ਅਸੀਂ ਮੁਕਤ ਹੋਣਾ ਹੈ ਤੇ ਇਸ ਬੰਧਨ ਤੋਂ ਮੁਕਤੀ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਹੋ ਸਕਦੀ ਹੈ ਕਿਉਂਕਿ ਇਸ ਸਰੀਰ ਦੇ ਵਿੱਚ ਰਹਿੰਦਿਆਂ ਹੀ ਮਨੁੱਖ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ ਜੋ ਗਿਆਨ ਮਨ ਦੇ ਵਿੱਚ ਉਹ ਗੁਰੂ ਪ੍ਰਮਾਤਮਾ ਆਪਣਾ ਆਪ ਪ੍ਰਗਟ ਕਰਨ ਦੁਆਰਾ ਹੀ ਦਿੰਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਦਿੰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਹਉਮੈ ਦੇ ਬੰਧਨ ਤੋਂ, ਮਾਇਆ ਦੇ ਬੰਧਨ ਤੋਂ ਭਾਵ ਮਨ ਦੀ ਅਗਿਆਨਤਾ ਦੇ ਬੰਧਨ ਤੋਂ, ਭਰਮਾਂ ਵਾਲੀ ਸਮਝ ਦੇ ਬੰਧਨ ਤੋਂ ਮੁਕਤ ਕਰਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਕੀਤਾ ਹੈ ਜਿਸ ਦੁਆਰਾ ਉਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ, ਬ੍ਰਹਮ ਗਿਆਨ ਦੀ ਰਚਨਾ ਕੀਤੀ ਹੈ ਤੇ ਸਾਰੇ ਸੰਸਾਰ ਨੂੰ ਗਿਆਨ ਦਾ ਪ੍ਰਕਾਸ਼ ਕੀਤਾ ਹੈ ਤਾਂ ਜੋ ਸੰਸਾਰ ਇਸ ਸੱਚੇ ਗਿਆਨ ਦੇ ਨਾਲ ਜੁੜ ਕੇ ਆਪਣੀ ਅਗਿਆਨਤਾ ਵਿੱਚੋਂ ਨਿਕਲੇ ਤੇ ਆਪਣੇ ਧਰਮ ਦੇ ਮਾਰਗ ਨੂੰ, ਸੱਚ ਦੇ ਮਾਰਗ ਨੂੰ, ਨਾਮ ਦੇ ਮਾਰਗ

ਨੂੰ ਸਮਝੇ ਤੇ ਉਸ ਅਨੁਸਾਰ ਆਪਣਾ ਜੀਵਨ ਬਣਾਵੇ। ਸਾਡੇ ਮਨ ਦੇ ਇਹ ਅਗਿਆਨਤਾ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਮਾਇਆ ਰੂਪ ਫੰਧਾ ਹੈ, ਮਨ ਦੇ ਵਿਚਾਰਾਂ ਰੂਪ ਫੰਧਾ ਹੈ ਜਿਸ ਤਰੀਕੇ ਮਾਇਆ ਨੇ ਸਾਡੇ ਅੰਦਰ ਆਪਣਾ ਜਾਲ ਵਿਛਾਇਆ ਹੋਇਆ ਹੈ ਭਾਵ ਸਾਡੇ ਮਨ ਨੂੰ ਕਾਬੂ ਕੀਤਾ ਹੋਇਆ ਹੈ ਤੇ ਅਸੀਂ ਇਸ ਫੰਧੇ ਵਿੱਚੋਂ ਨਿਕਲ ਨਹੀਂ ਸਕਦੇ। ਗੁਰੂ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣਾ ਸੱਚਾ ਗਿਆਨ ਬਖਸ਼ ਕੇ ਇਸ ਮਾਇਆ ਦੇ ਜਾਲ ਵਿੱਚੋਂ ਕੱਢਦਾ ਹੈ, ਅਗਿਆਨਤਾ ਦੇ ਜਾਲ ਵਿੱਚੋਂ ਕੱਢਦਾ ਹੈ, ਭਰਮ ਮੋਹ ਵਾਲੇ

ਵਿਚਾਰਾਂ ਦੇ ਜਾਲ ਵਿੱਚੋਂ ਕੱਢਦਾ ਹੈ ਤੇ ਉਸਨੂੰ ਸੱਚ ਦੀ ਸਮਝ ਪੈਂਦੀ ਹੈ, ਆਪਣੇ ਆਪ ਦੀ ਸਮਝ ਪੈਂਦੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਪੈਂਦੀ ਹੈ, ਇਸ ਸੰਸਾਰ ਦੀ ਅਸਲੀਅਤ ਦੀ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਭਰਮ ਵਿੱਚ ਹੀ ਮੇਰਾ ਤੇਰਾ ਕਰਦਾ ਹੈ। **(ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥)**

ਮਨ ਦੀ ਅਗਿਆਨਤਾ ਗੁਰੂ ਪ੍ਰਮਾਤਮਾ ਮਨ ਦੇ ਅੰਦਰੋਂ ਕਿਸ ਤਰੀਕੇ ਕੱਢਦਾ ਹੈ ਭਾਵ ਭਰਮਾਂ ਦੇ ਬੰਧਨ ਤੋਂ ਕਿਸ ਤਰੀਕੇ ਮੁਕਤ ਕਰਦਾ ਹੈ, ਮਾਇਆ ਦੇ ਜਾਲ ਤੋਂ ਕਿਸ ਤਰੀਕੇ ਕੱਢਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥

ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥”

ਗੁਰੂ ਪ੍ਰਮਾਤਮਾ ਦਾ ਹੁਕਮ ਬੁੱਝਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਜੋ ਕੁਝ ਵੀ ਸੰਸਾਰ ਵਿੱਚ ਹੋ ਰਿਹਾ ਹੈ ਉਹ ਸਭ ਕੁਝ ਪ੍ਰਮਾਤਮਾ ਦੇ ਹੁਕਮ ਵਿੱਚ ਹੋ ਰਿਹਾ ਹੈ। ਸਾਡੇ ਸਭ ਦੇ ਅੰਦਰ ਵੀ ਪ੍ਰਮਾਤਮਾ ਦਾ ਹੁਕਮ ਚੱਲ ਰਿਹਾ ਹੈ ਜਿਸਦੀ ਸਾਨੂੰ ਸਮਝ ਨਹੀਂ ਹੈ। ਜਦ ਤੱਕ ਅਸੀਂ ਹਉਮੈ ਵਿੱਚ ਹਾਂ ਭਾਵ ਮਾਇਆ ਮੋਹ ਵਿੱਚ ਹਾਂ ਭਾਵ ਮਨ ਦੀ ਅਗਿਆਨਤਾ ਵਿੱਚ ਹਾਂ ਅਸੀਂ ਇਸ ਗੱਲ ਨੂੰ ਕਦੇ ਨਹੀਂ ਸਮਝ ਸਕਦੇ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਤਰੀਕੇ ਚੱਲ ਰਿਹਾ ਹੈ, ਸੰਸਾਰ ਵਿੱਚ ਪ੍ਰਮਾਤਮਾ ਦਾ ਹੁਕਮ ਕਿਸ ਰੂਪ ਵਿੱਚ ਚੱਲ ਰਿਹਾ ਹੈ ਜਿਸ ਹੁਕਮ ਦਾ ਹਰ ਕੋਈ ਬੱਝਿਆ ਹੋਇਆ ਹੈ। ਸੰਸਾਰ ਪੰਜਾਂ ਤੱਤਾਂ ਨਾਲ ਬਣਿਆ ਹੋਇਆ ਹੈ। ਪੰਜੇ ਤੱਤ ਪ੍ਰਮਾਤਮਾ ਦੇ ਹੁਕਮ ਨਾਲ ਬਣੇ ਹਨ ਤੇ ਉਸਦੇ ਹੁਕਮ ਦੁਆਰਾ ਹੀ ਚੱਲ ਰਹੇ ਹਨ। ਪੂਰੀ

ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੁਕਮ ਹੀ ਹੈ ਜਿਸ ਹੁਕਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਰੂਪ ਹੈ ਤੇ ਪੂਰੀ ਗੁਰਬਾਣੀ ਵਿੱਚ ਆਪਣੇ ਇਸ ਰੂਪ ਵਿੱਚ ਉਹ ਆਪ ਹੀ ਹੈ। ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਿਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਗੁਰੂ ਪ੍ਰਮਾਤਮਾ ਦਾ ਹੁਕਮ ਸੁਣਾਇਆ ਹੈ। ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਕਿਸ ਮਨੁੱਖੀ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ, ਬ੍ਰਹਮ ਗਿਆਨ ਦੇਣ ਦੁਆਰਾ ਆਪਣਾ ਹੁਕਮ ਬੁਝਾਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਮਨ ਦੇ ਗਿਆਨ ਰਾਹੀਂ ਹੁਕਮ ਚਲਾਉਂਣ ਵਾਲਾ ਕੌਣ ਹੈ। ਜਦ ਤੱਕ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੈ, ਹਉਮੈ ਵਾਲੀ ਅਵਸਥਾ ਵਿੱਚ ਹੈ, ਇਸ ਅਵਸਥਾ ਵਿੱਚ ਰਹਿੰਦੇ ਹੋਏ ਸਾਡੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਚੱਲ ਰਿਹਾ ਹੈ ਭਾਵ ਸਾਡੀ ਮਤਿ ਦੇ ਅੰਦਰ ਵਿਚਾਰ ਪਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਮਤਿ ਅਨੁਸਾਰ ਅਸੀਂ ਵਿਚਰਦੇ ਹਾਂ। ਸਾਡੇ ਅੰਦਰ ਦੀ ਮਤਿ, ਸਮਝ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਹੈ ਤੇ ਪ੍ਰਮਾਤਮਾ ਦੇ ਇਸ ਹੁਕਮ ਅਨੁਸਾਰ ਹੀ ਅਸੀਂ ਭਰਮ ਵਾਲੇ ਵਿਚਾਰਾਂ ਵਿੱਚ ਰਹਿੰਦੇ ਹਾਂ, ਮਾਇਆ ਮੋਹ ਦੇ ਜਾਲ ਵਿੱਚ ਰਹਿੰਦੇ ਹਾਂ। ਪ੍ਰਮਾਤਮਾ ਜਿਸ ਤੇ ਕ੍ਰਿਪਾ ਕਰਦਾ ਹੈ ਉਸਨੂੰ ਆਪਣਾ ਹੁਕਮ ਆਪ ਹੀ ਬੁਝਾਉਂਦਾ ਹੈ। ਮਨੁੱਖ ਤਦ ਤੱਕ ਹੀ ਦੁੱਖੀ ਹੈ ਜਦ ਤੱਕ ਉਹ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਦਾ ਕਿਉਂਕਿ ਸਾਨੂੰ ਦੁੱਖੀ ਕਰਨ ਵਾਲੇ ਸਾਡੇ ਮਨ ਦੇ ਮਾਇਆ ਮੋਹ ਵਾਲੇ ਵਿਚਾਰ ਹੀ ਹਨ ਜੋ ਸਾਨੂੰ ਹਰ ਵੇਲੇ ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੋੜਕੇ ਰੱਖਦੇ ਹਨ। ਜਦੋਂ ਮਨੁੱਖ ਉਸ ਗੁਰੂ ਰੂਪ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਉਸਦੇ ਹੁਕਮ ਨੂੰ ਪਛਾਣ ਲੈਂਦਾ ਹੈ, ਬੁੱਝ ਲੈਂਦਾ ਹੈ ਫਿਰ ਉਹ ਮਾਇਆ ਮੋਹ ਵਾਲੇ ਵਿਚਾਰਾਂ ਤੋਂ, ਮਨ ਦੀ ਅਗਿਆਨਤਾ ਤੋਂ ਮੁਕਤ ਹੋ ਜਾਂਦਾ ਹੈ ਤੇ ਮਨ ਦੇ ਸੰਤੋਖ ਦੁਆਰਾ, ਮਨ ਦੇ ਵਿੱਚ ਨਾਮ ਦੁਆਰਾ, ਸੱਚੀ ਸਮਝ ਦੁਆਰਾ ਸੁੱਖ ਮਹਿਸੂਸ ਕਰਦਾ ਹੈ। ਪ੍ਰਮਾਤਮਾ ਨਾਲੋਂ ਮਨ ਦੇ ਵਿੱਚ ਵਿਛੋੜਾ ਸਾਡਾ ਦੁੱਖ ਹੈ ਤੇ ਉਸਦੇ ਨਾਲ ਮੇਲ ਸਾਡਾ ਸੁੱਖ ਹੈ। ਅਗਿਆਨਤਾ ਸਾਡੇ ਮਨ ਦਾ ਦੁੱਖ ਹੈ ਤੇ ਸੱਚਾ ਗਿਆਨ ਸਾਡੇ ਮਨ ਦਾ ਸੁੱਖ ਹੈ। ਮਨ ਦੀ ਅਗਿਆਨਤਾ ਪ੍ਰਮਾਤਮਾ ਦੇ ਨਾਲ ਵਿਛੋੜਾ ਹੈ ਤੇ ਮਨ ਦੇ ਵਿੱਚ ਸੱਚਾ ਗਿਆਨ ਪ੍ਰਮਾਤਮਾ ਦੇ ਨਾਲ ਮੇਲ ਹੈ। **(ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥)**

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥ ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ ॥੨॥}

(ਅੰਗ ੫੫੯)

{ਹੁਕਮੁ ਬੂਝੈ ਸੋਈ ਪਰਵਾਨੁ ॥ ਸਾਚੁ ਸਬਦੁ ਜਾ ਕਾ ਨੀਸਾਨੁ ॥੩॥}

(ਅੰਗ ੩੯੬)

{ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥
ਮਾਇਆ ਮਹਿ ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ ਸਦ ਰਹੈ ਸਮਾਏ ॥
ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥}

(ਅੰਗ ੧੨੦)

{ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਨੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥}

(ਅੰਗ ੪੭੧)

{ਅਲਖ ਅਭੇਉ ਹਰਿ ਰਹਿਆ ਸਮਾਏ ॥ ਉਪਾਇ ਨ ਕਿਤੀ ਪਾਇਆ ਜਾਏ ॥
ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ ॥੨॥
ਦੂਜੈ ਭਾਇ ਪੜੈ ਨਹੀ ਬੂਝੈ ॥
ਤ੍ਰਿਬਿਧਿ ਮਾਇਆ ਕਾਰਣਿ ਲੂਝੈ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥
ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥
ਹਉ ਹਉ ਕਰੇ ਤੈ ਆਪੁ ਜਣਾਏ ॥
ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥
ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥੫॥
ਉਪਜੈ ਪਚੈ ਹਰਿ ਬੂਝੈ ਨਾਹੀ ॥ ਅਨਦਿਨੁ ਦੂਜੈ ਭਾਇ ਫਿਰਾਹੀ ॥
ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ ॥੬॥}

(ਅੰਗ ੧੨੭)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥

ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਣਿਆ ਮੋਹੁ ਸਬਦਿ ਜਲਾਵਣਿਆ ॥
ਮਾਣਿਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥}

(ਅੰਗ ੧੨੯)

44/5774

ਮਃ ੩ ॥

{ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥੨॥}

(ਅੰਗ ੫੦੯)

{ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥
ਕਹਿ ਕਹਿ ਕਥਨਾ ਮਾਣਿਆ ਲੂਝੈ ॥ ਹੁਕਮੀ ਸਗਲ ਕਰੇ ਆਕਾਰ ॥
ਆਪੇ ਜਾਣੈ ਸਰਬ ਵੀਚਾਰ ॥ ਅਖਰ ਨਾਨਕ ਅਖਿਓ ਆਪਿ ॥ ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥}

(ਅੰਗ ੧੫੦)

{ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥}

(ਅੰਗ ੬੬੨)

{ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥
ਆਪਿ ਭੁਲਾਏ ਠਉਰ ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥੧॥}

(ਅੰਗ ੧੫੨)

{ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥}

(ਅੰਗ ੬੮੬)

{ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥
ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥੧॥}

(ਅੰਗ ੧੫੮)

{ਜਗ ਮਹਿ ਆਇਆ ਸੋ ਪਰਵਾਣੁ ॥ ਗੁਰਮੁਖਿ ਅਪਨਾ ਖਸਮੁ ਪਛਾਣੁ ॥੨॥}

(ਅੰਗ ੮੬੭)

{ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥
ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥}

(ਅੰਗ ੧੫੯)

44/5775

{ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥

ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥
ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥
ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥}

(ਅੰਗ ੧੧੦੩)

{ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥}

(ਅੰਗ ੧੬੦)

ਉਸ ਗੁਰੂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣਾ ਕੀ ਹੈ ਇਸ ਗੱਲ ਨੂੰ ਉਪਰ ਦਿੱਤੇ ਕੁਝ ਸ਼ਬਦਾਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਉਹੀ ਪਾ ਸਕਦਾ ਹੈ ਜੋ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ। ਪੂਰੀ ਗੁਰਬਾਣੀ ਵਿੱਚ ਸਾਡੇ ਲਈ ਗੁਰੂ ਪ੍ਰਮਾਤਮਾ ਦਾ ਪਾਇਆ ਹੋਇਆ ਇਹ ਹੁਕਮ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਨੂੰ ਸਮਝ ਕੇ ਉਸਨੂੰ ਮੰਨਣਾ ਹੀ ਗੁਰੂ ਪ੍ਰਮਾਤਮਾ ਦੇ ਹੁਕਮ ਨੂੰ ਮੰਨਣਾ ਹੈ। ਅਸੀਂ ਇਹ ਉਦੱਮ ਹੀ ਕਰਨਾ ਹੈ ਜੋ ਹੁਕਮ ਮੰਨਣ ਦੁਆਰਾ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਹੀ ਨਿਕਲਾਂਗੇ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਜੁੜਾਂਗੇ ਤੇ ਉਹੋ ਜਿਹੇ ਮਾਰਗ ਤੇ ਚਲਾਂਗੇ ਜਿਹੋ ਜਿਹੇ ਮਾਰਗ ਤੇ ਚੱਲਣ ਦਾ ਗੁਰੂ ਨੇ ਸਾਨੂੰ ਹੁਕਮ ਕੀਤਾ ਹੋਇਆ ਹੈ। ਗੁਰੂ ਦੇ ਹੁਕਮ ਦੀ ਅਸੀਂ ਜੇਕਰ ਕੇਵਲ ਕਥਨੀ ਹੀ ਕਰੀ ਜਾਈਏ ਇਹ ਗੁਰੂ ਦੇ ਹੁਕਮ ਨੂੰ ਮੰਨਣਾ ਨਹੀਂ ਹੈ ਜਿਸ ਕਰਕੇ ਸਾਡੇ ਅੰਦਰ ਦੀ ਅਗਿਆਨਤਾ ਨਹੀਂ ਨਿਕਲ ਸਕਦੀ ਜੋ ਕਿ ਉਸ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਨਹੀਂ ਹੈ ਜਿਵੇਂ ਕਿ ਅਸੀਂ ਉਪਰ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਹੈ। **(ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥)**

ਮੁੱਖ ਸ਼ਬਦ ਦੇ ਜਿਸ ਪਦੇ ਨੂੰ ਅਸੀਂ ਸਮਝਣ ਲਈ ਉਪਰਲੇ ਸ਼ਬਦਾਂ ਦੇ ਪ੍ਰਮਾਣ ਨੂੰ ਸਮਝਿਆ ਹੈ, ਹੁਣ ਉਸ ਸ਼ਬਦ ਨੂੰ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ। **(ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥)**

ਜਦੋਂ ਮਨੁੱਖ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ,

44/5776

ਆਪਣੇ ਅੰਦਰੋਂ ਉਸਨੂੰ ਪਛਾਣ ਲੈਂਦਾ ਹੈ ਤਾਂ ਹੀ ਉਸਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਜੋ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਉਹ ਪ੍ਰਮਾਤਮਾ ਦਾ ਸੇਵਕ ਬਣਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

“ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥”

ਜਦੋਂ ਸਾਡੇ ਅੰਦਰੋਂ ਮਾਇਆ ਮੋਹ ਦਾ ਬੰਧਨ ਕੱਟਿਆ ਜਾਂਦਾ ਹੈ, ਅਗਿਆਨਤਾ ਵਾਲੀ ਸਮਝ ਖਤਮ ਹੋ ਜਾਂਦੀ ਹੈ ਜੋ ਕਿ ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਬੁੱਝਣ ਦੁਆਰਾ ਹੁੰਦੀ ਹੈ ਜਿਵੇਂ ਕਿ ਅਸੀਂ ਪਿਛਲੇ ਪਦਿਆਂ ਦੁਆਰਾ ਸਮਝਿਆ ਹੈ ਉਸਦੇ ਨਾਲ ਜੋ ਬਦਲਾਵ ਆਉਂਦਾ ਹੈ ਉਹ ਮਨ ਦੀ ਸਮਝ ਵਿੱਚ ਹੀ ਆਉਂਦਾ ਹੈ। ਸ਼ਬਦ ਦੇ ਪਹਿਲੇ ਪਦਿਆਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਅਸੀਂ ਬਿਖਾਦੀ ਕਿਸ ਲਈ ਹਾਂ ਭਾਵ ਸਾਡਾ ਗੁਰੂ ਨਾਲ ਝਗੜਾ ਕਿਸ ਲਈ ਹੈ, ਅਸੀਂ ਗੁਰੂ ਦੇ ਦੋਖੀ ਕਿਸ ਲਈ ਹਾਂ ਭਾਵ ਮਨ ਦੇ ਮਾੜੇ ਵਿਚਾਰਾਂ ਕਰਕੇ ਹਾਂ, ਭਰਮ ਵਾਲੇ, ਅਗਿਆਨਤਾ ਵਾਲੇ ਵਿਚਾਰਾਂ ਕਰਕੇ ਹਾਂ ਜੋ ਸਾਡੇ ਅੰਦਰ ਦੀ ਸਮਝ ਨੂੰ ਗੁਰੂ ਦੀ ਮਤਿ ਤੋਂ ਦੂਰ ਰੱਖਦੇ ਹਨ। ਸਾਡੇ ਮਨ ਦੇ ਇਹ ਮਾੜੇ ਵਿਚਾਰ ਹੀ ਅਸਲ ਵਿੱਚ ਸਾਡੇ ਦੁਸ਼ਮਣ ਹਨ, ਸਾਡੇ ਵੈਰੀ ਹਨ ਭਾਵ ਸਾਡੇ ਅੰਦਰ ਦੇ ਇਹ ਮੰਦੇ ਵਿਚਾਰ ਹਨ। ਇਹੋ ਜਿਹੇ ਮਾੜੇ ਵਿਚਾਰਾਂ ਨਾਲ ਜਦ ਤੱਕ ਅਸੀਂ ਜੁੜੇ ਰਹਿੰਦੇ ਹਾਂ ਤਦ ਤੱਕ ਅਸੀਂ ਗੁਰੂ ਦੇ ਸੇਵਕ ਨਹੀਂ ਬਣ ਸਕਦੇ ਭਾਵ ਗੁਰੂ ਦੀ ਮਤਿ ਵਾਲੇ ਨਹੀਂ ਬਣ ਸਕਦੇ ਜਿਸ ਮਤਿ ਦੁਆਰਾ ਭਾਵ ਮਨ ਦੇ ਚੰਗੇ ਵਿਚਾਰਾਂ ਦੁਆਰਾ ਗੁਰੂ ਦੀ ਸੇਵਾ ਹੋ ਸਕਦੀ ਹੈ। ਮਨ ਦੇ ਮਾੜੇ ਵਿਚਾਰਾਂ ਰਾਹੀਂ ਅਸੀਂ ਮਾੜੇ ਕੰਮ ਕਰਦੇ ਹਾਂ ਤੇ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਤੋਂ ਬਾਅਦ ਅਸੀਂ ਚੰਗੇ ਕਰਮ ਕਰਦੇ ਹਾਂ ਤੇ ਇਹੀ ਗੁਰੂ ਦਾ ਸੇਵਕ ਬਣਨਾ ਹੈ। ਜਿਸ ਮਨ ਵਿੱਚੋਂ ਇਹ ਮਾੜੇ ਵਿਚਾਰ ਨਿਕਲ ਜਾਂਦੇ ਹਨ ਉਹੀ ਉਸ ਪ੍ਰਮਾਤਮਾ ਦਾ ਬੰਦਾ ਬਣਦਾ ਹੈ ਭਾਵ ਉਸ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਸੱਚਾ ਗਿਆਨ ਵੱਸਣ ਦੁਆਰਾ ਹੀ ਹੁੰਦਾ ਹੈ ਤੇ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਪ੍ਰਮਾਤਮਾ ਦਾ ਸੇਵਕ ਬਣਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਭਗਤੀ ਸਾਡੇ ਮਨ ਦੀ

ਸਮਝ ਦੇ ਨਾਲ ਜੁੜੀ ਹੋਈ ਹੈ

44/5777

ਜੋ ਸਮਝ ਮਨ ਦੀ ਅਗਿਆਨਤਾ ਰੂਪ ਬੰਧਨ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ ਭਾਵ ਮਾਇਆ ਮੋਹ ਦੇ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਭਗਤੀ ਮਨ ਦੇ ਵਿੱਚ ਸੱਚ ਵੱਸਣ ਦੁਆਰਾ ਹੁੰਦੀ ਹੈ, ਭਰਮਾਂ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ ਜਿਵੇਂ ਕਿ ਅਸੀਂ ਪੂਰੇ ਸ਼ਬਦ ਦੁਆਰਾ ਸਮਝਿਆ ਹੈ। **(ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥)**

ਪ੍ਰਮਾਤਮਾ ਦੀ ਭਗਤੀ ਮਨ ਦੇ ਭਰਮ ਨਿਕਲਣ ਤੋਂ ਬਿਨ੍ਹਾਂ ਨਹੀਂ ਹੋ ਸਕਦੀ ਕਿਉਂਕਿ ਪ੍ਰਮਾਤਮਾ ਦੀ ਭਗਤੀ ਦੀ ਸਮਝ ਹੀ ਭਰਮ ਨਿਕਲਣ ਦੁਆਰਾ ਪੈਂਦੀ ਹੈ ਤੇ ਮਾਇਆ ਮੋਹ ਛੱਡਣ ਦੁਆਰਾ ਹੁੰਦੀ ਹੈ। ਸਾਡਾ ਸੱਚਾ ਉਦੱਮ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਹੀ ਹੈ। ਇਹ ਸੱਚਾ ਉੱਦਮ ਉਨ੍ਹਾਂ ਨੇ ਹੀ ਜਾਣਿਆ ਹੈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਗੁਰਬਾਣੀ ਉਚਾਰੀ ਹੈ। ਸਾਡਾ ਸੱਚਾ ਉਦੱਮ ਭਗਤੀ ਦੇ ਮਾਰਗ ਤੇ ਚੱਲਣ ਦਾ ਹੀ ਹੈ ਭਾਵ ਨਾਮ ਜਪਣ ਦਾ ਹੀ ਹੈ ਜਿਸਦਾ ਮਕਸਦ ਭਰਮਾਂ ਵਿੱਚੋਂ ਨਿਕਲਣ ਦਾ ਹੀ ਹੈ। ਜਿਨ੍ਹਾਂ ਨੇ ਇਸ ਸੱਚੇ ਉੱਦਮ ਨੂੰ ਜਾਣਿਆ ਹੈ, ਪ੍ਰਮਾਤਮਾ ਦੀ ਭਗਤੀ ਨੂੰ ਜਾਣਿਆ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ ਆਉ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਪ੍ਰਮਾਤਮਾ ਦੇ ਪ੍ਰਗਟ ਹੋਣ ਦੁਆਰਾ ਉਚਾਰੇ ਹੋਏ ਬੋਲਾਂ ਦੁਆਰਾ ਸਮਝੀਏ ਕਿ ਉਨ੍ਹਾਂ ਕੋਲੋਂ ਪ੍ਰਮਾਤਮਾ ਨੇ ਕਿਹੋ ਜਿਹਾ ਉਦੱਮ ਕਰਵਾਇਆ ਹੈ ਤੇ ਸੰਸਾਰ ਨੂੰ ਕਿਹੋ ਜਿਹਾ ਉਦੱਮ ਕਰਨ ਲਈ ਪ੍ਰੇਰਿਆ ਹੈ।

ਆਸਾ ਮਹਲਾ ੫ ॥

“ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥
ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥੧॥ ਮਨ ਮਹਿ ਰਾਮ ਨਾਮਾ ਜਾਪਿ ॥
ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ ਰਹਾਉ ॥
ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ ॥
ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ ॥੨॥
ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥
ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥੩॥
ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥
ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥”

(ਅੰਗ ੪੦੫-੪੦੬)

ਉਪਰ ਪਹਿਲੇ ਪਦੇ ਰਾਹੀਂ ਗੁਰੂ ਸਾਹਿਬ ਪ੍ਰਮਾਤਮਾ ਨੂੰ ਹੀ ਸੰਬੋਧਨ ਕਰ ਰਹੇ ਹਨ ਕਿ ਪ੍ਰਮਾਤਮਾ ਤੂੰ ਮੇਰੇ ਕੋਲੋਂ ਕਿਹੋ ਜਿਹਾ ਉਦੱਮ ਕਰਵਾ ਰਿਹਾ ਹੈ ਭਾਵ ਉਹ ਸੰਸਾਰ ਨੂੰ ਹੀ ਸਮਝਾ ਰਹੇ ਹਨ ਕਿ ਮੈਨੂੰ ਪ੍ਰਮਾਤਮਾ ਨੇ ਕਿਹੋ ਜਿਹਾ ਉਦੱਮ ਕਰਨਾ ਸਿਖਾਇਆ ਹੈ ਜੋ ਕਿ ਸਾਰੇ ਸੰਸਾਰ ਲਈ ਸੱਚਾ ਉੱਦਮ ਹੈ। ਗੁਰੂ ਸਾਹਿਬ ਪ੍ਰਮਾਤਮਾ ਨੂੰ ਕਹਿ ਰਹੇ ਹਨ ਕਿ ਮੇਰਾ **“ਸਾਧੂ ਸੰਗਿ”** ਹੋ ਗਿਆ ਹੈ ਭਾਵ ਮੇਰਾ ਤੇਰੇ ਨਾਲ ਸੰਗਿ ਹੋ ਗਿਆ ਹੈ ਤੇ ਮੈਂ ਤੈਨੂੰ ਆਪਣੇ ਅੰਦਰੋਂ ਸਾਧੂ ਸੰਗਿ ਦੇ

ਰੂਪ ਵਿੱਚ ਦੇਖਦਾ ਹਾਂ। ਸਾਧੂ ਸੰਗਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਧੂ ਰੂਪ, ਸੰਤ ਰੂਪ, ਗੁਰੂ ਰੂਪ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਸਬਦੁ ਰੂਪ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਸੱਚੇ ਗਿਆਨ ਦਾ ਰੂਪ ਹੈ। ਸਾਧੂ ਸੰਗਿ ਮਨ ਦੇ ਵਿੱਚ ਹੀ ਹੁੰਦਾ ਹੈ, ਗੁਰਮਤਿ ਰੂਪ ਸੱਚੇ ਗਿਆਨ ਨਾਲ ਹੁੰਦਾ ਹੈ ਜਿਸ ਮਨ ਦੀ ਅਵਸਥਾ ਦੁਆਰਾ ਭਾਵ ਮਨ ਦੀ ਸਮਝ ਦੁਆਰਾ ਮਨੁੱਖ ਹਰ ਵੇਲੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਦਾ ਹੈ, ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ। ਮਨੁੱਖ ਜੋ ਵੀ ਉਦੱਮ ਕਰਦਾ ਹੈ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ ਤੇ ਮਨ ਦੀ ਸਮਝ ਵਿੱਚ ਪ੍ਰਮਾਤਮਾ ਆਪ ਹੈ ਜਿਸ ਕਰਕੇ ਉਹ ਆਪ ਹੀ ਉਦੱਮ ਕਰਵਾਉਂਦਾ ਹੈ। **(ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥)** ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਨ੍ਹਾਂ ਕੋਲੋਂ ਪ੍ਰਮਾਤਮਾ ਨੇ ਕਿਹੋ ਜਿਹਾ ਉਦੱਮ ਕਰਵਾਇਆ ਹੈ, ਕਿਸ ਰੂਪ ਵਿੱਚ ਕਰਵਾਇਆ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥੧॥”

ਬੜੇ ਹੀ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਤੇ ਉਹ ਸੱਚਾ ਉਦੱਮ ਕਿਸ ਤਰੀਕੇ ਕਰਵਾਉਂਦਾ ਹੈ। ਜਿਸ ਰੰਗਿ ਵਿੱਚ ਪ੍ਰਮਾਤਮਾ ਆਪ ਹੈ ਉਸੇ ਰੰਗਿ ਵਿੱਚ ਉਹ ਮਨੁੱਖ ਦੀ ਮਤਿ ਨੂੰ ਰੰਗਦਾ ਹੈ। ਪ੍ਰਮਾਤਮਾ ਆਪ ਨਾਮ ਦੇ ਰੂਪ

ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦੀ ਮਤਿ ਨੂੰ ਪ੍ਰਮਾਤਮਾ ਆਪ ਹੀ ਰੰਗਦਾ ਹੈ, ਨਾਮ ਰੂਪ ਮਤਿ ਨਾਲ ਰੰਗਦਾ ਹੈ ਭਾਵ ਸਾਡੀ ਅਗਿਆਨਤਾ ਵਾਲੀ ਮਤਿ ਦੇ ਉੱਤੇ ਆਪਣੇ ਸੱਚੇ ਗਿਆਨ ਦਾ ਰੰਗ ਚੜਾਉਂਦਾ ਹੈ। ਜਿਸ ਰੰਗ ਨਾਲ ਪ੍ਰਮਾਤਮਾ ਸਾਡੀ ਮਤਿ ਨੂੰ ਰੰਗਦਾ ਹੈ ਉਸੇ ਰੰਗ ਵਿੱਚ ਹੀ ਪ੍ਰਮਾਤਮਾ ਸਾਡੇ ਅੰਦਰ ਹੈ ਜੋ ਕਿ ਉਹ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਆਪਣਾ ਇਹ ਰੰਗ ਚੜਾਉਣ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਰੂਪ ਹੀ ਦਿਖਾਉਂਦਾ ਹੈ ਤੇ ਆਪਣਾ ਸੱਚਾ ਗਿਆਨ ਦੇਣ ਦੁਆਰਾ ਆਪ ਹੀ ਉਸ ਮਤਿ ਤੇ ਚਲਾਉਂਦਾ ਹੈ। ਇਹ ਮਨੁੱਖ ਦਾ ਸੱਚਾ ਉਦੱਮ ਹੈ ਜੋ ਉਦੱਮ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ

44/5779

ਦੀ ਰਚਨਾ ਕਰਨ ਵਾਲਿਆਂ ਕੋਲੋਂ ਕਰਵਾਇਆ ਹੈ ਤੇ ਸੰਸਾਰ ਨੂੰ ਸੱਚਾ ਉਦੱਮ ਕਰਨਾ ਸਿਖਾਇਆ ਹੈ। **(ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥ ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥੧॥)**

ਜਿਸਨੂੰ ਪ੍ਰਮਾਤਮਾ ਆਪ ਆਪਣੇ ਨਾਮ ਦੇ ਨਾਲ ਰੰਗਦਾ ਹੈ ਭਾਵ ਆਪ ਆਪਣਾ ਗਿਆਨ ਮਨ ਦੇ ਵਿੱਚ ਦਿੰਦਾ ਹੈ ਇਹੀ ਉਸਦਾ ਰਾਮ ਨਾਮ ਜਪਣਾ ਹੈ ਜਿਸਨੂੰ ਕਿ ਸਾਡਾ ਮਨ ਹੀ ਜਪਦਾ ਹੈ ਜਿਵੇਂ ਕਿ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਮਨ ਮਹਿ ਰਾਮ ਨਾਮਾ ਜਾਪਿ ॥ ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ ਰਹਾਉ ॥”

ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਨ੍ਹਾਂ ਨੇ ਹੀ ਰਾਮ ਨਾਮ ਜਪਿਆ ਹੈ ਜੋ **“ਜਾਪਿ”** ਮਨ ਦੇ ਵਿੱਚ ਹੀ ਜਪਿਆ ਜਾਂਦਾ ਹੈ। ਇਹ ਜਾਪ ਸਾਡੇ ਅੰਦਰ ਦੀ ਸਮਝ ਜਪਦੀ ਹੈ ਭਾਵ ਸਾਡੇ ਮਨ ਦੇ ਅੰਦਰ ਸਮਝ ਪੈਂਦੀ ਹੈ, ਸੱਚੇ ਗਿਆਨ ਰਾਹੀਂ ਪੈਂਦੀ ਹੈ ਜੋ ਸਮਝ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜਿਸਦਾ ਪ੍ਰਮਾਤਮਾ ਸਹਾਈ ਬਣਦਾ ਹੈ ਉਸਦੇ ਅੰਦਰ ਆਪਣੇ ਇਸ ਰੂਪ ਵਿੱਚ ਵੱਸਣ ਦੁਆਰਾ ਹੀ ਬਣਦਾ ਹੈ। **(ਮਨ ਮਹਿ ਰਾਮ ਨਾਮਾ ਜਾਪਿ ॥ ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ ਰਹਾਉ ॥)** ਆਪਣੇ ਮਨ ਦੇ ਵਿੱਚ ਆਪਣਾ ਨਾਮ ਪ੍ਰਮਾਤਮਾ ਆਪ ਸੁਣਾਉਂਦਾ ਹੈ ਜਿਸ ਦੁਆਰਾ ਮਨੁੱਖ ਦਾ ਇਹ ਸੰਸਾਰ ਵਿੱਚ ਆਉਂਣ ਦਾ ਮਨੋਰਥ ਪੂਰਾ ਹੁੰਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ ॥
ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ ॥੨॥”

ਮਨ ਦੇ ਵਿੱਚ ਪ੍ਰਮਾਤਮਾ ਦੇ ਦਰਸ਼ਨ ਉਸਦਾ ਨਾਮ ਸੁਣਨ ਦੁਆਰਾ ਹੀ ਹੁੰਦੇ ਹਨ। ਪ੍ਰਮਾਤਮਾ ਦੇ ਦਰਸ਼ਨ ਗਿਆਨ ਦੇ ਰੂਪ ਵਿੱਚ ਹੀ ਹੁੰਦੇ ਹਨ। ਜੋ ਮਨ ਦੇ ਵਿੱਚੋਂ ਮਨੁੱਖ ਸੁਣਦਾ ਹੈ ਉਹ ਰੂਪ ਹੀ ਆਪਣਾ ਪ੍ਰਮਾਤਮਾ ਦਾ ਹੈ। ਮਨ ਦੇ ਵਿੱਚ ਮਨੁੱਖ ਪ੍ਰਮਾਤਮਾ ਦੇ ਕੋਲੋਂ

44/5780

ਉਸਦੇ ਸ਼ਬਦ ਸੁਣਦਾ ਹੈ, ਸ਼ਬਦਾਂ ਦੀ ਵਿਚਾਰ ਸੁਣਦਾ ਹੈ ਜਿਨ੍ਹਾਂ ਨੂੰ ਸੁਣਨ ਦੁਆਰਾ ਮਨੁੱਖ ਦੇ ਅੰਦਰ ਚਾਉ ਪੈਦਾ ਹੁੰਦਾ ਹੈ ਕਿਉਂਕਿ ਉਸਨੂੰ ਮਨ ਦੇ ਵਿੱਚ ਸੱਚੀ ਸਮਝ ਪੈਂਦੀ ਹੈ, ਗੁਰਮਤਿ ਰੂਪ ਸੱਚਾ ਗਿਆਨ ਮਿਲਦਾ ਹੈ ਜਿਸ ਦੁਆਰਾ ਮਨੁੱਖ ਮਨ ਦੀ ਅਗਿਆਨਤਾ ਵਿੱਚੋਂ ਨਿਕਲਦਾ ਹੈ। ਆਪਣੀ ਅਗਿਆਨਤਾ ਵਿੱਚੋਂ ਨਿਕਲਣਾ ਹੀ ਸਾਡੇ ਅੰਦਰ ਦਾ ਅਸਲ ਚਾਉ ਹੈ, ਖੁਸ਼ੀ ਹੈ, ਆਨੰਦ ਹੈ। ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦੀ ਸੱਚੀ ਮਤਿ ਸੁਣਨ ਤੋਂ ਬਾਅਦ ਫਿਰ ਉਸੇ ਦੁਆਰਾ ਵਿਚਰਨ ਵਿੱਚ ਹੀ ਚਾਉ ਮਹਿਸੂਸ ਕਰਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਵੱਡਾ ਕੋਈ ਹੋਰ ਚਾਉ ਨਹੀਂ ਹੋ ਸਕਦਾ। ਇਹ ਕੇਵਲ ਪ੍ਰਮਾਤਮਾ ਦੀ ਆਪਣੀ ਦਇਆ ਹੈ ਕਿ ਉਹ ਕਿਸੇ ਮਨੁੱਖ ਨੂੰ ਭਾਵ ਕਿਸੀ ਮਨੁੱਖੀ ਮਤਿ ਨੂੰ ਆਪਣੇ ਨਾਮ ਦੇ ਨਾਲ ਜੋੜ ਲਵੇ ਜੋ ਮਨੁੱਖੀ ਮਤਿ ਨਾਮ ਤੋਂ ਬਿਨ੍ਹਾਂ ਇੱਕ ਕੀੜੇ ਵਰਗੀ ਔਕਾਤ ਰੱਖਦੀ ਹੈ ਭਾਵ ਅਗਿਆਨਤਾ ਵਾਲੀ ਮਨੁੱਖੀ ਮਤਿ ਨਾਮ ਦੀ ਉੱਚੀ ਮਤਿ ਦੇ ਸਾਹਮਣੇ ਬਹੁਤ ਨੀਵੀਂ ਹੈ। ਜਿਸ ਮਨੁੱਖ ਦਾ ਮਨੋਰਥ ਪੂਰਾ ਹੁੰਦਾ ਹੈ ਭਾਵ ਇਸ ਸੰਸਾਰ ਵਿੱਚ ਆਉਣ ਦਾ ਮਨੋਰਥ ਪੂਰਾ ਹੁੰਦਾ ਹੈ, ਇਹ ਸੰਸਾਰ ਵਿੱਚ ਜੀਵਨ ਜਿਉਣ ਦਾ ਮਨੋਰਥ ਪੂਰਾ ਹੁੰਦਾ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖਣ ਦੁਆਰਾ ਹੀ ਪੂਰਾ ਹੁੰਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਫਿਰ ਮਨੁੱਖ ਦੀ ਕੋਈ ਹੋਰ ਇੱਛਾ ਨਹੀਂ ਰਹਿ ਜਾਂਦੀ ਕਿਉਂਕਿ ਇਹੀ ਮਨੁੱਖ ਦੀ ਸਭ ਤੋਂ ਵੱਡੀ ਇੱਛਾ ਹੈ ਕਿ ਉਹ ਪ੍ਰਮਾਤਮਾ ਨੂੰ ਜਾਣੇ ਜੋ ਸਭ ਦੀ ਪਹੁੰਚ ਤੋਂ ਬਾਹਰ ਹੈ। **(ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ॥**

ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ ॥੨॥) ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਭਾਵ ਨਾਮ ਨਾਲ ਜੁੜ ਜਾਂਦਾ ਹੈ ਉਸਨੂੰ ਫਿਰ ਕੀ ਸਮਝ ਪੈਂਦੀ ਹੈ ਤੇ ਉਹ ਆਪਣਾ ਜੀਵਨ ਕਿਸ ਤਰੀਕੇ ਬਤੀਤ ਕਰਦਾ ਹੈ ਭਾਵ ਆਪਣੇ ਧਰਮ ਦੇ ਮਾਰਗ ਤੇ ਕਿਸ ਤਰੀਕੇ ਵਿਚਰਦਾ ਹੈ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥

ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥੩॥”

44/5781

ਜਿਸਨੂੰ ਪ੍ਰਮਾਤਮਾ ਆਪਣੇ ਨਾਮ ਨਾਲ ਜੋੜ ਲੈਂਦਾ ਹੈ ਉਸਦੇ ਮਨ ਦੀ ਸਮਝ ਹੀ ਬਦਲਦੀ ਹੈ ਜਿਸ ਦੁਆਰਾ ਉਸਨੂੰ ਇਹ ਪਤਾ ਲੱਗਦਾ ਹੈ ਭਾਵ ਇਹ ਸਮਝ ਆਉਂਦੀ ਹੈ ਕਿ ਨਾ ਇਹ ਤਨ ਮੇਰਾ ਹੈ ਤੇ ਨਾ ਹੀ ਮੇਰੇ ਅੰਦਰ ਦਾ ਧਨ ਮੇਰਾ ਹੈ। ਜਦ ਤੱਕ ਅਸੀਂ ਮਨ ਦੀ ਅਗਿਆਨਤਾ ਵਿੱਚ ਹਾਂ ਤਦ ਤੱਕ ਅਸੀਂ ਮਾਇਆ ਧਨ ਨਾਲ ਜੁੜੇ ਰਹਿੰਦੇ ਹਾਂ ਜੋ ਧਨ ਸਾਡੇ ਅੰਦਰ ਸਮਝ ਦੇ ਰੂਪ ਵਿੱਚ ਹੈ। ਆਪਣਾ ਨਾਮ ਰੂਪ ਗਿਆਨ ਦੇਣ ਦੁਆਰਾ ਪ੍ਰਮਾਤਮਾ ਆਪਣਾ ਨਾਮ ਧਨ ਬਖਸ਼ਦਾ ਹੈ ਜਿਸ ਰਾਹੀਂ ਮਨੁੱਖ ਨੂੰ ਸਮਝ ਪੈਂਦੀ ਹੈ ਜੋ ਗਿਆਨ ਸਾਡੇ ਅੰਦਰ ਉਪਜਦਾ ਹੈ ਉਹ ਸਾਡਾ ਨਹੀਂ ਹੈ ਭਾਵ ਪ੍ਰਮਾਤਮਾ ਦਾ ਆਪਣਾ ਧਨ ਹੈ। ਇਸ ਗੱਲ ਦੀ ਸਮਝ ਪੈਣਾ ਕਿ ਪ੍ਰਮਾਤਮਾ ਇਹ **“ਤਨੁ ਧਨੁ”** ਤੇਰਾ ਹੈ ਫਿਰ ਤਾਂ ਹੀ ਕੋਈ ਇਹ ਗੱਲ ਕਹਿ ਸਕਦਾ ਹੈ ਕਿ ਪ੍ਰਮਾਤਮਾ ਤੂੰ ਮੇਰਾ ਹੈ ਭਾਵ ਮੇਰੇ ਸਰੀਰ ਦਾ ਮਾਲਕ ਤੂੰ ਹੀ ਹੈ ਤੇ ਇਸ ਮਨੁੱਖੀ ਸਮਝ ਦੇ ਵੱਸ ਕੁਝ ਵੀ ਨਹੀਂ ਹੈ ਭਾਵ ਸਭ ਕੁਝ ਕਰਨ ਕਰਵਾਉਂਣ ਵਾਲਾ ਤੂੰ ਆਪ ਹੀ ਹੈ। **(ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥)** ਮਨ ਦੇ ਵਿੱਚ ਆਪਣੀ ਸੱਚੀ ਸਮਝ ਦੇਣ ਤੋਂ ਬਾਅਦ ਫਿਰ ਪ੍ਰਮਾਤਮਾ ਆਪਣੇ ਮਨੁੱਖੀ ਰੂਪ ਨੂੰ ਉਸ ਤਰੀਕੇ ਨਾਲ ਰੱਖਦਾ ਹੈ ਜੋ ਉਸਨੂੰ ਚੰਗਾ ਲੱਗਦਾ ਹੈ ਭਾਵ ਆਪਣੇ ਗੁਣਾਂ ਦੇ ਨਾਲ ਜੋੜ ਕੇ ਰੱਖਦਾ ਹੈ, ਆਪਣੇ ਭਾਣੇ ਵਿੱਚ ਰੱਖਦਾ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਹੀ ਉਸਦਾ ਸੱਚਾ ਭੋਜਨ ਹੈ, ਨਾਮ ਰੂਪ ਭੋਜਨ ਹੈ ਤੇ ਸਾਡੇ ਅੰਦਰ ਦੀ ਮਤਿ ਨੂੰ ਉਹ ਜਿਹੋ ਜਿਹਾ ਭੋਜਨ ਖਵਾਉਂਦਾ ਹੈ ਉਹੀ ਕੁਝ ਉਹ ਖਾਂਦੀ ਹੈ ਭਾਵ ਜੋ ਕੁਝ ਉਹ ਸਾਡੀ ਮਤਿ ਨੂੰ ਸਮਝਾਉਂਦਾ ਹੈ ਉਹੀ ਕੁਝ ਸਮਝਦੀ ਹੈ ਤੇ ਉਸੇ ਅਨੁਸਾਰ ਹੀ ਉਹ ਆਪਣੇ ਜੀਵਨ ਵਿੱਚ ਵਿਚਰਦਾ ਹੈ। **(ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥ ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥੩॥)** ਪ੍ਰਮਾਤਮਾ ਉਸ ਮਨੁੱਖ ਨੂੰ ਆਪਣੇ ਭਾਣੇ ਅਨੁਸਾਰ ਕਿਸ ਤਰੀਕੇ ਚਲਾਉਂਦਾ ਹੈ ਭਾਵ ਧਰਮ ਦੇ, ਭਗਤੀ ਦੇ ਮਾਰਗ ਤੇ ਕਿਸ ਤਰੀਕੇ ਚਲਾਉਂਦਾ ਹੈ ਭਾਵ ਉਸ ਮਨੁੱਖ ਦਾ ਸੱਚਾ ਉਦੱਮ ਕਿਸ ਤਰੀਕੇ ਪ੍ਰਮਾਤਮਾ ਸਿਰੇ ਚੜਾਉਂਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਪਣੇ ਨਾਮ ਨਾਲ ਜੋੜਣ ਤੋਂ ਬਾਅਦ ਮਨੁੱਖ ਨੂੰ ਕਿਹੋ ਜਿਹਾ ਭਗਤੀ ਦਾ ਮਾਰਗ ਸਮਝਾਉਂਦਾ ਹੈ, ਇਹੀ ਗੱਲ ਸਮਝਾਈ ਹੋਈ ਹੈ।

44/5782

“ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥

ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥”

ਇਸ ਸ਼ਬਦ ਦੇ ਸ਼ੁਰੂ ਵਿੱਚ ਭਾਵ ਪਹਿਲੇ ਪਦੇ ਰਾਹੀਂ ਆਪਣਾ ਸੱਚਾ ਉਦੱਮ ਸਮਝਿਆ ਹੈ ਜੋ ਕਿ ਨਾਮ ਦੇ ਨਾਲ ਜੁੜਨ ਦਾ ਹੈ। ਸਾਡਾ ਸੱਚਾ ਉਦੱਮ ਉਹ ਹੈ ਜਿਸ ਨਾਲ ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਜਾਵੇ ਜੋ ਮਨੋਰਥ ਪ੍ਰਮਾਤਮਾ ਨੂੰ ਜਾਨਣ ਦਾ ਹੈ ਜਿਵੇਂ ਕਿ ਅਸੀਂ ਪਿਛਲੇ ਪਦੇ ਰਾਹੀਂ ਸਮਝਿਆ ਹੈ। ਸਾਡਾ ਇਹ ਉਦੱਮ, ਮਨੋਰਥ ਕਿਵੇਂ ਪੂਰਾ ਹੁੰਦਾ ਹੈ ਤੇ ਕਿਸ ਮਕਸਦ ਲਈ ਪੂਰਾ ਹੁੰਦਾ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸਾਡੇ ਜੀਵਨ ਦਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਾ ਲੈਂਦੇ ਹਾਂ। ਪ੍ਰਮਾਤਮਾ ਨੂੰ ਅਸੀਂ ਕਿਵੇਂ ਪਾਉਂਦੇ ਹਾਂ ਇਹੀ ਗੱਲ ਸਾਨੂੰ ਸਮਝਾਈ ਹੋਈ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਪਰ ਉਹ ਕਿਸੇ ਨੂੰ ਆਪਣੇ ਅੰਦਰੋਂ ਨਜਰ ਨਹੀਂ ਆਉਂਦਾ। ਪ੍ਰਮਾਤਮਾ ਨਾਲੋਂ ਸਾਡੀ ਦੂਰੀ ਮਨ ਦੇ ਮਾੜੇ ਵਿਚਾਰਾਂ ਕਰਕੇ ਹੈ ਭਾਵ ਸਾਡੇ ਅੰਦਰ ਦੀ ਪਾਪਾਂ ਵਾਲੀ ਬਿਰਤੀ ਕਰਕੇ ਹੈ ਜਿਨ੍ਹਾਂ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ। ਇਨ੍ਹਾਂ ਮਾੜੇ ਵਿਚਾਰਾਂ ਦਾ ਕਾਰਣ ਸਾਡੇ ਅੰਦਰ ਦਾ ਭਰਮ ਹੈ ਭਾਵ ਸਾਡੇ ਅੰਦਰ ਦੀ ਨਾਮਸਝ ਮਤਿ ਹੈ। ਜਦ ਤੱਕ ਸਾਡੇ ਅੰਦਰ ਦੇ ਵਿਚਾਰ ਮਾੜੇ ਹਨ ਤਦ ਤੱਕ ਅਸੀਂ ਮਾਇਆ ਦੇ ਭਉ ਵਿੱਚ ਹਾਂ ਭਾਵ ਤਦ ਤੱਕ ਸਾਡੇ ਅੰਦਰ ਗੁਰੂ ਦਾ ਭਉ ਨਹੀਂ ਵੱਸਿਆ ਭਾਵ ਅਸੀਂ ਗੁਰਮਤਿ ਦਾ ਭਉ ਕਬੂਲ ਨਹੀਂ ਕੀਤਾ ਕਿਉਂਕਿ ਸ਼ਬਦ ਦੀ ਗੱਲ ਮੰਨਣੀ ਔਖੀ ਹੈ।

ਮਾਇਆ ਮੋਹ ਦਾ ਭਉ ਸਾਡੇ ਅੰਦਰੋਂ ਤਾਂ ਨਿਕਲਦਾ ਹੈ ਜੇਕਰ ਅਸੀਂ ਗੁਰੂ ਦੇ ਚਰਨਾਂ ਦੀ ਧੂੜ ਨਾਲ ਆਪਣੇ ਮਨ ਨੂੰ ਇਸ਼ਨਾਨ ਕਰਾਈਏ ਭਾਵ ਆਪਣੀ ਮਾੜੀ ਮਤਿ ਵਾਲੇ ਵਿਚਾਰਾਂ ਨੂੰ ਗੁਰੂ ਦੀ ਸੱਚੀ ਮਤਿ ਨਾਲ ਧੋਈਏ ਭਾਵ ਨਾਮ ਨਾਲ ਧੋਈਏ। ਇਹੀ ਨਾਮ ਜਪਣਾ ਹੈ ਜਿਸ ਦੁਆਰਾ ਸਾਡੇ ਕਿਲਬਿਖ ਕੱਟੇ ਜਾਂਦੇ ਹਨ। ਸਾਡੇ ਮਨ ਦੇ ਨਾਮਸਝ ਵਿਚਾਰ ਹੀ ਭਾਵ ਭਰਮ ਵਾਲੇ ਵਿਚਾਰ ਹੀ ਸਾਨੂੰ ਜਨਮ ਮਰਨ ਵਿੱਚ ਰੱਖਦੇ ਹਨ ਜੋ ਕਿ ਸਾਡੇ ਅੰਦਰ ਬਾਰ-ਬਾਰ ਜੰਮਦੇ ਮਰਦੇ ਰਹਿੰਦੇ ਹਨ ਤੇ ਸਾਨੂੰ ਮਾੜੀ ਮਤਿ ਨਾਲ ਜੋੜੀ ਰੱਖਦੇ ਹਨ। ਅਸੀਂ ਇਨ੍ਹਾਂ ਭਰਮ ਵਾਲੇ ਵਿਚਾਰਾਂ ਵਿੱਚੋਂ ਹੀ ਨਿਕਲਣਾ

44/5783

ਹੈ ਜਿਨ੍ਹਾਂ ਵਿੱਚੋਂ ਨਿਕਲਣ ਦੁਆਰਾ ਹੀ ਮਨੁੱਖ ਮਾਇਆ ਮੋਹ ਦੇ ਭਉ ਵਿੱਚੋਂ ਨਿਕਲਦਾ ਹੈ ਤੇ ਮਨ ਦੇ ਵਿੱਚ ਗੁਰੂ ਦੇ ਬਚਨਾਂ ਦੀ ਧੂੜ ਦੁਆਰਾ ਭਾਵ ਉਨ੍ਹਾਂ ਦੀ ਮਤਿ ਨੂੰ ਮੰਨਣ ਦੁਆਰਾ, ਉਨ੍ਹਾਂ ਦੇ ਸੱਚੇ ਗਿਆਨ ਦੁਆਰਾ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਉਸਦੇ ਨਿਰੰਕਾਰ ਰੂਪ ਦੇ ਦਰਸ਼ਨ ਹੁੰਦੇ ਹਨ ਤੇ ਫਿਰ ਉਹ ਪ੍ਰਮਾਤਮਾ ਸਦਾ ਹੀ ਹਜੂਰ ਨਜਰ ਆਉਂਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖ ਭਰਮ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਜਨਮ ਮਰਨ ਵਿੱਚ ਸਮਝਦਾ ਹੈ। ਪ੍ਰਮਾਤਮਾ ਦੇ ਦਰਸ਼ਨ ਤਾਂ ਮਨ ਦੇ ਵਿੱਚੋਂ ਭਰਮਾਂ ਦੇ ਨਾਲ ਭਰੇ ਹੋਏ ਮਾੜੇ ਵਿਚਾਰ ਨਿਕਲਣ ਦੁਆਰਾ ਹੀ ਹੁੰਦੇ ਹਨ ਭਾਵ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਣਾ ਹੀ ਸਾਡਾ ਸੱਚਾ ਉਦੱਮ ਹੈ, ਨਾਮ ਨਾਲ ਜੁੜਨ ਦਾ ਮਕਸਦ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਸਾਡੇ ਇਸ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ। **(ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥ ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥)**

ਜੇਕਰ ਅਸੀਂ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ ਭਾਵ ਆਪਣੇ ਜੀਵਨ ਦਾ ਮਨੋਰਥ ਪੂਰਾ ਕਰਨਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਇਸ ਗੱਲ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਵੇਂ ਜਾਣਿਆ ਜਾ ਸਕਦਾ ਹੈ। ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਸਭ ਦੇ ਅੰਦਰ ਮਾਇਆ ਦਾ ਧੋਖਾ ਵਰਤ ਰਿਹਾ ਹੈ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਸਾਡੀ ਮਤਿ ਦਾ ਹੀ ਹੋਣਾ ਹੈ ਭਾਵ ਉਸ ਪ੍ਰਮਾਤਮਾ ਦੇ ਵਿੱਚ ਸਾਡੀ ਮਤਿ ਨੇ ਹੀ ਸਮਾਉਂਣਾ ਹੈ। ਜਦ ਤੱਕ ਸਾਡੀ ਮਤਿ ਝੂਠੀ ਹੈ ਭਾਵ ਭਰਮਾਂ ਵਾਲੀ ਹੈ, ਮਾਇਆ ਮੋਹ ਵਾਲੀ ਹੈ ਫਿਰ ਉਹ ਸਚੁ ਰੂਪ ਪ੍ਰਮਾਤਮਾ ਦੇ ਅੰਦਰ ਕਿਵੇਂ ਸਮਾ ਸਕਦੀ ਹੈ। ਸਾਰੀ ਗੱਲ ਆਪਣੀ ਭਰਮਾਂ ਵਾਲੀ ਮਤਿ ਛੱਡਣ ਦੀ ਹੈ ਭਾਵ ਗੁਰੂ ਦੇ ਹੁਕਮ ਨੂੰ ਜਾਨਣ ਦੀ ਹੈ ਤੇ ਉਸ ਅਨੁਸਾਰ ਆਪਣੇ ਜੀਵਨ ਨੂੰ ਬਦਲਣ ਦੀ ਹੈ ਤਾਂ ਜੋ ਅਸੀਂ ਮਨ ਦੀ ਸੱਚੀ ਮਤਿ ਰਾਹੀਂ ਪ੍ਰਮਾਤਮਾ ਦੇ ਵਿੱਚ ਸਮਾ ਸਕੀਏ ਜੋ ਹੈ ਹੀ ਸੱਚੀ ਮਤਿ ਦੇ ਰੂਪ ਵਿੱਚ ਭਾਵ ਸੱਚੇ ਗਿਆਨ ਦੇ ਰੂਪ ਵਿੱਚ। ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਦਿੱਤੀ ਹੋਈ ਸੱਚੀ ਮਤਿ ਹੈ ਤੇ ਉਸ ਸੱਚੀ ਮਤਿ ਵਿੱਚ ਰਲਣ ਦਾ ਉਦੱਮ ਕਰਨਾ ਹੀ ਉਸ ਪ੍ਰਮਾਤਮਾ ਦੇ ਨਾਲ

44/5784

ਰਲਣ ਦਾ ਉਦੱਮ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਰਲਾਉਂਦਾ ਹੈ ਉਸਨੂੰ ਆਪਣੀ ਸੱਚੀ ਮਤਿ ਦੇਣ ਦੁਆਰਾ ਹੀ ਰਲਾਉਂਦਾ ਹੈ ਭਾਵ ਸਾਡੇ ਲਈ ਸੱਚਾ ਉਦੱਮ ਇਹੀ ਹੈ ਕਿ ਅਸੀਂ ਗੁਰੂ ਦੀ ਸੱਚੀ ਮਤਿ ਨਾਲ ਇੱਕ ਹੋਣ ਦਾ ਉਦੱਮ ਕਰੀਏ। ਗੁਰੂ ਦੀ ਸੱਚੀ ਮਤਿ ਹੀ ਉਸਦਾ ਨਾਮ ਹੈ ਤੇ ਉਸਦੀ ਸੱਚੀ ਮਤਿ ਨੂੰ ਜਪਣਾ ਭਾਵ ਮੰਨਣਾ ਨਾਮ ਜਪਣਾ ਹੈ। ਸੱਚੀ ਮਤਿ ਨੂੰ ਆਪਣੇ ਅੰਦਰ ਜਪਣਾ ਸੱਚ ਨੂੰ ਜਪਣਾ ਹੈ ਜਿਸਨੇ ਸਾਨੂੰ ਮਨ ਦੇ ਧੋਖੇ ਵਿੱਚੋਂ ਕੱਢਣਾ ਹੈ ਜਿਸ ਧੋਖੇ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਇਸ ਗੱਲ ਨੂੰ ਹੇਠ ਦਿੱਤੇ ਸਲੋਕ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਵਿੱਚ ਸਮਾਉਂਣਾ ਕੀ ਹੈ ਜੋ ਕਿ ਸਾਡੇ ਅੰਦਰ ਹੀ ਹੈ।

ਸਲੋਕ ਮਃ ੩ ॥

“ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥ ਜੇ ਧਨ ਖਸਮੈ ਚਲੈ ਰਜਾਈ ॥
ਦਰਿ ਘਰਿ ਸੋਭਾ ਮਹਲਿ ਬੁਲਾਈ ॥ ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥੧॥”

(ਅੰਗ ੮੫)

ਗੁਰੂ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਨਹੀਂ ਸਮਝ ਸਕਦਾ।

ਇਹ ਹੁਕਮ ਕਿੱਥੋਂ ਆਉਂਦਾ ਹੈ, ਕਿਵੇਂ ਆਉਂਦਾ ਹੈ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸਨੇ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਪਛਾਣਿਆ ਹੈ, ਜਾਣਿਆ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੇ **"ਹੁਕਮੁ"** ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ **"ਹੁਕਮੁ"** ਸੁਣਾਇਆ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਸੁਣਾਇਆ ਹੈ, ਗੁਰੂ ਦੀ ਮਤਿ ਦੇ ਰੂਪ ਵਿੱਚ ਸੁਣਾਇਆ ਹੈ। ਪ੍ਰਮਾਤਮਾ ਦਾ ਇਹ ਹੁਕਮ ਸਾਡੇ ਮੰਨਣ ਲਈ ਹੈ। ਪਹਿਲੇ ਅਸੀਂ ਗੁਰੂ ਦੇ ਹੁਕਮ ਨੂੰ ਜਾਣਾਂਗੇ, ਸਮਝਾਂਗੇ ਤੇ ਫਿਰ ਉਸਨੂੰ ਮੰਨਾਂਗੇ। ਗੁਰੂ ਦੇ ਹੁਕਮ ਨੂੰ ਜਾਨਣ ਦਾ ਮਕਸਦ ਆਪਣੇ ਅੰਦਰ ਦੇ ਧੋਖੇ ਨੂੰ ਕੱਢਣ ਦਾ ਹੈ ਭਾਵ ਮਾਇਆ ਦੀ ਠੱਗੀ ਨੂੰ ਕੱਢਣ ਦਾ ਹੈ ਜੋ ਸਾਰੇ ਸੰਸਾਰ ਨੂੰ ਠੱਗ ਰਹੀ ਹੈ, ਮਨ ਦੀ ਅਗਿਆਨਤਾ ਰਾਹੀਂ ਠੱਗ ਰਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਇਸ ਮਾਇਆ ਦੀ ਠੱਗੀ ਨੇ ਸਾਰੇ ਸੰਸਾਰ ਨੂੰ ਮਨ ਦੀ ਕਲਪਨਾ ਵਿੱਚ ਰੱਖਿਆ ਹੋਇਆ ਹੈ ਭਾਵ ਪਰੇਸ਼ਾਨੀਆਂ ਵਿੱਚ ਰੱਖਿਆ ਹੋਇਆ

44/5785

ਹੈ। ਸਾਡੀਆਂ ਇਹ ਪਰੇਸ਼ਾਨੀਆਂ, ਸਾਡੀਆਂ ਚਿੰਤਾਵਾਂ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਹਨ ਜਿਨ੍ਹਾਂ ਦੀ ਪੂਰਤੀ ਨਾ ਹੋਣ ਕਰਕੇ ਅਸੀਂ ਦੁੱਖੀ ਹੁੰਦੇ ਹਾਂ। ਜਦ ਤੱਕ ਸਾਡੇ ਅੰਦਰ ਇਹ ਤ੍ਰਿਸ਼ਨਾਵਾਂ ਹਨ ਇਹ ਸਾਡੇ ਮਨ ਨੂੰ ਸੌਣ ਨਹੀਂ ਦਿੰਦੀਆਂ ਭਾਵ ਮਨ ਨੂੰ ਟਿਕਣ ਨਹੀਂ ਦਿੰਦੀਆਂ, ਸੰਤੋਖ ਵਿੱਚ ਨਹੀਂ ਆਉਂਣ ਦਿੰਦੀਆਂ। ਇਨ੍ਹਾਂ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦੇ ਹੁਕਮ ਨੂੰ ਜਾਨਣਾ ਹੈ ਭਾਵ ਮੰਨਣਾ ਹੈ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਤਿਆਗਣਾ ਹੈ। **(ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥)**

{ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥

ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥}

(ਅੰਗ ੪੯੬)

{ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥}

(ਅੰਗ ੧੧੦੨)

ਮਾਇਆ ਦਾ ਧੋਖਾ ਸਾਡੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹੈ ਜੋ ਸਾਨੂੰ ਭਰਮਾਂ ਵਿੱਚ ਰੱਖ ਕੇ ਸਾਨੂੰ ਸੱਚੀ ਸਮਝ ਤੋਂ ਦੂਰ ਰੱਖਦੀ ਹੈ ਭਾਵ ਮਾਇਆ ਦੇ ਸੁੱਖਾਂ ਨਾਲ ਜੋੜ ਕੇ ਰੱਖਦੀ ਹੈ। ਜਦ ਤੱਕ ਸਾਡੇ ਅੰਦਰ ਇਹ ਧੋਖਾ ਹੈ ਤਦ ਤੱਕ ਅਸੀਂ ਪ੍ਰਮਾਤਮਾ ਦੀ ਰਜਾ ਅਨੁਸਾਰ, ਉਸਦੇ ਭਾਣੇ ਅਨੁਸਾਰ ਨਹੀਂ ਚੱਲ ਸਕਦੇ ਤੇ ਉਸਦੇ ਭਾਣੇ ਅਨੁਸਾਰ ਚੱਲੇ ਬਿਨ੍ਹਾਂ ਭਾਵ ਮਾਇਆ ਮੋਹ ਛੱਡੇ ਬਿਨ੍ਹਾਂ ਨਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਸੋਭਾ ਮਿਲਦੀ ਹੈ ਤੇ ਨਾ ਹੀ ਅਸੀਂ ਪ੍ਰਮਾਤਮਾ ਦੇ ਮਹਿਲ ਵਿੱਚ ਜਾ ਸਕਦੇ ਹਾਂ। ਪ੍ਰਮਾਤਮਾ ਆਪਣੇ ਮਹਿਲ ਵਿੱਚ ਜੋ ਉਸਦਾ ਮਹਿਲ ਸਾਡੇ ਅੰਦਰ ਹੀ ਹੈ ਉੱਥੇ ਉਸਨੂੰ ਹੀ ਬੁਲਾਉਂਦਾ ਹੈ ਜੋ ਉਸਦੀ ਰਜਾ ਅਨੁਸਾਰ ਵਿਚਰਦਾ ਹੈ ਭਾਵ ਜੋ ਉਸਦੇ ਹੁਕਮ ਨੂੰ ਮੰਨਦਾ ਹੈ। **(ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥ ਜੇ ਧਨ ਖਸਮੈ ਚਲੈ ਰਜਾਈ ॥ ਦਰਿ ਘਰਿ ਸੋਭਾ ਮਹਲਿ ਬੁਲਾਈ ॥)**

ਜਿਸਨੂੰ ਪ੍ਰਮਾਤਮਾ ਆਪਣੇ ਮਹਿਲ ਵਿੱਚ ਬੁਲਾਉਂਦਾ ਹੈ ਉਸਨੂੰ ਕਿਸ ਰੂਪ ਵਿੱਚ ਬੁਲਾਉਂਦਾ ਹੈ ਤੇ ਉਹ ਪ੍ਰਮਾਤਮਾ ਦੇ ਵਿੱਚ ਕਿਸ ਤਰੀਕੇ ਸਮਾਉਂਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ

44/5786

ਰਾਹੀਂ ਸਮਝਾਈ ਹੋਈ ਹੈ।

"ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥੧॥"

ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦਾ ਉਹ ਮਹਿਲ ਕੀ ਹੈ ਤੇ ਉਸ ਪ੍ਰਮਾਤਮਾ ਦੇ ਵਿੱਚ ਸਮਾਉਂਣਾ ਕੀ ਹੈ। ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਸਾਡੇ ਅੰਦਰ ਪ੍ਰਮਾਤਮਾ ਦਾ ਮਹਿਲ ਸਾਡਾ ਮਨ ਹੈ। ਮਨ ਦੇ ਵਿੱਚੋਂ ਸਮਝ ਹੀ ਉਪਜਦੀ ਹੈ, ਵਿਚਾਰ ਹੀ ਉਪਜਦੇ ਹਨ, ਮਤਿ ਹੀ ਉਪਜਦੀ ਹੈ, ਗਿਆਨ ਹੀ ਉਪਜਦਾ ਹੈ। ਮਨ ਦੇ ਵਿੱਚੋਂ ਹੀ ਮਾਇਆ ਮੋਹ ਵਾਲੀ ਮਤਿ ਉਪਜਦੀ ਹੈ ਤੇ ਮਨ ਦੇ ਵਿੱਚੋਂ ਹੀ ਸੱਚੀ ਮਤਿ ਉਪਜਦੀ ਹੈ। ਜਿਸਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਭਾਵ ਆਪਣੇ ਮਹਿਲ ਵਿੱਚ ਬੁਲਾਉਂਦਾ ਹੈ ਉਸਨੂੰ ਮਨ ਦੇ ਵਿੱਚੋਂ ਸੱਚੀ ਮਤਿ ਹੀ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ

ਤੇ ਮਨੁੱਖ ਮਾਇਆ ਦੀ ਧੋਖੇ ਵਾਲੀ ਮਤਿ ਵਿੱਚੋਂ ਨਿਕਲਕੇ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਫਿਰ ਪ੍ਰਮਾਤਮਾ ਦੀ ਰਜਾ ਅਨੁਸਾਰ ਵਿਚਰਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ ਜੋ ਮਾਰਗ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਆਪ ਹੀ ਦਿਖਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਪ੍ਰਮਾਤਮਾ ਸਚੁ ਰੂਪ ਹੈ ਤੇ ਮਨੁੱਖ ਆਪਣੀ ਸੱਚੀ ਮਤਿ ਦੁਆਰਾ ਪ੍ਰਮਾਤਮਾ ਦੇ ਵਿੱਚ ਸਮਾ ਜਾਂਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਸੱਚੀ ਮਤਿ ਦੇ ਰੂਪ ਵਿੱਚ ਹੀ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਤੇ ਉਸਦੀ ਸੱਚੀ ਮਤਿ ਦੇ ਵਿੱਚ ਸਮਾ ਜਾਣਾ ਉਸ ਪ੍ਰਮਾਤਮਾ ਦੇ ਵਿੱਚ ਸਮਾ ਜਾਣਾ ਹੈ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਮਨ ਦੀ ਸੱਚੀ ਮਤਿ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਭਾਵ ਮਨ ਦੀ ਮਾਇਆ ਮੋਹ ਵਾਲੀ ਮਤਿ ਦੇ ਵਿੱਚੋਂ ਨਿਕਲਣ ਦੁਆਰਾ ਜਾਣਿਆ ਜਾ ਸਕਦਾ ਹੈ ਜਿਸ ਮਾਇਆ ਮੋਹ ਨੇ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਭਾਵ ਜੇਕਰ ਅਸੀਂ ਸੱਚੇ ਦਿਲੋਂ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ ਫਿਰ ਉਸ ਲਈ ਸਾਡਾ ਇੱਕੋ ਇੱਕ ਸੱਚਾ ਉਦੱਮ ਮਨ ਦੀ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਣਾ ਹੈ ਭਾਵ ਗੁਰੂ ਦੇ ਹੁਕਮ ਨੂੰ ਸਮਝ ਕੇ ਉਸਨੂੰ ਮੰਨਣ ਦਾ ਹੈ। **(ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥ ਜੇ ਧਨ ਖਸਮੈ ਚਲੈ ਰਜਾਈ ॥ ਦਰਿ ਘਰਿ ਸੋਭਾ ਮਹਲਿ ਬੁਲਾਈ ॥ ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ॥੧॥)**

44/5787

ਜਿਵੇਂ ਕਿ ਅਸੀਂ ਉਪਰ ਸ਼ਬਦ ਰਾਹੀਂ ਸਮਝਿਆ ਹੈ ਪ੍ਰਮਾਤਮਾ ਦੇ ਵਿੱਚ ਅਸੀਂ ਆਪਣੇ ਮਨ ਦੇ ਗਿਆਨ ਰਾਹੀਂ ਸਮਾਉਂਣਾ ਹੈ ਭਾਵ ਮਨ ਦੀ ਉਸ ਸਮਝ ਰਾਹੀਂ ਸਮਾਉਂਣਾ ਹੈ ਜਿਸ ਸਮਝ ਦੁਆਰਾ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸਮਝਣ ਦੇ ਸਮਰਥ ਬਣਦੇ ਹਾਂ। ਪ੍ਰਮਾਤਮਾ ਨੂੰ ਪਾਉਂਣ ਦੀ ਸਮਰਥਾ ਸਾਡੇ ਮਨ ਦੇ ਨਾਲ ਜੁੜੀ ਹੋਈ ਹੈ ਪਰ ਅਸੀਂ ਸਦੀਆਂ ਤੋਂ ਆਪਣੀ ਕਾਇਆ ਦੇ ਸ਼ਿੰਗਾਰ ਨਾਲ ਜੁੜੇ ਹੋਏ ਹਾਂ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਸੀਂ ਆਪਣੇ ਸਰੀਰ ਦਾ ਸ਼ਿੰਗਾਰ ਕਰਦੇ ਹਾਂ, ਸਰੀਰਕ ਕਿਰਿਆਵਾਂ ਆਦਿ ਕਰਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ। ਅਸੀਂ ਆਪਣੇ ਸਰੀਰ ਦੁਆਰਾ ਕਿਹੋ ਜਿਹੇ ਹਾਂ ਇਸ ਗੱਲ ਦਾ ਪ੍ਰਮਾਤਮਾ ਨੂੰ ਪਾਉਂਣ ਦਾ ਸੰਬੰਧ ਨਹੀਂ ਹੈ। ਅਸੀਂ ਧਰਮ ਗ੍ਰੰਥਾਂ ਦੇ ਪਾਠ ਵੀ ਬਹੁਤ ਕਰਦੇ ਹਾਂ ਲੇਕਿਨ ਉਸ ਕਥਨੀ ਦੁਆਰਾ ਸਾਡੇ ਮਨ ਦੀ ਅਗਰ ਸਮਝ ਨਹੀਂ ਬਦਲਦੀ ਫਿਰ ਉਸ ਤਰੀਕੇ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਮਨ ਦੀ ਸੱਚੀ ਸਮਝ ਦੁਆਰਾ ਹੀ ਪਾਇਆ ਜਾ ਸਕਦਾ ਹੈ ਤੇ ਉਸ ਤੋਂ ਬਿਨ੍ਹਾਂ ਸਾਡਾ ਹਰ ਕਰਮ ਕਿਸੇ ਲੇਖੇ ਨਹੀਂ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਰਾਹੀਂ ਸਮਝੀਏ ਕਿ ਉਨ੍ਹਾਂ ਨੇ ਪ੍ਰਮਾਤਮਾ ਦਾ ਸੰਗ ਕਿਸ ਰੂਪ ਵਿੱਚ ਕੀਤਾ ਹੈ ਤੇ ਸੰਸਾਰ ਨੂੰ ਪ੍ਰਮਾਤਮਾ ਨਾਲ ਮੇਲ ਕਰਨ ਦਾ ਤਰੀਕਾ ਕੀ ਸਮਝਾਇਆ ਹੈ।

ਆਸਾ ਮਹਲਾ ੧ ॥

“ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥ ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ ॥
ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥ ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥
ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥ ਚੀਨ੍ਹੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥ ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥ ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥ ਅਸਟ ਦਸੀ ਚਹੁ ਭੇਦੁ ਨ ਪਾਇਆ ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥”

(ਅੰਗ ੩੫੫)

ਉਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਸਾਡੇ ਸਰੀਰ ਦੇ ਸ਼ਿੰਗਾਰ ਗਿਣਾਏ ਹੋਏ ਹਨ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਨਹੀਂ ਹੈ। ਅਸੀਂ ਆਪਣੇ ਸਰੀਰ ਨੂੰ ਸਜਾਉਂਣ ਲਈ, ਕੱਜਣ ਲਈ ਧੋਤੀ ਦੇ ਨਾਲ ਸ਼ਿੰਗਾਰ ਕਰਦੇ ਹਾਂ ਜਿਸਨੂੰ ਕਿ ਅਸੀਂ ਧਰਮ ਦੇ

ਮਾਰਗ ਦਾ ਸ਼ਿੰਗਾਰ ਸਮਝਦੇ ਹਾਂ। ਸਰੀਰ ਤੇ ਜਨੇਊ ਬੰਨਣਾ ਤੇ ਧਾਰਮਿਕ ਛੱਲੇ ਪਾਉਂਣਾ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਿਆ ਜਾਂਦਾ ਹੈ ਭਾਵ ਪ੍ਰਮਾਤਮਾ ਨੂੰ ਪਾਉਂਣ ਦਾ ਮਾਰਗ

44/5788

ਸਮਝਿਆ ਜਾਂਦਾ ਹੈ। ਬ੍ਰਹਮਾ ਨੂੰ ਸਾਡੀ ਕਾਇਆ ਦਾ ਜੀਵਨ ਦਾਤਾ ਸਮਝਿਆ ਜਾਂਦਾ ਹੈ ਭਾਵ ਇਸ ਸੰਸਾਰ ਦੀ ਉਤਪੱਤੀ ਦਾ ਮਾਲਕ ਬ੍ਰਹਮਾ ਸਮਝਿਆ ਜਾਂਦਾ ਹੈ ਭਾਵ ਪ੍ਰਮਾਤਮਾ ਨੂੰ ਬ੍ਰਹਮਾ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਸਮਝਿਆ ਜਾਂਦਾ ਹੈ ਭਾਵ ਪ੍ਰਮਾਤਮਾ ਨੂੰ ਆਕਾਰ ਰੂਪ ਵਿੱਚ ਸਮਝਿਆ ਜਾਂਦਾ ਹੈ। ਆਕਾਰ ਰੂਪ ਨੂੰ ਕੇਵਲ ਪ੍ਰਮਾਤਮਾ ਸਮਝਣਾ ਸਾਡੀ ਭੁੱਲ ਹੈ ਕਿਉਂਕਿ ਜਦ ਤੱਕ ਅਸੀਂ ਨਿਰੰਕਾਰ ਰੂਪ ਨਹੀਂ ਸਮਝਦੇ ਤਦ ਤੱਕ ਅਸੀਂ ਆਕਾਰ ਰੂਪ ਨੂੰ ਹੀ ਸਭ ਕੁਝ ਸਮਝਦੇ ਹਾਂ। ਹਰ ਆਕਾਰ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਪਰ ਇਸ ਆਕਾਰ ਰੂਪ ਦਾ ਮਾਲਕ ਨਿਰੰਕਾਰ ਰੂਪ ਹੈ। ਸਾਡੇ ਕਾਇਆ ਰੂਪ ਨੂੰ **"ਬ੍ਰਹਮਾ"** ਕਿਹਾ ਹੈ ਭਾਵ ਪ੍ਰਮਾਤਮਾ ਦਾ ਰੂਪ ਕਿਹਾ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ, ਉਸਦੇ ਨਿਰੰਕਾਰ ਰੂਪ ਨੂੰ ਜਾਣ ਲੈਂਦਾ ਹੈ ਉਹੀ ਇਹ ਗੱਲ ਕਹਿ ਸਕਦਾ ਹੈ ਜਿਵੇਂ ਕਿ ਸਾਨੂੰ ਗੁਰੂ ਸਾਹਿਬ ਇਹ ਗੱਲ ਕਹਿ ਰਹੇ ਹਨ। ਜਿਵੇਂ ਧੋਤੀ ਸਾਡੇ ਤਨ ਨੂੰ ਕੱਜਦੀ ਹੈ, ਸਾਡੇ ਤਨ ਨੂੰ ਸ਼ਿੰਗਾਰਦੀ ਹੈ, ਇਸੇ ਤਰ੍ਹਾਂ ਗਿਆਨ ਰੂਪ ਧੋਤੀ ਭਾਵ ਗਿਆਨ ਰੂਪ ਕਪੜਾ ਸਾਡੇ ਮਨ ਦਾ ਸ਼ਿੰਗਾਰ ਹੈ ਜਿਸ ਰਾਹੀਂ ਪ੍ਰਮਾਤਮਾ ਸਾਡੇ ਮਨ ਦੇ ਵਿਚਾਰਾਂ ਨੂੰ ਚੰਗੇ ਵਿਚਾਰ ਬਨਾਉਂਣ ਦੁਆਰਾ, ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਬਨਾਉਂਣ ਦੁਆਰਾ ਸ਼ਿੰਗਾਰਦਾ ਹੈ ਤੇ ਸਾਡੇ ਵਿਚਾਰਾਂ ਨੂੰ ਪਤਿ ਵਾਲੇ ਵਿਚਾਰ ਬਣਾਉਂਦਾ ਹੈ। ਮਨ ਦੇ ਚੌਥੇ ਪਦ ਦੇ ਵਿਚਾਰਾਂ ਰਾਹੀਂ ਹੀ ਸਾਨੂੰ ਆਪਣੀ ਕਾਇਆ ਦੀ ਸਮਝ ਪੈਂਦੀ ਹੈ ਕਿ ਇਹ ਕਾਇਆ ਪ੍ਰਮਾਤਮਾ ਦਾ ਰੂਪ ਹੈ। ਸਾਡੇ ਮਨ ਦੇ ਅੰਦਰ ਗਿਆਨ ਹੀ ਹੁੰਦਾ ਹੈ ਤੇ ਮਨ ਰੂਪ ਧੋਤੀ ਆਪਣੇ ਗਿਆਨ ਰਾਹੀਂ ਮਨ ਦੀ ਸਮਝ ਨੂੰ ਸ਼ਿੰਗਾਰਦੀ ਹੈ, ਆਪਣੇ ਸੱਚੇ ਗਿਆਨ ਨਾਲ ਸਾਡੇ ਮਨ ਦੇ ਮਾੜੇ ਵਿਚਾਰਾਂ ਨੂੰ ਕੱਜਦੀ ਹੈ, ਸਾਡੇ ਅੰਦਰ ਦੀ ਅਗਿਆਨਤਾ ਨੂੰ ਕੱਜ ਕੇ ਰੱਖਦੀ ਹੈ। **"ਗਿਆਨੁ"** ਸਾਡੇ ਅੰਦਰ ਦਾ ਧਿਆਨ ਹੈ ਭਾਵ ਸਾਡੇ ਮਨ ਦੀ ਸਮਝ ਹੈ ਜੋ ਸਾਡੇ ਮਨ ਨੂੰ ਸਜਾਉਂਣ ਲਈ ਭਾਵ ਮਨ ਦਾ ਪਰਦਾ ਰੱਖਣ ਲਈ ਧੋਤੀ ਕੰਮ ਕਰਦੀ ਹੈ ਉਹੀ ਮਨ ਦਾ ਉੱਚਾ ਰੂਪ ਦਿਖਾਉਂਣ ਲਈ ਕੁਸਪਾਤੀ ਕਰਦੀ ਹੈ ਭਾਵ ਉਹ ਛੱਲਾ ਕਰਦਾ ਹੈ ਜੋ ਛੱਲਾ ਆਪਣੀ ਉਂਗਲੀ ਦੇ ਉਪਰ ਬ੍ਰਾਹਮਣ ਲੋਕ ਪਹਿਨਦੇ ਹਨ। ਇਹ ਧਰਮ ਦਾ ਮਾਰਗ ਸਰੀਰ ਦੇ ਉੱਚੇ ਦਿਖਾਵੇ ਦਾ ਨਹੀਂ ਹੈ ਬਲਕਿ ਮਨ ਦੀ ਸਮਝ ਨੂੰ ਉੱਚਾ ਕਰਨ ਦਾ, ਸਜਾਉਂਣ ਦਾ ਮਾਰਗ ਹੈ। ਜੇਕਰ ਅਸੀਂ ਇਹ ਛੱਲਾ ਆਪਣੇ ਸਰੀਰ ਦੀ ਬਜਾਏ ਮਨ ਦੀ ਸਮਝ ਨੂੰ ਪਾਵਾਂਗੇ ਇਸ ਨਾਲ ਅਸੀਂ ਆਪਣੀ ਮਨ ਦੀ ਸਮਝ ਨੂੰ ਉੱਚਾ ਕਰਾਂਗੇ ਭਾਵ ਆਪਣੀ ਨੀਵੀਂ ਸਮਝ ਨੂੰ, ਤ੍ਰੈ ਗੁਣਾਂ ਵਾਲੀ ਸਮਝ ਨੂੰ ਗੁਰਮਤਿ ਦੀ ਸਮਝ ਅਨੁਸਾਰ ਉੱਚਾ ਬਣਾਵਾਂਗੇ ਭਾਵ ਆਪਣੀ ਸਮਝ ਨੂੰ ਸਜਾਵਾਂਗੇ ਜਿਸ ਉੱਚੀ ਤੇ ਸੁੱਚੀ ਸਮਝ ਦੁਆਰਾ ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ, ਗੁਰੂ ਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਸੱਚ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਜੋ ਸੱਚ ਤੇ ਚੱਲਣ ਦਾ ਮਾਰਗ ਭਾਵ ਨਾਮ ਜਪਣ ਦਾ ਮਾਰਗ ਭਾਵ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਤੇ ਚੱਲਣ ਦੁਆਰਾ ਉਸ ਸਚੁ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਜਾ ਸਕਦਾ ਹੈ ਜੋ ਸਭ ਦੇ ਅੰਦਰ ਆਪਣੇ ਸਚੁ ਰੂਪ ਵਿੱਚ ਹੀ ਵਿਚਰ ਰਿਹਾ ਹੈ ਪਰ ਸੱਚੀ ਸਮਝ ਦੇ ਨਾ ਹੁੰਦੇ ਹੋਏ ਉਸ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਅਸੀਂ ਆਪਣੇ ਅੰਦਰ ਦੀ ਨੀਵੀਂ ਮਤਿ ਨੂੰ ਭਾਵ ਹਉਮੈ ਵਾਲੀ ਮਤਿ ਨੂੰ, ਤ੍ਰੈ ਗੁਣਾਂ ਵਾਲੀ ਮਤਿ ਨੂੰ ਗੁਰੂ ਦੀ ਉੱਚੀ ਮਤਿ ਦੁਆਰਾ ਹੀ ਸਵਾਰਨਾ ਹੈ ਜਿਸ ਮਤਿ ਦੀ ਸੱਚ ਨੂੰ ਸਮਝ ਹੈ, ਪ੍ਰਮਾਤਮਾ ਨਾਲ ਮੇਲ ਕਰਨ ਦੀ ਸਮਝ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਗੁਰੂ ਦੀ ਸੱਚੀ ਮਤਿ ਦੁਆਰਾ ਆਪਣੀ ਨਾਸਮਝ ਮਤਿ ਨੂੰ ਸਵਾਰਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਉਸ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਹੋਰ ਕੋਈ ਤਰੀਕਾ ਹੈ ਹੀ ਨਹੀਂ। ਸਾਡਾ ਮਨ ਰੂਪ ਜਨੇਊ ਸਾਡੇ ਅੰਦਰ ਦਾ ਗਿਆਨ ਹੈ ਜੋ ਸਾਡੇ ਮਨ ਨੂੰ ਸ਼ਿੰਗਾਰਦਾ ਹੈ। ਸਾਡੇ ਸਰੀਰ ਦਾ ਸ਼ਿੰਗਾਰ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਕੰਮ ਨਹੀਂ ਆਉਂਦਾ ਬਲਕਿ ਮਨ ਦਾ ਸ਼ਿੰਗਾਰ ਪ੍ਰਮਾਤਮਾ ਨੂੰ ਸਮਝਣ ਵਿੱਚ ਸਾਡੇ ਕੰਮ ਆਉਂਦਾ ਹੈ। **(ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥)**

ਪ੍ਰਮਾਤਮਾ ਦਾ ਜੱਸ ਆਪਣੇ ਸਰੀਰਕ ਸ਼ਿੰਗਾਰ ਦੁਆਰਾ ਨਹੀਂ ਗਾਇਆ ਜਾ ਸਕਦਾ ਭਾਵ ਪ੍ਰਮਾਤਮਾ ਨੂੰ ਸਰੀਰਕ ਸ਼ਿੰਗਾਰ ਦੁਆਰਾ ਖੁਸ਼ ਨਹੀਂ ਕੀਤਾ ਜਾ ਸਕਦਾ। ਪ੍ਰਮਾਤਮਾ ਦਾ ਜੱਸ ਮਨ ਦੇ ਵਿੱਚ ਗਿਆਨੁ ਧਿਆਨੁ ਵਾਲੀ ਅਵਸਥਾ ਦੁਆਰਾ ਗਾਇਆ ਜਾ ਸਕਦਾ ਹੈ ਭਾਵ ਮਨ ਦੀ ਸੱਚੀ ਸਮਝ ਦੁਆਰਾ ਗਾਇਆ ਜਾ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

44/5789

“ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥”

ਜੋ ਪ੍ਰਮਾਤਮਾ ਦੇ ਨਾਮ ਦਾ ਜੱਸ ਗਾਉਂਦਾ ਹੈ ਉਹ ਮਨ ਦੀ ਗਿਆਨੁ ਧਿਆਨੁ ਵਾਲੀ ਅਵਸਥਾ ਦੁਆਰਾ ਹੀ ਗਾਉਂਦਾ ਹੈ। ਉਹ ਪ੍ਰਮਾਤਮਾ ਦੇ ਕੋਲੋਂ ਉਸਦਾ ਨਾਮ ਹੀ ਮੰਗਦਾ ਹੈ ਭਾਵ ਭਗਤੀ ਦਾ ਸੱਚਾ ਗਿਆਨ ਹੀ ਮੰਗਦਾ ਹੈ ਜਿਸ ਸੱਚੇ ਗਿਆਨ ਦੇ ਮਾਰਗ ਤੇ ਚੱਲਣ ਦੁਆਰਾ ਪ੍ਰਮਾਤਮਾ ਦੇ ਨਾਮ ਦਾ ਜੱਸ ਗਾਇਆ ਜਾਂਦਾ ਹੈ। ਪ੍ਰਮਾਤਮਾ ਦਾ ਨਾਮ ਮਿਲਣਾ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਭਾਵ ਉਸਦੀ ਆਪਣੀ ਕ੍ਰਿਪਾ ਹੈ। ਜਿਸਨੂੰ ਪ੍ਰਮਾਤਮਾ ਦਾ ਨਾਮ ਮਿਲ ਜਾਂਦਾ ਹੈ ਉਹ ਮਨ ਦੇ ਸੱਚੇ ਗਿਆਨ ਰਾਹੀਂ ਭਾਵ ਗਿਆਨੁ ਧਿਆਨੁ ਰਾਹੀਂ ਪ੍ਰਮਾਤਮਾ ਦੇ ਵਿੱਚ ਹੀ, ਬ੍ਰਹਮ ਦੇ ਵਿੱਚ ਹੀ ਸਮਾ ਜਾਂਦਾ ਹੈ ਤੇ ਉਸਨੂੰ ਤਾਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਹ ਕਾਇਆ ਦੇ ਰੂਪ ਵਿੱਚ ਆਪ ਬ੍ਰਹਮਾ ਹੀ ਹੈ ਭਾਵ ਬ੍ਰਹਮ ਹੀ ਹੈ। **(ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥ ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥)**

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥ ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥}

(ਅੰਗ ੫੯)

{ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥ ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥}

(ਅੰਗ ੧੦੦)

{ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥ ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥}

(ਅੰਗ ੭੫)

{ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥ ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥}

(ਅੰਗ ੧੦੮)

44/5790

{ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥ ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥}

(ਅੰਗ ੧੨੧)

{ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥}

(ਅੰਗ ੧੬੨)

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥}

(ਅੰਗ ੧੮੭)

{ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥ ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥}

(ਅੰਗ ੨੦੭)

{ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥}

(ਅੰਗ ੨੨੩)

{ਅਨਿਕ ਭੇਖ ਅਰੁ ਛਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ ॥
ਕਹੁ ਨਾਨਕ ਕਿਰਪਾ ਭਈ ਭਗਤੁ ਛਿਆਨੀ ਸੋਇ ॥੧॥}

(ਅੰਗ ੨੫੧)

{ਛਿਆਨ ਧਿਆਨ ਤਾਹੂ ਕਉ ਆਏ ॥ ਕਰਿ ਕਿਰਪਾ ਜਿਹ ਆਪਿ ਦਿਵਾਏ ॥}

(ਅੰਗ ੨੫੪)

{ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥}

(ਅੰਗ ੨੯੨)

44/5791

{ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥}

(ਅੰਗ ੨੯੭)

{ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥
ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥}

(ਅੰਗ ੨੮੪)

{ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥
ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥}

(ਅੰਗ ੩੩੮)

{ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥
ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥}

(ਅੰਗ ੩੩੯)

{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥}

(ਅੰਗ ੪੧੪)

{ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥
ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥}

(ਅੰਗ ੪੬੦)

{ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥}

(ਅੰਗ ੪੮੫)

{ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥}

(ਅੰਗ ੪੮੭)

44/5792

{ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥}

(ਅੰਗ ੫੦੩)

{ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥ ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥}

(ਅੰਗ ੫੨੦)

{ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਿ ਸਾਚੇ ਲਗੈ ਧਿਆਨੁ ॥੧॥}

(ਅੰਗ ੫੫੯)

{ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥
ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥}

(ਅੰਗ ੬੧੦)

{ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥
ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ ਰਹਾਉ ॥}

(ਅੰਗ ੬੮੨)

{ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥
ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਗਤਿ ਹੋਇ ਹਮਾਰੀ ॥੭॥}

(ਅੰਗ ੬੮੭)

ਜੈਤਸਰੀ ਮਹਲਾ ੫ ॥

{ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥
ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥
ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥
ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥}

(ਅੰਗ ੭੦੧)

{ਗਿਆਨੁ ਧਿਆਨੁ ਸਭੁ ਕੋਈ ਰਵੈ ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥੨॥}

(ਅੰਗ ੭੨੮)

44/5793

{ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

{ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ ॥
ਤਿਸ ਕੀ ਮਹਿਮਾ ਕਿਆ ਵਰਨੀਐ ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ ॥੧॥
ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ ॥੧॥ ਰਹਾਉ ॥}

(ਅੰਗ ੭੩੪)

{ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ ਰਸਨਾ ਜਾਪੁ ਜਪਉ ਬਨਵਾਰੀ ॥੧॥}

(ਅੰਗ ੭੪੦)

{ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥}

(ਅੰਗ ੭੫੦)

{ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੂਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥}

(ਅੰਗ ੭੮੩)

{ਗੁਰ ਬਚਨੀ ਮਨੁ ਸਹਜ ਧਿਆਨੇ ॥ ਹਰਿ ਕੈ ਰੰਗਿ ਰਤਾ ਮਨੁ ਮਾਨੇ ॥
ਮਨਮੁਖ ਭਰਮਿ ਭੁਲੇ ਬਉਰਾਨੇ ॥ ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ ॥੧॥
ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥
ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ ਸਤਿਗੁਰਿ ਬੂਝ ਬੁਝਾਈ ॥੧॥ ਰਹਾਉ ॥}

(ਅੰਗ ੭੯੬)

{ਘਰ ਹੀ ਮਹਿ ਸਭਿ ਕੋਟ ਨਿਧਾਨ ॥ ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥
ਸਦ ਹੀ ਲਾਗਾ ਸਹਜਿ ਧਿਆਨ ॥ ਅਨਦਿਨੁ ਗਾਵੈ ਏਕੋ ਨਾਮ ॥੩॥}

(ਅੰਗ ੭੯੮)

{ਐਸੀ ਦੀਖਿਆ ਜਨ ਸਿਉ ਮੰਗਾ ॥ ਤੁਮ੍ਰੋ ਧਿਆਨੁ ਤੁਮ੍ਰੋ ਰੰਗਾ ॥
ਤੁਮ੍ਰੀ ਸੇਵਾ ਤੁਮ੍ਹਾਰੇ ਅੰਗਾ ॥੧॥ ਰਹਾਉ ॥}

(ਅੰਗ ੮੨੮)

44/5794

{ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥}

(ਅੰਗ ੮੩੧)

{ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥
ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥੧॥}

(ਅੰਗ ੮੪੪)

{ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥ ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥
ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥ ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ॥੧॥}

(ਅੰਗ ੮੫੧)

{ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥
ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥}

(ਅੰਗ ੮੬੪)

{ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥}

(ਅੰਗ ੮੭੭)

{ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬ੍ਰੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥}

(ਅੰਗ ੮੭੯)

{ਦਰਸਨ ਕਉ ਜਾਈਐ ਕੁਰਬਾਨੁ ॥ ਚਰਨ ਕਮਲ ਹਿਰਦੈ ਧਰਿ ਧਿਆਨੁ ॥
ਧੂਰਿ ਸੰਤਨ ਕੀ ਮਸਤਕਿ ਲਾਇ ॥ ਜਨਮ ਜਨਮ ਕੀ ਦੁਰਮਤਿ ਮਲੁ ਜਾਇ ॥੧॥}

(ਅੰਗ ੮੯੭)

{ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ ॥ ਨਾਮੁ ਬਿਸਾਰਿ ਪਚਹਿ ਅਭਿਮਾਨੁ ॥
ਨਾਮ ਬਿਨਾ ਕਿਆ ਗਿਆਨ ਧਿਆਨੁ ॥ ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥}

(ਅੰਗ ੯੦੫)

44/5795

{ਏਕੁ ਅਚਾਰੁ ਰੰਗੁ ਇਕੁ ਰੂਪੁ ॥ ਪਉਣ ਪਾਣੀ ਅਗਨੀ ਅਸਰੂਪੁ ॥ ਏਕੋ ਭਵਰੁ ਭਵੈ ਤਿਹੁ ਲੋਇ ॥
ਏਕੋ ਬੂਝੈ ਸੂਝੈ ਪਤਿ ਹੋਇ ॥ ਗਿਆਨੁ ਧਿਆਨੁ ਲੇ ਸਮਸਰਿ ਰਹੈ ॥ ਗੁਰਮੁਖਿ ਏਕੁ ਵਿਰਲਾ ਕੋ ਲਹੈ ॥
ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥ ਗੁਰੂ ਦੁਆਰੈ ਆਖਿ ਸੁਣਾਏ ॥੭॥}

(ਅੰਗ ੯੩੦)

{ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ ॥ ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ ॥੩੫॥}

(ਅੰਗ ੯੩੪)

{ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ ॥ ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ॥}

(ਅੰਗ ੯੩੭)

{ਘਰਿ ਰਹੁ ਰੇ ਮਨ ਮੁਗਧ ਇਆਨੇ ॥ ਰਾਮੁ ਜਪਹੁ ਅੰਤਰਗਤਿ ਧਿਆਨੇ ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥}

(ਅੰਗ ੧੦੩੦)

{ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥}

(ਅੰਗ ੧੦੩੪)

{ਗੁਰਿ ਦ੍ਰਿਸਟਾਇਆ ਸਭਨੀ ਠਾਂਈ ॥ ਜਲਿ ਥਲਿ ਪੂਰਿ ਰਹਿਆ ਗੋਸਾਈ ॥
ਊਚ ਊਨ ਸਭ ਏਕ ਸਮਾਨਾਂ ਮਨਿ ਲਾਗਾ ਸਹਜਿ ਧਿਆਨਾ ਹੇ ॥੬॥}

(ਅੰਗ ੧੦੭੫)

{ਕੀਮਤਿ ਕੋਇ ਨ ਜਾਣੈ ਦੂਜਾ ॥ ਆਪੇ ਆਪਿ ਨਿਰੰਜਨ ਪੂਜਾ ॥
ਆਪਿ ਸੁ ਗਿਆਨੀ ਆਪਿ ਧਿਆਨੀ ਆਪਿ ਸਤਵੰਤਾ ਅਤਿ ਗਾੜਾ ॥੧੧॥}

(ਅੰਗ ੧੦੮੧)

{ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥ ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥
ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥ ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ॥
ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥}

(ਅੰਗ ੧੦੮੯)

{ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ ॥ ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ ॥}

(ਅੰਗ ੧੧੦੨)

{ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥}

(ਅੰਗ ੧੧੦੯)

44/5796

{ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ ॥
ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥}

(ਅੰਗ ੧੧੨੨)

{ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥}

(ਅੰਗ ੧੧੪੦)

{ਪਾਰਬ੍ਰਹਮ ਸਿਉ ਲਾਗੋ ਧਿਆਨ ॥ ਪੂਰਨ ਪੂਰਿ ਰਹਿਓ ਨਿਰਬਾਨ ॥
ਭ੍ਰਮ ਭਉ ਮੇਟਿ ਮਿਲੇ ਗੋਪਾਲ ॥ ਨਾਨਕ ਕਉ ਗੁਰ ਭਏ ਦਇਆਲ ॥੪॥੩੦॥੪੩॥}

(ਅੰਗ ੧੧੪੯)

{ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥ ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥੧॥ ਰਹਾਉ ॥}

(ਅੰਗ ੧੧੫੪)

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

{ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ ॥}

(ਅੰਗ ੧੧੮੨)

{ਚਰਨ ਕਮਲ ਸਿਉ ਲਗੋ ਧਿਆਨੁ ॥ ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥
ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥ ਜਪਿ ਨਾਨਕ ਸੁਆਮੀ ਸਦ ਹਜੂਰਿ ॥੪॥੧੧॥}

(ਅੰਗ ੧੧੮੩)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥}

(ਅੰਗ ੧੧੮੮)

{ਤੁਮ ਹੀ ਸੁੰਦਰ ਤੁਮਹਿ ਸਿਆਨੇ ਤੁਮ ਹੀ ਸੁਘਰ ਸੁਜਾਨਾ ॥
ਸਗਲ ਜੋਗ ਅਰੁ ਗਿਆਨ ਧਿਆਨ ਇਕ ਨਿਮਖ ਨ ਕੀਮਤਿ ਜਾਨਾਂ ॥੧॥}

(ਅੰਗ ੧੨੧੦)

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥
ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥
ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥}

(ਅੰਗ ੧੨੨੬)

{ਧਾਰਿ ਅਨੁਗ੍ਰਹੁ ਅਪਨੀ ਕਰਿ ਲੀਨੀ ਗੁਰਮੁਖਿ ਪੂਰ ਗਿਆਨੀ ॥
ਸਰਬ ਸੂਖ ਆਨੰਦ ਘਨੇਰੇ ਠਾਕੁਰ ਦਰਸ ਧਿਆਨੀ ॥੧॥}

(ਅੰਗ ੧੨੨੮)

44/5797

{ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥ ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥}

(ਅੰਗ ੧੨੪੦)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥}

(ਅੰਗ ੧੨੪੩)

{ਮਨ ਕੀ ਬਿਧਿ ਸਤਿਗੁਰ ਤੇ ਜਾਣੈ ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ ॥
ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥}

(ਅੰਗ ੧੨੫੯-੧੨੬੦)

{ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥
ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥}

(ਅੰਗ ੧੨੭੪)

{ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ ॥
ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ ਲਾਗੈ ਸਹਜਿ ਧਿਆਨੁ ॥੧॥ ਰਹਾਉ ॥}

(ਅੰਗ ੧੨੭੭)

{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ॥
ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥

ਤੋਆ ਆਧੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥}

(ਅੰਗ ੧੨੮੯-੧੨੯੦)

{ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ ॥੧॥
ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ ॥ ਕ੍ਰਿਪਾਲ ਦਇਆ ਮਇਆ ਧਾਰਿ॥
ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥}

(ਅੰਗ ੧੩੦੫)

{ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥
ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥
ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥}

(ਅੰਗ ੧੩੧੩)

44/5798

{ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥੧॥
ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ ॥
ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥੨॥੨॥੫॥}

(ਅੰਗ ੧੩੨੨)

{ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ ॥
ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥੩॥}

(ਅੰਗ ੧੩੩੨)

{ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥
ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥੩॥}

(ਅੰਗ ੧੩੪੨)

{ਸਤਿਗੁਰਿ ਦੀਏ ਮੁਕਤਿ ਧਿਆਨਾਂ ॥ ਹਰਿ ਪਦੁ ਚੀਨ੍ਹਿ ਭਏ ਪਰਧਾਨਾ ॥੬॥
ਮਨੁ ਤਨੁ ਸੀਤਲੁ ਗੁਰਿ ਬੂਝ ਬੁਝਾਈ ॥ ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ ॥੭॥}

(ਅੰਗ ੧੩੪੫)

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥ ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧॥੧੯॥}

(ਅੰਗ ੧੩੯੫)

{ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥

ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ ॥}

(ਅੰਗ ੧੩੯੯)

ਸਾਡੇ ਅੰਦਰ ਗਿਆਨੁ ਧਿਆਨੁ ਵਾਲੀ ਅਵਸਥਾ ਕੀ ਹੈ ਇਸੇ ਗੱਲ ਨੂੰ ਹੀ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਤੇ ਪਿੱਛੇ ਵੀ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਸਾਡੇ ਅੰਦਰ ਸਾਡੇ ਧਿਆਨ ਦੇ ਰੂਪ ਵਿੱਚ ਹੀ ਹੈ ਭਾਵ ਮਨ ਦੇ ਰੂਪ ਵਿੱਚ ਹੀ ਹੈ। ਧਿਆਨ ਦੇ ਅੰਦਰ ਕੇਵਲ ਗਿਆਨ ਹੀ ਹੁੰਦਾ ਹੈ ਤੇ ਹੋਰ ਕੁਝ ਨਹੀਂ ਹੁੰਦਾ। ਸਾਡੇ ਸਭ ਦੇ ਅੰਦਰ ਗਿਆਨ ਉਪਜਦਾ ਹੈ ਪਰ ਉਹ ਗਿਆਨ ਸਾਡੇ ਮਨ ਦੇ ਧਿਆਨ

44/5799

ਨੂੰ ਪ੍ਰਮਾਤਮਾ ਦੇ ਨਾਲ ਨਹੀਂ ਜੁੜਨ ਦਿੰਦਾ ਕਿਉਂਕਿ ਉਹ ਗਿਆਨ ਭਰਮਾਂ ਨਾਲ ਭਰਿਆ ਹੋਇਆ ਹੈ, ਮਾਇਆ ਮੋਹ ਨਾਲ ਭਰਿਆ ਹੋਇਆ ਹੈ, ਹਉਮੈ ਵਾਲੇ ਵਿਚਾਰਾਂ ਨਾਲ ਭਰਿਆ ਹੋਇਆ ਹੈ ਜੋ ਕਿ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ। ਭਰਮਾਂ ਤੋਂ ਰਹਿਤ ਸੱਚਾ ਗਿਆਨ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਤੇ ਜਦੋਂ ਗੁਰੂ ਦਾ ਸੱਚਾ ਗਿਆਨ ਸਾਡੇ ਧਿਆਨ ਵਿੱਚ ਵੱਸ ਜਾਂਦਾ ਹੈ ਇਹ ਸਾਡੇ ਅੰਦਰ ਗਿਆਨੁ ਧਿਆਨੁ ਵਾਲੀ ਅਵਸਥਾ ਹੈ, ਚੌਥੇ ਪਦ ਵਾਲੀ ਅਵਸਥਾ ਹੈ, ਸਹਜ ਗਿਆਨ ਵਾਲੀ ਅਵਸਥਾ ਹੈ। ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਇਸ ਅਵਸਥਾ ਦੁਆਰਾ ਹੁੰਦੇ ਹਨ। ਪ੍ਰਮਾਤਮਾ ਸਾਡੇ ਅੰਦਰ ਆਪ ਇਸ ਅਵਸਥਾ ਦੁਆਰਾ ਹੀ ਹੈ ਭਾਵ ਸੱਚੇ ਗਿਆਨ ਵਾਲੀ ਅਵਸਥਾ ਦੁਆਰਾ ਹੀ ਹੈ ਜੋ ਕਿ ਸਾਡੇ ਅੰਦਰ ਦੇ ਧਿਆਨ ਦੇ ਰੂਪ ਵਿੱਚ ਹੈ। ਅਸੀਂ ਆਪਣੇ ਧਿਆਨ ਨੂੰ ਹੀ ਬਦਲਣਾ ਹੈ ਭਾਵ ਆਪਣੇ ਧਿਆਨ ਨੂੰ ਗੁਰੂ ਦੇ ਗਿਆਨੁ ਵਾਲਾ ਬਨਾਉਂਣਾ ਹੈ ਜੋ ਕਿ ਸਾਡੇ ਜੀਵਨ ਦਾ ਸੱਚਾ ਮਨੋਰਥ ਹੈ। ਜਿਉਂ ਜਿਉਂ ਅਸੀਂ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨੀ ਜਾਵਾਂਗੇ ਤਿਉਂ ਤਿਉਂ ਸਾਡਾ ਧਿਆਨ ਬਦਲਦਾ ਜਾਵੇਗਾ ਭਾਵ ਅਸੀਂ ਅਗਿਆਨਤਾ ਵਾਲੇ ਧਿਆਨ ਵਿੱਚੋਂ ਨਿਕਲਦੇ ਜਾਵਾਂਗੇ ਤੇ ਸੱਚੇ ਧਿਆਨ ਵਾਲੇ ਬਣੀ ਜਾਵਾਂਗੇ। ਇਹੀ ਸਾਡਾ ਸੱਚਾ ਉਦੱਮ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪੂਰੀ ਗੁਰਬਾਣੀ ਦੇ ਵਿੱਚ ਸੱਚਾ ਗਿਆਨੁ ਹੈ ਜੋ ਕਿ ਮਨ ਦੀ ਗਿਆਨੁ ਧਿਆਨੁ ਵਾਲੀ ਅਵਸਥਾ ਵਿੱਚੋਂ ਆਇਆ ਹੈ ਤੇ ਪੂਰੀ ਗੁਰਬਾਣੀ ਦਾ ਮਕਸਦ ਸਾਨੂੰ ਗਿਆਨੁ ਧਿਆਨੁ ਨਾਲ ਜੋੜਨ ਦਾ ਹੀ ਹੈ ਤੇ ਉਹ ਅਸੀਂ ਤਾਂ ਹੀ ਜੁੜਾਂਗੇ ਜੇਕਰ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਧਿਆਨ ਵਿੱਚ ਵਸਾਵਾਂਗੇ ਭਾਵ ਉਸਨੂੰ ਮੰਨਾਂਗੇ। ਗੁਰਬਾਣੀ ਵਿੱਚ ਪੂਰਨ ਗਿਆਨ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੈ ਤੇ ਅਸੀਂ ਗੁਰੂ ਦੀ ਸਿੱਖਿਆ ਨੂੰ ਹੀ ਆਪਣੇ ਧਿਆਨ ਵਿੱਚ ਵਸਾਉਂਣਾ ਹੈ। ਗੁਰੂ ਦੀ ਸਿੱਖਿਆ ਨੂੰ ਮੰਨੇ ਬਿਨ੍ਹਾਂ ਸਾਡਾ ਧਿਆਨ ਮਨਮਤਿ ਦੇ ਰੂਪ ਵਿੱਚ ਹੈ ਤੇ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਸਾਡਾ ਧਿਆਨ ਗੁਰਮਤਿ ਵਾਲਾ ਬਣ ਜਾਂਦਾ ਹੈ। ਸਾਰੀ ਗੱਲ ਆਪਣੀ ਮਤਿ ਛੱਡਣ ਦੀ ਹੈ ਜੋ ਕਿ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਛੱਡੀ ਜਾ ਸਕਦੀ ਹੈ। ਪ੍ਰਮਾਤਮਾ ਨਾਲ ਸਾਡਾ ਪਰਦਾ ਮਨਮਤਿ ਰੂਪ ਧਿਆਨ ਕਰਕੇ ਹੈ ਤੇ ਜਦੋਂ ਸਾਡਾ ਧਿਆਨ ਗੁਰਮਤਿ ਵਾਲਾ ਹੋ ਜਾਵੇ ਤਾਂ ਫਿਰ ਇਹ ਮਨ ਦਾ ਪਰਦਾ ਦੂਰ ਹੋ ਜਾਵੇਗਾ, ਜਦ ਤੱਕ ਅਸੀਂ ਸ਼ਬਦਾਂ ਦੀ ਕਥਨੀ ਨਾਲ ਜੁੜੇ ਹੋਏ ਹਾਂ ਤਦ ਤੱਕ ਸਾਡਾ

44/5800

ਧਿਆਨ ਮਨਮਤਿ ਵਾਲਾ ਹੀ ਰਹੇਗਾ। ਅਸੀਂ ਪ੍ਰਮਾਤਮਾ ਦੀ ਉਸ ਵਿਚਾਰ ਨਾਲ ਜੁੜਨਾ ਹੈ ਜਿਸਨੇ ਸਾਨੂੰ ਮਨ ਦੀ ਮਾੜੀ ਸਮਝ ਵਿੱਚੋਂ ਕੱਢਣਾ ਹੈ ਤਾਂ ਜੋ ਅਸੀਂ ਉਹ ਕੁਝ ਕਰੀਏ ਜੋ ਸਾਡੇ ਲਈ ਧਰਮ ਦਾ ਮਾਰਗ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥"

ਉਪਰ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਆਪਣੇ ਮਨ ਦੀ ਅਵਸਥਾ ਸਮਝਾਈ ਹੋਈ ਹੈ ਕਿ ਉਹ ਨਾਮ ਦੇ ਨਾਲ ਕਿਸ ਤਰੀਕੇ ਜੁੜੇ ਹੋਏ ਹਨ ਤੇ ਸੰਸਾਰੀਆਂ ਦਾ ਭਰਮ ਕੱਢਿਆ ਹੋਇਆ ਹੈ, ਧਰਮੀ ਅਖਵਾਉਂਣ ਵਾਲਿਆਂ ਦਾ ਭਰਮ ਕੱਢਿਆ ਹੋਇਆ ਹੈ ਕਿ ਨਾਮ ਸਾਡੇ ਜੀਵਨ ਵਿੱਚ ਕਿਸ ਲਈ ਹੈ।

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਕਿ ਨਾਮ ਸ਼ਬਦਾਂ ਦੀ ਵਿਚਾਰ ਹੈ। ਸ਼ਬਦਾਂ ਦੀ ਵਿਚਾਰ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਹੈ ਭਾਵ ਹਰ ਸ਼ਬਦ ਦੀ ਵਿਚਾਰ ਬ੍ਰਹਮ ਵਿਚਾਰ ਹੈ। ਬ੍ਰਹਮ ਵਿਚਾਰ ਹੀ ਨਾਮ ਹੈ ਜਿਵੇਂ ਕਿ ਉਪਰ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਜਿਸਨੂੰ ਵੀ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਉਹ ਆਪ ਹੀ ਦਿੰਦਾ ਹੈ ਜੋ ਨਾਮ ਉਹ **"ਬ੍ਰਹਮ ਬੀਚਾਰੁ"** ਦੇ ਰੂਪ ਵਿੱਚ ਦਿੰਦਾ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ। ਬ੍ਰਹਮ ਬੀਚਾਰ ਸਾਡੇ ਮਨ ਦੇ ਵਿਚਾਰਾਂ ਨੂੰ ਸੁੱਚਾ ਕਰਨ ਲਈ ਹੈ ਭਾਵ

ਸਾਡੇ ਮਨ ਦੀ ਜੂਠ ਕੱਢਣ ਲਈ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਸਾਡੇ ਅੰਦਰ ਦੀ ਜੂਠ ਹੈ ਤੇ ਬ੍ਰਹਮ ਬੀਚਾਰ ਦਾ ਮਕਸਦ ਭਾਵ ਨਾਮ ਦਾ ਮਕਸਦ ਸਾਡੇ ਮਨ ਨੂੰ ਸੁੱਚਾ ਬਨਾਉਂਣ ਲਈ ਹੈ ਭਾਵ ਅਗਿਆਨਤਾ ਵਿੱਚੋਂ ਕੱਢਣ ਲਈ ਹੈ, ਹਉਮੈ ਵਿੱਚੋਂ, ਮਨਮਤਿ ਵਿੱਚੋਂ ਕੱਢਣ ਲਈ ਹੈ। ਨਾਮ ਦੁਆਰਾ ਸੁੱਚ ਉਸੇ ਮਨ ਦੇ ਵਿੱਚ ਉਪਜਦੀ ਹੈ ਜਿੱਥੇ ਪ੍ਰਮਾਤਮਾ, ਨਾਮ ਦਾ ਮਾਲਕ ਆਪ ਹੀ ਮਨ ਦੇ ਵਿੱਚ ਪੜਾਉਂਦਾ ਹੈ ਜੋ ਆਪ ਹੀ ਗੁਰੂ ਹੈ ਭਾਵ ਉਹ ਆਪਣੀ ਸਿੱਖਿਆ ਮਨ ਦੇ ਵਿੱਚ ਦੇ ਕੇ, ਬ੍ਰਹਮ ਬੀਚਾਰ ਰੂਪ ਸਿੱਖਿਆ ਦੇ ਕੇ

44/5801

ਆਪ ਹੀ ਮਨੁੱਖੀ ਮਨ ਨੂੰ ਸੁੱਚ ਵਾਲਾ ਬਣਾਉਂਦਾ ਹੈ। ਨਾਮ ਰੂਪ ਸਿੱਖਿਆ ਸਾਨੂੰ ਕੁਝ ਸਿਖਾਉਣ ਲਈ ਹੈ ਭਾਵ ਸਾਨੂੰ ਸਾਡੇ ਜੀਵਨ ਦਾ ਮਾਰਗ ਸਮਝਾਉਂਣ ਲਈ ਹੈ, ਧਰਮ ਦਾ, ਭਗਤੀ ਦਾ ਮਾਰਗ ਸਮਝਾਉਣ ਲਈ ਹੈ ਜੋ ਮਾਰਗ ਸਾਡੇ **"ਚਜੁ ਆਚਾਰੁ"** ਦਾ ਮਾਰਗ ਹੈ ਭਾਵ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਦਾ ਹੈ, ਸੱਚੇ ਸੁੱਚੇ ਕਰਮ ਕਰਨ ਦਾ ਹੈ। ਗੁਰੂ ਸਾਹਿਬ ਸਾਨੂੰ ਭਾਵ ਸੰਸਾਰ ਨੂੰ ਇਹ ਸੱਚਾ ਮਾਰਗ ਹੀ ਸਮਝਾ ਰਹੇ ਹਨ ਜਿਸ ਮਾਰਗ ਤੇ ਉਹ ਆਪ ਚੱਲੇ ਹਨ ਭਾਵ ਸਾਨੂੰ ਉਹੋ ਜਿਹਾ ਨਾਮ ਜਪਣਾ ਸਿਖਾ ਰਹੇ ਹਨ ਜਿਹੋ ਜਿਹਾ ਉਨ੍ਹਾਂ ਨੇ ਆਪ ਜਪਿਆ ਹੈ। ਸਾਰੀ ਗੱਲ ਸਾਡੇ ਮਨ ਦੀ ਸੁੱਚ ਨਾਲ ਜੁੜੀ ਹੋਈ ਹੈ। ਸਾਡੇ ਮਨ ਦੀ ਸੁੱਚ ਹੀ ਸਾਡੇ ਧਿਆਨ ਦੀ ਸੁੱਚ ਹੈ। ਬ੍ਰਹਮ ਬੀਚਾਰ ਸੱਚਾ ਗਿਆਨ ਹੈ ਜੋ ਸਾਡੇ ਧਿਆਨ ਦੇ ਵਿੱਚ ਹੀ ਵੱਸਦਾ ਹੈ। **(ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥)**

ਜਿਵੇਂ ਕਿ ਅਸੀਂ ਸ਼ਬਦ ਦੇ ਸ਼ੁਰੂ ਵਿੱਚ ਸਮਝਿਆ ਹੈ ਸੰਸਾਰ ਦਿਖਾਵੇ ਵਾਲੀ ਭਗਤੀ ਨਾਲ ਜੁੜਿਆ ਹੋਇਆ ਹੈ, ਸਰੀਰਕ ਸ਼ਿੰਗਾਰ ਨਾਲ, ਸਰੀਰਕ ਕਿਰਿਆਵਾਂ ਆਦਿ ਨਾਲ ਜੁੜਿਆ ਹੋਇਆ ਹੈ ਜਿਸਦਾ ਭਗਤੀ ਦੇ ਮਾਰਗ ਨਾਲ ਕੋਈ ਸੰਬੰਧ ਨਹੀਂ ਹੈ ਬਲਕਿ ਆਪਣੀ ਖੁਆਰੀ ਹੈ। ਭਗਤੀ ਦਾ ਮਾਰਗ ਕੇਵਲ ਮਨ ਨੂੰ ਸਮਝਾਉਂਣ ਦਾ ਹੈ ਤੇ ਆਪਣੀ ਮਨਮਤਿ ਵਿੱਚੋਂ ਨਿਕਲਕੇ ਨਾਮ ਦੀ ਮਤਿ ਨਾਲ ਜੁੜਨ ਦਾ ਹੈ ਭਾਵ ਕੇਵਲ ਸੱਚੇ ਸੁੱਚੇ ਕਰਮ ਕਰਨ ਦਾ ਹੈ, ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਹੈ। ਸਾਡੇ ਬਾਹਰੀ ਦਿਖਾਵੇ ਕਿਸੇ ਕੰਮ ਨਹੀਂ ਆਉਂਦੇ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਦੁਹਰਾਈ ਹੋਈ ਹੈ।

"ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥
ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥"

ਬੜਾ ਸਪਸ਼ਟ ਸਮਝਾਇਆ ਹੈ ਕਿ ਸਾਡਾ ਕੋਈ ਵੀ ਸਰੀਰਕ ਦਿਖਾਵਾ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਕੰਮ ਨਹੀਂ ਆਉਂਦਾ। ਸਾਡਾ ਸਰੀਰ ਵੀ ਆਕਾਰ ਰੂਪ ਹੈ ਤੇ ਉਸਦੇ ਉੱਤੇ ਜੋ ਕੁਝ ਵੀ ਅਸੀਂ ਪਾਉਂਦੇ ਹਾਂ

44/5802

ਉਹ ਵੀ ਆਕਾਰ ਰੂਪ ਹੈ। ਹਰ ਆਕਾਰ ਰੂਪ ਬਿਨਸਨ ਵਾਲਾ ਰੂਪ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮੇਲ ਉਸ ਰੂਪ ਦੁਆਰਾ ਨਹੀਂ ਹੁੰਦਾ ਹੈ ਜੋ ਰੂਪ ਬਿਨਸ ਜਾਂਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਕੇਵਲ ਤੇ ਕੇਵਲ ਉਸਦੇ ਨਿਰੰਕਾਰ ਰੂਪ ਨਾਲ ਹੁੰਦਾ ਹੈ। ਪ੍ਰਮਾਤਮਾ ਆਪ ਜੋਤਿ ਰੂਪ ਹੈ ਜਿਸ ਰੂਪ ਵਿੱਚ ਉਹ ਸਭ ਦੇ ਅੰਦਰ ਹੀ ਹੈ ਤੇ ਮੇਲ ਵੀ ਉਸਦੇ ਜੋਤਿ ਰੂਪ ਨਾਲ ਹੀ ਹੁੰਦਾ ਹੈ। ਹੋਰ ਸਭ ਕੁਝ ਬਿਨਸ ਜਾਂਦਾ ਹੈ ਪਰ ਜੋਤਿ ਕਦੇ ਨਹੀਂ ਬਿਨਸਦੀ। ਪ੍ਰਮਾਤਮਾ ਦਾ ਜੋਤਿ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੈ ਤੇ ਇਹੀ ਪ੍ਰਮਾਤਮਾ ਦਾ ਨਾਮ ਰੂਪ ਹੈ। ਅਸੀਂ ਸੰਭਾਲ ਨਾਮ ਦੀ ਕਰਨੀ ਹੈ ਭਾਵ ਗੁਰੂ ਪ੍ਰਮਾਤਮਾ ਦੇ ਦਿੱਤੇ ਹੋਏ ਸੱਚੇ ਗਿਆਨ ਦੀ ਸੰਭਾਲ ਕਰਨੀ ਹੈ ਜੋ ਸੱਚਾ ਗਿਆਨ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਗੁਰੂ ਦੇ ਸੱਚੇ ਉਪਦੇਸ਼ ਦੇ ਰੂਪ ਵਿੱਚ ਹੈ ਜੋ ਕਿ ਨਿਰੰਕਾਰ ਰੂਪ ਵਿੱਚ ਹੈ। ਗੁਰੂ ਦੇ ਨਾਮ ਦੀ ਸੰਭਾਲ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਗੁਰੂ ਦੇ ਉਪਦੇਸ਼ ਨੂੰ ਦ੍ਰਿੜਤਾ ਨਾਲ ਮੰਨਾਂਗੇ, ਉਸਨੂੰ ਆਪਣੇ ਅੰਦਰ ਦੇ ਪੰਜੇ ਚੋਰਾਂ ਤੋਂ ਬਚਾ ਕੇ ਰਖਾਂਗੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਚੋਰਾਂ ਤੋਂ ਬਚਾ ਕੇ ਰਖਾਂਗੇ ਜੋ ਕਿ ਸਾਡੇ ਮਨ ਦੇ ਮਾੜੇ ਵਿਚਾਰ ਹਨ ਤੇ ਸਾਡੇ ਅੰਦਰ ਨਾਮ ਨੂੰ ਟਿਕਣ ਨਹੀਂ ਦਿੰਦੇ, ਵੱਸਣ ਨਹੀਂ ਦਿੰਦੇ। ਨਾਮ ਦੀ ਸੰਭਾਲ ਕਰਨ ਨਾਲ ਅਸੀਂ ਉਹੋ ਜਿਹੇ ਕਰਮ ਕਰਾਂਗੇ ਜਿਹੋ ਜਿਹਾ ਸਾਨੂੰ ਗੁਰੂ ਦਾ ਉਪਦੇਸ ਸਮਝਾਉਂਦਾ ਹੈ ਭਾਵ ਸੱਚੇ ਸੁੱਚੇ ਕਰਮ ਹੀ ਕਰਾਂਗੇ, ਮਾਇਆ ਮੋਹ ਤੋਂ ਰਹਿਤ ਹੋ ਕੇ ਹੀ ਕਰਾਂਗੇ। ਗੁਰੂ ਰੂਪ ਪ੍ਰਮਾਤਮਾ ਦੇ ਨਾਲ ਸਾਡਾ ਸਾਥ ਸਾਡੇ ਮਨ ਦੇ ਵਿਚਾਰ ਹੀ ਨਿਭਾਉਂਦੇ ਹਨ, ਉਸਦੀ ਗੱਲ ਤੇ ਪੂਰਾ ਉਤੱਰਕੇ ਨਿਭਾਉਂਦੇ ਹਨ। ਜਦ ਤੱਕ ਅਸੀਂ ਮਾਇਆ ਮੋਹ ਵਾਲੀ ਅਨਜਾਨ ਮਤਿ ਵਿੱਚ ਹਾਂ ਤਦ ਤੱਕ ਅਸੀਂ ਨਾਸਮਝ ਵਾਲੇ, ਆਪਣੀ ਮਤਿ ਦੇ ਘਰ ਵਿੱਚ ਹਾਂ ਜੋ ਕਿ ਸਾਡਾ **"ਐਥੇ"** ਵਾਲਾ ਘਰ ਹੈ ਭਾਵ ਦੁਨਿਆਵੀ ਘਰ ਹੈ ਜਿਸ ਘਰ ਵਿੱਚ ਰਹਿੰਦਿਆਂ ਅਸੀਂ

ਪ੍ਰਮਾਤਮਾ ਦੇ ਸੱਚੇ ਘਰ ਤੋਂ ਦੂਰ ਰਹਿੰਦੇ ਹਾਂ। ਜਦੋਂ ਅਸੀਂ **"ਐਥੇ"** ਵਾਲੇ ਘਰ ਵਿੱਚ ਨਾਮ ਦੀ ਮਤਿ ਨਾਲ ਜੁੜ ਜਾਂਦੇ ਹਾਂ ਫਿਰ ਅਸੀਂ ਪ੍ਰਮਾਤਮਾ ਦੇ ਘਰ ਨਾਲ ਜੁੜ ਜਾਂਦੇ ਹਾਂ ਜੋ ਕਿ ਸਾਡੇ ਅੰਦਰ ਹੀ ਹੈ, ਜੋਤਿ ਰੂਪ ਵਿੱਚ ਹੈ। **"ਓਥੈ"** ਪ੍ਰਮਾਤਮਾ ਦਾ ਜੋਤਿ ਰੂਪ ਘਰ ਹੈ ਜਿਸ ਵਿੱਚ ਪਹੁੰਚ ਕੇ ਫਿਰ ਮਨੁੱਖੀ ਮਨ ਦੇ ਵਿਚਾਰ ਸਦਾ ਲਈ ਉਸ ਪ੍ਰਮਾਤਮਾ ਦੇ ਨਾਲ ਹੀ ਜੁੜੇ ਰਹਿੰਦੇ ਹਨ ਤੇ ਜਦ ਤੱਕ ਉਸਦਾ ਸਰੀਰ ਰਹਿੰਦਾ ਹੈ ਉਹ ਸਾਰੇ ਕਰਮ ਗੁਰਮਤਿ ਅਨੁਸਾਰ ਹੀ ਕਰਦਾ ਹੈ ਭਾਵ ਨਾਮ ਅਨੁਸਾਰ ਹੀ ਵਿਚਰਦਾ ਹੈ। **(ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥)**

44/5803

ਪ੍ਰਮਾਤਮਾ ਦੇ ਘਰ ਵਿੱਚ ਅਸੀਂ ਕਿਸ ਰੂਪ ਵਿੱਚ ਪਹੁੰਚਦੇ ਹਾਂ, ਨਾਮ ਦੀ ਸੰਭਾਲ ਕਿਸ ਰੂਪ ਵਿੱਚ ਕਰਦੇ ਹਾਂ, ਕੌਣ ਕਰਵਾਉਂਦਾ ਹੈ, ਕਿਵੇਂ ਕਰਵਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥

ਚੀਨੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥"

ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਫਿਰ ਮਨੁੱਖ ਨਾਮ ਦੀ ਸੰਭਾਲ ਕਿਸ ਤਰੀਕੇ ਕਰਦਾ ਹੈ, ਆਪਣੀ ਪੂਜਾ ਨਾਲ ਭਾਵ ਪ੍ਰਮਾਤਮਾ ਦੀ ਪੂਜਾ ਨਾਲ ਪ੍ਰੇਮ ਕਿਸ ਤਰੀਕੇ ਦਿਖਾਉਂਦਾ ਹੈ ਇਹੀ ਗੱਲ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਗੁਰੂ ਪ੍ਰਮਾਤਮਾ ਦੀ ਪੂਜਾ ਭਾਵ ਉਸਦੀ ਭਗਤੀ ਨਾਲ ਪ੍ਰੇਮ ਸਾਡੀ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਹਰ ਕੋਈ ਮਾਇਆ ਮੋਹ ਦੇ ਬੰਧਨ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੈ ਜਿਸ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਪੂਜਾ ਸਮਝ ਨਹੀਂ ਆ ਸਕਦੀ ਫਿਰ ਮਨੁੱਖ ਸਰੀਰਕ ਸ਼ਿੰਗਾਰ ਨਾਲ ਜੁੜਿਆ ਰਹਿੰਦਾ ਹੈ ਜਿਵੇਂ ਕਿ ਅਸੀਂ ਪਿਛਲੇ ਪਦੇ ਰਾਹੀਂ ਸਮਝਿਆ ਹੈ। ਪ੍ਰਮਾਤਮਾ ਦੀ ਪੂਜਾ ਦੀ ਸਮਝ ਮਨ ਦੀ ਮਾਇਆ ਸੜਨ ਦੁਆਰਾ ਸਮਝ ਆਉਂਦੀ ਹੈ ਭਾਵ ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਆਉਂਦੀ ਹੈ ਤੇ ਇਹੀ ਨਾਮ ਦਾ ਮਕਸਦ ਹੈ ਕਿ ਅਸੀਂ ਆਪਣੇ ਅੰਦਰੋਂ ਮਾਇਆ ਮੋਹ ਨੂੰ ਸਾੜੀਏ। ਮਾਇਆ ਮੋਹ ਹੀ ਸਾਡਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਪਰਦਾ ਹੈ ਜਿਸਦੇ ਨਿਕਲੇ ਬਿਨ੍ਹਾਂ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਦੇਖ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ। ਇੱਕੋ ਇੱਕ ਪ੍ਰਮਾਤਮਾ ਹੀ ਹੈ ਜੋ ਸਾਨੂੰ ਮਾਇਆ ਵਾਲੀ ਮਤਿ ਵਿੱਚੋਂ ਕੱਢ ਸਕਦਾ ਹੈ ਤੇ ਆਪਣੀ ਪੂਜਾ ਨਾਲ ਜੋੜ ਸਕਦਾ ਹੈ ਤੇ ਹੋਰ ਕੋਈ ਨਹੀਂ ਹੈ ਜੋ ਸਾਨੂੰ ਮਾਇਆ ਵਿੱਚੋਂ ਕੱਢ ਸਕੇ। ਪ੍ਰਮਾਤਮਾ ਆਪ ਆਪਣੇ ਨਾਮ ਦੇ ਰੂਪ ਵਿੱਚ ਹੈ ਤੇ ਉਹ ਆਪਣੇ ਨਾਮ ਨਾਲ ਜੋੜ ਕੇ ਹੀ ਮਨੁੱਖ ਨੂੰ ਮਾਇਆ ਵਿੱਚੋਂ ਕੱਢਦਾ ਹੈ ਤੇ ਨਾਮ ਦੀ ਸੰਭਾਲ ਕਰਾਉਂਦਾ ਹੈ। **(ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥)**

44/5804

ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਤੋਂ ਬਾਅਦ ਮਨੁੱਖ ਦੀ ਸਮਝ ਮਾਇਆ ਮੋਹ ਵਿੱਚੋਂ ਕਿਸ ਤਰੀਕੇ ਨਿਕਲਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਸ ਗੱਲ ਤੇ ਵਿਸ਼ਵਾਸ ਕੋਈ ਤਾਂ ਹੀ ਕਰ ਸਕਦਾ ਹੈ ਜਦੋਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ ਕਿ ਉਹ ਮਾਇਆ ਨੂੰ ਕਿਸ ਤਰੀਕੇ ਸਾੜਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਮਾਇਆ ਤੋਂ ਮੁਕਤ ਹੋ ਕੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ।

"ਚੀਨੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥"

ਇਨ੍ਹਾਂ ਤੋਂ ਪਹਿਲੀ ਪੰਗਤੀ ਰਾਹੀਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਵੇਖਣ ਦੀ ਗੱਲ ਸਮਝੀ ਹੈ ਜੋ ਕਿ ਇੱਕੋ ਇੱਕ ਆਪ ਹੀ ਹੈ ਤੇ ਆਪਣੇ ਅੰਦਰੋਂ ਮਾਇਆ ਦੇ ਸੜਨ ਦੁਆਰਾ ਦਿਸਦਾ ਹੈ। ਪ੍ਰਮਾਤਮਾ ਸਾਨੂੰ ਸਾਡੇ ਅੰਦਰੋਂ ਕਿਸ ਰੂਪ ਵਿੱਚ ਦਿਖਦਾ ਹੈ ਭਾਵ ਉਸਨੂੰ ਅਸੀਂ ਆਪਣੇ ਅੰਦਰੋਂ ਕਿਸ ਰੂਪ ਵਿੱਚ ਚੀਨਦੇ ਹਾਂ, ਦੇਖਦੇ ਹਾਂ ਇਹ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਅਸੀਂ ਆਪਣੇ ਅੰਦਰੋਂ **"ਤਤੁ"** ਨੂੰ ਚੀਨਦੇ ਹਾਂ ਭਾਵ ਵੇਖਦੇ ਹਾਂ। ਪ੍ਰਮਾਤਮਾ ਸਾਡੇ ਅੰਦਰ ਤੱਤ ਦੇ ਰੂਪ ਵਿੱਚ ਹੀ ਹੈ ਤੇ ਉਸਦਾ ਇਹ **"ਤਤੁ"** ਰੂਪ ਹੀ ਸਾਡੇ ਅੰਦਰ ਦਾ **"ਗਗਨ ਦਸ ਦੁਆਰ"** ਹੈ ਭਾਵ ਸਾਡੇ ਅੰਦਰ ਦਾ ਦਸਮ ਦੁਆਰ ਹੈ ਜੋ ਕਿ ਸਭ ਦੇ ਅੰਦਰ ਗੁਪਤ ਰੂਪ ਵਿੱਚ ਹੈ। ਪ੍ਰਮਾਤਮਾ ਦਾ ਇਹ **"ਤਤੁ"** ਰੂਪ ਪ੍ਰਮਾਤਮਾ ਦਾ **"ਤਤੁ ਗਿਆਨ"** ਰੂਪ ਹੈ ਜੋ ਸਭ ਦੇ ਅੰਦਰ ਗੁਪਤ ਰੂਪ

ਵਿੱਚ ਹੀ ਹੈ। ਪ੍ਰਮਾਤਮਾ ਦਾ ਇਹ ਤੱਤ ਗਿਆਨ ਰੂਪ ਹੀ ਉਸਦਾ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ ਜਿਸਦਾ ਮਕਸਦ ਹੀ ਸਾਡੇ ਅੰਦਰੋਂ ਮਾਇਆ ਨੂੰ ਸਾੜਨ ਦਾ ਹੈ ਭਾਵ ਮਨ ਦੀ ਅਗਿਆਨਤਾ ਨੂੰ ਸਾੜਨ ਦਾ ਹੈ। ਸਾਡੇ ਅੰਦਰ ਮਾਇਆ ਪਾਈ ਵੀ ਉਸਨੇ ਆਪ ਹੀ ਹੋਈ ਹੈ ਤੇ ਉਸ ਵਿੱਚੋਂ ਕੱਢਦਾ ਵੀ ਆਪ ਹੀ ਹੈ। **(ਚੀਨੈ ਤਤੁ ਗਗਨ ਦਸ ਦੁਆਰ ॥)** ਜਦੋਂ ਮਨੁੱਖ ਆਪਣੇ ਅੰਦਰੋਂ ਤੱਤ ਨੂੰ ਪਹਿਚਾਣ ਲੈਂਦਾ ਹੈ ਫਿਰ ਉਹ ਤਤੁ ਰੂਪ ਪ੍ਰਮਾਤਮਾ ਮਨੁੱਖ ਨੂੰ ਆਪਣੇ ਤੱਤ ਦੇ ਨਾਲ ਕਿਸ ਤਰੀਕੇ ਮਿਲਾਉਂਦਾ ਹੈ ਤੇ ਮਨੁੱਖ ਦੀ ਮਾਇਆ ਰੂਪ ਮਤਿ ਨੂੰ ਕਿਸ ਤਰੀਕੇ ਸਾੜਦਾ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

44/5805

“ਹਰਿ ਮੁਖਿ ਪਾਠ ਪੜੈ ਬੀਚਾਰ ॥੩॥”

ਇਹ ਪ੍ਰਮਾਤਮਾ ਦੇ ਨਾਲ ਮੇਲ ਦੀ ਸਭ ਤੋਂ ਵੱਡੀ ਸੱਚਾਈ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਦੀ ਅਸਲੀਅਤ ਹੈ ਤੇ ਨਾਲ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਗੁਰੂ ਹੈ। **“ਹਰਿ ਮੁਖਿ”** ਤੋਂ ਬੜਾ ਸਿੱਧਾ ਸਿੱਧਾ ਭਾਵ ਹੈ ਕਿ ਪ੍ਰਮਾਤਮਾ ਦੇ ਮੁੱਖ ਦੁਆਰਾ, ਹਰਿ ਦੇ ਮੁਖਿ ਦੁਆਰਾ। ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਉਸੇ ਰੂਪ ਵਿੱਚ ਹੀ ਉਹ ਆਪਣੇ ਮੁੱਖ ਦੁਆਰਾ ਬੋਲਦਾ ਹੈ। ਪ੍ਰਮਾਤਮਾ ਆਪ ਨਿਰੰਕਾਰ ਰੂਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਉਸਦਾ ਨਾਮ ਰੂਪ ਹੈ ਤੇ ਆਪਣੇ ਇਸ ਨਿਰੰਕਾਰ ਰੂਪ ਵਿੱਚ ਹੀ ਉਹ ਮਨ ਦੇ ਵਿੱਚ ਬੋਲਦਾ ਹੈ, ਆਪਣੇ ਘਰ ਦੇ ਵਿੱਚੋਂ ਬੋਲਦਾ ਹੈ, ਦਸਮ ਦੁਆਰ ਦੇ ਵਿੱਚੋਂ ਬੋਲਦਾ ਹੈ ਜੋ ਦਸਮ ਦੁਆਰ ਸਾਡਾ ਮਨ ਹੈ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜਿਸ ਦੇ ਮਨ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਦਸਮ ਦੁਆਰ ਖੋਲ ਦਿੰਦਾ ਹੈ ਜਿਵੇਂ ਕਿ ਉਸਨੇ ਭਗਤਾਂ ਦਾ, ਗੁਰੂ ਸਾਹਿਬਾਨ ਦਾ ਦਸਮ ਦੁਆਰ ਖੋਲਿਆ ਹੈ ਜੋ ਦਸਮ ਦੁਆਰ ਖੋਲਣ ਰਾਹੀਂ ਮਨ ਦੇ ਵਿੱਚ ਉਸਨੇ ਜੋ ਵੀ ਆਪਣੇ ਮੁੱਖੋਂ ਬੋਲਿਆ ਹੈ ਭਾਵ ਨਿਰੰਕਾਰ ਰੂਪ ਵਿੱਚ ਬੋਲ ਕੇ ਸੁਣਾਇਆ ਹੈ ਭਾਵ ਗਿਆਨ ਰੂਪ ਵਿੱਚ ਸਮਝਾਇਆ ਹੈ ਉਹੀ ਕੁਝ ਉਨ੍ਹਾਂ ਨੇ ਗੁਰਬਾਣੀ ਰਾਹੀਂ ਲਿਖਿਆ ਹੈ ਜੋ ਕਿ ਸਾਰੇ ਸੰਸਾਰ ਲਈ ਪ੍ਰਮਾਤਮਾ ਦਾ ਦਿੱਤਾ ਹੋਇਆ ਸੁਨੇਹਾ ਹੀ ਹੈ ਜੋ ਸੁਨੇਹਾ ਬ੍ਰਹਮ ਗਿਆਨ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਭਾਵ ਗੁਰਮਤਿ ਰੂਪ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ। ਉਸਦੀ ਸੱਚੀ ਸਿੱਖਿਆ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦੀ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦੀ ਹੈ। ਸਾਡੇ ਮਨ ਦੇ ਵਿੱਚ ਕੌਣ ਬੋਲਦਾ ਹੈ ਤੇ ਕਿਸ ਰੂਪ ਵਿੱਚ ਬੋਲਦਾ ਹੈ ਇਸ ਗੱਲ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖਣ ਤੋਂ ਬਾਅਦ ਹੀ ਸਮਝਿਆ ਜਾ ਸਕਦਾ ਹੈ। ਮਨ ਸਾਡੇ ਸਭ ਦੇ ਅੰਦਰ ਹੈ ਜੋ ਕਿ ਸਾਡੇ ਦਿਮਾਗ ਦੇ ਰੂਪ ਵਿੱਚ ਹੈ ਜਿਸਦੇ ਵਿੱਚੋਂ ਗਿਆਨ ਉਪਜਦਾ ਹੈ, ਸੋਚਾਂ ਉਪਜਦੀਆਂ ਹਨ, ਵਿਚਾਰ ਉਪਜਦੇ ਹਨ ਭਾਵ ਸਾਡੀ ਸਮਝ ਉਪਜਦੀ ਹੈ ਜੋ ਕਿ ਨਿਰੰਕਾਰ ਰੂਪ ਵਿੱਚ ਉਪਜਦੀ ਹੈ। ਸਾਡੇ ਅੰਦਰ ਜੋ ਸਮਝ ਉਪਜਦੀ ਹੈ ਉਹ ਸਾਨੂੰ ਕੁਝ ਸਮਝਾਉਂਦੀ ਹੈ ਭਾਵ ਸਾਨੂੰ ਕੁਝ ਬੋਲਦੀ ਹੈ। ਇਹ ਸਾਡੇ ਮਨ ਦੇ ਬੋਲ ਹਨ ਤੇ ਇਨ੍ਹਾਂ ਬੋਲਾਂ ਨੂੰ ਬੋਲਣ ਵਾਲਾ ਹਰਿ ਆਪ ਹੈ, ਪ੍ਰਮਾਤਮਾ ਆਪ ਹੈ ਜੋ ਆਪ ਅੰਦਰ ਗੁਪਤ ਰਹਿੰਦੇ ਹੋਏ ਹੀ ਨਿਰੰਕਾਰ ਰੂਪ ਵਿੱਚ ਆਪਣੇ ਮੁੱਖੋਂ ਬੋਲਦਾ ਰਹਿੰਦਾ ਹੈ, ਹਰ ਵੇਲੇ ਬੋਲ ਰਿਹਾ ਹੈ ਪਰ ਇਸ ਗੱਲ ਨੂੰ ਕੋਈ ਸਮਝ ਨਹੀਂ ਸਕਦਾ ਕਿਉਂਕਿ ਉਹ ਸਭ ਦੇ ਅੰਦਰ **“ਮਾਇਆ ਰੂਪ”** ਵਿੱਚ ਬੋਲਦਾ ਹੈ ਜਿਸ ਮਾਇਆ ਦਾ ਮਕਸਦ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣ ਦਾ ਹੈ ਭਾਵ ਮਾਇਆ ਦੇ ਰੂਪ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਦੇ ਕੋਲੋਂ ਪਰਦਾ ਰੱਖਿਆ ਹੋਇਆ ਹੈ, ਆਪਣੇ ਆਪ ਨੂੰ ਸੰਸਾਰ ਦੇ ਕੋਲੋਂ ਛਿਪਾਇਆ ਹੋਇਆ ਹੈ। ਜਦੋਂ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ ਮਨ ਦੇ ਵਿਚਾਰਾਂ ਰਾਹੀਂ ਹੀ ਪ੍ਰਗਟ ਕਰਦਾ ਹੈ ਤੇ ਤਾਂ ਹੀ ਕੋਈ ਸਮਝ ਸਕਦਾ ਹੈ ਕਿ ਸਾਡੇ ਮਨ ਦੇ ਅੰਦਰ ਬੋਲਣ ਵਾਲਾ ਕੌਣ ਹੈ ਭਾਵ ਹਰਿ ਆਪ ਹੀ ਹੈ। ਜਦੋਂ ਉਹ ਆਪ ਪ੍ਰਗਟ ਹੋ ਕੇ ਬੋਲਦਾ ਹੈ ਉਸ ਰਾਹੀਂ ਉਹ ਆਪਣਾ ਤੱਤ ਗਿਆਨ ਰੂਪ ਪਾਠ ਹੀ ਪੜਾਉਂਦਾ ਹੈ ਭਾਵ ਆਪ ਹੀ ਆਪਣੀ ਸੱਚੀ ਸਿੱਖਿਆ ਪੜਾਉਂਦਾ ਹੈ, ਸ਼ਬਦਾਂ ਦੀ ਵਿਚਾਰ ਰੂਪ ਵਿੱਚ ਪੜਾਉਂਦਾ ਹੈ ਤੇ ਉਸਦੀ ਦਿੱਤੀ ਹੋਈ ਹਰ ਵਿਚਾਰ ਦੇ ਵਿੱਚ ਤੱਤ ਦੀ ਗੱਲ ਹੁੰਦੀ ਹੈ ਭਾਵ ਸਿਰੇ ਦੀ ਗੱਲ ਹੁੰਦੀ ਹੈ ਭਾਵ ਤੱਤ ਗਿਆਨ ਦੀ ਗੱਲ ਹੁੰਦੀ ਹੈ ਜਿਸ ਤੋਂ ਉਪਰ

44/5806

ਕੋਈ ਹੋਰ ਵਿਚਾਰ ਨਹੀਂ ਹੋ ਸਕਦੀ ਭਾਵ ਉਸ ਵਿਚਾਰ ਦੇ ਅੰਦਰ ਪੂਰਨ ਸੱਚ ਹੁੰਦਾ ਹੈ। ਇਹ ਪੂਰਨ ਸੱਚ ਹੀ ਉਸਦਾ ਨਾਮ ਹੈ ਜੋ ਆਪਣਾ ਨਾਮ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। ਪ੍ਰਮਾਤਮਾ ਆਪ ਹੀ ਤੱਤ ਗਿਆਨ ਦਾ ਮਾਲਕ ਹੈ, ਹਰ ਗਿਆਨ ਦਾ ਮਾਲਕ ਹੈ ਤੇ ਇਸੇ ਲਈ ਉਹ ਆਪ ਹੀ ਗੁਰੂ ਹੈ, ਸੱਚੀ ਸਿੱਖਿਆ ਉਹ ਆਪ ਹੀ ਆਪਣੇ ਮੁੱਖੋਂ ਦਿੰਦਾ ਹੈ। ਜਿਸਦੇ ਅੰਦਰ ਦੀ ਮਾਇਆ ਭਾਵ ਅਗਿਆਨਤਾ ਪ੍ਰਮਾਤਮਾ ਸਾੜਦਾ ਹੈ ਉਹ ਆਪਣਾ ਤੱਤ ਗਿਆਨ ਦੇਣ ਦੁਆਰਾ ਹੀ ਸਾੜਦਾ ਹੈ। ਮਾਇਆ ਸੜੇ ਬਿਨ੍ਹਾਂ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਨਾ ਹੀ

ਕਿਸੇ ਨੂੰ ਉਸਦੀ ਸੱਚੀ ਭਗਤੀ ਦੀ ਸਮਝ ਆਈ ਹੈ ਜਿਸ ਕਰਕੇ ਝੂਠੀ ਭਗਤੀ ਦਾ ਪ੍ਰਸਾਰ ਹੈ ਭਾਵ ਅਗਿਆਨਤਾ ਦਾ ਪ੍ਰਸਾਰ ਹੈ। ਗੁਰਬਾਣੀ ਦਾ ਮਕਸਦ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਸਿਖਾਉਂਣ ਦਾ ਹੀ ਹੈ ਭਾਵ ਸਾਡੇ ਮਨ ਦੀ ਮਾਇਆ ਕੱਢਣ ਦਾ ਹੀ ਹੈ ਭਾਵ ਮਨ ਦੀ ਅਗਿਆਨਤਾ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸਰੀਰਕ ਕਿਰਿਆਵਾਂ ਆਦਿ ਵਿੱਚੋਂ ਨਿਕਲ ਕੇ, ਬਾਹਰੀ ਸਰੀਰਕ ਦਿਖਾਵੇ ਵਿੱਚੋਂ ਨਿਕਲ ਕੇ ਮਨ ਦੀ ਸੱਚੀ ਸਮਝ ਨਾਲ ਜੁੜੀਏ ਜਿਸ ਨਾਲ ਸਾਨੂੰ ਜੋੜਨ ਦਾ ਮਕਸਦ ਹੀ ਗੁਰਬਾਣੀ ਦੀ ਰਚਨਾ ਦਾ ਮਕਸਦ ਹੈ। **(ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥ ਚੀਨੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥)**

ਪ੍ਰਮਾਤਮਾ ਸਾਡੇ ਅੰਦਰੋਂ ਮਾਇਆ ਨੂੰ ਕਿਸ ਰੂਪ ਦੁਆਰਾ ਸਾੜਦਾ ਹੈ ਤੇ ਆਪਣਾ ਤੱਤ ਗਿਆਨ ਕਿਸ ਰੂਪ ਵਿੱਚ ਦਿੰਦਾ ਹੈ, ਕਿਸ ਮਕਸਦ ਲਈ ਦਿੰਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥

ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥”

ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦਾ ਉਹ ਕਿਹੜਾ ਭੋਜਨ ਹੈ ਜਿਸਨੂੰ ਖਾਣ ਦੇ ਨਾਲ ਗੁਰੂ ਪ੍ਰਮਾਤਮਾ ਦੇ ਨਾਲ ਸਾਡਾ ਪਿਆਰ ਜੁੜਦਾ ਹੈ।

44/5807

ਪ੍ਰਮਾਤਮਾ ਆਪਣੇ ਦਰ ਤੇ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ ਭਾਵ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਤੇ ਇਹੀ ਉਸਦਾ ਸੱਚਾ ਭੋਜਨ ਹੈ ਜਿਸਨੂੰ ਸਾਡਾ ਮਨ ਛੱਕਦਾ ਹੈ। ਇਹ ਪ੍ਰਮਾਤਮਾ ਦਾ ਅੰਮ੍ਰਿਤ ਭੋਜਨ ਹੈ ਜਿਸਨੂੰ ਛੱਕਣ ਦੁਆਰਾ ਸਾਡੇ ਮਨ ਦੇ ਭਰਮ ਦੂਰ ਹੁੰਦੇ ਹਨ, ਅਗਿਆਨਤਾ ਦੂਰ ਹੁੰਦੀ ਹੈ ਭਾਵ ਮਨ ਦੀ ਮਾੜੀ ਸਮਝ ਦੂਰ ਹੁੰਦੀ ਹੈ, ਮਨਮਤਿ ਦੂਰ ਹੁੰਦੀ ਹੈ, ਮਾਇਆ ਮੋਹ ਦੂਰ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਜਿਸ ਅਵਸਥਾ ਵਿੱਚ ਰਹਿੰਦੇ ਹੋਏ ਅਸੀਂ ਮਾਇਆ ਦੇ ਭਉ ਵਿੱਚ ਰਹਿੰਦੇ ਹਾਂ, ਮਾਇਯਾਵੀ ਪਦਾਰਥਾਂ ਦੀ ਪ੍ਰਾਪਤੀ ਦੇ ਭਉ ਵਿੱਚ ਰਹਿੰਦੇ ਹਾਂ ਜਿਸ ਵਿੱਚ ਰਹਿੰਦਿਆਂ ਅਸੀਂ ਧਰਮ ਦੇ ਮਾਰਗ ਤੇ ਨਹੀਂ ਚੱਲ ਸਕਦੇ। ਜੋ ਪ੍ਰਮਾਤਮਾ ਦੇ ਭੋਜਨ ਨੂੰ ਛੱਕ ਲੈਂਦਾ ਹੈ ਉਹ ਫਿਰ ਭਰਮ ਭਉ ਵਾਲੀ ਅਵਸਥਾ ਵਿੱਚੋਂ ਨਿਕਲ ਜਾਂਦਾ ਹੈ ਭਾਵ ਉਸਨੂੰ ਧਰਮ ਦੇ ਸੱਚੇ ਮਾਰਗ ਦੀ ਸੋਝੀ ਪੈ ਜਾਂਦੀ ਹੈ। **(ਭੋਜਨੁ ਭਾਉ ਭਰਮੁ ਭਉ ਭਾਗੈ ॥)** ਮਨ ਦੇ ਵਿੱਚ ਫਿਰ ਧਰਮ ਦੇ ਮਾਰਗ ਦੀ, ਭਗਤੀ ਦੇ ਮਾਰਗ ਦੀ ਸਮਝ ਫਿਰ ਕਿਸ ਰੂਪ ਵਿੱਚ ਪੈਂਦੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਪਾਹਰੂਅਰਾ ਛਬਿ ਚੋਰੁ ਨ ਲਾਗੈ ॥”

ਉਪਰ ਸਾਡੇ ਰਾਖੇ ਦੀ ਗੱਲ ਕੀਤੀ ਹੋਈ ਹੈ ਜਿਸਨੇ ਸਾਨੂੰ ਚੋਰਾਂ ਕੋਲੋਂ ਬਚਾਉਣਾ ਹੈ। ਜਦ ਤੱਕ ਸਾਡੇ ਅੰਦਰ ਭਰਮ ਭਉ ਹੈ ਭਾਵ ਜਦ ਤੱਕ ਅਸੀਂ ਅਗਿਆਨਤਾ ਵਾਲੀ ਮਾੜੀ ਮਤਿ ਵਿੱਚ ਹਾਂ ਤਦ ਤੱਕ ਚੋਰ ਵੀ ਸਾਡੇ ਨਾਲ ਹੀ ਹਨ। ਇਹ ਚੋਰ ਨਾਮ ਦੇ ਚੋਰ ਹਨ ਜੋ ਸਾਡੇ ਅੰਦਰੋਂ ਨਾਮ ਚੁਰਾਉਂਦੇ ਹਨ। ਸਾਡੇ ਚੋਰ ਸਾਡੇ ਮਾੜੇ ਵਿਚਾਰ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦੋਂ ਪ੍ਰਮਾਤਮਾ ਆਪਣਾ ਗਿਆਨ ਰੂਪ ਭੋਜਨ ਛਕਾਉਂਦਾ ਹੈ ਉਸ ਰਾਹੀਂ ਉਹ ਸਾਨੂੰ ਗੁਰਮਤਿ ਰੂਪ ਸੱਚੀ ਸੋਝੀ ਹੀ ਬਖਸ਼ਦਾ ਹੈ, ਸ਼ਬਦਾਂ ਦੀ ਵਿਚਾਰ ਰੂਪ ਵਿੱਚ ਬਖਸ਼ਦਾ ਹੈ। ਇਹ ਗੁਰਮਤਿ ਰੂਪ ਸੱਚਾ ਗਿਆਨ ਸਾਡੇ ਮਨ ਦਾ ਰਾਖਾ ਹੈ ਜਿਸ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਆਪ ਹੈ ਤੇ ਉਹ ਆਪ ਹੀ ਸਾਡੀ ਰਾਖੀ ਮਨ ਦੇ ਮਾੜੇ ਵਿਚਾਰਾਂ ਤੋਂ ਕਰਦਾ ਹੈ ਭਾਵ ਉਨ੍ਹਾਂ ਨੂੰ ਫਿਰ ਸਾਡੇ ਅੰਦਰ ਵੜਨ ਨਹੀਂ ਦਿੰਦਾ ਭਾਵ ਵੱਸਣ ਨਹੀਂ ਦਿੰਦਾ, ਮਾਇਆ ਮੋਹ ਨੂੰ ਵੱਸਣ ਨਹੀਂ ਦਿੰਦਾ ਤੇ ਮਨੁੱਖੀ ਮਤਿ ਨੂੰ ਔਗੁਣਾਂ ਤੋਂ ਰਹਿਤ ਕਰਕੇ ਰੱਖਦਾ ਹੈ ਤੇ ਮਨੁੱਖ ਫਿਰ ਗੁਣਾਂ ਅਨੁਸਾਰ ਹੀ ਵਿਚਰਦਾ ਹੈ ਜੋ ਕਿ ਭਗਤੀ ਦਾ ਸੱਚਾ ਮਾਰਗ ਹੈ। **(ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥)** ਪ੍ਰਮਾਤਮਾ ਮਨ ਦੇ ਇਸੇ ਰੂਪ ਵਿੱਚ ਹੀ ਸਾਡੀ ਮਤਿ ਨੂੰ ਤਿਲਕ ਲਗਾਉਂਦਾ ਹੈ ਭਾਵ ਉਸਨੂੰ ਸੱਚੇ ਮਾਨ ਵਾਲੀ ਮਤਿ

44/5808

ਬਣਾਉਂਦਾ ਹੈ ਤੇ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਵੀ ਮਨ ਦੀ ਇਸ ਸਮਝ ਦੁਆਰਾ ਹੀ ਹੁੰਦੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥”

ਆਪਣੇ ਸਰੀਰਕ ਰੂਪ ਮੱਥੇ ਉਪਰ ਤਿਲਕ ਲਗਾਉਣ ਵਾਲੇ ਤਾਂ ਬਹੁਤ ਹਨ ਜਿਸ ਦੁਆਰਾ ਉਹ ਭਗਤੀ ਵਾਲੇ ਅਖਵਾਉਂਦੇ ਹਨ ਤੇ ਦੁਨਿਆਵੀ ਮਾਨ ਲੈਂਦੇ ਹਨ ਪਰ ਪ੍ਰਮਾਤਮਾ ਜਿਸਨੂੰ ਭਗਤੀ ਦਾ ਸੱਚਾ ਮਾਨ ਬਖਸ਼ਦਾ ਹੈ ਉਹ ਉਸਨੂੰ ਮਨ ਦੇ ਵਿੱਚ ਆਪ ਹੀ ਤਿਲਕ ਲਗਾਉਂਦਾ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਤਿਲਕ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਭਰਮ ਭਉ ਵਿੱਚੋਂ ਕੱਢ ਕੇ ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ। ਜਿਸਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਉਸਨੇ ਮਨ ਦੇ ਵਿੱਚੋਂ ਹੀ ਜਾਣਿਆ ਹੈ ਭਾਵ ਮਨ ਦੇ ਭਰਮਾਂ ਵਿੱਚੋਂ ਨਿਕਲ ਕੇ ਜਾਣਿਆ ਹੈ ਜਿਨ੍ਹਾਂ ਵਿੱਚੋਂ ਪ੍ਰਮਾਤਮਾ ਆਪ ਹੀ ਕੱਢਦਾ ਹੈ। ਪ੍ਰਮਾਤਮਾ ਦਾ ਇਹ ਤਿਲਕ ਸਾਡੇ ਅੰਦਰ **“ਬਿਬੇਕੁ”** ਦੇ ਰੂਪ ਵਿੱਚ ਹੈ ਭਾਵ ਸੱਚੀ ਮਤਿ ਦੇ ਰੂਪ ਵਿੱਚ ਹੈ ਜਿਸ ਤੋਂ ਉਪਰ ਕੋਈ ਹੋਰ ਮਤਿ ਨਹੀਂ ਹੋ ਸਕਦੀ, ਕੋਈ ਹੋਰ ਸਮਝ ਨਹੀਂ ਹੋ ਸਕਦੀ ਜੋ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਨੂੰ ਸਮਝ ਸਕੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝੇ ਬਿਨ੍ਹਾਂ ਕੋਈ ਵੀ **“ਬਿਬੇਕੁ”** ਵਾਲਾ ਨਹੀਂ ਹੋ ਸਕਦਾ ਕਿਉਂਕਿ ਪ੍ਰਮਾਤਮਾ ਸਾਡੇ ਅੰਦਰ ਹੈ ਹੀ ਬਿਬੇਕ ਦੇ ਰੂਪ ਵਿੱਚ ਭਾਵ ਸੱਚੇ ਗਿਆਨ ਦੇ ਰੂਪ ਵਿੱਚ। **(ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥ ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥)**

{ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥ ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ ॥
ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥ ਸਾਚ ਧਰਮ ਕੀ ਕਰਿ ਦੀਨੀ ਵਾਰਿ ॥
ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥ ਨਾਮੁ ਖੇਤੀ ਬੀਜਹੁ ਭਾਈ ਮੀਤ ॥
ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥ ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥
ਜੇਜੀਆ ਡੰਨੁ ਕੋ ਲਏ ਨ ਜਗਾਤਿ ॥ ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥
ਵਖਰੁ ਨਾਮੁ ਲਦਿ ਖੇਪ ਚਲਾਵਹੁ ॥ ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥
ਸਤਿਗੁਰੁ ਸਾਹੁ ਸਿਖ ਵਣਜਾਰੇ ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ ॥੭॥
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ॥੮॥੧॥}

(ਅੰਗ ੪੩੦)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥}

(ਅੰਗ ੬੦੦)

{ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥}

(ਅੰਗ ੭੯੩)

44/5809

{ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥
ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥੨੮॥੯੮॥}

(ਅੰਗ ੫੨)

{ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥}

(ਅੰਗ ੧੨੯)

{ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥੨॥}

(ਅੰਗ ੧੬੮)

{ਕਰਨ ਕਰਾਵਨ ਸਭੁ ਕਿਛੁ ਏਕੈ ॥ ਆਪੇ ਬੁਧਿ ਬੀਚਾਰਿ ਬਿਬੇਕੈ ॥
ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥}

(ਅੰਗ ੨੩੬)

{ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

ਸਲੋਕ ਮਃ ੩ ॥

{ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥
ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥
ਅੰਤਰਿ ਹਰਿ ਨਾਮੁ ਬਾਸਨਾ ਸਮਾਣੀ ॥ ਹਰਿ ਦਰਿ ਸੋਭਾ ਮਹਾ ਉਤਮ ਬਾਣੀ ॥
ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥ ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ ॥੧॥}

(ਅੰਗ ੩੧੭)

{ਨਕਟੀ ਕੋ ਠਨਗਨੁ ਬਾਡਾ ਭੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥}

(ਅੰਗ ੪੭੬)

44/5810

ਪਉੜੀ ॥

{ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥
ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥
ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥ ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ॥
ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥}

(ਅੰਗ ੫੯੯)

{ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥}

(ਅੰਗ ੬੪੧)

{ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ ॥ ਸੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ ॥
ਜਨੁ ਨਾਨਕੁ ਕਹੈ ਵਿਚਾਰਾ ਗੁਰਮੁਖਿ ਹਰਿ ਸਤਿ ਹਰਿ ॥੧੧॥}

(ਅੰਗ ੬੪੬)

{ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ ॥
ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥}

(ਅੰਗ ੬੮੭)

{ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥੩॥
ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥}

(ਅੰਗ ੭੧੧)

{ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥ ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥
ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥}

(ਅੰਗ ੭੬੧)

{ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥}

(ਅੰਗ ੭੭੨)

44/5811

{ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥ ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥
ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥
ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥੩॥}

(ਅੰਗ ੯੪੭)

{ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥
ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥}

(ਅੰਗ ੯੮੧)

{ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ ॥ ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ ॥੧॥}

(ਅੰਗ ੧੦੦੭)

{ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ ॥
ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥}

(ਅੰਗ ੧੧੧੪)

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥

ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥}

(ਅੰਗ ੧੧੩੨)

{ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥}

(ਅੰਗ ੧੧੫੦)

{ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥
ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥}

(ਅੰਗ ੧੧੫੭)

{ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥
ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥੧॥}

(ਅੰਗ ੧੨੦੯)

44/5812

{ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ ੧੨੭੬)

{ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥
ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥੨॥}

(ਅੰਗ ੧੩੨੫)

{ਪ੍ਰਾਨ ਅਧਾਰ ਦੁਖ ਬਿਦਾਰ ਦੈਨਹਾਰ ਬੁਧਿ ਬਿਬੇਕ ॥੧॥}

(ਅੰਗ ੧੩੪੧)

{ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥ ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥੧੯੦॥
ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥ ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ ॥੧੯੧॥}

(ਅੰਗ ੧੩੭੪)

{ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥੪੪॥}

(ਅੰਗ ੧੪੧੮)

{ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥
ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥੧੬॥}

(ਅੰਗ ੧੪੨੨)

ਬਿਬੇਕ ਕੀ ਹੈ ਇਸਨੂੰ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਬਾਰੀਕੀ ਨਾਲ ਸਮਝ ਸਕਦਾ ਹੈ ਤੇ ਇਸ ਗੱਲ ਨੂੰ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਮਨ ਦੇ ਬਿਬੇਕ ਦੁਆਰਾ ਹੀ ਬੁੱਝਿਆ ਜਾ ਸਕਦਾ

ਹੈ ਭਾਵ ਬਿਬੇਕ ਬੁਧਿ ਦੁਆਰਾ, ਬਿਬੇਕ ਗਿਆਨ ਦੁਆਰਾ ਭਾਵ ਸਭ ਤੋਂ ਉੱਚੇ ਗਿਆਨ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਬੁੱਝਿਆ ਜਾ ਸਕਦਾ ਹੈ। ਇਸੇ ਗੱਲ ਨੂੰ ਹੀ ਅਸੀਂ ਮੁੱਖ

44/5813

ਸ਼ਬਦ ਦੀ ਆਖਰੀ ਪੰਗਤੀ ਦੁਆਰਾ ਸਮਝਿਆ ਹੈ। **(ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥)**

ਸਾਡੇ ਲਈ ਉਹ ਗਿਆਨ ਕਿੱਥੋਂ ਮਿਲਦਾ ਹੈ ਜਿਸ ਦੁਆਰਾ ਸਾਡੇ ਅੰਦਰ ਦੀ ਬੁਧਿ ਬਿਬੇਕ ਵਾਲੀ ਬਣ ਸਕਦੀ ਹੈ ਇਹੀ ਗੱਲ ਸਾਡੇ ਵਿਚਾਰਨ ਯੋਗ ਹੈ। ਗੁਰੂ ਦਾ ਸੱਚਾ ਗਿਆਨ ਬਿਬੇਕ ਗਿਆਨ ਹੈ ਜਿਸਨੂੰ ਮੰਨਣ ਦੁਆਰਾ ਸਾਡੇ ਅੰਦਰ ਦੀ ਬੁਧਿ ਬਿਬੇਕ ਵਾਲੀ ਬਣ ਸਕਦੀ ਹੈ। ਬਿਬੇਕ ਗਿਆਨ ਹੀ ਪ੍ਰਮਾਤਮਾ ਦਾ ਨਾਮ ਹੈ ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਅਸੀਂ ਕਿਸੇ ਅੱਖਰ ਨੂੰ ਕਥੀ ਜਾਣਾ ਨਾਮ ਜਪਣਾ ਸਮਝਦੇ ਹਾਂ ਪਰ ਇਹੋ ਜਿਹੇ ਜਪ ਦੁਆਰਾ ਕੀ ਸਾਡੀ ਬੁਧਿ ਬਿਬੇਕ ਵਾਲੀ ਬਣ ਸਕਦੀ ਹੈ ਭਾਵ ਕੀ ਸਾਡੀ ਬੁਧਿ ਅਗਿਆਨਤਾ ਵਿੱਚੋਂ ਨਿਕਲ ਸਕਦੀ ਹੈ ਭਾਵ ਕਦੇ ਨਹੀਂ। ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਧਾਰਮਿਕ ਰਸਮਾਂ ਆਦਿ ਕਰਦੇ ਹਾਂ ਤੇ ਧਰਮ ਗ੍ਰੰਥਾਂ ਦਾ ਪਾਠ ਕਰਦੇ ਹਾਂ, ਪੜਦੇ ਹਾਂ ਭਾਵ ਕੇਵਲ ਕਥਨੀ ਕਰਦੇ ਹਾਂ ਪਰ ਕੀ ਇਹੋ ਕੁਝ ਕਰਨ ਨਾਲ ਸਾਡੇ ਮਨ ਦੇ ਵਿੱਚੋਂ ਕੋਈ ਅਗਿਆਨਤਾ ਨਿਕਲਦੀ ਹੈ, ਕੀ ਸਾਡੇ ਅੰਦਰ ਕੋਈ ਗਿਆਨ ਵੱਸਦਾ ਹੈ ਜੋ ਸਾਡੀ ਬੁਧਿ ਨੂੰ ਬਿਬੇਕ ਵਾਲੀ ਬਣਾ ਸਕੇ ਤੇ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਸਕੀਏ ਜੋ ਕੇਵਲ ਬਿਬੇਕ ਬੁਧਿ ਦੁਆਰਾ ਹੀ ਦਿਸਦਾ ਹੈ, ਮਨ ਦੀਆਂ ਗਿਆਨ ਰੂਪ ਅੱਖਾਂ ਦੁਆਰਾ ਦਿਸਦਾ ਹੈ ਭਾਵ ਆਪਣੀ ਕਥਨੀ ਕਰੀ ਜਾਣ ਦੁਆਰਾ ਅਸੀਂ ਕਦੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥

ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥”

ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਉਸ ਲਈ ਇੱਕੋ ਇੱਕ ਸਾਧਨ ਆਪਣੇ ਮਨ ਨੂੰ ਜਿੱਤਣ ਦਾ ਹੈ। ਸਾਡਾ ਮਨ ਮਾਇਆ ਮੋਹ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੇ ਭਰਮਾਂ ਵਿੱਚ, ਮਨ ਦੀ ਅਗਿਆਨਤਾ ਵਿੱਚ ਫੱਸਿਆ ਹੋਇਆ ਹੈ। ਆਪਣੇ ਮਨ ਨੂੰ ਕੇਵਲ ਤੇ ਕੇਵਲ ਗੁਰੂ ਦੇ ਗਿਆਨ ਦੁਆਰਾ ਜਿੱਤਿਆ ਜਾ ਸਕਦਾ ਹੈ। ਗੁਰੂ ਪ੍ਰਮਾਤਮਾ ਦੇ ਸਾਹਮਣੇ ਸਾਡੀ ਹਾਰ ਜਿੱਤ ਸਾਡੀ ਮਨ ਦੀ ਸਮਝ ਨਾਲ ਜੁੜੀ ਹੋਈ ਹੈ। ਅਗਿਆਨਤਾ ਗਿਆਨ ਦੇ ਅੱਗੇ ਭਾਵ ਸੱਚੇ ਗਿਆਨ ਦੇ ਅੱਗੇ ਹਮੇਸ਼ਾ

ਹਾਰਦੀ ਹੈ। ਅਸੀਂ ਮਨ ਦੀ ਇਸ ਹਾਰ ਵਿੱਚੋਂ ਹੀ ਨਿਕਲਣਾ ਹੈ ਤੇ ਜਿੱਤ ਵਾਲੇ ਪਾਸੇ ਨਾਲ ਜੁੜਣਾ ਹੈ ਜੋ ਕਦੇ ਹਾਰ ਨਹੀਂ ਸਕਦਾ। ਗੁਰੂ ਦਾ ਸੱਚਾ ਗਿਆਨ ਕਦੇ ਹਾਰ ਨਹੀਂ ਸਕਦਾ ਕਿਉਂਕਿ ਉਸ ਤੋਂ ਉਪਰ ਕੋਈ ਗਿਆਨ ਬਣਿਆ ਹੀ ਨਹੀਂ ਤੇ ਨਾ ਬਣ ਸਕਦਾ ਹੈ। ਗੁਰੂ ਦਾ ਸੱਚਾ ਗਿਆਨ ਅਟੱਲ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ ਤੇ ਕਦੇ ਬਦਲ ਨਹੀਂ ਸਕਦਾ ਭਾਵ ਉਸਨੂੰ ਕਦੇ ਨੀਵਾਂ ਨਹੀਂ ਕੀਤਾ ਜਾ ਸਕਦਾ, ਹਰਾਇਆ ਨਹੀਂ ਜਾ ਸਕਦਾ। ਗੁਰੂ ਦਾ ਗਿਆਨ ਬਿਬੇਕ ਰੂਪ ਗਿਆਨ ਹੈ, ਬ੍ਰਹਮ ਗਿਆਨ ਹੈ ਭਾਵ ਨਾਮ ਹੈ, ਸੱਚ ਹੈ ਤੇ ਸੱਚ ਤੋਂ ਉੱਚਾ ਕੋਈ ਹੋਰ ਗਿਆਨ ਨਹੀਂ ਹੋ ਸਕਦਾ ਭਾਵ ਇਹ ਤੱਤ ਗਿਆਨ ਹੈ। ਜੇਕਰ ਅਸੀਂ ਆਪਣੇ ਮਨ ਦੀ ਅਗਿਆਨਤਾ ਤੋਂ ਜਿੱਤਣਾ ਹੈ ਤੇ ਫਿਰ ਉਸ ਲਈ ਇੱਕੋ ਇੱਕ ਤਰੀਕਾ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦਾ ਹੈ ਭਾਵ ਮਨ ਦੇ ਭਰਮਾਂ ਵਿੱਚੋਂ ਨਿਲਕਣ ਦਾ ਹੈ। ਅਸੀਂ ਆਪਣੀ ਜਿੱਤ ਲਈ ਅਨੇਕਾਂ ਆਚਾਰ ਕਰਦੇ ਹਾਂ ਭਾਵ ਧਾਰਮਿਕ ਰਸਮਾਂ ਆਦਿ ਕਰਦੇ ਹਾਂ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਅਸੀਂ ਧਰਮ ਗ੍ਰੰਥਾਂ ਦਾ ਪਾਠ ਪੜਦੇ ਹਾਂ ਭਾਵ ਕੇਵਲ ਕਥਨੀ ਕਰਦੇ ਹਾਂ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਉਸਦੀ ਕੀਮਤ ਪਾਉਂਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ ਭਾਵ ਇਹ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਨਹੀਂ ਹੈ। **(ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥)**

{ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥

ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥}

(ਅੰਗ ੧੦੯੬)

{ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥

ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥}

(ਅੰਗ ੧੧੦੩)

{ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥

ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥}

(ਅੰਗ ੨੩੫)

44/5815

{ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥ ਆਪੁ ਨ ਚੀਨੈ ਬਾਜੀ ਹਾਰੀ ॥੬॥}

(ਅੰਗ ੨੩੦)

{ਜੋ ਭਲਾਈ ਸੋ ਬੁਰਾ ਜਾਨੈ ॥ ਸਾਚੁ ਕਹੈ ਸੋ ਬਿਖੈ ਸਮਾਨੈ ॥
ਜਾਣੈ ਨਾਹੀ ਜੀਤ ਅਰੁ ਹਾਰ ॥ ਇਹੁ ਵਲੇਵਾ ਸਾਕਤ ਸੰਸਾਰ ॥੨॥}

(ਅੰਗ ੧੮੦)

{ਮਨਮੁਖੁ ਕਰਮ ਕਰੇ ਅਹੰਕਾਰੀ ॥ ਜੂਐ ਜਨਮੁ ਸਭ ਬਾਜੀ ਹਾਰੀ ॥
ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥੭॥}

(ਅੰਗ ੧੩੦)

{ਬੇਬਰਜਤ ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ ॥ ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ ॥੧॥}

(ਅੰਗ ੨੧੨)

{ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥ ਮਾਇਆ ਕਉ ਲੂਝਹਿ ਗਾਵਾਰੀ ॥
ਜਨਮਿ ਮਰਹਿ ਜੂਐ ਬਾਜੀ ਹਾਰੀ ॥ ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥}

(ਅੰਗ ੩੬੬)

ਗਉੜੀ ਮਹਲਾ ੯ ॥

{ਸਾਧੋ ਇਹੁ ਮਨੁ ਗਹਿਓ ਨ ਜਾਈ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥
ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥੨॥੪॥}

(ਅੰਗ ੨੧੯)

{ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ ॥ ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ ॥੪॥
ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ॥ ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ ॥੫॥}

(ਅੰਗ ੪੨੨)

{ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ ॥ ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ ॥}

(ਅੰਗ ੨੪੪)

44/5816

ਸੋਰਠਿ ਮਹਲਾ ੧ ॥

{ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥

ਘਟਿ ਘਟਿ ਰਵਿ ਰਹਿਆ ਬਨਵਾਰੀ ॥
ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥
ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥
ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥
ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥
ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥
ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥}

(ਅੰਗ ੫੯੭-੫੯੮)

{ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥}

(ਅੰਗ ੩੧੪)

{ਪਾਰਸ ਪਰਸੇ ਫਿਰਿ ਪਾਰਸੁ ਹੋਏ ਹਰਿ ਜੀਉ ਅਪਣੀ ਕਿਰਪਾ ਧਾਰੀ ॥੨॥
ਇਕਿ ਭੇਖ ਕਰਹਿ ਫਿਰਹਿ ਅਭਿਮਾਨੀ ਤਿਨ ਜੂਐ ਬਾਜੀ ਹਾਰੀ ॥੩॥}

(ਅੰਗ ੯੧੧)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥}

(ਅੰਗ ੩੭੯)

{ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥੨॥}

(ਅੰਗ ੧੦੧੨)

{ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧॥ ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥
ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥}

(ਅੰਗ ੪੯੫)

{ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ ॥
ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥੨॥
ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ॥ ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥੩॥
ਸਹਜ ਸੂਖ ਆਨੰਦ ਨਾਮ ਰਸ ਹਰਿ ਸੰਤੀ ਮੰਗਲੁ ਗਾਇਆ ॥
ਸਫਲ ਦਰਸਨੁ ਭੇਟਿਓ ਗੁਰ ਨਾਨਕ ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥}

(ਅੰਗ ੭੪੭)

{ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ ॥
ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥੩॥}

(ਅੰਗ ੧੧੯੮)

44/5817

ਪਉੜੀ ॥

{ਜਿਸੁ ਤੂ ਵੁਠਾ ਚਿਤਿ ਤਿਸੁ ਦਰਦੁ ਨਿਵਾਰਣੋ ॥ ਜਿਸੁ ਤੂ ਵੁਠਾ ਚਿਤਿ ਤਿਸੁ ਕਦੇ ਨ ਹਾਰਣੋ ॥
ਜਿਸੁ ਮਿਲਿਆ ਪੂਰਾ ਗੁਰੂ ਸੁ ਸਰਪਰ ਤਾਰਣੋ ॥ ਜਿਸ ਨੋ ਲਾਏ ਸਚਿ ਤਿਸੁ ਸਚੁ ਸਮ੍ਹਾਲਣੋ ॥
ਜਿਸੁ ਆਇਆ ਹਥਿ ਨਿਧਾਨੁ ਸੁ ਰਹਿਆ ਭਾਲਣੋ ॥ ਜਿਸ ਨੋ ਇਕੋ ਰੰਗੁ ਭਗਤੁ ਸੋ ਜਾਨਣੋ ॥
ਓਹੁ ਸਭਨਾ ਕੀ ਰੇਣੁ ਬਿਰਹੀ ਚਾਰਣੋ ॥ ਸਭਿ ਤੇਰੇ ਚੋਜ ਵਿਡਾਣ ਸਭੁ ਤੇਰਾ ਕਾਰਣੋ ॥੧੩॥}

(ਅੰਗ ੯੬੩)

{ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥ ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥੧੪॥}

(ਅੰਗ ੧੨੪੩)

{ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥ ਅਸੁਰ ਨਦੀ ਕਾ ਬੰਧੈ ਮੂਲੁ ॥
ਪਛਿਮ ਫੇਰਿ ਚੜਾਵੈ ਸੂਰੁ ॥ ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥}

(ਅੰਗ ੯੭੪)

{ਸੁਪਨੰਤਰੁ ਸੰਸਾਰੁ ਸਭੁ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ ॥
ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ ॥੫॥}

(ਅੰਗ ੧੩੧੧)

{ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥ ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥
ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥੧॥ ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥
ਨਾਮੁ ਰਸਾਇਣੁ ਭਾਇ ਲੈ ਪਰਹਰਿ ਦੁਖੁ ਭਾਰੀ ॥੧॥ ਰਹਾਉ ॥}

(ਅੰਗ ੧੦੦੮)

{ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥}

(ਅੰਗ ੧੧੮੫)

{ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉ ਹਾਰਾ ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥}

(ਅੰਗ ੧੦੨੯)

{ਸੁਖ ਸਾਗਰੁ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ ॥
ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿ ਹਾਰੇ ॥੪॥੧॥}

(ਅੰਗ ੧੧੨੨)

44/5818

{ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥੧॥}

(ਅੰਗ ੧੨੨੦)

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਵਸਗਤਿ ਕੀਤਾ ॥
ਇਕਿ ਮਨਮੁਖ ਕਰਿ ਹਾਰਾਇਅਨੁ ਇਕਨਾ ਮੇਲਿ ਗੁਰੂ ਤਿਨਾ ਜੀਤਾ ॥}

(ਅੰਗ ੧੩੧੭)

ਸਾਡੀ ਜਿੱਤ ਹਾਰ ਕੀ ਹੈ ਇਸ ਗੱਲ ਨੂੰ ਹੀ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਸਾਡੀ ਜਿੱਤ ਉਦੋਂ ਹੁੰਦੀ ਹੈ ਜਦੋਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਾਂ ਤੇ ਉਸਦੀ ਸਭ ਨੂੰ ਜਿੱਤਣ ਵਾਲੀ ਸਮਝ ਦੇ ਨਾਲ ਰੱਲ ਜਾਂਦੇ ਹਾਂ ਜਿਸ ਆਪਣੀ ਸਮਝ ਵਿੱਚ ਕਿਸੇ ਨੂੰ ਉਹ ਆਪ ਹੀ ਆਪਣੇ ਮੇਲ ਦੁਆਰਾ ਰਲਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਆਪਣੀ ਸਮਝ ਦੇ ਨਾਲ ਰਲਾਇਆ ਹੈ ਜਿਸ ਸਮਝ ਰਾਹੀਂ ਉਨ੍ਹਾਂ ਨੇ ਆਪਣੀ ਭਰਮਾਂ ਵਾਲੀ ਸਮਝ ਨੂੰ, ਮਨ ਦੀ ਅਗਿਆਨਤਾ ਨੂੰ, ਹਉਮੈ ਵਾਲੀ ਸਮਝ ਨੂੰ, ਤ੍ਰੈ ਗੁਣਾਂ ਵਾਲੀ ਸਮਝ ਨੂੰ, ਮਾਇਆ ਮੋਹ ਵਾਲੀ ਸਮਝ ਨੂੰ ਜਿੱਤਿਆ ਹੈ। ਇਹ ਆਪਣੇ ਮਨ ਨੂੰ ਜਿੱਤਣ ਵਾਲੀ ਗੱਲ ਹੀ ਹੈ। ਆਪਣੇ ਮਨ ਨੂੰ ਜਿੱਤਣਾ ਜਾਂ ਮਨ ਦੀ ਨਾਸਮਝ ਮਤਿ ਨੂੰ ਜਿੱਤਣਾ ਇੱਕੋ ਹੀ ਗੱਲ ਹੈ ਕਿਉਂਕਿ ਮਨ ਦੀ ਨਾਸਮਝ ਮਤਿ ਨੂੰ ਜਿੱਤਣਾ ਹੀ ਗੁਰੂ ਦੀ ਮਤਿ ਵਾਲੀ ਸਮਝ ਦੇ ਨਾਲ ਇੱਕ ਹੋਣਾ ਹੈ ਜਿਸ ਸਮਝ ਵਿੱਚ ਰੱਲ ਕੇ ਹੀ ਨਾਮ ਦੀ ਸਮਝ ਪੈਂਦੀ ਹੈ, ਗੁਰਮਤਿ ਦੀ ਸੱਚੀ ਸਮਝ ਪੈਂਦੀ ਹੈ, ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਹੈ। ਪ੍ਰਮਾਤਮਾ ਆਪ ਇਸ ਸੱਚੀ ਸਮਝ ਦੇ ਵਿੱਚ ਹੀ ਹੈ ਜਿਸ ਵਿੱਚ ਰੱਲ ਕੇ ਹੀ ਆਪਣੇ ਅੰਦਰੋਂ ਸਮਝ ਦੇ ਮਾਲਕ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਆਪਣੀ ਉੱਚੀ ਸਮਝ ਵਿੱਚ ਭਾਵ ਨਾਮ ਵਾਲੀ, ਬ੍ਰਹਮ ਗਿਆਨ ਵਾਲੀ ਸਮਝ ਦੇ ਵਿੱਚ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਕਿਸੇ ਨੂੰ ਆਪ ਹੀ ਰਲਾਉਂਦਾ ਹੈ ਜਿਸ ਉੱਚੀ ਸਮਝ ਦੁਆਰਾ ਹੀ ਕੋਈ ਆਪਣੀ ਭਰਮਾਂ ਵਾਲੀ ਸਮਝ ਤੋਂ ਜਿੱਤ ਪਾ ਸਕਦਾ ਹੈ, ਹਉਮੈ ਤੋਂ ਜਿੱਤ ਪਾ ਸਕਦਾ ਹੈ। ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਹਰ ਕੋਈ ਇਸ ਸੰਸਾਰ ਤੋਂ ਹਾਰ ਕੇ ਹੀ ਗਏ ਹਨ ਭਾਵ ਇਸ ਜਿੰਦਗੀ ਦੀ ਖੇਡ ਨੂੰ ਹਰ ਕੋਈ ਹਾਰ ਕੇ ਹੀ ਜਾਂਦਾ ਹੈ ਭਾਵੇਂ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਕਿਤਨਾ ਵੀ ਉੱਚਾ ਅਖਵਾ ਕੇ ਜਾਂਦਾ ਹੈ। ਦੇਵੀ ਦੇਵਤੇ ਅਖਵਾਉਂਣ ਵਾਲੇ ਵੀ ਹਾਰ ਕੇ ਹੀ ਗਏ ਹਨ ਜਿਵੇਂ ਕਿ ਅਸੀਂ ਉਪਰ ਸਮਝਿਆ ਹੈ। ਪ੍ਰਮਾਤਮਾ ਨੂੰ ਜਾਨਣ ਲਈ ਆਪਣੇ ਅੰਦਰ ਮਾਇਆ ਮੋਹ ਨੂੰ ਜਿੱਤਣ ਦੀ ਲੋੜ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਨੂੰ ਜਿੱਤਣ ਦੀ ਲੋੜ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਨੂੰ ਜਿੱਤਣ ਦੀ ਲੋੜ ਹੈ ਤੇ ਇਹੀ ਆਪਣੇ ਮਨ ਨੂੰ ਜਿੱਤਣਾ ਹੈ ਜਿਸ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ, ਇਸ ਮਨ ਨੂੰ ਜਿੱਤਣਾ ਹੀ ਜਨਮ ਨੂੰ ਜਿੱਤਣਾ ਹੈ। ਸਾਡਾ ਜਨਮ ਸਾਡੇ ਮਨ ਦੀ ਸਮਝ ਹੈ ਭਾਵ ਮਨ ਦੀ ਹਉਮੈ ਰੂਪ ਸਮਝ ਹੈ, ਮਾਇਆ ਰੂਪ ਸਮਝ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਤੇ ਮਨ ਦੀ ਇਹ ਸਮਝ ਹੀ ਸਾਡਾ ਮਨੁੱਖੀ ਜਨਮ ਹੈ। ਆਪਣੇ ਮਨ ਦੀ ਸਮਝ ਨੂੰ ਜਿੱਤਣਾ ਜਾਂ ਆਪਣੇ ਜਨਮ ਨੂੰ ਜਿੱਤਣਾ ਇੱਕੋ ਹੀ ਗੱਲ ਹੈ। ਇਸਨੂੰ ਜਿੱਤਣ ਦੇ ਨਾਲ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਉਸਦਾ ਮਨੁੱਖੀ ਰੂਪ ਕੇਵਲ ਇੱਕ ਭਰਮ ਹੈ, ਉਸਦਾ ਜਨਮ ਕੇਵਲ ਇੱਕ ਭਰਮ ਹੈ ਕਿਉਂਕਿ ਅਸਲ ਵਿੱਚ ਸਾਡੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸਦੀ ਸਮਝ ਮਨ ਦੀ ਮਾਇਆ ਵਿੱਚੋਂ ਨਿਕਲਕੇ ਹੀ ਪੈਂਦੀ ਹੈ। ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜੋ ਖੇਡ ਉਹ ਸਭ ਨੂੰ ਮਨ ਦੇ ਭਰਮ ਵਿੱਚ ਰੱਖ ਕੇ ਚੱਲਾ ਰਿਹਾ ਹੈ। ਮਨ ਦਾ ਭਰਮ ਮਿਟੇ ਬਿਨ੍ਹਾਂ ਨਾ ਹੀ ਕੋਈ ਇਸ ਖੇਡ ਨੂੰ ਸਮਝ ਸਕਦਾ ਹੈ ਤੇ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਆਪ ਹੀ ਮਨੁੱਖੀ ਸਰੀਰ ਦਾ ਮਾਲਕ ਹੈ।

44/5819

ਇਸ ਖੇਡ ਨੂੰ ਜਾਣੇ ਬਿਨ੍ਹਾਂ ਹਰ ਕੋਈ ਸੰਸਾਰ ਵਿੱਚੋਂ ਆਪਣੇ ਆਪ ਨੂੰ ਮਨੁੱਖ ਸਮਝ ਕੇ ਹੀ ਜਾਂਦਾ ਹੈ ਭਾਵ ਖੇਡ ਹਾਰ ਕੇ ਹੀ ਜਾਂਦਾ ਹੈ ਕਿਉਂਕਿ ਆਪਣੇ ਆਪ ਨੂੰ ਮਨੁੱਖ ਉਹ ਹੀ ਕਹਿ ਸਕਦਾ ਹੈ, ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਉਹੀ ਕਹਿੰਦਾ ਹੈ ਜਿਸਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਨਹੀਂ ਜਾਣਿਆ ਜੋ ਕਿ ਸਭ ਕੁਝ ਅਸਲ ਵਿੱਚ ਆਪ ਹੀ ਹੈ ਤੇ ਮਨ ਦੇ ਭਰਮ ਕਰਕੇ ਹੀ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ, ਆਪਣੀ ਵੱਖਰੀ ਹੋਂਦ ਸਮਝਦਾ ਹੈ। ਇਹ ਸ੍ਰਿਸ਼ਟੀ ਦੇ ਕਰਤੇ ਦੀ ਰਚੀ

ਹੋਈ ਖੇਡ ਹੀ ਹੈ ਜਿਸ ਖੇਡ ਨੂੰ ਉਹ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਮਝਾ ਸਕਦਾ ਹੈ ਤੇ ਕਿਸੇ ਨੂੰ ਵਿਸ਼ਵਾਸ ਆ ਸਕਦਾ ਹੈ ਕਿ ਸਭ ਕੁਝ ਅਸਲ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਜਿਨ੍ਹਾਂ ਮਹਾਪੁਰਖਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਪੂਰੇ ਵਿਸ਼ਵਾਸ ਨਾਲ ਹੀ ਇਹ ਗੱਲ ਕਹੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਉਨ੍ਹਾਂ ਨੂੰ ਵਿਸ਼ਵਾਸ ਦਿਵਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸਨੇ ਉਨ੍ਹਾਂ ਦੇ ਸਰੀਰਾਂ ਰਾਹੀਂ ਉਨ੍ਹਾਂ ਦੇ ਮਨ ਦੇ ਵਿੱਚ ਪ੍ਰਗਟ ਹੋ ਕੇ ਇਹ ਵਿਸ਼ਵਾਸ ਉਸਨੇ ਆਪ ਹੀ ਦਿਵਾਇਆ ਹੈ। ਜਦ ਤੱਕ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਕਿਸੇ ਦਾ ਇਹ ਭਰਮ ਨਹੀਂ ਕੱਢਦਾ ਤਦ ਤੱਕ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਹੀ ਸਮਝਦਾ ਹੈ ਜਿਸ ਮਨ ਦੇ ਭਰਮ ਕਰਕੇ ਹੀ ਮਨੁੱਖ ਆਪਣੇ ਇਸ ਜੀਵਨ ਨੂੰ ਹਾਰ ਕੇ ਗਵਾ ਦਿੰਦਾ ਹੈ ਤੇ ਭਰਮ ਵਿੱਚ ਹੀ ਆਪਣੇ ਆਪ ਨੂੰ ਆਵਾਗਉਂਣ ਵਿੱਚ ਸਮਝੀ ਜਾਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥
ਸਗਲ ਪਰੋਈ ਅਪੁਨੈ ਸੂਤਿ ॥ ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥
ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥”

(ਅੰਗ ੨੯੪)

ਬਾਣੀ ਵਿੱਚ ਇਹ ਗੱਲ ਬਾਰ-ਬਾਰ ਲਿਖੀ ਹੋਈ ਹੈ ਕਿ ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ। ਹਰ ਕੋਈ ਇਹ ਗੱਲ ਕਹਿ ਤਾਂ ਦਿੰਦਾ ਹੈ ਪਰ ਇਹ ਖੇਡ ਕੀ ਹੈ ਤੇ ਪ੍ਰਮਾਤਮਾ ਕਿਵੇਂ ਚਲਾ ਰਿਹਾ ਹੈ ਇਸਦੀ ਸਮਝ ਸੰਸਾਰ ਨੂੰ ਨਹੀਂ ਹੈ। ਅਸੀਂ ਲੇਖ ਵਿੱਚ ਪਿੱਛੇ ਵੀ ਇਸ ਖੇਡ ਬਾਰੇ ਸਮਝਿਆ ਹੈ। ਪ੍ਰਮਾਤਮਾ ਦੀ ਇਸ ਖੇਡ ਨੂੰ ਉਹੀ ਸਮਝ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਇਹ ਖੇਡ ਸਮਝਾਉਂਦਾ ਹੈ। ਆਪਣੇ ਆਪ ਇਸ ਖੇਡ ਨੂੰ ਕੋਈ ਨਹੀਂ ਜਾਣ ਸਕਦਾ। ਪ੍ਰਮਾਤਮਾ ਦੀ ਇਹ ਖੇਡ ਕਿਸੇ ਦੇ ਵੀ ਅੰਦਾਜੇ ਤੋਂ ਬਾਹਰ ਹੈ ਭਾਵ ਸਮਝ ਤੋਂ ਬਾਹਰ ਹੈ। ਜਦ ਤੱਕ ਸਾਡੇ ਅੰਦਰ ਪ੍ਰਮਾਤਮਾ ਦੀ ਇਹ ਖੇਡ ਵਰਤ ਰਹੀ ਹੈ ਤੇ ਇਸਨੂੰ ਬੁੱਝੇ ਬਿਨ੍ਹਾਂ ਹਰ ਕੋਈ ਇਸ ਖੇਡ ਨੂੰ ਸਮਝਣ ਵਿੱਚ ਹਾਰ ਜਾਂਦਾ ਹੈ ਕਿਉਂਕਿ ਇਸ ਖੇਡ ਨੂੰ ਜਾਣੇ ਬਿਨ੍ਹਾਂ ਕੋਈ ਵੀ ਉਸ ਪ੍ਰਮਾਤਮਾ ਨੂੰ ਨਹੀਂ ਖੋਜ ਸਕਦਾ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ। ਆਪਣੇ ਆਪ ਨੂੰ ਵੱਡੇ ਵੱਡੇ ਦੇਵਤਾ ਰੂਪ ਅਖਵਾਉਂਣ ਵਾਲੇ ਵੀ ਇਸ ਸੰਸਾਰ ਤੋਂ ਹਾਰ ਕੇ ਚਲੇ ਗਏ ਹਨ ਕਿਉਂਕਿ ਉਨ੍ਹਾਂ ਨੂੰ ਪ੍ਰਮਾਤਮਾ ਦੀ ਇਹ ਖੇਡ ਸਮਝ ਨਹੀਂ ਆਈ ਜਿਸ ਕਰਕੇ ਉਹ ਪ੍ਰਮਾਤਮਾ ਨੂੰ ਨਹੀਂ ਖੋਜ ਸਕੇ ਭਾਵ ਨਹੀਂ ਜਾਣ ਸਕੇ। **(ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥)** ਪ੍ਰਮਾਤਮਾ ਦੀ ਇਹ ਖੇਡ ਕੀ ਹੈ ਤੇ ਇਸਨੂੰ ਕਿਉਂ ਨਹੀਂ ਜਾਣਿਆ ਜਾ ਸਕਦਾ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥”

ਪ੍ਰਮਾਤਮਾ ਦੀ ਇਸ ਖੇਡ ਨੂੰ ਤਾਂ ਹੀ ਜਾਣਿਆ ਜਾ ਸਕਦਾ ਹੈ ਜੇਕਰ ਸਾਨੂੰ ਇਹ ਸਮਝ ਲੱਗ ਜਾਵੇ ਕਿ ਮਨੁੱਖ ਦੀ ਅਸਲੀਅਤ ਕੀ ਹੈ, ਮਨੁੱਖ ਦਾ ਜਨਮ ਕਿਵੇਂ ਹੁੰਦਾ ਹੈ। ਅਸੀਂ ਆਪਣੇ ਮਨੁੱਖੀ ਰੂਪ

ਨੂੰ ਆਪਣਾ ਜਨਮ ਸਮਝਦੇ ਹਾਂ ਕਿ ਸਾਨੂੰ ਸਾਡੇ ਪਿਤਾ ਨੇ ਜਨਮਿਆ ਹੈ। ਪਿਤਾ ਨੂੰ ਕਿਸਨੇ ਜਨਮਿਆ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਹੈ ਜਿਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਵੈਸੇ ਤਾਂ ਹਰ ਕੋਈ ਕਹਿ ਸਕਦਾ ਹੈ ਕਿ ਮੇਰੇ ਪਿਤਾ ਨੂੰ ਮੇਰੇ ਦਾਦਾ ਨੇ ਜਨਮਿਆ ਹੈ ਪਰ ਉਪਰਲੀ ਪੰਗਤੀ ਤੇ ਇਹ ਗੱਲ ਪੂਰੀ ਨਹੀਂ ਉਤਰਦੀ। ਅਸਲ ਵਿੱਚ ਸਾਡੀ ਮਨੁੱਖੀ ਹੋਂਦ ਹੀ ਝੂਠੀ ਹੈ ਤੇ ਸਾਨੂੰ ਜੰਮਣ ਵਾਲਾ ਕੌਣ ਹੈ ਜਦ ਤੱਕ ਸਾਨੂੰ ਉਸ ਗੱਲ ਦੀ ਸਮਝ ਨਹੀਂ ਪੈਂਦੀ ਭਾਵ ਆਪਣੇ ਪਿਤਾ ਦੀ ਸਮਝ ਨਹੀਂ ਪੈਂਦੀ ਤਦ ਤੱਕ ਸਾਨੂੰ ਆਪਣੇ ਜਨਮ ਦੀ ਸਮਝ ਨਹੀਂ ਪੈ ਸਕਦੀ, ਆਪਣੇ ਮਨੁੱਖੀ ਜਨਮ ਦੀ ਸਮਝ ਨਹੀਂ ਪੈ ਸਕਦੀ। ਅਸੀਂ ਆਪਣੇ ਆਪ ਨੂੰ ਜੋ ਮਨੁੱਖੀ ਰੂਪ ਸਮਝਦੇ ਹਾਂ ਉਹ ਆਪਣੇ ਮਨ ਦੀ ਸਮਝ ਦੁਆਰਾ ਹੀ ਸਮਝਦੇ ਹਾਂ ਭਾਵ ਅਸੀਂ ਆਪਣੇ ਆਪ ਨੂੰ ਉਹੀ ਕੁਝ ਸਮਝਦੇ ਹਾਂ ਜੋ ਸਾਡੇ ਮਨ ਦੀ ਸਮਝ ਸਾਨੂੰ ਸਮਝਾਉਂਦੀ ਹੈ। ਸਾਨੂੰ ਜੰਮਣ ਵਾਲੀ ਸਾਡੇ ਮਨ ਦੀ ਸਮਝ ਹੀ ਹੈ ਭਾਵ ਮਨ ਦਾ ਗਿਆਨ ਹੀ ਹੈ, ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਅੰਦਰ ਮਨ ਦੀ ਅਗਿਆਨਤਾ ਰੂਪ ਵਿੱਚ ਵਿਚਰ ਰਿਹਾ ਹੈ। ਸਾਡੇ ਅੰਦਰ ਦਾ ਅਗਿਆਨਤਾ

ਰੂਪ ਗਿਆਨ ਹੀ ਸਾਡਾ ਪਿਤਾ ਹੈ ਜੋ ਸਾਨੂੰ ਜੰਮਦਾ ਹੈ ਭਾਵ ਮਨ ਦੇ ਰਾਹੀਂ ਇਹ ਸਮਝਾਉਂਦਾ ਹੈ ਕਿ ਮੈਂ ਇੱਕ ਮਨੁੱਖ ਹਾਂ। ਆਪਣੇ ਅੰਦਰ ਦੇ ਪਿਤਾ ਨੂੰ, ਜੰਮਣ ਵਾਲੇ ਨੂੰ ਅਸੀਂ ਇਸ ਲਈ ਨਹੀਂ ਜਾਣ ਸਕਦੇ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਆਪਣੇ ਗਿਆਨ ਦੁਆਰਾ ਸਭ ਨੂੰ ਆਪਣੇ ਸੂਤ ਵਿੱਚ ਪਰੋਇਆ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਕਾਫੀ ਪਿੱਛੇ ਵੀ **"ਸੂਤਿ"** ਬਾਰੇ ਸਮਝਿਆ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਭਾਵ ਮਾਇਆ ਵਾਲੀ ਅਵਸਥਾ ਵਿੱਚ ਵੀ ਪ੍ਰਮਾਤਮਾ ਦਾ ਸੂਤ ਹੈ ਤੇ ਚੌਥੇ ਪਦ ਦੇ ਗਿਆਨ ਵਿੱਚ ਵੀ ਪ੍ਰਮਾਤਮਾ ਦਾ ਹੀ ਸੂਤ ਹੈ। ਚੌਥੇ ਪਦ ਦੇ ਗਿਆਨ ਦੀ ਸਮਝ ਪਏ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਨੇ ਸਭ ਨੂੰ ਕਿਸ ਤਰੀਕੇ ਆਪਣੇ ਸੂਤ ਵਿੱਚ ਪਰੋਇਆ ਹੋਇਆ ਹੈ। ਜਦ ਤੱਕ ਅਸੀਂ ਮਨ ਦੇ ਅੰਦਰ ਗਿਆਨ ਦੇ ਸ੍ਰੋਤ ਨੂੰ ਨਹੀਂ ਜਾਣਦੇ ਤਦ ਤੱਕ ਇਹ ਕਦੇ ਨਹੀਂ ਜਾਣ ਸਕਦੇ ਕਿ ਸਾਡਾ ਪਿਤਾ ਕੌਣ ਹੈ ਭਾਵ ਸਾਡੀ ਅਗਿਆਨਤਾ ਵਾਲੀ ਮਤਿ ਕਿੱਥੋਂ ਆਉਂਦੀ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਭਾਵ ਜਿਸ ਰਾਹੀਂ ਮੇਰਾ ਜਨਮ ਹੁੰਦਾ ਹੈ ਜੋ ਕਿ ਇੱਕ ਝੂਠਾ ਜਨਮ ਹੈ। ਸਾਡੇ ਅੰਦਰ ਗਿਆਨ ਪ੍ਰਮਾਤਮਾ ਦਾ ਹੀ ਵਰਤਦਾ ਹੈ ਤੇ ਇਸੇ ਕਰਕੇ ਇਹ ਸਾਡੇ ਵੱਸ ਨਹੀਂ ਹੈ ਕਿ ਅਸੀਂ ਆਪਣੇ ਜਨਮ ਨੂੰ ਸਮਝ ਸਕੀਏ, ਪ੍ਰਮਾਤਮਾ ਦੀ ਖੇਡ ਨੂੰ ਸਮਝ ਸਕੀਏ ਜਿਸਨੂੰ ਸਮਝੇ ਬਿਨ੍ਹਾਂ ਹਰ ਕੋਈ ਇਸ ਖੇਡ ਵਿੱਚੋਂ ਹਾਰ ਕੇ ਹੀ ਜਾਂਦਾ ਹੈ। **(ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥)**

44/5821

ਪ੍ਰਮਾਤਮਾ ਨੇ ਸਭ ਨੂੰ ਮਾਇਆ ਰੂਪ ਸੂਤ ਦੁਆਰਾ ਪਰੋਇਆ ਹੋਇਆ ਹੈ ਭਾਵ ਸਭ ਦੇ ਅੰਦਰ ਉਸਦੀ ਮਾਇਆ ਹੀ ਵਰਤਦੀ ਹੈ ਤੇ ਜਿਸਨੂੰ ਉਹ ਇਹ ਮਾਇਆ ਰੂਪ ਸੂਤ ਦੇ ਵਿੱਚੋਂ ਕੱਢਦਾ ਹੈ ਉਹੀ ਮਨੁੱਖ ਪ੍ਰਮਾਤਮਾ ਦੀ ਖੇਡ ਨੂੰ ਸਮਝ ਸਕਦਾ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਸਮਝ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਪਸ਼ਟ ਕੀਤਾ ਹੋਇਆ ਹੈ।

"ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥"

ਜਿਸਨੂੰ ਪ੍ਰਮਾਤਮਾ ਮਨ ਦੀ ਮਾਇਆ ਵਿੱਚੋਂ ਕੱਢਦਾ ਹੈ, ਮਾਇਆ ਰੂਪ ਸੂਤ ਵਿੱਚੋਂ ਕੱਢਦਾ ਹੈ ਉਸਨੂੰ ਮਨ ਦੇ ਵਿੱਚ ਸੱਚਾ ਗਿਆਨ ਦੇਣ ਦੁਆਰਾ ਹੀ ਕੱਢਦਾ ਹੈ, ਸੁਮਤਿ ਦੇਣ ਦੁਆਰਾ ਭਾਵ ਉੱਚੀ ਸਮਝ ਦੇਣ ਦੁਆਰਾ ਕੱਢਦਾ ਹੈ। ਜਿਸਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਸਨੇ ਮਨ ਦੀ **"ਗਿਆਨੁ ਧਿਆਨੁ"** ਵਾਲੀ ਅਵਸਥਾ ਦੁਆਰਾ ਹੀ ਪਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਆਪ ਸਾਡੇ ਅੰਦਰ ਗਿਆਨੁ ਧਿਆਨੁ ਵਾਲੀ ਅਵਸਥਾ ਦੁਆਰਾ ਹੀ ਵਿਚਰਦਾ ਹੈ ਜੋ ਅਵਸਥਾ ਪ੍ਰਾਪਤ ਹੋਣ ਤੋਂ ਬਾਅਦ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਮਨੁੱਖ ਦੀ ਅਸਲੀਅਤ ਕੀ ਹੈ, ਮਨੁੱਖ ਦਾ ਜਨਮ ਕੀ ਹੈ ਭਾਵ ਕੇਵਲ ਮਨ ਦਾ ਭਰਮ ਹੈ ਤੇ ਅਸਲ ਵਿੱਚ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਮਨੁੱਖ ਮਾਇਆ ਰੂਪ ਸੂਤ ਨਾਲ ਬੱਝਿਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਨਾਲ ਬੱਝਿਆ ਹੋਇਆ ਹੈ ਉਹ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੋਇਆ ਹੈ ਤੇ ਜਿਸਨੂੰ ਪ੍ਰਮਾਤਮਾ ਇਸ ਮਾਇਆ ਰੂਪ ਸਮਝ ਵਿੱਚੋਂ ਕੱਢਦਾ ਹੈ, ਆਪ ਹੀ ਕੱਢਦਾ ਹੈ, ਗਿਆਨੁ ਧਿਆਨੁ ਵਾਲੀ ਅਵਸਥਾ ਭਾਵ ਸੱਚੇ ਗਿਆਨ ਵਾਲੀ ਅਵਸਥਾ ਬਖਸ਼ਣ ਦੁਆਰਾ ਆਪ ਹੀ ਕੱਢਦਾ ਹੈ ਭਾਵ ਆਪਣਾ ਆਪ ਪ੍ਰਮਾਤਮਾ ਆਪ ਹੀ ਪ੍ਰਗਟ ਕਰਦਾ ਹੈ, ਮਨ ਦੇ ਗਿਆਨ ਰਾਹੀਂ, ਮਨ ਦੀ ਸੱਚੀ ਸਮਝ ਰਾਹੀਂ ਪ੍ਰਗਟ ਕਰਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਜਨ ਬਣਾਉਂਦਾ ਹੈ, ਆਪਣਾ ਦਾਸ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ

44/5822

ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਉਹ ਮਨ ਦੀ ਇਸ ਅਵਸਥਾ ਦੁਆਰਾ ਹੀ ਬਣਾਇਆ ਹੈ। ਮਨ ਦੀ ਇਸ ਅਵਸਥਾ ਦੁਆਰਾ ਉਹ ਮਨ ਦੇ ਵਿੱਚ ਆਪਣਾ ਜੋ ਸੱਚਾ ਗਿਆਨ ਬਖਸ਼ਦਾ ਹੈ ਉਹ ਨਾਮ ਹੈ ਤੇ ਇਸੇ ਲਈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ, ਉਸਦਾ ਜਨ, ਦਾਸ ਬਣਨ ਦੁਆਰਾ ਜਾਣਿਆ ਹੈ ਉਨ੍ਹਾਂ ਨੇ ਹੀ ਨਾਮ ਧਿਆਇਆ ਹੈ ਭਾਵ ਉਨ੍ਹਾਂ ਨੂੰ ਹੀ ਨਾਮ ਦੀ ਸਮਝ ਪਈ ਹੈ ਤੇ ਉਨ੍ਹਾਂ ਨੇ ਹੀ ਨਾਮ ਵਾਲੀ ਮਤਿ ਤੇ ਚੱਲ ਕੇ ਦਿਖਾਇਆ ਹੈ ਭਾਵ ਆਪਣੇ ਜੀਵਨ ਵਿੱਚ ਨਾਮੁ ਅਨੁਸਾਰ ਵਿਚਰ ਕੇ ਦਿਖਾਇਆ ਹੈ, ਭਗਤੀ ਦੇ ਅਸਲ ਮਾਰਗ ਤੇ ਚੱਲ ਕੇ ਦਿਖਾਇਆ ਹੈ। **(ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥) {ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ**

ਹੁਕਮੈ ਅੰਦਰਿ ਵੇਖੈ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥} ਅੰਗ ੧੨੪੩

ਜਿਨ੍ਹਾਂ ਨੂੰ ਪ੍ਰਮਾਤਮਾ ਗਿਆਨੁ ਧਿਆਨੁ ਵਾਲੀ ਅਵਸਥਾ ਨਹੀਂ ਬਖਸ਼ਦਾ ਭਾਵ ਆਪਣਾ ਮੇਲ ਨਹੀਂ ਬਖਸ਼ਦਾ, ਨਾਮ ਰੂਪ ਸੱਚਾ ਗਿਆਨ ਨਹੀਂ ਬਖਸ਼ਦਾ ਉਨ੍ਹਾਂ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ ਤੇ ਉਹ ਆਪਣੇ ਆਪ ਨੂੰ ਜਨਮ ਮਰਨ ਵਿੱਚ ਕਿਸ ਲਈ ਸਮਝਦੇ ਹਨ, ਆਪਣੇ ਆਪ ਨੂੰ ਮਨੁੱਖੀ ਰੂਪ ਕਿਸ ਲਈ ਸਮਝਦੇ ਹਨ, ਕਿਉਂ ਸਮਝਦੇ ਹਨ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ। ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਤੇ ਇਹ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ। ਆਉ ਸਮਝੀਏ ਕਿਸ ਕਰਕੇ ਵੱਸ ਨਹੀਂ ਹੈ।

“ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥
ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥”

ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਨੂੰ ਜੋ ਕੁਝ ਵੀ ਆਪਣੇ ਅੰਦਰੋਂ ਸਮਝ ਪੈਂਦੀ ਹੈ ਉਹ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ। ਇਹ ਤ੍ਰੈ ਗੁਣਾਂ ਵਾਲੀ ਅਵਸਥਾ ਹੀ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ ਤੇ ਸਾਰੇ ਸੰਸਾਰ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਇਹ ਸਮਝ ਵਾਲੀ ਅਵਸਥਾ ਪਾਈ ਹੋਈ ਹੈ ਜੋ ਕਿ ਜਨਮ ਤੋਂ ਹੀ ਸਭ ਦੇ ਅੰਦਰ ਪੈ ਕੇ ਆਉਂਦੀ ਹੈ। ਜਦੋਂ ਦੀ ਮਨੁੱਖੀ ਸਰੀਰ ਦੀ ਰਚਨਾ ਹੋਈ

ਹੈ ਤਦ ਤੋਂ ਹੀ ਮਨੁੱਖ ਦੇ ਅੰਦਰ ਸਮਝ ਵੀ ਨਾਲ ਹੀ ਪੈਂਦੀ ਆ ਰਹੀ ਹੈ। ਜਿਸ ਪ੍ਰਮਾਤਮਾ ਨੇ ਸਾਡੇ ਸਰੀਰ ਦੀ ਰਚਨਾ ਕੀਤੀ ਹੈ ਉਸਨੇ ਹੀ ਸਾਡੇ ਅੰਦਰ ਸਮਝ ਪਾਈ ਹੈ ਤੇ ਹਰ ਮਨੁੱਖ ਆਪਣੀ ਸਮਝ ਦੇ ਨਾਲ ਬੱਝਿਆ ਹੋਇਆ ਹੈ ਜਿਸ ਸਮਝ ਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਹੈ ਤੇ ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜੋ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ, ਮਨ ਦੀ ਗਿਆਨੁ ਧਿਆਨੁ ਵਾਲੀ ਅਵਸਥਾ ਦੁਆਰਾ ਬੁੱਝ ਲੈਂਦਾ ਹੈ ਤੇ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਦੀ ਸਮਝ ਸਾਡੀ ਨਹੀਂ ਹੈ। ਸਾਡੇ ਅੰਦਰ ਸਮਝ ਪਾਉਣ ਵਾਲਾ ਪ੍ਰਮਾਤਮਾ ਆਪ ਹੈ ਤੇ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ ਜਿਸ ਮਨ ਦੀ ਸਮਝ ਦੁਆਰਾ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਭਰਮਾਂ ਵਿੱਚ ਰੱਖਿਆ ਹੋਇਆ ਹੈ। ਮਨੁੱਖ ਦਾ ਸਭ ਤੋਂ ਵੱਡਾ ਭਰਮ ਇਹੀ ਹੈ ਕਿ ਉਹ ਆਪਣੇ ਆਪ ਨੂੰ ਇੱਕ ਮਨੁੱਖ ਸਮਝਦਾ ਹੈ ਭਾਵ ਆਪਣੀ ਮਨੁੱਖੀ ਹੋਂਦ ਸਮਝਦਾ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ, ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ, ਆਵਾਗਉਂਣ ਵਿੱਚ ਸਮਝਦਾ ਹੈ। ਮਨੁੱਖ ਨੂੰ ਇਹ ਕੁਝ ਸਮਝਾਉਂਣ ਵਾਲੀ ਉਸਦੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੈ ਜੋ ਉਸਨੂੰ ਭਰਮ ਵਿੱਚ ਰੱਖਣ ਲਈ ਇਹ ਕੁਝ ਸਮਝਾਉਂਦੀ ਹੈ ਭਾਵ ਉਹ ਕੁਝ ਸਮਝਾਉਂਦੀ ਹੈ ਜੋ ਕਿ ਮਨੁੱਖ ਦੀ ਅਸਲੀਅਤ ਨਹੀਂ ਹੈ। ਮਨੁੱਖ ਦੀ ਅਸਲੀਅਤ ਇਹ ਹੈ ਕਿ ਉਸਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸਨੇ ਕਿ ਆਪ ਹੀ ਮਨ ਦੀ ਸਮਝ ਦੇ ਰਾਹੀਂ ਆਪਣੇ ਆਪ ਨੂੰ ਪਰਦੇ ਵਿੱਚ ਰੱਖਿਆ ਹੋਇਆ ਹੈ। **(ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥)**

{ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ ੬੦੪)

{ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥}

(ਅੰਗ ੧੨੬੦)

44/5824

{ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥
ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥੨॥}

(ਅੰਗ ੧੨੫੯)

{ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥ ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥}

(ਅੰਗ ੯੨੦)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ ੩੩)

ਗਉੜੀ ਮਹਲਾ ੩ ॥

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ ਅੰਧੇ ਗੁਰੂ ਤੇ ਭਰਮੁ ਨ ਜਾਈ ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ਰ ਭਰਮਾਏ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥

ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥ ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥
ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧-੨੩੨)

{ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ਸਿਰੀਰਾਗੁ ਮਹਲਾ ੩ ॥

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥ ਭਾਈ ਰੇ ਗੁਰਮਤਿ ਸਾਚਿ ਰਹਾਉ ॥
ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥
ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥
ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥
ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥
ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥ ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥
ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥}

(ਅੰਗ ੩੦)

{ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥
ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ ੨੩੧)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ ੨੩੨)

{ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥
ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥
ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥}

(ਅੰਗ ੨੯੧-੨੯੨)

{ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ ॥
ਪਤਿਤ ਉਧਾਰਨੁ ਮਨਿ ਬਸੈ ਨਾਨਕ ਛੂਟੈ ਨਾਮ ॥੧੩॥}

(ਅੰਗ ੨੯੯)

{ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥ ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥
ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥੩॥ ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ॥
ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥੪॥੧॥}

(ਅੰਗ ੩੭੦)

{ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥੩॥}

(ਅੰਗ ੩੯੯)

{ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥}

(ਅੰਗ ੪੦੪)

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥}

(ਅੰਗ ੬੪੭)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਣੀਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਣੀਆ ॥੮॥੧॥੪॥}

(ਅੰਗ ੮੩੩)

44/5826

{ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥

ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥}

(ਅੰਗ ੯੦੮)

{ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅਨਹਤਿ ਰਾਤੇ ਇਹੁ ਮਨੁ ਲਾਇਆ ॥
ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥
ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥੨੦॥}

(ਅੰਗ ੯੪੦)

{ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥}

(ਅੰਗ ੯੪੪)

ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਕਿਸ ਰੂਪ ਵਿੱਚ ਹੈ ਤੇ ਇਸ ਵਿੱਚੋਂ ਨਿਕਲਣ ਦਾ ਸਾਧਨ ਕੀ ਹੈ ਇਸ ਗੱਲ ਨੂੰ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝ ਸਕਦੇ ਹਾਂ ਕੇਵਲ ਗੁਰੂ ਦੀ ਗੱਲ ਤੇ, ਗੁਰੂ ਦੀ ਸਮਝ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ। ਗੁਰੂ ਦੀ ਸਮਝ ਤ੍ਰੈ ਗੁਣਾਂ ਤੋਂ ਬਾਹਰ ਹੈ ਭਾਵ ਗੁਰੂ ਦੀ ਸਮਝ ਚੌਥੇ ਪਦ ਵਾਲੀ ਹੈ। ਤ੍ਰੈ ਗੁਣਾਂ ਵਿੱਚੋਂ ਨਿਕਲਣ ਦਾ ਸਾਧਨ ਹੀ ਚੌਥੇ ਪਦ ਦਾ ਗਿਆਨ ਹੈ ਤੇ ਪੂਰੀ ਗੁਰਬਾਣੀ ਵਿੱਚ ਚੌਥੇ ਪਦ ਦਾ ਗਿਆਨ ਹੀ ਹੈ ਜਿਸਦਾ ਮਕਸਦ ਹੀ ਸਾਨੂੰ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਭਾਵ ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੈ ਜੋ ਸਾਨੂੰ ਜਨਮ ਮਰਨ ਦੇ ਗੇੜ ਵਿੱਚ ਪਾਈ ਰੱਖਦੇ ਹਨ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਿਆ ਹੈ। **(ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥)** ਸਾਡੀ ਸਮਝ ਦਾ ਮਾਲਕ ਆਪ ਪ੍ਰਮਾਤਮਾ ਹੈ। ਸਾਨੂੰ ਤ੍ਰੈ ਗੁਣਾਂ ਵਿੱਚ, ਭਰਮਾਂ ਵਿੱਚ ਰੱਖਣ ਵਾਲਾ ਵੀ ਉਹ ਆਪ ਹੈ ਤੇ ਇਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ ਜੋ ਸਾਡੇ ਅੰਦਰ ਹੀ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥”

ਉਪਰਲੀਆਂ ਪੰਗਤੀਆਂ ਰਾਹੀਂ ਪ੍ਰਮਾਤਮਾ ਦਾ ਉਹ ਅਸਥਾਨ

44/5827

ਸਮਝਾਇਆ ਹੋਇਆ ਹੈ ਜਿਸ ਅਵਸਥਾ ਦੁਆਰਾ ਉਹ ਹਰ ਮਨੁੱਖੀ ਰੂਪ ਦੇ ਵਿੱਚ ਵੱਸਿਆ ਹੋਇਆ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਹੈ ਭਾਵ ਸਾਡੇ ਮਨ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਅਸੀਂ ਜੋ ਕੁਝ ਵੀ ਜਾਣਦੇ ਹਾਂ ਭਾਵ ਸਮਝਦੇ ਹਾਂ ਉਹ ਮਨ ਦੇ ਰਾਹੀਂ ਹੀ ਸਮਝਦੇ ਹਾਂ ਭਾਵ ਮਨੁੱਖ ਨੂੰ ਸਾਰਾ ਗਿਆਨ, ਸਾਰੀ ਸਮਝ ਮਨ ਦੇ ਵਿਚਾਰਾਂ ਰਾਹੀਂ ਮਿਲਦੀ ਹੈ, ਮਨ ਦੀ ਸੋਚ ਰਾਹੀਂ ਮਿਲਦੀ ਹੈ। ਤ੍ਰੈ ਗੁਣਾਂ ਵਾਲੀ ਸਮਝ ਸਾਨੂੰ ਮਨ ਦੇ ਵਿੱਚੋਂ ਹੀ ਮਿਲਦੀ ਹੈ ਤੇ ਚੌਥੇ ਪਦ ਵਾਲੀ ਸਮਝ ਵੀ ਮਨ ਦੇ ਵਿੱਚੋਂ ਹੀ ਮਿਲਦੀ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਮਿਲਦੀ ਹੈ ਜੋ ਮਨੁੱਖ ਨੂੰ ਹਰ ਭਰਮ ਤੋਂ ਦੂਰ ਕਰਦੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ, ਮਾਇਆ ਮੋਹ ਵਾਲੀ ਅਵਸਥਾ ਵਿੱਚੋਂ ਕੱਢਦੀ ਹੈ। ਪ੍ਰਮਾਤਮਾ ਦੇ **“ਊਚ ਨੀਚ”** ਅਸਥਾਨ ਸਾਡਾ ਮਨ ਹੀ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਾਂ ਉਹ ਸਾਡੇ ਅੰਦਰ ਦੀ ਨੀਚ ਅਵਸਥਾ ਹੈ, ਨੀਵੀਂ ਅਵਸਥਾ ਹੈ ਭਾਵ ਸਾਡੇ ਮਨ ਦੀ ਸਮਝ ਬਹੁਤ ਨੀਵੀਂ ਹੁੰਦੀ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਉੱਚੇ ਗਿਆਨ ਵਾਲੀ ਉੱਚੀ ਸਮਝ ਨੂੰ ਨਹੀਂ ਜਾਣ ਸਕਦੇ ਜੋ ਕਿ ਬ੍ਰਹਮ ਗਿਆਨ ਵਾਲੀ ਅਵਸਥਾ ਹੈ। ਸਾਡੀ ਸਮਝ ਦਾ ਪੂਰਨ ਰੂਪ ਵਿੱਚ ਮਾਲਕ ਪ੍ਰਮਾਤਮਾ ਆਪ ਹੀ ਹੈ। ਸਾਡੀ ਉੱਚੀ ਤੇ ਨੀਵੀਂ ਸੋਚ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਜਿਸਨੂੰ ਉਹ ਤ੍ਰੈ ਗੁਣਾਂ ਵਾਲੀ ਨੀਵੀਂ ਮਤਿ ਵਿੱਚੋਂ ਕੱਢਦਾ ਹੈ ਉਸਨੂੰ ਆਪਣੀ ਉੱਚੀ ਮਤਿ ਨਾਲ ਜੋੜਨ ਦੁਆਰਾ ਹੀ ਕੱਢਦਾ ਹੈ ਜਿਸਦੇ ਰਾਹੀਂ ਕੋਈ ਮਨੁੱਖ ਆਪਣੇ ਅੰਦਰੋਂ ਇਸ ਸਰੀਰ ਦੇ ਮਾਲਕ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਆਪਣੇ ਅਸਥਾਨ ਤੋਂ ਭਾਵ ਮਨ ਰੂਪ ਅਸਥਾਨ ਤੋਂ ਜਿਹੋ ਜਿਹਾ ਉਹ ਮਨੁੱਖ ਨੂੰ ਜਨਾਉਂਦਾ ਹੈ ਉਹੋ ਜਿਹਾ ਹੀ ਮਨੁੱਖ ਜਾਣਦਾ ਹੈ ਭਾਵ ਸਾਡੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ ਤੇ ਇਸੇ ਲਈ ਕੋਈ ਪ੍ਰਮਾਤਮਾ ਨੂੰ ਆਪਣੇ ਆਪ ਨਹੀਂ ਜਾਣ ਸਕਦਾ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ, ਗੁਰ ਪ੍ਰਸਾਦਿ ਹੈ ਜਿਸ ਦੁਆਰਾ ਉਹ ਆਪ ਹੀ ਕਿਸੇ ਮਨੁੱਖ ਨੂੰ ਮਨ ਦੀ ਸਮਝ ਰਾਹੀਂ ਆਪਣਾ ਆਪ ਜਨਾਉਂਦਾ ਹੈ ਤੇ ਮਨੁੱਖ ਨੂੰ ਭਰਮਾਂ ਵਿੱਚੋਂ ਕੱਢਦਾ ਹੈ ਤੇ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਕੇਵਲ ਮਨੁੱਖ ਦਾ ਭਰਮ ਹੈ ਜੋ ਭਰਮ ਪ੍ਰਮਾਤਮਾ ਨੇ ਸਭ ਦੇ ਅੰਦਰ ਆਪ ਹੀ ਪਾਇਆ ਹੋਇਆ ਹੈ। **(ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥ ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥)**

44/5828

{ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥ ਜਸ ਓਹੁ ਹੈ ਤਸ ਲਖੈ ਨ ਕੋਈ ॥੨॥}

(ਅੰਗ ੩੪੦)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥}

(ਅੰਗ ੧੩)

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥}

(ਅੰਗ ੧੩੫੧)

{ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥}

(ਅੰਗ ੨੯੩)

ਅਸੀਂ ਉਪਰ ਤੇ ਪਿੱਛੇ ਸ਼ਬਦ ਦੁਆਰਾ ਆਪਣੇ ਮਨ ਨੂੰ ਜਿੱਤਣ ਦੀ ਗੱਲ, ਆਪਣੇ ਜੀਵਨ ਦੀ ਖੇਡ ਨੂੰ ਜਿੱਤਣ ਦੀ ਗੱਲ ਸਮਝੀ ਹੈ ਜੋ ਕਿ ਆਪਣੇ ਮਨ ਦੀ ਸਮਝ ਨੂੰ ਜਿੱਤਣ ਦੀ ਹੈ। ਇਹ ਮਨ ਦੀ ਸਮਝ ਸਾਡੀ ਨਹੀਂ ਹੈ ਭਾਵ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਜਦ ਤੱਕ ਅਸੀਂ ਆਪਣੀ ਮਤਿ ਨਾਲ ਜੁੜੇ ਰਹਾਂਗੇ ਤਦ ਤੱਕ ਅਸੀਂ ਆਪਣੀ ਸਮਝ ਨੂੰ ਨਹੀਂ ਜਿੱਤ ਸਕਦੇ। ਭਰਮ ਨੂੰ ਭਰਮ ਦੇ ਨਾਲ ਨਹੀਂ ਜਿੱਤਿਆ ਜਾ ਸਕਦਾ। ਧਰਮ ਗ੍ਰੰਥਾਂ ਦੀ ਰਚਨਾ ਦਾ ਮਕਸਦ ਆਪਣੀ ਭਰਮ ਵਾਲੀ ਮਤਿ ਨੂੰ ਜਿੱਤਣ ਨਾਲ ਹੀ ਹੈ ਜਿਸਨੂੰ ਕਿ ਕੇਵਲ ਗੁਰੂ ਦੀ ਮਤਿ ਨੂੰ ਅਪਣਾ ਕੇ ਹੀ ਭਾਵ ਮੰਨਣ ਦੁਆਰਾ ਹੀ ਜਿੱਤਿਆ ਜਾ ਸਕਦਾ ਹੈ। ਅਸੀਂ ਕੇਵਲ ਧਰਮ ਗ੍ਰੰਥਾਂ ਦੀ ਜੇਕਰ ਕਥਨੀ ਕਰੀ ਜਾਈਏ ਜਾਂ ਸਰੀਰਕ ਜਪ ਤਪ ਆਦਿ ਕਰੀ ਜਾਈਏ, ਅਨੇਕਾਂ ਇਹੋ ਜਿਹੇ ਆਚਾਰ ਕਰੀ ਜਾਈਏ ਜਿਨ੍ਹਾਂ ਨੂੰ ਅਸੀਂ ਧਰਮ ਦੇ ਆਚਾਰ ਕਹਿੰਦੇ ਹਾਂ ਫਿਰ ਕੀ ਅਸੀਂ ਉਸ ਨਾਲ ਆਪਣੀ ਮਤਿ ਨੂੰ ਜਿੱਤ ਸਕਦੇ ਹਾਂ ਭਾਵ ਨਹੀਂ ਜਿੱਤ ਸਕਦੇ। ਇਹੀ ਮਾਇਆ ਮੋਹ ਨੂੰ ਜਿੱਤਣਾ ਹੈ ਭਾਵ ਮਾਇਆ ਮੋਹ ਦੇ ਸਾਗਰ ਵਿੱਚੋਂ ਪਾਰ ਉਤਰਨਾ ਹੈ। ਹੁਣ ਅਸੀਂ ਉਸ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਕੇਵਲ ਕਥਨੀ ਕਰੀ ਜਾਣ ਨਾਲ, ਪਾਠ ਪੜੀ ਜਾਣ ਨਾਲ ਆਪਣੇ ਜੀਵਨ ਦੀ ਖੇਡ ਨੂੰ ਨਹੀਂ ਜਿੱਤਿਆ ਜਾ ਸਕਦਾ। **(ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥)** ਜੇਕਰ ਕੇਵਲ ਧਰਮ ਗ੍ਰੰਥਾਂ ਨੂੰ ਪੜੀ ਜਾਣ ਨਾਲ ਮਨੁੱਖ ਭਰਮ ਵਿੱਚੋਂ ਨਿਕਲ ਜਾਵੇ ਤਾਂ ਫਿਰ ਵੇਦਾਂ ਆਦਿ ਦੀ ਰਚਨਾ ਕਰਨ ਵਾਲੇ ਭਾਵ ਜਿਨ੍ਹਾਂ ਨੇ ਆਪਣੇ ਮੁੱਖੋਂ ਵੇਦ, ਪੁਰਾਣ ਉਚਾਰੇ ਹਨ ਉਹ ਵੀ ਭਰਮ

ਵਿੱਚੋਂ ਨਿਕਲ ਕੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਪਰ ਉਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥”

ਪ੍ਰਮਾਤਮਾ ਨੂੰ ਜਾਨਣਾ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਨਣਾ ਹੈ ਜਿਸ ਰਾਹੀਂ ਸਾਡੇ ਅੰਦਰ ਗਿਆਨ ਦੀ ਉਪਜ ਹੁੰਦੀ ਹੈ। ਕੇਵਲ ਧਰਮ ਗ੍ਰੰਥਾਂ ਦੇ ਗਿਆਨ ਨੂੰ ਪੜੀ ਜਾਣ ਨਾਲ ਉਸ ਗਿਆਨ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਕਿ ਸਾਡੇ ਅੰਦਰ ਹੀ ਹੈ। ਜਿਨ੍ਹਾਂ ਨੇ ਵੇਦ ਉਚਾਰੇ ਹਨ ਜੋ ਕਿ ਬ੍ਰਹਮਾ ਨੇ ਆਪਣੇ ਮੁੱਖੋਂ ਉਚਾਰੇ ਹਨ ਉਸਨੇ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਭਾਵ ਉਹ ਆਪ ਤ੍ਰੈ ਗੁਣਾਂ ਵਿੱਚ ਹੀ ਰਹਿਆ ਹੈ ਭਾਵੇਂ ਵੇਦਾਂ ਵਿੱਚ ਗਿਆਨ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਸਾਡੇ ਮਨ ਦੀ ਅਗਿਆਨਤਾ ਵਾਲੀ ਸੋਝੀ ਨੂੰ ਪ੍ਰਮਾਤਮਾ ਜਦ ਤੱਕ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਨਹੀਂ ਕੱਢਦਾ ਤਦ ਤੱਕ ਅਸੀਂ ਭਰਮ ਵਿੱਚ ਹੀ ਰਹਿੰਦੇ ਹਾਂ ਤੇ ਜੋ ਗਿਆਨ ਉਹ ਮੁੱਖੋਂ ਫੁਰਮਾਉਂਦੇ ਹਨ ਉਸਦੇ ਅੰਦਰ ਦੀ ਸਮਝ ਉਨ੍ਹਾਂ ਨੂੰ ਖੁੱਦ ਵੀ ਨਹੀਂ ਪੈਂਦੀ। ਜੇਕਰ ਸਮਝ ਪੈ ਜਾਂਦੀ ਤਾਂ ਫਿਰ ਉਹ ਆਪਣੇ ਆਪ ਨੂੰ ਵੱਡਾ ਨਾ ਅਖਵਾਉਂਦੇ, ਧਰਮ ਗ੍ਰੰਥਾਂ ਦਾ ਦਾਤਾ ਨਾ ਅਖਵਾਉਂਦੇ, ਆਪਣੇ ਆਪ ਨੂੰ ਗੁਰੂ ਨਾ ਅਖਵਾਉਂਦੇ। ਜਿਸ ਤਰੀਕੇ ਸੰਸਾਰ ਵਿੱਚ ਵੇਦ ਆਏ ਹਨ ਉਸੇ ਤਰੀਕੇ ਕੁਰਾਣ ਆਏ ਹਨ ਭਾਵ ਪ੍ਰਮਾਤਮਾ ਦਾ ਭੇਦ ਉਨ੍ਹਾਂ ਨੇ ਨਹੀਂ ਪਾਇਆ। ਅਸੀਂ ਉਨ੍ਹਾਂ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਨਾਲ ਹੀ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਜੋ ਕਿ ਸਾਡੀ ਨਾਸਮਝੀ ਹੈ। ਧਰਮ ਗ੍ਰੰਥਾਂ ਨੇ ਸਾਨੂੰ ਜੋ ਕੁਝ ਸਮਝਾਇਆ ਹੈ ਉਹ ਸੱਚ ਹੀ ਸਮਝਾਇਆ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਸਹੀ ਮਾਰਗ ਹੀ ਸਮਝਾਇਆ ਹੈ ਜੋ ਕਿ ਆਪਣੇ ਮਾੜੇ ਵਿਚਾਰ ਛੱਡਣ ਦਾ ਹੈ, ਆਪਣੇ ਔਗੁਣ ਛੱਡਣ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੈ। ਪ੍ਰਮਾਤਮਾ ਸੱਚੀ ਮਤਿ ਦੇ ਵਿੱਚ ਵੱਸਦਾ ਹੈ ਤੇ ਜੋ ਸੱਚੀ ਮਤਿ ਨਾਲ ਜੁੜਦਾ ਹੈ ਉਹ ਸਤਿਗੁਰੂ ਨਾਲ ਜੁੜਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਆਪਣੀ ਸੱਚੀ ਮਤਿ ਦੇ ਨਾਲ ਹੀ ਜੋੜਦਾ ਹੈ ਤੇ ਮਨ ਦੇ ਵਿੱਚ ਆਪ ਹੀ ਆਪਣਾ ਆਪ ਦਿਖਾਉਂਦਾ ਹੈ

ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿਖਾਇਆ ਹੈ। **(ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥ ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥)**

{ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥
ਸੁਣਿ ਸੁਣਿ ਮਾਨੈ ਵੇਧੈ ਜੋਤਿ ॥੬॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤ੍ਰੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥
ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}

(ਅੰਗ ੮੩੧)

ਗਉੜੀ ਮਹਲਾ ੯ ॥

{ਕੋਊ ਮਾਈ ਭੂਲਿਓ ਮਨੁ ਸਮਝਾਵੈ ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥੧॥ ਰਹਾਉ ॥
ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥
ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥੧॥
ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥੨॥੬॥}

(ਅੰਗ ੨੧੯-੨੨੦)

{ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥
ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥}

(ਅੰਗ ੨੨੦)

ਪਉੜੀ ॥

{ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥ ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥
ਅਖਰ ਨਾਦ ਕਥਨ ਵਖ੍ਯਾਨਾ ॥ ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥}

(ਅੰਗ ੨੬੧)

{ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ ਕੀਨੇ ਰਾਮ ਨਾਮ ਇਕ ਆਖ੍ਯਰ ॥}

(ਅੰਗ ੨੬੨)

{ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥
ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥}

(ਅੰਗ ੨੭੪)

{ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥}

(ਅੰਗ ੨੮੪)

44/5831

{ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯਤ੍ਰ ਮਹਿ ਏਕੁ ॥}

(ਅੰਗ ੨੯੪)

{ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥ ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥੫॥}

(ਅੰਗ ੩੪੦)

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥}

(ਅੰਗ ੧੩੫੦)

{ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ ॥
ਦੀਨਾ ਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ ॥੧॥}

(ਅੰਗ ੫੩੨)

ਸੋਰਠਿ ਮਹਲਾ ੯ ॥

{ਮਾਈ ਮਨੁ ਮੇਰੋ ਬਸਿ ਨਾਹਿ॥ ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥੧॥ ਰਹਾਉ॥
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥
ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥੧॥
ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥
ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥੨॥
ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥}

(ਅੰਗ ੬੩੨-੬੩੩)

{ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ॥
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ॥੧॥
ਮਨ ਰੇ ਸਰਿਓ ਨ ਏਕੈ ਕਾਜਾ ॥ ਭਜਿਓ ਨ ਰਘੁਪਤਿ ਰਾਜਾ ॥੧॥ ਰਹਾਉ ॥
ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥
ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥
ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥
ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥}

(ਅੰਗ ੬੫੪-੬੫੫)

{ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥ ਪੜੇ ਸੁਨੇ ਕਿਆ ਹੋਈ ॥
ਜਉ ਸਹਜ ਨ ਮਿਲਿਓ ਸੋਈ ॥੧॥ ਹਰਿ ਕਾ ਨਾਮੁ ਨ ਜਪਸਿ ਗਵਾਰਾ ॥
ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥ ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥

ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥ ਕਹਿ ਕਬੀਰ ਅਬ ਜਾਨਿਆ ॥
ਜਬ ਜਾਨਿਆ ਤਉ ਮਨੁ ਮਾਨਿਆ ॥ ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥}

(ਅੰਗ ੬੫੫-੬੫੬)

{ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ ॥ ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ॥੧॥
ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ॥
ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ ॥੨॥੧੯॥੫੦॥}

(ਅੰਗ ੬੮੨)

44/5832

{ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥}

(ਅੰਗ ੧੧੦੨)

{ਪੰਡਿਤ ਜਨ ਮਾਤੇ ਪੜਿ੍ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥ ਸੰਨਿਆਸੀ ਮਾਤੇ ਅਹੰਮੇਵ ॥
ਤਪਸੀ ਮਾਤੇ ਤਪ ਕੈ ਭੇਵ ॥੧॥ ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ॥}

(ਅੰਗ ੧੧੯੩)

{ਹਰਿ ਕੇ ਨਾਮ ਕੀ ਗਤਿ ਠਾਂਢੀ ॥ ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ॥੧॥ ਰਹਾਉ ॥}

(ਅੰਗ ੧੨੧੯)

{ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ ॥
ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ ॥੨॥੯੮॥੧੨੧॥}

(ਅੰਗ ੧੨੨੭)

ਸਾਰੰਗ ॥

ੴ ਸਤਿਗੁਰ ਪ੍ਰਸਾਦਿ ॥

{ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥ ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥}

(ਅੰਗ ੧੨੫੩)

{ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥ ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥
ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ ਰਹਾਉ ॥}

(ਅੰਗ ੧੩੫੨)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ ੨੩੧)

44/5833

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

ਉਪਰ ਕੁਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਜਦ ਤੱਕ ਮਨੁੱਖ ਆਪਣੇ ਆਪ ਨੂੰ ਮਨੁੱਖੀ ਜਨਮ ਮਰਨ ਵਿੱਚ ਸਮਝਦਾ ਹੈ ਫਿਰ ਉਸਨੂੰ ਆਪਣੇ ਅਸਲ ਜਨਮ ਦੀ ਸਮਝ ਨਹੀਂ ਹੈ। ਮਨੁੱਖ ਦਾ ਜਦੋਂ ਅਸਲ ਜਨਮ ਹੁੰਦਾ ਹੈ ਉਹ ਗੁਰੂ ਪ੍ਰਮਾਤਮਾ ਦੇ ਘਰ ਵਿੱਚ ਹੁੰਦਾ ਹੈ। ਸਾਡਾ ਜਨਮ ਮਨ ਦੇ ਵਿੱਚ ਹੀ ਹੁੰਦਾ ਹੈ ਭਾਵ ਮਨ ਦੀ ਸਮਝ ਰਾਹੀਂ ਹੁੰਦਾ ਹੈ। ਜਦ ਤੱਕ ਤ੍ਰੈ ਗੁਣਾਂ ਵਿੱਚ ਹਾਂ ਭਾਵ ਭਰਮ ਵਾਲੀ ਮਤਿ ਵਿੱਚ ਹਾਂ, ਮਾਇਆ ਵਿੱਚ ਹਾਂ, ਹਉਮੈ ਵਿੱਚ ਹਾਂ ਤਦ ਤੱਕ ਸਾਡੇ ਮਨ ਦੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ। ਇਹ ਸਾਡਾ ਝੂਠਾ ਜਨਮ ਹੈ ਭਾਵ ਸਾਡੇ ਮਨ ਦੇ ਝੂਠੇ ਵਿਚਾਰਾਂ ਦਾ ਜਨਮ ਮਰਨ ਹੈ ਜੋ ਸਾਡੇ ਅੰਦਰ ਉਪਜਦੇ ਬਿਨਸਦੇ ਰਹਿੰਦੇ ਹਨ। ਪ੍ਰਮਾਤਮਾ ਦੇ ਘਰ ਵਿੱਚ ਸਾਡਾ ਜਨਮ ਵੀ ਮਨ ਦੇ ਵਿੱਚ ਹੀ ਹੁੰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਹੁੰਦਾ ਹੈ ਪਰ ਉਹ ਵਿਚਾਰ ਚੌਥੇ ਪਦ ਦੇ ਗਿਆਨ ਵਾਲੇ ਹੁੰਦੇ ਹਨ, ਸੱਚੀ ਸਮਝ ਵਾਲੇ ਵਿਚਾਰ ਹੁੰਦੇ ਹਨ ਤੇ ਸਾਨੂੰ ਸੱਚ ਹੀ ਸਮਝਾਉਂਦੇ ਹਨ ਭਾਵ ਨਾਮ ਹੀ ਸਮਝਾਉਂਦੇ ਹਨ। ਇਨ੍ਹਾਂ ਵਿਚਾਰਾਂ ਰਾਹੀਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਾਡੇ ਅੰਦਰ ਦੀ ਭਰਮ ਵਾਲੀ ਮਤਿ ਨਿਕਲਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਪ੍ਰਗਟ ਹੋਣ ਦੁਆਰਾ ਹੀ ਦਿੰਦਾ ਹੈ, ਗਿਆਨ ਰੂਪ ਵਿੱਚ ਪ੍ਰਗਟ ਹੋਣ ਦੁਆਰਾ ਹੀ ਦਿੰਦਾ ਹੈ। ਭਰਮ ਵਾਲੀ ਮਤਿ ਵਿੱਚ ਰਹਿੰਦਿਆਂ ਸਾਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਵੀ ਨਹੀਂ ਪੈਂਦੀ ਕਿਉਂਕਿ ਮਨ ਦੀ ਮਾਇਆ ਸਾਨੂੰ ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੋੜਕੇ ਰੱਖਦੀ ਹੈ ਭਾਵ ਉਨ੍ਹਾਂ ਦੀ ਪ੍ਰਾਪਤੀ ਵਿੱਚ ਹੀ ਮਨੁੱਖ ਆਪਣਾ ਸੱਚਾ ਸੁੱਖ ਸਮਝਦਾ ਹੈ ਤੇ ਉਸਨੂੰ ਕੋਈ ਦੁੱਖ ਚੰਗਾ ਨਹੀਂ ਲੱਗਦਾ ਕਿਉਂਕਿ ਤ੍ਰਿਸ਼ਨਾਵਾਂ ਦੀ ਪੂਰਤੀ ਦਾ ਨਾ ਹੋਣਾ ਸਾਡਾ ਦੁੱਖ ਬਣ ਜਾਂਦਾ ਹੈ। ਹਰ ਕੋਈ ਪ੍ਰਮਾਤਮਾ ਕੋਲੋਂ ਮਾਇਆ ਦਾ ਸੁੱਖ ਹੀ ਮੰਗਦਾ ਹੈ ਤੇ ਉਸੇ ਵਿੱਚ ਹੀ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਸਮਝਦਾ ਹੈ। ਅਸਲ ਸੁੱਖ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਜੋ ਕਿ ਮਨ ਦੇ ਸੁੱਖ ਦੁੱਖ ਵਿੱਚੋਂ ਨਿਕਲਣ ਦੁਆਰਾ ਮਿਲਦਾ ਹੈ ਭਾਵ ਭਗਤੀ ਦਾ

44/5834

ਅਸਲ ਮਾਰਗ ਦੁੱਖਾਂ ਸੁੱਖਾਂ ਵਿੱਚੋਂ ਨਿਕਲਣ ਦਾ ਹੈ, ਤ੍ਰਿਸ਼ਨਾਵਾਂ ਛੱਡਣ ਦਾ ਹੈ, ਮਾਇਆ ਮੋਹ ਛੱਡਣ ਦਾ ਹੈ ਤੇ ਉਨ੍ਹਾਂ ਨੂੰ ਛੱਡੇ ਬਿਨਾਂ ਅਸੀਂ ਜੋ ਕੁਝ ਵੀ ਭਗਤੀ ਦੇ ਉਪਰਾਲੇ ਕਰਦੇ ਹਾਂ ਉਹ ਸਭ ਵਿਅਰਥ ਹੀ ਹਨ ਭਾਵ ਸਾਡੀ ਖੁਆਰੀ ਹੀ ਹੁੰਦੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਰੂਪ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਕੇ ਅਕਾਲ ਪੁਰਖ ਦੇ ਹੇਠ ਦਿੱਤੇ ਸਲੋਕਾਂ ਤੇ ਪਉੜੀ ਦੁਆਰਾ ਸਮਝੀਏ ਕਿ ਸਾਡਾ ਅਸਲ ਜਨਮ ਕਿਵੇਂ ਹੁੰਦਾ ਹੈ ਜਿਸ ਦੁਆਰਾ ਸਾਨੂੰ ਅਸਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਸਲੋਕੁ ਮਃ ੧ ॥

“ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥ ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥

ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ ॥੧॥"

(ਅੰਗ ੧੪੯)

ਮਃ ੧ ॥

"ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥"

(ਅੰਗ ੧੪੯)

ਪਉੜੀ ॥

"ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥
ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥"

(ਅੰਗ ੧੪੯)

ਉਪਰ ਪਹਿਲੇ ਸਲੋਕ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਮਨੁੱਖੀ ਜਨਮ ਕੀ ਹੈ ਭਾਵ ਮਨੁੱਖ ਕਿੱਥੋਂ ਜੰਮਦਾ ਹੈ, ਕਿਸ ਰੂਪ ਵਿੱਚ ਜੰਮਦਾ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਸਰੀਰ ਰੂਪ ਵਿੱਚ ਜੰਮਣਾ ਨਹੀਂ ਸਮਝਾਇਆ ਹੋਇਆ ਜਿਸਨੂੰ ਕਿ ਹਰ ਕੋਈ ਸਮਝਦਾ ਹੈ ਕਿ ਮਨੁੱਖੀ ਸਰੀਰ ਕਿਵੇਂ ਪੈਦਾ ਹੁੰਦਾ ਹੈ। ਉਪਰ ਪੰਗਤੀ ਰਾਹੀਂ ਸਾਡਾ ਮਨ ਦੇ ਵਿੱਚ ਜਨਮ ਸਮਝਾਇਆ ਹੋਇਆ ਹੈ। ਸਾਡਾ ਜਨਮ ਸਮਝਾਉਂਣ ਵਾਲੀ ਸਾਡੇ ਅੰਦਰ ਦੀ ਮਤਿ ਹੈ, ਉਹ ਮਤਿ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ, ਪਾਪ ਕਰਵਾਉਂਦੀ ਹੈ। ਪਾਪੀ ਮਤਿ ਕੀ ਹੁੰਦੀ ਹੈ ਇਸਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਜੋ ਵੀ ਕਰਮ ਗੁਰਮਤਿ ਤੋਂ ਉਲਟ ਕਰਦੇ ਹਾਂ, ਸੱਚ ਤੋਂ ਉਲਟ ਕਰਦੇ ਹਾਂ ਉਹ ਪਾਪ ਹੈ। ਪ੍ਰਮਾਤਮਾ ਨੇ ਹਰ ਕਿਸੇ ਦੇ ਅੰਦਰ ਮਾਇਆ ਮੋਹ ਪਾਇਆ ਹੋਇਆ ਹੈ ਭਾਵ ਭਰਮਾਂ ਵਾਲੀ ਮਤਿ ਪਾਈ ਹੋਈ ਹੈ ਜੋ ਸਾਡੇ ਕੋਲੋਂ ਅਨੇਕਾਂ ਹੀ ਪਾਪ ਕਰਾਉਂਦੀ ਹੈ। ਗੁਰਮਤਿ ਸਾਨੂੰ ਸੱਚ ਸਮਝਾਉਂਦੀ ਹੈ

ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਸਾਡੇ ਅੰਦਰ ਦੀ ਪਾਪੀ ਮਤਿ, ਨਾਮਸਝ ਮਤਿ ਭਾਵ ਮਨਮਤਿ ਸਾਨੂੰ ਸੱਚ ਨਹੀਂ ਸਮਝਣ ਦਿੰਦੀ, ਸੱਚੀ ਗੱਲ ਨਹੀਂ ਮੰਨਣ ਦਿੰਦੀ ਤੇ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਹਾਂ, ਸਾਡੀ ਮਨੁੱਖੀ ਹੋਂਦ ਹੈ ਭਾਵ ਇਸ ਮਨੁੱਖੀ ਰੂਪ ਦੇ ਵਿੱਚ ਮੈਂ ਹਾਂ, ਪ੍ਰਮਾਤਮਾ ਨਹੀਂ ਹੈ। ਸਾਡੇ ਮਨ ਦੇ ਮਾੜੇ ਵਿਚਾਰ ਹੀ ਸਾਨੂੰ ਮਨੁੱਖੀ ਰੂਪ ਦੇ ਵਿੱਚ ਪੈਦਾ ਕਰਦੇ ਹਨ, ਸਾਨੂੰ ਜੰਮਦੇ ਹਨ ਭਾਵ ਸਾਡੇ ਨਾਲ ਪਾਪ ਕਰਦੇ ਹਨ। ਸਾਨੂੰ ਜੰਮਣ ਤੋਂ ਬਾਅਦ ਭਾਵ ਮਨੁੱਖੀ ਰੂਪ ਸਮਝਾਉਂਣ ਤੋਂ ਬਾਅਦ ਸਾਡੇ ਕੋਲੋਂ ਅਨੇਕਾਂ ਇਹੋ ਜਿਹੇ ਕਰਮ ਕਰਾਉਂਦੇ ਹਨ ਜੋ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦੇ ਭਾਵ ਸਾਨੂੰ ਭਰਮ ਵਿੱਚ ਰੱਖ ਕੇ ਸਾਡੇ ਕੋਲੋਂ ਪਾਪ ਕਰਾਉਂਦੇ ਰਹਿੰਦੇ ਹਨ। ਸਾਡੇ ਮਨ ਦੇ ਪਾਪੀ ਵਿਚਾਰ ਆਪਣੇ ਵਿਚਾਰਾਂ ਨੂੰ ਨਹੀਂ ਛੱਡਦੇ ਤੇ ਸਾਨੂੰ ਮਾੜੇ ਵਿਚਾਰਾਂ ਨਾਲ ਜੋੜ ਕੇ ਹੀ ਰੱਖਦੇ ਹਨ ਭਾਵ ਸਾਨੂੰ ਪਾਪਾਂ ਵਿੱਚ ਹੀ ਪਾਉਂਦੇ ਹਨ, ਇਸ ਸਰੀਰ ਕੋਲੋਂ ਮਾੜੇ ਕਰਮ ਹੀ ਕਰਾਉਂਦੇ ਹਨ। **(ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥)** ਜਦ ਤੱਕ ਅਸੀਂ ਇਨ੍ਹਾਂ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਹੀਂ ਨਿਕਲਦੇ, ਮਨ ਦੀ ਭਰਮ ਵਾਲੀ ਮਤਿ ਵਿੱਚੋਂ ਨਹੀਂ ਨਿਕਲਦੇ ਤਦ ਤੱਕ ਅਸੀਂ ਮਨ ਦੇ ਪਾਪੀ ਵਿਚਾਰਾਂ ਨੂੰ ਨਹੀਂ ਧੋ ਸਕਦੇ ਪਰ ਇਨ੍ਹਾਂ ਨੂੰ ਧੋਣ ਦਾ ਉਪਰਾਲਾ ਹਰ ਕੋਈ ਕਰਦਾ ਹੈ ਜਿਸ ਲਈ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਸ਼ਬਦਾਂ ਦੀ ਕਥਨੀ ਕਰਦੇ ਰਹਿੰਦੇ ਹਾਂ, ਕਿਸੇ ਅੱਖਰ ਨੂੰ ਨਾਮ ਸਮਝ ਕੇ ਰੱਟੀ ਜਾਂਦੇ ਹਾਂ, ਤੀਰਥਾਂ ਆਦਿ ਤੇ ਇਸ਼ਨਾਨ ਕਰੀ ਜਾਂਦੇ ਹਾਂ, ਕਿਸੇ ਉੱਚੇ ਸੁੱਚੇ ਭੋਜਨ ਦੀ ਵੰਡ ਕਰਕੇ ਉਸ ਨਾਲ ਜੁੜਦੇ ਹਾਂ, ਅਨੇਕਾਂ ਸਰੀਰਕ ਜਪ ਤਪ ਆਦਿ ਕਰਦੇ ਹਾਂ, ਸੁਰਤੀਆਂ ਜੋੜ ਕੇ ਬੈਠੇ ਰਹਿੰਦੇ ਹਾਂ ਭਾਵ ਸੈਂਕੜੇ ਤਰੀਕੇ ਅਪਨਾਉਂਦੇ ਹਾਂ ਪਰ ਇਨ੍ਹਾਂ ਤਰੀਕਿਆਂ ਨਾਲ ਮਨ ਦੀ ਪਾਪਾਂ ਵਾਲੀ ਬਿਰਤੀ ਨਹੀਂ ਧੁੱਪ ਸਕਦੀ, ਮਨ ਦੀ ਮੈਲ ਨਹੀਂ ਧੁੱਪ ਸਕਦੀ ਜਿਵੇਂ ਕਿ ਹਰ ਕੋਈ ਧੋਣੀ ਚਾਹੁੰਦਾ ਹੈ। **(ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥)**

{ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥}

(ਅੰਗ ੯੮)

44/5836

ਪਉੜੀ ॥

{ਸਭਿ ਨਿਧਾਨ ਘਰਿ ਜਿਸ ਦੈ ਹਰਿ ਕਰੇ ਸੁ ਹੋਵੈ ॥ ਜਪਿ ਜਪਿ ਜੀਵਹਿ ਸੰਤ ਜਨ ਪਾਪਾ ਮਲੁ ਧੋਵੈ ॥
ਚਰਨ ਕਮਲ ਹਿਰਦੈ ਵਸਹਿ ਸੰਕਟ ਸਭਿ ਖੋਵੈ ॥ ਗੁਰੁ ਪੂਰਾ ਜਿਸੁ ਭੇਟੀਐ ਮਰਿ ਜਨਮਿ ਨ ਰੋਵੈ ॥
ਪ੍ਰਭ ਦਰਸ ਪਿਆਸ ਨਾਨਕ ਘਣੀ ਕਿਰਪਾ ਕਰਿ ਦੇਵੈ ॥੧੮॥}

(ਅੰਗ ੩੨੨)

{ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥ ਤੀਨਿ ਦੇਵ ਏਕ ਸੰਗਿ ਲਾਇ ॥
ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥ ਅਹਿਨਿਸਿ ਕਸਮਲ ਧੋਵਹਿ ਨਾਹਿ ॥੫॥}

(ਅੰਗ ੩੪੪)

{ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥
ਸਮਝਿ ਸੂਝਿ ਸਹਜ ਘਰਿ ਹੋਵਹਿ ॥ ਬਿਨੁ ਬੂਝੇ ਸਗਲੀ ਪਤਿ ਖੋਵਹਿ ॥੧॥}

(ਅੰਗ ੪੧੩)

{ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥}

(ਅੰਗ ੪੧੪)

{ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥}

(ਅੰਗ ੪੯੯)

{ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥}

(ਅੰਗ ੫੨੩)

{ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ ॥ ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ ॥}

(ਅੰਗ ੫੮੧)

{ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥}

(ਅੰਗ ੬੬੨)

44/5837

{ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ ਕਿਲਵਿਖ ਮੈਲੁ ਪਾਪ ਧੋਵਾਹਾ ॥
ਦੀਨ ਦਇਆਲ ਹੋਹੁ ਜਨ ਊਪਰਿ ਦੇਹੁ ਨਾਨਕ ਨਾਮੁ ਓਮਾਹਾ ਰਾਮ ॥੪॥੫॥੧੧॥}

(ਅੰਗ ੬੯੯)

{ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥ ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥ ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥}

(ਅੰਗ ੯੧੯)

{ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ ॥ ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ ॥
ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ ॥
ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ ॥
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ ॥}

(ਅੰਗ ੯੬੦)

{ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥ ਪੰਚ ਦੂਤ ਕਾਇਆ ਸੰਘਾਰਹਿ ॥
ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥}

(ਅੰਗ ੧੦੪੫)

{ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥}

(ਅੰਗ ੧੦੮੪)

{ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥}

(ਅੰਗ ੧੧੫੧)

ਪਉੜੀ ॥

{ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥
ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥
ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥੧੫॥}

(ਅੰਗ ੧੨੪੩)

{ਤਹਾ ਸਖਾਈ ਜਹ ਕੋਇ ਨ ਹੋਵੈ ॥ ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ ॥
ਦਾਤਿ ਕਰੈ ਨਹੀ ਪਛੋਤਾਵੈ ॥ ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ॥੩॥}

(ਅੰਗ ੧੩੩੭)

44/5838

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥}

(ਅੰਗ ੧੩੪੩)

{ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥
ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ ਠਾਕਿ ਰਹਾਵੈ ॥੬॥}

(ਅੰਗ ੧੩੪੪)

{ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ ॥
ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ ॥੧॥}

(ਅੰਗ ੧੩੯੮)

{ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ ॥
ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥
ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ ੧੪੧੧)

{ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥ ਨਾਨਕ ਗੁਰਮੁਖਿ ਮੇਲਿਅਨੁ ਗੁਰ ਕੈ ਅੰਕਿ ਸਮਾਇ ॥੪੫॥}

(ਅੰਗ ੧੪੧੮)

{ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥}

(ਅੰਗ ੯੯੨)

{ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥}

(ਅੰਗ ੬੩੭)

{ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

(ਅੰਗ ੪੭੨)

{ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ ॥
ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥}

(ਅੰਗ ੧੪੦੧)

44/5839

{ਉਤਰਿ ਅਵਘਟਿ ਸਰਵਰਿ ਨ੍ਹਾਵੈ ॥ ਬਕੈ ਨ ਬੋਲੈ ਹਰਿ ਗੁਣ ਗਾਵੈ ॥
ਜਲੁ ਆਕਾਸੀ ਸੁੰਨਿ ਸਮਾਵੈ ॥ ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥

ਐਸਾ ਗਿਆਨੁ ਸੁਨਹੁ ਅਭ ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥}

(ਅੰਗ ੪੧੧)

{ਸਚੁ ਮਨ ਕਾਰਣਿ ਤਤੁ ਬਿਲੋਵੈ ॥ ਸੁਭਰ ਸਰਵਰਿ ਮੈਲੁ ਨ ਧੋਵੈ ॥
ਜੈ ਸਿਉ ਰਾਤਾ ਤੈਸੋ ਹੋਵੈ ॥ ਆਪੇ ਕਰਤਾ ਕਰੇ ਸੁ ਹੋਵੈ ॥੩॥}

(ਅੰਗ ੪੧੧)

{ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥ ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥੫੩॥}

(ਅੰਗ ੧੩੮੦)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}

(ਅੰਗ ੬੮੭)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਆਪਣੇ ਮਨ ਨੂੰ ਕਿਸ ਤਰੀਕੇ ਧੋਣਾ ਹੈ, ਕਿਸ ਕਰਕੇ ਧੋਣਾ ਹੈ ਇਸੇ ਗੱਲ ਨੂੰ ਹੀ ਸਮਝਿਆ ਹੈ। ਸਾਡਾ ਮਨ ਸਾਡੀ ਅਗਿਆਨਤਾ ਕਰਕੇ ਮੈਲਾ ਹੈ, ਭਰਮ ਵਾਲੇ ਵਿਚਾਰਾਂ ਕਰਕੇ ਮੈਲਾ ਹੈ ਭਾਵ ਸਾਡੇ ਮਨ ਦੀ ਮੈਲ ਸਾਡੇ ਅੰਦਰ ਦੀ ਨਾਸਮਝ ਮਤਿ ਹੈ, ਭਰਮਾਂ ਵਾਲੀ ਮਤਿ ਹੈ ਜੋ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਣ ਵਿੱਚ ਭਰਮਾਂ ਵਿੱਚ ਪਾਉਂਦੀ ਹੈ ਭਾਵ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਅਸੀਂ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ, ਨਾਮ ਨੂੰ ਸਮਝਣ ਵਿੱਚ ਭਰਮਾਂ ਵਿੱਚ ਹਾਂ ਭਾਵ ਮਨ ਦੀ ਮੈਲ ਕਰਕੇ ਅਸੀਂ ਸੱਚ ਨੂੰ ਨਹੀਂ ਸਮਝਦੇ। ਸੱਚ ਉਹ ਹੈ ਜੋ ਸਾਨੂੰ ਗੁਰੂ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਉਂਦਾ ਹੈ। ਗੁਰੂ ਸਾਨੂੰ ਇਹ ਸਮਝਾਉਂਦਾ ਹੈ ਕਿ ਕਿਸੇ ਅੱਖਰ ਨੂੰ ਬੋਲੀ ਜਾਣਾ ਨਾਮ ਨਹੀਂ ਹੈ ਪਰ ਅਸੀਂ ਫਿਰ ਵੀ ਕਿਸੇ ਅੱਖਰ ਨੂੰ ਹੀ ਨਾਮ ਸਮਝਦੇ ਹਾਂ ਫਿਰ ਅਸੀਂ ਭਰਮ ਵਿੱਚ ਹਾਂ ਭਾਵ ਸਾਡੇ ਅੰਦਰ ਅਗਿਆਨਤਾ ਰੂਪ ਮੈਲ ਹੈ ਜਿਸਨੂੰ ਅਸੀਂ ਧੋਣਾ ਹੈ। ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨ ਲਵਾਂਗੇ ਕਿ ਨਾਮ ਜਪਣਾ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੈ ਫਿਰ ਸਾਡੇ ਮਨ ਦੀ ਮੈਲ ਧੁੱਪ ਜਾਵੇਗੀ ਤੇ ਅਸੀਂ ਸੱਚੇ ਨਾਮ ਨਾਲ ਜੁੜਨ ਦਾ ਉਦੱਮ ਕਰਾਂਗੇ। ਇਸੇ ਤਰ੍ਹਾਂ ਗੁਰੂ ਸਾਨੂੰ ਸਮਝਾਉਂਦਾ ਹੈ ਕੋਈ ਖਾਸ ਵੇਲਾ ਅੰਮ੍ਰਿਤ ਵੇਲਾ ਨਹੀਂ ਹੈ ਭਾਵ ਕੋਈ ਵੇਲਾ ਚੰਗਾ ਮਾੜਾ ਨਹੀਂ ਹੈ, ਹਰ ਵੇਲਾ ਚੰਗਾ ਹੈ ਤੇ ਸਾਡੇ ਲਈ ਚੰਗਾ ਵੇਲਾ ਉਹ ਹੈ ਜਿਸ ਵੇਲੇ ਅਸੀਂ ਸੱਚ ਨੂੰ ਅਪਨਾਉਂਦੇ ਹਾਂ ਭਾਵ ਗੁਰੂ ਦੀ ਮਤਿ ਨੂੰ ਮੰਨਦੇ ਹਾਂ। ਗੁਰੂ ਦੀ ਮਤਿ ਮੰਨਣ

ਲਈ ਹਰ ਵੇਲਾ ਇੱਕੋ ਜਿਹਾ ਹੈ ਭਾਵ ਸਾਡਾ ਸਾਰਾ ਜੀਵਨ ਚੰਗਾ ਵੇਲਾ ਹੈ ਜਿਸ ਰਾਹੀਂ ਅਸੀਂ ਉਸ ਪ੍ਰਮਾਤਮਾ ਨੂੰ ਪਾ ਸਕਦੇ ਹਾਂ। ਜੋ ਕੇਵਲ ਕਿਸੇ ਖਾਸ ਵੇਲੇ ਨੂੰ ਹੀ ਉੱਚਾ ਸਮਝ ਕੇ ਅੰਮ੍ਰਿਤ ਵੇਲਾ ਕਹਿੰਦੇ ਹਨ ਉਹ ਗੁਰਮਤਿ ਦੇ ਉਲਟ ਕਹਿੰਦੇ ਹਨ ਭਾਵ ਉਨ੍ਹਾਂ ਦੇ ਅੰਦਰ ਅਗਿਆਨਤਾ ਹੈ, ਸੱਚ ਨੂੰ ਸਮਝਣ ਵਿੱਚ ਅਗਿਆਨਤਾ ਹੈ ਭਾਵ ਉਨ੍ਹਾਂ ਦੇ ਅੰਦਰ ਭਰਮ ਰੂਪ ਮੈਲ ਹੈ, ਉਨ੍ਹਾਂ ਦੇ ਵਿਚਾਰ ਮੈਲੇ ਹਨ, ਉਨ੍ਹਾਂ ਦੀ ਮਤਿ ਮੈਲੀ ਹੈ। ਮੈਲੀ ਮਤਿ ਹੀ ਮਨਮਤਿ ਹੈ। ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਆਪਣੀ ਮਨਮਤਿ ਦੁਆਰਾ ਭਗਤੀ ਦੇ ਤਰੀਕੇ ਅਪਨਾਏ ਹੋਏ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ ਜਿਨ੍ਹਾਂ ਦਾ ਗੁਰਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਭਾਵ ਸਾਨੂੰ ਸੱਚ ਸਮਝਾਇਆ ਹੋਇਆ ਹੈ ਤੇ ਜੇਕਰ ਅਸੀਂ

ਸੱਚ ਨੂੰ ਮੰਨ ਕੇ ਉਨ੍ਹਾਂ ਤਰੀਕਿਆਂ ਨੂੰ ਛੱਡ ਦਿਆਂਗੇ ਤਾਂ ਫਿਰ ਸਾਡੇ ਮਨ ਦੀ ਮੈਲ ਉਤਰ ਜਾਵੇਗੀ। ਕੇਵਲ ਕਥਨੀ ਨੂੰ ਹੀ ਭਗਤੀ ਸਮਝਣਾ ਸਾਡੇ ਮਨ ਦੀ ਮੈਲ ਹੈ ਤੇ ਜਿਸਦੀ ਮੈਲ ਨਿਕਲ ਜਾਂਦੀ ਹੈ ਉਹ ਫਿਰ ਆਪਣੀ ਸੱਚੀ ਸੁੱਚੀ ਕਰਨੀ ਵਿੱਚ ਭਗਤੀ ਸਮਝਦਾ ਹੈ। ਇਸੇ ਤਰ੍ਹਾਂ ਸਰੀਰਕ ਜਪਾਂ ਤਪਾਂ ਵਿੱਚ ਭਗਤੀ ਸਮਝਣਾ ਸਾਡੇ ਮਨ ਦੀ ਮੈਲ ਹੈ ਤੇ ਜੋ ਗੁਰੂ ਦੀ ਗੱਲ ਨੂੰ ਮੰਨ ਕੇ ਇਨ੍ਹਾਂ ਨੂੰ ਛੱਡ ਦਿੰਦਾ ਹੈ ਉਸਦੀ ਮੈਲ ਉਤਰ ਜਾਂਦੀ ਹੈ। ਅਨੇਕਾਂ ਨੇ ਆਪਣੇ ਖਾਣ-ਪਾਣ ਨੂੰ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ, ਸਰੀਰਕ ਬਾਣਿਆਂ ਨੂੰ, ਸਰੀਰਕ ਸ਼ਿੰਗਾਰ ਨੂੰ ਭਗਤੀ ਦੇ ਮਾਰਗ ਨਾਲ ਜੋੜਿਆ ਹੋਇਆ ਹੈ ਜੋ ਕਿ ਮਨ ਦੀ ਮੈਲ ਹੈ ਭਾਵ ਇਸ ਵਿੱਚ ਸੱਚ ਨਹੀਂ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਕੇਵਲ ਤੇ ਕੇਵਲ ਸੱਚ ਤੇ ਚੱਲਣ ਦੁਆਰਾ ਹੁੰਦੀ ਹੈ, ਮਨ ਦੇ ਹਰ ਵਿਕਾਰ ਨੂੰ ਤਿਆਗਣ ਦੁਆਰਾ ਹੁੰਦੀ ਹੈ। ਜਿਸਦਾ ਮਨ ਧੁੱਪ ਜਾਂਦਾ ਹੈ ਭਾਵ ਜਿਸਦੇ ਮਨ ਦੀ ਮੈਲ ਨਿਕਲ ਜਾਂਦੀ ਹੈ, ਧੁੱਪ ਜਾਂਦੀ ਹੈ ਉਹੀ ਫਿਰ ਪ੍ਰਮਾਤਮਾ ਦੀ ਸੱਚੀ ਭਗਤੀ ਨਾਲ ਜੁੜਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝ ਰਹੇ ਹਾਂ। ਅਸੀਂ ਆਪਣੀ ਝੂਠੀ ਭਗਤੀ ਦੁਆਰਾ ਆਪਣੇ ਮਨ ਦੀ ਮੈਲ ਨੂੰ ਧੋਣਾ ਚਾਹੁੰਦੇ ਹਾਂ ਜਿਸ ਤਰੀਕੇ ਕਦੇ ਨਹੀਂ ਧੋਇਆ ਜਾ ਸਕਦਾ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ। ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਣਾ ਵੀ, ਜਨਮ ਮਰਨ ਸਮਝਣਾ ਵੀ ਮਨ ਦੀ ਮੈਲ ਹੀ ਹੈ ਜਿਸਨੂੰ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਧੋਇਆ ਜਾ ਸਕਦਾ ਹੈ। **(ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥ ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥)**

44/5841

ਸਿਰੀਰਾਗੁ ਮਹਲਾ ੩ ॥

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

ਸਲੋਕ ਮਃ ੪ ॥

{ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥
ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥}

(ਅੰਗ ੩੧੬)

ਆਗਿਆਨਤਾ ਰੂਪ ਮੈਲ ਭਾਵ ਹਉਮੈ ਰੂਪ ਮੈਲ, ਮਾਇਆ ਰੂਪ ਮੈਲ ਸਭ ਦੇ ਅੰਦਰ ਮੂਲ ਰੂਪ ਵਿੱਚ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਤੇ ਆਪਣੇ ਆਪ ਇਸ ਮੈਲ ਵਿੱਚੋਂ ਨਿਕਲਣਾ ਭਾਵ ਆਪਣੇ ਆਪ ਇਸ ਮੈਲ ਨੂੰ ਧੋਣਾ ਮਨੁੱਖੀ ਸਮਰਥਾ ਵਿੱਚ ਨਹੀਂ ਹੈ ਕਿਉਂਕਿ ਇਹ ਮੈਲ ਸਾਡੀ ਸਮਝ ਦੇ ਵਿੱਚ ਹੈ ਜੋ ਸਮਝ ਸਾਡੇ ਵੱਸ ਵਿੱਚ ਨਹੀਂ ਹੈ। ਇਸ ਮੈਲ ਨੂੰ ਧੋਣ ਦਾ ਉਦੱਮ ਮਨੁੱਖ ਨੇ ਹੀ ਕਰਨਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਹੀ ਕਰਨਾ ਹੈ ਤੇ ਪੂਰਨ ਰੂਪ ਵਿੱਚ ਜਿਸ ਮਨੁੱਖ ਦੀ ਮੈਲ ਧੁੱਪਦੀ ਹੈ ਉਹ ਪ੍ਰਮਾਤਮਾ ਆਪ ਹੀ ਧੋਂਦਾ ਹੈ, ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਧੋਂਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ ॥੧॥”

ਪ੍ਰਮਾਤਮਾ ਦੇ ਦਰਬਾਰ ਵਿੱਚ ਸਾਡੀ ਇੱਜਤ ਵੀ ਸਾਡੇ ਮਨ ਦੀ ਸਮਝ ਦੁਆਰਾ ਹੈ ਤੇ ਸਾਡੀ ਬੇਇਜਤੀ ਵੀ, ਮਨ ਦੀ ਸਮਝ ਕਰਕੇ ਹੈ ਭਾਵ ਪ੍ਰਮਾਤਮਾ ਦੀ ਨਜਰਾਂ ਵਿੱਚ ਸਾਡਾ ਆਦਰ ਜਾ ਨਿਰਾਦਰ ਮਨ ਦੀ ਸਮਝ ਦੁਆਰਾ ਜੁੜਿਆ ਹੋਇਆ ਹੈ। ਜਦ ਤੱਕ ਸਾਡੀ ਸਮਝ ਮਾੜੀ ਹੈ ਉਹ ਸਾਡੇ ਅੰਦਰ ਦੀ ਮੈਲ ਹੈ ਜਿਸ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ ਜਿਸ ਕਰਕੇ ਸਾਡਾ ਪ੍ਰਮਾਤਮਾ ਦੀ ਨਜਰਾਂ ਵਿੱਚ ਨਿਰਾਦਰ ਹੁੰਦਾ ਹੈ ਭਾਵ ਉਸਦੇ ਦਰਬਾਰ ਵਿੱਚੋਂ ਸਾਨੂੰ ਜੁੱਤੀਆਂ ਪੈਂਦੀਆਂ ਹਨ।

ਇਹ ਜੁੱਤੀਆਂ ਸਾਡੀ ਮਤਿ ਨੂੰ ਹੀ ਪੈਂਦੀਆਂ ਹਨ ਜਿਸ ਦੁਆਰਾ ਅਸੀਂ ਮਨ ਦੇ ਵਿੱਚ

ਹੀ ਦੁੱਖ ਸਹਿੰਦੇ ਹਾਂ, ਪਰੇਸ਼ਾਨ ਹੁੰਦੇ ਹਾਂ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਕਰਕੇ ਦੁੱਖੀ ਹੁੰਦੇ ਹਾਂ। ਜਿਸਨੂੰ ਪ੍ਰਮਾਤਮਾ ਬਖਸ਼ ਲੈਂਦਾ ਹੈ ਉਸਨੂੰ ਗੁਰਮਤਿ ਰੂਪ ਪੂਰਨ ਸੋਝੀ ਪਾ ਦਿੰਦਾ ਹੈ ਤੇ ਉਸਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਪਾ ਦਿੰਦਾ ਹੈ ਤੇ ਉਹ ਮਨੁੱਖੀ ਰੂਪ ਫਿਰ ਪ੍ਰਮਾਤਮਾ ਦੀ ਰਜਾ ਅਨੁਸਾਰ ਵਿਚਰਦਾ ਹੈ। ਉਸਨੂੰ ਫਿਰ ਮਾਇਆ ਦੇ ਦੁੱਖ ਮਹਿਸੂਸ ਨਹੀਂ ਹੁੰਦੇ, ਜਨਮ ਮਰਨ ਵਿੱਚੋਂ ਉਹ ਨਿਕਲ ਜਾਂਦਾ ਹੈ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਹੋਂਦ ਸਮਝਣਾ ਕੇਵਲ ਮਨ ਦਾ ਭਰਮ ਹੈ, ਮਨ ਦੀ ਮੈਲ ਹੈ ਤੇ ਉਸਨੂੰ ਸਭ ਵਿੱਚ ਫਿਰ ਪ੍ਰਮਾਤਮਾ ਹੀ ਨਜਰ ਆਉਂਦਾ ਹੈ। **(ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥ ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥ ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ ॥੧॥)**

ਜਿਸਨੂੰ ਪ੍ਰਮਾਤਮਾ ਬਖਸ਼ ਲੈਂਦਾ ਹੈ ਭਾਵ ਜਿਸਦੇ ਮਨ ਦੀ ਅਗਿਆਨਤਾ ਰੂਪ ਮੈਲ ਨੂੰ ਧੋ ਦਿੰਦਾ ਹੈ ਉਸਨੂੰ ਧਰਮ ਦੇ ਮਾਰਗ ਦੀ ਸਮਝ, ਸੱਚੀ ਭਗਤੀ ਦੀ ਸਮਝ ਕਿਸ ਰੂਪ ਵਿੱਚ ਪੈਂਦੀ ਹੈ ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

ਮਃ ੧ ॥

“ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥”

(ਅੰਗ ੧੪੯)

ਉਪਰ ਸਲੋਕ ਰਾਹੀਂ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸੋਝੀ ਹੀ ਪਾਈ ਹੋਈ ਹੈ ਜਿਸ ਮਾਰਗ ਦੀ ਸੰਸਾਰ ਨੂੰ ਸੋਝੀ ਨਹੀਂ ਹੈ ਕਿਉਂਕਿ ਹਰ ਕੋਈ ਮਨ ਦੀ ਮੈਲ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਹਰ ਕੋਈ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਵਿੱਚ ਹੀ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੀ ਰਜਾ ਨੂੰ ਨਹੀਂ ਸਮਝਦੇ ਤੇ ਉਸ ਅਨੁਸਾਰ ਨਹੀਂ ਚੱਲਦੇ। ਪ੍ਰਮਾਤਮਾ ਦੀ ਅਸਲ ਭਗਤੀ ਦਾ ਮਾਰਗ ਉਸਦੀ ਰਜਾ ਵਿੱਚ ਚੱਲਣ ਦਾ ਹੈ। ਜਦ ਤੱਕ ਮਨੁੱਖ ਸੰਸਾਰ ਵਿੱਚ ਵਿਚਰਦਾ ਹੈ ਤਦ ਤੱਕ ਦੁੱਖ ਸੁੱਖ ਮਨੁੱਖ ਦੇ ਨਾਲ ਹੀ ਜੁੜੇ ਰਹਿੰਦੇ ਹਨ ਜੋ ਕਿ ਇਸ ਸੰਸਾਰ ਨੂੰ ਚਲਾਉਂਣ ਲਈ ਪ੍ਰਮਾਤਮਾ ਦਾ ਆਪਣਾ

ਬਣਾਇਆ ਹੋਇਆ ਨਿਯਮ ਹੈ। ਸੁੱਖ ਦੁੱਖ ਸਾਡੇ ਨਾਲ ਹੀ ਚੱਲਦੇ ਹਨ ਜੋ ਕਿ ਸਾਡੀ ਸਮਝ ਦੇ ਨਾਲ ਜੁੜੇ ਹੋਏ ਹਨ। ਅਸੀਂ ਕਿਸੇ ਗੱਲ ਵਿੱਚ ਸੁੱਖ ਮਹਿਸੂਸ ਕਰਦੇ ਹਾਂ ਤੇ ਕਿਸੇ ਗੱਲ ਵਿੱਚ ਦੁੱਖ ਮਹਿਸੂਸ ਕਰਦੇ ਹਾਂ। ਮਨੁੱਖ ਇੱਛਾਵਾਂ ਦੇ ਨਾਲ ਭਰਿਆ ਰਹਿੰਦਾ ਹੈ ਜੋ ਹਰ ਵੇਲੇ ਸਾਡੇ ਅੰਦਰ ਉਪਜਦੀਆਂ ਰਹਿੰਦੀਆਂ ਹਨ। ਜਦੋਂ ਮਨੁੱਖ ਦੀ ਕੋਈ ਇੱਛਾ ਪੂਰੀ ਹੁੰਦੀ ਹੈ ਉਸ ਵਿੱਚ ਸੁੱਖ ਮਹਿਸੂਸ ਹੁੰਦਾ ਹੈ ਤੇ ਜਦੋਂ ਕੋਈ ਇੱਛਾ ਪੂਰੀ ਨਹੀਂ ਹੁੰਦੀ ਉਸ ਵਿੱਚ ਦੁੱਖ ਮਹਿਸੂਸ ਹੁੰਦਾ ਹੈ। ਦੁੱਖ ਤੇ ਸੁੱਖ ਰੂਪ ਕਪੜਾ ਸਾਡੇ ਮਨ ਦੀ **“ਚੋਲੀ”** ਹੈ ਭਾਵ ਸਾਡੇ ਮਨ ਦੀ ਸਮਝ ਹੈ ਜੋ ਕਿ ਸਾਡੇ ਵੱਸ ਵਿੱਚ ਨਹੀਂ ਹੈ। ਸਾਡੇ ਮਨ ਦੀ ਸਮਝ ਪ੍ਰਮਾਤਮਾ ਦੇ ਕੋਲੋਂ ਹੀ ਆਉਂਦੀ ਹੈ ਭਾਵ ਸੁੱਖ ਦੁੱਖ ਰੂਪ ਕਪੜਾ ਸਾਨੂੰ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਸਭ ਨੂੰ ਆਪਣੀ ਇਸ ਸਮਝ ਅਨੁਸਾਰ ਹੀ ਸੰਸਾਰ ਵਿੱਚ ਵਿਚਰਨਾ ਪੈਂਦਾ ਹੈ। ਹਰ ਕੋਈ ਮਾਇਆ ਮੋਹ ਰੂਪ ਚੋਲੀ ਵਿੱਚ ਹੈ ਜਿਸ ਰਾਹੀਂ ਹਰ ਕਿਸੇ ਨੂੰ ਸੁੱਖ ਹੀ ਚੰਗਾ ਲੱਗਦਾ ਹੈ ਤੇ ਦੁੱਖ ਕਿਸੇ ਨੂੰ ਚੰਗਾ ਨਹੀਂ ਲੱਗਦਾ ਭਾਵ ਹਰ ਕੋਈ ਇਹੀ ਚਾਹੁੰਦਾ ਹੈ ਕਿ ਉਸਦੀ ਹਰ ਇੱਛਾ ਪੂਰੀ ਹੋਵੇ ਜਿਸ ਵਿੱਚ ਉਸਨੂੰ ਸੁੱਖ ਮਹਿਸੂਸ ਹੁੰਦਾ ਹੈ। ਅਸੀਂ ਜਦੋਂ ਵੀ ਪ੍ਰਮਾਤਮਾ ਕੋਲੋਂ ਕੁਝ ਮੰਗਦੇ ਹਾਂ ਸੁੱਖ ਹੀ ਮੰਗਦੇ ਹਾਂ ਭਾਵ ਆਪਣੀਆਂ ਇੱਛਾਵਾਂ ਦੀ ਪੂਰਤੀ ਹੀ ਮੰਗਦੇ ਹਾਂ। ਅਸੀਂ ਪ੍ਰਮਾਤਮਾ ਦੀ ਭਗਤੀ ਵੀ ਇਸੇ ਲਈ ਕਰਦੇ ਹਾਂ ਭਾਵ ਜੋ ਵੀ ਕਥਨੀ ਆਦਿ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਉਹ ਆਪਣੇ ਵੱਲੋਂ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਹੀ ਕਰਦੇ ਹਾਂ ਕਿ ਪ੍ਰਮਾਤਮਾ ਖੁਸ਼ ਹੋ ਕੇ ਸਾਡੀਆਂ ਇੱਛਾਵਾਂ ਪੂਰੀਆਂ ਕਰੇਗਾ ਭਾਵ ਹਰ ਕੋਈ ਦੁਨਿਆਵੀ ਸੁੱਖ ਨਾਲ ਹੀ ਜੁੜਿਆ ਹੋਇਆ ਹੈ ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੋਵੇ। ਜੇਕਰ ਕੋਈ ਇਹ ਚਾਹਵੇ ਕਿ ਪ੍ਰਮਾਤਮਾ ਮਨੁੱਖ ਦੀ ਹਰ ਇੱਛਾ ਪੂਰੀ ਕਰੇ ਭਾਵ ਕੇਵਲ ਮਨੁੱਖ ਨੂੰ ਸੁੱਖ ਹੀ ਦੇਵੇ ਤੇ ਕੋਈ ਦੁੱਖ ਨਾ ਦੇਵੇ, ਇਹ ਨਹੀਂ ਹੋ ਸਕਦਾ ਕਿਉਂਕਿ ਇਹ ਪ੍ਰਮਾਤਮਾ ਦੇ ਨਿਯਮਾਂ ਤੋਂ ਉਲਟ ਹੈ। ਕੇਵਲ ਸੁੱਖ ਮੰਗਣਾ ਮਨੁੱਖ ਦੀ ਝੱਖਣਾ ਹੈ ਭਾਵ ਵਿਅਰਥ ਹੈ। ਇਹੋ ਜਿਹੇ

ਬੋਲ ਜਿਨ੍ਹਾਂ ਰਾਹੀਂ ਮਨੁੱਖ ਕੇਵਲ ਪ੍ਰਮਾਤਮਾ ਕੋਲੋਂ ਸੁੱਖ ਹੀ ਮੰਗਦਾ ਹੈ ਉੱਥੇ ਮਨੁੱਖ ਦਾ ਹਾਰਨਾ ਤੈਅ ਹੈ ਭਾਵ ਪੱਕਾ ਹੈ ਭਾਵ ਮਨੁੱਖ ਦੀ ਇੱਛਾ ਪੂਰੀ ਨਹੀਂ ਹੁੰਦੀ ਕਿਉਂਕਿ ਦੁੱਖ ਵੀ ਨਾਲ ਹੀ ਜੁੜੇ ਹੋਏ ਹਨ ਜਿਨ੍ਹਾਂ ਨੂੰ ਸਹਿਣਾ ਹੀ ਪੈਂਦਾ ਹੈ। ਕੇਵਲ ਸੁੱਖ ਮੰਗੀ ਜਾਣ ਨਾਲੋਂ ਚੁੱਪ ਰਹਿਣਾ ਚੰਗਾ ਹੈ ਭਾਵ ਜੋ ਮੰਗ ਪੂਰੀ ਨਹੀਂ ਹੋ

44/5844

ਸਕਦੀ ਉਹ ਮੰਗ ਨਾ ਕਰਨਾ ਹੀ ਚੰਗਾ ਹੈ। ਜਦੋਂ ਮਨੁੱਖ ਸੁੱਖ ਦੁੱਖ ਨੂੰ ਇੱਕੋ ਜਿਹਾ ਹੀ ਕਰਕੇ ਜਾਣਦਾ ਹੈ ਫਿਰ ਤਾਂ ਹੀ ਪ੍ਰਮਾਤਮਾ ਦੀ ਰਜਾ ਵਿੱਚ ਚੱਲਿਆ ਜਾ ਸਕਦਾ ਹੈ, ਉਸਦੇ ਭਾਣੇ ਵਿੱਚ ਚੱਲਿਆ ਜਾ ਸਕਦਾ ਹੈ ਤੇ ਇਹੀ ਪ੍ਰਮਾਤਮਾ ਦੀ ਭਗਤੀ ਦਾ ਅਸਲ ਮਾਰਗ ਹੈ ਜੋ ਕਿ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਆਪਣੇ ਭਾਣੇ ਅਨੁਸਾਰ ਚਲਾਉਂਦਾ ਹੈ ਤੇ ਆਪਣਾ ਭਾਣਾ ਮੰਨਣ ਦੀ ਸਮਰਥਾ ਆਪ ਹੀ ਬਖਸ਼ਦਾ ਹੈ, ਦੁੱਖ ਸੁੱਖ ਨੂੰ ਇੱਕੋ ਜਿਹਾ ਕਰਕੇ ਮੰਨਣ ਦੀ ਸਮਰਥਾ ਆਪ ਹੀ ਬਖਸ਼ਦਾ ਹੈ। **(ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥੨॥)**

{ਮਮਾ ਜਾਹੂ ਮਰਮੁ ਪਛਾਨਾ ॥ ਭੇਟਤ ਸਾਧਸੰਗ ਪਤੀਆਨਾ ॥
ਦੁਖ ਸੁਖ ਉਆ ਕੈ ਸਮਤ ਬੀਚਾਰਾ ॥ ਨਰਕ ਸੁਰਗ ਰਹਤ ਅਉਤਾਰਾ ॥
ਤਾਹੂ ਸੰਗ ਤਾਹੂ ਨਿਰਲੇਪਾ ॥ ਪੂਰਨ ਘਟ ਘਟ ਪੁਰਖ ਬਿਸੇਖਾ ॥
ਉਆ ਰਸ ਮਹਿ ਉਆਹੂ ਸੁਖੁ ਪਾਇਆ ॥ ਨਾਨਕ ਲਿਪਤ ਨਹੀ ਤਿਹ ਮਾਇਆ ॥੪੨॥}

(ਅੰਗ ੨੫੯)

{ਸੁਖੁ ਦੁਖੁ ਦੋਨੌ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥}

(ਅੰਗ ੨੧੯)

{ਗੁਰਮੁਖਿ ਬੂਝੈ ਏਕ ਲਿਵ ਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥ ਜੰਮਣੁ ਮਰਣਾ ਠਾਕਿ ਰਹਾਏ ॥
ਪੂਰੇ ਗੁਰ ਤੇ ਇਹ ਮਤਿ ਪਾਏ ॥੭॥ ਕਥਨੀ ਕਥਉ ਨ ਆਵੈ ਓਰੁ ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥
ਦੁਖੁ ਸੁਖੁ ਭਾਣੈ ਤਿਸੈ ਰਜਾਇ ॥ ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥}

(ਅੰਗ ੨੨੨-੨੨੩)

{ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥}

(ਅੰਗ ੨੨੦)

{ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥
ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥}

(ਅੰਗ ੨੦੫)

44/5845

{ਜਾ ਕੈ ਹਰਿ ਵਸਿਆ ਮਨ ਮਾਹੀ ॥ ਤਾ ਕਉ ਦੁਖੁ ਸੁਪਨੈ ਭੀ ਨਾਹੀ ॥੧॥ ਰਹਾਉ ॥}

(ਅੰਗ ੧੯੩)

ਦੁੱਖ ਸੁੱਖ ਨਾਲ ਮਨੁੱਖ ਤਦ ਤੱਕ ਹੀ ਜੁੜਿਆ ਰਹਿੰਦਾ ਹੈ ਜਦ ਤੱਕ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦਾ, ਉਸ ਸੁਖੁ ਰੂਪ ਮਾਲਕ ਨੂੰ ਜਾਣ ਨਹੀਂ ਲੈਂਦਾ ਤੇ ਜਿਸ ਸਮਝ ਦੇ ਨਾਲ ਉਹ ਮਨੁੱਖ ਨੂੰ ਜੋੜਦਾ ਹੈ ਉਸ ਵਿੱਚ ਮਨੁੱਖ ਪ੍ਰਮਾਤਮਾ ਦੀ ਰਜਾ

ਵਿੱਚ ਸੁੱਖ ਹੀ ਮਹਿਸੂਸ ਕਰਦਾ ਹੈ ਤੇ ਉਸਨੂੰ ਮਾਇਆ ਦਾ ਦੁੱਖ ਪਰੇਸ਼ਾਨ ਨਹੀਂ ਕਰਦਾ। ਅਸਲ ਸੁੱਖ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੀ ਸੱਚੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜਦੋਂ ਮਨੁੱਖ ਦੀ ਸਮਝ ਅਗਿਆਨਤਾ ਦੀ ਮੈਲ ਤੋਂ ਰਹਿਤ ਹੋ ਜਾਂਦੀ ਹੈ। ਮੈਲ ਤੋਂ ਰਹਿਤ ਮਨੁੱਖੀ ਸਮਝ ਕਿਸ ਤਰੀਕੇ ਹੁੰਦੀ ਹੈ ਜਿਸ ਤਰੀਕੇ ਉਹ ਸੁੱਖ ਮਹਿਸੂਸ ਕਰਦਾ ਹੈ ਤੇ ਇਹੀ ਗੱਲ ਸਾਨੂੰ ਸਲੋਕਾਂ ਦੀ ਪਉੜੀ ਦੁਆਰਾ ਸਮਝਾਈ ਹੋਈ ਹੈ।

ਪਉੜੀ ॥

“ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥
ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥”

(ਅੰਗ ੧੪੯)

ਉਪਰਲੀ ਪਉੜੀ ਤੋਂ ਪਹਿਲੇ ਅਸੀਂ ਇਸ ਨਾਲ ਜੁੜੇ ਹੋਏ ਦੋ ਸਲੋਕਾਂ ਨੂੰ ਸਮਝਿਆ ਹੈ। ਪਹਿਲੇ ਸਲੋਕ ਰਾਹੀਂ ਅਸੀਂ ਮਨੁੱਖੀ ਜਨਮ ਬਾਰੇ ਜਾਣਿਆ ਹੈ ਜੋ ਕਿ ਸਾਡਾ ਝੂਠਾ ਜਨਮ ਹੈ। ਜਦ ਤੱਕ ਪ੍ਰਮਾਤਮਾ ਨੂੰ ਅਸੀਂ ਆਪਣੇ ਅੰਦਰੋਂ ਨਹੀਂ ਜਾਣ ਲੈਂਦੇ ਤਦ ਤੱਕ ਅਸੀਂ ਆਪਣੇ ਆਪ ਨੂੰ ਮਨੁੱਖ ਹੀ ਸਮਝਦੇ ਹਾਂ ਕਿਉਂਕਿ ਸਾਡੇ ਮਨ ਦੀ ਸਮਝ ਸਾਨੂੰ ਇਹ ਕੁਝ ਹੀ ਸਮਝਾਉਂਦੀ ਹੈ। ਇਹ ਸਾਡਾ ਮਾਇਆ ਦੇ ਘਰ ਵਿੱਚ ਜਨਮ ਹੈ ਭਾਵ ਜੰਮਣ ਵਾਲੀ ਸਾਡੇ ਅੰਦਰ ਦੀ ਮਾਇਆ ਹੈ ਜੋ ਸਾਨੂੰ ਝੂਠ ਸਮਝਾਉਂਦੀ ਹੈ। ਜਦੋਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਲੱਭ ਲੈਂਦੇ ਹਾਂ ਉਸ ਤੋਂ ਬਾਅਦ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮੈਂ ਆਪਣੇ ਆਪ ਨੂੰ ਭਰਮ ਵਿੱਚ ਹੀ ਮਨੁੱਖ ਸਮਝਿਆ ਹੋਇਆ ਸੀ ਤੇ ਅਸਲ ਵਿੱਚ ਮੇਰੇ ਅੰਦਰ ਆਪ ਪ੍ਰਮਾਤਮਾ ਹੈ ਜਿਸਨੂੰ ਕਿ ਕਿਤੇ ਬਾਹਰੋਂ ਨਹੀਂ ਖੋਜਿਆ ਜਾ ਸਕਦਾ ਕਿਉਂਕਿ ਉਹ ਨਿਰੰਕਾਰ ਰੂਪ ਵਿੱਚ ਸਾਡੇ ਅੰਦਰ ਹੀ ਹੈ। ਮਨੁੱਖ ਦਾ ਅਸਲ ਜਨਮ ਉਦੋਂ ਹੁੰਦਾ ਹੈ ਭਾਵ ਮਨੁੱਖ ਦੀ ਸਿਰਜਨਾ ਉਦੋਂ ਹੀ ਹੁੰਦੀ ਹੈ ਜਦੋਂ ਉਸਦਾ ਜਨਮ ਗੁਰੂ

ਪ੍ਰਮਾਤਮਾ ਦੇ ਘਰ ਵਿੱਚ ਹੁੰਦਾ ਹੈ, ਉਸ ਅਲਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਦੁਆਰਾ ਹੁੰਦਾ ਹੈ ਜੋ ਆਪਣਾ ਆਪ ਪ੍ਰਮਾਤਮਾ ਆਪ ਹੀ ਦਿਖਾਉਂਦਾ ਹੈ। ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਣੀ ਕਿ ਮੇਰੇ ਰੂਪ ਵਿੱਚ, ਮੇਰੇ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਵਿਚਰ ਰਿਹਾ ਹੈ ਇਹੀ ਸਾਡਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੈ ਜੋ ਜਨਮ ਸਾਡਾ ਪ੍ਰਮਾਤਮਾ ਆਪ ਹੀ ਕਰਦਾ ਹੈ ਭਾਵ ਮਨ ਦੇ ਵਿੱਚ ਇਹ ਸਮਝ ਉਹ ਆਪ ਹੀ ਪਾਉਂਦਾ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਸਭ ਦੇ ਵਿੱਚ ਉਹ ਆਪ ਹੀ ਹੈ, ਆਪਣੀ ਜੋਤਿ ਦੇ ਰੂਪ ਦੁਆਰਾ ਸਭ ਵਿੱਚ ਆਪ ਹੀ ਹੈ। ਮਨ ਦੇ ਵਿੱਚ ਸਮਝ ਪ੍ਰਮਾਤਮਾ ਆਪਣੀ ਜੋਤਿ ਦੁਆਰਾ ਹੀ ਪਾਉਂਦਾ ਹੈ ਤੇ ਸਭ ਦੇ ਵਿੱਚ ਪ੍ਰਮਾਤਮਾ ਮਨ ਦੀ ਸਮਝ ਦੁਆਰਾ ਹੀ ਵਿਚਰਦਾ ਹੈ। ਸਾਡੇ ਅੰਦਰ ਦੀ ਸਮਝ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੈ ਤੇ ਹਰ ਵਸਤੂ ਵਿੱਚ ਪ੍ਰਮਾਤਮਾ ਆਪਣੀ ਜੋਤਿ ਦੁਆਰਾ ਹੀ ਹੈ ਭਾਵ ਹਰ ਵਸਤੂ ਦੇ ਅੰਦਰ ਦੀ ਸਮਝ ਦੇ ਰੂਪ ਵਿੱਚ ਭਾਵ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਹਰ ਵਸਤੂ ਪ੍ਰਮਾਤਮਾ ਦੀ ਜੋਤਿ ਦੁਆਰਾ ਹੀ ਬਣੀ ਹੈ ਤੇ ਜੋਤਿ ਦੁਆਰਾ ਹੀ ਚੱਲ ਰਹੀ ਹੈ। ਜੋ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਦਾ ਹੈ ਉਸਨੂੰ ਜੋਤਿ ਰੂਪ ਵਿੱਚ ਹੀ ਦੇਖਦਾ ਹੈ ਭਾਵ ਮਨ ਦੀ ਸਮਝ ਰਾਹੀਂ ਹੀ ਦੇਖਦਾ ਹੈ ਤੇ ਮਨ ਦੀ ਸਮਝ ਰਾਹੀਂ ਹੀ ਮਨੁੱਖ ਨੂੰ ਵਿਸ਼ਵਾਸ ਆਉਂਦਾ ਹੈ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਹੈ। ਉਪਰ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਨੂੰ ਇਹੋ ਕੁਝ ਹੀ ਸਮਝਾਇਆ ਹੋਇਆ ਹੈ ਕਿ ਸਾਡਾ ਅਸਲ ਜਨਮ ਕੀ ਹੈ। **(ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥)**

{ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ ੧੨੭੬)

{ਪਵਣੈ ਪਾਣੀ ਜਾਣੈ ਜਾਤਿ ॥ ਕਾਇਆਂ ਅਗਨਿ ਕਰੇ ਨਿਭਰਾਂਤਿ ॥ ਜੰਮਹਿ ਜੀਅ ਜਾਣੈ ਜੇ ਥਾਉ ॥

ਸੁਰਤਾ ਪੰਡਿਤੁ ਤਾ ਕਾ ਨਾਉ ॥੧॥ ਗੁਣ ਗੋਬਿੰਦ ਨ ਜਾਣੀਅਹਿ ਮਾਇ ॥
ਅਣਡੀਠਾ ਕਿਛੁ ਕਹਣੁ ਨ ਜਾਇ ॥ ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥}

(ਅੰਗ ੧੨੫੬)

{ਮਾਇਆ ਮੋਹੁ ਅਗਿਆਨੁ ਗੁਬਾਰੁ ॥ ਮਨਮੁਖ ਮੋਹੇ ਮੁਗਧ ਗਵਾਰ ॥
ਅਨਦਿਨੁ ਧੰਧਾ ਕਰਤ ਵਿਹਾਇ ॥ ਮਰਿ ਮਰਿ ਜੰਮਹਿ ਮਿਲੈ ਸਜਾਇ ॥੨॥}

(ਅੰਗ ੧੨੬੨)

44/5847

{ਮਨਮੁਖ ਮੁਏ ਨਾਹੀ ਹਰਿ ਮਨ ਮਾਹਿ ॥ ਮਰਿ ਮਰਿ ਜੰਮਹਿ ਭੀ ਮਰਿ ਜਾਹਿ ॥੧॥}

(ਅੰਗ ੧੧੭੨)

{ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥
ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥}

(ਅੰਗ ੧੯)

{ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥}

(ਅੰਗ ੩੩)

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ ੧੩੮-੧੩੯)

{ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ ॥ ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ ॥੧॥}

(ਅੰਗ ੧੪੯)

{ਗੁਰਮੁਖਿ ਬੂਝੈ ਏਕ ਲਿਵ ਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥
ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥੭॥}

(ਅੰਗ ੨੨੨)

ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥ ਮਨਮੁਖਿ ਸੂਤਕੁ ਕਬਹਿ ਨ ਜਾਇ ॥
ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥ ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥
ਮਰਿ ਮਰਿ ਜੰਮੈ ਵਾਰੋ ਵਾਰ ॥੨॥ ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥
ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥ ਸਤਿਗੁਰੁ ਸੇਵਿਐ ਸੂਤਕੁ ਜਾਇ ॥
ਮਰੈ ਨ ਜਨਮੈ ਕਾਲੁ ਨ ਖਾਇ ॥੫॥ ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

{ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥
ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥
ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥
ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥}

(ਅੰਗ ੨੩੧-੨੩੨)

44/5848

{ਜੰਮਣੁ ਮਰਣਾ ਹੈ ਸੰਸਾਰੁ ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥}

(ਅੰਗ ੩੬੪)

ਮਃ ੩ ॥

{ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥
ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ ॥
ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ ॥
ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥
ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ ॥
ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ ॥੨॥}

(ਅੰਗ ੫੧੨)

{ਜਿਨ੍ਹਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥}

(ਅੰਗ ੫੧੬)

{ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ ॥ ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ ॥
ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥
ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ ॥
ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ ॥

ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ ॥੨॥}

(ਅੰਗ ੫੯੩)

ਮਃ ੩ ॥

{ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥ ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥
ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥
ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥੨॥}

(ਅੰਗ ੫੯੨)

ਸਲੋਕੁ ਮਃ ੩ ॥

{ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ॥
ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥ ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥}

(ਅੰਗ ੬੪੫)

ਸਲੋਕੁ ਮਃ ੩ ॥

{ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥
ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥
ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥
ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥੧॥}

(ਅੰਗ ੬੫੧)

44/5849

{ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥ ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥}

(ਅੰਗ ੭੫੪)

{ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥
ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥
ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥}

(ਅੰਗ ੭੫੬)

{ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥ ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ॥
ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥੬॥}

(ਅੰਗ ੭੬੧)

ਸਲੋਕ ਮਃ ੩ ॥

{ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥
ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ॥ ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥
ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਇ ॥

ਆਪੇ ਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ ॥
ਜੰਮਣੁ ਮਰਣਾ ਕਟਿਆ ਜੋਤੀ ਜੋਤਿ ਮਿਲਾਇ ॥੧॥}

(ਅੰਗ ੮੪੯)

ਮਃ ੩ ॥

{ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥ ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥
ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ ॥ ਜੋ ਦੇਵੈ ਤਿਸੈ ਨ ਜਾਣਈ ਦਿਤੇ ਕਉ ਲਪਟਾਇ ॥
ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ॥੨॥}

(ਅੰਗ ੯੪੭)

ਮਃ ੩ ॥

{ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥
ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ ॥
ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ ॥ ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ ॥
ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ ॥
ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ ॥
ਸੈਸਾਰੈ ਵਿਚਿ ਸੋਭ ਨ ਪਾਇਨੀ ਅਗੈ ਜਿ ਕਰੇ ਸੁ ਜਾਣੈ ਕਰਤਾਰੁ ॥ ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ॥
ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ ॥੨॥}

(ਅੰਗ ੯੫੦)

{ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਤਿਨ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥}

(ਅੰਗ ੯੫੦)

44/5850

{ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥ ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥
ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥੪॥}

(ਅੰਗ ੧੦੦੯)

{ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥ ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥
ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥੫॥
ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥ ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥
ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥ ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥
ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥ ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥
ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥ ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ॥੮॥੨॥}

(ਅੰਗ ੧੦੦੯-੧੦੧੦)

{ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥੫॥}

(ਅੰਗ ੧੦੨੦)

{ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥}

(ਅੰਗ ੧੦੪੫)

{ਹਉਮੈ ਮਾਇਆ ਮੈਲੁ ਕਮਾਇਆ ॥ ਮਰਿ ਮਰਿ ਜੰਮਹਿ ਦੂਜਾ ਭਾਇਆ ॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ਮਨਿ ਦੇਖਹੁ ਲਿਵ ਲਾਈ ਹੇ ॥੧੫॥}

(ਅੰਗ ੧੦੪੬)

{ਮਨਮੁਖ ਸਹਸਾ ਬੂਝ ਨ ਪਾਈ ॥ ਮਰਿ ਮਰਿ ਜੰਮੈ ਜਨਮੁ ਗਵਾਈ ॥
ਗੁਰਮੁਖਿ ਨਾਮਿ ਰਤੇ ਸੁਖੁ ਪਾਇਆ ਸਹਜੇ ਸਾਚਿ ਸਮਾਈ ਹੇ ॥੩॥}

(ਅੰਗ ੧੦੪੭)

{ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥ ਮਰੈ ਨ ਜੰਮੈ ਚੂਕੈ ਫੇਰੀ ॥
ਸਾਚੇ ਗੁਣ ਗਾਵੈ ਦਿਨੁ ਰਾਤੀ ਜੁਗਿ ਜੁਗਿ ਏਕੋ ਜਾਤਾ ਹੇ ॥੪॥
ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥ ਪਾਪ ਪੁੰਨ ਵਰਤੈ ਸੰਸਾਰਾ ॥
ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥ ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥}

(ਅੰਗ ੧੦੫੨)

44/5851

{ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥ ਗੁਰਮੁਖਿ ਹਿਰਦੈ ਨਾਮੁ ਵਸਾਏ ॥
ਗੁਰਮੁਖਿ ਹੋਵੈ ਸੋ ਨਾਮੁ ਬੂਝੈ ਕਾਟੇ ਦੁਰਮਤਿ ਫਾਹਾ ਹੇ ॥੧੨॥ ਗੁਰਮੁਖਿ ਉਪਜੈ ਸਾਚਿ ਸਮਾਵੈ ॥
ਨਾ ਮਰਿ ਜੰਮੈ ਨ ਜੂਨੀ ਪਾਵੈ ॥ ਗੁਰਮੁਖਿ ਸਦਾ ਰਹਹਿ ਰੰਗਿ ਰਾਤੇ ਅਨਦਿਨੁ ਲੈਦੇ ਲਾਹਾ ਹੇ ॥੧੩॥}

(ਅੰਗ ੧੦੫੫)

{ਜੰਮਣੁ ਮਰਣਾ ਮੋਹੁ ਉਪਾਇਆ ॥ ਆਵਣੁ ਜਾਣਾ ਕਰਤੈ ਲਿਖਿ ਪਾਇਆ ॥}

(ਅੰਗ ੧੧੫੪)

{ਬਾਝੁ ਗੁਰੂ ਜਗਤੁ ਬਉਰਾਨਾ ਭੂਲਾ ਚੋਟਾ ਖਾਈ ॥
ਮਰਿ ਮਰਿ ਜੰਮੈ ਸਦਾ ਦੁਖੁ ਪਾਏ ਦਰ ਕੀ ਖਬਰਿ ਨ ਪਾਈ ॥੧॥}

(ਅੰਗ ੧੧੩੨)

{ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅਨਹਤਿ ਰਾਤੇ ਇਹੁ ਮਨੁ ਲਾਇਆ ॥
ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥

ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥੨੦॥}

(ਅੰਗ ੯੪੦)

ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਜਨਮ ਮਰਨ ਕੀ ਹੈ ਇਸ ਗੱਲ ਨੂੰ ਹੀ ਸਮਝਾਇਆ ਹੈ। ਸਾਡਾ ਇਹ ਜਨਮ ਆਕਾਰ ਰੂਪ ਜਨਮ ਨਹੀਂ ਹੈ ਬਲਕਿ ਨਿਰੰਕਾਰ ਰੂਪ ਜਨਮ ਹੈ ਭਾਵ ਮਨ ਦੇ ਵਿਚਾਰਾਂ ਵਿੱਚ ਜਨਮ ਹੈ। ਸਾਡੇ ਮਨ ਦੇ ਵਿਚਾਰ ਹੀ ਸਾਡਾ ਜਨਮ ਹਨ। ਜਦ ਤੱਕ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ, ਭਰਮ ਵਾਲੀ ਅਵਸਥਾ ਹੈ ਤਦ ਤੱਕ ਸਾਡਾ ਮਾਇਆ ਦੇ ਵਿੱਚ ਜਨਮ ਹੁੰਦਾ ਹੈ, ਝੂਠ ਦੇ ਵਿੱਚ ਜਨਮ ਹੁੰਦਾ ਹੈ ਭਾਵ ਉਹ ਸਾਡਾ ਝੂਠਾ ਜਨਮ ਹੈ। ਉਪਰ ਸ਼ਬਦਾਂ ਵਿੱਚ ਅਸੀਂ ਪ੍ਰਮਾਤਮਾ ਦੇ ਘਰ ਵਿੱਚ, ਸਤਿਗੁਰ ਦੇ ਘਰ ਵਿੱਚ ਜਨਮ ਵੀ ਸਮਝਿਆ ਹੈ। ਇਹ ਜਨਮ ਸਾਡੇ ਵਿਚਾਰਾਂ ਦੇ ਵਿੱਚ ਹੀ ਹੈ ਜੋ ਕਿ ਸਾਡਾ ਸੱਚ ਦੇ ਘਰ ਵਿੱਚ ਜਨਮ ਹੈ ਜੋ ਸਾਨੂੰ ਸੱਚ ਸਮਝਾਉਂਦਾ ਹੈ ਤੇ ਸੱਚਾ ਜਨਮ ਸਾਨੂੰ ਇਹ ਸਮਝਾਉਂਦਾ ਹੈ ਕਿ ਮਨੁੱਖੀ ਰੂਪ ਵਿੱਚ ਆਪਣੀ ਹੋਂਦ ਸਮਝਣਾ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਝੂਠ ਹੈ ਭਾਵ ਸੱਚ ਨਹੀਂ ਹੈ। ਸਾਡਾ ਸੱਚਾ ਜਨਮ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦਾ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਸੱਚਾ ਘਰ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ ਜਿਸ ਘਰ ਦੇ ਵਿੱਚੋਂ ਸੱਚੇ ਵਿਚਾਰ ਹੀ ਉਪਜਦੇ ਹਨ ਭਾਵ ਸੱਚੇ ਵਿਚਾਰ ਹੀ ਜੰਮਦੇ ਹਨ। ਇਹ ਪ੍ਰਮਾਤਮਾ ਦੇ ਘਰ ਵਿੱਚ ਜੰਮਣਾ ਹੈ

ਭਾਵ ਪ੍ਰਮਾਤਮਾ ਦੇ ਘਰ ਵਿੱਚ ਸਾਡੀ ਸਮਝ ਹੀ ਪੈਦਾ ਹੁੰਦੀ ਹੈ। ਮਾਇਆ ਦੇ ਘਰ ਵਿੱਚੋਂ ਵੀ ਸਮਝ ਹੀ ਉਪਜਦੀ ਹੈ ਜੋ ਸਮਝ ਸਾਨੂੰ ਝੂਠ ਨਾਲ ਜੋੜਦੀ ਹੈ। ਮਾਇਆ ਦੇ ਘਰ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਪ੍ਰਮਾਤਮਾ ਦੇ ਘਰ ਨਾਲ ਨਹੀਂ ਜੁੜ ਸਕਦੇ। ਪ੍ਰਮਾਤਮਾ ਦਾ ਦਰ, ਉਸਦਾ ਘਰ ਤਾਂ ਹੀ ਪਾਇਆ ਜਾ ਸਕਦਾ ਹੈ ਜੇਕਰ ਮਾਇਆ ਦੇ ਘਰ ਵਿੱਚੋਂ ਨਿਕਲਣ ਦਾ ਉਦੱਮ ਕਰਾਂਗੇ। ਪ੍ਰਮਾਤਮਾ ਦੇ ਦਰਸ਼ਨ ਪ੍ਰਮਾਤਮਾ ਦੇ ਘਰ ਵਿੱਚ ਜਨਮ ਲੈ ਕੇ ਹੀ ਹੁੰਦੇ ਹਨ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। **(ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥)**

{ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ ੧੨੭੬)

{ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅਨਹਤਿ ਰਾਤੇ ਇਹੁ ਮਨੁ ਲਾਇਆ ॥
ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥
ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥੨੦॥}

(ਅੰਗ ੯੪੦)

ਗੁਰੂ ਪ੍ਰਮਾਤਮਾ ਦੇ ਘਰ ਵਿੱਚ ਜਨਮ ਕਿਸ ਰੂਪ ਵਿੱਚ ਹੁੰਦਾ ਹੈ, ਕਿਸ ਤਰੀਕੇ ਹੁੰਦਾ ਹੈ, ਕਿਸ ਮਕਸਦ ਲਈ ਹੁੰਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥”

ਜਿਸਦਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੁੰਦਾ ਹੈ ਉਸਦੇ ਅੰਦਰ ਪ੍ਰਮਾਤਮਾ ਭਾਵ ਉਸਦੇ ਮਨ ਵਿੱਚ ਪ੍ਰਮਾਤਮਾ ਗਿਆਨ ਰੂਪ ਦੀਵਾ ਹੀ ਬਾਲਦਾ ਹੈ ਤੇ ਗਿਆਨ ਦੇ ਅੰਦਰ ਦੀ ਸਮਝ ਪ੍ਰਮਾਤਮਾ ਦਾ ਰਤਨ ਹੈ, ਸ਼ਬਦ ਰੂਪ ਹੈ ਭਾਵ ਗਿਆਨ ਦਾ ਰਤਨ ਹੈ ਜਿਸ ਰਾਹੀਂ ਮਨ ਦੇ ਵਿੱਚੋਂ ਸੱਚੀ ਸਮਝ ਹੀ ਪੈਂਦੀ ਹੈ, ਪੂਰਨ ਸੱਚ ਦੇ ਰੂਪ ਵਿੱਚ ਸਮਝ ਪੈਂਦੀ ਹੈ ਜੋ ਸਮਝ ਪ੍ਰਮਾਤਮਾ

ਗਿਆਨ ਰੂਪ ਦੀਵਾ ਬਾਲਣ ਦੁਆਰਾ ਆਪ ਹੀ ਪਾਉਂਦਾ ਹੈ। ਜਿਸ ਮਨੁੱਖੀ ਸਰੀਰ ਰਾਹੀਂ ਪ੍ਰਮਾਤਮਾ ਆਪਣਾ ਗੁਰੂ ਰੂਪ ਧਾਰਨ ਕਰਦਾ

ਹੈ ਉਹ ਇਸੇ ਤਰੀਕੇ ਹੀ ਕਰਦਾ ਹੈ। ਗੁਰੂ ਦੇ ਮਨ ਵਿੱਚ ਸੱਚੇ ਵਿਚਾਰ ਹੀ ਉਪਜਦੇ ਹਨ, ਸੱਚੇ ਵਿਚਾਰ ਹੀ ਪੈਦਾ ਹੁੰਦੇ ਹਨ ਭਾਵ ਸੱਚਾ ਗਿਆਨ ਹੀ ਉਪਜਦਾ ਹੈ। ਗੁਰੂ ਦੇ ਇਸ ਗਿਆਨ ਦਾ ਮਕਸਦ ਸੰਸਾਰ ਨੂੰ ਸੱਚ ਸਮਝਾਉਣ ਦਾ ਹੈ, ਸੱਚੇ ਮਾਰਗ ਤੋਂ ਉਜੜੇ ਹੋਇਆ ਨੂੰ, ਭੁੱਲਿਆਂ ਹੋਇਆਂ ਨੂੰ ਉਨ੍ਹਾਂ ਦੇ ਜੀਵਨ ਦਾ ਸਹੀ ਮਾਰਗ ਦਿਖਾਉਣ ਨਾਲ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸੰਸਾਰ ਨੂੰ ਸੱਚ ਦਾ ਮਾਰਗ ਦਿਖਾਇਆ ਹੈ, ਸੱਚੀ ਭਗਤੀ ਦਾ, ਧਰਮ ਦਾ ਮਾਰਗ ਦਿਖਾਇਆ ਹੈ, ਸੱਚ ਸਮਝਾਉਂਣ ਦੁਆਰਾ ਸਮਝਾਇਆ ਹੈ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਸੱਚ ਦੀ ਸੰਭਾਲ ਕੀਤੀ ਹੈ ਭਾਵ ਨਾਮ ਦੀ ਸੰਭਾਲ ਕੀਤੀ ਹੈ ਤੇ ਉਹੋ ਜਿਹੇ ਸੱਚ ਦੀ ਸੰਭਾਲ ਕਰਨੀ ਹੀ ਸੰਸਾਰ ਨੂੰ ਸਮਝਾਈ ਹੈ। ਉਨ੍ਹਾਂ ਨੇ ਸੱਚ ਦੀ ਸੰਭਾਲ ਕਰਨ ਲਈ ਭਾਵ ਭਗਤੀ ਦੀ ਸੱਚੀ ਸੋਝੀ ਲਈ ਤੇ ਉਸ ਤੇ ਚੱਲਣ ਲਈ ਆਪਣੀ ਵਡਿਆਈ ਨਹੀਂ ਜਾਣੀ ਬਲਕਿ ਪ੍ਰਮਾਤਮਾ ਨੂੰ ਹੀ ਵਡਿਆਇਆ ਹੈ ਕਿਉਂਕਿ ਉਹ ਆਪ ਹੀ ਸੱਚੀ ਸੋਝੀ ਪਾਉਂਣ ਵਾਲਾ ਹੈ ਜੋ ਸੋਝੀ ਉਹ ਮਨ ਦੇ ਵਿੱਚ ਗਿਆਨ ਰੂਪ ਦੀਵਾ ਬਾਲਣ ਦੁਆਰਾ ਪਾਉਂਦਾ ਹੈ। ਗੁਰਮਤਿ ਰੂਪ ਸੱਚੀ ਸੋਝੀ ਹੀ, ਸ਼ਬਦਾਂ ਦੇ ਅੰਦਰ ਦੀ ਸੱਚੀ ਸੋਝੀ ਹੀ ਭਗਤੀ ਦਾ ਸੱਚਾ ਮਾਰਗ ਹੈ ਜਿਸ ਅਨੁਸਾਰ ਵਿਚਰ ਕੇ ਉਨ੍ਹਾਂ ਨੇ ਪ੍ਰਮਾਤਮਾ ਦੀ ਸਿਫਤ ਸਲਾਹ ਕੀਤੀ ਹੈ। ਅਸਲ ਸੁੱਖ ਇਸ ਤਰੀਕੇ ਸੱਚ ਨੂੰ ਸੰਭਾਲਣ ਵਿੱਚ ਹੈ ਜਿਸ ਤਰੀਕੇ ਸੁੱਖ ਦੀ ਪ੍ਰਾਪਤੀ ਸੰਸਾਰ ਨੂੰ ਸੱਚ ਸਮਝਾਉਣ ਵਾਲਿਆਂ ਨੇ ਕੀਤੀ ਹੈ। **(ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥ ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥)**

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

44/5854

{ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥}

(ਅੰਗ ੯੯੨)

{ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ ੨੨)

{ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥}

(ਅੰਗ ੪੦)

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥}

(ਅੰਗ ੫੯)

{ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥}

(ਅੰਗ ੮੩)

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥

ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ ੭੮)

{ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੭)

{ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ ੧੨੯)

44/5855

{ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ ੧੨੯)

{ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥}

(ਅੰਗ ੧੩੦)

{ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥}

(ਅੰਗ ੧੫੨)

{ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥}

(ਅੰਗ ੧੮੧)

{ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥ ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥
ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥ ਜਨ ਨਾਨਕ ਸਦ ਬਲਿਹਾਰਾ ਜੀਉ ॥੪॥੩॥੧੬੮॥}

(ਅੰਗ ੨੧੭)

{ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੂ ਨ ਬਸਾਈ ॥੧॥}

(ਅੰਗ ੨੧੯)

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥
ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥}

(ਅੰਗ ੨੩੩)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥}

(ਅੰਗ ੨੯੬)

44/5856

ਪਉੜੀ ॥

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ ੩੦੯-੩੧੦)

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥}

(ਅੰਗ ੩੫੩)

{ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ ੩੬੮)

{ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥}

(ਅੰਗ ੪੦੨)

ਆਸਾ ਮਹਲਾ ੩ ॥

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ॥
ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥
ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥੩॥
ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥੪॥
ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥
ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥
ਜਿਨ੍ੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥
ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥੬॥੨੮॥}

(ਅੰਗ ੪੨੫)

{ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥
ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥ ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ॥
ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ ੪੩੭)

{ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥
ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥}

(ਅੰਗ ੪੨੬)

{ਬਾਬਾ ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥}

(ਅੰਗ ੪੮੨)

44/5857

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥}

(ਅੰਗ ੫੦੫)

ਸਲੋਕ ਮਃ ੩ ॥

{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥
ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥ ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥}

(ਅੰਗ ੫੮੯)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ ੫੯੩)

ਸਲੋਕੁ ਮਃ ੩ ॥

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥ ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

{ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥

ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥}

(ਅੰਗ ੫੯੮)

{ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥ ਰਤਨੁ ਲੁਕਾਇਆ ਲੁਕੈ ਨਾਹੀ ਜੇ ਕੋ ਰਖੈ ਲੁਕਾਈ॥੪॥
ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥
ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥੫॥੯॥}

(ਅੰਗ ੬੦੭-੬੦੮)

{ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥
ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥੩॥
ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥}

(ਅੰਗ ੬੧੨)

{ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥
ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥
ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥੪॥੧੨॥੨੩॥}

(ਅੰਗ ੬੧੫)

44/5858

{ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥}

(ਅੰਗ ੬੩੩)

ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਜਬ ਦੇਖਾ ਤਬ ਗਾਵਾ ॥ ਤਉ ਜਨ ਧੀਰਜੁ ਪਾਵਾ ॥੧॥
ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥੧॥ ਰਹਾਉ ॥ ਜਹ ਝਿਲਿ ਮਿਲਿ ਕਾਰੁ ਦਿਸੰਤਾ ॥
ਤਹ ਅਨਹਦ ਸਬਦ ਬਜੰਤਾ ॥ ਜੋਤੀ ਜੋਤਿ ਸਮਾਨੀ ॥ ਮੈ ਗੁਰ ਪਰਸਾਦੀ ਜਾਨੀ ॥੨॥ ਰਤਨ ਕਮਲ ਕੋਠਰੀ ॥
ਚਮਕਾਰ ਬੀਜੁਲ ਤਹੀ ॥ ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥੩॥
ਜਹ ਅਨਹਤ ਸੂਰ ਉਜ੍ਯਾਰਾ ॥ ਤਹ ਦੀਪਕ ਜਲੈ ਛੰਛਾਰਾ ॥ ਗੁਰ ਪਰਸਾਦੀ ਜਾਨਿਆ ॥
ਜਨੁ ਨਾਮਾ ਸਹਜ ਸਮਾਨਿਆ ॥੪॥੧॥}

(ਅੰਗ ੬੫੬-੬੫੭)

{ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥
ਨਿਜ ਭਾਉ ਭਇਆ ਭ੍ਰਮੁ ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥੨॥

ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥
ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥੩॥}

(ਅੰਗ ੬੫੭)

{ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥੧॥}

(ਅੰਗ ੭੦੩)

{ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥}

(ਅੰਗ ੬੯੬)

{ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ ॥ ਗੁਰ ਪਰਸਾਦੀ ਨਾਮੁ ਧਿਆਏ ॥੩॥}

(ਅੰਗ ੭੩੭)

{ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥
ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥
ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥}

(ਅੰਗ ੭੫੪)

{ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥
ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥
ਆਨਦ ਰੂਪੁ ਸਭੁ ਨਦਰੀ ਆਇਆ ॥ ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥}

(ਅੰਗ ੮੦੧)

{ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ ਰਹਾਉ ॥}

(ਅੰਗ ੮੨੧)

44/5859

{ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਣੀਆ ॥
ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਣੀਆ ॥੩॥
ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਣੀਆ ॥

ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥}

(ਅੰਗ ੮੩੪)

{ਪਾਰਬ੍ਰਹਮੁ ਜਬ ਹੋਇ ਦਇਆਲ ॥ ਸਾਧੂ ਜਨ ਕੀ ਕਰੈ ਰਵਾਲ ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥੨॥}

(ਅੰਗ ੮੬੯)

{ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ ॥
ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ ॥੩॥
ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ਤਾ ਸਤਗੁਰੁ ਸੇਵਾ ਲਾਏ ॥
ਨਾਨਕ ਰਤਨ ਜਵੇਹਰ ਪਾਵੈ ਧਨੁ ਧਨੁ ਗੁਰਮਤਿ ਹਰਿ ਪਾਏ ॥੪॥੧॥}

(ਅੰਗ ੮੮੦)

{ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥
ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥}

(ਅੰਗ ੮੮੩)

{ਜਾ ਕੈ ਅੰਤਰਿ ਪ੍ਰਗਟਿਓ ਆਪ ॥ ਤਾ ਕਉ ਨਾਹੀ ਦੂਖ ਸੰਤਾਪ ॥
ਲਾਲੁ ਰਤਨੁ ਤਿਸੁ ਪਾਲੈ ਪਰਿਆ ॥ ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥
ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥ ਏਕੋ ਏਕੁ ਨਿਰੰਜਨ ਪੂਜਾ ॥
ਜਤ ਕਤ ਦੇਖਉ ਆਪਿ ਦਇਆਲ ॥ ਕਹੁ ਨਾਨਕ ਪ੍ਰਭ ਮਿਲੇ ਰਸਾਲ ॥੪॥੪॥੧੫॥}

(ਅੰਗ ੮੮੭)

{ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ ੮੯੧)

{ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥
ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥੧॥}

(ਅੰਗ ੮੯੨)

{ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥
ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥}

(ਅੰਗ ੮੯੩)

ਰਾਮਕਲੀ ਮਹਲਾ ੧ ॥

{ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥
ਵਾਜੈ ਅਨਹਦੁ ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥ ਪ੍ਰਾਣੀ ਰਾਮ ਭਗਤਿ ਸੁਖੁ ਪਾਈਐ॥
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ ॥੧॥ ਰਹਾਉ ॥
ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥

ਨਾਮੁ ਰਤਨੁ ਨਿਰਮੋਲਕੁ ਹੀਰਾ ॥ ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥
ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥
ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥
ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥
ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥
ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥
ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥
ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥
ਤਉ ਜਾਨੀ ਜਾ ਸਬਦਿ ਪਛਾਨੀ ॥ ਏਕੋ ਰਵਿ ਰਹਿਆ ਨਿਰਬਾਨੀ ॥੭॥
ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥
ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥}

(ਅੰਗ ੯੦੩-੯੦੪)

44/5860

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ ੯੨੦)

{ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥ ਲਾੜੀ ਚਾੜੀ ਲਾਇਤਬਾਰੁ ॥
ਮਨਮੁਖੁ ਅੰਧਾ ਮੁਗਧੁ ਗਵਾਰੁ ॥ ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ ਗਇਆ ਠਗਾਇ ਠਗਿ ॥
ਲਾਹਾ ਨਾਮੁ ਪੂੰਜੀ ਵੇਸਾਹੁ ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥}

(ਅੰਗ ੯੩੧)

{ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥ ਖਰਾ ਖਰਾ ਆਖੈ ਸਭੁ ਕੋਇ ॥
ਖਰਾ ਰਤਨੁ ਜੁਗ ਚਾਰੇ ਹੋਇ ॥ ਖਾਤ ਪੀਅੰਤ ਮੂਏ ਨਹੀ ਜਾਨਿਆ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥}

(ਅੰਗ ੯੩੨)

{ਵਣੁ ਤ੍ਰਿਣੁ ਢੂਢਤ ਫਿਰਿ ਰਹੀ ਮਨ ਮਹਿ ਕਰਉ ਬੀਚਾਰੁ ॥
ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥਿ ਭੰਡਾਰੁ ॥}

(ਅੰਗ ੯੩੯)

{ਗੁਰਮੁਖਿ ਰਤਨੁ ਲਹੈ ਲਿਵ ਲਾਇ ॥ ਗੁਰਮੁਖਿ ਪਰਖੈ ਰਤਨੁ ਸੁਭਾਇ ॥

ਗੁਰਮੁਖਿ ਸਾਚੀ ਕਾਰ ਕਮਾਇ ॥ ਗੁਰਮੁਖਿ ਸਾਚੇ ਮਨੁ ਪਤੀਆਇ ॥
ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥}

(ਅੰਗ ੯੪੨)

{ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥੧॥}

(ਅੰਗ ੯੫੪)

ਮਃ ੨ ॥

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ ੯੫੪)

ਪਉੜੀ ॥

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ ੯੫੪)

ਪਉੜੀ ॥

{ਸੋ ਸਤਸੰਗਤਿ ਸਬਦਿ ਮਿਲੈ ਜੋ ਗੁਰਮੁਖਿ ਚਲੈ ॥ ਸਚੁ ਧਿਆਇਨਿ ਸੇ ਸਚੇ ਜਿਨ ਹਰਿ ਖਰਚੁ ਧਨੁ ਪਲੈ ॥
ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ ॥ ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ ॥
ਆਪੇ ਮੇਲਿ ਮਿਲਾਇਦਾ ਆਪੇ ਦੇਇ ਵਡਿਆਈ ॥੧੯॥}

(ਅੰਗ ੯੫੬)

{ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥ ਸਰਬ ਕਲਾ ਲੇ ਆਪੇ ਰਹੈ ॥
ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥ ਮਸਤਕਿ ਪਦਮੁ ਦੁਆਲੈ ਮਣੀ ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥
ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥}

(ਅੰਗ ੯੭੪)

44/5861

{ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥}

(ਅੰਗ ੧੦੦੦)

{ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥੧॥ ਰਹਾਉ॥
ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ ॥੨॥}

(ਅੰਗ ੧੦੧੭)

{ਆਪੇ ਰਤਨੁ ਅਨੂਪੁ ਅਮੋਲੋ ॥ ਆਪੇ ਪਰਖੇ ਪੂਰਾ ਤੋਲੋ ॥
ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੮॥}

(ਅੰਗ ੧੦੨੦-੧੦੨੧)

{ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥
ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥}

(ਅੰਗ ੧੦੨੪)

{ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥
ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥}

(ਅੰਗ ੧੦੩੦)

{ਗੜ ਮਹਿ ਹਾਟ ਪਟਣ ਵਾਪਾਰਾ ॥ ਪੂਰੈ ਤੋਲਿ ਤੋਲੈ ਵਣਜਾਰਾ ॥
ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥}

(ਅੰਗ ੧੦੩੬)

{ਆਪੇ ਵਰਖੈ ਅੰਮ੍ਰਿਤ ਧਾਰਾ ॥ ਰਤਨ ਜਵੇਹਰ ਲਾਲ ਅਪਾਰਾ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ ॥੭॥
ਪ੍ਰੇਮ ਪਦਾਰਥੁ ਲਹੈ ਅਮੋਲੋ ॥ ਕਬ ਹੀ ਨ ਘਾਟਸਿ ਪੂਰਾ ਤੋਲੋ ॥
ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥
ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥}

(ਅੰਗ ੧੦੩੯-੧੦੩੭)

{ਤੂ ਅੰਤਰਜਾਮੀ ਜੀਅ ਸਭਿ ਤੇਰੇ ॥ ਤੂ ਦਾਤਾ ਹਮ ਸੇਵਕ ਤੇਰੇ ॥
ਅੰਮ੍ਰਿਤ ਨਾਮੁ ਕ੍ਰਿਪਾ ਕਰਿ ਦੀਜੈ ਗੁਰਿ ਗਿਆਨ ਰਤਨੁ ਦੀਪਾਇਆ ॥੬॥
ਪੰਚ ਤਤੁ ਮਿਲਿ ਇਹੁ ਤਨੁ ਕੀਆ ॥ ਆਤਮ ਰਾਮ ਪਾਏ ਸੁਖੁ ਥੀਆ ॥
ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ ॥੭॥
ਨਾ ਤਿਸੁ ਭੂਖ ਪਿਆਸ ਮਨੁ ਮਾਨਿਆ ॥ ਸਰਬ ਨਿਰੰਜਨੁ ਘਟਿ ਘਟਿ ਜਾਨਿਆ ॥
ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ ਗੁਰਮਤਿ ਭਾਇ ਸੁਭਾਇਆ ॥੮॥
ਅਧਿਆਤਮ ਕਰਮ ਕਰੇ ਦਿਨੁ ਰਾਤੀ ॥ ਨਿਰਮਲ ਜੋਤਿ ਨਿਰੰਤਰਿ ਜਾਤੀ ॥
ਸਬਦੁ ਰਸਾਲੁ ਰਸਨ ਰਸਿ ਰਸਨਾ ਬੇਣੁ ਰਸਾਲੁ ਵਜਾਇਆ ॥੯॥
ਬੇਣੁ ਰਸਾਲ ਵਜਾਵੈ ਸੋਈ ॥ ਜਾ ਕੀ ਤ੍ਰਿਭਵਣ ਸੋਝੀ ਹੋਈ ॥

ਨਾਨਕ ਬੂਝਹੁ ਇਹ ਬਿਧਿ ਗੁਰਮਤਿ ਹਰਿ ਰਾਮ ਨਾਮਿ ਲਿਵ ਲਾਇਆ ॥੧੦॥
ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥੧੧॥
ਘਰੁ ਦਰੁ ਮੰਦਰੁ ਜਾਣੈ ਸੋਈ ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥੧੨॥
ਚਤੁਰ ਦਸ ਹਾਟ ਦੀਵੇ ਦੁਇ ਸਾਖੀ ॥ ਸੇਵਕ ਪੰਚ ਨਾਹੀ ਬਿਖੁ ਚਾਖੀ ॥
ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰਿ ਮਿਲਿਐ ਹਰਿ ਧਨੁ ਪਾਇਆ ॥੧੩॥
ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥
ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥੧੪॥
ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥
ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ ॥੧੫॥੧॥੧੮॥}

(ਅੰਗ ੧੦੩੮-੧੦੩੯)

44/5862

{ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥}

(ਅੰਗ ੧੦੪੩)

{ਹਉਮੈ ਮਾਇਆ ਵਿਚੇ ਪਾਈ ॥ ਮਨਮੁਖ ਭੂਲੇ ਪਤਿ ਗਵਾਈ ॥
ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥
ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥}

(ਅੰਗ ੧੦੪੪)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਦ੍ਰਿੜ ਕੀਤਾ ਹੈ ਕਿ ਗੁਰੂ ਦਾ ਸ਼ਬਦ ਰਤਨ ਕਿਸ ਰੂਪ ਵਿੱਚ ਹੈ ਤੇ ਕਿਸ ਮਕਸਦ ਲਈ ਹੈ ਜੋ ਕਿ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਉਪਰਲੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਾਇਆ ਹੋਇਆ ਹੈ। ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਸਾਡੇ ਵਿੱਚ ਤੇ ਗੁਰੂ ਵਿੱਚ ਸਮਝ ਦਾ ਹੀ ਫਰਕ ਹੈ। ਗੁਰੂ ਦੀ ਸਮਝ ਸ਼ਬਦ ਰਤਨ ਵਾਲੀ ਹੈ ਭਾਵ ਨਾਮ ਵਾਲੀ ਹੈ ਜਿਸ ਕਰਕੇ ਗੁਰੂ ਦੀ ਸਮਝ ਸਭ ਤੋਂ ਉੱਚੀ ਸਮਝ ਹੈ ਭਾਵ ਧਰਮ ਦੇ ਮਾਰਗ ਨੂੰ ਸਮਝਣ ਲਈ, ਪ੍ਰਮਾਤਮਾ ਨੂੰ ਸਮਝਣ ਲਈ, ਇਸ ਸੰਸਾਰ ਦੇ ਸੱਚ ਨੂੰ ਸਮਝਣ ਲਈ ਸਭ ਤੋਂ ਉੱਚੀ ਸਮਝ ਹੈ ਜੋ ਸਮਝ ਪ੍ਰਮਾਤਮਾ ਨੇ ਆਪ ਮਨੁੱਖ ਨੂੰ ਨਹੀਂ ਦਿੱਤੀ, ਮਾਇਆ ਮੋਹ ਵਿੱਚ ਰੱਖਣ ਦੁਆਰਾ, ਤ੍ਰੈ ਗੁਣਾਂ ਵਿੱਚ ਰੱਖਣ ਦੁਆਰਾ, ਹਉਮੈ ਵਿੱਚ ਰੱਖਣ ਦੁਆਰਾ ਨਹੀਂ ਦਿੱਤੀ। ਆਪਣੀ ਮਤਿ ਨੂੰ ਉੱਚੀ ਕਰਨ ਦਾ ਸਾਡੇ ਕੋਲ ਇੱਕੋ ਇੱਕ ਸਾਧਨ ਗੁਰੂ ਦਾ ਸ਼ਬਦ ਹੈ, ਗੁਰੂ ਦਾ ਰਤਨ ਹੈ ਜੋ ਰਤਨ ਗਿਆਨ ਰੂਪ ਵਿੱਚ ਹੈ ਭਾਵ ਗੁਰੂ ਦੀ ਮਤਿ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਸ਼ਬਦ ਰਤਨ ਰੂਪ ਵਿੱਚ ਹੀ ਕਰਦਾ ਹੈ ਤੇ ਪ੍ਰਮਾਤਮਾ ਆਪ ਇਸੇ ਰੂਪ ਵਿੱਚ ਹੀ ਵਿਚਰਦਾ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਵਿਚਰਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਸ਼ਬਦ ਰਤਨ ਦੇ ਰੂਪ ਵਿੱਚ ਹੀ ਹੈ ਭਾਵ ਸ਼ਬਦਾਂ ਦੇ ਗਿਆਨ ਰੂਪ ਵਿੱਚ ਹੀ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਇਸ ਰੂਪ ਵਿੱਚ ਪ੍ਰਗਟ ਕਰਦਾ ਹੈ ਉਸਨੂੰ ਹੀ ਇਹ ਸਮਝ ਪੈਂਦੀ ਹੈ ਕਿ ਮਨੁੱਖ ਦਾ ਅਸਲ ਜੰਮਣਾ ਕੀ

ਹੈ ਜੋ ਕਿ ਆਪਣੇ ਆਪ ਦੀ ਅਸਲੀਅਤ ਸਮਝ ਆਉਣਾ ਹੀ ਹੈ ਕਿ ਮੇਰੇ ਮਨੁੱਖੀ ਰੂਪ

44/5863

ਵਿੱਚ ਆਪ ਪ੍ਰਮਾਤਮਾ ਹੀ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਹੈ। **(ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥ ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥ ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥)**

ਜਿਸਨੂੰ ਮਨ ਦੇ ਵਿੱਚ ਰਤਨ ਦੇ ਪ੍ਰਕਾਸ਼ ਦੁਆਰਾ ਗੁਰਮਤਿ ਰੂਪ ਸੱਚ ਦੀ ਸਮਝ ਪੈ ਜਾਂਦੀ ਹੈ ਉਹ ਫਿਰ ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ ਭਾਵ ਉਸਦੇ ਅੰਦਰੋਂ ਮਾਇਆ ਦਾ ਭਉ ਨਿਕਲ ਜਾਂਦਾ ਹੈ, ਮਨਮਤਿ ਵਾਲੀ ਸਮਝ ਦਾ ਭਉ ਨਿਕਲ ਜਾਂਦਾ ਹੈ ਜਿਸ ਭਉ ਕਰਕੇ ਮਨੁੱਖ ਭਗਤੀ ਦੇ ਉਹੋ ਜਿਹੇ ਤਰੀਕਿਆਂ ਨੂੰ ਅਪਨਾਉਣ ਵਿੱਚ ਭਉ ਸਮਝਦਾ ਹੈ ਜੋ ਕਿ ਭਗਤੀ ਦਾ ਮਾਰਗ ਨਹੀਂ ਹੁੰਦੇ ਭਾਵ ਉਸਦੇ ਅੰਦਰ ਝੂਠੀ ਭਗਤੀ ਦਾ ਭਉ ਵੱਸਿਆ ਰਹਿੰਦਾ ਹੈ, ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਨੂੰ ਰੱਟੀ ਜਾਣ ਦਾ ਭਉ ਵੱਸਿਆ ਰਹਿੰਦਾ ਹੈ, ਸਰੀਰਕ ਜਪਾਂ ਤਪਾਂ ਨੂੰ ਕਰਨ ਦਾ ਭਉ ਵੱਸਿਆ ਰਹਿੰਦਾ ਹੈ ਕਿਉਂਕਿ ਮਨ ਦੀ ਅਗਿਆਨਤਾ ਕਰਕੇ ਉਨ੍ਹਾਂ ਤਰੀਕਿਆਂ ਨੂੰ ਹੀ ਸੱਚ ਸਮਝਿਆ ਜਾਂਦਾ ਹੈ ਤੇ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਡਰ ਮਨੁੱਖ ਨੂੰ ਪਰੇਸ਼ਾਨ ਰੱਖਦੇ ਹਨ ਜਿਵੇਂ ਕਿ ਕਿਸੇ ਖਾਸ ਵੇਲੇ ਦੀ ਸੰਭਾਲ ਕਰਨ ਦਾ ਡਰ ਜਿਸਨੂੰ ਕਿ ਅੰਮ੍ਰਿਤ ਵੇਲੇ ਦੀ ਸੰਭਾਲ ਕਿਹਾ ਜਾਂਦਾ ਹੈ। ਮਨੁੱਖ ਨੂੰ ਜਦੋਂ ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ, ਸ਼ਬਦ ਰਤਨ ਦੇ ਪ੍ਰਕਾਸ਼ ਦੁਆਰਾ ਸੱਚੀ ਭਗਤੀ ਦੀ ਸਮਝ ਪੈ ਜਾਂਦੀ ਹੈ ਉਸਦੇ ਅੰਦਰ ਕੇਵਲ ਸੱਚ ਦਾ ਡਰ ਹੀ ਵੱਸਦਾ ਹੈ ਭਾਵ ਸੱਚ ਤੇ ਚੱਲਣ ਦਾ ਡਰ, ਕੇਵਲ ਸੱਚੀ ਗੁਰਮਤਿ ਨੂੰ ਆਪਣੇ ਅੰਦਰ ਸੰਭਾਲ ਕੇ ਰੱਖਣ ਦਾ ਡਰ ਭਾਵ ਕੇਵਲ ਗੁਰਮਤਿ ਅਨੁਸਾਰ ਵਿਚਰਨ ਦਾ ਡਰ ਹੀ ਵੱਸਿਆ ਰਹਿੰਦਾ ਹੈ ਕਿਉਂਕਿ ਉਸੇ ਵਿੱਚ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਹੈ ਤੇ ਹੋਰ ਝੂਠੀ ਭਗਤੀ ਦੇ ਡਰ ਉਸਦੇ ਵਿੱਚੋਂ ਨਿਕਲ ਜਾਂਦੇ ਹਨ। ਜਿਨ੍ਹਾਂ ਦੇ ਅੰਦਰ ਸੱਚ ਦਾ ਡਰ ਨਹੀਂ ਹੈ ਉਹ ਸੱਚੇ ਡਰ ਤੋਂ ਰਹਿਤ ਹੁੰਦੇ ਹਨ ਤੇ ਦੂਸਰਿਆਂ ਨੂੰ ਝੂਠੀ ਭਗਤੀ ਦੇ ਡਰ ਨਾਲ ਜੋੜਦੇ ਹਨ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥”

44/5864

ਡਰ ਕੀ ਹੈ, ਭਉ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। ਸਾਡੇ ਅੰਦਰ ਭਗਤੀ ਦੇ ਮਾਰਗ ਨੂੰ ਲੈ ਕੇ ਦੋ ਤਰੀਕੇ ਦੇ ਡਰ ਹਨ। ਇੱਕ ਸੱਚਾ ਡਰ ਹੈ ਤੇ ਇੱਕ ਝੂਠਾ ਡਰ ਹੈ। ਝੂਠਾ ਡਰ ਮਨ ਦੀ ਅਗਿਆਨਤਾ ਕਰਕੇ ਹੈ ਭਾਵ ਮਾਇਆ ਮੋਹ ਕਰਕੇ ਹੈ ਤੇ ਸੱਚਾ ਡਰ ਸ਼ਬਦ ਦੀ ਵਿਚਾਰ ਨੂੰ ਮੰਨਣ ਦਾ ਡਰ ਹੈ। ਡਰ ਸਭ ਦੇ ਅੰਦਰ ਹੀ ਹੈ। ਉਪਰ ਪੰਗਤੀਆਂ ਰਾਹੀਂ ਨਿਡਰੇ ਉਨ੍ਹਾਂ ਨੂੰ ਕਿਹਾ ਹੈ ਜਿਨ੍ਹਾਂ ਦੇ ਅੰਦਰ ਸੱਚ ਦਾ ਡਰ ਨਹੀਂ ਹੈ ਭਾਵ ਸੱਚੀ ਗੁਰਮਤਿ ਤੇ ਚੱਲਣ ਦਾ ਡਰ ਨਹੀਂ ਹੈ ਭਾਵ ਜੋ ਮਾਇਆ ਮੋਹ ਨਾਲ, ਮਨ ਦੀ ਅਗਿਆਨਤਾ ਨਾਲ ਜੁੜੇ ਹੋਏ ਹਨ ਜਿਨ੍ਹਾਂ ਨੂੰ ਧਰਮ ਦੇ, ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ। ਉਹ ਉਹੋ ਜਿਹੇ ਡਰ ਨਾਲ ਜੁੜੇ ਰਹਿੰਦੇ ਹਨ ਜੋ ਕਿ ਝੂਠੀ ਭਗਤੀ ਦਾ ਡਰ ਹੁੰਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਅਸੀਂ ਉਪਰ ਇਸ ਗੱਲ ਨੂੰ ਸਮਝਿਆ ਹੈ। ਸਾਨੂੰ ਭਗਤੀ ਦਾ ਮਾਰਗ ਸਮਝਾਉਣ ਵਾਲੇ ਸਭ ਪਾਸੇ ਇਹੋ ਜਿਹੇ ਹੀ ਬੈਠੇ ਹਨ ਤੇ ਸਾਨੂੰ ਝੂਠੇ ਡਰ ਨਾਲ ਜੋੜਦੇ ਹਨ ਜਿਸ ਡਰ ਨਾਲ ਉਹ ਆਪ ਜੁੜੇ ਹੁੰਦੇ ਹਨ। ਉਹ ਆਪ ਹਉਮੈ ਵਾਲੀ ਮਤਿ ਵਿੱਚ ਹੁੰਦੇ ਹਨ ਤੇ ਦੂਸਰਿਆਂ ਨੂੰ ਵੀ ਹਉਮੈ ਵਾਲੀ ਮਤਿ ਨਾਲ ਜੋੜਦੇ ਹਨ ਤੇ ਇਸੇ ਝੂਠੀ ਭਗਤੀ ਦਾ ਗਰਭ ਕਰਦੇ ਹਨ ਭਾਵ ਮਾਨ ਕਰਦੇ ਹਨ। ਉਹ ਆਪਣੇ ਜੀਵਨ ਨੂੰ ਵੀ ਗਾਲਦੇ ਹਨ ਭਾਵ ਵਿਅਰਥ ਕਰਦੇ ਹਨ ਤੇ ਦੂਸਰਿਆਂ ਦਾ ਜੀਵਨ ਵੀ ਬਰਬਾਦ ਕਰਦੇ ਹਨ। ਇਹੋ ਜਿਹੇ ਮਨੁੱਖ ਭਾਵ ਝੂਠੀ ਭਗਤੀ ਦੇ ਨਾਲ ਜੁੜੇ ਹੋਏ ਨਾਮ ਤੋਂ ਭੁੱਲੇ ਹੁੰਦੇ ਹਨ ਤੇ ਸਾਰੇ ਜੱਗ ਵਿੱਚ ਹਉਮੈ ਹੀ ਵਿਚਰਦੀ ਹੈ, ਅਗਿਆਨਤਾ ਹੀ ਵਿਚਰਦੀ ਹੈ ਜਿਸ ਕਰਕੇ ਸਾਰਾ ਜਗ ਹੀ ਨਾਮ ਤੋਂ ਭੁੱਲਿਆ ਹੋਇਆ ਹੈ ਜਿਸ ਕਰਕੇ ਸਭ ਨੂੰ ਬੇਤਾਲੇ ਕਿਹਾ ਹੈ ਭਾਵ ਕਿਸੇ ਦੀ ਤਾਲ ਗੁਰੂ ਦੀ ਮਤਿ ਨਾਲ ਨਹੀਂ ਜੁੜਦੀ, ਕਿਸੇ ਦੀ ਮਤਿ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ, ਸੱਚ ਤੇ, ਨਾਮ ਤੇ ਪੂਰੀ ਨਹੀਂ ਉਤਰਦੀ। **(ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥)**

{ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥

ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥

ਆਪੇ ਦੇਵੈ ਸਬਦਿ ਬੁਲਾਏ ॥ ਮਹਲੀ ਮਹਲਿ ਸਹਜ ਸੁਖੁ ਪਾਏ ॥

ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥}

(ਅੰਗ ੧੧੭)

{ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥
ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥}

(ਅੰਗ ੨੨੪)

44/5865

{ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ ॥
ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥}

(ਅੰਗ ੩੦੫)

ਪਉੜੀ ॥

{ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥ ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥
ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥ ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥
ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥੧੫॥}

(ਅੰਗ ੩੦੯)

ਪਉੜੀ ॥

{ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ ॥ ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ ॥
ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ ॥ ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ॥
ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ ॥੧੯॥}

(ਅੰਗ ੩੧੧)

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥}

(ਅੰਗ ੪੬੮)

{ਸੂਰਜੁ ਤਪੈ ਅਗਨਿ ਬਿਖੁ ਝਾਲਾ ॥ ਅਪਤੁ ਪਸੂ ਮਨਮੁਖੁ ਬੇਤਾਲਾ ॥
ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ ਬੁਰਿਆਰਾ ਹੇ ॥੭॥}

(ਅੰਗ ੧੦੨੯)

{ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥
ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥}

(ਅੰਗ ੧੦੩੧)

{ਘੂਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ ॥
ਵਰਮੀ ਮਾਰੀ ਸਾਪੁ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥੩॥}

(ਅੰਗ ੧੩੪੮)

45/5866

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਿਆ ਹੈ ਕਿ ਸਾਨੂੰ ਬੇਤਾਲ ਕਿਸ ਲਈ ਕਿਹਾ ਹੈ ਭਾਵ ਮਾੜੇ ਕਿਸ ਲਈ ਕਿਹਾ ਹੈ। ਸਾਨੂੰ ਬੇਤਾਲ ਬਣਾਉਂਣ ਵਾਲੀ ਸਾਡੇ ਮਨ ਦੀ **"ਕਲਿ"** ਹੈ ਭਾਵ ਅਗਿਆਨਤਾ ਹੈ ਜਿਸਦੇ ਰਹਿੰਦਿਆਂ ਅਸੀਂ ਗੁਰੂ ਦੇ ਸੱਚੇ ਗਿਆਨ ਤੋਂ ਦੂਰ ਰਹਿੰਦੇ ਹਾਂ, ਗੁਰੂ ਦੀ ਸੱਚੀ ਮਤਿ ਨੂੰ ਅਪਨਾਉਣ ਤੋਂ ਦੂਰ ਰਹਿੰਦੇ ਹਾਂ ਤੇ ਉਹ ਕੁਝ ਕਰਦੇ ਹਾਂ ਜੋ ਗੁਰਮਤਿ ਅਨੁਸਾਰ ਨਹੀਂ ਹੁੰਦਾ। ਅਸੀਂ ਉਪਰ ਸ਼ਬਦ ਵਿੱਚ ਜਨਮ ਮਰਨ ਦੀ ਗੱਲ ਸਮਝੀ ਹੈ, ਅਸਲ ਜਨਮ ਦੀ ਗੱਲ ਸਮਝੀ ਹੈ। ਆਪਣੇ ਆਪ ਨੂੰ ਮਨੁੱਖੀ ਰੂਪ ਸਮਝਣਾ ਸਾਡੇ ਮਨ ਦੀ ਅਗਿਆਨਤਾ ਹੀ ਹੈ ਤੇ ਜਦ ਤੱਕ ਕੋਈ ਵੀ ਆਪਣੇ ਆਪ ਨੂੰ ਮਨੁੱਖ ਸਮਝਦਾ ਹੈ ਤਦ ਤੱਕ ਉਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ, ਸਾਨੂੰ ਮਨੁੱਖ ਸਮਝਾਉਂਣ ਵਾਲੇ ਸਾਡੇ ਮਨ ਦੇ ਵਿਚਾਰ ਹਨ ਤੇ ਸਾਡੇ ਮਨ ਦੇ ਵਿਚਾਰ ਹੀ ਸਾਨੂੰ ਇਹ ਸਮਝਾ ਸਕਦੇ ਹਨ ਕਿ ਅਸੀਂ ਇੱਕ ਮਨੁੱਖ ਨਹੀਂ ਬਲਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਾਂ। ਪ੍ਰਮਾਤਮਾ ਨੂੰ ਜਿਸਨੇ ਆਪਣੇ ਅੰਦਰੋਂ ਜਾਣਿਆ ਹੈ ਕੇਵਲ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਭ ਕੁਝ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਜੋ ਵਿਚਾਰ ਮਨੁੱਖ ਦੇ ਵੱਸ ਵਿੱਚ ਨਹੀਂ ਹਨ। ਇਸੇ ਲਈ ਸਾਨੂੰ ਬਾਰ-ਬਾਰ ਬਾਣੀ ਰਾਹੀਂ ਇਹ ਸਮਝਾਇਆ ਹੈ ਕਿ ਆਪਣੇ ਵਿਚਾਰਾਂ ਨੂੰ ਭਰਮਾਂ ਵਿੱਚੋਂ ਕੱਢਣ ਦੀ ਲੋੜ ਹੈ ਜਿਨ੍ਹਾਂ ਵਿਚੋਂ ਨਿਕਲੇ ਬਿਨਾਂ ਪ੍ਰਮਾਤਮਾ ਨੂੰ ਪਾਉਂਣ ਦੀਆਂ ਗੱਲਾਂ ਕਰਨੀਆਂ ਵਿਅਰਥ ਹਨ। ਸਭ ਨੂੰ ਪ੍ਰਮਾਤਮਾ ਨੇ ਪੁੱਠੀ ਮਤਿ ਵਿੱਚ ਰੱਖਿਆ ਹੋਇਆ ਹੈ, ਉਲਟੀ ਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਮਤਿ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਬਾਰੇ, ਪ੍ਰਮਾਤਮਾ ਬਾਰੇ ਉਲਟ ਸਮਝ ਆਉਂਦਾ ਹੈ, ਪੁੱਠਾ ਸਮਝ ਆਉਂਦਾ ਹੈ ਭਾਵ ਅਸਲੀਅਤ ਤੋਂ ਉਲਟ ਸਮਝ ਆਉਂਦਾ ਹੈ। ਜਦੋਂ ਪ੍ਰਮਾਤਮਾ ਸਾਡੀ ਮਤਿ ਨੂੰ ਸਿੱਧਾ ਕਰ ਦਿੰਦਾ ਹੈ ਤਾਂ ਫਿਰ ਸਭ ਕੁਝ ਸਿੱਧਾ ਨਜਰ ਆਉਂਦਾ ਹੈ ਭਾਵ ਸੱਚ ਨਜਰ ਆਉਂਦਾ ਹੈ ਭਾਵ ਸਭ ਕੁਝ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਜੋ ਕਿ ਸੱਚੀ ਗੱਲ ਹੈ। ਪ੍ਰਮਾਤਮਾ ਤੋਂ ਬਿਨਾਂ ਕਿਸੇ ਵੀ ਰੂਪ ਨੂੰ ਉਸ ਤੋਂ ਵੱਖਰਾ ਰੂਪ ਸਮਝਣਾ ਝੂਠੀ ਗੱਲ ਹੈ ਭਾਵ ਪੁੱਠੀ ਮਤਿ ਵਾਲੀ ਗੱਲ ਹੈ। ਆਪਣੇ ਆਪ ਨੂੰ ਮਨੁੱਖੀ ਰੂਪ ਵਿੱਚ ਸਮਝਣਾ, ਆਵਾਗਉਂਣ ਵਿੱਚ ਸਮਝਣਾ ਸਾਡੀ ਪੁੱਠੀ ਮਤਿ ਦਾ ਨਤੀਜਾ ਹੈ ਜੋ ਕਿ ਸਾਡੇ ਵੱਸ ਨਹੀਂ ਹੈ। ਸਿੱਧੀ ਮਤਿ ਕੇਵਲ ਗੁਰੂ ਦੇ ਕੋਲ ਹੈ ਜਿਸਨੂੰ ਮੰਨਣ ਦੁਆਰਾ ਹੀ ਸਾਡੀ ਮਤਿ ਸਿੱਧੀ ਹੋ ਸਕਦੀ ਹੈ ਜੋ ਕਿ ਸਾਡੇ ਲਈ ਸੱਚਾ ਉੱਦਮ ਹੈ।

45/5867

ਅਸੀਂ ਪਹਿਲੇ ਵੀ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਸਮਝਾਏ ਹੋਏ ਸ਼ਬਦ ਦੁਆਰਾ ਸਮਝੀਏ ਕਿ ਸਾਡਾ ਅਸਲ ਆਉਣਾ ਜਾਣਾ ਕੀ ਹੈ, ਜਨਮ ਮਰਨ ਕੀ ਹੈ ਤੇ ਇਸ ਗੱਲ ਦੀ ਸਮਝ ਕਿਸਨੂੰ ਪੈਂਦੀ ਹੈ ਤੇ ਕਿਵੇਂ ਪੈਂਦੀ ਹੈ।

ਪ੍ਰਭਾਤੀ ਮਹਲਾ ੧ ॥

"ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥
ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥੧॥ ਤੂਹੈ ਹੈ ਵਾਹੁ ਤੇਰੀ ਰਜਾਇ ॥
ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥੧॥ ਰਹਾਉ ॥
ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥੨॥
ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥
ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੮॥"

(ਅੰਗ ੧੩੨੯)

ਉਪਰ ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਡਾ ਇਸ ਸੰਸਾਰ ਦੇ ਵਿੱਚ ਆਵਣ ਜਾਣਾ ਹੀ ਸਮਝਾਇਆ ਹੋਇਆ ਹੈ। ਅਸੀਂ ਮਨੁੱਖੀ ਸਰੀਰ ਦੇ ਇਸ ਸੰਸਾਰ ਵਿੱਚ ਆਉਣ ਜਾਣ ਨੂੰ ਭਾਵ ਮਨੁੱਖੀ ਸਰੀਰ ਦੇ ਜੰਮਣ ਮਰਨ ਨੂੰ ਸੰਸਾਰ ਦੇ ਵਿੱਚ ਆਉਣਾ

ਜਾਣਾ ਸਮਝਦੇ ਹਾਂ। ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਨਾ ਮਨੁੱਖ ਜੰਮਣਾ ਰੋਕ ਸਕਦਾ ਹੈ ਤੇ ਨਾ ਹੀ ਮਰਨਾ ਰੋਕ ਸਕਦਾ ਹੈ। **(ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ॥)** ਜੇਕਰ ਅਸੀਂ ਮਨੁੱਖੀ ਰੂਪ ਵਿੱਚ ਜਨਮ ਮਰਨ ਨੂੰ ਇਸ ਸੰਸਾਰ ਵਿੱਚ ਆਉਣਾ ਜਾਣਾ ਸਮਝੀਏ ਤਾਂ ਫਿਰ ਅਸੀਂ ਉਪਰ ਵਾਲੀ ਪੰਗਤੀ ਤੇ ਪੂਰੇ ਨਹੀਂ ਉਤਰ ਸਕਦੇ। ਮਨੁੱਖ ਦਾ ਮਰਨ ਤਾਂ ਮਨੁੱਖੀ ਸਮਰਥਾ ਤੋਂ ਬਾਹਰ ਹੀ ਹੈ ਜਿਸ ਵਿੱਚ ਪੂਰਨ ਸੱਚਾਈ ਹੈ ਪਰ ਸਰੀਰਕ ਜਨਮ ਨੂੰ ਮਨੁੱਖੀ ਸਮਝ ਦੁਆਰਾ ਰੋਕਿਆ ਜਾ ਸਕਦਾ ਹੈ ਜਿਸਨੂੰ ਕਿ ਹਰ ਕੋਈ ਸਮਝ ਸਕਦਾ ਹੈ ਭਾਵ ਅਬੋਰਸ਼ਨ ਦੁਆਰਾ। ਜੇਕਰ ਸਾਨੂੰ ਆਪਣੇ ਅਸਲ ਜਨਮ ਮਰਨ ਦੀ ਸਮਝ ਲੱਗ ਜਾਵੇ ਤਾਂ ਫਿਰ ਉਪਰਲੀ ਪੰਗਤੀ ਰਾਹੀਂ ਜੋ ਲਿਖਿਆ ਹੋਇਆ ਹੈ ਉਹ ਪੂਰਨ ਸੱਚ ਹੈ। ਗੁਰੂ ਜੋ ਕੁਝ ਵੀ ਕਹਿੰਦਾ ਹੈ ਉਹ ਪੂਰਨ ਸੱਚ ਹੁੰਦਾ ਹੈ, ਸਦਾ ਸਦਾ ਲਈ ਸੱਚ ਹੀ ਰਹਿੰਦਾ ਹੈ ਜਿਨ੍ਹਾਂ ਬੋਲਾਂ ਨੂੰ ਕਦੇ ਵੀ ਝੂਠ ਨਹੀਂ ਸਾਬਿਤ ਕੀਤਾ ਜਾ ਸਕਦਾ। ਜਿਵੇਂ ਕਿ ਅਸੀਂ ਹੋਰ ਸ਼ਬਦਾਂ ਦੁਆਰਾ ਸਮਝਿਆ ਹੈ ਆਪਣੀ ਮਨੁੱਖੀ ਹੋਂਦ ਸਮਝਣਾ ਕੇਵਲ ਮਨੁੱਖ ਦਾ ਭਰਮ ਹੈ। ਹਰ ਹੋਂਦ ਪ੍ਰਮਾਤਮਾ ਦੀ ਆਪਣੀ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੁਝ ਵੀ ਨਹੀਂ ਹੈ। ਸਾਡਾ ਆਉਣਾ ਜਾਣਾ ਸਾਡੀ ਮਨ ਦੀ ਸਮਝ ਦੇ ਨਾਲ

45/5868

ਜੁੜਿਆ ਹੋਇਆ ਹੈ, ਸਾਡੀ ਹਉਮੈ ਵਾਲੀ, ਮਾਇਆ ਵਾਲੀ ਭਾਵ ਭਰਮ ਵਾਲੀ ਮਤਿ ਦੇ ਨਾਲ ਜੁੜਿਆ ਹੋਇਆ ਹੈ। ਆਪਣੀ ਨਾਸਮਝ ਮਤਿ ਦੁਆਰਾ ਹੀ ਅਸੀਂ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਜੰਮਣ ਮਰਨ ਵਿੱਚ ਸਮਝਦੇ ਹਾਂ, ਸੰਸਾਰ ਵਿੱਚ ਆਉਣਾ ਜਾਣਾ ਸਮਝਦੇ ਹਾਂ। ਸਾਡੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ ਤੇ ਇਸੇ ਲਈ ਅਸੀਂ ਆਪਣੇ ਆਵਾਗਉਣ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਜਨਮ ਮਰਨ ਸਾਡੇ ਵੱਸ ਨਹੀਂ ਹੈ। **(ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥)** ਮਨੁੱਖ ਦੀ ਸੱਚਾਈ ਕੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥੧॥”

ਜੋ ਸਾਨੂੰ ਪੈਦਾ ਕਰਨ ਵਾਲਾ ਹੈ ਜਦੋਂ ਅਸੀਂ ਉਹੀ ਕੁਝ ਆਪਣੇ ਆਪ ਨੂੰ ਜਾਣਾਗੇ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਹੀ ਜਾਣਾਂਗੇ ਇਹ ਮਨੁੱਖ ਦੀ ਸੱਚਾਈ ਹੈ। ਇਹ ਸੱਚਾਈ ਤਾਂ ਹੀ ਜਾਣੀ ਜਾ ਸਕਦੀ ਹੈ ਜਦੋਂ ਮਨੁੱਖ ਉਸ ਪ੍ਰਮਾਤਮਾ ਦੇ ਵਿੱਚ ਸਮਾ ਜਾਂਦਾ ਹੈ। ਪ੍ਰਮਾਤਮਾ ਦੇ ਵਿੱਚ ਮਨੁੱਖ ਮਨ ਦੇ ਵਿੱਚ ਹੀ ਸਮਾਉਂਦਾ ਹੈ, ਮਨ ਦੀ ਸਮਝ ਰਾਹੀਂ ਸਮਾਉਂਦਾ ਹੈ, ਮਨ ਦੇ ਗਿਆਨ ਰਾਹੀਂ ਸਮਾਉਂਦਾ ਹੈ ਭਾਵ ਮਨ ਦੇ ਵਿੱਚੋਂ ਹੀ ਮਨ ਦੀ ਸਮਝ ਰਾਹੀਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਉਹ ਮੇਰੇ ਨਹੀਂ ਹਨ ਬਲਕਿ ਪ੍ਰਮਾਤਮਾ ਦੇ ਆਪਣੇ ਹਨ ਜਿਸਨੇ ਆਪ ਹੀ ਸਭ ਨੂੰ ਹਉਮੈ ਵਿੱਚ ਰੱਖ ਕੇ ਇਹ ਸਮਝ ਪਾਈ ਹੋਈ ਹੈ ਕਿ ਮੈਂ ਇੱਕ ਮਨੁੱਖ ਹਾਂ ਤੇ ਮੈਂ ਜਨਮ ਮਰਨ ਵਿੱਚ ਹਾਂ, ਇਹ ਮਨੁੱਖੀ ਸਰੀਰ ਮੇਰਾ ਹੈ। ਜਦੋਂ ਪ੍ਰਮਾਤਮਾ ਕਿਸੇ ਦਾ ਇਹ ਭਰਮ ਕੱਢ ਦਿੰਦਾ ਹੈ ਜੋ ਕਿ ਉਸ ਵਿੱਚ ਸਮਾਉਂਣ ਦੁਆਰਾ ਹੀ ਨਿਕਲਦਾ ਹੈ ਤੇ ਤਾਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਵਿਚਰ ਰਿਹਾ ਹੈ, ਸਭ ਵਿੱਚ ਉਹ ਆਪ ਹੀ ਵਿਚਰ ਰਿਹਾ ਹੈ, ਹਰ ਆਕਾਰ ਰੂਪ ਉਸਦਾ ਆਪਣਾ ਹੀ ਰੂਪ ਹੈ ਜਿਸ ਲਈ ਕਿਸੇ ਆਕਾਰ ਰੂਪ ਦਾ ਜਨਮ ਮਰਨ ਸਮਝਣਾ ਕੇਵਲ ਇੱਕ ਭਰਮ ਹੈ। ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ। ਆਕਾਰ ਰੂਪ ਦਾ ਉਪਜਣਾ ਬਿਨਸਨਾ ਇਹ ਸੰਸਾਰ ਨੂੰ ਚਲਾਉਂਣ ਲਈ ਪ੍ਰਮਾਤਮਾ

45/5869

ਦੀ ਬਣਾਈ ਹੋਈ ਖੇਡ ਹੈ ਜਿਸਨੂੰ ਮਨੁੱਖ ਆਪਣੇ ਆਪ ਨਹੀਂ ਸਮਝ ਸਕਦਾ। ਪ੍ਰਮਾਤਮਾ ਦੇ ਵਿੱਚ ਸਮਾਉਣ ਦੁਆਰਾ ਹੀ ਇਸ ਸੰਸਾਰ ਦੀ ਸੱਚਾਈ ਨੂੰ ਸਮਝਿਆ ਜਾ ਸਕਦਾ ਹੈ, ਉਸੇ ਦਾ ਹੀ ਰੂਪ ਬਣ ਕੇ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਿਆ ਹੈ। **(ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥ ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥੧॥)**

ਪ੍ਰਮਾਤਮਾ ਦੇ ਵਿੱਚ ਸਮਾਉਂਣ ਤੋਂ ਬਾਅਦ ਕੀ ਸੱਚਾਈ ਸਮਝ ਆਉਂਦੀ ਹੈ ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਤੂਹੈ ਹੈ ਵਾਹੁ ਤੇਰੀ ਰਜਾਇ ॥

ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥੧॥ ਰਹਾਉ ॥”

ਸੰਸਾਰ ਦੀ ਸਭ ਤੋਂ ਵੱਡੀ ਸੱਚਾਈ ਇਹੀ ਹੈ ਜੋ ਸਾਨੂੰ ਉਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ। ਗੁਰੂ ਕਦੇ ਝੂਠੀ ਗੱਲ ਨਹੀਂ ਕਹਿ ਸਕਦਾ ਕਿਉਂਕਿ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਿਸਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪਈ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੁਝ ਵੀ ਨਹੀਂ ਹੈ। ਜੇ ਸਭ ਕੁਝ ਪ੍ਰਮਾਤਮਾ ਆਪ ਹੈ ਤਾਂ ਫਿਰ ਅਸੀਂ ਕੌਣ ਹੋਏ ਭਾਵ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ। ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ ਤੇ ਇਸੇ ਲਈ ਨਾ ਕੋਈ ਜੰਮਦਾ ਹੈ ਤੇ ਨਾ ਕੋਈ ਮਰਦਾ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸ ਦੁਆਰਾ ਅਸੀਂ ਮਨ ਦੀ ਸਮਝ ਦੁਆਰਾ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਸਮਝਦੇ ਹਾਂ ਭਾਵ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਜੋ ਕਿ ਕੇਵਲ ਸਾਡੇ ਮਨ ਦਾ ਭਰਮ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ, ਮਨ ਦੀ ਮਾਇਆ ਦੇ ਰੂਪ ਵਿੱਚ ਪਾਇਆ ਹੋਇਆ ਹੈ। ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ ਜੋ ਕਿ ਉਸ ਪ੍ਰਮਾਤਮਾ ਦੀ ਰਜਾ ਦੁਆਰਾ ਹੀ ਹੁੰਦਾ ਹੈ ਭਾਵ ਉਸਦੇ ਹੁਕਮ ਦੁਆਰਾ ਹੀ ਹੁੰਦਾ ਹੈ ਪਰ ਆਪਣੇ ਅੰਦਰੋਂ ਉਸਦਾ ਹੁਕਮ ਬੁੱਝੇ ਬਿਨਾਂ, ਉਸਦੀ ਰਜਾ ਬੁੱਝੇ ਬਿਨਾਂ ਸਾਨੂੰ ਇਹੀ

ਮਹਿਸੂਸ ਹੁੰਦਾ ਹੈ ਕਿ ਅਸੀਂ ਆਪ ਹੀ ਕਰਮ ਕਰਨ ਵਾਲੇ ਹਾਂ ਜਦਕਿ ਸਾਡੇ ਕੋਲੋਂ ਕਰਮ ਕਰਵਾਉਂਣ ਵਾਲਾ ਪ੍ਰਮਾਤਮਾ ਆਪ ਹੈ ਭਾਵ ਸਾਡੇ ਅੰਦਰ ਸਮਝ ਪਾਉਣ ਵਾਲਾ ਪ੍ਰਮਾਤਮਾ ਆਪ ਹੈ। ਜੋ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਉਹ ਆਪਣੇ ਮਨੁੱਖੀ ਰੂਪ ਕੋਲੋਂ ਉਹੀ ਕੁਝ ਕਰਵਾਉਂਦਾ ਹੈ ਜਿਸਦੀ ਮਨੁੱਖ ਨੂੰ ਸਮਝ ਨਹੀਂ ਪੈਂਦੀ। **(ਤੂਹੈ ਹੈ ਵਾਹੁ ਤੇਰੀ ਰਜਾਇ ॥ ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥੧॥ ਰਹਾਉ ॥)**

ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਪਰ ਆਪਣੇ ਆਪ ਨੂੰ ਇੱਕ ਮਨੁੱਖੀ ਰੂਪ ਹੀ ਸਮਝਦੇ ਹਨ ਤੇ ਹਰ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਹੀ ਸਮਝਦੇ ਹਨ ਜੋ ਕਿ ਕੇਵਲ ਭਰਮ ਹੈ। ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਫਿਰ ਹਰ ਵਸਤੂ ਵਿੱਚ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਜੋ ਕਿ ਸਭ ਦੇ ਅੰਦਰ ਨਿਰੰਕਾਰ ਰੂਪ ਵਿੱਚ ਹੈ। ਸਭ ਦੇ ਵਿੱਚ, ਸਭ ਕੁਝ ਇੱਕੋ ਇੱਕ ਪ੍ਰਮਾਤਮਾ ਨੂੰ ਜਾਨਣਾ ਹੀ ਪ੍ਰਮਾਤਮਾ ਨਾਲ ਮੇਲ ਦੀ ਨਿਸ਼ਾਨੀ ਹੈ ਜੋ ਪ੍ਰਮਾਤਮਾ ਸਾਡੇ ਅੰਦਰ ਮਨ ਦੇ ਵਿੱਚ ਹੀ ਹੈ, ਨਿਰੰਕਾਰ ਰੂਪ ਵਿੱਚ ਹੈ।

{ਅਗਮ ਅਗੋਚਰੁ ਸਾਹਿਬੁ ਮੇਰਾ ॥ ਘਟ ਘਟ ਅੰਤਰਿ ਵਰਤੈ ਨੇਰਾ ॥

ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥ ਪ੍ਰਭ ਮਿਲਣੈ ਕੀ ਏਹ ਨੀਸਾਣੀ ॥

ਮਨਿ ਇਕੋ ਸਚਾ ਹੁਕਮੁ ਪਛਾਣੀ ॥ ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥}

(ਅੰਗ ੧੦੬)

ੴ ਸਤਿਗੁਰ ਪ੍ਰਸਾਦਿ ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥

ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ ੪੯੫)

ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜੋ ਖੇਡ ਪ੍ਰਮਾਤਮਾ ਆਪਣੇ ਮਨੁੱਖੀ ਰੂਪ ਨੂੰ ਆਪਣੇ ਆਪ ਤੋਂ ਵੱਖਰਾ ਕਰਕੇ ਹੀ ਚਲਾਉਂਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥੨॥”

45/5871

ਜਿਵੇਂ ਕਿ ਅਸੀਂ ਹੋਰ ਸ਼ਬਦਾਂ ਦੁਆਰਾ ਪ੍ਰਮਾਤਮਾ ਦੀ ਖੇਡ ਨੂੰ ਸਮਝਿਆ ਹੈ ਉਹੀ ਖੇਡ ਦਾ ਤਰੀਕਾ ਸਾਨੂੰ ਉਪਰਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੀ ਇਹ ਖੇਡ ਸਾਡੇ ਮਨ ਦੇ ਵਿਚਾਰਾਂ ਦੁਆਰਾ ਹੀ ਚੱਲਦੀ ਹੈ। ਜਿਤਨੇ ਵੀ ਪ੍ਰਮਾਤਮਾ ਦੇ ਮਨੁੱਖੀ ਰੂਪ ਹਨ ਉਹ ਮਨ ਦੀ ਸਮਝ ਦੁਆਰਾ ਹੀ ਵਿਚਰਦੇ ਹਨ। ਜਿਵੇਂ ਇੱਕ ਖੂਹ ਦੀਆਂ ਟਿੰਡਾ ਹੁੰਦੀਆਂ ਹਨ ਉਸੇ ਤਰ੍ਹਾਂ ਸਾਡੇ ਮਨੁੱਖੀ ਸਰੀਰ ਹਨ। ਜਿਵੇਂ ਟਿੰਡਾਂ ਦੇ ਅੰਦਰ ਪਾਣੀ ਇੱਕੋ ਖੂਹ ਤੋਂ ਭਰਿਆ ਜਾਂਦਾ ਹੈ ਇਸੇ ਤਰ੍ਹਾਂ ਮਨੁੱਖੀ ਸਰੀਰ ਦੇ ਅੰਦਰ ਵਿਚਾਰ ਇੱਕੋ ਗਿਆਨ ਦੇ ਸਰੋਵਰ ਤੋਂ ਭਰੇ ਜਾਂਦੇ ਹਨ ਭਾਵ ਸਭ ਦੇ ਅੰਦਰ ਜਲ ਰੂਪ ਵਿਚਾਰ ਭਰਨ ਵਾਲਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ। ਸਾਡੇ ਅੰਦਰ ਮਨ ਦੇ ਵਿਚਾਰ ਬਾਰ-ਬਾਰ ਇੱਕੋ ਗਿਆਨ ਦੇ ਸਰੋਵਰ ਤੋਂ ਭਰੇ ਜਾਂਦੇ ਹਨ ਤੇ ਜੋ ਵਿਚਾਰ ਸਾਡੇ ਅੰਦਰ ਭਰੇ ਜਾਂਦੇ ਹਨ ਉਨ੍ਹਾਂ ਵਿਚਾਰਾਂ ਦੁਆਰਾ ਹੀ ਅਸੀਂ ਬਾਹਰਲੇ ਸੰਸਾਰ ਨਾਲ ਵਿਚਰਦੇ ਹਾਂ। ਆਪਣੇ ਮਨ ਦੇ ਵਿਚਾਰਾਂ ਨਾਲ ਅਸੀਂ ਮਨ ਰੂਪ ਖੇਤ ਨੂੰ ਸਿੰਚਦੇ ਹਾਂ ਭਾਵ ਸਾਡੇ ਮਨ ਦੀ ਖੇਤੀ ਗਿਆਨ ਰੂਪ ਜਲ ਤੇ ਨਿਰਭਰ ਕਰਦੀ ਹੈ। ਜਿਵੇਂ ਜਲ ਬਿਨਾਂ ਖੇਤੀ ਨਹੀਂ ਬੱਚਦੀ ਇਸੇ ਤਰ੍ਹਾਂ ਜਦੋਂ ਸਾਡੇ ਅੰਦਰੋਂ ਜਲ ਮਿਲਣਾ ਬੰਦ ਹੋ ਜਾਂਦਾ ਹੈ ਫਿਰ ਸਾਡੇ ਅੰਦਰ ਦੀ ਖੇਤੀ ਖਤਮ ਹੋ ਜਾਂਦੀ ਹੈ ਭਾਵ ਮਨੁੱਖੀ ਹੋਂਦ ਮੁੱਕ ਜਾਂਦੀ ਹੈ, ਇਹ ਕਾਇਆ ਮੁੱਕ ਜਾਂਦੀ ਹੈ। ਜਦ ਤੱਕ ਇਸ ਕਾਇਆ ਦੇ ਅੰਦਰ ਵਿਚਾਰ ਉਪਜਦੇ ਰਹਿੰਦੇ ਹਨ ਤਦ ਤੱਕ ਹੀ ਇਹ ਕਾਇਆ ਚੱਲਦੀ ਹੈ, ਵਿਚਾਰਾਂ ਤੋਂ ਬਿਨਾਂ ਇਹ ਕਾਇਆ ਮੁੱਕ ਜਾਂਦੀ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸ ਦੁਆਰਾ ਉਹ ਸੰਸਾਰ ਨੂੰ ਚਲਾ ਰਿਹਾ ਹੈ। ਸਰੀਰਾਂ ਦਾ ਜੰਮਣਾ ਮਰਨਾ ਸਿਰਫ ਪੰਜਾਂ ਤੱਤਾਂ ਦਾ ਇੱਕ ਜੋੜ ਹੈ ਜਿਸਨੂੰ ਆਪਣੇ ਗਿਆਨ ਦੁਆਰਾ ਪ੍ਰਮਾਤਮਾ ਨੇ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਤੇ ਆਪਣੀ ਇਸ ਖੇਡ ਨੂੰ ਉਹ ਆਪ ਰੱਚਣ ਦੁਆਰਾ ਆਪ ਹੀ ਚਲਾ ਰਿਹਾ ਹੈ, ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਦੀ ਵਡਿਆਈ ਭਾਵ ਸੱਚੀ ਵਡਿਆਈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਤਾਂ ਹੀ ਸਮਝ ਆਉਂਦੀ ਹੈ ਜਦੋਂ ਉਸਦੀ ਖੇਡ ਦੀ ਸਮਝ ਲੱਗ ਜਾਂਦੀ ਹੈ ਭਾਵ ਜਦੋਂ ਇਹ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। **(ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥ ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥੨॥)**

45/5872

ਪ੍ਰਮਾਤਮਾ ਦੀ ਇਹ ਖੇਡ, ਉਸਦੀ ਸੱਚੀ ਵਡਿਆਈ ਕਿਵੇਂ ਸਮਝ ਆਉਂਦੀ ਹੈ, ਕਿਸ ਰੂਪ ਵਿੱਚ ਸਮਝ ਆਉਂਦੀ ਹੈ ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥”

ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਭਾਵ ਸਾਡੀ ਸਮਝ ਦੇ ਅੰਦਰ ਹੀ ਹੈ। ਪ੍ਰਮਾਤਮਾ ਦੇ ਨਾਲੋਂ ਵਿਛੋੜਾ ਵੀ ਸਾਡਾ ਮਨ ਦੀ ਸਮਝ ਦੇ ਵਿੱਚ ਹੈ ਤੇ ਉਸਦੇ ਨਾਲ ਮੇਲ ਵੀ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ। ਫਰਕ ਕੇਵਲ ਤੇ ਕੇਵਲ ਸਾਡੀ ਸਮਝ ਦੇ ਵਿੱਚ ਹੈ। ਗੁਰੂ ਦੀ ਸਮਝ ਪ੍ਰਮਾਤਮਾ ਨੂੰ ਜਾਨਣ ਵਾਲੀ ਸਮਝ ਹੈ ਤੇ ਮਨੁੱਖੀ ਸਮਝ ਪ੍ਰਮਾਤਮਾ

ਦੇ ਨਾਲੋਂ ਵਿਛੋੜੇ ਵਾਲੀ ਸਮਝ ਹੈ। ਅਸੀਂ ਆਪਣੀ ਸਮਝ ਨੂੰ ਹੀ ਬਦਲਣਾ ਹੈ ਜੋ ਕਿ ਸਾਡਾ ਸੱਚਾ ਉਦੱਮ ਹੈ। ਅਸੀਂ ਆਪਣੀ ਸਮਝ ਨੂੰ ਬਦਲ ਕੇ ਗੁਰੂ ਦੀ ਸਮਝ ਵਾਲੇ ਬਣਨਾ ਹੈ ਭਾਵ ਸਿਆਣੀ ਮਤਿ ਵਾਲੇ ਬਣਨਾ ਹੈ। ਅਸੀਂ ਉਸ ਸਮਝ ਵਾਲੀ ਮਤਿ ਦੁਆਰਾ ਵਿਚਰਨਾ ਹੈ ਭਾਵ ਉਹੋ ਜਿਹੇ ਸੱਚੇ ਮਾਰਗ ਤੇ ਚੱਲਣਾ ਹੈ ਜੋ ਕਿ ਸੱਚੀ ਸਮਝ ਵਾਲਾ ਮਾਰਗ ਹੈ ਭਾਵ ਗੁਰੂ ਦੀ ਸਮਝ ਵਾਲਾ ਮਾਰਗ ਹੈ ਜੋ ਕਿ ਸੁਰਤੀ ਦਾ ਮਾਰਗ ਹੈ ਭਾਵ ਆਪਣੀ ਸੁਰਤਿ ਦੇ ਵਿੱਚ ਗੁਰੂ ਦੇ ਵਿਚਾਰਾਂ ਨੂੰ ਵਸਾਉਣ ਵਾਲਾ ਮਾਰਗ ਹੈ। ਅਸੀਂ ਆਪਣੀ ਮਤਿ ਨੂੰ ਉਲਟਣ ਲਈ ਭਾਵ ਬਦਲਣ ਲਈ ਉਦੱਮ ਕਰਨਾ ਹੈ। ਸਾਡੀ ਆਪਣੀ ਸਮਝ ਨਾ ਸਮਝੀ ਵਾਲੀ ਮਤਿ ਹੈ ਭਾਵ ਮਨਮਤਿ ਹੈ ਜਿਸਨੂੰ ਅਸੀਂ ਉਲਟ ਕੇ ਗੁਰਮਤਿ ਵਾਲੀ ਮਤਿ ਬਨਾਉਣਾ ਹੈ, ਸੱਚੀ ਸਮਝ ਵਾਲੀ ਮਤਿ ਬਨਾਉਣਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੇ ਹਨ ਭਾਵ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਹੁੰਦੇ ਹਨ। ਸਾਡੀ ਮਤਿ ਦਾ ਉਲਟ ਜਾਣਾ ਭਾਵ ਨਾਸਮਝ ਮਤਿ ਦਾ, ਅਗਿਆਨਤਾ ਵਾਲੀ ਮਤਿ ਦਾ ਸੱਚੇ ਗਿਆਨ ਵਾਲੀ ਮਤਿ ਵਿੱਚ ਬਦਲ ਜਾਣਾ ਹੀ ਸਾਡੀ ਮਤਿ ਦਾ ਉਲਟਣਾ ਹੈ ਭਾਵ ਸਾਡੀ ਮਤਿ ਦੇ ਅੰਦਰ ਪ੍ਰਕਾਸ਼ ਦਾ ਹੋਣਾ ਹੈ। ਸਾਡੇ ਅੰਦਰ ਇਹ ਪ੍ਰਕਾਸ਼ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ ਤੇ ਅਸੀਂ ਗੁਰੂ ਦੀ ਸੱਚੀ ਮਤਿ

45/5873

ਅਨੁਸਾਰ ਭਾਵ ਗੁਰੂ ਦੀ ਸੱਚੀ ਸਮਝ ਦੇ ਅਨੁਸਾਰ ਉਸਦੇ ਮਾਰਗ ਤੇ ਚੱਲਣ ਦਾ ਉਦੱਮ ਹੀ ਕਰਨਾ ਹੈ। ਪ੍ਰਮਾਤਮਾ ਦੀ ਖੇਡ ਮਨ ਦੇ ਵਿੱਚੋਂ ਸਾਡੀ ਸਮਝ ਉਲਟਣ ਦੁਆਰਾ ਹੀ ਸਮਝ ਆਉਂਦੀ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਸਮਝ ਆਉਂਦੀ ਹੈ। **(ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥)**

{ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥੧॥ ਰਹਾਉ ॥
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥
ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥}

(ਅੰਗ ੩੩੯)

{ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥
ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥
ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ॥੧੮॥ ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥
ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥ ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ ॥
ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ ॥
ਪੁਤੁ ਕਲਤੁ ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ ॥ ਸਤਿਗੁਰੁ ਸੇਵੇ ਸੋ ਸੁਖੁ ਪਾਏ ਨਾਉ ਵਸੈ ਮਨਿ ਆਈ ॥
ਨਾਨਕ ਸੇ ਵਡੇ ਵਡਭਾਗੀ ਜਿ ਗੁਰਮੁਖਿ ਨਾਮਿ ਸਮਾਈ ॥੧੯॥}

(ਅੰਗ ੧੪੧੪)

ਮਃ ੩ ॥

{ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ ॥
ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ ॥
ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥

ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ ਜਿਨ ਮਸਤਕਿ ਲਿਖਿਆ ਧੁਰਿ ਪਾਇ ॥੨॥}

(ਅੰਗ ੯੧)

{ਉਲਟੀ ਗੰਗਾ ਜਮੁਨ ਮਿਲਾਵਉ ॥ ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥
ਲੋਚਾ ਸਮਸਰਿ ਇਹੁ ਬਿਉਹਾਰਾ ॥ ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥੩॥}

(ਅੰਗ ੩੨੭)

{ਉਲਟੀ ਰੇ ਮਨ ਉਲਟੀ ਰੇ ॥ ਸਾਕਤ ਸਿਉ ਕਰਿ ਉਲਟੀ ਰੇ ॥
ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥੧॥ ਰਹਾਉ ॥}

(ਅੰਗ ੫੩੫)

ਵਡਹੰਸੁ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ ਜਪਿ ਮਨ ਮੇਰੇ ਤੂ ਏਕੋ ਨਾਮੁ ॥
ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ॥੧॥ ਰਹਾਉ ॥ ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ ੫੫੮)

45/5874

{ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬ੍ਰੂਝ ਪਾਇ ॥
ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥੧॥}

(ਅੰਗ ੬੦੨)

{ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥}

(ਅੰਗ ੬੫੧)

{ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥}

(ਅੰਗ ੬੬੨)

{ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥
ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥}

(ਅੰਗ ੭੮੬)

{ਉਲਟੀ ਲੇ ਸਕਤਿ ਸਹਾਰੰ ॥ ਪੈਸੀਲੇ ਗਗਨ ਮਝਾਰੰ॥ ਬੇਧੀਅਲੇ ਚਕ੍ਰ ਭੁਅੰਗਾ ॥ ਭੇਟੀਅਲੇ ਰਾਇ ਨਿਸੰਗਾ ॥੨॥
ਚੂਕੀਅਲੇ ਮੋਹ ਮਇਆਸਾ ॥ ਸਸਿ ਕੀਨੋ ਸੂਰ ਗਿਰਾਸਾ ॥
ਜਬ ਕੁੰਭਕੁ ਭਰਿਪੁਰਿ ਲੀਣਾ ॥ ਤਹ ਬਾਜੇ ਅਨਹਦ ਬੀਣਾ ॥੩॥}

(ਅੰਗ ੯੭੨)

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥}

(ਅੰਗ ੧੦੫੬)

{ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥}

(ਅੰਗ ੧੧੩੨)

{ਗੰਗ ਜਮੁਨ ਜਉ ਉਲਟੀ ਬਹੈ ॥ ਤਉ ਨਾਮਾ ਹਰਿ ਕਰਤਾ ਰਹੈ ॥੧੩॥}

(ਅੰਗ ੧੧੬੬)

45/5875

{ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥
ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥}

(ਅੰਗ ੧੨੦੫)

{ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥
ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥
ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥
ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥}

(ਅੰਗ ੧੨੭੪)

{ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ ॥
ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥੩॥
ਸਾਇਰ ਸਪਤ ਭਰੇ ਜਲ ਨਿਰਮਲਿ ਉਲਟੀ ਨਾਵ ਤਰਾਵੈ ॥
ਬਾਹਰਿ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ ॥੪॥
ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ ॥
ਨਾਨਕੁ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ ॥੫॥੧੭॥}

(ਅੰਗ ੧੩੩੨)

{ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥ ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ॥
ਜੰਮਣੁ ਮਰਣੁ ਨ ਚੁਕਈ ਰੰਗੁ ਲਗਾ ਦੂਜੈ ਭਾਇ ॥ ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥੧੭॥
ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥
ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥
ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥੧੮॥}

(ਅੰਗ ੧੪੧੪)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੀ ਮਤਿ ਦਾ ਉਲਟਣਾ ਕੀ ਹੈ। ਉਲਟਣਾ ਅਸੀਂ ਮਾਇਆ ਮੋਹ ਵਾਲੀ ਮਤਿ ਤੋਂ ਹੀ ਹੈ, ਅਗਿਆਨਤਾ ਵਾਲੀ ਮਤਿ ਤੋਂ ਹੀ ਹੈ, ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ ਮਤਿ ਤੋਂ ਹੀ ਹੈ ਜੋ ਜਨਮ ਤੋਂ ਹੀ ਸਭ ਦੇ ਅੰਦਰ ਪੈ ਕੇ ਆਉਂਦੀ ਹੈ ਜਿਸ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨੇ ਹਰ ਕਿਸੇ ਨੂੰ ਆਪਣਾ ਆਪ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਸਾਡੇ ਅੰਦਰ ਦੀ ਪੁੱਠੀ ਮਤਿ, ਪੁੱਠਾ ਕਮਲ ਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਪਰਦਾ ਹੈ ਜੋ ਪਰਦਾ ਕਿਸੇ ਦੇ ਅੰਦਰੋਂ ਪ੍ਰਮਾਤਮਾ ਆਪ ਹੀ ਦੂਰ ਕਰਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੇ, ਸਹਜ ਰੂਪ ਗਿਆਨ ਦੇ ਪ੍ਰਕਾਸ਼ ਦੁਆਰਾ ਕਰਦਾ ਹੈ ਜਿਸ ਗਿਆਨ ਦੇ ਪ੍ਰਕਾਸ਼ ਦੁਆਰਾ ਆਪ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਉਸਦੇ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਉਸਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ। ਜਦ ਤੱਕ ਸਾਡੇ ਅੰਦਰ ਦੀ ਮਤਿ ਪੁੱਠੀ ਹੈ ਤਦ ਤੱਕ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹਾਂ, ਵੱਖਰਾ ਮਨੁੱਖੀ ਰੂਪ ਸਮਝਦੇ ਹਾਂ ਤੇ ਆਪਣੇ ਆਪ ਨੂੰ ਜਨਮ ਮਰਨ ਦੇ ਵਿੱਚ ਸਮਝਦੇ ਹਾਂ ਭਾਵ ਸਾਡੇ ਅੰਦਰ ਦੀ ਪੁੱਠੀ ਨਾਸਮਝ

ਮਤਿ ਸਾਨੂੰ ਸੱਚਾਈ ਸਮਝਣ ਤੋਂ ਦੂਰ ਰੱਖਦੀ ਹੈ ਤੇ ਇਹੀ ਸਾਡੇ ਅੰਦਰ ਦੀ ਮਾਇਆ ਦਾ ਮਕਸਦ ਹੈ, ਮਾਇਆ ਦੀ ਜੁਗਤਿ ਹੈ ਜਿਸ ਰਾਹੀਂ ਪ੍ਰਮਾਤਮਾ ਆਪਣੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਮਨ ਦੀ ਸਮਝ ਉਲਟੇ ਬਿਨਾਂ ਨਾ ਕੋਈ ਪ੍ਰਮਾਤਮਾ ਦੀ ਖੇਡ ਨੂੰ ਸਮਝ ਸਕਦਾ ਹੈ ਤੇ ਨਾ ਹੀ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਸਕਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝ ਰਹੇ ਹਾਂ। **(ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥)**

ਜਦ ਤੱਕ ਸਾਡੇ ਮਨ ਦੀ ਸਮਝ ਨਹੀਂ ਉਲਟਦੀ ਭਾਵ ਜਦ ਤੱਕ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਤਦ ਤੱਕ ਹਰ ਕੋਈ ਆਪਣੇ ਆਪ ਨੂੰ ਮਨੁੱਖੀ ਰੂਪ ਹੀ ਸਮਝਦਾ ਹੈ ਤੇ ਆਪਣੇ ਆਪ ਨੂੰ ਭਗਤੀ ਵਾਲਾ ਸਮਝਣ ਵਾਲੇ ਆਪਣੀ ਵਡਿਆਈ ਕਰਵਾਉਂਦੇ ਹਨ, ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਆਪਣੇ ਆਪ ਨੂੰ ਬ੍ਰਹਮ ਗਿਆਨੀ ਅਖਵਾਉਂਣ ਵਾਲਿਆਂ ਨੂੰ ਖਾਸ ਕਰਕੇ ਸਮਝਾਇਆ ਹੋਇਆ ਹੈ।

“ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥”

ਸਾਡੀ ਮਤਿ ਕਿਵੇਂ ਉਲਟਦੀ ਹੈ, ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਕਿਸ ਤਰੀਕੇ ਹੁੰਦਾ ਹੈ ਇਸਨੂੰ ਉਪਰਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਸਾਡੇ ਅੰਦਰ ਦੇ ਵਿਚਾਰ ਹੀ ਸਾਡੇ ਅੰਦਰ ਦੀ ਸਮਝ ਹੈ, ਸਾਡੇ ਅੰਦਰ ਦੀ ਮਤਿ ਹੈ। ਪੁੱਠੀ ਮਤਿ ਵਿੱਚ ਤੇ ਸਿੱਧੀ ਮਤਿ ਵਿੱਚ ਵਿਚਾਰਾਂ ਦਾ ਫਰਕ ਹੀ ਹੁੰਦਾ ਹੈ। ਸੁਰਤੀ ਦੇ ਮਾਰਗ ਤੇ ਚੱਲਣਾ ਜਿਵੇਂ ਕਿ ਇਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਿਆ ਹੈ ਉਹ ਆਪਣੀ ਮਤਿ ਦੇ ਵਿਚਾਰਾਂ ਨੂੰ ਬਦਲਣਾ ਹੀ ਹੈ ਭਾਵ ਆਪਣੇ ਅਗਿਆਨਤਾ ਵਾਲੇ ਪੁੱਠੀ ਮਤਿ ਦੇ ਵਿਚਾਰਾਂ ਨੂੰ ਸਿੱਧਾ ਕਰਨਾ ਹੀ ਹੈ। ਜਦੋਂ ਅਸੀਂ ਗੁਰੂ ਦੀ ਸੱਚੀ ਸੁੱਚੀ ਸਿੱਧੀ ਮਤਿ ਦੇ ਵਿਚਾਰਾਂ ਨੂੰ ਆਪਣੀ ਸੁਰਤ ਦੇ ਵਿੱਚ ਵਸਾਵਾਂਗੇ ਤਾਂ ਇਸਦੇ ਨਾਲ ਸਾਡੀ ਮਤਿ ਦੇ ਪੁੱਠੇ ਵਿਚਾਰ ਫਿਰ ਸਿੱਧੇ ਵਿਚਾਰ ਬਣ ਜਾਣਗੇ ਭਾਵ ਸਾਡੀ ਪੁੱਠੀ ਮਤਿ ਬਦਲ ਕੇ ਸਿੱਧੀ ਮਤਿ ਬਣ ਜਾਵੇਗੀ। ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਇਹੋ ਜਿਹੀ ਸਿੱਧੀ ਮਤਿ ਦੁਆਰਾ ਨਜਰ ਆਉਂਦਾ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਨਜਰ ਆਉਂਦਾ ਹੈ ਤੇ ਮਨ ਦੀ ਇਹੋ ਜਿਹੀ ਸਮਝ ਦੁਆਰਾ

ਮਨੁੱਖ ਨੂੰ ਆਪਣੇ ਅੰਦਰੋਂ ਇਹ ਵਿਸ਼ਵਾਸ ਆਉਂਦਾ ਹੈ ਕਿ ਮੇਰੇ ਵਿਚਾਰਾਂ ਦੇ ਅੰਦਰ ਆਪ ਪ੍ਰਮਾਤਮਾ ਹੀ ਹੈ ਤੇ ਮੈਂ ਮਨ ਦੇ ਭਰਮ ਦੇ ਕਾਰਨ, ਮਨ ਦੀ ਅਗਿਆਨਤਾ ਦੇ ਕਾਰਨ ਭਾਵ ਮਨ ਦੀ ਪੁੱਠੀ ਮਤਿ ਦੇ ਕਾਰਨ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦਾ ਰਿਹਾ ਹਾਂ, ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਰਿਹਾ ਹਾਂ ਜਦੋਂ ਕਿ ਸੱਚਾਈ ਇਹ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਇਸ ਸਰੀਰ ਨੂੰ ਆਪ ਹੀ ਮਨ ਦੀ ਸਮਝ ਦੁਆਰਾ ਚਲਾ ਰਿਹਾ ਹੈ। ਕੋਈ ਵੀ ਮਨੁੱਖ ਆਪਣੇ ਆਪ ਨੂੰ ਵੱਡਾ ਤਾਂ ਹੀ ਕਹਿ ਸਕਦਾ ਹੈ ਜਦ ਤੱਕ ਉਸਨੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜੋ ਸਭ ਕੁਝ ਆਪ ਹੀ ਹੈ। ਆਪਣੇ ਆਪ ਨੂੰ ਵੱਡਾ ਉਹੀ ਅਖਵਾ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਇਸ ਸਰੀਰ ਦੇ ਮਾਲਕ ਨੂੰ ਨਹੀਂ ਜਾਣਿਆ, ਉਸ ਵੱਡੇ ਨੂੰ ਨਹੀਂ ਜਾਣਿਆ ਜਿਸਨੇ ਆਪ ਹੀ ਸਭ ਕੁਝ ਬਣਾਇਆ ਹੈ, ਆਪਣੇ ਉੱਚੇ ਗਿਆਨ ਦੁਆਰਾ ਬਣਾਇਆ ਹੈ ਤੇ ਆਪ ਹੀ ਸਭ ਨੂੰ ਆਪਣੇ ਉੱਚੇ ਗਿਆਨ ਦੁਆਰਾ ਭਾਵ ਆਪਣੀ ਜੋਤਿ ਦੁਆਰਾ ਆਪ ਹੀ ਚਲਾ ਰਿਹਾ ਹੈ। ਉਸ ਵੱਡੇ ਦੀ ਸਮਝ ਮਨ ਦੀ ਸਮਝ ਬਦਲਣ ਦੁਆਰਾ ਹੀ ਪੈਂਦੀ ਹੈ ਜੋ ਸਮਝ ਉਹ ਆਪ ਹੀ ਬਦਲਦਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਬਦਲਦਾ ਹੈ। ਆਪਣੇ ਆਪ ਨੂੰ ਵੱਡਾ ਅਖਵਾਉਂਣਾ ਮਨੁੱਖ ਦਾ ਬਹੁਤ ਵੱਡਾ ਭਰਮ ਹੈ। ਆਪਣੇ ਆਪ ਨੂੰ ਬ੍ਰਹਮ ਗਿਆਨੀ ਅਖਵਾਉਂਣਾ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਬਹੁਤ ਵੱਡਾ ਅਖਵਾਉਂਣ ਵਾਲੀ ਗੱਲ ਹੈ। ਬ੍ਰਹਮ ਗਿਆਨੀ ਅਖਵਾਉਂਣ ਵਾਲਿਆਂ ਨੂੰ ਹੀ ਉਪਰਲੀ ਪੰਗਤੀ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਤੁਸੀਂ ਨਾਸਮਝ ਹੋ ਭਾਵ ਤੁਹਾਨੂੰ ਪ੍ਰਮਾਤਮਾ ਦੀ ਵਡਿਆਈ ਦੀ ਸਮਝ ਨਹੀਂ ਹੈ। ਆਪਣੀ ਵਡਿਆਈ ਕਰਵਾਉਂਣਾ ਉਸ ਪ੍ਰਮਾਤਮਾ ਦੀ ਵਡਿਆਈ ਨੂੰ ਨੀਵਾਂ ਕਰਨਾ ਹੈ ਜੋ ਕਿ ਆਪ ਹੀ ਬ੍ਰਹਮ ਗਿਆਨੀ ਹੈ ਜਿਸਨੇ ਆਪਣੇ ਬ੍ਰਹਮ ਗਿਆਨ ਦੁਆਰਾ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਆਪ ਹੀ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪ ਹੀ ਆਪਣੇ ਬ੍ਰਹਮ ਗਿਆਨ ਦੁਆਰਾ ਇਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉਹੀ ਉੱਚਾ ਅਖਵਾ ਸਕਦਾ ਹੈ, ਸੰਤ, ਬਾਬਾ ਆਦਿ ਅਖਵਾ ਸਕਦਾ ਹੈ ਜਿਸਨੇ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਫਿਰ ਹਰ ਰੂਪ ਪ੍ਰਮਾਤਮਾ ਦਾ ਰੂਪ ਹੀ ਨਜਰ ਆਉਂਦਾ ਹੈ। ਅਸੀਂ ਗਿਰਹੀ ਤੇ ਉਦਾਸੀ ਵਿੱਚ ਫਰਕ ਸਮਝਦੇ ਹਾਂ ਭਾਵ ਕਿਸੇ ਨੂੰ ਧਰਮ ਦੇ ਮਾਰਗ ਤੇ ਚੱਲਣ ਵਾਲਾ ਸਮਝਦੇ ਹਾਂ ਤੇ ਕਿਸੇ ਨੂੰ ਧਰਮ ਦੇ ਮਾਰਗ ਦੀ ਸੋਝੀ ਨਾ ਰੱਖਣ ਵਾਲਾ ਸਮਝਦੇ ਹਾਂ ਭਾਵ ਅਸੀਂ ਧਰਮ ਦੇ ਮਾਰਗ ਨੂੰ ਲੈ ਕੇ ਕਿਸੇ ਨੂੰ ਵੱਡਾ ਜਾਂ ਛੋਟਾ ਸਮਝਦੇ ਹਾਂ। ਇਹ

45/5878

ਸਾਡਾ ਭਰਮ ਹੈ ਭਾਵ ਧਰਮ ਦੇ ਮਾਰਗ ਤੇ ਵੱਡਾ ਅਖਵਾਉਣ ਵਾਲਿਆਂ ਦਾ ਭਰਮ ਹੈ ਕਿਉਂਕਿ ਉਹ ਇਸ ਗੱਲ ਨੂੰ ਨਹੀਂ ਜਾਣਦੇ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗਿਰਹੀ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ, ਉਦਾਸੀ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ। ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਦੀ ਸਮਝ ਮਨ ਦੇ ਵਿਚਾਰ ਬਦਲਣ ਦੁਆਰਾ ਹੀ ਪੈਂਦੀ ਹੈ ਤੇ ਇਹੀ ਗੱਲ ਬ੍ਰਹਮ ਗਿਆਨੀ ਅਖਵਾਉਂਣ ਵਾਲਿਆਂ ਨੂੰ ਸਮਝਾਈ ਹੋਈ ਹੈ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲਿਆਂ ਨੂੰ ਸਮਝਾਈ ਹੋਈ ਹੈ ਕਿ ਆਪਣੇ ਮਨ ਦੇ ਵਿਚਾਰਾਂ ਨੂੰ ਬਦਲੋ ਭਾਵ ਆਪਣੇ ਮਨ ਦੇ ਵਿਚਾਰਾਂ ਨੂੰ ਗੁਰੂ ਦੇ ਵਿਚਾਰਾਂ ਨਾਲ ਇੱਕ ਕਰੋ। ਗੁਰੂ ਦੇ ਵਿਚਾਰਾਂ ਨਾਲ ਇੱਕ ਹੋਣਾ ਹੀ ਗੁਰੂ ਦੇ ਨਾਲ ਇੱਕ ਮਨ ਇੱਕ ਚਿੱਤ ਹੋਣਾ ਹੈ। ਸਾਰੀ ਗੱਲ ਆਪਣੇ ਮਨ ਦੀ ਸਮਝ ਨੂੰ ਬਦਲਣ ਦੀ ਹੈ, ਆਪਣੀ ਅਗਿਆਨਤਾ ਵਾਲੀ ਸਮਝ ਨੂੰ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਬਨਾਉਂਣ ਦੀ ਹੈ ਜਿਸ ਸਮਝ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਆਪਣੇ ਆਪ ਦੀ ਸਮਝ ਪੈਂਦੀ ਹੈ, ਆਪਣੀ ਅਸਲੀਅਤ ਦੀ ਸਮਝ ਪੈਂਦੀ ਹੈ, ਇਸ ਸੰਸਾਰ ਦੀ ਅਸਲੀਅਤ ਦੀ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। **(ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥ ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥)**

ਸਲੋਕੁ ॥

{ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥}

(ਅੰਗ ੨੭੨)

ਅਸਟਪਦੀ ॥

{ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥ ਬ੍ਰਹਮ ਗਿਆਨੀ ਸਦਾ ਨਿਰਦੋਖ ॥

ਜੈਸੇ ਸੂਰੁ ਸਰਬ ਕਉ ਸੋਖ॥ ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥
ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਆਕਾਸੁ ॥
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥
ਬ੍ਰਹਮ ਗਿਆਨੀ ਊਚ ਤੇ ਊਚਾ ॥ ਮਨਿ ਅਪਨੈ ਹੈ ਸਭ ਤੇ ਨੀਚਾ ॥
ਬ੍ਰਹਮ ਗਿਆਨੀ ਸੇ ਜਨ ਭਏ ॥ ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥
ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥
ਬ੍ਰਹਮ ਗਿਆਨੀ ਸਦਾ ਸਮਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥
ਬ੍ਰਹਮ ਗਿਆਨੀ ਏਕ ਊਪਰਿ ਆਸ ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥ ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥
ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ ਬ੍ਰਹਮ ਗਿਆਨੀ ਸੁਫਲ ਫਲਾ ॥
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥ ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥
ਬ੍ਰਹਮ ਗਿਆਨੀ ਕੈ ਏਕੈ ਰੰਗ ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥
ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥
ਬ੍ਰਹਮ ਗਿਆਨੀ ਸਦਾ ਸਦ ਜਾਗਤ ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥
ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥
ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥
ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥
ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥ ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥
ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ ਬਡ ਪਰਤਾਪ ॥
ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥ ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥
ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥
ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥
ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥

ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥
ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੯॥}

(ਅੰਗ ੨੭੨-੨੭੪)

ਬ੍ਰਹਮ ਗਿਆਨੀ ਕੌਣ ਹੈ ਇਸ ਗੱਲ ਨੂੰ ਉਪਰਲੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਬ੍ਰਹਮ ਗਿਆਨੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਗਿਆਨ ਨਿਰੰਕਾਰ ਰੂਪ ਹੈ ਜਿਸਦਾ ਕੋਈ ਆਕਾਰ ਨਹੀਂ ਹੁੰਦਾ। ਸਾਡਾ ਸਰੀਰ ਬ੍ਰਹਮ ਗਿਆਨੀ ਨਹੀਂ ਹੈ ਭਾਵ ਇਸ ਸਰੀਰ ਦੀ ਕੋਈ ਵਡਿਆਈ ਨਹੀਂ ਹੈ। ਬ੍ਰਹਮ ਗਿਆਨੀ ਸਾਡਾ ਮਨ ਹੈ। ਜਦੋਂ ਸਾਡੇ ਮਨ ਦੇ ਵਿੱਚ ਬ੍ਰਹਮ ਗਿਆਨ ਵੱਸ ਜਾਂਦਾ ਹੈ ਫਿਰ

ਇਹ ਮਨ ਬ੍ਰਹਮ ਗਿਆਨੀ ਬਣ ਜਾਂਦਾ ਹੈ। ਇਸ ਮਨ ਨੂੰ ਬ੍ਰਹਮ ਗਿਆਨੀ ਬਨਾਉਂਣ ਵਾਲਾ ਪ੍ਰਮਾਤਮਾ ਆਪ ਹੈ। ਇਸ ਮਨ ਨੂੰ ਬ੍ਰਹਮ ਗਿਆਨੀ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਹੀ ਬਣਾਉਂਦਾ ਹੈ, ਸੱਚੇ ਗਿਆਨ ਵਾਲੇ ਵਿਚਾਰ ਦੇਣ ਦੁਆਰਾ ਬਣਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਜਿਸ ਕਰਕੇ ਸਾਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ। ਪ੍ਰਮਾਤਮਾ ਇਸ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਆਪ ਗੁਰੂ ਹੈ। ਆਪਣੇ ਆਪ ਨੂੰ ਕੋਈ ਬ੍ਰਹਮ ਗਿਆਨੀ ਤਾਂ ਹੀ ਸਮਝ ਸਕਦਾ ਹੈ ਜਿਸਨੇ ਉਸ ਬ੍ਰਹਮ ਗਿਆਨੀ ਰੂਪ ਪ੍ਰਮਾਤਮਾ ਨੂੰ ਨਹੀਂ ਜਾਣਿਆ। ਪ੍ਰਮਾਤਮਾ ਦਾ ਇਹ ਬ੍ਰਹਮ ਗਿਆਨੀ ਰੂਪ ਹੀ ਉਸਦਾ ਨਾਮ ਰੂਪ ਹੈ ਜਿਸ ਰੂਪ ਵਿੱਚ ਉਹ ਆਪ ਸਾਰੀ ਗੁਰਬਾਣੀ ਦੇ ਵਿੱਚ ਨਾਮ ਦੇ ਰੂਪ ਵਿੱਚ ਹੈ। ਇਹੀ ਪ੍ਰਮਾਤਮਾ ਦਾ ਸ਼ਬਦ ਰੂਪ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਜੋ ਗਿਆਨ ਹੈ ਉਹ ਬ੍ਰਹਮ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰਬਾਣੀ ਦੀ ਰਚਨਾ ਕਰਨ ਵਾਲਾ ਹੈ। ਆਪਣੇ ਆਪ ਨੂੰ ਬ੍ਰਹਮ ਗਿਆਨੀ ਅਖਵਾਉਣਾ ਹੀ ਸਾਡੇ ਅੰਦਰ ਦੀ ਪੁੱਠੀ ਮਤਿ ਦਾ ਨਤੀਜਾ ਹੈ ਜਿਸ ਪੁੱਠੀ ਮਤਿ ਵਿੱਚੋਂ ਨਿਕਲੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਬ੍ਰਹਮ ਗਿਆਨੀ ਪ੍ਰਮਾਤਮਾ ਆਪ ਹੈ, ਬ੍ਰਹਮ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਜੋ ਕਿ ਸਾਡੇ ਅੰਦਰ ਹੀ ਹੈ ਜਿਸ ਨੂੰ ਮਨ ਦੀ ਮਤਿ ਬਦਲਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਜਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਦੇ ਤਦ ਤੱਕ ਅਸੀਂ ਆਪਣੇ ਮਨ ਦੇ ਵਿਚਾਰਾਂ ਨੂੰ ਨਹੀਂ ਸਮਝ ਸਕਦੇ। ਸਾਡੇ ਮਨ ਦੀਆਂ ਇੱਛਾਵਾਂ ਸਾਡੇ ਮਨ ਦੇ ਵਿਚਾਰ ਹੀ ਹਨ ਤੇ ਆਪਣੇ ਮਨਮਤਿ ਵਾਲੇ ਵਿਚਾਰਾਂ ਨੂੰ ਛੱਡਣਾ ਹੀ, ਆਪਣੀਆਂ ਤ੍ਰਿਸ਼ਨਾਵਾਂ ਨੂੰ ਛੱਡਣਾ ਹੀ ਆਪਣੀ ਮਤਿ ਨੂੰ ਬਦਲਣਾ ਹੈ ਜਿਸ ਤਰੀਕੇ ਕੋਈ ਆਪਣੇ ਆਪ ਨੂੰ ਨਿਰਬਾਣ ਕਰ ਸਕਦਾ ਹੈ, ਮਾਇਆ ਤੋਂ ਰਹਿਤ ਕਰ ਸਕਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੯॥"

ਬਾਣੀ ਵਿੱਚ ਬਾਰ-ਬਾਰ ਆਪਣੇ ਆਪ ਨੂੰ **"ਨਿਰਬਾਣੁ"** ਕਰਨ ਦੀ ਗੱਲ ਆਉਂਦੀ ਹੈ। **"ਨਿਰਬਾਣੁ"** ਹੋਣਾ ਕੀ ਹੈ ਇਸ ਗੱਲ ਨੂੰ ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝਣ ਦੀ ਲੋੜ ਹੈ। ਆਪਣੇ ਮਨ ਦੇ

ਵਿਚਾਰਾਂ ਨੂੰ ਬਦਲਣਾ ਹੀ ਭਾਵ ਆਪਣੀ ਸਮਝ ਨੂੰ ਬਦਲਣਾ ਹੀ **"ਨਿਰਬਾਣੁ"** ਹੋਣਾ ਹੈ। ਜੋ ਨਿਰਬਾਣੁ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਉਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰ ਸਕਦਾ ਹੈ। ਸਾਡੇ ਅੰਦਰ ਜੋ **"ਮਾਇਆ"** ਹੈ ਉਹ ਸਾਡੀ ਸਮਝ ਦੇ ਰੂਪ ਵਿੱਚ

ਹੈ ਭਾਵ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ ਜੋ ਵਿਚਾਰ ਸਾਨੂੰ ਭਰਮਾਂ ਵਾਲੀ ਮਤਿ ਨਾਲ ਜੋੜ ਕੇ ਰੱਖਦੇ ਹਨ ਜਿਸ ਕਰਕੇ ਸਾਨੂੰ ਨਾਂ ਹੀ ਧਰਮ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਤੇ ਨਾ ਹੀ ਆਪਣੇ ਅੰਦਰੋਂ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਮਾਇਆ ਰੂਪ ਮਤਿ ਸਾਨੂੰ ਮਨ ਦੀਆਂ ਆਸ਼ਾਵਾਂ ਨਾਲ, ਤ੍ਰਿਸ਼ਨਾਵਾਂ ਨਾਲ ਜੋੜ ਕੇ ਰੱਖਦੀਆਂ ਹਨ ਜਿਨ੍ਹਾਂ ਦੇ ਰਹਿੰਦਿਆਂ ਅਸੀਂ ਧਰਮ ਦੇ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਗੁਰਮਤਿ ਰੂਪ ਸੱਚੇ ਗਿਆਨ ਨਾਲ ਨਹੀਂ ਜੁੜ ਸਕਦੇ ਕਿਉਂਕਿ ਸਾਨੂੰ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ ਤੇ ਨਾ ਹੀ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ। ਸਾਡੇ ਅੰਦਰ ਦੀ ਨਾਸਮਝ ਮਤਿ ਸਾਨੂੰ ਮਨ ਦੀਆਂ ਇੱਛਾਵਾਂ ਨਾਲ ਜੋੜਕੇ ਰੱਖਦੀ ਹੈ। ਅਸੀਂ ਆਪਣੀ ਇਸ ਨਾਸਮਝ ਮਤਿ ਤੋਂ ਭਾਵ ਮਨ ਦੀ ਮਾਇਆ ਤੋਂ ਹੀ ਨਿਰਬਾਣ ਹੋਣਾ ਹੈ ਭਾਵ ਇਸ ਮਤਿ ਨੂੰ ਛੱਡਣਾ ਹੀ ਇਸ ਤੋਂ ਨਿਰਬਾਣ ਹੋਣਾ ਹੈ। ਆਪਣੇ ਆਪ ਕੋਈ ਮਾਇਆ ਤੋਂ ਨਿਰਬਾਣ ਨਹੀਂ ਹੋ ਸਕਦਾ ਕਿਉਂਕਿ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ, ਮਨ ਦੀਆਂ ਇੱਛਾਵਾਂ ਸਾਡੇ ਵੱਸ ਨਹੀਂ ਹਨ। ਜਿਸਨੇ ਸਾਡੇ ਅੰਦਰ ਇਹ ਇੱਛਾਵਾਂ ਪਾਈਆਂ ਹੋਈਆਂ ਹਨ, ਮਨ ਦੇ ਵਿਚਾਰ ਪਾਏ ਹੋਏ ਹਨ ਉਹੀ ਸਾਨੂੰ ਇਨ੍ਹਾਂ ਤੋਂ ਮੁਕਤ ਕਰ ਸਕਦਾ ਹੈ ਭਾਵ ਨਿਰਬਾਣ ਕਰ ਸਕਦਾ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਮਨ ਦੀ ਮਾਇਆ ਤੋਂ ਨਿਰਬਾਣ ਕਰਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ ਕੇ ਉਸਦੀ ਮਤਿ ਨੂੰ ਬਦਲ ਦਿੰਦਾ ਹੈ, ਉਸਦੇ ਮਨ ਦੀ ਸਮਝ ਨੂੰ ਸੱਚੇ ਗਿਆਨ ਵਾਲੀ, ਗੁਰਮਤਿ ਰੂਪ ਸੱਚੀ ਸਮਝ ਵਾਲੀ ਬਣਾ ਦਿੰਦਾ ਹੈ ਜੋ ਮਤਿ ਮਾਇਆ ਤੋਂ ਨਿਰਲੇਪ ਹੁੰਦੀ ਹੈ ਤੇ ਮਨੁੱਖ ਫਿਰ ਮਨ ਦੀਆਂ ਇੱਛਾਵਾਂ ਤੋਂ ਨਿਰਲੇਪ ਹੋ ਜਾਂਦਾ ਹੈ, ਨਿਰਬਾਣ ਹੋ ਜਾਂਦਾ ਹੈ ਭਾਵ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਜਾਂਦਾ ਹੈ। ਜਿਸ ਪ੍ਰਮਾਤਮਾ ਨੇ ਸਾਡੇ ਅੰਦਰ ਤ੍ਰਿਸ਼ਨਾਵਾਂ ਪਾਈਆਂ ਹੋਈਆਂ ਹਨ, ਮਾਇਆ ਪਾਈ ਹੋਈ ਹੈ ਉਹ ਆਪ ਹੀ ਸਾਨੂੰ ਇਸ ਵਿੱਚੋਂ ਕੱਢਦਾ ਹੈ ਭਾਵ ਮਨ ਦੀਆਂ ਇੱਛਾਵਾਂ ਨੂੰ ਮਨੁੱਖ ਉਸ ਪ੍ਰਮਾਤਮਾ ਨੂੰ ਹੀ ਸੌਂਪ ਦਿੰਦਾ ਹੈ ਜਿਸਨੇ ਇਹ ਸਾਡੇ ਅੰਦਰ ਪਾਈਆਂ ਹੋਈਆਂ ਹਨ। ਆਪਣੀਆਂ ਇੱਛਾਵਾਂ ਨੂੰ ਸੌਂਪਣਾ ਹੀ ਭਾਵ ਛੱਡਣਾ ਹੀ ਮਾਇਆ ਤੋਂ ਨਿਰਬਾਣ ਹੋਣਾ ਹੈ, ਨਿਰਲੇਪ ਹੋਣਾ ਹੈ ਜਿਸ ਦੁਆਰਾ ਮਨੁੱਖ ਫਿਰ ਧਰਮ ਦੇ ਸੱਚੇ ਮਾਰਗ ਤੇ ਚੱਲਦਾ ਹੈ। **(ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥)** ਜਦ ਤੱਕ ਕੋਈ ਮਨੁੱਖ ਮਾਇਆ ਤੋਂ ਨਿਰਬਾਣ ਨਹੀਂ ਹੁੰਦਾ ਭਾਵ ਮਨ ਦੀ ਭਰਮ ਵਾਲੀ ਮਤਿ

ਤੋਂ ਭਾਵ ਅਗਿਆਨਤਾ ਵਾਲੀ ਮਤਿ ਤੋਂ ਨਿਰਬਾਣ ਨਹੀਂ ਹੁੰਦਾ, ਮੁਕਤ ਨਹੀਂ ਹੁੰਦਾ ਤਦ ਤੱਕ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ, ਮਨ ਦੇ ਵਿਚਾਰਾਂ ਦੇ ਮਾਲਕ ਨੂੰ ਨਹੀਂ ਜਾਣ ਸਕਦਾ। ਪ੍ਰਮਾਤਮਾ ਨੂੰ ਉਨ੍ਹਾਂ ਨੇ ਹੀ ਜਾਣਿਆ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਨਿਰਬਾਣ ਪਦ ਬਖਸ਼ਿਆ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੮॥”

ਉਪਰ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਸਾਨੂੰ ਨਿਰਬਾਣ ਕੌਣ ਕਰਦਾ ਹੈ। ਨਿਰਬਾਣ ਤਾਂ ਅਸੀਂ ਮਨ ਦੀਆਂ ਇੱਛਾਵਾਂ ਤੋਂ ਹੋਣਾ ਹੈ, ਮਨ ਦੀ ਅਗਿਆਨਤਾ ਵਾਲੀ ਮਤਿ ਤੋਂ ਹੋਣਾ ਹੈ ਤੇ ਸਾਨੂੰ ਨਿਰਬਾਣ ਉਹੀ ਕਰ ਸਕਦਾ ਹੈ ਜਿਸਨੇ ਸਾਡੇ ਅੰਦਰ ਮਾਇਆ ਰੂਪ ਮਤਿ ਪਾਈ ਹੋਈ ਹੈ। ਉਪਰ ਪੰਗਤੀ ਰਾਹੀਂ ਸਾਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਕਿ ਜਿਸਨੇ ਮੈਨੂੰ **“ਨਿਰਬਾਣੁ”** ਕੀਤਾ ਹੈ ਮੈਂ ਉਹੀ ਕੁਝ ਆਪਣੇ ਆਪ ਨੂੰ ਜਾਣਿਆ ਹੈ ਭਾਵ ਮੰਨਿਆ ਹੈ ਭਾਵ ਜਿਸ ਪ੍ਰਮਾਤਮਾ ਨੇ ਮੈਨੂੰ ਮਨ ਦੀ ਸਮਝ ਤੋਂ ਨਿਰਬਾਣ ਕੀਤਾ ਹੈ ਭਾਵ ਮਾਇਆ ਤੋਂ ਨਿਰਬਾਣ ਕੀਤਾ ਹੈ ਮੈਂ ਆਪਣੇ ਆਪ ਨੂੰ ਉਸ ਪ੍ਰਮਾਤਮਾ ਦਾ ਰੂਪ ਕਰਕੇ ਹੀ ਜਾਣਿਆ ਹੈ, ਮੰਨਿਆ ਹੈ ਭਾਵ ਮੈਨੂੰ ਇਹ ਵਿਸ਼ਵਾਸ ਆ ਗਿਆ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜੋ ਪ੍ਰਮਾਤਮਾ ਮੇਰੇ ਅੰਦਰ ਹੈ ਉਸੇ ਰੂਪ ਵਿੱਚ ਹੀ ਉਹ ਸਭ ਦੇ ਅੰਦਰ ਹੈ, ਹਰ ਮਨੁੱਖੀ ਰੂਪ ਦੇ ਅੰਦਰ ਹੈ। ਭਾਵੇਂ ਕੋਈ ਗਿਰਹੀ ਹੈ ਤੇ ਭਾਵੇਂ ਕੋਈ ਉਦਾਸੀ ਹੈ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜੇਕਰ ਅਸੀਂ ਗਿਰਹੀ ਤੇ ਉਦਾਸੀ ਵਿੱਚ ਫਰਕ ਸਮਝਦੇ ਹਾਂ ਤੇ ਫਿਰ ਇਹ ਗੱਲ ਪ੍ਰਵਾਨ ਨਹੀਂ ਹੈ ਭਾਵ ਠੀਕ ਨਹੀਂ ਹੈ। ਜੇਕਰ ਅਸੀਂ ਗਿਰਹੀ ਤੇ ਉਦਾਸੀ ਨੂੰ ਪ੍ਰਮਾਤਮਾ ਦਾ ਹੀ ਰੂਪ ਸਮਝਦੇ ਹਾਂ ਫਿਰ ਇਹ ਗੱਲ ਪ੍ਰਵਾਨ ਹੈ। ਬ੍ਰਹਮ ਗਿਆਨੀ ਅਖਵਾਉਂਣ ਵਾਲਿਆਂ ਨੂੰ ਇਸ ਤੋਂ ਪਹਿਲੇ ਪਦੇ ਰਾਹੀਂ ਇਹੀ ਗੱਲ ਸਮਝਾਈ ਹੋਈ ਹੈ ਕਿ ਜੇਕਰ ਤੁਹਾਨੂੰ ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਤਾਂ ਫਿਰ ਇਹ ਸੱਚ ਹੈ ਤੇ ਜਿਸਨੂੰ ਸੱਚ ਦੀ ਸਮਝ ਹੈ ਉਹ ਫਿਰ ਆਪਣੇ ਆਪ ਨੂੰ ਬ੍ਰਹਮ ਗਿਆਨੀ ਨਹੀਂ ਕਹਿ ਸਕਦਾ ਭਾਵ ਉਹ ਮਾਇਆ ਤੋਂ ਨਿਰਬਾਣ ਨਹੀਂ ਹੋਇਆ, ਮਨ ਦੀ ਅਗਿਆਨਤਾ ਤੋਂ ਮੁਕਤ ਨਹੀਂ ਹੋਇਆ। **(ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥ ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥ ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ॥ ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੮॥)**

45/5882

{ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥
ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥}

(ਅੰਗ ੫੮)

{ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥}

(ਅੰਗ ੨੧੯)

{ਆਪੇ ਰਾਜਨੁ ਆਪੇ ਲੋਗਾ ॥ ਆਪਿ ਨਿਰਬਾਣੀ ਆਪੇ ਭੋਗਾ ॥
ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ ॥੩॥
ਜੇਹਾ ਡਿਠਾ ਮੈ ਤੇਹੋ ਕਹਿਆ ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥
ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥੪॥੩॥੧੦॥}

(ਅੰਗ ੯੭)

{ਸੇ ਵਡਭਾਗੀ ਜਿਨਿ ਤੁਮ ਜਾਣੇ ॥ ਸਭ ਕੈ ਮਧੇ ਅਲਿਪਤ ਨਿਰਬਾਣੇ ॥
ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ ਜੀਉ ॥੩॥}

(ਅੰਗ ੧੦੨)

{ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ॥
ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥੩॥ ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥
ਤੂੰ ਗੁਪਤੁ ਪਰਗਟੁ ਪ੍ਰਭ ਆਪੇ॥ ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ॥੪॥੨੧॥੨੮॥}

(ਅੰਗ ੧੦੨)

{ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥
ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥੩॥
ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥
ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥ ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥੧੩॥੩੩॥}

(ਅੰਗ ੧੬੧-੧੬੨)

{ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ ॥ ਗੁਰੁ ਹਰਿ ਰੰਗਿ ਰਤੜਾ ਸਦਾ ਨਿਰਬਾਣੀ ਜੀਉ ॥}

(ਅੰਗ ੧੭੩)

45/5883

{ਤਿਨ ਊਪਰਿ ਜਾਈਐ ਕੁਰਬਾਨੁ ॥ ਨਾਨਕ ਜਿਨਿ ਜਪਿਆ ਨਿਰਬਾਨੁ ॥੨॥੧੦੪॥੧੭੩॥}

(ਅੰਗ ੨੦੦)

{ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥੪॥੧੨੫॥}

(ਅੰਗ ੨੦੬)

{ਖਰਾ ਨਿਮਾਨਾ ਹੋਤ ਪਰਾਨੀ ॥ ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥}

(ਅੰਗ ੨੬੦)

{ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ ਪ੍ਰਭ ਨਿਰਬਾਨੀ ॥}

(ਅੰਗ ੨੮੭)

{ਜਹ ਨਿਰੰਜਨ ਨਿਰੰਕਾਰ ਨਿਰਬਾਨ ॥ ਤਹ ਕਉਨ ਕਉ ਮਾਨ ਕਉਨ ਅਭਿਮਾਨ ॥}

(ਅੰਗ ੨੯੧)

{ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥
ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥}

(ਅੰਗ ੩੬੯)

{ਐਸਾ ਕਰਹੁ ਬੀਚਾਰੁ ਗਿਆਨੀ ॥ ਜਾ ਤੇ ਪਾਈਐ ਪਦੁ ਨਿਰਬਾਨੀ ॥
ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥੧॥ ਰਹਾਉ ॥}

(ਅੰਗ ੩੮੫)

ਆਸਾ ਮਹਲਾ ੫ ॥

{ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥
ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿ ਰਤਾ ਸੋਈ ਨਿਰਬਾਣੁ ॥੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥}

(ਅੰਗ ੩੮੫)

45/5884

{ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥ ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ ॥੧॥
ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ ॥ ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ ॥੧॥ ਰਹਾਉ ॥}

(ਅੰਗ ੪੨੧)

{ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥
ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ ਭ੍ਰਮੁ ਚੂਕਾ ਆਵਣੁ ਜਾਣੁ ਜੀਉ ॥
ਆਵਣ ਜਾਣਾ ਭ੍ਰਮੁ ਭਉ ਭਾਗਾ ਹਰਿ ਹਰਿ ਹਰਿ ਗੁਣ ਗਾਇਆ ॥
ਜਨਮ ਜਨਮ ਕੇ ਕਿਲਵਿਖ ਦੁਖ ਉਤਰੇ ਹਰਿ ਹਰਿ ਨਾਮਿ ਸਮਾਇਆ ॥
ਜਿਨ ਹਰਿ ਧਿਆਇਆ ਧੁਰਿ ਭਾਗ ਲਿਖਿ ਪਾਇਆ ਤਿਨ ਸਫਲੁ ਜਨਮੁ ਪਰਵਾਣੁ ਜੀਉ ॥
ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥੩॥}

(ਅੰਗ ੪੪੪-੪੪੫)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਰਾਗੁ ਆਸਾ ਬਾਣੀ ਭਗਤਾ ਕੀ ॥

ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥

ਆਸਾ ਸ੍ਰੀ ਕਬੀਰ ਜੀਉ ॥

{ਗੁਰ ਚਰਣ ਲਾਗਿ ਹਮ ਬਿਨਵਤਾ ਪ੍ਰੂਛਤ ਕਹ ਜੀਉ ਪਾਇਆ ॥
ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥
ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤ੍ਰੂਟੈ ॥
ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛ੍ਰੂਟੈ ॥੧॥ ਰਹਾਉ ॥
ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲ੍ਰੂਕੇ ॥
ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚ੍ਰੂਕੇ ॥੨॥
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹ੍ਰੂਣਾ ॥
ਉਦੈ ਅਸਤ ਕੀ ਮਨ ਬ੍ਰੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥
ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕ੍ਰੁੰਭੁ ਬਿਗਰਾਨਾ ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥}

(ਅੰਗ ੪੭੫)

{ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਇਆ ॥
ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥੨॥}

(ਅੰਗ ੪੯੪)

ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਜੌ ਰਾਜੁ ਦੇਹਿ ਤ ਕਵਨ ਬਡਾਈ ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥੧॥
ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ॥ ਬਹੁਰਿ ਨ ਹੋਇ ਤੇਰਾ ਆਵਨ ਜਾਨੁ ॥੧॥ ਰਹਾਉ ॥
ਸਭ ਤੈ ਉਪਾਈ ਭਰਮ ਭੁਲਾਈ ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥
ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪ੍ਰੂਜਉ ਦ੍ਰੂਜਾ ਨਦਰਿ ਨ ਆਈ ॥੩॥
ਏਕੈ ਪਾਥਰ ਕੀਜੈ ਭਾਉ ॥ ਦ੍ਰੂਜੈ ਪਾਥਰ ਧਰੀਐ ਪਾਉ ॥
ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥}

(ਅੰਗ ੫੨੫)

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥

ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥
ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥}

(ਅੰਗ ੫੨੫-੫੨੬)

45/5885

ਮਃ ੩ ॥

{ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥ ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥
ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ ॥ ਹਰਿ ਰਸਿ ਫਲਿ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ ॥੨॥}

(ਅੰਗ ੫੫੦)

{ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥ ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥
ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥
ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥
ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥
ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ ॥੨॥
ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥ ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥}

(ਅੰਗ ੫੭੫)

ਧਨਾਸਰੀ ਮਹਲਾ ੫ ॥

{ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥ ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥
ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥
ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥}

(ਅੰਗ ੬੮੦)

{ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥}

(ਅੰਗ ੭੫੨)

{ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥
ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥
ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥
ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥
ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥੩॥}

(ਅੰਗ ੮੪੪)

{ਰੇ ਮਨ ਓਟ ਲੇਹੁ ਹਰਿ ਨਾਮਾ ॥ ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥੧॥ ਰਹਾਉ ॥}

(ਅੰਗ ੯੦੧)

{ਸਾਧੋ ਕਉਨ ਜੁਗਤਿ ਅਬ ਕੀਜੈ ॥ ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥੧॥ ਰਹਾਉ ॥
ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ ॥
ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ ॥੧॥}

(ਅੰਗ ੯੦੨)

{ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥ ਜਗੁ ਸੂਤਾ ਮਰਿ ਆਵੈ ਜਾਇ ॥
ਬਿਨੁ ਗੁਰ ਸਬਦ ਨ ਸੋਝੀ ਪਾਇ॥੬॥ ਅਨਹਦ ਸਬਦੁ ਵਜੈ ਦਿਨੁ ਰਾਤੀ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ॥
ਤਉ ਜਾਨੀ ਜਾ ਸਬਦਿ ਪਛਾਨੀ ॥ ਏਕੋ ਰਵਿ ਰਹਿਆ ਨਿਰਬਾਨੀ ॥੭॥ ਸੁੰਨ ਸਮਾਧਿ ਸਹਜਿ ਮਨੁ ਰਾਤਾ ॥
ਤਜਿ ਹਉ ਲੋਭਾ ਏਕੋ ਜਾਤਾ ॥ ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥}

(ਅੰਗ ੯੦੪)

45/5886

{ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ ॥
ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ ॥
ਗੁਰਮੁਖਾ ਮਨਿ ਪਰਤੀਤਿ ਹੈ ਗੁਰਿ ਪੂਰੈ ਨਾਮਿ ਸਮਾਣੀ ॥੧॥}

(ਅੰਗ ੯੯੬-੯੯੭)

{ਤੂ ਵਡ ਰਸੀਆ ਤੂ ਵਡ ਭੋਗੀ ॥ ਤੂ ਨਿਰਬਾਣੁ ਤੂਹੈ ਹੀ ਜੋਗੀ ॥
ਸਰਬ ਸੂਖ ਸਹਜ ਘਰਿ ਤੇਰੈ ਅਮਿਉ ਤੇਰੀ ਦ੍ਰਿਸਟੀਜਾ ਹੇ ॥੭॥}

(ਅੰਗ ੧੦੭੪)

ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥
ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥

ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਨੁ ਲਿਵ ਲੀਨੁ ਪਾਇਆ ॥੨॥੧॥}

(ਅੰਗ ੧੧੦੬)

{ਸਾਚਾ ਧਨੁ ਸਾਚੀ ਵਡਿਆਈ ॥ ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥ ਕਰਿ ਕਿਰਪਾ ਜਿਸੁ ਰਾਖਨਹਾਰਾ ॥
ਤਾ ਕਾ ਸਗਲ ਮਿਟੈ ਅੰਧਿਆਰਾ ॥੩॥ ਪਾਰਬ੍ਰਹਮ ਸਿਉ ਲਾਗੋ ਧਿਆਨ ॥ ਪੂਰਨ ਪੂਰਿ ਰਹਿਓ ਨਿਰਬਾਨ ॥
ਭ੍ਰਮ ਭਉ ਮੇਟਿ ਮਿਲੇ ਗੋਪਾਲ ॥ ਨਾਨਕ ਕਉ ਗੁਰ ਭਏ ਦਇਆਲ ॥੪॥੩੦॥੪੩॥}

(ਅੰਗ ੧੧੪੮)

{ਮਿਥਿਆ ਜਿਹਬਾ ਅਵਰੇਂ ਕਾਮ ॥ ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥}

(ਅੰਗ ੧੧੬੩)

{ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ ॥ ਜਾ ਕੈ ਸੂਤਿ ਪਰੋਇਆ ਸੰਸਾਰੁ ॥
ਆਪੇ ਸਿਵ ਸਕਤੀ ਸੰਜੋਗੀ ॥ ਆਪਿ ਨਿਰਬਾਣੀ ਆਪੇ ਭੋਗੀ ॥੨॥}

(ਅੰਗ ੧੧੫੦)

{ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥
ਕਹਿ ਰਵਿਦਾਸ ਪਰਮ ਬੈਰਾਗ ॥ ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥}

(ਅੰਗ ੧੧੬੭)

{ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ ॥
ਜਨ ਨਾਨਕ ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥}

(ਅੰਗ ੧੧੭੬)

45/5887

{ਕਰਿ ਕਿਰਪਾ ਜੋ ਅਪੁਨਾ ਕੀਨੋ ਤਾ ਕੀ ਊਤਮ ਬਾਣੀ ॥
ਸਾਧਸੰਗਿ ਨਾਨਕ ਨਿਸਤਰੀਐ ਜੋ ਰਾਤੇ ਪ੍ਰਭ ਨਿਰਬਾਣੀ ॥੨॥੫੯॥੮੨॥}

(ਅੰਗ ੧੨੨੦)

ਮਲਾਰ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥
ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ॥੨॥ ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨਦਿਨੁ ਏਕੋ ਨਾਮੁ ਵਖਾਣੈ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥ ਸਤਿਗੁਰ ਆਗੈ ਸੀਸੁ ਧਰੇਇ ॥ ਸਦਾ ਅਲਗੁ ਰਹੈ ਨਿਰਬਾਨੁ ॥
ਸੋ ਪੰਡਿਤੁ ਦਰਗਹ ਪਰਵਾਨੁ ॥੩॥ ਸਭਨਾਂ ਮਹਿ ਏਕੋ ਏਕੁ ਵਖਾਣੈ ॥ ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥

ਜਾ ਕਉ ਬਖਸੇ ਮੇਲੇ ਸੋਇ ॥ ਐਥੈ ਓਥੈ ਸਦਾ ਸੁਖੁ ਹੋਇ ॥੪॥ ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥ ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥}

(ਅੰਗ ੧੨੬੧)

{ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥
ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥੩॥ ਭਾਉ ਭਗਤਿ ਗੁਰਮਤੀ ਪਾਏ ॥
ਹਉਮੈ ਵਿਚਹੁ ਸਬਦਿ ਜਲਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਸਚਾ ਨਾਮੁ ਮੰਨਿ ਵਸਾਏ ॥੪॥}

(ਅੰਗ ੧੩੪੨-੧੩੪੩)

{ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥
ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥}

(ਅੰਗ ੧੩੪੫)

{ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥੫॥}

(ਅੰਗ ੧੩੫੦)

{ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥
ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥੩॥੧੫॥}

(ਅੰਗ ੧੪੦੧)

ਪਉੜੀ ॥

{ਮਮਾ ਜਾਹੂ ਮਰਮੁ ਪਛਾਨਾ ॥ ਭੇਟਤ ਸਾਧਸੰਗ ਪਤੀਆਨਾ ॥ ਦੁਖ ਸੁਖ ਉਆ ਕੈ ਸਮਤ ਬੀਚਾਰਾ ॥
ਨਰਕ ਸੁਰਗ ਰਹਤ ਅਉਤਾਰਾ ॥ ਤਾਹੂ ਸੰਗ ਤਾਹੂ ਨਿਰਲੇਪਾ ॥ ਪੂਰਨ ਘਟ ਘਟ ਪੁਰਖ ਬਿਸੇਖਾ ॥
ਉਆ ਰਸ ਮਹਿ ਉਆਹੂ ਸੁਖੁ ਪਾਇਆ ॥ ਨਾਨਕ ਲਿਪਤ ਨਹੀ ਤਿਹ ਮਾਇਆ ॥੪੨॥}

(ਅੰਗ ੨੫੯)

ਪਉੜੀ ॥

{ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥ ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥
ਅਖਰ ਨਾਦ ਕਥਨ ਵਖ੍ਯਾਨਾ ॥ ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥}

(ਅੰਗ ੨੬੧)

45/5888

{ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥}

(ਅੰਗ ੬੩੨)

ਨਿਰਬਾਣ ਹੋਣਾ ਕੀ ਹੈ, ਨਿਰਲੇਪ ਹੋਣਾ ਕੀ ਹੈ, ਮਾਇਆ ਤੋਂ ਮੁਕਤ ਹੋਣਾ ਕੀ ਹੈ ਭਾਵ ਅਸੀਂ ਮੁਕਤੀ ਕਿਸ ਚੀਜ ਤੋਂ ਲੈਣੀ ਹੈ, ਆਪਣਾ ਛੁਟਕਾਰਾ ਕਿਸ ਗੱਲ ਤੋਂ ਕਰਨਾ ਹੈ ਇਸੇ ਗੱਲ ਨੂੰ ਹੀ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਸਾਰੀ ਗੱਲ ਆਪਣੀ ਨਾਸਮਝ ਮਤਿ ਤੋਂ ਭਾਵ ਭਰਮਾਂ ਵਾਲੀ ਮਤਿ ਤੋਂ ਭਾਵ ਮਨਮਤਿ ਤੋਂ ਛੁਟਕਾਰਾ ਪਾਉਂਣਾ ਹੈ, ਮੁਕਤੀ ਪਾਉਣੀ ਹੈ ਜਿਸ ਮਤਿ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਜੋ ਮਨੁੱਖ ਆਪਣੀ ਮਤਿ ਤੋਂ ਨਿਰਲੇਪ ਹੋ ਜਾਂਦਾ ਹੈ ਉਹੀ ਨਿਰਬਾਣ ਪਦ ਪਾਉਂਦਾ ਹੈ ਜੋ ਪਦ ਮਾਇਆ ਮੋਹ ਤੋਂ ਰਹਿਤ ਹੈ ਭਾਵ ਮਨ ਦੀ ਅਗਿਆਨਤਾ ਤੋਂ ਰਹਿਤ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਮਨ ਦੀ ਅਗਿਆਨਤਾ ਵਾਲੀ ਮਤਿ ਤੋਂ ਮੁਕਤ ਹੋ ਕੇ ਹੀ ਹੁੰਦੇ ਹਨ। ਜਦੋਂ ਅਸੀਂ ਮਨ ਦੀ ਮਤਿ ਦੁਆਰਾ ਨਿਰਲੇਪ ਹੋ ਜਾਂਦੇ ਹਾਂ, ਨਿਰਬਾਣ ਹੋ ਜਾਂਦੇ ਹਾਂ, ਮੁਕਤ ਹੋ ਜਾਂਦੇ ਹਾਂ ਉਸਦਾ ਮਕਸਦ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਸ ਸਮਝ ਦੁਆਰਾ ਪ੍ਰਮਾਤਮਾ ਦੀ ਭਗਤੀ ਦਾ ਅਸਲ ਮਾਰਗ ਸਮਝ ਆਉਂਦਾ ਹੈ ਤੇ ਮਨੁੱਖ ਫਿਰ ਉਹੀ ਕੁਝ ਕਰਦਾ ਹੈ ਜੋ ਗੁਰੂ ਦੀ ਸੱਚੀ ਸਮਝ ਵਾਲੀ ਮਤਿ ਉਸਨੂੰ ਸਮਝਾਉਂਦੀ ਹੈ। ਭਗਤੀ ਦਾ ਮਾਰਗ ਸਾਡੇ ਚੰਗੇ ਕਰਮ ਕਰਨ ਨਾਲ ਜੁੜਿਆ ਹੋਇਆ ਹੈ। ਜੋ ਨਿਰਬਾਣ ਹੋ ਜਾਂਦਾ ਹੈ, ਮਾਇਆ ਤੋਂ ਮੁਕਤ ਹੋ ਜਾਂਦਾ ਹੈ ਉਹ ਫਿਰ ਸੱਚੇ ਸੁੱਚੇ ਕਰਮ ਹੀ ਕਰਦਾ ਹੈ। ਜਦ ਤੱਕ ਅਸੀਂ ਮਨ ਦੀ ਮਾਇਆ ਤੋਂ ਨਿਰਬਾਣ ਨਹੀਂ ਹੁੰਦੇ ਤਦ ਤੱਕ ਅਸੀਂ ਭਗਤੀ ਦੇ ਦਿਖਾਵੇ ਹੀ ਕਰਦੇ ਹਾਂ ਭਾਵ ਆਪਣੇ ਆਪ ਨੂੰ ਨਿਰਬਾਣ ਦਿਖਾਉਣ ਦਾ ਦਿਖਾਵਾ ਹੀ ਕਰਦੇ ਹਾਂ ਕਿਉਂਕਿ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਭਗਤੀ ਦਾ ਅਸਲ ਮਾਰਗ ਸਾਡੇ ਸੱਚੇ ਸੁੱਚੇ ਕਰਮ ਹੀ ਹਨ ਨਾ ਕਿ ਸਾਡੇ ਹੋਰ ਦਿਖਾਵੇ ਜਿਹੋ ਜਿਹੇ ਦਿਖਾਵੇ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ, ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਨਿਰਬਾਣ ਪਦ ਦਾ ਮਕਸਦ ਸਾਡੇ ਲਈ ਕੀ ਹੁੰਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

45/5889

ਧਨਾਸਰੀ ਮਹਲਾ ੫ ॥

“ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥ ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥
ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥
ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥”

(ਅੰਗ ੬੮੦)

ਉਪਰ ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਹੀ ਜੇਕਰ ਧਿਆਨ ਨਾਲ ਸਮਝ ਲਵੋ ਤਾਂ ਇਹ ਸਮਝ ਲੱਗ ਜਾਂਵੇਗੀ ਕਿ ਨਿਰਬਾਣ ਹੋਣਾ ਕੀ ਹੈ ਭਾਵ ਨਿਰਬਾਣ ਹੋਣ ਦਾ ਮਕਸਦ ਕੀ ਹੈ। ਕੋਈ ਇਸ ਗੱਲ ਨੂੰ ਨਹੀਂ ਸਮਝਦਾ ਕਿ ਸਾਡੇ ਸੱਚੇ ਸੁੱਚੇ ਕਰਮ ਹੀ ਪ੍ਰਮਾਤਮਾ ਦੀ ਭਗਤੀ ਹੈ, ਪ੍ਰਮਾਤਮਾ ਦਾ ਜੱਸ ਗਾਉਣਾ ਹੈ। ਅਸੀਂ ਆਪਣੇ ਸਵਾਰਥਾਂ ਦੀ ਪੂਰਤੀ ਕਰਨ ਲਈ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ, ਦੂਸਰਿਆਂ ਨੂੰ ਠੱਗੀਆਂ ਲਗਾਉਂਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ, ਅਨੇਕਾਂ ਪਾਪ ਕਰਦੇ ਹਾਂ ਤੇ ਆਪਣੇ ਸਵਾਰਥਾਂ ਦੀ ਪੂਰਤੀ ਲਈ ਅਸੀਂ ਪੂਰਾ ਜਤਨ ਲਗਾਉਂਦੇ ਹਾਂ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਸਭ ਕੁਝ ਜਾਣਦਾ ਹੈ। ਮਾੜੇ ਕਰਮ ਕਰਦੇ ਹੋਏ ਵੀ ਅਸੀਂ ਪ੍ਰਮਾਤਮਾ ਨੂੰ ਇਹ ਦਿਖਾਉਂਦੇ ਹਾਂ ਕਿ ਅਸੀਂ ਤੇਰੀ ਭਗਤੀ ਵੀ ਕਰਦੇ ਹਾਂ ਜਿਸਦੇ ਲਈ ਅਸੀਂ ਅਨੇਕਾਂ ਹੀ ਦਿਖਾਵੇ ਕਰਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ, ਸ਼ਬਦਾਂ ਦੀ ਕਥਨੀ ਕਰਦੇ ਹਾਂ, ਗੁਰੂ ਅੱਗੇ ਸਵੇਰੇ ਸ਼ਾਮ ਮੱਥੇ ਟੇਕਦੇ ਹਾਂ। ਇਹ ਸਭ ਕੁਝ ਸਾਡਾ ਦਿਖਾਵਾ ਹੈ ਕਿਉਂਕਿ ਭਗਤੀ ਦਾ ਅਸਲ ਮਾਰਗ ਸਾਡੇ ਕਰਮਾਂ ਨਾਲ ਜੁੜਿਆ ਹੋਇਆ ਹੈ। ਸਾਡੇ ਸੱਚੇ ਸੁੱਚੇ ਕਰਮ ਹੀ ਪ੍ਰਮਾਤਮਾ ਦੀ ਅਸਲ ਭਗਤੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜੋ ਮਨੁੱਖ ਮਾੜੇ ਕਰਮ ਕਰਦਾ ਹੈ ਉਹ ਨਿਰਬਾਣ ਨਹੀਂ ਹੈ ਤੇ ਕੇਵਲ ਨਿਰਬਾਣ ਹੋਣ ਦਾ ਦਿਖਾਵਾ ਕਰਦਾ ਹੈ, ਆਪਣੇ ਦਿਖਾਵੇ ਵਾਲੀ ਭਗਤੀ ਦੁਆਰਾ ਦਿਖਾਵਾ ਕਰਦਾ ਹੈ। ਮਾੜੇ ਕਰਮ ਕਰਨ ਵਾਲੇ ਦੁਨੀਆ ਕੋਲੋਂ ਮੁੱਕਰ ਸਕਦੇ ਹਨ ਭਾਵ ਆਪਣੇ ਆਪ ਨੂੰ ਛੁਪਾ ਸਕਦੇ ਹਨ ਪਰ ਪ੍ਰਮਾਤਮਾ ਕੋਲੋਂ ਕੋਈ ਨਹੀਂ ਛੁਪਾ ਸਕਦਾ ਜਿਸਨੂੰ ਪ੍ਰਸੰਨ ਭਾਵ ਖੁਸ਼ ਕਰਨ ਲਈ ਅਸੀਂ ਭਗਤੀ ਦੇ ਦਿਖਾਵੇ ਕਰਦੇ ਹਾਂ। ਪ੍ਰਮਾਤਮਾ ਕੇਵਲ ਸਾਡੇ ਚੰਗੇ ਕਰਮਾਂ ਦੁਆਰਾ ਪ੍ਰਸੰਨ ਹੁੰਦਾ ਹੈ, ਉਸਦੀ ਮਤਿ ਨੂੰ ਮੰਨਣ ਦੁਆਰਾ ਪ੍ਰਸੰਨ ਹੁੰਦਾ ਹੈ ਤੇ ਸਾਡੇ ਦਿਖਾਵੇ ਕਿਸੇ ਕੰਮ ਦੇ ਨਹੀਂ ਹਨ। **(ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥ ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥)**

45/5890

{ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥}

(ਅੰਗ ੭੪੭-੭੪੭)

ਮਨ ਦੀ ਮਾਇਆ ਤੋਂ ਨਿਰਬਾਣ ਉਹੀ ਹੁੰਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਭਾਵ ਜਿਸਨੂੰ ਆਪਣੇ ਅੰਦਰੋਂ ਪ੍ਰਮਾਤਮਾ ਨਜਰ ਨਹੀਂ ਆਇਆ ਉਹ ਨਾ ਹੀ ਨਿਰਬਾਣ ਹੈ ਤੇ ਨਾ ਹੀ ਉਸਨੂੰ ਭਗਤੀ ਦੀ ਸਮਝ ਹੈ ਜਿਸ ਕਰਕੇ ਉਹ ਭਗਤੀ ਦੇ ਦਿਖਾਵੇ ਹੀ ਕਰਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥”

ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਜਾਣਿਆ ਹੈ ਕਿ ਪ੍ਰਮਾਤਮਾ ਸਾਡੇ ਨੇੜੇ ਹੀ ਹੈ ਭਾਵ ਸਾਡੇ ਅੰਦਰ ਹੀ ਹੈ ਤੇ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਦਾ ਉਹ ਫਿਰ ਪ੍ਰਮਾਤਮਾ ਨੂੰ ਦੂਰ ਸਮਝਦਾ ਹੈ ਭਾਵ ਪ੍ਰਮਾਤਮਾ ਦਾ ਕਿਤੇ ਹੋਰ ਹੋਣਾ ਸਮਝਦਾ ਹੈ, ਕਿਸੇ ਆਕਾਰ ਰੂਪ ਵਿੱਚ ਹੋਣਾ ਸਮਝਦਾ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਮਾਇਆ ਤੋਂ ਨਿਰਬਾਣ ਉਹੀ ਹੁੰਦਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਕਿਉਂਕਿ ਸਾਡਾ ਪ੍ਰਮਾਤਮਾ ਦੇ ਨਾਲ ਪਰਦਾ ਹੀ ਮਨ ਦੀ ਮਾਇਆ ਹੈ, ਜਿਸ ਮਾਇਆ ਵਿੱਚੋਂ ਨਿਕਲੇ ਬਿਨਾਂ, ਮੁਕਤਿ ਹੋਏ ਬਿਨਾਂ ਕੋਈ ਵੀ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਆਪਣੇ ਮਨੁੱਖੀ ਰੂਪ ਨੂੰ ਪ੍ਰਮਾਤਮਾ ਆਪ ਹੀ ਨਿਰਬਾਣ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਸੱਚੇ ਗਿਆਨ ਵਾਲੇ ਵਿਚਾਰ ਦੇਣ ਦੁਆਰਾ ਕਰਦਾ ਹੈ। ਪ੍ਰਮਾਤਮਾ ਨੂੰ ਜਾਨਣ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜ ਕੇ, ਕੇਵਲ ਗੁਰੂ ਦੇ ਗਿਆਨ ਨਾਲ ਜੁੜ ਕੇ ਮਨ ਦੀ ਮਾਇਆ ਵਿੱਚੋਂ ਨਿਕਲ ਸਕਦਾ ਹੈ ਲੇਕਿਨ ਅਸੀਂ ਮਾਇਆ ਤੋਂ ਨਿਰਲੇਪ ਕਿਉਂ ਨਹੀਂ ਹੁੰਦੇ ਇਹ ਗੱਲ ਸਾਨੂੰ ਅਗਲੀਆਂ

45/5891

ਪੰਗਤੀਆਂ ਵਿੱਚ ਨਾਲ ਹੀ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥”

“ਉਤ” ਤੋਂ ਭਾਵ ਹੈ ਦੂਸਰੀ ਜਗ੍ਹਾ ਭਾਵ ਗੁਰੂ ਨਾਲੋਂ ਦੂਸਰੀ ਜਗ੍ਹਾ ਭਾਵ ਗੁਰੂ ਨਾਲੋਂ ਕਿਸੇ ਦੂਸਰੇ ਦੀ ਮਤਿ ਨਾਲ ਜੁੜਨਾ। ਅਸੀਂ ਗੁਰੂ ਤੋਂ ਬਿਨਾਂ ਕਿਸੇ ਦੂਜੇ ਵੱਲ ਤੱਕਦੇ ਹਾਂ ਭਾਵ ਵੇਖਦੇ ਹਾਂ ਭਾਵ ਕਿਸੇ ਹੋਰ ਕੋਲੋਂ ਪ੍ਰਮਾਤਮਾ ਨੂੰ ਜਾਨਣ ਦੀ ਉਮੀਦ ਰੱਖਦੇ ਹਾਂ। **(ਉਤ ਤਾਕੈ)** ਅਸੀਂ ਕਿਸੇ ਹੋਰ ਵੱਲ ਕਿਉਂ ਤੱਕਦੇ ਹਾਂ ਕਿ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਦੇਵੇਗਾ ਇਹ ਗੱਲ ਨਾਲ ਹੀ ਸਮਝਾਈ ਹੋਈ ਹੈ।

“ਉਤ ਤੇ ਉਤ ਪੇਖੈ” ਦੂਸਰਿਆਂ ਨਾਲ ਜੁੜਨ ਦੁਆਰਾ ਅਸੀਂ ਰੱਬ ਨੂੰ ਉਸੇ ਰੂਪ ਵਿੱਚ ਸਮਝਦੇ ਹਾਂ ਜਿਹੋ ਜਿਹਾ ਦੂਸਰੇ ਸਾਨੂੰ ਸਮਝਾਉਂਦੇ ਹਨ। ਉਹ ਆਪ ਪ੍ਰਮਾਤਮਾ ਨੂੰ ਮਨ ਦੀ ਬਜਾਇ ਕਿਸੇ ਹੋਰ ਰੂਪ ਵਿੱਚ ਤੇ ਕਿਸੇ ਹੋਰ ਜਗ੍ਹਾ ਹੋਣਾ ਸਮਝਦੇ ਹਨ ਤੇ ਇਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ। ਅਸੀਂ ਉਨ੍ਹਾਂ ਦੀ ਗੱਲ ਨੂੰ ਸੱਚ ਮੰਨ ਕੇ ਕਿ ਇਹ ਰੱਬ ਨੂੰ ਜਾਣਦੇ ਹਨ ਉਨ੍ਹਾਂ ਵੱਲ ਤੱਕਦੇ

ਹਾਂ ਭਾਵ ਉਨ੍ਹਾਂ ਦੇ ਨਾਲ, ਉਨ੍ਹਾਂ ਦੀ ਮਤਿ ਦੇ ਨਾਲ ਜੁੜ ਜਾਂਦੇ ਹਾਂ ਜੋ ਪ੍ਰਮਾਤਮਾ ਨੂੰ ਉਸ ਰੂਪ ਵਿੱਚ ਸਮਝਾਉਂਦੇ ਹਨ ਜੋ ਗੁਰੂ ਦੀ ਗੱਲ ਤੇ ਪੂਰਾ ਨਹੀਂ ਉਤਰਦਾ ਕਿਉਂਕਿ ਗੁਰੂ ਸਾਨੂੰ ਬਾਰ-ਬਾਰ ਸਮਝਾ ਰਿਹਾ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸਨੂੰ ਬਾਹਰੋਂ ਖੋਜਣਾ ਜਾ ਸਮਝਣਾ ਸਾਡੇ ਅੰਦਰ ਦੀ ਮਾਇਆ ਹੈ ਭਾਵ ਨਾਸਮਝੀ ਹੈ, ਭਰਮ ਹੈ। ਅਸੀਂ ਜਿਸਦੀ ਮਤਿ ਦੇ ਨਾਲ ਵੀ ਜੁੜਦੇ ਹਾਂ ਆਪਣੇ ਵੱਲੋਂ ਠੀਕ ਸਮਝ ਕੇ ਹੀ ਜੁੜਦੇ ਹਾਂ ਕਿ ਇਹ ਸਾਨੂੰ ਰੱਬ ਦੇ ਨਾਲ ਮਿਲਵਾ ਦੇਵੇਗਾ, ਇਸਦੇ ਨਾਲ ਸਾਡੀ ਪ੍ਰਮਾਤਮਾ ਦੇ ਨਾਲ ਨੇੜਤਾ ਬਣ ਜਾਵੇਗੀ ਜੋ ਕਿ ਸਾਡੇ ਮਨ ਦਾ, ਸਾਡੀ ਸਮਝ ਦਾ ਇੱਕ ਝੂਠਾ ਲੋਭ ਹੈ ਜੋ ਕਿ ਪੂਰਾ ਨਹੀਂ ਹੋ ਸਕਦਾ ਭਾਵ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ ਤੇ ਸਾਡਾ ਆਵਾਗਉਂਣ ਨਹੀਂ ਮਿੱਟ ਸਕਦਾ ਜਿਸਦਾ ਕਾਰਨ ਸਾਡੇ ਅੰਦਰ ਦੀ ਮਾਇਆ ਹੈ, ਅਗਿਆਨਤਾ ਹੈ। ਸਾਨੂੰ ਅਗਿਆਨਤਾ ਵਿੱਚੋਂ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਸਕਦੇ ਹਾਂ, ਉਸਦੇ ਨਾਲ ਮੇਲ ਕਰ ਸਕਦੇ ਹਾਂ। **(ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥)**

45/5892

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਤਾਂ ਹੀ ਜਾਣਿਆ ਜਾ ਸਕਦਾ ਹੈ ਜਦੋਂ ਅਸੀਂ ਆਪਣੇ ਅੰਦਰ ਦੀ ਮਾਇਆ ਤੋਂ ਮੁਕਤ ਹੁੰਦੇ ਹਾਂ। ਆਪਣੇ ਮਨ ਦੇ ਭਰਮਾਂ ਤੋਂ ਮੁਕਤ ਹੋਣਾ ਹੀ ਮਾਇਆ ਤੋਂ ਮੁਕਤ ਹੋਣਾ ਹੈ, ਨਿਰਬਾਣ ਅਵਸਥਾ ਵਾਲਾ ਬਣਨਾ ਹੈ ਜਿਸ ਤਰੀਕੇ ਕੋਈ ਪ੍ਰਮਾਤਮਾ ਦਾ ਸੰਤ ਰੂਪ, ਭਗਤ ਰੂਪ, ਜਨ ਰੂਪ ਬਣ ਸਕਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥

ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥”

ਸਭ ਤੋਂ ਪਹਿਲਾਂ ਤਾਂ ਆਪਣੇ ਅੰਦਰ ਇਸ ਗੱਲ ਨੂੰ ਦ੍ਰਿੜ ਕਰੋ ਕਿ ਮਨੁੱਖ ਦੀ ਮੁਕਤੀ ਕੀ ਹੈ, ਮੁਕਤ ਹੋਣਾ ਕੀ ਹੈ। ਜੋ ਮੁਕਤ ਹੋਣਾ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਉਹੀ ਕੁਝ ਮੁਕਤੀ ਦਾ ਮਾਰਗ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਮੁਕਤੀ ਸਾਡੇ ਮਨ ਦੇ ਵਿੱਚ ਹੀ ਹੈ। ਮੁਕਤੀ ਅਸੀਂ ਮਨ ਦੇ ਵਿਚਾਰਾਂ ਤੋਂ ਹੀ ਲੈਣੀ ਹੈ ਜੋ ਵਿਚਾਰ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੇ ਹਨ। ਇਹ ਭਰਮਾਂ ਵਾਲੇ ਵਿਚਾਰ ਹੀ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਹੈ। ਮਨ ਦੀ ਇਸ ਅਵਸਥਾ ਵਿੱਚ ਰਹਿੰਦੇ ਹੋਏ ਅਸੀਂ ਉਨ੍ਹਾਂ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ ਜਿਨ੍ਹਾਂ ਦੇ ਨਾਲ ਜੁੜਨ ਦੁਆਰਾ ਅਸੀਂ ਸੱਚ ਦੇ ਮਾਰਗ ਤੇ ਨਹੀਂ ਚੱਲ ਸਕਦੇ, ਧਰਮ ਦੇ ਮਾਰਗ ਤੇ ਨਹੀਂ ਚੱਲ ਸਕਦੇ ਕਿਉਂਕਿ ਧਰਮ ਦੇ ਸੱਚੇ ਮਾਰਗ ਦੀ ਸਾਨੂੰ ਸਮਝ ਹੀ ਨਹੀਂ ਪੈਂਦੀ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਾਡੇ ਅੰਦਰ ਦੇ ਵਿਚਾਰ ਹੀ ਹਨ ਜੋ ਕਿ ਸਾਡੇ ਅੰਦਰ ਮਾਇਆ ਦੀ ਉਪਜ ਹੈ ਜੋ ਵਿਚਾਰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਵਿੱਚ, ਧਰਮ ਦਾ ਸੱਚਾ ਮਾਰਗ ਜਾਨਣ ਵਿੱਚ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਦੇ ਹਨ। ਮਨ ਦਾ ਇਹ ਭਰਮ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਪਰਦਾ ਹੈ। ਅਸੀਂ ਮਨ ਦੇ ਇਸ ਪੜਦੇ ਤੋਂ ਹੀ ਮੁਕਤ ਹੋਣਾ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ। ਜਿਸਦਾ ਵੀ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਭਰਮਾਂ ਤੋਂ ਹੀ ਮੁਕਤ ਕੀਤਾ ਹੈ। ਭਰਮ ਸਾਡੇ ਅੰਦਰ ਦੀ ਅਗਿਆਨਤਾ ਹੈ ਤੇ ਅਗਿਆਨਤਾ ਤੋਂ ਮੁਕਤੀ

45/5893

ਉਸ ਗਿਆਨ ਨਾਲ ਹੋ ਸਕਦੀ ਹੈ ਜੋ ਗਿਆਨ ਆਪ ਭਰਮਾਂ ਤੋਂ ਮੁਕਤ ਹੈ ਭਾਵ ਤੱਤ ਗਿਆਨ ਹੈ। ਜਿਸਨੂੰ ਵੀ ਪ੍ਰਮਾਤਮਾ ਮੁਕਤ ਕਰਦਾ ਹੈ ਉਸਨੂੰ ਆਪਣਾ ਤੱਤ ਗਿਆਨ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਖਸ਼ਿਆ ਹੈ ਤੇ ਉਨ੍ਹਾਂ ਦੁਆਰਾ ਗੁਰਬਾਣੀ ਦੀ ਰਚਨਾ ਕੀਤੀ ਹੈ। ਪੂਰੀ ਗੁਰਬਾਣੀ ਬ੍ਰਹਮ ਗਿਆਨ ਹੈ, ਤੱਤ ਗਿਆਨ ਹੈ ਜੋ ਹਰ ਭਰਮ ਤੋਂ ਰਹਿਤ ਹੈ। ਗੁਰਬਾਣੀ ਰਾਹੀਂ ਸਾਨੂੰ ਜੋ ਕੁਝ ਵੀ ਸਮਝਾਇਆ ਗਿਆ ਹੈ ਉਸ ਵਿੱਚ ਇਸੇ ਲਈ ਪੂਰਨ ਸੱਚ ਹੈ, ਪੂਰਨ ਨਾਮ ਹੈ ਜੋ ਕਿ ਪੂਰੀ ਤਰ੍ਹਾਂ ਭਰਮਾਂ ਤੋਂ ਰਹਿਤ ਹੈ। ਜੋ ਪ੍ਰਮਾਤਮਾ ਨੂੰ ਭਰਮਾਂ ਤੋਂ ਮੁਕਤ ਹੋ ਕੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਹ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਸੰਤ ਰੂਪ ਵਿੱਚ, ਭਗਤ ਰੂਪ ਵਿੱਚ, ਜਨ ਰੂਪ ਵਿੱਚ ਉਹ ਆਪ ਹੀ ਹੈ ਜੋ ਰੂਪ ਉਸਦਾ ਦਿਆਲ ਰੂਪ ਹੈ। ਪ੍ਰਮਾਤਮਾ ਆਪਣੀ ਦਇਆ ਇਸ ਰੂਪ ਵਿੱਚ ਪ੍ਰਗਟ ਹੋ ਕੇ ਹੀ ਕਰਦਾ

ਹੈ। ਪ੍ਰਮਾਤਮਾ ਦਾ ਇਹ ਰੂਪ ਹੀ ਉਸਦਾ ਨਿਰਬਾਣ ਰੂਪ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪਣੀ ਭਗਤੀ ਦਾ ਸੱਚਾ ਮਾਰਗ ਆਪਣੇ ਇਸ ਰੂਪ ਦੁਆਰਾ ਹੀ ਸਮਝਾਉਂਦਾ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਆਪ ਹੀ ਆਪਣਾ ਚੇਲਾ ਹੈ ਭਾਵ ਆਪ ਹੀ ਭਗਤੀ ਦੇ ਮਾਰਗ ਤੇ ਚੱਲਣ ਵਾਲਾ ਹੈ। **(ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥ ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥)**

“ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥
ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥੩॥”

(ਅੰਗ ੧੩੪੨)

ਪ੍ਰਮਾਤਮਾ ਦਾ ਨਿਰਬਾਣ ਰੂਪ ਕੀ ਹੈ ਇਸਨੂੰ ਉਪਰਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ। ਜਿਸ ਸਰੀਰ ਦੇ ਰਾਹੀਂ ਪ੍ਰਮਾਤਮਾ ਆਪਣਾ ਨਿਰਬਾਣ ਰੂਪ ਪ੍ਰਗਟ ਕਰਦਾ ਹੈ ਉਹ ਇਸੇ ਰੂਪ ਵਿੱਚ ਹੀ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਸਰੀਰਾਂ ਰਾਹੀਂ ਆਪਣਾ ਨਿਰਬਾਣ ਰੂਪ ਪ੍ਰਗਟ ਕੀਤਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜੋ ਕਿ ਉਹ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੈ। ਜਦੋਂ ਪ੍ਰਮਾਤਮਾ ਦਾ ਸੱਚਾ ਗਿਆਨ ਮਨੁੱਖ ਦੇ ਧਿਆਨ ਨਾਲ ਜੁੜ ਜਾਂਦਾ ਹੈ ਇਹ ਮਨੁੱਖ ਦੇ ਅੰਦਰ **“ਗਿਆਨੁ ਧਿਆਨੁ”** ਵਾਲੀ

ਅਵਸਥਾ ਹੈ। ਪ੍ਰਮਾਤਮਾ ਮਨ ਦੇ ਅੰਦਰ ਆਪਣੇ ਇਸ ਰੂਪ ਦੇ ਵਿੱਚ ਹੀ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਦਾ ਇਹ ਰੂਪ ਹੀ ਉਸਦਾ ਨਿਰਬਾਣ ਰੂਪ ਹੈ ਜੋ ਰੂਪ ਮਾਇਆ ਤੋਂ ਰਹਿਤ ਹੈ। **(ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥)** ਗੁਰਬਾਣੀ ਦੀ ਰਚਨਾ, ਨਾਮੁ ਦੀ ਰਚਨਾ, ਅੰਮ੍ਰਿਤ ਰੂਪ ਰਚਨਾ ਮਨ ਦੀ ਇਸ ਗਿਆਨੁ ਧਿਆਨੁ ਵਾਲੀ ਅਵਸਥਾ ਦੁਆਰਾ ਹੀ ਹੋਈ ਹੈ ਜੋ ਗਿਆਨ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਆਪ ਹੀ ਗੁਰਮੁਖਿ ਰੂਪ ਹੈ ਜਿਸ ਰੂਪ ਦੁਆਰਾ ਮਨ ਦੇ ਵਿੱਚ ਉਹ ਆਪ ਹੀ ਗੁਰਬਾਣੀ ਨੂੰ ਆਖਣ ਵਾਲਾ ਹੈ ਤੇ ਆਪ ਹੀ ਜਾਨਣ ਵਾਲਾ ਹੈ। ਜਿਸ ਰੂਪ ਰਾਹੀਂ ਭਾਵ ਮਨੁੱਖੀ ਰੂਪ ਰਾਹੀਂ ਪ੍ਰਮਾਤਮਾ ਪ੍ਰਗਟ ਹੁੰਦਾ ਹੈ ਉਹੀ ਇਸ ਗੱਲ ਨੂੰ ਜਾਣ ਸਕਦਾ ਹੈ ਕਿ ਗੁਰਮੁਖਿ ਰੂਪ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਅੰਦਰ ਗਿਆਨ ਦਾ ਮਾਲਕ ਹੈ। ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਅਸੀਂ ਮਨ ਦੀ ਅਗਿਆਨਤਾ ਵਿੱਚ ਹੀ ਰਹਿੰਦੇ ਹਾਂ ਭਾਵ ਮਾਇਆ ਦੇ ਵਿੱਚ ਹੀ ਰਹਿੰਦੇ ਹਾਂ ਜਿਸ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ, ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਜੋ ਕਿ ਸਾਡਾ ਮਨਮੁਖਿ ਰੂਪ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ। ਜਿਨ੍ਹਾਂ ਨੇ ਗੁਰਬਾਣੀ ਨੂੰ ਆਪਣੇ ਅੰਦਰ ਧਿਆਇਆ ਹੈ ਉਨ੍ਹਾਂ ਨੇ ਗੁਰਬਾਣੀ ਨੂੰ ਆਪਣੇ ਅੰਦਰੋਂ ਹੀ ਜਾਣਿਆ ਹੈ ਭਾਵ ਸਮਝਿਆ ਹੈ। ਗੁਰੂ ਦੀ ਗੱਲ ਨੂੰ ਆਪਣੇ ਅੰਦਰੋਂ ਸਮਝਣਾ ਹੀ, ਜਾਨਣਾ ਹੀ ਗੁਰਬਾਣੀ ਨੂੰ ਆਪਣੇ ਅੰਦਰ ਧਿਆਉਣਾ ਹੈ। ਧਿਆਉਣ ਵਾਲੀ ਸਾਡੇ ਅੰਦਰ ਦੀ ਸੁਰਤਿ ਹੀ ਹੈ ਭਾਵ ਸਾਡੇ ਅੰਦਰ ਦੀ ਸਮਝ ਹੀ ਹੈ। ਜੋ ਸਮਝ ਗੁਰਬਾਣੀ ਨੂੰ ਧਿਆ ਲੈਂਦੀ ਹੈ ਭਾਵ ਜਿਸਦੇ ਅੰਦਰ ਗੁਰਬਾਣੀ ਦੀ ਸੱਚੀ ਸਮਝ ਵੱਸ ਜਾਂਦੀ ਹੈ ਭਾਵ ਜਿਸਦੇ ਧਿਆਨ ਦੇ ਅੰਦਰ ਸੱਚਾ ਗਿਆਨ ਵੱਸ ਜਾਂਦਾ ਹੈ ਉਹ ਸੁਰਤਿ ਗਿਆਨ ਧਿਆਨ ਵਾਲੀ ਬਣ ਜਾਂਦੀ ਹੈ ਭਾਵ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ। ਮਨ ਦੇ ਵਿੱਚ ਇਹ ਸੱਚਾ ਗਿਆਨ ਮਾਇਆ ਦੇ ਹਰ ਭਰਮ ਤੋਂ ਰਹਿਤ ਹੈ, ਮਾਇਆ ਮੋਹ ਤੋਂ ਰਹਿਤ ਹੈ, ਮਨ ਦੀਆਂ ਤ੍ਰਿਸ਼ਨਾਵਾਂ ਤੋਂ ਰਹਿਤ ਹੈ। ਮਨ ਦੀ ਇਸ ਅਵਸਥਾ ਦੁਆਰਾ ਮਨੁੱਖੀ ਮਨ ਤੱਤ ਗਿਆਨ ਦੀ ਪ੍ਰਾਪਤੀ ਕਰਦਾ ਹੈ ਜਿਸ ਕਰਕੇ ਪੂਰੀ ਗੁਰਬਾਣੀ ਦੇ ਵਿੱਚ ਤੱਤ ਗਿਆਨ ਹੈ, ਬ੍ਰਹਮ ਗਿਆਨ ਹੈ ਜੋ ਸੰਸਾਰ ਦੀ ਅਸਲੀਅਤ ਸਮਝਾਉਣ ਲਈ, ਧਰਮ ਦੇ ਸੱਚੇ ਮਾਰਗ ਦੀ ਸੋਝੀ ਪਾਉਣ ਲਈ, ਪ੍ਰਮਾਤਮਾ ਦੀ ਅਸਲੀਅਤ ਸਮਝਾਉਣ ਲਈ, ਮਨੁੱਖ ਦੀ ਅਸਲੀਅਤ

ਸਮਝਾਉਣ ਲਈ ਹਰ ਭਰਮ ਤੋਂ ਪੂਰੀ ਤਰ੍ਹਾਂ ਰਹਿਤ ਹੈ ਭਾਵ ਉਸਦੀ ਹਰ ਗੱਲ ਵਿੱਚ ਪੂਰਨ ਸੱਚ ਹੈ, ਨਾਮ ਹੈ। **{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥}** ਅੰਗ ੧੨੪੩

ਗਿਆਨੁ ਧਿਆਨੁ ਦੀ ਅਵਸਥਾ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ

ਤੇ ਪ੍ਰਮਾਤਮਾ ਦੇ ਇਸ ਰੂਪ ਨੂੰ ਉਹੀ ਜਾਣ ਸਕਦਾ ਹੈ ਜਿਸਦੀ ਉਸਦੇ ਨਾਲ ਮਨ ਦੇ ਵਿੱਚ, ਧਿਆਨ ਦੇ ਵਿੱਚ ਭੇਂਟ ਹੋ ਜਾਂਦੀ ਹੈ ਭਾਵ ਮੇਲ ਹੋ ਜਾਂਦਾ ਹੈ। ਜਿਸ ਤੇ ਭੇਂਟ ਹੁੰਦੀ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਆਪ ਹੀ **"ਸਤਿਗੁਰ"** ਹੈ ਭਾਵ ਗਿਆਨ ਦਾ ਮਾਲਕ ਹੈ ਜੋ ਸਾਡੇ ਅੰਦਰ ਗਿਆਨ ਧਿਆਨ ਦੇ ਰੂਪ ਵਿੱਚ ਹੈ, ਸਾਡੀ ਸਮਝ ਦੇ ਅੰਦਰ ਗਿਆਨ ਪਾਉਣ ਵਾਲਾ ਹੈ। **(ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥)**

ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਗਿਆਨ ਧਿਆਨ ਦੇ ਰੂਪ ਵਿੱਚ ਜਾਣ ਲੈਂਦਾ ਹੈ, ਸਤਿਗੁਰ ਦੇ ਰੂਪ ਵਿੱਚ ਜਾਣ ਲੈਂਦਾ ਹੈ ਉਹੀ ਆਪਣੇ ਅੰਦਰੋਂ ਪ੍ਰਮਾਤਮਾ ਦੀ ਜੋਤਿ ਨੂੰ ਪਹਿਚਾਣਦਾ ਹੈ, ਜਾਣਦਾ ਹੈ ਕਿਉਂਕਿ ਪ੍ਰਮਾਤਮਾ ਦਾ ਜੋਤਿ ਰੂਪ ਸਾਡੇ ਅੰਦਰ ਉਸਦਾ ਗਿਆਨ ਰੂਪ ਹੀ ਹੈ। ਸਾਨੂੰ ਮਨ ਦੇ ਵਿੱਚ ਜੋ ਵੀ ਗਿਆਨ ਮਿਲਦਾ ਹੈ ਉਹ ਪ੍ਰਮਾਤਮਾ ਦੀ ਜੋਤਿ ਰਾਹੀਂ ਹੀ ਮਿਲਦਾ ਹੈ ਕਿਉਂਕਿ ਸਾਡਾ ਮਨ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਦੇ ਰੂਪ ਵਿੱਚ ਹੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਸਭ ਦੇ ਅੰਦਰ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥੩॥"

ਸਾਡਾ ਮਨ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਸਰੋਵਰ ਹੈ ਭਾਵ ਗਿਆਨ ਰੂਪ ਸਰੋਵਰ ਹੈ, ਵਿਚਾਰਾਂ ਦਾ ਸਰੋਵਰ ਹੈ ਤੇ ਇਹ ਸਰੋਵਰ ਹੀ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਹੈ ਭਾਵ ਹਰ ਸਰੋਵਰ ਦੇ ਵਿੱਚ, ਮਨ ਦੇ ਵਿੱਚ ਪ੍ਰਮਾਤਮਾ ਦੀ ਜੋਤਿ ਹੀ ਸਮਾਈ ਹੋਈ ਹੈ ਜਿਸ ਰਾਹੀਂ ਸਾਡੇ ਅੰਦਰ ਗਿਆਨ ਉਪਜਦਾ ਹੈ, ਮਨ ਦੀ ਸਮਝ ਉਪਜਦੀ ਹੈ। ਸਾਡੇ ਅੰਦਰ ਜੋ ਵੀ ਮਾਇਆ ਉਪਜਦੀ ਹੈ ਭਾਵ ਭਰਮ ਵਾਲੇ ਵਿਚਾਰ ਉਪਜਦੇ ਹਨ ਉਹ ਮਨ ਦੀ ਜੋਤਿ ਰਾਹੀਂ ਹੀ ਉਪਜਦੇ ਹਨ ਤੇ ਸਾਡੇ ਅੰਦਰ ਗਿਆਨ ਧਿਆਨ ਵਾਲੀ ਅਵਸਥਾ ਵੀ ਸਾਡੀ ਜੋਤਿ ਦੇ ਰਾਹੀਂ ਹੀ ਉਪਜਦੀ ਹੈ ਜੋ ਸਾਨੂੰ

45/5896

ਮਾਇਆ ਦੇ ਹਰ ਭਰਮ ਵਿੱਚੋਂ ਕੱਢਦੀ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਗਿਆਨ ਧਿਆਨ ਰੂਪ ਹੀ ਉਸਦਾ **"ਆਨਦ"** ਰੂਪ ਹੈ ਜਿਸ ਰੂਪ ਤੋਂ ਗੁਰੂ ਸਾਹਿਬ ਪ੍ਰਮਾਤਮਾ ਤੋਂ ਕੁਰਬਾਣ ਜਾਣਾ ਸਮਝਾ ਰਹੇ ਹਨ। ਪ੍ਰਮਾਤਮਾ ਦਾ ਆਨਦ ਰੂਪ ਉਸਦੇ ਸੱਚੇ ਗਿਆਨ ਵਾਲਾ ਰੂਪ ਹੈ ਜਿਵੇਂ ਕਿ ਅਸੀਂ ਪਹਿਲੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਇਹ ਆਨਦ ਰੂਪ ਹੀ ਸਾਨੂੰ ਮਾਇਆ ਮੋਹ ਤੋਂ ਮੁਕਤ ਕਰਦਾ ਹੈ। **(ਸਗਲ ਸਰੋਵਰ ਜੋਤਿ ਸਮਾਣੀ ॥ ਆਨਦ ਰੂਪ ਵਿਟਹੁ ਕੁਰਬਾਣੀ ॥੩॥)**

{"ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥"}

(ਅੰਗ ੯੧੭)

ਇਹ **"ਆਨੰਦੁ"** ਸਾਡੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਹੈ ਜਿਸ ਸਮਝ ਦੁਆਰਾ ਮਨੁੱਖ ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ, ਵਿਕਾਰਾਂ ਵਾਲੀ ਮਤਿ ਵਿੱਚੋਂ ਨਿਕਲ ਜਾਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲ ਜਾਂਦਾ ਹੈ ਭਾਵ ਮਨ ਦੇ ਵਿੱਚ ਸੰਤੋਖ ਦਾ ਆਨੰਦ ਹੈ। ਮਨ ਦੀ ਇਸ ਸੱਚੀ ਸਮਝ ਦੁਆਰਾ ਸਭ ਦੇ ਵਿੱਚ ਕੇਵਲ ਤੇ ਕੇਵਲ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਜਿਸ ਪ੍ਰਮਾਤਮਾ ਨੂੰ ਜਾਨਣ ਤੋਂ ਵੱਡਾ ਆਨੰਦ ਸੰਸਾਰ ਵਿੱਚ ਕੋਈ ਹੋਰ ਨਹੀਂ ਹੋ ਸਕਦਾ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਨ੍ਹਾਂ ਨੂੰ ਸੰਸਾਰ ਨੇ ਗਲਤ ਵੀ ਕਿਹਾ ਹੈ, ਮਾੜੇ ਕਿਹਾ ਹੈ, ਦਿਵਾਨੇ ਕਿਹਾ ਹੈ ਭਾਵ ਨਾਮਸਝ ਕਿਹਾ ਹੈ ਪਰ ਉਨ੍ਹਾਂ ਨੇ ਸੰਸਾਰੀਆਂ ਦੀਆਂ ਗੱਲਾਂ ਦਾ ਬੁਰਾ ਨਹੀਂ ਮਨਾਇਆ ਕਿਉਂਕਿ ਉਨ੍ਹਾਂ ਨੂੰ ਇਹ ਸਮਝ ਹੁੰਦੀ ਹੈ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਉਸਨੇ ਆਪ ਹੀ ਸੰਸਾਰ ਨੂੰ ਭਰਮ ਵਿੱਚ ਰੱਖਿਆ ਹੋਇਆ ਹੈ ਜਿਨ੍ਹਾਂ ਨੂੰ ਸੱਚ ਦੀ ਸਮਝ ਨਹੀਂ ਹੈ। ਉਨ੍ਹਾਂ ਦੇ ਮਨ ਦੀ ਸੱਚੀ ਸਮਝ ਉਨ੍ਹਾਂ ਨੂੰ ਆਨੰਦ ਵਿੱਚ ਹੀ ਰੱਖਦੀ ਹੈ ਕਿਉਂਕਿ ਉਹ ਹਰ ਵੇਲੇ ਪ੍ਰਮਾਤਮਾ ਨਾਲ ਇੱਕ ਹੁੰਦੇ ਹਨ ਜਿਸਦੀ ਸੰਸਾਰ ਨੂੰ ਸਮਝ ਨਹੀਂ ਹੈ। ਇਸ ਆਨੰਦ ਨੂੰ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਤੇ ਹਰ ਕੋਈ ਮਾਇਆ ਦੇ ਵਿੱਚ ਹੀ ਆਨੰਦ ਸਮਝਦਾ ਹੈ। ਪ੍ਰਮਾਤਮਾ

ਦੀ ਇਸ ਖੇਡ ਨੂੰ ਸਮਝਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ। ਪ੍ਰਮਾਤਮਾ ਦਾ ਇਹ ਆਨੰਦ ਰੂਪ ਹੀ ਸਾਡੇ ਅੰਦਰ ਉਸਦਾ ਨਾਮ ਰੂਪ ਹੈ ਜੋ ਮਨੁੱਖ ਨੂੰ ਭਰਮਾਂ ਵਿੱਚੋਂ ਕੱਢ ਕੇ ਉਸਦੇ ਮਨ ਨੂੰ ਸਵਾਰਦਾ ਹੈ, ਮਨ ਨੂੰ ਨਿਰਮਲ ਕਰਦਾ ਹੈ ਕਿਉਂਕਿ ਸਾਡਾ ਮਨ ਭਰਮਾਂ ਕਰਕੇ ਹੀ ਅਪਵਿੱਤਰ ਹੈ। ਆਪਣਾ ਨਾਮ

45/5897

ਪ੍ਰਮਾਤਮਾ ਆਪ ਹੀ ਕਿਸੇ ਨੂੰ ਦਿੰਦਾ ਹੈ ਤੇ ਆਪਣੇ ਆਪ ਕੋਈ ਨਾਮ ਦੀ ਪ੍ਰਾਪਤੀ ਕਰ ਲਏ ਤੇ ਆਪਣੇ ਆਪ ਨੂੰ ਭਰਮਾਂ ਵਿੱਚੋਂ ਕੱਢ ਕੇ ਨਿਰਮਲ ਕਰ ਲਵੇ ਇਹ ਮਨੁੱਖੀ ਸਮਰਥਾ ਤੋਂ ਬਾਹਰ ਹੈ ਜਿਵੇਂ ਕਿ ਨਾਲ ਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। **(ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥ ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥ ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥ ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥ ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥)** ਅੰਗ ੯੧੮

ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਦੀ ਭਗਤੀ ਉਸ ਪ੍ਰਮਾਤਮਾ ਨੂੰ ਜਾਣੇ ਬਿਨਾਂ ਨਹੀਂ ਹੋ ਸਕਦੀ ਕਿਉਂਕਿ ਆਪਣੀ ਭਗਤੀ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਸਮਝਾਉਂਦਾ ਹੈ। ਪ੍ਰਮਾਤਮਾ ਦੀ ਪੂਰਨ ਰੂਪ ਵਿੱਚ ਭਗਤੀ ਉਹੀ ਕਰਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਆਪਣੇ ਆਪ ਨੂੰ ਮਨੁੱਖ ਸਮਝਣਾ ਭਰਮ ਹੈ, ਇਹ ਸੰਸਾਰੀ ਜੰਮਣਾ ਮਰਨਾ ਭਰਮ ਹੈ ਕਿਉਂਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਅਸੀਂ ਮਨ ਦੇ ਭਰਮ ਕਰਕੇ ਹੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਮਨ ਦੇ ਵਿੱਚ ਆਪਣੀ ਭਗਤੀ ਆਪ ਹੀ ਸਮਝਾਉਂਦਾ ਹੈ ਤੇ ਆਪਣੇ ਸਰੀਰ ਰਾਹੀਂ ਆਪ ਹੀ ਉਸ ਤੇ ਅਮਲ ਕਰਦਾ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਹੀ ਵਰਤਦਾ ਹੈ ਪਰ ਕੋਈ ਵੀ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਤਦ ਤੱਕ ਨਹੀਂ ਸਮਝ ਸਕਦਾ ਜਦ ਤੱਕ ਕੋਈ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਪਹਿਚਾਣ ਨਹੀਂ ਲੈਂਦਾ। ਸਾਡਾ ਮਨ ਸਾਡੇ ਅੰਦਰ ਦਾ ਕਾਗਜ ਹੈ ਜਿਸ ਉੱਤੇ ਪ੍ਰਮਾਤਮਾ ਹਰ ਵੇਲੇ ਆਪਣਾ ਹੁਕਮ ਲਿਖਦਾ ਰਹਿੰਦਾ ਹੈ। ਪ੍ਰਮਾਤਮਾ ਦਾ ਇਹ ਹੁਕਮ ਹੀ ਉਸਦੀ ਚਿੱਠੀ ਹੈ ਜੋ ਅਸੀਂ ਆਪਣੇ ਅੰਦਰੋਂ ਮਨ ਦੇ ਵਿਚਾਰਾਂ ਰਾਹੀਂ ਪੜਦੇ ਹਾਂ ਤੇ ਉਸ ਅਨੁਸਾਰ ਹੀ ਵਿਚਰਦੇ ਹਾਂ। ਸਾਡੇ ਅੰਦਰ ਮਾਇਆ ਵਾਲੇ ਵਿਚਾਰ ਵੀ ਸਾਡੇ ਅੰਦਰ ਲਿਖਿਆ ਹੋਇਆ ਪ੍ਰਮਾਤਮਾ ਦਾ ਹੀ ਹੁਕਮ ਹੁੰਦਾ ਹੈ ਪਰ ਮਨ ਦੇ ਵਿੱਚ ਇਸ ਹੁਕਮ ਨੂੰ ਸਮਝਣ ਤੋਂ ਭਾਵ ਇਹ ਜਾਨਣ ਤੋਂ ਕਿ ਸਾਡੇ ਅੰਦਰ ਇਹ ਹੁਕਮ ਕੌਣ ਲਿਖਦਾ ਹੈ ਇਹ ਸਾਨੂੰ ਸਾਡੇ ਅੰਦਰ ਪ੍ਰਮਾਤਮਾ ਦਾ ਮਾਇਆ ਰੂਪ ਹੁਕਮ ਸਮਝਣ ਨਹੀਂ ਦਿੰਦਾ ਭਾਵ ਅਸੀਂ ਮਨ ਦੇ ਭਰਮ ਵਿੱਚ ਵੀ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਵਿਚਰਦੇ ਹਾਂ।

45/5898

ਜੋ ਪ੍ਰਮਾਤਮਾ ਦੀ ਕਿਰਪਾ ਦੁਆਰਾ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਕਿ ਸਾਡੇ ਅੰਦਰ ਵਿਚਾਰ ਪਾਉਣ ਵਾਲਾ ਕੌਣ ਹੈ, ਮਾਇਆ ਵਾਲੀ ਸਮਝ ਪਾਉਣ ਵਾਲਾ ਕੌਣ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਕੌਣ ਹੈ। ਪ੍ਰਮਾਤਮਾ ਦਾ ਹੁਕਮ ਬੁੱਝਣ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਾਡੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਮਾਇਆ ਵਾਲੀ ਸਮਝ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਪੈਂਦੀ ਜੋ ਸਮਝ ਉਹ ਮਾਇਆ ਵਾਲੀ ਸਮਝ ਵਿੱਚੋਂ ਕੱਢ ਕੇ ਹੀ ਪਾਉਂਦਾ ਹੈ, ਮਨ ਦੇ ਵਿੱਚ ਆਪਣਾ ਸੱਚਾ ਹੁਕਮ ਲਿਖਣ ਦੁਆਰਾ ਪਾਉਂਦਾ ਹੈ ਜੋ ਕਿ ਉਸਦੀ ਸੱਚੀ ਭਗਤੀ ਦਾ ਮਾਰਗ ਹੁੰਦਾ ਹੈ। ਇਹ ਮਨੁੱਖੀ ਸਰੀਰ ਫਿਰ ਆਪਣੇ ਅੰਦਰੋਂ ਭਾਵ ਆਪਣੀ ਮਨ ਰੂਪ ਚਿੱਠੀ ਉੱਤੇ ਲਿਖੇ ਹੋਏ ਪ੍ਰਮਾਤਮਾ ਦੇ ਸੱਚੇ ਹੁਕਮ ਨੂੰ ਪੜਦਾ ਹੈ ਭਾਵ ਭਗਤੀ ਦੀ ਸਮਝ ਵਾਲੇ ਸੱਚੇ ਵਿਚਾਰਾਂ ਨੂੰ ਪੜਦਾ ਹੈ ਤੇ ਉਸੇ ਅਨੁਸਾਰ ਹੀ ਆਪਣੇ ਜੀਵਨ ਵਿੱਚ ਵਿਚਰਦਾ ਹੈ ਭਾਵ ਭਗਤੀ ਦੇ ਮਾਰਗ ਤੇ ਚੱਲਦਾ ਹੈ ਜਿਵੇਂ ਕਿ ਭਗਤ ਸਾਹਿਬਾਨ, ਗੁਰੂ ਸਾਹਿਬਾਨ, ਗੁਰਬਾਣੀ ਦੀ ਰਚਨਾ ਕਰਨ ਵਾਲੇ ਚੱਲੇ ਹਨ। ਜਿਹੋ ਜਿਹੀ ਸੱਚੀ ਭਗਤੀ ਦਾ ਫੁਰਮਾਨ ਉਨ੍ਹਾਂ ਨੇ ਆਪਣੀ ਮਨ ਰੂਪ ਚਿੱਠੀ ਉੱਤੋਂ ਪੜਿਆ ਹੈ ਉਹੀ ਕੁਝ ਉਨ੍ਹਾਂ ਨੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਗੁਰਬਾਣੀ ਦੇ ਰੂਪ ਵਿੱਚ ਵਿਚਾਰਿਆ ਹੈ। ਗੁਰਬਾਣੀ ਦਾ ਹਰ ਵਿਚਾਰ, ਹਰ ਸ਼ਬਦ ਵਿਚਾਰ ਪ੍ਰਮਾਤਮਾ ਦਾ ਉਨ੍ਹਾਂ ਲਿਖਣ ਵਾਲਿਆਂ ਦੇ ਰਾਹੀਂ ਭੇਜਿਆ ਹੋਇਆ ਆਪਣਾ ਫੁਰਮਾਨ ਹੈ, ਹੁਕਮ ਹੈ ਜੋ ਕਿ ਗੁਰਬਾਣੀ ਦੇ ਵਿੱਚ ਦਰਜ ਹੈ। ਸ਼ਬਦਾਂ ਦੀ ਵਿਚਾਰ ਰਾਹੀਂ ਭਾਵ ਸ਼ਬਦਾਂ ਦੀ ਮਤਿ ਰਾਹੀਂ ਜੋ ਕੁਝ ਸੰਸਾਰ ਨੂੰ ਸਮਝਾਇਆ ਗਿਆ ਹੈ ਉਸਨੂੰ ਮੰਨਣਾ ਸਾਰੇ ਸੰਸਾਰ ਲਈ ਪ੍ਰਮਾਤਮਾ ਦਾ ਆਪਣਾ ਹੁਕਮ ਹੈ। ਜਿਨ੍ਹਾਂ ਸਰੀਰਾਂ ਨੇ ਸੰਸਾਰ ਨੂੰ ਇਹ ਪ੍ਰਮਾਤਮਾ ਦਾ ਹੁਕਮ ਸੁਣਾਇਆ ਹੈ ਉਨ੍ਹਾਂ ਨੇ ਪ੍ਰਮਾਤਮਾ ਦੇ ਇਸ ਹੁਕਮ ਨੂੰ ਪਹਿਲਾਂ ਆਪ ਮੰਨਿਆ ਹੈ ਭਾਵ ਜਿਹੋ ਜਿਹੀ ਭਗਤੀ ਦਾ ਮਾਰਗ ਸੰਸਾਰ ਨੂੰ ਸਮਝਾਇਆ ਹੈ ਉਹੋ ਜਿਹੀ ਭਗਤੀ ਦੇ ਮਾਰਗ ਤੇ ਆਪ ਚੱਲ ਕੇ ਦਿਖਾਇਆ ਹੈ, ਜਿਸ ਤਰੀਕੇ ਪ੍ਰਮਾਤਮਾ ਨੂੰ ਆਪ ਪਾਇਆ ਹੈ ਉਸੇ ਤਰੀਕੇ ਸੰਸਾਰ ਨੂੰ ਪਾਉਣਾ ਸਮਝਾਇਆ ਹੈ, ਜਿਸ ਰੂਪ ਵਿੱਚ ਪ੍ਰਮਾਤਮਾ ਨੂੰ ਆਪ ਪਾਇਆ ਹੈ ਉਸੇ ਰੂਪ ਵਿੱਚ ਸੰਸਾਰ ਨੂੰ ਸਮਝਾਇਆ ਹੈ, ਜਿਹੋ ਜਿਹਾ ਨਾਮ ਆਪ ਸਮਝਿਆ ਹੈ ਉਹੋ ਨਾਮ ਸੰਸਾਰ ਨੂੰ ਸਮਝਾਇਆ ਹੈ। ਜੋ ਭਰਮ ਉਨ੍ਹਾਂ ਦੇ ਆਪਣੇ ਨਿਕਲੇ ਹਨ ਉਨ੍ਹਾਂ ਭਰਮਾਂ ਵਿੱਚੋਂ ਹੀ ਸੰਸਾਰ ਨੂੰ ਨਿਕਲਣਾ ਸਮਝਾਇਆ ਹੈ। ਪ੍ਰਮਾਤਮਾ ਦੇ ਹੁਕਮ

45/5899

ਨੂੰ ਆਪਣੇ ਅੰਦਰੋਂ ਬੁੱਝੇ ਬਿਨਾਂ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦੇ ਹਾਂ, ਮਨ ਦੇ ਵਿਚਾਰਾਂ ਰਾਹੀਂ ਸਮਝਦੇ ਹਾਂ ਤੇ ਮਨ ਦੇ ਵਿਚਾਰਾਂ ਨੂੰ ਬੁੱਝੇ ਬਿਨਾਂ ਅਸੀਂ ਇਹ ਕਦੇ ਨਹੀਂ ਜਾਣ ਸਕਦੇ ਕਿ ਸਾਡੇ ਅੰਦਰ ਆਪ ਪ੍ਰਮਾਤਮਾ ਹੀ ਹੈ ਜੋ ਆਪਣੀ ਭਗਤੀ ਆਪ ਹੀ ਸਮਝਾਉਂਦਾ ਹੈ, ਆਪਣਾ ਹੁਕਮ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਚਲਾਉਂਦਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਦੂਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸਲੋਕਾਂ ਤੇ ਪਉੜੀ ਦੁਆਰਾ ਸਮਝੀਏ।

ਸਲੋਕ ਮਹਲਾ ੨ ॥

“ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥ ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥
ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ ॥ ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ ॥
ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ ॥ ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥”

(ਅੰਗ ੧੨੩੯)

ਮਹਲਾ ੨ ॥

“ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥੨॥”

(ਅੰਗ ੧੨੩੯)

ਪਉੜੀ ॥

“ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥
ਬਹਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥ ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥
ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ ॥੫॥”

(ਅੰਗ ੧੨੩੯)

ਪ੍ਰਮਾਤਮਾ ਦੀ ਭਗਤੀ ਉਸਦਾ ਭਗਤ ਬਣ ਕੇ ਹੀ ਹੋ ਸਕਦੀ ਹੈ। ਪ੍ਰਮਾਤਮਾ ਦੇ ਹੁਕਮ ਵਿੱਚ ਚੱਲਣਾ ਹੀ ਉਸਦੀ ਭਗਤੀ ਹੈ ਤੇ ਹੁਕਮ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਜਦੋਂ ਇਸ ਗੱਲ ਦੀ ਸਮਝ ਪੈ ਜਾਵੇ ਕਿ ਪ੍ਰਮਾਤਮਾ ਦਾ ਹੁਕਮ ਆਉਂਦਾ ਕਿੱਥੋਂ ਹੈ ਤੇ ਕਿਸ ਮਕਸਦ ਲਈ ਆਉਂਦਾ ਹੈ। ਉਪਰ ਦੋਨਾਂ ਸਲੋਕਾਂ ਰਾਹੀਂ ਉਨ੍ਹਾਂ ਦੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ। ਜੋ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹੀ ਉਸ ਪ੍ਰਮਾਤਮਾ ਦਾ ਭਗਤ ਬਣਦਾ ਹੈ ਤੇ ਜੋ ਭਗਤ ਬਣਦਾ ਹੈ ਉਸਨੂੰ ਇਹ ਵੀ ਸਮਝ ਹੁੰਦੀ ਹੈ ਕਿ ਉਸਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਮਨ ਦੇ ਵਿੱਚੋਂ ਆਪਣਾ ਹੁਕਮ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਅਨੁਸਾਰ ਵਿਚਰਦਾ ਹੈ। ਉਪਰ ਸਲੋਕਾਂ ਰਾਹੀਂ ਜੋ ਕੁਝ ਸਮਝਾਇਆ ਹੋਇਆ ਹੈ ਉਸੇ ਗੱਲ ਨੂੰ ਹੀ ਪਉੜੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਪਉੜੀ ਦਾ ਮਕਸਦ ਸਲੋਕਾਂ ਦੇ ਅੰਦਰ ਦੇ ਭਾਵ ਨੂੰ ਸਪਸ਼ਟ ਕਰਨਾ ਹੀ ਹੁੰਦਾ ਹੈ। ਪ੍ਰਮਾਤਮਾ ਨੇ ਆਪਣੇ ਭਗਤਾਂ

ਨੂੰ ਆਪਣੇ ਹੁਕਮ ਦੁਆਰਾ ਜੋ ਕੁਝ ਵੀ ਸਮਝਾਇਆ ਹੈ ਉਹੀ ਭਗਤੀ ਦਾ ਭੰਡਾਰ ਹੈ, ਭਗਤੀ ਦਾ ਖਜਾਨਾ ਹੈ, ਨਾਮ ਦਾ ਖਜਾਨਾ ਹੈ।

ਪ੍ਰਮਾਤਮਾ ਦੀ ਭਗਤੀ, ਜੀਵਨ ਮਰਨ ਕੀ ਹੈ ਇਸ ਗੱਲ ਨੂੰ ਸਮਝ ਕੇ ਹੀ ਪੈਂਦੀ ਹੈ, ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਮੰਨਣ ਦੁਆਰਾ ਹੀ ਪੈਂਦੀ ਹੈ ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਆਵਾਗਉਣ ਮਨ ਦੇ ਵਿੱਚ ਹੀ ਹੈ ਭਾਵ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਇਹੀ ਗੱਲ ਸਾਨੂੰ ਉਪਰ ਪਹਿਲੇ ਸਲੋਕ ਦੁਆਰਾ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥ ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥”

ਉਪਰ ਪੰਗਤੀਆਂ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜਿਸ ਤਰੀਕੇ ਉਸਦੇ ਭਗਤਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ। ਉਪਰ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦਾ ਹੁਕਮ ਹੀ ਸਮਝਾਇਆ ਹੋਇਆ ਹੈ ਜਿਸ ਹੁਕਮ ਨੂੰ ਉਸਦੇ ਭਗਤਾਂ ਨੇ ਮੰਨਿਆ ਹੈ ਤੇ ਉਸਦੇ ਹੁਕਮ ਨੂੰ ਜਾਨਣ ਦੁਆਰਾ ਇਸ ਗੱਲ ਨੂੰ ਪ੍ਰਵਾਨ ਕੀਤਾ ਹੈ ਭਾਵ ਮੰਨਿਆ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਜੋ ਆਪ ਹੀ ਆਪਣਾ ਹੁਕਮ ਮਨ ਦੇ ਵਿੱਚ ਸਮਝਾਉਂਦਾ ਹੈ ਤੇ ਆਪ ਹੀ ਆਪਣੇ ਹੁਕਮ ਨੂੰ ਆਪਣੇ ਮਨੁੱਖੀ ਸਰੀਰ ਦੁਆਰਾ ਜਾਣਦਾ ਹੈ। **“ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥”** ਤੋਂ ਭਾਵ ਹੈ ਉਸ ਪ੍ਰਮਾਤਮਾ ਦੇ

ਨਾਲ ਕੀ ਬੋਲਣਾ ਭਾਵ ਉਸਦੀ ਮਨ ਦੇ ਵਿੱਚੋਂ ਗੱਲ ਸੁਣ ਕੇ ਭਾਵ ਉਸਦਾ ਹੁਕਮ ਸੁਣ ਕੇ ਉਸਨੂੰ ਇਨਕਾਰ ਕਿਵੇਂ ਕੀਤਾ ਜਾ ਸਕਦਾ ਹੈ ਜੋ ਆਪ ਹੀ ਮਨ ਦੇ ਵਿੱਚ ਜਨਾਉਂਣ ਵਾਲਾ ਹੈ ਤੇ ਆਪ ਹੀ ਜਾਨਣ ਵਾਲਾ ਹੈ ਭਾਵ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਜਿਸਦੀ ਸਮਝ ਹੀ ਉਸਦੇ ਕੋਲੋਂ ਮਨ ਦੇ ਵਿੱਚ ਜਾਨਣ ਦੁਆਰਾ ਪੈਂਦੀ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣਾ ਹੁਕਮ ਹੀ ਸੁਣਾਉਂਦਾ ਹੈ, ਜਨਾਉਂਦਾ ਹੈ ਜਿਸ ਹੁਕਮ ਨੂੰ ਮੋੜਿਆ ਨਹੀਂ ਜਾ ਸਕਦਾ ਭਾਵ ਜਿਸ ਹੁਕਮ ਦੇ ਅੱਗੇ ਬੋਲਿਆ ਨਹੀਂ ਜਾ ਸਕਦਾ। ਇਸੇ ਗੱਲ ਨੂੰ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥”

ਪ੍ਰਮਾਤਮਾ ਮਨ ਦੇ ਵਿੱਚ ਹੀ ਸਮਝਾਉਂਦਾ ਹੈ ਕਿਉਂਕਿ ਉਹ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਜਿਸ ਰਾਹੀਂ ਉਹ

45/5901

ਮਨ ਦੇ ਵਿੱਚ ਗਿਆਨ ਦਿੰਦਾ ਹੈ, ਸਮਝ ਦਿੰਦਾ ਹੈ। ਸਾਡਾ ਮਨ ਇੱਕ ਕਾਗਜ ਦੀ ਤਰ੍ਹਾਂ ਹੈ ਜਿਸਦੇ ਉਪਰ ਜੋ ਵੀ ਵਿਚਾਰ ਲਿਖੇ ਜਾਂਦੇ ਹਨ ਉਹ ਪ੍ਰਮਾਤਮਾ ਆਪ ਹੀ ਲਿਖਦਾ ਹੈ। ਸਾਡੇ ਮਨ ਦੇ ਅੰਦਰ ਵਿਚਾਰਾਂ ਰੂਪ ਲਿਖਤ ਸਾਡੇ ਅੰਦਰ ਦੀ ਚੀਰੀ ਹੈ ਭਾਵ ਚਿੱਠੀ ਹੈ ਜਿਸਨੂੰ ਸਾਡਾ ਮਨ ਪੜਦਾ ਹੈ। ਇਸ ਚਿੱਠੀ ਰਾਹੀਂ ਮਨ ਜੋ ਕੁਝ ਵੀ ਪੜਦਾ ਹੈ ਉਹ ਪ੍ਰਮਾਤਮਾ ਦਾ ਹੁਕਮ ਹੁੰਦਾ ਹੈ। ਪ੍ਰਮਾਤਮਾ ਦਾ ਹੁਕਮ ਕਦੇ ਟੱਲ ਨਹੀਂ ਸਕਦਾ ਕਿਉਂਕਿ ਮਨੁੱਖ ਉਹੀ ਕੁਝ ਕਰਦਾ ਹੈ ਜਿਹੋ ਜਿਹੀ ਸਮਝ ਉਸਨੂੰ ਮਨ ਦੀ ਚਿੱਠੀ ਪੜਨ ਦੁਆਰਾ ਮਿਲਦੀ ਹੈ। ਹਰ ਮਨੁੱਖ ਮਨ ਦੀ ਸਮਝ ਦਾ ਬੱਝਿਆ ਹੋਇਆ ਹੈ ਤੇ ਮਨੁੱਖ ਜੋ ਵੀ ਫੈਸਲਾ ਕਰਦਾ ਹੈ ਉਹ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ ਕਿਉਂਕਿ ਉਸਨੂੰ ਉਹੀ ਕੁਝ ਕਰਨਾ ਠੀਕ ਲੱਗਦਾ ਹੈ। ਮਨੁੱਖ ਨੂੰ ਕਿਹੋ ਜਿਹਾ ਚੰਗਾ ਮੰਨਣਾ ਲਗਵਾਉਣਾ ਹੈ ਭਾਵ ਮਨੁੱਖ ਨੂੰ ਕੀ ਕੁੱਝ ਚੰਗਾ ਲੱਗਦਾ ਹੈ, ਕੀ ਕੁਝ ਮਾੜਾ ਲੱਗਦਾ ਹੈ, ਕੀ ਕੁਝ ਠੀਕ ਲੱਗਦਾ ਹੈ, ਕੀ ਕੁਝ ਗਲਤ ਲੱਗਦਾ ਹੈ ਇਹ ਸਾਡੇ ਮਨ ਦੇ ਵਿਚਾਰਾਂ ਤੇ ਨਿਰਭਰ ਹੈ ਤੇ ਮਨੁੱਖ ਮਨ ਦੇ ਵਿਚਾਰਾਂ ਅਨੁਸਾਰ ਹੀ ਵਿਚਰਦਾ ਹੈ। ਪ੍ਰਮਾਤਮਾ ਜੋ ਵੀ ਮਨ ਦੀ ਚਿੱਠੀ ਉਪਰ ਲਿਖਦਾ ਹੈ ਇਸ ਤਰੀਕੇ ਉਸਦਾ ਹੁਕਮ ਕੋਈ ਮੋੜ ਨਹੀਂ ਸਕਦਾ ਭਾਵ ਮਨੁੱਖ ਨੂੰ ਮੰਨਣਾ ਹੀ ਪੈਂਦਾ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਾਂ ਤਦ ਤੱਕ ਅਸੀਂ ਕਦੇ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਸਾਡੇ ਅੰਦਰ ਚਿੱਠੀ ਲਿਖਣ ਵਾਲਾ ਕੌਣ ਹੈ ਕਿਉਂਕਿ ਸਾਡੇ ਅੰਦਰ ਦੀ ਚਿੱਠੀ ਹੀ ਸਾਨੂੰ ਇਸ ਭਰਮ ਵਿੱਚ ਪਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ, ਮੈਂ ਪ੍ਰਮਾਤਮਾ ਤੋਂ ਵੱਖਰਾ ਹਾਂ ਤੇ ਮੇਰੀ ਆਪਣੀ ਵੱਖਰੀ ਹੋਂਦ ਹੈ ਤੇ ਪ੍ਰਮਾਤਮਾ ਪਤਾ ਨਹੀਂ ਕੀ ਹੈ, ਉਹ ਕਿਸ ਰੂਪ ਵਿੱਚ ਹੈ ਤੇ ਕਿਵੇਂ ਮਿਲ ਸਕਦਾ ਹੈ। ਪ੍ਰਮਾਤਮਾ ਨੂੰ ਸਮਝਣ ਲਈ ਤੇ ਉਸਨੂੰ ਖੋਜਣ ਲਈ ਸਾਨੂੰ ਸਾਡੇ ਮਨ ਦੀ ਚਿੱਠੀ ਹੀ ਸਮਝਾਉਂਦੀ ਹੈ, ਜੋ ਸਾਨੂੰ ਆਪ ਹੀ ਭਰਮਾਂ ਵਿੱਚ ਪਾਉਂਦੀ ਹੈ, ਪ੍ਰਮਾਤਮਾ ਦੇ ਵੱਖਰੇ ਵੱਖਰੇ ਰੂਪ ਸਮਝਾਉਂਦੀ ਹੈ, ਪ੍ਰਮਾਤਮਾ ਨੂੰ ਪਾਉਂਣ ਲਈ ਵੱਖਰੇ ਵੱਖਰੇ ਭਗਤੀ ਦੇ ਤਰੀਕੇ ਸਮਝਾਉਂਦੀ ਹੈ। ਸਾਡੇ ਅੰਦਰ ਦੀ ਇਹ ਚਿੱਠੀ ਹੀ ਸਾਡੇ ਅੰਦਰ ਦਾ ਮਾਇਆ ਮੋਹ ਹੈ ਜਿਸਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਜਿਸ ਰਾਹੀਂ ਪ੍ਰਮਾਤਮਾ ਆਪਣੇ ਆਪ ਨੂੰ ਪਰਦੇ ਵਿੱਚ ਰੱਖ ਕੇ ਸੰਸਾਰ ਦੀ ਇਸ ਖੇਡ ਨੂੰ ਚਲਾ ਰਿਹਾ ਹੈ। ਮਨੁੱਖ ਆਪਣੇ ਮਨ ਦੀ ਸਮਝ ਨੂੰ ਮੰਨਣ ਤੇ ਮਜਬੂਰ ਹੁੰਦਾ ਹੈ ਕਿਉਂਕਿ ਇਹ ਸਾਡੇ ਵੱਸ ਵਿੱਚ ਨਹੀਂ ਹੈ। ਜੋ ਪ੍ਰਮਾਤਮਾ ਦੀ ਕਿਰਪਾ ਦੁਆਰਾ ਮਨ ਦੇ ਅੰਦਰ ਦੀ ਚਿੱਠੀ ਨੂੰ ਪੜ ਲੈਂਦਾ ਹੈ ਭਾਵ ਆਪਣੇ ਮਨ ਨੂੰ ਸਮਝ ਲੈਂਦਾ ਹੈ ਕਿ ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਚਿੱਠੀ ਲਿਖਣ ਵਾਲਾ ਕੌਣ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਹ ਮਨ ਦੇ ਵਿਸ਼ਵਾਸ ਦੁਆਰਾ ਇਹ ਪਰਵਾਨ ਕਰਦਾ ਹੈ

45/5902

ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਹੈ, ਮੇਰੇ ਮਨੁੱਖੀ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਜੋ ਆਪਣੇ ਅੰਦਰੋਂ ਮਨ ਦੀ ਚਿੱਠੀ ਦੇ ਰੂਪ ਵਿੱਚ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਦੇ ਮਨ ਦੀ ਚਿੱਠੀ ਤੇ ਫਿਰ ਆਪਣਾ ਉਹੋ ਜਿਹਾ ਹੁਕਮ ਲਿਖਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਦਾ ਸੱਚਾ ਮਾਰਗ ਉਹ ਆਪ ਹੀ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਲਿਖਣ ਦੁਆਰਾ ਸਮਝਾਉਂਦਾ ਹੈ ਤੇ ਆਪ ਹੀ ਆਪਣੇ ਮਨੁੱਖੀ ਰੂਪ ਨੂੰ ਸ਼ਬਦਾਂ ਦੀ ਵਿਚਾਰ ਦੇ ਅਨੁਸਾਰ ਚਲਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ ਚਲਾਇਆ ਹੈ। ਮਨ ਦੀ ਚਿੱਠੀ ਤੋਂ ਜਿਹੋ ਜਿਹੇ ਵਿਚਾਰ ਉਨ੍ਹਾਂ ਨੇ ਪੜੇ ਹਨ ਉਹੀ ਵਿਚਾਰ ਉਨ੍ਹਾਂ ਨੇ ਸ਼ਬਦਾਂ ਰਾਹੀਂ ਸਾਰੇ ਸੰਸਾਰ ਨੂੰ ਗੁਰਬਾਣੀ ਦੁਆਰਾ ਸਮਝਾਏ ਹਨ। ਇਸੇ ਲਈ ਗੁਰੂ ਆਪ ਪ੍ਰਮਾਤਮਾ ਹੈ ਤੇ ਹਰ ਸ਼ਬਦ ਦੀ ਵਿਚਾਰ ਪ੍ਰਮਾਤਮਾ ਦਾ ਆਪਣਾ ਸੁਣਾਇਆ ਹੋਇਆ ਹੁਕਮ ਹੈ। ਪ੍ਰਮਾਤਮਾ ਦਾ ਇਹ ਹੁਕਮ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਹੈ ਤੇ ਜੋ ਉਸਦੇ ਹੁਕਮ

ਨੂੰ ਮੰਨਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਦਾ ਹੈ ਉਹ ਭਗਤੀ ਦੇ ਮਾਰਗ ਤੇ ਚੱਲਣ ਦਾ, ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਉਦੱਮ ਕਰਦਾ ਹੈ। **(ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥ ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥)**

ਜੋ ਕੁਝ ਵੀ ਮਨੁੱਖ ਕਰਦਾ ਹੈ ਉਹ ਸਭ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਕਰਦਾ ਹੈ ਭਾਵ ਜਿਹੋ ਜਿਹੀ ਚਿੱਠੀ ਸਾਡੇ ਅੰਦਰ ਪ੍ਰਮਾਤਮਾ ਦੀ ਆਉਂਦੀ ਹੈ ਉਸੇ ਅਨੁਸਾਰ ਹੀ ਮਨੁੱਖ ਵਿਚਰਦਾ ਹੈ ਪਰ ਉਸਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਮੇਰੇ ਕੋਲੋਂ ਕਰਵਾਉਂਣ ਵਾਲਾ ਕੌਣ ਹੈ ਜਿਵੇਂ ਕਿ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ ॥ ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ ॥”

ਉਪਰ ਸਾਨੂੰ ਉਨ੍ਹਾਂ ਦਾ ਹਵਾਲਾ ਦੇ ਕੇ ਗੱਲ ਸਮਝਾਈ ਹੋਈ ਹੈ ਕਿ ਜੋ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ ਤੇ ਦੂਸਰਿਆਂ ਤੇ ਆਪਣਾ ਹੁਕਮ ਚਲਾਉਂਦੇ ਹਨ। ਉਨ੍ਹਾਂ ਹੁਕਮ ਚਲਾਉਂਣ ਵਾਲਿਆਂ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਉਨ੍ਹਾਂ ਕੋਲੋਂ ਹੁਕਮ ਚਲਵਾ ਕੌਣ ਰਿਹਾ ਹੈ। ਉਨਾਂ ਦੇ ਅੰਦਰ ਮਨ ਦੀ ਚਿੱਠੀ ਤੇ ਹੁਕਮ ਲਿਖਣ ਵਾਲਾ ਆਪ ਪ੍ਰਮਾਤਮਾ ਹੀ ਹੁੰਦਾ ਹੈ ਭਾਵ ਜੋ ਕੁਝ ਉਹ ਕਰਦੇ ਹਨ ਉਹ ਪ੍ਰਮਾਤਮਾ ਦੇ

45/5903

ਹੁਕਮ ਅਨੁਸਾਰ ਹੀ ਕਰਦੇ ਹਨ। ਜੋ ਕੁਝ ਪ੍ਰਮਾਤਮਾ ਨੂੰ ਆਪ ਭਾਉਂਦਾ ਹੈ ਉਹੀ ਕੁਝ ਉਹ ਮਨ ਦੀ ਚਿੱਠੀ ਉਪਰ ਲਿਖਦਾ ਹੈ। ਮਨੁੱਖ ਜੋ ਕੋਈ ਵੀ ਕਾਰ ਕਰਦਾ ਹੈ, ਜਿਹੋ ਜਿਹੀ ਵੀ ਕਾਰ ਕਰਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਕਰਦਾ ਹੈ। ਹਰ ਕਾਰ ਕਰਵਾਉਂਣ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਨੂੰ ਮਨ ਦੇ ਵਿਚਾਰਾਂ ਦੇ ਮਾਲਕ ਨੂੰ ਸਮਝੇ ਬਿਨਾਂ, ਆਪਣੀ ਸਮਝ ਦੇ ਮਾਲਕ ਨੂੰ ਸਮਝੇ ਬਿਨਾਂ ਕੋਈ ਨਹੀਂ ਸਮਝ ਸਕਦਾ ਤੇ ਇਸ ਗੱਲ ਨੂੰ ਸਮਝੇ ਬਿਨਾਂ ਕੋਈ ਪ੍ਰਮਾਤਮਾ ਨੂੰ ਨਹੀਂ ਸਮਝ ਸਕਦਾ ਕਿ ਉਹ ਕਿਸ ਤਰੀਕੇ ਸਭ ਦੇ ਅੰਦਰ ਆਪ ਹੀ ਵਿਚਰ ਰਿਹਾ ਹੈ। **(ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ ॥ ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ ॥)**

ਮਃ ੨ ॥

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੮)

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥

ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ ੧੩੮-੧੩੯)

{ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥
ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥
ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥}

(ਅੰਗ ੪)

ਜੋ ਪ੍ਰਮਾਤਮਾ ਦੇ ਹੁਕਮ ਵਿੱਚ ਚੱਲਦੇ ਹਨ ਉਹ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝ ਕੇ ਹੀ ਚੱਲਦੇ ਹਨ ਕਿਉਂਕਿ ਜੋ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨ ਦੇ ਵਿਚਾਰ ਮਨੁੱਖ ਦੇ ਵੱਸ ਵਿੱਚ ਨਹੀਂ ਹਨ ਭਾਵ ਜੋ ਕੁਝ ਕਰਵਾ ਰਿਹਾ ਹੈ ਉਹ ਅੰਦਰ ਬੈਠਾ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਕਰਵਾ ਰਿਹਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

45/5904

“ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ ॥ ਸਾਹਿਬ ਕਾ ਫੁਰਮਾਨੁ ਹੋਇ ਉਠੀ ਕਰਲੈ ਪਾਹਿ ॥”

ਜਦ ਤੱਕ ਮਨੁੱਖ ਇਹ ਸਮਝਦਾ ਹੈ ਕਿ ਮੈਂ ਪ੍ਰਮਾਤਮਾ ਨਾਲੋਂ ਵੱਖਰਾ ਹਾਂ, ਮੇਰੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਹੈ ਤਦ ਤੱਕ ਹਰ ਕੋਈ ਇਹੀ ਸਮਝਦਾ ਹੈ ਕਿ ਕਰਮ ਕਰਨ ਵਾਲਾ ਮਨੁੱਖ ਆਪ ਹੈ, ਮਨ ਦੀ ਸਮਝ ਮਨੁੱਖ ਦੀ ਆਪਣੀ ਹੈ। ਜੋ ਪ੍ਰਮਾਤਮਾ ਦੇ ਹੁਕਮ ਨੂੰ, ਆਪਣੇ ਅੰਦਰ ਲਿਖੀ ਹੋਈ ਉਸਦੀ ਚਿੱਠੀ ਨੂੰ ਪੜ ਲੈਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਕਿਸ ਤਰੀਕੇ ਸੰਸਾਰ ਨੂੰ ਚਲਾ ਰਿਹਾ ਹੈ। ਅਸਲ ਵਿੱਚ ਮਨੁੱਖ ਦੇ ਵੱਸ ਕੁਝ ਵੀ ਨਹੀਂ ਹੈ। ਮਨੁੱਖੀ ਸਮਝ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਕੋਲੋਂ ਸਭ ਕੁਝ ਕਰਵਾਉਂਣ ਵਾਲਾ ਉਹ ਆਪ ਹੀ ਹੈ। **(ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ ॥)** ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਉਸ ਪ੍ਰਮਾਤਮਾ ਦੇ ਹੁਕਮ ਤੇ ਚੱਲਣ ਵਾਲੇ ਉਸਦੀ ਚਿੱਠੀ ਨੂੰ ਕਿਸ ਰੂਪ ਵਿੱਚ ਪੜਦੇ ਹਨ, ਪ੍ਰਮਾਤਮਾ ਆਪਣਾ ਫੁਰਮਾਨ ਕਿਸ ਤਰੀਕੇ ਸੁਣਾਉਂਦਾ ਹੈ।

“ਸਾਹਿਬ ਕਾ ਫੁਰਮਾਨੁ ਹੋਇ ਉਠੀ ਕਰਲੈ ਪਾਹਿ ॥”

ਪ੍ਰਮਾਤਮਾ ਆਪਣਾ ਫੁਰਮਾਣ, ਆਪਣਾ ਹੁਕਮ ਮਨ ਦੀ ਚਿੱਠੀ ਰਾਹੀਂ ਹੀ ਸੁਣਾਉਂਦਾ ਹੈ ਤੇ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਦੇ ਹਨ ਉਹੀ ਇਸ ਗੱਲ ਨੂੰ ਸਮਝ ਸਕਦੇ ਹਨ ਕਿ ਸਾਡੇ ਅੰਦਰ ਹੁਕਮ ਕਿਸਦਾ ਚੱਲਦਾ ਹੈ ਤੇ ਕਿਸ ਮਕਸਦ ਲਈ ਚੱਲਦਾ ਹੈ। ਪ੍ਰਮਾਤਮਾ ਜਿਸਨੂੰ ਆਪਣੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਹ ਮਨ ਦੇ ਵਿੱਚ ਆਪਣਾ ਹੁਕਮ ਕਰਨ ਦੁਆਰਾ ਹੀ ਸਮਝਾਉਂਦਾ ਹੈ। ਭਗਤੀ ਦਾ ਮਾਰਗ ਸਾਨੂੰ ਸਾਡੇ ਜੀਵਨ ਦਾ ਮਾਰਗ ਸਮਝਾਉਂਣ ਲਈ ਹੈ। ਉਸਦੇ ਭਗਤ ਉਹੀ ਕੁਝ ਕਰਦੇ ਹਨ, ਉਸੇ ਮਾਰਗ ਤੇ ਚੱਲਦੇ ਹਨ ਜੋ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਸਮਝਾਉਂਦਾ ਹੈ। ਉਹ ਪ੍ਰਮਾਤਮਾ ਦੇ ਹੁਕਮ ਤੋਂ ਅੱਗੇ ਪਿੱਛੇ ਨਹੀਂ ਹੋ ਸਕਦੇ ਭਾਵ ਤੁਰੰਤ ਉਸ ਕੰਮ ਲਈ ਉੱਠ ਜਾਂਦੇ ਹਨ ਜਿਹੋ ਜਿਹੀ ਸਮਝ ਉਨ੍ਹਾਂ ਨੂੰ ਮਨ ਦੇ ਵਿੱਚ ਪ੍ਰਮਾਤਮਾ ਪਾਉਂਦਾ ਹੈ ਭਾਵ ਉਹ ਪ੍ਰਮਾਤਮਾ ਦੇ ਹੁਕਮ ਨੂੰ ਹੱਸ ਕੇ ਕਬੂਲ ਕਰਦੇ ਹਨ, ਆਪਣਾ ਫਰਜ ਸਮਝ ਕੇ ਕਬੂਲ ਕਰਦੇ ਹਨ, ਉਸਦੇ ਸਮਝਾਏ ਹੋਏ ਮਾਰਗ ਅਨੁਸਾਰ ਹੀ ਵਿਚਰਦੇ ਹਨ। **(ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ ॥ ਸਾਹਿਬ ਕਾ ਫੁਰਮਾਨੁ ਹੋਇ ਉਠੀ ਕਰਲੈ ਪਾਹਿ ॥)**

45/5905

{ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥}

(ਅੰਗ ੭)

{ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥}

(ਅੰਗ ੫੧)

"ਕਰਲਾ" ਮਾਰਗ ਨੂੰ ਕਹਿੰਦੇ ਹਨ। ਉਪਰ ਪੰਗਤੀਆਂ ਰਾਹੀਂ ਸਾਨੂੰ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ। ਸੰਸਾਰ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਦਾ ਹੈ ਪਰ ਜਿਸਨੂੰ ਭਗਤੀ ਦਾ ਅਸਲ ਮਾਰਗ ਸਮਝ ਆ ਜਾਂਦਾ ਹੈ ਉਹ ਕਰੋੜਾਂ ਕਰੋੜਾਂ ਵਿੱਚੋਂ ਕੋਈ ਵਿਰਲਾ ਹੀ ਹੁੰਦਾ ਹੈ ਤੇ ਤਾਂ ਹੀ ਉਹ ਪ੍ਰਮਾਤਮਾ ਦਾ ਸੇਵਕ ਬਣਦਾ ਹੈ ਜੋ ਕੇਵਲ ਕਥਨੀ ਨੂੰ ਹੀ ਭਗਤੀ ਨਹੀਂ ਸਮਝਦਾ ਭਾਵ ਭਗਤੀ ਦਾ ਮਾਰਗ ਨਹੀਂ ਸਮਝਦਾ ਬਲਕਿ ਉਹ ਪ੍ਰਮਾਤਮਾ ਦੇ ਹੁਕਮ ਅਨੁਸਾਰ ਵਿਚਰਨ ਵਿੱਚ ਹੀ ਅਸਲ ਭਗਤੀ ਸਮਝਦਾ ਹੈ। ਜਿਹੋ ਜਿਹਾ ਹੁਕਮ ਉਹ ਪ੍ਰਮਾਤਮਾ ਦਾ ਭਗਤ ਆਪਣੇ ਅੰਦਰੋਂ ਸੁਣਦਾ ਹੈ ਭਾਵ ਮਨ ਦੀ ਸਮਝ ਪ੍ਰਾਪਤ ਕਰਦਾ ਹੈ, ਮਨ ਦੀ ਚਿੱਠੀ ਤੇ ਜੋ ਲਿਖਿਆ ਜਾਂਦਾ ਹੈ ਉਸਨੂੰ ਪੜਕੇ ਫਿਰ ਉਹੋ ਜਿਹੇ ਮਾਰਗ ਤੇ ਹੀ ਚੱਲਦਾ ਹੈ ਜੋ ਕਿ ਭਗਤੀ ਦਾ ਅਸਲ ਮਾਰਗ ਹੈ। **(ਸਾਹਿਬ ਕਾ ਫੁਰਮਾਨੁ ਹੋਇ ਉਠੀ ਕਰਲੈ ਪਾਹਿ ॥)**

ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਪੜਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਾਡੇ ਅੰਦਰ ਭਰਮ ਕਿੱਥੋਂ ਆਉਂਦਾ ਹੈ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ, ਆਵਾਗਉਂਣ ਵਿੱਚ ਸਮਝਦੇ ਹਾਂ। ਜਦੋਂ ਮਨੁੱਖ ਮਨ ਦੀ ਇਸ ਅਵਸਥਾ ਵਿੱਚੋਂ ਨਿਕਲ ਜਾਂਦਾ ਹੈ ਫਿਰ ਉਹ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਂਦਾ ਹੈ ਜੋ ਘਰ ਪ੍ਰਮਾਤਮਾ ਦਾ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥"

ਚੀਰੀ ਭਾਵ ਮਨ ਦੀ ਚਿੱਠੀ ਕੀ ਹੈ ਇਸ ਗੱਲ ਨੂੰ ਅਸੀਂ

45/5906

ਉਪਰ ਵਿਸਥਾਰ ਨਾਲ ਸਮਝਿਆ ਹੈ। ਸਾਡੇ ਮਨ ਦੀ ਚਿੱਠੀ ਉੱਤੇ ਪ੍ਰਮਾਤਮਾ ਆਪਣਾ ਹੁਕਮ ਹੀ ਲਿਖਦਾ ਹੈ। ਉਸਦੀ ਹਰ ਲਿਖਤ ਉਸਦਾ ਹੁਕਮ ਹੈ। ਮਨ ਦੀ ਚਿੱਠੀ ਪੜਨ ਦੁਆਰਾ ਹੀ ਭਾਵ ਮਨ ਦੀ ਦਿੱਤੀ ਹੋਈ ਸਮਝ ਦੁਆਰਾ ਹੀ ਅਸੀਂ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ ਜਿਸ ਰੂਪ ਵਿੱਚ ਅਸੀਂ ਆਪਣੇ ਆਪ ਨੂੰ ਸੰਸਾਰ ਵਿੱਚ ਆਉਣਾ ਸਮਝਦੇ ਹਾਂ, ਆਪਣਾ ਜਨਮ ਸਮਝਦੇ ਹਾਂ। ਅਸਲ ਵਿੱਚ ਆਪਣਾ ਜਨਮ ਸਮਝਣਾ ਸਾਡੇ ਮਨ ਦੀ ਖੇਡ ਹੈ ਜਿਸਦੀ ਸਮਝ ਇਸ ਮਨ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ। ਅਸੀਂ ਜੋ ਆਪਣਾ ਮਨੁੱਖੀ ਜਨਮ ਸਮਝਦੇ ਹਾਂ ਉਹ ਸਾਡੇ ਲਈ ਪ੍ਰਮਾਤਮਾ ਦਾ ਹੀ ਹੁਕਮ ਹੈ ਜੋ ਹੁਕਮ ਅਸੀਂ ਮਨ ਦੇ ਵਿੱਚੋਂ ਹੀ ਪੜਦੇ ਹਾਂ ਭਾਵ ਅਸੀਂ ਪ੍ਰਮਾਤਮਾ ਦੇ ਘੱਲੇ ਹੋਏ ਹੀ ਆਪਣੇ ਆਪ ਨੂੰ ਸੰਸਾਰ ਵਿੱਚ ਆਉਣਾ ਸਮਝਦੇ ਹਾਂ ਤੇ ਜਦੋਂ ਪ੍ਰਮਾਤਮਾ ਸਾਨੂੰ ਆਪਣੇ ਹੁਕਮ ਅਨੁਸਾਰ ਭਾਵ ਮਨ ਦੀ ਲਿਖਤ ਅਨੁਸਾਰ ਇਹ ਸਮਝ ਪਾ ਦਿੰਦਾ ਹੈ ਕਿ ਮਨੁੱਖੀ ਰੂਪ ਵਿੱਚ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ ਇਹ ਸਾਡਾ ਇਸ ਸੰਸਾਰ ਤੋਂ ਉੱਠਣਾ ਹੈ ਜਿਸ ਦੁਆਰਾ ਫਿਰ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਦੇ ਘਰ ਵਿੱਚ ਸਮਝਦੇ ਹਾਂ। ਸਾਡੇ ਸਭ ਦਾ ਘਰ ਸਾਡਾ ਮਨ ਹੀ ਹੈ ਭਾਵ ਸਾਡੇ ਮਨ ਦੀ ਸਮਝ ਹੀ ਹੈ ਜਿਵੇਂ ਕਿ ਅਸੀਂ ਹੋਰ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਦ ਤੱਕ ਅਸੀਂ ਮਨ ਦੀ ਅਗਿਆਨਤਾ ਵਿੱਚ ਹਾਂ ਤਦ ਤੱਕ ਅਸੀਂ ਅਗਿਆਨਤਾ ਦੇ ਘਰ ਵਿੱਚ ਹਾਂ ਭਾਵ ਹਉਮੈ ਦੇ ਘਰ ਵਿੱਚ ਹਾਂ, ਮਾਇਆ ਦੇ ਘਰ ਵਿੱਚ ਹਾਂ, ਤ੍ਰੈ ਗੁਣਾਂ ਦੇ ਘਰ ਵਿੱਚ ਹਾਂ ਭਾਵ ਮਨਮਤਿ ਦੇ ਘਰ ਵਿੱਚ ਹਾਂ ਜਿਸ ਘਰ ਵਿੱਚ ਰਹਿੰਦਿਆਂ ਸਾਨੂੰ ਨਾ ਆਪਣੇ ਆਪ ਦੀ ਸਮਝ ਪੈਂਦੀ ਹੈ ਤੇ ਨਾ ਹੀ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਜੋ ਕਿ ਸਾਡੇ ਅੰਦਰ ਹੀ ਹੈ ਤੇ ਨਾ ਹੀ ਸਾਨੂੰ ਭਗਤੀ ਦੇ ਅਸਲ ਮਾਰਗ ਦੀ ਸਮਝ ਪੈਂਦੀ ਹੈ। ਅਗਿਆਨਤਾ ਵਾਲੇ ਘਰ ਤੋਂ ਦੂਜਾ ਘਰ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, ਨਾਮੁ ਦਾ ਘਰ ਹੈ ਜੋ ਕਿ ਪ੍ਰਮਾਤਮਾ ਦਾ ਘਰ ਹੈ। ਪ੍ਰਮਾਤਮਾ ਦਾ ਘਰ ਵੀ ਸਾਡਾ ਮਨ ਹੈ। ਮਨ ਦੇ ਦੋਨਾਂ ਘਰਾਂ ਵਿੱਚ ਸਾਡਾ ਘਰ ਸਾਡੇ ਮਨ ਦੀ ਸਮਝ ਹੀ ਹੈ। ਜਦੋਂ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਸਾਡੇ ਮਨ ਦੀ ਸਮਝ ਨੂੰ ਬਦਲ ਦਿੰਦਾ ਹੈ, ਸਾਡੀ ਪੁੱਠੀ ਮਤਿ ਨੂੰ ਸਿੱਧੀ ਮਤਿ ਵਿੱਚ ਬਦਲ ਦਿੰਦਾ ਹੈ, ਮਨ ਦੇ ਪੁੱਠੇ ਕਮਲ ਨੂੰ ਸਿੱਧੇ ਕਮਲ ਵਿੱਚ ਬਦਲ ਦਿੰਦਾ ਹੈ ਫਿਰ ਮਨ ਦੀ ਸਮਝ ਰਾਹੀਂ ਹੀ ਅਸੀਂ ਅਗਿਆਨਤਾ ਦੇ ਘਰ ਵਿੱਚੋਂ ਨਿਕਲ ਕੇ ਸੱਚੇ ਗਿਆਨ ਦੇ ਘਰ ਵਿੱਚ ਪਹੁੰਚ ਜਾਂਦੇ ਹਾਂ। ਪੂਰੀ ਗੁਰਬਾਣੀ

ਪ੍ਰਮਾਤਮਾ ਦੇ ਸੱਚੇ ਘਰ ਵਿੱਚੋਂ ਹੀ ਆਈ ਹੈ, ਬ੍ਰਹਮ ਰੂਪ ਘਰ ਵਿੱਚੋਂ ਹੀ ਆਈ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ, ਪ੍ਰਮਾਤਮਾ ਦਾ ਅਸਥਾਨ ਹੈ ਜਿਸ ਅਸਥਾਨ ਤੇ ਪ੍ਰਮਾਤਮਾ ਦਾ ਹੁਕਮ ਲਿਖਿਆ ਹੋਇਆ ਹੈ। ਜਿਨ੍ਹਾਂ ਨੇ ਮਨ

45/5907

ਦੇ ਵਿੱਚੋਂ ਪ੍ਰਮਾਤਮਾ ਦੇ ਘਰ ਨੂੰ ਪਾਇਆ ਹੈ ਉਨ੍ਹਾਂ ਨੇ ਹੀ ਜੋ ਹੁਕਮ ਸ਼ਬਦਾਂ ਦੀ ਵਿਚਾਰ ਰਾਹੀਂ ਅਕਾਲ ਪੁਰਖ ਨੇ ਉਨ੍ਹਾਂ ਨੂੰ ਸਮਝਾਇਆ ਹੈ ਉਹੀ ਹੁਕਮ ਉਨ੍ਹਾਂ ਨੇ ਆਪ ਆਪਣੇ ਜੀਵਨ ਵਿੱਚ ਕਮਾਇਆ ਹੈ ਭਾਵ ਉਸਤੇ ਅਮਲ ਕੀਤਾ ਹੈ ਤੇ ਉਹੀ ਕੁਝ ਸਾਰੇ ਸੰਸਾਰ ਨੂੰ ਪ੍ਰਮਾਤਮਾ ਦਾ ਹੁਕਮ ਮੰਨਣ ਲਈ ਸਮਝਾਇਆ ਹੈ। **(ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥)**

ਸਾਨੂੰ ਬਾਰ-ਬਾਰ ਬਾਣੀ ਰਾਹੀਂ ਇਹ ਸਮਝਾਇਆ ਹੈ ਕਿ ਅਸਲ ਵਿੱਚ ਜੰਮਦਾ ਮਰਦਾ ਕੋਈ ਨਹੀਂ ਕਿਉਂਕਿ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ। ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਦ੍ਰਿੜ ਕੀਤਾ ਜਾ ਸਕਦਾ ਹੈ।

ਗਉੜੀ ਮਹਲਾ ੧ ॥

{ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥ ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥ ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥ ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ ੧੫੨)

ਰਾਮਕਲੀ ਮਹਲਾ ੫ ॥

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥}

(ਅੰਗ ੮੮੫)

{ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥}

(ਅੰਗ ੬੯੫)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥}

(ਅੰਗ ੯੯੯)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ ਜਾਈ ॥
ਮਨੁ ਟਿਕਣੁ ਨ ਪਾਵੈ ਰਾਈ ॥ ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ ੧੦੦੩-੧੦੦੪)

45/5908

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ ੭੫੨)

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥}

(ਅੰਗ ੧੩੯)

{ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥
ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥
ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥
ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥}

(ਅੰਗ ੩੬)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ ੧੩)

ਗਉੜੀ ਮਹਲਾ ੧ ॥

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥
ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥
ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥ ਸਾਝ ਬਿਹਾਗ ਤਕਹਿ ਆਗਾਸੁ ॥
ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥ ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥ ਸਾਧੁ ਮਿਲੈ ਪੂਰਬ ਸੰਜੋਗ ॥
ਸਚਿ ਰਹਸੇ ਪੂਰੇ ਹਰਿ ਲੋਗ ॥ ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬॥}

(ਅੰਗ ੧੫੨-੧੫੩)

ਸਾਡਾ ਜਨਮ ਮਰਨ ਕੀ ਹੈ, ਮਨੁੱਖ ਕਿੱਥੋਂ ਆਉਂਦਾ ਹੈ ਤੇ ਕਿੱਥੇ ਜਾਂਦਾ ਹੈ ਇਸੇ ਗੱਲ ਨੂੰ ਹੀ ਅਸੀਂ ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਸਾਰੀ ਬਾਣੀ ਵਿੱਚ ਸਾਡਾ ਇਹੋ ਜਿਹਾ ਜਨਮ ਮਰਨ ਹੀ ਸਮਝਾਇਆ ਹੋਇਆ ਹੈ। ਮਨੁੱਖ ਦਾ ਅਸਲ ਜਨਮ ਉਹ ਹੈ ਜਦੋਂ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖੀ ਰੂਪ ਨੂੰ ਜਨਮ ਮਰਨ ਸਮਝਣਾ ਸਾਡੇ ਮਨ ਦਾ ਭਰਮ ਹੈ, ਸਾਡੇ ਅੰਦਰ ਦੀ ਮਾਇਆ ਹੈ। ਮਨ ਦੀ ਮਾਇਆ ਵਿੱਚੋਂ ਨਿਕਲਕੇ ਹੀ ਮਨੁੱਖ ਦਾ ਅਸਲ ਜਨਮ ਹੁੰਦਾ ਹੈ ਜੋ ਕਿ ਸੱਚ ਦੇ ਘਰ ਵਿੱਚ ਹੁੰਦਾ ਹੈ, ਨਾਮ ਦੇ ਘਰ ਵਿੱਚ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚ ਹੁੰਦਾ ਹੈ। ਸਾਡੇ ਅੰਦਰ ਦੀ ਜਦੋਂ ਹਉਮੈ ਮਰਦੀ ਹੈ ਫਿਰ ਤਾਂ ਹੀ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਜੰਮਦੇ ਹਾਂ ਤੇ ਸਾਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ। ਜਿਸਦੇ ਘਰ ਵਿੱਚ ਕੋਈ ਜੰਮਦਾ ਹੈ ਦੁਨਿਆਵੀ ਤੌਰ ਤੇ ਉਸਨੂੰ ਉਸੇ ਦੀ ਔਲਾਦ ਹੀ ਕਿਹਾ ਜਾਂਦਾ ਹੈ। ਪ੍ਰਮਾਤਮਾ ਦੇ

45/5909

ਘਰ ਵਿੱਚ ਜੰਮਣ ਨਾਲ ਫਿਰ ਮਨੁੱਖ ਪ੍ਰਮਾਤਮਾ ਦੀ ਔਲਾਦ ਹੀ ਅਖਵਾਉਂਦਾ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਬ੍ਰਹਮ ਗਿਆਨ ਜਿਸਨੂੰ ਜਨਮ ਦਿੰਦਾ ਹੈ ਉਹ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਦਿੰਦਾ ਹੈ ਜੋ ਗਿਆਨ ਸਾਡੇ ਅੰਦਰ ਸਾਡੀ ਮਤਿ ਨੂੰ ਮਿਲਦਾ ਹੈ, ਸਾਡੀ ਸਮਝ ਨੂੰ ਮਿਲਦਾ ਹੈ। ਸਾਡੇ ਅੰਦਰ ਸਾਡੀ ਸਮਝ ਹੀ ਭਾਵ ਬ੍ਰਹਮ ਗਿਆਨ ਵਾਲੀ ਸਮਝ ਹੀ ਪ੍ਰਮਾਤਮਾ ਦੇ ਘਰ ਵਿੱਚ ਜਨਮ ਲੈਂਦੀ ਹੈ ਜਿਸਨੂੰ ਜੰਮਣ ਵਾਲਾ ਆਪ ਬ੍ਰਹਮ ਗਿਆਨੀ ਹੈ ਭਾਵ ਪ੍ਰਮਾਤਮਾ ਹੈ ਜੋ ਨਿਰੰਕਾਰ ਰੂਪ ਵਿੱਚ ਹੈ ਜਿਸਦਾ ਕੋਈ ਆਕਾਰ ਨਹੀਂ ਹੈ। ਮਨੁੱਖ ਦਾ ਅਸਲ ਜਨਮ ਮਨ ਦੇ ਵਿੱਚ ਨਿਰੰਕਾਰ ਰੂਪ ਵਿੱਚ ਹੀ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਇਸ ਆਕਾਰ ਰੂਪ ਸਰੀਰ ਦਾ ਮਾਲਕ ਆਪ ਬ੍ਰਹਮ ਗਿਆਨੀ ਪ੍ਰਮਾਤਮਾ ਹੀ ਹੈ ਜੋ ਹਰ ਆਕਾਰ ਰੂਪ ਨੂੰ ਬਣਾ ਕੇ ਆਪ ਹੀ ਉਸਨੂੰ ਚਲਾ ਰਿਹਾ ਹੈ, ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। ਸਭ ਕੁਝ ਆਪ ਪ੍ਰਮਾਤਮਾ ਹੀ ਹੈ ਤੇ ਇਸ ਗੱਲ ਦੀ ਸਮਝ ਮਨ ਦੇ ਵਿੱਚੋਂ ਉਸ ਪ੍ਰਮਾਤਮਾ ਦੇ ਹੁਕਮ ਨੂੰ, ਉਸਦੇ ਬ੍ਰਹਮ ਗਿਆਨ ਰੂਪ ਹੁਕਮ ਨੂੰ ਪੜਨ ਦੁਆਰਾ ਹੀ ਪੈਂਦੀ ਹੈ ਤੇ ਉਸਦੇ ਹੁਕਮ ਨੂੰ ਜਾਣੇ ਬਿਨਾਂ ਹਰ ਕੋਈ ਆਪਣੇ ਆਪ ਨੂੰ ਮਨੁੱਖੀ ਰੂਪ ਹੀ ਸਮਝਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ। ਅਸੀਂ ਇਸੇ ਗੱਲ ਨੂੰ ਹੀ ਮੁੱਖ ਸ਼ਬਦ ਦੁਆਰਾ ਸਮਝਿਆ ਹੈ, ਮਨ ਦੇ ਆਵਾਗਉਂਣ ਨੂੰ ਸਮਝਿਆ ਹੈ ਤੇ ਅਸਲ ਵਿੱਚ ਪੂਰੇ ਸ਼ਬਦ ਰਾਹੀਂ ਸਾਨੂੰ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਸ ਮਾਰਗ ਤੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ। **(ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥ ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥ ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ ॥ ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ ॥ ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ ॥ ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ ॥ ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥)**

ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਉਹੀ ਪ੍ਰਮਾਤਮਾ ਨੂੰ ਜਾਣਦਾ ਹੈ ਤੇ ਉਸਨੂੰ ਹੀ ਪ੍ਰਮਾਤਮਾ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਤੇ ਉਹੀ ਉਸ ਭਗਤੀ ਦੀ ਸੰਭਾਲ ਕਰਦਾ ਹੈ ਭਾਵ ਉਸ ਅਨੁਸਾਰ ਉਹ ਆਪ ਹੀ ਚੱਲਦਾ ਹੈ। ਜੋ ਉਨ੍ਹਾਂ ਦੀ ਸਮਝਾਈ ਹੋਈ ਭਗਤੀ ਅਨੁਸਾਰ ਵਿਚਰਦਾ ਹੈ ਉਹੀ ਪ੍ਰਮਾਤਮਾ ਨੂੰ ਪਾ ਸਕਦਾ ਹੈ। ਇਹੀ ਗੱਲ ਸਾਨੂੰ ਅਗਲੇ ਸਲੋਕ ਰਾਹੀਂ ਸਮਝਾਈ ਹੋਈ ਹੈ ਭਾਵ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਸਲੋਕ ਰਾਹੀਂ ਸਮਝਿਆ ਹੈ।

45/5910

ਮਹਲਾ ੨ ॥

"ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥੨॥"

ਉਪਰ ਸਲੋਕ ਰਾਹੀਂ ਉਨ੍ਹਾਂ ਦੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ, ਜਿਨ੍ਹਾਂ ਨੂੰ ਪ੍ਰਮਾਤਮਾ

ਨੇ ਆਪਣੀ ਸੱਚੀ ਸਿਫਤਿ ਕਰਨ ਦਾ ਭਾਵ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਹੀ ਉਸਦੀ ਭਗਤੀ ਦਾ ਖਜਾਨਾ ਹੈ। ਪੂਰੀ ਗੁਰਬਾਣੀ ਵਿੱਚ ਭਗਤੀ ਦਾ ਖਜਾਨਾ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜਿਨ੍ਹਾਂ ਨੇ ਇਸ ਖਜਾਨੇ ਦੀ ਪ੍ਰਾਪਤੀ ਕੀਤੀ ਹੈ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਇਸਦੀ ਸੰਭਾਲ ਵੀ ਕੀਤੀ ਹੈ ਭਾਵ ਆਪ ਸੱਚੀ ਭਗਤੀ ਦੇ ਮਾਰਗ ਤੇ ਚੱਲ ਕੇ ਦਿਖਾਇਆ ਹੈ। ਸੱਚੀ ਭਗਤੀ ਦੀ ਸੰਭਾਲ ਉਹੀ ਕਰ ਸਕਦਾ ਹੈ, ਸੱਚੇ ਖਜਾਨੇ ਦੀ ਸੰਭਾਲ ਉਹੀ ਕਰ ਸਕਦਾ ਹੈ ਜਿਸਨੂੰ ਭਗਤੀ ਦੀ ਸਮਝ ਪ੍ਰਮਾਤਮਾ ਆਪ ਬਖਸ਼ਦਾ ਹੈ ਕਿਉਂਕਿ ਉਸਦੇ ਆਪਣੇ ਸਮਝਾਏ ਬਿਨਾਂ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਕੋਈ ਆਪਣੇ ਆਪ ਨਹੀਂ ਸਮਝ ਸਕਦਾ ਕਿਉਂਕਿ ਹਰ ਕਿਸੇ ਨੂੰ ਪ੍ਰਮਾਤਮਾ ਨੇ ਮਾਇਆ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਮਨ ਦੀ ਮਾਇਆ ਸਾਨੂੰ ਭਗਤੀ ਨੂੰ ਸਮਝਣ ਵਿੱਚ ਭਰਮਾਂ ਵਿੱਚ ਪਾ ਕੇ ਹੀ ਰੱਖਦੀ ਹੈ ਤੇ ਸਾਨੂੰ ਉਸ ਸੱਚੇ ਗਿਆਨ ਦੇ ਖਜਾਨੇ ਨਾਲ ਨਹੀਂ ਜੁੜਨ ਦਿੰਦੀ ਜੋ ਖਜਾਨਾ ਸਾਡੇ ਅੰਦਰ ਹੀ ਹੈ। ਸਾਡੇ ਅੰਦਰ ਇਸ ਖਜਾਨੇ ਦੇ ਉੱਤੇ ਪ੍ਰਮਾਤਮਾ ਨੇ ਆਪ ਹੀ ਤਾਲਾ ਲਗਾਇਆ ਹੋਇਆ ਹੈ, ਅਗਿਆਨਤਾ ਰੂਪ ਤਾਲਾ ਲਾਇਆ ਹੋਇਆ ਹੈ, ਹਉਮੈ ਰੂਪ, ਤ੍ਰੈ ਗੁਣਾਂ ਰੂਪ ਸਮਝ ਦਾ ਤਾਲਾ ਲਾਇਆ ਹੋਇਆ ਹੈ ਜਿਸ ਤਾਲੇ ਨੂੰ ਅਸੀਂ ਆਪਣੇ ਆਪ ਨਹੀਂ ਖੋਲ ਸਕਦੇ। ਜਿਸਨੇ ਸਾਡੇ ਅੰਦਰ ਇਹ ਤਾਲਾ ਲਗਾਇਆ ਹੋਇਆ ਹੈ ਇਸ ਤਾਲੇ ਨੂੰ ਖੋਲਣ ਦੀ ਕੁੰਜੀ ਵੀ ਉਸਦੇ ਕੋਲ ਹੀ ਹੈ। ਗੁਰੂ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ ਜਿਸਨੂੰ ਸੱਚੇ ਗਿਆਨ ਦਾ ਖਜਾਨਾ ਮਿਲਦਾ ਹੈ, ਸੱਚੇ ਗਿਆਨ ਦਾ ਭੰਡਾਰ ਮਿਲਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦਾ ਹੈ। ਜਿਸਨੂੰ ਪ੍ਰਮਾਤਮਾ ਇਹ ਭੰਡਾਰ ਸੌਂਪਦਾ ਹੈ ਇਸ ਭੰਡਾਰ ਨੂੰ ਖੋਲਣ ਦੀ ਕੁੰਜੀ ਵੀ ਉਸੇ ਨੂੰ ਹੀ ਮਿਲਦੀ ਹੈ। ਇਹ ਖਜਾਨਾ ਸੱਚੇ ਗਿਆਨ ਦਾ ਖਜਾਨਾ ਹੈ ਤੇ ਇਸਨੂੰ ਖੋਲਣ ਦੀ ਕੁੰਜੀ ਵੀ ਗੁਰੂ ਦਾ ਸੱਚਾ ਗਿਆਨ ਹੀ ਹੈ ਭਾਵ ਜਿਸਦਾ ਇਹ ਗਿਆਨ ਹੈ ਉਸੇ ਦੀ

ਮਰਜੀ ਨਾਲ ਹੀ ਇਹ ਖਜਾਨਾ ਖੁੱਲਦਾ ਹੈ। ਇਸ ਗਿਆਨ ਦੇ ਖਜਾਨੇ ਰਾਹੀਂ ਪ੍ਰਮਾਤਮਾ ਨੇ ਆਪਣੀ ਮਰਜੀ ਵੀ ਸਮਝਾਈ ਹੋਈ ਹੈ ਕਿ ਇਹ ਖਜਾਨਾ ਕਿਵੇਂ ਖੁੱਲੇਗਾ। ਤਾਲਾ ਮਨਮਤਿ ਦੇ ਰੂਪ ਵਿੱਚ ਹੈ ਭਾਵ ਹਉਮੈ ਦੇ ਰੂਪ ਵਿੱਚ ਹੈ ਤੇ ਇਸਦੀ ਕੁੰਜੀ ਗੁਰਮਤਿ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਗੁਰਮਤਿ ਹੀ ਸਮਝਾਈ ਹੋਈ ਹੈ, ਨਾਮ ਹੀ ਸਮਝਾਇਆ ਹੋਇਆ ਹੈ ਜੋ ਕਿ ਆਪਣੇ ਅੰਦਰ ਦੇ ਅਗਿਆਨਤਾ ਰੂਪ ਤਾਲੇ ਨੂੰ ਖੋਲਣ ਦੀ ਕੁੰਜੀ ਹੈ। ਅਗਿਆਨਤਾ ਦਾ ਤਾਲਾ ਸੱਚੇ ਗਿਆਨ ਨਾਲ ਹੀ ਖੁੱਲਦਾ ਹੈ। ਜਿਸਨੇ ਸਾਡੇ ਅੰਦਰ ਅਗਿਆਨਤਾ ਪਾਈ ਹੋਈ ਹੈ ਉਹ ਆਪ ਹੀ ਸੱਚੇ ਗਿਆਨ ਦਾ ਮਾਲਕ ਹੈ ਭਾਵ ਕੁੰਜੀ ਵੀ ਉਸਦੇ ਹੱਥ ਵਿੱਚ ਹੀ ਹੈ। ਸਾਡੇ ਅੰਦਰ ਤਾਲਾ ਸਾਡੀ ਸਮਝ ਦੇ ਰੂਪ ਵਿੱਚ ਹੈ ਤੇ ਇਸਨੂੰ ਖੋਲਣ ਦੀ ਕੁੰਜੀ ਵੀ ਸਾਡੀ ਸਮਝ ਹੀ ਹੈ। ਜਦੋਂ ਅਸੀਂ ਗੁਰੂ ਦੀ ਮਤਿ ਨੂੰ ਮੰਨਾਂਗੇ ਇਹ ਸਾਡੇ ਅੰਦਰੋਂ ਭਰਮ ਰੂਪ ਤਾਲੇ ਨੂੰ ਖੋਲੇਗੀ ਭਾਵ ਅਸੀਂ ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਨਾਲ ਜੁੜਾਂਗੇ, ਗੁਰੂ ਦੇ ਭੰਡਾਰ ਨਾਲ ਜੁੜਾਂਗੇ ਜੋ ਕਿ ਸਾਡਾ ਸੱਚਾ ਉੱਦਮ ਹੈ। ਗੁਰੂ ਦਾ ਭੰਡਾਰ ਸਾਨੂੰ ਸੱਚੀ ਮਤਿ ਹੀ ਦਿੰਦਾ ਹੈ ਤੇ ਜਿਉਂ ਜਿਉਂ ਅਸੀਂ ਸੱਚੀ ਮਤਿ ਨੂੰ ਅਪਨਾਈ ਜਾਵਾਂਗੇ ਤਿਉਂ ਤਿਉਂ ਅਸੀਂ ਭਗਤੀ ਦੇ ਮਾਰਗ ਨੂੰ ਸਮਝਾਂਗੇ ਤੇ ਉਸ ਅਨੁਸਾਰ ਵਿਚਰਾਂਗੇ ਜੋ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੈ, ਉਸਦੇ ਖਜਾਨੇ ਵਿੱਚ ਰੱਲਣ ਦਾ ਤਰੀਕਾ ਹੈ। **(ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥)**

ਪ੍ਰਮਾਤਮਾ ਦਾ ਇਹ ਭੰਡਾਰ, ਸੱਚੀ ਭਗਤੀ ਦੀ ਸੋਝੀ ਰੂਪ ਭੰਡਾਰ ਸਾਡੇ ਅੰਦਰ ਹੀ ਹੈ ਪਰ ਜਦ ਤੱਕ ਇਹ ਭੰਡਾਰ ਖੁੱਲਦਾ ਨਹੀਂ ਹੈ ਭਾਵ ਭੰਡਾਰ ਨੂੰ ਖੋਲਣ ਦੀ ਕੁੰਜੀ ਜਦ ਤੱਕ ਗੁਰੂ ਪ੍ਰਮਾਤਮਾ ਕਿਸੇ ਨੂੰ ਦਿੰਦਾ ਨਹੀਂ ਹੈ ਤਦ ਤੱਕ ਇਹ ਭੰਡਾਰ ਨਹੀਂ ਖੁੱਲਦਾ, ਮਨ ਦੇ ਵਿੱਚ ਅਗਿਆਨਤਾ ਦੇ ਰਹਿੰਦੇ ਹੋਏ ਨਹੀਂ ਖੁੱਲਦਾ। ਇਸ ਗੱਲ ਨੂੰ ਹੇਠ ਲਿਖੇ ਸ਼ਬਦ ਨੂੰ ਵਿਚਾਰਨ ਦੁਆਰਾ ਸਮਝਿਆ ਜਾ ਸਕਦਾ ਹੈ।

ਮਾਝ ਮਹਲਾ ੩ ॥

{"ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥ ਨਉ ਦਰ ਠਾਕੇ ਧਾਵਤੁ ਰਹਾਏ ॥
ਦਸਵੈ ਨਿਜ ਘਰਿ ਵਾਸਾ ਪਾਏ ॥ ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥"}

(ਅੰਗ ੧੨੪)

ਉਪਰਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਵਿਚਾਰਿਆ ਹੋਇਆ ਹੈ ਸਾਡੇ ਅੰਦਰ ਇਹ ਭੰਡਾਰ ਨਾਮ ਦਾ ਖਜਾਨਾ ਹੈ, ਗਿਆਨ

ਰੂਪ ਖਜਾਨਾ ਹੈ ਜਿਸ ਖਜਾਨੇ ਦਾ ਤਾਲਾ ਮਨ ਦੀ ਹਉਮੈ ਮਰਨ ਦੁਆਰਾ ਖੁੱਲਦਾ ਹੈ ਭਾਵ ਸਾਡੇ ਅੰਦਰ ਤਾਲਾ ਹਉਮੈ ਦੇ ਰੂਪ ਵਿੱਚ ਹੀ ਹੈ। ਇਸ ਹਉਮੈ ਰੂਪ ਤਾਲੇ ਨੂੰ ਖੋਲਣ ਦੀ ਕੁੰਜੀ ਗੁਰੂ ਦਾ ਸੱਚਾ ਗਿਆਨ ਹੈ ਤੇ ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਸੱਚਾ ਗਿਆਨ ਦਿੰਦਾ ਹੈ, ਸ਼ਬਦ ਦਾ ਗਿਆਨ ਦਿੰਦਾ ਹੈ ਉਸਦੇ ਅੰਦਰੋਂ ਅਗਿਆਨਤਾ ਦਾ ਤਾਲਾ ਖੁੱਲਦਾ ਹੈ, ਹਉਮੈ ਰੂਪ ਤਾਲਾ ਖੁੱਲਦਾ ਹੈ। ਇਸ ਭੰਡਾਰ ਦੇ ਵਿੱਚੋਂ ਸ਼ਬਦਾਂ ਦੀ ਸੱਚੀ ਵਿਚਾਰ ਹੀ ਮਿਲਦੀ ਹੈ ਭਾਵ ਨਾਮ ਹੀ ਮਿਲਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮਿਲਾਉਂਦਾ ਹੈ ਉਸਨੂੰ ਮਨ ਦੀ ਅਗਿਆਨਤਾ ਰੂਪ ਤਾਲਾ ਖੋਲਕੇ ਹੀ ਮਿਲਾਉਂਦਾ ਹੈ। **(ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥ ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥ ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥ ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥ ਬਿਨੁ ਸਬਦੈ ਨਾਮੁ**

ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥ ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥) (ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥)

ਸਾਡੇ ਅੰਦਰ ਤਾਲਾ ਭਰਮ ਮੋਹ ਦੇ ਰੂਪ ਵਿੱਚ ਹੈ, ਮਾਇਆ ਦੇ ਰੂਪ ਵਿੱਚ ਹੈ ਤੇ ਮਾਇਆ ਮੋਹ ਤੋਂ ਰਹਿਤ, ਹਰ ਭਰਮ ਤੋਂ ਰਹਿਤ ਕੇਵਲ ਗੁਰੂ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਸੇ ਲਈ ਇਸ ਤਾਲੇ ਨੂੰ ਖੋਲਣ ਦੀ ਕੁੰਜੀ ਕੇਵਲ ਗੁਰੂ ਦੇ ਕੋਲ ਹੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਸਾਡੇ ਅੰਦਰ ਦੇ ਮਾਇਆ ਰੂਪ ਤਾਲੇ ਨੂੰ ਖੋਲ ਸਕਦਾ ਹੈ ਜਿਸ ਦੇ ਖੁੱਲੇ ਬਿਨਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਭਾਵ ਉਸ ਵਸਤੂ ਦੀ ਪ੍ਰਾਪਤੀ ਨਹੀਂ ਕਰ ਸਕਦੇ ਜਿਸਦੀ ਪ੍ਰਾਪਤੀ ਸਾਡੇ ਜੀਵਨ ਦਾ ਮਕਸਦ ਹੈ। ਸਾਡੇ ਅੰਦਰ ਮਾਇਆ ਰੂਪ ਬੰਧਨ ਹੀ ਸਾਡੇ ਅੰਦਰ ਦਾ ਤਾਲਾ ਹੈ। ਸਾਡੇ ਅੰਦਰੋਂ ਭਰਮ ਰੂਪ ਬੰਧਨ ਦਾ ਟੁੱਟਣਾ ਜਾਂ ਸਾਡੇ ਅੰਦਰ ਦਾ ਤਾਲਾ ਖੁੱਲਣਾ ਇੱਕੋ ਹੀ ਗੱਲ ਹੈ ਭਾਵ ਸਾਰੀ ਗੱਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੈ ਜਿਸ ਵਿੱਚੋਂ ਸਾਨੂੰ ਗੁਰੂ ਦੇ ਸ਼ਬਦਾਂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਸ਼ਬਦ ਦੇ ਪੂਰੇ ਅਰਥ ਅਸੀਂ ਪਿੱਛੇ ਪਹਿਲੇ ਹੀ ਜਾਣ ਚੁਕੇ ਹਾਂ। ਇਸ ਸ਼ਬਦ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਨੂੰ ਕਿਸ ਤਰੀਕੇ ਮਿਲਦਾ ਹੈ ਤੇ ਕਿਸ ਜਗ੍ਹਾ ਤੇ ਮਿਲਦਾ ਹੈ।

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

45/5913

ਸਾਡੇ ਅੰਦਰ ਜਿਸ ਜਗ੍ਹਾ ਤੇ ਤਾਲਾ ਹੈ ਉਸੇ ਜਗ੍ਹਾ ਤੇ ਹੀ ਕੁੰਜੀ ਹੈ ਭਾਵ ਸਾਡੇ ਮਨ ਦੀ ਸਮਝ ਹੀ ਤਾਲਾ ਹੈ ਤੇ ਸਾਡੇ ਮਨ ਦੀ ਸਮਝ ਹੀ ਇਸ ਤਾਲੇ ਨੂੰ ਖੋਲਣ ਦੀ ਕੁੰਜੀ ਹੈ। ਅਗਿਆਨਤਾ ਵੀ ਸਾਡੇ ਮਨ ਦੀ ਮਾੜੀ ਸਮਝ ਹੈ ਤੇ ਸੱਚਾ ਗਿਆਨ ਸਾਡੇ ਮਨ ਦੀ ਹੀ ਸੱਚੀ ਸਮਝ ਹੈ। ਸਾਡੇ ਅੰਦਰੋਂ ਇਹ ਤਾਲਾ ਸੱਚੀ ਸਮਝ ਦੇ ਨਾਲ ਹੀ ਖੁੱਲਣਾ ਹੈ ਤੇ ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੈ। ਅਸੀਂ ਗੁਰੂ ਦੀ ਸੱਚੀ ਸਮਝ ਨੂੰ ਲੈ ਕੇ ਆਪਣੇ ਆਪ ਨੂੰ ਸੁਚੇਤ ਹੀ ਕਰਨਾ ਹੈ ਭਾਵ ਸੱਚੀ ਸਮਝ ਵਾਲਾ ਬਣਨਾ ਹੈ। ਜਦ ਤੱਕ ਸਾਡੀ ਸਮਝ ਮਾੜੀ ਹੈ ਤਦ ਤੱਕ ਸਾਡੀ ਸਮਝ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨਾਲ ਜੁੜੀ ਰਹਿੰਦੀ ਹੈ ਤੇ ਸਾਡੇ ਮਨ ਦੇ ਇਹ

ਮਾੜੇ ਵਿਚਾਰ ਹੀ ਸਾਡੇ ਅੰਦਰ ਮਾਇਆ ਮੋਹ ਰੂਪ ਤਾਲਾ ਹੈ। ਜਦ ਤੱਕ ਅਸੀਂ ਇਸ ਮਤਿ ਨਾਲ ਜੁੜੇ ਰਹਿੰਦੇ ਹਾਂ ਤਦ ਤੱਕ ਅਸੀਂ ਮਾਇਆ ਮੋਹ ਦੀ ਸਮਝ ਦੁਆਰਾ ਸੁੱਤੇ ਰਹਿੰਦੇ ਹਾਂ ਤੇ ਸਾਡੇ ਮਾੜੇ ਵਿਚਾਰ ਸਾਡੇ ਮਨ ਰੂਪ ਘਰ ਨੂੰ ਲੁੱਟਦੇ ਰਹਿੰਦੇ ਹਨ, ਸਾਡੇ ਅੰਦਰੋਂ ਅੰਮ੍ਰਿਤ ਲੁੱਟਦੇ ਰਹਿੰਦੇ ਹਨ ਭਾਵ ਸਾਡੇ ਅੰਦਰ ਗੁਰੂ ਦੇ ਸੱਚੇ ਵਿਚਾਰਾਂ ਨੂੰ ਟਿਕਣ ਨਹੀਂ ਦਿੰਦੇ ਕਿਉਂਕਿ ਅਸੀਂ ਇਨ੍ਹਾਂ ਮਾੜੇ ਵਿਚਾਰਾਂ ਦੁਆਰਾ ਹੀ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਦੇ ਹਾਂ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਇਸ ਸ਼ਬਦ ਵਿੱਚ ਕੁੰਜੀ ਤੇ ਜਿੰਦਰਾ ਸਾਡੇ ਪ੍ਰਾਣ ਦੱਸੇ ਹਨ ਕਿਉਂਕਿ ਸਾਡੇ ਮਨ ਦੇ ਵਿਚਾਰ ਹੀ ਸਾਡੇ ਪ੍ਰਾਣ ਹਨ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਸਾਡਾ ਜੀਵਨ ਮਰਨ ਅਸਲ ਵਿੱਚ ਸਾਡੇ ਵਿਚਾਰਾਂ ਨਾਲ ਹੀ ਜੁੜਿਆ ਹੋਇਆ ਹੈ ਜਿਸ ਕਰਕੇ ਸਾਡੇ ਵਿਚਾਰ ਹੀ ਸਾਡੇ ਪ੍ਰਾਣ ਹਨ। ਸਾਡੇ ਮਨ ਦੇ ਮਾੜੇ ਵਿਚਾਰ ਸਾਡੇ ਪ੍ਰਾਣਾਂ ਨੂੰ ਮਾਰਦੇ ਹਨ ਤੇ ਚੰਗੇ ਵਿਚਾਰ ਸਾਨੂੰ ਜੀਵਨ ਦਿੰਦੇ ਹਨ।

ਗਉੜੀ ॥

{ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥
ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥ ਅਬ ਮਨ ਜਾਗਤ ਰਹੁ ਰੇ ਭਾਈ ॥
ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥
ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥
ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥
ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥}

(ਅੰਗ ੩੩੯)

ਉਪਰ ਸ਼ਬਦ ਰਾਹੀਂ ਮੁੱਖ ਤੌਰ ਤੇ ਸਾਨੂੰ ਕੀ ਸਮਝਾਇਆ ਹੋਇਆ ਹੈ ਭਾਵ ਮਨ ਦੇ ਵਿੱਚ ਕੁੰਜੀ ਤਾਲਾ ਕੀ ਹੈ ਇਸ ਗੱਲ ਨੂੰ ਅਸੀਂ ਉਪਰ ਸਮਝਿਆ ਹੈ ਇਹ ਕੁੰਜੀ ਤੇ ਤਾਲਾ ਸਾਡੇ ਦਸਵੇਂ ਦੁਆਰ ਦੇ ਵਿੱਚ ਹੁੰਦੇ ਹਨ ਭਾਵ ਮਨ ਦੇ ਵਿੱਚ ਹੁੰਦੇ ਹਨ। ਮਨ ਦੇ ਵਿੱਚੋਂ ਹੀ ਸਾਨੂੰ ਅਗਿਆਨਤਾ ਮਿਲਦੀ ਹੈ, ਭਰਮ ਉਪਜਦੇ ਹਨ ਤੇ ਮਨ ਦੇ ਵਿੱਚੋਂ ਹੀ ਸੱਚਾ ਗਿਆਨ ਉਪਜਦਾ ਹੈ। ਉਪਰ ਸ਼ਬਦ ਰਾਹੀਂ ਜੋਗੀਆਂ ਆਦਿ ਨੂੰ ਭਰਮ ਵਿੱਚੋਂ ਕੱਢਿਆ ਹੋਇਆ ਹੈ ਜੋ ਪ੍ਰਮਾਤਮਾ

45/5914

ਨੂੰ ਸਰੀਰਕ ਕਿਰਿਆਵਾਂ ਦੁਆਰਾ, ਖਟ ਨੇਮ ਆਦਿ ਦੁਆਰਾ ਪਾਉਣਾ ਚਾਹੁੰਦੇ ਹਨ। ਸਾਡਾ ਸਰੀਰ ਨੌ ਦਰਵਾਜਿਆਂ ਦੇ ਨਾਲ ਜੁੜਿਆ ਹੋਇਆ ਹੈ ਜਿਸ ਸਰੀਰ ਨੂੰ ਅਸੀਂ ਆਪਣਾ ਸਮਝਦੇ ਹਾਂ ਤੇ ਉਸਦੇ ਬਲ ਤੇ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ। ਜੋ ਸਰੀਰਕ ਬਲ ਨਾਲ ਜੁੜਿਆ ਰਹਿੰਦਾ ਹੈ ਉਹ ਠੱਗਿਆ ਜਾਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਨੂੰ ਕੇਵਲ ਦਸਵੇਂ ਦੁਆਰ ਦੇ ਵਿੱਚੋਂ ਪਾਇਆ ਜਾ ਸਕਦਾ ਹੈ ਜਿਸਦੇ ਵਿੱਚੋਂ ਤੱਤ ਦੀ ਪ੍ਰਾਪਤੀ ਹੁੰਦੀ ਹੈ ਜਿਸ ਤੱਤ ਦੀ ਪ੍ਰਾਪਤੀ ਰਾਹੀਂ ਸਾਡੇ ਮਨ ਦਾ ਅਗਿਆਨਤਾ ਰੂਪ ਤਾਲਾ ਖੁੱਲਦਾ ਹੈ। ਇਹ ਤੱਤ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਤੱਤ ਦੇ ਰੂਪ ਵਿੱਚ ਪ੍ਰਮਾਤਮਾ ਆਪ ਸਾਡੇ ਅੰਦਰ ਹੈ, ਦਸਵੇਂ ਦੁਆਰ ਦੇ ਅੰਦਰ ਹੈ। ਉਸਦਾ ਤੱਤ ਰੂਪ ਨਿਰੰਕਾਰ ਰੂਪ ਹੈ ਜਿਸ ਰਾਹੀਂ ਸਾਨੂੰ ਸੱਚ ਦੀ ਸਮਝ ਪੈਂਦੀ ਹੈ, ਆਪਣੇ ਆਪ ਦੀ, ਪ੍ਰਮਾਤਮਾ ਦੀ ਅਸਲੀਅਤ ਦੀ ਸਮਝ ਪੈਂਦੀ ਹੈ। **(ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥ ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥)**

ਤਾਲਾ ਤੇ ਕੁੰਜੀ ਕਿਸ ਰੂਪ ਵਿੱਚ ਹੈ, ਇਹ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੇ ਸਲੋਕ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਹਲਾ ੨ ॥

“ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥”

(ਅੰਗ ੧੨੩੭)

ਬੜੇ ਹੀ ਧਿਆਨ ਨਾਲ ਉਪਰ ਵਾਲੇ ਸ਼ਬਦ ਨੂੰ ਸਮਝੋ ਤਾਂ ਕਿ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਵੇ ਕਿ ਕੁੰਜੀ ਕੀ ਹੈ, ਤਾਲਾ ਕੀ ਹੈ ਤੇ ਉਹ ਤਾਲਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ, ਕਿਸ ਜਗ੍ਹਾ ਤੇ ਹੈ। ਉਪਰ ਪਹਿਲੀ ਪੰਗਤੀ ਰਾਹੀਂ ਗੁਰੂ ਨੂੰ ਹੀ ਕੁੰਜੀ ਕਿਹਾ ਹੈ **(ਗੁਰੁ ਕੁੰਜੀ)**। ਗੁਰੂ ਆਪ ਹੀ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਉਸੇ ਰੂਪ ਵਿੱਚ ਹੀ ਉਹ ਕੁੰਜੀ ਹੈ। ਪ੍ਰਮਾਤਮਾ ਆਪ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਰੂਪ ਵਿੱਚ ਉਹ ਆਪ ਹੀ ਗੁਰੂ ਹੈ, ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਸੱਚੇ ਗਿਆਨ ਦੇ ਰੂਪ ਵਿੱਚ ਹੀ ਗੁਰੂ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਗੁਰੂ ਹੈ। **(ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥)** ਅੰਗ ੪੫੬

45/5915

(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥) ਅੰਗ ੧੨੦ ਜਿਸ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਇਸ ਕੁੰਜੀ ਰੂਪ ਵਿੱਚ ਹੀ ਕਰਦਾ ਹੈ। ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਇਸੇ ਲਈ ਕੁੰਜੀ ਉਸਦੇ ਆਪਣੇ ਹੱਥ ਵਿੱਚ ਹੈ। ਉਹ ਆਪ ਨਿਰੰਕਾਰ ਰੂਪ ਵਿੱਚ ਹੈ ਤੇ ਇਸੇ ਲਈ ਉਸਦੀ ਕੁੰਜੀ ਵੀ ਨਿਰੰਕਾਰ ਰੂਪ ਹੈ। ਸਾਡੇ ਅੰਦਰ ਜੋ **“ਨਿਵਲੁ”** ਹੈ ਭਾਵ ਤਾਲਾ ਹੈ ਉਹ **“ਪਾਹੂ”** ਹੈ ਭਾਵ ਮਾਇਆ ਮੋਹ ਦਾ ਪਾਹ ਹੈ ਜਿਸਨੇ ਹਰ ਮਨ ਨੂੰ ਰੰਗਿਆ ਹੋਇਆ ਹੈ, ਮਨ ਦੇ ਵਿਚਾਰਾਂ ਰਾਹੀਂ ਰੰਗਿਆ ਹੋਇਆ ਹੈ ਜਿਸ ਰਾਹੀਂ ਉਸਨੇ ਹਰ ਕਿਸੇ ਨੂੰ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿੱਥੇ ਇਹ ਤਾਲਾ ਲੱਗਿਆ ਹੋਇਆ ਹੈ ਭਾਵ **“ਤਾਕੁ”** ਲੱਗਿਆ ਹੋਇਆ ਹੈ ਉਹ ਸਾਡਾ ਮਨ ਹੈ ਜਿਸਦੇ ਵਿੱਚ ਕੇਵਲ ਤੇ ਕੇਵਲ ਗਿਆਨ ਹੀ ਉਪਜਦਾ ਹੈ, ਵਿਚਾਰ ਹੀ ਉਪਜਦੇ ਹਨ ਭਾਵ ਸਾਡੀ ਸਮਝ ਉਪਜਦੀ ਹੈ ਭਾਵ ਇਹ ਤਾਲਾ ਸਾਡੇ ਮਨ ਦੀ ਸਮਝ ਉੱਤੇ ਲੱਗਿਆ ਹੋਇਆ ਹੈ ਜਿਸ ਤਾਲੇ ਨੇ ਸਾਡੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ, ਮਾਇਆ ਮੋਹ ਵਾਲੀ ਸਮਝ ਵਿੱਚ ਬੰਦ ਕੀਤਾ ਹੋਇਆ ਹੈ ਜਿਸ ਸਮਝ ਵਿੱਚੋਂ ਕੋਈ ਆਪਣੇ ਆਪ ਨਹੀਂ ਨਿਕਲ ਸਕਦਾ ਭਾਵ ਕੋਈ ਆਪਣੇ ਆਪ ਮਨ ਦਾ ਤਾਲਾ ਨਹੀਂ ਖੋਲ ਸਕਦਾ। ਸਾਡੇ ਮਨ ਨੂੰ ਕੋਠਾ ਕਿਹਾ ਹੈ ਤੇ ਤਨ ਨੂੰ ਛੱਤ ਕਿਹਾ ਹੈ ਭਾਵ ਜਿੱਥੇ ਮਨ ਹੁੰਦਾ ਹੈ ਉੱਥੇ ਤਨ ਵੀ ਹੁੰਦਾ ਹੈ ਤੇ ਤਾਂ ਹੀ ਘਰ ਤਿਆਰ ਹੁੰਦਾ ਹੈ। ਪ੍ਰਮਾਤਮਾ ਆਪਣੇ ਨਿਰਗੁਣ ਰੂਪ ਨੂੰ ਭਾਵ ਨਿਰੰਕਾਰ ਰੂਪ ਨੂੰ ਸਰਗੁਣ ਰੂਪ ਵਿੱਚ ਹੀ ਟਿਕਾਉਂਦਾ ਹੈ ਭਾਵ ਆਕਾਰ ਰੂਪ ਵਿੱਚ ਹੀ ਟਿਕਾਉਂਦਾ ਹੈ। ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਨਿਰੰਕਾਰ ਰੂਪ ਹੁੰਦਾ ਹੈ ਜੋ ਕਿ ਉਸਦਾ ਜੋਤਿ ਰੂਪ ਹੁੰਦਾ ਹੈ। ਸਾਡਾ ਤਨ ਆਕਾਰ ਰੂਪ ਹੈ ਤੇ ਮਨ ਨਿਰੰਕਾਰ ਰੂਪ ਹੈ ਜਿਸ ਦੁਆਰਾ ਇਹ ਸਰੀਰ ਰੂਪ ਕੋਠੜੀ ਤਿਆਰ ਹੁੰਦੀ ਹੈ। ਤਾਲਾ ਇਸ ਕੋਠੜੀ ਦੇ ਵਿੱਚ ਹੀ ਲੱਗਿਆ ਹੋਇਆ ਹੈ ਜੋ ਕਿ ਸਾਡੇ ਮਨ ਦੇ ਉਪਰ ਲੱਗਿਆ ਹੋਇਆ ਹੈ ਭਾਵ ਮਨ ਦੇ ਵਿਚਾਰਾਂ ਦੇ ਉਪਰ ਮਾਇਆ ਰੂਪ ਤਾਲਾ ਲੱਗਿਆ ਹੋਇਆ ਹੈ। ਸਾਡੇ ਮਨ ਦੇ ਭਰਮ ਰੂਪ ਵਿਚਾਰ ਹੀ ਸਾਡੇ ਅੰਦਰ ਦੀ ਮਾਇਆ ਹੈ ਭਾਵ ਸਾਡੇ ਭਰਮ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਤਾਲਾ ਹੈ, ਸਾਡੇ ਅੰਦਰ ਦੀ ਅਗਿਆਨਤਾ ਸਾਡੇ ਅੰਦਰ ਦਾ ਤਾਲਾ ਹੈ ਜਿਸ ਤਾਲੇ ਦੇ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਇਹ ਤਾਲਾ ਹੀ ਸਾਡੇ ਅੰਦਰ ਦੀ ਹਉਮੈ ਹੈ ਜਿਸਨੇ ਸਾਨੂੰ ਪ੍ਰਮਾਤਮਾ ਦੇ ਨਾਲੋਂ ਪੜਦੇ ਦੇ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਆਪ ਹੀ ਆਪਣੇ ਗੁਰੂ ਰੂਪ ਵਿੱਚ ਇਸ ਤਾਲੇ ਨੂੰ ਖੋਲਣ ਦੀ ਚਾਬੀ ਹੈ, ਪ੍ਰਮਾਤਮਾ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਸੱਚਾ ਗਿਆਨ ਹੀ ਸਾਡੇ ਅੰਦਰੋਂ ਮਾਇਆ ਰੂਪ ਤਾਲੇ ਨੂੰ ਖੋਲ ਸਕਦਾ ਹੈ ਤੇ ਹੋਰ ਕੋਈ ਨਹੀਂ ਜੋ ਸਾਡੇ ਅੰਦਰੋਂ ਇਸ ਭਰਮਾਂ ਦੇ ਭਰੇ ਹੋਏ ਵਿਚਾਰਾਂ ਦੇ ਤਾਲੇ ਨੂੰ ਖੋਲ

45/5916

ਸਕੇ। ਪ੍ਰਮਾਤਮਾ ਨੇ ਆਪ ਹੀ ਸਾਡੇ ਅੰਦਰ ਮਾਇਆ ਪਾਈ ਹੋਈ ਹੈ ਤੇ ਉਹ ਆਪ ਹੀ ਕਿਸੇ ਨੂੰ ਇਸਦੇ ਵਿੱਚੋਂ ਕੱਢ ਸਕਦਾ ਹੈ ਜੋ ਕਿ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। ਗੁਰੂ ਰੂਪ ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਇਸੇ ਲਈ ਕੀਤੀ ਹੈ ਤਾਂ ਜੋ ਅਸੀਂ ਗੁਰੂ ਦਾ ਸੱਚਾ ਗਿਆਨ ਲੈ ਕੇ, ਉਸਦਾ ਨਾਮ ਲੈ ਕੇ ਭਾਵ ਗੁਰੂ ਦੀ ਸੱਚੀ ਮਤਿ ਲੈ ਕੇ ਆਪਣੇ ਆਪ ਨੂੰ ਭਰਮਾਂ ਵਿੱਚੋਂ ਕੱਢੀਏ, ਮਨਮਤਿ

ਵਿੱਚੋਂ ਕੱਢੀਏ। ਸਾਡੇ ਅੰਦਰ ਦੀ ਮਨਮਤਿ ਸਾਡੇ ਅੰਦਰ ਦਾ ਤਾਲਾ ਹੈ ਤੇ ਗੁਰਮਤਿ ਉਸਦੀ ਚਾਬੀ ਹੈ। ਤਾਲਾ ਤਾਂ ਹੀ ਖੁੱਲੇਗਾ ਜੇਕਰ ਗੁਰੂ ਦੀ ਗੱਲ ਨੂੰ ਮੰਨਾਂਗੇ ਤੇ ਜੇਕਰ ਸਾਰਾ ਦਿਨ ਮੁੱਖ ਨਾਲ ਗੁਰੂ ਗੁਰੂ ਹੀ ਕਹੀ ਜਾਵਾਂਗੇ ਜਾਂ ਕਿਸੇ ਅੱਖਰ ਨੂੰ ਰੱਟੀ ਜਾਵਾਂਗੇ ਤਾਂ ਫਿਰ ਕੀ ਉਸਦੇ ਨਾਲ ਸਾਡੇ ਅੰਦਰ ਦਾ ਤਾਲਾ ਕਦੇ ਖੁੱਲ ਸਕਦਾ ਹੈ। ਪਹਿਲਾਂ ਤਾਂ ਇਸ ਭਰਮ ਵਿੱਚੋਂ ਨਿਕਲੀਏ ਕਿ ਤਾਲਾ ਕੀ ਹੈ ਤੇ ਚਾਬੀ ਕੀ ਹੈ ਨਹੀਂ ਤਾਂ ਵਿਅਰਥ ਵਿੱਚ ਹੀ ਉਸ ਤਰੀਕੇ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਾਂਗੇ ਜਿਸ ਤਰੀਕੇ ਪ੍ਰਮਾਤਮਾ ਨੂੰ ਨਾ ਕਦੇ ਕਿਸੇ ਨੇ ਪਾਇਆ ਹੈ ਤੇ ਨਾ ਹੀ ਕਦੇ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਡੀਆਂ ਸਰੀਰਕ ਕਿਰਿਆਵਾਂ ਨਹੀਂ ਹਨ, ਕੇਵਲ ਕਥਨੀ ਨਹੀਂ ਹੈ ਬਲਕਿ ਸਾਡੀ ਕਰਨੀ ਹੈ ਜੋ ਕਿ ਗੁਰੂ ਦੀ ਗੱਲ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ, ਅਮਲ ਕਰਨ ਦੁਆਰਾ ਹੀ ਹੋ ਸਕਦੀ ਹੈ। ਅਸੀਂ ਇਹ ਸੱਚਾ ਉਦੱਮ ਹੀ ਕਰਨਾ ਹੈ ਤੇ ਫਿਰ ਆਪਣੀ ਕ੍ਰਿਪਾ ਪ੍ਰਮਾਤਮਾ ਆਪ ਹੀ ਕਰਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦੇ ਅਗਿਆਨਤਾ ਰੂਪ ਤਾਲੇ ਨੂੰ ਆਪ ਹੀ ਖੋਲਦਾ ਹੈ। **(ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥ ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥)**

{ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥

ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ॥੧॥}

(ਅੰਗ ੭੪੬)

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਮਨ ਦੇ ਵਿੱਚ ਤਾਲੇ ਦੀ ਕੁੰਜੀ ਕਿਵੇਂ ਮਿਲਦੀ ਹੈ ਤੇ ਉਸਦੇ ਅੰਦਰ ਦਾ ਖਜਾਨਾ ਕੀ ਹੈ, ਭੰਡਾਰ ਕੀ ਹੈ। **(ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹ ਮਿਲੇ ਭੰਡਾਰ ॥)** ਪ੍ਰਮਾਤਮਾ ਦੀ ਸਿਫਤ ਸਾਲਾਹ ਦੀ ਸਮਝ ਉਸਨੂੰ ਹੀ ਪੈਂਦੀ ਹੈ ਜਿਸਨੂੰ ਪ੍ਰਮਾਤਮਾ ਆਪ ਹੀ

45/5917

ਆਪਣੀ ਭਗਤੀ ਦਾ ਖਜਾਨਾ ਬਖਸ਼ਦਾ ਹੈ। ਇਹੀ ਸਾਡੇ ਅੰਦਰ ਨਾਮ ਦਾ ਖਜਾਨਾ ਹੈ ਜਿਸ ਖਜਾਨੇ ਦੇ ਵਿੱਚੋਂ ਪ੍ਰਮਾਤਮਾ ਦੀ ਭਗਤੀ ਦੀ ਸਮਝ ਹੀ ਪੈਂਦੀ ਹੈ। ਪ੍ਰਮਾਤਮਾ ਦੀ ਸਿਫਤ ਸਾਲਾਹ ਉਸਦਾ ਹੁਕਮ ਮੰਨਣ ਦੁਆਰਾ, ਉਸਦਾ ਭਾਵਾ ਮੰਨਣ ਦੁਆਰਾ ਹੀ ਹੁੰਦੀ ਹੈ। ਜੋ ਪ੍ਰਮਾਤਮਾ ਨੂੰ ਭਾਉਂਦਾ ਹੈ ਉਹ ਉਸਦਾ ਭਾਣਾ ਹੈ। ਮਨ ਦੇ ਇਸ ਖਜਾਨੇ ਦੇ ਵਿੱਚੋਂ ਪ੍ਰਮਾਤਮਾ ਆਪਣਾ ਹੁਕਮ ਹੀ ਸਮਝਾਉਂਦਾ ਹੈ, ਆਪਣਾ ਭਾਣਾ ਹੀ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇਣ ਰਾਹੀਂ ਸਮਝਾਉਂਦਾ ਹੈ। ਹਰ ਸ਼ਬਦ ਦੀ ਵਿਚਾਰ ਦੇ ਵਿੱਚ ਪ੍ਰਮਾਤਮਾ ਦਾ ਹੁਕਮ ਹੈ, ਉਸਦਾ ਭਾਣਾ ਹੈ।

{ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥

ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥ ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ ॥

ਜੋ ਸਾਹਿਬ ਤੇਰੈ ਮਨਿ ਭਾਵੈ ॥ ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ ॥੨॥}

(ਅੰਗ ੧੦੦)

ਸਾਡੇ ਅੰਦਰ ਦਾ ਇਹ ਭੰਡਾਰ ਸੱਚੇ ਗਿਆਨ ਦਾ ਭੰਡਾਰ ਹੈ, ਨਾਮ ਧੰਨ ਦਾ ਭੰਡਾਰ ਹੈ ਤੇ ਜਿਸਨੂੰ ਪ੍ਰਮਾਤਮਾ ਆਪਣਾ ਇਹ ਭੰਡਾਰ ਬਖਸ਼ਦਾ ਹੈ ਉਸਨੂੰ ਹੀ **"ਸਹਜੁ"** ਦੀ ਅਵਸਥਾ ਬਖਸ਼ਦਾ ਹੈ ਭਾਵ ਚੌਥੇ ਪਦ ਦੀ ਅਵਸਥਾ ਬਖਸ਼ਦਾ ਹੈ ਜਿਸ ਦੁਆਰਾ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਤੋਂ ਮੁਕਤ ਹੁੰਦਾ ਹੈ, ਮਾਇਆ ਮੋਹ ਤੋਂ ਮੁਕਤ ਹੁੰਦਾ ਹੈ, ਮਨ ਦੀ ਸੋਝੀ ਦੁਆਰਾ ਮੁਕਤ ਹੁੰਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਗਿਆਨੀ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਉਨ੍ਹਾਂ ਨੂੰ ਆਪਣੇ ਨਾਮ ਧੰਨ ਦਾ ਖਜਾਨਾ ਬਖਸ਼ ਕੇ ਹੀ ਬਣਾਇਆ ਹੈ। ਪ੍ਰਮਾਤਮਾ ਇਸ ਖਜਾਨੇ ਵਿੱਚ ਤੋਟ ਨਹੀਂ ਆਉਣ ਦਿੰਦਾ ਤੇ ਇਸ ਖਜਾਨੇ ਨੂੰ ਸ਼ਬਦਾਂ ਦੀ ਵਿਚਾਰ ਦੁਆਰਾ ਭਾਵ ਆਪਣੇ ਸੱਚੇ ਗਿਆਨ ਦੁਆਰਾ ਭਰਦਾ ਹੀ ਰਹਿੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਪੂਰਾ ਸ਼ਬਦ ਅਸੀਂ ਲੇਖ ਵਿੱਚ ਪਿੱਛੇ ਪਹਿਲੇ ਸਮਝ ਚੁੱਕੇ ਹਾਂ।

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥

ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

45/5918

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥}

(ਅੰਗ ੧੨੪)

ਮਾਝ ਮਹਲਾ ੩ ॥

{ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰ ਹੀ ਮਹਿ ਪਾਈ ॥
ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥
ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥
ਘਰ ਮਹਿ ਧਰਤੀ ਧਉਲੁ ਪਾਤਾਲਾ ॥ ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥
ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥ ਕਾਇਆ ਅੰਦਰਿ ਹਉਮੈ ਮੇਰਾ ॥
ਜੰਮਣ ਮਰਣੁ ਨ ਚੂਕੈ ਫੇਰਾ ॥ ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥
ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥
ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥ ਅੰਤਰਿ ਜੋਤਿ ਪਰਗਟੁ ਪਾਸਾਰਾ ॥
ਗੁਰ ਸਾਖੀ ਮਿਟਿਆ ਅੰਧਿਆਰਾ ॥ ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥

ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ ੧੨੬)

ਪਉੜੀ ॥

{ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥
ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥
ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥ ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ॥
ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥}

(ਅੰਗ ੧੪੧)

{ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ ੧੬੨)

{ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥}

(ਅੰਗ ੧੮੬)

{ਗੁਰੁ ਸਾਗਰੁ ਪੂਰਾ ਭੰਡਾਰ ॥ ਊਤਮ ਰਤਨ ਜਵਾਹਰ ਅਪਾਰ ॥
ਗੁਰ ਪਰਸਾਦੀ ਦੇਵਣਹਾਰੁ ॥ ਨਾਨਕ ਬਖਸੇ ਬਖਸਣਹਾਰੁ ॥੪॥੯॥੪੮॥}

(ਅੰਗ ੩੬੩)

{ਨਾਨਕੁ ਆਖਿ ਨ ਰਾਜੈ ਹਰਿ ਗੁਣ ਜਿਉ ਆਖੈ ਤਿਉ ਸੁਖੁ ਪਾਇ ॥
ਭਗਤਿ ਭੰਡਾਰ ਦੀਏ ਹਰਿ ਅਪੁਨੇ ਗੁਣ ਗਾਹਕੁ ਵਣਜਿ ਲੈ ਜਾਇ ॥੪॥੧੧॥੬੩॥}

(ਅੰਗ ੩੬੮)

45/5919

{ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ ॥੨॥}

(ਅੰਗ ੩੭੬)

{ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥ ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥}

(ਅੰਗ ੪੨੪)

{ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥ ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥੫॥

ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ ॥ ਭਗਤਿ ਭੀ ਓਨਾ ਨੋ ਬਖਸੀਅਨੁ ਅੰਤਰਿ ਭੰਡਾਰਾ ॥੬॥
ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥ ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ ॥੭॥
ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ॥ ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ਹੀ ਨਾਮਿ ਹਉਮੈ ਮਾਰੀ॥੮॥੫॥੨੭॥}

(ਅੰਗ ੪੨੫)

ਆਸਾ ਮਹਲਾ ੩ ॥

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ॥
ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥
ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥੩॥
ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥੪॥
ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥
ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੁ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥
ਜਿਨ੍ਹੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥
ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥੬॥੨੮॥}

(ਅੰਗ ੪੨੫)

{ਗੁਰਮੁਖਿ ਬੀਜੇ ਸਚੁ ਜਮੈ ਸਚੁ ਨਾਮੁ ਵਾਪਾਰੁ ॥ ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ ॥੩॥}

(ਅੰਗ ੪੨੯)

{ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ ॥ ਨਾਮੁ ਨਵੈ ਨਿਧਿ ਪਾਇਆ ਭਰੇ ਅਖੁਟ ਭੰਡਾਰਾ ॥੩॥
ਆਵਹਿ ਇਸੁ ਰਾਸੀ ਕੇ ਵਾਪਾਰੀਏ ਜਿਨ੍ਹਾ ਨਾਮੁ ਪਿਆਰਾ ॥
ਗੁਰਮੁਖਿ ਹੋਵੈ ਸੋ ਧਨੁ ਪਾਏ ਤਿਨ੍ਹਾ ਅੰਤਰਿ ਸਬਦੁ ਵੀਚਾਰਾ ॥੪॥}

(ਅੰਗ ੪੨੯)

{ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥}

(ਅੰਗ ੪੪੨)

{ਸਚੁ ਸਾਹੁ ਹਮਾਰਾ ਤੂੰ ਧਣੀ ਸਭੁ ਜਗਤੁ ਵਣਜਾਰਾ ਰਾਮ ਰਾਜੇ ॥
ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ ॥
ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ ॥

ਜਨ ਨਾਨਕ ਕਉ ਹਰਿ ਬਖਸਿਆ ਹਰਿ ਭਗਤਿ ਭੰਡਾਰਾ ॥੨॥}

(ਅੰਗ ੪੪੯-੪੫੦)

45/5920

{ਗੁਰਮੁਖਿ ਵਡਭਾਗੀ ਵਡਭਾਗੇ ਜਿਨ ਹਰਿ ਹਰਿ ਨਾਮੁ ਅਧਾਰੇ ॥
ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ ਗੁਰਮਤਿ ਭਗਤਿ ਭੰਡਾਰੇ ॥੨॥}

(ਅੰਗ ੪੯੩)

{ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ ॥
ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥}

(ਅੰਗ ੫੦੪)

{ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥
ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ ॥ ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥
ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ ॥ ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥}

(ਅੰਗ ੫੭੧)

ਮਃ ੩ ॥

{ਹਮ ਘਰਿ ਨਾਮੁ ਖਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ ॥ ਸਤਗੁਰੁ ਦਾਤਾ ਜੀਅ ਕਾ ਸਦ ਜੀਵੈ ਦੇਵਣਹਾਰਾ ॥
ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥
ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥ ਇਹੁ ਮਨੂਆ ਸਦਾ ਸੁਖਿ ਵਸੈ ਸਹਜੇ ਕਰੇ ਵਾਪਾਰਾ॥
ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ ੫੯੩)

{ਆਪੇ ਭਗਤਿ ਭੰਡਾਰ ਹੈ ਪਿਆਰਾ ਆਪੇ ਦੇਵੈ ਦਾਨੁ ॥ ਆਪੇ ਸੇਵ ਕਰਾਇਦਾ ਪਿਆਰਾ ਆਪਿ ਦਿਵਾਵੈ ਮਾਨੁ॥
ਆਪੇ ਤਾੜੀ ਲਾਇਦਾ ਪਿਆਰਾ ਆਪੇ ਗੁਣੀ ਨਿਧਾਨੁ ॥੩॥}

(ਅੰਗ ੬੦੬)

{ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥
ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥੩॥
ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥}

(ਅੰਗ ੬੧੨)

ਮਃ ੩ ॥

{ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥

ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥ ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥
ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥ ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥}

(ਅੰਗ ੬੪੬)

{ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥
ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ ਮਾਇਆ ਮੋਹਿ ਜਲੈ ਅਭਿਮਾਨੁ ॥੧॥}

(ਅੰਗ ੬੬੪)

45/5921

{ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥}

(ਅੰਗ ੬੮੮)

{ਬਿਧੈ ਬਿਲਾਸ ਕਹੀਅਤ ਬਹੁਤੇਰੇ ਚਲਤ ਨ ਕਛੂ ਸੰਗਾਰੈ ॥
ਇਸਟੁ ਮੀਤੁ ਨਾਮੁ ਨਾਨਕ ਕੋ ਹਰਿ ਨਾਮੁ ਮੇਰੈ ਭੰਡਾਰੈ ॥੨॥੨॥੭॥}

(ਅੰਗ ੭੧੩)

{ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥੨॥}

(ਅੰਗ ੭੩੩)

{ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥}

(ਅੰਗ ੭੫੪)

{ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥
ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥੨॥}

(ਅੰਗ ੭੮੧)

{ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ ॥
ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥}

(ਅੰਗ ੮੩੪)

{ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥ ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥
ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥ ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ॥

ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥
ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥੧॥}

(ਅੰਗ ੮੪੬)

{ਕੋਟਿ ਜਨਮ ਕੇ ਕਾਟੇ ਫਾਹੇ ॥ ਪਾਇਆ ਲਾਭੁ ਸਚਾ ਧਨੁ ਲਾਹੇ ॥
ਤੋਟਿ ਨ ਆਵੈ ਅਖੁਟ ਭੰਡਾਰ ॥ ਨਾਨਕ ਭਗਤ ਸੋਹਹਿ ਹਰਿ ਦੁਆਰ ॥੪॥੨੩॥੩੪॥}

(ਅੰਗ ੮੯੩)

45/5922

{ਮਾਇਆ ਮੋਹੁ ਸਬਦਿ ਜਲਾਇਆ ਗਿਆਨਿ ਤਤਿ ਬੀਚਾਰੀ ॥੭॥
ਆਪੇ ਆਪਿ ਕਰਾਏ ਕਰਤਾ ਆਪੇ ਬਖਸਿ ਭੰਡਾਰੀ ॥੮॥}

(ਅੰਗ ੯੧੧)

{ਹਰਿ ਜੀਉ ਜਪੀ ਹਰਿ ਜੀਉ ਸਾਲਾਹੀ ਵਿਚਹੁ ਆਪੁ ਨਿਵਾਰੀ ॥੧੦॥
ਨਾਮੁ ਪਦਾਰਥੁ ਗੁਰ ਤੇ ਪਾਇਆ ਅਖੁਟ ਸਚੇ ਭੰਡਾਰੀ ॥੧੧॥}

(ਅੰਗ ੯੧੧)

{ਵਣੁ ਤ੍ਰਿਣੁ ਢੂਢਤ ਫਿਰਿ ਰਹੀ ਮਨ ਮਹਿ ਕਰਉ ਬੀਚਾਰੁ ॥
ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥਿ ਭੰਡਾਰੁ ॥}

(ਅੰਗ ੯੩੬)

{ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥
ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ ॥}

(ਅੰਗ ੯੫੦)

{ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ ॥ ਸਉਪੇ ਜਿਸੁ ਭੰਡਾਰ ਫਿਰਿ ਪੁਛ ਨ ਲੀਤੀਅਨੁ ॥}

(ਅੰਗ ੯੫੮)

{ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ ॥
ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ ॥
ਮਨਮੁਖਿ ਭਾਗ ਵਿਹੂਣਿਆ ਤਿਖ ਮੁਈਆ ਕੰਧੀ ਪਾਸਿ ॥੩॥}

(ਅੰਗ ੯੯੬)

ਮਾਰੂ ਮਹਲਾ ੫ ॥

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥

ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

{ਜਾ ਤੂ ਦੇਹਿ ਸਦਾ ਸੁਖੁ ਪਾਏ ॥ ਸਾਚੈ ਸਬਦੇ ਸਾਚੁ ਕਮਾਏ ॥
ਅੰਦਰੁ ਸਾਚਾ ਮਨੁ ਤਨੁ ਸਾਚਾ ਭਗਤਿ ਭਰੇ ਭੰਡਾਰੀ ਹੇ ॥੧੫॥
ਆਪੇ ਵੇਖੈ ਹੁਕਮਿ ਚਲਾਏ ॥ ਅਪਣਾ ਭਾਣਾ ਆਪਿ ਕਰਾਏ ॥
ਨਾਨਕ ਨਾਮਿ ਰਤੇ ਬੈਰਾਗੀ ਮਨੁ ਤਨੁ ਰਸਨਾ ਨਾਮਿ ਸਵਾਰੀ ਹੇ ॥੧੬॥੭॥}

(ਅੰਗ ੧੦੫੧)

45/5923

{ਆਪੇ ਕਰਤਾ ਸਭੁ ਜਿਸੁ ਕਰਣਾ ॥ ਜੀਅ ਜੰਤ ਸਭਿ ਤੇਰੀ ਸਰਣਾ ॥
ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ ॥੧॥ ਹਰਿ ਕੇ ਭਗਤਿ ਭਰੇ ਭੰਡਾਰਾ ॥
ਆਪੇ ਬਖਸੇ ਸਬਦਿ ਵੀਚਾਰਾ ॥ ਜੋ ਤੁਧੁ ਭਾਵੈ ਸੋਈ ਕਰਸਹਿ ਸਚੇ ਸਿਉ ਮਨੁ ਰਾਤਾ ਹੇ ॥੨॥
ਆਪੇ ਹੀਰਾ ਰਤਨੁ ਅਮੋਲੋ ॥ ਆਪੇ ਨਦਰੀ ਤੋਲੇ ਤੋਲੋ ॥
ਜੀਅ ਜੰਤ ਸਭਿ ਸਰਣਿ ਤੁਮਾਰੀ ਕਰਿ ਕਿਰਪਾ ਆਪਿ ਪਛਾਤਾ ਹੇ ॥੩॥ ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥
ਮਰੈ ਨ ਜੰਮੈ ਚੂਕੈ ਫੇਰੀ ॥ ਸਾਚੇ ਗੁਣ ਗਾਵੈ ਦਿਨੁ ਰਾਤੀ ਜੁਗਿ ਜੁਗਿ ਏਕੋ ਜਾਤਾ ਹੇ ॥੪॥
ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥ ਪਾਪ ਪੁੰਨ ਵਰਤੈ ਸੰਸਾਰਾ ॥
ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥ ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥
ਕਿਰਤੁ ਨ ਕੋਈ ਮੇਟਣਹਾਰਾ ॥ ਗੁਰ ਕੈ ਸਬਦੇ ਮੋਖ ਦੁਆਰਾ ॥
ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ ॥੭॥
ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ ॥੮॥}

(ਅੰਗ ੧੦੫੨)

{ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੁ ਨ ਬੂਝੈ ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥}

(ਅੰਗ ੧੦੨੮)

{ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥
ਜਿਸ ਕੈ ਮਸਤਕਿ ਗੁਰ ਹਾਥੁ ਤਿਸੁ ਹਿਰਦੈ ਹਰਿ ਗੁਣ ਟਿਕਹਿ ॥
ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥
ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥
ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ ॥
ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥੪॥੩॥}

(ਅੰਗ ੧੧੧੫-੧੧੧੬)

{ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥ ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥੧॥ ਰਹਾਉ ॥
ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥
ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥
ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥੩॥

ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥}

(ਅੰਗ ੧੧੨੩)

ਭੈਰਉ ਮਹਲਾ ੫ ॥

{ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ ਆਵੈ ਕਾਮੀ ॥
ਰੋਮਿ ਰੋਮਿ ਰਵਿਆ ਹਰਿ ਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥੧॥
ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥ ਨਾਮੁ ਹਮਾਰੈ ਨਿਹਚਲ ਧਨੀ ॥
ਨਾਮ ਕੀ ਮਹਿਮਾ ਸਭ ਮਹਿ ਬਨੀ ॥ ਨਾਮੁ ਹਮਾਰੈ ਪੂਰਾ ਸਾਹੁ ॥ ਨਾਮੁ ਹਮਾਰੈ ਬੇਪਰਵਾਹੁ ॥੨॥
ਨਾਮੁ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ ॥ ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥
ਨਾਮੁ ਲੈਤ ਅਨਹਦ ਪੂਰੇ ਨਾਦ ॥੩॥ ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥
ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥ ਧਨਵੰਤੇ ਸੇਈ ਪਰਧਾਨ ॥
ਨਾਨਕ ਜਾ ਕੈ ਨਾਮੁ ਨਿਧਾਨ ॥੪॥੧੭॥੩੦॥}

(ਅੰਗ ੧੧੪੪)

{ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥
ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥}

(ਅੰਗ ੧੧੬੯)

ਸਾਰਗ ਮਹਲਾ ੫ ॥

{ਅਬ ਮੇਰੋ ਠਾਕੁਰ ਸਿਉ ਮਨੁ ਲੀਨਾ ॥
ਪ੍ਰਾਨ ਦਾਨੁ ਗੁਰਿ ਪੂਰੈ ਦੀਆ ਉਰਝਾਇਓ ਜਿਉ ਜਲ ਮੀਨਾ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥
ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ॥
ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥}

(ਅੰਗ ੧੨੧੦-੧੨੧੧)

ਸਾਰਗ ਮਹਲਾ ੫ ॥

{ਧਨਵੰਤ ਨਾਮ ਕੇ ਵਣਜਾਰੇ ॥ ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ ॥੧॥ ਰਹਾਉ ॥
ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥੧॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ ॥
ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ ॥੨॥੫੭॥੮੦॥}

(ਅੰਗ ੧੨੧੯-੧੨੨੦)

45/5924

ਮਲਾਰ ਮਹਲਾ ੩ ॥

{ਗੁਰਮੁਖਿ ਕੋਈ ਵਿਰਲਾ ਬੂਝੈ ਜਿਸ ਨੋ ਨਦਰਿ ਕਰੇਇ ॥ ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ॥
ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ ਲਏਇ ॥੧॥ ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥
ਸਤਿਗੁਰੁ ਪੁਰਖੁ ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ ॥੧॥ ਰਹਾਉ ॥
ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ ॥ ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥
ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ ॥੨॥
ਸਭਨਾ ਕਰਤਾ ਏਕੁ ਤੂ ਨਿਤ ਕਰਿ ਦੇਖਹਿ ਵੀਚਾਰੁ॥ ਇਕਿ ਗੁਰਮੁਖਿ ਆਪਿ ਮਿਲਾਇਆ ਬਖਸੇ ਭਗਤਿ ਭੰਡਾਰ॥
ਤੂ ਆਪੇ ਸਭੁ ਕਿਛੁ ਜਾਣਦਾ ਕਿਸੁ ਆਗੈ ਕਰੀ ਪੂਕਾਰ ॥੩॥
ਹਰਿ ਹਰਿ ਨਾਮੁ ਅੰਮ੍ਰਿਤੁ ਹੈ ਨਦਰੀ ਪਾਇਆ ਜਾਇ ॥ ਅਨਦਿਨੁ ਹਰਿ ਹਰਿ ਉਚਰੈ ਗੁਰ ਕੈ ਸਹਜਿ ਸੁਭਾਇ॥
ਨਾਨਕ ਨਾਮੁ ਨਿਧਾਨੁ ਹੈ ਨਾਮੇ ਹੀ ਚਿਤੁ ਲਾਇ ॥੪॥੩॥}

(ਅੰਗ ੧੨੫੮)

ਮਃ ੪ ॥

{ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥
ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥
ਵਡਭਾਗੀ ਜਿਨ ਹਰਿ ਧਿਆਇਆ ਤਿਨ ਸਉਪਿਆ ਹਰਿ ਭੰਡਾਰੁ ॥
ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ ॥
ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ ॥
ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ ॥
ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ ॥੨॥}

(ਅੰਗ ੧੩੧੪)

{ਜਾਗਤੁ ਬਿਗਸੈ ਮੂਠੋ ਅੰਧਾ ॥ ਗਲਿ ਫਾਹੀ ਸਿਰਿ ਮਾਰੇ ਧੰਧਾ ॥
ਆਸਾ ਆਵੈ ਮਨਸਾ ਜਾਇ ॥ ਉਰਝੀ ਤਾਣੀ ਕਿਛੁ ਨ ਬਸਾਇ ॥੧॥
ਜਾਗਸਿ ਜੀਵਣ ਜਾਗਣਹਾਰਾ ॥ ਸੁਖ ਸਾਗਰ ਅੰਮ੍ਰਿਤ ਭੰਡਾਰਾ ॥੧॥ ਰਹਾਉ ॥
ਕਹਿਓ ਨ ਬੂਝੈ ਅੰਧੁ ਨ ਸੂਝੈ ਭੋਂਡੀ ਕਾਰ ਕਮਾਈ ॥ ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ ॥੨॥}

(ਅੰਗ ੧੩੩੦)

{ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥
ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥
ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ ॥
ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੪॥}

(ਅੰਗ ੧੩੯੭)

{ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥
ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ ॥ ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ ॥੧੫॥
ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥ ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥}

(ਅੰਗ ੧੪੧੪)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਿਆ ਹੈ ਕਿ ਤਾਲਾ ਕੀ ਹੈ ਤੇ ਉਸਦੀ ਕੁੰਜੀ ਕੀ ਹੈ। ਜਦੋਂ ਤਾਲਾ ਖੁੱਲਦਾ ਹੈ ਉਸਦੇ ਅੰਦਰ ਖਜਾਨੇ ਦੇ ਰੂਪ ਵਿੱਚ ਕੀ ਹੈ ਭਾਵ ਉਸਦੇ ਅੰਦਰ ਦਾ ਭੰਡਾਰ ਕਿਸ ਰੂਪ ਵਿੱਚ ਹੈ। ਸਾਡੇ ਅੰਦਰ ਇਹ ਖਜਾਨਾ ਭਗਤੀ ਦੇ ਭੰਡਾਰ ਦੇ ਰੂਪ ਵਿੱਚ ਹੈ ਜਿਸ ਤੋਂ ਵੱਡਾ ਕੋਈ ਖਜਾਨਾ ਦੁਨੀਆ ਦੇ ਵਿੱਚ ਹੋਰ ਨਹੀਂ ਹੋ ਸਕਦਾ। ਬਾਹਰੀ ਧਨ ਦੇ, ਮਾਇਆ ਦੇ ਧਨ ਦੇ ਖਜਾਨੇ ਬਹੁਤ ਹਨ ਜੋ ਸਭ ਬਿਨਸਨਹਾਰ ਹਨ। ਭਗਤੀ ਦਾ ਖਜਾਨਾ ਗੁਰਮਤਿ ਦੀ ਸੱਚੀ ਸਮਝ ਰੂਪ ਸੱਚਾ ਖਜਾਨਾ ਹੈ, ਨਾਮ ਧਨ ਦਾ ਖਜਾਨਾ ਹੈ, ਬ੍ਰਹਮ ਗਿਆਨ ਦਾ ਖਜਾਨਾ ਹੈ ਜੋ ਖਜਾਨਾ ਪ੍ਰਮਾਤਮਾ ਦੀ ਆਪਣੀ ਹੀ ਮਲਕੀਅਤ ਹੈ। ਇਹ ਖਜਾਨਾ ਨਿਰੰਕਾਰ ਰੂਪ ਵਿੱਚ ਹੈ। ਇਹ ਖਜਾਨਾ ਸੱਚ

ਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਦਾ ਖਜਾਨਾ ਹੈ ਜੋ ਵਿਚਾਰ ਸਦਾ ਹੀ ਸੱਚ ਬਣੀ ਰਹਿੰਦੀ ਹੈ। ਸੱਚਾ ਵਿਚਾਰ ਕਦੇ ਬਿਨਸਦਾ ਨਹੀਂ। ਪ੍ਰਮਾਤਮਾ ਆਪਣੀ ਭਗਤੀ ਜਿਸਨੂੰ ਬਖਸ਼ਦਾ ਹੈ ਉਸਨੂੰ ਆਪਣਾ ਪੂਰਾ ਖਜਾਨਾ ਹੀ ਬਖਸ਼ਦਾ ਹੈ। ਪ੍ਰਮਾਤਮਾ ਖੁੱਦ ਆਪ ਇਸ ਖਜਾਨੇ ਦੇ ਰੂਪ ਵਿੱਚ ਹੀ ਹੈ। ਜੋ ਖਜਾਨਾ ਮਿਲਣ ਦੇ ਨਾਲ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ ਕੀ ਉਸ ਤੋਂ ਵੱਡਾ ਕੋਈ ਹੋਰ ਖਜਾਨਾ ਹੋ ਸਕਦਾ ਹੈ। ਕੀ ਪ੍ਰਮਾਤਮਾ ਤੋਂ ਵੱਡਾ ਕੋਈ ਹੋਰ ਹੋ ਸਕਦਾ ਹੈ। ਕੀ ਇਸ ਖਜਾਨੇ ਦੀ ਤੁਲਨਾ ਕਿਸੇ ਮਾਇਆ ਦੇ ਖਜਾਨੇ ਨਾਲ ਕੀਤੀ ਜਾ ਸਕਦੀ ਹੈ। ਇਸ ਖਜਾਨੇ ਦੀ ਕੀਮਤ ਨੂੰ ਉਹੀ ਸਮਝ ਸਕਦਾ ਹੈ ਜੋ ਇਸ ਖਜਾਨੇ ਨੂੰ ਪਾ ਲੈਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਾਇਆ ਹੈ। ਇਹ ਨਾਮ ਧਨ ਸੱਚੇ ਗਿਆਨ ਦਾ ਧਨ ਹੈ ਜੋ ਮਨੁੱਖ ਨੂੰ ਮਨ ਦੇ ਭਰਮਾਂ ਵਿੱਚੋਂ ਕੱਢ ਕੇ ਉਸਨੂੰ ਮਨ ਦੇ ਬੰਧਨ ਤੋਂ ਮੁਕਤ ਕਰਦਾ ਹੈ ਤੇ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਇਸ ਧਨ ਨੂੰ ਕਿਸ ਰੂਪ ਵਿੱਚ ਪਾਇਆ ਹੈ। ਭਗਤੀ ਦੇ ਮਾਰਗ ਤੇ ਉੱਚੇ ਉੱਚੇ ਅਖਵਾਉਣ ਵਾਲੇ ਇਸ ਧਨ ਦੀ ਪ੍ਰਾਪਤੀ ਤੋਂ ਬਿਨਾਂ ਹੀ ਗਏ ਹਨ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਹੀ ਗਏ ਹਨ।

ਗਉੜੀ ॥

{ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥
ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ ॥੧॥
ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥
ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ ॥
ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥੨॥
ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥ ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥੪॥੧॥੭॥੫੯॥}

(ਅੰਗ ੩੩੬)

{ਮਾਇਆ ਮੋਹੁ ਸਬਦਿ ਜਲਾਇਆ ਗਿਆਨਿ ਤਤਿ ਬੀਚਾਰੀ ॥੭॥
ਆਪੇ ਆਪਿ ਕਰਾਏ ਕਰਤਾ ਆਪੇ ਬਖਸਿ ਭੰਡਾਰੀ ॥੮॥}

(ਅੰਗ ੯੧੧)

{ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥
ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ ॥}

(ਅੰਗ ੯੫੦)

45/5926

{ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥}

(ਅੰਗ ੧੧੦੧-੧੧੦੨)

{ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥
ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥}

(ਅੰਗ ੫੫)

ਪ੍ਰਮਾਤਮਾ ਦੀ ਸਿਫਤ ਸਾਲਾਹ ਉਹੀ ਕਰ ਸਕਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਉਹੀ ਚੱਲ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪ ਆਪਣੀ ਸਿਫਤ ਕਰਨੀ ਸਮਝਾਉਂਦਾ ਹੈ, ਮਨ ਦਾ ਤਾਲਾ ਖੋਲਣ ਦੁਆਰਾ ਆਪਣੀ ਭਗਤੀ ਦਾ ਭੰਡਾਰ ਭਾਵ ਸੱਚੇ ਗਿਆਨ ਦਾ ਭੰਡਾਰ ਆਪ ਬਖਸ਼ਦਾ ਹੈ, ਮਨ ਦੀ ਸਮਝ ਰਾਹੀਂ ਬਖਸ਼ਦਾ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ ਜਿਵੇਂ ਕਿ ਪਹਿਲੇ ਸਮਝਿਆ ਹੈ। **(ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥)**

ਜਿਸਨੂੰ ਪ੍ਰਮਾਤਮਾ ਆਪਣਾ ਭਗਤੀ ਦਾ ਭੰਡਾਰ ਬਖਸ਼ਦਾ ਹੈ ਉਸ ਭੰਡਾਰ ਦੇ ਵਿੱਚ ਕੀ ਹੁੰਦਾ ਹੈ, ਕਿਸ ਮਕਸਦ ਲਈ ਹੁੰਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥
ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ ॥੨॥”

ਹੁਣ ਧਿਆਨ ਨਾਲ ਸਮਝੋ ਕਿ ਭਗਤੀ ਦੇ ਭੰਡਾਰ ਵਿੱਚੋਂ ਕੀ ਨਿਕਲਦਾ ਹੈ ਜਿਨ੍ਹਾਂ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਭਗਤੀ ਦਾ ਭੰਡਾਰ ਸੋਂਪਿਆ ਹੈ ਉਸ ਭੰਡਾਰ ਦੇ ਵਿੱਚ ਪ੍ਰਮਾਤਮਾ ਨੇ ਉਸ ਭੰਡਾਰ ਨੂੰ ਆਪਣੇ ਗੁਣਾਂ ਦੇ ਨਾਲ ਭਰਿਆ ਹੈ ਤੇ ਉਸ ਭੰਡਾਰ ਦੇ ਵਿੱਚੋਂ ਗੁਣ ਹੀ ਨਿਕਲਦੇ ਹਨ ਜਿਨ੍ਹਾਂ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ। ਪੂਰੀ ਗੁਰਬਾਣੀ ਦੇ ਵਿੱਚ ਭਗਤੀ

45/5927

ਦਾ ਭੰਡਾਰ ਹੈ ਭਾਵ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਗੁਣਾਂ ਦਾ ਭੰਡਾਰ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਜੋ ਭੰਡਾਰ ਮਨ ਦੇ ਭੰਡਾਰਾਂ ਦੇ ਵਿੱਚੋਂ ਆਇਆ ਹੈ, ਵੱਖਰੇ ਵੱਖਰੇ ਸਰੀਰਾਂ ਰਾਹੀਂ ਆਇਆ ਹੈ ਜੋ ਕਿ ਸ਼ਬਦਾਂ ਦੇ ਰੂਪ ਵਿੱਚ ਆਇਆ ਹੈ। ਹਰ ਸ਼ਬਦ ਸਾਨੂੰ ਕੁਝ ਸਮਝਾਉਣ ਲਈ ਹੀ ਹੈ, ਸਾਨੂੰ ਵਿਚਾਰ ਦੇਣ ਲਈ ਹੀ ਹੈ। ਸ਼ਬਦ ਦੀ ਵਿਚਾਰ ਸਾਨੂੰ ਜੋ ਕੁਝ ਵੀ ਸਮਝਾਉਂਦੀ ਹੈ ਉਹ **“ਗੁਣ”** ਹੈ ਭਾਵ ਗੁਰੂ ਦੀ ਮਤਿ ਸਾਨੂੰ ਜੋ ਵੀ ਸਮਝਾਉਂਦੀ ਹੈ ਉਹ ਗੁਣ ਹੈ। ਜੋ ਗੱਲ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਹ ਔਗੁਣ ਹੈ। ਗੁਣਾਂ ਦਾ ਮਕਸਦ ਸਾਨੂੰ ਔਗੁਣਾਂ ਵਿੱਚੋਂ ਕੱਢਣ ਦਾ ਹੈ। ਜੇਕਰ ਗੁਰੂ ਦੀ ਮਤਿ ਸਾਨੂੰ ਇਹ ਸਮਝਾਉਂਦੀ ਹੈ ਕਿ ਸਰੀਰਕ ਕਿਰਿਆਵਾਂ ਕਰਨਾ ਭਗਤੀ ਦਾ ਮਾਰਗ ਨਹੀਂ ਹੈ ਤਾਂ ਫਿਰ ਇਹ ਔਗੁਣ ਹੈ। ਜੋ ਗੁਰੂ ਦੀ ਗੱਲ ਨੂੰ ਮੰਨ ਲੈਂਦਾ ਹੈ ਉਹ ਗੁਣੀ ਬਣ ਜਾਂਦਾ ਹੈ ਭਾਵ ਔਗੁਣਾਂ ਵਿੱਚੋਂ ਨਿਕਲ ਜਾਂਦਾ ਹੈ। ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਨਾਮ ਜਪਣੇ ਬਣਾਏ ਹੋਏ

ਹਨ ਜਿਨ੍ਹਾਂ ਦਾ ਬਾਣੀ ਵਿੱਚ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਸਾਨੂੰ ਗੁਣ ਹੀ ਸਮਝਾਉਂਦਾ ਹੈ ਤਾਂ ਜੋ ਅਸੀਂ ਔਗੁਣ ਨਾ ਕਰੀਏ ਕਿਉਂਕਿ ਸਾਨੂੰ ਗੁਣਾਂ ਦੀ ਸਮਝ ਨਹੀਂ ਹੈ। ਅਸੀਂ ਆਪਣੇ ਔਗੁਣਾਂ ਨੂੰ ਹੀ ਗੁਣ ਸਮਝਦੇ ਹਾਂ ਜਿਵੇਂ ਕਿ ਕਿਸੇ ਖਾਸ ਵੇਲੇ ਨੂੰ ਅਸੀਂ ਭਗਤੀ ਦਾ ਉੱਚਾ ਵੇਲਾ ਸਮਝਦੇ ਹਾਂ ਭਾਵ ਅੰਮ੍ਰਿਤ ਵੇਲਾ ਸਮਝਦੇ ਹਾਂ ਤੇ ਉਸ ਵੇਲੇ ਦੀ ਸੰਭਾਲ ਨੂੰ ਵੱਡਾ ਗੁਣ ਸਮਝਦੇ ਹਾਂ। ਜੋ ਵੀ ਗੱਲ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਹ ਸਾਡਾ ਗੁਣ ਨਹੀਂ ਹੋ ਸਕਦਾ ਭਾਵ ਸਾਡਾ ਔਗੁਣ ਹੈ ਜਿਸ ਵਿੱਚੋਂ ਗੁਰੂ ਸਾਨੂੰ ਕੱਢਣਾ ਚਾਹੁੰਦਾ ਹੈ। ਗੁਰੂ ਦਾ ਗਿਆਨ ਸੱਚਾ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਗਿਆਨ ਹੈ। ਸੱਚਾ ਗਿਆਨ ਸਾਨੂੰ ਜੋ ਕੁਝ ਵੀ ਸਮਝਾਉਂਦਾ ਹੈ ਉਸ ਵਿੱਚ ਪੂਰਨ ਸੱਚ ਹੁੰਦਾ ਹੈ। ਜਿਸ ਗੱਲ ਵਿੱਚ ਪੂਰਨ ਸੱਚ ਹੈ ਉਸ ਵਿੱਚ ਗੁਣ ਹੈ ਤੇ ਜੋ ਗੱਲ ਸੱਚ ਤੇ ਪੂਰੀ ਨਹੀਂ ਉਤਰਦੀ ਉਸ ਵਿੱਚ ਝੂਠ ਹੈ, ਭਰਮ ਹੈ ਭਾਵ ਔਗੁਣ ਹੈ। ਔਗੁਣ ਅਸੀਂ ਜੋ ਵੀ ਕਰਦੇ ਹਾਂ ਉਹ ਭਗਤੀ ਦੇ ਮਾਰਗ ਤੋਂ ਉਲਟ ਹੈ। ਮਨੁੱਖ ਅਨੇਕਾਂ ਹੀ ਔਗੁਣਾਂ ਦੇ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਦਾ ਕਾਰਨ ਸਾਡੇ ਮਨ ਦੀ ਮਾੜੀ ਸਮਝ ਹੀ ਹੈ। ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੇ ਅੰਦਰ ਦੀ ਮਾੜੀ ਸਮਝ ਹੀ ਹੈ ਜੋ ਸਾਨੂੰ ਔਗੁਣਾਂ ਦੇ ਨਾਲ ਜੋੜ ਕੇ ਰੱਖਦੀ ਹੈ। ਅਸੀਂ ਜੋ ਵੀ ਕਰਮ ਕਰਦੇ

45/5928

ਹਾਂ ਉਹ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ ਭਾਵ ਸਾਡੇ ਮਨ ਦੀ ਸਮਝ ਹੀ ਸਾਡੇ ਔਗੁਣ ਹੈ ਤੇ ਸਾਡੇ ਮਨ ਦੀ ਸਮਝ ਹੀ ਸਾਨੂੰ ਔਗੁਣਾਂ ਵਿੱਚੋਂ ਕੱਢ ਕੇ ਗੁਣਾਂ ਵਾਲਾ ਬਣਾਉਂਦੀ ਹੈ। ਪ੍ਰਮਾਤਮਾ ਦੀ ਭਗਤੀ ਗੁਣਾਂ ਦੁਆਰਾ ਹੁੰਦੀ ਹੈ। ਗੁਣਾਂ ਔਗੁਣਾਂ ਦੀ ਪਹਿਚਾਣ ਮਨੁੱਖ ਦੀ ਕਰਨੀ ਨਾਲ ਹੁੰਦੀ ਹੈ ਭਾਵ ਸੰਸਾਰਿਕ ਵਿਚਰਨ ਦੁਆਰਾ ਹੁੰਦੀ ਹੈ। ਸਾਡੀ ਗੁਣਾਂ ਵਾਲੀ ਸੰਸਾਰਿਕ ਵਿਚਰਨ ਪ੍ਰਮਾਤਮਾ ਦੀ ਭਗਤੀ ਹੈ ਤੇ ਸਾਡੇ ਅੰਦਰ ਔਗੁਣ ਸਾਨੂੰ ਪ੍ਰਮਾਤਮਾ ਦੀ ਭਗਤੀ ਨਾਲ ਜੁੜਨ ਨਹੀਂ ਦਿੰਦੇ ਭਾਵੇਂ ਆਪਣੇ ਦਿਖਾਵਿਆ ਦੁਆਰਾ, ਸਰੀਰਕ ਕਿਰਿਆਵਾਂ ਦੁਆਰਾ, ਕਥਨੀ ਦੁਆਰਾ ਅਸੀਂ ਆਪਣੇ ਆਪ ਨੂੰ ਭਗਤੀ ਵਾਲਾ ਸਮਝਦੇ ਹਾਂ। ਪ੍ਰਮਾਤਮਾ ਦੇ ਦਰਬਾਰ ਵਿੱਚ ਕੇਵਲ ਗੁਣ ਪ੍ਰਵਾਨ ਹੁੰਦੇ ਹਨ ਭਾਵ ਗੁਣਾਂ ਵਾਲਾ ਜੀਵਨ ਪ੍ਰਵਾਨ ਹੁੰਦਾ ਹੈ ਤੇ ਔਗੁਣ ਪ੍ਰਵਾਣ ਨਹੀਂ ਹੁੰਦੇ, ਸਾਡੀ ਮਾੜੀ ਵਿਚਰਨ ਪ੍ਰਵਾਨ ਨਹੀਂ ਹੁੰਦੀ। **(ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥)**

{ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥}

(ਅੰਗ ੫੯੫)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ ੪੧੮)

{ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ ੫੯੮)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥
ਜਹ ਦੇਖਾ ਤਹ ਏਕੋ ਸੋਈ ॥ ਦੂਜੀ ਦੁਰਮਤਿ ਸਬਦੇ ਖੋਈ ॥

ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ ॥੭॥}

(ਅੰਗ ੧੦੫੧)

{ਆਪਿ ਭੁਲਾਏ ਕਿਸੁ ਕਹਉ ਜਾਇ ॥ ਗੁਰੁ ਮੇਲੇ ਬਿਰਥਾ ਕਹਉ ਮਾਇ ॥
ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥
ਸਤਿਗੁਰ ਮਿਲਿਐ ਮਤਿ ਊਤਮ ਹੋਇ ॥ ਮਨੁ ਨਿਰਮਲੁ ਹਉਮੈ ਕਢੈ ਧੋਇ ॥
ਸਦਾ ਮੁਕਤੁ ਬੰਧਿ ਨ ਸਕੈ ਕੋਇ ॥ ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥}

(ਅੰਗ ੧੧੮੮)

45/5929

{ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥}

(ਅੰਗ ੪)

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ ੯)

ਪ੍ਰਮਾਤਮਾ ਦੀ ਭਗਤੀ ਗੁਣੀ ਬਣਕੇ ਹੀ ਹੁੰਦੀ ਹੈ ਤੇ ਭਗਤੀ ਕਰਨ ਵਾਲੇ ਦਾ ਪਹਿਲਾ ਗੁਣ ਇਹ ਹੁੰਦਾ ਹੈ ਭਾਵ ਇਹ ਕਹਿਣਾ ਹੁੰਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਤੋਂ ਬਿਨਾਂ ਕੋਈ ਵੀ ਹੋਰ ਹੋਂਦ ਸਮਝਣਾ ਗੁਣ ਨਹੀਂ ਹੈ। ਜੋ ਗੁਣ ਨਹੀਂ ਹੈ ਉਹ ਔਗੁਣ ਹੈ। ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਜਦ ਤੱਕ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ, ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਇਸ ਕਥਨੀ ਵਿੱਚ ਗੁਣ ਨਹੀਂ ਔਗੁਣ ਹੈ ਭਾਵ ਝੂਠ ਹੈ। ਸਾਡੀ ਝੂਠੀ ਗੱਲ ਔਗੁਣ ਹੈ ਜੋ ਸਾਡੇ ਕੋਲੋਂ ਸਾਡੇ ਅੰਦਰ ਦੀ ਹਉਮੈ ਅਖਵਾਉਂਦੀ ਹੈ ਭਾਵ ਨਾਸਮਝ ਮਤਿ ਅਖਵਾਉਂਦੀ ਹੈ। ਸਾਡੀ ਨਾਸਮਝ ਮਤਿ ਸਾਨੂੰ ਔਗੁਣਾਂ ਨਾਲ ਜੋੜ ਕੇ ਰੱਖਦੀ ਹੈ ਤੇ ਗੁਰੂ ਦੀ ਸੱਚੀ ਮਤਿ ਸਾਨੂੰ ਗੁਣੀ ਬਣਾਉਂਦੀ ਹੈ। ਗੁਣੀ ਅਸੀਂ ਤਾਂ ਹੀ ਬਣਾਂਗੇ ਜਦੋਂ ਆਪਣੇ ਔਗੁਣ ਛੱਡਾਂਗੇ ਭਾਵ ਆਪਣੀ ਨਾਸਮਝ ਮਤਿ ਛੱਡਾਂਗੇ, ਮਨਮਤਿ ਛੱਡਾਂਗੇ, ਹਉਮੈ ਛੱਡਾਂਗੇ। ਪ੍ਰਮਾਤਮਾ ਦੀ ਭਗਤੀ ਗੁਰੂ ਦੀ ਸੱਚੀ ਮਤਿ ਨੂੰ ਸਮਝ ਕੇ ਤੇ ਉਸ ਅਨੁਸਾਰ ਚੱਲਣ ਦੁਆਰਾ ਹੀ ਹੁੰਦੀ ਹੈ। ਜਿਸਨੂੰ ਪ੍ਰਮਾਤਮਾ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਭਗਤੀ ਸਮਝਾਉਂਦਾ ਹੈ ਭਾਵ ਭਗਤੀ ਦਾ ਭੰਡਾਰ ਬਖਸ਼ਦਾ ਹੈ ਫਿਰ ਉਹੀ ਪ੍ਰਮਾਤਮਾ ਦੀ ਭਗਤੀ ਕਰ ਸਕਦਾ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਆਪਣਾ ਮਨੁੱਖੀ ਰੂਪ ਨਹੀਂ ਸਮਝਦੇ ਬਲਕਿ ਆਪਣੇ ਆਪ ਨੂੰ ਪ੍ਰਮਾਤਮਾ ਦਾ ਹੀ ਰੂਪ ਸਮਝਦੇ ਹਨ ਜੋ ਸਾਡੇ ਅੰਦਰ ਨਿਰੰਕਾਰ ਰੂਪ ਵਿੱਚ ਹੈ ਤੇ ਇਸ ਕਾਇਆ ਨੂੰ ਬਣਾਕੇ ਆਪ ਹੀ ਚਲਾ ਰਿਹਾ ਹੈ। ਹਰ ਆਕਾਰ ਰੂਪ ਨੂੰ ਬਣਾਕੇ ਉਸਨੂੰ ਆਪਣੇ ਗਿਆਨ ਦੁਆਰਾ ਪ੍ਰਮਾਤਮਾ ਆਪ ਹੀ ਚਲਾ ਰਿਹਾ ਹੈ। ਭਗਤੀ ਕਰਨ ਵਾਲਿਆਂ ਦਾ ਪਹਿਲਾ ਗੁਣ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ। ਇਸ ਗੁਣ ਦੀ ਪ੍ਰਾਪਤੀ ਤੋਂ ਬਾਅਦ ਫਿਰ ਪ੍ਰਮਾਤਮਾ ਮਨ ਦੇ ਵਿੱਚ ਸਾਡੇ ਅੰਦਰ ਦੀ ਮਤਿ ਨੂੰ

45/5930

ਆਪਣੇ ਸੱਚੇ ਵਿਚਾਰਾਂ ਦੇ ਨਾਲ ਆਪ ਹੀ ਘੜਦਾ ਹੈ ਤੇ ਮਨੁੱਖੀ ਮਤਿ ਨੂੰ ਹਰ ਔਗੁਣ ਤੋਂ ਮੁਕਤ ਕਰਦਾ ਹੈ, ਹਰ ਭਰਮ ਤੋਂ ਮੁਕਤ ਕਰਦਾ ਹੈ ਜਿਸ ਦੁਆਰਾ ਉਸਦੇ ਮਨੁੱਖੀ ਰੂਪ ਦੀ ਸੰਸਾਰਿਕ ਵਿਚਰਨ ਭਗਤੀ ਵਾਲੀ ਬਣਦੀ ਹੈ। ਉਸਦੀ ਸੱਚੀ ਭਗਤੀ ਦੀ ਸਮਝ ਹੀ ਉਸ ਪ੍ਰਮਾਤਮਾ ਦਾ ਨਾਮ ਹੈ ਜੋ ਨਾਮ ਮਨ ਦੇ ਵਿੱਚ ਸਮਝਾਉਂਣ ਦੁਆਰਾ ਉਸ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਹੀ ਕੱਢਦਾ ਹੈ ਜਿਸਦੇ ਰਹਿੰਦਿਆਂ ਮਨੁੱਖ ਨੂੰ ਆਪਣੇ ਅੰਦਰੋਂ ਨਾ ਆਪਣੇ ਆਪ ਦੀ ਸਮਝ ਪੈਂਦੀ ਹੈ, ਨਾ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਤੇ ਨਾ ਹੀ ਭਗਤੀ ਦੀ ਸਮਝ ਪੈਂਦੀ ਹੈ। **(ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥)** ਅੰਗ ੯-੧੦ ਹੁਣ ਅਸੀਂ ਮੁੱਖ ਸ਼ਬਦ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ। **(ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥ ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ ॥੨॥)**

ਉਪਰਲੇ ਸਲੋਕ ਰਾਹੀਂ ਅਸੀਂ ਇਹ ਜਾਣਿਆ ਹੈ ਕਿ ਜਿਨ੍ਹਾਂ ਨੂੰ ਪ੍ਰਮਾਤਮਾ ਆਪਣੀ ਭਗਤੀ ਦਾ ਖਜਾਨਾ ਬਖਸ਼ਦਾ ਹੈ, ਗੁਣਾਂ ਦਾ ਖਜਾਨਾ ਬਖਸ਼ਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਸੱਚੇ ਗਿਆਨ ਦਾ ਖਜਾਨਾ ਬਖਸ਼ਦਾ ਹੈ ਉਨ੍ਹਾਂ ਦੇ ਉੱਤੇ ਹੀ **"ਨਾਮੁ"** ਦਾ ਨਿਸ਼ਾਨ ਲੱਗਦਾ ਹੈ ਜੋ ਕਿ ਉਨ੍ਹਾਂ ਉੱਤੇ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਲੱਗਦਾ ਹੈ। ਕਿਸੇ ਵੀ ਚੀਜ ਦੇ ਉਪਰ ਜੋ ਕੁਝ ਨਿਸ਼ਾਨ ਲੱਗਦਾ ਹੈ ਉਹ ਉਸ ਵਸਤੂ ਦੀ ਪਹਿਚਾਣ ਕਰਵਾਉਂਦਾ ਹੈ। ਜਿਵੇਂ ਕਿ ਧਾਰਮਿਕ ਅਸਥਾਨ ਦੇ ਉੱਤੇ ਜੋ ਨਿਸ਼ਾਨ ਲੱਗਦਾ ਹੈ, ਝੰਡੇ ਦੇ ਰੂਪ ਵਿੱਚ ਲੱਗਦਾ ਹੈ ਉਹ ਉਸ ਧਾਰਮਿਕ ਅਸਥਾਨ ਦੀ ਪਹਿਚਾਣ ਕਰਵਾਉਂਦਾ ਹੈ ਕਿ ਇੱਥੇ ਧਰਮ ਅਸਥਾਨ ਬਣਿਆ ਹੋਇਆ ਹੈ ਭਾਵ ਕਿਸੇ ਵਸਤੂ ਦੀ ਪਹਿਚਾਣ ਕਰਨ ਲਈ ਜੋ ਉਸਦੇ ਉਪਰ ਨਿਸ਼ਾਨੀ ਲਗਾਈ ਜਾਂਦੀ ਹੈ ਉਹ ਉਸਦੇ ਉਪਰ ਨਿਸ਼ਾਨ ਲਗਾਉਂਣ ਦਾ ਮਕਸਦ ਹੈ। ਪ੍ਰਮਾਤਮਾ ਜਿਸ ਤੇ ਆਪਣਾ ਨਾਮ ਦਾ ਨਿਸ਼ਾਨ ਲਗਾਉਂਦਾ ਹੈ ਇਹ ਉਸ ਮਨੁੱਖ ਦੇ ਅੰਦਰ ਪ੍ਰਮਾਤਮਾ ਦੇ ਹੋਣ ਦੀ ਨਿਸ਼ਾਨੀ ਹੈ ਭਾਵ ਉਸਦੇ ਅੰਦਰ ਪ੍ਰਮਾਤਮਾ ਪ੍ਰਗਟ ਹੈ। ਇਹੋ ਜਿਹੀ ਸਮਝ ਵਾਲਾ ਮਨੁੱਖ ਫਿਰ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਨਹੀਂ ਕਹਿ ਸਕਦਾ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਜਿੱਥੇ ਉਸਦਾ ਨਿਸ਼ਾਨ ਲੱਗ ਜਾਂਦਾ ਹੈ ਉਹ

ਪ੍ਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ। ਜਿਸਨੂੰ ਆਪਣੇ ਅੰਦਰੋਂ ਨਾਮ ਦੀ ਸਮਝ ਲੱਗ ਜਾਂਦੀ ਹੈ, ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਲੱਗ ਜਾਂਦੀ ਹੈ ਉਨ੍ਹਾਂ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਭ ਦੇ ਵਿੱਚ ਪ੍ਰਮਾਤਮਾ ਆਪਣੇ ਨਾਮ ਰੂਪ ਵਿੱਚ ਹੀ ਹੈ। ਉਸਦੇ ਨਾਮ ਨਾਲ ਹੀ ਸਭ ਕੁਝ ਬਣਿਆ ਹੈ ਤੇ ਉਸਦੇ ਨਾਮ ਨਾਲ ਹੀ ਸਭ ਕੁਝ ਚੱਲ ਰਿਹਾ ਹੈ ਭਾਵ ਉਨ੍ਹਾਂ ਨੂੰ ਸਭ ਜਗ੍ਹਾ ਫਿਰ ਨਾਮ ਦਾ ਹੀ ਨਿਸ਼ਾਨ ਨਜਰ ਆਉਂਦਾ ਹੈ, ਸਭ ਜਗ੍ਹਾ ਪ੍ਰਮਾਤਮਾ ਦੀ ਹੋਂਦ ਹੀ ਨਜਰ ਆਉਂਦੀ ਹੈ। **(ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ ॥੨॥)**

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

ਉਪਰ ਸਲੋਕ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਭਗਤੀ ਦਾ ਖਜਾਨਾ ਮਨ ਦੇ ਵਿੱਚ ਪ੍ਰਮਾਤਮਾ ਮਨ ਦਾ ਤਾਲਾ ਖੋਲਣ ਦੁਆਰਾ ਦਿੰਦਾ ਹੈ ਜੋ ਖਜਾਨਾ ਨਾਮ ਦੇ ਰੂਪ ਵਿੱਚ ਮਿਲਦਾ ਹੈ, ਸੱਚੇ ਗੁਣਾਂ ਦੇ ਰੂਪ ਵਿੱਚ ਮਿਲਦਾ ਹੈ ਭਾਵ ਸੱਚੀ ਗੁਰਮਤਿ ਦੇ ਰੂਪ ਵਿੱਚ ਮਿਲਦਾ ਹੈ। ਉਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਨਾਮ ਦਾ ਖਜਾਨਾ ਕਿਸ ਮਕਸਦ ਲਈ ਦਿੱਤਾ ਹੈ ਇਹੀ ਗੱਲ ਸਾਨੂੰ ਸਲੋਕਾਂ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ।

ਪਉੜੀ ॥

"ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥
ਬਹਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥ ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥
ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ ॥੫॥"

(ਅੰਗ ੧੨੩੯)

ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ ਭਗਤੀ ਦਾ ਖਜਾਨਾ ਬਖਸ਼ਿਆ ਹੈ, ਨਾਮ ਦਾ ਖਜਾਨਾ ਬਖਸ਼ਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਨੂੰ ਇਸ ਖਜਾਨੇ ਨਾਲ ਭਰਿਆ ਹੈ, ਨਾਮ ਨਾਲ ਭਰਿਆ ਹੈ, ਗੁਣਾਂ ਨਾਲ ਭਰਿਆ ਹੈ। ਸਾਰੀ ਗੁਰਬਾਣੀ ਵਿੱਚ ਸ਼ਬਦ ਹੀ ਹਨ ਤੇ ਇਹ ਖਜਾਨਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਸੋਝੀ ਸ਼ਬਦਾਂ ਦਾ ਗਿਆਨ ਹੈ ਜੋ ਗਿਆਨ ਸ਼ਬਦਾਂ ਦੇ ਵਿੱਚ ਬ੍ਰਹਮ ਨੇ ਆਪ ਪਾਇਆ ਹੈ, ਪ੍ਰਮਾਤਮਾ ਨੇ ਆਪ ਪਾਇਆ ਹੈ ਤੇ ਇਸੇ

ਕਰਕੇ ਪੂਰੀ ਗੁਰਬਾਣੀ ਦੇ ਵਿੱਚ ਬ੍ਰਹਮ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਦਿੱਤਾ ਹੋਇਆ ਨਾਮ ਹੈ। ਪ੍ਰਮਾਤਮਾ ਆਪ ਹੀ ਗੁਰੂ ਹੈ, ਬ੍ਰਹਮ ਗਿਆਨ ਰਾਹੀਂ ਗੁਰੂ ਹੈ, ਆਪਣੇ ਨਾਮ ਰਾਹੀਂ ਗੁਰੂ ਹੈ। ਪ੍ਰਮਾਤਮਾ ਦਾ ਨਾਮ ਕਿਸ ਮਕਸਦ ਲਈ ਹੈ ਭਾਵ ਪੂਰੀ ਗੁਰਬਾਣੀ ਦੀ ਸਿੱਖਿਆ ਕਿਸ ਮਕਸਦ ਲਈ ਹੈ, ਸ਼ਬਦਾਂ ਦੀ ਵਿਚਾਰ ਕਿਸ ਮਕਸਦ ਲਈ ਹੈ, ਇਹੀ ਗੱਲ ਸਾਨੂੰ ਸਲੋਕਾਂ ਦੀ ਪਉੜੀ ਰਾਹੀਂ

ਸਮਝਾਈ ਹੋਈ ਹੈ। ਨਾਮ ਦਾ ਮਕਸਦ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਂਣ ਦਾ ਹੈ ਭਾਵ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦਾ ਹੈ ਜੋ ਸਾਡੇ ਅੰਦਰ ਨਾਮ ਦੇ ਰੂਪ ਵਿੱਚ ਹੀ ਹੈ। ਨਾਮ ਦੀ ਆਪਣੀ ਦਿੱਤੀ ਹੋਈ ਮਤਿ ਨੂੰ ਮੰਨਣ ਦੁਆਰਾ ਹੀ ਉਸ ਨਾਮ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ, ਬ੍ਰਹਮ ਗਿਆਨੀ ਦੀ ਦਿੱਤੀ ਹੋਈ ਸਿੱਖਿਆ ਨੂੰ ਮੰਨਣ ਦੁਆਰਾ ਹੀ ਉਸ ਬ੍ਰਹਮ ਗਿਆਨੀ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ।

“ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥”

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੀ ਹੈ ਜੋ ਕਿ ਸਾਡੇ ਸੁਣਨ ਲਈ ਹੈ ਤੇ ਸਾਡੇ ਮੰਨਣ ਲਈ ਹੈ। ਨਾਮ ਸ਼ਬਦਾਂ ਦੀ ਵਿਚਾਰ ਹੈ। ਸ਼ਬਦਾਂ ਦੀ ਵਿਚਾਰ ਨੂੰ ਸੁਣਨਾ ਨਾਮ ਨੂੰ ਸੁਣਨਾ ਹੈ। ਸ਼ਬਦਾਂ ਦੀ ਵਿਚਾਰ ਹੀ ਗੁਰੂ ਦੀ ਸਿੱਖਿਆ ਹੈ, ਗੁਰੂ ਦੀ ਮਤਿ ਹੈ। ਗੁਰੂ ਦੀ ਵਿਚਾਰ ਨਿਰਮਲ ਹੈ ਭਾਵ ਮੈਲ ਤੋਂ ਰਹਿਤ ਹੈ, ਅਗਿਆਨਤਾ ਦੀ ਮੈਲ ਤੋਂ ਰਹਿਤ ਹੈ। ਸ਼ਬਦ ਦੀ ਵਿਚਾਰ ਸਾਡੇ ਮਨ ਨੂੰ ਨਿਰਮਲ ਬਨਾਉਂਣ ਲਈ ਹੀ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਦੀ ਮੈਲ ਨੂੰ ਧੋਣ ਲਈ ਹੀ ਹੈ। ਕੇਵਲ ਗੁਰੂ ਦੀ ਗੱਲ ਨੂੰ ਸੁਣਨ ਨਾਲ ਸਾਡੇ ਮਨ ਦੀ ਮੈਲ ਨਹੀਂ ਉਤਰ ਸਕਦੀ। ਗੁਰੂ ਦੀ ਗੱਲ ਨੂੰ ਸੱਚਾ ਸੁਣਨਾ ਇਹੀ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਸੁਣ ਕੇ ਉਸਨੂੰ ਮਨ ਦੇ ਵਿੱਚ ਵਸਾਈਏ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨੀਏ ਤਾਂ ਜੋ ਸਾਡੇ ਅੰਦਰ ਭਰਮਾਂ ਵਾਲੇ ਵਿਚਾਰ ਹਨ ਉਨ੍ਹਾਂ ਦੀ ਭਰਮ ਰੂਪ ਮੈਲ ਉਤਰੇ, ਸਾਡੇ ਅੰਦਰ ਦੀ ਹਉਮੈ ਨਿਕਲੇ। ਸਾਡੇ ਅੰਦਰੋਂ ਹਉਮੈ ਨੂੰ ਕੱਢਣਾ ਹੀ ਨਾਮ ਦਾ ਮਕਸਦ ਹੈ। ਸਾਡਾ ਪ੍ਰਮਾਤਮਾ ਦੇ ਨਾਲ ਪੜਦਾ ਮਨ ਦੇ ਵਿੱਚ ਹੀ ਹੈ, ਮਨ ਦੀ ਅਗਿਆਨਤਾ ਕਰਕੇ ਹੀ ਹੈ। ਜਿਉਂ

45/5933

ਜਿਉਂ ਅਸੀਂ ਸੱਚੇ ਗਿਆਨ ਦੀ ਮਤਿ ਨਾਲ ਜੁੜਦੇ ਜਾਵਾਂਗੇ ਤਿਉਂ ਤਿਉਂ ਸਾਡਾ ਮਨ ਨਿਰਮਲ ਹੁੰਦਾ ਜਾਵੇਗਾ ਤੇ ਸਾਡੇ ਅੰਦਰੋਂ ਭਰਮ ਦਾ ਪੜਦਾ ਦੂਰ ਹੁੰਦਾ ਜਾਵੇਗਾ ਭਾਵ ਅਸੀਂ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਦੇ ਜਾਵਾਂਗੇ। ਗੁਰੂ ਪ੍ਰਮਾਤਮਾ ਆਪ ਸੱਚੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਤੇ ਜਿਉਂ ਜਿਉਂ ਅਸੀਂ ਨਾਮ ਦੀ ਮਤਿ ਦੇ ਨਾਲ ਜੁੜਦੇ ਜਾਵਾਂਗੇ ਤਿਉਂ ਤਿਉਂ ਅਸੀਂ ਨਾਮ ਦੇ ਨੇੜੇ ਹੁੰਦੇ ਜਾਵਾਂਗੇ। ਸਾਡਾ ਸੱਚਾ ਉਦੱਮ ਇਹੀ ਹੈ ਕਿ ਅਸੀਂ ਗੁਰੂ ਦੀ ਗੱਲ ਨੂੰ ਸੁਣਕੇ ਮੰਨੀਏ ਕਿਉਂਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦਾ, ਨਾਮ ਨੂੰ ਆਪਣੇ ਅੰਦਰੋਂ ਜਾਨਣ ਦਾ ਇਹੀ ਤਰੀਕਾ ਹੈ ਜਿਸ ਦੁਆਰਾ ਮਨੁੱਖ ਨੂੰ **“ਸੁਖੁ”** ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ। **(ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥)**

{ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥
ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥}

(ਅੰਗ ੫੬੫)

{ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥
ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥ ਰੈਣਿ ਅੰਧਾਰੀ ਨਿਰਮਲ ਜੋਤਿ ॥
ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥
ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}

(ਅੰਗ ੮੩੧)

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਗਿਆਨ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਗਿਆਨ ਹੈ ਤੇ ਉਸ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਪੂਰੀ ਗੁਰਬਾਣੀ ਦੇ ਵਿੱਚ ਗੁਰੂ ਰੂਪ ਵਿੱਚ ਹੈ ਜੋ ਕਿ ਉਸਦਾ ਸਚੁ ਰੂਪ ਹੈ ਭਾਵ ਨਾਮ ਰੂਪ ਹੈ। ਪੂਰੀ ਗੁਰਬਾਣੀ ਦੇ ਵਿੱਚ ਸੱਚ ਹੀ ਹੈ ਤੇ ਜੇਕਰ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜਾਂਗੇ ਤੇ ਤਾਂ ਹੀ ਉਸ ਸਚੁ

ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਜੋ ਸਾਡੇ ਅੰਦਰ ਹੀ ਹੈ। ਜਦੋਂ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਵੱਸ ਜਾਂਦੀ ਹੈ ਫਿਰ ਉਹ ਕਦੇ ਨਹੀਂ ਵਿਸਰਦੀ, ਮਨੁੱਖ ਨੂੰ ਅੱਠੇ ਪਹਿਰ ਉਹ ਮਤਿ ਚੇਤੇ ਰਹਿੰਦੀ ਹੈ ਭਾਵ ਪ੍ਰਮਾਤਮਾ ਦਾ ਨਾਮ ਚੇਤੇ ਰਹਿੰਦਾ ਹੈ ਤੇ ਉਹ ਉਸ ਮਤਿ ਅਨੁਸਾਰ ਹੀ ਵਿਚਰਦਾ ਹੈ। ਪ੍ਰਮਾਤਮਾ ਦੇ ਭਗਤਾਂ ਨੇ ਸੱਚ ਨੂੰ ਇਸ ਰੂਪ ਵਿੱਚ ਪਾਇਆ ਹੈ, ਨਾਮ ਨੂੰ ਇਸ ਤਰੀਕੇ ਆਪਣੇ ਜੀਵਨ ਦਾ ਆਸਰਾ ਬਣਾਇਆ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ ਕਿ ਆਪਣੇ ਅੰਦਰ ਗੁਰੂ ਦੀ ਮਤਿ ਨੂੰ ਸੁਣ ਕੇ ਵਸਾਉਂਣਾ ਕੀ ਹੈ, ਸੁਖੁ ਦੀ ਪ੍ਰਾਪਤੀ ਕੀ ਹੈ, ਨਾਮ ਦੁਆਰਾ ਸੁੱਖ ਕੀ ਹੈ। **(ਬਹਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥ ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥)**

ਪ੍ਰਮਾਤਮਾ ਦਾ ਭਗਤ ਰੂਪ ਹੀ ਉਸਦਾ ਗੁਰਮੁਖਿ ਰੂਪ ਹੈ। ਜੋ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। **(ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ ॥੫॥)**

ਜਿਵੇਂ ਕਿ ਅਸੀਂ ਉਪਰਲੇ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਹੋਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਦੀ ਭਗਤੀ ਉਸਦਾ ਭਗਤ ਰੂਪ ਬਣਕੇ ਹੀ ਹੁੰਦੀ ਹੈ ਭਾਵ ਭਗਤੀ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਹੁੰਦੀ ਹੈ ਜੋ ਸੋਝੀ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਅਸੀਂ ਨਾ ਸੱਚ ਦੇ ਮਾਲਕ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਉਸਤੇ ਚੱਲ ਸਕਦੇ ਹਾਂ। ਇਸੇ ਲਈ ਭਗਤੀ ਦਾ ਮਾਰਗ ਵਿਰਲੇ ਦਾ ਮਾਰਗ ਹੈ ਭਾਵ ਕੋਈ ਵਿਰਲਾ ਹੀ ਭਗਤੀ ਦੇ ਮਾਰਗ ਤੇ ਚੱਲਦਾ ਹੈ। ਭਗਤੀ ਦੇ ਮਾਰਗ ਤੇ ਚੱਲਣ ਲਈ ਨਾਮ ਦੀ ਦਾਤਿ ਦੀ ਲੋੜ ਹੈ ਜੋ ਦਾਤਿ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਹ ਆਪ ਹੀ ਕਿਸੇ ਤੇ ਆਪਣਾ ਨੀਸਾਣ ਲਗਾਉਂਦਾ ਹੈ। ਉਸਦਾ ਨਿਸ਼ਾਨ ਲੱਗੇ ਬਿਨਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਭਾਵ ਪ੍ਰਮਾਤਮਾ ਦਾ ਰੂਪ ਬਣੇ ਬਿਨਾਂ, ਪ੍ਰਮਾਤਮਾ ਨੂੰ ਜਾਣੇ ਬਿਨਾਂ ਕਿ ਇਸ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤਦ ਤੱਕ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਨਾਮ ਦੀ ਦਾਤਿ ਲੈਣ ਲਈ ਫਿਰ ਮਾਇਆ ਦੀਆਂ

ਦਾਤਾਂ ਵਿੱਚੋਂ ਮੋਹ ਕੱਢਣਾ ਪੈਂਦਾ ਹੈ ਪਰ ਹਰ ਕਿਸੇ ਦਾ ਮੋਹ ਮਾਇਆ ਦੀਆਂ ਦਾਤਾਂ ਨਾਲ ਹੀ ਜੁੜਿਆ ਹੁੰਦਾ ਹੈ ਜਿਨ੍ਹਾਂ ਦੀ ਪ੍ਰਾਪਤੀ ਲਈ ਹਰ ਕੋਈ ਭਗਤੀ ਦੇ ਮਾਰਗ ਨੂੰ ਅਪਨਾਉਂਦਾ ਹੈ ਭਾਵ ਮਾਇਆ ਦੀਆਂ ਦਾਤਾਂ ਨੂੰ ਹੀ ਪ੍ਰਮਾਤਮਾ ਦੀਆਂ ਅਸਲ ਦਾਤਾਂ ਸਮਝਦਾ ਹੈ। ਜਿਸਨੂੰ ਭਗਤੀ ਦੇ ਮਾਰਗ ਦੀ ਸਮਝ ਪੈ ਜਾਂਦੀ ਹੈ ਉਹ ਫਿਰ ਮਾਇਆ ਦੀਆਂ ਦਾਤਾਂ ਦੇ ਮੋਹ ਵਿੱਚੋਂ ਨਿਕਲ ਜਾਂਦਾ ਹੈ ਫਿਰ ਭਗਤੀ ਦੇ ਸੱਚੇ ਸੁੱਚੇ ਮਾਰਗ ਤੇ ਚੱਲਦਾ ਹੈ, ਗੁਰਮਤਿ ਦੀ ਸੱਚੀ ਸਮਝ ਅਨੁਸਾਰ ਵਿਚਰਦਾ ਹੈ। ਆਉ ਇਸ ਗੱਲ ਨੂੰ ਜਪੁਜੀ ਬਾਣੀ ਵਿੱਚੋਂ ਕੁਝ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝੀਏ।

“ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥”

(ਅੰਗ ੧-੨)

ਸ਼ਬਦ ਦੇ ਅਰਥ ਗਹਿਰੇ ਹਨ। ਜੇਕਰ ਲੇਖ ਦੇ ਸ਼ੁਰੂ ਵਿੱਚ ਅਸੀਂ ਇਹ ਅਰਥ ਸਮਝਦੇ ਤਾਂ ਫਿਰ ਇਹ ਸਮਝ ਵਿੱਚ ਨਹੀਂ ਸਨ ਆਉਣੇ। ਹੁਣ ਅਸੀਂ ਭਗਤੀ ਦੇ ਮਾਰਗ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝ ਚੁਕੇ ਹਾਂ ਤੇ ਹੁਣ ਸਾਡੇ ਲਈ ਉਪਰਲੇ ਸ਼ਬਦ ਨੂੰ ਸਮਝਣਾ ਆਸਾਨ ਹੋਵੇਗਾ ਕਿਉਂਕਿ ਸ਼ਬਦ ਵਿੱਚ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ, ਪ੍ਰਮਾਤਮਾ ਨੂੰ ਗਾਉਂਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੇ ਗੁਣ ਗਾਉਂਣੇ ਹੀ ਸਮਝਾਏ ਹੋਏ ਹਨ। ਪ੍ਰਮਾਤਮਾ ਨੂੰ ਕੋਈ ਵਿਰਲਾ ਹੀ ਗਾ ਸਕਦਾ ਹੈ। **“ਕੋ”** ਤੋਂ ਭਾਵ ਹੈ ਕੋਈ ਵਿਰਲਾ ਹੀ। ਪ੍ਰਮਾਤਮਾ ਨੂੰ ਉਹੀ ਗਾ ਸਕਦਾ ਹੈ ਭਾਵ ਭਗਤੀ ਦੇ ਮਾਰਗ ਤੇ ਉਹੀ ਚੱਲ ਸਕਦਾ ਹੈ ਜਿਸਦੇ ਅੰਦਰ **“ਤਾਣੁ”** ਹੈ ਭਾਵ ਬੱਲ ਹੈ। ਭਗਤੀ ਦਾ **“ਬਲ”**, ਭਗਤੀ ਦਾ **“ਤਾਣੁ”** ਭਗਤੀ ਦੀ ਸਮਝ ਹੈ ਭਾਵ ਭਗਤੀ ਦਾ ਸੱਚਾ ਗਿਆਨ ਹੈ। ਇਸ ਤਾਣ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਇਸ ਤਾਣ ਦੀ ਪ੍ਰਾਪਤੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ ਭਾਵ ਜਿਸ ਮਨ ਦੇ ਅੰਦਰ ਪ੍ਰਮਾਤਮਾ ਆਪ ਆਪਣੇ ਆਪ ਨੂੰ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਉੱਥੇ ਹੀ ਉਹ ਆਪਣਾ ਤਾਣ ਪ੍ਰਗਟ ਕਰਦਾ ਹੈ। ਪ੍ਰਮਾਤਮਾ ਦੇ ਅੰਦਰ ਪ੍ਰਗਟ ਹੋਣ ਤੋਂ ਪਹਿਲੇ ਸਾਡੇ ਅੰਦਰ **“ਤਾਣੁ”** ਮਾਇਆ ਦਾ ਚੱਲਦਾ ਹੈ, ਮਾਇਆ ਦਾ ਬੱਲ ਚੱਲਦਾ ਹੈ। ਮਾਇਆ ਨੂੰ ਬੱਲ ਦੇਣ ਵਾਲਾ ਆਪ ਪ੍ਰਮਾਤਮਾ ਹੈ ਤੇ ਮਾਇਆ ਦਾ ਬੱਲ ਮਨ ਦੇ ਅੰਦਰੋਂ ਤੋੜਨ ਵਾਲਾ ਵੀ ਆਪ ਪ੍ਰਮਾਤਮਾ ਹੈ। ਸਾਡੇ ਅੰਦਰ ਸੱਚਾ ਤਾਣ ਸੱਚੇ ਗਿਆਨ ਦਾ ਤਾਣ ਹੈ ਜੋ ਸਾਡੇ ਅੰਦਰੋਂ ਮਾਇਆ ਦੇ ਅਗਿਆਨਤਾ ਰੂਪ ਤਾਣ ਨੂੰ ਤੋੜ ਦਿੰਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਮਨ ਦੀ

ਸਮਝ ਨੂੰ ਸੱਚਾ ਤਾਣ ਮਿਲਣ ਦੁਆਰਾ ਹੀ ਸਮਝ ਆਉਂਦਾ ਹੈ। ਪ੍ਰਮਾਤਮਾ ਦੇ ਗੁਣ ਮਨ ਦੀ ਇਸ ਅਵਸਥਾ ਦੁਆਰਾ ਗਾਏ ਜਾ ਸਕਦੇ ਹਨ ਭਾਵ ਭਗਤੀ ਦੇ ਮਾਰਗ ਤੇ ਮਨ ਦੀ ਇਸ ਅਵਸਥਾ ਦੁਆਰਾ ਚੱਲਿਆ ਜਾ ਸਕਦਾ ਹੈ ਜੋ ਅਵਸਥਾ ਪ੍ਰਮਾਤਮਾ ਕਿਸੇ ਵਿਰਲੇ ਨੂੰ

ਹੀ ਬਖਸ਼ਦਾ ਹੈ। **(ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥)**

ਪਉੜੀ ॥

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥ ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥ ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ ੧੦੯੬)

ਸਾਰਗ ਮਹਲਾ ੫ ॥

{ਜਾ ਕੈ ਰਾਮ ਕੋ ਬਲੁ ਹੋਇ ॥ ਸਗਲ ਮਨੋਰਥ ਪੂਰਨ ਤਾਹੂ ਕੇ ਦੂਖੁ ਨ ਬਿਆਪੈ ਕੋਇ ॥੧॥ ਰਹਾਉ ॥
ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ ਸੁਣਿ ਜੀਵਾਂ ਤਿਸੁ ਸੋਇ ॥
ਉਦਮੁ ਕਰਉ ਦਰਸਨੁ ਪੇਖਨ ਕੌ ਕਰਮਿ ਪਰਾਪਤਿ ਹੋਇ ॥੧॥
ਗੁਰ ਪਰਸਾਦੀ ਦ੍ਰਿਸਟਿ ਨਿਹਾਰਉ ਦੂਸਰ ਨਾਹੀ ਕੋਇ ॥
ਦਾਨੁ ਦੇਹਿ ਨਾਨਕ ਅਪਨੇ ਕਉ ਚਰਨ ਜੀਵਾਂ ਸੰਤ ਧੋਇ ॥੨॥੭੪॥੯੭॥}

(ਅੰਗ ੧੨੨੩)

{ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥}

(ਅੰਗ ੧੧੦੬)

{ਤੁਮ੍ਰੀ ਆਸ ਭਰੋਸਾ ਤੁਮ੍ਰਾ ਤੁਮਰਾ ਨਾਮੁ ਰਿਦੈ ਲੈ ਧਰਨਾ ॥
ਤੁਮਰੋ ਬਲੁ ਤੁਮ ਸੰਗਿ ਸੁਹੇਲੇ ਜੋ ਜੋ ਕਹਹੁ ਸੋਈ ਸੋਈ ਕਰਨਾ ॥੧॥}

(ਅੰਗ ੧੨੯੯)

{ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥
ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥}

(ਅੰਗ ੩੩੯)

{ਜਲੁ ਤਰੰਗ ਅਗਨੀ ਪਵਨੈ ਫੁਨਿ ਰੈ ਮਿਲਿ ਜਗਤੁ ਉਪਾਇਆ ॥
ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥੬॥
ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥}

(ਅੰਗ ੧੩੪੫)

{ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ ॥ ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ ॥}

(ਅੰਗ ੧੩੫੫)

{ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥ ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ ॥}

(ਅੰਗ ੧੩੯੧)

{ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥ ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥
ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥ ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥}

(ਅੰਗ ੧੩੯੨)

{ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ ਗਰੂਅ ਮਤਿ ਨਿਰਵੈਰਿ ਲੀਣਾ ॥
ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ ॥}

(ਅੰਗ ੧੩੯੩)

{ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥}

(ਅੰਗ ੧੪੨੯)

{ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥}

(ਅੰਗ ੮੬)

{ਦਰਸਨਿ ਤੇਰੈ ਭਵਨ ਪੁਨੀਤਾ ॥ ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥
ਤੁਮ ਦਾਤੇ ਤੁਮ ਪੁਰਖ ਬਿਧਾਤੇ ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥}

(ਅੰਗ ੯੯)

{ਜੋ ਹਰਿ ਕੀਤਾ ਆਪਣਾ ॥ ਤਿਨਹਿ ਗੁਸਾਈ ਜਾਪਣਾ ॥
ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ ॥੫॥
ਮਨ ਮੰਧੇ ਪ੍ਰਭੁ ਅਵਗਾਹੀਆ ॥ ਏਹਿ ਰਸ ਭੋਗਣ ਪਾਤਿਸਾਹੀਆ ॥
ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥੬॥ ਕਰਤਾ ਮੰਨਿ ਵਸਾਇਆ ॥
ਜਨਮੈ ਕਾ ਫਲੁ ਪਾਇਆ ॥ ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥੭॥
ਅਟਲ ਪਦਾਰਥੁ ਪਾਇਆ ॥ ਭੈ ਭੰਜਨ ਕੀ ਸਰਣਾਇਆ ॥
ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ ॥੮॥੪॥੩੮॥}

(ਅੰਗ ੧੩੨)

45/5938

{ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ॥ ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ ॥}

(ਅੰਗ ੧੬੩)

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥}

(ਅੰਗ ੨੩੭)

{ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥ ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥}

(ਅੰਗ ੪੫੪)

ਪਉੜੀ ॥

{ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥ ਫਉਜ ਸਤਾਣੀ ਹਾਠ ਪੰਚਾ ਜੋੜੀਐ ॥
ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥ ਜਿਣਿ ਜਿਣਿ ਲੈਨ੍ਹਿ ਰਲਾਇ ਏਹੋ ਏਨਾ ਲੋੜੀਐ ॥
ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ ॥ ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ॥
ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥ ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਐ ॥੧੫॥}

(ਅੰਗ ੫੨੨)

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥}

(ਅੰਗ ੧੧੯੩)

{ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥}

(ਅੰਗ ੨੯੭)

{ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥}

(ਅੰਗ ੬੭੯)

{ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥}

(ਅੰਗ ੩੯੨)

45/5939

{ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥
ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥੧॥}

(ਅੰਗ ੬੮੩)

{ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥}

(ਅੰਗ ੪੦੪)

{ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥

ਸਦਾ ਮੁਕਤੁ ਤਾ ਕੇ ਪੂਰੇ ਕਾਮ ॥ ਜਾ ਕੈ ਰਿਦੈ ਵਸੈ ਹਰਿ ਨਾਮ ॥੨॥}

(ਅੰਗ ੮੯੦-੮੯੧)

{ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥੨੨॥
ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥੨੩॥}

(ਅੰਗ ੯੦੮)

{ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ ॥ ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ ॥੨॥}

(ਅੰਗ ੯੨੯)

{ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥
ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥}

(ਅੰਗ ੯੩੦)

{ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥
ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥}

(ਅੰਗ ੧੦੧੯)

{ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥}

(ਅੰਗ ੧੦੨੦)

45/5940

{ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥}

(ਅੰਗ ੧੦੨੩)

{ਜਿਸ ਕਉ ਨਦਰਿ ਕਰੇ ਗੁਰੁ ਪੂਰਾ ॥ ਸਬਦਿ ਮਿਲਾਏ ਗੁਰਮਤਿ ਸੂਰਾ ॥
ਨਾਨਕ ਗੁਰ ਕੇ ਚਰਨ ਸਰੇਵਹੁ ਜਿਨਿ ਭੂਲਾ ਮਾਰਗਿ ਪਾਇਆ ॥੫॥}

(ਅੰਗ ੧੦੪੩)

{ਸਬਦਿ ਮਰੈ ਸੋਈ ਜਨੁ ਪੂਰਾ ॥ ਸਤਿਗੁਰੁ ਆਖਿ ਸੁਣਾਏ ਸੂਰਾ ॥
ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ ॥੪॥}

(ਅੰਗ ੧੦੪੬)

{ਆਪੇ ਸਤਿਗੁਰੁ ਮੇਲੇ ਪੂਰਾ ॥ ਸਚੈ ਸਬਦਿ ਮਹਾਬਲ ਸੂਰਾ ॥
ਆਪੇ ਮੇਲੇ ਦੇ ਵਡਿਆਈ ਸਚੇ ਸਿਉ ਚਿਤੁ ਲਾਇਦਾ ॥੯॥
ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥੧੦॥}

(ਅੰਗ ੧੦੬੦)

{ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥
ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥
ਗੁਣ ਨਿਧਾਨ ਕਿਛੁ ਕੀਮ ਨ ਪਾਈ ॥ ਘਟਿ ਘਟਿ ਪੂਰਿ ਰਹਿਓ ਸਭ ਠਾਈ ॥
ਨਾਨਕ ਸਰਣਿ ਦੀਨ ਦੁਖ ਭੰਜਨ ਹਉ ਰੇਣ ਤੇਰੇ ਜੋ ਦਾਸਾ ਹੇ ॥੧੫॥੧॥੨॥}

(ਅੰਗ ੧੦੭੩)

ਪਉੜੀ ॥

{ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥ ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥
ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥ ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ॥
ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥}

(ਅੰਗ ੧੦੮੯)

ਪਉੜੀ ॥

{ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥ ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥੯॥}

(ਅੰਗ ੧੦੮੯)

45/5941

{ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥}

(ਅੰਗ ੧੧੦੫)

{ਬਲਬੰਚ ਕਰੈ ਨ ਜਾਨੈ ਲਾਭੈ ਸੋ ਧੂਰਤੁ ਨਹੀ ਮੂੜ੍ਹਾ ॥
ਸੁਆਰਥੁ ਤਿਆਗਿ ਅਸਾਰਥਿ ਰਚਿਓ ਨਹ ਸਿਮਰੈ ਪ੍ਰਭੁ ਰੂੜਾ ॥੧॥
ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ ॥
ਸਾਧਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ ॥੨॥੬੭॥੯੦॥}

(ਅੰਗ ੧੨੨੧)

ਪਉੜੀ ॥

{ਦੋਵੈ ਤਰਫਾ ਉਪਾਇ ਇਕੁ ਵਰਤਿਆ ॥ ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥
ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥
ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥
ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ ਸਤਿਗੁਰੁ ਸੇਵਨਿ ਆਪਣਾ ਤਿਨ੍ਾ ਵਿਟਹੁ ਹਉ ਵਾਰਿਆ ॥੫॥}

(ਅੰਗ ੧੨੮੦)

{ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥}

(ਅੰਗ ੧੩੭੪)

{ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥ ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥
ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ॥ ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ ॥
ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ॥
ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ ॥੫॥}

(ਅੰਗ ੧੩੯੧)

ਸਾਡੇ ਅੰਦਰ ਦਾ ਤਾਣ ਕੀ ਹੈ, ਬੱਲ ਕੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ ਇਸ ਗੱਲ ਨੂੰ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝ ਸਕਦੇ ਹਾਂ। ਭਗਤੀ ਦਾ ਬੱਲ ਉਹ ਹੈ ਜੋ ਸਾਡੇ ਅੰਦਰੋਂ ਪੰਜਾਂ ਔਗੁਣਾਂ ਦੇ ਬੱਲ ਨੂੰ ਖਤਮ ਕਰ ਦਿੰਦਾ ਹੈ, ਸਾਡੇ ਮਨ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ। ਇਹ ਬੱਲ ਸਾਡੀ ਸਮਝ ਦਾ ਬੱਲ ਹੈ, ਸਾਡੇ ਮਨ ਦੇ ਅੰਦਰ ਸੱਚ ਤੇ ਚੱਲਣ ਦੀ ਦ੍ਰਿੜਤਾ ਦਾ ਬੱਲ ਹੈ ਭਾਵ ਨਾਮ ਦਾ ਬੱਲ ਹੈ ਜੋ ਸਾਡੇ ਅੰਦਰੋਂ ਮਾਇਆ ਦੇ ਬੱਲ ਨੂੰ, ਹਉਮੈ ਦੇ ਬੱਲ ਨੂੰ ਤੋੜ ਦਿੰਦਾ ਹੈ। ਭਗਤੀ ਦਾ ਸੱਚਾ ਮਾਰਗ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨ ਦਾ ਮਾਰਗ ਹੈ। ਸੂਰਮਾ ਉਹੀ ਹੈ, ਬਲਵਾਨ ਉਹੀ ਹੈ ਜੋ ਆਪਣੇ ਅੰਦਰ ਦੇ ਵਿਕਾਰਾਂ ਨੂੰ ਮਾਰਦਾ ਹੈ ਜਿਵੇਂ ਕਿ ਅਸੀਂ ਉਪਰਲੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੀ ਸੱਚੀ ਵਿਚਰਨ ਹੀ ਪ੍ਰਮਾਤਮਾ ਦੇ ਗੁਣ

ਗਾਉਂਣੇ ਹਨ ਜੋ ਕਿ ਆਪਣੇ ਅੰਦਰੋਂ ਮਾਇਆ ਦਾ ਬੱਲ ਟੁੱਟਣ ਦੁਆਰਾ ਹੀ ਗਾਏ ਜਾ ਸਕਦੇ ਹਨ। ਮਾਇਆ ਦਾ ਬੱਲ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਤੋੜਦਾ ਹੈ ਤੇ ਮਨ ਦੀ ਸੱਚੀ ਸਮਝ ਦੇਣ ਦੁਆਰਾ, ਗੁਰਮਤਿ ਰੂਪ ਸੱਚੀ ਸਮਝ ਦੇਣ ਦੁਆਰਾ ਆਪ ਹੀ ਮਨੁੱਖ ਨੂੰ ਔਗੁਣਾਂ ਵਿੱਚੋਂ ਕੱਢ ਕੇ ਗੁਣਾਂ ਨਾਲ ਜੋੜਦਾ ਹੈ ਜਿਸ ਦੁਆਰਾ ਮਨੁੱਖ ਭਾਵ ਉਸਦਾ ਆਪਣਾ ਰੂਪ ਬਣਕੇ ਕੋਈ ਵਿਰਲਾ ਹੀ ਉਸ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਗਾਏ ਹਨ ਤੇ ਸਾਰੇ ਸੰਸਾਰ ਨੂੰ ਪ੍ਰਮਾਤਮਾ ਦੇ ਗੁਣ ਗਾਣੇ ਸਮਝਾਏ ਹਨ। **(ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥)** ਪ੍ਰਮਾਤਮਾ ਆਪਣਾ ਤਾਣ ਭਾਵ ਸੱਚੀ ਮਤਿ ਦਾ ਤਾਣ ਉਸੇ ਮਨੁੱਖੀ ਸਰੀਰ ਨੂੰ ਬਖਸ਼ਦਾ ਹੈ ਜਿਸਨੂੰ ਉਹ ਆਪਣੀ ਦਾਤਿ ਬਖਸ਼ਦਾ ਹੈ ਭਾਵ ਨਾਮ ਦੀ ਦਾਤਿ ਬਖਸ਼ਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗਾਵੈ ਕੋ ਦਾਤਿ ਜਾਣੈ ਨੀਸਾਣੁ ॥”

ਪ੍ਰਮਾਤਮਾ ਦਾ ਨੀਸਾਣ ਸਾਡੇ ਅੰਦਰ ਉਸਦੀ ਨਾਮ ਦੀ ਦਾਤਿ ਮਿਲਣ ਦੁਆਰਾ ਹੀ ਲੱਗਦਾ ਹੈ ਜਿਸ ਦਾਤਿ ਦੁਆਰਾ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਉਸਦੇ ਨਿਰੰਕਾਰ ਰੂਪ ਨੂੰ ਜਾਣ ਲੈਂਦਾ ਹੈ ਤੇ ਉਸ ਮਨੁੱਖ ਦੇ ਉਪਰ ਪ੍ਰਮਾਤਮਾ ਦਾ ਨੀਸਾਣ ਲੱਗ ਜਾਂਦਾ ਹੈ ਭਾਵ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਇਸ ਗੱਲ ਦੀ ਸਮਝ ਪੈ ਜਾਂਦੀ ਹੈ। ਪ੍ਰਮਾਤਮਾ ਦੀ ਦਾਤਿ ਉਸਦੇ ਸੱਚੇ ਗਿਆਨ ਦੀ ਦਾਤਿ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਸੰਸਾਰ ਦੇ ਵਿੱਚ ਸਭ ਤੋਂ ਵੱਡਾ ਬ੍ਰਹਮ ਗਿਆਨ ਹੀ ਹੈ ਜੋ ਕਿ ਪ੍ਰਮਾਤਮਾ ਦਾ ਨਾਮ ਰੂਪ ਹੈ। ਪ੍ਰਮਾਤਮਾ ਦੀ ਸ਼ਕਤੀ, ਉਸਦੀ ਤਾਕਤ, ਉਸਦਾ ਤਾਣ ਬ੍ਰਹਮ ਗਿਆਨ ਹੈ ਜਿਸ ਬ੍ਰਹਮ ਗਿਆਨ ਰਾਹੀਂ ਪ੍ਰਮਾਤਮਾ ਨੇ ਹਰ ਰਚਨਾ ਬਣਾਈ ਹੈ, ਹਰ ਆਕਾਰ ਰੂਪ ਬਣਾਇਆ ਹੈ ਤੇ ਉਸਦੇ ਆਪਣੇ ਜੋਰ ਨਾਲ ਹੀ ਹਰ ਵਸਤੂ ਚੱਲ ਰਹੀ ਹੈ। ਪੂਰੀ ਸਾਇੰਸ ਸਾਇੰਟਿਫਿਕ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ, ਪ੍ਰਮਾਤਮਾ ਦਾ ਨਾਮ ਹੈ ਜਿਸ ਦੁਆਰਾ ਸਾਰਾ ਸੰਸਾਰ ਚੱਲ ਰਿਹਾ ਹੈ। ਪ੍ਰਮਾਤਮਾ ਦੇ ਇਸ ਬੱਲ ਨੂੰ ਉਹੀ ਜਾਣ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤਿ ਬਖਸ਼ ਦਿੰਦਾ ਹੈ। ਮਨ ਦੇ ਵਿੱਚ ਭਾਵ ਮਨ ਦੇ ਵਿਚਾਰਾਂ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪਣਾ ਬੱਲ ਆਪ ਹੀ ਦਿਖਾਉਂਦਾ ਹੈ ਤੇ ਜਿੱਥੇ ਉਹ ਆਪਣਾ

ਬੱਲ ਪ੍ਰਗਟ ਕਰਦਾ ਹੈ ਉਹ ਮਨੁੱਖੀ ਸਰੀਰ ਨੂੰ ਕਠਪੁਤਲੀ ਦੀ ਤਰ੍ਹਾਂ ਬਣਾ ਕੇ ਦਿਖਾਉਂਦਾ ਹੈ ਕਿ ਸਾਡੇ ਮਨ ਦੇ ਅੰਦਰ ਜੋਰ ਕਿਸਦਾ ਚੱਲਦਾ ਹੈ। ਸਾਡੇ ਅੰਦਰ ਮਾਇਆ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਤੇ ਮਨ ਦੇ ਵਿਚਾਰਾਂ ਵਿੱਚ ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਉਹ ਮਨ ਦੇ ਵਿੱਚ ਪ੍ਰਗਟ ਨਹੀਂ ਹੁੰਦਾ ਤਦ ਤੱਕ ਸਾਡੇ ਵਿਚਾਰ ਮਾਇਆ ਦੇ ਵੱਸ ਵਿੱਚ ਰਹਿੰਦੇ ਹਨ ਭਾਵ ਮਾਇਆ ਰੂਪ ਸ਼ਕਤੀ

ਵਰਤਦੀ ਹੈ ਜੋ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ, ਮਾਇਆ ਦੇ ਸੁੱਖਾਂ ਨਾਲ ਜੋੜ ਕੇ ਰੱਖਦੀ ਹੈ, ਤ੍ਰਿਸ਼ਨਾਵਾਂ ਨਾਲ ਜੋੜ ਕੇ ਰੱਖਦੀ ਹੈ, ਔਗੁਣਾਂ ਨਾਲ ਜੋੜ ਕੇ ਰੱਖਦੀ ਹੈ ਜਿਨ੍ਹਾਂ ਵਿੱਚ ਰਹਿੰਦਿਆਂ ਨਾ ਭਗਤੀ ਦੇ ਮਾਰਗ ਦੀ ਸਮਝ ਪੈਂਦੀ ਹੈ ਤੇ ਨਾ ਹੀ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਭਾਵ ਮਨ ਦੀ ਮਾਇਆ ਮਨੁੱਖ ਨੂੰ ਉਲਝਾਈ ਰੱਖਦੀ ਹੈ, ਦੁਬਿਧਾ ਵਿੱਚ ਰੱਖਦੀ ਹੈ। ਇਸ ਮਾਇਆ ਦਾ ਬੱਲ ਕੋਈ ਆਪਣੇ ਆਪ ਨਹੀਂ ਤੋੜ ਸਕਦਾ ਕਿਉਂਕਿ ਮਾਇਆ ਨੂੰ ਬੱਲ ਦੇਣ ਵਾਲਾ ਵੀ ਪ੍ਰਮਾਤਮਾ ਆਪ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਜਿਸਤੇ ਪ੍ਰਮਾਤਮਾ ਕ੍ਰਿਪਾ ਕਰਦਾ ਹੈ ਉਸਦੇ ਅੰਦਰ ਪ੍ਰਗਟ ਹੋ ਕੇ ਸੱਚੀ ਸਮਝ ਦੀ ਦਾਤਿ ਹੀ ਬਖਸ਼ਦਾ ਹੈ ਜਿਸ ਸਮਝ ਦੇ ਬੱਲ ਨਾਲ ਫਿਰ ਮਾਇਆ ਦਾ ਵੱਸ ਨਹੀਂ ਚੱਲਦਾ। ਪ੍ਰਮਾਤਮਾ ਦੇ ਗੁਣ ਨਾਮ ਦੀ ਦਾਤਿ ਮਿਲਣ ਦੁਆਰਾ ਹੀ ਗਾਏ ਜਾ ਸਕਦੇ ਹਨ, ਪ੍ਰਮਾਤਮਾ ਦੀ ਨੀਸਾਣ ਲੱਗਣ ਦੁਆਰਾ ਹੀ ਗਾਏ ਜਾ ਸਕਦੇ ਹਨ। **(ਗਾਵੈ ਕੋ ਦਾਤਿ ਜਾਣੈ ਨੀਸਾਣੁ ॥)**

{ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥
ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥ ਕਰਨ ਕਰਾਵਨ ਸਭੁ ਕਿਛੁ ਏਕੈ ॥
ਆਪੇ ਬੁਧਿ ਬੀਚਾਰਿ ਬਿਬੇਕੈ ॥ ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥}

(ਅੰਗ ੨੩੫-੨੩੬)

{ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥
ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥੨॥}

(ਅੰਗ ੨੫)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

45/5944

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ ਕਿ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੀ ਪ੍ਰਾਪਤੀ ਹੀ ਉਸਦੇ ਨਾਮ ਦੀ ਪ੍ਰਾਪਤੀ ਹੈ। ਪ੍ਰਮਾਤਮਾ ਨੇ ਸਭ ਕੁਝ ਆਪਣੇ ਨਾਮ ਦੁਆਰਾ ਹੀ ਬਣਾਇਆ ਹੈ, ਸਾਡੇ ਸਰੀਰ ਨੂੰ ਵੀ ਉਸਨੇ ਆਪਣੇ ਨਾਮ ਦੁਆਰਾ ਹੀ ਬਣਾਇਆ ਹੈ ਤੇ ਆਪਣੇ ਨਾਮ ਦੁਆਰਾ ਹੀ ਸਾਡੇ ਸਰੀਰ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਦਾ ਨਾਮ ਮਿਲਣਾ ਸਾਡੇ ਅੰਦਰ ਚੌਥੇ ਪਦ ਦੀ ਪ੍ਰਾਪਤੀ ਹੈ ਜਿਵੇਂ ਕਿ ਅਸੀਂ ਉਪਰਲੇ ਸ਼ਬਦ ਦੁਆਰਾ ਸਮਝਿਆ ਹੈ। ਸਾਡੇ ਅੰਦਰ ਮਾਇਆ ਨੂੰ ਪਾਉਂਣ ਵਾਲਾ ਵੀ ਆਪ ਨਾਮ ਹੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਪਾਉਂਣ ਵਾਲਾ, ਹਉਮੈ ਵਿੱਚ ਰੱਖਣ ਵਾਲਾ ਵੀ ਆਪ ਨਾਮ ਹੈ ਤੇ ਸਾਨੂੰ ਮਨ ਦੀ ਇਸ ਅਵਸਥਾ ਵਿੱਚੋਂ ਕੱਢਣ ਵਾਲਾ ਵੀ ਨਾਮ ਹੈ। ਪ੍ਰਮਾਤਮਾ ਦੀ ਭਗਤੀ ਤਾਂ ਹੀ ਹੁੰਦੀ ਹੈ,

ਉਸਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ ਚੌਥੇ ਪਦ ਵਿੱਚ ਪਹੁੰਚ ਜਾਂਦਾ ਹੈ ਭਾਵ ਜਦੋਂ ਮਨੁੱਖੀ ਮਤਿ ਚੌਥੇ ਪਦ ਦੇ ਗਿਆਨ ਵਾਲੀ ਬਣ ਜਾਂਦੀ ਹੈ, ਸਹਜ ਦੀ ਅਵਸਥਾ ਵਾਲੀ ਬਣ ਜਾਂਦੀ ਹੈ। ਮਨ ਦੀ ਇਸ ਉੱਚੀ ਸਮਝ ਦੁਆਰਾ ਫਿਰ ਪ੍ਰਮਾਤਮਾ ਦੇ ਗੁਣ ਉਸਦਾ ਮਨੁੱਖੀ ਰੂਪ ਕਿਸ ਤਰੀਕੇ ਗਾਉਂਦਾ ਹੈ, ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗਾਵੈ ਕੋ ਗੁਣ ਵਡਿਆਈਆ ਚਾਰ ॥”

ਸਭ ਤੋਂ ਪਹਿਲੇ ਤਾਂ ਇਸ ਗੱਲ ਨੂੰ ਸਮਝੋ ਕਿ ਅਸੀਂ ਉਪਰਲੀ ਪੰਗਤੀ ਨੂੰ ਕਿਸ ਤਰੀਕੇ ਪੜਨਾ ਹੈ। ਅਸੀਂ ਵਡਿਆਈ ਵੱਖਰਾ ਪੜਨਾ ਹੈ ਤੇ ਆਚਾਰ ਵੱਖਰਾ ਪੜਨਾ ਹੈ। ਜੇਕਰ ਪੰਗਤੀ ਨੂੰ ਸਹੀ ਰੂਪ ਵਿੱਚ ਸਮਝਾਂਗੇ ਫਿਰ ਤਾਂ ਹੀ ਪ੍ਰਮਾਤਮਾ ਦੇ ਗੁਣ ਗਾਉਂਣੇ ਸਮਝ ਸਕਾਂਗੇ, ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝ ਸਕਾਂਗੇ। ਜੋ ਪ੍ਰਮਾਤਮਾ ਦੇ ਗੁਣ ਗਾਉਂਣ ਦਾ ਤਰੀਕਾ ਹੈ ਉਹੀ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਹੈ, ਉਸ ਤਰੀਕੇ

45/5945

ਵਿੱਚ ਹੀ ਪ੍ਰਮਾਤਮਾ ਦੀ ਭਗਤੀ ਹੈ, ਉਸਦਾ ਨਾਮ ਜਪਣਾ ਹੈ। ਜਿਹੋ ਜਿਹਾ ਭਗਤੀ ਦਾ ਮਾਰਗ ਅਸੀਂ ਹੁਣ ਤੱਕ ਸਮਝਦੇ ਆਏ ਹਾਂ, ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਆਏ ਹਾਂ, ਉਸਦੇ ਗੁਣ ਗਾਉਂਣੇ ਸਮਝਦੇ ਆ ਰਹੇ ਹਾਂ, ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ ਉਹੀ ਤਰੀਕਾ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਸਾਡੇ ਚੰਗੇ ਆਚਾਰ ਹੀ ਭਾਵ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੀ, ਔਗੁਣਾਂ ਤੋਂ ਰਹਿਤ ਹੋ ਕੇ, ਮਾਇਆ ਦਾ ਬੱਲ ਟੁੱਟਣ ਦੁਆਰਾ, ਗੁਣਾਂ ਦੀ ਵਿਚਾਰ ਵਾਲੇ ਬਣਨ ਦੁਆਰਾ ਸਾਡੇ ਆਚਾਰ ਹੀ ਚੰਗੇ ਬਣਦੇ ਹਨ। ਸਾਡੇ ਆਚਾਰ ਹੀ ਪ੍ਰਮਾਤਮਾ ਦੇ ਗੁਣ ਗਾਉਂਣਾ ਹੈ, ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਭਾਵ ਪ੍ਰਮਾਤਮਾ ਦੇ ਗੁਣ ਗਾਉਂਣਾ ਸਾਡੀ ਕਰਨੀ ਦਾ ਮਾਰਗ ਹੈ ਜੋ ਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਆਪਣੀ ਕਰਨੀ ਵਿੱਚ ਲਿਆਉਂਣ ਦੁਆਰਾ ਹੀ ਗਾਏ ਜਾ ਸਕਦੇ ਹਨ। ਇਹੋ ਜਿਹੇ ਗੁਣ ਕੋਈ ਵਿਰਲਾ ਹੀ ਗਾ ਸਕਦਾ ਹੈ ਜਿਸਨੂੰ ਪ੍ਰਮਾਤਮਾ ਦੀ ਦਾਤਿ ਮਿਲ ਜਾਂਦੀ ਹੈ। **(ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈ ਆਚਾਰ॥)** ਪ੍ਰਮਾਤਮਾ ਦੇ ਗੁਣ ਗਾਉਂਣੇ ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਹੈ ਕਿਉਂਕਿ ਗੁਰੂ ਦੀ ਸਿੱਖਿਆ ਨੂੰ ਮੰਨੇ ਬਿਨਾਂ, ਗੁਰੂ ਦੇ ਵਿਚਾਰਾਂ ਨੂੰ ਮੰਨੇ ਬਿਨਾਂ, ਨਾਮ ਨੂੰ ਮੰਨੇ ਬਿਨਾਂ ਮਨੁੱਖ ਚੰਗੇ ਆਚਾਰਾਂ ਵਾਲਾ ਨਹੀਂ ਬਣ ਸਕਦਾ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥”

ਪ੍ਰਮਾਤਮਾ ਦੀ ਭਗਤੀ, ਪ੍ਰਮਾਤਮਾ ਦੇ ਗੁਣ ਗਾਉਂਣੇ ਗੁਰੂ ਦੀ ਦਿੱਤੀ ਹੋਈ ਵਿੱਦਿਆ ਹੀ ਸਮਝਾਉਂਦੀ ਹੈ। ਗੁਰੂ ਦੀ ਵਿੱਦਿਆ **“ਵਿਖਮੁ ਵੀਚਾਰੁ”** ਹੈ ਭਾਵ ਔਖਾ ਵਿਚਾਰ ਹੈ ਜਿਸ ਵਿਚਾਰ ਨੂੰ ਮੰਨਣਾ ਬਹੁਤ ਔਖਾ ਹੈ। ਅਸੀਂ ਗੁਰੂ ਦੇ ਵਿਖਮ ਵੀਚਾਰ ਨੂੰ ਹੀ ਗਾਉਂਣਾ ਹੈ। ਗੁਰੂ ਦੀ **“ਵਿਖਮੁ ਵੀਚਾਰੁ”** ਹੀ ਭਾਵ ਸ਼ਬਦ ਦੀ ਵਿਚਾਰ ਹੀ ਪ੍ਰਮਾਤਮਾ ਦਾ ਨਾਮ ਹੈ। ਗੁਰੂ ਦੇ ਵਿਚਾਰ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਤੇ ਗੁਰੂ ਦੇ ਵਿਚਾਰ ਤੇ ਪੂਰਾ ਉਤਰਨਾ ਹੀ ਗੁਰੂ ਦੇ ਗੁਣ ਗਾਉਂਣੇ ਹਨ। ਗੁਰਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਇਸੇ ਲਈ ਪ੍ਰਮਾਤਮਾ ਦਾ ਨਾਮ ਜਪਣਾ ਬਹੁਤ ਔਖਾ ਹੈ। ਗੁਰੂ ਦੀ ਮਤਿ ਮੰਨਣ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ, ਸੰਸਾਰਿਕ ਸੁੱਖਾਂ ਵਿੱਚੋਂ ਮੋਹ ਕੱਢਣਾ

45/5946

ਪੈਂਦਾ ਹੈ ਤੇ ਇਸੇ ਲਈ ਗੁਰੂ ਦੇ ਵਿਚਾਰ ਵਿਖਮ ਹਨ ਭਾਵ ਉਨ੍ਹਾਂ ਨੂੰ ਮੰਨਣਾ ਔਖਾ ਹੈ। ਗੁਰੂ ਦੇ ਔਖੇ ਵਿਚਾਰਾਂ ਨੂੰ ਕੋਈ ਵਿਰਲਾ ਹੀ ਗਾ ਸਕਦਾ ਹੈ ਭਾਵ ਕੋਈ ਵਿਰਲਾ ਹੀ ਉਨ੍ਹਾਂ ਤੇ ਪੂਰਾ ਉਤਰ ਸਕਦਾ ਹੈ ਤੇ ਭਗਤੀ ਦੇ ਮਾਰਗ ਤੇ ਚੱਲ ਸਕਦਾ ਹੈ, ਆਪਣੇ ਜੀਵਨ ਵਿੱਚ ਨਾਮ ਜਪ ਸਕਦਾ ਹੈ। ਪ੍ਰਮਾਤਮਾ ਜਿਸ ਤੇ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਆਪ ਹੀ ਆਪਣੇ ਨਾਮ ਦੀ ਦਾਤਿ ਬਖਸ਼ਦਾ ਹੈ, ਸੱਚੀ ਗੁਰਮਤਿ ਦੀ ਸਮਝ ਬਖਸ਼ਦਾ ਹੈ ਤੇ ਫਿਰ ਆਪ ਹੀ ਉਸਤੇ ਦ੍ਰਿੜ ਕਰਕੇ ਚਲਾਉਂਦਾ ਹੈ। **(ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥)**

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥

ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥

ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

{ਸਭ ਜੁਗ ਮਹਿ ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥ ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬॥੧॥}

(ਅੰਗ ੮੮੦)

{ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ ੨੨੯)

ਪ੍ਰਮਾਤਮਾ ਦੀ ਭਗਤੀ ਮਨ ਦੇ ਅੰਦਰ ਸ਼ਬਦਾਂ ਦੀ ਸੱਚੀ ਵਿਚਾਰ ਵੱਸਣ ਦੁਆਰਾ ਹੀ ਹੁੰਦੀ ਹੈ ਭਾਵ ਉਨ੍ਹਾਂ ਤੇ ਚੱਲਣ ਦੁਆਰਾ ਹੀ ਹੁੰਦੀ ਹੈ। ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਪ੍ਰਮਾਤਮਾ ਵੀ ਸਾਡੀ ਸਮਝ ਦੇ ਵਿੱਚ ਹੀ ਹੈ ਭਾਵ ਸਾਡੇ ਵਿਚਾਰਾਂ ਦੇ ਵਿੱਚ ਹੀ ਹੈ। ਜਦੋਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਨਾਮ ਦੇ ਨਾਲ ਮੇਲ ਹੁੰਦਾ ਹੈ ਉਹ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੁੰਦਾ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ

45/5947

ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਪ੍ਰਮਾਤਮਾ ਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਮੈਂ ਨਹੀਂ ਹਾਂ ਬਲਕਿ ਪ੍ਰਮਾਤਮਾ ਆਪ ਹੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗਾਵੈ ਕੋ ਸਾਜਿ ਕਰੇ ਤਨੁ ਖੇਹ ॥”

ਉਪਰਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਇਸ ਤਨ ਦਾ ਖੇਹ ਹੋਣਾ ਕੀ ਹੈ। ਪ੍ਰਮਾਤਮਾ ਦੇ ਗੁਣ ਉਹ ਗਾ ਸਕਦਾ ਹੈ ਜਿਸਦੇ ਤਨ ਨੂੰ ਪ੍ਰਮਾਤਮਾ ਬਣਾ ਕੇ ਖੇਹ ਕਰ ਦਿੰਦਾ ਹੈ, ਸੁਆਹ ਕਰ ਦਿੰਦਾ ਹੈ। ਜੇਕਰ ਅਸੀਂ ਦੁਨਿਆਵੀ ਮਰਨ ਨੂੰ ਇਸ ਤਨ ਦਾ ਖੇਹ ਹੋਣਾ ਸਮਝੀਏ ਤੇ ਫਿਰ ਕੀ ਕੋਈ ਮਰਿਆ ਹੋਇਆ ਮਨੁੱਖ ਪ੍ਰਮਾਤਮਾ ਦੇ ਗੁਣ ਗਾ ਸਕਦਾ ਹੈ ਭਾਵ ਨਹੀਂ ਗਾ ਸਕਦਾ। ਪ੍ਰਮਾਤਮਾ ਦੇ ਗੁਣ ਇਸ ਤਨ ਦੇ ਰਹਿੰਦੇ ਹੋਏ ਹੀ ਗਾਏ ਜਾ ਸਕਦੇ ਹਨ ਤੇ ਕੋਈ ਵਿਰਲਾ ਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਇਸ ਤਨ ਦਾ ਖੇਹ ਹੋਣਾ ਕੀ ਹੈ ਭਾਵ ਮਰਨਾ ਕੀ ਹੈ। ਅਸੀਂ ਆਪਣੇ ਤਨ ਨੂੰ ਮਨੁੱਖੀ ਰੂਪ ਸਮਝਦੇ ਹਾਂ ਭਾਵ ਮਨ ਦੀ ਸਮਝ ਰਾਹੀਂ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ ਜੋ ਸਮਝ ਸਾਡੀ ਆਪਣੀ ਨਹੀਂ ਹੈ। ਸਾਡੇ ਅੰਦਰ ਸਮਝ ਪਾਉਂਣ ਵਾਲਾ ਆਪ ਪ੍ਰਮਾਤਮਾ ਹੈ ਜਿਸਨੇ ਸਾਨੂੰ ਆਪ ਹੀ ਭਰਮਾਂ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ ਵਿੱਚ, ਮਾਇਆ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ। ਸਾਨੂੰ ਸਾਜਣ ਵਾਲਾ ਭਾਵ ਸਾਨੂੰ ਮਨੁੱਖੀ ਰੂਪ ਸਮਝਾਉਂਣ ਵਾਲਾ ਆਪ ਪ੍ਰਮਾਤਮਾ ਹੀ ਹੈ ਜਿਸਨੇ ਸਾਨੂੰ ਆਪ ਹੀ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨਾਲੋਂ ਵੱਖਰਾ ਰੱਖਿਆ ਹੋਇਆ ਹੈ। ਜਿਸ ਪ੍ਰਮਾਤਮਾ ਦੇ ਸਮਝਾਏ ਹੋਏ ਭਾਵ ਉਲਝਾਏ ਹੋਏ ਅਸੀਂ ਆਪਣੇ ਆਪ ਨੂੰ ਮਨੁੱਖ ਸਮਝਦੇ ਹਾਂ ਉਸੇ ਦੇ ਸਮਝਾਏ ਹੋਏ ਹੀ, ਸੱਚ ਸਮਝਾਏ ਹੋਏ ਹੀ ਸਾਨੂੰ ਇਹ ਸਮਝ ਲੱਗਦੀ ਹੈ ਕਿ ਇਹ ਤਨ ਮੇਰਾ ਹੈ ਹੀ ਨਹੀਂ। ਇਹ ਸਾਡੇ ਤਨ ਦਾ ਬਿਨਸਨਾ ਹੈ, ਜਿਉਂਦੇ ਹੋਏ ਮਰਨਾ ਹੈ, ਸ਼ਬਦ ਦੇ ਗਿਆਨ ਰਾਹੀਂ ਮਰਨਾ ਹੈ। ਮਰਦੀ ਤਾਂ ਸਾਡੇ ਅੰਦਰ ਦੀ ਹਉਮੈ ਹੀ ਹੈ ਜਿਸ ਤੋਂ ਬਾਅਦ ਮਨੁੱਖ ਦਾ ਅਸਲ ਜੀਵਨ ਸ਼ੁਰੂ ਹੁੰਦਾ ਹੈ, ਪ੍ਰਮਾਤਮਾ ਦੇ ਘਰ ਵਿੱਚ ਜਨਮ ਹੁੰਦਾ ਹੈ। ਮਨ ਦੀ ਇਸ ਅਵਸਥਾ ਦੁਆਰਾ ਕੋਈ ਵਿਰਲਾ ਹੀ ਪ੍ਰਮਾਤਮਾ ਦੇ ਗੁਣ ਗਾ ਸਕਦਾ ਹੈ ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ

45/5948

ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ। **(ਗਾਵੈ ਕੋ ਸਾਜਿ ਕਰੇ ਤਨੁ ਖੇਹ ॥)**

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ ੩੪੯)

{ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥}

(ਅੰਗ ੧੯)

{ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥
ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ ੨੧)

{ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥
ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥}

(ਅੰਗ ੩੧)

{ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥ ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥ ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥
ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥}

(ਅੰਗ ੩੩)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥
ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥
ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥}

(ਅੰਗ ੩੩)

{ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥
ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ ॥ ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥੪॥}

(ਅੰਗ ੩੪)

45/5949

{ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥}

(ਅੰਗ ੫੮)

{ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ ॥ ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ ॥
ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ ॥੪॥}

(ਅੰਗ ੫੮)

{ਹਰਿ ਜੀਉ ਰਾਖਹੁ ਅਪੁਨੀ ਸਰਣਾਈ ਜਿਉ ਰਾਖਹਿ ਤਿਉ ਰਹਣਾ ॥
ਗੁਰ ਕੈ ਸਬਦਿ ਜੀਵਤੁ ਮਰੈ ਗੁਰਮੁਖਿ ਭਵਜਲੁ ਤਰਣਾ ॥੨॥}

(ਅੰਗ ੬੯)

{ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥}

(ਅੰਗ ੭੫)

{ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥}

(ਅੰਗ ੭੯)

ਮਃ ੩ ॥

{ਸੋ ਭਗਉਤੀ ਜੋ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥
ਧਾਵਤੁ ਰਾਖੈ ਇਕਤੁ ਘਰਿ ਆਣੈ ॥ ਜੀਵਤੁ ਮਰੈ ਹਰਿ ਨਾਮੁ ਵਖਾਣੈ ॥
ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥੨॥}

(ਅੰਗ ੮੮)

{ਜੀਵਣੁ ਮਰਣਾ ਸਭੁ ਤੁਧੈ ਤਾਈ ॥ ਜਿਸੁ ਬਖਸੇ ਤਿਸੁ ਦੇ ਵਡਿਆਈ ॥
ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥}

(ਅੰਗ ੧੧੦)

{ਸਬਦਿ ਮਰੈ ਸੁ ਮੁਆ ਜਾਪੈ ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥
ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥੧॥}

(ਅੰਗ ੧੧੧)

45/5950

{ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥
ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ ੧੨੯)

{ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ ॥ ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ ॥੧॥}

(ਅੰਗ ੧੪੯)

{ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ ॥ ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥੨॥}

(ਅੰਗ ੧੪੯)

{ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥}

(ਅੰਗ ੧੫੩)

{ਸਤਿਗੁਰੁ ਮਿਲੈ ਤ ਦੁਬਿਧਾ ਭਾਗੈ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ॥੨॥}

(ਅੰਗ ੧੫੩)

{ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥
ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥੧॥
ਰਾਮ ਭਗਤਿ ਗੁਰ ਸੇਵਾ ਤਰਣਾ ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ ਰਹਾਉ ॥}

(ਅੰਗ ੧੫੪)

{ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥
ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥
ਭਗਤਿ ਵਛਲੁ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥}

(ਅੰਗ ੧੫੯)

ਗਉੜੀ ਗੁਆਰੇਰੀ ਮਹਲਾ ੩ ॥

{ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥ ਮਨੁ ਮਰੈ ਦਾਰੂ ਜਾਣੈ ਕੋਇ ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ ਜਿਸ ਨੋ ਬਖਸੇ ਦੇ ਵਡਿਆਈ ॥
ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ ਰਹਾਉ ॥ ਗੁਰਮੁਖਿ ਕਰਣੀ ਕਾਰ ਕਮਾਵੈ ॥
ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥
ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੇ ਵਿਕਾਰ ॥੩॥ ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥
ਆਪਣੀ ਕਲਾ ਆਪੇ ਹੀ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥}

(ਅੰਗ ੧੫੯)

45/5951

{ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥
ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥੩॥
ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ ੧੬੨)

{ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥}

(ਅੰਗ ੧੭੬)

{ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ ਦੇਖਿਆ ਭਰਪੂਰਿ ॥੧॥}

(ਅੰਗ ੧੮੬)

{ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥੩॥
ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥}

(ਅੰਗ ੧੮੮)

{ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥ ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥੨॥}

(ਅੰਗ ੧੯੧)

{ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥
ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥੩॥
ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥੪॥੭॥੧੨੮॥}

(ਅੰਗ ੨੦੭)

{ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥
ਮਨ ਬਿਖੈ ਹੀ ਮਹਿ ਲੁਝੀ ਹੇ ॥੩॥
ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥
ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥}

(ਅੰਗ ੨੧੩)

{ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥
ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥}

(ਅੰਗ ੨੨੨)

{ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ ਮਰਣ ਗਤੁ ਗਰਬੁ ਨਿਵਾਰੇ ॥ ਆਪਿ ਤਰੈ ਪਿਤਰੀ ਨਿਸਤਾਰੇ ॥੩॥}

(ਅੰਗ ੨੨੩)

45/5952

{ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥
ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥}

(ਅੰਗ ੨੨੪)

ਗਉੜੀ ਮਹਲਾ ੧ ॥

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥
ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥
ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ ੨੨੬-੨੨੭)

ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥
ਮਨਮੁਖਿ ਸੂਤਕੁ ਕਬਹਿ ਨ ਜਾਇ ॥ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥
ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥ ਮਰਿ ਮਰਿ ਜੰਮੈ ਵਾਰੋ ਵਾਰ ॥੨॥
ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥
ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥
ਸਤਿਗੁਰੁ ਸੇਵਿਐ ਸੂਤਕੁ ਜਾਇ ॥ ਮਰੈ ਨ ਜਨਮੈ ਕਾਲੁ ਨ ਖਾਇ ॥੫॥
ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

ਗਉੜੀ ਮਹਲਾ ੫ ॥

{ਪ੍ਰਥਮੇ ਗਰਭ ਵਾਸ ਤੇ ਟਰਿਆ ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥
ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ ਸਰਪਰ ਗਵਨੁ ਕਰਹਿਗੇ ਬਪੁਰੇ ॥੧॥

ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥ ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ ਰਹਾਉ ॥
ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥
ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥ ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥
ਦਿਨਸੁ ਰੈਣਿ ਬਰਤ ਅਰੁ ਭੇਦਾ ॥ ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥੩॥
ਤੀਰਥ ਦੇਵ ਦੇਹੁਰਾ ਪੋਥੀ ॥ ਮਾਲਾ ਤਿਲਕੁ ਸੋਚ ਪਾਕ ਹੋਤੀ ॥
ਧੋਤੀ ਡੰਡਉਤਿ ਪਰਸਾਦਨ ਭੋਗਾ ॥ ਗਵਨੁ ਕਰੈਗੋ ਸਗਲੋ ਲੋਗਾ ॥੪॥
ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ ॥
ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥੫॥
ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥੬॥
ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥੭॥
ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣੁ ਕਰੈ ਤਾ ਕਾ ਬੀਚਾਰੁ ॥
ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧਸੰਗਿ ਤਰੈ ॥੮॥੪॥}

(ਅੰਗ ੨੩੭)

{ਨੈਨ ਅਲੋਵਉ ਸਾਧ ਜਨੋ ॥ ਹਿਰਦੈ ਗਾਵਹੁ ਨਾਮ ਨਿਧੋ ॥੫॥
ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥
ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥
ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥}

(ਅੰਗ ੨੪੧)

{ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥ ਇਆ ਮਾਇਆ ਮਹਿ ਜਨਮਹਿ ਮਰਨਾ ॥}

(ਅੰਗ ੨੫੨)

ਪਉੜੀ ॥

{ਛੰਛਾ ਛ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥ ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ ॥
ਛਿਆਨ ਧਿਆਨ ਤਾਹੂ ਕਉ ਆਏ ॥ ਕਰਿ ਕਿਰਪਾ ਜਿਹ ਆਪਿ ਦਿਵਾਏ ॥
ਛਣਤੀ ਛਣੀ ਨਹੀ ਕੋਊ ਛੂਟੈ ॥ ਕਾਚੀ ਗਾਗਰਿ ਸਰਪਰ ਫੂਟੈ ॥
ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥}

(ਅੰਗ ੨੫੪)

ਸਲੋਕੁ ॥

{ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥੧॥}

(ਅੰਗ ੨੫੫)

45/5953

{ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ ॥
ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥}

(ਅੰਗ ੨੫੬)

{ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥}

(ਅੰਗ ੨੬੯)

{ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥}

(ਅੰਗ ੨੭੩)

{ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥}

(ਅੰਗ ੨੭੮)

{ਬੂਝੈ ਦੇਖੈ ਕਰੈ ਬਿਬੇਕ ॥ ਆਪਹਿ ਏਕ ਆਪਹਿ ਅਨੇਕ ॥
ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ ਰਹਿਆ ਸਮਾਇ ॥੬॥}

(ਅੰਗ ੨੭੯)

{ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥
ਆਪੇ ਆਪਿ ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥ ਅਬਿਨਾਸੀ ਨਾਹੀ ਕਿਛੁ ਖੰਡ ॥
ਧਾਰਣ ਧਾਰਿ ਰਹਿਓ ਬ੍ਰਹਮੰਡ ॥ ਅਲਖ ਅਭੇਵ ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥੬॥}

(ਅੰਗ ੨੮੧-੨੮੨)

{ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥
ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥
ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥}

(ਅੰਗ ੨੮੪)

{ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥
ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ ਮਨ ਤੇ ਖੈ ਨਸੇ ॥}

(ਅੰਗ ੨੮੭)

{ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥
ਆਵਾ ਗਵਨੁ ਮਿਟੈ ਪ੍ਰਭ ਸੇਵ ॥ ਆਪੁ ਤਿਆਗਿ ਸਰਨਿ ਗੁਰਦੇਵ ॥}

(ਅੰਗ ੨੮੮)

{ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥
ਇਛ ਪੁਨੀ ਸਰਧਾ ਸਭ ਪੂਰੀ ॥ ਰਵਿ ਰਹਿਆ ਸਦ ਸੰਗਿ ਹਜੂਰੀ ॥}

(ਅੰਗ ੨੮੯)

45/5954

ਪਉੜੀ ॥

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ॥
ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥ ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥
ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥ ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ ੨੯੬-੨੯੭)

ਸਲੋਕੁ ॥

{ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥}

(ਅੰਗ ੨੯੭)

{ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥}

(ਅੰਗ ੩੧੫)

ਗਉੜੀ ਕਬੀਰ ਜੀ ॥

{ਉਪਜੈ ਨਿਪਜੈ ਨਿਪਜਿ ਸਮਾਈ ॥ ਨੈਨਹ ਦੇਖਤ ਇਹੁ ਜਗੁ ਜਾਈ ॥੧॥
ਲਾਜ ਨ ਮਰਹੁ ਕਹਹੁ ਘਰੁ ਮੇਰਾ ॥ ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ ਰਹਾਉ ॥
ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥੨॥
ਚੋਆ ਚੰਦਨੁ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥੩॥
ਕਹੁ ਕਬੀਰ ਸੁਨਹੁ ਰੇ ਗੁਨੀਆ ॥ ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥੧੧॥}

(ਅੰਗ ੩੨੫)

ਗਉੜੀ ਕਬੀਰ ਜੀ ॥

{ਅਵਰ ਮੂਏ ਕਿਆ ਸੋਗੁ ਕਰੀਜੈ ॥ ਤਉ ਕੀਜੈ ਜਉ ਆਪਨ ਜੀਜੈ ॥੧॥
ਮੈ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥੧॥ ਰਹਾਉ ॥
ਇਆ ਦੇਹੀ ਪਰਮਲ ਮਹਕੰਦਾ ॥ ਤਾ ਸੁਖ ਬਿਸਰੇ ਪਰਮਾਨੰਦਾ ॥੨॥
ਕੂਅਟਾ ਏਕੁ ਪੰਚ ਪਨਿਹਾਰੀ ॥ ਟੂਟੀ ਲਾਜੁ ਭਰੈ ਮਤਿ ਹਾਰੀ ॥੩॥
ਕਹੁ ਕਬੀਰ ਇਕ ਬੁਧਿ ਬੀਚਾਰੀ ॥ ਨਾ ਓਹੁ ਕੂਅਟਾ ਨਾ ਪਨਿਹਾਰੀ ॥੪॥੧੨॥}

(ਅੰਗ ੩੨੫)

{ਜੋਗੀ ਜਤੀ ਤਪੀ ਬ੍ਰਹਮਚਾਰੀ ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥੨॥

ਸਾਕਤ ਮਰਹਿ ਸੰਤ ਸਭਿ ਜੀਵਹਿ ॥ ਰਾਮ ਰਸਾਇਨੁ ਰਸਨਾ ਪੀਵਹਿ ॥੩॥}

(ਅੰਗ ੩੨੬)

{ਅਬ ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥}

(ਅੰਗ ੩੨੭)

ਗਉੜੀ ਕਬੀਰ ਜੀ ॥

{ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥ ਸਬਦਿ ਅਤੀਤਿ ਅਨਾਹਦਿ ਰਾਤਾ ॥
ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥ ਜਿਉ ਗੂੰਗੇ ਸਾਕਰ ਮਨੁ ਮਾਨਿਆ ॥੧॥
ਐਸਾ ਗਿਆਨੁ ਕਥੈ ਬਨਵਾਰੀ ॥ ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ ॥੧॥ ਰਹਾਉ ॥
ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥ ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥
ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥ ਐਸੇ ਮਰਹੁ ਜਿ ਬਹੁਰਿ ਨ ਮਰਨਾ ॥੨॥
ਉਲਟੀ ਗੰਗਾ ਜਮੁਨ ਮਿਲਾਵਉ ॥ ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥
ਲੋਚਾ ਸਮਸਰਿ ਇਹੁ ਬਿਉਹਾਰਾ ॥ ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥੩॥
ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥
ਕਹੈ ਕਬੀਰ ਨਿਰੰਜਨ ਧਿਆਵਉ ॥ ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥੪॥੧੮॥}

(ਅੰਗ ੩੨੭)

45/5955

ਗਉੜੀ ਕਬੀਰ ਜੀ ॥

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥ ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

{ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ॥੧॥ ਹਰਿ ਠਗ ਜਗ ਕਉ ਠਗਉਰੀ ਲਾਈ ॥
ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥
ਕਉਨ ਕੋ ਪੁਰਖੁ ਕਉਨ ਕੀ ਨਾਰੀ ॥ ਇਆ ਤਤ ਲੇਹੁ ਸਰੀਰ ਬਿਚਾਰੀ ॥੨॥
ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥}

(ਅੰਗ ੩੩੧)

{ਅਬ ਮੋ ਕਉ ਭਏ ਰਾਜਾ ਰਾਮ ਸਹਾਈ ॥ ਜਨਮ ਮਰਨ ਕਟਿ ਪਰਮ ਗਤਿ ਪਾਈ ॥੧॥ ਰਹਾਉ ॥
ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥
ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥}

(ਅੰਗ ੩੩੧)

ਗਉੜੀ ॥

{ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥
ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥੧॥ ਮੇਰੇ ਰਾਮ ਐਸਾ ਖੀਰੁ ਬਿਲੋਈਐ ॥
ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥੧॥ ਰਹਾਉ ॥
ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥
ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥੨॥
ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥
ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥੩॥
ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥}

(ਅੰਗ ੩੩੨-੩੩੩)

ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਜਾਣਿਆ ਹੈ ਕਿ ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਆਕਾਰ ਰੂਪ ਉਸਦਾ ਆਪਣਾ ਹੀ ਰੂਪ ਹੈ ਤੇ ਆਪਣੇ ਆਪ ਦੀ ਸਮਝ ਪਏ ਬਿਨਾਂ ਪ੍ਰਮਾਤਮਾ ਦੀ ਸਮਝ ਨਹੀਂ ਪੈ ਸਕਦੀ ਜੋ ਕਿ ਸਭ ਕੁਝ ਆਪ ਹੀ ਹੈ। ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ ਤੇ ਇਸੇ ਲਈ ਨਾ ਕੋਈ ਸੰਸਾਰ ਵਿੱਚ ਆਉਂਦਾ ਹੈ ਤੇ ਨਾ ਹੀ ਇੱਥੋਂ ਕੋਈ ਜਾਂਦਾ ਹੈ। ਸਾਡਾ ਆਵਣ ਜਾਣ, ਆਵਾਗਉਂਣ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ, ਸ਼ਬਦਾਂ ਨੂੰ ਬਰੀਕੀ ਨਾਲ ਵਿਚਾਰਾਂ ਦੁਆਰਾ ਸਮਝਿਆ ਜਾ ਸਕਦਾ ਹੈ। ਅੱਗੇ ਚੱਲ ਕੇ ਅਸੀਂ ਜਨਮ ਮਰਨ ਦੇ ਕੁਝ ਸ਼ਬਦਾਂ ਨੂੰ ਬਰੀਕੀ ਨਾਲ ਵਿਚਾਰਾਂਗੇ। ਸਾਡਾ ਅਸਲ ਮਰਨਾ ਸ਼ਬਦ ਦੁਆਰਾ ਮਰਨਾ ਹੈ ਭਾਵ ਸ਼ਬਦ ਦੇ ਸੱਚੇ ਗਿਆਨ ਦੁਆਰਾ ਮਰਨਾ ਹੈ। ਸੱਚੇ ਗਿਆਨ ਨੇ ਸਾਡੀ ਅਗਿਆਨਤਾ ਨੂੰ ਹੀ ਮਾਰਨਾ ਹੈ, ਸਾਡੀ ਹਉਮੈ ਨੂੰ ਹੀ ਮਾਰਨਾ ਹੈ, ਸਾਡੇ ਅੰਦਰ ਦੀ ਮਾਇਆ ਨੂੰ ਹੀ ਮਾਰਨਾ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ ਤੇ ਅਸੀਂ ਜੀਵਨ ਮਰਨ ਵਿੱਚ ਹਾਂ। ਇਹ ਜੀਵਨ ਮਰਨ ਦਾ ਦੁੱਖ ਸਭ ਦੇ ਅੰਦਰ ਬਣਿਆ

ਰਹਿੰਦਾ ਹੈ। ਅਸਲ ਵਿੱਚ ਇਹ ਦੁੱਖ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁੱਖ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਦਾ ਰੂਪ ਹੁੰਦੇ ਹੋਏ ਵੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ। ਪ੍ਰਮਾਤਮਾ ਨਾਲੋਂ ਵੱਖਰਾਪਨ ਸਾਡੇ ਅੰਦਰ ਦੀ ਸਮਝ ਹੈ, ਸਾਡੇ ਅੰਦਰ ਦੀ ਮਨਮਤਿ ਹੈ, ਦੁਰਮਤਿ ਹੈ, ਸਾਡੇ ਅੰਦਰ ਦੀ ਪੁੱਠੀ ਮਤਿ ਹੈ, ਪੁੱਠਾ ਕਮਲ ਹੈ। ਜਦ ਤੱਕ ਸਾਡੇ ਅੰਦਰ ਦੀ ਪੁੱਠੀ ਮਤਿ ਉਲਟ ਕੇ ਸਿੱਧੀ ਨਹੀਂ ਹੁੰਦੀ ਅਸੀਂ ਆਪਣੇ ਆਪ ਨੂੰ ਮਨੁੱਖ ਹੀ ਸਮਝਦੇ ਹਾਂ, ਆਵਾਗਉਂਣ ਵਿੱਚ ਹੀ ਸਮਝਦੇ ਹਾਂ। ਇਹ ਸਾਡੇ ਮਨ ਦਾ ਭਰਮ ਹੈ। ਭਰਮ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢਦਾ ਹੈ, ਗੁਰੂ ਦਾ ਨਾਮ ਹੀ ਕੱਢਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਹੀ ਕੱਢਦੀ ਹੈ। ਸਾਡਾ ਸੱਚਾ ਮਰਨ ਸਾਡੇ ਅੰਦਰ ਦੀ ਭਰਮਾਂ ਵਾਲੀ ਮਤਿ ਦਾ ਮਰਨਾ ਹੈ, ਸਾਡੀ ਸੁਰਤਿ ਦੇ ਵਿਚਾਰਾਂ ਦਾ ਮਰਨਾ ਹੈ ਜਿਸਨੂੰ ਸ਼ਬਦ ਦੇ ਵਿਚਾਰ ਹੀ ਮਾਰ ਸਕਦੇ ਹਨ। ਜਦੋਂ ਸ਼ਬਦਾਂ ਦੀ ਸੱਚੀ ਵਿਚਾਰ ਸਾਡੇ ਅੰਦਰ ਵੱਸ ਜਾਵੇਗੀ ਇਹ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੈ, ਨਾਮ ਦਾ ਪ੍ਰਕਾਸ਼ ਹੈ ਜਿਸ ਪ੍ਰਕਾਸ਼ ਦੇ ਨਾਲ ਸਾਡੇ ਅੰਦਰ ਦੀ ਅਗਿਆਨਤਾ ਮਰਦੀ ਹੈ, ਸਾਡੇ ਅੰਦਰ ਦੀ ਹਉਮੈ ਮਰਦੀ ਹੈ। ਇਹ ਸਾਡਾ ਸ਼ਬਦ ਦੁਆਰਾ ਮਰਨ ਹੈ। ਜਦ ਤੱਕ ਅਸੀਂ ਸ਼ਬਦ ਦੁਆਰਾ ਨਹੀਂ ਮਰਦੇ ਤਦ ਤੱਕ ਅਸੀਂ ਆਤਮਿਕ ਤੌਰ ਤੇ ਮਰੇ ਰਹਿੰਦੇ ਹਾਂ ਜਿਸ ਕਰਕੇ ਅਸੀਂ ਅਸਲ ਜੀਵਨ ਨੂੰ ਨਹੀਂ ਸਮਝ ਸਕਦੇ। ਸਾਡਾ ਅਸਲ ਜੀਵਨ ਸ਼ਬਦ ਦੁਆਰਾ ਮਰਨ ਨਾਲ ਹੁੰਦਾ ਹੈ, ਸਾਡੇ ਅੰਦਰ ਦੀ ਅਗਿਆਨਤਾ ਦੇ ਮਰਨ ਨਾਲ ਹੁੰਦਾ ਹੈ। ਸਾਡਾ ਅਸਲ ਜਨਮ ਗੁਰਮਤਿ ਰੂਪ ਸੱਚੀ ਸੋਝੀ ਹੈ, ਗੁਰਮਤਿ ਰੂਪ ਸੱਚਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ, ਮਨ ਦੀ ਸਮਝ ਦੇ ਵਿੱਚ ਹੀ ਹੁੰਦੀ ਹੈ। ਮਨ ਦੀ ਇਹ ਸੱਚੀ ਸਮਝ ਹੀ ਸਾਡੇ ਅੰਦਰ ਚੌਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ, ਸਹਜ ਵਾਲੀ ਅਵਸਥਾ ਹੈ, ਬਿਬੇਕ ਬੁਧਿ ਵਾਲੀ ਅਵਸਥਾ ਹੈ। ਪ੍ਰਮਾਤਮਾ ਸਾਡੇ ਅੰਦਰ ਇਸ ਅਵਸਥਾ ਵਿੱਚ ਹੈ। ਮਨ ਦੀ ਇਸ ਅਵਸਥਾ ਦੀ ਪ੍ਰਾਪਤੀ ਹੀ ਸਾਡਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੈ ਜੋ ਸਾਡਾ ਅਸਲ ਜਨਮ ਹੈ। ਮਨ ਦੀ ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਨੂੰ ਭਾਵ

ਮਨੁੱਖੀ ਸਮਝ ਨੂੰ ਇਹ ਸੱਚੀ ਸਮਝ ਪੈਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹਰ ਕੋਈ ਮਨ ਦੇ ਭਰਮ ਕਰਕੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਤੇ ਆਪਣੇ ਮਨੁੱਖੀ ਸਰੀਰ ਦੇ ਜਨਮ ਮਰਨ ਨੂੰ ਹੀ ਆਵਾਗਉਂਣ ਸਮਝਦਾ ਹੈ। ਪ੍ਰਮਾਤਮਾ ਨੂੰ

45/5957

ਆਪਣੇ ਅੰਦਰੋਂ ਜਾਣੇ ਬਿਨਾਂ ਕੋਈ ਵੀ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਆਵਾਗਉਂਣ ਕੀ ਹੈ। ਆਵਾਗਉਂਣ ਉਹੀ ਹੈ ਜੋ ਸਾਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸ਼ਬਦਾਂ ਦੁਆਰਾ ਬਾਰ-ਬਾਰ ਸਮਝਾਇਆ ਹੈ। ਗੁਰੂ ਕਦੇ ਗਲਤ ਨਹੀਂ ਹੋ ਸਕਦਾ। ਸਾਡੇ ਅੰਦਰ ਦੀ ਮਾਇਆ ਝੂਠ ਹੈ, ਸਾਡੇ ਅੰਦਰ ਦੀ ਠਗਉਰੀ ਹੈ ਜੋ ਸਾਨੂੰ ਆਪਣੀ ਠੱਗੀ ਵਿੱਚ ਰੱਖਦੀ ਹੈ ਭਾਵ ਸੱਚ ਸਮਝਣ ਤੋਂ ਦੂਰ ਰੱਖਦੀ ਹੈ। ਸਾਡੇ ਅੰਦਰ ਦੀ ਇਹ ਠਗਉਰੀ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਨਾਲੋਂ ਵੱਖਰਾ ਬਣਾ ਕੇ ਰੱਖਣ ਦਾ ਹੈ। ਜਦ ਤੱਕ ਸਾਡੇ ਅੰਦਰ ਇਹ ਮਾਇਆ ਰੂਪ ਠਗਉਰੀ ਹੈ ਤਦ ਤੱਕ ਨਾ ਸਾਨੂੰ ਪ੍ਰਮਾਤਮਾ ਦੀ ਸਮਝ ਲੱਗ ਸਕਦੀ ਹੈ, ਨਾ ਆਪਣੇ ਆਪ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਲੱਗ ਸਕਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਆਪਣਾ ਗੁਰੂ ਰੂਪ ਪ੍ਰਗਟ ਕਰਨ ਦੁਆਰਾ ਪਾਉਂਦਾ ਹੈ। ਪ੍ਰਮਾਤਮਾ ਦੇ ਗੁਣ ਗਾਉਂਣ ਲਈ ਪਹਿਲਾ ਗੁਣ ਇਹੋ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ। ਜਨਮ ਮਰਨ ਦੇ ਗੇੜ ਵਿੱਚੋਂ ਨਿਕਲੇ ਬਿਨਾਂ, ਇਸ ਮਨੁੱਖੀ ਰੂਪ ਦੀ ਅਸਲੀਅਤ ਸਮਝ ਆਏ ਬਿਨਾਂ ਭਾਵ ਇਸ ਮਨੁੱਖੀ ਹੋਂਦ ਦੇ ਖਤਮ ਹੋਏ ਬਿਨਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਪ੍ਰਮਾਤਮਾ ਦੇ ਆਪ ਭਗਤੀ ਕਰਾਏ ਬਿਨਾਂ, ਆਪਣਾ ਭਗਤ ਬਣਾਏ ਬਿਨਾਂ ਭਾਵ ਪ੍ਰਮਾਤਮਾ ਦਾ ਆਪਣਾ ਰੂਪ ਬਣੇ ਬਿਨਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ। **(ਗਾਵੈ ਕੋ ਸਾਜਿ ਕਰੇ ਤਨੁ ਖੇਹ ॥)**

ਪ੍ਰਮਾਤਮਾ ਮਨੁੱਖ ਦੀ ਮਨੁੱਖੀ ਹੋਂਦ ਨੂੰ ਕਿਸ ਤਰੀਕੇ ਖੇਹ ਕਰਦਾ ਹੈ ਭਾਵ ਮਿਟਾਉਂਦਾ ਹੈ ਕਿ ਇਸ ਮਨੁੱਖੀ ਰੂਪ ਵਿੱਚ ਮਨੁੱਖ ਨਹੀਂ ਹੈ ਤੇ ਆਪ ਪ੍ਰਮਾਤਮਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗਾਵੈ ਕੋ ਜੀਅ ਲੈ ਫਿਰਿ ਦੇਹ ॥”

ਪ੍ਰਮਾਤਮਾ ਦੇ ਗੁਣ ਕੋਈ ਵਿਰਲਾ ਹੀ ਗਾ ਸਕਦਾ ਹੈ। ਉਹ ਗਾ ਸਕਦਾ ਹੈ ਜਿਸ ਕੋਲੋਂ ਪ੍ਰਮਾਤਮਾ ਉਸਦਾ **“ਜੀਅ”** ਲੈ ਕੇ ਫਿਰ ਦਿੰਦਾ ਹੈ। ਇਹੀ ਸਾਡੇ ਅੰਦਰ ਦਾ ਮਰਨਾ ਤੇ ਜਿਊਣਾ ਹੈ ਜਿਸ ਰਾਹੀਂ ਸਾਡਾ ਅਸਲ ਜੀਵਨ ਹੁੰਦਾ ਹੈ। ਸਾਡੇ ਅੰਦਰ ਦਾ **“ਜੀਅ”** ਕੀ ਹੈ ਇਸ ਗੱਲ

45/5958

ਨੂੰ ਹਰ ਕੋਈ ਸਮਝ ਸਕਦਾ ਹੈ। ਸਾਡਾ ਜੀਅ ਸਾਡਾ ਮਨ ਹੈ। ਸਾਡਾ ਮਨ ਸਾਡੇ ਅੰਦਰ ਦੀ ਸਮਝ ਹੈ। ਸਾਡਾ ਅਸਲ ਮਰਨਾ ਜਿਊਣਾ ਸਾਡੇ ਮਨ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਸਾਡੇ ਅੰਦਰ ਦੀ ਮਾਇਆ, ਹਉਮੈ ਸਾਡੇ ਅੰਦਰ ਦੀ ਸਮਝ ਹੀ ਹੈ ਜੋ ਸਾਨੂੰ ਭਰਮਾਂ ਦੇ ਵਿੱਚ ਪਾ ਕੇ ਰੱਖਦੀ ਹੈ ਤੇ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ, ਮੈਂ ਪ੍ਰਮਾਤਮਾ ਤੋਂ ਵੱਖਰਾ ਹਾਂ, ਮੈਂ ਜਨਮ ਮਰਨ ਵਿੱਚ ਹਾਂ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਮਾਇਆ ਵਿੱਚੋਂ ਹੀ ਕੱਢਦਾ ਹੈ, ਹਉਮੈ ਵਿੱਚੋਂ ਹੀ ਕੱਢਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ, ਮਨ ਦੀ ਨਾਸਮਝ ਮਤਿ ਵਿੱਚੋਂ ਹੀ ਕੱਢਦਾ ਹੈ। ਇਹ ਸਾਡੇ ਅੰਦਰ ਦੇ ਜੀਅ ਨੂੰ ਪ੍ਰਮਾਤਮਾ ਆਪ ਲੈਂਦਾ ਹੈ ਭਾਵ ਆਪ ਭਰਮਾਂ ਵਾਲੀ ਮਤਿ ਵਿੱਚੋਂ ਕੱਢਦਾ ਹੈ। ਉਹ ਸਾਡੇ ਅੰਦਰੋਂ **“ਜੀਅ”** ਲੈਣ ਤੋਂ ਬਾਅਦ ਜੀਅ ਹੀ ਫਿਰ ਦਿੰਦਾ ਹੈ ਭਾਵ ਮਾੜੀ ਸਮਝ ਕੱਢਣ ਤੋਂ ਬਾਅਦ ਫਿਰ ਆਪਣੀ ਚੰਗੀ ਸਮਝ ਦਿੰਦਾ ਹੈ। ਹਉਮੈ ਕੱਢਣ ਤੋਂ ਬਾਅਦ ਆਪਣਾ ਨਾਮ ਦਿੰਦਾ ਹੈ। ਜਿੱਥੇ ਪ੍ਰਮਾਤਮਾ ਆਪਣਾ ਨਾਮ ਦਿੰਦਾ ਹੈ ਫਿਰ ਉੱਥੇ ਹਉਮੈ ਨਹੀਂ ਰਹਿ ਸਕਦੀ। ਜਿੱਥੇ ਪ੍ਰਮਾਤਮਾ ਮਨੁੱਖੀ ਸਮਝ ਦੇ ਵਿੱਚ ਆਪਣੇ ਸੱਚੇ ਗਿਆਨ ਵਾਲੀ ਮਤਿ ਦੇ ਦਿੰਦਾ ਹੈ ਇਹੀ ਸਾਡਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੈ, ਬ੍ਰਹਮ ਗਿਆਨ ਦੇ ਘਰ ਵਿੱਚ ਜਨਮ ਹੈ। ਆਪਣੇ ਘਰ ਵਿੱਚ ਫਿਰ ਪ੍ਰਮਾਤਮਾ ਸ਼ਬਦਾਂ ਦੀ ਵਿਚਾਰ ਰਾਹੀਂ ਗੁਰਮਤਿ ਰੂਪ ਸੱਚੀ ਸਮਝ ਹੀ ਦਿੰਦਾ ਹੈ ਜਿਸ ਸਮਝ ਦੁਆਰਾ ਫਿਰ ਉਹ ਮਨੁੱਖੀ ਰੂਪ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਭਾਵ ਸੱਚੀ ਗੁਰਮਤਿ ਅਨੁਸਾਰ ਵਿਚਰਦਾ ਹੈ, ਆਪਣੇ ਅੰਦਰ ਤੇ ਸਭ ਦੇ ਅੰਦਰ ਪ੍ਰਮਾਤਮਾ ਨੂੰ ਹੀ ਦੇਖਦਾ ਹੈ ਤੇ ਉਹ ਦੁਨਿਆਵੀ ਜਨਮ ਮਰਨ ਵਿੱਚੋਂ ਨਿਕਲ ਜਾਂਦਾ ਹੈ। **(ਗਾਵੈ ਕੋ ਜੀਅ ਲੈ ਫਿਰਿ ਦੇਹ ॥)** ਮਨ ਦੀ ਇਸ ਅਵਸਥਾ ਦੁਆਰਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਸ ਅਵਸਥਾ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ

ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥”

ਪ੍ਰਮਾਤਮਾ ਦਾ ਦਿੱਸਣਾ ਯਾ ਨਾ ਦਿੱਸਣਾ ਭਾਵ ਪ੍ਰਮਾਤਮਾ ਨੂੰ ਜਾਨਣਾ ਯਾ ਨਾ ਜਾਨਣਾ ਸਾਡੇ ਮਨ ਦੀ ਸਮਝ

45/5959

ਨਾਲ ਜੁੜਿਆ ਹੋਇਆ ਹੈ। ਜਦ ਤੱਕ ਸਾਡੇ ਅੰਦਰ ਜੀਅ ਦੇ ਰੂਪ ਵਿੱਚ ਮਾਇਆ ਵਾਲੀ ਮਤਿ ਹੈ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਤੋਂ ਦੂਰ ਸਮਝਦੇ ਹਾਂ ਭਾਵ ਪ੍ਰਮਾਤਮਾ ਨੂੰ ਨਹੀਂ ਸਮਝ ਸਕਦੇ। ਜਦੋਂ ਪ੍ਰਮਾਤਮਾ ਸਾਡੇ ਅੰਦਰੋਂ ਮਾਇਆ ਵਾਲੀ ਮਤਿ ਲੈ ਕੇ ਅਸਲ ਜੀਅ ਵਾਲੀ ਮਤਿ ਦੇ ਦਿੰਦਾ ਹੈ, ਅਸਲ ਜੀਵਨ ਵਾਲੀ ਮਤਿ ਦੇ ਦਿੰਦਾ ਹੈ ਉਸਨੂੰ ਫਿਰ ਦੂਰ ਦਿੱਸਣ ਵਾਲਾ ਪ੍ਰਮਾਤਮਾ ਜਿਸਨੂੰ ਹਰ ਕੋਈ ਦੂਰ ਹੀ ਸਮਝਦਾ ਹੈ ਉਹ ਆਪਣੇ ਅੰਦਰੋਂ ਹੀ ਦਿੱਸ ਪੈਂਦਾ ਹੈ। ਉਹ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹਰ ਵੇਲੇ ਹਾਜਰ ਨਾਜਰ ਵੇਖਦਾ ਹੈ ਜੋ ਕਿ ਸਾਡੇ ਮਨ ਦੀ ਸਮਝ ਦੇ ਵਿੱਚ ਹੀ ਹੈ, ਮਨ ਦੇ ਵਿੱਚ ਜੋਤਿ ਦੇ ਰੂਪ ਵਿੱਚ ਹੀ ਹੈ ਜੋ ਜੋਤਿ ਸਾਡੇ ਅੰਦਰ ਹਰ ਵੇਲੇ ਗਿਆਨ ਦਾ ਪ੍ਰਕਾਸ਼ ਕਰ ਰਹੀ ਹੈ ਭਾਵ ਮਨ ਦੇ ਵਿੱਚ ਮਨੁੱਖ ਨੂੰ ਸਮਝ ਪਾ ਰਹੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਵੇਖੇ ਬਿਨਾਂ ਭਾਵ ਜਾਣੇ ਬਿਨਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਉਸਦੇ ਗੁਣ ਕੋਈ ਵਿਰਲਾ ਹੀ ਗਾਉਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਗਾਏ ਹਨ। ਪ੍ਰਮਾਤਮਾ ਦੀ ਵਡਿਆਈ ਉਸਨੂੰ ਜਾਨਣ ਦੁਆਰਾ ਹੀ ਕੀਤੀ ਜਾ ਸਕਦੀ ਹੈ, ਉਸਦਾ ਵੱਡਾਪਣ ਦੇਖਣ ਦੁਆਰਾ ਹੀ ਉਸਨੂੰ ਵਡਿਆਇਆ ਜਾ ਸਕਦਾ ਹੈ। **(ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥)**

ਆਸਾ ਮਹਲਾ ੧ ॥

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

ਸੋਰਠਿ ਮਹਲਾ ੫ ॥

{ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥

ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥

ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ॥

ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥

ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥

ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥}

(ਅੰਗ ੬੧੨)

45/5960

ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ, ਉਸਦੇ ਗੁਣ ਗਾਉਂਣੇ ਕੀ ਹਨ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ ਤੇ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸਾਡੀ ਕਥਨੀ ਪ੍ਰਮਾਤਮਾ ਦੇ ਗੁਣ ਗਾਉਣੇ ਨਹੀਂ ਹਨ ਜਿਹੋ ਜਿਹੇ ਗੁਣ ਗਾਉਂਣ ਨਾਲ ਹਰ ਕੋਈ ਜੁੜਿਆ ਹੋਇਆ ਹੈ। ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਗਾਏ ਜਾ ਸਕਦੇ ਹਨ। ਪ੍ਰਮਾਤਮਾ ਨੂੰ ਜਾਣੇ ਬਿਨਾਂ ਹਰ ਕੋਈ ਮਾਇਆ ਮੋਹ ਵਿੱਚ ਹੈ ਤੇ ਉਸਦੀ ਭਗਤੀ ਵੀ ਕੇਵਲ ਮਾਇਆ ਮੋਹ ਹੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥”

ਪ੍ਰਮਾਤਮਾ ਦੇ ਗੁਣ ਗਾਉਂਣ ਵਾਲਾ ਭਾਵ ਗੁਰੂ ਦੀ ਸੱਚੀ ਮਤਿ ਤੇ ਚੱਲਣ ਵਾਲਾ, ਸੱਚ ਤੇ ਚੱਲਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਜਿਵੇਂ ਕਿ ਅਸੀਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਪ੍ਰਮਾਤਮਾ ਨੂੰ ਤਾ ਕੋਈ ਵਿਰਲਾ ਹੀ ਜਾਣ ਸਕਦਾ ਹੈ ਪਰ ਇਸ ਗੱਲ ਦਾ ਵਿਸ਼ਵਾਸ ਹਰ ਕਿਸੇ ਦੇ ਅੰਦਰ ਬਣਿਆ ਰਹਿੰਦਾ ਹੈ ਕਿ ਪ੍ਰਮਾਤਮਾ ਕੋਈ ਬਹੁਤ ਵੱਡੀ ਸ਼ਕਤੀ ਹੈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਸ੍ਰਿਸ਼ਟੀ ਉਸਦੇ ਹੁਕਮ ਵਿੱਚ ਚੱਲਦੀ ਹੈ। ਹਰ ਕੋਈ ਉਸ ਪ੍ਰਮਾਤਮਾ ਦੇ ਗੁਣ ਗਾਉਂਣਾ ਚਾਹੁੰਦਾ ਹੈ ਕਿ ਅਸੀਂ ਪ੍ਰਮਾਤਮਾ ਦੀ ਖੁਸ਼ੀ ਲੈ ਸਕੀਏ। ਪ੍ਰਮਾਤਮਾ ਨੂੰ ਖੁਸ਼ ਹਰ ਕੋਈ ਇਸ ਲਈ ਕਰਨਾ ਚਾਹੁੰਦਾ ਹੈ ਕਿਉਂਕਿ ਉਹ ਇਹ ਸਮਝਦੇ ਹਨ, ਮੰਨਦੇ ਹਨ ਕਿ ਸਾਰੀਆਂ ਦਾਤਾਂ ਦੇਣ ਵਾਲਾ ਪ੍ਰਮਾਤਮਾ ਹੀ ਹੈ ਤੇ ਜੋ ਉਸਨੂੰ ਖੁਸ਼ ਕਰਦਾ ਹੈ ਉਸਨੂੰ ਪ੍ਰਮਾਤਮਾ ਦਾਤਾਂ ਦਿੰਦਾ ਹੈ ਭਾਵ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਇਹ ਸੱਚ ਹੈ ਕਿ ਸਾਰੀਆਂ ਦਾਤਾਂ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਸਭ ਕੁਝ ਉਸਦੇ ਹੁਕਮ ਦੁਆਰਾ ਹੀ ਹੁੰਦਾ ਹੈ। ਪ੍ਰਮਾਤਮਾ ਦਾ ਹੁਕਮ ਕਿਸ ਰੂਪ ਵਿੱਚ ਚੱਲਦਾ ਹੈ ਇਸ ਗੱਲ ਦੀ ਸਮਝ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਪੈਂਦੀ ਹੈ। ਉਸਦਾ ਹੁਕਮ

45/5961

ਸਾਡੇ ਅੰਦਰ ਹੀ ਵਰਤ ਰਿਹਾ ਹੈ, ਹਰ ਆਕਾਰ ਰੂਪ ਵਿੱਚ ਵਰਤ ਰਿਹਾ ਹੈ, ਪੰਜੇ ਤੱਤਾਂ ਵਿੱਚ ਉਸਦਾ ਹੁਕਮ ਹੀ ਵਰਤ ਰਿਹਾ ਹੈ। ਹਰ ਦਾਤਿ ਦੀ ਉਤਪੱਤੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦੀ ਹੈ ਤੇ ਉਸਦੇ ਹੁਕਮ ਅਨੁਸਾਰ ਹੀ ਹਰ ਕੋਈ ਉਸ ਦੀਆਂ ਦਾਤਾਂ

ਨੂੰ ਭੋਗਦਾ ਹੈ। ਹਰ ਆਕਾਰ ਰੂਪ ਨੂੰ ਬਣਾਉਂਣ ਵਾਲਾ ਤੇ ਉਸਨੂੰ ਚਲਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ। ਜਿਸ ਆਕਾਰ ਰੂਪ ਨੂੰ ਪ੍ਰਮਾਤਮਾ ਬਣਾਉਂਦਾ ਹੈ ਉਸਨੂੰ ਚਲਾਉਂਣ ਦਾ ਭਾਵ ਪਾਲਣ ਦਾ ਤਰੀਕਾ ਵੀ ਉਸਨੇ ਆਪ ਹੀ ਬਣਾਇਆ ਹੋਇਆ ਹੈ। ਉਹ ਹਰ ਕਿਸੇ ਨੂੰ ਆਪ ਹੀ ਪਾਲ ਰਿਹਾ ਹੈ ਤੇ ਹਰ ਰੂਪ ਉਸਦਾ ਆਪਣਾ ਹੀ ਰੂਪ ਹੈ। ਉਸ ਪ੍ਰਮਾਤਮਾ ਨੂੰ ਭਾਵੇਂ ਕੋਈ ਕਥੇ ਜਾਂ ਨਾ ਕਥੇ ਉਹ ਸਭ ਨੂੰ ਪਾਲਦਾ ਹੀ ਹੈ, ਸਭ ਨੂੰ ਰਿਜਕ ਦੇਣ ਦਾ ਉਪਰਾਲਾ ਆਪ ਹੀ ਕਰਦਾ ਹੈ। ਮਨੁੱਖ ਨੂੰ ਭਰਮਾਂ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ ਜਿਸ ਦੁਆਰਾ ਹਰ ਕੋਈ ਇਸ ਵਿਸ਼ਵਾਸ ਨਾਲ ਜੁੜਿਆ ਰਹਿੰਦਾ ਹੈ, ਕਰੋੜਾਂ ਹੀ ਕਰੋੜਾਂ ਮਨੁੱਖ ਭਾਵ ਅਰਬਾਂ ਖਰਬਾਂ ਮਨੁੱਖ ਭਾਵ ਹਰ ਸੰਸਾਰੀ ਮਨੁੱਖ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਇਸ ਵਿਸ਼ਵਾਸ ਨਾਲ ਜੁੜਿਆ ਰਹਿੰਦਾ ਹੈ ਕਿ ਪ੍ਰਮਾਤਮਾ ਦੀ ਕਥਨੀ ਕਰੀ ਜਾਣ ਨਾਲ ਪ੍ਰਮਾਤਮਾ ਦਾਤਾਂ ਦੇਣ ਵਿੱਚ ਕੋਈ ਤੋਟ ਨਹੀਂ ਕਰਦਾ ਭਾਵ ਹਰ ਕੋਈ ਪ੍ਰਮਾਤਮਾ ਨੂੰ ਇਸ ਮਕਸਦ ਲਈ ਕਥਦਾ ਹੈ, ਆਪਣੀ ਆਪਣੀ ਭਗਤੀ ਦੇ ਤਰੀਕਿਆਂ ਅਨੁਸਾਰ ਵਿਚਰਦਾ ਹੈ ਕਿ ਇਸ ਤਰੀਕੇ ਪ੍ਰਮਾਤਮਾ ਨੂੰ ਖੁਸ਼ੀ ਮਿਲਦੀ ਹੈ ਤੇ ਉਹ ਸਾਨੂੰ ਦਾਤਾਂ ਦੀ ਕਮੀ ਨਹੀਂ ਆਉਂਣ ਦਿੰਦਾ। **(ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥)** ਪ੍ਰਮਾਤਮਾ ਨੇ ਸ੍ਰਿਸ਼ਟੀ ਨੂੰ ਰੱਚ ਕੇ ਉਸਨੂੰ ਚਲਾਉਂਣ ਦਾ ਨਿਯਮ ਆਪ ਹੀ ਬਣਾਇਆ ਹੋਇਆ ਹੈ। ਉਸਨੇ ਆਪਣੀਆਂ ਦਾਤਾਂ ਸਭ ਨੂੰ ਦੇਣ ਲਈ ਹੀ ਬਣਾਈਆਂ ਹਨ ਜਿਸ ਤਰੀਕੇ ਇਹ ਸੰਸਾਰ ਚੱਲ ਰਿਹਾ ਹੈ, ਜੁਗਾਂ ਜੁਗਾਂ ਤੋਂ ਚੱਲ ਰਿਹਾ ਹੈ। ਦਾਤਾਂ ਲੈਣ ਵਾਲੇ ਬਿਨਸ ਜਾਂਦੇ ਹਨ ਪਰ ਉਸਦੀਆਂ ਦਾਤਾਂ ਵਿੱਚ ਕੋਈ ਕਮੀ ਨਹੀਂ ਆਉਂਦੀ। ਉਹ ਹਰ ਸਮੇਂ ਦਾਤਾਂ ਦਿੰਦਾ ਹੀ ਰਹਿੰਦਾ ਹੈ। ਸਭ ਕੁਝ ਉਸਦੇ ਹੁਕਮ ਵਿੱਚ ਹੀ ਹੋ ਰਿਹਾ ਹੈ ਜਿਸ ਦੁਆਰਾ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਆਪਣੇ ਮਾਰਗ ਤੇ ਪਾਇਆ ਹੋਇਆ ਹੈ, ਮਨ ਦੀ ਸਮਝ ਰਾਹੀਂ ਸਭ ਨੂੰ ਆਪਣੇ ਹੁਕਮ ਵਿੱਚ ਜੀਵਨ ਦੇ ਮਾਰਗ ਤੇ ਚਲਾ ਰਿਹਾ ਹੈ। ਸਭ ਦੇ ਵਿੱਚ ਦਾਤਾਂ ਦਾ ਮੋਹ ਉਸਨੇ ਆਪ ਹੀ ਪਾਇਆ ਹੋਇਆ ਹੈ। ਦਾਤਾਂ ਦੇ ਮੋਹ ਵਿੱਚ ਪੈ ਕੇ ਮਨੁੱਖ ਭਗਤੀ ਦੇ ਅਸਲ ਮਾਰਗ ਤੋਂ ਭਟਕਿਆ ਰਹਿੰਦਾ ਹੈ ਤੇ ਮਾੜੇ ਕਰਮ ਕਰਦਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਪ੍ਰਮਾਤਮਾ ਨੂੰ ਇਸੇ ਵਿੱਚ ਹੀ ਖੁਸ਼ੀ ਮਹਿਸੂਸ ਹੁੰਦੀ ਹੈ ਕਿਉਂਕਿ ਉਸਦਾ ਸੰਸਾਰ ਨੂੰ ਚਲਾਉਂਣ ਦਾ ਇਹ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ, ਸੰਸਾਰ ਨੂੰ ਚਲਾਉਂਣ

ਦਾ ਤਰੀਕਾ ਹੈ। ਦਾਤਾਂ ਦੇ ਮੋਹ ਵਿੱਚ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ, ਉਸਦੇ ਵੱਡੇਪਨ ਨੂੰ ਨਹੀਂ ਸਮਝਿਆ ਜਾ ਸਕਦਾ, ਉਸਦੀ ਵਡਿਆਈ ਨੂੰ, ਉਸਦੇ ਗੁਣਾਂ ਨੂੰ ਨਹੀਂ ਸਮਝਿਆ ਜਾ ਸਕਦਾ ਪਰ ਪ੍ਰਮਾਤਮਾ ਇਸੇ ਗੱਲ ਤੋਂ ਬੇਪਰਵਾਹ ਹੈ ਕਿ ਉਸਨੂੰ ਕੋਈ ਜਾਣੇ। ਉਸਨੂੰ ਜਾਨਣ ਦਾ ਮਾਰਗ ਉਸਨੇ ਕਿਸੇ ਵਿਰਲੇ ਲਈ ਹੀ ਰੱਖਿਆ ਹੋਇਆ ਹੈ ਜਿਸਨੂੰ ਉਹ ਆਪ ਹੀ ਮਾਇਆ ਮੋਹ ਵਿੱਚੋਂ ਕੱਢਦਾ ਹੈ, ਦਾਤਾਂ ਦੇ ਮੋਹ ਵਿੱਚੋਂ ਕੱਢਦਾ ਹੈ ਤੇ ਸੱਚੀ ਭਗਤੀ ਦਾ ਮਾਰਗ ਸਮਝਾ ਕੇ ਆਪ ਹੀ ਉਸ ਤੇ ਚਲਾਉਂਦਾ ਹੈ। **(ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈ ਆਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥ ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥)**

ਸਲੋਕ ਮਃ ੨ ॥

{ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥ ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥ ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥ ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥੧॥}

(ਅੰਗ ੯੫੫)

ਧਨਾਸਰੀ ਮਹਲਾ ੫ ਘਰੁ ੨ ਚਉਪਦੇ

ੴ ਸਤਿਗੁਰ ਪ੍ਰਸਾਦਿ ॥

{ਛੋਡਿ ਜਾਹਿ ਸੇ ਕਰਹਿ ਪਰਾਲ ॥ ਕਾਮਿ ਨ ਆਵਹਿ ਸੇ ਜੰਜਾਲ ॥ ਸੰਗਿ ਨ ਚਾਲਹਿ ਤਿਨ ਸਿਉ ਹੀਤ ॥
ਜੋ ਬੈਰਾਈ ਸੇਈ ਮੀਤ ॥੧॥ ਐਸੇ ਭਰਮਿ ਭੁਲੇ ਸੰਸਾਰਾ ॥ ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥
ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥ ਦਾਤਿ ਪਿਆਰੀ ਵਿਸਰਿਆ ਦਾਤਾਰਾ ॥
ਜਾਣੈ ਨਾਹੀ ਮਰਣੁ ਵਿਚਾਰਾ ॥੨॥ ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥
ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੇ ॥੩॥ ਜੋ ਤੁਧੁ ਭਾਵੈ ਸੋ ਪਰਵਾਣੁ ॥
ਤੇਰੇ ਭਾਣੇ ਨੋ ਕੁਰਬਾਣੁ ॥ ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥੪॥੧॥੨੨॥}

(ਅੰਗ ੬੭੬)

ਪਉੜੀ ॥

{ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥}

(ਅੰਗ ੧੪੫)

45/5963

ਜਦ ਤੱਕ ਅਸੀਂ ਦਾਤਾਂ ਦੇ ਮੋਹ ਨਾਲ ਜੁੜੇ ਹੋਏ ਹਾਂ ਅਸੀਂ ਪ੍ਰਮਾਤਮਾ ਨੂੰ ਦਾਤਾਂ ਦੀ ਪ੍ਰਾਪਤੀ ਲਈ ਹੀ ਕਥਦੇ ਹਾਂ ਜਿਸਨੂੰ ਅਸੀਂ ਪ੍ਰਮਾਤਮਾ ਦੇ ਨਾਲ ਪਿਆਰ ਪਾਉਂਣਾ ਸਮਝਦੇ ਹਾਂ। ਪ੍ਰਮਾਤਮਾ ਦੇ ਨਾਲ ਪਿਆਰ ਨਾਮ ਦੀ ਦਾਤਿ ਮਿਲਣ ਦੁਆਰਾ ਪੈਂਦਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਸੱਚਾ ਪਿਆਰ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਨਾਮ ਦੀ ਦਾਤਿ ਮਿਲਣ ਦੁਆਰਾ ਹੀ ਹੁੰਦਾ ਹੈ। ਅਸੀਂ ਉਪਰਲੇ ਸ਼ਬਦ ਨੂੰ ਜਪੁਜੀ ਬਾਣੀ ਦੇ ਰਾਹੀਂ ਜੋ ਸਮਝਿਆ ਹੈ ਉਸੇ ਗੱਲ ਨੂੰ ਉਸ ਤੋਂ ਅਗਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਅਸਲ ਵਿੱਚ ਸਾਡਾ ਉਦੱਮ ਨਾਮ ਦੀ ਦਾਤਿ ਲਈ ਹੋਣਾ ਚਾਹੀਦਾ ਹੈ ਜੋ ਦਾਤਿ ਮਿਲਣ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰਬਾਰ ਦੇ ਦਰਸ਼ਨ ਹੁੰਦੇ ਹਨ ਤੇ ਜਿਸ ਵੇਲੇ ਸਾਨੂੰ ਦਰਸ਼ਨ ਹੁੰਦੇ ਹਨ ਉਹੀ ਸਾਡੇ ਅੰਦਰ ਅੰਮ੍ਰਿਤ ਵੇਲਾ ਹੁੰਦਾ ਹੈ। ਨਾਮ ਦੀ ਦਾਤਿ ਦੀ ਪ੍ਰਾਪਤੀ ਅੰਮ੍ਰਿਤ ਵੇਲੇ ਹੀ ਹੁੰਦੀ ਹੈ। ਸਾਡਾ ਸਾਰਾ ਜੀਵਨ ਅੰਮ੍ਰਿਤ ਦੀ ਪ੍ਰਾਪਤੀ ਕਰਨ ਲਈ ਹੈ ਭਾਵ ਸਾਡਾ ਪੂਰਾ ਜੀਵਨ ਅੰਮ੍ਰਿਤ ਵੇਲੇ ਲਈ ਹੈ ਤੇ ਜਿਸ ਵੇਲੇ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਸਾਡੇ ਅੰਦਰ ਅੰਮ੍ਰਿਤ ਵੇਲਾ ਹੈ। ਅਗਲੇ

ਸ਼ਬਦ ਰਾਹੀਂ ਸਾਨੂੰ ਇਹੀ ਕੁਝ ਸਮਝਾਇਆ ਹੋਇਆ ਹੈ।

“ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥”

(ਅੰਗ ੨)

ਪ੍ਰਮਾਤਮਾ ਭਾਵ ਸੱਚਾ ਸਾਹਿਬ ਆਪਣੇ ਸੱਚੇ ਨਾਮ ਦੁਆਰਾ ਹੀ ਮਿਲਦਾ ਹੈ ਭਾਵ ਸੱਚੇ ਨਾਮ ਦੀ ਪ੍ਰਾਪਤੀ ਦੁਆਰਾ ਉਸ ਸੱਚੇ ਸਾਹਿਬ ਦੇ ਨਾਲ ਮੇਲ ਹੁੰਦਾ ਹੈ। **(ਸਾਚਾ ਸਾਹਿਬੁ ਸਾਚੁ ਨਾਇ)** ਅਸੀਂ ਪ੍ਰਮਾਤਮਾ ਦੇ ਨਾਮ ਨੂੰ ਬੋਲ ਬੋਲ ਕੇ ਉਸ ਪ੍ਰਮਾਤਮਾ ਦੇ ਨਾਲ ਆਪਣਾ ਭਾਉ ਪ੍ਰਗਟ ਕਰਦੇ ਹਾਂ ਭਾਵ ਉਸਦੇ ਨਾਲ ਆਪਣਾ ਪਿਆਰ ਜਤਾਉਂਦੇ ਹਾਂ। ਪ੍ਰਮਾਤਮਾ ਦਾ ਨਾਮ ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬੋਲ ਬੋਲ ਕੇ ਜਪਣਾ ਸਮਝਦਾ ਹੈ। **(ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥)** ਅਸੀਂ ਬੋਲ

45/5964

ਬੋਲ ਕੇ ਆਪਣਾ ਪਿਆਰ ਕਿਸ ਮਕਸਦ ਲਈ ਦਿਖਾਉਂਦੇ ਹਾਂ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥”

ਅਸੀਂ ਆਖ ਆਖ ਕੇ ਪ੍ਰਮਾਤਮਾ ਕੋਲੋਂ ਦਾਤਾਂ ਹੀ ਮੰਗਦੇ ਹਾਂ ਭਾਵ ਉਸ ਤੇ ਬਾਰ-ਬਾਰ ਆਪਣਾ ਬੋਲ ਬੋਲ ਕੇ ਜੋ ਆਪਣਾ ਪਿਆਰ ਦਿਖਾਉਂਦੇ ਹਾਂ ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਹੀ ਦਿਖਾਉਂਦੇ ਹਾਂ ਕਿਉਂਕਿ ਅਸੀਂ ਇਹ ਸਮਝਦੇ ਹਾਂ ਕਿ ਪ੍ਰਮਾਤਮਾ ਇਸ ਤਰੀਕੇ ਮੰਗਣ ਨਾਲ ਹੀ ਦਾਤਾਂ ਦਿੰਦਾ ਹੈ। ਉਹ ਪ੍ਰਮਾਤਮਾ ਹਰ ਕਿਸੇ ਨੂੰ ਦਾਤਾਂ ਦਿੰਦਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। **(ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥)** ਜਦ ਤੱਕ ਸਾਡੇ ਅੰਦਰ ਦੁਨਿਆਵੀ ਦਾਤਾਂ ਦੇ ਨਾਲ ਮੋਹ ਜੁੜਿਆ ਹੋਇਆ ਹੈ ਤਦ ਤੱਕ ਅਸੀਂ ਆਪਣੇ ਵੱਲੋਂ ਜਿਤਨਾ ਮਰਜੀ ਪ੍ਰਮਾਤਮਾ ਦੇ ਨਾਲ ਬੋਲ ਬੋਲ ਕੇ ਆਪਣਾ ਮੋਹ ਜਤਾਈਏ ਉਸ ਤਰੀਕੇ ਸਾਡਾ ਕਦੇ ਪ੍ਰਮਾਤਮਾ ਨਾਲ ਮੇਲ ਨਹੀਂ ਹੋ ਸਕਦਾ ਤੇ ਨਾ ਹੀ ਉਸਦੇ ਨਾਲ ਸਾਡਾ ਪਿਆਰ ਜੁੜ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥”

ਅਸੀਂ ਜਿਸ ਤਰੀਕੇ ਮੁੱਖੋਂ ਬੋਲ ਬੋਲ ਕੇ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਕਰਨੀ ਸਮਝਦੇ ਹਾਂ ਉਨ੍ਹਾਂ ਬੋਲਾਂ ਨੂੰ ਅਸੀਂ ਪ੍ਰਮਾਤਮਾ ਅੱਗੇ ਆਪਣੀ ਭਗਤੀ ਦੀ ਭੇਟਾ ਦੇਣੀ ਸਮਝਦੇ ਹਾਂ ਭਾਵ ਉਸਦੇ ਅੱਗੇ ਆਪਣੀ ਭੇਟ ਰੱਖਣੀ ਸਮਝਦੇ ਹਾਂ ਜਿਸ ਨਾਲ ਅਸੀਂ ਪ੍ਰਮਾਤਮਾ ਨੂੰ ਖੁਸ਼ ਕਰਨਾ ਸਮਝਦੇ ਹਾਂ। ਜੇਕਰ ਪ੍ਰਮਾਤਮਾ ਸਾਡੇ ਬੋਲਾਂ ਨੂੰ ਭੇਟ ਨਹੀਂ ਸਮਝਦਾ ਫਿਰ ਮੂੰਹੋਂ ਕਿਹੋ ਜਿਹੇ ਬੋਲ ਬੋਲੀਏ ਜਿਸ ਦੁਆਰਾ ਪ੍ਰਮਾਤਮਾ ਸਾਡੇ ਨਾਲ ਆਪਣਾ ਪਿਆਰ ਪਾਵੇ ਤੇ ਸਾਨੂੰ ਉਸਦੇ ਦਰਬਾਰ ਦੇ ਦਰਸ਼ਨ ਹੋ ਜਾਣ ਭਾਵ ਅਸੀਂ ਕਿਹੋ ਜਿਹੇ ਬੋਲ ਬੋਲੀਏ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ। ਜੇਕਰ ਮੁੱਖੋਂ ਬੋਲਣ ਨਾਲ ਪ੍ਰਮਾਤਮਾ ਨਹੀਂ ਮਿਲਦਾ ਫਿਰ ਉਹ ਕਿਹੋ ਜਿਹੇ ਬੋਲਾਂ ਦੁਆਰਾ ਮਿਲਦਾ ਹੈ। **(ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥)**

45/5965

ਉਪਰਲੀਆਂ ਪੰਗਤੀਆਂ ਸਾਡੀਆਂ ਗੁਰੂ ਪ੍ਰਮਾਤਮਾ ਅੱਗੇ ਸਵਾਲ ਦੇ ਰੂਪ ਵਿੱਚ ਹਨ, ਸਾਡੀ ਬੇਨਤੀ ਦੇ ਰੂਪ ਵਿੱਚ ਹਨ। ਅਗਲੀਆਂ ਪੰਗਤੀਆਂ ਰਾਹੀਂ ਗੁਰੂ ਪ੍ਰਮਾਤਮਾ ਦਾ ਜਵਾਬ ਹੈ, ਸਾਡੇ ਸਵਾਲ ਦਾ ਜਵਾਬ ਹੈ ਜਿਸ ਤਰੀਕੇ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਸਾਡੇ ਉਹ ਬੋਲ ਵੀ ਹਨ ਜੋ ਬੋਲ ਬੋਲਣ ਦੁਆਰਾ ਸਾਨੂੰ ਪ੍ਰਮਾਤਮਾ ਦਾ ਦਰਬਾਰ ਦਿੱਸਦਾ ਹੈ।

“ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥"

ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝਦੇ ਆ ਰਹੇ ਹਾਂ, ਪ੍ਰਮਾਤਮਾ ਦੇ ਗੁਣ ਗਾਉਂਣੇ ਸਮਝਦੇ ਆ ਰਹੇ ਹਾਂ ਤੇ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਸਮਝਦੇ ਆ ਰਹੇ ਹਾਂ, ਉਹੀ ਕੁਝ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਬਾਅਦ ਹੀ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਦੀ ਵਡਿਆਈ ਮਨ ਦੀ ਸਮਝ ਦੇ ਨਾਲ ਹੁੰਦੀ ਹੈ, ਮਨ ਦੇ ਵਿਚਾਰਾਂ ਰਾਹੀਂ ਹੁੰਦੀ ਹੈ ਕਿਉਂਕਿ ਸਾਡੇ ਵਿਚਾਰ ਹੀ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝ ਸਕਦੇ ਹਨ। ਸਾਡੇ ਮਨ ਦੇ ਵਿਚਾਰ ਹੀ ਇਸ ਗੱਲ ਨੂੰ ਸਮਝਦੇ ਹਨ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦਾ ਨਾਮ ਰੂਪ ਹੀ ਉਸਦਾ ਸਚੁ ਰੂਪ ਹੈ, ਅੰਮ੍ਰਿਤ ਰੂਪ ਹੈ। ਜਿਸ ਵੇਲੇ ਮਨੁੱਖ ਨੂੰ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ਉਹ ਅੰਮ੍ਰਿਤ ਵੇਲਾ ਹੈ ਜੋ ਵੇਲਾ ਸਾਡੇ ਜੀਵਨ ਵਿੱਚ ਕਦੇ ਵੀ ਆ ਸਕਦਾ ਹੈ। ਜਦੋਂ ਮਨੁੱਖ ਨੂੰ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ, **"ਸਚੁ ਨਾਮੁ"** ਦੀ ਪ੍ਰਾਪਤੀ ਹੋ ਜਾਂਦੀ ਹੈ ਫਿਰ ਤਾਂ ਹੀ ਪ੍ਰਮਾਤਮਾ ਦੀ ਵਡਿਆਈ ਸਮਝ ਆਉਂਦੀ ਹੈ ਜੋ ਵਡਿਆਈ ਸਾਡੇ ਵਿਚਾਰ ਸਮਝਦੇ ਹਨ, ਜਾਣਦੇ ਹਨ। ਸਾਡੇ ਅੰਦਰ ਦੀ ਵਿਚਾਰ ਸਾਡੇ ਵੱਸ ਨਹੀਂ ਹੈ। ਸਾਡੇ ਵਿਚਾਰਾਂ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਆਪਣੀ ਵਡਿਆਈ ਕਰਨ ਵਾਲੇ ਵਿਚਾਰ ਉਹ ਆਪ ਹੀ ਦਿੰਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ। ਪ੍ਰਮਾਤਮਾ ਦੀ ਵਡਿਆਈ ਸ਼ਬਦਾਂ ਦੀ ਵਿਚਾਰ ਦੁਆਰਾ ਹੀ ਹੁੰਦੀ ਹੈ ਭਾਵ ਉਨ੍ਹਾਂ ਅਨੁਸਾਰ ਵਿਚਰਕੇ ਹੀ ਹੁੰਦੀ ਹੈ। ਸ਼ਬਦਾਂ ਦੀ ਵਿਚਾਰ ਦੇ ਅਨੁਸਾਰ ਸਾਡੀ ਸੰਸਾਰਿਕ ਜੀਵਨ ਵਿਚਰਨ ਹੀ ਪ੍ਰਮਾਤਮਾ ਦੀ ਭਗਤੀ ਹੈ, ਉਸਦੇ ਗੁਣ ਗਾਉਂਣੇ ਹਨ

45/5966

ਤੇ ਇਹੀ ਸਾਡੇ ਪ੍ਰਮਾਤਮਾ ਅੱਗੇ ਸਾਡੇ ਬੋਲ ਹਨ ਜੋ ਬੋਲ ਬੋਲਣ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਪਿਆਰ ਜੁੜਦਾ ਹੈ। ਗੁਰਮਤਿ ਅਨੁਸਾਰ ਸਾਡੇ ਸੱਚੇ ਸੁੱਚੇ ਕਰਮ ਹੀ ਸਾਡੇ ਬੋਲ ਹਨ ਜਿਨ੍ਹਾਂ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਸਾਡੀ ਭਗਤੀ ਦੇ ਬੋਲ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਹੈ। **(ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥)**

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥}

(ਅੰਗ ੧੫)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

ਅੰਮ੍ਰਿਤ ਵੇਲੇ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, **"ਸਚੁ ਨਾਮੁ"** ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਪ੍ਰਮਾਤਮਾ ਦੀ ਵਡਿਆਈ ਦੀ ਵਿਚਾਰ ਕਿਵੇਂ ਮਿਲਦੀ ਹੈ, ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥"

ਨਾਮ ਦੀ ਪ੍ਰਾਪਤੀ ਦੁਆਰਾ ਮਨੁੱਖ ਦੀ ਮੁਕਤੀ ਹੀ ਹੁੰਦੀ ਹੈ, ਮੁਕਤੀ ਦਾ ਦੁਆਰ ਹੀ ਖੁੱਲਦਾ ਹੈ। ਸਾਡੀ ਮੁਕਤੀ ਕਿਵੇਂ ਹੁੰਦੀ ਹੈ, ਕਿਸ ਰੂਪ ਵਿੱਚ ਹੁੰਦੀ ਹੈ ਤੇ ਸਾਨੂੰ ਮੁਕਤ ਕੌਣ ਕਰਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਗੱਲ ਦਾ ਸਾਡੇ ਅੰਦਰ ਬੰਧਨ ਹੈ ਉਸੇ ਤੋਂ ਹੀ ਸਾਡੀ ਮੁਕਤੀ ਹੁੰਦੀ ਹੈ ਜੋ ਕਿ ਇਸੇ ਜੀਵਨ ਵਿੱਚ ਰਹਿੰਦੇ ਹੋਏ ਹੀ ਹੋ ਸਕਦੀ ਹੈ। ਸਾਡੇ ਅੰਦਰ ਬੰਧਨ ਮਾਇਆ ਦੇ ਰੂਪ ਵਿੱਚ ਹੈ, ਹਉਮੈ ਦੇ ਰੂਪ ਵਿੱਚ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦੇ ਰੂਪ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ, ਮਨ ਦੇ ਵਿੱਚ ਭਰਮਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ।

45/5967

ਮਨ ਦੇ ਇਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਸਾਡਾ ਮਨ ਮਾਇਆ ਦੇ ਪਿੱਛੇ ਦੌੜਦਾ ਹੈ, ਤ੍ਰਿਸ਼ਨਾਵਾਂ ਦੇ ਪਿੱਛੇ ਦੌੜਦਾ ਹੈ, ਔਗੁਣਾਂ ਦੇ

ਪਿੱਛੇ ਦੌੜਦਾ ਹੈ। ਇਨ੍ਹਾਂ ਵਿਚਾਰਾਂ ਦੇ ਵਿੱਚ ਰਹਿੰਦਿਆਂ ਸਾਡੀ ਮਤਿ ਕੱਚੀ ਚੋਲੀ ਪਾਈ ਰੱਖਦੀ ਹੈ ਭਾਵ ਸਾਡੀ ਮਤਿ ਪ੍ਰਮਾਤਮਾ ਦੇ ਦਰਬਾਰ ਵਿੱਚ ਇੱਜਤ ਵਾਲੀ ਮਤਿ ਨਹੀਂ ਮੰਨੀ ਜਾਂਦੀ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਇਸ ਮਾੜੀ ਮਤਿ ਤੋਂ ਮੁਕਤ ਕਰਦਾ ਹੈ। ਉਸਨੂੰ ਆਪਣੇ ਸੱਚੇ ਗਿਆਨ ਵਾਲੀ ਮਤਿ ਦੀ ਚੋਲੀ ਬਖਸ਼ਦਾ ਹੈ, ਆਪਣੇ ਉੱਚੇ ਦਰ ਦਾ ਕਪੜਾ ਬਖਸ਼ਦਾ ਹੈ, ਸੱਚੇ ਗਿਆਨ ਦਾ ਕਪੜਾ ਬਖਸ਼ਦਾ ਹੈ, ਨਾਮ ਦਾ ਕਪੜਾ ਬਖਸ਼ਦਾ ਹੈ ਜਿਸ ਦੁਆਰਾ ਉਹ ਸਾਡੀ ਕੱਚੀ ਮਤਿ ਨੂੰ ਢੱਕ ਲੈਂਦਾ ਹੈ ਭਾਵ ਇੱਜਤ ਵਾਲੀ ਮਤਿ ਬਣਾ ਦਿੰਦਾ ਹੈ। ਪ੍ਰਮਾਤਮਾ ਦੀ ਵਡਿਆਈ ਇਹੋ ਜਿਹੀ ਮਤਿ ਦੁਆਰਾ ਸਮਝ ਆਉਂਦੀ ਹੈ ਤੇ ਤਾਂ ਹੀ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ। ਜਦ ਤੱਕ ਪ੍ਰਮਾਤਮਾ ਸਾਨੂੰ ਮਨ ਦੇ ਭਰਮਾਂ ਤੋਂ ਮੁਕਤ ਨਹੀਂ ਕਰਦਾ ਤਦ ਤੱਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦੇ। ਸਾਡੇ ਅੰਦਰ ਭਰਮਾਂ ਵਾਲੇ ਵਿਚਾਰ ਹੀ ਸਾਡਾ ਪ੍ਰਮਾਤਮਾ ਦੇ ਨਾਲ ਪਰਦਾ ਹੈ ਜੋ ਪਰਦਾ ਦੂਰ ਹੋਣ ਨਾਲ ਸਾਨੂੰ ਇਹ ਸਮਝ ਪੈਂਦੀ ਹੈ ਕਿ ਜਿਸ ਰੂਪ ਵਿੱਚ ਪ੍ਰਮਾਤਮਾ ਮੇਰੇ ਅੰਦਰ ਹੈ, ਉਸੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਸਭ ਜਗ੍ਹਾ ਪਸਰਿਆ ਹੋਇਆ ਹੈ। ਆਪਣੇ ਉੱਚੇ ਗਿਆਨ ਨਾਲ ਭਾਵ ਨਾਮ ਦੇ ਨਾਲ ਆਪ ਹੀ ਸਭ ਕੁਝ ਬਣਾਇਆ ਹੈ ਤੇ ਆਪ ਹੀ ਸਭ ਨੂੰ ਆਪਣੇ ਗਿਆਨ ਦੁਆਰਾ ਚਲਾ ਰਿਹਾ ਹੈ। ਉਹ ਸਭ ਕੁਝ ਆਪ ਹੀ ਹੈ ਤੇ ਇਸ ਮਨ ਦੀ ਸਮਝ ਮਨ ਦੀ ਮੁਕਤੀ ਦੁਆਰਾ ਹੀ ਪੈਂਦੀ ਹੈ, ਨਾਮ ਮਿਲਣ ਦੁਆਰਾ ਹੀ ਪੈਂਦੀ ਹੈ, ਅੰਮ੍ਰਿਤ ਵੇਲੇ ਹੀ ਪੈਂਦੀ ਹੈ। **(ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥)**

ਮਹਲਾ ੪ ਗਉੜੀ ਪੂਰਬੀ ॥

{ਹਰਿ ਦਇਆਲਿ ਦਇਆ ਪ੍ਰਭਿ ਕੀਨੀ ਮੇਰੈ ਮਨਿ ਤਨਿ ਮੁਖਿ ਹਰਿ ਬੋਲੀ ॥
ਗੁਰਮੁਖਿ ਰੰਗੁ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ ਚੋਲੀ ॥੧॥ ਅਪੁਨੇ ਹਰਿ ਪ੍ਰਭ ਕੀ ਹਉ ਗੋਲੀ ॥
ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ ॥੧॥ ਰਹਾਉ ॥
ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥੨॥
ਹਰਿ ਹਰਿ ਨਿਕਟਿ ਵਸੈ ਸਭ ਜਗ ਕੈ ਅਪਰੰਪਰ ਪੁਰਖੁ ਅਤੋਲੀ ॥
ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ ॥੩॥
ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ ਵਡੋਲੀ ॥
ਜਨੁ ਨਾਨਕੁ ਅਨਦਿਨੁ ਹਰਿ ਗੁਣ ਗਾਵੈ ਮਿਲਿ ਸਤਿਗੁਰ ਗੁਰ ਵੇਚੋਲੀ ॥੪॥੧॥੧੫॥੫੩॥}

(ਅੰਗ ੧੬੮-੧੬੯)

ਦੇਵਗੰਧਾਰੀ ॥

{ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥
ਗੁਰਮੁਖਿ ਰੰਗਿ ਚਲੂਲੈ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ ॥੧॥ ਰਹਾਉ ॥
ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ ॥
ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸ ਕੀ ਗੁਲ ਗੋਲੀਐ ॥੧॥
ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ ॥
ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥੨॥੩॥}

(ਅੰਗ ੫੨੭)

ਮਃ ੩ ॥

{ਹਰਿ ਗੁਣ ਤੋਟਿ ਨ ਆਵਈ ਕੀਮਤਿ ਕਹਣੁ ਨ ਜਾਇ ॥
ਨਾਨਕ ਗੁਰਮੁਖਿ ਹਰਿ ਗੁਣ ਰਵਹਿ ਗੁਣ ਮਹਿ ਰਹੈ ਸਮਾਇ ॥੨॥}

(ਅੰਗ ੬੪੬)

ਪਉੜੀ ॥

{ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ॥ ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ॥
ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ ॥ ਸੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ ॥
ਜਨੁ ਨਾਨਕੁ ਕਹੈ ਵਿਚਾਰਾ ਗੁਰਮੁਖਿ ਹਰਿ ਸਤਿ ਹਰਿ ॥੧੧॥}

(ਅੰਗ ੬੪੬)

ਬਿਲਾਵਲੁ ਮਹਲਾ ੫ ॥

{ਹਰਿ ਹਰਿ ਨਾਮੁ ਅਪਾਰ ਅਮੋਲੀ ॥
ਪ੍ਰਾਨ ਪਿਆਰੋ ਮਨਹਿ ਅਧਾਰੋ ਚੀਤਿ ਚਿਤਵਉ ਜੈਸੇ ਪਾਨ ਤੰਬੋਲੀ ॥੧॥ ਰਹਾਉ ॥
ਸਹਜਿ ਸਮਾਇਓ ਗੁਰਹਿ ਬਤਾਇਓ ਰੰਗਿ ਰੰਗੀ ਮੇਰੇ ਤਨ ਕੀ ਚੋਲੀ ॥
ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ ॥੧॥
ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗਿ ਮਉਲੀ ॥
ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ ॥੨॥੩॥੮੯॥}

(ਅੰਗ ੮੨੨)

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥}

(ਅੰਗ ੧੦੨੨)

{ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥}

(ਅੰਗ ੭੮-੭੯)

ਮਃ ੧ ॥

{ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥}

(ਅੰਗ ੧੪੯)

ਪਉੜੀ ॥

6148

{ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ}

(ਅੰਗ ੧੫੦)

ਸਲੋਕੁ ਮਃ ੧ ॥

{ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥
ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥ ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥
ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥ ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥
ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥}

(ਅੰਗ ੬੪੨)

45/5969

ਸਲੋਕ ਮਃ ੧ ॥

{ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥੧॥}

(ਅੰਗ ੭੯੦)

{ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥੧੪॥}

(ਅੰਗ ੪੭੦-੪੭੧)

ਪਉੜੀ ॥

{ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ ॥ ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ ॥
ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ ॥ ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ ॥
ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥ ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ ॥
ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ ॥ ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ ॥੧੧॥}

(ਅੰਗ ੯੬੨)

ਮਃ ੫ ॥

{ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ ॥ ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥੨॥}

(ਅੰਗ ੧੦੯੪)

ਨਾਮ ਰੂਪ ਕਪੜਾ ਕੀ ਹੈ, ਸਾਡੀ ਚੋਲੀ ਕੀ ਹੈ ਇਸ ਗੱਲ ਨੂੰ ਹੀ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਮਨ ਦੇ ਵਿੱਚ ਆਪਣਾ ਕਪੜਾ ਸਾਡੀ ਮਤਿ ਦੇ ਉੱਤੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਨਾਮ ਦੇ ਰੂਪ ਵਿੱਚ ਪਾਉਂਦਾ ਹੈ, ਗੁਰਮਤਿ

ਦੇ ਸੱਚੇ ਗਿਆਨ ਦੇ ਰੂਪ ਵਿੱਚ ਪਾਉਂਦਾ ਹੈ ਜੋ ਕਪੜਾ ਪਹਿਨਣ ਦੇ ਨਾਲ ਸਾਨੂੰ ਪ੍ਰਮਾਤਮਾ ਦੇ ਦਰਬਾਰ ਵਿੱਚੋਂ ਇੱਜਤ ਮਿਲਦੀ ਹੈ। ਪ੍ਰਮਾਤਮਾ ਦਾ ਇਹ ਕਪੜਾ ਸ਼ਬਦਾਂ ਦੇ ਗਿਆਨ ਰੂਪ ਵਿੱਚ ਹੈ ਜੋ ਕਪੜਾ ਪਹਿਨਣ ਦੁਆਰਾ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਖਬਰ ਪੈਂਦੀ ਹੈ, ਉਸਦੀ ਸਿਫਤ ਸਾਲਾਹ ਹੀ ਸਮਝ ਪੈਂਦੀ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਇਹ ਨਾਮ ਰੂਪ ਕਪੜਾ ਪਹਿਨਾਇਆ ਹੈ ਉਨ੍ਹਾਂ ਨੇ ਹੀ ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਹੈ ਤੇ ਗੁਰਬਾਣੀ ਰਾਹੀਂ ਸੰਸਾਰ ਨੂੰ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਸਮਝਾਈ ਹੈ। ਇਸ ਗੱਲ ਨੂੰ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ

45/5970

ਕਿ ਉਨ੍ਹਾਂ ਨੂੰ ਪ੍ਰਮਾਤਮਾ ਨੇ ਕਿਹੋ ਜਿਹਾ ਕਪੜਾ ਪਹਿਨਾਇਆ ਹੈ ਤੇ ਕਿਸ ਮਕਸਦ ਲਈ ਪਹਿਨਾਇਆ ਹੈ।

ਪਉੜੀ ॥

“ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ”

(ਅੰਗ ੧੫੦)

ਜਦ ਤੱਕ ਪ੍ਰਮਾਤਮਾ ਕਿਸੇ ਨੂੰ ਸੱਚੀ ਕਾਰ ਨਾਲ ਨਹੀਂ ਜੋੜਦਾ ਤਦ ਤੱਕ ਮਨੁੱਖ ਵੇਕਾਰ ਹੀ ਹੁੰਦਾ ਹੈ। ਕਾਰ ਤਾਂ ਹਰ ਕੋਈ ਕਰਦਾ ਹੈ ਪਰ ਮਨੁੱਖ ਲਈ ਅਸਲ ਕਾਰ ਕੀ ਹੈ ਭਾਵ ਅਸਲ ਮਨੁੱਖੀ ਜੀਵਨ ਜਿਉਣਾ ਕੀ ਹੈ, ਭਗਤੀ ਦੀ ਸੱਚੀ ਕਾਰ ਕੀ ਹੈ, ਧਰਮ ਦੇ ਮਾਰਗ ਦੀ ਕਾਰ ਕੀ ਹੈ ਇਹ ਪ੍ਰਮਾਤਮਾ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਸਮਝਾਉਂਦਾ ਹੈ ਤੇ ਆਪ ਹੀ ਕਿਸੇ ਨੂੰ ਆਪਣਾ ਢਾਢੀ ਬਣਾਉਂਦਾ ਹੈ ਭਾਵ ਆਪਣੇ ਗੁਣ ਗਾਉਣ ਵਾਲਾ ਬਣਾਉਂਦਾ ਹੈ। ਆਪਣੇ ਆਪ ਨੂੰ ਪ੍ਰਮਾਤਮਾ ਦੇ ਗੁਣ ਗਾਉਂਣ ਵਾਲੇ ਤਾਂ ਬਹੁਤ ਸਦਵਾਉਂਦੇ ਹਨ ਪਰ ਪ੍ਰਮਾਤਮਾ ਦੇ ਗੁਣ ਉਹੀ ਗਾ ਸਕਦਾ ਹੈ ਜੋ ਆਪਣੇ ਜੀਵਨ ਵਿੱਚ ਸੱਚੀ ਕਾਰ ਕਰਦਾ ਹੈ ਜੋ ਕਾਰ ਕਰਨੀ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। **(ਹਉ ਢਾਢੀ ਵੇਕਾਰੁ ਕਾਰੈ ਲਾਇਆ ॥)** ਜਿਨ੍ਹਾਂ ਨੂੰ ਪ੍ਰਮਾਤਮਾ ਆਪ ਆਪਣੇ ਗੁਣ ਗਾਉਂਣਾ ਸਿਖਾਉਂਦਾ ਹੈ ਉਸਨੂੰ ਫਿਰ ਥਿਤਾਂ ਵਾਰਾਂ ਦੀ ਮਹਤੱਤਾ ਵਿੱਚੋਂ ਕੱਢ ਲੈਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥”

ਜੋ ਮਨ ਦੀ ਨਾਸਮਝ ਮਤਿ ਦੁਆਰਾ ਪ੍ਰਮਾਤਮਾ ਦੇ ਆਪਣੇ ਵੱਲੋਂ ਗੁਣ ਗਾਉਂਦੇ ਹਨ ਉਹ ਥਿਤਾਂ ਵਾਰਾਂ ਦੀ ਵਿਚਾਰ ਕਰਦੇ ਹਨ, ਚੰਗੇ ਮਾੜੇ ਸਮੇਂ ਦੀ ਵਿਚਾਰ ਕਰਦੇ ਹਨ ਕਿ ਭਗਤੀ ਲਈ ਕਿਹੜਾ ਸਮਾਂ ਉੱਚਾ ਹੈ ਜਿਵੇਂ ਕਿ ਕਿਸੇ ਖਾਸ ਵੇਲੇ ਨੂੰ ਅੰਮ੍ਰਿਤ ਵੇਲਾ ਸਮਝਿਆ ਜਾਂਦਾ ਹੈ ਤੇ ਉਸ ਵੇਲੇ ਦੀ ਭਗਤੀ ਨੂੰ ਉੱਚਾ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਭਗਤੀ ਦੇ ਮਾਰਗ ਨੂੰ ਅਸੀਂ ਖਾਸ ਦਿਨਾਂ ਦੇ ਨਾਲ ਜੋੜਿਆ ਹੋਇਆ ਹੈ, ਥਿਤਾਂ ਦੇ ਨਾਲ ਜੋੜਿਆ ਹੋਇਆ ਹੈ, ਚੰਗੇ ਮਾੜੇ ਵਾਰ ਦੇ ਨਾਲ ਜੋੜਿਆ ਹੋਇਆ ਹੈ, ਆਪਣੀ ਆਪਣੀ ਧਾਰਮਿਕ ਆਸਥਾ ਦੇ ਨਾਲ ਜੋੜਿਆ ਹੋਇਆ ਹੈ।

45/5971

ਉਪਰ ਪੰਗਤੀ ਰਾਹੀਂ ਬਾਬਾ ਨਾਨਕ ਜੀ ਫੁਰਮਾ ਰਹੇ ਹਨ ਕਿ ਮੈਨੂੰ ਪ੍ਰਮਾਤਮਾ ਨੇ ਆਪ ਭਗਤੀ ਦੀ ਕਾਰ ਸਮਝਾਈ ਹੈ ਤੇ ਪ੍ਰਮਾਤਮਾ ਨੇ ਧੁਰੋਂ ਇਹ ਫੁਰਮਾਇਆ ਹੈ ਕਿ ਭਗਤੀ ਦੇ ਮਾਰਗ ਤੇ ਚੱਲਣ ਲਈ ਕਿਸੇ ਖਾਸ ਸਮੇਂ ਨਾਲ, ਵਾਰ ਨਾਲ, ਥਿਤਾਂ ਵਾਰਾਂ ਨਾਲ ਜੁੜਨਾ ਭਗਤੀ ਦੀ ਕਾਰ ਨਹੀਂ ਹੈ ਭਾਵ ਇਨ੍ਹਾਂ ਦੇ ਮੋਹ ਵਿੱਚ ਨਹੀਂ ਪੈਣਾ ਚਾਹੀਦਾ। **(ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥)**

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥}

(ਅੰਗ ੩੫)

{ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥}

(ਅੰਗ ੧੧੫)

{ਥਿਤੀ ਵਾਰ ਸਭਿ ਸਬਦਿ ਸੁਹਾਏ ॥ ਸਤਿਗੁਰੁ ਸੇਵੇ ਤਾ ਫਲੁ ਪਾਏ ॥ ਥਿਤੀ ਵਾਰ ਸਭਿ ਆਵਹਿ ਜਾਹਿ ॥
ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥ ਥਿਤੀ ਵਾਰ ਤਾ ਜਾ ਸਚਿ ਰਾਤੇ ॥
ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥ ਮਨਮੁਖ ਮਰਹਿ ਮਰਿ ਬਿਗਤੀ ਜਾਹਿ ॥
ਏਕੁ ਨ ਚੇਤਹਿ ਦੂਜੈ ਲੋਭਾਹਿ ॥ ਅਚੇਤ ਪਿੰਡੀ ਅਗਿਆਨ ਅੰਧਾਰੁ ॥ ਬਿਨੁ ਸਬਦੈ ਕਿਉ ਪਾਏ ਪਾਰੁ ॥
ਆਪਿ ਉਪਾਏ ਉਪਾਵਣਹਾਰੁ ॥ ਆਪੇ ਕੀਤੋਨੁ ਗੁਰ ਵੀਚਾਰੁ ॥੮॥ ਬਹੁਤੇ ਭੇਖ ਕਰਹਿ ਭੇਖਧਾਰੀ ॥
ਭਵਿ ਭਵਿ ਭਰਮਹਿ ਕਾਚੀ ਸਾਰੀ ॥ ਐਥੈ ਸੁਖੁ ਨ ਆਗੈ ਹੋਇ ॥ ਮਨਮੁਖ ਮੁਏ ਅਪਣਾ ਜਨਮੁ ਖੋਇ ॥
ਸਤਿਗੁਰੁ ਸੇਵੇ ਭਰਮੁ ਚੁਕਾਏ ॥ ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥ ਆਪੇ ਪੂਰਾ ਕਰੇ ਸੁ ਹੋਇ ॥
ਏਹਿ ਥਿਤੀ ਵਾਰ ਦੂਜਾ ਦੋਇ ॥ ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}

(ਅੰਗ ੮੪੨-੮੪੩)

ਪ੍ਰਮਾਤਮਾ ਜਿਸਨੂੰ ਭਗਤੀ ਦੀ ਸੱਚੀ ਕਾਰ ਨਾਲ ਜੋੜਦਾ ਹੈ ਉਸਨੂੰ ਆਪਣੇ ਮੇਲ ਦੁਆਰਾ ਹੀ ਭਗਤੀ ਸਮਝਾਉਂਦਾ ਹੈ। ਆਪਣੇ ਮਹਿਲ ਦੇ ਵਿੱਚੋਂ ਹੀ ਸਮਝਾਉਂਦਾ ਹੈ। ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਹੋਰ ਸਪਸ਼ਟ ਕੀਤੀ ਹੋਈ ਹੈ। ਉਹ ਸਾਡੀ ਮਤਿ ਤੇ ਆਪਣਾ ਕਪੜਾ ਆਪਣੇ ਮਹਿਲ ਵਿੱਚ ਹੀ ਪਾਉਂਦਾ ਹੈ ਭਾਵ ਧੁਰੋਂ ਹੀ ਪਾਉਂਦਾ ਹੈ।

"ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥"

ਪ੍ਰਮਾਤਮਾ ਦਾ ਮਹਿਲ ਕੀ ਹੈ, ਉਸਦਾ ਦਰ ਕੀ ਹੈ ਭਾਵ ਧੁਰਿ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਮਹਿਲ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ

45/5972

ਦੇ ਰੂਪ ਵਿੱਚ ਹੈ ਭਾਵ ਸਾਡਾ ਮਨ ਹੈ ਜਿਸ ਰਾਹੀਂ ਮਨੁੱਖ ਨੂੰ ਮਨ ਦੇ ਵਿੱਚੋਂ ਗਿਆਨ ਮਿਲਦਾ ਹੈ। ਪ੍ਰਮਾਤਮਾ ਦੀ ਸੱਚੀ ਸਿਫਤਿ ਸਾਡੇ ਮਨ ਦੀ ਸਮਝ ਹੀ ਹੈ ਭਾਵ ਸੱਚਾ ਗਿਆਨ ਹੀ ਹੈ। ਆਪਣੇ ਸੱਚੇ ਗਿਆਨ ਦਾ ਕਪੜਾ ਸਾਡੀ ਨੰਗੀ ਮਤਿ ਦੇ ਉੱਤੇ ਭਾਵ ਸਾਡੀ ਮਾੜੀ ਮਤਿ ਦੇ ਉੱਤੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਸਾਡੀ ਨਾਸਮਝ ਮਤਿ ਨੂੰ ਸੱਚੀ ਸਿਫਤ ਵਾਲੀ ਮਤਿ ਬਣਾਉਂਦਾ ਹੈ। ਪ੍ਰਮਾਤਮਾ ਦੇ ਦਰ ਤੇ ਜਾਏ ਬਿਨਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾਂ ਕੋਈ ਵੀ ਪ੍ਰਮਾਤਮਾ ਦੀ ਸੱਚੀ ਸਿਫਤ ਨਹੀਂ ਕਰ ਸਕਦਾ ਜੋ ਪ੍ਰਮਾਤਮਾ ਸਭ ਕੁਝ ਆਪ ਹੀ ਹੈ। **(ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥)** ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਰੂਪ ਕਪੜਾ ਹੀ ਪ੍ਰਮਾਤਮਾ ਦਾ ਨਾਮ ਹੈ, ਉਸਦਾ ਅੰਮ੍ਰਿਤ ਭੋਜਨ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥"

ਪ੍ਰਮਾਤਮਾ ਦਾ ਕਪੜਾ ਸਾਡੇ ਮਨ ਦਾ ਕਪੜਾ ਹੈ ਜਿਸਦਾ ਕੋਈ ਆਕਾਰ ਨਹੀਂ ਹੁੰਦਾ ਭਾਵ ਨਿਰੰਕਾਰ ਰੂਪ ਹੈ। ਇਸ ਕਪੜੇ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਮਨ ਨੂੰ ਆਪਣਾ ਨਾਮ ਰੂਪ ਭੋਜਨ, ਆਪਣਾ ਅੰਮ੍ਰਿਤ ਰੂਪ ਭੋਜਨ ਹੀ ਛਕਾਉਂਦਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਦਾ ਇਹ ਭੋਜਨ ਸਾਡੇ ਅੰਦਰ ਆਉਂਦਾ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਆਪ ਸਾਡੇ ਅੰਦਰ ਆਉਂਦਾ ਹੈ। ਪ੍ਰਮਾਤਮਾ ਦਾ ਇਹ ਨਾਮ ਰੂਪ ਕਪੜਾ ਉਸਦੀ ਸੱਚੀ ਗੁਰਮਤਿ ਦੇ ਰੂਪ ਵਿੱਚ ਹੈ। ਮਨ ਦੇ ਵਿੱਚ ਜੋ ਭੋਜਨ ਪ੍ਰਮਾਤਮਾ ਛਕਾਉਂਦਾ ਹੈ, ਜੋ ਆਪਣਾ ਅੰਮ੍ਰਿਤ ਪ੍ਰਮਾਤਮਾ ਛਕਾਉਂਦਾ ਹੈ ਉਹ ਗੁਰਮਤਿ ਦੇ ਰੂਪ ਵਿੱਚ ਹੀ ਛਕਾਉਂਦਾ ਹੈ ਜਿਸ ਦੁਆਰਾ ਉਹ ਮਨੁੱਖੀ ਮਤਿ ਨੂੰ ਭਗਤੀ ਦਾ ਸੱਚਾ ਮਾਰਗ

ਸਿਖਾਉਂਦਾ ਹੈ, ਆਪਣੀ ਸੱਚੀ ਸਿਫਤ ਸਾਲਾਹ ਸਮਝਾਉਂਦਾ ਹੈ। ਜੋ ਇਸ ਗੁਰਮਤਿ ਰੂਪ ਭੋਜਨ ਨੂੰ ਖਾਂਦਾ ਹੈ ਉਹ ਫਿਰ ਰੱਜ ਕੇ ਹੀ ਖਾਂਦਾ ਹੈ ਭਾਵ ਪ੍ਰਮਾਤਮਾ ਉਸਨੂੰ ਪੂਰੀ ਗੁਰਮਤਿ ਸਮਝਾਉਂਦਾ ਹੈ, ਪੂਰੇ ਸ਼ਬਦਾਂ ਦੀ ਵਿਚਾਰ ਸਮਝਾਉਂਦਾ ਹੈ ਜਿਸ ਦੁਆਰਾ ਉਹ ਪੂਰਨ ਗੁਰਮਤਿ ਅਨੁਸਾਰ ਵਿਚਰਦਾ ਹੈ। ਭਗਤੀ ਦੀ ਸੱਚੀ ਸਮਝ ਦੁਆਰਾ ਫਿਰ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ

45/5973

ਨਿਕਲ ਜਾਂਦਾ ਹੈ ਜੋ ਮਨੁੱਖ ਦੇ ਦੁੱਖਾਂ ਦਾ ਕਾਰਨ ਹਨ, ਔਗੁਣਾਂ ਵਿੱਚੋਂ ਨਿਕਲ ਜਾਂਦਾ ਹੈ ਜੋ ਦੁੱਖਾਂ ਦਾ ਕਾਰਨ ਹੈ ਭਾਵ ਪ੍ਰਮਾਤਮਾ ਦੇ ਨਾਲ ਵਿਛੋੜੇ ਦੇ ਦੁੱਖਾਂ ਦਾ ਕਾਰਨ ਹੈ ਜੋ ਸਾਡੀ ਨਾਸਮਝ ਮਤਿ ਦੀ ਉਪਜ ਹੁੰਦੀ ਹੈ। ਗੁਰਮਤਿ ਦੀ ਸੱਚੀ ਸਮਝ ਦੁਆਰਾ ਫਿਰ **"ਸੁਖੁ"** ਦੀ ਪ੍ਰਾਪਤੀ ਕਰਦਾ ਹੈ, ਪ੍ਰਮਾਤਮਾ ਦੇ ਨਾਲ ਮੇਲ ਦੇ ਸੁੱਖ ਦੀ ਪ੍ਰਾਪਤੀ ਕਰਦਾ ਹੈ। **(ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥)** ਜਿਨ੍ਹਾਂ ਨੂੰ ਪ੍ਰਮਾਤਮਾ ਆਪਣੇ ਮਹਿਲ ਵਿੱਚ ਸਿਫਤ ਸਾਲਾਹ ਦਾ ਕਪੜਾ ਪਾਉਂਦਾ ਹੈ, ਆਪਣਾ ਨਾਮ ਭੋਜਨ ਗੁਰਮਤਿ ਦੇ ਰੂਪ ਵਿੱਚ ਖਵਾਉਂਦਾ ਹੈ ਉਹ ਕਿਸ ਮਕਸਦ ਲਈ ਖਵਾਉਂਦਾ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ"

ਪ੍ਰਮਾਤਮਾ ਦਾ ਸੱਚਾ ਢਾਢੀ ਭਾਵ ਉਸਦੇ ਗੁਣ ਗਾਉਂਣ ਵਾਲਾ, ਉਸਦੀ ਭਗਤੀ ਦੀ ਸਮਝ ਵਾਲਾ ਉਹੀ ਬਣਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਨ, ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਮਹਿਲ ਨੂੰ ਜਾਣ ਲੈਂਦੇ ਹਨ ਤੇ ਉਨ੍ਹਾਂ ਨੂੰ ਆਪਣਾ ਨਾਮ ਪ੍ਰਮਾਤਮਾ ਆਪ ਦਿੰਦਾ ਹੈ, ਸੱਚੀ ਗੁਰਮਤਿ ਰੂਪ ਭੋਜਨ ਆਪ ਖਵਾਉਂਦਾ ਹੈ। ਜੋ ਭੋਜਨ ਉਸਦੇ ਢਾਢੀ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਆਪ ਛੱਕਦੇ ਹਨ ਉਹੀ ਭੋਜਨ ਫਿਰ ਉਹ ਸੰਸਾਰ ਨੂੰ ਵੰਡਦੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਨਾਮ ਰੂਪ ਭੋਜਨ ਸਾਰੇ ਸੰਸਾਰ ਨੂੰ ਵੰਡਿਆ ਹੈ, ਉਨ੍ਹਾਂ ਦੇ ਛੱਕਣ ਲਈ ਵੰਡਿਆ ਹੈ। ਇਹ ਗੁਰਮਤਿ ਰੂਪ ਸੱਚਾ ਭੋਜਨ ਹੈ ਤੇ ਜੋ ਇਸ ਭੋਜਨ ਨੂੰ ਛੱਕਦਾ ਹੈ ਉਹੀ ਗੁਰਮਤਿ ਅਨੁਸਾਰ ਵਿਚਰ ਸਕਦਾ ਹੈ। ਗੁਰੂ ਦੀ ਮਤਿ ਨੂੰ ਮੰਨਣਾ ਹੀ ਇਸ ਭੋਜਨ ਨੂੰ ਛੱਕਣਾ ਹੈ, ਅੰਮ੍ਰਿਤ ਛੱਕਣਾ ਹੈ। ਜਿਨ੍ਹਾਂ ਨੇ ਇਸ ਭੋਜਨ ਨੂੰ ਵੰਡਿਆ ਹੈ ਉਨ੍ਹਾਂ ਨੇ ਸ਼ਬਦ ਦੇ ਰੂਪ ਵਿੱਚ ਵੰਡਿਆ ਹੈ ਭਾਵ ਉਨ੍ਹਾਂ ਨੇ ਗੁਰਬਾਣੀ ਰਾਹੀਂ ਸਬਦੁ ਵਜਾਇਆ ਹੈ, ਸ਼ਬਦ ਨੂੰ ਉੱਚਾ ਕੀਤਾ ਹੈ, ਸ਼ਬਦ ਦੀ ਮਤਿ ਨੂੰ ਉੱਚਾ ਕੀਤਾ ਹੈ, ਪ੍ਰਮਾਤਮਾ ਦੇ ਨਾਮ ਨੂੰ ਉੱਚਾ ਕੀਤਾ ਹੈ। ਉਨ੍ਹਾਂ ਨੇ ਪ੍ਰਮਾਤਮਾ ਨੂੰ ਸੱਚ ਦੇ ਰੂਪ ਵਿੱਚ ਸਲਾਹਿਆ ਹੈ, ਨਾਮ ਦੇ ਰੂਪ ਵਿੱਚ ਸਲਾਹਿਆ ਹੈ ਜਿਸ ਤਰੀਕੇ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ। ਜਿਸ ਤਰੀਕੇ ਨਾਲ ਉਨ੍ਹਾਂ ਨੇ ਆਪ ਪ੍ਰਮਾਤਮਾ ਨੂੰ ਸਲਾਹ ਕੇ ਉਸਨੂੰ ਪਾਇਆ ਹੈ ਉਹੀ ਤਰੀਕਾ ਉਨ੍ਹਾਂ ਨੇ ਪ੍ਰਮਾਤਮਾ ਨੂੰ

45/5974

ਸਲਾਹੁਣ ਦਾ, ਪ੍ਰਮਾਤਮਾ ਨੂੰ ਪਾਉਂਣ ਦਾ ਸਾਰੇ ਸੰਸਾਰ ਨੂੰ ਸਮਝਾਇਆ ਹੈ। ਜੋ ਸੱਚਾ ਗਿਆਨ ਉਨ੍ਹਾਂ ਨੂੰ ਪ੍ਰਮਾਤਮਾ ਦੇ ਕੋਲੋਂ ਮਿਲਿਆ ਹੈ ਉਹੀ ਸੱਚਾ ਗਿਆਨ ਉਨ੍ਹਾਂ ਨੇ ਗੁਰਬਾਣੀ ਰਾਹੀਂ ਸੰਸਾਰ ਨੂੰ ਵੰਡਿਆ ਹੈ। **(ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ)**

ਸਲੋਕੁ ਮਃ ੩ ॥

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥ ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥}

(ਅੰਗ ੬੪੫)

ਮੁੰਦਾਵਣੀ ਮਹਲਾ ੫ ॥

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ ੧੪੨੯)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

"ਕਪੜਾ" ਸਾਡੇ ਅੰਦਰ ਸਾਡੇ ਵਿਚਾਰਾਂ ਦਾ ਕੱਤਿਆ ਹੋਇਆ ਕਪੜਾ ਹੈ ਤੇ ਜਿਹੋ ਜਿਹਾ ਕਪੜਾ ਸਾਡੇ ਮਨ ਦੇ ਵਿਚਾਰ ਬੁਣਦੇ ਹਨ ਉਹ ਉਹੋ ਜਿਹਾ ਕਪੜਾ ਹੀ ਪਹਿਨਦੇ ਹਨ। ਸਾਡੇ ਮਨ ਦੇ ਮਾੜੇ ਵਿਚਾਰ ਵਿਕਾਰਾਂ ਦੇ ਰੂਪ ਵਿੱਚ ਕਪੜਾ ਬੁਣਦੇ ਹਨ ਜਿਨ੍ਹਾਂ ਦੁਆਰਾ ਉਹ ਮਾੜੇ ਕਰਮ ਕਰਦੇ ਹਨ। ਸਾਡੇ ਮਨ ਦੇ ਚੰਗੇ ਵਿਚਾਰ ਭਾਵ ਗੁਣਾਂ ਵਾਲੇ ਵਿਚਾਰ ਗੁਣਾਂ ਵਾਲਾ ਕਪੜਾ ਬੁਣਦੇ ਹਨ ਤੇ ਮਨੁੱਖ ਫਿਰ ਗੁਣੀ ਬਣਕੇ ਵਿਚਰਦਾ ਹੈ। ਪ੍ਰਮਾਤਮਾ ਦੀ ਸਿਫਤ ਸਾਲਾਹ ਅਸੀਂ ਮਨ ਦੀ ਸਮਝ ਦੁਆਰਾ ਹੀ ਕਰਦੇ ਹਾਂ ਤੇ ਜਦ ਤੱਕ ਸਾਡੇ ਵਿਚਾਰ ਮਾੜੇ ਹਨ ਭਾਵ ਸਾਡੀ ਮਤਿ ਰੂਪ ਕਪੜਾ ਮਾੜਾ ਹੈ ਤਦ ਤੱਕ ਅਸੀਂ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾ ਸਕਦੇ। ਪ੍ਰਮਾਤਮਾ ਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਸਾਡੇ ਅੰਦਰ ਆਪਣੀ ਸੱਚੀ ਸਿਫਤ ਕਮਾਉਂਣ ਵਾਲਾ ਕਪੜਾ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਮਨ ਦੇ ਨਾ ਸਮਝ ਵਿਚਾਰਾਂ ਦੁਆਰਾ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ

ਵਾਲੇ ਬਹੁਤ ਹਨ, ਇਸ ਗੱਲ ਦਾ ਮਾਨ ਕਰਨ ਵਾਲੇ ਵੀ ਬਹੁਤ ਹਨ ਪਰ ਉਹ ਕੇਵਲ ਝੂਠਾ ਮਾਨ ਹੈ। ਆਉ ਇਸ ਗੱਲ ਨੂੰ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸਲੋਕ ਦੁਆਰਾ ਸਮਝੀਏ।

ਸਲੋਕ ਮਃ ੧ ॥

"ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥੧॥"

(ਅੰਗ ੭੯੦)

ਉਪਰ ਸਲੋਕ ਰਾਹੀਂ ਸਾਨੂੰ ਬੜੇ ਹੀ ਸਪਸ਼ਟ ਤਰੀਕੇ ਨਾਲ ਸਾਡਾ ਧਰਮ ਦਾ ਮਾਰਗ ਸਮਝਾਇਆ ਹੋਇਆ ਹੈ, ਸਾਰੀ ਮਨੁੱਖਤਾ ਦੇ ਧਰਮ ਦਾ ਮਾਰਗ ਸਮਝਾਇਆ ਹੋਇਆ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜੋ ਧਰਮ ਦਾ ਮਾਰਗ ਹੈ ਉਹੀ ਪ੍ਰਮਾਤਮਾ ਦੀ ਸਿਫਤ ਕਰਨ ਦਾ ਮਾਰਗ ਹੈ ਭਾਵ ਪ੍ਰਮਾਤਮਾ ਦੇ ਗੁਣ ਗਾਉਂਣ ਦਾ ਮਾਰਗ ਹੈ। ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

"ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥"

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਨਾਲ ਸਾਨੂੰ ਬੜੇ ਸਪਸ਼ਟ ਤਰੀਕੇ ਨਾਲ ਧਰਮ ਦਾ ਮਾਰਗ ਸਮਝ ਆ ਜਾਂਦਾ ਹੈ। **"ਵੇਦੀਨ"** ਉਸਨੂੰ ਕਹਿੰਦੇ ਹਨ ਜਿਸਦਾ ਧਰਮ ਨਹੀਂ ਹੁੰਦਾ ਭਾਵ ਜੋ ਧਰਮ ਦੇ ਮਾਰਗ ਤੇ ਨਹੀਂ ਚੱਲਦਾ। ਧਰਮ ਦਾ ਮਾਰਗ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ। ਵੇਦੀਨ ਵੀ ਮਨੁੱਖ ਨੂੰ ਉਸਦੇ ਵਿਚਾਰ ਬਣਾਉਂਦੇ ਹਨ ਤੇ ਦੀਨ ਵਾਲਾ ਵੀ ਉਸਦੇ ਵਿਚਾਰ ਹੀ ਬਣਾਉਂਦੇ ਹਨ। ਸਾਡੇ ਅੰਦਰ ਜੋ ਵੀ ਵਿਚਾਰਾਂ ਦਾ ਇੱਕਠ ਹੁੰਦਾ ਹੈ ਉਹੀ ਸਾਡੇ ਅੰਦਰ ਦਾ ਦੀਬਾਣ ਹੈ। ਜਿਸ ਤਰੀਕੇ ਅਸੀਂ ਸੰਤ ਸਭਾ ਨੂੰ ਪਿੱਛੇ ਸਮਝਿਆ ਹੈ ਉਸੇ ਤਰੀਕੇ ਹੀ ਉਸ ਤੋਂ ਉਲਟ ਸਭਾ ਸਾਡੇ ਮਨ ਦੀ ਸਭਾ ਹੈ ਭਾਵ ਸਾਡੇ ਮਨ ਦੇ ਵਿੱਚ ਮਾੜੇ ਵਿਚਾਰਾਂ ਦਾ ਦੀਬਾਣ ਹੈ। ਗੁਰੂ ਦੀ ਸਭਾ, ਗੁਰੂ ਦਾ ਦੀਬਾਣ ਚੰਗੇ ਵਿਚਾਰਾਂ ਦੀ ਸਭਾ ਹੈ, ਗੁਰਮਤਿ ਰੂਪ ਵਿਚਾਰਾਂ ਦਾ ਦੀਬਾਣ ਹੈ। ਸਾਨੂੰ ਮਾੜਾ ਵੀ ਮਨ ਦੇ ਵਿਚਾਰ ਬਣਾਉਂਦੇ ਹਨ ਤੇ ਚੰਗਾ ਵੀ ਮਨ ਦੇ ਵਿਚਾਰ ਬਣਾਉਂਦੇ ਹਨ। ਉਪਰ ਪੰਗਤੀ ਰਾਹੀਂ ਉਨ੍ਹਾਂ ਮਨੁੱਖਾਂ ਦੇ ਮਨ ਦੀ ਅਵਸਥਾ ਦੱਸੀ ਹੋਈ ਹੈ ਜਿਨ੍ਹਾਂ ਦੇ ਅੰਦਰ ਮਾੜੇ ਵਿਚਾਰਾਂ ਦਾ ਇੱਕਠ ਹੈ। ਮਨੁੱਖ ਨੂੰ ਚੋਰ, ਯਾਰ, ਰੰਡੀ, ਕੁਟੱਣੀ, ਮਨੁੱਖ ਦੇ ਵਿਚਾਰ ਹੀ ਬਣਾਉਂਦੇ ਹਨ ਜੋ

ਕਿ ਮਨੁੱਖ ਕੋਲੋਂ ਮਾੜੇ ਕਰਮ ਕਰਾਉਂਦੇ ਹਨ। ਇਹੋ ਜਿਹੇ ਮਾੜੇ ਕਰਮ ਕਰਨ ਵਾਲਿਆਂ ਨੂੰ ਕੋਈ ਧਾਰਮਿਕ ਮਨੁੱਖ ਨਹੀਂ ਕਹਿੰਦਾ, ਦੀਨ ਵਾਲਾ ਨਹੀਂ ਕਹਿੰਦਾ ਭਾਵ ਵੇਦੀਨ ਕਿਹਾ ਜਾਂਦਾ ਹੈ। ਅਸੀਂ ਉਹੋ ਜਿਹੇ ਵਿਚਾਰਾਂ ਨਾਲ ਦੋਸਤੀ ਰੱਖਦੇ ਹਾਂ ਜੋ ਵਿਚਾਰ ਸਾਨੂੰ ਚੰਗੇ ਲੱਗਦੇ ਹਨ। ਮਾੜੇ ਵਿਚਾਰਾਂ ਨਾਲ ਦੋਸਤੀ ਰੱਖਣ ਵਾਲਾ ਮਨੁੱਖ ਹਮੇਸ਼ਾ ਮਾੜੇ ਕਰਮ ਹੀ ਕਰੇਗਾ ਤੇ ਚੰਗੇ ਵਿਚਾਰਾਂ ਨਾਲ ਦੋਸਤੀ ਰੱਖਣ ਵਾਲਾ ਮਨੁੱਖ ਕਦੇ ਮਾੜੇ ਕਰਮ ਨਹੀਂ ਕਰੇਗਾ। ਗੁਰੂ ਦੇ ਨਾਲ ਦੋਸਤੀ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੇ ਵਿਚਾਰਾਂ ਨਾਲ ਦੋਸਤੀ ਕਰਨੀ ਗੁਰੂ ਦੇ ਨਾਲ ਦੋਸਤੀ ਹੈ। ਇਹ ਦੋਸਤੀ ਸਾਡਾ ਮਨ ਹੀ ਕਰਦਾ ਹੈ ਜੋ ਮਨੁੱਖ ਨੂੰ ਦੀਨ ਵਾਲਾ ਬਣਾਉਂਦਾ ਹੈ। ਜਿਨ੍ਹਾਂ ਵਿਚਾਰਾਂ ਦੇ ਨਾਲ ਸਾਡੀ ਦੋਸਤੀ ਹੁੰਦੀ ਹੈ ਉਹ ਵਿਚਾਰ ਹੀ ਸਾਡੇ ਅੰਦਰ ਟਿੱਕਦੇ ਹਨ। ਮਨ ਦੇ ਵਿਚਾਰਾਂ ਰਾਹੀਂ ਜੋ ਸਮਝ ਅਸੀਂ ਆਪਣੇ ਅੰਦਰ ਧਾਰਨ ਕਰਦੇ ਹਾਂ ਉਹੀ ਸਾਡਾ **"ਖਾਣੂ"** ਹੈ ਭਾਵ ਸਾਡੇ ਮਨ ਦਾ ਭੋਜਨ ਹੈ। ਜੋ ਆਪਣੇ ਅੰਦਰ ਮਾੜੇ ਵਿਚਾਰਾਂ ਦਾ ਭੋਜਨ ਕਰਦਾ ਹੈ ਉਹ ਫਿਰ ਮਾੜੇ ਕਰਮ ਹੀ ਕਰਦਾ ਹੈ ਜਿਸ ਕਰਕੇ ਉਹ ਵੇਦੀਨ ਬਣਦਾ ਹੈ, ਧਰਮ ਰਹਿਤ ਬਣਦਾ ਹੈ। **(ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥)**

ਉਪਰ ਵਾਲੀਆਂ ਪੰਗਤੀਆਂ ਨੂੰ ਧੰਨ ਧੰਨ ਬਾਬਾ ਨਾਨਕ ਜੀ ਦੇ ਹੇਠ ਦਿੱਤੇ ਸਲੋਕ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਸਾਡੇ ਅੰਦਰ ਦੀ ਗੰਦੀ ਮਤਿ ਹੀ, ਗੰਦੇ ਵਿਚਾਰ ਹੀ ਸਾਡੇ ਅੰਦਰ ਦੀ ਮਾੜੀ ਸਭਾ ਹੈ।

ਸਲੋਕ ਮਃ ੧ ॥

{ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥ ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥}

(ਅੰਗ ੯੧)

ਜਦ ਤੱਕ ਸਾਡੇ ਅੰਦਰ ਦੀ ਮਤਿ ਮਾੜੀ ਹੈ ਇਹ ਸਾਡੇ ਕੋਲੋਂ ਮਾੜੇ ਕਰਮ ਹੀ ਕਰਾਉਂਦੀ ਹੈ। ਮਨ ਦੇ ਮਾੜੇ ਵਿਚਾਰਾਂ ਵਿੱਚ ਰਹਿੰਦੇ ਹੋਏ ਨਾ ਕੋਈ ਮਨੁੱਖ ਧਰਮੀ ਬਣ ਸਕਦਾ ਹੈ ਤੇ ਨਾ ਹੀ ਉਸ ਪ੍ਰਮਾਤਮਾ ਦੀ ਸਿਫਤ ਕਰ ਸਕਦਾ ਹੈ ਕਿਉਂਕਿ ਪ੍ਰਮਾਤਮਾ ਦੀ ਸਿਫਤ ਸਾਡੀ ਕਥਨੀ

ਦੁਆਰਾ ਨਹੀਂ ਹੁੰਦੀ ਬਲਕਿ ਸਾਡੀ ਚੰਗੀ ਕਰਨੀ ਦੁਆਰਾ ਹੁੰਦੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥"

ਜਿਸ ਮਨੁੱਖ ਦੇ ਵੀ ਵਿਚਾਰ ਮਾੜੇ ਹਨ ਭਾਵੇਂ ਉਹ ਕੋਈ ਵੀ ਧਾਰਮਿਕ ਆਸਥਾ ਰੱਖਦਾ ਹੈ ਉਸਨੂੰ ਪ੍ਰਮਾਤਮਾ ਦੀ ਸਿਫਤ ਕਰਨ ਦੀ, ਪ੍ਰਮਾਤਮਾ ਦੇ ਗੁਣ ਗਾਉਂਣ ਦੀ ਸਮਝ ਨਹੀਂ ਹੈ। ਗੁਰੂ ਸਾਨੂੰ ਬਾਰ-ਬਾਰ ਇਹ ਸਮਝਾ ਰਿਹਾ ਹੈ ਜਦ ਤੱਕ ਸਾਡੇ ਅੰਦਰ ਸੱਚ

ਨਹੀਂ ਹੈ ਭਾਵ ਜਦ ਤੱਕ ਸਾਡਾ ਮਨ ਸਾਫ ਨਹੀਂ ਹੈ ਤਦ ਤੱਕ ਪ੍ਰਮਾਤਮਾ ਦੀ ਅਸੀਂ ਆਪਣੇ ਵੱਲੋਂ ਜੋ ਵੀ ਭਗਤੀ ਕਰਨਾ ਸਮਝਦੇ ਹਾਂ, ਗੁਣ ਗਾਉਂਣੇ ਸਮਝਦੇ ਹਾਂ ਉਹ ਕੇਵਲ ਸਾਡਾ ਭਰਮ ਹੈ, ਨਾ ਸਮਝੀ ਹੈ ਤੇ ਉਸ ਵਿੱਚ ਕੇਵਲ ਭਗਤੀ ਦਾ ਦਿਖਾਵਾ ਹੈ ਹੋਰ ਕੁਝ ਵੀ ਨਹੀਂ। **{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}** ਅੰਗ ੧੩੪੩ ਸਾਰੀ ਗੱਲ ਆਪਣੇ ਮਨ ਦੇ ਵਿਚਾਰਾਂ ਨੂੰ ਸੋਧਣ ਦੀ ਹੈ। **(ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥)**

ਪ੍ਰਭਾਤੀ ਮਹਲਾ ੧ ॥

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

ਉਪਰਲੇ ਸ਼ਬਦ ਦੇ ਪ੍ਰਮਾਣ ਦੁਆਰਾ **"ਦੁਸ਼ਟੀ ਸਭਾ"** ਵੀ ਸਮਝਾਈ ਹੋਈ ਹੈ ਤੇ **"ਸੰਤ ਸਭਾ"** ਵੀ ਸਮਝਾਈ ਹੋਈ ਹੈ ਜੋ ਕਿ ਸਾਡੇ ਮਨ ਦੇ ਵਿਚਾਰ ਹੀ ਹਨ। ਦੁਸ਼ਟੀ ਸਭਾ ਮਾੜੇ ਵਿਚਾਰ ਹਨ ਤੇ ਸੰਤ ਸਭਾ ਗੁਰੂ ਸੇ ਸੱਚੇ ਗਿਆਨ ਵਾਲੇ ਵਿਚਾਰ ਹਨ, ਗੁਣਾਂ ਵਾਲੇ ਵਿਚਾਰ ਹਨ। ਪ੍ਰਮਾਤਮਾ ਦੀ **"ਕਿਰਤਿ"** ਭਾਵ ਪ੍ਰਮਾਤਮਾ ਦਾ ਜੱਸ ਗਾਉਂਣਾ ਸਾਡੀ ਗੁਰਮਤਿ ਵਾਲੀ ਕਰਨੀ ਹੀ ਹੈ। ਗੁਰਮਤਿ ਦਾ **"ਸਾਰੁ"** ਇਹ ਹੈ ਭਾਵ ਤੱਤ ਇਹ ਹੈ ਕਿ ਅਸੀਂ ਪ੍ਰਮਾਤਮਾ ਦਾ ਜੱਸ ਆਪਣੀ ਕਰਨੀ ਦੁਆਰਾ ਗਾਉਂਣਾ ਹੈ ਜੋ ਜੱਸ ਗਾਉਂਣ ਲਈ ਸਾਨੂੰ ਸੰਤ ਸਭਾ ਦੇ ਵਿਚਾਰ ਲੈਣੇ ਚਾਹੀਦੇ ਹਨ ਭਾਵ ਗੁਰੂ ਦੀ ਸਭਾ ਦੇ ਵਿਚਾਰ ਲੈਣੇ ਚਾਹੀਦੇ ਹਨ, ਗੁਰੂ ਦਾ ਗਿਆਨ ਲੈਣਾ ਚਾਹੀਦਾ ਹੈ ਜੋ ਸਾਨੂੰ ਔਗੁਣਾਂ ਵਾਲੇ ਵਿਚਾਰਾਂ ਵਿੱਚੋਂ ਕੱਢ ਕੇ ਗੁਣਾਂ ਵਾਲਾ ਬਣਾਉਂਦਾ ਹੈ। ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਗੁਰੂ ਦੇ ਚੰਗੇ ਵਿਚਾਰਾਂ ਨਾਲ ਮਾਰਨਾ ਹੀ ਆਪਣੇ ਮਨ ਨੂੰ ਮਾਰਨਾ

ਹੈ, ਆਪਣੇ ਆਪ ਨੂੰ ਮਾਰਨਾ ਹੈ ਭਾਵ ਆਪਣੀ ਹਉਮੈ ਨੂੰ ਮਾਰਨਾ ਹੈ ਜੋ ਕਿ ਆਪਣੇ ਆਪ ਨੂੰ ਜਿਉਂਦੇ ਹੋਏ ਮਾਰਨਾ ਹੈ, ਜੀਵਤ ਮਰਨਾ ਹੈ ਜਿਹੋ ਜਿਹਾ ਮਰਨ ਹੋਣ ਦੁਆਰਾ ਅਸੀਂ ਉਸ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦੇ ਹਾਂ। ਮਨ ਦੇ ਵਿੱਚ ਮਾੜੇ ਵਿਚਾਰਾਂ ਦੇ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਉਸਦੇ ਗੁਣ ਨਹੀਂ ਗਾ ਸਕਦੇ। **(ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥)**

ਪ੍ਰਮਾਤਮਾ ਦੀ ਸਿਫਤ ਸਾਲਾਹ ਤਾਂ ਹੀ ਕੀਤੀ ਜਾ ਸਕਦੀ ਹੈ ਜੇਕਰ ਅਸੀਂ ਆਪਣੀ ਮਤਿ ਨੂੰ ਛੱਡੀਏ, ਫਿਰ ਗੁਰੂ ਦੀ ਮਤਿ ਨੂੰ

ਅਪਨਾਈਏ। ਕੇਵਲ ਗੁਰੂ ਦੀ ਮਤਿ ਨੂੰ ਪੜੀ ਜਾਣ ਨਾਲ ਕੋਈ ਲਾਭ ਨਹੀਂ ਜਦ ਤੱਕ ਅਸੀਂ ਉਸ ਤੇ ਅਮਲ ਨਹੀਂ ਕਰਦੇ। ਪ੍ਰਮਾਤਮਾ ਦੀ ਸਿਫਤ ਕਰਨ ਦਾ ਕਪੜਾ ਸਾਡੀ ਮਤਿ ਤੇ ਤਾਂ ਹੀ ਆਉਂਦਾ ਹੈ ਜੇਕਰ ਅਸੀਂ ਮਨ ਦੇ ਵਿਚਾਰਾਂ ਰਾਹੀਂ ਉਹ ਕਪੜਾ ਬੁਨਣਾ ਛੱਡਾਂਗੇ ਜੋ ਕਪੜਾ ਅਸੀਂ ਆਪਣੇ ਅੰਦਰ ਬੁਣਦੇ ਰਹਿੰਦੇ ਹਾਂ। ਗੁਰਮਤਿ ਰੂਪ ਵਿਚਾਰਾਂ ਦਾ ਕਪੜਾ ਸਾਡੇ ਅੰਦਰ ਤਾਂ ਹੀ ਬੁਣਿਆ ਜਾਵੇਗਾ ਜੇਕਰ ਪਹਿਲੇ ਆਪਣੀ ਮਤਿ ਛੱਡਾਂਗੇ ਭਾਵ ਗੁਰੂ ਦੀ ਗੱਲ ਨੂੰ ਮੰਨਾਂਗੇ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗਦਹੁ ਚੰਦਨਿ ਖਉਲੀਐ ਭੀ ਸਾਹੁ ਸਿਉ ਪਾਨੂ ॥ ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਨੂ ॥

ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਨੂ ॥੧॥”

ਮਨੁੱਖ ਨੂੰ ਜਿਹੋ ਜਿਹੇ ਵਿਚਾਰ ਚੰਗੇ ਲੱਗਦੇ ਹਨ ਉਹੋ ਜਿਹੇ ਵਿਚਾਰਾਂ ਨੂੰ ਮਨੁੱਖ ਆਪਣੇ ਅੰਦਰ ਬੁਣਦਾ ਰਹਿੰਦਾ ਹੈ। ਸਾਨੂੰ ਇਹ ਗੱਲ ਭਾਵ ਆਪਣੇ ਅੰਦਰ ਦਾ ਕਪੜਾ ਕਤੱਣ ਦੀ ਗੱਲ ਗਧੇ ਦਾ ਪ੍ਰਮਾਣ ਦੇਣ ਦੁਆਰਾ ਸਮਝਾਈ ਹੋਈ ਹੈ। ਗਧੇ ਨੂੰ ਮਿੱਟੀ ਹੀ ਚੰਗੀ ਲੱਗਦੀ ਹੈ। ਭਾਵੇਂ ਚੰਦਨ ਨੂੰ ਮਿੱਟੀ ਤੋਂ ਬਹੁਤ ਸੋਹਣਾ ਸਮਝਿਆ ਜਾਂਦਾ ਹੈ ਤੇ ਜੇਕਰ ਗਧੇ ਦੇ ਉਪਰ, ਗਧੇ ਦੇ ਸਰੀਰ ਤੇ ਚੰਦਨ ਦਾ ਲੇਪ ਕੀਤਾ ਜਾਵੇ, ਚੰਗੀ ਚੀਜ ਦਾ ਲੇਪ ਕੀਤਾ ਜਾਵੇ ਪਰ ਉਹ ਗੱਧੇ ਨੂੰ ਨਹੀਂ ਭਾਉਂਦਾ ਤੇ ਉਹ ਫਿਰ ਆਪਣੇ ਸੁਭਾਅ ਅਨੁਸਾਰ ਆਪਣੇ ਤੇ ਮਿੱਟੀ ਪਾ ਲੈਂਦਾ ਹੈ ਕਿਉਂਕਿ

45/5979

ਉਸਨੂੰ ਮਿੱਟੀ ਦਾ ਲੇਪ ਹੀ ਚੰਗਾ ਲੱਗਦਾ ਹੈ। ਸਾਡੇ ਅੰਦਰ ਮਾਇਆ ਮੋਹ ਹੈ ਭਾਵ ਸਾਨੂੰ ਮਾਇਆ ਮੋਹ ਵਿੱਚ ਹੀ ਚੰਗਾ ਲੱਗਦਾ ਹੈ। ਮਾਇਆ ਮੋਹ ਕੂੜੀ ਮਤਿ ਹੈ ਭਾਵ ਝੂਠੀ ਮਤਿ ਹੈ ਜੋ ਸਾਨੂੰ ਮਾਇਆ ਦੇ ਸੁੱਖਾਂ ਨਾਲ ਜੋੜਦੀ ਹੈ, ਤ੍ਰਿਸ਼ਨਾਵਾਂ ਦੇ ਨਾਲ ਜੋੜਦੀ ਹੈ ਤੇ ਸਾਨੂੰ ਆਪਣੀਆਂ ਤ੍ਰਿਸ਼ਨਾਵਾਂ ਹੀ ਚੰਗੀਆਂ ਲੱਗਦੀਆਂ ਹਨ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਵੀ ਕਰਦੇ ਹਾਂ ਜੋ ਕਿ ਸਾਨੂੰ ਵੇਦੀਨ ਬਣਾਉਂਦੇ ਹਨ ਭਾਵ ਧਰਮ ਦੇ ਮਾਰਗ ਤੋਂ ਦੂਰ ਕਰਦੇ ਹਨ, ਪ੍ਰਮਾਤਮਾ ਦੀ ਸਿਫਤ ਕਰਨ ਤੋਂ, ਪ੍ਰਮਾਤਮਾ ਦੇ ਗੁਣ ਗਾਉਂਣ ਤੋਂ ਦੂਰ ਕਰਦੇ ਹਨ। ਮਨ ਦੇ ਇਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਭਾਵ ਕੂੜੀ ਮਤਿ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰ ਕੂੜਾ ਤਾਣਾ ਤਣਦੇ ਹਾਂ, ਕੂੜਾ ਕਪੜਾ ਬੁਣਦੇ ਹਾਂ। ਜਿਹੋ ਜਿਹਾ ਕਪੜਾ ਅਸੀਂ ਆਪਣੇ ਅੰਦਰ ਬੁਣਦੇ ਹਾਂ ਉਹੋ ਜਿਹਾ ਕਪੜਾ ਹੀ ਅਸੀਂ ਪਹਿਨਦੇ ਹਾਂ। ਜਿਸ ਤਰੀਕੇ ਗੱਧੇ ਨੂੰ ਚੰਦਨ ਦਾ ਲੇਪ ਨਹੀਂ ਭਾਉਂਦਾ ਇਸੇ ਤਰ੍ਹਾਂ ਮਾਇਆ ਮੋਹ ਵਿੱਚ ਰਹਿੰਦੇ ਹੋਏ ਸਾਨੂੰ ਗੁਰੂ ਦੀ ਮਤਿ ਨਹੀਂ ਭਾਉਂਦੀ ਜੋ ਮਤਿ ਸਾਨੂੰ ਮਾਇਆ ਮੋਹ ਵਾਲੇ ਵਿਚਾਰ ਛੱਡਣ ਲਈ ਕਹਿੰਦੀ ਹੈ, ਔਗੁਣ ਛੱਡਣ ਲਈ ਕਹਿੰਦੀ ਹੈ। ਅਸੀਂ ਗੁਰੂ ਦੀ ਮਤਿ ਨੂੰ ਪੜੀ ਜਾਂਦੇ ਹਾਂ, ਸੁਣੀ ਜਾਂਦੇ ਹਾਂ ਜੋ ਕਿ ਇਸ ਤਰ੍ਹਾਂ ਹੈ ਜਿਵੇਂ ਕਿ ਗੱਧੇ ਦੇ ਉਪਰ ਚੰਦਨ ਦਾ ਲੇਪ ਲਗਾਉਣਾ। ਜੋ ਗੱਲ ਸਾਨੂੰ ਚੰਗੀ ਲੱਗਦੀ ਹੈ ਅਸੀਂ ਉਸੇ ਦਾ ਲੇਪ ਹੀ ਲਗਾਉਣਾ ਚਾਹੁੰਦੇ ਹਾਂ। ਜਿਵੇਂ ਕਿ ਗੱਧੇ ਲਈ ਮਿੱਟੀ ਦਾ ਲੇਪ ਹੈ, ਸਵਾਹ ਦਾ ਲੇਪ ਹੈ ਉਸੇ ਤਰ੍ਹਾਂ ਸਾਡੇ ਲਈ ਮਾਇਆ ਦਾ ਲੇਪ ਹੈ, ਕੂੜੀ ਮਤਿ ਦਾ ਲੇਪ ਹੈ ਜੋ ਕਿ ਸਾਡੇ ਅੰਦਰ ਦਾ ਕੂੜ ਰੂਪ ਕਪੜਾ ਹੈ ਜੋ ਅਸੀਂ ਆਪਣੇ ਅੰਦਰ ਹਰ ਵੇਲੇ ਬੁਣਦੇ ਰਹਿੰਦੇ ਹਾਂ। ਕੂੜੀ ਮਤਿ ਵਿੱਚ ਰਹਿੰਦੇ ਹੋਏ, ਆਪਣੇ ਅੰਦਰ ਕੂੜੀ ਮਤਿ ਬੁਣਦੇ ਹੋਏ ਅਸੀਂ ਆਪਣੇ ਆਪ ਨੂੰ ਸਰੀਰਕ ਕਿਰਿਆਵਾਂ ਕਰਨ ਦੁਆਰਾ, ਸਰੀਰਕ ਜਪ ਤਪ ਆਦਿ ਕਰਨ ਦੁਆਰਾ, ਕਿਸੇ ਅੱਖਰ ਦਾ ਜਪ ਕਰੀ ਜਾਣ ਦੁਆਰਾ, ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਦੁਆਰਾ ਤੇ ਹੋਰ ਵੀ ਅਨੇਕਾਂ ਇਹੋ ਜਿਹੇ ਕਰਮ ਕਰਨ ਦੁਆਰਾ ਜਿਨ੍ਹਾਂ ਵਿੱਚ ਅਸੀਂ ਭਗਤੀ ਵਾਲੇ ਕਰਮ ਸਮਝਦੇ ਹਾਂ ਪਰ ਅਸਲ ਵਿੱਚ ਉਹ ਗੁਰਮਤਿ ਅਨੁਸਾਰ ਨਹੀਂ ਹੁੰਦੇ ਤੇ ਅਸੀਂ ਉਨ੍ਹਾਂ ਕਰਮਾਂ ਦੀ ਗਿਣਤੀ ਮਿਣਤੀ ਕਰਦੇ ਹਾਂ ਤੇ ਇਸੇ ਗਿਣਤੀ ਮਿਣਤੀ ਦਾ ਮਾਨ ਕਰਦੇ ਹਾਂ। ਇਹ ਸਾਡਾ ਕੂੜਾ ਮਾਨ ਦੱਸਿਆ ਹੈ ਭਾਵ ਝੂਠਾ ਭਗਤੀ ਦਾ ਮਾਨ ਦੱਸਿਆ ਹੈ। ਕੂੜੀ ਮਤਿ ਦੁਆਰਾ ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਸਾਡੇ ਅੰਦਰ ਦਾ ਕੂੜਾ ਕੱਪੜ ਹੈ ਤੇ ਉਸੇ ਨੂੰ ਪਹਿਨਣ ਦਾ ਹੀ ਅਸੀਂ ਮਾਨ ਕਰਦੇ ਹਾਂ, ਕੂੜੀਆਂ ਗਿਣਤੀਆਂ ਮਿਣਤੀਆਂ ਦਾ ਮਾਨ ਕਰਦੇ ਹਾਂ।

45/5980

ਭਗਤੀ ਦਾ ਮਾਨ ਕੇਵਲ ਸੱਚ ਨੂੰ ਉੱਚਾ ਕਰਨ ਦਾ ਮਾਨ ਹੈ। ਕੂੜੀ ਮਤਿ ਦੇ ਨਾਲ ਕਦੇ ਸੱਚ ਦਾ ਮਾਨ ਨਹੀਂ ਹੁੰਦਾ। ਜਿੱਥੇ ਸੱਚ ਦਾ ਮਾਨ ਨਹੀਂ ਉੱਥੇ ਸੱਚਾ ਮਾਨ ਨਹੀਂ ਹੁੰਦਾ ਭਾਵ ਝੂਠਾ ਮਾਨ ਹੁੰਦਾ ਹੈ। **(ਗਦਹੁ ਚੰਦਨਿ ਖਉਲੀਐ ਭੀ ਸਾਹੁ ਸਿਉ ਪਾਨੂ ॥ ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਨੂ ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਨੂ ॥੧॥)**

ਸਾਡੇ ਮਨ ਦਾ ਕਪੜਾ ਕੀ ਹੈ ਇਸ ਗੱਲ ਨੂੰ ਅਸੀਂ ਉਪਰਲੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਸਮਝ ਹੀ

ਸਾਡੇ ਅੰਦਰ ਦਾ ਕਪੜਾ ਹੈ। ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਮਤਿ, ਅਗਿਆਨਤਾ ਵਾਲੀ ਮਤਿ ਸਾਡੇ ਅੰਦਰ ਦਾ ਮਾੜਾ ਕਪੜਾ ਹੈ ਤੇ ਸਾਡੇ ਅੰਦਰ ਦੀ ਗੁਰਮਤਿ ਦੀ ਸੱਚੀ ਸੋਝੀ ਰੱਖਣ ਵਾਲੀ ਮਤਿ ਸਾਡੇ ਅੰਦਰ ਦਾ ਸੋਹਣਾ ਕਪੜਾ ਹੈ। ਸਾਡੀ ਮਤਿ ਦਾ ਚੰਗਾ ਜਾਂ ਮਾੜਾ ਰੂਪ ਸਾਡੇ ਮਨ ਦੀ ਸਮਝ ਹੀ ਬਣਾਉਂਦੀ ਹੈ। ਹਰ ਕਿਸੇ ਦੇ ਅੰਦਰ ਪ੍ਰਮਾਤਮਾ ਨੇ ਮਾਇਆ ਰੂਪ ਮਤਿ ਹੀ ਪਾਈ ਹੋਈ ਹੈ, ਹਉਮੈ ਹੀ ਪਾਈ ਹੋਈ ਹੈ ਜੋ ਕਿ ਸਾਡੇ ਅੰਦਰ ਦਾ ਕਪੜਾ ਹੈ ਜਿਸ ਰਾਹੀਂ ਸਾਡੀ ਮਤਿ ਦਾ ਮਾੜਾ ਰੂਪ ਬਣਦਾ ਹੈ। ਇਸ ਮਾੜੇ ਰੂਪ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਆਪ ਦੀ ਸਮਝ ਨਹੀਂ ਪੈਂਦੀ, ਆਪਣੇ ਅੰਦਰੋਂ ਪ੍ਰਮਾਤਮਾ ਦੀ ਸਮਝ ਨਹੀਂ ਪੈਂਦੀ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ, ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਦੇ ਹਾਂ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਸੰਸਾਰ ਵਿੱਚ ਆਉਣਾ ਜਾਣਾ ਸਮਝਦੇ ਹਾਂ। ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੀ ਸਮਝ ਰਾਹੀਂ ਹੀ ਕਰਦੇ ਹਾਂ। ਆਪਣੇ ਮਤਿ ਦੇ ਮਾੜੇ ਰੂਪ ਦੁਆਰਾ ਮਾੜੇ ਕਰਮ ਕਰਦੇ ਹਾਂ ਤੇ ਚੰਗੇ ਰੂਪ ਦੁਆਰਾ ਚੰਗੇ ਕਰਮ ਕਰਦੇ ਹਾਂ।

45/5981

ਭਗਤੀ ਦਾ ਮਾਰਗ, ਪ੍ਰਮਾਤਮਾ ਦੀ ਸਿਫਤ ਸਾਲਾਹ ਦਾ ਮਾਰਗ ਸਾਡੇ ਕਰਮਾਂ ਦੇ ਨਾਲ ਜੁੜਿਆ ਹੈ ਭਾਵ ਸਾਡੇ ਚੰਗੇ ਕਰਮਾਂ ਦੇ ਨਾਲ ਜੁੜਿਆ ਹੋਇਆ ਹੈ। ਸਾਡੇ ਕਰਮ ਸਾਡੇ ਕੱਪੜ ਰੂਪ ਦੇ ਨਾਲ ਜੁੜੇ ਹੋਏ ਹਨ ਭਾਵ ਸਾਡੇ ਮਨ ਦੀ ਸੋਝੀ ਦੇ ਨਾਲ ਜੁੜੇ ਹੋਏ ਹਨ। ਸੰਸਾਰ ਮਨ ਦੀ ਉਸ ਮਤਿ ਨਾਲ ਜੁੜਿਆ ਹੋਇਆ ਹੈ ਭਾਵ ਉਸ ਕੱਪੜ ਰੂਪ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ ਕਿਉਂਕਿ ਉਸ ਮਤਿ ਵਿੱਚ ਰਹਿੰਦੇ ਹੋਏ ਅਸੀਂ ਚੰਗੇ ਕਰਮ ਨਹੀਂ ਕਰਦੇ ਕਿਉਂਕਿ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਜਿਸ ਵਿੱਚ ਰਹਿੰਦਿਆਂ ਅਸੀਂ ਉਹੋ ਜਿਹੇ ਕਰਮ ਨਹੀਂ ਕਰ ਸਕਦੇ ਜਿਹੋ ਜਿਹੇ ਕਰਮ ਕਰਨ ਲਈ ਸਾਨੂੰ ਗੁਰੂ ਸਮਝਾਉਂਦਾ ਹੈ। ਚੰਗੇ ਕਰਮ ਮਨੁੱਖ ਤਾਂ ਹੀ ਕਰਦਾ ਹੈ ਜਦੋਂ ਉਹ ਗੁਰੂ ਦਾ ਦਿੱਤਾ ਹੋਇਆ ਕਪੜਾ ਆਪਣੀ ਮਤਿ ਤੇ ਪਾ ਲੈਂਦਾ ਹੈ ਭਾਵ ਜਦੋਂ ਮਨੁੱਖ ਦਾ ਕੱਪੜ ਰੂਪ ਚੰਗਾ ਬਣ ਜਾਂਦਾ ਹੈ, ਜਦੋਂ ਮਨੁੱਖ ਦੀ ਮਨ ਦੀ ਸਮਝ ਗੁਰਮਤਿ ਦੀ ਸਮਝ ਅਨੁਸਾਰ ਬਣ ਜਾਂਦੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਨਾਨਕ ਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਨੂੰ ਪਉੜੀ ਦੇ ਰੂਪ ਵਿੱਚ ਸਮਝੀਏ ਕਿ ਗੁਰੂ ਦੀ ਦੱਸੀ ਹੋਈ ਮਤਿ ਨੂੰ ਅਪਣਾਏ ਬਿਨਾਂ, ਔਗੁਣ ਛੱਡੇ ਬਿਨਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਜਿਹੋ ਜਿਹੀ ਭਗਤੀ ਸੰਸਾਰ ਕਰਨੀ ਸਮਝਦਾ ਹੈ ਉਹ ਪਉੜੀ ਤੋਂ ਪਹਿਲੇ ਸਲੋਕਾਂ ਰਾਹੀਂ ਸਮਝਾਇਆ ਹੋਇਆ ਹੈ ਤੇ ਉਹੋ ਜਿਹੀ ਭਗਤੀ ਦਾ ਖੰਡਨ ਕੀਤਾ ਹੋਇਆ ਹੈ। ਪਉੜੀ ਰਾਹੀਂ ਸਾਨੂੰ ਭਗਤੀ ਦਾ ਅਸਲ ਮਾਰਗ ਸਮਝਾਇਆ ਹੋਇਆ ਹੈ, ਕਾਫੀ ਗਹਿਰਾਈ ਵਿੱਚ ਸਮਝਾਇਆ ਹੋਇਆ ਹੈ, ਸਾਡੇ ਕੱਪੜ ਰੂਪ ਦੁਆਰਾ ਸਮਝਾਇਆ ਹੋਇਆ ਹੈ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

ਪਉੜੀ ॥

“ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥੧੪॥”

(ਅੰਗ ੪੭੦-੪੭੧)

ਪ੍ਰਮਾਤਮਾ ਦੀ ਵਡਿਆਈ, ਉਸਦੀ ਭਗਤੀ ਸਾਡੇ **“ਕਪੜੁ ਰੂਪੁ”** ਨਾਲ ਜੁੜੀ ਹੋਈ ਹੈ ਭਾਵ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਸਾਡਾ **“ਸੁਹਾਵਣਾ ਕਪੜੁ ਰੂਪੁ”** ਉਹ ਹੈ ਜਦੋਂ ਸਾਡੀ ਮਤਿ ਦੇ ਵਿੱਚ ਪ੍ਰਮਾਤਮਾ ਦਾ ਸੱਚਾ ਗਿਆਨ ਵੱਸ ਜਾਂਦਾ ਹੈ, ਉਸਦਾ ਨਾਮ ਵੱਸ ਜਾਂਦਾ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਰਾਹੀਂ ਸਮਝਿਆ ਹੈ।

45/5982

ਜਦ ਤੱਕ ਸਾਡੀ ਮਤਿ ਨਾਮ ਰੂਪ ਕਪੜਾ ਨਹੀਂ ਪਹਿਨਦੀ ਤਦ ਤੱਕ ਅਸੀਂ ਮਾਇਆ ਰੂਪ ਕਪੜਾ ਪਹਿਨੀ ਰੱਖਦੇ ਹਾਂ ਭਾਵ ਸਾਡੇ ਵਿਚਾਰ ਪ੍ਰਮਾਤਮਾ ਦੀ ਭਗਤੀ ਨੂੰ ਸਮਝਣ ਵਿੱਚ ਅਸਮਰਥ ਰਹਿੰਦੇ ਹਨ। ਮਾਇਆ ਮੋਹ ਵਿੱਚ ਰਹਿੰਦਿਆਂ ਅਸੀਂ ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਵਿੱਚ ਸੁੱਖ ਮਹਿਸੂਸ ਕਰਦੇ ਹਾਂ, ਆਪਣੀਆਂ ਇੱਛਾਵਾਂ ਦੀ ਪ੍ਰਾਪਤੀ ਵਿੱਚ ਸੁੱਖ ਮਹਿਸੂਸ ਕਰਦੇ ਹਾਂ ਜਿਨ੍ਹਾਂ ਇੱਛਾਵਾਂ ਨੂੰ ਛੱਡੇ ਬਿਨਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਭਾਵ ਪ੍ਰਮਾਤਮਾ ਦੀ ਵਡਿਆਈ ਨਹੀਂ ਕੀਤੀ ਜਾ ਸਕਦੀ। ਸਾਰੀ ਦੁਨੀਆ ਦੇ ਅੰਦਰ, ਸਾਰੇ ਸੰਸਾਰ ਦੇ ਅੰਦਰ ਮਾਇਆ ਮੋਹ ਵਾਲੀ ਸਮਝ ਹੀ ਵਿਚਰਦੀ ਹੈ ਜੋ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਆਪਣੀ ਇਸ ਮਤਿ ਨੂੰ ਛੱਡਣਾ ਬਹੁਤ ਔਖਾ ਹੈ ਤੇ ਇਸੇ ਲਈ ਸਾਡਾ ਕੱਪੜ ਰੂਪ ਸੁਹਾਵਣਾ ਨਹੀਂ ਬਣਦਾ ਕਿਉਂਕਿ ਅਸੀਂ

ਗੁਰਮਤਿ ਰੂਪ ਕਪੜੇ ਨੂੰ ਨਹੀਂ ਅਪਨਾਉਂਦੇ ਭਾਵ ਅਸੀਂ ਗੁਰੂ ਦੇ ਚੰਗੇ ਕੱਪੜ ਨੂੰ ਛੱਡ ਦਿੰਦੇ ਹਾਂ। ਸਾਰੀ ਦੁਨੀਆ ਦੇ ਅੰਦਰ ਹਰ ਕੋਈ ਪ੍ਰਮਾਤਮਾ ਦੇ ਦਰ ਤੇ ਜਾਣਾ ਚਾਹੁੰਦਾ ਹੈ ਪਰ ਸਭ ਨੇ ਸੁਹਾਵਣੇ ਕੱਪੜ ਰੂਪ ਨੂੰ ਛੱਡਿਆ ਹੋਇਆ ਹੈ ਭਾਵ ਸੰਸਾਰ ਵਿੱਚ ਜੋ ਸਭ ਦੇ ਅੰਦਰ ਮਤਿ ਵਰਤਦੀ ਹੈ ਉਸਨੂੰ ਛੱਡੇ ਬਿਨਾਂ ਹੀ ਹਰ ਕੋਈ ਪ੍ਰਮਾਤਮਾ ਦੀ ਭਗਤੀ ਕਰਨ ਦੁਆਰਾ ਉਸ ਪ੍ਰਮਾਤਮਾ ਦੇ ਦਰ ਤੇ ਜਾਣਾ ਚਾਹੁੰਦਾ ਹੈ। **(ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥)** ਪ੍ਰਮਾਤਮਾ ਦੇ ਦਰ ਤੇ ਜਾਣ ਦਾ ਤਰੀਕਾ ਭਾਵ ਉਸਦੀ ਭਗਤੀ ਕਰਨ ਦਾ ਤਰੀਕਾ ਸਾਡੇ ਦੁਨਿਆਵੀ ਕਰਮ ਹਨ ਨਾ ਕਿ ਸਾਡੇ ਭਗਤੀ ਦੇ ਦਿਖਾਵੇ ਜਿਵੇਂ ਕਿ ਪਹਿਲੇ ਸਲੋਕਾਂ ਰਾਹੀਂ ਸਮਝਾਏ ਹੋਏ ਹਨ। ਜਦ ਤੱਕ ਅਸੀਂ ਮੰਦੇ ਕਰਮ ਨਹੀਂ ਛੱਡਦੇ ਤਦ ਤੱਕ ਅਸੀਂ ਪ੍ਰਮਾਤਮਾ ਦੇ ਦਰ ਤੇ ਨਹੀਂ ਜਾ ਸਕਦੇ ਭਾਵ ਸਾਡੇ ਭਗਤੀ ਦੇ ਦਿਖਾਵੇ ਪ੍ਰਮਾਤਮਾ ਦੇ ਦਰ ਤੇ ਜਾਣ ਦਾ ਤਰੀਕਾ ਨਹੀਂ ਹੈ ਜੋ ਸਾਰੇ ਸੰਸਾਰ ਵਿੱਚ ਹਰ ਕੋਈ ਅਪਨਾਉਂਦਾ ਹੈ। ਪ੍ਰਮਾਤਮਾ ਦੇ ਦਰ ਤੇ ਭਗਤੀ ਦਾ ਫੈਸਲਾ ਸਾਡੇ ਕਰਮਾਂ ਦੁਆਰਾ ਹੁੰਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੈ।

“ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥”

ਜਦ ਤੱਕ ਮਨੁੱਖ ਮਾਇਆ ਮੋਹ ਵਿੱਚ ਹੈ ਭਾਵ ਜਦ ਤੱਕ ਅਸੀਂ ਸੁਹਾਵਣੇ ਕੱਪੜ ਰੂਪ ਨੂੰ ਛੱਡਿਆ ਹੋਇਆ ਹੈ ਤਦ ਤੱਕ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਨੇਕਾਂ ਮੰਦੇ ਕਰਮ ਕਰਦੇ ਹਾਂ

45/5983

ਜੋ ਕਿ ਸਾਨੂੰ ਆਪ ਹੀ ਭੁਗਤਣੇ ਪੈਣੇ ਹਨ। ਮਾੜੇ ਕਰਮ ਸਾਨੂੰ ਪ੍ਰਮਾਤਮਾ ਦੀ ਭਗਤੀ ਤੋਂ ਦੂਰ ਕਰਦੇ ਹਨ ਭਾਵੇਂ ਅਸੀਂ ਆਪਣੇ ਵੱਲੋਂ ਜਿਤਨੇ ਮਰਜੀ ਭਗਤੀ ਦੇ ਦਿਖਾਵੇ ਕਰੀ ਜਾਈਏ ਜਿਵੇਂ ਕਿ ਸਲੋਕਾਂ ਰਾਹੀਂ ਗਿਣਵਾਏ ਹੋਏ ਹਨ। ਜੇਕਰ ਮੰਦੇ ਕਰਮਾਂ ਦਾ ਫਲ ਮਾੜਾ ਮਿਲਦਾ ਹੈ ਫਿਰ ਚੰਗੇ ਕਰਮਾਂ ਦਾ ਫਲ ਚੰਗਾ ਮਿਲਦਾ ਹੈ। ਜੇਕਰ ਸਾਡਾ ਕੱਪੜ ਰੂਪ ਸੁਹਾਵਣਾ ਹੈ ਭਾਵ ਗੁਰਮਤਿ ਵਾਲਾ ਹੈ ਫਿਰ ਅਸੀਂ ਚੰਗੇ ਕਰਮ ਕਰਾਂਗੇ ਤੇ ਜੇਕਰ ਕੱਪੜ ਰੂਪ ਸੁਹਾਵਣਾ ਨਹੀਂ ਹੈ ਭਾਵ ਮਾੜਾ ਹੈ, ਸਾਡੀ ਸਮਝ ਮਾੜੀ ਹੈ ਤਾਂ ਫਿਰ ਅਸੀਂ ਮੰਦੇ ਕਰਮ ਕਰਾਂਗੇ। ਅਸੀਂ ਪ੍ਰਮਾਤਮਾ ਦੇ ਦਰ ਤੇ ਜਾਣਾ ਚਾਹੁੰਦੇ ਹਾਂ ਜੋ ਕਿ ਸਾਡੇ ਕਰਮਾਂ ਤੇ ਭਾਵ ਸਾਡੀ ਦੁਨਿਆਵੀ ਵਿਚਰਨ ਤੇ ਨਿਰਭਰ ਕਰਦਾ ਹੈ। **(ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥)**

ਅਸੀਂ ਸੁਹਾਵਣੇ ਕੱਪੜ ਰੂਪ ਨੂੰ ਕਿਉਂ ਛੱਡਦੇ ਹਾਂ ਤੇ ਪ੍ਰਮਾਤਮਾ ਦੇ ਦਰ ਤੇ ਜਾਣਾ ਕਿਸ ਲਈ ਔਖਾ ਹੈ ਭਾਵ ਮਾੜੇ ਕਰਮਾਂ ਵਿੱਚੋਂ ਨਿਕਲਣਾ, ਮਨ ਦੇ ਮਾੜੇ ਕੱਪੜ ਰੂਪ ਨੂੰ ਛੱਡਣਾ ਕਿਸ ਲਈ ਔਖਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਗਹਿਰਾਈ ਵਿੱਚ ਸਮਝਾਈ ਹੋਈ ਹੈ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਉਨ੍ਹਾਂ ਭਰਮਾਂ ਵਿੱਚੋਂ ਨਿਕਲੀਏ ਜਿਨ੍ਹਾਂ ਭਰਮਾਂ ਵਿੱਚ ਸਾਰਾ ਸੰਸਾਰ ਹੀ ਹੈ।

“ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥੧੪॥”

45/5984

ਧਰਮ ਦਾ ਮਾਰਗ, ਪ੍ਰਮਾਤਮਾ ਦੀ ਸਿਫਤ ਸਾਲਾਹ ਦਾ ਮਾਰਗ ਗੁਰੂ ਪ੍ਰਮਾਤਮਾ ਦੇ ਹੁਕਮ ਅਨੁਸਾਰ ਵਿਚਰਨ ਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਗੁਰੂ ਸਾਨੂੰ ਜੋ ਸਿੱਖਿਆ ਦਿੰਦਾ ਹੈ ਉਹ ਗੁਰੂ ਦਾ ਹੁਕਮ ਹੈ ਪਰ ਸਾਨੂੰ ਗੁਰੂ ਦਾ ਹੁਕਮ ਨਹੀਂ ਭਾਉਂਦਾ। ਸਾਨੂੰ ਆਪਣੇ ਮਨ ਦੇ ਵਿਚਾਰ ਭਾਉਂਦੇ ਹਨ, ਮਾਇਆ ਮੋਹ ਵਾਲੇ ਵਿਚਾਰ ਭਾਉਂਦੇ ਹਨ ਭਾਵ ਆਪਣੀ ਮਤਿ ਦਾ ਹੁਕਮ ਭਾਉਂਦਾ ਹੈ, ਮਾਇਆ ਦਾ ਹੁਕਮ ਭਾਉਂਦਾ ਹੈ। ਗੁਰੂ ਦਾ ਹੁਕਮ ਸਾਨੂੰ ਇਸ ਲਈ ਨਹੀਂ ਭਾਉਂਦਾ ਕਿਉਂਕਿ ਗੁਰੂ ਦੇ ਹੁਕਮ ਨੂੰ ਮੰਨਣਾ ਔਖਾ ਹੈ ਭਾਵ ਭੀੜਾ ਮਾਰਗ ਹੈ ਜਿਸ ਮਾਰਗ ਤੇ ਚੱਲਣਾ ਬਹੁਤ ਔਖਾ ਹੈ। ਜੇਕਰ ਅਸੀਂ ਅੱਗੇ ਚੱਲਣਾ ਚਾਹੁੰਦੇ ਹਾਂ ਭਾਵ ਆਪਣੀ ਮਤਿ ਵਿੱਚੋਂ ਨਿਕਲਕੇ ਗੁਰੂ ਦੀ ਮਤਿ ਤੱਕ ਪਹੁੰਚਣਾ ਚਾਹੁੰਦੇ ਹਾਂ, ਤ੍ਰੈ ਗੁਣਾਂ ਵਿੱਚੋਂ ਨਿਕਲਕੇ ਚੌਥੇ ਪਦ ਵਿੱਚ ਪਹੁੰਚਣਾ ਚਾਹੁੰਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਭੀੜੇ ਮਾਰਗ ਵਿੱਚੋਂ ਲੰਘਣਾ ਹੀ ਪੈਂਦਾ ਹੈ ਭਾਵ ਗੁਰਮਤਿ ਦੇ ਭਉ ਨੂੰ ਕਬੂਲ ਕਰਨਾ ਹੀ ਪੈਂਦਾ ਹੈ ਜਿਸਨੂੰ ਕਬੂਲ ਕਰਨ ਦਾ ਭਉ ਸਭ ਦੇ ਅੰਦਰ ਬਣਿਆ ਰਹਿੰਦਾ ਹੈ ਕਿਉਂਕਿ ਕੋਈ ਵੀ ਮਾਇਆ ਦੇ ਸੁੱਖਾਂ ਵਿੱਚੋਂ ਨਹੀਂ ਨਿਕਲਣਾ ਚਾਹੁੰਦਾ, ਮਨ ਦੀਆਂ ਇੱਛਾਵਾਂ ਨੂੰ ਕੋਈ ਛੱਡਣਾ ਨਹੀਂ ਚਾਹੁੰਦਾ। ਭਗਤੀ ਦਾ ਮਾਰਗ ਔਖਾ ਹੈ ਜੋ ਕਿ ਔਖੇਪਨ ਨੂੰ ਕਬੂਲ ਕੀਤੇ ਬਿਨਾਂ ਉਸ ਤੇ ਨਹੀਂ ਚੱਲਿਆ ਜਾ ਸਕਦਾ। **(ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥)** ਸਾਨੂੰ ਇਹ ਭੀੜਾ ਮਾਰਗ ਕਿਸ ਲਈ ਚੰਗਾ ਨਹੀਂ ਲੱਗਦਾ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ

ਹੈ।

"ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥"

ਸਭ ਤੋਂ ਪਹਿਲੇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਸਾਡਾ ਨੰਗਾਪਨ ਕੀ ਹੈ। ਜਦ ਤੱਕ ਸਾਡੀ ਮਤਿ ਨੂੰ ਪ੍ਰਮਾਤਮਾ ਆਪਣਾ

45/5985

ਕਪੜਾ ਨਹੀਂ ਪਹਿਨਾਉਂਦਾ, ਗੁਰਮਤਿ ਦੀ ਸੱਚੀ ਸੋਝੀ ਦਾ ਕਪੜਾ ਨਹੀਂ ਪਹਿਨਾਉਂਦਾ ਤਦ ਤੱਕ ਸਾਡੀ ਮਤਿ ਨੰਗੀ ਹੈ ਜਿਸਦੀ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਇੱਜਤ ਨਹੀਂ ਸਮਝੀ ਜਾਂਦੀ। ਸਾਡੇ ਅੰਦਰ ਮਾਇਆ ਮੋਹ ਵਾਲੀ ਮਤਿ, ਨਾਸਮਝ ਮਾੜੀ ਮਤਿ ਸਾਡੇ ਅੰਦਰ ਦਾ **"ਨੰਗਾਪਨ"** ਹੈ। ਜਦ ਤੱਕ ਅਸੀਂ ਆਪਣੇ ਮਨ ਦੇ ਹੁਕਮ ਨਾਲ ਜੁੜੇ ਰਹਿੰਦੇ ਹਾਂ ਭਾਵ ਆਪਣੀ ਮਤਿ ਨਾਲ ਜੁੜੇ ਰਹਿੰਦੇ ਹਾਂ ਇਹ ਸਾਡੇ ਅੰਦਰ ਦੀ ਨੰਗੀ ਮਤਿ ਹੈ ਜਿਸ ਦੁਆਰਾ ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ, ਗੁਰਮਤਿ ਦੇ ਉਲਟ ਚੱਲਦੇ ਹਾਂ ਉਸ ਰਾਹੀਂ ਸਾਡੀ ਪ੍ਰਮਾਤਮਾ ਦੇ ਦਰਬਾਰ ਵਿੱਚ ਨਿਰਾਦਰੀ ਹੁੰਦੀ ਹੈ ਭਾਵ ਅਸੀਂ ਬੇਇੱਜਤ ਹੁੰਦੇ ਹਾਂ। ਪ੍ਰਮਾਤਮਾ ਜਿਸ ਮਤਿ ਨੂੰ ਇੱਜਤ ਵਾਲੀ ਬਣਾਉਂਦਾ ਹੈ ਉਸਨੂੰ ਸੱਚੀ ਮਤਿ ਰਾਹੀਂ ਗੁਣ ਹੀ ਬਖਸ਼ਦਾ ਹੈ ਜਿਸ ਦੁਆਰਾ ਉਹ ਸਾਡੀ ਮਾੜੀ ਮਤਿ ਨੂੰ ਕੱਜ ਲੈਂਦਾ ਹੈ। ਆਪਣੀ ਨੰਗੀ ਮਤਿ ਦੁਆਰਾ ਅਸੀਂ ਅੱਗੇ ਨਹੀਂ ਚੱਲਦੇ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੇ ਮਾਰਗ ਤੇ ਨਹੀਂ ਚੱਲਦੇ ਬਲਕਿ ਮਾਇਆ ਦੇ ਮਾਰਗ ਤੇ ਹੀ ਚੱਲਦੇ ਹਾਂ, ਅਗਿਆਨਤਾ ਦੇ ਮਾਰਗ ਤੇ ਹੀ ਚੱਲਦੇ ਹਾਂ। ਇਹ ਮਾਇਆ ਦਾ ਮਾਰਗ ਸਾਡੇ ਅੰਦਰ ਦਾ **"ਦੋਜਕਿ"** ਹੈ ਭਾਵ ਨਰਕ ਹੈ। ਜਦ ਤੱਕ ਅਸੀਂ ਨਰਕ ਦੇ ਮਾਰਗ ਤੇ ਚੱਲਦੇ ਹਾਂ ਤਾਂ ਸਾਨੂੰ ਤਦ ਤੱਕ ਪ੍ਰਮਾਤਮਾ ਦੇ ਮਾਰਗ ਤੇ ਚੱਲਣਾ ਭਾਵ ਗੁਰਮਤਿ ਦੇ ਮਾਰਗ ਤੇ ਚੱਲਣਾ ਡਰਾਵਣਾ ਦਿਸਦਾ ਹੈ ਭਾਵ ਉਸ ਮਾਰਗ ਤੇ ਚੱਲਣ ਦਾ ਸਾਨੂੰ ਡਰ ਮਹਿਸੂਸ ਹੁੰਦਾ ਹੈ ਕਿਉਂਕਿ ਉਸ ਮਾਰਗ ਤੇ ਚੱਲਣ ਲਈ ਸਾਨੂੰ ਗੁਰੂ ਦੀ ਸਿੱਖਿਆ ਮੰਨਣੀ ਪੈਂਦੀ ਹੈ, ਗੁਰੂ ਦਾ ਹੁਕਮ ਮੰਨਣਾ ਪੈਂਦਾ ਹੈ ਤੇ ਆਪਣੇ ਮਨ ਦੇ ਹੁਕਮ ਵਿੱਚੋਂ ਨਿਕਲਣਾ ਪੈਂਦਾ ਹੈ ਭਾਵ ਆਪਣੀਆਂ ਇੱਛਾਵਾਂ ਛੱਡਣੀਆਂ ਪੈਂਦੀਆਂ ਹਨ ਜਿਨ੍ਹਾਂ ਨੂੰ ਛੱਡਣ ਦਾ ਡਰ ਸਭ ਦੇ ਅੰਦਰ ਹੈ ਜਿਸ ਕਰਕੇ ਗੁਰਮਤਿ ਦਾ ਮਾਰਗ ਔਖਾ ਹੈ, ਨਾਮ ਜਪਣਾ ਔਖਾ ਹੈ। **(ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥)** ਜਦ ਤੱਕ ਅਸੀਂ ਭਗਤੀ ਦੇ ਮਾਰਗ ਨੂੰ ਔਖਾ ਜਾਣ ਕੇ ਆਪਣੀਆਂ ਇੱਛਾਵਾਂ ਨਾਲ ਜੁੜੇ ਰਹਿੰਦੇ ਹਾਂ, ਆਪਣੀ ਮਤਿ ਨਾਲ ਜੁੜੇ ਰਹਿੰਦੇ ਹਾਂ ਤਦ ਤੱਕ ਅਸੀਂ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ ਕਿਉਂਕਿ ਆਪਣੀਆਂ ਇੱਛਾਵਾਂ ਪੂਰੀਆਂ ਕਰਨ ਲਈ ਅਸੀਂ ਮਾੜੇ ਕਰਮ ਵੀ ਕਰਦੇ ਹਾਂ ਜੋ ਕਿ ਧਰਮ ਤੋਂ ਉਲਟਾ ਮਾਰਗ ਹੈ। ਜੋ ਕਰਮ ਵੀ ਅਸੀਂ ਗੁਰੂ ਦੀ ਮਤਿ ਦੇ ਉਲਟ ਕਰਦੇ ਹਾਂ ਭਾਵ ਆਪਣੀ ਮਤਿ ਅਨੁਸਾਰ ਕਰਦੇ ਹਾਂ ਉਹ ਸਾਡਾ ਔਗੁਣ ਹੈ ਜਿਸ ਕਰਕੇ ਸਾਨੂੰ

45/5986

ਪਛਤਾਉਣਾ ਹੀ ਪੈਂਦਾ ਹੈ ਭਾਵ ਸਾਡਾ ਜੀਵਨ ਵਿਅਰਥ ਹੀ ਜਾਂਦਾ ਹੈ, ਸਾਡਾ ਨੰਗਾਪਨ ਕੱਜਿਆ ਨਹੀਂ ਜਾਂਦਾ ਤੇ ਅਸੀਂ ਨਰਕ ਵਿੱਚ ਹੀ ਪਏ ਰਹਿੰਦੇ ਹਾਂ। **(ਕਰਿ ਅਉਗਣ ਪਛੋਤਾਵਣਾ ॥੧੪॥)**

ਸਾਡਾ ਨੰਗਾਪਨ ਕੀ ਹੈ, ਦੋਜਕ ਕੀ ਹੈ ਭਾਵ ਨਰਕ ਸਵਰਗ ਕੀ ਹੈ ਇਨ੍ਹਾਂ ਗੱਲਾਂ ਨੂੰ ਕੁਝ ਅੱਗੇ ਚੱਲ ਕੇ ਹੋਰ ਬਾਰੀਕੀ ਨਾਲ ਸਮਝਾਂਗੇ। ਹੇਠ ਦਿੱਤੇ ਸ਼ਬਦ ਰਾਹੀਂ ਅਸੀਂ ਕੱਪੜ ਰੂਪ ਨੂੰ ਥੋੜਾ ਹੋਰ ਵੀ ਸਮਝਦੇ ਹਾਂ ਤਾਂ ਜੋ ਸਾਡੇ ਅੰਦਰ ਇਸ ਬਾਰੇ ਕੋਈ ਸ਼ੱਕ ਨਾ ਰਹੇ ਕਿ ਸਾਡਾ ਕੱਪੜ ਰੂਪ ਕੀ ਹੈ।

ਮਃ ੫ ॥

"ਨੀਹੁ ਮਹਿੰਜਾ ਤਉ ਨਾਲਿ ਬਿਆ ਨੇਹ ਕੂੜਾਵੇ ਡੇਖੁ ॥ ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥੨॥"

(ਅੰਗ ੧੦੯੪)

ਪ੍ਰਮਾਤਮਾ ਦੇ ਦਰ ਤੇ ਜਾਣ ਦਾ ਮਾਰਗ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਮਾਰਗ ਔਖਾ ਹੈ ਤੇ ਇਸੇ ਲਈ ਸੰਸਾਰ ਉਸਦੇ ਮਾਰਗ ਤੇ ਨਹੀਂ ਚੱਲਦਾ ਕਿਉਂਕਿ ਉਸ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ। ਜੋ ਚੀਜ ਸਾਨੂੰ ਚੰਗੀ ਲੱਗਦੀ ਹੈ ਸਾਡਾ ਨੇਹੁ ਭਾਵ ਸਾਡਾ ਪਿਆਰ ਉਸੇ ਚੀਜ ਨਾਲ ਹੀ ਜੁੜਦਾ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਸਾਡਾ ਪਿਆਰ ਵੀ ਮਾਇਆ ਨਾਲ ਹੀ ਹੈ ਭਾਵ ਮਾਇਆ ਦੇ ਸੁੱਖਾਂ ਨਾਲ ਹੀ ਹੈ, ਮਨ ਦੀਆਂ ਇੱਛਾਵਾਂ ਦੀ ਪੂਰਤੀ ਨਾਲ ਹੀ ਹੈ। ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਉਸੇ ਦਾ ਹੀ ਜੁੜਦਾ ਹੈ ਜਦੋਂ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਗੁਰੂ ਦੀ ਮਤਿ ਨਾਲ ਪਿਆਰ ਪਾਉਂਣ ਤੋਂ ਬਿਨਾਂ ਹਰ ਪਿਆਰ

ਝੂਠਾ ਹੈ। ਗੁਰਮਤਿ ਦੇ ਨਾਲ ਪਿਆਰ, ਸ਼ਬਦ ਦੀ ਵਿਚਾਰ ਦੇ ਨਾਲ ਪਿਆਰ ਸਾਡਾ ਪ੍ਰਮਾਤਮਾ ਦੇ ਨਾਲ ਪਿਆਰ ਹੈ ਜੋ ਪਿਆਰ ਤਾਂ ਹੀ ਜੁੜਦਾ ਹੈ ਜਦੋਂ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਗੁਰੂ ਦੀ ਮਤਿ ਤੋਂ ਬਿਨਾਂ ਹਰ ਪਿਆਰ ਝੂਠਾ ਪਿਆਰ ਹੈ। ਗੁਰਮਤਿ ਦਾ ਦੂਸਰਾ ਰੂਪ ਮਨਮਤਿ ਹੈ ਜਿਸ ਵਿੱਚ ਸਾਰਾ ਸੰਸਾਰ ਹੀ ਹੈ। ਜਦ ਤੱਕ ਸਾਡਾ ਮਨਮਤਿ ਦੇ ਨਾਲ ਪਿਆਰ ਹੈ ਤਦ ਤੱਕ ਗੁਰਮਤਿ ਦੇ ਨਾਲ ਪਿਆਰ ਨਹੀਂ ਜੁੜਦਾ। ਗੁਰਮਤਿ ਦੇ ਨਾਲ ਪਿਆਰ ਉਦੋਂ ਹੀ ਪੈਂਦਾ ਹੈ, ਗੁਰੂ ਪ੍ਰਮਾਤਮਾ ਦੇ ਨਾਲ ਪਿਆਰ

45/5987

ਉਦੋਂ ਹੀ ਪੈਂਦਾ ਹੈ ਜਦੋਂ ਗੁਰਮਤਿ ਤੋਂ ਬਿਨਾਂ ਕੋਈ ਵੀ ਦੂਸਰੀ ਮਤਿ ਦੇ ਨਾਲ ਭਾਵ ਮਾਇਆ ਮੋਹ ਦੇ ਨਾਲ ਸਾਡਾ ਪਿਆਰ ਟੁੱਟ ਜਾਂਦਾ ਹੈ। **(ਨੀਹੁ ਮਹਿੰਜਾ ਤਉ ਨਾਲਿ ਬਿਆ ਨੇਹ ਕੂੜਾਵੇ ਡੇਖੁ ॥)** ਮਾਇਆ ਦੇ ਨਾਲ ਸਾਡਾ ਪਿਆਰ ਭਾਵ ਗੁਰੂ ਤੋਂ ਦੂਜੀ ਮਤਿ ਦੇ ਨਾਲ ਸਾਡਾ ਪਿਆਰ ਝੂਠਾ ਹੈ ਇਸ ਗੱਲ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣ ਦੁਆਰਾ ਹੀ ਪੈਂਦੀ ਹੈ ਜਿਸ ਦੁਆਰਾ ਸਾਨੂੰ ਇਹ ਸਮਝ ਨਾਲ ਹੀ ਪੈਂਦੀ ਹੈ ਕਿ ਸਾਡੇ ਅੰਦਰ ਦਾ ਕੱਪੜ ਰੂਪ ਕੀ ਹੈ। ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥੨॥”

ਸਾਡਾ **“ਕਪੜ ਭੋਗ”** ਉਹ ਭੋਗ ਹੈ ਜੋ ਭੋਗ ਸਾਡਾ ਮਨ ਭੋਗਦਾ ਹੈ। ਇਹ ਸਾਡੇ ਮਨ ਦਾ ਭੋਜਨ ਹੈ ਜੋ ਭੋਜਨ ਸਾਡਾ ਮਨ ਹਰ ਵੇਲੇ ਖਾਂਦਾ ਰਹਿੰਦਾ ਹੈ। ਸਾਡੇ ਅੰਦਰ ਦੇ ਵਿਚਾਰ ਸਾਡਾ ਕੱਪੜ ਰੂਪ ਹਨ ਤੇ ਵਿਚਾਰਾਂ ਦੇ ਅੰਦਰ ਦੀ ਸਮਝ ਸਾਡੇ ਵਿਚਾਰਾਂ ਦਾ ਭੋਜਨ ਹੈ ਭਾਵ ਸਾਡੇ ਅੰਦਰ ਵਿਚਾਰਾਂ ਦੀ ਜੋ ਸਮਝ ਹੈ ਉਹ ਸਾਡਾ ਕੱਪੜ ਰੂਪ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਉਹੀ ਸਾਡੀ ਸਮਝ ਹੈ। ਮਨੁੱਖ ਉਹੀ ਕੁਝ ਕਰਦਾ ਹੈ ਜੋ ਉਸਦੀ ਸਮਝ ਉਸਨੂੰ ਸਮਝਾਉਂਦੀ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਕਿ ਸਾਡੇ ਅੰਦਰ ਦੀ ਸਮਝ ਸਾਡੇ ਵੱਸ ਨਹੀਂ ਹੈ। ਪ੍ਰਮਾਤਮਾ ਸਾਡੇ ਅੰਦਰ ਸਾਡੀ ਸਮਝ ਦੇ ਰੂਪ ਵਿੱਚ ਹੀ ਹੈ ਭਾਵ ਕੱਪੜ ਰੂਪ ਵਿੱਚ ਹੀ ਹੈ। ਉਹ ਸਾਨੂੰ ਕਿਹੋ ਜਿਹਾ ਕਪੜਾ ਪਹਿਨਾਉਂਦਾ ਹੈ ਇਹ ਉਸਦੇ ਹੱਥ ਵਿੱਚ ਹੈ। ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸਨੂੰ ਉਹ ਆਪਣੇ ਉੱਚੇ ਗਿਆਨ ਦੁਆਰਾ ਚਲਾ ਰਿਹਾ ਹੈ। ਆਪਣੇ ਮਨੁੱਖੀ ਰੂਪ ਨੂੰ ਵੀ ਉਹ ਮਨ ਦੇ ਗਿਆਨ ਦੁਆਰਾ ਹੀ ਚਲਾ ਰਿਹਾ ਹੈ। ਸਾਨੂੰ ਮਨ ਦੇ ਵਿੱਚੋਂ ਜਿਹੋ ਜਿਹਾ ਭੋਗ ਮਿਲਦਾ ਹੈ ਉਹੋ ਜਿਹਾ ਭੋਗ ਹੀ ਅਸੀਂ ਖਾਂਦੇ ਹਾਂ। ਸਾਡੇ ਅੰਦਰ ਮਾਇਆ ਮੋਹ ਪ੍ਰਮਾਤਮਾ ਦਾ ਦਿੱਤਾ ਹੋਇਆ ਭੋਗ ਹੀ ਹੈ ਭਾਵ ਸਾਡੇ ਅੰਦਰ ਦਾ ਕੱਪੜ ਭੋਗ ਹੈ। ਕੱਪੜ ਭੋਗ ਦਾ ਮਕਸਦ ਹੀ ਸਾਨੂੰ ਪ੍ਰਮਾਤਮਾ ਨਾਲੋਂ ਵੱਖਰਾ ਕਰਕੇ ਰੱਖਣ ਦਾ ਹੈ। ਜਦ ਤੱਕ ਸਾਡਾ ਕੱਪੜ ਭੋਗ ਮਾਇਆ ਦੇ ਰੂਪ ਵਿੱਚ ਹੈ ਅਸੀਂ ਪ੍ਰਮਾਤਮਾ ਨਾਲੋਂ ਵੱਖਰੇ ਬਣੇ ਰਹਿੰਦੇ ਹਾਂ ਤੇ ਜਦੋਂ ਇਹ ਕੱਪੜ ਭੋਗ ਸੁਹਾਵਣਾ ਬਣ ਜਾਂਦਾ ਹੈ ਭਾਵ ਨਾਮ ਵਾਲਾ ਬਣ ਜਾਂਦਾ ਹੈ, ਗੁਰਮਤਿ ਦੇ ਸੱਚੇ ਗਿਆਨ ਵਾਲਾ ਬਣ ਜਾਂਦਾ ਹੈ, ਬ੍ਰਹਮ ਗਿਆਨ ਵਾਲਾ ਬਣ ਜਾਂਦਾ ਹੈ ਸਾਡੇ ਉਸ

45/5988

ਕੱਪੜ ਭੋਗ ਰਾਹੀਂ, ਅਸੀਂ ਮਨ ਦੇ ਵਿਚਾਰਾਂ ਰਾਹੀਂ, ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਂਦੇ ਹਾਂ ਭਾਵ ਉਸਨੂੰ ਆਪਣੇ ਅੰਦਰੋਂ ਦੇਖ ਲੈਂਦੇ ਹਾਂ। ਸਾਡੇ ਅੰਦਰ ਜੋ ਡਰ ਹਨ, ਜੋ ਵੀ ਭਉ ਹਨ ਉਹ ਵੀ ਸਾਡੇ ਕੱਪੜ ਰੂਪ ਕਰਕੇ ਹਨ, ਕੱਪੜ ਭੋਗ ਕਰਕੇ ਹਨ ਤੇ ਉਹ ਡਰ ਨਿਕਲਦੇ ਵੀ ਕੱਪੜ ਭੋਗ ਦੁਆਰਾ ਹੀ ਹਨ। ਪ੍ਰਮਾਤਮਾ ਸਾਨੂੰ ਮਨ ਦੇ ਵਿੱਚ ਭੋਗ ਕਰਵਾਉਂਣ ਵਾਲਾ ਆਪ ਹੈ ਜਿਸ ਵਿੱਚ ਮਨੁੱਖ ਦੇ ਵੱਸ ਕੁਝ ਨਹੀਂ ਹੈ ਭਾਵ ਕੇਵਲ ਇੱਕ ਕਠਪੁਤਲੀ ਹੈ। ਜਦ ਤੱਕ ਅਸੀਂ ਮਾਇਆ ਮੋਹ ਵਾਲਾ ਭੋਗ ਛੱਕਦੇ ਹਾਂ ਤਦ ਤੱਕ ਸਾਡੇ ਅੰਦਰ ਇਹ ਮਾਇਆ ਰੂਪ ਭੋਗ ਅਨੇਕਾਂ ਹੀ ਡਰ ਪਾਈ ਰੱਖਦਾ ਹੈ। ਮਨ ਦੇ ਵਿਚਾਰਾਂ ਕਰਕੇ ਹੀ ਭਾਵ ਮਨ ਦੀਆਂ ਇੱਛਾਵਾਂ ਕਰਕੇ ਹੀ ਸਾਨੂੰ ਬਾਹਰੀ ਮਾਇਆ ਬਹੁਤ ਚੰਗੀ ਲੱਗਦੀ ਹੈ। ਬਾਹਰੀ ਮਾਇਆ ਦੇ ਅਨੇਕਾਂ ਰੂਪ ਹਨ ਜੋ ਸਾਨੂੰ ਭਾਉਂਦੇ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੁਆਰਾ ਵਿਚਰਦੇ ਹਾਂ। ਇਹ ਸਾਡੇ ਅੰਦਰ ਦੀ ਮਾਇਆ ਦੀ ਖੇਡ ਹੈ, ਸਾਡੇ ਅੰਦਰ ਦਾ ਕੱਪੜ ਭੋਗ ਹੈ। ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਹਰ ਕੋਈ ਕਰਨਾ ਚਾਹੁੰਦਾ ਹੈ, ਕਿਸੇ ਨਾ ਕਿਸੇ ਰੂਪ ਵਿੱਚ ਕਰਨਾ ਚਾਹੁੰਦਾ ਹੈ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣਾ ਵੀ ਸਾਡੇ ਅੰਦਰ ਦਾ ਮਾਇਆ ਰੂਪ ਹੈ ਭਾਵ ਕੱਪੜ ਭੋਗ ਹੈ। ਸਾਨੂੰ ਇੱਛਾਵਾਂ ਦੀ ਪ੍ਰਾਪਤੀ ਵਿੱਚ ਹੀ ਸੁੱਖ ਮਹਿਸੂਸ ਹੁੰਦਾ ਹੈ ਜੋ ਕਿ ਮਾਇਆ ਸੁੱਖ ਹੈ। ਇਨ੍ਹਾਂ ਸੁੱਖਾਂ ਵਿੱਚੋਂ ਨਿਕਲਣ ਦਾ ਡਰ ਸਭ ਦੇ ਵਿੱਚ ਹੈ ਭਾਵ ਸਾਡੇ ਅੰਦਰ ਇਹ ਡਰ ਪਾਉਣ ਵਾਲੀ ਆਪ ਮਾਇਆ ਵਾਲੀ ਸਮਝ ਹੀ ਹੈ, ਕੱਪੜ ਭੋਗ ਹੀ ਹੈ ਜਿਸ ਕਰਕੇ ਸਾਡੇ ਅੰਦਰ ਅਨੇਕਾਂ ਹੀ ਡਰ ਬੈਠੇ ਰਹਿੰਦੇ ਹਨ ਕਿ ਕਿਤੇ ਮੇਰੇ ਸੁੱਖਾਂ ਵਿੱਚ, ਦੁਨਿਆਵੀ

ਸੁੱਖਾਂ ਵਿੱਚ, ਦੁਨਿਆਵੀ ਵਡਿਆਈਆਂ ਵਿੱਚ ਕਮੀ ਨਾ ਹੋ ਜਾਵੇ। ਇਸੇ ਲਈ ਅਸੀਂ ਮਾਇਆ ਮੋਹ ਨਹੀਂ ਛੱਡ ਸਕਦੇ ਜਿਸਨੂੰ ਛੱਡੇ ਬਿਨਾਂ ਧਰਮ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਪ੍ਰਮਾਤਮਾ ਨੂੰ ਪਾਉਣ ਦੇ ਮਾਰਗ ਤੇ, ਪ੍ਰਮਾਤਮਾ ਦੇ ਦਰ ਤੇ ਜਾਣ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਸਾਡੇ ਅੰਦਰ ਭਗਤੀ ਦੇ ਮਾਰਗ ਨੂੰ ਲੈ ਕੇ ਵੀ ਅਨੇਕਾਂ ਡਰ ਬਣੇ ਰਹਿੰਦੇ ਹਨ ਕਿ ਜਿਹੋ ਜਿਹੀ ਭਗਤੀ ਦਾ ਮਾਰਗ ਸਾਰੇ ਅਪਨਾ ਰਹੇ ਹਨ ਉਹੀ ਮਾਰਗ ਠੀਕ ਹੈ। ਭਾਵੇਂ ਗੁਰੂ ਸਾਨੂੰ ਬਾਰ-ਬਾਰ ਸਮਝਾਉਂਦਾ ਹੈ ਕਿ ਜਿਹੋ ਜਿਹੇ ਤਰੀਕੇ ਸੰਸਾਰ ਨੇ ਪ੍ਰਮਾਤਮਾ ਨੂੰ ਪਾਉਣ ਦੇ ਬਣਾਏ ਹੋਏ ਹਨ ਉਹ ਕੇਵਲ ਭਗਤੀ

45/5989

ਦਾ ਪਾਖੰਡ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਫਿਰ ਵੀ ਉਨ੍ਹਾਂ ਤਰੀਕਿਆਂ ਨੂੰ ਛੱਡਣ ਵਿੱਚ ਹਰ ਕੋਈ ਡਰ ਮਹਿਸੂਸ ਕਰਦਾ ਹੈ। ਇਹ ਡਰ ਸਾਡੇ ਅੰਦਰੋਂ ਹੀ ਆਉਂਦੇ ਹਨ ਕਿਉਂਕਿ ਸਾਡੇ ਅੰਦਰ ਦੀ ਮਾਇਆ ਦਾ ਕੰਮ ਸਾਨੂੰ ਡਰਾ ਕੇ ਰੱਖਣ ਦਾ ਹੀ ਹੈ ਭਾਵ ਪ੍ਰਮਾਤਮਾ ਨਾਲੋਂ ਵੱਖਰਾ ਕਰਕੇ ਰੱਖਣ ਦਾ ਹੀ ਹੈ, ਪ੍ਰਮਾਤਮਾ ਦੇ ਮਾਰਗ ਤੇ ਚੱਲਣ ਤੋਂ ਦੂਰ ਰੱਖਣ ਦਾ ਹੀ ਹੈ। ਬਾਣੀ ਭਾਵੇਂ ਸਾਨੂੰ ਬਾਰ-ਬਾਰ ਸਮਝਾ ਰਹੀ ਹੈ ਕਿ ਜਿਸਨੇ ਵੀ ਪ੍ਰਮਾਤਮਾ ਨੂੰ ਪਾਇਆ ਹੈ ਉਸਨੇ ਆਪਣੇ ਅੰਦਰੋਂ ਹੀ ਪਾਇਆ ਹੈ ਪਰ ਅਨੇਕਾਂ ਹੀ ਹਨ ਜੋ ਪ੍ਰਮਾਤਮਾ ਨੂੰ ਬਾਹਰੋਂ ਪਾਉਣ ਦੀਆਂ ਗੱਲਾਂ ਕਰਦੇ ਹਨ ਤੇ ਅਨੇਕਾਂ ਹੀ ਅਨੇਕਾਂ ਉਨ੍ਹਾਂ ਨੂੰ ਫਿਰ ਵੀ ਠੀਕ ਹੀ ਸਮਝਦੇ ਹਨ ਭਾਵ ਉਨ੍ਹਾਂ ਨੂੰ ਗਲਤ ਕਹਿਣ ਤੋਂ ਡਰਦੇ ਹਨ। ਇਹ ਸਾਡੇ ਅੰਦਰ ਦੀ ਮਾਇਆ ਦਾ ਭੋਗ ਹੈ ਭਾਵ ਕੱਪੜ ਭੋਗ ਹੈ। ਅਨੇਕਾਂ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠੇ ਹਨ ਜਿਨ੍ਹਾਂ ਦੇ ਵਿਚਾਰ ਗੁਰੂ ਤੋਂ ਉਲਟ ਹੁੰਦੇ ਹਨ, ਗੁਰੂ ਤੋਂ ਉਲਟ ਨਾਮ ਦੀ ਸਿੱਖਿਆ ਦਿੰਦੇ ਹਨ, ਕਿਸੇ ਅੱਖਰ ਦੀ ਕਥਨੀ ਕਰੀ ਜਾਣ ਨੂੰ ਨਾਮ ਸਮਝਾਉਂਦੇ ਹਨ, ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨੂੰ ਭਗਤੀ ਦਾ ਮਾਰਗ ਸਮਝਾਉਂਦੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਗਲਤ ਕਹਿਣ ਵਿੱਚ ਹਰ ਕੋਈ ਡਰਦਾ ਰਹਿੰਦਾ ਹੈ। ਉਨ੍ਹਾਂ ਦੇ ਅੰਦਰ ਗੁਰੂ ਦਾ ਡਰ ਨਹੀਂ ਵੱਸਦਾ ਜੋ ਕਿ ਸੱਚ ਬੋਲਦਾ ਹੈ, ਸੱਚੀ ਸਿੱਖਿਆ ਦਿੰਦਾ ਹੈ ਪਰ ਝੂਠਿਆਂ ਦਾ ਡਰ ਵੱਸਿਆ ਰਹਿੰਦਾ ਹੈ ਜੋ ਗੁਰੂ ਤੋਂ ਉਲਟ ਸਿੱਖਿਆ ਦਿੰਦੇ ਹਨ। ਇਹ ਸਾਡੇ ਅੰਦਰ ਦਾ ਕੱਪੜ ਭੋਗ ਹੀ ਹੈ ਜੋ ਸਾਨੂੰ ਝੂਠੀਆਂ ਗੱਲਾਂ ਨਾਲ ਡਰਾਉਂਦਾ ਰਹਿੰਦਾ ਹੈ ਕਿਉਂਕਿ ਉਸਦਾ ਮਕਸਦ ਹੀ ਇਹ ਹੈ। ਇਨ੍ਹਾਂ ਸਾਰੇ ਡਰਾਵਣੇ ਵਿਚਾਰਾਂ ਵਿੱਚੋਂ ਉਹੀ ਨਿਕਲਦਾ ਹੈ ਜਦੋਂ ਕੋਈ ਵਿਰਲਾ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਲੈਂਦਾ ਹੈ। ਜਿਸਦਾ ਕੱਪੜ ਰੂਪ ਪ੍ਰਮਾਤਮਾ ਸੁਹਾਵਣਾ ਬਣਾਉਂਦਾ ਹੈ ਉਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਦਾ ਹੈ ਤੇ ਹਰ ਭਉ ਵਿੱਚੋਂ ਨਿਕਲ ਜਾਂਦਾ ਹੈ ਕਿਉਂਕਿ ਪ੍ਰਮਾਤਮਾ ਆਪ ਹੀ ਮਨ ਦੇ ਅੰਦਰ ਵਿਚਾਰਾਂ ਰਾਹੀਂ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਤੇ ਉਸ ਅਨੁਸਾਰ ਚਲਾਉਂਦਾ ਹੈ ਜਿਸ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦੇ ਨਾਲ ਸੱਚਾ ਪਿਆਰ ਜੁੜਦਾ ਹੈ। **(ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ ॥ ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥੨॥)**

45/5990

ਅਸੀਂ ਪਿੱਛੇ ਸ਼ਬਦਾਂ ਰਾਹੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੀ ਸਿਫਤ ਸਾਲਾਹ ਉਸਨੂੰ ਜਾਨਣ ਦੁਆਰਾ ਹੀ ਹੋ ਸਕਦੀ ਹੈ ਭਾਵ ਮਾਇਆ ਵਾਲੀ ਮਤਿ ਵਿੱਚੋਂ ਨਿਕਲਣ ਦੁਆਰਾ ਹੀ ਹੋ ਸਕਦੀ ਹੈ। ਸਾਡੇ ਅੰਦਰ ਦਾ ਮਾਇਆ ਮੋਹ ਸਾਨੂੰ ਮਾਇਆ ਦੀਆਂ ਦਾਤਾਂ ਨਾਲ ਹੀ ਜੋੜ ਕੇ ਰੱਖਦਾ ਹੈ ਜਿਸ ਕਰਕੇ ਹਰ ਕੋਈ ਦੁਨਿਆਵੀ ਦਾਤਾਂ ਹੀ ਰੱਬ ਕੋਲੋਂ ਮੰਗਦਾ ਹੈ। ਪ੍ਰਮਾਤਮਾ ਦੀ ਅਸਲ ਦਾਤਿ ਕੀ ਹੈ ਇਸ ਗੱਲ ਦੀ ਸਮਝ ਸਾਡੇ ਅੰਦਰ ਦੀ ਮਾਇਆ ਮਨੁੱਖ ਨੂੰ ਪੈਣ ਹੀ ਨਹੀਂ ਦਿੰਦੀ। ਪ੍ਰਮਾਤਮਾ ਦੀ ਅਸਲ ਦਾਤਿ ਦੀ ਪ੍ਰਾਪਤੀ ਮਾਇਆ ਦੀਆਂ ਦਾਤਾਂ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ। ਜਦੋਂ ਕਿਸੇ ਕੋਲ ਮਾਇਆ ਦੀ ਦਾਤਿ ਘੱਟ ਜਾਂਦੀ ਹੈ ਉਹ ਇਸਨੂੰ ਮਾੜਾ ਸਮਝਦਾ ਹੈ ਪਰ ਪ੍ਰਮਾਤਮਾ ਦੀ ਸੱਚੀ ਦਾਤਿ ਮਿਲਣ ਤੋਂ ਬਾਅਦ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਾਇਆ ਦੀਆਂ ਦਾਤਾਂ ਉਸ ਪ੍ਰਮਾਤਮਾ ਦੀ ਨਾਮ ਦੀ ਦਾਤਿ ਅੱਗੇ ਬਹੁਤ ਤੁੱਛ ਹਨ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥
ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥
ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥

ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥"

(ਅੰਗ ੫)

45/5991

ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦਾ ਸਭ ਤੋਂ ਵੱਡਾ ਕਰਮ ਕੀ ਹੈ ਤੇ ਅਸੀਂ ਪ੍ਰਮਾਤਮਾ ਦਾ ਕਰਮ ਸਮਝਦੇ ਕਿਸ ਵਿੱਚ ਹਾਂ। ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ।

"ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥"

ਇਸ ਪੂਰੇ ਲੇਖ ਦੀ ਸ਼ੁਰੂਆਤੀ ਪੰਗਤੀ ਵਿੱਚ ਜੋ ਲਿਖਿਆ ਹੋਇਆ ਹੈ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਸਭ ਕੁਝ ਆਪ ਹੈ ਜਿਸਦੀ ਵਡਿਆਈ ਦਾ ਕੋਈ ਅੰਤ ਹੀ ਨਹੀਂ ਹੈ, ਕੋਈ ਗਿਣਤੀ ਮਿਣਤੀ ਹੀ ਨਹੀਂ ਹੈ। ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸਨੂੰ ਸਮਝੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕਿੰਨਾਂ ਕੁ ਵੱਡਾ ਹੈ। ਪ੍ਰਮਾਤਮਾ ਦਾ ਬਹੁਤਾ ਕਰਮ ਭਾਵ ਉਸਦਾ ਸਭ ਤੋਂ ਵੱਡਾ ਕਰਮ ਮਨੁੱਖ ਤੇ ਕੀ ਹੈ ਉਸਨੂੰ ਮਨੁੱਖ ਆਪਣੀ ਲਿਖਤ ਵਿੱਚ ਨਹੀਂ ਲਿਆ ਸਕਦਾ ਭਾਵ ਉਸਨੂੰ ਬਿਆਨ ਨਹੀਂ ਕਰ ਸਕਦਾ। ਪ੍ਰਮਾਤਮਾ ਕਿੰਨਾਂ ਕੁ ਵੱਡਾ ਹੈ ਇਹ ਉਸਨੂੰ ਜਾਨਣ ਤੇ ਹੀ ਪਤਾ ਚੱਲ ਸਕਦਾ ਹੈ ਤੇ ਪ੍ਰਮਾਤਮਾ ਦਾ ਸਭ ਤੋਂ ਵੱਡਾ ਕਰਮ ਇਹ ਹੈ ਕਿ ਉਹ ਕਿਸੇ ਨੂੰ ਆਪਣੀ ਵਡਿਆਈ ਜਣਾਏ ਕਿ ਉਹ ਕਿਤਨਾ ਕੁ ਵੱਡਾ ਹੈ। ਪ੍ਰਮਾਤਮਾ ਬਹੁਤ ਹੀ ਵੱਡਾ ਹੈ ਪਰ ਉਹ ਕਿਸੇ ਨੂੰ ਆਪਣਾ ਵੱਡਾਪਣ ਦਿਖਾਵੇ ਇਸ ਗੱਲ ਦਾ ਪ੍ਰਮਾਤਮਾ ਨੂੰ ਇੱਕ ਤਿੱਲ ਜਿਤਨਾ ਵੀ ਲਾਲਚ ਨਹੀਂ ਹੈ ਭਾਵ ਇੱਕ ਰੱਤੀ ਭਰ ਜਿੰਨਾ ਵੀ ਲਾਲਚ ਨਹੀਂ ਹੈ। ਉਹ ਆਪਣੇ ਸੰਸਾਰ ਦੀ ਖੇਡ ਭਾਵ ਸੰਸਾਰ ਨੂੰ ਬਣਾ ਕੇ ਆਪ ਗੁਪਤ ਰੂਪ ਵਿੱਚ ਹੀ ਚਲਾ ਰਿਹਾ ਹੈ। ਉਸਦਾ ਗੁਪਤ ਰੂਪ ਸਭ ਦੇ ਅੰਦਰ ਹੀ ਹੈ ਜੋ ਕਿ ਉਸਦਾ ਜੋਤਿ ਰੂਪ ਹੈ ਤੇ ਜਦ ਤੱਕ ਉਹ ਆਪਣਾ ਜੋਤਿ ਰੂਪ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਆਪਣੇ ਕਿਸ ਰੂਪ ਕਰਕੇ ਵੱਡਾ ਹੈ ਜਿਸ ਰੂਪ ਦੁਆਰਾ ਉਸਨੇ ਸੰਸਾਰ ਦੀ ਰਚਨਾ ਕੀਤੀ ਹੈ ਤੇ ਆਪ ਹੀ ਉਸਨੂੰ ਚਲਾ ਰਿਹਾ ਹੈ। ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਦੁਆਰਾ ਵੱਡਾ ਹੈ ਭਾਵ ਬ੍ਰਹਮ ਗਿਆਨ ਰੂਪ ਦੁਆਰਾ ਵੱਡਾ ਹੈ, ਨਾਮ ਰੂਪ ਦੁਆਰਾ ਵੱਡਾ ਹੈ ਜੋ ਉਸਦੀ ਵਡਿਆਈ ਉਸਦੇ ਨਾਲ ਨਿਰੰਕਾਰ ਰੂਪ ਵਿੱਚ ਮੇਲ ਹੋਣ ਦੁਆਰਾ ਹੀ ਜਾਣੀ ਜਾ ਸਕਦੀ ਹੈ ਤੇ ਪ੍ਰਮਾਤਮਾ ਦੀ ਵਡਿਆਈ ਬਿਆਨ ਕੀਤੀ ਜਾ ਸਕਦੀ ਹੈ ਜਿਵੇਂ ਕਿ ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ

45/5992

ਨੇ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਵਡਿਆਈ ਬਿਆਨ ਕੀਤੀ ਹੈ, ਲਿਖੀ ਹੈ। **(ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥)**

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥}

(ਅੰਗ ੯)

{ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

ੴ ਸਤਿਗੁਰ ਪ੍ਰਸਾਦਿ ॥

ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ ॥

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥
ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥
ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥ ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪
ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥ ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥
ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥
ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥
ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥}

(ਅੰਗ ੫੩)

ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜੋ ਉਸ ਪ੍ਰਮਾਤਮਾ ਦੇ ਵੱਡੇਪਨ ਨੂੰ ਦੇਖ ਲੈਂਦਾ ਹੈ ਤੇ ਉਸਦਾ ਵੱਡਾਪਨ ਦੇਖਣ ਤੋਂ ਬਾਅਦ ਹੀ ਪ੍ਰਮਾਤਮਾ ਦੀ ਵਡਿਆਈ ਕਰਨੀ ਸਮਝ ਆਉਂਦੀ ਹੈ। ਪ੍ਰਮਾਤਮਾ ਦੀ ਵਡਿਆਈ ਕਥਨੀ ਦੁਆਰਾ ਨਹੀਂ ਹੁੰਦੀ ਬਲਕਿ ਉਸ ਮਾਰਗ ਤੇ ਚੱਲ ਕੇ ਹੁੰਦੀ ਹੈ ਜੋ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸਿਖਾਉਂਦਾ ਹੈ। ਜਦ ਤੱਕ ਪ੍ਰਮਾਤਮਾ ਦਾ ਕੋਈ ਵੱਡਾਪਨ ਨਹੀਂ ਵੇਖ ਲੈਂਦਾ ਤਦ ਤੱਕ ਮਨੁੱਖ ਆਪਣੇ ਆਪ ਨੂੰ ਵੱਡਾ ਸਮਝਦਾ ਹੈ ਤੇ ਹੋਰ ਆਪਣੇ ਆਪ ਨੂੰ ਵੱਡਾ ਕਰਨਾ ਚਾਹੁੰਦਾ ਹੈ, ਆਪਣੀ ਵਡਿਆਈ ਵਧਾਉਣੀ ਚਾਹੁੰਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥”

ਜਿਨ੍ਹਾਂ ਨੂੰ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਉਹ ਇਹ ਸਮਝਦੇ ਹਨ ਕਿ ਪ੍ਰਮਾਤਮਾ ਦੀ ਭਗਤੀ ਕਰਨ ਦੁਆਰਾ

ਜੋਧ ਦੀ ਪ੍ਰਾਪਤੀ ਹੁੰਦੀ ਹੈ ਭਾਵ ਬੱਲ ਦੀ ਪ੍ਰਾਪਤੀ ਹੁੰਦੀ ਹੈ, ਤਾਕਤ ਦੀ ਪ੍ਰਾਪਤੀ ਹੁੰਦੀ ਹੈ ਜਿਸਦੇ ਨਾਲ ਮਨੁੱਖ ਦੀ ਵਡਿਆਈ ਵੱਧਦੀ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਰਿੱਧੀਆਂ ਸਿੱਧੀਆਂ ਆਦਿ ਦੀ ਪ੍ਰਾਪਤੀ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੂੰ ਉਹ ਆਪਣੀ ਭਗਤੀ ਦੀ ਤਾਕਤ ਸਮਝਦੇ ਹਨ। ਇਹ ਸਭ ਮਾਇਆ ਮੋਹ ਹੈ ਜਿਸ ਰਾਹੀਂ ਮਨੁੱਖ ਆਪਣੇ ਆਪ ਨੂੰ ਉੱਚਾ ਕਰਨਾ ਚਾਹੁੰਦਾ ਹੈ, ਆਪਣੇ ਆਪ ਨੂੰ ਵੱਡਾ ਕਰਨਾ ਚਾਹੁੰਦਾ ਹੈ ਭਾਵ ਆਪਣੀ ਵਡਿਆਈ ਕਰਵਾਉਂਣਾ ਚਾਹੁੰਦਾ ਹੈ। ਇਹੋ ਜਿਹਾ ਬੱਲ ਮੰਗਣ ਵਾਲੇ ਗਣਤ ਦੁਆਰਾ ਬੱਲ ਮੰਗਦੇ ਹਨ ਭਾਵ ਸ਼ਬਦਾਂ ਦੀ ਗਣਤ ਕਰਨ ਦੁਆਰਾ ਭਾਵ ਜਿਆਦਾ ਤੋਂ ਜਿਆਦਾ ਗਿਣਤੀ ਕਰਨ ਦੁਆਰਾ **“ਜੋਧ”** ਪ੍ਰਾਪਤ ਕਰਨਾ ਚਾਹੁੰਦੇ ਹਨ। ਜਿਤਨੀਆਂ ਕੂ ਜਿਆਦਾ ਸ਼ਬਦਾਂ ਦੀ ਗਣਤ ਕਰਦਾ ਹੈ ਉਨ੍ਹਾਂ ਹੀ ਉਹ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝਦਾ ਹੈ ਤੇ ਹਰ ਕੋਈ ਇਹੀ ਸਮਝਦਾ ਹੈ ਕਿ ਜਿਤਨੀ ਕੋਈ ਜਿਆਦਾ ਕਥਨੀ ਕਰਦਾ ਹੈ ਉਸਦੇ ਨਾਲ ਉਸਦੀ ਵਡਿਆਈ ਵੱਧਦੀ ਹੈ। ਸ਼ਬਦਾਂ ਦੀ ਗਣਤ ਭਗਤੀ ਦਾ ਮਾਰਗ ਨਹੀਂ ਹੈ। ਭਗਤੀ ਦਾ ਮਾਰਗ ਸ਼ਬਦਾਂ ਦੀ ਵਿਚਾਰ ਹੈ ਜਿਸ ਵਿਚਾਰ ਤੇ ਚੱਲਣ ਦੁਆਰਾ ਭਾਵ ਸ਼ਬਦਾਂ ਦੀ ਵਿਚਾਰ ਤੇ ਚੱਲਣ ਦੁਆਰਾ ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ। ਜੋ ਪ੍ਰਮਾਤਮਾ ਦੀ ਵਡਿਆਈ ਕਰਦਾ ਹੈ ਉਹ ਫਿਰ ਆਪਣੀ ਵਡਿਆਈ ਨਹੀਂ ਚਾਹੁੰਦਾ, ਪ੍ਰਮਾਤਮਾ ਕੋਲੋਂ ਜੋਧ ਨਹੀਂ ਮੰਗਦਾ। **(ਕੇਤੇ ਮੰਗਹਿ ਜੋਧ ਅਪਾਰ ॥**

ਕੇਤਿਆ ਗਣਤ ਨਹੀ ਵੀਚਾਰੁ ॥)

ਪਉੜੀ ॥

{ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥ ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥ ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥}

(ਅੰਗ ੧੪੦)

{ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥ ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥}

(ਅੰਗ ੫੩-੫੪)

{ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥}

(ਅੰਗ ੯੩੪)

45/5994

ਪ੍ਰਮਾਤਮਾ ਦੀ ਵਡਿਆਈ ਕਰਨ ਦਾ ਮਾਰਗ ਸ਼ਬਦਾਂ ਦੀ ਵਿਚਾਰ ਕਰਨਾ ਹੈ ਨਾ ਕਿ ਉਨ੍ਹਾਂ ਦੀ ਗਿਣਤੀ ਕਰੀ ਜਾਣਾ। ਜੋ ਸ਼ਬਦ ਦੀ ਵਿਚਾਰ ਨਹੀਂ ਕਰਦੇ ਤੇ ਕੇਵਲ ਸ਼ਬਦਾਂ ਦੀ ਗਿਣਤੀ ਮਿਣਤੀ ਵਿੱਚ ਹੀ ਰਹਿੰਦੇ ਹਨ ਉਨ੍ਹਾਂ ਨੂੰ ਪ੍ਰਾਪਤੀ ਕੀ ਹੁੰਦੀ ਹੈ ਇਹੀ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਕੇਤੇ ਖਪਿ ਤੁਟਹਿ ਵੇਕਾਰ ॥"

ਪ੍ਰਮਾਤਮਾ ਦੀ ਭਗਤੀ, ਉਸਦੀ ਵਡਿਆਈ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੁੰਦੀ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਔਗੁਣ ਛੱਡਣ ਲਈ ਸਮਝਾਉਂਦੀ ਹੈ, ਵਿਕਾਰ ਛੱਡਣ ਲਈ ਸਮਝਾਉਂਦੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਸੱਚੇ ਸੁੱਚੇ ਕਰਮ ਕਰੀਏ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੀ ਵਡਿਆਈ ਹੁੰਦੀ ਹੈ। ਜੋ ਕੇਵਲ ਸ਼ਬਦਾਂ ਦੀ ਗਿਣਤੀ ਮਿਣਤੀ ਕਰੀ ਜਾਂਦੇ ਹਨ ਤੇ ਆਪਣੇ ਵਿਕਾਰਾਂ ਤੋਂ ਮੁਕਤ ਨਹੀਂ ਹੁੰਦੇ ਭਾਵ ਗੁਰੂ ਦੀ ਗੱਲ ਨੂੰ ਨਹੀਂ ਮੰਨਦੇ ਉਹ ਕੇਵਲ ਖਪੀ ਜਾਂਦੇ ਹਨ ਭਾਵ ਝੂਠੀ ਭਗਤੀ ਦੁਆਰਾ ਖਪੀ ਜਾਂਦੇ ਹਨ ਜਿਸਦਾ ਕੋਈ ਲਾਭ ਨਹੀਂ ਹੈ। **(ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥)**

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥ ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥}

(ਅੰਗ ੫੩)

ਪ੍ਰਮਾਤਮਾ ਨੂੰ ਆਖਣ ਵਾਲੇ ਤਾਂ ਬਹੁਤ ਹਨ ਪਰ ਅਸਲ ਆਖਣ ਪ੍ਰਮਾਤਮਾ ਦਾ ਕੀ ਹੈ ਇਸ ਗੱਲ ਦੀ ਸੰਸਾਰ ਨੂੰ ਸਮਝ ਨਹੀਂ ਹੈ। ਸਭ ਦੇ ਅੰਦਰ ਦਾਤਾਂ ਦਾ ਮੋਹ ਹੈ, ਆਪਣੀਆਂ ਤ੍ਰਿਸ਼ਨਾਵਾਂ ਨਾਲ ਮੋਹ ਹੈ ਜਿਨ੍ਹਾਂ ਦੀ ਪੂਰਤੀ ਵਿੱਚ ਹੀ ਸਭ ਨੂੰ ਖੁਸ਼ੀ ਮਿਲਦੀ ਹੈ ਜਿਸ ਲਈ ਮਨੁੱਖ ਅਨੇਕਾਂ ਹੀ ਉਹ ਕੰਮ ਕਰਦਾ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ। ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹੋਏ ਹੀ ਹਰ ਕੋਈ ਪ੍ਰਮਾਤਮਾ ਦਾ ਆਖਣ ਆਖਦਾ ਹੈ ਤੇ ਜਿਉਂ ਜਿਉਂ ਕਿਸੇ ਦੀ ਤ੍ਰਿਸ਼ਨਾ ਪੂਰੀ ਹੁੰਦੀ ਹੈ, ਕੋਈ ਇੱਛਾ ਪੂਰੀ ਹੁੰਦੀ ਹੈ, ਕੋਈ ਮਾਇਆ ਦੀ ਦਾਤਿ ਮਿਲਦੀ ਹੈ ਫਿਰ ਮਨੁੱਖ ਇਹ ਸਮਝਦਾ ਹੈ ਕਿ ਪ੍ਰਮਾਤਮਾ ਨੇ ਮੇਰੀ ਭਗਤੀ ਤੋਂ ਖੁਸ਼

45/5995

ਹੋ ਕੇ ਭਾਵ ਜਿਹੋ ਜਿਹੀ ਭਗਤੀ ਮੈਂ ਕਰਦਾ ਹਾਂ ਉਸ ਤੋਂ ਖੁਸ਼ ਹੋ ਕੇ ਪ੍ਰਮਾਤਮਾ ਮੈਨੂੰ ਦਾਤਾਂ ਦਿੰਦਾ ਹੈ ਪਰ ਇਹ ਮਨੁੱਖ ਦਾ ਵੱਡਾ ਭਰਮ

ਹੈ, ਸਭ ਦਾ ਵੱਡਾ ਭਰਮ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥”

ਪ੍ਰਮਾਤਮਾ ਸਭ ਨੂੰ ਦਾਤਾਂ ਦਿੰਦਾ ਹੀ ਹੈ ਭਾਵੇਂ ਕੋਈ ਉਸਦੇ ਗੁਣ ਗਾਉਂਦਾ ਹੈ ਜਾਂ ਨਹੀਂ ਗਾਉਂਦਾ ਲੇਕਿਨ ਜੋ ਉਸਦੇ ਗੁਣ ਗਾਉਣਾ ਸਮਝਦੇ ਹਨ ਉਨ੍ਹਾਂ ਨੂੰ ਇਹੀ ਮਹਿਸੂਸ ਹੁੰਦਾ ਹੈ ਕਿ ਪ੍ਰਮਾਤਮਾ ਸਾਡੇ ਤੇ ਖੁਸ਼ ਹੋ ਕੇ ਸਾਨੂੰ ਦਾਤਾਂ ਦੇ ਰਿਹਾ ਹੈ ਭਾਵ ਉਹ ਇਸੇ ਕਰਕੇ ਆਪਣੀ ਭਗਤੀ ਨੂੰ ਸੱਚੀ ਭਗਤੀ ਸਮਝਦੇ ਹਨ। ਦਾਤਾਂ ਦਾ ਇਹ ਮੋਹ ਅਸਲ ਵਿੱਚ ਸਾਨੂੰ ਪ੍ਰਮਾਤਮਾ ਦੀ ਅਸਲ ਭਗਤੀ ਤੋਂ ਦੂਰ ਕਰਦਾ ਹੈ ਕਿਉਂਕਿ ਦਾਤਾਂ ਦੇ ਮੋਹ ਵਿੱਚ ਅਸੀਂ ਗੁਰਮਤਿ ਦੇ ਉਲਟ ਕੰਮ ਕਰਦੇ ਹਾਂ। ਸਾਡਾ ਇਹ ਗੁਰੂ ਦੀ ਮਤਿ ਤੋਂ ਉਲਟ ਚੱਲਣਾ ਗੁਰੂ ਦੀ ਮਤਿ ਤੇ ਚੱਲਣ ਤੋਂ ਮੁਕਰਨਾ ਹੈ ਭਾਵ ਗੁਰੂ ਦੀ ਮਤਿ ਨੂੰ ਨਾ ਮੰਨਣਾ ਹੈ। ਸਾਡੇ ਇਸ ਦਾਤਾਂ ਦੇ ਮੋਹ ਨੂੰ ਸਾਡੀ ਮੂਰਖਤਾ ਕਿਹਾ ਹੈ ਜੋ ਦਾਤਾਂ ਦੀ ਪ੍ਰਾਪਤੀ ਲਈ ਹੀ ਜੀਵਨ ਬਤੀਤ ਕਰਦੇ ਹਨ ਭਾਵ ਦਾਤਾਂ ਦੇ ਭੋਗ ਵਿੱਚ ਹੀ ਲੱਗੇ ਰਹਿੰਦੇ ਹਨ ਤੇ ਨਾਲ ਇਹ ਸਮਝਦੇ ਹਨ ਕਿ ਜਿਹੋ ਜਿਹਾ ਆਖਣ ਅਸੀਂ ਪ੍ਰਮਾਤਮਾ ਦਾ ਕਰ ਰਹੇ ਹਾਂ ਉਸ ਕਰਕੇ ਪ੍ਰਮਾਤਮਾ ਸਾਨੂੰ ਦਾਤਾਂ ਦਿੰਦਾ ਹੈ। ਦਾਤਾਂ ਦਾ ਮੋਹ ਭਗਤੀ ਦਾ ਮਾਰਗ ਨਹੀਂ ਹੈ। ਜੋ ਸ਼ਬਦ ਦਾ ਵੀਚਾਰੀ ਹੈ ਉਹ ਫਿਰ ਦਾਤਾਂ ਦੇ ਮੋਹ ਵਿੱਚ ਨਹੀਂ ਪੈਂਦਾ। ਜੋ ਸ਼ਬਦਾਂ ਦੀ ਗਿਣਤੀ ਮਿਣਤੀ ਨਾਲ ਜੁੜੇ ਰਹਿੰਦੇ ਹਨ, ਕਥਨੀ ਨਾਲ ਜੁੜੇ ਰਹਿੰਦੇ ਹਨ ਇਸੇ ਲਈ ਉਹ ਦਾਤਾਂ ਦੀ ਪ੍ਰਾਪਤੀ ਲਈ ਮਾੜੇ ਕਰਮ ਵੀ ਕਰਦੇ ਹਨ ਜੋ ਕਿ ਗੁਰਮਤਿ ਤੋਂ ਮੁਕਰਨਾ ਹੈ, ਗੁਰੂ ਨਾਲ ਮੁਕਰਨਾ ਹੈ ਭਾਵ ਮਨੁੱਖ ਦੀ ਮੂਰਖਤਾ ਹੈ ਭਾਵੇਂ ਸਮਝਣ ਵਾਲੇ ਉਸਨੂੰ ਆਪਣੀ ਭਗਤੀ ਦਾ ਮਾਰਗ ਸਮਝਦੇ ਹਨ ਕਿ ਅਸੀਂ ਬਹੁਤ ਜਪ ਤਪ ਕਰਦੇ ਹਾਂ, ਬਹੁਤ ਸ਼ਬਦਾਂ ਦੀ ਕਥਨੀ ਕਰਦੇ ਹਾਂ। ਗੁਰੂ ਦੀ ਗੱਲ ਨੂੰ ਮੰਨੇ ਬਿਨਾਂ, ਗੁਰੂ ਦੇ ਸ਼ਬਦਾਂ ਨੂੰ ਵਿਚਾਰੇ ਬਿਨਾਂ, ਦਾਤਾਂ ਦਾ ਮੋਹ ਛੱਡੇ ਬਿਨਾਂ, ਮਾੜੇ ਕਰਮ ਛੱਡੇ ਬਿਨਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੈ। **(ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥)**

ਜਿਸਨੂੰ ਪ੍ਰਮਾਤਮਾ ਦੀਆਂ ਦਾਤਾਂ ਦੀ ਪ੍ਰਾਪਤੀ ਹੁੰਦੀ ਹੈ

45/5996

ਉਸਨੂੰ ਪ੍ਰਮਾਤਮਾ ਦੀ ਬਖਸ਼ਿਸ਼ ਸਮਝਿਆ ਜਾਂਦਾ ਹੈ ਤੇ ਜਿਸਨੂੰ ਪ੍ਰਮਾਤਮਾ ਦੀਆਂ ਦਾਤਾਂ ਨਹੀਂ ਮਿਲਦੀਆਂ ਜਾਂ ਜਿਨ੍ਹਾਂ ਕੋਲੋਂ ਪ੍ਰਮਾਤਮਾ ਦਾਤਾਂ ਲੈ ਲੈਂਦਾ ਹੈ ਉਸਨੂੰ ਪ੍ਰਮਾਤਮਾ ਦੀ ਮਾਰ ਸਮਝਿਆ ਜਾਂਦਾ ਹੈ ਕਿਉਂਕਿ ਹਰ ਕੋਈ ਮਾਇਆ ਦੀਆਂ ਦਾਤਾਂ ਨੂੰ ਹੀ ਪ੍ਰਮਾਤਮਾ ਦੀ ਦਾਤਿ ਸਮਝਦਾ ਹੈ ਪਰ ਪ੍ਰਮਾਤਮਾ ਦੀ ਅਸਲ ਦਾਤਿ ਕੀ ਹੁੰਦੀ ਹੈ ਇਸ ਗੱਲ ਦੀ ਸੰਸਾਰ ਨੂੰ ਸਮਝ ਨਹੀਂ ਹੈ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੀ ਅਸਲ ਦਾਤਿ ਕੀ ਹੈ। ਪ੍ਰਮਾਤਮਾ ਦੀ ਅਸਲ ਦਾਤਿ ਮਿਲੇ ਬਿਨ੍ਹਾਂ ਕੋਈ ਪ੍ਰਮਾਤਮਾ ਦਾ ਆਖਣ ਕੀ ਹੈ, ਉਸਦੇ ਗੁਣ ਗਾਉਂਣੇ ਕੀ ਹਨ ਇਸਨੂੰ ਨਹੀਂ ਸਮਝ ਸਕਦਾ।

“ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥

ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥”

ਜਿੱਥੇ ਕਿਸੇ ਨੂੰ, ਜਿਸ ਕਿਸੇ ਨੂੰ ਮਾਇਆ ਦੀਆਂ ਦਾਤਾਂ ਦੀ ਪ੍ਰਾਪਤੀ ਨਹੀਂ ਹੁੰਦੀ ਉਸ ਵਿੱਚ ਉਸਨੂੰ ਦੁੱਖ ਮਹਿਸੂਸ ਹੁੰਦਾ ਹੈ, ਦਾਤਾਂ ਦੀ ਭੁੱਖ ਮਹਿਸੂਸ ਹੁੰਦੀ ਹੈ ਜਿਸ ਗੱਲ ਨੂੰ ਸਦਾ ਤੋਂ ਹੀ ਪ੍ਰਮਾਤਮਾ ਦੀ ਮਾਰ ਸਮਝਿਆ ਜਾਂਦਾ ਹੈ ਭਾਵ ਇਹ ਦੁੱਖ ਪ੍ਰਮਾਤਮਾ ਨੇ ਦਿੱਤਾ ਹੈ, ਸਜਾ ਦੇ ਰੂਪ ਵਿੱਚ ਦਿੱਤਾ ਹੈ ਭਾਵ ਇਸ ਤੇ ਪ੍ਰਮਾਤਮਾ ਦੀ ਬਖਸ਼ਿਸ਼ ਨਹੀਂ ਹੈ ਭਾਵ ਜੇਕਰ ਬਖਸ਼ਿਸ਼ ਹੁੰਦੀ ਤਾਂ ਫਿਰ ਉਹ ਦਾਤਾਂ ਦੀ ਬਖਸ਼ਿਸ਼ ਕਰਦਾ ਹੈ ਭਾਵ ਹਰ ਕੋਈ ਮਾਇਆ ਦੀਆਂ ਦਾਤਾਂ ਵਿੱਚ ਹੀ ਪ੍ਰਮਾਤਮਾ ਦੀ ਬਖਸ਼ਿਸ਼ ਜਾਂ ਉਸਦੀ ਮਾਰ ਸਮਝਦਾ ਹੈ। **(ਕੇਤਿਆ ਦੂਖ ਭੂਖ ਸਦ ਮਾਰ ॥)** ਕਿਸੇ ਨੂੰ ਦੁੱਖ ਭੁੱਖ ਵਿੱਚ ਰੱਖਣਾ ਭਾਵ ਦਾਤਾਂ ਦੇ ਮੋਹ ਤੋਂ ਦੂਰ ਰੱਖਣਾ ਪ੍ਰਮਾਤਮਾ ਦੀ ਕਿਤਨੀ ਵੱਡੀ ਦਾਤਿ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਿਸਨੂੰ ਪ੍ਰਮਾਤਮਾ ਦੀ ਅਸਲ ਦਾਤਿ ਮਿਲ ਜਾਂਦੀ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ। **(ਏਹਿ ਭਿ ਦਾਤਿ ਤੇਰੀ ਦਾਤਾਰ ॥)** ਇਸ ਦਾਤਿ ਬਾਰੇ ਲੇਖ ਵਿੱਚ ਕਾਫੀ ਪਿੱਛੇ ਵੀ ਚਰਚਾ ਕੀਤੀ ਗਈ ਹੈ। ਦਾਸ ਨਾਲ ਇਹ ਸਭ ਕੁਝ ਬੀਤ ਚੁਕਾ ਹੈ ਤੇ ਜਦੋਂ ਮਨੁੱਖ ਤੇ ਇਹ ਸਭ ਕੁਝ ਬੀਤ ਰਿਹਾ ਹੁੰਦਾ ਹੈ ਤਦ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ ਇਸਦੇ ਪਿੱਛੇ ਪ੍ਰਮਾਤਮਾ ਦੀ ਕਿਤਨੀ ਕੂ

45/5997

ਵੱਡੀ ਦਾਤਿ ਛਿਪੀ ਹੋਈ ਹੈ। ਇਹ ਦਾਤਿ ਅਸਲ ਵਿੱਚ ਪ੍ਰਮਾਤਮਾ ਦੇ ਸੱਦੇ ਦੀ ਮਾਰ ਹੈ **(ਸਦ ਮਾਰ ॥)** ਭਾਵ ਆਪਣੇ ਕੋਲ ਸੱਦਣ ਦੀ ਦਾਤਿ ਹੈ ਭਾਵ ਆਪਣੇ ਨਾਲ ਮੇਲ ਕਰਨ ਦੀ ਦਾਤਿ ਹੈ ਜੋ ਦਾਤਿ ਉਹ ਮਨੁੱਖ ਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਔਖਾਪਨ ਦੇਣ ਤੋਂ ਬਾਅਦ ਹੀ ਦਿੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਦਾਤਿ ਦੀ ਪ੍ਰਾਪਤੀ ਬਹੁਤ ਔਖੀ ਹੈ ਜਿਸ ਮੇਲ ਦੀ ਪ੍ਰਾਪਤੀ ਦੁਆਰਾ ਹੀ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਭਾਵ ਗੁਰੂ ਦਾ ਨਾਮ ਸਮਝਣ ਦੀ ਪ੍ਰਾਪਤੀ ਹੁੰਦੀ ਹੈ ਤੇ ਸਮਝ ਲੱਗਦੀ ਹੈ ਕਿ ਪ੍ਰਮਾਤਮਾ ਦਾ ਨਾਮ ਜਪਣਾ ਬਹੁਤ ਔਖਾ ਹੈ ਭਾਵ ਗੁਰਮਤਿ ਦੁਆਰਾ ਵਿਚਰਨਾ ਬਹੁਤ ਔਖਾ ਹੈ। **{ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥}** ਅੰਗ ੧੨ **{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥}** ਅੰਗ ੯ ਦਾਸ ਨੇ ਕੁਝ ਸਾਲ ਪਹਿਲੇ ਬਹੁਤ ਔਖਾ ਸਮਾਂ ਦੇਖਿਆ ਹੈ, ਬਿਨਾਂ ਕਿਸੇ ਕਸੂਰ ਦੇ ਪ੍ਰਮਾਤਮਾ ਨੇ ਅਨੇਕਾਂ ਦਾਤਾਂ ਖੋਈਆਂ ਹਨ ਪਰ ਉਸ ਵਕਤ ਦਾਸ ਨੂੰ ਉਹੋ ਜਿਹੀ ਸਮਝ ਹੀ ਸੀ ਜੋ ਸਮਝ ਸੰਸਾਰ ਵਿੱਚ ਵਿਚਰਦੀ ਹੈ। ਪ੍ਰਮਾਤਮਾ ਮਾਇਆ ਦੀਆਂ ਦਾਤਾਂ ਵਿੱਚੋਂ ਕੱਢ ਕੇ ਆਪਣੀ ਕਿਤਨੀ ਕੂ ਵੱਡੀ ਦਾਤਿ ਦਿੰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥”

ਜਦ ਤੱਕ ਮਨੁੱਖ ਮਾਇਆ ਦੀਆਂ ਦਾਤਾਂ ਨਾਲ ਜੁੜਿਆ ਰਹਿੰਦਾ ਹੈ ਤੇ ਮਾਇਆ ਦੀਆਂ ਦਾਤਾਂ ਨੂੰ ਹੀ ਪ੍ਰਮਾਤਮਾ ਦੀ ਅਸਲ ਦਾਤਿ ਸਮਝਦਾ ਹੈ ਉਸਦਾ ਕਾਰਨ ਸਾਡੇ ਮਨ ਦੇ ਅੰਦਰ ਦੀ ਮਾਇਆ ਹੈ ਭਾਵ ਸਾਡੇ ਅੰਦਰ ਦੀ ਮਾਇਆ ਰੂਪ ਸਮਝ ਹੈ, ਮਨ ਦੀ ਅਗਿਆਨਤਾ ਹੈ ਜੋ ਸਾਡੇ ਸਭ ਦੇ ਅੰਦਰ ਮਾਇਆ ਦਾ ਬੰਧਨ ਹੈ। ਜਦ ਤੱਕ ਪ੍ਰਮਾਤਮਾ ਕਿਸੇ ਦਾ ਮਨ ਦੇ ਵਿੱਚੋਂ ਮਾਇਆ ਬੰਧਨ ਨਹੀਂ ਤੋੜਦਾ, ਬੰਧਨ ਤੋਂ ਖਲਾਸੀ ਨਹੀ ਕਰਦਾ ਤਦ ਤੱਕ ਕੋਈ ਵੀ ਮਾਇਆ ਦੀਆਂ ਦਾਤਾਂ ਦੇ ਮੋਹ ਵਿੱਚੋਂ ਨਹੀਂ ਨਿਕਲ ਸਕਦਾ। ਮਾਇਆ ਦੀਆਂ ਦਾਤਾਂ ਦਾ ਮੋਹ ਪ੍ਰਮਾਤਮਾ ਦੀ ਉਹ ਦਾਤਿ ਤੋੜਦੀ ਹੈ ਜਿਸ ਤੋਂ ਵੱਡੀ ਦਾਤਿ ਸੰਸਾਰ ਦੇ ਵਿੱਚ ਕੋਈ ਹੋ ਹੀ ਨਹੀਂ ਸਕਦੀ। ਪ੍ਰਮਾਤਮਾ ਜਿਸਨੂੰ ਆਪਣੀ ਇਹ ਦਾਤਿ ਬਖਸ਼ਦਾ ਹੈ ਉਸਨੂ ਮਾਇਆ ਮੋਹ ਦੇ ਬੰਧਨ ਤੋਂ, ਮਨ ਦੇ ਭਰਮਾਂ ਦੇ ਬੰਧਨ ਤੋਂ, ਅਗਿਆਨਤਾ ਦੇ ਬੰਧਨ ਤੋਂ, ਹਉਮੈ ਦੇ ਬੰਧਨ ਤੋਂ, ਤ੍ਰੈ ਗੁਣਾਂ ਦੇ ਬੰਧਨ ਤੋਂ ਮੁਕਤ ਕਰ ਦਿੰਦਾ ਹੈ। ਪ੍ਰਮਾਤਮਾ ਜਿਸਨੂੰ ਆਪਣੀ ਇਹ ਦਾਤਿ ਬਖਸ਼ਦਾ ਹੈ ਉਹ ਆਪਣੀ ਰਜਾ ਦੁਆਰਾ ਹੀ ਬਖਸ਼ਦਾ ਹੈ। ਜਿਸਨੂੰ ਪ੍ਰਮਾਤਮਾ ਆਪਣੀ ਇਹ ਦਾਤਿ ਬਖਸ਼ਦਾ ਹੈ ਉਹੀ ਮਾਇਆ ਮੋਹ ਦੇ ਬੰਧਨ ਤੋਂ ਮੁਕਤ ਹੋ ਕੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਦਾ ਹੈ ਜਿਸਦੇ ਨਾਲ ਸਾਡਾ ਮਨ ਦੇ ਵਿੱਚ ਪਰਦਾ ਹੀ ਮਾਇਆ ਮੋਹ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਜਾਣਿਆ ਹੈ। ਮਨ ਦੇ ਵਿੱਚ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਭਾਵ ਮਾਇਆ ਦੇ ਬੰਧਨ ਤੋਂ ਮੁਕਤ ਹੋਏ ਬਿਨਾਂ ਹੋਰ ਕੋਈ ਵੀ ਪ੍ਰਮਾਤਮਾ ਦਾ ਆਖਣ ਨਹੀਂ ਆਖ ਸਕਦਾ ਭਾਵ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਕੀ ਹੈ ਇਸ ਗੱਲ ਨੂੰ ਨਹੀਂ ਸਮਝ ਸਕਦਾ। ਆਪਣੀ ਭਗਤੀ, ਆਪਣੀ ਵਡਿਆਈ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਮਾਇਆ ਮੋਹ ਵਿੱਚ ਰਹਿੰਦੇ ਹੋਏ ਹਰ ਕੋਈ ਪ੍ਰਮਾਤਮਾ ਦੀ ਉਹੋ

45/5998

ਜਿਹੀ ਭਗਤੀ ਵਿੱਚ ਲੱਗਾ ਰਹਿੰਦਾ ਹੈ ਜਿਸ ਵਿੱਚ ਭਗਤੀ ਨਹੀਂ ਬਲਕਿ ਭਗਤੀ ਦਾ ਦਿਖਾਵਾ ਹੁੰਦਾ ਹੈ। ਮਾਇਆ ਦੀਆਂ ਦਾਤਾਂ ਨਾਲ ਜੁੜ ਕੇ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ ਕਿਉਂਕਿ ਦਾਤਾਂ ਦਾ ਮੋਹ ਹੀ ਸਾਡੇ ਕੋਲੋਂ ਅਨੇਕਾਂ ਮਾੜੇ ਕਰਮ ਕਰਵਾਉਂਦਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ, ਉਸਦਾ ਆਖਣ ਨਹੀਂ ਹੈ। **(ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥)**

{ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥ ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥ ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥ ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੇ ॥੩॥}

(ਅੰਗ ੬੭੬)

ਜਦ ਤੱਕ ਪ੍ਰਮਾਤਮਾ ਕਿਸੇ ਨੂੰ ਆਪਣੀ ਅਸਲ ਦਾਤਿ ਭਾਵ ਨਾਮ ਦੀ ਦਾਤਿ ਨਹੀਂ ਬਖਸ਼ਦਾ ਜਿਸ ਦਾਤਿ ਦੁਆਰਾ ਮਨੁੱਖ ਦੀ ਮਾਇਆ ਦੇ ਬੰਧਨ ਤੋਂ, ਹਉਮੈ ਦੇ ਬੰਧਨ ਤੋਂ ਮੁਕਤੀ ਹੁੰਦੀ ਹੈ ਤਦ ਤੱਕ ਪ੍ਰਮਾਤਮਾ ਨੂੰ ਆਖਣ ਵਾਲੇ ਤਾਂ ਬਹੁਤ ਹਨ ਪਰ ਉਨ੍ਹਾਂ ਨੂੰ ਅਸਲ ਦਾਤਿ ਦੀ ਸਮਝ ਹੀ ਨਹੀਂ ਹੁੰਦੀ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਹੋਰ ਸਪਸ਼ਟ ਕੀਤੀ ਹੋਈ ਹੈ।

“ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥”

ਮਾਇਆ ਮੋਹ ਦੇ ਬੰਧਨ ਤੋਂ ਮੁਕਤ ਹੋਏ ਬਿਨਾਂ ਹਰ ਕੋਈ ਪ੍ਰਮਾਤਮਾ ਨੂੰ ਸਮਝਣ ਵਿੱਚ ਤੇ ਉਸਦੀ ਭਗਤੀ ਨੂੰ ਸਮਝਣ ਵਿੱਚ **“ਖਾਇਕੁ”** ਹੈ ਭਾਵ ਮੂਰਖ ਹੈ, ਨਾਸਮਝ ਹੈ। ਮਨ ਦੀ ਇਸ ਅਵਸਥਾ ਦੁਆਰਾ ਹੀ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਦਾ ਆਖਣ ਵਾਲਾ ਸਮਝਦਾ ਹੈ, ਉਸਦੀ ਭਗਤੀ ਕਰਨ ਵਾਲਾ ਸਮਝਦਾ ਹੈ ਜਿਵੇਂ ਕਿ ਹਰ ਪਾਸੇ ਵੇਖਿਆ ਜਾ ਸਕਦਾ ਹੈ। ਹਰ ਕੋਈ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਪ੍ਰਮਾਤਮਾ ਦਾ ਜੱਸ ਗਾਉਂਣਾ ਸਮਝਦਾ ਹੈ ਜਿਸ ਲਈ ਸੰਸਾਰ ਵਿੱਚ ਅਨੇਕਾਂ ਹੀ ਤਰੀਕੇ ਅਪਨਾਏ ਜਾਂਦੇ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਉਨ੍ਹਾਂ ਤਰੀਕਿਆਂ ਨੂੰ ਸਮਝਿਆ ਹੈ ਤੇ ਉਸ ਹਰ ਤਰੀਕੇ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਹਰ ਕੋਈ ਆਪਣੀ ਮੂਰਖਤਾ ਵਾਲੀ ਭਗਤੀ ਨੂੰ ਹੀ ਸੱਚੀ ਭਗਤੀ ਸਮਝਦਾ ਹੈ ਜਿਸਦਾ ਕਾਰਨ ਸਾਡੇ ਅੰਦਰ

45/5999

ਦਾ ਮਾਇਆ ਬੰਧਨ ਹੈ ਜਿਸ ਕਰਕੇ ਹਰ ਕੋਈ ਮਾਇਆ ਦੀਆਂ ਦਾਤਾਂ ਨੂੰ ਹੀ ਪ੍ਰਮਾਤਮਾ ਦੀਆਂ ਅਸਲ ਦਾਤਾਂ ਸਮਝਦਾ ਹੈ।

ਜਿਹੜੀਆਂ ਦਾਤਾਂ ਉਹ ਵਰਤਦੇ ਹਨ ਭਾਵ ਆਪਣੇ ਮੂੰਹ ਦੁਆਰਾ ਖਾਂਦੇ ਹਨ ਭਾਵ ਆਪਣੇ ਸਰੀਰ ਰਾਹੀਂ ਵਰਤਦੇ ਹਨ ਉਹ ਉਨ੍ਹਾਂ ਨੂੰ ਹੀ ਦਾਤਿ ਸਮਝਦੇ ਹਨ ਭਾਵ ਉਨ੍ਹਾਂ ਨੂੰ ਪ੍ਰਮਾਤਮਾ ਦੀ ਅਸਲ ਦਾਤਿ ਦੀ ਸਮਝ ਹੀ ਨਹੀਂ ਹੁੰਦੀ ਜੋ ਦਾਤਿ ਪ੍ਰਮਾਤਮਾ ਦੀ ਨਾਮ ਦੇ ਰੂਪ ਵਿੱਚ ਮਿਲਦੀ ਹੈ, ਮਨ ਦੇ ਵਿੱਚ ਮਿਲਦੀ ਹੈ, ਮਨ ਦੀ ਸਮਝ ਦੇ ਰੂਪ ਵਿੱਚ ਮਿਲਦੀ ਹੈ, ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਮਿਲਦੀ ਹੈ ਜੋ ਮਨੁੱਖ ਨੂੰ ਮਨ ਦੀ ਮੂਰਖਤਾ ਵਿੱਚੋਂ ਕੱਢਦੀ ਹੈ ਤੇ ਪ੍ਰਮਾਤਮਾ ਦਾ ਅਸਲ ਆਖਣ ਕੀ ਹੈ ਇਸ ਗੱਲ ਦੀ ਸਮਝ ਪਾਉਂਦੀ ਹੈ। **(ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥)**

ਪ੍ਰਮਾਤਮਾ ਆਪਣੀ ਦਾਤਿ ਆਪ ਹੀ ਜਾਣਦਾ ਹੈ ਤੇ ਆਪ ਹੀ ਆਪਣੀ ਦਾਤਿ ਕਿਸੇ ਨੂੰ ਦਿੰਦਾ ਹੈ ਜੋ ਦਾਤਿ ਮਨੁੱਖ ਨੂੰ ਮਾਇਆ ਦੇ ਬੰਧਨ ਤੋਂ ਮੁਕਤ ਕਰਦੀ ਹੈ। ਉਸਦੀ ਇਹ ਦਾਤਿ ਕਿਤਨੀ ਵੱਡੀ ਹੈ ਤੇ ਕਿਸ ਮਕਸਦ ਲਈ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥

ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥”

ਪ੍ਰਮਾਤਮਾ ਦੀ ਇਹ ਦਾਤਿ ਉਸਦੀ ਨਾਮ ਦੀ ਦਾਤਿ ਹੈ ਜੋ ਸੰਸਾਰ ਦੀ ਸਭ ਤੋਂ ਵੱਡੀ ਦਾਤਿ ਹੈ। ਪ੍ਰਮਾਤਮਾ ਆਪ ਆਪਣੀ ਇਸ ਦਾਤਿ ਦੇ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ। ਜੋ ਇਸ ਦਾਤਿ ਨੂੰ ਜਾਣਦਾ ਹੈ ਭਾਵ ਸਮਝਦਾ ਹੈ ਭਾਵ ਇਸ ਦਾਤਿ ਦਾ ਮਾਲਕ ਹੈ ਉਹੀ ਇਸ ਦਾਤਿ ਨੂੰ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਪ੍ਰਮਾਤਮਾ ਆਪ ਹੀ ਆਪਣੀ ਨਾਮ ਦੀ ਦਾਤਿ ਨੂ ਜਾਣਦਾ ਹੈ ਫਿਰ ਆਪ ਹੀ ਆਪਣੀ ਦਾਤਿ ਦਿੰਦਾ ਹੈ। ਪ੍ਰਮਾਤਮਾ ਆਪ ਬ੍ਰਹਮ ਗਿਆਨੀ ਹੈ, ਆਪ ਹੀ ਆਪਣੇ ਬ੍ਰਹਮ ਗਿਆਨ ਨੂੰ ਜਾਣਦਾ ਹੈ ਤੇ ਆਪ ਹੀ ਕਿਸੇ ਵਿਰਲੇ ਨੂੰ ਆਪਣਾ ਬ੍ਰਹਮ ਗਿਆਨ ਦਿੰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਮਾਇਆ ਦੇ

ਬੰਧਨ ਤੋਂ ਮੁਕਤ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬੰਧਨਾਂ ਤੋਂ ਮੁਕਤ ਕਰਕੇ ਗੁਰਬਾਣੀ ਰਾਹੀਂ ਬ੍ਰਹਮ ਗਿਆਨ ਦੀ ਰਚਨਾ ਕੀਤੀ ਹੈ ਤੇ ਆਪਣਾ ਆਖਣ ਸਮਝਾਇਆ ਹੈ ਭਾਵ ਆਪਣੀ ਭਗਤੀ ਦਾ, ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਮਾਰਗ ਸਮਝਾਇਆ ਹੈ। ਉਹ ਆਪਣਾ ਸੱਚਾ ਮਾਰਗ ਕਿਸੇ ਵਿਰਲੇ ਨੂੰ ਹੀ ਸਮਝਾਉਂਦਾ ਹੈ, ਆਪਣੇ ਨਾਮ ਦੀ ਦਾਤਿ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ ਜਿਸ ਕਰਕੇ ਕੋਈ ਵਿਰਲਾ ਹੀ ਪ੍ਰਮਾਤਮਾ ਦਾ ਆਖਣ ਸਮਝ ਸਕਦਾ ਹੈ। **(ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥)** ਜਿਸਨੂੰ ਉਹ ਆਪਣੀ ਦਾਤਿ ਬਖਸ਼ਦਾ ਹੈ ਉਹ ਕਿਤਨੀ ਵੱਡੀ ਦਾਤਿ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥”

ਪ੍ਰਮਾਤਮਾ ਦੀ ਸਿਫਤ ਸਾਲਾਹ ਸਮਝਣੀ ਇਸ ਸੰਸਾਰ ਦੀ ਸਭ ਤੋਂ ਵੱਡੀ ਸਮਝ ਹੈ ਕਿਉਂਕਿ ਪ੍ਰਮਾਤਮਾ ਆਪਣੀ ਸਿਫਤ ਸਾਲਾਹ ਕੇਵਲ ਆਪ ਹੀ ਸਮਝਾ ਸਕਦਾ ਹੈ ਤੇ ਆਪ ਹੀ ਸਮਝਾਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਸਮਝਾਉਂਦਾ ਹੈ ਤੇ ਆਪ ਹੀ ਕਿਸੇ ਵਿਰਲੇ ਨੂੰ ਆਪਣੀ ਸਿਫਤ ਸਾਲਾਹ ਦੇ ਮਾਰਗ ਤੇ ਚਲਾਉਂਦਾ ਹੈ ਜਿਸ ਮਾਰਗ ਤੇ ਮਾਇਆ ਦੀਆਂ ਦਾਤਾਂ ਵਿੱਚੋਂ ਨਿਕਲ ਕੇ, ਮਾਇਆ ਬੰਧਨ ਤੋਂ ਮੁਕਤ ਹੋ ਕੇ ਹੀ ਚੱਲਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਮਨੁੱਖ ਤੇ ਇਹ ਸਭ ਤੋਂ ਵੱਡੀ ਬਖਸ਼ਿਸ਼ ਹੈ ਕਿ ਉਹ ਕਿਸੇ ਕੋਲੋਂ ਆਪਣੀ ਸਿਫਤ ਸਾਲਾਹ ਕਰਾਏ ਜਿਵੇਂ ਕਿ ਉਸਨੇ ਭਗਤਾਂ ਕੋਲੋਂ, ਗੁਰੂ ਸਾਹਿਬਾਨ ਕੋਲੋਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਤੋਂ ਕਰਵਾਈ ਹੈ। ਉਸਦੀ ਸਿਫਤ ਸਾਲਾਹ ਉਹੀ ਕਰ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪਣੀ ਪਾਤਸ਼ਾਹੀ ਬਖਸ਼ ਦਿੰਦਾ ਹੈ ਭਾਵ **“ਪਾਤਿਸਾਹੁ”** ਰੂਪ ਬਣਾ ਲੈਂਦਾ ਹੈ। ਪਾਤਸ਼ਾਹ ਕੇਵਲ ਤੇ ਕੇਵਲ ਆਪ ਪ੍ਰਮਾਤਮਾ ਹੀ ਹੈ ਤੇ ਜਿੱਥੇ ਉਹ ਆਪਣਾ ਰੂਪ ਪ੍ਰਗਟ ਕਰ ਦਿੰਦਾ ਹੈ, ਬੰਧਨ ਤੋਂ ਮੁਕਤ ਕਰ ਦਿੰਦਾ ਹੈ ਉੱਥੇ ਉਹ ਆਪਣਾ ਪਾਤਸ਼ਾਹ ਰੂਪ ਪ੍ਰਗਟ ਕਰ ਦਿੰਦਾ ਹੈ। ਮਨ ਦੇ ਵਿੱਚ ਬ੍ਰਹਮ ਗਿਆਨ ਰੂਪ ਪ੍ਰਮਾਤਮਾ ਦਾ **“ਪਾਤਿਸਾਹੁ”** ਰੂਪ ਹੈ ਤੇ ਬ੍ਰਹਮ ਗਿਆਨ ਦੀ ਸਮਝ ਉਸਦੀ **“ਪਾਤਿਸਾਹੀ”** ਹੈ। ਜਿੱਥੇ ਉਹ ਪਾਤਸ਼ਾਹੀ ਬਖਸ਼ਦਾ ਹੈ ਉੱਥੇ ਉਹ ਆਪਣਾ ਪਾਤਸ਼ਾਹ

ਰੂਪ ਪ੍ਰਗਟ ਕਰਦਾ ਹੈ। ਪ੍ਰਮਾਤਮਾ ਦੀ ਇਹ ਦਾਤਿ ਕਿਤਨੀ ਕੁ ਵੱਡੀ ਦਾਤਿ ਹੈ ਇਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਤੇ ਉਹੀ ਸਮਝ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪਣੀ ਇਹ ਦਾਤਿ ਦੇ ਦਿੰਦਾ ਹੈ। ਇਹ ਦਾਤਿ ਮਿਲਣ ਤੋਂ ਬਾਅਦ ਹੀ ਫਿਰ ਮਾਇਆ ਦੀਆਂ

ਦਾਤਾਂ ਤੁੱਛ ਨਜਰ ਆਉਂਦੀਆਂ ਹਨ। ਪ੍ਰਮਾਤਮਾ ਦੀ ਇਹ ਸੱਚੀ ਦਾਤਿ ਮਨ ਦੇ ਸੱਚੇ ਸੁੱਖ ਦੀ ਦਾਤਿ ਹੈ, ਮਨ ਦੇ ਸੰਤੋਖ ਦੀ ਦਾਤਿ ਹੈ ਜੋ ਦਾਤਿ ਮਨੁੱਖ ਨੂੰ ਮਨ ਦੀਆਂ ਇੱਛਾਵਾਂ ਤੋਂ ਮੁਕਤ ਕਰਦੀ ਹੈ, ਮਨ ਦੇ ਦੁੱਖਾਂ ਤੋਂ ਮੁਕਤ ਕਰਦੀ ਹੈ ਤੇ ਮਨੁੱਖ ਹਰ ਵੇਲੇ ਖੇੜੇ ਵਿੱਚ ਰਹਿੰਦਾ ਹੈ, ਆਵਾਗਉਂਣ ਤੋਂ ਬਾਹਰ ਹੋ ਜਾਂਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੈ। ਸਾਡੇ ਦੁੱਖਾਂ ਦਾ ਕਾਰਨ ਸਾਡੇ ਮਨ ਦੇ ਵਿਚਾਰ ਹੀ ਹਨ ਭਾਵ ਭਰਮਾਂ ਵਾਲੇ ਵਿਚਾਰ ਹੀ ਹਨ ਜੋ ਸਾਨੂੰ ਅਨੇਕਾਂ ਹੀ ਡਰ ਪਾਉਂਦੇ ਹਨ, ਭਉ ਵਿੱਚ ਰੱਖਦੇ ਹਨ। ਪ੍ਰਮਾਤਮਾ ਦੀ ਇਹ ਦਾਤਿ ਮਨੁੱਖ ਨੂੰ ਹਰ ਭਉ ਵਿੱਚੋਂ ਕੱਢ ਲੈਂਦੀ ਹੈ ਤੇ ਕੇਵਲ ਮਨੁੱਖ ਦੇ ਅੰਦਰ ਇੱਕੋ ਇੱਕ ਭਉ ਸੱਚ ਦਾ ਹੀ ਰਹਿ ਜਾਂਦਾ ਹੈ ਭਾਵ ਸੱਚ ਦੇ ਮਾਰਗ ਤੇ ਚੱਲਣ ਦਾ ਭਉ ਰਹਿ ਜਾਂਦਾ ਹੈ ਜਿਸ ਤੇ ਚੱਲਣਾ ਹੀ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨਾ ਹੈ। ਉਹ ਆਪਣੇ ਸੱਚੇ ਮਾਰਗ ਤੇ ਆਪ ਹੀ ਚਲਾਉਂਦਾ ਹੈ, ਖੇੜੇ ਵਿੱਚ ਰੱਖ ਕੇ ਚਲਾਉਂਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦੀ ਸਮਰਥਾ ਆਪ ਹੀ ਬਖਸ਼ਦਾ ਹੈ। ਆਪ ਹੀ ਆਪਣੀ ਜੁਗਤਿ ਦੁਆਰਾ ਮਨੁੱਖ ਦੇ ਦੁਨਿਆਵੀ ਕਾਰਜ ਸਵਾਰ ਦਿੰਦਾ ਹੈ। ਉਹ ਬਹੁਤ ਹੀ ਦਿਆਲ ਹੈ ਜੋ ਦਿਆਲਤਾ ਉਸਦੀ ਉਸਨੂੰ ਜਾਨਣ ਦੁਆਰਾ ਹੀ ਸਮਝ ਆਉਂਦੀ ਹੈ। ਪ੍ਰਮਾਤਮਾ ਦੀ ਬਖਸ਼ਿਸ਼ ਕਿਸੇ ਤੇ ਹੋਏ ਬਿਨਾਂ ਉਸਦੀ ਸਿਫਤ ਸਾਲਾਹ ਕਰਨੀ ਨਾਮੁਮਕਿਨ ਹੈ। ਜਿਹੋ ਜਿਹੀ ਸਿਫਤ ਸਾਲਾਹ ਸੰਸਾਰ ਕਰਨ ਵਿੱਚ ਲੱਗਾ ਹੋਇਆ ਹੈ ਉਹ ਕੇਵਲ ਮਾਇਆ ਮੋਹ ਹੈ, ਮਾਇਆ ਦਾ ਪਾਇਆ ਹੋਇਆ ਭਰਮ ਹੈ ਜਿਸ ਵਿੱਚੋਂ ਨਿਕਲੇ ਬਿਨਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। **(ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥ ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥)**

{ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥ ਨਦਰਿ ਤਿਨ੍ਾ ਕਉ ਨਾਨਕਾ ਨਾਮੁ ਜਿਨ੍ਾ ਨੀਸਾਣੁ॥੨॥}

(ਅੰਗ ੧੨੩੯)

45/6002

{ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥
ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥}

(ਅੰਗ ੧੮)

{ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥
ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥}

(ਅੰਗ ੧੦੦)

{ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥}

(ਅੰਗ ੧੫੦)

{ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥ ਤਹਾ ਸੰਗਤਿ ਸਾਧ ਗੁਣ ਰਸੈ॥
ਅਨਭਉ ਨਗਰੁ ਤਹਾ ਸਦ ਵਸੈ ॥੬॥ ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥੭॥ ਪਾਰਬ੍ਰਹਮ ਕਾ ਅੰਤੁ ਨ ਪਾਰੁ ॥
ਕਉਣੁ ਕਰੈ ਤਾ ਕਾ ਬੀਚਾਰੁ ॥ ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧਸੰਗਿ ਤਰੈ ॥੮॥੪॥}

(ਅੰਗ ੨੩੭)

ਪਉੜੀ ॥

{ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥

ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥
ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥
ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥
ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ ॥੧੮॥}

(ਅੰਗ ੩੧੦-੩੧੧)

ਪਉੜੀ ॥

{ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥
ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥
ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥
ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥
ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥}

(ਅੰਗ ੩੧੨)

{ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥
ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥੪॥੨॥੩੬॥}

(ਅੰਗ ੩੫੯)

{ਪੂੰਜੀ ਨਾਮੁ ਨਿਰੰਜਨ ਸਾਰੁ ॥ ਨਿਰਮਲੁ ਸਾਚਿ ਰਤਾ ਪੈਕਾਰੁ ॥ ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥੨॥}

(ਅੰਗ ੪੧੩)

45/6003

{ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥੧॥}

(ਅੰਗ ੪੬੪)

{ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥
ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ ॥੨॥}

(ਅੰਗ ੫੪੯)

{ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥ ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥੪॥੧॥}

(ਅੰਗ ੫੫੭)

{ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ ॥ ਸਚੈ ਥਾਨਿ ਸਚੁ ਸਾਲਾਹਣਾ ਸਤਿਗੁਰ ਬਲਿਹਾਰੈ ਜਾਉ ॥੬॥
ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ ॥ ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ ॥੭॥

ਨਾਨਕ ਸਚੈ ਮੇਲੇ ਤਾ ਮਿਲੇ ਆਪੇ ਲਏ ਮਿਲਾਇ ॥ ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ ॥੮॥੧॥}

(ਅੰਗ ੫੬੫)

{ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥ ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥
ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥੩॥}

(ਅੰਗ ੭੫੩)

{ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥
ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥
ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥
ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥ ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥
ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥}

(ਅੰਗ ੭੫੩)

ਪਉੜੀ ॥

{ਆਪਿ ਅਲਿਪਤੁ ਸਦਾ ਰਹੈ ਹੋਰਿ ਧੰਧੈ ਸਭਿ ਧਾਵਹਿ ॥ ਆਪਿ ਨਿਹਚਲੁ ਅਚਲੁ ਹੈ ਹੋਰਿ ਆਵਹਿ ਜਾਵਹਿ ॥
ਸਦਾ ਸਦਾ ਹਰਿ ਧਿਆਈਐ ਗੁਰਮੁਖਿ ਸੁਖੁ ਪਾਵਹਿ ॥ ਨਿਜ ਘਰਿ ਵਾਸਾ ਪਾਈਐ ਸਚਿ ਸਿਫਤਿ ਸਮਾਵਹਿ ॥
ਸਚਾ ਗਹਿਰ ਗੰਭੀਰੁ ਹੈ ਗੁਰ ਸਬਦਿ ਬੁਝਾਈ ॥੮॥}

(ਅੰਗ ੯੫੦)

{ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ ॥ ਸਉਪੇ ਜਿਸੁ ਭੰਡਾਰ ਫਿਰਿ ਪੁਛ ਨ ਲੀਤੀਅਨੁ ॥}

(ਅੰਗ ੯੫੮)

45/6004

{ਸਰਬ ਨਿਰੰਤਰਿ ਖਸਮੁ ਏਕੋ ਰਵਿ ਰਹਿਆ ॥ ਗੁਰ ਪਰਸਾਦੀ ਸਚੁ ਸਚੋ ਸਚੁ ਲਹਿਆ ॥
ਦਇਆ ਕਰਹੁ ਦਇਆਲ ਅਪਣੀ ਸਿਫਤਿ ਦੇਹੁ ॥ ਦਰਸਨੁ ਦੇਖਿ ਨਿਹਾਲ ਨਾਨਕ ਪ੍ਰੀਤਿ ਏਹ ॥੧॥}

(ਅੰਗ ੯੬੧)

{ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥
ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥}

(ਅੰਗ ੯੬੭)

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥

ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥ ਅਪਣੀ ਗਹਣ ਗਤਿ ਆਪੇ ਜਾਣੈ ॥
ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥ ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥ ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥ ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥ ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥ ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥}

(ਅੰਗ ੧੦੫੬-੧੦੫੭)

{ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥}

(ਅੰਗ ੧੦੮੪)

{ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥
ਪੈਨਣੁ ਸਿਫਤਿ ਸਨਾਇ ਹੈ ਸਦਾ ਸਦਾ ਓਹੁ ਊਜਲਾ ਮੈਲਾ ਕਦੇ ਨ ਹੋਇ ॥}

(ਅੰਗ ੧੦੯੨)

{ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥
ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥
ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥}

(ਅੰਗ ੧੧੬੯)

{ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥ ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥}

(ਅੰਗ ੧੨੮੧)

ਪ੍ਰਭਾਤੀ ਮਹਲਾ ੧ ॥

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ॥ ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ॥੨॥
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥}

(ਅੰਗ ੧੩੨੯)

45/6005

ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਕੀ ਹੈ ਇਸੇ ਗੱਲ ਨੂੰ ਹੀ ਅਸੀਂ ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਜਿਵੇਂ ਕਿ ਇਸ ਤੋਂ ਪਹਿਲੇ ਮੁੱਖ ਸ਼ਬਦ ਦੁਆਰਾ ਸਮਝਿਆ ਹੈ। ਬੜਾ ਸਪਸ਼ਟ ਹੈ ਕਿ ਪ੍ਰਮਾਤਮਾ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਸਿਫਤ ਸਾਲਾਹ ਨਹੀਂ ਹੋ ਸਕਦੀ। ਕਿਸੇ ਨੂੰ ਵੀ ਅਸੀਂ ਸਲਾਹੁੰਦੇ ਹਾਂ ਯਾ ਸਲਾਹੁਣਾ ਚਾਹੁੰਦੇ ਹਾਂ ਉਸਦੇ ਪਿੱਛੇ ਉਸਦੀਆਂ ਸਿਫਤਾਂ ਹੁੰਦੀਆਂ ਹਨ ਭਾਵ ਉਸੇ ਚੀਜ ਨੂੰ ਸਲਾਹਿਆ ਜਾਂਦਾ ਹੈ ਜਿਸ ਦੀਆਂ ਸਿਫਤਾਂ ਦੀ ਸਾਨੂੰ ਸਮਝ ਹੋਵੇ। ਬਿਨਾਂ ਕਿਸੇ ਨੂੰ ਜਾਣੇ ਅਸੀਂ ਇਹ ਗੱਲ ਕਿਵੇਂ ਕਹਿ ਸਕਦੇ ਹਾਂ ਕਿ ਇਸਦੇ ਵਿੱਚ ਕਿਹੜੀ ਕਿਹੜੀ ਸਿਫਤ ਹੈ। ਜਿਸ ਮਨੁੱਖ ਨੂੰ ਅਸੀਂ ਜਾਣਦੇ ਹੀ ਨਹੀਂ ਉਹ ਕੌਣ ਹੈ, ਕੀ ਕਰਦਾ ਹੈ, ਉਸਦਾ ਰੰਗ ਰੂਪ ਕੀ ਹੈ, ਉਸਦਾ ਕੱਦ ਕਾਠ ਕੀ ਹੈ, ਉਸਦੇ ਬੋਲ ਕਿਹੋ ਜਿਹੇ ਹਨ ਤਦ ਤੱਕ ਅਸੀਂ ਉਸ ਮਨੁੱਖ ਦੀ ਕੀ ਸਿਫਤ ਕਰ ਸਕਦੇ ਹਾਂ। ਕਿਸੇ ਵੀ ਚੀਜ ਨੂੰ ਤਾਂ ਹੀ ਸਲਾਹਿਆਂ ਜਾ ਸਕਦਾ ਹੈ ਜਦੋਂ ਸਾਨੂੰ ਉਸਦੀਆਂ ਸਿਫਤਾਂ ਦਾ ਪਤਾ ਹੋਵੇ, ਉਸਦੀਆਂ ਵਡਿਆਈਆਂ ਦਾ ਪਤਾ ਹੋਵੇ, ਉਸਦੇ ਗੁਣਾਂ ਦਾ ਪਤਾ ਹੋਵੇ। ਪ੍ਰਮਾਤਮਾ ਨੂੰ ਜਾਣੇ ਬਿਨਾਂ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਇਸ ਸੰਸਾਰ ਵਿੱਚ ਜੋ ਵੀ ਸਿਫਤ ਹੈ, ਜੋ ਵੀ ਗੁਣ ਹੈ, ਜੋ ਵੀ ਵਡਿਆਈ ਹੈ ਉਸ ਸਭ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ। ਹਰ ਵਸਤੂ ਗੁਣਾਂ ਨਾਲ ਭਰੀ ਪਈ ਹੈ ਤੇ ਇਹ ਸਾਰੇ ਗੁਣ ਪ੍ਰਮਾਤਮਾ ਦੇ ਹੀ ਹਨ। ਸਾਡੇ ਔਗੁਣਾਂ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਭਾਵ ਸਾਡੇ ਅੰਦਰ ਮਾਇਆ ਵਾਲੀ ਸਮਝ ਪਾਉਂਣ ਦਾ ਗੁਣ ਵੀ ਪ੍ਰਮਾਤਮਾ ਦਾ ਹੀ ਹੈ ਜੋ ਕਿ ਉਸਦੇ ਉੱਚੇ ਗਿਆਨ ਦਾ ਗੁਣ ਹੈ, ਸਾਨੂੰ ਭਰਮਾਂ ਵਿੱਚ ਰੱਖਣਾ ਉਸਦਾ ਗੁਣ ਹੈ ਜਿਸ ਗੁਣ ਦੁਆਰਾ ਉਹ ਆਪਣੇ ਆਪ ਨੂੰ ਮਨੁੱਖ ਤੋਂ ਵੱਖਰਾ ਰੱਖਦਾ ਹੈ ਤੇ ਆਪਣੇ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਉਸਦੀ ਖੇਡ ਨੂੰ ਜਾਣੇ ਬਿਨਾਂ ਕੋਈ ਨਹੀਂ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਕਿੰਨਾਂ ਕੁ ਵੱਡਾ ਹੈ ਜਿਸ ਦੀਆਂ ਵਡਿਆਈਆਂ ਦਾ ਕੋਈ ਅੰਤ ਹੀ ਨਹੀਂ ਹੈ ਕਿਉਂਕਿ ਉਸ ਤੋਂ ਬਿਨਾਂ ਕੋਈ ਹੋਰ ਹੈ ਹੀ ਨਹੀਂ ਕਿਉਂਕਿ ਉਹ ਸਭ ਕੁਝ ਆਪ ਹੀ ਹੈ। ਹਰ ਕੋਈ ਸੁਣੀ ਸੁਣਾਈ ਗੱਲ ਦੁਆਰਾ ਹੀ ਕਹਿੰਦਾ ਹੈ ਕਿ ਪ੍ਰਮਾਤਮਾ ਵੱਡਾ ਹੈ ਤੇ ਆਪਣੀ ਨਾਸਮਝ ਮਤਿ ਦੁਆਰਾ ਹੀ ਹਰ ਕੋਈ ਉਸਦੀ ਵਡਿਆਈ ਕਰਨਾ ਸਮਝਦਾ ਹੈ ਜੋ ਕਿ ਉਸਦਾ ਆਪਣਾ ਹੀ ਪਾਇਆ ਹੋਇਆ ਭਰਮ ਹੈ। ਪ੍ਰਮਾਤਮਾ ਦੀ ਵਡਿਆਈ ਉਹੀ ਜਾਣ ਸਕਦਾ ਹੈ ਜੋ ਮਨ ਦੀ ਸਮਝ ਰਾਹੀਂ ਉਸ ਪ੍ਰਮਾਤਮਾ ਦੇ ਵਿੱਚ ਸਮਾ ਜਾਂਦਾ ਹੈ ਭਾਵ ਮਨ ਦੇ ਗਿਆਨ ਰਾਹੀਂ, ਬ੍ਰਹਮ

45/6006

ਗਿਆਨ ਰਾਹੀਂ, ਨਾਮ ਮਿਲਣ ਰਾਹੀਂ ਪ੍ਰਮਾਤਮਾ ਨਾਲ ਇੱਕ ਹੋ ਜਾਂਦਾ ਹੈ। **(ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥)** ਅੰਗ ੯

ਸਾਡੇ ਲਈ ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ ਭਾਵ ਸਾਡੇ ਲਈ ਉਦੱਮ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਦਿੱਤੀ ਹੋਈ ਮਤਿ ਅਨੁਸਾਰ ਵਿਚਰਨਾ ਹੀ ਸਾਡਾ ਸੱਚਾ ਉਦੱਮ ਹੈ ਜਿਸ ਦੁਆਰਾ ਅਸੀਂ ਉਸ ਵਡਿਆਈਆਂ ਦੇ ਮਾਲਕ ਤੱਕ ਪਹੁੰਚਣ ਦਾ ਸੱਚਾ ਉੱਦਮ ਕਰ ਸਕਦੇ ਹਾਂ ਜਿਸਨੂੰ ਜਾਨਣ ਦੁਆਰਾ ਹੀ ਉਸ ਦੀਆਂ ਵਡਿਆਈਆਂ ਜਾਣੀਆਂ ਜਾ ਸਕਦੀ ਹਨ। ਜਿਸ ਮਨੁੱਖੀ ਸਰੀਰ ਰਾਹੀਂ ਪ੍ਰਮਾਤਮਾ ਆਪਣੀ ਵਡਿਆਈ ਕਰਵਾਉਂਦਾ ਹੈ ਉਸਨੂੰ ਆਪਣੀ ਸਿਫਤ ਸਾਲਾਹ ਦਾ ਕਪੜਾ ਆਪ ਹੀ ਪਾਉਂਦਾ ਹੈ। ਉਸਦੀ ਸਿਫਤ ਸਾਲਾਹ ਦਾ ਕਪੜਾ ਉਸਦਾ ਨਾਮ ਹੈ ਭਾਵ ਬ੍ਰਹਮ ਗਿਆਨ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਹੋਰ ਵੀ ਬਾਰੀਕੀ ਨਾਲ ਸਮਝਿਆ ਜਾ ਸਕਦਾ ਹੈ। ਗੁਰੂ ਦੀ ਮਤਿ, ਗੁਰੂ ਦਾ ਨਾਮ ਸਾਨੂੰ ਚੰਗੀ ਸੰਸਾਰਿਕ ਵਿਚਰਨ ਹੀ ਸਮਝਾਉਂਦਾ ਹੈ ਕਿ ਸਾਡੀ ਸੱਚੀ ਸੁੱਚੀ ਵਿਚਰਨ ਹੀ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਸਾਡਾ ਸੱਚਾ ਉਦੱਮ ਹੈ।

ਪ੍ਰਭਾਤੀ ਮਹਲਾ ੧ ॥

“ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥

ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ ਕਰਤਾ ਤੂ ਮੇਰਾ ਜਜਮਾਨੁ ॥

ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ॥ ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ॥੨॥
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥"

(ਅੰਗ ੧੩੨੯)

ਉਪਰਲੇ ਸ਼ਬਦ ਦੀਆਂ ਪੰਗਤੀਆਂ ਨੂੰ ਲੇਖ ਵਿੱਚ ਪਿੱਛੇ ਵੀ ਕੁਝ ਵਿਚਾਰਿਆ ਹੈ ਤੇ ਫਿਰ ਤੋਂ ਸਮਝਦੇ ਹਾਂ ਕਿ ਪ੍ਰਮਾਤਮਾ ਦੀ ਸਿਫਤ ਕਰਨ ਦਾ ਤਰੀਕਾ ਕੀ ਹੈ। ਪ੍ਰਮਾਤਮਾ ਦੀ ਸਿਫਤ ਕਰਨ ਦਾ ਤਰੀਕਾ ਉਸਦਾ ਨਾਮ ਜਪਣਾ ਹੀ ਹੈ। ਪ੍ਰਮਾਤਮਾ ਦਾ ਨਾਮ ਤਾ ਹੀ ਜਪਿਆ ਜਾ ਸਕਦਾ ਹੈ ਜਦੋਂ ਪ੍ਰਮਾਤਮਾ ਦਾ ਨਾਮ ਮਿਲ ਜਾਂਦਾ ਹੈ ਕਿਉਂਕਿ ਆਪਣਾ ਨਾਮ ਪ੍ਰਮਾਤਮਾ ਆਪ ਹੀ ਦਿੰਦਾ ਹੈ। ਉਹ ਆਪਣਾ ਨਾਮ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਵੇਂ ਕਿ ਉਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਜਿਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੋਈ ਹੈ

45/6007

ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਹੋਇਆ ਹੈ ਤੇ ਉਹਨਾਂ ਨੇ ਨਾਮ ਦੀ ਪ੍ਰਾਪਤੀ ਕਰਨ ਦੁਆਰਾ ਪ੍ਰਮਾਤਮਾ ਦੀ ਕਿਸ ਤਰੀਕੇ ਸਿਫਤ ਸਾਲਾਹ ਕੀਤੀ ਹੈ ਤੇ ਸੰਸਾਰ ਨੂੰ ਕਰਨੀ ਸਮਝਾਈ ਹੈ ਇਹੀ ਗੱਲ ਸਾਨੂੰ ਧੰਨ ਧੰਨ ਪ੍ਰਮਾਤਮਾ ਰੂਪ ਬਾਬਾ ਨਾਨਕ ਜੀ ਉਪਰਲੇ ਸ਼ਬਦ ਰਾਹੀਂ ਸਮਝਾ ਰਹੇ ਹਨ। ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਨਾਮ ਦੀ ਪ੍ਰਾਪਤੀ ਕੀ ਹੈ।

"ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥"

ਧੰਨ ਧੰਨ ਪਹਿਲੀ ਪਾਤਿਸ਼ਾਹੀ ਜਿਨ੍ਹਾਂ ਨੇ ਸਾਡੇ ਲਈ ਇੰਨੀ ਉੱਚੀ ਵਿੱਦਿਆ ਦਿੱਤੀ ਹੈ, ਗੁਰਮਤਿ ਦੇ ਗਿਆਨ ਰੂਪ ਵਿੱਚ ਦਿੱਤੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਦਿੱਤੀ ਹੈ ਉਹ ਕਿਵੇਂ ਦਿੱਤੀ ਹੈ ਤੇ ਕਿਸ ਕੋਲੋਂ ਲੈ ਕੇ ਦਿੱਤੀ ਹੈ। ਉਨ੍ਹਾਂ ਨੇ ਸੰਸਾਰ ਨੂੰ ਜੋ ਵਿੱਦਿਆ ਦਿੱਤੀ ਹੈ ਉਹ ਅੰਮ੍ਰਿਤ ਨਾਮ ਦੀ ਪ੍ਰਾਪਤੀ ਕਰਨ ਦੁਆਰਾ ਦਿੱਤੀ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਆਪਣੇ ਸਰੀਰ ਦੇ ਅੰਦਰ ਪ੍ਰਮਾਤਮਾ ਆਪ ਹੀ ਪਰਗਾਸਿਆ ਭਾਵ ਪ੍ਰਗਟ ਹੋਇਆ ਜਿਸ ਦੁਆਰਾ ਉਨ੍ਹਾਂ ਨੇ ਅੰਮ੍ਰਿਤ ਨਾਮ ਦੀ ਪ੍ਰਾਪਤੀ ਕੀਤੀ ਹੈ। **(ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥)** ਜਦੋਂ ਕਿਸੇ ਸਰੀਰ ਦੇ ਅੰਦਰ ਭਾਵ ਮਨ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ, ਆਪਣੇ ਗਿਆਨ ਦਾ ਪ੍ਰਕਾਸ਼ ਕਰ ਦਿੰਦਾ ਹੈ ਤਦ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਦੇ ਪ੍ਰਗਟ ਹੋਣ ਤੋਂ ਪਹਿਲਾਂ ਮਨੁੱਖ ਇਸ ਸਰੀਰ ਨੂੰ ਆਪਣਾ ਹੀ ਸਮਝਦਾ ਹੈ ਜੋ ਕਿ ਮਨੁੱਖ ਦੀ ਨਾਸਮਝੀ ਹੈ ਤੇ ਮਨ ਦੇ ਅੰਦਰ ਪ੍ਰਗਟ ਹੋਣ ਦੁਆਰਾ ਮਨ ਦੀ ਸਮਝ ਰਾਹੀਂ ਉਹ ਮਨੁੱਖ ਦਾ ਇਹ ਭਰਮ ਕੱਢ ਦਿੰਦਾ ਹੈ। ਪ੍ਰਮਾਤਮਾ ਨੂੰ ਪਾਉਂਣਾ ਜਾਂ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਦਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਨਾ ਗੁਰ ਪ੍ਰਸਾਦਿ ਹੈ ਭਾਵ ਕੇਵਲ ਉਸਦੀ ਆਪਣੀ ਰਜਾ ਹੈ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣੇ ਅੰਮ੍ਰਿਤ ਨਾਮ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੀ ਵਿੱਦਿਆ ਦੇਣ ਲਈ

45/6008

ਹੀ ਕਰਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਦੀ ਸਿੱਖਿਆ ਦੇਣ ਲਈ ਹੀ ਕਰਦਾ ਹੈ। ਪ੍ਰਮਾਤਮਾ ਆਪਣੀ ਵਿੱਦਿਆ ਮਨ ਦੇ ਵਿੱਚ ਹੀ ਦਿੰਦਾ ਹੈ, ਮਨ ਦੇ ਵਿੱਚ ਆਪਣੇ ਲੇਖ ਲਿਖਣ ਦੁਆਰਾ ਹੀ ਦਿੰਦਾ ਹੈ। ਜੋ ਮਨ ਦੇ ਵਿੱਚ ਉਹ ਲੇਖ ਲਿਖਦਾ ਹੈ ਭਾਵ ਜਿਹੋ ਜਿਹੇ ਵਿਚਾਰ ਮਨ ਦੇ ਵਿੱਚ ਉਹ ਪਾਉਂਦਾ ਹੈ ਉਹੀ ਉਸਦਾ ਮਨੁੱਖੀ ਰੂਪ ਮਨ ਦੇ ਵਿੱਚੋਂ ਪੜਦਾ ਹੈ। ਉਹ ਆਪਣੀ ਵਿੱਦਿਆ ਅੰਮ੍ਰਿਤ ਨਾਮ ਦੇ ਰੂਪ ਵਿੱਚ ਹੀ ਦਿੰਦਾ ਹੈ। ਜੋ ਕੁਝ ਉਸਦਾ ਮਨੁੱਖੀ ਰੂਪ ਮਨ ਦੇ ਵਿੱਚੋਂ ਪੜਦਾ ਹੈ ਉਸਨੂੰ ਉਹ ਆਪਣੇ ਅੰਦਰ ਵਿਚਾਰਦਾ

ਹੈ। ਪ੍ਰਮਾਤਮਾ ਮਨ ਦੇ ਵਿੱਚ ਆਪਣੇ ਸ਼ਬਦਾਂ ਦੀ ਵਿਚਾਰ ਹੀ ਦਿੰਦਾ ਹੈ ਜਿਨ੍ਹਾਂ ਵਿਚਾਰਾਂ ਨੂੰ ਉਸਦਾ ਮਨੁੱਖੀ ਰੂਪ ਆਪਣੇ ਅੰਦਰ ਵਿਚਾਰਦਾ ਹੈ ਭਾਵ ਆਪਣੀ ਸਮਝ ਵਿੱਚ ਉਨ੍ਹਾਂ ਵਿਚਾਰਾਂ ਨੂੰ ਮੰਨਦਾ ਹੈ, ਉਨ੍ਹਾਂ ਵਿਚਾਰਾਂ ਨਾਲ ਇੱਕ ਹੋ ਜਾਂਦਾ ਹੈ। ਪ੍ਰਮਾਤਮਾ ਦੇ ਦਿੱਤੇ ਹੋਏ ਵਿਚਾਰਾਂ ਨਾਲ ਇੱਕ ਹੋ ਜਾਣਾ ਪ੍ਰਮਾਤਮਾ ਦੇ ਨਾਲ ਇੱਕ ਹੋ ਜਾਣਾ ਹੈ, ਨਾਮ ਵਾਲੇ ਬਣ ਜਾਣਾ ਹੈ ਤੇ ਮਨ ਦੀ ਇਹੋ ਜਿਹੀ ਸਮਝ ਦੁਆਰਾ ਉਸਦੇ ਮਨੁੱਖੀ ਰੂਪ ਨੂੰ ਮਨ ਦੇ ਵਿੱਚ ਹੀ ਪ੍ਰਮਾਤਮਾ ਕੋਲੋਂ ਮਾਨ ਮਿਲਦਾ ਹੈ, ਉਸਦੀ ਸਮਝਾਈ ਹੋਈ ਗੱਲ ਨੂੰ ਮੰਨਣ ਦਾ ਮਾਨ ਮਿਲਦਾ ਹੈ। **(ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥ ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥)** ਜਦੋਂ ਪ੍ਰਮਾਤਮਾ ਦਾ ਮਨੁੱਖੀ ਰੂਪ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਫਿਰ ਉਹ ਇਸ ਗੱਲ ਨੂੰ ਸਮਝ ਲੈਂਦਾ ਹੈ ਕਿ ਪ੍ਰਮਾਤਮਾ ਨੇ ਆਪਣੇ ਆਪ ਨੂੰ ਇਸ ਸਰੀਰ ਦੇ ਵਿੱਚ ਕਿਸ ਕਰਕੇ ਪ੍ਰਗਟ ਕੀਤਾ ਹੈ ਤੇ ਉਹ ਪ੍ਰਮਾਤਮਾ ਕੋਲੋਂ ਉਹੀ ਕੁਝ ਮੰਗਦਾ ਹੈ ਜਿਸ ਲਈ ਪ੍ਰਮਾਤਮਾ ਉਸਦੇ ਅੰਦਰ ਪ੍ਰਗਟ ਹੁੰਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਰਤਾ ਤੂ ਮੇਰਾ ਜਜਮਾਨੁ ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥”

ਪ੍ਰਮਾਤਮਾ ਜਿਸਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਨਾਮ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਕਿਉਂਕਿ

ਪ੍ਰਮਾਤਮਾ ਆਪ ਨਾਮ ਦੇ ਰੂਪ ਵਿੱਚ ਹੀ ਹੈ। ਆਪਣੇ ਨਾਮ ਰਾਹੀਂ ਉਹ ਜੋ ਕੁਝ ਸਮਝ ਆਪਣੇ ਮਨੁੱਖੀ ਰੂਪ ਵਿੱਚ ਪਾਉਂਦਾ ਹੈ ਉਹ ਉਸਦੀ **“ਦਖਿਣਾ”** ਹੁੰਦੀ ਹੈ ਭਾਵ ਉਸਦਾ ਦਾਨ ਹੁੰਦਾ ਹੈ ਜੋ ਕਿ ਉਸਦਾ ਨਾਮ ਦਾ ਦਾਨ ਹੈ। ਪ੍ਰਮਾਤਮਾ ਆਪ ਹੀ ਨਾਮ ਦੇਣ ਦਾ ਜਜਮਾਨ ਹੈ ਭਾਵ ਦਾਤਾ ਹੈ ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਨਾਮ ਦਾ ਦਾਨ ਨਹੀਂ ਦੇ ਸਕਦਾ ਭਾਵ ਧਰਮ ਦੇ ਮਾਰਗ ਤੇ ਸੱਚੀ ਸਿੱਖਿਆ ਨਹੀਂ ਦੇ ਸਕਦਾ ਜਿਸ ਰਾਹੀਂ ਇਹ ਸੰਸਾਰ ਦੀ ਅਸਲੀਅਤ ਸਮਝ ਪੈਂਦੀ ਹੈ ਤੇ ਸੰਸਾਰ ਵਿੱਚ ਵਿਚਰਨ ਦਾ ਸਹੀ ਮਾਰਗ ਸਮਝ ਪੈਂਦਾ ਹੈ ਜੋ ਪ੍ਰਮਾਤਮਾ ਆਪ ਹੀ ਆਪਣਾ ਨਾਮ ਦਾਨ ਦੇਣ ਦੁਆਰਾ ਪਾਉਂਦਾ ਹੈ। ਜਿਨ੍ਹਾਂ ਨੇ ਗੁਰਬਾਣੀ ਰਾਹੀਂ ਸੰਸਾਰ ਨੂੰ ਸੱਚੀ ਸਿੱਖਿਆ ਦਾ ਦਾਨ ਦਿੱਤਾ ਹੈ, ਨਾਮ ਦਾ ਦਾਨ ਦਿੱਤਾ ਹੈ ਉਨ੍ਹਾਂ ਨੇ ਪ੍ਰਮਾਤਮਾ ਕੋਲੋਂ ਹੀ ਇਹ ਦਾਨ ਲਿਆ ਹੈ ਤੇ ਇਹੀ ਕੁਝ ਪ੍ਰਮਾਤਮਾ ਕੋਲੋਂ ਮੰਗਿਆ ਹੈ ਕਿਉਂਕਿ ਇਸ ਦਾਨ ਤੋਂ ਉੱਤੇ ਸੰਸਾਰ ਵਿੱਚ ਹੋਰ ਦਾਨ ਨਹੀਂ ਹੈ। ਨਾਮ ਦੇ ਦਾਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਮਿਲਦਾ ਹੈ ਤੇ ਮਨ ਦੇ ਵਿੱਚ ਆਪਣੇ ਮਨੁੱਖੀ ਰੂਪ ਨਾਲ ਆਪ ਹੀ ਗੱਲਾਂ ਕਰਦਾ ਹੈ ਤੇ ਫਿਰ ਉਸ ਤੋਂ ਵੱਡਾ ਦਾਨ ਸੰਸਾਰ ਵਿੱਚ ਹੋਰ ਕੀ ਹੋ ਸਕਦਾ ਹੈ। **(ਕਰਤਾ ਤੂ ਮੇਰਾ ਜਜਮਾਨੁ ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥)**

{ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥
ਕਰਿ ਕਰਤਾ ਤੂ ਏਕੋ ਜਾਣੁ ॥੭॥ ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ ੯੦੩)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥ ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ॥੪॥੧੮॥}

(ਅੰਗ ੩੫੪)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥ ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥}

(ਅੰਗ ੧੦੬੯-੧੦੭੦)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥}

(ਅੰਗ ੯੯੨)

45/6010

ਜਿਸਨੂੰ ਪ੍ਰਮਾਤਮਾ ਆਪਣੇ ਨਾਮ ਦਾ ਦਾਨ ਦਿੰਦਾ ਹੈ, ਦਖਿਣਾ ਦਿੰਦਾ ਹੈ ਉਹ ਕਿਸ ਰੂਪ ਵਿੱਚ ਦਿੰਦਾ ਹੈ ਤੇ ਕਿਸ ਮਕਸਦ ਲਈ ਦਿੰਦਾ ਹੈ ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥”

ਪ੍ਰਮਾਤਮਾ ਦਾ ਨਾਮ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਮਿਲਦਾ ਹੈ ਜੋ ਗਿਆਨ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪ੍ਰਗਟ ਹੋਣ ਦੁਆਰਾ ਦਿੰਦਾ ਹੈ, ਮਨ ਦੇ ਵਿੱਚ ਆਪਣੇ ਉੱਚੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਦਿੰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਹਰ ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਕੱਢ ਲੈਂਦਾ ਹੈ ਜਿਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ। ਆਪਣੇ ਨਾਮ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਗੁਰਮਤਿ ਦੀ ਸੋਝੀ ਹੀ ਪਾਉਂਦਾ ਹੈ, ਆਪਣੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਸੋਝੀ ਹੀ ਪਾਉਂਦਾ ਹੈ, ਧਰਮ ਦੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ। ਉਸਦਾ ਨਾਮ ਮਿਲਣ ਤੋਂ ਪਹਿਲਾਂ ਸਾਰਾ ਸੰਸਾਰ ਹਉਮੈ ਵਾਲੀ ਮਤਿ ਵਿੱਚ ਹੀ ਹੁੰਦਾ ਹੈ, ਮਾਇਆ ਮੋਹ ਵਿੱਚ, ਦੁਰਮਤਿ ਵਿੱਚ ਹੀ ਹੁੰਦਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਤੋਂ ਸੱਖਣਾ ਹੀ ਹੁੰਦਾ ਹੈ। ਮਨ ਦੀ ਮਾੜੀ ਸਮਝ ਕਰਕੇ ਮਨੁੱਖ ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਵਿੱਚ ਜੁੜਿਆ ਰਹਿੰਦਾ ਹੈ ਜਿਸ ਕਰਕੇ ਉਹ ਅਨੇਕਾਂ ਮਾੜੇ ਕਰਮ ਕਰਦਾ ਹੈ ਤੇ ਪੰਜੇ ਚੋਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਡੇ ਅੰਦਰੋਂ ਨਾਮ ਦੀ ਚੋਰੀ ਕਰਦੇ ਰਹਿੰਦੇ

ਹਨ ਜਿਨ੍ਹਾਂ ਵਿੱਚ ਰਹਿੰਦਿਆਂ ਮਨੁੱਖ ਨਾਮ ਨਹੀਂ ਜਪ ਸਕਦਾ ਕਿਉਂਕਿ ਇਹ ਪੰਜੇ ਚੋਰ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਨੂੰ ਟਿਕਣ ਨਹੀਂ ਦਿੰਦੇ, ਗੁਰਮਤਿ ਨੂੰ ਸਾਡੇ ਅੰਦਰੋਂ ਚੁਰਾਉਂਦੇ ਰਹਿੰਦੇ ਹਨ ਤੇ ਸਾਨੂੰ ਵਿਕਾਰਾਂ ਨਾਲ ਜੋੜਕੇ ਰੱਖਦੇ ਹਨ, ਦੁਰਮਤਿ ਨਾਲ ਜੋੜਕੇ ਰੱਖਦੇ ਹਨ। ਜਦੋਂ ਮਨੁੱਖ ਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੱਚਾ ਗਿਆਨ ਮਿਲ ਜਾਂਦਾ ਹੈ, ਬ੍ਰਹਮ ਗਿਆਨ ਮਿਲ ਜਾਂਦਾ ਹੈ, ਨਾਮ ਦਾ ਦਾਨ ਮਿਲ ਜਾਂਦਾ ਹੈ ਉਹ ਫਿਰ ਮਨੁੱਖ ਦੀ ਮਾੜੀ ਮਤਿ ਨੂੰ ਬਦਲ ਕੇ ਚੰਗੀ ਮਤਿ ਬਣਾ ਦਿੰਦਾ ਹੈ, ਗੁਰਮਤਿ ਵਾਲੀ ਮਤਿ ਬਣਾ ਦਿੰਦਾ ਹੈ ਭਾਵ ਨਾਮ ਜਪਣ ਵਾਲੀ ਮਤਿ ਬਣਾ ਦਿੰਦਾ ਹੈ

45/6011

ਜੋ ਮਤਿ ਹਰ ਵੇਲੇ ਗੁਰਮਤਿ ਨਾਲ ਹੀ ਜੁੜੀ ਰਹਿੰਦੀ ਹੈ। ਨਾਮ ਮਿਲਣ ਤੋਂ ਪਹਿਲਾਂ ਹਰ ਕੋਈ ਆਪਣੇ ਆਪ ਦਾ ਮਾਨ ਕਰਦਾ ਹੈ, ਧਾਰਮਿਕ ਹੋਣ ਦਾ ਮਾਨ ਕਰਦਾ ਹੈ, ਆਪਣੀ ਸਮਝ ਤੇ ਮਾਨ ਕਰਦਾ ਹੈ ਪਰ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਨਣ ਤੋਂ ਬਾਅਦ, ਨਾਮ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਮਨੁੱਖ ਦਾ ਮਾਨ ਮਿੱਟ ਜਾਂਦਾ ਹੈ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਉਸਦੀ ਆਪਣੀ ਹੋਂਦ ਹੀ ਝੂਠੀ ਹੈ ਤੇ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪਣੇ ਨਾਮ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਸਭ ਵਿੱਚ ਸਮਾਇਆ ਹੋਇਆ ਹੈ ਭਾਵ ਪ੍ਰਮਾਤਮਾ ਸਭ ਕੁਝ ਆਪ ਹੀ ਹੈ। **(ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥ ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥)**

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੮)

ਹਰ ਕੋਈ ਪ੍ਰਮਾਤਮਾ ਦੇ ਕੋਲੋਂ ਉਸ ਦੀਆਂ ਉਨ੍ਹਾਂ ਦਾਤਾਂ ਨੂੰ ਮੰਗਦਾ ਹੈ ਜਿਨ੍ਹਾਂ ਨੂੰ ਮਨੁੱਖ ਆਪਣੇ ਜੀਵਨ ਵਿੱਚ ਵਰਤਦਾ ਹੈ ਕਿਉਂਕਿ ਉਹ ਉਨ੍ਹਾਂ ਵਿੱਚ ਸੁੱਖ ਮਹਿਸੂਸ ਕਰਦਾ ਹੈ। ਪਰ ਅਸਲ ਦਾਤਿ ਕੀ ਹੈ, ਉਹ ਪ੍ਰਮਾਤਮਾ ਦੇ ਨਾਮ ਦੀ ਦਾਤਿ ਹੈ ਭਾਵ ਬ੍ਰਹਮ ਗਿਆਨ ਦੀ ਦਾਤਿ ਹੈ ਜਿਸ ਦੁਆਰਾ ਜੀਵਨ ਦਾ ਅਸਲ ਮਾਰਗ ਸਮਝ ਆਉਂਦਾ ਹੈ ਭਾਵ ਪ੍ਰਮਾਤਮਾ ਦੇ ਗੁਣ ਗਾਉਣੇ ਸਮਝ ਆਉਂਦੇ ਹਨ। ਜਿਨ੍ਹਾਂ ਨੂੰ ਨਾਮ ਦੀ ਦਾਤਿ ਮਿਲ ਜਾਂਦੀ ਹੈ ਜਿਵੇਂ ਕਿ ਉਪਰ ਪੰਗਤੀਆਂ ਦੁਆਰਾ ਸਮਝਿਆ ਹੈ ਉਹ ਫਿਰ ਪ੍ਰਮਾਤਮਾ ਕੋਲੋਂ ਕਿਹੋ ਜਿਹਾ ਦਾਨ ਮੰਗਦੇ ਹਨ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥”

45/6012

ਅਸੀਂ ਆਪਣੇ ਜੀਵਨ ਵਿੱਚ ਵਰਤਣ ਲਈ ਅਨਾਜ ਮੰਗਦੇ ਹਾਂ, ਚਾਵਲ, ਕਣਕ ਆਦਿ ਮੰਗਦੇ ਹਾਂ, ਧਨ ਦੌਲਤ ਮੰਗਦੇ ਹਾਂ, ਦੁੱਧ ਮੰਗਦੇ ਹਾਂ, ਘਿਉ ਮੰਗਦੇ ਹਾਂ ਤੇ ਉਸਦੀ ਵਰਤੋਂ ਨਾਲ ਅਸੀਂ ਆਪਣੇ ਜੀਵਨ ਵਿੱਚ ਸੁੱਖ ਦੀ ਪ੍ਰਾਪਤੀ ਕਰਦੇ ਹਾਂ। ਧਰਮ ਦੇ ਮਾਰਗ ਤੇ ਚੱਲਣ ਲਈ ਅਸਲ ਸੁੱਖ ਸਾਡੇ ਮਨ ਦੀ ਸਮਝ ਹੈ, ਬ੍ਰਹਮ ਗਿਆਨ ਹੈ ਜਿਸ ਦੁਆਰਾ ਧਰਮ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਧਰਮ ਦਾ ਮਾਰਗ ਸਾਡੇ ਸੱਚੇ ਸੁੱਚੇ ਕਰਮ ਹਨ ਜਿਨ੍ਹਾਂ ਦੁਆਰਾ ਸਾਨੂੰ ਜੋ ਕੁਝ ਵੀ ਪ੍ਰਾਪਤੀ ਹੁੰਦੀ ਹੈ ਉਸ ਪ੍ਰਾਪਤੀ ਨਾਲ ਸਾਡਾ ਜਿਹੋ ਜਿਹਾ ਜੀਵਨ ਬਤੀਤ ਹੁੰਦਾ ਹੈ ਉਸ ਜੀਵਨ ਵਿੱਚ ਸੱਚਾ ਸੁੱਖ ਹੈ। ਦਾਤਾਂ ਦੀ ਪ੍ਰਾਪਤੀ ਮਾੜੇ ਕਰਮਾਂ ਨਾਲ ਵੀ ਹੁੰਦੀ ਹੈ ਤੇ ਚੰਗੇ ਕਰਮਾਂ ਨਾਲ ਵੀ ਹੁੰਦੀ ਹੈ ਤੇ ਸਾਨੂੰ ਉਪਰ ਪੰਗਤੀਆਂ ਰਾਹੀਂ ਸੱਚੇ ਸੁੱਚੇ ਕਰਮ ਕਰਨ ਦੁਆਰਾ ਪ੍ਰੇਰਿਆ ਹੋਇਆ ਹੈ ਜਿਸ ਦੁਆਰਾ ਅਸੀਂ ਸੱਚੀ ਸੁੱਚੀ ਕਮਾਈ ਕਰਦੇ ਹਾਂ। ਜਤੁ ਸਤੁ ਸਾਡੇ ਚੰਗੇ ਆਚਰਨ ਲਈ ਹੀ ਹੈ ਜੋ ਵਿਕਾਰਾਂ ਤੋਂ ਰਹਿਤ ਹੋ ਕੇ ਹੁੰਦਾ ਹੈ ਜਿਸ ਦੁਆਰਾ ਅਸੀਂ ਚੰਗੇ ਕਰਮ ਕਰਦੇ ਹਾਂ ਭਾਵ ਜੋ ਕੁਝ ਵੀ ਕਮਾਉਂਦੇ ਹਾਂ ਉਹ ਚੰਗੇ ਕਰਮ ਕਰਨ ਦੁਆਰਾ ਕਮਾਉਂਦੇ ਹਾਂ। ਚੰਗੇ ਕਰਮ ਮਨ ਦੇ ਸੰਤੋਖ ਦੁਆਰਾ ਹੁੰਦੇ ਹਨ ਭਾਵ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਹੁੰਦੇ ਹਨ। ਜਿਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ

ਫਿਰ ਧਰਮ ਦੇ ਮਾਰਗ ਤੇ ਚੱਲਣ ਲਈ ਚੰਗੇ ਕਰਮ ਕਰਨੇ ਹੀ ਮੰਗਦੇ ਹਨ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਹੀ ਮੰਗਦੇ ਹਨ ਜੋ ਪ੍ਰਮਾਤਮਾ ਦਾ ਸੱਚਾ ਦਾਨ ਹੈ, ਉਸਦਾ ਸੱਚਾ ਧਨ ਹੈ। **(ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ॥ ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ॥੩॥)**

ਪਉੜੀ ॥

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥

ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥

ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਪ੍ਰਮਾਤਮਾ ਦੇ ਕੋਲੋਂ ਜੋ ਚੰਗੇ ਕਰਮ ਕਰਨ ਦਾ ਦਾਨ ਮੰਗਦਾ ਹੈ, ਨਾਮ ਤੇ ਚੱਲਣ ਦਾ ਦਾਨ ਮੰਗਦਾ ਹੈ ਉਹ ਮਨ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਮੰਗਦਾ ਹੈ ਕਿਉਂਕਿ ਜੋ ਕੁਝ ਵੀ ਮਨੁੱਖ

ਕਰਦਾ ਹੈ ਉਹ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ। ਮਨ ਦੀ ਮਾੜੀ ਸਮਝ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ ਤੇ ਮਨ ਦੀ ਚੰਗੀ ਸਮਝ ਸਾਡੇ ਕੋਲੋਂ ਚੰਗੇ ਕਰਮ ਕਰਵਾਉਂਦੀ ਹੈ। ਇਸੇ ਲਈ ਨਾਮ ਦਾ ਦਾਨ ਮੰਗਣ ਵਾਲੇ ਚੰਗੀ ਸਮਝ ਦਾ ਦਾਨ ਹੀ ਮੰਗਦੇ ਹਨ ਜਿਸ ਦੁਆਰਾ ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਜਾ ਸਕੇ, ਉਸਦੇ ਗੁਣ ਗਾਏ ਜਾ ਸਕਣ ਜੋ ਕਿ ਸਾਡੇ ਸੱਚੇ ਸੁੱਚੇ ਕਰਮ ਹੀ ਹਨ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥

ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥"

"ਖਿਮਾ" ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੈ। ਖਿਮਾ ਸਾਨੂੰ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ, ਮਨ ਦੀ ਸਮਝ ਦੁਆਰਾ ਬਖਸ਼ਦਾ ਹੈ, ਮਾਇਆ ਮੋਹ ਵਾਲੀ ਮਤਿ ਤੋਂ ਮੁਕਤ ਕਰਨ ਦੁਆਰਾ ਬਖਸ਼ਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤੀ ਹੁੰਦੀ ਹੈ ਤੇ ਮਨ ਦੇ ਵਿੱਚ ਸੰਤੋਖ ਆਉਂਦਾ ਹੈ ਭਾਵ ਧੀਰਜ ਆਉਂਦਾ ਹੈ ਜਿਸ ਤੋਂ ਬਾਅਦ ਫਿਰ ਮਨੁੱਖ ਦਾ ਮਨ ਮਾਇਆ ਮੋਹ ਵਿੱਚ ਨਹੀਂ ਡੋਲਦਾ, ਵਿਕਾਰਾਂ ਤੋਂ ਮੁਕਤ ਹੋ ਕੇ ਵਿਚਰਦਾ ਹੈ। ਪ੍ਰਮਾਤਮਾ ਮਨ ਦੇ ਵਿੱਚ ਸਾਨੂੰ ਇਹ ਮਤਿ ਆਪ ਹੀ ਦਿੰਦਾ ਹੈ, ਸਹਜ ਦੀ ਅਵਸਥਾ ਦੁਆਰਾ ਦਿੰਦਾ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ। ਪ੍ਰਮਾਤਮਾ ਮਨ ਦੇ ਵਿੱਚ ਇਹ ਸਮਝ **"ਲਵੇਰੀ ਗਊ"** ਦੁਆਰਾ ਦਿੰਦਾ ਹੈ। ਸਾਡੇ ਅੰਦਰ ਲਵੇਰੀ ਗਊ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਦੁਆਰਾ ਉਹ ਮਨੁੱਖੀ ਮਤਿ ਨੂੰ ਦੁੱਧ ਪਿਆਉਂਦਾ ਹੈ, ਆਪਣੇ ਪੈਦਾ ਕੀਤੇ ਹੋਏ ਬਛਰੇ ਨੂੰ ਦੁੱਧ ਪਿਆਉਂਦਾ ਹੈ ਭਾਵ ਉਸਦੀ ਰਖਵਾਲੀ ਕਰਦਾ ਹੈ, ਆਪਣੇ ਜੀਅ ਨੂੰ ਆਪ ਪਾਲਦਾ ਹੈ। ਆਪਣੇ ਬਛਰੇ ਨੂੰ ਜੋ ਉਹ ਆਪ ਦੁੱਧ ਪਿਆਉਂਦਾ ਹੈ, ਸਹਜ ਦੇ ਰੂਪ ਵਿੱਚ ਪਿਆਉਂਦਾ ਹੈ ਤੇ ਉਹ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸਮਝ ਹੁੰਦੀ ਹੈ ਜੋ ਕਿ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੁੰਦੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੁੰਦੀ ਹੈ, ਨਾਮ ਦੇ ਰੂਪ ਵਿੱਚ

ਹੁੰਦੀ ਹੈ। **(ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥)** ਪ੍ਰਮਾਤਮਾ ਦੀ ਸਿਫਤ ਸਾਲਾਹ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਮਨੁੱਖ ਚੰਗੇ ਕਰਮ ਕਰਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥"

ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਜੋ ਉੱਚਾ ਗਿਆਨ ਮਿਲਦਾ ਹੈ, ਸਹਜ ਦੀ ਅਵਸਥਾ ਦੁਆਰਾ ਮਿਲਦਾ ਹੈ ਉਹ ਸਾਡੀ ਸਮਝ ਦਾ ਕਪੜਾ ਹੈ ਜੋ ਸਾਡੀ ਸਮਝ ਨੂੰ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਨਾਮ ਦੇ ਰੂਪ ਵਿੱਚ ਪਾਉਂਦਾ ਹੈ। ਧਰਮ ਦੇ ਮਾਰਗ ਦੀ ਸੱਚੀ ਸਮਝ ਮਨ ਦੀ ਇਸ ਅਵਸਥਾ ਦੁਆਰਾ ਹੀ ਪੈਂਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ ਜੋ ਸਿਫਤ ਕਰਨ ਦਾ ਤਰੀਕਾ ਸਾਡਾ **"ਸਰਮ"** ਹੈ ਭਾਵ ਸਾਡਾ ਕਾਰ ਵਿਹਾਰ ਹੈ ਜਿਸ ਦੁਆਰਾ ਅਸੀਂ ਮਾਇਆ ਕਮਾਉਂਦੇ ਹਾਂ, ਆਪਣਾ ਜੀਵਨ ਚਲਾਉਂਣ ਲਈ, ਗ੍ਰਹਿਸਥੀ ਚਲਾਉਂਣ ਲਈ ਕਾਰ ਵਿਹਾਰ ਕਰਦੇ ਹਾਂ। ਮਨ ਦੀ ਸੱਚੀ ਸਮਝ ਦੁਆਰਾ, ਮਨ ਦੇ ਸੰਤੋਖ ਦੁਆਰਾ ਅਸੀਂ ਸੱਚੇ ਸੁੱਚੇ ਕਰਮ ਹੀ ਕਰਦੇ ਹਾਂ ਤੇ ਸਾਡੇ ਇਹੋ ਜਿਹੇ ਚੰਗੇ ਕਰਮ ਹੀ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਹੈ, ਉਸਦੇ ਗੁਣ ਗਾਉਂਣੇ ਹਨ। **(ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥ ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥)**

ਅਨੇਕਾਂ ਸ਼ਬਦਾਂ ਦੁਆਰਾ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੀ ਵਡਿਆਈ ਉਸਨੂੰ ਜਾਨਣ ਦੁਆਰਾ ਹੀ ਹੁੰਦੀ ਹੈ ਭਾਵ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਦੀ ਵਡਿਆਈ ਮਨ ਦੀ ਸਮਝ ਦੁਆਰਾ ਹੀ ਹੁੰਦੀ ਹੈ, ਸੱਚੇ ਗਿਆਨ ਵਾਲੀ ਸਮਝ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਹੁੰਦੀ ਹੈ। ਪ੍ਰਮਾਤਮਾ ਦਾ ਘਰ ਸਾਡੇ ਮਨ ਦੇ ਵਿੱਚ ਹੀ ਹੈ ਤੇ ਆਪਣੀ ਸੱਚੀ ਵਡਿਆਈ ਪ੍ਰਮਾਤਮਾ ਆਪਣੇ ਘਰ ਦੇ ਵਿੱਚ ਹੀ ਸਮਝਾਉਂਦਾ

ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚ ਪਹੁੰਚੇ ਬਿਨਾਂ ਪ੍ਰਮਾਤਮਾ ਦੀ ਵਡਿਆਈ ਕੀ ਹੈ, ਪ੍ਰਮਾਤਮਾ ਦਾ ਜੱਸ ਗਾਉਂਣਾ ਕੀ ਹੈ ਇਸ ਗੱਲ ਦੀ ਸਮਝ ਨਹੀਂ ਪੈਂਦੀ। ਪੂਰੀ ਗੁਰਬਾਣੀ ਸਾਨੂੰ ਪ੍ਰਮਾਤਮਾ ਦਾ ਜੱਸ ਗਾਉਂਣਾ ਹੀ ਸਮਝਾ ਰਹੀ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦੇ ਘਰ ਵਿੱਚੋਂ ਹੀ ਆਈ ਹੈ, ਮਨੁੱਖੀ ਮਨ ਦੇ ਘਰ ਵਿੱਚੋਂ ਹੀ ਆਈ ਹੈ। ਜਿਸ ਮਨੁੱਖੀ ਮਨ ਦੇ ਅੰਦਰ, ਜੋਤਿ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ ਕੇਵਲ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਦਾ ਘਰ ਕੀ ਹੈ, ਪ੍ਰਮਾਤਮਾ ਦੀ ਦਰਗਾਹ ਕੀ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੇ ਘਰ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਆਪਣੇ ਜੀਵਨ ਵਿੱਚ ਪ੍ਰਮਾਤਮਾ ਦੀ ਵਡਿਆਈ ਦੇ ਮਾਰਗ ਤੇ ਚੱਲ ਕੇ ਦਿਖਾਇਆ ਹੈ ਤੇ ਸੰਸਾਰ ਨੂੰ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਮਾਰਗ ਸਮਝਾਇਆ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਨਾਨਕ ਦੇਵ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਨ੍ਹਾਂ ਨੇ ਪ੍ਰਮਾਤਮਾ ਦੀ ਕੀਰਤੀ ਕਿਵੇਂ ਗਾਈ ਹੈ, ਪ੍ਰਮਾਤਮਾ ਦਾ ਸੋਹਿਲਾ ਕਿਵੇਂ ਗਾਇਆ ਹੈ, ਉਸਦਾ ਜੱਸ ਕਿਵੇਂ ਗਾਇਆ ਹੈ ਤੇ ਕਿੱਥੋਂ ਉਨ੍ਹਾਂ ਨੇ ਜੱਸ ਗਾਉਂਣਾ ਸਿੱਖਿਆ ਹੈ।

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

"ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥
ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥
ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥
ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥"

(ਅੰਗ ੧੨)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਹੀ ਸਾਨੂੰ ਸਮਝ ਲੱਗ ਜਾਵੇਗੀ ਕਿ ਪ੍ਰਮਾਤਮਾ ਦੇ ਘਰ ਵਿੱਚੋਂ ਸਾਨੂੰ ਕੀ ਮਿਲਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਕਿਰਤੀ ਕਰਨੀ ਸਮਝ ਆਉਂਦੀ ਹੈ।

"ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥"

ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਕਿ ਜਿਸ ਘਰ ਵਿੱਚ ਪ੍ਰਮਾਤਮਾ ਦੀ ਕੀਰਤੀ ਆਖੀ ਜਾਂਦੀ ਹੈ, ਉਸਦਾ ਜੱਸ ਆਖਿਆ ਜਾਂਦਾ ਹੈ ਉਸ ਘਰ

45/6016

ਦੇ ਵਿੱਚ ਵਿਚਾਰ ਦੇਣ ਵਾਲਾ ਆਪ ਪ੍ਰਮਾਤਮਾ ਹੁੰਦਾ ਹੈ, ਕਰਤਾ ਹੁੰਦਾ ਹੈ। ਪ੍ਰਮਾਤਮਾ ਆਪਣੇ ਵਿਚਾਰ ਆਪਣੇ ਘਰ ਦੇ ਵਿੱਚੋਂ ਹੀ ਦਿੰਦਾ ਹੈ। ਪ੍ਰਮਾਤਮਾ ਦਾ ਘਰ ਸਾਡਾ ਮਨ ਹੈ ਤੇ ਮਨ ਦੇ ਵਿੱਚੋਂ ਸਾਰੇ ਵਿਚਾਰ ਪ੍ਰਮਾਤਮਾ ਆਪ ਹੀ ਦਿੰਦਾ ਹੈ। **(ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥)** ਅਗਲੀ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਜਿਸ ਘਰ ਦੇ ਵਿੱਚ ਕਰਤਾ ਆਪ ਵਿਚਾਰ ਪਾਉਂਦਾ ਹੈ ਮੈਂ ਉਸ ਘਰ ਦੇ ਵਿੱਚੋਂ ਪ੍ਰਮਾਤਮਾ ਦਾ ਜੱਸ ਗਾਉਂਦਾ ਹਾਂ।

"ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥"

ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੈਂ ਪ੍ਰਮਾਤਮਾ ਦੇ ਘਰ ਵਿੱਚੋਂ ਭਾਵ ਉਸਦੇ ਘਰ ਵਿੱਚ ਪਹੁੰਚ ਕੇ ਭਾਵ ਉਸਦੇ ਘਰ ਨੂੰ ਆਪਣੇ ਅੰਦਰੋਂ ਜਾਣ ਕੇ ਉਸ ਪ੍ਰਮਾਤਮਾ ਦਾ ਸੋਹਿਲਾ ਗਾਉਂਦਾ ਹੈ, ਉਸਦਾ ਜੱਸ ਗਾਉਂਦਾ ਹਾਂ ਕਿਉਂਕਿ ਮੈਂ ਉਸ ਪ੍ਰਮਾਤਮਾ ਨੂੰ ਸਿਮਰਿਆ ਹੋਇਆ ਹੈ, ਉਸਨੂੰ ਸਿਮਰ ਲਿਆ ਹੈ। ਪ੍ਰਮਾਤਮਾ ਨੂੰ ਸਿਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੋ ਕੁਝ ਸਿਮਰਨਾ ਉਪਰ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਸਿਮਰਨਾ ਪ੍ਰਮਾਤਮਾ ਨੂੰ ਜਾਨਣਾ ਹੈ, ਮਨ ਦੀ ਸਮਝ ਦੁਆਰਾ ਉਸਨੂੰ ਸਮਝਣਾ ਹੈ, ਉਸਦੇ ਵਿਚਾਰਾਂ ਨੂੰ ਸਮਝਣਾ ਹੈ ਤੇ ਮੰਨਣਾ ਹੈ। ਮਨ ਦੇ ਵਿੱਚ ਸੱਚੀ ਸਮਝ ਵਾਲੇ ਵਿਚਾਰ ਪ੍ਰਮਾਤਮਾ ਆਪ ਹੀ ਦਿੰਦਾ ਹੈ ਤੇ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਨ੍ਹਾਂ ਤੇ ਅਮਲ ਕਰਵਾਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ। ਪ੍ਰਮਾਤਮਾ ਆਪਣਾ ਜੱਸ ਕਰਨਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਆਪਣੀ ਸੱਚੀ ਸਮਝ ਤੇ ਅਮਲ ਕਰਾਉਂਦਾ ਹੈ ਕਿਉਂਕਿ ਉਹ ਆਪ ਹੀ ਸਾਡੇ ਅੰਦਰ ਦੇ ਵਿਚਾਰਾਂ ਦਾ ਮਾਲਕ ਹੈ। ਉਸਦੇ ਘਰ ਨੂੰ ਜਾਣੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਸਾਡੇ ਅੰਦਰ ਵਿਚਾਰ ਪਾਉਣ ਵਾਲਾ ਕੌਣ ਹੈ। **(ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥)**

45/6017

ਗੁਰੂ ਸਾਹਿਬ ਨੇ ਪ੍ਰਮਾਤਮਾ ਨੂੰ ਸਿਮਰ ਕੇ, ਉਸਦੇ ਘਰ ਵਿੱਚ ਸਿਮਰ ਕੇ, ਪ੍ਰਮਾਤਮਾ ਦਾ ਸੋਹਿਲਾ ਜਾਣ ਕੇ ਸੰਸਾਰ ਨੂੰ ਕਿਸ ਤਰੀਕੇ ਪ੍ਰਮਾਤਮਾ ਦਾ ਸੋਹਿਲਾ ਗਾਉਂਣਾ ਸਿਖਾਇਆ ਹੈ, ਇਹੀ ਗੱਲ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥"

ਉਪਰ ਪਹਿਲੀ ਪੰਗਤੀ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਨੂੰ ਕਿਸਦਾ ਸੋਹਿਲਾ ਗਾਉਣ ਲਈ ਹੁਕਮ ਕੀਤਾ ਹੋਇਆ ਹੈ, ਪ੍ਰੇਰਿਆ ਹੋਇਆ ਹੈ। ਅਸੀਂ ਸੋਹਿਲਾ ਕੇਵਲ ਉਸ ਪ੍ਰਮਾਤਮਾ ਦਾ ਗਾਉਂਣਾ ਹੈ ਜੋ ਕੇਵਲ ਆਪ ਹੀ ਨਿਰਭਉ ਹੈ ਤੇ ਕੇਵਲ ਉਹੀ ਸਾਨੂੰ ਨਿਰਭਉ ਕਰ ਸਕਦਾ ਹੈ ਭਾਵ ਮਨ ਦੇ ਹਰ ਭਉ ਵਿੱਚੋਂ ਕੱਢ ਸਕਦਾ ਹੈ। ਮਨ ਦੇ ਭਉ ਵਿੱਚੋਂ ਨਿਕਲੇ ਬਿਨਾਂ ਪ੍ਰਮਾਤਮਾ ਦਾ ਸੋਹਿਲਾ ਨਹੀਂ ਗਾਇਆ ਜਾ ਸਕਦਾ ਤੇ ਅਸੀਂ ਨਿਰਭਉ ਕਿਸ ਤਰੀਕੇ ਹੋਣਾ ਹੈ ਇਹੀ ਗੱਲ ਦੂਸਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥"

ਪ੍ਰਮਾਤਮਾ ਦਾ ਸੋਹਿਲਾ ਕੇਵਲ ਆਪਣੀ **"ਹਉ"** ਵਾਰਣ ਦੁਆਰਾ ਗਾਇਆ ਜਾ ਸਕਦਾ ਹੈ। **"ਹਉ"** ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **"ਹਉ"** ਸਾਡੇ ਅੰਦਰ ਦੀ ਮੈਂ ਹੈ, ਸਾਡਾ ਆਪਾ ਹੈ ਭਾਵ ਸਾਡੇ ਅੰਦਰ ਦੀ ਉਹ ਸਮਝ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਮੈਂ ਹਾਂ, ਇਹ ਸਰੀਰ ਮੇਰਾ ਹੈ, ਮੇਰੇ ਅੰਦਰ ਦੀ ਸਮਝ ਮੇਰੀ ਹੈ। ਇਹੀ ਸਾਡੀ ਹਉਮੈ ਹੈ ਭਾਵ ਸਾਡੇ ਅੰਦਰ ਦੀ ਮਾਇਆ ਹੈ, ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਜੋ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਨਣ ਤੋਂ ਦੂਰ ਰੱਖਦੀ ਹੈ। ਮਨ ਦੀ ਇਹ ਸਮਝ ਸਾਨੂੰ ਮਨਮਤਿ ਵਿੱਚ ਰੱਖਦੀ ਹੈ, ਮਨਮੁੱਖ ਬਣਾ ਕੇ ਰੱਖਦੀ ਹੈ। ਪ੍ਰਮਾਤਮਾ ਦਾ ਘਰ ਸਾਡੇ

45/6018

ਅੰਦਰ ਗੁਰਮਤਿ ਰੂਪ ਘਰ ਹੈ, ਗੁਰਮੁਖਿ ਰੂਪ ਘਰ ਹੈ, ਨਾਮ ਰੂਪ ਘਰ ਹੈ ਭਾਵ ਸੱਚੇ ਗਿਆਨ ਦਾ ਘਰ ਹੈ। ਪ੍ਰਮਾਤਮਾ ਦੇ ਘਰ ਵਿੱਚ ਜਾਣ ਲਈ ਸਾਨੂੰ ਆਪਣੀ **"ਹਉ"** ਵਾਰਨ ਦੀ ਲੋੜ ਹੈ ਭਾਵ ਆਪਣੀ ਭਰਮਾਂ ਵਾਲੀ ਮਤਿ ਛੱਡਣ ਦੀ ਲੋੜ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਅਪਨਾਉਂਣ ਦੀ ਲੋੜ ਹੈ ਜਿਸ ਤਰੀਕੇ ਗੁਰਮਤਿ ਦੀ ਸੱਚੀ ਸਮਝ ਦੁਆਰਾ ਪ੍ਰਮਾਤਮਾ ਦਾ ਸੋਹਿਲਾ ਗਾਉਂਣ ਦਾ ਤਰੀਕਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨਾ ਪ੍ਰਮਾਤਮਾ ਦਾ ਸੋਹਿਲਾ ਗਾਉਂਣਾ ਹੈ ਤੇ ਸਾਨੂੰ ਇਹੋ ਜਿਹਾ ਸੋਹਿਲਾ ਗਾਉਂਣ ਲਈ ਪ੍ਰੇਰਿਆ ਹੋਇਆ ਹੈ ਜਿਹੋ ਜਿਹਾ ਸੋਹਿਲਾ ਗਾਉਂਣ ਦਾ ਉਦੱਮ ਕਰਨ ਦੁਆਰਾ ਅਸੀਂ ਸਦਾ ਲਈ ਸੁੱਖ ਦੀ ਪ੍ਰਾਪਤੀ ਕਰ ਸਕਦੇ ਹਾਂ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ, ਉਸ ਨਿਰਭਉ ਦੇ ਘਰ ਵਿੱਚ ਪਹੁੰਚ ਸਕਦੇ ਹਾਂ। ਮਾਇਆ ਦੇ ਭਉ ਵਿੱਚੋਂ ਨਿਕਲੇ ਬਿਨਾਂ ਉਸ ਨਿਰਭਉ ਦਾ ਸੋਹਿਲਾ ਨਹੀਂ ਗਾਇਆ ਜਾ ਸਕਦਾ ਤੇ ਮਨ ਦੇ ਵਿੱਚ ਦੁੱਖਾਂ ਵਾਲੀ ਮਤਿ ਵਿੱਚੋਂ ਨਿਕਲ ਕੇ ਸੁੱਖਾਂ ਵਾਲੀ ਮਤਿ ਨਾਲ ਨਹੀਂ ਜੁੜਿਆ ਜਾ ਸਕਦਾ। ਮਨਮਤਿ ਸਾਡੇ ਅੰਦਰ ਦਾ ਦੁੱਖ ਹੈ ਤੇ ਗੁਰਮਤਿ ਸਾਡੇ ਅੰਦਰ ਦਾ ਸੁੱਖ ਹੈ। ਮਾਇਆ ਦਾ ਘਰ ਸਾਡਾ ਦੁੱਖ ਹੈ ਤੇ ਪ੍ਰਮਾਤਮਾ ਦਾ ਘਰ ਸਾਡਾ ਸੁੱਖ ਹੈ। ਹਉਮੈ ਦੁੱਖ ਹੈ ਨਾਮ ਸੁੱਖ ਹੈ। ਪ੍ਰਮਾਤਮਾ ਦਾ ਸੱਚਾ ਸੋਹਿਲਾ ਉਸਦੇ ਘਰ ਵਿੱਚ ਪਹੁੰਚ ਕੇ ਹੀ ਹੁੰਦਾ ਹੈ ਪਰ ਉਸਦੇ ਲਈ ਉਦੱਮ ਆਪਣੀ ਹਉਮੈ ਛੱਡਣ ਦਾ ਹੀ ਹੈ ਭਾਵ ਆਪਣੀ ਮਤਿ ਛੱਡਣ ਦਾ ਹੀ ਹੈ, ਆਪਣੀ ਹਉ ਵਾਰਣ ਦਾ ਹੀ ਹੈ। **(ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥)**

ਪ੍ਰਮਾਤਮਾ ਦੀ ਸੱਚੀ ਉਸਤਤਿ, ਉਸਦਾ ਸੋਹਿਲਾ ਉਸਦੇ ਘਰ ਵਿੱਚ ਪਹੁੰਚਣ ਦੁਆਰਾ ਹੀ ਹੁੰਦਾ ਹੈ ਤੇ ਉਸਦੇ ਘਰ ਵਿੱਚ ਪਹੁੰਚਣ ਦਾ ਤਰੀਕਾ ਆਪਣਾ ਆਪ ਵਾਰਣ ਦਾ ਹੈ ਭਾਵ ਆਪਣੀ ਮਤਿ ਛੱਡਣ ਦਾ ਹੈ, ਆਪਣੇ ਮਨ ਦੇ ਵਿਚਾਰਾਂ ਨੂੰ ਮਾਰਨ ਦਾ ਹੈ ਜੋ ਕਿ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਣ ਦੀ ਕੀਮਤ ਚੁਕਾਉਂਣਾ ਹੈ ਭਾਵ ਗੁਰਮਤਿ ਨੂੰ ਮੰਨਣਾ ਪ੍ਰਮਾਤਮਾ ਨੂੰ ਪਾਉਂਣ ਦੀ ਕੀਮਤ ਚੁਕਾਉਂਣਾ ਹੈ ਜਿਸ ਕੀਮਤ ਦੁਆਰਾ ਸੱਚੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਨੂੰ

45/6019

ਪਾਉਂਣ ਦੇ ਲਈ ਅਨੇਕਾਂ ਹੀ ਉਸਦੀ ਕੀਮਤ ਆਪਣੀ ਮਤਿ ਦੁਆਰਾ ਚੁਕਾਉਂਦੇ ਹਨ ਜਿਸ ਨਾਲ ਉਹ ਸਮਝਦੇ ਹਨ ਕਿ ਉਹ ਪ੍ਰਮਾਤਮਾ ਨੂੰ ਪਾ ਲੈਣਗੇ ਪਰ ਇਹ ਉਨ੍ਹਾਂ ਦਾ ਭਰਮ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥"

ਪ੍ਰਮਾਤਮਾ ਦਾ ਸੋਹਿਲਾ ਗਾਉਂਣਾ ਕੀ ਹੈ ਇਸ ਗੱਲ ਦੀ ਸੰਸਾਰੀਆਂ ਨੂੰ ਸਮਝ ਨਹੀਂ ਹੁੰਦੀ ਭਾਵ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੁੰਦੀ ਜਿਸ ਦੁਆਰਾ ਪ੍ਰਮਾਤਮਾ ਦੀ ਸਿਫਤ ਕੀਤੀ ਜਾ ਸਕਦੀ ਹੈ ਜਿਸਦੀ ਸਮਝ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਪੈਂਦੀ ਹੈ। ਆਪਣੇ ਵੱਲੋਂ ਹਰ ਕੋਈ ਭਗਤੀ ਦੇ ਮਾਰਗ ਦੀ ਸੰਭਾਲ ਕਰਦਾ ਹੈ, ਪ੍ਰਮਾਤਮਾ ਦਾ ਜੱਸ ਗਾਉਂਣ ਦੀ ਸੰਭਾਲ ਕਰਦਾ ਹੈ ਜਿਵੇਂ ਕਿ ਹਰ ਕੋਈ ਆਪਣੇ ਵੱਲੋਂ ਨਾਮ ਦੀ ਸੰਭਾਲ ਕਰਦਾ ਹੈ, ਕਿਸੇ ਅੱਖਰ ਨੂੰ ਕਥੀ ਜਾਣ ਦੁਆਰਾ ਸੰਭਾਲ ਕਰਦਾ ਹੈ ਤੇ ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਭਗਤੀ ਦੇ ਮਾਰਗ ਥਾਪੇ ਹੋਏ ਹਨ, ਆਪਣੀ ਆਪਣੀ ਆਸਥਾ ਅਨੁਸਾਰ, ਸਮਝ ਅਨੁਸਾਰ ਪ੍ਰਮਾਤਮਾ ਦਾ ਜੱਸ ਗਾਉਂਣ ਦੇ ਤਰੀਕੇ ਅਪਨਾਏ ਹੋਏ ਹਨ ਜਿਸ ਦੁਆਰਾ ਉਹ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਨੂੰ ਸੰਭਾਲਦੇ ਹਨ ਤੇ ਹਰ ਕੋਈ ਆਪਣੀ ਇਹੋ ਜਿਹੀ ਸੰਭਾਲ ਦੁਆਰਾ ਇਹ ਇੱਛਾ ਰੱਖਦਾ ਹੈ ਕਿ ਪ੍ਰਮਾਤਮਾ ਜੋ ਸਭ ਕੁਝ ਦੇਣ ਵਾਲਾ ਹੈ ਉਹ ਸਾਡੀ ਭਗਤੀ ਦੁਆਰਾ ਸਾਡੀ ਸੰਭਾਲ ਕਰੇਗਾ ਭਾਵ ਸਾਨੂੰ ਦੇਖੇਗਾ ਭਾਵ ਸਾਡਾ ਖਿਆਲ ਰੱਖੇਗਾ ਕਿਉਂਕਿ ਤ੍ਰਿਸ਼ਨਾਵਾਂ ਸਭ ਦੇ ਅੰਦਰ ਹਨ, ਹਰ ਕੋਈ ਆਪਣੀਆਂ ਇੱਛਾਵਾਂ ਦੀ ਪੂਰਤੀ ਪ੍ਰਮਾਤਮਾ ਨੂੰ ਖੁਸ਼ ਕਰਨ ਦੁਆਰਾ ਕਰਨਾ ਚਾਹੁੰਦਾ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। **(ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥)** ਹਰ ਕਿਸੇ ਨੇ ਪ੍ਰਮਾਤਮਾ ਦੇ ਗੁਣ ਗਾਉਂਣ ਦੇ ਮਾਰਗ ਨੂੰ ਸੰਸਾਰੀ ਦਾਤਾਂ ਦੇ ਨਾਲ ਜੋੜਿਆ ਹੋਇਆ ਹੈ ਪਰ ਪ੍ਰਮਾਤਮਾ ਦੀ ਅਸਲ ਦਾਤਿ ਕੀ ਹੈ, ਉਸਦਾ ਅਸਲ ਦਾਨ ਕੀ ਹੈ ਇਸ ਗੱਲ ਦੀ ਸੰਸਾਰ ਨੂੰ ਸਮਝ ਨਹੀਂ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

45/6020

“ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥”

ਜਿਹੋ ਜਿਹੀ ਭਗਤੀ ਸੰਸਾਰ ਕਰਦਾ ਹੈ ਭਾਵ ਭਗਤੀ ਦੀ ਸੰਭਾਲ ਕਰਨੀ, ਸਿਫਤ ਸਾਲਾਹ ਦੀ ਸੰਭਾਲ ਕਰਨੀ ਸਮਝਦਾ ਹੈ ਉਸ ਦੁਆਰਾ ਪ੍ਰਮਾਤਮਾ ਦੇ ਦਾਨ ਦੀ ਕੀਮਤ ਨਹੀਂ ਪੈਂਦੀ ਭਾਵ ਉਸਦਾ ਮੁੱਲ ਨਹੀਂ ਚੁਕਾਇਆ ਜਾ ਸਕਦਾ। ਪ੍ਰਮਾਤਮਾ ਦਾ ਸਭ ਤੋਂ ਵੱਡਾ ਦਾਨ ਉਸਦੇ ਨਾਮ ਦਾ ਦਾਨ ਹੈ ਜਿਸ ਦਾਨ ਦੇ ਰੂਪ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਉਸ ਦਾਨ ਦੀ ਕੀਮਤ ਚੁਕਾਉਂਣੀ ਬਹੁਤ ਔਖੀ ਹੈ ਜਿਸਦੇ ਲਈ ਮਾਇਆ ਮੋਹ ਤਿਆਗਣਾ ਪੈਂਦਾ ਹੈ, ਵਿਕਾਰਾਂ ਵਿੱਚੋਂ ਨਿਕਲਣਾ ਪੈਂਦਾ ਹੈ ਭਾਵ ਗੁਣੀ ਬਣ ਕੇ ਵਿਚਰਨਾ ਪੈਂਦਾ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਨਾ ਪੈਂਦਾ ਹੈ ਜਿਸਦੀ ਸਮਝ ਹੀ ਬਹੁਤ ਔਖੀ ਹੈ ਤੇ ਉਸ ਅਨੁਸਾਰ ਵਿਚਰਨਾ ਬਹੁਤ ਔਖਾ ਹੈ। ਪ੍ਰਮਾਤਮਾ ਵੱਲੋਂ ਉਸਦਾ ਦਾਨ ਮਿਲੇ ਬਿਨਾਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ, ਉਸਦੀ ਵਡਿਆਈ ਕਿਤਨੀ ਕੁ ਵੱਡੀ ਹੈ, ਉਸਦੀ ਸਿਫਤ ਕਿਤਨੀ ਕੁ ਵੱਡੀ ਹੈ ਜਿਸਦੀ ਸਿਫਤ, ਵਡਿਆਈ ਹਰ ਆਕਾਰ ਰੂਪ ਵਿੱਚ ਸਮਾਈ ਹੋਈ ਹੈ। ਪ੍ਰਮਾਤਮਾ ਦੀ ਸਿਫਤ, ਪ੍ਰਮਾਤਮਾ ਦਾ ਸੋਹਿਲਾ ਉਸਨੂੰ ਜਾਨਣ ਦੁਆਰਾ ਹੀ ਗਾਇਆ ਜਾ ਸਕਦਾ ਹੈ, ਉਸਦੇ ਘਰ ਵਿੱਚ ਪਹੁੰਚ ਕੇ ਹੀ ਗਾਇਆ ਜਾ ਸਕਦਾ ਹੈ ਜਿਸ ਘਰ ਵਿੱਚ ਅਸੀਂ ਇਸ ਮਨੁੱਖੀ ਸਰੀਰ ਵਿੱਚ ਰਹਿੰਦੇ ਹੋਏ ਹੀ ਪਹੁੰਚ ਕੇ ਉਸਦਾ ਸੋਹਿਲਾ ਗਾ ਸਕਦੇ ਹਾਂ। **(ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥) {ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}** ਅੰਗ ੯ **{ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥ ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥੬॥}** ਅੰਗ ੬੦ ਪ੍ਰਮਾਤਮਾ ਦੇ ਨਾਲ ਮੇਲ ਦਾ ਦਾਨ, ਉਸਦੇ ਨਾਮ ਦਾ ਦਾਨ ਇਸ ਮਨੁੱਖੀ ਰੂਪ ਵਿੱਚ ਰਹਿੰਦੇ ਹੋਏ ਹੀ ਮਿਲ ਸਕਦਾ ਹੈ ਜਿਸ ਦੁਆਰਾ ਉਸਦੀ ਵਡਿਆਈ ਦੀ ਸਮਝ ਪੈਂਦੀ ਹੈ ਜੋ ਦਾਨ ਪ੍ਰਮਾਤਮਾ ਦਾ ਕਿਸੇ ਵੀ ਮਨੁੱਖੀ ਰੂਪ ਨੂੰ ਮਿਲ ਸਕਦਾ ਹੈ ਤੇ ਉਹ ਕਿਵੇਂ ਮਿਲ ਸਕਦਾ ਹੈ ਭਾਵ ਭਗਤੀ ਦਾ ਅਸਲ ਮਾਰਗ ਕੀ ਹੈ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥”

45/6021

ਉਪਰ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ, ਪ੍ਰਮਾਤਮਾ ਦਾ ਦਾਨ ਲੈਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ। ਪ੍ਰਮਾਤਮਾ ਆਪਣਾ ਦਾਨ ਭਾਵ ਆਪਣੇ ਨਾਲ ਮੇਲ ਦਾ ਦਾਨ ਕਿਸਨੂੰ ਦਿੰਦਾ ਹੈ ਇਹ ਗੱਲ ਕੇਵਲ ਉਹ ਆਪ ਹੀ ਜਾਣਦਾ ਹੈ। ਜਿਸਨੂੰ ਵੀ ਪ੍ਰਮਾਤਮਾ ਆਪਣੇ ਮੇਲ ਦੀ ਦਾਤਿ ਬਖਸ਼ਦਾ ਹੈ ਉਸਦਾ ਸਮਾ ਉਸਨੇ ਆਪ ਹੀ ਮਿੱਥਿਆ ਹੋਇਆ ਹੁੰਦਾ ਹੈ ਜੋ ਕਿ ਕੇਵਲ ਉਹ ਆਪ ਹੀ ਜਾਣਦਾ ਹੈ। ਜਿਸ ਨਾਲ ਪ੍ਰਮਾਤਮਾ ਆਪਣਾ ਮੇਲ ਕਰਦਾ ਹੈ ਉਸ ਦੁਆਰਾ ਮਨੁਖ ਨੂੰ ਪ੍ਰਾਪਤੀ ਕੀ ਹੁੰਦੀ ਹੈ, ਕਿਸ ਰੂਪ ਵਿੱਚ ਹੁੰਦੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਪ੍ਰਾਪਤੀ **“ਤੇਲੁ”** ਦੇ ਰੂਪ ਵਿੱਚ ਹੁੰਦੀ ਹੈ। ਇਹ ਤੇਲ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਉਹ ਤੇਲ ਹੈ ਜਿਸ ਨਾਲ ਸਾਡੇ ਮਨ ਦਾ ਦੀਵਾ ਜੱਗਦਾ ਹੈ। ਪ੍ਰਮਾਤਮਾ ਆਪਣੇ ਮੇਲ ਦੁਆਰਾ ਮਨ ਦੇ ਵਿੱਚ ਆਪਣੇ ਗਿਆਨ ਦਾ ਪ੍ਰਕਾਸ਼ ਹੀ ਕਰਦਾ ਹੈ, ਮਨ ਦੇ ਦੀਵੇ ਵਿੱਚ ਆਪਣਾ ਤੇਲ ਹੀ ਪਾਉਂਦਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਕੀ ਹੈ, ਉਸਦਾ ਨਾਮ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਇਸ ਸੰਸਾਰ ਦੀ ਅਸਲੀਅਤ ਕੀ ਹੈ, ਪ੍ਰਮਾਤਮਾ ਦੀ ਭਗਤੀ ਕੀ ਹੈ, ਉਸਦੀ ਸਿਫਤ ਸਾਲਾਹ ਕਰਨੀ ਕੀ ਹੈ। ਆਪਣੇ ਮੇਲ ਦੁਆਰਾ ਪ੍ਰਮਾਤਮਾ ਜੋ ਆਪਣੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਹ ਗੁਰਮਤਿ ਦੇ ਰੂਪ ਵਿੱਚ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਸਭ ਦਾ ਸੱਜਣ ਹੈ ਤੇ ਆਪਣੇ ਸ਼ਬਦਾਂ ਦੀ ਵਿਚਾਰ ਰਾਹੀਂ ਜੋ ਕੁਝ ਉਹ ਸਮਝਾਉਂਦਾ ਹੈ ਉਹ ਉਸ ਸੱਜਣ ਦੀਆਂ ਸਾਰੇ ਸੰਸਾਰ ਲਈ ਅਸੀਸਾਂ ਹਨ। ਗੁਰੂ ਦਾ ਹਰ ਬਚਨ ਸੰਸਾਰ ਲਈ ਅਸੀਸ ਹੈ, ਸੱਜਣ ਦੀ ਅਸੀਸ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦੇ ਹਾਂ ਤੇ ਉਸਦੇ ਲਈ ਸਾਨੂੰ ਇਹ ਸਮਝਾਇਆ ਗਿਆ ਹੈ ਕਿ ਗੁਰੂ ਸਾਹਿਬ ਸਾਨੂੰ ਆਪਣੀਆਂ ਅਸੀਸਾਂ ਦਿਉ ਭਾਵ ਆਪਣੀ ਸੱਚੀ ਮਤਿ ਦਿਉ, ਆਪਣੇ ਸ਼ਬਦਾਂ ਦੀ ਵਿਚਾਰ ਸਾਨੂੰ ਦਿਉ ਜਿਨ੍ਹਾਂ ਨੂੰ ਮੰਨਣ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ। ਗੁਰੂ ਸੱਜਣ ਦੀਆਂ ਅਸੀਸਾਂ ਲੈਣਾ ਹੀ ਪ੍ਰਮਾਤਮਾ ਦੇ ਨਾਲ ਮੇਲ

45/6022

ਕਰਨ ਦਾ ਤਰੀਕਾ ਹੈ ਭਾਵ ਇਹੀ ਭਗਤੀ ਦੇ ਮਾਰਗ ਤੇ ਚੱਲਣ ਦਾ ਸੱਚਾ ਉਦੱਮ ਹੈ, ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਦਾ, ਉਸਦੇ ਗੁਣ ਗਾਉਂਣ ਦਾ ਸੱਚਾ ਉਦੱਮ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ। **(ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥)**

{ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥
ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥ ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥ ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥}

(ਅੰਗ ੨੫)

{ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥}

(ਅੰਗ ੩੫੮)

{ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ ॥ ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥੧॥}

(ਅੰਗ ੪੭੭)

{ਬਾਤੀ ਸੂਕੀ ਤੇਲੁ ਨਿਖੂਟਾ ॥ ਮੰਦਲੁ ਨ ਬਾਜੈ ਨਟੁ ਪੈ ਸੂਤਾ ॥੧॥
ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥ ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥੧॥ ਰਹਾਉ ॥
ਟੂਟੀ ਤੰਤੁ ਨ ਬਜੈ ਰਬਾਬੁ ॥ ਭੂਲਿ ਬਿਗਾਰਿਓ ਅਪਨਾ ਕਾਜੁ ॥੨॥
ਕਥਨੀ ਬਦਨੀ ਕਹਨੁ ਕਹਾਵਨੁ ॥ ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥
ਕਹਤ ਕਬੀਰ ਪੰਚ ਜੋ ਚੂਰੇ ॥ ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥}

(ਅੰਗ ੪੭੮)

{ਜਿਹ ਸਿਮਰਨਿ ਕਰਹਿ ਤੂ ਕੇਲ ॥ ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥
ਸੋ ਦੀਪਕੁ ਅਮਰਕੁ ਸੰਸਾਰਿ ॥ ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ ॥੩॥}

(ਅੰਗ ੯੭੧)

{ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥}

(ਅੰਗ ੧੩੫੦)

45/6023

ਉਪਰਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਤੇਲ ਨੂੰ ਹੀ ਸਮਝਿਆ ਹੈ। ਇਹ ਤੇਲ ਸਾਡੇ ਅੰਦਰ ਮਨ ਦੇ ਦੀਵੇ ਨੂੰ ਜਗਾਉਂਣ ਲਈ ਹੈ। ਸਾਨੂੰ ਮਨ ਦੇ ਵਿੱਚੋਂ ਜੋ ਵੀ ਗਿਆਨ ਮਿਲਦਾ ਹੈ ਉਹ ਦੀਵਾ ਜੱਗਣ ਦੁਆਰਾ ਹੀ ਮਿਲਦਾ ਹੈ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ, ਮਾਇਆ ਵਾਲੀ ਸਮਝ ਵਿੱਚ ਹਾਂ ਤਦ ਤੱਕ ਉਸ ਦੀਵੇ ਵਿੱਚ ਭਾਵ ਮਨ ਦੀ ਸਮਝ ਵਿੱਚ ਨਾਮ ਰੂਪ ਦੀਵਾ ਨਹੀਂ ਜੱਗਦਾ, **"ਤਤੁ"** ਗਿਆਨ ਰੂਪ ਦੀਵਾ ਨਹੀਂ ਜੱਗਦਾ। ਨਾਮ ਦਾ ਦੀਵਾ ਜੱਗਣ ਨਾਲ ਮਾਇਆ ਰੂਪ ਦੀਵਾ ਬੁੱਝ ਜਾਂਦਾ ਹੈ। ਦੀਵੇ ਵਿੱਚ ਤੇਲ ਪਾਉਂਣ ਵਾਲਾ ਪ੍ਰਮਾਤਮਾ ਆਪ ਹੈ ਤੇ ਉਹ ਸਾਡੇ ਦੀਵੇ ਵਿੱਚ ਕਿਹੋ ਜਿਹਾ ਤੇਲ ਪਾਉਂਦਾ ਹੈ ਇਹ ਉਸਦੇ ਵੱਸ ਹੈ। ਜਦੋਂ ਦੀਵੇ ਅੰਦਰ ਉਹ ਨਾਮ ਰੂਪ ਤੇਲ ਪਾਉਂਦਾ ਹੈ ਤਾਂ ਹੀ ਉਸਦਾ ਨਾਮ ਦਾਨ ਮਿਲਦਾ ਹੈ ਤੇ ਉਸਦੇ ਨਾਲ ਮੇਲ ਹੁੰਦਾ ਹੈ।

ਮਨ ਦੇ ਵਿੱਚ ਸੱਚੇ ਗਿਆਨ ਦਾ ਦੀਵਾ ਜਗਾਉਂਣ ਲਈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਰੇ ਸੰਸਾਰ ਲਈ ਇੱਕੋ ਹੀ ਤਰੀਕਾ ਹੈ ਜੋ ਕਿ ਗੁਰੂ ਸੱਜਣ ਦੀਆਂ ਅਸੀਸਾਂ ਲੈਣਾ ਹੈ। ਇਹ ਅਸੀਸਾਂ ਅਸੀਂ ਕਿਸ ਰੂਪ ਵਿੱਚ ਲੈਣੀਆਂ ਹਨ ਤਾਂ ਜੋ ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦਾ ਸਮਾ ਆ ਜਾਵੇ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥”

“ਘਰਿ” ਸਾਡਾ ਮਨ ਹੈ ਤੇ ਹਰ ਘਰ ਵਿੱਚ ਪ੍ਰਮਾਤਮਾ ਦਾ ਸੁਨੇਹਾ ਭਾਵ ਉਸਦਾ **“ਪਾਹੁਚਾ”** ਇਹੋ ਹੀ ਹੈ ਜੋ ਕਿ ਗੁਰੂ ਸੱਜਣ ਦੀਆਂ ਸਾਰੇ ਸੰਸਾਰ ਲਈ ਉਸਦੀਆਂ ਅਸੀਸਾਂ ਹਨ। ਗੁਰੂ ਦੀਆਂ ਅਸੀਸਾਂ ਉਸਦੇ ਵਿਚਾਰ ਹਨ, ਉਸਦੇ ਬਚਨ ਹਨ। ਗੁਰੂ ਦਾ ਹਰ ਬਚਨ ਸਾਡੇ ਲਈ ਉਸਦਾ ਸੁਨੇਹਾ ਹੈ, ਉਸਦੇ ਨਾਲ ਮੇਲ ਕਰਨ ਦਾ ਸੁਨੇਹਾ ਹੈ ਜਿਨ੍ਹਾਂ ਸੁਨੇਹਿਆਂ ਦੁਆਰਾ ਸਾਨੂੰ ਨਿਤ ਆਪਣੇ ਦਰ ਤੇ ਆਉਂਣ ਦਾ ਸੱਦਾ ਦਿੰਦਾ ਹੈ ਭਾਵ ਆਪਣੇ ਨਾਲ ਮੇਲ ਕਰਨ ਦਾ ਸੱਦਾ ਦਿੰਦਾ ਹੈ। ਪੂਰੀ ਗੁਰਬਾਣੀ ਸਾਨੂੰ ਨਿੱਤ ਸੱਦੇ ਦਿੰਦੀ ਹੈ, ਹਰ

ਕਿਸੇ ਨੂੰ ਇੱਕੋ ਜਿਹਾ ਸੱਦਾ ਦਿੰਦੀ ਹੈ, ਗੁਰੂ ਪ੍ਰਮਾਤਮਾ ਦੇ ਬਚਨਾਂ ਰਾਹੀਂ ਸੱਦਾ ਦਿੰਦੀ ਹੈ ਜਿਸ ਦੁਆਰਾ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਸਮਾ ਆ ਸਕਦਾ ਹੈ, ਸਾਹੇ ਦਾ ਸਮਾ ਆ ਸਕਦਾ ਹੈ। ਮੇਲ ਦਾ ਸਮਾ ਉਸੇ ਦਾ ਹੀ ਆਵੇਗਾ ਜੋ ਗੁਰੂ ਦਾ ਸੱਦਾ ਕਬੂਲ ਕਰੇਗਾ ਭਾਵ ਗੁਰੂ ਦੇ ਬਚਨਾਂ ਨੂੰ ਮੰਨੇਗਾ। ਸਭ ਤੋਂ ਔਖਾਪਨ ਗੁਰੂ ਦੀਆਂ ਗੱਲਾਂ ਨੂੰ ਮੰਨਣ ਦਾ ਹੀ ਹੈ ਭਾਵ ਗੁਰੂ ਦੇ ਬਚਨਾਂ ਨੂੰ ਮੰਨਣ ਦਾ ਹੀ ਹੈ। ਗੁਰੂ ਸਾਨੂੰ ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਲਈ ਸਮਝਾਉਂਦਾ ਹੈ, ਹਰ ਔਗੁਣ ਛੱਡਣ ਲਈ ਸਮਝਾਉਂਦਾ ਹੈ, ਸਰੀਰਕ ਜਪ ਤਪ ਆਦਿ ਛੱਡਣ ਲਈ ਸਮਝਾਉਂਦਾ ਹੈ ਭਾਵ ਉਹ ਹਰ ਗੱਲ ਛੱਡਣ ਲਈ ਸਮਝਾਉਂਦਾ ਹੈ, ਉਹ ਹਰ ਕੰਮ ਛੱਡਣ ਲਈ ਸਮਝਾਉਂਦਾ ਹੈ ਜੋ ਕੰਮ ਗੁਰਮਤਿ ਅਨੁਸਾਰ ਨਹੀਂ ਹੁੰਦਾ ਭਾਵ ਆਪਣੀ ਮਤਿ ਨੂੰ ਪੂਰੀ ਤਰ੍ਹਾਂ ਛੱਡਣ ਲਈ ਸਮਝਾਉਂਦਾ ਹੈ ਭਾਵ ਪੂਰੀ ਤਰ੍ਹਾਂ ਸੱਚ ਤੇ ਚੱਲਣ ਲਈ ਸਮਝਾਉਂਦਾ ਹੈ, ਸੱਚੇ ਸੁੱਚੇ ਕਰਮ ਕਰਨ ਲਈ ਸਮਝਾਉਂਦਾ ਹੈ ਜੋ ਕਿ ਪ੍ਰਮਾਤਮਾ ਦੀ ਅਸਲ ਭਗਤੀ ਦਾ ਮਾਰਗ ਹੈ, ਉਸਦਾ ਨਾਮ ਜਪਣ ਦਾ ਮਾਰਗ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਦੇ ਨਾਲ ਮੇਲ ਦੇ ਸੱਦੇ ਨੂੰ ਕਬੂਲ ਕਰਨਾ ਇਸੇ ਲਈ ਸਭ ਲਈ ਬਹੁਤ ਔਖਾ ਹੈ। ਉਸਦਾ ਸੱਦਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਕਿ ਸਭ ਲਈ ਇੱਕੋ ਜਿਹਾ ਔਖਾ ਹੈ। ਉਸਦੀ ਅਸੀਸ ਲੈਣੀ ਸਭ ਲਈ ਇੱਕੋ ਜਿਹੀ ਔਖੀ ਹੈ ਤੇ ਉਸਦੀ ਅਸੀਸ ਉਸੇ ਨੂੰ ਹੀ ਮਿਲਦੀ ਹੈ ਜੋ ਉਸਦੀ ਸੱਚੀ ਮਤਿ ਨੂੰ ਕਬੂਲ ਕਰਦਾ ਹੈ ਭਾਵ ਸੱਚ ਤੇ ਚੱਲਣਾ ਕਬੂਲ ਕਰਦਾ ਹੈ ਤੇ ਇਹੀ ਉਸਦੇ ਨਾਲ ਮੇਲ ਦੇ ਸੱਦੇ ਨੂੰ ਕਬੂਲ ਕਰਨਾ ਹੈ ਤੇ ਉਸਦੀ ਅਸੀਸ ਲੈਣ ਦਾ ਤਰੀਕਾ ਹੈ। **(ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥)** ਜਦੋਂ ਪ੍ਰਮਾਤਮਾ ਕਿਸੇ ਕੋਲੋਂ ਆਪਣਾ ਸੱਦਾ ਕਬੂਲ ਕਰਵਾਉਂਦਾ ਹੈ ਤਾਂ ਹੀ ਉਸਦਾ ਸੱਦਾ ਕੋਈ ਕਬੂਲ ਕਰ ਸਕਦਾ ਹੈ ਤੇ ਜਦੋਂ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਉਹ ਦਿਨ ਆ ਜਾਂਦਾ ਹੈ, ਉਹ ਸਮਾ ਆ ਜਾਂਦਾ ਹੈ ਤਾਂ ਹੀ ਉਸ ਪ੍ਰਮਾਤਮਾ ਨੂੰ ਮਨੁੱਖ ਸਿਮਰਦਾ ਹੈ ਭਾਵ ਉਸਦੇ ਸੱਦੇ ਨੂੰ ਪੂਰਨ ਰੂਪ ਵਿੱਚ ਸਮਝਦਾ ਹੈ, ਉਸਨੂੰ ਮੰਨਦਾ ਹੈ ਤੇ ਉਸ ਅਨੁਸਾਰ ਵਿਚਰਦਾ ਹੈ ਭਾਵ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਦਾ ਹੈ, ਉਸਦਾ ਸੋਹਿਲਾ ਗਾਉਂਦਾ ਹੈ। ਪ੍ਰਮਾਤਮਾ ਨੂੰ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਸਿਮਰਿਆ ਜਾ ਸਕਦਾ ਹੈ, ਪ੍ਰਮਾਤਮਾ ਦਾ ਨਾਮ ਮਿਲਣ ਦੁਆਰਾ ਹੀ ਉਸਦਾ ਨਾਮ ਜਪਿਆ ਜਾ ਸਕਦਾ ਹੈ। ਜਦ ਤੱਕ ਕਿਸੇ ਦੇ ਅੰਦਰ ਉਹ ਦਿਨ ਨਹੀਂ ਆਇਆ, ਉਹ ਸਮਾ ਨਹੀਂ ਆਇਆ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਵੇਲਾ ਨਹੀਂ ਆਇਆ, ਅੰਮ੍ਰਿਤ ਵੇਲਾ ਨਹੀਂ ਆਇਆ ਤਦ ਤੱਕ ਉਸਨੂੰ ਸਿਮਰਿਆ ਨਹੀਂ ਜਾ ਸਕਦਾ। **(ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥) {ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥}** ਅੰਗ ੫

ਧਨਾਸਰੀ ਮਹਲਾ ੧ ॥

{ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥ ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥ ਗੁਰ ਪਰਸਾਦੀ ਪਾਇਆ ਜਾਇ ॥

ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥ ਸਚਿ ਸਿਮਰਿਐ ਹੋਵੈ ਪਰਗਾਸੁ ॥
ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥ ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥
ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥ ਸਾਹਿਬ ਭਾਵੈ ਸੋ ਪਰਵਾਣੁ ॥
ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥ ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ ਜੋ ਇਛੈ ਸੋਈ ਫਲੁ ਪਾਏ ॥
ਸਾਚਾ ਸਾਹਿਬੁ ਕਿਰਪਾ ਕਰੈ ॥ ਸੋ ਸੇਵਕੁ ਜਮ ਤੇ ਕੈਸਾ ਡਰੈ ॥੪॥ ਭਨਤਿ ਨਾਨਕੁ ਕਰੇ ਵੀਚਾਰੁ ॥
ਸਾਚੀ ਬਾਣੀ ਸਿਉ ਧਰੇ ਪਿਆਰੁ ॥ ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ॥੫॥੨॥੪॥}

(ਅੰਗ ੬੬੧)

ਬਿਲਾਵਲੁ ਮਹਲਾ ੫ ॥

{ਗੋਬਿਦੁ ਸਿਮਰਿ ਹੋਆ ਕਲਿਆਣੁ ॥
ਮਿਟੀ ਉਪਾਧਿ ਭਇਆ ਸੁਖੁ ਸਾਚਾ ਅੰਤਰਜਾਮੀ ਸਿਮਰਿਆ ਜਾਣੁ ॥੧॥ ਰਹਾਉ ॥
ਜਿਸ ਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ ॥
ਦਾਸ ਅਪੁਨੇ ਕੀ ਆਪੇ ਰਾਖੀ ਭੈ ਭੰਜਨ ਊਪਰਿ ਕਰਤੇ ਮਾਣੁ ॥੧॥
ਭਈ ਮਿਤ੍ਰਾਈ ਮਿਟੀ ਬੁਰਾਈ ਦੁਸਟ ਦੂਤ ਹਰਿ ਕਾਢੇ ਛਾਣਿ ॥
ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹ ਵਖਾਣਿ ॥੨॥੨੬॥੧੧੨॥}

(ਅੰਗ ੮੨੬)

45/6025

{ਨਾ ਤਿਸੁ ਰੂਪੁ ਨ ਰੇਖਿਆ ਕਾਈ ॥ ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥}

(ਅੰਗ ੭੫੦)

ਸਿਮਰਨਾ ਕੀ ਹੈ, ਜਪਣਾ ਕੀ ਹੈ, ਧਿਆਉਂਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਸਮਝ ਸਾਡੇ ਅੰਦਰ ਵੱਸੀ ਹੋਈ ਹੈ ਉਹ ਸਾਡਾ ਸਿਮਰਨ ਹੈ, ਸਾਡਾ ਜਪ ਹੈ, ਸਾਡਾ ਧਿਆਨ ਹੈ ਭਾਵ ਜਿਸ ਗੱਲ ਨੂੰ ਅਸੀਂ ਮੰਨਿਆ ਹੋਇਆ ਹੈ ਜਾਂ ਜਿਸ ਗੱਲ ਦੀ ਸਾਡੇ ਅੰਦਰ ਇੱਛਾ ਹੈ ਉਹ ਸਾਡਾ ਸਿਮਰਨ ਹੈ। ਉਪਰ ਵਾਲੀਆਂ ਪੰਗਤੀਆਂ ਦੁਆਰਾ ਸਿਮਰਨ ਕੀ ਹੈ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਉਸ ਪ੍ਰਮਾਤਮਾ ਦਾ ਕੋਈ ਰੂਪ ਨਹੀਂ ਹੈ, ਰੇਖ ਨਹੀਂ ਹੈ ਭਾਵ ਉਸਦਾ ਕੋਈ ਆਕਾਰ ਰੂਪ ਨਹੀਂ ਹੈ ਜਿਸ ਕਰਕੇ ਪ੍ਰਮਾਤਮਾ ਦੇ ਅੰਤ ਨੂੰ ਸਿਮਰਿਆ ਨਹੀਂ ਜਾ ਸਕਦਾ ਭਾਵ ਸਮਝਿਆ ਨਹੀਂ ਜਾ ਸਕਦਾ। ਜਿਸ ਗੱਲ ਨੂੰ ਸਮਝਿਆ ਨਹੀਂ ਜਾ ਸਕਦਾ, ਜਾਣਿਆ ਨਹੀਂ ਜਾ ਸਕਦਾ ਉਸਨੂੰ ਮੰਨਿਆ ਨਹੀਂ ਜਾ ਸਕਦਾ। **"ਅੰਤਿ"** ਤੋਂ ਭਾਵ ਹੈ ਕਿਸੇ ਚੀਜ ਦਾ ਆਖੀਰ ਜਾਨਣਾ, ਉਸਦਾ ਦਾਇਰਾ ਜਾਨਣਾ ਕਿ ਕੋਈ ਚੀਜ ਕਿਤਨੀ ਕੁ ਵੱਡੀ ਹੈ। ਅੰਤ ਉਸੇ ਚੀਜ ਦਾ ਹੀ ਜਾਣਿਆ ਜਾ ਸਕਦਾ ਹੈ ਜਿਸਦਾ ਕੋਈ ਆਕਾਰ ਹੋਵੇ ਭਾਵ ਜਿਸਦੀ ਮਿਣਤੀ ਕੀਤੀ ਜਾ ਸਕੇ। ਜੋ ਚੀਜ ਹੈ ਹੀ ਨਿਰੰਕਾਰ ਉਸਦਾ ਅੰਤ ਕਿਵੇਂ ਜਾਣਿਆ ਜਾ ਸਕਦਾ ਹੈ ਭਾਵ ਉਸਦੀ ਮਿਣਤੀ ਕਿਵੇਂ ਕੀਤੀ ਜਾ ਸਕਦੀ ਹੈ। ਕਿਸੇ ਆਕਾਰ ਰੂਪ ਦੇ ਅੰਤ ਨੂੰ ਅਸੀਂ ਸਿਮਰ ਸਕਦੇ ਹਾਂ ਭਾਵ ਸਮਝ ਸਕਦੇ ਹਾਂ ਪਰ ਨਿਰੰਕਾਰ ਰੂਪ ਨੂੰ ਨਹੀਂ ਸਮਝ ਸਕਦੇ ਭਾਵ ਸਿਮਰ ਸਕਦੇ। ਨਿਰੰਕਾਰ ਰੂਪ ਨੂੰ ਅਸੀਂ ਤਾਂ ਹੀ ਸਿਮਰ ਸਕਦੇ ਹਾਂ ਭਾਵ ਸਮਝ ਸਕਦੇ ਹਾਂ ਜਦੋਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਾਂ, ਉਸਦੇ ਨਿਰੰਕਾਰ ਰੂਪ ਨੂੰ ਜਾਣ ਲੈਂਦੇ ਹਾਂ। ਪ੍ਰਮਾਤਮਾ ਦਾ ਨਿਰੰਕਾਰ ਰੂਪ ਉਸਦਾ ਗਿਆਨ ਰੂਪ ਹੈ। ਜਦ ਤੱਕ ਮਨੁੱਖ ਮਨ ਦੀ ਮਾਇਆ ਵਾਲੀ ਸਮਝ ਵਿੱਚ ਹੈ ਤਦ ਤੱਕ ਉਸਦੇ ਨਿਰੰਕਾਰ ਰੂਪ ਨੂੰ ਸਮਝਿਆ ਨਹੀਂ ਜਾ ਸਕਦਾ, ਸਿਮਰਿਆ ਨਹੀਂ ਜਾ ਸਕਦਾ ਕਿਉਂਕਿ ਉਸਨੇ ਆਪ ਹੀ ਮਨ ਦੀ ਸਮਝ ਰਾਹੀਂ ਸਾਨੂੰ ਅਸਮਰਥ ਰੱਖਿਆ ਹੋਇਆ ਹੈ। ਪ੍ਰਮਾਤਮਾ ਦਾ ਸਿਮਰਨ ਉਸਨੂੰ ਜਾਨਣ ਦੁਆਰਾ ਹੀ ਹੁੰਦਾ ਹੈ ਜੋ ਸਿਮਰਨ ਮਨ ਦੇ ਵਿੱਚ ਉਹ ਆਪ ਹੀ ਕਰਵਾਉਂਦਾ ਹੈ ਭਾਵ ਆਪਣਾ ਸੱਚਾ ਗਿਆਨ ਦੇਣ ਦੁਆਰਾ ਕਰਵਾਉਂਦਾ ਹੈ ਜਿਸ ਦੁਆਰਾ ਉਹ ਆਪ

45/6026

ਹੀ ਆਪਣੀ ਵਡਿਆਈ ਸਮਝਾਉਂਦਾ ਹੈ ਤੇ ਆਪ ਹੀ ਆਪਣੀ ਵਡਿਆਈ ਕਰਵਾਉਂਦਾ ਹੈ ਭਾਵ ਆਪਣੀ ਵਡਿਆਈ ਦੇ ਮਾਰਗ ਤੇ ਚਲਾਉਂਦਾ ਹੈ, ਆਪਣਾ ਜੱਸ ਆਪ ਹੀ ਕਰਵਾਉਂਦਾ ਹੈ। ਪ੍ਰਮਾਤਮਾ ਗਿਆਨ ਦੇ ਰੂਪ ਵਿੱਚ ਹੈ ਜਿਸਦੇ ਅੰਤ ਨੂੰ ਜਾਣਿਆ ਨਹੀਂ ਜਾ ਸਕਦਾ, ਸਿਮਰਿਆ ਨਹੀਂ ਜਾ ਸਕਦਾ। **(ਨਾ ਤਿਸੁ ਰੂਪੁ ਨ ਰੇਖਿਆ ਕਾਈ ॥ ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥)**

ਜਿਵੇਂ ਕਿ ਅਸੀਂ ਪਿੱਛੇ ਮੁੱਖ ਸ਼ਬਦ ਰਾਹੀਂ ਸਮਝਿਆ ਹੈ ਪ੍ਰਮਾਤਮਾ ਦੀ ਵਡਿਆਈ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਹੁੰਦੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਘਰ ਹੈ ਜਿਸ ਰਾਹੀਂ ਪ੍ਰਮਾਤਮਾ ਦੀ ਵਡਿਆਈ ਹੋ ਰਹੀ ਹੈ ਭਾਵ ਪ੍ਰਮਾਤਮਾ ਦੀ ਵਡਿਆਈ ਕੀ ਹੈ ਇਸ ਗੱਲ ਦੀ ਸਿੱਖਿਆ ਸਾਰੇ ਸੰਸਾਰ ਨੂੰ ਦਿੱਤੀ ਜਾ ਰਹੀ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਦੇ ਅੰਦਰ ਆਪ ਹੈ ਉਹੀ ਪ੍ਰਮਾਤਮਾ ਦਾ ਘਰ ਹੈ। ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਸਮਝ ਦੇ ਰੂਪ ਵਿੱਚ ਹੈ ਭਾਵ ਸੱਚ ਦੇ ਰੂਪ ਵਿੱਚ ਹੈ, ਸੱਚੀ ਸਮਝ ਦੇ ਰੂਪ ਵਿੱਚ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੀ ਵਡਿਆਈ ਜਾਨਣ ਲਈ ਅਸੀਂ ਇਸ ਪ੍ਰਮਾਤਮਾ ਦੇ ਘਰ ਨੂੰ ਆਪਣੇ ਮਨ ਰੂਪ ਘਰ ਵਿੱਚ ਵਸਾਉਂਣਾ ਹੈ, ਟਿਕਾਉਂਣਾ ਹੈ ਜੋ ਕਿ ਸਾਡਾ ਸੱਚਾ ਉੱਦਮ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਦੀ ਵਡਿਆਈ ਉਦੋਂ ਹੀ ਹੁੰਦੀ ਹੈ ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਗੁਰੂ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਆਉ ਇਸ ਗੱਲ ਨੂੰ ਅਕਾਲ ਪੁਰਖ ਰੂਪ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਰਾਗੁ ਆਸਾ ਮਹਲਾ ੧ ॥

“ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥੧॥
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥
ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥
ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥”

(ਅੰਗ ੧੨-੧੩)

ਸਭ ਤੋਂ ਪਹਿਲਾਂ ਤਾਂ ਉਪਰਲੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝੋ ਕਿ ਗੁਰੂ ਦਾ ਘਰ ਕੀ ਹੈ ਤੇ ਗੁਰੂ ਕੌਣ ਹੈ। ਗੁਰੂ ਸਾਰੇ ਸੰਸਾਰ ਦਾ ਇੱਕੋ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ

ਇਸ ਗੱਲ ਨੂੰ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਗੁਰੂ ਦਾ ਘਰ ਧਰਮ ਗ੍ਰੰਥ ਹਨ ਭਾਵੇਂ ਕੋਈ ਵੀ ਧਰਮ ਗ੍ਰੰਥ ਹੈ। ਗੁਰੂ ਉਹ ਹੈ ਜੋ ਧਰਮ ਗ੍ਰੰਥਾਂ ਦੇ ਵਿੱਚ ਗਿਆਨ ਪਾਉਂਦਾ ਹੈ, ਸਿੱਖਿਆ ਪਾਉਂਦਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਛੇ ਧਰਮ ਗ੍ਰੰਥਾਂ ਦੀ ਗੱਲ ਕੀਤੀ ਹੋਈ ਹੈ ਜਿਨ੍ਹਾਂ ਧਰਮ ਗ੍ਰੰਥਾਂ ਨੂੰ ਹਿੰਦੂ ਸਮਾਜ ਆਪਣੇ ਧਰਮ ਗ੍ਰੰਥ ਸਮਝਦਾ ਹੈ ਜੋ ਕਿ ਛੇ ਸ਼ਾਸਤਰਾਂ ਦੇ ਰੂਪ ਵਿੱਚ ਹਨ। ਇਨ੍ਹਾਂ ਛੇ ਸ਼ਾਸਤਰਾਂ ਨੂੰ ਗੁਰੂ ਦੇ ਛੇ ਘਰ ਦੱਸਿਆ ਹੋਇਆ ਹੈ ਤੇ ਛੇ ਹੀ ਗੁਰੂ ਦੱਸੇ ਹੋਏ ਹਨ ਤੇ ਛੇ ਤਰੀਕੇ ਦੇ ਉਪਦੇਸ਼ ਦੱਸੇ ਹੋਏ ਹਨ। ਜੇਕਰ ਸਾਨੂੰ ਗੁਰੂ ਦੀ ਸਮਝ ਨਹੀਂ ਹੈ ਕਿ ਅਸਲ ਵਿੱਚ ਗੁਰੂ ਕੌਣ ਹੈ ਤਾਂ ਫਿਰ ਅਸੀਂ ਧਰਮ ਸ਼ਾਸਤਰ ਦੀ ਵਿੱਦਿਆ ਉਚਾਰਨ ਵਾਲੇ ਨੂੰ ਹੀ ਗੁਰੂ ਸਮਝਦੇ ਹਾਂ। ਨਾਲ ਹੀ ਅਗਲੀ ਪੰਗਤੀ ਰਾਹੀਂ ਇਹ ਸਪਸ਼ਟ ਕੀਤਾ ਹੋਇਆ ਹੈ ਕਿ ਗੁਰੂ ਇੱਕੋ ਹੀ ਹੈ ਤੇ ਹਰ ਧਰਮ ਗ੍ਰੰਥ ਦੀ ਰਚਨਾ ਕਰਨ ਵਾਲਾ ਇੱਕੋ ਆਪ ਪ੍ਰਮਾਤਮਾ ਹੀ ਹੈ ਜਿਸਦੇ ਆਪਣੇ ਹੀ ਅਨੇਕਾਂ ਵੇਸ ਹਨ ਜਿਨ੍ਹਾਂ ਦੁਆਰਾ ਉਸਨੇ ਆਪ ਹੀ ਆਪਣਾ ਗਿਆਨ ਦੇਣ ਦੁਆਰਾ ਧਰਮ ਸ਼ਾਸਤਰਾਂ ਦੀ ਰਚਨਾ ਕਰਵਾਈ ਹੈ। ਇਸ ਗੱਲ ਨੂੰ ਕੇਵਲ ਉਹੀ ਜਾਣ ਸਕਦਾ ਹੈ ਜਿਸਦੇ ਮਨ ਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਗਟ ਕੀਤਾ ਹੈ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਬਲਕਿ **“ਸਬਦੁ”** ਨੂੰ ਗੁਰੂ ਕਿਹਾ ਹੈ ਤੇ ਪ੍ਰਮਾਤਮਾ ਆਪ ਸ਼ਬਦ ਰੂਪ ਵਿੱਚ ਹੀ ਹੈ ਭਾਵ ਸ਼ਬਦ ਦੇ ਗਿਆਨ ਰੂਪ ਵਿੱਚ ਹੈ ਜੋ ਮਨ ਦੇ ਵਿੱਚ ਆਪ ਹੀ ਆਪਣਾ ਸੱਚਾ ਗਿਆਨ ਦਿੰਦਾ ਹੈ। ਜਦ ਤੱਕ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਤਦ ਤੱਕ ਉਹ ਸਰੀਰ ਜਿਸ ਰਾਹੀਂ ਧਰਮ ਸ਼ਾਸਤਰ ਦੀ ਰਚਨਾ ਕੀਤੀ ਜਾਂਦੀ ਹੈ ਉਹ ਉਸ ਗਿਆਨ ਨੂੰ ਆਪਣਾ ਗਿਆਨ ਹੀ ਸਮਝਦਾ ਹੈ ਭਾਵ ਭਰਮ ਵਿੱਚ ਹੀ ਆਪਣੇ ਆਪ ਨੂੰ ਗੁਰੂ ਸਮਝਦਾ ਹੈ। ਭਾਵੇਂ ਸ਼ਾਸਤਰਾਂ ਦੇ ਵਿੱਚ ਸੱਚਾ ਗਿਆਨ ਹੈ ਜਿਸ ਦੁਆਰਾ ਸੱਚਾ ਜੀਵਨ ਬਿਤਾਉਂਣ ਦਾ ਮਾਰਗ ਸਮਝਾਇਆ ਹੋਇਆ ਹੈ ਪਰ ਉਨ੍ਹਾਂ ਦੀ ਰਚਨਾ ਕਰਨ ਵਾਲਿਆਂ ਨੂੰ ਇਸ ਗੱਲ ਦੀ ਸੋਝੀ ਨਹੀਂ ਪਈ ਕਿ ਸਾਨੂੰ ਗਿਆਨ ਦੇਣ ਵਾਲਾ ਕੌਣ ਹੈ। ਜਿਸ ਸਮੇਂ ਪ੍ਰਮਾਤਮਾ ਨੂੰ ਜੋ ਕੁਝ ਭਾਇਆ, ਚੰਗਾ ਲੱਗਾ ਉਸਨੇ ਉਸੇ ਤਰੀਕੇ ਹੀ ਸੰਸਾਰ ਨੂੰ ਚਲਾਉਣਾ ਠੀਕ ਸਮਝਿਆ। ਵੇਦਾਂ ਦੀ ਰਚਨਾ ਵੀ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ ਜੋ ਕਿ ਬ੍ਰਹਮਾ ਦੇ ਸਰੀਰ ਰਾਹੀਂ ਕਰਵਾਈ

45/6028

ਹੈ ਪਰ ਬ੍ਰਹਮਾ ਨੂੰ ਵੀ ਇਸ ਗੱਲ ਦੀ ਸਮਝ ਨਹੀਂ ਪੈਣ ਦਿੱਤੀ। ਇਸੇ ਤਰ੍ਹਾਂ ਕੁਰਾਣ ਦੀ ਰਚਨਾ ਵੀ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ ਤੇ ਧਰਮ ਦਾ ਮਾਰਗ ਆਪ ਹੀ ਸਮਝਾਇਆ ਹੈ, ਆਪਣੇ ਵੱਖਰੇ ਵੱਖਰੇ ਵੇਸਾਂ ਵਿੱਚ ਸਮਝਾਇਆ ਹੈ, ਆਪਣਾ ਸੱਚਾ ਗਿਆਨ ਦਿੱਤਾ ਹੈ। **(ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥੧॥)**

{ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥}

(ਅੰਗ ੪੪੨)

{ਜਹ ਸਰਬ ਕਲਾ ਆਪਹਿ ਪਰਬੀਨ ॥ ਤਹ ਬੇਦ ਕਤੇਬ ਕਹਾ ਕੋਊ ਚੀਨ ॥}

(ਅੰਗ ੨੯੧)

{ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥}

(ਅੰਗ ੪੬੪)

{ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥}

(ਅੰਗ ੩੯੭)

{ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥
ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥੨॥
ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥੩॥੭॥੨੯॥}

(ਅੰਗ ੪੮੩)

ਪਉੜੀ ॥

{ਤੁਧੁ ਧਿਆਇਨ੍ਹਿ ਬੇਦ ਕਤੇਬਾ ਸਣੁ ਖੜੇ ॥ ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥
ਬ੍ਰਹਮੇ ਤੁਧੁ ਧਿਆਇਨ੍ਹਿ ਇੰਦ੍ ਇੰਦ੍ਰਾਸਣਾ ॥ ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥
ਪੀਰ ਪਿਕਾਬਰ ਸੇਖ ਮਸਾਇਕ ਅਉਲੀਏ ॥ ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥
ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥ ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥੨॥}

(ਅੰਗ ੫੧੮)

45/6029

ਰਾਮਕਲੀ ਮਹਲਾ ੫ ॥

{ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥}

(ਅੰਗ ੮੮੫)

{ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥}

(ਅੰਗ ੯੦੩)

{ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥
ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥}

(ਅੰਗ ੧੦੨੧)

{ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥
ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥}

(ਅੰਗ ੧੦੩੬)

ਬਸੰਤੁ ਬਾਣੀ ਭਗਤਾਂ ਕੀ ॥
ਕਬੀਰ ਜੀ ਘਰੁ ੧
ੴ ਸਤਿਗੁਰ ਪ੍ਰਸਾਦਿ ॥
{ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥
ਰਾਜਾ ਰਾਮੁ ਮਉਲਿਆ ਅਨਤ ਭਾਇ ॥ ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥
ਦੁਤੀਆ ਮਉਲੇ ਚਾਰਿ ਬੇਦ ॥ ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥
ਸੰਕਰੁ ਮਉਲਿਓ ਜੋਗ ਧਿਆਨ ॥ ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥}

(ਅੰਗ ੧੧੯੩)

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}

(ਅੰਗ ੧੩੫੦)

ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਣੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਧਰਮ ਗ੍ਰੰਥਾਂ ਦੇ ਵਿੱਚ ਪ੍ਰਮਾਤਮਾ ਦਾ ਘਰ ਕਿਸ ਰੂਪ ਵਿੱਚ ਹੈ ਭਾਵ ਉਹ ਗੁਰੂ ਕਿਸ ਰੂਪ ਵਿੱਚ ਹੈ।

45/6030

ਪ੍ਰਮਾਤਮਾ ਸੱਚੇ ਗਿਆਨ ਦੇ ਰੂਪ ਵਿੱਚ ਗੁਰੂ ਹੈ, ਆਪਣੇ ਸੱਚੇ ਉਪਦੇਸ਼ ਦੇ ਰੂਪ ਵਿੱਚ ਗੁਰੂ ਹੈ। ਧਰਮ ਗ੍ਰੰਥ ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਿਖਾਉਂਦੇ ਹਨ ਜੋ ਕਿ ਧਰਮ ਗ੍ਰੰਥਾਂ ਦੀ ਗੱਲ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ, ਉਨ੍ਹਾਂ ਦੇ ਉਪਦੇਸ਼ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਧਰਮ ਗ੍ਰੰਥ ਸਾਨੂੰ ਸੱਚੇ ਸੁੱਚੇ ਕਰਮ ਕਰਨਾ ਹੀ ਸਿਖਾਉਂਦਾ ਹੈ ਤੇ ਮਨੁੱਖ ਦੇ ਸੱਚੇ ਸੁੱਚੇ ਕਰਮ ਕਰਨਾ ਹੀ ਉਸ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ, ਉਸਦਾ ਜੱਸ ਗਾਉਣਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥”

ਧਰਮ ਗ੍ਰੰਥ ਪ੍ਰਮਾਤਮਾ ਦੀ ਵਡਿਆਈ ਦਾ ਘਰ ਹਨ ਭਾਵ ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਿਖਾਉਂਦੇ ਹਨ, ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨਾ ਸਿਖਾਉਂਦੇ ਹਨ। ਅਸੀਂ ਉਸ ਪ੍ਰਮਾਤਮਾ ਦੇ ਘਰ ਨੂੰ, ਵਡਿਆਈ ਦੇ ਘਰ ਨੂੰ ਆਪਣੇ ਅੰਦਰ ਰੱਖਣਾ ਹੈ ਭਾਵ ਉਸ ਘਰ ਦੀ ਸੰਭਾਲ ਕਰਨੀ ਹੈ। ਪ੍ਰਮਾਤਮਾ ਦੀ ਵਡਿਆਈ ਦੇ ਘਰ ਨੂੰ ਅਸੀਂ ਆਪਣੇ ਮਨ ਰੂਪ ਘਰ ਦੇ ਵਿੱਚ ਹੀ ਰੱਖਣਾ ਹੈ ਭਾਵ ਸੰਭਾਲਣਾ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਆਪਣੇ ਅੰਦਰ ਸੰਭਾਲਣਾ ਹੈ ਭਾਵ ਉਹ ਕੁਝ ਕਰਨਾ ਹੈ ਜੋ ਕੁਝ ਸਾਨੂੰ ਧਰਮ ਗ੍ਰੰਥ ਸਮਝਾਉਂਦੇ ਹਨ। ਹਰ ਧਰਮ ਗ੍ਰੰਥ ਸਾਨੂੰ ਚੰਗੇ ਕਰਮ ਕਰਨਾ ਹੀ ਸਮਝਾਉਂਦਾ ਹੈ, ਸੱਚਾ ਸੁੱਚਾ ਜੀਵਨ ਬਤੀਤ ਕਰਨਾ ਸਮਝਾਉਂਦਾ ਹੈ ਜੋ ਕਿ ਸਾਰੇ ਸੰਸਾਰ ਲਈ ਚੰਗਾ ਹੁੰਦਾ ਹੈ ਜਿਸ ਕਰਕੇ ਮਨੁੱਖ ਦੂਸਰੇ ਮਨੁੱਖ ਦਾ ਮਾੜਾ ਨਹੀਂ ਕਰਦਾ ਭਾਵ ਸਭ ਨੂੰ ਇਸ ਵਿੱਚ ਸੁੱਖ ਮਿਲਦਾ ਹੈ, ਸਭ ਦਾ ਭਲਾ ਹੁੰਦਾ ਹੈ। ਇਹੀ ਸੱਚ ਦਾ ਮਾਰਗ ਹੈ ਜਿਸ ਦੁਆਰਾ ਸੱਚ ਦੀ ਵਡਿਆਈ ਹੁੰਦੀ ਹੈ, ਧਰਮ ਗ੍ਰੰਥਾਂ ਦੀ ਮਤਿ ਦੀ ਵਡਿਆਈ ਹੁੰਦੀ ਹੈ। ਪ੍ਰਮਾਤਮਾ ਆਪ ਸੱਚੀ ਮਤਿ ਦੇ ਵਿੱਚ ਹੀ ਹੈ, ਸੱਚੇ ਗਿਆਨ ਦੇ ਵਿੱਚ ਹੀ ਹੈ ਤੇ ਸੱਚੇ ਗਿਆਨ ਦੀ ਵਡਿਆਈ, ਸੱਚੀ ਸਿੱਖਿਆ ਦੀ ਵਡਿਆਈ ਪ੍ਰਮਾਤਮਾ ਦੀ ਵਡਿਆਈ ਹੈ, ਪ੍ਰਮਾਤਮਾ ਦੀ **“ਕੀਰਤਿ”** ਭਾਵ ਕੀਰਤੀ ਗਾਉਣਾ ਹੈ, ਉਸਦਾ ਜੱਸ ਗਾਉਣਾ ਹੈ। ਹਰ ਧਰਮ ਗ੍ਰੰਥ ਸਾਨੂੰ ਪ੍ਰਮਾਤਮਾ ਦਾ ਇਹੋ ਜਿਹਾ ਜੱਸ ਗਾਉਣਾ ਹੀ ਸਿਖਾਉਂਦਾ ਹੈ ਤੇ ਇਹੋ ਜਿਹਾ ਜੱਸ ਅਸੀਂ ਤਾਂ ਹੀ

ਗਾ ਸਕਦੇ ਹਾਂ ਜੇ ਗੁਰੂ ਦੇ ਉਪਦੇਸ਼ ਨੂੰ ਆਪਣੇ ਅੰਦਰ ਰੱਖਾਂਗੇ ਭਾਵ ਉਸਨੂੰ ਮੰਨਾਂਗੇ, ਉਸਤੇ ਅਮਲ ਕਰਾਂਗੇ। **(ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥)**

ਹਰ ਧਰਮ ਗ੍ਰੰਥ ਸਾਨੂੰ ਇਹ ਸਮਝਾਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੈ। ਜਦੋਂ ਮਨੁੱਖ ਨੂੰ ਪ੍ਰਮਾਤਮਾ ਦੀ ਵਡਿਆਈ ਕਰਨ ਦੇ ਉਦੱਮ ਨਾਲ ਪ੍ਰਮਾਤਮਾ ਆਪਣੀ ਕ੍ਰਿਪਾ ਕਰ ਦਿੰਦਾ ਹੈ ਫਿਰ ਉਹ ਆਪਣੀ ਵਡਿਆਈ ਆਪ ਹੀ ਸਮਝਾਉਂਦਾ ਹੈ ਤੇ ਧਰਮ ਗ੍ਰੰਥਾਂ ਵਿੱਚ ਸਮਝਾਇਆ ਹੋਇਆ ਸੱਚ ਆਪ ਹੀ ਦਿਖਾਉਂਦਾ ਹੈ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਜਿਸਨੂੰ ਜਾਣੇ ਬਿਨਾਂ ਉਸ ਪ੍ਰਮਾਤਮਾ ਦੀ ਵਡਿਆਈ ਨਹੀਂ ਹੋ ਸਕਦੀ। ਪ੍ਰਮਾਤਮਾ ਆਪਣੀ ਵਡਿਆਈ ਕਿਸ ਰੂਪ ਵਿੱਚ ਸਮਝਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥

ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥”

ਪ੍ਰਮਾਤਮਾ ਦੀ ਸੱਚੀ ਵਡਿਆਈ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਹੁੰਦੀ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਸਾਡਾ ਸੱਚਾ ਉਦੱਮ ਧਰਮ ਗ੍ਰੰਥਾਂ ਦੀ ਸਿੱਖਿਆ ਨੂੰ ਮੰਨਣ ਦਾ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਤੇ ਆਪਣਾ ਆਪ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ। ਜਦ ਤੱਕ ਮਨੁੱਖ ਇਹ ਨਹੀਂ ਜਾਣਦਾ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤਦ ਤੱਕ ਉਸਦੀ ਸੱਚੀ ਵਡਿਆਈ ਨਹੀਂ ਹੈ। ਉਪਰਲੇ ਪਦੇ ਦੁਆਰਾ ਪ੍ਰਮਾਤਮਾ ਦੀ ਵਡਿਆਈ ਹੀ ਸਮਝਾਈ ਹੋਈ ਹੈ ਕਿ ਉਹ ਸਭ ਕੁਝ ਆਪ ਹੀ ਹੈ। ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਰੂਪ ਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕਿਸ ਤਰੀਕੇ ਸਭ ਵਿੱਚ ਸਮਾਇਆ ਹੋਇਆ ਹੈ ਜੋ ਕਿ ਪੂਰਨ ਸੱਚਾਈ ਹੈ। ਉਪਰ ਪੰਗਤੀ ਰਾਹੀਂ ਸਾਨੂੰ **“ਸਮੇ”** ਦੇ ਰੂਪ ਸਮਝਾਏ ਹੋਏ ਹਨ। ਵਿਸੁਏ, ਚਸਾ, ਘੜੀ, ਪਹਰ, ਥਿਤ, ਵਾਰ ਜਾਂ ਮਹੀਨਾ ਸਭ ਸਮੇ ਦੇ ਰੂਪ ਹੀ ਹਨ ਭਾਵ ਸਭ ਦਾ ਮੂਲ ਸਮਾਂ ਹੈ ਤੇ ਆਪਣੀ ਕਿਸੇ ਦੀ ਕੋਈ ਵੱਖਰੀ ਹੋਂਦ ਨਹੀਂ ਹੈ, ਸਾਰੇ ਸਮੇਂ ਤੋਂ ਹੀ ਬਣੇ ਹੋਏ ਹਨ। ਇਸੇ ਤਰ੍ਹਾਂ ਹਰ

ਵਸਤੂ ਦਾ ਮੂਲ ਪ੍ਰਮਾਤਮਾ ਆਪ ਹੀ ਹੈ, ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਪਰ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਮਨ ਰੂਪ ਘਰ ਵਿੱਚ ਪਹੁੰਚ ਕੇ ਹੀ ਪੈਂਦੀ ਹੈ, ਉਸਦੇ ਨਿਰੰਕਾਰ ਰੂਪ ਨੂੰ ਭਾਵ ਗਿਆਨ ਰੂਪ ਨੂੰ ਸਮਝਣ ਦੁਆਰਾ ਹੀ ਪੈਂਦੀ ਹੈ ਕਿ ਪ੍ਰਮਾਤਮਾ ਨੇ ਸਭ ਕੁਝ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਤੇ ਹਰ ਵਸਤੂ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦਾ ਇਹ ਰੂਪ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ ਸੂਰਜ ਦਾ ਪ੍ਰਮਾਣ ਦੇਣ ਦੁਆਰਾ ਸਮਝਾਇਆ ਹੋਇਆ ਹੈ। ਰੁੱਤਾਂ ਅਨੇਕਾਂ ਹੀ ਹੁੰਦੀਆਂ ਹਨ ਪਰ ਉਨ੍ਹਾਂ ਰੁੱਤਾਂ ਨੂੰ ਬਨਾਉਣ ਵਾਲਾ ਇੱਕੋ ਇੱਕ ਸੂਰਜ ਹੈ ਜੋ ਸੂਰਜ ਦੇ ਘੁੰਮਣ ਨਾਲ

ਜੁੜੀਆਂ ਹੋਈਆਂ ਹਨ, ਸੂਰਜ ਘੁੰਮਣ ਦੁਆਰਾ, ਤੇ ਦੂਰ ਨੇੜੇ ਹੋਣ ਦੁਆਰਾ ਗਰਮੀ ਸਰਦੀ ਨਾਲ ਜੁੜੀਆਂ ਹੋਈਆਂ ਹਨ। ਸਭ ਦਾ ਮੂਲ ਇਸੇ ਤਰ੍ਹਾਂ ਪ੍ਰਮਾਤਮਾ ਆਪ ਹੀ ਹੈ ਤੇ ਹਰ ਵੇਸ ਪ੍ਰਮਾਤਮਾ ਦਾ ਆਪਣਾ ਹੀ ਹੈ। ਹਰ ਰੂਪ ਪ੍ਰਮਾਤਮਾ ਦਾ ਜਾਣੇ ਬਿਨਾਂ ਸਾਨੂੰ ਪ੍ਰਮਾਤਮਾ ਦੀ ਵਡਿਆਈ ਸਮਝ ਨਹੀਂ ਆ ਸਕਦੀ। ਅਸੀਂ ਅਨੇਕਾਂ ਹੀ ਆਕਾਰ ਰੂਪ ਦੀਆਂ ਵਡਿਆਈਆਂ ਕਰਦੇ ਹਾਂ। ਥਿਤਾਂ, ਵਾਰਾਂ ਨੂੰ ਵੱਡਾ ਮੰਨ ਕੇ ਉਨ੍ਹਾਂ ਨੂੰ ਪੂਜਦੇ ਹਾਂ, ਕਿਸੇ ਸਮੇ ਨੂੰ ਵੱਡਾ ਮੰਨ ਕੇ ਆਪਣੀ ਭਗਤੀ ਕਰਨੀ ਸਮਝਦੇ ਹਾਂ। ਸੂਰਜ ਨੂੰ ਵੀ ਦੇਵਤਾ ਮੰਨ ਕੇ ਉਸਨੂੰ ਪੂਜਿਆ ਜਾਂਦਾ ਹੈ। ਇਨ੍ਹਾਂ ਨੂੰ ਕੋਈ ਤਦ ਤੱਕ ਹੀ ਵੱਡਾ ਸਮਝਦਾ ਹੈ ਭਾਵ ਇਨ੍ਹਾਂ ਦੀ ਵਡਿਆਈ ਕਰਦਾ ਹੈ ਜਦ ਤੱਕ ਹਰ ਕਿਸੇ ਦੇ ਅੰਦਰ ਪ੍ਰਮਾਤਮਾ ਨਜਰ ਨਹੀਂ ਆਉਂਦਾ, ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਦਾ ਰੂਪ ਨਜਰ ਨਹੀਂ ਆਉਂਦਾ। ਹਰ ਆਕਾਰ ਰੂਪ ਨੂੰ ਪ੍ਰਮਾਤਮਾ ਦਾ ਰੂਪ ਸਮਝ ਕੇ ਮੰਨਣਾ ਉਸ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ। ਸੁਣ ਸੁਣ ਕੇ ਤਾਂ ਸਭ ਕੋਈ ਕਹਿ ਦਿੰਦਾ ਹੈ ਕਿ ਸਭ ਕੁਝ ਪ੍ਰਮਾਤਮਾ ਹੀ ਹੈ ਤੇ ਇਸ ਗੱਲ ਨੂੰ ਕੋਈ ਨਹੀਂ ਮੰਨਦਾ ਕਿ ਮੈਂ ਆਪ ਪ੍ਰਮਾਤਮਾ ਦਾ ਹੀ ਰੂਪ ਹਾਂ। ਆਪਣੇ ਆਪ ਨੂੰ ਜਾਣੇ ਬਿਨਾਂ ਮਨੁੱਖ ਨੂੰ ਕਦੇ ਇਹ ਵਿਸ਼ਵਾਸ ਨਹੀਂ ਆ ਸਕਦਾ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਹੋਂਦ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। **(ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥)**

ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੁਆਰਾ ਸਮਝਿਆ ਹੈ, ਪ੍ਰਮਾਤਮਾ ਦੀ ਸੱਚੀ ਵਡਿਆਈ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ

ਹੀ ਹੁੰਦੀ ਹੈ ਤੇ ਪ੍ਰਮਾਤਮਾ ਆਪਣੇ ਘਰ ਵਿੱਚ ਜਿਸਨੂੰ ਆਪ ਬੁਲਾਉਂਦਾ ਹੈ ਉਹੀ ਉਸਦੇ ਘਰ ਵਿੱਚ ਜਾ ਸਕਦਾ ਹੈ। ਪ੍ਰਮਾਤਮਾ ਆਪਣੀ ਵਡਿਆਈ ਕਰਨੀ ਆਪ ਹੀ ਸਿਖਾਉਂਦਾ ਹੈ ਤੇ ਆਪ ਹੀ ਆਪਣੀ ਸੱਚੀ ਵਡਿਆਈ ਦੇ ਮਾਰਗ ਤੇ ਚਲਾਉਂਦਾ ਹੈ। ਪ੍ਰਮਾਤਮਾ ਦੀ ਵਡਿਆਈ ਮਨ ਦੀ ਡੋਲਣ ਵਾਲੀ ਮਤਿ ਵਿੱਚੋਂ ਨਿਕਲ ਕੇ ਭਾਵ ਮਾਇਆ ਮੋਹ ਵਾਲੀ ਮਤਿ ਵਿੱਚੋਂ ਨਿਕਲ ਕੇ ਹੀ ਹੁੰਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਹੁੰਦੀ ਹੈ, ਪ੍ਰਮਾਤਮਾ ਦੇ ਸੱਚ ਰੂਪ ਨਾਲ ਮਿਲਣ ਦੁਆਰਾ ਹੀ ਹੁੰਦੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਅਕਾਲ ਪੁਰਖ ਰੂਪ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਧਨਾਸਰੀ ਮਹਲਾ ੫ ॥

"ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥
ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥ ਤੁਮ ਘਰਿ ਆਵਹੁ ਮੇਰੇ ਮੀਤ ॥
ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥
ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥
ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥
ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥
ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥ ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ॥
ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੯॥"

(ਅੰਗ ੬੭੮)

ਪ੍ਰਮਾਤਮਾ ਦਾ ਘਰ ਸਾਡੇ ਸਭ ਦੇ ਅੰਦਰ ਹੀ ਹੈ ਜੋ ਕਿ ਸਾਡੇ ਮਨ ਦੇ ਰੂਪ ਵਿੱਚ ਹੈ ਭਾਵ ਸਾਡੇ ਅੰਦਰ ਦੀ ਸਮਝ ਦੇ ਰੂਪ ਵਿੱਚ ਹੈ। ਸਾਡੇ ਮਨ ਦੀ ਸਮਝ ਦੁਆਰਾ ਹੀ ਪ੍ਰਮਾਤਮਾ ਨੇ ਸਭ ਨੂੰ ਆਪਣੇ ਘਰ ਵਿੱਚੋਂ ਬਾਹਰ ਭੇਜਿਆ ਹੋਇਆ ਹੈ, ਬਾਹਰ ਕੱਢਿਆ ਹੋਇਆ ਹੈ ਭਾਵ ਆਪਣੇ ਆਪ ਨੂੰ ਵੱਖਰਾ ਕੀਤਾ ਹੋਇਆ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਮਾਇਆ ਵਾਲੀ ਅਵਸਥਾ ਪਾਈ ਹੋਈ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਪਾਈ ਹੋਈ ਹੈ। ਮਨ ਦੀ ਇਸ ਸਮਝ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਆਪਣੇ ਘਰ ਤੋਂ ਬਾਹਰ ਰੱਖਿਆ ਹੋਇਆ ਹੈ ਭਾਵ ਆਪਣੇ ਆਪ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਅਸੀਂ ਸਭ ਮਾਇਆ ਰੂਪ ਘਰ ਦੇ ਵਿੱਚ ਵੱਸਦੇ ਹਾਂ। ਪ੍ਰਮਾਤਮਾ ਦਾ ਘਰ ਸਾਡੇ ਅੰਦਰ **"ਸਹਜ"** ਦੇ ਰੂਪ ਵਿੱਚ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਘਰ

ਦੇ ਵਿੱਚੋਂ ਪ੍ਰਮਾਤਮਾ ਨੇ ਆਪ ਹੀ ਬਾਹਰ ਕੀਤਾ ਹੋਇਆ ਹੈ। ਜਿਸ ਪ੍ਰਮਾਤਮਾ ਨੇ ਸਾਨੂੰ ਆਪਣੇ ਘਰ ਤੋਂ ਬਾਹਰ ਭੇਜਿਆ ਹੋਇਆ ਹੈ ਉਹੀ ਸਾਨੂੰ ਆਪਣੇ ਘਰ ਦੇ ਵਿੱਚ ਬੁਲਾ ਸਕਦਾ ਹੈ ਭਾਵ ਸਾਨੂੰ ਮਾਇਆ ਮੋਹ ਦੇ ਵਿੱਚੋਂ, ਮਨ ਦੀ ਅਗਿਆਨਤਾ ਦੇ ਵਿੱਚੋਂ, ਮਨ ਦੇ ਹਉਮੈ ਰੂਪ ਪਰਦੇ ਦੇ ਵਿੱਚੋਂ ਕੱਢ ਸਕਦਾ

45/6034

ਹੈ। ਮਾਇਆ ਦਾ ਘਰ ਸਾਡੇ ਦੁੱਖ ਦਾ ਘਰ ਹੈ ਭਾਵ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਘਰ ਹੈ ਤੇ ਸਹਜ ਦਾ ਘਰ ਪ੍ਰਮਾਤਮਾ ਦੇ ਨਾਲ ਮੇਲ ਦਾ ਘਰ ਹੈ ਭਾਵ ਸੁੱਖ ਦਾ ਘਰ ਹੈ। ਪ੍ਰਮਾਤਮਾ ਦੀ ਰਜਾ ਤੋਂ ਬਿਨਾਂ ਕੋਈ ਉਸਦੇ ਘਰ ਵਿੱਚ ਨਹੀਂ ਜਾ ਸਕਦਾ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। ਪ੍ਰਮਾਤਮਾ ਦੇ ਸਹਜ ਰੂਪ ਘਰ ਵਿੱਚ ਪਹੁੰਚ ਕੇ ਹੀ ਕਿਸੇ ਨੂੰ ਇਹ ਸਮਝ ਪੈਂਦੀ ਹੈ ਕਿ ਆਪਣੇ ਘਰ ਵਿੱਚੋਂ ਪ੍ਰਮਾਤਮਾ ਨੇ ਕਿਸ ਤਰੀਕੇ ਸਭ ਨੂੰ ਆਪਣੇ ਘਰ ਵਿੱਚੋਂ ਬਾਹਰ ਭੇਜਿਆ ਹੋਇਆ ਹੈ ਭਾਵ ਬਾਹਰ ਰੱਖਿਆ ਹੋਇਆ ਹੈ। ਇਹ ਸਭ ਸਾਡੀ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਸਾਰਾ ਭੇਦ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਤੇ ਚੌਥੇ ਪਦ ਦੀ ਅਵਸਥਾ ਦੀ ਸਮਝ ਵਿੱਚ ਹੈ ਭਾਵ ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ। **(ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥)** ਪ੍ਰਮਾਤਮਾ ਦੇ ਗੁਣ ਉਸਦੇ ਸਹਜ ਰੂਪ ਘਰ ਵਿੱਚ ਪਹੁੰਚ ਕੇ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਗੁਰੂ ਸਾਹਿਬ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾ ਰਹੇ ਹਨ।

“ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥”

ਮੰਗਲ ਗਾਉਣਾ ਕੀ ਹੈ, ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰਮਤਿ ਦੀ ਸੱਚੀ ਸਮਝ ਦੁਆਰਾ ਵਿਚਰਨਾ ਪ੍ਰਮਾਤਮਾ ਦੇ ਗੁਣ ਗਾਉਣੇ ਹਨ, ਮੰਗਲ ਗਾਉਣਾ ਹੈ। ਪ੍ਰਮਾਤਮਾ ਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਗੁਰਮਤਿ ਰੂਪ ਸੱਚੀ ਸਮਝ ਪ੍ਰਮਾਤਮਾ ਆਪਣੇ ਘਰ ਦੇ ਵਿੱਚ ਆਪ ਹੀ ਪਾਉਂਦਾ ਹੈ। ਮਨ ਦੇ ਵਿੱਚ ਸਹਜ ਧੁਨਿ ਦੁਆਰਾ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਚੌਥੇ ਪਦ ਦਾ ਸੱਚਾ ਗਿਆਨ ਦਿੰਦਾ ਹੈ, ਗੁਰਮਤਿ ਰੂਪ ਸੱਚੀ ਸਮਝ ਪਾਉਂਦਾ ਹੈ। ਗੁਰਮਤਿ **“ਨਿਹਚਲ”** ਮਤਿ ਹੈ ਭਾਵ ਨਾ ਡੋਲਣ ਵਾਲੀ ਮਤਿ ਹੈ, ਸਦਾ ਥਿਰ ਰਹਿਣ ਵਾਲੀ ਮਤਿ ਹੈ ਜੋ ਕਦੇ ਬਦਲ ਨਹੀਂ ਸਕਦੀ। ਮਾਇਆ ਮੋਹ ਵਾਲੀ ਮਤਿ ਡੋਲਣ ਵਾਲੀ ਮਤਿ ਹੈ ਜੋ ਟਿਕੀ ਹੋਈ ਨਹੀਂ ਰਹਿ ਸਕਦੀ। ਭਰਮਾਂ ਵਾਲੀ ਮਤਿ ਡੋਲਣ ਵਾਲੀ ਮਤਿ ਹੈ, ਬਦਲਣ ਵਾਲੀ ਮਤਿ ਹੈ ਜੋ ਮਤਿ ਥਿਰ ਨਹੀਂ ਹੈ। ਥਿਰ ਮਤਿ ਚੌਥੇ ਪਦ ਦੇ ਗਿਆਨ ਵਾਲੀ ਮਤਿ ਹੈ, ਸਾਡੇ ਅੰਦਰ ਦੀ **“ਸਹਜ ਧੁਨਿ”** ਵਾਲੀ

45/6035

ਮਤਿ ਹੈ ਜਿਸ ਮਤਿ ਨਾਲ ਪ੍ਰਮਾਤਮਾ ਆਪ ਹੀ ਕਿਸੇ ਨੂੰ ਜੋੜਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ, ਭਗਤਾਂ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਜੋੜਿਆ ਹੈ। ਜਿਸਨੂੰ ਪ੍ਰਮਾਤਮਾ ਆਪਣਾ ਰਾਜ ਸੌਂਪਦਾ ਹੈ, ਆਪਣੀ ਪਾਤਸ਼ਾਹੀ ਸੌਂਪਦਾ ਹੈ ਉਸਨੂੰ ਨਿਹਚਲ ਮਤਿ ਹੀ ਬਖਸ਼ਦਾ ਹੈ। ਨਿਹਚਲ ਮਤਿ ਦਾ ਰਾਜ ਕਦੇ ਡੋਲ ਨਹੀਂ ਸਕਦਾ। ਪੂਰੀ ਗੁਰਬਾਣੀ ਦੇ ਵਿੱਚ ਨਿਹਚਲ ਰਾਜ ਹੈ ਜੋ ਰਾਜ ਪ੍ਰਮਾਤਮਾ ਦਾ ਆਪਣਾ ਰਾਜ ਹੈ ਤੇ ਸਦਾ ਥਿਰ ਰਹਿਣ ਵਾਲਾ ਰਾਜ ਹੈ, ਸਦਾ ਕਾਇਮ ਰਹਿਣ ਵਾਲਾ ਰਾਜ ਹੈ ਕਿਉਂਕਿ ਸਾਰਾ ਸੱਚਾ ਗਿਆਨ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ, ਉਸਦੇ ਘਰ ਵਿੱਚੋਂ ਹੀ ਆਇਆ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਆਇਆ ਹੈ। ਪ੍ਰਮਾਤਮਾ ਦੀ ਦਿੱਤੀ ਹੋਈ ਨਿਹਚਲ ਮਤਿ ਦੁਆਰਾ ਵਿਚਰਨਾ ਪ੍ਰਮਾਤਮਾ ਦਾ ਆਨੰਦ ਮੰਗਲ ਗੁਣ ਗਾਉਣਾ ਹੈ। **(ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥ ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ॥੧॥)**

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥

ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥

ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥

ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥}

(ਅੰਗ ੨੨)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥ ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥}

(ਅੰਗ ੫੯)

{ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥੨॥
ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥੩॥}

(ਅੰਗ ੧੮੬)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ ੨੩੧)

{ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥}

(ਅੰਗ ੨੪੫)

45/6036

{ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥
ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥}

(ਅੰਗ ੩੭੩)

{ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥}

(ਅੰਗ ੪੧੫)

{ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥}

(ਅੰਗ ੪੪੧)

{ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥}

(ਅੰਗ ੪੯੯)

{ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥

ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ ੫੧੨)

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥}

(ਅੰਗ ੬੦੪)

{ਹਿਰਦੈ ਹਰਿ ਕੇ ਚਰਣ ਵਸਾਈ ॥
ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ ॥ ਰਹਾਉ ॥}

(ਅੰਗ ੬੧੯)

{ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥}

(ਅੰਗ ੭੩੦)

{ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥
ਸਦਾ ਮੁਕਤੁ ਤਾ ਕੇ ਪੂਰੇ ਕਾਮ ॥ ਜਾ ਕੈ ਰਿਦੈ ਵਸੈ ਹਰਿ ਨਾਮ ॥੨॥}

(ਅੰਗ ੮੯੦-੮੯੧)

{ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥
ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥}

(ਅੰਗ ੯੭੦)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥}

(ਅੰਗ ੧੧੯੮)

{ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ ॥
ਸਹਜ ਅਨਦ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ ॥੧॥}

(ਅੰਗ ੧੨੨੪)

45/6037

{ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥
ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥}

(ਅੰਗ ੧੨੩੨)

{ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥
ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥੬॥}

(ਅੰਗ ੧੨੩੪)

{ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥
ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥}

(ਅੰਗ ੧੩੪੬)

46/6038

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਆਪਣੇ ਅੰਦਰ ਸਹਜ ਦੇ ਘਰ ਨੂੰ ਸਮਝਿਆ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਘਰ ਹੈ। ਸਾਡੀ ਪ੍ਰਮਾਤਮਾ ਦੇ ਨਾਲ ਜਦੋਂ ਵੀ ਧੁਨਿ ਜੁੜਦੀ ਹੈ ਉਹ ਸਹਜ ਦੇ ਘਰ ਵਿੱਚ ਹੀ ਜੁੜਦੀ ਹੈ। ਸਾਡੇ ਅੰਦਰ ਦੀ ਧੁਨਿ ਸਾਡੇ ਅੰਦਰ ਦੇ ਵਿਚਾਰ ਹਨ ਤੇ ਜਦੋਂ ਸਾਡੇ ਵਿਚਾਰ ਗੁਰਮਤਿ ਰੂਪ ਸੱਚੇ ਵਿਚਾਰਾਂ ਵਾਲੇ ਬਣ ਜਾਂਦੇ ਹਨ ਇਹ ਸਾਡੇ ਅੰਦਰ ਦੀ ਸਹਜ ਧੁਨਿ ਹੈ ਜਿਸ ਮਨ ਦੀ ਅਵਸਥਾ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ, ਪ੍ਰਮਾਤਮਾ ਦਾ ਜੱਸ ਗਾਇਆ ਜਾ ਸਕਦਾ ਹੈ। ਸਹਜ ਵਾਲੇ ਵਿਚਾਰ ਸਾਨੂੰ ਮਨ ਦੀ ਅਡੋਲਤਾ ਹੀ ਬਖਸ਼ਦੇ ਹਨ ਜੋ ਵਿਚਾਰ ਕਦੇ ਮਾਇਆ ਮੋਹ ਵਿੱਚ ਨਹੀਂ ਡੋਲਦੇ। ਸਾਡੇ ਅੰਦਰ ਇਹ ਨਿਹਚਲ ਮਤਿ ਦਾ ਰਾਜ ਨਿਹਚਲ ਰਾਜ ਹੈ ਜਿਸ ਦੁਆਰਾ ਵਿਚਰਨਾ ਪ੍ਰਮਾਤਮਾ ਦੇ ਗੁਣ ਗਾਉਣਾ ਹੈ। ਪ੍ਰਮਾਤਮਾ ਦੇ ਗੁਣ ਡੋਲਣ ਵਾਲੀ ਮਤਿ ਵਿੱਚ ਰਹਿ ਕੇ ਨਹੀਂ ਗਾਏ ਜਾ ਸਕਦੇ ਕਿਉਂਕਿ ਪ੍ਰਮਾਤਮਾ ਦੇ ਗੁਣ ਗਾਉਣੇ ਸਾਡੇ ਸੱਚੇ ਸੁੱਚੇ ਕਰਮ ਹੀ ਹਨ ਜੋ ਮਾਇਆ ਮੋਹ ਵਾਲੀ ਮਤਿ ਵਿੱਚੋਂ ਨਿਕਲਕੇ ਹੀ ਗਾਏ ਜਾ ਸਕਦੇ ਹਨ। **(ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ॥੧॥)**

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਗਾਏ ਜਾ ਸਕਦੇ ਹਨ ਭਾਵ ਮਾਇਆ ਮੋਹ ਵਾਲੇ ਘਰ ਵਿੱਚੋਂ ਨਿਕਲਕੇ ਹੀ ਗਾਏ ਜਾ ਸਕਦੇ ਹਨ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਤੁਮ ਘਰਿ ਆਵਹੁ ਮੇਰੇ ਮੀਤ ॥ ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥”

ਉਪਰ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ ਸਾਡੇ ਅਸਲ ਘਰ ਵਿੱਚ ਆਉਣ ਲਈ ਪ੍ਰੇਰ ਰਹੇ ਹਨ। ਸਾਡਾ ਅਸਲ ਘਰ ਪ੍ਰਮਾਤਮਾ ਦਾ ਘਰ ਹੈ ਜੋ ਕਿ ਸਾਡੇ ਅੰਦਰ ਸਹਜ ਦੇ ਰੂਪ ਵਿੱਚ ਹੈ। **(ਤੁਮ ਘਰਿ ਆਵਹੁ ਮੇਰੇ ਮੀਤ ॥)** ਸਾਡੇ ਅਸਲ ਘਰ ਵਿੱਚ ਗੁਰੂ ਪ੍ਰਮਾਤਮਾ ਸਾਡੀ ਕਿਸ ਤਰੀਕੇ ਰੱਖਿਆ ਕਰਦਾ ਹੈ ਜਿਸ

46/6039

ਦੁਆਰਾ ਉਸਦੇ ਗੁਣ ਗਾਏ ਜਾ ਸਕਦੇ ਹਨ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥”

ਸਾਡਾ ਸਭ ਦਾ ਘਰ ਸਾਡਾ ਮਨ ਹੈ ਭਾਵ ਸਾਡੇ ਮਨ ਦੇ ਵਿਚਾਰ ਹਨ। ਜਦ ਤੱਕ ਅਸੀਂ ਮਾਇਆ ਮੋਹ ਵਿੱਚ ਹਾਂ ਤਦ ਤੱਕ ਅਸੀਂ ਮਾਇਆ ਦੇ ਘਰ ਵਿੱਚ ਹਾਂ। ਪ੍ਰਮਾਤਮਾ ਦਾ ਘਰ ਵੀ ਸਾਡਾ ਮਨ ਹੀ ਹੈ ਜੋ ਕਿ ਚੌਥੇ ਪਦ ਦੇ ਵਿਚਾਰਾਂ ਦਾ ਘਰ ਹੈ ਭਾਵ ਸਹਜ ਦਾ ਘਰ ਹੈ। ਸਹਜ ਦੇ ਘਰ ਵਿੱਚ ਪਹੁੰਚ ਕੇ ਮਨੁੱਖ ਦੇ ਕੇਵਲ ਵਿਚਾਰ ਹੀ ਬਦਲਦੇ ਹਨ ਜੋ ਵਿਚਾਰ ਪ੍ਰਮਾਤਮਾ ਆਪ ਬਦਲਦਾ ਹੈ। ਸਾਡੇ ਮਨ ਦੇ ਮਾੜੇ ਵਿਚਾਰ, ਔਗੁਣਾਂ ਵਾਲੇ ਵਿਚਾਰ, ਮਾਇਆ ਮੋਹ ਵਾਲੇ ਵਿਚਾਰ ਸਾਡੇ ਦੋਖੀ ਹਨ, ਸਾਰੇ ਸੰਸਾਰ ਦੇ ਦੋਖੀ ਹਨ ਜਿਨ੍ਹਾਂ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਪ੍ਰਮਾਤਮਾ ਆਪ ਹੀ ਇਨ੍ਹਾਂ ਵਿਚਾਰਾਂ ਨੂੰ ਮਨ ਦੇ ਵਿੱਚੋਂ ਕੱਢ ਦਿੰਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦੀ ਸਮਝ ਪਾਉਂਣ ਦੁਆਰਾ, ਚੌਥੇ ਪਦ ਦੇ ਗਿਆਨ ਦੀ ਸਮਝ ਪਾਉਣ ਦੁਆਰਾ ਕੱਢ ਦਿੰਦਾ ਹੈ। ਸਾਡੇ ਅੰਦਰ ਦੇ ਇਹ ਮਾੜੇ ਵਿਚਾਰ ਹੀ ਸਾਡੇ ਸਭ ਦੇ ਅੰਦਰ ਦੀ **“ਅਪਦਾ”** ਹੈ ਭਾਵ ਮੁਸੀਬਤ ਹੈ ਜਿਨ੍ਹਾਂ ਕਰਕੇ ਹਰ ਕੋਈ ਆਪਣੇ ਅੰਦਰੋਂ ਆਪਣੇ ਅਸਲ ਘਰ ਨੂੰ ਜਾਨਣ ਤੋਂ ਦੂਰ ਰਹਿੰਦਾ ਹੈ ਭਾਵ ਪ੍ਰਮਾਤਮਾ ਦੇ ਘਰ ਨੂੰ ਸਮਝਣ ਤੋਂ ਦੂਰ ਰਹਿੰਦਾ ਹੈ। ਸਭ ਕੁਝ ਸਾਡੇ ਮਨ ਦੀ ਸਮਝ ਨਾਲ ਹੀ ਜੁੜਿਆ ਹੋਇਆ ਹੈ। ਸਾਡੇ ਅੰਦਰ ਦੇ ਮਾੜੇ ਵਿਚਾਰ ਸਾਡੀ ਮਾੜੀ ਸਮਝ ਹੈ ਤੇ ਸਾਡੇ ਅੰਦਰ ਦੇ ਚੰਗੇ ਵਿਚਾਰ ਸਾਡੀ ਚੰਗੀ ਸਮਝ ਹੈ। ਮਾੜੇ ਵਿਚਾਰਾਂ ਦਾ ਘਰ ਮਾਇਆ ਦਾ ਘਰ ਹੈ ਤੇ ਚੰਗੇ ਵਿਚਾਰਾਂ ਦਾ ਘਰ ਗੁਰੂ ਪ੍ਰਮਾਤਮਾ ਦਾ ਘਰ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਘਰ ਹੈ ਜੋ ਕਿ ਸੱਚੇ ਵਿਚਾਰਾਂ ਦਾ ਘਰ ਹੈ, ਚੰਗੇ ਵਿਚਾਰਾਂ ਦਾ ਘਰ ਹੈ। ਪ੍ਰਮਾਤਮਾ ਦੇ ਗੁਣ ਚੰਗੇ ਵਿਚਾਰਾਂ ਵਾਲੇ ਬਣਕੇ ਹੀ ਗਾਏ ਜਾ ਸਕਦੇ ਹਨ ਭਾਵ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ

ਹੀ ਗਾਏ ਜਾ ਸਕਦੇ ਹਨ। **(ਤੁਮ ਘਰਿ ਆਵਹੁ ਮੇਰੇ ਮੀਤ ॥ ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥)**

46/6040

ਜਿਸਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ, ਜਿਸਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਮਨ ਦੇ ਵਿਚਾਰਾਂ ਨੂੰ ਚੰਗੇ ਬਨਾਉਣ ਦੁਆਰਾ ਹੀ ਕਰਦਾ ਹੈ ਜਿਸ ਤਰੀਕੇ ਉਸਦਾ ਜੱਸ ਗਾਇਆ ਜਾ ਸਕਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥

ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥”

ਪ੍ਰਮਾਤਮਾ ਦੇ ਘਰ ਵਿੱਚ ਅਸੀਂ ਤਾਂ ਹੀ ਪਹੁੰਚਦੇ ਹਾਂ ਜਦੋਂ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਮਨ ਦੇ ਗਿਆਨ ਰਾਹੀਂ ਪ੍ਰਗਟ ਕਰਦਾ ਹੈ। ਉਹ ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦੀ ਸਮਝ ਹੀ ਪਾਉਂਦਾ ਹੈ। ਸਾਡੀ ਹਰ ਵੇਲੇ ਮਾਇਆ ਦੇ ਪਦਾਰਥਾਂ ਲਈ ਨੱਸ ਭੱਜ ਬਣੀ ਰਹਿੰਦੀ ਹੈ ਜਿਸ ਵਿੱਚ ਭਗਤੀ ਦਾ ਮਾਰਗ ਨਹੀਂ ਹੈ, ਪ੍ਰਮਾਤਮਾ ਦੀ ਵਡਿਆਈ ਦਾ ਮਾਰਗ ਨਹੀਂ ਹੈ। ਪ੍ਰਮਾਤਮਾ ਮਨ ਦੇ ਵਿੱਚ ਆਪਣੇ ਗੁਣ ਗਾਉਣੇ ਆਪ ਹੀ ਸਿਖਾਉਂਦਾ ਹੈ, ਆਪਣਾ ਮੰਗਲ ਗਾਉਣਾ ਆਪ ਹੀ ਸਿਖਾਉਂਦਾ ਹੈ। ਸਾਡੇ ਅੰਦਰ ਗੁਰਮਤਿ ਦੀ ਸਮਝ ਪੈਣਾ ਮਨ ਦੇ ਵਿੱਚ ਮੰਗਲ ਵਾਜੇ ਵੱਜਣਾ ਹੈ, ਗੁਰਮਤਿ ਦੀ ਤੂਤੀ ਬੋਲਣਾ ਹੈ ਭਾਵ ਮਨੁੱਖ ਦੇ ਅੰਦਰ ਹਰ ਵੇਲੇ ਪ੍ਰਮਾਤਮਾ ਗੁਰਮਤਿ ਦੇ ਤੂਰੇ ਵਜਾਉਂਦਾ ਹੈ, ਗੁਰਮਤਿ ਨੂੰ ਉੱਚਾ ਕਰਦਾ ਹੈ। ਜਿਸਨੂੰ ਪ੍ਰਮਾਤਮਾ ਆਪਣੇ ਘਰ ਵਿੱਚ ਨਿਵਾਜਦਾ ਹੈ ਉਹ ਮਨ ਦੀ ਇਹੋ ਜਿਹੀ ਗੁਰਮਤਿ ਰੂਪ ਸੱਚੀ ਸੋਝੀ ਦੁਆਰਾ ਹੀ ਨਿਵਾਜਦਾ ਹੈ ਜਿਸ ਦੁਆਰਾ ਉਸਦਾ ਜੱਸ ਗਾਇਆ ਜਾ ਸਕਦਾ ਹੈ। **(ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥ ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥)** ਜਿਸਨੂੰ ਪ੍ਰਮਾਤਮਾ ਨਿਵਾਜਦਾ ਹੈ ਉਸਨੂੰ ਮਾਇਆ ਮੋਹ ਵਾਲੀ ਮਤਿ ਵਿੱਚੋਂ ਕੱਢਕੇ ਹੀ ਨਿਵਾਜਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥

ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥”

46/6041

ਸਾਡੇ ਅੰਦਰ ਵਾਜੇ ਕਿਸ ਰੂਪ ਵਿੱਚ ਵੱਜਦੇ ਹਨ ਭਾਵ ਵਾਜੇ ਵੱਜਣ ਦਾ ਮਕਸਦ ਕੀ ਹੈ ਇਹੀ ਗੱਲ ਸਾਨੂੰ ਉਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਇਹ ਵਾਜੇ ਸਾਡੀ ਮਤਿ ਦੇ ਵਾਜੇ ਹਨ ਜਿਨ੍ਹਾਂ ਦੀ ਕੋਈ ਆਵਾਜ ਨਹੀਂ ਹੁੰਦੀ। ਸਾਡੀ ਮਤਿ ਨੂੰ ਉੱਚੀ ਕਰਨਾ ਹੀ, ਸੱਚੇ ਗਿਆਨ ਦੁਆਰਾ ਉੱਚੀ ਕਰਨਾ ਹੀ ਸਾਡੇ ਅੰਦਰ ਪ੍ਰਮਾਤਮਾ ਦਾ ਆਪ ਵਾਜੇ ਵਜਾਉਂਣਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੇ ਸੱਚੇ ਬਚਨ ਹੀ ਸੁਣਾਉਂਦਾ ਹੈ, ਸ਼ਬਦਾਂ ਦੇ ਰੂਪ ਵਿੱਚ ਸੁਣਾਉਂਦਾ ਹੈ ਜੋ ਸਾਡੀ ਮਤਿ ਨੂੰ ਉੱਚੀ ਤੇ ਸੁੱਚੀ ਬਣਾਉਂਦੇ ਹਨ ਜੋ ਸੱਚੀ ਮਤਿ ਕਦੇ ਮਾਇਆ ਮੋਹ ਵਿੱਚ ਨਹੀਂ ਡੋਲਦੀ ਭਾਵ ਗੁਰਮਤਿ ਦੇ ਉਪਰ ਥਿਰ ਰਹਿੰਦੀ ਹੈ, ਟਿਕੀ ਰਹਿੰਦੀ ਹੈ। ਪ੍ਰਮਾਤਮਾ ਦੇ ਦਰਬਾਰ ਵਿੱਚ ਮਨੁੱਖ ਦਾ ਮੁੱਖ ਇਹੋ ਜਿਹੀ ਅਡੋਲ ਮਤਿ ਦੁਆਰਾ ਉਜਲ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਦਰ ਤੇ ਉਸਦੀ ਕਦਰ ਪੈਂਦੀ ਹੈ ਜੋ ਉਸਦਾ ਦਰ ਮਨੁੱਖ ਦੀ ਸਮਝ ਦੇ ਅੰਦਰ ਹੀ ਹੈ ਤੇ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਹਰ ਵਸਤੂ ਵਿੱਚ, ਹਰ ਜਗ੍ਹਾ ਤੇ ਪ੍ਰਮਾਤਮਾ ਦਾ ਹੀ ਰੂਪ ਨਜਰ ਆਉਂਦਾ ਹੈ, ਸਭ ਜਗ੍ਹਾ ਪ੍ਰਮਾਤਮਾ ਦੀ ਜੈ ਜੈ ਕਾਰ ਹੀ ਨਜਰ ਆਉਂਦੀ ਹੈ ਭਾਵ ਮਨੁੱਖ ਦੀ ਆਪਣੀ ਹੋਂਦ ਮਿਟ ਜਾਂਦੀ ਹੈ। **(ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥ ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥)** ਪ੍ਰਮਾਤਮਾ ਦੀ ਵਡਿਆਈ, ਸੱਚ ਦੀ ਵਡਿਆਈ, ਨਾਮ ਦੀ ਵਡਿਆਈ ਮਨ ਦੀ ਇਸ ਅਵਸਥਾ ਦੁਆਰਾ ਹੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥

ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥”

ਪ੍ਰਮਾਤਮਾ ਦੇ ਨਾਲ ਸਾਡੇ ਮਨ ਦੇ ਵਿੱਚ ਮੇਲ ਕਿਵੇਂ ਹੁੰਦਾ ਹੈ ਇਸ ਗੱਲ ਨੂੰ ਪਹਿਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਕੇਵਲ ਪ੍ਰਮਾਤਮਾ ਦੀ ਆਪਣੀ ਰਜਾ ਹੈ। ਅਸੀਂ ਪ੍ਰਮਾਤਮਾ ਦੇ ਜੀਅ ਮਨ ਦੀ ਸਮਝ ਕਰਕੇ ਹਾਂ। ਮਨ ਦੀ ਸਮਝ ਹੀ ਇਹ ਸਮਝਾਉਂਦੀ ਹੈ ਕਿ ਅਸੀਂ ਪ੍ਰਮਾਤਮਾ ਤੋਂ ਵੱਖਰੇ ਹਾਂ ਤੇ ਮਨ ਦੀ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਪ੍ਰਮਾਤਮਾ ਦਾ ਹੀ ਰੂਪ ਹਾਂ। ਜਿਸਨੂੰ ਪ੍ਰਮਾਤਮਾ

46/6042

ਆਪਣੇ ਆਪ ਦੀ ਸਮਝ ਪਾਉਂਦਾ ਹੈ ਉਸਦੇ ਵਿਚਾਰਾਂ ਨੂੰ ਫੇਰ ਦਿੰਦਾ ਹੈ ਭਾਵ ਬਦਲ ਦਿੰਦਾ ਹੈ। ਮਾਇਆ ਮੋਹ ਦੇ ਵਿਚਾਰਾਂ ਨੂੰ ਬਦਲ ਕੇ ਸੱਚ ਵਾਲੇ ਵਿਚਾਰ ਬਣਾ ਦਿੰਦਾ ਹੈ, ਨਾਮ ਵਾਲੇ ਵਿਚਾਰ ਬਣਾ ਦਿੰਦਾ ਹੈ। ਪ੍ਰਮਾਤਮਾ ਆਪ **"ਸਚੁ"** ਦੇ ਰੂਪ ਵਿੱਚ ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰੂਪ ਹੈ, ਬ੍ਰਹਮ ਗਿਆਨ ਦਾ ਰੂਪ ਹੈ। ਪ੍ਰਮਾਤਮਾ ਦੀ ਵਡਿਆਈ ਉਸਦਾ ਸੱਚ ਰੂਪ ਮਨ ਦੇ ਵਿੱਚੋਂ ਜਾਨਣ ਦੁਆਰਾ ਹੀ ਹੁੰਦੀ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਸੰਸਾਰ ਦਾ ਸਭ ਤੋਂ ਵੱਡਾ ਅਸਚਰਜ ਹੈ ਤੇ ਆਪਣਾ ਅਸਚਰਜ ਰੂਪ ਕਿਸੇ ਵਿਰਲੇ ਨੂੰ ਹੀ ਦਿਖਾਉਂਦਾ ਹੈ ਤੇ ਕਿਸੇ ਵਿਰਲੇ ਸਰੀਰ ਰਾਹੀਂ ਹੀ ਆਪਣੀ ਵਡਿਆਈ ਕਰਵਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਤੋਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਤੋਂ ਕਰਵਾਈ ਹੈ। **(ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ॥ ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥)**

ਪ੍ਰਮਾਤਮਾ ਦੇ ਗੁਣ ਗਾਉਣੇ ਜਾਂ ਮੰਗਲ ਗਾਉਣਾ ਇੱਕੋ ਹੀ ਗੱਲ ਹੈ ਜੋ ਕਿ ਔਗੁਣਾਂ ਤੋਂ ਰਹਿਤ ਹੋ ਕੇ ਸੰਸਾਰ ਵਿੱਚ ਸਾਡੀ ਸੱਚੀ ਸੁੱਚੀ ਵਿਚਰਨ ਹੈ। ਇਸ ਗੱਲ ਨੂੰ ਅਸੀਂ ਪਿੱਛੇ ਬਾਰੀਕੀ ਨਾਲ ਸਮਝਿਆ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥
ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥}

(ਅੰਗ ੫੪੩)

ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ ਇਸ ਗੱਲ ਨੂੰ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੇ ਗੁਣ ਉਨ੍ਹਾਂ ਨੇ ਹੀ ਗਾਏ ਹਨ, ਪ੍ਰਮਾਤਮਾ ਦੀ ਵਡਿਆਈ ਉਨ੍ਹਾਂ ਨੇ ਹੀ ਕੀਤੀ ਹੈ ਜਿਨ੍ਹਾਂ ਨੇ ਪ੍ਰਮਾਤਮਾ ਦੇ ਵੱਡੇਪਨ ਨੂੰ ਜਾਣਿਆ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਵੱਡਾ ਹੈ ਤੇ ਪ੍ਰਮਾਤਮਾ ਆਪਣੇ ਅਸਥਾਨ ਤੇ ਆਪਣੇ ਨਾਮ ਦੁਆਰਾ ਹੀ ਟਿਕਿਆ ਹੋਇਆ ਹੈ। ਪ੍ਰਮਾਤਮਾ ਦੇ ਨਾਮ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੇ ਵੱਡੇਪਨ ਨੂੰ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਦੇ ਨਾਮ ਦਾ ਅਸਥਾਨ

46/6043

ਸਾਡੇ ਅੰਦਰ ਹੀ ਹੈ ਤੇ ਪ੍ਰਮਾਤਮਾ ਉਸੇ ਨਾਮ ਦੁਆਰਾ ਸਭ ਜਗ੍ਹਾ ਸਮਾਇਆ ਹੋਇਆ ਹੈ। ਕੇਵਲ ਅੱਖਰ ਨੂੰ ਨਾਮ ਸਮਝਣਾ ਮਨੁੱਖ ਦੀ ਵੱਡੀ ਭੁੱਲ ਹੈ ਭਾਵ ਮਨ ਦੀ ਮਾਇਆ ਹੈ ਜਿਸ ਤੋਂ ਬਾਹਰ ਕੋਈ ਵੀ ਨਹੀਂ ਹੈ। ਧਰਮ ਦੇ ਮਾਰਗ ਤੇ ਅਨੇਕਾਂ ਹੀ ਨੇ ਹੀ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ ਤੇ ਮਾਇਆ ਮੋਹ ਵਿੱਚ ਹੀ ਰਹੇ ਹਨ ਜਿਵੇਂ ਕਿ ਹੁਣ ਵੀ ਸਭ ਪਾਸੇ ਵੇਖਿਆ ਜਾ ਸਕਦਾ ਹੈ ਭਾਵ ਕੋਈ ਨਾਮ ਨੂੰ ਨਹੀਂ ਸਮਝ ਸਕਿਆ ਕਿਉਂਕਿ ਉਨ੍ਹਾਂ ਨੇ ਆਪਣੇ ਅੰਦਰੋਂ ਨਾਮ ਦੇ ਮਾਲਕ ਪ੍ਰਮਾਤਮਾ ਨੂੰ ਨਹੀਂ ਜਾਣਿਆ। ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਫਿਰ ਕਿਸੇ ਅੱਖਰ ਦੇ ਜਪ ਨੂੰ ਨਾਮ ਜਪਣਾ ਨਹੀਂ ਕਹਿ ਸਕਦਾ ਜੋ ਕਿ ਸੰਸਾਰ ਦਾ ਵੱਡਾ ਭਰਮ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ। ਇਸ ਸ਼ਬਦ ਦੇ ਕੁਝ ਪਦਿਆਂ ਨੂੰ ਅਸੀਂ ਲੇਖ ਵਿੱਚ ਪਿੱਛੇ ਵੀ ਸਮਝਿਆ ਹੈ ਤੇ ਹੁਣ ਵੀ ਸਮਝਦੇ ਹਾਂ ਕਿ ਪ੍ਰਮਾਤਮਾ ਦੇ ਨਾਮ ਦਾ ਟਿਕਾਣਾ ਕਿੱਥੇ ਹੈ ਜਿਸਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਵਡਿਆਈ ਨੂੰ ਨਹੀਂ ਜਾਣਿਆ ਜਾ ਸਕਦਾ, ਉਸਦਾ ਨਾਮ ਨਹੀਂ ਜਪਿਆ ਜਾ ਸਕਦਾ।

ੴ ਸਤਿਗੁਰ ਪ੍ਰਸਾਦਿ ॥

ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ ॥

"ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥
ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥
ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥
ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥ ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥
ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥
ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥ ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥
ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥ ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥

ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥ ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥"

(ਅੰਗ ੫੩)

ਉਪਰ ਵਾਲੇ ਪਹਿਲੇ ਪਦੇ ਨੂੰ ਅਸੀਂ ਲੇਖ ਵਿੱਚ ਪਿੱਛੇ ਵੀ ਸਮਝਿਆ ਹੈ ਜਿਸ ਰਾਹੀਂ ਜੋ ਮੁੱਖੋਂ ਬੋਲਣ ਦੁਆਰਾ ਪ੍ਰਮਾਤਮਾ ਦਾ ਜਪ ਕਰਨਾ ਸਮਝਦੇ ਹਨ ਉਨ੍ਹਾਂ ਦਾ ਭਰਮ ਹੀ ਕੱਢਿਆ ਹੋਇਆ ਹੈ ਕਿਉਂਕਿ ਮੁੱਖੋਂ ਬੋਲੀ ਜਾਣਾ ਪ੍ਰਮਾਤਮਾ ਦਾ ਜਪ ਨਹੀਂ ਹੈ। ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਮੁੱਖੋਂ ਆਖ ਆਖ ਕੇ ਭਾਵ ਬੋਲ ਬੋਲ ਕੇ ਜੋ ਅਸੀਂ ਪ੍ਰਮਾਤਮਾ ਦਾ ਆਖਣ ਸਮਝਦੇ ਹਾਂ ਉਸ ਰਾਹੀਂ ਕੇਵਲ ਅਸੀਂ ਆਪਣੇ ਆਪ ਨੂੰ ਖੁਆਰ ਕਰਦੇ ਹਾਂ। ਅਸੀਂ ਜੋ ਵੀ ਬੋਲਦੇ ਹਾਂ ਉਹ ਕਿਸੇ ਨੂੰ ਸੁਣਾਉਣ ਲਈ ਬੋਲਦੇ ਹਾਂ। ਅਸੀਂ ਪ੍ਰਮਾਤਮਾ ਨੂੰ ਬੋਲ ਬੋਲ ਕੇ ਸੁਣਾਉਂਦੇ ਹਾਂ ਪਰ ਕੀ ਅਸੀਂ ਉਸ ਪ੍ਰਮਾਤਮਾ ਨੂੰ ਜਾਣਦੇ ਹਾਂ ਜਿਸਨੂੰ ਅਸੀਂ ਆਖ ਆਖ ਕੇ ਸੁਣਾਉਂਦੇ ਹਾਂ ਭਾਵ ਅਸੀਂ ਉਸਨੂੰ ਸੁਣਾਉਂਦੇ ਹਾਂ ਜਿਸਨੂੰ ਅਸੀਂ ਜਾਣਦੇ ਨਹੀਂ। ਉਹ ਪ੍ਰਮਾਤਮਾ

46/6044

ਕਿਤਨਾ ਵੱਡਾ ਹੈ, ਕਿਸ ਕਰਕੇ ਵੱਡਾ ਹੈ ਤੇ ਕਿਸ ਜਗ੍ਹਾ ਤੇ ਰਹਿੰਦਾ ਹੈ ਇਸ ਗੱਲ ਦੀ ਬੋਲ ਬੋਲ ਕੇ ਆਖਣ ਵਾਲਿਆਂ ਨੂੰ ਸਮਝ ਨਹੀਂ ਹੈ ਭਾਵ ਹਰ ਕੋਈ ਪ੍ਰਮਾਤਮਾ ਨੂੰ ਜਾਣੇ ਬਿਨਾਂ ਹੀ ਉਸਨੂੰ ਬੋਲ ਬੋਲ ਕੇ ਉਸਦੇ ਗੁਣ ਗਾਉਣੇ ਸਮਝਦਾ ਹੈ ਜੋ ਕਿ ਕੇਵਲ ਸਾਡੇ ਮਨ ਦਾ ਵਾਵਣਾ ਹੈ ਭਾਵ ਵਿਅਰਥ ਦਾ ਖਪਣਾ ਹੈ ਜਿਸ ਵਿੱਚ ਕੋਈ ਪ੍ਰਮਾਤਮਾ ਦੀ ਭਗਤੀ ਨਹੀਂ ਹੈ, ਉਸਦਾ ਨਾਮ ਜਪਣਾ ਨਹੀਂ ਹੈ। **(ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥)**

ਪ੍ਰਮਾਤਮਾ ਨੂੰ ਆਖ ਆਖ ਕੇ ਭਾਵ ਮੂੰਹੋਂ ਬੋਲ ਬੋਲ ਕੇ ਜਪਣ ਵਾਲੇ ਆਪਣੇ ਆਪ ਨੂੰ ਸੱਚੀ ਭਗਤੀ ਵਾਲੇ ਹੀ ਸਮਝਦੇ ਹਨ, ਸੱਚਾ ਨਾਮ ਜਪਣ ਵਾਲਾ ਹੀ ਸਮਝਦੇ ਹਨ ਤੇ ਆਪਣੀ ਇਹੋ ਜਿਹੀ ਜਪਣੀ ਨੂੰ ਹੀ ਹਰ ਕੋਈ ਪ੍ਰਮਾਤਮਾ ਦੇ ਨਾਲ ਆਪਣੀ ਲਿਵ ਲਾਉਣੀ ਸਮਝਦਾ ਹੈ ਜੋ ਕਿ ਸਭ ਦਾ ਵੱਡਾ ਭਰਮ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ ਭਾਵ ਸਭ ਦਾ ਭਰਮ ਕੱਢਿਆ ਹੋਇਆ ਹੈ। **(ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥)**

{ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ ੫-੬)

ਮੂੰਹੋਂ ਬੋਲ ਬੋਲ ਕੇ, ਆਖ ਆਖ ਕੇ ਕੋਈ ਪ੍ਰਮਾਤਮਾ ਨੂੰ ਪਾ ਲਵੇ ਇਹ ਨਾਮੁਮਕਿਨ ਹੈ ਕਿਉਂਕਿ ਇਹ ਪ੍ਰਮਾਤਮਾ ਨੂੰ ਪਾਉਣ ਦਾ, ਪ੍ਰਮਾਤਮਾ ਦੇ ਗੁਣ ਗਾਉਣ ਦਾ ਤਰੀਕਾ ਹੀ ਨਹੀਂ ਹੈ। ਇਹੀ ਗੱਲ ਸਾਨੂੰ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

"ਬਾਬਾ ਅਲਹੁ ਅਗਮ ਅਪਾਰੁ ॥ ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥"

46/6045

ਜੋ ਵੀ ਕੋਈ ਪ੍ਰਮਾਤਮਾ ਨੂੰ ਬੋਲ ਬੋਲ ਕੇ ਪਾਉਣਾ ਚਾਹੁੰਦਾ ਹੈ ਉਸ ਲਈ ਪ੍ਰਮਾਤਮਾ ਅਗਮ ਹੈ ਭਾਵ ਪਹੁੰਚ ਤੋਂ ਬਾਹਰ ਹੈ ਕਿਉਂਕਿ ਇਹ ਪ੍ਰਮਾਤਮਾ ਦੇ ਨਾਲ ਪਹੁੰਚ ਕਰਨ ਦਾ ਤਰੀਕਾ ਨਹੀਂ ਹੈ। ਉਸ ਲਈ ਪ੍ਰਮਾਤਮਾ ਅਪਾਰ ਹੀ ਰਹਿੰਦਾ ਹੈ ਭਾਵ ਉਸਦਾ ਪਾਰ ਨਹੀਂ

ਪਾਇਆ ਜਾ ਸਕਦਾ। **(ਬਾਬਾ ਅਲਹੁ ਅਗਮ ਅਪਾਰੁ ॥)** ਪ੍ਰਮਾਤਮਾ ਕਿਸ ਜਗ੍ਹਾ ਤੇ ਮਿਲਦਾ ਹੈ, ਕਿਸ ਰੂਪ ਵਿੱਚ ਮਿਲਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥”

ਪ੍ਰਮਾਤਮਾ ਪਾਕ ਰੂਪ ਵਿੱਚ ਹੈ ਭਾਵ ਪਵਿੱਤਰ ਰੂਪ ਵਿੱਚ ਹੈ। ਪ੍ਰਮਾਤਮਾ ਪਵਿੱਤਰ ਆਪਣੇ ਨਾਮ ਦੁਆਰਾ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਕਿਸ ਤਰੀਕੇ ਪਵਿੱਤਰ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪਣੇ ਸੱਚੇ ਗਿਆਨ ਦੁਆਰਾ ਪਵਿੱਤਰ ਹੈ ਭਾਵ ਬ੍ਰਹਮ ਗਿਆਨ ਦੁਆਰਾ ਪਵਿੱਤਰ ਹੈ ਜੋ ਕਿ ਪ੍ਰਮਾਤਮਾ ਦਾ ਨਾਮ ਰੂਪ ਹੈ। ਪ੍ਰਮਾਤਮਾ ਦਾ ਸੱਚਾ ਗਿਆਨ ਰੂਪ ਅਗਿਆਨਤਾ ਦੀ ਮੈਲ ਤੋਂ ਰਹਿਤ ਹੈ, ਮਾਇਆ ਦੀ, ਭਰਮ ਦੀ ਮੈਲ ਤੋਂ ਰਹਿਤ ਹੈ। ਪ੍ਰਮਾਤਮਾ ਦਾ ਪਵਿੱਤਰ ਅਸਥਾਨ ਸਾਡੇ ਅੰਦਰ ਹੀ ਹੈ ਪਰ ਅਸੀਂ ਉਸਦੇ ਅਸਥਾਨ ਨੂੰ ਤਦ ਤੱਕ ਨਹੀਂ ਜਾਣ ਸਕਦੇ ਜਦ ਤੱਕ ਸਾਡੇ ਅੰਦਰ ਅਗਿਆਨਤਾ ਰੂਪ ਮੈਲ ਹੈ ਜਿਸਨੇ ਸਾਡੇ ਮਨ ਨੂੰ, ਸਾਰੇ ਸੰਸਾਰ ਦੀ ਸਮਝ ਨੂੰ ਅਪਵਿੱਤਰ ਬਣਾਇਆ ਹੋਇਆ ਹੈ, ਮੈਲਾ ਬਣਾਇਆ ਹੋਇਆ ਹੈ। ਪ੍ਰਮਾਤਮਾ ਸੱਚ ਰੂਪ ਵਿੱਚ ਹੈ ਤੇ ਸੱਚ ਉੱਥੇ ਹੁੰਦਾ ਹੈ ਜਿੱਥੇ ਕੋਈ ਭਰਮ ਨਹੀਂ ਹੁੰਦਾ। ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਮਨ ਦੀ ਅਪਵਿੱਤਰਤਾ ਵਿੱਚੋਂ ਨਿਕਲਣ ਦਾ ਹੈ, ਮਨ ਦੀ ਮਾਇਆ ਵਿੱਚੋਂ ਨਿਕਲਣ ਦਾ ਹੈ, ਮਨ ਦੇ ਭਰਮਾਂ ਵਿੱਚੋਂ, ਅਗਿਆਨਤਾ ਵਿੱਚੋਂ ਨਿਕਲਣ ਦਾ ਹੈ। ਮਨ ਦੀ ਅਗਿਆਨਤਾ ਕਰਕੇ ਹੀ ਪ੍ਰਮਾਤਮਾ ਸਾਡੇ ਸਭ ਲਈ ਅਗਮ ਹੈ, ਅਪਾਰ ਹੈ। ਜਿਸ ਤਰੀਕੇ ਹਰ ਕੋਈ ਆਖ ਆਖ ਕੇ, ਬੋਲ ਬੋਲ ਕੇ ਪ੍ਰਮਾਤਮਾ ਦਾ ਆਖਣ ਆਖਦਾ ਹੈ ਉਸ ਤਰੀਕੇ ਮਨ ਦੀ ਅਪਵਿੱਤਰਤਾ ਦੂਰ ਨਹੀਂ ਹੋ ਸਕਦੀ,

ਅਗਿਆਨਤਾ ਦੂਰ ਨਹੀਂ ਹੋ ਸਕਦੀ। ਮਨ ਦੀ ਅਪਵਿੱਤਰਤਾ ਦੂਰ ਕਰਨ ਦਾ ਇੱਕੋ ਇੱਕ ਤਰੀਕਾ ਗੁਰੂ ਦੀ ਗੱਲ ਨੂੰ ਮੰਨਣ ਦਾ ਹੈ ਤੇ ਗੁਰੂ ਦੀ ਗੱਲ ਨੂੰ ਮੰਨ ਕੇ ਵਿਚਰਨਾ ਭਾਵ ਸੱਚ ਦੁਆਰਾ ਭਾਵ ਗੁਰੂ ਦੀ ਸੱਚੀ ਸਮਝ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦਾ ਆਖਣ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਮਨ ਦੀ ਪਵਿੱਤਰਤਾ ਦੁਆਰਾ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਪਾਇਆ ਜਾ ਸਕਦਾ ਹੈ, ਉਸਦੇ ਸੱਚੇ ਨਾਮ ਨੂੰ, ਉਸਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਪਾਇਆ ਜਾ ਸਕਦਾ ਹੈ। **(ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥ ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ ਬਾਬਾ ਅਲਹੁ ਅਗਮ ਅਪਾਰੁ ॥ ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ॥)**

ਪ੍ਰਮਾਤਮਾ ਨੂੰ ਬੋਲ ਬੋਲ ਕੇ ਆਖਣ ਵਾਲਿਆਂ ਦੀ ਕਮੀ ਨਹੀਂ ਹੈ ਕਿਉਂਕਿ ਉਸਦਾ ਆਖਣ ਕੀ ਹੈ ਇਸ ਗੱਲ ਦੀ ਕਿਸੇ ਨੂੰ ਸਮਝ ਹੀ ਨਹੀਂ ਪੈਂਦੀ ਤੇ ਹਰ ਕੋਈ ਇੱਕ ਦੂਜੇ ਨੂੰ ਵੇਖ ਵੇਖ ਕੇ, ਸੁਣ ਸੁਣ ਕੇ ਆਪਣੀ ਸਮਝ ਦੁਆਰਾ ਪ੍ਰਮਾਤਮਾ ਦੇ ਗੁਣ ਗਾਈ ਜਾਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਭਗਤੀ ਦੀ ਕੀਮਤ ਨਹੀਂ ਪੈਂਦੀ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ॥ ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥”

ਉਪਰਲੇ ਪਦੇ ਰਾਹੀਂ ਸਾਨੂੰ ਮਨ ਦੀ ਉਹ ਅਵਸਥਾ ਸਮਝਾਈ ਹੋਈ ਹੈ ਜਿਸ ਦੁਆਰਾ ਆਪਣੇ ਅੰਦਰੋਂ ਹੀ ਪ੍ਰਮਾਤਮਾ ਦੀ ਭਗਤੀ ਦੀ, ਪ੍ਰਮਾਤਮਾ ਦੀ ਵਡਿਆਈ ਕਰਨ ਦੀ ਸਮਝ ਪੈਂਦੀ ਹੈ ਜੋ ਸਮਝ ਮਨ ਦੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਦੀ ਭਗਤੀ ਪ੍ਰਮਾਤਮਾ ਦਾ ਹੁਕਮ ਜਾਨਣ ਤੋਂ ਬਾਅਦ ਹੀ ਹੁੰਦੀ ਹੈ ਤੇ ਉਸ ਹੁਕਮ ਅਨੁਸਾਰ ਚੱਲਣ ਦੁਆਰਾ ਹੀ ਹੁੰਦੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੁਕਮ ਹੀ ਹੈ ਜਿਸ ਹੁਕਮ ਨੂੰ ਜਾਣਕੇ ਉਸਤੇ ਚੱਲਣਾ ਹੀ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੁਕਮ ਉਨ੍ਹਾਂ ਨੇ ਪਾਇਆ ਹੈ ਜਿਨ੍ਹਾਂ ਨੇ ਪਹਿਲਾਂ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਿਆ ਹੈ, ਜਾਣਿਆ ਹੈ।

ਜੋ ਕੁਝ ਉਨ੍ਹਾਂ ਨੇ ਬੁੱਝਿਆ ਹੈ ਉਹ ਕੁਝ ਹੀ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕੀਤਾ ਹੈ ਤੇ ਸੰਸਾਰ ਨੂੰ ਸਮਝਾਇਆ ਹੈ। ਪ੍ਰਮਾਤਮਾ ਦੇ ਹੁਕਮ ਨੂੰ ਕੋਈ ਆਪਣੇ ਆਪ ਨਹੀਂ ਬੁੱਝ ਸਕਦਾ। ਪ੍ਰਮਾਤਮਾ ਜਦ ਤੱਕ ਕਿਸੇ ਨੂੰ ਆਪਣਾ ਹੁਕਮ ਆਪ ਨਹੀਂ ਬੁਝਾਉਂਦਾ, ਮਨ

ਦੇ ਵਿੱਚ ਪ੍ਰਗਟ ਹੋ ਕੇ ਨਹੀਂ ਬੁਝਾਉਂਦਾ ਉਸਦੇ ਹੁਕਮ ਨੂੰ ਬੁੱਝਣਾ ਨਾਮੁਮਕਿਨ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਦਾ ਹੁਕਮ ਸਾਡੇ ਸਭ ਦੇ ਅੰਦਰ ਹੀ ਚੱਲ ਰਿਹਾ ਹੈ। ਪ੍ਰਮਾਤਮਾ ਦਾ ਇਹ ਹੁਕਮ ਸਭ ਦੇ ਅੰਦਰ ਮਨ ਦੀ ਮਾਇਆ ਦੇ ਰੂਪ ਵਿੱਚ ਚੱਲ ਰਿਹਾ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦੇ ਰੂਪ ਵਿੱਚ ਚੱਲ ਰਿਹਾ ਹੈ ਤੇ ਹਰ ਕੋਈ ਪ੍ਰਮਾਤਮਾ ਦੇ ਇਸ ਹੁਕਮ ਦਾ ਬੱਝਿਆ ਹੋਇਆ ਹੈ। ਪ੍ਰਮਾਤਮਾ ਦਾ ਇਹ ਹੁਕਮ ਸਾਡੇ ਸਭ ਦੇ ਅੰਦਰ ਹਉਮੈ ਦੇ ਰੂਪ ਵਿੱਚ ਹੈ ਜੋ ਸਾਨੂੰ ਪ੍ਰਮਾਤਮਾ ਦਾ ਸੱਚਾ ਹੁਕਮ ਜਾਨਣ ਤੋਂ ਦੂਰ ਰੱਖਦੀ ਹੈ। ਪ੍ਰਮਾਤਮਾ ਜਦੋਂ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤਾਂ ਹੀ ਉਹ ਕਿਸੇ ਨੂੰ ਉਹ ਆਪਣਾ ਸੱਚਾ ਹੁਕਮ ਬੁਝਾਉਂਦਾ ਹੈ ਤੇ ਉਸਨੂੰ ਮਾਇਆ ਰੂਪ ਹੁਕਮ ਵਿੱਚੋਂ ਕੱਢ ਲੈਂਦਾ ਹੈ, ਹਉਮੈ ਵਿੱਚੋਂ ਕੱਢ ਲੈਂਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਾਰੀ ਸ੍ਰਿਸ਼ਟੀ ਨੂੰ ਕਿਸ ਤਰੀਕੇ ਆਪਣੇ ਹੁਕਮ ਵਿੱਚ ਚਲਾ ਰਿਹਾ ਹੈ। ਪ੍ਰਮਾਤਮਾ ਆਪਣਾ ਹੁਕਮ ਸਾਡੇ ਸਭ ਦੇ ਅੰਦਰ ਮਨ ਦੇ ਵਿੱਚ ਹੀ ਲਿਖਦਾ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਲਿਖਦਾ ਹੈ। ਸਾਡੇ ਅੰਦਰ ਦੀ ਇਹ ਲਿਖਤ ਕੀ ਹੈ ਇਸ ਗੱਲ ਨੂੰ ਆਪਣੇ ਆਪ ਕੋਈ ਨਹੀਂ ਸਮਝ ਸਕਦਾ। ਜੋ ਆਪਣੇ ਅੰਦਰ ਦੀ ਲਿਖਤ ਨੂੰ ਜਾਣ ਲੈਂਦਾ ਹੈ, ਮਨ ਦੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ, ਮਨ ਦੀ ਸੋਚ ਦੇ ਮਾਲਕ ਨੂੰ ਜਾਣ ਲੈਂਦਾ ਹੈ, ਮਨ ਦੇ ਅੰਦਰ ਵਿਚਾਰਾਂ ਦੀ ਲਿਖਤ ਲਿਖਣ ਵਾਲੇ ਨੂੰ ਜਾਣ ਲੈਂਦਾ ਹੈ ਉਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਜਾਣ ਸਕਦਾ ਹੈ ਤੇ ਪ੍ਰਮਾਤਮਾ ਦੇ ਹੁਕਮ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਭਗਤੀ ਦੀ ਸਮਝ ਨਹੀਂ ਪੈਂਦੀ, ਪ੍ਰਮਾਤਮਾ ਦੇ ਨਾਮ ਦੀ ਸਮਝ ਨਹੀਂ ਪੈਂਦੀ। ਉਸਦਾ ਸੱਚਾ ਹੁਕਮ ਹੀ ਉਸਦਾ ਨਾਮ ਹੈ ਜੋ ਕਿ ਭਗਤੀ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ ਤੇ ਆਪਣੀ ਸੱਚੀ ਸਿੱਖਿਆ ਮਨ ਦੇ ਵਿੱਚ ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਭਾਵ ਆਪਣੇ ਹੁਕਮ ਦੇ ਰੂਪ ਵਿੱਚ,

46/6048

ਨਾਮ ਦੇ ਰੂਪ ਵਿੱਚ ਮਨ ਦੇ ਵਿੱਚ ਆਪਣੀ **"ਲਿਖਿ"** ਦੁਆਰਾ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ, ਕਦੇ ਕਿਸੇ ਵਿਰਲੇ ਨੂੰ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਉਸਦੇ ਹੁਕਮ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਭਗਤੀ ਦੀ ਸਮਝ ਕਿਸੇ ਨੂੰ ਨਹੀਂ ਪੈ ਸਕਦੀ ਤੇ ਇਸੇ ਲਈ ਹਰ ਕੋਈ ਆਖ ਆਖ ਕੇ ਹੀ, ਕੇਵਲ ਮੁੱਖੋਂ ਬੋਲ ਬੋਲ ਕੇ ਹੀ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦਾ ਹੈ, ਉਸਦੇ ਗੁਣ ਗਾਉਣੇ ਸਮਝਦਾ ਹੈ। **(ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ॥)**

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

ਭਿਖੇ ਕੇ ॥

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥ ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧॥੧੯॥}

(ਅੰਗ ੧੩੯੫)

ਪ੍ਰਮਾਤਮਾ ਦੇ ਹੁਕਮ ਨੂੰ ਜਾਣੇ ਬਿਨਾਂ, ਆਪਣੇ ਅੰਦਰ ਦੀ ਲਿਖਤ ਨੂੰ ਜਾਣੇ ਬਿਨਾਂ ਭਾਵ ਆਪਣੇ ਮਨ ਨੂੰ ਜਾਣੇ ਬਿਨਾਂ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਭਗਤੀ ਕਰਨ ਵਾਲਿਆਂ ਦੀ, ਆਪਣੇ ਆਪ ਨੂੰ ਭਗਤੀ ਵਾਲੇ ਕਹਿਣ ਵਾਲਿਆਂ ਦੀ, ਕਥਨੀ ਕਰੀ ਜਾਣ ਵਾਲਿਆਂ ਦੀ ਕਮੀ ਨਹੀਂ ਹੈ ਪਰ ਇਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥

ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥"

46/6049

ਉਪਰ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਸਾਨੂੰ ਕਿਤਨਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਗੁਣ ਗਾਉਣ ਦੀ ਸਮਝ ਕਿਸੇ ਨੂੰ ਰੱਤੀ ਭਰ ਵੀ ਨਹੀਂ ਹੈ। **"ਸਾਇਰ"** ਉਹ ਹਨ ਜੋ ਆਪਣੇ ਆਪ ਨੂੰ ਪ੍ਰਮਾਤਮਾ ਦੇ ਗੁਣ ਗਾਉਣ ਵਿੱਚ ਉੱਚਾ ਸਮਝਦੇ ਹਨ, ਸੂਝਵਾਨ ਸਮਝਦੇ ਹਨ, ਗਿਆਨਵਾਨ ਸਮਝਦੇ ਹਨ। ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਸੈਂਕੜੇ ਸੂਝਵਾਨ ਮਿਲਕੇ ਪ੍ਰਮਾਤਮਾ ਦੇ ਗੁਣ ਗਾਉਣੇ ਚਾਹੁਣ ਤਾਂ ਉਹ ਤਿੱਲ ਭਰ ਵੀ ਗੁਰੂ ਦੀ ਮਤਿ ਤੇ, ਗੁਰੂ ਦੀ ਸਿੱਖਿਆ ਤੇ, ਗੁਰੂ ਦੇ ਹੁਕਮ ਤੇ ਪੂਰਾ ਨਹੀਂ ਉਤਰ ਸਕਦੇ। ਜਿਹੋ ਜਿਹੇ ਉਹ ਬੋਲ ਬੋਲ ਕੇ ਗੁਣ ਗਾਉਂਦੇ ਹਨ, ਆਖ ਆਖ ਕੇ ਪ੍ਰਮਾਤਮਾ ਦਾ ਜਪ ਜਪਦੇ ਹਨ ਉਹ ਕੇਵਲ ਰੋਣ ਵਾਲੀ ਗੱਲ ਹੈ ਭਾਵ ਕੇਵਲ ਉਹ ਆਪਣੇ ਆਪ ਨੂੰ ਖੁਆਰ ਕਰਨ ਵਾਲੀ ਗੱਲ ਹੈ ਜਿਸ ਦੁਆਰਾ ਕੋਈ ਭਗਤੀ ਦਾ ਲਾਭ ਨਹੀਂ ਮਿਲਦਾ। ਪ੍ਰਮਾਤਮਾ ਦੀ ਕੀਮਤ ਆਖ ਆਖ ਕੇ ਨਹੀਂ ਪੈਂਦੀ ਤੇ ਜੋ ਕੋਈ ਵੀ ਇਸ ਤਰੀਕੇ ਪ੍ਰਮਾਤਮਾ ਦੀ ਭਗਤੀ ਦੀ ਕੀਮਤ ਪਾਉਣਾ ਚਾਹੁੰਦਾ ਹੈ ਉਹ ਕੇਵਲ ਇੱਧਰੋਂ ਉੱਧਰੋਂ ਸੁਣ ਸੁਣ ਕੇ ਹੀ ਇਹੀ ਕੁਝ ਕਰਦਾ ਹੈ, ਜਿਨ੍ਹਾਂ ਨੂੰ ਉਹ ਸੂਝਵਾਨ ਸਮਝਦਾ ਹੈ ਉਨ੍ਹਾਂ ਕੋਲੋਂ ਸੁਣ ਸੁਣ ਕੇ ਪ੍ਰਮਾਤਮਾ ਦਾ ਆਖਣ ਆਖਦਾ ਹੈ। ਪ੍ਰਮਾਤਮਾ ਦਾ ਆਖਣ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮਤਿ ਦੇ ਉਪਰ ਪੂਰਾ ਉਤਰਨਾ, ਗੁਰੂ ਦੇ ਹੁਕਮ ਤੇ ਪੂਰਾ ਉਤਰਨਾ ਭਗਤੀ ਦੀ ਕੀਮਤ ਤੇ ਪੂਰਾ ਉਤਰਨਾ ਹੈ ਪਰ ਹਰ ਕੋਈ ਕਥਨੀ ਦੁਆਰਾ ਹੀ, ਸਰੀਰਕ ਜਪ ਤਪ ਦੁਆਰਾ ਹੀ ਤੇ ਹੋਰ ਆਪਣੀ ਮਤਿ ਦੁਆਰਾ ਬਣਾਏ ਹੋਏ ਤਰੀਕਿਆਂ ਦੁਆਰਾ ਹੀ ਭਗਤੀ ਦੀ ਕੀਮਤ ਚੁਕਾਉਣਾ ਸਮਝਦਾ ਹੈ ਜੋ ਕਿ ਕੇਵਲ ਭਰਮ ਹੀ ਹੈ ਤੇ ਕੇਵਲ ਆਪਣੇ ਆਪ ਨੂੰ ਖੁਆਰ ਕਰਨ ਵਾਲੀ ਗੱਲ ਹੈ ਤੇ ਹੋਰ ਕੁਝ ਵੀ ਨਹੀਂ। **(ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥ ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥)**

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

46/6050

ਸਲੋਕ ਮਹਲਾ ੧ ॥

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥

ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

ਗਉੜੀ ਕਬੀਰ ਜੀ ਤਿਪਦੇ ॥

{ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥

ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥

ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥੨॥

ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥}

(ਅੰਗ ੩੨੭)

ਪ੍ਰਮਾਤਮਾ ਨੂੰ ਪਾਉਣਾ ਤਾਂ ਹਰ ਕੋਈ ਚਾਹੁੰਦਾ ਹੈ ਪਰ ਉਸਨੂੰ ਪਾਉਣ ਦੀ ਕੀਮਤ ਕੀ ਹੈ ਇਹ ਸਭ ਦੀ ਸਮਝ ਤੋਂ ਬਾਹਰ ਹੈ। ਪ੍ਰਮਾਤਮਾ ਨੂੰ ਪਾਉਣ ਦੀ ਕੀਮਤ ਇੱਕੋ ਇੱਕ ਗੁਰੂ ਦੀ ਮਤਿ ਤੇ ਪੂਰਾ ਉਤਰਨਾ ਹੈ ਜੋ ਕਿ ਤਾਂ ਹੀ ਉਤਰਿਆ ਜਾ ਸਕਦਾ ਹੈ ਜਦੋਂ ਮਨੁੱਖ ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਤਿਆਗ ਦਿੰਦਾ ਹੈ। ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਤਿਆਗਣਾ ਹੀ ਆਪਣਾ ਮਨ ਗੁਰੂ ਨੂੰ ਦੇਣਾ ਹੈ। ਆਪਣਾ ਮਨ ਗੁਰੂ ਨੂੰ ਦੇਣਾ ਹੀ ਉਹ ਮੁੱਲ ਹੈ ਜੋ ਮੁੱਲ ਚੁਕਾਉਣ ਦੇ ਬਦਲੇ ਭਾਵ ਜੋ ਕੀਮਤ ਚੁਕਾਉਣ ਦੇ ਬਦਲੇ ਸਾਨੂੰ ਪ੍ਰਮਾਤਮਾ ਮਿਲਦਾ ਹੈ ਜਿਵੇਂ ਕਿ ਉਪਰ ਦੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਸਭ ਤੋਂ ਔਖਾ ਕੰਮ ਗੁਰੂ ਨੂੰ ਆਪਣਾ ਮਨ ਸੌਂਪਣਾ ਹੀ ਹੈ ਭਾਵ ਆਪਣੀ ਮਤਿ ਨੂੰ ਤਿਆਗਣਾ ਹੀ ਹੈ ਜਿਸਨੂੰ ਤਿਆਗੇ ਬਿਨਾਂ ਗੁਰੂ ਦੀ ਮਤਿ ਨੂੰ ਨਹੀਂ ਮੰਨਿਆ ਜਾ ਸਕਦਾ। ਹਰ ਕੋਈ ਭਗਤੀ ਦੇ ਉਹੋ ਜਿਹੇ ਤਰੀਕਿਆਂ ਦੇ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਨੂੰ ਛੱਡਣ ਲਈ ਗੁਰੂ ਦੀ ਮਤਿ ਸਾਨੂੰ ਬਾਰ-ਬਾਰ ਸਮਝਾਉਂਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਪਰ ਫਿਰ ਵੀ ਅਸੀਂ ਉਨ੍ਹਾਂ ਗੱਲਾਂ ਵਿੱਚ ਭਗਤੀ ਸਮਝਦੇ ਹਾਂ ਜਿਨ੍ਹਾਂ ਲਈ ਸਾਨੂੰ ਮਨ੍ਹਾ ਕੀਤਾ ਗਿਆ ਹੈ। ਭਾਵੇਂ ਕਿਸੇ ਵੇਲੇ ਨੂੰ ਚੰਗਾ ਮਾੜਾ ਸਮਝਣਾ ਗੁਰੂ ਨੇ ਮਨ੍ਹਾ ਕੀਤਾ ਹੈ ਪਰ ਫਿਰ ਵੀ ਅਸੀਂ

46/6051

ਕਿਸੇ ਖਾਸ ਵੇਲੇ ਨੂੰ ਉੱਚਾ ਸਮਝਦੇ ਹਾਂ ਭਾਵ ਉਸਨੂੰ ਅੰਮ੍ਰਿਤ ਵੇਲਾ ਸਮਝਦੇ ਹਾਂ ਤੇ ਇਹੋ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਾਂ। ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਉਹੋ ਜਿਹੇ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਛੱਡਦੇ ਨਹੀਂ ਤੇ ਉਨ੍ਹਾਂ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਕੀਮਤ ਪਾਉਂਣੀ ਸਮਝਦੇ ਹਾਂ। ਇਹੋ ਜਿਹੀ ਭਗਤੀ ਦੁਆਰਾ ਅਸੀਂ ਅਨੇਕਾਂ ਨੂੰ ਭਗਤੀ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ ਤੇ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ ਪਰ ਇਹ ਸਾਡਾ ਸਭ ਦਾ ਭਰਮ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥"

ਉਪਰਲੇ ਪਦੇ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ, ਉਹ ਜਿਹੋ ਜਿਹੀ ਭਗਤੀ ਦਾ ਮਾਰਗ ਅਪਨਾਉਂਦੇ ਹਨ ਅਸੀਂ ਉਨ੍ਹਾਂ ਦੇ ਮਾਰਗ ਨੂੰ ਹੀ ਸੱਚ ਸਮਝਦੇ ਹਾਂ। ਸਾਡਾ ਇਹ ਭਰਮ ਹੀ ਹੈ ਕਿ ਉਹ ਭਗਤੀ ਵਾਲੇ ਹਨ। ਅਗਲੇ ਪਦੇ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਤੇ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਮੰਨਦੇ ਹਾਂ, ਪੀਰ, ਪੈਕਾਮਰ, ਸਾਲਕ, ਸਾਦਕ, ਸੁਹਦੇ, ਅਉਰੁ ਸਹੀਦ ਮੰਨਦੇ ਹਾਂ, ਸੇਖ, ਮਸਾਇਕ, ਕਾਜੀ, ਮੁਲਾ ਸਮਝਕੇ ਜਾਣਦੇ ਹਾਂ ਉਨ੍ਹਾਂ ਨੂੰ ਅਸੀਂ ਆਪਣਾ ਮਾਰਗ ਦਰਸ਼ਕ ਸਮਝਦੇ ਹਾਂ ਭਾਵ ਸਾਲਕ ਸਮਝਦੇ ਹਾਂ, ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰ ਦੇ ਦਰਵੇਸ਼ ਸਮਝਦੇ ਹਾਂ ਭਾਵ ਪ੍ਰਮਾਤਮਾ ਦੇ ਦਰ ਤੇ ਪਹੁੰਚੇ ਹੋਏ ਸਮਝਦੇ ਹਾਂ। ਅਸੀਂ ਇਹ ਸਮਝਦੇ ਹਾਂ ਕਿ ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰ ਤੋਂ ਵੱਡੀ ਬਖਸ਼ਿਸ਼ ਮਿਲੀ ਹੋਈ ਹੈ ਤੇ ਪ੍ਰਮਾਤਮਾ ਉਨ੍ਹਾਂ ਦੁਆਰਾ ਮੰਗੀਆਂ ਹੋਈਆਂ ਦੁਆਵਾਂ **"ਦਰੂਦ"** ਕਬੂਲ ਕਰਦਾ ਹੈ ਤੇ ਇਸੇ ਲਈ ਅਸੀਂ ਇਹੋ ਜਿਹਿਆਂ ਦੇ ਦਰ ਤੇ ਜਾ ਕੇ ਦੁਆਵਾਂ ਮੰਗਦੇ ਹਾਂ, ਪ੍ਰਮਾਤਮਾ ਅੱਗੇ ਆਪਣੀ ਬੇਨਤੀ ਉਨ੍ਹਾਂ ਰਾਹੀਂ ਕਬੂਲ ਹੋ ਜਾਣੀ ਸਮਝਦੇ ਹਾਂ ਭਾਵ ਅਸੀਂ ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰ ਉੱਤੇ ਉੱਚੀ ਭਗਤੀ ਵਾਲੇ ਸਮਝਦੇ ਹਾਂ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ

46/6052

ਅਨੇਕਾਂ ਹੀ ਇਹੋ ਜਿਹੇ ਦਰ ਉੱਚੇ ਥਾਪੇ ਹੋਏ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਸਿੱਖ ਜਗਤ ਵੀ ਇਸ ਵਿੱਚ ਪਿੱਛੇ ਨਹੀਂ ਹੈ। ਅਨੇਕਾਂ ਨੇ ਆਪਣੀ ਆਪਣੀ ਆਸਥਾ ਅਨੁਸਾਰ ਸੰਤ, ਬਾਬੇ ਆਦਿ ਥਾਪੇ ਹੋਏ ਹਨ ਤੇ ਉਨ੍ਹਾਂ ਰਾਹੀਂ ਆਪਣੀਆਂ ਦੁਆਵਾਂ ਕਬੂਲ ਕਰਵਾਉਂਦੇ ਹਨ ਤੇ ਇਨ੍ਹਾਂ ਦੁਆਰਾ ਅਰਦਾਸ ਕਰਨ ਨਾਲ ਸਾਡੀ ਪ੍ਰਮਾਤਮਾ ਦੇ ਦਰ ਤੇ ਦੁਆ ਕਬੂਲ ਹੋ ਜਾਵੇਗੀ, ਸਾਡੀ ਇੱਛਾ ਪੂਰੀ ਹੋ ਜਾਵੇਗੀ, ਹਰ ਕੋਈ ਇੱਛਾਵਾਂ ਦਾ ਭਰਿਆ ਹੋਇਆ ਹੈ, ਮਾਇਆ ਮੋਹ ਦਾ ਭਰਿਆ ਹੋਇਆ ਹੈ ਜਿਨ੍ਹਾਂ ਵਿੱਚੋਂ ਨਿਕਲਣਾ ਹੀ ਸੱਚੀ ਭਗਤੀ ਦਾ ਮਾਰਗ ਹੈ ਪਰ ਹਰ ਕੋਈ ਆਪਣੀਆਂ ਇੱਛਾਵਾਂ ਦੀ ਪੂਰਤੀ ਨਾਲ ਹੀ ਜੁੜਿਆ ਹੋਇਆ ਹੈ ਤੇ ਉਨ੍ਹਾਂ ਰਾਹੀਂ ਆਪਣੀ ਇੱਛਾ ਦੀ ਪੂਰਤੀ ਕਰਨੀ ਚਾਹੁੰਦਾ ਹੈ ਜਿਨ੍ਹਾਂ ਦੀ ਆਪਣੀ ਇੱਛਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਇੱਛਾ ਪੂਰੀ ਨਹੀਂ ਹੋਈ। **(ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥ ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥)**

ਜਿਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੇ ਦਰ ਤੇ ਉੱਚਾ ਮੰਨ ਕੇ ਉਨ੍ਹਾਂ ਦੇ ਦਰ ਤੇ ਆਪਣੀਆਂ ਦੁਆਵਾਂ ਕਬੂਲ ਕਰਵਾਉਂਣ ਲਈ ਜਾਂਦੇ ਹਾਂ ਪ੍ਰਮਾਤਮਾ ਦੇ ਅੱਗੇ ਉਨ੍ਹਾਂ ਦੀ ਕੋਈ ਕਦਰ ਨਹੀਂ ਪੈਂਦੀ ਤੇ ਸਾਡਾ ਇਹੀ ਭਰਮ ਸ਼ਬਦ ਦੇ ਅਗਲੇ ਪਦੇ ਰਾਹੀਂ ਕੱਢਿਆ ਹੋਇਆ ਹੈ।

“ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥ ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥”

ਉਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਰੇ ਸੰਸਾਰ ਨੂੰ ਕੀ ਸਮਝਾਇਆ ਹੋਇਆ ਹੈ। ਜਿਨ੍ਹਾਂ ਦੇ ਦਰ ਤੇ ਅਸੀਂ ਜਾਂਦੇ ਹਾਂ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ, ਅਸੀਂ ਇਹ ਸਮਝ ਕੇ ਭਾਵ ਇਹ ਮੰਨ ਕੇ ਉਨ੍ਹਾਂ ਦੇ ਦਰ ਤੇ ਜਾਂਦੇ ਹਾਂ ਕਿ ਇਹੋ ਜਿਹੇ ਉੱਚਾ ਅਖਵਾਉਂਣ ਵਾਲਿਆਂ ਦੀ ਪ੍ਰਮਾਤਮਾ ਦੇ ਦਰ ਤੇ ਬੜੀ ਪੁੱਛ ਹੁੰਦੀ ਹੈ ਭਾਵ ਪ੍ਰਮਾਤਮਾ ਉਨ੍ਹਾਂ

46/6053

ਦੀ ਸੁਣਦਾ ਹੈ ਪਰ ਗੁਰੂ ਸਾਹਿਬ ਸਾਨੂੰ ਉਪਰਲੀ ਪੰਗਤੀ ਰਾਹੀਂ ਇਹ ਸਮਝਾ ਰਹੇ ਹਨ ਕਿ ਉਨ੍ਹਾਂ ਦੀ ਪ੍ਰਮਾਤਮਾ ਦੇ ਦਰ ਤੇ ਕੋਈ ਪੁੱਛ ਨਹੀਂ ਹੁੰਦੀ ਭਾਵ ਉਨ੍ਹਾਂ ਦੀ ਗੱਲ ਮੰਨੀ ਨਹੀਂ ਜਾਂਦੀ। ਅਸੀਂ ਇਹ ਸਮਝਦੇ ਹਾਂ ਕਿ ਇਨ੍ਹਾਂ ਨੂੰ ਪ੍ਰਮਾਤਮਾ ਨੇ ਸਾਜਿਆ ਹੋਇਆ ਹੈ ਭਾਵ ਧਰਮ ਦੇ ਮਾਰਗ ਤੇ ਉੱਚਾ ਕੀਤਾ ਹੋਇਆ ਹੈ ਤੇ ਇਨ੍ਹਾਂ ਦੇ ਪਿੱਛੇ ਲੱਗਣ ਨਾਲ ਪ੍ਰਮਾਤਮਾ ਸਾਡੇ ਜੀਵਨ ਨੂੰ ਵੀ ਸਜਾ ਦੇਵੇਗਾ ਭਾਵ ਸਾਨੂੰ ਉੱਚਾ ਕਰ ਦੇਵੇਗਾ। ਅਸੀਂ ਇਹ ਕੁਝ ਵੀ ਮੰਨਦੇ ਹਾਂ ਭਾਵ ਵਿਸ਼ਵਾਸ ਕਰਦੇ ਹਾਂ ਕਿ ਜੇਕਰ ਅਸੀਂ ਇਨ੍ਹਾਂ ਦੀ ਗੱਲ ਨਾ ਮੰਨੀ ਤਾਂ ਫਿਰ ਇਹ ਸਾਡੇ ਜੀਵਨ ਨੂੰ ਢਾਹ ਲੱਗਾ ਸਕਦੇ ਹਨ ਭਾਵ ਸਾਡਾ ਮਾੜਾ ਕਰ ਸਕਦੇ ਹਨ ਪਰ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਇਹੋ ਜਿਹਾ ਉੱਚਾ ਅਖਵਾਉਂਣ ਵਾਲਿਆਂ ਦੇ ਹੱਥ ਕੁਝ ਵੀ ਨਹੀਂ ਹੈ। ਸਾਡਾ ਭਰਮ ਹੀ ਕੱਢਿਆ ਹੋਇਆ ਹੈ ਤੇ ਨਾ ਹੀ ਸਾਡਾ ਕੁਝ ਸਵਾਰ ਸਕਦੇ ਹਨ ਤੇ ਨਾ ਹੀ ਉਹ ਸਾਡਾ ਕੁਝ ਵਿਗਾੜ ਸਕਦੇ ਹਨ ਭਾਵ ਪ੍ਰਮਾਤਮਾ ਦੇ ਦਰ ਤੇ ਉਨ੍ਹਾਂ ਦੀ ਕੋਈ ਪੁੱਛ ਨਹੀਂ ਹੁੰਦੀ। ਅਸੀਂ ਇਹ ਵੀ ਵਿਸ਼ਵਾਸ ਰੱਖਦੇ ਹਾਂ ਕਿ ਸਾਨੂੰ ਦਾਤਾਂ ਇਨ੍ਹਾਂ ਦੁਆਰਾ ਦੁਆ ਕਰਨ ਨਾਲ ਮਿਲ ਜਾਂਦੀਆਂ ਹਨ ਤੇ ਅਗਰ ਇਹ ਸਾਡੇ ਤੇ ਨਾਖੁਸ਼ ਹੋ ਜਾਣ ਤਾਂ ਪ੍ਰਮਾਤਮਾ ਸਾਡੇ ਕੋਲੋਂ ਦਾਤਾਂ ਲੈ ਵੀ ਸਕਦਾ ਹੈ, ਖੋਹ ਵੀ ਸਕਦਾ ਹੈ। ਸਾਰੇ ਸੰਸਾਰ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨ ਕੇ ਪੂਜਣ ਲੱਗ ਪੈਂਦੇ ਹਾਂ ਪਰ ਪ੍ਰਮਾਤਮਾ ਦੇ ਦਰ ਤੇ ਇਹੋ ਜਿਹੇ ਉੱਚੇ ਅਖਵਾਉਂਣ ਵਾਲਿਆਂ ਦੀ ਕੋਈ ਕਦਰ ਨਹੀਂ ਹੈ ਭਾਵ ਸਾਨੂੰ ਇਨ੍ਹਾਂ ਦੇ ਪਿੱਛੇ ਲੱਗਣਾ ਨਹੀਂ ਚਾਹੀਦਾ। **(ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥)**

ਪ੍ਰਮਾਤਮਾ ਦੇ ਦਰ ਤੇ ਪ੍ਰਮਾਤਮਾ ਦੀ ਸੱਚੀ ਸਮਝ ਹੀ ਵਰਤਦੀ ਹੈ, ਆਪਣੇ ਸੱਚੇ ਗਿਆਨ ਦੁਆਰਾ ਬਣਾਏ ਹੋਏ ਉਹ ਆਪਣੇ ਅਸੂਲਾਂ ਦੁਆਰਾ ਹੀ ਵਰਤਦਾ ਹੈ, ਆਪਣੀ ਸਮਝ ਦੁਆਰਾ ਹੀ ਵਿਚਰਦਾ ਹੈ ਕਿਉਂਕਿ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਜਿਸਨੂੰ ਕਿਸੇ ਦੀ ਨਾ ਸਿਫਾਰਿਸ਼ ਦੀ ਲੋੜ ਹੈ ਤੇ ਨਾ ਹੀ ਕਿਸੇ ਦੇ ਕਹਿਣ ਤੇ ਕਿਸੇ ਦਾ ਮਾੜਾ ਕਰਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥”

46/6054

ਇਹ ਸੰਸਾਰ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਹੈ ਤੇ ਆਪਣੇ ਹਰ ਆਕਾਰ ਰੂਪ ਨੂੰ ਆਪ ਹੀ ਜਾਣਦਾ ਹੈ ਕਿ ਮੈਂ ਕਿਸਨੂੰ ਕਿਵੇਂ ਚਲਾਉਂਣਾ ਹੈ। ਮਨੁੱਖੀ ਸਰੀਰ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਹੈ, ਇਸ ਮਨ ਨੂੰ ਵੀ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੋਇਆ ਹੈ ਤੇ ਮਨ ਦੀ ਸਮਝ ਰਾਹੀਂ ਉਹ ਇਸ ਸਰੀਰ ਨੂੰ ਆਪ ਹੀ ਚਲਾਉਂਦਾ ਹੈ। ਇਸ ਸਰੀਰ ਨੂੰ ਕਿਵੇਂ ਚਲਾਉਂਣਾ ਹੈ ਇਸ ਗੱਲ ਨੂੰ ਕੇਵਲ ਉਹ ਆਪ ਹੀ ਜਾਣਦਾ ਹੈ। ਸਾਡੇ ਅੰਦਰ ਇੱਛਾਵਾਂ ਪਾਉਂਣ ਵਾਲਾ ਉਹ ਆਪ ਹੈ, ਮਾਇਆ ਮੋਹ ਪਾਉਂਣ ਵਾਲਾ ਉਹ ਆਪ ਹੈ ਤੇ ਮਨੁੱਖ ਦੀ ਕਿਹੜੀ ਇੱਛਾ ਉਸਨੇ ਪੂਰੀ ਕਰਨੀ ਹੈ ਇਹ ਉਹ ਆਪ ਹੀ ਜਾਣਦਾ ਹੈ। ਸਭ ਕੁਝ ਕਰਨ ਵਾਲਾ ਪ੍ਰਮਾਤਮਾ ਆਪ ਹੈ ਭਾਵ ਮਨੁੱਖ ਦੇ ਵੱਸ ਕੁਝ ਨਹੀਂ ਹੈ। ਭਾਵੇਂ ਸਾਨੂੰ ਕੋਈ ਧਰਮ ਦੇ ਮਾਰਗ ਤੇ ਉੱਚਾ ਦਿਸਦਾ ਹੈ ਕਿ ਇਸਦੇ ਵੱਸ ਬਹੁਤ ਕੁਝ ਹੋਵੇਗਾ ਪਰ ਇਹ ਸਾਡਾ ਭਰਮ ਹੈ ਭਾਵ ਮਾਇਆ ਮੋਹ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਦੁਆਰਾ ਉਹ ਆਪਣੇ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ ਤੇ ਹਰ ਕਿਸੇ ਦੀ ਸਮਝ ਤੋਂ ਪਰੇ ਹੈ। ਅਸਲ ਵਿੱਚ ਉਹ ਸਭ ਕੁਝ ਆਪ ਹੀ ਹੈ। ਜਿਨ੍ਹਾਂ ਨੂੰ ਅਸੀਂ ਉੱਚਾ ਸਮਝਦੇ ਹਾਂ ਪਰ ਜੋ ਉਸਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਕਦੇ ਉੱਚਾ ਨਹੀਂ ਕਹਿ ਸਕਦਾ। ਸਾਡੇ ਉੱਤੇ ਕ੍ਰਿਪਾ ਕਿਵੇਂ ਹੁੰਦੀ ਹੈ ਇਹ ਪ੍ਰਮਾਤਮਾ ਖੁੱਦ ਹੀ ਜਾਣਦਾ ਹੈ। ਕਿਸਨੂੰ ਕੀ ਦੇਣਾ ਹੈ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ। ਉਹ ਕਿਸੇ ਦਾ ਬੱਝਾ ਹੋਇਆ ਨਹੀਂ ਹੈ ਭਾਵ ਸਾਨੂੰ ਉਨ੍ਹਾਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਜਿਨ੍ਹਾਂ ਨੂੰ ਅਸੀਂ ਆਪਣੀ ਭੁੱਲ ਦੁਆਰਾ ਧਰਮ ਦੇ ਮਾਰਗ ਤੇ ਉੱਚਾ ਮੰਨ ਲੈਂਦੇ ਹਾਂ। **(ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥ ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥ ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥ ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥)**

ਜਿਤਨਿਆਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ

46/6055

ਮੰਨਦੇ ਹਾਂ ਜਿਵੇਂ ਕਿ ਉਪਰਲੇ ਪਦੇ ਰਾਹੀਂ ਸਮਝਿਆ ਹੈ ਉਹ ਸਾਨੂੰ ਕਿਹੋ ਜਿਹੀ ਭਗਤੀ ਰਾਹੀਂ ਜੋੜਦੇ ਹਨ ਇਸ ਗੱਲ ਨੂੰ ਅਸੀਂ ਸ਼ਬਦ ਦੇ ਸ਼ੁਰੂ ਵਿੱਚ ਸਮਝਿਆ ਹੈ ਭਾਵ ਸਾਨੂੰ ਕਥਨੀ ਵਾਲੀ ਭਗਤੀ ਨਾਲ ਜੋੜਦੇ ਹਨ ਤੇ ਉਹੀ ਕੁਝ ਉਹ ਆਪ ਕਰਦੇ ਹਨ। ਪ੍ਰਮਾਤਮਾ ਦੀ ਭਗਤੀ ਦੀ ਸਮਝ ਉਸਨੂੰ ਹੀ ਪੈਂਦੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਅਸਥਾਨ ਨੂੰ ਜਾਣ ਲੈਂਦਾ ਹੈ, ਨਾਮ ਨੂੰ ਜਾਣ ਲੈਂਦਾ ਹੈ। ਜਿਨ੍ਹਾਂ ਨੂੰ ਅਸੀਂ ਉੱਚਾ ਮੰਨਦੇ ਹਾਂ ਭਾਵ ਜੋ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ ਉਹ ਪ੍ਰਮਾਤਮਾ ਨੂੰ ਜਾਨਣ ਵਾਲੇ ਨਹੀਂ ਹੁੰਦੇ ਤੇ ਨਾ ਹੀ ਉਹ ਕਿਸੇ ਨੂੰ ਸਮਝਾ ਸਕਦੇ ਹਨ ਕਿ ਪ੍ਰਮਾਤਮਾ ਕੀ ਹੈ, ਪ੍ਰਮਾਤਮਾ ਦਾ ਵਾਸਾ ਕਿੱਥੇ ਹੁੰਦਾ ਹੈ, ਨਾਮ ਦਾ ਵਾਸਾ ਕਿੱਥੇ ਹੁੰਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਦੇ ਵਿੱਚ ਤੇ ਨਾਮ ਦੇ ਵਿੱਚ ਕੀ ਭੇਦ ਹੈ। ਨਾਮ ਦਾ ਵੀ ਆਪਣਾ ਅਸਥਾਨ ਹੈ ਤੇ ਪ੍ਰਮਾਤਮਾ ਦਾ ਵੀ ਆਪਣਾ ਅਸਥਾਨ ਹੈ। ਨਾਮ ਦੇ ਅਸਥਾਨ ਨੂੰ ਜਾਨਣਾ ਹੀ ਪ੍ਰਮਾਤਮਾ ਦੇ ਅਸਥਾਨ ਨੂੰ ਜਾਨਣਾ ਹੈ ਭਾਵ ਨਾਮ ਦਾ ਅਸਥਾਨ ਤੇ ਪ੍ਰਮਾਤਮਾ ਦਾ ਅਸਥਾਨ ਇੱਕੋ ਹੀ ਹੈ, ਜਿਤਨਾ ਵੱਡਾ ਨਾਮ ਹੈ ਉਤਨਾ ਹੀ ਵੱਡਾ ਪ੍ਰਮਾਤਮਾ ਆਪ ਹੈ। ਨਾਮ ਦਾ ਅਸਥਾਨ ਕੀ ਹੈ, ਪ੍ਰਮਾਤਮਾ ਦਾ ਅਸਥਾਨ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਸਾਡੇ ਅੰਦਰ ਨਾਮ ਦੇ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਸ਼ਬਦ ਰੂਪ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਸਮਝ ਦੇ ਰੂਪ ਵਿੱਚ ਹੈ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਰਾਹੀਂ, ਆਪਣੇ ਨਾਮ ਰਾਹੀਂ ਕਿਤਨਾ ਕੁ ਵੱਡਾ ਹੈ ਇਸ ਗੱਲ ਨੂੰ ਉਹ ਹੀ ਸਮਝ ਸਕਦਾ ਹੈ ਜਿਨ੍ਹਾਂ ਨੇ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ ਵੱਡਾਪਨ ਬਿਆਨ ਕੀਤਾ ਹੈ, ਉਸਦੇ ਬ੍ਰਹਮ ਗਿਆਨ ਨੂੰ ਬਿਆਨ ਕੀਤਾ ਹੈ, ਉਸਦੇ ਨਾਮ ਨੂੰ ਬਿਆਨ ਕੀਤਾ ਹੈ,

46/6056

ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਬਿਆਨ ਕੀਤਾ ਹੈ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ, ਉਸਦੇ ਨਾਮ ਰੂਪ ਨੂੰ ਜਾਣਿਆ ਹੈ, ਮਨ ਦੇ ਵਿੱਚੋਂ ਹੀ ਜਾਣਿਆ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦਾ ਵੱਡਾਪਨ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਫਿਰ ਵੱਡਾ ਨਹੀਂ

ਕਹਿ ਸਕਦਾ, ਅਖਵਾ ਸਕਦਾ। ਪ੍ਰਮਾਤਮਾ ਸਾਡੇ ਅੰਦਰ ਜਿਸ ਜਗ੍ਹਾ ਤੇ ਵੱਸਦਾ ਹੈ, ਜਿਸ ਰੂਪ ਵਿੱਚ ਵੱਸਦਾ ਹੈ ਉਹ ਉਸਦਾ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ। ਉਸਨੂੰ ਆਪਣੇ ਅੰਦਰੋਂ ਆਪਣੇ ਆਪ ਕੋਈ ਨਹੀਂ ਜਾਣ ਸਕਦਾ ਭਾਵ ਉਸ ਤੱਕ ਪਹੁੰਚ ਕੋਈ ਨਹੀਂ ਕਰ ਸਕਦਾ ਕਿਉਂਕਿ ਸਾਡੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ। ਸਾਡੀ ਸਮਝ ਸਾਡੇ ਵੱਸ ਨਹੀਂ ਹੈ ਇਸ ਗੱਲ ਦੀ ਸਮਝ ਆਪਣੇ ਅੰਦਰੋਂ ਪ੍ਰਮਾਤਮਾ ਦਾ ਨਾਮ ਰੂਪ ਅਸਥਾਨ ਜਾਨਣ ਨਾਲ ਹੀ ਪੈਂਦੀ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਸਾਨੂੰ ਕੌਣ ਦੱਸ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ, ਨਾਮ ਕੀ ਹੈ, ਪ੍ਰਮਾਤਮਾ ਦੀ ਭਗਤੀ ਕੀ ਹੈ। ਇਸੇ ਲਈ ਸਾਨੂੰ ਇਹ ਸਮਝਾਇਆ ਹੈ ਕਿ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ ਉਹ ਸਾਨੂੰ ਪ੍ਰਮਾਤਮਾ ਬਾਰੇ, ਨਾਮ ਬਾਰੇ, ਪ੍ਰਮਾਤਮਾ ਦੀ ਭਗਤੀ ਬਾਰੇ ਕੁਝ ਦੱਸਣ ਲਾਇਕ ਨਹੀਂ ਹੁੰਦੇ ਤੇ ਉਨ੍ਹਾਂ ਕੋਲੋਂ ਸਾਨੂੰ ਪੁੱਛਣ ਨਹੀਂ ਜਾਣਾ ਚਾਹੀਦਾ ਭਾਵ ਉਨ੍ਹਾਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। **(ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥ ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥)**

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

46/6057

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ ੫)

ਪਉੜੀ ॥

{ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥
ਹਰਿ ਨਾਮੁ ਹਮ ਸੇ੍ਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥

ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ ॥
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥੧੬॥}

(ਅੰਗ ੫੯੨)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

ਵਡਹੰਸੁ ਮਹਲਾ ੧ ਘਰੁ ੨ ॥

{ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਣੀ ਪਟੀਆ ਭਰੀਐ ਮਾਗ ਸੰਧੂਰੇ ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥}

(ਅੰਗ ੫੫੭-੫੫੮)

ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਨਾਮ ਵਿੱਚ ਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ਜਿਸ ਗੱਲ ਦੀ ਸਮਝ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆ ਸਕਦੀ ਹੈ ਤੇ ਜਿਸਨੂੰ ਇਸ ਗੱਲ ਦੀ

46/6058

ਸਮਝ ਲੱਗ ਜਾਂਦੀ ਹੈ ਉਸਨੂੰ ਫਿਰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਦਾ ਵੱਡਾਪਨ ਕੀ ਹੈ ਤੇ ਮਨੁੱਖੀ ਮਤਿ ਦੀ ਨਾਮ ਦੀ ਮਤਿ ਦੇ ਅੱਗੇ ਕੀ ਔਕਾਤ ਹੈ। ਆਪਣੇ ਆਪ ਨੂੰ ਕੋਈ ਧਰਮ ਦੇ ਮਾਰਗ ਤੇ ਵੱਡਾ ਤਾਂ ਹੀ ਅਖਵਾ ਸਕਦਾ ਹੈ ਜਦ ਤੱਕ ਉਸਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਵੱਡੇਪਨ ਨੂੰ ਨਹੀਂ ਜਾਣਿਆ। ਹਰ ਕੋਈ ਆਪਣੇ ਬਾਹਰੀ ਦਿਖਾਵਿਆਂ ਰਾਹੀਂ ਜਿਨ੍ਹਾਂ ਨੂੰ ਉਹ ਭਗਤੀ ਸਮਝਦੇ ਹਨ ਤੇ ਸਮਝਾਉਂਦੇ ਹਨ ਉਨ੍ਹਾਂ ਦਿਖਾਵਿਆਂ ਰਾਹੀਂ ਹੀ ਉਹ ਆਪਣੇ ਆਪ ਨੂੰ ਵੱਡਾ ਸਾਬਿਤ ਕਰਦੇ ਹਨ ਜਿਹੜੇ ਵੱਡੇਪਨ ਦੀ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕੋਈ ਇੱਜਤ ਨਹੀਂ ਹੈ ਬਲਕਿ ਉਨ੍ਹਾਂ ਨੂੰ ਤਾੜਨਾ ਕੀਤੀ ਹੈ ਕਿ ਉਹ ਝੂਠਾ ਮਾਣ ਲੈਂਦੇ ਹਨ ਜਿਵੇਂ ਕਿ ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਇਹ ਜੋ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ, ਉੱਚੇ, ਧਰਮੀ ਅਖਵਾਉਂਦੇ ਹਨ ਇਹ ਆਪਣੀਆਂ ਗੱਦੀਆਂ ਬਣਾ ਲੈਂਦੇ ਹਨ ਤੇ ਇਨ੍ਹਾਂ ਦੀਆਂ ਗੱਦੀਆਂ ਚੱਲਦੀਆਂ ਰਹਿੰਦੀਆਂ ਹਨ ਭਾਵ ਇਨ੍ਹਾਂ ਦੇ ਵੱਡੇਪਨ ਦਾ ਦਿਖਾਵਾ ਅੱਗੇ ਤੋਂ ਅੱਗੇ ਵੱਧਦਾ ਰਹਿੰਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥ ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥
ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥”

ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਜੋ ਕੁਝ ਸਾਨੂੰ ਇਸ ਤੋਂ ਪਹਿਲੇ ਪਦਿਆਂ ਰਾਹੀਂ ਸਮਝਾਇਆ ਹੈ ਉਹੀ ਗੱਲ ਇਸ ਪਦੇ ਰਾਹੀਂ ਸਪਸ਼ਟ ਕੀਤੀ ਹੋਈ ਹੈ। ਪੂਰੇ ਸ਼ਬਦ ਵਿੱਚ ਜੋ ਆਪਣੇ ਆਪ ਨੂੰ ਝੂਠੀ ਭਗਤੀ ਦੇ ਦਿਖਾਵਿਆਂ ਦੁਆਰਾ ਵੱਡਾ ਅਖਵਾਉਂਦੇ ਹਨ ਉਨ੍ਹਾਂ ਬਾਰੇ ਸਮਝਾਇਆ ਹੋਇਆ ਹੈ ਤੇ ਉਨ੍ਹਾਂ ਦੀ ਗੱਲ ਹੀ ਉਪਰਲੇ ਪਦੇ ਰਾਹੀਂ ਸਮਝਾਈ ਹੋਈ ਹੈ। ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਨ ਉਹ ਫਿਰ ਆਪਣੇ ਆਪ ਨੂੰ ਉੱਚੀ ਜਾਤਿ ਵਾਲਾ ਭਾਵ ਉੱਚੀ ਧਾਰਮਿਕ ਸੋਝੀ ਵਾਲਾ ਬਣਾ ਲੈਂਦੇ ਹਨ ਭਾਵ ਆਪਣਾ ਉੱਚਾ ਵਰਨ ਸਮਝਦੇ ਹਨ, ਦੂਸਰਿਆਂ ਨਾਲੋਂ ਆਪਣੇ ਆਪ ਨੂੰ ਉੱਚੇ ਵਰਨ ਵਾਲਾ

46/6059

ਸਮਝਦੇ ਹਨ। ਜੋ ਆਪਣੇ ਆਪ ਨੂੰ ਉੱਚੇ ਵਰਨ ਵਾਲਾ ਥਾਪ ਲੈਂਦਾ ਹੈ ਤੇ ਫਿਰ ਉਨ੍ਹਾਂ ਦੇ ਚੇਲੇ ਬਣ ਜਾਂਦੇ ਹਨ ਜਾਂ ਜੋ ਨਜਦੀਕੀ ਰਿਸ਼ਤੇਦਾਰ ਹੁੰਦੇ ਹਨ ਉਹ ਵੀ ਆਪਣੇ ਆਪ ਨੂੰ ਉੱਚਾ ਬਣਾਉਂਣਾ ਚਾਹੁੰਦੇ ਹਨ। ਜੋ ਸੰਤ ਆਦਿ ਅਖਵਾ ਕੇ ਆਪਣੀ ਗੱਦੀ ਬਣਾ ਲੈਂਦੇ ਹਨ ਉਨ੍ਹਾਂ ਦੀ ਫਿਰ ਗੱਦੀ ਅੱਗੇ ਤੁਰ ਪੈਂਦੀ ਹੈ ਜੋ ਕਿ ਹੋਰ ਅੱਗੇ ਤੋਂ ਅੱਗੇ ਵੱਧਦੀ ਰਹਿੰਦੀ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। **“ਵਰਨਾ ਵਰਨ”** ਤੋਂ ਭਾਵ ਹੈ ਵਰਨ ਤੋਂ ਅੱਗੇ ਵਰਨ ਦਾ ਵੱਧਣਾ। ਇਹੋ ਜਿਹੇ ਆਪਣਾ ਵਰਨ ਵਧਾਉਂਣ ਵਾਲੇ ਝੂਠੀ ਵਡਿਆਈ ਲੈਂਦੇ ਹਨ ਭਾਵ ਭਗਤੀ ਦੇ ਵਿਖਾਵਿਆਂ ਦੀ ਝੂਠੀ ਵਡਿਆਈ ਲੈਂਦੇ ਹਨ। ਧਿਆਨ ਨਾਲ ਦੇਖੋ ਤਾਂ ਸਦੀਆਂ ਤੋਂ ਇਹੋ ਕੁਝ ਹੋ ਰਿਹਾ ਹੈ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਭ ਪਾਸੇ ਇਹੋ ਕੁਝ ਹੀ ਹੁੰਦਾ ਹੈ। ਇੱਕ ਸੰਤ ਤੋਂ ਅੱਗੇ ਅਨੇਕਾਂ ਸੰਤ ਬਣ ਜਾਂਦੇ ਹਨ, ਇੱਕ ਬਾਬੇ ਤੋਂ ਅਨੇਕਾਂ ਬਾਬੇ ਬਣ ਜਾਂਦੇ ਹਨ, ਇੱਕ ਡੇਰੇ ਤੋਂ ਅਨੇਕਾਂ ਡੇਰੇ ਬਣ ਜਾਂਦੇ ਹਨ ਭਾਵ ਝੂਠੀ ਭਗਤੀ ਦੀ ਵਡਿਆਈ ਲੈਣ ਵਾਲੇ ਇਸੇ ਤਰ੍ਹਾਂ ਆਪਣੇ ਦਿਖਾਵਿਆਂ ਦੁਆਰਾ ਆਪਣੀ ਵਡਿਆਈ ਅੱਗੇ ਤੋਂ ਅੱਗੇ ਵਧਾਉਂਦੇ ਰਹਿੰਦੇ ਹਨ ਪਰ ਸੱਚੀ ਵਡਿਆਈ ਕੀ ਹੁੰਦੀ ਹੈ ਇਸ ਗੱਲ ਦੀ ਉਨ੍ਹਾਂ ਨੂੰ ਰੱਤੀ ਭਰ ਵੀ ਸਮਝ ਨਹੀਂ ਹੁੰਦੀ। ਸੱਚੀ ਵਡਿਆਈ ਕਿਸ ਤਰੀਕੇ ਮਿਲਦੀ ਹੈ ਇਹ ਕੇਵਲ ਉਹੀ ਸਮਝ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪ ਵੱਡਾ ਕਰਦਾ ਹੈ ਭਾਵ ਜਿਸਦੇ ਅੰਦਰ ਪ੍ਰਮਾਤਮਾ ਆਪ ਆਪਣੇ ਆਪ ਨੂੰ ਵੱਡਾ ਕਰਦਾ ਹੈ। ਜਿਸਨੂੰ ਪ੍ਰਮਾਤਮਾ ਵੱਡਾ ਕਰਦਾ ਹੈ ਉਹ ਆਪਣਾ ਨਾਮ ਬਖਸ਼ਣ ਦੁਆਰਾ ਕਰਦਾ ਹੈ ਭਾਵ ਉਸਦੀ ਸਮਝ ਨੂੰ ਵੱਡਾ ਕਰਦਾ ਹੈ, ਉਸਦੇ ਅੰਦਰ ਧਾਰਮਿਕ ਗਿਆਨ ਨੂੰ ਉੱਚਾ ਕਰਦਾ ਹੈ ਭਾਵ ਆਪਣੀ ਜੋਤਿ ਰਾਹੀਂ ਉਸਦੇ ਅੰਦਰ ਦੇ ਨਿਰੰਕਾਰ ਰੂਪ ਨੂੰ ਉੱਚਾ ਕਰਦਾ ਹੈ ਜੋ ਰੂਪ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਵੱਡਾ ਕੀਤਾ ਹੈ ਉਨ੍ਹਾਂ ਨੇ ਹੀ ਗੁਰਬਾਣੀ ਰਾਹੀਂ, ਗੁਰਬਾਣੀ ਦੇ ਗਿਆਨ ਦੇ ਰਾਹੀਂ ਆਪਣੇ ਅੰਦਰ ਦਾ ਵੱਡਾਪਨ ਦਿਖਾਇਆ ਹੈ ਜੋ ਵੱਡਾਪਨ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਉਸਦਾ ਨਾਮ ਰੂਪ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਗਿਆਨ ਰਾਹੀਂ ਵੱਡਾ ਕਰਦਾ ਹੈ ਜੋ ਕਿ ਉਹ ਕਿਸੇ ਵਿਰਲੇ ਨੂੰ ਹੀ

ਕਰਦਾ ਹੈ ਉਸਨੂੰ ਫਿਰ ਝੂਠੀਆਂ ਵਡਿਆਈਆਂ ਲੈਣ

46/6060

ਵਾਲੇ ਤੇ ਝੂਠੀ ਵਡਿਆਈ ਨਹੀਂ ਭਾਉਂਦੀ। ਜੋ ਆਪਣਾ ਉੱਚਾ ਰੂਪ ਥਾਪਨ ਦੁਆਰਾ ਵਡਿਆਈ ਲੈਂਦੇ ਹਨ ਤੇ ਉਨ੍ਹਾਂ ਦੀਆਂ ਗੱਦੀਆਂ ਤੇ ਬੈਠ ਕੇ ਅੱਗੇ ਹੋਰ ਵਡਿਆਈਆਂ ਲੈਂਦੇ ਹਨ ਇਹ ਕੁਝ ਉਨ੍ਹਾਂ ਨੂੰ ਨਹੀਂ ਭਾਉਂਦਾ ਜਿਨ੍ਹਾਂ ਨੂੰ ਪ੍ਰਮਾਤਮਾ ਆਪ ਸੱਚੀ ਵਡਿਆਈ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ, ਭਗਤਾਂ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ। **(ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥)**

ਪ੍ਰਮਾਤਮਾ ਕਿਸਨੂੰ ਆਪਣੀ ਵਡਿਆਈ ਬਖਸ਼ਦਾ ਹੈ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ ਭਾਵ ਗੁਰ ਪ੍ਰਸਾਦਿ ਹੈ। ਜੋ ਖੁੱਦ ਆਪਣੇ ਆਪ ਨੂੰ ਉੱਚਾ ਕਰਦੇ ਹਨ ਇਹ ਕੇਵਲ ਮਨਮਤਿ ਹੈ, ਨਾਸਮਝੀ ਹੈ, ਮਾਇਆ ਹੈ। ਪ੍ਰਮਾਤਮਾ ਜਿਸਦੇ ਵੀ ਜੀਵਨ ਨੂੰ ਸਵਾਰਦਾ ਹੈ ਉਹ ਆਪਣੇ ਹੁਕਮ ਦੁਆਰਾ ਹੀ ਸਵਾਰਦਾ ਹੈ ਜੋ ਉਸਦਾ ਹੁਕਮ ਹਰ ਵੇਲੇ ਸਾਡੇ ਅੰਦਰ ਹੀ ਚੱਲ ਰਿਹਾ ਹੈ, ਮਨ ਦੀ ਸਮਝ ਦੇ ਰੂਪ ਵਿੱਚ ਚੱਲ ਰਿਹਾ ਹੈ। ਜਿਸਨੂੰ ਪ੍ਰਮਾਤਮਾ ਵੱਡਾ ਕਰਦਾ ਹੈ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ ਭਾਵ ਜਿਸਦੇ ਜੀਵਨ ਨੂੰ ਸਵਾਰਦਾ ਹੈ ਮਨ ਦੀ ਸਮਝ ਰਾਹੀਂ ਹੀ ਸਵਾਰਦਾ ਹੈ ਜਿਸ ਰਾਹੀਂ ਉਹ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ, ਆਪਣੀ ਸੱਚੀ ਵਡਿਆਈ ਕਰਨੀ ਸਮਝਾਉਂਦਾ ਹੈ। ਜਿਸਦੀ ਮਤਿ ਨੂੰ ਪ੍ਰਮਾਤਮਾ ਸਵਾਰ ਦਿੰਦਾ ਹੈ ਉਸਨੂੰ ਫਿਰ ਹਰ ਵੇਲੇ ਸਵਾਰ ਕੇ ਹੀ ਰੱਖਦਾ ਹੈ ਭਾਵ ਗੁਰਮਤਿ ਦੇ ਸੱਚੇ ਗਿਆਨ ਵਾਲੀ ਬਣਾ ਕੇ ਹੀ ਰੱਖਦਾ ਹੈ, ਨਾਮ ਵਾਲੀ ਬਣਾ ਕੇ ਹੀ ਰੱਖਦਾ ਹੈ ਜਿਸਨੂੰ ਸਵਾਰਨ ਵਿੱਚ ਪ੍ਰਮਾਤਮਾ ਰੱਤਾ ਭਰ ਵੀ ਢਿੱਲ ਨਹੀਂ ਵਰਤਦਾ ਭਾਵ ਅੱਠੇ ਪਹਿਰ ਉਸਦੀ ਮਤਿ ਨੂੰ ਸਵਾਰੀ ਰੱਖਦਾ ਹੈ। **(ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥ ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥)**

ਪ੍ਰਮਾਤਮਾ ਬਹੁਤ ਵੱਡਾ ਹੈ ਪਰ ਪ੍ਰਮਾਤਮਾ ਨੂੰ ਜਾਣੇ ਬਿਨਾਂ ਉਸਦਾ ਵੱਡਾਪਨ ਨਹੀਂ ਜਾਣਿਆ ਜਾ ਸਕਦਾ ਤੇ ਅਸੀਂ ਸੰਸਾਰੀਆਂ ਨੂੰ ਵੱਡੇ ਸਮਝਦੇ ਰਹਿੰਦੇ ਹਾਂ। ਪ੍ਰਮਾਤਮਾ ਦਾ ਅਸੀਂ ਵੱਡਾਪਨ ਕਿਉਂ ਨਹੀਂ ਜਾਣ ਸਕਦੇ ਭਾਵ ਆਪਣਾ ਵੱਡਾਪਨ ਜਾਨਣ ਤੋਂ ਪ੍ਰਮਾਤਮਾ ਕਿਸ ਤਰੀਕੇ ਸੰਸਾਰੀਆਂ ਨੂੰ ਆਪਣੇ ਤੋਂ ਦੂਰ ਰੱਖਦਾ ਹੈ ਇਹੀ ਗੱਲ

46/6061

ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਨੂੰ ਜਾਨਣ ਵਿੱਚ ਰੁਕਾਵਟ ਕਿਸ ਤਰੀਕੇ ਪੈਂਦੀ ਹੈ ਤੇ ਉਹ ਰੁਕਾਵਟ ਕੌਣ ਪਾਉਂਦਾ ਹੈ।

“ਸਭੁ ਕੋ ਆਧੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥
ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥”

ਪ੍ਰਮਾਤਮਾ ਨੂੰ ਨਾ ਜਾਨਣ ਦਾ ਕਾਰਣ ਭਾਵ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਕਾਰਣ ਇੱਕੋ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਸਾਡੇ ਅੰਦਰ ਦਾ ਮਾਇਆ ਮੋਹ ਹੈ, ਦਾਤਾਂ ਦੀ ਪ੍ਰਾਪਤੀ ਦਾ ਮੋਹ ਹੈ ਤੇ ਇਹੀ ਕਾਰਣ ਸਾਨੂੰ ਉਪਰਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦਾ ਆਖਣ ਹਰ ਕੋਈ ਕਰਦਾ ਹੈ, ਬੋਲ ਬੋਲ ਕੇ ਕਰਦਾ ਹੈ ਤੇ ਇਹੋ ਜਿਹਾ ਆਖਣ ਹੀ ਸਾਨੂੰ ਉਹ ਸਮਝਾਉਂਦੇ ਹਨ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ। ਸਭ ਦੇ ਅੰਦਰ ਮਾਇਆ ਮੋਹ ਹੈ ਕਿਉਂਕਿ ਸਾਡੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਸਾਡੇ ਅੰਦਰ ਹਰ ਵੇਲੇ ਮਾਇਆ ਮੋਹ ਵਾਲੇ ਵਿਚਾਰ ਉਪਜਦੇ ਰਹਿੰਦੇ ਹਨ ਜੋ ਸਾਨੂੰ ਮਾਇਆ ਦੀਆਂ ਦਾਤਾਂ ਨਾਲ ਜੋੜਦੇ ਹਨ। ਸਾਡਾ ਮਨ ਹੀ ਸਾਨੂੰ ਇਹ ਸੋਝੀ ਪਾਉਂਦਾ ਹੈ ਕਿ ਦਾਤਾਂ ਦੇਣ ਵਾਲਾ ਆਪ ਪ੍ਰਮਾਤਮਾ ਹੈ ਤੇ ਜਿਤਨਾ ਕੋਈ ਉਸਨੂੰ ਜਿਆਦਾ ਆਖਦਾ ਹੈ ਭਾਵ ਪ੍ਰਮਾਤਮਾ ਦਾ ਜਿਤਨਾ ਕੋਈ ਜਿਆਦਾ ਬੋਲ ਬੋਲ ਕੇ ਆਖਣ ਕਰਦਾ ਹੈ ਉਸ ਤੇ ਖੁਸ਼ ਹੋ ਕੇ ਪ੍ਰਮਾਤਮਾ ਦਾਤਾਂ ਬਖਸਦਾ ਹੈ। ਦਾਤਾਂ ਦਾ ਮੋਹ ਸਾਨੂੰ ਦਾਤਾਂ ਦੇ ਨਾਲ ਉਲਝਾ ਕੇ ਰੱਖਦਾ ਹੈ ਤੇ ਪ੍ਰਮਾਤਮਾ ਦੀ ਅਸਲ ਭਗਤੀ ਦੇ ਮਾਰਗ ਤੋਂ ਦੂਰ ਰੱਖਦਾ ਹੈ ਕਿਉਂਕਿ ਭਗਤੀ ਦਾ ਅਸਲ ਮਾਰਗ ਮਾਇਆ ਮੋਹ ਵਿੱਚੋਂ ਨਿਕਲ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ, ਮਨੁੱਖਤਾ ਦੀ ਸੇਵਾ ਕਰਨ ਦਾ ਹੈ। ਮਨੁੱਖਤਾ ਦੀ ਸੇਵਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ। ਹਰ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਸੇਵਾ ਹੀ, ਜੀਵ ਜੰਤ ਦੀ ਸੇਵਾ ਹੀ ਪ੍ਰਮਾਤਮਾ ਦੀ ਸੇਵਾ ਹੈ। ਸਾਡੇ ਅੰਦਰ ਦਾ ਮਾਇਆ

46/6062

ਮੋਹ ਸਾਨੂੰ ਚੰਗੇ ਕਰਮ ਕਰਨ ਤੋਂ ਦੂਰ ਕਰਦਾ ਹੈ ਭਾਵ ਭਗਤੀ ਦੇ ਮਾਰਗ ਤੋਂ ਦੂਰ ਕਰਦਾ ਹੈ, ਪ੍ਰਮਾਤਮਾ ਨੂੰ ਜਾਨਣ ਦੇ ਮਾਰਗ ਤੋਂ ਦੂਰ ਕਰਦਾ ਹੈ। ਹਰ ਕੋਈ ਦਾਤਾਂ ਲੈਣ ਵਾਸਤੇ ਹੀ ਵੱਧ ਤੋਂ ਵੱਧ ਪ੍ਰਮਾਤਮਾ ਦਾ ਆਖਣ ਆਖਦਾ ਹੈ। **(ਸਭੁ ਕੋ ਆਧੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥)** ਇਹੋ ਜਿਹੇ ਆਖਣ ਦਾ ਸਾਡੇ ਤੇ ਕੀ ਅਸਰ ਪੈਂਦਾ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥”

“ਕੇਵਡੁ ਦਾਤਾ ਆਖੀਐ” ਤੋਂ ਭਾਵ ਹੈ ਕਿ ਅਸੀਂ ਪ੍ਰਮਾਤਮਾ ਨੂੰ ਫਿਰ ਕਿਵੇਂ ਜਾਣ ਸਕਦੇ ਹਾਂ ਕਿ ਪ੍ਰਮਾਤਮਾ ਕਿਸ ਤਰੀਕੇ ਵੱਡਾ ਹੈ ਭਾਵ ਪ੍ਰਮਾਤਮਾ ਦਾ ਵੱਡਾਪਨ ਨਹੀਂ ਜਾਣਿਆ ਜਾ ਸਕਦਾ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਨਹੀਂ ਹੋ ਸਕਦਾ ਜਿਸਦਾ ਕਾਰਣ ਇਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਦਾ ਮਾਇਆ ਮੋਹ ਹੈ, ਮਾਇਆ ਦੀਆਂ ਦਾਤਾਂ ਨਾਲ ਮੋਹ ਹੈ। **“ਦੇ ਕੈ ਰਹਿਆ ਸੁਮਾਰਿ”** ਤੋਂ ਭਾਵ ਹੈ ਕਿ ਪ੍ਰਮਾਤਮਾ ਸਾਨੂੰ ਦਾਤਾਂ ਦਿੰਦਾ ਹੈ ਤੇ ਦਾਤਾਂ ਦੇਣ ਦੁਆਰਾ ਉਹ **“ਸੁਮਾਰਿ”** ਰਹਿੰਦਾ ਹੈ ਭਾਵ ਗਿਣਤੀ ਤੋਂ ਬਾਹਰ ਰਹਿੰਦਾ ਹੈ। ਸਾਡੇ ਲਈ ਸਭ ਤੋਂ ਵੱਡੀ ਦਾਤਿ ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤਿ ਹੈ, ਪ੍ਰਮਾਤਮਾ ਦਾ ਵੱਡਾਪਨ ਜਾਨਣ ਦੀ ਦਾਤਿ ਹੈ ਜਿਸ ਦਾਤਿ ਦੀ ਗਿਣਤੀ ਤੋਂ ਪ੍ਰਮਾਤਮਾ ਆਪਣੇ ਆਪ ਨੂੰ ਬਾਹਰ ਕਰ ਲੈਂਦਾ ਹੈ ਕਿਉਂਕਿ ਸਾਨੂੰ ਉਹ ਮਾਇਆ ਦੀਆਂ ਦਾਤਾਂ ਦੀ ਗਿਣਤੀ ਵਿੱਚ ਪਾਈ ਰੱਖਦਾ ਹੈ ਭਾਵ ਮਾਇਆ ਦੀਆਂ ਦਾਤਾਂ ਦੀ ਗਿਣਤੀ ਵਿੱਚ ਪੈ ਕੇ ਅਸੀਂ ਪ੍ਰਮਾਤਮਾ ਦੀ ਦਾਤਿ ਦੀ ਗਿਣਤੀ ਤੋਂ ਬਾਹਰ ਹੋ ਜਾਂਦੇ ਹਾਂ ਕਿਉਂਕਿ ਸਾਨੂੰ ਮਾਇਆ ਦੀਆਂ ਦਾਤਾਂ ਹੀ ਚੰਗੀਆਂ ਲੱਗਦੀਆਂ ਹਨ ਤੇ ਅਸੀਂ ਉਨ੍ਹਾਂ ਵਿੱਚ ਹੀ ਖੁਸ਼ੀ ਮਹਿਸੂਸ ਕਰਦੇ ਹਾਂ ਤੇ ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤਿ ਤੋਂ ਦੂਰ ਹੋ ਜਾਂਦੇ ਹਾਂ ਭਾਵ ਮਾਇਆ ਦੀਆਂ ਦਾਤਾਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤਿ ਤੋਂ ਦੂਰ ਰੱਖਦੀਆਂ ਹਨ। ਦਾਤਾਂ ਦਾ ਮਾਇਆ ਮੋਹ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਭਾਵ ਉਸਨੇ ਆਪ ਹੀ ਸਾਨੂੰ ਮਾਇਆ ਦੀਆਂ ਦਾਤਾਂ ਦਾ ਮੋਹ ਪਾ ਕੇ

46/6063

ਆਪਣੀ ਸੱਚੀ ਭਗਤੀ ਦੇ ਮਾਰਗ ਤੋਂ, ਆਪਣੇ ਨਾਲ ਮੇਲ ਦੀ ਦਾਤਿ ਤੋਂ ਦੂਰ ਰੱਖਿਆ ਹੋਇਆ ਹੈ। ਮਨ ਦੀ ਇਸ ਮਾਇਆ ਕਰਕੇ ਭਾਵ ਨਾਮਸਝੀ ਕਰਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਵੱਡੇਪਨ ਨੂੰ ਨਹੀਂ ਜਾਣ ਸਕਦੇ। ਸਾਡੇ ਅੰਦਰ ਦਾ ਮਾਇਆ ਮੋਹ ਹੀ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਹੈ। **(ਸਭੁ ਕੋ ਆਧੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥)** ਮਾਇਆ ਮੋਹ ਵਿੱਚ ਅਸੀਂ ਕਿਸ ਲਈ ਪੈਂਦੇ ਹਾਂ, ਮਾਇਆ ਸਾਨੂੰ ਕਿਸ ਲਈ ਪਿਆਰੀ ਲੱਗਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥”

ਉਪਰਲੀ ਪੰਗਤੀ ਰਾਹੀਂ ਬਾਹਰ ਦੀ ਮਾਇਆ ਦਾ ਵਰਨਣ ਕੀਤਾ ਹੋਇਆ ਹੈ। ਸਾਡੇ ਅੰਦਰ ਦਾ ਮਾਇਆ ਮੋਹ ਤਾਂ ਹੀ ਟਿੱਕ ਸਕਦਾ ਹੈ ਜੇਕਰ ਬਾਹਰ ਦੀ ਮਾਇਆ ਹੋਵੇਗੀ। ਸਭ ਪਾਸੇ ਪ੍ਰਮਾਤਮਾ ਨੇ ਮਾਇਆ ਦੇ ਭੰਡਾਰ ਬਣਾਏ ਹੋਏ ਹਨ। ਜਿੱਧਰ ਦੇਖੋ ਉੱਧਰ ਹੀ ਮਾਇਆ ਹੈ, ਮਾਇਆ ਦੇ ਰੂਪ ਹਨ। ਧਰਤੀ ਦੇ ਉਪਰ ਵੀ ਮਾਇਆ ਹੈ ਤੇ ਅੰਦਰ ਵੀ ਮਾਇਆ ਹੈ ਜੋ ਕਿ ਅਨੇਕਾਂ ਰੂਪਾਂ ਵਿੱਚ ਹੈ। ਸਮੁੰਦਰ ਆਪਣੇ ਆਪ ਵਿੱਚ ਮਾਇਆ ਹੈ ਤੇ ਉਸਦੇ ਅੰਦਰ ਵੀ ਮਾਇਆ ਹੈ। ਮਾਇਆ ਦੇ ਅਨੇਕਾਂ ਹੀ ਅਨੇਕਾਂ ਰੂਪ ਹਨ ਤੇ ਹਰ ਰੂਪ ਸਾਨੂੰ ਲੁਭਾਉਂਦਾ ਹੈ, ਮਨ ਦੀ ਮਾਇਆ ਨੂੰ ਲੁਭਾਉਂਦਾ ਹੈ, ਮੋਹੰਦਾ ਹੈ। ਜਿਤਨੀ ਬਾਹਰ ਜਿਆਦਾ ਮਾਇਆ ਹੋਵੇਗੀ ਉਤਨਾ ਹੀ ਅੰਦਰ ਜਿਆਦਾ ਮਾਇਆ ਮੋਹ ਹੋਵੇਗਾ ਭਾਵ ਜਿਤਨੇ ਮਾਇਆ ਦੇ ਰੂਪ ਹੋਣਗੇ ਉਤਨੇ ਹੀ ਉਨ੍ਹਾਂ ਨੂੰ ਪ੍ਰਾਪਤੀ ਦੀਆਂ ਇੱਛਾਵਾਂ ਜਿਆਦਾ ਹੋਣਗੀਆਂ, ਤ੍ਰਿਸ਼ਨਾਵਾਂ ਜਿਆਦਾ ਹੋਣਗੀਆਂ। ਜੁਗਾਂ ਜੁਗਾਂ ਤੋਂ ਪ੍ਰਮਾਤਮਾ ਦਾ ਇਹੀ ਅਸੂਲ ਚੱਲਦਾ ਆ ਰਿਹਾ ਹੈ ਕਿ ਉਸਨੇ ਬਾਹਰੀ ਮਾਇਆ ਦੇ ਭੰਡਾਰ ਬਣਾ ਕੇ ਸਾਡੇ ਸਭ ਦੇ ਅੰਦਰ ਮਾਇਆ ਮੋਹ ਉੱਚਾ ਕੀਤਾ ਹੋਇਆ ਹੈ ਜਿਸ ਕਰਕੇ ਉਸਨੇ ਆਪ ਹੀ ਮਨ ਦੇ ਵਿਚਾਰਾਂ ਦੁਆਰਾ ਸਭ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ, ਆਪਣਾ ਵੱਡਾਪਨ ਜਾਨਣ ਤੋਂ ਦੂਰ ਕੀਤਾ ਹੋਇਆ ਹੈ, ਆਪਣੀ ਸੱਚੀ ਭਗਤੀ ਦਾ ਮਾਰਗ ਜਾਨਣ ਤੋਂ

46/6064

ਦੂਰ ਕੀਤਾ ਹੋਇਆ ਹੈ। ਇਸੇ ਲਈ ਬਾਣੀ ਸਾਨੂੰ ਭਾਵ ਗੁਰੂ ਪ੍ਰਮਾਤਮਾ ਆਪ ਸਾਨੂੰ ਬਾਰ-ਬਾਰ ਇਹ ਸਮਝਾਉਂਦਾ ਹੈ ਕਿ ਜੇਕਰ ਮੈਨੂੰ

ਜਾਨਣਾ ਚਾਹੁੰਦੇ ਹੋ ਤਾਂ ਫਿਰ ਉਸਦੇ ਲਈ ਇੱਕੋ ਇੱਕ ਤਰੀਕਾ ਇਹ ਹੈ ਕਿ ਮਾਇਆ ਮੋਹ ਵਿੱਚੋਂ ਨਿਕਲੋ। ਮਾਇਆ ਮੋਹ ਵਿੱਚੋਂ ਨਿਕਲਣਾ ਉਸਨੇ ਆਪ ਹੀ ਔਖਾ ਬਣਾਇਆ ਹੋਇਆ ਹੈ ਤੇ ਉਸ ਵਿੱਚੋਂ ਨਿਕਲਣ ਦਾ ਉਦੱਮ ਮਨੁੱਖ ਦੇ ਸਿਰ ਹੀ ਹੈ। ਬਹੁਤ ਔਖਾ ਹੈ ਪ੍ਰਮਾਤਮਾ ਨੂੰ ਜਾਨਣਾ। ਉਸਦੀ ਕ੍ਰਿਪਾ ਤੋਂ ਬਿਨਾਂ, ਉਸਦੀ ਰਜਾ ਤੋਂ ਬਿਨਾਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਕਿਉਂਕਿ ਉਸਦੀ ਕ੍ਰਿਪਾ ਤੋਂ ਬਿਨਾਂ ਮਾਇਆ ਮੋਹ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ। ਸਾਡਾ ਸੱਚਾ ਉਦੱਮ ਇਹੀ ਹੈ ਕਿ ਅਸੀਂ ਮਨ ਦੀ ਮਾਇਆ ਵਿੱਚੋਂ ਨਿਕਲੀਏ ਭਾਵ ਮਨ ਦੀ ਨਾਸਮਝ ਮਤਿ ਨੂੰ ਛੱਡੀਏ ਤੇ ਗੁਰੂ ਦੀ ਸੱਚੀ ਸਮਝ ਵਾਲੀ ਮਤਿ ਨਾਲ ਜੁੜੀਏ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਇੱਕੋ ਇੱਕ ਤਰੀਕਾ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਇੱਕ ਤਰੀਕਾ ਹੈ। **(ਸਭੁ ਕੋ ਆਧੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥ ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥)**

ਧਨਾਸਰੀ ਮਹਲਾ ੫ ਘਰੁ ੨ ਚਉਪਦੇ

ੴ ਸਤਿਗੁਰ ਪ੍ਰਸਾਦਿ ॥

{ਛੋਡਿ ਜਾਹਿ ਸੇ ਕਰਹਿ ਪਰਾਲ ॥ ਕਾਮਿ ਨ ਆਵਹਿ ਸੇ ਜੰਜਾਲ ॥ ਸੰਗਿ ਨ ਚਾਲਹਿ ਤਿਨ ਸਿਉ ਹੀਤ ॥
ਜੋ ਬੈਰਾਈ ਸੇਈ ਮੀਤ ॥੧॥ ਐਸੇ ਭਰਮਿ ਭੁਲੇ ਸੰਸਾਰਾ ॥ ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥
ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥ ਦਾਤਿ ਪਿਆਰੀ ਵਿਸਰਿਆ ਦਾਤਾਰਾ ॥
ਜਾਣੈ ਨਾਹੀ ਮਰਣੁ ਵਿਚਾਰਾ ॥੨॥ ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥
ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੇ ॥੩॥ ਜੋ ਤੁਧੁ ਭਾਵੈ ਸੋ ਪਰਵਾਣੁ ॥
ਤੇਰੇ ਭਾਣੇ ਨੋ ਕੁਰਬਾਣੁ ॥ ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥੪॥੧॥੨੨॥}

(ਅੰਗ ੬੭੬)

ਉਪਰਲੇ ਸ਼ਬਦ ਦੁਆਰਾ ਅਸੀਂ ਉਨ੍ਹਾਂ ਦੀ ਗੱਲ ਸਮਝੀ ਹੈ ਜੋ ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਥਾਪ ਕੇ ਝੂਠੀ ਵਡਿਆਈ ਲੈਂਦੇ ਹਨ, ਝੂਠਾ ਮਾਨ ਲੈਂਦੇ ਹਨ ਭਾਵ ਆਪਣੀ ਝੂਠੀ ਭਗਤੀ ਦੁਆਰਾ ਉਸਨੂੰ ਉੱਚੀ ਭਗਤੀ ਸਮਝਾਉਣ ਦੁਆਰਾ, ਸੰਸਾਰ ਵਿੱਚ ਮਾਨ ਲੈਂਦੇ ਹਨ। ਇਸ ਗੱਲ ਨੂੰ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਨੂੰ ਭਗਤੀ ਦੇ ਮਾਰਗ ਤੇ ਉਲਝਾਉਂਣ ਵਾਲੇ ਇਹੋ ਜਿਹੇ ਹੀ ਹਨ।

46/6065

ਇਸੇ ਲਈ ਸਾਨੂੰ ਗੁਰਬਾਣੀ ਰਾਹੀਂ ਬਾਰ-ਬਾਰ ਸਮਝਾਇਆ ਹੈ ਕਿ ਇਨ੍ਹਾਂ ਨੂੰ ਝੂਠਾ ਮਾਣ ਦੇਣਾ ਗਲਤ ਹੈ ਜਿਸ ਤੋਂ ਸਾਨੂੰ ਬਚਣ ਲਈ ਕਿਹਾ ਹੈ। ਜੇਕਰ ਅਸੀਂ ਫਿਰ ਵੀ ਇਨ੍ਹਾਂ ਨੂੰ ਭਗਤੀ ਦਾ ਮਾਣ ਦਿੰਦੇ ਹਾਂ ਤਾਂ ਫਿਰ ਅਸੀਂ ਗੁਰੂ ਦੇ ਬਚਨਾਂ ਦੇ ਉਲਟ ਚੱਲਦੇ ਹਾਂ, ਗੁਰੂ ਦੇ ਬਚਨਾਂ ਨੂੰ ਨਿੰਦਦੇ ਹਾਂ ਜੋ ਕਿ ਬਹੁਤ ਹੀ ਮਾੜੀ ਗੱਲ ਹੈ। ਜੋ ਵੀ ਸਾਨੂੰ ਗੁਰੂ ਦੇ ਬਚਨਾਂ ਦੇ ਉਲਟ ਭਗਤੀ ਦਾ ਮਾਰਗ ਸਮਝਾਉਂਦੇ ਹਨ ਉਹ ਆਪ ਤਾਂ ਗੁਰੂ ਦੀਆਂ ਨਜਰਾਂ ਵਿੱਚ ਮਾੜੇ ਬਣਦੇ ਹੀ ਹਨ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ, ਉਨ੍ਹਾਂ ਦੀ ਸਿੱਖਿਆ ਮੰਨਣ ਵਾਲੇ ਗੁਰੂ ਨੂੰ ਨਾਖੁਸ਼ ਕਰਦੇ ਹਨ ਜਿਸ ਤੋਂ ਸਾਨੂੰ ਸਭ ਨੂੰ ਬਚਣਾ ਚਾਹੀਦਾ ਹੈ।

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

ਆਪਣੀ ਭਗਤੀ ਦਾ ਝੂਠਾ ਮਾਣ ਲੈਣ ਵਾਲਿਆਂ ਨੂੰ, ਵੱਡਾ ਅਖਵਾਉਂਣ ਵਾਲਿਆਂ ਨੂੰ ਧੰਨ ਧੰਨ ਨੌਵੀਂ ਪਾਤਸ਼ਾਹੀ ਹੇਠ ਦਿੱਤੇ ਸ਼ਬਦ ਦੁਆਰਾ ਕੀ ਸਮਝਾ ਰਹੇ ਹਨ ਤੇ ਸੱਚੀ ਭਗਤੀ ਦਾ ਮਾਰਗ ਇਨ੍ਹਾਂ ਨੂੰ ਕਿਸ ਰੂਪ ਵਿੱਚ ਸਿਖਾ ਰਹੇ ਹਨ, ਆਉ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਮਹਲਾ ੯ ॥

"ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥"

(ਅੰਗ ੨੧੯)

ਸਭ ਤੋਂ ਪਹਿਲੇ ਰਹਾਉ ਵਾਲਾ ਪਦਾ ਹੈ ਜਿਸਨੂੰ ਧਿਆਨ ਨਾਲ ਸਮਝਣ ਦੁਆਰਾ ਹੀ ਸੱਚਾਈ ਸਮਝ ਆ ਜਾਂਦੀ ਹੈ।

"ਸਾਧੋ ਮਨ ਕਾ ਮਾਨੁ ਤਿਆਗਉ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥"

46/6066

ਜੋ ਆਪਣੇ ਆਪ ਨੂੰ ਸਾਧ, ਸੰਤ ਆਦਿ ਅਖਵਾਉਂਦੇ ਹਨ ਭਾਵ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ ਉਨ੍ਹਾਂ ਨੂੰ ਹੀ ਗੁਰੂ ਸਾਹਿਬ ਸਮਝਾ ਰਹੇ ਹਨ। ਉਹ ਆਪਣੇ ਆਪ ਨੂੰ ਸਾਧ, ਸੰਤ ਅਖਵਾਉਂਣ ਦਾ ਮਾਣ ਕਰਦੇ ਹਨ ਤੇ ਸੰਸਾਰ ਵਿੱਚ ਉਨ੍ਹਾਂ ਨੂੰ ਆਪਣੇ ਇਸ ਉੱਚੇਪਨ ਦਾ ਮਾਣ ਮਿਲਦਾ ਹੈ। ਜਿਹੋ ਜਿਹੀ ਭਗਤੀ ਦੇ ਮਾਰਗ ਤੇ ਉਹ ਚੱਲਦੇ ਹਨ ਉਹ ਭਗਤੀ ਦਾ ਅਸਲੀ ਮਾਰਗ ਨਹੀਂ ਹੁੰਦਾ ਭਾਵ ਉਹ ਕੇਵਲ ਭਗਤੀ ਦੇ ਦਿਖਾਵੇ ਹੁੰਦੇ ਹਨ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਬਾਣੀ ਰਾਹੀਂ ਬਾਰ-ਬਾਰ ਉਨ੍ਹਾਂ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਤੇ ਉਨ੍ਹਾਂ ਤਰੀਕਿਆਂ ਨੂੰ ਤਿਆਗਣ ਲਈ ਪ੍ਰੇਰਿਆ ਹੋਇਆ ਹੈ। ਹਰ ਕੋਈ ਆਪਣੀ ਭਗਤੀ ਦੇ ਤਰੀਕਿਆਂ ਦਾ ਮਾਣ ਕਰਦਾ ਹੈ ਤੇ ਜੋ ਬਹੁਤੇ ਸਰੀਰਕ ਜਪ ਤਪ ਆਦਿ ਕਰਦਾ ਹੈ, ਸਮਾਧੀਆਂ ਲਗਾਉਂਦਾ ਹੈ, ਗੁਰੂ ਅੱਗੇ ਬਹੁਤੇ ਮੱਥੇ ਟੇਕਦਾ ਹੈ ਉਸਦਾ ਮਾਣ ਹੋਰ ਉੱਚਾ ਹੋ ਜਾਂਦਾ ਹੈ ਭਾਵ ਉਨ੍ਹਾਂ ਨੂੰ ਭਗਤੀ ਦਾ ਉੱਚਾ ਦਰਜਾ ਮਿਲ ਜਾਂਦਾ ਹੈ। ਇਹੋ ਜਿਹਾ ਉੱਚਾ ਦਰਜਾ ਲੈਣ ਵਾਲਿਆਂ ਨੂੰ, ਉੱਚਾ ਮਾਣ ਲੈਣ ਵਾਲਿਆਂ ਨੂੰ ਗੁਰੂ ਸਾਹਿਬ ਇਹ ਸਮਝਾ ਰਹੇ ਹਨ ਕਿ ਇਹੋ ਜਿਹਾ ਮਾਣ ਲੈਣਾ ਗਲਤ ਹੈ ਤੇ ਇਹੋ ਜਿਹਾ ਮਾਣ ਨਾ ਲਉ, ਇਹੋ ਜਿਹਾ ਮਾਣ ਲੈਣਾ ਛੱਡੋ। **(ਸਾਧੋ ਮਨ ਕਾ ਮਾਨੁ ਤਿਆਗਉ ॥)** ਨਾਲ ਹੀ ਅਗਲੀ ਪੰਗਤੀ ਰਾਹੀਂ ਇਹੋ ਜਿਹਿਆਂ ਨੂੰ ਭਗਤੀ ਦਾ ਅਸਲ ਮਾਰਗ ਵੀ ਸਮਝਾਇਆ ਹੋਇਆ ਹੈ।

"ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥"

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਗੁਣਾਂ ਵਾਲੇ ਜੀਵਨ ਦੁਆਰਾ ਵਿਚਰਨ ਦਾ ਹੈ ਜਿਹੋ ਜਿਹੀ ਵਿਚਰਨ ਕਰਨ ਲਈ ਕਿਸੇ ਦਿਖਾਵੇ ਦੀ ਲੋੜ ਨਹੀਂ ਹੈ, ਕਿਸੇ ਸਰੀਰਕ ਜਪ ਤਪ ਦੀ ਲੋੜ ਨਹੀਂ ਹੈ, ਕਿਤੇ ਸਮਾਧੀਆਂ ਲਗਾਉਂਣ ਦੀ ਲੋੜ ਨਹੀਂ ਹੈ। ਗੁਣਾਂ ਨੂੰ ਅਪਨਾਉਂਣ ਲਈ ਕੇਵਲ ਔਗੁਣਾਂ ਨੂੰ ਛੱਡਣ ਦੀ ਲੋੜ ਹੈ, ਕਾਮ, ਕ੍ਰੋਧ ਆਦਿ ਵਾਲੇ ਮਾੜੇ ਵਿਚਾਰਾਂ ਨੂੰ ਛੱਡਣ ਦੀ ਲੋੜ ਹੈ। ਜਿਸ ਲਈ ਕੇਵਲ ਮਨ ਨੂੰ ਸਮਝਾਉਂਣ ਦੀ ਲੋੜ ਹੈ, ਗੁਰੂ ਦੀ ਮਤਿ ਨੂੰ ਮੰਨਣ ਦੀ ਲੋੜ ਹੈ ਭਾਵ ਹੋਰ ਕੋਈ ਭਗਤੀ ਦਾ ਦਿਖਾਵਾ ਕਰਨ ਦੀ ਲੋੜ ਨਹੀਂ ਹੈ।

46/6067

ਉਪਰਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ ਸਾਨੂੰ ਕਿਹੋ ਜਿਹੀ ਸੰਗਤ ਕਰਨੀ ਸਮਝਾਈ ਹੈ ਤੇ ਕਿਹੋ ਜਿਹੀ ਸੰਗਤ ਛੱਡਣ ਲਈ ਕਿਹਾ ਹੈ। ਸਾਡੇ ਮਨ ਦੇ ਔਗੁਣ ਭਾਵ ਮਾੜੇ ਵਿਚਾਰ ਸਾਡੇ ਦੁਰਜਨ ਹਨ। ਇਨ੍ਹਾਂ ਦੁਰਜਨਾਂ ਦੀ ਸੰਗਤ ਤੋਂ ਸਾਨੂੰ ਬਚਣ ਲਈ ਸਮਝਾਇਆ ਹੈ ਭਾਵ ਹਰ ਵੇਲੇ, ਦਿਨ ਰਾਤ, ਅੱਠੇ ਪਹਿਰ ਬਚਣ ਲਈ ਸਮਝਾਇਆ ਹੈ। ਜੇਕਰ ਅਸੀਂ ਇਨ੍ਹਾਂ ਦੁਰਜਨਾਂ ਦੀ ਸੰਗਤ ਛੱਡਾਂਗੇ ਤੇ ਫਿਰ ਸਾਡੇ ਅੰਦਰ ਕਿਹੋ ਜਿਹੀ ਸੰਗਤ ਹੋਵੇਗੀ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਔਗੁਣਾਂ ਵਾਲੇ ਵਿਚਾਰ ਛੱਡਣ ਤੋਂ ਬਾਅਦ ਸਾਡੇ ਵਿਚਾਰ ਗੁਣਾਂ ਵਾਲੇ ਹੀ ਬਣਦੇ ਹਨ। ਸਾਡੇ ਅੰਦਰ ਦੇ ਮਾੜੇ ਵਿਚਾਰ ਸਾਡੇ ਦੁਰਜਨ ਹਨ ਤੇ ਸਾਡੇ ਅੰਦਰ ਗੁਣਾਂ ਵਾਲੇ ਵਿਚਾਰ ਸਾਡੇ ਸੱਜਣ ਹਨ। ਪ੍ਰਮਾਤਮਾ ਦੀ ਭਗਤੀ ਗੁਣਾਂ ਵਾਲੇ ਵਿਚਾਰਾਂ ਨੂੰ ਭਾਵ ਸੱਜਣ ਰੂਪ ਵਿਚਾਰਾਂ ਨੂੰ ਅਪਨਾਉਂਣ ਦੁਆਰਾ ਹੀ ਹੁੰਦੀ ਹੈ ਜਿਨ੍ਹਾਂ ਵਿਚਾਰਾਂ ਦੁਆਰਾ ਫਿਰ ਮਨੁੱਖ ਗੁਰੂ ਦੇ ਚੰਗੇ ਵਿਚਾਰਾਂ ਦੁਆਰਾ ਹੀ ਵਿਚਰਦਾ ਹੈ ਭਾਵ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਤੇ ਕਿਸੇ ਦਾ ਮਾੜਾ ਨਹੀਂ ਕਰਦਾ। ਇਹੀ ਭਗਤੀ ਦਾ ਸੱਚਾ ਮਾਰਗ ਹੈ ਜੋ ਝੂਠੀ ਭਗਤੀ ਦਾ ਝੂਠਾ ਮਾਣ ਲੈਣ ਵਾਲਿਆਂ ਨੂੰ ਸਮਝਾਇਆ ਹੋਇਆ ਹੈ ਜੋ ਮਾਰਗ ਝੂਠਾ ਮਾਣ ਲੈਣ ਵਾਲਿਆਂ ਲਈ ਹੈ ਉਹੀ ਮਾਰਗ ਸਾਰੇ ਸੰਸਾਰ ਲਈ ਹੈ।
(ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥)

{ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥

ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥}

(ਅੰਗ ੪)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥}

(ਅੰਗ ੪੧੮)

46/6068

ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਸਾਡੇ ਮਨ ਦੀ ਸਮਝ ਹੀ ਸਾਨੂੰ ਮਨ ਦੇ ਮਾੜੇ ਵਿਚਾਰਾਂ ਨਾਲ ਜੋੜਦੀ ਹੈ ਤੇ ਮਨ ਦੀ ਚੰਗੀ ਸਮਝ ਸਾਨੂੰ ਮਾੜੇ ਵਿਚਾਰਾਂ ਵਿੱਚੋਂ ਕੱਢ ਲੈਂਦੀ ਹੈ ਭਾਵ ਭਗਤੀ ਦਾ ਮਾਰਗ ਮਨ ਦੀ ਸਮਝ ਨੂੰ ਚੰਗਾ ਬਣਾਉਂਣ ਨਾਲ ਜੁੜਿਆ ਹੋਇਆ ਹੈ। ਗੁਰੂ ਤੋਂ ਉੱਚੀ ਤੇ ਸੁੱਚੀ ਸਮਝ ਹੋਰ ਸਾਨੂੰ ਕੌਣ ਦੇ ਸਕਦਾ ਹੈ, ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਭਗਤੀ ਦਾ ਮਾਰਗ ਸਾਡੀ ਸੱਚੀ ਸੁੱਚੀ ਵਿਚਰਨ ਦਾ ਹੈ ਤੇ ਸਾਡੀ ਵਿਚਰਨ ਸਾਡੀ ਸਮਝ ਦੁਆਰਾ ਹੀ ਹੁੰਦੀ ਹੈ। ਸਾਡੀ ਵਿਚਰਨ ਦੇ ਵਿੱਚ ਸਾਡੇ ਮਨ ਦੀਆਂ ਇੱਛਾਵਾਂ ਦਾ ਸਭ ਤੋਂ ਅਹਿਮ ਯੋਗਦਾਨ ਭਾਵ ਭੂਮਿਕਾ ਹੁੰਦੀ ਹੈ ਤੇ ਸਾਡੇ ਮਨ ਦੀਆਂ ਇੱਛਾਵਾਂ ਸਾਡੇ ਮਨ ਦੀ ਸਮਝ ਦੇ ਨਾਲ ਜੁੜੀਆਂ ਹੁੰਦੀਆਂ ਹਨ। ਸਾਡੇ ਅੰਦਰ ਦੀਆਂ ਮਾੜੀਆਂ ਇੱਛਾਵਾਂ ਜੋ ਸਾਡੇ ਕੋਲੋਂ ਔਗੁਣ ਕਰਵਾਉਂਦੀਆਂ ਹਨ ਉਹ ਭਗਤੀ ਦੀ ਨਾਸਮਝੀ ਦਾ ਨਤੀਜਾ ਹੈ ਤੇ ਸਾਡੇ ਅੰਦਰ ਦੀ ਜੋ ਸਮਝ ਸਾਨੂੰ ਮਾੜੀਆਂ ਇੱਛਾਵਾਂ ਤੋਂ ਭਾਵ ਤ੍ਰਿਸ਼ਨਾਵਾਂ ਤੋਂ ਬਚਾ ਕੇ ਰੱਖਦੀ ਹੈ ਉਹ ਭਗਤੀ ਵਾਲੀ ਚੰਗੀ ਸਮਝ ਹੈ ਭਾਵ ਭਗਤੀ ਦਾ ਮਾਰਗ ਸਾਡੇ ਮਨ ਦੀਆਂ ਇੱਛਾਵਾਂ ਦੇ ਨਾਲ ਜੁੜਿਆ ਹੋਇਆ ਹੈ ਕਿਉਂਕਿ ਸਾਡੀ ਚੰਗੀ ਮਾੜੀ ਵਿਚਰਨ ਮਨ ਦੀਆਂ ਇੱਛਾਵਾਂ ਨਾਲ ਜੁੜੀ ਹੁੰਦੀ ਹੈ। ਇਸੇ ਲਈ ਸਾਨੂੰ ਬਾਣੀ ਵਿੱਚ ਬਾਰ-ਬਾਰ ਆਪਣੀਆਂ ਤ੍ਰਿਸ਼ਨਾਵਾਂ ਨੂੰ ਤਿਆਗਣ ਲਈ ਸਮਝਾਇਆ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰਨ ਦੁਆਰਾ ਭਗਤੀ ਦੇ ਮਾਰਗ ਤੇ ਚੱਲ ਸਕੀਏ। ਇਹੀ ਨਾਮ ਜਪਣਾ ਹੈ, ਪ੍ਰਮਾਤਮਾ ਦੀ ਵਡਿਆਈ ਕਰਨੀ ਹੈ, ਸੱਚਾ ਜਪ ਤਪ ਕਰਨਾ ਹੈ, ਪ੍ਰਮਾਤਮਾ ਦੇ ਗੁਣ ਗਾਉਂਣੇ ਹਨ।ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਭਗਤੀ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣਿਆ ਜਾ ਸਕਦਾ ਹੈ। ਸਾਰੀ ਗੱਲ ਸਾਡੇ ਮਨ ਦੀ ਸਮਝ ਨਾਲ ਹੀ ਜੁੜੀ ਹੋਈ ਹੈ ਭਾਵ ਆਪਣੇ ਮਨ ਨੂੰ ਸਮਝਾਉਂਣ ਨਾਲ ਹੀ ਜੁੜੀ ਹੋਈ ਹੈ। ਆਉ ਇਸ ਗੱਲ ਨੂੰ ਸ਼ਬਦ ਦੇ ਅਗਲੇ ਪਦੇ ਦੁਆਰਾ ਧਿਆਨ ਨਾਲ ਸਮਝੀਏ।

“ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥”

46/6069

“ਸੁਖੁ ਦੁਖੁ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਾਰੀਕੀ ਨਾਲ ਸਮਝਿਆ ਹੈ ਜਿਸਨੂੰ ਸਮਝੇ ਬਿਨਾਂ, ਅਪਨਾਏ ਬਿਨਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਇਸ ਤਰ੍ਹਾਂ ਮਾਨ ਅਪਮਾਨ ਦੀ ਗੱਲ ਕੀਤੀ ਹੋਈ ਹੈ, ਹਰਖ ਸੋਗ ਦੀ ਗੱਲ ਕੀਤੀ ਹੋਈ ਹੈ। ਇਹ ਸਭ ਕੁਝ ਸਾਡੀ ਭਗਤੀ ਦੇ ਮਾਰਗ ਨਾਲ ਜੁੜਿਆ ਹੋਇਆ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਦੇ ਨਾਲ ਜੁੜਿਆ ਹੋਇਆ ਹੈ ਜਿਵੇਂ ਅਸੀਂ ਪਿੱਛੇ ਜਾਣਿਆ ਹੈ ਕਿ ਹਰ ਮਨੁੱਖ ਨੂੰ ਪ੍ਰਮਾਤਮਾ ਨੇ ਸੁੱਖ ਦੁੱਖ ਵਾਲੀ ਬਿਰਤੀ ਨਾਲ ਜੋੜਿਆ ਹੋਇਆ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ ਭਾਵ ਸੁੱਖ ਦੁੱਖ ਸਾਡੇ ਜੀਵਨ ਦਾ ਹਿੱਸਾ ਹਨ ਜੋ ਕਿ ਮਨੁੱਖ ਦੇ ਨਾਲ ਹੀ ਚੱਲਦੇ ਹਨ। ਸੁੱਖ ਦੁੱਖ ਸਾਡੇ ਮਨ ਦੀਆਂ ਇੱਛਾਵਾਂ ਦੇ ਨਾਲ ਜੁੜੇ ਹੋਏ ਹਨ। ਜਦੋਂ ਸਾਡੀ ਕੋਈ ਇੱਛਾ ਪੂਰੀ ਹੋ ਜਾਂਦੀ ਹੈ ਉਸ ਵਿੱਚ ਅਸੀਂ ਸੁੱਖ ਮਹਿਸੂਸ ਕਰਦੇ ਹਾਂ ਤੇ ਜਦੋਂ ਮਨੁੱਖ ਦੀ ਕੋਈ ਇੱਛਾ ਪੂਰੀ ਨਹੀਂ ਹੁੰਦੀ ਉਸ ਵਿੱਚ ਸਾਨੂੰ ਦੁੱਖ ਲੱਗਦਾ ਹੈ। ਸਾਨੂੰ ਇਹ ਸਮਝਾਇਆ ਗਿਆ ਹੈ ਕਿ ਸੁੱਖ ਦੁੱਖ ਨੂੰ ਆਪਣੇ ਜੀਵਨ ਵਿੱਚ ਇੱਕੋ ਜਿਹਾ ਕਰਕੇ ਜਾਣੋ। ਜੇਕਰ ਅਸੀਂ ਇੱਕੋ ਜਿਹਾ ਕਰਕੇ ਨਹੀਂ ਜਾਣਾਂਗੇ ਤਾਂ ਫਿਰ ਅਸੀਂ ਆਪਣਾ ਦੁੱਖ ਦੂਰ ਕਰਨ ਲਈ ਭਾਵ ਇੱਛਾ ਪੂਰੀ ਕਰਨ ਲਈ ਕਿਸੇ ਦੇ ਨਾਲ ਝਗੜਾ ਕਰਾਂਗੇ, ਕਿਸੇ ਨੂੰ ਬੁਰਾ ਭਲਾ

ਕਹਾਂਗੇ ਜਿਸ ਲਈ ਸਾਡੀ ਸੰਸਾਰਿਕ ਵਿਚਰਨ ਮਾੜੀ ਬਣੇਗੀ ਜੋ ਸਾਨੂੰ ਭਗਤੀ ਦੇ ਮਾਰਗ ਤੋਂ ਦੂਰ ਕਰੇਗੀ। ਜੇਕਰ ਅਸੀਂ ਦੁੱਖ ਨੂੰ ਪ੍ਰਮਾਤਮਾ ਦਾ ਭਾਣਾ ਸਮਝ ਕੇ ਕਬੂਲ ਕਰਾਂਗੇ ਤਾਂ ਫਿਰ ਅਸੀਂ ਸੁੱਖ ਦੁੱਖ ਵਿੱਚ ਫਰਕ ਨਹੀਂ ਜਾਣਾਂਗੇ ਤੇ ਸਾਡੀ ਸੰਸਾਰਿਕ ਵਿਚਰਨ ਵਿੱਚ ਕੋਈ ਫਰਕ ਨਹੀਂ ਆਵੇਗਾ। ਸਭ ਨੂੰ ਸੁੱਖ ਹੀ ਚੰਗਾ ਲੱਗਦਾ ਹੈ ਤੇ ਉਸ ਸੁੱਖ ਨੂੰ ਪ੍ਰਾਪਤ ਕਰਨ ਲਈ ਮਨੁੱਖ ਅਨੇਕਾਂ ਮਾੜੇ ਕਰਮ ਵੀ ਕਰਦਾ ਹੈ ਤੇ ਜੇਕਰ ਮਨੁੱਖ ਸੁੱਖ ਦੁੱਖ ਦੇ ਵਿੱਚ ਭੇਦ ਨਾ ਕਰੇ ਉਸਦੇ ਜੀਵਨ ਦੀ ਵਿਚਰਨ ਹਮੇਸ਼ਾ ਚੰਗੀ ਬਣੀ ਰਹੇਗੀ ਜੋ ਕਿ ਭਗਤੀ ਦਾ ਸੱਚਾ ਮਾਰਗ ਹੈ। ਇਸੇ ਤਰ੍ਹਾਂ ਮਾਨ ਅਪਮਾਨ ਵੀ ਭਗਤੀ ਦੇ ਮਾਰਗ ਨਾਲ ਜੁੜਿਆ ਹੋਇਆ ਹੈ ਕਿਉਂਕਿ ਮਾਨ ਅਪਮਾਨ ਸਾਡੇ ਮਨ ਦੇ ਵਿਚਾਰ ਹਨ ਤੇ ਸਾਡੀ ਸੰਸਾਰਿਕ ਵਿਚਰਨ ਮਨ ਦੇ ਵਿਚਾਰਾਂ ਦੇ ਨਾਲ

46/6070

ਜੁੜੀ ਹੋਈ ਹੈ। ਜਿਸ ਗੱਲ ਵਿੱਚ ਮਨੁੱਖ ਨੂੰ ਮਾਨ ਮਿਲਦਾ ਹੈ ਉਸ ਗੱਲ ਵਿੱਚ ਉਹ ਸੁੱਖ ਮਹਿਸੂਸ ਕਰਦਾ ਹੈ ਤੇ ਜਿਸ ਗੱਲ ਵਿੱਚ ਅਪਮਾਨ ਹੁੰਦਾ ਹੈ ਉਸ ਨਾਲ ਮਨ ਨੂੰ ਦੁੱਖ ਪਹੁੰਚਦਾ ਹੈ। ਮਾਇਆ ਦੀ ਪ੍ਰਾਪਤੀ ਵਿੱਚ ਮਨੁੱਖ ਮਾਨ ਸਮਝਦਾ ਹੈ ਤੇ ਜਿਤਨੀ ਜਿਸ ਕੋਲ ਜਿਆਦਾ ਮਾਇਆ ਹੋਂਦੀ ਹੈ ਉਤਨਾ ਹੀ ਉਸਨੂੰ ਮਾਨ ਮਹਿਸੂਸ ਹੁੰਦਾ ਹੈ, ਜਿਸ ਕੋਲ ਮਾਇਆ ਘੱਟ ਹੁੰਦੀ ਹੈ ਜਾਂ ਮਾਇਆ ਨਹੀਂ ਹੁੰਦੀ ਉਸ ਵਿੱਚ ਉਹ ਅਪਮਾਨ ਮਹਿਸੂਸ ਕਰਦਾ ਹੈ। ਹਰ ਕੋਈ ਆਪਣਾ ਮਾਨ ਵਧਾਉਂਣਾ ਚਾਹੁੰਦਾ ਹੈ ਭਾਵੇਂ ਉਹ ਕਿਸੇ ਤਰੀਕੇ ਵੀ ਵੱਧੇ ਜੋ ਮਾਨ ਵਧਾਉਂਣ ਲਈ ਉਸਨੂੰ ਮਾੜੇ ਕੰਮ ਵੀ ਕਰਨੇ ਪੈਂਦੇ ਹਨ, ਉਹ ਅਨੇਕਾਂ ਦਾ ਮਾੜਾ ਕਰਦਾ ਹੈ। ਕਿਸੇ ਉੱਚੇ ਅਹੁਦੇ ਤੇ ਪਹੁੰਚਣ ਨਾਲ ਮਾਨ ਵੱਧਦਾ ਹੈ, ਉੱਚੀ ਸਿਆਸੀ ਸਖਸ਼ੀਅਤ ਬਣਨ ਨਾਲ ਮਾਨ ਵੱਧਦਾ ਹੈ ਜੋ ਮਾਨ ਵਧਾਉਂਣ ਲਈ ਮਨੁੱਖ ਨੂੰ ਭਾਵੇਂ ਕਿਤਨੇ ਹੀ ਮਾੜੇ ਕੰਮ ਕਰਨੇ ਪੈਂਦੇ ਹਨ ਉਹ ਕਰਦਾ ਹੈ। ਮਾਨ ਮਨੁੱਖ ਦੀ ਸਭ ਤੋਂ ਵੱਡੀ ਤ੍ਰਿਸ਼ਨਾ ਹੈ ਜਿਸਨੂੰ ਛੱਡਣਾ ਸਭ ਤੋਂ ਔਖਾ ਕੰਮ ਹੈ। ਜਦੋਂ ਮਨੁੱਖ ਦਾ ਕਿਸੇ ਗੱਲ ਤੋਂ ਅਪਮਾਨ ਹੁੰਦਾ ਹੈ ਭਾਵੇਂ ਉਹ ਵੱਡਾ ਅਹੁਦਾ ਨਾ ਰਹਿਣ ਦੁਆਰਾ ਹੁੰਦਾ ਹੈ ਮਨੁੱਖ ਕੋਲੋਂ ਉਹ ਸਹਾਰਿਆ ਨਹੀਂ ਜਾਂਦਾ ਤੇ ਆਪਣਾ ਅਪਮਾਨ ਦੂਰ ਕਰਨ ਲਈ ਉਹ ਅਨੇਕਾਂ ਮਾੜੇ ਕਰਮ ਵੀ ਕਰਦਾ ਹੈ। ਮਾਨ ਅਪਮਾਨ ਸਾਡੇ ਜੀਵਨ ਵਿੱਚ ਅਨੇਕਾਂ ਹੀ ਕਾਰਨਾਂ ਦੁਆਰਾ ਜੁੜਿਆ ਹੋਇਆ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਭਾਵ ਮਾਨ ਅਪਮਾਨ ਨੂੰ ਇੱਕੋ ਜਿਹਾ ਕਰਕੇ ਜਾਨਣਾ ਬਹੁਤ ਔਖਾ ਹੈ ਪਰ ਇਸਨੂੰ ਇੱਕੋ ਜਿਹਾ ਜਾਣੇ ਬਿਨਾਂ ਸਾਡੀ ਸੰਸਾਰਿਕ ਵਿਚਰਨ ਚੰਗੀ ਨਹੀਂ ਬਣ ਸਕਦੀ, ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਗੁਰੂ ਕੀ ਮਤਿ ਤੇ ਪੂਰਾ ਨਹੀਂ ਉਤਰਿਆ ਜਾ ਸਕਦਾ ਭਾਵ ਪ੍ਰਮਾਤਮਾ ਦਾ ਨਾਮ ਨਹੀਂ ਜੱਪਿਆ ਜਾ ਸਕਦਾ ਕਿਉਂਕਿ ਗੁਰੂ ਦੀ ਮਤਿ ਤੇ ਪੂਰਾ ਉਤਰਨਾ ਹੀ ਉਸਦਾ ਨਾਮ ਜਪਣਾ ਹੈ। **(ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥)**

ਮਃ ੧ ॥

{ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥}

(ਅੰਗ ੧੪੯)

46/6071

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥}

(ਅੰਗ ੬੭)

{ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥}

(ਅੰਗ ੧੩੭੨)

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥}

(ਅੰਗ ੪੯੧)

ਜਿਵੇਂ ਕਿ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਸੁੱਖ ਦੁੱਖ ਨੂੰ ਇੱਕੋ ਜਿਹਾ ਕਰਕੇ ਜਾਨਣਾ, ਮਾਨ ਅਪਮਾਨ ਨੂੰ ਇੱਕੋ ਜਿਹਾ ਕਰਕੇ ਜਾਨਣਾ ਬਹੁਤ ਔਖਾ ਹੈ ਕਿਉਂਕਿ ਇਹ ਸਭ ਕੁਝ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ, ਮਨ ਦੀ ਮਾਇਆ ਨਾਲ ਜੁੜਿਆ ਹੋਇਆ ਹੈ ਜਿਸ ਵਿੱਚੋਂ ਨਿਕਲਣਾ ਮਨੁੱਖ ਦੇ ਵੱਸ ਵਿੱਚ ਨਹੀਂ ਹੈ ਭਾਵ ਇਹ ਬਹੁਤ ਔਖਾ ਹੈ। ਇਸੇ ਲਈ ਪ੍ਰਮਾਤਮਾ ਦੀ ਭਗਤੀ ਤੇ ਪੂਰਾ ਉਤਰਨਾ ਮਨੁੱਖੀ ਸਮਰਥਾ ਤੋਂ ਬਾਹਰ ਹੈ। ਭਗਤੀ ਤੇ ਉਹੀ ਪੂਰਾ ਉਤਰ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਆਪਣੀ ਸੱਚੀ ਭਗਤੀ ਦੇ ਮਾਰਗ ਤੇ ਪ੍ਰਮਾਤਮਾ ਆਪ ਹੀ ਚਲਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ, ਆਪਣੇ ਭਗਤਾਂ ਨੂੰ ਆਪ ਹੀ ਆਪਣੀ ਭਗਤੀ ਦਾ ਮਾਰਗ ਸਮਝਾ ਕੇ ਆਪ ਹੀ ਉਸ ਮਾਰਗ ਤੇ ਚਲਾਇਆ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਸਭ ਕੁਝ ਸਾਡੇ ਮਨ ਦੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ। ਮਨੁੱਖ ਕਿਸੇ ਵੀ ਗੱਲ ਲਈ, ਕਿਸੇ ਵੀ ਕਰਮ ਲਈ ਜਾਂ ਖੁਸ਼ੀ ਮਹਿਸੂਸ ਕਰਦਾ ਹੈ ਜਾਂ ਗਮੀ ਮਹਿਸੂਸ ਕਰਦਾ ਹੈ। ਮਨੁੱਖ ਨੂੰ ਉਹੀ ਕੁਝ ਕਰਨਾ ਚੰਗਾ ਲੱਗਦਾ ਹੈ ਜਿਸ ਵਿੱਚ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਤੇ ਉਸ ਕੰਮ ਨੂੰ ਮਨੁੱਖ ਨਹੀਂ ਕਰਨਾ ਚਾਹੁੰਦਾ ਜੋ ਮਨੁੱਖ ਨੂੰ ਚੰਗਾ ਨਹੀਂ ਲੱਗਦਾ ਭਾਵ ਜਿਸ ਵਿੱਚ ਖੁਸ਼ੀ ਮਹਿਸੂਸ ਨਹੀਂ ਹੁੰਦੀ। ਇਹੋ ਜਿਹੇ ਵਿਚਾਰਾਂ ਵਿੱਚ ਰਹਿੰਦੇ ਹੋਏ

46/6072

ਭਾਵ ਖੁਸ਼ੀ ਗਮੀ ਵਿੱਚ ਫਰਕ ਕਰਨ ਦੁਆਰਾ ਪ੍ਰਮਾਤਮਾ ਦੀ ਭਗਤੀ ਨਹੀਂ ਹੁੰਦੀ ਤੇ ਨਾ ਹੀ ਇਹ ਫਰਕ ਛੱਡੇ ਬਿਨਾਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥”

ਸਾਡੇ ਜੀਵਨ ਦਾ ਮਕਸਦ **“ਤਤੁ”** ਨੂੰ ਪਛਾਨਣ ਦਾ ਹੈ। ਤੱਤ ਨੂੰ ਪਛਾਨਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਤੱਤ ਸਾਡੇ ਜੀਵਨ ਦੀ ਅਸਲੀਅਤ ਹੈ ਜਿਸ ਅਸਲੀਅਤ ਨੂੰ ਸਾਡਾ ਮਨ ਹੀ ਸਮਝ ਸਕਦਾ ਹੈ ਭਾਵ ਇਹ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਸੰਸਾਰ ਦੀ ਅਸਲੀਅਤ ਇਹ ਹੈ, ਤੱਤ ਇਹ ਹੈ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਪਰ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਨੇ ਮਾਇਆ ਵਾਲੀ ਅਵਸਥਾ ਪਾਈ ਹੋਈ ਹੈ, ਹਉਮੈ ਪਾਈ ਹੋਈ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਤੱਤ ਨੂੰ ਨਹੀਂ ਜਾਣ ਸਕਦੇ, ਸੱਚ ਨੂੰ ਨਹੀਂ ਜਾਣ ਸਕਦੇ। ਸੱਚ ਦੇ ਰੂਪ ਵਿੱਚ, ਤੱਤ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਤੱਤ ਨੂੰ ਆਪਣੇ ਅੰਦਰੋਂ ਭਰਮ ਮੋਹ ਵਾਲੀ ਅਵਸਥਾ ਵਿੱਚੋਂ ਨਿਕਲਕੇ, ਮਨ ਦੀ ਅਗਿਆਨਤਾ ਵਾਲੀ ਅਵਸਥਾ ਵਿੱਚੋਂ ਨਿਕਲਕੇ ਹੀ ਜਾਣਿਆ ਜਾ ਸਕਦਾ ਹੈ। ਉਹ ਤੱਤ ਰੂਪ ਪ੍ਰਮਾਤਮਾ ਤੱਤ ਗਿਆਨ ਦੇ ਰੂਪ ਵਿੱਚ ਹੈ ਜੋ ਆਪਣਾ ਤੱਤ ਰੂਪ ਮਨ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਆਪ ਹੀ ਦਿਖਾਉਂਦਾ ਹੈ, ਆਪਣੇ ਆਪ ਦੀ ਪਹਿਚਾਣ ਆਪ ਹੀ ਕਰਾਉਂਦਾ ਹੈ ਪਰ ਆਪਣੇ ਆਪ ਨੂੰ ਪ੍ਰਗਟ ਕਰਨ ਲਈ, ਆਪਣਾ ਤੱਤ ਰੂਪ ਦਿਖਾਉਣ ਲਈ ਆਪਣੀ ਭਗਤੀ ਦਾ ਮਾਰਗ ਉਸਨੇ ਆਪ ਹੀ ਔਖਾ ਬਣਾਇਆ ਹੋਇਆ ਹੈ। ਹਰ ਮਨੁੱਖੀ ਰੂਪ ਹਰਖ ਸੋਗ ਦਾ ਬੱਝਿਆ ਹੋਇਆ ਹੈ ਤੇ ਹਰ ਕੋਈ ਹਰਖ ਸੋਗ ਵਿੱਚ ਹੀ ਰਹਿਣਾ ਚਾਹੁੰਦਾ ਹੈ। ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਆਪਣੇ ਹਰਖ ਦੇ ਲਈ, ਖੁਸ਼ੀ ਦੇ ਲਈ ਕਰਨਾ ਚਾਹੁੰਦਾ ਹੈ ਤੇ ਆਪਣੀ ਖੁਸ਼ੀ ਦੇ ਲਈ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ। ਮਨੁੱਖ ਨੂੰ ਆਪਣੀ ਤ੍ਰਿਸ਼ਨਾਵਾਂ ਦੀ ਪੂਰਤੀ ਵਿੱਚ ਖੁਸ਼ੀ ਹੁੰਦੀ ਹੈ, ਮਾਇਆ ਇੱਕਠੀ ਕਰਨ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਜਿਸ ਲਈ ਮਨੁੱਖ ਅਨੇਕਾਂ ਦਾ ਮਾੜਾ ਵੀ

46/6073

ਕਰਦਾ ਹੈ, ਅਨੇਕਾਂ ਦੇ ਹੱਕ ਵੀ ਖਾਂਦਾ ਹੈ ਭਾਵ ਆਪਣਾ ਸੋਗ ਦੂਰ ਕਰਨ ਲਈ ਉਹ ਦੂਸਰਿਆਂ ਨੂੰ ਸੋਗ ਵਿੱਚ ਪਾਉਂਦਾ ਹੈ। ਅਨੇਕਾਂ ਹੀ ਸਾਡੇ ਜੀਵਨ ਵਿੱਚ ਇਹੋ ਜਿਹੇ ਕਾਰਨ ਬਣਦੇ ਹਨ ਜਿਨ੍ਹਾਂ ਵਿੱਚ ਮਨੁੱਖ ਨੂੰ ਕਰਨ ਨਾਲ ਖੁਸ਼ੀ ਮਹਿਸੂਸ ਹੁੰਦੀ ਹੈ ਤੇ ਦੂਸਰਿਆਂ ਦਾ ਮਾੜਾ ਹੁੰਦਾ ਹੈ ਜਿਵੇਂ ਕਿ ਆਪਣੀ ਕਾਮਵਾਸਨਾ ਪੂਰੀ ਕਰਨ ਲਈ ਮਨੁੱਖ ਦੂਸਰਿਆਂ ਨੂੰ ਕਿੰਨੇ ਵੱਡੇ ਸੋਗ ਵਿੱਚ ਪਾਉਂਦਾ ਹੈ, ਦੂਸਰਿਆਂ ਨੂੰ ਕਿਨ੍ਹਾਂ ਵੱਡਾ ਦੁੱਖ ਪਹੁੰਚਾਉਂਦਾ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਹਰਖ ਸੋਗ ਨੂੰ ਇੱਕੋ ਜਿਹਾ ਕਰਕੇ ਜਾਨਣਾ ਹੀ ਭਗਤੀ ਦਾ ਮਾਰਗ ਹੈ ਤੇ ਭਗਤੀ ਦੇ ਮਾਰਗ ਤੇ ਚੱਲੇ ਬਿਨਾਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਆਪ ਜਣਾਇਆ ਹੈ, ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ, ਜਿਨ੍ਹਾਂ ਨੇ ਤੱਤ ਨੂੰ ਪਛਾਣਿਆ ਹੈ ਉਨ੍ਹਾਂ

ਨੇ ਫਿਰ ਭਗਤੀ ਦੇ ਤੱਤ ਨੂੰ ਵੀ ਜਾਣਿਆ ਹੈ, ਭਗਤੀ ਦੀ ਅਸਲੀਅਤ ਨੂੰ ਵੀ ਜਾਣਿਆ ਹੈ ਤੇ ਉਨ੍ਹਾਂ ਨੇ ਇਹੋ ਜਿਹੀ ਭਗਤੀ ਕੀਤੀ ਹੈ ਜਿਹੋ ਜਿਹੀ ਸਾਨੂੰ ਉਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। **(ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥)**

{ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥}

(ਅੰਗ ੫੧)

{ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥ ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥
ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥ ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥
ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥}

(ਅੰਗ ੬੧)

{ਪੇਈਅੜੈ ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ ਰੋਵੈ ਧਾਹੀ ॥
ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥
ਪੇਈਅੜੈ ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ ਤਤੁ ਬੀਚਾਰਾ ॥
ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥
ਗੁਰਮੁਖਿ ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥
ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥}

(ਅੰਗ ੧੦੯)

46/6074

{ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥ ਸਿਮ੍ਰਿਤਿ ਸਾਸਤ ਬੇਦ ਵਖਾਣੈ ॥
ਭਰਮੇ ਭੂਲਾ ਤਤੁ ਨ ਜਾਣੈ ॥ ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥੭॥}

(ਅੰਗ ੧੧੪)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥}

(ਅੰਗ ੧੧੬-੧੧੭)

{ਗੁਰਮੁਖਿ ਤਤੁ ਹੈ ਬੀਚਾਰਾ ॥ ਅੰਮ੍ਰਿਤਿ ਭਰੇ ਤੇਰੇ ਭੰਡਾਰਾ ॥
ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ ॥੪॥}

(ਅੰਗ ੧੧੯)

{ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥ ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥
ਮਨਮੁਖ ਨ ਬੂਝਹਿ ਦੂਜੈ ਭਾਇਆ ॥ ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥}

6218

(ਅੰਗ ੧੨੮)

{ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥}

(ਅੰਗ ੧੨੮)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ ੧੨੮)

{ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥}

(ਅੰਗ ੧੬੨)

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥
ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}

(ਅੰਗ ੧੬੩)

46/6075

{ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧਸੰਗਿ ਭੈ ਭਰਮ ਮਿਟਾਇਆ ॥੩॥
ਜਤ ਕਤ ਦੇਖਉ ਤਤ ਰਹਿਆ ਸਮਾਇ ॥ ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥}

(ਅੰਗ ੧੯੩)

{ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥
ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥
ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥}

(ਅੰਗ ੨੦੫)

{ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥
ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥}

(ਅੰਗ ੨੦੯)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥
ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥ ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥
ਮਿਰਗੁ ਮਰੈ ਸਹਿ ਅਪੁਨਾ ਕੀਨਾ ॥ ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥}

(ਅੰਗ ੨੨੫)

{ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥}

(ਅੰਗ ੨੨੭)

{ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥ ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ ਭਵਜਲਿ ਡੂਬੇ ਦੂਜੈ ਭਾਏ ॥੩॥}

(ਅੰਗ ੨੩੦-੨੩੧)

{ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥੬॥
ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥੭॥}

(ਅੰਗ ੨੩੭)

{ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥}

(ਅੰਗ ੨੯੧)

46/6076

{ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥}

(ਅੰਗ ੨੯੨)

{ਸੋਧਤ ਸੋਧਤ ਸੋਧਤ ਸੀਝਿਆ ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥}

(ਅੰਗ ੨੯੧)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥}

(ਅੰਗ ੨੯੫)

{ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥}

(ਅੰਗ ੨੯੯)

{ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦੁਲਭ ਦੇਹ ਕਾ ਕਰਹੁ ਉਧਾਰੁ ॥}

(ਅੰਗ ੨੯੩)

{ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥}

(ਅੰਗ ੩੩੯)

{ਤਤਾ ਅਤਰ ਤਰਿਓ ਨਹ ਜਾਈ ॥ ਤਨ ਤ੍ਰਿਭਵਣ ਮਹਿ ਰਹਿਓ ਸਮਾਈ ॥
ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥ ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥੨੨॥}

(ਅੰਗ ੩੪੧)

46/6077

{ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥ ਸਤ ਕਾ ਸਬਦੁ ਕਬੀਰਾ ਕਹੈ ॥
ਪੰਡਿਤ ਹੋਇ ਸੁ ਅਨਭੈ ਰਹੈ ॥ ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥
ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥੪੫॥}

(ਅੰਗ ੩੪੩)

{ਜੀਵਤ ਪਾਵਹੁ ਮੋਖ ਦੁਆਰ ॥ ਅਨਭਉ ਸਬਦੁ ਤਤੁ ਨਿਜੁ ਸਾਰ ॥੧॥}

(ਅੰਗ ੩੪੩)

{ਦਸਮੀ ਦਹ ਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥
ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲ ਨ ਛਾਹ ਨਹੀ ਧੂਪ ॥੧੧॥}

(ਅੰਗ ੩੪੪)

{ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥ ਹਰਿ ਸਿਉ ਰਾਤੀ ਸਬਦੁ ਵੀਚਾਰੀ ॥
ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥}

(ਅੰਗ ੩੫੩)

{ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥
ਚੀਨ੍ਹੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥
ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥}

(ਅੰਗ ੩੫੫)

{ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥ ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥੪॥੫॥੫੭॥}

(ਅੰਗ ੩੬੭)

{ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥ ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ॥
ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥੩॥}

(ਅੰਗ ੩੮੦)

{ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥
ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥੨॥}

(ਅੰਗ ੩੮੧)

46/6078

{ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥
ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥}

(ਅੰਗ ੩੯੯)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥}

(ਅੰਗ ੪੧੮)

{ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥ ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ ॥੩॥

ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥੪॥}

(ਅੰਗ ੪੧੯)

{ਸੁਣਿ ਮਨ ਮੇਰੇ ਤਤੁ ਗਿਆਨੁ ॥
ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥}

(ਅੰਗ ੪੨੩)

{ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥ ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥}

(ਅੰਗ ੪੨੪)

{ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥
ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥}

(ਅੰਗ ੪੩੭)

{ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥}

(ਅੰਗ ੪੭੦)

{ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥}

(ਅੰਗ ੫੦੫)

{ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥}

(ਅੰਗ ੫੦੬)

46/6079

{ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥੮॥}

(ਅੰਗ ੫੦੬)

{ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥}

(ਅੰਗ ੫੨੬)

{ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ ॥
ਦੀਨਾ ਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ ॥੧॥}

(ਅੰਗ ੫੩੨)

{ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਿ ਸਾਚੇ ਲਗੈ ਧਿਆਨੁ ॥੧॥}

(ਅੰਗ ੫੫੬)

{ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥}

(ਅੰਗ ੫੯੯)

{ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥
ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥}

(ਅੰਗ ੫੯੯)

{ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥ ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥}

(ਅੰਗ ੬੧੧)

{ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥}

(ਅੰਗ ੬੧੫)

46/6080

{ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥
ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥ ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥}

(ਅੰਗ ੬੩੫)

{ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥}

(ਅੰਗ ੬੩੫)

{ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ ॥
ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ ॥
ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ ॥੨॥}

(ਅੰਗ ੬੩੬)

ਸਲੋਕੁ ਮਃ ੩ ॥

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ ੬੫੦)

ਸੋਰਠਿ ਘਰੁ ੩ ॥

{ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥ ਬਾਦਲ ਬਿਨੁ ਬਰਖਾ ਹੋਈ ॥
ਜਉ ਤਤੁ ਬਿਚਾਰੈ ਕੋਈ ॥੧॥ ਮੋ ਕਉ ਮਿਲਿਓ ਰਾਮੁ ਸਨੇਹੀ ॥ ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥
ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥ ਨਿਜ ਭਾਉ ਭਇਆ ਭ੍ਰਮੁ ਭਾਗਾ ॥

ਗੁਰ ਪੂਛੇ ਮਨੁ ਪਤੀਆਗਾ ॥੨॥ ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥
ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥੩॥}

(ਅੰਗ ੬੫੭)

{ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥}

(ਅੰਗ ੬੯੫)

{ਆਪੇ ਦੀਪ ਲੋਅ ਦੀਪਾਹਾ ॥ ਆਪੇ ਸਤਿਗੁਰੁ ਸਮੁੰਦੁ ਮਥਾਹਾ ॥
ਆਪੇ ਮਥਿ ਮਥਿ ਤਤੁ ਕਢਾਏ ਜਪਿ ਨਾਮੁ ਰਤਨੁ ਓਮਾਹਾ ਰਾਮ ॥੨॥}

(ਅੰਗ ੬੯੯)

46/6081

{ਜਾ ਕਉ ਭਏ ਗੋਵਿੰਦ ਸਹਾਈ ॥ ਸੂਖ ਸਹਜ ਆਨੰਦ ਸਗਲ ਸਿਉ ਵਾ ਕਉ ਬਿਆਧਿ ਨ ਕਾਈ ॥੧॥ ਰਹਾਉ॥
ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥
ਏਕੈ ਰੰਗਿ ਤਤ ਕੇ ਬੇਤੇ ਸਤਿਗੁਰ ਤੇ ਬੁਧਿ ਪਾਈ ॥੧॥}

(ਅੰਗ ੭੦੧)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥
ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥}

(ਅੰਗ ੭੪੦)

{ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥}

(ਅੰਗ ੭੬੪)

{ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥
ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩॥}

(ਅੰਗ ੭੬੮-੭੬੯)

{ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥
ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ ॥
ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥
ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥
ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥

ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥}

(ਅੰਗ ੭੭੩)

{ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥
ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥
ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥
ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥੪॥੨॥}

(ਅੰਗ ੭੭੯)

{ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥
ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ ॥੨॥}

(ਅੰਗ ੮੩੪)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

46/6082

{ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥
ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥}

(ਅੰਗ ੮੭੮-੮੭੯)

{ਪਰਪੰਚੁ ਛੋਡਿ ਸਹਜ ਘਰਿ ਬੈਸਹੁ ਝੂਠਾ ਕਹਹੁ ਨ ਕੋਈ ॥
ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ਇਨ ਬਿਧਿ ਤਤੁ ਬਿਲੋਈ ॥੨॥
ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ ॥੩॥}

(ਅੰਗ ੮੮੩)

{ਪੂਰਨ ਹੋਇ ਮਿਲਿਓ ਸੁਖਦਾਈ ਊਨ ਨ ਕਾਈ ਬਾਤਾ ॥
ਤਤੁ ਸਾਰੁ ਪਰਮ ਪਦੁ ਪਾਇਆ ਛੋਡਿ ਨ ਕਤਹੂ ਜਾਤਾ ॥੩॥}

(ਅੰਗ ੮੮੪)

{ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥
ਸਤਿਗੁਰ ਭਏ ਦਇਆਲ ॥ ਨਾਨਕ ਦਾਸ ਨਿਹਾਲ ॥੪॥੨੮॥੩੯॥}

(ਅੰਗ ੮੯੫)

{ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥
ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥}

(ਅੰਗ ੯੦੪)

{ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ ੯੦੪)

{ਹਉਮੈ ਗਰਬੁ ਜਾਇ ਮਨ ਭੀਨੈ ॥ ਝੂਠਿ ਨ ਪਾਵਸਿ ਪਾਖੰਡਿ ਕੀਨੈ ॥
ਬਿਨੁ ਗੁਰ ਸਬਦ ਨਹੀ ਘਰੁ ਬਾਰੁ ॥ ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥੬॥}

(ਅੰਗ ੯੦੬)

{ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ ॥੨੨॥
ਸਤਿਗੁਰੁ ਦਾਤਾ ਤਿਨੈ ਪਛਾਤਾ ਜਿਸ ਨੋ ਕ੍ਰਿਪਾ ਤੁਮਾਰੀ ॥੨੩॥
ਸਤਿਗੁਰੁ ਨ ਸੇਵਹਿ ਮਾਇਆ ਲਾਗੇ ਡੂਬਿ ਮੂਏ ਅਹੰਕਾਰੀ ॥੨੪॥}

(ਅੰਗ ੯੧੧)

{ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥ ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥
ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥ ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ ॥}

(ਅੰਗ ੯੩੪)

46/6083

{ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥ ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥}

(ਅੰਗ ੯੩੭-੯੩੮)

{ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥}

(ਅੰਗ ੯੩੯)

{ਕਿਉ ਕਰਿ ਬਾਧਾ ਸਰਪਨਿ ਖਾਧਾ ॥ ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥
ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥
ਦੁਰਮਤਿ ਬਾਧਾ ਸਰਪਨਿ ਖਾਧਾ ॥ ਮਨਮੁਖਿ ਖੋਇਆ ਗੁਰਮੁਖਿ ਲਾਧਾ ॥
ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥}

(ਅੰਗ ੯੩੯)

{ਨਾਮ ਤਤੁ ਸਭ ਹੀ ਸਿਰਿ ਜਾਪੈ ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ਤਤੋ ਤਤੁ ਮਿਲੈ ਮਨੁ ਮਾਨੈ ॥
ਦੂਜਾ ਜਾਇ ਇਕਤੁ ਘਰਿ ਆਨੈ ॥ ਬੋਲੈ ਪਵਨਾ ਗਗਨੁ ਗਰਜੈ ॥ ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥}

(ਅੰਗ ੯੪੩)

{ਕੁਬੁਧਿ ਚਵਾਵੈ ਸੋ ਕਿਤੁ ਠਾਇ ॥ ਕਿਉ ਤਤੁ ਨ ਬੂਝੈ ਚੋਟਾ ਖਾਇ ॥ ਜਮ ਦਰਿ ਬਾਧੇ ਕੋਇ ਨ ਰਾਖੈ ॥
ਬਿਨੁ ਸਬਦੈ ਨਾਹੀ ਪਤਿ ਸਾਖੈ ॥ ਕਿਉ ਕਰਿ ਬੂਝੈ ਪਾਵੈ ਪਾਰੁ ॥ ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥}

(ਅੰਗ ੯੪੪)

{ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥
ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ ੯੪੪)

{ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥ ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ॥
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥}

(ਅੰਗ ੯੪੪)

{ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥}

(ਅੰਗ ੯੪੫)

46/6084

{ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥}

(ਅੰਗ ੯੪੬)

ਪਉੜੀ ॥

{ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ ॥ ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ ॥
ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ॥ ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ ॥
ਆਪੇ ਭਰਮਿ ਭੁਲਾਇਦਾ ਕਿਛੁ ਕਹਣੁ ਨ ਜਾਈ ॥੧੭॥}

(ਅੰਗ ੯੫੫)

{ਅਵਿਗਤ ਸਿਉ ਮਾਨਿਆ ਮਾਨੋ ॥ ਗੁਰਮੁਖਿ ਤਤੁ ਗਿਆਨੋ ॥
ਪੇਖਤ ਸਗਲ ਧਿਆਨੋ ॥ ਤਜਿਓ ਮਨ ਤੇ ਅਭਿਮਾਨੋ ॥੨॥ ਨਿਹਚਲੁ ਤਿਨ ਕਾ ਠਾਣਾ ॥ ਗੁਰ ਤੇ ਮਹਲੁ ਪਛਾਣਾ॥
ਅਨਦਿਨੁ ਗੁਰ ਮਿਲਿ ਜਾਗੇ ॥ ਹਰਿ ਕੀ ਸੇਵਾ ਲਾਗੇ ॥੩॥}

(ਅੰਗ ੧੦੦੬)

{ਦੂਖ ਦੀਨ ਨ ਭਉ ਬਿਆਪੈ ਮਿਲੈ ਸੁਖ ਬਿਸ੍ਰਾਮੁ ॥
ਗੁਰ ਪ੍ਰਸਾਦਿ ਨਾਨਕੁ ਬਖਾਨੈ ਹਰਿ ਭਜਨੁ ਤਤੁ ਗਿਆਨੁ ॥੨॥੧॥੨੪॥}

(ਅੰਗ ੧੦੦੬)

{ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ॥
ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥ ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥
ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥ ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ॥੪॥}

(ਅੰਗ ੧੦੦੯)

{ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥
ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥}

(ਅੰਗ ੧੦੧੬)

{ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥
ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥}

(ਅੰਗ ੧੦੧੬)

{ਗੁਰ ਕੇ ਸੇਵਕ ਸਤਿਗੁਰ ਪਿਆਰੇ ॥ ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥
ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ ॥੧੫॥}

(ਅੰਗ ੧੦੨੬)

46/6085

{ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥

ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ ॥੯॥}

(ਅੰਗ ੧੦੨੯)

{ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ ॥ ਤਤੁ ਵੀਚਾਰਹੁ ਹਰਿ ਲਿਵ ਲਾਵਹੁ ॥
ਅੰਤ ਕਾਲਿ ਜਮੁ ਜੋਹਿ ਨ ਸਾਕੈ ਹਰਿ ਬੋਲਹੁ ਰਾਮੁ ਪਿਆਰਾ ਹੇ ॥੫॥}

(ਅੰਗ ੧੦੩੦)

{ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥
ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥}

(ਅੰਗ ੧੦੩੨)

{ਸਚੀ ਕਰਣੀ ਗੁਰ ਕੀ ਸਿਰਕਾਰਾ ॥ ਆਵਣੁ ਜਾਣੁ ਨਹੀ ਜਮ ਧਾਰਾ ॥
ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ ॥੧੩॥}

(ਅੰਗ ੧੦੩੩)

{ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥}

(ਅੰਗ ੧੦੪੩)

{ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥}

(ਅੰਗ ੧੦੫੮)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਣ ਦਾ ਉਦੱਮ ਕੀਤਾ ਹੈ ਕਿ ਤੱਤ ਕੀ ਹੈ। ਤੱਤ ਸੰਸਾਰ

ਦੀ ਅਸਲੀਅਤ ਹੈ ਤੇ ਅਸਲੀਅਤ ਦੀ ਸਮਝ ਤੱਤ ਨੂੰ ਤੱਤ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ ਭਾਵ ਬਿਨਾਂ ਤੱਤ ਨੂੰ ਜਾਣੇ, ਬਿਨਾਂ ਤੱਤ ਦੀ ਪ੍ਰਾਪਤੀ ਹੋਏ ਇਸ ਸੰਸਾਰ ਦੀ ਅਸਲੀਅਤ ਨੂੰ, ਪ੍ਰਮਾਤਮਾ ਦੀ ਅਸਲੀਅਤ ਨੂੰ, ਭਗਤੀ ਦੇ ਮਾਰਗ ਦੀ ਅਸਲੀਅਤ ਨੂੰ, ਮਨੁੱਖ ਦੀ ਆਪਣੀ ਅਸਲੀਅਤ ਨੂੰ ਨਹੀਂ ਜਾਣਿਆ ਜਾ ਸਕਦਾ। ਤੱਤ ਦਾ ਮੂਲ ਆਪ ਪ੍ਰਮਾਤਮਾ ਹੈ ਭਾਵ ਸੱਚ ਦਾ ਮੂਲ ਆਪ ਪ੍ਰਮਾਤਮਾ ਹੈ, ਨਾਮ ਦਾ ਮੂਲ ਆਪ ਪ੍ਰਮਾਤਮਾ ਹੈ। ਪ੍ਰਮਾਤਮਾ ਦਾ ਆਪਣਾ ਤੱਤ ਰੂਪ, ਉਸਦਾ ਨਾਮ ਰੂਪ, ਉਸਦਾ ਬ੍ਰਹਮ ਗਿਆਨ ਹੈ ਆਪਣੇ ਬ੍ਰਹਮ ਗਿਆਨ ਰਾਹੀਂ ਪ੍ਰਮਾਤਮਾ ਜੋ ਕੁਝ ਵੀ ਸਮਝਾਉਂਦਾ ਹੈ ਉਹ ਤੱਤ ਗਿਆਨ ਹੈ, ਉਹ ਸੱਚਾ ਗਿਆਨ ਹੈ, ਉਹ ਨਾਮ ਹੈ। ਤੱਤ ਗਿਆਨ ਦੇ ਨਾਲ ਉਹੀ ਮਨੁੱਖੀ ਰੂਪ ਜੁੜ ਸਕਦਾ ਹੈ, ਤੱਤ ਗਿਆਨ ਨੂੰ ਜਾਣ ਸਕਦਾ ਹੈ ਜਿਸ ਸਰੀਰ ਰਾਹੀਂ ਤੱਤ ਗਿਆਨ ਦਾ ਮਾਲਕ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਉਹ ਆਪਣਾ ਮੇਲ ਮਨੁੱਖੀ ਸਰੀਰ ਦੇ ਵਿੱਚ ਮਨ ਦੇ ਗਿਆਨ ਰਾਹੀਂ ਹੀ ਕਰਦਾ ਹੈ ਜਿਸ ਰਾਹੀਂ ਉਹ ਆਪਣਾ ਤੱਤ ਗਿਆਨ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ, ਭਗਤਾਂ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ। ਇਸੇ ਲਈ ਪੂਰੀ ਗੁਰਬਾਣੀ ਵਿੱਚ ਤੱਤ ਗਿਆਨ ਹੈ, ਸੱਚ ਹੈ, ਨਾਮ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਸ਼ਬਦਾਂ ਦੇ ਵਿੱਚ ਜੋ ਤੱਤ ਗਿਆਨ ਹੈ ਪ੍ਰਮਾਤਮਾ ਉਸ ਤੱਤ ਗਿਆਨ ਦੇ ਰੂਪ ਵਿੱਚ ਹੈ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ, ਪੋਥੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ। **(ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥)** ਅੰਗ ੧੨੨੬ **(ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥)** ਅੰਗ ੧੨੦ **(ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥)** ਅੰਗ ੪੫੬

ਗੁਰੂ ਦਾ ਹਰ ਸ਼ਬਦ ਸਾਨੂੰ ਤੱਤ ਦੀ ਗੱਲ ਸਮਝਾਉਂਦਾ ਹੈ ਤੇ ਉਹ ਕਿਸ ਲਈ ਸਮਝਾਉਂਦਾ ਹੈ ਇਸਨੂੰ ਸਮਝਣਾ ਸਾਡੇ ਲਈ ਬਹੁਤ ਜਰੂਰੀ ਹੈ। ਗੁਰੂ ਸਾਨੂੰ ਤੱਤ ਦੀ ਗੱਲ ਇਸ ਲਈ ਸਮਝਾਉਂਦਾ ਹੈ ਕਿਉਂਕਿ ਸੰਸਾਰ ਨੂੰ **"ਤਤੁ"** ਦੀ ਸਮਝ ਨਹੀਂ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਵਿੱਚ

46/6087

ਭਾਵ ਮਨ ਦੀ ਨਾਸਮਝ ਮਤਿ ਵਿੱਚ, ਅਗਿਆਨਤਾ ਵਿੱਚ, ਭਰਮਾਂ ਵਿੱਚ ਆਪ ਹੀ ਰੱਖਿਆ ਹੋਇਆ ਹੈ ਜਿਸ ਮਨ ਦੀ ਸਮਝ ਵਿੱਚ ਰਹਿੰਦੇ ਹੋਏ ਸਾਨੂੰ ਇਸ ਅਸਲੀਅਤ ਦੀ ਕਦੇ ਸਮਝ ਨਹੀਂ ਆ ਸਕਦੀ ਕਿ ਇਸ ਸੰਸਾਰ ਦੀ ਰਚਨਾ ਕਿਵੇਂ ਹੋਈ ਹੈ, ਕਿਸ ਤਰੀਕੇ ਕੀਤੀ ਹੈ ਤੇ ਪ੍ਰਮਾਤਮਾ ਕਿਸ ਰੂਪ ਵਿੱਚ ਆਪ ਹੀ ਹਰ ਆਕਾਰ ਰੂਪ ਨੂੰ ਬਣਾ ਕੇ ਆਪ ਹੀ ਹਰ ਆਕਾਰ ਰੂਪ ਨੂੰ ਕਿਸ ਤਰੀਕੇ ਚਲਾ ਰਿਹਾ ਹੈ, ਕਿਸ ਤਰੀਕੇ ਸੰਭਾਲ ਕਰ ਰਿਹਾ ਹੈ। ਮਨੁੱਖੀ ਰੂਪ ਵੀ ਪ੍ਰਮਾਤਮਾ ਦਾ ਬਣਾਇਆ ਹੋਇਆ ਆਕਾਰ ਰੂਪ ਹੈ ਜਿਸਨੂੰ ਉਹ ਆਪ ਹੀ ਚਲਾ ਰਿਹਾ ਹੈ ਜਿਸਨੂੰ ਕਿ ਆਪਣੇ ਅੰਦਰ ਦੀ ਭਰਮਾਂ ਵਾਲੀ ਮਤਿ ਦੇ ਵਿੱਚ ਰਹਿੰਦੇ ਹੋਏ ਨਹੀਂ ਜਾਣਿਆ ਜਾ ਸਕਦਾ, ਕਦੇ ਨਹੀਂ ਜਾਣਿਆ ਜਾ ਸਕਦਾ ਭਾਵ ਮਨ ਦੇ ਭਰਮਾਂ ਵਿੱਚ ਰਹਿੰਦੇ ਹੋਏ ਅਸੀਂ ਅਸਲੀਅਤ ਨੂੰ ਜਾਨਣ ਤੋਂ, ਸਮਝਣ ਤੋਂ ਸਦਾ ਦੂਰ ਹੀ ਰਹਿੰਦੇ ਹਾਂ। ਭਰਮਾਂ ਵਾਲੀ ਮਤਿ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ, ਤੱਤ ਗਿਆਨ ਹੀ ਕੱਢ ਸਕਦਾ ਹੈ ਜੋ ਗਿਆਨ ਹਰ ਭਰਮ ਤੋਂ ਰਹਿਤ ਹੈ, ਬ੍ਰਹਮ ਗਿਆਨ ਹਰ ਭਰਮ ਤੋਂ ਰਹਿਤ ਹੈ। ਪੂਰੀ ਗੁਰਬਾਣੀ ਵਿੱਚ ਤੱਤ ਗਿਆਨ ਹੈ ਜਿਸਦਾ ਮੂਲ ਮਕਸਦ ਮਨੁੱਖੀ ਮਤਿ ਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਦਾ ਹੈ, ਮਾਇਆ ਵਿੱਚੋਂ, ਹਉਮੈ ਵਿੱਚੋਂ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਜਿਸ ਵਿੱਚੋਂ ਨਿਕਲੇ ਬਿਨਾਂ ਅਸੀਂ ਅਸਲੀਅਤ ਨੂੰ ਨਹੀਂ ਜਾਣ ਸਕਦੇ, ਭਗਤੀ ਦੇ ਮਾਰਗ ਨੂੰ ਨਹੀਂ ਜਾਣ ਸਕਦੇ, ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਕਿ ਆਪ ਤੱਤ ਗਿਆਨ ਦੇ ਰੂਪ ਵਿੱਚ ਹੀ ਹੈ। ਸਾਡੇ ਜੀਵਨ ਦਾ ਮਕਸਦ ਸੰਸਾਰ ਦੀ ਅਸਲੀਅਤ ਨੂੰ ਜਾਨਣ ਦਾ ਹੈ, ਪ੍ਰਮਾਤਮਾ ਨੂੰ ਜਾਨਣ ਦਾ ਹੈ ਜਿਸਨੂੰ ਕੇਵਲ ਤੇ ਕੇਵਲ ਤੱਤ ਗਿਆਨ ਵਾਲੀ, ਸੱਚ ਸਮਝਾਉਂਣ ਵਾਲੀ ਸਮਝ ਦੇ ਨਾਲ ਜੁੜਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਤੱਤ ਗਿਆਨ ਵਾਲੀ ਸਮਝ ਦੇ ਨਾਲ ਅਸੀਂ ਤਾਂ ਹੀ ਜੁੜਾਂਗੇ ਜੇਕਰ ਗੁਰੂ ਦੀ ਸਮਝ ਨਾਲ ਜੁੜਾਂਗੇ ਭਾਵ ਗੁਰੂ ਦੀ ਗੱਲ ਨੂੰ ਮੰਨਾਂਗੇ ਤੇ ਉਹੋ ਜਿਹਿਆਂ ਦੀ ਮਤਿ ਦੇ ਨਾਲ ਨਹੀਂ ਜੁੜਾਂਗੇ ਜੋ ਆਪ ਹੀ ਭਰਮਾਂ ਵਿੱਚ ਹਨ ਭਾਵ ਜੋ ਤੱਤ ਗਿਆਨ ਵਾਲੀ ਮਤਿ ਤੋਂ ਦੂਰ ਹਨ। ਧਰਮ ਗ੍ਰੰਥਾਂ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ ਤੇ ਉਨ੍ਹਾਂ ਰਾਹੀਂ ਸਾਨੂੰ ਸੱਚ ਦਾ ਮਾਰਗ ਆਪ ਹੀ ਸਮਝਾਇਆ ਹੈ,

46/6088

ਨਾਮ ਦਾ, ਤੱਤ ਦਾ ਮਾਰਗ ਆਪ ਹੀ ਸਮਝਾਇਆ ਹੈ ਜਿਸ ਰਾਹੀਂ ਸਾਨੂੰ ਭਗਤੀ ਦਾ ਮਾਰਗ ਸਮਝਾਇਆ ਹੈ ਜੋ ਕਿ ਗੁਰੂ ਦੇ ਦੱਸੇ ਹੋਏ ਸੱਚ ਨੂੰ ਮੰਨ ਕੇ ਉਸਦੇ ਉਪਰ ਚੱਲਣ ਦਾ ਹੈ ਭਾਵ ਸਾਡੀ ਕਰਨੀ ਦਾ ਮਾਰਗ ਹੈ, ਸੱਚੀ ਸੁੱਚੀ ਕਿਰਤ ਦਾ ਮਾਰਗ ਹੈ ਨਾ ਕਿ ਕੇਵਲ ਧਰਮ ਗ੍ਰੰਥਾਂ ਦੀ ਕਥਨੀ ਕਰੀ ਜਾਣ ਦਾ ਤੇ ਹੋਰ ਅਨੇਕਾਂ ਸਰੀਰਕ ਜਪਾਂ ਤਪਾਂ ਆਦਿ ਦੁਆਰਾ ਭਗਤੀ ਦੇ ਦਿਖਾਵੇ ਕਰੀ ਜਾਣ ਦਾ। ਜਿੱਥੇ ਸੱਚੀ ਭਗਤੀ ਹੈ ਉੱਥੇ ਤੱਤ ਦੀ ਗੱਲ ਹੈ ਤੇ ਜਿੱਥੇ ਭਗਤੀ ਦੇ ਦਿਖਾਵੇ ਹਨ ਉੱਥੇ ਤੱਤ ਨਹੀਂ ਹੈ ਭਾਵ ਸੱਚ ਨਹੀਂ ਹੈ ਭਾਵ ਉਸ ਮਨੁੱਖੀ ਮਤਿ ਦੇ ਵਿੱਚ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਹੈ ਤੇ ਭਗਤੀ ਦੀ ਅਸਲੀਅਤ ਨਹੀਂ ਹੈ ਜਿਸਦਾ ਕਾਰਣ ਸਾਡੇ ਅੰਦਰ ਦੀ ਨਾਸਮਝ ਮਤਿ ਹੈ, ਮਾਇਆ ਮੋਹ ਹੈ, ਹਉਮੈ ਹੈ ਭਾਵ ਤ੍ਰੈ ਗੁਣਾਂ ਵਾਲੀ ਅਵਸਥਾ ਹੈ। ਮਨ ਦੀ ਇਸ ਅਵਸਥਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਮਾਰਗ ਨਾਮ ਹੈ, ਤੱਤ ਗਿਆਨ ਹੈ, ਬ੍ਰਹਮ ਗਿਆਨ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ, ਚੌਥੇ ਪਦ ਦਾ ਗਿਆਨ ਹੈ। ਸਾਰੀ ਗੱਲ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੀ ਹੈ ਜਿਸਨੂੰ ਮੰਨੇ ਬਿਨਾਂ ਅਸੀਂ ਉਸ ਤੱਤ ਗਿਆਨ ਰੂਪ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ ਜੋ ਕਿ ਸਾਡੇ ਅੰਦਰ ਹੀ ਹੈ, ਤੱਤ ਗਿਆਨ ਦੇ ਰੂਪ ਵਿੱਚ ਹੀ ਹੈ ਭਾਵ ਤੱਤ ਗਿਆਨ ਦੇ ਨਾਲ ਜੁੜਨਾ ਹੀ, ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨਾ ਹੀ ਸਾਡੇ ਜੀਵਨ ਦਾ ਸੱਚਾ ਉਦੱਮ ਹੈ ਜਿਸ ਉਦੱਮ ਦੁਆਰਾ ਹੀ ਉਸ ਤੱਤ ਗਿਆਨ ਦੇ ਮਾਲਕ ਨਾਲ ਮੇਲ ਹੋ ਸਕਦਾ ਹੈ। ਉਸ ਤੱਤ ਗਿਆਨ ਦੇ ਮਾਲਕ ਨਾਲ ਜੁੜਨ ਲਈ ਸਾਡਾ ਸਭ ਤੋਂ ਪਹਿਲਾ ਉਦੱਮ ਇਹ ਬਣਦਾ ਹੈ ਕਿ ਅਸੀਂ ਉਨ੍ਹਾਂ ਭਰਮਿਆ ਹੋਇਆਂ ਦੀ ਮਤਿ ਨੂੰ ਛੱਡੀਏ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਮੰਨ ਕੇ ਉਨ੍ਹਾਂ ਕੋਲੋਂ ਭਗਤੀ ਦਾ ਮਾਰਗ ਸਿੱਖਿਆ ਹੋਇਆ ਹੈ, ਆਪਣੀ ਆਪਣੀ ਆਸਥਾ ਅਨੁਸਾਰ ਨਾਮ ਜਪਣਾ ਸਿੱਖਿਆ ਹੋਇਆ ਹੈ। ਸਭ ਪਾਸੇ ਇਹੋ ਜਿਹੇ ਭਗਤੀ ਦੇ ਭਰਮ ਫੈਲਾਉਣ ਵਾਲੇ ਹੀ ਜਗ੍ਹਾ ਜਗ੍ਹਾ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠੇ ਹੋਏ ਹਨ। ਉਨ੍ਹਾਂ ਦੀ ਮਤਿ ਦੇ ਨਾਲ ਜੁੜਕੇ ਅਸੀਂ ਕਦੀ ਤੱਤ ਦੇ ਨਾਲ ਨਹੀਂ ਜੁੜ ਸਕਦੇ ਭਾਵ ਅਸਲੀਅਤ ਨਾਲ ਨਹੀਂ ਜੁੜ ਸਕਦੇ ਤੇ ਅਸਲੀਅਤ ਨਾਲ ਜੁੜੇ ਬਿਨਾਂ ਉਸ ਅਸਲੀਅਤ ਦੇ ਮਾਲਕ ਪ੍ਰਮਾਤਮਾ ਦੇ ਨਾਲ ਨਹੀਂ ਜੁੜਿਆ ਜਾ ਸਕਦਾ।

46/6089

ਉਪਰ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਤੱਤ ਨੂੰ ਸਮਝਣ ਦਾ ਉਪਰਾਲਾ ਹੀ ਕੀਤਾ ਹੈ ਤੇ ਉਨ੍ਹਾਂ ਸ਼ਬਦਾਂ ਵਿੱਚੋਂ ਕੁਝ ਸ਼ਬਦਾਂ ਨੂੰ ਕੁਝ ਬਾਰੀਕੀ ਨਾਲ ਸਮਝਣ ਦੁਆਰਾ **"ਤਤੁ"** ਨੂੰ ਹੋਰ ਵੀ ਦ੍ਰਿੜਤਾ ਨਾਲ ਜਾਣ ਸਕਦੇ ਹਾਂ ਤਾਂ ਜੋ ਅਸੀਂ ਤੱਤ ਨਾਲ ਜੁੜਨ ਦਾ ਸੱਚਾ ਉਦੱਮ ਕਰ ਸਕੀਏ।

"ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ ॥੨੨॥
ਸਤਿਗੁਰੁ ਦਾਤਾ ਤਿਨੈ ਪਛਾਤਾ ਜਿਸ ਨੋ ਕ੍ਰਿਪਾ ਤੁਮਾਰੀ ॥੨੩॥
ਸਤਿਗੁਰੁ ਨ ਸੇਵਹਿ ਮਾਇਆ ਲਾਗੇ ਡੂਬਿ ਮੂਏ ਅਹੰਕਾਰੀ ॥੨੪॥"

(ਅੰਗ ੯੧੧)

ਉਪਰ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ **"ਤਤੁ"** ਕੀ ਹੈ ਤੇ ਤੱਤ ਦਾ ਮਕਸਦ ਕੀ ਹੈ ਭਾਵ ਸਾਡੇ ਲਈ ਤੱਤ ਦੀ ਰਚਨਾ ਗੁਰਬਾਣੀ ਵਿੱਚ ਕਿਸ ਮਕਸਦ ਲਈ ਕੀਤੀ ਗਈ ਹੈ। ਉਪਰ ਪਹਿਲੀ ਪੰਗਤੀ ਰਾਹੀਂ ਸੱਚੇ ਜੋਗੀ ਦੀ ਵਿਆਖਿਆ ਹੀ ਕੀਤੀ ਹੋਈ ਹੈ। ਜੋਗੀ ਉਹ ਹੁੰਦਾ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਉਸ ਅਸਲ ਜੋਗੀ ਦਾ ਪ੍ਰਮਾਤਮਾ ਦੇ ਨਾਲ ਜੋਗ ਕਿਸ ਤਰੀਕੇ ਹੁੰਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਤੱਤ ਸੱਚਾ ਗਿਆਨ ਹੈ, ਧਰਮ ਗ੍ਰੰਥਾਂ ਦੇ ਰਾਹੀਂ ਦਿੱਤਾ ਹੋਇਆ ਗਿਆਨ ਹੈ ਜਿਸਦਾ ਮਕਸਦ ਸਾਨੂੰ ਹਉਮੈ ਵਿੱਚੋਂ ਕੱਢਣ ਦਾ ਹੈ ਭਾਵ ਮਨ ਦੀ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੈ, ਅਗਿਆਨਤਾ ਵਿੱਚੋਂ ਕੱਢਣ ਦਾ ਹੈ ਜਿਨ੍ਹਾਂ ਦੇ ਰਹਿੰਦੇ ਹੋਏ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਨਾਲ ਜੁੜੇ ਰਹਿੰਦੇ ਹਾਂ। ਤ੍ਰਿਸ਼ਨਾਵਾਂ ਦੇ ਮਰੇ ਬਿਨਾਂ, ਹਉਮੈ ਦੇ ਮਰੇ ਬਿਨਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ, ਭਗਤੀ ਦਾ ਮਾਰਗ ਸੱਚੇ ਕਰਮ ਕਰਨ ਦਾ ਮਾਰਗ ਹੈ ਤੇ ਸਾਡੀਆਂ ਤ੍ਰਿਸ਼ਨਾਵਾਂ ਸਾਨੂੰ ਮਾੜੇ ਕਰਮ ਕਰਨ ਲਈ ਉਕਸਾਉਂਦੀਆਂ ਹਨ। ਤੱਤ ਗਿਆਨ ਦਾ ਮਕਸਦ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੀ ਹੈ ਜਿਨ੍ਹਾਂ ਦਾ ਮੂਲ ਸਾਡੇ ਅੰਦਰ ਦੀ ਹਉਮੈ ਹੈ ਭਾਵ ਨਾਮਸਝ ਮਤਿ ਹੈ। ਤੱਤ ਗਿਆਨ ਸਭ ਨੂੰ ਮਨ ਦੀ ਮਾੜੀ ਸਮਝ ਵਿੱਚੋਂ ਹੀ ਕੱਢਦਾ ਹੈ ਭਾਵ ਅਸਲੀਅਤ ਸਮਝਾਉਂਦਾ ਹੈ ਜੋ ਅਸਲੀਅਤ ਤਾਂ ਹੀ ਬਣਦੀ ਹੈ ਕਿਉਂਕਿ ਉਸ ਵਿੱਚ ਫਿਰ ਕਿਸੇ ਭਰਮ ਦੀ ਭਾਵ ਉਸਨੂੰ ਝੂਠਾ ਸਾਬਿਤ ਕਰਨ ਦੀ ਕੋਈ

46/6090

ਗੁਜਾਇਸ਼ ਨਹੀਂ ਰਹਿ ਜਾਂਦੀ। ਪ੍ਰਮਾਤਮਾ ਦਾ ਜੋ ਜੋਗੀ ਬਣਦਾ ਹੈ ਭਾਵ ਉਸ ਨਾਲ ਜੋਗ ਵਾਲਾ ਬਣਦਾ ਹੈ ਉਹ ਆਪਣੇ ਅੰਦਰ **"ਤਤੁ"** ਗਿਆਨ ਵਿਚਾਰਨ ਦੁਆਰਾ ਹੀ ਬਣਦਾ ਹੈ, ਹਉਮੈ, ਤ੍ਰਿਸ਼ਨਾ ਮਾਰਨ ਦੁਆਰਾ ਹੀ ਬਣਦਾ ਹੈ। ਪ੍ਰਮਾਤਮਾ ਦੇ ਨਾਲੋਂ ਸਾਡੀ ਦੂਰੀ ਸਾਡੇ ਮਨ ਦੇ ਵਿੱਚ ਹੀ ਹੈ ਜੋ ਕਿ ਹਉਮੈ ਦੇ ਰੂਪ ਵਿੱਚ ਹੈ ਭਾਵ ਹਉਮੈ ਰੂਪ ਪਰਦੇ ਦੇ ਰੂਪ ਵਿੱਚ ਹੈ ਜੋ ਪਰਦਾ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ। ਇਸ ਮਨ ਦੀ ਅਗਿਆਨਤਾ ਦੇ ਪਰਦੇ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਤੱਤ ਗਿਆਨ ਹੀ ਕੱਢ ਸਕਦਾ ਹੈ। ਤੱਤ ਗਿਆਨ ਹੀ ਨਾਮ ਹੈ ਜਿਸ ਨਾਮ ਨੂੰ ਅਸੀਂ ਆਪਣੇ ਮਨ ਦੇ ਅੰਦਰ ਵਿਚਾਰਨਾ ਹੈ, ਇਸ ਦੁਆਰਾ ਅਸੀਂ ਮਨ ਦੀ ਹਉਮੈ ਵਿੱਚੋਂ ਨਿਕਲਣਾ ਹੈ। ਪੂਰੀ ਗੁਰਬਾਣੀ ਵਿੱਚ ਤੱਤ ਗਿਆਨ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਸ਼ਬਦ ਦੀ ਵਿਚਾਰ ਹੀ ਨਾਮ ਹੈ। ਆਪਣੇ ਅੰਦਰੋਂ ਤੱਤ ਗਿਆਨ ਨੂੰ ਵਿਚਾਰਨਾ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੈ ਤੇ ਅਸੀਂ ਤਾਂ ਹੀ ਹਉਮੈ ਵਿੱਚੋਂ ਨਿਕਲ ਸਕਦੇ ਹਾਂ। ਸ਼ਬਦਾਂ ਦੀ ਕਥਨੀ ਕਰਨ ਦੁਆਰਾ ਕੋਈ ਵੀ ਮਨ ਦੇ ਭਰਮਾਂ ਵਿੱਚੋਂ ਨਹੀਂ ਨਿਕਲ ਸਕਦਾ ਤੇ ਨਾ ਹੀ ਕੋਈ ਪ੍ਰਮਾਤਮਾ ਦਾ ਜੋਗੀ ਬਣ ਸਕਦਾ ਹੈ। ਜੋਗੀ ਸਾਨੂੰ ਤੱਤ ਗਿਆਨ ਨੇ ਹੀ ਬਣਾਉਂਣਾ ਹੈ ਭਾਵ ਗੁਰੂ ਦੀ ਸਮਝ ਨੂੰ ਮੰਨਣ ਦੁਆਰਾ ਹੀ, ਫਿਰ ਆਪਣੀ ਸਮਝ ਛੱਡਣ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਜੋਗ ਹੋ ਸਕਦਾ ਹੈ। **(ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ ॥੨੨॥)**

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥}

(ਅੰਗ ੨੦੫)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥}

(ਅੰਗ ੨੮੫)

46/6091

ਪ੍ਰਮਾਤਮਾ ਸਾਡੇ ਅੰਦਰ ਹੀ ਹੈ ਪਰ ਕੋਈ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦਾ। ਸਾਡੇ ਮਨ ਦਾ ਭਰਮ ਸਾਨੂੰ ਵਿਸ਼ਵਾਸ ਨਹੀਂ ਆਉਂਣ ਦਿੰਦਾ ਭਾਵ ਅਸਲੀਅਤ ਨੂੰ ਸਮਝਣ ਨਹੀਂ ਦਿੰਦਾ। ਅਸਲੀਅਤ ਇਹ ਹੈ ਭਾਵ ਤੱਤ ਦੀ ਗੱਲ ਇਹ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਇਸ ਗੱਲ ਤੇ ਮਨੁੱਖ ਨੂੰ ਵਿਸ਼ਵਾਸ ਉਦੋਂ ਹੀ ਆਉਂਦਾ ਹੈ ਜਦੋਂ ਉਹ ਆਪਣੇ ਅੰਦਰੋਂ ਅਸਲੀਅਤ ਨੂੰ ਜਾਣ ਲੈਂਦਾ ਹੈ। ਅਸਲੀਅਤ ਦੀ ਸਮਝ, ਤੱਤ ਦੀ ਸਮਝ ਤੱਤ ਗਿਆਨ ਨਾਲ ਆਉਂਦੀ ਹੈ ਤੇ ਇਸੇ ਲਈ ਜਿਸਨੂੰ ਪ੍ਰਮਾਤਮਾ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਤੇਰੇ ਅੰਦਰ ਹੀ ਹਾਂ ਉਸਨੂੰ ਮਨ ਦੇ ਵਿੱਚ ਆਪਣਾ ਤੱਤ ਗਿਆਨ ਹੀ ਦਿੰਦਾ ਹੈ, ਆਪਣਾ ਤੱਤ ਗਿਆਨ ਪ੍ਰਗਟ ਕਰਦਾ ਹੈ ਜੋ ਕਿ ਉਸਦਾ ਆਪਣਾ ਹੀ ਰੂਪ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡੀ ਦੂਰੀ ਜਾਂ ਮੇਲ ਮਨ ਦੇ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਆਪਣੇ ਆਪ ਦਾ ਵਿਸ਼ਵਾਸ ਮਨ ਦੇ ਵਿੱਚ ਕਿਸ ਤਰੀਕੇ ਦਿਵਾਉਂਦਾ ਹੈ, ਇਹ ਪ੍ਰਮਾਤਮਾ ਦੀ ਅਸਚਰਜ ਖੇਡ ਹੈ ਜਿਸਨੂੰ ਪੂਰਨ ਰੂਪ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਪ੍ਰਮਾਤਮਾ ਆਪਣੀ ਹੋਂਦ ਮਨ ਦੇ ਵਿੱਚ ਕਿਸ ਤਰੀਕੇ ਦਿਖਾਉਂਦਾ ਹੈ ਇਸ ਗੱਲ ਦਾ ਕੁਝ ਜਿਕਰ ਲੇਖ ਵਿੱਚ ਕਾਫੀ ਪਿੱਛੇ ਕੀਤਾ ਹੋਇਆ ਹੈ। ਇਹ ਪ੍ਰਮਾਤਮਾ ਦੀ ਸਭ ਤੋਂ ਵੱਡੀ ਅਸਚਰਜਤਾ ਹੈ ਜਿਸਨੂੰ ਉਹੀ ਵਿਸ਼ਵਾਸ ਕਰਕੇ ਮੰਨ ਸਕਦਾ ਹੈ ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਅਸਚਰਜ ਰੂਪ ਆਪ ਹੀ ਦਿਖਾਉਂਦਾ ਹੈ। ਪ੍ਰਮਾਤਮਾ ਦਾ ਆਪਣੇ ਅੰਦਰੋਂ ਰੂਪ ਦੇਖੇ ਬਿਨਾਂ ਕਿਸੇ ਨੂੰ ਵਿਸ਼ਵਾਸ ਨਹੀਂ ਆ ਸਕਦਾ। ਵਿਸ਼ਵਾਸ ਤੱਤ ਗਿਆਨ ਹੀ ਦਿਵਾਉਂਦਾ ਹੈ ਜਿਸਦਾ ਮਕਸਦ ਹੀ ਮਨੁੱਖ ਨੂੰ ਭਰਮ ਵਿੱਚੋਂ ਕੱਢਣ ਦਾ ਹੈ। ਭਰਮ ਦੇ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਆਪ ਨੂੰ ਇੱਕ ਮਨੁੱਖ ਸਮਝਦੇ ਹਾਂ ਜੋ ਕਿ ਅਸਲੀਅਤ ਨਹੀਂ ਹੈ। ਅਸਲੀਅਤ ਤੱਤ ਗਿਆਨ ਦੁਆਰਾ ਸਮਝ ਆਉਂਦੀ ਹੈ ਜਿਸ ਦੁਆਰਾ ਮਨੁੱਖ ਦਾ ਭਰਮ ਨਿਕਲ ਜਾਂਦਾ ਹੈ ਕਿ ਮੈਂ ਇੱਕ ਮਨੁੱਖ ਹਾਂ ਤੇ ਅਸਲੀਅਤ ਸਾਹਮਣੇ ਆ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ, ਹਰ ਮਨੁੱਖੀ ਰੂਪ ਵਿੱਚ, ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਭਰਪੂਰ ਹੈ, ਸਭ ਦੇ ਅੰਦਰ ਆਪਣੇ ਨਿਰੰਕਾਰ ਰੂਪ ਵਿੱਚ ਸਮਾਇਆ ਹੋਇਆ ਹੈ ਭਾਵ ਗਿਆਨ ਰੂਪ

46/6092

ਵਿੱਚ ਸਮਾਇਆ ਹੋਇਆ ਹੈ। ਇਹ ਸਭ ਸਾਡੇ ਮਨ ਦੇ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ ਜੋ ਵਿਸ਼ਵਾਸ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ, ਆਪਣੇ ਤੱਤ ਗਿਆਨ ਰੂਪ ਦੁਆਰਾ ਪ੍ਰਗਟ ਹੋਣ ਨਾਲ ਦਿਵਾਉਂਦਾ ਹੈ ਜਿਵੇਂ ਕਿ ਉਪਰਲੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਜੋਗੀ ਤੱਤ ਗਿਆਨ ਨੂੰ ਵੀਚਾਰਦਾ ਹੈ, ਜਿਸਦੀ ਹਉਮੈ, ਤ੍ਰਿਸ਼ਨਾ ਮਰ ਜਾਂਦੀ ਹੈ ਉਹੀ ਆਪਣੇ ਅੰਦਰੋਂ ਦਾਤੇ ਨੂੰ ਪਹਿਚਾਨਦਾ ਹੈ, ਪ੍ਰਮਾਤਮਾ ਨੂੰ ਪਹਿਚਾਨਦਾ ਹੈ ਜੋ ਕਿ ਆਪ ਹੀ ਸਤਿਗੁਰੂ ਹੈ, ਆਪਣੇ ਤੱਤ ਗਿਆਨ ਦੁਆਰਾ ਸਤਿਗੁਰ ਹੈ, ਆਪਣੇ ਤੱਤ ਗਿਆਨ ਦਾ ਉਹ ਆਪ ਹੀ ਦਾਤਾ ਹੈ ਤੇ ਜਿਸਨੂੰ ਉਹ ਆਪਣੇ ਸੱਚੇ ਗਿਆਨ ਦੀ ਦਾਤਿ ਬਖਸ਼ਦਾ ਹੈ ਆਪਣੀ ਕ੍ਰਿਪਾ ਦੁਆਰਾ ਹੀ ਬਖਸ਼ਦਾ ਹੈ ਭਾਵ ਇਹ ਮਨੁੱਖੀ ਸਮਰਥਾ ਤੋਂ ਬਾਹਰ ਹੈ ਕਿ ਕੋਈ ਆਪਣੇ ਆਪ ਪ੍ਰਮਾਤਮਾ ਨੂੰ ਜਾਣ ਲਵੇ ਕਿਉਂਕਿ ਹਰ ਕਿਸੇ ਨੂੰ ਪ੍ਰਮਾਤਮਾ ਨੇ ਆਪ ਹੀ ਮਾਇਆ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ। **(ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ ॥੨੨॥ ਸਤਿਗੁਰੁ ਦਾਤਾ ਤਿਨੈ ਪਛਾਤਾ ਜਿਸ ਨੋ ਕ੍ਰਿਪਾ ਤੁਮਾਰੀ ॥੨੩॥)**

ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣ ਲੈਂਦਾ ਹੈ, ਜਾਣ ਲੈਂਦਾ ਹੈ ਉਸਨੂੰ ਹੀ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ, ਤੱਤ ਗਿਆਨ ਦੁਆਰਾ ਪ੍ਰਮਾਤਮਾ ਦੀ ਭਗਤੀ ਦੀ, ਸੇਵਾ ਦੀ ਸਮਝ ਪੈਂਦੀ ਹੈ ਤੇ ਹੋਰ ਅਨੇਕਾਂ ਜੋ ਆਪਣੇ ਆਪ ਨੂੰ ਸੇਵਾ ਭਗਤੀ ਵਾਲੇ ਸਮਝਦੇ ਹਨ ਉਨ੍ਹਾਂ ਦਾ ਅਗਲੀ ਪੰਗਤੀ ਰਾਹੀਂ ਭਰਮ ਹੀ ਕੱਢਿਆ ਹੋਇਆ ਹੈ।

“ਸਤਿਗੁਰੁ ਨ ਸੇਵਹਿ ਮਾਇਆ ਲਾਗੇ ਡੂਬਿ ਮੂਏ ਅਹੰਕਾਰੀ ॥੨੪॥”

ਸਤਿਗੁਰ ਦੀ ਸੇਵਾ ਕੀ ਹੈ, ਮਾਇਆ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਬਾਰੀਕੀ ਨਾਲ ਸਮਝਿਆ ਹੈ। ਸਤਿਗੁਰ ਦੀ ਸੇਵਾ ਗੁਰੂ ਦੀ ਮਤਿ ਨੂੰ ਭਾਵ ਗੁਰੂ ਦੇ ਦਿੱਤੇ ਹੋਏ ਤੱਤ ਗਿਆਨ ਨੂੰ ਆਪਣੇ ਅੰਦਰੋਂ ਵਿਚਾਰਨ ਦੁਆਰਾ ਹੁੰਦੀ ਹੈ

46/6093

ਭਾਵ ਸ਼ਬਦ ਦੀ ਵਿਚਾਰ ਨੂੰ ਮੰਨਣ ਦੁਆਰਾ ਹੁੰਦੀ ਹੈ ਭਾਵ ਮਨ ਦੇ ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ, ਹਉਮੈ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ ਭਾਵ ਮਨ ਦੀ ਮਾਇਆ ਵਿੱਚੋਂ ਨਿਕਲਣ ਦੁਆਰਾ ਹੁੰਦੀ ਹੈ ਪਰ ਹਰ ਕੋਈ ਮਾਇਆ ਨਾਲ ਜੁੜਿਆ ਹੋਇਆ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਵਾਲਾ ਸਮਝਦਾ ਹੈ, ਭਗਤੀ ਵਾਲਾ ਸਮਝਦਾ ਹੈ, ਨਾਮ ਜਪਣ ਵਾਲਾ ਸਮਝਦਾ ਹੈ ਤੇ ਆਪਣੀ ਇਹੋ ਜਿਹੀ ਭਗਤੀ ਰਾਹੀਂ ਮਾਣ ਕਰਦਾ ਹੈ, ਅਹੰਕਾਰ ਕਰਦਾ ਹੈ ਕਿ ਮੈਨੂੰ ਭਗਤੀ ਦੀ ਸਮਝ ਹੈ। ਇਹੋ ਜਿਹਾ ਸਮਝਣ ਵਾਲਿਆਂ ਨੂੰ ਮਾਇਆ ਵਿੱਚ ਡੁੱਬੇ ਹੋਏ ਕਿਹਾ ਹੈ ਭਾਵ ਮਨਮਤਿ ਵਿੱਚ ਡੁੱਬੇ ਹੋਏ ਕਿਹਾ ਹੈ ਜੋ ਸਾਨੂੰ ਆਤਮਿਕ ਰੂਪ ਵਿੱਚ ਮਾਰਦੀ ਹੈ ਭਾਵ ਸਾਡੇ ਜੀਵਨ ਨੂੰ ਖਰਾਬ ਕਰਦੀ ਹੈ। ਸਾਨੂੰ ਖਰਾਬ ਕਰਨ ਵਾਲੀ ਸਾਡੇ ਅੰਦਰ ਦੀ ਨਾਸਮਝ ਮਤਿ ਹੀ ਹੈ ਭਾਵ ਮਾਇਆ ਹੀ ਹੈ ਜਿਸਦੇ ਰਹਿੰਦੇ ਹੋਏ ਅਸੀਂ ਸੱਚ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ, ਸੱਚੀ ਭਗਤੀ ਦੇ ਮਾਰਗ ਤੋਂ ਦੂਰ ਰਹਿੰਦੇ ਹਾਂ ਤੇ ਹਰ ਕੋਈ ਆਪਣੀ ਝੂਠੀ ਭਗਤੀ ਰਾਹੀਂ ਅਹੰਕਾਰ ਕਰਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾਂਦਾ ਹੈ। ਮਾਇਆ ਵਿੱਚੋਂ ਸਾਨੂੰ ਤੱਤ ਗਿਆਨ ਹੀ ਕੱਢ ਸਕਦਾ ਹੈ ਤੇ ਉਹ ਤਾਂ ਹੀ ਨਿਕਲਾਂਗੇ ਜੇਕਰ ਗੁਰੂ ਦੇ ਸਮਝਾਏ ਹੋਏ ਤੱਤ ਗਿਆਨ ਨੂੰ ਵਿਚਾਰਾਂਗੇ ਭਾਵ ਆਪਣੇ ਮਨ ਦੇ ਵਿਚਾਰਾਂ ਵਿੱਚ ਵਸਾਵਾਂਗੇ ਭਾਵ ਆਪਣੀ ਕਰਨੀ ਵਿੱਚ ਲਿਆਵਾਂਗੇ। **(ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ॥੨੨॥ ਸਤਿਗੁਰੁ ਦਾਤਾ ਤਿਨੈ ਪਛਾਤਾ ਜਿਸ ਨੋ ਕ੍ਰਿਪਾ ਤੁਮਾਰੀ ॥੨੩॥ ਸਤਿਗੁਰੁ ਨ ਸੇਵਹਿ ਮਾਇਆ ਲਾਗੇ ਡੂਬਿ ਮੂਏ ਅਹੰਕਾਰੀ ॥੨੪॥)**

ਤੱਤ ਗਿਆਨ ਭਗਤੀ ਦਾ ਮੂਲ ਹੈ, ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਹੈ ਤੇ ਜਦ ਤੱਕ ਅਸੀਂ ਤੱਤ ਨੂੰ ਨਹੀਂ ਸਮਝਾਂਗੇ ਤਦ ਤੱਕ ਅਸੀਂ ਉਸ ਗੱਲ ਨੂੰ ਕਦੇ ਨਹੀਂ ਸਮਝ ਸਕਦੇ ਕਿ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਕੀ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਰਾਹੀਂ ਸਮਝੀਏ ਜਿਸ ਰਾਹੀਂ ਸਿਧਾਂ ਦੇ ਨਾਲ ਗੋਸ਼ਟੀ ਕਰਨ ਨਾਲ ਧੰਨ ਧੰਨ ਅਕਾਲ ਪੁਰਖ ਰੂਪ ਬਾਬਾ ਨਾਨਕ ਜੀ ਨੇ ਤੱਤ ਦੀ ਗੱਲ ਸਮਝਾਈ ਹੈ, ਪ੍ਰਮਾਤਮਾ ਦੇ ਨਾਲ ਮੇਲ ਦੀ ਗੱਲ ਸਮਝਾਈ ਹੈ। ਹੇਠ ਦਿੱਤੇ ਪਹਿਲੇ

46/6094

ਸ਼ਬਦ ਰਾਹੀਂ ਸਿਧਾਂ ਦਾ ਗੁਰੂ ਸਾਹਿਬ ਨੂੰ ਸਵਾਲ ਹੈ ਤੇ ਦੂਸਰੇ ਸ਼ਬਦ ਰਾਹੀਂ ਸਿਧਾਂ ਦੇ ਸਵਾਲ ਦਾ ਜਵਾਬ ਹੈ। ਆਉ ਧਿਆਨ ਨਾਲ ਸਮਝੀਏ ਤੇ ਉਸ ਤੱਤ ਨਾਲ ਜੁੜੀਏ ਕਿ ਤੱਤ ਨੂੰ ਵਿਚਾਰਨਾ ਕੀ ਹੈ ਭਾਵ ਤੱਤ ਵਾਲੀ ਸਮਝ ਕਿਹੋ ਜਿਹੀ ਹੈ।

ਸਵਾਲ : **“ਕਿਉ ਕਰਿ ਬਾਧਾ ਸਰਪਨਿ ਖਾਧਾ ॥ ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥**
ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥”

(ਅੰਗ ੯੩੯)

ਜਵਾਬ : **“ਦੁਰਮਤਿ ਬਾਧਾ ਸਰਪਨਿ ਖਾਧਾ ॥ ਮਨਮੁਖਿ ਖੋਇਆ ਗੁਰਮੁਖਿ ਲਾਧਾ ॥**
ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥”

(ਅੰਗ ੯੩੯)

ਆਉ ਇਸ ਗੱਲ ਨੂੰ ਸਮਝਦੇ ਹਾਂ ਕਿ ਉਪਰ ਪਹਿਲੇ ਪਦੇ ਰਾਹੀਂ **“ਸਿਧਾਂ”** ਨੇ ਗੁਰੂ ਸਾਹਿਬ ਕੋਲੋਂ ਕੀ ਪੁੱਛਿਆ ਹੈ।

“ਕਿਉ ਕਰਿ ਬਾਧਾ ਸਰਪਨਿ ਖਾਧਾ ॥”

ਸਿਧ ਗੁਰੂ ਸਾਹਿਬ ਨੂੰ ਪੁੱਛ ਰਹੇ ਹਨ ਕਿ ਮਨੁੱਖ ਕਿਸ ਤਰੀਕੇ ਬੱਝਿਆ ਹੋਇਆ ਹੈ ਭਾਵ ਮਨੁੱਖ ਦਾ ਬੰਧਨ ਕੀ ਹੈ। ਨਾਲ ਹੀ ਸਿਧ ਇਹ ਪੁੱਛ ਰਹੇ ਹਨ ਕਿ ਮਨੁੱਖ ਨੂੰ ਸਰਪਨੀ ਨੇ ਭਾਵ ਮਾਇਆ ਰੂਪ ਸਰਪਨੀ ਨੇ ਮਨੁੱਖ ਨੂੰ ਕਿਵੇਂ ਖਾਧਾ ਹੋਇਆ ਹੈ **(ਕਿਉ ਕਰਿ ਬਾਧਾ ਸਰਪਨਿ ਖਾਧਾ ॥)**। ਆਉ ਪਹਿਲੇ ਇਸ ਪ੍ਰਸ਼ਨ ਦਾ ਉੱਤਰ ਸਮਝਦੇ ਹਾਂ ਜੋ ਉੱਤਰ ਗੁਰੂ ਸਾਹਿਬ ਨੇ ਅਗਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਦਿੱਤਾ ਹੋਇਆ ਹੈ।

“ਦੁਰਮਤਿ ਬਾਧਾ ਸਰਪਨਿ ਖਾਧਾ ॥”

ਧਿਆਨ ਨਾਲ ਸਮਝੋ ਕਿ ਮਨੁੱਖ ਦਾ ਬੰਧਨ ਕੀ

46/6095

ਹੈ ਜਿਸ ਬੰਧਨ ਵਿੱਚ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪ ਹੀ ਰੱਖਿਆ ਹੋਇਆ ਹੈ। ਬੰਧਨ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਬੰਧਨ ਸਾਡੇ ਅੰਦਰ ਮਾਇਆ ਦੇ ਰੂਪ ਵਿੱਚ ਹੈ ਭਾਵ ਸ੍ਰਪਨੀ ਦੇ ਰੂਪ ਵਿੱਚ ਹੈ। ਇਹ ਸ੍ਰਪਨੀ ਸਾਰੇ ਸੰਸਾਰ ਦੇ ਅੰਦਰ ਸਾਡੀ ਮਾੜੀ ਮਤਿ ਦੇ ਰੂਪ ਵਿੱਚ ਹੈ ਭਾਵ ਦੁਰਮਤਿ ਦੇ ਰੂਪ ਵਿੱਚ ਹੈ। ਦੁਰਮਤਿ ਉਹ ਹੈ ਜਿਸਨੂੰ ਗੁਰਮਤਿ ਦੀ ਸਮਝ ਨਹੀਂ ਹੈ ਭਾਵ ਜਿਸਦੇ ਅੰਦਰ ਗੁਰਮਤਿ ਰੂਪ ਸੱਚਾ ਗਿਆਨ ਨਹੀਂ ਹੈ ਭਾਵ ਉਸਦੇ ਅੰਦਰ ਅਗਿਆਨਤਾ ਵਾਲੀ ਮਤਿ ਹੈ, ਭਰਮਾਂ ਵਾਲੀ ਮਤਿ ਹੈ ਜਿਸ ਵਿੱਚ ਰਹਿੰਦਿਆਂ ਮਨੁੱਖ ਨੂੰ ਸੱਚ ਦੀ ਸਮਝ ਨਹੀਂ ਪੈਂਦੀ, ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ ਤੇ ਮਨ ਦੀ ਇਹ ਮਾੜੀ ਮਤਿ ਸਾਡੀ ਸੱਚੀ ਸਮਝ ਨੂੰ ਭਾਵ ਸਾਡੇ ਅੰਦਰ ਦੇ ਸੱਚੇ ਗਿਆਨ ਨੂੰ ਖਾ ਜਾਂਦੀ ਹੈ ਭਾਵ ਸੱਚ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੀ, ਸੱਚ ਦੀ ਸਮਝ ਨਹੀਂ ਪੈਣ ਦਿੰਦੀ। ਇਹ ਦੁਰਮਤਿ ਰੂਪ ਸ੍ਰਪਨੀ, ਮਨਮਤਿ ਰੂਪ ਸ੍ਰਪਨੀ ਸਾਡੇ ਆਤਮਿਕ ਜੀਵਨ ਨੂੰ ਖਾ ਜਾਂਦੀ ਹੈ ਭਾਵ ਮਨੁੱਖ ਦਾ ਜੀਵਨ ਬਰਬਾਦ ਕਰ ਦਿੰਦੀ ਹੈ ਜਿਸ ਵਿੱਚ ਰਹਿੰਦਿਆਂ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਆਪਣੇ ਅੰਦਰ ਇਸ ਮਾਇਆ ਦੇ ਬੰਧਨ ਵਿੱਚ ਰਹਿੰਦੇ ਹੋਏ ਕਦੇ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ **(ਦੁਰਮਤਿ ਬਾਧਾ ਸਰਪਨਿ ਖਾਧਾ ॥)**। ਇਸ ਦੁਰਮਤਿ ਰੂਪ ਸ੍ਰਪਨੀ ਦਾ ਸਾਡੇ ਜੀਵਨ ਤੇ ਕੀ ਅਸਰ ਪੈਂਦਾ ਹੈ, ਇਹੀ ਗੱਲ ਸਾਨੂੰ ਅਗਲੇ ਸਵਾਲ ਜਵਾਬ ਰਾਹੀਂ ਸਮਝਾਈ ਹੋਈ ਹੈ।

ਸਵਾਲ : **“ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥”**

ਜਵਾਬ : **“ਮਨਮੁਖਿ ਖੋਇਆ ਗੁਰਮੁਖਿ ਲਾਧਾ ॥”**

ਉਪਰ ਪਹਿਲੀ ਪੰਗਤੀ ਰਾਹੀਂ ਸਿਧ ਗੁਰੂ ਸਾਹਿਬ ਨੂੰ ਪੁੱਛ ਰਹੇ ਹਨ ਕਿ ਕਿਸ ਤਰੀਕੇ ਮਨੁੱਖ ਨੇ ਪ੍ਰਮਾਤਮਾ ਨੂੰ ਗਵਾਇਆ ਹੋਇਆ ਹੈ ਭਾਵ ਕਿਸ ਤਰੀਕੇ ਮਨੁੱਖ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਭਾਵ ਜਿਸਨੇ ਪ੍ਰਮਾਤਮਾ ਦੇ ਨਾਲ ਮੇਲ ਕੀਤਾ ਹੈ ਭਾਵ ਉਸ ਪ੍ਰਮਾਤਮਾ ਨੂੰ ਲੱਭਿਆ ਹੈ ਉਹ ਕਿਸ ਤਰੀਕੇ ਲੱਭਿਆ ਹੈ **(ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥)**।

46/6096

ਆਉ ਇਸ ਗੱਲ ਦੇ ਜਵਾਬ ਨੂੰ ਸਮਝੀਏ ਕਿ ਪ੍ਰਮਾਤਮਾ ਨਾਲੋਂ ਵਿਛੋੜਾ ਕੀ ਹੈ ਤੇ ਫਿਰ ਉਸਦੇ ਨਾਲ ਮੇਲ ਕਿਵੇਂ ਹੁੰਦਾ ਹੈ।

“ਮਨਮੁਖਿ ਖੋਇਆ ਗੁਰਮੁਖਿ ਲਾਧਾ ॥”

ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਨੂੰ ਅਸੀਂ ਕਿਸ ਤਰੀਕੇ ਗਵਾਇਆ ਹੋਇਆ ਹੈ ਤੇ ਉਹ ਕਿਸ ਤਰੀਕੇ ਲੱਭਦਾ ਹੈ। ਤਰੀਕਾ ਉਹੀ ਹੈ ਜੋ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਜਦੋਂ ਵੀ ਲੱਭਦਾ ਹੈ ਉਸੇ ਜਗ੍ਹਾ ਤੋਂ ਲੱਭਦਾ ਹੈ ਜਿੱਥੇ ਅਸੀਂ ਉਸਨੂੰ ਗਵਾਇਆ ਹੋਇਆ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ। ਮਨ ਦੇ ਵਿੱਚ ਹੀ ਅਸੀਂ ਪ੍ਰਮਾਤਮਾ ਨੂੰ ਗਵਾਇਆ ਹੋਇਆ ਹੈ ਤੇ ਮਨ ਦੇ ਵਿੱਚੋਂ ਹੀ ਉਹ ਲੱਭਦਾ ਹੈ। ਜਦ ਤੱਕ ਅਸੀਂ ਮਨਮੁਖਿ ਬਣੇ ਰਹਿੰਦੇ ਹਾਂ ਭਾਵ ਆਪਣੇ ਮਨ ਦੀ ਮਤਿ ਦੇ ਨਾਲ, ਮਨ ਦੀ ਸਮਝ ਦੇ ਨਾਲ ਜੁੜੇ ਰਹਿੰਦੇ ਹਾਂ ਤਦ ਤੱਕ ਅਸੀਂ ਮਨਮੁਖਿ ਹਾਂ। ਅਸੀਂ ਆਪਣੇ ਮਨ ਦੇ ਅੰਦਰ ਹੀ ਮਨਮੁਖਿ ਹਾਂ ਤੇ ਮਨ ਦੇ ਵਿੱਚ ਹੀ ਗੁਰਮੁਖਿ ਰੂਪ ਬਣ ਸਕਦੇ ਹਾਂ। ਗੁਰਮੁਖਿ ਬਣਨਾ ਗੁਰੂ ਦੀ ਮਤਿ ਵਾਲਾ ਬਣਨਾ ਹੈ ਭਾਵ ਗੁਰੂ ਦੇ ਗਿਆਨ ਵਾਲਾ ਬਣਨਾ ਹੈ ਤੇ ਉਹ ਤਾਂ ਹੀ ਬਣਾਂਗੇ ਜੇਕਰ ਅਸੀਂ ਆਪਣੀ ਮਨਮੁੱਖਤਾ ਛਡਾਂਗੇ, ਮਨਮਤਿ ਛਡਾਂਗੇ, ਦੁਰਮਤਿ ਛਡਾਂਗੇ, ਮਾਇਆ ਰੂਪ ਸਰਪਨੀ ਨੂੰ ਛਡਾਂਗੇ ਭਾਵ ਮਨ ਦੀ ਅਗਿਆਨਤਾ ਰੂਪ ਮਾੜੀ ਮਤਿ ਨੂੰ ਛਡਾਂਗੇ। ਪ੍ਰਮਾਤਮਾ ਦੇ ਨਾਲ ਮੇਲ ਸਾਡੀ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਅਗਿਆਨਤਾ ਵਾਲੀ ਮਾੜੀ ਮਤਿ ਵਿੱਚ ਰਹਿੰਦੇ ਹੋਏ ਹਰ ਕਿਸੇ ਨੇ ਪ੍ਰਮਾਤਮਾ ਨੂੰ ਗਵਾਇਆ ਹੋਇਆ ਹੈ ਤੇ ਗੁਰੂ ਦੇ ਸੱਚੇ ਗਿਆਨ ਨੂੰ ਅਪਨਾਉਂਣ ਦੁਆਰਾ ਉਹ ਮਨ ਦੇ ਵਿੱਚੋਂ ਹੀ ਲੱਭ ਪੈਂਦਾ ਹੈ **(ਮਨਮੁਖਿ ਖੋਇਆ ਗੁਰਮੁਖਿ ਲਾਧਾ ॥)**। ਸਾਡਾ ਮਨਮੁਖਿ ਰੂਪ ਕੀ ਹੈ ਤੇ ਗੁਰਮੁਖਿ ਰੂਪ ਕੀ ਹੈ ਇਸ ਗੱਲ ਨੂੰ ਸਮਝਣ ਲਈ ਹੀ ਅਗਲਾ ਸਵਾਲ ਜਵਾਬ ਹੈ ਜੋ ਕਿ ਹੇਠ ਦਿੱਤੇ ਸਵਾਲ ਜਵਾਬ ਰਾਹੀਂ ਸਮਝਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ

46/6097

ਭਾਵ ਉਹ ਕਿਸ ਤਰੀਕੇ ਲੱਭਦਾ ਹੈ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

ਸਵਾਲ : **“ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥”**

ਜਵਾਬ : **“ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥”**

ਉਪਰ ਪਹਿਲੀ ਪੰਗਤੀ ਵਾਲੇ ਸਵਾਲ ਨੂੰ ਧਿਆਨ ਨਾਲ ਸਮਝੋ ਜਿਸ ਦੁਆਰਾ ਸਿਧਾਂ ਨੇ ਪੁੱਛਿਆ ਹੈ ਕਿ ਮਨੁੱਖ ਦਾ ਨਿਰਮਲ ਹੋਣਾ ਕੀ ਹੈ ਤੇ ਅੰਧੇਰਾ ਕੀ ਹੈ ਕਿਉਂਕਿ ਇਸ ਪ੍ਰਸ਼ਨ ਦੁਆਰਾ ਸਾਨੂੰ ਇਸ ਗੱਲ ਦੀ ਵੀ ਸਮਝ ਪੈ ਜਾਂਦੀ ਹੈ ਕਿ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਕੀ ਹੈ ਤੇ ਉਸਦੇ ਨਾਲ ਮੇਲ ਕਿਵੇਂ ਹੁੰਦਾ ਹੈ। ਇਸ ਸਵਾਲ ਦੇ ਜਵਾਬ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਭਾਵ ਪ੍ਰਮਾਤਮਾ ਨੂੰ ਕਿਸ ਤਰੀਕੇ ਲੱਭਿਆ ਜਾ ਸਕਦਾ ਹੈ, ਇਹੀ ਗੱਲ ਸਮਝਾਈ ਹੋਈ ਹੈ। **“ਨਿਰਮਲੁ”** ਮਨ ਰਾਹੀਂ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਲੱਭਿਆ ਜਾ ਸਕਦਾ ਹੈ। ਜਦ ਤੱਕ ਸਾਡੇ ਮਨ ਦੇ ਅੰਦਰ ਹਨੇਰਾ ਹੈ ਭਾਵ ਅਗਿਆਨਤਾ ਰੂਪ ਹਨੇਰਾ ਹੈ ਤਦ ਤੱਕ ਸਾਡਾ ਮਨ ਪਵਿੱਤਰ ਨਹੀਂ ਹੈ। ਗੁਰੂ ਨਿਰਮਲ ਹੈ, ਪਵਿੱਤਰ ਹੈ ਜੋ ਕਿ ਆਪਣੇ ਉੱਚੇ ਗਿਆਨ ਦੁਆਰਾ ਪਵਿੱਤਰ ਹੈ ਜਿਸਦੇ ਅੰਦਰ ਅਗਿਆਨਤਾ ਰੂਪ ਮੈਲ ਨਹੀਂ ਹੈ, ਹਉਮੈ ਰੂਪ ਮੈਲ ਨਹੀਂ ਹੈ, ਮਾਇਆ ਰੂਪ ਮੈਲ ਨਹੀਂ ਹੈ, ਦੁਰਮਤਿ ਰੂਪ ਮੈਲ ਨਹੀਂ ਹੈ। ਗੁਰੂ ਗੁਰਮੁਖਿ ਰੂਪ ਹੈ ਜਿਸਦੇ ਅੰਦਰ ਮਨਮੁਖਿ ਮੈਲ ਨਹੀਂ ਹੈ। ਸਾਡੇ ਅੰਦਰ ਇਹ ਅਗਿਆਨਤਾ ਰੂਪ ਹਨੇਰਾ ਗੁਰੂ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਮਕਸਦ ਸਾਡੇ ਮਨ ਨੂੰ ਨਿਰਮਲ ਬਨਾਉਂਣ ਦਾ ਹੈ, ਪਵਿੱਤਰ ਬਨਾਉਂਣ ਦਾ ਹੈ, ਸਾਡੇ ਅੰਦਰੋਂ ਅਗਿਆਨਤਾ ਰੂਪ ਮੈਲ ਕੱਢ ਕੇ ਆਪਣੇ ਸੱਚੇ ਗਿਆਨ ਦੁਆਰਾ ਪਵਿੱਤਰ ਬਨਾਉਂਣ ਦਾ ਹੈ। ਜਿਸਦਾ ਸਤਿਗੁਰ ਨਾਲ ਮੇਲ ਹੋ ਜਾਂਦਾ ਹੈ ਉਸਦੇ ਮਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ, ਉਸਦੀ ਹਉਮੈ ਮਿਟ ਜਾਂਦੀ ਹੈ, ਉਹ ਪ੍ਰਮਾਤਮਾ ਦੇ ਵਿੱਚ

ਸਮਾ ਜਾਂਦਾ ਹੈ ਭਾਵ ਉਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਉਹ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਲੱਭ ਲੈਂਦਾ ਹੈ। ਪ੍ਰਮਾਤਮਾ ਦੇ ਨਾਲ ਵਿਛੋੜਾ ਮਨ ਦੇ ਅੰਧੇਰੇ ਕਰਕੇ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਹੈ ਜੋ ਵਿਛੋੜਾ ਮਨ ਦੀ ਅਗਿਆਨਤਾ ਦੂਰ ਹੋਣ ਦੁਆਰਾ ਹੀ ਦੂਰ ਹੁੰਦਾ ਹੈ ਭਾਵ ਮਨ ਦੇ ਵਿੱਚ ਗੁਰੂ ਦਾ ਸੱਚਾ ਗਿਆਨ ਵਸੱਣ ਦੁਆਰਾ ਹੀ ਹੁੰਦਾ ਹੈ। ਸਿਧ ਉਪਰ ਸ਼ਬਦ ਵਿੱਚ ਇਹ ਵੀ ਕਹਿ ਰਹੇ ਹਨ ਕਿ ਅਸੀਂ ਉਸਨੂੰ ਆਪਣਾ ਗੁਰੂ ਮੰਨਾਂਗੇ ਜੋ ਸਾਡੇ ਸਵਾਲਾਂ ਦਾ ਜਵਾਬ ਦੇ ਸਕਦਾ ਹੈ ਭਾਵ ਜੋ ਇਸ ਤੱਤ ਨੂੰ ਵਿਚਾਰ ਸਕਦਾ ਹੈ ਭਾਵ ਸਾਨੂੰ ਇਹ ਤੱਤ ਦੀ ਗੱਲ ਸਮਝਾ ਸਕਦਾ ਹੈ। ਉਪਰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਵਿੱਚ ਗੁਰੂ ਸਾਹਿਬ ਨੇ **“ਤਤੁ”** ਦੀ ਗੱਲ ਹੀ ਸਮਝਾਈ ਹੈ ਭਾਵ ਉਨ੍ਹਾਂ ਨੂੰ ਅਸਲੀਅਤ ਸਮਝਾਈ ਹੈ ਕਿ ਮਨੁੱਖ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਕਿਸ ਕਰਕੇ ਹੈ ਤੇ ਉਸਦੇ ਨਾਲ ਮੇਲ ਕਿਵੇਂ ਹੁੰਦਾ ਹੈ। ਸਾਰੀ ਗੁਰਬਾਣੀ ਸਾਨੂੰ ਤੱਤ ਹੀ ਸਮਝਾ ਰਹੀ ਹੈ ਭਾਵ ਅਸਲੀਅਤ ਹੀ ਸਮਝਾ ਰਹੀ ਹੈ, ਸੱਚ ਹੀ ਸਮਝਾ ਰਹੀ ਹੈ, ਨਾਮ ਹੀ ਸਮਝਾ ਰਹੀ ਹੈ ਜਿਸਦਾ ਮਕਸਦ ਸਾਨੂੰ ਮਨ ਦੇ ਹਨੇਰੇ ਵਿੱਚੋਂ ਕੱਢਣ ਦਾ ਹੀ ਹੈ। ਜਿੱਥੇ ਤੱਤ ਹੈ ਉੱਥੇ ਕੋਈ ਭਰਮ ਨਹੀਂ ਹੋ ਸਕਦਾ ਤੇ ਜਿੱਥੇ ਭਰਮ ਹੈ ਉੱਥੇ ਤੱਤ ਨਹੀਂ ਹੋ ਸਕਦਾ। ਹਉਮੈ ਭਰਮ ਹੈ ਤੇ ਤੱਤ ਨਾਮ ਹੈ। ਇਸੇ ਕਰਕੇ ਇਨ੍ਹਾਂ ਦੋਨਾਂ ਦਾ ਮੇਲ ਨਹੀਂ ਹੁੰਦਾ ਭਾਵ ਇਹ ਇੱਕ ਥਾਂ ਇਕੱਠੇ ਨਹੀਂ ਰਹਿ ਸਕਦੇ। ਹਉਮੈ ਸਾਡੇ ਮਨ ਦੇ ਵਿਚਾਰ ਹਨ ਤੇ ਤੱਤ ਗੁਰੂ ਦੇ ਵਿਚਾਰ ਹਨ। ਸਭ ਨੂੰ ਆਪਣੇ ਵਿਚਾਰ ਚੰਗੇ ਲੱਗਦੇ ਹਨ ਭਾਵ ਹਉਮੈ ਚੰਗੀ ਲੱਗਦੀ ਹੈ ਜਿਸ ਕਰਕੇ ਅਸੀਂ ਗੁਰੂ ਦੇ ਤੱਤ ਵਾਲੇ ਵਿਚਾਰਾਂ ਨੂੰ, ਨਾਮ ਵਾਲੇ ਵਿਚਾਰਾਂ ਨੂੰ ਅਪਨਾਉਂਣ ਤੋਂ ਦੂਰ ਰਹਿੰਦੇ ਹਾਂ ਤੇ ਗੁਰੂ ਦੇ ਵਿਚਾਰਾਂ ਦੀ ਵਿਰੋਧਤਾ ਕਰਦੇ ਹਾਂ। ਇਹ ਵਿਰੋਧਤਾ ਛੱਡੇ ਬਿਨਾਂ, ਗੁਰੂ ਨਾਲ ਝਗੜਾ ਛੱਡੇ ਬਿਨਾਂ, ਗੁਰੂ ਦੀ ਨਿੰਦਾ ਛੱਡੇ ਬਿਨਾਂ ਕਦੇ ਹਉਮੈ ਵਿੱਚੋਂ ਨਹੀਂ ਨਿਕਲ ਸਕਦੇ ਤੇ ਉਸ ਤੱਤ ਦੇ ਨਾਲ, ਨਾਮ ਦੇ ਨਾਲ ਨਹੀਂ ਜੁੜ ਸਕਦੇ। ਹਉਮੈ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਨਾਮ ਪ੍ਰਮਾਤਮਾ ਦੇ ਨਾਲ ਮੇਲ ਹੈ। ਇਹ ਗੁਰਬਾਣੀ ਦਾ ਸਮਝਾਇਆ ਹੋਇਆ ਤੱਤ ਹੈ **(ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ॥੧੪॥) (ਸਤਿਗੁਰੁ ਮਿਲੈ ਅੰਧੇਰਾ ਜਾਇ॥ ਨਾਨਕ ਹਉਮੈ ਮੇਟਿ ਸਮਾਇ ॥੧੫॥)**।

46/6099

ਵਡਹੰਸੁ ਮਹਲਾ ੩ ॥

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

ਮਾਝ ਮਹਲਾ ੫ ਘਰੁ ੧ ॥

{ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥੧॥ ਰਹਾਉ ॥ ਸਾਧਿਕ ਸਿਧ ਜਿਸੈ ਕਉ ਫਿਰਦੇ ॥
ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥ ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨॥
ਆਠ ਪਹਰ ਤੁਧੁ ਜਾਪੇ ਪਵਨਾ ॥ ਧਰਤੀ ਸੇਵਕ ਪਾਇਕ ਚਰਨਾ ॥
ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ ॥੩॥ ਸਾਚਾ ਸਾਹਿਬੁ ਗੁਰਮੁਖਿ ਜਾਪੈ ॥
ਪੂਰੇ ਗੁਰ ਕੈ ਸਬਦਿ ਸਿਞਾਪੈ ॥ ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥੪॥
ਤਿਸੁ ਘਰਿ ਸਹਜਾ ਸੋਈ ਸੁਹੇਲਾ ॥ ਅਨਦ ਬਿਨੋਦ ਕਰੇ ਸਦ ਕੇਲਾ ॥
ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥੫॥ ਪਹਿਲੋ ਦੇ ਤੈਂ ਰਿਜਕੁ ਸਮਾਹਾ ॥
ਪਿਛੋ ਦੇ ਤੈਂ ਜੰਤੁ ਉਪਾਹਾ ॥ ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥੬॥
ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥ ਸਾਧ ਜਨਾ ਕਾ ਮੰਤ੍ਰੁ ਕਮਾਏ ॥
ਆਪਿ ਤਰੈ ਸਗਲੇ ਕੁਲ ਤਾਰੇ ਤਿਸੁ ਦਰਗਹ ਠਾਕ ਨ ਪਾਵਣਿਆ ॥੭॥ ਤੂੰ ਵਡਾ ਤੂੰ ਊਚੋ ਊਚਾ ॥
ਤੂੰ ਬੇਅੰਤੁ ਅਤਿ ਮੂਚੋ ਮੂਚਾ ॥ ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ ॥੮॥੧॥੩੫॥}

(ਅੰਗ ੧੩੦-੧੩੧)

{ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ ੪੦)

{ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥

ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥}

(ਅੰਗ ੬੯੦)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ ੨੨੫)

ਜਿਵੇਂ ਕਿ ਉਪਰ ਵਾਲੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਜੋ ਵੀ ਮਨੁੱਖ ਸੰਸਾਰ ਵਿੱਚ ਆਉਂਦਾ ਹੈ ਸਭ ਨੂੰ ਪ੍ਰਮਾਤਮਾ ਆਪ ਹੀ ਦੁਰਮਤਿ ਵਿੱਚ ਰੱਖਦਾ ਹੈ ਕਿਉਂਕਿ ਇਹ ਉਸਦਾ ਆਪਣਾ ਬਣਾਇਆ ਹੋਇਆ ਅਸੂਲ ਹੈ। ਸਾਡੇ ਅੰਦਰ ਦੀ ਇਹ ਮਾਇਆ ਰੂਪ ਨਾਸਮਝ ਮਤਿ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਭਾਵ ਪੁੱਠੀ ਮਤਿ ਹੈ। ਸਿੱਧੀ ਮਤਿ ਉਹ ਹੁੰਦੀ ਹੈ ਜੋ ਮਤਿ ਤੱਤ ਗਿਆਨ ਵਾਲੀ ਮਤਿ ਬਣ ਜਾਂਦੀ ਹੈ। ਸ਼ਬਦ ਦੀ ਵੀਚਾਰ ਤੱਤ ਗਿਆਨ ਹੈ ਤੇ ਜੋ ਸ਼ਬਦ ਦੀ ਵਿਚਾਰ ਨੂੰ

46/6100

ਮੰਨ ਲੈਂਦਾ ਹੈ ਉਹ ਤੱਤ ਗਿਆਨ ਵਾਲੀ ਮਤਿ ਵਾਲਾ ਬਣ ਜਾਂਦਾ ਹੈ ਜਿਸ ਦੁਆਰਾ ਉਸਦੀ ਦੁਰਮਤਿ ਭਾਵ ਕੁਬੁਧਿ ਮਿੱਟ ਜਾਂਦੀ ਹੈ ਜਿਸ ਦੁਆਰਾ ਮਨੁੱਖੀ ਮਤਿ ਆਪਣੇ ਅੰਦਰੋਂ ਪ੍ਰਮਾਤਮਾ ਦੀ ਦਰਗਾਹ ਨੂੰ ਜਾਣ ਲੈਂਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਉਸ ਤੱਤ ਨਾਲ ਭਾਵ ਨਾਮ ਨਾਲ ਜੁੜਨ ਦਾ ਉਦੱਮ ਕਰੀਏ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਮਿਲਦਾ ਹੈ।

“ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥”

(ਅੰਗ ੯੪੪)

“ਕੁਬੁਧਿ” ਕੀ ਹੈ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਭਾਵ ਇਹ ਮਨੁੱਖ ਦੀ ਮਾੜੀ ਬੁਧਿ ਹੈ, ਮਾੜੀ ਮਤਿ ਹੈ। ਸ਼ਬਦ ਕੀ ਹੈ ਇਸ ਗੱਲ ਨੂੰ ਵੀ ਹਰ ਕੋਈ ਸਮਝਦਾ ਹੈ, ਸ਼ਬਦ ਦੀ ਵਿਚਾਰ ਕੀ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸ਼ਬਦ ਦੀ ਵਿਚਾਰ ਗੁਰੂ ਦੇ ਦਿੱਤੇ ਹੋਏ ਵਿਚਾਰ ਹਨ ਜੋ ਗੁਰੂ ਨੇ ਆਪਣੀ ਬੁਧਿ ਦੁਆਰਾ ਦਿੱਤੇ ਹਨ ਭਾਵ ਆਪਣੀ ਸਮਝ ਦੁਆਰਾ ਦਿੱਤੇ ਹਨ। ਕੁਬੁਧਿ ਸਾਡੇ ਮਨ ਦੇ ਵਿਚਾਰ ਹਨ ਜੋ ਵਿਚਾਰ ਗੁਰੂ ਦੀ ਵਿਚਾਰ ਨਾਲ ਮੇਲ ਨਹੀਂ ਖਾਂਦੇ ਭਾਵ ਮਨੁੱਖੀ ਮਤਿ ਵਿੱਚ ਤੇ ਗੁਰੂ ਦੀ ਮਤਿ ਵਿੱਚ ਵਿਚਾਰਾਂ ਦਾ ਹੀ ਭੇਦ ਹੈ, ਮਾੜੀ ਚੰਗੀ ਸਮਝ ਦਾ ਹੀ ਫਰਕ ਹੈ। ਗੁਰੂ ਆਪਣੀ ਉੱਚੀ ਸਮਝ ਦੁਆਰਾ ਪ੍ਰਮਾਤਮਾ ਨੂੰ ਜਾਣਦਾ ਹੈ ਕਿਉਂਕਿ ਉਸਦੇ ਅੰਦਰ ਇਹ ਉੱਚੇ ਵਿਚਾਰ ਪ੍ਰਮਾਤਮਾ ਨੇ ਆਪ ਹੀ ਪਾਏ ਹੋਏ ਹਨ, ਮਨ ਦੇ ਵਿੱਚ ਮੇਲ ਦੁਆਰਾ ਪਾਏ ਹੋਏ ਹਨ ਜਿਸ ਦੁਆਰਾ ਗੁਰੂ ਤੇ ਪ੍ਰਮਾਤਮਾ ਆਪਸ ਵਿੱਚ ਇੱਕੋ ਹੀ ਹਨ, ਮਨ ਦੇ ਵਿਚਾਰਾਂ ਦੁਆਰਾ ਇੱਕੋ ਹੀ ਹਨ। ਸਾਡੇ ਅੰਦਰ ਦੀ ਕੁਬੁਧਿ ਸ਼ਬਦ ਦੀ ਵਿਚਾਰ ਹੀ ਮਿਟਾ ਸਕਦੀ ਹੈ ਤੇ ਹੋਰ ਕੋਈ ਨਹੀਂ ਮਿਟਾ ਸਕਦਾ। **(ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥)** ਇਸ ਗੱਲ ਨੂੰ ਸਮਝੋ ਕਿ

46/6101

ਅਸੀਂ ਮੋਖ ਕਿਸ ਗੱਲ ਤੋਂ ਲੈਣਾ ਹੈ ਭਾਵ ਮੁਕਤੀ ਕਿਵੇਂ ਲੈਣੀ ਹੈ। ਮੁਕਤੀ ਅਸੀਂ ਆਪਣੀ ਕੁਬੁਧਿ ਤੋਂ ਹੀ ਲੈਣੀ ਹੈ ਭਾਵ ਆਪਣੀ ਮਾੜੀ ਮਤਿ ਤੋਂ ਹੀ ਲੈਣੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਮਤਿ ਤੋਂ ਹੀ ਲੈਣੀ ਹੈ। ਸ਼ਬਦ ਦੀ ਵਿਚਾਰ ਭਾਵ ਗੁਰੂ ਦੀ ਵਿਚਾਰ ਸੱਚੇ ਗਿਆਨ ਵਾਲੀ ਮਤਿ ਹੈ, ਨਾਮ ਵਾਲੀ ਮਤਿ ਹੈ ਜਿਸ ਵਿਚਾਰ ਨੂੰ ਮੰਨਣ ਦੁਆਰਾ ਭਾਵ ਆਪਣੇ ਅੰਦਰ ਵੀਚਾਰਨ ਦੁਆਰਾ ਕੁਬੁਧਿ ਵਿੱਚੋਂ ਨਿਕਲ ਜਾਂਦਾ ਹੈ। ਸ਼ਬਦ ਦੇ ਵਿਚਾਰਾਂ ਨਾਲ ਭੇਟ ਹੀ ਸਤਿਗੁਰ ਨਾਲ ਭੇਟ ਹੈ ਭਾਵ ਗੁਰੂ ਪ੍ਰਮਾਤਮਾ ਨਾਲ ਭੇਟ ਹੈ ਜੋ ਭੇਟ ਮਨ ਦੇ ਵਿੱਚ ਹੁੰਦੀ ਹੈ, ਮਨ ਦੇ ਵਿਚਾਰਾਂ ਵਿੱਚ ਹੁੰਦੀ ਹੈ ਭਾਵ ਮਨ ਦੇ ਗਿਆਨ ਵਿੱਚ ਹੁੰਦੀ ਹੈ, ਮਨ ਦੀ ਸਮਝ ਦੇ ਰੂਪ ਵਿੱਚ ਹੁੰਦੀ ਹੈ। ਸ਼ਬਦਾਂ ਦੀ ਵਿਚਾਰ ਮਨੁੱਖ ਨੂੰ ਕੁਬੁਧਿ ਵਾਲੀ ਸਮਝ ਤੋਂ ਮੁਕਤ ਕਰ ਦਿੰਦੀ ਹੈ। ਸਤਿਗੁਰ ਨਾਲ ਭੇਟ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਮਨ ਦੀ ਮਾੜੀ ਮਤਿ ਮਿੱਟਣ ਦੁਆਰਾ ਹੁੰਦੀ ਹੈ ਜੋ ਮਤਿ **“ਸਬਦੁ”** ਰੂਪ ਪ੍ਰਮਾਤਮਾ ਆਪ ਹੀ ਆਪਣੇ ਵਿਚਾਰ ਦੇਣ ਦੁਆਰਾ ਮਿਟਵਾਉਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਵਿਛੋੜਾ ਜਾ ਮੇਲ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਹਰ ਸ਼ਬਦ ਦੀ ਵਿਚਾਰ ਦਾ ਮਕਸਦ ਸਾਡੀ ਕੁਬੁਧਿ ਮਿਟਾਉਂਣ ਦਾ ਹੀ ਹੈ ਤੇ ਉਹ ਤਾਂ ਹੀ ਮਿਟੇਗੀ ਜੇਕਰ ਸ਼ਬਦ ਦੀ ਵਿਚਾਰ ਨੂੰ ਮੰਨਾਂਗੇ, ਨਾਮ ਨੂੰ ਅਸਲ ਰੂਪ ਵਿੱਚ ਮੰਨਾਂਗੇ, ਤੱਤ ਰੂਪ ਵਿੱਚ ਮੰਨਾਂਗੇ, ਸੱਚ ਰੂਪ ਵਿੱਚ ਮੰਨਾਂਗੇ ਭਾਵ ਗੁਰੂ ਦੀ ਸੱਚੀ ਮਤਿ ਦੇ ਰੂਪ ਵਿੱਚ ਮੰਨਾਂਗੇ

(ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥)।

ਸ਼ਬਦ ਦੀ ਵਿਚਾਰ ਹੀ ਤੱਤ ਹੈ ਤੇ ਅਸੀਂ ਉਸ ਤੱਤ ਨੂੰ ਹੀ ਸਮਝਣਾ ਹੈ ਭਾਵ ਮੰਨਣਾ ਹੈ ਜਿਸਨੂੰ ਮੰਨੇ ਬਿਨਾਂ ਅਸੀਂ ਕੁਬੁਧਿ ਵਿੱਚੋਂ ਨਹੀਂ ਨਿਕਲ ਸਕਦੇ, ਦੁਰਮਤਿ ਵਿੱਚੋਂ ਨਹੀਂ ਨਿਕਲ ਸਕਦੇ ਤੇ ਸਾਡੇ ਅੰਦਰ ਦੀ ਮਾੜੀ ਮਤਿ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥”

46/6102

“ਤਤੁ” ਦਾ ਮਕਸਦ ਕੀ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਤੱਤ ਦਾ ਮਕਸਦ ਸਾਨੂੰ ਦੁਰਮਤਿ ਵਿੱਚੋਂ ਕੱਢਣ ਦਾ ਹੈ ਭਾਵ ਮਾੜੀ ਮਤਿ ਵਿੱਚੋਂ ਕੱਢਣ ਦਾ ਹੈ ਜਿਸ ਮਤਿ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ, ਪ੍ਰਮਾਤਮਾ ਦੇ ਨਾਲ ਵਿਛੋੜੇ ਦੀ ਸਮਝ ਨਹੀਂ ਹੈ। ਸਾਡੇ ਅੰਦਰ ਦੀ ਦੁਰਮਤਿ ਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ ਜੋ ਵਿਛੋੜਾ ਮਨ ਦੇ ਵਿੱਚ ਹੀ ਹੈ। ਇਹ ਵਿਛੋੜਾ ਤਾਂ ਹੀ ਦੂਰ ਹੋ ਸਕਦਾ ਹੈ ਜਦੋਂ ਅਸੀਂ ਗੁਰੂ ਦੇ ਸਮਝਾਏ ਹੋਏ ਤੱਤ ਨੂੰ, ਨਾਮ ਰੂਪ ਤੱਤ ਨੂੰ, ਸ਼ਬਦ ਦੀ ਵਿਚਾਰ ਰੂਪ ਤੱਤ ਨੂੰ ਭਾਵ ਗੁਰੂ ਦੇ ਸਮਝਾਏ ਹੋਏ ਸੱਚੇ ਗਿਆਨ ਨੂੰ ਸਮਝ ਕੇ ਉਸ ਨਾਲ ਜੁੜਾਂਗੇ ਤੇ ਆਪਣੀ ਮਨਮੁੱਖਤਾ ਵਿੱਚੋਂ ਨਿਕਲਾਂਗੇ, ਦੁਰਮਤਿ ਵਿੱਚੋਂ ਨਿਕਲਾਂਗੇ। ਸਾਡੇ ਅੰਦਰ ਮਨਮੁਖਿ ਵਾਲੀ ਸਮਝ, ਦੁਰਮਤਿ ਵਾਲੀ ਸਮਝ ਹੀ ਸਾਨੂੰ ਵਿਕਾਰਾਂ ਨਾਲ ਜੋੜਕੇ ਰੱਖਦੀ ਹੈ, ਤ੍ਰਿਸ਼ਨਾਵਾਂ ਨਾਲ ਜੋੜਕੇ ਰੱਖਦੀ ਹੈ ਤੇ ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਲਈ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੁਆਰਾ ਔਖੇ ਹੁੰਦੇ ਹਾਂ ਭਾਵ ਮਨ ਦੇ ਵਿੱਚ ਹੀ ਸੜਦੇ ਰਹਿੰਦੇ ਹਾਂ। ਜਦ ਤੱਕ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਬਣਿਆ ਰਹਿੰਦਾ ਹੈ ਤਦ ਤੱਕ ਅਸੀਂ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ ਜਿਸ ਕਰਕੇ ਅਸੀਂ ਪ੍ਰਮਾਤਮਾ ਦੇ ਦਰ ਤੋਂ ਚੋਟਾਂ ਹੀ ਖਾਂਦੇ ਹਾਂ ਭਾਵ ਔਖੇ ਹੀ ਹੁੰਦੇ ਹਾਂ ਕਿਉਂਕਿ ਸਾਡੀ ਝੂਠੀ ਭਗਤੀ ਕਿਸੇ ਕੰਮ ਨਹੀਂ ਆਉਂਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੇ ਕੰਮ ਨਹੀਂ ਆਉਣੀ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਕੇਵਲ ਤੇ ਕੇਵਲ ਆਪਣੀ ਮਾੜੀ ਮਤਿ ਛੱਡਣ ਦਾ ਹੈ ਭਾਵ ਗੁਰੂ ਦੇ ਤੱਤ ਗਿਆਨ ਨੂੰ ਮੰਨਣ ਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। **(ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥)**

ਅਸੀਂ ਤੱਤ ਨੂੰ ਕਿਸ ਤਰੀਕੇ ਚੀਨਨਾ ਹੈ, ਦੁਰਮਤਿ ਦੇ ਵਿੱਚੋਂ ਕਿਸ ਤਰੀਕੇ ਨਿਕਲਣਾ ਹੈ, ਪ੍ਰਮਾਤਮਾ ਦੇ ਦਰ ਤੋਂ ਹੁੰਦੀ ਖੁਆਰੀ ਵਿੱਚੋਂ ਕਿਸ ਤਰੀਕੇ ਨਿਕਲਣਾ ਹੈ ਇਸੇ ਗੱਲ ਨੂੰ ਹੀ ਅਗਲੀਆਂ ਪੰਗਤੀਆਂ ਦੁਆਰਾ ਸਪਸ਼ਟ ਕੀਤਾ ਹੋਇਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

46/6103

“ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥”

ਸ਼ਬਦ ਦੀ ਵਿਚਾਰ ਨੂੰ ਅਸੀਂ ਆਪਣੇ ਅੰਦਰ ਕਿਸ ਤਰੀਕੇ ਵਿਚਾਰਨਾ ਹੈ, ਤੱਤ ਨੂੰ ਆਪਣੇ ਅੰਦਰ ਕਿਸ ਤਰੀਕੇ ਚੀਨਨਾ ਹੈ ਭਾਵ ਕੁਬੁਧਿ ਤੋਂ, ਦੁਰਮਤਿ ਤੋਂ ਕਿਸ ਤਰੀਕੇ ਆਪਣੇ ਆਪ ਨੂੰ ਛਡਾਉਣਾ ਹੈ, ਕਿਸ ਤਰੀਕੇ ਮੋਖ ਦੁਆਰ ਦੀ ਪ੍ਰਾਪਤੀ ਕਰਨੀ ਹੈ, ਕਿਸ ਤਰੀਕੇ ਪ੍ਰਮਾਤਮਾ ਤੋਂ ਵਿਛੋੜਾ ਦੂਰ ਕਰਨਾ ਹੈ, ਕਿਸ ਤਰੀਕੇ ਤ੍ਰਿਸ਼ਨਾਵਾਂ ਦੀ ਅਗਨੀ ਤੋਂ ਬੱਚਣਾ ਹੈ ਭਾਵ ਕਿਸ ਤਰੀਕੇ ਭਗਤੀ ਦੇ ਸਹੀ ਮਾਰਗ ਨੂੰ ਜਾਨਣਾ ਹੈ ਤੇ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਹਰ ਸ਼ਬਦ ਦੀ ਵਿਚਾਰ ਸਾਡੇ ਸਭ ਲਈ ਗੁਰੂ ਪ੍ਰਮਾਤਮਾ ਦਾ ਹੁਕਮ ਹੈ। ਸ਼ਬਦ ਦੀ ਵਿਚਾਰ ਹੀ ਉਸਦੇ ਅੰਦਰ ਦਾ ਤੱਤ ਹੈ ਭਾਵ ਤੱਤ ਗਿਆਨ ਹੈ। ਗੁਰੂ ਦਾ ਹੁਕਮ ਸਾਡੇ ਸਭ ਲਈ ਤੱਤ ਗਿਆਨ ਦੇ ਰੂਪ ਵਿੱਚ ਹੀ ਹੈ। ਸਾਰੀ ਗੱਲ ਗੁਰੂ ਦੇ ਹੁਕਮ ਨੂੰ ਮੰਨਣ ਤੇ ਨਿਬੜਦੀ ਹੈ ਜੋ ਕਿ ਸਭ ਲਈ ਔਖਾ ਹੈ। ਆਪਣੀ ਮਤਿ ਸਭ ਨੂੰ ਚੰਗੀ ਲੱਗਦੀ ਹੈ, ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ ਇਸੇ ਲਈ ਗੁਰੂ ਦੇ ਹੁਕਮ ਨੂੰ ਮੰਨਣਾ ਔਖਾ ਲੱਗਦਾ ਹੈ। ਗੁਰੂ ਦਾ ਹੁਕਮ ਹੀ ਉਸਦਾ ਨਾਮ ਹੈ। ਗੁਰੂ ਆਪਣੇ ਹੁਕਮ ਦੁਆਰਾ ਭਾਵ ਸ਼ਬਦਾਂ ਦੀ ਵਿਚਾਰ ਦੁਆਰਾ ਗੁਣ ਹੀ ਸਮਝਾਉਂਦਾ ਹੈ ਭਾਵ ਹਰ ਔਗੁਣ ਛੱਡਣ ਲਈ ਹੀ ਸਮਝਾਉਂਦਾ ਹੈ। ਜੋ ਗੁਰੂ ਦੇ ਹੁਕਮ ਨੂੰ ਮੰਨੇਗਾ ਉਹ ਗੁਰੂ ਦੇ ਦੱਸੇ ਹੋਏ ਸਾਰੇ ਗੁਣਾਂ ਨੂੰ ਅਪਨਾਏਗਾ ਭਾਵ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨੇਗਾ, ਗੁਰੂ ਦੇ ਗਿਆਨ ਨੂੰ ਪੂਰਨ ਰੂਪ ਵਿੱਚ ਮੰਨੇਗਾ ਜਿਸ ਦੁਆਰਾ ਮਨੁੱਖ ਮਨ ਦੀ ਮਾੜੀ ਮਤਿ ਵਿੱਚੋਂ ਨਿਕਲਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਦਾ ਹੈ ਤੇ ਧਰਮ ਦੇ ਸੱਚੇ ਮਾਰਗ ਤੇ, ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ ਭਾਵ ਹਰ ਔਗੁਣ ਤੋਂ ਰਹਿਤ ਹੋ ਕੇ ਗੁਰੂ ਦੇ ਗੁਣਾਂ ਨੂੰ ਅਪਨਾਉਂਣ ਦੁਆਰਾ ਵਿਚਰਦਾ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਫਿਰ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਜਿਸ ਦੁਆਰਾ ਉਸਨੂੰ ਪ੍ਰਮਾਤਮਾ

46/6104

ਦੀ ਦਰਗਾਹ ਵਿੱਚ ਮਾਨ ਮਿਲਦਾ ਹੈ ਜੋ ਉਸਦੀ ਦਰਗਾਹ ਸਾਡੇ ਅੰਦਰ ਹੀ ਹੈ, ਤੱਤ ਗਿਆਨ ਦੇ ਰੂਪ ਵਿੱਚ ਹੀ ਹੈ। **(ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥)**

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥}

(ਅੰਗ ੪੧੮)

{ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥
ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥ ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ॥}

(ਅੰਗ ੮੧੪)

{ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥}

(ਅੰਗ ੨੦੯)

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥
ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥
ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥੫॥}

(ਅੰਗ ੮੦੦)

ਉਪਰ ਕੁਝ ਸ਼ਬਦਾਂ ਦੁਆਰਾ ਅਸੀਂ **"ਤਤੁ"** ਨੂੰ ਸਮਝਿਆ ਹੈ ਜੋ ਕਿ ਗਿਆਨ ਤੱਤ ਦੇ ਰੂਪ ਵਿੱਚ ਹੈ ਅਸੀਂ ਆਪਣੇ ਅੰਦਰ ਇਸ ਗਿਆਨ ਤੱਤ ਨੂੰ ਹੀ ਵਿਚਾਰਨਾ ਹੈ ਜਿਸ ਦੁਆਰਾ ਮਨੁੱਖ ਦੀ ਹਉਮੈ ਦੂਰ ਹੋ ਸਕਦੀ ਹੈ ਤੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ। ਮਨ ਦੀ ਹਉਮੈ ਕਾਰਨ ਮਨੁੱਖ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦਾ ਹੈ ਭਾਵ ਪ੍ਰਮਾਤਮਾ ਨਾਲੋਂ ਵੱਖਰਾ

46/6105

ਸਮਝਦਾ ਹੈ। ਆਉ ਇਸ ਗੱਲ ਨੂੰ ਸਿੱਧ ਗੋਸਟਿ ਦੇ ਹੀ ਇੱਕ ਹੋਰ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ ਤਾਂ ਜੋ ਸਾਨੂੰ **"ਤਤੁ"** ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ।

"ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥"

(ਅੰਗ ੯੪੬)

ਉਪਰ ਪਹਿਲੀ ਪੰਗਤੀ ਰਾਹੀਂ ਸਿੱਧਾਂ ਦਾ ਗੁਰੂ ਸਾਹਿਬਾਨ ਨੂੰ ਪ੍ਰਸ਼ਨ ਕੀਤਾ ਹੋਇਆ ਹੈ ਤੇ ਉਸ ਤੋਂ ਬਾਅਦ ਵਾਲੀਆਂ ਪੰਗਤੀਆਂ ਦੁਆਰਾ ਗੁਰੂ ਸਾਹਿਬਾਨ ਨੇ ਪ੍ਰਸ਼ਨ ਦਾ ਉਤੱਰ ਸਮਝਾਇਆ ਹੋਇਆ ਹੈ। ਸਿੱਧਾਂ ਦਾ ਪ੍ਰਸ਼ਨ ਵੀ ਗਹਿਰਾ ਹੈ ਤੇ ਉਸਦਾ ਉਤੱਰ ਵੀ ਗਹਿਰਾ ਹੈ ਕਿਉਂਕਿ ਇਹ ਮਨੁੱਖ ਦੇ ਉਪਜਨ ਤੇ ਬਿਨਸਨ ਬਾਰੇ ਸਵਾਲ ਹਨ। ਪ੍ਰਸ਼ਨ ਕਿਸੇ ਵੀ ਮਨੁੱਖ ਲਈ ਸਮਝਣਾ ਦਿਲਚਸਪੀ

ਦੀ ਗੱਲ ਹੈ ਕਿਉਂਕਿ ਇਸਦੀ ਸਮਝ ਕਿਸੇ ਨੂੰ ਵੀ ਨਹੀਂ ਹੈ। ਆਉ ਪਹਿਲਾਂ ਪ੍ਰਸ਼ਨ ਨੂੰ ਸਮਝੀਏ।

"ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥"

ਸਿਧ ਗੁਰੂ ਸਾਹਿਬਾਨ ਨੂੰ ਪੁੱਛ ਰਹੇ ਹਨ ਕਿ ਉਹ ਕਿਹੜੀ ਵਿਧੀ ਹੈ ਜਿਸ ਵਿਧੀ ਦੁਆਰਾ ਮਨੁੱਖ ਦਾ ਜਨਮ ਹੁੰਦਾ ਹੈ ਤੇ ਉਹ ਕਿਹੜੀ ਵਿਧੀ ਹੈ ਭਾਵ ਉਹ ਕਿਹੜਾ ਦੁੱਖ ਹੈ ਜਿਸ ਨਾਲ ਮਨੁੱਖ ਬਿਨਸ ਜਾਂਦਾ ਹੈ ਭਾਵ ਸੰਸਾਰ ਵਿੱਚ ਮਨੁੱਖ ਦਾ ਜਨਮ ਮਰਨ ਕੀ ਹੈ।

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਭਾਵ ਮਨੁੱਖ ਦਾ ਜਨਮ ਮਰਨ ਸਮਝਿਆ ਹੈ ਉਹੀ ਜਨਮ ਮਰਨ ਗੁਰੂ ਸਾਹਿਬ ਨੇ ਪ੍ਰਸ਼ਨ ਦੇ ਉਤਰ ਰਾਹੀਂ ਸਮਝਾਇਆ ਹੋਇਆ ਹੈ।

46/6106

"ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥"

ਉਪਰਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ ਮਨੁੱਖ ਦਾ ਜਨਮ ਕਿਵੇਂ ਹੁੰਦਾ ਹੈ। ਬੜਾ ਸਪਸ਼ਟ ਕਰਕੇ ਸਮਝਾਇਆ ਹੈ ਕਿ ਮਨੁੱਖ ਭਾਵ ਪੂਰਾ ਜਗ ਕਿਸ ਤਰੀਕੇ ਉਪਜਦਾ ਹੈ। ਪੂਰਾ ਜਗ ਹਉਮੈ ਵਿੱਚ ਉਪਜਦਾ ਹੈ ਜਿਸਨੂੰ ਗਹਿਰਾਈ ਵਿੱਚ ਸਮਝਣਾ ਬਹੁਤ ਜਰੂਰੀ ਹੈ। ਗੁਰੂ ਸਾਹਿਬ ਪ੍ਰਮਾਤਮਾ ਦਾ ਰੂਪ ਹਨ ਤੇ ਉਨ੍ਹਾਂ ਦੀ ਦੱਸੀ ਹੋਈ ਗੱਲ ਕਦੇ ਝੂਠੀ ਨਹੀਂ ਹੋ ਸਕਦੀ ਭਾਵ ਗੁਰੂ ਸਾਹਿਬ ਸਾਨੂੰ ਜੋ ਕੁਝ ਵੀ ਸਮਝਾਉਂਦੇ ਹਨ ਉਹ ਤੱਤ ਦੀ ਗੱਲ ਹੈ ਭਾਵ ਉਸ ਵਿੱਚ ਪੂਰਨ ਸੱਚ ਹੈ ਕਿਉਂਕਿ ਉਹ ਭਰਮ ਤੋਂ ਰਹਿਤ ਹਨ। **"ਹਉਮੈ"** ਸਾਡੇ ਅੰਦਰ ਦੀ ਭਰਮਾਂ ਵਾਲੀ ਮਤਿ ਹੈ, ਮਾਇਆ ਰੂਪ ਮਤਿ ਹੈ, ਤ੍ਰੈ ਗੁਣਾਂ ਵਾਲੀ ਮਤਿ ਹੈ ਜੋ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਅਸੀਂ ਜੋ ਕੁਝ ਵੀ ਆਪਣੇ ਆਪ ਨੂੰ ਸਮਝਦੇ ਹਾਂ ਉਹ ਆਪਣੇ ਮਨ ਦੀ ਸਮਝ ਦੁਆਰਾ ਹੀ ਸਮਝਦੇ ਹਾਂ। ਹਉਮੈ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਰੱਖਣ ਦਾ ਹੈ, ਪ੍ਰਮਾਤਮਾ ਨਾਲੋਂ ਪਰਦਾ ਬਣਾ ਕੇ ਰੱਖਣ ਦਾ ਹੈ। ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਸਾਡੇ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਪਰ ਸਾਡੇ ਮਨ ਦੀ ਹਉਮੈ ਵਾਲੀ ਸਮਝ ਇਹ ਮੰਨਣ ਤੋਂ ਦੂਰ ਰੱਖਦੀ ਹੈ ਭਾਵ ਸਾਨੂੰ ਭਰਮ ਵਿੱਚ ਪਾ ਕੇ ਰੱਖਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਜੋ ਕਿ ਪ੍ਰਮਾਤਮਾ ਨਾਲੋਂ ਵੱਖਰਾ ਹਾਂ। ਜਦੋਂ ਸਾਡੇ ਅੰਦਰ ਦੀ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖ ਹਾਂ ਇਹੀ ਸਾਡਾ ਮਨੁੱਖੀ ਜਨਮ ਹੈ ਜੋ ਕਿ ਇੱਕ ਝੂਠਾ ਜਨਮ ਹੈ। ਮਨ ਦੇ ਵਿਚਾਰਾਂ ਰਾਹੀਂ ਹੀ ਸਾਡਾ ਜਨਮ ਹੁੰਦਾ ਹੈ ਤੇ ਸਾਡੇ ਮਨ ਦੇ ਵਿਚਾਰ ਹੀ ਸਾਨੂੰ ਮਾਰਨ ਵਾਲੇ ਹਨ ਕਿਉਂਕਿ ਹਉਮੈ ਵਿੱਚ ਰਹਿੰਦੇ ਹੋਏ ਸਾਡਾ ਅਸਲ ਘਰ ਵਿੱਚ ਜਨਮ ਨਹੀਂ ਹੁੰਦਾ ਜੋ ਘਰ ਸਾਡੇ ਅੰਦਰ ਹੀ ਹੈ ਤੇ ਉਹ ਨਾਮ ਦਾ ਘਰ ਹੈ, ਪ੍ਰਮਾਤਮਾ ਦਾ ਘਰ ਹੈ, ਸਹਜ ਦਾ ਘਰ ਹੈ, ਸਭ ਤੋਂ ਉੱਚੇ ਗਿਆਨ ਦਾ ਘਰ ਹੈ, ਗੁਰਮਤਿ ਰੂਪ ਸੱਚੇ ਗਿਆਨ ਦਾ ਘਰ ਹੈ ਜਿਸ ਘਰ ਵਿੱਚ ਪਹੁੰਚ ਕੇ ਸਾਡਾ ਅਸਲ ਜਨਮ ਹੁੰਦਾ ਹੈ। ਉਸ ਘਰ ਵਿੱਚ ਜੰਮਣ ਦੁਆਰਾ ਫਿਰ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਨਹੀਂ ਕਹਿ ਸਕਦੇ ਭਾਵ ਸਾਨੂੰ ਮਨ ਦੀ ਸੱਚੀ ਸਮਝ ਦੁਆਰਾ ਸੱਚ ਦੀ ਸਮਝ ਲੱਗ ਜਾਂਦੀ ਹੈ, ਤੱਤ ਦੀ

46/6107

ਸਮਝ ਲੱਗ ਜਾਂਦੀ ਹੈ ਭਾਵ ਅਸਲੀਅਤ ਦੀ ਸਮਝ ਲੱਗ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ, ਹਰ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਸੱਚੇ ਗਿਆਨ ਦੇ ਰੂਪ ਵਿੱਚ ਹੈ। ਨਾਮ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਤੇ ਜਦ ਤੱਕ ਮਨੁੱਖ ਹਉਮੈ ਵਿੱਚ ਹੈ ਮਨ ਦੀ ਇਹ ਸਮਝ ਸਾਨੂੰ ਨਾਮ ਤੋਂ ਦੂਰ ਰੱਖਦੀ ਹੈ, ਨਾਮ ਤੋਂ ਵਿਸਾਰ ਕੇ ਰੱਖਦੀ ਹੈ ਭਾਵ ਸਾਨੂੰ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦੇ ਦੁੱਖ ਵਿੱਚ ਰੱਖਦੀ ਹੈ। ਜਦ ਤੱਕ ਅਸੀਂ ਹਉਮੈ ਦੇ ਘਰ ਵਿੱਚ ਹਾਂ ਤਦ ਤੱਕ ਮਨ ਦੇ ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ, ਬਿਨਸਦੇ ਹਨ ਇਹੀ ਸਾਡਾ ਜਨਮ ਮਰਨ ਹੈ। ਅਸੀਂ ਮਨ ਦੇ ਵਿੱਚ ਬਾਰ-ਬਾਰ ਜੰਮਦੇ ਮਰਦੇ ਰਹਿੰਦੇ ਹਾਂ ਜਿਸਦਾ ਕਾਰਨ ਸਾਡੇ ਅੰਦਰ ਨਾਮ ਦਾ ਨਾ ਹੋਣਾ ਹੈ, ਸੱਚੇ ਗਿਆਨ ਦੀ ਸਮਝ ਦਾ ਨਾ ਹੋਣਾ ਹੈ। ਜਦੋਂ ਮਨੁੱਖ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਮਨ ਦੀ ਸਮਝ ਰਾਹੀਂ ਨਾਮ ਦੇ ਘਰ ਵਿੱਚ ਪਹੁੰਚ ਜਾਂਦਾ ਹੈ ਫਿਰ ਉਹ ਹਉਮੈ ਵਿੱਚੋਂ ਨਿਕਲ ਜਾਂਦਾ ਹੈ ਭਾਵ ਉਸ ਦੁੱਖ ਵਿੱਚੋਂ ਨਿਕਲ ਜਾਂਦਾ ਹੈ, ਪ੍ਰਮਾਤਮਾ ਦੇ ਵਿਛੋੜੇ ਦੇ ਦੁੱਖ ਵਿੱਚੋਂ ਨਿਕਲ ਜਾਂਦਾ ਹੈ ਜਿਸਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ ਭਾਵ ਭਰਮਾਂ ਵਾਲੀ ਨਾਸਮਝ ਮਤਿ ਹੈ **(ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥)**।

ਇਸੇ ਲਈ ਬਾਣੀ ਵਿੱਚ ਸਾਨੂੰ ਅਨੇਕਾਂ ਵਾਰ ਇਹ ਸਮਝਾਇਆ ਹੋਇਆ ਹੈ ਕਿ ਜੱਗ ਵਿੱਚ ਨਾ ਕੋਈ ਜੰਮਦਾ ਹੈ ਨਾ ਕੋਈ ਮਰਦਾ

ਹੈ, ਨਾ ਕੋਈ ਆਉਂਦਾ ਹੈ ਨਾ ਕੋਈ ਜਾਂਦਾ ਹੈ। ਗੁਰੂ ਸਾਨੂੰ ਜੋ ਵੀ ਸਮਝਾਉਂਦਾ ਹੈ ਉਹ ਤੱਤ ਦੀ ਗੱਲ ਹੈ ਭਾਵ ਪੂਰਨ ਸੱਚ ਦੀ ਗੱਲ ਹੈ ਪਰ ਮਨ ਦਾ ਭਰਮ ਨਿਕਲੇ ਬਿਨਾਂ, ਹਉਮੈ ਨਿਕਲੇ ਬਿਨਾਂ ਅਸੀਂ ਇਸ ਗੱਲ ਨੂੰ ਮੰਨ ਹੀ ਨਹੀਂ ਸਕਦੇ ਕਿਉਂਕਿ ਅਸੀਂ ਇਹ ਨਹੀਂ ਮੰਨ ਸਕਦੇ ਕਿ ਅਸੀਂ ਮਨੁੱਖ ਨਹੀਂ ਹਾਂ ਭਾਵ ਅਸੀਂ ਪ੍ਰਮਾਤਮਾ ਤੋਂ ਵੱਖਰੇ ਨਹੀਂ ਹਾਂ। ਹਉਮੈ ਵਿੱਚੋਂ ਨਿਕਲਣਾ ਹੀ ਜਨਮ ਮਰਨ ਵਿੱਚੋਂ ਨਿਕਲਣਾ ਹੈ ਕਿਉਂਕਿ ਹਉਮੈ ਵਿੱਚੋਂ ਨਿਕਲ ਕੇ ਮਨੁੱਖ ਦਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਹੁੰਦਾ ਹੈ ਜੋ ਘਰ ਜਨਮ ਮਰਨ ਤੋਂ ਰਹਿਤ ਹੈ ਭਾਵ ਹਉਮੈ ਤੋਂ ਰਹਿਤ ਹੈ ਭਾਵ ਅਗਿਆਨਤਾ ਤੋ ਰਹਿਤ ਹੈ ਕਿਉਂਕਿ ਉਸਦਾ ਘਰ ਤੱਤ ਗਿਆਨ ਦਾ

46/6108

ਘਰ ਹੈ ਜਿਸ ਘਰ ਵਿੱਚ ਜੰਮਣ ਦੁਆਰਾ ਭਾਵ ਪਹੁੰਚਣ ਦੁਆਰਾ ਭਾਵ ਮੇਲ ਹੋਣ ਦੁਆਰਾ ਮਨੁੱਖ ਨੂੰ ਤੱਤ ਦੀ ਸਮਝ ਲੱਗ ਜਾਂਦੀ ਹੈ, ਸੱਚ ਦੀ, ਅਸਲੀਅਤ ਦੀ ਸਮਝ ਲੱਗ ਜਾਂਦੀ ਹੈ ਜੋ ਸਮਝ ਹਉਮੈ ਦੇ ਘਰ ਵਿੱਚ ਰਹਿੰਦੇ ਹੋਏ ਕਦੇ ਨਹੀਂ ਲੱਗ ਸਕਦੀ। ਪ੍ਰਮਾਤਮਾ ਦਾ ਘਰ ਸਾਡੇ ਮਨ ਦੇ ਵਿੱਚ ਹੀ ਹੈ ਪਰ ਉਸਦੇ ਘਰ ਵਿੱਚ ਮਨੁੱਖ ਤਾਂ ਹੀ ਪਹੁੰਚਦਾ ਹੈ ਜਦੋਂ ਮਨ ਦੇ ਵਿੱਚੋਂ ਹਉਮੈ ਰੂਪ ਪਰਦਾ, ਹਉਮੈ ਰੂਪ ਦੀਵਾਰ ਦੂਰ ਹੋ ਜਾਂਦੀ ਹੈ ਭਾਵ ਮਨ ਦੇ ਕਪਾਟ ਖੁੱਲ ਜਾਂਦੇ ਹਨ। ਹਉਮੈ ਦੇ ਘਰ ਵਿੱਚ ਵੀ ਵਿਚਾਰ ਹੀ ਉਪਜਦੇ ਹਨ ਤੇ ਨਾਮ ਦੇ ਘਰ ਵਿੱਚ ਭਾਵ ਪ੍ਰਮਾਤਮਾ ਦੇ ਆਪਣੇ ਘਰ ਵਿੱਚ ਵੀ ਵਿਚਾਰ ਹੀ ਉਪਜਦੇ ਹਨ। ਦੋਵੇਂ ਘਰਾਂ ਦੇ ਵਿੱਚ ਫਰਕ ਕੇਵਲ ਸਾਡੀ ਸਮਝ ਵਿੱਚ ਪੈਂਦਾ ਹੈ ਤੇ ਜਿਹੋ ਜਿਹੀ ਸਮਝ ਮਨੁੱਖ ਨੂੰ ਪੈਂਦੀ ਹੈ ਉਸਨੂੰ ਹੀ ਉਹ ਸੱਚ ਸਮਝਦਾ ਹੈ ਭਾਵ ਉਸ ਸਮਝ ਦੇ ਨਾਲ ਹੀ ਉਹ ਜੁੜਦਾ ਹੈ। ਜੇਕਰ ਹਉਮੈ ਦੇ ਘਰ ਵਿੱਚ ਰਹਿੰਦਿਆਂ ਸਾਡੇ ਵਿਚਾਰ ਸਾਨੂੰ ਇਹ ਸਮਝਾਉਂਦੇ ਹਨ ਕਿ ਮੈਂ ਇੱਕ ਮਨੁੱਖ ਹਾਂ ਅਸੀਂ ਉਸਨੂੰ ਸੱਚ ਸਮਝਦੇ ਹਾਂ ਪਰ ਅਸਲ ਵਿੱਚ ਉਹ ਸੱਚ ਨਹੀਂ ਹੈ। ਜੋ ਸੱਚ ਨਹੀਂ ਹੈ ਉਹ ਭਰਮ ਹੈ। ਹਰ ਕੋਈ ਮਨ ਦੇ ਭਰਮ ਵਿੱਚ ਹੁੰਦੇ ਹੋਏ ਉਸਨੂੰ ਸੱਚ ਹੀ ਸਮਝੀ ਬੈਠਾ ਹੈ ਜਿਸ ਗੱਲ ਨੂੰ ਕੇਵਲ ਤੇ ਕੇਵਲ ਨਾਮ ਦੇ ਘਰ ਵਿੱਚ ਪਹੁੰਚ ਕੇ ਹੀ ਸਮਝਿਆ ਜਾ ਸਕਦਾ ਹੈ। ਨਾਮ ਦੇ ਘਰ ਵਿੱਚ ਭਾਵ ਪ੍ਰਮਾਤਮਾ ਦੇ ਘਰ ਵਿੱਚ ਵਿਚਾਰ ਹੀ ਉਪਜਦੇ ਹਨ ਜਿਨ੍ਹਾਂ ਵਿਚਾਰਾਂ ਵਿੱਚ ਪੂਰਨ ਸੱਚ ਹੁੰਦਾ ਹੈ, ਤੱਤ ਗਿਆਨ ਹੁੰਦਾ ਹੈ। ਤੱਤ ਗਿਆਨ ਦੀ ਪ੍ਰਾਪਤੀ ਉਨ੍ਹਾਂ ਨੂੰ ਹੀ ਹੋਈ ਹੈ ਜਿਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਇਆ ਹੈ ਤੇ ਉਨ੍ਹਾਂ ਨੇ ਸਾਨੂੰ ਗੁਰਬਾਣੀ ਰਾਹੀਂ ਤੱਤ ਗਿਆਨ ਹੀ ਸਮਝਾਇਆ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਇਆ ਹੈ। ਜੋ ਵਿਚਾਰ ਉਨ੍ਹਾਂ ਨੇ ਗੁਰਬਾਣੀ ਰਾਹੀਂ ਦਿੱਤੇ ਹਨ ਇਹੀ ਵਿਚਾਰ ਉਨ੍ਹਾਂ ਦੇ ਅੰਦਰ ਉਪਜੇ ਹਨ, ਮਨ ਦੇ ਵਿੱਚ ਉਪਜੇ ਹਨ ਭਾਵ ਪ੍ਰਮਾਤਮਾ ਦੇ ਘਰ ਵਿੱਚੋਂ ਉਪਜੇ ਹਨ, ਪ੍ਰਮਾਤਮਾ ਦੀ ਦਰਗਾਹ ਵਿੱਚੋਂ ਉਪਜੇ ਹਨ। ਇਸੇ ਲਈ ਪ੍ਰਮਾਤਮਾ ਆਪ ਹੀ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ, ਸ਼ਬਦਾਂ ਦੇ ਗਿਆਨ ਵਿੱਚ ਗੁਰੂ ਹੈ, ਤੱਤ ਗਿਆਨ ਦੇ ਰੂਪ ਵਿੱਚ ਗੁਰੂ ਹੈ। ਪ੍ਰਮਾਤਮਾ ਦੇ ਆਪਣੇ ਸਮਝਾਏ ਹੋਏ ਤੱਤ ਗਿਆਨ ਨਾਲ ਜੁੜੇ ਬਿਨਾਂ ਕੋਈ ਵੀ ਹਉਮੈ ਵਿੱਚੋਂ ਨਹੀਂ ਨਿਕਲ ਸਕਦਾ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦਾ ਤੇ ਇਸ ਸੱਚਾਈ ਨੂੰ ਕਦੇ ਨਹੀਂ ਜਾਣ ਸਕਦਾ ਕਿ ਮਨੁੱਖ ਦਾ ਜਨਮ ਮਰਨ ਕੀ ਹੈ, ਆਵਾਗਉਂਣ ਕੀ ਹੈ ਤੇ ਇਸ ਵਿੱਚੋਂ

46/6109

ਨਿਕਲਣਾ ਕੀ ਹੈ। ਹਉਮੈ ਵਿੱਚੋਂ ਕਿਸ ਤਰੀਕੇ ਨਿਕਲਿਆ ਜਾ ਸਕਦਾ ਹੈ ਭਾਵ ਜਨਮ ਮਰਨ ਵਿੱਚੋਂ ਕਿਸ ਤਰੀਕੇ ਨਿਕਲਿਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥”

ਮਨੁੱਖ ਦੀ ਹਉਮੈ ਕਿਵੇਂ ਦੂਰ ਹੁੰਦੀ ਹੈ ਇਸ ਗੱਲ ਨੂੰ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰਬਾਣੀ ਤੱਤ ਦੀ ਗੱਲ ਕਰਦੀ ਹੈ ਭਾਵ ਸੱਚੀ ਗੱਲ ਕਰਦੀ ਹੈ, ਪੱਕੀ ਗੱਲ ਕਰਦੀ ਹੈ ਜੋ ਗੱਲ ਕਦੇ ਬਦਲ ਨਹੀਂ ਸਕਦੀ। ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਹਉਮੈ ਸ਼ਬਦ ਦੁਆਰਾ ਸੜਦੀ ਹੈ ਭਾਵ ਖਤਮ ਹੁੰਦੀ ਹੈ। ਹਉਮੈ ਸ਼ਬਦ ਦੁਆਰਾ ਹੀ ਖਤਮ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਤੇ ਨਾ ਹੀ ਕੋਈ ਹੋਰ ਹੋ ਸਕਦਾ ਹੈ। ਸ਼ਬਦ ਦੁਆਰਾ ਹਉਮੈ ਕਿਸ ਤਰੀਕੇ ਦੂਰ ਹੁੰਦੀ ਹੈ ਇਸੇ ਗੱਲ ਨੂੰ ਹੀ ਉਪਰਲੀ ਪੰਗਤੀ ਦੁਆਰਾ ਸਪਸ਼ਟ ਕੀਤਾ ਹੋਇਆ ਹੈ। ਹਉਮੈ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਤਿ ਹੈ, ਭਰਮਾਂ ਦੀ ਭਰੀ ਹੋਈ ਸਮਝ ਹੈ। ਭਰਮਾਂ ਵਾਲੀ ਸਮਝ ਵਿੱਚੋਂ ਸਾਨੂੰ ਕੇਵਲ ਉਹ ਗਿਆਨ ਹੀ ਕੱਢ ਸਕਦਾ ਹੈ ਜੋ ਗਿਆਨ ਭਰਮਾਂ ਤੋਂ ਰਹਿਤ ਹੈ। ਗੁਰੂ ਦਾ ਸ਼ਬਦ ਭਰਮਾਂ ਤੋਂ ਰਹਿਤ ਹੈ ਭਾਵ ਗੁਰੂ ਆਪਣੇ ਸ਼ਬਦਾਂ ਦੁਆਰਾ ਜੋ ਵੀ ਵਿਚਾਰ ਦਿੰਦਾ ਹੈ ਉਹ ਵਿਚਾਰ ਭਰਮਾਂ ਤੋਂ ਰਹਿਤ ਹੁੰਦੇ ਹਨ। ਹਰ ਸ਼ਬਦ ਦੀ ਵਿਚਾਰ ਤੱਤ ਗਿਆਨ ਹੈ ਭਾਵ ਨਾਮ ਹੈ। ਅਸੀਂ ਇਸ ਨਾਮ ਨੂੰ ਆਪਣੇ ਅੰਦਰ ਜਪਣਾ ਹੈ ਭਾਵ ਵਿਚਾਰਨਾ

ਹੈ। ਹਉਮੈ ਵਿੱਚ ਰਹਿੰਦੇ ਹੋਏ ਹਰ ਕੋਈ ਮਨਮੁਖਿ ਹੈ ਤੇ ਅਸੀਂ ਮਨਮੁਖਿ ਵਾਲੀ ਮਤਿ ਵਿੱਚੋਂ ਨਿਕਲਕੇ ਗੁਰਮੁਖਿ ਵਾਲੀ ਮਤਿ ਵਾਲਾ ਬਣਨਾ ਹੈ ਭਾਵ ਗੁਰੂ ਦੀ ਮਤਿ ਵਾਲਾ ਬਣਨਾ ਹੈ ਜੋ ਕਿ ਅਸੀਂ ਸ਼ਬਦਾਂ ਦੀ ਦਿੱਤੀ ਹੋਈ ਵਿਚਾਰ ਨੂੰ ਭਾਵ ਤੱਤ ਗਿਆਨ ਨੂੰ ਆਪਣੇ ਅੰਦਰ ਵੀਚਾਰਨ ਦੁਆਰਾ ਹੀ ਭਾਵ ਮੰਨਣ ਦੁਆਰਾ ਹੀ ਬਣ ਸਕਦੇ ਹਾਂ ਜਿਸ ਤਰੀਕੇ ਹਉਮੈ ਵਿੱਚੋਂ ਨਿਕਲਿਆ ਜਾ ਸਕਦਾ ਹੈ। ਸਾਰੀ ਬਾਣੀ ਰਾਹੀਂ ਸਾਨੂੰ ਹਉਮੈ ਵਿੱਚੋਂ ਨਿਕਲਣ ਦਾ ਇਹੀ ਤਰੀਕਾ ਸਮਝਾਇਆ

46/6110

ਹੋਇਆ ਹੈ। ਕੇਵਲ ਸਮਝਣ ਦੀ ਲੋੜ ਹੈ, ਭਰਮਾਂ ਵਿੱਚੋਂ ਨਿਕਲਣ ਦੀ ਲੋੜ ਹੈ **(ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥)**। ਮਨ ਦੀ ਹਉਮੈ ਵਿੱਚੋਂ ਨਿਕਲਣ ਦੁਆਰਾ ਹੀ ਕੋਈ ਨਿਰਮਲ ਬਣ ਸਕਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥”

ਜਦ ਤੱਕ ਸਾਡੇ ਅੰਦਰ ਹਉਮੈ ਹੈ ਤਦ ਤੱਕ ਕੋਈ ਵੀ ਨਿਰਮਲ ਨਹੀਂ ਹੈ ਭਾਵ ਕੋਈ ਵੀ ਪਵਿੱਤਰ ਨਹੀਂ ਹੈ। ਪਵਿੱਤਰਤਾ ਜਾਂ ਅਪਵਿੱਤਰਤਾ ਸਾਡੇ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਜਦ ਤੱਕ ਸਾਡੇ ਅੰਦਰ ਅਗਿਆਨਤਾ ਹੈ ਭਾਵ ਹਉਮੈ ਹੈ ਤਦ ਤੱਕ ਸਾਡਾ ਤਨ ਵੀ ਅਪਵਿੱਤਰ ਹੈ ਤੇ ਮਨ ਦੀ ਅਪਵਿੱਤਰ ਹੈ। ਤਨ ਦੀ ਅਪਵਿੱਤਰਤਾ ਸਾਡੇ ਮਨ ਦੀ ਅਪਵਿੱਤਰਤਾ ਨਾਲ ਜੁੜੀ ਹੋਈ ਹੈ। ਅਪਵਿੱਤਰ ਮਨ ਸਾਨੂੰ ਇਹ ਸਮਝਾਉਂਦਾ ਹੈ ਕਿ ਇਹ ਤਨ ਮੇਰਾ ਹੈ ਭਾਵ ਇਹ ਮਨੁੱਖੀ ਸਰੀਰ ਮੇਰਾ ਹੈ। ਇਸ ਤਨ ਨੂੰ ਆਪਣਾ ਕਹਿਣਾ, ਸਮਝਣਾ ਸਾਡੇ ਤਨ ਦੀ ਅਪਵਿੱਤਰਤਾ ਵਾਲਾ ਰੂਪ ਹੈ ਭਾਵ ਇਹ ਝੂਠੀ ਗੱਲ ਹੈ ਕਿਉਂਕਿ ਅਸਲ ਵਿੱਚ ਇਹ ਤਨ ਪ੍ਰਮਾਤਮਾ ਦਾ ਰੂਪ ਹੈ ਜੋ ਸੱਚਾਈ ਹੈ। ਸੱਚਾਈ ਪਵਿੱਤਰ ਹੈ ਤੇ ਝੂਠ ਅਪਵਿੱਤਰ ਹੈ। ਜਦੋਂ ਇਸ ਮਨ ਦੀ ਹਉਮੈ ਨਿਕਲ ਜਾਂਦੀ ਹੈ ਭਾਵ ਤੱਤ ਗਿਆਨ ਦੁਆਰਾ ਅਗਿਆਨਤਾ ਨਿਕਲ ਜਾਂਦੀ ਹੈ ਫਿਰ ਇਹ ਮਨ ਨਿਰਮਲ ਹੋ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ, ਭਰਮ ਦੀ ਮੈਲ ਤੋਂ ਰਹਿਤ ਹੋ ਜਾਂਦਾ ਹੈ ਜੋ ਸੱਚ ਸਮਝਾਉਂਦਾ ਹੈ ਤੇ ਇਸ ਤਨ ਨੂੰ ਉਹ ਆਪਣਾ ਤਨ ਨਹੀਂ ਸਮਝਦਾ ਭਾਵ ਪ੍ਰਮਾਤਮਾ ਦਾ ਸਰੀਰ ਸਮਝਦਾ ਹੈ। ਜਦ ਤੱਕ ਅਸੀਂ ਆਪਣੇ ਤਨ ਨੂੰ ਪ੍ਰਮਾਤਮਾ ਦਾ ਰੂਪ ਨਹੀਂ ਸਮਝਦੇ ਤਦ ਤੱਕ ਸਾਡਾ ਤਨ ਮਨ ਨਿਰਮਲ ਨਹੀਂ ਹੈ ਭਾਵ ਸਾਡੀ ਹਉਮੈ ਹੈ। ਹਉਮੈ ਨਿਕਲਣ ਦੁਆਰਾ ਹੀ ਸਾਡਾ ਤਨ ਮਨ ਨਿਰਮਲ ਹੁੰਦਾ ਹੈ। ਜਿਸ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ ਉਸ ਮਨੁੱਖ ਦੀ ਬਾਣੀ ਵੀ ਭਾਵ ਬੋਲ ਵੀ ਨਿਰਮਲ ਹੋ ਜਾਂਦੇ ਹਨ ਭਾਵ ਫਿਰ ਉਹ ਧਰਮ ਦੇ ਮਾਰਗ ਨੂੰ ਸਮਝਣ ਤੇ ਸਮਝਾਉਣ ਵਿੱਚ ਕਿਸੇ ਭਰਮ ਵਿੱਚ ਨਹੀਂ ਰਹਿ ਜਾਂਦਾ ਭਾਵ ਉਹ ਤੱਤ ਗਿਆਨ ਦੀ ਗੱਲ ਕਰਦਾ ਹੈ। ਜਿਨ੍ਹਾਂ ਦੀ ਇਸ ਤਰੀਕੇ ਹਉਮੈ ਨਿਕਲਣ ਦੁਆਰਾ ਬਾਣੀ ਨਿਰਮਲ ਹੋਈ ਹੈ ਉਨ੍ਹਾਂ ਨੇ ਹੀ ਪੂਰੀ

46/6111

ਗੁਰਬਾਣੀ ਰਾਹੀਂ ਨਿਰਮਲ ਬਾਣੀ ਦੀ ਰਚਨਾ ਕੀਤੀ ਹੈ। ਆਪਣੇ ਆਪ ਕੋਈ ਨਿਰਮਲ ਨਹੀਂ ਬਣ ਸਕਦਾ। ਜਿਸਨੂੰ ਨਿਰਮਲ ਬਣਾਉਂਦਾ ਹੈ ਪ੍ਰਮਾਤਮਾ ਆਪ ਹੀ ਬਣਾਉਂਦਾ ਹੈ, ਮਨ ਦੀ ਅਗਿਆਨਤਾ ਕੱਢਣ ਦੁਆਰਾ ਬਣਾਉਂਦਾ ਹੈ ਤੇ ਉਹ ਮਨੁੱਖੀ ਰੂਪ ਆਪਣੀ ਸੱਚੀ ਸਮਝ ਦੁਆਰਾ ਉਸ ਸੱਚੀ ਸਮਝ ਦੇ ਮਾਲਕ ਦੇ ਵਿੱਚ ਸਮਾਇਆ ਰਹਿੰਦਾ ਹੈ, ਉਸਦੇ ਨਾਮ ਵਿੱਚ ਸਮਾਇਆ ਰਹਿੰਦਾ ਹੈ **(ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥)**।

ਪ੍ਰਮਾਤਮਾ ਦੇ ਵਿੱਚ ਸਮਾਉਂਣਾ ਜਾਂ ਉਸਦੇ ਨਾਮ ਨਾਲ ਜੁੜਨਾ ਇੱਕੋ ਹੀ ਗੱਲ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥

ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥”

“ਸਚੁ” ਰੂਪ ਪ੍ਰਮਾਤਮਾ ਵਿੱਚ ਸਮਾਉਣਾ ਜਾਂ ਨਾਮ ਵਿੱਚ ਸਮਾਉਂਣਾ ਇੱਕੋ ਹੀ ਗੱਲ ਹੈ। **“ਨਾਮੇ ਨਾਮਿ”** ਤੋਂ ਭਾਵ ਹੈ ਪ੍ਰਮਾਤਮਾ ਆਪਣਾ ਨਾਮ ਆਪ ਹੀ ਦਿੰਦਾ ਹੈ, ਉਹ ਨਾਮ ਦਾ ਮਾਲਕ ਭਾਵ ਤੱਤ ਗਿਆਨ ਦਾ ਮਾਲਕ ਆਪ ਹੀ ਕਿਸੇ ਨੂੰ ਆਪਣੇ ਤੱਤ ਗਿਆਨ ਦੇ ਨਾਲ ਜੋੜਦਾ ਹੈ ਭਾਵ ਪ੍ਰਮਾਤਮਾ ਕਿਸੇ ਨੂੰ ਮਨ ਦੇ ਤੱਤ ਗਿਆਨ ਰਾਹੀਂ ਆਪ ਹੀ ਕਿਸੇ ਨੂੰ ਆਪਣੇ ਨਾਲ ਮਿਲਾਉਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਕੋਈ ਉਸਦਾ ਬੈਰਾਗੀ ਬਣਦਾ ਹੈ। ਬੈਰਾਗੀ ਉਹ ਹੁੰਦਾ ਹੈ ਜੋ ਜਿਸਦੇ ਨਾਲ

ਪਿਆਰ ਕਰਦਾ ਹੈ ਉਸਦੇ ਨਾਲ ਹੀ ਉਸਨੂੰ ਰਹਿਣਾ ਚੰਗਾ ਲੱਗਦਾ ਹੈ। ਜੋ ਤੱਤ ਗਿਆਨ ਦੀ ਪ੍ਰਾਪਤੀ ਕਰ ਲੈਂਦਾ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੀ ਪ੍ਰਾਪਤੀ ਕਰ ਲੈਂਦਾ ਹੈ ਉਹ ਹਰ ਵੇਲੇ ਗੁਰਮਤਿ ਦਾ ਬੈਰਾਗੀ ਬਣਕੇ ਰਹਿੰਦਾ ਹੈ ਭਾਵ ਗੁਰੂ ਦੀ ਮਤਿ ਤੋਂ ਕਦੇ ਨਹੀਂ ਵਿਛੜਦਾ। ਉਹ ਸੱਚ ਨੂੰ ਆਪਣੇ ਹਿਰਦੇ ਵਿੱਚ ਵਸਾ ਕੇ ਰੱਖਦਾ ਹੈ। **"ਸਾਚੁ"** ਪ੍ਰਮਾਤਮਾ ਆਪ ਹੈ ਜੋ ਕਿ ਗੁਰਮਤਿ ਦੇ ਸੱਚੇ ਗਿਆਨ

46/6112

ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਉਸਦਾ ਬੈਰਾਗੀ ਸੱਚ ਨੂੰ ਹਰ ਵੇਲੇ ਆਪਣੇ ਹਿਰਦੇ ਵਿੱਚ ਵਸਾ ਕੇ ਰੱਖਦਾ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨਾਂ ਭਾਵ ਤੱਤ ਗਿਆਨ ਦੀ ਪ੍ਰਾਪਤੀ ਹੋਏ ਬਿਨਾਂ ਪ੍ਰਮਾਤਮਾ ਦੇ ਨਾਲ ਜੋਗ ਕਦੇ ਨਹੀਂ ਹੋ ਸਕਦਾ ਭਾਵ ਨਾਮੁਮਕਿਨ ਹੈ ਭਾਵ ਹਉਮੈ ਵਿੱਚ ਰਹਿੰਦੇ ਹੋਏ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਨਾਮ ਦੀ ਪ੍ਰਾਪਤੀ ਹੋਏ ਬਿਨਾਂ ਕਦੇ ਕਿਸੇ ਦਾ ਪ੍ਰਮਾਤਮਾ ਦੇ ਨਾਲ ਜੋਗ ਨਹੀਂ ਹੋ ਸਕਦਾ। ਇਸ ਗੱਲ ਨੂੰ ਕੇਵਲ ਆਪਣੇ ਮਨ ਦੇ ਵਿੱਚ ਵਿਚਾਰਾਂ ਦੁਆਰਾ ਵੇਖਿਆ ਜਾ ਸਕਦਾ ਹੈ ਭਾਵ ਸਮਝਿਆ ਜਾ ਸਕਦਾ ਹੈ ਕਿਉਂਕਿ ਪ੍ਰਮਾਤਮਾ ਦੇ ਨਾਲ ਜੋਗ ਦੀ ਪ੍ਰਾਪਤੀ ਮਨ ਦੇ ਵਿੱਚ ਵਿਚਾਰਾਂ ਦੇ ਰੂਪ ਵਿੱਚ ਹੀ ਹੁੰਦੀ ਹੈ ਭਾਵ ਮਨ ਦੇ ਗਿਆਨ ਦੁਆਰਾ ਹੀ ਹੁੰਦੀ ਹੈ, ਮਨ ਦੀ ਸਮਝ ਦੁਆਰਾ ਹੀ ਹੁੰਦੀ ਹੈ ਜੋ ਸੱਚੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਆਪਣਾ ਨਾਮ ਬਖਸ਼ਣ ਦੁਆਰਾ ਕਰਦਾ ਹੈ, ਹਉਮੈ ਕੱਢਣ ਦੁਆਰਾ ਕਰਦਾ ਹੈ **(ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥ ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥)**।

{ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ ॥ ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ॥
ਹੁਕਮੁ ਸਿਵਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ ॥੬॥}

(ਅੰਗ ੬੩੬)

{ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥ ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥
ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ ੭੫੨)

{ੜੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ ਜਾਈ ॥
ਮਨੁ ਟਿਕਣੁ ਨ ਪਾਵੈ ਰਾਈ ॥ ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ ੧੦੦੩-੧੦੦੪)

46/6113

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥
ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥}

(ਅੰਗ ੧੫੨)

{ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥
ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੮੮੫)

ਪ੍ਰਮਾਤਮਾ ਦੇ ਤੱਤ ਰੂਪ ਨੂੰ ਜਾਣੇ ਬਿਨਾਂ ਕੋਈ ਵੀ ਸੰਸਾਰ ਵਿੱਚ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਦੀ ਹਉਮੈ ਕੀ ਹੈ। ਸਾਡੇ ਅੰਦਰ ਦੀ ਹਉਮੈ ਹੀ ਸਾਡਾ ਜਨਮ ਮਰਨ ਹੈ ਤੇ ਹਉਮੈ ਖਤਮ ਹੋਏ ਬਿਨਾਂ ਕੋਈ ਜਨਮ ਮਰਨ ਵਿੱਚੋਂ ਨਹੀਂ ਨਿਕਲ ਸਕਦਾ ਜੋ ਜਨਮ ਮਰਨ ਸਾਡੇ ਅੰਦਰ ਹੀ ਚੱਲਦਾ ਰਹਿੰਦਾ ਹੈ। ਇਹ ਸਰੀਰ ਮਨੁੱਖ ਦਾ ਆਪਣਾ ਨਹੀਂ ਹੈ ਭਾਵ ਇਹ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਅਸੀਂ ਸਰੀਰ ਦੇ ਜਨਮ ਮਰਨ ਨੂੰ ਮਨੁੱਖ ਦਾ ਜਨਮ ਮਰਨ ਸਮਝਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ। ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਇਹ ਸਰੀਰ ਇੱਕ ਪੰਜ ਤੱਤਾਂ ਦਾ ਪੁਤਲਾ ਹੈ ਜਿਵੇਂ ਕਿ ਹਰ ਆਕਾਰ ਰੂਪ ਹੈ। ਇਹ ਪੰਜ ਤੱਤ ਆਪਣਾ ਰੂਪ ਹੀ ਬਦਲਦੇ ਰਹਿੰਦੇ ਹਨ ਜੋ ਕਿ ਕਿਤੋ ਬਾਹਰੋਂ ਆਉਂਦੇ ਜਾਂਦੇ ਨਹੀਂ। ਇਸ ਸਰੀਰ ਨੂੰ ਚਲਾਉਣ ਵਾਲੀ ਸਾਡੇ ਅੰਦਰ ਦੀ ਜੋਤਿ ਹੈ ਜੋ ਕਦੇ ਨਹੀਂ ਬਿਨਸਦੀ ਭਾਵ ਇਹ ਪ੍ਰਮਾਤਮਾ ਦਾ ਰਚਿਆ ਹੋਇਆ ਇੱਕ ਖੇਡ ਹੈ ਜਿਸਨੂੰ ਉਹ ਆਪ ਹੀ ਚਲਾ ਰਿਹਾ ਹੈ ਪਰ ਉਸਨੇ ਆਪ ਹੀ ਸਭ ਨੂੰ ਆਪਣੀ ਖੇਡ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਉਸ ਤੱਤ ਰੂਪ ਪ੍ਰਮਾਤਮਾ ਨੂੰ ਕੇਵਲ ਆਪਣੇ ਅੰਦਰੋਂ ਹੀ ਜਾਣਿਆ ਜਾ ਸਕਦਾ ਹੈ, ਮਨ ਦੇ ਵਿੱਚ ਗਿਆਨ ਦੇ ਪ੍ਰਕਾਸ਼ ਦੁਆਰਾ ਜਾਣਿਆ ਜਾ ਸਕਦਾ ਹੈ ਭਾਵ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਜਾਣਿਆ ਜਾ ਸਕਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਦੀ ਸੱਚਾਈ ਨੂੰ ਸਮਝਿਆ ਜਾ ਸਕਦਾ ਹੈ। ਮਨ ਦੇ ਭਰਮ ਵਿੱਚ ਰਹਿੰਦਿਆਂ ਉਸ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ, ਉਸਦੇ ਤੱਤ ਰੂਪ ਨੂੰ

ਕੋਈ ਨਹੀਂ ਜਾਣ ਸਕਦਾ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਵੀ ਦ੍ਰਿੜ ਕਰੀਏ।

ਪਉੜੀ ॥

“ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ ॥
ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ ॥
ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ॥
ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ ॥
ਆਪੇ ਭਰਮਿ ਭੁਲਾਇਦਾ ਕਿਛੁ ਕਹਣੁ ਨ ਜਾਈ ॥੧੭॥”

(ਅੰਗ ੯੫੫)

ਉਸ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਤੇ ਉਸਨੂ ਪਾਉਣਾ ਵੀ ਅਨੇਕਾਂ ਹੀ ਚਾਹੁੰਦੇ ਹਨ ਤੇ ਉਸਨੂੰ ਪਾਉਣ ਲਈ ਵੀ ਉਹ ਆਪਣੀ ਮਤਿ ਅਨੁਸਾਰ ਅਨੇਕਾਂ ਕਰਮ ਕਰਦੇ ਹਨ। ਉਪਰ ਸ਼ਬਦ ਰਾਹੀਂ ਸਾਡੀ ਸਮਝ ਦਾ ਫਰਕ ਹੀ ਦੱਸਿਆ ਹੋਇਆ ਹੈ ਕਿ ਅਸੀਂ ਪ੍ਰਮਾਤਮਾ ਨੂੰ ਕਿਸ ਤਰੀਕੇ ਪਾਉਣਾ ਚਾਹੁੰਦੇ ਹਾਂ ਤੇ ਉਸਨੂੰ ਪਾਇਆ ਕਿਸ ਤਰੀਕੇ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਡਾ ਉਹ ਤਰੀਕਾ ਸਮਝਾਇਆ ਹੋਇਆ ਹੈ ਜਿਸ ਤਰੀਕੇ ਹਰ ਕੋਈ ਪ੍ਰਮਾਤਮਾ ਨੂੰ ਪਾਉਣਾ ਚਾਹੁੰਦਾ ਹੈ।

“ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ ॥
ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ ॥”

ਪ੍ਰਮਾਤਮਾ ਨੇ ਸਭ ਨੂੰ ਮਾਇਆ ਮੋਹ ਵਾਲੀ ਮਤਿ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੇ ਗੁਬਾਰ ਵਿੱਚ ਰੱਖਿਆ ਹੋਇਆ ਹੈ, ਹਨੇਰੇ ਵਿੱਚ ਰੱਖਿਆ ਹੋਇਆ ਹੈ, ਨਾ ਸਮਝ ਮਤਿ ਵਿੱਚ ਰੱਖਿਆ ਹੋਇਆ ਹੈ, ਜਿਸ ਮਤਿ ਵਿੱਚ ਰਹਿੰਦੇ ਹੋਏ ਹਰ ਕੋਈ ਮਨਮੁਖਿ ਹੈ ਭਾਵ ਆਪਣੀ ਮਨ ਦੀ ਸਮਝ ਦੁਆਰਾ ਵਿਚਰਦਾ ਹੈ। ਆਪਣੇ ਮਨ ਦੀ ਸਮਝ ਸਭ ਨੂੰ ਚੰਗੀ ਲੱਗਦੀ ਹੈ ਜੋ ਸਮਝ ਸਾਨੂੰ ਬਾਹਰਲੀ ਮਾਇਆ ਨਾਲ ਜੋੜਕੇ ਰੱਖਦੀ ਹੈ। ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ, ਭਗਤੀ ਦੇ ਮਾਰਗ ਨੂੰ ਸਮਝਣ ਦੀ ਅਗਿਆਨਤਾ ਵਿੱਚ ਰੱਖਦੀ ਹੈ

ਭਾਵ ਗੁਰੂ ਦੀ ਮਤਿ ਨਾਲ ਪਿਆਰ ਪੈਣ ਤੋਂ ਦੂਰ ਰੱਖਦੀ ਹੈ। ਮਾਇਆ ਨਾਲ ਪਿਆਰ ਦੂਜਾ ਭਾਉ ਹੈ। **“ਸਾਡੇ ਬੋਲ”** ਭਾਵ ਸਾਡਾ

ਆਖਣ ਪ੍ਰਮਾਤਮਾ ਨੂੰ ਪਾਉਣ ਦਾ ਉਪਰਾਲਾ ਹੈ। ਅਸੀਂ ਅਨੇਕਾਂ ਹੀ ਉਪਰਾਲੇ ਕਰਦੇ ਹਾਂ ਭਾਵ ਪ੍ਰਮਾਤਮਾ ਨੂੰ ਪਾਉਣ ਦੇ ਉਪਰਾਲੇ ਕਰਦੇ ਹਾਂ ਤੇ ਸਾਡਾ ਹਰ ਉਪਰਾਲਾ ਪ੍ਰਮਾਤਮਾ ਅੱਗੇ ਸਾਡਾ ਬੋਲ ਹੈ, ਸਾਡਾ ਆਖਣ ਹੈ। ਦੂਜੇ ਭਾਉ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਜੋ ਮਾੜੇ ਕਰਮ ਸਾਨੂੰ ਦੁੱਖਾਂ ਵਿੱਚ ਪਾਉਂਦੇ ਹਨ ਭਾਵ ਉਸਦੇ ਨਾਲ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮਾਇਆ ਮੋਹ ਵਾਲੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਜਿਹੋ ਜਿਹੇ ਬੋਲ ਬੋਲਦੇ ਹਾਂ ਭਾਵ ਜਿਨ੍ਹਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ, ਜਿਨ੍ਹਾਂ ਤਰੀਕਿਆਂ ਨੂੰ ਅਸੀਂ ਆਪਣੇ ਵੱਲੋਂ ਭਗਤੀ ਦੇ ਤਰੀਕੇ ਸਮਝਦੇ ਹਾਂ ਇਹ **"ਨੀਰੁ"** ਵਿਰੋਲਨ ਵਾਲੀ ਗੱਲ ਹੈ ਭਾਵ ਪਾਣੀ ਰਿੜਕਣ ਵਾਲੀ ਗੱਲ ਹੈ। ਪਾਣੀ ਰਿੜਕਣ ਨਾਲ ਸਾਨੂੰ ਉਸ ਵਿੱਚੋਂ ਤੱਤ ਨਹੀਂ ਮਿਲਦਾ ਭਾਵ ਜਿਹੋ ਜਿਹੇ ਭਗਤੀ ਦੇ ਮਾਰਗ ਅਸੀਂ ਅਗਿਆਨਤਾ ਵਿੱਚ ਅਪਨਾਏ ਹੋਏ ਹਨ ਉਨ੍ਹਾਂ ਦੁਆਰਾ ਪ੍ਰਮਾਤਮਾ ਨੂੰ ਕਦੇ ਨਹੀਂ ਪਾਇਆ ਜਾ ਸਕਦਾ ਭਾਵ ਸਾਡਾ ਹਰ ਉਪਰਾਲਾ ਵਿਅਰਥ ਹੈ, ਕੇਵਲ ਸਾਡੀ ਖੁਆਰੀ ਹੈ। ਹਰ ਕੋਈ ਆਪਣੀ ਆਪਣੀ ਆਸਥਾ ਅਨੁਸਾਰ ਜਿਹੋ ਜਿਹੀ ਭਗਤੀ ਦੇ ਤਰੀਕੇ ਅਪਨਾਉਂਦਾ ਹੈ ਉਹ ਤਰੀਕੇ ਗੁਰਬਾਣੀ ਰਾਹੀਂ ਬਾਰ-ਬਾਰ ਉਜਾਗਰ ਕੀਤੇ ਹੋਏ ਹਨ ਤੇ ਉਨ੍ਹਾਂ ਹਰ ਤਰੀਕਿਆਂ ਦਾ ਖੰਡਨ ਵੀ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੀ ਨਾਸਮਝ ਮਤਿ ਸਾਨੂੰ ਝੂਠੀ ਭਗਤੀ ਨਾਲ ਜੋੜ ਕੇ ਰੱਖਦੀ ਹੈ ਤੇ ਗੁਰੂ ਦੀ ਸੱਚੀ ਮਤਿ ਦੇ ਨਾਲ ਪਿਆਰ ਨਹੀਂ ਪੈਣ ਦਿੰਦੀ ਜਿਸ ਨਾਲ ਪਿਆਰ ਪਏ ਬਿਨਾਂ ਪ੍ਰਮਾਤਮਾ ਦੀ ਭਗਤੀ ਦੀ ਨਾ ਸਮਝ ਪੈਂਦੀ ਹੈ ਤੇ ਨਾ ਹੀ ਉਸ ਅਨੁਸਾਰ ਵਿਚਰਿਆ ਜਾ ਸਕਦਾ ਹੈ। ਗੁਰੂ ਦੀ ਮਤਿ ਨਾਲ ਪਿਆਰ ਪਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਕਿ ਗੁਰੂ ਦੀ ਮਤਿ ਨੂੰ ਮੰਨਣ ਨਾਲ ਪੈਂਦਾ ਹੈ ਜਿਸਨੂੰ ਮੰਨਣ ਦੁਆਰਾ ਸਾਡੀ ਅਗਿਆਨਤਾ ਹੀ ਨਿਕਲਦੀ ਹੈ ਤੇ

ਭਗਤੀ ਦੀ ਸੱਚੀ ਸਮਝ ਪੈਂਦੀ ਹੈ ਭਾਵ ਭਗਤੀ ਦੇ ਮਾਰਗ ਦੀ ਸਮਝ ਆਏ ਬਿਨਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਤੇ ਉਸ ਸੱਚੇ ਸੁੱਖ ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ, ਤੱਤ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ **(ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ ॥ ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ ॥)**।

ਸਾਨੂੰ ਤੱਤ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਭਾਵ ਸਾਡਾ ਅਸਲ ਵਿਰੋਲਨਾ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ ॥ ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ ॥
ਆਪੇ ਭਰਮਿ ਭੁਲਾਇਦਾ ਕਿਛੁ ਕਹਣੁ ਨ ਜਾਈ ॥੧੭॥"

ਭਗਤੀ ਦੇ ਮਾਰਗ ਨੂੰ ਸਮਝਣ ਲਈ ਭਾਵ ਆਪਣੇ ਬੋਲ ਸਮਝਣ ਲਈ, ਪ੍ਰਮਾਤਮਾ ਦਾ ਆਖਣ ਸਮਝਣ ਲਈ ਸਭ ਤੋਂ ਵੱਡੀ ਗੱਲ **"ਨਾਮੁ"** ਨੂੰ ਸਮਝਣ ਦੀ ਹੈ। ਅਸੀਂ ਬਾਰ-ਬਾਰ ਨਾਮ ਨੂੰ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਨਾਮ ਹੈ, ਵੇਦਾਂ ਸ਼ਾਸਤਰਾਂ ਵਿੱਚ ਵੀ ਨਾਮ ਹੈ। ਨਾਮ ਗੁਰੂ ਦੀ ਸਮਝਾਈ ਹੋਈ ਸੱਚੀ ਸਿੱਖਿਆ ਹੈ ਜਿਸਦਾ ਮਕਸਦ ਸਾਰੇ ਸੰਸਾਰ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਸਮਝਾਉਣ ਲਈ ਹੀ ਹੈ ਜਿਸ ਸਿੱਖਿਆ ਤੇ ਚੱਲਣ ਦੁਆਰਾ ਭਗਤੀ ਦੇ ਮਾਰਗ ਤੇ ਚੱਲਦੇ ਹਾਂ। ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਨਾਮ ਧਿਆਉਣਾ ਹੈ, ਨਾਮ ਜਪਣਾ ਹੈ, ਨਾਮ ਸਿਮਰਨਾ ਹੈ। ਨਾਮ ਨੂੰ ਉਹੀ ਧਿਆਉਂਦਾ ਹੈ ਜੋ ਆਪਣੀ ਮਨਮੁੱਖਤਾ ਛੱਡਦਾ ਹੈ ਭਾਵ ਆਪਣੇ ਅੰਦਰ ਦੇ ਮੋਹ ਗੁਬਾਰ ਨੂੰ ਛੱਡਦਾ ਹੈ। ਮਨ ਦੀ ਅਗਿਆਨਤਾ ਵਾਲੀ ਮਤਿ ਨੂੰ ਛੱਡਣਾ ਹੀ ਗੁਰਮੁਖਿ ਬਣਨਾ ਹੈ ਭਾਵ ਗੁਰੂ ਦੀ ਮਤਿ ਵਾਲਾ ਬਣਨਾ ਹੈ। ਇਹੋ ਜਿਹਾ ਨਾਮ ਧਿਆਉਣ ਵਾਲੇ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਨ ਵਾਲੇ ਪ੍ਰਮਾਤਮਾ ਅੱਗੇ ਆਪਣਾ ਸੱਚਾ ਬੋਲ ਬੋਲਦੇ ਹਨ। ਸਾਡੇ ਸੱਚੇ ਸੁੱਚੇ ਕਰਮ ਕਰਨਾ ਹੀ ਸਾਡੇ ਪ੍ਰਮਾਤਮਾ ਅੱਗੇ ਸੱਚੇ ਬੋਲ ਹਨ ਭਾਵ ਭਗਤੀ ਵਾਲੇ ਬੋਲ ਹਨ। ਜੋ ਨਾਮ ਧਿਆਉਂਦਾ ਹੈ ਉਹ ਫਿਰ ਕਦੇ ਮਾੜੇ ਕਰਮ ਨਹੀਂ ਕਰ ਸਕਦਾ ਭਾਵ ਸੱਚੇ ਸੁੱਚੇ

ਕਰਮ ਹੀ ਕਰਦਾ ਹੈ, ਉਹ ਕਦੇ ਕਿਸੇ ਦਾ ਮਾੜਾ ਨਹੀਂ ਕਰਦਾ ਭਾਵ ਮਨੁੱਖਤਾ ਦੇ ਭਲੇ ਲਈ ਵਿਚਰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੇ ਨਾਲ ਪਿਆਰ ਪਾਉਣ ਵਾਲੇ ਇਹੋ ਜਿਹੇ ਹੁੰਦੇ ਹਨ ਤੇ ਆਪਣੇ ਅੰਦਰੋਂ ਤੱਤ ਦੀ ਪ੍ਰਾਪਤੀ ਇਹੋ ਜਿਹੇ ਹੀ ਕਰਦੇ ਹਨ। ਗੁਰੂ ਦੀ ਸੱਚੀ ਮਤਿ ਅਨੁਸਾਰ ਵਿਚਰਨਾ ਹੀ ਸਾਡਾ ਅਸਲ ਮੱਥਣਾ ਹੈ ਭਾਵ ਉਹ ਰਿੜਕਣ ਹੈ ਜਿਸ ਦੁਆਰਾ ਤੱਤ ਦੀ ਪ੍ਰਾਪਤੀ ਹੁੰਦੀ ਹੈ। ਤੱਤ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ

ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਤੱਤ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੈ ਤੇ ਜੋ ਆਪਣੇ ਅੰਦਰੋਂ ਤੱਤ ਦੀ ਪ੍ਰਾਪਤੀ ਕਰਦਾ ਹੈ ਉਹ ਮਨ ਦੇ ਵਿੱਚ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਕਰਦਾ ਹੈ, ਮਨ ਦੇ ਚਾਨਣ ਦੁਆਰਾ ਹੀ ਕਰਦਾ ਹੈ ਜੋ ਸਾਨੂੰ ਮਨ ਦੇ ਗੁਬਾਰ ਵਿੱਚੋਂ ਕੱਢਦਾ ਹੈ ਭਾਵ ਮਨ ਦੇ ਹਨੇਰੇ ਵਿੱਚੋਂ ਕੱਢਦਾ ਹੈ। ਜਦ ਤੱਕ ਮਨੁੱਖ ਮਨ ਦੇ ਹਨੇਰੇ ਵਿੱਚ ਹੈ ਉਹ ਕਦੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਲੱਭ ਸਕਦਾ। ਤੱਤ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਜਿਸਨੇ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਟੋਲਿਆ ਹੈ, ਲੱਭਿਆ ਹੈ ਉਸਨੇ ਨਾਮ ਧਿਆਨ ਦੁਆਰਾ ਹੀ ਟੋਲਿਆ ਹੈ ਭਾਵ ਮਨ ਦੀ ਅਗਿਆਨਤਾ ਦੂਰ ਕਰਨ ਦੁਆਰਾ ਹੀ ਟੋਲਿਆ ਹੈ **(ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ ॥ ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ ॥)**। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਜਾਂ ਨਾ ਜਾਨਣਾ ਮਨੁੱਖ ਦੇ ਵੱਸ ਵਿੱਚ ਨਹੀਂ ਹੈ ਕਿਉਂਕਿ ਸਾਨੂੰ ਮਨ ਦੇ ਗੁਬਾਰ ਵਿੱਚ, ਮਾਇਆ ਮੋਹ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਪ੍ਰਮਾਤਮਾ ਆਪ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ, ਭਰਮਾਂ ਵਾਲੀ ਮਤਿ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਨਾ ਹੀ ਉਸਦੀ ਭਗਤੀ ਦੀ ਸੱਚੀ ਸਮਝ ਪੈ ਸਕਦੀ ਹੈ। ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਆਪੇ ਭਰਮਿ ਭੁਲਾਇਦਾ ਕਿਛੁ ਕਹਣੁ ਨ ਜਾਈ ॥੧੭॥”

46/6118

ਮਨੁੱਖ ਦੀ ਸਮਝ ਮਨੁੱਖ ਦੇ ਵੱਸ ਵਿੱਚ ਨਹੀਂ ਹੈ, ਨਹੀਂ ਹੈ, ਨਹੀਂ ਹੈ। ਇੱਥੇ ਹੀ ਭਾਵ ਸਾਡੇ ਮਨ ਦੀ ਸਮਝ ਦੇ ਵਿੱਚ ਹੀ ਪ੍ਰਮਾਤਮਾ ਨੂੰ ਜਾਨਣ ਜਾਂ ਨਾ ਜਾਨਣ ਦਾ ਭੇਦ ਛੁਪਿਆ ਹੋਇਆ ਹੈ। ਸਾਰੇ ਸੰਸਾਰ ਨੂੰ ਹਉਮੈ ਵਾਲੀ ਮਤਿ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੈ ਜਿਸਦੀ ਸਮਝ ਕੇਵਲ ਤੇ ਕੇਵਲ ਉਸਨੂੰ ਹੀ ਲੱਗ ਸਕਦੀ ਹੈ ਜਿਸਨੂੰ ਆਪਣੇ ਅੰਦਰੋਂ ਤੱਤ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਜਿਸਦੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਜਿਸਨੇ ਸਾਨੂੰ ਅਗਿਆਨਤਾ ਦੇ ਵਿੱਚ ਰੱਖਿਆ ਹੋਇਆ ਹੈ ਉਹੀ ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਕਰ ਸਕਦਾ ਹੈ। ਜਿਸ ਮਨੁੱਖੀ ਸਰੀਰ ਦੇ ਅੰਦਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਆਪਣਾ ਸੱਚਾ ਗਿਆਨ ਪ੍ਰਗਟ ਕਰਨ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਆਪਣੇ ਅੰਦਰੋਂ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ, ਨਹੀਂ ਹੈ, ਨਹੀਂ ਹੈ। ਪ੍ਰਮਾਤਮਾ ਨੇ ਪੂਰੀ ਮਨੁੱਖਤਾ ਨੂੰ ਭਰਮਾਂ ਵਾਲੀ ਮਤਿ ਵਿੱਚ, ਮਨ ਦੇ ਗੁਬਾਰ ਵਿੱਚ ਇਸੇ ਲਈ ਰੱਖਿਆ ਹੋਇਆ ਹੈ ਤਾਂ ਕਿ ਉਸਨੂੰ ਕੋਈ ਜਾਣ ਨਾ ਸਕੇ, ਸਮਝ ਨਾ ਸਕੇ ਭਾਵ ਉਸਨੇ ਆਪ ਹੀ ਮਨ ਦੀ ਸਮਝ ਰਾਹੀਂ ਸਾਰੇ ਸੰਸਾਰ ਕੋਲੋਂ ਆਪਣਾ ਪਰਦਾ ਰੱਖਿਆ ਹੋਇਆ ਹੈ, ਹਉਮੈ ਰੂਪ ਵਿੱਚ ਪਰਦਾ ਰੱਖਿਆ ਹੋਇਆ ਹੈ ਜੋ ਪਰਦਾ ਮਨ ਦੇ ਵਿੱਚ ਕੇਵਲ ਤੇ ਕੇਵਲ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਖੋਲਦਾ ਹੈ ਜਿਸ ਦੁਆਰਾ ਮਨ ਦੇ ਵਿੱਚੋਂ ਉਸ ਨਿਰੰਕਾਰ ਰੂਪ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਨੂੰ ਜਾਣ ਸਕੇ। ਗੁਰਬਾਣੀ ਸਾਨੂੰ ਇਹੀ ਗੱਲ ਬਾਰ-ਬਾਰ ਸਮਝਾ ਰਹੀ ਹੈ ਜੋ ਕਿ ਕਦੇ ਝੂਠੀ ਗੱਲ ਨਹੀਂ ਹੋ ਸਕਦੀ ਭਾਵ ਇਹ ਪੂਰਨ ਸੱਚ ਹੈ, ਤੱਤ ਦੀ ਗੱਲ ਹੈ ਪਰ ਸਾਡੇ ਅੰਦਰ ਦਾ ਭਰਮ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਣ ਦਿੰਦਾ। ਸਾਡੇ ਅੰਦਰ ਪਾਈ ਹੋਈ ਮਾਇਆ ਪਰਫੈਕਟ ਕੰਮ ਕਰਦੀ ਹੈ ਭਾਵ ਉਹ ਆਪਣਾ ਫਰਜ ਪੂਰੀ ਤਰ੍ਹਾਂ ਨਿਭਾਉਂਦੀ ਹੈ ਤੇ ਉਸਨੂੰ ਭੇਦਿਆ ਨਹੀਂ ਜਾ ਸਕਦਾ। ਮਾਇਆ ਦਾ ਮਕਸਦ ਸਾਡਾ ਪ੍ਰਮਾਤਮਾ ਨਾਲੋਂ ਪਰਦਾ ਬਣਾ ਕੇ ਰੱਖਣ ਦਾ ਹੈ ਤੇ ਮਾਇਆ ਇਸ ਗੱਲ ਤੇ ਪੂਰੀ ਉਤਰਦੀ ਹੈ। ਮਾਇਆ ਨੂੰ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਭੇਦ ਸਕਦਾ ਹੈ, ਛੇਦ ਸਕਦਾ ਹੈ ਕਿਉਂਕਿ ਮਾਇਆ ਨੂੰ ਭਾਵ ਅਗਿਆਨਤਾ ਨੂੰ ਕੇਵਲ ਸੱਚਾ ਗਿਆਨ ਹੀ ਭੇਦ ਸਕਦਾ ਹੈ ਭਾਵ ਚੌਥੇ ਪਦ ਦਾ

46/6119

ਗਿਆਨ ਭੇਦ ਸਕਦਾ ਹੈ, ਸਹਜ ਗਿਆਨ ਭੇਦ ਸਕਦਾ ਹੈ, ਬ੍ਰਹਮ ਗਿਆਨ ਭੇਦ ਸਕਦਾ ਹੈ, ਨਾਮ ਭੇਦ ਸਕਦਾ ਹੈ ਜੋ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਆਪਣੇ ਕੋਲ ਹੀ ਹੈ। ਪ੍ਰਮਾਤਮਾ ਨੇ ਆਪਣਾ ਇਹ ਪੂਰਨ ਤੱਤ ਗਿਆਨ, ਬ੍ਰਹਮ ਗਿਆਨ ਮਨੁੱਖੀ ਸਰੀਰਾਂ ਦੇ ਰਾਹੀਂ ਪ੍ਰਗਟ ਹੋ ਕੇ ਆਪ ਹੀ ਪੂਰੀ ਗੁਰਬਾਣੀ ਵਿੱਚ ਪਾਇਆ ਹੋਇਆ ਹੈ ਜਿਸਦਾ ਮਕਸਦ ਹੀ ਸਾਡੀ ਮਨ ਦੀ ਮਾਇਆ ਨੂੰ ਕੱਢਣ ਦਾ ਹੈ ਭਾਵ ਮਨ ਦੇ ਵਿੱਚੋਂ ਭਰਮਾਂ ਦੇ ਪਰਦੇ ਨੂੰ ਕੱਢਣ ਦਾ ਹੈ ਤੇ ਉਹ ਤਾਂ ਹੀ ਨਿਕਲਣਗੇ ਜੇਕਰ ਅਸੀਂ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਭਾਵ ਨਾਮ ਨੂੰ ਆਪਣੇ ਅੰਦਰ ਧਿਆਵਾਂਗੇ। ਭਰਮਾਂ ਵਾਲੀ ਮਤਿ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦਾ **“ਕਹਣੁ”** ਕੀ ਹੈ ਭਾਵ ਸਾਡਾ ਆਖਣ ਕੀ ਹੈ, ਸਾਡਾ ਬੋਲਣਾ ਕੀ ਹੈ ਭਾਵ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਕੀ ਹੈ ਇਸ ਬਾਰੇ ਕੁਝ ਵੀ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਦਾ **“ਕਹਣੁ”** ਕੀ ਹੈ ਇਸ ਗੱਲ ਨੂੰ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਕੇ ਭਾਵ ਮਨ ਦੇ ਸੱਚੇ ਗਿਆਨ ਦਾ

ਪ੍ਰਕਾਸ਼ ਹੋਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਗੁਰੂ ਸਾਹਿਬਾਨ ਨੇ, ਭਗਤਾਂ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ **(ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ ॥ ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ ॥ ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ ॥ ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ ॥ ਆਪੇ ਭਰਮਿ ਭੁਲਾਇਦਾ ਕਿਛੁ ਕਹਣੁ ਨ ਜਾਈ ॥੧੭॥)**।

ਸਿਰੀਰਾਗੁ ਮਹਲਾ ੧ ॥

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥}

(ਅੰਗ ੧੫)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

46/6120

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ ॥੨॥}

(ਅੰਗ ੨੩)

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥

ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ ੨੭)

ਭੈਰਉ ਮਹਲਾ ੫ ॥

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥ ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ ੧੧੪੭)

ਮਾਝ ਮਹਲਾ ੩ ॥

{ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥
ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥
ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥
ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥
ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥
ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥
ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥
ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥
ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥
ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ ੧੨੮-੧੨੯)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥

ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

ਤੱਤ ਕੀ ਹੈ ਇਸਨੂੰ ਅਸੀਂ ਉਪਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪ ਤੱਤ ਰੂਪ ਵਿੱਚ ਹੈ ਤੇ ਉਸਦੇ ਨਾਲ ਮੇਲ ਵੀ ਤੱਤ ਰੂਪ ਵਿੱਚ ਹੁੰਦਾ ਹੈ। ਉਸ ਤੱਤ ਰੂਪ ਨੂੰ ਜਾਨਣ ਲਈ, ਆਪਣੇ ਅੰਦਰੋਂ ਜਾਨਣ ਲਈ ਸਾਡਾ ਇੱਕੋ ਸੱਚਾ ਉਦੱਮ ਇਹ ਹੈ ਕਿ ਉਹ ਤੱਤ ਗਿਆਨ ਕਿਸਦੇ ਕੋਲ ਹੈ ਜਿਸ ਤੱਤ ਗਿਆਨ ਦੀ ਗੱਲ ਮੰਨ ਕੇ ਅਸੀਂ ਤੱਤ ਗਿਆਨ ਦੇ ਮਾਲਕ

46/6121

ਤੱਕ ਪਹੁੰਚ ਸਕਦੇ ਹਾਂ। ਤੱਤ ਗਿਆਨ ਦਾ ਮਾਲਕ ਗੁਰੂ ਹੈ, ਗੁਰੂ ਗ੍ਰੰਥ ਸਾਹਿਬ ਜੀ ਹਨ। ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਗੁਰਬਾਣੀ ਹੈ ਭਾਵ ਗੁਰੂ ਦੀ ਬਾਣੀ ਹੈ। ਗੁਰੂ ਪ੍ਰਮਾਤਮਾ ਆਪ ਹੈ ਜੋ ਤੱਤ ਗਿਆਨ ਦਾ ਮਾਲਕ ਹੈ ਤੇ ਪੂਰੀ ਗੁਰਬਾਣੀ ਰਾਹੀਂ ਉਸਨੇ ਸਾਨੂੰ ਤੱਤ ਗਿਆਨ ਵਾਲੀ ਸਮਝ ਹੀ ਦਿੱਤੀ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਦਿੱਤੀ ਹੈ ਜਿਸ ਰਾਹੀਂ ਉਸਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ ਜਿਸ ਭਗਤੀ ਦੇ ਮਾਰਗ ਤੇ ਚੱਲਣ ਦੁਆਰਾ ਉਸ ਤੱਤ ਦੇ ਮਾਲਕ ਨੂੰ ਅਸੀਂ ਆਪਣੇ ਅੰਦਰੋਂ ਪਾ ਸਕਦੇ ਹਾਂ। ਪੂਰੇ ਸੰਸਾਰ ਵਿੱਚ ਭਗਤੀ ਦਾ ਇੱਕੋ ਇੱਕ ਤਰੀਕਾ ਹੀ ਹੈ, ਪ੍ਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਤਰੀਕਾ ਹੀ ਹੈ ਤੇ ਹੋਰ ਕੋਈ ਨਹੀਂ ਹੈ ਕਿਉਂਕਿ ਪ੍ਰਮਾਤਮਾ ਇੱਕੋ ਹੀ ਹੈ ਤੇ ਉਸਦੇ ਕੋਈ ਵੱਖਰੇ ਵੱਖਰੇ ਰੂਪ ਨਹੀਂ ਹੋ ਸਕਦੇ ਤੇ ਨਾ ਹੀ ਸਮਝਣੇ ਚਾਹੀਦੇ ਹਨ। ਉਹ ਜਿਸਨੂੰ ਵੀ ਮਿਲਦਾ ਹੈ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਮਿਲਦਾ ਹੈ। ਉਸਦਾ ਨਿਰੰਕਾਰ ਰੂਪ ਉਸਦਾ ਤੱਤ ਗਿਆਨ ਰੂਪ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਸਮਾਇਆ ਹੋਇਆ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੀ ਸਾਇੰਸ ਦੁਆਰਾ ਵਿਚਰ ਰਿਹਾ ਹੈ, ਆਪਣੇ ਸਾਇੰਟਿਫਿਕ ਰੂਪ ਵਿੱਚ ਵਿਚਰ ਰਿਹਾ ਹੈ। ਪ੍ਰਮਾਤਮਾ ਦਾ ਤੱਤ ਗਿਆਨ ਰੂਪ ਹੀ ਉਸਦਾ ਸਾਇੰਟਿਫਿਕ ਰੂਪ ਹੈ। ਸਾਇੰਸ ਸੱਚ ਦੁਆਰਾ ਵਿਚਰਦੀ ਹੈ, ਤੱਤ ਗਿਆਨ ਦੁਆਰਾ ਵਿਚਰਦੀ ਹੈ ਜੋ ਪੂਰੀ ਤਰ੍ਹਾਂ ਅਗਿਆਨਤਾ ਤੋਂ ਬਾਹਰ ਹੈ। ਸਾਇੰਸ ਦੀ ਕਿਸੇ ਗੱਲ ਵਿੱਚ ਖੋਟ ਨਹੀਂ ਕੱਢੀ ਜਾ ਸਕਦੀ ਤੇ ਸਾਇੰਸ ਸਾਰੀ ਸ੍ਰਿਸ਼ਟੀ ਲਈ ਇੱਕੋ ਜਿਹੀ ਵਿਚਰਦੀ ਹੈ, ਕਿਸੇ ਨਾਲ ਭੇਦ ਭਾਵ ਨਹੀਂ ਕਰਦੀ। ਪੂਰੀ ਸਾਇੰਸ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਮਨੁੱਖ ਦੇ ਅੰਦਰ ਵੀ ਸਾਇੰਟਿਫਿਕ ਰੂਪ ਵਿੱਚ ਹੀ ਹੈ ਤੇ ਉਸਨੇ ਆਪਣੇ ਸਾਇੰਟਿਫਿਕ ਗਿਆਨ ਦੁਆਰਾ ਹੀ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਆਪਣੇ ਸਾਇੰਟਿਫਿਕ ਗਿਆਨ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਤੇ ਕਿਸੇ ਨੂੰ ਆਪਣਾ ਮਨ ਦੇ ਵਿੱਚ ਹੀ ਤੱਤ ਗਿਆਨ ਰੂਪ ਪ੍ਰਗਟ ਕਰਕੇ ਦਿਖਾਉਂਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਤੱਤ ਗਿਆਨ ਹੈ ਜਿਸਨੂੰ ਕਦੇ ਝੂਠਾ ਨਹੀਂ ਸਾਬਿਤ ਕੀਤਾ ਜਾ ਸਕਦਾ। ਗੁਰਬਾਣੀ ਰਾਹੀਂ

46/6122

ਸੈਂਕੜੇ ਸਾਲ ਪਹਿਲੇ ਜੋ ਸਾਨੂੰ ਸ੍ਰਿਸ਼ਟੀ ਬਾਰੇ, ਖੰਡਾਂ, ਬ੍ਰਹਮੰਡਾਂ ਬਾਰੇ ਦੱਸਿਆ ਹੋਇਆ ਹੈ ਅੱਜ ਉਸਨੂੰ ਪ੍ਰਮਾਤਮਾ ਦੀ ਆਪਣੀ ਸਾਇੰਸ ਹੀ ਪ੍ਰਮਾਣਿਤ ਕਰ ਰਹੀ ਹੈ। ਜੇਕਰ ਗੁਰਬਾਣੀ ਵਿੱਚ ਸੈਂਕੜੇ ਸਾਲ ਪਹਿਲਾਂ ਲਿਖਿਆ ਗਿਆ ਸੀ ਕਿ ਸਾਰੀ ਸ੍ਰਿਸ਼ਟੀ ਘੁੰਮਦੀ ਹੈ, ਸੂਰਜ ਤੋਂ ਵੱਡੇ ਹੋਰ ਅਨੇਕਾਂ ਵੱਡੇ ਸੂਰਜ ਹਨ, ਕਰੋੜਾਂ ਹੀ ਬ੍ਰਹਮੰਡ ਹਨ ਜਿਨ੍ਹਾਂ ਦਾ ਕੋਈ ਅੰਤ ਨਹੀਂ ਹੈ ਉਸ ਗੱਲ ਦੀ ਅੱਜ ਸਾਇੰਸ ਆਪ ਹੀ ਪੁਸ਼ਟੀ ਕਰ ਰਹੀ ਹੈ ਕਿਉਂਕਿ ਸਾਇੰਸ ਵਿੱਚ ਵੀ ਤੱਤ ਗਿਆਨ ਹੈ ਤੇ ਗੁਰਬਾਣੀ ਵਿੱਚ ਜੋ ਕੁਝ ਲਿਖਿਆ ਹੋਇਆ ਹੈ ਉਹ ਵੀ ਤੱਤ ਗਿਆਨ ਹੈ। ਤੱਤ ਗਿਆਨ ਤੱਤ ਗਿਆਨ ਦੀ ਪੁਸ਼ਟੀ ਕਰਦਾ ਹੈ ਪਰ ਜਿੱਥੇ ਭਰਮ ਹੈ ਉਹ ਤੱਤ ਗਿਆਨ ਨੂੰ ਨਹੀਂ ਸਮਝ ਸਕਦਾ ਤੇ ਨਾ ਹੀ ਉਸਦੀ ਪੁਸ਼ਟੀ ਕਰ ਸਕਦਾ ਹੈ। ਜਦ ਗੁਰਬਾਣੀ ਵਿੱਚ ਲਿਖੇ ਹੋਏ ਤੱਤ ਗਿਆਨ ਨੂੰ ਅਸੀਂ ਇਸੇ ਲਈ ਵਿਸ਼ਵਾਸ ਨਾਲ ਨਹੀਂ ਮੰਨ ਸਕਦੇ ਕਿਉਂਕਿ ਸਾਡੇ ਅੰਦਰ ਦਾ ਭਰਮ ਉਸਦੀ ਪੁਸ਼ਟੀ ਨਹੀਂ ਕਰਦਾ। ਸਾਡੀ ਭਰਮਾਂ ਵਾਲੀ ਮਤਿ ਹੀ ਸਾਡੀ ਦੁਚਿੱਤੀ ਹੈ, ਦੁਬਿਧਾ ਹੈ, ਸਹਸਾ ਹੈ, ਮਨ ਦਾ ਪੁੱਠਾ ਕਮਲ ਹੈ। ਜੇਕਰ ਅਸੀਂ ਆਪਣੀ ਭਰਮਾਂ ਵਾਲੀ ਮਤਿ ਨੂੰ ਭਰਮਾਂ ਵਾਲਿਆਂ ਦੀ ਮਤਿ ਨਾਲ ਜੁੜ ਕੇ ਕੱਢਣਾ ਚਾਹਾਂਗੇ ਭਾਵ ਭਗਤੀ ਦਾ ਮਾਰਗ ਸਿੱਖਣਾ ਚਾਹਾਂਗੇ ਪਰ ਇਹ ਵੀ ਸਾਡਾ ਭਰਮ ਹੈ। ਸਾਨੂੰ ਭਰਮ ਵਿੱਚੋਂ ਉਹੀ ਕੱਢ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਤੱਤ ਗਿਆਨ ਨੂੰ ਜਾਣਿਆ ਹੈ ਭਾਵ ਪ੍ਰਮਾਤਮਾ ਨੂੰ ਤੱਤ ਗਿਆਨ ਦੇ ਰੂਪ ਵਿੱਚ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ। ਪ੍ਰਮਾਤਮਾ ਦੀ ਭਗਤੀ ਦਾ ਤਰੀਕਾ, ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਸਾਨੂੰ ਕੇਵਲ ਗੁਰੂ ਹੀ ਸਮਝਾ ਸਕਦਾ ਹੈ, ਧੰਨ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਸਮਝਾ ਸਕਦੇ ਹਨ ਜੋ ਤੱਤ ਗਿਆਨ ਦੇ ਮਾਲਕ ਹਨ, ਪ੍ਰਮਾਤਮਾ ਦਾ ਆਪਣਾ ਹੀ ਰੂਪ ਹਨ ਤੇ ਜੇਕਰ ਉਨ੍ਹਾਂ ਦੀ ਸਮਝ ਨੂੰ ਛੱਡਕੇ ਅਸੀਂ ਕਿਸੇ ਹੋਰ ਦੀ ਸਮਝ ਨਾਲ ਜੁੜਦੇ ਹਾਂ ਭਾਵ ਭਗਤੀ ਦਾ ਮਾਰਗ ਕਿਸੇ ਹੋਰਾਂ ਕੋਲੋਂ ਸਮਝਦੇ ਹਾਂ, ਕਿਸੇ ਹੋਰਾਂ ਕੋਲੋਂ ਨਾਮ ਲੈਣਾ ਜਾਂ ਨਾਮ ਜਪਣਾ ਸਮਝਦੇ ਹਾਂ

ਇਹ ਸਾਡਾ ਭਰਮ ਹੈ ਤੇ ਗੁਰੂ ਤੇ ਬੇਵਿਸ਼ਵਾਸੀ ਹੈ। ਗੁਰੂ ਨੂੰ ਛੱਡ ਕੇ ਸਾਨੂੰ ਕਿਸੇ ਹੋਰ ਦੀ ਮਤਿ ਨਾਲ ਭਗਤੀ ਦਾ ਮਾਰਗ ਸਿੱਖਣ ਲਈ ਨਹੀਂ ਜੁੜਨਾ ਚਾਹੀਦਾ। ਜਿਨ੍ਹਾਂ ਨੂੰ ਖੁੱਦ ਤੱਤ ਦੀ ਸਮਝ ਨਹੀਂ ਹੈ ਉਹ ਦੂਸਰਿਆਂ ਨੂੰ

ਕੀ ਤੱਤ ਦੀ ਗੱਲ ਸਮਝਾ ਸਕਦੇ ਹਨ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝੀਏ ਤੇ ਭਗਤੀ ਦਾ ਮਾਰਗ ਸਿੱਖਣ ਲਈ ਕੇਵਲ ਤੇ ਕੇਵਲ ਗੁਰੂ ਦੀ ਸਮਝ ਨਾਲ ਜੁੜੀਏ, ਤੱਤ ਗਿਆਨ ਵਾਲੀ ਸਮਝ ਦੇ ਨਾਲ ਜੁੜੀਏ ਤੇ ਇਸ ਵਿਸ਼ਵਾਸ ਨਾਲ ਜੁੜੀਏ ਕਿ ਗੁਰੂ ਦੀ ਸਮਝ ਵਰਗਾ ਕੋਈ ਹੋਰ ਨਹੀਂ ਹੋ ਸਕਦਾ ਭਾਵੇਂ ਸਾਨੂੰ ਕੋਈ ਕਿਤਨੇ ਵੀ ਉੱਚੇ ਸਮਝ ਵਾਲਾ ਕਿਉਂ ਨਾ ਨਜਰ ਆਉਂਦਾ ਹੋਵੇ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਜੋ ਆਪ ਭਰਮਾਂ ਵਿੱਚ ਹਨ ਉਨ੍ਹਾਂ ਨੇ ਦੂਸਰਿਆਂ ਦੇ ਭਰਮ ਕੀ ਕੱਢਣੇ ਹਨ, ਜਿਨ੍ਹਾਂ ਨੇ ਖੁੱਦ ਪ੍ਰਮਾਤਮਾ ਨੂੰ ਨਹੀਂ ਜਾਣਿਆ ਉਨ੍ਹਾਂ ਨੇ ਦੂਸਰਿਆਂ ਨੂੰ ਪ੍ਰਮਾਤਮਾ ਦੇ ਨਾਲ ਕੀ ਮਿਲਾਉਂਣਾ ਹੈ।

“ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥ ਨਾਮੁ ਨ ਬੂਝਹਿ ਭਰਮਿ ਭੁਲਾਨਾ ॥
ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥੩॥
ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥
ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥
ਸਭ ਸਾਲਾਹੇ ਸੁਣਿ ਸੁਣਿ ਆਖੈ ॥ ਆਪੇ ਦਾਨਾ ਸਚੁ ਪਰਾਖੈ ॥
ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥੫॥
ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥
ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥
ਜਨਮੇ ਕਉ ਵਾਜਹਿ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥
ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥੭॥
ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥
ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥”

(ਅੰਗ ੧੦੩੨)

ਆਉ ਪਹਿਲਾਂ ਉਪਰ ਵਾਲੇ ਪਹਿਲੇ ਪਦੇ ਨੂੰ ਸਮਝਦੇ ਹਾਂ ਕਿ ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਕੀ ਹੈ।

“ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥ ਨਾਮੁ ਨ ਬੂਝਹਿ ਭਰਮਿ ਭੁਲਾਨਾ ॥
ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥੩॥”

ਜੋ ਵੀ ਭਗਤੀ ਦੇ ਮਾਰਗ ਨਾਲ ਜੁੜਦਾ ਹੈ ਉਹ ਧਰਮ ਗ੍ਰੰਥਾਂ ਨੂੰ ਪੜਨ ਦੁਆਰਾ ਜੁੜਦਾ ਹੈ ਤੇ ਧਰਮ ਗ੍ਰੰਥਾਂ ਦੇ ਪੜਨ ਨੂੰ ਹੀ ਭਗਤੀ ਦਾ ਮਾਰਗ ਸਮਝਦਾ ਹੈ ਭਾਵ ਸ਼ਬਦਾਂ ਦੀ ਕਥਨੀ ਕਰਨ ਨੂੰ ਹੀ ਭਗਤੀ ਦਾ ਮਾਰਗ ਸਮਝਦਾ ਹੈ। ਜੋ ਕੇਵਲ ਸ਼ਬਦਾਂ ਦੀ ਕਥਨੀ ਹੀ ਕਰਦੇ ਹਨ ਭਾਵ ਸ਼ਬਦਾਂ ਨੂੰ ਕੇਵਲ ਪੜਦੇ ਹੀ ਹਨ ਉਨ੍ਹਾਂ ਨੂੰ ਮਨਮੁਖਿ ਕਿਹਾ ਹੈ ਕਿਉਂਕਿ ਉਨ੍ਹਾਂ ਨੂੰ ਸ਼ਬਦਾਂ ਦੀ ਪੜਨ ਦੀ **“ਬਿਧਿ”** ਹੀ ਨਹੀਂ ਸਮਝ ਆਈ ਭਾਵ ਸ਼ਬਦਾਂ ਨੂੰ ਪੜਨ ਦਾ ਮਕਸਦ ਹੀ ਸਮਝ ਨਹੀਂ ਆਇਆ। ਕੇਵਲ ਕਥਨੀ ਕਰੀ ਜਾਣੀ ਬਿੱਧ ਨਹੀਂ

ਹੈ **(ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥)**। ਸ਼ਬਦਾਂ ਨੂੰ ਪੜਨ ਦੀ ਬਿੱਧ ਕੀ ਹੈ ਭਾਵ ਅਸਲੀਅਤ ਕੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਨਾਮੁ ਨ ਬੂਝਹਿ ਭਰਮਿ ਭੁਲਾਨਾ ॥”

ਅਸੀਂ ਜੋ ਵੀ ਸ਼ਬਦ ਪੜਦੇ ਹਾਂ ਉਹ ਸ਼ਬਦ ਸਾਨੂੰ ਕੁਝ ਬੁਝਾਉਣ ਲਈ ਹੁੰਦਾ ਹੈ, ਕੁਝ ਸਮਝਾਉਣ ਲਈ ਹੁੰਦਾ ਹੈ ਭਾਵ ਕੁਝ ਗਿਆਨ ਦੇਣ ਲਈ ਹੁੰਦਾ ਹੈ। ਜੋ ਵੀ ਗੁਰੂ ਦਾ ਸ਼ਬਦ ਸਾਨੂੰ ਬੁਝਾਉਂਦਾ ਹੈ ਭਾਵ ਗਿਆਨ ਦਿੰਦਾ ਹੈ, ਉਪਦੇਸ਼ ਦਿੰਦਾ ਹੈ, ਮਤਿ ਦਿੰਦਾ ਹੈ ਉਹ **"ਨਾਮੁ"** ਹੈ। ਨਾਮ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਮਨ ਦੀ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੈ ਜਿਸ ਭਰਮਾਂ ਵਾਲੀ ਸਮਝ ਦੇ ਕਾਰਣ ਮਨੁੱਖ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭੁੱਲਿਆ ਹੋਇਆ ਹੈ। ਅਸੀਂ ਭਰਮਾਂ ਵਿੱਚੋਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਅਸੀਂ ਸ਼ਬਦਾਂ ਦੀ ਸਮਝਾਈ ਹੋਈ ਮਤਿ ਨੂੰ ਮੰਨਾਂਗੇ, ਉਸਨੂੰ ਆਪਣੇ ਅੰਦਰ ਬੁਝਾਂਗੇ ਭਾਵ ਆਪਣੇ ਅੰਦਰ ਧਿਆਵਾਂਗੇ। ਕੇਵਲ ਕਥਨੀ ਕਰੀ ਜਾਣਾ, ਸ਼ਬਦਾਂ ਨੂੰ ਪੜੀ ਜਾਣਾ ਨਾਮ ਨੂੰ ਬੁੱਝਣਾ ਨਹੀਂ ਹੈ। ਆਪਣੇ ਅੰਦਰ ਨਾਮ ਨੂੰ ਬੁੱਝਣਾ ਆਪਣੇ ਭਰਮਾਂ ਨੂੰ ਛੱਡਣਾ ਹੈ, ਆਪਣੀਆਂ ਭੁੱਲਾਂ ਵਿੱਚੋਂ ਨਿਕਲਣਾ ਹੈ। ਧਰਮ ਗ੍ਰੰਥਾਂ ਦੀ ਰਚਨਾ ਕਰਨ ਦਾ ਇਹੀ ਮਕਸਦ ਹੈ ਕਿ ਉਨ੍ਹਾਂ ਦੁਆਰਾ ਸਮਝਾਇਆ ਹੋਇਆ ਨਾਮ ਅਸੀਂ ਆਪਣੇ ਅੰਦਰ ਵਸਾਈਏ, ਉਨ੍ਹਾਂ ਦੁਆਰਾ ਸਮਝਾਇਆ ਹੋਇਆ ਸੱਚ ਸਮਝੀਏ ਭਾਵ ਆਪਣੇ ਮਨ ਨੂੰ ਸਮਝਾਈਏ ਤੇ ਮਨ ਦੇ ਭਰਮਾਂ ਵਿੱਚੋਂ ਨਿਕਲੀਏ ਤੇ ਭਗਤੀ ਦੇ ਉਹੋ ਜਿਹੇ ਮਾਰਗ ਤੇ ਚੱਲੀਏ ਜੋ ਗੁਰੂ ਨੇ ਸਮਝਾਇਆ ਹੈ। ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣਾ ਪਰ ਉਨ੍ਹਾਂ ਤੇ ਅਮਲ ਨਾ ਕਰਨਾ ਕੇਵਲ ਮਨਮੁੱਖਤਾ ਹੈ ਭਾਵ ਕੇਵਲ ਕਥਨੀ ਕਰੀ ਜਾਣਾ ਭਗਤੀ ਦਾ ਮਾਰਗ ਨਹੀਂ ਹੈ। ਸਭ ਪਾਸੇ ਸੰਸਾਰ ਇਹੋ ਜਿਹੀ ਭਗਤੀ ਨਾਲ ਹੀ ਜੁੜਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਭਗਤੀ ਦੀ ਅਸਲੀਅਤ ਨੂੰ ਸਮਝਣ ਵਿੱਚ ਭਰਮਾਂ ਵਿੱਚ ਹੀ ਹੈ, ਭੁੱਲਿਆ ਹੋਇਆ ਹੀ ਹੈ **(ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥ ਨਾਮੁ ਨ ਬੂਝਹਿ ਭਰਮਿ ਭੁਲਾਨਾ ॥)**।

46/6125

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

ਸਲੋਕੁ ਮਃ ੧ ॥

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ ੪੬੭)

ਕੇਵਲ ਕਥਨੀ ਕਰੀ ਜਾਣ ਵਾਲੇ ਕਦੇ ਇਸ ਗੱਲ ਨੂੰ ਨਹੀਂ ਮੰਨ ਸਕਦੇ ਕਿ ਉਹ ਭਗਤੀ ਨੂੰ ਸਮਝਣ ਵਿੱਚ ਜਾਂ ਨਾਮ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਹਨ ਕਿਉਂਕਿ ਉਨ੍ਹਾਂ ਨੂੰ ਇਸੇ ਗੱਲ ਦਾ ਹੀ ਸੰਸਾਰ ਵਿੱਚੋਂ ਮਾਨ ਮਿਲਦਾ ਹੈ ਭਾਵ ਹਰ ਕੋਈ ਉਨ੍ਹਾਂ ਨੂੰ ਚੰਗਾ ਸਮਝਦਾ ਹੈ। ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਉਨ੍ਹਾਂ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ।

"ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥੩॥"

ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਕੇਵਲ ਕਥਨੀ ਕਰੀ ਜਾਣ ਨੂੰ ਜੋ ਭਗਤੀ ਦਾ ਮਾਰਗ ਸਮਝਦੇ ਹਨ, ਨਾਮ ਦਾ ਮਾਰਗ ਸਮਝਦੇ ਹਨ ਉਹ ਗੁਰੂ ਦੀ ਸੱਚੀ ਮਤਿ ਨੂੰ ਕਿਤਨਾ ਕੂ ਵਿਗਾੜਦੇ ਹਨ ਭਾਵ ਦੂਸਰਿਆਂ ਨੂੰ ਭਰਮਾਂ ਵਿੱਚ ਪਾਉਂਦੇ ਹਨ ਇਹੀ ਗੱਲ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **"ਉਗਾਹੀ"** ਗਵਾਹੀ ਨੂੰ ਕਹਿੰਦੇ ਹਨ **"ਵਢੀ"** ਰਿਸ਼ਵਤ ਨੂੰ ਕਹਿੰਦੇ ਹਨ ਭਾਵ ਜੋ ਝੂਠੀ ਗਵਾਹੀ

46/6126

ਦਿੰਦੇ ਹਨ, ਆਪਣੇ ਲਾਲਚ ਵਿੱਚ ਆ ਕੇ, ਆਪਣਾ ਲਾਲਚ ਪੂਰਾ ਕਰਨ ਲਈ ਕੋਈ ਝੂਠੀ ਗਵਾਹੀ ਦਿੰਦੇ ਹਨ ਉਨ੍ਹਾਂ ਦੀ ਗੱਲ

ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਝੂਠੀ ਭਗਤੀ ਦੇ ਮਾਰਗ ਨੂੰ ਜੋ ਸੱਚੀ ਭਗਤੀ ਦਾ ਮਾਰਗ ਸਮਝਦੇ ਹਨ ਉਨ੍ਹਾਂ ਨੂੰ ਕਿਤਨੀ ਵੱਡੀ ਫਿਟਕਾਰ ਪਾਈ ਹੋਈ ਹੈ। ਕੀ ਇਹੋ ਜਿਹੀ ਕਥਨੀ ਵਾਲੀ ਭਗਤੀ ਕਰਨ ਵਾਲੇ ਕਦੇ ਇਹ ਮੰਨ ਸਕਦੇ ਹਨ ਕਿ ਉਨ੍ਹਾਂ ਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੈ ਭਾਵ **"ਗੁਰਮਤਿ"** ਦੀ ਸਮਝ ਨਹੀਂ ਹੈ। ਇਹੋ ਜਿਹੇ ਸੱਚੀ ਭਗਤੀ ਦੇ ਉਲਟ ਭਾਵ ਗੁਰਮਤਿ ਦੇ ਉਲਟ ਭਾਵ ਗੁਰੂ ਦੀ ਸੱਚੀ ਸਮਝ ਦੇ ਉਲਟ ਆਪਣੀ ਗਵਾਹੀ ਦਿੰਦੇ ਹਨ, ਆਪਣਾ ਲਾਲਚ ਪੂਰਾ ਕਰਨ ਲਈ ਗੁਰੂ ਦੇ ਉਲਟ ਗਵਾਹੀ ਦਿੰਦੇ ਹਨ। ਇਨ੍ਹਾਂ ਦਾ ਲਾਲਚ ਕਿਵੇਂ ਪੂਰਾ ਹੁੰਦਾ ਹੈ ਭਾਵ ਵਢੀ ਕਿਸ ਰੂਪ ਵਿੱਚ ਲੈਂਦੇ ਹਨ ਇਸਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਮਨੁੱਖ ਦੇ ਅੰਦਰ ਅਨੇਕਾਂ ਹੀ ਲਾਲਚ ਵਾਲੇ ਵਿਚਾਰ ਹਨ। ਕਿਸੇ ਨੂੰ ਮਾਇਆ ਦਾ ਲਾਲਚ ਹੈ, ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਦਾ ਲਾਲਚ ਹੈ, ਕਿਸੇ ਨੂੰ ਸੰਗਤਾਂ ਕੋਲੋਂ ਮਾਨ ਲੈਣ ਦਾ ਲਾਲਚ ਹੈ। ਜਿਤਨੀ ਕੋਈ ਜਿਆਦਾ ਕਥਨੀ ਕਰਦਾ ਹੈ ਉਹ ਉਸ ਕਥਨੀ ਵਿੱਚ ਹੀ ਆਪਣੀ ਭਗਤੀ ਸਮਝਦਾ ਹੈ ਪਰ ਕਥਨੀ ਸਾਨੂੰ ਗੁਰੂ ਦੀ ਮਤਿ ਸਮਝਾਉਂਣ ਲਈ ਹੀ ਹੁੰਦੀ ਹੈ ਭਾਵ ਸਾਡੀ ਕਰਨੀ ਨੂੰ ਚੰਗਾ ਬਨਾਉਂਣ ਲਈ ਹੁੰਦੀ ਹੈ ਪਰ ਆਪਣੀ ਕਰਨੀ ਨੂੰ ਚੰਗਾ ਬਨਾਉਂਣ ਦੀ ਬਜਾਏ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੀ ਸਮਝ ਛੱਡਣ ਦੀ ਬਜਾਏ ਉਹ ਸ਼ਬਦਾਂ ਦੀ ਕਥਨੀ ਦੁਆਰਾ ਹੀ ਆਪਣੀ ਇੱਛਾ ਅਨੁਸਾਰ ਲਾਲਚ ਪੂਰਾ ਕਰਦਾ ਹੈ ਤੇ ਉਹ ਹੋਰ ਆਪਣੀ ਝੂਠੀ ਭਗਤੀ ਦਾ ਪ੍ਰਚਾਰ ਕਰਦਾ ਹੈ, ਦੂਸਰਿਆਂ ਨੂੰ ਕਥਨੀ ਨਾਲ ਜੋੜਦਾ ਹੈ, ਕਿਸੇ ਅੱਖਰ ਨੂੰ ਜਪੀ ਜਾਣ ਨਾਲ ਜੋੜਦਾ ਹੈ ਤੇ ਹੋਰ ਵੀ ਭਗਤੀ ਦੇ ਇਹੋ ਜਿਹੇ ਤਰੀਕੇ ਸਮਝਾਉਂਦਾ ਹੈ ਜਿਨ੍ਹਾਂ ਲਈ ਸਾਨੂੰ ਗੁਰਮਤਿ ਮਨ੍ਹਾ ਕਰਦੀ ਹੈ ਪਰ ਉਹ ਆਪਣੇ ਝੂਠੇ ਭਗਤੀ ਦੇ ਤਰੀਕਿਆਂ ਨੂੰ ਹੀ ਗੁਰਮਤਿ ਕਹਿੰਦੇ ਹਨ ਕਿ ਅਸੀਂ ਗੁਰਮਤਿ ਤੇ ਪੂਰਾ ਉਤਰ ਰਹੇ ਹਾਂ ਭਾਵ ਗੁਰੂ ਨੇ ਇਹੋ ਜਿਹੀ ਭਗਤੀ ਸਮਝਾਈ ਹੈ **{ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}** ਅੰਗ ੫੬। ਇਹੋ ਜਿਹਿਆਂ ਦੇ ਅੰਦਰ ਤਾਂ ਦੁਰਮਤਿ ਹੁੰਦੀ ਹੈ ਭਾਵ ਮਾਇਆ ਦਾ ਫਾਹਾ ਹੁੰਦਾ ਹੈ ਪਰ ਇਹ ਸਾਬਤ ਆਪਣੇ ਆਪ ਨੂੰ ਗੁਰਮਤਿ ਵਾਲਾ ਕਰਦੇ ਹਨ ਭਾਵ ਆਪਣੀ ਦੁਰਮਤਿ ਨੂੰ ਹੀ ਆਪਣਾ ਲਾਲਚ ਪੂਰਾ ਕਰਨ ਲਈ ਗੁਰਮਤਿ ਕਹਿ ਕੇ ਸਮਝਾਉਂਦੇ ਹਨ ਭਾਵ ਗੁਰੂ ਦੀ ਸੱਚੀ ਮਤਿ ਦੇ ਉਲਟ ਝੂਠੇ ਗਵਾਹ ਬਣਦੇ ਹਨ। ਇਹ ਆਪ ਭਰਮੇ ਹੋਏ ਹਨ ਤੇ ਦੂਜਿਆਂ ਨੂੰ ਵੀ ਭੁਲਾਉਂਦੇ ਹਨ **(ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥ ਨਾਮੁ ਨ ਬੂਝਹਿ ਭਰਮਿ ਭੁਲਾਨਾ॥ ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥੩॥)**।

46/6127

{ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੁ ਕੀਨੋ ਸਾਬੁਨੁ ਸੂਧੁ ॥
ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਣਹੋਂਦੀ ਹਿਰੈ ॥੨॥}

(ਅੰਗ ੯੦੦)

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

ਪ੍ਰਭਾਤੀ ਮਹਲਾ ੧ ॥

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥

ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥
ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥ ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨੁ ਬੀਚਾਰੁ ॥ ਮਨੁ ਮਾਰੇ ਜੀਵਤ ਮਰਿ ਜਾਣੁ ॥
ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

ਜੋ ਸਾਨੂੰ ਧਰਮ ਗ੍ਰੰਥਾਂ ਦੀ ਕੇਵਲ ਕਥਨੀ ਨਾਲ ਜੋੜਦੇ ਹਨ ਪਰ ਪੜਨ ਦੀ ਅਸਲੀਅਤ ਨਾਲ ਨਹੀਂ ਜੋੜਦੇ ਉਨ੍ਹਾਂ ਦਾ ਪ੍ਰਮਾਤਮਾ ਦੇ ਨਾਲ ਨਾ ਆਪਣਾ ਝਗੜਾ ਮੁਕੱਦਾ ਹੈ ਤੇ ਨਾਂ ਹੀ ਉਨ੍ਹਾਂ ਦੇ ਪਿੱਛੇ ਲੱਗਣ ਵਾਲਿਆਂ ਦਾ ਮੁਕੱਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥
ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥"

ਉਪਰ ਪਦੇ ਰਾਹੀਂ ਸਾਨੂੰ ਭਗਤੀ ਦਾ ਫਰਜ ਹੀ ਸਮਝਾਇਆ ਹੋਇਆ ਹੈ ਇਹ ਮਨ ਦੇ ਭਰਮ ਰਾਹੀਂ ਅਸੀਂ ਕਿਸ ਗੱਲ ਵਿੱਚ ਭਗਤੀ ਸਮਝਦੇ ਹਾਂ ਤੇ ਅਸਲ ਭਗਤੀ ਦਾ ਮਾਰਗ ਕੀ

ਹੈ। ਉਪਰਲੀਆਂ ਦੋ ਪੰਗਤੀਆਂ ਰਾਹੀਂ ਸਾਨੂੰ ਉਹ ਭਗਤੀ ਦਾ ਤਰੀਕਾ ਸਮਝਾਇਆ ਹੋਇਆ ਹੈ ਜਿਸ ਵਿੱਚ ਭਰਮ ਹੈ ਭਾਵ ਸੱਚ ਨਹੀਂ ਹੈ, ਤੱਤ ਨਹੀਂ ਹੈ। ਹਰ ਕੋਈ ਸ਼ਬਦਾਂ ਦੀ ਕਥਨੀ ਨਾਲ ਜੁੜਿਆ ਹੋਇਆ ਹੈ, ਪੜਨ ਸੁਣਨ ਨਾਲ ਜੁੜਿਆ ਹੋਇਆ ਹੈ ਪਰ ਪੜਨ ਦਾ ਮਕਸਦ ਕੀ ਹੈ ਇਸ ਗੱਲ ਨੂੰ ਉਹ ਨਹੀਂ ਸਮਝਦੇ। ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਉਨ੍ਹਾਂ ਦੇ ਅੰਦਰ ਦੀ ਵਿਚਾਰ ਨੂੰ ਜਾਨਣ ਦਾ ਹੈ ਭਾਵ ਤੱਤ ਨੂੰ ਸਮਝਣ ਦਾ ਹੈ ਭਾਵ ਉਨ੍ਹਾਂ ਦੁਆਰਾ ਦਿੱਤੀ ਹੋਈ ਵਿਚਾਰ ਨੂੰ ਮੰਨਣ ਦਾ ਹੈ। ਜੇਕਰ ਸਾਨੂੰ ਗੁਰੂ ਸਮਝਾਉਂਦਾ ਹੈ ਕਿ ਔਗੁਣ ਛੱਡੋ, ਲਾਲਚ ਛੱਡੋ, ਮਾਇਆ ਮੋਹ ਛੱਡੋ ਤਾਂ ਇਹ ਸਮਝ ਸ਼ਬਦ ਦਾ ਤੱਤ ਹੈ। ਇਸ ਤੱਤ ਨਾਲ ਜੁੜਨਾ ਗੁਰੂ ਦੇ ਸ਼ਬਦ ਦੇ ਨਾਲ ਜੁੜਨਾ ਹੈ। ਤੱਤ ਨਾਲ ਤਾਂ ਹੀ ਜੁੜਿਆ ਜਾ ਸਕਦਾ ਹੈ ਜੇਕਰ ਅਸੀਂ ਗੁਰੂ ਦੀ ਦੱਸੀ ਹੋਈ ਗੱਲ ਨੂੰ ਮੰਨਾਂਗੇ ਭਾਵ ਔਗੁਣ ਛੱਡਾਂਗੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਾਂਗੇ, ਲੋਭ ਲਾਲਚ ਛੱਡਾਂਗੇ ਜਿਨ੍ਹਾਂ ਨੂੰ ਛੱਡਣ ਦਾ ਮਕਸਦ ਮਾੜੇ ਕੰਮਾਂ ਤੋਂ ਬੱਚਣ ਦਾ ਹੈ ਭਾਵ ਆਪਣੀ ਵਿਚਰਨ ਨੂੰ ਸੱਚਾ ਸੁੱਚਾ ਬਨਾਉਂਣਾ ਹੈ। ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਸਾਡੇ ਮਾੜੇ ਕਰਮਾਂ ਕਰਕੇ ਹੈ ਭਾਵ ਗੁਰੂ ਦੀ ਗੱਲ ਨਾ ਮੰਨਣ ਕਰਕੇ ਹੈ। ਖਾਲੀ ਧਰਮ ਗ੍ਰੰਥਾਂ ਨੂੰ ਪੜੀ ਜਾਣ ਨਾਲ ਸਾਡਾ ਪ੍ਰਮਾਤਮਾ ਨਾਲ **"ਵਾਦੁ"** ਨਹੀਂ ਮੁੱਕ ਸਕਦਾ ਭਾਵ ਬਹਸ ਖਤਮ ਨਹੀਂ ਹੋ ਸਕਦੀ, ਝਗੜਾ ਖਤਮ ਨਹੀਂ ਹੋ ਸਕਦਾ। ਸਾਡਾ ਗੁਰੂ ਨਾਲ ਵਾਦ ਤਾਂ ਹੀ ਖਤਮ ਹੋ ਸਕਦਾ ਹੈ ਜੇਕਰ ਸ਼ਬਦਾਂ ਦੇ ਸਮਝਾਏ ਹੋਏ ਤੱਤ ਨਾਲ ਜੁੜਾਂਗੇ। ਜੋ ਭਰਮੇ ਹੋਏ ਹਨ ਭਾਵ ਜਿਨ੍ਹਾਂ ਨੂੰ ਭਗਤੀ ਦੀ ਸੱਚੀ ਸਮਝ ਨਹੀਂ ਹੈ ਉਹ ਆਪ ਵੀ ਕਥਨੀ ਕਰਨ ਨੂੰ ਸਭ ਕੁਝ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਇਹ ਕੁਝ ਹੀ ਸਮਝਾਉਂਦੇ ਹਨ। ਉਹ ਨਾਮ ਨੂੰ ਵੀ ਕੋਈ ਅੱਖਰ ਹੀ ਸਮਝਦੇ ਹਨ ਤੇ ਅੱਖਰ ਦੀ ਕਥਨੀ ਹੀ ਸਮਝਾਉਂਦੇ ਹਨ ਜਿਸਨੂੰ ਕਿ ਉਹ ਨਾਮ ਜਪਣਾ ਸਮਝਦੇ ਹਨ ਤੇ ਸਮਝਾਉਂਦੇ ਹਨ ਭਾਵ ਆਪ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਤੇ ਦੂਸਰਿਆਂ ਨੂੰ ਵੀ ਭਰਮ ਵਿੱਚ ਪਾਉਂਦੇ ਹਨ। ਉਹ ਆਪਣੇ ਆਪ ਨੂੰ ਇਸ ਗੱਲ ਲਈ ਗੁਰੂ ਦੀ ਮਤਿ ਵਾਲਾ ਸਮਝਦੇ ਹਨ, ਗੁਰੂ ਦੀ ਭਗਤੀ ਵਾਲਾ ਸਮਝਦੇ ਹਨ ਭਾਵ ਉਹ ਗੁਰਮਤਿ ਦੇ ਉਲਟ ਚੱਲਣ ਦੁਆਰਾ

ਵੀ ਗੁਰਮਤਿ ਵਾਲਾ ਅਖਵਾਉਂਦੇ ਹਨ ਤੇ ਇਸੇ ਗੱਲ ਦੀ ਸ਼ੋਭਾ ਪਾਉਂਦੇ ਹਨ ਕਿ ਉਹ ਬੜੀ ਭਗਤੀ ਵਾਲੇ ਹਨ **(ਸਿੰਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥)**।

46/6129

ਗੁਰੂ ਦਾ ਮਕਸਦ ਸਾਨੂੰ ਤੱਤ ਨਾਲ ਜੋੜਨ ਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨਾਲ ਜੋੜਨ ਦਾ ਹੈ। ਸੱਚੀ ਭਗਤੀ ਦੀ ਸਮਝ ਕੇਵਲ ਗੁਰੂ ਨੂੰ ਹੀ ਹੈ ਤੇ ਗੁਰੂ ਕੋਲੋਂ ਹੀ ਸਿੱਖਣੀ ਚਾਹੀਦੀ ਹੈ। ਗੁਰੂ ਸਾਨੂੰ ਤੱਤ ਦੇ ਨਾਲ ਕਿਸ ਤਰੀਕੇ ਜੋੜਦਾ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥"

ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣਾ **"ਤਤੁ"** ਦੀ ਗੱਲ ਨਹੀਂ ਹੈ। ਗੁਰੂ ਸਾਨੂੰ ਇਹ ਤੱਤ ਸਮਝਾਉਂਦਾ ਹੈ ਕਿ ਤੱਤ ਪੂਰਨ ਸੱਚ ਹੈ ਜਿਸ ਤੱਤ ਰੂਪ ਸੱਚ ਨੂੰ ਮੰਨਕੇ ਭਾਵ ਗੁਰੂ ਦੀ ਦਿੱਤੀ ਹੋਈ ਸੱਚੀ ਮਤਿ ਨੂੰ ਮੰਨਕੇ ਭਾਵ ਗੁਰੂ ਦੇ ਤੱਤ ਗਿਆਨ ਨੂੰ ਮੰਨਕੇ ਅਸੀਂ ਆਪਣੇ ਮਨ ਨੂੰ ਮਨਾਉਂਣਾ ਹੈ, ਮਨ ਨੂੰ ਨਿਰਮਲ ਬਨਾਉਂਣਾ ਹੈ, ਮਨ ਨੂੰ ਸੁੱਚਾ ਬਨਾਉਂਣਾ ਹੈ, ਮਨ ਨੂੰ ਪਵਿੱਤਰ ਬਨਾਉਂਣਾ ਹੈ ਭਾਵ ਮਨ ਦੀ ਮੈਲ ਨੂੰ ਕੱਢਣਾ ਹੈ। ਸਾਡਾ ਮਨ ਭਰਮਾਂ ਦੀ ਮੈਲ, ਅਗਿਆਨਤਾ ਦੀ ਮੈਲ, ਹਉਮੈ ਦੀ ਮੈਲ, ਮਾਇਆ ਮੋਹ ਦੀ ਮੈਲ ਦੁਆਰਾ ਮੈਲਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਦੋਂ ਸਾਡਾ ਮਨ ਗੁਰੂ ਦੇ ਤੱਤ ਗਿਆਨ ਦੁਆਰਾ ਸੱਚਾ ਬਣਦਾ ਹੈ ਤਾਂ ਹੀ ਸਾਡੇ ਅੰਦਰ ਸੱਚਾ ਗਿਆਨ ਵੱਸਦਾ ਹੈ ਜਿਸ ਦੁਆਰਾ ਸਾਡੇ ਅੰਦਰ ਦੀ ਸਮਝ ਨੂੰ ਭਗਤੀ ਦੇ ਸੱਚ ਦੀ ਖਬਰ ਪੈਂਦੀ ਹੈ, ਭਗਤੀ ਦੀ ਅਸਲੀਅਤ ਦੀ ਸਮਝ ਪੈਂਦੀ ਹੈ। ਸੱਚ ਦੇ ਮਾਰਗ ਤੇ ਚੱਲਣਾ, ਰਾਹ ਤੇ ਚੱਲਣਾ ਭਾਵ ਸੱਚ ਦੇ ਮਾਰਗ ਤੇ ਚੱਲਣਾ ਭਗਤੀ ਦਾ ਅਸਲ ਮਾਰਗ ਹੈ ਭਾਵ ਗੁਰੂ ਦੀ ਗੱਲ ਤੇ ਅਮਲ ਕਰਨਾ ਇਹ ਭਗਤੀ ਦਾ ਮਾਰਗ ਹੈ ਨਾ ਕਿ ਕੇਵਲ ਕਥਨੀ ਕਰੀ ਜਾਣਾ ਜਿਵੇਂ ਕਿ ਭਰਮੇ ਹੋਏ ਸਾਨੂੰ ਸਮਝਾਉਂਦੇ ਹਨ। ਸੱਚੀ ਸਮਝ ਕੇਵਲ ਗੁਰੂ ਦੇ ਕੋਲ ਹੈ ਤੇ ਇਸੇ ਲਈ ਸਾਨੂੰ ਭਗਤੀ ਦੀ ਸਮਝ ਕੇਵਲ ਗੁਰੂ ਤੋਂ ਹੀ ਲੈਣੀ ਚਾਹੀਦੀ ਹੈ **(ਸਿੰਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥ ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥)**।

46/6130

{ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥੪॥}

(ਅੰਗ ੧੦੧੩)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥}

(ਅੰਗ ੧੨੦)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥}

(ਅੰਗ ੫੬)

{ਮਨਹੁ ਜਿ ਅੰਧੇ ਘੁਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੂਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥

ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥
ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥
ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥}

(ਅੰਗ ੧੪੧੧)

ਜਿਵੇਂ ਕਿ ਅਸੀਂ ਉਪਰ ਸਮਝਿਆ ਹੈ ਕੇਵਲ ਕਥਨੀ ਕਰੀ ਜਾਣਾ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਭਾਵ ਉਸੇ ਨੂੰ ਹੀ ਭਗਤੀ ਸਮਝਣਾ ਸਾਡਾ ਭਰਮ ਹੈ। ਗੁਰੂ ਸਾਨੂੰ ਇਹੋ ਜਿਹੀ ਭਗਤੀ ਨਾਲ ਨਹੀਂ ਜੋੜਦਾ ਬਲਕਿ ਸਾਨੂੰ ਸ਼ਬਦ ਦੇ ਅੰਦਰ ਦੇ ਸੱਚ ਨਾਲ ਭਾਵ ਤੱਤ ਨਾਲ ਜੁੜਨ ਲਈ ਪ੍ਰੇਰਦਾ ਹੈ। ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਡਾ ਇਹ ਭਰਮ ਹੋਰ ਵੀ ਕੱਢਿਆ ਹੋਇਆ ਹੈ।

"ਸਭ ਸਾਲਾਹੇ ਸੁਣਿ ਸੁਣਿ ਆਖੈ ॥ ਆਪੇ ਦਾਨਾ ਸਚੁ ਪਰਾਖੈ ॥
ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥੫॥"

46/6131

ਭਗਤੀ ਦਾ ਮਾਰਗ ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਗੁਰੂ ਪ੍ਰਮਾਤਮਾ ਦਾ ਰੂਪ ਹੈ ਜੋ ਕਿ ਉਸਦਾ ਗੁਰੂ ਰੂਪ ਹੈ, ਪ੍ਰਮਾਤਮਾ ਦਾ ਗੁਰਮੁਖਿ ਰੂਪ ਤੱਤ ਗਿਆਨ ਨੂੰ ਜਾਨਣ ਵਾਲਾ ਰੂਪ ਹੈ ਤੇ ਭਗਤੀ ਦਾ ਮਾਰਗ ਤੱਤ ਗਿਆਨ ਦੇ ਨਾਲ ਜੁੜੇ ਬਿਨਾਂ ਨਹੀਂ ਸਮਝਿਆ ਜਾ ਸਕਦਾ ਤੇ ਨਾ ਉਸਤੇ ਚੱਲਿਆ ਜਾ ਸਕਦਾ ਹੈ। ਤੱਤ ਗਿਆਨ ਨੂੰ ਜਾਣੇ ਬਿਨਾਂ ਭਾਵ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣੇ ਬਿਨਾਂ ਹਰ ਕੋਈ ਮਨਮੁਖਿ ਹੁੰਦਾ ਹੈ ਭਾਵ ਹਰ ਕੋਈ ਆਪਣੀ ਮਤਿ ਨਾਲ ਜੁੜਿਆ ਹੋਇਆ ਹੈ। ਸਾਡੀ ਆਪਣੀ ਮਤਿ ਹਉਮੈ ਹੈ, ਮਾਇਆ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਹੈ ਜਿਸਦੇ ਵਿੱਚ ਰਹਿੰਦਿਆਂ ਅਸੀਂ ਸੱਚ ਨੂੰ ਸਮਝਣ ਤੋਂ, ਤੱਤ ਨੂੰ ਸਮਝਣ ਤੋਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ, ਭਗਤੀ ਦਾ ਸੱਚਾ ਮਾਰਗ ਜਾਨਣ ਤੋਂ ਤੇ ਉਸ ਉੱਤੇ ਚੱਲਣ ਤੋਂ ਦੂਰ ਰਹਿੰਦੇ ਹਾਂ ਭਾਵ ਸੱਚਾਈ ਸਮਝਣ ਨੂੰ ਭਰਮ ਵਿੱਚ ਰਹਿੰਦੇ ਹਾਂ। ਧਰਮ ਦਾ ਮਾਰਗ, ਸੱਚ ਦਾ ਮਾਰਗ, ਨਾਮ ਦਾ ਮਾਰਗ ਪ੍ਰਮਾਤਮਾ ਆਪ ਹੀ ਜਾਣਦਾ ਹੈ ਤੇ ਉਸਨੇ ਆਪ ਹੀ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ ਜਿਸ ਰਾਹੀਂ ਉਸਨੇ ਸਾਨੂੰ ਸੱਚ ਸਮਝਾਇਆ ਹੈ ਭਾਵ ਭਗਤੀ ਦੇ ਮਾਰਗ ਦੀ ਅਸਲੀਅਤ ਸਮਝਾਈ ਹੈ, ਨਾਮ ਸਮਝਾਇਆ ਹੈ। ਸੱਚ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਧਰਮ ਗ੍ਰੰਥਾਂ ਦੇ ਵਿੱਚ ਉਹ ਆਪਣੇ ਸੱਚ ਰੂਪ ਵਿੱਚ ਹੀ ਹੈ ਜੋ ਕਿ ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਹੈ। ਭਗਤੀ ਅਸੀਂ ਪ੍ਰਮਾਤਮਾ ਦੀ ਕਰਨੀ ਹੈ ਭਾਵ **"ਸਚੁ"** ਰੂਪ ਪ੍ਰਮਾਤਮਾ ਦੀ ਕਰਨੀ ਹੈ। ਪ੍ਰਮਾਤਮਾ ਆਪ ਹੀ ਸੱਚ ਦੀ ਪਰਖ ਕਰਨ ਵਾਲਾ ਹੈ ਤੇ ਉਸਦੀ ਪਰਖ ਤੇ ਉਹੀ ਪੂਰਾ ਉਤਰ ਸਕਦਾ ਹੈ ਜੋ ਸ਼ਬਦਾਂ ਦੇ ਸਮਝਾਏ ਹੋਏ ਸੱਚ ਤੇ ਪੂਰਾ ਉਤਰ ਸਕਦਾ ਹੈ। ਸੱਚ ਦੀ ਪਰਖ ਤੇ ਉਹੀ ਪੂਰਾ ਉਤਰ ਸਕਦਾ ਹੈ ਜੋ ਸ਼ਬਦ ਦੀ ਦਿੱਤੀ ਹੋਈ ਮਤਿ ਤੇ ਪੂਰਾ ਉਤਰੇਗਾ ਭਾਵ ਸ਼ਬਦਾਂ ਦੇ ਸਮਝਾਏ ਹੋਏ ਸੱਚ ਨੂੰ ਪੂਰਨ ਰੂਪ ਵਿੱਚ ਮੰਨੇਗਾ। ਹਰ ਸ਼ਬਦ ਦੀ ਵਿਚਾਰ ਸੱਚ ਹੈ ਤੇ ਹਰ ਸ਼ਬਦ ਦੀ ਵਿਚਾਰ ਨੂੰ ਮੰਨਣਾ ਸੱਚ ਨੂੰ ਮੰਨਣਾ ਹੈ। ਜੇਕਰ ਅਸੀਂ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨਾਂਗੇ, ਧਰਮ ਗ੍ਰੰਥਾਂ ਦੀ ਸਮਝਾਈ ਹੋਈ ਗੱਲ ਨੂੰ ਮੰਨਾਂਗੇ ਤਾਂ ਹੀ ਅਸੀਂ ਸੱਚ ਦੀ ਪਰਖ ਤੇ ਪੂਰਾ ਉਤਰ ਸਕਦੇ ਹਾਂ। ਸਾਡੀ ਪਰਖ ਕਰਨ ਵਾਲਾ ਸਚੁ ਰੂਪ ਪ੍ਰਮਾਤਮਾ ਆਪ ਹੈ, ਤੱਤ

46/6132

ਰੂਪ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਜੋ ਆਪ ਹਰ ਭਰਮ ਤੋਂ ਰਹਿਤ ਹੈ ਤੇ ਨਾ ਹੀ ਉਸਨੂੰ ਕੋਈ ਭਰਮ ਵਿੱਚ ਪਾ ਸਕਦਾ ਹੈ। ਅਸੀਂ ਗੁਰੂ ਦੇ ਕੋਲੋਂ ਸੱਚ ਸਿੱਖਣ ਦੀ ਬਜਾਏ ਉਨ੍ਹਾਂ ਦੀ ਮਤਿ ਨਾਲ ਜੁੜੇ ਹੋਏ ਹਾਂ ਜੋ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਖੁੱਦ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਕਿਉਂਕਿ ਅਸੀਂ ਕੇਵਲ ਕਥਨੀ ਕਰੀ ਜਾਣ ਨੂੰ ਹੀ ਭਗਤੀ ਸਮਝਦੇ ਹਾਂ। ਸਰੀਰਕ ਜਪ ਤਪ ਕਰਨ ਨੂੰ ਭਗਤੀ ਦਾ ਮਾਰਗ ਸਮਝਦੇ ਹਾਂ, ਕਿਸੇ ਖਾਸ ਵੇਲੇ ਨੂੰ ਉੱਚਾ ਮੰਨਕੇ ਉਸਦੀ ਸੰਭਾਲ ਕਰਨ ਨੂੰ ਭਗਤੀ ਸਮਝਦੇ ਹਾਂ। ਆਪਣੇ ਖਾਣ ਪਾਣ ਨੂੰ ਭਗਤੀ ਦੇ ਮਾਰਗ ਨਾਲ ਜੋੜਦੇ ਹਾਂ, ਧਰਮ ਦੇ ਮਾਰਗ ਨਾਲ ਜੋੜਦੇ ਹਾਂ। ਸਰੀਰਕ ਸੁੱਚ ਨੂੰ ਧਰਮ ਦੇ ਮਾਰਗ ਨਾਲ ਜੋੜਦੇ ਹਾਂ, ਤੀਰਥਾਂ ਦਾ ਗਮਨ ਕਰਨ ਵਿੱਚ ਧਰਮ ਦਾ ਮਾਰਗ ਸਮਝਦੇ ਹਾਂ, ਉੱਚੇ ਉੱਚੇ ਧਾਰਮਿਕ ਸਮਾਗਮਾਂ ਵਿੱਚ ਹਾਜਰੀ ਲਗਾਉਂਣ ਵਿੱਚ ਧਰਮ ਦਾ ਮਾਰਗ ਸਮਝਦੇ ਹਾਂ। ਇਸੇ ਤਰ੍ਹਾਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਪੂਰੇ ਸੰਸਾਰ ਵਿੱਚ ਸੰਸਾਰੀਆਂ ਨੇ ਅਨੇਕਾਂ ਹੀ ਧਰਮ ਦੇ ਮਾਰਗ ਥਾਪੇ ਹੋਏ ਹਨ ਜਿਨ੍ਹਾਂ ਤਰੀਕਿਆਂ ਦਾ

ਬਾਰ-ਬਾਰ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਤੇ ਉਨ੍ਹਾਂ ਨੂੰ ਤਿਆਗਣ ਲਈ ਸਮਝਾਇਆ ਹੋਇਆ ਹੈ ਕਿਉਂਕਿ ਉਨ੍ਹਾਂ ਤਰੀਕਿਆਂ ਦੁਆਰਾ ਅਸੀਂ ਜਿਹੋ ਜਿਹਾ ਮਾਰਗ ਅਪਨਾਉਂਦੇ ਹਾਂ ਉਸ ਵਿੱਚ ਸੱਚ ਨਹੀਂ ਹੈ, ਤੱਤ ਨਹੀਂ ਹੈ। ਗੁਰੂ ਸਾਨੂੰ ਸੱਚ ਸਮਝਾਉਂਦਾ ਹੈ ਤੇ ਗੁਰੂ ਦੀ ਗੱਲ ਨੂੰ ਨਾ ਮੰਨਣਾ ਗੁਰੂ ਦੀ ਮਤਿ ਦੇ ਉਲਟ ਚੱਲਣਾ ਹੈ ਭਾਵ ਨਾਮ ਦੇ ਉਲਟ ਚੱਲਣਾ ਹੈ, ਗੁਰਮਤਿ ਦੇ ਉਲਟ ਚੱਲਣਾ ਹੈ ਭਾਵ ਦੁਰਮਤਿ ਦੁਆਰਾ ਵਿਚਰਨਾ ਹੈ, ਮਨਮਤਿ ਦੁਆਰਾ ਵਿਚਰਨਾ ਹੈ, ਮਨਮੁੱਖਤਾ ਦੁਆਰਾ ਵਿਚਰਨਾ ਹੈ, ਮਨਹਠਿ ਦੁਆਰਾ ਵਿਚਰਨਾ ਹੈ ਭਾਵ ਮਨ ਦੇ ਭਰਮ ਦੁਆਰਾ ਵਿਚਰਨਾ ਹੈ। ਇਹੋ ਜਿਹੇ ਆਪਣੇ ਆਪ ਨੂੰ ਸੱਚ ਨਾਲ ਜੁੜੇ ਹੋਏ ਹੀ ਸਮਝਦੇ ਹਨ ਭਾਵ ਆਪਣੇ ਭਰਮ ਨੂੰ ਸੱਚ ਸਮਝਦੇ ਹਨ। ਹਰ ਕੋਈ ਇਹੋ ਜਿਹਿਆਂ ਦੀ ਮਤਿ ਪਿੱਛੇ ਹੀ ਲੱਗਾ ਹੋਇਆ ਹੈ ਭਾਵ ਸਭ ਹੀ ਜੋ ਆਪਣੇ ਵੱਲੋਂ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਦੇ ਹਨ, ਪ੍ਰਮਾਤਮਾ ਦਾ ਆਖਣ ਆਖਦੇ ਹਨ ਉਹ ਇਹੋ ਜਿਹਿਆਂ ਕੋਲੋਂ ਸੁਣ ਸੁਣ ਕੇ ਹੀ ਆਖਦੇ ਹਨ ਕਿਉਂਕਿ ਸਭ ਪਾਸੇ ਭਰਮ ਵਾਲੀ ਭਗਤੀ ਨਾਲ ਜੋੜਨ ਵਾਲੇ ਹੀ ਬੈਠੇ ਹਨ, ਛਾਏ ਹੋਏ ਹਨ, ਆਪਣੀ ਆਪਣੀ ਮਤਿ ਦੁਆਰਾ ਆਪਣੀ ਆਪਣੀ

46/6133

ਹੀ ਗੱਲ ਸੁਣਾਉਂਦੇ ਹਨ ਤੇ ਇਹੋ ਜਿਹਿਆਂ ਦੀਆਂ ਗੱਲਾਂ ਸੁਣ ਕੇ ਤੇ ਇਨ੍ਹਾਂ ਨੂੰ ਸੱਚੇ ਸਮਝਕੇ ਲੋਕੀ ਇਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਨ ਭਾਵ ਉਹ ਸੱਚ ਦੀ ਪਰਖ ਤੇ ਪੂਰੇ ਨਹੀਂ ਉਤਰ ਸਕਦੇ ਕਿਉਂਕਿ ਸੱਚ ਨੂੰ ਪਰਖਣ ਵਾਲਾ ਪ੍ਰਮਾਤਮਾ ਆਪ ਹੈ ਜੋ ਕਿ ਸਾਡੇ ਅੰਦਰ ਹੀ ਹੈ, ਸਭ ਦੇ ਅੰਦਰ ਦੀ ਜਾਨਣ ਵਾਲਾ ਹੈ। ਝੂਠਿਆਂ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਸੱਚ ਦੀ ਪਰਖ ਤੇ, ਗੁਰੂ ਪ੍ਰਮਾਤਮਾ ਦੀ ਪਰਖ ਤੇ ਪੂਰੇ ਨਹੀਂ ਉਤਰ ਸਕਦੇ **(ਸਭ ਸਾਲਾਹੇ ਸੁਣਿ ਸੁਣਿ ਆਖੈ ॥ ਆਪੇ ਦਾਨਾ ਸਚੁ ਪਰਾਖੈ ॥)**।

ਆਸਾ ਮਹਲਾ ੧ ॥

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥

ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

46/6134

ਪ੍ਰਮਾਤਮਾ ਦੀ ਸਿਫਤ ਸਾਲਾਹ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ ਭਾਵ ਮਨਮਤਿ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ, ਪ੍ਰਮਾਤਮਾ ਦੀ ਕ੍ਰਿਪਾ ਕਰਨ ਦੁਆਰਾ ਹੀ ਹੋ ਸਕਦੀ ਹੈ। ਪ੍ਰਮਾਤਮਾ ਆਪਣੀ ਕ੍ਰਿਪਾ ਮਨ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਕਰਦਾ ਹੈ। ਇਹ ਗੱਲ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥੫॥"

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਪ੍ਰਮਾਤਮਾ ਭਗਤੀ ਦੀ ਸਮਝ ਆਪਣਾ ਮੇਲ ਕਰਨ ਦੁਆਰਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਫਿਰ ਆਪਣੇ ਸੱਚੇ ਮਾਰਗ ਤੇ ਚਲਾਉਂਦਾ ਹੈ। ਜਦ ਤੱਕ ਅਸੀਂ ਮਨਮੁਖਿ ਵਾਲੀ ਬਿਰਤੀ ਵਿੱਚ ਹਾਂ ਭਾਵ ਮਾਇਆ ਮੋਹ ਵਿੱਚ ਹਾਂ ਜੋ ਕਿ ਸਾਰਾ ਸੰਸਾਰ ਹੀ ਹੈ ਤਦ ਤੱਕ ਸਭ ਲਈ ਸੱਚਾ ਉਦੱਮ ਇਹੀ ਹੈ ਕਿ ਉਹ ਕੇਵਲ ਗੁਰੂ ਦੇ ਕੋਲੋਂ ਹੀ ਭਗਤੀ ਦਾ ਮਾਰਗ ਸਿੱਖਣ ਤੇ ਦੂਸਰਿਆਂ ਦੀ ਮਤਿ ਪਿੱਛੇ ਨਾ ਲੱਗਣ ਕਿਉਂਕਿ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਏ ਬਿਨਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਧਰਮ ਗ੍ਰੰਥਾਂ ਦੀ ਮਤਿ ਗੁਰਮੁਖਿ ਰੂਪ ਮਤਿ ਹੈ ਜੋ ਮਤਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸਾਡੇ ਭਰਮ ਵਾਲੇ ਵਿਚਾਰ ਸਾਨੂੰ ਮਨਮੁਖਿ ਬਣਾਉਂਦੇ ਹਨ ਤੇ ਗੁਰੂ ਦੇ ਸੱਚੇ ਵਿਚਾਰ ਸਾਨੂੰ ਗੁਰਮੁਖਿ ਬਣਾਉਂਦੇ ਹਨ। ਪ੍ਰਮਾਤਮਾ ਦਾ ਪੂਰਨ ਰੂਪ ਵਿੱਚ ਗੁਰਮੁਖਿ ਰੂਪ ਉਹੀ ਬਣ ਸਕਦਾ ਹੈ ਜਿਸਦੇ ਵਿੱਚ ਪ੍ਰਮਾਤਮਾ ਆਪਣਾ ਪੂਰਨ ਸੱਚਾ ਗਿਆਨ ਭਾਵ ਤੱਤ ਗਿਆਨ ਵਿਖਾ

ਦਿੰਦਾ ਹੈ ਭਾਵ ਜਿਸਨੂੰ ਆਪਣਾ ਨਾਮ ਬਖਸ਼ ਦਿੰਦਾ ਹੈ। ਪ੍ਰਮਾਤਮਾ ਦਾ ਇਹ ਰੂਪ ਬਣਨ ਦੁਆਰਾ ਹੀ ਕੋਈ **"ਸਬਦੁ"** ਨੂੰ ਸਾਲਾਹ ਸਕਦਾ ਹੈ। ਸ਼ਬਦ ਰੂਪ ਹੀ ਗੁਰੂ ਹੈ, ਸ਼ਬਦ ਰੂਪ ਹੀ ਪ੍ਰਮਾਤਮਾ ਆਪ ਹੈ। **"ਸਬਦੁ"** ਨੂੰ ਸਲਾਹੁਣਾ ਸ਼ਬਦ ਦੀ ਗੱਲ ਨੂੰ ਮੰਨਣਾ ਹੈ ਭਾਵ ਉਸਤੇ ਅਮਲ ਕਰਨਾ ਹੈ ਭਾਵ ਆਪਣੀ ਵਿਚਰਨ ਨੂੰ ਉਸ ਅਨੁਸਾਰ ਬਨਾਉਣਾ ਹੈ, ਸ਼ਬਦ ਦੇ ਕਹੇ ਅਨੁਸਾਰ ਬਨਾਉਣਾ ਹੈ। ਧਰਮ ਗ੍ਰੰਥਾਂ ਵਿੱਚ ਸ਼ਬਦ ਹੀ ਹਨ ਜਿਨ੍ਹਾਂ ਦਾ ਮਕਸਦ ਸਾਨੂੰ ਸਮਝਾਉਣ ਲਈ ਹੈ। ਸ਼ਬਦਾਂ ਦੀ ਸਮਝ ਨੂੰ ਸਲਾਹੁਣਾ

46/6135

ਭਾਵ ਸ਼ਬਦਾਂ ਦੀ ਸਮਝ ਨੂੰ ਮੰਨਣਾ ਸ਼ਬਦ ਨੂੰ ਸਲਾਹੁਣਾ ਹੈ ਭਾਵ ਸ਼ਬਦਾਂ ਦੀ ਕਥਨੀ ਦੁਆਰਾ ਸ਼ਬਦ ਨੂੰ ਨਹੀਂ ਸਲਾਹਿਆ ਜਾ ਸਕਦਾ। ਜਦੋਂ ਸਾਡੀ ਕਰਨੀ ਸ਼ਬਦ ਦੀ ਮਤਿ ਅਨੁਸਾਰ ਹੋ ਜਾਵੇਗੀ ਇਹ ਸ਼ਬਦ ਨੂੰ ਸਲਾਹੁਣਾ ਹੈ। ਇਹੀ ਗੱਲ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਗੁਰੂ ਸਾਨੂੰ ਸਾਡੀ ਕਰਨੀ ਨਾਲ ਜੋੜਦਾ ਹੈ, ਸ਼ਬਦਾਂ ਦੀ ਕਰਨੀ ਨਾਲ ਜੋੜਦਾ ਹੈ ਤੇ ਭਰਮੇ ਹੋਏ ਸਾਨੂੰ ਸ਼ਬਦਾਂ ਦੀ ਕਥਨੀ ਨਾਲ ਜੋੜਦੇ ਹਨ। **(ਸਭ ਸਾਲਾਹੇ ਸੁਣਿ ਸੁਣਿ ਆਖੈ ॥ ਆਪੇ ਦਾਨਾ ਸਚੁ ਪਰਾਖੈ ॥ ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥੫॥)**

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥ ਪੜਿ ਪੜਿ ਥਾਕੇ ਸਾਂਤਿ ਨ ਆਈ ॥
ਤ੍ਰਿਸਨਾ ਜਾਲੇ ਸੁਧਿ ਨ ਕਾਈ ॥ ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ ੧੨੦)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥}

(ਅੰਗ ੫੬)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ ੧੧੯੮)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ ੫੬)

ਆਸਾ ਮਹਲਾ ੧ ॥

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ ॥
ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥ ਜਗੁ ਮੋਹਿ ਬਾਧਾ ਬਹੁਤੀ ਆਸਾ ॥
ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥
ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ ॥
ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥੩॥ ਬਾਹਰਹੁ ਹਉਮੈ ਕਢੈ ਕਹਾਏ ॥
ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥ ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥
ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥ ਰੂੜੋ ਕਹਉ ਨ ਕਹਿਆ ਜਾਈ ॥
ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥
ਨਦਰਿ ਕਰੇ ਰਾਖੈ ਰਖਵਾਲਾ ॥੭॥ ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}

(ਅੰਗ ੪੧੨)

46/6136

ਸਿਰੀਰਾਗੁ ਮਹਲਾ ੫ ਘਰੁ ੫ ॥

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

ਜੋ ਭਰਮੇ ਹੋਏ ਸਾਨੂੰ ਆਪਣੀ ਮਤਿ ਨਾਲ ਜੋੜਦੇ ਹਨ ਉਹ ਸਾਨੂੰ ਇਹੀ ਸਮਝਾਉਂਦੇ ਹਨ ਭਾਵ ਤਸੱਲੀ ਦਿੰਦੇ ਹਨ ਕਿ ਉਨ੍ਹਾਂ ਨੂੰ ਬਾਣੀ ਦੀ ਸਮਝ ਹੈ, ਗੁਰੂ ਦੀ ਬਾਣੀ ਦੀ ਸਮਝ ਹੈ ਭਾਵ ਉਨ੍ਹਾਂ ਨੂੰ ਧਰਮ ਦੇ ਮਾਰਗ ਦੀ, ਭਗਤੀ ਦੇ ਮਾਰਗ ਦੀ, ਨਾਮ ਦੀ ਸੱਚੀ ਸਮਝ ਹੈ ਤੇ ਤਾਂ ਹੀ ਕੋਈ ਉਨ੍ਹਾਂ ਦੀਆਂ ਗੱਲਾਂ ਵਿੱਚ ਆ ਕੇ ਭਾਵ ਉਨ੍ਹਾਂ ਨੂੰ ਸੱਚੇ ਸਮਝਕੇ ਉਨ੍ਹਾਂ ਦੀਆਂ ਗੱਲਾਂ ਨੂੰ ਸੁਣਦਾ ਹੈ ਤੇ ਪ੍ਰਮਾਤਮਾ ਦਾ ਕਹਿਣ ਕਹਿੰਦਾ ਹੈ ਤੇ ਸਮਝਦਾ ਹੈ ਕਿ ਅਸੀਂ ਸੱਚੀ ਭਗਤੀ ਦੇ ਮਾਰਗ ਤੇ ਚੱਲ ਰਹੇ ਹਾਂ ਪਰ ਇਹ ਉਨ੍ਹਾਂ ਦਾ ਭਰਮ ਹੈ। ਸ਼ਬਦਾਂ ਦੇ ਅਗਲੇ ਪਦੇ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ।

"ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥

ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥"

"ਸੁਣਿ ਸੁਣਿ ਆਖੈ ਕੇਤੀ ਬਾਣੀ" ਤੋਂ ਭਾਵ ਹੈ ਕਿ ਅਨੇਕਾਂ ਹੀ ਹਨ ਜੋ ਗੁਰੂ ਦੀ ਭਗਤੀ ਗੁਰੂ ਤੋਂ ਜਾਨਣ ਦੀ ਬਜਾਏ ਇੱਧਰੋਂ ਉਧਰੋਂ ਭਾਵ ਇੱਧਰੋਂ ਉਧਰੋਂ ਸੁਣਨ ਦੁਆਰਾ ਜਾਣਦੇ ਹਨ ਤੇ ਜਿਹੋ ਜਿਹਾ ਉਹ ਜਾਣਦੇ ਹਨ ਉਹੋ ਜਿਹਾ ਹੀ ਉਹ ਪ੍ਰਮਾਤਮਾ ਦਾ ਆਖਣ ਆਖਦੇ ਹਨ। ਆਪਣੇ ਵੱਲੋਂ ਉਹ ਇਹ ਸਮਝਦੇ ਹਨ ਕਿ ਅਸੀਂ ਗੁਰੂ ਦੀ ਬਾਣੀ ਦਾ ਹੀ ਆਖਣ ਆਖ ਰਹੇ ਹਾਂ ਭਾਵ ਗੁਰੂ ਦੀ ਗੁਰਬਾਣੀ ਅਨੁਸਾਰ ਹੀ ਪ੍ਰਮਾਤਮਾ ਦਾ ਆਖਣ ਆਖਦੇ ਹਾਂ ਕਿਉਂਕਿ ਉਹ ਇਸ ਵਿਸ਼ਵਾਸ ਨਾਲ ਜੁੜੇ ਰਹਿੰਦੇ ਹਨ ਕਿ ਜਿਨ੍ਹਾਂ ਕੋਲੋਂ ਅਸੀਂ ਸੁਣਿਆ ਹੈ ਭਾਵ ਪ੍ਰਮਾਤਮਾ ਦਾ ਆਖਣ ਸਮਝਿਆ ਹੈ ਉਨ੍ਹਾਂ ਨੇ ਸਾਨੂੰ ਇਹ ਗੱਲ ਗੁਰੂ ਦੀ ਬਾਣੀ ਅਨੁਸਾਰ ਹੀ ਸਮਝਾਈ ਹੈ ਭਾਵ ਸਾਡਾ ਆਖਣ ਬਾਣੀ ਤੇ ਪੂਰਾ ਉਤਰਦਾ ਹੈ, ਗੁਰੂ ਦੀ ਬਾਣੀ ਤੇ ਪੂਰਾ ਉਤਰਦਾ ਹੈ, ਗੁਰੂ ਦੀ ਮਤਿ ਤੇ ਪੂਰਾ ਉਤਰਦਾ ਹੈ। **(ਸੁਣਿ ਸੁਣਿ ਆਖੈ ਕੇਤੀ ਬਾਣੀ ॥)**

46/6137

ਇਹੋ ਜਿਹਾ ਸੁਣ ਸੁਣ ਕੇ ਆਖਣ ਵਾਲਿਆਂ ਦਾ ਗੁਰੂ ਪ੍ਰਮਾਤਮਾ ਦੇ ਉੱਤੇ ਕੀ ਅਸਰ ਪੈਂਦਾ ਹੈ ਭਾਵ ਉਨ੍ਹਾਂ ਨੂੰ ਕੀ ਪ੍ਰਾਪਤੀ ਹੁੰਦੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੁਣਿ ਕਹੀਐ ਕੋ ਅੰਤੁ ਨ ਜਾਣੀ ॥"

ਪ੍ਰਮਾਤਮਾ ਨੂੰ ਆਖਣ ਦਾ ਭਾਵ ਪ੍ਰਮਾਤਮਾ ਦੀ ਭਗਤੀ ਦਾ ਅਸਲ ਮਕਸਦ ਪ੍ਰਮਾਤਮਾ ਨੂੰ ਜਾਣਨ ਦਾ ਹੈ। **"ਅੰਤੁ"** ਨੂੰ ਜਾਨਣਾ ਪ੍ਰਮਾਤਮਾ ਨੂੰ ਜਾਨਣਾ ਹੀ ਹੈ ਭਾਵ **"ਅੰਤੁ"** ਸਾਡੇ ਸਮਝਣ ਦੀ ਗੱਲ ਹੈ, ਜਾਨਣ ਦੀ ਗੱਲ ਹੈ। **"ਅੰਤੁ"** ਕਿਸੇ ਵੀ ਗੱਲ ਦੀ ਆਖੀਰ ਹੁੰਦੀ ਹੈ, ਆਖਰੀ ਸਿਰਾ ਹੁੰਦਾ ਹੈ। **"ਅੰਤੁ"** ਨੂੰ ਜਾਨਣ ਦੁਆਰਾ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਹੀ ਜਾਣ ਲੈਂਦੇ ਹਾਂ। ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਉਸ ਰੂਪ ਦੇ ਅੰਤ ਤੱਕ ਪਹੁੰਚਣ ਦੁਆਰਾ ਉਸ ਪ੍ਰਮਾਤਮਾ ਨੂੰ ਜਾਣ ਲਿਆ ਜਾਂਦਾ ਹੈ। ਪ੍ਰਮਾਤਮਾ

ਗਿਆਨ ਰੂਪ ਵਿੱਚ ਹੈ ਤੇ ਜੋ ਗਿਆਨ ਦੇ ਅੰਤ ਨੂੰ ਛੂਹ ਲੈਂਦਾ ਹੈ ਭਾਵ ਗਿਆਨ ਦੇ ਆਖਰੀ ਸਿਰੇ ਨੂੰ ਛੂਹ ਲੈਂਦਾ ਹੈ ਉਹ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ। ਪ੍ਰਮਾਤਮਾ ਨੇ ਸਭ ਨੂੰ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਤੇ ਆਪ ਉਹ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਬ੍ਰਹਮ ਗਿਆਨ ਨੂੰ ਜਾਨਣਾ ਗਿਆਨ ਦੇ ਅੰਤ ਨੂੰ ਭਾਵ ਗਿਆਨ ਦੇ ਆਖੀਰ ਨੂੰ ਜਾਨਣਾ ਹੈ, ਗਿਆਨ ਦੇ ਸਿਰੇ ਨੂੰ ਜਾਨਣਾ ਹੈ ਜਿਸ ਤੋਂ ਉਪਰ ਹੋਰ ਕੋਈ ਗਿਆਨ ਨਹੀਂ ਬੱਚਦਾ ਭਾਵ ਬ੍ਰਹਮ ਗਿਆਨ ਉਹ ਪੂਰਨ ਗਿਆਨ ਹੈ ਜਿਸਦੇ ਵਿੱਚ ਕਿਸੇ ਦੇ ਹੋਰ ਗਿਆਨ ਨੂੰ ਜੋੜਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਭਾਵ ਉਸ ਗਿਆਨ ਤੋਂ ਹੋਰ ਅੱਗੇ ਨਹੀਂ ਜਾਇਆ ਜਾ ਸਕਦਾ। ਸਾਡੇ ਜੀਵਨ ਦਾ ਮਕਸਦ ਇਸ ਸੱਚੇ ਗਿਆਨ ਨੂੰ ਜਾਨਣ ਦਾ ਹੈ ਭਾਵ ਸੱਚੇ ਗਿਆਨ ਦੇ ਅੰਤ ਤੱਕ ਪਹੁੰਚਣ ਦਾ ਹੈ, ਆਖੀਰ ਤੱਕ ਪਹੁੰਚਣ ਦਾ ਹੈ ਲੇਕਿਨ ਜਿਹੋ ਜਿਹੀ ਭਗਤੀ ਦਾ ਮਾਰਗ ਹਰ ਕੋਈ ਅਪਨਾ ਰਿਹਾ ਹੈ, ਇੱਧਰੋਂ ਉਧਰੋਂ ਸੁਣਨ ਦੁਆਰਾ ਅਪਨਾ ਰਿਹਾ ਹੈ ਉਸ ਦੁਆਰਾ ਅੰਤ ਨਹੀਂ ਜਾਣਿਆ ਜਾ ਸਕਦਾ ਭਾਵ ਗਿਆਨ ਦੇ ਸਿਰੇ ਤੱਕ ਨਹੀਂ ਪਹੁੰਚਿਆ ਜਾ ਸਕਦਾ ਜਿੱਥੇ ਪਹੁੰਚਣ ਤੇ ਹੀ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ

46/6138

ਜਾਣ ਸਕਦੇ ਹਾਂ ਤੇ ਸਾਡੀ ਭਗਤੀ ਦਾ ਮਨੋਰਥ ਪੂਰਾ ਹੋ ਸਕਦਾ ਹੈ, ਸਾਡੇ ਜੀਵਨ ਦਾ ਮਨੋਰਥ ਪੂਰਾ ਹੋ ਸਕਦਾ ਹੈ **(ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥)**।

"ਅੰਤੁ" ਨੂੰ ਜਾਨਣਾ ਕੀ ਹੈ, ਉਹ ਕਿਸ ਰੂਪ ਵਿੱਚ ਜਾਣਿਆ ਜਾ ਸਕਦਾ ਹੈ ਤੇ ਕਿਸ ਤਰੀਕੇ ਜਾਣਿਆ ਜਾਂਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ **"ਅੰਤੁ"** ਕੀ ਹੈ ਇਸ ਗੱਲ ਨੂੰ ਕੁਝ ਅੱਗੇ ਚੱਲ ਕੇ ਹੋਰ ਵੀ ਬਾਰੀਕੀ ਨਾਲ ਸਮਝਾਂਗੇ। ਅੰਤ ਰੂਪ ਨੂੰ ਉਨ੍ਹਾਂ ਨੇ ਹੀ ਸਮਝਿਆ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਇਹ ਰੂਪ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਖਾਇਆ ਹੈ।

"ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥"

ਬੜੇ ਧਿਆਨ ਨਾਲ ਸਮਝੋ ਜਿਨ੍ਹਾਂ ਨੇ **"ਅੰਤੁ"** ਨੂੰ ਜਾਣਿਆ ਹੈ ਉਹ ਕਿਸ ਰੂਪ ਵਿੱਚ ਜਾਣਿਆ ਹੈ ਤੇ ਕਿਸ ਤਰੀਕੇ ਜਾਣਿਆ ਹੈ। ਪ੍ਰਮਾਤਮਾ ਆਪ **"ਅਲਖੁ"** ਹੈ ਜਿਸਨੂੰ ਲਖਿਆ ਨਹੀਂ ਜਾ ਸਕਦਾ ਭਾਵ ਸਰੀਰਕ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਪ੍ਰਮਾਤਮਾ ਦਾ ਆਪਣਾ ਕੋਈ ਰੂਪ ਰੇਖ ਨਹੀਂ ਹੈ ਤੇ ਉਹ ਨਿਰੰਕਾਰ ਰੂਪ ਹੈ। ਪ੍ਰਮਾਤਮਾ ਕੇਵਲ ਤੇ ਕੇਵਲ ਮਨ ਦੀਆਂ ਅੱਖਾਂ ਨਾਲ ਦਿਸਦਾ ਹੈ ਭਾਵ ਗਿਆਨ ਰੂਪ ਅੱਖਾਂ ਨਾਲ ਦਿਸਦਾ ਹੈ, ਮਨ ਦੀ ਸਮਝ ਦੁਆਰਾ ਦਿਸਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਆਪ ਦਿਖਾਉਂਦਾ ਹੈ, ਆਪਣਾ ਨਿਰੰਕਾਰ ਰੂਪ ਦਿਖਾਉਂਦਾ ਹੈ ਉਸਦੀ **"ਬੁਧਿ"** ਨੂੰ ਉੱਚਾ ਕਰਦਾ ਹੈ ਭਾਵ ਮਨ ਦੀ ਸਮਝ ਨੂੰ ਹੀ ਉੱਚਾ ਕਰਦਾ ਹੈ। ਉਸਦੀ ਬੁੱਧੀ ਦੇ ਅੰਦਰ ਆਪਣੀ **"ਅਕਥ ਕਥਾ"** ਦਾ ਗਿਆਨ ਦਿੰਦਾ ਹੈ ਭਾਵ ਉਹ ਗਿਆਨ ਦਿੰਦਾ ਹੈ ਜਿਸ ਗਿਆਨ ਦੁਆਰਾ ਉਸ **"ਅਕਥ"** ਰੂਪ ਪ੍ਰਮਾਤਮਾ ਨੂੰ ਕਥਿਆ ਜਾ ਸਕਦਾ ਹੈ ਭਾਵ ਬਿਆਨ ਕੀਤਾ ਜਾ ਸਕਦਾ ਹੈ। ਉਹ ਅਕਥ ਰੂਪ ਪ੍ਰਮਾਤਮਾ ਆਪ ਹੀ ਮਨੁੱਖੀ ਸਮਝ ਨੂੰ ਆਪਣੀ ਕਥਾ ਕਰਨ ਦੀ ਸਮਰਥਾ ਬਖਸ਼ਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਵਾਲਾ ਰੂਪ ਪ੍ਰਗਟ ਕਰਨ ਦੁਆਰਾ ਬਖਸ਼ਦਾ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ, ਸ਼ਬਦ ਰੂਪ ਹੈ ਤੇ ਜਿਸ ਕਰਕੇ ਪ੍ਰਮਾਤਮਾ

46/6139

ਆਪ ਹੀ ਗੁਰੂ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥ ਕਥਾ ਹੈ ਜੋ ਉਸ ਅਕਥ ਰੂਪ ਪ੍ਰਮਾਤਮਾ ਦੀ ਕਥਾ ਬਿਆਨ ਕਰ ਰਹੀ ਹੈ। ਪੂਰੀ ਗੁਰਬਾਣੀ ਰਾਹੀਂ ਅਕਥ ਕਥਾ ਉਨ੍ਹਾਂ ਸਰੀਰਾਂ ਰਾਹੀਂ ਹੀ ਆਈ ਹੈ ਜਿਨ੍ਹਾਂ ਦੇ ਮਨ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ, ਮਨ ਦੀ ਬੁੱਧੀ ਦੇ ਵਿੱਚ ਪ੍ਰਮਾਤਮਾ ਨੇ ਆਪ ਹੀ ਆਪਣਾ ਬ੍ਰਹਮ ਗਿਆਨ ਰੂਪ ਪ੍ਰਗਟ ਕਰਨ ਦੁਆਰਾ ਆਪਣੇ ਆਪ ਦੇ ਦਰਸ਼ਨ ਕਰਵਾਏ ਹਨ ਤੇ ਉਨ੍ਹਾਂ ਨੇ ਆਪਣੇ ਅੰਦਰੋਂ ਹੀ ਬ੍ਰਹਮ ਗਿਆਨ ਵਾਲੀ ਸਮਝ ਪ੍ਰਾਪਤ ਕੀਤੀ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦੀ ਅਕਥ ਕਥਾ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਇਸ ਸੱਚੇ ਗਿਆਨ ਤੋਂ ਅੱਗੇ ਹੋਰ ਨਹੀਂ ਵੱਧਿਆ ਜਾ ਸਕਦਾ ਭਾਵ ਇਹ ਸੱਚੇ ਗਿਆਨ ਦਾ ਆਖਰੀ ਸਿਰਾ ਹੈ, ਇਸ ਗਿਆਨ ਦੇ ਸਿਰੇ ਨੂੰ ਜਾਨਣਾ **"ਅੰਤੁ"** ਨੂੰ ਜਾਨਣਾ ਹੈ ਜਿਸਨੂੰ ਜਾਣੇ ਬਿਨਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਜੇਕਰ ਅਸੀਂ ਗੁਰੂ ਦੀ ਮਤਿ ਨਾਲ ਜੁੜਾਂਗੇ ਭਾਵ ਗੁਰੂ ਦੀ ਸਮਝ ਨਾਲ ਜੁੜਾਂਗੇ ਉਹ

ਸਾਨੂੰ ਆਪਣੇ ਸੱਚੇ ਗਿਆਨ ਨਾਲ ਜੋੜਦਾ ਹੈ ਜਿਸ ਗਿਆਨ ਦਾ ਮਕਸਦ ਹੀ ਸਾਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੈ, ਭਰਮਾਂ ਵਾਲੀ ਭਗਤੀ ਦੇ ਮਾਰਗ ਵਿੱਚੋਂ ਕੱਢਣ ਦਾ ਹੈ ਜਿਸ ਮਾਰਗ ਤੇ ਹਰ ਕੋਈ ਇੱਧਰੋਂ ਉਧਰੋਂ ਸੁਣੀਆਂ ਸੁਣਾਈਆਂ ਗੱਲਾਂ ਨਾਲ ਹੀ ਜੁੜਿਆ ਹੋਇਆ ਹੈ। ਸ਼ਬਦਾਂ ਦੀ ਕਥਨੀ ਕਰਨ ਨਾਲ ਜੁੜਿਆ ਹੋਇਆ ਹੈ, ਸਰੀਰਕ ਜਪ ਤਪ ਆਦਿ ਨਾਲ ਜੁੜਿਆ ਹੋਇਆ ਹੈ ਤੇ ਹੋਰ ਇਹੋ ਜਿਹੇ ਅਨੇਕਾਂ ਭਗਤੀ ਦੇ ਤਰੀਕਿਆਂ ਨਾਲ ਜੁੜਿਆ ਹੋਇਆ ਹੈ ਜੋ ਸਾਨੂੰ ਹੋਰ ਭਰਮਾਂ ਵਿੱਚ ਪਾਉਂਦੇ ਹਨ। ਪ੍ਰਮਾਤਮਾ ਦੇ ਨਾਲ ਮੇਲ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਣ ਦੁਆਰਾ ਹੀ ਹੁੰਦਾ ਹੈ, ਸ਼ਬਦ ਦੇ ਗਿਆਨ ਨੂੰ ਆਪਣੇ ਅੰਦਰ ਵਸਾਉਂਣ ਦੁਆਰਾ, ਨਾਮ ਨੂੰ ਆਪਣੇ ਅੰਦਰ ਵਸਾਉਂਣ ਦੁਆਰਾ ਭਾਵ ਉਸਨੂੰ ਮੰਨ ਕੇ ਉਸ ਤੇ ਅਮਲ ਕਰਨ ਦੁਆਰਾ ਹੁੰਦਾ ਹੈ ਤੇ ਇਹੀ ਸਭ ਦਾ ਸੱਚਾ ਉਦੱਮ ਹੋਣਾ ਚਾਹੀਦਾ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਉਸਦੀ ਕ੍ਰਿਪਾ ਦੁਆਰਾ ਹੀ

46/6140

ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਆਪਣੀ ਕ੍ਰਿਪਾ ਉਸ ਤੇ ਹੀ ਕਰਦਾ ਹੈ ਜੋ ਉਸਦੀ ਸਮਝਾਈ ਹੋਈ ਮਤਿ ਤੇ ਚੱਲਣ ਦਾ ਉਦੱਮ ਕਰਦਾ ਹੈ ਤੇ ਇੱਧਰੋਂ ਉਧਰੋਂ ਮਤਿ ਨਹੀਂ ਲੈਂਦਾ **(ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥ ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥)**।

ਭਗਤੀ ਦੀ ਸੱਚੀ ਸਮਝ ਉਸਨੂੰ ਪੈਂਦੀ ਹੈ ਜਿਸਦੇ ਅੰਦਰ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਭਗਤੀ ਦੀ ਸੋਝੀ ਪਾਉਂਦਾ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ ਤੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜੋ ਪ੍ਰਮਾਤਮਾ ਨੂੰ ਪਾ ਲੈਂਦਾ ਹੈ ਉਹ ਫਿਰ ਜਨਮ ਮਰਨ ਦੇ ਵਿੱਚੋਂ ਨਿਕਲ ਜਾਂਦਾ ਹੈ ਭਾਵ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਜਦ ਤੱਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਦੇ ਤਦ ਤੱਕ ਹਰ ਕੋਈ ਜਨਮ ਮਰਨ ਵਿੱਚ ਹੀ ਹੈ ਜੋ ਜਨਮ ਮਰਨ ਸਾਡੇ ਅੰਦਰ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ, ਮਨ ਦੀ ਅਗਿਆਨਤਾ ਨਾਲ ਜੁੜਿਆ ਹੋਇਆ ਹੈ, ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜੋ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਇੱਕ ਮਨੁੱਖ ਹਾਂ ਤੇ ਇਸ ਸਰੀਰ ਦੇ ਪੈਦਾ ਹੋਣ ਦੁਆਰਾ ਅਸੀਂ ਜੰਮਦੇ ਹਾਂ ਤੇ ਸਰੀਰ ਦੇ ਬਿਨਸਨ ਨਾਲ ਅਸੀਂ ਮਰ ਜਾਂਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸ਼ਬਦ ਦੇ ਅਗਲੇ ਪਦੇ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਸਾਨੂੰ ਜਨਮ ਮਰਨ ਦੀ ਸਮਝ ਹੈ ਕਿਉਂਕਿ ਸਾਡੇ ਸੱਚੇ ਜਨਮ ਮਰਨ ਦੀ ਸਮਝ ਪਏ ਬਿਨਾਂ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹਾਂ ਤੇ ਅਸੀਂ ਪ੍ਰਮਾਤਮਾ ਦਾ ਸੱਚਾ ਜੱਸ ਨਹੀਂ ਗਾ ਸਕਦੇ। ਇਹੀ ਗੱਲ ਅਗਲੇ ਪਦੇ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਜਨਮੇ ਕਉ ਵਾਜਹਿ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥

ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥੭॥”

ਜੋ ਸਾਨੂੰ ਭਰਮਾਂ ਵਾਲੀ ਭਗਤੀ ਨਾਲ ਜੋੜਦੇ ਹਨ ਉਹ

46/6141

ਉਹੀ ਮਨੁੱਖ ਹੁੰਦੇ ਹਨ ਜਿਨ੍ਹਾਂ ਨੂੰ ਜਨਮ ਮਰਨ ਦੀ ਸਮਝ ਨਹੀਂ ਹੈ ਤੇ ਜਿਸਨੂੰ ਜਨਮ ਮਰਨ ਦੀ ਸਮਝ ਨਹੀਂ ਹੈ ਉਹ ਹਉਮੈ ਵਿੱਚ ਹੀ ਹੈ ਭਾਵ ਮਨ ਦੀ ਨਾਸਮਝੀ ਵਿੱਚ ਹੀ ਹੈ ਜਿਸਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਹੈ ਪਰ ਫਿਰ ਵੀ ਅਸੀਂ ਉਨ੍ਹਾਂ ਨੂੰ ਹੀ ਸੱਚ ਸਮਝ ਕੇ ਉਨ੍ਹਾਂ ਦੀ ਗੱਲ ਨੂੰ ਮੰਨਦੇ ਹਾਂ। ਇਸ ਗੱਲ ਨੂੰ ਉਪਰ ਪਹਿਲੀ ਪੰਗਤੀ ਰਾਹੀਂ ਬੜੇ ਹੀ ਗਹਿਰੇ ਢੰਗ ਨਾਲ ਸਮਝਾਇਆ ਹੋਇਆ ਹੈ ਜਿਸਨੂੰ ਤ੍ਰੈ ਗੁਣਾਂ ਵਾਲੀ ਮਤਿ ਵਿੱਚ ਰਹਿੰਦੇ ਹੋਏ ਸਮਝਣਾ ਬਹੁਤ ਹੀ ਔਖਾ ਹੈ। **“ਜਨਮੇ ਕਉ ਵਾਜਹਿ ਵਾਧਾਏ”** ਤੋਂ ਭਾਵ ਹੈ ਜੋ ਆਪਣੇ ਆਪ ਨੂੰ ਮਨੁੱਖੀ ਜਨਮ ਵਿੱਚ ਸਮਝਦੇ ਹਨ, ਮਨੁੱਖੀ ਰੂਪ ਵਿੱਚ ਸਮਝਦੇ ਹਨ ਭਾਵ ਇਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ। **“ਵਾਜਹਿ”** ਤੋਂ ਭਾਵ ਹੈ ਕਿ ਇਨ੍ਹਾਂ ਦੀ ਗੱਲ ਮੰਨਣ ਵਾਲੇ ਇਨ੍ਹਾਂ ਦੀ ਮਤਿ ਦੁਆਰਾ ਵੱਜਦੇ ਹਨ ਭਾਵ ਜੋ ਇਹੋ ਜਿਹਿਆਂ ਦੀ ਮਤਿ ਦੁਆਰਾ ਵੱਜਦੇ ਹਨ ਭਾਵ ਉਨ੍ਹਾਂ ਦੀ ਗੱਲ ਤੇ ਅਮਲ ਕਰਦੇ ਹਨ ਉਹ ਉਨ੍ਹਾਂ ਨੂੰ ਹੋਰ ਵਧਾਉਂਦੇ ਹਨ ਭਾਵ ਉਨ੍ਹਾਂ ਨੂੰ ਹੋਰ ਉੱਚਾ ਕਰਦੇ ਹਨ। ਜਿਤਨੀ ਕਿਸੇ ਦੀ ਜਿਆਦਾ ਗੱਲ ਮੰਨੀ ਜਾਂਦੀ ਹੈ ਉਤਨੀ ਹੀ ਉਸਨੂੰ ਜਿਆਦਾ ਵਡਿਆਈ ਮਿਲਦੀ ਹੈ। ਅਨੇਕਾਂ ਹੀ ਇਨ੍ਹਾਂ ਦੀਆਂ ਗੱਲਾਂ ਨੂੰ ਮੰਨਦੇ ਹਨ ਤੇ ਜਿਤਨੇ ਮੰਨਣ ਵਾਲਿਆਂ ਦੀ ਗਿਣਤੀ ਜਿਆਦਾ ਹੁੰਦੀ ਹੈ ਉਤਨੀ ਹੀ ਉਸ ਮਨੁੱਖ ਨੂੰ ਵਡਿਆਈ ਮਿਲਦੀ ਹੈ ਜੋ ਦੂਸਰਿਆਂ ਨੂੰ ਝੂਠੀ ਭਗਤੀ ਸਮਝਾਉਂਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ

ਜਾ ਸਕਦਾ ਹੈ। ਭਰਮਿਆਂ ਹੋਇਆ ਦੀ ਕਮੀ ਨਹੀਂ ਹੈ ਤੇ ਨਾ ਹੀ ਭਰਮਾਉਂਣ ਵਾਲਿਆਂ ਦੀ ਕਮੀ ਹੈ ਭਾਵ ਝੂਠੀ ਭਗਤੀ ਸਮਝਾਉਂਣ ਵਾਲਿਆਂ ਨੂੰ ਉਨ੍ਹਾਂ ਦੀਆਂ ਗੱਲਾਂ ਮੰਨਕੇ ਵਡਿਆਈਆਂ ਦੇਣ ਵਾਲੇ ਬਹੁਤ ਹਨ, ਉਨ੍ਹਾਂ ਦੀ ਮਤਿ ਨੂੰ ਹੋਰ ਉੱਚਾ ਚੁੱਕਣ ਵਾਲੇ ਬਹੁਤ ਹਨ। **(ਜਨਮੇ ਕਉ ਵਾਜਹਿ ਵਾਧਾਏ ॥)** ਜਿਹੋ ਜਿਹੀ ਮਤਿ ਦੁਆਰਾ, ਸਮਝ ਦੁਆਰਾ ਉਹ ਆਪ ਭਗਤੀ ਦੇ ਮਾਰਗ ਤੇ ਚੱਲਦੇ ਹਨ ਭਾਵ ਚੱਲਣਾ ਸਮਝਦੇ ਹਨ ਉਸ ਦੁਆਰਾ ਉਹ ਆਪਣੇ ਵੱਲੋਂ ਪ੍ਰਮਾਤਮਾ ਦਾ ਸੋਹਿਲਾ ਹੀ ਗਾਉਂਦੇ ਹਨ ਭਾਵ ਆਪਣੇ ਵੱਲੋਂ ਪ੍ਰਮਾਤਮਾ ਦੀ ਸਿਫਤ ਹੀ ਕਰਦੇ ਹਨ ਪਰ ਇਹ ਉਨ੍ਹਾਂ ਦਾ ਭਰਮ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

46/6142

“ਸੋਹਿਲੜੇ ਅਗਿਆਨੀ ਗਾਏ ॥”

ਸਾਨੂੰ ਪ੍ਰਮਾਤਮਾ ਦੀ ਝੂਠੀ ਭਗਤੀ, ਦਿਖਾਵੇ ਵਾਲੀ ਭਗਤੀ ਸਿਖਾਉਣ ਵਾਲੇ ਅਗਿਆਨੀ ਹਨ ਤੇ ਜੋ ਉਨ੍ਹਾਂ ਦੇ ਪਿੱਛੇ ਲੱਗਦੇ ਹਨ ਉਹ ਵੀ ਅਗਿਆਨੀ ਹਨ। ਆਪਣੇ ਵੱਲੋਂ ਸਭ ਪ੍ਰਮਾਤਮਾ ਦੇ ਸੋਹਿਲੜੇ ਹੀ ਗਾਉਂਦੇ ਹਨ ਭਾਵ ਆਪਣੇ ਵੱਲੋਂ ਉਸਦਾ ਜੱਸ ਹੀ ਗਾਉਂਦੇ ਹਨ ਪਰ ਇਹ ਕੇਵਲ ਮਨ ਦੀ ਅਗਿਆਨਤਾ ਹੈ, ਪ੍ਰਮਾਤਮਾ ਦਾ ਜੱਸ ਗਾਉਂਣ ਦਾ ਅਸਲ ਤਰੀਕਾ ਨਹੀਂ ਹੈ **(ਜਨਮੇ ਕਉ ਵਾਜਹਿ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥)**। ਜਿਹੋ ਜਿਹੇ ਆਪਣੀ ਸਮਝ ਦੇ ਜਨਮੇ ਹੋਏ ਭਾਵ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਣ ਵਾਲੇ ਭਾਵ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣ ਵਾਲੇ ਸਾਨੂੰ ਜਿਹੋ ਜਿਹੀ ਝੂਠੀ ਭਗਤੀ ਕਰਨੀ ਸਿਖਾਉਂਦੇ ਹਨ, ਝੂਠਾ ਨਾਮ ਜਪਣਾ ਸਮਝਾਉਂਦੇ ਹਨ ਉਹੋ ਜਿਹੀ ਭਗਤੀ ਦਾ ਬਿਨਸਨਾ ਤਹਿ ਹੈ ਭਾਵ ਇਹੋ ਜਿਹੀ ਭਗਤੀ ਲੇਖੇ ਨਹੀਂ ਪੈ ਸਕਦੀ ਜਿਵੇਂ ਕਿ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥੭॥”

ਸਾਡਾ ਜਨਮ ਕਿਸ ਰੂਪ ਵਿੱਚ ਹੁੰਦਾ ਹੈ ਤੇ ਮਰਨ ਕਿਸ ਰੂਪ ਵਿੱਚ ਹੁੰਦਾ ਹੈ ਇਸਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡਾ ਜਨਮ ਮਰਨ, ਆਵਾਗਉਂਣ ਮਨ ਦੇ ਵਿੱਚ ਹੀ ਹੁੰਦਾ ਹੈ, ਹਉਮੈ ਦੇ ਰੂਪ ਵਿੱਚ ਹੀ ਹੁੰਦਾ ਹੈ, ਭਰਮ ਦੇ ਰੂਪ ਵਿੱਚ, ਸਹਸਾ ਦੇ ਰੂਪ ਵਿੱਚ ਹੀ ਹੁੰਦਾ ਹੈ ਜਿਸਦਾ ਮਕਸਦ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੀ ਹੈ। ਸਾਡੇ ਅੰਦਰ ਵਿਚਾਰ ਉਪਜਦੇ ਬਿਨਸਦੇ ਰਹਿੰਦੇ ਹਨ ਭਾਵ ਭਰਮਾਂ ਵਾਲੇ ਵਿਚਾਰ, ਹਉਮੈ ਵਾਲੇ ਵਿਚਾਰ ਉਪਜਦੇ ਬਿਨਸਦੇ ਰਹਿੰਦੇ ਹਨ ਤੇ ਇਨ੍ਹਾਂ ਦਾ ਉਪਜਣਾ ਬਿਨਸਨਾ ਹੀ ਸਾਡਾ ਜਨਮ ਮਰਨ ਹੈ। ਇਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਮਨੁੱਖ ਆਤਮਿਕ ਰੂਪ ਵਿੱਚ ਮਰਿਆ ਰਹਿੰਦਾ ਹੈ ਕਿਉਂਕਿ ਇਹ ਵਿਚਾਰ ਸਾਨੂੰ ਧਰਮ ਦੇ ਸੱਚੇ ਗਿਆਨ ਤੋਂ ਦੂਰ ਰੱਖਦੇ ਹਨ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਦੇ ਹਨ। ਮਨੁੱਖ ਦਾ ਅਸਲ ਜਨਮ ਉਦੋਂ ਹੁੰਦਾ ਹੈ ਜਦੋਂ ਮਨੁੱਖ ਦੀ ਇਨ੍ਹਾਂ ਭਰਮ ਵਾਲੇ ਵਿਚਾਰਾਂ ਤੋਂ ਖਲਾਸੀ ਹੋ ਜਾਂਦੀ ਹੈ, ਮੁਕਤੀ ਹੋ ਜਾਂਦੀ ਹੈ ਜੋ ਮੁਕਤੀ ਮਨ ਦੇ ਵਿੱਚ ਸੱਚਾ ਗਿਆਨ ਉਪਜਣ ਦੁਆਰਾ ਹੁੰਦੀ ਹੈ ਜੋ ਗਿਆਨ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪ੍ਰਮਾਤਮਾ ਆਪ ਹੀ ਉਪਜਾਉਂਦਾ ਹੈ ਤੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਇਸ ਮਨੁੱਖੀ ਸਰੀਰ ਦੀ ਅਸਲੀਅਤ ਕੀ ਹੈ। ਅਸਲੀਅਤ ਇਹ ਹੈ ਕਿ ਇਹ ਸਰੀਰ ਪ੍ਰਮਾਤਮਾ

46/6143

ਦਾ ਆਪਣਾ ਹੀ ਹੈ ਭਾਵ ਇਹ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਉਹ ਆਪ ਹੀ ਮਨ ਦੀ ਸਮਝ ਰਾਹੀਂ, ਮਨ ਦੇ ਗਿਆਨ ਰਾਹੀਂ ਇਸ ਸਰੀਰ ਨੂੰ ਚਲਾ ਰਿਹਾ ਹੈ। ਜਦ ਤੱਕ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਹਰ ਕੋਈ ਇਸ ਸਰੀਰ ਨੂੰ ਮਨੁੱਖੀ ਰੂਪ ਹੀ ਸਮਝਦਾ ਹੈ ਤੇ ਇਹ ਸਮਝਾਉਂਣ ਵਾਲੀ ਸਾਡੇ ਅੰਦਰ ਦੀ ਸਮਝ ਹੈ ਜੋ ਸਮਝ ਸਾਨੂੰ ਭਰਮਾਂ ਦੇ ਵਿੱਚ ਪਾ ਕੇ ਰੱਖਦੀ ਹੈ। ਪ੍ਰਮਾਤਮਾ ਨੇ ਆਪ ਹੀ ਸਭ ਨੂੰ ਭਰਮਾਂ ਵਿੱਚ ਰੱਖਿਆ ਹੋਇਆ ਹੈ ਜੋ ਕਿ ਉਸਦਾ ਹੁਕਮ ਹੀ ਹੈ ਜੋ ਹਰ ਵੇਲੇ ਸਾਡੇ ਅੰਦਰ ਸਾਡੀ ਸਮਝ ਦੇ ਰੂਪ ਵਿੱਚ ਵਿਚਰ ਰਿਹਾ ਹੈ ਪਰ ਅਸੀਂ ਉਸਨੂੰ ਸਮਝ ਨਹੀਂ ਸਕਦੇ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਇਹ ਸੰਸਾਰਿਕ ਖੇਡ ਚਲਾਉਂਣ ਲਈ ਸਭ ਨੂੰ ਭਰਮਾਂ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਇੱਕੋ ਹੀ ਹੈ ਤੇ ਸਾਰੇ ਸੰਸਾਰ ਦਾ ਧਰਮ ਵੀ ਇੱਕੋ ਹੀ ਹੈ ਜੋ ਕਿ ਸੱਚ ਹੈ ਭਾਵ ਨਾਮ ਹੈ। ਮਨ ਦੇ ਭਰਮ ਰਾਹੀਂ ਹੀ ਅਸੀਂ ਵੱਖਰੀਆਂ-ਵੱਖਰੀਆਂ ਧਾਰਮਿਕ ਆਸਥਾਵਾਂ ਨਾਲ ਜੁੜੇ ਹੋਏ ਹਾਂ ਤੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਭ ਨੇ ਵੱਖਰੇ ਵੱਖਰੇ ਧਾਰਮਿਕ ਮਾਰਗ ਬਣਾਏ ਹੋਏ ਹਨ ਕਿਉਂਕਿ ਹਰ ਕੋਈ ਆਪਣੇ ਆਪ ਨੂੰ ਵੱਖਰਾ ਵੱਖਰਾ ਮਨੁੱਖੀ ਰੂਪ ਸਮਝਦਾ ਹੈ ਜਦਕਿ ਅਸਲੀਅਤ ਇਹ ਹੈ ਕਿ ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ। ਜਦ ਤੱਕ ਕਿਸੇ ਦਾ ਪ੍ਰਮਾਤਮਾ ਦੇ ਘਰ ਵਿੱਚ ਜਨਮ ਨਹੀਂ ਹੁੰਦਾ ਹਰ ਕੋਈ ਮਨ ਦੀ ਅਗਿਆਨਤਾ ਕਰਕੇ

ਜਨਮ ਮਰਨ ਵਿੱਚ ਹੀ ਹੈ ਜਿਸ ਵਿੱਚ ਰਹਿੰਦੇ ਹੋਏ ਅਸੀਂ ਭਰਮਾਂ ਵਾਲੀ ਭਗਤੀ ਨੂੰ ਸੱਚੀ ਭਗਤੀ ਸਮਝਦੇ ਹਾਂ ਤੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰਾ ਵੱਖਰਾ ਭਗਤੀ ਦਾ ਮਾਰਗ ਸਮਝਦੇ ਹਾਂ। ਜਿਹੋ ਜਿਹੇ ਵਿਚਾਰ ਸਾਡੇ ਅੰਦਰ ਉਪਜਦੇ ਹਨ, ਹਉਮੈ ਵਿੱਚ ਉਪਜਦੇ ਹਨ ਉਨ੍ਹਾਂ ਰਾਹੀਂ ਹੀ ਸਾਨੂੰ ਭਗਤੀ ਦਾ ਮਾਰਗ ਸਮਝ ਆਉਂਦਾ ਹੈ ਜਿਸਨੂੰ ਅਸੀਂ ਮੰਨਦੇ ਤੇ ਦੂਸਰਿਆਂ ਨੂੰ ਸਮਝਾਉਂਦੇ ਹਾਂ। ਜਿਨ੍ਹਾਂ ਵਿਚਾਰਾਂ ਦਾ ਆਪਣਾ ਜਨਮ ਝੂਠਾ ਹੈ ਉਹ ਫਿਰ ਸਾਨੂੰ ਪ੍ਰਮਾਤਮਾ ਦਾ ਸੱਚ ਕਿਵੇਂ ਸਮਝਾ ਸਕਦੇ ਹਨ, ਭਗਤੀ ਦਾ ਸੱਚ ਕਿਵੇਂ ਸਮਝਾ ਸਕਦੇ ਹਨ। ਜਿਨ੍ਹਾਂ ਭਰਮ ਵਾਲੇ ਵਿਚਾਰਾਂ ਦਾ ਆਪਣਾ ਮਰਨਾ ਤੈਅ ਹੈ ਉਹ ਸਾਨੂੰ ਮਰਨ ਤੋਂ ਕਿਵੇਂ ਬਚਾ ਸਕਦੇ ਹਨ। ਮਨੁੱਖ ਦਾ ਜਨਮ ਮਰਨ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਣ ਦੁਆਰਾ ਦੂਰ ਹੁੰਦਾ ਹੈ, ਬ੍ਰਹਮ ਗਿਆਨ ਦੇ

ਘਰ ਵਿੱਚ ਪਹੁੰਚਣ ਦੁਆਰਾ ਦੂਰ ਹੁੰਦਾ ਹੈ। ਭਰਮ ਵਾਲੇ ਵਿਚਾਰ ਸਾਨੂੰ ਬ੍ਰਹਮ ਗਿਆਨ ਦੇ ਘਰ ਵਿੱਚ, ਪ੍ਰਮਾਤਮਾ ਦੇ ਘਰ ਵਿੱਚ ਨਹੀਂ ਪਹੁੰਚਾ ਸਕਦੇ। ਸਾਡੇ ਮਨ ਦੇ ਵਿਚਾਰ ਸਾਡੇ ਵੱਸ ਵਿੱਚ ਨਹੀਂ ਹਨ ਕਿਉਂਕਿ ਇਹ ਸਾਡੇ ਅੰਦਰ ਉਸ ਪ੍ਰਮਾਤਮਾ ਦੇ ਆਪਣੇ ਪਾਏ ਹੋਏ ਹਨ ਜੋ ਹਰ ਵੇਲੇ ਸਾਡੇ ਸਿਰ ਤੇ ਮੌਜੂਦ ਹੈ, ਮਨ ਦੇ ਅੰਦਰ ਹੀ ਮੌਜੂਦ ਹੈ। ਅਸੀਂ ਜੋ ਵੀ ਕਿਰਤ ਕਰਦੇ ਹਾਂ ਭਾਵ ਮਨੁੱਖ ਦੀ ਜਿਹੋ ਜਿਹੀ ਵੀ ਵਿਚਰਨ ਹੈ, ਮਨੁੱਖ ਦੇ ਜੋ ਵੀ ਕਰਮ ਹਨ ਉਹ ਮਨੁੱਖ ਦੇ ਵੱਸ ਵਿੱਚ ਨਹੀਂ ਹਨ। ਸਾਨੂੰ ਅਗਿਆਨਤਾ ਵਾਲੀ ਭਗਤੀ ਦੇ ਮਾਰਗ ਤੇ ਜੋੜਨ ਵਾਲਾ ਵੀ ਉਹ ਆਪ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ ਇਹ ਉਸਦੀ ਬਣਾਈ ਹੋਈ ਖੇਡ ਹੈ ਜੋ ਕਿ ਉਹ ਸੰਸਾਰ ਨੂੰ ਭਰਮਾਂ ਵਿੱਚ ਪਾ ਕੇ ਹੀ ਚਲਾ ਰਿਹਾ ਹੈ। ਭਰਮਾਂ ਵਿੱਚੋਂ ਉਹੀ ਨਿਕਲ ਸਕਦਾ ਹੈ ਜੋ ਗੁਰੂ ਦੇ ਦਿੱਤੇ ਗਿਆਨ ਨਾਲ ਜੁੜੇਗਾ, ਬ੍ਰਹਮ ਗਿਆਨ ਨਾਲ ਜੁੜੇਗਾ ਭਾਵ ਭਰਮਿਆਂ ਹੋਇਆ ਦੀ ਮਤਿ ਨੂੰ ਛੱਡੇਗਾ ਜੋ ਸਾਨੂੰ ਭਰਮਾਂ ਵਾਲੀ ਭਗਤੀ ਦੇ ਨਾਲ ਹੀ ਜੋੜਦੇ ਹਨ ਤੇ ਉਸੇ ਨੂੰ ਹੀ ਸੱਚ ਸਮਝਾਉਂਦੇ ਹਨ ਜਿਸ ਕਰਕੇ ਅਸੀਂ ਉਨ੍ਹਾਂ ਦੀ ਮਤਿ ਪਿੱਛੇ ਲੱਗਦੇ ਹਾਂ। **(ਜਨਮੇ ਕਉ ਵਾਜਹਿ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥ ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥੭॥)**

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥ ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥

ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ ੯੦੨-੯੦੩)

ਬਸੰਤੁ ਮਹਲਾ ੧ ॥

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ ਬੇਦ ਵਖਾਣਿ ਕਹਹਿ ਇਕੁ ਕਹੀਐ ॥
ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ ਏਕੋ ਤਖਤੁ ਏਕੋ ਪਾਤਿਸਾਹੁ ॥
ਸਰਬੀ ਥਾਈ ਵੇਪਰਵਾਹੁ ॥ ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥
ਇਤ ਉਤ ਦੇਖਉ ਸਹਜੇ ਰਾਵਉ ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}

(ਅੰਗ ੧੧੮੮-੧੧੮੯)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥}

(ਅੰਗ ੯੯੯)

46/6145

{ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥}

(ਅੰਗ ੧੩੮)

{ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥
ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥

ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥
ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥}

(ਅੰਗ ੯੪੬)

{ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥}

(ਅੰਗ ੩੩)

{ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥
ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥
ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥}

(ਅੰਗ ੪੬)

{ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ ॥ ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ ॥
ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ ॥੨॥}

(ਅੰਗ ੪੭)

{ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥ ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥}

(ਅੰਗ ੪੫)

{ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥
ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥੪॥੩੦॥੧੦੦॥}

(ਅੰਗ ੫੩)

{ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥ ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥
ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥੪॥}

(ਅੰਗ ੫੪)

46/6146

{ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ ॥ ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ ॥
ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥੫॥}

(ਅੰਗ ੫੮-੫੯)

{ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ॥ ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥}

(ਅੰਗ ੫੯)

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥

ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥}

(ਅੰਗ ੬੦)

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥}

(ਅੰਗ ੬੬)

{ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥
ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥
ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥੫॥}

(ਅੰਗ ੬੭)

{ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ ॥
ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥੨॥}

(ਅੰਗ ੮੭)

{ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਾਧਸੰਗਿ ਖਿਨ ਮਾਹਿ ਉਧਾਰੇ ॥
ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥੩॥}

(ਅੰਗ ੧੦੩)

46/6147

{ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥ ਪੇਈਅੜੈ ਪਿਰੁ ਜਾਤੋ ਨਾਹੀ ॥
ਝੂਠਿ ਵਿਛੁੰਨੀ ਰੋਵੈ ਧਾਹੀ ॥ ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥
ਪੇਈਅੜੈ ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ ਤਤੁ ਬੀਚਾਰਾ ॥
ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥}

(ਅੰਗ ੧੦੯)

{ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥ ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥
ਹਉਮੈ ਮੇਰਾ ਠਾਕਿ ਰਹਾਇਆ ॥ ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥
ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥
ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥ ਜੀਵਣੁ ਮਰਣਾ ਸਭੁ ਤੁਧੈ ਤਾਈ ॥
ਜਿਸੁ ਬਖਸੇ ਤਿਸੁ ਦੇ ਵਡਿਆਈ ॥ ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥}

(ਅੰਗ ੧੧੦)

{ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥ ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥
ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥

ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥}

(ਅੰਗ ੧੧੭)

{ਮਨਸਾ ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥
ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥
ਗੁਰ ਕੈ ਸਬਦਿ ਰਿਦੈ ਦਿਖਾਇਆ ॥ ਮਾਇਆ ਮੋਹੁ ਸਬਦਿ ਜਲਾਇਆ ॥
ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥}

(ਅੰਗ ੧੨੦)

{ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥
ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥}

(ਅੰਗ ੧੨੦)

{ਮਨਮੁਖੁ ਕਰਮ ਕਰੇ ਅਹੰਕਾਰੀ ॥ ਜੂਐ ਜਨਮੁ ਸਭ ਬਾਜੀ ਹਾਰੀ ॥
ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥੭॥}

(ਅੰਗ ੧੩੦)

ਮਾਝ ਮਹਲਾ ੫ ॥

{ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥ ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥
ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥੧॥
ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥ ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥
ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ ॥੨॥
ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥ ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥
ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥
ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥ ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥
ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥
ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥੫॥ ਹਉਮੈ ਬਾਧਾ ਗੁਰਮੁਖਿ ਛੂਟਾ ॥
ਗੁਰਮੁਖਿ ਆਵਣੁ ਜਾਵਣੁ ਤੂਟਾ ॥ ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥
ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥ ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥੮॥
ਸਗਲੀ ਬਣਤ ਬਣਾਈ ਆਪੇ ॥ ਆਪੇ ਕਰੇ ਕਰਾਏ ਥਾਪੇ ॥
ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥੨॥੩੬॥}

(ਅੰਗ ੧੩੧)

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥
ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥੧॥
ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥
ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥}

(ਅੰਗ ੧੫੨)

46/6148

{ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ ॥੨॥
ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥
ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥ ਕਿਰਪਾ ਕਰਿ ਸਤਿਗੁਰੂ ਮਿਲਾਏ ॥
ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥}

(ਅੰਗ ੧੬੧)

ਗਉੜੀ ਬੈਰਾਗਣਿ ਮਹਲਾ ੩ ॥

{ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ ॥ ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥੧॥
ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥ ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ ॥੧॥ ਰਹਾਉ ॥
ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ ॥ ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥੨॥
ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥
ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥੩॥
ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ ੧੬੨)

{ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥
ਸਾਕਤ ਬਧਿਕ ਮਾਣਿਆਧਾਰੀ ਤਿਨ ਜਮ ਜੋਹਨਿ ਲਾਗੇ ॥
ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥੪॥}

(ਅੰਗ ੧੭੨)

{ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥ ਸਰਬ ਨਿਧਾਨ ਗੁਰੂ ਤੇ ਪਾਵੈ ॥
ਆਪੁ ਤਿਆਗਿ ਮਿਟੈ ਆਵਣ ਜਾਣਾ ॥ ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥੨॥}

(ਅੰਗ ੧੮੩)

{ਸੋਗ ਹਰਖ ਮਹਿ ਆਵਣ ਜਾਣਾ ॥ ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ ॥੨॥
ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥ ਸੇ ਸੀਤਲ ਜਿਨ ਸਤਿਗੁਰੁ ਪਾਇਆ ॥੩॥}

(ਅੰਗ ੧੯੨)

{ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ ੨੦੯)

46/6149

{ਦੂਜੀ ਦੁਰਮਤਿ ਆਧੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥}

(ਅੰਗ ੨੨੩)

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥}

(ਅੰਗ ੨੨੯)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਸਾਡਾ ਜਨਮ ਮਰਨ ਕੀ ਹੈ ਭਾਵ ਸਾਡੇ ਮਨ ਦਾ ਭਰਮ ਹੀ ਸਾਡਾ ਜਨਮ ਮਰਨ ਹੈ, ਸਾਡੇ ਮਨ ਦਾ ਭਰਮ ਹੀ ਸਾਡੀ ਹਉਮੈ ਹੈ ਜਿਸ ਵਿੱਚ ਰਹਿੰਦੇ ਹੋਏ ਨਾ ਹੀ ਆਪਣੇ ਅੰਦਰੋਂ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਜਾਣ ਸਕਦਾ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦਾ ਜੱਸ ਗਾਉਂਦੇ ਹਾਂ, ਬੋਲ ਬੋਲ ਕੇ ਗਾਉਂਦੇ ਹਾਂ ਜੋ ਕਿ ਕੇਵਲ ਸਾਡਾ ਭਰਮ ਹੈ, ਸਾਡੀ ਅਗਿਆਨਤਾ ਹੈ। ਸਾਡੇ ਅੰਦਰ ਦੀ ਅਗਿਆਨਤਾ ਹੀ ਸਾਡੇ ਅੰਦਰ ਦਾ ਜਨਮ ਮਰਨ ਹੈ। ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਜਾਂ ਜਨਮ ਮਰਨ ਵਿੱਚੋਂ ਨਿਕਲਣਾ ਇੱਕੋ ਹੀ ਗੱਲ ਹੈ। ਮਨ ਦੀ ਇਸ ਅਵਸਥਾ ਵਿੱਚੋਂ ਨਿਕਲੇ ਬਿਨਾਂ ਭਾਵ ਗੁਰਮੁਖਿ ਰੂਪ ਬਣੇ ਬਿਨਾਂ, ਗੁਰੂ ਦੇ ਸੱਚੇ ਗਿਆਨ ਵਾਲੇ ਬਣੇ ਬਿਨਾਂ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥

ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥”

ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਪ੍ਰਮਾਤਮਾ ਨਾਲੋਂ ਵਿਜੋਗ ਤੇ ਸੰਜੋਗ ਭਾਵ

46/6150

ਵਿਛੋੜਾ ਤੇ ਮੇਲ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਸਾਡੇ ਮਨ ਦੀ ਸਮਝ ਜੋ ਸਾਨੂੰ ਜਨਮ ਮਰਨ ਵਿੱਚ ਰੱਖਦੀ ਹੈ ਉਹੀ ਸਾਡਾ **“ਵਿਜੋਗੁ”** ਹੈ ਭਾਵ ਪ੍ਰਮਾਤਮਾ ਦੇ ਨਾਲੋਂ ਸਾਡਾ ਵਿਛੋੜਾ ਹੈ। ਮਨ ਦੀ ਅਗਿਆਨਤਾ ਸਾਡਾ ਵਿਜੋਗ ਹੈ ਤੇ ਮਨ ਦੇ ਵਿੱਚ ਗੁਰਮਤਿ ਰੂਪ ਸੱਚੀ ਸਮਝ ਸਾਡਾ ਮਨ ਦੇ ਵਿੱਚ ਹੀ ਪ੍ਰਮਾਤਮਾ ਦੇ ਨਾਲ ਸੰਜੋਗ ਹੈ ਭਾਵ ਉਸਦੇ ਨਾਲ ਮੇਲ ਹੈ। ਸਾਡੇ ਅੰਦਰ ਸੰਜੋਗ ਵਿਜੋਗ ਵਾਲੀ ਅਵਸਥਾ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਪ੍ਰਮਾਤਮਾ ਨੇ ਸਭ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹੀ ਇਹ ਅਵਸਥਾ ਪਾਈ ਹੋਈ ਹੈ। ਸਭ ਦੇ ਅੰਦਰ ਜੋ ਵੀ ਸਮਝ ਉਪਜਦੀ ਹੈ ਉਹ ਦੁੱਖ ਸੁੱਖ ਵਾਲੀ ਉਪਜਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸੁੱਖ ਦੁੱਖ ਸਾਡੇ ਮਨ ਦੀਆਂ ਇੱਛਾਵਾਂ ਨਾਲ ਜੁੜਿਆ ਹੋਇਆ ਹੈ ਭਾਵ ਜਦੋਂ ਮਨੁੱਖ ਦੀ ਕੋਈ ਇੱਛਾ ਪੂਰੀ ਹੁੰਦੀ ਹੈ ਉਸ ਵਿੱਚ ਉਸਨੂੰ ਸੁੱਖ ਮਹਿਸੂਸ ਹੁੰਦਾ ਹੈ ਤੇ ਜਦੋਂ ਕੋਈ ਇੱਛਾ ਪੂਰੀ ਨਹੀਂ ਹੁੰਦੀ, ਤ੍ਰਿਸ਼ਨਾ ਪੂਰੀ ਨਹੀਂ ਹੁੰਦੀ ਉਸ ਵਿੱਚ ਦੁੱਖ ਮਹਿਸੂਸ ਹੁੰਦਾ ਹੈ। ਦੁੱਖ ਸੁੱਖ ਵਾਲੀ ਅਵਸਥਾ ਵਿੱਚ ਰਹਿੰਦੇ ਹੋਏ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ ਕਿਉਂਕਿ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ, ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਕਰਨ ਲਈ ਅਨੇਕਾਂ ਮਾੜੇ ਕੰਮ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਕੰਮ ਕਰਦੇ ਹਾਂ। ਸਾਡਾ ਕੋਈ ਵੀ ਮਾੜਾ ਕਰਮ ਭਗਤੀ ਦੇ ਮਾਰਗ ਤੋਂ ਉਲਟ ਹੈ। ਜਦ ਤੱਕ ਕੋਈ ਦੁੱਖ ਸੁੱਖ ਵਾਲੀ ਅਵਸਥਾ ਵਿੱਚੋਂ ਨਹੀਂ ਨਿਕਲਦਾ ਤਦ ਤੱਕ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਦੁੱਖ ਸੁੱਖ ਵਾਲੀ ਅਵਸਥਾ ਵਿੱਚੋਂ ਉਹੀ ਨਿਕਲ ਸਕਦਾ ਹੈ ਜੋ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਜਾਣ ਲੈਂਦਾ ਹੈ ਭਾਵ ਉਸਦੀ ਸਮਝ ਗੁਰਮੁਖਿ ਵਾਲੀ ਬਣ ਜਾਂਦੀ ਹੈ, ਗੁਰਮਤਿ ਅਨੁਸਾਰ ਬਣ ਜਾਂਦੀ ਹੈ। ਮਨ ਦੇ ਵਿੱਚ ਇਹੀ ਸੱਚੀ ਸਮਝ ਹੈ ਜਿਸ ਦੁਆਰਾ ਦੁੱਖ ਸੁੱਖ ਦੇ ਵਿੱਚੋਂ ਨਿਕਲਕੇ ਮਨੁੱਖ ਦੇ ਅੰਦਰ ਸੀਲ ਆਉਂਦਾ ਹੈ, ਸੰਤੋਖ ਆਉਂਦਾ ਹੈ ਤੇ ਮਨੁੱਖ ਦਾ ਮਨ ਫਿਰ ਮਾਇਆ ਦੇ ਵਿੱਚ ਨਹੀਂ ਭਟਕਦਾ, ਤ੍ਰਿਸ਼ਨਾਵਾਂ ਵਿੱਚ ਨਹੀਂ ਭਟਕਦਾ। ਮਨ ਦੇ ਵਿੱਚ ਗੁਰਮਤਿ ਰੂਪ ਸੱਚੀ ਸਮਝ ਹੀ ਸਾਡਾ ਪ੍ਰਮਾਤਮਾ ਦੇ ਨਾਲ **“ਸੰਜੋਗੁ”** ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੈ ਜੋ ਮੇਲ ਮਨ ਦੇ ਵਿੱਚ ਸੱਚੀ ਸਮਝ ਦੁਆਰਾ ਹੀ ਹੁੰਦਾ ਹੈ, ਜੋ ਸੱਚੀ ਸਮਝ ਸਾਨੂੰ ਮਨਮੁਖਿ ਵਾਲੀ ਸਮਝ ਵਿੱਚੋਂ ਕੱਢ ਲੈਂਦੀ ਹੈ ਜੋ ਸਾਨੂੰ ਮਨ ਦੇ ਦੁੱਖ ਸੁੱਖ ਨਾਲ ਜੋੜ ਕੇ ਰੱਖਦੀ ਹੈ, ਪ੍ਰਮਾਤਮਾ ਨਾਲੋਂ ਸਾਡਾ ਵਿਜੋਗ ਬਣਾ ਕੇ ਰੱਖਦੀ ਹੈ। ਗੁਰਮੁਖਿ ਵਾਲੀ ਸਮਝ

46/6151

ਗੁਰੂ ਦੀ ਆਪਣੀ ਸਮਝ ਹੈ ਤੇ ਗੁਰਮੁਖਿ ਰੂਪ ਹੀ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦੇ ਨਾਲ ਮੇਲ ਸਾਡੀ ਗੁਰਮੁਖਿ ਰੂਪ ਸਮਝ ਹੀ ਹੈ ਜੋ ਸਮਝ ਸਾਡੇ ਅੰਦਰ ਦੀ **“ਸਨਾਹਾ”** ਹੈ ਭਾਵ ਸਾਡੇ ਮਨ ਦੀ ਸਮਝ ਨੂੰ ਮਾੜੇ ਵਿਚਾਰਾਂ ਤੋਂ ਬਚਾਕੇ ਰੱਖਦੀ ਹੈ, ਔਗੁਣਾਂ ਤੋਂ ਬਚਾ ਕੇ ਰੱਖਦੀ ਹੈ, ਮਾਇਆ ਤੋਂ ਬਚਾ ਕੇ ਰੱਖਦੀ ਹੈ, ਦੁੱਖ ਸੁੱਖ ਵਾਲੇ ਵਿਚਾਰਾਂ ਤੋਂ ਬਚਾ ਕੇ ਰੱਖਦੀ ਹੈ। ਇਹ ਸਨਾਹਾ ਮਨ ਦੇ ਵਿੱਚ ਸੱਚਾ ਗਿਆਨ ਦੇਣ ਦੁਆਰਾ ਪ੍ਰਮਾਤਮਾ ਆਪ ਹੀ ਪਹਿਨਾਉਂਦਾ ਹੈ ਜਿਸ ਦੁਆਰਾ ਮਨੁੱਖ ਸੱਚੀ ਭਗਤੀ ਦੇ ਮਾਰਗ ਤੇ ਚੱਲਦਾ

ਹੈ, ਮਨ ਦੇ ਸੰਤੋਖ ਦੁਆਰਾ ਵਿਚਰਦਾ ਹੈ ਭਾਵ ਉਸਦੀ ਸੰਸਾਰਿਕ ਵਿਚਰਨ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਹੁੰਦੀ ਹੈ **(ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥)**।

{ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥}

(ਅੰਗ ੧੪੯)

ਸੋਰਠਿ ਮਹਲਾ ੯ ॥

{ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥}

(ਅੰਗ ੬੩੩)

ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਮਹਲਾ ੯ ॥

{ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥}

(ਅੰਗ ੨੧੯)

46/6152

ਉਪਰ ਕੁਝ ਸ਼ਬਦਾਂ ਦੁਆਰਾ ਅਸੀਂ ਤੱਤ ਨੂੰ ਸਮਝਣ ਲਈ ਉਪਰਾਲਾ ਕੀਤਾ ਹੈ ਕਿਉਂਕਿ ਤੱਤ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੇ ਭਗਤੀ ਦੇ ਮਾਰਗ ਨੂੰ ਨਹੀਂ ਸਮਝਿਆ ਜਾ ਸਕਦਾ। ਸਾਡੇ ਅੰਦਰ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਹੀ ਤੱਤ ਹੈ ਜਿਸ ਤੱਤ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਜੋ ਵੀ ਸਾਨੂੰ ਸ਼ਬਦਾਂ ਦੀ ਕਥਨੀ ਦੇ ਨਾਲ ਜੋੜਦੇ ਹਨ ਉਸ ਰਾਹੀਂ ਤੱਤ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਦੀ ਤੇ ਨਾ ਹੀ ਸੱਚੀ ਭਗਤੀ ਦੀ ਸਮਝ ਪੈ ਸਕਦੀ ਹੈ ਤੇ ਨਾ ਹੀ ਉਸ **"ਤਤੁ"** ਰੂਪ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਮਨ ਦੀ ਹਉਮੈ ਵਿੱਚੋਂ ਨਿਕਲਣਾ ਹੀ ਉਸ **"ਤਤੁ"** ਨੂੰ ਆਪਣੇ ਅੰਦਰੋਂ ਜਾਨਣ ਦਾ ਸਾਡਾ ਸੱਚਾ ਉਦੱਮ ਹੈ ਭਾਵ ਮਨ ਦੀ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਣਾ ਹੀ ਹੈ, ਤੱਤ ਨਾਲ ਜੁੜਨ ਦਾ ਸੱਚਾ ਉਦੱਮ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਕੁਝ ਪਦਿਆਂ ਦੁਆਰਾ ਹੋਰ ਵੀ ਦ੍ਰਿੜ ਕਰੀਏ।

"ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥

ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥”

(ਅੰਗ ੧੦੪੩)

ਉਪਰ ਵਾਲੀਆਂ ਪੰਗਤੀਆਂ ਨੂੰ ਅਗਰ ਥੋੜਾ ਵੀ ਧਿਆਨ ਨਾਲ ਸਮਝ ਲਵੋ ਤਾਂ ਧਰਮ ਗ੍ਰੰਥਾਂ ਦੇ ਪੜਨ ਦੇ ਮਕਸਦ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਜਿਸ ਤਰੀਕੇ ਹਰ ਕੋਈ ਧਰਮ ਗ੍ਰੰਥਾਂ ਨਾਲ ਜੁੜਿਆ ਹੋਇਆ ਹੈ, ਆਪਣੀ ਆਪਣੀ ਆਸਥਾ ਅਨੁਸਾਰ ਭਾਵੇਂ ਕੋਈ ਕਿਹੜੇ ਧਰਮ ਗ੍ਰੰਥ ਨਾਲ ਜੁੜਿਆ ਹੋਇਆ ਹੈ ਇਹ ਸਭ ਤੇ ਇੱਕੋ ਜਿਹਾ ਹੀ ਲਾਗੂ ਹੁੰਦਾ ਹੈ। ਜੋ ਧਰਮ ਗ੍ਰੰਥਾਂ ਨੂੰ ਪੜਦੇ ਹਨ ਉਹ ਕੇਵਲ ਪੜਨ ਦੇ ਮਕਸਦ ਲਈ ਹੀ ਪੜਦੇ ਹਨ ਕਿ ਧਰਮ ਗ੍ਰੰਥਾਂ ਨੂੰ ਪੜਨਾ ਹੀ, ਬਾਰ-ਬਾਰ ਪੜੀ ਜਾਣਾ ਹੀ, ਧਰਮ ਗ੍ਰੰਥ ਦੇ ਨਾਲ ਜੁੜਨਾ ਹੈ। ਇਸੇ ਤਰ੍ਹਾਂ ਜੋ ਧਰਮ ਗ੍ਰੰਥਾਂ ਨੂੰ ਆਪ ਨਹੀਂ ਪੜਦੇ ਪਰ ਬੈਠ ਕੇ ਸੁਣਦੇ ਹਨ, ਘਰ ਵਿੱਚ ਬੈਠ ਕੇ ਜਾਂ ਧਰਮ ਅਸਥਾਨਾਂ ਤੇ ਬੈਠ ਕੇ ਪਾਠ ਆਦਿ ਸੁਣਦੇ ਹਨ ਉਹ ਕੇਵਲ ਧਰਮ ਗ੍ਰੰਥਾਂ ਦਾ ਪਾਠ ਕੇਵਲ ਆਪਣੇ ਕੰਨਾਂ ਨੂੰ ਹੀ ਸੁਣਾਉਂਦੇ ਹਨ ਭਾਵ ਕੰਨਾਂ ਰਾਹੀਂ ਪਾਠ ਸੁਣਨਾ ਹੀ ਉਨ੍ਹਾਂ ਲਈ ਵੱਡੀ ਗੱਲ ਹੈ, ਪਾਠ ਸੁਣਨਾ ਹੀ ਉਨ੍ਹਾਂ ਲਈ ਅਸਲੀਅਤ ਹੈ ਭਾਵ ਧਰਮ ਗ੍ਰੰਥਾਂ ਦਾ ਪਾਠ ਪੜੀ ਜਾਣਾ ਜਾਂ ਸੁਣੀ ਜਾਣਾ ਇਸਨੂੰ ਹੀ ਸਭ ਤੱਤ ਦੀ ਗੱਲ ਸਮਝਦੇ ਹਨ, ਅਸਲੀਅਤ ਸਮਝਦੇ ਹਨ ਕਿ

46/6153

ਇਹੀ ਭਗਤੀ ਦਾ ਮਾਰਗ ਹੈ ਭਾਵ ਪ੍ਰਮਾਤਮਾ ਦੇ ਗੁਣ ਗਾਉਂਣ ਦਾ ਮਾਰਗ ਹੈ ਜੋ ਇਹੋ ਜਿਹੇ ਵਿਚਾਰਾਂ ਨਾਲ ਜੁੜੇ ਹੋਏ ਹਨ ਭਾਵ ਕਥਨੀ ਕਰਨ ਜਾਂ ਕੰਨਾਂ ਨਾਲ ਸੁਨਣ ਨਾਲ ਜੁੜੇ ਹੋਏ ਹਨ ਉਨ੍ਹਾਂ ਦਾ ਭਰਮ ਨਾਲ ਹੀ ਕੱਢਿਆ ਹੋਇਆ ਹੈ ਕਿ ਇਹੋ ਜਿਹਾ ਮਾਰਗ ਅਪਨਾਉਂਣ ਦੁਆਰਾ ਅਸੀਂ ਤੱਤ ਦੇ ਨਾਲ ਨਹੀਂ ਜੁੜ ਸਕਦੇ, ਤੱਤ ਦੀ ਪ੍ਰਾਪਤੀ ਨਹੀਂ ਕਰ ਸਕਦੇ। ਧਰਮ ਗ੍ਰੰਥਾਂ ਦੀ ਕਥਨੀ ਵਿੱਚ ਤੱਤ ਨਹੀਂ ਹੈ। ਤੱਤ ਤਾਂ ਸ਼ਬਦਾਂ ਦੀ ਸੋਝੀ ਦੇ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਵਿੱਚ ਹੈ। ਸਾਨੂੰ ਪ੍ਰਮਾਤਮਾ ਦੇ ਨਾਲ ਤੱਤ ਨੇ ਮਿਲਾਉਂਣਾ ਹੈ ਨਾ ਕਿ ਸ਼ਬਦਾਂ ਦੀ ਕਥਨੀ ਨੇ। ਸਾਡੇ ਸਭ ਦੇ ਅੰਦਰ ਹਉਮੈ ਰੋਗ ਕਪਾਟ ਹੈ, ਭਰਮ ਰੂਪ ਦਰਵਾਜਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਸਾਡੇ ਅੰਦਰ ਉਹ ਭਰਮ ਦਾ ਕਪਾਟ ਨਹੀਂ ਖੁੱਲਦਾ, ਹਉਮੈ ਦੀ ਦੀਵਾਰ ਨਹੀਂ ਟੁੱਟਦੀ ਤਦ ਤੱਕ ਅਸੀਂ ਆਪਣੇ ਅੰਦਰੋਂ ਤੱਤ ਨੂੰ ਨਹੀਂ ਪਾ ਸਕਦੇ ਜਿਸ ਰੂਪ ਵਿੱਚ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ। ਭਰਮ ਰੂਪ ਕਿਵਾੜ ਬਹੁਤ ਭਾਰਾ ਹੈ ਭਾਵ ਇਸ ਨੂੰ ਖੋਲਣਾ ਬਹੁਤ ਔਖਾ ਹੈ ਕਿਉਂਕਿ ਮਨੁੱਖ ਭਰਮ ਰੂਪ ਵਿਚਾਰਾਂ ਨਾਲ ਭਰਿਆ ਹੋਇਆ ਹੈ। ਧਰਮ ਗ੍ਰੰਥਾਂ ਦੇ ਸ਼ਬਦਾਂ ਦਾ ਮਕਸਦ ਸਾਨੂੰ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੀ ਹੈ। ਜਿਉਂ ਜਿਉਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨੀ ਜਾਵਾਂਗੇ ਤਿਉਂ ਤਿਉਂ ਸਾਡੇ ਅੰਦਰ ਭਰਮਾਂ ਵਾਲੇ ਵਿਚਾਰਾਂ ਦਾ ਭਾਰ ਘੱਟਦਾ ਜਾਵੇਗਾ। ਹਰ ਸ਼ਬਦ ਸਾਨੂੰ ਤੱਤ ਹੀ ਸਮਝਾਉਂਦਾ ਹੈ ਭਾਵ ਸੱਚ ਹੀ ਸਮਝਾਉਂਦਾ ਹੈ, ਗੁਰਮਤਿ ਹੀ ਸਮਝਾਉਂਦਾ ਹੈ ਜਿਨ੍ਹਾਂ ਦਾ ਮਕਸਦ ਸਾਨੂੰ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੀ ਹੈ। ਸ਼ਬਦਾਂ ਦੇ ਤੱਤ ਨਾਲ ਜੁੜਨ ਦੁਆਰਾ ਹੀ ਅਸੀਂ ਉਸ ਤੱਤ ਦੇ ਮਾਲਕ ਨਾਲ ਜੁੜ ਸਕਦੇ ਹਾਂ ਜੋ ਸਾਡੇ ਅੰਦਰ ਹੀ ਹੈ। ਗੁਰੂ ਪ੍ਰਮਾਤਮਾ ਦਾ ਹੀ ਰੂਪ ਹੈ ਜਿਸਨੇ ਤੱਤ ਨੂੰ ਪਾਇਆ ਹੋਇਆ ਹੈ ਤੇ ਹੋਰ ਕਿਸੇ ਕੋਲ ਤੱਤ ਨਹੀਂ ਹੈ। ਧਰਮ ਗ੍ਰੰਥਾਂ ਦੀ ਰਚਨਾ ਗੁਰੂ ਰੂਪ ਪ੍ਰਮਾਤਮਾ ਨੇ ਆਪ ਹੀ ਕੀਤੀ ਹੋਈ ਹੈ ਤੇ ਇਸੇ ਮਕਸਦ ਲਈ ਕੀਤੀ ਹੋਈ ਹੈ ਕਿ ਅਸੀਂ ਧਰਮ ਗ੍ਰੰਥਾਂ ਦੇ ਸਮਝਾਏ ਹੋਏ ਤੱਤ ਨਾਲ ਜੁੜੀਏ ਤਾਂ ਜੋ ਅਸੀਂ ਉਸ ਤੱਤ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰ ਸਕੀਏ, ਉਸ ਤੱਤ ਨੂੰ ਜਾਣ ਸਕੀਏ ਜੋ ਸਾਡੀ ਸਮਝ ਦੇ ਵਿੱਚੋਂ ਹੀ ਮਿਲਦਾ ਹੈ। ਸਾਡੀ ਨਾਸਮਝ ਮਤਿ ਹੀ ਸਾਡੇ ਅੰਦਰ ਦਾ

46/6154

ਕਪਾਟ ਹੈ ਜਿਸਦੇ ਖੁੱਲੇ ਬਿਨਾਂ ਆਪਣੇ ਅੰਦਰੋਂ ਤੱਤ ਰੂਪ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਕਿ ਸਾਡੇ ਸਭ ਦੇ ਅੰਦਰ ਤੱਤ ਗਿਆਨ ਦੇ ਰੂਪ ਵਿੱਚ ਹੈ, ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦੀ ਹਉਮੈ ਪਰਦਾ ਹੈ ਤੇ ਨਾਮ ਉਸਨੂੰ ਖੋਲਣ ਦਾ ਮਾਰਗ ਹੈ ਇਹ ਪਰਦਾ ਤਾਂ ਹੀ ਖੁੱਲੇਗਾ ਜੇਕਰ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਭਾਵ ਨਾਮ ਨੂੰ ਮੰਨਾਂਗੇ ਭਾਵ ਨਾਮ ਤੇ ਅਮਲ ਕਰਾਂਗੇ ਭਾਵ ਨਾਮ ਜਪਾਂਗੇ, ਤੱਤ ਨੂੰ ਆਪਣੇ ਅੰਦਰ ਜਪਾਂਗੇ। **(ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥ ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥)**

{ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥

ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ ॥
ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ ॥੩॥੧॥੧੩੦॥}

(ਅੰਗ ੪੦੪)

{ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥ ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥}

(ਅੰਗ ੬੧੧)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥}

(ਅੰਗ ੨੩)

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ ੨੭)

{ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥
ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥}

(ਅੰਗ ੬੯੦)

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥}

(ਅੰਗ ੧੦੧੩)

46/6155

{ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥
ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥}

(ਅੰਗ ੮੧੪)

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ॥}

(ਅੰਗ ੪੨੫)

ਡਖਣਾ ॥

{ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ ॥ ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥੧॥}

(ਅੰਗ ੮੦)

{ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥

ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥
ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥
ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥}

(ਅੰਗ ੧੧੦)

{ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥}

(ਅੰਗ ੧੨੪)

{ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥}

(ਅੰਗ ੧੫੩)

ਗਉੜੀ ਮਹਲਾ ੫ ॥

{ਕਾ ਕੀ ਮਾਈ ਕਾ ਕੋ ਬਾਪ ॥ ਨਾਮ ਧਾਰੀਕ ਝੂਠੇ ਸਭਿ ਸਾਕ ॥੧॥
ਕਾਹੇ ਕਉ ਮੂਰਖ ਭਖਲਾਇਆ ॥ ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥੧॥ ਰਹਾਉ ॥
ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥੨॥
ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥੩॥
ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥}

(ਅੰਗ ੧੮੮)

46/6156

{ਟਟਾ ਬਿਕਟ ਘਾਟ ਘਟ ਮਾਹੀ ॥ ਖੋਲਿ ਕਪਾਟ ਮਹਲਿ ਕਿ ਨ ਜਾਹੀ ॥
ਦੇਖਿ ਅਟਲ ਟਲਿ ਕਤਹਿ ਨ ਜਾਵਾ ॥ ਰਹੈ ਲਪਟਿ ਘਟ ਪਰਚਉ ਪਾਵਾ ॥੭॥}

(ਅੰਗ ੩੪੧)

{ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥}

(ਅੰਗ ੩੪੬)

{ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥

ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥}

(ਅੰਗ ੫੯੭)

{ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥}

(ਅੰਗ ੫੧੪)

{ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥
ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥੫॥}

(ਅੰਗ ੭੩੮)

ਪਉੜੀ ॥

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ ੯੫੪)

{ਹਰਿ ਕੀਰਤਿ ਗੁਰਮਤਿ ਜਸੁ ਗਾਇਓ ਮਨਿ ਉਘਰੇ ਕਪਟ ਕਪਾਟ ॥
ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ ॥੩॥
ਕਲਜੁਗਿ ਗੁਰੁ ਪੂਰਾ ਤਿਨ ਪਾਇਆ ਜਿਨ ਧੁਰਿ ਮਸਤਕਿ ਲਿਖੇ ਲਿਲਾਟ ॥
ਜਨ ਨਾਨਕ ਰਸੁ ਅੰਮ੍ਰਿਤੁ ਪੀਆ ਸਭ ਲਾਥੀ ਭੂਖ ਤਿਖਾਟ ॥੪॥੬॥}

(ਅੰਗ ੯੮੬)

{ਕਾਲੀ ਹੂ ਫੁਨਿ ਧਉਲੇ ਆਏ ॥ ਵਿਣੁ ਨਾਵੈ ਗਥੁ ਗਇਆ ਗਵਾਏ ॥
ਦੁਰਮਤਿ ਅੰਧੁਲਾ ਬਿਨਸਿ ਬਿਨਾਸੈ ਮੂਠੇ ਰੋਇ ਪੂਕਾਰਾ ਹੇ ॥੯॥
ਆਪੁ ਵੀਚਾਰਿ ਨ ਰੋਵੈ ਕੋਈ ॥ ਸਤਿਗੁਰੁ ਮਿਲੈ ਤ ਸੋਝੀ ਹੋਈ ॥
ਬਿਨੁ ਗੁਰ ਬਜਰ ਕਪਾਟ ਨ ਖੂਲਹਿ ਸਬਦਿ ਮਿਲੈ ਨਿਸਤਾਰਾ ਹੇ ॥੧੦॥}

(ਅੰਗ ੧੦੨੭)

46/6157

{ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥
ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥
ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥}

(ਅੰਗ ੧੦੩੩)

{ਨਿਕਟਿ ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥
ਅੰਤਰਿ ਵਸਤੁ ਦਿਸੰਤਰਿ ਜਾਇ ॥ ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥

ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥
ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥}

(ਅੰਗ ੧੧੩੯)

{ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥
ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥
ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥
ਕਹਤ ਕਬੀਰੁ ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥}

(ਅੰਗ ੧੧੫੯)

ਮਲਾਰ ਮਹਲਾ ੫ ॥

{ਆਜੁ ਮੈ ਬੈਸਿਓ ਹਰਿ ਹਾਟ ॥ ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ ॥੧॥ ਰਹਾਉ ॥
ਧਾਰਿ ਅਨੁਗ੍ਰਹੁ ਪਾਰਬ੍ਰਹਮਿ ਰਾਖੇ ਭ੍ਰਮ ਕੇ ਖੁਲ੍ਹੇ ਕਪਾਟ ॥
ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ ॥੧॥
ਸਰਨਿ ਗਹੀ ਅਚੁਤ ਅਬਿਨਾਸੀ ਕਿਲਬਿਖ ਕਾਢੇ ਹੈ ਛਾਂਟਿ ॥
ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ ਮਾਟ ॥੨॥੧੦॥੧੪॥}

(ਅੰਗ ੧੨੬੯)

{ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥}

(ਅੰਗ ੫੨੨)

{ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥ ਕੋਟਿ ਆਵਧ ਤਿਸੁ ਬੇਧਤ ਨਾਹਿ ॥੨॥
ਹਰਿ ਚਰਨ ਸਰਣ ਗੜ ਕੋਟ ਹਮਾਰੈ ॥ ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥੩॥
ਨਾਨਕ ਦਾਸ ਸਦਾ ਬਲਿਹਾਰੀ ॥ ਸੇਵਕ ਸੰਤ ਰਾਜਾ ਰਾਮ ਮੁਰਾਰੀ ॥੪॥੧੯॥੨੫॥}

(ਅੰਗ ੭੪੨)

ਬਿਲਾਵਲੁ ਮਹਲਾ ੫ ॥

{ਬਿਨੁ ਹਰਿ ਕਾਮਿ ਨ ਆਵਤ ਹੇ ॥ ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ ॥੧॥ ਰਹਾਉ॥
ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥
ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥੧॥
ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥
ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥੨॥
ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥
ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥੩॥
ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥
ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥੨॥੮੮॥}

(ਅੰਗ ੮੨੧-੮੨੨)

ਰਾਮਕਲੀ ਮਹਲਾ ੧ ॥

{ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥
ਰਾਮ ਨਾਮ ਸਰਿ ਅਵਰੁ ਨ ਪੂਜੈ ॥੧॥ ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥
ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥੧॥ ਰਹਾਉ ॥
ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥
ਚਾੜਸਿ ਪਵਨੁ ਸਿੰਘਾਸਨੁ ਭੀਜੈ ॥ ਨਿਉਲੀ ਕਰਮ ਖਟੁ ਕਰਮ ਕਰੀਜੈ ॥
ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥ ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥
ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥
ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥
ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥ ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥
ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥ ਮਨਮੁਖਿ ਜਨਮੈ ਜਨਮਿ ਮਰੀਜੈ ॥੬॥
ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥ ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ ॥
ਰਾਮ ਨਾਮ ਬਿਨੁ ਕਿਆ ਕਰਮੁ ਕੀਜੈ ॥੭॥ ਊਂਦਰ ਦੂੰਦਰ ਪਾਸਿ ਧਰੀਜੈ ॥
ਧੁਰ ਕੀ ਸੇਵਾ ਰਾਮੁ ਰਵੀਜੈ ॥ ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥}

(ਅੰਗ ੯੦੫)

46/6158

ਪਉੜੀ ॥

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥}

(ਅੰਗ ੯੫੨)

ਮਃ ੨ ॥

{ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥}

(ਅੰਗ ੯੫੪)

ਪਉੜੀ ॥

{ਕਾਇਆ ਅੰਦਰਿ ਗੜੁ ਕੋਟੁ ਹੈ ਸਭਿ ਦਿਸੰਤਰ ਦੇਸਾ ॥
ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ ॥ ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥
ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ॥ ਸਭੁ ਕਿਛੁ ਸਚੋ ਸਚੁ ਹੈ ਗੁਰਿ ਸੋਝੀ ਪਾਈ ॥੧੬॥}

(ਅੰਗ ੯੫੫)

{ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥
ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ ਗੜ ਮਹਿ ਹਾਟ ਪਟਣ ਵਾਪਾਰਾ ॥

ਪੂਰੈ ਤੋਲਿ ਤੋਲੈ ਵਣਜਾਰਾ ॥ ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥}

(ਅੰਗ ੧੦੩੬)

{ਘਰੁ ਦਰੁ ਮੰਦਰੁ ਜਾਣੈ ਸੋਈ ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥੧੨॥
ਚਤੁਰ ਦਸ ਹਾਟ ਦੀਵੇ ਦੁਇ ਸਾਖੀ ॥ ਸੇਵਕ ਪੰਚ ਨਾਹੀ ਬਿਖੁ ਚਾਖੀ ॥
ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰਿ ਮਿਲਿਐ ਹਰਿ ਧਨੁ ਪਾਇਆ ॥੧੩॥
ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥
ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥੧੪॥
ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥
ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ ॥੧੫॥੧॥੧੮॥}

(ਅੰਗ ੧੦੩੯)

{ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ ਗੁਰਮਤਿ ਬੂਝੈ ਕਰਿ ਵੀਚਾਰਾ ॥
ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥੧੨॥
ਗੜ ਕਾਇਆ ਅੰਦਰਿ ਬਹੁ ਹਟ ਬਾਜਾਰਾ ॥ ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥
ਗੁਰ ਕੈ ਸਬਦਿ ਸਦਾ ਦਰਿ ਸੋਹੈ ਹਉਮੈ ਮਾਰਿ ਪਛਾਤਾ ਹੇ ॥੧੩॥ ਰਤਨੁ ਅਮੋਲਕੁ ਅਗਮ ਅਪਾਰਾ ॥
ਕੀਮਤਿ ਕਵਣੁ ਕਰੇ ਵੇਚਾਰਾ ॥ ਗੁਰ ਕੈ ਸਬਦੇ ਤੋਲਿ ਤੋਲਾਏ ਅੰਤਰਿ ਸਬਦਿ ਪਛਾਤਾ ਹੇ ॥੧੪॥
ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥੧੫॥
ਆਪੇ ਕਰਤਾ ਕਰੇ ਕਰਾਏ ॥ ਸਚੀ ਬਾਣੀ ਸਚੁ ਦ੍ਰਿੜਾਏ ॥
ਨਾਨਕ ਨਾਮੁ ਮਿਲੈ ਵਡਿਆਈ ਜੁਗਿ ਜੁਗਿ ਏਕੋ ਜਾਤਾ ਹੇ ॥੧੬॥੯॥}

(ਅੰਗ ੧੦੫੩)

ਪਉੜੀ ॥

{ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ॥
ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥
ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ॥੧॥}

(ਅੰਗ ੧੦੮੭)

46/6159

{ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥ ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥}

(ਅੰਗ ੧੧੧੪)

{ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥

ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ ੧੧੬੧-੧੧੬੨)

ਬਸੰਤੁ ਹਿੰਡੋਲ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥ ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥}

(ਅੰਗ ੧੧੭੮)

ਕਾਨੜਾ ਮਹਲਾ ੪ ॥

{ਮੇਰੇ ਮਨ ਹਰਿ ਹਰਿ ਰਾਮ ਨਾਮੁ ਜਪਿ ਚੀਤਿ ॥
ਹਰਿ ਹਰਿ ਵਸਤੁ ਮਾਇਆ ਗੜ੍ ਵੇੜ੍ੀ ਗੁਰ ਕੈ ਸਬਦਿ ਲੀਓ ਗੜੁ ਜੀਤਿ ॥੧॥ ਰਹਾਉ ॥
ਮਿਥਿਆ ਭਰਮਿ ਭਰਮਿ ਬਹੁ ਭ੍ਰਮਿਆ ਲੁਬਧੋ ਪੁਤ੍ ਕਲਤ੍ ਮੋਹ ਪ੍ਰੀਤਿ ॥
ਜੈਸੇ ਤਰਵਰ ਕੀ ਤੁਛ ਛਾਇਆ ਖਿਨ ਮਹਿ ਬਿਨਸਿ ਜਾਇ ਦੇਹ ਭੀਤਿ ॥੧॥
ਹਮਰੇ ਪ੍ਰਾਨ ਪ੍ਰੀਤਮ ਜਨ ਊਤਮ ਜਿਨ ਮਿਲਿਆ ਮਨਿ ਹੋਇ ਪ੍ਰਤੀਤਿ ॥
ਪਰਚੈ ਰਾਮੁ ਰਵਿਆ ਘਟ ਅੰਤਰਿ ਅਸਥਿਰੁ ਰਾਮੁ ਰਵਿਆ ਰੰਗਿ ਪ੍ਰੀਤਿ ॥੨॥
ਹਰਿ ਕੇ ਸੰਤ ਸੰਤ ਜਨ ਨੀਕੇ ਜਿਨ ਮਿਲਿਆਂ ਮਨੁ ਰੰਗਿ ਰੰਗੀਤਿ ॥
ਹਰਿ ਰੰਗੁ ਲਹੈ ਨ ਉਤਰੈ ਕਬਹੂ ਹਰਿ ਹਰਿ ਜਾਇ ਮਿਲੈ ਹਰਿ ਪ੍ਰੀਤਿ ॥੩॥

ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥
ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ ॥੪॥੫॥}

(ਅੰਗ ੧੨੯੫-੧੨੯੬)

{ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥
ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥
ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥
ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥੪੮॥
ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ ॥
ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ ॥
ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ ॥
ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ ॥੪੯॥}

(ਅੰਗ ੧੪੧੮-੧੪੧੯)

{ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥}

(ਅੰਗ ੫੭)

{ਦਰਸਨਿ ਤੇਰੈ ਭਵਨ ਪੁਨੀਤਾ ॥ ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥
ਤੁਮ ਦਾਤੇ ਤੁਮ ਪੁਰਖ ਬਿਧਾਤੇ ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥
ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ ॥ ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥
ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ ॥੪॥੧੧॥੧੮॥}

(ਅੰਗ ੯੯-੧੦੦)

46/6160

{ਸੰਸਾਰ ਸਾਗਰ ਤੇ ਉਧਰੇ ਬਿਖਿਆ ਗੜੁ ਜਿਤਾ॥ ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥੧੯॥}

(ਅੰਗ ੩੨੨)

{ਢਢਾ ਢਿਗ ਢੂਢਹਿ ਕਤ ਆਨਾ ॥ ਢੂਢਤ ਹੀ ਢਹਿ ਗਏ ਪਰਾਨਾ ॥
ਚੜਿ ਸੁਮੇਰਿ ਢੂਢਿ ਜਬ ਆਵਾ ॥ ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥੨੦॥}

(ਅੰਗ ੩੪੧)

{ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ॥ ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ॥
ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥ ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥
ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥ ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ॥
ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ ॥
ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ ॥੨॥}

(ਅੰਗ ੪੪੯)

{ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ ॥ ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ ॥
ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ ॥
ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥
ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥
ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥੪॥੧॥}

(ਅੰਗ ੪੫੨-੪੫੩)

ਪਉੜੀ ॥

{ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥ ਗੁਰ ਸਬਦੀ ਖੋਲਾਈਅਨ੍ਹਿ ਹਰਿ ਨਾਮੁ ਜਪਾਨੀ ॥
ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥੧੪॥}

(ਅੰਗ ੫੧੪)

ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਹੋਰ ਦ੍ਰਿੜ ਕਰਨ ਦਾ ਉਦੱਮ ਕੀਤਾ ਹੈ ਕਿ ਸਾਡੇ ਅੰਦਰ ਦਾ ਕਪਾਟ ਕੀ ਹੈ, ਗੜ ਕੀ ਹੈ ਭਾਵ ਉਹ ਕਿਲਾ ਕੀ ਹੈ ਜੋ ਸਾਡੇ ਮਨ ਦੇ ਅੰਦਰ ਹੀ ਹੈ ਜੋ ਕਿ ਨਿਰੰਕਾਰ ਰੂਪ ਵਿੱਚ ਹੈ ਭਾਵ ਉਸਦਾ ਕੋਈ ਆਕਾਰ ਨਹੀਂ ਹੈ। ਸਾਡੇ ਅੰਦਰ ਵਿਚਾਰ ਹੀ ਉਪਜਦੇ ਹਨ ਤੇ ਸਾਡੇ ਅੰਦਰ ਦਾ ਇਹ ਕਿਲਾ ਵੀ ਵਿਚਾਰਾਂ ਦੇ ਰੂਪ ਵਿੱਚ ਹੈ ਭਾਵ ਭਰਮ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ। ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜਿਸਨੇ ਆਪ ਹੀ ਸਾਡੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਭਾਵ ਭਰਮ ਵਾਲੇ ਵਿਚਾਰਾਂ ਰਾਹੀਂ, ਹਉਮੈ ਵਾਲੇ, ਮਾਇਆ ਵਾਲੇ, ਤ੍ਰੈ ਗੁਣਾਂ ਵਾਲੇ ਵਿਚਾਰਾਂ ਰਾਹੀਂ ਇਸ ਕਿਲੇ ਨੂੰ ਬਣਾਇਆ ਹੋਇਆ ਹੈ। ਪ੍ਰਮਾਤਮਾ ਆਪ ਇਸ ਕਿਲੇ ਦੇ ਅੰਦਰ ਹੀ ਹੈ ਜੋ ਕਿ ਆਪ ਚੌਥੇ ਪਦ ਦੇ ਗਿਆਨ

46/6161

ਦੇ ਰੂਪ ਵਿੱਚ ਹੈ, ਸਹਜ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਤੱਤ ਦੇ ਰੂਪ ਵਿੱਚ ਹੈ। ਭਰਮ ਵਾਲੇ ਵਿਚਾਰਾਂ ਦਾ ਕਿਲਾ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੋਇਆ ਹੈ ਕਿਉਂਕਿ ਉਹ ਬਹੁਤ ਹੀ ਉੱਚੇ ਗਿਆਨ ਦਾ ਮਾਲਕ ਹੈ ਤੇ ਉਹ ਸੰਸਾਰ ਨੂੰ ਭਰਮ ਵਾਲੇ ਵਿਚਾਰਾਂ ਵਿੱਚ ਰੱਖਣ ਦੇ ਸਮਰਥ ਹੈ ਜਿਸ ਕਰਕੇ ਆਪਣੇ ਅੰਦਰੋਂ ਕੋਈ ਵੀ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਮਨ ਦੇ ਵਿੱਚੋਂ ਇਹ ਭਰਮ ਰੂਪ ਦੀਵਾਰ ਦੇ ਟੁੱਟੇ ਬਿਨਾਂ, ਭਰਮ ਰੂਪ ਕਿਵਾੜ ਟੁੱਟੇ ਬਿਨਾਂ ਪ੍ਰਮਾਤਮਾ ਤੱਕ ਕੋਈ ਵੀ ਨਹੀਂ ਪਹੁੰਚ ਸਕਦਾ ਕਿਉਂਕਿ ਉਸਨੇ ਆਪ ਹੀ ਇਹ ਬਿੱਧ ਰਚੀ ਹੋਈ ਹੈ, ਮਾਇਆ ਦੀ ਜੁਗਤਿ ਦੁਆਰਾ ਰਚੀ ਹੋਈ ਹੈ ਤੇ ਆਪ ਹੀ ਆਪਣੇ ਆਪ ਨੂੰ ਸੰਸਾਰ ਨਾਲੋਂ ਪਰਦੇ ਵਿੱਚ ਰੱਖਿਆ ਹੋਇਆ ਹੈ। ਇਹ ਪਰਦਾ ਸਾਡੇ ਅੰਦਰ ਭਰਮ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ। ਮਨ ਦੇ ਇਸ ਭਰਮ ਗੜ ਨੂੰ ਤੋੜਨ ਦਾ ਇੱਕੋ ਇੱਕ ਸਾਧਨ ਗੁਰੂ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਸੱਚਾ ਗਿਆਨ ਹੈ। ਧਰਮ ਗ੍ਰੰਥਾਂ ਦੇ ਵਿੱਚ ਪਾਇਆ ਹੋਇਆ ਉਸਦਾ ਆਪਣਾ ਸੱਚਾ ਗਿਆਨ ਹੈ, ਉਸਦਾ ਆਪਣ ਸੱਚਾ ਨਾਮ ਹੈ, ਜਿਸਨੂੰ ਜਪਣ ਦੁਆਰਾ ਭਾਵ ਮੰਨਣ ਦੁਆਰਾ ਮਨੁੱਖ ਮਨ ਦੇ ਭਰਮਾਂ ਵਿੱਚੋਂ ਦੂਰ ਹੋ ਸਕਦਾ ਹੈ ਤੇ ਭਗਤੀ ਦੇ ਮਾਰਗ ਨੂੰ ਸਹੀ ਰੂਪ ਵਿੱਚ ਸਮਝ ਕੇ ਉਸਤੇ ਚੱਲ ਸਕਦਾ ਹੈ ਜੋ ਭਗਤੀ ਦਾ ਸੱਚਾ ਮਾਰਗ ਔਗੁਣਾਂ ਵਿੱਚੋਂ ਨਿਕਲਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੈ ਭਾਵ ਸੱਚ ਤੇ ਚੱਲਣ ਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਦੱਮ ਕੀਤਾ ਜਾ ਸਕਦਾ ਹੈ, ਜੋ ਉਦੱਮ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਭਰਮ ਗੜ ਵੀ ਸਾਰੇ ਸੰਸਾਰ ਵਿੱਚ ਇੱਕੋ ਜਿਹਾ ਹੀ ਹੈ ਤੇ ਉਸਨੂੰ ਤੋੜਨ ਦਾ ਸਾਧਨ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਵੀ ਇੱਕੋ ਹੀ ਹੈ, ਉਸਦਾ ਨਾਮ ਵੀ ਇੱਕੋ ਹੀ ਹੈ, ਨਾਮ ਜਪਣਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸਾਰੇ ਸੰਸਾਰ ਲਈ ਇੱਕੋ ਜਿਹੇ ਪ੍ਰਮਾਤਮਾ ਨੂੰ ਪਾਉਣ

ਲਈ

46/6162

ਭਗਤੀ ਦੇ ਕੋਈ ਵੱਖਰੇ ਵੱਖਰੇ ਤਰੀਕੇ ਨਹੀਂ ਹੋ ਸਕਦੇ ਜਿਵੇਂ ਕਿ ਸਭ ਨੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ। ਇਹੋ ਜਿਹੇ ਭਗਤੀ ਦੇ ਦਿਖਾਵੇ ਕੇਵਲ ਸਾਡੇ ਪਾਖੰਡ ਹੀ ਹਨ ਜਿਸ ਕਰਕੇ ਗੁਰਬਾਣੀ ਰਾਹੀਂ ਇਹੋ ਜਿਹੇ ਹਰ ਤਰੀਕੇ ਦਾ ਖੰਡਨ ਕੀਤਾ ਹੋਇਆ ਹੈ। ਭਗਤੀ ਦੇ ਸੱਚੇ ਮਾਰਗ ਤੇ ਚੱਲੇ ਬਿਨਾਂ ਜਿਸਨੇ ਜੋ ਵੀ ਤਰੀਕਾ ਅਪਨਾਇਆ ਹੋਇਆ ਹੈ ਉਹ ਕੇਵਲ ਮਨ ਦਾ ਭਰਮ ਹੈ, ਇਨਾਂ ਭਰਮਾਂ ਦਾ ਹੀ ਸਾਡੇ ਅੰਦਰ ਕਿਲਾ ਬਣਿਆ ਹੋਇਆ ਹੈ ਤੇ ਇਸ ਕਿਲੇ ਨੂੰ ਤੋੜਣਾ ਬਹੁਤ ਹੀ ਔਖਾ ਹੈ ਭਾਵ ਭਰਮਾਂ ਵਾਲੀ ਮਤਿ ਨੂੰ ਛੱਡਣਾ ਬਹੁਤ ਔਖਾ ਹੈ ਕਿਉਂਕਿ ਇਹ ਭਰਮ ਸਭ ਦੀ ਧਾਰਮਿਕ ਆਸਥਾ ਦੇ ਨਾਲ ਜੁੜੇ ਹੁੰਦੇ ਹਨ। ਧਾਰਮਿਕ ਆਸਥਾ ਨੂੰ ਛੱਡਣਾ ਬਹੁਤ ਹੀ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਤੇ ਕੇਵਲ ਧਰਮ ਗ੍ਰੰਥਾਂ ਨੂੰ ਕਥੀ ਜਾਣਾ, ਸ਼ਬਦਾਂ ਨੂੰ ਕਥੀ ਜਾਣਾ, ਕਿਸੇ ਅੱਖਰ ਨੂੰ ਨਾਮ ਸਮਝ ਕੇ ਕਥੀ ਜਾਣਾ ਕੇਵਲ ਸਾਡਾ ਭਰਮ ਹੈ। ਇਹੋ ਜਿਹੇ ਹਰ ਭਰਮ ਵਿੱਚੋਂ ਹੀ ਅਸੀਂ ਨਿਕਲਣਾ ਹੈ ਭਾਵ ਉਦੱਮ ਕਰਨਾ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰ ਦੇ ਭਰਮ ਰੂਪ ਕਿਵਾੜ ਨੂੰ, ਭਰਮ ਦੇ ਕਿਲੇ ਦੇ ਕਿਵਾੜ ਨੂੰ ਖੋਲਣ ਦਾ ਸੱਚਾ ਉਦੱਮ ਕਰ ਸਕਦੇ ਹਾਂ ਤੇ ਉਸ **“ਤਤੁ”** ਤੱਕ ਆਪਣੀ ਪਹੁੰਚ ਕਰ ਸਕਦੇ ਹਾਂ ਜੋ ਤੱਤ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਸਨੇ ਆਪ ਹੀ ਸਾਡੇ ਅੰਦਰ ਭਰਮ ਰੂਪ ਕਿਲਾ ਬਣਾਇਆ ਹੋਇਆ ਹੈ। ਇਸ ਭਰਮ ਰੂਪ ਪਰਦੇ ਵਿੱਚੋਂ ਨਿਕਲਣ ਦਾ ਸਾਧਨ ਧਰਮ ਗ੍ਰੰਥਾਂ ਵਿੱਚ ਦਿੱਤਾ ਹੋਇਆ ਸੱਚਾ ਗਿਆਨ ਹੈ ਜਿਸ ਗਿਆਨ ਨੂੰ ਮੰਨੇ ਬਿਨਾਂ ਅਸੀਂ ਮਨ ਦੇ ਭਰਮਾਂ ਵਿੱਚੋਂ ਨਹੀਂ ਨਿਕਲ ਸਕਦੇ ਤੇ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ **(ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥ ਅਜਗਰ ਕਪਟੁ ਕਹਹੁ ਕਿਉ ਖੁਲੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥)**।

ਸਾਡੇ ਅੰਦਰ ਇਹ ਭਰਮ ਰੂਪ ਗੜ ਸਾਡੀ ਸਮਝ ਦੇ ਰੂਪ ਵਿੱਚ ਹੈ, ਹਉਮੈ ਦੇ ਰੂਪ ਵਿੱਚ ਹੈ ਤੇ ਧਰਮ ਗ੍ਰੰਥਾਂ ਦਾ ਮਕਸਦ ਭਾਵ ਉਨਾਂ ਦੇ ਅੰਦਰ ਸਮਝਾਈ ਹੋਈ ਮਤਿ ਦਾ ਮਕਸਦ,

46/6163

ਨਾਮ ਦਾ ਮਕਸਦ ਹਉਮੈ ਵਾਲੀ ਮਤਿ ਵਿੱਚੋਂ ਭਾਵ ਭਰਮਾਂ ਵਾਲੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਜਿਸ ਵਿੱਚੋਂ ਨਿਕਲੇ ਬਿਨਾਂ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ ਤੇ ਆਪਣੀ ਆਸਥਾ ਅਨੁਸਾਰ ਉਹੋ ਜਿਹੇ ਮਾਰਗ ਨੂੰ ਅਪਨਾਇਆ ਜਾਂਦਾ ਹੈ ਜਿਸ ਵਿੱਚ ਕੇਵਲ ਭਗਤੀ ਦਾ ਪਾਖੰਡ ਹੁੰਦਾ ਹੈ ਨਾ ਕਿ ਸੱਚੀ ਭਗਤੀ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥

ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥”

ਉਪਰ ਪਹਿਲੀਆਂ ਪੰਗਤੀਆਂ ਦੁਆਰਾ ਧਿਆਨ ਨਾਲ ਸਮਝੋ ਕਿ ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਕੀ ਹੈ। ਮਕਸਦ ਤੱਤ ਦੀ ਪ੍ਰਾਪਤੀ ਕਰਨ ਦਾ ਹੀ ਹੈ ਤੇ ਉਸ ਤੱਤ ਨੂੰ ਜਾਨਣ ਵਿੱਚ ਰੁਕਾਵਟ ਕੀ ਹੈ ਇਹ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਸਾਨੂੰ ਇਹ ਮਨ ਦੀ ਰੁਕਾਵਟ ਵਿੱਚੋਂ ਕੱਢਣ ਦਾ ਹੀ ਹੈ। ਇਹ ਰੁਕਾਵਟ ਸਾਡੇ ਅੰਦਰ ਦੀ ਹਉਮੈ ਹੈ ਭਾਵ ਭਰਮਾਂ ਵਾਲੀ ਨਾਮਸਝ ਮਤਿ ਹੈ। ਸਾਡੀ ਇਹ ਨਾਸਮਝ ਮਤਿ ਸਾਡੇ ਅੰਦਰ ਦੇ ਕ੍ਰੋਧ ਦੇ ਰੂਪ ਵਿੱਚ ਹੈ ਜਿਸਨੂੰ ਚੰਡਾਲ ਦਾ ਰੂਪ ਕਿਹਾ ਹੈ। ਸਾਡਾ ਚੰਡਾਲ ਰੂਪ ਉਹ ਹੈ ਜਿਸ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ। ਸਾਡੇ ਇਹ ਮਾੜੇ ਕਰਮ ਗੁਰੂ ਦੀ ਮਤਿ ਦੇ ਨਾਲ ਸਾਡਾ ਕ੍ਰੋਧ ਹੈ ਭਾਵ ਗੁਰੂ ਦੀ ਮਤਿ ਦੀ ਅਸੀਂ ਵਿਰੋਧਤਾ ਕਰਦੇ ਹਾਂ। ਇਹ ਸਾਡੇ ਅੰਦਰ ਹਉਮੈ ਦਾ ਨਤੀਜਾ ਹੈ ਭਾਵ ਮਨ ਦੀ ਨਾਸਮਝੀ ਹੈ ਜਿਸ ਦੁਆਰਾ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ ਤੇ ਉਹੋ ਜਿਹੇ ਮਾਰਗ ਤੇ ਚੱਲਦੇ ਹਾਂ ਜਿਵੇਂ ਕਿ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **“ਕਰਹਿ ਬਿਭੂਤਿ”** ਤੋਂ ਭਾਵ ਹੈ ਕਿ ਜਿਹੋ ਜਿਹੇ ਅਸੀਂ ਕਰਮ ਕਰਦੇ ਹਾਂ ਭਾਵ ਜਿਨ੍ਹਾਂ ਨੂੰ ਅਸੀਂ ਭਗਤੀ ਵਾਲੇ ਕਰਮ ਸਮਝਦੇ ਹਾਂ ਉਹ ਕਰਮ ਅਸੀਂ ਮਨ ਦੀ ਬਿਭੂਤਿ ਦੁਆਰਾ ਕਰਦੇ ਹਾਂ

46/6164

ਭਾਵ ਮਨ ਦੀ ਖਾਕ ਦੁਆਰਾ ਕਰਦੇ ਹਾਂ। ਮਨ ਦੀ ਖਾਕ ਸਾਡੀ ਨਾਸਮਝ ਮਤਿ ਹੈ ਭਾਵ ਹਉਮੈ ਵਾਲੀ ਮਤਿ ਹੈ। ਇਹੋ ਜਿਹੀ ਮਤਿ ਦੇ ਪਿੱਛੇ ਲੱਗ ਕੇ ਅਨੇਕਾਂ ਹੀ ਆਪਣੇ ਸਰੀਰ ਉੱਤੇ ਭਸਮ ਲਗਾਉਂਦੇ ਹਨ, ਆਪਣੇ ਸਰੀਰ ਉੱਤੇ ਮਿੱਟੀ ਮਲਦੇ ਹਨ ਜਿਸਨੂੰ ਕਿ ਉਹ ਭਗਤੀ ਦਾ ਮਾਰਗ ਸਮਝਦੇ ਹਨ। ਭਗਤੀ ਸਾਡੇ ਮਨ ਦੀ ਸੱਚੀ ਸਮਝ ਦੇ ਨਾਲ ਜੁੜੀ ਹੋਈ ਹੈ ਜੋ ਸਮਝ ਖਾਕ ਰੂਪ ਸਮਝ ਵਿੱਚੋਂ ਨਿਕਲਣ ਦੁਆਰਾ, ਹਉਮੈ ਵਿੱਚੋਂ ਨਿਕਲਣ ਦੁਆਰਾ, ਸਮਝਣ ਦੁਆਰਾ ਹੁੰਦੀ ਹੈ ਭਾਵ ਧਰਮ ਗ੍ਰੰਥਾਂ ਦੁਆਰਾ ਸਮਝਾਈ ਹੋਈ ਮਤਿ ਨੂੰ, ਨਾਮ ਦੀ ਮਤਿ ਨੂੰ ਮੰਨਣ ਦੁਆਰਾ ਪੈਂਦੀ ਹੈ ਭਾਵ ਹਉਮੈ ਛੱਡਣ ਦੁਆਰਾ ਪੈਂਦੀ ਹੈ, ਮਨਮਤਿ ਛੱਡਣ ਦੁਆਰਾ ਪੈਂਦੀ ਹੈ, ਸੱਚ ਨੂੰ ਮੰਨਣ ਦੁਆਰਾ ਪੈਂਦੀ ਹੈ। ਗੁਰੂ ਦੀ ਸੱਚੀ ਮਤਿ ਨੂੰ ਮੰਨੇ ਬਿਨਾਂ, ਗੁਰੂ ਦੇ ਸਮਝਾਏ ਹੋਏ ਤੱਤ ਨਾਲ ਜੁੜੇ ਬਿਨਾਂ ਭਾਵ ਗੁਰਮਤਿ ਦੀ ਸੋਝੀ ਨੂੰ ਅਪਨਾਏ ਬਿਨਾਂ ਕੋਈ ਜਿਹੋ ਜਿਹਾ ਵੀ ਆਪਣੇ ਵੱਲੋਂ ਭਗਤੀ ਦਾ ਮਾਰਗ ਅਪਨਾਉਂਦਾ ਹੈ ਉਹ ਕੇਵਲ ਭਗਤੀ ਦਾ ਪਾਖੰਡ ਹੈ ਤੇ ਉਹੋ ਜਿਹੇ ਮਾਰਗ ਤੇ ਚੱਲ ਕੇ ਕੋਈ ਪ੍ਰਮਾਤਮਾ ਦੇ ਨਾਲ ਜੋਗ ਨਹੀਂ ਕਰ ਸਕਦਾ ਭਾਵ ਉਸਦਾ ਜੋਗੀ ਨਹੀਂ ਬਣ ਸਕਦਾ। ਪ੍ਰਮਾਤਮਾ ਦਾ ਜੋਗੀ ਉਹ ਬਣਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਅਲਖ ਰੂਪ ਨੂੰ ਭਾਵ ਅਦ੍ਰਿਸ਼ਟ ਰੂਪ ਨੂੰ ਦੇਖ ਲੈਂਦਾ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਅਦ੍ਰਿਸ਼ਟ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਤੱਤ ਗਿਆਨ ਰੂਪ ਹੈ ਤੇ ਕੇਵਲ ਮਨ ਦੀਆਂ ਅੱਖਾਂ ਨਾਲ ਹੀ ਭਾਵ ਮਨ ਦੀ ਸਮਝ ਦੇ ਨਾਲ ਹੀ ਉਸਨੂੰ ਦੇਖਿਆ ਜਾ ਸਕਦਾ ਹੈ ਭਾਵ ਉਸਦੇ ਨਾਲ ਜੋਗ ਕੀਤਾ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਗੁਰੂ ਨੇ ਉਸ ਅਲਖ ਰੂਪ ਨੂੰ ਪਾਇਆ ਹੋਇਆ ਹੈ ਤੇ ਧਰਮ ਗ੍ਰੰਥਾਂ ਵਿੱਚ ਗੁਰੂ ਸਾਨੂੰ ਪ੍ਰਮਾਤਮਾ ਦੇ ਅਲਖ ਰੂਪ ਨਾਲ ਭਾਵ ਉਸਦੇ ਗਿਆਨ ਰੂਪ ਨਾਲ ਜੁੜਨਾ ਹੀ ਸਿਖਾਉਂਦਾ ਹੈ। ਧਰਮ ਗ੍ਰੰਥਾਂ ਦੀ ਕੇਵਲ ਕਥਨੀ ਕਰੀ ਜਾਣ ਨਾਲ ਅਸੀਂ ਉਸ ਪ੍ਰਮਾਤਮਾ ਦੇ ਅਲਖ ਰੂਪ ਨਾਲ ਜੁੜਨ ਦਾ, ਨਿਰੰਕਾਰ ਰੂਪ ਨਾਲ ਜੁੜਨ ਦਾ, ਤੱਤ ਰੂਪ ਨਾਲ ਜੁੜਨ ਦਾ ਉਪਰਾਲਾ ਨਹੀਂ ਕਰ ਸਕਦੇ ਜੋ ਸਾਡਾ ਸੱਚਾ ਉਪਰਾਲਾ ਗੁਰੂ ਦੀ ਗੱਲ ਨੂੰ ਆਪਣੇ ਅੰਦਰ ਵਿਚਾਰਨ ਦਾ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਭਾਵ ਅਸਲ ਰੂਪ ਵਿੱਚ ਨਾਮ ਜਪਣ ਦਾ ਹੈ ਤੇ ਗੁਰੂ ਦੀ ਗੱਲ ਨੂੰ ਮੰਨਣ ਤੋਂ ਬਿਨਾਂ ਭਾਵ ਸੱਚ ਨੂੰ ਮਿਲਣ ਤੋਂ ਬਿਨਾਂ ਅਸੀਂ ਜੋ ਕੁਝ ਵੀ

46/6165

ਆਪਣੇ ਵੱਲੋਂ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਉਹ ਕੇਵਲ ਪਾਖੰਡ ਹਨ ਜਿਨ੍ਹਾਂ ਦੁਆਰਾ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਭਾਵ ਇਹ ਸਭ ਭਰਮ ਹੀ ਹਨ, ਹਉਮੈ ਹੀ ਹੈ ਤੇ ਨਾਮ ਦਾ ਮਕਸਦ ਸਾਨੂੰ ਹਉਮੈ ਵਿੱਚੋਂ ਕੱਢਣ ਦਾ ਹੀ ਹੈ, ਪਾਖੰਡ ਵਾਲੀ ਭਗਤੀ ਵਿੱਚੋਂ ਕੱਢਣ ਦਾ ਹੀ ਹੈ। ਭਗਤੀ ਦਾ ਮਾਰਗ ਸਾਡੀ ਸੱਚੀ ਕਰਨੀ ਦਾ ਮਾਰਗ ਹੈ ਜੋ ਮਨ ਦੇ ਅੰਦਰ ਸੱਚ ਦੇ ਵੱਸਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੀ ਅਗਿਆਨਤਾ ਦੂਰ ਹੋਣ ਦੁਆਰਾ ਹੀ ਹੁੰਦੀ ਹੈ **(ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥ ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥ ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥ ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥)**।

ਪ੍ਰਭਾਤੀ ਮਹਲਾ ੧ ॥

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

ਉਪਰ ਅਸੀਂ ਕਿਤਨੇ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਤੱਤ ਕੀ ਹੈ ਤੇ ਤੱਤ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਤੱਤ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ ਤੇ ਸਾਰੀ ਬਾਣੀ ਵਿੱਚ ਸਾਨੂੰ ਤੱਤ ਉਨ੍ਹਾਂ ਨੇ ਸਮਝਾਇਆ ਹੈ ਜਿਨ੍ਹਾਂ ਨੇ ਤਤੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਣਿਆ ਹੈ ਤਾਂ ਹੀ ਉਨ੍ਹਾਂ ਨੇ ਸੰਸਾਰ ਨੂੰ ਤੱਤ ਦੇ ਮਾਰਗ ਤੇ ਚੱਲਣਾ ਸਿਖਾਇਆ ਹੈ ਭਾਵ ਪ੍ਰਮਾਤਮਾ ਦੀ ਭਗਤੀ ਦੀ ਅਸਲੀਅਤ ਸਮਝਾਈ ਹੈ ਜਿਵੇਂ ਕਿ ਅਸੀਂ ਧੰਨ ਧੰਨ ਨੌਂਵੀ ਪਾਤਸ਼ਾਹੀ ਜੀ ਦੇ ਸ਼ਬਦ ਦੀ ਵਿਆਖਿਆ ਨੂੰ ਬਾਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ। ਹੁਣ ਅਸੀਂ ਉਸ ਸ਼ਬਦ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ ਤੇ ਬਾਕੀ ਦੀਆਂ ਪੰਗਤੀਆਂ ਨੂੰ ਵੀ ਸਮਝ ਸਕਦੇ ਹਾਂ।

ੴ ਸਤਿਗੁਰ ਪ੍ਰਸਾਦਿ ॥
ਰਾਗੁ ਗਉੜੀ ਮਹਲਾ ੯ ॥

“ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥”

(ਅੰਗ ੨੧੯)

46/6166

ਉਪਰਲੇ ਸ਼ਬਦ ਦੇ ਪਹਿਲੇ ਪਦੇ ਤੱਕ ਅਸੀਂ ਪਿੱਛੇ ਸਮਝ ਚੁਕੇ ਹਾਂ ਜਿਸ ਰਾਹੀਂ ਸਾਨੂੰ ਭਗਤੀ ਦਾ ਅਸਲ ਮਾਰਗ ਹੀ ਸਮਝਾਇਆ ਹੋਇਆ ਹੈ ਭਾਵ ਭਗਤੀ ਦੇ ਮਾਰਗ ਤੇ ਚੱਲਣ ਦਾ ਤੱਤ ਹੀ ਸਮਝਾਇਆ ਹੋਇਆ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਪ੍ਰਮਾਤਮਾ ਦੀ ਭਗਤੀ ਹੀ ਸਮਝਾਈ ਹੋਈ ਹੈ ਜਿਸ ਮਾਰਗ ਨੂੰ ਕੋਈ ਵਿਰਲਾ ਹੀ ਜਾਣ ਸਕਦਾ ਹੈ ਭਾਵ ਜੋ ਆਪਣੇ ਅੰਦਰ ਤੱਤ ਰੂਪ ਪ੍ਰਮਾਤਮਾ ਨੂੰ ਪਹਿਚਾਣ ਲੈਂਦਾ ਹੈ ਉਹੀ ਭਗਤੀ ਦੇ ਸੱਚੇ ਮਾਰਗ ਨੂੰ ਜਾਣ ਸਕਦਾ ਹੈ।

“ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥”

ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਤੇ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੇ ਮਨ ਦੀਆਂ ਇੱਛਾਵਾਂ ਦੇ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੀਆਂ ਇੱਛਾਵਾਂ ਨੂੰ ਵੱਸ ਵਿੱਚ ਰੱਖਣ ਨਾਲ ਜੁੜਿਆ ਹੋਇਆ ਹੈ। ਸੁੱਖ ਦੁੱਖ ਨੂੰ ਇੱਕੋ ਜਿਹਾ ਕਰਕੇ ਜਾਨਣਾ, ਮਾਨ ਅਪਮਾਨ ਨੂੰ ਇੱਕੋ ਜਿਹਾ ਕਰਕੇ ਜਾਨਣਾ, ਹਰਖ ਸੋਗ ਤੋਂ ਵੱਖਰਾ ਹੋਣਾ ਇਹ ਸਭ ਮਨ ਦੀਆਂ ਇੱਛਾਵਾਂ ਨੂੰ ਵੱਸ ਵਿੱਚ ਰੱਖਣਾ ਹੀ ਹੈ। ਮਨ ਦੀਆਂ ਇੱਛਾਵਾਂ ਦੀ ਪੂਰਤੀ ਦੇ ਲਈ ਹੀ ਅਸੀਂ ਮਾੜੇ ਕਰਮ ਕਰਦੇ ਹਾਂ, ਮਨ ਦੇ ਵਿਕਾਰਾਂ ਦੁਆਰਾ ਵਿਚਰਦੇ ਹਾਂ ਜਿਵੇਂ ਕਿ ਅਸੀਂ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਭਾਵ ਮਨ ਦੇ ਵਿਕਾਰਾਂ ਤੋਂ ਰਹਿਤ ਹੋ ਕੇ ਵਿਚਰਨਾ ਹੀ ਭਗਤੀ ਦਾ ਮਾਰਗ ਹੈ। ਉਪਰਲੇ ਪਦੇ ਰਾਹੀਂ ਸਾਨੂੰ ਇਹੋ ਕੁਝ ਹੀ ਸਮਝਾਇਆ ਹੋਇਆ ਹੈ ਭਾਵ ਮਨ ਦੀਆਂ ਇੱਛਾਵਾਂ ਨੂੰ ਸੰਜਮ ਵਿੱਚ ਰੱਖਣਾ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਕੋਈ ਮਾੜਾ ਕੰਮ ਨਾ ਕਰੀਏ ਤੇ ਨਿਰਬਾਣ ਪਦ ਨੂੰ ਖੋਜੀਏ। ਆਪਣੇ ਜੀਵਨ ਵਿੱਚ ਵਿਚਰਦੇ ਹੋਏ ਅਸੀਂ ਅਨੇਕਾਂ ਦੀ ਉਸਤਤ ਭਾਵ ਉਪਮਾ ਕਰਦੇ ਹਾਂ, ਤਾਰੀਫ ਕਰਦੇ ਹਾਂ ਤੇ ਅਨੇਕਾਂ ਨੂੰ ਅਸੀਂ ਨਿੰਦਦੇ ਹਾਂ। ਇਹੋ ਜਿਹੀ ਉਸਤਤ ਨਿੰਦਾ ਨੂੰ ਤਿਆਗਣ ਲਈ ਸਮਝਾਇਆ ਹੋਇਆ ਹੈ। ਅਸੀਂ ਜਿਸਦੀ ਉਸਤਤ ਕਰਦੇ ਹਾਂ ਉਹ ਕਿਸੇ ਮਕਸਦ ਲਈ ਕਰਦੇ ਹਾਂ। ਜੋ ਸਾਡੀਆਂ ਇੱਛਾਵਾਂ ਦੀ ਪੂਰਤੀ ਵਿੱਚ ਸਾਡਾ ਮਦਦਗਾਰ ਬਣਦਾ ਹੈ ਅਸੀਂ ਉਸਨੂੰ ਚੰਗਾ ਸਮਝਦੇ ਹਾਂ ਭਾਵ ਉਸਨੂੰ ਸੁਲਾਹੁੰਦੇ ਹਾਂ ਤੇ ਜੋ

46/6167

ਸਾਡੀਆਂ ਇੱਛਾਵਾਂ ਦੀ ਪੂਰਤੀ ਵਿੱਚ ਵਿਘਨ ਬਣਦਾ ਹੈ ਉਸਨੂੰ ਅਸੀਂ ਨਿੰਦਦੇ ਹਾਂ ਭਾਵ ਮਾੜਾ ਕਹਿੰਦੇ ਹਾਂ। ਅਸੀਂ ਅਨੇਕਾਂ ਹੀ ਇੱਛਾਵਾਂ ਨਾਲ ਜੁੜੇ ਰਹਿੰਦੇ ਹਾਂ ਤੇ ਸਾਡੀ ਕਿਹੜੀ ਇੱਛਾ ਠੀਕ ਹੈ ਤੇ ਕਿਹੜੀ ਇੱਛਾ ਗਲਤ ਹੈ ਜਿਸਦਾ ਫੈਸਲਾ ਅਸੀਂ ਆਪਣੀ ਮਨ ਦੀ ਖੁਸ਼ੀ ਅਨੁਸਾਰ ਕਰਦੇ ਹਾਂ। ਜਿਸ ਇੱਛਾ ਦੀ ਪੂਰਤੀ ਵਿੱਚ ਸਾਨੂੰ ਖੁਸ਼ੀ ਮਿਲਦੀ ਹੈ ਉਸ ਇੱਛਾ ਨੂੰ ਅਸੀਂ ਚੰਗਾ ਸਮਝਦੇ ਹਾਂ ਤੇ ਜਿਸ ਇੱਛਾ ਦੀ ਪੂਰਤੀ ਵਿੱਚ ਸਾਨੂੰ ਔਖਾਪਣ ਲੱਗਦਾ ਹੈ ਉਸਨੂੰ ਅਸੀਂ ਮਾੜਾ ਸਮਝਦੇ ਹਾਂ। ਇੱਥੇ ਹੀ ਭਗਤੀ ਦੇ ਮਾਰਗ ਦਾ ਭੇਦ ਛੁੱਪਿਆ ਹੋਇਆ ਹੈ। ਗੁਰੂ ਸਾਨੂੰ ਜੋ ਕੁਝ ਸਮਝਾਉਂਦਾ ਹੈ ਉਹ ਗੁਰੂ ਦੀ ਇੱਛਾ ਹੈ ਜਿਸ ਗੁਰੂ ਦੀ ਇੱਛਾ ਨੂੰ ਮੰਨਣ ਦੁਆਰਾ ਗੁਰੂ ਦੀ ਇੱਛਾ ਪੂਰੀ ਹੁੰਦੀ ਹੈ ਪਰ ਉਸਨੂੰ ਮੰਨਣ ਨਾਲ ਸਾਡੀਆਂ ਇੱਛਾਵਾਂ ਦੀ ਪੂਰਤੀ ਨਹੀਂ ਹੁੰਦੀ। ਗੁਰੂ ਸਾਨੂੰ ਮਾਇਆ ਮੋਹ ਛੱਡਣ ਲਈ ਕਹਿੰਦਾ ਹੈ ਭਾਵ ਗੁਰੂ ਦੀ ਇੱਛਾ ਇਹ ਹੈ ਕਿ ਅਸੀਂ ਮਾਇਆ ਮੋਹ ਤਿਆਗੀਏ, ਮਨ ਦੇ ਸਾਰੇ ਵਿਕਾਰਾਂ ਨੂੰ ਤਿਆਗੀਏ ਤਾਂ ਜੋ ਮਨੁੱਖ ਕੋਈ ਮਾੜਾ ਕਰਮ ਨਾ ਕਰੇ ਪਰ ਮਨੁੱਖ ਨੂੰ ਗੁਰੂ ਦੀ ਇਹ ਇੱਛਾ ਨਹੀਂ ਭਾਉਂਦੀ ਕਿਉਂਕਿ ਗੁਰੂ ਦੀ ਇੱਛਾ ਪੂਰੀ ਕਰਨ ਲਈ ਆਪਣੀਆਂ ਅਨੇਕਾਂ ਇੱਛਾਵਾਂ ਤਿਆਗਣੀਆਂ ਪੈਂਦੀਆਂ ਹਨ ਜਿਨ੍ਹਾਂ ਨੂੰ ਤਿਆਗਣਾ ਮਨੁੱਖ ਨੂੰ ਔਖਾ ਲੱਗਦਾ ਹੈ। ਗੁਰੂ ਦੀ ਇੱਛਾ ਸੱਚੀ ਇੱਛਾ ਹੈ ਤੇ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਨ ਲਈ ਅਸੀਂ ਗੁਰੂ ਦੀ ਇੱਛਾਂ ਨੂੰ ਨਹੀਂ ਮੰਨਦੇ ਭਾਵ ਗੁਰੂ ਦੀ ਇੱਛਾ

ਨੂੰ ਨਿੰਦਦੇ ਹਾਂ ਕਿਉਂਕਿ ਉਹ ਸਾਨੂੰ ਨਹੀਂ ਭਾਉਂਦੀ। ਜੇਕਰ ਆਪਣੀਆਂ ਇੱਛਾਵਾਂ ਤਿਆਗਾਂਗੇ ਤਾਂ ਹੀ ਗੁਰੂ ਦੀ ਇੱਛਾ ਨੂੰ ਮੰਨਿਆ ਜਾ ਸਕਦਾ ਹੈ। ਭਗਤੀ ਦੇ ਮਾਰਗ ਤੇ ਗੁਰੂ ਦੀ ਇੱਛਾ ਨੂੰ ਮੰਨਣ ਦੁਆਰਾ ਹੀ ਮੰਨਿਆ ਜਾ ਸਕਦਾ ਹੈ। ਗੁਰੂ ਦਾ ਪਦ ਨਿਰਬਾਣ ਪਦ ਹੈ ਜੋ ਕਿ ਮਾਇਆ ਮੋਹ ਤੋਂ ਰਹਿਤ ਪਦ ਹੈ, ਤ੍ਰਿਸ਼ਨਾਵਾਂ ਤੋਂ ਰਹਿਤ ਪਦ ਹੈ। ਅਸੀਂ ਇਸ ਨਿਰਬਾਣ ਪਦ ਦੀ ਹੀ ਪ੍ਰਾਪਤੀ ਕਰਨੀ ਹੈ ਭਾਵ ਉਸ ਪਦ ਨੂੰ ਖੋਜਣਾ ਹੈ ਜੋ ਕਿ ਸਾਡੇ ਅੰਦਰ ਹੀ ਹੈ। ਪ੍ਰਮਾਤਮਾ ਸਾਡੇ ਅੰਦਰ ਨਿਰਬਾਣ ਪਦ ਰੂਪ ਵਿੱਚ ਹੀ ਹੈ ਜਿਸਦੀ ਪ੍ਰਾਪਤੀ ਗੁਰੂ ਦੀ ਇੱਛਾ ਅਨੁਸਾਰ ਚੱਲਣ ਦੁਆਰਾ ਹੀ ਹੋ ਸਕਦੀ ਹੈ। ਦੁਨਿਆਵੀ ਉਸਤਤ ਨਿੰਦਾ ਵਿੱਚੋਂ ਨਿਕਲਣ ਦੁਆਰਾ ਹੀ ਹੋ ਸਕਦੀ ਹੈ ਜਿਸ ਵਿੱਚੋਂ ਨਿਕਲਣ ਦੁਆਰਾ ਹੀ ਭਾਵ ਸਾਡੀ ਸੱਚੀ ਸੁੱਚੀ ਵਿਚਰਨ ਦੁਆਰਾ ਹੀ

46/6168

ਗੁਰੂ ਪ੍ਰਮਾਤਮਾ ਦੀ ਉਸਤਤ ਹੁੰਦੀ ਹੈ। **(ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥)** ਭਗਤੀ ਦਾ ਮਾਰਗ ਔਖਾ ਹੈ ਤੇ ਕਿਸੇ ਵਿਰਲੇ ਨੂੰ ਹੀ ਪ੍ਰਮਾਤਮਾ ਇਹ ਕਠਿਨ ਮਾਰਗ ਸਮਝਾਉਂਦਾ ਹੈ, ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਨਾਉਂਣ ਦੁਆਰਾ ਸਮਝਾਉਂਦਾ ਹੈ ਭਾਵ ਆਪਣਾ ਮੇਲ ਕਰਨ ਦੁਆਰਾ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ, ਭਗਤਾਂ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਤੇ ਆਪ ਹੀ ਆਪਣੀ ਸੱਚੀ ਭਗਤੀ ਦੇ ਮਾਰਗ ਤੇ ਚਲਾਇਆ ਹੈ। ਇਹ ਸੰਸਾਰ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਖੇਡ ਹੈ ਜਿਸ ਖੇਡ ਨੂੰ ਸਮਝਣਾ ਬਹੁਤ ਕਠਿਨ ਹੈ। ਇਸ ਖੇਡ ਦੀ ਸਮਝ ਭਗਤੀ ਦੇ ਮਾਰਗ ਤੇ ਪੂਰਾ ਉਤਰਨ ਦੁਆਰਾ ਸਮਝ ਆਉਂਦੀ ਹੈ ਤੇ ਭਗਤੀ ਦੇ ਮਾਰਗ ਤੇ ਪੂਰਾ ਉਤਰਨਾ ਬਹੁਤ ਕਠਿਨ ਹੈ ਤੇ ਕਿਸੇ ਲਈ ਪ੍ਰਮਾਤਮਾ ਦੀ ਖੇਡ ਨੂੰ ਸਮਝਣਾ ਬਹੁਤ ਕਠਿਨ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਨਾਮਸਝ ਮਤਿ ਵਿੱਚ, ਮਾਇਆ ਵਿੱਚ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ, ਮਾਨ ਅਪਮਾਨ ਵਿੱਚ ਰੱਖਿਆ ਹੋਇਆ ਹੈ, ਸੁੱਖ ਦੁੱਖ ਵਿੱਚ ਰੱਖਿਆ ਹੋਇਆ ਹੈ, ਹਰਖ ਸੋਗ ਵਿੱਚ ਰੱਖਿਆ ਹੋਇਆ ਹੈ, ਉਸਤਤ ਨਿੰਦਾ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਕਠਿਨ ਹੈ ਤੇ ਇਸੇ ਲਈ ਕੋਈ ਵਿਰਲਾ ਹੀ ਇਸ ਤੇ ਪੂਰਾ ਉਤਰ ਸਕਦਾ ਹੈ ਜੋ ਕਿ ਮਨੁੱਖ ਦੀ ਆਪਣੀ ਸਮਰਥਾ ਤੋਂ ਬਾਹਰ ਹੈ। ਇਹ ਕੇਵਲ **"ਗੁਰ ਪ੍ਰਸਾਦਿ"** ਹੈ ਤੇ ਮਨ ਦੀਆਂ ਇੱਛਾਵਾਂ ਵਿੱਚੋਂ ਨਿਕਲਣ ਦਾ ਉਦੱਮ ਅਸੀਂ ਹੀ ਕਰਨਾ ਹੈ ਜੋ ਕਿ ਗੁਰੂ ਪ੍ਰਮਾਤਮਾ ਦਾ ਧਰਮ ਗ੍ਰੰਥਾਂ ਰਾਹੀਂ ਦਿੱਤਾ ਹੋਇਆ ਆਪਣਾ ਇਹ ਫੁਰਮਾਨ ਹੈ, ਆਪਣਾ ਹੀ ਹੁਕਮ ਹੈ ਜਿਸਨੂੰ ਮੰਨਣਾ ਹੀ ਮਨੁੱਖ ਦਾ ਫਰਜ ਹੈ। ਆਪਣੀ ਕ੍ਰਿਪਾ ਉਹ ਆਪ ਹੀ ਕਰਦਾ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਉਸਦੀ ਭਗਤੀ ਦੇ ਸੱਚੇ ਮਾਰਗ ਨੂੰ ਸਮਝਿਆ ਜਾ ਸਕਦਾ ਹੈ ਤੇ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ **(ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥)**।

46/6169

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ੴ ਸਤਿਗੁਰ ਪ੍ਰਸਾਦਿ ॥

ਰਾਗੁ ਬਸੰਤੁ ਹਿੰਡੋਲ ਮਹਲਾ ੯ ॥

{ਸਾਧੋ ਇਹੁ ਤਨੁ ਮਿਥਿਆ ਜਾਨਉ ॥ ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥
ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥ ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥੧॥
ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥
ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥੨॥੧॥}

(ਅੰਗ ੧੧੮੬)

ਪ੍ਰਮਾਤਮਾ ਦੀ ਭਗਤੀ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਭਗਤੀ ਦਾ ਅਸਲ ਮਕਸਦ ਪ੍ਰਮਾਤਮਾ ਨੂੰ ਜਾਨਣ ਦਾ ਹੈ ਜਿਸਦੇ ਲਈ ਅਸੀਂ ਅਨੇਕਾਂ ਹੀ ਤਰੀਕਿਆਂ ਨਾਲ, ਕਥਨੀ ਕਰਨ ਨਾਲ ਪ੍ਰਮਾਤਮਾ ਦੀ ਸਿਫਤ ਕਰਦੇ ਹਾਂ ਜੋ ਕਿ ਬੋਲ ਬੋਲ ਕੇ ਕਰਦੇ ਹਾਂ। ਜਿਵੇਂ ਕਿ ਅਸੀਂ ਕੋਈ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਜਾਨਣਾ ਉਸਦੇ ਅੰਤ ਰੂਪ ਨੂੰ ਜਾਨਣਾ ਹੈ। ਪ੍ਰਮਾਤਮਾ ਗਿਆਨ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਰੂਪ ਵਿੱਚ ਹੈ। ਬ੍ਰਹਮ ਗਿਆਨ ਨੂੰ ਅੰਤ ਤੱਕ ਜਾਨਣਾ, ਸਿਰੇ ਤੱਕ ਜਾਨਣਾ ਭਾਵ ਪੂਰਨ ਰੂਪ ਵਿੱਚ ਬ੍ਰਹਮ ਗਿਆਨ ਨੂੰ ਜਾਨਣਾ, ਨਾਮ ਨੂੰ ਜਾਨਣਾ ਪ੍ਰਮਾਤਮਾ ਦੇ ਅੰਤ ਨੂੰ ਜਾਨਣਾ ਹੈ ਭਾਵ ਭਗਤੀ ਦੇ ਅੰਤ ਤੱਕ ਪਹੁੰਚਣਾ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ। ਹਰ ਕੋਈ ਅੰਤ ਜਾਨਣਾ ਚਾਹੁੰਦਾ ਹੈ ਜਿਸਨੂੰ ਜਾਣੇ ਬਿਨਾਂ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ, ਉਸਦਾ ਪਸਾਰਾ ਕਿਤਨਾ ਕੁ ਵੱਡਾ ਹੈ ਉਸਨੂੰ ਨਹੀਂ ਜਾਣਿਆ ਜਾ ਸਕਦਾ। ਆਉ ਇਸ ਗੱਲ ਨੂੰ ਧੰਨ ਧੰਨ ਅਕਾਲ ਪੁਰਖ ਰੂਪ ਪਹਿਲੀ ਪਾਤਸ਼ਾਹੀ ਜੀ ਦੇ ਮੁੱਖੋਂ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

46/6170

“ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥
ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥੨੪॥”

(ਅੰਗ ੫)

ਸ਼ਬਦ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਅਸੀਂ ਪ੍ਰਮਾਤਮਾ ਦਾ ਅੰਤ ਭਾਵ ਉਸਦਾ ਅਖੀਰ ਕਿਸ ਤਰੀਕੇ ਜਾਨਣਾ ਚਾਹੁੰਦੇ ਹਾਂ। ਜੋ ਵੀ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਤੇ ਚੱਲਦਾ ਹੈ ਉਹ ਪ੍ਰਮਾਤਮਾ ਦੀਆਂ ਸਿਫਤਾਂ ਕਰਦਾ ਹੈ ਜੋ ਕਿ ਬੋਲਣ ਦੁਆਰਾ ਕਰਦਾ ਹੈ ਭਾਵ ਹਰ ਕੋਈ ਬੋਲ ਬੋਲ ਕੇ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਕਥਨੀ ਦੁਆਰਾ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਦਾ ਹੈ। ਹੋਰ ਵੀ ਅਨੇਕਾਂ ਤਰੀਕਿਆਂ ਨਾਲ ਪ੍ਰਮਾਤਮਾ ਦੀ ਸਿਫਤ ਕੀਤੀ ਜਾਂਦੀ ਹੈ ਭਾਵ ਜਿਹੋ ਜਿਹੇ ਕੋਈ ਭਗਤੀ ਦੇ ਤਰੀਕੇ ਅਪਨਾਉਂਦਾ ਹੈ ਉਸ ਰਾਹੀਂ ਉਹ ਆਪਣੇ ਵੱਲੋਂ ਗੁਰੂ ਪ੍ਰਮਾਤਮਾ ਦੀ ਸਿਫਤ ਕਰਨ ਲਈ ਹੀ ਕਰਦਾ ਹੈ। ਜੇਕਰ ਕੋਈ ਆਪਣੇ ਸਰੀਰ ਨੂੰ ਕਸ਼ਟ ਦਿੰਦਾ ਹੈ, ਨੰਗੇ ਪੈਰੀਂ ਤੁਰਦਾ ਹੈ, ਬਸਤਰਹੀਨ ਹੋ ਕੇ ਤੁਰਦਾ ਹੈ ਉਹ ਆਪਣੀ ਧਾਰਮਿਕ ਆਸਥਾ ਅਨੁਸਾਰ ਪ੍ਰਮਾਤਮਾ ਦੀ ਸਿਫਤ ਕਰਨ ਲਈ ਹੀ ਕਰਦਾ ਹੈ। ਪ੍ਰਮਾਤਮਾ ਦੀ ਸਿਫਤ ਕਰਨ ਲਈ ਮਨੁੱਖ ਨੇ ਅਨੇਕਾਂ ਹੀ ਤਰੀਕੇ ਅਪਨਾਏ ਹੋਏ ਹਨ ਜਿਨ੍ਹਾਂ ਤਰੀਕਿਆਂ ਦਾ ਗੁਰਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਭਗਤੀ ਦੇ ਇਨ੍ਹਾਂ ਤਰੀਕਿਆਂ ਨਾਲ ਤੇ ਕਥਨੀ ਕਰੀ ਜਾਣ ਨਾਲ ਪ੍ਰਮਾਤਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ **(ਅੰਤੁ ਨ ਸਿਫਤੀ ਕਹਣਿ ਨ ਅੰਤੁ ॥)**। ਪ੍ਰਮਾਤਮਾ ਦਾ ਅੰਤ ਜਾਨਣ ਦਾ ਮਕਸਦ ਕਿਸ ਲਈ ਹੈ ਭਾਵ ਮਨੁੱਖ ਕਿਸ ਲਈ ਅੰਤ ਜਾਨਣਾ ਚਾਹੁੰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅੰਤੁ ਨ ਕਰਣੈ ਦੇਣਿ ਨ ਅੰਤੁ ॥”

ਪ੍ਰਮਾਤਮਾ ਜੋ ਕੁਝ ਵੀ ਕਰਦਾ ਹੈ ਉਸਦਾ ਕੋਈ ਅੰਤ ਨਹੀਂ ਹੈ ਭਾਵ ਉਹ ਸਭ ਕੁਝ ਕਰਨ ਦੇ ਸਮਰਥ ਹੈ। ਪ੍ਰਮਾਤਮਾ ਹੀ ਸਭ ਕੁਝ ਦੇਣ ਵਾਲਾ ਹੈ ਤੇ ਉਸ ਦੀਆਂ ਦਾਤਾਂ ਦਾ ਕੋਈ ਅੰਤ ਨਹੀਂ ਹੈ। ਪ੍ਰਮਾਤਮਾ ਦਾ ਅੰਤ ਪਾਉਣ ਨਾਲ ਮਨੁੱਖ ਇਸ ਗੱਲ ਦੀ ਖਾਹਿਸ਼ ਕਰਦਾ ਹੈ ਕਿ ਪ੍ਰਮਾਤਮਾ ਜੋ ਸਭ ਕੁਝ ਕਰ ਸਕਦਾ ਹੈ, ਜੋ ਸਭ ਕੁਝ ਦੇ ਸਕਦਾ ਹੈ ਉਸਨੂੰ ਜਾਨਣ ਨਾਲ ਮੈਨੂੰ ਬਹੁਤ ਲਾਭ

46/6171

ਮਿਲੇਗਾ, ਮੇਰੀਆਂ ਬਹੁਤ ਵੱਡੀਆਂ ਖੁਆਹੀਸ਼ਾਂ ਪੂਰੀਆਂ ਹੋਣਗੀਆਂ **(ਅੰਤੁ ਨ ਕਰਣੈ ਦੇਣਿ ਨ ਅੰਤੁ ॥)**।

ਪ੍ਰਮਾਤਮਾ ਦੀ ਭਗਤੀ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਭਾਵ ਉਸਦਾ ਅੰਤ ਜਾਨਣ ਦਾ ਮਾਰਗ ਸਾਡੇ ਮਨ ਦੇ ਅੰਦਰ ਉਸਨੂੰ ਪਾਉਣ ਦਾ ਮਨੋਰਥ ਕੀ ਹੈ, ਅਸਲ ਮੰਤਵ ਕੀ ਹੈ ਇਸ ਸਮਝ ਦੇ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੀ ਇੱਛਾ ਦੇ ਨਾਲ ਜੁੜਿਆ ਹੋਇਆ ਹੈ। ਜੇਕਰ ਸਾਡੇ ਅੰਦਰ ਇੱਛਾ ਇਹ ਹੈ ਕਿ ਪ੍ਰਮਾਤਮਾ ਸਾਨੂੰ ਵੱਧ ਤੋਂ ਵੱਧ ਦਾਤਾਂ ਦੇਵੇ ਕਿਉਂਕਿ ਉਹ ਸਭ ਕੁਝ ਕਰ ਸਕਦਾ ਹੈ, ਦੇ ਸਕਦਾ ਹੈ ਤਾਂ ਫਿਰ ਇਹ ਸਾਡਾ ਮੰਤਵ ਸਹੀ ਨਹੀਂ ਹੈ ਭਾਵ ਮਨ ਦੀਆਂ ਇਹੋ ਜਿਹੀਆਂ ਇੱਛਾਵਾਂ ਵਿੱਚ ਰਹਿੰਦੇ ਹੋਏ ਅਸੀਂ ਜਿਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਉਸ ਦੁਆਰਾ ਪ੍ਰਮਾਤਮਾ ਦੇ ਅੰਤ ਨੂੰ ਨਹੀਂ ਜਾਣਿਆ ਜਾ ਸਕਦਾ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਗੱਲ ਸਮਝਾਈ ਹੋਈ ਹੈ।

“ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥”

ਅਸੀਂ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਤੇ ਚੱਲਣ ਲਈ ਗੁਰੂ ਦੇ ਦਰ ਤੇ, ਪ੍ਰਮਾਤਮਾ ਦੇ ਦਰ ਤੇ ਉਸਨੂੰ ਵੇਖਣ ਲਈ ਜਾਂਦੇ ਹਾਂ ਭਾਵ ਦਰਸ਼ਨ ਕਰਨ ਲਈ ਜਾਂਦੇ ਹਾਂ। ਗੁਰੂ ਨੂੰ ਸੁਨਣ ਲਈ ਜਾਂਦੇ ਹਾਂ ਭਾਵ ਗੁਰੂ ਦੀ ਗੱਲ ਨੂੰ ਬੈਠ ਕੇ ਸੁਣਦੇ ਹਾਂ ਕੇਵਲ ਗੁਰੂ ਨੂੰ ਵੇਖਣ ਨਾਲ ਜਾਂ ਸੁਣਨ ਨਾਲ ਅਸੀਂ ਭਗਤੀ ਦੇ ਮਾਰਗ ਤੇ ਪੂਰੇ ਨਹੀਂ ਉਤਰ ਸਕਦੇ ਭਾਵ ਇਸ ਤਰੀਕੇ ਨਾਲ ਅਸੀਂ ਪ੍ਰਮਾਤਮਾ ਦਾ ਅੰਤ ਨਹੀਂ ਪਾ ਸਕਦੇ **(ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥)**। ਸਾਡੀ ਇਹੋ ਜਿਹੀ ਭਗਤੀ ਦੁਆਰਾ ਸਾਨੂੰ ਪ੍ਰਮਾਤਮਾ ਦਾ ਅੰਤ ਕਿਉਂ ਨਹੀਂ ਦਿਸਦਾ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅੰਤੁ ਨ ਜਾਪੈ ਕਿਆ ਮਨਿ ਮੰਤੁ ॥”

46/6172

ਪ੍ਰਮਾਤਮਾ ਦਾ ਅੰਤ ਨੂੰ ਜਾਨਣਾ ਸਾਡੇ ਮਨ ਦੇ **“ਮੰਤੁ”** ਨਾਲ ਜੁੜਿਆ ਹੋਇਆ ਹੈ ਭਾਵ ਮਨ ਦੇ ਮੰਤਵ ਨਾਲ, ਮਨ ਦੇ ਮਨੋਰਥ ਨਾਲ ਜੁੜਿਆ ਹੋਇਆ ਹੈ। ਜੇਕਰ ਸਾਡੇ ਮਨ ਦੇ ਵਿੱਚ ਮਨੋਰਥ ਦਾਤਾਂ ਨੂੰ ਪਾਉਣ ਦਾ ਹੈ, ਆਪਣੀਆਂ ਇੱਛਾਵਾਂ ਪੂਰੀਆਂ ਕਰਨ ਦਾ ਹੈ ਫਿਰ ਇਹ ਮਨੋਰਥ ਸਹੀ ਨਹੀਂ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜਦੋਂ ਉਸਨੂੰ ਪਾਉਣ ਲਈ ਸਾਡਾ ਮਨੋਰਥ ਸੱਚਾ ਹੋਵੇਗਾ ਜੋ ਕਿ ਮਨ ਦੀਆਂ ਇੱਛਾਵਾਂ ਵਿੱਚੋਂ ਨਿਕਲਣ ਦਾ ਹੈ, ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ।
(ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥)

ਸਲੋਕੁ ਮਃ ੩ ॥

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

ਸਾਡੇ ਮਨ ਦੇ ਅੰਦਰ ਮਨੋਰਥ ਕਿਵੇਂ ਉਪਜਦਾ ਹੈ, ਮਾਇਆ ਮੋਹ ਕਿਵੇਂ ਉਪਜਦਾ ਹੈ ਇਹ ਮਨੁੱਖ ਦੇ ਆਪਣੇ ਵੱਸ ਨਹੀਂ ਹੈ ਤੇ ਇਸੇ ਲਈ ਕੋਈ ਮਨੁੱਖ ਆਪਣੀ ਮਰਜੀ ਨਾਲ ਉਸ ਪ੍ਰਮਾਤਮਾ ਦੇ ਅੰਤ ਨੂੰ ਨਹੀਂ ਜਾਣ ਸਕਦਾ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥”

ਜਿਤਨਾ ਵੀ ਆਕਾਰ ਹੈ ਉਹ ਪ੍ਰਮਾਤਮਾ ਦਾ ਆਪਣਾ ਬਣਾਇਆ ਹੋਇਆ ਹੈ। ਪ੍ਰਮਾਤਮਾ ਦੇ ਆਕਾਰ ਦਾ ਕੋਈ ਪਾਰਾਵਾਰ ਨਹੀਂ ਹੈ ਭਾਵ ਉਹ ਬਹੁਤ ਵੱਡਾ ਹੈ। ਮਨੁੱਖ ਵੀ ਪ੍ਰਮਾਤਮਾ ਦਾ ਬਣਾਇਆ ਹੋਇਆ ਭਾਵ ਕੀਤਾ ਹੋਇਆ ਆਕਾਰ ਰੂਪ ਹੈ। ਜੋ ਪ੍ਰਮਾਤਮਾ ਸਾਨੂੰ ਬਨਾਉਂਣ ਵਾਲਾ ਹੈ ਉਹੀ ਸਾਡੇ ਅੰਦਰ ਸਮਝ ਪਾਉਣ ਵਾਲਾ ਹੈ। ਸਭ ਦੇ ਅੰਦਰ ਪ੍ਰਮਾਤਮਾ ਨੇ ਮਾਇਆ ਮੋਹ ਵਾਲੀ ਸਮਝ ਪਾਈ ਹੋਈ ਹੈ ਜਿਸ ਵਿੱਚੋਂ ਨਿਕਲਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ। ਸਾਡੇ ਮਨ ਦਾ ਮੰਤ ਸਾਡੇ ਵੱਸ ਨਹੀਂ ਹੈ ਭਾਵ ਜੋ ਪ੍ਰਮਾਤਮਾ ਨੂੰ ਪਾਉਣ ਦਾ, ਉਸਦੇ ਅੰਤ ਨੂੰ ਜਾਨਣ ਦਾ ਸੱਚਾ ਮਾਰਗ ਹੈ ਉਹ ਮਨੁੱਖ ਦੇ ਵੱਸ ਨਹੀਂ ਹੈ, ਪੂਰੇ ਪਾਰਾਵਾਰ ਵਿੱਚ ਭਾਵ ਪੂਰੀ ਸ੍ਰਿਸ਼ਟੀ ਵਿੱਚ ਕੋਈ ਆਪਣੇ ਆਪ ਪ੍ਰਮਾਤਮਾ ਨੂੰ ਜਾਣ ਲਏ ਇਹ ਨਾਮੁਮਕਿਨ ਹੈ। ਪ੍ਰਮਾਤਮਾ ਦਾ ਅੰਤ

ਜਾਨਣ ਲਈ ਅਨੇਕਾਂ ਹੀ ਵਿਰਲਾਉਂਦੇ ਹਨ, ਤਰਲੇ ਪਾਉਂਦੇ ਹਨ ਕਿ ਕਿਸੇ ਤਰੀਕੇ ਪ੍ਰਮਾਤਮਾ ਨੂੰ ਜਾਣ ਲਈਏ ਪਰ ਉਸਦੇ ਅੰਤ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਇਹ ਮਨੁੱਖੀ ਸਮਰਥਾ ਤੋਂ ਬਾਹਰ ਹੈ **(ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥)**। ਪ੍ਰਮਾਤਮਾ ਦਾ ਅੰਤ ਜਾਨਣ ਲਈ ਭਾਵ ਪ੍ਰਮਾਤਮਾ ਨੂੰ ਪਾਉਣ ਲਈ ਸਾਨੂੰ ਮਤਿ ਦੇਣ ਵਾਲੇ ਤਾਂ ਬਹੁਤ ਹਨ ਭਾਵ ਭਗਤੀ ਦਾ ਮਾਰਗ ਦਿਖਾਉਣ ਵਾਲੇ ਤਾਂ ਬਹੁਤ ਹਨ, ਪ੍ਰਮਾਤਮਾ ਦਾ ਆਖਣ ਸਿਖਾਉਣ ਵਾਲੇ ਤਾਂ ਬਹੁਤ ਹਨ ਪਰ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਨੂੰ ਉਹੀ ਜਾਣ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜੋ ਮੇਲ ਪ੍ਰਮਾਤਮਾ ਕਿਸੇ ਦੇ ਨਾਲ ਆਪ ਹੀ ਆਪਣੀ ਕ੍ਰਿਪਾ ਦੁਆਰਾ ਕਰਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥”

“ਬਹੁਤਾ ਕਹੀਐ ਬਹੁਤਾ ਹੋਇ” ਤੋਂ ਭਾਵ ਹੈ ਉਸ ਬਹੁਤ ਵੱਡੇ ਪ੍ਰਮਾਤਮਾ ਨੂੰ ਤਾਂ ਹੀ ਕਹਿਆ ਜਾ ਸਕਦਾ ਹੈ ਜਦੋਂ ਉਸ ਵੱਡੇ ਪ੍ਰਮਾਤਮਾ ਦਾ ਹੀ ਰੂਪ ਹੋ ਜਾਈਏ। ਪ੍ਰਮਾਤਮਾ ਦਾ ਆਖਣ ਕੀ ਹੈ, ਪ੍ਰਮਾਤਮਾ ਦੀ ਭਗਤੀ ਦਾ ਉਹ ਕਿਹੜਾ ਮਾਰਗ ਹੈ ਜਿਸ ਤੇ ਚੱਲਣ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸਦੇ ਅੰਤ ਨੂੰ ਜਾਣਿਆ ਜਾ ਸਕਦਾ ਹੈ ਇਸ ਗੱਲ ਦੀ ਸਮਝ ਪ੍ਰਮਾਤਮਾ ਵਰਗਾ ਹੋ ਕੇ ਹੀ ਸਮਝ ਆਉਂਦੀ ਹੈ ਭਾਵ ਪ੍ਰਮਾਤਮਾ ਦਾ ਰੂਪ ਬਣਕੇ ਹੀ ਸਮਝ ਆਉਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਈ ਹੈ। ਪ੍ਰਮਾਤਮਾ ਦੇ ਨਾਲ ਮੇਲ ਤੋਂ ਬਿਨਾਂ ਸੰਸਾਰ ਵਿੱਚ ਸਾਨੂੰ ਭਗਤੀ ਦਾ ਮਾਰਗ ਸਿਖਾਉਂਣ ਵਾਲੇ ਤਾਂ ਬਹੁਤ ਹਨ ਪਰ ਉਨ੍ਹਾਂ ਨੂੰ ਪ੍ਰਮਾਤਮਾ ਕੀ ਹੈ ਇਸ ਗੱਲ ਦੀ ਸਮਝ ਨਹੀਂ ਹੈ। ਪ੍ਰਮਾਤਮਾ ਕਦੇ ਹੀ ਅਰਬਾਂ ਖਰਬਾਂ ਵਿੱਚੋਂ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣਾ ਰੂਪ ਬਣਾਉਂਦਾ ਹੈ **(ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥)**। ਪ੍ਰਮਾਤਮਾ ਬਹੁਤ ਵੱਡਾ ਹੈ ਜੋ ਕਿ ਆਪਣੇ ਨਾਮ ਦੁਆਰਾ ਵੱਡਾ

ਹੈ ਤੇ ਜਿਸਨੂੰ ਪ੍ਰਮਾਤਮਾ ਵੱਡਾ ਬਣਾਉਂਦਾ ਹੈ ਉਸਨੂੰ ਆਪਣਾ ਨਾਮ ਦੇਣ ਦੁਆਰਾ ਹੀ ਬਣਾਉਂਦਾ ਹੈ। ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥”

ਪ੍ਰਮਾਤਮਾ ਦੇ ਅੰਤ ਨੂੰ ਪਾਉਣਾ ਜਾਂ ਪ੍ਰਮਾਤਮਾ ਨੂੰ ਜਾਨਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਬਹੁਤ ਉੱਚਾ ਹੈ, ਉਸਦਾ ਅਸਥਾਨ ਸਭ ਤੋਂ ਉੱਚਾ ਹੈ। ਪ੍ਰਮਾਤਮਾ ਨੂੰ ਉੱਚਾ ਬਨਾਉਂਣ ਵਾਲਾ ਪ੍ਰਮਾਤਮਾ ਦਾ ਨਾਮ ਹੈ ਭਾਵ ਪ੍ਰਮਾਤਮਾ ਆਪਣੇ ਨਾਮ ਦੁਆਰਾ ਉੱਚਾ ਹੈ। ਪ੍ਰਮਾਤਮਾ ਦਾ ਨਾਮ ਬ੍ਰਹਮ ਗਿਆਨ ਹੈ ਤੇ ਬ੍ਰਹਮ ਗਿਆਨ ਤੋਂ ਉੱਚਾ ਗਿਆਨ ਹੋਰ ਕੋਈ ਨਹੀਂ ਹੋ ਸਕਦਾ। ਕਿਉਂਕਿ ਇਹ ਪ੍ਰਮਾਤਮਾ ਦਾ ਆਪਣਾ ਗਿਆਨ ਹੈ ਜੋ ਗਿਆਨ ਕਿਸੇ ਹੋਰ ਨੂੰ ਪ੍ਰਮਾਤਮਾ ਆਪਣੀ ਮਰਜੀ ਤੋਂ ਬਿਨਾਂ ਨਹੀਂ ਦਿੰਦਾ। ਜਿਸਨੂੰ ਪ੍ਰਮਾਤਮਾ ਉੱਚਾ ਬਣਾਉਂਦਾ ਹੈ ਭਾਵ ਉੱਚੀ ਮਤਿ ਵਾਲਾ ਬਣਾਉਂਦਾ ਹੈ ਉਸਨੂੰ ਆਪਣਾ ਨਾਮ ਦੇਣ ਦੁਆਰਾ ਹੀ ਬਣਾਉਂਦਾ ਹੈ ਭਾਵ ਆਪਣੇ ਗਿਆਨ ਦੇ ਬਰਾਬਰ ਉੱਚਾ ਬਣਾਉਂਦਾ ਹੈ। ਪ੍ਰਮਾਤਮਾ ਦੇ ਬਰਾਬਰ ਉੱਚੇ ਗਿਆਨ ਵਾਲਾ ਭਾਵ ਨਾਮ ਵਾਲੇ ਗਿਆਨ ਦੁਆਰਾ ਭਾਵ ਬ੍ਰਹਮ ਗਿਆਨ ਵਾਲੇ ਬਣਨ ਦੁਆਰਾ ਕੋਈ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਪ੍ਰਮਾਤਮਾ ਦੇ ਸਭ ਤੋਂ ਉੱਚੇ ਗਿਆਨ ਨੂੰ ਭਾਵ ਨਾਮ ਨੂੰ ਜਾਨਣਾ ਹੀ ਪ੍ਰਮਾਤਮਾ ਦੇ ਅੰਤ ਨੂੰ ਜਾਨਣਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ,

ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਜਿਨ੍ਹਾਂ ਸਰੀਰਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਉਹ ਪ੍ਰਮਾਤਮਾ ਕੋਲੋਂ ਨਾਮ ਮਿਲਣ ਦੁਆਰਾ ਹੀ ਜਾਣਿਆ ਹੈ ਜਿਵੇਂ ਕਿ ਗੁਰੂ ਸਾਹਿਬਾਨ ਨੇ, ਭਗਤਾਂ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆ ਨੇ ਜਾਣਿਆ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਜਾਣਿਆ ਹੈ ਜਿਸ ਰਾਹੀਂ ਉਨ੍ਹਾਂ ਦੇ ਵਿਚਾਰ ਸਭ ਤੋਂ ਉੱਚੇ ਗਿਆਨ ਵਾਲੇ ਬਣੇ ਹਨ। ਆਪਣੇ ਇਸ ਉੱਚੇ ਗਿਆਨ ਦੁਆਰਾ ਹੀ, ਪ੍ਰਮਾਤਮਾ ਦੇ ਉੱਚੇ ਗਿਆਨ ਨਾਲ ਹੀ ਪ੍ਰਮਾਤਮਾ ਦੇ ਨਾਲ ਇੱਕ ਹੋਏ ਹਨ ਭਾਵ ਉਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੇ

46/6175

ਗਿਆਨ ਦੇ ਬਰਾਬਰ ਉੱਚਾ ਕੀਤਾ ਹੈ, ਉਨ੍ਹਾਂ ਦੀ ਸਮਝ ਨੂੰ ਉੱਚਾ ਕੀਤਾ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਇਸ ਉੱਚੀ ਸਮਝ ਦੁਆਰਾ ਹੀ ਹੁੰਦਾ ਹੈ ਜਿਸ ਰਾਹੀਂ ਮਨ ਦੀ ਸਮਝ ਦੁਆਰਾ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੀ ਇਸ ਅਵਸਥਾ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਭਗਤੀ ਦਾ ਮਾਰਗ ਆਪ ਹੀ ਸਮਝਾਉਂਦਾ ਹੈ ਜੋ ਮਾਰਗ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ। ਸੱਚੀ ਭਗਤੀ ਦੇ ਮਾਰਗ ਨੂੰ ਇਸੇ ਲਈ ਕੇਵਲ ਗੁਰੂ ਹੀ ਜਾਣਦਾ ਹੈ ਜਿਸਦੀ ਸਮਝ ਪ੍ਰਮਾਤਮਾ ਵਰਗੀ ਉੱਚੀ ਹੈ ਤੇ ਗੁਰੂ ਦੀ ਮਤਿ ਲਏ ਬਿਨਾਂ ਜੋ ਕੋਈ ਵੀ ਆਪਣੀ ਆਪਣੀ ਮਤਿ ਦੁਆਰਾ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਅਪਨਾਉਂਦੇ ਹਨ, ਉਸਦਾ ਅੰਤ ਪਾਉਣਾ ਚਾਹੁੰਦੇ ਹਨ ਜਿਵੇਂ ਕਿ ਅਸੀਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਉਹ ਕੇਵਲ ਭਰਮ ਵਾਲੀ ਭਗਤੀ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਪਾਉਣ ਦਾ ਕੇਵਲ ਝੂਠਾ ਉਦੱਮ ਹੈ, ਮਨ ਦਾ ਭਰਮ ਹੈ, ਮਨ ਦੀ ਅਗਿਆਨਤਾ ਹੈ, ਗੁਰੂ ਦੇ ਉੱਚੇ ਗਿਆਨ ਨਾਲ ਜੁੜੇ ਬਿਨਾਂ, ਨਾਮ ਨਾਲ ਜੁੜੇ ਬਿਨਾਂ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨਾਂ ਭਗਤੀ ਦਾ ਮਾਰਗ ਸਮਝਣਾ ਬਿਲਕੁੱਲ ਵਿਅਰਥ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ **(ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥)**।

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ ੯੦੪)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦

ੴ ਸਤਿਗੁਰ ਪ੍ਰਸਾਦਿ ॥

{ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥
ਸਬਦਿ ਰਤੇ ਸਦਾ ਸੁਖੁ ਹੋਈ ॥੧॥ ਐਸਾ ਗਿਆਨੁ ਪਦਾਰਥੁ ਨਾਮੁ ॥
ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥ ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥
ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥ ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥
ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥
ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥
ਸੁਣਿ ਸੁਣਿ ਮਾਨੈ ਵੇਧੈ ਜੋਤਿ ॥੬॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥

ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥
ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}

(ਅੰਗ ੮੩੧)

46/6176

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ ੧੩)

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥}

(ਅੰਗ ੧੧੫੨)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥}

(ਅੰਗ ੨੭੩)

{ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥ ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥}

(ਅੰਗ ੨੭੪)

ਜਿਸ ਰੂਪ ਵਿੱਚ ਪ੍ਰਮਾਤਮਾ ਆਪ ਉੱਚਾ ਹੈ ਉਸੇ ਰੂਪ ਵਿੱਚ ਹੀ ਉਹ ਕਿਸੇ ਨੂੰ ਉੱਚਾ ਬਣਾਉਂਦਾ ਹੈ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਉੱਚਾ ਹੈ ਭਾਵ ਨਾਮ ਦੇ ਰੂਪ ਵਿੱਚ ਉੱਚਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਜਿਸਨੂੰ ਪ੍ਰਮਾਤਮਾ ਉੱਚਾ ਬਣਾਉਂਦਾ ਹੈ ਉਸਨੂੰ ਆਪਣੇ ਨਿਰੰਕਾਰ ਰੂਪ ਨਾਲ ਮਿਲਾਕੇ ਹੀ ਉੱਚਾ ਬਣਾਉਂਦਾ ਹੈ। ਸਾਡਾ ਮਨ ਨਿਰੰਕਾਰ ਰੂਪ ਹੈ ਜੋ ਕਿ ਪ੍ਰਮਾਤਮਾ ਦਾ

46/6177

ਆਪਣਾ ਜੋਤਿ ਰੂਪ ਹੈ। ਨਿਰੰਕਾਰ ਰੂਪ ਵਿੱਚ ਪ੍ਰਮਾਤਮਾ ਮਨ ਦੇ ਗਿਆਨ ਨੂੰ ਹੀ ਉੱਚਾ ਕਰਦਾ ਹੈ ਤੇ ਇਹੀ ਉਸਦੀ ਜੋਤਿ ਦੇ ਵਿੱਚ ਜੋਤਿ ਨਾਲ ਰੱਲਣਾ ਹੈ। ਪ੍ਰਮਾਤਮਾ ਜਿਸਨੂੰ ਉੱਚਾ ਕਰਦਾ ਹੈ ਮਨ ਦੀ ਅਗਿਆਨਤਾ ਤੋਂ ਹੀ ਉੱਚਾ ਕਰਦਾ ਹੈ ਤੇ ਆਪਣੇ ਉੱਚੇ ਗਿਆਨ ਦੇ ਨਾਲ ਸਾਡੇ ਮਨ ਦੀ ਸਮਝ ਪ੍ਰਮਾਤਮਾ ਦੀ ਸਮਝ ਦੇ ਨਾਲ ਇੱਕ ਹੋ ਜਾਂਦੀ ਹੈ। ਮਨ ਦੀ ਇਸ ਅਵਸਥਾ ਨਾਲ ਫਿਰ ਇੱਕ ਸੋਚ ਵਾਲਾ ਬਣ ਜਾਂਦਾ ਹੈ ਭਾਵ ਉਸਦੀ ਦੁਚਿੱਤੀ, ਦੁਬਿਧਾ ਖਤਮ ਹੋ ਜਾਂਦੀ ਹੈ। ਇੱਕੋ ਨਾਮ ਕੀ ਹੈ ਇਸ ਗੱਲ ਦੀ ਸਮਝ ਮਨ ਦੀ ਅਵਸਥਾ ਦੁਆਰਾ ਹੀ ਸਮਝ ਆਉਂਦੀ ਹੈ। ਨਾਮ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਤੋਂ ਉੱਚਾ ਹੋਰ ਕੋਈ ਗਿਆਨ ਨਹੀਂ ਹੋ ਸਕਦਾ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦੀ ਸਮਝ ਲੱਗ ਸਕੇ, ਭਗਤੀ ਦੇ ਸੱਚੇ ਮਾਰਗ ਦੀ ਸਮਝ ਲੱਗ ਸਕੇ। ਅਸੀਂ ਭਗਤੀ ਦਾ ਮਾਰਗ ਜਾਨਣ ਲਈ ਅਨੇਕਾਂ ਕੋਲੋਂ ਮਤਿ ਲੈਂਦੇ ਹਾਂ ਭਾਵ ਉਨ੍ਹਾਂ ਦੀ ਸਮਝ ਨੂੰ ਮੰਨਦੇ ਹਾਂ ਜੋ ਨਾਮ ਦੀ ਸਮਝ ਅੱਗੇ ਬਹੁਤ ਤੁੱਛ ਹੈ ਕਿਉਂਕਿ ਹਰ ਕੋਈ ਭਰਮਾਂ ਵਾਲੀ ਸਮਝ ਵਿੱਚ ਹੈ। ਭਗਤੀ ਦੀ ਸੱਚੀ ਸਮਝ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਤੇ ਕੇਵਲ ਤੇ ਕੇਵਲ ਗੁਰੂ ਕੋਲੋਂ ਭਗਤੀ ਦਾ ਮਾਰਗ ਸਮਝਣਾ ਤੇ ਉਸਨੂੰ ਮੰਨਣਾ ਇੱਕੋ ਨਾਮ ਜਪਣਾ ਹੈ। ਇਹੋ ਜਿਹਾ ਨਾਮ ਜਪਣ ਦਾ ਜੇਕਰ ਅਸੀਂ ਉਦੱਮ ਕਰਾਂਗੇ ਤੇ ਤਾਂ ਹੀ ਅਸੀਂ ਉਸ ਉੱਚੀ ਸਮਝ ਵਾਲੇ, ਉੱਚੇ ਗਿਆਨ ਵਾਲੇ ਪ੍ਰਮਾਤਮਾ ਦੇ ਗਿਆਨ ਨਾਲ ਰੱਲਣ ਦਾ ਸੱਚਾ ਉਦੱਮ ਕਰ

ਸਕਦੇ ਹਾਂ, ਉਸਦੇ ਅੰਤ ਨੂੰ ਜਾਨਣ ਦਾ ਸੱਚਾ ਉਦੱਮ ਕਰ ਸਕਦੇ ਹਾਂ। ਮਨੁੱਖੀ ਮਤਿ ਵਿੱਚ ਤੇ ਗੁਰੂ ਵਿੱਚ ਮਨ ਦੇ ਗਿਆਨ ਦਾ ਹੀ ਫਰਕ ਹੈ। ਜਿੰਨੀ ਉੱਚੀ ਕਿਸੇ ਦੀ ਮਤਿ ਹੁੰਦੀ ਹੈ ਉਸੇ ਮਤਿ ਜਿੰਨੀ ਗੱਲ ਨੂੰ ਹੀ ਉਹ ਸਮਝ ਸਕਦਾ ਹੈ ਤੇ ਵੱਡੀ ਮਤਿ ਦੀ ਗੱਲ ਨੂੰ ਸਮਝਣ ਲਈ ਉੱਚੀ ਮਤਿ ਦੀ ਲੋੜ ਹੁੰਦੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥”

46/6178

ਪ੍ਰਮਾਤਮਾ ਨੂੰ ਜਾਨਣ ਲਈ ਬਹੁਤ ਉੱਚੀ ਸਮਝ ਦੀ ਲੋੜ ਹੈ, ਬ੍ਰਹਮ ਗਿਆਨ ਵਾਲੀ ਸਮਝ ਦੀ ਲੋੜ ਹੈ, ਨਾਮ ਦੀ ਸਮਝ ਦੀ ਲੋੜ ਹੈ ਜੋ ਨਾਮ ਦੀ ਦਾਤਿ ਪ੍ਰਮਾਤਮਾ ਕਿਸੇ ਨੂੰ ਆਪ ਹੀ ਦੇ ਸਕਦਾ ਹੈ ਜੋ ਨਾਮ ਦਾ ਮਾਲਕ ਹੈ, ਬ੍ਰਹਮ ਗਿਆਨ ਦਾ ਮਾਲਕ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਕ੍ਰਿਪਾ ਦਾ ਮਾਰਗ ਹੈ ਤੇ ਉਹ ਕਿਸ ਨੂੰ ਆਪਣੇ ਨਾਮ ਦੀ ਦਾਤਿ ਬਖਸ਼ਦਾ ਹੈ ਤੇ ਮਨ ਦੇ ਅੰਦਰੋਂ ਆਪਣੇ ਆਪ ਦੇ ਦਰਸ਼ਨ ਕਰਵਾਉਂਦਾ ਹੈ, ਆਪਣੇ ਨਿਰੰਕਾਰ ਰੂਪ ਦੇ ਦਰਸ਼ਨ ਕਰਵਾਉਂਦਾ ਹੈ, ਆਪਣੇ ਬ੍ਰਹਮ ਗਿਆਨੀ ਰੂਪ ਦੇ ਦਰਸ਼ਨ ਕਰਵਾਉਂਦਾ ਹੈ। ਪ੍ਰਮਾਤਮਾ ਨੇ ਜੋ ਮਨੁੱਖੀ ਰੂਪ ਨੂੰ ਮਤਿ ਦਿੱਤੀ ਹੋਈ ਹੈ ਭਾਵ ਮਨ ਦੀ ਸਮਝ ਦਿੱਤੀ ਹੋਈ ਹੈ ਉਹ ਸਮਝ ਬ੍ਰਹਮ ਗਿਆਨ ਦੀ ਸਮਝ ਦੇ ਮੁਕਾਬਲੇ ਬਹੁਤ ਛੋਟੀ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਆਪਣੇ ਅੰਦਰੋਂ ਪ੍ਰਮਾਤਮਾ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ। **“ਜੇਵਡੁ ਆਪਿ ਜਾਣੈ ਆਪਿ ਆਪਿ”** ਤੋਂ ਭਾਵ ਹੈ ਜਿਤਨੀ ਵੱਡੀ ਕਿਸੇ ਮਨੁੱਖ ਦੀ ਸਮਝ ਹੁੰਦੀ ਹੈ ਉਹ ਉਤਨੇ ਵੱਡੇ ਪੱਧਰ ਭਾਵ ਲੈਵਲ ਦੀ ਗੱਲ ਨੂੰ ਹੀ ਸਮਝ ਸਕਦਾ ਹੈ ਭਾਵ ਬਰਾਬਰੀ ਦੇ ਗਿਆਨ ਵਾਲੀ ਗੱਲ ਨੂੰ ਹੀ ਸਮਝ ਸਕਦਾ ਹੈ। ਜਿਵੇਂ ਕਿ ਇੱਕ ਬੱਚਾ ਬੱਚੇ ਦੇ ਲੈਵਲ ਦੀ ਗੱਲ ਹੀ ਸਮਝਦਾ ਹੈ। ਛੋਟੀ ਜਮਾਤ ਵਿੱਚ ਪੜਨ ਵਾਲਾ ਬੱਚਾ ਉਸੇ ਲੈਵਲ ਦੀ ਹੀ ਗੱਲ ਸਮਝਦਾ ਹੈ ਭਾਵ ਉਸੇ ਲੈਵਲ ਦੀ ਪੜਾਈ ਨੂੰ ਹੀ ਸਮਝਦਾ ਹੈ। ਜੇਕਰ ਕਿਸੇ ਬੱਚੇ ਨੂੰ ਬਹੁਤ ਉੱਚੀ ਪੜਾਈ ਬਾਰੇ ਪੁੱਛੋ, ਐਮ.ਏ., ਪੀ.ਐਚ.ਡੀ. ਲੈਵਲ ਦੀ ਗੱਲ ਕਰੋ ਤੇ ਉਹ ਇਸ ਗੱਲ ਨੂੰ ਨਹੀਂ ਸਮਝ ਸਕਦਾ ਭਾਵ ਉਸ ਗੱਲ ਨੂੰ ਸਮਝਣਾ ਬੱਚੇ ਦੀ ਸਮਰਥਾ ਤੋਂ ਬਾਹਰ ਹੈ। ਮਨੁੱਖਾਂ ਦੇ ਅੰਦਰ ਜੋ ਸਮਝ ਦਾ ਲੈਵਲ ਪਾਇਆ ਹੋਇਆ ਹੈ ਉਹ ਤ੍ਰੈ ਗੁਣਾਂ ਵਾਲੀ ਸਮਝ ਵਾਲਾ, ਹਉਮੈ ਵਾਲੀ ਸਮਝ ਵਾਲਾ ਹੈ, ਮਾਇਆ ਵਾਲੀ ਸਮਝ ਹੈ ਜੋ ਸਮਝ ਪ੍ਰਮਾਤਮਾ ਨੂੰ ਸਮਝਣ ਵਿੱਚ ਬਹੁਤ ਹੀ ਨਿਮਾਣੀ ਸਮਝ ਹੈ। ਮਨੁੱਖੀ ਮਤਿ ਤ੍ਰੈ ਗੁਣਾਂ ਵਿੱਚ ਹੈ ਤੇ ਪ੍ਰਮਾਤਮਾ ਆਪ ਚੌਥੇ ਪਦ ਵਿੱਚ ਹੈ। ਚੌਥਾ ਪਦ ਬ੍ਰਹਮ ਗਿਆਨ ਵਾਲੀ ਸਮਝ ਦਾ ਪਦ ਹੈ, ਨਾਮ ਦਾ ਪਦ ਹੈ ਜੋ ਤ੍ਰੈ ਗੁਣਾਂ ਦੇ ਮੁਕਾਬਲੇ ਬਹੁਤ ਉੱਚੀ ਸਮਝ ਵਾਲਾ ਪਦ ਹੈ। ਪ੍ਰਮਾਤਮਾ ਇਹ ਪਦ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ ਜੋ ਕਿ ਕਿਸੇ ਮਨੁੱਖ ਤੇ ਉਸਦੀ ਸਭ ਤੋਂ ਵੱਡੀ ਕ੍ਰਿਪਾ ਹੈ ਕਿਉਂਕਿ ਜਿਸਨੂੰ ਇਸ ਉੱਚੇ ਪਦ ਦੀ, ਨਾਮ

46/6179

ਦੇ ਪਦ ਦੀ, ਬ੍ਰਹਮ ਗਿਆਨ ਦੇ ਪਦ ਦੀ ਪ੍ਰਾਪਤੀ ਹੁੰਦੀ ਹੈ ਉਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਕਿਉਂਕਿ ਉਸ ਪ੍ਰਮਾਤਮਾ ਨੂੰ ਜਾਨਣ ਦਾ, ਉਸਦੇ ਅੰਤ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ **(ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥)**।

{ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ ੯੦੩)

{ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥
ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥}

(ਅੰਗ ੧੦੩੨)

47/6180

“ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥”

“ੴ” ਇਸ ਤੋਂ ਭਾਵ ਹੈ ਇੱਕੋ ਇੱਕ ਮਾਲਕ ਭਾਵ ਸਾਰੀ ਸਿਸ਼੍ਰਟੀ ਦਾ ਇੱਕੋ ਇੱਕ ਮਾਲਕ। ਸੁਣੀ, ਅਨਸੁਣੀ, ਡਿੱਠੀ, ਅਣਡਿੱਠੀ ਹਰ ਇੱਕ ਚੀਜ ਦਾ ਇੱਕੋ ਇੱਕ ਮਾਲਕ ਭਾਵ ਪ੍ਰਮਾਤਮਾ।

“ਸਤਿਨਾਮੁ” ਸਤਿਨਾਮੁ ਤੋਂ ਕੀ ਭਾਵ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਵਿਸਥਾਰ ਨਾਲ ਸਮਝ ਚੁਕੇ ਹਾਂ। ਨਾਮੁ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਤੇ ਸਤਿ ਤੋਂ ਭਾਵ ਸੱਚ ਹੈ। ਸਤਿਨਾਮੁ ਤੋਂ ਭਾਵ ਹੈ ਕਿ ਸਾਰੀ ਸ੍ਰਿਸ਼ਟੀ ਵਿੱਚ ਕੇਵਲ ਇੱਕ ਨਾਮ ਦਾ ਹੋਣਾ ਸੱਚ ਹੈ ਭਾਵ ਕੇਵਲ ਇੱਕ ਪ੍ਰਮਾਤਮਾ ਦਾ ਹੋਣਾ ਸੱਚ ਹੈ ਭਾਵ ਕੇਵਲ ਇੱਕ ਪ੍ਰਮਾਤਮਾ ਦੀ ਹੋਂਦ ਹੀ ਸੱਚੀ ਹੈ ਜੋ ਕਿ ਸਭ ਕੁਝ ਆਪ ਹੀ ਹੈ ਤੇ ਹਰ ਆਕਾਰ ਰੂਪ ਦੇ ਵਿੱਚ ਉਹ ਆਪਣੇ ਨਾਮੁ ਦੁਆਰਾ ਵੱਸਿਆ ਹੋਇਆ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ। ਪੂਰੀ ਸਾਇੰਸ ਦਾ ਗਿਆਨ ਪ੍ਰਮਾਤਮਾ ਦਾ ਰਚਿਆ ਹੋਇਆ ਬ੍ਰਹਮ ਗਿਆਨ ਹੀ ਹੈ ਤੇ ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ, ਸਾਇੰਟਿਫਿਕ ਗਿਆਨ ਦੁਆਰਾ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਉਸ ਦੇ ਇਸ ਉੱਚੇ ਗਿਆਨ ਦੁਆਰਾ ਹੀ ਸਾਰੀ ਸ੍ਰਿਸ਼ਟੀ ਚਲ ਰਹੀ ਹੈ। ਪਰਮਾਤਮਾ ਹਰ ਵਸਤੂ ਵਿੱਚ ਆਪਣੇ ਨਾਮ ਦੁਆਰਾ ਹੀ ਸਮਾਇਆ ਹੋਇਆ ਹੈ ਜਿਸ ਕਰਕੇ ਪ੍ਰਮਾਤਮਾ ਸਤਿਨਾਮੁ ਹੈ ਭਾਵ ਕੇਵਲ ਪ੍ਰਮਾਤਮਾ ਦੀ ਆਪਣੀ ਹੋਂਦ ਹੀ ਸੱਚੀ ਹੈ ਤੇ ਪ੍ਰਮਾਤਮਾ ਤੋਂ ਬਿਨਾ ਕੋਈ ਵੀ ਹੋਰ ਹੋਂਦ ਸਮਝਣਾ ਸੱਚ ਨਹੀਂ ਹੈ ਭਾਵ ਝੂਠ ਹੈ। ਇਸ ਗੱਲ ਦੀ ਸਮਝ ਕੇਵਲ ਤੇ ਕੇਵਲ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈ ਸਕਦੀ ਹੈ, ਉਸ ਨਾਮ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਹੀ ਪੈ ਸਕਦੀ ਹੈ ਜੋ ਸਮਝ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ ਤੇ ਇਸੇ ਲਈ ਉਹਨਾਂ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕਿਸੇ ਵੀ ਹੋਂਦ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਝੂਠ ਹੈ। ਮਨ ਦਾ ਭਰਮ ਨਿਕਲੇ ਬਿਨਾ ਕੋਈ ਨਹੀਂ ਜਾਣ ਸਕਦਾ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ ਨਾਮੁ ਦੇ ਰੂਪ ਵਿੱਚ ਹੈ। ਸਭ ਦੇ

47/6181

ਅੰਦਰ ਭਰਮ ਦਾ ਪੜਦਾ ਉਸ ਦਾ ਆਪਣਾ ਹੀ ਪਾਇਆ ਹੋਇਆ ਹੈ ਜੋ ਕਿ ਸਭਦੇ ਅੰਦਰ ਹਉਮੈ ਦੇ ਰੂਪ ਵਿੱਚ ਹੈ, ਮਾਇਆ ਦੀ ਜੁਗਤਿ ਦੇ ਰੂਪ ਵਿੱਚ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਦੇ ਰੂਪ ਵਿੱਚ ਹੈ, ਮਨ ਦੇ ਪੁੱਠੇ ਕਮਲ ਦੇ ਰੂਪ ਵਿੱਚ ਹੈ ਜਿਵੇਂ ਕਿ ਇਹਨਾਂ ਗੱਲਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। ਮਨ ਦੇ ਵਿੱਚੋਂ ਇਹ ਭਰਮਾਂ ਵਾਲੀ ਸਮਝ ਦਾ ਪੜਦਾ ਪ੍ਰਮਾਤਮਾ ਆਪ ਹੀ ਕਿਸੇ ਤੇ ਆਪਣੀ ਸਭ ਤੋਂ ਉੱਚੀ ਕਿਰਪਾ ਕਰਨ ਦੁਆਰਾ ਕਰ ਸਕਦਾ ਹੈ ਤੇ ਤਾਂ ਹੀ ਕੋਈ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾਮ ਨੂੰ ਸਮਝ ਸਕਦਾ ਹੈ, ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਜੋ ਕਿ ਮਨ ਦੇ ਵਿੱਚ ਉਹ ਆਪ ਹੀ ਆਪਣਾ ਚਉਥੇ ਪਦ ਦਾ ਗਿਆਨ ਬਖਸ਼ਣ ਦੁਆਰਾ, ਬ੍ਰਹਮ ਗਿਆਨ ਬਖਸ਼ਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਸਮਝਾਉਂਦਾ ਹੈ। ਪ੍ਰਮਾਤਮਾ ਆਪਣੀ ਇਹ ਕਿਰਪਾ ਕਦੇ ਹੀ ਪੂਰੇ ਸੰਸਾਰ ਦੇ ਵਿੱਚ ਕਿਸੇ ਵਿਰਲੇ ਤੇ ਕਰਦਾ ਹੈ ਜੋ ਕਿ ਉਸ ਦੀ ਆਪਣੀ ਰਜ਼ਾ ਹੈ ਤੇ ਕੋਈ ਸੰਸਾਰ ਵਿੱਚ ਅਰਬਾਂ-ਖਰਬਾਂ ਵਿੱਚੋਂ ਕਦੇ ਕੋਈ ਵਿਰਲਾ ਹੀ ਉਸ ਨੂੰ ਜਾਣ ਸਕਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਤਿਨਾਮੁ ਕੀ ਹੈ ਭਾਵ ਕੇਵਲ ਇੱਕ ਨਾਮੁ ਦਾ ਹੋਣਾ ਹੀ ਸਤਿ ਹੈ। **(ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ॥ ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ ॥੩॥)** ਅੰਗ ੭੩੧

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

“ਕਰਤਾ ਪੁਰਖੁ” “ਕਰਤਾ” ਤੋਂ ਭਾਵ ਹੈ ਸਭ ਪਸਾਰੇ ਦਾ ਰਚਨਹਾਰ ਭਾਵ ਪ੍ਰਮਾਤਮਾ। **“ਪੁਰਖੁ”** ਤੋਂ ਭਾਵ ਹੈ ਸੰਪੂਰਨ (ਪਰਫੈਕਟ) ਜਿਸ ਦੀ ਰਚੀ ਹੋਈ ਰਚਨਾ ਵਿੱਚ ਕੋਈ ਕਮੀ ਹੋ ਹੀ ਨਹੀਂ ਸਕਦੀ।

“ਨਿਰਭਉ” ਇਸ ਤੋਂ ਭਾਵ ਹੈ ਕਿ ਭਉ ਰਹਿਤ ਜਿਸ ਨੂੰ ਕਿਸੇ ਦਾ ਭਉ ਹੋ ਹੀ ਨਹੀਂ ਸਕਦਾ ਭਾਵ ਪ੍ਰਮਾਤਮਾ ਜੋ ਕਿ ਆਪ ਹੀ ਸਭ ਕੁਝ ਹੈ, ਆਪ ਹੀ ਹਰ ਚੀਜ ਦਾ ਮਾਲਕ ਹੈ ਜਿਸ ਕਰਕੇ ਉਸ ਨੂੰ ਕਿਸੇ ਦਾ ਭਉ

47/6182

ਹੋ ਹੀ ਨਹੀਂ ਸਕਦਾ। ਉਹ ਖੁਦ ਹੀ ਭਉ ਦਾ ਮਾਲਕ ਹੈ ਜਿਸ ਕਰਕੇ ਉਹ ਨਿਰਭਉ ਹੈ। ਉਹ ਕਿਸੇ ਦੇ ਅੰਦਰ ਵੀ ਭਉ ਪਾ ਸਕਦਾ ਹੈ ਪਰ ਖੁਦ ਕਦੇ ਭਉ ਵਿੱਚ ਨਹੀਂ ਆ ਸਕਦਾ। ਸਭਦੇ ਮਨ ਵਿੱਚ ਉਹ ਆਪ ਹੀ ਵਰਤਦਾ ਹੈ ਤੇ ਸਭ ਨੂੰ ਭਉ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ। ਪੂਰੀ ਸਾਇੰਸ ਦੇ ਵਿੱਚ ਉਹ ਆਪ ਹੈ ਤੇ ਉਸ ਦੀ ਰਚੀ ਹੋਈ ਸਾਇੰਸ ਨਿਰਭਉ ਹੋ ਕੇ ਵਰਤਦੀ ਹੈ ਜਿਸ ਨੂੰ ਕਿਸੇ ਦਾ ਭਉ ਨਹੀਂ ਹੈ।

“ਨਿਰਵੈਰੁ” ਪ੍ਰਮਾਤਮਾ ਵੈਰ ਰਹਿਤ ਹੈ ਭਾਵ ਉਹ ਕਿਸੇ ਦੇ ਨਾਲ ਵੀ ਵੈਰ ਨਹੀਂ ਕਮਾਉਂਦਾ। ਸਭ ਵਿੱਚ ਉਹ ਆਪ ਹੀ ਹੈ ਤੇ ਉਹ ਆਪਣੇ ਨਾਲ ਵੈਰ ਕਿਵੇਂ ਕਮਾ ਸਕਦਾ ਹੈ। ਪ੍ਰਮਾਤਮਾ ਨੇ ਆਪਣੀ ਸ੍ਰਿਸ਼ਟੀ ਨੂੰ ਚਲਾਉਣ ਲਈ ਆਪ ਹੀ ਸਾਇੰਟਿਫਿਕ ਸਿਸਟਮ ਬਣਾਇਆ ਹੋਇਆ ਹੈ ਭਾਵ ਸੰਸਾਰ ਵਿੱਚ ਸਭ ਕੁਝ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਸਾਇੰਸ ਦੁਆਰਾ ਹੀ ਹੁੰਦਾ ਹੈ। ਸਾਇੰਸ ਕਿਸੇ ਨਾਲ ਵੈਰ ਨਹੀਂ ਕਮਾਉਂਦੀ ਭਾਵ ਪ੍ਰਮਾਤਮਾ ਕਿਸੇ ਦਾ ਜਾਣ ਬੁਝ ਕੇ ਕੋਈ ਨੁਕਸਾਨ ਨਹੀਂ ਕਰਦਾ ਪਰ ਸਾਇੰਸ ਨੂੰ ਆਪਣੇ ਮਾਰਗ ਤੇ ਹੀ ਚੱਲਣਾ ਪੈਂਦਾ ਹੈ ਜਿਸ ਕਰਕੇ ਅਗਰ ਕਿਸੇ ਦਾ ਕੁਝ ਮਾੜਾ ਹੁੰਦਾ ਹੈ ਉਹ ਕੋਈ ਜਾਣ ਬੁਝ ਕੇ ਨਹੀਂ ਕਰਦਾ ਕਿਉਂਕਿ ਸਾਇੰਸ ਆਪਣੇ ਮਾਰਗ ਤੋਂ ਕਦੇ ਹਟ ਨਹੀਂ ਸਕਦੀ। ਸਾਡਾ ਭਲਾ ਵੀ ਸਾਇੰਸ ਹੀ ਕਰਦੀ ਹੈ ਤੇ ਭਲਾ ਕਰਨ ਵਿੱਚ ਵੀ ਸਾਇੰਸ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੀ ਜਿਵੇਂ ਕਿ ਸੂਰਜ ਸਭ ਨੂੰ ਇੱਕੋ ਜਿਹੀ ਰੋਸ਼ਨੀ ਦਿੰਦਾ ਹੈ, ਹਵਾ ਸਭ ਦਾ ਇੱਕੋ ਜਿਹਾ ਭਲਾ ਹੀ ਕਰਦੀ ਹੈ। ਸ੍ਰਿਸ਼ਟੀ ਦੇ ਪੂਰੇ ਨਿਯਮ ਵਿੱਚ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ ਜੋ ਸਭ ਲਈ ਇੱਕੋ ਜਿਹਾ ਹੀ ਵਰਤਦਾ ਹੈ ਭਾਵ ਪ੍ਰਮਾਤਮਾ ਕਿਸੇ ਨਾਲ ਜਾਣ ਬੁਝ ਕੇ ਕੋਈ ਵੈਰ ਨਹੀਂ ਕਮਾਉਂਦਾ। ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸ੍ਰਿਸ਼ਟੀ ਬਹੁਤ ਵੱਡੀ ਹੈ ਤੇ ਇਤਨੀ ਵੱਡੀ ਸ੍ਰਿਸ਼ਟੀ ਨੂੰ ਚਲਾਉਣਾ ਬਹੁਤ ਵੱਡੀ ਗੱਲ ਹੈ ਜਿਸ ਲਈ ਬਹੁਤ ਉੱਚੇ ਗਿਆਨ ਦੀ ਲੋੜ ਹੈ ਤੇ ਗਿਆਨ ਦਾ ਮਾਲਕ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਹੈ। ਸਭ ਕੁਝ ਉਸ ਦੇ ਉੱਚੇ ਗਿਆਨ ਦੁਆਰਾ ਹੀ ਬਣਿਆ ਹੈ, ਉਸ ਦੇ ਉੱਚੇ ਗਿਆਨ ਦੁਆਰਾ ਹੀ ਚੱਲ ਰਿਹਾ ਹੈ ਤੇ ਉਸ ਦੇ ਉੱਚੇ ਗਿਆਨ ਦੁਆਰਾ ਹੀ ਕੋਈ ਵਸਤੂ ਬਿਨਸਦੀ ਹੈ। ਇਹ ਪ੍ਰਮਾਤਮਾ ਦੀ ਬਣਾਈ ਹੋਈ ਖੇਡ ਹੈ ਜਿਸ ਦੁਆਰਾ ਸ੍ਰਿਸ਼ਟੀ ਦੇ ਵਿੱਚ ਹਰ ਆਕਾਰ ਰੂਪ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ ਤਾਂ ਜੋ ਪ੍ਰਮਾਤਮਾ ਦੀ ਇਹ ਖੇਡ ਚਲਦੀ ਰਹੇ। ਪ੍ਰਮਾਤਮਾ ਹਰ ਵਸਤੂ ਦੇ ਅੰਦਰ

47/6183

ਨਿਰਵੈਰ ਰੂਪ ਵਿੱਚ ਹੀ ਵਰਤਦਾ ਹੈ। ਪ੍ਰਮਾਤਮਾ ਨੂੰ ਤਾਂ ਕਿਸੇ ਦੇ ਨਾਲ ਵੈਰ ਨਹੀਂ ਹੈ ਤੇ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਆਪਣੇ ਗੁਰੂ ਰੂਪ ਰਾਹੀਂ ਕਿਸੇ ਨਾਲ ਵੈਰ ਨਾ ਕਮਾਉਂਣਾ ਹੀ ਸਿਖਾਉਂਦਾ ਹੈ। ਗੁਰੂ ਸਾਨੂੰ ਜੋ ਸਮਝਾਉਦਾ ਹੈ ਉਸਦੀ ਗੱਲ ਨੂੰ ਨਾ ਮੰਨਣਾ ਗੁਰੂ ਨਾਲ ਵੈਰ ਕਮਾਉਂਣਾ ਹੈ, ਪ੍ਰਮਾਤਮਾ ਨਾਲ ਵੈਰ ਕਮਾਉਣਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੈ। ਗੁਰੂ ਪ੍ਰਮਾਤਮਾ ਨਾਲ ਵੈਰ ਕਮਾਉਣ ਕਰਕੇ ਉਸ ਦੀਆਂ ਸਜਾਵਾਂ ਵੀ ਭੁਗਤਣੀਆਂ ਪੈਂਦੀਆਂ ਹਨ ਜੋ ਕਿ ਮਨੁੱਖ ਇਸੇ ਸਰੀਰ ਵਿੱਚ ਰਹਿੰਦੇ ਹੋਏ ਸੰਸਾਰ ਦੇ ਵਿੱਚ ਹੀ ਭੋਗਦਾ ਹੈ। ਸਜਾਵਾਂ ਤਾਂ ਅਸੀਂ ਆਪਣੇ ਮਾੜੇ ਕਰਮਾਂ ਦੀਆਂ ਹੀ ਭੋਗਦੇ ਹਾਂ ਇਸ ਵਿੱਚ ਸਜਾਵਾਂ ਦੇਣ ਵਾਲੇ ਦਾ ਭਾਵ ਪ੍ਰਮਾਤਮਾ ਦਾ ਕੋਈ ਦੋਸ਼ ਨਹੀਂ। ਗੁਰਮਤਿ ਦੇ ਉਲਟ ਚਲਕੇ ਅਸੀਂ ਗੁਰੂ ਰੂਪ ਸੰਤ ਦੇ ਦੋਖੀ ਬਣਦੇ ਹਾਂ ਭਾਵ ਗੁਰੂ ਨੂੰ ਦੁਖ ਦਿੰਦੇ ਹਾਂ ਤੇ ਉਸ ਦੀਆਂ ਸਜਾਵਾਂ ਵੀ ਮਨੁੱਖ ਨੂੰ ਭੁਗਤਣੀਆਂ ਹੀ ਪੈਂਦੀਆਂ ਹਨ ਜਿਵੇਂ ਬਾਣੀ ਦੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਪ੍ਰਮਾਤਮਾ ਆਪ ਨਿਰਵੈਰ ਹੀ ਹੈ ਪਰ ਅਸੀਂ ਸਜਾਵਾਂ ਮਾੜੇ ਕਰਮਾਂ ਕਰਕੇ ਹੀ ਭੋਗਦੇ ਹਾਂ, ਗੁਰਮਤਿ ਦੇ ਉਲਟ ਚੱਲਣ ਕਰਕੇ ਹੀ ਭੋਗਦੇ ਹਾਂ ਤੇ ਇਸੇ ਲਈ ਬਾਣੀ ਸਾਨੂੰ ਬਾਰ-ਬਾਰ ਸਮਝਾਉਂਦੀ ਹੈ ਤੇ ਗੁਰੂ ਦੀ ਮਤਿ ਨੂੰ ਧਿਆਨ ਨਾਲ ਸਮਝੋ ਤੇ ਉਸ ਤੇ ਅਮਲ ਕਰੋ ਭਾਵ ਅਸਲ ਮਾਰਗ ਤੇ ਚਲੋ ਤੇ ਉਹਨਾਂ ਦੀਆਂ ਗੱਲਾਂ ਵਿੱਚ ਨਾ ਆਵੋ ਜੋ ਸਾਨੂੰ ਭਗਤੀ ਦੇ ਗਲਤ ਤਰੀਕੇ ਸਮਝਾਉਂਦੇ ਹਨ, ਗਲਤ ਨਾਮ ਜਪਣਾ ਸਮਝਾਉਦੇ ਹਨ। ਉਹ ਆਪ ਵੀ ਗੁਰੂ ਦੇ ਦੋਖੀ ਬਣਦੇ ਹਨ ਤੇ ਉਹਨਾਂ ਦੇ ਪਿੱਛੇ ਲੱਗ ਕੇ ਅਸੀਂ ਵੀ ਗੁਰੂ ਦੇ ਭਾਵ ਗੁਰਮਤਿ ਦੇ ਦੋਖੀ ਬਣਦੇ ਹਾਂ ਭਾਵ ਉਹੋ ਜਿਹੇ ਨਾਸਮਝ ਮਤਿ ਦੇਣ ਵਾਲੇ ਆਪ ਵੀ ਪ੍ਰਮਾਤਮਾ ਦੀਆਂ ਸਜਾਵਾਂ

ਦੇ ਭਾਗੀ ਬਣਦੇ ਹਨ ਤੇ ਨਾਲ ਦੂਸਰਿਆਂ ਨੂੰ ਵੀ ਬਣਾਉਂਦੇ ਹਨ। ਆਉ ਉਸ ਨਿਰਵੈਰ ਗੁਰੂ, ਪ੍ਰਮਾਤਮਾ ਦੀ ਮਤਿ ਨਾਲ ਜੁੜੀਏ ਤੇ ਉਹੋ ਜਿਹਾ ਜੀਵਨ ਬਣਾਈਏ ਜਿਹੋ ਜਿਹਾ ਜੀਵਨ ਜਿਉਣਾ ਸਾਨੂੰ ਨਿਰਵੈਰ ਗੁਰੂ ਸਮਝਾਉਦਾ ਹੈ ਤੇ ਉਸ ਦੇ ਨਾਲ ਵੈਰ ਕਮਾਉਂਣ ਤੋਂ ਬਚੀਏ।

{ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ ॥
ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥
ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ ॥
ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥
ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ ॥੨॥}

(ਅੰਗ ੩੦੨)

{ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥ ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥
ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥

(ਅੰਗ ੩੦੬)

47/6184

{ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥੧॥}

(ਅੰਗ ੧੨੨੦)

{ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥ ਨਾਵਹੁ ਭੂਲੇ ਦੇਇ ਸਜਾਏ ॥
ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥}

(ਅੰਗ ੧੨੭)

{ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ॥ ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥੧॥}

(ਅੰਗ ੧੬੨)

{ਡਾਲੀ ਲਾਗੈ ਨਿਹਫਲੁ ਜਾਇ ॥ ਅੰਧੀ ਕੰਮੀ ਅੰਧ ਸਜਾਇ ॥ ਮਨਮੁਖੁ ਅੰਧਾ ਠਉਰ ਨ ਪਾਇ ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥੨॥}

(ਅੰਗ ੩੬੨)

{ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੂਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥}

(ਅੰਗ ੬੦੦)

{ਸਤਿਗੁਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੈ ਜਾਇ॥ ਜਮ ਪੁਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥੩॥}

(ਅੰਗ ੯੯੪)

{ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ ॥
ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ ॥੩॥}

(ਅੰਗ ੯੯੬)

{ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੇ ਰਖੈ ਨਾਵਾਲਿ ॥ ਕੁੰਗੂ ਚੰਨਣੁ ਫੁਲ ਚੜਾਏ ॥
ਪੈਰੀ ਪੈ ਪੈ ਬਹੁਤੁ ਮਨਾਏ ॥ ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥ ਅੰਧੀ ਕੰਮੀ ਅੰਧ ਸਜਾਇ ॥
ਭੁਖਿਆ ਦੇਇ ਨ ਮਰਦਿਆ ਰਖੈ ॥ ਅੰਧਾ ਝਗੜਾ ਅੰਧੀ ਸਥੈ ॥੧॥}

(ਅੰਗ ੧੨੪੦-੧੨੪੧)

{ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥
ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥}

(ਅੰਗ ੧੨੫੬)

{ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥ ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥}

(ਅੰਗ ੧੧੫੫)

{ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}

(ਅੰਗ ੪੧੯)

{ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥
ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥}

(ਅੰਗ ੪੧੯)

{ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥ ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥}

(ਅੰਗ ੧੩੮੦)

{ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥ ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥
ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥੪੦॥}

(ਅੰਗ ੧੩੭੯)

{ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥ ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥੨॥
ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥ ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥੩॥}

(ਅੰਗ ੧੩੩੧)

{ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ ਅਵਰੀ ਕਉ ਚਿਤੁ ਲਾਇ ॥
ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ ॥੧॥}

(ਅੰਗ ੪੦੯)

47/6185

{ਸੰਤ ਕੈ ਦੂਖਨਿ ਆਰਜਾ ਘਟੈ ॥ ਸੰਤ ਕੈ ਦੂਖਨਿ ਜਮ ਤੇ ਨਹੀ ਛੂਟੈ ॥ ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥ ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ ਸੋਭਾ ਤੇ ਹੀਨ ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥ ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥੧॥}

(ਅੰਗ ੨੭੯)

"ਅਕਾਲ ਮੂਰਤਿ" "ਅਕਾਲ" ਤੋਂ ਭਾਵ ਹੈ ਕਾਲ ਰਹਿਤ ਭਾਵ ਪ੍ਰਮਾਤਮਾ। ਸਮਝਣ ਦੀ ਲੋੜ ਕਾਲ ਨੂੰ ਹੈ ਕਿ ਕਾਲ ਕਿਸਨੂੰ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਨੂੰ ਸ਼ਬਦਾਂ ਰਾਹੀਂ ਸਮਝਿਆ ਹੈ। ਹਰ ਆਕਾਰ ਰੂਪ ਬਿਨਸਨਹਾਰ ਹੈ ਭਾਵ ਕਾਲ ਦੇ ਵੱਸ ਹੈ ਤੇ ਕਦੇ ਨਾ ਬਿਨਸਨਵਾਲਾ ਨਿਰੰਕਾਰ ਰੂਪ ਹੈ। ਨਿਰੰਕਾਰ ਰੂਪ ਕੇਵਲ ਗਿਆਨ ਹੈ ਜੋ ਕਦੇ ਨਹੀਂ ਬਿਨਸਦਾ। ਨਿਰੰਕਾਰ ਰੂਪ ਕੇਵਲ ਪ੍ਰਮਾਤਮਾ ਆਪ ਹੈ ਜੋ ਹਰ ਗਿਆਨ ਦਾ ਮਾਲਕ ਹੈ। ਪ੍ਰਮਾਤਮਾ ਆਪਣੀ ਜੋਤਿ ਦੇ ਰੂਪ ਵਿੱਚ ਨਿਰੰਕਾਰ ਰੂਪ ਹੈ ਤੇ ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਆਪਣੀ ਜੋਤਿ ਰੂਪ ਦੇ ਵਿੱਚ ਹੀ ਹੈ ਤੇ ਜੋਤਿ ਕਦੇ ਬਿਨਸ ਨਹੀਂ ਸਕਦੀ। ਆਪਣੇ ਨਿਰੰਕਾਰ ਰੂਪ ਦੀ ਮਿਸਾਲ, ਜੋਤਿ ਰੂਪ ਦੀ ਮਿਸਾਲ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਭਾਵ ਅਕਾਲ ਹੋਣ ਦੀ ਇੱਕੋ ਇੱਕ **"ਮੂਰਤਿ"** ਪ੍ਰਮਾਤਮਾ ਆਪ ਹੀ ਹੈ ਭਾਵ ਇੱਕੋ ਇੱਕ ਰੂਪ ਆਪਣਾ ਉਹ ਆਪ ਹੀ ਹੈ। ਕੋਈ ਮਿਸਾਲ ਦੇਣ ਲਈ ਕਿ ਕੋਈ ਕਿਹੋ ਜਿਹਾ ਹੈ ਉਸ ਦੀ ਸਭ ਤੋਂ ਵਧੀਆ ਮਿਸਾਲ ਉਸ ਦੀ ਆਪਣੀ ਮੂਰਤਿ ਹੁੰਦੀ ਹੈ। ਇਸੇ ਤਰ੍ਹਾਂ ਆਪਣੇ ਅਕਾਲ ਰੂਪ ਦੀ ਪ੍ਰਮਾਤਮਾ ਆਪ ਹੀ ਆਪਣੀ ਮੂਰਤਿ ਹੈ ਭਾਵ ਇੱਕੋ ਇੱਕ ਮਿਸਾਲ ਹੈ ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਅਕਾਲ ਮੂਰਤਿ ਨਹੀਂ ਹੈ।

"ਅਜੂਨੀ" ਬਾਣੀ ਵਿੱਚ ਬਾਰ-ਬਾਰ ਜੂਨਾਂ ਦੀ ਗੱਲ ਆਉਂਦੀ ਹੈ ਤੇ ਨਾਲ ਇਹ ਵੀ ਗੱਲ ਆਉਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜੂਨਾਂ ਨੂੰ ਸਮਝਣ ਵਿੱਚ ਵੱਡਾ ਭਰਮ ਹੈ ਤੇ ਜੂਨਾਂ ਕੀ ਹਨ ਇਸ ਗੱਲ ਨੂੰ ਬਾਣੀ ਰਾਹੀਂ ਸਾਰੇ ਸੰਸਾਰ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਰਾਹੀਂ ਬਰੀਕੀ ਨਾਲ ਸਮਝਾਇਆ ਹੋਇਆ ਹੈ। ਜੋ ਵੀ ਜੂਨ ਹੈ ਉਹ ਆਕਾਰ ਰੂਪ ਹੈ ਜਿਸਨੂੰ ਅਸੀਂ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਜਦ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਮਨੁੱਖ ਦਾ ਆਵਾਗਉਂਣ ਕੀ ਹੈ ਇਸ ਗੱਲ ਨੂੰ ਵੀ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ ਜੋ ਕਿ ਸਾਡੇ ਮਨ ਦੀ ਭਰਮਾਂ ਵਾਲੀ ਸਮਝ ਦਾ ਨਤੀਜਾ ਹੈ ਜਿਸ ਭਰਮ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ। ਅਸੀਂ ਇਸ ਗੱਲ ਨੂੰ ਵੀ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਸੰਸਾਰ ਵਿੱਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ ਭਾਵ ਸਰੀਰ ਦਾ ਜਮਣ ਮਰਨ ਸਾਡਾ ਭਰਮ ਹੈ ਕਿਉਂਕਿ ਅਸਲ ਵਿੱਚ ਸਭ ਕੁਝ

47/6186

ਪ੍ਰਮਾਤਮਾ ਆਪ ਹੀ ਹੈ ਜੋ ਇਸ ਸੰਸਾਰ ਦੀ ਸਭ ਤੋਂ ਵੱਡੀ ਸਚਾਈ ਹੈ ਪਰ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆ ਸਕਦਾ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਸਾਨੂੰ ਸੱਚ ਹੀ ਸਮਝਾਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਹਰ ਆਕਾਰ ਰੂਪ ਜਿਸ ਨੂੰ ਅਸੀਂ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਇਹ ਉਸ ਨੂੰ ਜੂਨ ਵਿੱਚ ਸਮਝਣ ਵਾਲੀ ਗੱਲ ਹੈ। ਹਰ ਆਕਾਰ ਦਾ ਮਾਲਕ ਹੁੰਦੇ ਹੋਏ ਵੀ ਪ੍ਰਮਾਤਮਾ, ਹਰ ਜੂਨ ਰੂਪ ਦਾ ਮਾਲਕ ਹੁੰਦੇ ਹੋਏ ਵੀ ਪ੍ਰਮਾਤਮਾ ਆਪ ਅਜੂਨੀ ਹੈ ਕਿਉਂਕਿ ਜਮਣ ਮਰਨ ਇੱਕ ਭਰਮ ਹੀ ਹੈ। ਕਿਸੇ ਵੀ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਉਸ ਨੂੰ ਜੂਨ ਵਿੱਚ ਸਮਝਣ ਵਾਲੀ ਗੱਲ ਹੈ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਸਾਡੀ ਜੂਨ ਹੈ। ਸਾਡੇ ਭਰਮਾਂ ਵਾਲੇ ਵਿਚਾਰ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਇਹ ਭਰਮਾਂ ਵਾਲੇ ਵਿਚਾਰ ਸਾਨੂੰ ਬਾਰ-ਬਾਰ ਜੂਨਾਂ ਵਿੱਚ ਪਾਉਂਦੇ ਰਹਿੰਦੇ ਹਨ ਕਿਉਂਕਿ ਇਹ ਵਿਚਾਰ ਸਾਡੇ ਅੰਦਰ ਉਪਜਦੇ ਹੀ ਰਹਿੰਦੇ ਹਨ।

{ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥੩॥
ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਮਲੁ ਹਉਮੈ ਬਿਖਿਆ ਸਭ ਨਿਵਾਰੀ ॥
ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥}

(ਅੰਗ ੯੫)

{ਭਾਣੈ ਉਝੜ ਭਾਣੈ ਰਾਹਾ ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥
ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ ॥੨॥}

(ਅੰਗ ੯੮)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥}

(ਅੰਗ ੧੨੮)

{ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥}

(ਅੰਗ ੧੯੫)

{ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥}

(ਅੰਗ ੨੨੯)

{ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥ ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥
ਹਰਿ ਪ੍ਰਭੁ ਆਪਿ ਦਇਆਲ ਹੋਹਿ ਤਾਂ ਸਤਿਗੁਰੁ ਮਿਲਿਆ ਆਇ ॥
ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥੧॥}

(ਅੰਗ ੩੧੩)

{ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥ ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥
ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥ ਸਚੁ ਨਾਮੁ ਜਾ ਨਵ ਨਿਧਿ ਪਾਈ ॥
ਰੋਵੈ ਪੂਤੁ ਨ ਕਲਪੈ ਮਾਈ ॥੨॥ ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥ ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥
ਨਾ ਮੋਹੁ ਤੂਟੈ ਨਾ ਥਾਇ ਪਾਹਿ॥੫॥ ਨਦਰਿ ਕਰੇ ਤਾ ਏਹੁ ਮੋਹੁ ਜਾਇ॥ ਨਾਨਕ ਹਰਿ ਸਿਉ ਰਹੈ ਸਮਾਇ॥੬॥੨੩॥}

(ਅੰਗ ੩੫੬)

{ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥}

(ਅੰਗ ੪੩੪)

{ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥ ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ॥}

(ਅੰਗ ੪੪੧)

{ਆਵਹਿ ਸਚੇ ਜਾਵਹਿ ਸਚੇ ਫਿਰਿ ਜੂਨੀ ਮੂਲਿ ਨ ਪਾਹਿ ॥
ਗੁਰਮੁਖਿ ਦਰਿ ਸਾਚੈ ਸਚਿਆਰ ਹਹਿ ਸਾਚੇ ਮਾਹਿ ਸਮਾਹਿ ॥੫॥}

(ਅੰਗ ੫੬੫)

{ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥
ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥ ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥
ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧॥}

(ਅੰਗ ੫੯੧)

47/6187

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥}

(ਅੰਗ ੮੮)

{ਸਤਿਗੁਰੁ ਜਿਨਾ ਨ ਸੇਵਿਓ ਸਬਦਿ ਨ ਲਗੋ ਪਿਆਰੁ ॥ ਸਹਜੇ ਨਾਮੁ ਨ ਧਿਆਇਆ ਕਿਤੁ ਆਇਆ ਸੰਸਾਰਿ॥
ਫਿਰਿ ਫਿਰਿ ਜੂਨੀ ਪਾਈਐ ਵਿਸਟਾ ਸਦਾ ਖੁਆਰੁ ॥ ਕੂੜੈ ਲਾਲਚਿ ਲਗਿਆ ਨਾ ਉਰਵਾਰੁ ਨ ਪਾਰੁ ॥
ਨਾਨਕ ਗੁਰਮੁਖਿ ਉਬਰੇ ਜਿ ਆਪਿ ਮੇਲੇ ਕਰਤਾਰਿ ॥੨॥}

(ਅੰਗ ੫੧੨)

{ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥੩॥}

(ਅੰਗ ੭੩੨)

{ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥
ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥}

(ਅੰਗ ੭੬੯)

{ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥ ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥੨੦॥}

(ਅੰਗ ੯੩੨)

{ਗੁਰਮੁਖਿ ਉਪਜੈ ਸਾਚਿ ਸਮਾਵੈ ॥ ਨਾ ਮਰਿ ਜੰਮੈ ਨ ਜੂਨੀ ਪਾਵੈ ॥
ਗੁਰਮੁਖਿ ਸਦਾ ਰਹਹਿ ਰੰਗਿ ਰਾਤੇ ਅਨਦਿਨੁ ਲੈਦੇ ਲਾਹਾ ਹੇ ॥੧੩॥}

(ਅੰਗ ੧੦੫੫)

{ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥

ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥
ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥੧੫॥}

(ਅੰਗ ੧੨੪੩)

{ਅਜਰੁ ਜਰੈ ਤ ਨਉ ਕੁਲ ਬੰਧੁ ॥ ਪੂਜੈ ਪ੍ਰਾਣ ਹੋਵੈ ਥਿਰੁ ਕੰਧੁ ॥
ਕਹਾਂ ਤੇ ਆਇਆ ਕਹਾਂ ਏਹੁ ਜਾਣੁ ॥ ਜੀਵਤ ਮਰਤ ਰਹੈ ਪਰਵਾਣੁ ॥
ਹੁਕਮੈ ਬੂਝੈ ਤਤੁ ਪਛਾਣੈ ॥ ਇਹੁ ਪਰਸਾਦੁ ਗੁਰੂ ਤੇ ਜਾਣੈ ॥
ਹੋਂਦਾ ਫੜੀਅਗੁ ਨਾਨਕ ਜਾਣੁ ॥ ਨਾ ਹਉ ਨਾ ਮੈ ਜੂਨੀ ਪਾਣੁ ॥੨॥}

(ਅੰਗ ੧੨੮੯)

{ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ ॥
ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥੨॥}

(ਅੰਗ ੧੩੯੮)

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੮੮੫)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥}

(ਅੰਗ ੯੯੯)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}

(ਅੰਗ ੭੫੨)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥
ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ ੧੦੦੩)

{ਹੁਕਮੇ ਆਵਣੁ ਜਾਣੁ ਰਹਾਏ ॥ ਨਾਨਕ ਜਾ ਕਉ ਭਗਤੀ ਲਾਏ ॥੨॥}

(ਅੰਗ ੯੬੨)

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥}

(ਅੰਗ ੧੩੯)

{ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥}

(ਅੰਗ ੧੦੯)

{ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥}

(ਅੰਗ ੯੩੪)

47/6188

{ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥ ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥੧॥}

(ਅੰਗ ੧੧੩੨)

{ਗੁਰਮੁਖਿ ਜਾਤਾ ਕਰਮਿ ਬਿਧਾਤਾ ॥ ਜੁਗ ਚਾਰੇ ਗੁਰ ਸਬਦਿ ਪਛਾਤਾ ॥
ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ ॥੧੦॥}

(ਅੰਗ ੧੦੫੪-੧੦੫੫)

{ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ॥}

(ਅੰਗ ੧੪੧੨)

"ਸੈਭੰ" ਪ੍ਰਮਾਤਮਾ ਖੁਦ ਆਪਣੇ ਆਪ ਹੀ ਬਣਿਆ ਹੈ ਭਾਵ ਉਹ ਕਿਸੇ ਦੇ ਬਨਾਣ ਨਾਲ ਨਹੀਂ ਬਣਿਆ। ਪ੍ਰਮਾਤਮਾ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਉਸਦੇ ਆਪਣੇ ਬਣਾਏ ਹੋਏ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ, ਜੋਤਿ ਰੂਪ ਹੈ ਤੇ ਆਪਣੇ ਇਸੇ ਰੂਪ ਦੁਆਰਾ ਹੀ ਉਸ ਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਜਿਸ ਕਰਕੇ ਉਹ ਹਰ ਆਕਾਰ ਰੂਪ ਦਾ ਆਪ ਹੀ ਮਾਲਕ ਹੈ ਤੇ ਸਭ ਕੁਝ ਆਪੇ ਆਪ ਹੀ ਹੈ। ਪੂਰੀ ਸਾਇੰਸ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸ ਸਾਇੰਸ ਦੀ ਰਚਨਾ ਬ੍ਰਹਮ ਤੋਂ ਹੀ ਹੋਈ ਹੈ ਭਾਵ ਉਸ ਦੇ ਆਪਣੇ ਆਪ ਤੋਂ ਹੀ ਹੋਈ ਹੈ। ਪ੍ਰਮਾਤਮਾ ਸਭ ਵਿੱਚ ਆਪਣੇ ਨਾਮ ਦੇ ਰੂਪ ਵਿੱਚ ਹੈ ਜੋ ਕਿ ਉਸ ਦਾ ਬ੍ਰਹਮ ਗਿਆਨ ਰੂਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਸ ਪੂਰੀ ਸ੍ਰਿਸ਼ਟੀ ਦੀ ਰਚਨਾ ਪ੍ਰਮਾਤਮਾ ਦੇ ਬ੍ਰਹਮ ਗਿਆਨ ਦੁਆਰਾ ਹੀ ਹੋਈ ਹੈ ਭਾਵ ਉਸ ਦੇ ਨਾਮ ਦੁਆਰਾ ਹੀ ਹੋਈ ਹੈ। ਪ੍ਰਮਾਤਮਾ ਦਾ ਨਾਮ ਉਸ ਦਾ ਨਿਰੰਕਾਰ ਰੂਪ ਹੈ ਜਿਸ ਨਿਰੰਕਾਰ ਰੂਪ ਦੁਆਰਾ ਉਸ ਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਉਸ ਦਾ ਬ੍ਰਹਮ ਗਿਆਨ ਰੂਪ ਹੀ ਹੈ ਭਾਵ ਨਾਮ ਰੂਪ ਹੀ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥}

(ਅੰਗ ੧੦੬੬)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

"ਗੁਰ ਪ੍ਰਸਾਦਿ"

"ਗੁਰ ਪ੍ਰਸਾਦਿ" ਤੋਂ ਭਾਵ ਹੈ ਗੁਰੂ ਦੇ ਪ੍ਰਸਾਦਿ ਦੁਆਰਾ। ਗੁਰੂ ਦਾ ਪ੍ਰਸਾਦਿ ਕੀ ਹੁੰਦਾ ਹੈ ਇਸ ਨੂੰ ਸਮਝਣ ਦੀ ਲੋੜ ਹੈ। ਗੁਰੂ ਗੁਰਬਾਣੀ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੀ ਗੁਰੂ ਹੈ ਜਿਵੇਂ ਕਿ ਪਿੱਛੇ ਅਸੀਂ

47/6189

ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਬਾਰ-ਬਾਰ ਸਮਝਦੇ ਆ ਰਹੇ ਹਾਂ। ਪੂਰੀ ਗੁਰਬਾਣੀ ਵਿੱਚ ਗੁਰੂ ਦਾ ਪਾਇਆ ਹੋਇਆ ਪ੍ਰਸਾਦਿ ਹੀ ਹੈ। ਗੁਰੂ ਦਾ ਇਹ ਪ੍ਰਸਾਦਿ ਸਾਰੇ ਸੰਸਾਰ ਦੇ ਛੱਕਣ ਲਈ ਹੀ ਹੈ ਜੋ ਪ੍ਰਸਾਦਿ ਪੂਰੀ ਗੁਰਬਾਣੀ ਵਿੱਚ ਗੁਰਮਤਿ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਸੱਚ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਇਸ ਪ੍ਰਸਾਦਿ ਨੂੰ ਭਾਵ ਗੁਰੂ ਪ੍ਰਮਾਤਮਾ ਦੇ ਇਸ ਭੋਜਨ ਨੂੰ ਸਾਡੇ ਮਨ ਨੇ ਛੱਕਣਾ ਹੈ ਭਾਵ ਸਾਡੇ ਮਨ ਦੀ ਸਮਝ ਨੇ ਛੱਕਣਾ ਹੈ। ਇਹ ਭੋਜਨ ਪ੍ਰਮਾਤਮਾ ਦੀ ਚਉਥੇ ਪਦ ਦੇ ਗਿਆਨ ਵਾਲੀ ਸਮਝ ਦਾ ਭੋਜਨ ਹੈ ਜਿਸ ਨੂੰ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਨੇ ਛੱਕਣਾ ਹੈ ਤੇ ਇਸ ਭੋਜਨ ਨੂੰ ਛੱਕਣ ਦਾ ਮਕਸਦ ਆਪਣੀ ਤ੍ਰੈ ਗੁਣਾਂ ਵਾਲੀ ਸਮਝ ਨੂੰ, ਹਉਮੈ ਵਾਲੀ ਸਮਝ ਨੂੰ, ਮਾਇਆ ਮੋਹ ਵਾਲੀ ਸਮਝ ਨੂੰ ਭਾਵ ਭਰਮਾਂ ਵਾਲੀ ਨੀਵੀਂ ਸਮਝ ਨੂੰ ਗੁਰੂ ਦੀ ਸੱਚੀ ਸਮਝ ਦੇ ਨਾਲ ਇੱਕ ਕਰਨਾ ਹੈ ਭਾਵ ਆਪਣੀ ਮਨਮਤਿ ਨੂੰ ਗੁਰਮਤਿ ਦੇ ਨਾਲ ਇੱਕ ਕਰਨਾ ਹੈ ਭਾਵ ਆਪਣੀ ਸੁਰਤਿ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਨਾਲ ਇੱਕ ਕਰਨਾ ਹੈ ਤਾਂ ਜੋ ਗੁਰੂ ਦਾ ਇਹ ਪ੍ਰਸਾਦਿ ਛੱਕ ਕੇ ਉਹ ਕੁਝ ਕਰੀਏ ਜੋ ਕੁਝ ਗੁਰੂ ਸਮਝਾਉਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਨੂੰ ਸਮਝਕੇ ਆਪਣੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਉਹੋ ਜਿਹੇ ਧਰਮ ਦੇ ਮਾਰਗ ਤੇ ਚਲੀਏ, ਉਹੋ ਜਿਹਾ ਭਗਤੀ ਦਾ ਮਾਰਗ ਅਪਣਾਈਏ ਜਿਹੋ ਜਿਹਾ ਗੁਰੂ ਸਾਨੂੰ ਆਪਣੇ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਜੋ ਮਾਰਗ ਮਨ ਦੇ ਮਾੜੇ ਵਿਚਾਰਾਂ ਨੂੰ ਤਿਆਗ ਕੇ, ਅਉਗੁਣਾਂ ਨੂੰ ਤਿਆਗ ਕੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਤਿਆਗ ਕੇ, ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਨਾਉਣ ਦਾ ਹੈ ਜਿਸ ਨੂੰ ਸ਼ਬਦਾਂ ਰਾਹੀਂ ਨਾਮ ਜਪਣਾ ਆਖਿਆ ਹੈ ਜਿਸ ਨਾਮ ਜੱਪਣ ਦਾ ਮਕਸਦ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਵਿਚਾਰਨ ਦਾ ਹੈ, ਗੁਰਮਤਿ ਵਾਲੇ ਵਿਚਾਰਾਂ ਦੁਆਰਾ ਵਿਚਰਨ ਦਾ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਦਾ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਕਿਸੇ ਦਾ ਮਾੜਾ ਨਾ ਕਰੀਏ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦਾ ਇਹ ਪ੍ਰਸਾਦਿ ਛੱਕੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਨੂੰ ਮੰਨੇ ਬਿਨ੍ਹਾਂ ਨਾ ਕੋਈ ਭਗਤੀ ਦੇ ਮਾਰਗ ਤੇ ਪੂਰਾ ਉਤਰ ਸਕਦਾ ਹੈ ਜਿਸ ਦਾ ਕਿ ਅਸੀਂ ਸੱਚੇ ਦਿਲੋਂ ਉਦੱਮ ਹੀ ਕਰਨਾ ਹੈ ਜਿਸ ਸੱਚੇ ਉਦੱਮ ਦੁਆਰਾ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜੋ ਕਿ ਸਾਡੇ ਜੀਵਨ ਦਾ ਅਸਲ ਮਕਸਦ ਹੈ। ਪ੍ਰਮਾਤਮਾ ਕੋਲੋਂ ਇਹ ਪ੍ਰਸਾਦਿ ਲੈਣਾ ਬਹੁਤ ਔਖਾ ਹੈ

47/6190

ਕਿਉਂਕਿ ਸਾਡੀ ਸਮਝ ਸਾਡੇ ਵੱਸ ਨਹੀਂ ਹੈ ਪਰ ਇਸ ਪ੍ਰਸਾਦਿ ਨੂੰ ਲੈਣ ਲਈ ਉਦੱਮ ਕਰਨਾ ਸਾਡਾ ਹੀ ਫਰਜ਼ ਹੈ ਜਿਵੇਂ ਕਿ ਸ਼ਬਦਾਂ

ਰਾਹੀਂ ਸਾਨੂੰ ਬਾਰ-ਬਾਰ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਉਸ ਦਾ ਪ੍ਰਸਾਦਿ ਮਿਲਣ ਦੁਆਰਾ ਹੀ ਹੁੰਦਾ ਹੈ ਜੋ ਪ੍ਰਸਾਦਿ ਉਹ ਮਨ ਦੇ ਵਿੱਚ ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ ਹੀ ਦਿੰਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਵੇਂ ਕਿ ਉਸ ਨੇ ਆਪਣਾ ਇਹ ਪ੍ਰਸਾਦਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੇ ਮਨ ਵਿੱਚ ਦਿੱਤਾ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਦੇ ਕੋਲੋਂ ਇਹ ਮਨ ਦੀ ਉੱਚੀ ਸਮਝ ਦਾ ਪ੍ਰਸਾਦਿ ਮਿਲਿਆ ਹੈ ਭਾਵ ਚਉਥੇ ਪਦ ਦੇ ਗਿਆਨ ਦਾ ਪ੍ਰਸਾਦਿ ਮਿਲਿਆ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਇਹ ਪ੍ਰਸਾਦਿ ਪਾਇਆ ਹੈ, ਨਾਮ ਰੂਪ, ਬ੍ਰਹਮ ਗਿਆਨ ਰੂਪ ਭੋਜਨ ਪਾਇਆ ਹੈ ਜੋ ਕਿ ਸਾਰੇ ਸੰਸਾਰ ਦੇ ਛੱਕਣ ਲਈ ਪਾਇਆ ਹੈ ਜਿਸ ਨੂੰ ਛੱਕ ਕੇ ਸੰਸਾਰ ਦਾ ਕੋਈ ਵੀ ਮਨੁੱਖ ਪ੍ਰਮਾਤਮਾ ਨੂੰ ਪਾਉਂਣ ਦਾ ਭਾਵ ਉਸ ਦੇ ਨਾਲ ਮੇਲ ਕਰਨ ਦਾ ਸੱਚਾ ਉਦੱਮ ਕਰ ਸਕਦਾ ਹੈ ਤੇ ਉਸ ਦੀ ਕ੍ਰਿਪਾ ਦਾ ਪਾਤਰ ਬਣ ਸਕਦਾ ਹੈ।

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥ ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥}

(ਅੰਗ ੬੪੫)

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ ੧੪੨੯)

{ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥
ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥}

(ਅੰਗ ੬੬੧)

{ਤੁਧੁ ਜੇਵਡੁ ਦਾਤਾ ਨਾਹਿ ਕਿਸੁ ਆਖਿ ਸੁਣਾਈਐ ॥ ਗੁਰ ਪਰਸਾਦੀ ਪਾਇ ਜਿਥਹੁ ਹਉਮੈ ਜਾਈਐ ॥
ਰਸ ਕਸ ਸਾਦਾ ਬਾਹਰਾ ਸਚੀ ਵਡਿਆਈਐ ॥ ਜਿਸ ਨੋ ਬਖਸੇ ਤਿਸੁ ਦੇਇ ਆਪਿ ਲਏ ਮਿਲਾਈਐ ॥
ਘਟ ਅੰਤਰਿ ਅੰਮ੍ਰਿਤੁ ਰਖਿਓਨੁ ਗੁਰਮੁਖਿ ਕਿਸੈ ਪਿਆਈ ॥੯॥}

(ਅੰਗ ੯੫੧)

{ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥ ਆਪੇ ਸਚਾ ਸਬਦਿ ਮਿਲਾਏ ॥
ਸਬਦੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ ੧੦੬੬)

{ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥ ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥}

(ਅੰਗ ੨੬੯)

{ਸਰਨਿ ਜੋਗੁ ਸੁਨਿ ਸਰਨੀ ਆਏ ॥ ਕਰਿ ਕਿਰਪਾ ਪ੍ਰਭ ਆਪ ਮਿਲਾਏ ॥ ਮਿਟਿ ਗਏ ਬੈਰ ਭਏ ਸਭ ਰੇਨ ॥
ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥ ਸੁਪ੍ਰਸੰਨ ਭਏ ਗੁਰਦੇਵ ॥ ਪੂਰਨ ਹੋਈ ਸੇਵਕ ਕੀ ਸੇਵ ॥
ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ ਕਹਤੇ ॥
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ ਨਾਨਕ ਨਿਬਹੀ ਖੇਪ ਹਮਾਰੀ ॥੪॥}

(ਅੰਗ ੨੯੫)

{ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥ ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ ॥੧੫॥}

(ਅੰਗ ੨੯੯)

{ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ ॥ ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ ॥੧॥
ਸੋ ਪ੍ਰਭੁ ਜਾਣੀਐ ਸਦ ਸੰਗਿ ॥ ਗੁਰ ਪ੍ਰਸਾਦੀ ਬੂਝੀਐ ਏਕ ਹਰਿ ਕੈ ਰੰਗਿ ॥੧॥ ਰਹਾਉ ॥}

(ਅੰਗ ੪੦੫)

47/6191

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥੧॥}

(ਅੰਗ ੪੫੩)

{ਜਹ ਦੇਖਉ ਤਹ ਸੰਗਿ ਏਕੋ ਰਵਿ ਰਹਿਆ ॥ ਘਟ ਘਟ ਵਾਸੀ ਆਪਿ ਵਿਰਲੈ ਕਿਨੈ ਲਹਿਆ ॥
ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ॥ ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ॥
ਬ੍ਰਹਮੁ ਪਸਰਿਆ ਬ੍ਰਹਮ ਲੀਲਾ ਗੋਵਿੰਦ ਗੁਣ ਨਿਧਿ ਜਨਿ ਕਹਿਆ ॥
ਸਿਮਰਿ ਸੁਆਮੀ ਅੰਤਰਜਾਮੀ ਹਰਿ ਏਕੁ ਨਾਨਕ ਰਵਿ ਰਹਿਆ ॥੩॥}

(ਅੰਗ ੪੫੯)

{ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥ ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥
ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ ॥ ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ॥
ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ ॥
ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ ॥੨॥}

(ਅੰਗ ੪੬੦)

{ਗੁਰ ਪ੍ਰਸਾਦੀ ਪ੍ਰਭੁ ਧਿਆਇਆ ਗਈ ਸੰਕਾ ਤੂਟਿ ॥ ਦੁਖ ਅਨੇਰਾ ਭੈ ਬਿਨਾਸੇ ਪਾਪ ਗਏ ਨਿਖੂਟਿ ॥੧॥
ਹਰਿ ਹਰਿ ਨਾਮ ਕੀ ਮਨਿ ਪ੍ਰੀਤਿ॥ ਮਿਲਿ ਸਾਧ ਬਚਨ ਗੋਬਿੰਦ ਧਿਆਏ ਮਹਾ ਨਿਰਮਲ ਰੀਤਿ ॥੧॥ ਰਹਾਉ॥}

(ਅੰਗ ੫੦੧)

{ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥ ਕੇਤੇ ਗਨਉ ਅਸੰਖ ਅਵਗਣ ਮੇਰਿਆ ॥
ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥ ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ ॥
ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ ॥
ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ ॥੧॥}

(ਅੰਗ ੭੦੪)

{ਭਇਓ ਪ੍ਰਸਾਦੁ ਕ੍ਰਿਪਾ ਨਿਧਿ ਠਾਕੁਰ ਸੰਤਸੰਗਿ ਪਤਿ ਪਾਈ ॥
ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ ਜਉ ਪ੍ਰਭ ਭਏ ਸਹਾਈ ॥੪॥੭॥}

(ਅੰਗ ੧੦੦੦)

{ਸੰਸਾਰ ਸਾਗਰੁ ਜਿਨਿ ਉਪਾਇਓ ਸਰਣਿ ਪ੍ਰਭ ਕੀ ਗਹੀ ॥
ਗੁਰ ਪ੍ਰਸਾਦੀ ਪ੍ਰਭੁ ਅਰਾਧੇ ਜਮਕੰਕਰੁ ਕਿਛੁ ਨ ਕਹੀ ॥੨॥}

(ਅੰਗ ੧੦੧੭)

{ਏਹੁ ਆਕਾਰੁ ਤੇਰਾ ਹੈ ਧਾਰਾ ॥ ਖਿਨ ਮਹਿ ਬਿਨਸੈ ਕਰਤ ਨ ਲਾਗੈ ਬਾਰਾ ॥੨॥
ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ ॥ ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥੩॥
ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥੪॥੩॥}

(ਅੰਗ ੧੧੨੮)

{ਪਰਪੰਚ ਵੇਖਿ ਰਹਿਆ ਵਿਸਮਾਦੁ ॥ ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥੩॥}

(ਅੰਗ ੧੧੭੪)

{ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ॥ ਗੁਰ ਪ੍ਰਸਾਦੀ ਬੁਝੀਐ ਸਾ ਧਨ ਸੁਤੀ ਨਿਚਿੰਦ ॥
ਜਿਨ ਕਉ ਪੂਰਬਿ ਲਿਖਿਆ ਤਿਨ੍ਹਾ ਭੇਟਿਆ ਗੁਰ ਗੋਵਿੰਦੁ ॥
ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥੨੫॥}

(ਅੰਗ ੧੪੧੫)

{ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥ ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥
ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥੬॥
ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ॥ ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥
ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥੭॥}

(ਅੰਗ ੬੦)

{ਤੁਧੁ ਆਪੇ ਆਪੁ ਉਪਾਇਆ ॥ ਦੂਜਾ ਖੇਲੁ ਕਰਿ ਦਿਖਲਾਇਆ ॥
ਸਭੁ ਸਚੋ ਸਚੁ ਵਰਤਦਾ ਜਿਸੁ ਭਾਵੈ ਤਿਸੈ ਬੁਝਾਇ ਜੀਉ ॥੨੦॥ ਗੁਰ ਪਰਸਾਦੀ ਪਾਇਆ ॥
ਤਿਥੈ ਮਾਇਆ ਮੋਹੁ ਚੁਕਾਇਆ ॥ ਕਿਰਪਾ ਕਰਿ ਕੈ ਆਪਣੀ ਆਪੇ ਲਏ ਸਮਾਇ ਜੀਉ ॥੨੧॥}

(ਅੰਗ ੭੩)

{ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥}

(ਅੰਗ ੧੧੪)

{ਜਾ ਕੈ ਹਿਰਦੈ ਵਸਿਆ ਹਰਿ ਸੋਈ ॥ ਗੁਰਮੁਖਿ ਭਗਤਿ ਪਰਾਪਤਿ ਹੋਈ ॥
ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾਨੰਦੁ ॥੩॥}

(ਅੰਗ ੧੫੪)

{ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥}

(ਅੰਗ ੨੨੩)

{ਗੁਰ ਕੀ ਬਾਣੀ ਸਿਉ ਰੰਗੁ ਲਾਇ ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥੨॥

ਗੁਰ ਬਿਨੁ ਦੂਜਾ ਨਾਹੀ ਥਾਉ ॥ ਗੁਰੁ ਦਾਤਾ ਗੁਰੁ ਦੇਵੈ ਨਾਉ ॥੩॥
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ ਆਠ ਪਹਰ ਨਾਨਕ ਗੁਰ ਜਾਪਿ ॥੪॥੧੬॥੬੭॥}

(ਅੰਗ ੩੮੭)

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ ॥
ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥
ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥੩॥
ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥੪॥
ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥
ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥
ਜਿਨ੍ੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥
ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥੬॥੨੮॥}

(ਅੰਗ ੪੨੫)

47/6192

{ਸਨਕ ਸਨੰਦ ਅੰਤੁ ਨਹੀ ਪਾਇਆ ॥ ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥
ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥
ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥ ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥
ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥ ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥
ਕਹੁ ਕਬੀਰ ਨਦਰਿ ਕਰੇ ਜੇ ਮੰਹੀਰਾ ॥ ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧੦॥}

(ਅੰਗ ੪੭੮)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥}

(ਅੰਗ ੧੦੨)

{ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥
ਗੁਰ ਪਰਸਾਦਿ ਪਰਮ ਪਦੁ ਪਾਈ ॥੧॥ ਕਿਆ ਜਪੁ ਜਾਪਉ ਬਿਨੁ ਜਗਦੀਸੈ ॥
ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ ਰਹਾਉ ॥ ਦੂਜੈ ਭਾਇ ਲਗੇ ਪਛੁਤਾਣੇ ॥
ਜਮ ਦਰਿ ਬਾਧੇ ਆਵਣ ਜਾਣੇ ॥ ਕਿਆ ਲੈ ਆਵਹਿ ਕਿਆ ਲੇ ਜਾਹਿ ॥ ਸਿਰਿ ਜਮਕਾਲੁ ਸਿ ਚੋਟਾ ਖਾਹਿ ॥
ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥}

(ਅੰਗ ੮੩੮)

ਮਾਰੂ ਮਹਲਾ ੩ ਘਰੁ ੫ ਅਸਟਪਦੀ

ੴ ਸਤਿਗੁਰ ਪ੍ਰਸਾਦਿ ॥

{ਜਿਸ ਨੋ ਪ੍ਰੇਮੁ ਮੰਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥
ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥੧॥ ਆਪੇ ਮੇਲੇ ਆਪਿ ਮਿਲਾਏ ॥
ਆਪਣਾ ਪਿਆਰੁ ਆਪੇ ਲਾਏ ॥ ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥੧॥ ਰਹਾਉ ॥
ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥ ਸੰਜੋਗੀ ਧਨ ਪਿਰ ਮੇਲਾ ਹੋਵੈ ॥
ਗੁਰਮਤਿ ਵਿਚਹੁ ਦੁਰਮਤਿ ਖੋਵੈ ॥ ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥
ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥ ਏਹੁ ਸਬਦੁ ਸਾਰੁ ਜਿਸ ਨੋ ਲਾਏ ॥
ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥ ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥੫॥
ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ ਕਿਰਪਾ ਅਪਨੈ ਘਰਿ ਆਇਆ ॥
ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥੬॥ ਗੁਰਮੁਖਿ ਹੋਵੈ ਸੋ ਤਤੁ ਪਾਏ ॥
ਆਪਣਾ ਆਪੁ ਵਿਚਹੁ ਗਵਾਏ ॥ ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥
ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥}

(ਅੰਗ ੧੦੧੬)

{ਗੁਰ ਕੈ ਸਬਦਿ ਸਦਾ ਜਨੁ ਸੋਹੈ ॥ ਨਾਮ ਰਸਾਇਣਿ ਇਹੁ ਮਨੁ ਮੋਹੈ ॥
ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥
ਸਭਨਾ ਵਿਚਿ ਵਰਤੈ ਇਕੁ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥੮॥
ਕਿਲਬਿਖ ਦੂਖ ਨਿਵਾਰਣਹਾਰਾ ॥ ਗੁਰਮੁਖਿ ਸੇਵਿਆ ਸਬਦਿ ਵੀਚਾਰਾ ॥
ਸਭੁ ਕਿਛੁ ਆਪੇ ਆਪਿ ਵਰਤੈ ਗੁਰਮੁਖਿ ਤਨੁ ਮਨੁ ਭੀਜੈ ਹੇ ॥੯॥
ਮਾਇਆ ਅਗਨਿ ਜਲੈ ਸੰਸਾਰੇ ॥ ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥
ਅੰਤਰਿ ਸਾਂਤਿ ਸਦਾ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ ॥੧੦॥}

(ਅੰਗ ੧੦੪੯)

{ਗੁਰ ਪਰਸਾਦੀ ਹੁਕਮੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥
ਨਾਮੇ ਰਾਤਾ ਸਦਾ ਬੈਰਾਗੀ ਨਾਮੁ ਰਤਨੁ ਮਨਿ ਤਾਹਾ ਹੇ ॥੧੩॥
ਸਭ ਜਗ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਸਬਦੁ ਸਲਾਹਹਿ ਸੇ ਜਨ ਨਿਰਮਲ ਨਿਜ ਘਰਿ ਵਾਸਾ ਤਾਹਾ ਹੇ ॥੧੪॥}

(ਅੰਗ ੧੦੫੪)

{ਹਰਿ ਜੀਉ ਸੇਵਿਹੁ ਅਗਮ ਅਪਾਰਾ ॥ ਤਿਸ ਦਾ ਅੰਤੁ ਨ ਪਾਈਐ ਪਾਰਾਵਾਰਾ ॥

ਗੁਰ ਪਰਸਾਦਿ ਰਵਿਆ ਘਟ ਅੰਤਰਿ ਤਿਤੁ ਘਟਿ ਮਤਿ ਅਗਾਹਾ ਹੇ ॥੧॥
ਸਭ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੇ ॥੨॥
ਪੂਰੈ ਸਤਿਗੁਰਿ ਬੂਝਿ ਬੁਝਾਇਆ ॥ ਹੁਕਮੇ ਹੀ ਸਭੁ ਜਗਤੁ ਉਪਾਇਆ ॥
ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥੩॥
ਸਚਾ ਸਤਿਗੁਰੁ ਸਬਦੁ ਅਪਾਰਾ ॥ ਤਿਸ ਦੈ ਸਬਦਿ ਨਿਸਤਰੈ ਸੰਸਾਰਾ ॥
ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ ॥੪॥
ਕੋਟਿ ਮਧੇ ਕਿਸਹਿ ਬੁਝਾਏ ॥ ਗੁਰ ਕੈ ਸਬਦਿ ਰਤੇ ਰੰਗੁ ਲਾਏ ॥
ਹਰਿ ਸਾਲਾਹਹਿ ਸਦਾ ਸੁਖਦਾਤਾ ਹਰਿ ਬਖਸੇ ਭਗਤਿ ਸਲਾਹਾ ਹੇ ॥੫॥}

(ਅੰਗ ੧੦੫੫)

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥}

(ਅੰਗ ੧੧੩੨)

{ਮੋਹਿ ਦੁਹਾਗਨਿ ਆਪਿ ਸੀਗਾਰੀ ॥ ਰੂਪ ਰੰਗ ਦੇ ਨਾਮਿ ਸਵਾਰੀ ॥ ਮਿਟਿਓ ਦੁਖੁ ਅਰੁ ਸਗਲ ਸੰਤਾਪ ॥
ਗੁਰ ਹੋਏ ਮੇਰੇ ਮਾਈ ਬਾਪ॥੧॥ ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ॥ ਕਰਿ ਕਿਰਪਾ ਭੇਟੇ ਮੋਹਿ ਕੰਤ॥੧॥ ਰਹਾਉ॥
ਤਪਤਿ ਬੁਝੀ ਪੂਰਨ ਸਭ ਆਸਾ ॥ ਮਿਟੇ ਅੰਧੇਰ ਭਏ ਪਰਗਾਸਾ ॥ ਅਨਹਦ ਸਬਦ ਅਚਰਜ ਬਿਸਮਾਦ ॥
ਗੁਰੁ ਪੂਰਾ ਪੂਰਾ ਪ੍ਰਸਾਦਿ ॥੨॥ ਜਾ ਕਉ ਪ੍ਰਗਟ ਭਏ ਗੋਪਾਲ ॥ ਤਾ ਕੈ ਦਰਸਨਿ ਸਦਾ ਨਿਹਾਲ ॥
ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥ ਜਾ ਕਉ ਸਤਿਗੁਰਿ ਦੀਓ ਨਾਮੁ ॥੩॥
ਜਾ ਕਉ ਭੇਟਿਓ ਠਾਕੁਰੁ ਅਪਨਾ ॥ ਮਨੁ ਤਨੁ ਸੀਤਲੁ ਹਰਿ ਹਰਿ ਜਪਨਾ ॥
ਕਹੁ ਨਾਨਕ ਜੋ ਜਨ ਪ੍ਰਭ ਭਾਏ ॥ ਤਾ ਕੀ ਰੇਨੁ ਬਿਰਲਾ ਕੋ ਪਾਏ ॥੪॥੧੪॥੨੭॥}

(ਅੰਗ ੧੧੪੩)

{ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥
ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥੨॥}

(ਅੰਗ ੧੩੨੫)

{ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥ ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥}

(ਅੰਗ ੧੩੯੭)

{ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥
ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥
ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ ॥
ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ ॥
ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥੪੨॥}

(ਅੰਗ ੧੪੦੩)

“॥ ਜਪੁ ॥ ”

“ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥”

ਅਸੀਂ **“ਜਪੁ”** ਕਿਸ ਦਾ ਕਰਨਾ ਹੈ ਤੇ ਕਿਸ ਮਕਸਦ ਲਈ ਕਰਨਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ ਤੇ ਲੇਖ ਵਿੱਚ ਅੱਗੇ ਚੱਲਕੇ ਇਸ ਗੱਲ ਨੂੰ ਹੋਰ ਸ਼ਬਦਾਂ ਦੁਆਰਾ ਸਮਝਾਂਗੇ। ਜਪਣਾ ਅਸੀਂ ਨਾਮ ਨੂੰ ਹੀ ਹੈ ਤੇ ਪੂਰੀ ਬਾਣੀ ਰਾਹੀਂ ਸਾਨੂੰ ਨਾਮ ਜਪਣਾ ਹੀ ਸਿਖਾਇਆ ਹੋਇਆ ਹੈ ਜੋ ਨਾਮ ਜਪਣ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ

47/6193

ਸਮਝਿਆ ਹੈ ਤੇ ਪਿੱਛੇ ਵੀ ਲੇਖ ਰਾਹੀਂ ਸਮਝਿਆ ਹੈ। ਪ੍ਰਮਾਤਮਾ ਦਾ ਨਾਮ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਗੁਰੂ ਦੇ ਪ੍ਰਸਾਦਿ ਦੀ ਪ੍ਰਾਪਤੀ ਹੈ ਜੋ ਪ੍ਰਸਾਦਿ ਗੁਰੂ ਦੀ ਰਜ਼ਾ ਦੁਆਰਾ ਹੀ ਮਿਲ ਸਕਦਾ ਹੈ ਭਾਵ ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਕਿਰਪਾ ਹੈ ਕਿ ਉਹ ਕਿਸ ਨੂੰ ਆਪਣਾ ਪ੍ਰਸਾਦਿ ਬਖਸ਼ਦਾ ਹੈ, ਕਿਸ ਨੂੰ ਆਪਣਾ ਨਾਮ ਬਖਸ਼ਦਾ ਹੈ, ਆਪਣੇ ਇਸ ਪ੍ਰਸਾਦਿ ਦੇ ਰੂਪ ਵਿੱਚ ਭਾਵ ਆਪਣੇ ਨਾਮ ਦੇ ਰੂਪ ਵਿੱਚ ਭਾਵ ਇਸ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਸਚੁ ਰੂਪ ਹੈ ਭਾਵ ਸੱਚੇ ਗਿਆਨ ਦਾ ਰੂਪ ਹੈ ਜਿਸ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਉਹ ਸਭ ਵਿੱਚ ਸਮਾਇਆ ਹੋਇਆ ਹੈ। ਪੂਰੀ ਗੁਰਬਾਣੀ ਦੇ ਵਿੱਚ ਸਚੁ ਹੀ ਹੈ ਜਿਸ ਸੱਚ ਦੇ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਕਿ ਪੂਰੀ ਗੁਰਬਾਣੀ ਵਿੱਚ ਉਸ ਦਾ ਨਾਮ ਰੂਪ ਹੈ। ਅਸੀਂ ਗੁਰਬਾਣੀ ਵਿੱਚੋਂ ਇਸ ਪ੍ਰਮਾਤਮਾ ਦੇ ਨਾਮ ਨੂੰ ਜਪਣਾ ਹੈ ਜਿਸ ਨਾਮ ਨੂੰ ਜਪਣ ਦਾ ਮਕਸਦ ਉਸ ਨਾਮ ਦੇ ਮਾਲਕ ਨੂੰ ਜਾਨਣ ਦਾ ਹੈ, ਸੱਚ ਦੇ ਮਾਲਕ ਨੂੰ ਜਾਨਣ ਦਾ ਹੈ ਭਾਵ ਉਸ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਨੂੰ ਜਾਨਣ ਦਾ ਹੈ ਜੋ ਕਿ ਸਭਦੇ ਅੰਦਰ ਹੀ ਹੈ ਤੇ ਉਸ ਨੂੰ ਆਪਣੇ ਅੰਦਰੋਂ ਕੋਈ ਵੀ ਜਾਣ ਸਕਦਾ ਹੈ, ਨਾਮ ਜਪਣ ਦੁਆਰਾ ਜਾਣ ਸਕਦਾ ਹੈ। ਉਪਰ ਸ਼ਬਦ ਰਾਹੀਂ ਸਾਨੂੰ ਜਪਣ ਦਾ ਹੁਕਮ ਹੀ ਕੀਤਾ ਹੋਇਆ ਹੈ ਤੇ ਅਸੀਂ ਕਿਸ ਨੂੰ ਜਪਣਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਅਸੀਂ ਉਸ ਪ੍ਰਮਾਤਮਾ ਨੂੰ ਜਪਣਾ ਹੈ ਜੋ ਸੱਚ ਦੇ ਰੂਪ ਵਿੱਚ ਹੈ ਜੋ ਸਚੁ ਰੂਪ ਉਸ ਦਾ ਨਾਮ ਰੂਪ ਹੈ। ਪ੍ਰਮਾਤਮਾ ਆਦਿ ਤੋਂ ਹੀ ਸਚੁ ਹੈ ਭਾਵ ਪ੍ਰਮਾਤਮਾ ਦੀ ਹੋਂਦ ਮੁੱਢ ਤੋਂ ਹੀ ਚੱਲਦੀ ਆ ਰਹੀ ਹੈ ਭਾਵ ਸ੍ਰਿਸ਼ਟੀ ਦੀ ਰਚਨਾ ਹੋਣ ਤੋਂ ਪਹਿਲੇ ਦੀ ਚਲੀ ਆ ਰਹੀ ਹੈ । ਸ੍ਰਿਸ਼ਟੀ ਦੀ ਰਚਨਾ ਹੋਣ ਤੋਂ ਬਾਅਦ ਹਰ ਸਮੇਂ ਵਿੱਚ ਪ੍ਰਮਾਤਮਾ ਆਪ ਹੀ ਰਿਹਾ ਹੈ ਭਾਵ ਸਦਾ ਤੋਂ ਉਸ ਦੀ ਆਪਣੀ ਹੋਂਦ ਹੀ ਬਣੀ ਹੋਈ ਹੈ। ਉਹ ਆਦਿ ਵੀ ਸਚੁ ਹੈ, ਜੁਗਾਦਿ ਵੀ ਸਚੁ ਹੈ। ਸਦਾ ਤੋਂ ਪ੍ਰਮਾਤਮਾ ਦਾ ਇੱਕੋ ਰੂਪ ਹੀ ਚਲਦਾ ਆ ਰਿਹਾ ਹੈ ਜੋ ਕਿ ਉਸਦਾ ਸਚੁ ਰੂਪ ਹੈ ਭਾਵ ਸੱਚੇ ਗਿਆਨ ਵਾਲਾ ਰੂਪ ਹੈ ਜੋ ਸਦਾ ਤੋਂ ਹੀ ਇੱਕੋ ਇੱਕ ਗਿਆਨ ਦਾ ਮਾਲਕ ਆਪ ਹੀ ਹੈ। ਜੋ ਵੀ ਸੰਸਾਰ ਦੀ ਰਚਨਾ ਹੋਈ ਹੈ ਉਹ ਉਸਦੇ ਸਚੁ ਰੂਪ ਨਾਲ ਹੀ ਹੋਈ ਹੈ ਤੇ ਆਪਣੇ ਸਚੁ ਰੂਪ ਦੁਆਰਾ ਹੀ ਉਹ ਸਾਰੀ

47/6194

ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਆਪਣੇ ਸਚੁ ਰੂਪ ਵਿੱਚ ਸਦਾ ਤੋਂ ਹੈ ਤੇ ਸਦਾ ਤੋਂ ਉਸੇ ਨੇ ਹੀ ਰਹਿਣਾ ਹੈ। ਅਸੀਂ ਪ੍ਰਮਾਤਮਾ ਦੇ ਇਸ ਸਚੁ ਰੂਪ ਨੂੰ ਜਪਣਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪਣਾ ਸਚੁ ਰੂਪ ਹੀ ਸਮਝਾਇਆ ਹੈ ਤੇ ਆਪਣੇ ਸਚੁ ਰੂਪ ਨੂੰ ਜਾਨਣ ਲਈ ਆਪਣਾ ਸੱਚਾ ਹੁਕਮ ਹੀ ਸੁਣਾਇਆ ਹੈ ਜੋ ਉਸ ਦਾ ਸੱਚਾ ਹੁਕਮ ਪੂਰੀ

ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਗੁਰਮਤਿ ਰੂਪ ਸਿੱਖਿਆ ਦੇ ਰੂਪ ਵਿੱਚ ਹੈ ਜੋ ਪ੍ਰਮਾਤਮਾ ਦਾ ਹੀ ਸਚੁ ਰੂਪ ਹੈ। ਗੁਰੂ ਦੇ ਇਸ ਸਚੁ ਰੂਪ ਹੁਕਮ ਨੂੰ ਮੰਨਣਾ ਹੀ ਉਸ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਨਾਮ ਜਪਣਾ ਸਮਝਦੇ ਆ ਰਹੇ ਹਾਂ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦਾ ਹੁਕਮ ਹੀ ਮੰਨ ਰਹੀ ਹੈ ਜਿਸ ਦੁਆਰਾ ਹਰ ਕੋਈ ਪ੍ਰਮਾਤਮਾ ਨੂੰ ਹਰ ਵੇਲੇ ਸਿਮਰ ਰਿਹਾ ਹੈ, ਜਪ ਰਿਹਾ ਹੈ। ਇੱਕ ਮਨੁੱਖੀ ਸਰੂਪ ਹੀ ਪ੍ਰਮਾਤਮਾ ਦਾ ਬਣਾਇਆ ਹੋਇਆ ਉਹ ਰੂਪ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁਝਦਾ ਹੈ ਭਾਵ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। ਮਨੁੱਖੀ ਰੂਪ ਨੂੰ ਪ੍ਰਮਾਤਮਾ ਨੇ ਆਪ ਹੀ ਹਉਮੇ ਵਿੱਚ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਭਾਵ ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਗੁਰੂ ਦਾ ਨਾਮ ਜਪਣ ਦਾ ਹੈ ਭਾਵ ਗੁਰੂ ਦੇ ਹੁਕਮ ਨੂੰ ਮੰਨਣ ਦਾ ਹੈ, ਗੁਰਮਤਿ ਦੀ ਸੱਚੀ ਸਮਝ ਨੂੰ ਮੰਨਣਾ ਹੈ ਭਾਵ ਗੁਰ ਦੇ ਚਉਥੇ ਪਦ ਵਾਲੇ ਗਿਆਨ ਨੂੰ ਮੰਨਣਾ ਹੈ, ਗੁਰੂ ਦੇ ਸਹਜ ਗਿਆਨ ਨੂੰ ਮੰਨਣ ਦਾ ਹੈ ਜਿਸ ਦੁਆਰਾ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਚਉਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਜੁੜਕੇ ਭਾਵ ਗੁਰੂ ਦੇ ਨਾਮ ਦੇ ਨਾਲ ਜੁੜਕੇ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ। ਜੋ ਸਾਨੂੰ ਤ੍ਰੈ ਗੁਣਾਂ ਵਾਲਾ ਗਿਆਨ ਮਿਲਦਾ ਹੈ ਉਹ ਹੁਕਮ ਪ੍ਰਮਾਤਮਾ ਦਾ ਸਾਡੇ ਅੰਦਰ ਹੀ ਵਰਤ ਰਿਹਾ ਹੈ ਤੇ ਆਪਣੇ ਅੰਦਰੋਂ ਉਸ ਦੇ ਹੁਕਮ ਨੂੰ ਬੁਝਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ। ਤ੍ਰੈ ਗੁਣਾਂ ਵਿੱਚੋਂ ਨਿਕਲਣ ਲਈ ਭਾਵ ਆਪਣੇ ਅੰਦਰੋਂ ਉਸ ਦੇ ਹੁਕਮ ਨੂੰ ਬੁਝਣ ਲਈ ਜੋ ਆਪਣਾ ਸੱਚਾ ਹੁਕਮ ਪ੍ਰਮਾਤਮਾ ਨੇ ਪੂਰੀ ਗੁਰਬਾਣੀ ਰਾਹੀਂ ਸਮਝਾਇਆ ਹੈ ਉਸ ਹੁਕਮ ਨੂੰ ਸਮਝਕੇ, ਬੁਝਕੇ ਤੇ ਉਸ ਉੱਤੇ ਅਮਲ ਕਰਨ ਦਾ ਹੈ ਜਿਸ ਨੂੰ ਕਿ ਗੁਰਬਾਣੀ ਰਾਹੀਂ ਨਾਮ ਜਪਣਾ ਕਿਹਾ ਹੈ। ਇਸੇ ਤਰੀਕੇ ਹੀ ਉਸ ਸੱਚ ਰੂਪ ਪ੍ਰਮਾਤਮਾ ਨੂੰ ਜਪਿਆ ਜਾ ਸਕਦਾ ਹੈ, ਉਸ ਨੂੰ ਜਾਣਿਆ ਜਾ ਸਕਦਾ ਹੈ, ਉਸ ਨੂੰ ਪਾਇਆ ਜਾ ਸਕਦਾ ਹੈ ਤੇ

47/6195

ਆਪਣੇ ਜੀਵਨ ਦੇ ਮਨੋਰਥ ਨੂੰ ਪੂਰਾ ਕੀਤਾ ਜਾ ਸਕਦਾ ਹੈ ਭਾਵ ਸੱਚ ਨੂੰ ਸਮਝਿਆ ਜਾ ਸਕਦਾ ਹੈ ਕਿ ਸੱਚ ਰੂਪ ਪ੍ਰਮਾਤਮਾ ਕੀ ਹੈ ਜੋ ਕਿ ਸਦਾ ਤੋਂ ਕੇਵਲ ਆਪ ਹੀ ਹੈ, ਸਭ ਕੁਝ ਆਪ ਹੀ ਹੈ ਤੇ ਸਦਾ ਤੋਂ ਉਸ ਨੇ ਆਪ ਹੀ ਰਹਿਣਾ ਹੈ ਜੋ ਪੂਰੀ ਸ੍ਰਿਸ਼ਟੀ ਦਾ ਮਾਲਕ ਹੈ ਤੇ ਸ੍ਰਿਸ਼ਟੀ ਵਿੱਚ ਆਪਣੀ ਖੇਡ ਚਲਾ ਰਿਹਾ ਹੈ। ਪ੍ਰਮਾਤਮਾ ਦੀ ਇਹ ਸਮਝ ਨਾਮ ਜਪਣ ਦੁਆਰਾ ਹੀ ਆ ਸਕਦੀ ਹੈ ਭਾਵ ਉਸ ਦਾ ਸਚੁ ਰੂਪ ਨਾਮ ਮਿਲਣ ਦੁਆਰਾ ਹੀ ਪੈ ਸਕਦੀ ਹੈ ਜੋ ਆਪਣਾ ਨਾਮ ਕੇਵਲ ਤੇ ਕੇਵਲ ਉਹ ਆਪ ਹੀ ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। ਪ੍ਰਮਾਤਮਾ ਕੋਲੋਂ ਨਾਮ ਲੈਣ ਦਾ ਤਰੀਕਾ ਉਸ ਦੀ ਦਿੱਤੀ ਹੋਈ ਮਤਿ ਨੂੰ ਮੰਨਣ ਦਾ ਹੈ, ਉਸ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਭਾਵ ਉਹਨਾਂ ਤੇ ਅਮਲ ਕਰਨ ਦਾ ਹੈ ਜਿਸ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ, ਹਰ ਅਉਗੁਣ ਛੱਡਣਾ ਪੈਂਦਾ ਹੈ, ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ ਜਿਵੇਂ ਕਿ ਪ੍ਰਮਾਤਮਾ ਦੀ ਬਾਣੀ ਸਾਨੂੰ ਬਾਰ-ਬਾਰ ਸਮਝਾ ਰਹੀ ਹੈ। ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਬਹੁਤ ਔਖਾ ਹੈ ਤੇ ਇਸੇ ਲਈ ਨਾਮ ਜਪਣਾ ਔਖਾ ਹੈ ਤੇ ਪ੍ਰਮਾਤਮਾ ਨੂੰ ਜਾਨਣਾ ਔਖਾ ਹੈ ਜੋ ਕਿ ਸਾਡੇ ਸਭਦੇ ਅੰਦਰ ਹੀ ਹੈ। ਉਸ ਦੀ ਕਿਰਪਾ ਤੋਂ ਬਿਨਾਂ ਨਾ ਹੀ ਨਾਮ ਨੂੰ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਸਚੁ ਰੂਪ ਪ੍ਰਮਾਤਮਾ ਨੂੰ, ਨਾਮ ਰੂਪ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਸੱਚੇ ਨਾਮ ਨੂੰ ਜਪਿਆ ਜਾ ਸਕਦਾ ਹੈ। ਨਾਮ ਨੂੰ ਜਪਣ ਦਾ ਉਦੱਮ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਹੀ ਲਾਇਆ ਹੋਇਆ ਹੈ ਜਿਸ ਲਈ ਸਾਨੂੰ ਸੱਚਾ ਉਦਮ ਜਰੂਰ ਕਰਨਾ ਚਾਹੀਦਾ ਹੈ ਭਾਵ ਆਪਣੀ ਮਤਿ ਛੱਡਕੇ ਗੁਰੂ ਦੀ ਮਤਿ ਨੂੰ ਮੰਨਣ ਦਾ ਉਦਮ ਜਰੂਰ ਕਰਨਾ ਚਾਹੀਦਾ ਹੈ ਭਾਵ ਗੁਰੂ ਦਾ ਸੱਚ ਰੂਪ ਹੁਕਮ ਮੰਨਣ ਦਾ ਉਦਮ ਜਰੂਰ ਕਰਨਾ ਚਾਹੀਦਾ ਹੈ ਤੇ ਉਸ ਦਾ ਹੁਕਮ ਮੰਨੇ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਨਹੀਂ ਜਪ ਸਕਦਾ। ਸਾਰੀ ਸ੍ਰਿਸ਼ਟੀ ਦੇ ਆਕਾਰ ਪ੍ਰਮਾਤਮਾ ਦਾ ਹੁਕਮ ਮੰਨਣ ਦੁਆਰਾ ਹੀ ਉਸ ਨੂੰ ਜਪ ਰਹੇ ਹਨ, ਸਿਮਰ ਰਹੇ ਹਨ। ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਨੇ ਜਿਹੋ ਜਿਹਾ ਗਿਆਨ ਪਾਇਆ ਹੋਇਆ ਹੈ ਉਹ ਆਕਾਰ ਰੂਪ ਉਸੇ ਤਰ੍ਹਾਂ ਹੀ ਆਪਣਾ ਫਰਜ਼ ਪੂਰਾ ਕਰਦਾ ਹੈ। ਪ੍ਰਮਾਤਮਾ ਦਾ ਜੋ ਹਰ ਵਸਤੂ ਦੇ ਅੰਦਰ ਗਿਆਨ ਹੈ ਉਹੀ ਉਸ ਦਾ ਹੁਕਮ ਹੈ ਤੇ ਉਸ ਦੇ ਹੁਕਮ ਅਨੁਸਾਰ ਵਿਚਰਨਾ ਹੀ ਉਸ ਨੂੰ ਜਪਣਾ ਹੈ ਜਿਵੇਂ ਕਿ

47/6196

ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

ਮਾਰੂ ਸੋਲਹੇ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥ ਸਿਮਰਹਿ ਖੰਡ ਦੀਪ ਸਭਿ ਲੋਆ ॥
ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥ ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥
ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥
ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥੩॥ ਸਿਮਰਹਿ ਪਸੁ ਪੰਖੀ ਸਭਿ ਭੂਤਾ ॥
ਸਿਮਰਹਿ ਬਨ ਪਰਬਤ ਅਉਧੂਤਾ ॥ ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥੪॥
ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥ ਸਿਮਰਹਿ ਨਰ ਨਾਰੀ ਆਸਰਮਾ ॥
ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥ ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥੬॥
ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥
ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥੭॥ ਕਰਨ ਕਰਾਵਨਹਾਰ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥੁ ਸੋ ਜਿਨਾ ॥੮॥
ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥
ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥੯॥ ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥੧੦॥
ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥
ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ ॥੧੧॥ ਜਲਿ ਥਲਿ ਮਹੀਅਲਿ ਸੁਆਮੀ ਸੋਈ ॥
ਅਵਰੁ ਨ ਕਹੀਐ ਦੂਜਾ ਕੋਈ ॥ ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥੧੨॥
ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥
ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥੧੩॥ ਤੂ ਕਰਤਾ ਤੇਰਾ ਸਭੁ ਕੀਆ ॥
ਤੁਝੁ ਬਿਨੁ ਅਵਰੁ ਨ ਕੋਈ ਬੀਆ ॥ ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ ॥੧੪॥
ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧਸੰਗਿ ਹਰਿ ਕੀਰਤਨੁ ਗਾਵੈ ॥
ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥ ਤੂ ਸਭਨਾ ਕਾ ਸਭੁ ਕੋ ਤੇਰਾ ॥
ਸਾਚੇ ਸਾਹਿਬ ਗਹਿਰ ਗੰਭੀਰਾ ॥ ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥}

(ਅੰਗ ੧੦੭੮ ਤੋਂ ੧੦੮੦)

ਪਉੜੀ ॥

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ ੯੪੯)

ਆਸਾ ਮਹਲਾ ੧ ॥

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥ ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥ ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥ ਸਚਾ ਅਰਜੁ ਸਚੀ ਅਰਦਾਸਿ ॥
ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥
ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥ ਮੰਨੇ ਹੁਕਮੁ ਸੁ ਪਰਗਟੁ ਜਾਇ ॥
ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥ ਕਿਆ ਹਉ ਆਖਾ ਆਖਿ ਵਖਾਣੀ ॥
ਤੂੰ ਆਪੇ ਜਾਣਹਿ ਸਰਬ ਵਿਡਾਣੀ ॥ ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥}

(ਅੰਗ ੩੫੫)

ਸਿਰੀਰਾਗੁ ਮਹਲਾ ੩ ॥

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥
ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥
ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥
ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥
ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥ ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ॥
ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥੪॥ ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥}

(ਅੰਗ ੨੭)

(॥ ਜਪੁ ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥)

ਭੈਰਉ ਮਹਲਾ ੫ ॥

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥

ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥ ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ ੧੧੪੭)

ਸਿਰੀਰਾਗੁ ਮਹਲਾ ੧ ॥

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ ੫੬)

ਆਸਾ ਮਹਲਾ ੧ ॥

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ ॥
ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥ ਜਗੁ ਮੋਹਿ ਬਾਧਾ ਬਹੁਤੀ ਆਸਾ ॥
ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥
ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ ਕਲਤ੍ ਲਗਿ ਨਾਮੁ ਵਿਸਾਰੀ ॥
ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥੩॥
ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥

ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥ ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥
ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥ ਰੂੜੋ ਕਹਉ ਨ ਕਹਿਆ ਜਾਈ ॥
ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥
ਨਦਰਿ ਕਰੇ ਰਾਖੈ ਰਖਵਾਲਾ ॥੭॥ ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}

(ਅੰਗ ੪੧੨)

ਪ੍ਰਭਾਤੀ ਮਹਲਾ ੧ ॥

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

47/6197

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬)

ੴ ਸਤਿਗੁਰ ਪ੍ਰਸਾਦਿ ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥

{ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥ ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥ ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥
ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥}

(ਅੰਗ ੪੧੮)

ਸੋਰਠਿ ਮਹਲਾ ੧ ॥

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ ੫੯੮)

{ਆਪਿ ਭੁਲਾਏ ਕਿਸੁ ਕਹਉ ਜਾਇ ॥ ਗੁਰੁ ਮੇਲੇ ਬਿਰਥਾ ਕਹਉ ਮਾਇ ॥ ਅਵਗਣ ਛੋਡਉ ਗੁਣ ਕਮਾਇ ॥
ਗੁਰ ਸਬਦੀ ਰਾਤਾ ਸਚਿ ਸਮਾਇ ॥੫॥ ਸਤਿਗੁਰ ਮਿਲਿਐ ਮਤਿ ਊਤਮ ਹੋਇ ॥
ਮਨੁ ਨਿਰਮਲੁ ਹਉਮੈ ਕਢੈ ਧੋਇ ॥ ਸਦਾ ਮੁਕਤੁ ਬੰਧਿ ਨ ਸਕੈ ਕੋਇ ॥ ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥}

(ਅੰਗ ੧੧੮੮)

{ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥

ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥}

(ਅੰਗ ੪੧੨)

{ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥}

(ਅੰਗ ੧੪੧)

{ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥
ਲੋਕ ਪਤੀਆਰੈ ਕਛੂ ਨ ਪਾਈਐ ॥ ਸਾਚਿ ਲਗੈ ਤਾ ਹਉਮੈ ਜਾਈਐ ॥੨॥
ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ ॥ ਗੁਰ ਪਰਸਾਦੀ ਨਾਮੁ ਧਿਆਏ ॥੩॥}

(ਅੰਗ ੭੩੬-੭੩੭)

{ਕਾਹੇ ਗਰਬਸਿ ਮੂੜੇ ਮਾਇਆ ॥ ਪਿਤ ਸੁਤੋ ਸਗਲ ਕਾਲੜ੍ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ ॥ ਰਹਾਉ॥
ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ ॥੨॥}

(ਅੰਗ ੨੩)

{ਸਾਧਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ ॥
ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ ॥੨॥}

(ਅੰਗ ੫੦੧)

{ਬੇਦ ਸਾਸਤ੍ ਜਨ ਧਿਆਵਹਿ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥
ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥ ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥}

(ਅੰਗ ੪੦੫)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥}

(ਅੰਗ ੨੨੩)

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥}

(ਅੰਗ ੧੧੮੯)

47/6198

{ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥ ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥
ਨਿਰਮਲ ਜਲਿ ਨ੍ਾਏ ਜਾ ਪ੍ਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ ੪੩੬-੪੩੭)

{ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥
ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ ॥
ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ ॥
ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥
ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥
ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥
ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥
ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ ॥੨॥}

(ਅੰਗ ੯੫੦)

{ਲਬੁ ਕੁਤਾ ਕੂੜੁ ਚੁਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥
ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥}

(ਅੰਗ ੧੫)

{ਐਸੇ ਭਰਮਿ ਭੁਲੇ ਸੰਸਾਰਾ ॥ ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥
ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥
ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥}

(ਅੰਗ ੬੭੬)

{ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥੨॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥}

(ਅੰਗ ੮੦੯)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

{ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥}

(ਅੰਗ ੯੩੧)

{ਹਰਿ ਕੋ ਨਾਮੁ ਜਪੀਐ ਨੀਤ ॥ ਕਾਮ ਕ੍ਰੋਧ ਅਹੰਕਾਰੁ ਬਿਨਸੈ ਲਗੈ ਏਕੈ ਪ੍ਰੀਤਿ ॥੧॥ ਰਹਾਉ ॥}

(ਅੰਗ ੧੩੪੧)

{ਅਹਿਨਿਸਿ ਨਿੰਦਾ ਤਾਤਿ ਪਰਾਈ ਹਿਰਦੈ ਨਾਮੁ ਨ ਸਰਬ ਦਇਆ ॥
ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ ਰਾਮ ਨਾਮ ਬਿਨੁ ਨਰਕਿ ਗਇਆ ॥੪॥
ਖਿਨ ਮਹਿ ਵੇਸ ਕਰਹਿ ਨਟੂਆ ਜਿਉ ਮੋਹ ਪਾਪ ਮਹਿ ਗਲਤੁ ਗਇਆ ॥
ਇਤ ਉਤ ਮਾਇਆ ਦੇਖਿ ਪਸਾਰੀ ਮੋਹ ਮਾਇਆ ਕੈ ਮਗਨੁ ਭਇਆ ॥੫॥}

(ਅੰਗ ੯੦੬)

{ਸਾਸਤ ਸਿੰਮ੍ਰਿਤਿ ਬੇਦ ਵਖਾਣੀ ॥ ਜਨਮੁ ਪਦਾਰਥੁ ਜੀਤੁ ਪਰਾਣੀ ॥
ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥}

(ਅੰਗ ੧੦੮੬)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ ੮੩੧)

{ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥
ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥੩॥}

(ਅੰਗ ੧੨੦੬)

{ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥
ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥}

(ਅੰਗ ੧੦੯)

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਨੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥

ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

{ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥}

(ਅੰਗ ੫੯੫)

47/6199

{ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ॥ ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ ॥
ਨਾਮੁ ਸਮ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥ ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ ॥੨॥}

(ਅੰਗ ੫੫੨)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥
ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥}

(ਅੰਗ ੩੬)

{ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥ ਇਨ੍ ਬਿਧਿ ਨਗਰੁ ਢੂਠਾ ਮੇਰੇ ਭਾਈ ॥
ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥ ਸਾਚ ਧਰਮ ਕੀ ਕਰਿ ਦੀਨੀ ਵਾਰਿ ॥
ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥ ਨਾਮੁ ਖੇਤੀ ਬੀਜਹੁ ਭਾਈ ਮੀਤ ॥
ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥ ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥
ਜੇਜੀਆ ਡੰਨੁ ਕੋ ਲਏ ਨ ਜਗਾਤਿ॥ ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ॥੫॥ ਵਖਰੁ ਨਾਮੁ ਲਦਿ ਖੇਪ ਚਲਾਵਹੁ॥
ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥ ਸਤਿਗੁਰੁ ਸਾਹੁ ਸਿਖ ਵਣਜਾਰੇ ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ ॥੭॥
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥੮॥੧॥}

(ਅੰਗ ੪੩੦)

{ਨਿਤ ਚਰਨ ਸੇਵਹੁ ਸਾਧ ਕੇ ਤਜਿ ਲੋਭ ਮੋਹ ਬਿਕਾਰ ॥
ਸਭ ਤਜਹੁ ਦੂਜੀ ਆਸੜੀ ਰਖੁ ਆਸ ਇਕ ਨਿਰੰਕਾਰ ॥੨॥
ਇਕਿ ਭਰਮਿ ਭੂਲੇ ਸਾਕਤਾ ਬਿਨੁ ਗੁਰ ਅੰਧ ਅੰਧਾਰ ॥ ਧੁਰਿ ਹੋਵਨਾ ਸੁ ਹੋਇਆ ਕੋ ਨ ਮੇਟਣਹਾਰ ॥੩॥}

(ਅੰਗ ੯੮੬)

{ਸਰਨਿ ਜੋਗੁ ਸੁਨਿ ਸਰਨੀ ਆਏ ॥ ਕਰਿ ਕਿਰਪਾ ਪ੍ਰਭ ਆਪ ਮਿਲਾਏ ॥ ਮਿਟਿ ਗਏ ਬੈਰ ਭਏ ਸਭ ਰੇਨ ॥
ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥ ਸੁਪ੍ਰਸੰਨ ਭਏ ਗੁਰਦੇਵ ॥ ਪੂਰਨ ਹੋਈ ਸੇਵਕ ਕੀ ਸੇਵ ॥

ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ ਕਹਤੇ ॥
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ ਨਾਨਕ ਨਿਬਹੀ ਖੇਪ ਹਮਾਰੀ ॥੪॥}

(ਅੰਗ ੨੯੫)

{ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ ॥
ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮ੍ਹਾਰੇ ॥੧॥ ਰਹਾਉ ॥
ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ਮੈ ਹਰਿ ਹਰਿ ਨਾਮੁ ਪਿਆਰੇ ॥
ਦੀਨ ਦਇਆਲ ਭਏ ਪ੍ਰਭ ਠਾਕੁਰ ਗੁਰ ਕੈ ਸਬਦਿ ਸਵਾਰੇ ॥੧॥
ਮਧਸੂਦਨ ਜਗਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ ॥
ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈ ਸਾਧੂ ਚਰਨ ਪਖਾਰੇ ॥੨॥
ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ਪ੍ਰਭ ਏਕੋ ਪੁਰਖੁ ਨਿਰਾਰੇ ॥
ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ਪ੍ਰਭੁ ਏਕੋ ਗੁਰਮਤਿ ਤਾਰੇ ॥੩॥
ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ ॥
ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮ੍ਹਾਰੇ ॥੪॥
ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥
ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥
ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥੭॥
ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ ਮੋ ਕਉ ਹਰਿ ਜਨ ਮੇਲਿ ਪਿਆਰੇ ॥
ਨਾਨਕ ਦਾਸਨਿ ਦਾਸੁ ਕਹਤੁ ਹੈ ਹਮ ਦਾਸਨ ਕੇ ਪਨਿਹਾਰੇ ॥੮॥੧॥}

(ਅੰਗ ੯੮੦)

{ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤਿ ਗਾਉ ॥
ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥੨॥੧॥੬॥}

(ਅੰਗ ੯੮੮)

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥}

(ਅੰਗ ੧੩੨੭)

{ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ ॥ ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ ॥੨੦੫॥}

(ਅੰਗ ੧੩੭੫)

{ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥੫॥੧੦॥}

(ਅੰਗ ੧੪੦੩)

{ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥
ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥}

(ਅੰਗ ੫੧)

{ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥}

(ਅੰਗ ੫੫)

{ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥
ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥੩॥
ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ ੧੬੨)

{ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥}

(ਅੰਗ ੨੨੯)

{ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥ ਹਰਿ ਭਜਨ ਸਫਲ ਕਾਮ ॥੧॥ ਰਹਾਉ ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥ ਮਨ ਸੰਤਨਾ ਕੈ ਚਰਨਿ ਲਾਗੁ ॥੧॥
ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ ॥
ਕਰਿ ਭਗਤਿ ਨਾਨਕ ਪੂਰਨ ਭਾਗੁ ॥੨॥੪॥੧੫੫॥}

(ਅੰਗ ੪੦੮-੪੦੯)

{ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥
ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥
ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥}

(ਅੰਗ ੪੪੩)

47/6200

{ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥
ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥
ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥੩॥}

(ਅੰਗ ੫੦੯)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥੨॥}

(ਅੰਗ ੭੦੪)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥}

(ਅੰਗ ੫੭੮)

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥}

(ਅੰਗ ੬੫੦)

{ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥੩॥
ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥}

(ਅੰਗ ੭੧੧)

{ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥
ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥
ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥
ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥}

(ਅੰਗ ੭੭੩)

{ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥
ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥ ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥
ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥}

(ਅੰਗ ੭੮੬)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥}

(ਅੰਗ ੫੮)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥}

(ਅੰਗ ੨੯੬)

{ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ ॥ ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ ॥੪॥੫॥}

(ਅੰਗ ੬੯੨)

{ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ ॥
ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ ॥੨॥}

(ਅੰਗ ੭੪੫)

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥}

(ਅੰਗ ੯੯੪)

ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਪੂਰੇ ਲੇਖ ਰਾਹੀਂ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਤੇ ਉਪਰਲੇ ਸ਼ਬਦਾਂ ਦੇ ਪ੍ਰਮਾਣ ਰਾਹੀਂ ਅਸੀਂ ਇਸ ਗੱਲ ਨੂੰ ਆਪਣੇ ਅੰਦਰ ਹੋਰ ਦ੍ਰਿੜ ਕਰ ਸਕਦੇ ਹਾਂ ਕਿ ਪੂਰੀ ਗੁਰਬਾਣੀ ਰਾਹੀਂ ਸਾਨੂੰ ਨਾਮ ਹੀ ਸਿਖਾਇਆ ਹੋਇਆ ਹੈ ਕਿ ਨਾਮ ਕੀ ਹੈ, ਨਾਮ ਜਪਣਾ ਕੀ ਹੈ ਤੇ ਨਾਮ ਜਪਣ ਦਾ ਫਲ ਕੀ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ, ਧਿਆਨ ਨਾਲ ਸਮਝੋਗੇ ਤੇ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕੀ ਹੈ, ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਕੀ ਹੈ ਤੇ ਉਹ ਵਿਛੋੜਾ ਦੂਰ ਕਰਨ ਦਾ ਤਰੀਕਾ ਕੀ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੀ ਹੈ ਇਹ ਸਭ ਨਾਮ ਦੀ ਸਮਝ ਨਾਲ ਜੁੜਿਆ ਹੋਇਆ ਹੈ। ਨਾਮ ਦੇ ਰੂਪ ਵਿੱਚ

47/6201

ਪ੍ਰਮਾਤਮਾ ਆਪ ਹੈ ਜਿਸ ਆਪਣੇ ਰੂਪ ਵਿੱਚ ਉਹ ਪੂਰੀ ਗੁਰਬਾਣੀ ਦੇ ਵਿੱਚ ਹੈ। ਨਾਮ ਦੀ ਸਮਝ ਨੂੰ ਜਪਣਾ ਭਾਵ ਪ੍ਰਮਾਤਮਾ ਦੀ ਸਮਝ ਨੂੰ ਜਪਣਾ, ਗੁਰਬਾਣੀ ਦੀ ਸਮਝ ਨੂੰ ਜਪਣਾ ਭਾਵ ਮੰਨਣਾ ਨਾਮ ਜਪਣਾ ਹੈ ਜੋ ਨਾਮ ਜਪਣ ਦੁਆਰਾ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਦੂਰ ਹੋ ਸਕਦਾ ਹੈ। ਪ੍ਰਮਾਤਮਾ ਦੇ ਨਾਲੋਂ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਲੇਖ ਵਿੱਚ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਾਂਗੇ ਜਿਨ੍ਹਾਂ ਸ਼ਬਦਾਂ ਰਾਹੀਂ ਪ੍ਰਮਾਤਮਾ ਨਾਲੋਂ ਵਿਛੋੜਾ ਦੂਰ ਕਰਨ ਦਾ ਤਰੀਕਾ ਬੜੀ ਗਹਿਰਾਈ ਨਾਲ ਸਮਝਾਇਆ ਹੋਇਆ ਹੈ। ਪ੍ਰਮਾਤਮਾ ਦੇ ਨਾਲ ਵਿਛੋੜਾ ਦੂਰ ਕਰਨ ਦਾ ਤਰੀਕਾ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਹੀ ਹੈ ਜੋ ਕਿ ਕੇਵਲ ਤੇ ਕੇਵਲ ਉਸਨੂੰ ਮਨ ਦੇ ਵਿੱਚੋਂ ਭਾਵ ਮਨ ਦੀ ਸਮਝ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਚਉਥੇ ਪਦ ਦਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਤੇ ਮਨੁੱਖੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਹੈ ਜੋ ਸਾਡੇ ਅੰਦਰ ਦੀ ਸਮਝ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਨਾਮ ਦੀ ਪ੍ਰਾਪਤੀ ਹੋਣ ਦੁਆਰਾ ਹੀ ਦੂਰ ਹੁੰਦਾ ਹੈ ਭਾਵ ਚਉਥੇ ਪਦ ਵਾਲੀ ਸਮਝ ਦੇ ਨਾਲ ਹੀ ਹੁੰਦਾ ਹੈ, ਬ੍ਰਹਮ ਗਿਆਨ ਵਾਲੀ ਸਮਝ ਦੇ ਨਾਲ ਹੀ ਹੁੰਦਾ ਹੈ ਜੋ ਚਉਥੇ ਪਦ ਦੇ ਗਿਆਨ ਵਾਲੀ ਸਮਝ ਭਾਵ ਬ੍ਰਹਮ ਗਿਆਨ ਵਾਲੀ ਸਮਝ ਪੂਰੀ ਗੁਰਬਾਣੀ ਦੇ ਵਿੱਚ ਨਾਮ ਦੇ ਰੂਪ ਵਿੱਚ ਹੈ ਤੇ ਆਪਣੇ ਇਸ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਗੁਰਬਾਣੀ ਦੇ ਵਿੱਚ ਆਪ ਹੀ ਹੈ ਜੋ ਬ੍ਰਹਮ ਗਿਆਨ ਦਾ ਰੂਪ ਉਸ ਦਾ ਗੁਰੂ ਰੂਪ ਹੈ। ਅਸੀਂ ਗੁਰੂ ਨੂੰ ਹੀ ਜਪਣਾ ਹੈ ਭਾਵ ਬ੍ਰਹਮ ਗਿਆਨ ਨੂੰ ਹੀ ਜਪਣਾ ਹੈ ਜੋ ਕਿ ਨਾਮ ਜਪਣਾ ਹੈ। ਨਾਮ ਜਪਣਾ ਕੀ ਹੈ ਇਸ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ। ਗੁਰੂ ਦੀ ਮਤਿ ਨੂੰ ਜਪਣਾ ਨਾਮ ਜਪਣਾ ਹੈ। ਗੁਰੂ ਦੀ ਮਤਿ ਹਰ ਸ਼ਬਦ ਰਾਹੀਂ ਸਾਨੂੰ ਕੁਝ ਸਮਝਾਉਣ ਲਈ ਹੀ ਹੈ, ਸਾਨੂੰ ਆਪਣੀ ਸੱਚੀ ਸਿੱਖਿਆ ਦੇਣ ਲਈ ਹੀ ਹੈ। ਗੁਰੂ ਦੀ ਮਤਿ ਸਾਨੂੰ ਇਹ ਵੀ ਸਮਝਾਉਂਦੀ ਹੈ ਕਿ ਪ੍ਰਮਾਤਮਾ ਕੀ ਹੈ ਜੋ ਕਿ ਸਾਨੂੰ ਗੁਰੂ ਦੀ ਮਤਿ ਨਾਲ ਇਹ ਵੀ ਸਮਝਾਉਂਦੀ ਹੈ ਕਿ ਪ੍ਰਮਾਤਮਾ ਨਾਮ ਦੇ ਰੂਪ ਵਿੱਚ ਹੈ ਤੇ ਉਸ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਨਾਮ ਨੂੰ ਆਪਣੇ ਅੰਦਰ ਵਸਾਉਣ ਦਾ ਹੈ ਜਿਸ ਨਾਮ ਨੂੰ ਵਸਾਉਣ ਦੁਆਰਾ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਹੀ ਨਿਕਲਦੀ ਹੈ ਜੋ ਭਰਮਾਂ ਵਾਲੀ

47/6202

ਸਮਝ, ਹਉਮੈ ਵਾਲੀ ਸਮਝ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ। ਇਸੇ ਲਈ ਬਾਣੀ ਸਾਨੂੰ ਸਮਝਾਉਂਦੀ ਹੈ ਕਿ ਆਪਣੇ ਮਨ ਨੂੰ ਖੋਜੋ ਕਿਉਂਕਿ ਪ੍ਰਮਾਤਮਾ ਸਾਡੇ ਅੰਦਰ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ। ਅਸੀਂ ਆਪਣੇ ਮਨ ਦੀ ਸਮਝ ਨੂੰ ਹੀ ਖੋਜਣਾ ਹੈ ਭਾਵ ਜਾਨਣਾ ਹੈ ਕਿ ਇਹ ਸਾਡੇ ਅੰਦਰ ਸਮਝ ਕਿੱਥੋਂ ਆਉਂਦੀ ਹੈ, ਸਾਡੀ ਸਮਝ ਦਾ ਮਾਲਕ ਕੌਣ ਹੈ। ਆਪਣੇ ਮਨ ਦੀ ਸਮਝ ਨੂੰ ਖੋਜਣ ਦਾ ਤਰੀਕਾ ਗੁਰਮਤਿ ਦੀ ਸਮਝ ਹੈ ਜਿਸ ਸਮਝ ਦੁਆਰਾ ਅਸੀਂ ਆਪਣੇ ਅੰਦਰ ਦੀ ਸਮਝ ਨੂੰ ਖੋਜ ਸਕਦੇ ਹਾਂ। ਆਪਣੇ ਅੰਦਰ ਦੀ ਸਮਝ ਨੂੰ ਅਸੀਂ ਤਾਂ ਹੀ ਖੋਜ ਸਕਦੇ ਹਾਂ, ਜਾਣ ਸਕਦੇ ਹਾਂ ਜੇ ਪਹਿਲੇ ਗੁਰੂ ਦੀ ਸਮਝ ਨੂੰ ਖੋਜਾਂਗੇ ਭਾਵ ਸਮਝਾਂਗੇ। ਗੁਰੂ ਦੇ ਸ਼ਬਦ ਦੇ ਵਿਚਾਰਾਂ ਨੂੰ ਖੋਜਾਂਗੇ ਕਿ ਉਹ ਸਾਨੂੰ ਕੀ ਕਰਨ ਨੂੰ ਸਮਝਾਉਂਦੇ ਹਨ। ਸ਼ਬਦਾਂ ਦੀ ਵਿਚਾਰ ਸਾਨੂੰ ਜੋ ਕਿ ਚਉਥੇ ਪਦ ਦੇ ਗਿਆਨ ਵਾਲੀ ਵਿਚਾਰ ਹੈ ਸਾਨੂੰ ਆਪਣੇ ਤ੍ਰੈ ਗੁਣਾਂ ਵਾਲੇ ਵਿਚਾਰਾਂ ਵਿੱਚੋਂ, ਭਰਮਾਂ ਵਾਲੇ ਵਿਚਾਰਾਂ ਵਿੱਚੋਂ ਭਾਵ ਆਪਣੀ ਸੁਰਤਿ ਦੇ ਵਿਚਾਰਾਂ ਵਿੱਚੋਂ ਨਿਕਲਣ ਲਈ ਹੀ ਸਮਝਾਉਂਦੀ ਹੈ ਤਾਂ ਜੋ ਅਸੀਂ ਮਨਮਤਿ ਵਾਲੇ ਕਰਮ ਛੱਡਕੇ ਗੁਰਮਤਿ ਵਾਲੇ ਕਰਮ ਕਰੀਏ। ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦਾ ਨਾਮ ਜਪਣਾ ਹੈ ਜੋ ਨਾਮ ਜਪਣ ਦੁਆਰਾ ਸਾਡੀ ਸੁਰਤਿ ਦੇ ਵਿਚਾਰਾਂ ਨੇ ਹੀ ਬਦਲਣਾ ਹੈ ਭਾਵ ਸਾਡੀ ਭਰਮਾਂ ਵਾਲੀ ਸਮਝ ਨੇ ਹੀ ਮਰਨਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੇ ਸਾਨੂੰ ਉਸ ਸਮਝ ਦੇ ਨਾਲ ਜੋੜਨਾ ਹੈ, ਬ੍ਰਹਮ ਗਿਆਨ ਵਾਲੀ ਸਮਝ ਦੇ ਨਾਲ ਜੋੜਨਾ ਹੈ ਜਿਸ ਸਮਝ ਦੇ ਰੂਪ ਵਿੱਚ ਗੁਰੂ ਆਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਉਸ ਦਾ ਰੂਪ ਪੂਰੀ ਗੁਰਬਾਣੀ ਦੇ ਵਿੱਚ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਲਈ, ਨਾਮ ਦੇ ਮਾਲਕ ਨੂੰ ਜਾਨਣ ਲਈ ਕੇਵਲ ਤੇ ਕੇਵਲ ਮਨ ਦੀ

ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਣ ਦੀ ਲੋੜ ਹੈ ਤੇ ਗੁਰੂ ਦਾ ਸੱਚਾ ਗਿਆਨ ਭਾਵ ਬ੍ਰਹਮ ਗਿਆਨ ਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਦੂਰ ਕਰ ਸਕਦਾ ਹੈ। ਬ੍ਰਹਮ ਗਿਆਨ ਹੀ ਨਾਮ ਹੈ ਜਿਸ ਨੂੰ ਅਸੀਂ ਜਪਣਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਅਸੀਂ ਮੰਨਣਾ ਹੈ ਤੇ ਹਰ ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਕੁਝ ਸਮਝਾਉਣ ਲਈ ਹੀ ਹੈ ਜਿਸ ਨੂੰ ਸਮਝ ਕੇ ਮੰਨਣਾ ਹੀ ਨਾਮ ਜਪਣਾ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਬਾਰ-ਬਾਰ ਮਾਇਆ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ, ਅਉਗੁਣ ਤਿਆਗਣ ਲਈ ਸਮਝਾਉਂਦੀ ਹੈ ਤੇ ਇਹ ਸਭ ਕੁਝ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਗੁਰੂ ਦਾ ਨਾਮ ਜਪਾਂਗੇ ਭਾਵ ਪੂਰਨ ਰੂਪ ਵਿੱਚ ਗੁਰੂ ਦੀ ਮਤਿ ਨੂੰ ਮੰਨਾਂਗੇ, ਸ਼ਬਦਾਂ ਦੀ ਵਿਚਾਰ ਤੇ ਪੂਰੇ ਉਤਰਾਂਗੇ ਜੋ ਕਿ ਬਹੁਤ ਹੀ ਔਖਾ ਹੈ ਤੇ ਇਸੇ ਲਈ ਨਾਮ

47/6203

ਜਪਣਾ ਔਖਾ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਜਾਨਣਾ ਔਖਾ ਹੈ। ਆਪਣੇ ਆਪ ਕੋਈ ਪੂਰੀ ਤਰ੍ਹਾਂ ਨਾਮ ਨਹੀਂ ਜਪ ਸਕਦਾ ਭਾਵ ਪੂਰੀ ਤਰ੍ਹਾਂ ਗੁਰਮਤਿ ਤੇ ਪੂਰਾ ਨਹੀਂ ਉਤੱਰ ਸਕਦਾ, ਪੂਰੀ ਤਰ੍ਹਾਂ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦਾ ਜਿਸ ਅਗਿਆਨਤਾ ਵਾਲੀ ਸਮਝ ਨੂੰ ਭਗਤੀ ਦੇ ਸਹੀ ਮਾਰਗ ਦੀ ਸਮਝ ਹੀ ਨਹੀਂ ਪੈਂਦੀ, ਨਾਮ ਜਪਣ ਦੀ ਸਮਝ ਹੀ ਨਹੀਂ ਪੈਂਦੀ। ਅਸੀਂ ਆਪਣੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਸੱਚਾ ਉਦੱਮ ਹੀ ਕਰਨਾ ਹੈ ਜੋ ਸੱਚਾ ਉਦੱਮ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ ਤੇ ਇਹੀ ਸਭ ਲਈ ਨਾਮ ਜਪਣ ਦਾ ਉਦੱਮ ਹੈ ਜੋ ਨਾਮ ਜਪਣਾ ਬਾਣੀ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਸਮਝਾ ਰਹੀ ਹੈ ਪਰ ਮਨ ਦੇ ਭਰਮਾਂ ਕਰਕੇ, ਸਦੀਆਂ ਤੋਂ ਚੱਲ ਰਹੇ ਭਰਮਾਂ ਕਰਕੇ ਅਸੀਂ ਉਹਨਾਂ ਦੀ ਮਤਿ ਦੇ ਨਾਲ ਜੁੜ ਜਾਂਦੇ ਹਾਂ ਜਿਨ੍ਹਾਂ ਨੂੰ ਨਾਮ ਦੀ ਸਮਝ ਨਹੀਂ ਹੈ ਜੋ ਕਿ ਗੁਰੂ ਦੇ ਨਾਲ ਬੇਵਿਸ਼ਵਾਸੀ ਹੈ। ਭਾਵੇਂ ਸਾਨੂੰ ਗੁਰੂ ਬਾਰ-ਬਾਰ ਬੜੇ ਸਪਸ਼ਟ ਤਰੀਕੇ ਨਾਲ ਸਮਝਾ ਰਿਹਾ ਹੈ ਕਿ ਨਾਮ ਕੀ ਹੈ, ਨਾਮ ਜਪਣਾ ਕੀ ਹੈ ਤੇ ਨਾਮ ਦਾ ਮਿਲਣਾ ਕੀ ਹੈ ਪਰ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਕਰਦੇ ਹੋਏ ਉਹਨਾਂ ਦੀ ਗੱਲ ਤੇ ਵਿਸ਼ਵਾਸ ਕਰਦੇ ਹਾਂ ਜੋ ਸਾਨੂੰ ਵੱਖਰੇ-ਵੱਖਰੇ ਨਾਮ ਸਮਝਾਉਂਦੇ ਹਨ ਤੇ ਪ੍ਰਮਾਤਮਾ ਨੂੰ ਪਾਉਂਣ ਦੀਆਂ ਗੱਲਾਂ ਵੀ ਵੱਖਰੀਆਂ-ਵੱਖਰੀਆਂ ਕਰਦੇ ਹਨ। ਵਿਛੋੜਾ ਤਾਂ ਅਸੀਂ ਆਪਣਾ ਪ੍ਰਮਾਤਮਾ ਦੇ ਨਾਲੋਂ ਦੂਰ ਕਰਨਾ ਹੈ ਜੋ ਕਿ ਆਪ ਹੀ ਗੁਰੂ ਹੈ ਤੇ ਗੁਰੂ ਦੀ ਗੱਲ ਤੇ ਬੇਵਿਸ਼ਵਾਸੀ ਕਰਕੇ ਕੀ ਕਦੇ ਕਿਸੇ ਦਾ ਵਿਛੋੜਾ ਦੂਰ ਹੋ ਸਕਦਾ ਹੈ ਭਾਵ ਨਾਮੁਮਕਿਨ ਹੈ। ਆਉ ਗੁਰੂ ਦੀ ਗੱਲ ਤੇ ਵਿਸ਼ਵਾਸ ਕਰੀਏ ਤੇ ਗੁਰੂ ਦੀ ਮਤਿ ਨੂੰ ਮੰਨਣ ਦਾ ਹੀ ਸੱਚਾ ਉਦੱਮ ਕਰੀਏ ਜਿਸ ਨੂੰ ਮੰਨਣਾ ਹੀ ਨਾਮ ਜਪਣਾ ਹੈ ਤੇ ਤਾਂ ਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਦੂਰ ਹੋ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ।

{ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥}

(ਅੰਗ ੧੧੨੯)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥}

(ਅੰਗ ੧੧੫੨)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

47/6204

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

ਇਹ ਜਪੁਜੀ ਬਾਣੀ ਦੇ ਪਹਿਲੇ ਸ਼ਬਦ ਰਾਹੀਂ ਹੀ ਇਹ ਸਮਝਦੇ ਹਾਂ ਕਿ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਕਿਸ ਤਰੀਕੇ ਹੈ ਤੇ ਉਹ ਦੂਰ ਕਿਵੇਂ ਹੋਣਾ ਹੈ। ਪ੍ਰਮਾਤਮਾ ਨਾਲ ਸਾਡਾ ਵਿਛੋੜਾ ਜਿਸ ਤਰੀਕੇ ਨਾਲ ਦੂਰ ਹੋਣਾ ਹੈ ਉਹ ਨਾਮ ਜਪਣ ਦੁਆਰਾ ਹੀ ਹੋਣਾ ਹੈ ਤੇ ਇਹੀ ਗੱਲ ਸ਼ਬਦ ਰਾਹੀਂ ਸਮਝਾਈ ਹੋਈ ਹੈ। ਵਿਛੋੜਾ ਮਨ ਦੇ ਵਿੱਚ ਹੈ ਤੇ ਮਨ ਦੇ ਵਿੱਚੋਂ ਹੀ ਦੂਰ ਹੋਣਾ ਹੈ। ਸ਼ਬਦ ਰਾਹੀਂ ਸਾਡੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿਸ ਮਨ ਦੀ ਅਵਸਥਾ ਵਿੱਚ ਰਹਿੰਦੇ ਹੋਏ ਭਾਵ ਮਨ ਦੀ ਜਿਸ ਸਮਝ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰ ਜਾਨਣ ਤੋਂ ਦੂਰ ਰਹਿੰਦੇ ਹਾਂ ਤੇ ਇਹ ਵਿਛੋੜਾ ਦੂਰ ਕਿਵੇਂ ਹੋ ਸਕਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ, ਵਿਛੋੜਾ ਨਾਮ ਜਪਣ ਦੁਆਰਾ ਹੀ ਦੂਰ ਹੋਣਾ ਹੈ।

“ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥”

(ਅੰਗ ੧)

ਪ੍ਰਮਾਤਮਾ ਨੂੰ ਹਰ ਕੋਈ ਪਾਉਂਣਾ ਚਾਹੁੰਦਾ ਹੈ, ਜਾਨਣਾ ਚਾਹੁੰਦਾ ਹੈ, ਸਦੀਆਂ ਤੋਂ ਹੀ ਜਾਨਣਾ ਚਾਹੁੰਦਾ ਹੈ। ਸਦੀਆਂ ਪਹਿਲੇ ਵੇਦ ਸ਼ਾਸਤਰ ਆਦਿ ਧਰਮ ਗ੍ਰੰਥਾਂ ਦੀ ਰਚਨਾ ਵੀ ਹੋਈ ਹੈ ਜੋ ਰਚਨਾ ਪ੍ਰਮਾਤਮਾ ਦੀ ਆਪਣੀ ਹੀ ਕੀਤੀ ਹੋਈ ਹੈ ਜਿਵੇਂ ਕਿ ਅਸੀਂ ਪਿੱਛੋਂ ਸ਼ਬਦਾਂ ਦੁਆਰਾ ਜਾਣਿਆ ਹੈ। ਧਰਮ ਗ੍ਰੰਥਾਂ ਰਾਹੀਂ ਪ੍ਰਮਾਤਮਾ ਨੂੰ ਪਾਉਂਣ ਦਾ ਇੱਕੋ ਜਿਹਾ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਕਿ ਆਪਣੇ ਮਨ ਦੇ ਵਿਚਾਰਾਂ ਨੂੰ ਵੱਸ ਵਿੱਚ ਕਰਨ ਦਾ ਹੈ, ਜਿਨ੍ਹਾਂ ਨੂੰ ਕਿ ਮਨ ਦੇ ਫੁਰਨਿਆਂ ਨੂੰ ਰੋਕਣਾ ਵੀ ਕਿਹਾ ਜਾਂਦਾ ਹੈ। ਮਨੁੱਖ ਦੇ ਅੰਦਰ ਹਰ ਵੇਲੇ ਤ੍ਰਿਸ਼ਨਾਵਾਂ ਉਪਜਦੀਆਂ ਰਹਿੰਦੀਆਂ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਮਨੁੱਖ ਦੁੱਖੀ ਹੁੰਦਾ ਹੈ। ਵੱਸ ਦੇ ਵਿੱਚ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਹੀ ਕਰਨਾ ਹੈ ਜਿਨ੍ਹਾਂ ਦਾ ਵੱਸ ਵਿੱਚ ਆਉਣਾ ਹੀ ਭਉਜਲ ਸਾਗਰ ਨੂੰ ਤਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਸਦੀਆਂ ਤੋਂ ਜੋਗੀ ਆਦਿ ਭਾਰਤ ਵਰਸ਼ ਵਿੱਚ ਪ੍ਰਮਾਤਮਾ ਨੂੰ ਜੋ ਪਾਉਂਣ ਦਾ ਤਰੀਕਾ ਅਪਨਾਉਂਦੇ ਆਏ ਹਨ ਉਹ ਮਨ ਦੇ ਫੁਰਨਿਆਂ ਨੂੰ ਆਪਣੇ ਅੰਦਰੋਂ ਉਪਜਣ ਤੋਂ ਰੋਕਣ ਦਾ ਉਪਰਾਲਾ ਕਰਨ ਦੁਆਰਾ ਤਰੀਕਾ ਅਪਨਾਉਂਦੇ ਆਏ ਹਨ ਜੋ ਤਰੀਕਾ ਅਜੇ ਵੀ ਉਸੇ ਤਰੀਕੇ ਹੀ ਅਪਨਾਇਆ ਜਾਂਦਾ ਹੈ ਕਿਉਂਕਿ ਕਿਸੇ ਨੂੰ ਇਸ ਗੱਲ ਦੀ ਸਮਝ

47/6205

ਹੀ ਨਹੀਂ ਹੈ ਕਿ ਸਾਡੇ ਅੰਦਰ ਜੋ ਵਿਚਾਰ ਉਪਜਦੇ ਹਨ, ਸੋਚਾਂ ਉਪਜਦੀਆਂ ਹਨ ਉਹ ਮਨੁੱਖ ਦੇ ਵੱਸ ਹੀ ਨਹੀਂ ਹਨ। ਇੱਥੇ ਹੀ ਮਨ ਦੇ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਤੇ ਉਸ ਦੇ ਨਾਲ ਮੇਲ ਦਾ ਭੇਦ ਛੁਪਿਆ ਹੋਇਆ ਹੈ। ਉਪਰ ਦਿੱਤੇ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਕੁਝ ਹੀ ਸਮਝਾਇਆ ਹੋਇਆ ਹੈ ਕਿ ਮਨ ਦੀਆਂ ਸੋਚਾਂ ਸਾਡੇ ਵੱਸ ਨਹੀਂ ਹਨ ਤੇ ਉਹਨਾਂ ਨੂੰ ਆਪਣੇ ਅੰਦਰ ਉਪਜਣ ਤੋਂ ਰੋਕਣਾ ਮਨੁੱਖ ਦੇ ਵੱਸ ਨਹੀਂ ਹੈ ਤੇ ਇਹੋ ਜਿਹਾ ਹਰ ਉਪਰਾਲਾ ਵਿਅਰਥ ਹੈ।

“ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥”

ਪਹਿਲੀ ਪੰਗਤੀ ਨੂੰ ਹੀ ਬੜੇ ਧਿਆਨ ਨਾਲ ਸਮਝੋ **“ਸੋਚੈ”** ਤੋਂ ਭਾਵ ਹੈ ਸਾਡੇ ਸੋਚਣ ਦੁਆਰਾ। ਪੂਰੀ ਪੰਗਤੀ ਤੋਂ ਭਾਵ ਹੈ ਸਾਡੇ ਸੋਚਣ ਨਾਲ ਸਾਡੇ ਅੰਦਰ ਦੀ ਸੋਚ ਨਹੀਂ ਉਪਜ ਸਕਦੀ ਭਾਵੇਂ ਅਸੀਂ ਲਖ ਵਾਰੀ ਸੋਚੀ ਜਾਈਏ ਭਾਵ ਲੱਖਾਂ ਕੋਸ਼ਿਸ਼ਾਂ ਕਰ ਲਈਏ ਕਿ ਮਨ ਦੀ ਸੋਚ ਸਾਡੇ ਵੱਸ ਆ ਜਾਵੇ ਇਹ ਨਹੀਂ ਹੋ ਸਕਦਾ। **(ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥)** ਸਾਡੇ ਅੰਦਰ ਮਨ ਦੀਆਂ ਸੋਚਾਂ ਉਪਜਦੀਆਂ ਹੀ ਰਹਿੰਦੀਆਂ ਹਨ ਤੇ ਅਸੀਂ ਮਨ ਦੀਆਂ ਸੋਚਾਂ ਰੋਕਣ ਦੁਆਰਾ ਭਾਵ ਮਨ ਦੇ ਫੁਰਨਿਆਂ ਨੂੰ ਰੋਕਣ ਦੁਆਰਾ ਇਸ ਮਨ ਨੂੰ ਚੁੱਪ ਕਰਾਉਣਾ ਚਾਹੁੰਦੇ ਹਾਂ। ਇਹ ਮਨ ਸਾਡੇ ਚੁੱਪ ਕਰਾਉਣ ਦੁਆਰਾ ਚੁੱਪ ਨਹੀਂ ਹੋ ਸਕਦਾ **(ਚੁਪੈ ਚੁਪ ਨ ਹੋਵਈ)** ਅਸੀਂ ਆਪਣੇ ਮਨ ਨੂੰ ਚੁਪ ਕਰਾਉਣ ਲਈ ਜੋ ਤਰੀਕਾ ਅਪਣਾਉਂਦੇ ਹਾਂ ਤੇ ਸਦੀਆਂ ਤੋਂ ਅਪਨਾਉਂਦੇ ਆ ਰਹੇ ਹਾਂ ਉਹ ਨਾਲ ਹੀ ਸਮਝਾਇਆ ਹੋਇਆ ਹੈ।

“ਜੇ ਲਾਇ ਰਹਾ ਲਿਵ ਤਾਰ ॥”

“ਲਿਵ ਤਾਰ” ਤੋਂ ਭਾਵ ਪ੍ਰਮਾਤਮਾ ਨਾਲ ਲਿਵ ਲਾਉਣ ਦਾ ਤਰੀਕਾ ਜਿਸ ਲਈ ਅਸੀਂ ਲੰਬੀ ਸਮਾਧੀ ਲਗਾ ਕੇ ਬੈਠਦੇ ਹਾਂ ਪਰ ਇਹੋ ਜਿਹੀ ਸਮਾਧੀ ਮਨ ਨੂੰ ਚੁਪ ਕਰਾਉਣ ਦੇ ਕਿਸੇ ਕੰਮ ਨਹੀਂ ਆਉਂਦੀ ਜਿਵੇਂ ਕਿ ਅਸੀਂ ਪਿਛੇ ਵੀ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ। ਸਮਾਧੀ ਲਗਾ ਕੇ ਅਸੀਂ ਆਪਣੇ ਵਲੋਂ ਕਿਸੇ ਅੱਖਰ ਦਾ ਜਪ ਕਰਨ ਦੁਆਰਾ ਪ੍ਰਮਾਤਮਾ ਦਾ ਨਾਮ ਜਪਣਾ ਹੀ ਸਮਝਦੇ ਹਾਂ

47/6206

ਜਿਸ ਦੁਆਰਾ ਆਪਣੇ ਮਨ ਨੂੰ ਚੁਪ ਨਹੀਂ ਕਰਾਇਆ ਜਾ ਸਕਦਾ ਭਾਵ ਸਾਡੇ ਅੰਦਰ ਉਪਜਣ ਵਾਲੇ ਫੁਰਨੇ, ਵਿਚਾਰ, ਤ੍ਰਿਸ਼ਨਾਵਾਂ ਵਾਲੇ ਵਿਚਾਰ ਉਪਜਣੇ ਨਹੀਂ ਰੁੱਕ ਸਕਦੇ। **(ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥)** ਮਨ ਦੀਆਂ ਸੋਚਾਂ ਹੀ ਭਾਵ ਤ੍ਰਿਸ਼ਨਾਵਾਂ ਵਾਲੇ ਵਿਚਾਰ ਹੀ ਸਾਨੂੰ ਮਾਇਆ ਮੋਹ ਨਾਲ ਜੋੜਦੇ ਹਨ, ਮਾਇਆ

ਦੇ ਪਦਾਰਥਾਂ ਦੀ ਭੁੱਖ ਨਾਲ ਜੋੜਦੇ ਹਨ ਜਿਸ ਮਾਇਆ ਦੀ ਭੁੱਖ ਵਿੱਚੋਂ ਨਿਕਲਣਾ ਮਨੁੱਖ ਦੇ ਵੱਸ ਵਿੱਚ ਨਹੀਂ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ ਭਾਰ ॥"

ਇਸ ਗੱਲ ਨੂੰ ਤਾਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਹਰ ਕਿਸੇ ਨੂੰ ਭੁੱਖ ਕਿਸ ਚੀਜ ਦੀ ਹੈ। ਭੁੱਖ ਸਭ ਨੂੰ ਮਾਇਆ ਦੇ ਪਦਾਰਥਾਂ ਦੀ ਹੀ ਹੈ ਜਿਨ੍ਹਾਂ ਦੀ ਪ੍ਰਾਪਤੀ ਵਿੱਚ ਮਨੁੱਖ ਸੁਖ ਸਮਝਦਾ ਹੈ। ਹਰ ਕੋਈ ਮਾਇਆ ਦੀਆਂ ਦਾਤਾਂ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਵੱਧ ਤੋਂ ਵੱਧ ਦਾਤਾਂ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਅਸੀਂ ਜਿਸ ਧਰਤੀ ਤੇ ਰਹਿੰਦੇ ਹਾਂ ਉਹ ਮਾਇਆ ਦੀਆਂ ਦਾਤਾਂ ਦੇ ਨਾਲ ਭਰੀ ਹੋਈ ਹੈ। ਉਪਰ ਪੰਗਤੀ ਵਿੱਚ **"ਪੁਰੀਆ"** ਸਾਡੇ ਰਹਿਣ ਲਈ ਜਗ੍ਹਾ ਨੂੰ ਕਿਹਾ ਹੈ ਭਾਵ ਸਾਡੀ ਇਸ ਧਰਤੀ ਨੂੰ ਹੀ ਕਿਹਾ ਹੈ ਜਿੱਥੇ ਅਸੀਂ ਰਹਿੰਦੇ ਹਾਂ। ਪੁਰੀਆ ਕੀ ਹੈ ਇਸ ਨੂੰ ਇਸ ਤਰੀਕੇ ਸਮਝ ਸਕਦੇ ਹਾਂ ਕਿ ਪੁਰੀ ਕਿਸ ਨੂੰ ਕਹਿੰਦੇ ਹਨ। **"ਪੁਰੀ"** ਰਹਿਣ ਵਾਲੀ ਜਗ੍ਹਾ ਨੂੰ ਕਹਿੰਦੇ ਹਨ ਜਿਵੇਂ ਕਿ ਇੰਦ੍ਰ ਪੁਰੀ, ਜਨਕ ਪੁਰੀ ਆਦਿ। ਸਾਡੇ ਸਭਦੇ ਰਹਿਣ ਲਈ ਪੁਰੀ ਇਹ ਧਰਤੀ ਹੈ। ਪੁਰੀਆ ਤੋਂ ਭਾਵ ਹੈ ਪੂਰੀ ਧਰਤੀ ਦਾ। **"ਪੁਰੀਆ ਭਾਰ"** ਤੋਂ ਭਾਵ ਹੈ ਪੂਰੀ ਧਰਤੀ ਦਾ ਭਾਰ ਜਿਸ ਦਾ ਮਤਲਬ ਹੈ ਇਸ ਧਰਤੀ ਤੇ ਜੋ ਕੁਝ ਵੀ ਮੌਜੂਦ ਹੈ ਉਹ ਸਭ ਕੁਝ। ਉਪਰ ਵਾਲੀ ਪੰਗਤੀ ਤੋਂ ਭਾਵ ਹੈ ਕਿ ਇਸ ਮਨ ਦੀ ਭੁੱਖ ਭਾਵ ਮਾਇਆ ਦੀਆਂ ਦਾਤਾਂ ਦੀ ਭੁੱਖ ਇਸ ਧਰਤੀ ਦੇ ਸਾਰੇ ਪਦਾਰਥਾਂ ਦੀ ਪ੍ਰਾਪਤੀ ਦੁਆਰਾ ਵੀ ਨਹੀਂ ਲਹਿ ਸਕਦੀ ਕਿਉਂਕਿ ਇਹ ਭੁੱਖ ਮਨ ਦੇ ਵਿੱਚੋਂ ਹੀ ਉਪਜਦੀ ਹੈ, ਮਨ ਦੇ ਵਿਚਾਰਾਂ ਰਾਹੀਂ, ਮਨ ਦੀਆਂ ਸੋਚਾਂ ਰਾਹੀਂ ਉਪਜਦੀ ਹੈ ਜੋ ਮਨ ਦੀਆਂ ਸੋਚਾਂ ਸਾਡੇ ਵੱਸ ਵਿੱਚ ਨਹੀਂ ਹਨ। ਇਸੇ ਲਈ ਇਸ ਮਨ ਦੀ ਭੁੱਖ ਨੂੰ ਮਿਟਾਉਣਾ ਮਨੁੱਖ ਦੀ ਸਮਰਥਾ ਤੋਂ ਬਾਹਰ ਹੈ। **(ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥)**

47/6207

{ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥}

(ਅੰਗ ੨੭੯)

{ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥

ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥੧॥}

(ਅੰਗ ੨੧੩)

ਜਦ ਤਕ ਮਨੁੱਖ ਮਾਇਆ ਦੇ ਪਦਾਰਥਾਂ ਦੀ ਪ੍ਰਾਪਤੀ ਕਰਨ ਤੋਂ ਨਹੀਂ ਰੱਜਦਾ ਤਦ ਉਕ ਉਹ ਪ੍ਰਮਾਤਮਾ ਨੂੰ ਪਾ ਹੀ ਨਹੀਂ ਸਕਦਾ ਕਿਉਂਕਿ ਦਾਤਾਂ ਦੀ ਪ੍ਰਾਪਤੀ ਕਰਨ ਲਈ, ਮਨ ਦੀਆਂ ਤ੍ਰਿਸ਼ਨਾਵਾਂ ਸਾਨੂੰ ਮਾੜੇ ਕਰਮਾਂ ਨਾਲ ਜੋੜਦੀਆਂ ਹਨ ਜੋ ਕਿ ਪ੍ਰਮਾਤਮਾ ਦੀ ਭਗਤੀ ਦਾ ਉਲਟ ਮਾਰਗ ਹੈ, ਨਾਮ ਤੋਂ ਉਲਟ ਮਾਰਗ ਹੈ, ਪ੍ਰਮਾਤਮਾ ਤਕ ਪਹੁੰਚ ਕਰਨ ਤੋਂ ਉਲਟ ਮਾਰਗ ਹੈ।

{ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ ॥ ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ॥}

(ਅੰਗ ੧੪੧੨)

ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਅੱਗੇ ਚਲ ਕੇ ਸਮਝਾਂਗੇ ਜਿਸ ਰਾਹੀਂ ਸਾਨੂੰ ਮਾਇਆ ਮੋਹ ਹੀ ਸਮਝਾਇਆ ਹੋਇਆ ਹੈ ਜਿਸ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਮਾਇਆ ਦੀਆਂ ਦਾਤਾਂ ਦੀ ਪ੍ਰਾਪਤੀ ਦੀ ਇੱਛਾ ਸਾਨੂੰ ਪ੍ਰਮਾਤਮਾ ਤੋਂ ਭਾਵ ਗੁਰੂ ਤੋਂ ਵਿਸਾਰ ਕੇ ਰੱਖਦੀਆਂ ਹਨ ਭਾਵ ਸਾਨੂੰ ਗੁਰਮਤਿ ਵਿਛੁੜੀ ਰਹਿੰਦੀ ਹੈ।

{ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥}

(ਅੰਗ ੬੭੬)

ਮਾਇਆ ਮੋਹ ਛੱਡਣਾ ਸਭ ਲਈ ਔਖਾ ਹੈ ਇਸੇ ਲਈ ਨਾਮ ਜਪਣਾ ਔਖਾ ਹੈ ਤੇ ਪ੍ਰਮਾਤਮਾ ਨੂੰ ਪਾਉਂਣਾ ਵੀ ਔਖਾ ਹੈ ਕਿਉਂਕਿ ਮਾਇਆ ਮੋਹ ਵਿੱਚੋਂ ਨਿਕਲੇ ਬਿਨ੍ਹਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਾਇਆ ਮੋਹ ਨਾਲ ਸਾਨੂੰ ਸਾਡੇ ਮਨ ਦੇ ਵਿਚਾਰ ਹੀ ਜੋੜਦੇ ਹਨ ਜੋ ਕਿ ਸਾਡੇ ਵੱਸ ਵਿੱਚ ਨਹੀਂ ਹਨ ਭਾਵ ਪ੍ਰਮਾਤਮਾ ਦੇ ਵੱਸ ਵਿੱਚ ਹਨ ਤੇ ਇਸੇ ਲਈ ਪ੍ਰਮਾਤਮਾ ਦੀ ਰਜ਼ਾ ਬਿਨ੍ਹਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਵੀ ਨਹੀਂ ਜਾਣ ਸਕਦਾ ਜੋ ਕਿ ਸਾਡੇ ਸਭਦੇ

ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ। ਕਿਸੇ ਨੂੰ ਉਹ ਮਾਇਆ ਮੋਹ ਵਾਲੀ ਸਮਝ

47/6208

ਵਿੱਚੋਂ ਆਪ ਹੀ ਕੱਢ ਸਕਦਾ ਹੈ ਪਰ ਮਾਇਆ ਵਿੱਚੋਂ ਨਿਕਲਣ ਦਾ ਉਦੱਮ ਅਸੀਂ ਹੀ ਕਰਨਾ ਹੈ ਜੋ ਉਦੱਮ ਆਪਣੇ ਵਿਚਾਰ ਛੱਡਣ ਦੁਆਰਾ ਹੀ ਹੋ ਸਕਦਾ ਹੈ ਭਾਵ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ ਪਰ ਅਸੀਂ ਉਹ ਸੱਚਾ ਉੱਦਮ ਕਰਨ ਦੀ ਬਜਾਏ ਸਮਾਧੀਆਂ ਲਗਾਕੇ ਬੈਠ ਜਾਂਦੇ ਹਾਂ, ਕਿਸੇ ਅੱਖਰ ਨੂੰ ਬੋਲ ਬੋਲ ਕੇ ਜਪੀ ਜਾਂਦੇ ਹਾਂ ਜਿਸ ਦੁਆਰਾ ਅਸੀਂ ਮਾਇਆ ਵਾਲੇ ਵਿਚਾਰਾਂ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਜੋ ਕਿ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਨਹੀਂ ਹੈ ਭਾਵ ਕੇਵਲ ਇੱਕ ਸਾਡੀ ਸਿਆਣਪ ਹੈ, ਸਾਡੀ ਚਤੁਰਾਈ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਪਾਉਂਣਾ ਚਾਹੁੰਦੇ ਹਾਂ ਪਰ ਪ੍ਰਮਾਤਮਾ ਨਾਲ ਸਾਡੀ ਇਹੋ ਜਿਹੀ ਕੋਈ ਸਿਆਣਪ ਕੰਮ ਨਹੀਂ ਆਉਂਦੀ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ।

“ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥”

ਅਸੀਂ ਪ੍ਰਮਾਤਮਾ ਦੀ ਭਗਤੀ ਦੇ ਅਨੇਕਾਂ ਹੀ ਤਰੀਕੇ ਅਪਨਾਏ ਹੋਏ ਹਨ, ਸਦੀਆਂ ਤੋਂ ਅਪਨਾਏ ਹੋਏ ਹਨ ਜਿਵੇਂ ਕਿ ਬਾਣੀ ਰਾਹੀਂ ਸਾਨੂੰ ਇਹ ਕੁਝ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਕਿਉਂਕਿ ਉਹ ਭਗਤੀ ਦੇ ਤਰੀਕੇ ਹੈ ਹੀ ਨਹੀਂ ਤੇ ਉਹਨਾਂ ਤਰੀਕਿਆਂ ਨੂੰ ਤਿਆਗਣ ਲਈ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਵਿਅਰਥ ਵਿੱਚ ਹੀ ਆਪਣੇ ਆਪ ਨੂੰ ਐਵੇਂ ਤਕਲੀਫਾਂ ਵਿੱਚ ਨਾ ਪਾਈਏ। ਇਹ ਕੁਝ ਸਮਝਾਕੇ ਗੁਰੂ ਸਾਡਾ ਭਲਾ ਹੀ ਕਰਦਾ ਹੈ ਪਰ ਜੇਕਰ ਅਸੀਂ ਫਿਰ ਵੀ ਉਹਨਾਂ ਤਰੀਕਿਆਂ ਨੂੰ ਨਹੀਂ ਛੱਡਦੇ ਤੇ ਉਹਨਾਂ ਤਰੀਕਿਆਂ ਦੁਆਰਾ ਹੀ ਪ੍ਰਮਾਤਮਾ ਨੂੰ ਖੁਸ਼ ਕਰਨਾ ਚਾਹੁੰਦੇ ਹਾਂ ਤਾਂ ਫਿਰ ਉਹ ਸਾਡੀ ਕੇਵਲ ਇੱਕ ਸਿਆਣਪ ਹੈ, ਸਾਡੀ ਚਤੁਰਾਈ ਹੈ ਜਿਸ ਦੁਆਰਾ ਅਸੀਂ ਗੁਰੂ ਪ੍ਰਮਾਤਮਾ ਨੂੰ ਖੁਸ਼ ਕਰਨਾ ਚਾਹੁੰਦੇ ਹਾਂ। ਗੁਰੂ ਨੂੰ ਕੇਵਲ ਸੱਚ ਪਸੰਦ ਹੈ ਤੇ ਗੁਰੂ ਸਾਨੂੰ ਜੋ ਕੁਝ ਸਮਝਾਉਂਦਾ ਹੈ ਭਗਤੀ ਦੇ ਮਾਰਗ ਤੇ ਚੱਲਣ ਲਈ ਕੇਵਲ ਉਹੀ ਸੱਚ ਹੈ। ਸੱਚ ਤੋਂ ਉਲਟ ਚੱਲਣਾ ਕੇਵਲ ਸਾਡੀ ਚਤੁਰਾਈ ਹੈ, ਸਾਡੀ ਸਿਆਣਪ ਹੈ ਜਿਸਦਾ ਕਾਰਣ ਸਾਡੇ ਮਨ ਦੀ ਸਮਝ ਦਾ ਹੈ, ਆਪਣੀ ਭਰਮਾਂ ਵਾਲੀ ਸਮਝ ਨੂੰ ਨਾ ਛੱਡਣਾ ਹੈ। ਜੋ ਗੱਲ ਗੁਰੂ ਦੇ ਸਮਝਾਏ ਹੋਏ, ਗੁਰੂ ਦੇ ਸੱਚ ਤੇ ਖਰੀ ਨਹੀਂ ਉਤੱਰਦੀ ਉਹ ਸਾਡਾ ਭਰਮ ਹੈ ਤੇ ਭਰਮਾਂ ਵਾਲੀ ਸਮਝ ਦਾ ਅਸੀਂ ਜੋ ਵੀ ਭਗਤੀ ਦਾ ਤਰੀਕਾ

47/6209

ਅਪਨਾਉਂਦੇ ਹਾਂ, ਨਾਮ ਜਪਣ ਦਾ ਤਰੀਕਾ ਅਪਨਾਉਂਦੇ ਹਾਂ ਉਹ ਕੇਵਲ ਸਾਡੀ ਸਿਆਣਪ ਹੈ ਤੇ ਅਸੀਂ ਇਹੋ ਜਿਹੀਆਂ ਅਨੇਕਾਂ ਸਿਆਣਪਾਂ ਕਰਦੇ ਹਾਂ ਜਿਨ੍ਹਾਂ ਸਿਆਣਪਾਂ ਦੁਆਰਾ ਨਾ ਕਦੇ ਕਿਸੇ ਨੇ ਪ੍ਰਮਾਤਮਾ ਨੂੰ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ। ਗੁਰੂ ਸਾਨੂੰ ਬਾਰ-ਬਾਰ ਇਹਨਾਂ ਸਿਆਣਪਾਂ ਵਿੱਚੋਂ ਨਿਕਲਣ ਲਈ ਕਹਿੰਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ। ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ ਜੋ ਕਿ ਸਭਦੇ ਅੰਦਰ ਹਉਮੈ ਦੇ ਰੂਪ ਵਿੱਚ ਹੈ ਜਿਸ ਹਉਮੈ ਵਾਲੀ ਸਮਝ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਿੱਥੇ ਹਉਮੈ ਹੁੰਦੀ ਹੈ ਉੱਥੇ ਨਾਮ ਹੋ ਹੀ ਨਹੀਂ ਸਕਦਾ। ਨਾਮ ਦਾ ਮਕਸਦ ਸਾਨੂੰ ਹਉਮੈ ਵਾਲੀ ਸਮਝ ਵਿੱਚੋਂ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਡੇ ਅੰਦਰ ਗੁਰੂ ਦੀ ਸੱਚੀ ਸਮਝ ਵਸਾਉਣ ਨਾਲ ਹੀ ਹੈ ਤਾਂ ਜੋ ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਲੱਗ ਸਕੇ ਜਿਸ ਵਿੱਚ ਕੋਈ ਚਤੁਰਾਈ ਨਾ ਹੋਵੇ, ਕੋਈ ਸਿਆਣਪ ਨਾ ਹੋਵੇ ਤਾਂ ਜੋ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਕੇ ਭਾਵ ਉਸਦਾ ਨਾਮ ਜਪਕੇ ਨਾਮ ਦੇ ਮਾਲਕ ਨੂੰ, ਸੱਚ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕੀਏ ਭਾਵ ਉਸਦੇ ਨਾਲ ਮਿਲ ਸਕੀਏ ਜੋ ਸਚੁ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ। ਉਸ ਸਚੁ ਰੂਪ ਪ੍ਰਮਾਤਮਾ ਨੂੰ ਉਸਦੇ ਸਮਝਾਏ ਹੋਏ ਸੱਚ ਤੇ ਚੱਲਕੇ ਹੀ ਪਾਇਆ ਜਾ ਸਕਦਾ ਹੈ ਤੇ ਉਸਨੂੰ ਪਾਉਂਣ ਦਾ ਕੋਈ ਹੋਰ ਤਰੀਕਾ ਨਹੀਂ ਹੈ ਜਿਵੇਂ ਕਿ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਬਾਣੀ ਸਾਨੂੰ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਆਪ ਹੀ ਸਮਝਾ ਰਹੀ ਹੈ ਭਾਵ ਪ੍ਰਮਾਤਮਾ ਸਾਨੂੰ ਆਪ ਹੀ ਆਪਣੀ ਬਾਣੀ ਰਾਹੀਂ ਆਪਣੇ ਆਪ ਨੂੰ ਜਨਾਉਂਣ ਦਾ ਤਰੀਕਾ ਸਮਝਾ ਰਿਹਾ ਹੈ। ਹੁਣ ਧਿਆਨ ਨਾਲ ਸਮਝੋ ਜਿਸ ਪ੍ਰਮਾਤਮਾ ਨੂੰ ਹਰ ਕੋਈ ਜਾਨਣਾ ਚਾਹੁੰਦਾ ਹੈ ਕੀ ਉਸ ਨੂੰ ਉਸ ਦੀ ਸਮਝਾਈ ਹੋਈ ਗੱਲ ਤੇ ਵਿਸ਼ਵਾਸ ਨਾ ਕਰਕੇ ਤੇ ਦੂਸਰਿਆਂ ਦੀ ਗੱਲ ਤੇ ਵਿਸ਼ਵਾਸ ਕਰਕੇ ਭਾਵ ਉਹਨਾਂ ਦੇ ਸਮਝਾਏ ਹੋਏ ਭਗਤੀ ਦੇ ਤਰੀਕਿਆਂ ਨੂੰ ਅਪਨਾ ਕੇ, ਉਹਨਾਂ ਦੇ ਸਮਝਾਏ ਹੋਏ ਨਾਮ ਨੂੰ ਮੰਨ ਕੇ ਕੀ ਉਸ ਪ੍ਰਮਾਤਮਾ ਨੂੰ ਕੋਈ ਪਾ ਸਕਦਾ ਹੈ, ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਕਰਕੇ ਹੋਰਾਂ ਦੀਆਂ ਗੱਲਾਂ

47/6210

ਤੇ ਵਿਸ਼ਵਾਸ ਕਰਨਾ ਤੇ ਭਗਤੀ ਦੇ ਹੋਰ ਹੋਰ ਤਰੀਕਿਆਂ ਨੂੰ ਅਪਨਾਉਣਾਂ ਕੇਵਲ ਸਾਡੀ ਸਿਆਣਪ ਹੈ, ਚਤੁਰਾਈ ਹੈ ਜਿਸ ਤਰੀਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਉਸ ਪ੍ਰਮਾਤਮਾ ਦੇ ਨਾਲ ਸਾਡੀ ਕੋਈ ਸਿਆਣਪ ਕੰਮ ਨਹੀਂ ਆ ਸਕਦੀ ਭਾਵੇਂ ਅਸੀਂ ਇਹੋ ਜਿਹੀਆਂ ਹਜ਼ਾਰਾ ਲੱਖਾਂ ਸਿਆਣਪਾਂ ਅਪਨਾ ਲਈਏ, ਵਰਤ ਲਈਏ। **(ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥)**

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ ੪੧੨)

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥}

(ਅੰਗ ੩੨੪)

{ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥
ਰਾਖੈ ਆਪਿ ਵਡਿਆਈ ਦੇਈ ॥੨॥ ਨੀਲ ਅਨੀਲ ਅਗਨਿ ਇਕ ਠਾਈ ॥
ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥}

(ਅੰਗ ੨੨੧)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

{ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥
ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥
ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥੩॥}

(ਅੰਗ ੩੯-੪੦)

{ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥ ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥੩॥}

(ਅੰਗ ੨੦)

{ਮਨ ਮੇਰੇ ਕਰਤੇ ਨੋ ਸਾਲਾਹਿ ॥ ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥੧॥ ਰਹਾਉ ॥}

(ਅੰਗ ੪੩)

{ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥ ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥}

(ਅੰਗ ੪੫)

{ਗੁਰ ਕੇ ਚਰਨ ਮਨ ਮਹਿ ਧਿਆਇ ॥ ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥੧॥ ਰਹਾਉ ॥}

(ਅੰਗ ੫੧)

{ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ ॥}

(ਅੰਗ ੭੬)

{ਗੁਰ ਕੇ ਚਰਨ ਮਨ ਮਹਿ ਧਿਆਇ ॥ ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥੧॥ ਰਹਾਉ ॥}

(ਅੰਗ ੫੧)

{ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨਹਾਰ ॥੧॥}

(ਅੰਗ ੧੭੭)

{ਕਰਣ ਕਾਰਣ ਸਮਰਥ ਸੋ ਪ੍ਰਭੁ ਜੀਅ ਦਾਤਾ ਆਪਿ ॥
ਤਿਆਗਿ ਸਗਲ ਸਿਆਣਪਾ ਆਠ ਪਹਰ ਪ੍ਰਭੁ ਜਾਪਿ ॥੨॥}

(ਅੰਗ ੪੦੫)

47/6211

{ਛਾਡਿ ਸਗਲ ਸਿਆਣਪਾ ਸਾਧ ਸਰਣੀ ਆਉ ॥ ਪਾਰਬ੍ਰਹਮ ਪਰਮੇਸਰੋ ਪ੍ਰਭੂ ਕੇ ਗੁਣ ਗਾਉ ॥੧॥}

(ਅੰਗ ੫੦੧)

{ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥ ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥}

(ਅੰਗ ੫੧੯)

{ਛੋਡਿ ਸਿਆਣਪ ਬਹੁ ਚਤੁਰਾਈ ॥ ਮਨ ਬਿਨੁ ਹਰਿ ਨਾਵੈ ਜਾਇ ਨ ਕਾਈ ॥
ਦਇਆ ਧਾਰੀ ਗੋਵਿਦ ਗੁਸਾਈ ॥ ਹਰਿ ਹਰਿ ਨਾਨਕ ਟੇਕ ਟਿਕਾਈ ॥੪॥੧੬॥੨੭॥}

(ਅੰਗ ੮੯੧)

{ਨਾਵਹੁ ਭੁਲੀ ਚੋਟਾ ਖਾਏ ॥ ਬਹੁਤੁ ਸਿਆਣਪ ਭਰਮੁ ਨ ਜਾਏ ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥੮॥}

(ਅੰਗ ੧੦੨੫)

{ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥
ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥੫॥}

(ਅੰਗ ੬੮੬)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥

ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

{ਅਵਰ ਸਿਆਨਪ ਸਗਲੀ ਛਾਡੁ ॥ ਤਿਸੁ ਜਨ ਕੀ ਤੂ ਸੇਵਾ ਲਾਗੁ ॥
ਆਵਨੁ ਜਾਨੁ ਨ ਹੋਵੀ ਤੇਰਾ ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥}

(ਅੰਗ ੨੮੬)

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥}

(ਅੰਗ ੧੪)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥
ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥

ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ ੯)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥}

(ਅੰਗ ੫੬)

ਜਿਵੇਂ ਕਿ ਅਸੀਂ ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਕਿਸੇ ਸਿਆਣਪ ਨਾਲ ਨਹੀਂ ਪਾਇਆ ਜਾ ਸਕਦਾ । ਉਸ ਪ੍ਰਮਾਤਮਾ ਨੂੰ ਫਿਰ ਕਿਵੇਂ ਪਾਇਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਕਿਵੇਂ ਦੂਰ ਹੋ ਸਕਦਾ ਹੈ ਇਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ, ਪ੍ਰਮਾਤਮਾ ਨਾਲ ਸਾਡਾ ਵਿਛੋੜਾ ਕਿਸ ਕਰਕੇ ਹੈ ਇਹ ਵੀ ਨਾਲ ਹੀ ਸਮਝਾਇਆ ਹੈ ।

“ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥”
47/6212

ਪ੍ਰਮਾਤਮਾ ਦੇ ਨਾਲ ਸਾਡੇ ਵਿਛੋੜੇ ਦਾ ਕਾਰਨ ਵੀ ਉਹੀ ਹੈ ਜੋ ਅਸੀਂ ਹੁਣ ਤਕ ਲੇਖ ਦੇ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਪ੍ਰਮਾਤਮਾ ਦੇ ਨਾਲ ਮੇਲ ਦਾ ਤਰੀਕਾ ਵੀ ਉਹੀ ਹੈ ਜੋ ਅਸੀਂ ਹੁਣ ਤੱਕ ਸਮਝਿਆ ਹੈ ਜੋ ਕਦੇ ਬਦਲ ਨਹੀਂ ਸਕਦਾ। ਅਸੀਂ ਲੇਖ ਦੇ ਸ਼ੁਰੂ ਵਿੱਚ ਇਸ ਗੱਲ ਦਾ ਜਿਕਰ ਕੀਤਾ ਸੀ ਕਿ ਜਪੁਜੀ ਬਾਣੀ ਤੋਂ ਗੁਰਬਾਣੀ ਦੀ ਸ਼ੁਰੂਆਤ ਹੁੰਦੀ ਹੈ ਤੇ ਜਪੁਜੀ ਬਾਣੀ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਬਾਣੀ ਰਾਹੀਂ ਹੋਰ ਵੀ ਅਨੇਕਾਂ ਗੱਲਾਂ ਨੂੰ ਸਮਝਣ ਦੀ ਲੋੜ ਹੈ ਜਿਨ੍ਹਾਂ ਨੂੰ ਸਮਝੇ ਬਿਨਾਂ ਅਸੀਂ ਜਪੁਜੀ ਬਾਣੀ ਨੂੰ ਨਹੀਂ ਸਮਝ ਸਕਦੇ ਕਿਉਂਕਿ ਜਪੁਜੀ ਦੀ ਬਾਣੀ ਵਿੱਚ ਰਹਾਉ ਵਾਲੀਆਂ ਪੰਗਤੀਆਂ ਨਹੀਂ ਹਨ ਜਿਸ ਰਾਹੀਂ ਸ਼ਬਦ ਦੇ ਸਾਰ ਨੂੰ ਸਮਝਿਆ ਜਾ ਸਕਦਾ ਹੈ ਤੇ ਆਖਰੀ ਸ਼ਬਦ ਤੋਂ ਬਿਨਾਂ ਕੋਈ ਹੋਰ ਪ੍ਰਮਾਣ ਵੀ ਨਹੀਂ ਹੈ ਜਿਸ ਦੁਆਰਾ ਸ਼ਬਦ ਦੇ ਭਾਵ ਨੂੰ ਆਸਾਨੀ ਨਾਲ ਸਮਝਿਆ ਜਾ ਸਕੇ। ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਕੀ ਹੈ ਤੇ ਉਹ ਵਿਛੋੜਾ ਕਿਵੇਂ ਦੂਰ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ, ਪ੍ਰਮਾਤਮਾ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਇਸ ਸ੍ਰਿਸ਼ਟੀ ਦੀ ਅਸਲੀਅਤ ਕੀ ਹੈ ਤੇ ਪ੍ਰਮਾਤਮਾ ਸਭ ਵਿੱਚ ਆਪਣੇ ਕਿਸ ਰੂਪ ਵਿੱਚ ਸਮਾਇਆ ਹੋਇਆ ਹੈ, ਉਸਦਾ ਜੋਤਿ ਰੂਪ ਕੀ ਹੈ, ਜੋਤਿ ਰੂਪ ਦਾ ਮਨ ਵਿੱਚ ਪ੍ਰਗਟ ਹੋਣਾ ਕੀ ਹੈ, ਪ੍ਰਮਾਤਮਾ ਕੋਲੋਂ ਨਾਮ ਮਿਲਣਾ ਕੀ ਹੈ ਤੇ ਉਹ ਕਿਸ ਰੂਪ ਵਿੱਚ ਮਿਲਦਾ ਹੈ, ਕਿਸ ਜਗ੍ਹਾ ਤੇ ਮਿਲਦਾ ਹੈ, ਕਿਸ ਮਕਸਦ ਲਈ ਮਿਲਦਾ ਹੈ, ਹਉਮੈ ਕੀ ਹੈ, ਹਉਮੈ ਦੂਰ ਕਿਵੇਂ ਹੁੰਦੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਕੀ ਹੈ, ਮਾਇਆ ਦੀ ਜੁਗਤਿ ਕੀ ਹੈ ਤੇ ਇਹਨਾਂ ਵਿੱਚੋਂ

ਨਿਕਲਣਾ ਕੀ ਹੈ ਭਾਵ ਚਉਥਾ ਪਦ ਕੀ ਹੈ, ਮਨ ਦੇ ਭਰਮਾਂ ਵਾਲੀ ਸਮਝ ਕੀ ਹੈ, ਮਨ ਦੀ ਅਗਿਆਨਤਾ ਕੀ ਹੈ, ਭਗਤੀ ਦਾ ਅਸਲ ਮਾਰਗ ਕੀ ਹੈ, ਸਾਰੇ ਸੰਸਾਰ ਦਾ ਧਰਮ ਕੀ ਹੈ, ਸੱਚ ਕੀ ਹੈ ਤੇ ਸੱਚ ਨੂੰ ਜਾਨਣ ਦਾ ਤਰੀਕਾ ਕੀ ਹੈ, ਗੁਰੂ ਦਾ ਹੁਕਮ ਕੀ ਹੈ ਤੇ ਉਸ ਦਾ ਹੁਕਮ ਮੰਨਣ ਦਾ ਤਰੀਕਾ ਕੀ ਹੈ ਤੇ ਇਸੇ ਤਰ੍ਹਾਂ ਧਰਮ ਦੇ ਮਾਰਗ ਨਾਲ ਜੁੜੀਆਂ ਹੋਈਆਂ ਅਨੇਕ ਗੱਲਾਂ ਹਨ ਜਿਨ੍ਹਾਂ ਦੀ ਸਮਝ ਪਏ ਬਿਨ੍ਹਾਂ ਅਸੀਂ ਗੁਰਬਾਣੀ ਦੇ ਪਹਿਲੇ ਸ਼ਬਦ ਨੂੰ ਵੀ ਨਹੀਂ ਸਮਝ ਸਕਦੇ। ਜਿਸ ਸ਼ਬਦ ਨੂੰ ਅਸੀਂ ਸਮਝ ਰਹੇ ਹਾਂ, ਇਸੇ ਤਰ੍ਹਾਂ ਹੀ ਪੂਰੀ ਜਪੁਜੀ ਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਅਸਲ ਭਾਵ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਸਾਨੂੰ ਬਾਕੀ ਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਬਰੀਕੀ ਭਾਵ ਦੀ ਸਮਝ ਵੀ ਹੋਵੇ। ਸਾਰੀ ਗੁਰਬਾਣੀ ਇੱਕੋ ਇੱਕ ਪ੍ਰਮਾਤਮਾ ਦੀ ਆਪਣੀ ਹੀ ਲਿਖਵਾਈ ਹੋਈ ਹੈ ਤੇ ਕਿਹੜੀ ਬਾਣੀ ਪਹਿਲੇ ਲਿਖੀ ਹੋਈ ਹੈ ਤੇ ਕਿਹੜੀ ਬਾਣੀ ਬਾਅਦ ਵਿੱਚ ਲਿਖੀ ਹੋਈ ਹੈ ਜਾਂ ਕਿਸ ਪੰਨੇ ਤੇ ਲਿਖੀ ਹੋਈ ਹੈ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਜਦੋਂ ਪੂਰੀ ਗੁਰਬਾਣੀ ਦੀ ਸੱਚੀ ਸਮਝ ਪਵੇਗੀ ਤਾਂ ਫਿਰ ਹਰ ਇੱਕ ਸ਼ਬਦ ਦੀ ਸਮਝ ਦੂਸਰੇ ਸ਼ਬਦ ਦੀ ਸਮਝ ਦੇ ਨਾਲ ਮੇਲ ਖਾਏਗੀ ਭਾਵ ਹਰ ਸ਼ਬਦ ਦੂਸਰੇ

47/6213

ਸ਼ਬਦ ਦੀ ਪ੍ਰੋੜਤਾ ਹੀ ਕਰੇਗਾ। ਗੁਰਬਾਣੀ ਇੱਕੋ ਇੱਕ ਪ੍ਰਮਾਤਮਾ ਦੀ ਆਪਣੀ ਹੀ ਹੈ ਜੋ ਉਸ ਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ, ਭਗਤਾਂ ਦੇ ਸਰੀਰਾਂ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਆਪ ਉਹਨਾਂ ਦੀ ਜੋਤਿ ਰਾਹੀਂ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਲਿਖਵਾਈ ਹੈ ਜਿਸ ਕਰਕੇ ਕਿਸੇ ਇੱਕ ਸ਼ਬਦ ਦੀ ਸਮਝ ਦਾ ਦੂਸਰੇ ਸ਼ਬਦ ਦੀ ਸਮਝ ਦੇ ਨਾਲ ਫਰਕ ਹੋ ਹੀ ਨਹੀਂ ਸਕਦਾ। ਆਪਣੀ ਲਿਖਵਾਈ ਹੋਈ ਗੁਰਬਾਣੀ ਵਿੱਚ ਸੱਚੇ ਅਰਥ ਭਾਵ ਉਹਨਾਂ ਦੇ ਅੰਦਰ ਸੱਚੇ ਭਾਵ ਨੂੰ, ਗਹਿਰੇ ਭਾਵ ਨੂੰ ਉਹ ਆਪ ਹੀ ਜਾਣਦਾ ਹੈ, ਆਪਣੀ ਸੱਚੀ ਗੁਰਬਾਣੀ ਦੇ ਅਰਥ ਉਹ ਸੱਚਾ ਪਾਤਸ਼ਾਹ ਆਪ ਹੀ ਲਿਖਵਾ ਸਕਦਾ ਹੈ, ਸਮਝਾ ਸਕਦਾ ਹੈ ਜੋ ਕਿ ਉਹ ਆਪਣੇ ਛੋਟੇ ਜਿਹੇ ਨਿਮਾਣੇ ਦਾਸ ਨੂੰ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਆਪ ਹੀ ਸਮਝਾ ਰਿਹਾ ਹੈ ਵਰਨਾ ਇਸ ਦਾਸ ਦੀ ਕੀ ਔਕਾਤ ਕਿ ਉਹ ਕਿਸੇ ਵੀ ਇੱਕ ਸ਼ਬਦ ਦੇ ਸਹੀ ਅਰਥ ਨੂੰ ਵੀ ਸਮਝ ਸਕੇ। ਦਾਸ ਕੇਵਲ ਉਸਦੇ ਹੁਕਮ ਦੀ ਪਾਲਣਾ ਕਰ ਰਿਹਾ ਹੈ। ਸਭ ਦੇ ਅੰਦਰ ਹੁਕਮ ਉਸ ਪ੍ਰਮਾਤਮਾ ਦਾ ਹੀ ਚੱਲ ਰਿਹਾ ਹੈ ਜੋ ਕਿ ਮਨ ਦੇ ਵਿਚਾਰਾਂ ਰਾਹੀਂ ਚਲ ਰਿਹਾ ਹੈ ਤੇ ਆਪਣੇ ਅੰਦਰ ਉਸ ਦੇ ਹੁਕਮ ਨੂੰ ਬੁੱਝੇ ਬਿਨਾਂ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਾਮੁਮਕਿਨ ਹੈ। ਸਾਡੇ ਸਭਦੇ ਅੰਦਰ ਹਉਮੈ ਵਾਲੀ ਸਮਝ ਹੀ ਹੈ ਜੋ ਸਾਡੇ ਅੰਦਰ ਦੀ ਹਉਮੈ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁਝਣ ਤੋਂ ਬਾਅਦ ਹੀ ਜਾ ਸਕਦੀ ਹੈ ਤੇ ਉਸ ਸਚੁ ਰੂਪ ਪ੍ਰਮਾਤਮਾ ਦੀ ਆਪਣੇ ਅੰਦਰੋਂ ਸਮਝ ਪੈ ਸਕਦੀ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਸਭਦੇ ਅੰਦਰ, ਪੂਰੇ ਸੰਸਾਰ ਦੇ ਅੰਦਰ ਇਹ ਹਉਮੈ ਰੂਪ ਪੜਦਾ ਹੀ ਹੈ ਜਿਸ ਪੜਦੇ ਵਿੱਚ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਕਿਉਂਕਿ ਸਾਡੇ ਅੰਦਰ ਇਹ ਪੜਦਾ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਤੇ ਸਾਡੇ ਅੰਦਰ ਦਾ ਪੜਦਾ ਹੀ, ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੀ ਉਸਦੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜਿਸ ਵਿੱਚੋਂ ਕੋਈ ਆਪਣੇ ਆਪ ਨਿਕਲ ਸਕੇ ਤੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਸਕੇ ਇਹ ਨਾਮੁਮਕਿਨ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਮਨ ਦੀ ਇਸ ਪੜਦੇ ਵਾਲੀ ਸਮਝ ਦੁਆਰਾ ਜੋ ਪੜਦਾ ਸਾਡੇ ਅੰਦਰ ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਹੈ, ਮਨ ਦੀ ਅਗਿਆਨਤਾ ਵਾਲੀ

47/6214

ਸਮਝ ਦੇ ਰੂਪ ਵਿੱਚ ਹੈ ਇਸ ਸਮਝ ਵਿੱਚ ਰਹਿੰਦਿਆਂ ਪ੍ਰਮਾਤਮਾ ਸਭਦੇ ਲਈ ਪੜਦੇ ਵਿੱਚ ਹੀ ਹੈ ਤੇ ਮਨ ਦਾ ਇਹ ਪੜਦਾ ਉਤਰੇ ਬਿਨਾ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਨਹੀਂ ਜਾਣ ਸਕਦਾ। ਇਹ ਭਰਮ ਹੀ ਸਾਡੇ ਅੰਦਰ ਭਰਮ ਰੂਪ ਵਿਚਾਰਾਂ ਵਾਲੇ ਕਿਵਾੜ ਹਨ ਜੋ ਕਿਵਾੜ ਪ੍ਰਮਾਤਮਾ ਆਪ ਹੀ ਖੋਲ ਸਕਦਾ ਹੈ ਕਿਉਂਕਿ ਇਸ ਦੀ ਚਾਬੀ ਉਸ ਗੁਰੂ ਰੂਪ ਪ੍ਰਮਾਤਮਾ ਦੇ ਆਪਣੇ ਕੋਲ ਹੀ ਹੈ। ਪ੍ਰਮਾਤਮਾ ਨੇ ਆਪਣੀ ਇਹ ਚਾਬੀ ਆਪਣੇ ਗੁਰੂ ਰੂਪ ਨੂੰ ਸੌਂਪੀ ਹੋਈ ਹੈ ਭਾਵ ਗੁਰਬਾਣੀ ਨੂੰ ਸੌਂਪੀ ਹੋਈ ਹੈ। ਸਾਡੇ ਅੰਦਰ ਦੇ ਕਿਵਾੜ ਖੋਲਣ ਲਈ ਗੁਰੂ ਦੇ ਕੋਲ ਜੋ ਚਾਬੀ ਹੈ ਉਹ ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੈ, ਗੁਰੂ ਦੇ ਨਾਮ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਸੱਚਾ ਗਿਆਨ ਸਾਡੇ ਅੰਦਰੋਂ ਭਰਮਾਂ ਵਾਲੀ ਸਮਝ ਦਾ ਕਿਵਾੜ ਖੋਲ ਸਕਦਾ ਹੈ, ਅਗਿਆਨਤਾ ਰੂਪ ਪੜਦਾ ਖੋਲ ਸਕਦਾ ਹੈ ਤੇ ਉਹ ਪੜਦਾ ਤਾਂ ਹੀ ਖੁੱਲੇਗਾ ਜੇਕਰ ਅਸੀਂ ਗੁਰੂ ਦੇ ਸੱਚੇ ਗਿਆਨ ਨੂੰ ਆਪਣੀ ਸਮਝ ਦੇ ਵਿੱਚ ਵਸਾਵਾਂਗੇ ਤੇ ਆਪਣੀ ਭਰਮਾਂ ਵਾਲੀ ਸਮਝ ਛਡਾਂਗੇ। ਉਪਰ ਸ਼ਬਦ ਰਾਹੀਂ ਸਾਡੇ ਅੰਦਰ ਦੇ ਇਸ ਪੜਦੇ

ਨੂੰ ਹੀ ਕੂੜੈ ਦੀ ਪਾਲਿ ਕਿਹਾ ਹੈ ਭਾਵ ਝੂਠ ਦੀ ਕੰਧ, ਝੂਠ ਦਾ ਪੜਦਾ ਕਿਹਾ ਹੈ। ਕੂੜ ਉਹ ਹੈ ਜੋ ਸੱਚ ਨਹੀਂ ਹੈ ਤੇ ਸੱਚ ਉਹ ਹੈ ਜੋ ਸਾਨੂੰ ਗੁਰੂ ਆਪਣੀ ਮਤਿ ਦੁਆਰਾ ਸਮਝਾਉਂਦਾ ਹੈ। ਗੁਰੂ ਦੀ ਮਤਿ ਸੱਚ ਵਾਲੀ ਹੈ ਭਾਵ ਸੱਚੀ ਹੈ ਤੇ ਮਨੁੱਖ ਦੀ ਮਤਿ ਜੋ ਸੱਚ ਤੇ ਪੂਰੀ ਨਹੀਂ ਉਤਰਦੀ ਉਹ ਝੂਠ ਹੈ, ਸਾਡੇ ਅੰਦਰ ਦੀ ਝੂਠੀ ਮਤਿ ਹੀ ਭਾਵ ਭਰਮਾਂ ਵਾਲੀ ਨਾਸਮਝ ਮਤਿ ਹੀ, ਅਗਿਆਨਤਾ ਵਾਲੀ ਨਾਸਮਝ ਮਤਿ ਹੀ ਭਾਵ ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ, ਮਾਇਆ ਦੀ ਜੁਗਤਿ ਵਾਲੀ ਸਮਝ ਜਿਸ ਨੂੰ ਗੁਰੂ ਦੇ ਸੱਚੇ ਗਿਆਨ ਦੀ ਸਮਝ ਨਹੀਂ ਹੈ ਭਾਵ ਚੌਥੇ ਪਦ ਦੇ ਗਿਆਨ ਦੀ ਸਮਝ ਨਹੀਂ ਹੈ ਉਹ ਸਾਡੇ ਅੰਦਰ ਦੀ ਝੂਠੀ ਮਤਿ ਹੈ ਤੇ ਸਾਡੇ ਅੰਦਰ ਦੀ ਇਹ ਨਾਸਮਝ ਮਤਿ ਹੀ ਸਾਡੇ ਅੰਦਰ ਦੀ ਇਹ ਕੂੜੇ ਦੀ ਪਾਲਿ ਹੈ ਜਿਸ ਕਰਕੇ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਪੜਦਾ ਬਣਿਆ ਰਹਿੰਦਾ ਹੈ। ਮਨ ਦੇ ਇਸ ਪੜਦੇ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਭਾਵ ਇਹ ਮਨ ਦਾ ਪੜਦਾ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ ਜੋ ਮਨ ਦਾ ਪੜਦਾ ਹਟੇ ਬਿਨਾ ਕੋਈ ਵੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਮਨ ਦਾ ਇਹ ਪੜਦਾ ਹਟੇ ਬਿਨਾ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾ ਕੋਈ ਵੀ **"ਸਚਿਆਰਾ"** ਨਹੀਂ ਬਣ ਸਕਦਾ ਭਾਵ ਸੱਚੇ ਪ੍ਰਮਾਤਮਾ ਦੇ ਨਾਲ ਇੱਕ ਨਹੀਂ ਹੋ ਸਕਦਾ ਭਾਵ ਉਸ ਦੀ ਸੱਚੀ

47/6215

ਸਮਝ ਵਾਲਾ ਨਹੀਂ ਬਣ ਸਕਦਾ। ਮਨ ਦੇ ਵਿੱਚੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਸਚਿਆਰਾ ਬਣਕੇ ਭਾਵ ਉਸ ਦੀ ਸੱਚੀ ਸਮਝ ਵਾਲਾ ਬਣਕੇ ਭਾਵ ਉਸ ਦੀ ਚਉਥੇ ਪਦ ਵਾਲੀ ਸਮਝ ਵਾਲਾ ਬਣਕੇ, ਬ੍ਰਹਮ ਗਿਆਨ ਵਾਲੀ ਸਮਝ ਵਾਲਾ ਬਣਕੇ ਹੀ ਜਾਣਿਆ ਜਾ ਸਕਦਾ ਹੈ ਜੋ ਸਚਿਆਰਾ ਉਹ ਕਿਸੇ ਨੂੰ ਮਨ ਦੇ ਵਿੱਚ ਆਪਣੀ ਸੱਚੀ ਸਮਝ ਦੇਣ ਦੁਆਰਾ ਆਪ ਹੀ ਬਣਾ ਸਕਦਾ ਹੈ ਜੋ ਕਿ ਮਨ ਦੇ ਵਿੱਚੋਂ ਕੋਈ ਕੂੜੈ ਦੀ ਪਾਲਿ ਟੁੱਟਣ ਦੁਆਰਾ ਹੀ ਬਣ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਲਈ ਇਹ ਉਦੱਮ ਕਰਨਾ ਚਾਹੀਦਾ ਹੈ ਕਿ ਸਾਡੇ ਅੰਦਰੋਂ ਇਹ ਕੂੜੈ ਦੀ ਪਾਲਿ ਕਿਵੇਂ ਟੁੱਟੇ ਤੇ ਇਸ ਤੋਂ ਬਿਨਾਂ ਅਸੀਂ ਜੋ ਵੀ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਬਜਾਏ ਅਸੀਂ ਜੋ ਕੁੱਝ ਵੀ ਆਪਣੇ ਵਲੋਂ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਭਾਵ ਸਰੀਰਕ ਜਪ ਤਪ ਆਦਿ ਕਰਦੇ ਹਾਂ ਉਹ ਕੇਵਲ ਸਾਡੀਆਂ ਸਿਆਣਪਾਂ ਹਨ ਜਿਵੇਂ ਕਿ ਅਸੀਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ, ਉਸਨੂੰ ਜਪਣ ਦਾ ਤਰੀਕਾ ਕੇਵਲ ਤੇ ਕੇਵਲ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ ਤੇ ਸਾਡਾ ਉਦੱਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਮਨ ਦੇ ਅੰਦਰ ਦੀ ਕੂੜੈ ਦੀ ਪਾਲਿ ਨੂੰ ਤੋੜਨ ਦਾ ਉਦੱਮ ਕਰੀਏ। **(ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥)** ਸਾਡੇ ਅੰਦਰ ਇਹ ਕੂੜੈ ਦੀ ਪਾਲਿ ਕਿਵੇਂ ਟੁੱਟਣੀ ਹੈ ਭਾਵ ਮਨ ਦੇ ਵਿੱਚੋਂ ਉਸ ਪ੍ਰਮਾਤਮਾ ਦੇ ਨਾਲ ਕਿਵੇਂ ਮਿਲਿਆ ਜਾ ਸਕਦਾ ਹੈ, ਸਚਿਆਰਾ ਕਿਵੇਂ ਹੋਇਆ ਜਾ ਸਕਦਾ ਹੈ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥"

47/6216

ਉਪਰ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਤਰੀਕਾ ਸਾਨੂੰ ਧੰਨ ਧੰਨ ਧੰਨ ਅਕਾਲ ਪੁਰਖ ਰੂਪ ਬਾਬਾ ਨਾਨਕ ਜੀ ਇਹ ਕਹਿ ਕੇ ਸਮਝਾ ਰਹੇ ਹਨ ਕਿ ਮੈਂ ਜੋ ਕੁਝ ਇਹ ਲਿਖਿਆ ਹੈ ਭਾਵ ਮੈਂ ਪ੍ਰਮਾਤਮਾ ਬਾਰੇ ਜੋ ਕੁਝ ਵੀ ਬਾਣੀ ਵਿੱਚ ਲਿਖਿਆ ਹੈ ਇਹ ਮੈਂ ਪ੍ਰਮਾਤਮਾ ਦੇ ਨਾਲ ਇੱਕ ਹੋ ਕੇ ਲਿਖਿਆ ਹੈ ਭਾਵ ਉਸ ਦਾ ਸਚਿਆਰਾ ਰੂਪ ਬਣਕੇ ਲਿਖਿਆ ਹੈ ਭਾਵ ਇਹ ਮੇਰੇ ਆਪਣੇ ਬੋਲ ਨਹੀਂ ਹਨ, ਇਹ ਪ੍ਰਮਾਤਮਾ ਦੇ ਹੀ ਬੋਲ ਹਨ ਜੋ ਮੈਂ ਆਪਣੇ ਮੁਖੋਂ ਬੋਲੇ ਹਨ। ਸਾਨੂੰ ਆਪਣੇ ਮੁਖੋਂ ਬੋਲ ਕੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਇਹ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੂੰ ਉਸ ਦੀ ਹੁਕਮ ਰਜਾ ਵਿੱਚ ਚਲਕੇ ਹੀ ਪਾਇਆ ਜਾ ਸਕਦਾ ਹੈ ਭਾਵ ਉਸਦੇ ਹੁਕਮ, ਰਜਾ ਵਿੱਚ ਚਲਣਾ ਹੀ ਪ੍ਰਮਾਤਮਾ ਦੀ ਭਗਤੀ ਹੈ, ਸਾਡਾ ਧਰਮ ਦਾ ਮਾਰਗ ਹੈ ਤੇ ਇਹੋ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੁਕਮ ਹੀ ਸੁਣਾਇਆ ਹੋਇਆ ਹੈ, ਆਪਣੇ ਗੁਰੂ ਰੂਪ ਦੁਆਰਾ ਸੁਣਾਇਆ ਹੋਇਆ ਹੈ। ਜੋ ਪ੍ਰਮਾਤਮਾ ਦੀ ਰਜਾ ਭਾਵ ਜੋ ਪ੍ਰਮਾਤਮਾ ਨੂੰ ਚੰਗਾ ਲਗਦਾ ਹੈ, ਜੋ ਕੁਝ ਉਸਨੂੰ ਭਾਉਂਦਾ ਹੈ ਉਹੀ ਸਾਰੀ ਗੁਰਬਾਣੀ ਰਾਹੀਂ ਆਪਣੇ ਹੁਕਮ ਦੇ ਰੂਪ ਵਿੱਚ ਲਿਖਵਾਇਆ ਹੋਇਆ ਹੈ, ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਲਿਖਵਾਇਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਸਿੱਖਿਆ ਹੀ ਹੈ ਜੋ ਉਸ ਦੀ ਸਿੱਖਿਆ ਉਸਦੇ ਹੁਕਮ ਦੇ ਰੂਪ ਵਿੱਚ ਹੈ ਭਾਵ ਇਹ ਗੁਰੂ ਦਾ ਸਾਡੇ ਸਭ ਲਈ ਹੁਕਮ ਹੈ, ਪੂਰੇ ਸੰਸਾਰ ਲਈ ਇੱਕੋ ਜਿਹਾ ਹੁਕਮ ਹੈ ਕਿ ਮੇਰੀ ਦਿੱਤੀ ਹੋਈ ਸਿੱਖਿਆ ਤੇ ਚਲਕੇ ਭਾਵ ਮੇਰੇ

ਹੁਕਮ ਨੂੰ ਮੰਨਕੇ ਸੰਸਾਰ ਦਾ ਕੋਈ ਵੀ ਵਿਅਕਤੀ ਮੈਨੂੰ ਪਾ ਸਕਦਾ ਹੈ ਭਾਵ ਮੇਰਾ ਸਚਿਆਰਾ ਰੂਪ ਬਣ ਸਕਦਾ ਹੈ। ਗੁਰੂ ਦੀ ਪੂਰੀ ਸਿੱਖਿਆ ਗੁਰੂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਸੱਚੇ ਨਾਮ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜੋ ਸ਼ਬਦ ਦੇ ਵਿਚਾਰਾਂ ਦੀ ਸਮਝ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਤੋਂ ਬਹੁਤ ਉੱਚੀ ਹੈ। ਸਾਡੀ ਤ੍ਰੈ ਗੁਣਾਂ ਵਾਲੀ ਸਮਝ ਭਰਮਾਂ ਦੀ ਭਰੀ ਹੋਈ ਹੈ ਜੋ ਗੁਰੂ ਦੀ ਉੱਚੀ ਤੇ ਸੁੱਚੀ ਸਮਝ ਦੇ ਅੱਗੇ ਬਹੁਤ ਨੀਵੀਂ ਹੈ। ਸਾਡੇ ਅੰਦਰ ਦਾ ਪੜਦਾ ਉੱਚੀ ਸਮਝ ਤੇ ਨੀਵੀਂ ਸਮਝ ਦੇ ਵਿੱਚ ਹੀ ਹੈ, ਅਸੀਂ ਮਨ ਦੀ ਨੀਵੀਂ ਸਮਝ ਵਿੱਚੋਂ ਨਿਕਲਕੇ ਗੁਰੂ ਦੀ ਸੱਚੀ ਸਮਝ ਦੇ ਨਾਲ ਇੱਕ ਹੋਣਾ ਹੈ ਜੋ ਕਿ

47/6217

ਗੁਰੂ ਦੀ ਗੱਲ ਨੂੰ ਮੰਨ ਕੇ ਹੀ ਹੋਇਆ ਜਾ ਸਕਦਾ ਹੈ। ਜਿਉਂ ਜਿਉਂ ਅਸੀਂ ਗੁਰ ਦੀ ਸੱਚੀ ਮਤਿ ਨੂੰ ਮੰਨਾਂਗੇ ਤਿਉਂ ਤਿਉਂ ਅਸੀਂ ਆਪਣੀ ਕੱਚੀ ਮਤਿ ਵਿੱਚੋਂ ਨਿਕਲਾਂਗੇ ਭਾਵ ਭਰਮਾਂ ਵਾਲੀ ਮਤਿ ਵਿੱਚੋਂ ਨਿਕਲਾਂਗੇ, ਮਨ ਦੀ ਦੁਚਿੱਤੀ ਵਿੱਚੋਂ, ਸਹਸਾ ਵਿੱਚੋਂ, ਦੁਬਿਧਾ ਵਿੱਚੋਂ, ਮਾਇਆ ਮੋਹ ਵਿੱਚੋਂ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ, ਹਉਮੈ ਵਿੱਚੋਂ ਨਿਕਲਾਂਗੇ। ਮਨ ਦੀ ਇਹੋ ਜਿਹੀ ਨਾਮਸਝ ਮਤਿ ਵਿੱਚੋਂ ਨਿਕਲਣਾ ਹੀ ਆਪਣੇ ਅੰਦਰ ਦੇ ਉਸ ਪੜਦੇ ਵਿੱਚੋਂ ਨਿਕਲਣ ਦਾ ਤਰੀਕਾ ਹੈ ਜਿਸ ਵਿੱਚੋਂ ਨਿਕਲਣ ਦਾ ਅਸੀਂ ਉਦੱਮ ਹੀ ਕਰਨਾ ਹੈ ਭਾਵ ਸੱਚਾ ਉਦੱਮ ਕਰਨਾ ਹੈ ਜੋ ਸਾਡਾ ਫਰਜ ਸਮਝਾਇਆ ਹੋਇਆ ਹੈ ਭਾਵ ਗੁਰੂ ਦੇ ਹੁਕਮ ਨੂੰ ਮੰਨਣਾ ਸਮਝਾਇਆ ਹੋਇਆ ਹੈ। ਗੁਰੂ ਦੀ ਸਿੱਖਿਆ ਸਾਨੂੰ ਕੀ ਕੁਝ ਕਰਨ ਲਈ ਸਮਝਾਉਂਦੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੀ ਸਿੱਖਿਆ ਸਾਨੂੰ ਸਾਡੇ ਜੀਵਨ ਦੀ ਚੰਗੀ ਵਿਚਰਨ ਹੀ ਸਮਝਾਉਂਦੀ ਹੈ ਜਿਸ ਦੁਆਰਾ ਮਨੁੱਖਤਾ ਦਾ ਭਲਾ ਹੋ ਸਕਦਾ ਹੈ ਤੇ ਉਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਚੰਗੇ ਕੰਮ ਕਰੀਏ ਭਾਵ ਕੋਈ ਮਾੜਾ ਕਰਮ ਨਾ ਕਰੀਏ ਜਿਸ ਨਾਲ ਕਿਸੇ ਦਾ ਮਾੜਾ ਨਾ ਹੋਵੇ, ਕਿਸੇ ਨੂੰ ਦੁਖ ਨਾ ਪਹੁੰਚੇ ਭਾਵ ਇਹ ਸੰਸਾਰ ਸੱਚੇ ਸੁੱਚੇ ਢੰਗ ਨਾਲ ਚੱਲੇ। ਸਭਦੇ ਅੰਦਰ ਮਾਇਆ ਮੋਹ ਹੈ, ਤ੍ਰਿਸ਼ਨਾਵਾਂ ਦਾ ਸਾਗਰ ਹੈ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਸਾਡੇ ਅੰਦਰ ਦੀ ਇਹੋ ਜਿਹੀ ਸਮਝ ਵੀ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਜਿਸ ਦੁਆਰਾ ਉਹ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਮਨ ਦੇ ਮਾਇਆ ਮੋਹ ਵਿੱਚੋਂ ਨਿਕਲਣਾ, ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ, ਅਉਗੁਣਾਂ ਵਿੱਚੋਂ ਨਿਕਲਣਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚੋਂ ਨਿਕਲਣਾ, ਮਾਇਆ ਦੀਆਂ ਦਾਤਾਂ ਦੇ ਮੋਹ ਵਿੱਚੋਂ ਨਿਕਲਣਾ, ਝੂਠੇ ਮਾਣ ਅਭਿਮਾਨ ਦੇ ਮੋਹ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਗੁਰੂ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਇਹਨਾਂ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ ਜੋ ਕਿ ਸਭ ਦੇ ਲਈ ਉਸਦਾ ਹੁਕਮ ਹੈ, ਉਸਦੇ ਹੁਕਮ ਨੂੰ ਮੰਨਣਾ ਹੀ ਸਾਡੇ ਲਈ ਉਹ ਇਮਤਿਹਾਨ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਇਮਤਿਹਾਨ ਹੈ ਜਿਸ ਇਮਤਿਹਾਨ ਵਿੱਚੋਂ ਪਾਸ ਹੋਣਾ ਹੀ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਹੈ। ਇਸ ਇਮਤਿਹਾਨ ਵਿੱਚੋਂ ਕੋਈ ਆਪਣੇ ਆਪ ਪਾਸ ਨਹੀਂ ਹੋ ਸਕਦਾ ਕਿਉਂਕਿ ਮਨ ਦੇ ਵਿਚਾਰ ਸਾਡੇ ਆਪਣੇ ਨਹੀਂ ਹਨ ਪਰ ਫਿਰ ਵੀ ਪ੍ਰਮਾਤਮਾ ਨੇ ਆਪਣੇ ਹੁਕਮ ਨੂੰ ਮੰਨਣ ਦਾ ਫਰਜ ਮਨੁੱਖ ਦੇ ਸਿਰ ਹੀ ਲਾਇਆ ਹੋਇਆ ਹੈ ਜਿਸ ਲਈ ਅਸੀਂ ਸੱਚਾ ਉਦੱਮ ਹੀ ਕਰਨਾ ਹੈ ਤੇ ਕਿਰਪਾ ਉਹ ਉਸ ਤੇ ਹੀ ਕਰਦਾ ਹੈ ਜੋ ਆਪਣੇ ਸੱਚੇ ਫਰਜ ਤੇ ਉਤਰਨ

47/6218

ਦੀ ਕੋਸ਼ਿਸ਼ ਕਰਦਾ ਹੈ। ਸਾਨੂੰ ਇਹ ਕੋਸ਼ਿਸ਼ ਹਰ ਕਿਸੇ ਨੂੰ ਕਰਨੀ ਚਾਹੀਦੀ ਹੈ ਭਾਵੇਂ ਇਹ ਮਾਰਗ ਬਹੁਤ ਔਖਾ ਹੈ। ਸੱਚ ਦੇ ਮਾਰਗ ਤੇ ਚੱਲਣਾ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਜਾਣ ਲੈਣਾ ਬਹੁਤ ਔਖਾ ਹੈ ਤੇ ਉਸ ਨੂੰ ਕੇਵਲ ਉਸ ਦੀ ਕਿਰਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਉਹ ਵੀ ਅਨੇਕਾਂ ਹਨ ਜੋ ਸਚੁ ਤੇ ਚੱਲਣ ਦਾ ਉਦੱਮ ਕਰਦੇ ਹਨ ਇਹ ਉਹਨਾਂ ਤੇ ਪ੍ਰਮਾਤਮਾ ਦੀ ਕਿਰਪਾ ਹੀ ਹੈ। ਸਚੁ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੀ ਸੱਚੀ ਮਤਿ ਨੂੰ ਛੱਡਕੇ ਕੋਈ ਕਿਸੇ ਕੱਚੀ ਮਤਿ ਦੇ ਨਾਲ ਜੁੜਦਾ ਹੈ ਭਾਵ ਧਰਮ ਦਾ ਮਾਰਗ ਸਿੱਖਣ ਲਈ, ਨਾਮ ਜਪਣ ਦਾ ਮਾਰਗ ਸਿੱਖਣ ਲਈ, ਪ੍ਰਮਾਤਮਾ ਨੂੰ ਪਾਉਂਣ ਦਾ ਮਾਰਗ ਸਿਖਣ ਲਈ ਗੁਰੂ ਤੋਂ ਬਿਨਾਂ ਕਿਸੇ ਹੋਰ ਕੋਲੋਂ ਇਹ ਮਾਰਗ ਸਿੱਖਦਾ ਹੈ ਭਾਵ ਗੁਰੂ ਦੀ ਮਤਿ ਤੋਂ ਬਿਨਾਂ ਕਿਸੇ ਹੋਰ ਦੀ ਮਤਿ ਨੂੰ ਮੰਨਦਾ ਹੈ, ਕਿਸੇ ਸੰਤ ਆਦਿ ਅਖਵਾਉਣ ਵਾਲਿਆਂ ਦੀ ਮਤਿ ਨੂੰ ਮੰਨਦਾ ਹੈ, ਧਰਮ ਦੇ ਮਾਰਗ ਦੇ ਪੰਡਿਤ, ਗਿਆਨੀ ਅਖਵਾਉਂਣ ਵਾਲਿਆਂ ਦੀ ਮਤਿ ਨੂੰ ਮੰਨਦਾ ਹੈ ਉਹ ਆਪਣੇ ਸੱਚੇ ਉਦੱਮ ਦੇ ਪਹਿਲੇ ਇਮਿਤਿਹਾਨ ਵਿੱਚੋਂ ਹੀ ਫੇਲ ਹੋ ਜਾਂਦਾ ਹੈ ਭਾਵ ਉਹ ਗੁਰੂ ਦੇ ਹੁਕਮ ਨੂੰ ਮੰਨਣ ਤੋਂ ਬਾਹਰ ਹੋ ਜਾਂਦਾ ਹੈ। ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਹੀ ਗੁਰੂ ਦੇ ਹੁਕਮ ਨੂੰ ਮੰਨਣਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ, ਉਸਦਾ ਸਚਿਆਰਾ ਰੂਪ ਬਣਨ ਦਾ ਸੱਚਾ ਉਦੱਮ ਕੀਤਾ ਜਾ ਸਕਦਾ ਹੈ ਜੋ ਸਾਡਾ ਸੱਚਾ ਉਦੱਮ ਸਾਡੇ ਅੰਦਰ ਦੇ ਭਰਮ ਗੜ ਨੂੰ ਤੋੜ ਕੇ ਮਨ ਦੇ ਵਿੱਚੋਂ ਸੱਚੇ ਗਿਆਨ ਦੇ ਮਾਲਕ, ਨਾਮ ਦੇ ਮਾਲਕ, ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ

ਦੇ ਨਾਲ ਮਿਲਾ ਸਕਦਾ ਹੈ, ਸੱਚ ਰੂਪ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਵੀ ਹੈ। ਸੱਚ ਕਰਕੇ ਜਾਣੋ ਧੰਨ ਧੰਨ ਧੰਨ ਧੰਨ ਧੰਨ ਉਹ ਸਚੁ ਦਾ ਮਾਲਕ ਸਾਡੇ ਅੰਦਰ ਹੀ ਹੈ ਜੋ ਕਿ ਗੁਪਤ ਰੂਪ ਵਿੱਚ ਵਿਚਰ ਰਿਹਾ ਹੈ, ਪੜਦੇ ਵਿੱਚ ਵਿਚਰ ਰਿਹਾ ਹੈ ਜੋ ਪੜਦਾ ਉਸਦੀ ਰਜਾ ਦੁਆਰਾ ਹੀ ਉਤਰ ਸਕਦਾ ਹੈ ਤੇ ਉਸਦੀ ਰਜਾ ਵਿੱਚ ਅਸੀਂ ਤਾਂ ਹੀ ਆਵਾਂਗੇ ਜੇਕਰ ਪਹਿਲਾਂ ਉਸਦੀ ਰਜਾ ਨੂੰ ਮੰਨਾਂਗੇ ਜੋ ਉਸਦੀ ਰਜਾ ਪੂਰੀ ਗੁਰਬਾਣੀ ਦੇ ਵਿੱਚ ਸਾਡੇ ਲਈ ਉਸਦੇ ਹੁਕਮ ਦੇ ਰੂਪ ਵਿੱਚ ਹੈ। **(ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥)**

6340

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

47/6219

{ਪਾਰਬ੍ਰਹਮ ਸਤਿਗੁਰ ਆਦੇਸੁ ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ ॥ ਚੂਕਾ ਪੜਦਾ ਤਾਂ ਨਦਰੀ ਆਇਆ ॥
ਖਸਮੁ ਤੂਹੈ ਸਭਨਾ ਕੇ ਰਾਇਆ ॥੨॥ ਤਿਸੁ ਭਾਣਾ ਸੂਕੇ ਕਾਸਟ ਹਰਿਆ॥ ਤਿਸੁ ਭਾਣਾ ਤਾਂ ਥਲ ਸਿਰਿ ਸਰਿਆ॥
ਤਿਸੁ ਭਾਣਾ ਤਾਂ ਸਭਿ ਫਲ ਪਾਏ ॥ ਚਿੰਤ ਗਈ ਲਗਿ ਸਤਿਗੁਰ ਪਾਏ ॥੩॥
ਹਰਾਮਖੋਰ ਨਿਰਗੁਣ ਕਉ ਤੂਠਾ ॥ ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ ॥
ਪਾਰਬ੍ਰਹਮ ਗੁਰ ਭਏ ਦਇਆਲਾ ॥ ਨਾਨਕ ਦਾਸ ਦੇਖਿ ਭਏ ਨਿਹਾਲਾ ॥੪॥੧੦॥੨੩॥}

(ਅੰਗ ੧੧੪੧)

{ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥
ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥
ਆਨਦ ਰੂਪੁ ਸਭੁ ਨਦਰੀ ਆਇਆ ॥ ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥}

(ਅੰਗ ੮੦੧)

{ਸੰਤ ਹਮਾਰਾ ਰਾਖਿਆ ਪੜਦਾ ॥ ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ ॥ ਸੰਤਹ ਸੰਗੁ ਦੀਆ ਕਿਰਪਾਲ ॥
ਸੰਤ ਸਹਾਈ ਭਏ ਦਇਆਲ ॥੩॥ ਸੁਰਤਿ ਮਤਿ ਬੁਧਿ ਪਰਗਾਸੁ ॥ ਗਹਿਰ ਗੰਭੀਰ ਅਪਾਰ ਗੁਣਤਾਸੁ ॥
ਜੀਅ ਜੰਤ ਸਗਲੇ ਪ੍ਰਤਿਪਾਲ ॥ ਨਾਨਕ ਸੰਤਹ ਦੇਖਿ ਨਿਹਾਲ ॥੪॥੧੦॥੨੧॥}

(ਅੰਗ ੮੮੯)

{ਜਾਨੁ ਵਸੰਦੋ ਮੰਝਿ ਪਛਾਨੂ ਕੋ ਹੇਕੜੋ ॥ ਤੈ ਤਨਿ ਪੜਦਾ ਨਾਹਿ ਨਾਨਕ ਜੈ ਗੁਰੁ ਭੇਟਿਆ ॥੨॥}

(ਅੰਗ ੧੦੯੯)

{ਖੋਲਿ ਕਿਵਾਰਾ ਮਹਲਿ ਬੁਲਾਇਆ ॥ ਜੈਸਾ ਸਾ ਤੈਸਾ ਦਿਖਲਾਇਆ ॥
ਕਹੁ ਨਾਨਕ ਸਭੁ ਪੜਦਾ ਤੂਟਾ ॥ ਹਉ ਤੇਰਾ ਤੂ ਮੈ ਮਨਿ ਵੂਠਾ ॥੪॥੩॥੧੪॥}

(ਅੰਗ ੮੮੭)

{ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥
ਰੇ ਨਰ ਇਨ ਬਿਧਿ ਪਾਰਿ ਪਰਾਇ ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥੨॥੧੧॥}

(ਅੰਗ ੧੦੦੧)

{ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥
ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥ ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥
ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚ ਸੰਜਮਿ ਕਾਰ ਕਮਾਇ ॥
ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕਿਰਪਾ ਕਰੇ ਰਜਾਇ ॥੨॥}

(ਅੰਗ ੫੯੧)

{ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭੁ ਕੋਇ ॥
ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ ॥੩॥
ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ ॥
ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥੧॥੩॥}

(ਅੰਗ ੪੯੦)

{ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ ੪੦)

{ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥}

(ਅੰਗ ੧੩੪੩)

{ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥

ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥
ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥}

(ਅੰਗ ੫੨੨)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਕੀ ਹੈ ਤੇ ਉਹ ਵਿਛੋੜਾ ਦੂਰ ਕਿਵੇਂ ਹੁੰਦਾ ਹੈ। ਸਾਰੀ ਗੱਲ ਸਾਡੇ ਮਨ ਦੀ ਸਮਝ ਤੇ ਟਿਕੀ ਹੋਈ ਹੈ। ਸਾਡੇ ਮਨ ਦੀ ਸਮਝ ਹੀ ਸਾਨੂੰ ਪ੍ਰਮਾਤਮਾ ਨਾਲੋਂ ਵਿਛੋੜਕੇ ਰੱਖਦੀ ਹੈ ਭਾਵ ਪ੍ਰਮਾਤਮਾ ਨੂੰ ਸਮਝਣ ਵਿੱਚ, ਆਪਣੇ ਅੰਦਰੋਂ ਜਾਨਣ ਵਿੱਚ ਸਾਨੂੰ ਭਰਮ ਵਿੱਚ ਰੱਖਦੀ ਹੈ, ਅਗਿਆਨਤਾ ਵਿੱਚ ਰੱਖਦੀ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੀ ਸਾਡਾ ਪ੍ਰਮਾਤਮਾ ਨੂੰ ਜਾਨਣ ਵਿੱਚ, ਸਮਝਣ ਵਿੱਚ ਮਨ ਦੇ

ਅੰਦਰ ਦਾ ਪੜਦਾ ਹੈ ਤੇ ਇਹ ਪੜਦਾ ਗੁਰੂ ਦੇ ਗਿਆਨ ਦੁਆਰਾ ਹੀ ਖੁੱਲ ਸਕਦਾ ਹੈ ਕਿਉਂਕਿ ਗੁਰੂ ਦਾ ਗਿਆਨ ਚੌਥੇ ਪਦ ਵਾਲਾ ਗਿਆਨ ਹੈ ਤੇ ਸਾਡੇ ਮਨ ਦਾ ਗਿਆਨ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਉਪਜਣ ਵਾਲਾ ਗਿਆਨ ਹੈ। ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਕਿ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਭਾਵ ਉੱਚੇ ਗਿਆਨ ਦੁਆਰਾ ਗੁਰੂ ਹੈ। ਸਾਡੇ ਇਹ ਮਨ ਦਾ ਪੜਦਾ ਗੁਰੂ ਦਾ ਉੱਚਾ ਗਿਆਨ ਹੀ ਖੋਲ ਸਕਦਾ ਹੈ ਜਿਸ ਗਿਆਨ ਤੇ ਸਾਡਾ ਕੋਈ ਵੱਸ ਨਹੀਂ ਹੈ ਕਿਉਂਕਿ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸ ਦੀ ਸਮਝ ਕੇਵਲ ਉਸ ਪ੍ਰਮਾਤਮਾ ਦੇ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ ਤੇ ਜਿੱਥੇ ਵੀ ਭਾਵ ਜਿਸ ਮਨੁੱਖ ਦੇ ਅੰਦਰ ਵੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਭਾਵ ਨਾਮ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕਢੱਦਾ ਹੈ ਭਾਵ ਮਨ ਦੇ ਵਿੱਚ ਆਪਣਾ ਪਾਇਆ ਹੋਇਆ ਪੜਦਾ ਦੂਰ ਕਰਦਾ ਹੈ ਤੇ ਮਨ ਦੇ ਵਿੱਚੋਂ ਹੀ ਉਸ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਦੇ ਦਰਸ਼ਨ ਹੁੰਦੇ ਹਨ। ਸੰਸਾਰ ਦੇ ਵਿੱਚ ਸਭ ਤੋਂ ਉੱਚਾ ਰੱਸ, ਸਭ ਤੋਂ ਸੁਆਦ ਰੱਸ ਭਾਵ ਮਹਾ ਰੱਸ ਇਹ ਬ੍ਰਹਮ ਗਿਆਨ ਦਾ ਰੱਸ ਹੈ ਜੋ ਰੱਸ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਕੋਲ ਹੀ ਹੈ ਤੇ ਉਸ ਦੇ ਗੁਰੂ ਰੂਪ ਗੁਰਬਾਣੀ ਦੇ ਕੋਲ ਹੀ ਹੈ ਤੇ ਜੋ ਇਸ ਰੱਸ ਨੂੰ ਚੱਖ ਲੈਂਦਾ ਹੈ ਉਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਕਰਦਾ ਹੈ ਤੇ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਹੋਰ

ਕੋਈ ਤਰੀਕਾ ਨਹੀਂ ਹੈ। ਪ੍ਰਮਾਤਮਾ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਜਿਸ ਦਾ ਕੋਈ ਰੂਪ ਰੇਖ ਨਹੀਂ ਹੈ ਤੇ ਉਸਨੂੰ ਕੇਵਲ ਤੇ ਕੇਵਲ ਮਨ ਦੀਆਂ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ, ਦਿਬ ਦ੍ਰਿਸ਼ਟ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਮਨ ਦੇ ਵਿੱਚ ਚੌਥੇ ਪਦ ਵਾਲੀ ਗਿਆਨ ਦੀ ਸਮਝ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਜਾਣਿਆ ਜਾ ਸਕਦਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਨਣਾ ਹੀ ਉਸਦੇ ਦਰਸ਼ਨ ਹਨ ਜੋ ਉਸ ਦੇ ਦਰਸ਼ਨ ਨਿਰੰਕਾਰ ਰੂਪ ਵਿੱਚ ਹੁੰਦੇ ਹਨ ਭਾਵ ਗਿਆਨ ਰੂਪ ਵਿੱਚ ਹੁੰਦੇ ਹਨ, ਬ੍ਰਹਮ ਗਿਆਨ ਰੂਪ ਵਿੱਚ ਹੁੰਦੇ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ

47/6221

ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ, ਪ੍ਰਮਾਤਮਾ ਤਾਂ ਇੱਕੋ ਹੀ ਹੈ ਉਸ ਦੇ ਦਰਸ਼ਨ ਕਰਨ ਦਾ ਤਰੀਕਾ ਵੀ ਇੱਕੋ ਹੀ ਹੈ ਭਾਵ ਉਸ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਇੱਕ ਤਰੀਕਾ ਆਪਣੇ ਮਨ ਨੂੰ ਸਮਝਣ ਦਾ ਹੈ, ਆਪਣੇ ਮਨ ਦੀ ਸਮਝ ਨੂੰ ਸਮਝਣ ਦਾ ਹੈ ਕਿ ਸਾਡੀ ਸਮਝ ਦਾ ਮਾਲਕ ਕੌਣ ਹੈ। ਸਾਡੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸ ਨੇ ਸਾਡੇ ਸਰੀਰ ਨੂੰ ਬਣਾਇਆ ਹੈ ਤੇ ਉਸ ਨੇ ਹੀ ਸਾਡੇ ਅੰਦਰ ਸੋਝੀ ਪਾਉਂਣ ਦਾ ਤਰੀਕਾ ਵੀ ਨਾਲ ਹੀ ਬਣਾਇਆ ਹੈ। ਜੋ ਸਾਡੇ ਸਰੀਰ ਦਾ ਮਾਲਕ ਹੈ ਉਹੀ ਸਾਡੇ ਅੰਦਰ ਦੀ ਸੋਝੀ ਦਾ ਮਾਲਕ ਹੈ। ਹਰ ਆਕਾਰ ਰੂਪ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੈ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਭਾਵ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ, ਨਾਮ ਰੂਪ ਦੁਆਰਾ ਬਣਾਇਆ ਹੈ ਭਾਵ ਆਪਣੀ ਰਚੀ ਹੋਈ ਸਾਇੰਸ ਦੁਆਰਾ ਬਣਾਇਆ ਹੈ ਤੇ ਆਪਣੀ ਰਚੀ ਹੋਈ ਸਾਇੰਸ ਦੁਆਰਾ ਹੀ ਉਹ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਸਭ ਕੁਝ ਪ੍ਰਮਾਤਮਾ ਦੇ ਹੁਕਮ ਦੁਆਰਾ ਬਣਿਆ ਹੈ ਤੇ ਉਸ ਦੇ ਹੁਕਮ ਦੁਆਰਾ ਹੀ ਹਰ ਆਕਾਰ ਰੂਪ ਚਲ ਰਿਹਾ ਹੈ। ਸਾਰੀ ਗੱਲ ਉਸ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਦੀ ਹੈ ਕਿ ਉਹ ਕਿਹੜਾ ਹੁਕਮ ਹੈ, ਉਹ ਹੁਕਮ ਕਿਸ ਰੂਪ ਵਿੱਚ ਹੈ ਜਿਸ ਹੁਕਮ ਦੁਆਰਾ ਸਭ ਕੁਝ ਬਣਿਆ ਹੈ ਤੇ ਉਸ ਦੇ ਹੁਕਮ ਵਿੱਚ ਹੀ ਸਭ ਕੁਝ ਚਲ ਰਿਹਾ ਹੈ। ਉਸਦੇ ਇਸ ਹੁਕਮ ਨੂੰ ਬੁੱਝੇ ਬਿਨਾਂ ਕਿ ਪ੍ਰਮਾਤਮਾ ਦਾ ਉਹ ਹੁਕਮ ਕਿਸ ਰੂਪ ਵਿੱਚ ਵਰਤਦਾ ਹੈ ਉਸ ਹੁਕਮ ਦੇ ਮਾਲਕ ਪ੍ਰਮਾਤਮਾ ਨੂੰ ਕੋਈ ਬੁੱਝ ਲਵੇ, ਜਾਣ ਲਵੇ ਇਹ ਨਾਮੁਮਕਿਨ ਹੈ। ਜਿਵੇਂ ਕਿ ਅਸੀਂ ਜਪੁਜੀ ਬਾਣੀ ਦੇ ਪਹਿਲੇ ਸ਼ਬਦ ਰਾਹੀਂ ਜਾਣਿਆ ਹੈ ਪੂਰੀ ਗੁਰਬਣੀ ਵਿੱਚ ਪ੍ਰਮਾਤਮਾ ਦਾ ਹੁਕਮ ਹੀ ਹੈ ਜਿਸ ਹੁਕਮ ਨੂੰ ਮੰਨਣ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਭਾਵ ਉਸ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਲਈ ਭਾਵ ਪ੍ਰਮਾਤਮਾ ਨੂੰ ਜਾਨਣ ਲਈ ਇੱਕੋ ਇੱਕ ਤਰੀਕਾ ਗੁਰਬਾਣੀ ਦੇ ਵਿੱਚ ਪਾਏ ਹੋਏ ਪ੍ਰਮਾਤਮਾ ਦੇ ਹੁਕਮ ਨੂੰ ਮੰਨਣ ਦਾ ਹੈ ਜੋ ਉਸਦਾ ਹੁਕਮ ਪੂਰੀ ਗੁਰਬਾਣੀ ਵਿੱਚ ਉਸ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ, ਉਸ ਦੀ ਸੱਚੀ ਗੁਰਮਤਿ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ ਜਿਸ ਨਾਮ ਨੂੰ ਅਸੀਂ ਜਪਣਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਅਸੀਂ ਮੰਨਣਾ ਹੈ। ਸਾਡੇ

47/6222

ਸਭ ਦੇ ਅੰਦਰ, ਪੂਰੇ ਸੰਸਾਰ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜੋ ਕਿ ਸਾਡੇ ਅੰਦਰ ਦੀ ਸਮਝ ਦੇ ਰੂਪ ਵਿੱਚ ਵਰਤ ਰਿਹਾ ਹੈ ਭਾਵ ਹਉਮੈ ਦੇ ਰੂਪ ਵਿੱਚ ਵਰਤ ਰਿਹਾ ਹੈ ਤੇ ਸਾਡੇ ਅੰਦਰ ਦੀ ਇਹ ਹਉਮੈ ਵਾਲੀ ਸਮਝ ਹੀ ਭਾਵ ਤ੍ਰੈ ਗੁਣਾਂ ਵਾਲੀ, ਮਾਇਆ ਮੋਹ ਵਾਲੀ ਸਮਝ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਪੜਦਾ ਹੈ ਜੋ ਉਸ ਨੇ ਆਪਣੇ ਹੁਕਮ ਦੁਆਰਾ ਹੀ ਪਾਇਆ ਹੋਇਆ ਹੈ। ਸਾਡੀ ਤ੍ਰੈ ਗੁਣਾਂ ਵਾਲੀ ਸਮਝ ਉੱਤੇ, ਹਉਮੈ ਵਾਲੀ ਸਮਝ ਉੱਤੇ ਹੁਕਮ ਕਿਸ ਦਾ ਚਲਦਾ ਹੈ ਜਿਸਨੇ ਸਾਨੂੰ ਆਪਣੇ ਹੁਕਮ ਦੁਆਰਾ ਹਉਮੈ ਵਿੱਚ ਰੱਖਿਆ ਹੋਇਆ ਹੈ ਉਸਦੇ ਇਸ ਹੁਕਮ ਨੂੰ ਜਾਣੇ ਬਿਨਾ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਵੀ ਨਹੀਂ ਬੁੱਝ ਸਕਦਾ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰ ਨੂੰ ਕੋਈ ਨਹੀਂ ਜਾਣ ਸਕਦਾ ਜੋ ਉਸ ਦਾ ਦਰ ਸਾਡੇ ਮਨ ਦੇ ਵਿੱਚ ਹੀ ਹੈ, ਉਸਦੀ ਜੋਤਿ ਦੇ ਰੂਪ ਵਿੱਚ ਹੀ ਹੈ। ਆਪਣੇ ਅੰਦਰ ਦੀ ਜੋਤਿ ਨੂੰ ਜਾਨਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰ ਨੂੰ ਜਾਨਣਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰ ਨੂੰ ਜਾਣੇ ਬਿਨਾਂ ਕੋਈ ਮਨ ਦੀ ਹਉਮੈ ਵਿੱਚੋਂ ਨਿਕਲ ਜਾਵੇ, ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲ ਜਾਵੇ, ਮਾਇਆ ਦੀ ਜੁਗਤਿ ਵਿੱਚੋਂ ਭਾਵ ਮਾਇਆ ਦੇ ਛੱਲ ਵਿੱਚੋਂ ਨਿਕਲ ਜਾਵੇ ਇਹ ਨਾਮੁਮਕਿਨ ਹੈ। ਸਾਡੇ ਅੰਦਰ ਦੀ ਹਉਮੈ ਕੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਕੀ ਹੈ, ਮਾਇਆ ਦੀ ਜੁਗਤਿ ਕੀ ਹੈ ਤੇ ਸਭ ਜਗ੍ਹਾ ਪ੍ਰਮਾਤਮਾ ਦਾ ਹੁਕਮ ਕਿਵੇਂ ਵਰਤਦਾ ਹੈ, ਇਸ ਸ੍ਰਿਸ਼ਟੀ ਦੀ ਅਸਲੀਅਤ ਕੀ ਹੈ, ਮਨੁੱਖ ਦੀ ਅਸਲੀਅਤ ਕੀ ਹੈ, ਨਾਮ ਕੀ ਹੈ, ਸਾਇੰਸ ਕੀ ਹੈ ਇਹਨਾਂ ਗੱਲਾਂ ਦੀ ਸਮਝ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਸਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਤੇ ਪ੍ਰਮਾਤਮਾ ਨੂੰ ਜਾਨਣ ਤੋਂ ਬਿਨਾਂ ਕੋਈ ਇਹਨਾਂ ਗੱਲਾਂ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਦੀ ਸੱਚੀ ਸਿੱਖਿਆ ਕੀ ਹੈ ਭਾਵ ਪੂਰੀ ਗੁਰਬਾਣੀ ਵਿੱਚ ਉਸਦੀ ਸਿੱਖਿਆ ਦੀ ਸੱਚੀ ਸਮਝ ਕੀ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਕਿਸ ਰੂਪ ਵਿੱਚ ਹੈ ਭਾਵ ਸਿੱਖਿਆ ਦੇ ਅੰਦਰ ਦਾ ਸੱਚ ਕੀ ਹੈ ਇਹ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ

ਤੋਂ ਬਾਅਦ ਹੀ ਪੈ ਸਕਦੀ ਹੈ ਕਿਉਂਕਿ ਗੁਰੂ ਦੀ ਪੂਰੀ ਸੱਚੀ ਸਿੱਖਿਆ ਸੱਚ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਜਾਂ ਸੱਚ ਨੂੰ

47/6223

ਜਾਨਣਾ ਜਾਂ ਗੁਰੂ ਦੀ ਸੱਚੀ ਸਿੱਖਿਆ ਨੂੰ ਜਾਨਣਾ ਜਾਂ ਨਾਮ ਨੂੰ ਜਾਨਣਾ ਜਾਂ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਨੂੰ ਜਾਨਣਾ ਜਾਂ ਆਪਣੇ ਅੰਦਰ ਦੀ ਜੋਤਿ ਨੂੰ ਜਾਨਣਾ ਇੱਕੋ ਹੀ ਗੱਲ ਹੈ। ਜਿਸ ਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਉਸਨੇ ਉਸ ਨੂੰ ਮਨ ਰੂਪ ਜੋਤਿ ਰਾਹੀਂ ਹੀ ਜਾਣਿਆ ਹੈ ਭਾਵ ਆਪਣੇ ਅੰਦਰ ਦੀ ਜੋਤਿ ਨੂੰ ਜਾਨਣਾ ਜਾ ਆਪਣੇ ਮਨ ਨੂੰ ਜਾਨਣਾ ਜਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਇੱਕੋ ਹੀ ਗੱਲ ਹੈ। ਜਿਸ ਮਨੁੱਖੀ ਸਰੀਰ ਦੇ ਅੰਦਰ ਵੀ ਪ੍ਰਮਾਤਮਾ ਆਪਣੇ ਦਰਸ਼ਨ ਦਿੰਦਾ ਹੈ ਉਹ ਮਨ ਦੀ ਜੋਤਿ ਰਾਹੀਂ ਪ੍ਰਗਟ ਹੋਣ ਦੁਆਰਾ ਹੀ ਦਿੰਦਾ ਹੈ ਤੇ ਮਨ ਦੇ ਵਿੱਚੋਂ ਉਸਦੇ ਦਰਸ਼ਨ ਉਸੇ ਰੂਪ ਵਿੱਚ ਹੀ ਹੁੰਦੇ ਹਨ ਜੋ ਉਸਦਾ ਆਪਣਾ ਸੱਚਾ ਰੂਪ ਹੈ ਭਾਵ ਨਿਰੰਕਾਰ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ ਭਾਵ ਉਸਦਾ ਆਪਣਾ ਨਾਮ ਰੂਪ ਹੈ। ਪ੍ਰਮਾਤਮਾ ਆਪਣੇ ਆਪ ਨੂੰ ਮਨੁੱਖੀ ਮਨ ਦੇ ਵਿੱਚ ਹੀ ਭਾਵ ਮਨੁੱਖੀ ਸਮਝ ਦੇ ਵਿੱਚ ਹੀ ਭਾਵ ਆਪਣੀ ਜੋਤਿ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਉਹ ਆਪਣੀ ਜੋਤਿ ਦੁਆਰਾ ਆਪਣੇ ਆਪ ਨੂੰ ਕਿਸ ਰੂਪ ਵਿੱਚ ਪ੍ਰਗਟ ਕਰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀ ਪੰਗਤੀ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤੇ ਕੇਵਲ ਗੁਰੂ ਦੀ ਵਿਚਾਰ ਤੇ ਭਾਵ ਸ਼ਬਦ ਦੀ ਵਿਚਾਰ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਗੁਰੂ ਜੋ ਵੀ ਕਹਿੰਦਾ ਹੈ ਉਹ ਸੱਚ ਹੀ ਕਹਿੰਦਾ ਹੈ ਜਿਸ ਸਚੁ ਤੇ ਕੋਈ ਉਂਗਲੀ ਨਹੀਂ ਉਠਾਈ ਜਾ ਸਕਦੀ ਭਾਵ ਗੁਰੂ ਦੀ ਗੱਲ ਨੂੰ ਕਦੇ ਗਲਤ ਸਾਬਿਤ ਨਹੀਂ ਕੀਤਾ ਜਾ ਸਕਦਾ, ਗੁਰੂ ਦੇ ਬੋਲ ਅਟੱਲ ਹਨ ਜੋ ਸਦਾ ਰਹਿਣ ਵਾਲੇ ਹਨ ਭਾਵ ਸੱਚ ਹਨ। ਗੁਰੂ ਕਦੇ ਆਪਣੀ ਗੱਲ ਤੋਂ ਡੋਲ ਨਹੀਂ ਸਕਦਾ ਭਾਵ ਗੁਰਮਤਿ ਅਡੋਲ ਹੈ ਤੇ ਮਨਮਤਿ ਡੋਲ ਜਾਂਦੀ ਹੈ। ਇਹੀ ਗੁਰਮਤਿ ਤੇ ਮਨਮਤਿ ਵਿੱਚ ਫਰਕ ਹੈ। ਮਨਮਤਿ ਜਦੋਂ ਡੋਲਣੋਂ ਹੱਟ ਜਾਵੇ ਭਾਵ ਸਾਡੀ ਸੁਰਤਿ ਦੇ ਵਿਚਾਰ ਜਦੋਂ ਡੋਲਣੋਂ ਹੱਟ ਜਾਣਗੇ ਤਾਂ ਹੀ ਉਹ ਸ਼ਬਦ ਦੀ ਵਿਚਾਰ ਨੂੰ ਭਾਵ ਗੁਰੂ ਦੀ ਵਿਚਾਰ ਨੂੰ ਮੰਨ ਸਕਣਗੇ। ਗੁਰੂ ਸਚੁ ਹੈ ਤੇ ਗੁਰੂ ਦਾ ਸਚੁ ਰੂਪ ਉਸ ਦੇ ਸ਼ਬਦਾਂ ਦੀ ਵਿਚਾਰ ਦੇ ਸਚੁ ਰੂਪ ਵਿੱਚ ਹੈ ਜੋ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੇ ਹਨ। ਸੱਚ ਕਦੇ ਡੋਲ ਨਹੀਂ ਸਕਦਾ। ਸੱਚ ਸਦਾ ਹੀ ਥਿਰ ਰਹਿਣ ਵਾਲਾ ਹੈ ਤੇ ਸਚੁ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਉਸ ਦਾ ਸਚੁ ਰੂਪ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਰਾਹੀਂ ਸੱਚ ਨੂੰ ਮੰਨਣਾ ਹੀ ਨਾਮ ਜਪਣਾ ਹੈ ਤੇ ਨਾਮ

47/6224

ਉਹੀ ਜਪ ਸਕਦਾ ਹੈ ਜਿਸਨੂੰ ਸ਼ਬਦਾਂ ਦੀ ਵਿਚਾਰ ਤੇ ਵਿਸ਼ਵਾਸ ਹੈ, ਭਰੋਸਾ ਹੈ ਤੇ ਗੁਰੂ ਕਦੇ ਗਲਤ ਨਹੀਂ ਹੋ ਸਕਦਾ। ਜੋ ਸਾਨੂੰ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ ਉਹ ਸ਼ਬਦ ਦੀ ਵਿਚਾਰ ਹੀ ਹੈ ਭਾਵ ਗੁਰੂ ਦਾ ਨਾਮ ਹੀ ਹੈ ਜਿਸ ਵਿਚਾਰ ਦੁਆਰਾ ਸਾਨੂੰ ਇਹ ਸਮਝਾਇਆ ਗਿਆ ਹੈ ਕਿ ਪ੍ਰਮਾਤਮਾ ਆਪਣੇ ਆਪ ਨੂੰ ਜਿਸਦੇ ਮਨ ਵਿੱਚ ਵੀ ਪ੍ਰਗਟ ਕਰਦਾ ਹੈ ਭਾਵ ਆਪਣੀ ਜੋਤਿ ਰਾਹੀਂ ਪ੍ਰਗਟ ਕਰਦਾ ਹੈ ਉਹ ਕਿਸ ਰੂਪ ਵਿੱਚ ਪ੍ਰਗਟ ਕਰਦਾ ਹੈ।

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}

(ਅੰਗ ੧੩)

ਆਪਣੇ ਅੰਦਰ ਦੀ ਜੋਤਿ ਨੂੰ ਜਾਨਣ ਦੁਆਰਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਡੇ ਅੰਦਰ ਦੀ ਜੋਤਿ ਕਿਸ ਰੂਪ ਵਿੱਚ ਹੈ। ਜੋਤਿ ਪ੍ਰਮਾਤਮਾ ਦੇ ਰੂਪ ਵਿੱਚ ਹੈ ਤੇ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਇਸ ਦੀ ਸਮਝ ਆਪਣੇ ਅੰਦਰ ਦੀ ਜੋਤਿ ਨੂੰ ਜਾਣਕੇ ਹੀ ਪਤਾ ਲਗ ਸਕਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਸਾਡਾ ਮਨ ਜੋਤਿ ਰੂਪ ਹੀ ਹੈ ਤੇ ਆਪਣੇ ਮਨ ਨੂੰ ਜਾਨਣਾ ਜਾਂ ਪ੍ਰਮਾਤਮਾ ਨੂੰ ਜਾਨਣਾ ਇੱਕ ਹੀ ਗੱਲ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਰਤ ਰਹੀ ਹੈ ਤੇ ਉਸ ਜੋਤਿ ਦੇ ਰੂਪ ਵਿੱਚ ਹੀ ਸਭ ਦੇ ਅੰਦਰ ਪ੍ਰਮਾਤਮਾ ਆਪ ਵੱਸਿਆ ਹੋਇਆ ਹੈ। **(ਸਭ ਮਹਿ ਜੋਤਿ ਜੋਤਿ ਹੈ ਸੋਇ ॥)** ਸਾਡੇ ਅੰਦਰ ਜੋਤਿ ਦਾ ਮਕਸਦ ਕੀ ਹੈ ਭਾਵ ਸਾਡੇ ਅੰਦਰ ਪ੍ਰਮਾਤਮਾ ਦੇ ਹੋਣ ਦਾ ਮਕਸਦ ਕੀ ਹੈ ਭਾਵ ਸਾਡੇ ਅੰਦਰ ਪ੍ਰਮਾਤਮਾ ਕਿਸ ਰੂਪ ਵਿੱਚ ਤੇ ਕਿਸ ਮਕਸਦ ਲਈ ਵੱਸਿਆ ਹੋਇਆ ਹੈ ਇਹ ਨਾਲ ਹੀ ਸ਼ਬਦ ਦੀ ਅਗਲੀ ਪੰਗਤੀ

ਰਾਹੀਂ ਸਮਝਾਇਆ ਹੋਇਆ ਹੈ।

“ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥”

ਉਪਰਲੀ ਪੰਗਤੀ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਆਪਣੀ ਜੋਤਿ ਦੇ ਰੂਪ ਵਿੱਚ ਭਾਵ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਕਿਸ ਤਰੀਕੇ ਵਿਚਰ ਰਿਹਾ ਹੈ ਤੇ ਜੇਕਰ ਸਾਨੂੰ

47/6225

ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਆਵੇ ਤਾਂ ਫਿਰ ਇਹ ਬੇਵਿਸ਼ਵਾਸੀ ਤੋਂ ਬਿਨਾਂ ਹੋਰ ਕੀ ਹੋ ਸਕਦਾ ਹੈ ਭਾਵ ਸਾਡੇ ਅੰਦਰ ਸਿਵਾਏ ਭਰਮ ਦੇ ਹੋਰ ਕੀ ਹੋ ਸਕਦਾ ਹੈ। ਉਪਰ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ ਕਿਉਂਕਿ ਗੁਰੂ ਸੱਚ ਹੀ ਸਮਝਾਉਂਦਾ ਹੈ। ਸੱਚ ਨੂੰ ਨਾ ਸਮਝ ਸਕਣਾ ਹੀ, ਨਾ ਮੰਨ ਸਕਣਾ ਹੀ ਸਾਡਾ ਭਰਮ ਹੈ। ਉਪਰ ਪੰਗਤੀ ਰਾਹੀਂ ਜੋਤਿ ਰੂਪ ਪ੍ਰਮਾਤਮਾ ਦਾ ਮਕਸਦ ਸਾਡੇ ਮਨ ਦੇ ਵਿੱਚ ਚਾਨਣ ਕਰਨ ਦਾ ਹੈ, ਪ੍ਰਕਾਸ਼ ਕਰਨ ਦਾ ਹੈ ਭਾਵ ਸਾਡੇ ਅੰਦਰ ਆਪਣੇ ਗਿਆਨ ਦਾ ਪ੍ਰਕਾਸ਼ ਕਰਨ ਦਾ ਹੈ। ਮਨ ਦੇ ਵਿੱਚ ਕੇਵਲ ਗਿਆਨ ਦਾ ਪ੍ਰਕਾਸ਼ ਹੀ ਹੁੰਦਾ ਹੈ ਜੋ ਕਿ ਮਨ ਦੇ ਵਿੱਚੋਂ ਸੋਚਾਂ ਉਪਜਣ ਦੁਆਰਾ ਹੁੰਦਾ ਹੈ, ਵਿਚਾਰ ਉਪਜਣ ਦੁਆਰਾ ਹੁੰਦਾ ਹੈ ਜਿਨ੍ਹਾਂ ਵਿਚਾਰਾਂ ਦੁਆਰਾ ਮਨੁੱਖ ਨੂੰ ਮਨ ਦੇ ਵਿੱਚੋਂ ਸਮਝ ਹੀ ਪੈਂਦੀ ਹੈ ਕਿ ਮੈਂ ਕੀ ਹਾਂ, ਮੈਂ ਕੌਣ ਹਾਂ, ਜਿਨ੍ਹਾਂ ਨੂੰ ਮੈਂ ਵੇਖਦਾ ਹਾਂ, ਉਹ ਸਭ ਕੌਣ ਹਨ, ਮੇਰਾ ਪਰਿਵਾਰ ਕੀ ਹੈ, ਇਹ ਸੰਸਾਰ ਕੀ ਹੈ, ਇਹ ਹਰ ਆਕਾਰ ਰੂਪ ਕੀ ਹੈ ਭਾਵ ਮਨੁੱਖ ਨੂੰ ਜੋ ਕੁਝ ਵੀ ਸਮਝ ਪੈਂਦੀ ਹੈ ਉਹ ਜੋਤਿ ਰੂਪ ਮਨ ਦੇ ਵਿੱਚੋਂ ਹੀ ਪੈਂਦੀ ਹੈ ਭਾਵ ਸਾਨੂੰ ਮਨ ਦੇ ਵਿੱਚੋਂ ਜੋ ਵੀ ਸਮਝ ਪੈਂਦੀ ਹੈ ਉਹ ਸਮਝ ਪਾਉਂਣ ਵਾਲਾ ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਸਭਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਵਰਤ ਰਿਹਾ ਹੈ ਤੇ ਹਰ ਆਕਾਰ ਰੂਪ ਵਿੱਚ ਆਪਣੀ ਜੋਤਿ ਦੇ ਰੂਪ ਵਿੱਚੋਂ ਹੀ ਵਿਚਰ ਰਿਹਾ ਹੈ ਭਾਵ ਹਰ ਆਕਾਰ ਰੂਪ ਜੋ ਕੁਝ ਵੀ ਕਰਦਾ ਹੈ ਉਹ ਜੋਤਿ ਦੁਆਰਾ ਹੀ ਕਰਦਾ ਹੈ। ਜੋਤਿ ਦਾ ਮਕਸਦ ਸਭ ਨੂੰ ਗਿਆਨ ਦੇਣ ਦੇ ਨਾਲ ਹੀ ਹੈ ਭਾਵ ਸਭ ਦੇ ਅੰਦਰ, ਹਰ ਆਕਾਰ ਰੂਪ ਦੇ ਅੰਦਰ ਆਪਣਾ ਗਿਆਨ ਪਾਉਂਣ ਨਾਲ ਹੀ ਹੈ ਤੇ ਸੰਸਾਰ ਵਿੱਚ ਹਰ ਵਸਤੂ ਉਸੇ ਤਰ੍ਹਾਂ ਹੀ ਕੰਮ ਕਰਦੀ ਹੈ ਜਿਹੋ ਜਿਹਾ ਉਸਦੇ ਅੰਦਰ ਗਿਆਨ ਵਰਤਦਾ ਹੈ ਭਾਵ ਜਿਸ ਤਰੀਕੇ ਉਸਦੇ ਅੰਦਰ ਪ੍ਰਮਾਤਮਾ ਦੀ ਜੋਤਿ ਵਰਤਦੀ ਹੈ। ਹਰ ਬਨਸਪਤੀ ਕਿਸੇ ਗਿਆਨ ਦੁਆਰਾ ਹੀ ਉਪਜਦੀ ਹੈ ਭਾਵੇਂ ਉਸਨੂੰ ਜੈਨੇਟਿਕ ਗਿਆਨ ਕਹੀਏ ਜਾਂ ਸਾਇੰਟਿਫਿਕ ਗਿਆਨ ਕਹੀਏ ਕੋਈ ਫਰਕ ਨਹੀਂ ਹੈ ਕਿਉਂਕਿ ਗਿਆਨ ਦਾ ਸ੍ਰੋਤ ਇੱਕੋ ਇੱਕ ਪ੍ਰਮਾਤਮਾ ਆਪ ਹੈ ਜੋ ਹਰ ਤਰੀਕੇ ਦਾ ਗਿਆਨ ਉਸਦਾ ਉਸਦੀ ਜੋਤਿ ਰੂਪ ਦੇ ਵਿੱਚ ਹੈ। ਪੱਥਰ ਵੀ ਕਿਸੇ ਗਿਆਨ ਨਾਲ ਹੀ ਵਰਤਦੇ ਹਨ ਭਾਵ ਉਸ ਤਰੀਕੇ ਹੀ ਵਰਤਦੇ ਹਨ, ਉਸ ਮਕਸਦ ਲਈ ਹੀ ਕੰਮ ਕਰਦੇ ਹਨ ਜਿਸ ਮਕਸਦ ਲਈ ਪ੍ਰਮਾਤਮਾ ਨੇ ਉਹਨਾਂ ਦੇ ਅੰਦਰ ਆਪਣਾ ਗਿਆਨ ਪਾਇਆ ਹੋਇਆ ਹੈ। ਪਸ਼ੂ ਪੰਛੀਆਂ ਨੂੰ ਪ੍ਰਮਾਤਮਾ ਨੇ ਜਿਹੜੇ ਮਕਸਦ ਲਈ

47/6226

ਬਣਾਇਆ ਹੈ, ਜਿਹੋ ਜਿਹੀ ਸਮਝ ਉਹਨਾਂ ਦੇ ਅੰਦਰ ਪਾਈ ਹੈ ਭਾਵ ਜਿਸ ਤਰੀਕੇ ਪ੍ਰਮਾਤਮਾ ਆਪਣੀ ਜੋਤਿ ਰੂਪ ਵਿੱਚ ਉਹਨਾਂ ਦੇ ਅੰਦਰ ਵਰਤਦਾ ਹੈ ਉਹ ਉਹੀ ਕੁਝ ਕਰਦੇ ਹਨ। ਚੰਦ, ਸੂਰਜ, ਤਾਰੇ ਸਭ ਖੰਡ ਬ੍ਰਹਮੰਡ ਆਪਣੇ ਅੰਦਰ ਦੇ ਗਿਆਨ ਦੁਆਰਾ ਹੀ ਭਾਵ ਜੋਤਿ ਰੂਪ ਸਮਝ ਦੁਆਰਾ ਹੀ ਵਿਚਰ ਰਹੇ ਹਨ ਭਾਵ ਆਪਣੀ ਹਰ ਰਚਨਾ ਤੋਂ ਪ੍ਰਮਾਤਮਾ ਜੋ ਕੁਝ ਕਰਵਾਉਣਾ ਚਾਹੁੰਦਾ ਹੈ ਉਹ ਸਭ ਦੇ ਅੰਦਰ ਆਪਣੀ ਵਰਤ ਰਹੀ ਜੋਤਿ ਦੁਆਰਾ, ਸਾਇੰਟਿਫਿਕ ਗਿਆਨ ਦੁਆਰਾ, ਆਪਣੀ ਰਚੀ ਹੋਈ ਸਾਇੰਸ ਦੁਆਰਾ ਉਹੀ ਕੁਝ ਕਰਵਾ ਰਿਹਾ ਹੈ ਜੋ ਉਸ ਨੂੰ ਭਾਉਂਦਾ ਹੈ। ਪ੍ਰਮਾਤਮਾ ਦੀ ਸਾਰੀ ਰਚਨਾ ਉਸਦੇ ਉੱਚੇ ਗਿਆਨ ਦੁਆਰਾ ਹੀ ਬਣੀ ਹੈ ਭਾਵ ਉਸਦੇ ਜੋਤਿ ਰੂਪ ਦੁਆਰਾ ਹੀ ਬਣੀ ਹੈ ਤੇ ਉਸਦਾ ਜੋਤਿ ਰੂਪ ਹੀ ਸਭਦੇ ਅੰਦਰ ਵਰਤ ਰਿਹਾ ਹੈ ਜੋ ਉਸ ਦੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਸਾਡਾ ਮਨੁੱਖੀ ਸਰੀਰ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਰਚਨਾ ਹੀ ਹੈ ਜਿਸ ਨੂੰ ਉਸ ਨੇ ਆਪਣੇ ਉੱਚੇ ਸਾਇੰਟਿਫਿਕ ਗਿਆਨ ਦੁਆਰਾ ਰਚਿਆ ਹੈ ਤੇ ਆਪਣੇ ਸਾਇੰਟਿਫਿਕ ਗਿਆਨ ਦੁਆਰਾ ਹੀ ਚਲਾ ਰਿਹਾ ਹੈ। ਮਨੁੱਖੀ ਸਰੀਰ ਨੂੰ ਚਲਾਉਣ ਲਈ ਹੀ ਉਸ ਨੇ ਮਨੁੱਖ ਦੇ ਅੰਦਰ ਆਪਣਾ ਜੋਤਿ ਰੂਪ ਧਾਰਿਆ ਹੋਇਆ ਹੈ ਜੋ ਉਸਦਾ ਜੋਤਿ ਰੂਪ ਸਾਡੇ ਅੰਦਰ ਮਨ ਦੇ ਵਿੱਚੋਂ ਉਪਜਣ ਵਾਲੀ ਸਮਝ ਹੈ ਭਾਵ ਮਨ ਦੇ ਵਿੱਚੋਂ ਉਪਜਣ ਵਾਲਾ ਗਿਆਨ ਹੈ ਤੇ ਮਨੁੱਖ ਉਹੀ ਕੁਝ ਕਰਦਾ ਹੈ ਜਿਹੋ ਜਿਹੀ ਉਸਨੂੰ ਮਤਿ ਵਿੱਚੋਂ ਸਮਝ ਪੈਂਦੀ ਹੈ। ਇਹ ਉਸ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਮਨੁੱਖ ਨੂੰ ਕਿਹੋ ਜਿਹੀ ਸਮਝ ਪਾਉਂਦਾ ਹੈ ਕਿਉਂਕਿ ਸਾਨੂੰ ਜੋ ਵੀ ਸਮਝ ਪੈਣੀ ਹੈ ਉਹ ਮਨ ਦੇ ਵਿੱਚੋਂ ਹੀ ਪੈਣੀ ਹੈ ਭਾਵ ਮਨ ਦੀ ਜੋਤਿ ਰਾਹੀਂ ਹੀ ਪੈਣੀ ਹੈ। ਸਾਨੂੰ ਅਗਰ ਕੋਈ ਗੱਲ ਸਮਝਾਉਂਦਾ ਹੈ ਉਸਨੂੰ ਮੰਨਣਾ ਜਾ ਨਾ ਮੰਨਣਾ ਸਾਡੀ ਸਮਝ ਤੇ ਨਿਰਭਰ ਕਰਦਾ ਹੈ ਬਸ ਇੱਥੇ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਣ ਦਾ

ਜਾਂ ਨਾ ਜਾਣ ਸਕਣ ਦਾ ਭੇਦ ਛੁੱਪਿਆ ਹੋਇਆ ਹੈ। ਪ੍ਰਮਾਤਮਾ ਆਪਣਾ ਆਪ ਕਿਸੇ ਨੂੰ ਜਨਾਣਾ ਚਾਹੇ ਜਾਂ ਨਾ ਜਨਾਣਾ ਚਾਹੇ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਇਸ ਗੱਲ ਨੂੰ ਬਾਰ-ਬਾਰ ਸਮਝਿਆ ਹੈ। ਸਾਰੀ ਗੱਲ ਸਾਡੇ ਅੰਦਰ ਦੇ ਸਮਝ ਦੇ ਨਾਲ ਜੁੜੀ ਹੋਈ ਹੈ ਜੋ ਸਮਝ ਮਨੁੱਖ ਦੇ ਵੱਸ ਨਹੀਂ ਹੈ ਜਿਵੇਂ ਕਿ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਾਈ

47/6227

ਹੋਈ ਹੈ ਪਰ ਫਿਰ ਵੀ ਮਨੁੱਖ ਇਹੀ ਸਮਝਦਾ ਹੈ ਕਿ ਇਹ ਸਮਝ ਮੇਰੀ ਹੈ, ਇਹ ਸਰੀਰ ਮੇਰਾ ਹੈ ਭਾਵ ਮਨੁੱਖ ਨੂੰ ਇਹ ਵਿਸ਼ਵਾਸ ਨਹੀਂ ਆਉਂਦਾ ਕਿ ਪ੍ਰਮਾਤਮਾ ਮੇਰੇ ਅੰਦਰ ਹੀ ਵਰਤ ਰਿਹਾ ਹੈ, ਸਭ ਦੇ ਅੰਦਰ ਉਹੀ ਵਰਤ ਰਿਹਾ ਹੈ ਭਾਵੇਂ ਗੁਰੂ ਸਾਨੂੰ ਇਹ ਗੱਲ ਬਾਰ-ਬਾਰ ਸਮਝਾਉਂਦਾ ਹੈ ਕਿ ਸਭਦੇ ਅੰਦਰ ਪ੍ਰਮਾਤਮਾ ਆਪ ਹੀ ਹੈ, ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਬਾਣੀ ਵਿੱਚ ਬਾਰ-ਬਾਰ ਤ੍ਰੈ ਗੁਣਾਂ ਦੇ ਅਵਸਥਾ ਦੀ ਗੱਲ ਆਉਂਦੀ ਹੈ, ਹਉਮੈ ਦੀ ਗੱਲ ਆਉਂਦੀ ਹੈ, ਸਾਡੇ ਅੰਦਰ ਮਾਇਆ ਦੇ ਛੱਲ ਦੀ ਗੱਲ ਆਉਂਦੀ ਹੈ ਜਿਨ੍ਹਾਂ ਗੱਲਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ ਇਹ ਸਾਰੀਆਂ ਅਵਸਥਾਵਾਂ ਸਾਡੇ ਮਨ ਦੀ ਸਮਝ ਦੇ ਨਾਲ ਜੁੜੀਆਂ ਹੋਈਆਂ ਹਨ। ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਸਾਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲਾ, ਹਉਮੈ ਵਿੱਚ ਰੱਖਣ ਵਾਲਾ, ਮਾਇਆ ਦੀ ਜੁਗਤਿ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੈ। ਇਹ ਸਾਰੀਆਂ ਅਵਸਥਾਵਾਂ ਸਾਡੇ ਮਨ ਦੇ ਅੰਦਰ ਹੀ ਹਨ ਭਾਵ ਸਾਡੀ ਸਮਝ ਦੇ ਵਿੱਚ ਹੀ ਹਨ ਤੇ ਜੇਕਰ ਆਪਣੇ ਅੰਦਰ ਦੀ ਸਮਝ ਨੂੰ ਅਸੀਂ ਆਪਣੀ ਸਮਝ ਕਹਿੰਦੇ ਹਾਂ ਫਿਰ ਅਸੀਂ ਆਪਣੇ ਆਪ ਇਹਨਾਂ ਵਿੱਚੋਂ ਨਿਕਲ ਕਿਉਂ ਨਹੀਂ ਸਕਦੇ। ਪਰਮਾਤਮਾ ਨੂੰ ਆਪਣੇ ਅੰਦਰੋਂ ਸਮਝ ਪਾਉਣਾ ਜਾ ਨਾ ਸਮਝ ਪਾਉਂਣਾ ਇਸੇ ਲਈ ਸਾਡੇ ਵੱਸ ਨਹੀਂ ਹੈ ਕਿਉਂਕਿ ਮਨ ਰੂਪ ਜੋਤਿ ਨੂੰ ਜਾਣ ਲੈਣਾ ਸਾਡੇ ਵੱਸ ਨਹੀਂ ਹੈ ਭਾਵ ਇਹ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ। ਸਭ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਭਾਵ ਸਾਰੇ ਸੰਸਾਰ ਨੂੰ ਹਉਮੈ ਵਾਲੀ ਸਮਝ ਵਿੱਚ, ਮਾਇਆ ਦੀ ਜੁਗਤਿ ਵਾਲੀ ਸਮਝ ਵਿੱਚ ਰੱਖਣ ਵਾਲਾ ਅਕਾਲ ਪੁਰਖ ਆਪ ਹੀ ਹੈ ਜੋ ਸਭ ਦੇ ਅੰਦਰ ਆਪਣੀ ਜੋਤਿ ਦੁਆਰਾ ਵਿਚਰ ਰਿਹਾ ਹੈ ਭਾਵ ਮਨ ਦੇ ਵਿੱਚ ਸਮਝ ਪਾਉਂਣ ਦੁਆਰਾ ਵਰਤ ਰਿਹਾ ਹੈ। ਅਸੀਂ ਇਸ ਮਨ ਦੀ ਅਵਸਥਾ ਕਰਕੇ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਭਾਵ ਸਾਡੇ ਮਨ ਦੀ ਸਮਝ ਹੀ ਸਾਡਾ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਕਾਰਨ ਹੈ ਜਿਸ ਸਮਝ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਭਾਵ ਸਾਨੂੰ ਆਪਣੇ ਨਾਲ ਵਿਛੋੜ ਕੇ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪਣੀ ਮਨ ਰੂਪ ਜੋਤਿ ਰਾਹੀਂ ਹੀ ਭਾਵ ਮਨ ਦੇ ਵਿੱਚ ਤ੍ਰੈ ਗੁਣਾਂ ਵਾਲੀ ਸਮਝ ਪਾਉਣ ਦੁਆਰਾ ਹੀ, ਹਉਮੈ ਪਾਉਂਣ ਦੁਆਰਾ ਹੀ, ਮਾਇਆ ਮੋਹ ਵਾਲੀ ਸਮਝ ਪਾਉਂਣ ਦੁਆਰਾ ਹੀ ਆਪਣੇ ਆਪ ਤੋਂ ਵਿਛੋੜਿਆ ਹੋਇਆ ਹੈ।

47/6228

ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਮਨ ਦੀ ਜੋਤਿ ਰਾਹੀਂ ਹੀ ਹੈ ਭਾਵ ਸਾਡੇ ਮਨ ਦੀ ਉਸ ਸਮਝ ਦੁਆਰਾ ਹੈ ਜੋ ਸਾਨੂੰ ਚਉਥੇ ਪਦ ਦੇ ਗਿਆਨ ਨੂੰ ਸਮਝਣ ਤੋਂ, ਉਸ ਤੇ ਵਿਸ਼ਵਾਸ ਕਰਨ ਤੋਂ ਤੇ ਉਸ ਤੇ ਮੰਨਣ ਤੋਂ ਦੂਰ ਰੱਖਦੀ ਹੈ। ਜੋ ਤ੍ਰੈ ਗੁਣਾਂ ਦੇ ਗਿਆਨ ਦਾ ਮਾਲਕ ਹੈ ਉਹੀ ਚਉਥੇ ਪਦ ਦੇ ਗਿਆਨ ਦਾ ਮਾਲਕ ਹੈ। ਚਉਥੇ ਪਦ ਦਾ ਗਿਆਨ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਨਾਮ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਗਿਆਨ ਦੇ ਰੂਪ ਵਿੱਚ ਹੈ ਤੇ ਇਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਸ ਆਪਣੇ ਰੂਪ ਵਿੱਚ ਉਹ ਪੂਰੀ ਗੁਰਬਾਣੀ ਦੇ ਵਿੱਚ ਉਹ ਆਪ ਹੀ ਹੈ ਜੋ ਕਿ ਉਸਦਾ ਸਚੁ ਰੂਪ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਵਾਲਾ ਰੂਪ ਹੈ ਤੇ ਪ੍ਰਮਾਤਮਾ ਦੇ ਇਸ ਰੂਪ ਨਾਲ ਜੁੜਕੇ ਭਾਵ ਚਉਥੇ ਪਦ ਦੇ ਗਿਆਨ ਰੂਪ ਨਾਲ ਜੁੜਕੇ, ਉਸਦੇ ਸਹਜ ਗਿਆਨ ਰੂਪ ਨਾਲ ਜੁੜਕੇ ਅਸੀਂ ਪ੍ਰਮਾਤਮਾ ਦੇ ਨਾਲ ਵਿਛੋੜੇ ਤੋਂ ਮੁਕਤ ਹੋ ਸਕਦੇ ਹਾਂ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤ ਹੋ ਸਕਦੇ ਹਾਂ ਤੇ ਆਪਣੇ ਅੰਦਰੋਂ ਚਉਥੇ ਪਦ ਦੇ ਗਿਆਨ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ, ਨਾਮ ਦੇ ਮਾਲਕ ਬ੍ਰਹਮ ਗਿਆਨੀ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਭਾਵ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਗੁਰੂ ਹੀ ਦੂਰ ਕਰਦਾ ਹੈ, ਗੁਰੂ ਦਾ ਸੱਚਾ ਗਿਆਨ ਹੀ ਦੂਰ ਕਰਦਾ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਹੀ ਦੂਰ ਕਰ ਸਕਦੀ ਹੈ ਜਿਸ ਸੱਚੀ ਸਿੱਖਿਆ ਨੂੰ ਮੰਨੇ ਬਿਨਾਂ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਉਦੱਮ ਨਹੀਂ ਕਰ ਸਕਦੇ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਆਪਣੀ ਰਚੀ ਹੋਈ ਹੈ ਜੋ ਕਿ ਮਨ ਦੀ ਜੋਤਿ ਰਾਹੀਂ ਹੀ ਆਈ ਹੈ ਭਾਵ ਮਨ ਦੇ ਵਿੱਚ ਚਉਥੇ ਪਦ ਦਾ ਗਿਆਨ ਉਪਜਣ ਦੁਆਰਾ ਹੀ ਆਈ ਹੈ ਤੇ ਜਿਨ੍ਹਾਂ ਸਰੀਰਾਂ ਦੇ ਅੰਦਰ ਪ੍ਰਮਾਤਮਾ ਨੇ ਆਪਣਾ ਜੋਤਿ ਰੂਪ ਪ੍ਰਗਟ ਕੀਤਾ ਹੈ ਉਹਨਾਂ ਦੇ ਮਨ ਵਿੱਚ ਆਪਣਾ ਸੱਚਾ ਗਿਆਨ ਪਾਉਂਣ ਦੁਆਰਾ ਹੀ ਉਹਨਾਂ ਦੇ ਨਾਲ ਆਪਣਾ ਵਿਛੋੜਾ ਦੂਰ ਕੀਤਾ ਹੈ। ਪੂਰੀ

ਗੁਰਬਾਣੀ ਦੀ ਸਮਝ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਜਿਸ ਸਰੀਰ ਰਾਹੀਂ ਉਹ ਆਪਣਾ ਜੋਤਿ ਰੂਪ ਪ੍ਰਗਟ ਕਰਦਾ ਹੈ ਭਾਵ ਆਪਣਾ ਆਪ ਪ੍ਰਗਟ ਕਰਦਾ ਹੈ ਉਹ ਆਪਣੀ ਗੁਰਮਤਿ ਰੂਪ ਸੱਚੀ ਸਿੱਖਿਆ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਵੇਂ ਕਿ ਸਾਨੂੰ ਉੱਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। **(ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥)**

47/6229

ਜਿਨ੍ਹਾਂ ਜਿਨ੍ਹਾਂ ਸਰੀਰਾਂ ਰਾਹੀਂ ਭਾਵ ਭਗਤਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਰਾਹੀਂ ਆਪਣਾ ਜੋਤਿ ਰੂਪ ਪ੍ਰਗਟ ਕਰਨ ਦੁਆਰਾ ਮਨ ਦੇ ਵਿੱਚ ਜੋ **"ਗੁਰੂ ਸਾਖੀ"** ਸਮਝਾਈ ਹੈ ਭਾਵ ਧਰਮ ਦੇ ਮਾਰਗ ਤੇ ਚੱਲਣ ਲਈ, ਭਗਤੀ ਕਰਨ ਲਈ, ਨਾਮ ਜਪਣ ਲਈ ਜੋ ਸਿੱਖਿਆ ਸਮਝਾਈ ਹੈ, ਪ੍ਰਮਾਤਮਾ ਦੇ ਨਾਲ ਵਿਛੋੜਾ ਦੂਰ ਕਰਨ ਦਾ ਜੋ ਤਰੀਕਾ ਸਮਝਾਇਆ ਹੈ ਉਹੀ ਗੁਰਮਤਿ ਰੂਪ ਸੱਚੀ ਸਿੱਖਿਆ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੇ ਰੂਪ ਵਿੱਚ ਦਰਜ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚੀ ਸਿੱਖਿਆ ਹੀ ਦਿੰਦਾ ਹੈ। ਜਿਸਦਾ ਵੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੁੰਦਾ ਹੈ ਉਸਨੂੰ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਚਉਥੇ ਪਦ ਦਾ ਸੱਚਾ ਗਿਆਨ ਹੀ ਮਿਲਦਾ ਹੈ, ਗੁਰਮਤਿ ਰੂਪ ਸੱਚੀ ਸਮਝ ਹੀ ਮਿਲਦੀ ਹੈ, ਗੁਰਬਾਣੀ ਵਾਲੀ ਸੱਚੀ ਸਮਝ ਹੀ ਮਿਲਦੀ ਹੈ ਜਿਸ ਦੁਆਰਾ ਮਨੁੱਖ ਨੂੰ ਸੱਚ ਦੀ ਸਮਝ ਪੈਂਦੀ ਹੈ ਜਿਸ ਸਚੁ ਰੂਪ ਵਿੱਚ ਪ੍ਰਮਾਤਮਾ ਆਪ ਹੈ, ਜੋ ਉਸ ਦਾ ਨਾਮ ਰੂਪ ਹੈ। ਪੂਰੀ ਗੁਰਬਾਣੀ ਵਿੱਚੋਂ ਅਸੀਂ ਪ੍ਰਮਾਤਮਾ ਦੇ ਇਸ ਸਚੁ ਰੂਪ ਨਾਮ ਨੂੰ ਹੀ ਜਪਣਾ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਨੂੰ ਸਮਝ ਕੇ ਉਸਨੂੰ ਮੰਨਣਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥"

ਅਸੀਂ ਦੁਨਿਆਵੀ ਤੌਰ ਤੇ ਉਸ ਦੀ ਆਰਤੀ ਉਤਾਰਦੇ ਹਾਂ ਭਾਵ ਕਿਸੇ ਆਕਾਰ ਰੂਪ ਦੀ ਆਰਤੀ ਉਤਾਰਦੇ ਹਾਂ ਜਿਸਨੂੰ ਅਸੀਂ ਵੱਡਾ ਸਮਝਦੇ ਹਾਂ ਤੇ ਉਸਦੀ ਆਰਤੀ ਉਸ ਆਕਾਰ ਰੂਪ ਦੀ ਵਡਿਆਈ ਕਰਨ ਲਈ ਹੀ ਉਤਾਰਦੇ ਹਾਂ। ਉਪਰ ਸ਼ਬਦ ਦੀ ਪੰਗਤੀ ਰਾਹੀਂ ਸਾਨੂੰ ਉਸ ਪ੍ਰਮਾਤਮਾ ਦੀ ਆਰਤੀ ਉਤਾਰਨਾ ਸਮਝਾਈ ਹੋਈ ਹੈ ਭਾਵ ਉਸਦੀ ਵਡਿਆਈ ਕਰਨੀ ਸਮਝਾਈ ਹੋਈ ਹੈ ਭਾਵ ਅਸੀਂ ਉਸਦੀ ਵਡਿਆਈ ਕਿਸ ਤਰੀਕੇ ਕਰਨੀ ਹੈ, ਉਸਦੀ ਆਰਤੀ ਕਿਵੇਂ ਉਤਾਰਨੀ ਹੈ। ਉਹ ਪ੍ਰਮਾਤਮਾ ਨਿਰੰਕਾਰ ਰੂਪ ਹੈ ਭਾਵ ਆਕਾਰ ਰੂਪ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ, ਪ੍ਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ ਭਾਵੇਂ ਹਰ ਰੂਪ ਰੇਖ ਨੂੰ ਬਨਾਉਣ ਵਾਲਾ ਉਹ ਆਪ ਹੀ ਹੈ। ਹਰ ਆਕਾਰ ਰੂਪ ਨੂੰ ਉਸਨੇ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ, ਆਪਣੇ ਹਰ ਆਕਾਰ ਰੂਪ ਨੂੰ ਆਪਣੇ ਨਿਰੰਕਾਰ

47/6230

ਰੂਪ ਦੁਆਰਾ ਚਲਾ ਰਿਹਾ ਹੈ। ਪ੍ਰਮਾਤਮਾ ਦਾ ਜੋਤਿ ਰੂਪ ਹੀ ਉਸਦਾ ਨਿਰੰਕਾਰ ਰੂਪ ਹੈ ਜਿਸ ਰੂਪ ਵਿੱਚ ਉਹ ਸਭਦੇ ਅੰਦਰ ਵਰਤ ਰਿਹਾ ਹੈ। ਪ੍ਰਮਾਤਮਾ ਦਾ ਜੋਤਿ ਰੂਪ, ਨਿਰੰਕਾਰ ਰੂਪ, ਉਸਦਾ ਗਿਆਨ ਰੂਪ ਹੈ ਤੇ ਗਿਆਨ ਦਾ ਕੋਈ ਰੂਪ ਰੇਖ ਨਹੀਂ ਹੈ। ਗਿਆਨ ਕੇਵਲ ਮਨ ਦੇ ਵਿੱਚੋਂ ਮਹਿਸੂਸ ਕਰਨ ਦੀ ਚੀਜ ਹੈ ਭਾਵ ਸਮਝਣ ਦੀ, ਜਾਨਣ ਦੀ ਚੀਜ ਹੈ ਜਿਸਨੂੰ ਮਨ ਦੇ ਵਿੱਚੋਂ ਹੀ ਸਮਝਿਆ ਤੇ ਜਾਣਿਆ ਜਾ ਸਕਦਾ ਹੈ ਪਰ ਗਿਆਨ ਨੂੰ ਸਰੀਰਕ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਅਸੀਂ ਉਹਨਾਂ ਅੱਖਰਾਂ ਦੀ ਬਨਾਵਟ ਨੂੰ, ਸ਼ਬਦਾਂ ਦੀ ਬਨਾਵਟ ਨੂੰ ਅੱਖਾਂ ਨਾਲ ਵੇਖ ਸਕਦੇ ਹਾਂ ਪਰ ਉਹਨਾਂ ਦੇ ਅੰਦਰ ਦੇ ਗਿਆਨ ਨੂੰ ਆਪਣੀ ਅੱਖਾਂ ਨਾਲ ਨਹੀਂ ਦੇਖ ਸਕਦੇ। ਗਿਆਨ ਨੂੰ ਕੇਵਲ ਮਨ ਦੀਆਂ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ। ਸਾਡੇ ਮਨ ਦੀਆਂ ਅੱਖਾਂ ਸਾਡੇ ਮਨ ਦੇ ਵਿਚਾਰ ਹਨ ਭਾਵ ਸਾਡੇ ਅੰਦਰ ਦੀ ਸਮਝ ਹੈ ਜੋ ਆਪਣੇ ਅੰਦਰੋਂ ਗਿਆਨ ਨੂੰ ਦੇਖ ਸਕਦੀਆਂ ਹਨ ਭਾਵ ਸਮਝ ਸਕਦੀਆਂ ਹਨ। ਹਰ ਆਕਾਰ ਰੂਪ ਬਿਨਸ ਸਕਦਾ ਹੈ ਭਾਵ ਬਿਨਸਨਹਾਰ ਹੈ ਪਰ ਪ੍ਰਮਾਤਮਾ ਕਦੇ ਬਿਨਸ ਨਹੀਂ ਸਕਦਾ ਕਿਉਂਕਿ ਉਹ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ। ਗਿਆਨ ਰੂਪ ਕਦੇ ਨਹੀਂ ਬਿਨਸਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਹੀ, ਆਪਣੇ ਨਾਮ ਰੂਪ ਵਿੱਚ ਹੀ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ ਜੋ ਕਿ ਉਸ ਦਾ ਨਿਰੰਕਾਰ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਦੇ ਆ ਰਹੇ ਹਾਂ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥

ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥

ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥}

(ਅੰਗ ੧੨੦)

ਜਿਸ ਰੂਪ ਵਿੱਚ ਪ੍ਰਮਾਤਮਾ ਆਪਣੀ ਜੋਤਿ ਦੁਆਰਾ ਮਨ ਦੇ ਵਿੱਚ ਪ੍ਰਗਟ ਹੁੰਦਾ ਹੈ ਭਾਵ **"ਗੁਰ ਸਾਖੀ"** ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਆਪਣੇ ਉਸ ਰੂਪ ਵਿੱਚ ਹੀ ਉਹ ਪੂਰੀ ਗੁਰਬਾਣੀ ਵਿੱਚ ਹੈ ਭਾਵ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ ਜੋ ਉਸਦੀ ਸੱਚੀ ਸਿੱਖਿਆ ਭਾਵ ਉਸਦਾ ਸੱਚਾ ਗਿਆਨ ਭਾਵ ਬ੍ਰਹਮ ਗਿਆਨ ਨਿਰੰਕਾਰ ਰੂਪ ਵਿੱਚ ਹੈ। ਅਸੀਂ ਪ੍ਰਮਾਤਮਾ ਦੀ ਵਡਿਆਈ ਕਰਨੀ ਹੈ ਭਾਵ ਉਸਦੀ ਆਰਤੀ ਉਤਾਰਨੀ ਹੈ ਜੋ ਉਸਨੂੰ ਵਡਿਆਉਂਣ ਦਾ ਤਰੀਕਾ ਉਸਦੀ ਸੱਚੀ ਸਿੱਖਿਆ ਨੂੰ ਵਡਿਆਉਂਣਾ ਹੈ ਜਿਹੋ ਜਿਹੀ ਵਡਿਆਈ ਕਰਨ ਲਈ ਆਕਾਰ ਰੂਪ ਦੀ ਆਰਤੀ ਉਤਾਰਨ ਦੀ ਲੋੜ ਨਹੀਂ ਹੈ। ਗੁਰੂ ਪ੍ਰਮਾਤਮਾ ਦੀ ਵਡਿਆਈ ਅਸੀਂ ਕਿਸ ਤਰੀਕੇ ਕਰਨੀ ਹੈ ਜਿਸਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਸਿੱਖਿਆ ਨੂੰ ਭਾਵ

ਉਸ ਤੇ ਅਮਲ ਕਰਨਾ ਹੀ ਗੁਰੂ ਦੀ ਸਿੱਖਿਆ ਨੂੰ ਉੱਚਾ ਕਰਨਾ ਹੈ, ਉਸ ਨੂੰ ਵਡਿਆਉਂਣਾ ਹੈ ਜਿਸ ਤਰੀਕੇ ਗੁਰੂ ਦੀ ਸਿੱਖਿਆ ਦੀ ਆਰਤੀ ਉਤਾਰੀ ਜਾ ਸਕਦੀ ਹੈ। ਗੁਰੂ ਦੀ ਸਿੱਖਿਆ ਸਾਨੂੰ ਉਹ ਕੁਝ ਹੀ ਸਮਝਾਉਂਦੀ ਹੈ ਜੋ ਕੁਝ ਪ੍ਰਮਾਤਮਾ ਨੂੰ ਭਾਉਂਦਾ ਹੈ। ਪ੍ਰਮਾਤਮਾ ਨੂੰ ਸੱਚ ਹੀ ਭਾਉਂਦਾ ਹੈ ਉਸਨੂੰ ਝੂਠ ਨਹੀਂ ਭਾਉਂਦਾ। ਪ੍ਰਮਾਤਮਾ ਨੂੰ ਗੁਣ ਹੀ ਭਾਉਂਦੇ ਹਨ ਤੇ ਸਾਡੇ ਅਉਗੁਣ ਨਹੀਂ ਭਾਉਂਦੇ। ਪ੍ਰਮਾਤਮਾ ਨੂੰ ਸਾਡੇ ਚੰਗੇ ਕਰਮ ਕਰਨੇ ਹੀ ਭਾਉਂਦੇ ਹਨ ਤੇ ਮਾੜੇ ਕਰਮ ਕਰਨੇ ਨਹੀਂ ਭਾਉਂਦੇ। ਪ੍ਰਮਾਤਮਾ ਨੂੰ ਇਹ ਭਾਉਂਦਾ ਹੈ ਕਿ ਅਸੀਂ ਜੋ ਕੁਝ ਵੀ ਕਰੀਏ ਉਹ ਗੁਰੂ ਦੀ ਮਤਿ ਅਨੁਸਾਰ ਹੀ ਕਰੀਏ ਤੇ ਕਿਸੇ ਹੋਰ ਦੀ ਮਤਿ ਪਿੱਛੇ ਨਾ ਲਗੀਏ ਭਾਵ ਮਨਮਤਿ ਵਾਲਿਆਂ ਦੇ ਪਿੱਛੇ ਨਾ ਲਗੀਏ ਜਿਨ੍ਹਾਂ ਨੂੰ ਗੁਰਮਤਿ ਦੀ ਸਮਝ ਹੀ ਨਹੀਂ ਹੈ ਭਾਵ ਜੋ ਸਾਨੂੰ ਉਹੋ ਜਿਹਾ ਭਗਤੀ ਦਾ ਮਾਰਗ ਸਮਝਾਉਂਦੇ ਹਨ, ਉਹੋ ਜਿਹਾ ਨਾਮ ਜਪਣਾ ਸਮਝਾਉਂਦੇ ਹਨ ਜੋ ਗੁਰਮਤਿ ਦੇ ਉਲਟ ਹੈ। ਇਸੇ ਤਰ੍ਹਾਂ ਹੀ ਹੋਰ ਅਨੇਕਾਂ ਹੀ ਇਹੋ ਜਿਹੀਆਂ ਗੱਲਾਂ ਹਨ ਤੇ ਅਨੇਕਾਂ ਹੀ ਸਾਡੇ ਬਣਾਏ ਹੋਏ ਉਹੋ ਜਿਹੇ ਭਗਤੀ ਦੇ ਤਰੀਕੇ ਹਨ ਜਿਨ੍ਹਾਂ ਤਰੀਕਿਆਂ ਦਾ ਗੁਰੂ ਦੀ ਸਿੱਖਿਆ ਖੰਡਨ ਕਰਦੀ ਹੈ ਭਾਵ ਗੁਰੂ ਪ੍ਰਮਾਤਮਾ ਨੂੰ ਇਹੋ ਜਿਹੇ ਤਰੀਕੇ ਨਹੀਂ ਭਾਉਂਦੇ। ਗੁਰੂ ਸਾਨੂੰ ਸਮਝਾਉਂਦਾ ਹੈ ਕਿ ਭਗਤੀ ਕਰਨ ਦਾ ਕੋਈ ਖਾਸ ਵੇਲਾ ਨਹੀਂ ਹੈ ਤੇ ਹਰ ਵੇਲਾ ਇੱਕੋ ਜਿਹਾ ਹੈ ਭਾਵ ਅੰਮ੍ਰਿਤ ਦੀ ਪ੍ਰਾਪਤੀ ਦਾ ਵੇਲਾ ਭਾਵ ਪ੍ਰਮਾਤਮਾ ਨੂੰ ਪਾਉਂਣ ਦਾ ਵੇਲਾ ਕੋਈ ਖਾਸ ਵੱਖਰਾ ਵੇਲਾ ਨਹੀਂ ਹੈ ਜਿਸਨੂੰ ਕਿ ਅਸੀਂ ਅੰਮ੍ਰਿਤ ਵੇਲਾ ਕਹਿੰਦੇ ਹਾਂ ਭਾਵ ਕਿਸੇ ਖਾਸ ਵੇਲੇ ਨੂੰ ਅੰਮ੍ਰਿਤ ਵੇਲਾ ਕਹਿਣਾ ਗੁਰੂ ਦੀ ਸਿੱਖਿਆ ਦੇ ਉਲਟ ਹੈ ਜੋ ਕਿ ਗੁਰੂ ਨੂੰ ਨਹੀਂ ਭਾਉਂਦਾ। ਇਸੇ ਤਰ੍ਹਾਂ ਅਨੇਕਾਂ ਹੀ ਖਾਣੇ ਦੀ ਸੁਚਿ ਨਾਲ, ਕਿਸੇ ਵੱਖਰੀ ਮਰਿਯਾਦਾ ਨਾਲ ਜੁੜ ਜਾਂਦੇ ਹਨ ਜਿਸ ਵਿੱਚ ਉਹ ਆਪਣੀ ਸੁੱਚ ਸਮਝਦੇ ਹਨ ਭਾਵ ਆਪਣੇ ਆਪ ਨੂੰ ਉੱਚੇ ਸੁੱਚੇ ਸਮਝਦੇ ਹਨ, ਉੱਚੀ ਭਗਤੀ ਵਾਲੇ ਸਮਝਦੇ ਹਨ ਤੇ ਦੂਸਰੇ ਨੂੰ ਨੀਵਾਂ ਸਮਝਦੇ ਹਨ ਭਾਵ ਸਮਾਜ ਵਿੱਚ ਫੇੜ ਪਾਉਂਦੇ ਹਨ ਜਿਸ ਗੱਲ ਦਾ ਬਾਣੀ ਰਾਹੀਂ ਸ਼ਬਦਾਂ ਦੁਆਰਾ ਘੋਰ ਖੰਡਨ ਕੀਤਾ ਹੋਇਆ ਹੈ ਭਾਵ ਇਹ ਕੁਝ ਗੁਰੂ ਪ੍ਰਮਾਤਮਾ ਨੂੰ ਨਹੀਂ ਭਾਉਂਦਾ। ਸਾਡਾ ਜੋ ਵੀ ਕਰਮ ਗੁਰੂ ਦੀ ਸਿੱਖਿਆ ਦੇ ਉਲਟ ਹੈ ਉਹ ਗੁਰੂ ਨੂੰ ਨਹੀਂ ਭਾਉਂਦਾ। ਅਸੀਂ ਅਨੇਕਾਂ ਹੀ ਕਰਮ ਗੁਰੂ ਦੀ ਸਿੱਖਿਆ ਦੇ ਉਲਟ ਕਰਦੇ ਹਾਂ ਜੋ ਸਾਡੇ ਕਰਮ ਗੁਰੂ ਨੂੰ ਕਦੇ ਨਹੀਂ ਭਾ ਸਕਦੇ ਕਿਉਂਕਿ ਗੁਰੂ ਆਪਣੀ ਸਿੱਖਿਆ ਤੇ ਅਡੋਲ ਰਹਿਣ ਵਾਲਾ ਹੈ, ਗੁਰੂ ਆਪਣੀ ਮਤਿ ਤੇ ਅਟਲ ਰਹਿੰਦਾ ਹੈ, ਗੁਰੂ ਆਪਣੇ ਬੋਲਾਂ ਤੋਂ ਕਦੇ ਡੋਲ ਨਹੀਂ ਸਕਦਾ, ਉਹ

ਆਪਣੀ ਸਿੱਖਿਆ ਨੂੰ ਕਦੇ ਬਦਲਦਾ ਨਹੀਂ। ਗੁਰੂ ਪ੍ਰਮਾਤਮਾ ਬੇਪ੍ਰਵਾਹ ਹੈ ਜੋ ਆਪਣੀ ਸਿੱਖਿਆ ਦੇ ਰੂਪ ਵਿੱਚ ਹੀ ਹੈ ਤੇ ਗੁਰੂ ਦੀ ਸਿੱਖਿਆ ਕਿਸੇ ਦੀ ਪ੍ਰਵਾਹ ਨਹੀਂ ਕਰਦੀ। ਜੋ ਗੁਰੂ ਦੀ ਸਿੱਖਿਆ ਦੇ ਉਲਟ ਚੱਲਦਾ ਹੈ ਭਾਵ ਉਸਦੇ ਭਾਣੇ ਦੇ ਉਲਟ ਚਲਦਾ ਹੈ ਉਹ ਗੁਰੂ ਪ੍ਰਮਾਤਮਾ ਦੀ ਖੁਸ਼ੀ ਕਦੇ ਨਹੀਂ ਲੈ ਸਕਦਾ ਤੇ ਗੁਰਮਤਿ ਨੂੰ ਮੰਨੇ ਬਿਨ੍ਹਾਂ ਕੋਈ ਪ੍ਰਮਾਤਮਾ ਨੂੰ ਨਹੀਂ ਪਾ ਸਕਦਾ। ਗੁਰਮਤਿ ਦੇ ਉਲਟ ਚੱਲਣਾ ਗੁਰੂ ਪ੍ਰਮਾਤਮਾ ਦੇ ਉਲਟ ਚੱਲਣਾ ਹੈ, ਸੱਚ ਦੇ ਉਲਟ ਚੱਲਣਾ ਹੈ ਭਾਵ ਝੂਠ ਨਾਲ ਜੁੜਨਾ ਹੈ ਜਿਸ ਕਾਰਨ ਪ੍ਰਮਾਤਮਾ ਸਜਾਵਾਂ ਵੀ ਦਿੰਦਾ ਹੈ। ਅਗਰ ਗੁਰਬਾਣੀ ਨੂੰ ਧਿਆਨ ਨਾਲ ਸਮਝੋਗੇ ਤੇ ਅਸੀਂ ਅਨੇਕਾਂ ਹੀ ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰੂ ਨੂੰ ਨਹੀਂ ਭਾਉਂਦੇ। ਅਨੇਕਾਂ ਹੀ ਆਪਣੇ ਆਪ ਨੂੰ ਦੁਨਿਆਵੀ ਸੰਤ ਬਣਾਕੇ ਬੈਠੇ ਹਨ ਜੋ ਕਿ ਗੁਰਮਤਿ ਦੇ ਉਲਟ ਹੈ ਭਾਵ ਇਹ ਗੁਰੂ ਪ੍ਰਮਾਤਮਾ ਨੂੰ ਨਹੀਂ ਭਾਉਂਦਾ ਜਿਵੇਂ ਕਿ ਸਾਨੂੰ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਸੰਤ ਰੂਪ ਕੇਵਲ ਗੁਰੂ ਰੂਪ ਆਪ ਹੈ ਜੋ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਦੇ ਅੰਦਰ ਉਸ ਦੀ ਜੋਤਿ ਸਦਾ ਹੀ ਪ੍ਰਗਟ ਹੈ ਤੇ ਉਹ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦਾ ਹੈ ਜੋ ਕਿ ਸਾਰੇ ਸੰਸਾਰ ਲਈ ਸਚੁ ਤੇ ਚੱਲਣ ਦਾ ਮਾਰਗ ਹੈ। ਜੋ ਵੀ ਗੁਰੂ ਰੂਪ ਸੰਤ ਦੀ ਸਮਝਾਈ ਹੋਈ ਸਿੱਖਿਆ ਅਨੁਸਾਰ ਨਹੀਂ ਵਿਚਰਦਾ ਉਹ ਸੰਤ ਦਾ ਦੋਖੀ ਬਣਦਾ ਹੈ ਤੇ ਸੰਤ ਦਾ ਦੋਖੀ ਬਣਨਾ ਕੀ ਹੈ ਇਹ ਸਾਨੂੰ ਸ਼ਬਦਾਂ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। ਆਪਣੇ ਆਪ ਨੂੰ ਦੁਨਿਆਵੀ ਸੰਤ ਅਖਵਾਉਂਣਾ ਉਸ ਗੁਰੂ ਰੂਪ ਸੱਚੇ ਸੰਤ ਦਾ ਦੋਖੀ ਬਣਨਾ ਹੀ ਹੈ ਤੇ ਇਹੋ ਜਿਹੇ ਸੰਤ ਅਖਵਾਉਂਣ ਵਾਲਿਆਂ ਦੇ ਪਿੱਛੇ ਲਗਣ ਵਾਲੇ ਵੀ ਗੁਰੂ ਦੀ ਸਿੱਖਿਆ ਦੇ ਦੋਖੀ ਹੀ ਬਣਦੇ ਹਨ। ਗੁਰੂ ਦੀ ਸੱਚੀ ਸਿੱਖਿਆ ਹੀ ਅਸਲ ਸੰਤ ਹੈ ਜਿਸ ਸੰਤ ਰੂਪ ਵਿੱਚ ਗੁਰੂ ਪ੍ਰਮਾਤਮਾ ਆਪ ਹੈ। ਗੁਰੂ ਦੀ ਸਿੱਖਿਆ ਦੇ ਉਲਟ ਚਲਣਾ ਗੁਰੂ ਨੂੰ ਨਹੀਂ ਭਾਉਂਦਾ ਜਿਸ ਤੋਂ ਸਾਨੂੰ ਬੱਚਣ ਦੀ ਲੋੜ ਹੈ। ਗੁਰੂ ਪ੍ਰਮਾਤਮਾ ਦੀ ਵਡਿਆਈ ਤਾਂ ਹੀ ਕੀਤੀ ਜਾ ਸਕਦੀ ਹੈ ਭਾਵ ਉਸਦੀ ਆਰਤੀ ਤਾਂ ਹੀ ਉਤਾਰੀ ਜਾ ਸਕਦੀ ਹੈ ਜੇਕਰ ਅਸੀਂ ਉਸ ਦੀ ਸਮਝਾਈ ਹੋਈ ਸੱਚੀ ਸਿੱਖਿਆ ਤੇ ਅਮਲ ਕਰੀਏ। ਇਸੇ ਤਰ੍ਹਾਂ ਸਾਨੂੰ ਰਿੱਧੀਆਂ ਸਿੱਧੀਆਂ ਦੇ ਨਾਲ ਜੋੜਦੇ ਹਨ, ਸਾਨੂੰ ਕਰਾਮਾਤੀ ਗੱਲਾਂ ਨਾਲ ਜੋੜਦੇ ਹਨ ਜਿਨ੍ਹਾਂ ਰਾਹੀਂ ਉਹ ਆਪਣੀਆਂ ਵਡਿਆਈਆਂ ਲੈਂਦੇ ਹਨ। ਰਿੱਧੀਆਂ ਸਿੱਧੀਆਂ ਤੇ ਕਰਾਮਾਤਾਂ ਦਾ ਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ ਭਾਵ ਇਹੋ ਜਿਹੀਆਂ ਗੱਲਾਂ ਕਰਨੀਆਂ ਗੁਰੂ ਪ੍ਰਮਾਤਮਾ ਨੂੰ ਨਹੀਂ ਭਾਉਂਦੀਆਂ ਪਰ ਫਿਰ ਵੀ ਇਹੋ ਜਿਹੀਆਂ

47/6233

ਗੱਲਾਂ ਕਰਨ ਵਾਲੇ ਬਹੁਤ ਹਨ ਤੇ ਉਹਨਾਂ ਦੇ ਪਿੱਛੇ ਲਗੱਣ ਵਾਲੇ ਤੇ ਉਹਨਾਂ ਨੂੰ ਵਡਿਆਈਆਂ ਦੇਣ ਵਾਲੇ ਵੀ ਬਹੁਤ ਹਨ ਤੇ ਇਹੋ ਜਿਹੇ ਫਿਰ ਗੁਰੂ ਦੀ ਸਿੱਖਿਆ ਦੀ ਵਡਿਆਈ ਕਿਵੇਂ ਕਰ ਸਕਦੇ ਹਨ। ਇਸੇ ਤਰ੍ਹਾਂ ਕਈ ਪਿਛਲੇ ਤੇ ਅਗਲੇ ਜਨਮ ਦੀਆਂ ਗੱਲਾਂ ਕਰਦੇ ਹਨ ਜੋ ਕਿ ਗੁਰਮਤਿ ਦੇ ਘੋਰ ਉਲਟ ਹੈ। ਇਹੋ ਜਿਹੀਆਂ ਗੱਲਾਂ ਕਰਨ ਵਾਲੇ ਝੂਠੀਆਂ ਵਡਿਆਈਆਂ ਲੈਂਦੇ ਹਨ ਤੇ ਇਹੋ ਜਿਹਿਆਂ ਨੂੰ ਵਡਿਆਈਆਂ ਦੇਣ ਵਾਲੇ ਵੀ ਬਹੁਤ ਹੁੰਦੇ ਹਨ ਕਿਉਂਕਿ ਇਹੋ ਜਿਹੀਆਂ ਗੱਲਾਂ ਕਰਨ ਵਾਲਿਆਂ ਨੂੰ ਲੋਕੀ ਪ੍ਰਮਾਤਮਾ ਦੇ ਨੇੜੇ ਸਮਝਦੇ ਹਨ, ਉੱਚੀ ਭਗਤੀ ਵਾਲੇ ਸਮਝਦੇ ਹਨ। ਇਹੋ ਜਿਹਿਆਂ ਦੇ ਪਿੱਛੇ ਲੱਗ ਕੇ ਭਾਵ ਇਹੋ ਜਿਹਿਆਂ ਦੀ ਵਡਿਆਈ ਕਰਕੇ ਅਸੀਂ ਗੁਰੂ ਦੀ ਸਿੱਖਿਆ ਨੂੰ ਨਹੀਂ ਵਡਿਆਉਂਦੇ ਭਾਵ ਗੁਰੂ ਦੀ ਵਡਿਆਈ ਦੇ ਉਲਟ ਚੱਲਦੇ ਹਾਂ ਭਾਵ ਇਹੋ ਜਿਹੇ ਭਰਮੇ ਹੋਇਆਂ ਦੀ ਸਮਝ ਨਾਲੋਂ ਗੁਰੂ ਦੀ ਸਮਝ ਨੂੰ ਉਹਨਾਂ ਤੋਂ ਨੀਵਾਂ ਸਮਝਦੇ ਹਾਂ। ਪਹਿਲੀ ਗੱਲ ਤਾਂ ਗੁਰਮਤਿ ਦੀਆਂ ਅਨੇਕਾਂ ਗੱਲਾਂ ਦੀ ਸਮਝ ਹੀ ਨਹੀਂ ਪੈਂਦੀ ਭਾਵ ਸ਼ਬਦਾਂ ਦੇ ਅੰਦਰ ਦੇ ਗਹਿਰੇ ਭਾਵ ਦੀ ਸੋਝੀ ਨਹੀਂ ਪੈਂਦੀ। ਉਹਨਾਂ ਗੱਲਾਂ ਨੂੰ ਨਾਸਮਝ ਸਕਣਾ, ਨਾ ਮੰਨ ਸਕਣਾ ਸਾਡੀ ਮਜਬੂਰੀ ਹੋ ਸਕਦੀ ਹੈ ਪਰ ਜੋ ਗੱਲਾਂ ਸਾਨੂੰ ਧੰਨ ਧੰਨ ਧੰਨ ਗੁਰੂ ਸਾਹਿਬ ਨੇ ਬੜੇ ਹੀ ਸਪਸ਼ਟ ਤਰੀਕੇ ਨਾਲ ਤੇ ਸਰਲ ਤਰੀਕੇ ਨਾਲ ਸਮਝਾਈਆਂ ਹੋਈਆਂ ਹਨ ਉਹਨਾਂ ਗੱਲਾਂ ਨੂੰ ਅਸੀਂ ਜੇਕਰ ਸਮਝ ਕੇ ਵੀ ਨਹੀਂ ਮੰਨਦੇ ਫਿਰ ਇਹ ਗੁਰੂ ਨਾਲ ਬੇਵਿਸ਼ਵਾਸੀ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ। ਅਸੀਂ ਉਹਨਾਂ ਦੀਆਂ ਗੱਲਾਂ ਤੇ ਵਿਸ਼ਵਾਸ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਭਗਤੀ ਦੇ ਮਾਰਗ ਤੇ ਉੱਚਾ ਸਮਝ ਲੈਂਦੇ ਹਾਂ ਜੋ ਕਿ ਅਸੀਂ ਉਹਨਾਂ ਨੂੰ ਉਹੋ ਜਿਹੇ ਭਗਤੀ ਦੇ ਦਿਖਾਵਿਆਂ ਦੁਆਰਾ ਸਮਝਦੇ ਹਾਂ ਤੇ ਉਹਨਾਂ ਦੇ ਸਰੀਰਕ ਜਪਾਂ ਤਪਾਂ ਆਦਿ ਨੂੰ ਦੇਖਕੇ ਸਮਝਦੇ ਹਾਂ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ-ਬਾਰ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਭਾਵ ਉਹੋ ਜਿਹੇ ਭਗਤੀ ਦੇ ਦਿਖਾਵੇ ਗੁਰੂ ਪ੍ਰਮਾਤਮਾ ਨੂੰ ਨਹੀਂ ਭਾਉਂਦੇ ਤੇ ਉਹਨਾਂ ਤਰੀਕਿਆਂ ਨੂੰ ਨਾ ਛੱਡਕੇ ਅਸੀਂ ਗੁਰੂ ਦੀ ਵਡਿਆਈ ਨਹੀਂ ਕਰ ਸਕਦੇ ਹਾਂ। ਇਹੋ ਜਿਹੀਆਂ ਧਰਮ ਦੀਆਂ ਗੱਲਾਂ ਕਰਨ ਵਾਲੇ ਸਾਨੂੰ ਥਿਤਾਂ ਵਾਰਾਂ ਦੇ ਨਾਲ ਜੋੜਦੇ ਹਨ ਭਾਵ ਥਿਤਾਂ ਵਾਰਾਂ ਨੂੰ ਉੱਚਾ ਮੰਨਦੇ ਹਨ ਜਿਸ ਗੱਲ ਦਾ ਬਾਣੀ ਵਿੱਚ ਖੰਡਨ ਕੀਤਾ ਹੋਇਆ ਹੈ ਤੇ ਸ਼ਬਦਾਂ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਭਗਤੀ ਦੇ ਮਾਰਗ ਤੇ ਚੱਲਣ ਲਈ, ਸਚੁ ਦੇ ਮਾਰਗ ਤੇ ਚੱਲਣ ਲਈ, ਧਰਮ ਦੇ ਮਾਰਗ ਤੇ ਚੱਲਣ ਲਈ, ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਦਾ ਉੱਦਮ ਕਰਨ ਲਈ ਹਰ ਸਮਾਂ, ਹਰ ਥਿਤ, ਹਰ ਵਾਰ ਇੱਕੋ ਜਿਹਾ ਹੀ ਹੈ। ਭਗਤੀ ਦਾ ਮਾਰਗ ਅੱਠੇ ਪਹਿਰ

ਸੱਚ ਤੇ ਚੱਲਣ ਦਾ ਹੈ, ਪੂਰਾ ਜੀਵਨ ਸੱਚ ਦੇ ਮਾਰਗ ਤੇ ਚੱਲਣ ਦਾ ਹੈ

47/6234

ਜਿਸ ਵਿੱਚ ਕੋਈ ਫਰਕ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਖਾਸ ਦਿਨ ਸੱਚ ਤੇ ਜਿਆਦਾ ਚੱਲਣਾ ਹੈ ਤੇ ਅੱਗੇ ਪਿੱਛੇ ਉਸਦੀ ਲੋੜ ਨਹੀਂ ਹੈ। ਇਹੋ ਜਿਹੀਆਂ ਗੱਲਾਂ ਕਰਨੀਆਂ ਗੁਰਮਤਿ ਦੇ ਉਲਟ ਹੈ ਤੇ ਇਹ ਕੁਝ ਮੰਨਣ ਵਾਲਿਆਂ ਨੂੰ ਭਾਵ ਥਿਤਾਂ ਵਾਰਾਂ ਨੂੰ ਉੱਚਾ ਮੰਨਣ ਵਾਲਿਆਂ ਨੂੰ ਬਾਣੀ ਰਾਹੀਂ ਮੁਗਧ ਗਵਾਰ ਕਿਹਾ ਹੈ ਭਾਵ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਮੂਰਖ ਕਿਹਾ ਹੈ, ਬਿਲਕੁਲ ਨਾਸਮਝ ਕਿਹਾ ਹੈ ਪਰ ਇਹ ਕੁਝ ਕਰਨ ਵਾਲੇ ਅਨੇਕਾਂ ਹੀ ਅਨੇਕਾਂ ਹਨ ਕਿ ਇਹ ਕੁਝ ਕਰਨ ਦੁਆਰਾ ਉਹ ਆਪਣੇ ਵਲੋਂ ਇਸ ਵਿੱਚ ਪ੍ਰਮਾਤਮਾ ਦੀ ਭਗਤੀ ਹੀ ਸਮਝਦੇ ਹਨ ਜਿਸ ਕਰਕੇ ਉਹਨਾਂ ਨੂੰ ਆਪਣੀ ਵਡਿਆਈ ਜਰੂਰ ਮਿਲਦੀ ਹੈ ਪਰ ਇਹਨਾਂ ਤਰੀਕਿਆਂ ਨਾਲ ਗੁਰੂ ਦੀ ਕੋਈ ਵਡਿਆਈ ਨਹੀਂ ਹੁੰਦੀ ਹੈ। **{ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ॥ ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥ ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}** ਅੰਗ ੮੪੩

ਇਸੇ ਤਰ੍ਹਾਂ ਬਾਣੀ ਰਾਹੀਂ ਸਾਨੂੰ ਇਹ ਸਿੱਖਿਆ ਦਿੱਤੀ ਹੋਈ ਹੈ ਕਿ ਜੋ ਪ੍ਰਮਾਤਮਾ ਦੀ ਭਗਤੀ ਲਈ ਘਰ ਬਾਰ ਛੱਡਕੇ ਚਲੇ ਜੱਦੇ ਹਨ, ਕਾਰ ਵਿਹਾਰ ਛੱਡਕੇ ਚਲੇ ਜਾਂਦੇ ਹਨ ਤੇ ਜੰਗਲਾਂ ਆਦਿ ਵਿੱਚ ਜਾ ਕੇ, ਪਹਾੜਾਂ ਆਦਿ ਤੇ ਜਾ ਕੇ ਬੈਠ ਜਾਂਦੇ ਹਨ, ਆਪਣੇ ਡੇਰੇ ਪਾ ਲੈਂਦੇ ਹਨ ਉਹ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮੇ ਹੋਏ ਹਨ, ਭਗਤੀ ਦਾ ਅਸਲ ਮਾਰਗ ਸੱਚੇ ਸੁੱਚੇ ਢੰਗ ਨਾਲ ਆਪਣੇ ਗ੍ਰਹਿਸਥ ਜੀਵਨ ਨੂੰ ਚਲਾਉਣ ਦਾ ਹੈ ਤੇ ਸੱਚੀ ਸੁੱਚੀ ਸਮਾਜਿਕ ਵਿਚਰਨ ਦਾ ਹੈ, ਮਨੁੱਖਤਾ ਦੇ ਭਲੇ ਲਈ ਵਿਚਰਨ ਦਾ ਹੈ, ਕਿਸੇ ਲੋੜਵੰਦ ਦੀ ਮਦਦ ਕਰਨ ਦਾ ਹੈ ਤੇ ਜਿਹੜੇ ਘਰ ਬਾਰ ਛੱਡ ਕੇ ਚਲੇ ਜਾਂਦੇ ਹਨ ਉਹ ਆਪਣੀਆਂ ਲੋੜਾਂ ਤਾਂ ਪੂਰੀਆਂ ਨਹੀਂ ਕਰ ਸਕਦੇ ਤੇ ਫਿਰ ਉਹ ਦੂਸਰਿਆਂ ਦੀਆਂ ਲੋੜਾਂ ਕੀ ਪੂਰੀਆਂ ਕਰਨਗੇ ਪਰ ਇਹੋ ਜਿਹੇ ਆਪਣੇ ਆਪ ਨੂੰ ਉੱਚੀ ਭਗਤੀ ਵਾਲਾ ਸਮਝਦੇ ਹਨ ਤੇ ਉਹਨਾਂ ਪਿੱਛੇ ਲੱਗਣ ਵਾਲੇ ਵੀ ਬਹੁਤ ਹਨ ਜਿਵੇਂ ਕਿ ਬਾਣੀ ਵਿੱਚ ਇਹੋ ਜਿਹਿਆਂ ਦੀ ਸਮਝ ਨੂੰ ਮਾੜੀ ਸਮਝ ਵਾਲਾ ਕਿਹਾ ਹੈ। ਜੋ ਆਪ ਝੂਠੀਆਂ ਵਡਿਆਈਆਂ ਲੈਣ ਦੇ ਚੱਕਰ ਵਿੱਚ ਪੈ ਜਾਂਦੇ ਹਨ ਉਹਨਾਂ ਨੇ ਗੁਰਮਤਿ ਨੂੰ ਕੀ ਉੱਚਾ ਕਰਨਾ ਹੈ ਭਾਵ ਗੁਰੂ ਦੀ ਕੀ ਵਡਿਆਈ ਕਰਨੀ ਹੈ ਤੇ ਇਹ ਕੁਝ ਕਰਨ ਵਾਲੇ ਗੁਰੂ ਨੂੰ ਨਹੀਂ ਭਾਉਂਦੇ। ਗੁਰੂ ਦੀ ਵਡਿਆਈ ਉਸੇ ਗੱਲ ਵਿੱਚ ਹੈ ਜੋ ਗੱਲ ਗੁਰੂ ਨੂੰ ਭਾਉਂਦੀ ਹੈ। ਜੋ ਗੱਲ ਗੁਰੂ ਨੂੰ ਭਾਉਂਦੀ ਹੈ ਉਸ ਗੱਲ ਨੂੰ ਮੰਨਣ ਵਿੱਚ ਹੀ ਪ੍ਰਮਾਤਮਾ ਦੀ ਭਗਤੀ ਹੈ, ਉਸ ਦਾ ਨਾਮ ਜਪਣਾ ਹੈ, ਸਾਡਾ ਧਰਮ ਦੇ ਮਾਰਗ ਤੇ ਚੱਲਣ ਦਾ ਤਰੀਕਾ ਹੈ ਤੇ ਸਾਡਾ ਇਹ ਕੁਝ ਕਰਨ ਵਿੱਚ ਹੀ ਗੁਰੂ ਦੀ ਵਡਿਆਈ ਹੈ ਜਿਸ ਦੁਆਰਾ ਅਸੀਂ ਗੁਰਮਤਿ ਨੂੰ ਵਡਿਆਉਂਦੇ ਹਾਂ, ਗੁਰੂ ਦੀ ਸਿੱਖਿਆ ਨੂੰ ਉੱਚਾ ਕਰਦੇ ਹਾਂ, ਗੁਰੂ ਦੀ ਸਿੱਖਿਆ ਨੂੰ ਪੂਜਕੇ ਭਾਵ ਗੁਰੂ ਨੂੰ ਪੂਜਦੇ ਹਾਂ। ਗੁਰੂ ਨੂੰ ਇਹੋ ਜਿਹੀ ਵਡਿਆਈ ਦੇਣੀ ਗੁਰੂ ਦੀ ਆਰਤੀ ਉਤਾਰਨੀ ਹੈ ਜਿਹੋ ਜਿਹੀ ਆਰਤੀ ਉਤਾਰਨ ਦੀ ਗੱਲ

47/6235

ਉਪਰ ਵਾਲੇ ਸ਼ਬਦ ਦੇ ਪਦੇ ਵਿੱਚ ਕੀਤੀ ਹੋਈ ਹੈ। ਉਸ ਗੁਰੂ ਪ੍ਰਮਾਤਮਾ ਦੀ ਆਰਤੀ ਉਹੀ ਉਤਾਰ ਸਕਦਾ ਹੈ ਜਿਸਨੂੰ ਪਹਿਲੇ ਆਰਤੀ ਉਤਾਰਨ ਦੀ ਸਮਝ ਲਗੇਗੀ, ਗੁਰੂ ਦੀ ਸੱਚੀ ਸਿੱਖਿਆ ਦੀ ਸਮਝ ਲਗੇਗੀ ਭਾਵ **"ਗੁਰ ਸਾਖੀ"** ਦੀ ਸਮਝ ਲਗੇਗੀ ਜੋ ਸਮਝ ਪ੍ਰਮਾਤਮਾ ਮਨੁੱਖ ਦੀ ਸਮਝ ਦੇ ਅੰਦਰ ਆਪਣੀ ਜੋਤਿ ਰੂਪ ਦੁਆਰਾ ਪ੍ਰਗਟ ਹੋਣ ਦੁਆਰਾ ਹੀ ਪਾਉਂਦਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ ਦੇ ਪਦੇ ਵਿੱਚ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੀ ਆਪਣੇ ਮਨੁੱਖਾ ਜੀਵਨ ਵਿੱਚ ਆਪ ਆਰਤੀ ਉਤਾਰੀ ਹੈ ਭਾਵ ਉਸ ਦੀ ਸਿੱਖਿਆ ਨੂੰ ਉੱਚਾ ਕੀਤਾ ਹੈ ਭਾਵ ਉਸ ਸਿੱਖਿਆ ਅਨੁਸਾਰ ਚਲਕੇ ਦਿਖਾਇਆ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਉਸ ਗੁਰੂ ਪ੍ਰਮਾਤਮਾ ਦੀ ਆਰਤੀ ਕਰਨੀ ਸਿਖਾਈ ਹੈ। **(ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥)**

ਇਸ ਉਪਰ ਵਾਲੇ ਸ਼ਬਦ ਨੂੰ ਅਸੀਂ ਸਮਝਿਆ ਹੈ ਇਸ ਸ਼ਬਦ ਤੋਂ ਪਹਿਲੇ ਦੋ ਪਦਿਆਂ ਵਿੱਚ ਪ੍ਰਮਾਤਮਾ ਦੀ ਆਰਤੀ ਕਰਨੀ ਹੀ ਸਿਖਾਈ ਹੋਈ ਹੈ ਕਿ ਉਸ ਦੀ ਪੂਰੇ ਬ੍ਰਹਿਮੰਡ ਵਿੱਚ ਆਰਤੀ ਕਿਸ ਤਰੀਕੇ ਹੋ ਰਹੀ ਹੈ ਜਿਸਨੂੰ ਕਿ ਸੰਖੇਪ ਵਿੱਚ ਸਮਝਿਆ ਜਾ ਸਕਦਾ ਹੈ।

“ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥”

(ਅੰਗ ੧੩)

ਪ੍ਰਮਾਤਮਾ ਦੀ ਆਰਤੀ ਉਤਾਰਨ ਦਾ ਤਰੀਕਾ ਭਾਵ ਉਸ ਦੀ ਵਡਿਆਈ ਕਰਨ ਦਾ ਤਰੀਕਾ ਜੋ ਅਸੀਂ ਪਹਿਲਾਂ ਇਸੇ ਸ਼ਬਦ ਦੇ ਪਦੇ ਰਾਹੀਂ ਸਮਝਿਆ ਹੈ ਉਹੀ ਗੱਲ ਉਪਰ ਵਾਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ। ਪਹਿਲੇ ਅਸੀਂ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਦੀ ਆਰਤੀ ਉਤਾਰਨਾ ਸਿੱਖਿਆ ਹੈ ਜੋ ਤਰੀਕਾ ਉਹ ਕੁਝ ਕਰਨ ਦਾ ਹੈ ਜੋ ਕੁਝ ਪ੍ਰਮਾਤਮਾ ਨੂੰ ਭਾਉਂਦਾ ਹੈ। ਪ੍ਰਮਾਤਮਾ ਨੂੰ ਜੋ ਕੁਝ ਮਨੁੱਖ ਕੋਲੋਂ ਕਰਵਾਉਂਣਾ ਭਾਉਂਦਾ ਹੈ ਉਹੀ ਕੁਝ ਉਸਨੇ ਪੂਰੀ ਗੁਰਬਾਣੀ ਰਾਹੀਂ ਸਮਝਾਇਆ ਹੋਇਆ ਹੈ ਤੇ ਹੋਰ ਧਰਮ ਗ੍ਰੰਥਾਂ ਦੁਆਰਾ ਸਮਝਾਇਆ ਹੋਇਆ ਹੈ। ਜੋ ਕੁਝ ਪ੍ਰਮਾਤਮਾ ਨੂੰ ਭਾਉਂਦਾ ਹੈ ਸਾਡੇ ਲਈ ਉਹੀ ਕੁਝ ਕਰਨਾ ਪ੍ਰਮਾਤਮਾ ਦਾ ਸਾਡੇ ਲਈ ਉੱਦਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਜੋ ਕੁਝ ਭਾਉਂਦਾ ਹੈ ਉਸਨੂੰ ਮੰਣਾ ਉਸ ਦੇ ਹੁਕਮ ਨੂੰ ਮੰਨਣਾ ਹੀ ਹੈ ਤੇ ਜੋ ਉਸਦੇ ਹੁਕਮ ਨੂੰ ਮੰਨਦਾ ਹੈ ਉਹੀ ਪ੍ਰਮਾਤਮਾ ਦੀ ਵਡਿਆਈ ਕਰਦਾ ਹੈ ਭਾਵ ਉਸਦੀ ਆਰਤੀ ਉਤਾਰਦਾ ਹੈ। ਉੱਪਰ ਸ਼ਬਦਾਂ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਪੂਰੀ ਸ੍ਰਿਸ਼ਟੀ,

47/6236

ਪੂਰਾ ਖੰਡ ਬ੍ਰਹਿਮੰਡ ਹਰ ਵੇਲੇ ਅੱਠੇ ਪਹਿਰ ਪ੍ਰਮਾਤਮਾ ਦੇ ਹੁਕਮ ਅਨੁਸਾਰ ਚਲ ਰਿਹਾ ਹੈ ਭਾਵ ਜੋ ਵੀ ਆਕਾਰ ਰੂਪ ਹੈ ਉਹ ਉਸੇ ਤਰੀਕੇ ਵਿਚਰ ਰਿਹਾ ਹੈ ਜਿਵੇਂ ਪ੍ਰਮਾਤਮਾ ਨੂੰ ਭਾਉਂਦਾ ਹੈ। ਸਭ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਰਤ ਰਹੀ ਹੈ ਭਾਵ ਉਸ ਦਾ ਸਾਇੰਟਿਫਿਕ ਗਿਆਨ ਹੀ ਵਰਤਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੈ। ਉਸ ਪ੍ਰਮਾਤਮਾ ਦੀ ਆਰਤੀ ਦੁਨਿਆਵੀ ਤੌਰ ਤੇ ਅਸੀਂ ਥਾਲੀ ਦੇ ਵਿੱਚ ਦੀਵੇ ਰੱਖ ਕੇ ਤੇ ਉਸਨੂੰ ਫੁੱਲਾਂ, ਮੋਤੀਆਂ ਆਦਿ ਦੁਆਰਾ ਸਜਾਕੇ ਕਿਸੇ ਆਕਾਰ ਰੂਪ ਦੇ ਅੱਗੇ ਘੁਮਾਉਂਦੇ ਹਾਂ ਜਿਸ ਰਾਹੀਂ ਅਸੀਂ ਉਸ ਆਕਾਰ ਰੂਪ ਦੀ ਵਡਿਆਈ ਕਰਦੇ ਹਾਂ। ਪ੍ਰਮਾਤਮਾ ਨਿਰੰਕਾਰ ਰੂਪ ਹੈ ਜਿਸਦਾ ਕੋਈ ਰੂਪ ਰੇਖ ਹੀ ਨਹੀਂ ਹੈ। ਉਸਦੀ ਵਡਿਆਈ ਉਸਦੇ ਨਿਰੰਕਾਰ ਰੂਪ ਦੀ ਵਡਿਆਈ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ। ਉਸ ਨਿਰੰਕਾਰ ਰੂਪ ਦੀ ਵਡਿਆਈ ਮੁੱਖੋਂ ਬੋਲ ਬੋਲ ਕੇ ਨਹੀਂ ਹੁੰਦੀ, ਕਿਸੇ ਦਿਖਾਵੇ ਦੁਆਰਾ ਨਹੀਂ ਹੁੰਦੀ ਹੈ ਤੇ ਉਸਦੀ ਵਡਿਆਈ ਕੇਵਲ ਉਸਦਾ ਹੁਕਮ ਮੰਨਣ ਦੁਆਰਾ ਹੁੰਦੀ ਹੈ ਭਾਵ ਉਸਦੇ ਹੁਕਮ ਵਿੱਚ ਰਹਿਣ ਦੁਆਰਾ ਹੁੰਦੀ ਹੈ। ਪੂਰਾ ਖੰਡ ਬ੍ਰਹਿਮੰਡ ਪ੍ਰਮਾਤਮਾ ਦੀ ਆਰਤੀ ਉਤਾਰਨ ਲਈ ਇੱਕ ਥਾਲ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ ਜੋ ਗਗਨ ਰੂਪ ਥਾਲ, ਚੰਦ, ਸੂਰਜ ਰੂਪ ਦੀਪਕਾਂ ਦੁਆਰਾ ਸੱਜਿਆ ਹੋਇਆ ਹੈ ਤੇ ਪੂਰੇ ਮੰਡਲ ਦੇ ਤਾਰਿਆਂ ਨੇ ਉਸਨੂੰ ਮੋਤੀਆਂ ਦੀ ਤਰ੍ਹਾਂ ਸਜਾਇਆ ਹੋਇਆ ਹੈ। ਜਦੋਂ ਅਸੀਂ ਆਪਣੇ ਵਲੋਂ ਕਿਸੇ ਦੀ ਆਰਤੀ ਉਤਾਰਦੇ ਹਾਂ ਉਸ ਵਿੱਚ ਕਿਸੇ ਸੁਗੰਧੀ ਵਾਲੀ ਵਸਤੂ ਦੀ ਵਰਤੋਂ ਕਰਦੇ ਹਾਂ ਤੇ ਨਾਲ ਚਵਰ ਵੀ ਚਲਾਉਂਦੇ ਹਾਂ ਤੇ ਫੁੱਲਾਂ ਦੀ ਵਰਤੋਂ ਕਰਦੇ ਹਾਂ ਪਰ ਪ੍ਰਮਾਤਮਾ ਦੀ ਹਰ ਰਚਨਾ ਇਤਨੀ ਕਮਾਲ ਦੀ ਹੈ ਜਿਸ ਦੁਆਰਾ ਪ੍ਰਮਾਤਮਾ ਦੀ ਆਰਤੀ ਉਸਦੇ ਬਣਾਏ ਹੋਏ ਆਕਾਰ ਰੂਪ ਆਪੇ ਹੀ ਉਤਾਰੀ ਜਾ ਰਹੇ ਹਨ। ਥਾਲ ਨੂੰ ਸੁਗੰਧੀ ਦੇਣ ਲਈ ਅਨੇਕਾਂ ਹੀ ਚੰਦਨ ਦੇ ਪੇੜ ਹਨ ਤੇ ਚਉਰ ਕਰਨ ਲਈ ਹਰ ਵੇਲੇ ਪਵਨ ਚਲਦੀ ਰਹਿੰਦੀ ਹੈ ਤੇ ਸਭ ਪਾਸੇ ਬਨਸਪਤੀ ਫੁੱਲਾਂ ਨਾਲ ਭਰੀ ਪਈ ਹੈ ਭਾਵ ਜਿੱਥੇ ਪ੍ਰਮਾਤਮਾ ਦੀ ਇਤਨੀ ਵੱਡੀ ਆਰਤੀ ਆਪਣੇ ਆਪ ਹੀ ਹਰ ਵੇਲੇ ਹੋਈ ਜਾ ਰਹੀ ਹੈ ਉੱਥੇ ਪ੍ਰਮਾਤਮਾ ਨੂੰ ਛੋਟੀਆਂ ਮੋਟੀਆਂ ਥਾਲੀਆਂ ਬਣਾਕੇ ਉਸਦੀ ਆਰਤੀ ਉਤਾਰਨ ਦੀ ਕੀ ਲੋੜ ਹੈ। ਪ੍ਰਮਾਤਮਾ ਦੀ ਇਸ ਆਰਤੀ ਦੀ ਸੱਚੀ ਸਮਝ ਤਾਂ ਹੀ ਲਗ ਸਕਦੀ ਹੈ ਜਦੋਂ ਸਾਨੂੰ ਇਹ ਸਮਝ ਲਗ ਜਾਵੇ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਉਸਦੇ ਆਪਣੇ ਹੁਕਮ ਦੁਆਰਾ ਬਣਿਆ ਹੈ ਤੇ ਉਸਦੇ ਆਪਣੇ ਹੁਕਮ ਦੁਆਰਾ ਹੀ ਚੱਲ

47/6237

ਰਿਹਾ ਹੈ। ਪ੍ਰਮਾਤਮਾ ਆਪਣੇ ਸ਼ਬਦ ਰੂਪ ਵਿੱਚ ਹੈ ਜੋ ਉਸਦਾ ਸਬਦੁ ਰੂਪ ਅਨਹਦ ਰੂਪ ਦੇ ਵਿੱਚ ਹੈ। ਪ੍ਰਮਾਤਮਾ ਦੇ ਅਨਹਦ ਸਬਦ ਨੂੰ ਜਾਣੇ ਬਿਨ੍ਹਾਂ ਇਸ ਗੱਲ ਨੂੰ ਨਹੀਂ ਬੁਝਿਆ ਜਾ ਸਕਦਾ ਕਿ ਪ੍ਰਮਾਤਮਾ ਦਾ ਹੁਕਮ ਸਭ ਦੇ ਵਿੱਚ ਕਿਸ ਤਰੀਕੇ ਵਰਤਦਾ ਹੈ। ਪ੍ਰਮਾਤਮਾ ਆਪਣੇ ਸਬਦੁ ਰੂਪ ਵਿੱਚ ਹੀ ਗੁਰੂ ਹੈ ਭਾਵ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਸਬਦੁ ਰੂਪ ਵਿੱਚ ਹੀ ਗੁਰੂ ਹੈ। ਪ੍ਰਮਾਤਮਾ ਦਾ ਸਬਦੁ ਰੂਪ ਉਸ ਦਾ ਸੱਚੇ ਗਿਆਨ ਦਾ ਰੂਪ ਹੈ ਜੋ ਕਿ ਉਸਦਾ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਅਨਹਦ ਸਬਦ ਉਹ ਹੁੰਦਾ ਹੈ ਜੋ ਬਿਨਾਂ ਆਵਾਜ ਤੋਂ ਸੁਣਦਾ ਹੈ, ਬਿਨਾਂ ਕੋਈ ਆਹਟ ਹੋਣ ਤੋਂ ਸੁਣਦਾ ਹੈ। ਕੋਈ ਵੀ ਸ਼ਬਦ ਜੋ ਅਸੀਂ ਮੁੱਖੋਂ ਬੋਲਦੇ ਹਾਂ ਭਾਵ ਉਸ ਸ਼ਬਦ ਦੁਆਰਾ ਅਸੀਂ ਜੋ ਵੀ ਗੱਲ ਕਹਿੰਦੇ ਹਾਂ ਉਹ ਗੱਲ ਪਹਿਲੇ ਅਸੀਂ ਮਨ ਵਿੱਚ ਸੁਣਦੇ ਹਾਂ। ਮਨ ਦੇ ਵਿੱਚੋਂ ਅਸੀਂ ਜੋ ਕੁਝ ਵੀ ਸੁਣਦੇ ਹਾਂ ਉਸ ਦੀ ਕੋਈ ਆਹਟ ਨਹੀਂ ਹੁੰਦੀ, ਉਸਦੀ ਕੋਈ ਆਵਾਜ ਨਹੀਂ ਹੁੰਦੀ ਤੇ ਉਸ ਸ਼ਬਦੁ ਦੇ ਸੁਣਨ ਦੁਆਰਾ ਸਾਨੂੰ ਆਪਣੇ ਅੰਦਰੋਂ ਗਿਆਨ ਹੀ ਮਿਲਦਾ ਹੈ ਭਾਵ ਮਨ ਦੇ ਵਿੱਚ ਸਮਝ ਹੀ ਪੈਂਦੀ ਹੈ। ਜਿਹੋ ਜਿਹਾ ਸ਼ਬਦ ਅਸੀਂ ਮਨ ਦੇ ਵਿੱਚੋਂ ਸੁਣਦੇ ਹਾਂ ਉਹੋ ਜਿਹਾ ਸ਼ਬਦ ਹੀ ਅਸੀਂ ਮੁੱਖੋਂ ਬੋਲਦੇ ਹਾਂ ਭਾਵ ਸ਼ਬਦ ਦੀ ਆਵਾਜ ਉਦੋਂ ਹੀ ਸੁਣੀ ਜਾ ਸਕਦੀ ਹੈ ਭਾਵ ਕੰਨਾਂ ਨਾਲ ਸੁਣੀ ਜਾ ਸਕਦੀ ਹੈ ਜਦੋਂ ਕੋਈ ਉਸਨੂੰ ਆਪਣੇ ਮੁੱਖੋਂ ਬੋਲਦਾ ਹੈ। ਪ੍ਰਮਾਤਮਾ ਨਿਰੰਕਾਰ ਰੂਪ ਹੈ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ ਜੋ ਕਿ ਉਹ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਹੈ। ਮਨ ਦੀ ਸਮਝ ਦੇ ਅੰਦਰ ਪ੍ਰਮਾਤਮਾ ਜੋ ਆਪਣੇ ਸ਼ਬਦ ਬੋਲਕੇ ਸੁਣਾਉਂਦਾ ਹੈ ਉਹ ਆਪਣੇ ਨਿਰੰਕਾਰ ਰੂਪ ਵਿੱਚ ਹੀ ਬੋਲਕੇ ਸੁਣਾਉਂਦਾ ਹੈ ਭਾਵ ਗਿਆਨ ਰੂਪ ਵਿੱਚ ਹੀ ਸੁਣਾਉਂਦਾ ਹੈ ਜਿਨ੍ਹਾਂ ਸ਼ਬਦਾਂ ਦਾ ਕੋਈ ਅੱਖਰ ਰੂਪ ਨਹੀਂ ਹੁੰਦਾ। ਅਖੱਰ ਰੂਪ ਸਬਦੁ ਦੇ ਅੰਦਰ ਦੀ ਸਮਝ ਨੂੰ ਲਿਖਣ ਦੁਆਰਾ ਹੀ ਬਣਦਾ ਹੈ ਭਾਵ ਸ਼ਬਦ ਨੂੰ ਮੁੱਖੋਂ ਬੋਲਣ ਦੁਆਰਾ ਹੀ ਸ਼ਬਦ ਦੀ ਆਵਾਜ ਨਿਕਲਦੀ ਹੈ ਤੇ ਸ਼ਬਦ ਦੇ ਅੰਦਰ ਦਾ ਗਿਆਨ ਰੂਪ ਜਿਸ ਨੂੰ ਦੇਖਿਆ ਨਹੀਂ ਜਾ ਸਕਦਾ ਉਹ ਨਿਰੰਕਾਰ ਰੂਪ ਹੁੰਦਾ ਹੈ ਭਾਵ ਗਿਆਨ ਰੂਪ ਹੁੰਦਾ ਹੈ ਜਿਸਨੂੰ ਮਨ ਦੇ ਵਿੱਚ ਕੇਵਲ ਸਮਝਿਆ ਜਾ ਸਕਦਾ ਹੈ। ਸ਼ਬਦਾਂ ਦੇ ਅੰਦਰ ਦਾ ਜੋ ਗਿਆਨ ਰੂਪ ਹੈ ਉਸ ਵਿੱਚ ਪ੍ਰਮਾਤਮਾ ਆਪ ਹੈ ਜੋ ਰੂਪ ਉਸਦਾ ਅਨਹਦ ਰੂਪ ਹੈ ਭਾਵ ਪ੍ਰਮਾਤਮਾ ਆਪਣੇ **"ਅਨਹਤਾ ਸਬਦ"** ਦੁਆਰਾ ਵਿਚਰਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਅਨਾਹਤ ਰੂਪ ਹੀ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੈ ਜਿਸਨੂੰ

47/6238

ਕੇਵਲ ਮਨ ਦੇ ਵਿੱਚ ਸਮਝਿਆ ਜਾ ਸਕਦਾ ਹੈ। ਮਨ ਦੇ ਵਿੱਚ ਗਿਆਨ ਨੂੰ ਸਮਝਣ ਲਈ ਮਨ ਦੇ ਵਿੱਚ ਕੋਈ ਆਵਾਜ ਨਹੀਂ ਉਠੱਦੀ। ਪ੍ਰਮਾਤਮਾ ਹਰ ਵਸਤੂ ਵਿੱਚ ਆਪਣੇ ਇਸ ਅਨਾਹਦ ਸਬਦ ਦੇ ਰੂਪ ਵਿੱਚ ਹੀ ਵਰਤਦਾ ਹੈ ਜੋ ਕਿ ਉਸਦਾ ਜੋਤਿ ਰੂਪ ਹੈ। ਪ੍ਰਮਾਤਮਾ ਦਾ ਇਹ ਅਨਾਹਤ ਸਬਦ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੇ ਵਿੱਚ ਵੱਜ ਰਿਹਾ ਹੈ ਜਿਸ ਦੁਆਰਾ ਹਰ ਆਕਾਰ ਰੂਪ ਪ੍ਰਮਾਤਮਾ ਦੇ ਗੁਣ ਗਾ ਰਿਹਾ ਹੈ, ਪ੍ਰਮਾਤਮਾ ਦੀ ਵਡਿਆਈ ਕਰ ਰਿਹਾ ਹੈ, ਬਿਨਾ ਕੁਝ ਬੋਲਣ ਤੋਂ ਹੀ ਕਰ ਰਿਹਾ ਹੈ ਭਾਵ ਪ੍ਰਮਾਤਮਾ ਦੀ ਆਪਣੀ ਬਣਾਈ ਹੋਈ ਹੋਂਦ ਉਸਨੂੰ ਆਪ ਹੀ ਉੱਚਾ ਕਰ ਰਹੀ ਹੈ, ਉਸ ਦੀ ਸਿਫਤ ਸਲਾਹ ਕਰ ਰਹੀ ਹੈ ਭਾਵ ਉਸ ਦੀ ਆਰਤੀ ਉਤਾਰ ਰਹੀ ਹੈ। **(ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ॥)** ਹਰ ਆਕਾਰ ਰੂਪ ਜੋ ਪ੍ਰਮਾਤਮਾ ਦੇ ਗੁਣ ਬਿਆਨ ਕਰ ਰਿਹਾ ਹੈ ਉਹ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਕਿਉਂਕਿ ਹਰ ਆਕਾਰ ਰੂਪ ਦੀ ਰਚਨਾ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਹਰ ਆਕਾਰ ਰੂਪ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਨਿਰੰਕਾਰ ਰੂਪ ਦੁਆਰਾ ਕੀਤੀ ਹੈ ਭਾਵ ਸਬਦੁ ਰੂਪ ਦੁਆਰਾ ਕੀਤੀ ਹੈ ਭਾਵ ਬ੍ਰਹਮ ਗਿਆਨ ਦੁਆਰਾ ਕੀਤੀ ਹੈ। ਹਰ ਆਕਾਰ ਰੂਪ ਨਜਰ ਆਉਂਦਾ ਹੈ ਪਰ ਉਸਦੇ ਅੰਦਰ ਦਾ ਨਿਰੰਕਾਰ ਰੂਪ ਭਾਵ ਗਿਆਨ ਰੂਪ ਭਾਵ ਜੋਤਿ ਰੂਪ ਮਨ ਦੀਆਂ ਅੱਖਾਂ ਦੁਆਰਾ ਨਜਰ ਨਹੀਂ ਆਉਂਦਾ ਜਿਸ ਨਿਰੰਕਾਰ ਰੂਪ ਨੂੰ ਕੇਵਲ ਮਨ ਦੀ ਸਮਝ ਦੁਆਰਾ ਹੀ ਸਮਝਿਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਉਸਦੇ ਆਕਾਰ ਰੂਪ ਦੀ ਅਸਲੀਅਤ ਨੂੰ ਨਹੀਂ ਸਮਝਿਆ ਜਾ ਸਕਦਾ। ਹਰ ਆਕਾਰ ਰੂਪ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਆਕਾਰ ਰੂਪ ਦੇ ਵਿੱਚ ਜੋ ਵੀ ਨੈਨ ਹਨ ਉਹ ਉਸੇ ਦੇ ਹੀ ਹਨ ਪਰ ਉਸ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਇਹ ਨੈਨ ਉਸ ਦੇ ਨਹੀਂ ਕਹੇ ਜਾ ਸਕਦੇ। ਇਸੇ ਤਰ੍ਹਾਂ ਜੋ ਵੀ ਮੂਰਤ ਭਾਵ ਜੋ ਵੀ ਸਰੂਪ ਅਸੀਂ ਦੇਖਦੇ ਹਾਂ ਉਹ ਸਾਰੇ ਪ੍ਰਮਾਤਮਾ ਦੇ ਰੂਪ ਹੀ ਹਨ ਪਰ ਉਸਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਸਾਨੂੰ ਉਹ ਪ੍ਰਮਾਤਮਾ ਦੇ ਰੂਪ ਨਜਰ ਨਹੀਂ ਆਉਂਦੇ। ਇਸੇ ਤਰ੍ਹਾਂ ਹਜਾਰਾਂ ਪੈਰ ਭਾਵ ਅਨਗਿਣਤ ਪੈਰ, ਨੱਕ ਆਦਿ ਭਾਵ ਸਰੀਰ ਦੇ ਅੰਗ ਜੋ ਵੀ ਅਸੀਂ ਦੇਖਦੇ ਹਾਂ ਉਹ ਸਭ ਪ੍ਰਮਾਤਮਾ ਦੇ ਰੂਪ ਹੀ ਹਨ ਤੇ ਸਭ ਵਿੱਚ ਜੋਤਿ ਉਸੇ ਦੀ ਹੀ ਵਰਤਦੀ ਹੈ ਪਰ ਪ੍ਰਮਾਤਮਾ ਦੇ ਜੋਤਿ ਰੂਪ ਨੂੰ ਜਾਣੇ ਬਿਨਾਂ ਸਾਨੂੰ ਕਿਸੇ ਵਿੱਚ ਪ੍ਰਮਾਤਮਾ ਦਾ ਰੂਪ ਨਜਰ ਨਹੀਂ ਆਉਂਦਾ। ਪ੍ਰਮਾਤਮਾ ਦਾ ਹਰ ਰੂਪ ਅਨੇਕਾਂ ਹੀ ਗੁਣਾਂ ਨਾਲ ਭਰਪੂਰ ਹੈ

47/6239

ਤੇ ਸਭ ਦੇ ਅੰਦਰ ਜੋ ਵੀ ਗੁਣ ਹਨ ਉਹ ਹਰ ਗੁਣ ਪ੍ਰਮਾਤਮਾ ਦਾ ਪਾਇਆ ਹੋਇਆ ਹੀ ਹੈ ਭਾਵ ਆਪਣੇ ਗੁਣਾਂ ਦੇ ਪ੍ਰਗਟਾਵੇ ਦੁਆਰਾ ਹਰ ਆਕਾਰ ਰੂਪ ਪ੍ਰਮਾਤਮਾ ਦੇ ਪ੍ਰਗਟਾਵੇ ਦਾ ਗੁਣ ਬਿਆਨ ਹੀ ਕਰਦਾ ਹੈ ਕਿ ਦੇਖੋ ਪ੍ਰਮਾਤਮਾ ਕਿਤਨੇ ਉੱਚੇ ਗੁਣਾਂ ਵਾਲਾ ਹੈ, ਕਿਤਨੀ ਉੱਚੀ ਸਮਝ ਵਾਲਾ ਹੈ, ਕਿਤਨੇ ਉੱਚੇ ਗਿਆਨ ਵਾਲਾ ਹੈ ਜਿਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਹਰ ਆਕਾਰ ਰੂਪ ਉਸ ਪ੍ਰਮਾਤਮਾ ਦੇ ਗੁਣ ਬਿਆਨ ਹੀ ਕਰ ਰਿਹਾ ਹੈ, ਉਸ ਪ੍ਰਮਾਤਮਾ ਦੀ ਵਡਿਆਈ ਹੀ ਬਿਆਨ ਕਰ ਰਿਹਾ ਹੈ ਭਾਵ ਬਿਨਾਂ ਮੁੱਖੋਂ ਕੁਝ ਬੋਲੇ ਉਸ ਪ੍ਰਮਾਤਮਾ ਦੀ ਆਰਤੀ ਉਤਾਰ ਰਿਹਾ ਹੈ। **(ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਨੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥)** ਜਿਵੇਂ ਕਿ ਅਸੀਂ ਉੱਪਰ ਸ਼ਬਦ ਰਾਹੀਂ ਸਮਝਿਆ ਹੈ ਸਭ ਕੁਝ ਪ੍ਰਮਾਤਮਾ ਦੇ ਹੁਕਮ ਦੁਆਰਾ ਬਣਿਆ ਹੈ ਤੇ ਉਸਦੇ ਹੁਕਮ ਵਿੱਚ ਹੀ ਹਰ ਕੋਈ ਚੱਲ ਰਿਹਾ ਹੈ ਤੇ ਉਸਦੇ ਹੁਕਮ ਵਿੱਚ ਚੱਲਣ ਦੁਆਰਾ ਹੀ ਹਰ ਆਕਾਰ ਰੂਪ ਉਸਦੀ ਆਰਤੀ ਉਤਾਰ ਰਿਹਾ ਹੈ। ਪ੍ਰਮਾਤਮਾ ਦੇ ਹੁਕਮ ਵਿੱਚ ਰਹਿਣਾ ਹੀ, ਵਿਚਰਨਾ ਹੀ ਭਾਵ ਪ੍ਰਮਾਤਮਾ ਦੀ ਰਜਾ ਵਿੱਚ ਵਿਚਰਨਾ ਹੀ ਉਸਦੀ ਭਗਤੀ ਕਰਨਾ ਹੈ, ਉਸੁਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ ੯੪੯)

{ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥ ਸਿਮਰਹਿ ਖੰਡ ਦੀਪ ਸਭਿ ਲੋਆ ॥
ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥ ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥
ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥
ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥੩॥ ਸਿਮਰਹਿ ਪਸੁ ਪੰਖੀ ਸਭਿ ਭੂਤਾ ॥
ਸਿਮਰਹਿ ਬਨ ਪਰਬਤ ਅਉਧੂਤਾ ॥ ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥੪॥
ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥ ਸਿਮਰਹਿ ਨਰ ਨਾਰੀ ਆਸਰਮਾ ॥
ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥ ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥੬॥
ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥
ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥੭॥ ਕਰਨ ਕਰਾਵਨਹਾਰ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥੁ ਸੋ ਜਿਨਾ ॥੮॥}

(ਅੰਗ ੧੦੭੮)

ਹੁਕਮ ਸਭ ਜਗ੍ਹਾ ਪ੍ਰਮਾਤਮਾ ਦਾ ਹੀ ਵਰਤਦਾ ਹੈ ਭਾਵ ਸੰਸਾਰ ਵਿੱਚ ਜੋ ਕੁਝ ਵੀ ਹੁੰਦਾ ਹੈ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਹੁੰਦਾ ਹੈ ਕਿਉਂਕਿ ਹਰ ਵਸਤੂ ਕਿਸੇ ਗਿਆਨ ਦੁਆਰਾ ਹੀ ਕੰਮ ਕਰਦੀ ਹੈ, ਕਿਸੇ ਸਮਝ ਦੁਆਰਾ ਹੀ ਕੰਮ ਕਰਦੀ ਹੈ ਤੇ ਹਰ ਕਿਸੇ ਦੀ

ਸਮਝ ਦਾ ਮਾਲਕ, ਹਰ ਕਿਸੇ ਦੇ ਅੰਦਰ ਦੇ, ਬਾਹਰ ਦੇ ਗਿਆਨ ਦਾ ਮਾਲਕ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਦੇ ਹੁਕਮ ਨੂੰ ਬੁਝਣਾ ਹੀ ਪ੍ਰਮਾਤਮਾ ਨੂੰ ਬੁਝਣਾ ਹੈ ਭਾਵ ਪ੍ਰਮਾਤਮਾ ਨੂੰ ਜਾਨਣਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਰਾਹੀਂ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਮਝਿਆ ਹੈ। ਹਰ ਧਰਮ ਗ੍ਰੰਥ ਦੇ ਵਿੱਚ, ਗੁਰਬਾਣੀ ਦੇ ਵਿੱਚ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ, ਉਸਦੇ ਨਿਰੰਕਾਰ ਰੂਪ ਵਿੱਚ ਵਰਤ ਰਿਹਾ ਹੈ, ਧਾਰਮਿਕ ਗਿਆਨ ਦੇ ਵਿੱਚ ਵਰਤ ਰਿਹਾ ਹੈ ਭਾਵ ਨਾਮ ਦੇ ਰੂਪ ਵਿੱਚ ਵਰਤ ਰਿਹਾ ਹੈ। ਸਾਡੇ

47/6240

ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਤੇ ਕੇਵਲ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਸਾਡੇ ਅੰਦਰ ਦੇ ਪ੍ਰਮਾਤਮਾ ਦੇ ਹੁਕਮ ਵਿੱਚ ਤੇ ਧਰਮ ਗ੍ਰੰਥਾਂ ਵਿੱਚ ਜੋ ਪ੍ਰਮਾਤਮਾ ਦਾ ਹੁਕਮ ਹੈ ਉਸ ਦੇ ਵਿੱਚ ਤੇ ਸਾਡੇ ਅੰਦਰ ਦੇ ਹੁਕਮ ਵਿੱਚ ਕੀ ਫਰਕ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਜੋ ਸਾਡੀ ਸਮਝ ਦੇ ਰੂਪ ਵਿੱਚ ਵਰਤਦਾ ਹੈ ਉਹ ਸਮਝ ਸਾਨੂੰ ਤ੍ਰੈ ਗੁਣਾਂ ਦੀ ਸਮਝ ਦੇ ਵਿੱਚ, ਹਉਮੈ ਵਾਲੀ ਸਮਝ ਦੇ ਵਿੱਚ ਭਾਵ ਮਾਇਆ ਮੋਹ ਵਾਲੀ ਸਮਝ ਦੇ ਵਿੱਚ ਰੱਖਦੀ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਦੇ ਵਿੱਚ ਰੱਖਦੀ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਧਰਮ ਗ੍ਰੰਥਾਂ ਵਿੱਚ ਜੋ ਪ੍ਰਮਾਤਮਾ ਦਾ ਹੁਕਮ ਵਰਤ ਰਿਹਾ ਹੈ ਉਹ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ, ਨਾਮ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ। ਤ੍ਰੈ ਗੁਣਾਂ ਵਾਲੀ ਸਮਝ ਚਉਥੇ ਪਦ ਵਾਲੀ ਸਮਝ ਦੇ ਅੱਗੇ ਬਹੁਤ ਨੀਵੀਂ ਹੈ ਤੇ ਸਾਡੇ ਅੰਦਰ ਜੋ ਪ੍ਰਮਾਤਮਾ ਦਾ ਹੁਕਮ ਵਰਤ ਰਿਹਾ ਹੈ ਉਸਦੇ ਉਸ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦੇ ਲਈ ਸਾਨੂੰ ਉਸਦੇ ਉਸ ਹੁਕਮ ਨਾਲ ਜੁੜਨ ਦੀ ਲੋੜ ਹੈ ਜੋ ਉਸ ਦਾ ਹੁਕਮ ਧਰਮ ਗ੍ਰੰਥਾਂ ਦੇ ਵਿੱਚ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਭਾਵ ਪ੍ਰਮਾਤਮਾ ਦੇ ਨਾਮ ਦੇ ਰੂਪ ਵਿੱਚ ਹੈ। ਪ੍ਰਮਾਤਮਾ ਦੇ ਨਾਲ ਸਾਡਾ ਭੇਦ ਮਨ ਦੀ ਨੀਵੀਂ ਸਮਝ ਕਰਕੇ ਹੀ ਹੈ ਜੋ ਭੇਦ ਉਸਦੀ ਉੱਚੀ ਸਮਝ ਭਾਵ ਧਰਮ ਗ੍ਰੰਥਾਂ ਦੀ ਸਮਝ ਸਾਡੇ ਅੰਦਰ ਵੱਸਣ ਦੁਆਰਾ ਹੀ ਮਿੱਟ ਸਕਦਾ ਹੈ। ਪ੍ਰਮਾਤਮਾ ਦਾ ਨਾਮ ਜਪਣ ਦਾ ਮਕਸਦ ਆਪਣੀ ਨੀਵੀਂ ਮਤਿ ਨੂੰ ਉੱਚੀ ਮਤਿ ਦੇ ਨਾਲ ਜੋੜਨ ਦਾ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਦੇ ਨਾਲ ਹੀ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੇ ਨਾਲ ਹੀ ਹੈ, ਆਪਣੇ ਅੰਦਰੋਂ ਉਸਦੇ ਨਾਮ ਰੂਪ ਨੂੰ ਜਾਨਣ ਦੇ ਨਾਲ ਹੀ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਧਰਮ ਦੇ ਮਾਰਗ ਤੇ ਚੱਲਣ ਲਈ ਮਤਿ ਦੇਣ ਦੇ ਨਾਲ ਹੀ ਹੈ ਜੋ ਚਉਥੇ ਪਦ ਦੇ ਗਿਆਨ ਵਾਲੀ ਉੱਚੀ ਮਤਿ ਹੈ ਜਿਸ ਮਤਿ ਨੂੰ ਮੰਨੇ ਬਿਨਾਂ ਭਾਵ ਗੁਰੂ ਦੀ ਮਤਿ ਅਮਲ ਕੀਤੇ ਬਿਨਾਂ ਸਾਡੀ ਨੀਵੀਂ ਮਤਿ, ਸਾਡੀ ਮਨਮਤਿ ਗੁਰਮਤਿ ਦੇ ਨਾਲ ਇੱਕ ਨਹੀਂ ਹੋ ਸਕਦੀ। ਜਦ ਤੱਕ ਅਸੀਂ ਮਨਮਤਿ ਵਿੱਚ ਹਾਂ ਤਦ ਤੱਕ ਅਸੀਂ ਤ੍ਰੈ ਗੁਣਾਂ ਵਿੱਚ ਹਾਂ, ਹਉਮੈ ਵਿੱਚ ਹਾਂ ਭਾਵ ਮਾਇਆ ਦੀ ਜੁਗਤਿ ਵਿੱਚ ਹਾਂ ਜਿਸ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਗੁਰਮਤਿ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਤੇ ਉਸ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਦੇ ਹਾਂ ਜੇਕਰ ਅਸੀਂ ਪਹਿਲੇ ਗੁਰੂ ਦਾ ਨਾਮ ਜਪਾਂਗੇ, ਗੁਰਮਤਿ ਤੇ

47/6241

ਚੱਲਣ ਦਾ ਸੱਚਾ ਉਪਰਾਲਾ ਕਰਾਂਗੇ ਭਾਵ ਗੁਰੂ ਦੇ ਹੁਕਮ ਅਨੁਸਾਰ ਚੱਲਣ ਦਾ ਉਪਰਾਲਾ ਕਰਾਂਗੇ ਜੋ ਹੁਕਮ ਉਸਨੇ ਸਾਰੀ ਗੁਰਬਾਣੀ ਰਾਹੀਂ, ਆਪਣੇ ਰੱਚੇ ਹੋਏ ਸਾਰੇ ਧਰਮ ਗ੍ਰੰਥਾਂ ਰਾਹੀਂ ਸਾਡੇ ਮੰਨਣ ਲਈ ਹੀ ਦਿੱਤਾ ਹੋਇਆ ਹੈ। ਪ੍ਰਮਾਤਮਾ ਦੇ ਇਸ ਸੱਚੇ ਹੁਕਮ ਤੇ ਚੱਲੇ ਬਿਨਾਂ ਭਾਵ ਉਸਦੇ ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨਾਂ ਅਸੀਂ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਨਹੀਂ ਬੁੱਝ ਸਕਦੇ ਜੋ ਉਸਦਾ ਹੁਕਮ ਹਰ ਵੇਲੇ ਸਾਡੇ ਸਭ ਦੇ ਅੰਦਰ ਹੀ ਵਰਤ ਰਿਹਾ ਹੈ, ਮਨ ਦੀ ਹਉਮੈ ਦੇ ਰੂਪ ਵਿੱਚ ਵਰਤ ਰਿਹਾ ਹੈ। ਉਸਦਾ ਹੁਕਮ ਕੀ ਹੈ ਤੇ ਉਸਨੂੰ ਬੁੱਝਣਾ ਕੀ ਹੈ ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

“ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥”

ਉਪਰ ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੀਏ ਤੇ ਸਮਝ ਲਗ ਜਾਂਦੀ ਹੈ ਕਿ ਪ੍ਰਮਾਤਮਾ ਦਾ ਇਹ ਆਪਣਾ ਹੀ ਬਣਾਇਆ ਹੋਇਆ ਨੀਯਮ ਹੈ ਕਿ ਉਸਦੇ ਹੁਕਮ ਨੂੰ ਕੋਈ ਨਹੀਂ ਸਮਝ ਸਕਦਾ ਭਾਵ ਕੋਈ ਇਸ ਗੱਲ ਨੂੰ ਨਹੀਂ ਕਹਿ ਸਕਦਾ ਕਿ ਪ੍ਰਮਾਤਮਾ ਦਾ ਹੁਕਮ ਕਿਸ ਤਰੀਕੇ ਵਰਤਦਾ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਬਣਿਆ ਹੈ ਇਹ ਗੱਲ

ਤਾਂ ਹਰ ਕੋਈ ਕਹਿ ਦਿੰਦਾ ਹੈ ਪਰ ਉਸ ਦਾ ਹੁਕਮ ਕੀ ਹੈ ਭਾਵ ਉਸਦੇ ਕਿਸ ਹੁਕਮ ਦੁਆਰਾ ਸਭ ਕੁਝ ਬਣਿਆ ਹੈ ਤੇ ਸਭ ਕੁਝ ਚੱਲ ਰਿਹਾ ਹੈ ਇਸ ਗੱਲ ਨੂੰ ਆਪਣੇ ਆਪ ਕੋਈ ਨਹੀਂ ਸਮਝ ਸਕਦਾ। **(ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥)** ਹਰ ਜੀਵ ਦੀ ਉਤਪੱਤੀ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਹੁੰਦੀ ਹੈ ਤੇ ਜੀਆਂ ਨੂੰ ਸੰਸਾਰ ਵਿੱਚ ਵਡਿਆਈਆਂ ਵੀ ਮਿਲਦੀਆਂ ਹਨ। ਅਸੀਂ ਸਭ ਪ੍ਰਮਾਤਮਾ ਦੇ ਬਣਾਏ ਹੋਏ ਜੀਵ ਹੀ ਹਾਂ ਤੇ ਸਾਡੇ ਬਣਨ ਵਿੱਚ ਸਾਡੀ ਆਪਣੀ ਕੋਈ ਵਡਿਆਈ ਨਹੀਂ ਹੈ ਪਰ ਫਿਰ ਵੀ ਵਡਿਆਈਆਂ ਸਾਨੂੰ ਮਿਲਦੀਆਂ ਹਨ। ਵਡਿਆਈ ਤਾਂ ਕੇਵਲ ਉਸ ਪ੍ਰਮਾਤਮਾ ਦੀ ਹੈ ਜਿਸਨੇ ਸਾਨੂੰ ਆਪਣੇ ਹੁਕਮ ਦੁਆਰਾ ਬਣਾਇਆ ਹੈ ਪਰ ਆਪਣੇ ਇਹ ਸੰਸਾਰ ਦੀ ਖੇਡ ਨੂੰ ਚਲਾਉਂਣ ਲਈ ਉਹ ਧਰਤੀ ਦੇ ਜੀਵਾਂ ਨੂੰ ਉਹ ਵਡਿਆਈਆਂ ਵੀ ਦਿੰਦਾ ਹੈ। ਜਿਸ ਜੀਵ ਨੂੰ ਜੋ ਵੀ ਵਡਿਆਈ ਮਿਲਦੀ ਹੈ ਉਹ ਉਸਦੇ ਹੁਕਮ ਦੁਆਰਾ ਹੀ ਮਿਲਦੀ ਹੈ ਪਰ ਉਸਦਾ ਹੁਕਮ ਕਿਸ ਰੂਪ ਵਿੱਚ ਵਰਤਦਾ ਹੈ ਇਸ ਗੱਲ ਨੂੰ ਆਪਣੇ ਆਪ ਕੋਈ ਨਹੀਂ ਸਮਝ ਸਕਦਾ ਭਾਵ ਉਸ ਪ੍ਰਮਾਤਮਾ ਦੇ ਆਪ ਸੋਝੀ ਪਾਏ ਬਿਨਾਂ ਉਸਦੇ ਹੁਕਮ ਨੂੰ ਕੋਈ ਨਹੀਂ ਸਮਝ ਸਕਦਾ। **(ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥)** ਸੰਸਾਰ ਵਿੱਚ ਸਾਨੂੰ ਭਾਵ

ਕਿਸੇ ਨੂੰ ਕੋਈ ਉੱਤਮ ਸਮਝਦਾ ਹੈ ਤੇ ਕਿਸੇ ਨੂੰ ਕੋਈ ਨੀਚ ਸਮਝਦਾ ਹੈ। ਸੰਸਾਰ ਵਿੱਚ ਵਿਚਰਦੇ ਹੋਏ ਜੀਵ ਦੁਖ ਵੀ ਭੋਗਦੇ ਹਨ ਤੇ ਸੁਖ ਵੀ ਭੋਗਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਮਨੁੱਖ ਨੇ ਜਾਂ ਕਿਸੇ ਜੀਵ ਨੇ ਜਦੋਂ ਆਪਣੇ ਆਪ ਨੂੰ ਆਪ ਬਣਾਇਆ ਹੀ ਨਹੀਂ ਭਾਵ ਜਦੋਂ ਮੂਲ ਰੂਪ ਵਿੱਚ ਸਾਨੂੰ ਬਨਾਉਂਣ ਵਾਲਾ ਹੀ ਆਪ ਪ੍ਰਮਾਤਮਾ ਹੈ ਜਿਸ ਦੇ ਹੁਕਮ ਦੁਆਰਾ ਹੀ ਸਭ ਜੀਵ ਬਣੇ ਹਨ ਫਿਰ ਆਪਣੇ ਆਪ ਨਾ ਹੀ ਕੋਈ ਉਤੱਮ-ਨੀਚ ਬਣ ਸਕਦਾ ਹੈ ਤੇ ਨਾ ਹੀ ਕੋਈ ਆਪਣੇ ਆਪ ਦੁੱਖ ਸੁਖ ਵਾਲਾ ਬਣ ਸਕਦਾ ਹੈ। ਹਰ ਕਿਸੇ ਨੂੰ ਉਤੱਮ ਬਣਨਾ ਚੰਗਾ ਲੱਗਦਾ ਹੈ, ਸੁਖ ਭੋਗਣਾ ਚੰਗਾ ਲੱਗਦਾ ਹੈ ਪਰ ਫਿਰ ਵੀ ਜੀਵ ਦੁੱਖ ਭੋਗਦਾ ਹੈ ਭਾਵ ਸਾਡੀ ਜੀਵਨ ਵਿਚਰਨ ਵਿੱਚ ਸਾਡਾ ਹੁਕਮ ਨਹੀਂ ਚੱਲਦਾ ਭਾਵ ਸਾਡੀ ਮਰਜੀ ਨਹੀਂ ਚੱਲਦੀ ਉਸ ਪ੍ਰਮਾਤਮਾ ਦਾ ਹੁਕਮ ਹੀ ਚੱਲਦਾ ਹੈ ਤੇ ਉਸਦੇ ਹੁਕਮ ਨੂੰ ਜਾਣੇ ਬਿਨਾਂ ਅਸੀਂ ਇਹਨਾਂ ਗੱਲਾਂ ਨੂੰ ਨਹੀਂ ਸਮਝ ਸਕਦੇ ਕਿ ਕੋਈ ਉੱਤਮ-ਨੀਚ ਕਿਸ ਲਈ ਹੈ ਫਿਰ ਦੁੱਖ ਸੁੱਖ ਕਿਸ ਲਈ। **(ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥)** ਇਸ ਉੱਪਰ ਵਾਲੀ ਪੰਗਤੀ ਨੂੰ ਥੋੜਾ ਹੋਰ ਬਰੀਕੀ ਨਾਲ ਸਮਝੋ ਕਿ ਆਪਣੇ ਜੀਵਨ ਵਿੱਚ ਅਸੀਂ ਜੋ ਦੁੱਖ ਸੁਖ ਪਾਉਂਦੇ ਹਾਂ ਉਸ ਵਿੱਚ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਤਰੀਕੇ ਵਰਤਦਾ ਹੈ।

“ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥”

ਜੋ ਵੀ ਅਸੀਂ ਜੀਵਨ ਵਿੱਚ ਦੁੱਖ ਸੁਖ ਭੋਗਦੇ ਹਾਂ ਉਹ ਅਸੀਂ ਪ੍ਰਮਾਤਮਾ ਦਾ ਹੁਕਮ ਲਿਖੇ ਜਾਣ ਦੁਆਰਾ ਹੀ ਭੋਗਦੇ ਹਾਂ। ਪ੍ਰਮਾਤਮਾ ਆਪਣਾ ਹੁਕਮ ਸਾਡੇ ਸਭ ਦੇ ਅੰਦਰ ਲਿਖਦਾ ਹੈ ਤੇ ਉਹ ਕਿਸ ਰੂਪ ਵਿੱਚ ਲਿਖਦਾ ਹੈ ਇਸਦੀ ਸਮਝ ਤਾਂ ਹੀ ਆ ਸਕਦੀ ਹੈ ਜਦੋਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਹੈ, ਹਉਮੈ ਹੈ, ਮਾਇਆ ਦੀ ਜੁਗਤਿ ਹੈ ਜਿਸ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜੋ ਕਿ ਮਨ ਦੀ ਅਵਸਥਾ ਪ੍ਰਮਾਤਮਾ ਨੇ ਸਭਦੇ ਅੰਦਰ ਆਪਣੇ ਹੁਕਮ ਦੁਆਰਾ ਹੀ ਪਾਈ ਹੋਈ ਹੈ। ਮਨ ਦੇ ਵਿੱਚੋਂ ਸਾਨੂੰ ਵਿਚਾਰ ਹੀ ਮਿਲਦੇ ਹਨ, ਮਨ ਦੀ ਸਮਝ ਹੀ ਮਿਲਦੀ ਹੈ ਜਿਸ ਦੁਆਰਾ ਮਨੁੱਖ ਵਿਚਰਦਾ ਹੈ। ਸਾਡੇ ਅੰਦਰ ਜੋ ਵਿਚਾਰਾਂ ਦੀ ਲਿਖਤ ਹੈ ਭਾਵ ਜੋ ਸਾਡੇ ਅੰਦਰ ਸਮਝ ਉਪਜਦੀ ਹੈ ਭਾਵ ਸਾਡੇ ਅੰਦਰ ਜੋ ਸੋਚਾਂ ਉਪੱਜਦੀਆਂ ਹਨ ਜੋ ਸਾਡੇ ਵੱਸ ਨਹੀਂ ਹਨ ਜਿਵੇਂ ਕਿ ਅਸੀਂ

ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਵਿਚਾਰ ਲਿਖਣ ਵਾਲਾ ਪ੍ਰਮਾਤਮਾ ਆਪ ਹੈ। ਸਾਡੇ ਅੰਦਰ ਦੇ ਵਿਚਾਰ ਹੀ ਭਾਵ ਵਿਚਾਰਾਂ ਦੀ ਲਿਖਤ ਹੀ ਪ੍ਰਮਾਤਮਾ ਦਾ ਸਾਡੇ ਅੰਦਰ ਹੁਕਮ ਹੈ ਜਿਸ ਹੁਕਮ ਦਾ ਹਰ ਕੋਈ ਬਝਿਆ ਹੋਇਆ ਹੈ। ਮਨੁੱਖ ਉਹੀ ਕੁਝ ਕਰਦਾ ਹੈ ਜੋ ਉਸਦਾ ਮਨ ਉਸਨੂੰ ਸਮਝਾਉਂਦਾ ਹੈ। ਸਾਡੇ ਅੰਦਰ ਦਾ ਦੁੱਖ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਉੱਤਮ ਕਿਵੇਂ ਬਣਦੇ ਹਾਂ ਤੇ ਨੀਚ ਕਿਵੇਂ ਬਣਦੇ ਹਾਂ ਇਸ ਗੱਲ ਨੂੰ ਅਸੀਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਸੰਸਾਰ ਦੇ ਵਿੱਚ ਸਾਡਾ ਉੱਤਮ ਨੀਚ ਬਣਨਾ ਹੋਰ ਗੱਲ ਹੈ ਤੇ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਅਸੀਂ **“ਉਤਮੁ ਨੀਚੁ”** ਕਿਵੇਂ ਬਣਦੇ ਹਾਂ ਇਹ ਹੋਰ ਗੱਲ ਹੈ। ਸੰਸਾਰ ਵਿੱਚ ਦੁੱਖ ਸੁਖ ਅਸੀਂ ਹੋਰ ਗੱਲ ਵਿੱਚ ਸਮਝਦੇ ਹਾਂ ਤੇ ਗੁਰੂ ਦੀਆਂ ਨਜਰਾਂ ਵਿੱਚ

“ਦੁਖ ਸੁਖ” ਹੋਰ ਗੱਲ ਹੈ। ਸਭ ਕੁਝ ਉਸਦੇ ਹੁਕਮ ਵਿੱਚ ਹੀ ਹੁੰਦਾ ਹੈ। ਸਾਡੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਵੀ ਹੁਕਮ ਉਸੇ ਦਾ ਹੀ ਵਰਤ ਰਿਹਾ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਅਸਲ ਦੁੱਖ ਸੁਖ ਦੀ ਸਮਝ ਨਹੀਂ ਪੈਂਦੀ, ਅਸਲ ਉਤਮੁ ਨੀਚੁ ਹੋਣ ਦੀ ਸਮਝ ਨਹੀਂ ਪੈਂਦੀ ਤੇ ਅਸਲੀਅਤ ਦੀ ਸਮਝ ਉਸਦੇ ਹੁਕਮ ਨੂੰ ਬੁੱਝਣ ਦੁਆਰਾ ਹੀ ਪੈਂਦੀ ਹੈ ਜੋ ਉਸਦਾ ਹੁਕਮ ਪੂਰੀ ਗੁਰਬਾਣੀ ਦੇ ਵਿੱਚ ਗੁਰਮਤਿ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ, ਭਗਤੀ ਦੇ ਅਸਲ ਮਾਰਗ ਦੀ ਸੋਝੀ ਦੇ ਰੂਪ ਵਿੱਚ ਹੈ ਜਿਸ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਨਾ ਹੀ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦਾ ਤਰੀਕਾ ਹੈ ਜਿਵੇਂ ਕਿ ਨਾਲ ਹੀ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥”

ਜਿਸ ਨੂੰ ਪ੍ਰਮਾਤਮਾ ਆਪਣੀ ਦਾਤਿ ਬਖਸ਼ਦਾ ਹੈ, ਬਖਸ਼ਿਸ਼ ਦਿੰਦਾ ਹੈ ਉਹ ਵੀ ਆਪਣੇ ਹੁਕਮ ਦੁਆਰਾ ਦਿੰਦਾ ਹੈ। ਪ੍ਰਮਾਤਮਾ ਜੋ ਆਪਣੀ ਦਾਤਿ ਬਖਸ਼ਦਾ ਹੈ ਉਹ ਆਪਣੇ ਨਾਮ ਦੇ ਰੂਪ ਵਿੱਚ ਬਖਸ਼ਦਾ ਹੈ ਜਿਸ ਦਾਤਿ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪਣੀ ਇਹ ਦਾਤਿ ਉਸੇ ਨੂੰ ਬਖਸ਼ਦਾ ਹੈ ਜੋ ਧਰਮ ਗ੍ਰੰਥਾਂ ਵਿੱਚ ਉਸ ਦੇ ਪਾਏ ਹੋਏ ਹੁਕਮ ਨੂੰ ਮੰਨਦਾ ਹੈ। ਧਰਮ ਗ੍ਰੰਥਾਂ ਵਿੱਚ ਪ੍ਰਮਾਤਮਾ ਦਾ ਹੁਕਮ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਉਸਦੇ ਨਾਮ ਦੇ ਰੂਪ ਵਿੱਚ ਹੀ ਹੈ ਜਿਸ ਦੁਆਰਾ ਸਾਨੂੰ ਸੱਚ ਦੇ

47/6244

ਮਾਰਗ ਤੇ ਚੱਲਣ ਦੀ ਸਮਝ ਪੈਂਦੀ ਹੈ, ਨਾਮ ਜਪਣ ਦੀ ਸਮਝ ਪੈਂਦੀ ਹੈ, ਧਰਮ ਦੇ ਮਾਰਗ ਤੇ ਚੱਲਣ ਦੀ ਸਮਝ ਪੈਂਦੀ ਹੈ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਦਾ ਜੋ ਮਨੁੱਖੀ ਸਰੀਰਾਂ ਦੇ ਵਿੱਚ ਹੁਕਮ ਵਰਤਦਾ ਹੈ ਭਾਵ ਜੋ ਮਾਇਆ ਦੀ ਜੁਗਤਿ ਵਰਤਦੀ ਹੈ, ਹਉਮੈ ਵਾਲੀ ਸਮਝ ਵਰਤਦੀ ਹੈ, ਤ੍ਰੈ ਗੁਣਾਂ ਵਾਲੀ ਸਮਝ ਵਰਤਦੀ ਹੈ ਉਹ ਸਭ ਦੇ ਵਿੱਚ ਇੱਕੋ ਜਿਹੇ ਤਰੀਕੇ ਨਾਲ ਹੀ ਵਰਤਦੀ ਹੈ ਜਿਸ ਵਿੱਚ ਰਹਿੰਦੇ ਹੋਏ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ। ਪ੍ਰਮਾਤਮਾ ਸਾਡੇ ਸਭ ਦੇ ਅੰਦਰ, ਸਾਰੇ ਸੰਸਾਰ ਦੇ ਮਨ ਦੇ ਵਿੱਚ ਇੱਕੋ ਜਿਹੇ ਤਰੀਕੇ ਨਾਲ ਹੀ ਵਰਤਦਾ ਹੈ ਤੇ ਸਾਰੇ ਸੰਸਾਰ ਲਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਵੀ ਇੱਕੋ ਜਿਹਾ ਹੀ ਹੈ ਜੋ ਕਿ ਧਰਮ ਦੇ ਮਾਰਗ ਤੇ ਚੱਲਣ ਦਾ ਹੈ, ਉਸ ਦਾ ਨਾਮ ਜਪਣ ਦਾ ਹੈ। ਸਾਰੇ ਸੰਸਾਰ ਲਈ ਧਰਮ ਦਾ ਮਾਰਗ ਇੱਕੋ ਜਿਹਾ ਹੀ ਹੈ, ਨਾਮ ਜਪਣਾ ਇੱਕੋ ਜਿਹਾ ਹੀ ਹੈ ਭਾਵ ਸੱਚੇ ਧਰਮ ਗ੍ਰੰਥਾਂ ਰਾਹੀਂ ਜੋ ਸੱਚ ਤੇ ਚੱਲਣ ਦਾ ਮਾਰਗ ਸਮਝਾਇਆ ਗਿਆ ਹੈ ਉਸ ਤੇ ਚੱਲਣ ਦਾ ਹੀ ਹੈ ਭਾਵ ਧਰਮ ਗ੍ਰੰਥਾਂ ਵਿੱਚ ਪਾਏ ਹੋਏ ਹੁਕਮ ਨੂੰ ਮੰਨਣ ਦਾ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਆਪਣੀ ਬਖਸ਼ਿਸ਼ ਦਿੰਦਾ ਹੈ, ਆਪਣੀ ਦਾਤਿ ਬਖਸ਼ਦਾ ਹੈ ਭਾਵ ਸੱਚੇ ਨਾਮ ਦੀ ਦਾਤਿ ਬਖਸ਼ਦਾ ਹੈ, ਬ੍ਰਹਮ ਗਿਆਨ ਦੀ ਦਾਤਿ ਬਖਸ਼ਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਨਾਮ ਦੇ ਮਾਲਕ, ਉਸ ਬ੍ਰਹਮ ਗਿਆਨ ਦੇ ਮਾਲਕ ਦੇ ਨਾਲ ਮੇਲ ਹੁੰਦਾ ਹੈ। ਜੇਕਰ ਅਸੀਂ ਪ੍ਰਮਾਤਮਾ ਦੇ ਉਸ ਹੁਕਮ ਨੂੰ ਨਹੀਂ ਮੰਨਦੇ ਜੋ ਆਪਣਾ ਹੁਕਮ ਉਸਨੇ ਹਰ ਧਰਮ ਗ੍ਰੰਥ ਦੀ ਰਚਨਾ ਕਰਨ ਦੁਆਰਾ ਸੁਣਾਇਆ ਹੋਇਆ ਹੈ ਫਿਰ ਅਸੀਂ ਪ੍ਰਮਾਤਮਾ ਦੇ ਉਸ ਹੁਕਮ ਵਿੱਚੋਂ ਨਹੀਂ ਨਿਕਲ ਸਕਦੇ ਜੋ ਉਸ ਦਾ ਹੁਕਮ ਸਾਡੇ ਸਭ ਦੇ ਅੰਦਰ ਭਾਵ ਹਰ ਮਨੁੱਖੀ ਮਨ ਦੇ ਅੰਦਰ ਵਰਤ ਰਿਹਾ ਹੈ ਜਿਸ ਹੁਕਮ ਦੁਆਰਾ ਉਸਨੇ ਆਪ ਹੀ ਸਭ ਨੂੰ ਆਪਣੇ ਆਪ ਤੋਂ ਵੱਖਰਾ ਕੀਤਾ ਹੋਇਆ ਹੈ ਭਾਵ ਮਨ ਦੇ ਵਿੱਚ ਆਪਣਾ ਹੁਕਮ ਲਿਖਣ ਦੁਆਰਾ ਸਭਨੂੰ ਹਉਮੈ ਵਿੱਚ, ਤ੍ਰੈ ਗੁਣਾਂ ਵਿੱਚ, ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਆਪਣੇ ਇਸ ਹੁਕਮ ਦੁਆਰਾ ਸਭ ਨੂੰ ਭਵਾਇਆ ਹੋਇਆ ਹੈ ਭਾਵ ਆਪਣੇ ਆਪ ਨੂੰ ਜਾਨਣ ਤੋਂ ਭਟਕਾਇਆ ਹੋਇਆ ਹੈ, ਮਨ ਦੀ ਨਾਸਮਝੀ ਦੁਆਰਾ ਭਰਮਾਇਆ ਹੋਇਆ ਹੈ।
(ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥)

ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਜਿਸ ਜਗ੍ਹਾ ਵਰਤਦਾ ਹੈ

47/6245

ਉਸੇ ਜਗ੍ਹਾ ਤੋਂ ਹੀ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁਝਿਆ ਜਾ ਸਕਦਾ ਹੈ ਭਾਵ ਜਾਣਿਆ ਜਾ ਸਕਦਾ ਹੈ ਤੇ ਤਾਂ ਹੀ ਕੋਈ ਇਸ ਗੱਲ ਨੂੰ ਜਾਣ ਸਕਦਾ ਹੈ ਕਿ ਸਭਦੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਤਰੀਕੇ ਵਰਤਦਾ ਹੈ ਤੇ ਉਸਦੇ ਹੁਕਮ ਨੂੰ ਕਿਸ ਤਰੀਕੇ ਬੁਝਿਆ ਜਾ ਸਕਦਾ ਹੈ। ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਪ੍ਰਮਾਤਮਾ ਦਾ ਹੁਕਮ ਬੁੱਝਣਾ ਹੀ ਸਮਝਾਇਆ ਹੋਇਆ ਹੈ।

“ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥”

ਪ੍ਰਮਾਤਮਾ ਨੂੰ ਜਾਨਣਾ ਜਾਂ ਨਾ ਜਾਨਣਾ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਲੇਖ ਦੇ ਸ਼ੁਰੂ ਵਿੱਚ ਅਸੀਂ ਸਭ ਤੋਂ ਪਹਿਲੇ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਸੀ ਕਿ **“ਹਉਮੈ”** ਕੀ ਹੈ ਕਿਉਂਕਿ ਹਉਮੈ ਦੀ ਗੱਲ ਬਾਣੀ ਵਿੱਚ ਬਾਰ-ਬਾਰ ਆਉਂਦੀ ਹੈ। ਹਉਮੈ ਨੂੰ ਹੀ ਸ਼ਬਦਾਂ ਰਾਹੀਂ ਸਾਡੇ ਅੰਦਰ ਦਾ ਪੜਦਾ ਦੱਸਿਆ ਹੋਇਆ ਹੈ, ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਪੜਦਾ ਦੱਸਿਆ ਹੋਇਆ ਹੈ ਜਿਸ ਪੜਦੇ ਨੂੰ ਅਸੀਂ ਸ਼ਬਦਾਂ ਰਾਹੀ ਬਰੀਕੀ ਨਾਲ ਸਮਝਿਆ ਹੈ। ਪੂਰੇ ਸੰਸਾਰ ਵਿੱਚ ਕੋਈ ਵੀ ਮਨੁੱਖ ਬਿਨਾਂ ਹਉਮੈ ਤੋਂ ਨਹੀਂ ਹੈ ਭਾਵ ਬਿਨਾ ਮਨ ਦੇ ਪੜਦੇ ਤੋਂ ਨਹੀਂ ਹੈ ਜਿਸ ਪੜਦੇ ਵਿੱਚ ਰਹਿੰਦਿਆਂ ਹੋਇਆਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦਿਆਂ ਹੋਇਆ ਆਪਣੇ ਅੰਦਰੋਂ ਕੋਈ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲਵੇ ਇਹ ਨਾਮੁਮਕਿਨ ਹੈ। ਜਦ ਤੱਕ ਸਾਡੇ ਅੰਦਰ ਹਉਮੈ ਵਾਲੀ ਸਮਝ ਹੈ ਤਦ ਤੱਕ ਸਾਡੇ ਅੰਦਰ ਨਾਮ ਨਹੀਂ ਹੋ ਸਕਦਾ ਭਾਵ ਸਾਡੇ ਅੰਦਰ ਨਾਮ ਵਾਲੀ ਸਮਝ ਨਹੀਂ ਹੋ ਸਕਦੀ, ਬ੍ਰਹਮ ਗਿਆਨ ਵਾਲੀ ਸਮਝ ਨਹੀਂ ਹੋ ਸਕਦੀ, ਚਉਥੇ ਪਦ ਦੇ ਗਿਆਨ ਵਾਲੀ ਸਮਝ ਨਹੀਂ ਹੋ ਸਕਦੀ ਜੋ ਸਮਝ ਪੂਰੀ ਗੁਰਬਾਣੀ ਦੇ ਵਿੱਚ ਨਾਮ ਦੇ ਰੂਪ ਵਿੱਚ ਹੈ, ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ। ਜਦ ਤੱਕ ਮਨੁੱਖ ਦੀ ਹਉਮੈ ਖਤਮ ਨਹੀਂ ਹੁੰਦੀ ਉਸਨੂੰ ਨਾਮ ਦੀ ਸੋਝੀ ਪੈ ਹੀ ਨਹੀਂ ਸਕਦੀ ਤੇ ਨਾਮ ਦੀ ਸੋਝੀ ਪਏ ਬਿਨਾਂ ਹਉਮੈ ਦੀ ਸਮਝ ਨਹੀਂ ਪੈ ਸਕਦੀ ਜਿਸਨੂੰ ਪਹਿਲੇ ਨਾਮ ਦੀ ਸੋਝੀ ਪਵੇਗੀ ਉਸਨੂੰ ਹੀ ਇਸ ਗੱਲ ਦੀ ਸਮਝ ਪਵੇਗੀ ਕਿ ਹਉਮੈ ਕੀ ਹੈ। ਸਾਡੇ ਅੰਦਰ ਹਉਮੈ ਤੇ ਨਾਮ ਇੱਕਠੇ ਨਹੀਂ ਰਹਿ ਸਕਦੇ, ਇਹ ਗੁਰੂ ਪ੍ਰਮਾਤਮਾ ਦਾ ਆਪਣਾ ਫੁਰਮਾਨ ਹੈ।

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

“ਹਉਮੈ” ਵਾਲੇ ਇਸ ਸ਼ਬਦ ਨੂੰ ਲੇਖ ਵਿੱਚ ਕਾਫੀ ਪਿੱਛੇ ਅਸੀਂ ਪਹਿਲਾਂ ਹੀ

47/6246

ਬਰੀਕੀ ਨਾਲ ਸਮਝ ਚੁਕੇ ਹਾਂ। ਇਸ ਸ਼ਬਦ ਰਾਹੀਂ ਸਾਨੂੰ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਹਉਮੈ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਤੇ ਹਉਮੈ ਨੂੰ ਮਨੁੱਖ ਦਾ ਵੱਡਾ ਗੁਬਾਰ ਭਾਵ ਸਾਡੀ ਸਮਝ ਨੂੰ ਵੱਡੀ ਅਗਿਆਨਤਾ ਵਾਲੀ ਸਮਝ ਕਹਿ ਕੇ ਸਮਝਾਇਆ ਹੋਇਆ ਹੈ ਜਿਸ ਹਉਮੈ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਬੁੱਝ ਸਕਦਾ ਭਾਵ ਆਪਣੇ ਅੰਦਰੋਂ ਪਰਮਾਤਮਾ ਨੂੰ ਨਾ ਬੁੱਝ ਸਕਣ ਦਾ ਕਾਰਣ ਸਾਡੇ ਅੰਦਰ ਦੀ ਹਉਮੈ ਹੈ ਭਾਵ ਮਨ ਦੀ ਵੱਡੀ ਅਗਿਆਨਤਾ ਵਾਲੀ ਸਮਝ ਹੈ ਜਿਸ ਅਗਿਆਨਤਾ ਵਾਲੀ ਸਮਝ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਅਸੀਂ ਜੋ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਰੀਰ ਸਮਝਦੇ ਹਾਂ, ਆਪਣੇ ਮਨੁੱਖੀ ਸਰੀਰ ਦਾ ਜਨਮ ਸਮਝਦੇ ਹਾਂ ਤੇ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦੇ ਹਾਂ ਉਸਦਾ ਕਰਨ ਸਾਡੇ ਅੰਦਰ ਦੀ ਹਉਮੈ ਹੀ ਹੈ ਭਾਵ ਮਨ ਦੀ ਅਗਿਆਨਤਾ ਹੀ ਹੈ। ਸਭ ਕੁਝ ਅਸਲ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਉਸਨੂੰ ਆਪਣੇ ਅੰਦਰੋਂ ਬੁੱਝੇ ਬਿਨਾਂ ਇਸ ਸਰੀਰ ਨੂੰ ਆਪਣਾ ਸਰੀਰ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਹੋਰ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਇਸ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਾਈ ਹੋਈ ਹੈ। **(ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥)** ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀ ਸਮਝਿਆ ਹੈ ਹਉਮੈ ਵਾਲੀ ਸਮਝ ਵਿੱਚ ਰਹਿੰਦਿਆਂ ਮਨੁੱਖ

ਨੂੰ ਨਾਮ ਜਪਣ ਦੀ ਸੋਝੀ ਨਹੀਂ ਪੈਂਦੀ ਕਿਉਂਕਿ ਮਨ ਦੀ ਅਗਿਆਨਤਾ ਸਾਨੂੰ ਸਚੁ ਦੀ ਸਮਝ ਹੀ ਨਹੀਂ ਪੈਣ ਦਿੰਦੀ ਭਾਵ ਗੁਰਮਤਿ ਦੀ ਸੱਚੀ ਸਮਝ ਹੀ ਨਹੀਂ ਪੈਣ ਦਿੰਦੀ। ਹਉਮੈ ਵਾਲੀ ਸਮਝ ਸਾਡੀ ਮਨਮਤਿ ਹੈ ਤੇ ਨਾਮ ਵਾਲੀ ਸਮਝ ਗੁਰਮਤਿ ਹੈ। ਗੁਰੂ ਪ੍ਰਮਾਤਮਾ ਦੀ ਭਗਤੀ ਲਈ, ਉਸਦੀ ਸੇਵਾ ਲਈ ਭਾਵ ਉਸਦਾ ਨਾਮ ਜਪਣ ਲਈ ਗੁਰਮਤਿ ਨੂੰ ਆਪਣੇ ਅੰਦਰ ਵਸਾਉਂਣ ਦੀ ਲੋੜ ਹੈ, ਗੁਰਮਤਿ ਨੂੰ ਮੰਨਣ ਦੀ ਲੋੜ ਹੈ ਭਾਵ ਉਹ ਕੁਝ ਕਰਨ ਦੀ ਲੋੜ ਹੈ ਜੋ ਗੁਰੂ ਦੀ ਮਤਿ ਸਾਨੂੰ ਸਮਝਾਉਂਦੀ ਹੈ ਭਾਵ ਸਾਨੂੰ ਚੰਗੇ ਕਰਮ ਕਰਨ ਲਈ ਸਮਝਾਉਂਦੀ ਹੈ ਜੋ ਚੰਗੇ ਕਰਮ ਕਰਨ ਲਈ ਸਾਨੂੰ ਆਪਣੀਆਂ ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦੀ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣ ਲਈ ਸਮਝਾਉਂਦੀ ਹੈ, ਕੇਵਲ ਗੁਰੂ ਦੀ ਮਤਿ ਨੂੰ ਮੰਨਣ ਲਈ ਹੀ ਸਮਝਾਉਂਦੀ ਹੈ ਤੇ ਉਹਨਾਂ ਦੀ ਮਤਿ ਪਿੱਛੇ ਨਾ ਲੱਗਣ ਲਈ ਸਮਝਾਉਂਦੀ ਹੈ ਜੋ ਸਾਨੂੰ ਗੁਰਮਤਿ ਤੋਂ ਉਲਟ ਭਗਤੀ ਦਾ ਮਾਰਗ ਸਮਝਾਉਂਦੇ ਹਨ, ਵੱਖਰੇ-ਵੱਖਰੇ

47/6247

ਨਾਮ ਜਪਣਾ ਸਮਝਾਉਂਦੇ ਹਨ, ਸਰੀਰਕ ਜਪ ਤਪ ਆਦਿ ਸਮਝਾਉਂਦੇ ਹਨ ਤੇ ਹੋਰ ਵੀ ਅਨੇਕਾਂ ਨਾਸਮਝੀ ਵਾਲੇ ਭਗਤੀ ਦੇ ਤਰੀਕਿਆਂ ਨਾਲ ਜੋੜਦੇ ਹਨ ਜਿਨ੍ਹਾਂ ਤਰੀਕਿਆਂ ਦਾ ਗੁਰੂ ਦੀ ਮਤਿ ਭਾਵ ਗੁਰੂ ਦਾ ਨਾਮ ਬਾਰ-ਬਾਰ ਸ਼ਬਦਾਂ ਦੀ ਵਿਚਾਰ ਰਾਹੀਂ ਖੰਡਨ ਕਰਦਾ ਹੈ। ਮਨ ਦੇ ਵਿੱਚ ਹਉਮੈ ਹੋਣ ਦੇ ਕਾਰਨ ਭਾਵ ਅਗਿਆਨਤਾ ਵਾਲੀ ਨਾਸਮਝ ਮਤਿ ਹੋਣ ਦੇ ਕਾਰਨ ਗੁਰੂ ਦੀ ਮਤਿ ਨੂੰ ਮੰਨਣਾ ਸਾਨੂੰ ਔਖਾ ਲਗਦਾ ਹੈ, ਆਪਣੀ ਮਤਿ ਛੱਡਣੀ ਔਖੀ ਲਗਦੀ ਹੈ ਜਿਸ ਕਰਕੇ ਅਸੀਂ ਗੁਰਮਤਿ ਦੇ ਉਲਟ ਚਲਦੇ ਹਾਂ ਭਾਵ ਗੁਰੂ ਦੀ ਸੱਚੀ ਮਤਿ ਦਾ ਭਾਵ ਗੁਰੂ ਦੇ ਨਾਮ ਦਾ ਵਿਰੋਧ ਕਰਦੇ ਹਾਂ। ਇਹ ਮਨਮਤਿ ਦਾ ਗੁਰਮਤਿ ਦੇ ਨਾਲ ਵਿਰੋਧ ਹੈ ਭਾਵ ਸਾਡੇ ਅੰਦਰ ਦੀ ਹਉਮੈ ਦਾ ਨਾਮ ਦੇ ਨਾਲ ਵਿਰੋਧ ਹੈ ਭਾਵ ਮਨਮਤਿ ਦੇ ਰਹਿੰਦਿਆਂ ਸਾਡੇ ਅੰਦਰ ਗੁਰਮਤਿ ਨਹੀਂ ਵੱਸ ਸਕਦੀ। ਸਾਡੇ ਅੰਦਰ ਗੁਰਮਤਿ ਦੇ ਵੱਸਣ ਨਾਲ ਹੀ ਸਾਡੇ ਅੰਦਰੋਂ ਮਨਮਤਿ ਨਿਕਲ ਸਕਦੀ ਹੈ ਭਾਵ ਨਾਮ ਵੱਸਣ ਨਾਲ ਹੀ ਸਾਡੇ ਅੰਦਰੋਂ ਹਉਮੈ ਨਿਕਲ ਸਕਦੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਵੱਸਣ ਨਾਲ ਹੀ ਸਾਡੇ ਮਨ ਦੀ ਅਗਿਆਨਤਾ ਨਿਕਲ ਸਕਦੀ ਹੈ। ਸਾਡੇ ਅੰਦਰ ਹਉਮੈ ਤੇ ਨਾਮ ਇਸੇ ਲਈ ਇੱਕਠੇ ਨਹੀਂ ਰਹਿ ਸਕਦੇ। ਗੁਰੂ ਦੀ ਸੇਵਾ ਦਾ ਮਾਰਗ ਸੱਚ ਤੇ ਚੱਲਣ ਦਾ ਮਾਰਗ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਸੱਚ ਤੇ ਚੱਲਣ ਦੀ ਸਮਝ ਸਾਡੇ ਅੰਦਰ ਨਾਮ ਵੱਸਣ ਦੁਆਰਾ ਹੀ ਪੈਂਦੀ ਹੈ ਭਾਵ ਹਉਮੈ ਨਿਕਲਣ ਦੁਆਰਾ ਹੀ ਪੈਂਦੀ ਹੈ। ਹਉਮੈ ਵਿੱਚ ਰਹਿੰਦੇ ਹੋਏ ਗੁਰੂ ਦੀ ਸੇਵਾ ਨਹੀਂ ਹੋ ਸਕਦੀ ਤੇ ਇਸੇ ਕਰਕੇ ਹਉਮੈ ਵਿੱਚ ਰਹਿੰਦੇ ਹੋਏ ਸਾਡਾ ਮਨ ਬਿਰਥਾ ਹੀ ਜਾਂਦਾ ਹੈ ਭਾਵ ਪ੍ਰਮਾਤਮਾ ਨੂੰ ਜਾਣੇ ਬਿਨ੍ਹਾਂ ਖਾਲੀ ਹੀ ਜਾਂਦਾ ਹੈ, ਨਾਮ ਤੋਂ ਖਾਲੀ ਹੀ ਜਾਂਦਾ ਹੈ ਕਿਉਂਕਿ ਨਾਮ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਸ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਉਹੀ ਕੁਝ ਸਮਝਾਇਆ ਹੋਇਆ ਹੈ ਕਿ ਅਸੀਂ ਨਾਮ ਦੀ ਪ੍ਰਾਪਤੀ ਕਿਵੇਂ ਕਰਨੀ ਹੈ ਜੋ ਕਿ ਹਉਮੈ ਵਿੱਚੋਂ ਨਿਕਲਣ ਦੁਆਰਾ ਹੀ ਹੋ ਸਕਦੀ ਹੈ, ਗੁਰੂ ਦੀ ਮਤਿ ਦੇ ਨਾਲ ਵਿਰੋਧਤਾ ਖਤਮ ਹੋਣ ਦੁਆਰਾ ਹੀ ਹੋ ਸਕਦੀ ਹੈ। **(ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥)** ਅੰਗ ੫੬੦ ਜਦ ਤੱਕ ਮਨੁੱਖ ਹਉਮੈ ਵਿੱਚ ਹੈ ਮਨ ਦੀ ਇਸ ਸਮਝ ਵਿੱਚ ਰਹਿੰਦਿਆਂ ਨਾ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ ਤੇ ਨਾ ਹੀ ਉਸ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਜਪੁਜੀ ਬਾਣੀ ਵਾਲੇ ਸ਼ਬਦ ਰਾਹੀਂ

47/6248

ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਦੀ ਗੱਲ ਸਮਝ ਰਹੇ ਹਾਂ। ਉਸਦਾ ਹੁਕਮ ਆਪਣੇ ਅੰਦਰੋਂ ਕਿਸ ਲਈ ਨਹੀਂ ਬੁੱਝਿਆ ਜਾ ਸਕਦਾ ਉਪਰ ਵਾਲੇ ਸ਼ਬਦ ਦੇ ਵਿੱਚੋਂ ਪ੍ਰਮਾਣ ਦੁਆਰਾ ਹੇਠ ਦਿੱਤੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ।

“ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥”

(ਅੰਗ ੫੬੦)

ਉਪਰ ਪਦੇ ਰਾਹੀਂ ਬੜੇ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਮਨ ਦੀ ਹਉਮੈ ਵਿੱਚ ਰਹਿੰਦਿਆਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਕਿਉਂਕਿ ਮਨ ਦੀ ਨਾਸਮਝੀ ਵਿੱਚ ਰਹਿੰਦੇ ਹੋਏ ਸੱਚੀ ਗੁਰਮਤਿ ਦੀ ਸਮਝ ਪੈਂਦੀ ਹੀ ਨਹੀਂ ਜਿਸ ਕਰਕੇ ਅਸੀਂ ਭਗਤੀ ਦੇ ਉਹੋ ਜਿਹੇ ਤਰੀਕਿਆਂ ਨਾਲ ਜੁੜ ਜਾਂਦੇ ਹਾਂ ਜਿਨ੍ਹਾਂ

ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਹਉਮੈ ਵਿੱਚ ਰਹਿੰਦਿਆਂ ਗੁਰੂ ਦੀ ਭਗਤੀ ਕਿਉਂ ਨਹੀਂ ਹੁੰਦੀ ਇਹ ਵੀ ਉਪਰ ਸ਼ਬਦ ਵਿੱਚ ਨਾਲ ਹੀ ਸਮਝਾਇਆ ਹੋਇਆ ਹੈ। ਅਸੀਂ ਭਗਤੀ ਦੇ ਉਹੋ ਜਿਹੇ ਮਾਰਗ ਤੇ ਚੱਲਣਾ ਹੈ ਜਿਹੋ ਜਿਹੇ ਮਾਰਗ ਤੇ ਚੱਲਣ ਲਈ ਸਾਨੂੰ ਗੁਰੂ ਨੇ ਹੁਕਮ ਕੀਤਾ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਨੇ ਆਪਣਾ ਹੁਕਮ ਹੀ ਸੁਣਾਇਆ ਹੋਇਆ ਹੈ, ਗੁਰਮਤਿ ਦੁਆਰਾ ਸੱਚੀ ਸਿੱਖਿਆ ਦੇ ਰੂਪ ਵਿੱਚ ਸੁਣਾਇਆ ਹੋਇਆ ਹੈ ਜਿਸ ਹੁਕਮ ਨੂੰ ਬੁੱਝੇ ਬਿਨਾਂ ਭਾਵ ਸਮਝੇ ਬਿਨਾਂ ਉਸ ਅਨੁਸਾਰ ਨਹੀਂ ਚੱਲਿਆ ਜਾ ਸਕਦਾ। ਗੁਰੂ ਦਾ ਹੁਕਮ ਗੁਰੂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਉੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਸਨੂੰ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਭਾਵ ਹਉਮੈ ਵਾਲੀ ਭਰਮਾਂ ਦੀ ਭਰੀ ਹੋਈ ਸਮਝ ਪੂਰਨ ਰੂਪ ਵਿੱਚ ਨਹੀਂ ਸਮਝ ਸਕਦੀ ਤੇ ਅਸੀਂ ਆਪਣੇ ਵਲੋਂ ਜਿਸ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਉਹ ਆਪਣੀ ਹਉਮੈ ਵਾਲੀ ਸਮਝ ਦੁਆਰਾ ਚੱਲਦੇ ਹਾਂ ਜਿਸ ਕਰਕੇ ਅਸੀਂ ਗੁਰੂ ਦੇ ਸੱਚੇ ਹੁਕਮ ਅਨੁਸਾਰ ਨਹੀਂ ਵਿਚਰ ਸਕਦੇ ਤੇ ਇਸ ਕਰਕੇ ਸਾਡੀ ਇਹੋ ਜਿਹੀ ਭਰਮਾਂ ਵਾਲੀ ਭਗਤੀ ਕਬੂਲ ਨਹੀਂ ਹੁੰਦੀ। **(ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥)** ਹਉਮੈ ਵਾਲੀ ਸਮਝ ਵਿੱਚ ਰਹਿੰਦਿਆਂ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਕਿਸ ਲਈ ਨਹੀਂ ਸਮਝ ਸਕਦੇ, ਗੁਰੂ ਦੇ ਹੁਕਮ ਨੂੰ ਕਿਸ ਕਰਕੇ ਨਹੀਂ ਬੁੱਝ ਸਕਦੇ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

47/6249

“ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥”

ਜਿਵੇਂ ਕਿ ਉੱਪਰਲੀ ਪੰਗਤੀ ਰਾਹੀਂ ਸਪਸ਼ਟ ਹੈ ਸਾਡੇ ਅੰਦਰ ਦੀ ਹਉਮੈ ਸਾਡੇ ਮਨ ਦੇ ਬੰਧਨ ਦੇ ਰੂਪ ਵਿੱਚ ਹੈ ਜੋ ਬੰਧਨ ਸਾਡੀ ਸਮਝ ਦੇ ਉੱਤੇ ਪ੍ਰਮਾਤਮਾ ਦਾ ਲਾਇਆ ਹੋਇਆ ਆਪਣਾ ਹੀ ਬੰਧਨ ਹੈ। ਇਸ ਹਉਮੈ ਰੂਪ ਬੰਧਨ ਤੋਂ ਬਿਨਾਂ ਪੂਰੇ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਇਹ ਬੰਧਨ ਹੀ ਸਾਡੇ ਅੰਦਰ ਮਾਇਆ ਦਾ ਬੰਧਨ ਹੈ, ਤ੍ਰੈ ਗੁਣਾਂ ਵਾਲੀ ਸਮਝ ਦਾ ਬੰਧਨ ਹੈ ਜੋ ਕਿ ਸਾਡੇ ਅੰਦਰ ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਹੈ, ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ ਜਿਵੇ ਕਿ ਅਸੀਂ ਮਨ ਦੇ ਬੰਧਨ ਨੂੰ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਇਸ ਨੂੰ ਸਮਝ ਸਕਦੇ ਹਾਂ। ਜਦ ਤਕ ਸਾਡੇ ਅੰਦਰ ਹਉਮੈ ਰੂਪ ਬੰਧਨ ਹੈ ਤਦ ਤਕ ਸਾਡੇ ਅੰਦਰ ਨਾਮ ਨਹੀਂ ਵੱਸ ਸਕਦਾ ਭਾਵ ਆਪ ਪ੍ਰਮਾਤਮਾ ਨਹੀਂ ਵੱਸ ਸਕਦਾ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ। ਹਉਮੈ ਰੂਪ ਬੰਧਨ ਤੋਂ ਸਾਨੂੰ ਮੁਕਤ ਕੇਵਲ ਗੁਰੂ ਦਾ ਨਾਮ ਹੀ ਕਰ ਸਕਦਾ ਹੈ। ਮੁਕਤ ਪ੍ਰਮਾਤਮਾ ਉਸੇ ਨੂੰ ਕਰਦਾ ਹੈ ਜਿਸ ਦੇ ਮਨ ਦੇ ਵਿੱਚ ਉਹ ਆਪਣੇ ਨਾਮ ਦੇ ਰੂਪ ਵਿੱਚ ਆ ਕੇ ਵੱਸ ਜਾਂਦਾ ਹੈ। ਜਿਹੜੇ ਮਨ ਦੇ ਵਿੱਚ ਸੱਚੇ ਗਿਆਨ ਦਾ ਮਾਲਕ ਆਪ ਵੱਸ ਜਾਂਦਾ ਹੈ ਉਹ ਉਸ ਮਨ ਦੇ ਵਿੱਚੋਂ ਅਗਿਆਨਤਾ ਵਾਲੀ ਸਮਝ ਨੂੰ ਕੱਢ ਦਿੰਦਾ ਹੈ ਭਾਵ ਮਨੁੱਖ ਨੂੰ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਕਰ ਦਿੰਦਾ ਹੈ, ਹਉਮੈ ਤੋਂ, ਤ੍ਰੈ ਗੁਣਾਂ ਵਾਲੀ ਸਮਝ ਤੋਂ, ਮਾਇਆ ਮੋਹ ਵਾਲੀ ਸਮਝ ਤੋਂ ਮੁਕਤ ਕਰ ਦਿੰਦਾ ਹੈ ਜੋ ਸਾਡੇ ਅੰਦਰ ਦਾ ਬੰਧਨ ਹੈ ਭਾਵ ਸਾਡੀ ਸਮਝ ਦੇ ਉੱਤੇ ਪ੍ਰਮਾਤਮਾ ਦਾ ਆਪਣਾ ਲਾਇਆ ਹੋਇਆ ਬੰਧਨ ਹੈ। ਅਸੀਂ ਆਪਣੀ ਭਰਮਾਂ ਵਾਲੀ ਸਮਝ ਦੁਆਰਾ ਬੱਝੇ ਹੋਏ ਹਾਂ ਜਿਸ ਵਿੱਚੋਂ ਅਸੀਂ ਆਪਣੇ ਆਪ ਨਹੀਂ ਨਿਕਲ ਸਕਦੇ। ਮਨ ਦੇ ਬੰਧਨ ਵਿੱਚੋਂ ਨਿਕਲਣ ਦਾ ਸਾਧਨ ਗੁਰੂ ਦਾ ਨਾਮ ਹੈ ਭਾਵ ਉਸਦਾ ਸੱਚਾ ਗਿਆਨ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਆਪਣੀ ਸੱਚੀ ਸਿੱਖਿਆ ਸਮਝਾਉਂਦਾ ਹੈ, ਆਪਣਾ ਸੱਚਾ ਹੁਕਮ ਸਮਝਾਉਂਦਾ ਹੈ ਜਿਸ ਹੁਕਮ ਨੂੰ ਬੁੱਝ ਕੇ ਭਾਵ ਸਮਝ ਕੇ ਉਸ ਹੁਕਮ ਨੂੰ ਮੰਨਣ ਦਾ ਸੱਚਾ ਉੱਦਮ ਅਸੀਂ ਹੀ ਕਰਨਾ ਹੈ ਭਾਵ ਗੁਰੂ ਦੇ ਨਾਮ ਜਪਣ ਦਾ ਉਦੱਮ ਅਸੀਂ ਹੀ ਕਰਨਾ ਹੈ ਜੋ ਸੱਚਾ ਉਦੱਮ ਕਰਨ ਨਾਲ ਪ੍ਰਮਾਤਮਾ ਕਿਸੇ ਤੇ ਆਪ ਹੀ ਆਪਣੀ ਕਿਰਪਾ ਕਰਨ ਦੁਆਰਾ

47/6250

ਕਿਸੇ ਦੇ ਮਨ ਦੇ ਅੰਦਰ ਆਪ ਆਪਣੇ ਨਾਮ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਵੱਸਦਾ ਹੈ ਤੇ ਕਿਸੇ ਨੂੰ ਮਨ ਦੀ ਹਉਮੈ ਵਾਲੀ ਸਮਝ ਤੋਂ, ਮਨ ਦੀ ਅਗਿਆਨਤਾ ਤੋਂ ਮੁਕਤ ਕਰਦਾ ਹੈ ਤੇ ਆਪਣੀ ਸੱਚੀ ਭਗਤੀ ਦਾ ਮਾਰਗ ਆਪ ਹੀ ਸਮਝਾਉਦਾ ਹੈ ਤੇ ਉਸ ਤੇ ਚਲਾਉਂਦਾ ਹੈ। **(ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥)**

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥}

(ਅੰਗ ੩੮੮)

{ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥}

(ਅੰਗ ੬੦੪)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥ ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥}

(ਅੰਗ ੬੩੫)

{ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥੭॥
ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰਿ ਰਾਖੇ ਬੰਧੁ ਨ ਪਾਈ ॥੮॥੧੦॥}

(ਅੰਗ ੪੧੬)

{ਬੰਧਨ ਸਉਦਾ ਅਣਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥੫॥}

(ਅੰਗ ੪੧੬)

{ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥}

(ਅੰਗ ੧੧੮੯)

{ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥}

(ਅੰਗ ੩੫੩)

{ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ ੨੨੭)

{ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥ ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥}

(ਅੰਗ ੨੫੫)

{ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥ ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥}

(ਅੰਗ ੫੫੧)

{ਨਿਰਤਿ ਕਰੇ ਬਹੁ ਵਾਜੇ ਵਜਾਏ ॥ ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥

ਅੰਤਰਿ ਲੋਭੁ ਭਰਮੁ ਅਨਲ ਵਾਉ ॥ ਦੀਵਾ ਬਲੈ ਨ ਸੋਝੀ ਪਾਇ ॥੧॥
ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥}

(ਅੰਗ ੩੬੪)

{ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ ੪੦)

{ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੯॥੧॥ ਸੁਧੁ}

(ਅੰਗ ੧੨੯੧)

47/6251

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥}

(ਅੰਗ ੬੭)

{ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥
ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ ॥੪॥}

(ਅੰਗ ੧੧੯੦)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥
ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥ ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥
ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥੭॥

ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥
ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧)

{ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥੧॥}

(ਅੰਗ ੬੭੫)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥}

(ਅੰਗ ੧੦੦੨)

{ਬੰਧਨ ਤੋੜਿ ਬੋਲਾਵੈ ਰਾਮੁ ॥ ਮਨ ਮਹਿ ਲਾਗੈ ਸਾਚੁ ਧਿਆਨੁ ॥
ਮਿਟਹਿ ਕਲੇਸ ਸੁਖੀ ਹੋਇ ਰਹੀਐ ॥ ਐਸਾ ਦਾਤਾ ਸਤਿਗੁਰੁ ਕਹੀਐ ॥੧॥
ਸੋ ਸੁਖਦਾਤਾ ਜਿ ਨਾਮੁ ਜਪਾਵੈ ॥ ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥੧॥ ਰਹਾਉ ॥}

(ਅੰਗ ੧੮੩)

{ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥}

(ਅੰਗ ੨੯੨)

{ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥
ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥}

(ਅੰਗ ੩੦੦)

{ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥}

(ਅੰਗ ੨੫੨)

{ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥੧॥}

(ਅੰਗ ੨੫੫)

{ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

{ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥}

(ਅੰਗ ੨੩)

{ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥
ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥
ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥}

(ਅੰਗ ੨੨੧)

{ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥ ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥
ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥੧॥
ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥
ਨਿਤ ਹਰਿ ਗੁਣ ਗਾਵਹ ਹਰਿ ਨਾਮਿ ਸਮਾਇ ॥੧॥ ਰਹਾਉ ॥}

(ਅੰਗ ੧੬੬)

{ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥}

(ਅੰਗ ੧੯੬)

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

{ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥}

(ਅੰਗ ੨੬੧)

47/6252

{ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ ੨੨੩)

{ਜਿਨ ਕੈ ਹਿਰਦੈ ਏਕੋ ਭਾਇਆ ॥ ਆਪੇ ਮੇਲੇ ਭਰਮੁ ਚੁਕਾਇਆ ॥੬॥ ਬੇਮੁਹਤਾਜੁ ਬੇਅੰਤੁ ਅਪਾਰਾ ॥
ਸਚਿ ਪਤੀਜੈ ਕਰਣੈਹਾਰਾ ॥੭॥ ਨਾਨਕ ਭੂਲੇ ਗੁਰੁ ਸਮਝਾਵੈ ॥ ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥}

(ਅੰਗ ੧੧੯੦)

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਜਿਨ ਕੈ ਮਨਿ ਵਸਿਆ ਸਚੁ ਸੋਈ ॥
ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥}

(ਅੰਗ ੨੨੮)

{ਬਹੁਤੇ ਭੇਖ ਕਰਹਿ ਭੇਖਧਾਰੀ ॥ ਭਵਿ ਭਵਿ ਭਰਮਹਿ ਕਾਚੀ ਸਾਰੀ ॥ ਐਥੈ ਸੁਖੁ ਨ ਆਗੈ ਹੋਇ ॥
ਮਨਮੁਖ ਮੁਏ ਅਪਣਾ ਜਨਮੁ ਖੋਇ ॥ ਸਤਿਗੁਰੁ ਸੇਵੇ ਭਰਮੁ ਚੁਕਾਏ ॥
ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥ ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}

(ਅੰਗ ੮੪੨-੮੪੩)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥ ਏਕੋ ਜਾਣੈ ਅਵਰੁ ਨ ਕੋਇ ॥
ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥ ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ ੧੩੪੩)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥
ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥
ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥ ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥}

(ਅੰਗ ੬੧੫)

{ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੯੯੫)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਹੋਰ ਵੀ ਦ੍ਰਿੜ ਕਰ ਸਕਦੇ ਹਾਂ ਕਿ ਸਾਡੇ ਅੰਦਰ ਦਾ ਬੰਧਨ ਕੀ ਹੈ। ਬੰਧਨ ਇੱਕੋ ਤਰੀਕੇ ਦਾ ਹੀ ਹੈ ਜੋ ਕਿ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਹਿਲੇ ਵੀ ਇਸ ਗੱਲ ਨੂੰ ਕਿਤਨੇ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਬੰਧਨ ਸਾਡੇ ਮਨ ਦੀਆਂ ਬੇੜੀਆਂ ਹਨ ਜਿਨ੍ਹਾਂ ਨੇ ਸਾਡੇ ਮਨ ਦੀ ਸਮਝ ਨੂੰ ਬੰਨਿਆ ਹੋਇਆ ਹੈ ਜੋ ਬੇੜੀਆਂ ਖੁੱਲੇ ਬਿਨਾਂ ਅਸੀਂ ਇਸ ਬੰਧਨ ਤੋਂ ਆਜਾਦ ਨਹੀਂ ਹੋ ਸਕਦੇ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤਿ ਨਹੀਂ ਹੋ ਸਕਦੇ, ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲ ਸਕਦੇ ਜੋ ਮਨ ਦੀ ਸਮਝ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਣ ਤੋਂ, ਨਾਮ ਜਪਣ ਦਾ ਸਹੀ ਮਾਰਗ ਸਮਝਣ ਤੋਂ ਅਗਿਆਨਤਾ ਵਿੱਚ ਰੱਖਦੀ ਹੈ, ਧਰਮ ਦਾ ਮਾਰਗ, ਸੱਚ ਦਾ ਮਾਰਗ ਸਮਝਣ ਤੋਂ ਅਗਿਆਨਤਾ ਵਿੱਚ ਰੱਖਦੀ ਹੈ। ਧਰਮ ਦਾ ਮਾਰਗ, ਸੱਚ ਦਾ ਮਾਰਗ, ਨਾਮ ਜਪਣ ਦਾ ਮਾਰਗ ਭਾਵ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਪਰ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਭਾਵ ਹਉਮੈ ਰੂਪ ਬੰਧਨ ਵਿੱਚ ਰਹਿੰਦੇ ਹੋਏ ਅਸੀਂ ਉਹੋ ਜਿਹੇ ਭਗਤੀ ਦੇ ਤਰੀਕੇ ਨਾਲ ਜੁੜ ਜਾਂਦੇ ਹਾਂ, ਆਪਣੀ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਧਰਮ ਦੇ ਮਾਰਗ ਬਣਾ ਲੈਂਦੇ ਹਾਂ ਜੋ ਸਾਨੂੰ ਸੱਚ ਦੇ ਮਾਰਗ ਤੋਂ ਦੂਰ ਕਰ ਦਿੰਦੇ ਹਨ ਜਿਨ੍ਹਾਂ ਦੁਆਰਾ ਅਸੀਂ

ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਸਾਡੇ ਸਭ ਦੇ ਅੰਦਰ ਇੱਕੋ ਜਿਹਾ ਹੀ ਵਰਤਦਾ ਹੈ। ਪ੍ਰਮਾਤਮਾ ਇਹ ਨਹੀਂ ਚਾਹੁੰਦਾ ਕਿ ਉਸਨੂੰ ਕੋਈ ਆਪਣੇ ਆਪ ਜਾਣ ਸਕੇ ਤੇ ਇਸੇ ਲਈ ਉਸਨੇ ਆਪ ਹੀ ਸਭ ਨੂੰ ਹਉਮੈ ਰੂਪ ਪੜਦੇ ਵਿੱਚ, ਹਉਮੈ ਰੂਪ ਬੰਧਨ ਵਿੱਚ ਰੱਖਿਆ ਹੋਇਆ ਹੈ। **{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥ ਹਉਮੈ ਪੈਖੜੁ ਤੇਰੇ ਮਨੈ**

ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥ ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ ਅੰਤ ਕਾਲਿ ਮੂੜੇ ਚੋਟ ਖਾਹਿ ॥੭॥} ਅੰਗ ੧੧੮੯ **{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥ ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥ ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥ ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥ ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥ ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥ ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥ ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}** ਅੰਗ ੨੦੪-੨੦੫

ਪ੍ਰਮਾਤਮਾ ਨਾਲ ਮੇਲ ਕਰਨ ਦਾ ਤਰੀਕਾ ਕੇਵਲ ਤੇ ਕੇਵਲ ਹਉਮੈ ਵਿੱਚੋਂ ਨਿਕਲਣ ਦਾ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਹੈ ਭਾਵ ਮਨਮਤਿ ਵਿੱਚੋਂ ਨਿਕਲਣ ਦਾ ਹੈ ਭਾਵ ਆਪਣੇ ਅੰਦਰ ਗੁਰਮਤਿ ਨੂੰ ਵਸਾਉਂਣ ਦਾ ਹੈ ਭਾਵ ਗੁਰੂ ਦੀ ਸੱਚੀ ਸਮਝ ਨੂੰ ਵਸਾਉਂਣ ਦਾ ਹੈ ਜਿਸਨੂੰ ਆਪਣੇ ਅੰਦਰ ਵਸਾਉਂਣ ਦੁਆਰਾ ਅਸੀਂ ਮਨਮਤਿ ਵਿੱਚੋਂ ਨਿਕਲ ਸਕਦੇ ਹਾਂ ਤੇ ਸੱਚ ਦੇ ਨਾਲ ਜੁੜ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ। ਆਪਣੇ ਸਚੁ ਰੂਪ ਵਿੱਚ ਹੀ ਪ੍ਰਮਾਤਮਾ ਨਾਮ ਰੂਪ ਹੈ ਜੋ ਉਸਦਾ ਨਾਮ ਵੱਸਣ ਦੁਆਰਾ ਅਸੀਂ ਹਉਮੈ ਵਾਲੀ ਸਮਝ ਵਿੱਚੋਂ ਨਿਕਲ ਸਕਦੇ ਹਾਂ ਤੇ ਮਨ ਦੀ ਸੱਚੀ ਸਮਝ ਦੁਆਰਾ ਸੱਚ ਦੇ ਮਾਰਗ ਤੇ ਚੱਲ ਸਕਦੇ ਹਾਂ ਭਾਵ ਧਰਮ ਦੇ ਮਾਰਗ ਤੇ ਚੱਲ ਸਕਦੇ ਹਾਂ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਹੀ ਗੱਲ ਸਾਨੂੰ ਮੁਖ ਸ਼ਬਦ ਦੇ ਹੇਠ ਦਿੱਤੇ ਆਖਰੀ ਪਦੇ ਦੁਆਰਾ ਸਮਝਾਈ ਹੋਈ ਹੈ।

“ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥”

ਸ਼ਬਦਾਂ ਰਾਹੀਂ ਇਸ ਗੱਲ ਨੂੰ ਤਾਂ ਹਰ ਕੋਈ ਸਮਝ ਸਕਦਾ ਹੈ ਕਿ ਹਉਮੈ ਰੂਪ ਪੜਦਾ ਪ੍ਰਮਾਤਮਾ ਨੇ ਸਭ ਦੀ ਸਮਝ ਅੰਦਰ ਆਪ ਹੀ ਪਾਇਆ ਹੋਇਆ ਹੈ ਤਾਂ ਜੋ ਪ੍ਰਮਾਤਮਾ ਨੂੰ ਕੋਈ ਆਪਣੇ ਆਪ ਨਾ ਜਾਣੇ ਕਿ ਪ੍ਰਮਾਤਮਾ ਕੀ ਹੈ ਤੇ ਕਿਸ ਰੂਪ ਵਿੱਚ ਹੈ ਕਿਉਂਕਿ ਇਹ ਸੰਸਾਰ ਉਸਦੀ ਆਪਣੀ ਬਣਾਈ ਹੋਈ ਇੱਕ ਖੇਡ ਹੈ ਜਿਸ ਖੇਡ ਨੂੰ ਉਹ ਆਪਣੀ ਖੁਸ਼ੀ ਲਈ ਆਪਣੇ ਢੰਗ ਨਾਲ ਹੀ ਚਲਾਉਂਦਾ ਹੈ, ਸਭ ਨੂੰ ਪੜਦੇ ਵਿੱਚ ਰੱਖ ਕੇ ਹੀ ਚਲਾਉਂਦਾ ਹੈ। ਮਨ ਦਾ ਇਹ ਹਉਮੈ ਰੂਪ ਪੜਦਾ ਉਤਾਰਨ ਲਈ ਭਾਵ ਆਪਣਾ ਆਪ ਜਨਾਉਂਣ ਲਈ ਕਿ ਪ੍ਰਮਾਤਮਾ ਕੀ ਹੈ ਇਸ ਦਾ ਸਾਧਨ ਵੀ ਉਸਨੇ ਨਾਲ ਹੀ ਬਣਾਇਆ ਹੋਇਆ ਹੈ, ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਬਣਾਇਆ ਹੋਇਆ ਹੈ ਜਿਵੇਂ ਕਿ

47/6254

ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ। ਪ੍ਰਮਾਤਮਾ ਆਪ ਸਤਿਗੁਰੁ ਹੈ ਤੇ ਸੱਚੇ ਧਰਮ ਗ੍ਰੰਥ, ਉਸਦੇ ਆਪਣੇ ਰੱਚੇ ਹੋਏ ਧਰਮ ਗ੍ਰੰਥ ਉਸਦਾ ਆਪਣਾ ਸਤਿਗੁਰੁ ਰੂਪ ਹੀ ਹੈ ਜਿਸ ਗੱਲ ਦੀ ਸਮਝ ਉਸਦੇ ਸਤਿਗੁਰੁ ਰੂਪ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਜਿਵੇਂ ਕਿ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਸਦੇ ਸਤਿਗੁਰੂ ਰੂਪ ਦੀ ਸਮਝ ਪਈ ਹੈ ਭਾਵ ਜਿਨ੍ਹਾਂ ਸਰੀਰਾਂ ਦੇ ਅੰਦਰ ਪ੍ਰਮਾਤਮਾ ਆਪਣਾ ਸਤਿਗੁਰੂ ਰੂਪ ਪ੍ਰਗਟ ਕਰਦਾ ਹੈ ਉਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਸ ਤਰੀਕੇ ਕਿਸੇ ਦੀ ਹਉਮੈ ਨਿਕਲ ਸਕਦੀ ਹੈ ਭਾਵ ਅਗਿਆਨਤਾ ਵਾਲੀ ਸਮਝ ਨਿਕਲ ਸਕਦੀ ਹੈ, ਮਨ ਦਾ ਪੜਦਾ ਦੂਰ ਹੋ ਸਕਦਾ ਹੈ ਭਾਵ ਮਨ ਦੀ ਸਮਝ ਬੰਧਨ ਤੋਂ ਮੁਕਤਿ ਹੋ ਸਕਦੀ ਹੈ ਤੇ ਇਸੇ ਤਰੀਕੇ ਹੀ ਕਿਸੇ ਦੇ ਅੰਦਰ ਸੱਚ ਵੱਸ ਸਕਦਾ ਹੈ ਜੋ ਸਚੁ ਰੂਪ ਪ੍ਰਮਾਤਮਾ ਭਾਵ ਸੱਚੇ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਕਿਸੇ ਦੇ ਮਨ ਦੇ ਵਿੱਚ ਆ ਕੇ ਵੱਸਦਾ ਹੈ। ਸਾਰੀ ਗੱਲ ਉਸ ਸਤਿਗੁਰੁ ਰੂਪ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਹੈ ਜਿਸ ਦੁਆਰਾ ਮਨੁੱਖ ਦੀ ਹਉਮੈ ਜਾ ਸਕਦੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸਤਿਗੁਰੂ ਰੂਪ ਹੈ ਜੋ ਸਤਿਗੁਰੁ ਸਭ ਨੂੰ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਸੱਚੇ ਗਿਆਨ ਦਾ ਮਕਸਦ ਹੀ ਮਨੁੱਖ ਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ, ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਭਾਵ ਹਉਮੈ ਵਿੱਚੋਂ ਕੱਢਣ ਦਾ ਹੈ। ਸਾਡੀ ਹਉਮੈ ਤਾਂ ਹੀ ਨਿਕਲੇਗੀ ਭਾਵ ਸਾਡਾ ਅਗਿਆਨਤਾ ਰੂਪ ਪੜਦਾ ਤਾਂ ਹੀ ਨਿਕਲੇਗਾ ਜੇ ਅਸੀਂ ਸਤਿਗੁਰੁ ਦੀ ਮਤਿ ਦੇ ਨਾਲ ਮੇਲ ਕਰਾਂਗੇ

ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਤੇ ਆਪਣੀ ਸੁਰਤਿ ਦੇ ਭਰਮਾਂ ਵਾਲੇ ਵਿਚਾਰਾਂ ਨੂੰ ਛਡਾਂਗੇ। ਸੱਚ ਨੂੰ ਆਪਣੇ ਅੰਦਰ ਵਸਾਉਂਣ ਦਾ ਭਾਵ ਸਚੁ ਰੂਪ ਪ੍ਰਮਾਤਮਾ ਨੂੰ, ਨਾਮ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰ ਵਸਾਉਂਣ ਦਾ ਤਰੀਕਾ ਆਪਣੀ ਹਉਮੈ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੀ ਹੈ ਜੋ ਕਿ ਗੁਰੂ ਦੀ ਮਤਿ ਦੇ ਨਾਲ ਮੇਲ ਕਰਨ ਦੁਆਰਾ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਸਤਿਗੁਰੁ ਆਪਣੀ ਗੁਰਮਤਿ ਦੇ ਰੂਪ ਵਿੱਚ ਹੀ ਗੁਰੂ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮਤਿ ਦੇ ਸੱਚੇ ਗਿਆਨ ਦੇ ਨਾਲ ਮੇਲ ਹੀ ਸਤਿਗੁਰੁ ਦੇ ਨਾਲ ਮੇਲ ਹੈ। **(ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥)**

47/6255

ਸੱਚ ਦੇ ਮਾਰਗ ਤੇ, ਨਾਮ ਦੇ ਮਾਰਗ ਤੇ, ਭਗਤੀ ਦੇ ਮਾਰਗ ਤੇ ਮਨੁੱਖ ਤਾਂ ਹੀ ਚਲ ਸਕਦਾ ਹੈ ਜਦੋਂ ਮਨੁੱਖ ਦੀ ਹਉਮੈ ਨਿਕਲ ਜਾਂਦੀ ਹੈ ਤੇ ਸਾਡੇ ਅੰਦਰ ਸੱਚ ਵੱਸ ਜਾਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥”

ਸੱਚ ਦੀ ਕਮਾਈ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਜਿਸਨੂੰ ਕਿ ਉਹ ਨਾਮ ਦੀ ਕਮਾਈ ਕਰਨਾ ਕਹਿੰਦੇ ਹਨ ਜੋ ਕਮਾਈ ਉਹ ਆਪਣੇ ਵੱਲੋਂ ਇੱਕ ਅੱਖਰ ਨੂੰ ਨਾਮ ਸਮਝਕੇ ਉਸ ਅੱਖਰ ਨੂੰ ਬੋਲ ਬੋਲ ਕੇ ਨਾਮ ਦੀ ਕਮਾਈ ਕਰਨਾ ਸਮਝਦੇ ਹਨ, ਸੱਚ ਦੀ ਕਮਾਈ ਕਰਨਾ ਸਮਝਦੇ ਹਨ ਜੋ ਕਿ ਕੇਵਲ ਮਨ ਦਾ ਭਰਮ ਹੈ ਭਾਵ ਸਾਡੇ ਅੰਦਰ ਹਉਮੈ ਵਾਲੀ ਸਮਝ ਦਾ ਹੋਣਾ ਹੈ, ਜਿਸ ਸਮਝ ਵਿੱਚ ਰਹਿੰਦਿਆਂ ਨਾਮ ਦੀ ਸਮਝ ਹੀ ਨਹੀਂ ਪੈਂਦੀ, ਸੱਚ ਦੀ ਸਮਝ ਹੀ ਨਹੀਂ ਪੈਂਦੀ। ਸੱਚ ਦੀ ਸਮਝ ਹੀ ਉਦੋਂ ਪੈਂਦੀ ਹੈ ਜਦੋਂ ਸਾਡੇ ਅੰਦਰ ਸਚੁ ਰੂਪ ਪ੍ਰਮਾਤਮਾ ਵੱਸ ਜਾਂਦਾ ਹੈ ਤੇ ਮਨੁੱਖ ਨੂੰ ਮਨ ਦੀ ਹਉਮੈ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਜਿਵੇਂ ਕਿ ਅਸੀਂ ਉਪਰ ਵਾਲੀ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। ਸੱਚ ਦੀ ਕਮਾਈ ਮਨੁੱਖ ਉਦੋਂ ਹੀ ਕਰਦਾ ਹੈ ਜਦੋਂ ਸੱਚ ਦੀ ਸਮਝ ਪੈ ਜਾਂਦੀ ਹੈ, ਸੱਚ ਦੇ ਮਾਰਗ ਤੇ ਚੱਲਣ ਦੀ ਸਮਝ ਪੈ ਜਾਂਦੀ ਹੈ, ਨਾਮ ਜਪਣ ਦੀ ਸਮਝ ਪੈ ਜਾਂਦੀ ਹੈ। ਸੱਚ ਦੀ ਕਮਾਈ ਕਰਨਾ ਕੀ ਹੈ ਇਹ ਸਾਨੂੰ ਉਪਰ ਪੰਗਤੀ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਜੋ ਕਿ ਹਰ ਵੇਲੇ ਸੱਚੇ ਰਹਿਣ ਦਾ ਮਾਰਗ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਦੇ ਮਾਰਗ ਦੇ ਨਾਲ ਰਹਿਣ ਦਾ ਮਾਰਗ ਹੈ। ਗੁਰੂ ਦੇ ਸੱਚ ਨਾਲ ਸਾਡੇ ਮਨ ਦੀ ਸਮਝ ਹੀ ਰਹਿ ਸਕਦੀ ਹੈ। ਗੁਰੂ ਆਪਣਾ ਸਚੁ ਸਮਝਾਉਂਣ ਦੁਆਰਾ ਸਾਨੂੰ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਸੱਚੇ ਗਿਆਨ ਨੂੰ ਮੰਨਣ ਦੁਆਰਾ ਮਨੁੱਖ ਆਪਣੀ ਆਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜ ਸਕਦਾ ਹੈ ਤੇ ਫਿਰ ਸੱਚਾ ਹੀ ਬਣਿਆ ਰਹਿੰਦਾ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਵਾਲਾ ਹੀ ਬਣਿਆ ਰਹਿੰਦਾ ਹੈ ਜੋ ਮਨ ਦੀ ਸੱਚੀ ਸਮਝ ਫਿਰ ਮਨੁੱਖ ਨੂੰ ਸੱਚ ਤੇ ਹੀ ਚਲਾਉਂਦੀ ਹੈ ਭਾਵ ਮਨੁੱਖ ਕੋਲੋਂ ਸੱਚੇ ਕਰਮ ਹੀ ਕਰਾਉਂਦੀ ਹੈ, ਮਾਇਆ ਮੋਹ ਵਿੱਚੋਂ ਕੱਢਕੇ, ਤ੍ਰਿਸ਼ਨਾਵਾਂ ਵਿੱਚੋਂ ਕੱਢਕੇ,

47/6256

ਸਾਰੇ ਅਉਗੁਣਾਂ ਵਿੱਚੋਂ ਕੱਢਕੇ ਸੱਚੇ ਸੁੱਚੇ ਕਰਮ ਹੀ ਕਰਾਉਂਦੀ ਹੈ ਜਿਸ ਤਰੀਕੇ ਉਸ ਸੱਚੇ ਗੁਰੂ ਦੀ ਸੇਵਾ ਕੀਤੀ ਜਾ ਸਕਦੀ ਹੈ। ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਪ੍ਰਮਾਤਮਾ ਦੇ ਵਿੱਚ ਸਮਾਉਂਣ ਦਾ ਤਰੀਕਾ ਗੁਰੂ ਦੇ ਸੱਚ ਨਾਲ ਜੁੜਨਾ ਹੀ ਹੈ। ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਹੈ ਤੇ ਉਸਦੇ ਵਿੱਚ ਸੱਚੇ ਬਣਕੇ ਹੀ ਸਮਾਇਆ ਜਾ ਸਕਦਾ ਹੈ ਭਾਵ ਮਨ ਦੀ ਸੱਚੀ ਸਮਝ ਦੁਆਰਾ ਹੀ ਸਮਾਇਆ ਜਾ ਸਕਦਾ ਹੈ, ਹਉਮੈ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਸਮਾਇਆ ਜਾ ਸਕਦਾ ਹੈ। **(ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥ ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥)**

“ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥”

(ਅੰਗ ੪੬੬)

ਜਦ ਤਕ ਮਨੁੱਖ ਨੂੰ ਹਉਮੈ ਦੀ ਸਮਝ ਨਹੀਂ ਲਗਦੀ ਭਾਵ ਆਪਣੇ ਅੰਦਰੋਂ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਹਉਮੈ ਕੀ ਹੈ ਤੇ ਕਿਵੇਂ ਨਿਕਲਦੀ ਹੈ ਤਦ ਤਕ ਹਰ ਕੋਈ ਨਾਮ ਵਿਹੂਣਾ ਹੀ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਸਮਝ ਸਕਦਾ ਹੈ। ਪ੍ਰਮਾਤਮਾ ਦਾ ਦਰ ਸਾਡੇ ਅੰਦਰ ਹੀ ਹੈ ਜਿਸ ਦਰ ਦੀ ਸੋਝੀ ਹਉਮੈ ਨੂੰ ਸਮਝਣ ਦੁਆਰਾ ਹੀ ਪੈਂਦੀ ਹੈ ਭਾਵ

ਜੋ ਪ੍ਰਮਾਤਮਾ ਦੇ ਦਰ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹੀ ਹਉਮੈ ਨੂੰ ਸਮਝ ਸਕਦਾ ਹੈ ਤੇ ਉਸਨੂੰ ਹੀ ਨਾਮ ਦੀ ਸਮਝ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜਦ ਤਕ ਸਾਡੇ ਅੰਦਰ ਹਉਮੈ ਹੈ ਤਦ ਤਕ ਸਾਡੇ ਅੰਦਰ ਨਾਮ ਨਹੀਂ ਹੋ ਸਕਦਾ ਤੇ ਨਾਮ ਦੀ ਸੋਝੀ ਪੈਣ ਦੁਆਰਾ ਸਾਡੇ ਅੰਦਰ ਹਉਮੈ ਨਹੀਂ ਰਹਿ ਸਕਦੀ। ਹਉਮੈ ਦੇ ਰਹਿੰਦਿਆਂ ਹਰ ਕੋਈ ਗਿਆਨ ਵਿਹੂਣਾ ਹੈ ਭਾਵ ਗੁਰਮਤਿ ਦੇ ਸੱਚੇ ਗਿਆਨ ਤੋਂ ਬਿਨਾਂ ਹੈ ਜਿਸ ਸਮਝ ਵਿੱਚ ਰਹਿੰਦਿਆਂ ਭਗਤੀ ਦੇ ਸੱਚੇ ਮਾਰਗ ਦੀ ਭਾਵ ਨਾਮ ਜਪਣ ਦੀ ਸੋਝੀ ਹੀ ਨਹੀਂ ਪੈਂਦੀ ਤੇ ਆਪਣੀ ਭਰਮਾਂ ਵਾਲੀ ਸਮਝ ਕਰਕੇ ਅਸੀਂ ਸ਼ਬਦਾਂ ਦੀ ਕਥਨੀ ਨਾਲ ਹੀ ਜੁੜੇ ਰਹਿੰਦੇ ਹਾਂ, ਕਿਸੇ ਅੱਖਰ ਦੀ ਕਥਨੀ ਨਾਲ ਹੀ ਜੁੜੇ ਰਹਿੰਦੇ ਹਾਂ ਜਿਸ ਕਥਨੀ ਦੁਆਰਾ ਸਾਨੂੰ ਕੋਈ ਗੁਰੂ ਦਾ ਗਿਆਨ ਨਹੀਂ ਮਿਲਦਾ ਤੇ ਅਸੀਂ ਆਪਣੀ ਮਨਮਤਿ ਵਾਲੀ ਸਮਝ ਨਾਲ ਹੀ ਲੁਝਦੇ ਰਹਿੰਦੇ ਹਾਂ ਕਿ ਅਸੀਂ ਭਗਤੀ ਦੀ ਸਮਝ ਵਾਲੇ ਹਾਂ ਭਾਵ ਕਥਨੀ ਵਾਲੀ ਭਗਤੀ ਸਾਡੀ ਕਿਸੇ ਲੇਖੇ ਨਹੀਂ ਉਹ ਕੇਵਲ ਸਾਡੀ ਹਉਮੈ ਦਾ ਨਤੀਜਾ ਹੈ, ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਦਾ ਨਤੀਜਾ ਹੈ ਜੋ ਸਮਝ ਗੁਰੂ ਦੇ ਸੱਚੇ ਗਿਆਨ ਤੋਂ

47/6257

ਵਿਹੂਣੀ ਹੈ ਭਾਵ ਨਾਮ ਤੋਂ ਵਿਹੂਣੀ ਹੈ। ਹਉਮੈ ਵਾਲੀ ਸਮਝ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਸ ਲਈ ਸਾਡਾ ਸੱਚਾ ਉਦਮ ਗੁਰੂ ਦੇ ਸੱਚੇ ਗਿਆਨ ਨਾਲ ਜੁੜਕੇ ਹਉਮੈ ਵਿੱਚੋਂ ਨਿਕਲਣ ਦਾ ਹੋਣਾ ਚਾਹੀਦਾ ਹੈ ਤਾਂ ਜੋ ਅਸੀਂ ਭਗਤੀ ਦੇ, ਨਾਮ ਜਪਣ ਦੇ ਉਹੋ ਜਿਹੇ ਤਰੀਕੇ ਨਾਲ ਜੁੜੀਏ ਜੋ ਤਰੀਕਾ ਗੁਰੂ ਸਾਨੂੰ ਬਾਰ-ਬਾਰ ਆਪਣੇ ਸ਼ਬਦਾਂ ਰਾਹੀਂ ਸਮਝਾ ਰਿਹਾ ਹੈ। **(ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥ ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥)** ਹੁਣ ਅਸੀਂ ਇਸ ਤੋਂ ਪਹਿਲੇ ਸ਼ਬਦ ਦੀ **ਰਹਾਉ** ਵਾਲੀ ਪੰਗਤੀ ਨੂੰ ਸਮਝਦੇ ਹਾਂ ਜੋ ਕਿ ਹਉਮੈ ਨਾਲ ਜੁੜਿਆ ਹੋਇਆ ਸ਼ਬਦ ਹੈ ਤੇ ਇਸ ਹੇਠ ਦਿੱਤੇ ਸ਼ਬਦ ਦੇ ਰਹਾਉ ਵਾਲੇ ਪਦੇ ਤੋਂ ਬਿਨਾਂ ਬਾਕੀ ਵਾਲੇ ਪਦਿਆਂ ਨੂੰ ਸਮਝ ਚੁਕੇ ਹਾਂ।

“ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥”

(ਅੰਗ ੫੬੦)

ਉਪਰ ਵਾਲੇ ਸ਼ਬਦ ਦੇ ਆਖਰੀ ਪਦੇ ਦੁਆਰਾ ਅਸੀਂ ਸੱਚ ਦੀ ਕਮਾਈ ਕਿਵੇਂ ਕਰਨੀ ਹੈ ਤੇ ਸਾਡੀ ਹਉਮੈ ਕਿਵੇਂ ਦੂਰ ਹੋਣੀ ਹੈ ਇਸ ਗੱਲ ਨੂੰ ਸਮਝਿਆ ਹੈ ਤੇ ਬਾਕੀ ਦੇ ਪਦਿਆਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ, ਬਰੀਕੀ ਨਾਲ ਸਮਝਿਆ ਹੈ ਕਿ ਹਉਮੈ ਸਭਦੇ ਅੰਦਰ ਕਿਸ ਰੂਪ ਵਿੱਚ ਹੈ ਤੇ ਨਾਮ ਦੇ ਨਾਲ ਹਉਮੈ ਦਾ ਵਿਰੋਧ ਕਿਸ ਰੂਪ ਵਿੱਚ ਹੈ ਤੇ ਹਉਮੈ ਵਿੱਚ ਰਹਿੰਦਿਆਂ ਪ੍ਰਮਾਤਮਾ ਦੀ ਸੇਵਾ, ਪ੍ਰਮਾਤਮਾ ਦੀ ਭਗਤੀ ਕਿਸ ਲਈ ਨਹੀਂ ਹੋ ਸਕਦੀ ਤੇ ਪ੍ਰਮਾਤਮਾ ਦਾ ਨਾਮ ਕਿਸ ਕਰਕੇ ਨਹੀਂ ਜਪਿਆ ਜਾ ਸਕਦਾ ਤੇ ਹਉਮੈ ਵਿੱਚ ਰਹਿੰਦਿਆਂ ਪ੍ਰਮਾਤਮਾ ਦਾ ਹੁਕਮ ਕਿਸ ਕਰਕੇ ਨਹੀਂ ਬੁੱਝਿਆ ਜਾ ਸਕਦਾ ਤੇ ਸਾਡੇ ਅੰਦਰ ਹਉਮੈ ਦਾ ਬੰਧਨ ਕਿਸ ਰੂਪ ਵਿੱਚ ਹੈ ਤੇ ਹਉਮੈ ਦੇ ਰਹਿੰਦਿਆਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਸ ਕਰਕੇ ਨਹੀਂ ਜਾਣ ਸਕਦੇ ਭਾਵ ਪ੍ਰਮਾਤਮਾ ਨੂੰ ਮਨ ਦੇ ਅੰਦਰੋਂ ਹਉਮੈ ਨਿਕਲੇ ਬਿਨਾਂ ਉਸਨੂੰ ਕੋਈ ਨਹੀਂ ਜਾਣ ਸਕਦਾ। ਉਪਰ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਹਉਮੈ ਕਿਸ ਤਰੀਕੇ ਨਿਕਲ ਸਕਦੀ ਹੈ ਤੇ ਉਸ ਪ੍ਰਮਾਤਮਾ ਦੇ ਨਾਲ ਕਿਸ ਤਰੀਕੇ ਮਿਲਿਆ ਜਾ ਸਕਦਾ ਹੈ।

“ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥”

47/6258

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਭਾਵ ਉਸ ਦੇ ਨਾਲ ਮੇਲ ਕਰਨ ਦਾ ਤਰੀਕਾ ਇੱਕੋ ਹੀ ਹੈ ਜੋ ਤਰੀਕਾ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉਪਰ ਸ਼ਬਦ ਰਾਹੀਂ ਵੀ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਉਹੀ ਤਰੀਕਾ ਸਮਝਾਇਆ ਹੋਇਆ ਹੈ ਜੋ ਕਿ ਕੋਈ ਵੱਖਰਾ ਤਰੀਕਾ ਨਹੀਂ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜਿਸ ਨੂੰ ਜਾਨਣ ਦਾ ਤਰੀਕਾ ਗੁਰੂ ਦਾ ਸ਼ਬਦ ਹੈ। ਅਸੀਂ ਗੁਰੂ ਦੇ ਸ਼ਬਦ ਨੂੰ ਕਮਾਉਂਣਾ ਹੈ। ਗੁਰੂ ਦਾ ਸ਼ਬਦ ਸਾਨੂੰ ਸੱਚ ਹੀ ਸਮਝਾਉਦਾ ਹੈ। ਜੋ ਸੱਚ ਦੀ ਕਮਾਈ ਕਰਨ ਦਾ ਤਰੀਕਾ ਹੈ ਜੋ ਕਿ ਅਸੀਂ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਿਆ ਉਹ ਹੀ ਤਰੀਕਾ ਗੁਰੂ ਦੇ ਸ਼ਬਦ ਨੂੰ ਆਪਣੇ ਜੀਵਨ ਵਿੱਚ ਕਮਾਉਂਣ ਦਾ ਹੈ। ਗੁਰੂ ਦਾ ਸ਼ਬਦ ਸਾਨੂੰ ਆਪਣੇ ਵਿਚਾਰ ਹੀ ਦਿੰਦਾ ਹੈ ਤੇ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਹੀ ਕਮਾਉਂਣਾ ਹੈ। ਗੁਰੂ ਦੇ ਸ਼ਬਦਾਂ ਦੀ ਕਮਾਈ ਕਰਨਾ ਹੀ ਪ੍ਰਮਾਤਮਾ ਨੂੰ ਚੇਤਣਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਚੇਤੇ ਵਿੱਚ ਰੱਖਣਾ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਆਪ ਸ਼ਬਦ ਦੇ ਵਿੱਚ ਹੈ ਅਸੀਂ ਪ੍ਰਮਾਤਮਾ ਦੇ ਉਸੇ ਰੂਪ ਨੂੰ ਹੀ ਚੇਤਣਾ ਹੈ। ਪ੍ਰਮਾਤਮਾ ਸ਼ਬਦਾਂ ਦੀ ਸਮਝ ਦੇ ਅੰਦਰ ਹੈ, ਸ਼ਬਦਾਂ ਦੇ ਅੰਦਰ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੈ ਜਿਸ ਨਾਮ ਨੂੰ ਅਸੀਂ ਆਪਣੇ ਚੇਤੇ ਵਿੱਚ ਰੱਖਣਾ ਹੈ। **{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}** ਅੰਗ ੧੨੦

ਸ਼ਬਦਾਂ ਦੀ ਸਮਝ ਨੂੰ ਹਰ ਵੇਲੇ ਆਪਣੇ ਚੇਤੇ ਵਿੱਚ ਰੱਖਣਾ ਭਾਵ ਯਾਦ ਰੱਖਣਾ ਭਾਵ ਉਹਨਾਂ ਨੂੰ ਮੰਨਣਾ ਹਰ ਵੇਲੇ **“ਹਰਿ”** ਨੂੰ ਆਪਣੇ ਚੇਤੇ ਵਿੱਚ ਰੱਖਣਾ ਹੈ ਤੇ ਉਸ ਸਮਝ ਦੁਆਰਾ ਵਿਚਰਨਾ ਗੁਰੂ ਦੇ ਸ਼ਬਦ ਨੂੰ ਆਪਣੇ ਜੀਵਨ ਵਿੱਚ ਕਮਾਉਂਣਾ ਹੈ। **(ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥)** ਅਸੀਂ ਸ਼ਬਦ ਨੂੰ ਆਪਣੇ ਜੀਵਨ ਵਿੱਚ ਕਿਵੇਂ ਕਮਾਉਂਣਾ ਹੈ ਭਾਵ ਗੁਰੂ ਪ੍ਰਮਾਤਮਾ ਨੂੰ ਕਿਸ ਤਰੀਕੇ ਆਪਣੇ ਚੇਤੇ ਵਿੱਚ ਰੱਖਣਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥”

ਗੁਰੂ ਦਾ ਹਰ ਸ਼ਬਦ ਸਾਨੂੰ ਹੁਕਮ ਹੀ ਸਮਝਾਉਦਾ ਹੈ ਜੋ ਆਪਣੀ

47/6259

ਸੱਚੀ ਸਿੱਖਿਆ ਦੇ ਰੂਪ ਵਿੱਚ ਸੁਣਾਉਂਦਾ ਹੈ, ਗੁਰਮਤਿ ਦੇ ਰੂਪ ਵਿੱਚ ਹੀ ਸੁਣਾਉਂਦਾ ਹੈ, ਸੱਚ ਦੇ ਰੂਪ ਵਿੱਚ ਹੀ ਸੁਣਾਉਂਦਾ ਹੈ ਜੋ ਸੱਚ ਕਦੇ ਬਦਲ ਨਹੀਂ ਸਕਦਾ। ਗੁਰੂ ਦਾ ਹਰ ਹੁਕਮ ਸਾਡੇ ਲਈ ਸੱਚਾ ਹੁਕਮ ਹੈ ਤੇ ਉਸਦੇ ਹੁਕਮ ਨੂੰ ਮੰਨੇ ਬਿਨਾਂ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਭਾਵ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਹੋ ਸਕਦਾ ਜਿਵੇਂ ਕਿ ਉੱਪਰਲੀਆਂ ਪੰਗਤੀਆਂ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। **(ਹੁਕਮੁ ਮੰਨਹਿ ਤਾ ਹਰਿ ਮਿਲੈ)** ਪ੍ਰਮਾਤਮਾ ਦਾ ਹੁਕਮ ਸਾਰੀ ਗੁਰਬਾਣੀ ਵਿੱਚ ਕਿਸ ਰੂਪ ਵਿੱਚ ਹੈ ਉਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਉਸ ਦੇ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚੀ ਸਿੱਖਿਆ ਹੀ ਦਿੰਦੀ ਹੈ ਤੇ ਉਹ ਸਿੱਖਿਆ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੈ। ਗੁਰੂ ਦੀ ਸਿੱਖਿਆ ਨੂੰ ਮੰਨਣ ਲਈ ਭਾਵ ਗੁਰੂ ਦਾ ਹੁਕਮ ਮੰਨਣ ਲਈ ਸਾਨੂੰ ਬਹੁਤ ਕੁਝ ਤਿਆਗਣਾ ਪੈਂਦਾ ਹੈ, ਮਾਇਆ ਮੋਹ ਤਿਆਗਣਾ ਪੈਂਦਾ ਹੈ, ਹਰ ਅਉਗੁਣ ਤਿਆਗਣਾਂ ਪੈਂਦਾ ਹੈ, ਹਰ ਉਸ ਗੱਲ ਦਾ ਤਿਆਗ ਕਰਨਾ ਪੈਂਦਾ ਹੈ ਜੋ ਗੱਲ ਗੁਰੂ ਸਾਨੂੰ ਤਿਆਗਣ ਲਈ ਸਮਝਾਉਦਾ ਹੈ, ਸਾਨੂੰ ਉਹੋ ਜਿਹਾ ਹਰ ਤਰੀਕਾ ਤਿਆਗਣਾਂ ਪੈਂਦਾ ਹੈ ਜਿਨ੍ਹਾਂ ਤਰੀਕਿਆਂ ਨੂੰ ਅਸੀਂ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ ਕਿਉਂਕਿ ਗੁਰੂ ਉਹਨਾਂ ਨੂੰ ਤਿਆਗਣ ਲਈ ਸਮਝਾਉਂਦਾ ਹੈ ਇਹਨਾਂ ਗੱਲਾਂ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ। ਗੁਰੂ ਦੇ ਹੁਕਮ ਨੂੰ ਮੰਨਣਾ ਬਹੁਤ ਔਖਾ ਹੈ, ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਤਿਆਗਣਾ ਬਹੁਤ ਔਖਾ ਹੈ ਭਾਵ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਬਹੁਤ ਔਖਾ ਹੈ ਜਿਸਨੂੰ ਮੰਨੇ ਬਿਨਾਂ ਸਾਡਾ ਪ੍ਰਮਾਤਮਾ ਦੇ ਨਾਲ ਮਿਲਣ ਦਾ ਸੱਚਾ ਉਦੱਮ ਹੋ ਹੀ ਨਹੀਂ ਸਕਦਾ। ਗੁਰੂ ਦਾ ਹੁਕਮ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਹੁੰਦਾ ਹੈ, ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੁੰਦਾ ਹੈ ਜਿਸ ਸੱਚੀ ਸਮਝ ਨੂੰ ਮੰਨਣ ਨਾਲ ਸਾਡੇ ਮਨ ਦੀ ਭਰਮਾਂ ਵਾਲੀ ਸਮਝ ਹੀ ਨਿਕਲਦੀ ਹੈ, ਮਨਮਤਿ ਹੀ ਨਿਕਲਦੀ ਹੈ, ਮਨ ਦੀ ਅਗਿਆਨਤਾ ਹੀ

ਨਿਕਲਦੀ ਹੈ ਜਿਸ ਦੇ ਰਹਿੰਦਿਆਂ ਅਸੀਂ ਗੁਰੂ ਦੀ ਸੱਚੀ ਮਤਿ ਨਾਲ ਨਹੀਂ ਜੁੜਦੇ, ਧਰਮ ਦੇ ਸੱਚੇ ਮਾਰਗ ਨਾਲ ਨਹੀਂ ਜੁੜਦੇ ਭਾਵ ਕੇਵਲ ਭਗਤੀ ਦੇ ਦਿਖਾਵਿਆਂ ਤੱਕ ਹੀ ਰਹਿੰਦੇ ਹਾਂ, ਸਰੀਰਕ ਜਪਾਂ ਤਪਾਂ ਨਾਲ ਹੀ ਜੁੜੇ ਰਹਿੰਦੇ ਹਾਂ, ਕਥਨੀ ਨਾਲ ਹੀ ਜੁੜੇ ਰਹਿੰਦੇ

47/6260

ਹਾਂ ਜਿਨ੍ਹਾਂ ਨਾਲ ਸਾਨੂੰ ਕੋਈ ਸੱਚਾ ਗਿਆਨ ਨਹੀਂ ਮਿਲਦਾ ਭਾਵ ਅਸੀਂ ਮਨ ਦੀ ਅਗਿਆਨਤਾ ਵਿੱਚ ਹੀ ਰਹਿੰਦੇ ਹਾਂ ਭਾਵ ਹਉਮੈ ਵਿੱਚ ਹੀ ਰਹਿੰਦੇ ਹਾਂ। ਹਉਮੈ ਵਿੱਚ ਰਹਿੰਦਿਆਂ ਭਾਵ ਹਉਮੈ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕੀਤੇ ਬਿਨ੍ਹਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਹਉਮੈ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਗੁਰੂ ਦੇ ਹੁਕਮ ਨੂੰ ਮੰਨਣਾ ਹੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਨੂੰ ਮੰਨਣਾ ਹੀ ਹੈ। ਹਉਮੈ ਵਿੱਚੋਂ ਉਹ ਹੀ ਨਿਕਲ ਸਕਦਾ ਹੈ ਜਿਸ ਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕੱਢਦਾ ਹੈ ਜਿਸ ਲਈ ਕੇਵਲ ਅਸੀਂ ਉਪਰਾਲਾ ਹੀ ਕਰਣਾ ਹੈ। ਉਪਰ ਵਾਲੀ ਪੰਗਤੀ ਰਾਹੀਂ ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਹਉਮੈ ਉਸਦੀ ਹੀ ਨਿਕਲਦੀ ਹੈ ਜਿਸਨੂੰ ਪ੍ਰਮਾਤਮਾ ਮਿਲ ਜਾਂਦਾ ਹੈ ਭਾਵ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ। **(ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥)** ਇਸ ਪੰਗਤੀ ਰਾਹੀਂ ਹੁਣ ਧਿਆਨ ਨਾਲ ਸਮਝੋ ਕਿ ਜੋ ਇਹ ਕਹਿੰਦੇ ਹਨ ਕਿ ਉਹਨਾਂ ਦੀ ਹਉਮੈ ਨਿਕਲੀ ਹੋਈ ਹੈ ਭਾਵ ਉਹਨਾਂ ਦੇ ਅੰਦਰ ਹਉਮੈ ਨਹੀਂ ਹੈ ਫਿਰ ਕੀ ਉਹ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਹਨ, ਕੀ ਉਹ ਪ੍ਰਮਾਤਮਾ ਨੂੰ ਜਾਣਦੇ ਹਨ ਭਾਵ ਉਹ ਵੱਡੇ ਭਰਮ ਵਿੱਚ ਹਨ। ਸ਼ਬਦ ਰਾਹੀਂ ਇਹ ਵੀ ਬੜਾ ਸਪਸ਼ਟ ਹੈ ਕਿ ਜਿਸ ਦੇ ਅੰਦਰ ਹਉਮੈ ਹੁੰਦੀ ਹੈ ਉਸ ਦੇ ਅੰਦਰ ਨਾਮ ਨਹੀਂ ਹੁੰਦਾ ਭਾਵ ਨਾਮ ਸਾਡੇ ਅੰਦਰ ਹਉਮੈ ਨਿਕਲਣ ਦੁਆਰਾ ਹੀ ਵੱਸਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਵੱਸਦਾ ਹੈ। ਪ੍ਰਮਾਤਮਾ ਦੇ ਨਾਲ ਮਨ ਵਿੱਚ ਮੇਲ ਹੋਣਾ ਜਾਂ ਸਾਡੇ ਅੰਦਰ ਨਾਮ ਦਾ ਵੱਸਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀ ਸਮਝਿਆ ਹੈ। ਜਿਸ ਦੇ ਅੰਦਰ ਨਾਮ ਵੱਸ ਜਾਂਦਾ ਹੈ ਉਸਦੀ ਹੀ ਹਉਮੈ ਨਿਕਲਦੀ ਹੈ ਭਾਵ ਜਿਸਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਦੇ ਮਨ ਦੀ ਅਗਿਆਨਤਾ ਹੀ ਨਿਕਲਦੀ ਹੈ ਜਿਸ ਦੁਆਰਾ ਮਨੁੱਖ ਹਉਮੈ ਦੇ ਬੰਧਨ ਤੋਂ ਨਿਕਲਦਾ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਆਪਣੀ ਭਗਤੀ, ਸੱਚੀ ਸਮਝ, ਧਰਮ ਦੇ ਮਾਰਗ ਦੀ ਸੱਚੀ ਸਮਝ ਆਪ ਹੀ ਪਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ ਭਾਵ ਆਪਣਾ ਹੁਕਮ ਆਪ ਹੀ ਸਮਝਾਉਂਦਾ ਹੈ ਤੇ ਆਪਣਾ ਹੁਕਮ ਆਪ ਹੀ ਮੰਨਾਉਂਦਾ ਹੈ। **(ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥ ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥ ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥ ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥ ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥)**

47/6261

ਪ੍ਰਮਾਤਮਾ ਦਾ ਹੁਕਮ ਕੀ ਹੈ ਤੇ ਉਸਦੇ ਹੁਕਮ ਨੂੰ ਆਪਣੇ ਅੰਦਰ ਬੁੱਝਣਾ ਕੀ ਹੈ, ਸਾਡੇ ਅੰਦਰ ਦੀ ਹਉਮੈ ਕੀ ਹੈ ਤੇ ਸਾਡੇ ਅੰਦਰ ਦੀ ਹਉਮੈ ਦਾ ਦੂਰ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ ਤੇ ਇਸ ਗੱਲ ਨੂੰ ਵੀ ਸਮਝਿਆ ਹੈ ਕਿ ਸਾਡੇ ਅੰਦਰੋਂ ਹਉਮੈ ਦੇ ਨਿਕਲੇ ਬਿਨਾਂ ਸਾਡੇ ਅੰਦਰ ਦੀ ਅਗਿਆਨਤਾ ਦੂਰ ਨਹੀਂ ਹੋ ਸਕਦੀ ਤੇ ਅਸੀਂ ਪ੍ਰਮਾਤਮਾ ਨੂੰ ਹਉਮੈ ਦੇ ਰਹਿੰਦਿਆਂ ਨਹੀਂ ਜਾਣ ਸਕਦੇ ਤੇ ਸਾਡੇ ਅੰਦਰ ਨਾਮ ਵੀ ਨਹੀਂ ਵੱਸ ਸਕਦਾ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਸਾਡੇ ਅੰਦਰ ਨਾਮ ਦਾ ਵੱਸਣਾ ਜਾਂ ਗੁਰਮਤਿ ਦੀ ਸੱਚੀ ਸਮਝ ਦਾ ਵੱਸਣਾ ਇੱਕੋ ਹੀ ਗੱਲ ਹੈ। ਪੂਰੀ ਗੁਰਮਤਿ ਗੁਰਬਾਣੀ ਦੇ ਵਿੱਚ ਗੁਰੂ ਪ੍ਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਹੈ ਤੇ ਉਸੇ ਪ੍ਰਮਾਤਮਾ ਦਾ ਹੁਕਮ ਸਾਡੇ ਮਨ ਦੇ ਅੰਦਰ ਵਰਤਦਾ ਹੈ ਜੋ ਕਿ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਦੇ ਰੂਪ ਵਿੱਚ ਵਰਤਦਾ ਹੈ, ਮਨ ਦੀ ਹਉਮੈ ਦੇ ਰੂਪ ਵਿੱਚ ਵਰਤਦਾ ਹੈ ਕਿਉਂਕਿ ਸਾਡੇ ਅੰਦਰ ਹਉਮੈ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ। ਆਪਣੇ ਅੰਦਰ ਦੀ ਹਉਮੈ ਨੂੰ ਬੁੱਝਣਾ ਜਾਂ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣਾ ਇੱਕੋ ਹੀ ਗੱਲ ਹੈ, ਜਿਸ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਤਾਂ ਹੀ ਬੁੱਝਿਆ ਜਾ ਸਕਦਾ ਹੈ ਜੇਕਰ ਪਹਿਲੇ ਅਸੀਂ ਪ੍ਰਮਾਤਮਾ ਦੇ ਉਸ ਹੁਕਮ ਨੂੰ ਮੰਨੀਏ ਜੋ ਪੂਰੀ ਗੁਰਬਾਣੀ ਵਿੱਚ ਗੁਰਮਤਿ ਦੇ ਰੂਪ ਵਿੱਚ ਹੈ ਭਾਵ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਸੱਚੇ ਗਿਆਨ ਨੂੰ ਮੰਨਣ ਦੁਆਰਾ ਅਸੀਂ ਮਨ ਦੀ ਅਗਿਆਨਤਾ ਵਾਲੀ ਸਮਝ ਦੇ ਵਿੱਚੋਂ ਭਾਵ ਹਉਮੈ ਵਿੱਚੋਂ ਨਿਕਲ ਸਕਦੇ ਹਾਂ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ।

ਹਉਮੈ ਦੀ ਸਮਝ ਆਏ ਬਿਨ੍ਹਾਂ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਹਉਮੈ ਵਿੱਚੋਂ ਨਿਕਲਣਾ ਕੀ ਹੈ ਤੇ ਨਾਮ ਕੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ। ਅਸੀਂ ਪਿੱਛੇ ਸ਼ਬਦਾਂ ਦੁਆਰਾ ਹਉਮੈ ਨੂੰ ਸਮਝਣ ਦਾ ਉਪਰਾਲਾ ਹੀ ਕੀਤਾ ਹੈ ਤਾਂ ਜੋ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਨੂੰ ਚੰਗੀ ਤਰ੍ਹਾਂ ਸਮਝ ਸਕੀਏ ਕਿ ਹਉਮੈ ਕੀ ਹੈ। ਜਪੁਜੀ ਬਾਣੀ ਦੇ ਸ਼ਬਦ ਨੂੰ ਫਿਰ ਤੋਂ ਦੋਹਰਇਆ ਜਾ ਰਿਹਾ ਹੈ।

“ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥”

47/6262

ਉਪਰ ਵਾਲੇ ਸ਼ਬਦ ਦੀਆਂ ਆਖਰੀ ਦੋ ਪੰਗਤੀਆਂ ਨੂੰ ਛੱਡਕੇ ਉਸ ਤੋਂ ਪਹਿਲੀਆਂ ਸਾਰੀਆਂ ਪੰਗਤੀਆਂ ਨੂੰ ਅਸੀਂ ਪਿੱਛੇ ਸਮਝ ਚੁੱਕੇ ਹਾਂ ਤੇ ਇਸ ਗੱਲ ਨੂੰ ਸਮਝਿਆ ਹੈ ਕਿ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਤੇ ਉਸ ਦਾ ਹੁਕਮ ਸਭ ਜਗ੍ਹਾ ਤੇ ਸਭ ਵਿੱਚ ਕਿਸ ਤਰੀਕੇ ਵਰਤਦਾ ਹੈ ਇਹ ਵੀ ਸਮਝਿਆ ਹੈ। ਪ੍ਰਮਾਤਮਾ ਗਿਆਨ ਦੇ ਰੂਪ ਵਿੱਚ ਹੈ ਤੇ ਉਸਦਾ ਹੁਕਮ ਸਭ ਦੇ ਅੰਦਰ ਤੇ ਸਭ ਜਗ੍ਹਾ ਗਿਆਨ ਰੂਪ ਵਿੱਚ ਹੀ ਵਰਤਦਾ ਹੈ ਭਾਵ ਸਾਇੰਟਿਫਿਕ ਗਿਆਨ ਦੁਆਰਾ ਹੀ ਵਰਤਦਾ ਹੈ। ਸਾਡੇ ਅੰਦਰ ਵੀ ਹਰ ਵੇਲੇ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜੋ ਸਾਡੇ ਅੰਦਰ ਦੀ ਮਨ ਦੀ ਸਮਝ ਦੇ ਰੂਪ ਵਿੱਚ ਭਾਵ ਮਨ ਦੇ ਗਿਆਨ ਰੂਪ ਵਿੱਚ ਹੀ ਵਰਤ ਰਿਹਾ ਹੈ। ਸਭ ਦੇ ਅੰਦਰ ਜੋ ਗਿਆਨ ਉਪਜਦਾ ਹੈ ਉਹ ਸਾਇੰਟਿਫਿਕ ਤਰੀਕੇ ਨਾਲ ਹੀ ਉਪਜਦਾ ਹੈ। ਸਾਡੇ ਅੰਦਰ ਦਾ ਦਿਮਾਗ ਭਾਵ ਦਿਮਾਗ ਦਾ ਆਕਾਰ ਰੂਪ ਸਾਇੰਟਿਫਿਕ ਗਿਆਨ ਦੁਆਰਾ ਹੀ ਬਣਿਆ ਹੋਇਆ ਹੈ, ਪੰਜਾਂ ਤੱਤਾਂ ਦੁਆਰਾ ਹੀ ਬਣਿਆ ਹੋਇਆ ਹੈ ਜਿਸਨੂੰ ਅਸੀਂ ਆਪਣੀਆਂ ਅੱਖਾਂ ਰਾਹੀਂ ਵੇਖ ਸਕਦੇ ਹਾਂ ਪਰ ਦਿਮਾਗ ਦੇ ਵਿੱਚੋਂ ਜੋ ਵਿਚਾਰ ਉਪਜਦੇ ਹਨ, ਸਮਝ ਉਪਜਦੀ ਹੈ ਉਹ ਵੀ ਕਿਸੇ ਸਾਇੰਟਿਫਿਕ ਢੰਗ ਨਾਲ ਉਪਜਦੀ ਹੈ। ਪ੍ਰਮਾਤਮਾ ਦਾ ਉਹ ਸਾਇੰਟਿਫਿਕ ਢੰਗ ਕੀ ਹੈ ਜਿਸ ਦੁਆਰਾ ਉਸਨੇ ਸਭ ਦੀ ਸਮਝ ਨੂੰ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ। ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਸਾਨੂੰ ਕਿਸ ਤਰੀਕੇ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਭਾਵ ਹਉਮੈ ਵਿੱਚ ਰੱਖਦੀ ਹੈ ਤੇ ਚਉਥੇ ਪਦ ਦੇ ਗਿਆਨ ਵਾਲੀ ਸਮਝ ਭਾਵ ਬ੍ਰਹਮ ਗਿਆਨ ਵਾਲੀ ਸਮਝ ਭਾਵ ਨਾਮ ਵਾਲੀ ਸਮਝ ਸਾਨੂੰ ਕਿਸ ਤਰੀਕੇ ਭਰਮਾਂ ਵਾਲੀ ਸਮਝ ਵਿੱਚੋਂ ਕੱਢਦੀ ਹੈ, ਹਉਮੈ ਵਿੱਚੋਂ ਕੱਢਦੀ ਹੈ ਭਾਵ ਸਾਡੇ ਅੰਦਰ ਦੀ ਸਮਝ ਨੂੰ ਬਦਲਣ ਦਾ ਤਰੀਕਾ ਕੀ ਹੈ, ਉਹ ਸਾਇੰਟਿਫਿਕ ਗਿਆਨ ਕੀ ਹੈ ਉਹ ਗਿਆਨ ਪ੍ਰਮਾਤਮਾ ਨੇ ਕੇਵਲ ਤੇ ਕੇਵਲ ਆਪਣੇ ਕੋਲ ਰੱਖਿਆ ਹੋਇਆ ਹੈ ਜਿਸਨੂੰ ਕੋਈ ਮਨੁੱਖੀ ਸਮਝ ਨਹੀਂ ਜਾਣ ਸਕਦੀ, ਕਿਸੇ ਸਾਇੰਸ ਦੁਆਰਾ ਨਹੀਂ ਜਾਣ ਸਕਦੀ, ਪ੍ਰਮਾਤਮਾ ਕਿਸੇ ਦੇ ਵੀ ਮਨ ਦੇ ਵਿੱਚ ਆਪਣੇ ਆਪ ਨੂੰ ਆਪਣੇ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਇਹੀ ਪੂਰੇ ਸੰਸਾਰ ਵਿੱਚ ਇੱਕੋ ਇੱਕ ਕਰਾਮਾਤ ਹੈ ਜਿਸ ਦੁਆਰਾ ਪ੍ਰਮਾਤਮਾ ਕਿਸੇ ਨੂੰ ਮਨ ਦੀ ਸਿੱਧੀ ਬਖਸ਼ਦਾ ਹੈ ਭਾਵ ਮਨ ਦੇ ਅੰਦਰ ਉਹ ਸੱਚੀ ਸਮਝ ਬਖਸ਼ਦਾ ਹੈ

47/6263

ਜਿਸ ਦੁਆਰਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਆਪਣੇ ਆਪ ਨੂੰ ਜਾਣ ਸਕਦਾ ਹੈ, ਇਸ ਸ੍ਰਿਸ਼ਟੀ ਦੀ ਅਸਲੀਅਤ ਨੂੰ ਜਾਣ ਸਕਦਾ ਹੈ ਕਿ ਇਹ ਸ੍ਰਿਸ਼ਟੀ ਕਿਸ ਤਰੀਕੇ ਹੋਂਦ ਵਿੱਚ ਆਈ ਹੈ ਤੇ ਕਿਸ ਤਰੀਕੇ ਚੱਲ ਰਹੀ ਹੈ। ਪ੍ਰਮਾਤਮਾ ਦੇ ਆਪਣੇ ਅੰਦਰੋਂ ਉਸਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਕਿਸੇ ਨੂੰ ਵੀ ਇਸ ਸ੍ਰਿਸ਼ਟੀ ਦੀ ਸੱਚਾਈ ਸਮਝ ਨਹੀਂ ਆ ਸਕਦੀ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੁਆਰਾ ਬਣੀ ਹੈ ਤੇ ਉਸ ਦਾ ਨਿਰੰਕਾਰ ਰੂਪ ਹੀ ਸਭ ਨੂੰ ਚਲਾ ਰਿਹਾ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਉਸਦਾ ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਨਾਮ ਰੂਪ ਹੈ ਭਾਵ ਸਾਇੰਟਿਫਿਕ ਰੂਪ ਹੈ ਜੋ ਰੂਪ ਉਸਦਾ ਸਚੁ ਰੂਪ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਸਚੁ ਰੂਪ ਹੀ ਹੈ ਤੇ ਇਸ ਆਪਣੇ ਸਚੁ ਰੂਪ ਦੁਆਰਾ, ਨਾਮ ਰੂਪ ਦੁਆਰਾ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੀ ਸ੍ਰਿਸ਼ਟੀ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦਾ ਜੋ ਵੀ ਹੁਕਮ ਵਰਤ ਰਿਹਾ ਹੈ, ਸਭ ਜਗ੍ਹਾ ਤੇ ਸਭ ਵਿੱਚ ਵਰਤ ਰਿਹਾ ਹੈ ਉਹ ਉਸ ਦੇ ਨਿਰੰਕਾਰ ਰੂਪ ਵਿੱਚ ਹੀ ਵਰਤ ਰਿਹਾ ਹੈ ਜਿਸ ਨਿਰੰਕਾਰ ਰੂਪ ਦਾ ਕੋਈ ਰੂਪ ਰੇਖ ਨਹੀਂ ਹੈ ਭਾਵ ਇਹ ਉਸਦਾ ਗਿਆਨ ਰੂਪ ਹੈ ਤੇ ਉਸ ਦੇ ਇਸ ਰੂਪ ਨੂੰ ਕੇਵਲ ਮਨ ਦੇ

ਵਿੱਚ ਸਮਝਿਆ ਜਾ ਸਕਦਾ ਹੈ, ਬੁੱਝਿਆ ਜਾ ਸਕਦਾ ਹੈ। ਪ੍ਰਮਾਤਮਾ ਸਭ ਨੂੰ ਆਪਣੇ ਇਸ ਗਿਆਨ ਰੂਪ ਹੁਕਮ ਵਿੱਚ ਹੀ ਚਲਾ ਰਿਹਾ ਹੈ ਤੇ ਉਸ ਦੇ ਇਸ ਹੁਕਮ ਨੂੰ ਕੇਵਲ ਮਨੁੱਖੀ ਸਰੀਰ ਹੀ ਬੁੱਝ ਸਕਦਾ ਹੈ ਭਾਵ ਮਨ ਦੀ ਸਮਝ ਰਾਹੀਂ ਬੁੱਝ ਸਕਦਾ ਹੈ ਕਿਉਂਕਿ ਉਸਨੂੰ ਬੁੱਝਣ ਦੀ ਸਮਝ ਪ੍ਰਮਾਤਮਾ ਨੇ ਕੇਵਲ ਮਨੁੱਖੀ ਸਰੀਰ ਵਿੱਚ ਹੀ ਪਾਈ ਹੈ। ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝਣਾ ਜਾਂ ਪ੍ਰਮਾਤਮਾ ਨੂੰ ਬੁੱਝਣਾ ਇੱਕੋ ਹੀ ਗੱਲ ਹੈ ਤੇ ਉਸ ਦੇ ਹੁਕਮ ਨੂੰ ਭਾਵ ਉਸਦੇ ਸੱਚੇ ਗਿਆਨ ਦੇ ਰੂਪ ਨੂੰ, ਬ੍ਰਹਮ ਗਿਆਨ ਰੂਪ ਨੂੰ, ਉਸਦੇ ਨਾਮ ਰੂਪ ਨੂੰ ਬੁੱਝਣ ਦੁਆਰਾ ਹੀ ਸਾਡੇ ਮਨ ਦੀ ਸਮਝ ਨਾਮ ਵਾਲੀ ਬਣਦੀ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਬਣਦੀ ਹੈ ਜਿਸ ਦੁਆਰਾ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ ਭਾਵ ਮਨ ਦੀ ਅਗਿਆਨਤਾ ਦੂਰ ਹੁੰਦੀ ਹੈ। ਮਨ ਦੀ ਇਸ ਅਵਸਥਾ ਦੁਆਰਾ ਫਿਰ ਕੋਈ ਹਉਮੈ ਦੁਆਰਾ ਨਹੀਂ ਵਿਚਰਦਾ ਭਾਵ ਉਸ ਤੋਂ ਬਾਅਦ ਮਨੁੱਖ ਜੋ ਕੁਝ ਵੀ ਕਹਿੰਦਾ ਹੈ ਉਸਦੇ ਕਹਿਣ ਵਿੱਚ ਹਉਮੈ ਨਹੀਂ ਹੁੰਦੀ ਭਾਵ ਉਸਦੀ ਹਰ ਕਥਨੀ ਵਿੱਚ ਸੱਚ ਹੁੰਦਾ ਹੈ ਭਾਵ ਉਸ ਦੀ ਹਰ ਕਥਨੀ ਭਰਮ ਤੋਂ ਰਹਿਤ ਹੁੰਦੀ ਹੈ। **(ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥)**

47/6264

{ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ ॥ ਹਰਿ ਹਰਿ ਜਪਤ ਢਹੈ ਦੁਖ ਡੇਰਾ ॥੨॥
ਹੁਕਮੁ ਬੂਝੈ ਸੋਈ ਪਰਵਾਨੁ ॥ ਸਾਚੁ ਸਬਦੁ ਜਾ ਕਾ ਨੀਸਾਨੁ ॥੩॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥੪॥੮॥੫੯॥}

(ਅੰਗ ੩੮੬)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥
ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥
ਤੂੰ ਕਰਤਾ ਮੈ ਅਵਰੁ ਨ ਕੋਇ ॥ ਤੁਝੁ ਸੇਵੀ ਤੁਝ ਤੇ ਪਤਿ ਹੋਇ ॥
ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ ਨਾਮ ਰਤਨੁ ਸਭ ਜਗ ਮਹਿ ਲੋਇ ॥੫॥
ਗੁਰਮੁਖਿ ਬਾਣੀ ਮੀਠੀ ਲਾਗੀ ॥ ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥
ਸਹਜੇ ਸਚੁ ਮਿਲਿਆ ਪਰਸਾਦੀ ॥ ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥
ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮ ਗੁਣਤਾਸੁ ॥
ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥
ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ ਗੁਰਮੁਖਿ ਮੇਲੇ ਆਪੁ ਗਵਾਏ ॥
ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥੮॥੭॥}

(ਅੰਗ ੨੩੨)

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ ੬੫੦)

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

{ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥

ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥
ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥੨॥
ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ ਅੰਮ੍ਰਿਤੁ ਗੁਰ ਪਰਸਾਦੀ ਪਾਏ ॥
ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥
ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥
ਅਜਬ ਕੰਮ ਕਰਤੇ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ ਫੇਰੇ ॥
ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥
ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥
ਕਿਉ ਕਰਿ ਵੇਖਾ ਕਿਉ ਸਾਲਾਹੀ ॥ ਗੁਰ ਪਰਸਾਦੀ ਸਬਦਿ ਸਲਾਹੀ ॥
ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥
ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥}

(ਅੰਗ ੧੧੮)

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥}

(ਅੰਗ ੯੨੦)

{ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ॥੧੬॥
ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ ॥੧੭॥
ਤਿਸ ਨੋ ਪ੍ਰਾਣੀ ਸਦਾ ਧਿਆਵਹੁ ਜਿਨਿ ਗੁਰਮੁਖਿ ਬਣਤ ਬਣਾਈ ॥੧੮॥
ਸਤਿਗੁਰ ਭੇਟੈ ਸੋ ਜਨੁ ਸੀਝੈ ਜਿਸੁ ਹਿਰਦੈ ਨਾਮੁ ਵਸਾਈ ॥੧੯॥
ਸਚਾ ਆਪਿ ਸਦਾ ਹੈ ਸਾਚਾ ਬਾਣੀ ਸਬਦਿ ਸੁਣਾਈ ॥੨੦॥
ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ ਮੇਰਾ ਪ੍ਰਭੁ ਰਵਿਆ ਸ੍ਰਬ ਥਾਈ ॥੨੧॥੫॥੧੪॥}

(ਅੰਗ ੯੧੨)

ਪਿੱਛੇ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦਾ ਹੁਕਮ ਸਭ ਵਿੱਚ, ਸਭ ਜਗ੍ਹਾ ਕਿਸ ਤਰੀਕੇ ਵਰਤਦਾ ਹੈ ਤੇ ਉਸ ਦੇ ਹੁਕਮ ਨੂੰ ਬੁੱਝੇ ਬਿਨ੍ਹਾਂ ਕੋਈ ਮਨ ਦੀ ਹਉਮੈ ਵਿੱਚੋਂ ਨਹੀਂ ਨਿਕਲ ਸਕਦਾ ਭਾਵ ਮਨ ਦੀ ਅਗਿਆਨਤਾ ਵਾਲੀ, ਭਰਮ

ਰੂਪ ਪੜਦੇ ਵਾਲੀ ਸਮਝ ਦੇ ਵਿੱਚੋਂ ਨਹੀਂ ਨਿਕਲ ਸਕਦਾ ਤੇ ਹਉਮੈ ਵਿੱਚੋਂ ਨਿਕਲੇ ਬਿਨਾਂ ਕੋਈ ਆਪਣੇ ਅੰਦਰੋਂ ਜਾਣ ਹੀ ਨਹੀਂ ਸਕਦਾ। ਸਾਡੇ ਅੰਦਰ ਹਉਮੈ ਵੀ ਪ੍ਰਮਾਤਮਾ ਦੀ ਪਾਈ ਹੋਈ ਹੈ ਜਿਸ ਹਉਮੈ ਵਾਲੀ ਸਮਝ ਦੁਆਰਾ ਉਹ ਸਾਡੇ ਮਨ ਦੀ ਸਮਝ ਦੇ ਅੰਦਰ ਆਪਣਾ ਹੁਕਮ ਵਰਤਾ ਰਿਹਾ ਹੈ। ਹਰ ਕੋਈ ਆਪਣੀ ਮਨ ਦੀ ਸਮਝ ਦੁਆਰਾ ਵਿਚਰਦਾ ਹੈ ਜੋ ਸਮਝ ਮਨੁੱਖ ਦੀ ਆਪਣੀ ਨਹੀਂ ਹੈ ਤੇ ਇਸੇ ਲਈ ਹਰ ਕੋਈ ਉਸ ਦੇ ਹੁਕਮ ਵਿੱਚ ਹੀ ਚੱਲ ਰਿਹਾ ਹੈ। ਉਹ ਕਿਸੇ ਨੂੰ ਆਪਣਾ ਕਿਹੋ ਜਿਹਾ ਹੁਕਮ ਸੁਣਾਉਂਦਾ ਹੈ ਭਾਵ ਕਿਹੋ ਜਿਹੀ ਸਮਝ ਪਾਉਂਦਾ ਹੈ ਇਹ ਉਸ ਦੀ ਆਪਣੀ ਰਜਾ ਹੈ। ਉਹ ਆਪਣਾ ਹੁਕਮ ਸਾਡੇ ਅੰਦਰ ਦੀ ਸਮਝ ਦੇ ਰੂਪ ਵਿੱਚ ਲਿਖਦਾ ਹੈ ਜੋ ਉਸ ਦੇ ਸਾਡੇ ਅੰਦਰ ਲਿਖੇ ਹੋਏ ਲੇਖ ਹੁੰਦੇ ਹਨ ਤੇ ਉਸ ਦੇ ਲਿਖੇ ਹੋਏ ਲੇਖ ਨੂੰ ਕੋਈ ਮੇਟ ਨਹੀਂ ਸਕਦਾ ਭਾਵ ਮਨੁੱਖ ਉਹੋ ਕੁਝ ਹੀ ਕਰਦਾ ਹੈ, ਚੰਗਾ ਜਾਂ ਮਾੜਾ ਕਰਦਾ ਹੈ ਜੋ ਕਿ ਉਸ ਦੀ ਸਮਝ ਉਸਨੂੰ ਸਮਝਾਉਦੀ ਹੈ ਭਾਵ ਜਿਹੋ ਜਿਹੇ ਲੇਖ ਉਸਦੇ ਅੰਦਰ ਪ੍ਰਮਾਤਮਾ ਮਨ ਦੀ ਸਮਝ ਦੇ ਅੰਦਰ

47/6265

ਲਿਖ ਦਿੰਦਾ ਹੈ ਭਾਵ ਜਿਹੋ ਜਿਹੇ ਵਿਚਾਰ ਪ੍ਰਮਾਤਮਾ ਮਨ ਦੇ ਵਿੱਚ ਪਾ ਦਿੰਦਾ ਹੈ ਮਨੁੱਖ ਉਹੀ ਕੁਝ ਕਰਦਾ ਹੈ ਤੇ ਮਨੁੱਖ ਜੋ ਕੁਝ ਵੀ ਦੇਖਦਾ ਹੈ ਉਸਨੂੰ ਉਹੋ ਕੁਝ ਹੀ ਸਮਝਦਾ ਹੈ ਜਿਹੋ ਜਿਹੀ ਉਸਨੂੰ ਸਮਝ ਪੈਂਦੀ ਹੈ। ਸਾਡੇ ਅੰਦਰ ਦੀ ਹਉਮੈ ਭਾਵ ਹਓਮੈ ਵਾਲੇ ਵਿਚਾਰ ਸਾਡੇ ਅੰਦਰ ਪ੍ਰਮਾਤਮਾ ਦੇ ਲਿਖੇ ਹੋਏ ਲੇਖ ਹੀ ਹਨ ਜਿਸ ਲਿਖਤ ਦੁਆਰਾ ਪ੍ਰਮਾਤਮਾ ਸਾਡੇ ਅੰਦਰ ਹੁਕਮ ਚਲਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥”

(ਅੰਗ ੪੬੬)

ਉਪਰ ਵਾਲਾ ਪੂਰਾ ਸ਼ਬਦ ਸਾਨੂੰ ਹਉਮੈ ਕੀ ਹੈ ਇਹ ਸਮਝਾਉਂਣ ਲਈ ਹੀ ਹੈ। ਸ਼ਬਦ ਦੀਆਂ ਕੁਝ ਪੰਗਤੀਆਂ ਨੂੰ ਅਸੀਂ ਪਿੱਛੇ ਸਮਝਿਆ ਵੀ ਹੈ। ਸ਼ਬਦ ਦੇ ਵਿੱਚ **“ਹਉ”** ਤੋਂ ਭਾਵ ਹਉਮੈ ਨਾਲ ਹੀ ਹੈ ਜਿਵੇਂ ਕਿ ਸ਼ਬਦ ਦੀਆਂ ਬਾਅਦ ਵਾਲੀਆਂ ਪੰਗਤੀਆਂ ਵਿੱਚ ਸਪਸ਼ਟ ਕੀਤਾ ਹੋਇਆ ਹੈ। ਅਸੀਂ ਆਪਣਾ ਜਨਮ ਮਰਨ ਭਾਵ ਆਵਾ ਗਉਣ ਮਨ ਦੀ ਹਉ ਦੁਆਰਾ ਭਾਵ ਮਨ ਦੀ ਹਉਮੈ ਦੁਆਰਾ ਭਾਵ ਮਨ ਦੀ ਅਗਿਆਨਤਾ ਦੁਆਰਾ ਹੀ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਹਉ ਤੋਂ ਭਾਵ ਸਾਡੀ ਨਾਮਸਝ ਮਤਿ ਦੇ ਨਾਲ ਹੀ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨਾਲੋਂ ਅਸੀਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ ਭਾਵ ਆਪਣੀ ਮੈਂ ਦੁਆਰਾ ਵਿਚਰਦੇ ਹਾਂ ਤੇ ਸਭ ਕੁਝ ਮੇਰੀ ਸਮਝ ਨਾਲ ਹੀ ਹੁੰਦਾ ਹੈ। ਉਪਰ ਸ਼ਬਦ ਰਾਹੀਂ ਸਾਨੂੰ ਇਹ ਵੀ ਸਮਝਾਇਆ ਹੋਇਆ ਹੈ ਅਸੀਂ ਹਉ ਵਿੱਚ ਰਹਿੰਦੇ ਹੋਏ ਇਹ ਨਹੀਂ ਸਮਝ ਸਕਦੇ ਕਿ ਮੋਖ ਕੀ ਹੈ ਭਾਵ ਮੁਕਤੀ ਕੀ ਹੈ। ਅਸੀਂ ਮੁਕਤੀ ਕਿਸ ਗੱਲ ਤੋਂ ਲੈਣੀ ਹੈ, ਹਉ ਵਿੱਚ ਰਹਿੰਦੇ ਹੋਏ ਸਾਨੂੰ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ। ਅਸਲ ਵਿੱਚ ਅਸੀਂ ਆਪਣੀ ਹਉਮੈ ਤੋਂ ਭਾਵ ਹਉ ਤੋਂ ਹੀ ਮੁਕਤੀ ਲੈਣੀ ਹੈ ਜਿਸ ਗੱਲ ਦੀ ਸਮਝ ਨਾ ਹੋਣ ਕਰਕੇ ਅਸੀਂ ਹਉਮੈ ਵਿੱਚ ਹੀ ਰਹਿੰਦੇ ਹਾਂ ਭਾਵ ਹਉਮੈ ਵਿੱਚੋਂ ਨਿਕਲ ਹੀ ਨਹੀਂ ਸਕਦੇ। ਇਸੇ ਲਈ ਸਾਨੂੰ ਸ਼ਬਦ ਵਿੱਚ ਇਹ ਸਮਝਾਇਆ ਹੋਇਆ ਹੈ ਕਿ **“ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥”** ਇਹਨਾਂ ਪੰਗਤੀਆਂ ਨੂੰ ਅਸੀਂ ਪਿੱਛੇ ਪਹਿਲੇ ਹੀ ਸਮਝ ਚੁਕੇ ਹਾਂ। ਸਾਨੂੰ ਸਮਝਾਇਆ ਇਹ ਹੋਇਆ ਹੈ ਕਿ ਹਉਮੈ ਵਿੱਚੋਂ ਨਿਕਲਣ ਦਾ ਤਰੀਕਾ, ਮੋਖ ਲੈਣ ਦਾ ਤਰੀਕਾ ਭਾਵ ਮੁਕਤੀ ਲੈਣ ਦਾ ਤਰੀਕਾ ਸਾਡੀ ਕਥਨੀ ਦਾ

ਤਰੀਕਾ ਨਹੀਂ ਹੈ। ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਸਾਨੂੰ ਕੋਈ ਗਿਆਨ ਨਹੀਂ ਮਿਲਦਾ ਭਾਵ

47/6266

ਅਸੀਂ ਗਿਆਨ ਵਿਹੂਣੇ ਹੀ ਰਹਿੰਦੇ ਹਾਂ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਹੀ ਰਹਿੰਦੇ ਹਾਂ ਭਾਵ ਹਉਮੈ ਵਿੱਚ ਹੀ ਰਹਿੰਦੇ ਹਾਂ ਜਿਸ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਦਰ ਨੂੰ ਨਹੀਂ ਜਾਣ ਸਕਦੇ ਜੋ ਉਸ ਦਾ ਦਰ ਸਾਡੇ ਅੰਦਰ ਹੀ ਹੈ। ਇਹ ਹਉਮੈ ਸਾਡੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਤੇ ਇਸ ਵਿੱਚੋਂ ਨਿਕਲਣ ਦਾ ਤਰੀਕਾ ਵੀ ਪ੍ਰਮਾਤਮਾ ਨੇ ਸਾਨੂੰ ਆਪ ਹੀ ਦਿੱਤਾ ਹੋਇਆ ਹੈ ਜੋ ਕਿ ਉਸਨੇ ਧਰਮ ਗ੍ਰੰਥਾਂ ਦੇ ਰਾਹੀਂ ਸਮਝਾਇਆ ਹੋਇਆ ਹੈ ਜੋ ਤਰੀਕਾ ਧਰਮ ਗ੍ਰੰਥਾਂ ਵਿੱਚੋਂ ਸੱਚੇ ਗਿਆਨ ਨੂੰ ਲੈ ਕੇ ਉਸ ਗਿਆਨ ਨੂੰ ਮੰਨਣ ਦਾ ਹੈ ਭਾਵ ਉਸਦੇ ਹੁਕਮ ਨੂੰ ਮੰਨਣ ਦਾ ਹੈ ਜਿਸ ਦੁਆਰਾ ਅਸੀਂ ਮਨ ਦੀ ਅਗਿਆਨਤਾ ਤੋਂ ਮੁਕਤ ਹੋ ਸਕਦੇ ਹਾਂ ਭਾਵ ਹਉਮੈ ਤੋਂ ਮੁਕਤ ਹੋ ਸਕਦੇ ਹਾਂ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ, ਨਾਮ ਦੀ ਪ੍ਰਾਪਤੀ ਕਰ ਸਕਦੇ ਹਾਂ ਜੋ ਕਿ ਸਾਡੇ ਜੀਵਨ ਦਾ ਅਸਲ ਮਨੋਰਥ ਹੈ। ਸਭ ਜਗ੍ਹਾ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਜਿਸ ਹੁਕਮ ਨੂੰ ਅਸੀਂ ਬੁੱਝਣਾ ਹੈ ਤੇ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਤਰੀਕੇ ਵਰਤਦਾ ਹੈ ਜਿਥੋਂ ਅਸੀਂ ਉਸ ਦੇ ਹੁਕਮ ਨੂੰ ਬੁੱਝ ਸਕਦੇ ਹਾਂ ਇਸ ਗੱਲ ਨੂੰ ਉਪਰ ਵਾਲੇ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥”

ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ **“ਲੇਖੁ”** ਕਿਸ ਤਰੀਕੇ ਲਿਖਦਾ ਹੈ। ਉਪਰ ਵਾਲਾ ਸਾਰਾ ਸ਼ਬਦ ਹਉਮੈ ਨਾਲ ਜੁੜਿਆ ਹੋਇਆ ਹੈ ਤੇ ਸਭ ਦੇ ਅੰਦਰ ਹਉਮੈ ਪਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਜੋ ਹਉਮੈ ਉਪਜਦੀ ਹੈ ਭਾਵ ਅਗਿਆਨਤਾ ਵਾਲੀ ਸਮਝ ਉਪਜਦੀ ਹੈ ਉਹ ਸਾਡੇ ਉਪਜਾਉਂਣ ਨਾਲ ਨਹੀਂ ਉਪਜਦੀ। ਆਪਣੇ ਆਪ ਨੂੰ ਅਗਿਆਨਤਾ ਵਿੱਚ, ਹਉਮੈ ਵਿੱਚ ਕੌਣ ਰੱਖਣਾ ਚਾਹੇਗਾ। ਹਰ ਕੋਈ ਆਪਣੇ ਆਪ ਨੂੰ ਉੱਚੇ ਗਿਆਨ ਵਾਲਾ ਅਖਵਾਉਂਣ ਵਾਲਾ ਹੀ ਚਾਹੇਗਾ ਪਰ ਫਿਰ ਵੀ ਅਸੀਂ ਉਸ ਗਿਆਨ ਨੂੰ ਨਹੀਂ ਸਮਝ ਸਕਦੇ, ਉਸ ਉੱਚੇ ਗਿਆਨ ਵਾਲੇ ਨਹੀਂ ਬਣ ਸਕਦੇ ਜੋ ਉੱਚਾ ਗਿਆਨ ਗੁਰੂ ਦੇ ਕੋਲ ਹੈ। ਗੁਰੂ ਦਾ ਗਿਆਨ ਚੌਥੇ ਪਦ ਵਾਲਾ ਗਿਆਨ ਹੈ, ਸਹਜ ਦੀ ਅਵਸਥਾ ਵਾਲਾ

47/6267

ਗਿਆਨ ਹੈ, ਬ੍ਰਹਮ ਗਿਆਨ ਹੈ ਭਾਵ ਨਾਮ ਦੀ ਸਮਝ ਵਾਲਾ ਗਿਆਨ ਹੈ ਜੋ ਕਿ ਮਨੁੱਖੀ ਸਮਝ ਨਾਲੋਂ ਬਹੁਤ ਉੱਚਾ ਗਿਆਨ ਹੈ ਕਿਉਂਕਿ ਮਨੁੱਖ ਦੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ, ਮਾਇਆ ਮੋਹ ਵਾਲੀ ਸਮਝ ਹੈ ਜੋ ਕਿ ਗੁਰੂ ਦੀ ਸਮਝ ਅੱਗੇ ਬਹੁਤ ਨੀਵੀਂ ਸਮਝ ਹੈ। ਸਮਝ ਤਾਂ ਸਭ ਦੇ ਅੰਦਰ ਇੱਕੋ ਜਗ੍ਹਾ ਤੋਂ ਹੀ ਆਉਂਦੀ ਹੈ ਜੋ ਕਿ ਸਾਡਾ ਮਨ ਹੈ। ਜੇਕਰ ਮਨ ਦੀ ਸਮਝ ਮਨੁੱਖ ਦੇ ਆਪਣੇ ਵੱਸ ਹੋਵੇ ਤਾਂ ਫਿਰ ਉਹ ਜਿਹੋ ਜਿਹੀ ਚਾਹੇ ਉਹੋ ਜਿਹੀ ਸਮਝ ਆਪੇ ਹੀ ਲੈ ਸਕਦਾ ਹੈ ਤੇ ਫਿਰ ਵਿੱਚ ਗੁਰੂ ਦੀ ਲੋੜ ਹੀ ਕੀ ਰਹਿ ਜਾਂਦੀ ਹੈ ਭਾਵ ਫਿਰ ਗੁਰ ਦੀ ਵੁਕਤ ਹੀ ਨਹੀਂ ਰਹਿੰਦੀ। ਗੁਰੂ ਦੀ ਵੁਕਤ, ਗੁਰੂ ਦੀ ਪਾਤਸ਼ਾਹੀ ਉਸਦਾ ਉੱਚਾ ਗਿਆਨ ਹੈ, ਬ੍ਰਹਮ ਗਿਆਨ ਹੈ, ਉਸ ਦਾ ਚਉਥੇ ਪਦ ਦਾ ਗਿਆਨ ਹੈ, ਉਸਦੇ ਅੰਦਰ ਨਾਮ ਦੀ ਸਮਝ ਵਾਲਾ ਗਿਆਨ ਹੈ ਜਿਸ ਉੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਗੁਰੂ ਹੈ। ਪ੍ਰਮਾਤਮਾ ਦੇ ਨਾਲ ਮੇਲ ਹਉਮੈ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਹੁੰਦਾ ਹੈ ਤੇ ਜੇਕਰ ਸਮਝ ਆਪਣੇ ਵੱਸ ਹੋਵੇ ਤਾਂ ਫਿਰ ਹਰ ਕੋਈ ਆਪਣੇ ਆਪ ਹੀ ਹਉਮੈ ਵਿੱਚੋਂ ਨਿਕਲ ਸਕਦਾ ਹੈ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਜੇ ਆਪਣੇ ਆਪ ਇਹ ਕੁਝ ਹੋ ਸਕਦਾ ਹੋਵੇ ਫਿਰ ਪ੍ਰਮਾਤਮਾ ਦਾ ਸਾਡੇ ਨਾਲੋਂ ਪੜਦਾ ਕਿਵੇਂ ਰਹਿ ਸਕਦਾ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੀ ਤਾਂ ਉਸ ਪ੍ਰਮਾਤਮਾ ਨਾਲੋਂ ਸਾਡਾ ਪੜਦਾ ਹੈ ਭਾਵ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਨਾਲੋਂ ਸਾਡਾ ਪੜਦਾ ਹੈ। ਜੇਕਰ ਸਭ ਕੁਝ ਪ੍ਰਮਾਤਮਾ ਦੇ ਹੁਕਮ ਨਾਲ ਹੁੰਦਾ ਹੈ ਫਿਰ ਪ੍ਰਮਾਤਮਾ ਦੇ ਹੁਕਮ ਦੀ ਵੁਕਤ ਹੀ ਕੀ ਰਹਿ ਜਾਂਦੀ ਹੈ ਜੇਕਰ ਅਸੀਂ ਉਸਦੇ ਹੁਕਮ ਨੂੰ ਆਪਣੇ ਆਪ ਬੁੱਝ ਲਈਏ। ਆਪਣਾ ਹੁਕਮ ਉਹ ਕਿਸੇ ਨੂੰ ਆਪ ਹੀ ਬੁਝਾ ਸਕਦਾ ਹੈ ਤੇ ਉਸ ਦਾ ਹੁਕਮ ਬੁੱਝਣ ਦੁਆਰਾ ਹੀ ਕੋਈ ਉਸ ਹੁਕਮ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। ਉਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਜਿਹੋ ਜਿਹੇ ਲੇਖ ਸਾਡੇ ਅੰਦਰ ਲਿਖਦਾ ਹੈ ਉਹ ਸਾਡੇ ਲਈ ਉਸ ਦਾ ਹੁਕਮ ਹੀ ਹੁੰਦਾ ਹੈ। **(ਨਾਨਕ ਹੁਕਮੀ ਲਿਖੀਐ ਲੇਖੁ ॥)**

ਪ੍ਰਮਾਤਮਾ ਦਾ ਇਹ ਹੁਕਮ ਭਾਵ ਮਨ ਦੀ ਸਮਝ ਦੇ ਵਿੱਚ ਉਸਦੇ ਲਿਖੇ ਹੋਏ ਲੇਖ ਸਾਨੂੰ ਸਮਝ ਪਾਉਂਣ ਦੇ ਲਈ ਹੀ ਹੁੰਦੇ ਹਨ

ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

47/6268

“ਜੇਹਾ ਵੇਖਹਿ ਤੇਹਾ ਵੇਖੁ ॥੧॥”

ਉਪਰ ਪੰਗਤੀਆਂ ਵਿੱਚ ਜੋ ਅਸੀਂ ਮਨ ਦੇ ਵਿੱਚੋਂ ਦੇਖਦੇ ਹਾਂ ਉਹ ਗੱਲ ਸਮਝਾਈ ਹੋਈ ਹੈ। ਮਨੁੱਖ ਜੋ ਕੁਝ ਵੀ ਸਮਝਦਾ ਹੈ ਉਸਨੂੰ ਮਨ ਦੇ ਵਿੱਚ ਸਮਝਾਉਂਣ ਵਾਲਾ ਆਪ ਪ੍ਰਮਾਤਮਾ ਹੈ ਭਾਵ ਜਿਹੋ ਜਿਹੇ ਉਹ ਮਨ ਦੇ ਵਿੱਚ ਲੇਖ ਲਿਖਦਾ ਹੈ ਮਨੁੱਖ ਉਹੋ ਜਿਹੇ ਲੇਖ ਹੀ ਆਪਣੇ ਅੰਦਰੋਂ ਵੇਖਦਾ ਹੈ ਭਾਵ ਮਨ ਦੀ ਸਮਝ ਰਾਹੀਂ ਲਿਖੇ ਹੋਏ ਲੇਖ ਨੂੰ ਪੜਦਾ ਹੈ। ਮਨੁੱਖ ਆਪਣੀ ਸਮਝ ਦੁਆਰਾ ਜਿਹੋ ਜਿਹਾ ਲੇਖ ਪੜ੍ਹਦਾ ਹੈ ਭਾਵ ਲਿਖਤ ਨੂੰ ਸਮਝਦਾ ਹੈ ਇਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਲਿਖੇ ਹੋਏ ਲੇਖ ਨੂੰ ਵੇਖਣਾ ਹੈ। ਮਨੁੱਖ ਆਪਣੇ ਮਨ ਦੇ ਅੰਦਰੋਂ ਜਿਹੋ ਜਿਹਾ ਵੇਖਦਾ ਹੈ ਭਾਵ ਸਮਝਦਾ ਹੈ ਉਹ ਹੀ ਕੁਝ ਮਨੁੱਖ ਦਾ ਆਪਣਾ ਵੇਖਣਾ ਬਣ ਜਾਂਦਾ ਹੈ ਭਾਵ ਉਸਦੀ ਆਪਣੀ ਸਮਝ ਬਣ ਜਾਂਦੀ ਹੈ ਭਾਵ ਮਨੁੱਖ ਨੂੰ ਪ੍ਰਮਾਤਮਾ ਜੋ ਕੁਝ ਵੀ ਵਿਖਾਉਂਦਾ ਹੈ ਮਨੁੱਖ ਉਸੇ ਤਰੀਕੇ ਹੀ ਵੇਖਦਾ ਹੈ ਭਾਵ ਮਨੁੱਖ ਦੀ ਸਮਝ ਉਸ ਤੋਂ ਬਾਹਰ ਨਹੀਂ ਜਾ ਸਕਦੀ ਕਿਉਂਕਿ ਸਾਡੇ ਅੰਦਰ ਲੇਖ ਲਿਖਣ ਵਾਲਾ ਭਾਵ ਸਾਨੂੰ ਸਾਡੇ ਜੀਵਨ ਦਾ ਮਾਰਗ ਦਿਖਾਉਂਣ ਵਾਲਾ ਪ੍ਰਮਾਤਮਾ ਆਪ ਹੈ ਤੇ ਜੋ ਕੁਝ ਉਹ ਸਾਨੂੰ ਮਨ ਦੇ ਵਿੱਚੋਂ ਵਿਖਾਉਂਦਾ ਹੈ ਅਸੀਂ ਉਸੇ ਤਰ੍ਹਾਂ ਹੀ ਉਸ ਅਨੁਸਾਰ ਵਿਚਰਦੇ ਹਾਂ ਭਾਵ ਇਹ ਮਨ ਦੀ ਸਮਝ ਮਨੁੱਖ ਦੇ ਵੱਸ ਨਹੀਂ ਹੈ ਤੇ ਮਨੁੱਖ ਆਪਣੀ ਸਮਝ ਦਾ ਬਝਿਆ ਹੋਇਆ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਹੁਕਮ ਦਾ ਬਝਿਆ ਹੋਇਆ ਹੈ। ਇਹ ਪ੍ਰਮਾਤਮਾ ਦੀ ਰਜਾ ਹੈ ਕਿ ਉਹ ਕਿਸੇ ਦੇ ਅੰਦਰ ਕਿਹੋ ਜਿਹੇ ਲੇਖ ਲਿਖਦਾ ਹੈ ਭਾਵ ਮਨ ਦੇ ਵਿੱਚ ਕਿਹੋ ਜਿਹੇ ਵਿਚਾਰ ਪਾਉਂਦਾ ਹੈ, ਕਿਹੋ ਜਿਹੀ ਸਮਝ ਪਾਉਂਦਾ ਹੈ। ਸਾਰੇ ਸੰਸਾਰ ਨੂੰ ਉਸਨੇ ਹਉਮੈ ਵਾਲੀ ਸਮਝ ਵਿੱਚ ਆਪ ਹੀ ਰੱਖਿਆ ਹੋਇਆ ਹੈ ਭਾਵ ਆਪਣੇ ਹੁਕਮ ਦੁਆਰਾ ਹੀ ਰੱਖਿਆ ਹੋਇਆ ਹੈ ਜਿਸ ਹੁਕਮ ਤੋਂ ਬਾਹਰ ਕੋਈ ਆਪਣੇ ਆਪ ਨਹੀਂ ਨਿਕਲ ਸਕਦਾ ਤੇ ਨਾ ਹੀ ਕੋਈ ਉਸ ਦੇ ਹੁਕਮ ਨੂੰ ਬੁੱਝ ਸਕਦਾ ਹੈ ਕਿ ਸਾਡੇ ਅੰਦਰ ਤੇ ਸਭ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਰੂਪ ਵਿੱਚ ਵਰਤਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਵੀ ਜੋ ਗਿਆਨ ਹੈ ਉਹ ਪ੍ਰਮਾਤਮਾ ਦਾ ਹੁਕਮ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਬਾਣੀ ਦੇ ਅੰਦਰ ਜੋ ਪ੍ਰਮਾਤਮਾ ਦਾ ਹੁਕਮ ਹੈ ਉਹ ਚੁਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਜਿਨ੍ਹਾਂ ਦੇ ਮਨ ਦੇ ਅੰਦਰ ਭਾਵ ਜਿਨ੍ਹਾਂ ਸਰੀਰਾਂ ਰਾਹੀ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਹਨਾਂ ਦੀ ਮਨ ਦੀ ਸਮਝ ਦੇ ਅੰਦਰ ਹੀ ਲੇਖ

47/6269

ਪ੍ਰਮਾਤਮਾ ਨੇ ਆਪ ਹੀ ਲਿਖੇ ਹਨ ਭਾਵ ਗੁਰਬਾਣੀ ਅੰਦਰ ਜੋ ਵੀ ਪ੍ਰਮਾਤਮਾ ਦਾ ਹੁਕਮ ਹੈ ਪਹਿਲੇ ਆਪਣਾ ਹੁਕਮ ਉਸਨੇ ਉਹਨਾਂ ਸਰੀਰਾਂ ਦੇ ਮਨ ਵਿੱਚ ਸੁਣਾਇਆ ਹੈ, ਲੇਖ ਲਿਖਣ ਦੁਆਰਾ ਸੁਣਾਇਆ ਹੈ ਜੋ ਹੁਕਮ ਪ੍ਰਮਾਤਮਾ ਦਾ ਉਹਨਾਂ ਨੇ ਬਾਣੀ ਰਾਹੀਂ ਸਾਰੇ ਸੰਸਾਰ ਨੂੰ ਸੁਣਾਇਆ ਹੈ। ਗੁਰਬਾਣੀ ਦੇ ਅੰਦਰ ਜਿਨ੍ਹਾਂ ਨੇ ਪ੍ਰਮਾਤਮਾ ਦਾ ਹੁਕਮ ਪਾਇਆ ਹੈ ਉਹਨਾਂ ਨੇ ਪਹਿਲਾਂ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰ ਬੁਝਿਆ ਹੈ ਜੋ ਆਪਣਾ ਹੁਕਮ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਬੁਝਾਉਂਦਾ ਹੈ, ਮਨ ਦੇ ਵਿੱਚ ਲੇਖ ਲਿਖਣ ਦੁਆਰਾ ਸਮਝਾਉਦਾ ਹੈ ਭਾਵ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਸਮਝਾਉਦਾ ਹੈ। ਮਨੁੱਖ ਦੇ ਵਿਚਾਰ ਜੋ ਕੁਝ ਆਪਣੇ ਅੰਦਰੋਂ ਸਮਝਦੇ ਹਨ ਉਹੀ ਮਨੁੱਖ ਨੂੰ ਠੀਕ ਲਗਦਾ ਹੈ ਭਾਵ ਮਨੁੱਖ ਦੇ ਅੰਦਰ ਉਹੋ ਜਿਹੀ ਦ੍ਰਿੜਤਾ ਹੀ ਆਉਂਦੀ ਹੈ। ਹਉਮੈ ਵਾਲੇ ਵਿਚਾਰਾਂ ਰਾਹੀਂ ਮਨੁੱਖ ਭਰਮਾਂ ਵਿੱਚ ਹੀ ਰਹਿੰਦਾ ਹੈ ਤੇ ਆਪਣੇ ਭਰਮਾਂ ਵਾਲੇ ਵਿਚਾਰ ਹੀ ਉਸ ਨੂੰ ਠੀਕ ਲਗਦੇ ਹਨ। ਜੇਕਰ ਸਾਡੇ ਮਨ ਦੇ ਵਿਚਾਰ ਭਾਵ ਸਾਡੇ ਮਨ ਦੇ ਲੇਖ ਸਾਨੂੰ ਇਹ ਸਮਝਾਉਦੇ ਹਨ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ, ਇਹ ਸਰੀਰ ਮੇਰਾ, ਇਹ ਮਨ ਦੀ ਸਮਝ ਮੇਰੀ ਹੈ ਫਿਰ ਅਸੀਂ ਉਹੋ ਕੁਝ ਹੀ ਸਮਝਾਂਗੇ ਤੇ ਆਪਣੇ ਆਪ ਨੂੰ ਸੱਚੇ ਹੀ ਸਮਝਾਂਗੇ ਕਿ ਅਸੀਂ ਜੋ ਕੁਝ ਵੀ ਸਮਝ ਰਹੇ ਹਾਂ ਉਹੀ ਸੱਚ ਹੈ ਭਾਵ ਹਉਮੈ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਤੇ ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਸੰਸਾਰ ਦਾ ਅਸਲ ਸੱਚ ਹੈ। ਸਾਨੂੰ ਹਰ ਆਕਾਰ ਰੂਪ ਜੋ ਕੁਝ ਨਜਰ ਆਉਂਦਾ ਹੈ ਅਸੀਂ ਉਸ ਨੂੰ ਉਹ ਕੁਝ ਕਹਿਣਾ ਹੀ ਸੱਚ ਸਮਝਦੇ ਹਾਂ। ਇੱਕ ਪੇੜ ਨੂੰ ਪੇੜ ਕਹਿਣਾ ਸੱਚ ਹੀ ਹੈ ਪਰ ਉਸ ਪੇੜ ਦੇ ਵਿੱਚ ਕੌਣ ਵਿੱਚਰ ਰਿਹਾ ਹੈ, ਉਸ ਪੇੜ ਵਿੱਚ ਹੁਕਮ ਕਿਸ ਦਾ ਵਰਤ ਰਿਹਾ ਹੈ ਭਾਵ ਉਸ ਪੇੜ ਦੇ ਵਿੱਚ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਹਰ ਕਿਸੇ ਦੇ ਵਿੱਚ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਇਸ ਗੱਲ ਦੀ ਸਮਝ ਸਾਨੂੰ ਹਉਮੈ ਵਾਲੀ ਸਮਝ ਵਿੱਚ ਰਹਿੰਦਿਆਂ ਨਹੀਂ ਪੈ ਸਕਦੀ ਕਿਉਂਕਿ ਪ੍ਰਮਾਤਮਾ ਨੇ ਸਾਡੇ ਅੰਦਰ ਹਉਮੈ ਵਾਲੀ ਸਮਝ ਦੇ ਲੇਖ ਲਿਖਣ ਦੁਆਰਾ ਆਪ ਹੀ ਆਪਣਾ ਸੱਚ ਜਾਨਣ ਤੋਂ ਪੜਦਾ ਪਾਇਆ ਹੋਇਆ ਹੈ। ਜੋ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝ ਲੈਂਦੇ ਹਨ, ਹਉਮੈ ਵਾਲੀ ਸਮਝ ਦੇ ਵਿੱਚੋਂ ਕੇਵਲ ਉਹੀ ਨਿਕਲ ਸਕਦੇ ਹਨ ਜਿਵੇਂ

ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਹਉਮੈ ਵਿੱਚੋਂ ਨਿਕਲੇ ਹਨ ਤੇ ਇਸੇ ਲਈ ਉਹਨਾਂ ਨੂੰ ਹਰ ਰੂਪ ਪ੍ਰਮਾਤਮਾ ਦਾ ਰੂਪ ਹੀ ਨਜਰ ਆਉਂਦਾ ਹੈ, ਪ੍ਰਮਾਤਮਾ ਦਾ ਹੁਕਮ ਹੀ ਨਜਰ ਆਉਂਦਾ ਹੈ ਕਿਉਂਕਿ ਉਹਨਾਂ ਦੇ ਅੰਦਰ ਪ੍ਰਮਾਤਮਾ ਨੇ ਜਿਹੋ ਜਿਹੇ

47/6270

ਲੇਖ ਲਿਖੇ ਹਨ ਭਾਵ ਪ੍ਰਮਾਤਮਾ ਨੇ ਉਹਨਾਂ ਨੂੰ ਜੋ ਕੁਝ ਆਪਣੇ ਅੰਦਰੋਂ ਦਿਖਾਇਆ ਹੈ ਉਹਨਾਂ ਨੇ ਉਹੀ ਕੁਝ ਆਪਣੇ ਅੰਦਰੋਂ ਵੇਖ ਕੇ ਭਾਵ ਸਮਝ ਕੇ ਉਸ ਨੂੰ ਸੱਚ ਮੰਨਿਆ ਹੈ ਭਾਵ ਪਹਿਲੇ ਉਹਨਾਂ ਨੇ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ, ਮਨ ਦੇ ਗਿਆਨ ਦੇ ਮਾਲਕ ਨੂੰ, ਮਨ ਦੇ ਵਿੱਚ ਲੇਖ ਲਿਖਣ ਵਾਲੇ ਨੂੰ ਆਪਣੇ ਅੰਦਰੋਂ ਜਾਣਿਆ ਹੈ ਭਾਵ ਵੇਖਿਆ ਹੈ ਤੇ ਇਸੇ ਲਈ ਉਹਨਾਂ ਨੇ ਹਰ ਰੂਪ ਵਿੱਚ ਪ੍ਰਮਾਤਮਾ ਨੂੰ ਹੀ ਵੇਖਿਆ ਹੈ। **(ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥ ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥ ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥ ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥ ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥ ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥ ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥)**

ਪ੍ਰਮਾਤਮਾ ਸਾਡੇ ਸਭਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਹੀ ਵਿਚਰਦਾ ਹੈ ਭਾਵ ਮਨ ਦੀ ਸਮਝ ਪਾਉਂਣ ਰਾਹੀਂ ਹੀ ਵਰਤਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜੋਤਿ ਰੂਪ ਮਨ ਦੇ ਵਿੱਚੋਂ ਸਾਨੂੰ ਜੋ ਵੀ ਗਿਆਨ ਮਿਲਦਾ ਹੈ ਉਹੀ ਸਾਡੇ ਅੰਦਰ ਪ੍ਰਮਾਤਮਾ ਦੇ ਲਿਖੇ ਹੋਏ ਲੇਖ ਹਨ। **{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥}** ਅੰਗ ੧੩

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੯)

ਮਨ ਰੂਪ ਜੋਤਿ ਰਾਹੀਂ ਜੋ ਸਾਡੇ ਅੰਦਰ ਵਿਚਾਰ ਉਪਜਦੇ ਹਨ ਭਾਵ ਜੋ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਉਪਜਦਾ ਹੈ ਉਹ ਸਾਡੀ ਸੁਰਤਿ ਦੇ ਵਿਚਾਰ ਹੀ ਹੁੰਦੇ ਹਨ ਜਿਨ੍ਹਾਂ ਵਿਚਾਰਾਂ ਤੋਂ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਹੁੰਦਾ ਭਾਵ ਇਹ ਮਨੁੱਖ ਦੀ ਬੇਵਸੀ ਹੈ ਕਿ ਸਾਡੇ ਅੰਦਰ ਕਿਹੋ ਜਿਹੇ ਵਿਚਾਰ ਉਪਜਦੇ ਹਨ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤੇ ਸਾਨੂੰ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਗੁਰੂ ਸਾਨੂੰ ਜੋ ਕੁਝ ਵੀ ਕਹਿ ਕੇ ਸਮਝਾਉਦਾ ਹੈ ਉਹ ਪੂਰਨ ਸੱਚ ਹੈ। ਗੁਰੂ ਦੀ ਸਮਝ ਪੂਰੀ ਹੈ ਤੇ ਮਨੁੱਖ ਦੀ ਸਮਝ ਅਧੂਰੀ ਹੈ। ਪੂਰੀ ਸਮਝ ਵਾਲਾ ਕਦੇ ਗਲਤ ਨਹੀਂ ਹੋ ਸਕਦਾ ਭਾਵ ਗੁਰੂ ਦੀ ਗੱਲ ਵਿੱਚ ਕੋਈ ਭਰਮ ਵਾਲੀ ਗੱਲ ਨਹੀਂ ਹੋ ਸਕਦੀ। ਅਧੂਰੀ ਮਤਿ ਹੀ ਭਰਮਾਂ ਵਾਲੀ ਮਤਿ ਹੁੰਦੀ ਹੈ ਜੋ ਭਰਮ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੇ ਹਨ। ਮਨੁੱਖ ਦੀ ਹਉਮੈ ਵਾਲੀ ਸਮਝ ਕੱਚੀ ਮਤਿ ਹੈ ਤੇ ਗੁਰੂ ਦੀ ਨਾਮ ਵਾਲੀ ਸਮਝ ਸੱਚੀ ਮਤਿ ਹੈ, ਨਾਮ ਵਾਲੀ ਮਤਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਮਤਿ ਹੈ। ਜੇ ਸਾਨੂੰ ਗੁਰੂ ਇਹ ਸਮਝਾਉਂਦਾ ਹੈ ਕਿ ਆਪਣੀ ਸੁਰਤਿ ਦੇ ਵਿਚਾਰਾਂ ਤੇ ਭਾਵ

47/6271

ਆਪਣੀ ਮਨ ਦੀ ਸਮਝ ਤੇ ਸਾਡਾ ਕੋਈ ਜੋਰ ਨਹੀਂ ਹੈ ਫਿਰ ਇਹ ਸੱਚ ਹੈ। ਝੂਠਾ ਉਹ ਹੈ ਜੋ ਸੱਚ ਨੂੰ ਨਹੀਂ ਮੰਨਦਾ ਇਸੇ ਲਈ ਗੁਰਮਤਿ ਸੱਚੀ ਹੈ ਤੇ ਮਨਮਤਿ ਝੂਠੀ ਹੈ। ਝੂਠੀ ਸਮਝ ਵਿੱਚੋਂ ਨਿਕਲਕੇ ਸੱਚੀ ਸਮਝ ਦੇ ਨਾਲ ਜੁੜਨਾ ਹੀ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸਾਡਾ ਸੱਚਾ ਉੱਦਮ ਹੈ, ਉਸ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦਾ ਸੱਚਾ ਉੱਦਮ ਹੈ। **{ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੭॥}** ਅੰਗ ੭

ਜਿਵੇਂ ਕਿ ਅਸੀਂ ਉਪਰ ਕਿਤਨੇ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦਾ ਹੁਕਮ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦੀ ਪਾਈ ਹੋਈ ਸਮਝ ਦੁਆਰਾ ਹੀ ਵਰਤਦਾ ਹੈ। ਇੱਕ ਗੱਲ ਤਾਂ ਹੁਣ ਤੱਕ ਸਭ ਨੂੰ ਸਪਸ਼ਟ ਹੋ ਚੁੱਕੀ ਹੋਵੇਗੀ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਨੂੰ ਸ਼ਬਦਾਂ ਰਾਹੀਂ ਬਾਰ-ਬਾਰ ਪ੍ਰਮਾਤਮਾ ਦੇ ਨਾਲ ਮੇਲ ਜਾਂ ਵਿਛੋੜੇ ਦੀ ਗੱਲ ਸਮਝਾਈ ਹੋਈ ਹੈ ਜੋ ਗੱਲ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ। ਆਪਣੇ ਅੰਦਰ ਦੀ ਸਮਝ ਨੂੰ ਜਾਣਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਨਾ ਹੈ, ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਪਹਿਚਾਨਣਾ ਹੈ, ਮਨ ਦੀ ਹਉਮੈ ਵਿੱਚੋਂ ਨਿਕਲਣਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਹੈ ਤੇ ਉਸ ਨਾਮ ਰੂਪ ਪ੍ਰਮਾਤਮਾ ਦੇ ਨਾਲ ਮਿਲਣਾ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਸਾਰੀ ਗੱਲ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ। ਮਨ ਦੀ ਅਗਿਆਨਤਾ ਵੀ ਸਾਡੀ ਸਮਝ ਹੈ ਤੇ ਸੱਚਾ ਗਿਆਨ ਵੀ ਸਮਝ ਹੈ। ਅਗਿਆਨਤਾ ਵਾਲੀ ਸਮਝ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਤੇ ਸੱਚੇ ਗਿਆਨ ਵਾਲੀ ਸਮਝ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ। ਮਨ ਦੀ ਸਮਝ ਸਾਡੇ ਵੱਸ ਨਹੀਂ ਹੈ ਤੇ ਇਸ ਮਨ ਦੀ ਸਮਝ ਨੂੰ ਜਾਣੇ ਬਿਨਾਂ ਕਿ ਸਾਡੇ ਅੰਦਰ ਦੀ ਇਹ ਸਮਝ ਕਿੱਥੋਂ ਆਉਂਦੀ ਹੈ ਭਾਵ ਸਾਡੀ ਸਮਝ ਦਾ ਮਾਲਕ ਕੌਣ ਹੈ ਇਸ ਨੂੰ ਜਾਣੇ ਬਿਨਾਂ ਕੋਈ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ। ਆਉ ਇਹੀ ਗੱਲ ਧਨੁ ਧਨੁ ਦੂਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦਾਂ ਨੂੰ ਸਮਝੀਏ ਕਿ ਸਾਡੀ ਮਨ ਦੀ ਸਮਝ ਦਾ ਮਾਲਕ ਕੌਣ ਹੈ, ਸਾਨੂੰ ਅਗਿਆਨਤਾ ਵਿੱਚ ਰੱਖਣ ਵਾਲਾ ਕੌਣ ਹੈ ਤੇ ਉਸ ਅਗਿਆਨਤਾ ਵਿੱਚੋਂ ਕੱਢਣ ਵਾਲਾ ਕੌਣ ਹੈ। ਭਗਤਾਂ ਨੇ, ਗੁਰੂ ਸਾਹਿਬਾਨ

47/6272

ਨੇ ਜੋ ਕੁਝ ਵੀ ਬਾਣੀ ਵਿੱਚ ਲਿਖਿਆ ਹੈ ਉਹ ਸਭ ਪ੍ਰਮਾਤਮਾ ਨੇ ਆਪ ਹੀ ਉਹਨਾਂ ਦੇ ਅੰਦਰ ਪ੍ਰਗਟ ਹੋ ਕੇ ਲਿਖਵਾਇਆ ਹੈ ਜਿਸ ਕਰਕੇ ਗੁਰਬਾਣੀ ਦਾ ਹਰ ਸ਼ਬਦ ਪ੍ਰਮਾਤਮਾ ਦੇ ਨਾਲ ਮੇਲ ਦਾ ਇੱਕੋ ਜਿਹਾ ਤਰੀਕਾ ਹੀ ਸਮਝਾਉਂਦਾ ਹੈ, ਇੱਕੋ ਜਿਹੀ ਭਗਤੀ ਕਰਨ ਦਾ ਤਰੀਕਾ ਸਮਝਾਉਂਦਾ ਹੈ, ਇੱਕੋ ਜਿਹਾ ਨਾਮ ਜਪਣ ਦਾ ਤਰੀਕਾ ਸਮਝਾਉਂਦਾ ਹੈ ਪਰ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਦੇ ਸੱਚ ਤੱਕ ਪਹੁੰਚ ਨਹੀਂ ਕਰ ਸਕਦੇ ਤੇ ਤਾਂ ਹੀ ਅਸੀਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜਿਸ ਦੀ ਸਮਝ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਹੀ ਹੁੰਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਹੇਠ ਦਿੱਤੇ ਸ਼ਬਦਾਂ ਦੁਆਰਾ ਸਾਨੂੰ ਇਹ ਕੁਝ ਹੀ ਸਮਝਾਇਆ ਹੋਇਆ ਹੈ।

ਸਲੋਕ ਮਃ ੨ ॥

"ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥"

(ਅੰਗ ੯੫੪)

ਮਃ ੨ ॥

"ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ ॥ ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ ॥
ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ ॥ ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ ॥੨॥"

(ਅੰਗ ੯੫੪)

ਮਃ ੨ ॥

“ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥”

(ਅੰਗ ੯੫੪)

ਪਉੜੀ ॥

“ਕਾਇਆ ਅੰਦਰਿ ਗੜੁ ਕੋਟੁ ਹੈ ਸਭਿ ਦਿਸੰਤਰ ਦੇਸਾ ॥ ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ ॥
ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥ ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ॥
ਸਭੁ ਕਿਛੁ ਸਚੋ ਸਚੁ ਹੈ ਗੁਰਿ ਸੋਝੀ ਪਾਈ ॥੧੬॥”

(ਅੰਗ ੯੫੫)

ਪਹਿਲੇ ਉਪਰ ਵਾਲੇ ਸ਼ਬਦ ਨੂੰ ਸਮਝਦੇ ਹਾਂ ਜਿੱਥੇ ਸਾਡੇ ਅੰਧੇਪਨ ਤੇ ਸੁਜਾਖੇਪਨ ਦੀ ਗੱਲ ਕੀਤੀ ਹੋਈ ਹੈ। ਸ਼ਬਦ ਰਾਹੀਂ ਅੰਧਾ ਉਸ ਨੂੰ ਕਿਹਾ ਹੈ ਜਿਸਨੂੰ ਖਸਮ ਨੇ ਆਪ ਅੰਧਾ ਕੀਤਾ ਹੋਇਆ ਹੈ। ਸਾਡੇ ਅੰਦਰ ਦੀ ਜੋ ਅਗਿਆਨਤਾ ਹੈ ਉਹ ਸਾਡੀ ਆਪਣੀ ਪਾਈ ਹੋਈ ਨਹੀਂ ਜਿਵੇਂ ਕਿ ਸ਼ਬਦ ਦੀ ਆਖਰੀ ਪੰਗਤੀ ਰਾਹੀ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। **(ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥)** ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਚੱਲਣ ਵਾਲਾ, ਭਗਤੀ ਦੇ ਮਾਰਗ ਤੇ ਚੱਲਣ ਵਾਲਾ, ਨਾਮ ਜਪਣ ਵਾਲਾ ਹਰ ਕੋਈ ਆਪਣੀ ਆਪਣੀ ਸਮਝ ਦੁਆਰਾ ਹੀ ਸਮਝਦਾ ਹੈ ਭਾਵ ਮਨ ਦੀ ਅਗਿਆਨਤਾ ਦੁਆਰਾ ਹੀ ਸਮਝਦਾ ਹੈ ਜੋ ਅੰਧਾਪਨ ਰੂਪ ਅਗਿਆਨਤਾ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਪਾਈ ਹੋਈ ਹੈ। ਮਨ ਦੀ ਅਗਿਆਨਤਾ ਹੀ ਸਾਡੇ ਅੰਦਰ ਦੀ ਹਉਮੈ ਹੈ,

47/6273

ਤ੍ਰੈ ਗੁਣਾਂ ਵਾਲੀ ਸਮਝ ਹੈ ਜੋ ਕਿ ਸਾਡੇ ਅੰਦਰ ਮਾਇਆ ਦੀ ਜੁਗਤਿ ਦੇ ਰੂਪ ਵਿੱਚ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਇਹਨਾਂ ਗੱਲਾਂ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਧਰਮ ਦੇ ਮਾਰਗ ਦੀ ਸਹੀ ਸੋਝੀ ਹੀ ਨਹੀਂ ਪੈਂਦੀ, ਨਾਮ ਦੀ ਸਹੀ ਸੋਝੀ ਹੀ ਨਹੀਂ ਹੁੰਦੀ। **{ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥}** ਅੰਗ ੫੬੦

ਸੰਸਾਰ ਵਿੱਚ ਹਉਮੈ ਤੋਂ ਬਿਨਾਂ, ਤ੍ਰੈ ਗੁਣਾਂ ਵਾਲੀ ਸਮਝ ਤੋਂ ਬਿਨਾਂ ਭਾਵ ਮਨ ਦੀ ਮਾਇਆ ਤੋਂ ਬਿਨਾਂ ਤਾਂ ਕੋਈ ਵੀ ਨਹੀਂ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹਰ ਕੋਈ ਹੈ ਪਰ ਜੇਕਰ ਕਿਸੇ ਨਾਸਮਝੀ ਵਾਲੀ ਭਗਤੀ ਕਰਨ ਵਾਲੇ ਨੂੰ, ਨਾਸਮਝੀ ਵਾਲਾ ਨਾਮ ਜਪਣ ਵਾਲੇ ਨੂੰ ਅਗਰ ਕੋਈ ਇਹ ਸਮਝਾਉਂਣ ਦੀ ਕੋਸ਼ਿਸ਼ ਕਰੇ ਕਿ ਤੁਸੀਂ ਭਗਤੀ ਦੇ ਗਲਤ ਮਾਰਗ ਤੇ ਚੱਲ ਰਹੇ ਹੋ ਉਹ ਕਦੇ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹੁੰਦੇ ਭਾਵ ਉਹ ਆਪਣੀ ਮਤਿ ਨਹੀਂ ਛੱਡਦੇ ਕਿਉਂਕਿ ਇਹੋ ਜਿਹੇ ਇਹ ਮੰਨਣ ਨੂੰ ਤਿਆਰ ਨਹੀਂ ਹੁੰਦੇ ਭਾਵ ਉਹ ਆਪਣੀ ਮਤਿ ਨਹੀਂ ਛੱਡਦੇ ਕਿਉਂਕਿ ਇਹੋ ਜਿਹੇ ਇਹ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਉਹ ਅਗਿਆਨਤਾ ਵਿੱਚ ਹਨ, ਹਉਮੈ ਵਿੱਚ ਹਨ ਭਾਵ ਉਹ ਆਪਣੀ ਭਗਤੀ, ਆਪਣੇ ਨਾਮ ਜਪਣ ਨੂੰ ਸਰੀਰਕ ਕਿਰਿਆਵਾਂ ਆਦਿ ਨੂੰ ਠੀਕ ਸਮਝਕੇ ਉਸੇ ਮਾਰਗ ਤੇ ਹੀ ਚੱਲਦੇ ਹਨ। **(ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥)** ਭਗਤੀ ਦੇ ਸਹੀ ਮਾਰਗ ਦੀ ਸਮਝ ਮਨ ਦਾ ਅੰਧਾਪਨ ਨਿਕਲਣ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥”

ਉਪਰ ਪੰਗਤੀ ਰਾਹੀਂ ਸਾਡੇ ਮਨ ਦਾ ਸੁਜਾਖਾਪਨ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਇਸ ਗੱਲ ਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਜਿਸ ਤਰ੍ਹਾਂ ਅੰਧਾਪਨ ਸਾਡੇ ਅੰਦਰ ਦੀ ਅਗਿਆਨਤਾ ਹੈ ਇਸੇ ਤਰ੍ਹਾਂ ਸਾਡੇ ਮਨ ਦਾ ਸੁਜਾਖਾਪਨ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਹੋਣਾ ਹੈ, ਗੁਰੂ ਦੇ ਸੱਚੇ ਗਿਆਨ ਦਾ ਹੋਣਾ ਹੈ ਭਾਵ ਗੁਰੂ ਦੇ ਨਾਮ ਦਾ ਹੋਣਾ ਹੈ ਜਿਸ ਦਾ ਮਕਸਦ ਹੀ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਹਉਮੈ ਵਿੱਚੋਂ ਕੱਢਣ ਦਾ ਹੈ। ਭਗਤੀ ਦੇ ਮਾਰਗ ਦੀ ਸੱਚੀ ਸਮਝ, ਨਾਮ ਜਪਣ ਦੀ ਸੱਚੀ ਸਮਝ ਮਨ ਦੇ ਸੁਜਾਖੇਪਨ ਦੁਆਰਾ ਹੀ ਪੈਂਦੀ ਹੈ ਤੇ ਇਹੋ ਜਿਹੀ ਸਮਝ ਵਾਲਾ ਮਨੁੱਖ ਫਿਰ ਭਗਤੀ ਦੇ ਮਾਰਗ ਤੋਂ ਉਜੜਦਾ ਨਹੀਂ ਭਾਵ ਭਟਕਦਾ ਨਹੀਂ ਭਾਵ ਉਹ ਸਹੀ ਮਾਰਗ ਤੇ ਚੱਲਦਾ ਹੈ।

47/6274

ਭਗਤੀ ਦੇ ਸਹੀ ਮਾਰਗ ਨੂੰ ਉਜਾੜਨ ਵਾਲੀ ਸਾਡੇ ਅੰਦਰ ਦੀ ਨਾਸਮਝ ਮਤਿ ਹੀ ਹੈ ਭਾਵ ਸਾਡਾ ਅੰਧਾਪਨ ਹੀ ਹੈ। **(ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥)** ਸਾਡਾ ਅੰਧਾਪਨ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ ਤੇ ਇਹ ਅੰਧਾਪਨ ਸਾਡੀਆਂ ਸਰੀਰਕ ਅੱਖਾਂ ਦਾ ਅੰਧਾਪਨ ਨਹੀਂ ਭਾਵ ਸਾਡੇ ਮਨ ਦੇ ਅੰਧੇਪਨ ਦੀ ਗੱਲ ਕੀਤੀ ਹੋਈ ਹੈ, ਸਾਡੇ ਮਨ ਦੀ ਸਮਝ ਦੀ ਗੱਲ ਕੀਤੀ ਹੋਈ ਹੈ ਜਿਸ ਰਾਹੀਂ ਸਾਨੂੰ ਭਗਤੀ ਦੇ ਮਾਰਗ ਦੀ ਸੋਝੀ ਪੈਂਦੀ ਹੈ ਤੇ ਅਸੀਂ ਆਪਣੀ ਸਮਝ ਦੇ ਅਨੁਸਾਰ ਹੀ ਭਗਤੀ ਦੇ ਮਾਰਗ ਤੇ ਚਲਦੇ ਹਾਂ। **(ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥)** ਅਸੀਂ ਅੰਧੇ ਕਿਸ ਲਈ ਹਾਂ ਭਾਵ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਸਾਨੂੰ ਅਗਿਆਨੀ ਕਿਸ ਨੇ ਬਣਾਇਆ ਹੋਇਆ ਹੈ ਭਾਵ ਸਾਡੇ ਅੰਦਰ ਹਉਮੈ ਕਿਸ ਨੇ ਪਾਈ ਹੋਈ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥”

ਇਸ ਪੰਗਤੀ ਨੂੰ ਅਸੀਂ ਪਹਿਲੇ ਉਪਰ ਸਮਝ ਹੀ ਚੁਕੇ ਹਾਂ ਕਿ ਸਾਡੇ ਮਨ ਦੇ ਅੰਧੇਪਨ ਦਾ ਕਾਰਨ ਕੀ ਹੈ ਕਾਰਨ ਉਹੀ ਹੈ ਜੋ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਸਾਡੇ ਅੰਦਰ ਦੀ ਸਮਝ ਸਾਡੇ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੇ ਵੱਸ ਹੈ। ਜਿਸਨੇ ਸਾਨੂੰ ਅੰਧਾ ਬਣਾਇਆ ਹੋਇਆ ਹੈ ਉਹੀ ਸਾਨੂੰ ਸੁਜਾਖਾ ਬਣਾ ਸਕਦਾ ਹੈ ਤੇ ਸਾਨੂੰ ਸੁਜਾਖਾ ਬਨਾਉਣ ਲਈ ਧਰਮ ਗ੍ਰੰਥਾਂ ਦੀ ਰਚਨਾ ਵੀ ਉਸਨੇ ਆਪ ਹੀ ਕੀਤੀ ਹੋਈ ਹੈ। ਧਰਮ ਗ੍ਰੰਥਾਂ ਵਿੱਚ ਉਸ ਦਾ ਪਾਇਆ ਹੋਇਆ ਆਪਣਾ ਸੱਚਾ ਗਿਆਨ ਹੀ ਹੈ ਜਿਸ ਦਾ ਮਕਸਦ ਹੀ ਸਾਨੂੰ ਸਾਡੇ ਮਨ ਨੂੰ ਅੰਧੇਪਨ ਵਿੱਚੋਂ ਕੱਢਣ ਦਾ ਹੈ ਭਾਵ ਸਾਨੂੰ ਸੁਜਾਖਾ ਬਨਾਉਣ ਦਾ ਹੈ ਤੇ ਉਹ ਅਸੀਂ ਤਾਂ ਹੀ ਬਣ ਸਕਦੇ ਹਾਂ ਜੇ ਗੁਰੂ ਦੇ ਸੱਚੇ ਗਿਆਨ ਵਾਲੇ ਵਿਚਾਰ ਲੈ ਕੇ ਮਨ ਦੀ ਅਗਿਆਨਤਾ ਵਾਲੇ ਵਿਚਾਰ ਛਡਾਂਗੇ ਭਾਵ ਉਸ ਦਾ ਸੱਚਾ ਨਾਮ ਜਪਣ ਦਾ ਉਪਰਾਲਾ ਕਰਾਂਗੇ ਜਿਸ ਨਾਮ ਦਾ ਮਕਸਦ ਸਾਨੂੰ ਹਉਮੈ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ। ਜੇਕਰ ਅਸੀਂ ਏਹੋ ਜਿਹਾ ਸੱਚਾ ਉਪਰਾਲਾ ਕਰਾਂਗੇ ਫਿਰ ਤਾਂ ਹੀ ਨਾਮ ਰੂਪ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਕੇ ਸਾਨੂੰ ਆਪਣੇ ਦਰਸ਼ਨ ਦਿੰਦਾ ਹੈ

47/6275

ਤੇ ਸਾਨੂੰ ਮਨ ਦੀ ਅਗਿਆਨਤਾ ਤੋਂ ਭਾਵ ਮਨ ਦੇ ਅੰਧੇਪਨ ਤੋਂ ਮੁਕਤ ਕਰਦਾ ਹੈ ਤੇ ਸਾਡੀ ਸਮਝ ਨੂੰ ਸੁਜਾਖਾ ਬਣਾਉਂਦਾ ਹੈ, ਸੁਜਾਖੀਆਂ ਅੱਖਾਂ ਵਾਲਾ ਬਣਾਉਂਦਾ ਹੈ ਜਿਸ ਮਨ ਦੇ ਸੁਜਾਖੇਪਨ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਤੇ ਫਿਰ ਤਾਂ ਹੀ ਮਨੁੱਖ ਭਗਤੀ ਦੇ ਸਹੀ ਮਾਰਗ ਤੇ ਚਲਦਾ ਹੈ ਭਾਵ ਆਪਣੇ ਸੱਚੇ ਮਾਰਗ ਤੋਂ ਕਦੇ ਨਹੀਂ ਉਜੜਦਾ। **(ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥ ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥)**

ਜੋ ਕੁਝ ਅਸੀਂ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਹੈ ਉਹੀ ਗੱਲ ਸਾਨੂੰ ਗੁਰੂ ਸਾਹਿਬ ਦੇ ਅਗਲੇ ਸ਼ਬਦ ਰਾਹੀਂ ਹੋਰ ਸਪਸ਼ਟ ਕਰਕੇ ਸਮਝਾਈ ਹੋਈ ਹੈ ਤਾਂ ਜੋ ਸਾਨੂੰ ਪੂਰੇ ਸ਼ਬਦ ਦੇ ਅਸਲ ਭਾਵ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ।

ਮਃ ੨ ॥

“ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ ॥ ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ ॥

ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ ॥ ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ ॥੨॥”

ਉੱਪਰਲਾ ਸ਼ਬਦ ਹੀ ਸਾਡੇ ਮਨ ਦੀ ਅਗਿਆਨਤਾ ਦੇ ਨਾਲ ਜੁੜਿਆ ਹੋਇਆ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਨਾਲ ਜੁੜਿਆ ਹੋਇਆ ਹੈ, ਭਗਤੀ ਦੇ ਮਾਰਗ ਨੂੰ ਸਮਝਣ ਜਾਂ ਨਾਸਮਝਣ ਨਾਲ ਜੁੜਿਆ ਹੋਇਆ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੇ ਨਾਲ ਜੁੜਿਆ ਹੋਇਆ ਹੈ ਕਿ ਉਸ ਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਸਭ ਨੂੰ ਮਨ ਦੇ ਅੰਧੇਪਨ ਭਾਵ ਮਨ ਦੀ ਅਗਿਆਨਤਾ ਵਿੱਚ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਉਸ ਦੇ ਆਪਣੇ ਕੱਢਣ ਦੁਆਰਾ ਹੀ ਕੋਈ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕਦਾ ਹੈ। ਜਿਸ ਨੇ ਸਾਨੂੰ ਅੰਧਾ ਬਣਾਇਆ ਹੋਇਆ ਹੈ ਉਹੀ ਸਾਨੂੰ ਸੁਜਾਖਾ ਬਣਾ ਸਕਦਾ ਹੈ। ਆਗਿਆਨਤਾ ਕੇਵਲ ਗਿਆਨ ਦੁਆਰਾ ਹੀ ਨਿਕਲ ਸਕਦੀ ਹੈ ਤੇ ਅਗਿਆਨਤਾ ਵਿੱਚੋਂ ਸਾਨੂੰ ਉਹੀ

ਕੱਢ ਸਕਦਾ ਹੈ ਜਿਸ ਕੋਲ ਅਗਿਆਨਤਾ ਵਿੱਚੋਂ ਕੱਢਣ ਵਾਲਾ ਗਿਆਨ ਹੈ। ਸਾਡੇ ਮਨ ਦੀ ਅਗਿਆਨਤਾ ਵੀ ਗਿਆਨ ਹੀ ਹੈ ਪਰ ਉਹ ਗਿਆਨ ਸਾਨੂੰ ਕੱਚੀ ਮਤਿ ਵਿੱਚ ਰੱਖਦਾ ਹੈ, ਮਨਮਤਿ ਵਿੱਚ ਰੱਖਦਾ ਹੈ, ਭਰਮਾਂ ਵਾਲੀ ਸਮਝ ਵਿੱਚ ਰੱਖਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਦਾ ਹੈ, ਮਾਇਆ ਮੋਹ ਵਾਲੀ ਸਮਝ ਵਿੱਚ ਰੱਖਦਾ ਹੈ, ਹਉਮੈ ਵਿੱਚ ਰੱਖਦਾ ਹੈ। ਪ੍ਰਮਾਤਮਾ ਜਿਸਨੂੰ ਸੁਜਾਖਾ ਬਣਾਉਂਦਾ ਹੈ ਉਸਨੂੰ ਆਪਣੇ ਚਉਥੇ ਪਦ ਦੇ ਗਿਆਨ ਵਾਲੀ ਸਮਝ ਬਖਸ਼ਣ ਦੁਆਰਾ ਕਰਦਾ ਹੈ ਭਾਵ ਬ੍ਰਹਮ ਗਿਆਨ ਵਾਲੀ,

47/6276

ਆਪਣੇ ਨਾਮ ਵਾਲੀ ਸਮਝ ਬਖਸ਼ਣ ਦੁਆਰਾ ਕਰਦਾ ਹੈ। ਸੰਸਾਰ ਵਿੱਚ ਪੂਰੇ ਗਿਆਨ ਦਾ ਸ੍ਰੋਤ ਪ੍ਰਮਾਤਮਾ ਆਪ ਹੀ ਹੈ ਤੇ ਉਹ ਬਹੁਤ ਹੀ ਉੱਚੇ ਗਿਆਨ ਵਾਲਾ ਹੈ। ਉਹ ਮਨੁੱਖ ਨੂੰ ਜਿਹੋ ਜਿਹੀ ਸਮਝ ਵਿੱਚ ਚਾਹੇ ਉਹੋ ਜਿਹੀ ਸਮਝ ਵਿੱਚ ਰੱਖ ਸਕਦਾ ਹੈ। ਇਹ ਗਿਆਨ ਦੇ ਮਾਲਕ ਦੀ ਆਪਣੀ ਮਰਜੀ ਹੈ ਤੇ ਇਸੇ ਲਈ ਮਨੁੱਖ ਦਾ ਆਪਣੀ ਮਨ ਦੀ ਸੋਚ ਤੇ, ਆਪਣੇ ਮਨ ਦੀ ਸਮਝ ਤੇ ਕੋਈ ਵੱਸ ਨਹੀਂ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਉਦੋਂ ਹੀ ਪੈ ਸਕਦੀ ਹੈ ਜਦੋਂ ਪ੍ਰਮਾਤਮਾ ਕਿਸੇ ਮਨ ਦਾ ਅੰਧਾਪਨ ਕੱਢਕੇ ਇਸ ਸਮਝ ਨੂੰ ਸੁਜਾਖੀ ਬਣਾ ਦਿੰਦਾ ਹੈ। **(ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ ॥)** ਮਨ ਦੇ ਅੰਧੇਪਨ ਵਿੱਚ ਰਹਿੰਦਿਆਂ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸਮਝ ਨਹੀਂ ਪੈਂਦੀ ਤੇ ਇਹੋ ਜਿਹੀ ਅਵਸਥਾ ਵਾਲੇ ਮਨੁੱਖ ਨੂੰ ਭਾਵ ਭਗਤੀ ਦੇ ਗਲਤ ਮਾਰਗ ਤੇ ਚੱਲਣ ਵਾਲੇ ਮਨੁੱਖ ਨੂੰ ਕੋਈ ਸੱਚਾ ਮਾਰਗ ਸਮਝਾਉਂਣਾ ਚਾਹੇ ਤੇ ਉਹ ਕਿਸੇ ਦੀ ਗੱਲ ਨੂੰ ਨਹੀਂ ਮੰਨਦੇ ਭਾਵ ਉਹ ਆਪਣਾ ਮਾਰਗ ਨਹੀਂ ਛੱਡਦੇ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ ॥”

ਮਨੁੱਖ ਜੋ ਕੁੱਝ ਵੀ ਜਾਣਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਜਾਣਦਾ ਹੈ। ਜਦ ਤੱਕ ਮਨ ਦੇ ਵਿੱਚ ਅਗਿਆਨਤਾ ਹੈ ਤਾਂ ਫਿਰ ਉਹ ਪ੍ਰਮਾਤਮਾ ਨੂੰ ਜਾਨਣ ਲਈ ਜੋ ਕੁਝ ਕਰੇਗਾ ਉਸ ਵਿੱਚ ਅਗਿਆਨਤਾ ਹੀ ਹੋਵੇਗੀ ਕਿਉਂਕਿ ਪ੍ਰਮਾਤਮਾ ਨੇ ਮਨ ਦੇ ਵਿੱਚ ਅਗਿਆਨਤਾ ਪਾਈ ਹੀ ਇਸੇ ਮਕਸਦ ਲਈ ਹੋਈ ਹੈ ਤਾਂ ਜੋ ਉਸਨੂੰ ਕੋਈ ਜਾਣ ਨਾ ਸਕੇ। ਪ੍ਰਮਾਤਮਾ ਦਾ ਸਭਦੇ ਅੰਦਰ ਹਉਮੈ ਪਾਉਂਣ ਦਾ ਮਕਸਦ, ਤ੍ਰੈ ਗੁਣਾਂ ਵਾਲੀ ਸਮਝ ਪਾਉਂਣ ਦਾ ਮਕਸਦ ਭਾਵ ਮਾਇਆ ਦੀ ਜੁਗਤਿ ਪਾਉਂਣ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਤਾਂ ਜੋ ਉਹਨਾਂ ਨੂੰ ਸੱਚ ਦੀ ਸਮਝ ਨਾ ਲੱਗ ਸਕੇ। ਸੱਚ ਦੀ ਸਮਝ ਬਿਨਾਂ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਲੱਗ ਸਕਦੀ ਤੇ ਇਸੇ ਲਈ ਅਗਿਆਨਤਾ ਵਿੱਚ ਰਹਿੰਦੇ ਹੋਏ ਸਭ ਉਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦੇ ਹਨ ਜਿਨ੍ਹਾਂ ਤਰੀਕਿਆਂ ਦਾ ਬਾਣੀ ਨੇ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਤੇ ਅਸੀਂ ਇਸ ਗੱਲ ਨੂੰ ਅਨੇਕਾਂ ਵਾਰੀ ਸਮਝਿਆਂ ਹੈ।

47/6277

ਜੇਕਰ ਕਿਸੇ ਸਰੀਰਕ ਜਪ ਤਪ ਕਰਨ ਵਾਲੇ ਨੂੰ, ਕਿਸੇ ਅੱਖਰ ਦਾ ਜਪ ਕਰਨ ਵਾਲੇ ਨੂੰ ਸੈਂਕੜੇ ਵਾਰੀ ਸਮਝਾਵੇ ਕਿ ਇਹ ਸੱਚ ਦਾ ਮਾਰਗ ਨਹੀਂ ਹੈ ਭਾਵ ਇਹ ਭਰਮ ਵਾਲੀ ਭਗਤੀ ਹੈ ਪਰ ਉਹ ਇਸ ਗੱਲ ਨੂੰ ਨਹੀਂ ਮੰਨਦੇ। ਮੰਨਦਾ ਹਰ ਕੋਈ ਆਪਣੀ ਸਮਝ ਨੂੰ ਹੀ ਹੈ ਕਿਉਂਕਿ ਜੇਕਰ ਸਾਡੇ ਅੰਦਰ ਦੀ ਸਮਝ ਹੀ ਇਹ ਸਮਝਾਵੇ ਕਿ ਮੈਂ ਸੱਚੀ ਭਗਤੀ ਕਰ ਰਿਹਾ ਹਾਂ ਫਿਰ ਉਹ ਕਿਸੇ ਦੀ ਗੱਲ ਨੂੰ ਮੰਨ ਵੀ ਕਿਵੇਂ ਸਕਦਾ ਹੈ। ਸਾਡੇ ਮਨ ਦੀ ਸਮਝ ਆਪਣੀ ਨਹੀਂ ਹੈ ਭਾਵ ਸਾਨੂੰ ਭਗਤੀ ਦੇ ਪੁੱਠੇ ਮਾਰਗ ਤੇ ਚਲਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਸਾਨੂੰ ਮੰਨਣ ਹੀ ਨਹੀਂ ਦਿੰਦਾ ਕਿ ਅਸੀਂ ਗਲਤ ਹਾਂ। ਉਹ ਆਪ ਹੀ ਕਿਸੇ ਨੂੰ ਸੁਜਾਖਾ ਕਰੇ ਤੇ ਕਿਸੇ ਨੂੰ ਸੱਚੀ ਭਗਤੀ ਦੀ ਸਮਝ ਲਗ ਸਕਦੀ ਹੈ। ਆਪਣੀ ਮਤਿ ਨੂੰ ਸੁਜਾਖੀ ਕਰਨ ਦਾ ਉੱਦਮ ਮਨੁੱਖ ਦੇ ਨਾਮ ਹੀ ਹੈ ਜੋ ਸੁਜਾਖਾ ਅਸੀਂ ਧਰਮ ਗ੍ਰੰਥਾਂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਬਣ ਸਕਦੇ ਹਾਂ ਜੋ ਸਾਡਾ ਸੱਚਾ ਉੱਦਮ ਹੋਣਾ ਚਾਹੀਦਾ ਹੈ। ਜਿਹੜੇ ਭਗਤੀ ਦੇ ਤਰੀਕਿਆਂ ਤੋਂ ਬਾਣੀ ਸਾਨੂੰ ਬਾਰ-ਬਾਰ ਮਨਾ ਕਰਦੀ ਹੈ ਉਹਨਾਂ ਤਰੀਕਿਆਂ ਨੂੰ ਛੱਡਣ ਦੁਆਰਾ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਅਸੀਂ ਆਪਣੇ ਆਪ ਨੂੰ ਸੁਜਾਖਾ ਕਰਨ ਦਾ ਉੱਦਮ ਕਰ ਸਕਦੇ ਹਾਂ। ਸੁਜਾਖਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਕਰਦਾ ਹੈ ਭਾਵ ਆਪਣੀ ਕ੍ਰਿਪਾ ਦੁਆਰਾ ਕਰਦਾ ਹੈ ਤੇ ਉਸਦੀ ਕਿਰਪਾ ਦਾ ਪਾਤਰ ਬਣਨ ਲਈ ਸੱਚਾ ਉੱਦਮ ਕਰਨ ਦਾ ਫਰਜ ਅਸੀਂ ਹੀ ਨਿਭਾਉਂਣਾ ਹੈ। ਪਹਿਲਾਂ ਗੁਰੂ ਦੀ ਮਤਿ ਨਾਲ ਪਿਆਰ ਕਰਾਂਗੇ ਤੇ ਤਾਂ ਹੀ ਗੁਰੂ ਪ੍ਰਮਾਤਮਾ ਦਾ ਪਿਆਰ ਪਾ ਸਕਾਂਗੇ ਭਾਵ ਮਨ ਦੇ ਸੁਜਾਖੇਪਨ ਰਾਹੀਂ ਆਪਣੇ ਅੰਦਰੋਂ ਉਸਦੇ ਦਰਸ਼ਨ ਕਰ ਸਕਾਂਗੇ। **(ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ ॥ ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ ॥)**

ਸਾਡੇ ਮਨ ਦੀ ਅਗਿਆਨਤਾ ਹੀ ਭਾਵ ਹਉਮੈ ਹੀ ਸਾਨੂੰ ਆਪਾ ਸਿਖਾਉਂਦੀ ਹੈ ਭਾਵ ਮੈਂ ਸਿਖਾਉਂਦੀ ਹੈ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਭਾਵ ਸਾਡੇ ਮਨ ਦੀ ਅਗਿਆਨਤਾ ਹੀ ਸਾਨੂੰ ਪ੍ਰਮਾਤਮਾ ਨਾਲੋਂ ਵੱਖਰਾ ਕਰਦੀ ਹੈ ਤੇ ਇਹੀ ਗੱਲ ਸਾਨੂੰ ਸ਼ਬਦਾਂ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ ॥ ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ ॥੨॥”

ਉਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਉਹ ਵਸਤ ਦੀ ਪ੍ਰਾਪਤੀ ਦਾ ਤਰੀਕਾ ਸਮਝਾਇਆ ਹੋਇਆ ਹੈ ਜਿਸ ਵਸਤ

ਦੀ ਪ੍ਰਾਪਤੀ ਕਰਨਾ ਸਾਡੇ ਜੀਵਨ ਦਾ ਮਕਸਦ ਹੈ। ਸਾਨੂੰ ਉਸ ਵਸਤ ਦੀ ਪ੍ਰਾਪਤੀ ਕਿਸ ਲਈ ਨਹੀਂ ਹੁੰਦੀ ਇਹ ਗੱਲ ਸਪਸ਼ਟ ਕੀਤੀ ਹੋਈ ਹੈ ਜਿਸ ਵਸਤ ਨੂੰ ਅਸੀਂ ਪ੍ਰਾਪਤ ਕਰਨਾ ਹੈ ਜੋ ਪ੍ਰਮਾਤਮਾ ਆਪ ਹੈ ਜੋ ਵਸਤ ਉਸਦੇ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਉਹ ਵਸਤ ਸਾਡੇ ਅੰਦਰ ਹੀ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੀ ਹੈ ਤੇ ਜਦ ਤੱਕ ਸਾਡੀ ਸਮਝ ਦੇ ਵਿੱਚ ਅਗਿਆਨਤਾ ਹੈ ਭਾਵ ਹਉਮੈ ਹੈ ਤਦ ਤਕ ਸਾਨੂੰ ਆਪਣੇ ਅੰਦਰੋਂ ਉਹ ਵਸਤ ਨਜਰ ਨਹੀਂ ਆਉਂਦੀ। ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਸ ਸੰਸਾਰ ਵਿੱਚ ਵਰਤਣ ਵਾਲਾ ਮੈ ਆਪ ਹਾਂ ਭਾਵ ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਆਪਣੀ ਮਤਿ ਦੁਆਰਾ ਕਰਦੇ ਹਾਂ। ਜਦ ਤਕ ਅਸੀਂ ਆਪਣੀ ਮਤਿ ਵਰਤਦੇ ਹਾਂ ਤਦ ਤਕ ਅਸੀਂ ਗੁਰੂ ਦੀ ਮਤਿ ਨੂੰ ਨਹੀਂ ਮੰਨਦੇ ਤੇ ਆਪਣੀ ਨਾਸਮਝ ਮਤਿ ਦੁਆਰਾ ਹੀ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ, ਆਪਣੀ ਮਤਿ ਵਰਤਣ ਦੁਆਰਾ ਅਸੀਂ ਉਸ ਵਸਤ ਨੂੰ ਨਹੀਂ ਜਾਣ ਸਕਦੇ ਜਿਸ ਵਸਤ ਨੂੰ ਅਸੀਂ ਲੈਣ ਲਈ ਆਏ ਹਾਂ। ਉਹ ਵਸਤ ਆਪਣੇ ਮਨ ਦੇ ਵਿੱਚੋਂ ਹੀ ਜਾਪਦੀ ਹੈ ਭਾਵ ਦਿਸਦੀ ਹੈ ਪਰ ਆਪਣੀ ਮਤਿ ਵਰਤਣ ਦੁਆਰਾ ਨਹੀਂ ਦਿਸਦੀ, ਆਪਣੀ ਮਤਿ ਤੇ ਚੱਲਣ ਦੁਆਰਾ ਨਹੀਂ ਦਿਸਦੀ। ਜਿਹੋ ਜਿਹੇ ਅਸੀਂ ਭਗਤੀ ਦੇ ਤਰੀਕੇ ਅਪਨਾਏ ਹੋਏ ਹਨ ਉਹ ਆਪਣੀ ਮਤਿ ਦੁਆਰਾ ਹੀ ਬਣਾਏ ਹੋਏ ਹਨ ਜਿਨ੍ਹਾਂ ਵਿੱਚ ਗੁਰੂ ਦੀ ਮਤਿ ਨਹੀਂ ਹੈ। ਆਪਣੀ ਮਤਿ ਤੇ ਚੱਲਕੇ ਭਾਵ ਮਨਮਤਿ ਤੇ ਚੱਲਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਦੇ ਭਾਵ ਨਾਮ ਰੂਪ ਵਸਤ ਦੀ ਪ੍ਰਾਪਤੀ ਨਹੀਂ ਕਰ ਸਕਦੇ। ਉਸ ਵਸਤ ਦਾ ਗਾਹਕ ਹਰ ਕੋਈ ਹੈ ਪਰ ਮਨ ਦੀ ਨਾਸਮਝੀ ਕਰਕੇ ਉਸ ਵਸਤ ਨੂੰ ਆਪਣੇ ਅੰਦਰੋਂ ਕੋਈ ਪਛਾਣ ਹੀ ਨਹੀਂ ਸਕਦਾ। ਉਹ ਵਸਤ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਉਸਦੀ ਪਛਾਣ ਆਪਣੇ ਅੰਦਰੋਂ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਹੀਂ ਹੋ ਸਕਦੀ, ਨਾਸਮਝੀ ਵਾਲੀ ਭਗਤੀ ਦੀ ਸਮਝ ਦੁਆਰਾ ਨਹੀਂ ਹੋ ਸਕਦੀ। ਉਸ ਵਸਤੂ ਨੂੰ ਅਸੀਂ ਆਪਣੇ ਅੰਦਰੋਂ ਪਛਾਨਣਾ ਹੈ ਭਾਵ ਸਮਝਣਾ ਹੈ। ਸੱਚੇ ਗਿਆਨ ਦੀ ਪਛਾਣ ਸੱਚਾ ਗਿਆਨ ਹੀ ਕਰ ਸਕਦਾ ਹੈ ਤੇ ਅਗਿਆਨਤਾ ਆਪਣੇ ਤੋਂ ਉੱਚੇ ਗਿਆਨ ਨੂੰ ਨਹੀਂ ਜਾਣਦੀ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ

ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦਿਆਂ, ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦਿਆਂ ਅਸੀਂ ਚਉਥੇ ਪਦ ਦੇ ਗਿਆਨ ਦੀ ਪਛਾਣ ਨਹੀਂ ਕਰ ਸਕਦੇ ਭਾਵ ਉਸਦੇ ਅੰਦਰ ਦੀ ਬਰੀਕੀ ਨੂੰ, ਉਸ ਦੇ ਅੰਦਰ ਦੇ ਗਹਿਰੇ ਭਾਵ ਨੂੰ ਨਹੀਂ ਸਮਝ ਸਕਦੇ। ਸਾਨੂੰ ਸੁਜਾਖਾ ਉਸ ਚਉਥੇ ਪਦ ਦੇ ਗਿਆਨ ਨੇ ਹੀ ਬਨਾਉਂਣਾ ਹੈ ਭਾਵ ਗੁਰਮਤਿ ਦੇ ਸੱਚੇ ਗਿਆਨ ਨੇ ਹੀ ਬਨਾਉਂਣਾ ਹੈ, ਗੁਰੂ ਦੇ ਗਿਆਨ ਨੇ ਹੀ ਬਨਾਉਂਣਾ ਹੈ ਤੇ ਅਸੀਂ ਉਹ ਤਾਂ ਹੀ ਬਣ ਸਕਦੇ ਹਾਂ ਜੇਕਰ ਪਹਿਲੇ ਆਪਣੀ ਅਗਿਆਨਤਾ ਵਾਲੀ ਸਮਝ ਛਡਾਂਗੇ ਭਾਵ ਭਗਤੀ ਦਾ ਉਹੋ ਜਿਹਾ ਮਾਰਗ ਅਪਨਾਵਾਂਗੇ ਜਿਹੋ ਜਿਹਾ ਮਾਰਗ ਸਾਨੂੰ ਗਿਆਨ ਦਾ ਮਾਲਕ ਗੁਰੂ ਸਮਝਾਉਦਾ ਹੈ। **(ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ ॥ ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ ॥ ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ ॥ ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ ॥੨॥)**

{ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ ੫)

ਸਾਡੇ ਮਨ ਦਾ ਅੰਧਾਪਨ ਕਿਵੇਂ ਨਿਕਲਦਾ ਹੈ ਭਾਵ ਉਸ ਵਸਤੂ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ਇਹੀ ਗੱਲ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

ਮਃ ੨ ॥

"ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥"

ਅਸੀਂ ਕੁਝ ਪਿੱਛੇ ਕੁਝ ਸ਼ਬਦਾਂ ਦੁਆਰਾ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਦੀ ਗੱਲ ਸਮਝੀ ਹੈ ਜਿਸ ਹੁਕਮ ਨੂੰ ਬੁੱਝਣ ਦੁਆਰਾ ਹੀ ਮਨੁੱਖ ਹਉਮੈ ਵਿੱਚੋਂ ਨਿਕਲ ਸਕਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕਦਾ ਹੈ ਤੇ ਆਪਣੇ ਅੰਦਰੋਂ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਭਾਵ ਉਸਨੂੰ ਮਨ ਦੇ ਸੁਜਾਖੇਪਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੀ ਸਾਨੂੰ ਇਹੀ ਕੁਝ ਸਮਝਾਇਆ ਹੋਇਆ ਹੈ ਜਿਸਨੂੰ ਕੁਝ ਧਿਆਨ ਨਾਲ ਸਮਝਣ ਦੀ ਲੋੜ ਹੈ। ਸਾਨੂੰ ਅੰਧਾ ਕਿਸ ਲਈ ਕਿਹਾ ਹੈ ਭਾਵ ਮਨ ਦਾ ਅੰਧਾ ਕਿਸ ਲਈ ਕਿਹਾ ਹੈ ਇਹ ਅਸੀਂ ਉਪਰ ਵਾਲੇ ਸ਼ਬਦ ਤੋਂ ਪਹਿਲੇ ਸ਼ਬਦਾਂ ਰਾਹੀਂ ਸਮਝਿਆ ਹੈ। ਉਪਰ ਪਹਿਲੀ ਪੰਗਤੀ ਰਾਹੀਂ ਸਾਡਾ ਅੰਧਾਪਨ ਕਿਵੇਂ ਦੂਰ ਹੋ ਸਕਦਾ ਹੈ ਇਹੀ ਗੱਲ ਸਮਝਾਈ ਹੋਈ ਹੈ। ਸਾਰੀ ਗੱਲ ਗੁਰੂ ਦੇ

47/6280

ਹੁਕਮ ਨੂੰ ਮੰਨਣ ਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਧਰਮ ਗ੍ਰੰਥਾਂ ਵਿੱਚ, ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਦਾ ਹੁਕਮ ਹੀ ਜੋ ਕਿ ਉਸ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ। ਗੁਰੂ ਦੀ ਸਿੱਖਿਆ, ਗੁਰੂ ਦਾ ਹੁਕਮ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੀ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਹੀ, ਗੁਰੂ ਦੇ ਹੁਕਮ ਨੂੰ ਆਪਣੀ ਮਨ ਦੀ ਸਮਝ ਵਿੱਚ ਵਸਾਉਂਣ ਦੁਆਰਾ ਹੀ ਸਾਡੇ ਅੰਦਰ ਦੀ ਅਗਿਆਨਤਾ ਨਿਕਲ ਸਕਦੀ ਹੈ ਭਾਵ ਸਾਡਾ ਅੰਧਾਪਨ ਦੂਰ ਹੋ ਸਕਦਾ ਹੈ। ਗੁਰੂ ਦੇ ਹੁਕਮ ਨੂੰ ਅਸੀਂ ਅੰਧੇ ਹੋ ਕੇ ਮੰਨਣਾ ਹੈ, ਗੁਰਮਤਿ ਤੇ ਅੰਧੇ ਹੋ ਕੇ ਹੀ ਮੰਨਣਾ ਹੈ ਭਾਵ ਉਸ ਵਿੱਚ ਅਸੀਂ ਕੋਈ ਆਪਣੀ ਮਤਿ ਨਹੀਂ ਵਰਤਣੀ ਭਾਵ ਗੁਰੂ ਦੀ ਸਮਝ ਨੂੰ ਆਪਣੀ ਸਮਝ ਪੂਰੀ ਤਰ੍ਹਾਂ ਛੱਡਣ ਦੁਆਰਾ ਮੰਨਣਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਪੂਰਨ ਰੂਪ ਵਿੱਚ ਨਿਕਲਣਾ ਹੈ ਇਹੀ ਗੁਰੂ ਦੇ ਹੁਕਮ ਨੂੰ ਪੂਰਨ ਰੂਪ ਵਿੱਚ ਮੰਨਣਾ ਹੈ ਜਿਸ ਦੁਆਰਾ ਮਨੁੱਖ ਦਾ ਅੰਧਾਪਨ ਦੂਰ ਹੁੰਦਾ ਹੈ। **(ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥)** ਜਿਹੜੇ ਸੱਚ ਸਮਝਾਉਦੇ ਹਨ ਉਹਨਾਂ ਦੇ ਸੱਚ ਨੂੰ ਨਾਸਮਝਣ ਵਾਲੇ ਉਹਨਾਂ ਨੂੰ ਅੰਧੇ ਹੀ ਸਮਝਦੇ ਹਨ ਜੋ ਕਿ ਅਸਲ ਵਿੱਚ ਉਹਨਾਂ ਦਾ ਆਪਣਾ ਅੰਧਾਪਨ ਹੁੰਦਾ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ, ਆਪਣੀ ਸੰਸਾਰਿਕ ਵਿਚਰਨ ਵਿੱਚ ਅਨੇਕਾਂ ਨੂੰ ਸੱਚ ਸਮਝਾਇਆ ਹੈ, ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ, ਸੱਚਾ ਨਾਮ ਜਪਣਾ ਸਮਝਾਇਆ ਹੈ ਤੇ ਭਗਤੀ ਦੇ ਉਹੋ ਜਿਹੇ ਤਰੀਕੇ ਛੱਡਣ ਲਈ ਸਮਝਾਇਆ ਹੈ ਜਿਹੋ ਜਿਹੇ ਤਰੀਕਿਆਂ ਦਾ ਉਹਨਾਂ ਨੇ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਇਹ ਸੱਚ ਸਮਝਾਉਂਣ ਦੁਆਰਾ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਅਨੇਕਾਂ ਦੀ ਨਰਾਜਗੀ ਵੀ ਲੈਣੀ ਪਈ ਹੈ ਭਾਵ ਉਹਨਾਂ ਦੀ ਮੁਕਾਲਫਤ ਵੀ ਹੋਈ ਹੈ ਤੇ ਉਹਨਾਂ ਨੂੰ ਇਹੋ ਜਿਹੀ ਭਗਤੀ ਦੇ ਮਾਰਗ ਸਮਝਾਉਂਣ ਲਈ ਅਨੇਕਾਂ ਨੇ ਨਾਸਮਝ ਵੀ ਕਿਹਾ ਹੈ ਕਿ ਉਹਨਾਂ ਨੂੰ ਭਗਤੀ ਦੀ ਸਮਝ ਨਹੀਂ ਹੈ ਭਾਵ ਉਹਨਾਂ ਨੂੰ ਅਗਿਆਨਤਾ ਵਿੱਚ ਕਿਹਾ ਹੈ ਪਰ ਅਸਲ ਅਗਿਆਨਤਾ ਵਾਲੇ ਉਹ ਹੁੰਦੇ ਹਨ ਜੋ ਗੁਰੂ ਦੇ ਹੁਕਮ ਨੂੰ ਨਹੀਂ ਬੁੱਝਦੇ ਭਾਵ ਨਹੀਂ ਸਮਝਦੇ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥"

47/6281

ਗੁਰੂ ਦੇ ਹੁਕਮ ਨੂੰ ਬੁੱਝਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਚੁਕੇ ਹਾਂ। ਸਭਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ। ਸਾਡੇ ਅੰਦਰ ਜੋ ਵੀ ਸਮਝ ਉਪਜਦੀ ਹੈ ਉਹ ਪ੍ਰਮਾਤਮਾ ਦਾ ਹੁਕਮ ਹੀ ਹੈ ਜਿਸ ਦੁਆਰਾ ਹਰ ਕੋਈ ਵਿਚਰਦਾ ਹੈ। ਸਾਡੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਵੀ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ ਜਿਸ ਹੁਕਮ ਨੂੰ ਆਪਣੇ ਅੰਦਰੋਂ ਤਾਂ ਹੀ ਬੁੱਝਿਆ ਜਾ ਸਕਦਾ ਹੈ ਜੇਕਰ ਅਸੀਂ ਪਹਿਲਾਂ ਗੁਰੂ ਪ੍ਰਮਾਤਮਾ ਦੇ ਉਸ ਹੁਕਮ ਨਾਲ ਜੁੜੀਏ ਜੋ ਉਸ ਦਾ ਹੁਕਮ ਧਰਮ ਗ੍ਰੰਥਾਂ ਵਿੱਚ ਉਸ ਦੇ ਨਾਮ

ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਹੁਕਮ ਨੂੰ ਬੁੱਝਣ ਦੁਆਰਾ ਹੀ ਅਸੀਂ ਪ੍ਰਮਾਤਮਾ ਦੀ ਕਿਰਪਾ ਦੁਆਰਾ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝ ਸਕਦੇ ਹਾਂ। ਉਸਦੇ ਹੁਕਮ ਨੂੰ ਬੁੱਝੇ ਬਿਨਾਂ ਹਰ ਕੋਈ ਮਨ ਦੇ ਅੰਧੇਪਨ ਵਿੱਚ ਹੀ ਹੈ ਭਾਵ ਹਉਮੈ ਵਿੱਚ ਹੀ ਹੈ। **(ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥)**

{ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥}

(ਅੰਗ ੪੬੬)

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥}

(ਅੰਗ ੧੩੫੦)

ਹੁਣ ਅਸੀਂ ਜਿਹੜੇ ਸ਼ਬਦਾਂ ਨੂੰ ਭਾਵ ਮਨ ਦੀ ਅਗਿਆਨਤਾ ਵਾਲੇ ਜਿਹੜੇ ਸ਼ਬਦਾਂ ਨੂੰ ਸਮਝਿਆ ਹੈ ਉਹ ਕਿਸ ਮਕਸਦ ਲਈ ਸਮਝਿਆ ਹੈ ਇਹੀ ਗੱਲ ਸਾਨੂੰ ਸ਼ਬਦਾਂ ਦੀ ਹੇਠ ਦਿੱਤੀ ਪਉੜੀ ਦੁਆਰਾ ਸਮਝਾਈ ਹੋਈ ਹੈ।

ਪਉੜੀ ॥

"ਕਾਇਆ ਅੰਦਰਿ ਗੜੁ ਕੋਟੁ ਹੈ ਸਭਿ ਦਿਸੰਤਰ ਦੇਸਾ ॥ ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ ॥
ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥ ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ॥
ਸਭੁ ਕਿਛੁ ਸਚੋ ਸਚੁ ਹੈ ਗੁਰਿ ਸੋਝੀ ਪਾਈ ॥੧੬॥"

ਪਉੜੀ ਤੋਂ ਪਹਿਲੇ ਸ਼ਬਦਾਂ ਰਾਹੀਂ ਸਾਨੂੰ ਸਾਡੇ ਮਨ ਬਾਰੇ ਹੀ ਸਮਝਾਇਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਬਾਰੇ ਤੇ ਸੱਚੇ ਗਿਆਨ ਦਾ ਫਰਕ ਸਮਝਾਇਆ ਹੋਇਆ ਹੈ। ਪਉੜੀ ਰਾਹੀ ਸਾਨੂੰ ਪ੍ਰਮਾਤਮਾ ਦਾ ਸਾਡੇ ਅੰਦਰ ਪ੍ਰਗਟ ਹੋਣਾ ਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਕਿਸ ਤਰੀਕੇ ਪ੍ਰਗਟ ਹੁੰਦਾ ਹੈ, ਕਿਸ ਰੂਪ ਵਿੱਚ ਪ੍ਰਗਟ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਜਿਸ ਰੂਪ ਵਿੱਚ ਪ੍ਰਮਾਤਮਾ, ਉਹ ਸਚੁ ਰੂਪ ਪ੍ਰਮਾਤਮਾ ਸਾਡੇ ਅੰਦਰ ਹੈ ਉਸੇ ਰੂਪ ਵਿੱਚ ਉਹ ਸਭਦੇ ਅੰਦਰ ਤੇ ਸਭ ਜਗ੍ਹਾ ਸਮਾਇਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਜਾਨਣਾ ਜਾਂ ਨਾ

47/6282

ਜਾਨਣਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਤੇ ਉਸਨੂੰ ਤਾਂ ਹੀ ਜਾਣ ਸਕਦੇ ਹਾਂ ਜਦੋਂ ਉਹ ਆਪਣੇ ਆਪ ਨੂੰ ਆਪਣੇ ਸਚੁ ਰੂਪ ਵਿੱਚ ਪ੍ਰਗਟ ਕਰਦਾ ਹੈ ਤੇ ਉਹ ਗੁਰੂ ਰੂਪ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਨੂੰ ਹੀ ਸੱਚ ਵਾਲੀ ਸਮਝ ਵਿੱਚ ਬਦਲ ਦਿੰਦਾ ਹੈ ਭਾਵ ਨਾਮ ਵਾਲੀ, ਬ੍ਰਹਮ ਗਿਆਨ ਵਾਲੀ ਸਮਝ ਵਿੱਚ ਬਦਲ ਦਿੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚੋਂ ਇਹ ਸਮਝ ਹੀ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਉਹ ਮਨੁੱਖ ਨੂੰ ਅਗਿਆਨਤਾ ਵਿੱਚ ਰੱਖਣ ਵਾਲਾ ਵੀ ਆਪ ਹੀ ਹੈ ਤੇ ਅਗਿਆਨਤਾ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਸਾਰੀ ਸ੍ਰਿਸ਼ਟੀ ਦੀ ਰਚਨਾ ਉਸ ਸਚੁ ਰੂਪ ਪ੍ਰਮਾਤਮਾ ਨੇ ਕਿਸ ਤਰੀਕੇ ਕੀਤੀ ਹੈ ਇਹ ਉਸਦਾ ਸਚੁ ਰੂਪ, ਨਾਮ ਰੂਪ, ਉਸਦਾ ਬ੍ਰਹਮ ਗਿਆਨ ਰੂਪ ਭਾਵ ਉਸਦਾ ਨਿਰੰਕਾਰ ਰੂਪ ਜਾਨਣ ਤੋਂ ਬਾਅਦ ਹੀ ਪੈਂਦੀ ਹੈ। ਬਾਣੀ ਦੇ ਸ਼ਬਦਾਂ ਰਾਹੀਂ ਹਰ ਸ਼ਬਦ ਦੀ ਸਮਝ ਵਿੱਚ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ ਤੇ ਉਸ ਸੱਚ ਦੀ ਸਮਝ ਭਾਵ ਹਰ ਸ਼ਬਦ ਦੇ ਅੰਦਰ ਦੇ ਸੱਚ ਦੀ ਸਮਝ ਉਸ ਸੱਚ ਦਾ ਮਾਲਕ ਪ੍ਰਮਾਤਮਾ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਪਾਉਂਦਾ ਹੈ। ਪ੍ਰਮਾਤਮਾ ਦਾ ਸਚੁ ਰੂਪ ਉਸਦਾ ਬ੍ਰਹਮ ਗਿਆਨ ਰੂਪ ਹੈ ਤੇ ਪੂਰੀ ਸਾਇੰਸ ਪ੍ਰਮਾਤਮਾ ਦਾ ਆਪਣਾ ਸਚੁ ਰੂਪ ਹੀ ਹੈ, ਉਸਦਾ ਨਾਮ ਰੂਪ ਹੀ ਹੈ ਜਿਸ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਪਰ ਉਸਨੇ ਆਪਣੇ ਆਪ ਨੂੰ ਗੁਪਤ ਹੀ ਰੱਖਿਆ ਹੈ ਤੇ ਸਾਡੇ ਸਭਦੇ ਅੰਦਰ ਉਹ ਆਪਣੇ ਗੁਪਤ ਰੂਪ ਵਿੱਚ ਹੀ ਵਰਤਦਾ ਹੈ। ਪ੍ਰਮਾਤਮਾ ਦਾ ਸਚੁ ਰੂਪ ਉਸਦਾ ਗੁਪਤ ਰੂਪ ਹੀ ਹੈ ਤੇ ਉਸਦੇ ਇਹ ਗੁਪਤ ਰੂਪ ਨੂੰ ਸਰੀਰ ਦੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ, ਉਸਦੇ ਸਚੁ ਰੂਪ ਨੂੰ ਕੇਵਲ ਮਨ ਦੀ ਸੱਚੀ ਸੋਝੀ ਦੁਆਰਾ ਜਾਣਿਆ ਜਾ ਸਕਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਜਾਣਿਆ ਜਾ ਸਕਦਾ ਹੈ ਭਾਵ ਮਨ ਦੇ ਅੰਧੇਪਨ ਵਿੱਚੋਂ ਨਿਕਲਕੇ ਮਨ ਦੇ ਸੁਜਾਖੇਪਨ ਦੁਆਰਾ ਜਾਣਿਆ ਜਾ ਸਕਦਾ ਹੈ। ਸਾਨੂੰ ਅੰਧੇਪਨ ਵਿੱਚ ਰੱਖਣ ਵਾਲਾ ਵੀ

ਉਹ ਆਪ ਹੈ ਤੇ ਸੁਜਾਖਾ ਬਨਾਉਣ ਵਾਲਾ ਵੀ ਉਹ ਆਪ ਹੈ ਭਾਵ ਉਸ ਪ੍ਰਮਾਤਮਾ ਦੀ ਰਜਾ ਤੋਂ ਬਿਨਾਂ ਉਸਨੂੰ ਕੋਈ ਨਹੀਂ ਜਾਣ ਸਕਦਾ ਜੋ ਕਿ ਸਭ ਜਗ੍ਹਾ ਆਪਣੇ ਗੁਪਤ ਰੂਪ ਵਿੱਚ ਵਰਤ ਰਿਹਾ ਹੈ, ਹਰ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ। ਸਾਡੇ ਸਰੀਰ ਦੇ ਅੰਦਰ ਪ੍ਰਮਾਤਮਾ ਦਾ ਗੜ ਹੈ, ਉਸਦਾ ਕੋਟ ਹੈ ਜੋ ਕਿ ਸਾਡਾ ਮਨ ਹੀ ਹੈ ਭਾਵ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ ਭਾਵ ਉਸਦੇ ਗਿਆਨ

47/6283

ਦੇ ਰੂਪ ਵਿੱਚ ਹੀ ਹੈ ਤੇ ਪ੍ਰਮਾਤਮਾ ਦਾ ਗੜ ਕੋਟ ਇਸੇ ਤਰੀਕੇ ਹੀ ਪੂਰੇ ਸੰਸਾਰ ਵਿੱਚ ਹੈ, ਸਭ ਦਿਸੰਤਰ ਦੇਸਾਂ ਵਿੱਚ ਹੈ। ਸਭਦੇ ਵਿੱਚ ਉਸਨੇ ਆਪ ਹੀ ਆਪਣੀ ਸਮਾਧੀ ਲਗਾਈ ਹੋਈ ਹੈ ਭਾਵ ਆਪਣੇ ਗਿਆਨ ਰੂਪ ਵਿੱਚ ਲਗਾਈ ਹੋਈ ਹੈ। ਪ੍ਰਮਾਤਮਾ ਦੇ ਇਸ ਰੂਪ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਗੁਰੂ ਦੀ ਸੇਵਾ, ਉਸ ਪ੍ਰਮਾਤਮਾ ਦੀ ਸੇਵਾ ਹੈ। ਗੁਰੂ ਦੀ ਸੇਵਾ ਕਿਸ ਤਰੀਕੇ ਹੁੰਦੀ ਹੈ, ਕਿਸ ਤਰੀਕੇ ਕੀਤੀ ਜਾ ਸਕਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਮਤਿ ਦੀ ਸੇਵਾ ਹੀ ਗੁਰੂ ਦੀ ਸੇਵਾ ਹੈ ਜੋ ਗੁਰੂ ਦੀ ਸੇਵਾ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ, ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੋ ਸਕਦੀ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਕਿਸੇ ਦਾ ਮਾੜਾ ਨਾ ਕਰੀਏ ਜਿਸ ਨਾਲ ਪ੍ਰਮਾਤਮਾ ਦੀ ਸਾਜੀ ਹੋਈ ਸ੍ਰਿਸ਼ਟੀ ਸੁਚਾਰੂ ਢੰਗ ਨਾਲ ਚੱਲੇ। ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਆਪਣੀ ਸੇਵਾ ਦਾ ਫਲ ਦਿੰਦਾ ਹੈ ਤੇ ਆਪਣੇ ਆਪ ਹੀ ਸੋਝੀ ਪਾਉਂਦਾ ਹੈ ਕਿ ਪ੍ਰਮਾਤਮਾ ਦਾ ਸਚੁ ਰੂਪ ਕੀ ਹੈ ਤੇ ਉਹ ਆਪਣੇ ਸਚੁ ਰੂਪ ਵਿੱਚ ਹਰ ਆਕਾਰ ਦੇ ਵਿੱਚ ਕਿਸ ਤਰੀਕੇ ਵਰਤ ਰਿਹਾ ਹੈ। **(ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥ ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥) (ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ ॥ ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ ॥ ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ ॥ ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ ॥੨॥) (ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥) (ਕਾਇਆ ਅੰਦਰਿ ਗੜੁ ਕੋਟੁ ਹੈ ਸਭਿ ਦਿਸੰਤਰ ਦੇਸਾ ॥ ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ ॥ ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥ ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ॥ ਸਭੁ ਕਿਛੁ ਸਚੋ ਸਚੁ ਹੈ ਗੁਰਿ ਸੋਝੀ ਪਾਈ ॥੧੬॥)**

ਪਿਛਲੇ ਕੁਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਪ੍ਰਮਾਤਮਾ ਦਾ ਹੁਕਮ ਸਭ ਜਗ੍ਹਾ ਕਿਸ ਤਰੀਕੇ ਵਰਤਦਾ ਹੈ ਤੇ ਉਸਦੇ ਹੁਕਮ ਨੂੰ ਬੁੱਝੇ ਬਿਨਾਂ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਉਸਦਾ ਹੁਕਮ ਸਭ ਵਿੱਚ ਉਸਦੇ ਸਚੁ ਰੂਪ ਦੁਆਰਾ ਹੀ ਵਰਤ ਰਿਹਾ ਹੈ। ਪੂਰੀ ਗੁਰਬਾਣੀ ਵਿੱਚ ਵੀ ਪ੍ਰਮਾਤਮਾ ਦਾ ਹੁਕਮ ਸਚੁ ਦੇ ਰੂਪ ਵਿੱਚ ਹੀ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਸਾਨੂੰ ਮਨ ਦੀ ਅਗਿਆਨਤਾ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਉਪਰਲੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਜੋ ਅਗਿਆਨਤਾ ਵਾਲੀ ਸਮਝ ਹੈ ਇਹ ਵੀ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਜਿਸ ਹੁਕਮ ਨੂੰ ਬੁੱਝਣ ਦਾ ਤਰੀਕਾ ਗੁਰੂ ਦੇ ਹੁਕਮ ਨੂੰ ਮੰਨਣ ਦਾ ਹੈ। ਗੁਰੂ ਦੇ ਹੁਕਮ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਹੈ। ਸਾਡੇ ਅੰਦਰ ਜੋ ਪ੍ਰਮਾਤਮਾ ਦਾ ਹੁਕਮ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਵਰਤਦਾ ਹੈ ਉਹੀ ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੈ ਜਿਵੇਂ ਕਿ ਅਸੀਂ ਪਿੱਛਲੇ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੇ ਅੰਦਰ ਦੀ

47/6284

ਹਉਮੈ ਨੂੰ ਭਾਵ ਅਗਿਆਨਤਾ ਵਾਲੀ ਸਮਝ ਨੂੰ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਭਾਵ ਗੁਰੂ ਦੇ ਨਾਮ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਉਸਦਾ ਨਾਮ ਜਪਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਬ੍ਰਹਮ ਗਿਆਨ ਨੂੰ ਜਪਣ ਦੁਆਰਾ, ਮੰਨਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਆਪਣੇ ਅੰਦਰੋਂ ਹਉਮੈ ਨੂੰ ਬੁੱਝਣ ਦਾ, ਜਾਨਣ ਦਾ ਕੋਈ ਹੋਰ ਤਰੀਕਾ ਨਹੀਂ ਹੈ ਜਿਸ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕੇ। ਅਸੀਂ ਪਹਿਲੇ ਜਪੁਜੀ ਬਾਣੀ ਦੇ ਉਸ ਸ਼ਬਦ ਨੂੰ ਸਮਝਿਆ ਹੈ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦੇ ਹੁਕਮ ਬਾਰੇ ਸਮਝਾਇਆ ਹੋਇਆ ਹੈ ਤੇ ਉਸ ਤੋਂ ਬਾਅਦ ਅਸੀਂ ਪ੍ਰਮਾਤਮਾ ਦੇ ਹੁਕਮ ਨੂੰ ਸਮਝਣ ਲਈ ਹੋਰ ਸ਼ਬਦਾਂ ਨੂੰ ਵੀ ਸਮਝਿਆ ਹੈ। ਹੁਣ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਨੂੰ ਜਿਸਨੂੰ ਅਸੀਂ ਪਿੱਛੇ ਸਮਝਿਆ ਹੈ ਹੋਰ ਵੀ ਆਸਾਨੀ ਨਾਲ ਭਾਵ ਵਿਸ਼ਵਾਸ ਨਾਲ ਸਮਝ ਸਕਦੇ ਹਾਂ। **(ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥)

ਹੁਣ ਅਸੀਂ ਜਪੁਜੀ ਬਾਣੀ ਦੇ ਅਗਲੇ ਸ਼ਬਦ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ ਜੋ ਉਸਦੇ ਗੁਣ ਕੋਈ ਵਿਰਲਾ ਹੀ ਗਾ ਸਕਦਾ ਹੈ ਕਿਉਂਕਿ ਸੱਚ ਦੀ ਸਮਝ ਪਏ ਬਿਨਾਂ, ਗੁਰਮਤਿ ਦੀ ਸੱਚੀ ਸੋਝੀ ਪਏ ਬਿਨਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਜਿਵੇਂ ਕਿ ਅਸੀਂ ਪਿੱਛੇ ਲੇਖ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੇ ਵਲੋਂ ਪ੍ਰਮਾਤਮਾ ਦੇ ਗੁਣ ਗਾਉਣ ਵਾਲੇ ਤਾਂ ਬਹੁਤ ਹਨ ਪਰ ਉਹ ਕਿਸ ਮਕਸਦ ਲਈ ਗੁਣ ਗਾਉਂਦੇ ਹਨ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥”

(ਅੰਗ ੧)

ਸ਼ਬਦ ਦੀਆਂ ਪਹਿਲੀਆਂ ਉਪਰਲੀਆਂ ਕੁਝ ਪੰਗਤੀਆਂ ਦੁਆਰਾ ਪ੍ਰਮਾਤਮਾ ਦੇ ਸੱਚੇ ਗੁਣ ਗਾਉਣੇ ਸਿਖਾਏ ਹੋਏ ਹਨ ਜੋ ਗੁਣ ਪ੍ਰਮਾਤਮਾ ਦੇ ਕੋਈ ਵਿਰਲਾ ਹੀ ਗਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਗਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਬਹੁਤ ਵੱਡਾ ਹੈ, ਪ੍ਰਮਾਤਮਾ ਬਹੁਤ ਤਾਣ ਵਾਲਾ ਹੈ ਤੇ ਜਦ ਤਕ ਕਿਸੇ ਨੂੰ ਇਹ ਨਹੀਂ ਪਤਾ ਕਿ ਪ੍ਰਮਾਤਮਾ ਦਾ ਤਾਣ ਕਿਸ ਰੂਪ ਵਿੱਚ ਹੈ ਉਹ ਪ੍ਰਮਾਤਮਾ ਦੇ ਤਾਣ ਨੂੰ ਬਿਆਨ ਵੀ ਨਹੀਂ ਕਰ ਸਕਦਾ ਕਿਉਂਕਿ ਜਦ ਤਕ ਅਸੀਂ ਉਸ ਵੱਡੇ ਦੀ ਵਡਿਆਈ ਨੂੰ ਜਾਣਦੇ ਹੀ ਨਹੀਂ ਕਿ ਪ੍ਰਮਾਤਮਾ

47/6285

ਕਿਸ ਰੂਪ ਵਿੱਚ ਵੱਡਾ ਹੈ ਤਦ ਤਕ ਉਸਦੀ ਵਡਿਆਈ ਨਹੀਂ ਕੀਤੀ ਜਾ ਸਕਦੀ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਵਡਿਆਈ ਹੀ ਬਿਆਨ ਕਰ ਰਹੀ ਹੈ, ਪ੍ਰਮਾਤਮਾ ਦਾ ਤਾਣ ਹੀ ਬਿਆਨ ਕਰ ਰਹੀ ਹੈ ਤੇ ਜਦ ਤਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਸ੍ਰਿਸ਼ਟੀ ਦੀ ਰਚਨਾ ਕਿਸ ਤਰੀਕੇ ਹੋਈ ਹੈ, ਪ੍ਰਮਾਤਮਾ ਦੀ ਕਿਸ ਕਲਾ ਦੁਆਰਾ ਹੋਈ ਹੈ ਤੇ ਉਸਦੀ ਕਿਸ ਕਲਾ ਦੁਆਰਾ ਸ੍ਰਿਸ਼ਟੀ ਚੱਲ ਰਹੀ ਹੈ ਤਦ ਤਕ ਪ੍ਰਮਾਤਮਾ ਦੀ ਵਡਿਆਈ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਅਸੀਂ ਸੁਣੀਆਂ ਸੁਣਾਈਆਂ ਗੱਲਾਂ ਦੁਆਰਾ ਹੀ ਪ੍ਰਮਾਤਮਾ ਦੀ ਵਡਿਆਈ ਕਰਦੇ ਹਾਂ ਪਰ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ, ਕਿਤਨੀ ਕੁ ਤਾਕਤ ਵਾਲਾ ਹੈ ਇਹ ਉਸ ਵੱਡੇ ਨੂੰ ਆਪਣੇ ਅੰਦਰੋਂ ਡਿੱਠਣ ਤੋਂ ਬਾਅਦ ਹੀ ਭਾਵ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਜਾਣਿਆ ਜਾ ਸਕਦਾ ਹੈ। **{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥}** ਅੰਗ ੯ ਉਸ ਵੱਡੇ ਪ੍ਰਮਾਤਮਾ ਦੀ ਵਡਿਆਈ, ਉਸਦਾ ਵੱਡਾਪਨ ਪੂਰੀ ਗੁਰਬਾਣੀ ਰਾਹੀਂ ਉਹਨਾਂ ਨੇ ਹੀ ਬਿਆਨ ਕੀਤਾ ਹੈ ਜਿਹੜੇ ਪਹਿਲਾਂ ਉਸਦੇ ਸੱਚ ਵਿੱਚ ਸਮਾਏ ਹਨ, ਮਨ ਦੀ ਸਮਝ ਰਾਹੀਂ ਉਸਦੀ ਸੱਚੀ ਸਮਝ ਦੇ ਵਿੱਚ ਸਮਾਏ ਹਨ ਜਿਸ ਰਾਹੀਂ ਉਹਨਾਂ ਨੇ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਹੈ, ਉਸਦੇ ਸੱਚੇ ਗੁਣ ਗਾਏ ਹਨ। ਜਦ ਤਕ ਮਨੁੱਖ ਨੂੰ ਇਹ ਸਮਝ ਨਹੀਂ ਪੈਂਦੀ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਤਦ ਤਕ ਉਸਦੇ ਗੁਣ ਨਹੀਂ ਗਾਏ ਜਾ ਸਕਦੇ। **{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}** ਅੰਗ ੯ ਜਦੋਂ ਪ੍ਰਮਾਤਮਾ ਦਾ ਤਾਣ, ਉਸਦਾ ਜੋਰ, ਉਸਦੀ ਤਾਕਤ, ਉਸਦੀ ਕਲਾ ਉਸਦਾ ਉੱਚਾ ਗਿਆਨ ਹੈ, ਉਸੁਦਾ ਬ੍ਰਹਮ ਗਿਆਨ ਹੈ ਭਾਵ ਉਸ ਦਾ ਨਾਮ ਹੈ ਜਿਸ ਆਪਣੇ ਨਾਮ ਦੁਆਰਾ, ਬ੍ਰਹਮ ਗਿਆਨ ਦੁਆਰਾ ਸਾਰੀ ਦਿਸ਼ਟੀ ਦੀ ਰਚਨਾ ਕੀਤੀ ਹੈ, ਸਾਇੰਟਿਫਿਕ ਗਿਆਨ ਦੁਆਰਾ ਰਚਨਾ ਕੀਤੀ ਹੈ। ਸਭ ਪਾਸੇ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਹੀ ਵਰਤ ਰਹੀ ਹੈ ਭਾਵ ਪ੍ਰਮਾਤਮਾ ਦਾ ਤਾਣ ਹੀ ਸਭ ਪਾਸੇ ਵਰਤ ਰਿਹਾ ਹੈ। ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਦੁਆਰਾ ਉੱਚਾ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਜਿਸ ਗਿਆਨ ਨੂੰ ਸਮਝਣ ਦਾ ਮਨੁੱਖ ਕੋਲ ਕੋਈ ਵੱਸ ਨਹੀਂ। ਸਾਡੀ ਸਮਝ ਦੇ ਵਿੱਚ ਜੋਰ ਪ੍ਰਮਾਤਮਾ ਦਾ ਹੀ ਚੱਲ ਰਿਹਾ ਹੈ ਪਰ ਉਸਦੇ ਜੋਰ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਪ੍ਰਮਾਤਮਾ ਦੇ ਤਾਣ ਨੂੰ ਨਹੀਂ ਸਮਝਿਆ ਜਾ ਸਕਦਾ। **{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ**

॥ ਨਾਨਕ ਉਤਮੁ ਨੀਚੁ ਨ ਕੋਇ ॥੩੩॥} ਅੰਗ ੭ ਮਨੁੱਖ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਕਠਪੁਤਲੀ ਹੀ ਹੈ ਜੋ ਉਸੇ ਦੇ ਜੋਰ ਨਾਲ ਹੀ ਚੱਲ ਰਹੀ ਹੈ ਤੇ ਜਦ ਤਕ ਪ੍ਰਮਾਤਮਾ ਕਿਸੇ ਨੂੰ ਉਸਦੀ

47/6286

ਕਠਪੁਤਲੀ ਹੋਣ ਦਾ ਅਹਿਸਾਸ ਨਹੀਂ ਦਿਵਾਂਦਾ ਤਦ ਤਕ ਉਸਦੀ ਤਾਕਤ ਨੂੰ ਨਹੀਂ ਸਮਝਿਆ ਜਾ ਸਕਦਾ ਕਿ ਪ੍ਰਮਾਤਮਾ ਦਾ ਬਲ ਸਾਡੇ ਅੰਦਰ ਤੇ ਸਭ ਵਿੱਚ ਕਿਸ ਤਰੀਕੇ ਵਰਤਦਾ ਹੈ। ਦਾਸ ਨੇ ਲੇਖ ਦੇ ਸ਼ੁਰੂ ਵਿੱਚ ਇਸ ਗੱਲ ਦਾ ਜਿਕਰ ਆਪਣੇ ਨਿਜੀ ਤਜੁਰਬੇ ਦੁਆਰਾ ਕੀਤਾ ਹੋਇਆ ਹੈ ਕਿ ਉਹ ਮਨੁੱਖ ਨੂੰ ਆਪਣੀ ਕਠਪੁਤਲੀ ਕਿਸ ਤਰੀਕੇ ਬਣਾਕੇ ਦਿਖਾਉਂਦਾ ਹੈ। ਉਹ ਬਹੁਤ ਹੀ ਉੱਚੇ ਗਿਆਨ ਦਾ ਮਾਲਕ ਹੈ ਤੇ ਆਪਣੇ ਉੱਚੇ ਗਿਆਨ ਰਾਹੀਂ ਸਭ ਕੁਝ ਕਰ ਸਕਦਾ ਹੈ। ਉਹ ਆਪਣੇ ਉੱਚੇ ਗਿਆਨ ਰਾਹੀ ਹੀ ਸਭਨੂੰ ਆਪਣੇ ਹੁਕਮ ਵਿੱਚ ਚਲਾ ਰਿਹਾ ਹੈ ਪਰ ਉਸਦੇ ਹੁਕਮ ਨੂੰ ਬੁੱਝੇ ਬਿਨਾਂ ਉਸਦੀ ਤਾਕਤ ਨੂੰ ਨਹੀਂ ਬੁਝਿਆ ਜਾ ਸਕਦਾ। ਜਿਸਨੂੰ ਪ੍ਰਮਾਤਮਾ ਆਪਣਾ ਆਪ ਬੁਝਾਉਂਦਾ ਹੈ ਉਸਨੂੰ ਮਨ ਦੇ ਵਿੱਚ ਆਪਣੇ ਉੱਚੇ ਗਿਆਨ ਦੁਆਰਾ ਪ੍ਰਗਟ ਕਰਨ ਦੁਆਰਾ ਹੀ ਬੁਝਾਉਂਦਾ ਹੈ। ਉਹ ਨਾਮ ਦੇ ਰੂਪ ਵਿੱਚ ਉੱਚਾ ਹੈ ਤੇ ਉਸਦੇ ਨਾਮ ਦੀ ਪ੍ਰਾਪਤੀ ਦੁਆਰਾ ਹੀ ਭਾਵ ਮਨ ਦੇ ਵਿੱਚ ਉਸਦੇ ਉੱਚੇ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਨਾਮ ਦੀ ਤਾਕਤ ਨੂੰ ਸਮਝਿਆ ਕਾ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ ੫)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥}

(ਅੰਗ ੧੦੬੬)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥ ਅਪਨੇ ਚਰਿਤ ਪ੍ਰਭਿ ਆਪਿ ਬਨਾਏ॥
ਅਪੁਨੀ ਕੀਮਤਿ ਆਪੇ ਪਾਏ ॥ ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥
ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥
ਰਚਿ ਰਚਨਾ ਅਪਨੀ ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥}

(ਅੰਗ ੨੮੭)

{ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥

ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥ ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥੧॥}

(ਅੰਗ ੧੪੭)

{ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥
ਤੇਰਾ ਤਾਣੁ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥}

(ਅੰਗ ੧੫੪)

{ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥
ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ ॥
ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ ॥
ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ ॥}

(ਅੰਗ ੩੦੩)

{ਤੂਹੈ ਸਚਾ ਸਚੁ ਤੂ ਸਭ ਦੂ ਉਪਰਿ ਤੂ ਦੀਬਾਣੁ ॥ ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥
ਓਨਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ ॥
ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥
ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥੧੩॥}

(ਅੰਗ ੩੦੭)

47/6287

{ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ ॥
ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ ॥
ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ ॥
ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ ॥੧॥}

(ਅੰਗ ੩੧੮)

{ਮਾਣੁ ਤਾਣੁ ਅਹੰਬੁਧਿ ਹਤੀ ਰੀ ॥ ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥}

(ਅੰਗ ੭੩੯)

{ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ ॥
ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ ॥੧॥}

(ਅੰਗ ੭੪੮)

{ਆਪੇ ਸਬਦੁ ਆਪੇ ਨੀਸਾਨੁ ॥ ਆਪੇ ਸੁਰਤਾ ਆਪੇ ਜਾਨੁ ॥
ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤਾ ਨਾਮੁ ਪਰਵਾਣੁ ॥੧॥}

(ਅੰਗ ੭੯੫)

{ਮੇਰੇ ਮਨ ਨਾਮੁ ਹਰੀ ਭਜੁ ਸਦਾ ਦੀਬਾਣੁ ॥
ਜੋ ਹਰਿ ਮਹਲੁ ਪਾਵੈ ਗੁਰ ਬਚਨੀ ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥੧॥ ਰਹਾਉ ॥}

(ਅੰਗ ੮੬੧)

{ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥
ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥}

(ਅੰਗ ੯੯੨)

{ਤੇਰੀ ਟੇਕ ਨਾਹੀ ਭਉ ਕੋਇ ॥ ਅੰਤਰਜਾਮੀ ਸਾਚਾ ਸੋਇ ॥
ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾਂ ਊਹਾਂ ਤੂ ਦੀਬਾਣੁ ॥੩॥}

(ਅੰਗ ੧੧੪੭)

{ਨਾਉ ਤੇਰਾ ਤਾਣੁ ਨਾਉ ਦੀਬਾਣੁ ॥ ਨਾਉ ਤੇਰਾ ਲਸਕਰੁ ਨਾਉ ਸੁਲਤਾਨੁ ॥
ਨਾਇ ਤੇਰੈ ਮਾਣੁ ਮਹਤ ਪਰਵਾਣੁ ॥ ਤੇਰੀ ਨਦਰੀ ਕਰਮਿ ਪਵੈ ਨੀਸਾਣੁ ॥੨॥}

(ਅੰਗ ੧੩੨੭)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦਾ ਤਾਣ ਭਾਵ ਉਸਦੀ ਤਾਕਤ ਉਸਦਾ ਨਾਮ ਹੈ ਭਾਵ ਉਸ ਦਾ ਬ੍ਰਹਮ ਗਿਆਨ ਹੈ। ਪ੍ਰਮਾਤਮਾ ਦੀ ਤਾਕਤ ਦੀ ਸਮਝ ਉਸਦੇ ਨਾਮ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ ਭਾਵ ਉਸਦੇ ਨਾਲ ਮੇਲ ਦੀ ਪ੍ਰਾਪਤੀ ਦੁਆਰਾ ਹੀ ਪੈਂਦੀ ਹੈ। ਉਸਦੇ ਤਾਣ ਨੂੰ ਕੋਈ ਵਿਰਲਾ ਹੀ ਜਾਣ ਸਕਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸ ਗਿਆਨ ਦੀ ਤਾਕਤ ਨਾਲ ਉਸਨੇ ਇਸ ਸੰਸਾਰ ਦੀ ਰਚਨਾ ਕੀਤੀ ਹੈ ਤੇ ਆਪਣੀ ਗਿਆਨ ਦੀ ਤਾਕਤ ਰਾਹੀਂ ਹੀ ਉਹ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ। ਇਹ ਗਿਆਨ ਦੀ ਤਾਕਤ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਆਪਣੇ ਕੋਲ ਹੀ ਹੈ ਤੇ ਇਹ ਤਾਕਤ ਕਿਸੇ ਹੋਰ ਦੇ ਕੋਲ ਨਹੀਂ ਹੈ। ਇਸ ਗੱਲ ਦੀ ਸਮਝ ਆਪਣੇ ਅੰਦਰੋਂ ਗਿਆਨ ਦੇ ਸ੍ਰੋਤ ਭਾਵ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਕਿ ਉਹ ਕਿਤਨੇ ਕੁ ਵੱਡੇ ਗਿਆਨ ਦਾ ਮਾਲਕ ਹੈ, ਉਸਦੇ ਗਿਆਨ ਦੀ ਤਾਕਤ ਕਿਤਨੀ ਕੁ ਵੱਡੀ ਹੈ। ਉਸਦੇ ਇਸ ਗਿਆਨ ਦੀ ਤਾਕਤ ਨੂੰ **"ਕੋ"** ਭਾਵ ਕੋਈ ਵਿਰਲਾ ਹੀ ਜਾਣ ਸਕਦਾ ਹੇ ਤੇ ਇਸੇ ਕਰਕੇ ਕੋਈ ਵਿਰਲਾ ਹੀ ਉਸਦੇ ਗੁਣ ਗਾ ਸਕਦਾ ਹੈ, ਕੋਈ ਵਿਰਲਾ ਹੀ ਉਸਦਾ ਨਾਮ ਜਪ ਸਕਦਾ

ਹੈ। **(ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥)** ਹੁਣ ਅਸੀਂ ਸ਼ਬਦ ਦੀ ਅਗਲੀ ਪੰਗਤੀ ਦੁਆਰਾ ਸਮਝਦੇ ਹਾਂ ਕਿ ਪ੍ਰਮਾਤਮਾ ਦੇ ਗੁਣ ਗਾਉਣ ਵਾਲੇ ਵਿਰਲੇ ਕਿਹੋ ਜਿਹੇ ਹੁੰਦੇ ਹਨ।

"ਗਾਵੈ ਕੋ ਦਾਤਿ ਜਾਣੈ ਨੀਸਾਣੁ ॥"

ਉੱਪਰਲੀ ਪੰਗਤੀ ਦੇ ਅਰਥ ਸਮਝਣ ਤੋਂ ਪਹਿਲਾਂ ਸਾਡੇ ਲਈ ਇਹ ਜਾਨਣਾ ਜਰੂਰੀ ਹੈ ਕਿ ਪ੍ਰਮਾਤਮਾ ਦਾ ਇਹ **"ਨੀਸਾਣੁ"** ਕੀ ਹੈ। ਜਿਸ ਤੇ ਪ੍ਰਮਾਤਮਾ ਆਪਣੇ ਮੇਲ ਦੀ ਕਿਰਪਾ ਕਰਦਾ ਹੈ ਉਸਦੇ ਉਤੇ ਉਹ ਆਪਣੀ **"ਨੀਸਾਣੁ"** ਲਗਾਉਂਦਾ ਹੈ ਭਾਵ ਆਪਣੀ ਨਿਸ਼ਾਨੀ ਲਗਾਉਂਦਾ ਹੈ ਕਿ ਇਸ ਮਨੁੱਖ ਦੇ ਮੁੰਹ ਵਿੱਚ ਮੈਂ ਆਪ ਹੀ ਹਾਂ। ਆਪਣਾ ਨਿਸ਼ਾਨ ਪ੍ਰਮਾਤਮਾ ਮਨ ਦੀ ਸਮਝ ਦੇ ਵਿੱਚ ਹੀ ਲਗਾਉਂਦਾ ਹੈ, ਆਪਣੇ ਸ਼ਬਦ ਰੂਪ ਵਿੱਚ ਹੀ ਲਗਾਉਂਦਾ ਹੈ ਭਾਵ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਲਗਾਉਂਦਾ ਹੈ ਭਾਵ ਆਪਣੇ ਨਾਮ ਰੂਪ ਵਿੱਚ ਲਗਾਉਂਦਾ ਹੈ ਜਿਸ ਦੁਆਰਾ ਉਸਦੇ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੇ ਮਨ ਦੀ ਸਮਝ ਦੇ ਰੂਪ ਵਿੱਚ, ਮੇਰੇ ਅੰਦਰ ਮੇਰੇ ਜੋਤਿ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦਾ ਸਾਡੇ ਅੰਦਰ ਨਿਸ਼ਾਨ ਲਗਾਉਣਾ ਹੀ ਉਸਦੀ ਦਾਤਿ ਹੈ ਜੋ ਆਪਣੀ ਦਾਤਿ ਉਹ ਨਾਮ ਦੇ ਰੂਪ ਵਿੱਚ ਬਖਸ਼ਦਾ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਬਖਸ਼ਦਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤਿ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਪਿੱਛੇ ਪਹਿਲੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪਣੀ ਇਹ ਦਾਤਿ ਜੋ ਕਿ ਉਸਦੀ ਸਭ ਤੋਂ ਵੱਡੀ ਦਾਤਿ ਹੈ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ ਤੇ ਆਪਣੀ ਇਹ ਦਾਤਿ ਬਖਸ਼ਣ ਦੁਆਰਾ ਹੀ ਉਹ ਕਿਸੇ ਮਨੁੱਖੀ ਰੂਪ ਨੂੰ ਆਪਣੇ ਗੁਣ ਗਾਉਣੇ ਸਮਝਾਉਦਾ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਦੇ ਕੋਲੋਂ ਇਹ ਦਾਤਿ ਮਿਲੀ ਹੈ ਭਾਵ ਜਿਨ੍ਹਾਂ ਮਨੁੱਖੀ ਸਰੀਰਾਂ ਰਾਹੀਂ, ਭਗਤਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਰਾਹੀਂ

ਪ੍ਰਮਾਤਮਾ ਨੇ ਉਹਨਾਂ ਦੇ ਅੰਦਰ ਆਪ ਪ੍ਰਗਟ ਹੋ ਕੇ ਇਹ ਦਾਤਿ ਬਖਸ਼ੀ ਹੈ, ਉਹਨਾਂ ਨੇ ਹੀ ਆਪਣੇ ਜੀਵਨ ਵਿੱਚ ਪ੍ਰਮਾਤਮਾ ਦੇ ਉਹੋ ਜਿਹੇ ਗੁਣ ਗਾਏ ਹਨ ਜਿਹੋ ਜਿਹੇ ਗੁਣ ਗਾਉਣੇ ਉਹਨਾਂ ਨੇ ਸਾਰੇ ਸੰਸਾਰ ਨੂੰ ਸਮਝਾਏ ਹਨ। ਗੁਰੂ ਦੇ ਗੁਣ ਗੁਰੂ ਦੇ ਸਮਝਾਏ ਹੋਏ ਸੱਚੇ ਮਾਰਗ ਦੇ ਚੱਲਣ ਦੁਆਰਾ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **(ਗਾਵੈ ਕੋ ਦਾਤਿ ਜਾਣੈ ਨੀਸਾਣੁ ॥)**

47/6289

{ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥}

(ਅੰਗ ੫)

{ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥}

(ਅੰਗ ੭)

{ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥}

(ਅੰਗ ੧੬)

{ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥
ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥}

(ਅੰਗ ੧੯)

{ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥}

(ਅੰਗ ੨੧)

{ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥
ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥}

(ਅੰਗ ੨੨)

{ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥
ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥੫॥}

(ਅੰਗ ੯੩)

{ਸਚੁ ਸਾਲਾਹਣੁ ਵਡਭਾਗੀ ਪਾਈਐ ॥ ਗੁਰ ਪਰਸਾਦੀ ਹਰਿ ਗੁਣ ਗਾਈਐ ॥
ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥੩॥
ਸਚੇ ਅੰਤੁ ਨ ਜਾਣੈ ਕੋਈ ॥ ਥਾਨਿ ਥਨੰਤਰਿ ਸਚਾ ਸੋਈ ॥
ਨਾਨਕ ਸਚੁ ਧਿਆਈਐ ਸਦ ਹੀ ਅੰਤਰਜਾਮੀ ਜਾਣੋ ਜੀਉ ॥੪॥੩੭॥੪੪॥}

(ਅੰਗ ੧੦੭)

{ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥
ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥ ਮਨਮੁਖ ਭੂਲਾ ਠਉਰੁ ਨ ਪਾਏ ॥

ਜਮ ਦਰਿ ਬਧਾ ਚੋਟਾ ਖਾਏ ॥ ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥
ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥}

(ਅੰਗ ੧੦੯)

{ਪਤਿ ਪਰਵਾਣੁ ਸਚੁ ਨੀਸਾਣੁ ॥ ਜਾ ਕਉ ਆਪਿ ਕਰਹਿ ਫੁਰਮਾਨੁ ॥੩॥
ਆਪੇ ਦਾਤਾ ਆਪਿ ਪ੍ਰਤਿਪਾਲਿ ॥ ਨਿਤ ਨਿਤ ਨਾਨਕ ਰਾਮ ਨਾਮੁ ਸਮਾਲਿ ॥੪॥੧੦੫॥੧੭੪॥}

(ਅੰਗ ੨੦੦)

{ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ॥ ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥੧॥ ਰਹਾਉ ॥
ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ॥ ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥੧॥
ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥ ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥੨॥
ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥
ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥੩॥
ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥
ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥}

(ਅੰਗ ੨੧੭)

{ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥ ਸਾਚੈ ਸਬਦਿ ਦਰਿ ਨੀਸਾਣੈ ॥੬॥
ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥}

(ਅੰਗ ੨੨੪)

{ਤੂਹੈ ਸਚਾ ਸਚੁ ਤੂ ਸਭ ਦੂ ਉਪਰਿ ਤੂ ਦੀਬਾਣੁ ॥ ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥
ਓਨਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ ॥
ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥
ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥੧੩॥}

(ਅੰਗ ੩੦੭)

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥
ਦੇ ਵਡਿਆਈ ਕਰੇ ਸੁ ਹੋਇ ॥੨॥ ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥
ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥
ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥

ਨਾਨਕ ਏਕੋ ਦਰੁ ਦੀਬਾਨੁ ॥ ਗੁਰਮੁਖਿ ਸਾਚੁ ਤਹਾ ਗੁਦਰਾਨੁ ॥੫॥੨੧॥}

(ਅੰਗ ੩੫੫)

{ਸਚਾ ਤੇਰਾ ਹੁਕਮੁ ਸਚਾ ਫੁਰਮਾਨੁ ॥ ਸਚਾ ਤੇਰਾ ਕਰਮੁ ਸਚਾ ਨੀਸਾਨੁ ॥}

(ਅੰਗ ੪੬੩)

{ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਨੁ ॥ ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਨੁ ॥੨॥}

(ਅੰਗ ੪੬੭)

{ਸਾਚੇ ਸਚਿਆਰ ਵਿਟਹੁ ਕੁਰਬਾਨੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਨੁ ॥ ਰਹਾਉ ॥}

(ਅੰਗ ੫੯੭)

47/6290

{ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥
ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥
ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥
ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥
ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥}

(ਅੰਗ ੬੬੨)

{ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥
ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥ ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥
ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥}

(ਅੰਗ ੭੬੫)

{ਸਚਾ ਅਮਰੁ ਚਲਾਇਓਨੁ ਕਰਿ ਸਚੁ ਫੁਰਮਾਨੁ ॥ ਸਦਾ ਨਿਹਚਲੁ ਰਵਿ ਰਹਿਆ ਸੋ ਪੁਰਖੁ ਸੁਜਾਨੁ ॥
ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਨੁ ॥ ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਨੁ ॥
ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਨੁ ॥੧੧॥}

(ਅੰਗ ੭੮੯)

{ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ ॥ ਜੀਅ ਜੰਤ ਮਾਇਆ ਮੋਹਿ ਪਾਜੇ ॥ ਦੂਜੈ ਭਾਇ ਪਰਪੰਚਿ ਲਾਗੇ ॥
ਆਵਹਿ ਜਾਵਹਿ ਮਰਹਿ ਅਭਾਗੇ ॥ ਸਤਿਗੁਰਿ ਭੇਟਿਐ ਸੋਝੀ ਪਾਇ ॥ ਪਰਪੰਚੁ ਚੂਕੈ ਸਚਿ ਸਮਾਇ ॥੧॥

ਜਾ ਕੈ ਮਸਤਕਿ ਲਿਖਿਆ ਲੇਖੁ ॥ ਤਾ ਕੈ ਮਨਿ ਵਸਿਆ ਪ੍ਰਭੁ ਏਕੁ ॥੧॥ ਰਹਾਉ ॥
ਸ੍ਰਿਸਟਿ ਉਪਾਇ ਆਪੇ ਸਭੁ ਵੇਖੈ ॥ ਕੋਇ ਨ ਮੇਟੈ ਤੇਰੈ ਲੇਖੈ ॥ ਸਿਧ ਸਾਧਿਕ ਜੇ ਕੋ ਕਹੈ ਕਹਾਏ ॥
ਭਰਮੇ ਭੂਲਾ ਆਵੈ ਜਾਏ ॥ ਸਤਿਗੁਰੁ ਸੇਵੈ ਸੋ ਜਨੁ ਬੂਝੈ ॥ ਹਉਮੈ ਮਾਰੇ ਤਾ ਦਰੁ ਸੂਝੈ ॥੨॥
ਏਕਸੁ ਤੇ ਸਭੁ ਦੂਜਾ ਹੂਆ ॥ ਏਕੋ ਵਰਤੈ ਅਵਰੁ ਨ ਬੀਆ ॥ ਦੂਜੇ ਤੇ ਜੇ ਏਕੋ ਜਾਣੈ ॥
ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ ਸਤਿਗੁਰੁ ਭੇਟੇ ਤਾ ਏਕੋ ਪਾਏ ॥ ਵਿਚਹੁ ਦੂਜਾ ਠਾਕਿ ਰਹਾਏ ॥੩॥}

(ਅੰਗ ੮੪੨)

{ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥}

(ਅੰਗ ੮੫੩)

{ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥}

(ਅੰਗ ੯੨੩)

{ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ ॥ ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ ॥}

(ਅੰਗ ੯੬੮)

{ਗੁਰਮੁਖਿ ਆਪੇ ਬਖਸਿਓਨੁ ਹਰਿ ਨਾਮਿ ਸਮਾਣੇ ॥ ਆਪੇ ਭਗਤੀ ਲਾਇਓਨੁ ਗੁਰ ਸਬਦਿ ਨੀਸਾਣੇ ॥
ਸਨਮੁਖ ਸਦਾ ਸੋਹਣੇ ਸਚੈ ਦਰਿ ਜਾਣੇ ॥ ਐਥੈ ਓਥੈ ਮੁਕਤਿ ਹੈ ਜਿਨ ਰਾਮ ਪਛਾਣੇ ॥
ਧੰਨੁ ਧੰਨੁ ਸੇ ਜਨ ਜਿਨ ਹਰਿ ਸੇਵਿਆ ਤਿਨ ਹਉ ਕੁਰਬਾਣੇ ॥੪॥}

(ਅੰਗ ੧੦੮੮)

{ਸਾਚਾ ਸੇਵਹੁ ਸਾਚੁ ਪਛਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥
ਦਰਿ ਸਾਚੈ ਸਚੁ ਸੋਭਾ ਹੋਇ ॥ ਨਿਜ ਘਰਿ ਵਾਸਾ ਪਾਵੈ ਸੋਇ ॥੩॥}

(ਅੰਗ ੧੧੭੪-੧੧੭੫)

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥
ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥
ਸਾਚਿ ਰਤੇ ਜਿਨ੍ਹਾ ਧੁਰਿ ਲਿਖਿ ਪਾਇਆ ॥ ਹਰਿ ਕਾ ਨਾਮੁ ਸਦਾ ਮਨਿ ਭਾਇਆ ॥
ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ ਜੋਤੀ ਜੋਤਿ ਮਿਲਾਏ ਸੋਇ ॥੨॥ ਏਕੁ ਨਾਮੁ ਤਾਰੇ ਸੰਸਾਰੁ ॥
ਗੁਰ ਪਰਸਾਦੀ ਨਾਮ ਪਿਆਰੁ ॥ ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥ ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥
ਸੋ ਬੂਝੈ ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ ਨਾਮੁ ਦ੍ਰਿੜਾਏ ॥
ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥}

(ਅੰਗ ੧੧੭੫)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥

ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ ੧੧੮੮)

{ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥੨॥}

(ਅੰਗ ੧੨੩੯)

{ਪ੍ਰਭੁ ਮੇਰਾ ਅੰਤਰਜਾਮੀ ਜਾਣੁ ॥
ਕਰਿ ਕਿਰਪਾ ਪੂਰਨ ਪਰਮੇਸਰ ਨਿਹਚਲੁ ਸਚੁ ਸਬਦੁ ਨੀਸਾਣੁ ॥੧॥ ਰਹਾਉ ॥}

(ਅੰਗ ੧੩੨੩)

{ਨਾਇ ਤੇਰੈ ਤਰਣਾ ਨਾਇ ਪਤਿ ਪੂਜ ॥ ਨਾਉ ਤੇਰਾ ਗਹਣਾ ਮਤਿ ਮਕਸੂਦੁ ॥
ਨਾਇ ਤੇਰੈ ਨਾਉ ਮੰਨੇ ਸਭ ਕੋਇ ॥ ਵਿਣੁ ਨਾਵੈ ਪਤਿ ਕਬਹੁ ਨ ਹੋਇ ॥੧॥
ਅਵਰ ਸਿਆਣਪ ਸਗਲੀ ਪਾਜੁ ॥ ਜੈ ਬਖਸੇ ਤੈ ਪੂਰਾ ਕਾਜੁ ॥੧॥ ਰਹਾਉ ॥
ਨਾਉ ਤੇਰਾ ਤਾਣੁ ਨਾਉ ਦੀਬਾਣੁ ॥ ਨਾਉ ਤੇਰਾ ਲਸਕਰੁ ਨਾਉ ਸੁਲਤਾਨੁ ॥
ਨਾਇ ਤੇਰੈ ਮਾਣੁ ਮਹਤ ਪਰਵਾਣੁ ॥ ਤੇਰੀ ਨਦਰੀ ਕਰਮਿ ਪਵੈ ਨੀਸਾਣੁ ॥੨॥
ਨਾਇ ਤੇਰੈ ਸਹਜੁ ਨਾਇ ਸਾਲਾਹ ॥ ਨਾਉ ਤੇਰਾ ਅੰਮ੍ਰਿਤੁ ਬਿਖੁ ਉਠਿ ਜਾਇ ॥
ਨਾਇ ਤੇਰੈ ਸਭਿ ਸੁਖ ਵਸਹਿ ਮਨਿ ਆਇ ॥ ਬਿਨੁ ਨਾਵੈ ਬਾਧੀ ਜਮ ਪੁਰਿ ਜਾਇ ॥੩॥
ਨਾਰੀ ਬੇਰੀ ਘਰ ਦਰ ਦੇਸ ॥ ਮਨ ਕੀਆ ਖੁਸੀਆ ਕੀਚਹਿ ਵੇਸ ॥
ਜਾਂ ਸਦੇ ਤਾਂ ਢਿਲ ਨ ਪਾਇ ॥ ਨਾਨਕ ਕੂੜੁ ਕੂੜੋ ਹੋਇ ਜਾਇ ॥੪॥੧॥}

(ਅੰਗ ੧੩੨੭)

{ਮਸਟਿ ਕਰਉ ਮੂਰਖੁ ਜਗਿ ਕਹੀਆ ॥ ਅਧਿਕ ਬਕਉ ਤੇਰੀ ਲਿਵ ਰਹੀਆ ॥
ਭੂਲ ਚੂਕ ਤੇਰੈ ਦਰਬਾਰਿ ॥ ਨਾਮ ਬਿਨਾ ਕੈਸੇ ਆਚਾਰ ॥੧॥ ਐਸੇ ਝੂਠਿ ਮੁਠੇ ਸੰਸਾਰਾ ॥
ਨਿੰਦਕੁ ਨਿੰਦੈ ਮੁਝੈ ਪਿਆਰਾ ॥੧॥ ਰਹਾਉ ॥ ਜਿਸੁ ਨਿੰਦਹਿ ਸੋਈ ਬਿਧਿ ਜਾਣੈ ॥
ਗੁਰ ਕੈ ਸਬਦੇ ਦਰਿ ਨੀਸਾਣੈ ॥ ਕਾਰਣ ਨਾਮੁ ਅੰਤਰਗਤਿ ਜਾਣੈ ॥ ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ ॥੨॥
ਮੈ ਮੈਲੌ ਊਜਲੁ ਸਚੁ ਸੋਇ ॥ ਊਤਮੁ ਆਖਿ ਨ ਊਚਾ ਹੋਇ ॥ ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥
ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥ ਅੰਧੌ ਬੋਲੌ ਮੁਗਧੁ ਗਵਾਰੁ ॥ ਹੀਣੌ ਨੀਚੁ ਬੁਰੌ ਬੁਰਿਆਰੁ ॥
ਨੀਧਨ ਕੌ ਧਨੁ ਨਾਮੁ ਪਿਆਰੁ ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥ ਉਸਤਤਿ ਨਿੰਦਾ ਸਬਦੁ ਵੀਚਾਰੁ ॥
ਜੋ ਦੇਵੈ ਤਿਸ ਕਉ ਜੈਕਾਰੁ ॥ ਤੂ ਬਖਸਹਿ ਜਾਤਿ ਪਤਿ ਹੋਇ ॥ ਨਾਨਕੁ ਕਹੈ ਕਹਾਵੈ ਸੋਇ ॥੫॥੧੨॥}

(ਅੰਗ ੧੩੩੦)

{ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥
ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ ॥ ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥
ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥ ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ॥
ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥੪॥੧੮॥}

(ਅੰਗ ੧੩੯੫)

{ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥ ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥੧॥
ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥ ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰ੍ਹਉ ॥੨॥
ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥
ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ ॥੩॥੧੨॥}

(ਅੰਗ ੧੪੦੮)

47/6291

ਪ੍ਰਮਾਤਮਾ ਆਪਣਾ ਨੀਸਾਨੁ ਕਿਸੇ ਵਿਰਲੇ ਤੇ ਹੀ ਲਗਾਉਂਦਾ ਹੈ ਤੇ ਇਸੇ ਲਈ ਉਸਦੇ ਗੁਣ ਕੋਈ ਵਿਰਲਾ ਹੀ ਗਾ ਸਕਦਾ ਹੈ ਭਾਵ ਉਸਦੀ ਸੱਚੀ ਭਗਤੀ ਦੇ ਮਾਰਗ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ ਜਿਵੇਂ ਕਿ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਇਹੀ ਗੱਲ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣੇ ਹੀ ਸਿਖਾਏ ਹੋਏ ਹਨ, ਉਸਦੀ ਵਡਿਆਈ ਕਰਨੀ ਹੀ ਸਿਖਾਈ ਹੋਈ ਹੈ ਜੋ ਕਿ ਕੋਈ ਵਿਰਲਾ ਹੀ ਕਰਦਾ ਹੈ। ਹੇਠ ਦਿੱਤੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

“ਗਾਵੈ ਕੋ ਗੁਣ ਵਡਿਆਈ ਆਚਾਰ ॥”

ਉਪਰ ਵਾਲੀ ਪੰਗਤੀ ਦੀ ਲਿਖਤ ਨੂੰ ਹੀ ਸਮਝਣ ਦੀ ਲੋੜ ਹੈ। ਆਮ ਕਰਕੇ ਇਸ ਪੰਗਤੀ ਨੂੰ ਇਸ ਤਰੀਕੇ ਪੜਿਆ ਜਾਂਦਾ ਹੈ। **ਗਾਵੈ ਕੋ ਗੁਣ ਵਡਿਆਈਆ ਚਾਰ ॥** ਪੰਗਤੀ ਨੂੰ ਇਸ ਤਰੀਕੇ ਪੜਨ ਦਾ ਕਾਰਨ ਬਾਣੀ ਦੇ ਮੂਲ ਸਰੂਪ ਸ਼ਬਦ ਦੇ ਪਦ ਵਿਛੇਦ ਨਾਲ ਜੁੜਿਆ ਹੋਇਆ ਹੈ। ਗੁਰਬਾਣੀ ਦਾ ਮੂਲ ਸਰੂਪ ਲੜੀਦਾਰ ਸਰੂਪ ਹੈ ਜੋ ਕਿ ਗੁਰੂ ਸਾਹਿਬਾਨ ਦੀ ਆਪਣੀ ਲਿਖਤ ਹੈ। ਮੂਲ ਸਰੂਪ ਦਾ ਪਦ ਵਿਛੇਦ ਕਿਸ ਨੇ ਕੀਤਾ ਹੈ ਤੇ ਕਦੋਂ ਕੀਤਾ ਹੈ ਇਸ ਗੱਲ ਨੂੰ ਬਹੁਤ ਸਮਾ ਬੀਤ ਗਿਆ ਹੈ। ਉਪਰ ਵਾਲੇ ਸ਼ਬਦ ਵਿੱਚ ਅਗਰ ਸਹੀ ਸੰਧੀ ਵਿਛੇਦ ਕਰਾਂਗੇ ਤੇ ਤਾਂ ਹੀ ਪ੍ਰਮਾਤਮਾ ਦੀ ਅਸਲ ਵਡਿਆਈ ਕਰਨ ਦਾ ਤਰੀਕਾ ਸਮਝ ਆ ਸਕਦਾ ਹੈ, ਪ੍ਰਮਾਤਮਾ ਦੇ ਗੁਣ ਗਾਉਣ ਦਾ ਅਸਲ ਤਰੀਕਾ ਸਮਝ ਆ ਸਕਦਾ ਹੈ ਜੋ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਅਸੀਂ ਹੁਣ ਤੱਕ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ, ਉਸਦੇ ਗੁਣ ਗਾਉਣ ਦਾ ਤਰੀਕਾ ਸਾਡੇ ਆਚਾਰ ਹਨ ਭਾਵ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ। ਇਹੀ ਤਰੀਕਾ ਸਾਨੂੰ ਪ੍ਰਮਾਤਮਾ ਦੇ ਗੁਣ ਗਾਉਣ ਦਾ ਉਪਰਲੀ ਪੰਗਤੀ ਰਾਹੀ ਸਮਝਾਇਆ ਹੋਇਆ ਹੈ **“ਗਾਵੈ ਕੋ ਗੁਣ ਵਡਿਆਈ ਆਚਾਰ ॥”** ਬਾਣੀ ਸਾਨੂੰ ਬਾਰ-ਬਾਰ ਅਉਗੁਣ ਛੱਡਣ ਲਈ ਸਮਝਾਉਂਦੀ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦੀ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦੀ ਹੈ ਜਿਸਦਾ ਮਕਸਦ ਇਹੀ ਹੈ ਕਿ ਸਾਡੇ ਆਚਾਰ ਚੰਗੇ ਬਣਨ। ਸੰਸਾਰ ਵਿੱਚ ਚੰਗੇ ਆਚਾਰ ਦੁਆਰਾ ਵਿਚਰਨਾ ਹੀ, ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਵਿਚਰਨਾ ਹੀ ਗੁਰੂ ਪ੍ਰਮਾਤਮਾ ਦੇ ਗੁਣ ਗਾਉਣੇ ਹਨ, ਉਸਦੀ ਵਡਿਆਈ ਕਰਨੀ ਹੈ। ਇਹੋ ਜਿਹੀ ਚੰਗੀ ਵਿਚਰਨ ਵਾਲਾ ਮਨੁੱਖ ਉਹੀ ਬਣ ਸਕਦਾ ਹੈ ਜੋ ਆਪਣੇ ਹਰ

47/6292

ਆਚਾਰ ਵਿੱਚ ਗੁਰੂ ਦੀ ਮਤਿ ਨੂੰ ਉੱਚਾ ਕਰਦਾ ਹੈ, ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਨਾਉਂਦਾ ਹੈ। ਗੁਰਮਤਿ ਦੀ ਵਡਿਆਈ ਵਿੱਚ ਗੁਰੂ ਪ੍ਰਮਾਤਮਾ ਦੀ ਵਡਿਆਈ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **(ਗਾਵੈ ਕੋ ਗੁਣ ਵਡਿਆਈ ਆਚਾਰ ॥)**

ਆਪਣੇ ਆਚਾਰ ਚੰਗੇ ਬਨਾਉਣ ਲਈ ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ, ਗੁਰੂ ਦੇ ਵਿਚਾਰਾਂ ਨੂੰ ਮੰਨਣਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਤ੍ਰਿਸ਼ਨਾਵਾਂ ਛੱਡਣੀਆਂ ਔਖੀਆਂ ਹੁੰਦੀਆਂ ਹਨ, ਮਾਇਆ ਮੋਹ ਛੱਡਣਾ ਬਹੁਤ ਔਖਾ ਲਗਦਾ ਹੈ ਜਿਨ੍ਹਾਂ ਨੂੰ ਛੱਡੇ ਬਿਨਾਂ ਪ੍ਰਮਾਤਮਾ ਦੀ ਵਡਿਆਈ ਦੇ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਪ੍ਰਮਾਤਮਾ ਦੀ ਵਡਿਆਈ ਦੇ ਮਾਰਗ ਤੇ ਚੱਲਣ ਲਈ ਗੁਰੂ ਦੇ ਔਖੇ ਵਿਚਾਰਾਂ ਨੂੰ ਮੰਨਣਾ ਹੀ ਪੈਂਦਾ ਹੈ ਜੋ ਕਿ ਕੋਈ ਵਿਰਲਾ ਹੀ ਮੰਨਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥”

ਗੁਰੂ ਦੇ ਵਿਚਾਰਾਂ ਨੂੰ, ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਕਿਤਨਾ ਕੁ ਔਖਾ ਹੈ ਇਹ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਵਿੱਦਿਆ ਦੇ ਵਿਚਾਰਾਂ ਨੂੰ ਮੰਨਣਾ ਔਖਾ ਹੈ ਇਸੇ ਲਈ ਗੁਰੂ ਦਾ ਨਾਮ ਜਪਣਾ ਔਖਾ ਹੈ ਭਾਵ ਗੁਰੂ ਦੇ ਗੁਣ ਗਾਉਣੇ ਔਖੇ ਹਨ ਇਸ ਕਰਕੇ ਕੋਈ ਵਿਰਲਾ ਹੀ ਗੁਰੂ ਦੇ **“ਵਿਖਮੁ”** ਵੀਚਾਰ ਮੰਨਦਾ ਹੈ ਭਾਵ ਉਸਦੇ ਗੁਣ ਗਾਉਂਦਾ ਹੈ। **(ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥)**

ਗੁਰੂ ਦੇ **“ਵਿਖਮੁ ਵੀਚਾਰੁ”** ਕੀ ਹੁੰਦੇ ਹਨ ਭਾਵ ਉਹਨਾਂ ਵਿਚਾਰਾਂ ਦੀ ਸੋਝੀ ਕਿਵੇਂ ਪੈਂਦੀ ਹੈ ਤੇ ਉਹਨਾਂ ਵਿਚਾਰਾਂ ਤੇ ਮਨੁੱਖ ਅਮਲ ਕਿਵੇਂ ਕਰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੇ ਵਿਚਾਰਾਂ ਨੂੰ ਸਮਝਣ ਤੇ ਮੰਨਣ

ਲਈ ਆਪਾ ਮਿਟਾਉਣਾ ਪੈਂਦਾ ਹੈ ਭਾਵ ਆਪਣੀ ਮਤਿ ਦਾ, ਹਉਮੈ ਦਾ ਤਿਆਗ ਕਰਨਾ ਪੈਂਦਾ ਹੈ ਤੇ ਤਾਂ ਹੀ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਭਾਵ ਸ਼ਬਦਾਂ ਦੀ ਵਿਚਾਰ ਮੁਤਾਬਿਕ ਵਿਚਰਿਆ ਜਾ ਸਕਦਾ ਹੈ ਜੋ

47/6293

ਕਿ ਕੋਈ ਵਿਰਲਾ ਹੀ ਵਿਚਰਦਾ ਹੈ ਭਾਵ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥”

ਉੱਪਰਲੀਆਂ ਪੰਗਤੀਆਂ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਪਹਿਲੇ ਇਸ ਗੱਲ ਨੂੰ ਧਿਆਨ ਵਿੱਚ ਰੱਖੀਏ ਕਿ ਗੁਰੂ ਦੇ ਸ਼ਬਦ ਦੁਆਰਾ ਮਰਨਾ ਕੀ ਹੈ ਜੋ ਕਿ ਅਸੀਂ ਇਸ ਸਰੀਰ ਦੇ ਰਹਿੰਦੇ ਹੋਈ ਹੀ ਮਰਨਾ ਹੈ। ਸ਼ਬਦੇ ਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਪਹਿਲੇ ਹੀ ਸਮਝ ਚੁਕੇ ਹਾਂ ਜਿਨ੍ਹਾਂ ਸ਼ਬਦਾਂ ਦੀ ਸਮਝ ਤੋਂ ਬਿਨਾਂ ਉੱਪਰਲੀਆਂ ਪੰਗਤੀਆਂ ਨੂੰ ਨਹੀਂ ਸਮਝਿਆ ਜਾ ਸਕਦਾ। ਸ਼ਬਦ ਦੁਆਰਾ ਕੋਈ ਆਪਣੇ ਆਪ ਨਹੀਂ ਮਰ ਸਕਦਾ। ਗੁਰੂ ਦੇ ਸ਼ਬਦ ਕੋਲੋਂ ਗਿਆਨ ਹੀ ਮਿਲਦਾ ਹੈ, ਸਮਝ ਹੀ ਮਿਲਦੀ ਹੈ ਜਿਸ ਸਮਝ ਦਾ ਮਕਸਦ ਸਾਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਤਨ ਨੂੰ ਭਾਵ ਸਰੀਰ ਨੂੰ ਆਪਣਾ ਸਮਝਦੇ ਹਾਂ ਜੋ ਕਿ ਸੱਚ ਨਹੀਂ ਹੈ। ਸਾਡੇ ਸਰੀਰ ਦੇ ਵਿੱਚ ਤੇ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਸ਼ਬਦਾਂ ਰਾਹੀਂ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਜਿਸ ਮਨੁੱਖੀ ਰੂਪ ਨੂੰ ਸਾਜਦਾ ਹੈ ਉਸਨੂੰ ਮਨ ਦੀ ਸੱਚੀ ਸਮਝ ਦੁਆਰਾ ਹੀ ਸਾਜਦਾ ਹੈ ਜੋ ਕਿ ਉਹ ਕਿਸੇ ਵਿਰਲੇ ਨੂੰ ਹੀ ਸਾਜਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਸਾਜਿਆ ਹੈ। ਜਿਸ ਮਨੁੱਖੀ ਰੂਪ ਨੂੰ ਪ੍ਰਮਾਤਮਾ ਮਨ ਦੀ ਸੱਚੀ ਸਮਝ ਦੁਆਰਾ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਦੁਆਰਾ, ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਭਾਵ ਆਪਣੇ ਚਉਥੇ ਪਦ ਵਾਲੀ ਗਿਆਨ ਦੀ ਸਮਝ ਦੁਆਰਾ, ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਭਾਵ ਆਪਣੇ ਨਾਮ ਵਾਲੀ ਸਮਝ ਦੁਆਰਾ ਸਾਜ ਦਿੰਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਹ ਤਨ ਮੇਰਾ ਨਹੀਂ ਹੈ ਭਾਵ ਉਹ ਮਨੁੱਖ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਇਸ ਤਨ ਨੂੰ ਖੇਹ ਕਰ ਦਿੰਦਾ ਹੈ। ਇਹੀ ਮਨੁੱਖ ਦਾ ਜਿਉਂਦੇ ਹੋਏ ਮਰਨਾ ਹੈ। ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਮਨ ਦੀ ਇਹੋ ਜਿਹੀ ਸੱਚੀ ਸਮਝ ਦੁਆਰਾ ਹੀ ਕੀਤੀ ਜਾ ਸਕਦੀ ਹੈ, ਜਦੋਂ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ

47/6294

ਆਪ ਹੀ ਹੈ। ਆਪਣੇ ਸੱਚੇ ਗਿਆਨ ਦੁਆਰਾ ਪ੍ਰਮਾਤਮਾ ਕਿਸੇ ਵਿਰਲੇ ਦੀ ਮਤਿ ਨੂੰ ਹੀ ਸਜਾਉਦਾ ਹੈ ਤੇ ਇਸੇ ਲਈ ਕੋਈ ਵਿਰਲਾ ਹੀ ਉਸਦੇ ਗੁਣ ਗਾ ਸਕਦਾ ਹੈ। **(ਗਾਵੈ ਕੋ ਸਾਜਿ ਕਰੇ ਤਨੁ ਖੇਹ ॥)**

ਜੋ ਅਸੀਂ ਉਪਰ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਭਾਵ ਸ਼ਬਦੇ ਮਰਨਾ ਸਮਝਿਆ ਹੈ ਉਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਗਾਵੈ ਕੋ ਜੀਅ ਲੈ ਫਿਰਿ ਦੇਹ ॥”

ਸਾਡੇ ਸਭ ਦੇ ਅੰਦਰ **“ਜੀਅ”** ਹੈ ਜੋ ਕਿ ਸਾਡਾ ਮਨ ਹੈ। ਮਨ ਦੇ ਵਿੱਚ ਕੇਵਲ ਸਮਝ ਹੀ ਉਪਜਦੀ ਹੈ। ਸਭ ਨੂੰ ਪ੍ਰਮਾਤਮਾ ਨੇ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਹੀ ਰੱਖਿਆ ਹੋਇਆ ਹੈ ਭਾਵ ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ ਹੀ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਬਾਰ-ਬਾਰ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਜਿਸਦੀ ਸਮਝ ਨੂੰ ਸਾਜਦਾ ਹੈ ਉਹ ਆਪਣੇ ਸੱਚੇ ਗਿਆਨ ਦੁਆਰਾ ਹੀ ਸਾਜਦਾ ਹੈ ਜਿਸ ਲਈ ਉਹ ਸਾਡੇ ਅੰਦਰ ਦੀ ਪਹਿਲੇ ਵਾਲੀ ਸਮਝ ਨੂੰ ਭਾਵ ਅਗਿਆਨਤਾ ਵਾਲੀ ਸਮਝ ਨੂੰ ਕੱਢ ਲੈਂਦਾ ਹੈ ਭਾਵ ਜੀਅ ਦੇ ਬਦਲੇ ਜੀਅ ਹੋਰ ਦੇ ਦਿੰਦਾ ਹੈ ਭਾਵ ਅਗਿਆਨਤਾ ਵਾਲੀ ਸਮਝ ਦੇ ਬਦਲੇ ਆਪਣੇ ਸੱਚੇ ਗਿਆਨ ਵਾਲੀ ਸਮਝ ਦੇ ਦਿੰਦਾ ਹੈ ਭਾਵ ਸਾਡੇ ਅੰਦਰ ਦੇ ਜੀਅ ਨੂੰ ਬਦਲ ਦਿੰਦਾ ਹੈ, ਸਾਡੇ ਅੰਦਰ ਦੇ ਮਨ ਨੂੰ ਬਦਲ ਦਿੰਦਾ ਹੈ ਭਾਵ ਜਿਸ ਮਨ ਵਿੱਚੋਂ ਪਹਿਲੇ ਅਗਿਆਨਤਾ ਵਾਲੀ ਸਮਝ ਉਪਜਦੀ ਹੈ ਉਸੇ ਮਨ ਵਿੱਚੋਂ ਫਿਰ ਸੱਚੇ ਗਿਆਨ ਵਾਲੇ ਵਿਚਾਰ, ਸ਼ਬਦਾਂ ਦੀ ਸੱਚੀ ਵਿਚਾਰ ਦੀ ਸਮਝ ਵਾਲੇ ਵਿਚਾਰ ਉਪਜਣੇ ਸ਼ੁਰੂ ਹੋ ਜਾਂਦੇ ਹਨ ਜੋ ਵਿਚਾਰ ਮਨ ਦੇ ਵਿੱਚ ਮਨ ਦੇ ਵਿਚਾਰਾਂ ਦਾ ਮਾਲਕ ਆਪ ਹੀ ਉਪਜਾਉਂਦਾ ਹੈ ਤੇ ਆਪਣੀ ਇਹ ਕਿਰਪਾ ਕਿਸੇ ਵਿਰਲੇ ਤੇ ਹੀ ਕਰਦਾ ਹੈ ਜਿਸ ਦੁਆਰਾ ਕੋਈ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਪ੍ਰਮਾਤਮਾ ਦੇ ਗੁਣ ਗਾ ਸਕਦਾ ਹੈ ਜੋ ਆਪਣੇ ਗੁਣ ਗਾਉਂਣੇ ਆਪ ਹੀ ਸਮਝਾਉਦਾ

ਹੈ, ਆਪਣੀ ਭਗਤੀ ਦਾ ਸੱਚਾ ਮਾਰਗ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਭਗਤੀ ਦੇ ਮਾਰਗ ਤੇ ਚਲਾਉਂਦਾ ਹੈ ਭਾਵ ਆਪ ਹੀ ਆਪਣੇ ਨਾਮ ਦੀ ਸਮਝ ਪਾਉਂਦਾ ਹੈ ਤੇ ਆਪ ਹੀ ਆਪਣੇ

47/6295

ਨਾਮ ਦੇ ਮਾਰਗ ਤੇ ਦ੍ਰਿੜ ਕਰਕੇ ਚਲਾਉਂਦਾ ਹੈ ਭਾਵ ਆਪਣਾ ਨਾਮ ਜਪਾਉਂਦਾ ਹੈ, ਆਪਣੇ ਗੁਣ ਗਵਾਉਂਦਾ ਹੈ। ਆਪਣੀ ਨਾਸਮਝ ਮਤਿ ਦੁਆਰਾ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਇਹ ਗੱਲ ਸਮਝਦੇ ਆ ਰਹੇ ਹਾਂ। **(ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥)**

ਜਿਸਨੂੰ ਪ੍ਰਮਾਤਮਾ ਆਪਣੀ ਸੱਚੀ ਮਤਿ ਦੁਆਰਾ ਸਜਾਉਦਾ ਹੈ, ਜਿਸਦੇ ਮਨ ਨੂੰ, ਜੀਅ ਨੂੰ ਬਦਲ ਦਿੰਦਾ ਹੈ ਉਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥”

ਪ੍ਰਮਾਤਮਾ ਨੂੰ ਵੇਖਣਾ ਕੀ ਹੈ ਉਸਨੂੰ ਹਰ ਵੇਲੇ **“ਹਾਦਰਾ ਹਦੂਰਿ”** ਵੇਖਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ ਜੋ ਤਰੀਕਾ ਪ੍ਰਮਾਤਮਾ ਨੂੰ ਜਾਨਣ ਦਾ ਇੱਕੋ ਹੀ ਹੈ। ਉਹ ਪ੍ਰਮਾਤਮਾ ਸਭਨੂੰ ਦੂਰ ਦਿਸਦਾ ਹੈ ਭਾਵ ਹਰ ਕੋਈ ਉਸਨੂੰ ਦੂਰ ਹੀ ਸਮਝਦਾ ਹੈ ਪਰ ਕੋਈ ਵਿਰਲਾ ਹੀ ਹੁੰਦਾ ਹੈ ਜਿਸਨੂੰ ਪ੍ਰਮਾਤਮਾ ਆਪਣੇ ਅੰਦਰੋਂ ਜਾਪ ਪੈਂਦਾ ਹੈ ਭਾਵ ਆਪਣੇ ਅੰਦਰੋਂ ਕਿਸੇ ਵਿਰਲੇ ਨੂੰ ਹੀ ਜਾਪਦਾ ਹੈ ਜੋ ਸਭਦੇ ਲਈ ਦੂਰ ਹੀ ਹੈ। ਜਦੋਂ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਦੇਖ ਲੈਂਦਾ ਹੈ ਫਿਰ ਉਸਨੂੰ ਹਰ ਵੇਲੇ ਪ੍ਰਮਾਤਮਾ **“ਹਾਦਰਾ ਹਦੂਰਿ”** ਹੀ ਨਜਰ ਆਉਂਦਾ ਹੈ ਤੇ ਸਭ ਜਗ੍ਹਾ ਤੇ ਸਭ ਵਿੱਚ ਉਹ ਪ੍ਰਮਾਤਮਾ ਹੀ ਨਜਰ ਆਉਂਦਾ ਹੈ। ਪ੍ਰਮਾਤਮਾ ਸਾਡੇ ਸਭਦੇ ਅੰਦਰ ਮਨ ਦੀ ਸਮਝ ਰਾਹੀਂ ਹੀ ਵਰਤ ਰਿਹਾ ਹੈ ਪਰ ਜਦ ਤੱਕ ਪ੍ਰਮਾਤਮਾ ਕਿਸੇ ਦੀ ਸਮਝ ਨੂੰ ਨਹੀਂ ਬਦਲਦਾ ਭਾਵ ਤ੍ਰੈ ਗੁਣਾਂ ਵਾਲੀ ਸਮਝ ਨੂੰ ਚਉਥੇ ਪਦ ਵਾਲੀ ਸਮਝ ਵਿੱਚ ਨਹੀਂ ਬਦਲਦਾ, ਹਉਮੈ ਵਾਲੀ ਸਮਝ ਨੂੰ ਨਾਮ ਵਾਲੀ ਸਮਝ ਵਿੱਚ ਨਹੀਂ ਬਦਲਦਾ ਤਦ ਤਕ ਉਸ ਪ੍ਰਮਾਤਮਾ ਨੂੰ, ਨਿਰੰਕਾਰ ਰੂਪ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਕਿ ਉਸਦਾ ਗਿਆਨ ਰੂਪ ਹੈ ਜਿਸ ਆਪਣੇ ਗਿਆਨ ਰੂਪ ਦੁਆਰਾ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ

47/6296

ਤੇ ਆਪਣੇ ਹਰ ਆਕਾਰ ਰੂਪ ਨੂੰ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਹਰ ਵੇਲੇ ਚਲਾ ਰਿਹਾ ਹੈ। ਉਹ ਸਭ ਜਗ੍ਹਾ ਹਰ ਵੇਲੇ ਹਾਦਰਾ ਹਦੂਰਿ ਹੈ ਭਾਵ ਮੌਜੂਦ ਹੈ ਜਿਸਦੀ ਮੌਜੂਦਗੀ ਦਾ ਅਹਿਸਾਸ ਕੇਵਲ ਮਨ ਦੀ ਸਮਝ ਦੁਆਰਾ ਹੋ ਸਕਦਾ ਹੈ ਜੋ ਸਮਝ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਇਸੇ ਲਈ ਪ੍ਰਮਾਤਮਾ ਦੇ ਗੁਣ ਕੋਈ ਵਿਰਲਾ ਹੀ ਗਾ ਸਕਦਾ ਹੈ। ਪ੍ਰਮਾਤਮਾ ਦਾ ਸਭ ਤੋਂ ਵੱਡਾ ਗੁਣ ਇਹੀ ਹੈ ਕਿ ਉਹ ਸਭ ਕੁਝ ਆਪ ਹੀ ਹੈ ਤੇ ਜਦ ਤਕ ਮਨੁੱਖ ਆਪਣੇ ਤਨ ਨੂੰ ਆਪਣਾ ਸਮਝਦਾ ਹੈ, ਮਨ ਦੀ ਸਮਝ ਨੂੰ ਆਪਣੀ ਸਮਝਦਾ ਹੈ ਤਦ ਤਕ ਉਸਦੇ ਗੁਣ ਕਿਵੇਂ ਗਾਏ ਜਾ ਸਕਦੇ ਹਨ। ਕੋਈ ਵਿਰਲਾ ਹੀ ਇਸ ਗੱਲ ਨੂੰ ਜਾਣ ਸਕਦਾ ਹੈ ਕਿ ਸਭ ਕੁੱਛ ਪ੍ਰਮਾਤਮਾ ਆਪ ਹੀ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਕਿਰਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਸ ਲਈ ਸਾਡਾ ਸੱਚਾ ਉੱਦਮ ਬਾਣੀ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਗੁਰੂ ਦੀ ਸੱਚੀ ਮਤਿ ਨੂੰ ਸਮਝ ਕੇ ਉਸਨੂੰ ਮੰਨੀਏ ਭਾਵ ਗੁਰੂ ਦਾ ਨਾਮ ਜਪੀਏ ਤੇ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੀਏ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲੀਏ ਜਿਸ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਹੈ। **(ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥ ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥)**

ਆਪਣੇ ਵਲੋਂ ਪ੍ਰਮਾਤਮਾ ਦੇ ਗੁਣ ਗਾਉਣ ਵਾਲੇ ਤਾਂ ਬਹੁਤ ਹਨ ਜੋ ਕਿ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਆਪਣੇ ਵਲੋਂ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ। ਧਰਮ ਗ੍ਰੰਥਾਂ ਦੀ ਕਥਨੀ ਨੂੰ, ਕਿਸੇ ਅੱਖਰ ਦੀ ਕਥਨੀ ਨੂੰ ਹਰ ਕੋਈ ਪ੍ਰਮਾਤਮਾ ਦੇ ਗੁਣ ਗਾਉਣੇ ਹੀ ਸਮਝਦਾ ਹੈ ਜਿਸ ਕਥਨੀ ਦਾ ਮਕਸਦ ਪ੍ਰਮਾਤਮਾ ਕੋਲੋਂ ਮਾਇਆ ਦੀਆਂ ਦਾਤਾਂ ਲੈਣ ਦੇ ਨਾਲ ਹੀ ਹੁੰਦਾ ਹੈ ਕਿ ਜਿਤਨੀ ਅਸੀਂ ਜਿਆਦਾ ਕਥਨੀ ਕਰਾਂਗੇ ਉਤਨਾ ਪ੍ਰਮਾਤਮਾ ਸਾਡੇ ਤੇ ਖੁਸ਼ ਹੋ ਕੇ ਸਾਨੂੰ ਮਾਇਆ ਦੀਆਂ ਜਿਆਦਾ ਦਾਤਾਂ ਬਖਸ਼ੇਗਾ ਜੋ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਨਹੀਂ ਹੈ, ਪ੍ਰਮਾਤਮਾ ਦੇ ਗੁਣ ਗਾਉਣ ਦਾ ਤਰੀਕਾ ਨਹੀਂ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥”

47/6297

ਪ੍ਰਮਾਤਮਾ ਦੇ ਗੁਣ ਗਾਉਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦ ਰਾਹੀਂ ਪਹਿਲੇ ਸਮਝਿਆ ਹੀ ਹੈ ਜੋ ਕਿ ਪ੍ਰਮਾਤਮਾ ਦੇ ਗੁਣ ਕੋਈ ਵਿਰਲਾ ਹੀ ਗਾ ਸਕਦਾ ਹੈ, ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਗਾ ਸਕਦਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਦਾ ਬਣਾਇਆ ਹੋਇਆ ਹਰ ਆਕਾਰ ਪ੍ਰਮਾਤਮਾ ਦੀ ਵਡਿਆਈ ਹੀ ਬਿਆਨ ਕਰ ਰਿਹਾ ਹੈ। ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਦੀ ਜੋਤਿ ਹੀ ਵਰਤ ਰਹੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੈ। ਪ੍ਰਮਾਤਮਾ ਦਾ ਜੋਤਿ ਰੂਪ ਨੂੰ ਜਾਣੇ ਬਿਨਾਂ ਇਸ ਗੱਲ ਨੂੰ ਨਹੀਂ ਸਮਝਿਆ ਜਾ ਸਕਦਾ ਕਿ ਹਰ ਆਕਾਰ ਰੂਪ ਪ੍ਰਮਾਤਮਾ ਦੀ ਵਡਿਆਈ ਕਿਸ ਤਰੀਕੇ ਬਿਆਨ ਕਰ ਰਿਹਾ ਹੈ। ਪ੍ਰਮਾਤਮਾ ਦੇ ਜੋਤਿ ਰੂਪ ਨੂੰ ਜਾਣੇ ਬਿਨਾ ਅਸੀਂ ਚੰਦ੍ਰਮੇ ਨੂੰ ਚੰਦ੍ਰਮਾ ਹੀ ਕਹਾਂਗੇ, ਸੂਰਜ ਨੂੰ ਸੂਰਜ ਹੀ ਕਹਾਂਗੇ ਭਾਵ ਉਹਨਾਂ ਨੂੰ ਹੀ ਉੱਚਾ ਮੰਨਾਂਗੇ ਜਿਸ ਲਈ ਉਹਨਾਂ ਦਾ ਉੱਚਾਪਨ ਵੇਖਕੇ ਉਹਨਾਂ ਨੂੰ ਪੂਜਿਆ ਵੀ ਜਾਂਦਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਪੂਜਾ ਨਹੀਂ ਹੈ ਭਾਵ ਇਸ ਵਿੱਚ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ। ਅਨੇਕਾਂ ਹੀ ਵਸਤੂਆਂ ਨੂੰ ਉਹਨਾਂ ਦੇ ਉੱਚੇ ਗੁਣਾਂ ਕਰਕੇ ਵਡਿਆਇਆ ਜਾਂਦਾ ਹੈ, ਉਹਨਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ, ਨਦੀਆਂ ਨੂੰ ਪੂਜਿਆ ਜਾਂਦਾ ਹੈ, ਪੇੜਾਂ ਨੂੰ ਪੂਜਿਆ ਜਾਂਦਾ ਹੈ, ਪਕਸ਼ੀਆਂ ਨੂੰ ਪੂਜਿਆ ਜਾਂਦਾ ਹੈ ਭਾਵ ਆਕਾਰ ਰੂਪ ਦੇ ਗੁਣ ਗਾਏ ਜਾਂਦੇ ਹਨ ਕਿਉਂਕਿ ਸਾਨੂੰ ਉਹਨਾਂ ਵਿੱਚ ਪ੍ਰਮਾਤਮਾ ਕਿਸ ਰੂਪ ਵਿੱਚ ਵਰਤ ਰਿਹਾ ਹੈ, ਉਹਨਾਂ ਦੇ ਅੰਦਰ ਗੁਣ ਕਿੱਥੋਂ ਆਏ ਹਨ, ਕਿਸਨੇ ਪਾਏ ਹਨ, ਕਿਸ ਤਰੀਕੇ ਪਾਏ ਹਨ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਜੋਤਿ ਰੂਪ ਨੂੰ, ਉਸਦੇ ਨਿਰੰਕਾਰ ਰੂਪ ਨੂੰ ਭਾਵ ਉਸਦੇ ਬ੍ਰਹਮ ਗਿਆਨ ਰੂਪ ਨੂੰ ਭਾਵ ਉਸਦੇ ਨਾਮ ਰੂਪ ਨੂੰ ਜਾਣੇ ਬਿਨਾਂ ਨਹੀਂ ਪੈ ਸਕਦੇ। ਹਰ ਵਸਤੂ ਗੁਣਾਂ ਹੀ ਗੁਣਾਂ ਨਾਲ ਭਰਪੂਰ ਹੈ ਪਰ ਉਹਨਾਂ ਗੁਣਾਂ ਦੇ ਮਾਲਕ ਨੂੰ ਜਾਣੇ ਬਿਨਾ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਭਾਵ ਉਸਦੇ ਸੱਚੇ ਗੁਣ ਨਹੀਂ ਗਾਏ ਜਾ ਸਕਦੇ ਭਾਵ ਉਸਦੀ ਸੱਚੀ ਵਡਿਆਈ ਨਹੀਂ ਕੀਤੀ ਜਾ ਸਕਦੀ। ਵਡਿਆਈ ਤਾਂ ਆਪਣੇ ਵਲੋਂ ਉਸ ਪ੍ਰਮਾਤਮਾ ਦੀ ਹਰ ਕੋਈ ਕਰਦਾ ਹੈ ਪਰ ਇਹੋ ਜਿਹੀ ਵਡਿਆਈ ਕਰਨ ਨਾਲ ਮਨੁੱਖ ਆਪ ਹੀ ਵਡਿਆਈਆਂ ਲੈਂਦਾ ਹੈ ਪਰ ਇਸ ਵਿੱਚ ਪ੍ਰਮਾਤਮਾ ਦੀ ਕੋਈ ਵਡਿਆਈ ਨਹੀਂ ਹੁੰਦੀ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆਂ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

47/6298

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥

ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥ ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥ ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥ ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥ ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥ ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥ ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥ ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥੮॥੮॥}

(ਅੰਗ ੫੮)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

ਉਪਰ ਵਾਲੇ ਸ਼ਬਦ ਨੂੰ ਅਗਰ ਧਿਆਨ ਨਾਲ ਸਮਝੋਗੇ ਤੇ ਸਾਡੀ ਕਥਨੀ ਵਾਲੀ ਭਗਤੀ ਦਾ ਹੀ ਖੰਡਨ ਕੀਤਾ ਹੋਇਆ ਹੈ ਭਾਵ ਸ਼ਬਦਾਂ ਦੀ ਕਥਨੀ ਕਰੀ ਜਾਣਾ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਨਹੀਂ ਹੈ, ਪ੍ਰਮਾਤਮਾ ਦੇ ਗੁਣ ਗਾਉਣ ਦਾ ਤਰੀਕਾ ਨਹੀਂ ਹੈ। ਪ੍ਰਮਾਤਮਾ ਦੇ ਗੁਣ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਗਾਏ ਜਾ ਸਕਦੇ ਹਨ ਜੋ ਸੱਚੀ ਸਮਝ ਪ੍ਰਮਾਤਮਾ ਮਨ ਵਿੱਚ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਕਥਨੀ ਕਰਨ ਦੁਆਰਾ ਹਰ ਕੋਈ ਇਹ ਹੀ ਸਮਝਦਾ ਹੈ ਕਿ ਪ੍ਰਮਾਤਮਾ ਕਥਨੀ ਕਰਨ ਨਾਲ ਖੁਸ਼ ਹੁੰਦਾ ਹੈ ਤੇ ਖੁਸ਼ ਹੋ ਕੇ ਸਾਨੂੰ ਮਾਇਆ ਦੀਆਂ ਦਾਤਾਂ ਬਖਸ਼ਦਾ ਹੈ। ਇਹ ਧਾਰਨਾ ਸਭਦੇ ਅੰਦਰ ਬਣੀ ਹੋਈ ਹੈ ਭਾਵੇ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਉਪਰ ਮੁੱਖ ਸ਼ਬਦ ਦੁਆਰਾ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਜੋ ਸਾਨੂੰ ਮਾਇਆ ਦੀਆਂ ਦਾਤਾਂ ਬਖਸ਼ਦਾ ਹੈ ਉਹ ਸਾਡੀ ਕਥਨੀ ਕਰਕੇ ਨਹੀਂ ਬਖਸ਼ਦਾ। ਕਰੋੜਾਂ ਹੀ ਕਰੋੜਾਂ ਸੰਸਾਰ ਵਿੱਚ ਪ੍ਰਮਾਤਮਾ ਨੂੰ ਮਾਇਆ ਦੀਆਂ ਦਾਤਾਂ ਦੀ ਪ੍ਰਾਪਤੀ ਕਰਨ ਲਈ ਹੀ ਕਥਦੇ ਹਨ। **(ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਆਪਣੀਆਂ ਦਾਤਾਂ ਕਿਸੇ ਕਥਨੀ ਕਰਕੇ ਨਹੀਂ ਦਿੰਦਾ ਕਿਉਂਕਿ ਜਿਸਨੂੰ ਵੀ ਸੰਸਾਰ ਵਿੱਚ ਪ੍ਰਮਾਤਮਾ ਨੇ ਪੈਦਾ ਕੀਤਾ ਹੈ ਉਸਦੀ ਪਾਲਣਾ ਵੀ ਉਹ ਆਪ ਹੀ ਕਰਦਾ ਹੈ ਕਿਉਂਕਿ ਸਭਦੇ ਅੰਦਰ ਉਹ ਆਪ ਹੀ ਹੈ। ਜੋ ਸਭਦੇ ਅੰਦਰ ਸਮਝ ਪਾਉਂਣ ਵਾਲਾ ਆਪ ਹੀ ਹੈ, ਇਛਾਵਾਂ ਪਾਉਂਣ ਵਾਲਾ

ਆਪ ਹੀ ਹੈ, ਮਾਇਆ ਮੋਹ ਪਾਉਂਣ ਵਾਲਾ ਆਪ ਹੀ ਹੈ ਉਹ ਸਭਦੇ ਮਨ ਦੀਆਂ ਇਛਾਵਾਂ ਨੂੰ ਜਾਣਦਾ ਹੈ ਤੇ ਜੋ ਇੱਛਾ ਉਸਨੇ ਮਨੁੱਖ ਦੀ ਪੂਰੀ ਕਰਨੀ ਹੁੰਦੀ ਹੈ, ਜੋ ਜਰੂਰਤ

47/6299

ਉਸਨੂੰ ਪੂਰੀ ਕਰਨੀ ਚੰਗੀ ਲਗਦੀ ਹੈ ਉਸਨੂੰ ਪੂਰੀ ਕਰਨ ਦੀ ਬਿਦ ਉਹ ਆਪ ਹੀ ਬਣਾ ਦਿੰਦਾ ਹੈ। ਕਥਨੀ ਕਰਨ ਦੁਆਰਾ ਪ੍ਰਮਾਤਮਾ ਕੋਲੋਂ ਦਾਤਾਂ ਉਹੀ ਮੰਗਦਾ ਹੈ ਜਿਸਨੂੰ ਇਹ ਸਮਝ ਨਹੀਂ ਹੁੰਦੀ ਕਿ ਮੇਰੇ ਮਨ ਅੰਦਰ ਕੌਣ ਹੈ ਭਾਵ ਪ੍ਰਮਾਤਮਾ ਦਾ ਸਾਡੇ ਅੰਦਰ ਜੋਤਿ ਰੂਪ ਕੀ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਜਿਸ ਦੁਆਰਾ ਉਹ ਸਭਦੇ ਅੰਦਰ ਗਿਆਨ ਪਾਉਣ ਵਾਲਾ ਉਹ ਆਪ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਹੀ ਸ਼ਬਦਾਂ ਰਾਹੀਂ ਸਮਝਿਆ ਹੈ। ਆਪਣੇ ਮਨ ਨੂੰ ਜਾਣੇ ਬਿਨਾ, ਖੋਜੇ ਬਿਨਾ ਕੋਈ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦਾ ਕਿ ਸਭਦੇ ਅੰਦਰ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਜੋ ਸਾਡੀ ਸਮਝ ਦਾ ਅਸਲ ਮਾਲਕ ਹੈ। ਸਾਡੀ ਕੀ ਲੋੜ ਹੈ ਤੇ ਉਹ ਕਿਸ ਤਰੀਕੇ ਪੂਰੀ ਕਰਨੀ ਹੈ ਉਹ ਸਭ ਕੁਝ ਜਾਣਦਾ ਹੈ ਜਿਸਨੂੰ ਕੁਝ ਬੋਲ ਬੋਲ ਕੇ ਜਿਨਾਉਂਣ ਦੀ ਲੋੜ ਨਹੀਂ ਹੁੰਦੀ, ਦੱਸਣ ਦੀ ਲੋੜ ਨਹੀਂ ਹੁੰਦੀ, ਮੰਗਣ ਦੀ ਲੋੜ ਨਹੀਂ ਹੁੰਦੀ, ਸ਼ਬਦਾਂ ਦੀ ਕੇਵਲ ਕਥਨੀ ਦੁਆਰਾ ਉਸਨੂੰ ਖੁਸ਼ ਕਰਨ ਦੀ ਲੋੜ ਨਹੀਂ ਹੁੰਦੀ। ਪ੍ਰਮਾਤਮਾ ਆਪ ਸਚੁ ਰੂਪ ਹੈ ਤੇ ਉਹ ਕੇਵਲ ਸੱਚ ਤੇ ਚੱਲਣ ਦੁਆਰਾ ਹੀ ਖੁਸ਼ ਹੁੰਦਾ ਹੈ। ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣਾ ਸੱਚ ਨਹੀਂ ਹੈ। ਸੱਚ ਸ਼ਬਦਾਂ ਦੇ ਅੰਦਰ ਦੀ ਸਮਝ ਦੇ ਵਿੱਚ ਹੈ ਜਿਸ ਸਮਝ ਨੂੰ ਮੰਨਣਾ ਤੇ ਉਸ ਸੱਚੀ ਸਮਝ ਤੇ ਚਲਣਾ ਪ੍ਰਮਾਤਮਾ ਨੂੰ ਖੁਸ਼ ਕਰਨ ਦਾ ਤਰੀਕਾ ਹੈ ਤੇ ਇਸ ਤੋਂ ਬਿਨਾਂ ਜੇਕਰ ਪ੍ਰਮਾਤਮਾ ਨੂੰ ਖੁਸ਼ ਕਰਨ ਦਾ ਕੋਈ ਹੋਰ ਤਰੀਕਾ ਸਮਝਦੇ ਹਾਂ ਉਹ ਕੇਵਲ ਸਾਡਾ ਭਰਮ ਹੈ। ਪ੍ਰਮਾਤਮਾ ਆਪਣੀਆਂ ਮਾਇਆ ਦੀਆਂ ਦਾਤਾਂ ਸੰਸਾਰ ਦੇ ਜੀਵਾਂ ਦੀ ਪਾਲਨਾ ਕਰਨ ਲਈ ਜੁਗਾਂ ਜੁਗਾਂ ਤੋਂ ਦਿੰਦਾ ਆ ਰਿਹਾ ਹੈ। ਪ੍ਰਮਾਤਮਾ ਕੋਲ ਕੋਈ ਦਾਤਾਂ ਦੀ ਕਮੀ ਨਹੀਂ ਹੈ। ਪ੍ਰਮਾਤਮਾ ਦੀਆਂ ਦਾਤਾਂ ਲੈਣ ਵਾਲੇ ਥੱਕ ਜਾਂਦੇ ਹਨ ਪਰ ਉਹ ਦੇਣ ਵਾਲਾ ਨਹੀਂ ਥਕਦਾ ਜੋ ਜੁਗਾਂ ਜੁਗਾਂ ਤੋਂ ਦਿੰਦਾ ਆ ਰਿਹਾ ਹੈ ਤੇ ਜੀਵ ਉਸਨੂੰ ਵਰਤਦੇ ਆ ਰਹੇ ਹਨ। **(ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥)**

ਸੰਸਾਰ ਵਿੱਚ ਜੋ ਕੁਝ ਵੀ ਹੁੰਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਹੁੰਦਾ ਹੈ। ਪ੍ਰਮਾਤਮਾ ਦਾ ਹੁਕਮ ਸਭ ਜਗ੍ਹਾ ਤੇ ਸਭ ਵਿੱਚ ਕਿਸ ਤਰੀਕੇ ਵਰਤਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ। ਮਨ ਦੇ ਵਿੱਚ ਆਪਣੇ ਹੁਕਮ ਦੁਆਰਾ ਹੀ ਪ੍ਰਮਾਤਮਾ ਨੇ ਸਭਨੂੰ ਭਰਮਾਂ ਵਾਲੀ ਸਮਝ

47/6300

ਵਿੱਚ ਰੱਖਿਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦਿਆਂ ਮਨੁੱਖ ਨੂੰ ਇਹ ਸਮਝ ਨਹੀਂ ਪੈਂਦੀ ਕਿ ਦਾਤਾਂ ਦੇਣ ਦਾ ਮਾਲਕ ਸਾਡੇ ਅੰਦਰ ਹੀ ਹੈ ਜਿਸ ਕਰਕੇ ਅਸੀਂ ਕਥਨੀ ਕਰਨ ਦੁਆਰਾ ਪ੍ਰਮਾਤਮਾ ਕੋਲੋਂ ਦਾਤਾਂ ਮੰਗਦੇ ਹਾਂ। ਦਾਤਾਂ ਦਾ ਮੋਹ ਉਸਨੇ ਆਪ ਹੀ ਪਾਇਆ ਹੋਇਆ ਹੈ ਤੇ ਦਾਤਾਂ ਦੇ ਮੋਹ ਕਰਕੇ ਮਨੁੱਖ ਨੂੰ ਪ੍ਰਮਾਤਮਾ ਵਿਸਰਿਆ ਰਹਿੰਦਾ ਹੈ ਜਿਸ ਕਰਕੇ ਕੋਈ ਪ੍ਰਮਾਤਮਾ ਨੂੰ ਪਾਉਂਣ ਦੀ ਅਸਲ ਜੁਗਤਿ ਨੂੰ ਨਹੀਂ ਸਮਝਦਾ ਕਿਉਂਕਿ ਪ੍ਰਮਾਤਮਾ ਆਪ ਹੀ ਆਪਣੇ ਹੁਕਮ ਦੁਆਰਾ ਦਾਤਾਂ ਦਾ ਮੋਹ ਪਾ ਕੇ ਆਪਣੇ ਆਪ ਨੂੰ ਸਮਝਣ ਤੋਂ ਦੂਰ ਰੱਖਦਾ ਹੈ। ਇਹ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥”

ਇਹ ਸੰਸਾਰ ਪ੍ਰਮਾਤਮਾ ਦੀ ਬਣਾਈ ਹੋਈ ਇੱਕ ਖੇਡ ਹੈ ਜਿਸਨੂੰ ਉਹ ਜੋ ਉਸਨੂੰ ਚੰਗਾ ਲਗਦਾ ਹੈ ਉਸ ਅਨੁਸਾਰ ਹੀ ਚਲਾਉਂਦਾ ਹੈ, ਆਪਣੇ ਰਚੇ ਹੋਏ ਗਿਆਨ ਦੀ ਸਮਝ ਦੁਆਰਾ ਹੀ ਚਲਾਉਂਦਾ ਹੈ। ਪ੍ਰਮਾਤਮਾ ਸੰਸਾਰੀ ਜੀਵਾਂ ਨੂੰ ਮਾਇਆ ਮੋਹ ਵਿੱਚ ਰੱਖਣ ਦੁਆਰਾ ਹੀ ਚਲਾਉਂਦਾ ਹੈ ਜਿਸ ਦੁਆਰਾ ਉਹ ਸਭ ਕੋਲੋਂ ਆਪਣਾ ਪੜਦਾ ਬਣਾਕੇ ਰੱਖਦਾ ਹੈ। ਮਾਇਆ ਮੋਹ ਕਰਕੇ ਹੀ ਮਨੁੱਖ ਸਭ ਕੁਝ ਕਰਦਾ ਹੈ ਜਿਸ ਨਾਲ ਉਸਦਾ ਸੰਸਾਰ ਵਿੱਚ ਰਹਿਣ ਦਾ ਮੋਹ ਪੈਂਦਾ ਹੁੰਦਾ ਹੈ ਭਾਵ ਉਸਨੂੰ ਸੰਸਾਰ ਚੰਗਾ ਲਗਦਾ ਹੈ। ਮਾਇਆ ਮੋਹ ਪ੍ਰਮਾਤਮਾ ਦੀ ਬਹੁਤ ਹੀ ਵੱਡੀ ਜੁਗਤਿ ਹੈ, ਉਸਦੀ ਮਾਇਆ ਦੀ ਜੁਗਤਿ ਹੈ ਜੋ ਮਨੁੱਖ ਨੂੰ ਭਰਮਾਂ ਵਿੱਚ ਰੱਖਕੇ ਮਾਇਆ ਦੇ ਸੁੱਖਾਂ ਪਿੱਛੇ ਦੌੜਾਂਦੀ ਹੈ। ਮਨੁੱਖ ਪਦਾਰਥਾਂ ਦੀ ਪ੍ਰਾਪਤੀ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ ਜਿਸ ਕਰਕੇ ਉਸ ਅਸਲ ਸੁਖੁ ਤੋਂ ਵਿਛੁੜਿਆ ਰਹਿੰਦਾ ਹੈ ਜੋ ਸੁੱਖ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ, ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਹੈ, ਸੁਖੁ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦਾ, ਮਨ ਦੇ ਵਿੱਚ ਉਸ ਸੁਖੁ ਰੂਪ ਪ੍ਰਮਾਤਮਾ ਦੇ ਨਾਲ ਗੱਲਾਂ ਕਰਨ ਦਾ ਹੈ ਜੋ ਸਭ ਤੋਂ ਵੱਡਾ ਅਨੰਦ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਣ ਨਾਲ ਮਨੁੱਖ ਦੁੱਖਾਂ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ, ਹਉਮੈ ਵਿੱਚੋਂ, ਤ੍ਰਿਸ਼ਨਾਵਾਂ ਵਿੱਚੋਂ, ਮਾਇਆ

ਮੋਹ ਵਿੱਚੋਂ ਨਿਕਲ ਜਾਂਦਾ ਹੈ ਕਿਉਂਕਿ ਉਸਨੂੰ ਇਹ ਸਮਝ ਲਗ ਜਾਂਦੀ ਹੈ ਦਾਤਾਂ ਦਾ ਮਾਲਕ ਮੇਰੇ ਅੰਦਰ ਹੀ ਹੈ ਜੋ ਉਸ ਦੀਆਂ ਲੋੜਾਂ ਸਮੇਂ ਅਨੁਸਾਰ ਪੂਰੀਆਂ ਕਰਨ ਦੀ ਬਿਦ ਉਹ ਆਪ ਹੀ ਬਣਾ ਦਿੰਦਾ ਹੈ।

47/6301

ਮਨ ਦੇ ਵਿੱਚ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ, ਉਸਦੇ ਹੁਕਮ ਨੂੰ ਪਹਿਚਾਨਣ ਤੋਂ ਬਾਅਦ ਹੀ ਫਿਰ ਪ੍ਰਮਾਤਮਾ ਉਸ ਮਨੁੱਖੀ ਰੂਪ ਨੂੰ ਆਪਣੇ ਉਸ ਹੁਕਮ ਦੁਆਰਾ ਚਲਾਉਂਦਾ ਹੈ ਜੋ ਉਸਦਾ ਸੱਚਾ ਹੁਕਮ ਧਰਮ ਗ੍ਰੰਥਾਂ ਦੇ ਵਿੱਚ ਉਸਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਦੇ ਅੰਦਰ ਹਰ ਸ਼ਬਦ ਦੀ ਵਿਚਾਰ ਰਾਹੀਂ ਜੋ ਸਾਨੂੰ ਸੱਚ ਸਮਝਾਇਆ ਹੋਇਆ ਹੈ ਉਹ ਸਾਡੇ ਲਈ ਪ੍ਰਮਾਤਮਾ ਦਾ ਹੁਕਮ ਹੀ ਹੈ ਜੋ ਉਸਦਾ ਹੁਕਮ ਆਪਣੀ ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਮੰਨਿਆ ਜਾ ਸਕਦਾ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਹੁਕਮ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਆਪਣੇ ਹੁਕਮ ਅਨੁਸਾਰ ਚਲਾਉਂਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਆਪ ਹੀ ਚਲਾਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਪ੍ਰਮਾਤਮਾ ਆਪਣੇ ਹੁਕਮ ਅਨੁਸਾਰ ਚਲਾਉਣ ਦੁਆਰਾ ਹੀ ਖੁਸ਼ੀ ਮਹਿਸੂਸ ਕਰਦਾ ਹੈ। ਪ੍ਰਮਾਤਮਾ ਇਸ ਗੱਲੋਂ ਬੇਪਰਵਾਹ ਹੈ ਕਿ ਉਸਨੂੰ ਹਰ ਕੋਈ ਖੁਸ਼ ਕਰੇ ਜੋ ਕਿ ਉਹ ਖੁਦ ਹੀ ਖੁਸ਼ੀ ਦਾ ਮਾਲਕ ਹੈ। ਪ੍ਰਮਾਤਮਾ ਨੂੰ ਕੇਵਲ ਉਸਦਾ ਹੁਕਮ ਮੰਨਣ ਦੁਆਰਾ ਹੀ ਖੁਸ਼ ਕੀਤਾ ਜਾ ਸਕਦਾ ਹੈ ਭਾਵ ਆਪਣੀ ਸੱਚੀ ਸੁੱਚੀ ਕਰਨੀ ਦੁਆਰਾ ਖੁਸ਼ ਕੀਤਾ ਜਾ ਸਕਦਾ ਹੈ ਨਾ ਕਿ ਕਥਨੀ ਦੁਆਰਾ ਜਿਸ ਤਰੀਕੇ ਹਰ ਕੋਈ ਕਰੋੜਾਂ ਹੀ ਕਰੋੜਾਂ ਪ੍ਰਮਾਤਮਾ ਨੂੰ ਕਥਨੀ ਦੁਆਰਾ ਖੁਸ਼ ਕਰਨਾ ਸਮਝਦੇ ਹਨ ਤਾਂ ਜੋ ਉਸ ਕੋਲੋਂ ਦਾਤਾਂ ਲੈ ਸਕੀਏ। ਮਾਇਆ ਦੀਆਂ ਦਾਤਾਂ ਪ੍ਰਮਾਤਮਾ ਬਿਨਾ ਮੰਗਣ ਤੋਂ ਹੀ ਸਭਨੂੰ ਦੇ ਦਿੰਦਾ ਹੈ। ਹਰ ਕੋਈ ਉਸਦਾ ਆਪਣਾ ਹੀ ਰੂਪ ਹੈ ਤੇ ਸਭ ਦੀ ਸੰਭਾਲ ਉਹ ਆਪ ਹੀ ਕਰਦਾ ਹੈ। ਪ੍ਰਮਾਤਮਾ ਦੇ ਗੁਣ ਮਾਇਆ ਦੀਆਂ ਦਾਤਾਂ ਵਿੱਚੋਂ ਨਿਕਲਕੇ ਹੀ ਗਾਏ ਜਾ ਸਕਦੇ ਹਨ ਜੋ ਕਿ ਕੋਈ ਵਿਰਲਾ ਹੀ ਗਾ ਸਕਦਾ ਹੈ। **(ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈ ਆਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥ ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥)**

{ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥ ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥ ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥ ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੇ ॥੩॥ ਜੋ ਤੁਧੁ ਭਾਵੈ ਸੋ ਪਰਵਾਣੁ ॥ ਤੇਰੇ ਭਾਣੇ ਨੋ ਕੁਰਬਾਣੁ ॥ ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥੪॥੧॥੨੨॥}

(ਅੰਗ ੬੭੬)

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

{ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥

ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥
ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥
ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥ ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥
ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥ ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥
ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥
ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥
ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥}

(ਅੰਗ ੫੩)

47/6302

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਪਹਿਲੇ ਸਮਝਿਆ ਹੀ ਹੈ। ਉਪਰ ਸ਼ਬਦ ਰਾਹੀਂ ਸਾਨੂੰ ਇਹ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਅਸੀਂ ਬੋਲ ਬੋਲ ਕੇ ਪ੍ਰਮਾਤਮਾ ਨੂੰ ਰਿਝਾਉਂਣਾ ਚਾਹੁੰਦੇ ਹਾਂ, ਵਡਿਆਉਣਾ ਚਾਹੁੰਦੇ ਹਾਂ, ਉਸਨੂੰ ਖੁਸ਼ ਕਰਨਾ ਚਾਹੁੰਦੇ ਹਾਂ ਉਸਨੂੰ ਸਾਡੇ ਇਹੋ ਜਿਹੇ ਵਡਿਆਉਣ ਨਾਲ ਕੋਈ ਫਰਕ ਨਹੀਂ ਪੈਂਦਾ ਉਸਨੇ ਜੋ ਦਾਤਾਂ ਦੇਣੀਆਂ ਹਨ ਉਹ ਦੇਈ ਜਾ ਰਿਹਾ ਹੈ। ਬੋਲ ਬੋਲ ਕੇ ਅਸੀਂ ਆਪਣੀ ਗੱਲ ਉਸੇ ਨੂੰ ਕਹਿ ਸਕਦੇ ਹਾਂ ਜਿਸਨੂੰ ਅਸੀਂ ਜਾਣਦੇ ਹੋਈਏ ਕਿ ਉਹ ਕੌਣ ਹੈ ਤੇ ਕਿੱਥੇ ਰਹਿੰਦਾ ਹੈ। ਇਸੇ ਲਈ ਉਪਰ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਉਸਨੂੰ ਬੋਲ ਬੋਲ ਕੇ ਕੁਝ ਕਹਿਣ ਦਾ ਕੋਈ ਲਾਭ ਨਹੀਂ ਹੈ ਉਹ ਸਾਰੀ ਕੁਦਰਤ ਦਾ ਆਪ ਹੀ ਮਾਲਕ ਹੈ। **(ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥ ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥) (ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥ ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥) (ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥ ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥) ਅੰਗ ੫੩**

ਪ੍ਰਮਾਤਮਾ ਆਪ ਨਾਮ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਸ ਨਾਮ ਦੀ ਵਡਿਆਈ ਆਖ ਆਖ ਕੇ ਨਹੀਂ ਕੀਤੀ ਜਾ ਸਕਦੀ ਭਾਵ ਨਾਮ ਨੂੰ ਕੋਈ ਅੱਖਰ ਸਮਝਕੇ ਤੇ ਉਸ ਅੱਖਰ ਨੂੰ ਬੋਲ ਬੋਲ ਕੇ ਨਹੀਂ ਕੀਤੀ ਜਾ ਸਕਦੀ। ਅਸੀਂ ਉਸ ਅੱਖਰ ਨੂੰ ਆਖ ਆਖ ਕੇ ਜਪਣ ਦੁਆਰਾ ਇਹੀ ਸਮਝਦੇ ਹਾਂ ਕਿ ਇਹ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਹੀ ਹੈ ਜੋ ਵਡਿਆਈ ਕਰਨ ਦੁਆਰਾ ਪ੍ਰਮਾਤਮਾ ਖੁਸ਼ ਹੁੰਦਾ ਹੈ ਕਿ ਸਾਨੂੰ ਮਾਇਆ ਦੀਆਂ ਦਾਤਾਂ ਬਖਸ਼ਦਾ ਹੈ। ਪ੍ਰਮਾਤਮਾ ਜੋ ਆਪਣੇ ਆਪ ਵਿੱਚ ਪਹਿਲੇ ਹੀ ਬਹੁਤ ਵੱਡਾ ਹੈ ਜੋ ਮਰਨ ਤੋਂ ਹੀ ਰਹਿਤ ਹੈ ਉਸਨੂੰ ਬੋਲ ਬੋਲ ਕੇ ਹੋਰ ਕੀ ਵੱਡਾ ਕੀਤਾ ਜਾ ਸਕਦਾ ਹੈ। ਜੋ ਪ੍ਰਮਾਤਮਾ ਹਰ ਸੋਗ ਤੋਂ ਪਹਿਲੇ ਹੀ ਰਹਿਤ ਹੈ ਬੋਲ ਬੋਲ ਕੇ ਉਸਦਾ ਸੋਗ ਕਿਵੇਂ ਦੂਰ ਕੀਤਾ ਜਾ ਸਕਦਾ ਹੈ ਭਾਵ ਉਸਨੂੰ ਖੁਸ਼ ਕਿਵੇਂ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਸਭਨੂੰ ਆਪਣੀਆਂ ਦਾਤਾਂ ਜੁਗਾਂ ਜੁਗਾਂ ਤੋਂ ਆਪੇ ਹੀ ਬਖਸ਼ ਰਿਹਾ ਹੈ ਤੇ ਉਹ ਆਪਣੀਆਂ ਦਾਤਾਂ ਦੇਣ ਤੋਂ ਕਦੇ ਚੂਕ ਨਹੀਂ ਕਰਦਾ। ਕੇਵਲ ਕਥਨੀ ਕਰੀ ਜਾਣ ਨਾਲ ਭਾਵ ਮੁਖੋਂ ਬੋਲ ਬੋਲ ਕੇ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਜੋ ਉਸਦੇ ਗੁਣ ਕਥਨੀ ਦੁਆਰਾ ਹਰ ਕੋਈ ਦਾਤਾਂ ਦੀ ਪ੍ਰਾਪਤੀ ਕਰਨ ਲਈ ਹੀ ਕਰਦਾ ਹੈ। ਇਹ ਤਰੀਕਾ ਪ੍ਰਮਾਤਮਾ ਦੇ ਗੁਣ ਗਾਉਣ ਦਾ ਨਹੀਂ ਹੈ। ਪ੍ਰਮਾਤਮਾ

47/6303

ਦੇ ਗੁਣ ਉਦੋਂ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ ਨੂੰ ਇਹ ਸਮਝ ਲਗ ਜਾਵੇ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਭਾਵ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਜੋ ਇਸ ਮਨੁੱਖੀ ਰੂਪ ਨੂੰ ਆਪ ਬਣਾਕੇ ਆਪ ਹੀ ਮਨ ਦੀ ਸਮਝ ਰਾਹੀਂ ਚਲਾ ਰਿਹਾ ਹੈ ਤੇ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਮਾਇਆ ਦੀਆਂ ਦਾਤਾਂ ਦੇ ਮੋਹ ਵਿੱਚ ਪਾਇਆ ਹੋਇਆ ਹੈ। **(ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥)** ਅੰਗ ੯

ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਜੋ ਕਿ ਅਸੀਂ ਮਾਇਆ ਦੀ ਪ੍ਰਾਪਤੀ ਲਈ ਕਰਦੇ ਹਾਂ ਤਦ ਤਕ ਅਸੀਂ ਮਾਇਆ ਮੋਹ ਵਿੱਚ ਹੀ ਰਹਿੰਦੇ ਹਾਂ। ਮਾਇਆ ਮੋਹ ਵਿੱਚੋਂ ਨਿਕਲੇ ਬਿਨਾ ਉਸ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜੋ ਕਿ ਸਾਡੇ ਜੀਵਨ ਦਾ ਅਸਲ ਮਕਸਦ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਹ ਪ੍ਰਮਾਤਮਾ ਆਪ ਨਾਮ ਦੇ ਰੂਪ ਵਿੱਚ ਹੈ ਜਿਸਨੂੰ ਕਿ ਉਸਦੇ ਨਾਮ ਨਾਲ ਜੁੜਕੇ ਹੀ ਪਾਇਆ ਜਾ ਸਕਦਾ ਹੈ ਜਿਸ ਨਾਮ ਦਾ ਮਕਸਦ ਹੀ ਸਾਨੂੰ ਮਾਇਆ ਮੋਹ ਵਿੱਚੋਂ ਕੱਢਣ ਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਨਾਮ ਹੀ ਹੈ ਜਿਸ ਆਪਣੇ ਨਾਮ ਰੂਪ ਵਿੱਚ ਭਾਵ ਬ੍ਰਹਮ ਗਿਆਨ ਰੂਪ ਵਿੱਚ, ਆਪਣੇ ਸਚੁ ਰੂਪ ਵਿੱਚ ਜੋ ਪੂਰੀ ਗੁਰਬਾਣੀ ਵਿੱਚ ਆਪ ਹੀ ਪ੍ਰਮਾਤਮਾ ਨਾਲ ਮੇਲ ਕਰਨ ਦਾ ਤਰੀਕਾ ਉਸਦੇ ਨਾਮ ਨਾਲ ਜੁੜਨਾ ਹੀ ਹੈ ਭਾਵ ਪੂਰੀ ਗੁਰਬਾਣੀ ਵਿੱਚ ਉਸਦੇ ਸਮਝਾਏ ਹੋਏ ਸੱਚ ਦੇ ਨਾਲ ਜੁੜਨਾ ਹੀ ਹੈ ਜਿਸ ਸੱਚ ਦੇ ਨਾਲ ਅਸੀਂ ਆਪਣੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਜੁੜ ਸਕਦੇ ਹਾਂ ਭਾਵ ਗੁਰੂ ਦਾ ਨਾਮ ਜਪਣ ਦੁਆਰਾ ਹੀ ਜੁੜ ਸਕਦੇ ਹਾਂ ਜਿਸ ਨਾਮ ਦੀ ਪ੍ਰਾਪਤੀ ਦੁਆਰਾ ਅਸੀਂ ਪ੍ਰਮਾਤਮਾ ਦੇ ਗੁਣ ਗਾਉਣੇ ਸਮਝ ਸਕਦੇ ਹਾਂ। ਪ੍ਰਮਾਤਮਾ ਦੇ ਗੁਣ ਮਨ ਦੀ ਭਰਮਾਂ ਵਾਲੀ ਸਮਝ, ਅਗਿਆਨਤਾ ਵਾਲੀ ਸਮਝ ਤੋਂ ਮੁਕਤਿ ਹੋਣ ਦੁਆਰਾ ਹੀ ਗਾਏ ਜਾ ਸਕਦੇ ਹਨ ਭਾਵ ਉਸ ਨਾਮ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ।

“ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥”

47/6304

ਉਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਪ੍ਰਮਾਤਮਾ ਦਾ ਆਖਣ ਕਿਸ ਤਰੀਕੇ ਆਖਣਾ ਹੈ ਭਾਵ ਸਾਡੇ ਉਹ ਬੋਲ ਕੀ ਹਨ ਜਿਨ੍ਹਾਂ ਦੁਆਰਾ ਸਾਨੂੰ ਪ੍ਰਮਾਤਮਾ ਆਪਣੀ ਦਾਤਿ ਬਖਸ਼ਦਾ ਹੈ ਭਾਵ ਆਪਣੇ ਨਾਲ ਮੇਲ ਦੀ ਦਾਤਿ ਬਖਸ਼ਦਾ ਹੈ ਇਹੀ ਗੱਲ ਸਮਝਾਈ ਹੋਈ ਹੈ।

“ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥”

“ਸਾਚਾ ਸਾਹਿਬੁ” ਭਾਵ ਪ੍ਰਮਾਤਮਾ ਜਿਸਨੂੰ ਅਸੀਂ ਪਾਉਣਾ ਚਾਹੁੰਦੇ ਹਾਂ ਉਹ ਆਪਣੇ ਸੱਚੇ ਨਾਮ ਦੇ ਰੂਪ ਵਿੱਚ ਹੈ ਭਾਵ ਉਸਦੇ ਸੱਚੇ ਨਾਮ ਦੀ ਜਿਸਨੂੰ ਪ੍ਰਾਪਤੀ ਹੋ ਜਾਂਦੀ ਹੈ ਉਸਨੂੰ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੋ ਜਾਂਦੀ ਹੈ। **(ਸਾਚਾ ਸਾਹਿਬੁ ਸਾਚੁ ਨਾਇ)** ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਗੁਰੂ ਰੂਪ ਹੈ ਜਿਸ ਆਪਣੇ ਗੁਰੂ ਰੂਪ ਦੁਆਰਾ ਪ੍ਰਮਾਤਮਾ ਸਾਨੂੰ ਆਪਣੀ ਭਗਤੀ ਦੀ ਸੱਚੀ ਸਮਝ ਪਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੁਆਰਾ ਪਾਉਂਦਾ ਹੈ। ਸ਼ਬਦਾਂ ਦੇ ਅੰਦਰ ਦੀ ਜੋ ਵਿਚਾਰ ਹੈ ਉਹੀ ਨਾਮ ਹੈ ਜਿਸ ਰੂਪ ਵਿੱਚ ਆਪ ਪ੍ਰਮਾਤਮਾ ਸਚੁ ਰੂਪ ਵਿੱਚ ਪੂਰੀ ਗੁਰਬਾਣੀ ਵਿੱਚ ਵੱਸਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਬਾਣੀ ਦੇ ਵਿੱਚੋਂ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝ ਕੇ ਉਹਨਾਂ ਨੂੰ ਮੰਨਣਾ ਹੀ ਗੁਰੂ ਪ੍ਰਮਾਤਮਾ ਦੇ ਨਾਲ ਆਪਣਾ ਭਾਉ ਦਿਖਾਉਣ ਦਾ ਤਰੀਕਾ ਹੈ, ਗੁਰੂ ਦੇ ਨਾਲ ਆਪਣਾ ਪਿਆਰ ਦਿਖਾਉਣ ਦਾ ਤਰੀਕਾ ਹੈ। ਗੁਰੂ ਆਪਣੀ ਗੁਰਮਤਿ ਦੇ ਰੂਪ ਵਿੱਚ ਹੈ ਤੇ ਗੁਰਮਤਿ ਨਾਲ ਪਿਆਰ ਹੀ ਗੁਰੂ ਨਾਲ ਪਿਆਰ ਹੈ ਜੋ ਪਿਆਰ ਗੁਰੂ ਦੇ ਨਾਲ ਗੁਰਮਤਿ ਨੂੰ ਮੰਨਣ ਦੁਆਰਾ ਹੀ ਪਾਇਆ ਜਾ ਸਕਦਾ ਹੈ। ਅਸੀਂ ਗੁਰੂ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਭਾਵ ਗੁਰੂ ਦੇ ਨਾਮ ਦੇ ਨਾਲ ਭਾਵ ਗੁਰੂ ਦੀ ਮਤਿ ਦੇ ਨਾਲ ਆਪਣਾ **“ਅਪਾਰੁ”** ਭਾਉ ਦਿਖਾਉਣਾ ਹੈ ਭਾਵ ਉਤਨਾ ਪਿਆਰ ਦਿਖਾਉਣਾ ਹੈ ਜਿਸ ਤੋਂ ਉਪਰ ਕੋਈ ਹੋਰ ਪਿਆਰ ਦਿਖਾਇਆ ਹੀ ਨਹੀਂ ਜਾ ਸਕਦਾ। ਗੁਰੂ ਦੇ ਨਾਲ ਪਿਆਰ ਦਿਖਾਉਣਾ ਕੀ ਹੈ ਇਹ ਗੱਲ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝੀ ਹੀ ਹੈ। ਗੁਰੂ ਨਾਲ ਆਪਣਾ ਭਾਉ ਦਿਖਾਉਣ ਲਈ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ ਤੇ ਗੁਰੂ ਦੀ ਹਰ ਗੱਲ ਪੂਰਨ ਰੂਪ ਵਿੱਚ ਮੰਨਣੀ ਪੈਂਦੀ ਹੈ ਭਾਵ ਮਨੁੱਖ ਨੂੰ ਹਰ ਅਉਗੁਣ ਛੱਡਣਾ ਪੈਂਦਾ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਤਾਂ ਜੋ ਕਿ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਚੰਗੇ ਕਰਮ ਕਰੀਏ ਤੇ

47/6305

ਸੰਸਾਰ ਵਿੱਚ ਸੱਚੇ ਸੁੱਚੇ ਬਣ ਕੇ ਵਿਚਰੀਏ। ਸਾਡਾ ਸੱਚ ਅਨੁਸਾਰ, ਗੁਰਮਤਿ ਅਨੁਸਾਰ, ਨਾਮ ਦੀ ਦਾਤਿ ਅਨੁਸਾਰ ਸੰਸਾਰ ਵਿੱਚ ਵਿਚਰਨਾ ਹੀ ਗੁਰੂ ਦਾ ਨਾਮ ਜਪਣਾ ਹੈ ਤੇ ਸਾਡੀ ਇਹੋ ਜਿਹੀ ਵਿਚਰਨ ਹੀ ਸਾਡੇ ਗੁਰੂ ਦੇ ਅੱਗੇ ਉਹ ਬੋਲ ਹਨ, ਗੁਰੂ ਦੇ ਅੱਗੇ ਸਾਡਾ ਉਹ ਆਖਣ ਹੈ, ਗੁਰੂ ਦੇ ਕੋਲ ਸਾਡੀ ਉਹ ਮੰਗ ਹੈ ਕਿ ਗੁਰੂ ਸਾਨੂੰ ਆਪਣੀ ਦਾਤਿ ਦੇ ਭਾਵ ਆਪਣੇ ਨਾਮ ਦੀ ਦਾਤਿ ਦੇ। ਸਾਡੀ ਹਰ ਕਰਣੀ ਵਿੱਚ ਪ੍ਰਮਾਤਮਾ ਅੱਗੇ ਬਾਰ-ਬਾਰ ਇਹ ਮੰਗ ਹੀ ਹੋਣੀ ਚਾਹੀਦੀ ਹੈ ਭਾਵ ਸਾਨੂੰ ਹਰ ਵੇਲੇ, ਹਰ ਰੋਜ, ਪੂਰਾ ਜੀਵਨ ਇਸੇ ਤਰੀਕੇ ਪ੍ਰਮਾਤਮਾ ਕੋਲੋਂ ਮੰਗ ਕਰਨੀ ਚਾਹੀਦੀ ਹੈ ਜਿਸ ਤਰੀਕੇ ਉਹ ਪ੍ਰਮਾਤਮਾ ਕਿਸੇ ਨੂੰ ਆਪਣੀ ਇਹ ਨਾਮ ਦੀ ਦਾਤਿ ਬਖਸ਼ਦਾ ਹੈ। **(ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥)**

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ॥

ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥
ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}

(ਅੰਗ ੬੫)

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥}

(ਅੰਗ ੧੫)

{ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥}

(ਅੰਗ ੧੫੩)

ਪ੍ਰਮਾਤਮਾ ਅੱਗੇ ਸਾਡੇ ਬੋਲ ਸਾਡੇ ਕਰਮ ਹੀ ਹਨ ਜਿਵੇਂ ਕਿ ਉਪਰਲੇ ਸ਼ਬਦ ਦੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਦਰ ਤੇ ਸਾਡੀ ਪਤਿ ਸਾਡੇ ਚੰਗੇ ਕਰਮਾਂ ਦੁਆਰਾ ਹੀ ਪੈਂਦੀ ਹੈ ਜੋ ਕਿ ਪ੍ਰਮਾਤਮਾ ਅੱਗੇ ਸਾਡੇ ਸੱਚੇ ਬੋਲ ਹਨ, ਚੰਗੇ ਬੋਲ ਹਨ, ਮਿੱਠੇ ਬੋਲ ਹਨ। ਸਾਡੇ ਮਾੜੇ ਕਰਮ ਸਾਡੇ ਪ੍ਰਮਾਤਮਾ ਅੱਗੇ ਫਿੱਕੇ ਬੋਲ ਹਨ ਜਿਸ ਦੁਆਰਾ ਸਾਡੀ ਪ੍ਰਮਾਤਮਾ ਦੇ ਦਰ ਤੇ ਪਤਿ ਉਤਰਦੀ ਹੈ ਜਿਸ ਲਈ ਸਾਨੂੰ ਉਪਰ ਸ਼ਬਦ ਵਿੱਚ ਮੂਰਖ ਤੇ ਅਜਾਣ ਕਿਹਾ ਹੈ। ਮਾੜੇ ਕਰਮ ਕਰਨ ਵਾਲੇ ਨੂੰ ਭਾਵ ਮਾਇਆ ਦੇ ਰਸਾਂ ਦੁਆਰਾ ਜੁੜੇ ਹੋਏ ਮਨੁੱਖ ਨੂੰ ਨਾਮ ਤੋਂ ਬਿਨਾਂ ਕਿਹਾ ਹੈ ਭਾਵ ਇਹੋ ਜਿਹੇ ਮਨੁੱਖ ਦੇ ਅੰਦਰ ਨਾਮ ਨਹੀਂ ਹੁੰਦਾ ਜੋ ਮਾਇਆ ਦੀ ਅਰਦਾਸਾਂ ਨਾਲ ਜੁੜੇ ਹੋਏ ਹਨ ਉਹ ਨਾਮ ਦੀ ਦਾਤਿ ਦੀ ਪ੍ਰਾਪਤੀ ਨਹੀਂ ਕਰ ਸਕਦੇ ਜਿਵੇਂ ਕਿ ਉਪਰ ਸ਼ਬਦ ਵਿੱਚ ਸਪਸ਼ਟ ਕਰਕੇ ਸਮਝਾਇਆ ਹੈ। ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਉਹੀ ਪਾ ਸਕਦਾ ਹੈ ਜੋ ਆਪਣੇ ਅੰਦਰ ਦੀ ਬਿਖ ਨੂੰ ਭਾਵ ਮਾਇਆ ਮੋਹ ਵਾਲੀ ਸਮਝ ਨੂੰ ਛੱਡ ਦਿੰਦਾ ਹੈ, ਆਪਣੀ ਹਉਮੈ ਛੱਡ ਦਿੰਦਾ ਹੈ, ਆਪਣੇ ਅੰਦਰ ਦੇ ਸਾਰੇ ਵਿਕਾਰਾਂ ਨੂੰ ਛੱਡ ਦਿੰਦਾ ਹੈ ਜਿਨ੍ਹਾਂ ਵਿਕਾਰਾਂ ਨੂੰ ਛੱਡਣ ਦਾ ਮਕਸਦ ਇਹੀ ਹੈ ਕਿ ਅਸੀਂ ਚੰਗੇ ਕਰਮ ਕਰੀਏ ਭਾਵ ਕੋਈ ਮਾੜਾ ਕਰਮ ਨਾ ਕਰੀਏ। ਸਾਡੇ ਚੰਗੇ ਕਰਮ ਹੀ ਪ੍ਰਮਾਤਮਾ ਅੱਗੇ ਸਾਡੇ ਸੱਚੇ ਬੋਲ ਹਨ ਜਿਨ੍ਹਾਂ ਲਈ ਕੋਈ ਮੁੱਖੋਂ ਬੋਲਣ ਦੀ ਲੋੜ ਨਹੀਂ ਜਿਸ ਲਈ ਕੇਵਲ ਗੁਰੂ ਦੇ ਸ਼ਬਦਾਂ

47/6306

ਦੀ ਵਿਚਾਰ ਨੂੰ ਮੰਨਣ ਦੀ ਲੋੜ ਹੈ ਭਾਵ ਉਹਨਾਂ ਤੇ ਅਮਲ ਕਰਨ ਦੀ ਲੋੜ ਹੈ ਤੇ ਇਹੀ ਗੁਰੂ ਦਾ ਨਾਮ ਜਪਣ ਦਾ ਤਰੀਕਾ ਹੈ ਜੋ ਤਰੀਕਾ ਸਾਨੂੰ ਗੁਰੂ ਆਪਣੇ ਸ਼ਬਦਾਂ ਰਾਹੀਂ ਬਾਰ-ਬਾਰ ਸਮਝਾ ਰਿਹਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਆਪ ਨਾਮ ਦਾ ਮਾਲਕ ਹੈ ਤੇ ਆਪਣੀ ਇਹ ਦਾਤਿ ਉਹ ਉਸੇ ਨੂੰ ਹੀ ਬਖਸ਼ਦਾ ਹੈ ਜੋ ਉਸਦੀ ਗੁਰਮਤਿ ਦੇ ਨਾਲ ਆਪਣਾ ਪਿਆਰ ਦਿਖਾਉਂਦਾ ਹੈ। ਸਾਡੇ ਪ੍ਰਮਾਤਮਾ ਦੇ ਅੱਗੇ ਸੱਚੇ ਬੋਲ ਕੀ ਹਨ ਇਸ ਗੱਲ ਨੂੰ ਅਸੀਂ ਮੁੱਖ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸ ਦੁਆਰਾ ਸਾਨੂੰ ਪ੍ਰਮਾਤਮਾ ਦੀ ਦਾਤਿ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ।

“ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥"

ਪ੍ਰਮਾਤਮਾ ਕੋਲੋਂ ਉਸਦੇ ਨਾਮ ਦੀ ਦਾਤਿ ਲੈਣ ਲਈ ਭਾਵ ਉਸਦੀ ਦਾਤਿ ਮੰਗਣ ਲਈ ਅਸੀਂ ਉਸਦੇ ਅੱਗੇ ਕਿਹੋ ਜਿਹੀ ਭੇਟਾ ਰੱਖਣੀ ਹੈ, ਕਿਹੋ ਜਿਹੇ ਮੁੱਖੋਂ ਬੋਲ ਬੋਲਣੇ ਹਨ ਜੋ ਸਾਡੇ ਬੋਲ ਸੁਨਣ ਦੁਆਰਾ ਪ੍ਰਮਾਤਮਾ ਸਾਡੇ ਨਾਲ ਆਪਣਾ ਪਿਆਰ ਪਾਉਂਦਾ ਹੈ ਉਹ ਸਾਡੀ ਭੇਟ, ਸਾਡੇ ਬੋਲ ਉਪਰ ਸ਼ਬਦ ਰਾਹੀਂ ਇਸ ਤਰੀਕੇ ਸਮਝਾਏ ਹੋਏ ਹਨ।

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥"

(ਅੰਗ ੨)

ਸਭ ਤੋਂ ਪਹਿਲੀ ਗੱਲ **"ਅੰਮ੍ਰਿਤ ਵੇਲਾ"** ਸਮਝਣ ਦੀ ਹੈ। ਅੰਮ੍ਰਿਤ ਵੇਲਾ ਉਹ ਹੈ ਜਿਸ ਵੇਲੇ ਮਨੁੱਖ ਗੁਰੂ ਦੇ ਸੱਚੇ ਨਾਮ ਦੇ ਨਾਲ ਜੁੜ ਜਾਂਦਾ ਹੈ ਭਾਵ ਗੁਰੂ ਦੇ ਅੰਮ੍ਰਿਤ ਦੇ ਨਾਲ ਜੁੜ ਜਾਂਦਾ ਹੈ। ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ ਨਾਮ ਬਾਣੀ ਹੈ ਭਾਵ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਪਾਇਆ ਹੋਇਆ ਅੰਮ੍ਰਿਤ, ਉਸਦਾ ਪਾਇਆ ਹੋਇਆ ਨਾਮ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਅੰਮ੍ਰਿਤ ਵੇਲਾ ਕੋਈ ਦੁਨਿਆਵੀ ਵੇਲਾ ਨਹੀਂ ਹੈ, ਕੋਈ ਖਾਸ ਵੇਲਾ ਨਹੀਂ ਹੈ, ਕੋਈ ਖਾਸ ਸਮਾ ਨਹੀਂ ਹੈ ਜਿਸ ਸਮੇਂ ਗੁਰੂ ਦੇ ਸੱਚੇ ਨਾਮ ਨਾਲ ਜੁੜਿਆ ਜਾ ਸਕਦਾ ਹੈ ਜਿਵੇਂ ਕਿ ਬਾਣੀ ਦੇ ਸ਼ਬਦਾਂ ਰਾਹੀਂ ਸਾਨੂੰ ਇਹ ਗੱਲ ਸਮਝਾਈ ਹੋਈ ਕਿ ਜੇਕਰ ਅਸੀਂ ਕਿਸੇ ਦੁਨਿਆਵੀ ਵੇਲੇ ਨੂੰ ਉੱਚਾ ਸਮਝ ਦੇ ਹਾਂ ਤਾਂ ਫਿਰ ਅਸੀਂ ਭਗਤੀ ਦੇ ਮੂਲ ਮਾਰਗ ਤੋਂ ਹੀ ਭਟਕ ਜਾਂਦੇ ਹਾਂ ਭਾਵ

47/6307

ਹਰ ਵੇਲਾ ਚੰਗਾ ਹੈ। ਗੱਲ ਤਾਂ ਗੁਰੂ ਦੀ ਮਤਿ ਲੈਣ ਦੀ ਹੈ ਸਾਡੇ ਲਈ ਵੇਲਾ ਉਹ ਚੰਗਾ ਹੈ ਜਿਸ ਵੇਲੇ ਸਾਨੂੰ ਗੁਰੂ ਦੀ ਮਤਿ ਮੰਨਣੀ ਚੰਗੀ ਲਗਦੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣਾ ਚੰਗਾ ਲਗਦਾ ਹੈ। ਸਾਡਾ ਸਾਰਾ ਜੀਵਨ ਸੱਚ ਤੇ ਚੱਲਣ ਲਈ ਹੀ ਹੈ ਤੇ ਆਪਣੇ ਜੀਵਨ ਵਿੱਚ ਜਿਹੜੇ ਵੇਲੇ ਵੀ ਸੱਚ ਨੂੰ ਅਪਨਾ ਲੈਂਦੇ ਹਾਂ ਉਹ ਵੇਲਾ ਹੀ ਸਾਡੇ ਲਈ ਸੁਹਾਵਾ ਹੈ। ਗੁਰੂ ਦਾ ਸੱਚਾ ਨਾਮ ਪੂਰੀ ਗੁਰਬਾਣੀ ਦੇ ਵਿੱਚ, ਧਰਮ ਗ੍ਰੰਥਾਂ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ। ਗੁਰੂ ਦੀ ਹਰ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਜੋ ਵਿਚਾਰ ਸਾਨੂੰ ਸਾਡੇ ਅੰਦਰ ਦੇ ਮਾੜੇ ਵਿਚਾਰ ਛੱਡਣ ਲਈ ਸਮਝਾਉਂਦੀ ਹੈ, ਮਨਮਤਿ ਛੱਡਣ ਲਈ, ਮਾਇਆ ਮੋਹ ਛੱਡਣ ਲਈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਲਈ, ਕਾਮ ਕ੍ਰੋਧ ਲੋਭ ਮੋਹ ਅਹੰਕਾਰ ਆਦਿ ਛੱਡਣ ਲਈ ਸਮਝਾਉਂਦੀ ਹੈ ਤੇ ਭਗਤੀ ਦੇ ਦਿਖਾਵੇ ਛੱਡਣ ਲਈ ਸਮਝਾਉਂਦੀ ਹੈ, ਭਗਤੀ ਦੇ ਉਹ ਤਰੀਕੇ ਛੱਡਣ ਲਈ ਸਮਝਾਉਂਦੀ ਹੈ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਖੰਡਨ ਕੀਤਾ ਹੋਇਆ ਹੈ। ਗੁਰੂ ਦੀ ਮਤਿ ਨੂੰ ਮੰਨੇ ਬਿਨਾਂ ਕਿਸੇ ਹੋਰ ਦੀ ਮਤਿ ਦੇ ਪਿੱਛੇ ਲੱਗਣ ਤੋਂ ਮਨਾ ਕੀਤਾ ਹੋਇਆ ਹੈ। ਸਰੀਰਕ ਜਪ ਤਪ ਆਦਿ ਤੋਂ ਮਨਾ ਕੀਤਾ ਹੋਇਆ ਹੈ, ਕਿਸੇ ਅੱਖਰ ਨੂੰ ਨਾਮ ਸਮਝਕੇ, ਉਸਨੂੰ ਬੋਲ ਬੋਲ ਕੇ ਸੁਣਾਈ ਜਾਣ ਤੋਂ ਮਨਾ ਕੀਤਾ ਹੋਇਆ ਹੈ। ਪ੍ਰਮਾਤਮਾ ਦੀ ਅਸਲ ਵਡਿਆਈ ਸਾਡੇ ਮਨ ਦੇ ਅੰਦਰ ਦੇ ਵਿਚਾਰ ਹਨ। **(ਵਡਿਆਈ ਵੀਚਾਰੁ)** ਪ੍ਰਮਾਤਮਾ ਦੀ ਵਡਿਆਈ ਸਾਡੇ ਮਨ ਦੇ ਵਿਚਾਰਾਂ ਦੁਆਰਾ ਹੀ ਹੋਣੀ ਹੈ ਤੇ ਸਾਡੇ ਮਨ ਦੇ ਵਿਚਾਰ ਜੇਕਰ ਗੁਰੂ ਦੇ ਸ਼ਬਦਾਂ ਵਾਲੇ ਵਿਚਾਰ ਹਨ ਭਾਵ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਾਂਗੇ ਤਾਂ ਹੀ ਸਾਡੇ ਮਨ ਦੇ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਮਿਲਕੇ ਇੱਕ ਹੋ ਸਕਦੇ ਹਨ। ਇਹੀ ਸੁਰਤਿ ਸ਼ਬਦ ਦੇ ਵਿਚਾਰਾਂ ਦਾ ਮੇਲ ਹੈ। ਮਨ ਦੇ ਵਿਚਾਰ ਸਾਨੂੰ ਸਮਝ ਪਾਉਣ ਲਈ ਹੀ ਹੁੰਦੇ ਹਨ, ਸਾਡੀ ਸੰਸਾਰਿਕ ਵਿਚਰਨ ਸਮਝਾਉਣ ਲਈ ਹੀ ਹੁੰਦੇ ਹਨ ਭਾਵ ਗੁਰੂ ਦਾ ਨਾਮ ਜਪਣਾ ਹੀ ਸਮਝਾਉਂਦੇ ਹਨ ਜੋ ਉਸਦਾ ਨਾਮ ਅਸੀਂ ਆਪਣੀ ਸੱਚੀ ਕਰਨੀ ਦੁਆਰਾ, ਸੱਚੀ ਸੁੱਚੀ ਕਿਰਤ ਦੁਆਰਾ ਜਪਣਾ ਹੈ ਜਿਸ ਲਈ ਮੁੱਖੋਂ ਕੁਝ ਬੋਲਣ ਦੀ ਲੋੜ ਨਹੀਂ ਹੁੰਦੀ ਭਾਵ ਸਾਡੇ ਕਰਮ ਹੀ ਸਾਡੇ ਬੋਲ ਹਨ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਦੁਆਰਾ ਸਮਝਿਆ ਹੈ। ਜੇਕਰ ਸਾਡੇ ਅੰਦਰ ਗੁਰਮਤਿ ਵਾਲੇ ਵਿਚਾਰ ਹੋਣਗੇ

47/6308

ਤਾਂ ਅਸੀਂ ਚੰਗੇ ਕਰਮ ਕਰਾਂਗੇ, ਭਗਤੀ ਦੇ ਨਾਸਮਝ ਤਰੀਕਿਆਂ ਤੋਂ ਬਚਾਂਗੇ ਤੇ ਜੇਕਰ ਵਿਚਾਰ ਮਨਮਤਿ ਵਾਲੇ ਹੋਣਗੇ ਤਾਂ ਫਿਰ ਉਹੋ ਜਿਹੇ ਕਰਮ ਹੀ ਕਰਾਂਗੇ ਜੋ ਗੁਰਮਤਿ ਤੋਂ ਉਲਟ ਹਨ। ਪ੍ਰਮਾਤਮਾ ਦੀ ਵਡਿਆਈ ਕਰਨ ਦੀ ਸਮਝ ਮਨ ਦੇ ਵਿਚਾਰਾਂ ਰਾਹੀਂ ਹੀ ਪੈਂਦੀ ਹੈ ਤੇ ਸ਼ਬਦ ਦੇ ਵਿਚਾਰਾਂ ਦਾ ਮਕਸਦ ਸਾਨੂੰ ਭਗਤੀ ਦੇ ਮਾਰਗ ਦੀ ਸਹੀ ਸਮਝ ਪਾਉਣ ਦੇ ਨਾਲ ਹੀ ਹੈ, ਪ੍ਰਮਾਤਮਾ ਦੀ ਵਡਿਆਈ

ਕਰਨ ਦੀ ਸਹੀ ਸਮਝ ਪਾਉਣ ਦੇ ਨਾਲ ਹੀ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਤੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਨਾਮ ਜਪਣਾ ਹੈ ਜੋ ਨਾਮ ਜਪਣ ਲਈ ਹਰ ਵੇਲਾ ਚੰਗਾ ਹੈ ਤੇ ਜਿਸ ਲਈ ਕਿਸੇ ਖਾਸ ਵੇਲੇ ਨੂੰ ਉੱਚਾ ਵੇਲਾ ਸਮਝਣਾ, ਅੰਮ੍ਰਿਤ ਵੇਲਾ ਸਮਝਣਾ ਕੇਵਲ ਸਾਡਾ ਭਰਮ ਹੈ, ਪ੍ਰਮਾਤਮਾ ਦੀ ਵਡਿਆਈ ਅਸੀਂ ਅੱਠੇ ਪਹਿਰ ਕਰਨੀ ਹੈ ਜੋ ਵਡਿਆਈ ਮਨ ਦੇ ਵਿਚਾਰਾਂ ਦੁਆਰਾ ਹੋਣੀ ਹੈ। ਇੱਕ ਵਾਰੀ ਮਨ ਦੇ ਵਿਚਾਰ ਗੁਰਮਤਿ ਵਾਲੇ ਸੱਚੇ ਵਿਚਾਰ ਬਣ ਜਾਣ ਤਾਂ ਫਿਰ ਉਹ ਵਿਚਾਰ ਹਰ ਵੇਲੇ, ਸਾਰਾ ਜੀਵਨ ਇੱਕੋ ਜਿਹੇ ਹੀ ਬਣੇ ਰਹਿੰਦੇ ਹਨ ਜੋ ਮਨੁੱਖ ਨੂੰ ਹਰ ਵੇਲੇ ਸੱਚ ਦੇ ਮਾਰਗ ਤੇ ਹੀ ਚਲਾਉਂਦੇ ਹਨ ਭਾਵ ਪ੍ਰਮਾਤਮਾ ਦੀ ਸੱਚੀ ਵਡਿਆਈ ਦੇ ਮਾਰਗ ਤੇ ਹੀ ਚਲਾਉਂਦੇ ਹਨ। ਸੱਚ ਦੇ ਮਾਰਗ ਤੇ ਚੱਲਣਾ ਹੀ ਸਾਡੇ ਮੁੱਖ ਦੇ ਸੱਚੇ ਬੋਲ ਹਨ, ਮੁੱਖੋਂ ਪ੍ਰਮਾਤਮਾ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੀ ਵਿਚਾਰ ਰਾਹੀਂ ਸਮਝਿਆ ਹੈ। **(ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥)**

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ॥ ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

{ਆਪੁ ਵੰਞਾਏ ਤਾ ਸਭ ਕਿਛੁ ਪਾਏ ॥ ਗੁਰ ਸਬਦੀ ਸਚੀ ਲਿਵ ਲਾਏ ॥
ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ ਗਾਵਣਿਆ ॥
ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ ਦੇਵਣਿਆ ॥੧॥ ਰਹਾਉ ॥
ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥
ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥
ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥
ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ ॥੪॥
ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥ ਨਿਰਮਲ ਬਾਣੀ ਸਬਦਿ ਵਖਾਣਹਿ ॥
ਸਚੇ ਸੇਵਿ ਸਦਾ ਸੁਖੁ ਪਾਇਨਿ ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥
ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ ਸਤਸੰਗਤਿ ਬਹਿ ਹਰਿ ਗੁਣ ਗਾਇਆ ॥

ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥
ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥
ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ ॥
ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥}

(ਅੰਗ ੧੧੫)

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥
ਦੇ ਵਡਿਆਈ ਕਰੇ ਸੁ ਹੋਇ ॥੨॥ ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥
ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥
ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥
ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥}

(ਅੰਗ ੩੫੫)

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥ ਮਨਮੁਖਿ ਸੂਤਕੁ ਕਬਹਿ ਨ ਜਾਇ ॥
ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥ ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥
ਮਰਿ ਮਰਿ ਜੰਮੈ ਵਾਰੋ ਵਾਰ ॥੨॥ ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥
ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥ ਸਤਿਗੁਰੁ ਸੇਵਿਐ ਸੂਤਕੁ ਜਾਇ ॥
ਮਰੈ ਨ ਜਨਮੈ ਕਾਲੁ ਨ ਖਾਇ ॥੫॥ ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

ਅੰਮ੍ਰਿਤ ਵੇਲੇ ਨਾਲ ਜੁੜੇ ਹੋਏ ਹੋਰ ਸ਼ਬਦਾਂ ਨੂੰ ਅੱਗੇ ਚੱਲਕੇ ਸਮਝਾਂਗੇ। ਉਪਰ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਅਸੀਂ ਜੋ ਪ੍ਰਮਾਤਮਾ ਦੀ ਵਡਿਆਈ ਕਰਨੀ ਸਿੱਖੀ ਹੈ ਉਸਨੂੰ ਸਿੱਖਣ ਦਾ ਮਕਸਦ ਉਸ ਪ੍ਰਮਾਤਮਾ ਦੇ ਦਰਬਾਰ ਨੂੰ ਵੇਖਣ ਦਾ ਹੈ ਜਿਵੇਂ ਕਿ ਉਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦਾ ਦਰਬਾਰ ਕੀ ਹੈ, ਕਿੱਥੇ ਹੈ ਤੇ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਜਾਣਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਜਾਣਾਂਗੇ। ਪੂਰੀ ਸ੍ਰਿਸ਼ਟੀ ਪ੍ਰਮਾਤਮਾ ਦਾ ਦਰਬਾਰ ਹੀ ਹੈ, ਪੂਰੀ ਗੁਰਬਾਣੀ, ਸੱਚੇ ਧਰਮ ਗ੍ਰੰਥ ਪ੍ਰਮਾਤਮਾ ਦਾ ਦਰਬਾਰ ਹੀ ਹੈ ਜਿਨ੍ਹਾਂ ਰਾਹੀਂ ਉਸ ਪ੍ਰਮਾਤਮਾ ਦੇ ਦਰਬਾਰ ਨੂੰ ਜਾਣਿਆ ਜਾ ਸਕਦਾ ਹੈ ਜੋ ਉਸਦਾ ਦਰਬਾਰ ਸਾਡਾ ਮਨ ਹੈ ਭਾਵ ਸਾਡੇ ਅੰਦਰ ਦੀ ਸਮਝ ਹੈ। ਉਸਦੇ ਦਰਬਾਰ ਨੂੰ ਜਾਨਣ ਦਾ ਤਰੀਕਾ ਅਸੀਂ ਉਪਰ ਸਮਝਿਆ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਤੇ ਉਸਦੇ ਦਰਬਾਰ ਨੂੰ ਆਪਣੇ ਅੰਦਰੋਂ ਕਿਵੇਂ

ਦੇਖਿਆ ਜਾ ਸਕਦਾ ਹੈ ਭਾਵ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਵੇਂ ਜਾਣਿਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥"

ਉਪਰਲੀਆਂ ਪੰਗਤੀਆਂ ਵਿੱਚ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਡੇ ਕਰਮ ਹੀ ਸਮਝਾਏ ਹੋਏ ਹਨ ਭਾਵ ਚੰਗੇ ਕਰਮ ਕਰਨ ਦੁਆਰਾ ਹੀ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਤੇ ਚੰਗੇ ਕਰਮ ਅਸੀਂ ਤਾਂ ਹੀ ਕਰਾਂਗੇ ਜਦੋਂ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਭਾਵ ਗੁਰੂ ਦੇ ਨਾਮ ਨੂੰ ਜਪਾਂਗੇ ਜਿਵੇਂ ਕਿ ਅਸੀਂ ਸ਼ਬਦ ਦੀਆਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਸਾਡੇ ਚੰਗੇ ਕਰਮ ਕਰਨ ਦੁਆਰਾ ਪ੍ਰਮਾਤਮਾ ਦੀ ਸਾਡੇ ਤੇ ਕਿਰਪਾ ਉਸਦੇ ਕਪੜੇ ਦੀ ਪ੍ਰਾਪਤੀ ਦੇ ਰੂਪ ਵਿੱਚ ਹੁੰਦੀ ਹੈ ਜਿਸ ਪ੍ਰਾਪਤੀ ਦੁਆਰਾ ਮਨੁੱਖ ਨੂੰ ਮੁਕਤੀ ਮਿਲਦੀ ਹੈ, ਮੁਕਤੀ ਦਾ ਦੁਆਰ ਖੁੱਲਦਾ ਹੈ। ਪ੍ਰਮਾਤਮਾ ਦਾ ਇਹ ਕਪੜਾ ਕੀ ਹੈ ਇਸ ਨੂੰ ਸਮਝਣ ਦੀ ਲੋੜ ਹੈ। ਇਸ ਗੱਲ ਨੂੰ ਅਸੀਂ ਪਿੱਛੇ ਵੀ ਕੁਝ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਦਾ ਇਹ ਕਪੜਾ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਹੈ। ਮਨ ਦੇ ਵਿੱਚ ਇਹ ਕਪੜਾ ਹੀ ਭਾਵ ਸਾਡੇ ਮਨ ਦੀ ਸਮਝ ਹੀ ਭਾਵ ਮਾੜੀ ਸਮਝ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ ਤੇ ਮਨ ਦਾ ਚੰਗਾ ਕਪੜਾ ਭਾਵ ਚੰਗੀ ਸਮਝ ਸਾਡੇ ਕੋਲੋਂ ਚੰਗੇ ਕੰਮ ਕਰਾਉਂਦੀ ਹੈ।

"ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥"

(ਅੰਗ ੧੦੨੨)

ਉਪਰ ਵਾਲੀਆਂ ਪੰਗਤੀਆਂ ਦੇ ਅਰਥ ਅਸੀਂ ਲੇਖ ਵਿੱਚ ਪਿੱਛੇ ਸਮਝੇ ਹੀ ਹੋਏ ਹਨ ਤੇ ਫਿਰ ਤੋਂ ਦ੍ਰਿੜ ਕੀਤੇ ਜਾ ਸਕਦੇ ਹਨ ਤਾਂ ਜੋ ਅਸੀਂ ਜਪੁਜੀ ਬਾਣੀ ਵਾਲੇ ਸ਼ਬਦ ਦੇ ਅਰਥਾਂ ਨੂੰ ਸਮਝਣ ਵਿੱਚ ਕੋਈ ਚੂਕ ਨਾ ਕਰੀਏ ਕਿਉਂਕਿ ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਜਾਂ ਮੇਲ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ, ਮਨ ਦੇ ਕਪੜੇ ਦੇ ਨਾਲ ਹੀ ਜੁੜਿਆ ਹੋਇਆ ਹੈ। ਮਨ ਦਾ ਕਪੜਾ ਸਾਡੇ ਵੱਸ ਨਹੀਂ ਹੈ। ਇਹ ਪ੍ਰਮਾਤਮਾ ਦੀ ਰਜਾ ਹੈ ਕਿ ਉਹ ਸਾਡੇ ਮਨ ਦੇ ਵਿੱਚ ਕਿਹੋ ਜਿਹਾ ਕਪੜਾ ਪਾਉਂਦਾ ਹੈ। ਮਨੁੱਖ ਨੂੰ ਦੁੱਖ ਸੁੱਖ

47/6310

ਵਿੱਚ ਰੱਖਣ ਵਾਲੇ ਸਾਡੇ ਮਨ ਦੇ ਕਪੜੇ ਹੀ ਹਨ ਜੋ ਹਰ ਮਨੁੱਖ ਆਪਣੇ ਮਨੁੱਖੀ ਜੀਵਨ ਦੇ ਸ਼ੁਰੂ ਤੋਂ ਹੀ ਉਹ ਕਪੜੇ ਪਾਉਣ ਦੁਆਰਾ ਪੈਦਾ ਹੁੰਦਾ ਹੈ।

{"ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥"}

(ਅੰਗ ੧੪੯)

ਹਰ ਕੋਈ ਮਨ ਦੇ ਦੁੱਖ ਸੁੱਖ ਵਿੱਚ ਹੀ ਹੈ ਭਾਵ ਮਨ ਦੇ ਵਿੱਚ ਹੀ ਅਸੀਂ ਕਿਸੇ ਗੱਲ ਦਾ ਦੁੱਖ ਮਹਿਸੂਸ ਕਰਦੇ ਹਾਂ ਤੇ ਕਿਸੇ ਗੱਲ ਦਾ ਸੁੱਖ ਮਹਿਸੂਸ ਕਰਦੇ ਹਾਂ। ਜੇਕਰ ਮਨੁੱਖ ਦੇ ਵੱਸ ਹੋਵੇ ਤਾਂ ਉਸਨੂੰ ਮਨ ਦੇ ਵਿੱਚ ਕਿਸੇ ਗੱਲ ਦਾ ਦੁੱਖ ਮਹਿਸੂਸ ਕਿਉਂ ਹੋਵੇ ਭਾਵ ਉਹ ਹਰ ਵੇਲੇ ਸੁੱਖ ਹੀ ਮਹਿਸੂਸ ਕਰੇ ਪਰ ਇਹ ਮਨੁੱਖ ਦੇ ਵੱਸ ਨਹੀਂ ਹੈ ਕਿਉਂਕਿ ਸਾਡੇ ਮਨ ਰੂਪ ਕਪੜੇ ਭਾਵ ਮਨ ਦੀ ਸਮਝ ਰੂਪ ਕਪੜੇ ਸਭਦੇ ਅੰਦਰ ਪਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ। ਦੁੱਖ ਸੁੱਖ ਸਾਡੇ ਜੀਵਨ ਵਿੱਚ ਨਾਲ ਹੀ ਚੱਲਦੇ ਹਨ ਜਿਸ ਤੋਂ ਬਾਹਰ ਕੋਈ ਨਹੀਂ ਹੈ ਪਰ ਹਰ ਕੋਈ ਇਹੀ ਚਾਹੁੰਦਾ ਹੈ ਕਿ ਉਹ ਸੁੱਖ ਹੀ ਮਹਿਸੂਸ ਕਰੇ ਭਾਵ ਪ੍ਰਮਾਤਮਾ ਕੋਲੋਂ ਸੁੱਖ ਹੀ ਮੰਗਦਾ ਹੈ ਪਰ ਸੰਸਾਰ ਨੂੰ ਪ੍ਰਮਾਤਮਾ ਨੇ ਆਪ ਹੀ ਦੁੱਖ ਸੁੱਖ ਵਿੱਚ ਰੱਖਿਆ ਹੋਇਆ ਹੈ ਜੋ ਕਿ ਉਸਦਾ ਇਸ ਸ੍ਰਿਸ਼ਟੀ ਨੂੰ ਚਲਾਉਣ ਦਾ ਆਪਣਾ ਬਣਾਇਆ ਹੋਇਆ ਨੀਯਮ ਹੈ ਜਿਸ ਤੋਂ ਬਾਹਰ ਕੋਈ ਨਹੀਂ ਹੈ। ਉਪਰ ਪੰਗਤੀਆਂ ਰਾਹੀਂ ਸੰਸਾਰ ਨੂੰ ਇਹੀ ਸਮਝਾਇਆ ਹੋਇਆ ਹੈ ਕਿ ਜੇਕਰ ਪ੍ਰਮਾਤਮਾ ਕੋਲੋਂ ਤੁਸੀਂ ਕੇਵਲ ਸੁੱਖ ਹੀ ਮੰਗੋਗੇ ਤਾਂ ਫਿਰ ਮੰਗ ਮੰਗ ਕੇ ਹਾਰ ਜਾਉਗੇ ਭਾਵ ਇੱਥੇ ਮਨੁੱਖ ਦੀ ਚੁੱਪ ਹੀ ਚੰਗੀ ਹੈ ਕਿਉਂਕਿ ਪ੍ਰਮਾਤਮਾ ਆਪਣਾ ਅਸੂਲ ਨਹੀਂ ਬਦਲਦਾ। **(ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥)**

ਉਪਰ ਪਹਿਲੇ ਸ਼ਬਦ ਦੇ ਪ੍ਰਮਾਣ ਦੁਆਰਾ ਸਾਡੇ ਮਨ ਦੇ ਕਪੜੇ ਨੂੰ ਸਾਡੀ ਕੱਚੀ ਚੋਲੀ ਕਹਿ ਕੇ ਸਮਝਾਇਆ ਹੋਇਆ ਹੈ ਜੋ ਕੱਚੀ ਚੋਲੀ ਪਹਿਨਣ ਦੁਆਰਾ ਮਨੁੱਖ ਮਨ ਦੇ ਵਿਕਾਰਾਂ ਵਿੱਚ ਰਹਿੰਦਾ ਹੈ, ਕਾਮ ਕ੍ਰੋਧ ਵਾਲੇ ਵਿਚਾਰਾਂ ਵਿੱਚ ਰਹਿੰਦਾ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਵਿੱਚ ਰਹਿੰਦਾ ਹੈ ਜਿਨ੍ਹਾਂ ਵਿਚਾਰਾਂ ਦੇ ਰਹਿੰਦਿਆਂ ਮਨੁੱਖ ਮਾੜੇ ਕਰਮ ਕਰਦਾ ਹੈ ਜਿਨ੍ਹਾਂ ਮਾੜੇ ਕਰਮਾਂ ਕਰਕੇ ਮਨੁੱਖ ਆਪਣੇ ਅੰਦਰੋਂ ਆਪਣੇ **"ਵਰੁ"** ਰੂਪ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਜੋ ਸਾਡਾ ਵਰੁ ਸਾਡੇ ਸਭ ਦੇ ਅੰਦਰ **"ਸਹਜੁ"** ਦੇ ਰੂਪ ਵਿੱਚ ਹੈ ਭਾਵ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ

47/6311

ਸਮਝਿਆ ਹੈ। ਸਾਡੇ ਅੰਦਰ ਇਹ ਕੱਚੀ ਚੋਲੀ ਸਾਡੇ ਅੰਦਰ ਦੀ ਮਾੜੀ ਸਮਝ ਹੀ ਹੈ, ਦੁਰਮਤਿ ਦੇ ਰੂਪ ਵਿੱਚ ਹੈ ਜੋ ਸਾਨੂੰ ਗੁਰਮਤਿ ਤੋਂ ਉਲਟ ਚਲਾਉਂਦੀ ਹੈ ਤੇ ਗੁਰਮਤਿ ਦੇ ਉਲਟ ਚੱਲਣ ਦੁਆਰਾ ਭਾਵ ਮਾੜੇ ਕਰਮ ਕਰਨ ਦੁਆਰਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਏ ਇਹ ਨਹੀਂ ਹੋ ਸਕਦਾ ਭਾਵ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਗੁਰਮਤਿ ਵਾਲੀ ਸੱਚੀ ਸਮਝ ਨੂੰ ਮੰਨਣ ਦਾ ਹੀ ਹੈ। **(ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥ ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥)**

ਹੁਣ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਉਹ ਕਪੜਾ ਕੀ ਹੈ ਜਿਸ ਕਪੜੇ ਦੁਆਰਾ ਸਾਨੂੰ ਮੁਕਤੀ ਮਿਲਦੀ ਹੈ ਤੇ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ, ਉਸਦੇ ਦਰਬਾਰ ਦੇ ਦਰਸ਼ਨ ਹੋ ਜਾਂਦੇ ਹਨ ਤੇ ਸਮਝ ਲਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਭਾਵ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ। ਪ੍ਰਮਾਤਮਾ ਦਾ ਉਹ ਕਪੜਾ ਜਿਸ ਦੁਆਰਾ ਮਨੁੱਖ ਨੂੰ ਮੁਕਤੀ ਮਿਲਦੀ ਹੈ ਉਹ ਚਉਥੇ ਪਦ ਦੇ ਗਿਆਨ ਵਾਲੀ ਸਮਝ ਦਾ ਕਪੜਾ ਹੈ, ਬ੍ਰਹਮ ਗਿਆਨ ਰੂਪ ਕਪੜਾ ਹੈ, ਨਾਮ ਰੂਪ ਕਪੜਾ ਹੈ। ਮੁਕਤੀ ਅਸੀਂ ਮਨ ਦੀ ਅਗਿਆਨਤਾ ਤੋਂ ਹੀ ਲੈਣੀ ਹੈ, ਭਰਮਾਂ ਵਾਲੀ ਸਮਝ ਤੋਂ ਹੀ ਲੈਣੀ ਹੈ, ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ, ਮਾਇਆ ਮੋਹ ਵਾਲੀ ਸਮਝ ਤੋਂ ਹੀ ਲੈਣੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਰਾਹੀਂ ਵੀ ਸਮਝਾਂਗੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਅਗਿਆਨਤਾ ਤੋਂ ਮੁਕਤਿ ਹੋ ਕੇ ਹੀ ਜਾਣਿਆ ਜਾ ਸਕਦਾ ਹੈ ਕਿਉਂਕਿ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਨਾਲ ਕਪੜਾ ਮਨ ਦੀ ਅਗਿਆਨਤਾ ਹੀ ਹੈ, ਹਉਮੈ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੈ। ਗੁਰੂ ਦੇ ਨਾਮ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। ਸ਼ਬਦਾਂ ਦੇ ਵਿਚਾਰ ਸਾਨੂੰ ਸੱਚਾ ਗਿਆਨ ਹੀ ਦਿੰਦੇ ਹਨ ਜਿਨ੍ਹਾਂ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚੇ ਸੁੱਚੇ ਕਰਮ ਕਰੀਏ ਤੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ। ਅਗਿਆਨਤਾ ਤੋਂ ਮਨੁੱਖ ਨੂੰ ਪ੍ਰਮਾਤਮਾ ਆਪ ਹੀ ਆਪਣੀ ਨਦਰਿ ਦੁਆਰਾ ਭਾਵ ਆਪਣੀ ਕਿਰਪਾ ਦੁਆਰਾ ਕਰਦਾ ਹੈ ਤੇ ਸਾਡਾ ਸੱਚਾ ਉਦੱਮ ਇਹੀ ਹੈ ਕਿ

47/6312

ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲੀਏ ਤੇ ਉਹੋ ਜਿਹਾ ਨਾਮ ਜਪਣ ਦਾ ਉਦੱਮ ਕਰੀਏ ਜਿਸ ਰਾਹੀਂ ਨਾਮ ਦੇ ਮਾਲਕ ਨੂੰ ਜਾਣਿਆ ਜਾ ਸਕਦਾ ਹੈ ਜੋ ਉਸ ਮਾਲਕ ਦਾ ਦਰਬਾਰ ਸਾਡੇ ਸਭ ਦੇ ਅੰਦਰ ਹੀ ਹੈ। **(ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥)**

ਉਪਰਲੇ ਸ਼ਬਦ ਰਾਹੀਂ ਅਸੀਂ ਪ੍ਰਮਾਤਮਾ ਦੇ ਗੁਣ ਗਾਉਣੇ ਸਮਝੇ ਹਨ, ਉਸਦੀ ਵਡਿਆਈ ਕਰਨੀ ਸਮਝੀ ਹੈ ਜੋ ਕਿ ਅਸੀਂ ਆਪਣੇ ਚੰਗੇ ਕਰਮ ਕਰਨ ਦੁਆਰਾ ਕਰ ਸਕਦੇ ਹਾਂ ਜਿਸ ਲਈ ਕੋਈ ਮੁੱਖੋਂ ਬੋਲ ਬੋਲ ਕੇ ਵਡਿਆਈ ਨਹੀਂ ਕੀਤੀ ਜਾ ਸਕਦੀ ਭਾਵ ਸਾਡੇ ਸੱਚੇ ਅਮਲ ਹੀ ਗੁਰੂ ਪ੍ਰਮਾਤਮਾ ਦੇ ਗੁਣ ਗਾਉਣੇ ਹਨ। ਅਸੀਂ ਪਿੱਛੇ ਸ਼ਬਦਾਂ ਰਾਹੀਂ ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਵੀ ਸਮਝਿਆ ਹੈ। ਗੁਰੂ ਦੀ ਸੇਵਾ ਵੀ ਗੁਰੂ ਦੇ ਗੁਣ ਗਾਉਣੇ ਹੀ ਹਨ, ਗੁਰੂ ਦੀ ਵਡਿਆਈ ਕਰਨ ਦਾ ਤਰੀਕਾ ਹੀ ਹੈ ਕਿਉਂਕਿ ਸੱਚੇ ਸੁੱਚੇ ਕਰਮ ਕਰਨਾ ਹੀ ਗੁਰੂ ਦੀ ਸੇਵਾ ਹੈ। ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਉਪਰਲੇ ਸ਼ਬਦ ਨੂੰ ਅਸੀਂ ਪਿੱਛੇ ਸਮਝ ਹੀ ਚੁਕੇ ਹਾਂ ਜਿਸ ਰਾਹੀਂ ਸਾਨੂੰ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜੋ ਤਰੀਕਾ ਗੁਰੂ ਦੀ ਸੇਵਾ ਕਰਨ ਦਾ ਹੈ ਉਹੀ ਨਾਮ ਧਿਆਉਣਾ ਹੈ, ਉਹੀ ਧਰਮ ਦੇ ਮਾਰਗ ਤੇ ਚੱਲਣਾ ਹੈ ਤੇ ਇਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਜਿਸ ਦੁਆਰਾ ਉਸ ਵੱਡੇ ਨੂੰ ਭਾਵ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਸਾਰੀ ਗੱਲ ਸਾਡੀ ਕਰਨੀ ਤੇ ਨਿਬੜਦੀ ਹੈ ਭਾਵ ਸਾਡੀ ਸੁਕ੍ਰਿਤ ਕਰਨੀ ਹੀ ਗੁਰੂ ਦੀ ਸੇਵਾ ਹੈ, ਗੁਰੂ ਦਾ ਨਾਮ ਜਪਣਾ ਹੈ, ਧਰਮ ਦੀ ਕਮਾਈ ਕਰਨਾ ਹੈ ਤੇ ਪ੍ਰਮਾਤਮਾ ਦੀ ਵਡਿਆਈ ਕਰਨਾ ਹੈ ਭਾਵ ਉਸਦੇ ਗੁਣ ਗਾਉਣੇ ਹਨ। ਸੁਕ੍ਰਿਤ ਕਰਣੀ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਕੋਈ ਮੰਦਾ ਕਰਮ ਨਾ ਕਰੀਏ ਭਾਵ ਸਾਡੇ ਅੰਦਰ ਅਉਗੁਣ ਨਾ ਹੋਣ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਾ ਹੋਣ ਤੇ ਅਉਗੁਣਾਂ ਤੋਂ ਰਹਿਤ ਮਨੁੱਖ ਤਾਂ ਹੀ ਹੁੰਦਾ ਹੈ ਜਦੋਂ ਮਨ ਵਿੱਚ ਸੰਤੋਖ ਹੋਵੇ ਤੇ ਮਨ ਵਿੱਚ ਸੰਤੋਖ ਤਾਂ ਹੁੰਦਾ ਹੈ ਜਦੋਂ ਮਨੁੱਖ ਤ੍ਰਿਸ਼ਨਾਵਾਂ ਤੋਂ ਮੁਕਤ ਹੋਵੇ। ਬਾਰ-ਬਾਰ ਬਾਣੀ ਵਿੱਚ ਸ਼ਬਦਾਂ ਰਾਹੀਂ ਸਾਨੂੰ ਪ੍ਰਮਾਤਮਾ ਨੂੰ ਗਾਉਣ ਦਾ ਇਹੀ ਤਰੀਕਾ ਸਮਝਾਇਆ ਹੈ। ਗੁਰੂ ਦੀ ਸੇਵਾ ਅਸੀਂ ਗੁਰੂ ਦੇ ਦੁਆਰੇ ਤੇ ਵੀ ਜਾ ਕੇ ਕਰਦੇ ਹਾਂ ਜੋ ਕਿ ਬਹੁਤ ਚੰਗੀ ਗੱਲ ਹੈ ਜਿਵੇਂ ਕਿ ਅਸੀਂ

47/6313

ਲੰਗਰ ਪਕਾਉਣ ਤੇ ਵਰਤਾਉਣ ਦੀ ਸੇਵਾ ਕਰਦੇ ਹਾਂ, ਜਲ ਦੀ ਸੇਵਾ ਕਰਦੇ ਹਾਂ, ਸਫਾਈ ਦੀ ਸੇਵਾ ਕਰਦੇ ਹਾਂ, ਜੋੜਿਆਂ ਦੀ ਸੰਭਾਲ ਦੀ ਸੇਵਾ ਕਰਦੇ ਹਾਂ ਤੇ ਹੋਰ ਤਰੀਕਿਆਂ ਨਾਲ ਵੀ ਸੇਵਾ ਕਰਦੇ ਹਾਂ ਜੋ ਕਿ ਬਹੁਤ ਚੰਗੀ ਗੱਲ ਹੈ। ਪ੍ਰਮਾਤਮਾ ਦੇ ਗੁਣ ਗਾਉਣ ਦਾ, ਉਸਦੀ ਵਡਿਆਈ ਕਰਨ ਦਾ ਤਰੀਕਾ ਸਾਡੇ ਚੰਗੇ ਕਰਮ ਹੀ ਹਨ ਭਾਵ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੀ ਹੈ ਜੋ ਸੇਵਾ ਕਰਨ ਲਈ ਕੀ ਸਾਨੂੰ ਮੁੱਖੋਂ ਬੋਲ ਬੋਲ ਕੇ ਗੁਰੂ ਪ੍ਰਮਾਤਮਾ ਨੂੰ ਕੁਝ ਸੁਨਾਉਣ ਦੀ ਲੋੜ ਹੈ। ਅਸੀਂ ਜੇਕਰ ਮੁੱਖੋਂ ਬੋਲੀ ਜਾਈਏ, ਸ਼ਬਦਾਂ ਨੂੰ ਬੋਲੀ ਜਾਈਏ ਪਰ ਕਰਮ ਮਾੜੇ ਕਰੀਏ ਕੀ ਗੁਰੂ ਸਾਡੇ ਇਹੋ ਜਿਹੇ ਮੁੱਖੋਂ ਬੋਲਣ ਨੂੰ ਕਬੂਲ ਕਰੇਗਾ। ਇਸ ਗੱਲ ਨੂੰ ਤੁਸੀਂ ਆਪੇ ਹੀ ਸਮਝ ਸਕਦੇ ਹੋ ਕਿ ਗੁਰੂ ਨੂੰ ਕੀ ਚੰਗਾ ਲੱਗਦਾ ਹੈ। ਗੁਰੂ ਦੀ ਸੇਵਾ ਹੀ ਗੁਰੂ ਦਾ ਨਾਮ ਜਪਣਾ ਹੈ ਜਿਸ ਲਈ ਮੁੱਖੋਂ ਰਸਨਾ ਦੁਆਰਾ ਕੋਈ ਬੋਲਣ ਦੀ ਲੋੜ ਨਹੀਂ ਹੁੰਦੀ ਜਿਵੇਂ ਕਿ ਹੇਠ ਦਿੱਤੀ ਪੰਗਤੀ ਦੁਆਰਾ ਫਿਰ ਤੋਂ ਗੁਰੂ ਦੀ ਗੱਲ ਨੂੰ ਦੋਹਰਾਇਆ ਜਾ ਰਿਹਾ ਹੈ।

{ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ ॥}

(ਅੰਗ ੧੨੬੨)

ਜਦ ਤਕ ਸਾਡੇ ਮਨ ਦੀ ਰਸਨਾ ਝੂਠੀ ਹੈ ਭਾਵ ਮਨ ਦੀ ਸਮਝ ਝੂਠੀ ਹੈ ਤਦ ਤਕ ਸਾਡੇ ਤਨ ਦੀ ਰਸਨਾ ਸੱਚੀ ਨਹੀਂ ਹੋ ਸਕਦੀ।

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥}

(ਅੰਗ ੫੫)

{ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥ ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥
ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥ ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ॥
ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥}

(ਅੰਗ ੮੮)

{ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ ੪੫)

{ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥ ਮਨ ਰੇ ਸਦਾ ਭਜਹੁ ਹਰਿ ਸਰਣਾਈ ॥
ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥}

(ਅੰਗ ੩੧)

{ਸਾਧੋ ਰਾਮ ਸਰਨਿ ਬਿਸਰਾਮਾ ॥ ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥੧॥ ਰਹਾਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥}

(ਅੰਗ ੨੨੦)

{ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥
ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥}

(ਅੰਗ ੧੦੧)

{ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥
ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧਸੰਗਿ ਮਿਲੇ ਸਾਰੰਗਪਾਣੀ ॥
ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥}

(ਅੰਗ ੧੦੮)

{ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥
ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥}

(ਅੰਗ ੧੦੯)

47/6314

{ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥
ਸਾਚਿ ਵਸਿਐ ਸਾਚੀ ਸਭ ਕਾਰ ॥ ਊਤਮ ਕਰਣੀ ਸਬਦ ਬੀਚਾਰ ॥੩॥
ਗੁਰ ਤੇ ਸਾਚੀ ਸੇਵਾ ਹੋਇ ॥ ਗੁਰਮੁਖਿ ਨਾਮੁ ਪਛਾਣੈ ਕੋਇ ॥
ਜੀਵੈ ਦਾਤਾ ਦੇਵਣਹਾਰੁ ॥ ਨਾਨਕ ਹਰਿ ਨਾਮੇ ਲਗੈ ਪਿਆਰੁ ॥੪॥੧॥੨੧॥}

(ਅੰਗ ੧੫੭-੧੫੮)

{ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥}

(ਅੰਗ ੧੭੬)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

{ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥
ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥}

(ਅੰਗ ੨੨੪)

{ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥}

(ਅੰਗ ੨੮੬)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥ ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥
ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥ ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥
ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ ੨੯੬)

{ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ ॥ ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ ਸਗਲ ਜੰਜਾਲ ॥੧੨॥}

(ਅੰਗ ੨੯੯)

{ਜੇਹੀ ਸੇਵ ਕਰਾਈਐ ਕਰਣੀ ਭੀ ਸਾਈ ॥ ਆਪਿ ਕਰੇ ਕਿਸੁ ਆਖੀਐ ਵੇਖੈ ਵਡਿਆਈ ॥੭॥
ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥ ਨਾਨਕ ਸਿਰੁ ਦੇ ਛੁਟੀਐ ਦਰਗਹ ਪਤਿ ਪਾਏ ॥੮॥੧੮॥}

(ਅੰਗ ੪੨੧)

{ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥ ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥}

(ਅੰਗ ੪੭੪)

{ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥੧॥}

(ਅੰਗ ੫੩੩)

{ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥
ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥}

(ਅੰਗ ੫੯੨)

ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ, ਪ੍ਰਮਾਤਮਾ ਦਾ ਨਾਮ ਜਪਣਾ ਸਮਝਣ ਵਿੱਚ ਸਭ ਦੇ ਅੰਦਰ ਭਰਮ ਹਨ ਤੇ ਸਾਨੂੰ ਇਹਨਾਂ ਭਰਮਾਂ ਵਿੱਚ ਕਉਣ ਪਾਉਂਦਾ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਭਗਤੀ ਦੇ ਸਹੀ ਮਾਰਗ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਸਾਨੂੰ ਸੱਚ ਦੇ ਨਾਲ ਜੋੜ ਸਕਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਜੋੜ ਸਕਦਾ ਹੈ ਤੇ ਉਸ ਸਚੁ ਰੂਪ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ। ਅਸੀਂ ਗੁਰੂ ਕੋਲੋਂ ਮਤਿ ਲੈਣ ਦੀ ਬਜਾਇ ਉਹਨਾਂ ਦੀ ਮਤਿ ਨਾਲ ਜੁੜ ਜਾਂਦੇ ਹਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪ ਦਿੰਦੇ ਹਾਂ, ਉਹਨਾਂ ਦੇ ਸਰੀਰਕ ਜਪ ਤਪ ਆਦਿ ਨੂੰ ਵੇਖ ਕੇ ਉਹਨਾਂ ਨੂੰ ਉੱਚਾ ਮੰਨ ਲੈਂਦੇ ਹਾਂ ਤੇ ਜਿਹੋ ਜਿਹਾ ਭਗਤੀ ਦਾ ਮਾਰਗ ਉਹ ਸਾਨੂੰ ਸਮਝਾਉਂਦੇ ਹਨ, ਨਾਮ ਜਪਣਾ ਸਮਝਾਉਂਦੇ ਹਨ ਅਸੀਂ

47/6315

ਉਹਨਾਂ ਦੀਆਂ ਗੱਲਾਂ ਨੂੰ ਸੱਚ ਸਮਝਕੇ ਮੰਨਦੇ ਹਾਂ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਦੇ ਉਲਟ ਚਲਦੇ ਹਾਂ। ਜਪੁਜੀ ਬਾਣੀ ਦੇ ਅਗਲੇ ਸ਼ਬਦਾਂ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਗੁਰੂ ਤੋਂ ਬਿਨਾਂ ਸਾਨੂੰ ਕਿਸੇ ਹੋਰ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ ਤੇ ਉਹਨਾਂ ਨੂੰ ਮਾਣ ਦਿੰਦੇ ਹਾਂ। ਮਾਣ ਕੇਵਲ ਗੁਰੂ ਦਾ ਹੀ ਸੱਚਾ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸੱਚੀ ਸਮਝ ਦਾ ਮਾਲਕ ਹੈ।

“ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥
ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥”

(ਅੰਗ ੨)

ਉਪਰ ਸ਼ਬਦਾਂ ਰਾਹੀਂ ਸਾਨੂੰ ਗੁਰੂ ਦੀ ਮਹਿਮਾ ਸਮਝਾਈ ਹੋਈ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਉਂਦਾ ਹੈ, ਇੱਕੋ ਜਿਹਾ ਨਾਮ ਜਪਣਾ ਸਮਝਾਉਂਦਾ ਹੈ। ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਆਪਣੇ ਆਪ ਨੂੰ ਥਾਪ ਸਕਦਾ ਹੈ, ਕਿਸੇ ਮਨੁੱਖੀ ਸਰੀਰ ਦੇ ਰਾਹੀਂ ਉਹ ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਗੁਰੂ ਰੂਪ ਵਿੱਚ ਥਾਪਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਪ੍ਰਗਟ ਹੋਕੇ ਆਪਣਾ ਗੁਰੂ ਰੂਪ ਥਾਪਿਆ ਹੈ। ਜਿਸਨੇ ਸਾਡੇ ਸਰੀਰ ਨੂੰ ਰਚਿਆ ਹੈ ਉਹ ਹੀ ਸਾਡੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਆਪਣਾ ਗੁਰੂ ਰੂਪ ਥਾਪ ਸਕਦਾ ਹੈ। ਅਸੀਂ ਜਿਨ੍ਹਾਂ ਨੂੰ ਆਪਣੇ ਆਪ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ ਉਹ ਠੀਕ ਨਹੀਂ ਹੈ ਕਿਉਂਕਿ ਅਸੀਂ ਨਾ ਹੀ ਉਸ ਸਰੀਰ ਦੇ ਕਰਨ ਵਾਲੇ ਹਾਂ ਭਾਵ ਕਰਤੇ ਹਾਂ ਤੇ ਨਾ ਹੀ ਕਿਸੇ ਨੂੰ ਉੱਚਾ ਥਾਪ ਸਕਦੇ ਹਾਂ। ਜਿਸਨੇ ਸਾਨੂੰ ਕੀਤਾ ਹੈ, ਸਾਡੇ ਸਰੀਰ ਨੂੰ ਬਣਾਇਆ ਹੈ ਉਹ ਹੀ ਕਿਸੇ ਨੂੰ ਗੁਰੂ ਰੂਪ ਥਾਪ ਸਕਦਾ ਹੈ ਭਾਵ ਪ੍ਰਮਾਤਮਾ ਆਪ ਹੀ ਕਿਸੇ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਸਕਦਾ ਹੈ। **(ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥)** ਅਸੀਂ ਜਿਨ੍ਹਾਂ ਨੂੰ ਆਪ ਉੱਚਾ ਥਾਪ ਲੈਂਦੇ ਹਾਂ ਉਹਨਾਂ ਨੂੰ ਮਾਣ ਵੀ ਦਿੰਦੇ ਹਾਂ ਪਰ ਮਾਣ ਕੇਵਲ ਉਸ ਦਾ ਸੱਚਾ ਹੈ ਜਿਸਨੂੰ ਪ੍ਰਮਾਤਮਾ ਨੇ ਆਪ ਆਪਣਾ ਗੁਰੂ ਰੂਪ ਧਾਰ ਕੇ ਥਾਪਿਆ ਹੈ। ਸੱਚਾ ਮਾਣ ਉਸਦਾ ਹੈ ਜੋ ਗੁਰੂ ਦੀ ਸੱਚੀ ਸੇਵਾ ਕਰਦਾ ਹੈ ਭਾਵ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਵਿਚਰਦਾ ਹੈ। ਸੇਵਾ ਕਰਨੀ ਕੀ ਹੈ ਇਸਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣਾ ਗੁਰੂ ਰੂਪ

47/6316

ਧਾਰਿਆ ਹੈ ਉਹਨਾਂ ਨੇ ਹੀ ਆਪ ਸੇਵਾ ਦੇ ਮਾਰਗ ਤੇ ਚੱਲਕੇ ਦਿਖਾਇਆ ਹੈ ਤੇ ਸੰਸਾਰ ਨੂੰ ਸੇਵਾ ਦਾ ਮਾਰਗ ਸਮਝਾਇਆ ਹੈ ਭਾਵ ਉਹਨਾਂ ਨੇ ਆਪ ਨਾਮ ਜਪਿਆ ਹੈ ਤੇ ਸੰਸਾਰ ਨੂੰ ਨਾਮ ਜਪਣਾ ਸਿਖਾਇਆ ਹੈ। ਉਹ ਆਪ ਸੱਚ ਦੇ ਮਾਰਗ ਤੇ ਚੱਲੇ ਹਨ ਤੇ ਸੰਸਾਰ ਨੂੰ ਸੱਚ ਦੇ ਮਾਰਗ ਤੇ ਚੱਲਣਾ ਸਿਖਾਇਆ ਹੈ। ਉਹਨਾਂ ਨੂੰ ਸੱਚੀ ਸੇਵਾ ਦਾ ਜੋ ਮਾਣ ਮਿਲਿਆ ਹੈ ਉਹ ਉਹਨਾਂ ਦਾ ਸੱਚਾ ਮਾਣ ਹੈ। ਪ੍ਰਮਾਤਮਾ ਦੇ ਦਰ ਤੋਂ ਵੀ ਮਾਣ ਉਸੇ ਨੂੰ ਮਿਲਦਾ ਹੈ ਜੋ ਸੱਚ ਦੇ ਮਾਰਗ ਤੇ ਚੱਲਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਸੇਵਾ ਦੇ ਮਾਰਗ ਤੇ ਚੱਲਦਾ ਹੈ ਉਹ ਗੁਣਾਂ ਨੂੰ ਅਪਨਾਉਣ ਦੁਆਰਾ ਹੀ ਚੱਲਦਾ ਹੈ ਭਾਵ ਅਉਗੁਣਾਂ ਦੇ ਤਿਆਗ ਦੁਆਰਾ ਹੀ ਚੱਲਦਾ ਹੈ। ਗੁਰੂ ਗੁਣਾਂ ਦਾ ਖਜਾਨਾ ਹੈ ਜਿਸ ਲਈ ਸਾਨੂੰ ਗੁਰੂ ਦੇ ਗੁਣ ਗਾਉਣੇ ਚਾਹੀਦੇ ਹਨ ਭਾਵ ਗੁਰੂ ਦੇ ਸਮਝਾਏ ਹੋਏ ਮਾਰਗ ਤੇ ਚੱਲਣਾ ਚਾਹੀਦਾ ਹੈ, ਗੁਰੂ ਦੀ ਵਡਿਆਈ ਕਰਨੀ ਚਾਹੀਦੀ ਹੈ ਜੋ ਉਸਦੀ ਵਡਿਆਈ ਚੰਗੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਪਿੱਛੇ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ। **(ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥)** ਗੁਰੂ ਦੇ ਗੁਣ ਅਸੀਂ ਕਿਸੇ ਤਰੀਕੇ ਗਾਉਣੇ ਹਨ ਤੇ ਗੁਰੂ ਦੇ ਗੁਣ ਗਾਉਣ ਨਾਲ ਸਾਨੂੰ ਕੀ ਪ੍ਰਾਪਤੀ ਹੋਣੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥”

ਗੁਰੂ ਸ਼ਬਦ ਰੂਪ ਵਿੱਚ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਅਸੀਂ ਗੁਰੂ ਦੇ ਸ਼ਬਦਾਂ ਦਾ ਗਾਇਨ ਕਰਦੇ ਹਾਂ ਜੋ ਕਿ ਚੰਗੀ ਗੱਲ ਹੈ। ਸ਼ਬਦਾਂ ਦਾ ਗਾਇਨ ਕਰਨ ਨਾਲ ਹੀ ਭਾਵ ਸ਼ਬਦਾਂ ਨੂੰ ਪੜਨ ਦੇ ਨਾਲ ਹੀ ਅਸੀਂ ਗੁਰੂ ਦੀ ਗੱਲ ਨੂੰ ਸੁਣ ਸਕਦੇ ਹਾਂ ਕਿ ਗੁਰੂ ਨੇ ਸਾਨੂੰ ਸ਼ਬਦਾਂ ਰਾਹੀਂ ਕੀ ਸੁਣਾਇਆ ਹੈ ਭਾਵ ਸ਼ਬਦਾਂ ਰਾਹੀਂ ਕੀ ਵਿਚਾਰ ਦਿੱਤੀ ਹੈ ਭਾਵ ਕੀ ਸਿੱਖਿਆ ਦਿੱਤੀ ਹੈ। ਗੁਰੂ ਦੀ ਗੱਲ ਨੂੰ ਸੁਣਕੇ ਅਸੀਂ ਸਮਝਣਾ ਵੀ ਹੈ ਤੇ ਗੁਰੂ ਦੀ ਗੱਲ ਨੂੰ ਅਸੀਂ ਮਨ ਵਿੱਚ ਰੱਖਣਾ ਹੈ ਭਾਵ ਆਪਣੇ ਅੰਦਰ ਵਸਾਉਣਾ ਹੈ। ਗੁਰੂ

ਦੇ ਨਾਲ ਸਾਡਾ ਭਾਉ ਭਾਵ ਪਿਆਰ ਗੁਰੂ ਦੀ ਗੱਲ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਪੈਂਦਾ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ

47/6317

ਦੁਆਰਾ ਸਮਝਿਆ ਹੈ। **{ਭਾਖਿਆ ਭਾਉ ਅਪਾਰੁ॥}** ਗੁਰੂ ਦੀ ਮਤਿ ਨਾਲ ਪਿਆਰ ਹੀ ਗੁਰੂ ਨਾਲ ਪਿਆਰ ਹੈ ਕਿਉਂਕਿ ਗੁਰੂ ਗੁਰਮਤਿ ਦੇ ਰੂਪ ਵਿੱਚ ਹੀ ਸਾਡਾ ਗੁਰੂ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਸਾਡਾ ਗੁਰੂ ਹੈ। ਗੁਰੂ ਆਪਣੇ ਸ਼ਬਦਾਂ ਰਾਹੀਂ ਸਾਨੂੰ ਹਉਮੈ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ, ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ ਜੋ ਸਾਡੇ ਅੰਦਰ ਸਾਡੇ ਦੁੱਖਾਂ ਦਾ ਕਾਰਨ ਹਨ, ਸਾਡੇ ਮਨ ਦੇ ਰੋਗ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡਾ ਅਸਲ ਦੁੱਖ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਵਿਛੋੜਾ ਹੈ ਤੇ ਅਸਲ ਸੁੱਖ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਸ਼ਬਦ ਵਿੱਚ ਸਾਨੂੰ ਮਨ ਦੇ ਇਸ ਦੁੱਖ ਸੁੱਖ ਬਾਰੇ ਹੀ ਸਮਝਾਇਆ ਹੋਇਆ ਹੈ ਕਿ ਮਨ ਦੇ ਦੁੱਖ ਵਿੱਚੋਂ ਨਿਕਲੇ ਬਿਨਾਂ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ, ਸੁੱਖ ਦੇ ਘਰ ਵਿੱਚ ਨਹੀਂ ਜਾ ਸਕਦਾ ਜੋ ਪ੍ਰਮਾਤਮਾ ਦਾ ਸੁਖੁ ਰੂਪ ਘਰ ਸਾਡੇ ਅੰਦਰ ਹੀ ਹੈ ਤੇ ਆਪਣੇ ਘਰ ਵਿੱਚ ਉਹ ਕਿਸੇ ਨੂੰ ਮਨ ਦੇ ਦੁੱਖ ਵਿੱਚੋਂ ਕੱਢਕੇ ਆਪ ਹੀ ਲੈਕੇ ਜਾਂਦਾ ਹੈ। ਜਦ ਤਕ ਸਾਨੂੰ ਆਪਣੇ ਦੁੱਖ ਦਾ ਕਾਰਨ ਸਮਝ ਨਹੀਂ ਆਉਂਦਾ ਤਦ ਤਕ ਅਸੀਂ ਅਸਲ ਸੁੱਖ ਦੀ ਪ੍ਰਾਪਤੀ ਕਰਨ ਦਾ ਸੱਚਾ ਉੱਦਮ ਨਹੀਂ ਕਰ ਸਕਦੇ। ਪ੍ਰਮਾਤਮਾ ਨਾਲੋਂ ਸਾਡੇ ਵਿਛੋੜੇ ਦੇ ਦੁੱਖ ਦਾ ਕਾਰਨ ਸਾਡੇ ਅੰਦਰ ਦੀ ਮਾਇਆ ਵਾਲੀ ਜੁਗਤਿ ਹੈ, ਸਾਡੇ ਅੰਦਰ ਦੀ ਹਉਮੈ ਹੈ, ਤ੍ਰੈ ਗੁਣਾਂ ਵਾਲੀ ਸਮਝ ਹੈ ਭਾਵ ਮਨ ਦੀ ਅਗਿਆਨਤਾ ਹੈ ਜੋ ਸਾਨੂੰ ਸੱਚੇ ਧਰਮ ਦੇ ਮਾਰਗ ਦੀ ਅਸਲੀਅਤ ਨੂੰ ਸਮਝਣ ਨਹੀਂ ਦਿੰਦੀ, ਨਾਮ ਜਪਣ ਦੀ ਅਸਲੀਅਤ ਨੂੰ ਨਹੀਂ ਸਮਝਣ ਦਿੰਦੀ ਭਾਵ ਸਾਡੇ ਮਨ ਦੀ ਸਮਝ ਹੀ ਸਾਨੂੰ ਭਰਮਾਂ ਵਿੱਚ ਪਾਕੇ ਰੱਖਦੀ ਹੈ ਜੋ ਸਮਝ ਹਰ ਸੰਸਾਰੀ ਮਨੁੱਖ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ। ਸਾਡੇ ਅੰਦਰ ਦੀ ਇਹ ਭਰਮਾਂ ਵਾਲੀ ਸਮਝ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ ਭਾਵ ਸਾਡੇ ਦੁੱਖ ਦਾ ਕਾਰਨ ਹੈ ਜਿਸ ਦੁੱਖ ਵਿੱਚੋਂ ਨਿਕਲਣ ਦਾ ਤਰੀਕਾ ਕੇਵਲ ਤੇ ਕੇਵਲ ਗੁਰਮਤਿ ਦੀ ਸੱਚੀ ਸਮਝ ਹੈ। ਗੁਰਮਤਿ ਦੀ ਸੱਚੀ ਸਮਝ ਦੇ ਵਿੱਚ ਹੀ ਭਾਵ ਨਾਮ ਵਾਲੀ ਸਮਝ ਵਿੱਚ ਹੀ ਭਾਵ ਬ੍ਰਹਮਗਿਆਨ ਦੀ ਸਮਝ ਦੇ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਜਦੋਂ ਮਨੁੱਖ ਨੂੰ ਉਸਦੀ ਇਸ ਸੱਚੀ ਸਮਝ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਫਿਰ ਮਨੁੱਖ ਮਨ ਦੇ ਵਿੱਚ ਹੀ ਸੁੱਖ ਦੇ ਘਰ ਵਿੱਚ ਪਹੁੰਚ ਜਾਂਦਾ ਹੈ, ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਂਦਾ ਹੈ। ਪ੍ਰਮਾਤਮਾ ਦੇ ਸੁੱਖ ਰੂਪ ਘਰ ਵਿੱਚ ਪਹੁੰਚਣ ਲਈ ਸਾਡੇ ਕੋਲ

47/6318

ਗੁਰੂ ਦਾ ਸੱਚਾ ਗਿਆਨ, ਪ੍ਰਮਾਤਮਾ ਦਾ ਨਾਮ ਰੂਪ ਗਿਆਨ ਜੋ ਗਿਆਨ ਪ੍ਰਮਾਤਮਾ ਦੇ ਘਰ ਵਿੱਚੋਂ ਹੀ ਆਇਆ ਹੋਇਆ ਹੈ, ਧਰਮ ਗ੍ਰੰਥਾਂ ਦੇ ਰੂਪ ਵਿੱਚ, ਗੁਰਬਾਣੀ ਦੇ ਰੂਪ ਵਿੱਚ ਆਇਆ ਹੋਇਆ ਹੈ। ਸਾਡੇ ਲਈ ਸੁੱਖ ਦੇ ਘਰ ਵਿੱਚ ਜਾਣ ਲਈ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਸੁੱਖ ਰੂਪ ਘਰ ਹੀ ਹੈ ਭਾਵ ਪ੍ਰਮਾਤਮਾ ਦਾ ਆਪਣਾ ਘਰ ਹੀ ਹੈ ਜਿਸ ਸੱਚੇ ਘਰ ਨਾਲ ਜੁੜਕੇ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਘਰ ਨਾਲ ਜੁੜਕੇ, ਨਾਮ ਦੇ ਘਰ ਨਾਲ ਜੁੜਕੇ ਅਸੀਂ ਪ੍ਰਮਾਤਮਾ ਦੇ ਸੁੱਖ ਰੂਪ ਘਰ ਵਿੱਚ ਪਹੁੰਚਣ ਦਾ ਸੱਚਾ ਉੱਦਮ ਕਰ ਸਕਦੇ ਹਾਂ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕਰਦੇ ਹਾਂ ਕਿ ਸਾਡਾ ਦੁੱਖ ਕੀ ਹੈ ਤੇ ਦੁੱਖ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਭਾਵ ਸੁੱਖ ਦੀ ਪ੍ਰਾਪਤੀ ਕਰਨ ਦਾ ਤਰੀਕਾ ਕੀ ਹੈ। ਪਹਿਲਾਂ ਹੇਠ ਦਿੱਤੇ ਸ਼ਬਦਾਂ ਨੂੰ ਵਿਚਾਰਦੇ ਹਾਂ ਜਿਸ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਦਾ ਦੁੱਖ ਕੀ ਹੈ ਤੇ ਸੁੱਖ ਕਿਸ ਵਿੱਚ ਹੈ।

ਸਿਰੀਰਾਗੁ ਮਹਲਾ ੩ ॥

“ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥

ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥"

(ਅੰਗ ੩੯)

ਸ਼ਬਦ ਦੇ ਪਹਿਲੇ ਪਦੇ ਨੂੰ ਧਿਆਨ ਨਾਲ ਸਮਝੋਗੇ ਤੇ ਸਭਨੂੰ ਆਪਣੇ ਦੁੱਖ ਦਾ ਕਾਰਨ ਸਮਝ ਆ ਜਾਂਦਾ ਹੈ ਜੋ ਦੁੱਖ ਦਾ ਕਾਰਨ ਸਾਰੇ ਜਗ ਲਈ ਇੱਕੋ ਜਿਹਾ ਹੀ ਹੈ। ਜਗ ਵਿੱਚ ਹਰ ਮਨੁੱਖ ਦੇ ਅੰਦਰ ਹਉਮੈ ਰੂਪ ਮੈਲ ਹੈ ਜੋ ਮੈਲ ਸਾਡੇ ਅੰਦਰ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਇਹ ਮੈਲ ਸਾਨੂੰ ਮਨ ਦੀ ਨਾਸਮਝੀ ਕਰਕੇ ਗੁਰੂ ਦੀ ਮਤਿ ਦੇ ਦੂਜੇ ਪਾਸੇ ਸਾਡਾ ਪਿਆਰ ਪੁਆਉਂਦੀ ਹੈ। ਗੁਰਮਤਿ ਦੇ ਨਾਲ ਪਿਆਰ ਸਾਡਾ ਸੱਚਾ ਪਿਆਰ ਹੈ ਤੇ ਗੁਰਮਤਿ ਤੋਂ ਦੂਸਰਾ ਪਾਸਾ ਸਾਡੀ ਮਨਮਤਿ ਹੈ, ਸਾਡੀ ਦੁਰਮਤਿ ਹੈ ਜੋ ਸਾਨੂੰ ਮਾਇਆ ਮੋਹ ਵਿੱਚ ਰੱਖਦੀ ਹੈ ਭਾਵ ਸਾਨੂੰ ਗੁਰੂ ਦੀ ਮਤਿ ਤੋਂ ਉਲਟ ਚਲਾਉਂਦੀ ਹੈ। ਗੁਰਮਤਿ ਤੋਂ ਉਲਟ ਚੱਲਣਾ ਹੀ ਸਾਡੇ ਦੁੱਖ ਦਾ ਕਾਰਣ ਹੈ। ਗੁਰਮਤਿ ਤੋਂ ਉਲਟ ਸਾਨੂੰ ਮਨ ਦੀ ਹਉਮੈ ਹੀ ਚਲਾਉਂਦੀ ਹੈ ਭਾਵ ਸਾਡੀ ਅਗਿਆਨਤਾ ਵਾਲੀ ਨਾਸਮਝ ਮਤਿ ਚਲਾਉਂਦੀ ਹੈ। ਇਹ ਹਉਮੈ ਦੀ ਮਲ ਸਾਡੇ ਮਨ ਦੀ ਮੈਲ ਹੈ ਜੋ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਇਹ ਮੈਲ ਨਹੀਂ

ਉਤਰ ਸਕਦੀ। ਤੀਰਥਾਂ ਤੇ ਇਸ਼ਨਾਨ ਕਰਨ ਨਾਲ ਸਾਡੇ ਤਨ ਦੀ ਮੈਲ ਉਤਰ ਸਕਦੀ ਹੈ ਪਰ ਮਨ ਦੀ ਮੈਲ ਨਹੀਂ ਉਤਰ ਸਕਦੀ ਭਾਵ ਸਾਡੀ ਹਉਮੈ ਨਹੀਂ ਨਿਕਲ ਸਕਦੀ ਭਾਵ ਸਾਡੇ ਮਨ ਦਾ ਦੁਖ ਦੂਰ ਨਹੀਂ ਹੋ ਸਕਦਾ। **(ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥)** ਤੀਰਥਾਂ ਦੇ ਇਸ਼ਨਾਨ ਨੂੰ ਅਸੀਂ ਧਰਮ ਦਾ ਮਾਰਗ ਹੀ ਸਮਝਦੇ ਹਾਂ ਤੇ ਇਸੇ ਤਰ੍ਹਾਂ ਅਸੀਂ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਆਪਣੇ ਵਲੋਂ ਧਰਮ ਦੇ ਕਰਮ ਸਮਝਦੇ ਹਾਂ ਜਿਵੇਂ ਕਿ ਅਨੇਕਾਂ ਹੀ ਤਰੀਕਿਆਂ ਨਾਲ ਸਰੀਰਕ ਕਿਰਿਆਵਾਂ ਕਰਨ ਦੁਆਰਾ, ਸਰੀਰਕ ਜਪ ਤਪ ਆਦਿ ਕਰਨ ਦੁਆਰਾ ਤੇ ਹੋਰ ਵੀ ਅਜਿਹੇ ਅਨੇਕਾਂ ਤਰੀਕਿਆਂ ਦੁਆਰਾ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਤਰੀਕੇ ਸਮਝਦੇ ਹਾਂ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਉਹੋ ਜਿਹੇ ਤਰੀਕੇ ਅਪਨਾਉਣ ਦੁਆਰਾ ਸਾਡੀ ਹਉਮੈ ਦੀ ਮੈਲ ਨਹੀਂ ਉਤਰ ਸਕਦੀ ਭਾਵ ਮਨ ਦੀ ਅਗਿਆਨਤਾ ਦੂਰ ਨਹੀਂ ਹੋ ਸਕਦੀ ਭਾਵ ਸਾਡੇ ਅੰਦਰ ਦੀ ਮਲ ਉਲਟੀ ਦੂਣੀ ਹੋ ਜਾਂਦੀ ਹੈ ਭਾਵ ਸਾਡੇ ਅੰਦਰ ਹਉਮੈ ਹੋਰ ਦ੍ਰਿੜ ਹੋ ਜਾਂਦੀ ਹੈ ਕਿ ਅਸੀਂ ਬਿਲਕੁਲ ਸੱਚ ਦੇ ਮਾਰਗ ਤੇ ਚੱਲ ਰਹੇ ਹਾਂ ਕਿਉਂਕਿ ਸਾਨੂੰ ਇਹਨਾਂ ਗੱਲਾਂ ਕਰਕੇ ਸਮਾਜ ਵਿੱਚੋਂ ਮਾਣ ਮਿਲਦਾ ਹੈ। ਹਉਮੈ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਸ ਕਰਕੇ ਮਾਣ ਦੇਣ ਵਾਲਿਆਂ ਦੀ ਵੀ ਕਮੀ ਨਹੀਂ ਹੈ। ਅਸੀਂ ਧਰਮ ਗ੍ਰੰਥਾਂ ਦੇ ਪੜੀ ਜਾਣ ਨੂੰ ਹੀ ਮਨ ਦੀ ਮੈਲ ਉਤਾਰਨਾ ਸਮਝਦੇ ਹਾਂ ਤੇ ਧਰਮ ਗ੍ਰੰਥਾਂ ਦੇ ਪੜਨ ਦੁਆਰਾ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਗਿਆਨਵਾਨ ਅਖਵਾਉਂਦੇ ਹਾਂ। ਧਰਮ ਗ੍ਰੰਥਾਂ ਵਿੱਚੋਂ ਕੇਵਲ ਸ਼ਬਦਾਂ ਨੂੰ ਪੜੀ ਜਾਣ ਨਾਲ ਸਾਨੂੰ ਕੁਝ ਗਿਆਨ ਨਹੀਂ ਮਿਲਦਾ ਭਾਵ ਉਸ ਨਾਲ ਸਾਡੇ ਮਨ ਦੀ ਅਗਿਆਨਤਾ ਦੂਰ ਨਹੀਂ ਹੁੰਦੀ, ਹਉਮੈ ਦੀ ਮੈਲ ਨਹੀਂ ਉਤਰਦੀ। ਸਾਡੀ ਹਉਮੈ ਦੀ ਮੈਲ ਗੁਰੂ ਦੇ ਗਿਆਨ ਨੂੰ ਸਹੀ ਰੂਪ ਵਿੱਚ ਸਮਝਕੇ ਉਸਨੂੰ ਮੰਨਣ ਦੁਆਰਾ ਹੀ ਦੂਰ ਹੁੰਦੀ ਹੈ। **(ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥)**

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥ ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥ ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥

ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ ੬੫੫)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ ੫੮)

47/6320

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

ਹੁਣ ਅਸੀਂ ਪਿਛਲੇ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਹਉਮੈ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਭਾਵ ਮਨ ਦੀ ਮੈਲ ਵਿੱਚੋਂ, ਮਨ ਦੇ ਦੁੱਖ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ।

“ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥”

ਸਾਡੇ ਅੰਦਰ ਇਹ ਹਉਮੈ ਰੂਪ ਮੈਲ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ। ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਗੁਰੂ ਦਾ ਸੱਚਾ ਗਿਆਨ ਹੈ ਜਿਸ ਗਿਆਨ ਨੂੰ ਮੰਨਣ ਦੁਆਰਾ ਮਨ ਦੀ ਅਗਿਆਨਤਾ ਵਿੱਚੋਂ ਨਿਕਲਿਆ ਜਾ ਸਕਦਾ

ਹੈ। ਸਾਡਾ ਮਨ ਸਾਡੀ ਮਾੜੀ ਸਮਝ ਦੁਆਰਾ ਅਪਵਿੱਤਰ ਹੈ ਤੇ ਮਨ ਨੂੰ ਪਵਿੱਤਰ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਕੀਤਾ ਜਾ ਸਕਦਾ ਹੈ। ਗੁਰੂ ਦੀ ਸੱਚੀ ਸਮਝ ਨੂੰ ਮੰਨਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ ਭਾਵ ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੈ। ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ, ਕਿਸੇ ਅੱਖਰ ਨੂੰ ਨਾਮ ਸਮਝਕੇ ਉਸਨੂੰ ਬੋਲੀ ਜਾਣ ਨਾਲ ਸਾਡੇ ਮਨ ਦੀ ਮੈਲ ਨਹੀਂ ਧੁਪ ਸਕਦੀ ਭਾਵ ਮਨ ਦੀ ਅਗਿਆਨਤਾ ਨਹੀਂ ਨਿਕਲ ਸਕਦੀ। ਕਿਸੇ ਅੱਖਰ ਦਾ ਜਪ ਕਰੀ ਜਾਣਾ ਗੁਰੂ ਦੀ ਸ਼ਰਨ ਵਿੱਚ ਆਉਣਾ ਨਹੀਂ ਹੈ ਤੇ ਨਾ ਹੀ ਆਪਣੇ ਮਨ ਨੂੰ ਨਿਰਮਲ ਕਰਨ ਦਾ ਤਰੀਕਾ ਹੈ ਬਲਕਿ ਕਿਸੇ ਅੱਖਰ ਦਾ ਜਪ ਕਰਨ ਵਾਲੇ ਨੂੰ ਜਿਸਨੂੰ ਕਿ ਨਾਮ ਜਪਣਾ ਸਮਝਦੇ ਹਨ ਉਸਨੂੰ ਉਪਰ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਮਨਮੁਖਿ ਕਿਹਾ ਹੈ। **(ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥)**

ਜਦ ਤਕ ਸਾਡੇ ਮਨ ਦੇ ਅੰਦਰ ਹਉਮੈ ਰੂਪ ਮੈਲ ਹੈ ਤਦ ਤਕ ਮਨ ਦੀ ਅਗਿਆਨਤਾ ਕਰਕੇ ਸਾਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਹੀ ਨਹੀਂ ਪੈਂਦੀ, ਨਾਮ ਜਪਣਾ ਕੀ ਹੈ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ। ਨਾਮ ਦੀ ਪ੍ਰਾਪਤੀ ਕਰਨਾ ਤਾਂ ਸਾਡੇ ਜੀਵਨ ਦਾ ਮਕਸਦ ਹੈ

47/6321

ਕਿਉਂਕਿ ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨਾਂ ਮਨੁੱਖ ਹਉਮੈ ਰੂਪ ਮੈਲ ਦੇ ਵਿੱਚ ਹੀ ਸੰਸਾਰ ਵਿੱਚ ਆਉਂਦਾ ਹੈ ਭਾਵ ਅਗਿਆਨਤਾ ਵਾਲੀ ਸਮਝ ਵਿੱਚ ਸੰਸਾਰ ਦੇ ਵਿੱਚ ਆਉਂਦਾ ਹੈ ਤੇ ਅਗਿਆਨਤਾ ਵਿੱਚ ਹੀ ਸੰਸਾਰ ਵਿੱਚੋਂ ਚਲਾ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਦਰ ਤੋਂ ਪਤਿ ਮਿਲੇ ਬਿਨਾਂ ਹੀ ਚਲਾ ਜਾਂਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹੀ ਚਲਾ ਜਾਂਦਾ ਹੈ। **(ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥)** ਇਹ ਹਉਮੈ ਦੀ ਮਲ ਭਾਵ ਅਗਿਆਨਤਾ ਰੂਪ ਮੈਲ ਕਿਸੇ ਦੀ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਭਾਵ ਮਨ ਦੇ ਵਿੱਚ ਆਪ ਵੱਸਣ ਦੁਆਰਾ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਦੇਣ ਦੁਆਰਾ ਹੀ ਕੱਢਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥

ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥”

ਹਉਮੈ ਕੀ ਹੈ ਤੇ ਇਸ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉਪਰ ਵਾਲੀਆਂ ਪੰਗਤੀਆਂ ਦੁਆਰਾ ਵੀ ਸਾਨੂੰ ਹਉਮੈ ਬਾਰੇ ਉਹੀ ਕੁਝ ਹੀ ਸਮਝਾਇਆ ਹੋਇਆ ਹੈ ਜੋ ਕਿ ਕਾਫੀ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਤੇ ਕੇਵਲ ਗੁਰੂ ਦੀ ਸਮਝ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਸਾਨੂੰ ਜੋ ਕੁਝ ਵੀ ਸਮਝਾ ਰਿਹਾ ਹੈ ਉਹ ਪੂਰਨ ਸੱਚ ਹੈ ਕਿਉਂਕਿ ਗੁਰੂ ਸਚੁ ਰੂਪ ਪ੍ਰਮਾਤਮਾ ਦਾ ਹੀ ਰੂਪ ਹੈ। ਜਿਨ੍ਹਾਂ ਦੇ ਮਨ ਵਿੱਚ ਪ੍ਰਮਾਤਮਾ ਵੱਸਿਆ ਹੈ ਕੇਵਲ ਉਹਨਾਂ ਦੀ ਹੀ ਹਉਮੈ ਨਿਕਲੀ ਹੈ ਜਿਵੇਂ ਕਿ ਭਗਤਾਂ ਦੀ, ਗੁਰੂ ਸਾਹਿਬਾਨ ਦੀ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਹਉਮੈ ਨਿਕਲੀ ਹੈ ਤੇ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਉਹ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਵਿੱਚ ਸਮਾਏ ਹੋਏ ਹਨ। ਕਿਸੇ ਨੂੰ ਹਉਮੈ ਵਿੱਚੋਂ ਕੱਢਣਾ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ, ਉਸਦਾ ਆਪਣਾ ਪ੍ਰਸਾਦਿ ਹੈ ਜੋ ਆਪਣਾ ਪ੍ਰਸਾਦਿ ਮਨ ਦੇ ਵਿੱਚ ਆਪਣੀ ਸਮਝ ਰਾਹੀਂ ਹੀ ਦਿੰਦਾ ਹੈ ਭਾਵ ਸੱਚੀ ਸਮਝ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਕਿਸੇ ਨੂੰ ਹਉਮੈ ਦੀ ਮੱਲ ਵਿੱਚੋਂ ਕੱਢਦਾ ਹੈ। **(ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥)** ਪ੍ਰਮਾਤਮਾ ਕਿਸੇ ਨੂੰ ਹਉਮੈ ਰੂਪ ਮੈਲ ਵਿੱਚੋਂ ਕਿਸ ਤਰੀਕੇ ਕੱਢਦਾ ਹੈ ਤੇ ਗੁਰੂ

47/6322

ਰੂਪ ਪ੍ਰਮਾਤਮਾ ਆਪਣੇ ਮਨੁੱਖੀ ਰੂਪ ਨੂੰ ਆਪਣਾ ਪ੍ਰਸਾਦਿ ਕਿਸ ਰੂਪ ਵਿੱਚ ਦਿੰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਦ੍ਰਿੜ ਵਿਸ਼ਵਾਸ ਨਾਲ ਇਹ ਸਮਝ ਸਕੀਏ ਕਿ ਹਉਮੈ ਵਿੱਚੋਂ ਕਿਸੇ ਨੂੰ ਪ੍ਰਮਾਤਮਾ ਕਿਸ ਤਰੀਕੇ ਕੱਢਦਾ ਹੈ। ਜਿਸਨੂੰ ਵੀ ਪ੍ਰਮਾਤਮਾ ਨੇ ਆਪਣਾ ਨਾਮ ਦਿੱਤਾ ਹੈ ਉਸਨੂੰ ਹਉਮੈ ਵਿੱਚੋਂ ਕੱਢਣ ਦੁਆਰਾ ਹੀ ਦਿੱਤਾ ਹੈ। ਕਿਉਂਕਿ ਜਦ ਤਕ ਸਾਡੇ ਅੰਦਰ ਹਉਮੈ ਹੈ ਤਦ ਤਕ ਸਾਡੇ ਅੰਦਰ ਨਾਮ ਹੋ ਹੀ ਨਹੀਂ ਸਕਦਾ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਹਉਮੈ ਸਾਡੇ ਮਨ ਦੇ ਅੰਦਰ ਦਾ ਅੰਧੇਰਾ ਹੈ ਭਾਵ ਅਗਿਆਨਤਾ ਰੂਪ ਅੰਧੇਰਾ

ਹੈ। ਜਿਵੇਂ ਬਾਹਰ ਦਾ ਹਨੇਰਾ ਦੀਪਕ ਦੀ ਰੋਸ਼ਨੀ ਨਾਲ ਦੂਰ ਹੋ ਜਾਂਦਾ ਹੈ ਇਸੇ ਤਰ੍ਹਾਂ ਸਾਡੇ ਅੰਦਰ ਹਉਮੈ ਰੂਪ ਹਨੇਰਾ ਭਾਵ ਅਗਿਆਨਤਾ ਰੂਪ ਹਨੇਰਾ ਗੁਰੂ ਦੇ ਸੱਚੇ ਗਿਆਨ ਦੁਆਰਾ ਦੂਰ ਹੁੰਦਾ ਹੈ। ਜਿਸਦੇ ਅੰਦਰ ਪ੍ਰਮਾਤਮਾ ਵੱਸਦਾ ਹੈ ਉਸਦੇ ਅੰਦਰ ਉਹ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਭਾਵ ਚਉਥੇ ਪਦ ਦਾ ਗਿਆਨ ਹੀ ਦਿੰਦਾ ਹੈ ਭਾਵ ਆਪਣਾ ਬ੍ਰਹਮ ਗਿਆਨ ਦਿੰਦਾ ਹੈ ਜੋ ਬ੍ਰਹਮ ਗਿਆਨ ਹੀ ਉਸਦਾ ਨਾਮ ਹੈ। ਸਾਡੇ ਅੰਦਰ ਨਾਮ ਵੱਸਣ ਨਾਲ ਸਾਡੇ ਅੰਦਰ ਦੀ ਹਉਮੈ ਨਿਕਲ ਜਾਂਦੀ ਹੈ ਭਾਵ ਸੱਚਾ ਗਿਆਨ ਵੱਸਣ ਨਾਲ ਮਨੁੱਖ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਜਾਂਦਾ ਹੈ। ਸਭਦੇ ਅੰਦਰ ਹਉਮੈ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਹੈ ਜਿਸਨੂੰ ਕਿ ਸਾਡੇ ਮਨ ਦੇ ਅੰਦਰ ਦਾ ਪੜਦਾ ਵੀ ਕਿਹਾ ਹੈ। ਇਹ ਮਨ ਦੀ ਅਗਿਆਨਤਾ ਰੂਪ ਪੜਦਾ ਸਾਨੂੰ ਗੁਰੂ ਦੇ ਸੱਚੇ ਗਿਆਨ ਦੀ ਭਾਵ ਚਉਥੇ ਪਦ ਦੇ ਗਿਆਨ ਦੀ ਸਮਝ ਪੈਣ ਤੋਂ ਦੂਰ ਰੱਖਦਾ ਹੈ। ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਜਿਸਦੇ ਮਨ ਵਿੱਚ ਵੀ ਉਹ ਵੱਸਦਾ ਹੈ ਉਥੇ ਆਪਣਾ ਉਹ ਸੱਚਾ ਗਿਆਨ ਹੀ ਬਖਸ਼ਦਾ ਹੈ ਤੇ ਕਿਸੇ ਨੂੰ ਮਨ ਦੀ ਅਗਿਆਨਤਾ ਤੋਂ ਭਾਵ ਹਉਮੈ ਤੋਂ ਮੁਕਤਿ ਕਰਦਾ ਹੈ। ਇਹੀ ਸਾਡੇ ਅੰਦਰ ਦੀ ਮੁਕਤੀ ਹੈ ਜਿਸ ਮੁਕਤੀ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। **(ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥ ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥)**

ਮਨ ਦੇ ਵਿੱਚ ਸੱਚੇ ਗਿਆਨ ਵਾਲੀ ਸਮਝ ਵਿੱਚ ਤੇ ਅਗਿਆਨਤਾ ਵਾਲੀ

47/6323

ਸਮਝ ਵਿੱਚ ਭਾਵ ਹਉਮੈ ਵਾਲੀ ਸਮਝ ਵਿੱਚ ਤੇ ਨਾਮ ਵਾਲੀ ਸਮਝ ਵਿੱਚ ਕੀ ਫਰਕ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਵਿਛੋੜੇ ਵਾਲੀ ਸਮਝ ਵਿੱਚ ਤੇ ਪ੍ਰਮਾਤਮਾ ਦਾ ਸਾਡੇ ਮਨ ਦੇ ਵਿੱਚ ਵੱਸਣ ਵਾਲੀ ਸਮਝ ਵਿੱਚ ਕੀ ਫਰਕ ਹੈ, ਸਾਡੇ ਅੰਦਰ ਦੁੱਖ ਤੇ ਸੁੱਖ ਵਾਲੀ ਅਵਸਥਾ ਵਿੱਚ ਕੀ ਫਰਕ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਮਨ ਦੇ ਦੁੱਖ ਸੁੱਖ ਵਿੱਚ ਫਰਕ ਸਮਝ ਸਕੀਏ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ।

“ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥

ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥”

ਉਪਰ ਪਹਿਲੀ ਪੰਗਤੀ ਰਾਹੀਂ ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਹੀ ਬਿਆਨ ਕੀਤੀ ਹੋਈ ਹੈ। ਸ਼ਬਦ ਦੀ ਸ਼ੁਰੂਆਤੀ ਪਹਿਲੀ ਪੰਗਤੀ ਵਿੱਚ ਸਾਡੇ ਅੰਦਰ ਦੀ ਹਉਮੈ ਨੂੰ ਸਾਡਾ ਦੁੱਖ ਦੱਸਿਆ ਹੋਇਆ ਹੈ ਤੇ ਉਪਰ ਵਾਲੇ ਪਦੇ ਵਿੱਚ ਮਾਇਆ ਨੂੰ ਸਾਡਾ ਸਭ ਤੋਂ ਵੱਡਾ ਦੁੱਖ ਦੱਸਿਆ ਹੋਇਆ ਹੈ। ਜੋ ਸਾਡੇ ਅੰਦਰ ਦੀ ਹਉਮੈ ਹੈ ਉਹੀ ਸਾਡੇ ਅੰਦਰ ਦੀ ਮਾਇਆ ਹੈ ਤੇ ਉਹੀ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਵਾਰੀ ਗੁਰੂ ਦੇ ਸ਼ਬਦਾਂ ਦੁਆਰਾ ਸਮਝਿਆ ਹੈ ਇਹਨਾਂ ਤੋਂ ਭਾਵ ਮਨ ਦੀ ਅਗਿਆਨਤਾ ਦੇ ਨਾਲ ਹੀ ਹੈ ਜੋ ਮਨ ਦੀ ਅਗਿਆਨਤਾ ਸਾਨੂੰ ਗੁਰੂ ਦੇ ਸੱਚੇ ਗਿਆਨ ਨੂੰ ਸਮਝਣ ਤੇ ਉਸਨੂੰ ਮੰਨਣ ਤੋਂ ਦੂਰ ਰੱਖਦੀ ਹੈ। ਸੱਚਾ ਗਿਆਨ ਗੁਰੂ ਦੀ ਮਤਿ ਹੈ ਤੇ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਸਾਡੀ ਮਨਮਤਿ ਹੈ। ਸਾਰਾ ਭੇਦ ਮਨਮਤਿ ਤੇ ਗੁਰਮਤਿ ਦਾ ਹੀ ਹੈ ਭਾਵ ਮਨ ਦੀ ਕੱਚੀ ਤੇ ਸੱਚੀ ਸਮਝ ਦਾ ਹੀ ਹੈ। ਜਦ ਤਕ ਸਾਡੀ ਸਮਝ ਕੱਚੀ ਹੈ ਭਾਵ ਅਗਿਆਨਤਾ ਵਾਲੀ ਹੈ, ਹਉਮੈ ਵਾਲੀ ਹੈ, ਮਾਇਆ ਦੀ ਜੁਗਤਿ ਵਾਲੀ ਹੈ ਤਦ ਤਕ ਅਸੀਂ ਆਪਣੇ ਆਪ ਨੂੰ ਮੈਂ ਵਿੱਚ ਹੀ ਸਮਝਦੇ ਹਾਂ ਕਿ ਮੈਂ ਇੱਕ ਮਨੁੱਖ ਹਾਂ ਤੇ ਪ੍ਰਮਾਤਮਾ ਕੁਝ ਹੋਰ ਹੈ ਜੋ ਸਮਝ ਤੋਂ ਬਾਹਰ ਹੈ। ਜਦ ਤਕ ਮਨੁੱਖ ਆਪਣੀ ਮਨੁੱਖੀ ਹੋਂਦ ਸਮਝਦਾ ਹੈ ਤਦ ਤਕ ਹਰ ਕੋਈ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਹੀ ਰਹਿੰਦਾ ਹੈ। ਜਦ ਤਕ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰੇ ਸਮਝਦੇ ਹਾਂ ਸਾਨੂੰ ਇਹ ਕੁਝ ਸਾਡੇ ਮਨ ਦੀ ਸਮਝ ਹੀ ਸਮਝਾਉਂਦੀ ਹੈ। ਇਹੀ ਮਨ ਦੀ ਅਗਿਆਨਤਾ ਹੈ ਜੋ ਸਾਨੂੰ ਸਾਡੇ ਅੰਦਰੋਂ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਜਾਨਣ ਤੋਂ, ਸਮਝਣ ਤੋਂ ਦੂਰ ਰੱਖਦੀ ਹੈ ਜੋ ਪ੍ਰਮਾਤਮਾ ਅਸਲ ਵਿੱਚ ਸਭ ਕੁਝ ਆਪ

47/6324

ਹੀ ਹੈ ਪਰ ਮਨ ਦੇ ਵਿੱਚ ਹਉਮੈ ਪਾ ਕੇ, ਮਾਇਆ ਵਾਲੀ ਸਮਝ ਪਾਕੇ ਆਪ ਹੀ ਸਭਨੂੰ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ

ਹੋਇਆ ਹੈ ਭਾਵ ਸਭਨੂੰ ਮਨ ਦੀ ਮੂਰਖਤਾ ਵਿੱਚ ਰੱਖਿਆ ਹੋਇਆ ਹੈ ਜਿਸ ਮਨ ਦੀ ਮੂਰਖਤਾ ਕਰਕੇ, ਮਨ ਦੀ ਅਗਿਆਨਤਾ ਕਰਕੇ ਹਰ ਕੋਈ ਇਹੀ ਸਮਝਦਾ ਹੈ ਕਿ ਹੁਣ ਤੱਕ ਆਪਣੇ ਸਰੀਰ ਰਾਹੀਂ ਜੋ ਕੁਝ ਕੀਤਾ ਹੈ ਉਹ ਮੈਂ ਆਪ ਹੀ ਕੀਤਾ ਹੈ ਤੇ ਅੱਗੋਂ ਵੀ ਮੈਂ ਆਪ ਹੀ ਕਰਨਾ ਹੈ ਭਾਵ ਉਹ ਆਪਣੇ ਸਰੀਰ ਦਾ ਮਾਲਕ, ਆਪਣੀ ਸਮਝ ਦਾ ਮਾਲਕ ਆਪ ਹੀ ਸਮਝਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ ਤੇ ਇਸ ਸਰੀਰ ਰਾਹੀਂ ਮੈਂ ਆਪ ਹੀ ਸਾਰੇ ਕਰਮ ਕਰਨ ਵਾਲਾ ਹਾਂ। ਅਸਲ ਵਿੱਚ ਸਾਡੇ ਸਰੀਰ ਰਾਹੀਂ ਕਰਮ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸਦੀ ਕਿ ਮਨੁੱਖ ਨੂੰ ਸਮਝ ਨਹੀਂ ਪੈਂਦੀ। ਮਨ ਦੀ ਮੂਰਖਤਾ ਵਿੱਚ ਰਹਿੰਦੇ ਹੋਏ ਸਭਨੂੰ ਉਹ ਸਾਡੇ ਸਰੀਰ ਰਾਹੀਂ ਕਰਮ ਕਰਨ ਵਾਲਾ ਪ੍ਰਮਾਤਮਾ ਵਿਸਰਿਆ ਹੀ ਰਹਿੰਦਾ ਹੈ ਭਾਵ ਉਸਦੀ ਸੱਚੀ ਸਮਝ ਵਿਸਰੀ ਰਹਿੰਦੀ ਹੈ ਭਾਵ ਉਸਨੂੰ ਗੁਰਮਤਿ ਵਾਲੀ ਸਮਝ ਵਿਸਰੀ ਹੁੰਦੀ ਹੈ, ਗੁਰਮਤਿ ਨਾਲ ਪਿਆਰ ਵਿਸਰਿਆ ਹੁੰਦਾ ਹੈ ਤੇ ਉਸਦਾ ਪਿਆਰ ਗੁਰਮਤਿ ਤੋਂ ਦੂਸਰੇ ਪਾਸੇ ਹੁੰਦਾ ਹੈ ਭਾਵ ਮਨਮਤਿ ਨਾਲ ਹੁੰਦਾ ਹੈ। ਮਨਮਤਿ ਨਾਲ ਪਿਆਰ ਸਾਨੂੰ ਮਨ ਦੀ ਮੂਰਖਤਾ ਵਿੱਚ ਹੀ ਰੱਖਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੀ ਰੱਖਦਾ ਹੈ ਜਿਸਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਮਨ ਦੀ ਸਮਝ ਦੇ ਮਾਲਕ ਨੂੰ ਨਹੀਂ ਜਾਣ ਸਕਦੇ ਜਿਸ ਕਰਕੇ ਇਸ ਸਰੀਰ ਨੂੰ ਅਸੀਂ ਆਪਣਾ ਸਰੀਰ ਸਮਝਦੇ ਹਾਂ। **(ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥)**

ਸਾਡੀ ਮੂਰਖਤਾ ਦਾ ਕਾਰਣ ਕੀ ਹੈ ਤੇ ਸਾਡਾ ਦੂਜੇ ਪਾਸੇ ਪਿਆਰ ਪਾਉਣਾ ਕੀ ਹੈ, ਸਾਡੇ ਅੰਦਰ ਦਾ ਦੁੱਖ ਕੀ ਹੈ ਤੇ ਸੁੱਖ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥"

ਸਾਡਾ ਸਭ ਤੋਂ ਵੱਡਾ ਦੁੱਖ ਮਾਇਆ ਨੂੰ ਦੱਸਿਆ ਹੋਇਆ ਹੈ ਭਾਵ ਸਾਡੇ ਅੰਦਰ ਦੀ ਮਾਇਆ ਨੂੰ ਦੱਸਿਆ ਹੋਇਆ ਹੈ। ਸਾਡੇ ਅੰਦਰ ਦੀ ਇਹ ਮਾਇਆ ਹੀ ਸਾਡੇ ਅੰਦਰ ਦੀ ਹਉਮੈ ਹੈ ਜਿਸ ਹਉਮੈ ਨੂੰ ਸ਼ਬਦ ਦੇ ਸ਼ੁਰੂ ਵਿੱਚ ਸਾਡਾ ਦੁੱਖ ਦੱਸਿਆ ਹੋਇਆ ਹੈ

ਤੇ ਨਾਲ ਹੀ ਸ਼ਬਦ ਦੇ ਵਿੱਚ ਮਨ ਦੇ ਗਿਆਨ ਤੇ ਅਗਿਆਨਤਾ ਦੀ ਗੱਲ ਕੀਤੀ ਹੋਈ ਹੈ ਜਿਸ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਤੇ ਵਿਛੋੜੇ ਦੀ ਗੱਲ ਸਮਝਾਈ ਹੋਈ ਹੈ। ਉਪਰ ਪੰਗਤੀਆਂ ਵਿੱਚ ਕੋਈ ਦੁਨਿਆਵੀ ਮਾਇਆ ਦੀ ਗੱਲ ਨਹੀਂ ਕੀਤੀ ਹੋਈ। ਦੁਨਿਆਵੀ ਮਾਇਆ ਤਾਂ ਸਭ ਲਈ ਜਰੂਰੀ ਹੈ ਜਿਸ ਬਿਨਾਂ ਸੰਸਾਰ ਚਲ ਹੀ ਨਹੀਂ ਸਕਦਾ ਸਿਰਫ ਮਾਇਆ ਦਾ ਮੋਹ ਮਾੜਾ ਹੈ ਜਿਸ ਮੋਹ ਵਿੱਚ ਆ ਕੇ ਅਸੀਂ ਮਾਇਆ ਨੂੰ ਗਲਤ ਤਰੀਕੇ ਨਾਲ ਕਮਾਉਂਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਤੇ ਆਪਣੇ ਸੁੱਖ ਲਈ ਦੂਸਰਿਆਂ ਨੂੰ ਦੁੱਖ ਦਿੰਦੇ ਹਾਂ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡਾ ਅਸਲ **"ਦੁਖੁ ਸੁਖੁ"** ਕੀ ਹੈ, ਕਿਸ ਵਿੱਚ ਹੈ ਇਸ ਦੀ ਸੰਸਾਰ ਨੂੰ ਸਮਝ ਹੀ ਨਹੀਂ ਹੈ। ਸਾਡਾ ਸਭ ਤੋਂ ਵੱਡਾ ਦੁੱਖ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਹੈ ਤੇ ਇੱਕੋ ਇੱਕ ਅਸਲ ਸੁੱਖ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ। ਸਾਡੇ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਸਾਡੇ ਅੰਦਰ ਦੀ ਮਾਇਆ ਹੈ, ਹਉਮੈ ਹੈ ਭਾਵ ਮਨ ਦੀ ਅਗਿਆਨਤਾ ਹੈ, ਮਨ ਦੀ ਮੂਰਖਤਾ ਹੈ ਭਾਵ ਮਨਮਤਿ ਹੈ ਤੇ **"ਸੁਖੁ"** ਗੁਰਮਤਿ ਵਾਲੀ ਸਮਝ ਹੈ ਭਾਵ ਗੁਰਮਤਿ ਦੇ ਸੱਚੇ ਗਿਆਨ ਵਾਲੀ ਸਮਝ ਹੈ ਭਾਵ ਗੁਰੂ ਦੇ **"ਸਚੁ ਨਾਮੁ"** ਵਾਲੀ ਸਮਝ ਹੈ ਜਿਸ **"ਸਚੁ ਨਾਮੁ"** ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਅਸੀਂ ਮਨ ਦੀ ਮਾਇਆ ਵਿੱਚੋਂ ਨਿਕਲ ਸਕਦੇ ਹਾਂ ਜੋ ਮਾਇਆ ਸਾਡੇ ਅੰਦਰ **"ਦੁਖੁ"** ਦਾ ਕਾਰਣ ਹੈ ਭਾਵ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ ਤੇ ਗੁਰਮਤਿ ਦੀ ਸੱਚੀ ਸਮਝ ਸਾਡੇ **"ਸੁਖੁ"** ਦਾ ਕਾਰਨ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਕਾਰਨ ਹੈ ਜੋ ਉਸਦੇ ਨਾਲ ਮੇਲ ਮਨ ਦੇ ਵਿੱਚ ਉਸਦੇ **"ਸਚੁ ਨਾਮੁ"** ਵਾਲੀ ਸਮਝ ਦੁਆਰਾ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ **"ਸਚੁ ਨਾਮੁ"** ਹੈ ਜੋ ਕਿ ਸਚੁ ਰੂਪ ਗੁਰਮਤਿ ਦੇ ਰੂਪ ਵਿੱਚ ਹੈ ਜਿਸਦਾ ਮਕਸਦ ਹੀ ਸਾਨੂੰ ਮਨ ਦੀ ਮਾਇਆ ਵਿੱਚੋਂ ਕੱਢਣ ਦਾ ਹੈ, ਹਉਮੈ ਵਿੱਚੋਂ ਕੱਢਣ ਦਾ ਹੈ, ਪ੍ਰਮਾਤਮਾ ਦੇ ਨਾਲ ਵਿਛੋੜੇ ਦੇ **"ਦੁਖੁ"** ਵਿੱਚੋਂ ਕੱਢਣ ਦਾ ਹੈ ਤੇ **"ਸੁਖੁ"** ਦੀ ਪ੍ਰਾਪਤੀ ਕਰਨ ਦੇ ਨਾਲ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਕਰਨ ਦੇ ਨਾਲ ਹੈ। ਮਨ ਦੀ ਮਾਇਆ ਸਾਨੂੰ ਬਾਹਰਲੀ ਮਾਇਆ ਦੇ ਮੋਹ ਵਿੱਚ ਪਾ

ਕੇ ਰੱਖਦੀ ਹੈ ਜਿਨ੍ਹਾਂ ਦੀ ਪ੍ਰਾਪਤੀ ਲਈ ਮਨੁੱਖ ਸੰਸਾਰ ਵਿੱਚ ਭਟਕਦੇ ਰਹਿੰਦੇ ਹਨ ਤੇ ਅਸਲ **"ਸੁਖੁ"** ਦੀ ਪ੍ਰਾਪਤੀ ਤੋਂ ਦੂਰ ਰਹਿ

ਜਾਂਦੇ ਹਨ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਦੂਰ ਰਹਿ ਜਾਂਦੇ ਹਨ। **(ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ॥ ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥)**

"ਸੁਖੁ" ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ, ਨਾਮ ਦਾ ਮਨ ਵਿੱਚ ਵੱਸਣਾ ਜਾਂ ਸੁਖੁ ਦੀ ਪ੍ਰਾਪਤੀ ਇੱਕੋ ਹੀ ਗੱਲ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੀ ਹੈ ਕਿਉਂਕਿ **"ਸਚੁ ਨਾਮੁ"** ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਦਾ **"ਸਚੁ ਨਾਮੁ"** ਗੁਰਮਤਿ ਦੀ ਸੱਚੀ ਸਮਝ ਹੈ। ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ **"ਸਚੁ ਨਾਮੁ"** ਦੀ ਪ੍ਰਾਪਤੀ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੁਆਰਾ ਗੁਰਮਤਿ ਦੀ ਸੱਚੀ ਸਮਝ ਪੈਂਦੀ ਹੈ ਤੇ ਮਨੁੱਖ ਨੂੰ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਪੈਂਦੀ ਹੈ ਜਿਸ ਸੱਚੀ ਸਮਝ ਦੁਆਰਾ ਹੀ ਸੱਚੇ ਪ੍ਰਮਾਤਮਾ ਦੇ ਸੱਚੇ ਗੁਣ ਗਾਏ ਜਾ ਸਕਦੇ ਹਨ ਤੇ ਸਚੁ ਰੂਪ ਪ੍ਰਮਾਤਮਾ ਦੇ ਵਿੱਚ ਸਮਾਇਆ ਜਾ ਸਕਦਾ ਹੈ ਜਿਸ ਵਿੱਚ ਸਮਾਉਣ ਤੋਂ ਬਾਅਦ ਮਨੁੱਖ ਨੂੰ ਕਦੇ ਨਾਮ ਨਹੀਂ ਵਿਸਰਦਾ ਭਾਵ ਗੁਰੂ ਦੀ ਸੱਚੀ ਮਤਿ ਫਿਰ ਕਦੇ ਨਹੀਂ ਵਿਸਰਦੀ ਭਾਵ ਮਨੁੱਖ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ ਜਿਸ ਦੁਆਰਾ ਉਹ ਗੁਰੂ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ। ਪ੍ਰਮਾਤਮਾ ਨੂੰ ਜਾਣੇ ਬਿਨਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ ਜੋ ਕਿ ਸਭ ਕੁਝ ਆਪ ਹੀ ਹੈ ਭਾਵ ਮਨ ਦੀ ਮੂਰਖਤਾ ਵਿੱਚੋਂ ਨਿਕਲੇ ਬਿਨਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਇਸੇ ਗੱਲ ਨੂੰ ਹੀ ਅਸੀਂ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਣਾ ਹੈ।

"ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥"

ਉਪਰ ਵਾਲੇ ਪਦੇ ਤੋਂ ਪਹਿਲੇ ਪਦੇ ਰਾਹੀਂ ਅਸੀਂ **"ਸੁਖੁ"** ਦੀ ਪ੍ਰਾਪਤੀ ਕੀ ਹੈ ਇਸ ਗੱਲ ਨੂੰ ਸਮਝਿਆ ਹੈ ਜੋ ਪ੍ਰਾਪਤੀ ਗੁਰਮਤਿ ਦੀ ਸਮਝ ਪੈਣ ਦੁਆਰਾ ਹੁੰਦੀ ਹੈ, ਗੁਰੂ ਦੇ **"ਸਚੁ ਨਾਮੁ"** ਨੂੰ ਆਪਣੇ ਹਿਰਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਵਸਾਉਣ ਦੁਆਰਾ ਹੁੰਦੀ ਹੈ। ਜੋ ਮਨੁੱਖ ਇਹ ਵੀ ਸਮਝਦਾ ਹੈ ਕਿ ਉਸਨੂੰ ਗੁਰਮਤਿ ਦੀ ਸਮਝ ਹੈ, ਗੁਰੂ ਦੇ **"ਸਚੁ ਨਾਮੁ"** ਦੀ ਸਮਝ ਹੈ ਫਿਰ ਉਸਨੂੰ ਕਿਸੇ **"ਦੁਖੁ"**

47/6327

ਵਿੱਚ ਨਹੀਂ ਰਹਿਣਾ ਚਾਹੀਦਾ ਭਾਵ ਉਸਦੇ ਅੰਦਰ ਪੂਰਨ **"ਸੁਖੁ"** ਵਾਲੀ ਅਵਸਥਾ ਹੋਣੀ ਚਾਹੀਦੀ ਹੈ। ਪੂਰਨ **"ਸੁਖੁ"** ਦੀ ਅਵਸਥਾ ਕੇਵਲ ਪ੍ਰਮਾਤਮਾ ਦੇ ਨਾਲ ਮੇਲ ਦੇ ਵਿੱਚ ਹੈ ਜਿਵੇਂ ਕਿ ਉਪਰਲੇ ਪਦੇ ਰਾਹੀਂ ਪਿਛਲੇ ਪਦੇ ਵਾਲੀ ਗੱਲ ਨੂੰ ਹੋਰ ਵੀ ਸਪਸ਼ਟ ਕੀਤਾ ਹੋਇਆ ਹੈ। ਅਸਲ ਵਿੱਚ ਨਾ ਹੀ ਕਿਸੇ ਨੂੰ ਗੁਰਮਤਿ ਦੀ ਪੂਰਨ ਰੂਪ ਵਿੱਚ ਸਮਝ ਹੈ ਜਿਸ ਕਰਕੇ ਨਾ ਹੀ ਕਿਸੇ ਨੂੰ **"ਸਚੁ ਨਾਮੁ"** ਦੀ ਸਮਝ ਹੈ ਕਿਉਂਕਿ ਗੁਰਮਤਿ ਦੀ ਸੱਚੀ ਸਮਝ ਹੀ ਸਚੁ ਨਾਮੁ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਪਦੇ ਰਾਹੀਂ ਸਮਝਿਆ ਹੈ ਤੇ ਬਾਰ-ਬਾਰ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ ਹੈ ਜਿਸ ਰਾਹੀਂ ਮਨ ਦੇ ਵਿੱਚ ਆਪਣੀ ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ, ਆਪਣੇ ਸੱਚੇ ਨਾਮ ਦੀ ਸਮਝ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਜਿਸ ਉੱਚੀ ਸਮਝ ਰਾਹੀਂ ਉਹਨਾਂ ਨੇ ਸਾਰੇ ਸੰਸਾਰ ਨੂੰ ਗੁਰਮਤਿ ਦੀ ਉੱਚੀ ਸਮਝ ਪਾਈ ਹੈ ਭਾਵ ਪ੍ਰਮਾਤਮਾ ਦੇ ਸੱਚ ਦੀ ਸਮਝ ਪਾਈ ਹੈ, ਪ੍ਰਮਾਤਮਾ ਦੇ ਨਾਮ ਦੀ ਸਮਝ ਪਾਈ ਹੈ ਜੋ ਪ੍ਰਮਾਤਮਾ ਦਾ **"ਸਚੁ ਨਾਮੁ"** ਭਾਵ ਗੁਰਮਤਿ ਦਾ ਸੱਚਾ ਗਿਆਨ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਪਰ ਵਾਲੇ ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਭਗਤੀ ਰਤਿਆ ਮਨੁੱਖ ਕਉਣ ਹੈ।

"ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥"

ਉਪਰਲੀਆਂ ਪੰਗਤੀਆਂ ਰਾਹੀਂ ਬੜਾ ਸਪਸ਼ਟ ਹੈ ਕਿ ਪ੍ਰਮਾਤਮਾ ਦੀ ਭਗਤੀ ਵਿੱਚ ਰਤਿਆ ਹੋਇਆ ਮਨੁੱਖ ਉਹੀ ਹੈ ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲ ਲੈਂਦਾ ਹੈ ਤੇ ਸਾਨੂੰ ਉਸੇ ਤੋਂ ਬਲਿਹਾਰੇ ਜਾਣ ਲਈ ਸਮਝਾਇਆ ਹੋਇਆ ਹੈ ਭਾਵ ਉਸੇ ਦੀ ਸਮਝ ਤੋਂ ਬਲਿਹਾਰੇ ਜਾਣ ਲਈ ਸਮਝਾਇਆ ਹੋਇਆ ਹੈ ਜਿਸਦੇ ਮਨ ਦੀ ਸਮਝ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈ ਗਈ ਹੈ ਭਾਵ ਜਿਸਦਾ ਮਨ ਪ੍ਰਮਾਤਮਾ ਦੀ ਭਗਤੀ ਵਿੱਚ ਰਤਿਆ ਗਿਆ ਹੈ। ਆਪਣੀ ਭਗਤੀ ਦੀ ਸੱਚੀ ਸਮਝ ਪ੍ਰਮਾਤਮਾ ਆਪਣੇ ਮੇਲ ਦੁਆਰਾ

ਹੀ ਪਾਉਂਦਾ ਹੈ ਜਿਵੇਂ ਕਿ

47/6328

ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਦੀ ਭਗਤੀ ਨਾਲ ਉਹੀ ਰਤਿਆ ਜਾ ਸਕਦਾ ਹੈ ਜਿਸ ਨੂੰ **"ਸਚੁ ਬਾਣੀ"** ਦੀ ਸਮਝ ਪੈ ਜਾਂਦੀ ਹੈ। ਪੂਰੀ ਗੁਰਬਾਣੀ ਦੇ ਅੰਦਰ ਸੱਚ ਹੀ ਹੈ ਕਿਉਂਕਿ ਪੂਰੀ ਗੁਰਬਾਣੀ **"ਸਚੁ"** ਰੂਪ ਪ੍ਰਮਾਤਮਾ ਦੀ ਆਪਣੀ ਹੀ ਰਚੀ ਹੋਈ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲ ਲੈਂਦਾ ਹੈ ਉਸਨੂੰ ਆਪਣਾ **"ਸਚੁ"** ਹੀ ਸਮਝਾਉਂਦਾ ਹੈ। ਉਸ ਦੀ ਬਾਣੀ ਵਿੱਚ ਪੂਰਨ ਸੱਚ ਹੈ। **"ਸਚੁ"** ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜਿਸ ਆਪਣੇ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਹੈ। ਪ੍ਰਮਾਤਮਾ ਦਾ **"ਸਚੁ"** ਰੂਪ ਹੀ ਉਸਦਾ **"ਨਾਮ"** ਰੂਪ ਹੈ। ਜੋ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਉਸਦੇ ਇਸ **"ਸਚੁ ਬਾਣੀ"** ਦੀ ਸਮਝ ਰਾਹੀਂ ਪ੍ਰਮਾਤਮਾ ਦੇ ਨਾਲ ਇੱਕ ਸਮਝ ਵਾਲਾ ਬਣ ਜਾਂਦਾ ਹੈ ਉਹ ਹੀ ਆਪਣੇ **(ਨਿਜ ਥਾਉ)** ਵਿੱਚ ਪਹੁੰਚਦਾ ਹੈ ਭਾਵ ਆਪਣੇ ਨਿਜ ਘਰ ਵਿੱਚ ਪਹੁੰਚਦਾ ਹੈ, ਆਪਣੇ ਅਸਲ ਘਰ ਵਿੱਚ ਪਹੁੰਚਦਾ ਹੈ ਜੋ ਘਰ ਸਾਡੇ ਮਨ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ। ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਕੋਈ ਨਿਜ ਘਰ ਵਿੱਚ ਪਹੁੰਚ ਸਕਦਾ ਹੈ ਤੇ ਪ੍ਰਮਾਤਮਾ ਜਿਸਨੂੰ ਆਪਣੇ ਨਾਲ ਮੇਲਣਾ ਚਾਹੇ ਉਹੀ ਉਸਦੇ ਨਾਲ ਮਿਲ ਸਕਦਾ ਹੈ ਤੇ ਉਸਨੂੰ ਹੀ ਸੱਚੀ ਬਾਣੀ ਦੀ ਸਮਝ ਪੈ ਸਕਦੀ ਹੈ, ਨਾਮ ਦੀ ਸਮਝ ਪੈ ਸਕਦੀ ਹੈ, ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਸਕਦੀ ਹੈ ਜੋ ਸਮਝ ਮਨ ਦੇ ਵਿੱਚ ਉਹ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ। **(ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥)**

ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੀ ਭਗਤੀ ਵਿੱਚ ਰੱਤੇ ਜਾਣਾ ਕੀ ਹੈ। ਰੱਤੇ ਅਸੀਂ ਪ੍ਰਮਾਤਮਾ ਦੀ ਬਾਣੀ ਦੇ ਨਾਲ ਹੀ ਜਾਣਾ ਹੈ ਜੋ ਬਾਣੀ ਆਪਣੇ ਵਿਚਾਰਾਂ ਕਰਕੇ ਸੱਚੀ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਤੇ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਰੱਤੇ ਜਾਣਾ ਭਾਵ ਗੁਰੂ ਦੇ ਵਿਚਾਰਾਂ ਦੀ ਸੱਚੀ ਸਮਝ ਦੇ ਨਾਲ ਰੱਤੇ ਜਾਣਾ ਹੀ ਸੱਚ ਨਾਲ ਰੱਤੇ ਜਾਣਾ ਹੈ ਜਿਸ ਸੱਚ ਨਾਲ ਰੱਤੇ ਜਾਣਾ ਹੀ ਪ੍ਰਮਾਤਮਾ ਨਾਲ ਰੱਤੇ ਜਾਣਾ ਹੈ ਤੇ ਆਪਣੀ ਬਾਣੀ ਦੀ ਸੱਚੀ ਸਮਝ ਪ੍ਰਮਾਤਮਾ ਕਿਸੇ ਨੂੰ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੇ ਨਾਲ ਰੱਤੇ ਬਿਨਾਂ ਨਾ ਸਾਡਾ ਮਨ

47/6329

ਪ੍ਰਮਾਤਮਾ ਦੀ ਭਗਤੀ ਨਾਲ ਰਤਿਆ ਜਾ ਸਕਦਾ ਹੈ, ਨਾ ਸਾਡੀ ਜਿਹਵਾ ਰੱਤੀ ਜਾ ਸਕਦੀ ਹੈ, ਨਾ ਹੀ ਪ੍ਰਮਾਤਮਾ ਦੇ ਨਾਮ ਨਾਲ ਜੁੜਿਆ ਜਾ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਦੇ ਸੱਚੇ ਗੁਣ ਗਾਏ ਜਾ ਸਕਦੇ ਹਨ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥"

ਪ੍ਰਮਾਤਮਾ ਦੀ ਭਗਤੀ ਨਾਲ ਸਾਡੇ ਮਨ ਨੇ ਹੀ ਰਤਣਾ ਹੈ ਭਾਵ ਗੁਰੂ ਦੀ ਸੱਚੀ ਸਮਝ ਦੇ ਨਾਲ ਸਾਡੇ ਮਨ ਦੀ ਸਮਝ ਨੇ ਹੀ ਰਤਣਾ ਹੈ ਭਾਵ ਉਸਦੇ ਨਾਲ ਇੱਕ ਹੋਣਾ ਹੈ ਭਾਵ ਸ਼ਬਦ ਦੇ ਵਿਚਾਰਾਂ ਦੇ ਨਾਲ ਸਾਡੀ ਸੁਰਤਿ ਦੇ ਵਿਚਾਰਾਂ ਨੇ ਹੀ ਰਲਣਾ ਹੈ ਜੋ ਕਿ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਰਲਿਆ ਜਾ ਸਕਦਾ ਹੈ। ਜਦ ਤਕ ਗੁਰੂ ਦੀ ਮਤਿ ਦੇ ਨਾਲ ਸਾਡੇ ਮਨ ਦੀ ਸਮਝ ਨਹੀਂ ਰੱਤੀ ਜਾਂਦੀ ਤਦ ਤਕ ਸਾਡੀ ਜਿਹਵਾ ਵੀ ਨਹੀਂ ਰੱਤੀ ਜਾ ਸਕਦੀ ਕਿਉਂਕਿ ਸਾਡੀ ਜਿਹਵਾ ਨੇ ਉਹੀ ਕੁਝ ਬੋਲਣਾ ਹੈ ਜਿਹੋ ਜਿਹੀ ਉਸਨੂੰ ਮਨ ਦੇ ਵਿੱਚੋਂ ਸਮਝ ਪੈਂਦੀ ਹੈ। ਜੇ ਮਨ ਦੇ ਵਿੱਚੋਂ ਗੁਰਮਤਿ ਦੀ ਸੱਚੀ ਸਮਝ ਪਵੇਗੀ ਤਾਂ ਫਿਰ ਸਾਡੀ ਜਿਹਵਾ ਗੁਰਮਤਿ ਦੀ ਸਮਝ ਅਨੁਸਾਰ ਹੀ ਬੋਲੇਗੀ ਭਾਵ ਸੱਚ ਹੀ ਬੋਲੇਗੀ ਤੇ ਜਦ ਤਕ ਮਨ ਦੇ ਵਿੱਚ ਸਾਡੀ ਸਮਝ ਝੂਠੀ ਹੈ, ਅਗਿਆਨਤਾ ਵਾਲੀ ਹੈ, ਹਉਮੈ ਵਾਲੀ ਹੈ, ਮਨਮਤਿ ਵਾਲੀ ਹੈ ਫਿਰ ਜਿਹਵਾ ਵੀ ਉਹੋ ਕੁਝ ਹੀ ਬੋਲੇਗੀ ਜਿਹੋ ਜਿਹੀ ਮਨ ਦੇ ਵਿੱਚੋਂ ਸਮਝ ਪਵੇਗੀ। ਬਾਣੀ ਵਿੱਚ ਬਾਰ-ਬਾਰ ਜਿਹਵਾ ਰਾਹੀਂ ਭਾਵ ਰਸਨਾ ਰਾਹੀਂ ਪ੍ਰਮਾਤਮਾ ਦੇ ਗੁਣ ਗਾਉਣ ਦੀ ਗੱਲ ਆਉਂਦੀ ਹੈ ਪਰ ਜਦ ਤਕ ਮਨ ਦੀ ਸਮਝ ਸੱਚੀ ਨਹੀਂ ਹੈ ਤਦ ਤਕ ਜਿਹਵਾ ਪ੍ਰਮਾਤਮਾ ਦੇ ਗੁਣ ਗਾ ਹੀ ਨਹੀਂ ਸਕਦੀ ਭਾਵ ਮਨ ਦੇ ਭਰਮਾਂ ਵਾਲੇ ਵਿਚਾਰਾਂ ਨੂੰ ਹੀ ਠੀਕ ਸਮਝਕੇ ਮੰਨੇਗੀ। ਪ੍ਰਮਾਤਮਾ ਦੇ ਸੱਚੇ ਗੁਣ ਗਾਉਣੇ ਕੀ ਹਨ, ਪ੍ਰਮਾਤਮਾ ਦੀ ਭਗਤੀ ਕੀ ਹੈ, ਪ੍ਰਮਾਤਮਾ ਦਾ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੇ ਸੱਚੇ ਗੁਣ ਉਸ ਨਾਮ ਦੇ ਮਾਲਕ ਸੱਚੇ ਪ੍ਰਮਾਤਮਾ ਦੇ ਵਿੱਚ ਸਮਾਉਂਣ ਦੁਆਰਾ ਹੀ ਗਾਏ ਜਾ ਸਕਦੇ ਹਨ। ਉਸ ਸੱਚੇ ਦੇ ਵਿੱਚ ਸਾਡੇ ਮਨ ਦੀ ਸਮਝ ਨੇ ਹੀ ਸਮਾਉਣਾ ਹੈ। ਉਹ ਪ੍ਰਮਾਤਮਾ ਆਪਣੇ

ਸੱਚ ਦੁਆਰਾ ਸੱਚਾ ਹੈ, ਆਪਣੇ ਨਾਮ ਦੁਆਰਾ ਸੱਚਾ ਹੈ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਸੱਚਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਬ੍ਰਹਮ ਗਿਆਨ ਹੀ ਹੈ

47/6330

ਜੋ ਕਿ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ ਜੋ ਕਿ ਚਉਥੇ ਪਦ ਦੇ ਗਿਆਨ ਵਾਲੀ ਸਮਝ ਹੈ, ਸਹਜ ਗਿਆਨ ਵਾਲੀ ਸਮਝ ਹੈ। ਪ੍ਰਮਾਤਮਾ ਆਪ ਇਸ ਸਹਜ ਗਿਆਨ ਵਾਲੀ ਸਮਝ ਦੇ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਉਹ ਸਹਜ ਗਿਆਨ ਦੇ ਰੂਪ ਵਿੱਚ ਹੀ ਸਾਡਾ ਸਭ ਦਾ ਵਰ ਹੈ, ਸਾਡਾ ਖਸਮ ਹੈ ਜੋ ਸਾਡੇ ਸਭਦੇ ਅੰਦਰ ਹੀ ਹੈ। ਅਸੀਂ ਆਪਣੇ ਉਸ ਵਰ ਦੇ ਵਿੱਚ ਸਮਾਉਣਾ ਹੈ। ਉਸਦਾ ਸਹਜ ਗਿਆਨ ਰੂਪ ਹੀ ਉਸਦਾ ਨਾਮ ਰੂਪ ਹੈ। ਹਰ ਕੋਈ ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਹੈ, ਹਉਮੈ ਵਾਲੀ, ਮਾਇਆ ਵਾਲੀ ਸਮਝ ਦੇ ਵਿੱਚ ਹੈ ਤੇ ਆਪ ਪ੍ਰਮਾਤਮਾ ਸੱਚੀ ਸਮਝ ਦੇ ਵਿੱਚ ਹੈ। ਪ੍ਰਮਾਤਮਾ ਦੇ ਵਿੱਚ ਸਮਾਉਣਾ ਜਾਂ ਉਸਦੇ ਨਾਮ ਦੇ ਵਿੱਚ ਸਮਾਉਣਾ ਇੱਕੋ ਹੀ ਗੱਲ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਵਾਲੀ ਸਮਝ ਨੇ ਗੁਰੂ ਦੇ ਸੱਚੇ ਗਿਆਨ ਦੀ ਸਮਝ ਵਿੱਚ ਸਮਾਉਣਾ ਹੈ ਜਿਸ ਸੱਚੀ ਸਮਝ ਦੁਆਰਾ ਉਸ ਪ੍ਰਮਾਤਮਾ ਦੇ ਸੱਚੇ ਗੁਣ ਗਾਏ ਜਾ ਸਕਦੇ ਹਨ। **(ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥ ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥ ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥ ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥ ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥)**

ਉਪਰ ਵਾਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਗਹਿਰਾਈ ਨਾਲ ਸਮਝਿਆ ਹੈ ਕਿ ਸਾਡੇ ਅੰਦਰ **"ਦੁਖੁ"** ਕੀ ਹੈ ਤੇ **"ਸੁਖੁ"** ਕੀ ਹੈ। ਸਾਡੀ ਹਉਮੈ ਨੂੰ ਹੀ ਦੁੱਖ ਦਾ ਕਾਰਨ ਕਿਹਾ ਹੈ ਤੇ ਮਨ ਦੇ ਅੰਦਰ ਦੀ ਮਾਇਆ ਨੂੰ ਵੀ ਸਾਡਾ ਦੁੱਖ ਕਿਹਾ ਹੈ। ਸਾਡੇ ਅੰਦਰ ਦੁੱਖ ਦਾ ਕਾਰਨ ਅਸਲ ਵਿੱਚ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਜੋ ਸਾਨੂੰ ਸੁਖੁ ਦੀ ਪ੍ਰਾਪਤੀ ਕਰਨ ਤੋਂ ਦੂਰ ਰੱਖਦੀ ਹੈ। ਸਾਡੇ ਮਨ ਦੇ ਜੋ ਮਾੜੇ ਵਿਚਾਰ ਹਨ ਸਾਡੇ ਦੁੱਖਾਂ ਦਾ ਕਾਰਨ ਉਹੀ ਹਨ ਜੋ ਮਾੜੇ ਵਿਚਾਰ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਤੇ ਸਾਡੇ ਮਾੜੇ ਕਰਮ ਦੂਜਿਆਂ ਨੂੰ ਵੀ ਦੁੱਖ ਪਹੁੰਚਾਦੇ ਹਨ। ਸਾਡੇ ਮਨ ਦੇ ਮਾੜੇ ਵਿਚਾਰ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਦੀ ਉਪਜ ਹੀ ਹਨ ਤੇ ਇਹ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣਾ ਸਾਡੇ ਅੰਦਰ ਦਾ ਦੁੱਖ ਹੈ, ਸਾਡੇ ਅੰਦਰ ਹਰ ਵੇਲੇ ਦੀ ਪਰੇਸ਼ਾਨੀ ਦਾ ਕਾਰਨ ਹੈ ਜਿਨ੍ਹਾਂ ਕਰਕੇ ਮਨੁੱਖ ਹਰ ਵੇਲੇ ਟੈਨਸ਼ਨ ਵਿੱਚ ਰਹਿੰਦਾ ਹੈ। ਸਾਡੀਆਂ ਟੈਨਸ਼ਨਾਂ ਦਾ ਕਾਰਨ ਸਾਡੇ ਮਨ ਦੇ ਅੰਦਰ ਦਾ ਲੋਭ ਹੈ, ਲਾਲਚ ਹੈ ਜਿਸ ਲੋਭ ਲਾਲਚ ਵਿੱਚ ਸਾਨੂੰ ਮਨ ਦੀ ਹਉਮੈ ਹੀ ਪਾਉਂਦੀ ਹੈ ਭਾਵ ਅਗਿਆਨਤਾ ਵਾਲੀ ਸਮਝ ਪਾਉਂਦੀ ਹੈ ਜੋ ਸਮਝ ਸਾਨੂੰ ਧਰਮ ਦੇ ਸਹੀ ਮਾਰਗ ਨੂੰ ਸਮਝਣ ਤੋਂ ਤੇ ਉਸ ਤੇ ਚੱਲਣ ਤੋਂ ਦੂਰ ਰੱਖਦੀ ਹੈ। ਮਨ ਦੀ ਹਉਮੈ ਮਰੇ ਬਿਨਾਂ ਮਨੁੱਖ ਲੋਭ ਲਾਲਚ ਵਿੱਚੋਂ ਨਹੀਂ ਨਿਕਲ ਸਕਦਾ ਭਾਵ ਮਨ ਦੇ ਦੁੱਖਾਂ ਵਿੱਚੋਂ ਨਹੀਂ ਨਿਕਲ ਸਕਦਾ। ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ

47/6331

ਦੁਆਰਾ ਸਮਝਦੇ ਹਾਂ ਕਿ ਸਾਡੇ ਅੰਦਰ ਦਾ ਵੱਡਾ ਦੁਖੁ ਕੀ ਹੈ ਤੇ ਉਸ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ।

"ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥"

(ਅੰਗ ੪੧੯)

ਸਾਨੂੰ ਮਨ ਦੇ ਦੁੱਖਾਂ ਵਿੱਚੋਂ ਕੱਢਣ ਵਾਲਾ **"ਸੁਖੁ"** ਦਾ ਮਾਲਕ ਪ੍ਰਮਾਤਮਾ ਆਪ ਹੈ। ਦੁੱਖਾਂ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਅਸੀਂ ਆਪ ਹੀ ਕਰਨਾ ਹੈ। ਸਾਡਾ ਸੱਚਾ ਉੱਦਮ ਉਹੀ ਹੈ ਸਾਡੇ ਜਿਸ ਉੱਦਮ ਦੁਆਰਾ ਪ੍ਰਮਾਤਮਾ ਨੂੰ ਖੁਸ਼ੀ ਮਿਲੇ ਤਾਂ ਜੋ ਸਾਡੀ ਪ੍ਰਮਾਤਮਾ ਨਾਲ **"ਬਣਿ"** ਆ ਸਕੇ ਭਾਵ ਅਸੀਂ ਪ੍ਰਮਾਤਮਾ ਨੂੰ ਚੰਗੇ ਲੱਗ ਸਕੀਏ। ਪ੍ਰਮਾਤਮਾ ਆਪ ਗੁਰੂ ਹੈ ਤੇ ਗੁਰੂ ਨੂੰ ਉਹ ਮਨੁੱਖ ਹੀ ਚੰਗਾ ਲੱਗਦਾ ਹੈ ਜੋ ਉਸਦੀ ਸਮਝਾਈ ਹੋਈ ਗੱਲ ਨੂੰ ਮੰਨਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਦਾ ਹੈ। ਉਪਰ ਵਾਲੇ ਪਹਿਲੇ ਪਦੇ ਰਾਹੀਂ ਸਾਨੂੰ ਮਨ ਦਾ ਲੋਭ ਨਿਵਾਰਨ ਲਈ ਸਮਝਾਇਆ ਹੋਇਆ ਹੈ ਭਾਵ ਗੁਰੂ ਦੀ ਮਤਿ ਲੈਣ ਦੁਆਰਾ ਲੋਭ ਛੱਡਣ ਲਈ ਸਮਝਾਇਆ ਹੋਇਆ ਹੈ ਤੇ ਮਨ ਦੇ ਲੋਭ ਛੱਡਣ ਦੁਆਰਾ ਹੀ ਸਾਡੀ ਗੁਰੂ ਪ੍ਰਮਾਤਮਾ ਨਾਲ ਬਣ ਆ ਸਕਦੀ ਹੈ। ਜਦ ਤਕ ਅਸੀਂ ਲੋਭ ਲਾਲਚ ਵਿੱਚ ਰਹਿੰਦੇ ਹਾਂ ਉਸ ਲਈ ਸਾਡੇ ਮਨ ਨੂੰ ਰਾਜਾ ਕਿਹਾ ਹੈ ਜੋ ਆਪਣੇ ਆਪ ਨੂੰ ਉੱਚਾ ਸਮਝਦਾ ਹੈ। ਉੱਚਾ ਮਨੁੱਖ ਭਾਵ ਆਪਣੇ ਆਪ ਨੂੰ ਰਾਜਾ ਅਖਵਾਉਣ ਵਾਲਾ ਕਿਸੇ ਦੂਸਰੇ ਦੀ ਗੱਲ ਨੂੰ ਮੰਨਣ ਦੀ ਪ੍ਰਵਾਹ ਨਹੀਂ ਕਰਦਾ ਭਾਵ ਆਪਣੀ ਸਮਝ ਤੇ ਹੀ ਭਰੋਸਾ ਰੱਖਦਾ ਹੈ। ਇਹੋ ਜਿਹੀ ਅਵਸਥਾ ਵਾਲੇ ਮਨੁੱਖ ਨੂੰ ਕੁਝ ਵੀ ਸਮਝਾਉਣਾ ਬਹੁਤ ਔਖਾ ਹੁੰਦਾ ਹੈ। ਗੁਰੂ ਸਾਨੂੰ ਇਹ ਰਾਜੇ ਵਾਲੀ ਬਿਰਤੀ ਛੱਡਣ ਲਈ ਸਮਝਾ ਰਿਹਾ ਹੈ ਤੇ ਇਹ ਮਨ ਦੀ ਬਿਰਤੀ ਅਸੀਂ ਤਾਂ ਹੀ ਛਡਾਂਗੇ ਜੇ ਅਸੀਂ ਅਸਲ ਵਿੱਚ ਗੁਰੂ ਨੂੰ ਰਾਜਾ ਮੰਨਾਂਗੇ ਭਾਵ ਗੁਰੂ ਦੀ ਸਮਝ ਨੂੰ ਉੱਚਾ ਮੰਨਾਂਗੇ ਤੇ ਆਪਣੀ ਸਮਝ ਨੂੰ ਨੀਵਾਂ ਮੰਨਾਂਗੇ। ਆਪਣੀ ਸਮਝ ਨੂੰ ਕੋਈ ਨੀਵਾਂ ਨਹੀਂ ਕਰਨਾ ਚਾਹੁੰਦਾ ਜਿਸ ਸਮਝ ਨੂੰ ਨੀਵਾਂ ਕੀਤੇ ਬਿਨਾਂ ਗੁਰੂ ਦੀ ਸਮਝ ਨੂੰ ਉੱਚਾ ਨਹੀਂ ਕੀਤਾ ਜਾ ਸਕਦਾ ਤੇ ਗੁਰੂ ਦੀ ਸਮਝ ਨੂੰ ਉੱਚਾ ਕੀਤੇ ਬਿਨਾਂ ਗੁਰੂ ਪ੍ਰਮਾਤਮਾ ਦੇ ਨਾਲ ਸਾਡੀ ਬਣ ਵੀ ਨਹੀਂ ਆ ਸਕਦੀ ਭਾਵ ਮਨ ਦਾ ਲੋਭ ਲਾਲਚ ਛੱਡੇ ਬਿਨਾਂ ਸਾਡੀ ਪ੍ਰਮਾਤਮਾ ਦੇ ਨਾਲ ਬਣ ਨਹੀਂ ਆ ਸਕਦੀ ਤੇ ਸਾਨੂੰ ਸੁਖੁ ਦੀ ਪ੍ਰਾਪਤੀ ਦੀ ਇੱਛਾ ਵੀ ਤਾਂ ਹੀ ਕਰਨੀ ਚਾਹੀਦੀ ਹੈ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨੀਏ ਤੇ

47/6332

ਮਨ ਦੇ ਲੋਭ ਲਾਲਚ ਵਿੱਚੋਂ ਨਿਕਲੀਏ। **(ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥)**

ਉਪਰ ਵਾਲੇ ਪਦੇ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰਮੁਖਿ ਰੂਪ ਬਣਨਾ ਕੀ ਹੈ ਜੋ ਕਿ ਸਾਡੇ ਮਨ ਦੀ ਸਮਝ ਨੇ ਹੀ ਬਣਨਾ ਹੈ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਬਣਨਾ ਹੈ, ਲੋਭ ਲਾਲਚ ਛੱਡ ਕੇ ਬਣਨਾ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਸਾਡਾ **"ਮਨਮੁਖੁ"** ਰੂਪ ਕੀ ਹੈ, ਮਨਮੁਖੁ ਸਾਨੂੰ ਕਿਸ ਲਈ ਕਿਹਾ ਹੈ ਇਹ ਗੱਲ ਸਪਸ਼ਟ ਕੀਤੀ ਹੋਈ ਹੈ ਤੇ ਹਰ ਕੋਈ ਆਸਾਨੀ ਨਾਲ

ਸਮਝ ਸਕਦਾ ਹੈ।

“ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥”

ਕਲਰ ਵਿੱਚ ਖੇਤੀ ਬੀਜਣਾ ਕੀ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਕਲਰ ਵਿੱਚ ਖੇਤੀ ਬੀਜਣ ਨਾਲ ਕੁਝ ਵੀ ਪ੍ਰਾਪਤੀ ਨਹੀਂ ਹੁੰਦੀ ਭਾਵ ਕੇਵਲ ਇਹ ਬੇਕਾਰ ਦੀ ਕਿਰਿਆ ਹੈ ਜਿਸ ਨਾਲ ਕੋਈ ਲਾਭ ਨਹੀਂ ਮਿਲਦਾ। ਇਹ ਜੋ ਸਾਨੂੰ ਉਪਰ ਖੇਤੀ ਸਮਝਾਈ ਹੋਈ ਹੈ ਇਹ ਸਾਡੇ ਮਨ ਦੀ ਖੇਤੀ ਸਮਝਾਈ ਹੋਈ ਹੈ, ਆਪਣੇ ਮਨ ਦੇ ਵਿੱਚ ਬੀਜ ਬੀਜਣੇ ਸਮਝਾਏ ਹੋਏ ਹਨ। ਸਾਡੇ ਮਨ ਦੀ ਜੋ ਸਮਝ ਹੈ ਭਾਵ ਜੋ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ, ਮਾਇਆ ਮੋਹ ਵਾਲੀ ਸਮਝ ਹੈ ਇਹ ਸਾਡੇ ਅੰਦਰ ਦਾ ਕਲਰ ਹੈ। ਮਨ ਦੀ ਨਾਮਸਝ ਮਤਿ ਵਿੱਚ ਅਸੀਂ ਜੇਕਰ ਨਾਸਮਝੀ ਵਾਲੇ ਵਿਚਾਰ ਪਾਵਾਂਗੇ ਤੇ ਸਾਡੇ ਅੰਦਰ ਦਾ ਕਲਰ ਦੂਰ ਨਹੀਂ ਹੋ ਸਕਦਾ। ਮਨ ਦਾ ਕਲਰ ਦੂਰ ਕਰਨ ਲਈ ਗੁਰੂ ਦੀ ਸੱਚੀ ਮਤਿ ਹੈ ਭਾਵ ਗੁਰੂ ਦਾ ਨਾਮ ਹੈ ਭਾਵ ਗੁਰੂ ਦੇ ਸ਼ਬਦਾਂ ਵਾਲੇ ਵਿਚਾਰ ਹਨ। ਜੇਕਰ ਨਾਮ ਦੇ ਵਿਚਾਰਾਂ ਨੂੰ ਆਪਣੇ ਅੰਦਰ ਬੀਜਾਂਗੇ ਤੇ ਤਾਂ ਹੀ ਅਸੀਂ ਮਨ ਦੇ ਕਲਰ ਵਿੱਚੋਂ ਨਿਕਲ ਸਕਦੇ ਹਾਂ ਤੇ ਉਹਨਾਂ ਸੱਚੇ ਵਿਚਾਰਾਂ ਰਾਹੀਂ ਸਾਡੇ ਅੰਦਰ ਜੋ ਫਸਲ ਉੱਗੇਗੀ ਭਾਵ ਨਾਮ ਰੂਪ ਬੀਜ ਬੀਜਣ ਦੁਆਰਾ ਜੋ ਫਸਲ ਉੱਗੇਗੀ ਉਸਦੇ ਨਾਲ ਹੀ ਸਾਨੂੰ ਲਾਹੇ ਦੀ ਪ੍ਰਾਪਤੀ ਹੋਵੇਗੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦਾ ਲਾਭ ਮਿਲੇਗਾ ਜਿਸ ਪ੍ਰਾਪਤੀ ਨਾਲ ਸਾਨੂੰ ਸੁਖੁ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਾਨੂੰ ਲਾਹੇ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਲਾਹੇ ਦੀ ਪ੍ਰਾਪਤੀ ਸੱਚ ਤੇ ਚੱਲਣ ਨਾਲ ਹੀ ਹੁੰਦੀ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਨਾਲ ਹੀ ਹੁੰਦੀ ਹੈ। ਜੋ ਗੁਰੂ ਦੇ ਸਮਝਾਏ ਹੋਏ ਸੱਚ ਦੇ ਨਾਲ ਨਹੀਂ ਭਿੱਜਦਾ ਭਾਵ ਸ਼ਬਦ ਦੇ ਵਿਚਾਰਾਂ ਨੂੰ ਨਹੀਂ ਮੰਨਦਾ

ਉਸਨੂੰ **“ਮਨਮੁਖੁ”** ਕਿਹਾ ਹੈ। ਸੱਚ ਨਾਲ ਨਾ ਭਿੱਜਣ ਵਾਲਾ ਕਿਹੋ ਜਿਹਾ ਹੁੰਦਾ ਹੈ ਭਾਵ ਮਨਮੁਖੁ ਕਿਹੋ ਜਿਹਾ ਹੁੰਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਸਾਡੇ ਸਭਦੇ ਅੰਦਰ ਜੋ ਸਮਝ ਹੈ ਉਹ **“ਕੂੜ”** ਵਾਲੀ ਸਮਝ ਹੈ ਭਾਵ ਹਉਮੈ ਵਾਲੀ ਸਮਝ ਹੈ, ਮਾਇਆ ਮੋਹ ਵਾਲੀ ਸਮਝ ਹੈ ਜਿਸਨੂੰ ਸੱਚ ਦੀ ਸਮਝ ਨਹੀਂ ਹੁੰਦੀ ਭਾਵ ਗੁਰਮਤਿ ਦੀ ਸੱਚੀ ਸਮਝ ਨਹੀਂ ਹੁੰਦੀ। ਮਨ ਦੇ ਕਲਰ ਵਿੱਚੋਂ ਸਾਨੂੰ ਗੁਰੂ ਦੀ ਸੱਚੀ ਮਤਿ ਹੀ ਕੱਢ ਸਕਦੀ ਹੈ ਤੇ ਗੁਰੂ ਦੇ ਸੱਚ ਨਾਲ ਭਿੱਜਣ ਦੀ ਬਜਾਇ ਜੋ ਕੂੜ ਵਾਲੀ ਮਤਿ ਨਾਲ ਹੀ ਜੁੜੇ ਰਹਿੰਦੇ ਹਨ ਉਹ ਕੂੜੀ ਮਤਿ ਦੇ ਭਾਰ ਨਾਲ ਹੀ ਗੱਡੇ ਜਾਂਦੇ ਹਨ ਭਾਵ ਦੱਬੇ ਜਾਂਦੇ ਹਨ ਜਿਸ ਕਰਕੇ ਉਹ ਗੁਰੂ ਦੇ ਸੱਚ ਨਾਲ ਨਹੀਂ ਜੁੜਦੇ ਤੇ ਲਾਹੇ ਦੀ ਪ੍ਰਾਪਤੀ ਦਾ ਸੱਚਾ ਉੱਦਮ ਨਹੀਂ ਕਰਦੇ। **(ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥)**

ਸਾਡੇ ਅੰਦਰ **“ਕੂੜੁ”** ਕੀ ਹੈ ਤੇ ਉਸ ਕੂੜੁ ਦੁਆਰਾ ਭਾਵ ਆਪਣੀ ਮਨਮੁਖਤਾ ਦੁਆਰਾ ਭਾਵ ਮਨ ਦੀ ਨਾਸਮਝੀ ਦੁਆਰਾ ਦੁਖੁ ਹੀ ਪਾਉਂਦੇ ਹਾਂ ਜਿਵੇਂ ਕਿ ਅਗਲੇ ਪਦੇ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ।

“ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੋ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥”

ਉਪਰ ਵਾਲੀਆਂ ਪੰਗਤੀਆਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਡੇ ਅੰਦਰ ਵੱਡਾ **“ਦੁਖੁ”** ਕਿਸਨੂੰ ਕਿਹਾ ਹੈ ਭਾਵ ਸਾਡੇ ਅੰਦਰ ਦੇ ਲਾਲਚ ਨੂੰ, ਮਾਇਆ ਨੂੰ ਕਿਹਾ ਹੈ ਜਿਸ ਕਰਕੇ ਸਾਨੂੰ ਅੰਧੇ ਕਿਹਾ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਕਿਹਾ ਹੈ। ਮਨ ਦੇ ਅੰਧੇਪਨ ਵਿੱਚ ਉਹੀ ਰਹਿੰਦੇ ਹਨ ਜੋ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਨਹੀਂ ਭਿੱਜਦੇ ਭਾਵ ਮਨ ਦੀ **“ਕੂੜੁ”** ਵਾਲੀ ਸਮਝ ਨਹੀਂ ਛੱਡਦੇ। ਸਾਡੇ ਅੰਦਰ ਦੀ ਕੂੜ ਵਾਲੀ ਸਮਝ ਹੀ ਸਾਡੇ ਅੰਦਰ ਦੀ ਹਉਮੈ ਹੈ ਜਿਸ ਹਉਮੈ ਨੂੰ ਉਪਰ ਪੰਗਤੀਆਂ ਰਾਹੀਂ ਸਾਡੀ **“ਬਿਖੁ”** ਕਹਿ ਕੇ ਸਮਝਾਇਆ ਹੋਇਆ ਹੈ ਭਾਵ ਸਾਡੇ ਅੰਦਰ ਦਾ ਜਹਿਰ ਕਹਿ ਕੇ ਸਮਝਾਇਆ ਹੋਇਆ ਹੈ। ਮਨ ਦੀ ਇਹ ਜਹਿਰ ਵਾਲੀ ਸਮਝ ਹੀ ਸਾਨੂੰ ਜਹਿਰ ਦੇ ਸੁਆਦ ਵਿੱਚ ਰੱਖਦੀ ਹੈ। ਮਨ ਦਾ ਲਾਲਚ ਸਾਡੇ ਲਈ ਜਹਿਰ ਹੈ ਪਰ ਸਾਨੂੰ ਉਹ ਜਹਿਰ ਖਾਣਾ ਚੰਗਾ ਲੱਗਦਾ ਹੈ। ਇਹ ਜਹਿਰ ਦਾ ਸਵਾਦ ਹੀ ਸਾਡੇ

ਦੁਖੁ ਦਾ ਵੱਡਾ ਕਾਰਨ ਹੈ ਜਿਸ ਕਰਕੇ ਅਸੀਂ ਗੁਰਮਤਿ ਦੇ ਉਲਟ ਚੱਲਦੇ ਹਾਂ ਤੇ ਪ੍ਰਮਾਤਮਾ ਦੇ ਦਰ ਤੋਂ ਦੁਖੁ ਪਾਉਂਦੇ ਹਾਂ। ਪ੍ਰਮਾਤਮਾ ਦਾ ਦਰ ਸਾਡੇ ਅੰਦਰ ਹੀ ਹੈ। ਸਾਨੂੰ ਮਨ ਦੀਆਂ ਟੈਨਸ਼ਨਾਂ ਮਨ ਦੇ ਵਿੱਚੋਂ ਹੀ ਆਉਂਦੀਆਂ ਹਨ ਤੇ ਉਹਨਾਂ ਟੈਨਸ਼ਨਾਂ ਤੋਂ ਅਸੀਂ ਤਾਂ ਹੀ ਬੱਚ ਸਕਦੇ ਹਾਂ ਜੇਕਰ ਗੁਰੂ ਦੀ ਮਤਿ ਨੂੰ ਮੰਨਕੇ ਮਾਇਆ ਮੋਹ ਛੱਡੀਏ, ਲੋਭ ਲਾਲਚ ਛੱਡੀਏ, ਸਾਰੇ ਵਿਕਾਰ ਛੱਡੀਏ ਭਾਵ ਮਾੜੇ

ਕਰਮ ਕਰਨੇ ਛੱਡੀਏ, ਤ੍ਰਿਸ਼ਨਾਵਾਂ ਛੱਡੀਏ ਤੇ ਮਨ ਦੇ ਸੰਤੋਖ ਦੁਆਰਾ ਵਿਚਰੀਏ। ਮਨ ਦੀ ਨਾਸਮਝ ਮਤਿ ਛੱਡੇ ਬਿਨਾਂ, ਹਉਮੈ ਛੱਡੇ ਬਿਨਾਂ ਅਸੀਂ ਦੁੱਖ ਦੇਣ ਵਾਲੀ ਸਮਝ ਵਿੱਚੋਂ ਨਹੀਂ ਨਿਕਲ ਸਕਦੇ। **"ਸੁਖੁ"** ਕੇਵਲ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਵਿੱਚ ਹੈ ਜਿਸ ਲਈ ਉੱਦਮ ਅਸੀਂ ਹੀ ਕਰਨਾ ਹੈ ਤੇ ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ ਉਸਦੇ ਮਨ ਵਿੱਚ ਪ੍ਰਮਾਤਮਾ ਆਪਣਾ ਆਪ ਵਸਾਉਣ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਉਹ ਆਪਣੀ ਸੱਚੀ ਗੁਰਮਤਿ ਹੀ ਬਖਸ਼ਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ ਤੇ ਕਿਸੇ ਨੂੰ ਦੁੱਖਾਂ ਵਿੱਚੋਂ ਕੱਢਦਾ ਹੈ ਭਾਵ ਸਾਨੂੰ ਦੁੱਖਾਂ ਵਿੱਚ ਪਾਉਣ ਵਾਲੀ ਹਉਮੈ ਵਿੱਚੋਂ ਕੱਢਦਾ ਹੈ, ਮਨ ਦੀ ਨਾਸਮਝ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਦਾ ਹੈ ਤੇ ਆਪਣੇ ਸੱਚ ਨਾਲ ਜੋੜ ਲੈਂਦਾ ਹੈ। ਉਹ ਆਪ ਸੱਚ ਦਾ ਮਾਲਕ ਹੈ ਤੇ ਸੱਚ ਤੇ ਚੱਲਣ ਨਾਲ **"ਸੁਖੁ"** ਹੀ ਮਹਿਸੂਸ ਹੁੰਦਾ ਹੈ। **(ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥ ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥ ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥)**

ਸਾਡੇ ਜੀਵਨ ਦਾ ਮਕਸਦ ਆਪਣੇ ਅੰਦਰੋਂ ਸੱਚ ਨੂੰ ਪਛਾਨਣ ਦਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਹੈ ਜਿਸਨੂੰ ਜਾਣੇ ਬਿਨਾਂ ਸੱਚੇ ਸੁਖੁ ਦੀ ਪ੍ਰਾਪਤੀ ਨਹੀਂ ਹੋ ਸਕਦੀ ਤੇ ਮਨੁੱਖ ਹਉਮੈ ਦੇ ਦੁੱਖ ਵਿੱਚੋਂ ਨਹੀਂ ਨਿਕਲ ਸਕਦਾ, ਮਨ ਦੇ ਲਾਲਚ ਵਿੱਚੋਂ ਨਹੀਂ ਨਿਕਲ ਸਕਦਾ। ਗੁਰੂ ਦੇ ਸ਼ਬਦਾਂ ਦਾ ਮਕਸਦ ਸਾਨੂੰ ਇਹੀ ਸਿਖਾਉਣ ਨਾਲ ਹੈ ਕਿ ਅਸੀਂ ਉਹ ਕੁਝ ਕਰੀਏ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਛਾਣ ਸਕੀਏ। ਇਸੇ ਗੱਲ ਨੂੰ ਅਸੀਂ ਉਪਰ ਵਾਲੇ ਸ਼ਬਦ ਦੇ ਦੂਸਰੇ ਪਦੇ ਰਾਹੀਂ ਸਮਝ ਸਕਦੇ ਹਾਂ।

"ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥"

ਇਸ ਤੋਂ ਸਪਸ਼ਟ ਸਾਨੂੰ ਗੁਰ ਸਾਹਿਬ ਹੋਰ ਕੀ ਸਮਝਾਉਣ ਕਿ ਉਸ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕਿਸ ਤਰੀਕੇ ਪਛਾਣਿਆ ਜਾ ਸਕਦਾ ਹੈ। ਪ੍ਰਮਾਤਮਾ ਸਾਡੇ ਸਭਦੇ ਅੰਦਰ ਹੀ ਹੈ ਭਾਵ

ਮਨ ਦੀ ਸਮਝ ਦੇ ਵਿੱਚ ਹੀ ਹੈ ਤੇ ਸਾਡਾ ਪੜਦਾ ਵੀ ਉਸਦੇ ਨਾਲ ਮਨ ਦੀ ਸਮਝ ਦੇ ਵਿੱਚ ਹੀ ਹੈ, **"ਹਉਮੈ"** ਦੇ ਰੂਪ ਵਿੱਚ ਹੀ ਹੈ ਭਾਵ ਮਨ ਦੀ ਨਾਸਮਝ ਮਤਿ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਨਾਸਮਝ ਮਾੜੀ ਮਤਿ ਵਿੱਚੋਂ ਨਿਕਲੇ ਬਿਨਾਂ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਪਛਾਣ ਸਕਦੇ ਜੋ ਕਿ ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ ਸਾਡੇ ਅੰਦਰ ਹੀ ਹੈ, ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ। ਜਦੋਂ ਵੀ ਮਨੁੱਖ ਤੇ ਪ੍ਰਮਾਤਮਾ ਦੇ ਨਾਲ ਮੇਲ ਦੀ ਕ੍ਰਿਪਾ ਹੋਣੀ ਹੈ ਉਹ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੋਣੀ ਹੈ ਤੇ ਉਸ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਪਛਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ, ਨਹੀਂ ਹੈ, ਨਹੀਂ ਹੈ। ਮਨ ਦੇ ਵਿਚਾਰਾਂ ਰਾਹੀਂ ਹੀ ਅਸੀਂ ਦੁੱਖ ਸਹਿੰਦੇ ਹਾਂ ਤੇ ਮਨ ਦੇ ਵਿਚਾਰਾਂ ਵਿੱਚੋਂ ਹੀ ਸਾਨੂੰ ਸੁੱਖ ਦੀ ਪ੍ਰਾਪਤੀ ਹੋਣੀ ਹੈ ਜਿਸ ਅਸਲ **"ਸੁਖੁ"** ਦੀ ਪ੍ਰਾਪਤੀ ਸ਼ਿਵ ਬ੍ਰਹਮਾ ਨੂੰ ਵੀ ਨਹੀਂ ਹੋਈ ਕਿਉਂਕਿ ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਆਪਣੇ ਆਪ ਨੂੰ ਕਿਸ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਕਰਦਾ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਵੱਡਾ ਕਹਿ ਸਕੇ ਇਹ ਹੋ ਹੀ ਨਹੀਂ ਸਕਦਾ। ਅਸਲ ਸੁੱਖ ਪ੍ਰਮਾਤਮਾ ਦੇ ਵੱਡੇਪਨ ਨੂੰ ਜਾਨਣ ਦੇ ਵਿੱਚ ਹੈ ਜੋ ਕਿ ਸਭ ਕੁਝ ਆਪ ਹੀ ਹੈ, ਆਪ ਹੀ ਹੈ, ਆਪ ਹੀ ਹੈ। ਆਪਣੀ ਮਾੜੀ ਸਮਝ ਵਿੱਚੋਂ ਨਿਕਲੇ ਬਿਨਾ, ਕੂੜੀ ਮਤਿ ਛੱਡੇ ਬਿਨਾਂ ਭਾਵ ਝੂਠੀ ਮਤਿ ਛੱਡੇ ਬਿਨਾਂ, ਮਨ ਦਾ ਲੋਭ ਲਾਲਚ ਛੱਡੇ ਬਿਨਾਂ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਵਾਲਾ ਨਹੀਂ ਬਣ ਸਕਦਾ। ਆਪਣੇ ਆਪ ਨੂੰ ਵੱਡਾ ਅਖਵਾਉਣਾ ਵੀ, ਸੰਤ ਆਦਿ ਅਖਵਾਉਣਾ ਵੀ, ਸਾਡਾ ਕੂੜ ਹੀ ਹੈ, ਸਾਡਾ ਝੂਠਾ ਲਾਲਚ ਹੀ ਹੈ। ਆਪਣੀ ਝੂਠੀ ਮਤਿ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਜੋ ਵਿਚਾਰ ਸਾਨੂੰ ਸੱਚ ਹੀ ਸਮਝਾਉਂਦਾ ਹੈ। ਜਦ ਤਕ ਸਾਡੇ ਮਨ ਦੀ ਝੂਠੀ ਸਮਝ ਗੁਰੂ ਦੇ ਸ਼ਬਦਾਂ ਦੇ ਵਿੱਚ ਨਹੀਂ ਸਮਾਉਂਦੀ ਤਦ ਤਕ ਅਸੀਂ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਨਹੀਂ ਪਛਾਣ ਸਕਦੇ। ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਪਛਾਨਣਾ ਜਾਂ **"ਪਰਮਾਰਥੁ"** ਨੂੰ ਜਾਨਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਆਪ ਉਸ ਪਰਮਾਰਥੁ ਦੇ ਵਿੱਚ ਹੀ ਹੈ ਭਾਵ ਆਪਣੇ ਸਭ ਤੋਂ ਉੱਚੇ ਧਨ ਦੇ ਰੂਪ ਵਿੱਚ ਹੀ ਹੈ। ਸ਼ਬਦਾਂ ਦੇ ਅੰਦਰ ਜੋ ਵਿਚਾਰ ਹੈ ਉਹ

ਨਾਮ ਹੈ ਭਾਵ ਨਾਮ ਦਾ ਧਨ ਹੈ ਜੋ ਸੰਸਾਰ ਦਾ ਸਭ ਤੋਂ ਉੱਚਾ ਧਨ ਹੈ। ਆਪਣੇ ਅੰਦਰੋਂ ਨਾਮ ਧਨ ਨੂੰ ਜਾਨਣਾ ਜਾਂ ਪ੍ਰਮਾਤਮਾ ਨੂੰ ਜਾਨਣਾ ਇੱਕੋ ਹੀ ਗੱਲ ਹੈ ਜਿਸਨੂੰ ਜਾਨਣ ਦਾ ਤਰੀਕਾ ਮਨ ਦੇ ਮਾੜੇ ਵਿਚਾਰਾਂ ਨੂੰ ਛੱਡਣ ਦਾ ਹੈ ਭਾਵ ਮਨਮਤਿ ਨੂੰ ਛੱਡਣ ਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਸਮਝ ਵਿੱਚ ਸਮਾਉਣ ਦਾ ਹੈ ਜਿਸ ਸਮਝ ਵਿੱਚ ਆਪਣੀ ਸਮਝ ਨੂੰ ਛੱਡਣ ਦੁਆਰਾ ਹੀ ਸਮਾਇਆ ਜਾ ਸਕਦਾ ਹੈ ਤੇ ਉਸ ਪ੍ਰਮਾਤਮਾ ਦੇ, ਨਾਮ ਧਨ ਦੇ ਮਾਲਕ ਦੇ ਆਪਣੇ ਅੰਦਰੋਂ ਦਰਸ਼ਨ ਕੀਤੇ ਜਾ ਸਕਦੇ ਹਨ ਤੇ ਮਨ ਦੇ ਦੁੱਖਾਂ ਵਿੱਚੋਂ ਨਿਕਲਕੇ ਅਸਲ **"ਸੁਖੁ"** ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। **(ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥)**

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥

ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥

ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥

ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥

ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥

ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥

ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥

ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

ਇਸ ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਪਿੱਛੇ ਪਹਿਲੇ ਹੀ ਸਮਝ ਚੁਕੇ ਹਾਂ ਜਿਸ ਰਾਹੀਂ ਸਾਨੂੰ ਸਾਡੇ ਅੰਦਰ ਦੇ ਦੁਖ ਸੁਖ ਦੀ ਹੀ ਸਮਝਾਈ ਹੋਈ ਹੈ। ਸੱਚੇ **"ਸੁਖੁ"** ਦੀ ਪ੍ਰਾਪਤੀ ਕੇਵਲ ਮਨ ਦੇ ਵਿੱਚ ਉਸ ਸੁਖ ਦੇ ਮਾਲਕ ਪ੍ਰਮਾਤਮਾ ਦੇ ਨਾਲ ਮਨ ਦੇ ਮੇਲ ਵਿੱਚ ਹੀ ਹੈ। ਸਾਡਾ ਸੱਚਾ ਉੱਦਮ ਇਹ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੀ ਉਸ ਮਤਿ ਨੂੰ ਛੱਡੀਏ ਭਾਵ ਹਉਮੈ ਵਾਲੀ ਸਮਝ ਨੂੰ, ਮਾਇਆ ਮੋਹ ਵਾਲੀ ਸਮਝ ਨੂੰ, ਤ੍ਰੈ ਗੁਣਾਂ ਵਾਲੀ ਸਮਝ ਨੂੰ ਭਾਵ ਭਰਮਾਂ ਵਾਲੀ ਸਮਝ ਨੂੰ ਛੱਡੀਏ ਜੋ ਸਾਡੇ ਦੁੱਖਾਂ ਦਾ ਕਾਰਨ ਹੈ। ਆਪਣੇ ਅੰਦਰ ਦੇ ਦੁੱਖਾਂ ਦੇ ਕਾਰਨ ਨੂੰ ਅਸੀਂ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝ ਸਕਦੇ ਹਾਂ ਤਾਂ ਜੋ ਅਸੀਂ ਦੁੱਖਾਂ ਵਿੱਚੋਂ ਆਪਣੇ ਆਪ ਨੂੰ ਕੱਢਣ ਦਾ ਉਪਰਾਲਾ ਕਰੀਏ।

{ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥

ਨਾਦ ਰੋਗਿ ਖਪਿ ਗਏ ਕੁਰੰਗਾ ॥੧॥ ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ॥

ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥ ਹੇਤ ਰੋਗ ਕਾ ਸਗਲ ਸੰਸਾਰਾ ॥

ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥ ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥

ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥

ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥

ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥}

(ਅੰਗ ੧੧੪੦)

{ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥ ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ॥੨॥}

(ਅੰਗ ੧੨੫੯)

{ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥
ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ ॥ ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥੨॥}

(ਅੰਗ ੫੯੯)

{ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥ ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥
ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥
ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥੨॥}

(ਅੰਗ ੫੯੨)

{ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ ॥ ਮਨਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ ॥
ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ ॥
ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ ॥੨॥}

(ਅੰਗ ੮੫੦)

47/6337

{ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ ॥
ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥
ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥
ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥੩॥}

(ਅੰਗ ੭੭੩)

{ਅਸੁਰ ਸਘਾਰਣ ਰਾਮੁ ਹਮਾਰਾ ॥ ਘਟਿ ਘਟਿ ਰਮਈਆ ਰਾਮੁ ਪਿਆਰਾ ॥
ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ ॥੧॥ ਗੁਰਮੁਖਿ ਸਾਧੂ ਸਰਣਿ ਤੁਮਾਰੀ ॥
ਕਰਿ ਕਿਰਪਾ ਪ੍ਰਭਿ ਪਾਰਿ ਉਤਾਰੀ॥ ਅਗਨਿ ਪਾਣੀ ਸਾਗਰੁ ਅਤਿ ਗਹਰਾ ਗੁਰੁ ਸਤਿਗੁਰੁ ਪਾਰਿ ਉਤਾਰਾ ਹੇ॥੨॥
ਮਨਮੁਖ ਅੰਧੁਲੇ ਸੋਝੀ ਨਾਹੀ ॥ ਆਵਹਿ ਜਾਹਿ ਮਰਹਿ ਮਰਿ ਜਾਹੀ ॥
ਪੂਰਬਿ ਲਿਖਿਆ ਲੇਖੁ ਨ ਮਿਟਈ ਜਮ ਦਰਿ ਅੰਧੁ ਖੁਆਰਾ ਹੇ ॥੩॥
ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ ॥ ਕਿਰਤ ਕੇ ਬਾਧੇ ਪਾਪ ਕਮਾਵਹਿ ॥
ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ ॥੪॥ ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥
ਪਰ ਪਿਰ ਰਾਤੀ ਖਸਮੁ ਵਿਸਾਰਾ ॥ ਜਿਉ ਬੇਸੁਆ ਪੂਤ ਬਾਪੁ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ ॥੫॥
ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥
ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥੬॥ ਸੂਰਜੁ ਤਪੈ ਅਗਨਿ ਬਿਖੁ ਝਾਲਾ ॥
ਅਪਤੁ ਪਸੂ ਮਨਮੁਖੁ ਬੇਤਾਲਾ ॥ ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ ਬੁਰਿਆਰਾ ਹੇ ॥੭॥

ਮਸਤਕਿ ਭਾਰੁ ਕਲਰ ਸਿਰਿ ਭਾਰਾ ॥ ਕਿਉ ਕਰਿ ਭਵਜਲੁ ਲੰਘਸਿ ਪਾਰਾ ॥
ਸਤਿਗੁਰੁ ਬੋਹਿਥੁ ਆਦਿ ਜੁਗਾਦੀ ਰਾਮ ਨਾਮਿ ਨਿਸਤਾਰਾ ਹੇ ॥੮॥ ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥
ਮਾਇਆ ਮੋਹੁ ਪਸਰਿਆ ਪਾਸਾਰਾ ॥ ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ ॥੯॥
ਕੂੜਿ ਮੁਠੀ ਚਾਲੈ ਬਹੁ ਰਾਹੀ ॥ ਮਨਮੁਖੁ ਦਾਝੈ ਪੜਿ ਪੜਿ ਭਾਹੀ ॥
ਅੰਮ੍ਰਿਤ ਨਾਮੁ ਗੁਰੂ ਵਡ ਦਾਣਾ ਨਾਮੁ ਜਪਹੁ ਸੁਖ ਸਾਰਾ ਹੇ ॥੧੦॥ ਸਤਿਗੁਰੁ ਤੁਠਾ ਸਚੁ ਦ੍ਰਿੜਾਏ ॥
ਸਭਿ ਦੁਖ ਮੇਟੇ ਮਾਰਗਿ ਪਾਏ ॥ ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੇ ॥੧੧॥
ਖੇਹੂ ਖੇਹ ਰਲੈ ਤਨੁ ਛੀਜੈ ॥ ਮਨਮੁਖੁ ਪਾਥਰੁ ਸੈਲੁ ਨ ਭੀਜੈ ॥
ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ ॥੧੨॥ ਮਾਇਆ ਬਿਖੁ ਭੁਇਅੰਗਮ ਨਾਲੇ ॥
ਇਨਿ ਦੁਬਿਧਾ ਘਰ ਬਹੁਤੇ ਗਾਲੇ ॥ ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥
ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥ ਕੂਕਰ ਸੂਕਰ ਕਹੀਅਹਿ ਕੂੜਿਆਰਾ ॥
ਭਉਕਿ ਮਰਹਿ ਭਉ ਭਉ ਭਉ ਹਾਰਾ ॥ ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥
ਸਤਿਗੁਰੁ ਮਿਲੈ ਤ ਮਨੂਆ ਟੇਕੈ ॥ ਰਾਮ ਨਾਮੁ ਦੇ ਸਰਣਿ ਪਰੇਕੈ ॥
ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ ॥੧੬॥ ਰਾਮ ਨਾਮੁ ਸਾਧੂ ਸਰਣਾਈ ॥
ਸਤਿਗੁਰ ਬਚਨੀ ਗਤਿ ਮਿਤਿ ਪਾਈ ॥ ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ॥੧੭॥੩॥੯॥}

(ਅੰਗ ੧੦੨੮-੧੦੩੦)

{ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥ ਸਤਿਗੁਰੁ ਮੇਲੇ ਦੇ ਵਡਿਆਈ ॥
ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ॥ ਸਤਿਗੁਰ ਸੇਵੇ ਤਾ ਨਾਮੁ ਪਾਏ ਨਾਮੇ ਹੀ ਸੁਖੁ ਪਾਇਦਾ ॥੬॥
ਸਭ ਨਾਵਹੁ ਉਪਜੈ ਨਾਵਹੁ ਛੀਜੈ ॥ ਗੁਰ ਕਿਰਪਾ ਤੇ ਮਨੁ ਤਨੁ ਭੀਜੈ ॥
ਰਸਨਾ ਨਾਮੁ ਧਿਆਏ ਰਸਿ ਭੀਜੈ ਰਸ ਹੀ ਤੇ ਰਸੁ ਪਾਇਦਾ ॥੭॥ ਮਹਲੈ ਅੰਦਰਿ ਮਹਲੁ ਕੋ ਪਾਏ ॥
ਗੁਰ ਕੈ ਸਬਦਿ ਸਚਿ ਚਿਤੁ ਲਾਏ ॥ ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ ॥੮॥
ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥ ਮਾਇਆ ਮੋਹੁ ਸਭੁ ਰੋਗੁ ਕਮਾਇਆ ॥
ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥ ਨਾਮਿ ਰਤੇ ਤਿਨ ਨਿਰਮਲ ਦੇਹਾ ॥
ਨਿਰਮਲ ਹੰਸਾ ਸਦਾ ਸੁਖੁ ਨੇਹਾ ॥ ਨਾਮੁ ਸਲਾਹਿ ਸਦਾ ਸੁਖੁ ਪਾਇਆ ਨਿਜ ਘਰਿ ਵਾਸਾ ਪਾਇਦਾ ॥੧੦॥
ਸਭੁ ਕੋ ਵਣਜੁ ਕਰੇ ਵਾਪਾਰਾ ॥ ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥
ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ ॥੧੧॥ ਜਿਸ ਨੋ ਨਾਮੁ ਦੇਇ ਸੋ ਪਾਏ ॥
ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥ ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ॥੧੨॥}

(ਅੰਗ ੧੦੬੪)

{ਤ੍ਰਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਤ ਨਰਕ ਅਵਤਾਰ ॥
ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥

ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘ ਰੋਗੁ ਮਾਇਆ ਆਸਾਧਿਓ ॥
ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥
ਹਰਿ ਬਿਸਰਤ ਹੋਵਤ ਏਹ ਹਾਲ ॥ ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥੧੩॥}

(ਅੰਗ ੨੯੯)

{ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥
ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥
ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥
ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥
ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥
ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥
ਗਣਤ ਗਣੀਐ ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥
ਕਰਿ ਅਪਰਾਧ ਸਰਣਿ ਹਮ ਆਇਆ ॥ ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥
ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥
ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥
ਏਕੁ ਬੁਰਾ ਭਲਾ ਸਚੁ ਏਕੈ ॥ ਬੂਝੁ ਗਿਆਨੀ ਸਤਗੁਰ ਕੀ ਟੇਕੈ ॥
ਗੁਰਮੁਖਿ ਵਿਰਲੀ ਏਕੋ ਜਾਣਿਆ ॥ ਆਵਣੁ ਜਾਣਾ ਮੇਟਿ ਸਮਾਣਿਆ ॥੮॥
ਜਿਨ ਕੈ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥
ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥੯॥੪॥}

(ਅੰਗ ੯੦੪)

{ਪ੍ਰਭ ਸਮਰਥ ਸਰਬ ਸੁਖ ਦਾਨਾ ॥ ਸਿਮਰਉ ਨਾਮੁ ਹੋਹੁ ਮਿਹਰਵਾਨਾ ॥
ਹਰਿ ਦਾਤਾ ਜੀਅ ਜੰਤ ਭੇਖਾਰੀ ਜਨੁ ਬਾਂਛੈ ਜਾਚੰਗਨਾ ॥੧॥ ਮਾਗਉ ਜਨ ਧੂਰਿ ਪਰਮ ਗਤਿ ਪਾਵਉ ॥
ਜਨਮ ਜਨਮ ਕੀ ਮੈਲੁ ਮਿਟਾਵਉ ॥ ਦੀਰਘ ਰੋਗ ਮਿਟਹਿ ਹਰਿ ਅਉਖਧਿ ਹਰਿ ਨਿਰਮਲਿ ਰਾਪੈ ਮੰਗਨਾ ॥੨॥
ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ ਏਕਾ ਓਟ ਤਜਉ ਬਿਖੁ ਕਾਮੀ ॥
ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥ ਰਸਨਾ ਗੁਣ ਗਾਵੈ ਹਰਿ ਤੇਰੇ ॥
ਮਿਟਹਿ ਕਮਾਤੇ ਅਵਗੁਣ ਮੇਰੇ ॥ ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥੪॥
ਚਰਨ ਕਮਲ ਜਪਿ ਬੋਹਿਥਿ ਚਰੀਐ ॥ ਸੰਤਸੰਗਿ ਮਿਲਿ ਸਾਗਰੁ ਤਰੀਐ ॥

ਅਰਚਾ ਬੰਦਨ ਹਰਿ ਸਮਤ ਨਿਵਾਸੀ ਬਾਹੁੜਿ ਜੋਨਿ ਨ ਨੰਗਨਾ ॥੫॥}

(ਅੰਗ ੧੦੮੦)

{ਮੇਰੇ ਮਨ ਲੈ ਲਾਹਾ ਘਰਿ ਜਾਹਿ ॥ ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ ॥੧॥ ਰਹਾਉ ॥
ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥ ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥੨॥ ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ॥ ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ॥੩॥
ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥ ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥
ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥੧੭॥}

(ਅੰਗ ੨੦)

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ ੧੩੮)

{ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥
ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ ਮੂਰਖ ਗਣਤ ਗਣਾਇ ਝਗੜਾ ਪਾਇਆ ॥
ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥}

(ਅੰਗ ੧੩੯)

{ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥
ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ ॥ ਤੂੰ ਆਪੇ ਰਾਖਹਿ ਕਿਰਪਾ ਧਾਰਿ ॥੪॥
ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥
ਆਦਿ ਪੁਰਖ ਗੁਰ ਦਰਸ ਨ ਦੇਖਹਿ ॥ ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥}

(ਅੰਗ ੪੧੬)

{ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥
ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥

ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥
ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥
ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥ ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

{ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥ ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ॥
ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥ ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥
ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥
ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥
ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥੨॥
ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥ ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥
ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥
ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ ॥
ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥
ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥੪॥੮॥੪੧॥}

(ਅੰਗ ੨੯)

{ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥
ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥ ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥
ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥
ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥
ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥
ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥ ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥
ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥
ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥੪॥੧੮॥੫੧॥}

(ਅੰਗ ੩੩)

{ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ ੪੦)

{ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧੁ}

(ਅੰਗ ੧੨੯੧)

{ਮੁੰਧੇ ਕੂੜਿ ਮੁਠੀ ਕੂੜਿਆਰਿ ॥ ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ ॥੧॥ ਰਹਾਉ ॥
ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ ॥
ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥
ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥
ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥੨॥
ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥
ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥}

(ਅੰਗ ੩੮)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥}

(ਅੰਗ ੫੬)

{ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ ॥
ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ ॥
ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ ॥

ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥
ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ ਲਗੋ ਧਿਆਨੁ ॥
ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਬਿਖੁ ਸੰਚੇ ਅੰਧੁ ਅਗਿਆਨੁ ॥੩॥}

(ਅੰਗ ੭੭)

{ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥ ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥
ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥
ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥}

(ਅੰਗ ੮੭)

{ਰਸਨਾ ਗੁਣਵੰਤੀ ਗੁਣ ਗਾਵੈ ॥ ਨਾਮੁ ਸਲਾਹੇ ਸਚੇ ਭਾਵੈ ॥
ਗੁਰਮੁਖਿ ਸਦਾ ਰਹੈ ਰੰਗਿ ਰਾਤੀ ਮਿਲਿ ਸਚੇ ਸੋਭਾ ਪਾਵਣਿਆ ॥੬॥ ਮਨਮੁਖੁ ਕਰਮ ਕਰੇ ਅਹੰਕਾਰੀ ॥
ਜੂਐ ਜਨਮੁ ਸਭ ਬਾਜੀ ਹਾਰੀ ॥ ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥੭॥
ਆਪੇ ਕਰਤਾ ਦੇ ਵਡਿਆਈ ॥ ਜਿਨ ਕਉ ਆਪਿ ਲਿਖਤੁ ਧੁਰਿ ਪਾਈ ॥
ਨਾਨਕ ਨਾਮੁ ਮਿਲੈ ਭਉ ਭੰਜਨੁ ਗੁਰ ਸਬਦੀ ਸੁਖੁ ਪਾਵਣਿਆ ॥੮॥੧॥੩੪॥}

(ਅੰਗ ੧੩੦)

{ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਣੀਆ ॥
ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਣੀਆ ॥੭॥
ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਣੀਆ ॥
ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਣੀਆ ॥੮॥੩॥੬॥}

(ਅੰਗ ੮੩੫)

{ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ ਰਹਾਉ ॥
ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥ ਘੂਘਰ ਬਾਧਿ ਬਜਾਵਹਿ ਤਾਲਾ ॥
ਅੰਤਰਿ ਕਪਟੁ ਫਿਰਹਿ ਬੇਤਾਲਾ ॥ ਵਰਮੀ ਮਾਰੀ ਸਾਪੁ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥੩॥
ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥ ਦੇਸੁ ਛੋਡਿ ਪਰਦੇਸਹਿ ਧਾਇਆ ॥
ਪੰਚ ਚੰਡਾਲ ਨਾਲੇ ਲੈ ਆਇਆ ॥੪॥ ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥੫॥
ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥ ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥
ਹੁਕਮੁ ਨ ਬੂਝੈ ਵਿਆਪਿਆ ਮਮਤਾ ॥੬॥ ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥
ਪੂਛਹੁ ਸਗਲ ਬੇਦ ਸਿੰਮ੍ਰਿਤੇ ॥ ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥੭॥
ਜਿਸ ਨੋ ਭਏ ਗੋਬਿੰਦ ਦਇਆਲਾ ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥
ਕੋਟਿ ਮਧੇ ਕੋਈ ਸੰਤੁ ਦਿਖਾਇਆ ॥ ਨਾਨਕੁ ਤਿਨ ਕੈ ਸੰਗਿ ਤਰਾਇਆ ॥੮॥
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ ॥ ਆਪਿ ਤਰੈ ਸਭੁ ਕੁਟੰਬੁ ਤਰਾਈਐ ॥੧॥ ਰਹਾਉ ਦੂਜਾ ॥੨॥}

(ਅੰਗ ੧੩੪੮)

{ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥ ਪਰ ਨਿੰਦਾ ਕਰੇ ਅੰਤਰਿ ਮਲੁ ਲਾਏ॥
ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥ ਸਤਸੰਗਤਿ ਸਿਉ ਬਾਦੁ ਰਚਾਏ ॥
ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥
ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥ ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥}

(ਅੰਗ ੮੮)

{ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥
ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥ ਸਤਿਗੁਰੁ ਮੇਰਾ ਵਡ ਸਮਰਥਾ ॥
ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥ ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥੨॥}

(ਅੰਗ ੯੮)

{ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥ ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥੧॥
ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ ॥ ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ ॥੧॥ ਰਹਾਉ॥}

(ਅੰਗ ੮੧੩)

{ਇਕੋ ਆਪਿ ਫਿਰੈ ਪਰਛੰਨਾ ॥ ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ ॥
ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ ॥

ਗੁਰਮਤੀ ਮਨੁ ਇਕਤੁ ਘਰਿ ਆਇਆ ਸਚੈ ਰੰਗਿ ਰੰਗਾਵਣਿਆ ॥੧॥ ਰਹਾਉ ॥
ਇਹੁ ਜਗੁ ਭੂਲਾ ਤੈਂ ਆਪਿ ਭੁਲਾਇਆ ॥ ਇਕੁ ਵਿਸਾਰਿ ਦੂਜੈ ਲੋਭਾਇਆ ॥
ਅਨਦਿਨੁ ਸਦਾ ਫਿਰੈ ਭ੍ਰਮਿ ਭੂਲਾ ਬਿਨੁ ਨਾਵੈ ਦੁਖੁ ਪਾਵਣਿਆ ॥੨॥}

(ਅੰਗ ੧੧੧)

{ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥
ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ ॥
ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥}

(ਅੰਗ ੧੧੬)

{ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥
ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥
ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥}

(ਅੰਗ ੧੨੧)

{ਮਾਇਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥
ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥
ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

{ਮਨੂਆ ਨਾਚੈ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥
ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥
ਊਚਾ ਕੂਕੇ ਤਨਹਿ ਪਛਾੜੇ ॥ ਮਾਇਆ ਮੋਹਿ ਜੋਹਿਆ ਜਮਕਾਲੇ ॥
ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥}

(ਅੰਗ ੧੨੧-੧੨੨)

{ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥ ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ ॥
ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ ॥
ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥੧੭॥}

(ਅੰਗ ੭੯੧)

{ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥ ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥
ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ ॥੪॥
ਧਾਵਤੁ ਰਾਖੈ ਠਾਕਿ ਰਹਾਏ ॥ ਗੁਰ ਪਰਸਾਦੀ ਪਰਮ ਪਦੁ ਪਾਏ ॥

ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥
ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ ਭਾਇ ਬਿਰਥਾ ਜਨਮੁ ਗਵਾਏ ॥
ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥
ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥
ਆਪਿ ਕਰਾਏ ਕਰਤਾ ਸੋਈ ॥ ਹੋਰੁ ਕਿ ਕਰੇ ਕੀਤੈ ਕਿਆ ਹੋਈ ॥
ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥}

(ਅੰਗ ੧੨੩)

{ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥}

(ਅੰਗ ੧੨੫)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥
ਸਤਿਗੁਰੁ ਮਿਲੈ ਤਾ ਤਤੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥
ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੬)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥
ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥
ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥
ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥੩॥
ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥
ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥
ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥

ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥
ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥
ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥
ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥
ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥}

(ਅੰਗ ੧੨੮)

47/6338

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥}

(ਅੰਗ ੩੭੭)

{ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥ ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥
ਹਉਮੈ ਮਮਤਾ ਬਹੁ ਮੋਹੁ ਵਧਾਇਆ ॥ ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥੩॥}

(ਅੰਗ ੧੨੬੧)

{ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥
ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥ ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥
ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥ ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥
ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥ ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥
ਗੁਰ ਸਬਦੀ ਸਹਸਾ ਦੂਖੁ ਚੁਕਾਏ ॥ ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ॥੮॥੩੦॥੩੧॥}

(ਅੰਗ ੧੨੮)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ
ਪਾਵਣਿਆ ॥੧॥ ਰਹਾਉ ॥ ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥
ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥

ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥
ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥}

(ਅੰਗ ੧੨੯)

{ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥}

(ਅੰਗ ੧੩੫)

{ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ ॥ ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੩॥}

(ਅੰਗ ੧੪੨)

{ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥}

(ਅੰਗ ੧੪੫)

{ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥
ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ ॥੩॥
ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥
ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥੪॥੧॥੭॥੪੫॥}

(ਅੰਗ ੧੬੫)

{ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥
ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥ ਸੋ ਜਨੁ ਸਾਚਾ ਜਿ ਹਉਮੈ ਮਾਰੈ ॥
ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥
ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ ॥
ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥ ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥
ਆਪੁ ਨ ਚੀਨੈ ਬਾਜੀ ਹਾਰੀ ॥੬॥ ਕਾਪੜ ਪਹਿਰਿ ਕਰੇ ਚਤੁਰਾਈ ॥
ਮਾਇਆ ਮੋਹਿ ਅਤਿ ਭਰਮਿ ਭੁਲਾਈ ॥ ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥}

(ਅੰਗ ੨੩੦)

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥
ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥ ਮਨਮੁਖ ਅਗਿਆਨਿ ਕੁਮਾਰਗਿ ਪਾਏ ॥

ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ ਭਵਜਲਿ ਡੂਬੇ ਦੂਜੈ ਭਾਏ ॥੩॥
ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥ ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥
ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥
ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ ॥
ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥ ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥
ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥
ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ ੨੩੦-੨੩੧)

{ਏਹ ਵਿਡਾਣੀ ਚਾਕਰੀ ਪਿਰਾ ਜੀਉ ਧਨ ਛੋਡਿ ਪਰਦੇਸਿ ਸਿਧਾਏ ॥
ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ ॥
ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ ॥
ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥
ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ ॥
ਨਾਨਕ ਮਾਇਆ ਕਾ ਦੁਖੁ ਤਦੇ ਚੂਕੈ ਜਾ ਗੁਰ ਸਬਦੀ ਚਿਤੁ ਲਾਏ ॥੩॥}

(ਅੰਗ ੨੪੬)

{ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥ ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥
ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥
ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥
ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ ॥
ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥}

(ਅੰਗ ੭੧੬)

{ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ ॥
ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ ॥੬॥
ਸੁਖ ਸੰਪਤਿ ਕਉ ਆਵਤ ਦੇਖੈ ਸਾਕਤ ਮਨਿ ਅਭਿਮਾਨੁ ਭਇਆ ॥
ਜਿਸ ਕਾ ਇਹੁ ਤਨੁ ਧਨੁ ਸੋ ਫਿਰਿ ਲੇਵੈ ਅੰਤਰਿ ਸਹਸਾ ਦੂਖੁ ਪਇਆ ॥੭॥
ਅੰਤਿ ਕਾਲਿ ਕਿਛੁ ਸਾਥਿ ਨ ਚਾਲੈ ਜੋ ਦੀਸੈ ਸਭੁ ਤਿਸਹਿ ਮਇਆ ॥
ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ ਹਰਿ ਨਾਮੁ ਰਿਦੈ ਲੈ ਪਾਰਿ ਪਇਆ ॥੮॥
ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ ਪਇਆ ॥
ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ ॥੯॥

ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ ॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਬਖਸਣਹਾਰੈ ਬਖਸਿ ਲਇਆ ॥੧੦॥
ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ ॥
ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ ਮੁਕਤਿ ਪਦਾਰਥੁ ਸਰਣਿ ਪਇਆ ॥੧੧॥
ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ ॥
ਆਪੁ ਮਾਰਿ ਗੁਰਮੁਖਿ ਹਰਿ ਪਾਏ ਨਾਨਕ ਸਹਜਿ ਸਮਾਇ ਲਇਆ ॥੧੨॥੭॥}

(ਅੰਗ ੯੦੬)

{ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥ ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ॥
ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ ॥
ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ ॥
ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ ॥
ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ ॥੬॥
ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥
ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥
ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥
ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥੭॥}

(ਅੰਗ ੪੪੧)

{ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥
ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥
ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥
ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥੨॥}

(ਅੰਗ ੪੪੫)

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ ੪੬੬)

{ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥
ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥੧॥ ਮਨਿ ਤਨਿ ਬਾਛੀਐ ਜਨ ਧੂਰਿ ॥
ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ ॥੧॥ ਰਹਾਉ ॥
ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥੨॥
ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥
ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ ਤੀਨਿ ਤਾਪ ਜਲੰਤ ॥ ਜਪਿ ਰਾਮ ਰਾਮਾ ਦੁਖ ਨਿਵਾਰੇ ਮਿਲੈ ਹਰਿ ਜਨ ਸੰਤ ॥੪॥
ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ ॥
ਹਰਿ ਚਰਣ ਸਰਣ ਅਪਾਰ ਪ੍ਰਭ ਕੇ ਦ੍ਰਿੜੁ ਗਹੀ ਨਾਨਕ ਓਟ ॥੫॥੪॥੩੦॥}

(ਅੰਗ ੫੦੨)

{ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ॥
ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥ ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥}

(ਅੰਗ ੬੪੫)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}

(ਅੰਗ ੭੩੨)

{ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ ੨੧)

{ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥ ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥
ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥੩॥ ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥
ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥੧੩॥੪੬॥}

(ਅੰਗ ੩੧)

{ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥
ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥
ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ ੩੫)

{ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥
ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

{ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥ ਆਪੇ ਜੋੜਿ ਵਿਛੋੜੇ ਆਪੇ ॥
ਆਪੇ ਥਾਪਿ ਉਥਾਪੇ ਆਪੇ ॥ ਸਚਾ ਹੁਕਮੁ ਸਚਾ ਪਾਸਾਰਾ ਹੋਰਨਿ ਹੁਕਮੁ ਨ ਹੋਈ ਹੇ ॥੪॥
ਆਪੇ ਲਾਇ ਲਏ ਸੋ ਲਾਗੈ ॥ ਗੁਰ ਪਰਸਾਦੀ ਜਮ ਕਾ ਭਉ ਭਾਗੈ ॥
ਅੰਤਰਿ ਸਬਦੁ ਸਦਾ ਸੁਖਦਾਤਾ ਗੁਰਮੁਖਿ ਬੂਝੈ ਕੋਈ ਹੇ ॥੫॥ ਆਪੇ ਮੇਲੇ ਮੇਲਿ ਮਿਲਾਏ ॥
ਪੁਰਬਿ ਲਿਖਿਆ ਸੋ ਮੇਟਣਾ ਨ ਜਾਏ ॥ ਅਨਦਿਨੁ ਭਗਤਿ ਕਰੇ ਦਿਨੁ ਰਾਤੀ ਗੁਰਮੁਖਿ ਸੇਵਾ ਹੋਈ ਹੇ ॥੬॥
ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥ ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥
ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ ॥੭॥ ਕਾਇਆ ਕੁਟੰਬੁ ਮੋਹੁ ਨ ਬੂਝੈ ॥
ਗੁਰਮੁਖਿ ਹੋਵੈ ਤ ਆਖੀ ਸੂਝੈ ॥ ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥
ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥
ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥ ਪੰਚ ਦੂਤ ਕਾਇਆ ਸੰਘਾਰਹਿ ॥
ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥

ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥ ਗੁਰ ਕੀ ਚਾਲ ਗੁਰੂ ਤੇ ਜਾਪੈ ॥
ਪੂਰਾ ਸੇਵਕੁ ਸਬਦਿ ਸਿਞਾਪੈ ॥ ਸਦਾ ਸਬਦੁ ਰਵੈ ਘਟ ਅੰਤਰਿ ਰਸਨਾ ਰਸੁ ਚਾਖੈ ਸਚੁ ਸੋਈ ਹੇ ॥੧੩॥
ਹਉਮੈ ਮਾਰੇ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰਿ ਧਾਰੇ ॥
ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ ॥੧੪॥ ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ॥
ਗੁਰਮੁਖਿ ਬੂਝੈ ਸਚਿ ਸਮਾਇਆ ॥ ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ ॥੧੫॥
ਆਪੇ ਗੁਣਦਾਤਾ ਬੀਚਾਰੀ ॥ ਗੁਰਮੁਖਿ ਦੇਵਹਿ ਪਕੀ ਸਾਰੀ ॥
ਨਾਨਕ ਨਾਮਿ ਸਮਾਵਹਿ ਸਾਚੈ ਸਾਚੇ ਤੇ ਪਤਿ ਹੋਈ ਹੇ ॥੧੬॥੨॥}

(ਅੰਗ ੧੦੪੫)

{ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥ ਗੁਰ ਸੇਵਾ ਤੇ ਸਭੁ ਕਿਛੁ ਪਾਏ ॥
ਹਉਮੈ ਮੇਰਾ ਆਪੁ ਗਵਾਏ ॥ ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥
ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥}

(ਅੰਗ ੧੦੫੬-੧੦੫੭)

{ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ॥
ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ ੪੧)

{ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥
ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥ ਮੇਰੇ ਮਨ ਪ੍ਰਭ ਸਰਣਾਈ ਪਾਇ ॥
ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥}

(ਅੰਗ ੪੬)

{ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥ ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥}

(ਅੰਗ ੫੦)

{ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥
ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥}

(ਅੰਗ ੭੨)

{ਸਬਦਿ ਮਰੈ ਸੁ ਮੁਆ ਜਾਪੈ ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥

ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਕੈ ਨਾਇ ਸੋਭਾ ਪਾਵਣਿਆ ॥
ਸਤਿਗੁਰੁ ਸੇਵਿ ਸਚਿ ਚਿਤੁ ਲਾਇਆ ਗੁਰਮਤੀ ਸਹਜਿ ਸਮਾਵਣਿਆ ॥੧॥ ਰਹਾਉ ॥}

(ਅੰਗ ੧੧੧)

{ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥}

(ਅੰਗ ੧੧੯)

{ਸਚਾ ਸੇਵੀ ਸਚੁ ਸਾਲਾਹੀ ॥ ਸਚੈ ਨਾਇ ਦੁਖੁ ਕਬ ਹੀ ਨਾਹੀ ॥
ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ ॥
ਜੋ ਹਰਿ ਸੇਵਹਿ ਸੇ ਸਦਾ ਸੋਹਹਿ ਸੋਭਾ ਸੁਰਤਿ ਸੁਹਾਵਣਿਆ ॥੧॥ ਰਹਾਉ ॥}

(ਅੰਗ ੧੨੨)

{ਛਾਡਿ ਸਿਆਨਪ ਬਹੁ ਚਤੁਰਾਈ ॥ ਗੁਰ ਪੂਰੇ ਕੀ ਟੇਕ ਟਿਕਾਈ ॥੧॥
ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥ ਗੁਰੁ ਪੂਰਾ ਭੇਟਿਆ ਲਿਵ ਲਾਇ ॥੧॥ ਰਹਾਉ ॥
ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ ਉਤਰੀ ਚਿੰਤ ॥੨॥
ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥੩॥
ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥}

(ਅੰਗ ੧੯੦)

{ਗੁਰਮੁਖਿ ਬਾਣੀ ਮੀਠੀ ਲਾਗੀ ॥ ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥
ਸਹਜੇ ਸਚੁ ਮਿਲਿਆ ਪਰਸਾਦੀ ॥ ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥
ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮ ਗੁਣਤਾਸੁ ॥
ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥}

(ਅੰਗ ੨੩੨)

{ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥
ਜਾ ਕੈ ਮਨਿ ਪ੍ਰਗਟੇ ਗੁਨਤਾਸ ॥ ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥ ਅੰਧਕਾਰ ਦੀਪਕ ਪਰਗਾਸੇ ॥
ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥ ਤਪਤਿ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੁਖ ਨਾਠੇ ਭਾਈ॥
ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥ ਭਉ ਚੂਕਾ ਨਿਰਭਉ ਹੋਇ ਬਸੇ ॥
ਸਗਲ ਬਿਆਧਿ ਮਨ ਤੇ ਥੈ ਨਸੇ ॥ ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥ ਸਾਧਸੰਗਿ ਜਪਿ ਨਾਮੁ ਮੁਰਾਰੀ ॥

ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥}

(ਅੰਗ ੨੯੭)

{ਬੀਜ ਮੰਤ੍ਰ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ ਜੋ ਜੋ ਜਪੈ ਤਿਸ ਕੀ ਗਤਿ ਹੋਇ ॥
ਸਾਧਸੰਗਿ ਪਾਵੈ ਜਨੁ ਕੋਇ ॥ ਕਰਿ ਕਿਰਪਾ ਅੰਤਰਿ ਉਰ ਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥
ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥}

(ਅੰਗ ੨੭੪)

{ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥
ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥}

(ਅੰਗ ੩੩੯)

47/6339

ਸਾਡੇ ਅੰਦਰ ਦਾ **"ਦੁਖੁ"** ਕੀ ਹੈ ਭਾਵ ਸਾਡੇ ਅੰਦਰ ਦਾ ਰੋਗ ਕੀ ਹੈ ਤੇ ਉਸ ਰੋਗ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਭਾਵ ਸਾਡੇ ਇਸ ਮਨ ਦਾ ਦਾਰੂ ਕੀ ਹੈ ਇਸ ਗੱਲ ਨੂੰ ਉਪਰ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਾਡੇ ਅੰਦਰ ਦਾ ਰੋਗ ਸਾਡੇ ਅੰਦਰ ਦੀ ਹਉਮੈ ਤੇ ਹਉਮੈ ਵਿੱਚ ਨਿਕਲਣ ਦਾ ਦਾਰੂ ਗੁਰੂ ਦਾ ਨਾਮ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਦਾ ਦਾਰੂ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦੀ ਸੱਚੀ ਮਤਿ ਹੈ ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਨਾਮ ਦਾ ਦਾਰੂ ਸਾਨੂੰ ਕਿਸ ਰੋਗ ਵਿੱਚੋਂ ਕੱਢਣ ਲਈ ਹੈ।

{ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥
ਅੰਤ ਕਾਲਿ ਜਮੁ ਮਾਰੈ ਠੇਹ ॥੧॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ॥
ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥ ਦੇਹ ਨ ਨਾਉ ਨ ਹੋਵੈ ਜਾਤਿ ॥
ਓਥੈ ਦਿਹੁ ਐਥੈ ਸਭ ਰਾਤਿ ॥੨॥ ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥
ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥੩॥ ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥
ਜਿਨ ਕਉ ਲਿਖਿਆ ਏਹੁ ਨਿਧਾਨੁ ॥ ਸੇ ਧਨਵੰਤ ਦਿਸਹਿ ਘਰਿ ਜਾਇ ॥ ਨਾਨਕ ਜਨਨੀ ਧੰਨੀ ਮਾਇ॥੪॥੩॥੯॥}

(ਅੰਗ ੧੨੫੬-੧੨੫੭)

ਉਪਰਲੇ ਸ਼ਬਦ ਦੇ ਅਰਥ ਅਸੀਂ ਪਹਿਲੇ ਲੇਖ ਵਿੱਚ ਸਮਝ ਹੀ ਚੁਕੇ ਹਾਂ ਜਿਸ ਰਾਹੀਂ ਸਾਨੂੰ ਬੜੇ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਨਾਮ ਰੂਪ ਦਾਰੂ ਦਾ ਮਕਸਦ ਸਾਡੇ ਮਨ ਦੇ ਰੋਗ ਕੱਢਣ ਲਈ ਹੀ ਹੈ ਜਿਸ ਦਾਰੂ ਨੂੰ ਸਾਡੇ ਮਨ ਨੇ ਹੀ ਖਾਣਾ ਹੈ ਭਾਵ ਸਾਡੇ ਮਨ ਦੀ ਸਮਝ ਨੇ ਹੀ ਵਰਤਣਾ ਹੈ। ਗੁਰੂ ਦਾ ਇਹ ਦਾਰੂ ਗੁਰੂ ਦੀ ਸੱਚੀ ਸਮਝ ਦੇ ਵਿੱਚ ਹੀ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ ਜਿਨ੍ਹਾਂ ਸੱਚੇ ਵਿਚਾਰਾਂ ਰਾਹੀਂ ਅਸੀਂ ਮਨ ਦੇ ਮਾੜੇ ਵਿਚਾਰਾਂ ਨੂੰ ਹੀ ਛੱਡਣਾ ਹੈ ਭਾਵ ਮਨ ਦੇ ਵਿਕਾਰਾਂ ਨੂੰ ਹੀ ਛੱਡਣਾ ਹੈ ਜੋ ਸਾਡੇ ਅੰਦਰ ਦੇ ਦੁੱਖਾਂ ਦਾ ਕਾਰਨ ਹਨ ਭਾਵ ਸਾਡੇ ਮਨ ਦੀ ਸਮਝ ਦਾ ਰੋਗ ਹਨ ਜੋ ਰੋਗ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਜਾ ਸਕਦਾ ਹੈ। **"ਸੁਖੁ"** ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਸਾਰੀ ਗੱਲ ਮਨ ਦੀ ਮਾੜੀ ਸਮਝ ਵਿੱਚੋਂ ਨਿਕਲਣ ਦੀ ਹੈ, ਮਨ ਦੇ ਵਿਕਾਰਾਂ ਵਿੱਚੋਂ ਨਿਕਲਣ ਦੀ ਹੈ ਜਿਸ ਦੁਆਰਾ ਸੁਖੁ ਦੀ ਪ੍ਰਾਪਤੀ ਹੋ ਸਕਦੀ ਹੈ।

ਜੋ ਸਾਡੇ ਅੰਦਰ ਸੁਖੁ ਵਾਲੀ ਅਵਸਥਾ ਹੈ ਉਹੀ ਸਾਡੇ ਅੰਦਰ ਆਨੰਦ ਵਾਲੀ ਅਵਸਥਾ ਹੈ। ਸਾਡੇ ਅੰਦਰ ਦਾ ਅਸਲ ਆਨੰਦ ਕੀ ਹੈ, ਕਿਸ ਵਿੱਚ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਸ਼ਬਦ ਰਾਹੀਂ

47/6340

ਸਮਝਿਆ ਹੈ ਤੇ ਇਸ ਗੱਲ ਨੂੰ ਉਸ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਸਮਝ ਲੱਗ ਸਕੇ ਕਿ ਜੋ ਸਾਡੇ ਅੰਦਰ ਸੁਖੁ ਹੈ ਭਾਵ ਜੋ ਸੁਖੁ ਵਾਲੀ ਅਵਸਥਾ ਹੈ ਉਹੀ ਆਨੰਦ ਵਾਲੀ ਅਵਸਥਾ ਹੈ ਜੋ ਸੁਖੁ ਦੀ, ਆਨੰਦ ਦੀ ਪ੍ਰਾਪਤੀ ਮਨ ਦੇ ਵਿੱਚ ਗੁਰੂ ਦਾ ਸੱਚਾ ਗਿਆਨ ਮਿਲਣ ਦੁਆਰਾ ਹੀ ਹੁੰਦੀ ਹੈ ਭਾਵ ਮਾਇਆ ਮੋਹ ਵਾਲੀ ਸਮਝ ਵਿੱਚੋਂ, ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਤੇ ਉਸ ਅਨੁਸਾਰ ਜੀਵਨ ਬਤੀਤ ਕਰਨ ਵਿੱਚ ਹੀ ਹੁੰਦੀ ਹੈ। ਹੇਠ ਦਿੱਤੇ ਇਸ ਸ਼ਬਦ ਰਾਹੀਂ ਸਾਨੂੰ ਇਹ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਮਨੁੱਖ ਦਾ ਅਸਲ ਆਨੰਦ ਕੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਹੀ ਹੈ ਜਿਸ ਸਮਝ ਦੁਆਰਾ ਪ੍ਰਮਾਤਮਾ ਆਪ ਹੀ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਆਪਣੀ ਕਿਰਪਾ ਦੁਆਰਾ ਆਪ ਹੀ ਕਿਸੇ ਨੂੰ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਮਨ ਦੀ ਮਾੜੀ ਸਮਝ ਵਿੱਚੋਂ ਕੱਢਦਾ ਹੈ।

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥

ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ ੯੧੭)

ਉਪਰ ਸ਼ਬਦ ਰਾਹੀਂ ਬੜਾ ਸਪਸ਼ਟ ਹੈ ਕਿ ਆਨੰਦ ਗੁਰੂ ਕੋਲੋਂ ਜਾਨਣ ਦੀ ਚੀਜ ਹੈ ਭਾਵ ਸਮਝਣ ਦੀ ਚੀਜ ਹੈ। ਗੁਰੂ ਆਪਣੇ ਹਰ ਸ਼ਬਦ ਰਾਹੀਂ ਸਾਨੂੰ ਕੁਝ ਸਮਝਾਉਂਦਾ ਹੀ ਹੈ ਕਿ ਸਾਨੂੰ ਆਨੰਦ ਦੀ ਪ੍ਰਾਪਤੀ ਤਾਂ ਹੀ ਹੋਵੇਗੀ ਜੇਕਰ ਅਸੀਂ ਪਹਿਲਾਂ ਗੁਰੂ ਦੀ ਗੱਲ ਨੂੰ ਸਮਝਾਂਗੇ ਤੇ ਉਸਨੂੰ ਮੰਨਾਂਗੇ। ਗੁਰੂ ਸਾਨੂੰ ਮਨਮਤਿ ਛੱਡਣ ਲਈ ਸਮਝਾਉਦਾ ਹੈ, ਹਉਮੈ ਛੱਡਣ ਲਈ ਸਮਝਾਉਂਦਾ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਵਿਕਾਰ ਛੱਡਣ ਲਈ ਸਮਝਾਉਂਦਾ ਹੈ। ਗੁਰੂ ਦੀ ਗੱਲ ਮੰਨੇ ਬਿਨਾਂ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ, ਸੁਖੁ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਅਸੀਂ ਸੁਖੁ ਦੇ ਘਰ ਵਿੱਚ ਭਾਵ ਪ੍ਰਮਾਤਮਾ ਦੇ ਘਰ ਵਿੱਚ ਨਹੀਂ ਪਹੁੰਚ ਸਕਦੇ ਜੋ ਉਸਦਾ ਘਰ ਸਾਡੇ ਅੰਦਰ ਹੀ ਹੈ। ਆਪਣੇ ਅੰਦਰ ਦੇ ਦੁਖੁ ਸੁਖੁ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ ਜੋ ਉਪਰਾਲਾ ਅਸੀਂ ਜਪੁਜੀ ਬਾਣੀ ਦੇ ਸ਼ਬਦ ਦੀ ਪੰਗਤੀ ਨੂੰ ਸਮਝਣ ਲਈ ਕੀਤਾ ਹੈ ਤਾਂ ਜੋ ਜਪੁਜੀ ਬਾਣੀ ਦੇ ਉਸ ਸ਼ਬਦ ਦੇ ਅਰਥ ਸਮਝਣ ਵਿੱਚ ਸਾਨੂੰ ਕੋਈ ਭਰਮ ਨਾ ਰਹੇ। ਹੁਣ ਜਪੁਜੀ ਬਾਣੀ ਦੇ ਉਸ ਹੇਠ ਦਿੱਤੇ ਸ਼ਬਦ ਨੂੰ ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ।

47/6341

“ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥
ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥”

(ਅੰਗ ੨)

ਉਪਰ ਵਾਲੇ ਸ਼ਬਦ ਦੀਆਂ ਪਹਿਲੀਆਂ ਪੰਜ ਪੰਗਤੀਆਂ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ ਤੇ ਉਸ ਤੋਂ ਅਗਲੇ ਸ਼ਬਦ ਦੀ ਛੇਵੀਂ ਪੰਗਤੀ ਨੂੰ ਸਮਝਣ ਲਈ ਅਸੀਂ ਪਿੱਛੇ ਸ਼ਬਦਾਂ ਦੇ ਪ੍ਰਮਾਣ ਰਾਹੀਂ **“ਦੁਖੁ ਸੁਖੁ”** ਕੀ ਹੈ ਇਸ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ। ਹੁਣ ਅਸੀਂ ਸ਼ਬਦ ਦੀ ਛੇਵੀਂ ਪੰਗਤੀ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ ਜੋ ਕਿ ਇਸ ਪ੍ਰਕਾਰ ਹੈ।

“ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥”

(ਅੰਗ ੨)

ਜਿਵੇਂ ਕਿ ਅਸੀਂ ਪਹਿਲੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ **“ਦੁਖੁ”** ਦਾ ਕਾਰਨ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਭਾਵ ਹਉਮੈ ਹੈ ਭਾਵ ਮਾਇਆ ਮੋਹ ਹੈ ਜਿਸ ਵਿੱਚੋਂ ਨਿਕਲੇ ਬਿਨਾਂ **“ਸੁਖੁ”** ਦੀ ਪ੍ਰਾਪਤੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ, ਉਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਦੀ ਪੰਗਤੀ ਦੁਆਰਾ ਸਮਝਾਈ ਹੋਈ ਹੈ। **“ਸੁਖੁ”** ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਗੁਰਮਤਿ ਦੀ ਸੱਚੀ ਸਮਝ ਦਾ ਰੂਪ ਹੈ ਭਾਵ ਉਸਦਾ ਨਾਮ ਰੂਪ ਹੈ ਭਾਵ ਉਸਦਾ ਬ੍ਰਹਮ ਗਿਆਨ ਰੂਪ ਹੈ ਜੋ ਉਸਦਾ ਸੁਖੁ ਰੂਪ ਘਰ ਸਾਡੇ ਮਨ ਦੇ ਵਿੱਚ ਹੀ ਹੈ ਤੇ **“ਦੁਖੁ”** ਰੂਪ ਉਸਦਾ ਸਾਡੇ ਅੰਦਰ ਦੀ ਹਉਮੈ ਰੂਪ ਨਾਸਮਝ ਮਤਿ ਹੈ ਜਿਸਨੂੰ ਨਾਮ ਦੀ ਸਮਝ ਹੀ ਨਹੀਂ ਪੈਂਦੀ ਕਿ ਨਾਮ ਕੀ ਹੈ ਜਿਸ ਨਾਸਮਝੀ ਵਿੱਚ ਰਹਿੰਦੇ ਹੋਏ ਮਨੁੱਖ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦਾ ਤੇ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ ਭਾਵ ਗੁਰੂ ਦੀ ਮਤਿ ਦੇ ਭਾਵ ਨਾਮ

ਦੇ ਉਲਟ ਚੱਲਦਾ ਹੈ ਭਾਵ ਮਨ ਦੇ ਅਉਗੁਣਾਂ ਵਿੱਚ ਰਹਿੰਦਾ ਹੈ, ਮਾਇਆ ਮੋਹ ਵਿੱਚ ਰਹਿੰਦਾ ਹੈ ਜਿਸ ਮਨ ਦੀ ਸਮਝ ਵਿੱਚ ਰਹਿੰਦਿਆਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਭਾਵ ਉਸਦੇ ਸਚੁ ਰੂਪ ਘਰ ਨੂੰ, ਗੁਰਮਤਿ ਦੀ ਸੱਚੀ ਸਮਝ ਰੂਪ ਘਰ ਨੂੰ, ਮਨ ਦੇ ਸੁਖੁ ਰੂਪ ਘਰ ਨੂੰ ਨਹੀਂ ਜਾਣ ਸਕਦਾ। ਆਪਣੇ ਸੁਖੁ ਰੂਪ ਘਰ ਵਿੱਚ ਉਹ ਸੁਖੁ ਦਾ ਮਾਲਕ ਭਾਵ ਗੁਰਮਤਿ ਰੂਪ ਸੱਚੀ ਸਮਝ ਦਾ ਮਾਲਕ ਭਾਵ ਨਾਮ ਦਾ ਮਾਲਕ ਬ੍ਰਹਮ ਗਿਆਨ ਦਾ ਮਾਲਕ ਆਪ ਹੀ ਕਿਸੇ ਨੂੰ ਲੈ ਕੇ ਜਾਂਦਾ ਹੈ ਜਿਸਨੂੰ ਉਹ ਪਹਿਲੇ ਮਨ ਦੀ ਦੁਖੁ ਵਾਲੀ ਸਮਝ ਵਿੱਚੋਂ ਭਾਵ ਹਉਮੈ ਵਾਲੀ ਸਮਝ ਵਿੱਚੋਂ

47/6342

ਭਾਵ ਮਾਇਆ ਮੋਹ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ, ਮਨ ਦੇ ਪੜਦੇ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਜਿਸ ਵਿੱਚੋਂ ਨਿਕਲਣ ਦੁਆਰਾ ਹੀ ਕੋਈ ਆਪਣੇ ਅੰਦਰੋਂ ਸੁਖੁ ਦੇ ਮਾਲਕ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਆਪਣੇ ਘਰ ਵਿੱਚ ਪ੍ਰਮਾਤਮਾ ਕਿਸੇ ਨੂੰ ਆਪ ਹੀ ਲੈ ਕੇ ਜਾਂਦਾ ਹੈ ਤੇ ਆਪਣੇ ਆਪ ਕੋਈ ਨਹੀਂ ਜਾ ਸਕਦਾ ਕਿਉਂਕਿ ਮਨ ਦੇ ਦੁਖੁ ਵਿੱਚੋਂ ਭਾਵ ਮਨ ਦੀ ਹਉਮੈ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਆਪਣੇ ਆਪ ਕੋਈ ਨਹੀਂ ਨਿਕਲ ਸਕਦਾ ਕਿਉਂਕਿ ਮਨ ਦੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਅਸੀਂ ਕੇਵਲ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਉੱਦਮ ਹੀ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਆਪਣੀ ਕਿਰਪਾ ਸਾਨੂੰ ਦੁੱਖਾਂ ਵਿੱਚੋਂ ਕੱਢਣ ਦੀ ਆਪ ਹੀ ਕਰਦਾ ਹੈ ਤੇ ਆਪਣੇ ਸੁਖੁ ਰੂਪ ਘਰ ਵਿੱਚ ਸਾਨੂੰ ਆਪ ਹੀ ਲੈ ਕੇ ਜਾਂਦਾ ਹੈ। **(ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥)**

"ਸੁਖੁ" ਦੇ ਘਰ ਵਿੱਚ ਪਹੁੰਚਕੇ ਭਾਵ ਪ੍ਰਮਾਤਮਾ ਦੇ ਘਰ ਵਿੱਚ ਪਹੁੰਚਕੇ ਹੀ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਸਭ ਵਿੱਚ ਆਪਣੇ ਸੱਚੇ ਗਿਆਨ ਦੁਆਰਾ ਆਪ ਹੀ ਸਮਾਇਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥"

ਉਪਰ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਗੁਰਮੁਖਿ ਰੂਪ ਦੁਆਰਾ ਸਭ ਵਿੱਚ ਸਮਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। **"ਗੁਰਮੁਖਿ"** ਰੂਪ ਪ੍ਰਮਾਤਮਾ ਦਾ ਆਪਣਾ ਹੀ ਗੁਰੂ ਰੂਪ ਹੈ ਜਿਸ ਆਪਣੇ ਰੂਪ ਵਿੱਚ ਉਹ ਪੂਰੀ ਗੁਰਬਾਣੀ ਦੇ ਵਿੱਚ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਉਸਦਾ ਸਚੁ ਰੂਪ ਹੈ। **"ਗੁਰਮੁਖਿ"** ਅੱਖਰ ਦਾ ਮਤਲਬ ਸਮਝਣਾ ਸਾਡੇ ਸਭ ਲਈ ਬਹੁਤ ਜਰੂਰੀ ਹੈ। **"ਗੁਰਮੁਖਿ"** ਤੋਂ ਅੱਖਰੀ ਭਾਵ ਹੈ ਗੁਰੂ ਦੇ ਮੁਖਿ ਦੁਆਰਾ ਗੁਰੂ ਆਪਣੇ ਮੁੱਖ ਤੋਂ ਜੋ ਕੁਝ ਵੀ ਬੋਲਦਾ ਹੈ ਉਸ ਵਿੱਚ ਉਸਦਾ ਸੱਚਾ ਗਿਆਨ ਹੁੰਦਾ ਹੈ, ਬ੍ਰਹਮ ਗਿਆਨ ਹੁੰਦਾ ਹੈ, ਨਾਮ ਹੁੰਦਾ ਹੈ, ਸੱਚ ਹੁੰਦਾ ਹੈ।

47/6343

ਜੋ ਗੁਰੂ ਆਪਣੇ ਮੁੱਖੋਂ ਬੋਲਦਾ ਹੈ ਉਹ ਆਪਣੀ ਸਮਝ ਦੁਆਰਾ ਹੀ ਬੋਲਦਾ ਹੈ ਤੇ ਸਮਝ ਮਨ ਦੇ ਵਿੱਚੋਂ ਹੀ ਉਪਜਦੀ ਹੈ ਤੇ ਮਨ ਦਾ ਮਾਲਕ ਪ੍ਰਮਾਤਮਾ ਆਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਨਿਰੰਕਾਰ ਰੂਪ ਹੈ ਭਾਵ ਉਸਦਾ ਗਿਆਨ ਰੂਪ ਹੈ। ਗਿਆਨ ਦਾ ਅਸਲ ਮੁੱਖ ਸਾਡਾ ਮਨ ਹੈ ਤੇ ਮਨ ਆਪਣੇ ਮੁੱਖ ਤੋਂ ਜੋ ਵੀ ਮਨ ਦੇ ਵਿੱਚ ਬੋਲਦਾ ਹੈ ਭਾਵ ਜਿਹੋ ਜਿਹਾ ਅੱਖਰ ਮਨ ਦੇ ਵਿੱਚੋਂ ਉਪਜਦਾ ਹੈ ਉਹੀ ਅੱਖਰ ਸਰੀਰ ਦਾ ਮੁੱਖ ਬੋਲਦਾ ਹੈ। ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਭਾਵ ਆਪਣੇ ਉੱਚੇ ਗਿਆਨ ਰੂਪ ਵਿੱਚ ਗੁਰਮੁਖਿ ਹੈ ਤੇ ਇਹੀ ਪ੍ਰਮਾਤਮਾ ਦਾ ਆਪਣਾ ਗੁਰੂ ਰੂਪ ਹੈ ਜੋ ਉਸਦਾ ਆਪਣਾ ਰੂਪ ਪੂਰੀ ਗੁਰਬਾਣੀ ਦੇ ਵਿੱਚ ਹੈ। ਹੁਣ ਉਪਰਲੀ ਪੰਗਤੀ ਨੂੰ ਧਿਆਨ ਨਾਲ ਸਮਝੋ **"ਨਾਦੰ"** ਤੇ **"ਵੇਦੰ"** ਕੀ ਹੈ। ਨਾਦ ਆਵਾਜ ਨੂੰ ਕਹਿੰਦੇ ਹਨ ਤੇ ਵੇਦ ਗਿਆਨ ਨੂੰ ਕਹਿੰਦੇ ਹਨ। ਹਰ ਆਵਾਜ ਦੇ ਵਿੱਚ, ਹਰ ਗਿਆਨ ਦੇ ਵਿੱਚ ਪ੍ਰਮਾਤਮਾ ਦਾ ਗੁਰਮੁਖਿ ਰੂਪ ਹੀ ਹੈ ਤੇ ਆਪਣੇ ਇਸ ਗੁਰੂ ਰੂਪ ਦੁਆਰਾ ਹੀ ਪ੍ਰਮਾਤਮਾ ਹਰ ਜਗ੍ਹਾ ਸਮਾਇਆ ਹੋਇਆ ਹੈ। ਪ੍ਰਮਾਤਮਾ ਦਾ ਇਹ ਗਿਆਨ ਰੂਪ ਹੀ ਉਸਦਾ ਜੋਤਿ ਰੂਪ ਹੈ, ਨਾਮ ਰੂਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੈ ਜਿਸ ਰਾਹੀਂ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਆਪਣੇ ਨਿਰੰਕਾਰ ਰੂਪ ਵਿੱਚ ਹੀ ਉਹ ਸਭ ਵਿੱਚ ਸਮਾਇਆ ਹੋਇਆ ਹੈ। **(ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥)** ਜੋ ਪ੍ਰਮਾਤਮਾ ਸਭ ਵਿੱਚ ਸਮਾਇਆ ਹੋਇਆ

ਹੈ ਉਹ ਸਭ ਕੁਝ ਆਪ ਹੀ ਹੈ, ਹਰ ਸਰੀਰ ਦੇ ਵਿੱਚ ਉਹ ਆਪ ਹੀ ਹੈ। ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਕੇ ਪੂਜਦੇ ਹਾਂ, ਉੱਚੇ ਗਿਆਨ ਵਾਲੇ ਸਮਝਦੇ ਹਾਂ ਉਹ ਸਭ ਗੁਰੂ ਪ੍ਰਮਾਤਮਾ ਦੇ ਆਪਣੇ ਰੂਪ ਹੀ ਹਨ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਆਪ ਹੀ ਹੈ, ਆਪ ਹੀ ਹੈ। **(ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥)**

ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਇਸ ਗੱਲ ਨੂੰ ਕੋਈ ਆਪਣੇ ਆਪ ਸਮਝ ਲਵੇ ਇਹ ਨਾਮੁਮਕਿਨ ਹੈ। ਉਹ ਗੁਰੂ ਪ੍ਰਮਾਤਮਾ ਆਪ ਹੀ ਕਿਸੇ ਨੂੰ ਮਨ ਦੀ ਸਮਝ ਰਾਹੀਂ ਆਪ ਸਮਝਾਏ ਤਾਂ ਹੀ ਕੋਈ ਸਮਝ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥”

47/6344

ਪ੍ਰਮਾਤਮਾ ਨੂੰ ਹਰ ਕੋਈ ਜਾਨਣਾ ਚਾਹੁੰਦਾ ਹੈ ਪਰ ਆਪਣੇ ਜਾਨਣ ਨਾਲ ਇਸ ਗੱਲ ਨੂੰ ਕੋਈ ਨਹੀਂ ਆਖ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਉਹ ਸਭ ਵਿੱਚ ਕਿਸ ਤਰੀਕੇ ਸਮਾਇਆ ਹੋਇਆ ਹੈ। ਭਾਵੇਂ ਇਹ ਗੱਲ ਸਾਨੂੰ ਕੋਈ ਕਹਿ ਕੇ ਵੀ ਸਮਝਾਏ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਉਹ ਗੱਲ ਵੀ ਸਾਡੀ ਕਥਨੀ ਵਿੱਚ ਨਹੀਂ ਆਉਂਦੀ ਕਿਉਂਕਿ ਸਾਨੂੰ ਇਸ ਗੱਲ ਤੇ ਵਿਸ਼ਵਾਸ ਹੀ ਨਹੀਂ ਆਉਂਦਾ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। **(ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥)** ਪ੍ਰਮਾਤਮਾ ਆਪਣੇ ਆਪ ਬਾਰੇ ਆਪ ਹੀ ਕਿਸੇ ਨੂੰ ਇਹ ਸਮਝ ਪਾ ਸਕਦਾ ਹੈ ਕਿ ਉਹ ਸਭ ਕੁਝ ਆਪ ਹੈ ਤੇ ਉਹ ਆਪਣੇ ਕਿਸ ਰੂਪ ਵਿੱਚ ਸਭਦੇ ਵਿੱਚ ਵੱਸਦਾ ਹੈ। ਪ੍ਰਮਾਤਮਾ ਆਪ ਹੀ ਗਿਆਨ ਦਾ ਮਾਲਕ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ ਤੇ ਆਪ ਹੀ ਕਿਸੇ ਨੂੰ ਆਪਣਾ ਆਪ ਬੁਝਾ ਸਕਦਾ ਹੈ ਭਾਵ ਆਪਣੇ ਆਪ ਦੀ ਸਮਝ ਪਾ ਸਕਦਾ ਹੈ। **(ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥)** ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਤੋਂ ਬਾਅਦ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ਦਾਤਿ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ, ਸੰਸਾਰ ਵਿੱਚ ਹਰ ਜੀਵ ਜੋ ਵੀ ਦਾਤਿ ਵਰਤਦਾ ਹੈ ਉਸ ਦਾਤਿ ਨੂੰ ਪੈਦਾ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਰੱਚ ਕੇ ਆਪ ਹੀ ਇਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਤੇ ਸ੍ਰਿਸ਼ਟੀ ਨੂੰ ਚਲਾਉਣ ਲਈ, ਹਰ ਜੀਵ ਦੀ ਪਾਲਣਾ ਕਰਨ ਲਈ ਉਸਨੇ ਦਾਤਾਂ ਦਾ ਭੰਡਾਰ ਲਗਾਇਆ ਹੋਇਆ ਹੈ। ਜਦੋਂ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਲੈਂਦਾ ਹੈ ਉਸ ਤੋਂ ਬਾਅਦ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ, ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ, ਧਰਮ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਨਾਮ ਜਪਣਾ ਹੀ ਸਮਝਾਉਂਦਾ ਹੈ ਜਿਸ ਕਰਕੇ ਉਸਦੀ ਸੱਚੀ ਮਤਿ ਨੂੰ ਫਿਰ ਉਸਦਾ ਮਨੁੱਖੀ ਰੂਪ ਕਦੇ ਨਹੀਂ ਵਿਸਰਦਾ। ਉਸਦੀ ਸੱਚੀ ਮਤਿ ਨੂੰ ਨਾ ਵਿਸਰਨਾ ਹੀ ਪ੍ਰਮਾਤਮਾ ਨੂੰ ਨਾ ਵਿਸਰਨਾ ਹੈ, ਉਸਦੇ ਨਾਮ ਨੂੰ ਨਾ ਵਿਸਰਨਾ ਹੈ। **(ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥ ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥)**

ਉਪਰਲੇ ਸ਼ਬਦ ਰਾਹੀਂ ਅਸੀਂ ਗੁਰੂ ਦੀ ਮਹਿਮਾ ਨੂੰ ਸਮਝਿਆ ਹੈ ਕਿ ਇੱਕ ਗੁਰੂ ਹੀ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ, ਪ੍ਰਮਾਤਮਾ ਦੇ ਘਰ ਵਿੱਚ ਪਹੁੰਚਾ ਸਕਦਾ ਹੈ ਜੋ ਉਸਦਾ ਘਰ ਸੱਚੀ ਗੁਰਮਤਿ ਦਾ ਘਰ ਹੈ, ਸੱਚੇ ਗਿਆਨ ਦਾ ਘਰ ਹੈ ਜਿਸ ਘਰ ਵਿੱਚ ਆਪਣੀ ਹਉਮੈ ਵਾਲੀ

47/6345

ਸਮਝ ਵਿੱਚੋਂ ਭਾਵ ਨਾਸਮਝ ਅਗਿਆਨਤਾ ਵਾਲੀ ਮਤਿ ਵਿੱਚੋਂ ਨਿਕਲਕੇ ਹੀ ਜਾਇਆ ਜਾ ਸਕਦਾ ਹੈ। ਮਨ ਦੀ ਹਉਮੈ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਹੀ ਕੱਢ ਸਕਦੀ ਹੈ ਤੇ ਗੁਰੂ ਤੋਂ ਬਿਨਾਂ ਕਿਸੇ ਹੋਰ ਦੀ ਮਤਿ ਨਾਲ ਜੁੜਕੇ ਪ੍ਰਮਾਤਮਾ ਦੇ ਘਰ ਵਿੱਚ ਭਾਵ ਸੁਖੁ ਦੇ ਘਰ ਵਿੱਚ ਨਹੀਂ ਜਾ ਸਕਦੇ। ਮਨਮਤਿ ਦਾ ਘਰ **“ਦੁਖੁ”** ਦਾ ਘਰ ਹੈ ਤੇ ਸੱਚੀ ਗੁਰਮਤਿ ਦਾ ਘਰ **“ਸੁਖੁ”** ਦਾ ਘਰ ਹੈ। ਗੁਰੂ ਨੂੰ ਛੱਡਕੇ ਅਸੀਂ ਅਨੇਕਾਂ ਨੂੰ ਹੀ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ ਤੇ ਉਹਨਾਂ ਦੀ ਮਤਿ ਪਿੱਛੇ ਲੱਗ ਜਾਂਦੇ

ਹਾਂ ਜਿਨ੍ਹਾਂ ਦੀ ਮਤਿ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੀ। ਇਸੇ ਲਈ ਸਾਨੂੰ ਉਪਰਲੇ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਧਰਮ ਦੇ ਮਾਰਗ ਤੇ ਉੱਚਾ ਕੌਣ ਹੈ ਇਹ ਸਾਡੇ ਥਾਪਣ ਦਾ ਵਿਸ਼ਾ ਨਹੀਂ ਹੈ। ਇਹ ਪ੍ਰਮਾਤਮਾ ਦਾ ਆਪਣਾ ਵਿਸ਼ਾ ਹੈ ਕਿ ਉਹ ਕਿਸਨੂੰ ਆਪਣਾ ਗੁਰੂ ਰੂਪ ਥਾਪਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਥਾਪਿਆ ਹੋਇਆ ਗੁਰੂ ਰੂਪ ਹੈ ਜਿਸ ਗੁਰੂ ਦੀ ਮਤਿ ਨੂੰ ਛੱਡਕੇ ਸਾਨੂੰ ਕਿਸੇ ਹੋਰ ਦੀ ਮਤਿ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਸ ਰੂਪ ਵਿੱਚ ਉਹ ਆਪ ਹੀ ਗੁਰੂ ਹੈ ਤੇ ਉਸ ਸੱਚੇ ਗੁਰੂ ਦੀ ਮਤਿ ਨੂੰ ਛੱਡਕੇ ਕਿਸੇ ਵੀ ਹੋਰ ਦੀ ਮਤਿ ਪਿੱਛੇ ਲੱਗਣਾ ਸਾਡੀ ਨਾ ਸਮਝੀ ਹੈ ਕਿਉਂਕਿ ਪ੍ਰਮਾਤਮਾ ਦਾ ਘਰ ਸੱਚ ਦਾ ਘਰ ਹੈ ਤੇ ਸੱਚ ਦੇ ਘਰ ਵਿੱਚ ਉਸਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਜਾਇਆ ਜਾ ਸਕਦਾ ਹੈ। ਇਸੇ ਲਈ ਉਪਰ ਵਾਲੇ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਗਿਆ ਹੈ ਕੇਵਲ ਇੱਕ ਸੱਚਾ ਗੁਰੂ ਹੀ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ ਤੇ ਹੋਰ ਕੋਈ ਨਹੀਂ ਮਿਲਾ ਸਕਦਾ ਭਾਵ ਸਾਨੂੰ ਕੇਵਲ ਗੁਰੂ ਦੀ ਮਤਿ ਨੂੰ ਹੀ ਮੰਨਣਾ ਚਾਹੀਦਾ ਹੈ। ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਵੀ ਸਾਨੂੰ ਇਹੀ ਗੱਲ ਦ੍ਰਿੜ ਕਰਵਾਈ ਹੋਈ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਸਾਨੂੰ ਕੇਵਲ ਇੱਕ ਗੁਰੂ ਕੋਲੋਂ ਹੀ ਸਿੱਖਿਆ ਲੈਣੀ ਚਾਹੀਦੀ ਹੈ ਜਿਵੇਂ ਕਿ ਅਗਲੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

“ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥
ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥”

(ਅੰਗ ੨)

ਉਪਰ ਪਹਿਲੀ ਪੰਗਤੀ ਰਾਹੀਂ ਤੀਰਥ ਤੇ ਨਾਉਣ ਦੀ ਗੱਲ ਕੀਤੀ ਹੋਈ ਹੈ ਕਿਉਂਕਿ ਤੀਰਥਾਂ ਦੇ ਇਸ਼ਨਾਨ ਨੂੰ ਉੱਚਾ ਇਸ਼ਨਾਨ ਮੰਨਿਆ ਜਾਂਦਾ ਹੈ। ਤੀਰਥ ਦਾ ਇਸ਼ਨਾਨ ਕਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ

47/6346

ਰਾਹੀਂ ਸਮਝਿਆ ਹੈ। ਤੀਰਥ ਗੁਰੂ ਦਾ ਨਾਮ ਹੈ, ਸ਼ਬਦਾਂ ਦੀ ਵਿਚਾਰ ਹੈ ਜੋ ਇਸ਼ਨਾਨ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਕੀਤਾ ਜਾ ਸਕਦਾ ਹੈ। ਇਹ ਇਸ਼ਨਾਨ ਸਾਡੀ ਸਮਝ ਦਾ ਇਸ਼ਨਾਨ ਹੈ ਭਾਵ ਗੁਰੂ ਦੇ ਗਿਆਨ ਦਾ ਇਸ਼ਨਾਨ ਹੈ ਜਿਸ ਗੁਰੂ ਦੇ ਗਿਆਨ ਨੂੰ ਸਾਡੀ ਸਮਝ ਮੰਨਣ ਦੁਆਰਾ ਇਸ਼ਨਾਨ ਕਰਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। **{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥ ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥ ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥}** ਅੰਗ ੬੮੭

ਅਸਲ ਤੀਰਥ ਕੀ ਹੈ ਜਿਸ ਤੀਰਥ ਤੇ ਸਾਡੇ ਮਨ ਨੇ ਇਸ਼ਨਾਨ ਕਰਨਾ ਹੈ ਉਸ ਤੀਰਥ ਨੂੰ ਸਮਝ ਕੇ ਹੀ ਅਸੀਂ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਨੂੰ ਸਮਝ ਸਕਦੇ ਹਾਂ।

“ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥”

ਪੂਰੀ ਗੁਰਬਾਣੀ ਗੁਰੂ ਦਾ ਤੀਰਥ ਹੀ ਹੈ, ਅੰਮ੍ਰਿਤ ਸਰੋਵਰ ਹੀ ਹੈ ਜੋ ਤੀਰਥ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੇ

ਗਿਆਨ ਦੇ ਰੂਪ ਵਿੱਚ ਹੈ ਜਿਸ ਤੀਰਥ ਤੇ ਇਸ਼ਨਾਨ ਸਾਡੇ ਮਨ ਦੀ ਸਮਝ ਨੇ ਹੀ ਕਰਨਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਹੈ। ਅਸੀਂ ਗੁਰੂ ਦੇ ਤੀਰਥ ਤੇ ਇਸ਼ਨਾਨ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਡਾ ਇਸ਼ਨਾਨ ਕਰਨਾ ਗੁਰੂ ਪ੍ਰਮਾਤਮਾ ਨੂੰ ਭਾਵੇ। ਗੁਰੂ ਨੂੰ ਕੀ ਭਾਉਂਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੈ। ਗੁਰੂ ਦੇ ਭਾਏ ਬਿਨਾਂ ਅਸੀਂ ਗੁਰੂ ਦੇ ਤੀਰਥ ਦਾ ਇਸ਼ਨਾਨ ਨਹੀਂ ਕਰ ਸਕਦੇ। ਆਪਣੇ ਤੀਰਥ ਤੇ ਸਾਨੂੰ ਪ੍ਰਮਾਤਮਾ ਗੁਰਮਤਿ ਰੂਪ ਸੱਚੀ ਸਮਝ ਹੀ ਦਿੰਦਾ ਹੈ, ਆਪਣਾ ਸੱਚਾ ਗਿਆਨ ਹੀ ਦਿੰਦਾ ਹੈ ਤੇ ਗੁਰੂ ਦੀ ਸੱਚੀ ਸਮਝ ਤੇ ਚਲੇ ਬਿਨਾਂ ਭਾਵ ਮਾਇਆ ਮੋਹ ਛੱਡੇ ਬਿਨਾਂ, ਮਾੜੇ ਵਿਚਾਰ ਛੱਡੇ ਬਿਨਾਂ, ਅਉਗੁਣਾਂ ਛੱਡੇ ਬਿਨਾਂ ਅਸੀਂ ਗੁਰੂ ਨੂੰ ਨਹੀਂ ਭਾਉਂਦੇ। ਗੁਰੂ ਦੇ ਤੀਰਥ ਦਾ ਇਸ਼ਨਾਨ ਬਹੁਤ ਔਖਾ ਹੈ ਜੋ ਇਸ਼ਨਾਨ ਕਰਨ ਲਈ ਉਸਦੇ ਭਾਣੇ ਨੂੰ ਮੰਨਣਾ ਪੈਂਦਾ ਹੈ। **(ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥)**

{ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥}

(ਅੰਗ ੨੬੨)

{ਗੁਰ ਪੂਰੇ ਤੇ ਪੂਰਾ ਪਾਏ ॥ ਹਿਰਦੈ ਸਬਦੁ ਸਚੁ ਨਾਮੁ ਵਸਾਏ ॥
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥ ਸਦਾ ਸੂਚੇ ਸਾਚਿ ਸਮਾਏ ॥੨॥}

(ਅੰਗ ੩੬੩)

47/6347

{ਸਭੁ ਜਗੁ ਫਿਰਿ ਮੈ ਦੇਖਿਆ ਹਰਿ ਇਕੋ ਦਾਤਾ ॥ ਉਪਾਇ ਕਿਤੈ ਨ ਪਾਈਐ ਹਰਿ ਕਰਮ ਬਿਧਾਤਾ ॥
ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥ ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥
ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ ॥੬॥}

(ਅੰਗ ੫੧੦)

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥
ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥}

(ਅੰਗ ੫੮੭)

{ਜਿਨੀ ਸਚੜਾ ਸਚੁ ਸਲਾਹਿਆ ਹੰਉ ਤਿਨ ਲਾਗਉ ਪਾਏ ॥
ਸੇ ਜਨ ਸਚੇ ਨਿਰਮਲੇ ਤਿਨ ਮਿਲਿਆ ਮਲੁ ਸਭ ਜਾਏ ॥
ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ ਸਚੈ ਸਹਜਿ ਸੁਭਾਏ ॥}

(ਅੰਗ ੫੮੫)

{ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ ॥
ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ ॥੧॥ ਪਾਛੈ ਬਹੁਰਿ ਨ ਆਵਨੁ ਪਾਵਉ ॥
ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥੧॥ ਰਹਾਉ ॥}

(ਅੰਗ ੬੯੩)

{ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਕੁ ॥
ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਕੁ ॥੨॥
ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਕੁ ॥
ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਕੁ ॥੩॥}

(ਅੰਗ ੭੩੨)

{ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥
ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥੪॥
ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥
ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥
ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥}

(ਅੰਗ ੭੫੩)

{ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ॥
ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ ॥੧॥ ਰਹਾਉ ॥}

(ਅੰਗ ੯੮੧)

{ਜਪਿ ਮਨ ਰਾਮ ਨਾਮੁ ਸੁਖਦਾਤਾ ॥
ਸਤਸੰਗਤਿ ਮਿਲਿ ਹਰਿ ਸਾਦੁ ਆਇਆ ਗੁਰਮੁਖਿ ਬ੍ਰਹਮੁ ਪਛਾਤਾ ॥੧॥ ਰਹਾਉ ॥
ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥
ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥੧॥}

(ਅੰਗ ੯੮੪)

{ਸਤਿਗੁਰੁ ਮਿਲੈ ਤ ਮਹਲਿ ਬੁਲਾਏ ॥ ਸਾਚੀ ਦਰਗਹ ਗਤਿ ਪਤਿ ਪਾਏ ॥
ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ ॥੭॥
ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥}

(ਅੰਗ ੧੦੪੩)

{ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥
ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥ ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥
ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥
ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥
ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥ ਗੁਰਮੁਖਿ ਸਚੀ ਊਤਮ ਬਾਣੀ ॥

ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥੬॥
ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥
ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥}

(ਅੰਗ ੧੦੫੮-੧੦੫੯)

{ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥ ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥੧੫॥}

(ਅੰਗ ੧੧੦੯)

{ਸੰਗਤਿ ਸਾਧ ਮੇਲਿ ਹਰਿ ਗਾਇਣੁ ॥ ਗੁਰਮਤੀ ਲੇ ਰਾਮ ਰਸਾਇਣੁ ॥੨॥
ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥ ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥੩॥
ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ ॥ ਜਨੁ ਨਾਨਕੁ ਮੇਲਿ ਤੇਰਾ ਦਾਸ ਦਸਾਇਣੁ ॥੪॥੧॥}

(ਅੰਗ ੧੧੩੪)

{ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥
ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥ ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥
ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥ ਦਰਿ ਸਚੈ ਸਚਿਆਰੁ ਸਚਾ ਆਇਆ ॥
ਪੁਛਿ ਨ ਸਕੈ ਕੋਇ ਜਾਂ ਖਸਮੈ ਭਾਇਆ ॥ ਨਾਨਕ ਸਚੁ ਸਲਾਹਿ ਲਿਖਿਆ ਪਾਇਆ ॥੧੮॥}

(ਅੰਗ ੧੨੮੬)

{ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ ॥ ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ॥
ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ ॥੨॥
ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥ ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥
ਜੇ ਤਿਸੁ ਭਾਵੈ ਊਜਲੀ ਸਤ ਸਰਿ ਨਾਵਣ ਜਾਉ ॥੩॥}

(ਅੰਗ ੧੭)

{ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥
ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥
ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ ॥੧॥ ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ ॥
ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥੧॥ ਰਹਾਉ ॥}

(ਅੰਗ ੨੬)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

47/6348

{ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥ ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥}

(ਅੰਗ ੫੨)

{ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ॥ ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥
ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥ ਭਾਈ ਰੇ ਸਾਚੀ ਸਤਿਗੁਰ ਸੇਵ ॥
ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ ॥੧॥ ਰਹਾਉ ॥}

(ਅੰਗ ੫੨)

{ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥}

(ਅੰਗ ੬੧)

{ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥
ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥
ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥
ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ ॥
ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥ ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ॥
ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥ ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥
ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥}

(ਅੰਗ ੮੭)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥

ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥}

(ਅੰਗ ੧੪੦)

{ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥ ਨਿਰਮਲ ਹੰਸਾ ਪ੍ਰੇਮ ਪਿਆਰਿ ॥
ਹਰਿ ਸਰਿ ਵਸੈ ਹਉਮੈ ਮਾਰਿ ॥ ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥
ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥}

(ਅੰਗ ੧੨੯)

{ਗੁਰ ਕੀ ਬਾਣੀ ਨਾਮਿ ਵਜਾਏ ॥ ਨਾਨਕ ਮਹਲੁ ਸਬਦਿ ਘਰੁ ਪਾਏ ॥
ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥੪॥੫॥੪੪॥}

(ਅੰਗ ੩੬੨)

{ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥}

(ਅੰਗ ੨੫੦)

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥}

(ਅੰਗ ੩੫੬)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥}

(ਅੰਗ ੪੧੧)

{ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥
ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥
ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ ੪੩੬-੪੩੭)

{ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥ ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥
ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥}

(ਅੰਗ ੪੬੭)

{ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥}

(ਅੰਗ ੪੭੩)

{ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਜਾਨਾ ॥੧॥
ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥

ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥}

(ਅੰਗ ੪੮੪)

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥}

(ਅੰਗ ੪੯੧)

{ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥
ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥
ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥
ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥
ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥੨॥
ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ ॥ ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ ॥੩॥
ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥
ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥
ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥
ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥੫॥੬॥੮॥}

(ਅੰਗ ੪੯੧)

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥
ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥ ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥}

(ਅੰਗ ੫੮੭)

47/6349

{ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥}

(ਅੰਗ ੭੯੯)

{ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੂਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥}

(ਅੰਗ ੬੪੧)

{ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥੧॥ ਕਾਂਇਆ ਮਾਂਜਸਿ ਕਉਨ ਗੁਨਾਂ ॥
ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥ ਲਉਕੀ ਅਠਸਠਿ ਤੀਰਥ ਨ੍ਹਾਈ ॥
ਕਉਰਾਪਨੁ ਤਊ ਨ ਜਾਈ ॥੨॥ ਕਹਿ ਕਬੀਰ ਬੀਚਾਰੀ ॥ ਭਵ ਸਾਗਰੁ ਤਾਰਿ ਮੁਰਾਰੀ ॥੩॥੮॥}

(ਅੰਗ ੬੫੬)

{ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥}

(ਅੰਗ ੬੮੭)

{ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥}

(ਅੰਗ ੭੨੯)

{ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥
ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥
ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥
ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥ ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥
ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥}

(ਅੰਗ ੭੫੩)

{ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥}

(ਅੰਗ ੧੪੨੮)

{ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥
ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥੩॥}

(ਅੰਗ ੮੭੯)

{ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥ ਨਾਮ ਬਿਹੂਣੇ ਚਲਸਹਿ ਰੋਇ ॥੨॥}

(ਅੰਗ ੯੯੦)

{ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥ ਅੰਤਰਿ ਮੈਲੁ ਤੀਰਥ ਭਰਮੀਜੈ ॥
ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥ ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥}

(ਅੰਗ ੯੦੫)

{ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥
ਭਰਮੇ ਭੂਲਾ ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮ ਗਤਿ ਲਹੈ ॥
ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥}

(ਅੰਗ ੯੪੯)

{ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥੧੦॥}

(ਅੰਗ ੧੪੧੧)

{ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥੩॥
ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ॥
ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥੪॥੨॥}

(ਅੰਗ ੯੭੩)

{ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਨੀ ਮਨੁ ਲਾਗ ॥
ਅਠਸਠਿ ਤੀਰਥ ਨਾਮੁ ਪ੍ਰਭ ਨਾਨਕ ਜਿਸੁ ਮਸਤਕਿ ਭਾਗ ॥੧॥}

(ਅੰਗ ੯੯੦)

{ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥ ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥
ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥੧॥ ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥
ਨਾਮੁ ਰਸਾਇਣੁ ਭਾਇ ਲੈ ਪਰਹਰਿ ਦੁਖੁ ਭਾਰੀ ॥੧॥ ਰਹਾਉ ॥
ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥ ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥
ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥੨॥
ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ॥
ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥ ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥
ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥ ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ॥੪॥
ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥
ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥ ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥

ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥ ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥
ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥ ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥
ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥੭॥ ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥
ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥ ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ ॥੮॥੧॥}

(ਅੰਗ ੧੦੦੮)

{ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥
ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥
ਘੋਲੀ ਗੇਰੂ ਰੰਗੁ ਚੜਾਇਆ ਵਸਤ੍ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥੨॥
ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥}

(ਅੰਗ ੧੦੧੨-੧੦੧੩)

{ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ॥
ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ ॥੧੨॥
ਕਲੀ ਕਾਲ ਮਹਿ ਇਕ ਕਲ ਰਾਖੀ ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥
ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ ॥੧੩॥}

(ਅੰਗ ੧੦੨੪)

47/6350

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

{ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥੧॥ ਰਹਾਉ ॥}

(ਅੰਗ ੧੧੪੨)

{ਵਡੈ ਭਾਗਿ ਸਤਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥
ਅਠਸਠਿ ਤੀਰਥ ਮਜਨੁ ਕੀਆ ਸਤਸੰਗਤਿ ਪਗ ਨਾਏ ਧੂਰਿ ॥੨॥
ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥
ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥}

(ਅੰਗ ੧੧੯੮)

{ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥ ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥
ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥ ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ॥
ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥ ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥
ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥ ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥੨॥}

(ਅੰਗ ੧੨੪੧)

{ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ ॥ ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ ॥
ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ ॥ ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ ॥
ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ ॥੧੮॥}

(ਅੰਗ ੧੨੪੪)

{ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥}

(ਅੰਗ ੧੨੪੫)

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ ॥੧॥ ਗੁਰ ਸਮਾਨਿ ਤੀਰਥੁ ਨਹੀ ਕੋਇ ॥
ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥ ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥

ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥}

(ਅੰਗ ੧੩੨੯)

{ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ ॥
ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥
ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥}

(ਅੰਗ ੧੩੩੨)

{ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥
ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥੭॥}

(ਅੰਗ ੧੩੪੫)

{ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥ ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥੧੩੫॥}

(ਅੰਗ ੧੩੭੧)

{ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ ॥
ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ ॥ ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ॥
ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥੯॥}

(ਅੰਗ ੧੩੯੨)

{ਬਿਨੁ ਸਬਦੈ ਜਗਤੁ ਬਰਲਿਆ ਕਹਣਾ ਕਛੂ ਨ ਜਾਇ ॥ ਹਰਿ ਰਖੇ ਸੇ ਉਬਰੇ ਸਬਦਿ ਰਹੇ ਲਿਵ ਲਾਇ ॥
ਨਾਨਕ ਕਰਤਾ ਸਭ ਕਿਛੁ ਜਾਣਦਾ ਜਿਨਿ ਰਖੀ ਬਣਤ ਬਣਾਇ ॥੩੬॥
ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥
ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ ॥
ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ ॥੩੭॥
ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ ॥
ਵਡ ਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ ॥
ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ ॥੩੮॥}

(ਅੰਗ ੧੪੧੭)

ਉਪਰ ਵਾਲੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਤੀਰਥ ਕੀ ਹੈ, ਤੀਰਥ ਦਾ ਇਸ਼ਨਾਨ ਕਰਨਾ ਕੀ ਹੈ ਭਾਵ ਤੀਰਥ ਦੇ ਇਸ਼ਨਾਨ ਦਾ ਮਕਸਦ ਕੀ ਹੈ। ਇਹ ਗੁਰੂ ਦੇ ਸੱਚੇ ਵਿਚਾਰਾਂ ਦਾ ਤੀਰਥ ਹੈ ਜਿਨ੍ਹਾਂ ਵਿਚਾਰਾਂ ਨੂੰ ਮੰਨਣਾ ਹੀ ਗੁਰੂ ਦੇ ਤੀਰਥ ਤੇ ਇਸ਼ਨਾਨ ਕਰਨਾ ਹੈ ਜਿਸ ਇਸ਼ਨਾਨ ਦਾ ਮਕਸਦ ਮਨ ਦੀ ਮੈਲ ਧੋਣ ਦੇ ਨਾਲ ਹੈ, ਹਉਮੈ ਰੂਪ

ਮੈਲ ਧੋਣ ਦੇ ਨਾਲ ਹੈ, ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਨੂੰ ਧੋਣ ਦੇ ਨਾਲ ਹੈ ਜਿਨ੍ਹਾਂ ਮਨ ਦੇ ਮਾੜੇ ਵਿਚਾਰਾਂ ਨੂੰ, ਵਿਕਾਰਾਂ ਵਾਲੇ ਵਿਚਾਰਾਂ ਨੇ ਸਾਡੇ ਮਨ ਨੂੰ ਮੈਲਾ ਕੀਤਾ ਹੋਇਆ ਹੈ। ਮਨ ਦੀ ਇਸ ਮੈਲ ਕਰਕੇ ਭਾਵ ਮਾੜੇ ਵਿਚਾਰਾਂ ਕਰਕੇ ਅਸੀਂ

47/6351

ਮਾੜੇ ਕਰਮ ਕਰਦੇ ਹਾਂ ਭਾਵ ਗੁਰਮਤਿ ਦੇ ਉਲਟ ਚੱਲਦੇ ਹਾਂ, ਨਾਮ ਦੇ ਉਲਟ ਚੱਲਦੇ ਹਾਂ। ਗੁਰੂ ਦਾ ਤੀਰਥ ਨਾਮ ਦਾ ਤੀਰਥ ਹੈ ਜਿਸ ਤੀਰਥ ਤੇ ਇਸ਼ਨਾਨ ਕਰਨ ਨਾਲ ਸਾਨੂੰ ਨਾਮ ਦੀ ਸਮਝ ਹੀ ਪੈਂਦੀ ਹੈ, ਨਾਮ ਜਪਣ ਦੀ ਸਮਝ ਹੀ ਪੈਂਦੀ ਹੈ ਜਿਸ ਸਮਝ ਦੁਆਰਾ ਮਨੁੱਖ ਵਿਕਾਰਾਂ ਵਾਲੇ ਮਾੜੇ ਵਿਚਾਰਾਂ ਵਿੱਚੋਂ ਨਿਕਲਕੇ ਚੰਗੇ ਕਰਮ ਕਰਦਾ ਹੈ, ਸੁਕ੍ਰਿਤ ਕਰਣੀ ਕਰਦਾ ਹੈ ਤੇ ਇਹੀ ਨਾਮ ਜਪਣਾ ਹੈ। ਹੁਣ ਅਸੀਂ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਨੂੰ ਹੋਰ ਵੀ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਜਿਸ ਰਾਹੀਂ ਸਾਨੂੰ ਤੀਰਥ ਨਾਉਣਾ ਸਮਝਾਇਆ ਹੋਇਆ ਹੈ ਜਿਸ ਤੀਰਥ ਦਾ ਇਸ਼ਨਾਨ ਗੁਰੂ ਦੇ ਭਾਣੇ ਨੂੰ ਮੰਨਣ ਦੁਆਰਾ ਭਾਵ ਜੋ ਗੁਰੂ ਨੂੰ ਭਾਉਂਦਾ ਹੈ ਉਸ ਦੁਆਰਾ ਹੀ ਕੀਤਾ ਜਾ ਸਕਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਕੀਤਾ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਪਹਿਲੇ ਹੀ ਇਸ ਗੱਲ ਨੂੰ ਸਮਝਿਆ ਹੈ। **(ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥)**

ਪ੍ਰਮਾਤਮਾ ਨੂੰ ਜੋ ਭਾਉਂਦਾ ਹੈ, ਪ੍ਰਮਾਤਮਾ ਦੇ ਭਾਣੇ ਵਿੱਚ ਕਿਵੇਂ ਚੱਲਿਆ ਜਾ ਸਕਦਾ ਹੈ ਭਾਵ ਉਸਦੇ ਤੀਰਥ ਤੇ ਨਾਉਣ ਦਾ ਮਕਸਦ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥”

ਗੁਰੂ ਦੇ ਤੀਰਥ ਤੇ ਅਸੀਂ ਇਸ਼ਨਾਨ ਕਿਵੇਂ ਕਰਨਾ ਹੈ ਤੇ ਕਿਸ ਮਕਸਦ ਲਈ ਕਰਨਾ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਦੇ ਤੀਰਥ ਤੇ ਇਸ਼ਨਾਨ ਕਰਨ ਦੁਆਰਾ ਸਾਨੂੰ ਗੁਰੂ ਦੇ ਕੋਲੋਂ ਮਤਿ ਹੀ ਮਿਲਦੀ ਹੈ ਜਿਸ ਮਤਿ ਦੁਆਰਾ ਗੁਰੂ ਸਾਨੂੰ ਚੰਗੇ ਕਰਮ ਕਰਨੇ ਹੀ ਸਿਖਾਉਂਦਾ ਹੈ ਭਾਵ ਗੁਰਮਤਿ ਦੁਆਰਾ ਵਿਚਰਨਾ ਹੀ ਸਿਖਾਉਂਦਾ ਹੈ ਭਾਵ ਆਪਣੀ ਮਤਿ ਛੱਡਣ ਦੁਆਰਾ ਮਾੜੇ ਕਰਮ ਨਾ ਕਰਨੇ ਸਮਝਾਉਂਦਾ ਹੈ। ਸੰਸਾਰ ਦੇ ਉਪਰ ਜਿਤਨੇ ਵੀ ਜੀਵ ਹਨ ਭਾਵੇਂ ਉਹ ਮਨੁੱਖੀ ਰੂਪ ਵਿੱਚ ਹਨ, ਭਾਵੇਂ ਪਸ਼ੂ ਪੰਖੀਆਂ ਦੇ ਰੂਪ ਵਿੱਚ ਹਨ ਹਰ ਕੋਈ ਆਪਣਾ ਜੀਵਨ ਚਲਾਉਣ ਲਈ ਕਰਮ ਹੀ ਕਰਦਾ ਹੈ। ਜੇ ਅਸੀਂ ਆਪਣੀ ਸਰੀਰ ਦੀ ਭੁੱਖ ਪੂਰੀ ਕਰਨੀ ਹੈ ਉਸ ਲਈ ਸਾਨੂੰ ਕਰਮ ਕਰਨੇ ਹੀ ਪੈਂਦੇ ਹਨ ਭਾਵ ਬਿਨਾਂ ਕਰਮ ਕਰਨ ਤੋਂ

47/6352

ਕੁਝ ਨਹੀਂ ਮਿਲਦਾ। ਮਨੁੱਖ ਦਾ ਸਭ ਤੋਂ ਵੱਡਾ ਮਨੋਰਥ ਪ੍ਰਮਾਤਮਾ ਨੂੰ ਜਾਨਣ ਦਾ ਹੈ ਤੇ ਗੁਰੂ ਦੇ ਤੀਰਥ ਤੇ ਇਸ਼ਨਾਨ ਕਰਨ ਦਾ ਮਕਸਦ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਪੂਰਾ ਹੁੰਦਾ ਹੈ। ਗੁਰੂ ਸਾਨੂੰ ਉਹੋ ਜਿਹੇ ਕਰਮ ਕਰਨੇ ਸਮਝਾਉਂਦਾ ਹੈ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਾਣ ਸਕੀਏ। ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਮਨ ਦੇ ਰੂਪ ਵਿੱਚ ਹੀ ਹੈ, ਸਾਡੀ ਸਮਝ ਦੇ ਵਿੱਚ ਹੀ ਹੈ, ਸਾਡੀ ਮਤਿ ਦੇ ਵਿੱਚ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਸਾਡੇ ਮਨ ਦੇ ਵਿਚਾਰਾਂ ਦੇ ਵਿੱਚ ਹੀ ਹੈ। ਸਾਨੂੰ ਤ੍ਰੈ ਗੁਣਾਂ ਵਾਲੇ ਵਿਚਾਰਾਂ ਵਿੱਚ ਰੱਖਣ ਵਾਲਾ ਵੀ ਉਹ ਆਪ ਹੈ ਜੋ ਵਿਚਾਰ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ ਜਿਨ੍ਹਾਂ ਵਿਚਾਰਾਂ ਵਿੱਚ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਚਉਥੇ ਪਦ ਦੇ ਗਿਆਨ ਵਾਲੇ ਵਿਚਾਰਾਂ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਬ੍ਰਹਮ ਗਿਆਨ ਵਾਲੇ ਵਿਚਾਰਾਂ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਗੁਰੂ ਦਾ ਤੀਰਥ ਸਾਨੂੰ ਆਪਣੀ ਸਿੱਖਿਆ ਦੇਣ ਲਈ ਹੈ ਜੋ ਉਸਦੀ ਸਿੱਖਿਆ ਸਾਨੂੰ ਮਾੜੇ ਕਰਮ ਛੱਡਕੇ ਚੰਗੇ ਕਰਮ ਕਰਨ ਲਈ ਸਮਝਾਉਂਦੀ ਹੈ। ਪ੍ਰਮਾਤਮਾ ਨੂੰ ਕੇਵਲ ਚੰਗੇ ਕਰਮ ਕਰਨ ਦੁਆਰਾ ਹੀ ਪਾਇਆ ਜਾ ਸਕਦਾ ਹੈ ਤੇ ਚੰਗੇ ਕਰਮ ਅਸੀਂ ਤਾਂ ਹੀ ਕਰਾਂਗੇ ਜੇਕਰ ਗੁਰੂ ਦੀ ਸਿੱਖਿਆ ਨੂੰ ਸੁਣਾਂਗੇ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਾਂਗੇ। ਜਿਸ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਦਾ ਹੈ, ਆਪਣੇ ਮੇਲ ਦੀ ਕਿਰਪਾ ਕਰਦਾ ਹੈ ਉਹ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਹੀ ਕਰਦਾ ਹੈ, ਆਪਣੇ ਚਉਥੇ ਪਦ ਵਾਲੇ ਵਿਚਾਰ ਦੇਣ ਦੁਆਰਾ ਹੀ ਕਰਦਾ ਹੈ, ਆਪਣੀ ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਹੀ ਕਰਦਾ ਹੈ। ਗੁਰੂ ਦੇ ਸ਼ਬਦ ਹੀ ਰਤਨ ਹਨ, ਜਵਾਹਰ ਹਨ, ਮਾਣਕ ਹਨ ਭਾਵ ਬਹੁਤ ਉੱਚੀ ਕੀਮਤ ਵਾਲੇ ਹਨ ਜੋ ਕਿ ਆਪਣੀ ਉੱਚੀ ਸਮਝ ਦੁਆਰਾ ਕੀਮਤੀ ਹਨ, ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਉੱਚੇ ਹਨ, ਨਾਮ ਦੀ ਸਮਝ ਪਾਉਣ ਕਰਕੇ ਉੱਚੇ ਹਨ ਜਿਸ ਮਨ ਦੀ ਸਮਝ ਦੁਆਰਾ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ ਉਸ ਤੋਂ ਉੱਚੀ ਕੀਮਤ ਵਾਲੀ ਹੋਰ

ਕੀ ਚੀਜ ਹੋ ਸਕਦੀ ਹੈ। ਗੁਰੂ ਦੀ ਸਿੱਖਿਆ ਬਹੁਤ ਉੱਚੇ ਵਿਚਾਰਾਂ ਵਾਲੀ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਰਤਨ, ਜਵਾਹਰ, ਮਾਣਕ ਹੀ ਹੈ ਜਿਸ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਕੋਈ ਆਪਣੇ ਅੰਦਰੋਂ ਰਤਨ, ਜਵਾਹਰ, ਮਾਣਕ ਦੇ ਮਾਲਕ ਭਾਵ ਬ੍ਰਹਮ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ। ਉਸਨੂੰ ਜਾਨਣ ਤੋਂ

47/6353

ਬਾਅਦ ਹੀ ਕੋਈ ਉਸਦੇ ਤੀਰਥ ਨੂੰ ਜਾਣ ਸਕਦਾ ਹੈ ਤੇ ਉਸਦੇ ਤੀਰਥ ਤੇ ਇਸ਼ਨਾਨ ਕਰ ਸਕਦਾ ਹੈ ਜੋ ਇਸ਼ਨਾਨ ਉਹ ਮਨ ਦੇ ਵਿੱਚ ਆਪਣੀ ਸੱਚੀ ਸਮਝ ਦੇਣ ਦੁਆਰਾ ਆਪ ਹੀ ਕਰਾਉਂਦਾ ਹੈ। ਜਿਨ੍ਹਾਂ ਸਰੀਰਾਂ ਨੇ ਪਹਿਲੇ ਉਸਦੇ ਤੀਰਥ ਦਾ ਮਨ ਦੇ ਵਿੱਚ ਇਸ਼ਨਾਨ ਕੀਤਾ ਹੈ ਉਹਨਾਂ ਨੇ ਹੀ ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਤੀਰਥ ਹੈ ਜੋ ਤੀਰਥ ਉਸਦਾ ਨਾਮ ਦੇ ਰੂਪ ਵਿੱਚ ਹੈ ਜੋ ਗੁਰੂ ਦੇ ਤੀਰਥ ਦੇ ਉੱਤੇ ਇਸ਼ਨਾਨ ਕਰਨ ਦਾ ਸੱਚਾ ਉੱਦਮ ਕਰੇਗਾ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਦਾ ਸੱਚਾ ਉੱਦਮ ਕਰੇਗਾ ਭਾਵ ਸੱਚਾ ਨਾਮ ਜਪਣ ਦਾ ਉਦੱਮ ਕਰੇਗਾ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਉੱਦਮ ਕਰੇਗਾ ਉਹੀ ਆਪਣੀ ਮਤਿ ਦੇ ਵਿੱਚੋਂ ਰਤਨ, ਜਵਾਹਰ, ਮਾਣਕ ਵਾਲੀ ਸੱਚੀ ਸਮਝ ਪਾ ਸਕੇਗਾ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੇਗਾ। **(ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥)**

{ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥ ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥ ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥
ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥
ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥ ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥
ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥ ਗਣਤ ਗਣੀਐ ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥
ਕਰਿ ਅਪਰਾਧ ਸਰਣਿ ਹਮ ਆਇਆ ॥ ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥
ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥
ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥}

(ਅੰਗ ੯੦੪)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਸਾਨੂੰ ਪ੍ਰਮਾਤਮਾ ਨੂੰ ਪਾਉਣ ਦੇ ਲਈ ਸਿੱਖਿਆ ਕਿੱਥੋਂ ਲੈਣੀ ਚਾਹੀਦੀ ਹੈ ਜਿਸ ਗੱਲ ਨੂੰ ਸਮਝੇ ਬਿਨਾਂ ਤੇ ਮੰਨੇ ਬਿਨਾਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਵੇ, ਉਸਦੇ ਤੀਰਥ ਦਾ ਸੱਚਾ ਇਸ਼ਨਾਨ ਕਰ ਸਕੇ ਇਹ ਨਹੀਂ ਹੋ ਸਕਦਾ।

“ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥”

ਉਪਰ ਵਾਲੇ ਸ਼ਬਦ ਤੋਂ ਅਸੀਂ ਇਸ ਤੋਂ ਪਹਿਲੇ ਸ਼ਬਦ ਦੁਆਰਾ ਵੀ ਇਹਨਾਂ ਪੰਗਤੀਆਂ ਨੂੰ ਸਮਝਿਆ ਹੈ ਭਾਵ ਇਸ ਸ਼ਬਦ ਰਾਹੀਂ ਸਾਨੂੰ ਫਿਰ ਤੋਂ ਇਹ ਗੱਲ ਦ੍ਰਿੜ ਕਰਵਾਈ ਹੋਈ ਹੈ ਕਿ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਸਮਝ ਕੇਵਲ ਗੁਰੂ ਹੀ ਬੁਝਾ ਸਕਦਾ ਹੈ, ਦੇ ਸਕਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ ਜਿਨ੍ਹਾਂ ਨੂੰ ਅਸੀਂ ਆਪਣੀ ਨਾਸਮਝੀ ਦੁਆਰਾ ਹੀ ਧਰਮ ਦੇ ਮਾਰਗ ਤੇ ਉੱਚਾ ਥਾਪ

ਲੈਂਦੇ ਹਾਂ ਤੇ ਉਹਨਾਂ ਦੀ ਸਮਝਾਈ

47/6354

ਹੋਈ ਮਰਿਯਾਦਾ ਅਨੁਸਾਰ ਵਿਚਰਦੇ ਹਾਂ ਤੇ ਉਹੋ ਜਿਹੇ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ, ਉਹੋ ਜਿਹਾ ਨਾਮ ਜਪਦੇ ਹਾਂ ਜੋ ਗੁਰੂ ਦੀ ਸਿੱਖਿਆ ਦੇ ਉਲਟ ਹੈ। ਗੁਰੂ ਦੀ ਸਿੱਖਿਆ ਦੇ ਉਲਟ ਚੱਲਕੇ ਕੋਈ ਉਸ ਦਾਤੇ ਨੂੰ ਨਹੀਂ ਜਾਣ ਸਕਦਾ ਜੋ ਹਰ ਦਾਤਿ ਦਾ ਮਾਲਕ ਹੈ, ਨਾਮ ਦੀ ਦਾਤਿ ਦਾ ਵੀ ਉਹ ਆਪ ਮਾਲਕ ਹੈ। ਗੁਰੂ ਦੀ ਸਿੱਖਿਆ ਨੂੰ ਵਿਸਾਰਨਾ ਦਾਤੇ ਨੂੰ ਵਿਸਾਰਨਾ ਹੈ ਤੇ ਗੁਰੂ ਦੀ ਸਿੱਖਿਆ ਨੂੰ ਚੇਤੇ ਰੱਖਣਾ ਹਰ ਵੇਲੇ ਦਾਤੇ ਨੂੰ ਚੇਤੇ ਰੱਖਣਾ ਹੈ। **(ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥)**

{ਗੁਰੁ ਸਾਗਰੁ ਪੂਰਾ ਭੰਡਾਰ ॥ ਊਤਮ ਰਤਨ ਜਵਾਹਰ ਅਪਾਰ ॥
ਗੁਰ ਪਰਸਾਦੀ ਦੇਵਣਹਾਰੁ ॥ ਨਾਨਕ ਬਖਸੇ ਬਖਸਣਹਾਰੁ ॥੪॥੯॥੪੮॥}

(ਅੰਗ ੩੬੩)

{ਰਤਨ ਜਵਾਹਰ ਹਰਿ ਮਾਣਕ ਲਾਲਾ ॥ ਸਿਮਰਿ ਸਿਮਰਿ ਪ੍ਰਭ ਭਏ ਨਿਹਾਲਾ ॥੨॥}

(ਅੰਗ ੫੬੩)

{ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥
ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥ ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥
ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥੬॥}

(ਅੰਗ ੭੫੪)

{ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥ ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥੧॥ ਰਹਾਉ ॥
ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥
ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥
ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥੩॥
ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥}

(ਅੰਗ ੧੧੨੩)

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥}

(ਅੰਗ ੧੩੨੯)

{ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥}

(ਅੰਗ ੧੧)

{ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥}

(ਅੰਗ ੧੪)

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ ੨੨)

{ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥}

(ਅੰਗ ੪੦)

{ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥}

(ਅੰਗ ੪੦)

{ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ ੪੫)

{ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥
ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥}

(ਅੰਗ ੪੯)

47/6355

{ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥

ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ॥੧॥ ਹਰਿ ਜੀਉ ਤੂੰ ਕਰਤਾ ਕਰਤਾਰੁ ॥
ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥
ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥
ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥ ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥
ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥}

(ਅੰਗ ੫੪)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥}

(ਅੰਗ ੫੬)

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥
ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥}

(ਅੰਗ ੫੯)

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ ੭੮)

{ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥

ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥ ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥
ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥
ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥੮॥੧੬॥}

(ਅੰਗ ੬੩-੬੪)

{ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ ॥
ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧਸੰਗਤਿ ਨਿਧਿ ਮਾਨਿਆ ॥
ਸਰਬਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥
ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥੩॥}

(ਅੰਗ ੮੧)

{ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥}

(ਅੰਗ ੮੩)

{ਰਤਨੁ ਪਦਾਰਥੁ ਪਲਰਿ ਤਿਆਗੈ ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥
ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥}

(ਅੰਗ ੧੧੩)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥
ਅੰਤਰਿ ਰਤਨੁ ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥}

(ਅੰਗ ੧੧੭)

{ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥
ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ ੧੨੬)

{ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥
ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥

ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ ੧੨੯)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥
ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥
ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ ੧੨੯)

{ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥੧॥ ਰਹਾਉ ॥}

(ਅੰਗ ੧੩੦)

{ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥
ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥
ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥ ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ॥
ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥}

(ਅੰਗ ੧੪੧)

{ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ ॥ ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ ॥
ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ ॥
ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ ॥
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ ॥
ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ ॥
ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ ॥
ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ ॥ ਉਡਰਿਆ ਵੇਚਾਰਾ ਬਗੁਲਾ ਮਤੁ ਹੋਵੈ ਮੰਦੂ ਲਖਾਵੈ ॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਕਿਸੁ ਦੋਸੁ ਦਿਚੈ ਜਾ ਹਰਿ ਏਵੈ ਭਾਵੈ ॥
ਸਤਿਗੁਰੁ ਸਰਵਰੁ ਰਤਨੀ ਭਰਪੂਰੇ ਜਿਸੁ ਪ੍ਰਾਪਤਿ ਸੋ ਪਾਵੈ ॥

ਸਿਖ ਹੰਸ ਸਰਵਰਿ ਇਕਠੇ ਹੋਏ ਸਤਿਗੁਰ ਕੈ ਹੁਕਮਾਵੈ ॥
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ ਖਾਇ ਖਰਚਿ ਰਹੇ ਤੋਟਿ ਨ ਆਵੈ ॥
ਸਰਵਰ ਹੰਸੁ ਦੂਰਿ ਨ ਹੋਈ ਕਰਤੇ ਏਵੈ ਭਾਵੈ ॥
ਜਨ ਨਾਨਕ ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ ਸੋ ਸਿਖੁ ਗੁਰੂ ਪਹਿ ਆਵੈ ॥
ਆਪਿ ਤਰਿਆ ਕੁਟੰਬ ਸਭਿ ਤਾਰੇ ਸਭਾ ਸ੍ਰਿਸਟਿ ਛਡਾਵੈ ॥੧॥}

(ਅੰਗ ੯੬੦)

{ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥੧॥}

(ਅੰਗ ੯੫੪)

{ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥}

(ਅੰਗ ੧੪੫)

47/6356

{ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ ॥
ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥
ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥ ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ॥
ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥}

(ਅੰਗ ੧੪੭)

{ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥
ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥}

(ਅੰਗ ੧੪੯)

{ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥ ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥ ਦੇਹੀ ਮਾਟੀ ਬੋਲੈ ਪਉਣੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥ ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ ੧੫੨)

{ਮਨੁ ਮੰਦਰੁ ਤਨੁ ਸਾਜੀ ਬਾਰਿ ॥ ਇਸ ਹੀ ਮਧੇ ਬਸਤੁ ਅਪਾਰ ॥ ਇਸ ਹੀ ਭੀਤਰਿ ਸੁਨੀਅਤ ਸਾਹੁ ॥

ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥੧॥ ਨਾਮ ਰਤਨ ਕੋ ਕੋ ਬਿਉਹਾਰੀ ॥
ਅੰਮ੍ਰਿਤ ਭੋਜਨੁ ਕਰੇ ਆਹਾਰੀ ॥੧॥ ਰਹਾਉ ॥ ਮਨੁ ਤਨੁ ਅਰਪੀ ਸੇਵ ਕਰੀਜੈ ॥
ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥ ਪਾਇ ਲਗਉ ਤਜਿ ਮੇਰਾ ਤੇਰੈ ॥ ਕਵਨੁ ਸੁ ਜਨੁ ਜੋ ਸਉਦਾ ਜੋਰੈ ॥੨॥
ਮਹਲੁ ਸਾਹ ਕਾ ਕਿਨ ਬਿਧਿ ਪਾਵੈ॥ ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ॥ ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ॥
ਕਵਨੁ ਸੁ ਦਾਤਾ ਲੇ ਸੰਚਾਰੇ ॥੩॥ ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥}

(ਅੰਗ ੧੮੦)

{ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥ ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥੩॥ ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥
ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥}

(ਅੰਗ ੧੮੫-੧੮੬)

{ਜਿਸੁ ਸਿਮਰਤ ਦੂਖੁ ਸਭੁ ਜਾਇ ॥ ਨਾਮੁ ਰਤਨੁ ਵਸੈ ਮਨਿ ਆਇ ॥੧॥
ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ ਸਾਧੂ ਜਨ ਰਾਮੁ ਰਸਨ ਵਖਾਣੀ ॥੧॥ ਰਹਾਉ ॥}

(ਅੰਗ ੧੯੨)

{ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥
ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ ॥੧॥ ਰਹਾਉ ॥
ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਹਣ ਮੋਹ ਕੀ ਫਾਸ ॥
ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ ॥੧॥
ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥
ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥}

(ਅੰਗ ੨੦੪)

{ਸਾਧੋ ਇਹੁ ਮਨੁ ਗਹਿਓ ਨ ਜਾਈ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੂ ਨ ਬਸਾਈ ॥੧॥
ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥੨॥੪॥}

(ਅੰਗ ੨੧੯)

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥

ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥}

(ਅੰਗ ੨੩੩)

{ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥}

(ਅੰਗ ੩੫੧)

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥}

(ਅੰਗ ੯੧੭)

{ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ਤਾ ਸਤਗੁਰੁ ਸੇਵਾ ਲਾਏ ॥
ਨਾਨਕ ਰਤਨ ਜਵੇਹਰ ਪਾਵੈ ਧਨੁ ਧਨੁ ਗੁਰਮਤਿ ਹਰਿ ਪਾਏ ॥੪॥੧॥}

(ਅੰਗ ੯੮੦)

{ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥
ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ ੯੯੧)

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ ੯੨੦)

{ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥}

(ਅੰਗ ੧੨੯੦)

{ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥
ਲਾੜੀ ਚਾੜੀ ਲਾਇਤਬਾਰੁ ॥ ਮਨਮੁਖੁ ਅੰਧਾ ਮੁਗਧੁ ਗਵਾਰੁ ॥}

(ਅੰਗ ੯੩੧)

{ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥}

(ਅੰਗ ੧੦੩੦)

{ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥ ਕਉਡੀ ਬਦਲੇ ਰਤਨੁ ਤਿਆਗਹਿ ॥੧॥ ਰਹਾਉ ॥}

(ਅੰਗ ੧੯੫)

{ਗੁਰੁ ਸਰਵਰੁ ਹਮ ਹੰਸ ਪਿਆਰੇ ॥ ਸਾਗਰ ਮਹਿ ਰਤਨ ਲਾਲ ਬਹੁ ਸਾਰੇ ॥
ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ ॥੨॥}

(ਅੰਗ ੧੦੨੭)

{ਆਪੇ ਰਤਨੁ ਅਨੂਪੁ ਅਮੋਲੋ ॥ ਆਪੇ ਪਰਖੇ ਪੂਰਾ ਤੋਲੋ ॥
ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੮॥}

(ਅੰਗ ੧੦੨੦)

{ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥ ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ ੯੫੪)

{ਗੁਰਮੁਖਿ ਰਤਨੁ ਲਹੈ ਲਿਵ ਲਾਇ ॥ ਗੁਰਮੁਖਿ ਪਰਖੈ ਰਤਨੁ ਸੁਭਾਇ ॥ ਗੁਰਮੁਖਿ ਸਾਚੀ ਕਾਰ ਕਮਾਇ ॥
ਗੁਰਮੁਖਿ ਸਾਚੇ ਮਨੁ ਪਤੀਆਇ॥ ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ਨਾਨਕ ਗੁਰਮੁਖਿ ਚੋਟ ਨ ਖਾਵੈ॥੩੫॥}

(ਅੰਗ ੯੪੨)

{ਜੀਅਹੁ ਨਿਰਮਲ ਬਾਹਰਹੁ ਨਿਰਮਲ ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥ ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥}

(ਅੰਗ ੯੧੯)

{ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ॥੧॥ ਰਹਾਉ॥
ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ ॥੨॥}

(ਅੰਗ ੧੦੧੭)

{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥
ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥ ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥}

(ਅੰਗ ੫੯੯)

{ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥}

(ਅੰਗ ੨੩੫)

{ਜਾਸੁ ਜਪਤ ਰਤਨੁ ਹਰਿ ਮਿਲੈ ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥}

(ਅੰਗ ੨੩੬)

{ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥ ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥੬॥
ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥ ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ ॥੭॥
ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ ॥ ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ ॥੮॥੧੨॥}

(ਅੰਗ ੨੪੧)

{ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ ॥
ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ ॥
ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ ਆਪੁ ਗਣਾਏ ॥
ਹਰਿ ਕੇ ਚਾਕਰ ਸਦਾ ਸੁਹੇਲੇ ਗੁਰ ਚਰਣੀ ਚਿਤੁ ਲਾਏ ॥
ਜਿਸ ਨੋ ਹਰਿ ਜੀਉ ਕਰੇ ਕਿਰਪਾ ਸਦਾ ਹਰਿ ਕੇ ਗੁਣ ਗਾਏ ॥
ਨਾਨਕ ਨਾਮੁ ਰਤਨੁ ਜਗਿ ਲਾਹਾ ਗੁਰਮੁਖਿ ਆਪਿ ਬੁਝਾਏ ॥੪॥੫॥੭॥}

(ਅੰਗ ੨੪੭)

{ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥}

(ਅੰਗ ੨੬੭)

{ਸਾਧ ਕੈ ਸੰਗਿ ਮੁਖ ਊਜਲ ਹੋਤ ॥ ਸਾਧਸੰਗਿ ਮਲੁ ਸਗਲੀ ਖੋਤ ॥
ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥ ਸਾਧਸੰਗਿ ਸਭੁ ਹੋਤ ਨਿਬੇਰਾ ॥
ਸਾਧ ਕੈ ਸੰਗਿ ਪਾਏ ਨਾਮ ਰਤਨੁ ॥ ਸਾਧ ਕੈ ਸੰਗਿ ਏਕ ਊਪਰਿ ਜਤਨੁ ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥}

(ਅੰਗ ੨੭੧)

6480

{ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਨਾਮ ਰਤਨੁ ਜਿਨਿ ਗੁਰਮੁਖਿ ਪਾਇਆ॥
ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥ ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥
ਨਾਮ ਰਸਿ ਜੋ ਜਨ ਤ੍ਰਿਪਤਾਨੇ ॥ ਮਨ ਤਨ ਨਾਮਹਿ ਨਾਮਿ ਸਮਾਨੇ ॥
ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥}

(ਅੰਗ ੨੮੬)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥ ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥
ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥ ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥
ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ ੨੯੬)

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ਰਹਾਉ ॥}

(ਅੰਗ ੩੫੩)

47/6358

{ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

{ਸਭ ਤੇਰੀ ਤੂੰ ਸਭਨੀ ਧਿਆਇਆ ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥}

(ਅੰਗ ੩੬੫)

{ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ ੩੬੯)

{ਪਰਦੇਸੁ ਝਾਗਿ ਸਉਦੇ ਕਉ ਆਇਆ ॥ ਵਸਤੁ ਅਨੂਪ ਸੁਣੀ ਲਾਭਾਇਆ ॥
ਗੁਣ ਰਾਸਿ ਬੰਨ੍ਹਿ ਪਲੈ ਆਨੀ ॥ ਦੇਖਿ ਰਤਨੁ ਇਹੁ ਮਨੁ ਲਪਟਾਨੀ ॥੧॥}

(ਅੰਗ ੩੭੨)

{ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥ ਜਉ ਕਿਰਪਾ ਗੋਬਿੰਦ ਭਈ ॥
ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ ਰਹਾਉ ॥}

(ਅੰਗ ੪੦੨)

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ॥
ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥}

(ਅੰਗ ੪੨੫)

{ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ॥ ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ॥੬॥
ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥ ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥੭॥
ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥
ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥੮॥੮॥੩੦॥}

(ਅੰਗ ੪੨੬)

{ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥}

(ਅੰਗ ੪੪੨)

{ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥
ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥ ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥
ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥}

(ਅੰਗ ੪੪੯)

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥}

(ਅੰਗ ੪੫੦)

{ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥੧॥ ਬਾਬਾ ਮਾਇਆ ਮੋਹ ਹਿਤੁ ਕੀਨ੍ ॥
ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥ ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥
ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥੨॥ ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ॥
ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ ॥੩॥੫॥੨੭॥}

(ਅੰਗ ੪੮੨)

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥

ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥
ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ ॥
ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ ॥੭॥
ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥੧॥੫॥}

(ਅੰਗ ੫੦੫)

{ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ ॥
ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ ॥
ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ॥
ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥੩॥}

(ਅੰਗ ੫੪੭)

{ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ ॥
ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ ॥}

(ਅੰਗ ੫੭੬)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ ੫੯੩)

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

{ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥ ਰਤਨੁ ਲੁਕਾਇਆ ਲੁਕੈ ਨਾਹੀ ਜੇ ਕੋ ਰਖੈ ਲੁਕਾਈ॥੪॥
ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥
ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥੫॥੯॥}

(ਅੰਗ ੬੦੭-੬੦੮)

47/6359

{ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥
ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥੩॥
ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥

ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥}

(ਅੰਗ ੬੧੨)

{ਰਤਨੁ ਛਾਡਿ ਕਉਡੀ ਸੰਗਿ ਲਾਗੇ ਜਾ ਤੇ ਕਛੂ ਨ ਪਾਈਐ ॥
ਪੂਰਨ ਪਾਰਬ੍ਰਹਮ ਪਰਮੇਸੁਰ ਮੇਰੇ ਮਨ ਸਦਾ ਧਿਆਈਐ ॥੧॥
ਸਿਮਰਹੁ ਹਰਿ ਹਰਿ ਨਾਮੁ ਪਰਾਨੀ ॥ ਬਿਨਸੈ ਕਾਚੀ ਦੇਹ ਅਗਿਆਨੀ ॥ ਰਹਾਉ ॥}

(ਅੰਗ ੬੧੪)

{ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥
ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥
ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥੪॥੧੨॥੨੩॥}

(ਅੰਗ ੬੧੫)

{ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥
ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥੧॥ ਹਿਰਦੈ ਹਰਿ ਕੇ ਚਰਣ ਵਸਾਈ ॥
ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ ॥ ਰਹਾਉ ॥
ਕਿਆ ਗੁਣ ਤੇਰੇ ਆਖਿ ਵਖਾਣਾ ਕੀਮਤਿ ਕਹਣੁ ਨ ਜਾਈ ॥
ਨਾਨਕ ਭਗਤ ਭਏ ਅਬਿਨਾਸੀ ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥}

(ਅੰਗ ੬੧੯)

{ਮਨ ਰੇ ਗਹਿਓ ਨ ਗੁਰ ਉਪਦੇਸੁ ॥ ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥
ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥੧॥
ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥
ਰਹਿਓ ਅਚੇਤੁ ਨ ਚੇਤਿਓ ਗੋਬਿੰਦ ਬਿਰਥਾ ਅਉਧ ਸਿਰਾਨੀ ॥
ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥੩॥੧੦॥}

(ਅੰਗ ੬੩੩)

{ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥ ਨਿਜ ਭਾਉ ਭਇਆ ਭ੍ਰਮੁ ਭਾਗਾ ॥
ਗੁਰ ਪੂਛੇ ਮਨੁ ਪਤੀਆਗਾ ॥੨॥ ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥
ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥੩॥}

(ਅੰਗ ੬੫੭)

{ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥ ਹਰਿ ਗੁਨ ਕਹਤੇ ਕਹਨੁ ਨ ਜਾਈ ॥

ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥ ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥੨॥}

(ਅੰਗ ੬੫੯)

{ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥
ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥
ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥
ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥੩॥
ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥੪॥੧॥}

(ਅੰਗ ੬੯੬)

{ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥
ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ ॥੧॥ ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ ॥ ਰਹਾਉ ॥
ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥}

(ਅੰਗ ੬੯੬)

{ਹਰਿ ਹਰਿ ਗੁਣ ਗੋਵਿੰਦ ਜਪਾਹਾ ॥ ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥
ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ ॥੨॥
ਨਾਮੁ ਰਤਨੁ ਹਰਿ ਨਾਮੁ ਜਪਾਹਾ ॥ ਹਰਿ ਗੁਣ ਗਾਇ ਸਦਾ ਲੈ ਲਾਹਾ ॥
ਦੀਨ ਦਇਆਲ ਕ੍ਰਿਪਾ ਕਰਿ ਮਾਧੋ ਹਰਿ ਹਰਿ ਨਾਮੁ ਓਮਾਹਾ ਰਾਮ ॥੩॥}

(ਅੰਗ ੬੯੯)

{ਆਪੇ ਦੀਪ ਲੋਅ ਦੀਪਾਹਾ ॥ ਆਪੇ ਸਤਿਗੁਰੁ ਸਮੁੰਦੁ ਮਥਾਹਾ ॥
ਆਪੇ ਮਥਿ ਮਥਿ ਤਤੁ ਕਢਾਏ ਜਪਿ ਨਾਮੁ ਰਤਨੁ ਓਮਾਹਾ ਰਾਮ ॥੨॥}

(ਅੰਗ ੬੯੯)

{ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥
ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥

ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥੧॥
ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥੧॥}

(ਅੰਗ ੭੦੨-੭੦੩)

{ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥
ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਬਾਟਿਓ ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥
ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥
ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥੨॥੬॥੧੧॥}

(ਅੰਗ ੭੧੪)

{ਮਾਈ ਚਰਨ ਗੁਰ ਮੀਠੇ ॥ ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ॥ ਰਹਾਉ ॥
ਗੁਨ ਗਾਵਤ ਅਚੁਤ ਅਬਿਨਾਸੀ ਕਾਮ ਕ੍ਰੋਧ ਬਿਨਸੇ ਮਦ ਢੀਠੇ ॥
ਅਸਥਿਰ ਭਏ ਸਾਚ ਰੰਗਿ ਰਾਤੇ ਜਨਮ ਮਰਨ ਬਾਹੁਰਿ ਨਹੀ ਪੀਠੇ ॥੧॥
ਬਿਨੁ ਹਰਿ ਭਜਨ ਰੰਗ ਰਸ ਜੇਤੇ ਸੰਤ ਦਇਆਲ ਜਾਨੇ ਸਭਿ ਝੂਠੇ ॥
ਨਾਮ ਰਤਨੁ ਪਾਇਓ ਜਨ ਨਾਨਕ ਨਾਮ ਬਿਹੂਨ ਚਲੇ ਸਭਿ ਮੂਠੇ ॥੨॥੮॥੨੭॥}

(ਅੰਗ ੭੧੭)

{ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥
ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥੨॥੧੧॥੩੦॥}

(ਅੰਗ ੭੧੮)

{ਮਨ ਮਿਲਿ ਸੰਤ ਜਨਾ ਜਸੁ ਗਾਇਓ ॥
ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ ॥੧॥ ਰਹਾਉ ॥
ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ ॥
ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ ॥੧॥
ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ ॥
ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ ॥੨॥੨॥}

(ਅੰਗ ੭੧੯)

{ਜਪਿ ਮਨ ਰਾਮ ਨਾਮੁ ਨਿਸਤਾਰਾ ॥
ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ ॥੧॥ ਰਹਾਉ ॥
ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥
ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ ॥੧॥

ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਾਸਾਰਾ ॥
ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ ਸੋ ਸਾਹੁ ਸਚਾ ਵਣਜਾਰਾ ॥੨॥੪॥}

(ਅੰਗ ੭੨੦)

47/6360

{ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥
ਲੋਕ ਪਤੀਆਰੈ ਕਛੂ ਨ ਪਾਈਐ ॥ ਸਾਚਿ ਲਗੈ ਤਾ ਹਉਮੈ ਜਾਈਐ ॥੨॥
ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
ਦੁਰਮਤਿ ਜਾਇ ਪਰਮ ਪਦੁ ਪਾਏ ॥ ਗੁਰ ਪਰਸਾਦੀ ਨਾਮੁ ਧਿਆਏ ॥੩॥}

(ਅੰਗ ੭੩੬-੭੩੭)

{ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥
ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥੩॥}

(ਅੰਗ ੭੩੪)

{ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥ ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥
ਮਾਧਵੇ ਭਜੁ ਦਿਨ ਨਿਤ ਰੈਣੀ ॥ ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥੧॥ ਰਹਾਉ ॥
ਕਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥੨॥
ਭਰਣ ਪੋਖਣ ਸੰਗਿ ਅਉਧ ਬਿਹਾਣੀ ॥ ਜੈ ਜਗਦੀਸ ਕੀ ਗਤਿ ਨਹੀ ਜਾਣੀ ॥੩॥
ਸਰਣਿ ਸਮਰਥ ਅਗੋਚਰ ਸੁਆਮੀ ॥ ਉਧਰੁ ਨਾਨਕ ਪ੍ਰਭ ਅੰਤਰਜਾਮੀ ॥੪॥੨੭॥੩੩॥}

(ਅੰਗ ੭੪੩)

{ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥ ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥੫॥
ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ ॥ ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥੬॥
ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥ ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥
ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ ॥ ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ ॥੮॥੨॥੪॥}

(ਅੰਗ ੭੫੨)

{ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥
ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥
ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥}

(ਅੰਗ ੭੫੪)

{ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥ ਮਨੁ ਤਨੁ ਅੰਮ੍ਰਿਤਿ ਭਿੰਨਾ ॥
ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥}

(ਅੰਗ ੭੬੪)

{ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥ ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥
ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥}

(ਅੰਗ ੭੬੫)

{ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥}

(ਅੰਗ ੭੭੫)

{ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥ ਹਉਮੈ ਪਚੇ ਦੀਪਕ ਦੇਖਿ ਪਤੰਗਾ ॥
ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੩॥
ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥
ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥
ਆਨਦ ਰੂਪੁ ਸਭੁ ਨਦਰੀ ਆਇਆ ॥ ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥}

(ਅੰਗ ੮੦੧)

{ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥
ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥
ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥
ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥
ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ ॥੨}

(ਅੰਗ ੮੪੫)

{ਪਾਰਬ੍ਰਹਮੁ ਜਬ ਹੋਇ ਦਇਆਲ ॥ ਸਾਧੂ ਜਨ ਕੀ ਕਰੈ ਰਵਾਲ ॥ ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥
ਰਾਮ ਰਤਨੁ ਵਸੈ ਮਨਿ ਆਇ ॥੨॥ ਸਫਲੁ ਜਨਮੁ ਤਾਂ ਕਾ ਪਰਵਾਣੁ ॥ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥੩॥}

(ਅੰਗ ੮੬੯)

{ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥ ਰਤਨੁ ਅਮੋਲੁ ਰਿਦੇ ਮਹਿ ਜਾਨੁ ॥
ਅਪਨੀ ਵਸਤੁ ਤੂ ਆਪਿ ਪਛਾਨੁ ॥੧॥ ਪੀ ਅੰਮ੍ਰਿਤੁ ਸੰਤਨ ਪਰਸਾਦਿ ॥
ਵਡੇ ਭਾਗ ਹੋਵਹਿ ਤਉ ਪਾਈਐ ਬਿਨੁ ਜਿਹਵਾ ਕਿਆ ਜਾਣੈ ਸੁਆਦੁ ॥੧॥ ਰਹਾਉ ॥}

(ਅੰਗ ੮੯੨)

{ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥
ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥੧॥ ਅਭਾਗੇ ਤੈ ਲਾਜ ਨਾਹੀ ॥
ਸੁਖ ਸਾਗਰ ਪੂਰਨ ਪਰਮੇਸਰੁ ਹਰਿ ਨ ਚੇਤਿਓ ਮਨ ਮਾਹੀ ॥੧॥ ਰਹਾਉ ॥
ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥
ਮਾਇਆ ਕਾਰਣਿ ਸਦ ਹੀ ਝੂਰੈ ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥
ਨਿਰਭਉ ਨਿਰੰਕਾਰ ਦਾਤਾਰੁ ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥੩॥
ਸਭ ਸਾਹਾ ਸਿਰਿ ਸਾਚਾ ਸਾਹੁ ॥ ਵੇਮੁਹਤਾਜੁ ਪੂਰਾ ਪਾਤਿਸਾਹੁ ॥
ਮੋਹ ਮਗਨ ਲਪਟਿਓ ਭ੍ਰਮ ਗਿਰਹ ॥ ਨਾਨਕ ਤਰੀਐ ਤੇਰੀ ਮਿਹਰ ॥੪॥੨੧॥੩੨॥}

(ਅੰਗ ੮੯੨)

{ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥ ਨਾਮੁ ਰਤਨੁ ਨਿਰਮੋਲਕੁ ਹੀਰਾ ॥
ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥ ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥ ਸਬਦੁ ਬੀਚਾਰਿ ਭਏ ਨਿਰੰਕਾਰੀ ॥
ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥
ਜੀਵਨ ਮੁਕਤਿ ਗਤਿ ਅੰਤਰਿ ਪਾਈ॥੪॥}

(ਅੰਗ ੯੦੪)

{ਨਾਮੁ ਰਤਨੁ ਹੀਰਾ ਨਿਰਮੋਲੁ ॥ ਸਾਚਾ ਸਾਹਿਬੁ ਅਮਰੁ ਅਤੋਲੁ ॥
ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ ਨਾਹੀ ਰੋਲੁ ॥੨॥}

(ਅੰਗ ੯੦੫)

{ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥
ਖਰਾ ਖਰਾ ਆਖੈ ਸਭੁ ਕੋਇ ॥ ਖਰਾ ਰਤਨੁ ਜੁਗ ਚਾਰੇ ਹੋਇ ॥
ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥}

(ਅੰਗ ੯੩੨)

{ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥}

(ਅੰਗ ੧੦੦੦)

47/6361

{ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥
ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥}

(ਅੰਗ ੧੦੨੪)

{ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥
ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ ਗੜ ਮਹਿ ਹਾਟ ਪਟਣ ਵਾਪਾਰਾ ॥
ਪੂਰੈ ਤੋਲਿ ਤੋਲੈ ਵਣਜਾਰਾ ॥ ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥}

(ਅੰਗ ੧੦੩੬)

{ਆਪੇ ਵਰਖੈ ਅੰਮ੍ਰਿਤ ਧਾਰਾ ॥ ਰਤਨ ਜਵੇਹਰ ਲਾਲ ਅਪਾਰਾ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ ॥੭॥ ਪ੍ਰੇਮ ਪਦਾਰਥੁ ਲਹੈ ਅਮੋਲੋ ॥
ਕਬ ਹੀ ਨ ਘਾਟਸਿ ਪੂਰਾ ਤੋਲੋ ॥ ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥
ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥}

(ਅੰਗ ੧੦੩੬)

{ਤੂ ਅੰਤਰਜਾਮੀ ਜੀਅ ਸਭਿ ਤੇਰੇ ॥ ਤੂ ਦਾਤਾ ਹਮ ਸੇਵਕ ਤੇਰੇ ॥
ਅੰਮ੍ਰਿਤ ਨਾਮੁ ਕ੍ਰਿਪਾ ਕਰਿ ਦੀਜੈ ਗੁਰਿ ਗਿਆਨ ਰਤਨੁ ਦੀਪਾਇਆ ॥੬॥
ਪੰਚ ਤਤੁ ਮਿਲਿ ਇਹੁ ਤਨੁ ਕੀਆ ॥ ਆਤਮ ਰਾਮ ਪਾਏ ਸੁਖੁ ਥੀਆ ॥
ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ ॥੭॥
ਨਾ ਤਿਸੁ ਭੂਖ ਪਿਆਸ ਮਨੁ ਮਾਨਿਆ ॥ ਸਰਬ ਨਿਰੰਜਨੁ ਘਟਿ ਘਟਿ ਜਾਨਿਆ ॥
ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ ਗੁਰਮਤਿ ਭਾਇ ਸੁਭਾਇਆ ॥੮॥}

(ਅੰਗ ੧੦੩੯)

{ਸਤਿਗੁਰੁ ਮਿਲੈ ਤ ਮਹਲਿ ਬੁਲਾਏ ॥ ਸਾਚੀ ਦਰਗਹ ਗਤਿ ਪਤਿ ਪਾਏ ॥
ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ ॥੭॥
ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥}

(ਅੰਗ ੧੦੪੩)

{ਮਾਇਆ ਮੋਹੁ ਜਗਤੁ ਗੁਬਾਰਾ ॥ ਗੁਰਮੁਖਿ ਬੂਝੈ ਕੋ ਵੀਚਾਰਾ ॥
ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥ ਆਪੇ ਮੇਲੇ ਦੇ ਵਡਿਆਈ ॥
ਗੁਰ ਪਰਸਾਦੀ ਕੀਮਤਿ ਪਾਈ ॥ ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ ॥੩॥
ਹਉਮੈ ਮਾਇਆ ਵਿਚੇ ਪਾਈ ॥ ਮਨਮੁਖ ਭੂਲੇ ਪਤਿ ਗਵਾਈ ॥
ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥ ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥
ਮਨਸਾ ਮਾਰਿ ਮਨ ਮਾਹਿ ਸਮਾਇਆ ॥ ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥
ਸਤਿਗੁਰੁ ਸੇਵੇ ਆਪੁ ਗਵਾਏ ॥ ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥
ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ ॥੬॥ ਦੂਖ ਨਿਵਾਰਣੁ ਗੁਰ ਤੇ ਜਾਤਾ ॥
ਆਪਿ ਮਿਲਿਆ ਜਗਜੀਵਨੁ ਦਾਤਾ ॥ ਜਿਸ ਨੋ ਲਾਏ ਸੋਈ ਬੂਝੈ ਭਉ ਭਰਮੁ ਸਰੀਰਹੁ ਜਾਈ ਹੇ ॥੭॥}

(ਅੰਗ ੧੦੪੩-੧੦੪੪)

{ਆਪੇ ਕਰਤਾ ਸਭੁ ਜਿਸੁ ਕਰਣਾ ॥ ਜੀਅ ਜੰਤ ਸਭਿ ਤੇਰੀ ਸਰਣਾ ॥
ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ ॥੧॥ ਹਰਿ ਕੇ ਭਗਤਿ ਭਰੇ ਭੰਡਾਰਾ ॥
ਆਪੇ ਬਖਸੇ ਸਬਦਿ ਵੀਚਾਰਾ ॥ ਜੋ ਤੁਧੁ ਭਾਵੈ ਸੋਈ ਕਰਸਹਿ ਸਚੇ ਸਿਉ ਮਨੁ ਰਾਤਾ ਹੇ ॥੨॥
ਆਪੇ ਹੀਰਾ ਰਤਨੁ ਅਮੋਲੋ ॥ ਆਪੇ ਨਦਰੀ ਤੋਲੇ ਤੋਲੋ ॥
ਜੀਅ ਜੰਤ ਸਭਿ ਸਰਣਿ ਤੁਮਾਰੀ ਕਰਿ ਕਿਰਪਾ ਆਪਿ ਪਛਾਤਾ ਹੇ ॥੩॥ ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥
ਮਰੈ ਨ ਜੰਮੈ ਚੂਕੈ ਫੇਰੀ ॥ ਸਾਚੇ ਗੁਣ ਗਾਵੈ ਦਿਨੁ ਰਾਤੀ ਜੁਗਿ ਜੁਗਿ ਏਕੋ ਜਾਤਾ ਹੇ ॥੪॥
ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥}

(ਅੰਗ ੧੦੫੨)

{ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ ॥ ਹਉਮੈ ਮੇਰਾ ਠਾਕਿ ਰਹਾਏ ॥
ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ ॥੧੦॥ ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥
ਆਪੇ ਮੇਲੈ ਗੁਰ ਸਬਦਿ ਵੀਚਾਰਾ ॥ ਆਪੇ ਬਖਸੇ ਸਚੁ ਦ੍ਰਿੜਾਏ ਮਨੁ ਤਨੁ ਸਾਚੈ ਰਾਤਾ ਹੇ ॥੧੧॥
ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ ਗੁਰਮਤਿ ਬੂਝੈ ਕਰਿ ਵੀਚਾਰਾ ॥
ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥੧੨॥
ਗੜ ਕਾਇਆ ਅੰਦਰਿ ਬਹੁ ਹਟ ਬਾਜਾਰਾ ॥ ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥
ਗੁਰ ਕੈ ਸਬਦਿ ਸਦਾ ਦਰਿ ਸੋਹੈ ਹਉਮੈ ਮਾਰਿ ਪਛਾਤਾ ਹੇ ॥੧੩॥ ਰਤਨੁ ਅਮੋਲਕੁ ਅਗਮ ਅਪਾਰਾ ॥
ਕੀਮਤਿ ਕਵਣੁ ਕਰੇ ਵੇਚਾਰਾ ॥ ਗੁਰ ਕੈ ਸਬਦੇ ਤੋਲਿ ਤੋਲਾਏ ਅੰਤਰਿ ਸਬਦਿ ਪਛਾਤਾ ਹੇ ॥੧੪॥}

(ਅੰਗ ੧੦੫੩)

{ਪੂਰੈ ਸਤਿਗੁਰਿ ਸੋਝੀ ਪਾਈ ॥ ਏਕੋ ਨਾਮੁ ਮੰਨਿ ਵਸਾਈ ॥
ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ ॥੧੧॥ ਸੇਵਕ ਸੇਵਹਿ ਮੰਨਿ ਹੁਕਮੁ ਅਪਾਰਾ ॥
ਮਨਮੁਖ ਹੁਕਮੁ ਨ ਜਾਣਹਿ ਸਾਰਾ ॥ ਹੁਕਮੇ ਮੰਨੇ ਹੁਕਮੇ ਵਡਿਆਈ ਹੁਕਮੇ ਵੇਪਰਵਾਹਾ ਹੇ ॥੧੨॥

ਗੁਰ ਪਰਸਾਦੀ ਹੁਕਮੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥
ਨਾਮੇ ਰਾਤਾ ਸਦਾ ਬੈਰਾਗੀ ਨਾਮੁ ਰਤਨੁ ਮਨਿ ਤਾਹਾ ਹੇ ॥੧੩॥ ਸਭ ਜਗ ਮਹਿ ਵਰਤੈ ਏਕੋ ਸੋਈ ॥
ਗੁਰ ਪਰਸਾਦੀ ਪਰਗਟੁ ਹੋਈ ॥ ਸਬਦੁ ਸਲਾਹਹਿ ਸੇ ਜਨ ਨਿਰਮਲ ਨਿਜ ਘਰਿ ਵਾਸਾ ਤਾਹਾ ਹੇ ॥੧੪॥}

(ਅੰਗ ੧੦੫੪)

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥ ਅਪਣੀ ਗਹਣ ਗਤਿ ਆਪੇ ਜਾਣੈ ॥
ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥ ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥ ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥ ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥ ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥ ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥
ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥ ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥ ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥}

(ਅੰਗ ੧੦੫੬)

{ਜਿਸ ਨੋ ਸਚਾ ਦੇਇ ਸੁ ਪਾਏ ॥ ਅੰਤਰਿ ਸਾਚੁ ਭਰਮੁ ਚੁਕਾਏ ॥
ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ ॥੭॥ ਆਪੇ ਕਰਤਾ ਸਭਨਾ ਕਾ ਸੋਈ ॥
ਜਿਸ ਨੋ ਆਪਿ ਬੁਝਾਏ ਬੂਝੈ ਕੋਈ ॥ ਆਪੇ ਬਖਸੇ ਦੇ ਵਡਿਆਈ ਆਪੇ ਮੇਲਿ ਮਿਲਾਇਦਾ ॥੮॥
ਹਉਮੈ ਕਰਦਿਆ ਜਨਮੁ ਗਵਾਇਆ ॥ ਆਗੈ ਮੋਹੁ ਨ ਚੂਕੈ ਮਾਇਆ ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥ ਪੂਰੈ ਭਾਗਿ ਗੁਰ ਸੇਵਾ ਹੋਈ ॥
ਨਦਰਿ ਕਰੇ ਤਾ ਸੇਵੇ ਕੋਈ ॥ ਜਮਕਾਲੁ ਤਿਸੁ ਨੇੜਿ ਨ ਆਵੈ ਮਹਲਿ ਸਚੈ ਸੁਖੁ ਪਾਇਦਾ ॥੧੦॥
ਤਿਨ ਸੁਖੁ ਪਾਇਆ ਜੋ ਤੁਧੁ ਭਾਏ ॥ ਪੂਰੈ ਭਾਗਿ ਗੁਰ ਸੇਵਾ ਲਾਏ ॥
ਤੇਰੈ ਹਥਿ ਹੈ ਸਭ ਵਡਿਆਈ ਜਿਸੁ ਦੇਵਹਿ ਸੋ ਪਾਇਦਾ ॥੧੧॥ ਅੰਦਰਿ ਪਰਗਾਸੁ ਗੁਰੂ ਤੇ ਪਾਏ ॥
ਨਾਮੁ ਪਦਾਰਥੁ ਮੰਨਿ ਵਸਾਏ ॥ ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥
ਅਗਿਆਨੀ ਅੰਧੇ ਦੂਜੈ ਲਾਗੇ ॥ ਬਿਨੁ ਪਾਣੀ ਡੁਬਿ ਮੂਏ ਅਭਾਗੇ ॥
ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ ॥੧੩॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗਿਆਨੀ ਧਿਆਨੀ ਪੂਛਹੁ ਕੋਈ ॥
ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ ਦਰਿ ਸਚੈ ਸੋਭਾ ਪਾਇਦਾ ॥੧੪॥
ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥ ਮਮਤਾ ਕਾਟਿ ਸਚਿ ਲਿਵ ਲਾਏ ॥
ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ ॥੧੫॥ ਆਪੇ ਕਰੇ ਕਰਾਏ ਕਰਤਾ ॥
ਸਬਦਿ ਮਰੈ ਸੋਈ ਜਨੁ ਮੁਕਤਾ ॥ ਨਾਨਕ ਨਾਮੁ ਵਸੈ ਮਨ ਅੰਤਰਿ ਨਾਮੋ ਨਾਮੁ ਧਿਆਇਦਾ ॥੧੬॥੫॥੧੯॥}

(ਅੰਗ ੧੦੬੩-੧੦੬੪)

{ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥
ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥੬॥ ਕਰਮੁ ਹੋਵੈ ਤਾ ਸਤਿਗੁਰੁ ਪਾਏ ॥
ਹਉਮੈ ਮੈਲੁ ਸਬਦਿ ਜਲਾਏ ॥ ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥
ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥ ਸਚੁ ਨਾਮੁ ਹਰਿ ਹਿਰਦੈ ਵਸਾਈ ॥
ਕੀਮਤਿ ਕਉਣੁ ਕਰੇ ਪ੍ਰਭ ਤੇਰੀ ਤੂ ਆਪੇ ਸਹਜਿ ਸਮਾਇਆ ॥੮॥ ਨਾਮੁ ਅਮੋਲਕੁ ਅਗਮ ਅਪਾਰਾ ॥
ਨਾ ਕੋ ਹੋਆ ਤੋਲਣਹਾਰਾ ॥ ਆਪੇ ਤੋਲੇ ਤੋਲਿ ਤੋਲਾਏ ਗੁਰ ਸਬਦੀ ਮੇਲਿ ਤੋਲਾਇਆ ॥੯॥}

(ਅੰਗ ੧੦੬੭)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥}

(ਅੰਗ ੧੦੭੮)

{ਨਾਮ ਰਤਨੁ ਤੇਰਾ ਹੈ ਪਿਆਰੇ ॥ ਰੰਗਿ ਰਤੇ ਤੇਰੈ ਦਾਸ ਅਪਾਰੇ ॥
ਤੇਰੈ ਰੰਗਿ ਰਤੇ ਤੁਧੁ ਜੇਹੇ ਵਿਰਲੇ ਕੇਈ ਭਾਲਕਾ ॥੧੨॥}

(ਅੰਗ ੧੦੮੫)

{ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ ਆਵੈ ਕਾਮੀ ॥ ਰੋਮਿ ਰੋਮਿ ਰਵਿਆ ਹਰਿ ਨਾਮੁ ॥
ਸਤਿਗੁਰ ਪੂਰੈ ਕੀਨੋ ਦਾਨੁ ॥੧॥ ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥
ਨਾਮੁ ਹਮਾਰੈ ਨਿਹਚਲ ਧਨੀ ॥ ਨਾਮ ਕੀ ਮਹਿਮਾ ਸਭ ਮਹਿ ਬਨੀ ॥ ਨਾਮੁ ਹਮਾਰੈ ਪੂਰਾ ਸਾਹੁ ॥
ਨਾਮੁ ਹਮਾਰੈ ਬੇਪਰਵਾਹੁ ॥੨॥ ਨਾਮੁ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ ॥
ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥ ਨਾਮੁ ਲੈਤ ਅਨਹਦ ਪੂਰੇ ਨਾਦ ॥੩॥ ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ॥
ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ॥ ਧਨਵੰਤੇ ਸੇਈ ਪਰਧਾਨ॥ ਨਾਨਕ ਜਾ ਕੈ ਨਾਮੁ ਨਿਧਾਨ ॥੪॥੧੭॥੩੦॥}

(ਅੰਗ ੧੧੪੪)

{ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥
ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥੧॥
ਕਹੁ ਨਾਨਕ ਕੀਰਤਿ ਹਰਿ ਸਾਚੀ ॥ ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥੧॥ ਰਹਾਉ ॥}

(ਅੰਗ ੧੧੫੭)

47/6362

{ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥}

(ਅੰਗ ੧੧੮੬)

{ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥
ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥
ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ ਰਹਾਉ ॥}

(ਅੰਗ ੧੧੯੪)

{ਮਾਈ ਰੀ ਕਾਟੀ ਜਮ ਕੀ ਫਾਸ ॥ ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ ॥੧॥ ਰਹਾਉ ॥
ਕਰਿ ਕਿਰਪਾ ਲੀਨੇ ਕਰਿ ਅਪੁਨੇ ਉਪਜੀ ਦਰਸ ਪਿਆਸ ॥
ਸੰਤਸੰਗਿ ਮਿਲਿ ਹਰਿ ਗੁਣ ਗਾਏ ਬਿਨਸੀ ਦੁਤੀਆ ਆਸ ॥੧॥
ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ ॥
ਦੇਖਤ ਦਰਸੁ ਪਾਪ ਸਭਿ ਨਾਸੇ ਹਰਿ ਨਾਨਕ ਰਤਨੁ ਲਹਿਓ ॥੨॥੧੦੦॥੧੨੩॥}

(ਅੰਗ ੧੨੨੭-੧੨੨੮)

{ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥੧॥ ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥
ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥੨॥
ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥
ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥੩॥

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥੪॥੫॥}

(ਅੰਗ ੧੨੫੫)

{ਅਵਿਲੋਕਉ ਰਾਮ ਕੋ ਮੁਖਾਰਬਿੰਦ ॥ ਖੋਜਤ ਖੋਜਤ ਰਤਨੁ ਪਾਇਓ ਬਿਸਰੀ ਸਭ ਚਿੰਦ ॥੧॥ ਰਹਾਉ ॥
ਚਰਨ ਕਮਲ ਰਿਦੈ ਧਾਰਿ ॥ ਉਤਰਿਆ ਦੁਖੁ ਮੰਦ ॥੧॥ ਰਾਜ ਧਨੁ ਪਰਵਾਰੁ ਮੇਰੈ ਸਰਬਸੋ ਗੋਬਿੰਦ ॥
ਸਾਧਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ ॥੨॥੧੩॥੩੨॥}

(ਅੰਗ ੧੩੦੪)

{ਜਪ ਤਾਪ ਸੰਜਮ ਹਰਿ ਹਰਿ ਨਿਰੰਜਨ ਗੋਬਿੰਦ ਧਨੁ ਸੰਗਿ ਚਾਲੈ ॥
ਬਿਨਵੰਤਿ ਨਾਨਕ ਕਰਿ ਦਇਆ ਦੀਜੈ ਹਰਿ ਰਤਨੁ ਬਾਧਉ ਪਾਲੈ ॥੩॥}

(ਅੰਗ ੧੩੧੨)

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥
ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥
ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥
ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨॥}

(ਅੰਗ ੧੩੨੭)

{ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ ॥ ਤਸਕਰ ਸਬਦਿ ਨਿਵਾਰਿਆ ਨਗਰੁ ਵੁਠਾ ਸਾਬਾਸਿ ॥
ਜਾ ਤੂ ਰਾਖਹਿ ਰਾਖਿ ਲੈਹਿ ਸਾਬਤੁ ਹੋਵੈ ਰਾਸਿ ॥੧॥ ਐਸਾ ਨਾਮੁ ਰਤਨੁ ਨਿਧਿ ਮੇਰੈ ॥
ਗੁਰਮਤਿ ਦੇਹਿ ਲਗਉ ਪਗਿ ਤੇਰੈ ॥੧॥ ਰਹਾਉ ॥ ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ ॥
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥ ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ ॥੨॥
ਘਟਿ ਘਟਿ ਏਕੁ ਵਖਾਣੀਐ ਕਹਉ ਨ ਦੇਖਿਆ ਜਾਇ ॥ ਖੋਟੋ ਪੂਠੋ ਰਾਲੀਐ ਬਿਨੁ ਨਾਵੈ ਪਤਿ ਜਾਇ ॥
ਜਾ ਤੂ ਮੇਲਹਿ ਤਾ ਮਿਲਿ ਰਹਾਂ ਜਾਂ ਤੇਰੀ ਹੋਇ ਰਜਾਇ ॥੩॥ ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥੪॥੧੦॥}

(ਅੰਗ ੧੩੩੦)

{ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥
ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥
ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥
ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥

ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥
ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥}

(ਅੰਗ ੧੩੩੪)

{ਮਨਿ ਤਨਿ ਵਸਿਆ ਹਰਿ ਪ੍ਰਭੁ ਸੋਈ ॥ ਕਲਿ ਕਲੇਸ ਕਿਛੁ ਬਿਘਨੁ ਨ ਹੋਈ ॥
ਸਦਾ ਸਦਾ ਪ੍ਰਭੁ ਜੀਅ ਕੈ ਸੰਗਿ ॥ ਉਤਰੀ ਮੈਲੁ ਨਾਮ ਕੈ ਰੰਗਿ ॥੨॥
ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥
ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥ ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥
ਸੁਣਿ ਸਜਣ ਸੰਤ ਮੀਤ ਸੁਹੇਲੇ ॥ ਨਾਮੁ ਰਤਨੁ ਹਰਿ ਅਗਹ ਅਤੋਲੇ ॥
ਸਦਾ ਸਦਾ ਪ੍ਰਭੁ ਗੁਣ ਨਿਧਿ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥੪॥੬॥}

(ਅੰਗ ੧੩੩੯)

{ਮਰਨ ਜੀਵਨ ਕੀ ਸੰਕਾ ਨਾਸੀ ॥ ਆਪਨ ਰੰਗਿ ਸਹਜ ਪਰਗਾਸੀ ॥੧॥
ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥ ਰਾਮ ਰਤਨੁ ਪਾਇਆ ਕਰਤ ਬੀਚਾਰਾ ॥੧॥ ਰਹਾਉ ॥
ਜਹ ਅਨੰਦੁ ਦੁਖੁ ਦੂਰਿ ਪਇਆਨਾ ॥ ਮਨੁ ਮਾਨਕੁ ਲਿਵ ਤਤੁ ਲੁਕਾਨਾ ॥੨॥
ਜੋ ਕਿਛੁ ਹੋਆ ਸੁ ਤੇਰਾ ਭਾਣਾ ॥ ਜੋ ਇਵ ਬੂਝੈ ਸੁ ਸਹਜਿ ਸਮਾਣਾ ॥੩॥
ਕਹਤੁ ਕਬੀਰੁ ਕਿਲਬਿਖ ਗਏ ਖੀਣਾ ॥ ਮਨੁ ਭਇਆ ਜਗਜੀਵਨ ਲੀਣਾ ॥੪॥੧॥}

(ਅੰਗ ੧੩੪੯)

{ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥
ਸਰਬ ਨਿਰੰਤਰਿ ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ॥੧॥ ਗੋਬਿਦੁ ਗਾਜੈ ਸਬਦੁ ਬਾਜੈ ॥
ਆਨਦ ਰੂਪੀ ਮੇਰੋ ਰਾਮਈਆ ॥੧॥ ਰਹਾਉ ॥ ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ ॥
ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ ॥੨॥ ਤੁਮ੍ ਚੇ ਪਾਰਸੁ ਹਮ ਚੇ ਲੋਹਾ ਸੰਗੇ ਕੰਚਨੁ ਭੈਇਲਾ ॥
ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ ॥੩॥੨॥}

(ਅੰਗ ੧੩੫੧)

{ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥੨੬॥
ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥ ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥੨੭॥
ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥ ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥੨੮॥
ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥੨੯॥ ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥੩੦॥

ਕਬੀਰਾ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ ॥ ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥੩੧॥
ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ ॥ ਕਰਮ ਕਰੀਮ ਜੁ ਕਰ�ि ਰਹੇ ਮੇਟਿ ਨ ਸਾਕੈ ਕੋਇ ॥੩੨॥
ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੩੩॥
ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥ ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ॥੩੪॥
ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥ ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥੩੫॥
ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥
ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥੩੬॥}

(ਅੰਗ ੧੩੬੫-੧੩੬੬)

{ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ ॥
ਪਾਪ ਕਰੰਤਾ ਮਰਿ ਗਇਆ ਅਉਧ ਪੁਨੀ ਖਿਨ ਮਾਹਿ ॥੨੨੧॥
ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥
ਸਾਬਤੁ ਰਖਹਿ ਤ ਰਾਮ ਭਜੁ ਨਾਹਿ ਤ ਬਿਨਠੀ ਬਾਤ ॥੨੨੨॥
ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥੨੨੩॥
ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ ॥
ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ ॥੨੨੪॥ ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ ॥
ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥੨੨੫॥
ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ ॥
ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ ॥੨੨੬॥}

(ਅੰਗ ੧੩੭੬)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ ॥
ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥
ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ ॥
ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ ॥
ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥
ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ ॥

ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿ ਧਾਰਿ ॥
ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ ॥
ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ ॥੩੫॥}

(ਅੰਗ ੧੪੧੭)

{ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥
ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥}

(ਅੰਗ ੪੧)

47/6363

ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ **"ਰਤਨ"** ਕੀ ਹੈ, ਰਤਨ ਗੁਰੂ ਦਾ ਸ਼ਬਦ ਹੀ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਗੁਰੂ ਦਾ ਹਰ ਸ਼ਬਦ ਰਤਨ ਹੈ। ਰਤਨ ਦੀ ਗੱਲ ਬਾਣੀ ਵਿੱਚ ਬਾਰ-ਬਾਰ ਆਉਂਦੀ ਹੈ। ਰਤਨ ਹੀ ਗੁਰੂ ਦਾ ਨਾਮ ਹੈ ਜਿਵੇਂ ਕਿ ਉਪਰ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਦਾ ਰਤਨ ਕੀ ਹੈ ਤੇ ਇਸ ਰਤਨ ਦਾ ਮਕਸਦ ਕੀ ਹੈ ਇਹ ਗੱਲ ਉਪਰਲੇ ਸ਼ਬਦਾਂ ਰਾਹੀਂ ਬੜੇ ਹੀ ਸਪਸ਼ਟ ਤਰੀਕੇ ਨਾਲ ਸਮਝਾਈ ਹੋਈ ਹੈ ਜਿਸਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਾਨੂੰ ਬੜੇ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਸ਼ਬਦਾਂ ਦੇ ਅੰਦਰ ਦਾ ਜੋ ਗਿਆਨ ਹੈ ਉਹ ਗੁਰੂ ਦਾ ਰਤਨ ਹੈ ਜੋ ਰਤਨ ਹਰ ਖੋਟ ਤੋਂ ਰਹਿਤ ਹੈ। ਗੁਰੂ ਦਾ ਰਤਨ ਹੀ ਗੁਰੂ ਦਾ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਗੁਰੂ ਦਾ ਨਾਮ ਹੈ ਜਿਵੇਂ ਕਿ ਉਪਰਲੇ ਸ਼ਬਦਾਂ ਵਿੱਚ ਇਹ ਗੱਲ ਸਾਨੂੰ ਉਪਰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਤੇ ਇਹੀ ਗੱਲ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੇ ਸਮਝਾਉਣ ਵਲੋਂ ਤਾਂ ਕੋਈ ਕਮੀ ਨਹੀਂ ਹੈ ਤੇ ਕਮੀ ਕੇਵਲ ਸਾਡੇ ਮਨ ਦੇ ਵਿਸ਼ਵਾਸ ਵਿੱਚ ਹੈ ਤੇ ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਟਿਕਣ ਦਾ ਕਾਰਨ ਸਾਡਾ ਉਹਨਾਂ ਦੇ ਉਪਰ ਵਿਸ਼ਵਾਸ ਦਾ ਟਿਕਣਾ ਹੈ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪਕੇ ਉਹਨਾਂ ਦੀਆਂ ਸਮਝਾਈਆਂ ਹੋਈਆਂ ਗੱਲਾਂ ਨੂੰ ਸੱਚ ਮੰਨਿਆ ਹੋਇਆ ਹੈ, ਭਗਤੀ ਦਾ ਸੱਚਾ ਮਾਰਗ ਮੰਨਿਆ ਹੋਇਆ ਹੈ, ਕਿਸੇ ਅੱਖਰ ਨੂੰ ਨਾਮ ਸਮਝਕੇ ਉਸਨੂੰ ਮੁੱਖੋਂ ਬੋਲੀ ਜਾਣ ਨੂੰ ਸੱਚ ਮੰਨਿਆ ਹੋਇਆ ਹੈ। ਗੁਰੂ ਦੇ ਸ਼ਬਦਾਂ ਦਾ ਮਕਸਦ, ਗੁਰੂ ਦਾ ਰਤਨ ਦਾ ਮਕਸਦ, ਗੁਰੂ ਦੇ ਨਾਮ ਦਾ ਮਕਸਦ ਸਾਨੂੰ ਸੱਚਾ ਗਿਆਨ ਦੇਣ ਦੇ ਨਾਲ ਹੀ ਹੈ ਜਿਸ ਸੱਚੇ ਗਿਆਨ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ, ਮਾਇਆ ਦੀ ਜੁਗਤਿ ਵਿੱਚੋਂ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ, ਮਨਮਤਿ ਵਿੱਚੋਂ ਭਾਵ ਮਨ ਦੀ ਉਸ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਸ ਮਨ ਦੀ ਅਗਿਆਨਤਾ ਦੀ ਸਮਝ ਵਿੱਚ ਰਹਿੰਦੇ ਹੋਏ ਧਰਮ ਦੇ ਸੱਚੇ ਮਾਰਗ ਦੀ, ਨਾਮ ਜਪਣ ਦੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ ਜੋ ਮਾਰਗ ਸਾਰੇ

47/6364

ਸੰਸਾਰ ਲਈ ਇੱਕੋ ਜਿਹਾ ਹੀ ਹੈ। ਅਨੇਕਾਂ ਹੀ ਵੱਖਰੀਆਂ-ਵੱਖਰੀਆਂ ਧਾਰਮਿਕ ਜਥੇਬੰਦੀਆਂ ਬਣੀਆਂ ਹੋਈਆਂ ਹਨ ਭਾਵ ਆਪਣੀ ਆਪਣੀ ਧਾਰਮਕਿ ਆਸਥਾ ਅਨੁਸਾਰ ਬਣੀਆਂ ਹੋਈਆਂ ਹਨ ਜੋ ਸਾਨੂੰ ਵੱਖਰੇ ਵੱਖਰੇ ਮਾਰਗ ਨਾਲ ਜੋੜਦੇ ਹਨ, ਵੱਖਰੇ ਵੱਖਰੇ ਭਗਤੀ ਦੇ ਤਰੀਕੇ ਸਮਝਾਉਂਦੇ ਹਨ, ਵਖਰੇ ਵੱਖਰੇ ਨਾਮ ਜਪਣੇ ਸਮਝਾਉਂਦੇ ਹਨ ਤੇ ਕੀ ਇਹੋ ਜਿਹੇ ਸਮਝ ਪਾਉਣ ਵਾਲਿਆਂ ਦੀ ਕੋਈ ਗੁਰੂ ਦੀ ਮਤਿ ਨਾਲ ਮੇਲ ਖਾਂਦੀ ਹੈ, ਗੁਰੂ ਦੇ ਰਤਨ ਨਾਲ ਮੇਲ ਖਾਂਦੀ ਹੈ, ਗੁਰੂ ਦੇ ਨਾਮ ਨਾਲ ਮੇਲ ਖਾਂਦੀ ਹੈ ਭਾਵ ਨਹੀਂ ਖਾਂਦੀ ਪਰ ਫਿਰ

ਵੀ ਜੇਕਰ ਅਸੀਂ ਉਹਨਾਂ ਦੀਆਂ ਗੱਲਾਂ ਨੂੰ ਹੀ ਮੰਨੀ ਜਾਂਦੇ ਹਾਂ ਫਿਰ ਉਸ ਗੁਰੂ ਪ੍ਰਮਾਤਮਾ ਦੀ ਇਤਨੀ ਵੱਡੀ ਗੁਰਬਾਣੀ ਲਿਖਣ ਦਾ ਮਕਸਦ ਹੀ ਕੀ ਰਹਿ ਗਿਆ। ਅਸਲ ਵਿੱਚ ਹਰ ਕੋਈ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਹੀ ਅਖਵਾਉਣਾ ਚਾਹੁੰਦਾ ਹੈ, ਦੁਨਿਆਵੀ ਮਾਣ ਹੀ ਲੈਣਾ ਚਾਹੁੰਦਾ ਹੈ ਭਾਵੇਂ ਉਹ ਜਿਸ ਤਰੀਕੇ ਹੀ ਮਿਲਦਾ ਹੋਵੇ। ਇਹੋ ਜਿਹਾ ਮਾਣ ਲੈਣ ਵਾਲੇ ਵੀ ਅਗਿਆਨਤਾ ਵਿੱਚ ਹਨ ਤੇ ਉਹਨਾਂ ਨੂੰ ਮਾਣ ਦੇਣ ਵਾਲੇ ਵੀ ਅਗਿਆਨਤਾ ਵਿੱਚ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਸੱਚਾ ਮਾਣ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕੇਵਲ ਉਸੇ ਦਾ ਹੀ ਹੈ ਜਿਹਨਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਉਹਨਾਂ ਸਰੀਰਾਂ ਰਾਹੀਂ ਸੱਚੀ ਗੁਰਬਾਣੀ ਦੀ ਰਚਨਾ ਕਰਵਾਈ ਹੈ ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਪਈ ਹੈ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ ਤੇ ਹਰ ਮਾਣ ਦਾ ਹੱਕਦਾਰ ਗੁਰੂ ਪ੍ਰਮਾਤਮਾ ਆਪ ਹੀ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਉਹੀ ਅਖਵਾ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਨਹੀਂ ਜਾਣਿਆ ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥”

(ਅੰਗ ੨)

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਉਹ ਕੁਝ ਸਮਝਾਇਆ ਹੋਇਆ ਹੈ ਜਿਨ੍ਹਾਂ ਕਰਕੇ ਮਨੁੱਖ ਨੂੰ ਇਸ ਸੰਸਾਰ ਵਿੱਚੋਂ ਮਾਣ ਮਿਲਦਾ ਹੈ ਜਿਸ ਮਾਣ ਨੂੰ ਮਨੁੱਖ ਆਪਣਾ ਮਾਣ ਸਮਝਦਾ ਹੈ। ਜੇਕਰ ਕਿਸੇ ਦੀ ਬਹੁਤ

47/6365

ਵੱਡੀ ਆਰਜਾ ਹੋ ਜਾਵੇ, ਮਨੁੱਖ ਦੀ ਜਿਤਨੀ ਕੋਈ ਆਰਜਾ ਚਾਹੁੰਦਾ ਹੋਵੇ ਉਸ ਤੋਂ ਵੀ ਦੱਸ ਗੁਣੀ ਹੋ ਜਾਵੇ ਭਾਵ ਬਹੁਤ ਹੀ ਲੰਬੀ ਹੋ ਜਾਵੇ ਉਸ ਵਿੱਚ ਮਨੁੱਖ ਇਹੀ ਸਮਝਦਾ ਹੈ ਕਿ ਇਹ ਕੁਝ ਮੇਰੀ ਸਮਝ ਨਾਲ ਹੋਇਆ ਹੈ ਭਾਵ ਇਹ ਸਰੀਰ ਮੇਰਾ ਹੈ ਤੇ ਮੇਰੀ ਜੁਗਤਿ ਨਾਲ, ਮੇਰੀ ਸਿਆਣਪ ਨਾਲ ਮੇਰੀ ਉਮਰ ਲੰਬੀ ਹੋਈ ਹੈ ਭਾਵ ਮੈਂ ਆਪ ਹੀ ਆਪਣੇ ਸਰੀਰ ਨੂੰ ਪਾਲਿਆ ਹੈ ਤੇ ਆਪਣੀ ਉਮਰ ਨੂੰ ਲੰਬੀ ਕਰਨ ਲਈ ਜੋ ਵੀ ਉਪਰਾਲੇ ਕੀਤੇ ਹਨ ਉਹ ਮੈਂ ਆਪ ਹੀ ਕੀਤੇ ਹਨ ਭਾਵ ਇਹ ਮੇਰੇ ਆਪਣੇ ਗੁਣ ਹਨ ਜਿਨ੍ਹਾਂ ਕਰਕੇ ਮੈਂ ਆਪਣੀ ਇਤਨੀ ਵੱਡੀ ਉਮਰ ਕੀਤੀ ਹੈ। ਇਸੇ ਤਰ੍ਹਾਂ ਜਦੋਂ ਕਿਸੇ ਮਨੁੱਖ ਨੂੰ ਪੂਰੇ ਸੰਸਾਰ ਵਿੱਚ, ਨੌਆਂ ਖੰਡਾਂ ਵਿੱਚ ਕੋਈ ਜਾਨਣ ਲਗ ਜਾਵੇ ਭਾਵ ਉਹ ਬਹੁਤ ਉੱਚੀ ਪਦਵੀ ਵਾਲਾ ਬਣ ਜਾਵੇ ਤੇ ਹਰ ਕੋਈ ਉਸਦੀ ਸਮਝ ਅਨੁਸਾਰ ਹੀ ਚੱਲੇ ਭਾਵ ਹਰ ਕੋਈ ਉਸਨੂੰ ਮਾਣ ਦੇਵੇ ਉਹ ਸਮਝਦਾ ਹੈ ਕਿ ਮੇਰੇ ਅੰਦਰ ਜੋ ਚੰਗਿਆਈਆਂ ਹਨ ਉਸ ਕਰਕੇ ਹੀ ਮੈਨੂੰ ਹਰ ਕੋਈ ਚੰਗਾ ਸਮਝਦਾ ਹੈ ਜਿਸ ਕਰਕੇ ਮੇਰੀ ਸਾਰੇ ਜਗ ਵਿੱਚ ਕੀਰਤੀ ਹੁੰਦੀ ਹੈ, ਹਰ ਕੋਈ ਮੇਰਾ ਜੱਸ ਗਾਉਂਦਾ ਹੈ। ਇਸ ਜੱਸ ਨੂੰ ਮਨੁੱਖ ਆਪਣਾ ਜੱਸ ਸਮਝਦਾ ਹੈ ਕਿ ਮੇਰੇ ਅੰਦਰ ਜੋ ਵੀ ਚੰਗਿਆਈਆਂ ਹਨ ਉਹਨਾਂ ਚੰਗਿਆਈਆਂ ਦੇ ਪਿੱਛੇ ਮੇਰੀ ਆਪਣੀ ਸਮਝ ਹੈ, ਮੇਰੇ ਅੰਦਰ ਦੇ ਗੁਣ ਹਨ ਜਿਸ ਕਰਕੇ ਮੈਨੂੰ ਸਾਰਿਆਂ ਕੋਲੋਂ ਜੱਸ ਮਿਲ ਰਿਹਾ ਹੈ, ਮਾਣ ਮਿਲ ਰਿਹਾ ਹੈ। **(ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥)**

ਸੰਸਾਰ ਵਿੱਚ ਅਨੇਕਾਂ ਹੀ ਹਨ ਜੋ ਗੁਣਵੰਤੇ ਹੁੰਦੇ ਹਨ ਜਿਨ੍ਹਾਂ ਨੂੰ ਸੰਸਾਰ ਵਿੱਚੋਂ ਜੱਸ ਮਿਲਦਾ ਹੈ ਤੇ ਅਨੇਕਾਂ ਹੀ ਐਸੇ ਹਨ ਜੋ ਸੰਸਾਰ ਵਿੱਚ ਅਉਗੁਣ ਵੀ ਕਰਦੇ ਹਨ ਤੇ ਸੰਸਾਰ ਵਿੱਚ ਦੋਸ਼ੀ ਬਣਦੇ ਹਨ। ਨਾ ਅਉਗੁਣ ਕਰਨੇ ਮਨੁੱਖ ਦੇ ਵੱਸ ਵਿੱਚ ਹਨ ਤੇ ਨਾ ਹੀ ਗੁਣੀ ਬਣਨਾ ਮਨੁੱਖ ਦੇ ਵੱਸ ਵਿੱਚ ਹੈ ਤੇ ਇਸ ਗੱਲ ਦੀ ਕਿਸੇ ਨੂੰ ਸਮਝ ਤਾਂ ਹੀ ਪੈ ਸਕਦੀ ਹੈ ਜਦੋਂ ਕਿਸੇ ਤੇ ਪ੍ਰਮਾਤਮਾ ਦੀ ਕਿਰਪਾ ਹੋ ਜਾਂਦੀ ਹੈ ਕਿਉਂਕਿ ਮਨੁੱਖ ਦੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਉਸਦੀ ਕਿਰਪਾ ਹੋਏ ਬਿਨਾਂ ਉਸਨੂੰ ਕੋਈ ਨਹੀਂ ਜਾਣ ਸਕਦਾ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥”

47/6366

ਮਨੁੱਖ ਨੂੰ ਸੰਸਾਰ ਵਿੱਚੋਂ ਜੋ ਵੀ ਵਡਿਆਈਆਂ ਮਿਲਦੀਆਂ ਹਨ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਮਿਲਦੀਆਂ ਹਨ ਪਰ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਮੈਨੂੰ ਸੰਸਾਰ ਵਿੱਚ ਵਡਿਆਈਆਂ ਦਿਵਾਉਣ ਵਾਲਾ ਕੌਣ ਹੈ। ਜੇਕਰ ਪ੍ਰਮਾਤਮਾ ਦੀ ਕਿਰਪਾ ਨਾ ਹੋਵੇ ਤਾਂ ਫਿਰ ਮਨੁੱਖ ਦੀ ਕੋਈ ਸੰਸਾਰ ਵਿੱਚ ਵਾਤ ਵੀ ਨਾ ਪੁੱਛੇ, ਉਸਦੀ ਕੋਈ ਸਾਰ ਵੀ ਨਾ ਲਵੇ ਭਾਵ ਜੋ ਵਡਿਆਈਆਂ ਸਾਨੂੰ ਸੰਸਾਰ ਵਿੱਚ ਮਿਲਦੀਆਂ ਹਨ ਉਸ ਲਈ ਅਸੀਂ ਜੋ ਵੀ ਕਰਮ ਕਰਦੇ ਹਾਂ, ਜਿਸ ਸਮਝ ਨਾਲ ਕਰਮ ਕਰਦੇ ਹਾਂ ਉਸ ਵਿੱਚ ਪ੍ਰਮਾਤਮਾ ਆਪ ਹੀ ਹੈ। **(ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥)** ਇਹ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਕਿਸੇ ਨੂੰ ਅਉਗੁਣਾਂ ਵਿੱਚ ਰੱਖਦਾ ਹੈ ਜਾਂ ਕਿਸੇ ਨੂੰ ਗੁਣੀ ਬਣਾਉਂਦਾ ਹੈ। ਅਉਗੁਣ ਵੀ ਮਨੁੱਖ ਮਨ ਦੀ ਸਮਝ ਦੇ ਨਾਲ ਕਰਦਾ ਹੈ ਤੇ ਗੁਣ ਵੀ ਮਨੁੱਖ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ। ਕਿਸੇ ਨੂੰ ਪ੍ਰਮਾਤਮਾ ਮਨ ਦੇ ਵਿਚਾਰਾਂ ਰਾਹੀਂ ਜਿਤਨਾ ਚਾਹੇ ਉਸਨੂੰ ਮਾੜੇ ਵਿਚਾਰਾਂ ਵਾਲਾ ਬਣਾ ਸਕਦਾ ਹੈ। **“ਕੀਟਾ ਅੰਦਰਿ ਕੀਟੁ”** ਤੋਂ ਭਾਵ ਹੈ ਬਹੁਤ ਹੀ ਮਾੜੀ ਸਮਝ ਵਾਲਾ। ਕੀਟ ਸਾਡੇ ਮਨ ਦੇ ਮਾੜੇ ਵਿਚਾਰ

ਹੀ ਹਨ ਤੇ ਜਿਸ ਮਨੁੱਖ ਦੇ ਵਿਚਾਰ ਪ੍ਰਮਾਤਮਾ ਬਹੁਤ ਹੀ ਮਾੜੇ ਬਣਾ ਦਿੰਦਾ ਹੈ ਉਹ ਸਾਡੇ ਅੰਦਰ **"ਕੀਟਾ ਅੰਦਰਿ ਕੀਟੁ"** ਵਾਲੇ ਵਿਚਾਰ ਹਨ ਤੇ ਇਹੋ ਜਿਹੇ ਮਨੁੱਖ ਆਪਣੇ ਮਾੜੇ ਕਰਮਾਂ ਦੁਆਰਾ ਪ੍ਰਮਾਤਮਾ ਦੇ ਦੋਸ਼ੀ ਬਣਦੇ ਹਨ ਤੇ ਉਹਨਾਂ ਉੱਤੇ ਪ੍ਰਮਾਤਮਾ ਆਪ ਹੀ ਦੋਸ਼ ਲਗਾਉਂਦਾ ਹੈ ਭਾਵ ਉਹ ਪ੍ਰਮਾਤਮਾ ਦੇ ਦਰ ਤੇ ਦੋਸ਼ੀ ਬਣਦੇ ਹਨ। **(ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥)**

(ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥

ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥

ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥

ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ

ਕਿਛੁ ਕਰਿਹੁ ਦਿਖਾ ਸਿਆਣੀਐ ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥)

(ਅੰਗ ੧੩੮)

ਪ੍ਰਮਾਤਮਾ ਕਿਸੇ ਸਰੀਰ ਰਾਹੀਂ ਉਸ ਕੋਲੋਂ ਮਾੜੇ ਕਰਮ ਕਰਵਾਕੇ ਉਸਨੂੰ ਦੋਸ਼ੀ ਬਣਾਵੇ ਯਾ ਕਿਸੇ ਨੂੰ ਗੁਣਾਂ ਵਾਲੀ ਸਮਝ ਬਖਸ਼ਕੇ ਗੁਣਵੰਤਾ ਬਣਾਵੇ ਇਹ ਉਸਦੀ ਆਪਣੀ ਰਜਾ ਹੈ ਜੋ ਸਾਡੇ ਅੰਦਰ ਦੀ ਜੋਤਿ ਦਾ ਮਾਲਕ ਹੈ ਭਾਵ ਮਨ ਦੇ ਵਿਚਾਰਾਂ ਦਾ ਮਾਲਕ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥"

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਸਭ ਜਗ੍ਹਾ ਆਪਣੇ ਨਿਰਗੁਣ ਰੂਪ ਦੁਆਰਾ ਵਰਤਦਾ ਹੈ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਵਰਤਦਾ ਹੈ, ਜੋਤਿ ਰੂਪ ਦੁਆਰਾ ਵਰਤਦਾ ਹੈ, ਗਿਆਨ ਰੂਪ ਵਿੱਚ ਵਰਤਦਾ ਹੈ। ਸਾਡੇ ਅੰਦਰ ਵੀ ਪ੍ਰਮਾਤਮਾ ਮਨ ਦੀ ਸਮਝ ਦੇ ਵਿੱਚ ਆਪਣੇ ਨਿਰਗੁਣ ਰੂਪ ਦੁਆਰਾ ਹੀ ਵਰਤ ਰਿਹਾ ਹੈ ਜਿਸ ਰਾਹੀਂ ਉਹ ਸਭਨੂੰ ਮਨ ਦੀ ਸਮਝ ਦਿੰਦਾ ਹੈ, ਮਨ ਦੇ ਵਿਚਾਰ ਦਿੰਦਾ ਹੈ। ਇਹ ਉਸਦੀ ਰਜਾ ਹੈ ਕਿ ਉਹ ਆਪਣੇ ਨਿਰਗੁਣ ਰੂਪ ਦੁਆਰਾ ਮਾੜੇ ਵਿਚਾਰ ਦਿੰਦਾ ਹੈ ਜਾ ਚੰਗੇ ਵਿਚਾਰ ਦਿੰਦਾ ਹੈ। ਜਿਸਨੂੰ ਪ੍ਰਮਾਤਮਾ ਨੇ ਗੁਣਵੰਤਾ ਮਨੁੱਖ ਬਨਾਉਣਾ ਹੁੰਦਾ ਹੈ ਉਸਨੂੰ ਗੁਣਾਂ ਵਾਲੇ ਵਿਚਾਰ ਦਿੰਦਾ ਹੈ। **(ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥)**

ਸਾਰੀ ਗੱਲ ਇਸ ਗੱਲ ਨੂੰ ਸਮਝਣ ਦੀ ਹੈ ਕਿ ਸਾਡੇ ਕੋਲੋਂ ਗੁਣ ਅਉਗੁਣ ਕਰਾਉਣ ਵਾਲਾ ਕਉਣ ਹੈ ਭਾਵ ਆਪਣੇ ਮਨ ਦੀ ਸਮਝ ਨੂੰ ਜਾਨਣ ਦਾ ਕਿ ਸਾਡੀ ਸਮਝ ਦਾ ਮਾਲਕ ਕਉਣ ਹੈ। ਪ੍ਰਮਾਤਮਾ ਨੇ ਮਨ ਦੀ ਸਮਝ ਰਾਹੀਂ ਹੀ ਇਸ ਭਰਮ ਵਿੱਚ ਰੱਖਿਆ ਹੋਇਆ ਹੈ ਜਿਸ ਰਾਹੀਂ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਮਨ ਦੀ ਸਮਝ ਰਾਹੀਂ ਅਸੀਂ ਜੋ ਕੁਝ ਵੀ ਕਰਦੇ ਹਾਂ ਭਾਵ ਅਉਗੁਣ ਕਰਦੇ ਹਾਂ ਜਾਂ ਗੁਣ ਕਰਦੇ ਹਾਂ ਉਹ ਸਾਡੇ ਕੋਲੋਂ ਕਰਾਉਣ ਵਾਲਾ ਕਉਣ ਹੈ। ਜਦ ਤਕ ਆਪਣੇ ਮਨ ਦੀ ਸਮਝ ਨਹੀਂ ਪੈਂਦੀ ਹਰ ਕੋਈ ਇਹੀ ਸਮਝਦਾ ਹੈ ਕਿ ਜੋ ਕੁਝ ਵੀ ਮੈਂ ਕਰ ਰਿਹਾ ਹਾਂ ਉਹ ਮੈਂ ਆਪ ਹੀ ਕਰ ਰਿਹਾ ਹਾਂ। ਜੇ ਕਿਸੇ ਨੂੰ ਇਹ ਕਿਹਾ ਜਾਵੇ ਕਿ ਸਾਡੇ ਕੋਲੋਂ ਗੁਣ ਕਰਾਉਣ ਵਾਲਾ ਪ੍ਰਮਾਤਮਾ ਆਪ ਹੈ ਤਾਂ ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਮਨੁੱਖ ਜੋ ਕੁਝ ਕਰ ਰਿਹਾ ਹੈ ਭਾਵ ਜੋ ਉਸਦੇ ਅੰਦਰ ਦੇ ਗੁਣ ਹਨ ਉਹ ਕਰਾਉਣ ਵਾਲਾ ਕੋਈ ਹੋਰ ਹੈ ਕਿਉਂਕਿ ਹਰ ਕੋਈ ਮਨ ਦੀ ਸਮਝ ਨੂੰ ਆਪਣੀ ਸਮਝ ਹੀ ਸਮਝਦਾ ਹੈ ਤੇ ਆਪਣੇ ਆਪ ਨੂੰ ਹੀ ਗੁਣੀ ਸਮਝਕੇ ਕੋਈ ਸੰਸਾਰ ਵਿੱਚ ਮਾਣ ਲੈਂਦਾ ਹੈ। ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਵੇ ਕਿ ਮਨੁੱਖ ਨੂੰ ਹਰ ਗੁਣ ਦੇਣ ਵਾਲਾ ਪ੍ਰਮਾਤਮਾ ਆਪ ਹੈ ਫਿਰ ਉਹ ਕਦੇ ਨਹੀਂ ਕਹਿ ਸਕਦਾ ਇਸ ਵਿੱਚ ਮੇਰਾ ਮਾਣ ਹੈ। ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ, ਸੰਤ ਆਦਿ ਅਖਵਾਉਣ ਵਾਲੇ ਸੰਸਾਰ ਵਿੱਚ ਇਸੇ ਗੱਲ ਦਾ ਮਾਣ ਲੈਂਦੇ ਹਨ ਕਿ ਉਹ ਧਰਮ ਦੇ ਮਾਰਗ ਤੇ ਬਹੁਤ ਗੁਣੀ ਹਨ ਪਰ ਆਪਣੇ ਅੰਦਰੋਂ ਉਸ ਨਿਰਗੁਣ ਰੂਪ ਪ੍ਰਮਾਤਮਾ ਨੂੰ, ਗੁਣਾਂ ਦੇ ਮਾਲਕ ਪ੍ਰਮਾਤਮਾ ਨੂੰ, ਸਮਝ ਦੇ ਮਾਲਕ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਕੋਈ ਆਪਣਾ ਮਾਣ ਸਮਝ

ਲਵੇ ਫਿਰ ਇਹ ਨਹੀਂ ਹੋ ਸਕਦਾ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਸਰਗੁਣ ਰੂਪ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਭਾਵ ਸੰਸਾਰ ਵਿੱਚ ਕਿਸੇ ਵੀ ਗੱਲ ਦਾ ਜੋ ਮਾਣ ਹੈ ਭਾਵੇਂ ਕਿਸੇ ਦੇ ਉੱਚੇ ਪਨ ਦਾ ਮਾਣ ਹੈ, ਕਿਸੇ ਦੀ ਸੁੰਦਰਤਾ ਦਾ ਮਾਣ ਹੈ ਉਸ ਹਰ ਮਾਣ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸਨੇ ਸਭਨੂੰ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਰੱਚਿਆ ਹੈ ਤੇ ਆਪ ਹੀ ਸਭਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਨਿਰਗੁਣ ਰੂਪ ਦੁਆਰਾ ਚਲਾ ਰਿਹਾ ਹੈ। ਆਪਣੇ ਵੱਡੇਪਨ ਦਾ ਮਾਣ, ਆਪਣੇ ਗੁਣਾਂ ਦਾ ਮਾਣ ਉਹੀ ਲੈਂਦਾ ਹੈ ਜਿਸਨੇ ਆਪਣੇ ਅੰਦਰੋਂ ਗੁਣਾਂ ਦੇ ਮਾਲਕ ਨੂੰ ਨਹੀਂ ਬੁੱਝਿਆ, ਉਸਦੇ ਨਿਰਗੁਣ ਰੂਪ ਨੂੰ ਨਹੀਂ ਬੁੱਝਿਆ ਜੋ ਸਭਦੇ ਅੰਦਰ ਹੀ ਹੈ ਤੇ ਸਭ ਕੁਝ ਜੋ ਆਪ ਹੀ ਕਰਵਾ ਰਿਹਾ ਹੈ। **(ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥)**

ਪਿਛਲੇ ਸ਼ਬਦ ਰਾਹੀਂ ਅਸੀਂ ਗੁਣਾਂ ਅਉਗੁਣਾਂ ਦੀ ਗੱਲ ਸਮਝੀ ਹੈ, ਮਨੁੱਖੀ ਮਾਣ ਅਪਮਾਨ ਦੀ ਗੱਲ ਸਮਝੀ ਹੈ ਭਾਵ ਮਨੁੱਖ ਦੇ ਮਾੜੇ ਜਾਂ ਚੰਗੇ ਹੋਣ ਦੀ ਗੱਲ ਸਮਝੀ ਹੈ ਜੋ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਹਰ ਕਿਸੇ ਨੂੰ ਮਾਣ ਆਪਣੇ ਉੱਚੇਪਨ ਦਾ ਹੀ ਮਿਲਦਾ ਹੈ, ਆਪਣੇ ਗੁਣਾਂ ਦਾ ਮਿਲਦਾ ਹੈ। ਅਸੀਂ ਜੋ ਵੀ ਆਕਾਰ ਰੂਪ ਦੇਖਦੇ ਹਾਂ ਅਸੀਂ ਉਸਨੂੰ ਉਸਦੇ ਗੁਣਾਂ ਦੁਆਰਾ ਹੀ ਉੱਚਾ ਮੰਨਦੇ ਹਾਂ ਤੇ ਉਸਨੂੰ ਉਸਦਾ ਮਾਣ ਦਿੰਦੇ ਹਾਂ। ਹਰ ਕਿਸੇ ਨੂੰ ਉੱਚਾ ਕਰਨ ਵਾਲਾ ਕਉਣ ਹੈ ਭਾਵ ਮਾਣ ਦਿਵਾਉਣ ਵਾਲਾ ਕਉਣ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਕੁਝ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ। ਅਗਲੇ ਕੁਝ ਸ਼ਬਦ **"ਸੁਣਿਐ"** ਦੇ ਨਾਲ ਜੁੜੇ ਹੋਏ ਹਨ। **"ਸੁਣਿਐ"** ਕਿਸਨੂੰ ਕਿਹਾ ਹੈ ਇਸ ਗੱਲ ਨੂੰ ਸਮਝੇ ਬਿਨਾਂ ਅਸੀਂ ਅਗਲੇ ਪਦਿਆਂ ਦੀ ਬਰੀਕੀ ਨੂੰ ਨਹੀਂ ਸਮਝ ਸਕਦੇ। ਪਹਿਲਾਂ ਅਸੀਂ ਅੱਗੇ ਵਾਲੇ ਪਹਿਲੇ ਸ਼ਬਦ ਨੂੰ ਸਮਝਦੇ ਹਾਂ।

"ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥"

"ਸੁਣਿਐ" ਅੱਖਰ ਤੋਂ ਕੀ ਭਾਵ ਹੈ ਇਸਨੂੰ ਸਮਝੇ ਬਿਨਾਂ ਅਸੀਂ ਸ਼ਬਦ ਦੇ ਅਰਥ ਨੂੰ ਨਹੀਂ ਸਮਝ ਸਕਦੇ। **"ਸੁਣਿਐ"** ਤੋਂ ਭਾਵ

ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਸੁਨਣਾ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਹਰ ਆਕਾਰ ਰੂਪ ਵਸਤੂ ਦੇ ਅੰਦਰ ਭਾਵੇਂ ਉਹ ਨਿਰਜੀਵ ਹੈ ਜਾਂ ਜੀਵ ਹੈ ਉਸਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ। ਹਰ ਵਸਤੂ ਦੀ ਰਚਨਾ ਕਿਸੇ ਮਨੋਰਥ ਕਰਕੇ ਹੀ ਹੋਈ ਹੈ ਤੇ ਹਰ ਆਕਾਰ ਰੂਪ ਆਪਣੇ ਮਨੋਰਥ ਦੀ ਪੂਰਤੀ ਪ੍ਰਮਾਤਮਾ ਦੇ ਹੁਕਮ ਵਿੱਚ ਚੱਲਣ ਦੁਆਰਾ ਹੀ ਕਰਦਾ ਹੈ। ਪ੍ਰਮਾਤਮਾ ਹਰ ਕਿਸੇ ਨੂੰ ਆਪਣਾ ਹੁਕਮ ਸੁਣਾ ਰਿਹਾ ਹੈ ਜੋ ਉਸਦਾ ਹੁਕਮ ਉਸਦੇ ਗਿਆਨ ਰੂਪ ਵਿੱਚ ਹੁੰਦਾ ਹੈ। ਜੋ ਤੁਰਨ ਫਿਰਨ ਵਾਲੇ ਜੀਵ ਹਨ ਉਹ ਜਿਹੋ ਜਿਹਾ ਆਪਣੇ ਮਨ ਦੇ ਵਿੱਚੋਂ ਸੁਣਦੇ ਹਨ ਉਹ ਸਭਦੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਹੁੰਦਾ ਹੈ ਕਿਉਂਕਿ ਸਭਦੇ ਅੰਦਰ ਪ੍ਰਮਾਤਮਾ ਦੀ ਜੋਤਿ ਹੀ ਵਰਤਦੀ ਹੈ ਤੇ ਆਪਣੀ ਜੋਤਿ ਰਾਹੀਂ ਪ੍ਰਮਾਤਮਾ ਜੋ ਕੁਝ ਵੀ ਬੋਲਦਾ ਹੈ ਉਹੀ ਕੁਝ ਜੀਵ ਆਪਣੇ ਅੰਦਰੋਂ ਸੁਣਦਾ ਹੈ ਭਾਵ ਹਰ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਹੀ ਸੁਣਦਾ ਹੈ ਤੇ ਉਸੇ ਅਨੁਸਾਰ ਹੀ ਵਿਚਰਦਾ ਹੈ। ਮਨੁੱਖ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਤਰੀਕੇ ਵਰਤਦਾ ਹੈ ਤੇ ਮਨੁੱਖ ਉਸਨੂੰ ਕਿਸ ਤਰੀਕੇ ਸੁਣਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਆਪਣੇ ਮਨ ਦੇ ਵਿੱਚੋਂ ਮਨੁੱਖ ਜੋ ਕੁਝ ਵੀ ਸੁਣਦਾ ਹੈ ਉਹ ਸਾਡੇ ਅੰਦਰ ਪ੍ਰਮਾਤਮਾ ਦੇ ਬੋਲੇ ਹੋਏ ਬੋਲ ਹੀ ਹਨ ਭਾਵ ਪ੍ਰਮਾਤਮਾ ਦੇ ਬੋਲੇ ਹੋਏ ਬੋਲਾਂ ਨੂੰ ਹੀ ਸੁਣਦਾ ਹੈ ਭਾਵ ਉਸਦੇ ਹੁਕਮ ਨੂੰ ਹੀ ਸੁਣਦਾ ਹੈ ਤੇ ਉਹੀ ਕੁਝ ਕਰਦਾ ਹੈ ਜਿਹੋ ਜਿਹਾ ਉਹ ਮਨ ਦੇ ਵਿੱਚੋਂ ਸੁਣਦਾ ਹੈ। ਜਿਨ੍ਹਾਂ ਨੇ ਵੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੈ ਉਹਨਾਂ ਨੇ ਆਪਣੇ ਆਪ ਨੂੰ ਧਰਮ ਦੇ ਗਿਆਨੀ ਸਮਝਣ ਦੁਆਰਾ ਹੀ ਉੱਚਾ ਥਾਪਿਆ ਹੈ। ਜਿਸਨੇ ਵੀ ਆਪਣੇ ਆਪ ਨੂੰ ਸਿਧ, ਪੀਰ, ਸੁਰਿ, ਨਾਥ ਅਖਵਾਇਆ ਹੈ ਭਾਵ ਆਪਣੇ ਆਪ ਨੂੰ ਵੱਡਾ ਅਖਵਾਇਆ ਹੈ ਭਾਵ ਸੰਸਾਰ ਵਿੱਚੋਂ ਮਾਣ ਲਿਆ ਹੈ ਉਹਨਾਂ ਨੇ ਇਹ ਮਾਣ ਆਪਣੀ

ਉੱਚੀ ਧਾਰਮਿਕ ਸਮਝ ਦੁਆਰਾ ਹੀ ਲਿਆ ਹੈ। ਇਹ ਮਾਣ ਉਹਨਾਂ ਨੇ ਆਪਣੇ ਸੁਣਨ ਦੁਆਰਾ ਲਿਆ ਹੈ ਭਾਵ ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਹੀ ਲਿਆ ਹੈ, ਮਨ ਦੀ ਜੋਤਿ ਰਾਹੀਂ ਸੁਣਨ ਦੁਆਰਾ ਹੀ ਲਿਆ ਹੈ ਕਿਉਂਕਿ ਸਭਦੇ ਅੰਦਰ ਆਪਣੀ ਜੋਤਿ ਰਾਹੀਂ ਬੋਲਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਾਰ-ਬਾਰ ਸਮਝਿਆ ਹੈ। ਸਾਡੇ ਮਨ ਦੇ ਅੰਦਰ ਸਾਨੂੰ ਚਲਾਉਣ ਵਾਲਾ ਕਉਣ ਹੈ, ਆਪਣਾ ਹੁਕਮ ਸੁਨਾਉਣ ਵਾਲਾ ਕਉਣ ਹੈ ਉਸਨੂੰ ਬੁੱਝੇ ਬਿਨਾਂ ਉਸ ਪ੍ਰਮਾਤਮਾ ਦੇ ਵੱਡੇਪਨ ਨੂੰ ਕੋਈ ਨਹੀਂ ਜਾਣ ਸਕਦਾ, ਉਸਦੀ ਵਡਿਆਈ ਨੂੰ ਕੋਈ ਨਹੀਂ ਸਮਝ

48/6370

ਸਕਦਾ ਜਿਸ ਕਰਕੇ ਹਰ ਕੋਈ ਆਪਣੇ ਆਪ ਨੂੰ ਉੱਚਾ ਸਮਝਦਾ ਹੈ ਤੇ ਸੰਸਾਰ ਵੀ ਉਹਨਾਂ ਨੂੰ ਉੱਚਾ ਮੰਨਕੇ ਉਹਨਾਂ ਨੂੰ ਵਡਿਆਈਆਂ ਦਿੰਦਾ ਹੈ। **(ਸੁਣਿਐ ਸਿਧ ਪੀਰ ਸੁਰਿ ਨਾਥ ॥)** ਅਗਲੀਆਂ ਪੰਗਤੀਆਂ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸੁਣਿਐ ਧਰਤਿ ਧਵਲ ਆਕਾਸ ॥ ਸੁਣਿਐ ਦੀਪ ਲੋਅ ਪਾਤਾਲ ॥”

ਉਪਰਲੀ ਪੰਗਤੀ ਰਾਹੀਂ ਪ੍ਰਮਾਤਮਾ ਦੀ ਵਡਿਆਈ ਹੀ ਸਮਝਾਈ ਹੋਈ ਹੈ ਕਿ ਉਹ ਕਿਤਨੇ ਕੁ ਵੱਡੇ ਗਿਆਨ ਦਾ ਮਾਲਕ ਹੈ। ਇਤਨੀ ਵੱਡੀ ਧਰਤੀ ਆਕਾਸ਼ ਦੇ ਵਿੱਚ, ਪੁਲਾੜ ਦੇ ਵਿੱਚ ਹਰ ਵੇਲੇ ਘੁੰਮ ਰਹੀ ਹੈ ਜਿਸ ਦੁਆਰਾ ਧਰਤੀ ਨੇ ਆਪਣੇ ਆਪ ਨੂੰ ਘੁੰਮਣ ਦੁਆਰਾ ਆਕਾਸ਼ ਵਿੱਚ ਟਿਕਾਇਆ ਹੋਇਆ ਹੈ। ਇਸ ਦੇ ਪਿੱਛੇ ਕਿਤਨੀ ਕੁ ਵੱਡੀ ਸਾਇੰਸ ਹੈ ਇਸਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸੁਣਨ ਦੁਆਰਾ ਹੀ ਪੈਂਦੀ ਹੈ ਕਿ ਉਹ ਆਕਾਰ ਰੂਪ ਨੂੰ ਕਿਸ ਤਰੀਕੇ ਚਲਾ ਰਿਹਾ ਹੈ। ਧਰਤੀ ਦੇ ਦੀਪਾਂ ਦੇ, ਲੋਆਂ ਦੇ, ਪਾਤਾਲ ਦੇ ਆਪਣੇ ਕੋਈ ਕੰਨ ਨਹੀਂ ਹੁੰਦੇ। ਆਪਣੇ ਅੰਦਰ ਕੁਝ ਦਿੱਸਣ ਵਾਲਾ ਦਿਮਾਗ ਨਹੀਂ ਹੁੰਦਾ ਜਿਸ ਦੁਆਰਾ ਉਹ ਪ੍ਰਮਾਤਮਾ ਦੀ ਗੱਲ ਨੂੰ ਸੁਣ ਸਕਣ। ਜੋ ਗਿਆਨ ਪ੍ਰਮਾਤਮਾ ਨੇ ਮੂਲ ਰੂਪ ਵਿੱਚ ਹਰ ਆਕਾਰ ਦੇ ਵਿੱਚ ਪਾਇਆ ਹੋਇਆ ਹੈ ਉਸੇ ਤਰੀਕੇ ਹੀ ਹਰ ਆਕਾਰ ਕੰਮ ਕਰ ਰਿਹਾ ਹੈ। ਪ੍ਰਮਾਤਮਾ ਦੇ ਪਾਏ ਹੋਏ ਗਿਆਨ ਨੂੰ ਮੰਨਣਾ ਹੀ, ਉਸ ਅਨੁਸਾਰ ਆਪਣਾ ਫਰਜ ਪੂਰਾ ਕਰਨਾ ਹੀ ਪ੍ਰਮਾਤਮਾ ਦੀ ਗੱਲ ਨੂੰ ਸੁਣਨਾ ਹੈ ਭਾਵ ਉਸਦੇ ਹੁਕਮ ਅਨੁਸਾਰ ਚੱਲਣਾ ਹੈ। ਹਰ ਵਸਤੂ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਚੱਲ ਰਹੀ ਹੈ ਜੋ ਉਸਦਾ ਹੁਕਮ ਸਭਦੇ ਅੰਦਰ ਆਪਣੇ ਉੱਚੇ ਗਿਆਨ ਦੁਆਰਾ ਹੀ ਹੈ, ਉਸਦੀ ਉੱਚੀ ਸਾਇੰਸ ਦੁਆਰਾ ਹੀ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਹੁਕਮ ਹੀ ਹੈ। ਪ੍ਰਮਾਤਮਾ ਦੇ ਹੁਕਮ ਨੂੰ ਮੰਨਣਾ ਹੀ ਉਸਦੀ ਗੱਲ ਨੂੰ ਸੁਣਨਾ ਹੈ। ਪ੍ਰਮਾਤਮਾ ਨੇ ਆਪਣਾ ਹੁਕਮ ਹਰ ਆਕਾਰ ਰੂਪ ਵਿੱਚ ਇੱਕੋ ਵਾਰੀ ਹੀ ਪਾ ਦਿੱਤਾ ਹੋਇਆ ਹੈ, ਇੱਕੋ ਵਾਰੀ ਸੁਣਾ ਦਿੱਤਾ ਹੋਇਆ ਹੈ ਤੇ ਹਰ ਵਸਤੂ ਪ੍ਰਮਾਤਮਾ ਦੀ ਸਾਇੰਸ ਨੂੰ ਹਮੇਸ਼ਾ ਤੋਂ ਮੰਨਦੀ ਆ ਰਹੀ ਹੈ। **(ਸੁਣਿਐ ਧਰਤਿ ਧਵਲ ਆਕਾਸ ॥ ਸੁਣਿਐ ਦੀਪ ਲੋਅ ਪਾਤਾਲ॥)**

{ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥
ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥}

(ਅੰਗ ੭)

48/6371

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ ੯੪੮)

{ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥}

(ਅੰਗ ੧੧੬੨)

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥

ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ
ਦਿਖਾ ਸਿਆਣੀਐ ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੮)

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ ੧੩੫੧)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥}

(ਅੰਗ ੧੩)

ਆਪਣੇ ਮਨ ਨੂੰ ਜਾਣੇ ਬਿਨਾਂ ਭਾਵ ਆਪਣੇ ਅੰਦਰ ਦੀ ਜੋਤਿ ਨੂੰ ਜਾਣੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਕੋਲੋਂ ਸੁਣਨਾ ਕੀ ਹੈ ਜੋ ਉਹ ਆਪਣੀ ਜੋਤਿ ਦੁਆਰਾ ਹੀ ਸੁਣਾਉਂਦਾ ਹੈ। ਹਰ ਵਸਤੂ ਦੇ ਵਿੱਚ ਪ੍ਰਮਾਤਮਾ ਦੀ ਜੋਤਿ ਹੀ ਵਰਤਦੀ ਹੈ ਜਿਸ ਜੋਤਿ ਰਾਹੀਂ ਉਸਨੇ ਜੋ ਕੁਝ ਹੁਕਮ ਕਿਸੇ ਆਕਾਰ ਰੂਪ ਨੂੰ ਸੁਣਾਇਆ ਹੈ ਉਹੀ ਉਸਦਾ ਹੁਕਮ ਹਰ ਕੋਈ ਮੰਨ ਰਿਹਾ ਹੈ ਭਾਵ ਹਰ ਆਕਾਰ ਰੂਪ ਉਹੀ ਕੁਝ ਕਰ ਰਿਹਾ ਹੈ ਜੋ ਪ੍ਰਮਾਤਮਾ ਉਸ ਆਕਾਰ ਰੂਪ ਤੋਂ ਚਾਹੁੰਦਾ ਹੈ। ਹਰ ਮਨੁੱਖੀ ਰੂਪ ਪ੍ਰਮਾਤਮਾ ਦੇ ਹੁਕਮ ਨੂੰ ਹੀ ਮੰਨ ਰਿਹਾ ਹੈ ਤੇ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਵੀ ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ, ਮਨ ਰੂਪ ਜੋਤਿ ਰਾਹੀਂ ਵਰਤ ਰਿਹਾ ਹੈ। ਅਸੀਂ ਮਨ ਦੇ ਵਿੱਚੋਂ ਜੋ ਕੁਝ ਸੁਣਦੇ ਹਾਂ ਉਹੀ ਕੁਝ ਕਰਦੇ ਹਾਂ। ਸਾਨੂੰ ਮਨ ਦੇ ਵਿੱਚ ਸੁਨਾਉਣ ਵਾਲਾ ਕਉਣ ਹੈ ਇਸ ਗੱਲ ਦੀ ਸਮਝ ਕੇਵਲ ਤੇ ਕੇਵਲ ਉਸਨੂੰ ਹੀ ਪੈ ਸਕਦੀ ਹੈ ਜੋ ਆਪਣੇ ਅੰਦਰ ਦੀ ਜੋਤਿ ਨੂੰ ਜਾਣ ਲੈਂਦਾ ਹੈ ਭਾਵ ਆਪਣੇ ਮਨ ਦੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਜੋ ਕਿ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸੁਣਨ ਦੁਆਰਾ ਹੀ ਜਾਣਿਆ ਹੈ। ਜੋ ਕੁਝ ਉਹਨਾਂ ਨੇ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਿਆ ਹੈ ਉਹੀ ਕੁਝ ਉਹਨਾਂ ਨੇ ਪੂਰੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸੁਣਾਇਆ ਹੈ। ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਨ ਤੋਂ ਪਹਿਲੇ ਮਨ ਦੀ ਅਗਿਆਨਤਾ ਵਿੱਚ ਹੀ ਹੁੰਦਾ ਹੈ ਭਾਵ ਹਉਮੈ ਵਾਲੀ ਸਮਝ ਵਿੱਚ ਹੀ ਹੁੰਦਾ ਹੈ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੀ ਹੁੰਦਾ ਹੈ, ਮਾਇਆ ਮੋਹ ਦੀ ਜੁਗਤਿ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਅਵਸਥਾ ਵਿੱਚ ਹੀ ਹੁੰਦਾ ਹੈ ਜਿਸ ਸਮਝ ਵਿੱਚ ਰਹਿੰਦਿਆਂ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦਾ ਹੈ, ਆਪਣੇ ਮਨੁੱਖੀ ਰੂਪ

ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਤੇ ਇਸ ਸਰੀਰ ਦੇ ਜਨਮ ਮਰਨ ਨੂੰ ਹੀ ਆਪਣਾ ਜਨਮ ਮਰਨ ਸਮਝਦਾ ਹੈ। ਆਪਣੇ

ਅੰਦਰੋਂ ਪ੍ਰਮਾਤਮਾ ਕੋਲੋਂ ਸੁਣਨ ਤੋਂ ਬਾਅਦ ਮਨੁੱਖ ਦਾ ਇਹ ਭਰਮ ਨਿਕਲ ਜਾਂਦਾ ਹੈ ਤੇ ਮਨੁੱਖ ਨੂੰ ਆਪਣੇ ਜੀਵਨ ਵਿੱਚ ਫਿਰ ਅਸਲ ਖੁਸ਼ੀ ਦੀ ਪ੍ਰਾਪਤੀ ਹੁੰਦੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀ ਸਮਝਾਈ ਹੋਈ ਹੈ।

“ਸੁਣਿਐ ਪੋਹਿ ਨ ਸਕੈ ਕਾਲੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥”

ਉਪਰਲੇ ਸ਼ਬਦ ਰਾਹੀਂ ਭਗਤਾਂ ਦੇ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿਸ ਮਨ ਦੀ ਅਵਸਥਾ ਦੁਆਰਾ ਭਾਵ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦੇ ਸੱਚੇ ਭਗਤ ਭਾਵ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਹ ਹਰ ਵੇਲੇ, ਸਦਾ ਹੀ ਕਿਸ ਤਰੀਕੇ ਖੇੜੇ ਵਿੱਚ ਰਹਿੰਦੇ ਹਨ। ਸਾਰੀ ਗੱਲ ਪ੍ਰਮਾਤਮਾ ਦੀ ਆਪਣੇ ਅੰਦਰੋਂ ਸੁਣਨ ਦੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸੁਣੇ ਬਿਨਾਂ ਭਾਵ ਉਸਨੂੰ ਜਾਣੇ ਬਿਨਾਂ ਹਰ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦਾ ਹੈ ਭਾਵ ਆਪਣਾ ਜੋ ਮਨੁੱਖੀ ਰੂਪ ਸਮਝਦਾ ਹੈ ਆਪਣੇ ਉਸ ਮਨੁੱਖੀ ਰੂਪ ਨੂੰ ਉਹ ਜਨਮ ਮਰਨ ਸਮਝਦਾ ਹੈ, ਮਨੁੱਖੀ ਰੂਪ ਦੇ ਬਿਨਸਨ ਨੂੰ ਆਪਣ **“ਕਾਲੁ”** ਸਮਝਦਾ ਹੈ ਕਿਉਂਕਿ ਜੋ ਕਿ ਸਾਡਾ ਭਰਮ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦਾ ਕਾਲੁ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ, ਮਨ ਦੀ ਅਗਿਆਨਤਾ ਹੈ, ਸਾਡੇ ਅੰਦਰ ਦੀ ਹਉਮੈ ਹੈ ਜਿਸ ਰਾਹੀਂ ਅਸੀਂ ਆਪਣੇ ਸਰੀਰ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਤੇ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦੇ ਹਾਂ। ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਸਾਡੇ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਤੇ ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ ਜਿਵੇਂ ਕਿ ਪਿੱਛੇ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ। **{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥ ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}** ਅੰਗ ੯੯੫ **{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥ ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥ ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥ ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥}** ਅੰਗ ੧੩੫੦ **{ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥ ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥ ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥ ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥ ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥}** ਅੰਗ ੮੨੨ ਸਾਡਾ ਕਾਲੁ ਅਸਲ ਵਿੱਚ ਸਾਡੀ ਆਤਮਿਕ ਮੌਤ ਹੈ ਭਾਵ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ, ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਦਾ ਨਾ ਹੋਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ

ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਸਾਡੇ ਅੰਦਰ ਦਾ ਕਾਲੁ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਹੀ ਕੋਈ ਕਾਲੁ ਤੋਂ ਮੁਕਤਿ ਹੋ ਸਕਦਾ ਹੈ। ਜਦ ਤਕ ਸਾਡੇ ਅੰਦਰ ਇਹ ਅਗਿਆਨਤਾ ਰੂਪ ਕਾਲੁ ਹੈ ਤਦ ਤਕ ਹੀ ਅਸੀਂ ਆਪਣੇ ਆਪ ਨੂੰ ਜਮਣ ਮਰਣ ਵਿੱਚ ਸਮਝਦੇ ਹਾਂ। ਜਿਸਨੂੰ ਪ੍ਰਮਾਤਮਾ ਮਨ ਦੇ ਕਾਲ ਵਿੱਚੋਂ ਕੱਢ ਲੈਂਦਾ ਹੈ ਉਸਨੂੰ ਆਪਣੇ ਨਾਮ ਦਾ ਖਜਾਨਾ ਬਖਸ਼ ਕੇ ਹੀ ਕੱਢਦਾ ਹੈ ਭਾਵ ਆਪਣੇ ਸੱਚੇ ਗਿਆਨ ਦਾ ਖਜਾਨਾ ਬਖਸ਼ ਕੇ ਹੀ ਕੱਢਦਾ ਹੈ ਜਿਸ ਦੁਆਰਾ ਮਨ ਦੀ ਸਮਝ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਸਹਜ ਵਾਲੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਜਿਸ ਮਨ ਦੀ ਸਹਜ ਵਾਲੀ ਸਮਝ ਦੁਆਰਾ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਮਨੁੱਖ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਵਿੱਚ ਸਮਾ ਜਾਂਦਾ ਹੈ, ਗੁਰੂ ਦੇ ਸ਼ਬਦਾਂ ਦੀ ਸਮਝ ਵਿੱਚ ਸਮਾ ਜਾਂਦਾ ਹੈ ਤੇ ਫਿਰ ਉਸਦੀ ਹਰ ਵੇਲੇ ਪ੍ਰਮਾਤਮਾ ਦੇ ਨਾਲ ਲਿਵ ਜੁੜੀ ਰਹਿੰਦੀ ਹੈ। ਪ੍ਰਮਾਤਮਾ ਆਪਣਾ ਨਾਮ ਰੂਪ ਖਜਾਨਾ ਕਿਸੇ ਵਿਰਲੇ ਨੂੰ ਹੀ ਬਖਸ਼ਦਾ ਹੈ ਜਿਸ ਸੱਚੇ ਗਿਆਨ ਦੁਆਰਾ ਮਨੁੱਖ ਮਨ ਦੇ ਕਾਲ ਤੋਂ ਮੁਕਤ ਹੁੰਦਾ ਹੈ, ਆਪਣੀ ਮਿਰਤਕ ਸਮਝ ਤੋਂ ਭਾਵ ਮਨ ਦੀ ਅਗਿਆਨਤਾ ਤੋਂ ਮੁਕਤਿ ਹੁੰਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ

ਸਕਦਾ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ।

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਸਾਡੇ ਅੰਦਰ ਦਾ ਕਾਲੁ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉੱਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਆਪਣੇ ਭਗਤਾਂ ਨੂੰ ਪ੍ਰਮਾਤਮਾ ਮਨ ਦੇ ਕਾਲੁ ਤੋਂ ਮੁਕਤ ਆਪਣੇ ਮੇਲ ਦੁਆਰਾ ਹੀ ਕਰਦਾ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਪ੍ਰਮਾਤਮਾ ਨੂੰ ਮਨ ਦੇ ਵਿੱਚ ਉਸ ਕੋਲੋਂ ਉਸਦਾ ਸੱਚਾ ਗਿਆਨ ਮਿਲਣ ਦੁਆਰਾ ਹੀ ਹੁੰਦਾ ਹੈ ਜੋ ਆਪਣਾ ਸੱਚਾ ਗਿਆਨ ਮਨ ਦੇ ਵਿੱਚ ਉਹ ਆਪ ਹੀ ਬੋਲਕੇ ਸੁਣਾਉਂਦਾ ਹੈ। ਉਸਦੇ ਬੋਲ ਸੱਚੇ ਗਿਆਨ ਦੀ ਸਮਝ ਵਾਲੇ ਹੀ ਹੁੰਦੇ ਹਨ, ਬ੍ਰਹਮ ਗਿਆਨ ਵਾਲੇ ਹੀ ਹੁੰਦੇ ਹਨ ਭਾਵ ਨਾਮ ਦੇ ਖਜਾਨੇ ਦੇ ਰੂਪ ਵਿੱਚ ਹੀ ਹੁੰਦੇ ਹਨ ਭਾਵ ਸਹਜ ਗਿਆਨ ਵਾਲੇ ਹੀ ਹੁੰਦੇ ਹਨ, ਚਉਥੇ ਪਦ ਦੇ ਗਿਆਨ ਵਾਲੇ ਹੀ ਹੁੰਦੇ ਹਨ ਜੋ ਮਨੁੱਖੀ ਸਮਝ ਨੂੰ ਪੂਰਨ ਸੱਚ ਹੀ ਸਮਝਾਉਂਦੇ

48/6374

ਹਨ ਤੇ ਮਨੁੱਖੀ ਸਮਝ ਨੂੰ ਹਰ ਭਰਮ ਵਾਲੀ ਸਮਝ ਤੋਂ ਮੁਕਤ ਕਰ ਦਿੰਦੇ ਹਨ, ਮਨ ਦੀ ਅਗਿਆਨਤਾ ਤੋਂ ਮੁਕਤ ਕਰ ਦਿੰਦੇ ਹਨ। ਮਨ ਦੀ ਅਗਿਆਨਤਾ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ ਤੇ ਇਸ ਸਰੀਰ ਦੇ ਜਨਮ ਮਰਨ ਨੂੰ ਉਹ ਆਪਣਾ ਜਨਮ ਮਰਨ ਸਮਝਦਾ ਹੈ, ਆਪਣੇ ਆਪ ਨੂੰ ਜੂਨਾਂ ਵਿੱਚ ਸਮਝਦਾ ਹੈ। ਮਨ ਦੇ ਕਾਲੁ ਕਰਕੇ ਭਾਵ ਮਨ ਦੀ ਅਗਿਆਨਤਾ ਕਰਕੇ ਮਨੁੱਖ ਅਨੇਕਾਂ ਹੀ ਤ੍ਰਿਸ਼ਨਾਵਾਂ ਵਿੱਚ ਰਹਿੰਦਾ ਹੈ, ਮਾਇਆ ਮੋਹ ਵਿੱਚ ਰਹਿੰਦਾ ਹੈ ਤੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਹੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਜੋ ਮਨੁੱਖ ਨੂੰ ਦੁੱਖਾਂ ਵਿੱਚੋਂ, ਪਾਪ ਵਿੱਚੋਂ ਕੱਢ ਲੈਂਦੀ ਹੈ। ਸਾਡੇ ਦੁੱਖਾਂ ਦਾ ਕਾਰਨ ਸਾਡੀਆਂ ਤ੍ਰਿਸ਼ਨਾਵਾਂ ਦਾ ਨਾ ਪੂਰਾ ਹੋਣਾ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ, ਦੂਸਰਿਆਂ ਦਾ ਹੱਕ ਖਾਂਦਾ ਹੈ ਭਾਵ ਪਾਪ ਕਰਦਾ ਹੈ। ਗੁਰਮਤਿ ਦੇ ਉਲਟ ਚੱਲਣਾ ਪਾਪ ਹੀ ਹੈ। ਪ੍ਰਮਾਤਮਾ ਦੇ ਭਗਤ ਮਨ ਦੇ ਵਿੱਚ ਸੱਚੀ ਸਮਝ ਪੈਣ ਦੁਆਰਾ ਇਹਨਾਂ ਗੱਲਾਂ ਵਿੱਚੋਂ ਨਿਕਲ ਜਾਂਦੇ ਹਨ ਜਿਸ ਕਰਕੇ ਪ੍ਰਮਾਤਮਾ ਦੇ ਭਗਤ ਹਮੇਸ਼ਾ ਮਨ ਦੇ ਖੇੜੇ ਵਿੱਚ ਰਹਿੰਦੇ ਹਨ ਉਹਨਾਂ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਮੇਰੇ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਇਸ ਸਰੀਰ ਦੀਆਂ ਜਰੂਰਤਾਂ ਪੂਰੀਆਂ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਜਰੂਰਤਾਂ ਪ੍ਰਮਾਤਮਾ ਆਪਣੇ ਭਗਤ ਨੂੰ ਸੱਚ ਤੇ ਚਲਾਉਣ ਦੁਆਰਾ ਹੀ ਪੂਰੀਆਂ ਕਰਦਾ ਹੈ ਭਾਵ ਚੰਗੇ ਕਰਮ ਕਰਾਉਣ ਦੁਆਰਾ ਹੀ ਪੂਰੀਆਂ ਕਰਦਾ ਹੈ। **(ਸੁਣਿਐ ਪੋਹਿ ਨ ਸਕੈ ਕਾਲੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥)**

ਸੁਣਦਾ ਹਰ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਹੀ ਹੈ ਪਰ ਜੋ ਆਪਣੇ ਆਪ ਨੂੰ ਵੱਡਾ ਅਖਵਾਉਂਦਾ ਹੈ ਉਸਨੂੰ ਵੱਡਾ ਬਨਾਉਣ ਵਾਲਾ ਪ੍ਰਮਾਤਮਾ ਆਪ ਹੀ ਹੁੰਦਾ ਹੈ ਪਰ ਉਹ ਪ੍ਰਮਾਤਮਾ ਦੀ ਵਡਿਆਈ ਨੂੰ ਸਮਝ ਨਹੀਂ ਸਕਦਾ ਕਿਉਂਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹਰ ਕੋਈ ਮਨ ਦੀ ਸਮਝ ਨੂੰ ਆਪਣੀ ਸਮਝ ਹੀ ਸਮਝਦਾ ਹੈ। ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

48/6375

“ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥
ਸੁਣਿਐ ਸਾਸਤ ਸਿਮ੍ਰਿਤਿ ਵੇਦ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥”

(ਅੰਗ ੨)

ਉੱਪਰ ਵਾਲੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਨੂੰ ਸਲਾਹੁਣਾ ਕੀ ਹੈ, ਨਾਮ ਸਲਾਹੁਣਾ ਕੀ ਹੈ ਸਭ ਕੁਝ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਕਿਉਂਕਿ ਸਾਡੇ ਅੰਦਰ ਦੀ ਸਮਝ ਸਾਡੀ ਆਪਣੀ ਨਹੀਂ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ। ਜੋ ਕੁਝ ਵੀ ਅਸੀਂ ਆਪਣੇ ਮਨ ਦੇ ਵਿੱਚੋਂ ਸੁਣਦੇ ਹਾਂ ਉਹੀ ਕੁਝ ਸਮਝਦੇ ਹਾਂ। ਸਾਨੂੰ ਸਭਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਰੱਖਿਆ ਹੋਇਆ ਹੈ ਭਾਵ ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦਿਆਂ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿ ਉਹ ਸਾਡੇ ਅੰਦਰ ਤੇ ਸਭਦੇ ਅੰਦਰ ਆਪਣੇ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ। ਜਿਨ੍ਹਾਂ ਨੇ ਆਪਣੇ ਆਪ ਨੂੰ ਈਸਰ, ਬ੍ਰਹਮਾ, ਇੰਦ ਅਖਵਾਇਆ ਹੈ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਅਖਵਾਇਆ ਹੈ, ਦੇਵਤਾ ਅਖਵਾਇਆ ਹੈ ਭਾਵ ਧਰਮ ਦੇ ਮਾਰਗ ਤੇ ਉੱਚਾ ਅਖਵਾਇਆ ਹੈ, ਆਪਣੇ ਸਰੀਰ ਨੂੰ ਹੀ ਪ੍ਰਮਾਤਮਾ ਅਖਵਾਇਆ ਹੈ ਇਹ ਕੁਝ ਉਹਨਾਂ ਨੇ ਆਪਣੇ ਆਪ ਨਹੀਂ ਅਖਵਾਇਆ ਹੈ। ਇਹ ਕੁਝ ਉਹਨਾਂ ਕੋਲੋਂ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਨੇ ਹੀ ਅਖਵਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੈ। ਜਦ ਤਕ ਅਸੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹਾਂ ਤਦ ਤਕ ਅਸੀਂ ਸੁਣਦੇ ਆਪਣੇ ਮਨ ਦੇ ਵਿੱਚੋਂ ਹੀ ਹਾਂ ਭਾਵ ਜੋ ਕੁਝ ਵੀ ਸਮਝਦੇ ਹਾਂ ਉਹ ਸਮਝਦੇ ਮਨ ਦੀ ਸਮਝ ਰਾਹੀਂ ਹੀ ਹਾਂ। ਮਨ ਦੀ ਸਮਝ ਰਾਹੀਂ ਜੋ ਵੀ ਸਾਨੂੰ ਗਿਆਨ ਮਿਲਦਾ ਹੈ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਉਸ ਗਿਆਨ ਨੂੰ ਆਪਣਾ ਗਿਆਨ ਸਮਝਦੇ ਹਾਂ ਤੇ ਆਪਣੇ ਉਸ ਗਿਆਨ ਰਾਹੀਂ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਸਮਝਦੇ ਹਾਂ। ਜਿਨ੍ਹਾਂ ਨੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ ਉਹਨਾਂ ਨੇ ਤ੍ਰੈ ਗੁਣਾਂ ਵਾਲੀ ਸਮਝ ਕਰਕੇ ਹੀ ਅਖਵਾਇਆ ਹੈ। ਪ੍ਰਮਾਤਮਾ ਦੇ ਅਸਲ ਰੂਪ ਤੋਂ ਬਿਨਾਂ ਜੋ ਕਿ ਉਸਦਾ ਗੁਰੂ ਰੂਪ ਹੈ, ਸ਼ਬਦ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ, ਪ੍ਰਮਾਤਮਾ ਦੇ ਉਸ ਰੂਪ ਨੂੰ ਸਲਾਹੁਣ ਤੋਂ ਬਿਨਾਂ ਭਾਵ ਕਿਸੇ ਦੇਹ ਨੂੰ ਸਲਾਹੁਣਾ, ਧਰਮ ਦੇ ਮਾਰਗ ਦੀ ਨਾਸਮਝੀ ਕਰਕੇ ਕਿਸੇ ਨੂੰ ਸਲਾਹੁਣਾ ਮੰਦੀ ਗੱਲ ਹੈ ਭਾਵ **"ਮੰਦੁ"** ਸਲਾਹੁਣ ਵਾਲੀ ਗੱਲ ਹੈ, ਮਨਮਤਿ ਨੂੰ ਸਲਾਹੁਣ ਵਾਲੀ ਗੱਲ ਹੈ, ਹਉਮੈ ਨੂੰ, ਅਗਿਆਨਤਾ ਨੂੰ ਸਲਾਹੁਣ

48/6376

ਵਾਲੀ ਗੱਲ ਹੈ ਭਾਵ ਸੱਚ ਦੀ ਬਜਾਏ ਝੂਠ ਨੂੰ ਸਲਾਹੁਣ ਵਾਲੀ ਗੱਲ ਹੈ ਪਰ ਇਹ ਮਨੁੱਖ ਦੇ ਵੱਸ ਵੀ ਨਹੀਂ ਹੈ ਕਿਉਂਕਿ ਸਾਡੇ ਅੰਦਰ ਭਰਮਾਂ ਵਾਲੀ ਸਮਝ ਪਾਉਣ ਵਾਲਾ ਉਹ ਆਪ ਹੀ ਹੈ, ਸਾਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ ਤੇ ਮਨੁੱਖ ਉਹੀ ਕੁਝ ਕਰਦਾ ਹੈ ਜਿਹੋ ਜਿਹਾ ਉਹ ਮਨ ਦੇ ਵਿੱਚੋਂ ਸੁਣਦਾ ਹੈ ਜੋ ਕਿ ਪ੍ਰਮਾਤਮਾ ਆਪ ਹੀ ਸੁਣਾਉਂਦਾ ਹੈ। **(ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ ॥)**

{ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ॥ ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ॥
ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ੀ ਨ ਲਹੀਆ ॥ ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ॥
ਤਿਥੈ ਸੋਗੁ ਵਿਜੋਗੁ ਨ ਵਿਆਪਈ ਅਸਥਿਰੁ ਜਗਿ ਥੀਆ ॥੧੯॥}

(ਅੰਗ ੫੧੬)

{ਸ੍ਰਿਸਟੇ ਭੇਉ ਨ ਜਾਣੈ ਕੋਇ ॥ ਸ੍ਰਿਸਟਾ ਕਰੈ ਸੁ ਨਿਹਚਉ ਹੋਇ ॥ ਸੰਪੈ ਕਉ ਈਸਰੁ ਧਿਆਈਐ ॥
ਸੰਪੈ ਪੁਰਬਿ ਲਿਖੇ ਕੀ ਪਾਈਐ ॥ ਸੰਪੈ ਕਾਰਣਿ ਚਾਕਰ ਚੋਰ ॥ ਸੰਪੈ ਸਾਥਿ ਨ ਚਾਲੈ ਹੋਰ ॥
ਬਿਨੁ ਸਾਚੇ ਨਹੀ ਦਰਗਹ ਮਾਨੁ ॥ ਹਰਿ ਰਸੁ ਪੀਵੈ ਛੂਟੈ ਨਿਦਾਨਿ ॥੫੦॥}

(ਅੰਗ ੯੩੭)

{ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੨॥}

(ਅੰਗ ੯੫੨)

{ਈਸਰੁ ਬ੍ਰਹਮਾ ਦੇਵੀ ਦੇਵਾ ॥ ਇੰਦ੍ ਤਪੇ ਮੁਨਿ ਤੇਰੀ ਸੇਵਾ ॥
ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥੩॥}

(ਅੰਗ ੧੦੩੪)

{ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ ॥
ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ ॥
ਪਾਪੁ ਪੁੰਨੁ ਜਾਂ ਚੈ ਡਾਂਗੀਆ ਦੁਆਰੈ ਚਿਤ੍ ਗੁਪਤੁ ਲੇਖੀਆ ॥ ਧਰਮ ਰਾਇ ਪਰੁਲੀ ਪ੍ਰਤਿਹਾਰੁ ॥
ਸੁ ਐਸਾ ਰਾਜਾ ਸ੍ਰੀ ਗੋਪਾਲੁ ॥੨॥ ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ ॥
ਸਰਬ ਸਾਸਤ੍ ਬਹੁ ਰੂਪੀਆ ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ ॥ ਚਉਰ ਢੁਲ ਜਾਂ ਚੈ ਹੈ ਪਵਣੁ॥
ਚੇਰੀ ਸਕਤਿ ਜੀਤਿ ਲੇ ਭਵਣੁ ॥ ਅੰਡ ਟੂਕ ਜਾ ਚੈ ਭਸਮਤੀ ॥ ਸੁ ਐਸਾ ਰਾਜਾ ਤ੍ਰਿਭਵਣ ਪਤੀ ॥੩॥}

(ਅੰਗ ੧੨੯੨)

{ਬਨੁ ਬਨੁ ਖੋਜਤ ਫਿਰਤ ਬੈਰਾਗੀ ॥ ਬਿਰਲੇ ਕਾਹੂ ਏਕ ਲਿਵ ਲਾਗੀ ॥ ਜਿਨਿ ਹਰਿ ਪਾਇਆ ਸੇ ਵਡਭਾਗੀ ॥੧॥
ਬ੍ਰਹਮਾਦਿਕ ਸਨਕਾਦਿਕ ਚਾਹੈ ॥ ਜੋਗੀ ਜਤੀ ਸਿਧ ਹਰਿ ਆਹੈ ॥ ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ ॥੨॥}

(ਅੰਗ ੨੦੩)

{ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ਬ੍ਰਹਮ ਕਮਲੁ ਪਇਆਲਿ ਨ ਪਾਇਆ ॥
ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥ ਜੋ ਉਪਜੈ ਸੋ ਕਾਲਿ ਸੰਘਾਰਿਆ ॥
ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥ ਮਾਇਆ ਮੋਹੇ ਦੇਵੀ ਸਭਿ ਦੇਵਾ ॥
ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥੨॥}

(ਅੰਗ ੨੨੭)

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥

ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥
ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥ ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥
ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥}

(ਅੰਗ ੨੩੦)

{ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ ॥ ਰਾਮੁ ਬਡਾ ਕੈ ਰਾਮਹਿ ਜਾਨਿਆ ॥੧॥
ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥੨॥
ਕਹਿ ਕਬੀਰ ਹਉ ਭਇਆ ਉਦਾਸੁ ॥ ਤੀਰਥੁ ਬਡਾ ਕਿ ਹਰਿ ਕਾ ਦਾਸੁ ॥੩॥੪੨॥}

(ਅੰਗ ੩੩੧)

{ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥}

(ਅੰਗ ੩੯੪)

{ਊਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ ॥
ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ ॥੨॥}

(ਅੰਗ ੪੦੧)

48/6377

{ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥}

(ਅੰਗ ੪੮੦)

{ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥੧॥ ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥
ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥}

(ਅੰਗ ੪੮੯)

{ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥
ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥੪॥}

(ਅੰਗ ੫੦੪)

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ ੫੦੯)

{ਗਣ ਗੰਧਰਬ ਸਿਧ ਅਰੁ ਸਾਧਿਕ ॥ ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥ ਚਤੁਰ ਬੇਦ ਉਚਰਤ ਦਿਨੁ ਰਾਤਿ ॥
ਅਗਮ ਅਗਮ ਠਾਕੁਰੁ ਆਗਾਧਿ ॥ ਗੁਨ ਬੇਅੰਤ ਬੇਅੰਤ ਭਨੁ ਨਾਨਕ ਕਹਨੁ ਨ ਜਾਈ ਪਰੈ ਪਰਾਤਿ ॥੨॥੨॥੩੫॥}

(ਅੰਗ ੫੩੫)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥}

(ਅੰਗ ੭੩੫)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਸੋਹਾਗਨਿ ਭਵਨ ਤ੍ਰੈ ਲੀਆ ॥ ਦਸ ਅਠ ਪੁਰਾਣ ਤੀਰਥ ਰਸ ਕੀਆ ॥ ਬ੍ਰਹਮਾ ਬਿਸਨੁ ਮਹੇਸਰ ਬੇਧੇ ॥
ਬਡੇ ਭੂਪਤਿ ਰਾਜੇ ਹੈ ਛੇਧੇ ॥੪॥ ਸੋਹਾਗਨਿ ਉਰਵਾਰਿ ਨ ਪਾਰਿ ॥ ਪਾਂਚ ਨਾਰਦ ਕੈ ਸੰਗਿ ਬਿਧਵਾਰਿ ॥
ਪਾਂਚ ਨਾਰਦ ਕੇ ਮਿਟਵੇ ਫੂਟੇ ॥ ਕਹੁ ਕਬੀਰ ਗੁਰ ਕਿਰਪਾ ਛੂਟੇ ॥੫॥੫॥੮॥}

(ਅੰਗ ੮੭੨)

{ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥}

(ਅੰਗ ੯੦੩)

{ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ ॥੧੧॥
ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥}

(ਅੰਗ ੯੦੭-੯੦੮)

{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥}

(ਅੰਗ ੯੦੯)

{ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥ ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥ ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥

ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਣੀ ॥੪॥}

(ਅੰਗ ੯੪੮)

{ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥}

(ਅੰਗ ੯੯੨)

{ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥}

(ਅੰਗ ੧੦੩੬)

48/6378

{ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥}

(ਅੰਗ ੧੦੫੨)

{ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥
ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ ॥੧੦॥}

(ਅੰਗ ੧੦੫੩)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥}

(ਅੰਗ ੧੦੯੪)

{ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥}

(ਅੰਗ ੧੧੫੩)

{ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥੧॥ ਮੈਲਾ ਮਲਤਾ ਇਹੁ ਸੰਸਾਰੁ ॥
ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥ ਮੈਲੇ ਬ੍ਰਹਮੰਡਾਇ ਕੈ ਈਸ ॥
ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥ ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥
ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥੪॥ ਮੈਲੇ ਜੋਗੀ ਜੰਗਮ ਜਟਾ ਸਹੇਤਿ ॥
ਮੈਲੀ ਕਾਇਆ ਹੰਸ ਸਮੇਤਿ ॥੫॥ ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥}

(ਅੰਗ ੧੧੫੮)

{ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥ ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥
ਬ੍ਰਹਮਾ ਕੋਟਿ ਬੇਦ ਉਚਰੈ ॥੧॥ ਜਉ ਜਾਚਉ ਤਉ ਕੇਵਲ ਰਾਮ॥ ਆਨ ਦੇਵ ਸਿਉ ਨਾਹੀ ਕਾਮ ॥੧॥ ਰਹਾਉ ॥}

(ਅੰਗ ੧੧੬੨)

{ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥ ਕਬਿ ਜਨ ਜੋਗੀ ਜਟਾਧਾਰਿ ॥
ਸਭ ਆਪਨ ਅਉਸਰ ਚਲੇ ਸਾਰਿ ॥੨॥ ਤੂ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥
ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ ਗੁਨ ਰਉ ਕਬੀਰ ॥੩॥੫॥}

(ਅੰਗ ੧੧੯੪)

{ਹਰਿ ਕੀ ਉਪਮਾ ਅਨਿਕ ਅਨਿਕ ਅਨਿਕ ਗੁਨ ਗਾਵਤ ਸੁਕ ਨਾਰਦ ਬ੍ਰਹਮਾਦਿਕ ਤਵ ਗੁਨ
ਸੁਆਮੀ ਗਨਿਨ ਨ ਜਾਤਿ ॥
ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪੇ ਹੀ ਜਾਨਹਿ ਆਪਨੀ ਭਾਂਤਿ ॥੧॥}

(ਅੰਗ ੧੨੦੦)

{ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥}

(ਅੰਗ ੧੨੫੭)

{ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥}

(ਅੰਗ ੧੨੭੯)

{ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ ॥
ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥੧॥
ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥
ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥੧॥ ਰਹਾਉ ॥
ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਾਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥
ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥੩॥੫॥}

(ਅੰਗ ੧੩੫੦)

{ਕਵਨੁ ਜੋਗੁ ਕਉਨੁ ਗ੍ਾਨੁ ਧ੍ਾਨੁ ਕਵਨ ਬਿਧਿ ਉਸੁਤਿ ਕਰੀਐ ॥
ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥ ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥
ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥

ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥
ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥}

(ਅੰਗ ੧੩੮੬)

{ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥੨॥
ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥}

(ਅੰਗ ੩੨੭)

{ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ ॥
ਇੰਦ੍ ਮੁਨਿੰਦ੍ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ ॥
ਸਿਧ ਮਨੁਖ੍ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥}

(ਅੰਗ ੧੩੯੮)

48/6379

{ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥
ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥
ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥੧॥੧੧॥}

(ਅੰਗ ੧੪੦੩)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ ੨੩੧)

{ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥ ਬੀਰਾ ਆਪਨ ਬੁਰਾ ਮਿਟਾਵੈ ॥
ਤਾਹੂ ਬੁਰਾ ਨਿਕਟਿ ਨਹੀ ਆਵੈ ॥ ਬਾਧਿਓ ਆਪਨ ਹਉ ਹਉ ਬੰਧਾ ॥ ਦੋਸੁ ਦੇਤ ਆਗਹ ਕਉ ਅੰਧਾ ॥
ਬਾਤ ਚੀਤ ਸਭ ਰਹੀ ਸਿਆਨਪ ॥ ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥੩੯॥}

(ਅੰਗ ੨੫੮)

{ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ ॥
ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ ॥
ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ॥੭॥}

(ਅੰਗ ੭੫੪)

{ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸੁੰਨੇ ਵਰਤੇ ਜੁਗ ਸਬਾਏ ॥
ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ ॥੩॥}

(ਅੰਗ ੧੦੩੭)

ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਜਿਸਨੇ ਵੀ ਦੇਹ ਰੂਪ ਨੂੰ ਗੁਰੂ ਰੂਪ ਸਮਝਿਆ ਹੈ, ਪ੍ਰਮਾਤਮਾ ਸਮਝਿਆ ਹੈ ਉਹ ਕਿਤਨੇ ਵੱਡੇ ਭਰਮ ਵਿੱਚ ਹੈ। ਇਸੇ ਲਈ ਬ੍ਰਹਮਾ, ਬਿਸਨ, ਮਹੇਸ ਆਦਿ ਨੂੰ ਤ੍ਰੈ ਗੁਣਾਂ ਵਿੱਚ ਦੱਸਿਆ ਹੈ ਭਾਵ ਮਨ ਦੇ ਭਰਮ ਵਿੱਚ ਦੱਸਿਆ ਹੈ ਕਿ ਉਹਨਾਂ ਨੇ ਪ੍ਰਮਾਤਮਾ ਦੇ ਅਸਲ ਰੂਪ ਨੂੰ ਨਹੀਂ ਜਾਣਿਆ। ਆਕਾਰ ਰੂਪ ਦੀ ਪੂਜਾ ਨੂੰ ਬਾਣੀ ਰਾਹੀਂ ਇਸੇ ਲਈ ਖੰਡਿਆ ਹੋਇਆ ਹੈ। ਵੇਦ ਬ੍ਰਹਮਾ ਦੇ ਸਰੀਰ ਰਾਹੀਂ ਹੀ ਉਚਾਰੇ ਗਏ ਹਨ ਤੇ ਵੇਦਾਂ ਵਿੱਚ

ਸੱਚ ਹੀ ਸਮਝਾਇਆ ਹੋਇਆ ਹੈ ਭਾਵ ਵੇਦਾਂ ਵਿੱਚ ਨਾਮ ਹੀ ਹੈ ਜਿਸ ਨਾਮ ਰਾਹੀਂ ਵੇਦ ਸਾਨੂੰ ਚੰਗੇ ਕਰਮ ਕਰਨੇ ਹੀ ਸਮਝਾਉਂਦੇ ਹਨ ਤੇ ਇਹੀ ਨਾਮ ਜਪਣਾ ਹੈ ਜੋ ਨਾਮ ਸਾਨੂੰ ਗੁਰਬਾਣੀ ਰਾਹੀਂ ਜਪਣਾ ਸਮਝਾਇਆ ਹੋਇਆ ਹੈ। ਬ੍ਰਹਮਾ ਦੇ ਸਰੀਰ ਰਾਹੀਂ ਪ੍ਰਮਾਤਮਾ ਨੇ ਵੇਦਾਂ ਦੀ ਰਚਨਾ ਆਪ ਹੀ ਕਰਵਾਈ ਹੈ ਪਰ ਉਹ ਰਚਨਾ ਉਸਦੇ ਬ੍ਰਹਮਾ ਦੇ ਸਰੀਰ ਅੰਦਰ ਭਾਵ ਮਨ ਦੀ ਸਮਝ ਅੰਦਰ ਆਪਣੇ ਆਪ ਨੂੰ ਪ੍ਰਗਟ ਨਾ ਕਰਨ ਦੁਆਰਾ ਹੀ ਕਰਵਾਈ ਹੈ ਜਿਸ ਕਰਕੇ ਬ੍ਰਹਮਾ ਨੇ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ, ਆਪਣੀ ਉੱਚੀ ਸਮਝ ਕਿਹਾ ਹੈ। ਪ੍ਰਮਾਤਮਾ ਨੇ ਆਪਣੇ ਆਪ ਦੀ ਸੋਝੀ ਬ੍ਰਹਮਾ ਨੂੰ ਵੀ ਨਹੀਂ ਪੈਣ ਦਿੱਤੀ, ਬਿਸਨ, ਮਹੇਸ, ਇੰਦ੍ਰ ਨੂੰ ਵੀ ਨਹੀਂ ਪੈਣ ਦਿੱਤੀ ਜਿਸ ਕਰਕੇ ਉਹਨਾਂ ਨੇ ਆਪਣੇ ਆਪ ਨੂੰ ਵੱਡਾ ਕਹਾਇਆ ਹੈ, ਪ੍ਰਮਾਤਮਾ ਦਾ ਹੀ ਰੂਪ ਕਿਹਾ ਹੈ ਇਸੇ ਲਈ ਉਹਨਾਂ ਸਭਨੂੰ ਤ੍ਰੈ ਗੁਣਾਂ ਵਿੱਚ ਹੀ ਕਿਹਾ ਹੈ। ਪ੍ਰਮਾਤਮਾ ਆਪ ਨਿਰੰਕਾਰ ਰੂਪ ਹੈ ਜੋ ਕਿ ਇਸ ਆਕਾਰ ਰੂਪ ਨੂੰ ਬਨਾਉਣ ਵਾਲਾ ਹੈ ਤੇ ਹਰ ਆਕਾਰ ਰੂਪ ਨੂੰ ਆਪ ਹੀ ਚਲਾਉਣ ਵਾਲਾ ਹੈ। ਪ੍ਰਮਾਤਮਾ **"ਸਬਦੁ"** ਰੂਪ ਵਿੱਚ ਹੈ ਤੇ ਆਪਣੇ **"ਸਬਦੁ"** ਰੂਪ ਵਿੱਚ ਹੀ ਉਹ ਗੁਰੂ ਰੂਪ ਹੈ ਜੋ ਉਸਦਾ ਰੂਪ ਗੁਰਬਾਣੀ ਰਾਹੀਂ ਸਪਸ਼ਟ

48/6380

ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੇ ਆਕਾਰ ਰੂਪ ਨੂੰ ਗੁਰੂ ਨਹੀਂ ਕਿਹਾ, ਆਕਾਰ ਰੂਪ ਨੂੰ ਪ੍ਰਮਾਤਮਾ ਨਹੀਂ ਕਿਹਾ। ਆਕਾਰ ਰੂਪ ਦੀ ਸਲਾਹੁਣਾ ਕਰਨੀ ਪ੍ਰਮਾਤਮਾ ਦੀ ਸਲਾਹੁਣਾ ਨਹੀਂ ਹੈ, ਪ੍ਰਮਾਤਮਾ ਨੂੰ ਸਲਾਹੁਣ ਦੀ ਸਮਝ ਤਾਂ ਹੀ ਪੈਂਦੀ ਹੈ ਜਦੋਂ ਇਹ ਸਮਝ ਲਗ ਜਾਵੇ ਕਿ ਆਕਾਰ ਰੂਪ ਨੂੰ ਬਨਾਉਣ ਵਾਲਾ ਕਉਣ ਹੈ ਤੇ ਉਸਨੂੰ ਚਲਾਉਣ ਵਾਲਾ ਕਉਣ ਹੈ ਭਾਵ ਨਿਰੰਕਾਰ ਰੂਪ ਦੀ ਸਮਝ ਪਏ ਬਿਨਾਂ ਅਸੀਂ ਆਕਾਰ ਰੂਪ ਨੂੰ ਨਹੀਂ ਸਮਝ ਸਕਦੇ ਕਿ ਆਕਾਰ ਰੂਪ ਵੱਡਾ ਹੈ ਕਿ ਨਿਰੰਕਾਰ ਰੂਪ ਵੱਡਾ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਪੈਂਦੀ ਹੈ ਭਾਵ ਚਉਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਤੇ ਚਉਥੇ ਪਦ ਦੇ ਵਿੱਚ ਮਨੁੱਖੀ ਸਮਝ ਤਾਂ ਹੀ ਪਹੁੰਚਦੀ ਹੈ ਜਦੋਂ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੀ ਸਮਝ ਵਿੱਚ ਪ੍ਰਗਟ ਕਰਦਾ ਹੈ, ਮਨ ਦੇ ਵਿੱਚ ਪ੍ਰਗਟ ਕਰਦਾ ਹੈ ਤੇ ਉਸਨੂੰ ਤ੍ਰੈ ਗੁਣਾਂ ਦੀ ਸਮਝ ਵਿੱਚੋਂ ਕੱਢਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਕੇ ਆਪਣੇ ਚਉਥੇ ਪਦ ਦਾ ਗਿਆਨ ਬਖਸ਼ਿਆ ਹੈ। ਤ੍ਰੈ ਗੁਣਾਂ ਦੀ ਸਮਝ ਹੀ ਚਉਥੇ ਪਦ ਵਿੱਚ ਪਹੁੰਚ ਕੇ ਲੱਗਦੀ ਹੈ। ਚਉਥੇ ਪਦ ਵਿੱਚ ਕੇਵਲ ਤੇ ਕੇਵਲ ਕੋਈ ਪ੍ਰਮਾਤਮਾ ਦੀ ਰਜਾ ਦੁਆਰਾ ਹੀ ਪਹੁੰਚ ਸਕਦਾ ਹੈ, ਗੁਰੂ ਪ੍ਰਸਾਦਿ ਦੁਆਰਾ ਹੀ ਪਹੁੰਚ ਸਕਦਾ ਹੈ ਕਿਉਂਕਿ ਸਾਡੀ ਮਨ ਦੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸ ਮਾਲਕ ਦੀ ਸਮਝ ਹੀ, ਜਿਸ ਗਿਆਨ ਦੇ ਮਾਲਕ ਦੀ ਸਮਝ ਹੀ, ਨਾਮ ਦੇ ਮਾਲਕ ਦੀ ਸਮਝ ਹੀ, ਬ੍ਰਹਮ ਗਿਆਨ ਦੇ ਮਾਲਕ ਦੀ ਸਮਝ ਹੀ ਚਉਥੇ ਪਦ ਵਿੱਚ ਪਹੁੰਚਕੇ ਪੈਂਦੀ ਹੈ, ਸਹਜ ਦੀ ਅਵਸਥਾ ਵਿੱਚ ਪਹੁੰਚਕੇ ਹੀ ਪੈਂਦੀ ਹੈ ਤੇ ਉਸ ਤੋਂ ਬਿਨਾਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਵੇ, ਉਸਦੇ ਨਿਰੰਕਾਰ ਰੂਪ ਨੂੰ ਜਾਣ ਲਵੇ, ਆਕਾਰ ਰੂਪ ਦੇ ਮਾਲਕ ਨੂੰ ਜਾਣ ਲਵੇ, ਆਪਣੇ ਆਪ ਨੂੰ ਜਾਣ ਲਵੇ, ਸੰਸਾਰ ਦੀ ਅਸਲੀਅਤ ਨੂੰ ਜਾਣ ਲਵੇ ਇਹ ਨਹੀਂ ਹੋ ਸਕਦਾ। ਪ੍ਰਮਾਤਮਾ ਇਸ ਸ੍ਰਿਸ਼ਟੀ ਨੂੰ ਆਪਣੀ ਇੱਕ ਖੇਡ ਦੇ ਰੂਪ ਵਿੱਚ ਚਲਾ ਰਿਹਾ ਹੈ ਜਿਸ ਆਪਣੀ ਖੇਡ ਦੀ ਸਮਝ ਉਹ ਕਦੇ ਹੀ ਕਿਸੇ ਵਿਰਲੇ ਨੂੰ ਪਾਉਂਦਾ ਹੈ। ਉਸਦਾ ਸੰਸਾਰ ਬਹੁਤ ਵੱਡਾ ਹੈ ਤੇ ਉਹ ਕਦੇ ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਆਪਣੇ ਨਿਰੰਕਾਰ ਰੂਪ

48/6381

ਦੀ ਸਮਝ ਪਾਉਂਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦੁਆਰਾ ਪਾਉਂਦਾ ਹੈ, ਤ੍ਰੈ ਗੁਣਾਂ ਵਿੱਚੋਂ, ਹਉਮੈ ਵਿੱਚੋਂ, ਮਾਇਆ ਦੀ ਜੁਗਤਿ ਵਿੱਚੋਂ, ਪੁੱਠੇ ਕਮਲ ਵਾਲੀ ਸਮਝ ਵਿੱਚੋਂ ਕੱਢਣ ਦੁਆਰਾ ਪਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ। ਉਸ ਨਾਲ ਮੇਲ ਹੋਏ ਬਿਨਾਂ ਹੀ ਕੋਈ ਆਪਣੇ ਆਪ ਨੂੰ ਵੱਡਾ ਅਖਵਾ ਸਕਦਾ ਹੈ, ਆਕਾਰ ਰੂਪ ਨੂੰ ਪ੍ਰਮਾਤਮਾ ਅਖਵਾ ਸਕਦਾ ਹੈ ਜਿਵੇਂ ਕਿ ਅਸੀਂ ਉੱਪਰ ਸ਼ਬਦਾਂ ਰਾਹੀਂ ਸਮਝਿਆ ਹੈ। ਸਾਰੀ ਗੱਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਅਸੀਂ ਇਸ ਗੱਲ ਨੂੰ ਦ੍ਰਿੜ ਕਰਦੇ ਹਾਂ ਕਿ ਬ੍ਰਹਮਾ ਨੇ ਆਪਣੇ ਆਪ ਨੂੰ ਕਿਸ ਲਈ ਵੱਡਾ ਅਖਵਾਇਆ ਹੈ ਭਾਵ ਕਿਸ ਵਜ੍ਹਾ ਕਰਕੇ ਉਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ, ਉਸਦੇ ਨਿਰੰਕਾਰ ਰੂਪ ਨੂੰ ਨਹੀਂ ਜਾਣਿਆ।

"ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥"

(ਅੰਗ ੨੩੧)

ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਕਿ ਵੇਦਾਂ ਦੀ ਰਚਨਾ ਬ੍ਰਹਮਾ ਦੇ ਮੁੱਖੋਂ ਹੋਈ ਹੈ ਜਿਵੇਂ ਕਿ ਸਾਨੂੰ ਬਾਣੀ ਦੇ ਵਿੱਚ ਵੀ ਇਹ ਗੱਲ ਸ਼ਬਦਾਂ ਰਾਹੀਂ ਸਮਝਾਈ ਹੋਈ ਹੈ। **{ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥ ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥ ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥੭॥ ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ ॥ ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ ॥੮॥੧॥੨੩॥}** ਅੰਗ ੪੨੩ **{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥ ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥ ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥ ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥}** ਅੰਗ ੧੦੬੬

ਚਾਰੇ ਵੇਦ ਬ੍ਰਹਮਾ ਦੇ ਮੁੱਖੋਂ ਹੀ ਉਚਾਰੇ ਗਏ ਹਨ। ਆਪਣੇ ਮੁੱਖੋਂ ਮਨੁੱਖ ਉਹੀ ਕੁਝ ਉਚਾਰਦਾ ਹੈ ਜੋ ਕੁਝ ਪਹਿਲੇ ਉਸਨੂੰ ਮਨ ਦੇ ਵਿੱਚੋਂ ਸੋਝੀ ਪੈਂਦੀ ਹੈ, ਜਿਹੋ ਜਿਹਾ ਮਨ ਦੇ ਵਿੱਚ ਗਿਆਨ ਉਪਜਦਾ ਹੈ, ਜਿਹੋ ਜਿਹੇ ਮਨ ਦੇ ਵਿੱਚ ਵਿਚਾਰ ਉਪਜਦੇ ਹਨ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਜਾਂ ਨਾ ਜਾਨਣ ਦਾ ਭੇਦ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਜਦ ਤਕ ਮਨੁੱਖ ਮਨ ਦੀ ਸਮਝ ਨੂੰ ਆਪਣੀ ਸਮਝ ਮੰਨਦਾ ਹੈ, ਆਪਣਾ ਗਿਆਨ ਮੰਨਦਾ ਹੈ ਤਦ ਤਕ ਉਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ। ਉੱਪਰ ਮੁੱਖ ਸ਼ਬਦ ਰਾਹੀਂ ਸਾਨੂੰ ਇਹੀ ਕੁਝ ਸਮਝਾਇਆ ਹੋਇਆ ਹੈ ਕਿ ਬ੍ਰਹਮਾ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਿਸ ਕਰਕੇ ਨਹੀਂ ਜਾਣਿਆ। ਬ੍ਰਹਮਾ ਨੇ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ ਪਰ ਉਸਨੂੰ ਇਸ ਗੱਲ ਦੀ ਸਮਝ ਨਹੀਂ ਪਈ ਕਿ ਮੈਨੂੰ ਮਨ ਦੇ ਵਿੱਚ ਵੇਦ ਪੜਾਉਣ ਵਾਲਾ ਕੌਣ ਹੈ ਭਾਵ ਵੇਦਾਂ ਦਾ ਗਿਆਨ

ਦੇਣ ਵਾਲਾ ਕੌਣ ਹੈ ਭਾਵ ਮੇਰਾ ਆਪਣਾ ਗੁਰੂ ਕੌਣ ਹੈ ਜਿੱਥੋਂ ਮੈਨੂੰ ਇਤਨੀ ਉੱਚੀ ਸ਼ਿਕਸ਼ਾ ਮਿਲੀ ਹੈ। ਇਸੇ ਕਰਕੇ ਸਾਨੂੰ ਸ਼ਬਦ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਕਹਿ ਕੇ ਬ੍ਰਹਮਾ ਨੇ ਆਪਣਾ ਵਾਦ ਵਖਾਇਆ ਹੈ, ਝਗੜਾ ਵਿਖਾਇਆ ਹੈ। **(ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥)** ਇਹ ਝਗੜਾ ਮੈਂ ਤੇ ਤੂੰ ਦਾ ਹੈ, ਹਉਮੈ ਤੇ ਨਾਮ ਦਾ ਹੈ, ਝੂਠ ਦਾ ਸੱਚ ਦੇ ਨਾਲ ਹੈ। ਸੱਚ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਹੋਂਦ ਨੂੰ ਸੱਚ ਸਮਝਣਾ ਝੂਠ ਹੈ। ਇਹੀ ਮੈਂ ਤੇ ਤੂੰ ਦਾ ਝਗੜਾ ਹੈ ਭਾਵ ਹਉਮੈ ਦੀ ਨਾਮ ਦੇ ਨਾਲ ਵਿਰੋਧਤਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਵੱਡਾ ਕੇਵਲ ਆਪ ਪ੍ਰਮਾਤਮਾ ਹੈ ਤੇ ਕੋਈ ਵੀ ਆਪਣੇ ਆਪ ਨੂੰ ਵੱਡਾ ਅਖਵਾ ਕੇ ਪ੍ਰਮਾਤਮਾ ਨਾਲ ਆਪਣਾ ਵਾਦ ਹੀ ਦਿਖਾਉਂਦਾ ਹੈ। ਇਸ ਵਾਦ ਦਾ ਕਾਰਨ ਕੀ ਹੈ ਭਾਵ ਬ੍ਰਹਮਾ ਨੇ ਪ੍ਰਮਾਤਮਾ ਦੇ ਨਾਲ ਆਪਣਾ ਵਾਦ ਕਿਸ ਕਰਕੇ ਵਿਖਾਇਆ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥”

ਜਦ ਤਕ ਮਨੁੱਖ ਆਪਣੇ ਆਪ ਦੀ ਅਸਲੀਅਤ ਨੂੰ ਨਹੀਂ ਪਹਿਚਾਣਦਾ ਤਦ ਤਕ ਪ੍ਰਮਾਤਮਾ ਦੇ ਨਾਲ ਸਾਡਾ ਵਾਦ ਖਤਮ ਨਹੀਂ ਹੋ ਸਕਦਾ, ਝਗੜਾ ਖਤਮ ਨਹੀਂ ਹੋ ਸਕਦਾ। ਆਪਣੇ ਆਪ ਨੂੰ ਪਹਿਚਾਨਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥
ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥
ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ ॥
ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥
ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥੧॥
ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥

ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥
ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥
ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥
ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥ ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥
ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ ॥ ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ ॥੩॥
ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥ ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥
ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ ॥ ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥
ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥
ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥}

(ਅੰਗ ੭੬੯)

ਜਦੋਂ ਮਨੁੱਖ ਆਪਣੇ ਆਪ ਦੀ ਪਹਿਚਾਣ ਕਰ ਲੈਂਦਾ ਹੈ ਤਾਂ ਹੀ ਉਸਨੂੰ ਸਚੁ ਰੂਪ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਕਿ ਸਭ ਕੁਝ ਸਚੁ ਰੂਪ ਪ੍ਰਮਾਤਮਾ ਆਪ ਹੀ ਹੈ। ਸਾਡੇ ਅੰਦਰ ਵੀ ਪ੍ਰਮਾਤਮਾ ਆਪਣੇ ਸਚੁ ਰੂਪ ਵਿੱਚ ਹੀ ਹੈ, ਆਪਣੇ ਨਾਮ ਰੂਪ ਵਿੱਚ ਹੈ ਪਰ ਜਦ ਤਕ ਮਨੁੱਖ ਤ੍ਰੈ ਗੁਣਾਂ ਵਿੱਚ ਹੈ, ਹਉਮੈ ਵਿੱਚ ਹੈ ਤਦ ਤਕ ਉਹ ਮਨ ਦੀ ਤਾਮਸ ਵਿੱਚ ਹੈ ਭਾਵ ਮਨ ਦੇ ਹਨੇਰੇ ਵਿੱਚ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੈ ਜਿਸ ਮਨ ਦੀ ਅਗਿਆਨਤਾ ਵਿੱਚੋਂ ਪ੍ਰਮਾਤਮਾ ਨੇ ਬ੍ਰਹਮਾ ਨੂੰ ਵੀ ਨਹੀਂ ਕੱਢਿਆ ਜਿਸ ਕਰਕੇ ਉਹ ਆਪਣੇ ਅੰਦਰੋਂ ਸਚੁ ਦੇ ਮਾਲਕ,

48/6383

ਸੱਚੇ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਨਹੀਂ ਜਾਣ ਸਕਿਆ ਜਿਸਨੇ ਉਸਨੂੰ ਵੇਦਾਂ ਦੀ ਸੋਝੀ ਪਾਈ ਹੈ ਤੇ ਵੇਦਾਂ ਰਾਹੀਂ ਆਪਣਾ ਸੱਚਾ ਗਿਆਨ ਹੀ ਪ੍ਰਗਟ ਕੀਤਾ ਹੈ, ਆਪਣਾ ਨਾਮ ਹੀ ਪ੍ਰਗਟ ਕੀਤਾ ਹੈ ਪਰ ਬ੍ਰਹਮਾ ਨੇ ਆਪਣੀ ਨਾਸਮਝੀ ਕਰਕੇ ਵੇਦਾਂ ਦੇ ਉੱਚੇ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ ਜਿਸ ਕਰਕੇ ਉਸਨੇ ਵੇਦਾਂ ਦੇ ਅਸਲ ਗਿਆਨ ਦੇ ਮਾਲਕ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਦਿਖਾਇਆ ਹੈ। **(ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥)**

ਮਨ ਦੀ ਨਾਸਮਝੀ ਕਰਕੇ ਹੀ ਭਾਵ ਵੇਦਾਂ ਨੂੰ ਆਪਣਾ ਗਿਆਨ ਸਮਝਣ ਕਰਕੇ ਹੀ ਬ੍ਰਹਮਾ ਨੇ ਆਪਣੇ ਆਪ ਨੂੰ ਵੇਦਾਂ ਦੇ ਗਿਆਨ ਕਰਕੇ ਗੁਰੂ ਅਖਵਾਇਆ ਹੈ ਪਰ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਗੁਰੂ ਨਹੀਂ ਅਖਵਾ ਸਕਦਾ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀ ਸਮਝਾਇਆ ਹੋਇਆ ਹੈ। ਸੱਚਾ ਗੁਰੂ ਸਾਰੇ ਸੰਸਾਰ ਦਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਹ **"ਸਬਦੁ"** ਰੂਪ ਵਿੱਚ ਗੁਰੂ ਹੈ। ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਦੇਹ ਨੂੰ ਗੁਰੂ ਨਹੀਂ ਕਿਹਾ **"ਸਬਦੁ"** ਨੂੰ ਗੁਰੂ ਕਿਹਾ ਹੈ, ਆਪਣੇ ਅੰਦਰ ਦੀ ਬਿਬੇਕ ਬੁਧਿ ਨੂੰ ਗੁਰੂ ਕਿਹਾ ਹੈ। ਪ੍ਰਮਾਤਮਾ ਦਾ ਸਬਦੁ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੀ ਹੈ, ਉਸਦਾ ਬ੍ਰਹਮ ਗਿਆਨ ਰੂਪ ਹੀ ਹੈ, ਉਸਦਾ ਨਾਮ ਰੂਪ ਜੋ ਪ੍ਰਮਾਤਮਾ ਦਾ ਰੂਪ ਉਸਦਾ ਸਚੁ ਰੂਪ ਹੀ ਹੈ ਤੇ ਆਪਣੇ ਇਸ ਸਚੁ ਰੂਪ ਵਿੱਚ ਹੀ ਭਾਵ ਰਾਮ ਨਾਮ ਰੂਪ ਵਿੱਚ ਹੀ ਪ੍ਰਮਾਤਮਾ ਸੱਚੇ ਧਰਮ ਗ੍ਰੰਥਾਂ ਦੇ ਵਿੱਚ ਹੈ, ਪੂਰੀ ਗੁਰਬਾਣੀ ਦੇ ਵਿੱਚ ਹੈ। ਉਸਦੇ ਰਚੇ ਹੋਏ ਹਰ ਧਰਮ ਗ੍ਰੰਥ ਦੇ ਵਿੱਚ ਪ੍ਰਮਾਤਮਾ ਆਪ ਆਪਣੇ ਰਾਮ ਨਾਮ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥ ਸਿਮਰਉ ਜਾਸੁ ਬਿਸੁੰਭਰ ਏਕੈ॥

ਨਾਮੁ ਜਪਤ ਅਗਨਤ ਅਨੇਕੈ ॥ ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ ॥ ਕੀਨੇ ਰਾਮ ਨਾਮ ਇਕ ਆਖ੍ਰਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ ਗਨੀ ਨ ਆਵੈ ॥
ਕਾਂਖੀ ਏਕੈ ਦਰਸ ਤੁਹਾਰੋ ॥ ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥}

(ਅੰਗ ੨੬੨)

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਵੇਦਾਂ ਦਾ ਰਚਨਹਾਰ ਅਸਲ ਵਿੱਚ ਕੌਣ ਹੈ ਭਾਵ ਆਪ ਪ੍ਰਮਾਤਮਾ ਹੀ ਹੈ। **(ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥)**

48/6384

ਹੁਣ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਕਿਸੇ ਆਕਾਰ ਰੂਪ ਨੂੰ ਹੀ ਪ੍ਰਮਾਤਮਾ ਸਮਝ ਕੇ ਪੂਜਣਾ, ਉਸਦੀ ਸਿਫਤ ਸਲਾਹ ਕਰਨਾ ਪ੍ਰਮਾਤਮਾ ਦੀ ਝੂਠੀ ਸਲਾਹੁਣਾ ਹੈ। ਪ੍ਰਮਾਤਮਾ ਦੇ **"ਸਬਦੁ"** ਰੂਪ ਨੂੰ ਜਾਣੇ ਬਿਨਾਂ, ਉਸਦੇ ਗੁਰੂ ਰੂਪ ਨੂੰ ਜਾਣੇ ਬਿਨਾਂ ਭਾਵ ਗਿਆਨ ਦੇ ਮਾਲਕ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਸੱਚੀ ਸਿਫਤ ਸਲਾਹ ਨਹੀਂ ਹੋ ਸਕਦੀ। **(ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥)**

ਪ੍ਰਮਾਤਮਾ ਦੀ ਆਪਣੇ ਅੰਦਰੋਂ ਸਮਝ ਪੈਣਾ ਜਾਂ ਨਾ ਪੈਣਾ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੇ ਨਾਲ ਹੀ ਇਸ ਗੱਲ ਦੀ ਸੋਝੀ ਪੈ ਸਕਦੀ ਹੈ ਕਿ ਸਾਡੇ ਤਨ ਦਾ ਭੇਦ ਕੀ ਹੈ ਭਾਵ ਇਹ ਤਨ ਕਿਸ ਦਾ ਹੈ ਤੇ ਸਾਡੇ ਅੰਦਰ ਦੇ ਗਿਆਨ ਦਾ ਮਾਲਕ ਕੌਣ ਹੈ, ਸਾਡੀ ਸਮਝ ਦਾ ਮਾਲਕ ਕੌਣ ਹੈ ਤੇ ਇਹੀ ਗੱਲ ਸਾਨੂੰ ਉੱਪਰ ਵਾਲੇ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥"

ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਕੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਜੁਗਤਿ ਕੀ ਹੈ ਇਹ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਣ ਦਾ ਜਾਂ ਨਾ ਮੇਲ ਹੋਣ ਦਾ ਭੇਦ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜੋ ਸਮਝ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਇਸੇ ਲਈ ਪ੍ਰਮਾਤਮਾ ਨੂੰ ਕੋਈ ਆਪਣੇ ਆਪ ਜਾਣ ਲਵੇ, ਉਸਦੇ ਨਾਲ ਕੋਈ ਆਪਣੇ ਆਪ ਮੇਲ ਕਰ ਲਵੇ ਇਹ ਨਾਮੁਮਕਿਨ ਹੈ। ਜਿਸਨੂੰ ਪ੍ਰਮਾਤਮਾ ਆਪਣੇ ਨਾਲ ਮੇਲਦਾ ਹੈ ਉਸਨੂੰ ਮਨ ਦੇ ਵਿੱਚ ਆਪ ਪ੍ਰਗਟ ਹੋਣ ਦੁਆਰਾ ਹੀ ਮੇਲਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪਣੇ ਆਪ ਬਾਰੇ ਆਪ ਹੀ ਸੁਣਾਉਂਦਾ ਹੈ ਕਿ ਪ੍ਰਮਾਤਮਾ ਕੀ ਹੈ, ਕਿਸ ਰੂਪ ਵਿੱਚ ਹੈ ਜੋ ਕਿ ਉਹ ਆਪਣੇ ਨਿਰੰਕਾਰ ਰੂਪ ਵਿੱਚ ਹੀ ਹੈ ਭਾਵ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਪੂਰੀ ਸਾਇੰਸ ਦੇ ਰੂਪ ਵਿੱਚ ਹੀ ਹੈ ਜਿਸ ਸਾਇੰਸ ਦਾ ਮੂਲ ਉਹ ਆਪ ਹੀ ਹੈ ਜਿਸ ਦੁਆਰਾ

48/6385

ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਹੀ ਉਹ ਆਪਣੇ ਆਕਾਰ ਰੂਪ ਨੂੰ ਬਣਾਕੇ ਉਸਨੂੰ ਚਲਾ ਰਿਹਾ ਹੈ। ਸਾਡੇ ਤਨ ਦਾ ਭਾਵ ਸਾਡੇ ਸਰੀਰ ਦਾ ਭੇਦ ਕੀ ਹੈ ਇਸ ਗੱਲ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਹੀ ਪੈਂਦੀ ਹੈ ਕਿ ਉਹ ਕਿਸ ਤਰੀਕੇ ਹਰ ਆਕਾਰ ਰੂਪ ਦਾ, ਸਾਡੇ ਸਰੀਰ ਦਾ ਆਪ ਹੀ ਮਾਲਕ ਹੈ। ਉਹ ਪੂਰੇ ਗਿਆਨ ਦਾ ਮਾਲਕ ਆਪ ਹੀ ਹੈ ਇਹ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਸਮਝ ਆਉਂਦੀ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਹਰ ਧਰਮ ਗ੍ਰੰਥ ਦੇ ਰਚਨ ਵਾਲਾ, ਸਾਸਤ, ਸਿਮ੍ਰਿਤ, ਵੇਦ ਰਚਣ ਵਾਲਾ ਪ੍ਰਮਾਤਮਾ ਆਪ ਹੀ ਹੈ। ਹਰ ਮਨੁੱਖੀ ਰੂਪ ਦੇ ਮਨ ਦਾ ਮਾਲਕ ਉਹ ਆਪ ਹੀ ਹੈ ਭਾਵ ਕੋਈ ਮਨੁੱਖ ਆਪਣੇ ਆਪ ਧਰਮ ਗ੍ਰੰਥ ਲਿਖ ਲਵੇ ਇਹ ਨਹੀਂ ਹੋ ਸਕਦਾ। ਕਿਸੇ ਆਕਾਰ ਰੂਪ ਨੂੰ ਇਸ ਗੱਲ ਕਰਕੇ ਉੱਚਾ ਸਮਝਣਾ ਕਿ ਉਹ ਧਰਮ ਗ੍ਰੰਥਾਂ ਦਾ ਰਚਨਕਾਰ ਹੈ ਇਹ ਕੇਵਲ ਮਨੁੱਖ ਦਾ ਭਰਮ ਹੈ ਜੋ ਭਰਮ ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਹੀ ਦੂਰ ਹੁੰਦਾ ਹੈ, ਮਨ ਦੇ ਵਿੱਚ ਉਸਦੇ ਨਾਲ ਜੋਗ ਹੋਣ ਦੁਆਰਾ ਹੀ

ਦੂਰ ਹੁੰਦਾ ਹੈ, ਆਪਣੇ ਤਨ ਦਾ ਭੇਦ ਸਮਝ ਆਉਣ ਦੁਆਰਾ ਹੀ ਦੂਰ ਹੁੰਦਾ ਹੈ ਤੇ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖੀ ਸਮਝ ਨੂੰ ਉਸਨੇ ਆਪ ਹੀ ਆਪਣੇ ਉੱਚੇ ਗਿਆਨ ਵਾਲੀ ਸਮਝ ਦੁਆਰਾ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦਿਆਂ ਕੋਈ ਵੀ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਇਸੇ ਕਰਕੇ ਇਸਰ, ਬ੍ਰਹਮਾ, ਇੰਦ ਵੀ ਉਸਨੂੰ ਆਪਣੇ ਅੰਦਰੋਂ ਨਹੀਂ ਜਾਣ ਸਕੇ, ਉਸ ਗਿਆਨ ਦੇ ਮਾਲਕ ਨੂੰ, ਉਸ ਧਰਮ ਗ੍ਰੰਥਾਂ ਦੇ ਰਚਨਹਾਰ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕੇ ਤੇ ਉਹਨਾਂ ਨੇ ਆਪਣੇ ਤਨ ਨੂੰ ਆਪਣਾ ਹੀ ਤਨ ਸਮਝਕੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ, ਆਪਣੇ ਆਪ ਦੀ ਸਲਾਹੁਣਾ ਕਰਵਾਈ ਹੈ। ਆਪਣੇ ਆਪ ਨੂੰ ਉੱਚਾ ਅਖਵਾਕੇ ਆਪਣੀ ਸਲਾਹੁਣਾ ਉਹੀ ਕਰਵਾ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਨਹੀਂ ਜਾਣਿਆ, ਆਪਣੇ ਮਨ ਦੇ ਮਾਲਕ ਨੂੰ ਨਹੀਂ ਜਾਣਿਆ। ਆਪਣੇ ਆਪ ਨੂੰ ਸੰਤ ਆਦਿ ਉਹੀ ਅਖਵਾ ਸਕਦੇ ਹਨ ਜਿਨ੍ਹਾਂ ਨੇ ਆਪਣੇ ਅੰਦਰੋਂ ਉਸ ਇੱਕੋ ਇੱਕ ਸੱਚੇ ਸੰਤ ਨੂੰ ਨਹੀਂ ਜਾਣਿਆ ਜੋ ਸੰਤ ਹਰ ਧਰਮ ਗ੍ਰੰਥ ਦਾ ਰਚਨਹਾਰ ਹੈ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦਾ ਹੈ

48/6386

ਭਾਵੇਂ ਜਿਹੜੇ ਮਰਜੀ ਸੱਚੇ ਗ੍ਰੰਥ ਰਾਹੀਂ ਸਮਝ ਲਵੋ। **(ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥)**

{ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ ੯੧੯)

{ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥
ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥
ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}

(ਅੰਗ ੮੩੧)

{ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥ ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥੨॥ ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥}

(ਅੰਗ ੮੭੪)

{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥}

(ਅੰਗ ੧੪੧)

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥}

(ਅੰਗ ੧੩੫੦)

ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਨਾਮ ਹੀ ਹੈ ਜੋ ਨਾਮ ਸਭਦੇ ਵਿੱਚ ਪ੍ਰਮਾਤਮਾ ਦਾ, ਅੱਲਾ ਦਾ, ਗਾੱਡ ਦਾ, ਵਾਹਿਗੁਰੂ ਦਾ ਆਪਣਾ ਹੀ ਪਾਇਆ ਹੋਇਆ ਹੈ। ਪ੍ਰਮਾਤਮਾ ਤਾਂ ਇੱਕੋ ਹੀ ਹੈ, ਹਰ ਧਰਮ ਗ੍ਰੰਥ ਦਾ ਰਚਨਹਾਰ ਉਹ ਇੱਕੋ ਆਪ ਹੀ ਹੈ ਤੇ ਧਰਮ ਦਾ ਮਾਰਗ ਵੀ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਗੁਰੂ ਰੂਪ ਪ੍ਰਮਾਤਮਾ ਦੇ ਧਰਮ ਗ੍ਰੰਥਾਂ ਰਾਹੀਂ ਸਮਝਾਏ ਹੋਏ ਸੱਚ ਨੂੰ ਮੰਨਣ ਦਾ ਤੇ ਉਸ ਸੱਚ ਅਨੁਸਾਰ ਵਿਚਰਨ ਦਾ ਹੈ। ਮਨ ਦੀ ਅਗਿਆਨਤਾ ਕਰਕੇ ਹੀ ਅਸੀਂ ਵੱਖਰੇ ਵੱਖਰੇ ਧਰਮ ਦੇ ਮਾਰਗ ਅਪਨਾਉਂਦੇ ਹਾਂ, ਵੱਖਰੇ ਵੱਖਰੇ ਨਾਮ ਜਪਣ ਦੇ ਤਰੀਕੇ ਅਪਨਾਉਂਦੇ ਹਾਂ। ਗੁਰਬਾਣੀ ਦਾ ਮਕਸਦ ਸਾਨੂੰ ਇਸ ਭਰਮਾਂ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਕਿਸੇ ਮਨੁੱਖ ਨਾਲ ਇਸ ਗੱਲ ਤੋਂ ਵੱਖਰਾਪਨ ਨਾ ਕਰੀਏ, ਕਿਸੇ ਨੂੰ ਇਸ ਗੱਲੋਂ ਮਾੜਾ ਨਾ ਸਮਝੀਏ ਕਿ ਦੂਸਰੇ ਦੀ ਧਾਰਮਿਕ ਆਸਥਾ ਮੇਰੇ ਨਾਲੋਂ ਵੱਖਰੀ ਹੈ। ਪ੍ਰਮਾਤਮਾ ਵੀ ਇੱਕੋ ਹੈ ਤੇ ਹਰ ਧਰਮ ਗ੍ਰੰਥ ਰਾਹੀਂ ਉਸਦੇ ਧਰਮ ਦਾ ਮਾਰਗ ਵੀ ਇੱਕੋ ਹੀ ਸਮਝਾਇਆ ਹੋਇਆ ਹੈ ਜੋ ਕਿ ਜੁਗਾਂ ਜੁਗਾਂ ਤੋਂ ਸੱਚ ਤੇ ਚੱਲਣ ਦਾ ਹੀ ਹੈ। **(ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥)** ਅੰਗ ੧੧੮੮

ਸਾਰੇ ਸੰਸਾਰ ਦਾ ਇੱਕੋ ਇੱਕ ਧਰਮ ਦਾ ਮਾਰਗ ਕੀ ਹੈ ਇਸ ਗੱਲ ਨੂੰ

48/6387

ਕੇਵਲ ਉਹੀ ਜਾਣ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਸੁਣ ਲੈਂਦਾ ਹੈ ਭਾਵ ਜਿਸਦਾ ਪ੍ਰਮਾਤਮਾ ਦੇ ਨਾਲ ਜੋਗ ਹੋ ਜਾਂਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥”

ਉੱਪਰਲੀਆਂ ਪੰਗਤੀਆਂ ਦੇ ਭਾਵ ਨੂੰ ਅਸੀਂ ਇਸ ਤੋਂ ਪਿਛਲੇ ਸ਼ਬਦ ਰਾਹੀ ਵੀ ਸਮਝਿਆ ਹੈ ਕਿ ਪ੍ਰਮਾਤਮਾ ਦੇ ਭਗਤ ਹਰ ਵੇਲੇ ਖੇੜੇ ਵਿੱਚ ਕਿਸ ਤਰੀਕੇ ਰਹਿੰਦੇ ਹਨ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸੁਣਨ ਦੁਆਰਾ ਹੀ ਉਹਨਾਂ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ, ਉਸਦਾ ਨਾਮ ਜਪਣ ਦੀ ਸਮਝ ਪੈਂਦੀ ਹੈ ਜੋ ਕਿ ਦੁੱਖਾਂ ਪਾਪਾਂ ਵਾਲੀ ਮਾੜੀ ਸਮਝ ਵਿੱਚੋਂ ਨਿਕਲਣ ਦਾ ਹੈ ਭਾਵ ਗੁਰੂ ਪ੍ਰਮਾਤਮਾ ਦੇ ਸੱਚ ਅਨੁਸਾਰ ਵਿਚਰਨ ਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ। ਹਰ ਧਰਮ ਗ੍ਰੰਥ ਸਾਨੂੰ ਮਾੜੇ ਕਰਮ ਛੱਡਣ ਲਈ ਤੇ ਚੰਗੇ ਕਰਮ ਕਰਨ ਲਈ ਹੀ ਸਮਝਾਉਂਦਾ ਹੈ। **(ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥)** ਅੰਗ ੨

ਪ੍ਰਮਾਤਮਾ ਦੇ ਭਗਤ ਆਪਣੇ ਮਨ ਦੇ ਅੰਦਰੋਂ ਜੋ ਪ੍ਰਮਾਤਮਾ ਕੋਲੋਂ ਸੁਣਦੇ ਹਨ ਉਸ ਨਾਲ ਉਹਨਾਂ ਨੂੰ ਭਗਤੀ ਦੇ ਮਾਰਗ ਦੀ ਕਿਸ ਤਰੀਕੇ ਸੋਝੀ ਪੈਂਦੀ ਹੈ ਜਿਸ ਤਰੀਕੇ ਉਹ ਭਗਤੀ ਦੇ ਮਾਰਗ ਤੇ ਚੱਲਦੇ ਹਨ ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

"ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ ॥
ਸੁਣਿਐ ਲਾਗੈ ਸਹਜਿ ਧਿਆਨੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥"

ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਰਾਹੀਂ ਭਗਤੀ ਦਾ ਮਾਰਗ ਸਿੱਖਿਆ ਹੈ ਭਾਵ ਸਮਝਿਆ ਹੈ ਜੋ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਉਸਦੇ ਭਗਤਾਂ ਨੇ ਹੀ ਸੁਣਿਆ ਹੈ ਤੇ ਉਹੋ ਜਿਹਾ ਮਾਰਗ ਹੀ ਉਹਨਾਂ ਨੇ ਸਾਨੂੰ ਪੂਰੀ ਗੁਰਬਾਣੀ ਰਾਹੀਂ ਸਮਝਾਇਆ ਹੈ। ਭਗਤੀ ਦਾ ਮਾਰਗ ਜੋ ਸਾਨੂੰ ਬਾਣੀ ਰਾਹੀਂ ਸਮਝਾਇਆ ਗਇਆ ਹੈ ਉਹ ਮਨ ਦੇ **"ਸਤੁ" "ਸੰਤੋਖੁ"** ਦਾ ਮਾਰਗ ਹੈ। ਮਨ ਦੇ ਵਿੱਚ **"ਸਤੁ" "ਸੰਤੋਖੁ"** ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦਾ ਸੱਚਾ ਗਿਆਨ ਮਿਲਣ ਦੁਆਰਾ ਹੀ ਪੈਂਦੀ ਹੈ ਭਾਵ ਉਸਦੇ ਕੋਲੋਂ ਸੁਣਨ

ਦੁਆਰਾ ਹੀ ਪੈਂਦੀ ਹੈ ਉਸ **"ਸਤੁ"** ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਆਪਣਾ **"ਸਤੁ"** ਪ੍ਰਮਾਤਮਾ ਕਿਸੇ ਨੂੰ ਆਪ ਹੀ ਸਮਝਾ ਸਕਦਾ ਹੈ। ਪ੍ਰਮਾਤਮਾ ਦਾ **"ਸਤੁ"** ਰੂਪ ਹੀ ਉਸਦਾ ਸੱਚੀ ਗੁਰਮਤਿ ਦਾ ਰੂਪ ਹੈ ਜਿਸ ਆਪਣੇ ਰੂਪ ਵਿੱਚ ਉਹ ਪੂਰੀ ਗੁਰਬਾਣੀ ਦੇ ਵਿੱਚ ਹੈ, **"ਸਤੁ"** ਰੂਪ ਹੀ ਪ੍ਰਮਾਤਮਾ ਦਾ ਨਾਮ ਰੂਪ ਹੈ, ਉਸਦਾ ਸ਼ਬਦ ਰੂਪ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਉਸਦੇ **"ਸਤੁ"** ਰੂਪ ਦੁਆਰਾ ਹੀ ਪੈਂਦੀ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਸੱਚੇ ਗਿਆਨ ਦਾ ਰੂਪ ਹੈ। ਭਗਤੀ ਦਾ ਸੱਚਾ ਮਾਰਗ ਮਨ ਦੇ ਸੰਤੋਖ ਦਾ ਮਾਰਗ ਹੈ ਜੋ ਮਨ ਦਾ ਸੰਤੋਖ ਮਾਇਆ ਮੋਹ ਤਿਆਗਣ ਦੁਆਰਾ ਹੀ ਆਉਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਤਿਆਗਣ ਦੁਆਰਾ ਹੀ ਆਉਂਦਾ ਹੈ ਜਿਨ੍ਹਾਂ ਨੂੰ ਤਿਆਗ ਕੇ ਫਿਰ ਮਨੁੱਖ ਚੰਗੇ ਕਰਮ ਹੀ ਕਰਦਾ ਹੈ ਭਾਵ ਕੋਈ ਮਾੜਾ ਕਰਮ ਨਹੀਂ ਕਰਦਾ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਦੀ ਸੱਚੀ ਸੁੱਚੀ ਕਰਨੀ ਹੀ ਪ੍ਰਮਾਤਮਾ ਦੀ ਭਗਤੀ ਹੈ, ਉਸਦਾ ਨਾਮ ਜਪਣਾ ਹੈ ਜੋ ਮਨ ਦੇ ਵਿੱਚ ਸੱਚਾ ਗਿਆਨ ਵੱਸਣ ਦੁਆਰਾ ਹੀ ਹੁੰਦੀ ਹੈ ਤੇ ਆਪਣੀ ਨਾਸਮਝ, ਅਗਿਆਨਤਾ ਵਾਲੀ ਸਮਝ ਭਾਵ ਮਨਮਤਿ ਛੱਡਣ ਦੁਆਰਾ ਹੀ ਹੁੰਦੀ ਹੈ। ਜਿੱਥੇ ਗੁਰੂ ਦਾ ਸੱਚਾ ਗਿਆਨ ਹੁੰਦਾ ਹੈ ਉੱਥੇ ਹੀ ਗੁਰਮਤਿ ਦੀ ਸੱਚੀ ਸਮਝ ਹੁੰਦੀ ਹੈ। ਪ੍ਰਮਾਤਮਾ ਆਪਣੀ ਭਗਤੀ ਦੀ ਸੱਚੀ ਸਮਝ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ ਪਾਈ ਹੈ। ਪ੍ਰਮਾਤਮਾ ਦਾ ਭਗਤ ਉਹੀ ਬਣ ਸਕਦਾ ਹੈ ਜਿਸਦੇ ਮਨ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪਣੀ ਭਗਤੀ ਦੀ ਸੱਚੀ ਸਿੱਖਿਆ ਆਪ ਹੀ ਸੁਣਾਉਂਦਾ ਹੈ ਤੇ ਉਸ ਭਗਤੀ ਦੇ ਮਾਰਗ ਤੇ ਫਿਰ ਆਪ ਹੀ ਦ੍ਰਿੜ ਕਰਕੇ ਚਲਾਉਂਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਗੁਰੂ ਦੀ ਸੇਵਾ, ਗੁਰੂ ਦੀ ਭਗਤੀ ਮਨ ਦੇ ਸੰਤੋਖ ਦੁਆਰਾ ਹੀ ਹੁੰਦੀ ਹੈ ਤੇ ਗੁਰੂ ਦੇ ਨਾਮ ਜਪਣ ਦਾ ਮਕਸਦ ਮਨ ਦੇ ਵਿੱਚ ਸੰਤੋਖ ਵਾਲੀ ਬਿਰਤੀ ਲਿਆਉਣ ਦੇ ਨਾਲ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੈ ਤੇ ਗੁਰੂ ਦੇ ਇਸ ਸ਼ਬਦ ਨੂੰ ਫਿਰ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਇਸ ਗੱਲ ਤੇ ਦ੍ਰਿੜ ਹੋ ਸਕੀਏ ਕਿ ਪ੍ਰਮਾਤਮਾ ਦੀ ਭਗਤੀ ਮਨ ਦੇ ਸੰਤੋਖ ਦੁਆਰਾ ਹੀ ਹੁੰਦੀ ਹੈ ਨਾ ਕਿ ਕਿਸੇ ਸਰੀਰਕ ਕਿਰਿਆਵਾਂ ਦੁਆਰਾ, ਭਗਤੀ ਦੇ ਦਿਖਾਵਿਆਂ ਦੁਆਰਾ।

{ਸੇਵ ਕੀਤੀ ਸੰਤੋਖੀਣੀਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਉੱਪਰਲੇ ਸ਼ਬਦ ਦੁਆਰਾ ਬੜਾ ਹੀ ਸਪਸ਼ਟ ਹੈ ਕਿ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਮਨੁੱਖ ਦੀ ਸੁਕ੍ਰਿਤ ਕਰਨੀ ਹੀ ਹੈ ਜੋ ਚੰਗੀ ਕਰਨੀ ਮਨ ਦੇ ਵਿੱਚ ਸੰਤੋਖ ਆਉਣ ਦੁਆਰਾ ਹੀ ਹੁੰਦੀ ਹੈ ਭਾਵ ਤ੍ਰਿਸ਼ਨਾਵਾਂ ਤਿਆਗਣ ਦੁਆਰਾ ਹੀ ਆਉਂਦੀ ਹੈ

ਤੇ ਗੁਰੂ ਦਾ ਸੱਚਾ ਗਿਆਨ ਸਾਨੂੰ ਮਨ ਦੀਆਂ ਤ੍ਰਿਸ਼ਨਾਵਾਂ ਤਿਆਗਣ ਲਈ ਹੀ ਸਮਝਾਉਂਦਾ ਹੈ। ਹੇਠ ਦਿੱਤੇ ਕੁਝ ਹੋਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੀ ਭਗਤੀ ਮਨ ਦੇ ਸੰਤੋਖ ਦੁਆਰਾ ਹੀ ਹੁੰਦੀ ਹੈ, ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੁੰਦੀ ਹੈ, ਤ੍ਰਿਸ਼ਨਾਵਾਂ ਤਿਆਗਣ ਦੁਆਰਾ ਹੀ ਹੁੰਦੀ ਹੈ।

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥}

(ਅੰਗ ੧੦੪੦)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥ ਜਨਮ ਮਰਨ ਚੂਕੇ ਸਭਿ ਭਾਰੇ ॥
ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥}

(ਅੰਗ ੩੭੯)

{ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥
ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥
ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥}

(ਅੰਗ ੧੦੩੭)

{ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ ॥ ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ ॥
ਇਹੈ ਤਤੁ ਜਾਣਿਓ ਸਰਬ ਗਤਿ ਅਲਖੁ ਬਿਡਾਣੀ ॥ ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ ॥
ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ ॥
ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ॥੬॥ ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ॥
ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰਗਤਿ ਪੀਓ ॥ ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ ॥
ਸਤਿਗੁਰੁ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ ॥
ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ ॥
ਸਦ ਰੰਗਿ ਸਹਜਿ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ ॥੭॥
ਨਾਮੁ ਅਵਖਧੁ ਨਾਮੁ ਆਧਾਰੁ ਅਰੁ ਨਾਮੁ ਸਮਾਧਿ ਸੁਖੁ ਸਦਾ ਨਾਮ ਨੀਸਾਣੁ ਸੋਹੈ ॥
ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ ॥ ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ॥
ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥੮॥
ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ ॥
ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ ॥ ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ॥
ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥੯॥ ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥ ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥

ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥ ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥}

(ਅੰਗ ੧੩੯੨)

{ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥
ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥ ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥
ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥
ਗੁਰ ਰਾਮਦਾਸ ਕਲ੍ਹਚਰੈ ਤੈ ਅਭੈ ਅਮਰ ਪਦੁ ਪਾਇਅਉ ॥੬॥}

(ਅੰਗ ੧੩੯੭)

{ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ ॥ ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ॥
ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥ ਗੁਰੁ ਗਉਹਰੁ ਦਰੀਆਉ ਪਲਕ ਡੁਬੰਤ੍ਰਹ ਤਾਰੈ ॥
ਨਾਨਕ ਕੁਲਿ ਨਿੰਮਲੁ ਅਵਤਰ੍ਿਉ ਗੁਣ ਕਰਤਾਰੈ ਉਚਰੈ ॥
ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ੁ ਪਰਹਰਿ ਪਰੈ ॥੩॥੧੭॥}

(ਅੰਗ ੧੩੯੫)

{ਬਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ ੧੪੨੯)

{ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥ ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ ॥੧॥ ਰਹਾਉ॥
ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥
ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ ॥
ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ ॥੨॥੩॥੮੩॥}

(ਅੰਗ ੮੨੦)

{ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥
ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥}

(ਅੰਗ ੮੨੨)

{ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥}

(ਅੰਗ ੪੭੧)

{ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥੧॥ ਕਹਣਾ ਹੈ ਕਿਛੁ ਕਹਣੁ ਨ ਜਾਇ ॥
ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ ਰਹਾਉ ॥ ਸਰਮ ਸੁਰਤਿ ਦੁਇ ਸਸੁਰ ਭਏ ॥
ਕਰਣੀ ਕਾਮਣਿ ਕਰਿ ਮਨ ਲਏ॥੨॥ ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥੩॥੩॥}

(ਅੰਗ ੧੫੧)

{ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥ ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ॥
ਨਾਨਕ ਨਦਰੀ ਪਾਈਐ ਤਾ ਅਨਦਿਨੁ ਲਾਗੈ ਧਿਆਨੁ ॥੨॥}

(ਅੰਗ ੫੧੧)

ਪਉੜੀ ॥

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}

(ਅੰਗ ੫੧੨)

{ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥
ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥ ਜਪਿ ਮਨ ਨਾਮੁ ਏਕੁ ਅਪਾਰੁ ॥
ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ ॥੧॥ ਰਹਾਉ ॥
ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥ ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥
ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥
ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ ੫੧)

{ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥ ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥
ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥
ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥
ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥
ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥}

(ਅੰਗ ੩੫੧)

{ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥
ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥ ਮਨ ਰੇ ਰਾਮ ਨਾਮ ਜਸੁ ਲੇਇ ॥
ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥
ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥ ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥
ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥
ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥
ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥੪॥੭॥}

(ਅੰਗ ੫੯੭)

48/6390

{ਮਨ ਗੁਰਮਤਿ ਚਾਲ ਚਲਾਵੈਗੋ ॥
ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ ॥੧॥ ਰਹਾਉ ॥
ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ॥
ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ ॥੧॥
ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥
ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥੨॥
ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥
ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥੩॥}

(ਅੰਗ ੧੩੧੦)

{ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ ॥ ਬਿਨੁ ਨਾਵੈ ਸਭੁ ਦੁਖੁ ਹੈ ਸੁਖੁ ਤਿਸੁ ਜਿਸੁ ਮੰਨਿ ਵਸਾਏ ॥੧॥
ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ ॥ ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥੧॥ਰਹਾਉ ॥
ਅੰਤਰਿ ਬਾਹਰਿ ਏਕੁ ਹੈ ਬਹੁ ਬਿਧਿ ਸ੍ਰਿਸਟਿ ਉਪਾਈ ॥ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥੨॥
ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ ॥
ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ ॥੩॥
ਇਕਿ ਧੁਰਿ ਪਵਿਤ ਪਾਵਨ ਹਹਿ ਤੁਧੁ ਨਾਮੇ ਲਾਏ ॥ ਗੁਰ ਸੇਵਾ ਤੇ ਸੁਖੁ ਊਪਜੈ ਸਚੈ ਸਬਦਿ ਬੁਝਾਏ ॥੪॥
ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ ॥
ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ ॥੫॥
ਨਦਰਿ ਕਰੇ ਜਿਸੁ ਆਪਣੀ ਤਿਸ ਨੋ ਭਾਵਨੀ ਲਾਏ ॥ ਸਤੁ ਸੰਤੋਖੁ ਇਹ ਸੰਜਮੀ ਮਨੁ ਨਿਰਮਲੁ ਸਬਦੁ ਸੁਣਾਏ॥੬॥
ਲੇਖਾ ਪੜਿ ਨ ਪਹੁਚੀਐ ਕਥਿ ਕਹਣੈ ਅੰਤੁ ਨ ਪਾਇ ॥ ਗੁਰ ਤੇ ਕੀਮਤਿ ਪਾਈਐ ਸਚਿ ਸਬਦਿ ਸੋਝੀ ਪਾਇ॥੭॥
ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ॥
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ ਪਾਈਐ ਗੁਰ ਕੈ ਹੇਤਿ ਅਪਾਰਿ ॥੮॥੧੦॥੩੨॥}

(ਅੰਗ ੪੨੭)

{ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥ ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥
ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥}

(ਅੰਗ ੮੧੨)

{ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ ॥ ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ ਵਖਤ ਸੰਜੋਗੁ ॥
ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ ॥ ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ ॥੨॥}

(ਅੰਗ ੯੫੫)

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥}

(ਅੰਗ ੧੩੨੯)

{ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ॥ ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ॥
ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ ॥ ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ॥
ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ॥੭॥}

(ਅੰਗ ੧੨੪੦)

{ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ ੧੧੬੧)

{ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥
ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਧੈ ਧੰਨੁ ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥}

(ਅੰਗ ੫੯੫-੫੯੬)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ॥੧॥ ਨਾਨਕ ਬਿਰਥਾ ਕੋਇ ਨ ਹੋਇ॥ ਐਸੀ ਦਰਗਹ ਸਾਚਾ ਸੋਇ ॥੧॥ ਰਹਾਉ॥}

(ਅੰਗ ੮੭੮)

{ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥ ਸੂਖ ਸਹਜ ਦਇਆ ਕਾ ਪੋਤਾ ॥

ਹਰਿ ਭਗਤਾ ਹਵਾਲੈ ਹੋਤਾ ॥੧॥ ਮੇਰੇ ਰਾਮ ਕੋ ਭੰਡਾਰੁ ॥
ਖਾਤ ਖਰਚਿ ਕਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰੁ ॥੧॥ ਰਹਾਉ ॥
ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥ ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥
ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥
ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥ ਤਹ ਹਰਖ ਨ ਸੋਗ ਨ ਜਨਮ ਨ ਮਰਤ ॥੩॥
ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥ ਸਾਧਸੰਗਿ ਤਿਨਿ ਹਰਿ ਧਨੁ ਪਾਇਆ ॥
ਦਇਆਲ ਪੁਰਖ ਨਾਨਕ ਅਰਦਾਸਿ ॥ ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ ॥੪॥੨੪॥੩੫॥}

(ਅੰਗ ੯੯੩)

{ਕਾਂਇਆ ਕੜਾਸਣੁ ਮਨੁ ਜਾਗੋਟੀ ॥ ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥}

(ਅੰਗ ੯੩੯)

{ਸਪਤਮੀ ਸਤੁ ਸੰਤੋਖੁ ਸਰੀਰਿ ॥ ਸਾਤ ਸਮੁੰਦ ਭਰੇ ਨਿਰਮਲ ਨੀਰਿ ॥ ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥
ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥ ਮਨਿ ਸਾਚਾ ਮੁਖਿ ਸਾਚਉ ਭਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੯॥}

(ਅੰਗ ੮੩੯)

{ਸਤਜੁਗਿ ਸਤੁ ਸੰਤੋਖੁ ਸਰੀਰਾ ॥ ਸਤਿ ਸਤਿ ਵਰਤੈ ਗਹਿਰ ਗੰਭੀਰਾ ॥
ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ ॥੩॥ ਸਤ ਸੰਤੋਖੀ ਸਤਿਗੁਰੁ ਪੂਰਾ ॥
ਗੁਰ ਕਾ ਸਬਦੁ ਮਨੇ ਸੋ ਸੂਰਾ ॥ ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥
ਸਤਜੁਗਿ ਸਾਚੁ ਕਹੈ ਸਭੁ ਕੋਈ ॥ ਸਚਿ ਵਰਤੈ ਸਾਚਾ ਸੋਈ ॥
ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ ॥੫॥}

(ਅੰਗ ੧੦੨੩)

{ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥ ਸਤਿਗੁਰ ਸੇਵਹੁ ਸੰਕ ਨ ਕੀਜੈ ॥
ਆਸਾ ਮਾਹਿ ਨਿਰਾਸੁ ਰਹੀਜੈ ॥ ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ ॥੯॥}

(ਅੰਗ ੧੦੪੩)

{ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ ॥
ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ ॥
ਹੋਦੀ ਵਸਤੁ ਨ ਜਾਤੀਆ ਪਿਆਰੇ ਕੂੜੁ ਨ ਚਲੀ ਨਾਲਿ ॥
ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ ਸਾਚਾ ਨਾਮੁ ਸਮਾਲਿ ॥੬॥
ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥
ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ ॥
ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ ॥੭॥

ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ ਭਗਤਾ ਤਿਸ ਕਾ ਤਾਣੁ ॥
ਤਿਸੁ ਸਰਣਾਈ ਢਹਿ ਪਏ ਪਿਆਰੇ ਜਿ ਅੰਤਰਜਾਮੀ ਜਾਣੁ ॥
ਹਲਤੁ ਪਲਤੁ ਸਵਾਰਿਆ ਪਿਆਰੇ ਮਸਤਕਿ ਸਚੁ ਨੀਸਾਣੁ ॥
ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ ਨਾਨਕ ਸਦ ਕੁਰਬਾਣੁ ॥੮॥੨॥}

(ਅੰਗ ੬੪੧)

{ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਹਿਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥}

(ਅੰਗ ੧੪੦੯)

{ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥ ਗੁਰਿ ਮਿਲਿਐ ਨਹ ਜੋਹੈ ਮਾਈ ॥
ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ ਪਾਨਾਂ ਹੇ ॥੭॥
ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥ ਆਪਿ ਸੁਣੀ ਤੈ ਆਪਿ ਵਖਾਣੀ ॥
ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ ॥੮॥
ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥
ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਨਾਂ ਹੇ ॥੯॥੧॥੪॥}

(ਅੰਗ ੧੦੭੫)

{ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ ॥
ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥
ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥
ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ॥ ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥੪॥੧॥}

(ਅੰਗ ੭੬੪)

48/6391

ਉੱਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੀ ਭਗਤੀ **"ਸਤੁ" "ਸੰਤੋਖੁ"** ਵਾਲੀ ਸਮਝ ਵੱਸਣ ਦੁਆਰਾ ਹੀ ਹੁੰਦੀ ਹੈ ਭਾਵ ਸਾਡੇ ਅੰਦਰ ਗੁਰਮਤਿ ਰੂਪ ਸੱਚਾ ਗਿਆਨ ਵੱਸਣ ਦੁਆਰਾ ਹੀ ਹੁੰਦੀ ਹੈ। ਭਗਤਾਂ ਦੇ ਮਨ ਦੀ ਇਹ ਅਵਸਥਾ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਨ ਦੁਆਰਾ ਹੀ ਬਣਦੀ ਹੈ ਜਿਸ ਉੱਚੀ ਸਮਝ ਦੁਆਰਾ ਉਹਨਾਂ ਨੇ ਆਪਣੇ ਜੀਵਨ ਕਾਲ ਵਿੱਚ ਆਪ ਪ੍ਰਮਾਤਮਾ ਦੀ ਭਗਤੀ ਕੀਤੀ ਹੈ ਤੇ ਗੁਰਬਾਣੀ ਰਾਹੀਂ ਸੰਸਾਰ ਨੂੰ ਇਹੋ ਜਿਹੀ ਸੱਚੀ ਭਗਤੀ ਕਰਨੀ ਸਮਝਾਈ ਹੈ। ਹੁਣ ਅਸੀਂ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ। **(ਸੁਣਿਐ ਸਤੁ ਸੰਤੋਖੁ ਗਿਆਨੁ ॥)**

ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਸਤ ਸੰਤੋਖ ਵਾਲਾ ਗਿਆਨ ਕਿਸ ਤਰੀਕੇ ਆਉਂਦਾ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸੁਣਿਐ ਅਠਸਠਿ ਕਾ ਇਸਨਾਨੁ ॥"

ਹਿੰਦੂ ਸਮਾਜ ਦੀ ਧਾਰਮਿਕ ਆਸਥਾ ਅਨੁਸਾਰ ਅਠਸਠ ਤੀਰਥਾਂ ਦੇ ਇਸ਼ਨਾਨ ਨੂੰ ਸਭ ਤੋਂ ਉੱਚਾ ਧਾਰਮਿਕ ਇਸ਼ਨਾਨ ਸਮਝਿਆ ਜਾਂਦਾ ਹੈ ਜੋ ਕਿ ਸਰੀਰਕ ਇਸ਼ਨਾਨ ਹੈ। ਅਸਲ ਇਸ਼ਨਾਨ ਸਾਡੇ ਮਨ ਦਾ ਇਸ਼ਨਾਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। **{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥}** ਅੰਗ ੬੮੭ ਸਾਡੇ ਅੰਦਰ ਦਾ ਇਹ ਗਿਆਨ ਸਾਨੂੰ ਗੁਰੂ ਦਾ ਨਾਮ ਸਮਝਾਉਂਦਾ ਹੈ, ਗੁਰੂ ਦੀ ਸੱਚੀ ਭਗਤੀ ਸਮਝਾਉਂਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਉਂਦਾ ਹੈ ਭਾਵ ਸਾਨੂੰ ਸਤੁ ਸੰਤੋਖੁ ਵਾਲੀ ਬਿਰਤੀ ਵਾਲਾ ਬਣਨਾ ਸਿਖਾਉਂਦਾ ਹੈ। ਸਤੁ ਸੰਤੋਖੁ ਦੀ ਬਿਰਤੀ ਦੁਆਰਾ ਵਿਚਰਨਾ ਹੀ ਪ੍ਰਮਾਤਮਾ ਦੀ ਭਗਤੀ ਹੈ, ਉਸਦਾ ਨਾਮ ਜਪਣਾ ਹੈ। ਸਾਰੀ ਗੱਲ ਸਾਡੇ ਮਨ ਦੇ ਸੱਚੇ ਗਿਆਨ ਨਾਲ ਜੁੜੀ ਹੋਈ ਹੈ। ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਇਸ਼ਨਾਨ ਪ੍ਰਮਾਤਮਾ ਆਪ ਹੀ ਕਰਵਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ ਕਰਵਾਇਆ ਹੈ ਜੋ ਇਸ਼ਨਾਨ ਉਹਨਾਂ ਨੇ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਹੀ ਕੀਤਾ ਹੈ। **(ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥)**

ਮਨ ਦੇ ਵਿੱਚ ਆਪਣੀ ਸੱਚੀ ਸਿੱਖਿਆ ਪ੍ਰਮਾਤਮਾ ਆਪਣੇ

48/6392

ਭਗਤਾਂ ਨੂੰ ਆਪ ਹੀ ਪੜਾਉਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੈ।

“ਸੁਣਿਐ ਪੜਿ ਪੜਿ ਪਾਵਹਿ ਮਾਨੁ ॥”

ਪ੍ਰਮਾਤਮਾ ਦੇ ਦਰ ਤੋਂ ਮਾਣ ਕਿਵੇਂ ਮਿਲਦਾ ਹੈ ਤੇ ਕਿਸਨੂੰ ਮਿਲਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਦਰ ਤੋਂ ਮਾਣ ਸੱਚ ਤੇ ਚੱਲਣ ਦੁਆਰਾ ਹੀ ਮਿਲਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦੁਆਰਾ ਮਿਲਦਾ ਹੈ, ਅਉਗੁਣਾਂ ਵਿੱਚੋਂ ਨਿਕਲਕੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਮਿਲਦਾ ਹੈ ਤੇ ਸੱਚੇ ਸੁੱਚੇ ਕਰਮ ਮਨੁੱਖ ਤਾਂ ਹੀ ਕਰ ਸਕਦਾ ਹੈ ਜਦੋਂ ਗੁਰਮਤਿ ਦੀ ਸੱਚੀ ਸਮਝ ਪਵੇ। ਗੁਰਮਤਿ ਦੀ ਹਰ ਗੱਲ ਤੇ ਪੂਰਾ ਉਤਰਨਾ ਹੀ ਪ੍ਰਮਾਤਮਾ ਦੇ ਦਰ ਤੋਂ ਮਾਣ ਮਿਲਣਾ ਹੈ। ਮਨ ਦੇ ਵਿੱਚ ਪ੍ਰਮਾਤਮਾ ਆਪਣੇ ਭਗਤਾਂ ਨੂੰ ਆਪਣੀ ਗੁਰਮਤਿ ਹੀ ਪੜਾਉਂਦਾ ਹੈ ਤੇ ਉਸਦੇ ਭਗਤ ਜੋ ਕੁਝ ਮਨ ਦੇ ਵਿੱਚੋਂ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਪੜਦੇ ਹਨ ਭਾਵ ਸਿੱਖਦੇ ਹਨ ਉਹੀ ਕੁਝ ਉਹ ਕਰਦੇ ਹਨ ਭਾਵ ਗੁਰਮਤਿ ਤੇ ਪੂਰਾ ਉਤਰਦੇ ਹਨ ਜਿਸ ਕਰਕੇ ਉਹ ਪ੍ਰਮਾਤਮਾ ਦੇ ਦਰ ਤੋਂ ਮਾਣ ਪਾਉਂਦੇ ਹਨ। **(ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ ॥)**

ਬਾਣੀ ਵਿੱਚ ਬਾਰ-ਬਾਰ ਮਨ ਦੇ **“ਸਹਜਿ”** ਦੀ ਗੱਲ ਆਉਂਦੀ ਹੈ ਤੇ ਕਿਸੇ ਦੇ ਮਨ ਦੀ ਸਹਜ ਵਾਲੀ ਅਵਸਥਾ ਚਉਥੇ ਪਦ ਦੇ ਗਿਆਨ ਵਾਲੀ ਅਵਸਥਾ ਹੁੰਦੀ ਹੈ ਜਿਸ ਮਨ ਦੀ ਅਵਸਥਾ ਦੁਆਰਾ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲ ਸਕਦਾ ਹੈ। ਮਨ ਦੀ ਇਹ ਅਵਸਥਾ ਕੇਵਲ ਤੇ ਕੇਵਲ ਪ੍ਰਮਾਤਮਾ ਆਪਣੇ ਨਾਲ

48/6393

ਕਿਸੇ ਨੂੰ ਮਿਲਾ ਕੇ ਹੀ ਬਖਸ਼ਦਾ ਹੈ ਭਾਵ ਮਨ ਦੇ ਅੰਦਰ ਆਪਣੇ ਮੇਲ ਦੁਆਰਾ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ ਬਖਸ਼ੀ ਹੈ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ। ਇਹ ਅਵਸਥਾ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਹੀ ਬਣ ਸਕਦੀ ਹੈ। ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਸੁਣਿਐ ਲਾਗੈ ਸਹਜਿ ਧਿਆਨੁ ॥) {ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥ ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥ ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥ ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ**

ਚੂਕਈ ਫਿਰਿ ਫਿਰਿ ਆਵੈ ਜਾਇ ॥੫॥ ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥ ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥ ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥ ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥} ਅੰਗ ੬੯

ਉੱਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਸਮਝ ਸਕਦਾ ਹੈ ਕਿ ਸਹਜ ਵਾਲੀ ਅਵਸਥਾ ਚਉਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ ਜਿਸ ਅਵਸਥਾ ਦੀ ਪ੍ਰਾਪਤੀ ਬਿਨਾਂ ਕੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲ ਹੀ ਨਹੀਂ ਸਕਦਾ ਜਿਸ ਤ੍ਰੈ ਗੁਣਾਂ ਵਾਲੀ ਸਮਝ ਦਾ ਮਕਸਦ ਹੀ ਸੰਸਾਰ ਨੂੰ ਭਰਮਾਂ ਵਿੱਚ ਪਾਕੇ ਰੱਖਣ ਦਾ ਹੈ। ਚਉਥਾ ਪਦ ਪ੍ਰਮਾਤਮਾ ਕਿਸੇ ਨੂੰ ਭਾਵ ਸਹਜ ਦੀ ਅਵਸਥਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਆਪਣੇ ਮੇਲ ਦੁਆਰਾ ਬਖਸ਼ਦਾ ਹੈ। ਸਾਡੇ ਮਨ ਦੇ ਅੰਦਰ ਸਹਜ ਵਾਲੇ ਗਿਆਨ ਦੇ ਰੂਪ ਵਿੱਚ ਹੀ ਭਾਵ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਸਹਜ ਦੀ ਅਵਸਥਾ ਦੀ ਪ੍ਰਾਪਤੀ ਬਿਨਾਂ ਪ੍ਰਮਾਤਮਾ ਦੀ ਭਗਤੀ ਦੀ ਸੱਚੀ ਸਮਝ ਹੀ ਨਹੀਂ ਪੈ ਸਕਦੀ ਜਿਵੇਂ ਕਿ ਉੱਪਰ ਸ਼ਬਦ ਦੁਆਰਾ ਹਰ ਕੋਈ ਸਮਝ ਸਕਦਾ ਹੈ ਕਿ ਸਹਜ ਦੀ ਪ੍ਰਾਪਤੀ ਬਿਨਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਸਹਜ ਦੀ ਪ੍ਰਾਪਤੀ ਦੁਆਰਾ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਦੀ ਹਉਮੈ ਤੋਂ ਛੁਟਕਾਰਾ ਮਿਲਦਾ ਹੈ, ਮਾਇਆ ਮੋਹ ਤੋਂ ਛੁਟਕਾਰਾ ਮਿਲਦਾ ਹੈ ਭਾਵ ਮਨ ਦੀ ਅਗਿਆਨਤਾ ਤੋਂ ਛੁਟਕਾਰਾ ਮਿਲਦਾ ਹੈ। ਪ੍ਰਮਾਤਮਾ ਦੀ ਪਛਾਣ ਸਾਨੂੰ ਆਪਣੇ ਅੰਦਰੋਂ ਹੀ ਹੁੰਦੀ ਹੈ ਜੋ ਪ੍ਰਮਾਤਮਾ ਸਾਡੇ ਅੰਦਰ ਜੋਤਿ ਰੂਪ ਵਿੱਚ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਉਸਦੀ ਪਛਾਣ ਆਪਣੇ ਅੰਦਰੋਂ ਸਹਜ ਦੀ ਅਵਸਥਾ ਦੁਆਰਾ ਹੁੰਦੀ ਹੈ ਜਿਸ ਦੁਆਰਾ ਮਨੁੱਖੀ ਸਮਝ ਪ੍ਰਮਾਤਮਾ ਦੀ ਸਮਝ ਦੇ ਨਾਲ ਇੱਕ ਹੋ ਜਾਂਦੀ ਹੈ ਜੋ ਕਿ ਜੋਤਿ ਦਾ ਜੋਤਿ ਵਿੱਚ ਰੱਲਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਇਸ ਸਹਜ ਦੀ ਅਵਸਥਾ ਵਾਲਾ ਗਿਆਨ ਹੀ ਨਾਮ ਧਨ ਹੈ ਜਿਸ ਨਾਮ ਧਨ ਦੁਆਰਾ ਪ੍ਰਮਾਤਮਾ ਕਿਸੇ ਨੂੰ ਆਪਣਾ ਗਿਆਨੀ ਬਣਾਉਂਦਾ ਹੈ ਭਾਵ ਧਰਮ ਦੇ ਮਾਰਗ ਦਾ ਗਿਆਨੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ

ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਪ੍ਰਮਾਤਮਾ ਦਾ ਗੁਰੂ ਰੂਪ ਉਸਦਾ ਗਿਆਨੀ ਰੂਪ ਹੀ ਹੈ। ਹਰ ਸ਼ਬਦ ਦੇ ਅੰਦਰ ਦੀ ਸਮਝ ਸਾਨੂੰ **"ਸਹਜਿ"** ਰੂਪ ਗਿਆਨ ਹੀ ਪਾਉਂਦੀ ਹੈ ਜਿਸ ਗਿਆਨ ਨੂੰ ਮੰਨਣ ਦੁਆਰਾ ਹੀ ਕੋਈ ਸਹਜ ਦੀ ਅਵਸਥਾ ਦੀ ਪ੍ਰਾਪਤੀ ਕਰਨ ਦਾ ਸੱਚਾ ਉੱਦਮ ਕਰ ਸਕਦਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਭਾਵ ਭਰਮਾਂ ਵਿੱਚ ਪਾਉਂਣ ਵਾਲੀ ਸਮਝ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰ ਸਕਦਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਸਾਡੇ ਸਭਦੇ ਅੰਦਰ ਹੀ ਹੈ ਜੋ ਕਿ ਸਹਜਿ ਗਿਆਨ ਦੇ ਰੂਪ ਵਿੱਚ ਹੀ ਹੈ ਭਾਵ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਹੈ ਤੇ ਆਪਣੇ ਉਸੇ ਰੂਪ ਵਿੱਚ ਹੀ ਪੂਰੀ ਗੁਰਬਾਣੀ ਵਿੱਚ ਆਪਣੇ ਗੁਰੂ ਰੂਪ ਵਿੱਚ ਹੈ। ਉੱਪਰ ਵਾਲੇ ਸ਼ਬਦ ਨੂੰ ਬਾਰ-ਬਾਰ ਬਰੀਕੀ ਨਾਲ ਸਮਝੋ ਕਿ ਸਹਜ ਦੀ ਅਵਸਥਾ ਕੀ ਹੈ ਤੇ ਉਸਦਾ ਮਕਸਦ ਕੀ ਹੈ। ਸਹਜ ਦੀ ਅਵਸਥਾ ਦੀ ਪ੍ਰਾਪਤੀ ਹੋਏ ਬਿਨਾਂ ਪ੍ਰਮਾਤਮਾ ਨੂੰ ਨਾ ਕੋਈ ਜਾਣ ਸਕਦਾ ਹੈ ਤੇ ਨਾ ਹੀ ਉਸਦੀ ਸੱਚੀ ਭਗਤੀ ਦੇ ਮਾਰਗ ਨੂੰ ਕੋਈ ਸਮਝ ਸਕਦਾ ਹੈ ਤੇ ਉਸ ਅਨੁਸਾਰ ਚੱਲ ਸਕਦਾ ਹੈ। ਮਨੁੱਖ ਦੇ ਉੱਤੇ ਸਭ ਤੋਂ ਵੱਡੀ ਕਿਰਪਾ ਪ੍ਰਮਾਤਮਾ ਦੀ ਇਹੀ ਹੈ ਕਿ ਉਹ ਕਿਸੇ ਨੂੰ ਆਪਣਾ ਸਹਜਿ ਗਿਆਨ ਬਖਸ਼ੇ ਜੋ ਕਿ ਗਿਆਨ ਦਾ ਮਾਲਕ ਆਪ ਹੀ ਕਿਸੇ ਨੂੰ ਬਖਸ਼ ਸਕਦਾ ਹੈ ਤੇ ਉਸ ਪ੍ਰਮਾਤਮਾ ਨੂੰ ਕੋਈ ਜੋ ਸਭ ਲਈ ਅਦ੍ਰਿਸ਼ਟ ਹੈ ਉਸਨੂੰ ਆਪਣੇ ਅੰਦਰੋਂ ਦੇਖ ਸਕਦਾ ਹੈ, ਆਪਣੀ ਦਿਬ ਦ੍ਰਿਸ਼ਟ ਰਾਹੀਂ ਦੇਖ ਸਕਦਾ ਹੈ।

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ ੧੦੨੨)

ਸਹਜ ਕੀ ਹੈ ਇਸਨੂੰ ਪ੍ਰਮਾਤਮਾ ਦੇ ਭਗਤਾਂ ਨੇ ਹੀ ਸਮਝਿਆ ਹੈ, ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਨ ਦੁਆਰਾ ਹੀ ਸਮਝਿਆ ਹੈ ਤੇ ਤਾਂ ਹੀ ਉਸਦੇ ਭਗਤ ਸਦਾ ਖੇੜੇ ਵਿੱਚ ਰਹੇ ਹਨ ਤੇ ਦੁਖ ਪਾਪ ਵਾਲੀ ਸਮਝ ਵਿੱਚੋਂ ਨਿਕਲੇ ਹਨ। **(ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥)**

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

48/6395

{ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥ ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥
ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ ॥੧॥ ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥
ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥੧॥ ਰਹਾਉ ॥}

(ਅੰਗ ੩੧)

{ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ॥
ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥ ਭਾਈ ਰੇ ਦਾਸਨਿ ਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥
ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥
ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥
ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥
ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥}

(ਅੰਗ ੬੬-੬੭)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥

ਮੂਲ ਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥}

(ਅੰਗ ੧੦੪੦)

{ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥
ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥
ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥ ਸਾਝ ਬਿਹਾਗ ਤਕਹਿ ਆਗਾਸੁ ॥
ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥ ਨਾਮ ਸੰਜੋਗੀ ਗੋਇਲਿ ਬਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥ ਸਾਧੁ ਮਿਲੈ ਪੂਰਬ ਸੰਜੋਗ ॥
ਸਚਿ ਰਹਸੇ ਪੂਰੇ ਹਰਿ ਲੋਗ ॥ ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬॥}

(ਅੰਗ ੧੫੨)

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

ਪ੍ਰਮਾਤਮਾ ਦੀ ਭਗਤੀ ਦੀ ਸਮਝ ਦਾ ਸਰੋਤ ਸਾਡੀ ਮਨ ਦੀ ਸਮਝ ਹੀ ਹੈ। ਭਗਤੀ ਅਸੀਂ ਪ੍ਰਮਾਤਮਾ ਦੀ ਹੀ ਕਰਨੀ ਹੈ ਤੇ ਆਪਣੀ ਭਗਤੀ ਦੀ ਸਮਝ ਉਹ ਪ੍ਰਮਾਤਮਾ ਆਪ ਹੀ ਪਾ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀ

ਸੱਚੀ ਭਗਤੀ ਦੀ ਸਮਝ ਪਾਈ ਹੈ ਉਹਨਾਂ ਨੂੰ ਹੀ ਭਗਤੀ ਦਾ ਸੱਚਾ ਨਾਮ ਮਿਲਿਆ ਹੈ। ਇਹੀ ਗੱਲ ਸਾਨੂੰ ਅਗਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਤੇ ਉਹਨਾਂ ਨੂੰ ਸੱਚਾ ਮਾਣ ਕਿਸ ਤਰੀਕੇ ਮਿਲਿਆ ਹੈ, ਉਹਨਾਂ ਨੂੰ ਸੱਚੀ ਭਗਤੀ ਦੀ ਸਮਝ ਮਨ ਦੇ ਵਿੱਚ ਕਿਸ ਤਰੀਕੇ ਪਈ ਹੈ, ਸਾਰੀ ਗੱਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੀ ਹੈ ਜਿਵੇਂ ਕਿ ਅਗਲੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

“ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥
ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥”

(ਅੰਗ ੩)

ਜਦੋਂ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਗੱਲ ਸੁਣਾਉਂਦਾ ਹੈ ਉਹ ਉਸ ਰਾਹੀਂ ਆਪਣੀ ਸੱਚੀ ਭਗਤੀ ਦੀ ਸਮਝ ਹੀ ਪਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਜੋ ਸੱਚੀ ਸਮਝ ਹੈ ਉਹ ਪ੍ਰਮਾਤਮਾ ਦੇ ਕੋਲੋਂ ਹੀ ਆਈ ਹੈ। ਪ੍ਰਮਾਤਮਾ ਦੀ ਸੁਣਾਈ ਹੋਈ ਗੱਲ ਬਹੁਤ ਗਹਿਰੀ ਸਮਝ ਵਾਲੀ ਹੁੰਦੀ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਹੁੰਦੀ ਹੈ ਭਾਵ ਸਹਜ ਗਿਆਨ ਵਾਲੀ ਹੁੰਦੀ ਹੈ ਭਾਵ **“ਗਾਹ”** ਵਾਲੀ ਹੁੰਦੀ ਹੈ। ਗੁਰੂ ਦੇ ਸ਼ਬਦ ਬਹੁਤ ਗਹਿਰਾਈ ਵਿੱਚ ਹਨ ਜਿਨ੍ਹਾਂ ਨੂੰ ਗਹਿਰਾਈ ਵਾਲੀ ਸਮਝ ਦੇ ਨਾਲ ਹੀ ਜਾਣਿਆ ਜਾ ਸਕਦਾ ਹੈ, ਇਹੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਚਉਥੇ ਪਦ ਵਾਲੀ ਸਮਝ ਵਿੱਚ ਭੇਦ ਹੈ ਜਿਸ ਭੇਦ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਹੀ ਪੈਂਦੀ ਹੈ। ਪੂਰੀ ਗੁਰਬਾਣੀ ਗੁਣਾਂ ਦਾ ਸਾਗਰ ਹੈ, ਜੋ ਕਿ ਨਾਮੁ ਰੂਪ ਸਰੋਵਰ ਹੈ ਭਾਵ ਗੁਣਾਂ ਨਾਲ ਭਰਪੂਰ ਹੈ। ਜਦ ਤਕ ਪ੍ਰਮਾਤਮਾ ਦੇ ਸਮਝਾਏ ਹੋਏ ਗੁਣਾਂ ਨੂੰ

ਭਾਵ ਸ਼ਬਦਾਂ ਦੇ ਵਿਚਾਰਾਂ ਦੀ ਸਮਝ ਨਹੀਂ ਪੈਂਦੀ ਤਦ ਤਕ ਪ੍ਰਮਾਤਮਾ ਦੇ ਗੁਣ ਵੀ ਨਹੀਂ ਗਾਏ ਜਾ ਸਕਦੇ। ਹਰ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਸ਼ਬਦ ਰੂਪ ਗੁਰੂ ਦੇ ਗੁਣ ਗਾਉਂਣਾ ਹੈ, ਪ੍ਰਮਾਤਮਾ ਦੇ ਗੁਣ ਗਾਉਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਸ਼ਬਦਾਂ ਦੇ ਅੰਦਰ ਦੀ ਗਹਿਰਾਈ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਹੀ ਪੈਂਦੀ ਹੈ, ਆਪਣੀ ਗਹਿਰੀ ਸਮਝ ਦੇ ਨਾਲ ਉਹ ਮਨੁੱਖੀ ਸਮਝ ਨੂੰ ਆਪ ਹੀ ਜੋੜਦਾ ਹੈ ਤੇ ਆਪਣੇ ਗੁਣ ਗਾਉਣੇ ਆਪ ਹੀ ਸਮਝਾਉਂਦਾ ਹੈ। **(ਸੁਣਿਐ ਸਰਾ ਗੁਣਾ ਕੇ ਗਾਹ ॥)** ਜਿਸਨੂੰ ਪ੍ਰਮਾਤਮਾ ਆਪਣੀ ਭਗਤੀ ਦੇ ਮਾਰਗ ਤੇ ਉੱਚਾ ਥਾਪਦਾ ਹੈ ਉਸਨੂੰ ਭਗਤੀ ਦੇ ਉੱਚੇ ਮਾਰਗ ਦੀ ਸਮਝ ਆਪ ਹੀ ਪਾਉਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸੁਣਿਐ ਸੇਖ ਪੀਰ ਪਾਤਿਸਾਹ ॥”

ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੀ ਪਾਤਸ਼ਾਹੀ ਬਖਸ਼ੀ ਹੈ। ਪ੍ਰਮਾਤਮਾ ਦੀ ਇਹ ਪਾਤਸ਼ਾਹੀ ਉਸੇ ਨੂੰ ਹੀ ਮਿਲਦੀ ਹੈ ਜਿਸਨੂੰ ਉਹ ਸੱਚਾ ਪਾਤਸ਼ਾਹ, ਸਾਰੇ ਜਗਤ ਦਾ ਪਾਤਸ਼ਾਹ ਆਪਣੇ ਨਾਲ ਮੇਲ ਲੈਂਦਾ ਹੈ। ਉਸਦੇ ਨਾਲ ਮੇਲ ਉਸ ਕੋਲੋਂ ਮਨ ਦੇ ਵਿੱਚ ਉਸਦੀ ਸੱਚੀ ਭਗਤੀ ਦਾ ਮਾਰਗ ਸੁਣਨ ਦੁਆਰਾ ਹੀ ਹੁੰਦਾ ਹੈ, ਸ਼ਬਦਾਂ ਦੀ ਗਹਿਰਾਈ ਵਾਲੀ ਸਮਝ ਮਿਲਣ ਦੁਆਰਾ ਹੀ ਹੁੰਦਾ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਸਮਝ, ਬ੍ਰਹਮ ਗਿਆਨ ਵਾਲੀ ਸਮਝ ਭਾਵ ਉਸਦਾ ਨਾਮ ਮਿਲਣ ਦੁਆਰਾ ਹੀ ਹੁੰਦਾ ਹੈ ਜਿਸਨੂੰ ਪ੍ਰਮਾਤਮਾ ਸੇਖ ਪੀਰ ਪਾਤਿਸ਼ਾਹ ਥਾਪਦਾ ਹੈ ਉਹ ਆਪ ਹੀ ਥਾਪਦਾ ਹੈ ਤੇ ਉਹੀ ਸੰਸਾਰ ਨੂੰ ਭਗਤੀ ਦਾ ਸੱਚਾ ਮਾਰਗ ਸਮਝਾ ਸਕਦਾ ਹੈ ਤੇ ਸੰਸਾਰ ਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ। **(ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥)** ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਨ ਤੋਂ ਪਹਿਲਾਂ ਹਰ ਕੋਈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੀ ਹੁੰਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਹੀ ਹੁੰਦਾ ਹੈ ਜਿਸ ਸਮਝ ਵਿੱਚ ਰਹਿੰਦਿਆਂ

ਨਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਭਗਤੀ ਦੇ ਸੱਚੇ ਮਾਰਗ ਨੂੰ ਸਮਝਿਆ ਜਾ ਸਕਦਾ ਹੈ। ਭਗਤੀ ਦਾ ਸੱਚਾ ਮਾਰਗ ਪ੍ਰਮਾਤਮਾ, ਆਪਣੇ ਗੁਣ ਗਾਉਣੇ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਕਿਸ ਤਰੀਕੇ ਸਮਝਾਉਂਦਾ ਹੈ, ਇਹ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥”

ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਉਸ ਕੋਲੋਂ ਉਸਦਾ ਉੱਚਾ ਗਿਆਨ ਹੀ ਮਿਲਦਾ ਹੈ ਜਿਸ ਉੱਚੇ ਗਿਆਨ ਦੁਆਰਾ ਮਨੁੱਖ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਜਾਂਦੀ ਹੈ ਤੇ ਉਹ ਭਗਤੀ ਨੂੰ ਸਮਝਣ ਵਿੱਚ ਜਿਤਨੇ ਵੀ ਭਰਮਾਂ ਵਿੱਚ ਹੁੰਦਾ ਹੈ ਉਸ ਹਰ ਭਰਮ ਵਿੱਚੋਂ ਨਿਕਲ ਜਾਂਦਾ ਹੈ। ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਨ ਦੁਆਰਾ ਮਨੁੱਖ ਨੂੰ ਇਤਨੀ ਵੱਡੀ ਸਮਝ ਪੈਂਦੀ ਹੈ ਜੋ ਕਿ ਸਮੁੰਦਰ ਦੀ ਗਹਿਰਾਈ ਦੀ ਤਰ੍ਹਾਂ ਹੁੰਦੀ ਹੈ। ਜਿਨ੍ਹਾਂ ਦਾ ਵੀ ਹੱਥ ਭਾਵ ਜਿਨ੍ਹਾਂ ਦੀ ਵੀ ਸਮਝ ਸਮੁੰਦਰ ਵਰਗੀ ਡੂੰਘੀ ਹੋਈ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਹੋਈ ਹੈ ਉਹਨਾਂ ਦੀ ਇਤਨੀ ਗਹਿਰੀ ਸਮਝ ਉਸ ਸਮਝ ਦੇ ਮਾਲਕ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਉਸਦੇ ਕੋਲੋਂ ਸੁਣਨ ਦੁਆਰਾ ਹੀ ਹੋਈ ਹੈ ਤੇ ਤਾਂ ਹੀ ਉਹਨਾਂ ਨੇ ਪੂਰੀ ਗੁਰਬਾਣੀ ਵਿੱਚ ਅਤਿ ਦਾ ਗਹਿਰਾ ਗਿਆਨ ਪਾਇਆ ਹੈ, ਚਉਥੇ ਪਦ ਦਾ ਗਿਆਨ ਪਾਇਆ ਹੈ ਜੋ ਗਿਆਨ ਤ੍ਰੈ ਗੁਣਾਂ ਵਾਲੀ ਸਮਝ ਦੇ ਗਿਆਨ ਨਾਲੋਂ ਬਹੁਤ ਉੱਚਾ ਗਿਆਨ ਹੈ। ਚਉਥੇ ਪਦ ਦੇ ਗਿਆਨ ਦੀ ਗਹਿਰਾਈ ਚਉਥੇ ਪਦ ਵਿੱਚ ਪਹੁੰਚਕੇ ਹੀ ਪੈ ਸਕਦੀ ਹੈ ਭਾਵ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਨ ਦੁਆਰਾ ਹੀ ਪੈ ਸਕਦੀ ਹੈ। ਦਾਸ ਗੁਰਬਾਣੀ ਦੇ ਇਤਨੇ ਗਹਿਰੇ ਅਰਥਾਂ ਦੀ ਜੋ ਵੀ ਵਿਆਖਿਆ ਕਰ ਰਿਹਾ ਹੈ ਉਹ ਦਾਸ ਦੀ ਕੀ ਮਜਾਲ ਕਿ ਇਹ ਅਰਥ ਉਹ ਆਪਣੇ ਆਪ ਕਰ ਲਵੇ। ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਨ ਤੋਂ ਪਹਿਲੇ ਦਾਸ ਗੁਰਬਾਣੀ ਦੇ ਅੰਦਰ ਦੇ ਉੱਚੇ ਗਿਆਨ ਨੂੰ ਸਮਝਣ ਵਿੱਚ ਮਨ ਦੇ ਅੰਧੇਪਨ ਵਿੱਚ ਹੀ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ, ਮਾਇਆ ਦੀ ਜੁਗਤਿ ਵਾਲੀ ਸਮਝ ਵਿੱਚ ਹੀ ਸੀ। ਮਨ ਦੇ ਇਸ ਅੰਧੇਪਨ ਵਿੱਚੋਂ ਪ੍ਰਮਾਤਮਾ ਕਿਸੇ ਨੂੰ ਆਪ ਹੀ ਕੱਢ ਸਕਦਾ ਹੈ ਜਿਸ ਅੰਧੇਪਨ ਵਿੱਚ ਉਸਨੇ

ਆਪ ਹੀ ਸਾਰੇ ਸੰਸਾਰ ਨੂੰ ਰੱਖਿਆ ਹੋਇਆ ਹੈ ਜੋ ਕਿ ਬਹੁਤ ਹੀ ਉੱਚੇ ਗਿਆਨ ਦਾ ਮਾਲਕ ਹੈ ਆਪਣੇ ਉੱਚੇ ਗਿਆਨ ਨਾਲ ਉਹ ਕੁਝ ਵੀ ਕਰ ਸਕਦਾ ਹੈ, ਜਿਸਨੇ ਆਪਣੇ ਉੱਚੇ ਗਿਆਨ ਦੁਆਰਾ ਇਤਨੀ ਵੱਡੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਬਹੁਤ ਹੀ ਸੁਚਾਰੂ ਢੰਗ ਨਾਲ ਕੀਤੀ ਹੈ ਉਹ ਸਾਡੇ ਮਨ ਦੀ ਸਮਝ ਨੂੰ ਜਿਸ ਤਰੀਕੇ ਰੱਖਣਾ ਚਾਵੇ ਰੱਖ ਸਕਦਾ ਹੈ ਜੋ ਇਸ ਮਨ ਦਾ ਮਾਲਕ ਹੈ। ਜਿਸਨੂੰ ਵੀ ਪ੍ਰਮਾਤਮਾ ਮਨ ਦੀ ਨਾਸਮਝੀ ਵਿੱਚੋਂ ਕੱਢਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਕੱਢਦਾ ਹੈ ਤੇ ਤਾਂ ਹੀ ਕੋਈ ਜਾਣ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ, ਮਨੁੱਖ ਕੀ ਹੈ, ਇਹ ਸੰਸਾਰ ਦੀ ਅਸਲੀਅਤ ਕੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਸੁਣੇ ਬਿਨਾਂ ਕੋਈ ਪ੍ਰਮਾਤਮਾ ਨੂੰ ਜਾਣ ਸਕੇ, ਚਉਥੇ ਪਦ ਦੇ ਗਿਆਨ ਨੂੰ ਬਰੀਕੀ ਨਾਲ ਸਮਝ ਸਕੇ ਇਹ ਨਾਮੁਮਕਿਨ ਹੈ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। **(ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥)**

ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣੇ ਬਿਨਾਂ ਨਾ ਹੀ ਕੋਈ ਉਸਦਾ ਭਗਤ ਬਣ ਸਕਦਾ ਹੇ ਤੇ ਨਾ ਹੀ ਮਨ ਦੀ ਦੁੱਖ, ਪਾਪ ਵਾਲੀ ਮਾੜੀ ਸਮਝ ਵਿੱਚੋਂ ਨਿਕਲ ਸਕਦਾ ਹੈ ਤੇ ਭਗਤੀ ਦੇ ਅਸਲ ਮਾਰਗ ਤੇ ਚੱਲ ਸਕਦਾ ਹੈ ਜੋ ਆਪਣਾ ਸੱਚਾ ਮਾਰਗ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। **(ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥)**

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥ ਸੂਖ ਸਹਜ ਦਇਆ ਕਾ ਪੋਤਾ ॥
ਹਰਿ ਭਗਤਾ ਹਵਾਲੈ ਹੋਤਾ ॥੧॥ ਮੇਰੇ ਰਾਮ ਕੋ ਭੰਡਾਰੁ ॥
ਖਾਤ ਖਰਚਿ ਕਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰੁ ॥੧॥ ਰਹਾਉ ॥ ਕੀਰਤਨੁ ਨਿਰਮੋਲਕ ਹੀਰਾ ॥
ਆਨੰਦ ਗੁਣੀ ਗਹੀਰਾ ॥ ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥
ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥
ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥ ਤਹ ਹਰਖ ਨ ਸੋਗ ਨ ਜਨਮ ਨ ਮਰਤ ॥੩॥
ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥ ਸਾਧਸੰਗਿ ਤਿਨਿ ਹਰਿ ਧਨੁ ਪਾਇਆ ॥
ਦਇਆਲ ਪੁਰਖ ਨਾਨਕ ਅਰਦਾਸਿ ॥ ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ ॥੪॥੨੪॥੩੫॥}

(ਅੰਗ ੮੯੩-੮੯੪)

{ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥
ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥
ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ ਰਾਮ
ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥
ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ ਇਹੁ ਦੂਰਿ ਕਰਹੁ ਆਪਨ ਗਹੁ ਰੇ ॥
ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥}

(ਅੰਗ ੧੧੧੮)

{ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥੧੩॥੨੪॥}

(ਅੰਗ ੬੧੫)

{ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੂਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥}

(ਅੰਗ ੭੮੩)

{ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ ॥
ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ ॥
ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ ॥

ਆਪੈ ਨਾਲਿ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪੁ ਸਿਆਣੀ ॥
ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ ॥੧੨॥}

(ਅੰਗ ੫੫੩)

{ਹਰਿ ਜਨ ਸਗਲ ਉਧਾਰੇ ਸੰਗ ਕੇ ॥ ਭਏ ਪੁਨੀਤ ਪਵਿਤ੍ਰ ਮਨ ਜਨਮ ਜਨਮ ਕੇ ਦੁਖ ਹਰੇ ॥੧॥ ਰਹਾਉ ॥
ਮਾਰਗਿ ਚਲੇ ਤਿਨ੍ੀ ਸੁਖੁ ਪਾਇਆ ਜਿਨ੍ ਸਿਉ ਗੋਸਟਿ ਸੇ ਤਰੇ ॥
ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ ॥੧॥
ਜਿਨ੍ ਕੇ ਭਾਗ ਬਡੇ ਹੈ ਭਾਈ ਤਿਨ੍ ਸਾਧੂ ਸੰਗਿ ਮੁਖ ਜੁਰੇ ॥
ਤਿਨ੍ ਕੀ ਧੂਰਿ ਬਾਂਛੈ ਨਿਤ ਨਾਨਕੁ ਪ੍ਰਭੁ ਮੇਰਾ ਕਿਰਪਾ ਕਰੇ ॥੨॥੩॥੨੨॥}

(ਅੰਗ ੧੨੦੮)

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥}

(ਅੰਗ ੭੨੨)

ਜਿਨ੍ਹਾਂ ਨੇ ਵੀ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਿਆ ਹੈ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦਾ ਹੁਕਮ ਹੀ ਸੁਣਿਆ ਹੈ ਜਿਸ ਆਪਣੇ ਹੁਕਮ ਦੁਆਰਾ ਉਸਨੇ ਆਪਣੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੈ ਜਿਸ ਮਾਰਗ ਤੇ ਚੱਲਣ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਜੋ ਪ੍ਰਮਾਤਮਾ ਦਾ ਹੁਕਮ ਮਨ ਦੇ ਵਿੱਚੋਂ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸੁਣਿਆ ਹੈ ਉਹੀ ਉਸਦਾ ਹੁਕਮ ਸਾਰੇ ਸੰਸਾਰ ਨੂੰ ਗੁਰਬਾਣੀ

48/6399

ਰਾਹੀਂ ਸ਼ਬਦਾਂ ਦੇ ਰੂਪ ਵਿੱਚ ਸੁਣਾਇਆ ਹੈ। ਪ੍ਰਮਾਤਮਾ ਸਾਰੇ ਸੰਸਾਰ ਦਾ ਪਾਤਸ਼ਾਹ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਪਾਤਸ਼ਾਹ ਰੂਪ ਹੀ ਹੈ। ਜਿਨ੍ਹਾਂ ਸਰੀਰਾਂ ਨੂੰ ਪ੍ਰਮਾਤਮਾ ਨੇ ਮਨ ਦੀ ਉੱਚੀ ਸਮਝ ਦੇਣ ਦੁਆਰਾ ਆਪਣੀ ਪਾਤਸ਼ਾਹੀ ਬਖਸ਼ੀ ਹੈ ਉਹਨਾਂ ਨੇ ਹੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਉਸ ਸੱਚੇ ਪਾਤਸ਼ਾਹ ਦਾ ਹੁਕਮ ਸੁਣਾਇਆ ਹੈ। ਪਾਤਸ਼ਾਹ ਦਾ ਹੁਕਮ ਮੰਨਣ ਲਈ ਹੀ ਹੁੰਦਾ ਹੈ। ਪ੍ਰਮਾਤਮਾ ਨੂੰ ਉਹੀ ਪਾ ਸਕਦਾ ਹੈ ਭਾਵ ਚੰਗਾ ਲੱਗ ਸਕਦਾ ਹੈ ਜੋ ਉਸਦੇ ਹੁਕਮ ਨੂੰ ਮੰਨਦਾ ਹੈ। **{ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥ ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥}** ਅੰਗ ੪੨੧

{ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥ ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥
ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥}

(ਅੰਗ ੭੩੭)

{ਗੁਣ ਅਵਗੁਣ ਸਮਾਨਿ ਹਹਿ ਜਿ ਆਪਿ ਕੀਤੇ ਕਰਤਾਰਿ ॥
ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ ॥੨॥}

(ਅੰਗ ੧੦੯੨)

{ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ ॥
ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ ॥
ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥}

(ਅੰਗ ੫੬੮)

{ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥
ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥
ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥
ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥੨॥}

(ਅੰਗ ੫੫੬)

{ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥ ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ ॥
ਹੁਕਮੁ ਭੀ ਤਿਨ੍ਹਾ ਮਨਾਇਸੀ ਜਿਨ੍ ਕਉ ਨਦਰਿ ਕਰੇਇ ॥
ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ ॥੧॥}

(ਅੰਗ ੫੧੦)

{ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥੨॥}

(ਅੰਗ ੫੦੯)

{ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥
ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥ ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥੫॥
ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ ॥ ਭਗਤਿ ਭੀ ਓਨਾ ਨੋ ਬਖਸੀਅਨੁ ਅੰਤਰਿ ਭੰਡਾਰਾ ॥੬॥
ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥ ਓਇ ਭੁਲਾਏ ਕਿਸੈ ਦੇ ਨ ਭੁਲਨ੍ੀ ਸਚੁ ਜਾਣਨਿ ਸੋਈ ॥੭॥
ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ ॥
ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ੀ ਨਾਮਿ ਹਉਮੈ ਮਾਰੀ ॥੮॥੫॥੨੭॥}

(ਅੰਗ ੪੨੫)

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥
ਦੇ ਵਡਿਆਈ ਕਰੇ ਸੁ ਹੋਇ ॥੨॥ ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥
ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥
ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥
ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥}

(ਅੰਗ ੩੫੫)

{ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨਿ ਪਾਇਆ ॥੧॥}

(ਅੰਗ ੨੬੮)

{ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥}

(ਅੰਗ ੨੦੯)

{ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥
ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥}

(ਅੰਗ ੧੦੧)

{ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥ ਜੇ ਧਨ ਖਸਮੈ ਚਲੈ ਰਜਾਈ ॥
ਦਰਿ ਘਰਿ ਸੋਭਾ ਮਹਲਿ ਬੁਲਾਈ ॥ ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥੧॥}

(ਅੰਗ ੮੫)

ਉੱਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਪੂਰੀ ਗੁਰਬਾਣੀ ਦੇ ਵਿੱਚ ਜੋ ਪ੍ਰਮਾਤਮਾ ਦਾ ਹੁਕਮ ਹੈ ਜੋ ਕਿ ਉਸਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ ਉਸਦੇ ਇਸ ਹੁਕਮ ਨੂੰ ਅਸੀਂ ਕਿਸ ਤਰੀਕੇ ਮੰਨਣਾ ਹੈ ਤੇ ਕਿਸ ਮਕਸਦ ਲਈ ਮੰਨਣਾ ਹੈ। ਅਸੀਂ ਸੱਚੀ ਭਗਤੀ ਦੇ ਮਾਰਗ ਤੇ ਭਾਵ ਨਾਮ ਜਪਣ ਦੇ ਮਾਰਗ ਤੇ ਗੁਰੂ ਦੇ ਹੁਕਮ ਨੂੰ ਮੰਨਣ ਦੁਆਰਾ ਹੀ ਚੱਲ ਸਕਦੇ ਹਾਂ। ਪ੍ਰਮਾਤਮਾ ਦਾ ਹੁਕਮ ਸਭ ਜਗ੍ਹਾ ਤੇ ਸਭ ਵਿੱਚ ਕਿਸ ਤਰੀਕੇ ਵਰਤ ਰਿਹਾ ਹੈ ਇਸ ਗੱਲ ਨੂੰ ਉਸਦੇ ਹੁਕਮ ਨੂੰ ਬੁੱਝਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਜੋ ਕਿ ਮਨ ਦੀ ਸਮਝ ਰਾਹੀਂ ਵਰਤ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ

48/6400

ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝੇ ਬਿਨਾਂ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ। ਆਪਣਾ ਹੁਕਮ ਮਨ ਦੇ ਵਿੱਚ ਉਹ ਪ੍ਰਗਟ ਹੋ ਕੇ ਆਪ ਹੀ ਬੁਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬੁਝਾਇਆ ਹੈ। ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦਾ ਤਰੀਕਾ ਇਹੀ ਹੈ ਕਿ ਪਹਿਲਾਂ ਅਸੀਂ ਉਸਦੇ ਹੁਕਮ ਨੂੰ ਮੰਨੀਏ ਜੋ ਉਸਦਾ ਹੁਕਮ ਪੂਰੀ ਗੁਰਬਾਣੀ ਵਿੱਚ ਉਸਦੀ ਸੱਚੀ ਮਤਿ ਦੇ ਰੂਪ ਵਿੱਚ ਹੈ ਭਾਵ ਸੱਚੀ ਗੁਰਮਤਿ ਦੇ ਰੂਪ ਵਿੱਚ ਹੈ। ਗੁਰੂ ਦੀ ਮਤਿ ਨੂੰ ਮੰਨਣਾ ਹੀ ਗੁਰੂ ਦੇ ਹੁਕਮ ਨੂੰ ਮੰਨਣਾ ਹੈ। ਜਿਨ੍ਹਾਂ ਨੇ ਪਹਿਲੇ ਗੁਰੂ ਦੇ ਹੁਕਮ ਨੂੰ ਆਪਣੇ ਅੰਦਰੋਂ ਸੁਣਿਆ ਹੈ ਭਾਵ ਭਗਤਾਂ ਨੇ ਸੁਣਿਆ ਹੈ ਜਿਵੇਂ ਕਿ ਅਸੀਂ ਪਿਛਲੇ ਜਪੁਜੀ ਬਾਣੀ ਦੇ ਸ਼ਬਦਾਂ ਰਾਹੀ ਸਮਝਿਆ ਹੈ ਉਹਨਾਂ ਨੇ ਪ੍ਰਮਾਤਮਾ ਦੇ ਹੁਕਮ ਨੂੰ ਸੁਣਕੇ ਉਸਨੂੰ ਮੰਨਿਆ ਵੀ ਹੈ ਭਾਵ ਉਸ ਤੇ ਅਮਲ ਵੀ ਕੀਤਾ ਹੈ ਜਿਸ ਕਰਕੇ ਉਹ ਸੱਚੀ ਭਗਤੀ ਦੇ ਮਾਰਗ ਤੇ ਚੱਲੇ ਹਨ ਤੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ ਭਾਵ ਪ੍ਰਮਾਤਮਾ ਦਾ ਸੱਚਾ ਹੁਕਮ ਸੁਣਾਇਆ ਹੈ ਜਿਸ ਸੱਚੇ ਹੁਕਮ ਨੂੰ ਮੰਨਣ ਦੁਆਰਾ ਹੀ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਉਸਦੇ ਹਰ ਵੇਲੇ ਸਾਡੇ ਅੰਦਰ ਚੱਲ ਰਹੇ ਉਸਦੇ ਹੁਕਮ ਨੂੰ ਬੁੱਝ ਸਕਦਾ ਹੈ। ਜਪੁਜੀ ਬਾਣੀ ਦੇ ਕੁਝ ਅਗਲੇ ਸ਼ਬਦਾਂ ਰਾਹੀਂ ਗੁਰੂ ਦੇ ਹੁਕਮ ਨੂੰ ਮੰਨਣਾ ਹੀ ਸਮਝਾਇਆ ਹੈ ਕਿ ਅਸੀਂ ਗੁਰੂ ਦੇ ਹੁਕਮ ਨੂੰ ਕਿਸ ਤਰੀਕੇ ਮੰਨਣਾ ਹੈ ਤੇ ਕਿਸ ਮਕਸਦ ਲਈ ਮੰਨਣਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੁਕਮ ਉਸਦੇ ਨਾਮ ਦੇ ਰੂਪ ਵਿੱਚ ਹੀ ਹੈ ਤੇ ਉਸਦੇ ਹੁਕਮ ਨੂੰ ਮੰਨਣਾ ਹੀ ਉਸਦੇ ਨਾਮ ਨੂੰ ਮੰਨਣਾ ਹੈ ਭਾਵ ਉਸਦੇ ਨਾਮ ਨੂੰ ਜਪਣਾ ਹੈ। ਪਹਿਲਾਂ ਇਹ ਗੱਲ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

“ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥”

ਉੱਪਰ ਵਾਲੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਜਿਨ੍ਹਾਂ ਨੇ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਸੁਣਿਆ ਹੈ, ਉਸਦੀ ਸੱਚੀ ਸਿੱਖਿਆ ਸੁਣੀ ਹੈ ਉਹਨਾਂ ਨੇ ਫਿਰ ਸੱਚੀ ਸਿੱਖਿਆ ਨੂੰ ਮੰਨਿਆ ਵੀ ਹੈ। ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਉਸਦਾ ਸੱਚਾ ਗਿਆਨ ਹੀ ਮਿਲਦਾ

48/6401

ਹੈ, ਚਉਥੇ ਪਦ ਦਾ ਗਿਆਨ ਹੀ ਮਿਲਦਾ ਹੈ, ਬ੍ਰਹਮ ਗਿਆਨ ਹੀ ਮਿਲਦਾ ਹੈ ਭਾਵ ਉਸਦਾ ਨਾਮ ਹੀ ਮਿਲਦਾ ਹੈ ਜੋ ਆਪਣਾ ਨਾਮ ਉਹ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਦਿੰਦਾ ਹੈ ਜੋ ਨਾਮ ਦਾ ਮਾਲਕ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸਨੂੰ ਪ੍ਰਮਾਤਮਾ ਕੋਲੋਂ ਨਾਮ ਮਿਲਦਾ ਹੈ ਭਾਵ ਜਿਸਨੂੰ ਨਾਮ ਦੀ ਸਮਝ ਪੈਂਦੀ ਹੈ ਉਹ ਹੀ ਪ੍ਰਮਾਤਮਾ ਦੇ ਨਾਮ ਨੂੰ ਮੰਨਣ ਵਾਲਾ ਹੁੰਦਾ ਹੈ ਜਿਵੇਂ ਕਿ ਭਗਤਾਂ ਨੇ ਉਸਦੇ ਨਾਮ ਨੂੰ ਮੰਨਿਆ ਹੈ। ਪ੍ਰਮਾਤਮਾ ਦੇ ਨਾਮ ਨੂੰ ਮੰਨਣ ਦੁਆਰਾ ਹੀ ਮਨੁੱਖ ਦੀ **“ਗਤਿ”** ਹੁੰਦੀ ਹੈ ਭਾਵ ਮੁਕਤੀ ਹੁੰਦੀ ਹੈ। ਮੁਕਤੀ ਮਨ ਦੇ ਬੰਧਨ ਤੋਂ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲ ਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਸਭਦੇ ਅੰਦਰ ਪ੍ਰਮਾਤਮਾ ਨੇ ਆਪ ਹੀ ਮਾਇਆ ਮੋਹ ਦਾ ਬੰਧਨ ਪਾਇਆ ਹੋਇਆ ਹੈ, ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਪਾਇਆ ਹੋਇਆ ਹੈ, ਹਉਮੈ ਵਾਲੀ ਸਮਝ ਦੇ ਰੂਪ ਵਿੱਚ ਪਾਇਆ ਹੋਇਆ ਹੈ, ਤ੍ਰੈ ਗੁਣਾਂ ਵਾਲੀ ਸਮਝ ਦੇ ਰੂਪ ਵਿੱਚ ਪਾਇਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦੇ ਰੂਪ ਵਿੱਚ ਪਾਇਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਦੇ ਬੰਧਨ ਵਿੱਚ ਰਹਿੰਦਿਆਂ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਨਾ ਹੀ ਉਸਨੂੰ ਸੱਚੀ ਭਗਤੀ ਦੇ ਮਾਰਗ ਦੀ ਸਮਝ ਪੈ ਸਕਦੀ ਹੈ, ਨਾਮ ਜਪਣ ਦੇ ਸੱਚੇ ਮਾਰਗ ਦੀ ਸਮਝ ਪੈ ਸਕਦੀ ਹੈ ਜੋ ਉਸ ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ, ਮਨ ਦੇ ਵਿੱਚ ਆਪਣੀ ਸੱਚੀ ਸਿੱਖਿਆ ਸੁਣਾਈ ਹੈ ਉਹਨਾਂ ਨੂੰ ਪ੍ਰਮਾਤਮਾ ਨੇ ਮਨ ਦੇ ਬੰਧਨ ਤੋਂ ਮੁਕਤ ਕੀਤਾ ਹੈ ਤੇ ਤਾਂ ਹੀ ਉਹਨਾਂ ਨੇ ਭਗਤੀ ਦੇ ਸੱਚੇ ਮਾਰਗ ਨੂੰ ਸਮਝਿਆ ਹੈ, ਨਾਮ ਜਪਣ ਦਾ ਸੱਚਾ ਮਾਰਗ ਸਮਝਿਆ ਹੈ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਜਪਣਾ ਸਮਝਾਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲ ਕੇ ਸ਼ਬਦਾਂ ਦੁਆਰਾ ਵੀ ਸਮਝਾਂਗੇ। ਸਾਡੇ ਅੰਦਰ ਦੀ **“ਗਤਿ”** ਕੀ ਹੈ, ਮੁਕਤੀ ਕੀ ਹੈ ਇਸ ਗੱਲ ਨੂੰ ਕੇਵਲ ਉਹ ਹੀ ਸਮਝ ਸਕਦਾ ਹੈ ਜਿਸਦੀ ਗਤਿ ਹੋ ਜਾਂਦੀ ਹੈ। ਬਿਨਾਂ ਪ੍ਰਮਾਤਮਾ ਦੇ ਨਾਲ ਮੇਲ ਹੋਏ ਕੋਈ ਮਨੁੱਖ ਦੀ ਗਤਿ ਨੂੰ ਸਮਝ ਸਕੇ ਇਹ ਨਾਮੁਮਕਿਨ ਹੈ ਕਿਉਂਕਿ ਹਰ ਕੋਈ ਭਰਮਾਂ ਵਾਲੀ ਸਮਝ ਵਿੱਚ ਹੈ, ਮਾਇਆ ਦੀ ਜੁਗਤਿ ਵਿੱਚ ਹੈ, ਤ੍ਰੈ ਗੁਣਾਂ ਵਿੱਚ ਹੈ ਜਿਸਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਜਿਸਨੂੰ ਪ੍ਰਮਾਤਮਾ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਉਹ ਹੀ

48/6402

ਸਮਝ ਸਕਦਾ ਹੈ ਕਿ ਮਨੁੱਖ ਦੀ ਗਤਿ ਕੀ ਹੈ ਭਾਵ ਕਿਵੇਂ ਹੁੰਦੀ ਹੈ। **“ਗਤਿ”** ਦੀਆਂ ਗੱਲਾਂ ਕਰਨ ਵਾਲੇ ਬਹੁਤ ਹੁੰਦੇ ਹਨ ਪਰ ਉਹ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਮਨੁੱਖ ਦੀ ਗਤਿ ਕੀ ਹੈ ਤੇ ਜਿਨ੍ਹਾਂ ਨੇ ਪ੍ਰਮਾਤਮਾ ਦੀ ਸਿੱਖਿਆ ਨੂੰ ਮੰਨਿਆ ਹੈ ਭਾਵ ਜਿਨ੍ਹਾਂ ਭਗਤਾਂ ਨੇ ਮੰਨਿਆ ਹੈ, ਜਿਨ੍ਹਾਂ ਨੂੰ ਨਾਮ ਦੀ ਸੋਝੀ ਪੈ ਗਈ ਹੈ ਉਹਨਾਂ ਦੀ **“ਗਤਿ”** ਕਿਵੇਂ ਹੋਈ ਹੈ। ਜੇ ਕੋਈ ਆਪਣੀ ਗਤਿ ਹੋਏ ਬਿਨਾਂ ਕਿਸੇ ਦੀ ਗਤਿ ਹੋਣ ਦੀਆਂ ਗੱਲਾਂ ਸਮਝਾਉਂਦੇ ਹਨ ਉਹਨਾਂ ਨੂੰ ਫਿਰ ਪਛਤਾਉਂਣਾ ਹੀ ਪੈਂਦਾ ਹੈ ਕਿਉਂਕਿ ਇਹ ਗੁਰਮਤਿ ਦੇ ਉਲਟ ਕਰਨ ਵਾਲੀ ਗੱਲ ਹੈ, ਗੁਰੂ ਦੀ ਸੱਚੀ ਸਿੱਖਿਆ ਦੇ ਉਲਟ ਕਹਿਣ ਵਾਲੀ ਗੱਲ ਹੈ। **(ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥)**

{ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥
ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥੨॥}

(ਅੰਗ ੨੬)

{ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥

ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥}

(ਅੰਗ ੨੧)

{ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥
ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥ ਮਨ ਰੇ ਨਾਮੁ ਜਪਹੁ ਸੁਖੁ ਹੋਇ ॥
ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥
ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥ ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ॥
ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥
ਨਾਮਾ ਛੀਬਾ ਕਬੀਰੁ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ ॥ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥੩॥}

(ਅੰਗ ੬੭)

{ਨਾਮੁ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ ॥੩॥}

(ਅੰਗ ੯੯੫)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥}

(ਅੰਗ ੧੦੦੨)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥}

(ਅੰਗ ੮੩੧)

{ਸਤਿਗੁਰ ਬਾਝਹੁ ਮੁਕਤਿ ਕਿਨੇਹੀ ॥ ਓਹੁ ਆਦਿ ਜੁਗਾਦੀ ਰਾਮ ਸਨੇਹੀ ॥
ਦਰਗਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਨਾ ਹੇ ॥੪॥ ਸਤਿਗੁਰੁ ਦਾਤਾ ਮੁਕਤਿ ਕਰਾਏ ॥
ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ॥ ਜਮੁ ਜਾਗਾਤਿ ਨਾਹੀ ਕਰੁ ਲਾਗੈ ਜਿਸੁ ਅਗਨਿ ਬੁਝੀ ਠਰੁ ਸੀਨਾ ਹੇ॥੫॥}

(ਅੰਗ ੧੦੨੭)

{ਲਾਲਾ ਸੋ ਜੀਵਤੁ ਮਰੈ ਮਰਿ ਵਿਚਹੁ ਆਪੁ ਗਵਾਏ ॥ ਬੰਧਨ ਤੂਟਹਿ ਮੁਕਤਿ ਹੋਇ ਤ੍ਰਿਸਨਾ ਅਗਨਿ ਬੁਝਾਏ ॥
ਸਭ ਮਹਿ ਨਾਮੁ ਨਿਧਾਨੁ ਹੈ ਗੁਰਮੁਖਿ ਕੋ ਪਾਏ ॥੫॥}

(ਅੰਗ ੧੦੧੧)

{ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥ ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥
ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥ ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ ॥
ਨਾਨਕ ਜੋ ਗੁਰੁ ਸੇਵਹਿ ਆਪਣਾ ਹਉ ਤਿਨ ਬਲਿਹਾਰੈ ਜਾਉ ॥੧॥}

(ਅੰਗ ੬੪੪)

{ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥ ਜਮੁ ਜੰਦਾਰੁ ਨ ਲਾਗੈ ਮੋਹਿ ॥
ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥ ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ॥
ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥}

(ਅੰਗ ੯੦੪)

{ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ ॥ ਬੰਧਨ ਤੋੜੇ ਮੁਕਤਿ ਘਰਿ ਰਹੈ ॥
ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥ ਮੇਰੇ ਮਨ ਕਾਹੇ ਰੋਸੁ ਕਰੀਜੈ ॥
ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ ॥੧॥ ਰਹਾਉ ॥}

(ਅੰਗ ੧੨੬੨)

48/6403

{ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥
ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥}

(ਅੰਗ ੧੩੪੩)

{ਪੂਰੈ ਸਤਿਗੁਰਿ ਬੂਝ ਬੁਝਾਈ ॥ ਵਿਣੁ ਨਾਵੈ ਮੁਕਤਿ ਕਿਨੈ ਨ ਪਾਈ ॥
ਨਾਮੇ ਨਾਮਿ ਮਿਲੈ ਵਡਿਆਈ ਸਹਜਿ ਰਹੈ ਰੰਗਿ ਰਾਤਾ ਹੇ ॥੧੪॥}

(ਅੰਗ ੧੦੫੨)

{ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥
ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥੫॥੪॥}

(ਅੰਗ ੧੨੫੫)

{ਐਸਾ ਨਾਮੁ ਮਨ ਸਦਾ ਧਿਆਈਐ ॥ ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥}

(ਅੰਗ ੨੬੪)

{ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥
ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥੨॥}

(ਅੰਗ ੬੧੧)

{ਕਲਿ ਮਹਿ ਰਾਮ ਨਾਮਿ ਵਡਿਆਈ ॥
ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ ॥੧॥ ਰਹਾਉ ॥}

(ਅੰਗ ੧੧੩੧)

{ਮਤ ਭੂਲਹਿ ਰੇ ਮਨ ਚੇਤਿ ਹਰੀ ॥
ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ ॥੧॥ ਰਹਾਉ ॥}

(ਅੰਗ ੧੧੭੧)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥

ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥
ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥
ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥}

(ਅੰਗ ੩੩)

{ਭਾਈ ਰੇ ਸੰਤ ਜਨਾ ਕੀ ਰੇਨੁ ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਨੁ ॥੧॥ ਰਹਾਉ ॥}

(ਅੰਗ ੧੮)

{ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥੨॥ ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥
ਅੰਧਕਾਰ ਮਹਿ ਭਇਆ ਪ੍ਰਗਾਸ ॥ ਜਿਨਿ ਕੀਆ ਸੋ ਗੁਰ ਤੇ ਜਾਨਿਆ ॥
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥ ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥}

(ਅੰਗ ੮੬੪)

{ਜੀਵਤ ਮੁਕਤ ਗੁਰਮਤੀ ਲਾਗੇ ॥ ਹਰਿ ਕੀ ਭਗਤਿ ਅਨਦਿਨੁ ਸਦ ਜਾਗੇ ॥ ਸਤਿਗੁਰੁ ਸੇਵਹਿ ਆਪੁ ਗਵਾਇ॥
ਹਉ ਤਿਨ ਜਨ ਕੇ ਸਦ ਲਾਗਉ ਪਾਇ ॥੧॥ ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥
ਗੁਰ ਕਾ ਸਬਦੁ ਮਹਾ ਰਸੁ ਮੀਠਾ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥}

(ਅੰਗ ੧੨੬੨)

{ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥
ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥ ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥੨॥
ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥
ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥
ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥੩॥
ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮ੍ਹਾਲੇ ॥ ਹਰਿ ਜਨ ਮਾਇਆ ਮਾਹਿ ਨਿਸਤਾਰੇ ॥
ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ ॥੪॥੧॥}

(ਅੰਗ ੭੯੬)

{ਹਰਿ ਕੇ ਨਾਮ ਬਿਨਾ ਸਭ ਝੂਠੁ ॥ ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ॥੧॥ਰਹਾਉ॥}

(ਅੰਗ ੧੧੫੧)

{ਮਨ ਮੇਰੇ ਹਰਿ ਕੈ ਨਾਮਿ ਵਡਾਈ ॥
ਹਰਿ ਬਿਨੁ ਅਵਰੁ ਨ ਜਾਣਾ ਕੋਈ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥}

(ਅੰਗ ੧੨੩੩)

{ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥੧॥ ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ ॥

ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥੧॥ ਰਹਾਉ ॥}

(ਅੰਗ ੮੮੨)

{ਨਾਮੁ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ ॥੧॥ ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ ॥
ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ ਵਡਿਆਈ ॥੧॥ ਰਹਾਉ ॥}

(ਅੰਗ ੯੧੧)

48/6404

{ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥}

(ਅੰਗ ੯੩)

{ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥
ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ ॥੧॥}

(ਅੰਗ ੪੩੭)

{ਕੋਟਿ ਜਨਮ ਕੇ ਬਿਨਸੇ ਪਾਪ ॥ ਹਰਿ ਹਰਿ ਜਪਤ ਨਾਹੀ ਸੰਤਾਪ ॥
ਗੁਰ ਕੇ ਚਰਨ ਕਮਲ ਮਨਿ ਵਸੇ ॥ ਮਹਾ ਬਿਕਾਰ ਤਨ ਤੇ ਸਭਿ ਨਸੇ ॥੧॥ ਗੋਪਾਲ ਕੋ ਜਸੁ ਗਾਉ ਪ੍ਰਾਣੀ ॥
ਅਕਥ ਕਥਾ ਸਾਚੀ ਪ੍ਰਭ ਪੂਰਨ ਜੋਤੀ ਜੋਤਿ ਸਮਾਣੀ ॥੧॥ ਰਹਾਉ ॥
ਤ੍ਰਿਸਨਾ ਭੂਖ ਸਭ ਨਾਸੀ ॥ ਸੰਤ ਪ੍ਰਸਾਦਿ ਜਪਿਆ ਅਬਿਨਾਸੀ ॥
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ ॥ ਹਰਿ ਮਿਲਣੈ ਕੀ ਏਹ ਨੀਸਾਨੀ ॥੨॥
ਮਿਟੇ ਜੰਜਾਲ ਹੋਏ ਪ੍ਰਭ ਦਇਆਲ ॥ ਗੁਰ ਕਾ ਦਰਸਨੁ ਦੇਖਿ ਨਿਹਾਲ ॥
ਪਰਾ ਪੂਰਬਲਾ ਕਰਮੁ ਬਣਿ ਆਇਆ ॥ ਹਰਿ ਕੇ ਗੁਣ ਨਿਤ ਰਸਨਾ ਗਾਇਆ ॥੩॥
ਹਰਿ ਕੇ ਸੰਤ ਸਦਾ ਪਰਵਾਣੁ ॥ ਸੰਤ ਜਨਾ ਮਸਤਕਿ ਨੀਸਾਣੁ ॥
ਦਾਸ ਕੀ ਰੇਣੁ ਪਾਏ ਜੇ ਕੋਇ ॥ ਨਾਨਕ ਤਿਸ ਕੀ ਪਰਮ ਗਤਿ ਹੋਇ ॥੪॥੩੫॥੪੬॥}

(ਅੰਗ ੮੯੭)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ ੮੩੧)

{ਗੁਰਮੁਖਿ ਮਿਲੈ ਮਿਲਾਏ ਆਪੇ ॥ ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥}

(ਅੰਗ ੧੨੪)

{ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥

ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥}

(ਅੰਗ ੧੨੭)

{ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥
ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣਤਾਸ ॥੩॥}

(ਅੰਗ ੧੭੮)

{ਬੰਧਨ ਤੋੜਿ ਬੋਲਾਵੈ ਰਾਮੁ ॥ ਮਨ ਮਹਿ ਲਾਗੈ ਸਾਚੁ ਧਿਆਨੁ ॥ ਮਿਟਹਿ ਕਲੇਸ ਸੁਖੀ ਹੋਇ ਰਹੀਐ ॥
ਐਸਾ ਦਾਤਾ ਸਤਿਗੁਰੁ ਕਹੀਐ ॥੧॥ ਸੋ ਸੁਖਦਾਤਾ ਜਿ ਨਾਮੁ ਜਪਾਵੈ ॥
ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥੧॥ ਰਹਾਉ ॥ ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥
ਸਰਬ ਨਿਧਾਨ ਗੁਰੂ ਤੇ ਪਾਵੈ ॥ ਆਪੁ ਤਿਆਗਿ ਮਿਟੈ ਆਵਣ ਜਾਣਾ ॥ ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥੨॥
ਜਨ ਊਪਰਿ ਪ੍ਰਭ ਭਏ ਦਇਆਲ ॥ ਜਨ ਕੀ ਟੇਕ ਏਕ ਗੋਪਾਲ ॥ ਏਕਾ ਲਿਵ ਏਕੋ ਮਨਿ ਭਾਉ ॥
ਸਰਬ ਨਿਧਾਨ ਜਨ ਕੈ ਹਰਿ ਨਾਉ ॥੩॥ ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥
ਗੁਰਿ ਪੂਰੈ ਮੇਟਿਆ ਅੰਧਿਆਰਾ ॥ ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥੨੪॥੯੩॥}

(ਅੰਗ ੧੮੩-੧੮੪)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥

ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥
ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥
ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ ੨੨੬-੨੨੭)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ ਅੰਧੇ ਗੁਰੂ ਤੇ ਭਰਮੁ ਨ ਜਾਈ ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥
ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥
ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥ ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥
ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ ਸਹਜਿ ਸੁਭਾਏ ॥੫॥
ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ ਮਾਇਆ ਸਬਦਿ ਜਲਾਏ ॥
ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥ ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧-੨੩੨)

{ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥੭॥
ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ ॥੮॥੩॥੧੫॥੪੪॥ ਜੁਮਲਾ}

(ਅੰਗ ੨੪੨)

{ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥}

(ਅੰਗ ੨੫੨)

{ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥ ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥}

(ਅੰਗ ੨੫੫)

{ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥੧॥}

(ਅੰਗ ੨੫੫)

{ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥}

(ਅੰਗ ੨੯੨)

{ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥
ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥}

(ਅੰਗ ੩੩੯)

48/6405

{ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥}

(ਅੰਗ ੩੪੬)

{ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮ੍ਹਾਰਿਆ ॥
ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ ॥੧॥ ਗੁਰਸਿਖ ਰਾਖੇ ਗੁਰ ਗੋਪਾਲਿ ॥
ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ ॥੧॥ ਰਹਾਉ ॥}

(ਅੰਗ ੩੮੨)

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥
ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥}

(ਅੰਗ ੩੫੩)

{ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾ ॥
ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ ॥੧॥
ਸਤਿਗੁਰੁ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ ॥
ਕਾਟਿਆ ਰੋਗੁ ਮਹਾ ਸੁਖੁ ਪਾਇਆ ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ ॥੧॥ ਰਹਾਉ ॥
ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥
ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥੨॥
ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨਹਾਰੇ ॥ ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ॥੩॥
ਗੁਣ ਨਿਧਾਨ ਸਾਹਿਬ ਮਨਿ ਮੇਲਾ ॥ ਸਰਣਿ ਪਇਆ ਨਾਨਕ ਸੁਹੇਲਾ ॥੪॥੯॥੪੮॥}

(ਅੰਗ ੩੮੩)

{ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥੧॥
ਸੋਇ ਰਹੇ ਮਾਇਆ ਮਦ ਮਾਤੇ ॥ ਜਾਗਤ ਭਗਤ ਸਿਮਰਤ ਹਰਿ ਰਾਤੇ ॥੧॥ ਰਹਾਉ ॥
ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥
ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥}

(ਅੰਗ ੩੮੮)

{ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥ ਆਦਿ ਪੁਰਖ ਗੁਰ ਦਰਸ ਨ ਦੇਖਹਿ ॥
ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥ ਦੇਖਿ ਅਚਰਜੁ ਰਹੇ ਬਿਸਮਾਦਿ ॥

ਘਟਿ ਘਟਿ ਸੁਰ ਨਰ ਸਹਜ ਸਮਾਧਿ ॥ ਭਰਿਪੁਰਿ ਧਾਰਿ ਰਹੇ ਮਨ ਮਾਹੀ ॥ ਤੁਮ ਸਮਸਰਿ ਅਵਰੁ ਕੋ ਨਾਹੀ ॥੬॥
ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥ ਬੰਧਨ ਤੋਰੇ ਸਹਜਿ ਧਿਆਨੁ ॥
ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥ ਨਾ ਜਮਦੂਤ ਦੂਖੁ ਤਿਸੁ ਲਾਗੈ ॥ ਜੋ ਜਨੁ ਰਾਮ ਨਾਮਿ ਲਿਵ ਜਾਗੈ ॥
ਭਗਤਿ ਵਛਲੁ ਭਗਤਾ ਹਰਿ ਸੰਗਿ ॥ ਨਾਨਕ ਮੁਕਤਿ ਭਏ ਹਰਿ ਰੰਗਿ ॥੮॥੯॥}

(ਅੰਗ ੪੧੬)

{ਗੁਰੁ ਸੇਵੇ ਸੋ ਠਾਕੁਰ ਜਾਨੈ ॥ ਦੂਖੁ ਮਿਟੈ ਸਚੁ ਸਬਦਿ ਪਛਾਨੈ ॥੧॥ ਰਾਮੁ ਜਪਹੁ ਮੇਰੀ ਸਖੀ ਸਖੈਨੀ ॥
ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥੧॥ ਰਹਾਉ ॥ ਬੰਧਨ ਮਾਤ ਪਿਤਾ ਸੰਸਾਰਿ ॥
ਬੰਧਨ ਸੁਤ ਕੰਨਿਆ ਅਰੁ ਨਾਰਿ ॥੨॥ ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ ॥੩॥
ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥੪॥ ਬੰਧਨ ਸਉਦਾ ਅਣਵੀਚਾਰੀ ॥
ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥੫॥ ਬੰਧਨ ਸਾਹ ਸੰਚਹਿ ਧਨੁ ਜਾਇ ॥
ਬਿਨੁ ਹਰਿ ਭਗਤਿ ਨ ਪਵਈ ਥਾਇ ॥੬॥ ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥੭॥
ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰਿ ਰਾਖੇ ਬੰਧੁ ਨ ਪਾਈ ॥੮॥੧੦॥}

(ਅੰਗ ੪੧੬)

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ ੪੬੬)

{ਗੁਰ ਚਰਣ ਲਾਗਿ ਹਮ ਬਿਨਵਤਾ ਪ੍ਰਭੁਤ ਕਹ ਜੀਉ ਪਾਇਆ ॥
ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥
ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥
ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥
ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥
ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥
ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥}

(ਅੰਗ ੪੭੫)

{ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥ ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥

ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥
ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥
ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥}

(ਅੰਗ ੧੪੧੧)

{ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥
ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥੨੪੩॥}

(ਅੰਗ ੧੩੭੭)

{ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ ॥
ਸਿਖ੍ਹਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰੰਉ ॥੨॥}

(ਅੰਗ ੧੩੮੭)

{ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ ੧੩੫੧)

{ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥ ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥
ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥ ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ॥
ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥}

(ਅੰਗ ੧੨੭੭)

{ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥
ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥੨॥}

(ਅੰਗ ੧੨੫੮)

{ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ ॥
ਬੰਧਨ ਤੋੜੇ ਮੁਕਤਿ ਘਰਿ ਰਹੈ ॥ ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥}

(ਅੰਗ ੧੨੬੨)

{ਗੁਰ ਕੇ ਚਰਨ ਬਸੇ ਮਨ ਮੇਰੈ ॥ ਪੂਰਿ ਰਹਿਓ ਠਾਕੁਰੁ ਸਭ ਥਾਈ ਨਿਕਟਿ ਬਸੈ ਸਭ ਨੇਰੈ ॥੧॥ ਰਹਾਉ ॥
ਬੰਧਨ ਤੋਰਿ ਰਾਮ ਲਿਵ ਲਾਈ ਸੰਤਸੰਗਿ ਬਨਿ ਆਈ ॥
ਜਨਮੁ ਪਦਾਰਥੁ ਭਇਓ ਪੁਨੀਤਾ ਇਛਾ ਸਗਲ ਪੁਜਾਈ ॥੧॥
ਜਾ ਕਉ ਕ੍ਰਿਪਾ ਕਰਹੁ ਪ੍ਰਭ ਮੇਰੇ ਸੋ ਹਰਿ ਕਾ ਜਸੁ ਗਾਵੈ ॥
ਆਠ ਪਹਰ ਗੋਬਿੰਦ ਗੁਨ ਗਾਵੈ ਜਨੁ ਨਾਨਕੁ ਸਦ ਬਲਿ ਜਾਵੈ ॥੨॥੬੪॥੮੭॥}

(ਅੰਗ ੧੨੨੧)

48/6406

{ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥
ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥੩॥}

(ਅੰਗ ੧੨੦੬)

{ਗੁਰ ਪਰਸਾਦਿ ਪਰਮ ਪਦੁ ਪਾਇਆ ॥ ਗੁਣ ਗੋਪਾਲ ਦਿਨੁ ਰੈਨਿ ਧਿਆਇਆ ॥
ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥
ਕਹੁ ਨਾਨਕ ਜਾ ਕੇ ਪੂਰਨ ਕਰਮਾ ॥ ਸੋ ਜਨੁ ਆਇਆ ਪ੍ਰਭ ਕੀ ਸਰਨਾ ॥
ਆਪਿ ਪਵਿਤੁ ਪਾਵਨ ਸਭਿ ਕੀਨੇ ॥ ਰਾਮ ਰਸਾਇਣੁ ਰਸਨਾ ਚੀਨੇ ॥੪॥੩੫॥੪੯॥}

(ਅੰਗ ੧੧੫੦)

{ਲਾਜ ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ ॥ ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥
ਮੂਲ ਬਿਨਾ ਸਾਖਾ ਕਤ ਆਹੈ ॥੧॥ ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥
ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ॥੧॥ ਰਹਾਉ ॥
ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥ ਕੋਟਿ ਕਰਮ ਬੰਧਨ ਕਾ ਮੂਲੁ ॥
ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥ ਬਿਨੁ ਖਾਏ ਬੂਝੈ ਨਹੀ ਭੂਖ ॥ ਰੋਗੁ ਜਾਇ ਤਾਂ ਉਤਰਹਿ ਦੂਖ ॥
ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥
ਧਨੁ ਧਨੁ ਸਾਧ ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨੁ ਗੁਣ ਗਾਉ ॥
ਧਨੁ ਹਰਿ ਭਗਤਿ ਧਨੁ ਕਰਣੈਹਾਰ ॥ ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥੪॥੩੨॥੪੫॥}

(ਅੰਗ ੧੧੪੯-੧੧੪੯)

{ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
ਨਾਦ ਰੋਗਿ ਖਪਿ ਗਏ ਕੁਰੰਗਾ ॥੧॥ ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥ ਹੇਤ ਰੋਗ ਕਾ ਸਗਲ ਸੰਸਾਰਾ ॥
ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥ ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥
ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥}

(ਅੰਗ ੧੧੪੦-੧੧੪੧)

{ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਸਦਾ ਸਦਾ ਜਾਈ ਬਲਿਹਾਰੀ ॥
ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ ਮੇਰੇ ਸੁਆਮੀ ਅਗਮ ਅਪਾਰਣਾ ॥੧੦॥
ਤੁਧੁ ਬਿਨੁ ਦੂਜੇ ਕਿਸੁ ਸਾਲਾਹੀ ॥ ਏਕੋ ਏਕੁ ਜਪੀ ਮਨ ਮਾਹੀ ॥
ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ ॥੧੧॥
ਗੁਰ ਉਪਦੇਸਿ ਜਪੀਐ ਮਨਿ ਸਾਚਾ ॥ ਗੁਰ ਉਪਦੇਸਿ ਰਾਮ ਰੰਗਿ ਰਾਚਾ ॥

ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥
ਜਹ ਰਾਖੈ ਸੋਈ ਸੁਖ ਥਾਨਾ ॥ ਸਹਜੇ ਹੋਇ ਸੋਈ ਭਲ ਮਾਨਾ ॥
ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ ॥੧੩॥
ਡਰ ਚੂਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥
ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ ॥੧੪॥
ਐਸਾ ਕੋ ਵਡਭਾਗੀ ਆਇਆ ॥ ਆਠ ਪਹਰ ਜਿਨਿ ਖਸਮੁ ਧਿਆਇਆ ॥
ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ ॥੧੫॥
ਇਹ ਬਖਸੀਸ ਖਸਮ ਤੇ ਪਾਵਾ ॥ ਆਠ ਪਹਰ ਕਰ ਜੋੜਿ ਧਿਆਵਾ ॥
ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥}

(ਅੰਗ ੧੦੨੨)

{ਇਕਿ ਦਰਿ ਸੇਵਹਿ ਦਰਦੁ ਵਞਾਏ ॥ ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥
ਹਉਮੈ ਬੰਧਨ ਸਤਿਗੁਰਿ ਤੋੜੇ ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥੧੬॥
ਸਤਿਗੁਰ ਮਿਲਹੁ ਚੀਨਹੁ ਬਿਧਿ ਸਾਈ ॥ ਜਿਤੁ ਪ੍ਰਭੁ ਪਾਵਹੁ ਗਣਤ ਨ ਕਾਈ ॥
ਹਉਮੈ ਮਾਰਿ ਕਰਹੁ ਗੁਰ ਸੇਵਾ ਜਨ ਨਾਨਕ ਹਰਿ ਰੰਗਿ ਭੀਨਾ ਹੇ ॥੧੭॥੨॥੮॥}

(ਅੰਗ ੧੦੨੮)

{ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥}

(ਅੰਗ ੧੦੧੯)

{ਕਾਟੇ ਬੰਧਨ ਠਾਕੁਰਿ ਜਾ ਕੇ ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥
ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥੨॥੧੮॥}

(ਅੰਗ ੧੦੦੪)

ਮਨੁੱਖ ਦੀ ਗਤਿ ਕੀ ਹੈ ਭਾਵ ਬੰਧਨ ਤੋਂ ਮੁਕਤੀ ਕੀ ਹੈ ਇਸ ਗੱਲ ਨੂੰ ਅਸੀਂ ਉੱਪਰ ਵਾਲੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਣ ਦਾ ਉਪਰਾਲਾ ਕੀਤਾ ਹੈ ਤੇ ਲੇਖ ਵਿੱਚ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਬੰਧਨ ਸਾਡੇ ਮਨ ਦੇ ਵਿੱਚ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੈ ਤੇ ਜੋ ਸਾਡੀ ਸਮਝ ਦਾ ਮਾਲਕ ਹੇ ਉਹ ਆਪ ਹੀ ਕਿਸੇ ਨੂੰ ਇਸ ਬੰਧਨ ਤੋਂ ਮੁਕਤ ਕਰ ਸਕਦਾ ਹੈ ਜਿਸਨੇ ਇਹ ਬੰਧਨ ਸਾਡੇ ਅੰਦਰ ਪਾਇਆ ਹੋਇਆ ਹੈ। ਮੁਕਤੀ ਤਾਂ ਹਰ ਕੋਈ ਚਾਹੁੰਦਾ ਹੈ ਜਿਸ ਕਰਕੇ ਅਨੇਕਾਂ ਹੀ ਇਸ ਸਰੀਰ ਦੇ ਬਿਨਸਨ ਤੋਂ ਬਾਅਦ ਮੁਕਤੀ ਭਾਲਦੇ ਹਨ ਤੇ ਅਨੇਕਾਂ ਹੀ ਜਗ੍ਹਾਂ ਤੇ ਜਾਕੇ ਭਟਕਦੇ ਹਨ ਜਿਸ ਵਿੱਚ ਕੇਵਲ ਖੱਜਲ ਖੁਆਰੀ ਹੈ ਹੋਰ ਕੁਝ ਵੀ ਨਹੀਂ। ਸਾਨੂੰ ਇਸ ਬੰਧਨ ਤੋਂ ਉਹੀ ਮੁਕਤ ਕਰ ਸਕਦਾ ਹੈ ਜੋ ਆਪ ਇਸ ਬੰਧਨ ਤੋਂ ਮੁਕਤ ਹਨ। ਬੰਧਨ ਤੋਂ ਮੁਕਤ ਕੇਵਲ ਆਪ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਸੱਚੇ ਗਿਆਨ ਦਾ ਸਾਗਰ ਹੈ ਜੋ ਮਨ ਦੀ ਅਗਿਆਨਤਾ ਤੋਂ ਮੁਕਤ ਹੈ। ਗੁਰੂ ਦਾ ਮਕਸਦ ਹੀ ਸਾਨੂੰ ਮਨ ਦੀ ਨਾਸਮਝ ਮਤਿ ਤੋਂ ਮੁਕਤ ਕਰਨ ਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦਾ ਨਾਮ ਹੈ ਭਾਵ ਬ੍ਰਹਮ ਗਿਆਨ ਹੈ ਜਿਸਦਾ ਮਕਸਦ ਹੀ ਸਾਨੂੰ ਸਾਡੀ ਹਉਮੈ ਵਾਲੀ ਸਮਝ ਤੋਂ ਮੁਕਤ ਕਰਨ ਦਾ ਹੈ ਭਾਵ

ਹਉਮੈ ਦੇ ਬੰਧਨ ਤੋਂ ਮੁਕਤ ਕਰਨ ਦਾ ਹੈ। ਹਉਮੈ ਦੀ ਸਮਝ ਪਏ ਬਿਨਾਂ ਤੇ ਨਾਮ ਦੀ ਸਮਝ ਪਏ ਬਿਨਾਂ ਅਸੀਂ ਇਸ ਗੱਲ ਨੂੰ ਸਮਝ ਹੀ ਨਹੀਂ ਸਕਦੇ ਕਿ ਸਾਡੀ ਮੁਕਤੀ ਕੀ ਹੈ ਤੇ ਕਿਵੇਂ ਹੋਣੀ ਹੈ। ਮੁਕਤੀ ਸਾਡੀ ਨਾਮ ਨੇ ਹੀ ਕਰਨੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥

ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥”

ਜਿਵੇਂ ਕਿ ਅਸੀਂ ਉੱਪਰ ਵਾਲੀਆਂ ਪੰਗਤੀਆਂ ਤੋਂ ਪਹਿਲੀਆਂ ਪੰਗਤੀਆਂ ਰਾਹੀ ਸਮਝਿਆ ਹੈ ਕਿ ਸਾਡੀ ਗਤਿ ਕੀ ਹੈ ਭਾਵ ਮੁਕਤੀ ਕੀ ਹੈ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸਦੀ ਗਤਿ ਹੋ ਜਾਂਦੀ ਹੈ ਭਾਵ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜੋ ਗੁਰੂ ਦੀ ਸਿੱਖਿਆ ਨੂੰ, ਗੁਰੂ ਦੇ ਨਾਮ ਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣ ਕੇ ਉਸਦੇ ਹੁਕਮ ਨੂੰ ਮੰਨ ਲੈਂਦਾ ਹੈ। ਉੱਪਰ ਵਾਲੀ ਪਹਿਲੀ ਪੰਗਤੀ ਰਾਹੀਂ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਜਾਣੇ ਬਿਨਾਂ ਕੋਈ ਐਸਾ ਮਨੁੱਖ ਨਹੀਂ ਹੈ ਜੋ ਸਾਨੂੰ ਕਿਸੇ ਕਾਗਜ ਤੇ ਕਲਮ ਨਾਲ ਲਿਖਕੇ ਸਮਝਾ ਸਕੇ ਕਿ ਮਨੁੱਖ ਦੀ ਗਤਿ ਕਿਵੇਂ ਹੁੰਦੀ ਹੈ ਭਾਵ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਨੂੰ ਉਹੋ ਜਿਹਿਆਂ ਕੋਲ ਕਿਸੇ ਦੀ ਗਤਿ ਕਰਾਉਣ ਲਈ ਨਹੀਂ ਜਾਣਾ ਚਾਹੀਦਾ ਜਿਨ੍ਹਾਂ ਨੂੰ ਗਤਿ ਦੀ ਸਮਝ ਹੀ ਨਹੀਂ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਕਿ ਕਿਸੇ ਸਰੀਰ ਦੇ ਬਿਨਸਨ ਤੋਂ ਬਾਅਦ ਮਨ ਦੀ ਨਾਮਸਝੀ ਕਰਕੇ ਗਤਿ ਕਰਾਉਣ ਲਈ ਇਧਰ ਉਧਰ ਭਟਕਦੇ ਹਨ ਤੇ ਨਾਸਮਝਾਂ ਦੇ ਵੱਸ ਪੈਂਦੇ ਹਨ। **(ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥)** ਨਾਲ ਹੀ ਅਗਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਨੂੰ ਆਪਣੀ ਗਤਿ ਲਈ ਭਾਵ ਮੁਕਤੀ ਲਈ ਕੀ ਕਰਨਾ ਚਾਹੀਦਾ ਹੈ ਜਿਸ ਦੁਆਰਾ ਸਾਡੀ ਗਤਿ ਹੋ ਸਕੇ ਜੋ ਸਾਡੀ ਗਤਿ ਇਸ ਸਰੀਰ ਦੇ ਜਿਉਂਦੇ ਹੋਏ ਹੀ ਹੋ ਸਕਦੀ ਹੈ। ਜਦ ਤਕ ਸਾਡਾ ਸਰੀਰ ਜਿਉਂਦਾ ਹੈ ਤਦ ਤਕ ਹੀ ਸਾਡੇ ਅੰਦਰ ਦੀ ਸਮਝ ਹੁੰਦੀ ਹੈ ਤੇ ਗਤਿ ਸਾਡੀ ਸਮਝ ਦੀ ਹੋਣੀ ਹੈ ਭਾਵ ਮੁਕਤੀ ਅਸੀਂ ਮਨ ਦੀ ਅਗਿਆਨਤਾ ਤੋਂ ਹੀ ਲੈਣੀ ਹੈ ਤੇ ਜਦੋਂ ਸਰੀਰ ਬਿਨਸਨ ਨਾਲ ਸਮਝ ਆਉਣੀ ਹੀ ਬੰਦ ਹੋ ਗਈ ਫਿਰ ਮੁਕਤੀ ਅਸੀਂ ਕਿਸਦੀ ਕਰਾਉਣੀ ਹੈ। **{ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥}** ਅੰਗ ੯੩ **{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥ ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥ ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥ ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥੧੯॥ ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥ ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥ ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥ ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥}** ਅੰਗ ੯੦੯ **{ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥ ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ**

ਨਿਰੰਤਰਿ ਰਹਉ ਸਮਾਏ ॥੫॥} ਅੰਗ ੯੦੪ **{ਨਾਨਕ ਪਾਇਆ ਏਹੁ ਨਿਧਾਨ ॥ ਹਰੇ ਹਰਿ ਨਿਰਮਲ ਨਾਮ ॥ ਜੋ ਜਪੈ ਤਿਸ ਕੀ ਗਤਿ ਹੋਇ ॥ ਨਾਨਕ ਕਰਮਿ ਪਰਾਪਤਿ ਹੋਇ ॥੪॥੨੯॥੪੦॥}** ਅੰਗ ੯੯੫

48/6408

ਸਾਡੀ ਮੁਕਤੀ ਗੁਰੂ ਦੀ ਮਤਿ ਨੂੰ ਮੰਨਣ ਨਾਲ ਹੀ ਹੋਣੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਆਪਣੀ ਸਮਝ ਦੇ ਅੰਦਰ ਵਸਾਉਣ ਦੁਆਰਾ ਹੀ ਹੋਣੀ ਹੈ ਭਾਵ ਗੁਰੂ ਦੇ ਨਾਮ ਨੂੰ ਆਪਣੇ ਅੰਦਰ ਵਸਾਉਣ ਦੁਆਰਾ ਹੀ ਹੋਣੀ ਹੈ। ਜਿਨ੍ਹਾਂ ਨੇ ਪਹਿਲੇ ਪ੍ਰਮਾਤਮਾ ਦੇ ਨਾਮ ਨੂੰ ਮੰਨਿਆ ਹੈ, ਗੁਰਮਤਿ ਦੀ ਸੱਚੀ ਸਮਝ ਨੂੰ ਮੰਨਿਆ ਹੈ ਉਹਨਾਂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਅਸੀਂ ਮੁਕਤੀ ਦੀ ਪ੍ਰਾਪਤੀ ਕਰ ਸਕਦੇ ਹਾਂ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥”

ਉੱਪਰ ਮੰਨੇ ਹੋਏ ਭਗਤਾਂ ਨੂੰ ਹੀ ਕਿਹਾ ਹੋਇਆ ਹੈ ਜਿਨ੍ਹਾਂ ਨੇ ਗੁਰੂ ਦੀ ਮਤਿ ਨੂੰ ਸੁਣਕੇ ਮੰਨਿਆ ਹੈ ਜਿਸ ਦੁਆਰਾ ਉਹਨਾਂ ਦੀ ਗਤਿ ਹੋਈ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤੀ ਹੋਈ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਉਸ ਕੋਲੋਂ ਸੱਚੀ ਗੁਰਮਤਿ ਦੀ ਸਮਝ ਵਾਲਾ ਉੱਚਾ ਗਿਆਨ ਲਿਆ ਹੈ ਜੋ ਉੱਚਾ ਗਿਆਨ ਪ੍ਰਮਾਤਮਾ ਕੋਲੋਂ ਉਸਦੇ ਨਾਮ ਦੇ ਰੂਪ ਵਿੱਚ ਮਿਲਦਾ ਹੈ। ਜੋ ਆਪਣੇ ਅੰਤਰ ਦੀ ਗਤਿ ਚਾਹੁੰਦਾ ਹੈ ਉਸਨੂੰ ਉੱਪਰ ਵਾਲੀ ਪੰਗਤੀ ਦੁਆਰਾ ਇਹ ਸਮਝਾਇਆ ਹੈ ਕਿ ਉਹ ਉਹਨਾਂ ਦੀ ਗੱਲ ਨੂੰ ਵਿਚਾਰਨ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ। ਜਿਨ੍ਹਾਂ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਕੋਲੋਂ ਸੁਣਨ ਦੁਆਰਾ ਜੋ ਗੁਰਮਤਿ ਦੀ ਸਮਝ ਪਈ ਹੈ ਉਹਨਾਂ ਨੇ ਉਸ ਸਮਝ ਨੂੰ ਮੰਨਿਆ ਵੀ ਹੈ ਤੇ ਜਿਹੋ ਜਿਹੀ ਜੀ ਸਮਝ ਨੂੰ ਉਹਨਾਂ ਨੇ ਆਪ ਮੰਨਿਆ ਹੈ ਉਹੀ ਸਮਝ ਉਹਨਾਂ ਨੇ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਵਿੱਚ ਪਾਈ ਹੈ ਜੋ ਸ਼ਬਦਾਂ ਦੀ ਵਿਚਾਰ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਨਾਮ ਦੇ ਰੂਪ ਵਿੱਚ ਹੈ। ਜੋ ਸ਼ਬਦਾਂ ਦੀ ਵਿਚਾਰ ਨੂੰ ਮੰਨਦਾ ਹੈ ਉਹੀ ਕੋਈ ਵਿਰਲਾ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਸਨੂੰ ਸਮਝ ਲੱਗ ਸਕਦੀ ਹੈ ਕਿ ਮਨੁੱਖ ਦੀ ਗਤਿ ਕੀ ਹੈ ਭਾਵ ਮਨ ਦੀ ਮੁਕਤੀ ਕੀ ਹੈ। ਸਾਰੀ ਗੱਲ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੀ ਹੈ ਭਾਵ ਪ੍ਰਮਾਤਮਾ ਦੇ ਨਾਮ ਨੂੰ ਮੰਨਣ ਦੀ ਹੈ। ਸ਼ਬਦਾਂ ਦੀ ਸੱਚੀ ਵਿਚਾਰ ਸਾਨੂੰ ਗੁਰੂ ਪ੍ਰਮਾਤਮਾ ਦਾ ਸੱਚਾ ਗਿਆਨ ਹੀ ਦਿੰਦੀ ਹੈ ਤੇ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਸਾਡੀ ਅਗਿਆਨਤਾ ਵਾਲੀ ਸਮਝ ਦੀ ਮੁਕਤੀ ਹੀ ਹੁੰਦੀ ਹੈ

48/6409

ਭਾਵ ਸਾਡੀ ਮਾੜੀ ਸਮਝ ਦੀ ਅੰਤਰ ਗਤਿ ਹੀ ਹੁੰਦੀ ਹੈ ਭਾਵ ਮੁਕਤੀ ਦਾ ਮਾਰਗ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਣ ਦਾ ਹੀ ਹੈ ਭਾਵ ਗੁਰੂ ਦੇ ਨਾਮ ਨੂੰ ਆਪਣੀ ਸਮਝ ਦੇ ਵਿੱਚ ਜਪਣ ਦਾ ਹੀ ਹੈ ਜਿਸ ਨਾਮ ਨੂੰ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਜਪਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਨਾਮ ਜਪਣਾ ਸਮਝਦੇ ਆ ਰਹੇ ਹਾਂ। **(ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥)**

ਜੋ ਗੁਰੂ ਦੀ ਗੱਲ ਨੂੰ ਮੰਨਦੇ ਹਨ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਦੇ ਹਨ ਭਾਵ ਜੋ ਗੁਰੂ ਦੇ ਨਾਮ ਨੂੰ ਮੰਨਦੇ ਹਨ ਭਾਵ ਜੋ ਗੁਰੂ ਦੀ ਮਤਿ ਤੇ ਅਮਲ ਕਰਦੇ ਹਨ ਉਹਨਾਂ ਨੂੰ ਮੰਨਣ ਦੇ ਨਾਲ ਕੀ ਲਾਭ ਮਿਲਦਾ ਹੈ ਇਹੀ ਗੱਲ ਅਗਲੇ ਕੁਝ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ। ਪਹਿਲਾਂ ਹੇਠ ਦਿੱਤੇ ਜਪੁਜੀ ਬਾਣੀ ਦੇ ਅਗਲੇ ਸ਼ਬਦ ਨੂੰ ਸਮਝਦੇ ਹਾਂ।

“ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥

ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥”

ਉੱਪਰ ਸ਼ਬਦ ਰਾਹੀ ਗੁਰੂ ਦੇ ਨਾਮ ਨੂੰ ਮੰਨਣਾ ਹੀ ਸਮਝਾਇਆ ਹੋਇਆ ਹੈ। ਮੰਨਣਾ ਤਾਂ ਅਸੀਂ ਉਸੇ ਗੱਲ ਨੂੰ ਹੀ ਹੈ ਜੋ ਗੁਰੂ ਸਾਨੂੰ ਸਮਝਾਉਂਦਾ ਹੈ, ਗੁਰਬਾਣੀ ਸਾਨੂੰ ਸਮਝਾਉਂਦੀ ਹੈ, ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦੀ ਹੈ। ਸ਼ਬਦਾਂ ਦੀ

ਵਿਚਾਰ ਨੂੰ ਮੰਨਣਾ ਹੀ ਗੁਰੂ ਦੇ ਨਾਮ ਨੂੰ ਮੰਨਣਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀ ਸਮਝਿਆ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਸੱਚਾ ਗਿਆਨ ਹੀ ਦਿੰਦੀ ਹੈ ਜਿਸ ਸੱਚੇ ਗਿਆਨ ਨੂੰ ਸਾਡੀ ਸੁਰਤਿ ਦੇ ਵਿਚਾਰਾਂ ਨੇ ਹੀ ਮੰਨਣਾ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਸਾਡੀ ਸੁਰਤਿ ਦੇ ਵਿਚਾਰਾਂ ਨੇ ਹੀ ਮੰਨਣਾ ਹੈ ਜਿਸ ਦੁਆਰਾ ਸ਼ਬਦ ਸੁਰਤਿ ਦਾ ਮੇਲ ਹੁੰਦਾ ਹੈ ਜੋ ਮੇਲ ਸਾਡੇ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ ਜਿਸ ਮੇਲ ਦੁਆਰਾ ਸਾਨੂੰ ਗੁਰੂ ਦੀ ਸੱਚੀ ਬੁਧਿ ਮਿਲਦੀ ਹੈ। ਸਾਡੀ ਸੁਰਤਿ ਦੇ ਵਿਚਾਰ ਭਰਮਾਂ ਵਾਲੇ ਵਿਚਾਰ ਹਨ ਜਿਨ੍ਹਾਂ ਵਿੱਚ ਮਨਮਤਿ ਹੈ ਤੇ ਸ਼ਬਦਾਂ ਦੇ ਵਿਚਾਰ ਗੁਰਮਤਿ ਵਾਲੇ ਵਿਚਾਰ ਹਨ ਜਿਨ੍ਹਾਂ ਨੂੰ ਸਾਡੇ ਮਨਮਤਿ ਵਾਲੇ ਵਿਚਾਰਾਂ ਨੇ ਮੰਨਣਾ ਹੈ ਤੇ ਮੰਨਣ ਦੁਆਰਾ ਆਪਣੇ ਮਨ ਦੇ ਵਿਚਾਰਾਂ ਨੂੰ ਗੁਰਮਤਿ ਵਾਲੇ ਵਿਚਾਰ ਬਨਾਉਣਾ ਹੈ ਭਾਵ ਆਪਣੇ ਅੰਦਰ ਦੀ ਮਾੜੀ ਬੁਧਿ ਨੂੰ ਚੰਗੀ ਬੁਧਿ ਬਨਾਉਣਾ ਹੈ, ਗੁਰਮਤਿ ਵਾਲੀ ਬੁਧਿ ਬਨਾਉਣਾ ਹੈ ਜਿਸ ਦੁਆਰਾ ਮਨੁੱਖ ਨੂੰ ਗੁਰਮਤਿ ਦੀ ਸੱਚੀ ਸਮਝ ਪੈਂਦੀ ਹੈ ਭਾਵ ਗੁਰੂ ਦੇ ਨਾਮ ਦੀ ਸਮਝ ਪੈਂਦੀ ਹੈ, ਭਗਤੀ ਦੇ ਸਹੀ ਮਾਰਗ ਦੀ ਸਮਝ ਪੈਂਦੀ ਹੈ। **(ਮੰਨੈ ਸੁਰਤਿ ਹੋਵੈ ਮਨਿ ਬੁਧਿ ॥)** ਗੁਰੂ ਦੀ ਮਤਿ ਸਾਨੂੰ ਸਾਰੇ ਸੰਸਾਰ ਦੀ ਸੱਚਾਈ

48/6410

ਸਮਝਾਉਂਦੀ ਹੈ ਕਿ ਇਹ ਸਾਰਾ ਸੰਸਾਰ ਕੀ ਹੈ, ਕਿਵੇਂ ਬਣਿਆ ਹੈ, ਕਿਸ ਨੇ ਬਣਾਇਆ ਹੈ ਤੇ ਕਿਸ ਤਰੀਕੇ ਬਣਾਇਆ ਹੈ ਭਾਵ ਇਹ ਸੋਝੀ ਸਾਨੂੰ ਗੁਰੂ ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਹੀ ਪਾਉਂਦਾ ਹੈ ਤੇ ਜੋ ਗੁਰੂ ਦੇ ਵਿਚਾਰਾਂ ਨੂੰ ਮੰਨ ਲੈਂਦਾ ਹੈ ਭਾਵ ਜਿਸਨੂੰ ਗੁਰੂ ਦੇ ਵਿਚਾਰਾਂ ਤੇ ਵਿਸ਼ਵਾਸ ਆ ਜਾਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਇਹ ਸੰਸਾਰ ਦੀ ਅਸਲੀਅਤ ਕੀ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਸ ਵਿੱਚ ਮਨੁੱਖੀ ਸਰੀਰ ਵੀ ਆਉਂਦਾ ਹੈ। ਗੁਰੂ ਸਾਨੂੰ ਆਪਣੇ ਸ਼ਬਦਾਂ ਰਾਹੀਂ ਬਾਰ-ਬਾਰ ਸਮਝਾ ਰਿਹਾ ਹੈ ਪਰ ਇਹ ਗੱਲ ਸਾਡੇ ਮੰਨਣ ਵਿੱਚ ਨਹੀਂ ਆਉਂਦੀ ਭਾਵ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ। ਵਿਸ਼ਵਾਸ ਉਸੇ ਨੂੰ ਹੀ ਆਉਂਦਾ ਹੈ ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪਣੇ ਆਪ ਦੀ ਸੱਚਾਈ ਆਪ ਹੀ ਸੁਣਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ ਸੁਣਾਇਆ ਹੈ ਤੇ ਭਗਤਾਂ ਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਸੁਣਕੇ ਇਹ ਵਿਸ਼ਵਾਸ ਆਇਆ ਹੈ ਤੇ ਤਾਂ ਹੀ ਉਹ ਇਸ ਗੱਲ ਨੂੰ ਮੰਨੇ ਹਨ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਸਭ ਜਗ੍ਹਾ ਆਪਣੇ ਨਾਮ ਦੁਆਰਾ ਵਿਚਰ ਰਿਹਾ ਹੈ। ਉਸਨੇ ਆਪਣੇ ਨਾਮ ਦੁਆਰਾ ਹੀ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ, ਜੋਤਿ ਰੂਪ ਦੁਆਰਾ ਹੀ ਭਾਵ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਹੀ ਭਾਵ ਆਪਣੀ ਸੱਚੀ ਸਾਇੰਸ ਦੁਆਰਾ ਹੀ ਸਾਰੀ ਸ੍ਰਿਸ਼ਟੀ ਨੂੰ ਚੱਲਾ ਰਿਹਾ ਹੈ। **(ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥)**

ਗੁਰੂ ਜੋ ਕੁਝ ਸਾਨੂੰ ਸਮਝਾਉਂਦਾ ਹੈ ਉਸਦੀ ਗੱਲ ਨੂੰ ਮੰਨਣ ਦੁਆਰਾ ਹੀ ਭਾਵ ਉਸਦਾ ਨਾਮ ਮੰਨਣ ਦੁਆਰਾ ਹੀ ਮਨੁੱਖ ਨੂੰ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਨਾਮ ਜਪਣ ਦੀ ਸਮਝ ਪੈਂਦੀ ਹੈ ਤੇ ਤਾਂ ਹੀ ਮਨੁੱਖ ਦਾ ਦੁੱਖਾਂ ਤੋਂ ਛੁਟਕਾਰਾ ਹੁੰਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥”

ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੈ ਸਾਡੇ ਅੰਦਰ ਦੁੱਖਾਂ ਦਾ ਕਾਰਣ ਕੀ ਹੈ ਤੇ ਉਸ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ,

48/6411

ਉਹੀ ਗੱਲ ਸਾਨੂੰ ਉੱਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਉੱਪਰ ਪੰਗਤੀਆਂ ਰਾਹੀਂ ਸਾਨੂੰ ਆਪਣੇ ਅੰਦਰ ਦੀਆਂ ਚੋਟਾਂ ਬਾਰੇ ਹੀ ਸਮਝਾਇਆ ਹੋਇਆ ਹੈ ਜੋ ਚੋਟਾਂ ਮਨੁੱਖ ਹਰ ਵੇਲੇ ਮਨ ਦੇ ਵਿੱਚ ਖਾਂਦਾ ਰਹਿੰਦਾ ਹੈ। ਇਹ ਚੋਟਾਂ ਸਾਡੇ ਅੰਦਰ ਮਨ ਦੀਆਂ ਟੈਨਸ਼ਨਾਂ ਹਨ ਜੋ ਸਾਨੂੰ ਹਰ ਵੇਲੇ ਮਨ ਦੇ ਵਿੱਚ ਦੁੱਖ ਦਿੰਦੀਆਂ ਰਹਿੰਦੀਆਂ ਹਨ ਜਿਨ੍ਹਾਂ ਦਾ ਕਾਰਨ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਹਨ ਜਿਨ੍ਹਾਂ ਦੀ ਪੂਰਤੀ ਨਾ ਹੋਣ ਕਰਕੇ ਸਾਨੂੰ ਦੁੱਖ ਲੱਗਾ ਰਹਿੰਦਾ ਹੈ। ਇਹਨਾਂ ਤ੍ਰਿਸ਼ਨਾ ਦਾ ਕਾਰਣ ਸਾਡੇ ਅੰਦਰ ਦੀ ਹਉਮੈ ਹੈ ਭਾਵ ਮਨ ਦੀ ਨਾਸਮਝ ਮਤਿ ਹੈ, ਮਨ ਦੀ ਅਗਿਆਨਤਾ ਹੈ ਜਿਸ ਵਿੱਚ ਰਹਿੰਦਿਆਂ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਨਹੀਂ ਸਮਝਦੇ, ਨਾਮ ਜਪਣ ਦੇ ਸਹੀ ਮਾਰਗ ਨੂੰ ਨਹੀਂ ਸਮਝਦੇ ਤੇ ਉਹ ਕੁਝ ਕਰਦੇ ਹਾਂ ਜੋ ਗੁਰਮਤਿ ਦੇ ਉਲਟ ਹੁੰਦਾ ਹੈ ਭਾਵ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਾੜੇ ਕਰਮ ਕਰਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਕਰਕੇ ਅਨੇਕਾਂ ਹੀ ਅਉਗੁਣ ਕਰਦੇ ਹਾਂ, ਮਾੜੇ

ਕਰਮ ਕਰਦੇ ਹਾਂ। ਸਾਡੇ ਅੰਦਰ ਦੇ ਇਹ ਅਉਗੁਣਾਂ ਵਾਲੇ ਮਾੜੇ ਵਿਚਾਰ ਹੀ ਸਾਡੇ ਅੰਦਰ ਦੇ ਜਮ ਹਨ ਜਿਨ੍ਹਾਂ ਜਮਾਂ ਦੀ ਮਾਰ ਕਰਕੇ ਅਸੀਂ ਮਨ ਦੀਆਂ ਟੈਨਸ਼ਨਾਂ ਭਾਵ ਤਣਾਅ ਦੇ ਵਿੱਚ ਰਹਿੰਦੇ ਹਾਂ ਭਾਵ ਜਮਾਂ ਦੀ ਮਾਰ ਸਹਿੰਦੇ ਹਾਂ, ਮਨ ਦੀਆਂ ਚੋਟਾਂ ਨੂੰ ਸਹਿੰਦੇ ਹਾਂ ਤੇ ਪ੍ਰਮਾਤਮਾ ਦੇ ਦਰ ਤੋਂ ਇਹਨਾਂ ਸਜਾਵਾਂ ਦੇ ਭਾਗੀਦਾਰ ਬਣਦੇ ਹਾਂ। ਸੱਚੀ ਭਗਤੀ ਦੀ ਨਾਸਮਝੀ ਕਰਕੇ ਭਾਵ ਨਾਸਮਝ ਮਤਿ ਕਰਕੇ ਅਸੀਂ ਅਨੇਕਾਂ ਹੀ ਉਹੋ ਜਿਹੇ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਜਿਨ੍ਹਾਂ ਨਾਲ ਅਸੀਂ ਆਪਣੇ ਸਰੀਰ ਨੂੰ ਵਿਅਰਥ ਵਿੱਚ ਹੀ ਦੁੱਖ ਦਿੰਦੇ ਹਾਂ। ਇਹਨਾਂ ਦੁੱਖਾਂ ਦਾ ਕਾਰਣ ਸਾਡੇ ਮਨ ਦੀ ਅਗਿਆਨਤਾ ਹੀ ਹੈ। ਗੁਰੂ ਸਾਨੂੰ ਬਾਰ-ਬਾਰ ਉਸ ਖੁਆਰੀ ਤੋਂ ਬੱਚਣ ਲਈ ਸਮਝਾਉਂਦਾ ਹੈ ਪਰ ਅਸੀਂ ਆਪਣੀ ਹਉਮੈ ਕਰਕੇ, ਮਨਮਤਿ ਕਰਕੇ ਵਿਅਰਥ ਵਿੱਚ ਹੀ ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਾਂ, ਦੁੱਖ ਦਿੰਦੇ ਹਾਂ। ਜੋ ਕਿਸੇ ਦਿਨ ਆਪਣੀ ਨਾਮਸਮਝੀ ਵਾਲੀ ਭਗਤੀ ਤੇ ਪੂਰਾ ਨਾ ਉਤਰ ਸਕੇ ਭਾਵ ਨਾ ਕਰ ਸਕੇ ਉਸਨੂੰ ਵੀ ਮਨ ਦੇ ਵਿੱਚ ਬੇਵਜ੍ਹਾ ਦੀ ਟੈਂਸ਼ਨ ਲੱਗੀ ਰਹਿੰਦੀ ਹੈ ਕਿ ਮੈਂ ਅੱਜ ਪ੍ਰਮਾਤਮਾ ਦਾ ਜਪ ਤਪ ਨਹੀਂ ਕੀਤਾ, ਮੈਂ ਅੱਜ ਕਿਸੇ ਖਾਸ ਵੇਲੇ ਦੀ ਸੰਭਾਲ ਕਰਨ ਤੋਂ ਖੁੰਝ ਗਿਆ ਹਾਂ। ਇਹ ਸਭ ਆਪਣੇ ਅੰਦਰ ਵਿਅਰਥ ਦੀਆਂ ਚੋਟਾਂ ਖਾਣ ਦੀ ਗੱਲ ਹੈ। ਸਾਰੀ ਗੱਲ ਗੁਰੂ ਦੀ ਮਤਿ ਨੂੰ ਨਾ ਮੰਨਣ ਦੀ ਹੈ ਭਾਵ ਗੁਰੂ ਦਾ ਨਾਮ ਨਾ ਜਪਣ ਦੀ ਹੈ ਭਾਵ ਮਨ ਦੀ

48/6412

ਅਗਿਆਨਤਾ ਨਾ ਛੱਡਣ ਦੀ ਹੈ, ਹਉਮੈ ਨਾ ਛੱਡਣ ਦੀ ਹੈ, ਮਨਮਤਿ ਨਾ ਛੱਡਣ ਦੀ ਹੈ, ਮਾਇਆ ਮੋਹ ਨਾ ਛੱਡਣ ਦੀ ਹੈ ਭਾਵ ਗੁਰਮਤਿ ਦੇ ਉਲਟ ਚੱਲਕੇ ਅਸੀਂ ਦੁੱਖ ਹੀ ਸਹਿੰਦੇ ਹਾਂ। ਜੋ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ ਭਾਵ ਉਸਦੇ ਨਾਮ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ ਉਹ ਫਿਰ ਇਹਨਾਂ ਦੁੱਖਾਂ ਵਿੱਚੋਂ ਨਿਕਲ ਜਾਂਦਾ ਹੈ। **(ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥)**

ਹੁਣ ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਦੀ ਮਤਿ ਨੂੰ ਮੰਨਣ ਵਾਲੇ ਕੌਣ ਹੁੰਦੇ ਹਨ, ਨਾਮ ਵਾਲੇ ਕੌਣ ਹੁੰਦੇ ਹਨ ਭਾਵ ਨਾਮ ਵਾਲੇ ਉਹੀ ਹੁੰਦੇ ਹਨ ਜੋ ਗੁਰੂ ਦੀ ਗੱਲ ਨੂੰ ਮੰਨ ਲੈਂਦੇ ਹਨ ਜੋ ਕਿ ਕੋਈ ਵਿਰਲਾ ਹੀ ਹੁੰਦਾ ਹੈ। **(ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥)**

ਜੋ ਅਸੀਂ ਨਾਮ ਨੂੰ ਮੰਨਣ ਬਾਰੇ ਉੱਪਰ ਸ਼ਬਦ ਰਾਹੀਂ ਸਮਝਿਆ ਹੈ ਉਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਨਾਮ ਸਾਡੀ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ। ਨਾਮ ਗੁਰੂ ਦਾ ਗਿਆਨ ਪਦਾਰਥ ਹੈ ਜਿਸ ਗਿਆਨ ਪਦਾਰਥ ਦਾ ਮਕਸਦ ਮਨੁੱਖ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ। ਨਾਮ ਦੀ ਪ੍ਰਾਪਤੀ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਜੋ ਪ੍ਰਾਪਤੀ ਮਨ ਦਾ ਬੰਧਨ ਟੁੱਟਣ ਦੁਆਰਾ ਭਾਵ ਅਗਿਆਨਤਾ ਵਾਲੀ ਸਮਝ ਦਾ ਬੰਧਨ ਟੁੱਟਣ ਦੁਆਰਾ ਹੀ ਹੁੰਦੀ ਹੈ। ਪ੍ਰਮਾਤਮਾ ਦੀ ਸੱਚੀ ਪੂਜਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਹੁੰਦੀ ਹੈ ਭਾਵ ਗੁਰੂ ਦਾ ਨਾਮ ਮੰਨਣ ਦੁਆਰਾ ਹੀ ਹੁੰਦੀ ਹੈ ਜੋ ਨਾਮ ਮਿਲਣ ਦੁਆਰਾ ਭਾਵ ਪ੍ਰਮਾਤਮਾ ਕੋਲੋਂ ਉਸਦਾ ਸੱਚਾ ਗਿਆਨ ਮਿਲਣ ਦੁਆਰਾ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਭਾਵ ਪ੍ਰਮਾਤਮਾ ਤੋਂ ਬਗੈਰ ਦੂਜਾ ਕੋਈ ਨਹੀਂ ਹੈ। ਇਸ ਗੱਲ ਦੀ ਸਮਝ ਪਏ ਬਿਨਾਂ ਨਾ ਹੀ ਕੋਈ ਪ੍ਰਮਾਤਮਾ ਦੇ ਨਾਮ ਨੂੰ ਪੂਰੀ ਤਰ੍ਹਾਂ ਸਮਝਣ ਵਾਲਾ ਹੁੰਦਾ ਹੈ ਤੇ ਨਾ ਹੀ ਕਿਸੇ ਨੂੰ ਪ੍ਰਮਾਤਮਾ ਦੀ ਸੱਚੀ ਪੂਜਾ ਦੀ ਸਮਝ ਆ ਸਕਦੀ ਹੈ, ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਆ ਸਕਦੀ ਹੈ ਜੋ ਕਿ ਸਾਡੀ ਕਥਨੀ ਨਹੀਂ ਬਲਕਿ ਸਾਡੀ ਕਰਨੀ ਦਾ ਮਾਰਗ ਹੈ। ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੇ ਕੁਝ ਪਦਿਆਂ ਨੂੰ ਲੇਖ ਵਿੱਚ ਪਿੱਛੇ ਪਹਿਲੇ ਹੀ ਸਮਝਿਆ ਹੈ ਤੇ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ

48/6413

ਸਾਨੂੰ ਇਹ ਗੱਲ ਹੋਰ ਦ੍ਰਿੜ ਹੋ ਸਕੇ ਕਿ ਗੁਰੂ ਦੇ ਨਾਮ ਨੂੰ ਮੰਨਣਾ ਕੀ ਹੈ।

"ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥
ਸਬਦਿ ਰਤੇ ਸਦਾ ਸੁਖੁ ਹੋਈ ॥੧॥ ਐਸਾ ਗਿਆਨੁ ਪਦਾਰਥੁ ਨਾਮੁ ॥
ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥ ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥
ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ ਜੋ ਆਂਜੈ ਸੋ ਦੀਸੈ ਕਾਲਿ ॥
ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥ ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ॥
ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥ ਰੈਣਿ ਅੰਧਾਰੀ ਨਿਰਮਲ ਜੋਤਿ ॥
ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥
ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥”

(ਅੰਗ ੮੩੧)

ਬੜਾ ਸਪਸ਼ਟ ਹੈ ਕਿ ਨਾਮ ਗੁਰੂ ਦਾ ਗਿਆਨ ਪਦਾਰਥ ਹੈ ਤੇ ਨਾਮ ਦੇ ਰਸ ਨਾਲ ਜੁੜਨਾ ਗਿਆਨ ਦੇ ਰਸ ਨਾਲ ਜੁੜਨਾ ਹੈ। ਗਿਆਨ ਦਾ ਰਸ ਸ਼ਬਦਾਂ ਦੇ ਗਿਆਨ ਦੇ ਅੰਦਰ ਦੀ ਸਮਝ ਹੈ ਜਿਸ ਰਸ ਨਾਲ ਜੁੜੇ ਬਿਨਾਂ ਪ੍ਰਮਾਤਮਾ ਦੇ ਦਰ ਤੋਂ ਮਾਣ ਨਹੀਂ ਮਿਲਦਾ। ਨਾਮ ਰਸ ਕੀ ਹੈ ਇਸਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜਿਸਨੂੰ ਕਿ ਮਹਾ ਰਸ ਵੀ ਕਿਹਾ ਹੈ। ਜਿਹੜਾ ਇਸ ਮਹਾ ਰਸ ਨੂੰ ਚੱਖਦਾ ਹੈ ਭਾਵ ਗਿਆਨ ਰਸ ਨੂੰ ਚੱਖਦਾ ਹੈ ਜਿਸਨੂੰ ਕਿ ਸਾਡਾ ਮਨ ਹੀ ਚੱਖਦਾ ਹੈ ਉਸਨੂੰ ਹੀ ਮਨ ਦੇ ਵਿੱਚੋਂ ਮਨ ਦੇ ਉੱਚੇ ਗਿਆਨ ਵਾਲੀ ਸਮਝ ਦੁਆਰਾ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। **{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}** ਅੰਗ ੧੦੩੨

ਇਹੀ ਗੱਲ ਸਾਨੂੰ ਉੱਪਰ ਵਾਲੇ ਮੁੱਖ ਸ਼ਬਦ ਦੁਆਰਾ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੇ ਦਰਸ਼ਨ ਮਨ ਦੇ ਵਿੱਚੋਂ ਕਿਸੇ ਵਿਰਲੇ ਨੂੰ ਹੀ ਹੁੰਦੇ ਹਨ ਜਿਸਨੂੰ ਨਾਮ ਰਸ ਦੀ ਭਾਵ ਗੁਰੂ ਦੇ ਗਿਆਨ ਰਸ ਦੀ ਪ੍ਰਾਪਤੀ ਹੋ ਜਾਂਦੀ ਹੈ। **(ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥੧॥ ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥)**

ਗੁਰੂ ਦਾ ਨਾਮ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ। ਗੁਰੂ ਦਾ ਗਿਆਨ ਭਾਵ ਗੁਰੂ ਦਾ ਨਾਮ ਸਾਨੂੰ ਕੁਝ ਸਿੱਖਿਆ ਦੇਣ ਲਈ ਹੈ ਤੇ ਜੇਕਰ ਅਸੀਂ ਗੁਰੂ ਦੀ ਸਿੱਖਿਆ ਨੂੰ ਮੁੱਖੋਂ ਸਿੱਖਿਆ ਸਿੱਖਿਆਂ ਕਹਿ ਕੇ ਬੋਲੀ ਜਾਈਏ, ਨਾਮ ਨਾਮ ਕਹਿ ਕੇ ਬੋਲੀ ਜਾਈਏ ਉਸ ਨਾਲ ਗੁਰੂ ਦੇ ਗਿਆਨ ਦਾ ਮਕਸਦ ਹੀ ਕੀ ਰਹਿ ਗਿਆ। ਜਦ ਤਕ ਗੁਰੂ ਦੇ ਗਿਆਨ ਨੂੰ ਅਸੀਂ ਆਪਣੀ ਸਮਝ ਦੇ ਵਿੱਚ ਨਹੀਂ ਵਸਾਉਂਦੇ ਤਦ ਤਕ ਸਾਨੂੰ ਮਨ ਦੇ ਭਰਮਾਂ ਤੋਂ, ਮਨ ਦੀ ਹਉਮੈ ਵਾਲੀ ਸਮਝ ਤੋਂ ਮੁਕਤੀ ਕਿਵੇਂ ਮਿਲ ਸਕਦੀ ਹੈ। ਨਾਮ ਰਸੁ ਦਾ ਮਕਸਦ ਸਾਨੂੰ ਮਨ ਦੀ ਅਗਿਅਨਾਤਾ ਵਾਲੀ ਸਮਝ ਤੋਂ ਮੁਕਤ ਕਰਨ ਦਾ ਹੈ ਭਾਵ ਨਾਮ ਸਾਡੀ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ। ਸਾਡੇ ਅੰਦਰ ਦਾ ਦੁੱਖ ਕਥਨੀ ਨਾਲ ਨਹੀਂ ਜਾ ਸਕਦਾ ਬਲਕਿ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਹੋ ਕੇ ਹੀ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਦੇ ਅਗਲੇ ਪਦੇ

48/6414

ਰਾਹੀ ਸਮਝਾਈ ਹੋਈ ਹੈ। **(ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥)**

ਜੋ ਵੀ ਨਾਮ ਨੂੰ ਕੇਵਲ ਇੱਕ ਆਪਣੀ ਕਥਨੀ ਸਮਝਦੇ ਹਨ ਉਹ ਨਾਮ ਤੋਂ ਭੁੱਲੇ ਹੋਏ ਹਨ ਭਾਵ ਉਹਨਾਂ ਨੂੰ ਨਾਮ ਦੀ ਸਮਝ ਨਹੀਂ ਹੈ ਕਿ ਨਾਮ ਕੀ ਹੈ ਤੇ ਨਾਮ ਨੂੰ ਮੰਨਣਾ ਕੀ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥”

ਗੁਰੂ ਸਾਹਿਬ ਸਾਨੂੰ ਕਿਤਨਾ ਸਪਸ਼ਟ ਕਰਕੇ ਸਮਝਾ ਰਹੇ ਹਨ ਕਿ ਨਾਮ ਤੋਂ ਭੁੱਲੇ ਹੋਏ ਕੌਣ ਹਨ। ਉਹਨਾਂ ਨੂੰ ਮਨਮੁੱਖ ਕਹਿ ਕੇ ਸਮਝਾਇਆ ਹੈ ਭਾਵ ਆਪਣੀ ਮਤਿ ਤੇ ਚੱਲਣ ਵਾਲੇ ਸਮਝਾਇਆ ਹੈ। ਮਨਮੁੱਖ ਉਸਨੂੰ ਕਿਹਾ ਹੈ ਜੋ ਨਾਮ ਨੂੰ ਕੋਈ ਅੱਖਰ ਸਮਝ ਕੇ ਕੱਥਦੇ ਹਨ ਜਿਸਨੂੰ ਉਹ ਮੁੱਖੋਂ ਬੋਲ ਬੋਲ ਕੇ ਨਾਮ ਜਪਣਾ ਸਮਝਦੇ ਹਨ। ਨਾਮ ਦਾ ਮਕਸਦ ਸਾਡੀ ਰਹਿਤ ਨੂੰ ਚੰਗੀ ਬਨਾਉਣ ਦੇ ਨਾਲ ਹੈ ਭਾਵ ਸਾਡੀ ਕਰਣੀ ਨੂੰ ਚੰਗੀ ਬਨਾਉਣ ਲਈ ਹੈ ਜੋ ਸਾਡੀ ਚੰਗੀ ਕਰਨੀ ਵਿਕਾਰਾਂ ਨੂੰ ਛੱਡਣ ਦੁਆਰਾ ਹੀ ਹੋ ਸਕਦੀ ਹੈ। ਗੁਰੂ ਦੇ ਗਿਆਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਉਹ ਗੁਰੂ ਦਾ ਗਿਆਨ ਸਾਡੇ ਧਿਆਨ ਵਿੱਚ ਆਵੇ ਭਾਵ ਸਾਡੇ ਮਨ ਦੀ ਸਮਝ ਵਿੱਚ ਵੱਸੇ। ਸਾਡੇ ਗਿਆਨ ਧਿਆਨ ਦਾ ਮਾਲਕ ਗੁਰੂ ਪ੍ਰਮਾਤਮਾ ਆਪ ਹੀ ਹੈ ਤੇ ਜਦੋਂ ਉਹ ਪ੍ਰਮਾਤਮਾ ਕਿਸੇ ਦੇ ਮਨ ਦੇ ਅੰਦਰ ਵੱਸਦਾ ਹੈ ਉਹ **“ਗਿਆਨੁ ਧਿਆਨੁ”** ਦੇ ਰੂਪ ਵਿੱਚ ਹੀ ਵੱਸਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੇ ਅੰਦਰ **“ਗਿਆਨੁ ਧਿਆਨੁ”** ਵਾਲੀ ਅਵਸਥਾ ਹੀ ਸਾਡੇ ਅੰਦਰ ਨਾਮ ਵੱਸਣ ਦੀ ਅਵਸਥਾ ਹੈ। ਸਾਡੇ ਅੰਦਰ **“ਗਿਆਨੁ ਧਿਆਨੁ”** ਦਾ ਮਕਸਦ ਭਾਵ **“ਨਾਮ”** ਦਾ ਮਕਸਦ ਸਾਡੀ ਰਹਿਤ ਨੂੰ ਸੱਚੀ ਸੁੱਚੀ ਬਣਾਉਣ ਦੇ ਨਾਲ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਜੋ ਕੇਵਲ ਨਾਮ ਨੂੰ ਕੇਵਲ ਇੱਕ ਅੱਖਰ ਸਮਝ ਕੇ ਕਥੀ ਜਾਂਦੇ ਹਨ ਪਰ ਆਪਣੀ ਰਹਿਤ ਨੂੰ ਚੰਗੀ ਨਹੀਂ ਬਣਾਉਂਦੇ ਉਹਨਾਂ ਨੂੰ ਨਾਮ ਤੋਂ ਭੁੱਲੇ ਹੋਏ ਕਿਹਾ ਹੈ ਜਿਸ ਕਰਕੇ ਉਹਨਾਂ ਨੂੰ ਪ੍ਰਮਾਤਮਾ ਦੇ ਦਰ ਤੇ ਕੋਈ ਜਗ੍ਹਾ ਨਹੀਂ ਮਿਲਦੀ ਭਾਵ ਇਹੋ ਜਿਹੇ ਕੇਵਲ ਕਥਨੀ ਕਰਨ ਵਾਲੇ ਮਨੁੱਖ ਪ੍ਰਮਾਤਮਾ ਨੂੰ ਕਦੇ ਨਹੀਂ ਪਾ ਸਕਦੇ। **(ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥ ਸਾਚੀ ਰਹਤ ਸਾਚਾ ਮਨਿ ਸੋਈ ॥ ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥)**

48/6415

ਹੁਣ ਅਸੀਂ ਆਪੇ ਹੀ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਨਾਮ ਨੂੰ ਮੰਨਣ ਵਾਲੇ ਕਿਹੋ ਜਿਹੇ ਹੁੰਦੇ ਹਨ ਜਿਵੇਂ ਕਿ ਅਸੀਂ ਜਪੁਜੀ ਬਾਣੀ ਦੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ ਕਿ ਨਾਮ ਨੂੰ ਮੰਨਣ ਵਾਲੇ ਕਿਹੋ ਜਿਹੇ ਹੁੰਦੇ ਹਨ। ਸਾਨੂੰ ਨਾਮ ਦੀ ਸਮਝ ਨਾ ਆਉਣ ਦਾ ਕਾਰਨ ਕੀ ਹੈ ਭਾਵ ਸਾਡੀ ਅਗਿਆਨਤਾ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥}

(ਅੰਗ ੧੨੪੩)

{ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥}

(ਅੰਗ ੧੦੩੪)

{ਅੰਤਰਿ ਵਸੈ ਨ ਬਾਹਰਿ ਜਾਇ ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥੧॥
ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥੧॥ ਰਹਾਉ ॥
ਗਿਆਨੁ ਧਿਆਨੁ ਸਭੁ ਕੋਈ ਰਵੈ ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥੨॥
ਸੇਵਾ ਕਰੇ ਸੁ ਚਾਕਰੁ ਹੋਇ ॥ ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥੩॥
ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥}

(ਅੰਗ ੭੨੮)

{ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥
ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥੪॥

ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥
ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫॥੨੨॥}

(ਅੰਗ ੩੫੬)

{ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ ੫੧੨)

{ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪੜ੍ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ ੫੦੩)

“ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥”

ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀ ਸਮਝਿਆ ਹੈ ਹਰ ਕਿਸੇ ਨੂੰ ਪ੍ਰਮਾਤਮਾ ਨੇ ਮਨ ਦੀ ਮਾਇਆ ਵਾਲੀ ਸਮਝ ਵਿੱਚ ਰੱਖਿਆ ਹੈ ਭਾਵ ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ, ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਨੇ ਹਰ ਕਿਸੇ ਨੂੰ ਆਪਣੇ ਜਾਲ ਵਿੱਚ ਬੰਨਿਆ ਹੋਇਆ ਹੈ। ਸਾਡੇ ਅੰਦਰ ਦੀ ਇਹ ਨਾਸਮਝ ਮਤਿ ਹੀ ਸਾਡੀ ਮਨਮਤਿ ਹੈ, ਦੁਰਮਤਿ ਹੈ ਜਿਸ ਮਤਿ ਨੂੰ ਗੁਰਮਤਿ ਦੀ ਸਮਝ ਨਹੀਂ ਪੈਂਦੀ। ਉਹ ਗੁਰਮਤਿ ਦਾ ਦਾਤਾ ਸਾਡੇ ਸਭਦੇ ਅੰਦਰ ਹੀ ਹੈ ਪਰ ਉਸਨੇ ਨਾਲ ਹੀ ਸਾਡੇ ਸਭਦੇ ਅੰਦਰ ਮਾਇਆ ਰੂਪ ਬਿਖ ਵੀ ਪਾਈ ਹੋਈ ਹੈ ਜੋ ਬਿਖ ਸਾਨੂੰ ਭਰਮਾਂ ਵਿੱਚ ਪਾਕੇ ਰੱਖਦੀ ਹੈ। ਸਾਡੇ ਅੰਦਰ ਦੀ ਇਹ ਮਾਇਆ ਰੂਪ ਬਿਖ ਹੀ ਸਾਡੇ ਅੰਦਰ ਦਾ ਕਾਲਿ ਹੈ ਭਾਵ ਸਾਡੀ ਆਤਮਿਕ ਮੌਤ ਦਾ ਕਾਰਣ ਹੈ ਭਾਵ ਸਾਡੇ ਅੰਦਰ ਦੀ ਸੱਚੀ ਸਮਝ ਨੂੰ ਇਹ ਬਿਖ ਮਾਰ ਦਿੰਦੀ ਹੈ ਭਾਵ ਆਤਮਿਕ ਮੌਤ ਮਾਰ ਦਿੰਦੀ ਹੈ। ਜੋ ਵੀ ਮਨੁੱਖ ਸੰਸਾਰ ਵਿੱਚ ਆਉਂਦਾ ਹੈ ਇਹ ਕਾਲਿ ਰੂਪ ਮਾਇਆ ਵਾਲੀ ਸਮਝ ਸਭਦੇ ਨਾਲ ਹੀ ਪੈ ਕੇ ਆਉਂਦੀ ਹੈ ਜਿਸ ਮਾਇਆ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਾਡਾ ਕਾਰਜ ਸਿੱਧ ਨਹੀਂ ਹੋ ਸਕਦਾ। ਸਾਡੇ ਜੀਵਨ ਦਾ ਅਸਲ ਕਾਰਜ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਹੈ ਤੇ ਸਾਡਾ ਇਹ ਕਾਰਜ ਤਾਂ ਹੀ ਸਿੱਧ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਨਾਮ ਨੂੰ ਆਪਣੇ ਹਿਰਦੇ ਵਿੱਚ ਵਸਾਵਾਂਗੇ ਭਾਵ ਗੁਰੂ ਦੇ ਸੱਚੇ ਗਿਆਨ ਦੀ ਹਿਰਦੇ ਵਿੱਚ ਸੰਭਾਲ ਕਰਾਂਗੇ ਤੇ ਤਾਂ ਹੀ ਅਸੀਂ ਮਨ ਦੀ ਮਾਇਆ ਵਿੱਚੋਂ ਨਿਕਲ ਸਕਦੇ ਹਾਂ, ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕਦੇ ਹਾਂ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਜਿਸ ਨਾਲ ਸਾਡਾ ਕਾਰਜ ਸਿੱਧ ਹੋ ਸਕਦਾ ਹੈ। ਨਾਮ ਦਾ ਮਕਸਦ ਸਾਨੂੰ ਮਨ ਦੀ ਮਾਇਆ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ

ਕੱਢਣ ਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ ਤੇ ਨਾਮ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜਦੋਂ ਅਸੀਂ ਗੁਰੂ ਦੇ ਨਾਮ ਨੂੰ ਮੰਨਾਂਗੇ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਅੰਦਰ ਵਸਾਵਾਂਗੇ। **(ਮਨੁ ਮਾਇਆ ਬੰਧਿਓ ਸਰ ਜਾਲਿ ॥**

ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥)

{ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥

ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥ ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥

ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥}

(ਅੰਗ ੧੪੨੯)

ਪ੍ਰਮਾਤਮਾ ਦੀ ਵਡਿਆਈ, ਪ੍ਰਮਾਤਮਾ ਦੀ ਸੱਚੀ ਸਿਫਤ ਸਲਾਹ ਮਨ ਦੀ ਮਾਇਆ ਵਿੱਚੋਂ ਨਿਕਲਣ ਦੁਆਰਾ ਹੀ ਹੁੰਦੀ ਹੈ, ਪ੍ਰਮਾਤਮਾ ਦਾ ਨਾਮ ਭਾਵ ਪ੍ਰਮਾਤਮਾ ਦਾ ਸੱਚਾ ਗਿਆਨ ਮਨ ਦੇ ਵਿੱਚ ਵੱਸਣ ਦੁਆਰਾ ਹੀ ਸਮਝ ਆਉਂਦੀ ਹੈ, ਮਨ ਦੀ ਹਉਮੈ ਵਿੱਚੋਂ ਨਿਕਲਣ ਦੁਆਰਾ ਹੀ ਸਮਝ ਆਉਂਦੀ ਹੈ ਭਾਵ ਜਿਸਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ਦਾ ਹੈ, ਆਪਣੇ ਸ਼ਬਦਾਂ ਦੀ ਸੱਚੀ ਸਮਝ ਬਖਸ਼ਦਾ ਹੈ ਉਹੀ ਪ੍ਰਮਾਤਮਾ ਦਾ ਉਹੋ ਜਿਹਾ ਗਿਆਨੀ ਬਣਦਾ ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਕਿਸੇ ਨੂੰ ਆਪਣੀ ਭਗਤੀ ਦੀ ਸੱਚੀ ਸਮਝ ਪਾਉਂਦਾ ਹੈ ਤੇ ਆਪਣੀ ਵਡਿਆਈ ਕਰਨੀ ਸਿਖਾਉਂਦਾ ਹੈ ਜੋ ਆਪਣੀ ਵਡਿਆਈ ਉਸਨੇ ਆਪ ਹੀ ਆਪਣੇ ਭਗਤਾਂ ਕੋਲੋਂ, ਗੁਰੂ ਸਾਹਿਬਾਨ ਕੋਲੋਂ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਕਰਵਾਈ ਹੈ ਤੇ ਉਹਨਾਂ ਨੇ ਪ੍ਰਮਾਤਮਾ ਦੀ ਉਹੋ ਜਿਹੀ ਵਡਿਆਈ ਕਰਨੀ ਹੀ, ਭਗਤੀ ਕਰਨੀ ਹੀ ਪੂਰੀ ਗੁਰਬਾਣੀ ਦੇ ਸੱਚੇ ਗਿਆਨ ਰਾਹੀਂ ਸੰਸਾਰ ਨੂੰ ਪ੍ਰਮਾਤਮਾ ਦੀ ਵਡਿਆਈ ਕਰਨੀ ਸਿਖਾਈ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥

ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥”

ਉੱਪਰਲੇ ਪਦੇ ਨੂੰ ਥੋੜਾ ਧਿਆਨ ਨਾਲ ਸਮਝੋਗੇ ਤੇ ਮਨਮੁਖਿ ਤੇ ਗੁਰਮੁਖਿ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ, ਹਉਮੈ ਤੇ ਨਾਮ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਹਉਮੈ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਹਉਮੈ ਭਾਵ ਅਗਿਆਨਤਾ ਵਾਲੀ ਸਮਝ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਨਿਕਲਦੀ ਹੈ ਭਾਵ ਗੁਰੂ ਦੇ ਨਾਮ ਦੁਆਰਾ ਹੀ ਨਿਕਲਦੀ ਹੈ। ਜਿਸਨੂੰ ਗੁਰੂ ਆਪਣਾ

ਨਾਮ ਬਖਸ਼ਦਾ ਹੈ ਉਸਨੂੰ ਹੀ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਆਪਣਾ ਗਿਆਨੀ ਰੂਪ ਬਣਾਉਂਦਾ ਹੈ। ਪ੍ਰਮਾਤਮਾ ਦਾ ਗਿਆਨੀ ਰੂਪ ਹੀ ਉਸਦਾ ਗੁਰੂ ਰੂਪ ਹੈ ਜੋ ਉਸਦਾ ਰੂਪ ਕਦੇ ਨਹੀਂ ਬਿਨਸਦਾ। ਸੱਚਾ ਗਿਆਨ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਸਦਾ ਰਹਿਣ ਵਾਲਾ ਹੈ। **{ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ॥}** ਅੰਗ ੧੪੧੨ ਜਿਸਨੂੰ ਪ੍ਰਮਾਤਮਾ ਆਪਣਾ ਗਿਆਨੀ ਰੂਪ ਬਣਾਉਂਦਾ ਹੈ ਭਾਵ ਆਪਣੇ ਗਿਆਨ ਵਾਲਾ ਬਣਾਉਂਦਾ ਹੈ ਉਸਦੀ ਹੀ ਲਿਵ ਪ੍ਰਮਾਤਮਾ ਦੇ ਨਾਲ ਜੁੜਦੀ ਹੈ। ਪ੍ਰਮਾਤਮਾ ਦੇ ਨਾਲ ਲਿਵ ਮਨ ਦੇ ਵਿੱਚ ਪ੍ਰਮਾਤਮਾ ਦੀ ਉੱਚੀ ਸਮਝ ਦੇ ਨਾਲ ਹੀ ਜੁੜਦੀ ਹੈ ਜੋ ਸਮਝ ਮਨ ਦੇ ਵਿੱਚ ਉਹ ਆਪਣੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਆਪ ਹੀ ਦਿੰਦਾ ਹੈ। **(ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥) {ਜਾਂ ਤਿਸੁ ਭਾਵੈ ਤਾ ਲਾਗੈ ਭਾਉ॥ ਭਰਮੁ ਭੁਲਾਵਾ ਵਿਚਹੁ ਜਾਇ ॥ ਉਪਜੈ ਸਹਜੁ ਗਿਆਨ ਮਤਿ ਜਾਗੈ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥ ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}** ਅੰਗ ੯੨ **{ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥ ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੯॥}** ਅੰਗ ੯੨੧ ਜਦ ਤਕ ਪ੍ਰਮਾਤਮਾ ਕਿਸੇ ਨੂੰ ਆਪਣਾ ਗਿਆਨੀ ਰੂਪ ਨਹੀਂ ਬਣਾਉਂਦਾ ਤਦ ਤਕ ਕਿਸੇ ਦੀ ਪ੍ਰਮਾਤਮਾ ਦੇ ਨਾਲ ਲਿਵ ਵੀ ਨਹੀਂ ਜੁੜ ਸਕਦੀ ਜੋ ਲਿਵ ਆਪਣੇ ਨਾਲ ਆਪ ਹੀ ਲਾ ਸਕਦਾ ਹੈ ਤੇ ਜਿਸਦੀ ਉਹ ਆਪਣੇ ਨਾਲ ਲਿਵ ਜੋੜਦਾ ਹੈ ਉਹੀ ਉਸਦਾ ਗੁਰਮੁਖਿ ਰੂਪ ਬਣ ਸਕਦਾ ਹੈ ਤੇ ਆਪਣੀ ਲਿਵ ਜੋੜਨ ਦੁਆਰਾ ਭਾਵ ਆਪਣਾ ਸੱਚਾ ਗਿਆਨ ਦੇਣ ਦੁਆਰਾ ਉਹ ਆਪਣੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਉਸ ਭਗਤੀ ਦੇ ਮਾਰਗ ਤੇ ਆਪ ਹੀ ਚਲਾਉਂਦਾ ਹੈ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਆਪ ਹੀ ਆਪਣਾ ਨਾਮ ਜਪਾਉਂਦਾ ਹੈ। ਜਦ ਤਕ ਪ੍ਰਮਾਤਮਾ ਕਿਸੇ ਨੂੰ ਆਪਣਾ ਗਿਆਨੀ ਰੂਪ ਨਹੀਂ ਬਣਾਉਂਦਾ ਤਦ ਤਕ ਮਨ ਦੀ ਅਗਿਆਨਤਾ ਕਰਕੇ ਹਰ ਕੋਈ ਹਉਮੈ ਵਿੱਚ ਹੀ ਰਹਿੰਦਾ ਹੈ ਭਾਵ ਮਨਮੁਖਿ ਹੀ ਰਹਿੰਦਾ ਹੈ ਭਾਵ ਮਨਮਤਿ ਵਿੱਚ ਹੀ ਰਹਿੰਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਤੋਂ ਦੂਰ ਹੀ ਰਹਿੰਦਾ ਹੈ ਜਿਸ ਕਰਕੇ ਉਸਨੂੰ ਸੱਚੀ ਭਗਤੀ ਦੀ ਸਮਝ ਨਹੀਂ ਪੈਂਦੀ, ਨਾਮ ਜਪਣ ਦੀ ਸੱਚੀ ਸਮਝ ਨਹੀਂ ਪੈਂਦੀ

ਤੇ ਉਹ ਆਪਣੀ ਨਾਸਮਝੀ ਵਾਲੀ ਭਗਤੀ ਦੁਆਰਾ ਪ੍ਰਮਾਤਮਾ ਦੇ ਦਰ ਤੇ ਆਪਣੀ ਪਤਿ ਗਵਾਉਂਦਾ ਹੈ। ਪ੍ਰਮਾਤਮਾ ਦੇ ਦਰ ਤੋਂ ਵਡਿਆਈ ਉਸੇ ਨੂੰ ਮਿਲਦੀ ਹੈ ਜਿਸਨੂੰ ਪਹਿਲੇ ਪ੍ਰਮਾਤਮਾ ਆਪਣੀ ਸੱਚੀ ਵਡਿਆਈ ਕਰਨੀ ਸਮਝਾਉਂਦਾ ਹੈ ਭਾਵ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ, ਗੁਰਮਤਿ ਦੀ ਸੱਚੀ ਸਮਝ ਵਾਲਾ ਬਣਾਉਂਦਾ ਹੈ। **(ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥)**

{ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ ॥

ਆਪੇ ਗੁਣ ਗਾਵਾਇਦਾ ਪਿਆਰਾ ਆਪੇ ਸਬਦਿ ਸਮਾਹਾ ॥

ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ ॥੧॥ ਮੇਰੇ ਮਨ ਜਪਿ ਰਾਮ ਨਾਮੁ ਓਮਾਹਾ ॥

ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿ ਲਾਹਾ ॥ ਰਹਾਉ ॥}

(ਅੰਗ ੬੦੬)

48/6418

ਹੁਣ ਅਸੀਂ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਵਿਚਾਰਦੇ ਹਾਂ ਜਿਸ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਜਦ ਤਕ ਮਨੁੱਖ ਦੇ ਅੰਦਰ ਅਗਿਆਨਤਾ ਹੈ ਤਦ ਤਕ ਮਨੁੱਖ ਨਾਮ ਵਿਹੂਣਾ ਹੈ ਜੋ ਮਨ ਦੀ ਅਗਿਆਨਤਾ ਧਰਮ ਗ੍ਰੰਥਾਂ ਵਿੱਚੋਂ ਗੁਰੂ ਦਾ ਸੱਚਾ ਗਿਆਨ ਲੈਣ ਦੁਆਰਾ ਹੀ ਨਿਕਲ ਸਕਦੀ ਹੈ ਤੇ ਕੋਈ ਨਾਮ ਵਾਲਾ ਬਣ ਸਕਦਾ ਹੈ।

“ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥

ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਧੈ ਜੋਤਿ ॥੬॥”

ਉੱਪਰ ਵਾਲੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਧਿਆਨ ਨਾਲ ਪੜ੍ਹੋ ਤੇ ਵਿਚਾਰੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ, ਉੱਪਰ ਪੰਗਤੀਆਂ ਰਾਹੀਂ ਸਾਡੇ ਮਨ ਬਾਰੇ ਹੀ ਸਮਝਾਇਆ ਹੋਇਆ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਕਿ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ **“ਜੋਤਿ”** ਰੂਪ ਹੈ। ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪਣੀ ਜੋਤਿ ਦੇ ਰੂਪ ਵਿੱਚ ਹੀ ਹੈ, ਆਪਣੇ ਨਾਮ ਦੇ ਰੂਪ ਵਿੱਚ ਹੀ ਹੈ। ਜੋਤਿ ਦਾ ਮਕਸਦ ਸਭਦੇ ਅੰਦਰ ਸਮਝ ਪਾਉਣ ਦਾ ਹੀ ਹੁੰਦਾ ਹੈ ਭਾਵ ਗਿਆਨ ਦੇ ਨਾਲ ਹੀ ਹੈ ਜਿਸ ਦੁਆਰਾ ਹਰ ਆਕਾਰ ਰੂਪ ਕੰਮ ਕਰਦਾ ਹੈ। ਸਾਡੇ ਅੰਦਰ ਪ੍ਰਮਾਤਮਾ ਜੋਤਿ ਰੂਪ ਵਿੱਚ ਹੈ ਤੇ ਜਦ ਤਕ ਪ੍ਰਮਾਤਮਾ ਕਿਸੇ ਦੇ ਅੰਦਰ ਆਪਣਾ **“ਜੋਤਿ”** ਰੂਪ ਪ੍ਰਗਟ ਨਹੀਂ ਕਰਦਾ ਭਾਵ **“ਸੱਚੇ ਗਿਆਨ”** ਦਾ ਰੂਪ ਪ੍ਰਗਟ ਨਹੀਂ ਕਰਦਾ ਭਾਵ ਆਪਣਾ **“ਨਾਮੁ”** ਰੂਪ ਪ੍ਰਗਟ ਨਹੀਂ ਕਰਦਾ ਭਾਵ ਆਪਣਾ **“ਬ੍ਰਹਮ ਗਿਆਨ”** ਰੂਪ ਪ੍ਰਗਟ ਨਹੀਂ ਕਰਦਾ ਤਦ ਤਕ ਹਰ ਮਨੁੱਖ ਦੀ ਸਮਝ ਹਨੇਰੀ ਰਾਤ ਦੀ ਤਰ੍ਹਾਂ ਹੈ ਭਾਵ ਅਗਿਆਨਤਾ ਵਾਲੇ ਵਿਚਾਰਾਂ ਨਾਲ ਭਰੀ ਹੁੰਦੀ ਹੈ ਭਾਵ ਤਦ ਤਕ ਮਨੁੱਖ ਦੇ ਅੰਦਰ ਹਉਮੈ ਹੁੰਦੀ ਹੈ, ਤ੍ਰੈ ਗੁਣਾਂ ਵਾਲੀ ਸਮਝ ਹੁੰਦੀ ਹੈ, ਮਾਇਆ ਵਾਲੀ ਸਮਝ ਹੁੰਦੀ ਹੈ ਜੋ ਮਨੁੱਖ ਦੀ ਸਮਝ ਨੂੰ ਅਪਵਿੱਤਰ ਬਣਾਉਂਦੀ ਹੈ। ਪ੍ਰਮਾਤਮਾ ਦਾ ਜੋਤਿ ਰੂਪ ਉਸਦਾ ਉੱਚੇ ਗਿਆਨ ਦਾ ਰੂਪ ਹੈ ਜੋ ਸਾਡੀ ਭਰਮਾਂ ਵਾਲੀ ਅਪਵਿੱਤਰ ਮਤਿ ਨੂੰ ਪਵਿੱਤਰ ਬਣਾ ਦਿੰਦਾ ਹੈ ਭਾਵ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ। ਸਾਡੇ ਅੰਦਰ ਸੱਚੇ ਗਿਆਨ ਵਾਲੀ ਸਮਝ ਹੀ ਸਾਡੇ ਅੰਦਰ ਨਾਮ ਵਾਲੀ ਸਮਝ ਹੈ ਜੋ ਸਮਝ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਦੀ ਹੈ, ਝੂਠੇ ਤੇ ਗੰਦੇ ਵਿਚਾਰਾਂ ਵਿੱਚੋਂ ਕੱਢਦੀ ਹੈ ਜੋ ਮਾੜੇ ਵਿਚਾਰ ਸਾਨੂੰ ਮਾੜੇ ਕਰਮ ਕਰਨ ਕਰਕੇ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕਛੋਤ ਬਣਾਉਂਦੇ ਹਨ ਭਾਵ ਅਛੂਤ ਬਣਾਉਂਦੇ ਹਨ ਭਾਵ ਸਾਨੂੰ ਮਾੜਾ ਬਣਾਉਂਦੇ ਹਨ। ਨਾਮ ਦਾ ਮਕਸਦ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ ਜਿਨ੍ਹਾਂ ਮਾੜੇ ਵਿਚਾਰਾਂ ਦਾ ਕਾਰਨ

48/6419

ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਾੜੀ ਸਮਝ ਹੈ ਭਾਵ ਸਾਡੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ, ਗੁਰੂ ਦੇ ਨਾਮ ਦਾ ਨਾ ਹੋਣਾ ਹੈ। **(ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥)**

ਜੋਤਿ ਰੂਪ ਪ੍ਰਮਾਤਮਾ ਭਾਵ ਨਾਮ ਦਾ ਮਾਲਕ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਆਪਣੇ ਅੰਦਰੋਂ ਜੋਤਿ ਨੂੰ ਵੇਖਣਾ ਹੀ ਪ੍ਰਮਾਤਮਾ ਨੂੰ ਵੇਖਣਾ ਹੈ ਭਾਵ ਮਨ ਦੇ ਵਿੱਚ ਉਸਦੇ ਨਾਲ ਮੇਲ ਹੈ ਤੇ ਆਪਣੇ ਅੰਦਰੋਂ ਅਸੀਂ ਜੋਤਿ ਦੇ ਦਰਸ਼ਨ ਕਿਸ ਤਰੀਕੇ ਕਰ ਸਕਦੇ ਹਾਂ ਭਾਵ ਨਾਮ ਦੀ ਪ੍ਰਾਪਤੀ ਕਿਸ ਤਰੀਕੇ ਕਰ ਸਕਦੇ ਹਾਂ ਇਹੀ ਗੱਲ ਸਾਨੂੰ ਉੱਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ

ਹੋਈ ਹੈ ਤਾਂ ਜੋ ਅਸੀਂ ਧਰਮ ਗ੍ਰੰਥਾਂ ਦੇ ਪੜਨ ਦੇ ਮਕਸਦ ਨੂੰ ਸਮਝ ਸਕੀਏ ਤੇ ਉਹਨਾਂ ਦੀ ਮਤਿ ਲੈਣ ਨਾਲ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੀਏ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥"

ਵੇਦ ਸਾਡਾ ਧਰਮ ਗ੍ਰੰਥ ਹੈ ਤੇ ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਾਉਣ ਲਈ ਹੀ ਹੁੰਦਾ ਹੈ ਜਿਸ ਮਾਰਗ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ, ਉਸਦੇ ਜੋਤਿ ਰੂਪ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਧਰਮ ਗ੍ਰੰਥ ਸਾਡੇ ਭਗਤੀ ਦੇ ਸਰੋਤ ਹੀ ਹਨ ਜਿਸ ਸਰੋਤ ਦੇ ਵਿੱਚੋਂ ਅਸੀਂ ਭਗਤੀ ਦਾ ਮਾਰਗ ਸਿੱਖ ਸਕਦੇ ਹਾਂ। ਧਰਮ ਗ੍ਰੰਥ ਸਾਨੂੰ ਇਹੀ ਪੁਕਾਰਦੇ ਹਨ ਕਿ ਸਾਡੀ ਗੱਲ ਨੂੰ ਸੁਣੋ, ਬਾਰ-ਬਾਰ ਸੁਣੋ ਤੇ ਸਾਡੀ ਗੱਲ ਨੂੰ ਸੁਣ ਕੇ ਸਮਝੋ ਤੇ ਉਸ ਗੱਲ ਨੂੰ ਮੰਨੋ ਭਾਵ ਜੋ ਤੁਹਾਨੂੰ ਧਰਮ ਗ੍ਰੰਥ ਸਮਝਾਉਂਦੇ ਹਨ ਉਸਤੇ ਅਮਲ ਕਰੋ। ਧਰਮ ਗ੍ਰੰਥ ਹੀ ਸਾਡੇ ਅਸਲ ਗੁਰੂ ਹਨ ਤੇ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਮੰਨੇ ਬਿਨਾਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਹੀਂ ਹੋ ਸਕਦਾ ਭਾਵ ਆਪਣੇ ਅੰਦਰੋਂ ਜੋਤਿ ਰੂਪ ਦੇ ਦਰਸ਼ਨ ਕਰਨ ਲਈ ਗੁਰੂ ਦੀ ਹਰ ਗੱਲ ਨੂੰ ਮੰਨਣਾ ਜਰੂਰੀ ਹੈ। ਧਰਮ ਗ੍ਰੰਥ ਸਾਨੂੰ ਬਾਰ-ਬਾਰ ਮਾਇਆ ਮੋਹ ਤਿਆਗਣਾ ਸਮਝਾਉਂਦੇ ਹਨ, ਅਉਗੁਣ ਛੱਡਣੇ ਸਮਝਾਉਂਦੇ ਹਨ ਭਾਵ ਮਾੜੇ ਕਰਮ ਕਰਨ ਤੋਂ ਮਨਾ ਕਰਦੇ ਹਨ ਤੇ ਚੰਗੇ ਕਰਮ ਕਰਨ ਲਈ ਪ੍ਰੇਰਦੇ ਹਨ ਜਿਵੇਂ ਕਿ ਇਸੇ ਪਦੇ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਇਸੇ ਗੱਲ ਲਈ ਮਾੜਾ ਕਹਿਆ ਹੈ ਕਿ ਅਸੀਂ ਝੂਠੇ ਤੇ ਕੁਚਲ ਇਸ ਕਰਕੇ ਹਾਂ ਕਿ

48/6420

ਅਸੀਂ ਨਾਮ ਵਿਹੂਣੇ ਹਾਂ ਭਾਵ ਗੁਰਮਤਿ ਵਿਹੂਣੇ ਹਾਂ ਭਾਵ ਗੁਰੂ ਦੀ ਗੱਲ ਨੂੰ ਸੁਣਕੇ ਉਸਨੂੰ ਨਾ ਮੰਨਣ ਵਾਲੇ ਹਾਂ। ਨਾਮ ਵਾਲਾ ਉਹੀ ਬਣ ਸਕਦਾ ਹੈ ਜੋ ਗੁਰੂ ਦੀ ਗੱਲ ਨੂੰ ਸੁਣਕੇ ਭਾਵ ਧਰਮ ਗ੍ਰੰਥਾਂ ਦੀ ਗੱਲ ਨੂੰ ਸੁਣਕੇ ਮੰਨਦਾ ਵੀ ਹੈ ਭਾਵ ਅਮਲ ਵੀ ਕਰਦਾ ਹੈ ਜੋ ਸੱਚਾ ਉੱਦਮ ਕਰਨ ਦੁਆਰਾ ਹੀ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਜੋਤਿ ਰੂਪ ਦੇ ਦਰਸ਼ਨ ਕਰ ਸਕਦੇ ਹਾਂ। **(ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥)**

ਇਹੀ ਗੱਲ ਅਸੀਂ ਜਪੁਜੀ ਬਾਣੀ ਦੇ ਸ਼ਬਦਾਂ ਰਾਹੀਂ ਸਮਝੀ ਹੈ ਕਿ ਗੁਰੂ ਦਾ ਨਾਮ ਮੰਨਣ ਵਾਲੇ ਕਿਹੋ ਜਿਹੇ ਹੁੰਦੇ ਹਨ। ਸਾਰੀ ਗੱਲ ਨਾਮ ਦੀ ਸੱਚੀ ਸਮਝ ਨਾ ਹੋਣ ਦੀ ਹੈ। ਜਿਵੇਂ ਕਿ ਉੱਪਰਲੇ ਪਦੇ ਰਾਹੀਂ ਸਮਝਿਆ ਹੈ ਤੇ ਅਸੀਂ ਪਹਿਲੇ ਵੀ ਸਮਝਿਆ ਹੈ ਸਾਰੇ ਧਰਮ ਗ੍ਰੰਥਾਂ ਵਿੱਚ ਪ੍ਰਮਾਤਮਾ ਦਾ ਨਾਮ ਹੀ ਹੈ ਜੋ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਉਂਦੇ ਹਨ ਤੇ ਸੱਚੇ ਮਾਰਗ ਤੇ ਉਹੀ ਚੱਲ ਸਕਦਾ ਹੈ ਜੋ ਗੁਰੂ ਦੇ ਸਮਝਾਏ ਹੋਏ ਮਾਰਗ ਤੇ ਅਮਲ ਕਰਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਦਾ ਹੈ।

{ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥
ਜੀਅਹੁ ਨਿਰਮਲ ਬਾਹਰਹੁ ਨਿਰਮਲ ॥ ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥ ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥}

(ਅੰਗ ੯੧੯)

ਵੇਦਾਂ ਵਿੱਚ ਨਾਮ ਦਾ ਮਕਸਦ ਕੀ ਹੈ ਇਸ ਗੱਲ ਨੂੰ ਉੱਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਨਾਮ ਦਾ ਮਕਸਦ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਕੱਢਣ ਦਾ ਹੈ, ਗੁਰੂ ਦੇ ਸੱਚੇ ਵਿਚਾਰਾਂ ਨਾਲ ਜੋੜਨ ਦਾ ਹੈ ਤਾਂ ਜੋ ਅਸੀਂ ਮਾੜਾ ਕਰਮ ਨਾ ਕਰੀਏ। ਹੁਣ ਅਸੀਂ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਧਰਮ ਗ੍ਰੰਥਾਂ ਦੇ ਵਿੱਚ ਨਾਮ ਦਾ ਮਕਸਦ ਕੀ ਹੈ।

“ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥

ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤ੍ਰੂਟੇ ਇਕੁ ਨਾਮੁ ਵਸਾਮੰ ॥੭॥”

ਜੋ ਪ੍ਰਮਾਤਮਾ ਦਾ ਨਾਮ ਗੁਰਬਾਣੀ ਵਿੱਚ ਹੈ, ਉਹੀ ਵੇਦਾਂ ਵਿੱਚ ਹੈ, ਉਹੀ ਸਾਸਤ੍ਰ ਸਿਮ੍ਰਿਤਿ ਵਿੱਚ ਹੈ ਜਿਵੇਂ ਕਿ ਉੱਪਰ ਵਾਲੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਾਸਤ੍ਰ ਸਿਮ੍ਰਿਤਿ ਸਾਨੂੰ ਕਿਹੋ ਜਿਹਾ ਨਾਮ ਦ੍ਰਿੜ ਕਰਵਾਉਂਦੇ ਹਨ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

48/6421

“ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥”

ਗੁਰੂ ਆਪਣਾ ਨਾਮ ਦ੍ਰਿੜ ਕਰਵਾਉਣ ਦੁਆਰਾ ਆਪਣੀ ਸਿੱਖਿਆ ਹੀ ਸਮਝਾਉਂਦਾ ਹੈ ਭਾਵ ਗੁਰੂ ਜੋ ਆਪਣੇ ਮੁੱਖੋਂ ਬੋਲਦਾ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਬੋਲਦਾ ਹੈ ਉਸ ਰਾਹੀਂ ਗੁਰੂ ਸਾਨੂੰ ਆਪਣੀ ਸਿੱਖਿਆ ਹੀ ਦਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਗੁਰੂ ਆਪਣੀ ਸਿੱਖਿਆ ਦੇਣ ਦੁਆਰਾ ਸਾਨੂੰ ਇਹ ਸਮਝਾਉਂਦਾ ਹੈ ਕਿ ਆਪਣੇ ਮਨ ਨੂੰ **“ਸਾਂਤਿ”** ਕਰੋ ਭਾਵ ਮਨ ਨੂੰ ਸੰਤੋਖ ਵਿੱਚ ਲਿਆਉ। ਮਨ ਦੇ ਵਿੱਚ ਸੰਤੋਖ ਨਾ ਆਉਣ ਦਾ ਕਾਰਨ ਸਾਡੇ ਅੰਦਰ ਦਾ ਮਾਇਆ ਮੋਹ ਹੈ, ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਹਨ ਜਿਨ੍ਹਾਂ ਦੀ ਪੂਰਤੀ ਕਰਨ ਲਈ ਮਨ ਹਰ ਵੇਲੇ ਦੁੱਖੀ ਰਹਿੰਦਾ ਹੈ ਤੇ ਆਪਣੇ ਦੁੱਖ ਨੂੰ ਦੂਰ ਕਰਨ ਲਈ ਭਾਵ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ ਜੋ ਕਿ ਨਾਮ ਜਪਣ ਦਾ ਮਾਰਗ ਨਹੀਂ ਹੈ, ਭਗਤੀ ਦਾ ਮਾਰਗ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਚੰਗੇ ਕਰਮ ਤਾਂ ਹੀ ਕਰਦਾ ਹੈ ਜਦੋਂ ਉਹ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਕੇ ਮਨ ਦੇ ਸੰਤੋਖ ਵਿੱਚ ਆ ਜਾਂਦਾ ਹੈ ਤੇ ਮਨ ਦੀ ਇਹ ਅਵਸਥਾ ਹੀ ਹਉਮੈ ਵਿੱਚੋਂ ਨਿਕਲਕੇ ਨਾਮ ਜਪਣ ਵਾਲੀ ਅਵਸਥਾ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਕੇ ਗੁਰੂ ਦੀ ਮਤਿ ਨਾਲ ਜੁੜਨ ਵਾਲੀ ਅਵਸਥਾ ਹੈ ਤੇ ਗੁਰੂ ਦੀ ਮਤਿ ਸਾਨੂੰ ਚੰਗੇ ਕਰਮ ਕਰਨ ਲਈ ਹੀ ਸਮਝਾਉਂਦੀ ਹੈ ਭਾਵ ਸਾਨੂੰ ਆਪਣਾ ਨਾਮ ਦ੍ਰਿੜ ਕਰਾਉਂਦੀ ਹੈ। **(ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥) {ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥}** ਅੰਗ ੪੬੬

ਜੋ ਗੁਰੂ ਦੇ ਮੁੱਖੋਂ ਸੁਣਾਈ ਹੋਈ ਉਸਦੀ ਗੱਲ ਨੂੰ ਨਹੀਂ ਮੰਨਦੇ ਭਾਵ ਜੋ ਗੁਰੂ ਦਾ ਨਾਮ ਦ੍ਰਿੜ ਨਹੀਂ ਕਰਦੇ ਭਾਵ ਚੰਗੇ ਕਰਮ ਨਹੀਂ ਕਰਦੇ ਉਹਨਾਂ ਨੂੰ ਅਗਲੀਆਂ ਪੰਗਤੀਆਂ ਰਾਹੀਂ ਮਨਮੁਖਿ ਕਿਹਾ ਹੈ ਭਾਵ ਜੋ ਆਪਣੇ ਮਨ ਦੀ ਗੱਲ ਮੰਨਦੇ ਹਨ ਉਹ ਫਿਰ ਮਾੜੇ ਕਰਮ ਕਰਨ ਦੁਆਰਾ ਦੁੱਖ ਸਹਿੰਦੇ ਹਨ ਭਾਵ ਉਹ ਨਾਮ ਜਪਣ ਵਾਲੇ ਨਹੀਂ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

“ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤ੍ਰੂਟੇ ਇਕੁ ਨਾਮੁ ਵਸਾਮੰ ॥੭॥”

48/6422

ਜੂਨਾਂ ਕੀ ਹਨ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ ਤੇ ਅੱਗੇ ਚੱਲਕੇ ਸ਼ਬਦਾਂ ਦੁਆਰਾ ਹੋਰ ਵੀ ਬਰੀਕੀ ਨਾਲ ਸਮਝਾਂਗੇ। ਜੂਨਾਂ ਵਿੱਚ ਸਾਨੂੰ ਸਾਡੇ ਅੰਦਰ ਦੀ ਮਨਮੁੱਖਤਾ ਹੀ ਪਾਉਂਦੀ ਹੈ ਭਾਵ ਅਗਿਆਨਤਾ ਵਾਲੀ ਸਮਝ ਹੀ ਪਾਉਂਦੀ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਅਸੀਂ ਪ੍ਰਮਾਤਮਾ ਤੋਂ ਵੱਖਰਾ ਰੂਪ ਹਾਂ ਪਰ ਅਸਲੀਅਤ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਅਜੋਨੀ ਹੈ ਭਾਵ ਜੂਨਾਂ ਤੋਂ ਰਹਿਤ ਹੈ। ਸਾਡੇ ਅੰਦਰ ਦੀ ਮਨਮੁਖਿ ਵਾਲੀ ਸਮਝ ਭਾਵ ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਦਾ ਬੰਧਨ ਹੈ, ਹਉਮੈ ਰੂਪ ਬੰਧਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਮਨ ਦੇ ਬੰਧਨ ਨੂੰ ਸਮਝਿਆ ਹੈ। ਜਦ ਤਕ ਮਨੁੱਖ ਇਸ ਭਰਮਾਂ ਵਾਲੀ ਸਮਝ ਦੇ ਬੰਧਨ ਵਿੱਚ ਰਹਿੰਦਾ ਹੈ ਉਸਨੂੰ ਨਾਮੁ ਦੀ ਸਮਝ ਨਹੀਂ ਪੈਂਦੀ ਜਿਸ **“ਨਾਮੁ”** ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ। ਮਨ ਦੀ ਅਗਿਆਨਤਾ ਵਾਲੀ ਸਮਝ ਦਾ ਬੰਧਨ ਸਾਡੇ ਅੰਦਰ ਨਾਮੁ ਵੱਸਣ ਦੁਆਰਾ ਹੀ ਟੁੱਟ ਸਕਦਾ ਹੈ ਤੇ ਨਾਮ ਦੀ ਸੱਚੀ ਸਮਝ ਪੈਣ ਤੋਂ ਬਾਅਦ ਹੀ ਫਿਰ ਮਨੁੱਖ ਪ੍ਰਮਾਤਮਾ ਦਾ ਅੱਠੇ ਪਹਿਰ ਨਾਮ ਜਪਦਾ ਹੈ ਭਾਵ ਅੱਠੇ ਪਹਿਰ ਗੁਰਮਤਿ ਅਨੁਸਾਰ ਵਿਚਰਦਾ ਹੈ, ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਕੇ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਉੱਤਮ ਕਰਮ ਹੀ ਕਰਦਾ ਹੈ ਭਾਵ ਕੋਈ ਮਾੜਾ ਕਰਮ ਨਹੀਂ ਕਰਦਾ। ਜਦ ਤਕ ਮਨੁੱਖ ਨੂੰ ਨਾਮ ਦੀ ਸਮਝ ਨਹੀਂ ਪੈਂਦੀ ਉਹ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਟੈਂਸ਼ਨ ਵਿੱਚ ਰਹਿੰਦਾ ਹੈ ਜੋ ਮਨੁੱਖ ਦਾ ਸਭ ਤੋਂ ਵੱਡਾ

ਦੁੱਖ ਹੈ ਤੇ ਅਨੇਕਾਂ ਮਾੜੇ ਕਰਮ ਵੀ ਕਰਦਾ ਹੈ ਜਿਸਦੀ ਉਸਨੂੰ ਸਜਾ ਵੀ ਮਿਲਦੀ ਹੈ। ਗੁਰੂ ਦੀ ਮਤਿ ਦੇ ਉਲਟ ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਸਾਡਾ ਮਾੜਾ ਕਰਮ ਹੈ ਜਿਸ ਕਰਕੇ ਅਸੀਂ ਪ੍ਰਮਾਤਮਾ ਦੇ ਦਰ ਤੇ, ਗੁਰਮਤਿ ਦੇ ਮਾਲਕ ਦੇ ਦਰ ਤੇ, ਨਾਮ ਦੇ ਮਾਲਕ ਦੇ ਦਰ ਤੋਂ ਦੁੱਖ ਵੀ ਸਹਿੰਦੇ ਹਾਂ ਜਿਸ ਗੱਲ ਦੀ ਮਨੁੱਖ ਨੂੰ ਸਮਝ ਨਹੀਂ ਪੈਂਦੀ। ਭਗਤੀ ਦੇ ਨਾਸਮਝ ਤਰੀਕੇ ਅਪਨਾਉਣ ਨਾਲ ਜੋ ਅਸੀਂ ਸਰੀਰ ਨੂੰ ਕਸ਼ਟ ਦਿੰਦੇ ਹਾਂ ਉਹ ਆਪਣੇ ਆਪ ਨੂੰ ਕੇਵਲ ਖੱਜਲ ਖੁਆਰ ਹੀ ਕਰਦੇ ਹਾਂ ਭਾਵ ਬੇਵਜ੍ਹਾ ਆਪਣੇ ਆਪ ਨੂੰ ਦੁੱਖ ਦਿੰਦੇ ਹਾਂ ਜਿਸਨੂੰ ਸਮਝਿਆ ਨਹੀਂ ਜਾ ਸਕਦਾ ਕਿ ਇਸਦਾ ਕਾਰਨ ਸਾਡੀ ਮਨਮੁੱਖਤਾ ਹੈ ਭਾਵ ਨਾਮ ਦੀ ਸੱਚੀ ਸਮਝ ਦਾ ਨਾ ਹੋਣਾ ਹੈ। ਨਾਮ ਉਸਦੇ ਅੰਦਰ ਹੀ ਵੱਸਦਾ ਹੈ ਜਿਸਨੂੰ ਪ੍ਰਮਾਤਮਾ ਮਨ ਦੇ

48/6423

ਬੰਧਨ ਵਿੱਚੋਂ ਕੱਢ ਲੈਂਦਾ ਹੈ ਜੋ ਹਉਮੈ ਰੂਪ ਬੰਧਨ ਸਾਡੇ ਅੰਦਰ ਨਾਮ ਵੱਸਣ ਦੁਆਰਾ ਹੀ ਟੁੱਟ ਸਕਦਾ ਹੈ, ਉਸਦੇ ਸੱਚੇ ਗਿਆਨ ਦੀ ਸਮਝ ਪੈਣ ਦੁਆਰਾ ਟੁੱਟ ਸਕਦਾ ਹੈ। ਪ੍ਰਮਾਤਮਾ ਦਾ ਨਾਮ ਸਾਰੇ ਸੰਸਾਰ ਲਈ **"ਇਕੁ"** ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਬ੍ਰਹਮ ਗਿਆਨ ਰੂਪ ਹੈ, ਗੁਰਮਤਿ ਦੀ ਸੱਚੀ ਸਮਝ ਵਾਲਾ ਰੂਪ ਹੈ ਜੋ ਇੱਕੋ ਜਿਹਾ ਨਾਮ ਹੀ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਹੈ।
(ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥)

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥
ਹੁਕਮੁ ਮੰਨੇ ਸੋ ਜਨੁ ਪਰਵਾਨੁ ॥ ਗੁਰ ਕੈ ਸਬਦਿ ਨਾਮਿ ਨੀਸਾਨੁ ॥੧॥ ਰਹਾਉ ॥
ਸਾਚਿ ਰਤੇ ਜਿਨ੍ਹਾ ਧੁਰਿ ਲਿਖਿ ਪਾਇਆ ॥ ਹਰਿ ਕਾ ਨਾਮੁ ਸਦਾ ਮਨਿ ਭਾਇਆ ॥
ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ ਜੋਤੀ ਜੋਤਿ ਮਿਲਾਏ ਸੋਇ ॥੨॥ ਏਕੁ ਨਾਮੁ ਤਾਰੇ ਸੰਸਾਰੁ ॥
ਗੁਰ ਪਰਸਾਦੀ ਨਾਮ ਪਿਆਰੁ ॥ ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥ ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥
ਸੋ ਬੂਝੈ ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ ਨਾਮੁ ਦ੍ਰਿੜਾਏ ॥
ਜਿਨ ਇਕੁ ਜਾਤਾ ਸੇ ਜਨ ਪਰਵਾਨੁ ॥ ਨਾਨਕ ਨਾਮਿ ਰਤੇ ਦਰਿ ਨੀਸਾਨੁ ॥੪॥੧੦॥}

(ਅੰਗ ੧੧੭੫)

ਉੱਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਮੰਨ ਸਕਦਾ ਹੈ ਕਿ ਪ੍ਰਮਾਤਮਾ ਦਾ ਨਾਮ ਕੀ ਹੈ। ਗੁਰੂ ਦੇ ਹੁਕਮ ਨੂੰ ਮੰਨਣਾ ਹੀ ਗੁਰੂ ਦੇ ਨਾਮ ਨੂੰ ਮੰਨਣਾ ਹੈ ਜਿਸ ਰਾਹੀਂ ਪ੍ਰਮਾਤਮਾ ਦੇ ਨਾਲ ਮੇਲ ਹੋ ਸਕਦਾ ਹੈ ਤੇ ਨਾਮ ਦੀ ਪ੍ਰਾਪਤੀ ਤੋਂ ਬਿਨਾਂ ਭਾਵ ਪ੍ਰਮਾਤਮਾ ਨਾਲ ਮੇਲ ਦੀ ਪ੍ਰਾਪਤੀ ਤੋਂ ਬਿਨਾਂ ਕਿਸੇ ਦੀ ਮੁਕਤੀ ਨਹੀਂ ਹੋ ਸਕਦੀ। ਬੜਾ ਸਪਸ਼ਟ ਹੈ ਕਿ ਜਿਸਨੂੰ ਪ੍ਰਮਾਤਮਾ ਆਪ ਆਪਣਾ ਨਾਮ ਬੁਝਾਉਂਦਾ ਹੈ ਭਾਵ ਆਪਣੇ ਮੇਲ ਦੁਆਰਾ ਬੁਝਾਉਂਦਾ ਹੈ ਉਹੀ ਨਾਮ ਨੂੰ ਬੁੱਝ ਸਕਦਾ ਹੈ ਤੇ ਉਸਦੇ ਨਾਮ ਨਾਲ ਰੱਤਿਆ ਜਾ ਸਕਦਾ ਹੈ। ਨਾਮ ਬਾਰੇ ਸਾਡਾ ਭਰਮ ਅਨੇਕਾਂ ਹੀ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਸ਼ੁਰੂ ਤੋਂ ਲੈ ਕੇ ਸਮਝਦੇ ਆ ਰਹੇ ਹਾਂ ਪਰ ਹਰ ਕੋਈ ਇਤਨੇ ਵੱਡੇ ਭਰਮ ਨਾਲ ਜੁੜਿਆ ਹੋਇਆ ਹੈ ਜਿਸ ਭਰਮ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ ਕਿਉਂਕਿ ਸਾਡੇ ਅੰਦਰ ਇਹ ਭਰਮ ਉਹਨਾਂ ਦਾ ਪਾਇਆ ਹੋਇਆ ਹੈ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਬਹੁਤ ਉੱਚੇ ਥਾਪਿਆ ਹੋਇਆ ਹੈ ਤੇ ਇਸੇ ਲਈ ਸਦੀਆਂ ਤੋਂ ਇਹ ਭਰਮ ਇਸੇ ਤਰ੍ਹਾਂ ਚੱਲਦਾ ਆ ਰਿਹਾ ਹੈ। ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾ ਰਹੇ ਹਨ ਤੇ ਧਰਮ ਗ੍ਰੰਥਾਂ ਦੇ ਸੱਚ ਨੂੰ ਮੰਨੇ ਬਿਨਾਂ ਅਸੀਂ ਗੁਰੂ ਪ੍ਰਮਾਤਮਾ ਦਾ ਸੱਚੇ ਨਾਮ ਨਾਲ ਨਹੀਂ ਜੁੜ ਸਕਦੇ ਤੇ ਨਾ ਹੀ ਉਸ ਸੱਚੇ ਨਾਮ ਦੇ ਮਾਲਕ ਦੇ ਨਾਲ ਮੇਲ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ।

ਹੁਣ ਅਸੀਂ ਮੁੱਖ ਸ਼ਬਦ ਦੇ ਆਖਰੀ ਪਦੇ ਨੂੰ

48/6424

ਸਮਝਦੇ ਹਾਂ ਕਿ ਪ੍ਰਮਾਤਮਾ ਦੇ ਨਾਮ ਨੂੰ ਮੰਨਣ ਵਾਲੇ ਕਿਹੋ ਜਿਹੇ ਹੁੰਦੇ ਹਨ।

“ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥”

ਜਦ ਤਕ ਸਾਨੂੰ ਨਾਮ ਦੀ ਸਮਝ ਨਹੀਂ ਕਿ ਨਾਮ ਕੀ ਹੈ ਤਦ ਤਕ ਨਾ ਹੀ ਸਾਡੀ ਪ੍ਰਮਾਤਮਾ ਦੇ ਦਰ ਤੇ ਪਤਿ ਪੈਂਦੀ ਹੈ ਭਾਵ ਇੱਜਤ ਮਿਲਦੀ ਹੈ ਤੇ ਨਾ ਹੀ ਪ੍ਰਮਾਤਮਾ ਦੀ ਸੱਚੀ ਪੂਜਾ ਕੀਤੀ ਜਾ ਸਕਦੀ ਹੈ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਆਪਣਾ ਨਾਮ ਉਹ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਦਿੰਦਾ ਹੈ ਜਿਸ ਨਾਮ ਦੁਆਰਾ ਉਹ ਮਨੁੱਖ ਨੂੰ ਹਉਮੈ ਦੇ ਬੰਧਨ ਵਿੱਚੋਂ ਕੱਢਦਾ ਹੈ, ਅਗਿਆਨਤਾ ਦੇ ਬੰਧਨ ਵਿੱਚੋਂ ਕੱਢਦਾ ਹੈ, ਮਨਮੁਖਿ ਵਾਲੀ ਸਮਝ ਵਿੱਚੋਂ ਕੱਢਦਾ ਹੈ ਜਿਵੇਂ ਕਿ ਅਸੀਂ ਇਸ ਸ਼ਬਦ ਦੇ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਆਪਣੇ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪਣੀ ਭਗਤੀ ਕਰਨ ਦੀ ਸੱਚੀ ਸਮਝ ਹੀ ਪਾਉਂਦਾ ਹੈ, ਆਪਣਾ ਸੱਚਾ ਗਿਆਨ ਹੀ ਬਖਸ਼ਦਾ ਹੈ ਜੋ ਕਿ ਉਹ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਬਖਸ਼ਦਾ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਬਖਸ਼ਦਾ ਹੈ। ਧਰਮ ਗ੍ਰੰਥਾਂ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਬ੍ਰਹਮ ਗਿਆਨ ਹੀ ਹੈ ਭਾਵ ਉਸਦਾ ਨਾਮ ਹੀ ਹੈ ਜਿਸ ਦੁਆਰਾ ਉਹ ਸਭਨੂੰ ਭਗਤੀ ਦੇ ਸੱਚੇ ਮਾਰਗ ਦੀ ਸਿੱਖਿਆ ਹੀ ਦੇ ਰਿਹਾ ਹੈ। ਧਰਮ ਗ੍ਰੰਥਾਂ ਦੀ ਸੱਚੀ ਸਿੱਖਿਆ ਨੂੰ ਮੰਨਣਾ ਹੀ ਭਾਵ ਉਸ ਤੇ ਅਮਲ ਕਰਨਾ ਹੀ ਪ੍ਰਮਾਤਮਾ ਦੀ ਸੱਚੀ ਪੂਜਾ ਹੈ ਜਿਸ ਸੱਚੀ ਪੂਜਾ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਦੇ ਦਰ ਤੋਂ ਇੱਜਤ ਮਿਲਦੀ ਹੈ। ਗੁਰੂ ਦਾ ਨਾਮ ਭਾਵ ਗੁਰੂ ਦੀ ਸਿੱਖਿਆ ਸਾਨੂੰ ਅਉਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨਾ ਸਿਖਾਉਂਦੀ ਹੈ ਭਾਵ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਗੁਣਾਂ

ਦੁਆਰਾ ਵਿਚਰੀਏ ਭਾਵ ਚੰਗੇ ਕਰਮ ਕਰੀਏ, ਸੱਚੇ ਸੁੱਚੇ ਕਰਮ ਕਰੀਏ ਜਿਸ ਦੁਆਰਾ ਅਸੀਂ ਕਿਸੇ ਦਾ ਮਾੜਾ ਨਾ ਕਰੀਏ ਭਾਵ ਮਨੁੱਖਤਾ ਦੇ ਭਲੇ ਵਾਲੇ ਕਮ ਕਰੀਏ। **(ਮੰਨੇ ਨਾਮੁ ਸਚੀ ਪਤਿ ਪੂਜਾ ॥) {ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}** ਅੰਗ ੧੮੭

ਜੋ ਮਨੁੱਖ ਪ੍ਰਮਾਤਮਾ ਦੀ ਸੱਚੀ ਪੂਜਾ ਕਰਨ ਵਾਲਾ

48/6425

ਹੁੰਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਵੀ ਹੁੰਦੀ ਹੈ ਕਿ ਪ੍ਰਮਾਤਮਾ ਦਾ ਨਾਮ ਕੀ ਹੈ ਜੋ ਕਿ ਉਸਦਾ ਨਾਮ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਆਪ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਭ ਜਗ੍ਹਾ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਵਿੱਚਰ ਰਿਹਾ ਹੈ ਤੇ ਮਨੁੱਖ ਦੇ ਅੰਦਰ ਵੀ ਉਹ ਆਪਣੇ ਆਪ ਨੂੰ ਆਪਣੇ **"ਨਾਮੁ"** ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਮਨ ਦੀ ਸਮਝ ਰਾਹੀਂ ਹੀ ਮਨੁੱਖ ਨੂੰ ਇਹ ਪਤਾ ਲੱਗਦਾ ਹੈ ਕਿ ਪ੍ਰਮਾਤਮਾ ਆਪ ਨਾਮ ਦੇ ਰੂਪ ਵਿੱਚ ਹੈ ਭਾਵ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਤੇ ਪੂਰੀ ਸਾਇੰਸ ਦੀ ਰਚਨਾ ਉਸਨੇ ਆਪਣੇ ਸੱਚੇ ਗਿਆਨ ਦੁਆਰਾ ਹੀ ਕੀਤੀ ਹੈ ਭਾਵ ਆਪਣੇ ਨਾਮ ਦੁਆਰਾ ਹੀ ਕੀਤੀ ਹੈ ਤੇ ਆਪਣੇ ਨਾਮ ਦੁਆਰਾ ਹੀ ਉਹ ਹਰ ਆਕਾਰ ਰੂਪ ਨੂੰ ਚੱਲਾ ਰਿਹਾ ਹੈ। ਨਾਮ ਦੀ ਸਮਝ ਪੈਣ ਦੁਆਰਾ ਹੀ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਜਿਸ ਰੂਪ ਵਿੱਚ ਪ੍ਰਮਾਤਮਾ ਮੇਰੇ ਅੰਦਰ ਹੈ ਉਸੇ ਰੂਪ ਵਿੱਚ ਹੀ ਉਹ ਹਰ ਆਕਾਰ ਰੂਪ ਦੇ ਵਿੱਚ ਵੱਸਿਆ ਹੋਇਆ ਹੈ ਭਾਵ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ ਭਾਵ ਪ੍ਰਮਾਤਮਾ ਗਿਆਨ ਰੂਪ ਹੈ ਤੇ ਧਰਮ ਦੇ ਮਾਰਗ ਦੀ ਸਮਝ ਵੀ ਉਹ ਆਪਣੇ ਗਿਆਨ ਦੁਆਰਾ ਹੀ ਪਾਉਂਦਾ ਹੈ ਭਾਵ ਨਾਮ ਦੁਆਰਾ ਹੀ ਪਾਉਂਦਾ ਹੈ ਜਿਸ ਨਾਮ ਨੂੰ ਮੰਨਣ ਦੁਆਰਾ ਹੀ ਭਾਵ ਧਰਮ ਗ੍ਰੰਥਾਂ ਦੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਉਸ ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕੀਤਾ ਜਾ ਸਕਦਾ ਹੈ। ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਸਦੀ ਸੋਝੀ ਉਸਦਾ ਨਾਮ ਮਿਲਣ ਦੁਆਰਾ ਹੀ ਪੈਂਦੀ ਹੈ ਤੇ ਉਸਦਾ ਸੱਚਾ ਨਾਮ ਉਹੀ ਜਪਦਾ ਹੈ ਭਾਵ ਧਰਮ ਦੇ ਅਸਲ ਮਾਰਗ ਤੇ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਸ ਮਾਰਗ ਤੇ ਚੱਲਣ ਵਾਲੇ ਨੂੰ ਇਸ ਗੱਲ ਦੀ ਸਮਝ ਵੀ ਹੁੰਦੀ ਹੈ ਜੋ ਕੁਝ ਵੀ ਮੈਂ ਦੇਖ ਰਿਹਾ ਹਾਂ ਉਹ ਸਭ ਕੁਝ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਸ ਤੋਂ ਦੂਜਾ ਕੋਈ ਹੋਰ ਹੈ ਹੀ ਨਹੀਂ। **(ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥)** ਜਦ ਤਕ ਸਭ ਵਿੱਚ ਪ੍ਰਮਾਤਮਾ ਨਜਰ ਨਹੀਂ ਆਉਂਦਾ ਤਦ ਤਕ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਜੋ ਹਰ ਵਸਤੂ ਦੇ ਵਿੱਚ ਪਏ ਹੋਏ ਗੁਣਾਂ ਦਾ ਭੰਡਾਰ ਹੈ ਭਾਵ ਗੁਣਾਂ ਦੇ ਮਾਲਕ ਨੂੰ ਜਾਣੇ ਬਿਨਾਂ ਉਸ ਮਾਲਕ ਦੇ ਗੁਣ ਨਹੀਂ ਗਾਏ ਜਾ ਸਕਦੇ। **{ਗੁਨੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}** ਅੰਗ ੯

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥

ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੯੪)

{ਨਾਨਾ ਰੂਪ ਨਾਨਾ ਜਾ ਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥ ਨਾਨਾ ਬਿਧਿ ਕੀਨੋ ਬਿਸਥਾਰੁ ॥
ਪ੍ਰਭੁ ਅਬਿਨਾਸੀ ਏਕੰਕਾਰੁ ॥ ਨਾਨਾ ਚਲਿਤ ਕਰੇ ਖਿਨ ਮਾਹਿ ॥ ਪੂਰਿ ਰਹਿਓ ਪੂਰਨੁ ਸਭ ਠਾਇ ॥
ਨਾਨਾ ਬਿਧਿ ਕਰਿ ਬਨਤ ਬਨਾਈ ॥ ਅਪਨੀ ਕੀਮਤਿ ਆਪੇ ਪਾਈ ॥
ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥}

(ਅੰਗ ੨੯੪)

48/6426

ਜਦ ਤਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖ ਨਹੀਂ ਲੈਂਦਾ ਤਦ ਤਕ ਉਹ ਪ੍ਰਮਾਤਮਾ ਬਾਰੇ ਕੁਝ ਕਹਿ ਵੀ ਨਹੀਂ ਸਕਦਾ ਕਿ ਪ੍ਰਮਾਤਮਾ ਕੀ ਹੈ ਭਾਵ ਉਸਦਾ **"ਨਾਮੁ"** ਰੂਪ ਕੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥"

ਜਿਨ੍ਹਾਂ ਭਗਤਾਂ ਨੇ, ਗੁਰੂ ਸਾਹਿਬਾਨ ਨੇ ਪੂਰੀ ਗੁਰਬਾਣੀ ਉਚਾਰੀ ਹੈ ਉਹਨਾਂ ਨੇ ਹੀ ਸਾਨੂੰ ਪ੍ਰਮਾਤਮਾ ਬਾਰੇ ਸਮਝਾਇਆ ਹੈ ਕਿ ਪ੍ਰਮਾਤਮਾ ਕੀ ਹੈ ਭਾਵ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ ਤੇ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਉਸਦਾ ਨਾਮ ਰੂਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਭ ਜਗ੍ਹਾ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਸਮਾਇਆ ਹੋਇਆ ਹੈ। ਉਸਦੇ ਨਾਮ ਦੀ ਸਮਝ ਆਏ ਬਿਨਾਂ ਪ੍ਰਮਾਤਮਾ ਦੀ ਸਮਝ ਵੀ ਨਹੀਂ ਆ ਸਕਦੀ। ਉੱਪਰ ਪੰਗਤੀਆਂ ਰਾਹੀਂ ਧੰਨ ਧੰਨ ਪਹਿਲੀ ਪਾਤਸ਼ਾਹੀ ਬਾਬਾ ਨਾਨਕ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈ ਜੋ ਕੁਝ ਵੀ ਤੁਹਾਨੂੰ ਕਹਿ ਰਿਹਾ ਹਾਂ ਭਾਵ ਪ੍ਰਮਾਤਮਾ ਬਾਰੇ ਕਹਿ ਰਿਹਾ ਹੈ, ਨਾਮ ਬਾਰੇ ਸਮਝਾ ਰਿਹਾ ਹਾਂ ਉਹ ਮੈਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਕੇ ਹੀ ਕਹਿ ਰਿਹਾ ਹੈ, ਉਸਦਾ ਨਾਮ ਕੀ ਹੈ ਉਹ ਮੈਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਸਮਝਾ ਰਿਹਾ ਹਾਂ। ਮੈਨੂੰ ਪ੍ਰਮਾਤਮਾ ਦਾ ਨਾਮ ਭਾਉਂਦਾ ਹੈ ਭਾਵ ਚੰਗਾ ਲਗਦਾ ਹੈ ਇਸੇ ਕਰਕੇ ਮੈਂ ਪ੍ਰਮਾਤਮਾ ਦੇ ਨਾਮ ਨੂੰ ਮੰਨਦਾ ਹਾਂ ਜਿਸ ਨਾਮ ਨੂੰ ਮੰਨਣ ਦੁਆਰਾ ਮੈਂ ਪ੍ਰਮਾਤਮਾ ਦੀ ਪੂਜਾ ਕਰਦਾ ਹਾਂ। ਮੈਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਿਆ ਹੈ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਦੇਖਿਆ ਹੈ ਭਾਵ ਬ੍ਰਹਮ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਦੇਖਿਆ ਹੈ ਤੇ ਜੋ ਰੂਪ ਪ੍ਰਮਾਤਮਾ ਦਾ ਮੈਂ ਆਪਣੇ ਅੰਦਰੋਂ ਦੇਖਿਆ ਹੈ ਉਹੀ ਉਸਦਾ ਰੂਪ ਮੈਨੂੰ ਸਭ ਜਗ੍ਹਾ ਨਜਰ ਆ ਰਿਹਾ ਹੈ ਤੇ ਮੈਨੂੰ ਪ੍ਰਮਾਤਮਾ ਤੋਂ ਬਿਨਾਂ ਕੋਈ ਹੋਰ ਰੂਪ ਨਜਰ ਨਹੀਂ ਆਉਂਦਾ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜਿਸਨੂੰ ਪ੍ਰਮਾਤਮਾ ਸਭ ਜਗ੍ਹਾ, ਸਭ ਵਿੱਚ ਨਜਰ ਆ ਜਾਂਦਾ ਹੈ ਉਹੀ ਨਾਮ ਨੂੰ ਮੰਨਣ ਵਾਲਾ ਹੁੰਦਾ ਹੈ ਕਿਉਂਕਿ ਆਪਣੇ ਸੱਚੇ ਨਾਮ ਦੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ ਤੇ ਆਪ ਹੀ ਆਪਣਾ

48/6427

ਨਾਮ ਜਪਾਉਂਦਾ ਹੈ ਭਾਵ ਆਪ ਹੀ ਆਪਣੀ ਗੁਰਮਤਿ ਸਮਝਾਉਂਦਾ ਹੈ ਤੇ ਆਪ ਹੀ ਆਪਣੀ ਸੱਚੀ ਗੁਰਮਤਿ ਤੇ ਚਲਾਉਂਦਾ ਹੈ ਜਿਸ ਗੁਰਮਤਿ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਦੀ ਪੂਜਾ ਹੁੰਦੀ ਹੈ ਤੇ ਪ੍ਰਮਾਤਮਾ ਦੇ ਦਰ ਤੇ ਮਨੁੱਖ ਦੀ ਪਤਿ ਪੈਂਦੀ ਹੈ। **(ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥)**

ਉੱਪਰ ਵਾਲੇ ਪੂਰੇ ਸ਼ਬਦ ਦੁਆਰਾ ਸਾਨੂੰ ਨਾਮ ਬਾਰੇ ਸਮਝ ਹੀ ਪਾਈ ਹੋਈ ਹੈ ਭਾਵ ਨਾਮ ਮੰਨਣਾ ਕੀ ਹੈ, ਇਹ ਸਮਝਾਇਆ ਹੋਇਆ ਹੈ ਜੋ ਨਾਮ ਪ੍ਰਮਾਤਮਾ ਦਾ ਉਸਦਾ ਗਿਆਨ ਪਦਾਰਥ ਹੈ। ਗੁਰੂ ਦੇ ਗਿਆਨ ਪਦਾਰਥ ਦੀ ਪੂਜਾ ਹੀ ਗੁਰੂ ਦੀ ਪੂਜਾ ਹੈ ਭਾਵ ਉਸਦਾ ਨਾਮ ਜਪਣਾ ਹੈ। ਗੁਰੂ ਦਾ ਗਿਆਨ ਪਦਾਰਥ ਗੁਰੂ ਦੀ ਮਤਿ ਹੀ ਹੈ। ਗੁਰੂ ਦੀ ਮਤਿ ਦੀ ਸੱਚੀ ਸਮਝ ਆਏ ਬਿਨਾਂ ਨਾ ਹੀ ਨਾਮ ਦੀ ਸਮਝ ਆ ਸਕਦੀ ਹੈ ਤੇ ਨਾ ਹੀ ਨਾਮ ਨੂੰ ਮੰਨਿਆ ਜਾ ਸਕਦਾ ਹੈ ਜਿਸ ਲਈ ਸਾਡਾ ਸਭ ਤੋਂ ਵੱਡਾ ਉੱਦਮ, ਸੱਚਾ ਉੱਦਮ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਦੀ ਮਤਿ ਨੂੰ ਬਰੀਕੀ ਨਾਲ ਸਮਝੀਏ ਤੇ ਉਸਨੂੰ ਮੰਨੀਏ ਤੇ ਉਹਨਾਂ ਦੀ ਮਤਿ ਵਿੱਚੋਂ ਨਿਕਲੀਏ

ਜਿਨ੍ਹਾਂ ਨੇ ਸਾਨੂੰ ਨਾਮ ਜਪਣ ਬਾਰੇ ਭਰਮਾਂ ਵਿੱਚ ਪਾਇਆ ਹੈ। ਨਾਮ ਜਪਣਾ ਸਾਡੀ ਕਥਨੀ ਦਾ ਨਹੀਂ ਬਲਕਿ ਸਾਡੀ ਕਰਣੀ ਦਾ ਮਾਰਗ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਉੱਪਰ ਵਾਲੇ ਸ਼ਬਦ ਨੂੰ ਇੱਕ ਵਾਰੀ ਫਿਰ ਆਪਣੇ ਆਪ ਵਿਚਾਰੋ ਤੇ ਸਮਝੋ ਕਿ ਨਾਮ ਨੂੰ ਮੰਨਣਾ ਕੀ ਹੈ, ਪ੍ਰਮਾਤਮਾ ਦੀ ਸੱਚੀ ਪੂਜਾ ਕੀ ਹੈ। **(ਨਿਕਟਿ ਵਸੈ ਦੇਖੈ ਸਭੁ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥੧॥ ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥ ਗਿਆਨੁ ਗਿਆਨੁ ਕਥੈ ਸਭੁ ਕੋਈ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥ ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥ ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥ ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥ ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥ ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ॥੬॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਮੰ ॥ ਗੁਰਮੁਖਿ ਸਾਂਤਿ ਉਤਮ ਕਰਮੰ ॥ ਮਨਮੁਖਿ ਜੋਨੀ ਦੂਖ ਸਹਮੰ ॥ ਬੰਧਨ ਤੂਟੇ ਇਕੁ ਨਾਮੁ ਵਸਮੰ ॥੭॥ ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥)** ਅੰਗ ੮੩੧

{ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥
ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ ਡਰੁ ਸਗਲ ਚੁਕਾਇਆ ॥੧॥
ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥
ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥
ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥
ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥
ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥ ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥
ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥੪੩॥੫੬॥}

(ਅੰਗ ੧੧੫੨)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥
ਨਾਨਕ ਬਿਰਥਾ ਕੋਇ ਨ ਹੋਇ ॥ ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥
ਪ੍ਰਾਪਤਿ ਪੋਤਾ ਕਰਮੁ ਪਸਾਉ ॥ ਤੂ ਦੇਵਹਿ ਮੰਗਤ ਜਨ ਚਾਉ ॥
ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥
ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ ਨਾ ਕੋ ਜਾਇ ॥੩॥
ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥੪॥੮॥}

(ਅੰਗ ੮੭੮)

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

{ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥ ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥
ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥ ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੂਟਸੀ ਕਹਿ ਸੁਣਿ ਆਖਿ ਵਖਾਣੁ ॥੭॥}

(ਅੰਗ ੫੬)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥ ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥ ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥ ਮੂਲ ਦੁਆਰੈ ਬੰਧਿਆ ਬੰਧੁ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥ ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥}

(ਅੰਗ ੧੧੫੯)

48/6428

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥ ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ ੧੧੪੭)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

{ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ॥

ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ ੨੭)

{ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥੧॥
ਕਵਨ ਗੁਨੁ ਜੋ ਤੁਝੁ ਲੈ ਗਾਵਉ ॥ ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥
ਕਵਨ ਸੁ ਪੂਜਾ ਤੇਰੀ ਕਰਉ ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥
ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥
ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ ੧੮੬-੧੮੭)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥}

(ਅੰਗ ੩੭੭)

{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥}

(ਅੰਗ ੧੪੧)

{ਅਲਹ ਅਗਮ ਖੁਦਾਈ ਬੰਦੇ ॥ ਛੋਡਿ ਖਿਆਲ ਦੁਨੀਆ ਕੇ ਧੰਧੇ ॥
ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ ॥੧॥
ਸਚੁ ਨਿਵਾਜ ਯਕੀਨ ਮੁਸਲਾ ॥ ਮਨਸਾ ਮਾਰਿ ਨਿਵਾਰਿਹੁ ਆਸਾ ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥
ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥

ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥੪॥
ਮਕਾ ਮਿਹਰ ਰੋਜਾ ਪੈ ਖਾਕਾ ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥੫॥
ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥
ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥੮॥
ਅਵਲਿ ਸਿਫਤਿ ਦੂਜੀ ਸਾਬੂਰੀ ॥ ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥
ਸਗਲੀ ਜਾਨਿ ਕਰਹੁ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥
ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥
ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥
ਜਾ ਕਉ ਮਿਹਰ ਮਿਹਰ ਮਿਹਰਵਾਨਾ ॥ ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ ॥੧੪॥
ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥}

(ਅੰਗ ੧੦੮੩-੧੦੮੪)

ਗੁਰੂ ਦਾ ਨਾਮ ਕੀ ਹੈ ਤੇ ਗੁਰੂ ਦੇ ਨਾਮ ਨੂੰ ਮੰਨਣ ਵਾਲੇ ਕਿਹੋ ਜਿਹੇ ਹੁੰਦੇ ਹਨ ਭਾਵ ਗੁਰੂ ਦਾ ਨਾਮ ਮੰਨਣਾ ਕੀ ਹੈ ਇਸ ਗੱਲ ਨੂੰ ਅਸੀਂ ਉੱਪਰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਨਾਮ ਹੈ ਤੇ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੇ ਨਾਮ ਨੂੰ ਮੰਨਣਾ ਹੈ। ਉੱਪਰ ਗੁਰੂ ਦੇ ਸ਼ਬਦਾਂ ਦੀ ਵਿਚਾਰ ਰਾਹੀਂ ਹੀ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਨਾਮ ਕੀ ਹੈ, ਨਾਮ ਮੰਨਣਾ ਕੀ ਹੈ। ਜੇਕਰ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨ ਲਵਾਂਗੇ ਫਿਰ ਸਾਨੂੰ ਆਪੇ ਹੀ ਸਮਝ ਲੱਗ ਜਾਵੇਗੀ ਕਿ ਨਾਮ ਕੀ ਹੈ ਤੇ ਨਾਮ ਜਪਣਾ ਕੀ ਹੈ। ਸਾਡੀ ਸਭ ਤੋਂ ਵੱਡੀ ਕਮੀ ਹੀ ਇਹ ਹੈ ਕਿ ਅਸੀਂ ਸ਼ਬਦ ਦੀ ਵਿਚਾਰ ਤੇ ਆਪਣਾ ਵਿਸ਼ਵਾਸ ਨਹੀਂ ਟਿਕਾਉਂਦੇ ਫਿਰ ਸਾਨੂੰ ਨਾਮ ਦੀ ਸਮਝ ਵੀ ਕਿਵੇਂ ਆ ਸਕਦੀ ਹੈ ਭਾਵ ਅਸੀਂ ਮੂਲ ਰੂਪ ਵਿੱਚ ਹੀ ਨਾਮ ਨੂੰ ਸਮਝਣ ਲਈ ਭਰਮ ਵਿੱਚ ਹਾਂ ਤੇ ਸਾਨੂੰ ਇਸ ਭਰਮ ਵਿੱਚ ਉਹਨਾਂ ਨੇ ਪਾਇਆ ਹੋਇਆ ਹੈ ਜਿਨ੍ਹਾਂ ਦੀ ਵਿਚਾਰ ਨੂੰ ਅਸੀਂ ਮੰਨਦੇ ਹਾਂ। ਸਾਡੇ ਲਈ ਸਭ ਤੋਂ ਵੱਡਾ ਫੈਸਲਾ ਇਹ ਕਰਨ ਦੀ ਲੋੜ ਹੈ ਕਿ ਅਸੀਂ ਕਿਸ ਦੀ ਵਿਚਾਰ

ਨੂੰ ਮੰਨਣਾ ਹੈ ਭਾਵ ਕਿਸੇ ਹੋਰ ਦੀ ਵਿਚਾਰ ਨੂੰ ਮੰਨਣਾ ਹੈ ਜਾਂ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੈ। ਸ਼ਬਦ ਦੀ ਵਿਚਾਰ ਹੀ ਨਾਮ ਹੈ ਤੇ ਸ਼ਬਦ ਦੀ ਵਿਚਾਰ ਨੂੰ ਮੰਨੇ ਬਿਨਾਂ ਅਸੀਂ ਨਾਮ ਨੂੰ ਸਮਝ ਵੀ ਕਿਵੇਂ ਸਕਦੇ ਹਾਂ ਤੇ ਨਾਮ ਜਪ ਵੀ ਕਿਵੇਂ ਸਕਦੇ ਹਾਂ। ਪਿੱਛੇ ਅਸੀਂ ਜਪੁਜੀ ਬਾਣੀ ਦੇ ਹੇਠ ਦਿੱਤੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਦੇ ਨਾਮ ਨੂੰ ਮੰਨਣਾ ਕੀ ਹੈ। ਗੁਰੂ ਦੀ ਬਾਣੀ ਉਹਨਾਂ ਨੇ ਹੀ ਲਿਖੀ ਹੈ ਜਿਨ੍ਹਾਂ ਨੂੰ ਨਾਮ ਦੀ ਆਪ ਸਮਝ ਹੈ ਤੇ ਆਪ ਹੀ ਉਹਨਾਂ ਨੇ ਨਾਮ ਨੂੰ ਮੰਨਿਆ ਹੈ ਤੇ ਉਹੀ ਕੁਝ ਨਾਮ ਉਹਨਾਂ ਨੇ ਸੰਸਾਰ ਨੂੰ ਮੰਨਣਾ

48/6429

ਸਿਖਾਇਆ ਹੈ।

{ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥
ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥
ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥}

(ਅੰਗ ੩)

ਉੱਪਰ ਵਾਲੇ ਦੋਨਾਂ ਸ਼ਬਦਾਂ ਦੇ ਅਰਥ ਅਸੀਂ ਪਹਿਲਾਂ ਸਮਝੇ ਹੀ ਹਨ, ਬਰੀਕੀ ਨਾਲ ਸਮਝੇ ਹਨ ਤਾਂ ਜੋ ਸਮਝਣ ਵਿੱਚ ਕਿਸੇ ਨੂੰ ਕੋਈ ਭਰਮ ਨਾ ਰਹੇ। ਕੇਵਲ ਤੇ ਕੇਵਲ ਸ਼ਬਦ ਦੀ ਵਿਚਾਰ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਤਾਂ ਹੀ ਸਾਨੂੰ ਨਾਮ ਦੀ ਸੋਝੀ ਪੈ ਸਕਦੀ ਹੈ ਕਿਉਂਕਿ ਸ਼ਬਦ ਦੀ ਵਿਚਾਰ ਹੀ ਨਾਮ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣ ਲਈ ਸਾਨੂੰ ਉਹਨਾਂ ਦੀ ਵਿਚਾਰ ਛੱਡਣੀ ਪਵੇਗੀ ਜੋ ਸਾਨੂੰ ਸਦੀਆਂ ਤੋਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ, ਕਿਸੇ ਸ਼ਬਦ ਨੂੰ ਬੋਲੀ ਜਾਣਾ ਹੀ ਨਾਮ ਜਪਣਾ ਸਮਝਾਉਂਦੇ ਹਨ। ਹੁਣ ਅਸੀਂ ਜਪੁਜੀ ਬਾਣੀ ਦੇ ਅਗਲੇ ਸ਼ਬਦ ਨੂੰ ਸਮਝਦੇ ਹਾਂ ਕਿ ਗੁਰੂ ਦੇ ਨਾਮ ਨੂੰ ਮੰਨਣ ਵਾਲੇ ਭਾਵ ਨਾਮ ਜਪਣ ਵਾਲੇ ਕਿਹੋ ਜਿਹੇ ਹੁੰਦੇ ਹਨ।

“ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ ॥
ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥”

ਉੱਪਰ ਪਹਿਲੀ ਪੰਗਤੀ ਰਾਹੀਂ ਹੀ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਨਾਮ ਮੰਨਣਾ ਕੀ ਹੈ। ਭਗਤੀ ਦੇ ਸਹੀ ਮਾਰਗ ਤੇ ਚੱਲਣਾ, ਧਰਮ ਦੇ ਸਹੀ ਮਾਰਗ ਤੇ ਚੱਲਣਾ ਹੀ ਨਾਮ ਨੂੰ ਮੰਨਣ ਦਾ ਮਕਸਦ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਦਾ ਮਕਸਦ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਮਕਸਦ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸਾਡੇ ਜੀਵਨ ਦਾ ਸਹੀ ਮਾਰਗ ਹੀ ਸਮਝਾਉਂਦੀ ਹੈ ਜੋ ਮਾਰਗ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਤਿਆਗਕੇ, ਮਨ ਦੇ ਮਾੜੇ ਵਿਚਾਰਾਂ ਨੂੰ ਤਿਆਗਕੇ, ਮਨ ਦੇ ਅਉਗੁਣਾਂ ਨੂੰ ਤਿਆਗ ਕੇ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਹੀ ਹੈ। ਗੁਰੂ ਦੇ ਸੱਚੇ ਮਾਰਗ ਨੂੰ ਨਾਸਮਝਣ ਕਰਕੇ ਭਾਵ ਗੁਰੂ ਦੇ ਨਾਮ ਨੂੰ ਨਾ ਮੰਨਣ ਕਰਕੇ ਅਸੀਂ ਅਨੇਕਾਂ ਹੀ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦੇ ਅਨੇਕਾਂ ਮਾਰਗ ਅਪਨਾਏ ਹੋਏ ਹਨ, ਸਰੀਰਕ ਜਪਾਂ ਤਪਾਂ ਆਦਿ ਦੇ ਮਾਰਗ ਬਣਾਏ ਹੋਏ ਹਨ, ਸਰੀਰਕ ਸੁਚਿ ਦੇ ਮਾਰਗ ਬਣਾਏ ਹੋਏ ਹਨ, ਵੇਲੇ ਵੇਲੇ ਵਿੱਚ ਫਰਕ ਸਮਝਕੇ ਭਗਤੀ ਦੇ ਖਾਸ ਵੇਲੇ ਥਾਪੇ ਹੋਏ ਹਨ ਜਿਹੋ ਜਿਹੇ ਹਰ ਤਰੀਕਿਆਂ ਦਾ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੈ, ਬਰੀਕੀ

ਨਾਲ ਸਮਝਿਆ ਹੈ। ਗੁਰੂ ਦੁਆਰਾ ਸਮਝਾਇਆ ਹੋਇਆ ਭਗਤੀ ਦਾ ਤਰੀਕਾ ਭਾਵ ਨਾਮ ਜਪਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਤਰੀਕਾ ਸੱਚ ਤੇ ਚੱਲਣ ਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨ ਕੇ ਉਸ ਤੇ ਅਮਲ ਕਰਨ ਦਾ ਹੈ ਤੇ ਗੁਰੂ ਦੇ ਸਮਝਾਏ ਹੋਏ ਇਸ ਸੱਚੇ ਮਾਰਗ ਨੂੰ ਅਪਨਾਉਣ ਤੋਂ ਬਿਨਾਂ ਅਸੀਂ ਜੋ ਵੀ ਹੋਰ ਤਰੀਕੇ ਆਪਣੀ-ਆਪਣੀ ਸਮਝ ਦੁਆਰਾ ਬਣਾਏ ਹੋਏ ਹਨ ਉਹ ਸਭ ਤਰੀਕੇ ਸਾਡੀ ਸੱਚੀ ਭਗਤੀ ਦੇ ਮਾਰਗ ਵਿੱਚ **“ਠਾਕ”** ਹੀ ਹਨ ਭਾਵ ਰੁਕਾਵਟ ਹੀ ਹਨ। ਇਹਨਾਂ ਰੁਕਾਵਟਾਂ ਵਿੱਚੋਂ ਨਿਕਲੇ ਬਿਨਾਂ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ ਤੇ ਜੋ ਮਨੁੱਖ ਗੁਰੂ ਦੇ ਨਾਮ ਨੂੰ ਮੰਨ ਲੈਂਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨ ਲੈਂਦਾ ਹੈ ਉਹ ਫਿਰ ਭਗਤੀ ਦੇ ਨਾਸਮਝ ਤਰੀਕਿਆਂ ਦੀ ਰੁਕਾਵਟ ਵਿੱਚੋਂ ਨਿਕਲ ਜਾਂਦਾ ਹੈ ਭਾਵ ਫਿਰ ਉਹ ਸੱਚੀ ਭਗਤੀ ਦੇ ਮਾਰਗ ਤੇ ਚੱਲਦਾ ਹੈ, ਗੁਰੂ ਦੇ ਸੱਚੇ ਨਾਮ ਨੂੰ ਜਪਣ ਦੇ ਮਾਰਗ ਤੇ ਚੱਲਦਾ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਅਉਗੁਣ ਸਾਰੇ ਸੰਸਾਰ ਲਈ ਇੱਕੋ ਜਿਹੇ ਮਾੜੇ ਹਨ ਤੇ ਗੁਣ ਸਾਰੇ ਸੰਸਾਰ ਲਈ ਇੱਕੋ ਜਿਹੇ ਚੰਗੇ ਹਨ ਜੋ ਸਾਡੀ ਸੰਸਾਰਿਕ ਵਿਚਰਨ ਨੂੰ ਚੰਗਾ ਬਣਾਉਂਦੇ ਹਨ। **(ਮੰਨੈ ਮਾਰਗਿ ਠਾਕ ਨ ਪਾਇ ॥)**

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ॥
ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥

ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥
ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥
ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥
ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥
ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥
ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

{ਆਪੁ ਵੰਞਾਏ ਤਾ ਸਭ ਕਿਛੁ ਪਾਏ ॥ ਗੁਰ ਸਬਦੀ ਸਚੀ ਲਿਵ ਲਾਏ ॥
ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ ਗਾਵਣਿਆ ॥
ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ ਦੇਵਣਿਆ ॥੧॥ ਰਹਾਉ ॥
ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥
ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥
ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥
ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ ॥੪॥
ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥ ਨਿਰਮਲ ਬਾਣੀ ਸਬਦਿ ਵਖਾਣਹਿ ॥
ਸਚੇ ਸੇਵਿ ਸਦਾ ਸੁਖੁ ਪਾਇਨਿ ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥
ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ ਸਤਸੰਗਤਿ ਬਹਿ ਹਰਿ ਗੁਣ ਗਾਇਆ ॥
ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥
ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥

ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥
ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ ॥
ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥}

(ਅੰਗ ੧੧੫)

{ਗੀਤ ਨਾਦ ਹਰਖ ਚਤੁਰਾਈ ॥ ਰਹਸ ਰੰਗ ਫੁਰਮਾਇਸਿ ਕਾਈ ॥ ਪੈਨ੍ਹਣੁ ਖਾਣਾ ਚੀਤਿ ਨ ਪਾਈ ॥
ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥ ਕਿਆ ਜਾਨਾਂ ਕਿਆ ਕਰੈ ਕਰਾਵੈ ॥
ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥੧॥ ਰਹਾਉ ॥ ਜੋਗ ਬਿਨੋਦ ਸ੍ਵਾਦ ਆਨੰਦਾ ॥
ਮਤਿ ਸਤ ਭਾਇ ਭਗਤਿ ਗੋਬਿੰਦਾ ॥ ਕੀਰਤਿ ਕਰਮ ਕਾਰ ਨਿਜ ਸੰਦਾ ॥ ਅੰਤਰਿ ਰਵਤੌ ਰਾਜ ਰਵਿੰਦਾ ॥੨॥
ਪ੍ਰਿਉ ਪ੍ਰਿਉ ਪ੍ਰੀਤਿ ਪ੍ਰੇਮਿ ਉਰ ਧਾਰੀ ॥ ਦੀਨਾ ਨਾਥੁ ਪੀਉ ਬਨਵਾਰੀ ॥ ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥
ਤ੍ਰਿਪਤਿ ਤਰੰਗ ਤਤੁ ਬੀਚਾਰੀ ॥੩॥ ਅਕਥੌ ਕਥਉ ਕਿਆ ਮੈ ਜੋਰੁ ॥ ਭਗਤਿ ਕਰੀ ਕਰਾਇਹਿ ਮੋਰ ॥
ਅੰਤਰਿ ਵਸੈ ਚੂਕੈ ਮੈ ਮੋਰ ॥ ਕਿਸੁ ਸੇਵੀ ਦੂਜਾ ਨਹੀ ਹੋਰੁ ॥੪॥ ਗੁਰ ਕਾ ਸਬਦੁ ਮਹਾ ਰਸੁ ਮੀਠਾ ॥
ਐਸਾ ਅੰਮ੍ਰਿਤੁ ਅੰਤਰਿ ਡੀਠਾ ॥ ਜਿਨਿ ਚਾਖਿਆ ਪੂਰਾ ਪਦੁ ਹੋਇ ॥ ਨਾਨਕ ਧ੍ਰਾਪਿਓ ਤਨਿ ਸੁਖੁ ਹੋਇ॥੫॥੧੪॥}

(ਅੰਗ ੧੩੩੧)

{ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥
ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥
ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥}

(ਅੰਗ ੪੭੩)

{ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥
ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ॥੨॥}

(ਅੰਗ ੪੭੧-੪੭੨)

ਪਉੜੀ ॥

{ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥
ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥

ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥
ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨ ਪਾਇਦਾ ॥੧੬॥}

(ਅੰਗ ੪੭੨)

{ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥}

(ਅੰਗ ੪੭੨)

48/6431

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ ੫੬)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ਰਹਾਉ॥
ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥
ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥ ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥
ਪੁਤ੍ ਕਲਤ੍ ਲਗਿ ਨਾਮੁ ਵਿਸਾਰੀ ॥ ਬਿਰਥਾ ਜਨਮੁ ਗਵਾਇਆ ਬਾਜੀ ਹਾਰੀ॥ ਸਤਿਗੁਰੁ ਸੇਵੇ ਕਰਣੀ ਸਾਰੀ॥੩॥
ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥ ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥
ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥ ਰੂੜੋ ਕਹਉ ਨ ਕਹਿਆ ਜਾਈ ॥

ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥
ਨਦਰਿ ਕਰੇ ਰਾਖੈ ਰਖਵਾਲਾ ॥੭॥ ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}

(ਅੰਗ ੪੧੨)

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੦)

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥}

(ਅੰਗ ੧੪)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥

ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥ ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥
ਜਪੁ ਤਪੁ ਸੰਜਮੁ ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥ ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥ ਲਬੁ ਲੋਭੁ ਜੇ ਕੂੜੁ ਕਮਾਵੈ ॥
ਅਪਣਾ ਕੀਤਾ ਆਪੇ ਪਾਵੈ ॥੧੭॥ ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ॥੧੮॥}

(ਅੰਗ ੧੪੧੧)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥}

(ਅੰਗ ੫੫)

ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਆਪਣੇ ਅੰਦਰ ਦ੍ਰਿੜ ਕਰ ਸਕਦੇ ਹਾਂ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਉਸਦਾ ਨਾਮ ਜਪਣ ਦਾ ਮਾਰਗ ਕੇਵਲ ਸਾਡੇ ਮਨ ਦੀ ਸੱਚੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਮਨ ਦੀ ਸੱਚੀ ਸਮਝ ਦੁਆਰਾ ਹੀ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝ ਕੇ ਉਸ ਸੱਚ ਅਨੁਸਾਰ ਵਿਚਰਨਾ ਹੈ। ਜੇਕਰ ਸਾਡੀ ਸਮਝ ਸੱਚੀ ਨਹੀਂ ਹੈ ਫਿਰ ਅਸੀਂ ਉਹੋ ਜਿਹੇ ਭਗਤੀ ਦੇ ਮਾਰਗ ਨਾਲ ਜੁੜਾਂਗੇ ਜਿਹੋ ਜਿਹੇ ਮਾਰਗਾਂ ਤੇ ਚੱਲਣ ਦਾ ਉੱਪਰ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ। ਜਿੱਥੇ ਨਾ ਸਮਝੀ ਵਾਲੇ ਮਾਰਗ ਦਾ ਖੰਡਨ ਕੀਤਾ ਹੁੰਦਾ ਹੈ ਉਸੇ ਸ਼ਬਦ ਵਿੱਚ ਸਾਨੂੰ ਸੱਚੀ ਭਗਤੀ ਦਾ ਮਾਰਗ ਵੀ ਸਮਝਾਇਆ ਹੁੰਦਾ ਹੈ ਜਿਸ ਸੱਚੀ ਭਗਤੀ ਦੇ ਮਾਰਗ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਜਦੋਂ ਝੂਠੀ ਭਗਤੀ ਵਾਲੇ ਮਾਰਗ ਨੂੰ ਛਡਾਂਗੇ। ਝੂਠੀ ਭਗਤੀ ਵਾਲੇ ਮਾਰਗ ਹੀ ਸਾਡੀ ਸਮਝ ਦੇ ਅੰਦਰ ਸਾਡੀ ਰੁਕਾਵਟ ਹੈ ਭਾਵ ਸਾਡੀ ਨਾਸਮਝ ਮਤਿ ਹੀ ਜੋ ਸਾਨੂੰ ਭਗਤੀ ਦੇ ਪੁੱਠੇ ਮਾਰਗ ਤੇ ਤੋਰਦੀ ਹੈ ਉਹੀ ਸਾਡੇ ਅੰਦਰ ਦੀ ਰੁਕਾਵਟ ਹੈ ਜੋ ਮਨ ਦੀ ਰੁਕਾਵਟ ਸਾਨੂੰ ਸੱਚ ਦੇ ਮਾਰਗ ਤੇ ਚੱਲਣ

ਤੋਂ ਰੋਕਦੀ ਹੈ ਜਿਸ ਰੁਕਾਵਟ ਵਿੱਚੋਂ ਨਿਕਲੇ ਬਿਨਾਂ ਅਸੀਂ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਜੋ ਸਾਡੇ ਅੰਦਰ

48/6432

ਸੱਚੀ ਗੁਰਮਤਿ ਦੀ ਸਮਝ ਦੇ ਵਿੱਚ ਹੀ ਹੈ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ। ਉਸ ਨਾਮ ਦੇ ਮਾਲਕ ਨੂੰ ਅਸੀਂ ਆਪਣੇ ਅੰਦਰੋਂ ਤਾਂ ਹੀ ਜਾਣ ਸਕਦੇ ਹਾਂ ਜੇਕਰ ਪਹਿਲਾਂ ਉਸਦੇ ਨਾਮ ਵਾਲੀ ਸਮਝ ਨੂੰ ਮੰਨਾਂਗੇ ਜੋ ਆਪਣੀ ਨਾਮ ਵਾਲੀ ਸਮਝ ਪ੍ਰਮਾਤਮਾ ਨੇ ਆਪ ਹੀ ਆਪਣੇ ਰਚੇ ਹੋਏ ਧਰਮ ਗ੍ਰੰਥਾਂ ਵਿੱਚ ਪਾਈ ਹੋਈ ਹੈ। ਨਾਮ ਨੂੰ ਮੰਨਣ ਵਾਲੇ ਨੂੰ ਫਿਰ ਮਨ ਦੇ ਅੰਦਰ ਦੀ ਕੋਈ ਵੀ ਨਾਸਮਝੀ ਵਾਲੀ ਮਤਿ ਭਾਵ ਮਨਮਤਿ ਰੁਕਾਵਟ ਨਹੀਂ ਪਾ ਸਕਦੀ। **(ਮੰਨੈ ਮਾਰਗਿ ਠਾਕ ਨ ਪਾਇ ॥)** ਹੁਣ ਅਸੀਂ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਨਾਮ ਮੰਨਣ ਵਾਲੇ ਨੂੰ ਕੀ ਪ੍ਰਾਪਤੀ ਹੁੰਦੀ ਹੈ।

“ਮੰਨੈ ਪਤਿ ਸਿਉ ਪਰਗਟੁ ਜਾਇ ॥”

ਸਾਡੀ ਪ੍ਰਮਾਤਮਾ ਦੇ ਦਰ ਤੇ ਪਤਿ ਕਿਵੇਂ ਪੈਂਦੀ ਹੈ ਭਾਵ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਇੱਜਤ ਕਿਵੇਂ ਮਿਲਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪ੍ਰਮਾਤਮਾ ਦੇ ਦਰ ਤੋਂ ਪਤਿ ਉਸਨੂੰ ਹੀ ਮਿਲਦੀ ਹੈ ਜਿਸ ਮਨੁੱਖ ਦੇ ਅੰਦਰ ਸੱਚ ਹੁੰਦਾ ਹੈ, ਜਿਸ ਮਨੁੱਖ ਦੇ ਅੰਦਰ ਗੁਣ ਹੁੰਦੇ ਹਨ, ਜੋ ਹਰ ਅਉਗੁਣ ਤੋਂ ਰਹਿਤ ਹੁੰਦਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤੋਂ ਰਹਿਤ ਹੁੰਦਾ ਹੈ, ਮਾਇਆ ਮੋਹ ਤੋਂ, ਮਨ ਦੀਆਂ ਤ੍ਰਿਸ਼ਨਾਵਾਂ ਤੋਂ ਰਹਿਤ ਹੁੰਦਾ ਹੈ ਭਾਵ ਮਨ ਦੇ ਸੰਤੋਖ ਵਿੱਚ ਰਹਿੰਦਾ ਹੈ ਤੇ ਸੱਚੇ ਸੁੱਚੇ ਕਰਮ ਕਰਦਾ ਹੈ। ਗੁਰੂ ਦੇ ਨਾਮ ਨੂੰ ਮੰਨਣ ਵਾਲੇ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦੇ ਜਿਸ ਕਰਕੇ ਉਹਨਾਂ ਨੂੰ ਪ੍ਰਮਾਤਮਾ ਦੇ ਦਰ ਤੋਂ ਇੱਜਤ ਮਿਲਦੀ ਹੈ। ਪ੍ਰਮਾਤਮਾ ਦੇ ਦਰ ਤੇ ਆਪਣੇ ਆਪ ਨੂੰ ਉਹੀ ਪ੍ਰਗਟ ਕਰਦਾ ਹੈ ਜਿਸਦੇ ਅੰਦਰੋਂ ਗੁਰਮਤਿ ਰੂਪ ਸੱਚੀ ਸਮਝ ਪ੍ਰਗਟ ਹੁੰਦੀ ਹੈ। ਗੁਰੂ ਦੇ ਨਾਮ ਨੂੰ ਮੰਨਣਾ ਜਾਂ ਗੁਰਮਤਿ ਦੀ ਸੱਚੀ ਸਮਝ ਨੂੰ ਮੰਨਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। **(ਮੰਨੈ ਪਤਿ ਸਿਉ ਪਰਗਟੁ ਜਾਇ ॥)**

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}

(ਅੰਗ ੧੩)

48/6433

ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਇਹ ਸਮਝਦੇ ਹਾਂ ਕਿ ਨਾਮ ਨੂੰ ਮੰਨਣ ਵਾਲੇ ਕਿਹੋ ਜਿਹੇ ਹੁੰਦੇ ਹਨ ਭਾਵ ਕਿਸ ਤਰੀਕੇ ਮੰਨਦੇ ਹਨ।

“ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥”

ਉੱਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਨਾਮ ਜਪਣ ਦਾ ਮਾਰਗ ਭਾਵ ਨਾਮ ਨੂੰ ਮੰਨਣ ਦਾ ਮਾਰਗ ਗੁਰੂ ਦੇ ਸਮਝਾਏ ਹੋਏ ਮਾਰਗ ਤੇ ਚੱਲਣ ਦਾ ਹੈ ਜਿਵੇਂ ਕਿ ਅਸੀਂ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਮਝਿਆ ਹੈ ਜੋ ਭਾਵ ਮਾਰਗ ਦੇ ਨਾਲ ਹੈ ਉਹੀ **“ਮਗੁ”** ਦੇ ਨਾਲ ਹੈ। ਗੁਰੂ ਦੇ ਸਮਝਾਏ ਹੋਏ **“ਮਗੁ”** ਨੂੰ ਭਾਵ ਮਾਰਗ ਨੂੰ ਮੰਨਣਾ ਹੀ ਨਾਮ ਨੂੰ ਮੰਨਣਾ ਹੈ। ਗੁਰੂ ਆਪਣੇ ਸ਼ਬਦਾਂ ਦੀ ਵਿਚਾਰ ਰਾਹੀਂ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਜਾਂ ਧਰਮ ਦੇ **“ਮਗੁ”** ਨੂੰ ਮੰਨਣਾ ਇੱਕੋ ਹੀ ਗੱਲ ਹੈ ਤੇ ਇਹੀ ਨਾਮ ਨੂੰ ਮੰਨਣਾ ਹੈ। ਅਸੀਂ ਅਨੇਕਾਂ ਹੀ ਆਪਣੀ ਆਪਣੀ ਮਤਿ ਅਨੁਸਾਰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਹੀ **“ਪੰਥੁ”** ਬਣਾਏ ਹੋਏ ਹਨ ਜੋ ਸਾਨੂੰ ਆਪਣੇ ਵਲੋਂ ਧਰਮ ਦਾ ਮਾਰਗ ਹੀ ਸਮਝਾਉਂਦੇ ਹਨ। ਹਰ ਪੰਥ ਸਾਨੂੰ ਵੱਖਰੀ ਵੱਖਰੀ ਮਤਿ ਨਾਲ ਜੋੜਦਾ ਹੈ, ਵੱਖਰੇ ਵੱਖਰੇ ਧਰਮ ਦੇ ਮਾਰਗ ਨਾਲ ਜੋੜਦਾ ਹੈ ਪਰ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਮਾਰਗ ਧਰਮ ਗ੍ਰੰਥਾਂ ਦੇ ਵਿੱਚ ਨਾਮ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ ਭਾਵ ਗੁਰੂ ਪ੍ਰਮਾਤਮਾ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ ਜੋ ਮਾਰਗ ਸੱਚ ਤੇ ਚੱਲਣ ਦਾ ਹੈ ਜਿਸ ਮਾਰਗ ਤੇ ਚੱਲਣ ਵਾਲਾ ਕੋਈ ਮਨੁੱਖ ਮਨੁੱਖ ਵਿੱਚ ਭੇਦ ਨਹੀਂ ਸਮਝਦਾ ਕਿਉਂਕਿ ਉਸਨੂੰ ਸਭ ਵਿੱਚ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ, ਸਾਰੇ ਸੰਸਾਰ ਦਾ ਇੱਕੋ ਇੱਕ ਧਰਮ ਹੀ ਨਜਰ ਆਉਂਦਾ ਹੈ ਤੇ ਜੋ ਵੱਖਰੇ ਵੱਖਰੇ ਪੰਥ, ਜੋ ਵੱਖਰੇ ਵੱਖਰੇ ਧਰਮ ਸਮਝਾਉਂਦੇ ਹਨ, ਵੱਖਰੇ ਵੱਖਰੇ

ਨਾਮ ਜਪਣੇ ਸਮਝਾਉਂਦੇ ਹਨ, ਵੱਖਰੇ ਵੱਖਰੇ ਭਗਤੀ ਦੇ ਤਰੀਕੇ ਸਮਝਾਉਂਦੇ ਹਨ, ਗੁਰੂ ਦੇ ਨਾਮ ਨੂੰ ਮੰਨਣ ਵਾਲਾ ਇਹੋ ਜਿਹੇ ਪੰਥ ਦੇ ਪਿੱਛੇ ਨਹੀਂ ਚੱਲਦਾ ਜੋ ਗੁਰੂ ਦੀ ਮਤਿ ਤੋਂ ਉਲਟ ਸਿੱਖਿਆ ਦਿੰਦੇ ਹਨ। **(ਮੰਨੈ ਮਗੁ ਨ ਚਲੈ ਪੰਥੁ ॥)** ਨਾਮ ਨੂੰ ਮੰਨਣ ਵਾਲਾ ਮਨੁੱਖ ਸਿਰਫ ਇੱਕੋ ਧਰਮ ਦੇ ਨਾਲ ਹੀ ਸੰਬੰਧ

48/6434

ਰੱਖਦਾ ਹੈ ਭਾਵ ਉਸਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **(ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥) {ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ ॥ ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ ਬੇਦ ਵਖਾਣਿ ਕਹਹਿ ਇਕੁ ਕਹੀਐ ॥ ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥ ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥ ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥ ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥ ਗੁਰ ਤੇ ਸਮਝਿ ਰਹੈ ਮਿਹਮਾਣੁ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥ ਇਤ ਉਤ ਦੇਖਉ ਸਹਜੇ ਰਾਵਉ ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥ ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}** ਅੰਗ ੧੧੮੮-੧੧੮੯

ਸਾਰੀ ਗੱਲ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਜਿਸਨੂੰ ਮੰਨੇ ਬਿਨਾਂ ਨਾਮ ਨੂੰ ਨਹੀਂ ਮੰਨਿਆ ਜਾ ਸਕਦਾ। ਗੁਰੂ ਦੇ ਨਾਮ ਨੂੰ ਕੋਈ ਵਿਰਲਾ ਹੀ ਮੰਨ ਸਕਦਾ ਹੈ ਤੇ ਕੋਈ ਵਿਰਲਾ ਹੀ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। **(ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥)**

ਹੁਣ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਨਾਮ ਮੰਨਣ ਵਾਲੇ ਕਿਹੋ ਜਿਹੇ ਹੁੰਦੇ ਹਨ, ਉਹ ਵਿਰਲੇ ਕਿਹੋ ਜਿਹੇ ਹੁੰਦੇ ਹਨ ਜੋ ਆਪਣੇ ਅੰਦਰੋਂ ਨਾਮ ਦੇ ਮਾਲਕ ਨੂੰ ਜਾਣ ਲੈਂਦੇ ਹਨ।

“ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰੁ ਸਿਖ ॥

ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥”

ਸਭ ਤੋਂ ਪਹਿਲੇ ਉੱਪਰ ਵਾਲੀ ਪਹਿਲੀ ਪੰਗਤੀ ਨੂੰ ਸਮਝੋ ਕਿ ਜਿਸ ਮੁਕਤੀ ਦੀ ਗੱਲ ਹਰ ਕੋਈ ਕਰਦਾ ਹੈ ਉਸ ਮੁਕਤੀ ਦੇ ਦੁਆਰ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਮੁਕਤੀ ਕੀ ਹੈ ਤੇ ਮੁਕਤੀ ਕਿਵੇਂ ਮਿਲਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਹ ਮੁਕਤੀ ਸਾਨੂੰ ਮਨ ਦੇ ਵਿੱਚੋਂ ਹੀ ਮਿਲਦੀ ਹੈ, ਬੰਧਨ ਤੋਂ ਮੁਕਤੀ ਮਿਲਦੀ ਹੈ ਜੋ ਬੰਧਨ ਸਾਡੇ ਮਨ ਦੇ ਵਿੱਚ ਹੀ ਹੈ। ਇਹ ਬੰਧਨ ਸਾਡੇ ਅੰਦਰ ਸਾਡੀ ਨਾਸਮਝ ਮਤਿ ਦਾ ਹੈ ਭਾਵ ਹਉਮੈ ਦਾ ਹੈ, ਤ੍ਰੈ ਗੁਣਾਂ ਵਾਲੀ ਸਮਝ ਦਾ ਹੈ, ਮਾਇਆ ਵਾਲੀ ਸਮਝ ਦਾ ਹੈ ਭਾਵ ਮਨ ਦੀ ਅਗਿਆਨਤਾ ਦਾ ਹੈ ਜੋ ਬੰਧਨ ਕੇਵਲ ਤੇ ਕੇਵਲ ਗੁਰੂ ਦੇ ਸੱਚੇ ਗਿਆਨ ਦੁਆਰਾ ਖੁੱਲ ਸਕਦਾ ਹੈ ਤੇ ਸਾਡਾ ਅੰਦਰ ਦਾ ਬੰਧਨ ਤਾਂ ਹੀ ਟੁੱਟੇਗਾ, ਮੁਕਤੀ ਦਾ ਦਰ ਤਾਂ ਹੀ ਖੁੱਲੇਗਾ ਜੇਕਰ ਅਸੀਂ ਹਉਮੈ ਦੇ ਬੰਧਨ ਵਿੱਚੋਂ ਨਿਕਲਣ ਲਈ ਗੁਰੂ ਦੇ ਨਾਮ ਨੂੰ ਮੰਨਾਂਗੇ ਭਾਵ ਗੁਰੂ ਦੇ ਸੱਚੇ ਗਿਆਨ ਨੂੰ

ਮੰਨਾਂਗੇ, ਗੁਰੂ ਦੇ ਬ੍ਰਹਮ ਗਿਆਨ ਨੂੰ ਮੰਨਾਂਗੇ ਭਾਵ ਗੁਰੂ ਦੇ ਚਉਥੇ ਪਦ ਵਾਲੇ ਗਿਆਨ ਨੂੰ ਮੰਨਾਂਗੇ ਜੋ ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਦੇ ਬੰਧਨ ਵਿੱਚੋਂ ਕੱਢ ਸਕਦਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਚਉਥੇ ਪਦ ਵਾਲੇ ਗਿਆਨ ਦੀ ਸਮਝ ਵਾਲੇ ਹੀ ਹੁੰਦੇ ਹਨ ਭਾਵ ਮਨ ਦੇ ਬੰਧਨ ਤੋਂ ਮੁਕਤ ਹੋ ਕੇ ਹੀ ਹੁੰਦੇ ਹਨ ਭਾਵ ਗੁਰੂ ਦੇ ਨਾਮ ਨੂੰ, ਗੁਰੂ ਦੀ ਸਿੱਖਿਆ ਨੂੰ, ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੁੰਦੇ ਹਨ ਜੋ ਸੱਚੀ ਗੁਰਮਤਿ ਸਾਨੂੰ ਮਨਮਤਿ ਦੇ ਬੰਧਨ ਤੋਂ ਮੁਕਤ ਕਰਦੀ ਹੈ। **(ਮੰਨੈ ਪਾਵਹਿ ਮੋਖੁ ਦੁਆਰੁ ॥)**

{ਮਤੁ ਭਸਮ ਅੰਧੂਲੇ ਗਰਬਿ ਜਾਹਿ ॥ ਇਨ ਬਿਧਿ ਨਾਗੇ ਜੋਗੁ ਨਾਹਿ ॥੧॥

ਮੂੜੇ ਕਾਹੇ ਬਿਸਾਰਿਓ ਤੈ ਰਾਮ ਨਾਮ ॥ ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥

ਗੁਰ ਪੂਛਿ ਤੁਮ ਕਰਹੁ ਬੀਚਾਰੁ ॥ ਜਹ ਦੇਖਉ ਤਹ ਸਾਰਿਗਪਾਣਿ ॥੨॥

ਕਿਆ ਹਉ ਆਖਾ ਜਾਂ ਕਛੂ ਨਾਹਿ ॥ ਜਾਤਿ ਪਤਿ ਸਭ ਤੇਰੈ ਨਾਇ ॥੩॥

ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥ ਚਲਤੀ ਬਾਰ ਤੇਰੋ ਕਛੂ ਨਾਹਿ ॥੪॥

ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥

ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥

ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ ਅੰਤ ਕਾਲਿ ਮੂੜੇ ਚੋਟ ਖਾਹਿ ॥੭॥

ਗੁਰ ਸਬਦੁ ਬੀਚਾਰਹਿ ਆਪੁ ਜਾਇ ॥ ਸਾਚ ਜੋਗੁ ਮਨਿ ਵਸੈ ਆਇ ॥੮॥

ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥ ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥

ਗੁਣ ਨਾਨਕੁ ਬੋਲੈ ਭਲੀ ਬਾਣਿ ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥}

(ਅੰਗ ੧੧੮੯)

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥

ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥

ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥

ਭਾਈ ਰੇ ਗੁਰਮਤਿ ਸਾਚਿ ਰਹਾਉ ॥ ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥

ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥

ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥
ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥ ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ॥
ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥ ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥
ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥}

(ਅੰਗ ੩੦)

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥
ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥ ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥ ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥
ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥ ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥
ਚਰਣੀ ਲਾਗੈ ਤਾ ਮਹਲੁ ਪਾਵੈ ॥ ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥
ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥ ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥
ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ ੨੩੦-੨੩੧)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥ ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥ ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥}

(ਅੰਗ ੨੩੨)

{ਗੁਰਮੁਖਿ ਮਿਲੈ ਮਿਲਾਏ ਆਪੇ ॥ ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥
ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥}

(ਅੰਗ ੧੨੪)

{ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥
ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ ॥

ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ ॥੩॥੧॥੧੩੦॥}

(ਅੰਗ ੪੦੪)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥}

(ਅੰਗ ੮੩੩)

{ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥
ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥
ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ ॥੧੮॥}

(ਅੰਗ ੯੦੮)

{ਆਪੇ ਕਰਤਾ ਕਰੇ ਕਰਾਏ ॥ ਆਪੇ ਸਬਦੁ ਗੁਰ ਮੰਨਿ ਵਸਾਏ ॥
ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥੩॥
ਆਪੇ ਕਰਤਾ ਆਪੇ ਭੁਗਤਾ ॥ ਬੰਧਨ ਤੋੜੇ ਸਦਾ ਹੈ ਮੁਕਤਾ ॥
ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥}

(ਅੰਗ ੧੨੫)

{ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥}

(ਅੰਗ ੧੨੭)

{ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥
ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣਤਾਸ ॥੩॥
ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥
ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥}

(ਅੰਗ ੧੭੮)

{ਪਾਰਬ੍ਰਹਮ ਤੇਰੀ ਸਰਣਾਇ ॥ ਬੰਧਨ ਕਾਟਿ ਤਰੈ ਹਰਿ ਨਾਇ ॥੧॥ ਰਹਾਉ ਦੂਜਾ ॥੭੮॥੧੪੭॥}

(ਅੰਗ ੧੯੫)

{ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤਿ ਗਿਰਸਤ ਬਿਆਪਤ ਉਦਾਸਾ ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥
ਕਹੁ ਨਾਨਕ ਜਿਨਿ ਧੁਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੮੮॥}

(ਅੰਗ ੧੮੨)

48/6436

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥}

(ਅੰਗ ੧੦੦੨)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥ ਅੰਤਰਿ ਰਤਨੁ ਮਿਲੈ ਮਿਲਾਇਆ ॥
ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥ ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ॥੫॥}

(ਅੰਗ ੧੧੬-੧੧੭)

{ਆਪੇ ਕਰਤਾ ਆਪੇ ਭੁਗਤਾ ॥ ਆਪੇ ਤ੍ਰਿਪਤਾ ਆਪੇ ਮੁਕਤਾ ॥
ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ ॥੧੪॥}

(ਅੰਗ ੧੦੩੫)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਮੁਕਤੀ ਅਸੀਂ ਕਿਸ ਗੱਲ ਤੋਂ ਲੈਣੀ ਹੈ ਭਾਵ ਮਨ ਦੀ ਨਾਸਮਝ ਮਤਿ ਤੋਂ ਲੈਣੀ ਹੈ ਜੋ ਮੁਕਤੀ ਗੁਰੂ ਦੇ ਨਾਮ ਨੂੰ ਮੰਨਣ ਦੁਆਰਾ ਮਿਲਦੀ ਹੈ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਮਿਲਦੀ ਹੈ। ਹੁਣ ਧਿਆਨ ਨਾਲ ਸਮਝੋ ਕਿ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੀ ਬਜਾਏ ਭਾਵ ਨਾਮ ਨੂੰ ਮੰਨਣ ਦੀ ਬਜਾਏ ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲੀ ਜਾਣ ਨਾਲ ਕੀ ਕੋਈ ਮਨ ਦੀ ਅਗਿਆਨਤਾ ਤੋਂ ਮੁਕਤ ਹੋ ਸਕਦਾ ਹੈ ਤੇ ਕੀ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ, ਨਾਮ ਦੇ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਜੋ ਆਪ ਹੀ ਬ੍ਰਹਮ ਗਿਆਨੀ ਹੈ। ਗੁਰੂ ਪ੍ਰਮਾਤਮਾ ਦਾ ਬ੍ਰਹਮ ਗਿਆਨੀ ਰੂਪ ਹੀ ਹੈ ਜੋ ਬ੍ਰਹਮ ਗਿਆਨੀ ਸਭਨੂੰ ਬ੍ਰਹਮ ਗਿਆਨ ਹੀ ਵੰਡ ਰਿਹਾ ਹੈ ਭਾਵ ਆਪਣਾ ਨਾਮ ਹੀ ਵੰਡ ਰਿਹਾ ਹੈ। ਬ੍ਰਹਮ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਹੀ ਮਿਲਿਆ ਜਾ ਸਕਦਾ ਹੈ ਜੋ ਬ੍ਰਹਮ ਗਿਆਨ ਵਾਲੀ ਸਮਝ ਲੈਣ ਲਈ ਸਾਡਾ ਇੱਕੋ ਇੱਕ ਸੱਚਾ ਉਪਰਾਲਾ ਗੁਰੂ ਦੇ ਨਾਮ ਨੂੰ ਮੰਨਣ ਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਜੋ ਸ਼ਬਦਾਂ ਦੀ ਵਿਚਾਰ ਸਾਨੂੰ ਸਾਡੀ ਨਾਸਮਝ ਮਤਿ ਤੋਂ ਮੁਕਤ ਕਰ ਸਕਦੀ ਹੈ ਭਾਵ ਹਉਮੈ ਤੋਂ, ਤ੍ਰੈ ਗੁਣਾਂ ਵਾਲੀ ਸਮਝ ਤੋਂ ਮਾਇਆ ਮੋਹ ਵਾਲੀ ਸਮਝ ਤੋਂ ਮੁਕਤ ਕਰ ਸਕਦੀ ਹੈ ਤੇ ਤਾਂ ਹੀ ਕੋਈ ਮਨ ਦੀ ਮੁਕਤੀ ਦੁਆਰਾ ਉਸ ਨਾਮ ਦੇ ਮਾਲਕ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ। ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਤੇ ਨਾਮ ਨੂੰ ਮੰਨਣ ਵਾਲੇ ਭਾਵ ਮਨ ਦੀ ਨਾਸਮਝ ਮਤਿ ਤੋਂ ਮੁਕਤ ਹੋਣ ਵਾਲੇ ਕਿਸ ਰੂਪ ਵਿੱਚ ਮੁਕਤ ਹੁੰਦੇ ਹਨ।

“ਮੰਨੈ ਪਰਵਾਰੈ ਸਾਧਾਰੁ ॥”

48/6437

ਉਪਰ ਵਾਲੀ ਪੰਗਤੀ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਅਸੀਂ ਪਹਿਲੇ ਇਸ ਗੱਲ ਨੂੰ ਸਮਝੀਏ ਕਿ ਪੰਗਤੀ ਵਿੱਚ ਸਾਡਾ ਪਰਵਾਰ ਕਿਸਨੂੰ ਕਹਿਆ ਹੋਇਆ ਹੈ। ਉਪਰ ਸਾਡੇ ਮਨ ਦਾ ਪਰਵਾਰ ਸਮਝਾਇਆ ਹੋਇਆ ਹੈ ਜਿਸ ਪਰਵਾਰ ਵਿੱਚ ਅਸੀਂ ਹਰ ਵੇਲੇ ਰਹਿੰਦੇ ਹਾਂ ਤੇ ਵਿਚਰਦੇ ਹਾਂ। ਇਹ ਸਾਡੇ ਮਨ ਦੇ ਵਿਚਾਰਾਂ ਦਾ ਪਰਵਾਰ ਹੈ ਜਿਨ੍ਹਾਂ ਵਿਚਾਰਾਂ ਨਾਲ ਅਸੀਂ ਹਰ ਵੇਲੇ ਜੁੜੇ ਰਹਿੰਦੇ ਹਾਂ। ਜਦ ਤਕ ਅਸੀਂ ਮਨ ਦੇ ਨਾਸਮਝ ਵਿਚਾਰਾਂ ਤੋਂ ਮੁਕਤ ਨਹੀਂ ਹੁੰਦੇ ਤਦ ਤਕ ਅਸੀਂ ਮਾਇਆ ਦੇ ਪਰਵਾਰ ਵਿੱਚ ਰਹਿੰਦੇ ਹਾਂ ਜਿਸ ਪਰਵਾਰ ਵਿੱਚ ਰਹਿੰਦੇ ਹੋਏ ਅਸੀਂ ਮਨ ਦੀ ਨਾਮਸਝੀ ਕਰਕੇ, ਭਗਤੀ ਦੀ ਸੱਚੀ ਸਮਝ ਨਾ ਪੈਣ ਕਰਕੇ ਅਨੇਕਾਂ ਹੀ ਮਾੜੇ

ਕਰਮ ਕਰਦੇ ਹਾਂ ਭਾਵ ਮਨ ਦੇ ਮਾੜੇ ਵਿਚਾਰਾਂ ਦੀ ਸੰਗਤ ਵਿੱਚ ਰਹਿੰਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਵਿੱਚ ਰਹਿੰਦੇ ਹਾਂ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਭਾਵ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ, ਭਗਤੀ ਦੇ ਮਾਰਗ ਤੋਂ ਉਲਟ ਚੱਲਦੇ ਹਾਂ, ਨਾਮ ਜਪਣ ਦੇ ਮਾਰਗ ਤੋਂ ਉਲਟ ਚੱਲਦੇ ਹਾਂ। ਮਨ ਦੇ ਮਾੜੇ ਵਿਚਾਰਾਂ ਤੋਂ ਮੁਕਤ ਸਾਨੂੰ ਗੁਰੂ ਦੇ ਚੰਗੇ ਵਿਚਾਰ ਹੀ ਕਰਦੇ ਹਨ, ਸ਼ਬਦਾਂ ਦੇ ਵਿਚਾਰ ਹੀ ਕਰਦੇ ਹਨ ਭਾਵ ਗੁਰੂ ਦਾ ਨਾਮ ਹੀ ਕਰਦਾ ਹੈ ਤੇ ਮਾੜੇ ਵਿਚਾਰਾਂ ਤੋਂ ਮੁਕਤ ਅਸੀਂ ਤਾਂ ਹੀ ਹੋਵਾਂਗੇ ਜਦੋਂ ਗੁਰੂ ਦੇ ਨਾਮ ਨੂੰ ਮੰਨਾਂਗੇ ਭਾਵ ਗੁਰੂ ਦੀ ਮਤਿ ਨੂੰ ਮੰਨਾਂਗੇ ਤੇ ਆਪਣੇ ਵਿਚਾਰਾਂ ਨੂੰ ਛਡਾਂਗੇ। ਇਹੀ ਆਪਣੇ ਮਾੜੇ ਵਿਚਾਰਾਂ ਨੂੰ ਸੁਧਾਰਨਾ ਹੈ ਭਾਵ ਆਪਣੇ ਪਰਵਾਰ ਨੂੰ ਸੁਧਾਰਨਾ ਹੈ, ਮਨ ਦੇ ਅਉਗੁਣਾਂ ਵਾਲੇ ਵਿਚਾਰਾਂ ਨੂੰ ਗੁਰੂ ਦੇ ਗੁਣਾਂ ਦੁਆਰਾ ਸੁਧਾਰਨਾ ਹੈ ਜੋ ਸੁਧਾਰ ਹੋਣ ਨਾਲ ਹੀ ਮਨੁੱਖ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ ਭਾਵ ਗੁਰੂ ਦਾ ਨਾਮ ਜਪਦਾ ਹੈ, ਮਨ ਦੇ ਨਾਮਸਝ ਮਾੜੇ ਵਿਚਾਰਾਂ ਵਿੱਚੋਂ ਮੁਕਤ ਹੋ ਕੇ ਵਿਚਰਦਾ ਹੈ। **(ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ ॥)**

ਸਾਡਾ ਪਰਵਾਰ ਕੀ ਹੈ ਜਿਸਨੂੰ ਸੁਧਾਰਨਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥
ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥
ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥}

(ਅੰਗ ੩੩੭)

48/6438

{ਹਰਿ ਦਰਸਨੁ ਪਾਵੈ ਵਡਭਾਗਿ ॥ ਗੁਰ ਕੈ ਸਬਦਿ ਸਚੈ ਬੈਰਾਗਿ ॥ ਖਟੁ ਦਰਸਨੁ ਵਰਤੈ ਵਰਤਾਰਾ ॥
ਗੁਰ ਕਾ ਦਰਸਨੁ ਅਗਮ ਅਪਾਰਾ ॥੧॥ ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥
ਸਾਚਾ ਆਪਿ ਵਸੈ ਮਨਿ ਸੋਇ ॥੧॥ ਰਹਾਉ ॥ ਗੁਰ ਦਰਸਨਿ ਉਧਰੈ ਸੰਸਾਰਾ ॥ ਜੇ ਕੋ ਲਾਏ ਭਾਉ ਪਿਆਰਾ ॥
ਭਾਉ ਪਿਆਰਾ ਲਾਏ ਵਿਰਲਾ ਕੋਇ ॥ ਗੁਰ ਕੈ ਦਰਸਨਿ ਸਦਾ ਸੁਖੁ ਹੋਇ ॥੨॥ ਗੁਰ ਕੈ ਦਰਸਨਿ ਮੋਖ ਦੁਆਰੁ॥
ਸਤਿਗੁਰੁ ਸੇਵੈ ਪਰਵਾਰ ਸਾਧਾਰੁ ॥ ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥੩॥
ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥ ਗੁਰਮੁਖਿ ਤਾ ਕਉ ਲਗੈ ਨ ਪੀਰ ॥
ਜਮਕਾਲੁ ਤਿਸੁ ਨੇੜਿ ਨ ਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੪॥੧॥੪੦॥}

(ਅੰਗ ੩੬੦)

{ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪॥੬॥}

(ਅੰਗ ੫੬੦)

{ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥
ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥੮॥
ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ ਸਚੈ ਨਾਮਿ ਸਦਾ ਲਿਵ ਲਾਏ ॥
ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥੯॥}

(ਅੰਗ ੧੦੫੯)

{ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ ॥ ਜੀਅ ਪ੍ਰਾਨ ਸੁਖ ਇਸੁ ਮਨ ਕਉ ਬਰਤਨਿ ਏਹ ਹਮਾਰੈ ॥੧॥ ਰਹਾਉ ॥}

(ਅੰਗ ੭੧੩)

{ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥
ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥ ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥ ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥
ਸਤਿਗੁਰਿ ਮਿਲਿਐ ਵਡੀ ਵਡਿਆਈ ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥
ਨਾਮਿ ਰਤੇ ਸਦਾ ਸੁਖੁ ਪਾਈ ॥੭॥ ਗੁਰਮਤਿ ਮਾਨਿਆ ਕਰਣੀ ਸਾਰੁ ॥
ਗੁਰਮਤਿ ਮਾਨਿਆ ਮੋਖ ਦੁਆਰੁ ॥ ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥}

(ਅੰਗ ੮੩੩)

{ਗਾਈਐ ਗੁਣ ਗੋਪਾਲ ਕ੍ਰਿਪਾ ਨਿਧਿ ॥
ਦੁਖ ਬਿਦਾਰਨ ਸੁਖਦਾਤੇ ਸਤਿਗੁਰ ਜਾ ਕਉ ਭੇਟਤ ਹੋਇ ਸਗਲ ਸਿਧਿ ॥੧॥ ਰਹਾਉ ॥
ਸਿਮਰਤ ਨਾਮੁ ਮਨਹਿ ਸਾਧਾਰੈ ॥ ਕੋਟਿ ਪਰਾਧੀ ਖਿਨ ਮਹਿ ਤਾਰੈ ॥੧॥
ਜਾ ਕਉ ਚੀਤਿ ਆਵੈ ਗੁਰੁ ਅਪਨਾ ॥ ਤਾ ਕਉ ਦੂਖੁ ਨਹੀ ਤਿਲੁ ਸੁਪਨਾ ॥੨॥
ਜਾ ਕਉ ਸਤਿਗੁਰੁ ਅਪਨਾ ਰਾਖੈ ॥ ਸੋ ਜਨੁ ਹਰਿ ਰਸੁ ਰਸਨਾ ਚਾਖੈ ॥੩॥
ਕਹੁ ਨਾਨਕ ਗੁਰਿ ਕੀਨੀ ਮਇਆ ॥ ਹਲਤਿ ਪਲਤਿ ਮੁਖ ਊਜਲ ਭਇਆ ॥੪॥੧॥}

(ਅੰਗ ੧੨੯੮)

ਆਪਣੇ ਪਰਵਾਰ ਨੂੰ ਸੁਧਾਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਵੀ ਹੈ ਤੇ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ। ਸਾਡੇ ਮਨ ਦੇ ਵਿਚਾਰ ਸਾਡਾ ਪਰਵਾਰ ਹਨ ਜਿਸ ਪਰਵਾਰ ਨਾਲ ਅਸੀਂ ਹਰ ਵੇਲੇ ਜੁੜੇ ਰਹਿੰਦੇ ਹਾਂ ਤੇ ਆਪਣੇ ਮਨ ਦੇ ਵਿਚਾਰਾਂ ਨੂੰ ਸੁਧਾਰਨਾ ਹੀ ਭਾਵ ਨਾਸਮਝ ਮਾੜੇ ਵਿਚਾਰਾਂ ਨੂੰ ਸੁਧਾਰਨਾ ਹੀ ਆਪਣੇ ਪਰਵਾਰ ਨੂੰ ਸੁਧਾਰਨਾ ਹੈ ਜੋ ਕਿ ਅਸਲ ਵਿੱਚ ਆਪਣੇ ਆਪ ਨੂੰ ਸੁਧਾਰਨਾ ਹੀ ਹੈ।

ਜਦ ਤਕ ਅਸੀਂ ਆਪਣੇ ਮਨ ਰੂਪ ਪਰਵਾਰ ਨੂੰ ਨਹੀਂ ਸੁਧਾਰਦੇ ਤਦ ਤਕ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਅਸੀਂ ਚੰਗੇ ਕਰਮ ਤਾਂ ਹੀ ਕਰ ਸਕਦੇ ਹਾਂ ਜਦੋਂ ਅਸੀਂ ਆਪਣੇ ਮਨ ਨੂੰ ਸੁਧਾਰ ਲੈਂਦੇ ਹਾਂ ਭਾਵ ਆਪਣੀ ਮਤਿ ਨੂੰ ਸੁਧਾਰ ਲੈਂਦੇ ਹਾਂ ਭਾਵ ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਸੁਧਾਰ ਕੇ ਚੰਗੇ ਵਿਚਾਰ ਬਣਾ ਲੈਂਦੇ ਹਾਂ। ਮਨ ਦੇ ਚੰਗੇ ਵਿਚਾਰਾਂ ਨਾਲ ਅਸੀਂ ਚੰਗੇ ਕਰਮ ਹੀ ਕਰਦੇ ਹਾਂ ਭਾਵ ਚੰਗੀ ਕਰਣੀ ਹੀ ਕਰਦੇ ਹਾਂ ਭਾਵ ਗੁਰੂ ਦੇ ਨਾਮ ਨੂੰ ਮੰਨਣ ਦੁਆਰਾ ਅਸੀਂ ਮਨ ਦੀ ਸੱਚੀ ਸਮਝ ਦੁਆਰਾ ਚੰਗੇ ਕਰਮ ਹੀ ਕਰਦੇ ਹਾਂ। ਗੁਰੂ ਦਾ ਨਾਮ ਸਾਨੂੰ ਸੱਚੀ ਮਤਿ ਹੀ ਸਮਝਾਉਂਦਾ ਹੈ ਜਿਸ ਸੱਚੀ ਮਤਿ ਦਾ ਮਕਸਦ ਸਾਨੂੰ ਮਾੜੇ ਕਰਮਾਂ ਵਿੱਚੋਂ ਕੱਢਕੇ ਗੁਰਮਤਿ ਅਨੁਸਾਰ ਕਰਮ ਕਰਨ ਦਾ ਹੈ ਭਾਵ ਚੰਗੇ ਕਰਮ ਕਰਨ ਦਾ ਹੈ ਜੋ ਚੰਗੇ ਕਰਮ ਅਸੀਂ ਆਪਣੇ ਮਨ ਦੀ ਮਾੜੀ ਸਮਝ ਨੂੰ ਸੁਧਾਰ ਕੇ ਹੀ ਕਰ ਸਕਦੇ ਹਾਂ। **(ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪॥੬॥)** ਅੰਗ ੫੬੦

48/6439

ਹੁਣ ਅਸੀਂ ਜਪੁਜੀ ਬਾਣੀ ਦੇ ਸ਼ਬਦ ਦੀ ਪੰਗਤੀ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਗੁਰੂ ਦੇ ਨਾਮ ਨੂੰ ਮੰਨਣਾ ਕੀ ਹੈ ਜੋ ਕਿ ਆਪਣੀ ਨਾਸਮਝ ਮਤਿ ਨੂੰ ਭਾਵ ਵਿਕਾਰਾਂ ਵਾਲੀ ਮਤਿ ਨੂੰ ਸੁਧਾਰਨ ਦਾ ਹੀ ਹੈ ਭਾਵ ਆਪਣੇ ਵਿਚਾਰਾਂ ਦੇ ਪਰਵਾਰ ਨੂੰ ਸੁਧਾਰਨ ਦਾ ਹੀ ਹੈ ਤਾਂ ਜੋ ਅਸੀਂ ਗੁਰੂ ਦੇ ਪਰਵਾਰ ਵਾਲੇ ਬਣ ਸਕੀਏ ਭਾਵ ਗੁਰੂ ਦੀ ਸਮਝ ਵਾਲੇ ਪਰਵਾਰ ਨਾਲ ਮਿਲ ਸਕੀਏ। **(ਮੰਨੈ ਪਰਵਾਰੈ ਸਾਧਾਰੁ ॥)**

ਮਾਇਆ ਮੋਹ ਦੇ ਪਰਵਾਰ ਵਿੱਚੋਂ ਨਿਕਲ ਕੇ ਗੁਰੂ ਦੇ ਪਰਵਾਰ ਵਾਲੇ ਬਣਨਾ ਭਾਵ ਮਨ ਦੀ ਅਗਿਆਨਤਾ ਵਾਲੇ ਨਾਸਮਝ ਵਿਚਾਰਾਂ ਵਿੱਚੋਂ ਨਿਕਲ ਕੇ ਗੁਰਮਤਿ ਦੀ ਸਮਝ ਵਾਲੇ ਪਰਵਾਰ ਵਿੱਚ ਰੱਲਣਾ ਹੀ ਮਾਇਆ ਮੋਹ ਦੇ ਸਾਗਰ ਵਿੱਚੋਂ ਤਰਨਾ ਹੈ ਜਿਸ ਵਿੱਚੋਂ ਤਰੇ ਬਿਨਾਂ ਕੋਈ ਗੁਰੂ ਦੀ ਸਿੱਖਿਆ ਵਾਲਾ ਨਹੀਂ ਬਣ ਸਕਦਾ ਭਾਵ ਗੁਰੂ ਦਾ ਸਿੱਖ ਨਹੀਂ ਬਣ ਸਕਦਾ ਭਾਵ ਗੁਰੂ ਦੀ ਸੱਚੀ ਸਿੱਖਿਆ

ਮੰਨਣ ਵਾਲਾ ਨਹੀਂ ਬਣ ਸਕਦਾ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਮੰਨੈ ਤਰੈ ਤਾਰੇ ਗੁਰੁ ਸਿਖ ॥”

ਮਾਇਆ ਮੋਹ ਦੇ ਸਾਗਰ ਤੋਂ ਉਹੀ ਤਰਦਾ ਹੈ ਭਾਵ ਉਸ ਵਿੱਚੋਂ ਉਹੀ ਨਿਕਲਦਾ ਹੈ ਜੋ ਗੁਰੂ ਦੀ ਸਿੱਖਿਆ ਨੂੰ ਮੰਨਦਾ ਹੈ ਭਾਵ ਗੁਰੂ ਦੇ ਨਾਮ ਨੂੰ ਜਪਦਾ ਹੈ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਦਾ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਗੁਰੂ ਦੀ ਸਿੱਖਿਆ ਹੀ ਦਿੰਦੀ ਹੈ ਜੋ ਕਿ ਉਹ ਆਪਣੇ ਨਾਮ ਦੇ ਰੂਪ ਵਿੱਚ ਸਮਝਾਉਂਦੀ ਹੈ। ਮਾਇਆ ਮੋਹ ਦਾ ਸਾਗਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ। ਇਹ ਮਾਇਆ ਮੋਹ ਦਾ ਸਾਗਰ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੈ, ਨਾਸਮਝ ਵਿਚਾਰਾਂ ਦੇ ਰੂਪ ਵਿੱਚ ਹੀ ਹੈ, ਅਉਗੁਣਾਂ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੀ ਹੈ ਜਿਨ੍ਹਾਂ ਵਿਚਾਰਾਂ ਵਿੱਚੋਂ ਨਿਕਲਣਾ ਹੀ ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ। ਮਾਇਆ ਮੋਹ ਛੱਡਣਾ ਹੀ ਮਾਇਆ ਮੋਹ ਦੇ ਸਾਗਰ ਤੋਂ ਤਰਨਾ ਹੈ ਤੇ ਮਾਇਆ ਮੋਹ ਅਸੀਂ ਤਾਂ ਹੀ ਛਡਾਂਗੇ ਜੇਕਰ ਗੁਰੂ ਦੀ ਸਿੱਖਿਆ ਨੂੰ ਮੰਨਾਂਗੇ। ਗੁਰੂ ਮਾਇਆ ਮੋਹ ਦੇ ਸਾਗਰ ਤੋਂ ਤਰਿਆ ਹੋਇਆ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਪੂਰੀ ਤਰ੍ਹਾਂ ਨਿਕਲਿਆ ਹੋਇਆ ਹੈ ਕਿਉਂਕਿ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜੋ ਆਪ ਤਰਿਆ ਹੁੰਦਾ ਹੈ ਉਹੀ ਦੂਸਰਿਆਂ ਨੂੰ ਤਾਰ ਸਕਦਾ ਹੈ, ਆਪਣੀ ਸਿੱਖਿਆ ਦੇਣ ਦੁਆਰਾ ਤਾਰ ਸਕਦਾ ਹੈ ਤੇ ਜੋ ਗੁਰੂ ਦੀ ਸਿੱਖਿਆ ਨੂੰ ਮੰਨ ਲੈਂਦਾ ਹੈ ਭਾਵ ਜੋ ਗੁਰੂ ਦੇ ਨਾਮ ਨੂੰ ਮੰਨ

ਲੈਂਦਾ ਹੈ ਉਹ ਮਾਇਆ ਮੋਹ ਦੇ ਸਾਗਰ ਤੋਂ ਤਰਨ ਦੁਆਰਾ ਗੁਰੂ ਦਾ ਸਿੱਖ ਬਣ ਸਕਦਾ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਵਾਲਾ ਬਣ ਜਾਂਦਾ ਹੈ, ਗੁਰੂ ਦਾ ਨਾਮ ਜਪਣ ਵਾਲਾ ਬਣ ਜਾਂਦਾ ਹੈ। **(ਮੰਨੈ ਤਰੈ ਤਾਰੇ ਗੁਰੁ ਸਿਖ ॥) {ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ ॥}** ਅੰਗ ੪੬੫

ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਗੁਰੂ ਦੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਪੈਂਦੀ ਹੈ ਭਾਵ ਗੁਰੂ ਦੇ ਨਾਮ ਨੂੰ ਮੰਨਣ ਦੁਆਰਾ ਹੀ ਪੈਂਦੀ ਹੈ ਤੇ ਇਹੀ ਗੱਲ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਮੰਨੈ ਨਾਨਕ ਭਵਹਿ ਨ ਭਿਖ ॥”

ਪੁਰਾਤਨ ਸਮੇਂ ਤੋਂ ਜੋਗੀਆਂ ਆਦਿ ਨੂੰ ਪ੍ਰਮਾਤਮਾ ਦੀ ਭਗਤੀ ਵਾਲੇ ਸਮਝਿਆ ਜਾਂਦਾ ਰਿਹਾ ਹੈ ਜੋ ਕਿ ਆਪਣਾ ਘਰ ਬਾਰ ਛੱਡਕੇ ਇਧਰ ਉਧਰ ਭਉਂਦੇ ਰਹਿੰਦੇ ਹਨ, ਜੰਗਲਾਂ ਆਦਿ ਵਿੱਚ ਭਉਂਦੇ ਰਹਿੰਦੇ ਹਨ ਤੇ ਆਪਣਾ ਗ੍ਰਿਹਸਥ ਜੀਵਨ ਤਿਆਗਕੇ ਇਧਰ ਉਧਰ ਆਪਣੇ ਡੇਰੇ ਆਦਿ ਬਣਾ ਲੈਂਦੇ ਹਨ ਤੇ ਆਪਣੇ ਸਰੀਰ ਦੇ ਭੋਜਨ ਤੇ ਸਰੀਰ ਦੀਆਂ ਹੋਰ ਜਰੂਰਤਾਂ ਲਈ ਭਿਖਿਆ ਦੇ ਆਸਰੇ ਰਹਿੰਦੇ ਹਨ। ਜੋਗੀਆਂ ਦੇ ਇਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਖੰਡਿਆ ਹੋਇਆ ਹੈ। ਸਿੱਖ ਜਗਤ ਨਾਲ ਸੰਬੰਧਿਤ ਵੀ ਅਨੇਕਾਂ ਹੀ ਐਸੇ ਹਨ ਜੋ ਜੋਗੀਆਂ ਦੇ ਮਤਿ ਦੇ ਨਾਲ ਆਪਣਾ ਵਿਸ਼ਵਾਸ ਰੱਖਦੇ ਹਨ ਤੇ ਆਪਣਾ ਘਰ ਬਾਰ ਤਿਆਗਕੇ ਕਿਸੇ ਡੇਰਿਆਂ ਤੇ ਰਹਿਣ ਲੱਗ ਜਾਂਦੇ ਹਨ ਜਿੱਥੇ ਬੈਠ ਕੇ ਉਹ ਕਿਸੇ ਅੱਖਰ ਨੂੰ ਜਪੀ ਜਾਂਦੇ ਹਨ ਜਿਸਨੂੰ ਕਿ ਉਹ ਨਾਮ ਜਪਣਾ ਸਮਝਦੇ ਹਨ, ਕਈ ਭੌਰਿਆਂ ਵਿੱਚ ਵੜ ਕੇ ਬੈਠ ਜਾਂਦੇ ਹਨ, ਕਈ ਪਹਾੜਾਂ ਦੀਆਂ ਖੁੰਦਰਾਂ ਵਿੱਚ ਜਾ ਕੇ ਬੈਠ ਜਾਂਦੇ ਹਨ, ਕਈ ਪਹਾੜਾਂ ਦੀਆਂ ਟੀਸੀਆਂ ਤੇ ਚੜ ਕੇ ਬੈਠ ਜਾਂਦੇ ਹਨ ਭਾਵ ਆਪਣੇ ਸੰਸਾਰਿਕ ਜੀਵਨ ਨੂੰ ਸਮਾਜ ਤੋਂ ਵੱਖਰਾ ਕਰ ਦਿੰਦੇ ਹਨ। ਇਹੋ ਜਿਹਾ ਮਾਰਗ ਭਗਤੀ ਦੇ ਮਾਰਗ ਤੋਂ ਬਿਲਕੁਲ ਉਲਟ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਭਗਤੀ ਦਾ ਮਾਰਗ ਗ੍ਰਿਹਸਥ ਦਾ ਮਾਰਗ ਹੈ ਜਿਸ ਗ੍ਰਿਹਸਥ ਦੇ ਮਾਰਗ ਨੂੰ ਅਸੀਂ ਸੱਚੇ ਸੁੱਚੇ ਢੰਗ ਨਾਲ ਚਲਾਉਂਣਾ ਹੈ ਜਿਸ ਰਾਹੀਂ ਅਸੀਂ ਕਿਸੇ ਤੇ ਬੋਝ ਨਹੀਂ ਬਣਨਾ ਭਾਵ ਆਪਣਾ ਬੋਝ ਆਪ ਹੀ ਸਹਿਣ ਦਾ ਉਪਰਾਲਾ ਕਰਨਾ ਹੈ ਤੇ ਕਿਸੇ ਲੋੜਵੰਦ ਦੀ ਜਰੂਰਤ ਪੂਰੀ ਕਰਨ ਦਾ ਉੱਦਮ ਵੀ ਕਰਨਾ ਹੈ ਤਾਂ ਜੋ ਅਸੀਂ ਕਿਸੇ ਲੋੜਵੰਦ ਦੀ ਲੋੜ ਪੂਰੀ ਕਰਨ ਦੇ ਸਮ੍ਰਥ ਵੀ ਬਣ ਸਕੀਏ ਭਾਵ ਸੁਕ੍ਰਿਤ ਕਰਣੀ ਕਰਨ ਦੁਆਰਾ ਆਪਣੇ ਜੀਵਨ

ਨੂੰ ਚਲਾਉਂਣਾ ਹੈ। ਆਪਣੀ ਗ੍ਰਿਹਸਥੀ ਨੂੰ ਬਨਾਉਂਣ ਦਾ ਤੇ ਉਸ ਨੂੰ ਪਾਲਣ ਦਾ ਆਪਣਾ ਸੰਸਾਰਿਕ ਫਰਜ ਨਿਭਾਉਂਣਾ ਹੈ ਤਾਂ ਜੋ ਇਹ ਸੰਸਾਰ ਸੁਚਾਰੂ ਢੰਗ ਨਾਲ ਚੱਲੇ। ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਵੀ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਇਸ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਵਿਸਥਾਰ ਨਾਲ ਸਮਝਿਆ ਹੀ ਹੈ ਜਿਸ ਰਾਹੀਂ ਸਾਨੂੰ ਨਾਮ

ਜਪਣਾ ਹੀ ਸਿਖਾਇਆ ਹੋਇਆ ਹੈ ਜੋ ਕਿ ਸਾਡੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੀ ਹੈ ਨਾ ਕਿ ਸਮਾਧੀਆਂ ਲਗਾ ਕੇ ਕੋਈ ਸਰੀਰਕ ਜਪ ਤਪ ਕਰਨਾ।

{ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥
ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥
ਸਚੁ ਨਾਮੁ ਜਾ ਨਵ ਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥੨॥
ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥
ਨਦਰਿ ਕਰੇ ਤਾ ਏਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥੬॥੨੩॥}

(ਅੰਗ ੩੫੬)

ਉਪਰ ਵਾਲੇ ਸ਼ਬਦ ਰਾਹੀਂ ਨਾਮ ਜਪਣ ਵਾਲਾ ਮਨੁੱਖ ਉਸੇ ਨੂੰ ਕਿਹਾ ਹੈ ਭਾਵ ਨਾਮ ਨੂੰ ਮੰਨਣ ਵਾਲਾ ਮਨੁੱਖ ਉਸੇ ਨੂੰ ਕਿਹਾ ਹੈ ਜੋ ਆਪਣੇ ਸੰਸਾਰਿਕ ਜੀਵਨ ਨੂੰ ਸੱਚੇ ਸੁੱਚੇ ਢੰਗ ਨਾਲ ਚਲਾਉਂਦਾ ਹੈ, ਵਿਕਾਰਾਂ ਤੋਂ ਰਹਿਤ ਹੋ ਕੇ ਚਲਾਉਂਦਾ ਹੈ। ਜੋ ਨਾਮ ਜਪਣ ਨੂੰ ਕੋਈ ਸੰਸਾਰਿਕ ਜਪ ਤਪ ਸਮਝਦੇ ਹਨ ਉਹਨਾਂ ਦੀ ਨਿਖੇਧੀ ਕੀਤੀ ਹੋਈ ਹੈ ਕਿ ਉਹ ਗੁਰੂ ਦੀ ਸਿੱਖਿਆ ਦੇ ਉਲਟ ਚੱਲਦੇ ਹਨ। ਸਰੀਰਕ ਜਪ ਤਪ ਕਰਨ ਵਾਲੇ ਮਾਇਆ ਮੋਹ ਵਿੱਚੋਂ ਬਾਹਰ ਨਹੀਂ ਨਿਕਲ ਸਕਦੇ ਭਾਵ ਉਹ ਮਾਇਆ ਮੋਹ ਦੇ ਸਾਗਰ ਤੋਂ ਨਹੀਂ ਤਰਦੇ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਹੀਂ ਤਰ ਸਕਦੇ ਤੇ ਨਾ ਹੀ ਉਹਨਾਂ ਨੂੰ ਭਗਤੀ ਦੇ ਸਹੀ ਮਾਰਗ ਦੀ ਸਮਝ ਪੈ ਸਕਦੀ ਹੈ ਜੋ ਮਾਰਗ ਸੱਚੇ ਸੁੱਚੇ ਢੰਗ ਨਾਲ ਆਪਣੇ ਗ੍ਰਿਹਸਥ ਜੀਵਨ ਨੂੰ ਚਲਾਉਂਣ ਦਾ ਹੈ ਨਾ ਕਿ ਘਰ ਬਾਰ ਛੱਡਕੇ ਕਿਤੇ ਸਰੀਰਕ ਜਪ ਤਪ ਆਦਿ ਕਰਨ ਦਾ। **{ਗਿਆਨ ਵਿਹੂਣਾ ਗਾਵੈ ਗੀਤ ॥ ਭੂਖੇ ਮੁਲਾਂ ਘਰੇ ਮਸੀਤਿ ॥ ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥ ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥ ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥}** ਅੰਗ ੧੨੪੫ **(ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥)**

ਗੁਰੂ ਦੇ ਨਾਮ ਦਾ ਮਕਸਦ ਸਾਨੂੰ ਸੱਚੇ ਸੁੱਚੇ ਇਨਸਾਨ ਬਨਾਉਂਣ ਦੇ ਨਾਲ ਹੀ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਕੋਈ ਮਾੜਾ ਕਰਮ ਨਾ ਕਰੀਏ, ਕਿਸੇ ਦਾ ਹੱਕ ਨਾ ਖਾਈਏ ਭਾਵ ਸੱਚੀ ਸੁੱਚੀ ਕਿਰਤ ਕਰੀਏ ਤੇ ਇਹੀ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਹੈ, ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਾਰੀ ਗੱਲ ਨਾਮ ਨੂੰ ਸਮਝਣ ਦੀ ਹੈ ਤੇ ਉਸਨੂੰ ਮੰਨਣ ਦੀ ਹੈ ਤੇ ਗੁਰੂ ਦੇ ਨਾਮ ਨੂੰ ਮੰਨਣ ਵਾਲਾ ਭਾਵ ਪੂਰੀ ਤਰ੍ਹਾਂ ਸੱਚ ਤੇ ਚੱਲਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ਜਿਸਨੂੰ ਕਿ ਪ੍ਰਮਾਤਮਾ ਆਪ

ਹੀ ਆਪਣੀ ਕਿਰਪਾ ਦੁਆਰਾ ਚਲਾਉਂਦਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਨਾਮ ਮੰਨਣ ਵਾਲੇ ਮਨੁੱਖ ਕਿਹੋ ਜਿਹੀ ਸਮਝ ਵਾਲੇ ਹੁੰਦੇ ਹਨ, ਕਿਹੋ ਜਿਹੇ ਕਰਮ ਕਰਨ ਵਾਲੇ ਹੁੰਦੇ ਹਨ। **(ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥)**

ਜੋ ਗੁਰੂ ਦੇ ਨਾਮ ਨੂੰ ਮੰਨਣ ਵਾਲੇ ਹੁੰਦੇ ਹਨ ਉਹਨਾਂ ਨੂੰ ਇਹ ਸਮਝ ਵੀ ਹੁੰਦੀ ਹੈ ਕਿ ਨਾਮ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ ਜੋ ਆਪਣੇ ਨਾਮ ਦੁਆਰਾ ਸਭ ਵਿੱਚ ਸਮਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਨਾਮ ਨੂੰ ਮੰਨਣ ਵਾਲਾ ਹੀ ਉਸ ਪ੍ਰਮਾਤਮਾ ਦਾ ਪੰਚ ਬਣ ਸਕਦਾ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੁੰਦਾ ਹੈ ਤੇ ਉਸਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਕਿਸ ਤਰੀਕੇ ਕੀਤੀ ਹੈ ਤੇ ਕਿਸ ਤਰੀਕੇ ਉਹ ਆਪਣੀ ਸ੍ਰਿਸ਼ਟੀ ਨੂੰ ਚੱਲਾ ਰਿਹਾ ਹੈ ਤੇ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

“ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥ ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ ॥ ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥”

ਗੁਰੂ ਪ੍ਰਮਾਤਮਾ ਦਾ ਪੰਚ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੈ ਤੇ ਇਸ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕਰਦੇ ਹਾਂ ਕਿ ਗੁਰੂ ਦਾ ਪੰਚ ਕੋਈ ਕਿਸ ਤਰੀਕੇ ਬਣਦਾ ਹੈ ਜਿਸ ਦੁਆਰਾ ਉਹ ਗੁਰੂ ਦੇ ਨਾਮ ਵਾਲਾ ਬਣਦਾ ਹੈ ਤੇ ਪ੍ਰਮਾਤਮਾ ਦੇ ਦਰ ਤੇ ਸੋਭਾ ਪਾਉਂਣ ਵਾਲਾ ਬਣਦਾ ਹੈ ਤੇ ਸੱਚੀ ਭਗਤੀ ਦੀ ਸਮਝ ਵਾਲਾ ਬਣਦਾ ਹੈ।

ਆਸਾ ਮਹਲਾ ੫ ਅਸਟਪਦੀਆ ਘਰੁ ੨

ੴ ਸਤਿਗੁਰ ਪ੍ਰਸਾਦਿ ॥

“ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥
ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥
ਸਾਚ ਧਰਮ ਕੀ ਕਰਿ ਦੀਨੀ ਵਾਰਿ ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥
ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥
ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥
ਜੇਜੀਆ ਡੰਨੁ ਕੋ ਲਏ ਨ ਜਗਾਤਿ ॥ ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥
ਵਖਰੁ ਨਾਮੁ ਲਦਿ ਖੇਪ ਚਲਾਵਹੁ ॥ ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥
ਸਤਿਗੁਰੁ ਸਾਹੁ ਸਿਖ ਵਣਜਾਰੇ ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ ॥੭॥
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥੮॥੧॥”

(ਅੰਗ ੪੩੦)

ਉਪਰ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਪੰਚ ਮਨਾਉਂਣ ਤੇ ਪੰਚ ਰੁਸਾਉਂਣ ਦੀ ਗੱਲ ਕੀਤੀ ਹੋਈ ਹੈ, ਪੰਚ ਵਸਾਉਂਣ ਤੇ ਪੰਚ ਗਵਾਉਂਣ ਦੀ ਗੱਲ ਕੀਤੀ ਹੋਈ ਹੈ। ਜਿਨ੍ਹਾਂ ਪੰਜਾਂ ਨੂੰ ਅਸੀਂ ਆਪਣੇ ਅੰਦਰੋਂ ਰੁਸਾਉਂਣਾ ਹੈ

ਭਾਵ ਗਵਾਉਂਣਾ ਹੈ ਉਹ ਸਾਡੇ ਅੰਦਰ ਦੇ ਪੰਜੇ ਅਉਗੁਣ ਹੀ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹੀ ਹਨ ਜਿਨ੍ਹਾਂ ਪੰਜਾਂ ਨੂੰ ਤਿਆਗਣ ਦੀ ਗੱਲ ਬਾਣੀ ਵਿੱਚ ਬਾਰ-ਬਾਰ ਆਉਂਦੀ ਹੈ। ਇਹਨਾਂ ਪੰਜੇ ਅਉਗੁਣਾਂ ਨੂੰ ਹੀ ਬਾਣੀ ਵਿੱਚ ਸ਼ਬਦਾਂ ਰਾਹੀਂ ਸਾਡੇ ਅੰਦਰ ਦੇ ਚੋਰ ਦੱਸਿਆ ਗਿਆ ਹੈ ਜੋ ਸਾਡੇ ਅੰਦਰੋਂ ਨਾਮ ਧਨ ਨੂੰ ਚੁਰਾਉਂਦੇ ਹਨ ਭਾਵ ਸਾਡੇ ਅੰਦਰ ਗੁਰੂ ਦੇ ਗੁਣਾਂ ਨੂੰ ਨਹੀਂ ਵੱਸਣ ਦਿੰਦੇ ਭਾਵ ਸਾਡੇ ਅੰਦਰੋਂ ਮਾਇਆ ਮੋਹ ਨਹੀਂ ਨਿਕਲਣ ਦਿੰਦੇ, ਸਾਨੂੰ ਤ੍ਰਿਸ਼ਨਾਵਾਂ ਵਿੱਚੋਂ ਨਹੀਂ ਨਿਕਲਣ ਦਿੰਦੇ, ਲੋਭ ਲਾਲਚ ਨਹੀਂ ਛੱਡਣ ਦਿੰਦੇ ਜਿਨ੍ਹਾਂ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ। ਇਹ ਪੰਜੇ ਅਉਗੁਣ ਸਾਡੇ ਮਨ ਦੇ ਵਿਚਾਰ ਹੀ ਹਨ, ਸਾਡੇ ਅੰਦਰ ਦੇ ਨਾਸਮਝ ਵਿਚਾਰ ਹੀ ਹਨ ਜੋ ਸਾਨੂੰ ਗੁਰੂ ਦਾ ਨਾਮ ਮੰਨਣ ਤੋਂ ਦੂਰ ਰੱਖਦੇ ਹਨ ਭਾਵ ਗੁਰੂ ਦੀ ਮਤਿ ਨੂੰ ਅਪਨਾਉਂਣ ਤੋਂ ਦੂਰ ਰੱਖਦੇ ਹਨ। ਗੁਰੂ ਦਾ ਨਾਮ ਦਾ ਮਕਸਦ, ਗੁਰੂ ਦੀ ਮਤਿ ਦਾ ਮਕਸਦ, ਗੁਰੂ ਦੇ ਗਿਆਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜਦੋਂ ਅਸੀਂ ਆਪਣੇ ਅਉਗੁਣਾਂ ਵਾਲੇ ਵਿਚਾਰਾਂ ਨੂੰ ਰੁਸਾਈਏ ਭਾਵ ਉਹਨਾਂ ਨੂੰ ਨਾ ਖੁਸ਼ ਕਰੀਏ ਕਿਉਂਕਿ ਇਹਨਾਂ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਰੁਸਾਉਂਣਾ ਬਹੁਤ ਔਖਾ ਹੈ ਭਾਵ ਛੱਡਣਾ ਬਹੁਤ ਔਖਾ ਹੈ ਕਿਉਂਕਿ ਮਾਇਆ ਮੋਹ ਛੱਡਣਾ, ਮਾਇਆ ਦੇ ਸੁੱਖਾਂ ਨੂੰ ਛੱਡਣਾ, ਆਪਣੀ ਮਤਿ ਨੂੰ ਛੱਡਣਾ ਸਭਨੂੰ ਔਖਾ ਲੱਗਦਾ ਹੈ। ਆਪਣੇ ਮਾੜੇ ਵਿਚਾਰਾਂ ਨੂੰ ਅਸੀਂ ਤਾਂ ਹੀ ਰੁਸਾ ਸਕਦੇ ਹਾਂ ਜੇਕਰ ਆਪਣੇ ਮਾੜੇ ਵਿਚਾਰਾਂ ਨੂੰ ਚੰਗੇ ਬਣਨ ਲਈ ਬਨਾਈਏ। ਮੰਨਾਉਣਾ ਤੇ ਆਪਣੇ ਆਪ ਨੂੰ ਹੀ ਹੈ ਭਾਵ ਆਪਣੇ ਮਨ ਨੂੰ ਹੀ ਮੰਨਾਉਂਣਾ ਹੈ ਕਿ ਹੇ ਮੇਰੇ ਮਨ ਗੁਰੂ ਦੀ ਮਤਿ ਨੂੰ ਮੰਨ ਲੈ ਤੇ ਆਪਣੀ ਮਤਿ ਛੱਡਦੇ, ਅਉਗੁਣ ਛੱਡਦੇ ਤੇ ਗੁਣੀ ਬਣਕੇ ਵਿਚਰ ਭਾਵ ਹਉਮੈ ਛੱਡਦੇ ਤੇ ਨਾਮ ਵਾਲਾ ਬਣ। ਜਦ ਤਕ ਸਾਡੇ ਮਨ ਦੇ ਵਿਚਾਰ ਚੰਗੇ ਬਣਨ ਲਈ ਨਹੀਂ ਮੰਨਦੇ ਤਦ ਤਕ ਗੁਰੂ ਦਾ ਪੰਚ ਨਹੀਂ ਬਣਿਆ ਜਾ ਸਕਦਾ। ਗੁਰੂ ਦਾ ਪੰਚ ਬਣਨ ਲਈ ਗੁਰੂ ਦੇ ਵਿਚਾਰਾਂ ਨੂੰ ਮੰਨਣਾ ਪੈਂਦਾ ਹੈ ਤੇ ਆਪਣੇ ਨਾਸਮਝ ਮਾੜੇ ਵਿਚਾਰਾਂ ਨੂੰ ਛੱਡਣਾ ਪੈਂਦਾ ਹੈ ਜੋ ਸਾਡੇ ਮਨ ਦੀ ਸਮਝ ਨੂੰ **"ਦੁਰਤੁ"** ਬਣਾਕੇ ਰੱਖਦੇ ਹਨ, ਪਾਪ ਕਰਨ ਵਾਲੀ ਸਮਝ ਬਣਾਕੇ ਰੱਖਦੇ ਹਨ ਭਾਵ ਮਾੜੇ ਕਰਮ ਕਰਾਉਂਣ ਵਾਲੀ ਸਮਝ ਬਣਾਕੇ ਰੱਖਦੇ ਹਨ। ਸਾਨੂੰ ਇਸ **"ਦੁਰਤੁ"** ਵਾਲੀ ਮਤਿ ਵਿੱਚੋਂ ਗੁਰੂ ਦਾ ਗਿਆਨ ਹੀ ਕੱਢ ਸਕਦਾ ਹੈ ਤੇ ਅਸੀਂ **"ਦੁਰਤੁ"** ਵਿੱਚੋਂ ਤਾਂ ਹੀ ਨਿਕਲਾਂਗੇ ਜਦੋਂ ਗੁਰੂ ਦੇ ਗਿਆਨ

48/6444

ਨੂੰ ਦ੍ਰਿੜ ਹੋ ਕੇ ਮੰਨਾਂਗੇ ਭਾਵ ਪੂਰੀ ਦ੍ਰਿੜਤਾ ਨਾਮ ਗੁਰਮਤਿ ਅਨੁਸਾਰ ਵਿਚਰਾਂਗੇ ਤੇ ਤਾਂ ਹੀ ਸਾਡੇ ਪੰਜੇ ਅਉਗੁਣਾਂ ਵਾਲੇ ਵਿਚਾਰ ਬਦਲ ਕੇ ਗੁਣਾਂ ਵਾਲੇ ਵਿਚਾਰ ਬਣ ਜਾਣਗੇ ਭਾਵ ਮਨ ਦੇ ਮਾੜੇ ਵਿਚਾਰ ਚੰਗੇ ਵਿਚਾਰ ਬਣ ਜਾਣਗੇ ਜਿਸ ਦੁਆਰਾ ਫਿਰ ਅਸੀਂ ਕੋਈ ਪਾਪ ਵਾਲਾ ਕੰਮ ਨਹੀਂ ਕਰਾਂਗੇ ਭਾਵ ਸੱਚੇ ਸੁੱਚੇ ਕਰਮ ਕਰਾਂਗੇ ਭਾਵ ਭਗਤੀ ਦੇ ਸਹੀ ਮਾਰਗ ਤੇ ਚਲਾਂਗੇ ਤੇ ਹਰ ਵੇਲੇ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਅੱਠੇ ਪਹਿਰ, ਹਰ ਵੇਲੇ ਗੁਰੂ ਦਾ ਨਾਮ ਜਪਾਂਗੇ। ਜਿਸ ਨਗਰ ਵਿੱਚ ਅਸੀਂ ਆਪਣਾ ਵਾਸਾ ਕਰਣਾ ਚਾਹੁੰਦੇ ਹਾਂ ਭਾਵ ਪ੍ਰਮਾਤਮਾ ਦੇ ਨਗਰ ਵਿੱਚ ਵਾਸਾ ਕਰਣਾ ਚਾਹੁੰਦੇ ਹਾਂ ਉਹ ਨਗਰ ਗੁਣਾਂ ਵਾਲੀ ਸਮਝ ਦੁਆਰਾ ਹੀ ਆਬਾਦ ਹੁੰਦਾ ਹੈ ਭਾਵ ਉਸ ਨਗਰ ਤੋਂ ਸਾਡਾ ਵਿਛੋੜਾ ਸਾਡੇ ਅਉਗੁਣਾਂ ਕਰਕੇ ਹੀ ਹੈ। ਪ੍ਰਮਾਤਮਾ ਦਾ ਉਹ ਨਗਰ ਸਾਡੇ ਅੰਦਰ ਹੀ ਹੈ ਜੋ ਕਿ ਸਾਡਾ ਮਨ ਹੀ ਹੈ। ਜਦ ਤਕ ਸਾਡੇ ਮਨ ਦੇ ਵਿਚਾਰ ਮਾੜੇ ਹਨ ਤਦ ਤਕ ਸਾਡਾ ਮਨ ਰੂਪ ਨਗਰ ਸਾਡੀ ਹਉਮੈ ਵਾਲੀ ਸਮਝ ਕਰਕੇ, ਮਾਇਆ ਮੋਹ ਵਾਲੀ ਸਮਝ ਕਰਕੇ ਭਾਵ ਅਗਿਆਨਤਾ ਵਾਲੇ ਮਾੜੇ ਵਿਚਾਰਾਂ ਕਰਕੇ, ਭਗਤੀ ਦੀ ਨਾਸਮਝੀ ਵਾਲੇ ਵਿਚਾਰਾਂ ਕਰਕੇ, ਨਾਮ ਦੀ ਨਾਸਮਝੀ ਵਾਲੇ ਵਿਚਾਰਾਂ ਕਰਕੇ ਉਜੜਿਆ ਰਹਿੰਦਾ ਹੈ ਤੇ ਸਾਡੇ ਅੰਦਰ ਦਾ ਇਹ ਨਗਰ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਵੱਸਦਾ ਹੈ, ਉਸਦੇ ਨਾਮ ਦੁਆਰਾ ਹੀ ਵੱਸਦਾ ਹੈ ਭਾਵ ਨਾਮ ਮੰਨਣ ਦੁਆਰਾ ਹੀ ਵੱਸਦਾ ਹੈ। ਅਸੀਂ ਆਪਣਾ ਨਗਰ ਵਸਾਉਂਣ ਲਈ, ਆਬਾਦ ਕਰਨ ਲਈ ਸੱਚਾ ਉੱਦਮ ਹੀ ਕਰਨਾ ਹੈ ਜੋ ਸੱਚਾ ਉੱਦਮ ਆਪਣੇ ਅਉਗੁਣਾਂ ਨੂੰ ਛੱਡਕੇ ਗੁਰੂ ਦੇ ਗੁਣਾਂ ਨੂੰ ਅਪਨਾਉਂਣ ਦਾ ਹੈ, ਆਪਣੀ ਨਾਸਮਝ ਮਤਿ ਛੱਡਕੇ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਸੱਚੇ ਸੁੱਚੇ ਕਰਮ ਕਰੀਏ। ਉਪਰ ਵਾਲੇ ਸ਼ਬਦ ਦੀ ਪਹਿਲੀ ਪੰਗਤੀ ਤੇ ਰਹਾਉ ਵਾਲੀ ਪੰਗਤੀ ਦੁਆਰਾ ਹੀ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਸ਼ਬਦ ਨੂੰ ਸਮਝਿਆ ਹੈ, ਭਗਤੀ ਦਾ ਸੱਚਾ ਮਾਰਗ ਸਮਝਣ ਲਈ ਤੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਇਹੀ ਸੱਚਾ ਮਾਰਗ ਹੈ। ਇਸ ਗੱਲ ਨੂੰ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ। **(ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥ ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥)**

48/6445

ਸਾਡੇ ਮਨ ਦੇ ਵਿੱਚ ਗੁਰਮਤਿ ਵਾਲੇ ਸੱਚੇ ਵਿਚਾਰ ਹੀ ਸਾਨੂੰ ਗੁਰੂ ਦਾ ਪੰਚ ਬਣਾਉਂਦੇ ਹਨ ਜੋ ਪ੍ਰਮਾਤਮਾ ਦਾ ਪੰਚ ਮਨ ਦੀ ਦ੍ਰਿੜਤਾ

ਦੁਆਰਾ ਗੁਰੂ ਦੀ ਮਤਿ ਤੇ ਚੱਲਦਾ ਹੈ ਤੇ ਮਨ ਦੀ ਦ੍ਰਿੜਤਾ ਦੁਆਰਾ ਗੁਰਮਤਿ ਤੇ ਚੱਲਣਾ ਹੀ ਧਰਮ ਦੇ ਮਾਰਗ ਤੇ ਚੱਲਣਾ ਹੈ, ਸੱਚ ਦੇ ਮਾਰਗ ਤੇ ਚੱਲਣਾ ਹੈ ਤੇ ਇਹੀ ਸਾਡਾ ਨਾਮ ਜਪਣ ਦਾ ਮਾਰਗ ਹੈ ਜੋ ਕਿ ਅਉਗੁਣਾਂ ਵਾਲੇ ਮਾੜੇ ਵਿਚਾਰਾਂ ਨੂੰ ਛੱਡਕੇ ਸੱਚੇ ਵਿਚਾਰਾਂ ਦੁਆਰਾ ਵਿਚਰਨ ਦਾ ਹੈ ਭਾਵ ਗੁਰੂ ਦੇ ਗਿਆਨ ਦੁਆਰਾ ਆਪਣੇ ਵਿਚਾਰਾਂ ਨੂੰ ਚੰਗੇ ਬਣਾਕੇ ਵਿਚਰਨ ਦਾ ਹੈ। ਸਾਡੇ ਅੰਦਰ ਦੇ ਇਹ ਚੰਗੇ ਵਿਚਾਰ ਹੀ ਸਾਡੇ ਮਨ ਦੇ ਵਿੱਚ ਧਰਮ ਦੀ ਵਾੜ ਦਾ ਕੰਮ ਕਰਦੇ ਹਨ ਜਿਸ ਵਾੜ ਦੇ ਵਿੱਚੋਂ ਫਿਰ ਮਾੜੇ ਵਿਚਾਰ ਅੰਦਰ ਨਹੀਂ ਵੜ ਸਕਦੇ ਭਾਵ ਇਹ ਨਾਮ ਦੇ ਚੋਰਾਂ ਦਾ ਦਰਵਾਜਾ ਬੰਦ ਕਰ ਦਿੰਦੇ ਹਨ। ਮਨ ਦੇ ਮਾੜੇ ਵਿਚਾਰ ਸਾਡੇ ਅੰਦਰ ਨਾਮ ਦੇ ਚੋਰ ਹੀ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਧਰਮ ਦਾ ਮਾਰਗ, ਨਾਮ ਦਾ ਮਾਰਗ ਸੱਚ ਤੇ ਚੱਲਣ ਦਾ ਮਾਰਗ ਹੈ, ਮਾੜੇ ਵਿਚਾਰਾਂ ਨੂੰ ਤਿਆਗਕੇ ਚੰਗੇ ਵਿਚਾਰਾਂ ਦੁਆਰਾ ਵਿਚਰਨ ਦਾ ਹੀ ਹੈ ਭਾਵ ਚੰਗੇ ਕਰਮ ਕਰਨ ਦਾ ਹੀ ਹੈ, ਸੱਚੀ ਸੁੱਚੀ ਸੰਸਾਰਿਕ ਵਿਚਰਨ ਦਾ ਹੀ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਦ੍ਰਿੜ ਕਰਵਾਈ ਹੋਈ ਹੈ। **(ਸਾਚ ਧਰਮ ਕੀ ਕਰਿ ਦੀਨੀ ਵਾਰਿ ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥)**

ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਾਨੂੰ ਗੁਰੂ ਦਾ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ, ਨਾਮ ਦਾ ਵਪਾਰ ਕਰਨਾ ਹੀ ਸਮਝਾਇਆ ਹੋਇਆ ਹੈ ਜੋ ਨਾਮ ਦਾ ਵਪਾਰ ਕਰਨ ਦਾ ਤਰੀਕਾ ਆਪਣੇ ਅੰਦਰੋਂ ਪੰਜੇ ਅਉਗੁਣ ਤਿਆਗਣ ਦਾ ਹੀ ਹੈ ਜਿਵੇਂ ਕਿ ਅਸੀਂ ਇਸ ਸ਼ਬਦ ਨੂੰ ਪਿੱਛੇ ਸਮਝਿਆ ਵੀ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਪ੍ਰਮਾਤਮਾ ਦੇ ਘਰ ਦੇ ਵਿੱਚ ਵਾਸਾ ਮਨ ਦੇ ਵਿੱਚ ਨਾਮ ਦੀ ਸੱਚੀ ਸਮਝ ਵੱਸਣ ਦੁਆਰਾ ਹੀ ਹੁੰਦਾ ਹੈ, ਪੰਜੇ ਵਿਕਾਰਾਂ ਵਾਲੇ ਵਿਚਾਰਾਂ ਵਿੱਚੋਂ ਭਾਵ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਦੁਆਰਾ ਹੀ ਹੁੰਦਾ ਹੈ ਕਿਉਂਕਿ ਪ੍ਰਮਾਤਮਾ ਦਾ ਘਰ ਸੱਚੇ ਵਿਚਾਰਾਂ ਦਾ ਘਰ ਹੈ। ਸ਼ਬਦ ਦੇ ਆਖਰੀ ਪਦੇ ਰਾਹੀਂ ਸਾਨੂੰ ਪ੍ਰਮਾਤਮਾ ਦੇ ਘਰ ਵਿੱਚ ਵੱਸਣਾ ਹੀ ਸਿਖਾਇਆ ਹੋਇਆ ਹੈ।

“ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥੯॥੧॥”

ਪ੍ਰਮਾਤਮਾ ਦੇ ਘਰ ਵਿੱਚ ਉਹੀ ਵੱਸਦਾ ਹੈ ਜੋ ਪੂਰੇ ਗੁਰੂ ਦੀ ਸੇਵਾ ਕਰਦਾ ਹੈ। ਗੁਰੂ ਦੀ ਸੇਵਾ ਕਰਨੀ ਗੁਰੂ ਦੀ ਮਤਿ ਨੂੰ ਮੰਨਕੇ ਉਸ ਤੇ

ਅਮਲ ਕਰਨਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੇ ਗੁਰੂ ਦੀ ਸੇਵ ਤੋਂ ਭਾਵ ਹੈ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣਾ ਭਾਵ ਸ਼ਬਦ ਦੀ ਹਰ ਵਿਚਾਰ ਨੂੰ ਮੰਨਣਾ ਤੇ ਗੁਰੂ ਸਾਨੂੰ ਬਾਰ-ਬਾਰ ਅਉਗੁਣ ਛੱਡਣ ਲਈ ਸਮਝਾਉਂਦਾ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਹਉਮੈ ਛੱਡਣ ਲਈ ਸਮਝਾਉਂਦਾ ਹੈ ਭਾਵ ਆਪਣੀ ਨਾਸਮਝ ਮਤਿ ਛੱਡਣ ਲਈ ਸਮਝਾਉਂਦਾ ਹੈ ਭਾਵ ਪੂਰੇ ਗੁਰੂ ਦੀ ਸੇਵਾ ਉਹੀ ਕਰਦਾ ਹੈ ਜੋ ਗੁਰੂ ਦੀ ਪੂਰੀ ਗੱਲ ਨੂੰ ਮੰਨਦਾ ਹੈ ਤੇ ਇਹੋ ਜਿਹਾ ਮਨੁੱਖ ਹੀ ਪ੍ਰਮਾਤਮਾ ਦੇ ਘਰ ਵਿੱਚ ਵਾਸਾ ਪਾਉਂਦਾ ਹੈ ਜੋ ਪ੍ਰਮਾਤਮਾ ਦਾ ਘਰ ਸਾਡੇ ਮਨ ਦੇ ਵਿੱਚ ਹੀ ਹੈ ਤੇ ਜਦੋਂ ਸਾਡੇ ਮਨ ਦੇ ਵਿਚਾਰ ਸੱਚੇ ਬਣ ਜਾਂਦੇ ਹਨ, ਗੁਰਮਤਿ ਦੀ ਸਮਝ ਵਾਲੇ ਬਣ ਜਾਂਦੇ ਹਨ, ਨਾਮ ਦੀ ਸਮਝ ਵਾਲੇ ਬਣ ਜਾਂਦੇ ਹਨ ਉਸਨੂੰ ਹੀ ਪ੍ਰਮਾਤਮਾ ਆਪਣਾ ਆਪ ਮਨ ਦੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪ ਸਮਝਾਉਂਦਾ ਹੈ, ਮਨ ਦੇ ਸੱਚੇ ਵਿਚਾਰਾਂ ਰਾਹੀਂ ਮਨ ਦੇ ਵਿੱਚ ਪ੍ਰਗਟ ਹੋ ਕੇ ਸਮਝਾਉਂਦਾ ਹੈ ਤੇ ਤਾਂ ਹੀ ਕੋਈ ਜਾਣ ਸਕਦਾ ਹੈ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ, ਉਸਦਾ ਨਾਮ ਰੂਪ ਕੀ ਹੈ ਜੋ ਕਿ ਉਸਦਾ ਸੱਚੇ ਗਿਆਨ ਦਾ ਰੂਪ ਹੈ ਭਾਵ ਬ੍ਰਹਮ ਗਿਆਨ ਦਾ ਰੂਪ ਹੈ। ਮਨ ਦੇ ਵਿੱਚ ਆਪਣੇ ਸੱਚੇ ਵਿਚਾਰਾਂ ਰਾਹੀਂ ਪ੍ਰਮਾਤਮਾ ਆਪਣਾ ਬ੍ਰਹਮ ਗਿਆਨ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ, ਆਪਣੇ ਨਾਮ ਦੇ ਰੂਪ ਵਿੱਚ ਬਖਸ਼ਿਆ ਹੈ ਤੇ ਤਾਂ ਹੀ ਉਹਨਾਂ ਨੇ ਸਾਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਬਖਸ਼ਿਆ ਹੋਇਆ ਬ੍ਰਹਮ ਗਿਆਨ ਪਾਇਆ ਹੈ ਭਾਵ ਉਸਦਾ ਨਾਮ ਪਾਇਆ ਹੋਇਆ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜੋ ਸ਼ਬਦਾਂ ਦੀ ਵਿਚਾਰ ਨੂੰ ਪੂਰਨ ਰੂਪ ਵਿੱਚ ਮੰਨਕੇ ਹੀ ਪੂਰੇ ਗੁਰੂ ਦੀ ਸੇਵਾ ਕਰ ਸਕਦੇ ਹਾਂ। ਹਰ ਸ਼ਬਦ ਦੀ ਵਿਚਾਰ ਸਾਨੂੰ ਗੁਰਮਤਿ ਹੀ ਸਮਝਾਉਂਦੀ ਹੈ ਤੇ ਪੂਰੀ ਗੁਰਮਤਿ ਨੂੰ ਮੰਨਣ ਦੁਆਰਾ ਹੀ ਕੋਈ ਗੁਰੂ ਦਾ ਪੰਚ ਬਣ ਸਕਦਾ ਹੈ ਭਾਵ ਗੁਰੂ ਦੀ ਮਤਿ ਤੇ ਦ੍ਰਿੜ ਹੋ ਕੇ ਚੱਲਣ ਵਾਲਾ ਬਣ ਸਕਦਾ ਹੈ, ਪੂਰੇ ਵਿਸ਼ਵਾਸ ਨਾਲ ਸੱਚ ਤੇ ਚੱਲਣ ਵਾਲਾ ਬਣ ਸਕਦਾ ਹੈ। ਗੁਰੂ ਦੀ ਮਤਿ ਅਡੋਲ ਹੈ, **“ਅਬਿਚਲ”** ਹੈ ਜੋ ਆਪਣੇ ਮਾਰਗ ਤੋਂ ਕਦੇ ਨਹੀਂ ਡੋਲਦੀ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਉਸਦੀ **“ਅਬਿਚਲ”** ਨਗਰੀ ਦੇ ਰੂਪ ਵਿੱਚ

ਹੀ ਹੈ। ਜਿਸਨੂੰ ਪ੍ਰਮਾਤਮਾ ਆਪਣੇ ਇਸ ਘਰ ਵਿੱਚ ਵਸਾਉਂਦਾ ਹੈ ਉਸਨੂੰ ਆਪਣੀ ਸੱਚੀ ਗੁਰਮਤਿ ਦੀ ਸਮਝ ਪਾ ਕੇ ਉਸ ਤੇ ਆਪ ਹੀ ਅਡੋਲ ਬਣਾਕੇ ਚਲਾਉਂਦਾ ਹੈ। ਅਡੋਲਤਾ ਸਾਡੇ ਮਨ ਦੀ ਸਮਝ ਦੇ ਵਿੱਚ ਹੀ ਆਉਂਦੀ ਹੈ ਜੋ ਸਮਝ ਕਦੇ ਨਹੀਂ ਡੋਲਦੀ ਤੇ ਉਸ ਅਡੋਲ ਮਤਿ ਨੂੰ ਕੋਈ ਵੀ ਸੰਸਾਰ ਦੀ ਹੋਰ ਮਤਿ ਡੁਲਾ ਨਹੀਂ ਸਕਦੀ ਭਾਵ ਉਸਨੂੰ ਸੱਚੇ ਭਗਤੀ ਦੇ ਮਾਰਗ ਤੇ ਚੱਲਣ ਤੋਂ, ਸੱਚੇ ਧਰਮ ਦੇ ਮਾਰਗ ਤੇ ਚੱਲਣ ਤੋਂ, ਸੱਚੇ ਨਾਮ ਜਪਣ ਦੇ ਮਾਰਗ ਤੋਂ ਭਰਮਾਂ ਨਹੀਂ ਸਕਦੀ ਭਾਵ ਉਸਦੀ ਮਤਿ ਨੂੰ ਕੋਈ ਵੀ ਦੁਨੀਆਂ ਦੀ ਹੋਰ ਮਤਿ ਕੋਈ ਵੱਖਰਾ ਸੱਚ ਨਹੀਂ ਸਮਝਾ ਸਕਦੀ। ਜਿਸਦੀ ਸਮਝ ਨੂੰ ਮਨ ਦੇ ਵਿੱਚ ਸਚੁ ਰੂਪ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਸੱਚ ਸਮਝਾਵੇ, ਆਪਣਾ ਨਾਮ ਸਮਝਾਵੇ ਫਿਰ ਕੀ ਉਹ ਮਨੁੱਖ ਕਦੇ ਇਹ ਮੰਨ ਸਕਦਾ ਹੈ ਕਿ ਪ੍ਰਮਾਤਮਾ ਤੋਂ ਉੱਚੀ ਸਮਝ ਦੇਣ ਵਾਲਾ ਕੋਈ ਹੋਰ ਹੋ ਸਕਦਾ ਹੈ ਜੋ ਮੈਨੂੰ ਸੱਚ ਦੇ ਮਾਰਗ ਤੋਂ ਡੁਲਾ ਸਕੇ। ਇਸੇ ਲਈ ਸੱਚੇ ਭਗਤ, ਗੁਰੂ ਸਾਹਿਬਾਨ ਆਪਣੇ ਸੱਚੇ ਮਾਰਗ ਤੋਂ ਕਦੇ ਨਹੀਂ ਡੋਲੇ ਕਿਉਂਕਿ ਉਹਨਾਂ ਨੂੰ ਸੱਚ ਸਮਝਾਉਂਣ ਵਾਲਾ ਪ੍ਰਮਾਤਮਾ ਆਪ ਹੈ ਜਿਸ ਤੋਂ ਉੱਪਰ ਸਮਝਾਉਂਣ ਵਾਲਾ ਕੋਈ ਹੋਰ ਹੋ ਹੀ ਨਹੀਂ ਸਕਦਾ। ਹੋਰ ਮਤਿ ਸਮਝਾਉਂਣ ਵਾਲੇ ਉਹੀ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਸੱਚ ਦੇ ਮਾਲਕ ਨੂੰ ਨਹੀਂ ਜਾਣਿਆ, ਆਪਣੇ ਅੰਦਰ ਦੀ ਅਬਿਚਲ ਨਗਰੀ ਵਿੱਚ ਜਿਨ੍ਹਾਂ ਦਾ ਵਾਸਾ ਨਹੀਂ ਹੋਇਆ ਹੁੰਦਾ। ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਣੇ ਬਿਨਾਂ ਹਰ ਕੋਈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੀ ਹੁੰਦਾ ਹੈ, ਹਉਮੈ ਵਿੱਚ ਹੀ ਹੁੰਦਾ ਹੈ, ਮਾਇਆ ਦੀ ਜੁਗਤਿ ਵਿੱਚ ਹੀ ਹੁੰਦਾ ਹੈ, ਮਨ ਦੇ ਵਿੱਚ ਪੁੱਠੇ ਕਮਲ ਵਾਲੀ ਨਾਸਮਝ ਮਤਿ ਵਿੱਚ ਹੀ ਹੁੰਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਹੀ ਹੁੰਦਾ ਹੈ ਜੋ ਸਮਝ ਡੋਲਣ ਵਾਲੀ ਸਮਝ ਹੈ ਭਾਵ ਟਿਕਣ ਵਾਲੀ ਸਮਝ ਨਹੀਂ ਹੈ। ਨਾਡੋਲਣ ਵਾਲੀ ਸਮਝ ਕੇਵਲ ਗੁਰੂ ਦੀ ਸਮਝ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਸਮਝ ਹੈ ਜੋ ਸੱਚੀ ਸਮਝ ਸਾਨੂੰ ਮਨ ਦੀ ਅਡੋਲਤਾ ਵਿੱਚ ਲਿਆ ਸਕਦੀ ਹੈ ਤੇ ਧਰਮ ਦੇ ਸੱਚੇ ਮਾਰਗ ਤੇ ਅਡੋਲ ਹੋ ਕੇ ਚੱਲਾ ਸਕਦੀ ਹੈ। ਡੋਲਣ ਵਾਲੀ ਸਮਝ ਕੀ ਹੁੰਦੀ ਹੈ ਇਸ ਗੱਲ ਦੀ ਸਮਝ ਹੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਤੇ ਹਰ ਸਮਝ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਕਿ ਸਭ ਨੂੰ ਭਰਮਾਂ ਵਿੱਚ ਰੱਖਣ ਵਾਲਾ ਵੀ ਉਹ ਆਪ ਹੈ ਤੇ ਮਨ ਦੀ ਮਤਿ ਨੂੰ ਅਡੋਲ ਬਨਾਉਣ ਵਾਲਾ ਵੀ ਉਹ ਆਪ ਹੈ, ਅਬਿਚਲ ਬਨਾਉਂਣ ਵਾਲਾ ਵੀ ਉਹ ਆਪ ਹੈ।
(ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥੮॥੧॥) ਅੰਗ ੪੩੦

48/6448

ਗੁਰੂ ਪ੍ਰਮਾਤਮਾ ਦਾ ਰੂਪ ਹੈ ਜਿਸ ਕਰਕੇ ਗੁਰੂ ਦੀ ਮਤਿ ਅਬਿਚਲ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪ ਹੀ ਵੱਸਿਆ ਹੋਇਆ ਹੈ ਜਿਸ ਕਰਕੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਅਬਿਚਲ ਘਰ ਹੈ ਜਿਸ ਘਰ ਵਿੱਚੋਂ ਸੰਸਾਰ ਦਾ ਕੋਈ ਵੀ ਮਨੁੱਖ ਗੁਰੂ ਦੀ ਅਬਿਚਲ ਸਮਝ ਨੂੰ ਲੈ ਕੇ ਆਪਣੀ ਸਮਝ ਨੂੰ ਅਬਿਚਲ ਬਣਾ ਸਕਦਾ ਹੈ ਜਿਸ ਦੁਆਰਾ ਕੋਈ ਗੁਰੂ ਪ੍ਰਮਾਤਮਾ ਦਾ ਪੰਚ ਬਣ ਸਕਦਾ ਹੈ ਤੇ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋ ਸਕਦਾ ਹੈ। ਗੁਰੂ ਦੇ ਅਬਿਚਲ ਨਗਰ ਵਿੱਚੋਂ ਸੱਚਾ ਗਿਆਨ ਹੀ ਮਿਲਦਾ ਹੈ, ਸ਼ਬਦਾਂ ਦੀ ਵਿਚਾਰ ਹੀ ਮਿਲਦੀ ਹੈ ਜਿਸ ਵਿਚਾਰ ਨੂੰ ਮੰਨਕੇ ਅਸੀਂ ਆਪਣੀ ਸਮਝ ਨੂੰ ਭਾਵ ਆਪਣੀ ਸੁਰਤਿ ਦੇ ਵਿਚਾਰਾਂ ਨੂੰ ਅਬਿਚਲ ਵਿਚਾਰ ਬਣਾ ਸਕਦੇ ਹਾਂ। ਸ਼ਬਦਾਂ ਦੀ ਵਿਚਾਰ ਹੀ ਗੁਰੂ ਦਾ ਨਾਮ ਹੈ ਤੇ ਗੁਰੂ ਦਾ ਨਾਮ ਹੀ ਸਾਡੇ ਅੰਦਰ ਦੀ ਸਮਝ ਨੂੰ ਅਬਿਚਲ ਬਣਾ ਸਕਦਾ ਹੈ। ਗੁਰੂ ਦਾ ਅਬਿਚਲ ਨਗਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਸਾਡੇ ਅੰਦਰ ਨਾਮ ਦੇ ਚੋਰ ਕੀ ਹਨ ਜੋ ਸਾਨੂੰ ਗੁਰੂ ਦਾ ਪੰਚ ਨਹੀਂ ਬਣਨ ਦਿੰਦੇ, ਇਸ ਗੱਲ ਨੂੰ ਵੀ ਨਾਲ ਹੀ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥
ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥
ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥
ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥
ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥

ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥
ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥
ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥
ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥
ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ ॥
ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥
ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥
ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥
ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥੩॥
ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥}

(ਅੰਗ ੭੮੩)

{ਸਾਹਿਬੁ ਗੁਨੀ ਗਹੇਰਾ ॥ ਘਰੁ ਲਸਕਰੁ ਸਭੁ ਤੇਰਾ ॥ ਰਖਵਾਲੇ ਗੁਰ ਗੋਪਾਲਾ ॥
ਸਭਿ ਜੀਅ ਭਏ ਦਇਆਲਾ ॥੧॥ ਜਪਿ ਅਨਦਿ ਰਹਉ ਗੁਰ ਚਰਣਾ ॥
ਭਉ ਕਤਹਿ ਨਹੀ ਪ੍ਰਭ ਸਰਣਾ ॥ ਰਹਾਉ ॥ ਤੇਰਿਆ ਦਾਸਾ ਰਿਦੈ ਮੁਰਾਰੀ ॥
ਪ੍ਰਭਿ ਅਬਿਚਲ ਨੀਵ ਉਸਾਰੀ ॥ ਬਲੁ ਧਨੁ ਤਕੀਆ ਤੇਰਾ ॥ ਤੂ ਭਾਰੋ ਠਾਕੁਰੁ ਮੇਰਾ ॥੨॥
ਜਿਨਿ ਜਿਨਿ ਸਾਧਸੰਗੁ ਪਾਇਆ ॥ ਸੋ ਪ੍ਰਭਿ ਆਪਿ ਤਰਾਇਆ ॥ ਕਰਿ ਕਿਰਪਾ ਨਾਮ ਰਸੁ ਦੀਆ ॥
ਕੁਸਲ ਖੇਮ ਸਭ ਥੀਆ ॥੩॥ ਹੋਏ ਪ੍ਰਭੂ ਸਹਾਈ ॥ ਸਭ ਉਠਿ ਲਾਗੀ ਪਾਈ ॥
ਸਾਸਿ ਸਾਸਿ ਪ੍ਰਭੁ ਧਿਆਈਐ ॥ ਹਰਿ ਮੰਗਲੁ ਨਾਨਕ ਗਾਈਐ ॥੪॥੪॥੫੪॥}

(ਅੰਗ ੬੨੨)

{ਗੋਬਿਦ ਜੀਉ ਤੂ ਮੇਰੇ ਪ੍ਰਾਨ ਅਧਾਰ ॥ ਸਾਜਨ ਮੀਤ ਸਹਾਈ ਤੁਮ ਹੀ ਤੂ ਮੇਰੋ ਪਰਵਾਰ ॥੧॥ ਰਹਾਉ ॥
ਕਰੁ ਮਸਤਕਿ ਧਾਰਿਓ ਮੇਰੈ ਮਾਥੈ ਸਾਧਸੰਗਿ ਗੁਣ ਗਾਏ ॥
ਤੁਮਰੀ ਕ੍ਰਿਪਾ ਤੇ ਸਭ ਫਲ ਪਾਏ ਰਸਕਿ ਰਾਮ ਨਾਮ ਧਿਆਏ ॥੧॥
ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ ॥
ਗੁਰ ਨਾਨਕ ਜਬ ਭਏ ਦਇਆਰਾ ਸਰਬ ਸੁਖਾ ਨਿਧਿ ਪਾਂਹੀ ॥੨॥੯੨॥੧੧੫॥}

(ਅੰਗ ੧੨੨੬)

{ਜਨ ਕੀ ਪੈਜ ਸਵਾਰੀ ਆਪ ॥ ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ ॥੧॥ ਰਹਾਉ॥
ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥੧॥
ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥
ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥੧੫॥੨੪॥}

(ਅੰਗ ੫੦੦)

{ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ ॥
ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ ॥੧॥ ਏਕੈ ਏਕੈ ਏਕ ਤੂਹੀ ॥
ਏਕੈ ਏਕੈ ਤੂ ਰਾਇਆ ॥ ਤਉ ਕਿਰਪਾ ਤੇ ਸੁਖੁ ਪਾਇਆ ॥੧॥ ਰਹਾਉ ॥
ਤੂ ਸਾਗਰੁ ਹਮ ਹੰਸ ਤੁਮਾਰੇ ਤੁਮ ਮਹਿ ਮਾਣਕ ਲਾਲਾ ॥
ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹ ਸਦਾ ਨਿਹਾਲਾ ॥੨॥
ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ ॥
ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ ॥੩॥
ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ ॥
ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ ॥੪॥੬॥}

(ਅੰਗ ੮੮੪)

{ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥
ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥
ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥
ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥੧॥
ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥
ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥
ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥
ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥
ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥
ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥੨॥
ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ ॥
ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥
ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ ॥

ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥
ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥
ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥੩॥
ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥
ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ ॥
ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥
ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥
ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ ॥
ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥}

(ਅੰਗ ੭੮੧-੭੮੨)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥}

(ਅੰਗ ੬੦੦)

48/6449

{ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥ ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥੩॥}

(ਅੰਗ ੭੫੧)

{ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥
ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥}

(ਅੰਗ ੮੧੦)

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥ ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ ॥੧॥}

(ਅੰਗ ੮੫੪)

{ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥}

(ਅੰਗ ੯੦੫)

{ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥
ਚਰਨ ਕਮਲ ਉਰ ਧਾਰੇ ਚੀਤ ॥ ਚਿਰੁ ਜੀਵਨੁ ਚੇਤਨੁ ਨਿਤ ਨੀਤ ॥}

(ਅੰਗ ੯੩੨)

{ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥ ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥
ਮਨਸਾ ਮਾਰਿ ਮਨੈ ਸਿਉ ਲੂਝੈ ॥ ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥}

(ਅੰਗ ੧੦੨੧)

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥ ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥}

(ਅੰਗ ੧੧੭੮)

{ਪੰਡਿਤ ਜਨ ਮਾਤੇ ਪੜਿ੍ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥
ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥੧॥
ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ ॥}

(ਅੰਗ ੧੧੯੩)

{ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥
ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥
ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ ਰਹਾਉ ॥
ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥
ਕਬਿ ਜਨ ਜੋਗੀ ਜਟਾਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥੨॥
ਤੂ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥
ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ ਗੁਨ ਰਉ ਕਬੀਰ ॥੩॥੫॥}

(ਅੰਗ ੧੧੯੪)

{ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥
ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ ਕਾਮੁ ਕ੍ਰੋਧੁ
ਲੋਭੁ ਮੋਹੁ ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥੧॥}

(ਅੰਗ ੧੨੦੧)

{ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ ॥ ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ॥
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥ ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥੧੨॥}

(ਅੰਗ ੧੩੬੨)

{ਤਿਖ ਬੂਝਿ ਗਈ ਗਈ ਮਿਲਿ ਸਾਧ ਜਨਾ ॥
ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ ॥੧॥ ਰਹਾਉ ॥}

(ਅੰਗ ੧੩੦੫)

{ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥੧॥
ਰਾਮੁ ਰਮੈ ਸੋਈ ਰਾਮਾਣਾ ॥ ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ ਰਹਾਉ ॥
ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥੨॥
ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥੩॥
ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥}

(ਅੰਗ ੧੯੪)

{ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥}

(ਅੰਗ ੨੬੧)

{ਮੰਗਲਵਾਰੇ ਲੇ ਮਾਹੀਤਿ ॥ ਪੰਚ ਚੋਰ ਕੀ ਜਾਣੈ ਰੀਤਿ ॥
ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥੩॥}

(ਅੰਗ ੩੪੪)

{ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥
ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥
ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ ॥
ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ ॥
ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥
ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥੪॥}

(ਅੰਗ ੪੪੩)

{ਸੰਤਹੁ ਮਨ ਪਵਨੈ ਸੁਖੁ ਬਨਿਆ ॥ ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥
ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ ॥ ਮੂੰਦਿ ਲੀਏ ਦਰਵਾਜੇ ॥
ਬਾਜੀਅਲੇ ਅਨਹਦ ਬਾਜੇ ॥੧॥ ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥
ਕਹੁ ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨੁ ਮਾਨਿਆ ॥੨॥੧੦॥}

(ਅੰਗ ੬੫੬)

48/6450

{ਸਭ ਘਟ ਆਪੇ ਭੋਗਣਹਾਰਾ ॥ ਅਲਖੁ ਵਰਤੈ ਅਗਮ ਅਪਾਰਾ ॥
ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥
ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥}

(ਅੰਗ ੧੧੩)

{ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥
ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥}

(ਅੰਗ ੧੦੪੫)

{ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥
ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥
ਬਾਝੁ ਗੁਰੂ ਹੈ ਮੋਹੁ ਗੁਬਾਰਾ ॥ ਫਿਰਿ ਫਿਰਿ ਡੁਬੈ ਵਾਰੋ ਵਾਰਾ ॥
ਸਤਿਗੁਰ ਭੇਟੇ ਸਚੁ ਦ੍ਰਿੜਾਏ ਸਚੁ ਨਾਮੁ ਮਨਿ ਭਾਇਆ ॥੮॥}

(ਅੰਗ ੧੦੬੮)

{ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥}

(ਅੰਗ ੯੧੭)

{ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥
ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥
ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥ ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥
ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥
ਗੁਰ ਅਮਰਦਾਸ ਸਚੁ ਸਲ੍ਹ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥੧॥੨੧॥}

(ਅੰਗ ੧੩੯੬)

{ਐਸੋ ਦਾਨੁ ਦੇਹੁ ਜੀ ਸੰਤਹੁ ਜਾਤ ਜੀਉ ਬਲਿਹਾਰਿ ॥ ਮਾਨ ਮੋਹੀ ਪੰਚ ਦੋਹੀ ਉਰਝਿ
ਨਿਕਟਿ ਬਸਿਓ ਤਾਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ ॥੧॥ ਰਹਾਉ ॥
ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ ॥੧॥ ਕਿਰਪਾ ਗੋਬਿੰਦ ਭਈ ਮਿਲਿਓ ਨਾਮੁ ਅਧਾਰੁ ॥
ਦੁਲਭ ਜਨਮੁ ਸਫਲੁ ਨਾਨਕ ਭਵ ਉਤਾਰਿ ਪਾਰਿ ॥੨॥੧॥੪੫॥}

(ਅੰਗ ੧੩੦੭)

{ਅਹੰ ਤੋਰੋ ਮੁਖੁ ਜੋਰੋ ॥ ਗੁਰੁ ਗੁਰੁ ਕਰਤ ਮਨੁ ਲੋਰੋ ॥ ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥੧॥ ਰਹਾਉ ॥
ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ ॥੧॥
ਆਇ ਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ ॥ ਛੁਟਕੀ ਹਉਮੈ ਸੋਰੋ ॥
ਗਾਇਓ ਰੀ ਗਾਇਓ ਪ੍ਰਭ ਨਾਨਕ ਗੁਨੀ ਗਹੇਰੋ ॥੨॥੪॥੪੩॥}

(ਅੰਗ ੧੩੦੬)

{ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥੩॥
ਜਨ ਨਾਨਕ ਕਉ ਹਰਿ ਦਰਸੁ ਦਿਖਾਇਆ ॥ ਆਤਮੁ ਚੀਨ੍ਹਿ ਪਰਮ ਸੁਖੁ ਪਾਇਆ ॥੪॥੧੫॥}

(ਅੰਗ ੩੭੫)

{ਨਾਮੁ ਜਪਤ ਮਨੁ ਤਨੁ ਸਭੁ ਹਰਿਆ ॥ ਕਲਮਲ ਦੋਖ ਸਗਲ ਪਰਹਰਿਆ ॥੧॥
ਸੋਈ ਦਿਵਸੁ ਭਲਾ ਮੇਰੇ ਭਾਈ ॥ ਹਰਿ ਗੁਨ ਗਾਇ ਪਰਮ ਗਤਿ ਪਾਈ ॥ ਰਹਾਉ ॥
ਸਾਧ ਜਨਾ ਕੇ ਪੂਜੇ ਪੈਰ ॥ ਮਿਟੇ ਉਪਦ੍ਰਹ ਮਨ ਤੇ ਬੈਰ ॥੨॥
ਗੁਰ ਪੂਰੇ ਮਿਲਿ ਝਗਰੁ ਚੁਕਾਇਆ ॥ ਪੰਚ ਦੂਤ ਸਭਿ ਵਸਗਤਿ ਆਇਆ ॥੩॥
ਜਿਸੁ ਮਨਿ ਵਸਿਆ ਹਰਿ ਕਾ ਨਾਮੁ ॥ ਨਾਨਕ ਤਿਸੁ ਊਪਰਿ ਕੁਰਬਾਨ ॥੪॥੪॥੯੮॥}

(ਅੰਗ ੩੯੫)

{ਬਿਨੁ ਹਰਿ ਕਾਮਿ ਨ ਆਵਤ ਹੇ ॥ ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ ॥੧॥ ਰਹਾਉ॥
ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥
ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥੧॥
ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥
ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥੨॥
ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥
ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥੩॥
ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥
ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥੨॥੯੮॥}

(ਅੰਗ ੮੨੧)

{ਭਵ ਖੰਡਨ ਦੁਖ ਭੰਜਨ ਸ੍ਵਾਮੀ ਭਗਤਿ ਵਛਲ ਨਿਰੰਕਾਰੇ ॥
ਕੋਟਿ ਪਰਾਧ ਮਿਟੇ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ ॥੧॥ ਮੇਰਾ ਮਨੁ ਲਾਗਾ ਹੈ ਰਾਮ ਪਿਆਰੇ ॥

ਦੀਨ ਦਇਆਲਿ ਕਰੀ ਪ੍ਰਭਿ ਕਿਰਪਾ ਵਸਿ ਕੀਨੇ ਪੰਚ ਦੂਤਾਰੇ ॥੧॥ ਰਹਾਉ ॥
ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ ਤੇਰੇ ਭਗਤ ਸੋਹਹਿ ਦਰਬਾਰੇ ॥
ਸਰਬ ਜੀਆ ਕੇ ਦਾਤੇ ਸੁਆਮੀ ਕਰਿ ਕਿਰਪਾ ਲੇਹੁ ਉਬਾਰੇ ॥੨॥
ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ ਤੇਰੀ ਕੁਦਰਤਿ ਕਉਨੁ ਬੀਚਾਰੇ ॥
ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ ਅਗਮ ਰੂਪ ਗਿਰਧਾਰੇ ॥੩॥
ਕੀਰਤਿ ਕਰਹਿ ਸਗਲ ਜਨ ਤੇਰੀ ਤੂ ਅਬਿਨਾਸੀ ਪੁਰਖੁ ਮੁਰਾਰੇ ॥
ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਨਿ ਦੁਆਰੇ ॥੪॥੧॥}

(ਅੰਗ ੬੭੦)

{ਹਾ ਹਾ ਪ੍ਰਭ ਰਾਖਿ ਲੇਹੁ ॥ ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ ਰਹਾਉ॥
ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥੧॥ ਊਚ ਨੀਚ ਸੂਖ ਦੂਖ ॥
ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥ ਮਨਿ ਬਾਸਨਾ ਰਚਿ ਬਿਖੈ ਬਿਆਧਿ ॥ ਪੰਚ ਦੂਤ ਸੰਗਿ ਮਹਾ ਅਸਾਧ ॥੩॥
ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥ ਨਾਨਕ ਜਾਨੁ ਸਦਾ ਹਰਿ ਨੇਰਾ ॥੪॥੧॥੧੯॥}

(ਅੰਗ ੬੭੫)

{ਬਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥ ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥
ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥
ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੮॥}

(ਅੰਗ ੪੮੦)

{ਰਸਿ ਰਸਿ ਰਾਮੁ ਰਸਾਲੁ ਸਲਾਹਾ ॥ ਮਨੁ ਰਾਮ ਨਾਮਿ ਭੀਨਾ ਲੈ ਲਾਹਾ ॥
ਖਿਨੁ ਖਿਨੁ ਭਗਤਿ ਕਰਹ ਦਿਨੁ ਰਾਤੀ ਗੁਰਮਤਿ ਭਗਤਿ ਓਮਾਹਾ ਰਾਮ ॥੧॥ ਹਰਿ ਹਰਿ ਗੁਣ ਗੋਵਿੰਦ ਜਪਾਹਾ॥
ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥ ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ ॥੨॥
ਨਾਮੁ ਰਤਨੁ ਹਰਿ ਨਾਮੁ ਜਪਾਹਾ ॥ ਹਰਿ ਗੁਣ ਗਾਇ ਸਦਾ ਲੈ ਲਾਹਾ ॥
ਦੀਨ ਦਇਆਲ ਕ੍ਰਿਪਾ ਕਰਿ ਮਾਧੋ ਹਰਿ ਹਰਿ ਨਾਮੁ ਓਮਾਹਾ ਰਾਮ ॥੩॥
ਜਪਿ ਜਗਦੀਸੁ ਜਪਉ ਮਨ ਮਾਹਾ ॥ ਹਰਿ ਹਰਿ ਜਗੰਨਾਥੁ ਜਗਿ ਲਾਹਾ ॥
ਧਨੁ ਧਨੁ ਵਡੇ ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਓਮਾਹਾ ਰਾਮ ॥੪॥੩॥੯॥}

(ਅੰਗ ੬੯੬)

{ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ ॥
ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ ॥੩॥
ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥
ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥੪॥
ਕਰਉ ਬੇਨਤੀ ਸਾਧਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ ॥੫॥੧॥੩॥}

(ਅੰਗ ੭੧੨)

{ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥
ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥
ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥}

(ਅੰਗ ੩੦੪)

{ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥ ਅਜੌਂ ਨ ਪਤ੍ਰਾਇ ਨਿਗਮ ਭਏ ਸਾਖੀ ॥੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥}

(ਅੰਗ ੭੧੦)

48/6451

{ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥
ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥
ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥ ਸੋ ਜਾਗੈ ਜੋ ਤਤੁ ਬੀਚਾਰੈ ॥
ਆਪਿ ਮਰੈ ਅਵਰਾ ਨਹ ਮਾਰੈ ॥੩॥ ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥
ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥
ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥}

(ਅੰਗ ੧੧੨੮)

{ਅਬ ਮੋ ਕਉ ਭਏ ਰਾਜਾ ਰਾਮ ਸਹਾਈ॥ ਜਨਮ ਮਰਨ ਕਟਿ ਪਰਮ ਗਤਿ ਪਾਈ ॥੧॥ ਰਹਾਉ ॥
ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥ ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥

ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥ ਸਤਿਗੁਰ ਕੀਨੋ ਪਰਉਪਕਾਰੁ ॥ ਕਾਢਿ ਲੀਨ ਸਾਗਰ ਸੰਸਾਰ ॥
ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੋਬਿੰਦੁ ਬਸੈ ਨਿਤਾ ਨਿਤ ਚੀਤ ॥੨॥
ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥
ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥੩॥
ਅਪਨੀ ਭਗਤਿ ਆਪ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥
ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥}

(ਅੰਗ ੩੩੧)

{ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥ ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥
ਗੁਰ ਸੁਪ੍ਰਸੰਨ ਭਏ ਵਡ ਭਾਗਿ ॥੧॥ ਆਠ ਪਹਰ ਗਾਈਐ ਗੋਬਿੰਦੁ ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥੧॥ ਰਹਾਉ ॥ ਹਰਿ ਗੁਣ ਰਮਤ ਭਏ ਆਨੰਦ ॥
ਪਾਰਬ੍ਰਹਮ ਪੂਰਨ ਬਖਸੰਦ ॥ ਕਰਿ ਕਿਰਪਾ ਜਨ ਸੇਵਾ ਲਾਏ ॥ ਜਨਮ ਮਰਣ ਦੁਖ ਮੇਟਿ ਮਿਲਾਏ ॥੨॥
ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧਸੰਗਿ ਜਪੀਐ ਹਰਿ ਨਾਮੁ ॥ ਸਾਗਰ ਤਰਿ ਬੋਹਿਥ ਪ੍ਰਭ ਚਰਣ ॥
ਅੰਤਰਜਾਮੀ ਪ੍ਰਭ ਕਾਰਣ ਕਰਣ ॥੩॥ ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥
ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥੧੨॥੧੪॥}

(ਅੰਗ ੮੬੬)

{ਮੀਠੀ ਆਗਿਆ ਪਿਰ ਕੀ ਲਾਗੀ ॥ ਸਉਕਨਿ ਘਰ ਕੀ ਕੰਤਿ ਤਿਆਗੀ ॥
ਪ੍ਰਿਅ ਸੋਹਾਗਨਿ ਸੀਗਾਰਿ ਕਰੀ ॥ ਮਨ ਮੇਰੇ ਕੀ ਤਪਤਿ ਹਰੀ ॥੧॥
ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥ ਸੂਖੁ ਸਹਜੁ ਇਸੁ ਘਰ ਕਾ ਜਾਨਿਆ ॥ ਰਹਾਉ ॥
ਹਉ ਬੰਦੀ ਪ੍ਰਿਅ ਖਿਜਮਤਦਾਰ ॥ ਓਹੁ ਅਬਿਨਾਸੀ ਅਗਮ ਅਪਾਰ ॥ ਲੇ ਪਖਾ ਪ੍ਰਿਅ ਝਲਉ ਪਾਏ ॥
ਭਾਗਿ ਗਏ ਪੰਚ ਦੂਤ ਲਾਵੇ ॥੨॥ ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥
ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥੩॥
ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥
ਕਹੁ ਨਾਨਕ ਮੋਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥੪॥੧॥੯੫॥}

(ਅੰਗ ੩੯੪)

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥
ਚੇਤਹੁ ਬਾਸੁਦੇਉ ਬਨਵਾਲੀ ॥ ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥
ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥
ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥
ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥੩॥

ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥
ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥
ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪੜ੍ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ ੫੦੩)

{ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥
ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤਿ ਗਿਰਸਤ ਬਿਆਪਤ ਉਦਾਸਾ ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੮੮॥}

(ਅੰਗ ੧੮੨)

{ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ॥
ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥
ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥
ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥}

(ਅੰਗ ੧੧੧੩)

{ਮਾਗਉ ਜਨ ਧੂਰਿ ਪਰਮ ਗਤਿ ਪਾਵਉ ॥ ਜਨਮ ਜਨਮ ਕੀ ਮੈਲੁ ਮਿਟਾਵਉ ॥
ਦੀਰਘ ਰੋਗ ਮਿਟਹਿ ਹਰਿ ਅਉਖਧਿ ਹਰਿ ਨਿਰਮਲਿ ਰਾਪੈ ਮੰਗਨਾ ॥੨॥
ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ ਏਕਾ ਓਟ ਤਜਉ ਬਿਖੁ ਕਾਮੀ ॥
ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥ ਰਸਨਾ ਗੁਣ ਗਾਵੈ ਹਰਿ ਤੇਰੇ ॥
ਮਿਟਹਿ ਕਮਾਤੇ ਅਵਗੁਣ ਮੇਰੇ ॥ ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥੪॥
ਚਰਨ ਕਮਲ ਜਪਿ ਬੋਹਿਥਿ ਚਰੀਐ ॥ ਸੰਤਸੰਗਿ ਮਿਲਿ ਸਾਗਰੁ ਤਰੀਐ ॥
ਅਰਚਾ ਬੰਦਨ ਹਰਿ ਸਮਤ ਨਿਵਾਸੀ ਬਾਹੁੜਿ ਜੋਨਿ ਨ ਨੰਗਨਾ ॥੫॥ ਦਾਸ ਦਾਸਨ ਕੋ ਕਰਿ ਲੇਹੁ ਗੋਪਾਲਾ ॥
ਕ੍ਰਿਪਾ ਨਿਧਾਨ ਦੀਨ ਦਇਆਲਾ ॥ ਸਖਾ ਸਹਾਈ ਪੂਰਨ ਪਰਮੇਸੁਰ ਮਿਲੁ ਕਦੇ ਨ ਹੋਵੀ ਭੰਗਨਾ ॥੬॥

ਮਨੁ ਤਨੁ ਅਰਪਿ ਧਰੀ ਹਰਿ ਆਗੈ ॥ ਜਨਮ ਜਨਮ ਕਾ ਸੋਇਆ ਜਾਗੈ ॥
ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ ॥੭॥}

(ਅੰਗ ੧੦੮੦)

{ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥
ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥
ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥
ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥
ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥
ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥
ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥
ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੇਲੀ ਕੋਈ ॥
ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥
ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥}

(ਅੰਗ ੧੦੩੧-੧੦੩੨)

{ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥ ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥
ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥ ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥੧੬॥
ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ ॥ ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ ॥
ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥ ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ ॥੧੭॥}

(ਅੰਗ ੧੩੬੩)

{ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥ ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥
ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ ॥
ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ ॥੧੩॥
ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥
ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥

ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ ॥ ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ ॥੧੫॥}

(ਅੰਗ ੧੪੧੪)

ਉਪਰ ਅਸੀਂ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਹ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਮਨੁੱਖ ਦੀ ਅਬਿਚਲ ਮਤਿ ਕੀ ਹੈ ਤੇ ਸਾਡੇ ਅੰਦਰ ਨਾਮ ਵਾਲੀ ਸਮਝ ਕੀ ਹੈ ਭਾਵ ਇੱਕੋ ਹੀ ਗੱਲ ਹੈ ਜੋ ਕਿ ਆਪਣੇ ਮਨ ਦੀ ਮਾੜੀ ਸਮਝ ਨੂੰ ਤਿਆਗਕੇ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਤੇ ਇਸ ਤੋਂ ਬਿਨਾਂ ਜੋ ਵੀ ਕੋਈ ਅਬਿਚਲ ਹੋਣ ਵਿੱਚ ਜਾਂ ਨਾਮ ਦੀ ਸਮਝ ਵਾਲਾ ਹੋਣ ਵਿੱਚ ਕੁਝ ਫਰਕ ਸਮਝਦਾ ਹੈ ਤੇ ਇਹ ਕੇਵਲ ਸਾਡੇ ਮਨ ਦਾ ਭਰਮ ਹੈ। ਭਰਮ ਵਾਲੀ ਸਮਝ ਵਿੱਚ ਰਹਿੰਦਿਆਂ ਅਸੀਂ ਸੱਚ ਨੂੰ ਨਹੀਂ ਸਮਝ ਸਕਦੇ ਭਾਵ ਨਾਮ ਨੂੰ ਨਹੀਂ ਸਮਝ ਸਕਦੇ ਕਿਉਂਕਿ ਪ੍ਰਮਾਤਮਾ ਸੱਚ ਦੇ ਰੂਪ ਵਿੱਚ ਹੀ ਹੈ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ। ਸੱਚ ਦੀ ਸਮਝ ਨਾ ਲੱਗਣ ਕਰਕੇ ਭਾਵ ਨਾਮ ਦੀ ਸਮਝ ਨਾ ਲੱਗਣ ਕਰਕੇ ਭਾਵ ਸੱਚ ਦੇ ਮਾਲਕ ਪ੍ਰਮਾਤਮਾ ਦੀ ਸਮਝ ਨਾ ਲੱਗਣ ਕਰਕੇ ਹੀ

48/6452

ਹਰ ਕੋਈ ਭਰਮਾਂ ਵਾਲੀ ਸਮਝ ਵਿੱਚ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨਾਂ ਨਾ ਕੋਈ ਸੱਚ ਨੂੰ ਸਮਝ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਸੱਚ ਦੇ ਮਾਰਗ ਤੇ ਚੱਲ ਸਕਦਾ ਹੈ ਜੋ ਸੱਚ ਦਾ ਮਾਰਗ ਭਾਵ ਧਰਮ ਦਾ ਮਾਰਗ ਭਾਵ ਨਾਮ ਦਾ ਮਾਰਗ ਉਸ ਸਚੁ ਰੂਪ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋਕੇ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸ ਤੇ ਚਲਾਉਂਦਾ ਹੈ। ਸੱਚ ਦੇ ਮਾਰਗ ਨੂੰ ਸਮਝੇ ਬਿਨਾਂ ਭਾਵ ਗੁਰੂ ਪ੍ਰਮਾਤਮਾ ਦਾ ਪੰਚ ਬਣੇ ਬਿਨਾਂ ਭਾਵ ਮਨ ਦੇ ਹਰ ਅਉਗੁਣ ਨੂੰ ਤਿਆਗੇ ਬਿਨਾਂ ਅਸੀਂ ਜੋ ਵੀ ਭਗਤੀ ਦੇ ਮਾਰਗ ਅਪਨਾਉਂਦੇ ਹਾਂ, ਅਨੇਕਾਂ ਹੀ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਉਹਨਾਂ ਵਿੱਚ ਸੱਚ ਨਹੀਂ ਹੁੰਦਾ ਭਾਵ ਸਾਡਾ ਭਰਮ ਹੁੰਦਾ ਹੈ ਤੇ ਮਨ ਦੇ ਭਰਮ ਕਰਕੇ ਹੀ ਆਪਣੇ ਭਗਤੀ ਦੇ ਤਰੀਕੇ ਨੂੰ ਸੱਚ ਸਮਝਦੇ ਹਨ, ਸਰੀਰਕ ਜਪ ਤਪ ਨੂੰ ਸੱਚ ਸਮਝਦੇ ਹਨ, ਕਿਸੇ ਅੱਖਰ ਦੇ ਜਪ ਨੂੰ ਸੱਚ ਸਮਝਦੇ ਹਨ। ਜਿੱਥੇ ਗੁਰੂ ਦਾ ਸਮਝਾਇਆ ਹੋਇਆ ਸੱਚ ਨਹੀਂ ਹੈ ਉੱਥੇ ਮਨ ਦੀ ਅਡੋਲਤਾ ਨਹੀਂ ਹੈ ਭਾਵ ਉੱਥੇ ਸਾਡੀ ਭਰਮਾਂ ਵਾਲੀ ਸਮਝ ਹੈ ਜੋ ਸੱਚ ਤੇ ਚੱਲਣ ਤੋਂ ਡੋਲਦੀ ਹੈ ਭਾਵ ਗੁਰੂ ਦੀ ਮਤਿ ਨੂੰ ਅਪਨਾਉਂਣ ਤੋਂ ਡੋਲਦੀ ਹੈ, ਮਾਇਆ ਮੋਹ ਤਿਆਗਣ ਤੋਂ ਡੋਲਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗਣ ਤੋਂ ਡੋਲਦੀ ਹੈ ਪਰ ਇਹੋ ਜਿਹੀ ਡੋਲਣ ਵਾਲੀ ਮਤਿ ਦੁਆਰਾ ਜਿਹੋ ਜਿਹੇ ਵੀ ਭਗਤੀ ਦੇ ਮਾਰਗ ਤੇ ਅਸੀਂ ਚੱਲਦੇ ਹਾਂ ਉਸ ਵਿੱਚ ਭਰਮ ਹੈ ਭਾਵ ਸੱਚ ਨਹੀਂ ਹੈ ਭਾਵ ਉਸ ਵਿੱਚ ਗੁਰਮਤਿ ਨਹੀਂ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਜਿਸ ਸ਼ਬਦ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ। ਸਾਰੀ ਗੱਲ ਮਨ ਦੇ ਭਰਮਾਂ ਵਿੱਚੋਂ ਨਿਕਲ ਕੇ ਸੱਚ ਨਾਲ ਜੁੜਨ ਦੀ ਹੈ ਭਾਵ ਗੁਰੂ ਦੇ ਨਾਮ ਨਾਲ ਜੁੜਨ ਦੀ ਹੈ ਤਾਂ ਜੋ ਅਸੀਂ ਉਹੋ ਜਿਹੇ ਭਗਤੀ ਦੇ ਮਾਰਗ ਤੇ ਚੱਲ ਸਕੀਏ ਜਿਸ ਵਿੱਚ ਸੱਚ ਹੈ, ਨਾਮ ਹੈ ਭਾਵ ਗੁਰੂ ਦੀ ਮਤਿ ਹੈ, ਸ਼ਬਦਾਂ ਦੀ ਸੱਚੀ ਵਿਚਾਰ ਹੈ ਕਿਉਂਕਿ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੇ ਨਾਮ ਨੂੰ ਜਪਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਅਸੀਂ ਹਰ ਅਉਗੁਣ ਵਿੱਚੋਂ ਨਿਕਲ ਸਕਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਨਿਕਲ ਸਕਦੇ ਹਾਂ, ਪੰਜੇ ਵਿਕਾਰਾਂ ਵਿੱਚੋਂ ਨਿਕਲ ਸਕਦੇ ਹਾਂ, ਨਾਮ ਦੇ ਚੋਰਾਂ ਨੂੰ ਆਪਣੇ ਅੰਦਰੋਂ

48/6453

ਕੱਢ ਸਕਦੇ ਹਾਂ ਭਾਵ ਗੁਰੂ ਦਾ ਨਾਮ ਜਪ ਸਕਦੇ ਹਾਂ। ਇਹੋ ਜਿਹਾ ਗੁਰੂ ਦਾ ਨਾਮ ਜਪਣ ਤੋਂ ਬਿਨਾਂ ਅਸੀਂ ਜਿਹੋ ਜਿਹੇ ਵੀ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ, ਨਾਮ ਜਪਣ ਦੇ ਤਰੀਕੇ ਅਪਨਾਉਂਦੇ ਹਾਂ ਭਾਵ ਸਰੀਰਕ ਜਪ ਤਪ ਆਦਿ ਕਰਦੇ ਹਾਂ ਉਹ ਕੇਵਲ ਸਾਡਾ ਭਰਮ ਹੈ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਨਹੀਂ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਸਾਨੂੰ ਭਰਮਾਂ ਵਿੱਚ ਪਾਉਂਣ ਵਾਲੀ ਸਾਡੇ ਅੰਦਰ ਦੀ ਮਾਇਆ ਹੀ ਹੈ ਭਾਵ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੀ ਹੈ ਜਿਸ ਜੁਗਤਿ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਤੇ ਇਸੇ ਲਈ ਭਰਮਾਂ ਵਾਲੀ ਸਮਝ ਦੇ ਰਹਿੰਦੇ ਹੋਏ ਨਾ ਹੀ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਤੇ ਉਸ ਮਾਰਗ ਤੇ ਚੱਲ ਸਕਦਾ ਹੈ ਜੋ ਭਗਤੀ ਦਾ ਮਾਰਗ ਹੈ ਹੀ ਮਨ ਦੀਆਂ ਇਛਾਵਾਂ ਨੂੰ ਤਿਆਗਣ ਦਾ, ਮਨ ਦੇ ਵਿਚਾਰਾਂ ਨੂੰ ਤਿਆਗਣ ਦਾ ਭਾਵ ਆਪਣੀ ਭਰਮਾਂ ਵਾਲੀ ਸਮਝ ਨੂੰ ਛੱਡਣ ਦਾ ਜੋ ਸਮਝ ਹੈ ਹੀ ਪ੍ਰਮਾਤਮਾ ਦੇ ਵੱਸ ਵਿੱਚ। ਉਸਦੀ ਕ੍ਰਿਪਾ ਬਿਨਾਂ ਕੋਈ ਭਰਮਾਂ ਵਾਲੀ ਸਮਝ ਵਿੱਚੋਂ ਨਹੀਂ ਨਿਕਲ ਸਕਦਾ ਪਰ ਉਸ ਲਈ ਉੱਦਮ ਅਸੀਂ ਹੀ ਕਰਨਾ ਹੈ ਜੋ ਸੱਚਾ ਉੱਦਮ ਕੀਤੇ ਬਿਨਾਂ ਕੋਈ ਪ੍ਰਮਾਤਮਾ ਨੂੰ ਆਪਣੇ

ਅੰਦਰੋਂ ਜਾਣ ਲਏ ਤੇ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਲਵੇ ਇਹ ਹੋ ਹੀ ਨਹੀਂ ਸਕਦਾ। ਇਸੇ ਲਈ ਸਾਨੂੰ ਬਾਣੀ ਰਾਹੀਂ ਬਾਰ-ਬਾਰ ਮਨ ਦੇ ਭਰਮਾਂ ਵਿੱਚੋਂ ਨਿਕਲਣ ਲਈ ਸਮਝਾਇਆ ਹੈ ਭਾਵ ਮਨਮਤਿ ਵਿੱਚੋਂ, ਹਉਮੈ ਵਿੱਚੋਂ, ਮਾਇਆ ਮੋਹ ਵਿੱਚੋਂ ਨਿਕਲਣ ਲਈ ਸਮਝਾਇਆ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਲਈ ਸਮਝਾਇਆ ਹੈ ਜਿਨ੍ਹਾਂ ਨੂੰ ਛੱਡੇ ਬਿਨਾਂ ਅਸੀਂ ਮਨ ਦੇ ਵਿਕਾਰਾਂ ਵਿੱਚੋਂ ਨਹੀਂ ਨਿਕਲ ਸਕਦੇ ਤੇ ਭਗਤੀ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਗੁਰੂ ਦਾ ਨਾਮ ਨਹੀ ਜਪ ਸਕਦੇ ਤੇ ਗੁਰੂ ਦੇ ਪੰਚ ਨਹੀਂ ਬਣ ਸਕਦੇ ਭਾਵ ਉਸਦੇ ਦਰ ਤੇ ਪ੍ਰਵਾਨ ਨਹੀਂ ਹੋ ਸਕਦੇ।

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੦-੬੧)

ਉਪਰ ਸ਼ਬਦ ਵਿੱਚ ਸਾਡੇ ਅਨੇਕਾਂ ਹੀ ਭਗਤੀ ਦੇ ਤਰੀਕੇ ਗਿਣਵਾਏ ਹੋਏ ਹਨ ਜਿਨ੍ਹਾਂ ਦਾ ਕਾਰਣ ਸਾਡੇ ਅੰਦਰ ਦੀ ਮਾਇਆ ਵਾਲੀ ਸਮਝ ਹੈ ਜਿਸ ਮਾਇਆ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਤਰੀਕਾ ਕੇਵਲ ਗੁਰੂ ਦੀ ਮਤਿ ਹੈ ਭਾਵ ਗੁਰੂ ਦਾ ਸੱਚਾ

48/6454

ਗਿਆਨ ਹੈ ਜੋ ਗੁਰੂ ਦਾ ਗਿਆਨ ਸਾਨੂੰ ਜੋ ਵੀ ਸਮਝਾਉਂਦਾ ਹੈ ਉਸ ਵਿੱਚ ਪੂਰਨ ਸੱਚ ਹੁੰਦਾ ਹੈ। ਕੇਵਲ ਇੱਕ ਸੱਚ ਹੀ ਭਰਮ ਤੋਂ ਰਹਿਤ ਹੈ। ਸੱਚ ਇਹ ਹੈ ਕਿ ਉਪਰ ਸ਼ਬਦ ਵਿੱਚ ਜੋ ਵੀ ਸਾਨੂੰ ਭਗਤੀ ਦੇ ਤਰੀਕੇ ਗਿਣਵਾਏ ਹੋਏ ਹਨ ਉਹਨਾਂ ਤਰੀਕਿਆਂ ਵਿੱਚ ਸੱਚ ਨਹੀਂ ਹੈ ਭਾਵ ਭਰਮ ਹੈ। ਕਦੇ ਨਾ ਡੋਲਣ ਵਾਲਾ ਸੱਚ ਹੈ ਜੋ ਜੁਗਾਂ ਜੁਗਾਂ ਤੋਂ ਸੱਚ ਹੀ ਰਹਿੰਦਾ ਹੈ ਤੇ ਆਪਣੀ ਅਸਲੀਅਤ ਤੋਂ ਕਦੇ ਨਹੀਂ ਡੋਲਦਾ। ਭਰਮਾਂ ਵਾਲੀ ਸਮਝ ਦਾ ਮਕਸਦ ਹੀ ਸਾਨੂੰ ਸੱਚ ਤੋਂ ਦੂਰ ਰੱਖਣ ਦਾ ਹੈ। ਸਚੁ ਰੂਪ ਗਿਆਨ ਵਿੱਚ ਪ੍ਰਮਾਤਮਾ ਆਪ ਹੈ ਤੇ ਪ੍ਰਮਾਤਮਾ ਨੇ ਸਭਨੂੰ ਆਪਣੇ ਆਪ ਦੀ ਸਮਝ ਨਾ ਪੈਣ ਦੇਣ ਕਰਕੇ ਸਭਨੂੰ ਭਰਮ ਵਿੱਚ ਰੱਖਿਆ ਹੋਇਆ ਹੈ। ਮਨ ਦੇ ਵਿੱਚ ਭਰਮਾਂ ਵਾਲੀ ਸਮਝ ਹੀ ਸਾਡਾ ਪ੍ਰਮਾਤਮਾ ਨਾਲੋਂ ਪੜਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਦਾ ਹਉਮੈ ਵਾਲੀ ਸਮਝ ਦਾ, ਮਾਇਆ ਵਾਲੀ ਸਮਝ ਦਾ, ਮਨ ਦੇ ਪੁੱਠੇ ਕਮਲ ਵਾਲੀ ਸਮਝ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਰੱਖਣ ਦਾ ਹੈ ਤਾਂ ਜੋ ਉਹ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਣ ਸਕੇ। ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਲਈ ਧਰਮ ਗ੍ਰੰਥਾਂ ਦੀ ਰਚਨਾ ਵੀ ਆਪ ਹੀ ਕੀਤੀ ਹੋਈ ਹੈ ਜਿਸ ਰਾਹੀਂ ਉਸਨੇ ਸੱਚ ਦਾ ਮਾਰਗ ਸਮਝਾਇਆ ਹੋਇਆ ਹੈ। ਸੱਚ ਦਾ ਮਾਰਗ ਬਹੁਤ ਔਖਾ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਜਾਨਣਾ ਬਹੁਤ ਔਖਾ ਹੈ, ਨਾਮ ਜਪਣਾ

ਬਹੁਤ ਔਖਾ ਹੈ। ਸੱਚ ਦੇ ਮਾਰਗ ਤੇ ਚੱਲਣ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ, ਹਰ ਵਿਕਾਰ ਛੱਡਣਾ ਪੈਂਦਾ ਹੈ, ਆਪਣੀਆਂ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਜਿਨ੍ਹਾਂ ਨੂੰ ਛੱਡਣਾ ਬਹੁਤ ਔਖਾ ਹੈ ਤੇ ਇਸੇ ਲਈ ਸਾਡਾ ਮਨ ਗੁਰੂ ਦੇ ਸੱਚ ਨੂੰ ਅਪਨਾਉਂਣ ਤੋਂ ਡੋਲ ਜਾਂਦਾ ਹੈ। ਜੋ ਸੱਚ ਨੂੰ ਕਬੂਲ ਕਰ ਲੈਂਦਾ ਹੈ ਉਹ ਫਿਰ ਸੱਚ ਦੇ ਮਾਰਗ ਤੇ ਚੱਲਣ ਤੋਂ ਭਾਵ ਗੁਰੂ ਦੇ ਨਾਮ ਨੂੰ ਮੰਨਣ ਤੋਂ ਫਿਰ ਕਦੇ ਨਹੀਂ ਡੋਲਦਾ ਕਿਉਂਕਿ ਉਹ ਹਰ ਭਰਮ ਵਿੱਚੋਂ ਨਿਕਲ ਜਾਂਦਾ ਹੈ, ਮਨ ਦੀ ਡੋਲਣ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ ਤੇ ਉਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦਾ ਹੈ ਜੋ ਸਾਨੂੰ ਗੁਰੂ ਦੀ ਮਤਿ ਸਮਝਾਉਂਦੀ ਹੈ ਭਾਵ ਆਪਣੀ ਭਰਮਾਂ ਵਿੱਚ ਡੋਲਣ ਵਾਲੀ ਮਤਿ ਨੂੰ ਪੂਰੀ ਤਰ੍ਹਾਂ ਛੱਡ ਦਿੰਦਾ ਹੈ ਜਿਸ ਤਰੀਕੇ ਕੋਈ ਗੁਰੂ ਪ੍ਰਮਾਤਮਾ ਦਾ ਪੰਚ ਬਣ ਸਕਦਾ ਹੈ ਜਿਵੇਂ ਕਿ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਦਰ ਤੇ ਇਹੋ ਜਿਹੇ ਪੰਚ ਹੀ ਪ੍ਰਵਾਨ ਹੁੰਦੇ ਹਨ ਜੋ ਗੁਰੂ ਦੇ ਸਮਝਾਏ ਹੋਏ

ਸੱਚ ਦੇ ਮਾਰਗ ਤੇ ਅਡੋਲ ਹੋ ਕੇ ਚੱਲਦੇ ਹਨ। ਹੁਣ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਜਿਸਨੂੰ ਸਮਝਣ ਲਈ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਦਾ ਪੰਚ ਬਣਨਾ ਕੀ ਹੈ।

“ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥ ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥”

ਗੁਰੂ ਪ੍ਰਮਾਤਮਾ ਦਾ ਪੰਚ ਉਹੀ ਬਣ ਸਕਦਾ ਹੈ ਜੋ ਉਸਦੇ ਨਾਮ ਨੂੰ ਮੰਨਣ ਵਾਲਾ ਹੁੰਦਾ ਹੈ ਤੇ ਉਸਦਾ ਨਾਮ ਮੰਨਣ ਵਾਲੇ ਕਿਹੋ ਜਿਹੇ ਹੁੰਦੇ ਹਨ ਇਸ ਗੱਲ ਨੂੰ ਅਸੀਂ ਜਪੁਜੀ ਬਾਣੀ ਦੇ ਪਹਿਲੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਰੀ ਗੱਲ ਗੁਰੂ ਦੀ ਮਤਿ ਨੂੰ ਸਮਝਕੇ ਉਸਨੂੰ ਮੰਨਣ ਦੀ ਹੀ ਹੈ ਜਿਸ ਗੁਰੂ ਦੀ ਸਮਝ ਨੇ ਸਾਨੂੰ ਸਾਡੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਕੇ ਆਪਣੇ ਸੱਚ ਦੇ ਨਾਲ ਜੋੜਨਾ ਹੈ। ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜੇ ਬਿਨਾਂ ਨਾ ਹੀ ਕੋਈ ਗੁਰੂ ਦੇ ਨਾਮ ਨਾਲ ਜੁੜ ਸਕਦਾ ਹੈ ਤੇ ਨਾ ਹੀ ਗੁਰੂ ਦਾ ਪੰਚ ਬਣਨ ਲਈ ਸੱਚਾ ਉੱਦਮ ਕਰ ਸਕਦਾ ਹੈ। ਉੱਦਮ ਅਸੀਂ ਹੀ ਕਰਨਾ ਹੈ ਤੇ ਪ੍ਰਮਾਤਮਾ ਜਿਸਨੂੰ ਆਪਣਾ ਪੰਚ ਬਣਾਉਂਦਾ ਹੈ ਉਸਨੂੰ ਆਪਣੀ ਕਿਰਪਾ ਦੁਆਰਾ ਆਪਣੇ ਨਾਲ ਮੇਲ ਕੇ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਪੰਚ ਬਣਾਇਆ ਹੈ। ਪੰਚ ਬਣਕੇ ਹੀ ਕੋਈ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੁੰਦਾ ਹੈ ਤੇ ਪੰਚ ਬਣਨ ਨਾਲ ਹੀ ਕਿਸੇ ਨੂੰ ਪ੍ਰਮਾਤਮਾ ਭਗਤੀ ਦੇ ਮਾਰਗ ਦਾ **“ਪਰਧਾਨੁ”** ਬਣਾਉਂਦਾ ਹੈ ਭਾਵ ਭਗਤੀ ਦਾ ਮਾਰਗ ਸਮਝਾਉਂਣ ਲਈ ਸਭ ਤੋਂ ਉੱਚੀ ਪਦਵੀ ਬਖਸ਼ਦਾ ਹੈ ਜਿਸ ਦੁਆਰਾ ਕਿਸੇ ਨੂੰ ਪ੍ਰਮਾਤਮਾ ਦੇ ਦਰ ਤੋਂ ਉੱਚਾ ਮਾਣ ਮਿਲਦਾ ਹੈ, ਭਗਤੀ ਦੀ ਸੱਚੀ ਸਮਝ ਹੋਣ ਦਾ ਤੇ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦਾ ਮਾਣ ਮਿਲਦਾ ਹੈ, ਇਹੋ ਜਿਹੀ ਭਗਤੀ ਦੀ ਸਮਝ ਵਾਲੇ ਹੀ ਪ੍ਰਮਾਤਮਾ ਦੇ ਦਰ ਤੇ ਸੋਹਂਦੇ ਹਨ ਭਾਵ ਪ੍ਰਮਾਤਮਾ ਨੂੰ ਚੰਗੇ ਲੱਗਦੇ ਹਨ ਜੋ ਪ੍ਰਮਾਤਮਾ ਆਪ ਹੀ ਸਾਰੇ ਸੰਸਾਰ ਦਾ ਰਾਜਾ ਹੈ, ਸਾਰੀ ਸ੍ਰਿਸ਼ਟੀ ਨੂੰ ਆਪ ਬਣਾ ਕੇ ਤੇ ਉਸਨੂੰ ਆਪ ਹੀ ਚੱਲਾ ਰਿਹਾ ਹੈ। ਇਸ ਗੱਲ ਦੀ ਸਮਝ ਪ੍ਰਮਾਤਮਾ ਦਾ ਪੰਚ ਬਣਕੇ ਹੀ ਪੈਂਦੀ ਹੈ ਤੇ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਕਿਸ ਤਰੀਕੇ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ। **(ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥)** ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਜੋ ਪੰਚ ਬਣਦੇ ਹਨ ਉਹਨਾਂ ਦਾ ਗੁਰੂ ਕਿਸ ਰੂਪ ਵਿੱਚ ਹੁੰਦਾ ਹੈ ਜਿੱਥੋਂ ਉਹਨਾਂ ਨੂੰ ਸਾਰਾ ਗਿਆਨ ਮਿਲਦਾ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ

ਵਾਲਿਆਂ ਨੂੰ ਪਈ ਹੈ।

"ਪੰਚਾ ਕਾ ਗੁਰੁ ਏਕੁ ਧਿਆਨੁ ॥"

ਉਪਰ ਪੰਗਤੀ ਰਾਹੀਂ ਸਾਨੂੰ ਬਹੁਤ ਹੀ ਗਹਿਰੀ ਗੱਲ ਸਮਝਾਈ ਹੋਈ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਗੁਰੂ ਪ੍ਰਮਾਤਮਾ ਆਪ ਹੀ ਹੈ ਤੇ ਹਰ ਧਰਮ ਗ੍ਰੰਥ ਦੀ ਰਚਨਾ ਉਸਨੇ ਆਪ ਹੀ ਕਰਵਾਈ ਹੈ, ਉਸਦੇ ਗੁਰੂ ਰੂਪ ਦੀ ਸਮਝ ਉਹਨਾਂ ਸਰੀਰਾਂ ਨੂੰ ਹੀ ਲੱਗੀ ਹੈ ਜਿਨ੍ਹਾਂ ਸਰੀਰਾਂ ਰਾਹੀਂ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਆਪਣੇ ਸ਼ਬਦ ਰੂਪ ਵਿੱਚ ਪ੍ਰਗਟ ਕੀਤਾ ਹੈ ਜੋ ਕਿ ਉਸਦਾ ਸ਼ਬਦਾਂ ਦੇ ਅੰਦਰ ਦਾ ਗਿਆਨ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਬ੍ਰਹਮ ਗਿਆਨ ਦੇ ਮਾਲਕ ਦੀ ਸਮਝ ਉਸਨੂੰ ਹੀ ਲੱਗਦੀ ਹੈ ਜੋ ਆਪਣੇ ਅੰਦਰੋਂ ਉਸ ਬ੍ਰਹਮ ਗਿਆਨੀ ਦੇ ਦਰਸ਼ਨ ਕਰ ਲੈਂਦਾ ਹੈ, ਉਸਦੇ ਨਿਰੰਕਾਰ ਰੂਪ ਦੇ ਦਰਸ਼ਨ ਕਰ ਲੈਂਦਾ ਹੈ, ਉਸਦੇ ਨਾਮ ਰੂਪ ਦੇ ਦਰਸ਼ਨ ਕਰ ਲੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸਦੇ ਅੰਦਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਨੂੰ ਮਨੁੱਖੀ ਸਮਝ ਦੇ **"ਧਿਆਨੁ"** ਦੇ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਤਾਂ ਹੀ ਉਸ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਇਹ ਮਨ ਦੀ ਸਮਝ ਮੇਰੀ ਨਹੀਂ ਹੈ ਭਾਵ ਮੇਰੇ ਅੰਦਰ ਦਾ ਜੋ **"ਧਿਆਨੁ"** ਹੈ ਜਿੱਥੋਂ ਮੈਨੂੰ ਸਾਰਾ ਗਿਆਨ ਮਿਲਦਾ ਹੈ ਉਸ **"ਧਿਆਨੁ"** ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ। ਜਦੋਂ ਮਨੁੱਖ ਦੇ ਧਿਆਨ ਦੇ ਅੰਦਰ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ ਉਸ ਰਾਹੀਂ ਉਹ ਮਨੁੱਖੀ ਸਮਝ ਦੇ ਵਿੱਚ ਜੋ ਗਿਆਨ ਪਾਉਂਦਾ ਹੈ ਉਸ ਗਿਆਨ ਦੇ ਰੂਪ ਵਿੱਚ ਹੀ ਆਪ ਗੁਰੂ ਹੈ ਭਾਵ ਪ੍ਰਮਾਤਮਾ ਜਿਸ ਮਨੁੱਖ ਦੇ **"ਧਿਆਨੁ"** ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ ਉਹ ਆਪਣਾ ਗੁਰੂ ਰੂਪ ਹੀ ਪ੍ਰਗਟ ਕਰਦਾ ਹੈ। ਇਸ ਗੱਲ ਦੀ ਸਮਝ ਉਹਨਾਂ ਨੂੰ ਹੀ ਪੈਂਦੀ ਹੈ ਜਿਨ੍ਹਾਂ ਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇਣ ਦੁਆਰਾ ਭਾਵ ਗੁਰਮਤਿ ਦੀ ਸੱਚੀ ਸਮਝ ਪਾਉਂਣ ਦੁਆਰਾ ਆਪ ਹੀ ਕਿਸੇ ਨੂੰ ਆਪਣਾ ਪੰਚ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਹਨਾਂ ਦੇ ਅੰਦਰ ਆਪਣਾ ਗੁਰੂ ਰੂਪ ਪ੍ਰਗਟ ਕਰਨ ਦੁਆਰਾ ਆਪਣਾ ਪੰਚ ਬਣਾਇਆ ਹੈ। ਉਸਦੇ ਪੰਚ ਨੂੰ ਹੀ ਇਸ ਗੱਲ

48/6457

ਦੀ ਸਮਝ ਪੈਂਦੀ ਹੈ ਕਿ ਸਾਡੇ ਧਿਆਨ ਦੇ ਰੂਪ ਵਿੱਚ ਇੱਕੋ ਇੱਕ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਜੋ ਵੀ ਉਹਨਾਂ ਨੇ ਬਾਣੀ ਉਚਾਰੀ ਹੈ, ਜੋ ਗਿਆਨ ਉਹਨਾਂ ਦੇ ਧਿਆਨ ਵਿੱਚ ਗੁਰੂ ਰੂਪ ਪ੍ਰਮਾਤਮਾ ਨੇ ਪਾਇਆ ਹੈ ਉਹੀ ਕੁਝ ਉਹਨਾਂ ਨੇ ਆਪਣੇ ਮੁੱਖੋਂ ਉਚਾਰਿਆ ਹੈ ਭਾਵ ਗੁਰੂ ਸਾਰੇ ਸੰਸਾਰ ਦਾ ਇੱਕੋ ਇੱਕ ਆਪ ਪ੍ਰਮਾਤਮਾ ਹੀ ਹੈ ਜੋ ਸਾਡੇ ਅੰਦਰ **"ਧਿਆਨੁ"** ਦੇ ਰੂਪ ਵਿੱਚ ਪ੍ਰਗਟ ਹੋ ਕੇ ਆਪਣੀ ਗੁਰਮਤਿ ਦੀ ਸੱਚੀ ਸਮਝ ਪਾਉਂਦਾ ਹੈ। **(ਪੰਚਾ ਕਾ ਗੁਰੁ ਏਕੁ ਧਿਆਨੁ ॥)**

ਇਸ ਗੱਲ ਨੂੰ ਹੇਠ ਦਿੱਤੀਆਂ ਸ਼ਬਦ ਦੀ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਸਾਰੀ ਬਾਣੀ ਦਾ ਗਿਆਨ ਮਨੁੱਖ ਦੇ **"ਧਿਆਨੁ"** ਵਿੱਚੋਂ ਹੀ ਆਇਆ ਹੈ ਜਿਸ ਧਿਆਨ ਦਾ ਮਾਲਕ ਭਾਵ ਮਨ ਦੀ ਸਮਝ ਦਾ ਮਾਲਕ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ।

"ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥"

(ਅੰਗ ੧੨੪੩)

ਉਪਰ ਵਾਲੀਆਂ ਪੰਗਤੀਆਂ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਕਿ ਸਾਡੇ ਅੰਦਰ ਗਿਆਨ ਧਿਆਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ ਤੇ ਸਾਰੀ ਬਾਣੀ ਪ੍ਰਮਾਤਮਾ ਦੇ ਕੋਲੋਂ ਹੀ ਆਈ ਹੈ। ਜਿਸਨੂੰ ਪ੍ਰਮਾਤਮਾ ਆਪਣੇ ਗਿਆਨ ਧਿਆਨ ਨਾਲ ਜੋੜਦਾ ਹੈ ਉਸਨੂੰ ਹੀ ਉਹ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਭਾਵ ਆਪਣਾ ਗੁਰੂ ਰੂਪ ਬਣਾਉਂਦਾ ਹੈ। ਜਿਸਨੂੰ ਬਾਣੀ ਦੀ ਸਚਾਈ ਸਮਝ ਲੱਗ ਜਾਂਦੀ ਹੈ ਜੋ ਸਚਾਈ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਉਹੀ ਉਸਦੀ ਬਾਣੀ ਨੂੰ ਮੰਨਦਾ ਹੈ ਭਾਵ ਆਪਣੀ ਸੁਰਤਿ ਦੇ ਵਿੱਚ ਧਿਆਉਂਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਧਿਆਉਂਦਾ ਹੈ ਭਾਵ ਪ੍ਰਮਾਤਮਾ ਦੇ ਨਾਮ ਨੂੰ ਜਪਦਾ ਹੈ, ਉਸਦੀ ਕ੍ਰਿਪਾ ਦੁਆਰਾ ਜਪਦਾ ਹੈ। ਆਪਣੀ

ਬਾਣੀ ਰਾਹੀਂ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਹੁਕਮ ਹੀ ਸੁਣਾਉਂਦਾ ਹੈ ਭਾਵ ਸਾਡੇ ਮਨ ਦੀ ਸਮਝ ਨੂੰ ਆਪਣੇ ਹੁਕਮ ਦੁਆਰਾ ਸਾਜਦਾ ਹੈ ਤੇ ਫਿਰ ਉਹ ਮਨੁੱਖੀ ਸਮਝ ਨੂੰ ਹਰ ਵੇਲੇ ਆਪਣੇ ਹੁਕਮ ਵਿੱਚ ਹੀ ਰੱਖਦਾ ਹੈ ਤੇ ਆਪਣੇ ਹੁਕਮ ਨੂੰ ਉਹ ਆਪ ਹੀ ਵੇਖਦਾ ਹੈ ਭਾਵ ਆਪ ਹੀ ਅਮਲ ਕਰਾਉਂਦਾ ਹੈ। ਉਸਦਾ ਹੁਕਮ ਗੁਰਬਾਣੀ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ ਤੇ ਜਿਸਨੂੰ ਪ੍ਰਮਾਤਮਾ ਆਪਣੇ ਸੱਚੇ ਗਿਆਨ ਵਾਲੀ ਸਮਝ ਵਿੱਚ ਰੱਖਦਾ ਹੈ ਉਸਦੇ ਅੰਦਰ ਵਾਲੀ, ਹਉਮੈ ਵਾਲੀ

48/6458

ਸਮਝ ਨੂੰ ਭਾਵ ਅਗਿਆਨਤਾ ਵਾਲੀ ਸਮਝ ਨੂੰ ਆਪਣੇ ਸੱਚੇ ਗਿਆਨ ਦੀ ਸਮਝ ਪਾਉਂਣ ਦੁਆਰਾ ਆਪ ਹੀ ਤੋੜਦਾ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਦੇ ਦਰ ਤੇ ਕਬੂਲ ਹੁੰਦਾ ਹੈ। ਉਸਦੇ ਦਰ ਤੇ ਉਸਦੀ ਸਮਝ ਵਾਲਾ ਭਾਵ ਬ੍ਰਹਮ ਗਿਆਨ ਵਾਲੀ ਸਮਝ ਵਾਲਾ ਬਣਨ ਦੁਆਰਾ ਹੀ ਕੋਈ ਕਬੂਲ ਹੋ ਸਕਦਾ ਹੈ ਭਾਵ ਨਾਮ ਵਾਲੀ ਸਮਝ ਬਣਨ ਦੁਆਰਾ ਹੀ ਕੋਈ ਕਬੂਲ ਹੋ ਸਕਦਾ ਹੈ ਜੋ ਬ੍ਰਹਮ ਗਿਆਨ ਗੁਰਬਾਣੀ ਦੀ ਸੱਚੀ ਸਮਝ ਦੇ ਰੂਪ ਵਿੱਚ ਉਹ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪ ਹੀ ਹਉਮੈ ਵਿੱਚੋਂ ਕੱਢਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ ਜਿਸ ਸਮਝ ਵਿੱਚੋਂ ਨਿਕਲਕੇ ਹੀ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਕਿਸਨੂੰ ਉਹ ਆਪਣੇ ਗਿਆਨ ਧਿਆਨ ਵਾਲੀ ਸਮਝ ਨਾਲ ਜੋੜਦਾ ਹੈ ਤੇ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਜਿਸ ਸਮਝ ਵਿੱਚੋਂ ਨਿਕਲਕੇ ਹੀ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ, ਗੁਰਬਾਣੀ ਦੇ ਤਤੁ ਗਿਆਨ ਦੀ ਸਮਝ ਪੈਂਦੀ ਹੈ ਭਾਵ ਗੁਰਬਾਣੀ ਦੇ ਅੰਦਰ ਦੇ ਸੱਚ ਦੀ ਸਮਝ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਉਹਨਾਂ ਨੂੰ ਆਪਣਾ ਪੰਚ ਬਣਾਇਆ ਹੈ। **(ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥)** ਅੰਗ ੧੨੪੩

"ਗਿਆਨੁ ਧਿਆਨੁ" ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਪਰ ਉਸਦੇ ਇਸ ਰੂਪ ਨੂੰ ਉਸਦੇ ਨਾਲ ਮੇਲ ਹੋਏ ਬਿਨਾਂ ਕੋਈ ਨਹੀਂ ਜਾਣ ਸਕਦਾ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

{ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥}

(ਅੰਗ ੧੩੪੨)

ਪ੍ਰਮਾਤਮਾ ਦਾ **"ਗਿਆਨੁ ਧਿਆਨੁ"** ਰੂਪ ਹੀ ਉਸਦਾ ਨਾਮ ਰੂਪ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

48/6459

"ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥
ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥"

(ਅੰਗ ੨੦੭)

ਉਪਰ ਪਹਿਲੀ ਪੰਗਤੀ ਰਾਹੀਂ ਪ੍ਰਮਾਤਮਾ ਦੇ ਨਾਮ ਦੀ ਗੱਲ ਕੀਤੀ ਹੋਈ ਹੈ ਤੇ ਨਾਮ ਦੁਆਰਾ ਪ੍ਰਮਾਤਮਾ ਦੀ ਵਡਿਆਈ ਕਿਸ ਤਰੀਕੇ ਹੁੰਦੀ ਹੈ ਉਹ ਵਡਿਆਈ **"ਗਿਆਨੁ ਧਿਆਨੁ"** ਦੁਆਰਾ ਕਰਨ ਦੀ ਕੀਤੀ ਹੋਈ ਹੈ, ਉਸਦੀ ਵਡਿਆਈ ਉਸਦਾ ਸੰਤ ਰੂਪ ਬਣਨ ਦੁਆਰਾ ਹੀ ਕੀਤੀ ਜਾ ਸਕਦੀ ਹੈ। ਪ੍ਰਮਾਤਮਾ ਦਾ ਸੰਤ ਰੂਪ ਹੀ ਉਸਦਾ ਗੁਰੂ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਸਨੂੰ ਮਨ ਦੇ ਵਿੱਚ **"ਗਿਆਨੁ ਧਿਆਨੁ"** ਦੇ ਰੂਪ ਵਿੱਚ ਹੀ ਬਖਸ਼ਦਾ ਹੈ। **"ਗਿਆਨੁ ਧਿਆਨੁ"** ਵਾਲੀ ਸਮਝ ਦੇ ਰਾਹੀਂ ਹੀ ਪੂਰੀ ਗੁਰਬਾਣੀ ਆਈ ਹੈ ਜਿਵੇਂ ਕਿ ਅਸੀਂ ਪਿੱਛਲੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਪੂਰੀ ਗੁਰਬਾਣੀ ਵਿੱਚ ਜੋ ਵੀ ਗਿਆਨ ਹੈ ਉਹ ਪ੍ਰਮਾਤਮਾ ਦਾ ਨਾਮ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੇ ਨਾਮ ਦਾ ਮਕਸਦ ਸਾਡੀ ਪਤਿਤ ਮਤਿ ਨੂੰ ਪਾਵਨ ਕਰਨ ਦੇ ਨਾਲ ਹੀ ਹੈ। ਸਾਡੇ ਅੰਦਰ ਦੀ ਨਾਸਮਝ ਮਾੜੀ ਮਤਿ ਜੋ ਸਾਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ ਉਸ ਮਤਿ ਵਿੱਚ ਰਹਿੰਦਿਆਂ ਅਸੀਂ ਗੁਰਮਤਿ ਅਨੁਸਾਰ ਨਾ ਵਿਚਰ ਕੇ ਅਨੇਕਾਂ ਹੀ ਅਉਗੁਣ ਕਰਦੇ ਹਾਂ ਜਿਸ ਕਰਕੇ ਅਸੀਂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਪਤਿਤ ਬਣਦੇ ਹਾਂ। ਜਿਸਨੂੰ ਪ੍ਰਮਾਤਮਾ

ਆਪਣੀ ਨਾਮ ਵਾਲੀ ਸਮਝ ਬਖਸ਼ਦਾ ਹੈ ਭਾਵ ਆਪਣਾ ਸੱਚਾ ਗਿਆਨ ਬਖਸ਼ਦਾ ਹੈ ਉਸਦੀ ਮਤਿ ਨੂੰ ਪਾਵਨ ਬਣਾ ਦਿੰਦਾ ਹੈ, ਨਿਰਮਲ ਬਣਾ ਦਿੰਦਾ ਹੈ ਭਾਵ ਸੱਚ ਤੇ ਚੱਲਣ ਵਾਲੀ ਬਣਾ ਦਿੰਦਾ ਹੈ, ਗੁਣਾਂ ਵਾਲੀ ਬਣਾ ਦਿੰਦਾ ਹੈ। ਆਪਣੀ ਪਤਿਤ ਮਤਿ ਕਰਕੇ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਜਿਨ੍ਹਾਂ ਦੀ ਪੂਰਤੀ ਨਾ ਹੋਣ ਕਰਕੇ ਮਨੁੱਖ ਦੁੱਖਾਂ ਵਿੱਚ ਰਹਿੰਦਾ ਹੈ, ਤ੍ਰਿਸ਼ਨਾਵਾਂ ਦੀ ਅੱਗ ਵਿੱਚ ਸੜਦਾ ਰਹਿੰਦਾ ਹੈ ਤੇ ਗੁਰੂ ਦਾ ਨਾਮ ਮਿਲਣ ਦੁਆਰਾ ਮਨੁੱਖ ਦੀ ਸਮਝ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਸੀਤਲ ਹੋ ਜਾਂਦੀ ਹੈ ਭਾਵ ਮਨ ਦੇ ਸੰਤੋਖ ਵਿੱਚ ਆ ਜਾਂਦੀ ਹੈ ਤੇ ਮਨੁੱਖ ਦੁੱਖਾਂ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ। ਪ੍ਰਮਾਤਮਾ ਆਪਣਾ ਨਾਮ ਸਾਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਸਾਨੂੰ ਸੱਚੇ ਗਿਆਨ ਦੇ ਰੂਪ ਵਿੱਚ ਹੀ ਬਖਸ਼ਦਾ ਹੈ ਜੋ ਗਿਆਨ ਸਾਡੇ ਧਿਆਨ ਦੇ ਵਿੱਚ ਹੀ ਆਉਂਦਾ ਹੈ ਜਿਸ **"ਗਿਆਨੁ ਧਿਆਨੁ"** ਵਾਲੀ ਸਮਝ ਦੁਆਰਾ ਭਾਵ **"ਨਾਮੁ"** ਵਾਲੀ ਸਮਝ

48/6460

ਦੁਆਰਾ ਪ੍ਰਮਾਤਮਾ ਦੀ ਵਡਿਆਈ ਕੀਤੀ ਜਾ ਸਕਦੀ ਹੈ ਭਾਵ ਪ੍ਰਮਾਤਮਾ ਦੇ ਵੱਡੇਪਨ ਨੂੰ ਜਾਣਿਆ ਜਾ ਸਕਦਾ ਹੈ ਕਿ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਉਹ ਆਪ ਹੀ ਹੈ ਜੋ ਗਿਆਨ ਦਾ ਮਾਲਕ ਹੈ ਤੇ ਸਭ ਕੁਝ ਉਹ ਆਪ ਹੀ ਹੈ ਜੋ ਸਾਰੀ ਰਚਨਾ ਉਸਨੇ ਆਪਣੇ ਨਾਮ ਦੁਆਰਾ ਹੀ ਕੀਤੀ ਹੈ ਤੇ ਆਪਣੇ ਨਾਮ ਦੁਆਰਾ ਹੀ ਉਹ ਹਰ ਆਕਾਰ ਰੂਪ ਵਿੱਚ ਸਮਾਇਆ ਹੋਇਆ ਹੈ। ਪ੍ਰਮਾਤਮਾ ਆਪਣੀ ਵਡਿਆਈ ਮਨ ਦੇ ਗਿਆਨ ਧਿਆਨ ਰਾਹੀਂ ਆਪ ਹੀ ਸਮਝਾਉਂਦਾ ਹੈ, ਕਿਸੇ ਨੂੰ ਆਪਣਾ ਸੰਤ ਰੂਪ ਬਣਾਕੇ ਸਮਝਾਉਂਦਾ ਹੈ ਭਾਵ ਆਪਣਾ ਗੁਰੂ ਰੂਪ ਬਣਾਕੇ ਸਮਝਾਉਂਦਾ ਹੈ ਤੇ ਜਿਸਨੂੰ ਪ੍ਰਮਾਤਮਾ ਆਪਣੀ ਵਡਿਆਈ ਕਰਨੀ ਸਿਖਾਉਂਦਾ ਹੈ ਉਹਨਾਂ ਦੇ ਨਾਲ ਮਨ ਦੇ ਵਿੱਚ ਉਹ ਆਪ ਹੀ ਗੱਲਾਂ ਕਰਦਾ ਹੈ, ਮਨ ਦੀ ਸਮਝ ਦੇ ਵਿੱਚ ਹੀ ਗੱਲਾਂ ਕਰਦਾ ਹੈ ਜੋ ਕਿ ਸਾਡੀ ਸਮਝ ਦਾ ਮਾਲਕ ਹੈ। ਜਿਸਨੂੰ ਉਹ ਆਪਣਾ ਸੰਤ ਰੂਪ ਬਣਾਉਂਦਾ ਹੈ ਉਸਨੂੰ ਫਿਰ ਇਹ ਵੀ ਸਮਝ ਹੁੰਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਆਪਣੀ ਮਨੁੱਖੀ ਹੋਂਦ ਸਮਝਣਾ ਵੀ ਝੂਠ ਹੈ ਭਾਵ ਕਿਸੇ ਮਨੁੱਖੀ ਰੂਪ ਨੂੰ ਸੰਤ ਕਹਿਣਾ ਜਾ ਸਮਝਣਾ ਗਲਤ ਹੈ। ਆਪਣੇ ਮਨੁੱਖੀ ਰੂਪ ਨੂੰ ਸੰਤ ਉਹੀ ਅਖਵਾ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਗਿਆਨ ਦੇ ਮਾਲਕ ਗੁਰੂ ਨੂੰ, ਸੱਚੇ ਸੰਤ ਨੂੰ ਭਾਵ ਪ੍ਰਮਾਤਮਾ ਨੂੰ ਨਹੀਂ ਜਾਣਿਆ ਜੋ ਕਿ ਸਭ ਕੁਝ ਆਪ ਹੀ ਹੈ। ਮਨ ਦੇ **"ਗਿਆਨੁ ਧਿਆਨੁ"** ਨੂੰ ਜਾਣੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕੀ ਹੈ ਤੇ ਸਾਡੇ ਅੰਦਰ ਉਹ ਕਿਸ ਰੂਪ ਵਿੱਚ ਵਰਤ ਰਿਹਾ ਹੈ। **(ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥ ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥੯॥੧੨੯॥)** ਅੰਗ ੨੦੭

{ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥ ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥ ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥
ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥ ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥
ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥ ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥੧॥}

(ਅੰਗ ੯੫੮)

ਉਪਰ ਵਾਲੇ ਸ਼ਬਦ ਦੁਆਰਾ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ ਹੈ ਉਹ ਕਿਸ ਰੂਪ ਵਿੱਚ ਪਾਇਆ ਹੈ, ਕਿਸ ਤਰੀਕੇ ਪਾਇਆ ਹੈ ਤੇ ਕਿਸ ਮਕਸਦ ਲਈ ਪਾਇਆ ਹੈ ਇਹ ਕੁਝ ਹੀ ਸਮਝਾਇਆ ਹੋਇਆ ਹੈ। ਸਾਡਾ ਸਭ ਤੋਂ ਸੱਚਾ ਸੱਜਣ ਪ੍ਰਮਾਤਮਾ ਆਪ ਹੀ ਹੈ ਤੇ ਉਸਦਾ ਸੱਜਣ ਰੂਪ ਹੀ ਉਸਦਾ ਗੁਰੂ ਰੂਪ ਹੈ, ਸੰਤ ਰੂਪ ਹੈ। ਪ੍ਰਮਾਤਮਾ

48/6461

ਦੇ ਨਾਲ ਮਨ ਦੇ ਵਿੱਚ ਸੱਚ ਮੁੱਚ ਦੋਸਤੀ ਹੀ ਹੁੰਦੀ ਹੈ ਜੋ ਆਪ ਹੀ ਦੋਸਤ ਬਣਕੇ ਦਿਖਾਉਂਦਾ ਹੈ ਜੋ ਆਪਣੀ ਉਹ ਦੋਸਤੀ ਮਨ ਦੀ ਸਮਝ ਰਾਹੀਂ ਨਿਭਾਉਂਦਾ ਹੈ। ਉਹ ਆਪ ਹੀ ਮਸਲਤੀ ਹੈ ਜੋ ਸਾਡੀ ਸਮਝ ਨੂੰ ਮਨ ਦੇ ਵਿੱਚ ਭੰਨਣ ਘੜਨ ਦੇ ਸਮਰਥ ਹੈ ਭਾਵ ਸਾਡੀ ਨਾਸਮਝ ਮਤਿ ਨੂੰ, ਹਉਮੈ ਵਾਲੀ ਮਤਿ ਨੂੰ ਆਪ ਹੀ ਭੰਨ ਕੇ ਉਸਨੂੰ ਘੜਦਾ ਹੈ ਭਾਵ ਚੰਗੀ ਬਣਾਉਂਦਾ ਹੈ। ਮਨ ਦੀ ਸਮਝ ਨੂੰ ਮਨ

ਦੇ ਵਿੱਚ ਉਹ ਆਪਣੇ ਵਿਚਾਰਾਂ ਦੀ ਮਸਲਤ ਦੁਆਰਾ ਹੀ ਭੰਨਦਾ ਘੜਦਾ ਹੈ ਜੋ ਸਾਡੇ ਵਿਚਾਰਾਂ ਦਾ ਮਾਲਕ ਹੈ। ਮਨ ਦੇ ਵਿੱਚ ਉਸਦੇ ਨਾਲ ਗੋਸ਼ਟ ਹੁੰਦੀ ਹੀ ਰਹਿੰਦੀ ਹੈ ਜਿਸ ਗੋਸ਼ਟ ਦੁਆਰਾ ਉਹ ਆਪਣੇ ਸੱਚੇ ਵਿਚਾਰਾਂ ਦੀ ਸਮਝ ਹੀ ਪਾਉਂਦਾ ਹੈ ਤੇ ਸਾਨੂੰ ਮਨ ਦੀ ਮੱਲ ਵਿੱਚੋਂ ਕੱਢਦਾ ਹੈ ਭਾਵ ਮਨ ਦੀ ਨਾਸਮਝ, ਅਗਿਆਨਤਾ ਵਾਲੀ ਮਤਿ ਵਿੱਚੋਂ ਕੱਢਦਾ ਹੈ। ਜਿਸਦੇ ਮਨ ਦੀ ਮੱਲ ਉਹ ਇੱਕ ਵਾਰੀ ਕੱਢ ਦਿੰਦਾ ਹੈ ਉਹ ਫਿਰ ਸਦਾ ਲਈ ਕੱਢ ਦਿੰਦਾ ਹੈ ਭਾਵ ਉਹ ਦੁਬਾਰਾ ਉਸਨੂੰ ਭੰਗ ਨਹੀਂ ਹੋਣ ਦਿੰਦਾ। ਮਨ ਦੇ ਵਿੱਚ ਪ੍ਰਮਾਤਮਾ ਜੋ ਮਸਲਤਿ ਕਰਦਾ ਹੈ, ਗੋਸ਼ਟ ਕਰਦਾ ਹੈ ਉਸ ਰਾਹੀਂ ਉਹ ਆਪਣਾ **"ਸੱਚੁ ਨਾਮੁ"** ਹੀ ਸਮਝਾਉਂਦਾ ਹੈ ਤੇ ਤਾਂ ਹੀ ਕੋਈ **"ਸੱਚੁ ਨਾਮੁ"** ਨੂੰ ਪਾ ਸਕਦਾ ਹੈ ਤੇ ਉਸ ਤੋਂ ਬਾਅਦ ਫਿਰ ਮਨੁੱਖ ਸਦਾ ਹੀ ਉਸਦੀ ਸੱਚੀ ਮਤਿ ਨੂੰ ਭੋਗਦਾ ਹੈ ਭਾਵ ਉਸ ਅਨੁਸਾਰ ਵਿਚਰਦਾ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਉਪਰ ਸ਼ਬਦ ਰਾਹੀਂ ਸਮਝਿਆ ਜਾ ਸਕਦਾ ਹੈ। ਇਹ ਮਨ ਦੀ ਸਮਝ ਮਨੁੱਖ ਦੇ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੇ ਵੱਸ ਹੈ ਜਿਵੇਂ ਕਿ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਗਿਆਨ ਦੇ ਮਾਲਕ ਨੂੰ ਜਾਣੇ ਬਿਨਾਂ ਨਾ ਕੋਈ ਆਪਣੇ ਮਨ ਨੂੰ ਸਮਝ ਸਕਦਾ ਹੈ ਤੇ ਨਾ ਹੀ ਆਪਣੇ ਅੰਦਰ ਵਰਤ ਰਹੀ ਪ੍ਰਮਾਤਮਾ ਦੀ ਜੋਤਿ ਨੂੰ ਸਮਝ ਸਕਦਾ ਹੈ ਜਿਸ ਜੋਤਿ ਦਾ ਮਕਸਦ ਹੀ ਮਨੁੱਖ ਦੀ ਸਮਝ ਦੇ ਅੰਦਰ, ਮਨੁੱਖ ਦੇ ਧਿਆਨ ਦੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਦਾ ਹੀ ਹੈ ਤੇ ਇਹ ਉਸਦੀ ਆਪਣੀ ਰਜਾ ਹੈ ਕਿ ਉਹ ਕਿਸ ਮਨੁੱਖ ਨੂੰ ਕਿਹੋ ਜਿਹਾ ਗਿਆਨ ਦਿੰਦਾ ਹੈ ਭਾਵ ਕਿਹੋ ਜਿਹੀ ਸਮਝ ਵਿੱਚ ਰੱਖਦਾ ਹੈ।

"ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥"

(ਅੰਗ ੧੩)

ਉਪਰ ਵਾਲੀਆਂ ਪੰਗਤੀਆਂ ਨੂੰ ਪਿੱਛੇ ਅਸੀਂ ਸਮਝਿਆ ਹੀ ਹੈ।

48/6462

ਉਪਰ ਵਾਲੀ ਪੰਗਤੀ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਦਾ ਕੀ ਮਕਸਦ ਹੈ ਤੇ ਜਿਸਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਉਹ ਆਪਣਾ ਜੋਤਿ ਰੂਪ ਹੀ ਪ੍ਰਗਟ ਕਰਦਾ ਹੈ। ਉਹ ਆਪਣੇ ਆਪ ਨੂੰ ਜੋਤਿ ਰੂਪ ਵਿੱਚ ਕਿਸ ਤਰੀਕੇ ਪ੍ਰਗਟ ਕਰਦਾ ਹੈ ਇਹ ਉਪਰ ਪੰਗਤੀ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੈ। ਉਹ ਆਪਣੀ ਜੋਤਿ ਰਾਹੀਂ **"ਗੁਰ ਸਾਖੀ"** ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਭਾਵ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਭਾਵ ਆਪਣੀ ਜੋਤਿ ਰਾਹੀਂ ਉਹ ਆਪਣਾ ਗੁਰੂ ਰੂਪ ਹੀ ਪ੍ਰਗਟ ਕਰਦਾ ਹੈ ਜਿਸ ਆਪਣੇ ਗੁਰੂ ਰੂਪ ਦੁਆਰਾ ਮਨ ਦੇ ਵਿੱਚ ਉਹ ਆਪਣੀ ਸੱਚੀ ਸਿੱਖਿਆ ਹੀ ਸਮਝਾਉਂਦਾ ਹੈ। ਜਿਨ੍ਹਾਂ ਸਰੀਰਾਂ ਨੇ ਮਨ ਦੇ ਵਿੱਚ ਉਸ ਗੁਰੂ ਰੂਪ ਪ੍ਰਮਾਤਮਾ ਕੋਲੋਂ ਆਪਣੀ ਸਮਝ ਦੇ ਅੰਦਰ ਸੱਚੀ ਸਿੱਖਿਆ ਲਈ ਹੈ ਉਹੀ ਸੱਚੀ ਸਿੱਖਿਆ ਉਹਨਾਂ ਨੇ ਪੂਰੀ ਗੁਰਬਾਣੀ ਰਾਹੀਂ ਸੰਸਾਰ ਨੂੰ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਿੱਤੀ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਦਿੱਤੀ ਹੈ, ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਦਿੱਤੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਦਿੱਤੀ ਹੈ ਜੋ ਗਿਆਨ ਉਸ ਬ੍ਰਹਮ ਦੇ ਕੋਲੋਂ ਆਇਆ ਹੈ ਤੇ ਇਸੇ ਲਈ ਇਹ ਬ੍ਰਹਮ ਗਿਆਨ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਨਾਮ ਹੈ ਜੋ ਨਾਮ ਦੇ ਮਾਲਕ ਕੋਲੋਂ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਆਇਆ ਹੈ। **(ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥)**

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥}

(ਅੰਗ ੭੨੨)

{ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥}

(ਅੰਗ ੭੬੩)

ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਤੇ ਨਾ ਹੀ ਕਿਸੇ ਨੂੰ ਇਹ ਵਿਸ਼ਵਾਸ ਆ ਸਕਦਾ ਹੈ ਕਿ ਪ੍ਰਮਾਤਮਾ ਗਿਆਨ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਪ੍ਰਮਾਤਮਾ ਗਿਆਨ ਰੂਪ ਹੈ ਇਹ ਗੱਲ ਸਾਨੂੰ

ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਜਿਨ੍ਹਾਂ ਨੂੰ ਪਿੱਛੇ ਅਸੀਂ ਸਮਝਿਆ ਵੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ
48/6463
ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਬਾਣੀ ਰਾਹੀਂ ਸਾਨੂੰ ਬਾਰ-ਬਾਰ ਸਮਝਾਇਆ ਹੈ ਕਿ ਪ੍ਰਮਾਤਮਾ ਦਾ ਕੋਈ ਰੂਪ ਰੇਖ ਨਹੀਂ ਹੈ, ਉਸਦੇ ਜਿਸ ਰੂਪ ਨੂੰ ਖੋਜਣਾ ਭਾਵ ਆਕਾਰ ਰੂਪ ਨੂੰ ਖੋਜਣਾ ਸਾਡਾ ਵੱਡਾ ਭਰਮ ਦੱਸਿਆ ਹੋਇਆ ਹੈ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਮਨ ਦੇ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ ਭਾਵ ਮਨ ਦੇ ਗਿਆਨ ਰਾਹੀਂ ਜਾਣਿਆ ਜਾ ਸਕਦਾ ਹੈ ਤੇ ਤਾਂ ਹੀ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਸਕਦਾ ਹੈ ਕਿ ਪ੍ਰਮਾਤਮਾ ਆਪ ਹੀ ਗਿਆਨ ਦਾ ਮਾਲਕ ਹੈ ਤੇ ਹਰ ਆਕਾਰ ਰੂਪ ਨੂੰ ਉਸਨੇ ਆਪਣੇ ਗਿਆਨ ਰੂਪ ਦੁਆਰਾ ਬਣਾਇਆ ਹੈ ਭਾਵ ਉੱਚੀ ਸਾਇੰਸ ਦੁਆਰਾ ਬਣਾਇਆ ਹੈ ਤੇ ਹਰ ਆਕਾਰ ਰੂਪ ਉਸਦੇ ਗਿਆਨ ਦੁਆਰਾ ਹੀ ਟਿਕਿਆ ਹੋਇਆ ਹੈ ਤੇ ਉਸਦੇ ਗਿਆਨ ਦੁਆਰਾ ਹੀ ਸਭ ਕੁਝ ਵਰਤਦਾ ਹੈ। ਪ੍ਰਮਾਤਮਾ ਆਪ ਗਿਆਨ ਰੂਪ ਦੇ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ ੧੨੦)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥}

(ਅੰਗ ੭੯੮)

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ ੬੦੦)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥

ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥}

(ਅੰਗ ੭੮੩)

{ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ ਕਰਿ ਕਿਰਪਾ ਭਗਤੰਹੀ ਪ੍ਰਗਟਾਇਆ ॥
ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥ ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ॥
ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥ ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ॥੨॥}

(ਅੰਗ ੧੦੯)

ਸਾਡੇ ਅੰਦਰ ਦੇ ਗਿਆਨ ਧਿਆਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸਦੇ ਧਿਆਨ ਵਿੱਚ ਪ੍ਰਮਾਤਮਾ ਵੱਸਦਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਗਿਆਨ ਰੂਪ ਵਿੱਚ ਹੀ ਕਰਦਾ ਹੈ ਜਿਸ ਕਰਕੇ ਉਹ ਆਪਣੇ ਗਿਆਨ ਰੂਪ ਵਿੱਚ ਹੀ ਗੁਰੂ ਹੈ। ਇਸੇ ਲਈ ਭਗਤ ਕਬੀਰ ਜੀ ਨੇ ਮਨ ਦੇ

48/6464

ਅੰਦਰ ਬਿਬੇਕ ਵਾਲੀ ਸਮਝ ਨੂੰ, ਉੱਚੇ ਗਿਆਨ ਵਾਲੀ ਸਮਝ ਨੂੰ ਆਪਣਾ ਗੁਰੂ ਕਹਿਆ ਹੈ ਜਿਸ ਗੁਰੂ ਕੋਲੋਂ ਉਹਨਾਂ ਨੂੰ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਿੱਖਿਆ ਮਿਲੀ ਹੈ ਜੋ ਸਿੱਖਿਆ ਉਹਨਾਂ ਨੇ ਬਾਣੀ ਦੇ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਪਾਈ ਹੈ ਭਾਵ ਉਹਨਾਂ ਨੇ ਵੀ ਮਨ ਦੇ ਉੱਚੇ ਗਿਆਨ ਨੂੰ ਹੀ ਭਾਵ ਬ੍ਰਹਮ ਗਿਆਨ ਨੂੰ ਹੀ ਆਪਣਾ ਗੁਰੂ ਕਿਹਾ ਹੈ ਭਾਵ ਪ੍ਰਮਾਤਮਾ ਸਾਡੇ ਅੰਦਰ ਗਿਆਨ ਰੂਪ ਵਿੱਚ ਹੀ ਆਪਣਾ ਗੁਰੂ ਰੂਪ ਧਾਰਦਾ ਹੈ। **(ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥ ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥)** ਅੰਗ ੭੯੩

ਹੁਣ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਦੀ ਪੰਗਤੀ ਨੂੰ ਵਿਸ਼ਵਾਸ ਕਰਕੇ ਸਮਝ ਸਕਦੇ ਹਾਂ ਕਿ ਸਾਡੇ ਅੰਦਰ ਦੇ ਧਿਆਨ ਵਿੱਚ ਜੋ ਪ੍ਰਮਾਤਮਾ ਗਿਆਨ ਪਾਉਂਦਾ ਹੈ ਉਹ ਸੱਚੇ ਗਿਆਨ ਵਾਲਾ ਧਿਆਨ ਹੀ ਸਭ ਦਾ ਗੁਰੂ ਹੈ ਤੇ ਇਸ ਗੱਲ ਦੀ ਸਮਝ ਉਸਨੂੰ ਹੀ ਪੈਂਦੀ ਹੈ ਜਿਸਨੂੰ ਉਹ ਆਪਣਾ ਪੰਚ ਬਣਾਉਂਦਾ ਹੈ। **(ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥)** ਅੰਗ ੩

ਪ੍ਰਮਾਤਮਾ ਦੇ ਪੰਚਾਂ ਨੂੰ ਮਨ ਦੇ ਵਿੱਚ ਗੁਰੂ ਕੋਲੋਂ ਉਸਦੇ ਵਿਚਾਰ ਹੀ ਮਿਲਦੇ ਹਨ ਜਿਨ੍ਹਾਂ ਵਿਚਾਰਾਂ ਦੁਆਰਾ ਹੀ ਉਹ ਸੰਸਾਰ ਨੂੰ ਪ੍ਰਮਾਤਮਾ ਬਾਰੇ ਸਮਝਾਉਂਦੇ ਹਨ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥”

ਪ੍ਰਮਾਤਮਾ ਦੇ ਪੰਚ ਜੋ ਕੁਝ ਵੀ ਕਹਿੰਦੇ ਹਨ ਉਹ ਮਨ ਦੇ ਵਿੱਚ ਗੁਰੂ ਰੂਪ ਪ੍ਰਮਾਤਮਾ ਕੋਲੋਂ ਆਪਣੇ ਧਿਆਨ ਦੇ ਵਿੱਚ ਸੁਣਨ ਦੁਆਰਾ ਹੀ ਕਹਿੰਦੇ ਹਨ। ਜੋ ਕੁਝ ਉਹ ਕਹਿੰਦੇ ਹਨ ਪਹਿਲਾਂ ਉਹ ਉਸ ਗੱਲ ਨੂੰ ਆਪਣੇ ਅੰਦਰ ਵਿਚਾਰਦੇ ਹਨ ਭਾਵ ਉਸ ਗੱਲ ਨੂੰ ਬਰੀਕੀ ਨਾਲ ਸਮਝਦੇ ਹਨ ਕਿ ਪ੍ਰਮਾਤਮਾ ਨੇ ਸਾਨੂੰ ਕੀ ਸਮਝਾਇਆ ਹੈ। ਪ੍ਰਮਾਤਮਾ ਕੀ ਕੁਝ ਹੈ ਇਸ ਬਾਰੇ ਸੋਝੀ ਉਸ ਕੋਲੋਂ ਮਨ ਦੇ ਵਿੱਚ ਸੁਣਨ ਦੁਆਰਾ ਹੀ ਪੈਂਦੀ ਹੈ ਤੇ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੈ, ਹਰ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਜੋ ਕੁਝ ਵੀ ਪ੍ਰਮਾਤਮਾ ਨੇ ਕੀਤਾ ਹੈ ਉਸਨੇ ਆਪਣੇ ਉੱਚੇ ਗਿਆਨ ਦੁਆਰਾ ਹੀ ਕੀਤਾ ਹੈ। ਪੂਰੀ

48/6465

ਸਾਇੰਸ ਦਾ ਰਚਨਕਾਰ ਪ੍ਰਮਾਤਮਾ ਆਪ ਹੀ ਹੈ ਜਿਸ ਸਾਇੰਸ ਨੂੰ ਉਸਨੇ ਆਪਣੇ ਉੱਚੇ ਗਿਆਨ ਦੁਆਰਾ ਹੀ ਰੱਚਿਆ ਹੈ ਤੇ ਆਪਣੀ ਉੱਚੀ ਸਾਇੰਸ ਦੁਆਰਾ ਉਸਨੇ ਸਭ ਕੁਝ ਬਣਾਇਆ ਹੈ। ਉਸਦੀ ਰਚਨਾ ਦਾ ਕੋਈ ਅੰਤ ਨਹੀਂ ਹੈ ਜਿਸਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਕਿਤਨੇ ਕੁ ਖੰਡ ਬ੍ਰਹਮੰਡ ਹਨ ਭਾਵ ਪ੍ਰਮਾਤਮਾ ਦਾ ਪਸਾਰਾ ਕਿਤਨਾ ਕੁ ਵੱਡਾ ਹੈ ਇਹ ਗਿਣਤੀ ਤੋਂ ਬਾਹਰ ਹੈ। ਉਸ ਗਿਆਨ ਦੇ ਮਾਲਕ ਨੂੰ ਉਸਦਾ ਪੰਚ ਬਣਕੇ ਹੀ ਜਾਣਿਆ ਜਾ ਸਕਦਾ ਹੈ ਜੋ ਸਭ ਦੇ ਅੰਦਰ ਹੀ ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ ਤੇ ਉਸਦੇ ਆਪ ਸਮਝ ਪਾਏ ਬਿਨਾਂ ਉਸਨੂੰ ਨਹੀਂ ਜਾਣਿਆ ਜਾ ਸਕਦਾ। **(ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥)**

ਪ੍ਰਮਾਤਮਾ ਮਨ ਦੇ ਵਿੱਚ ਧਿਆਨ ਦੇ ਅੰਦਰ ਜੋ ਆਪਣਾ ਗੁਰੂ ਰੂਪ ਪ੍ਰਗਟ ਕਰਦਾ ਹੈ ਉਸ ਦੁਆਰਾ ਉਹ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ। ਆਪਣੇ ਪੰਚਾਂ ਨੂੰ ਉਹ ਧਰਮ ਦਾ ਮਾਰਗ ਕਿਸ ਰੂਪ ਵਿੱਚ ਸਮਝਾਉਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀ ਸਮਝਾਈ ਹੋਈ ਹੈ।

“ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥”

ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਧਰਮ ਦਾ ਮਾਰਗ ਔਖਾ ਮਾਰਗ ਹੈ ਜੋ ਕਿ ਮਨ ਨੂੰ ਸਮਝਾਉਂਣ ਦਾ ਮਾਰਗ ਹੈ, ਮਾਇਆ ਮੋਹ ਛੱਡਣ ਦਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ।

ਇਹ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਜਿਸ ਕਰਕੇ ਮਨੁੱਖ ਆਪਣੀ ਮਰਜੀ ਅਨੁਸਾਰ ਆਪਣੇ ਮਨ ਦੇ ਨਾਸਮਝ ਵਿਚਾਰਾਂ ਨੂੰ, ਮਾਇਆ ਮੋਹ ਵਾਲੇ ਵਿਚਾਰਾਂ ਨੂੰ, ਤ੍ਰਿਸ਼ਨਾਵਾਂ ਵਾਲੇ ਵਿਚਾਰਾਂ ਨੂੰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਵਿਚਾਰਾਂ ਨੂੰ ਆਪਣੇ ਆਪ ਵੱਸ ਵਿੱਚ ਨਹੀਂ ਕਰ ਸਕਦਾ ਜਿਸ ਲਈ ਉੱਦਮ ਪ੍ਰਮਾਤਮਾ ਨੇ ਮਨੁੱਖ ਦੇ ਜਿੰਮੇ ਹੀ ਲਾਇਆ ਹੋਇਆ ਹੈ ਪਰ ਉਸਦੀ ਆਪਣੀ ਕਿਰਪਾ ਤੋਂ ਬਿਨਾਂ ਇਹ ਮਨ ਦੇ ਵਿਚਾਰ ਵੱਸ ਵਿੱਚ ਨਹੀਂ ਆਉਂਦੇ ਭਾਵ ਮਨ ਦੇ ਵਿੱਚ ਸੰਤੋਖ ਵਾਲੇ ਵਿਚਾਰ ਨਹੀਂ ਆਉਂਦੇ ਜਿਨ੍ਹਾਂ ਵਿਚਾਰਾਂ ਤੋਂ ਬਿਨਾਂ ਧਰਮ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਭਾਵ ਸੱਚੇ ਸੁੱਚੇ ਕਰਮ ਜੋ ਕਿ ਧਰਮ ਤੇ ਚੱਲਣ ਦਾ ਮਾਰਗ ਹੈ ਉਸ ਮਾਰਗ ਤੇ ਮਨ ਦੇ ਸੰਤੋਖ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਜਿਵੇਂ ਕਿ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਪਿੱਛੇ ਬਾਰ-ਬਾਰ ਸਮਝਿਆ ਹੈ

48/6466

ਤੇ ਉਹੀ ਧਰਮ ਦਾ ਮਾਰਗ ਸਾਨੂੰ ਉਪਰਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਆਪਣੇ ਮਨ ਦੇ ਮਾੜੇ ਵਿਚਾਰਾਂ ਨੂੰ ਵੱਸ ਵਿੱਚ ਕਰਨ ਦਾ ਹੈ ਜਿਨ੍ਹਾਂ ਮਾੜੇ ਵਿਚਾਰਾਂ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ। ਉਪਰ ਸ਼ਬਦ ਦੀਆਂ ਪੰਗਤੀਆਂ ਵਿੱਚ ਇਸ ਮਨ ਨੂੰ ਵੱਸ ਵਿੱਚ ਕਰਨਾ ਹੀ ਸਿਖਾਇਆ ਹੋਇਆ ਹੈ ਜਿਸਨੂੰ ਪ੍ਰਮਾਤਮਾ ਦੀ ਦਇਆ ਦੁਆਰਾ ਹੀ ਵੱਸ ਵਿੱਚ ਕੀਤਾ ਜਾ ਸਕਦਾ ਹੈ ਭਾਵ ਚੰਗੇ ਵਿਚਾਰਾਂ ਵਾਲਾ ਬਣਾਇਆ ਜਾ ਸਕਦਾ ਹੈ। ਉਪਰ ਪੰਗਤੀਆਂ ਵਿੱਚ ਸਾਡੇ ਮਨ ਦੀ ਤੁਲਨਾ **"ਧੌਲੁ"** ਨਾਲ ਕੀਤੀ ਹੋਈ ਹੈ ਭਾਵ ਇੱਕ ਬਲਦ ਨਾਲ ਕੀਤੀ ਹੋਈ ਹੈ, ਇੱਕ ਪਸ਼ੂ ਨਾਲ ਕੀਤੀ ਹੋਈ ਹੈ ਜੋ ਆਪਣੀ ਮਰਜੀ ਕਰਦਾ ਹੈ। ਜਿਸ ਤਰੀਕੇ ਇੱਕ ਪਸ਼ੂ ਨੂੰ ਸੂਤਣਾ ਮੁਸ਼ਕਿਲ ਹੁੰਦਾ ਹੈ, ਕਾਬੂ ਕਰਨਾ ਮੁਸ਼ਕਿਲ ਹੁੰਦਾ ਹੈ ਉਸੇ ਤਰੀਕੇ ਹੀ ਆਪਣੇ ਮਨ ਨੂੰ ਕਾਬੂ ਕਰਨਾ ਭਾਵ ਸੂਤਣਾ ਬਹੁਤ ਔਖਾ ਹੈ ਭਾਵ ਮਨ ਦੇ ਵਿਚਾਰਾਂ ਨੂੰ ਸੰਤੋਖ ਵਿੱਚ ਲਿਆਉਂਣਾ ਬਹੁਤ ਔਖਾ ਹੈ ਭਾਵ ਧਰਮ ਦੇ ਮਾਰਗ ਤੇ ਚੱਲਣ ਵਾਲੀ ਸਮਝ ਵਿੱਚ ਲਿਆਉਂਣਾ ਬਹੁਤ ਔਖਾ ਹੈ ਭਾਵ ਮਨਮਤਿ ਵਾਲੇ ਵਿਚਾਰਾਂ ਵਿੱਚੋਂ ਨਿਕਲਕੇ ਗੁਰਮਤਿ ਵਾਲੇ ਵਿਚਾਰਾਂ ਵਿੱਚ ਲਿਆਉਂਣਾ ਬਹੁਤ ਔਖਾ ਹੈ। ਗੁਰਮਤਿ ਵਾਲੇ ਵਿਚਾਰ ਸਾਨੂੰ ਜੋ ਧਰਮ ਦਾ ਮਾਰਗ ਸਮਝਾਉਂਦੇ ਹਨ ਉਹ ਮਾੜੇ ਵਿਚਾਰਾਂ ਵਿੱਚੋਂ ਨਿਕਲਕੇ ਭਾਵ ਅਉਗੁਣਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਕੇ ਗੁਰੂ ਦੇ ਗੁਣਾਂ ਵਾਲੇ ਸੱਚੇ ਵਿਚਾਰਾਂ ਨੂੰ ਮੰਨਣ ਲਈ ਹੀ ਸਮਝਾਉਂਦੇ ਹਨ ਭਾਵ ਸੱਚਾ ਧਰਮ ਦਾ ਮਾਰਗ ਹੀ ਸਮਝਾਉਂਦੇ ਹਨ ਜਿਸਨੂੰ ਮੰਨਣਾ ਮਨੁੱਖ ਲਈ ਬਹੁਤ ਹੀ ਔਖਾ ਹੈ ਭਾਵ ਧਰਮ ਦੇ ਮਾਰਗ ਤੇ ਚੱਲਣਾ ਇਸੇ ਕਰਕੇ ਸਭ ਲਈ ਔਖਾ ਹੈ। ਜੋ ਧਰਮ ਦਾ ਮਾਰਗ ਹੈ ਉਹੀ ਨਾਮ ਜਪਣ ਦਾ ਮਾਰਗ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ। ਪ੍ਰਮਾਤਮਾ ਕਿਸਨੂੰ ਸੱਚੇ ਧਰਮ ਦੇ ਮਾਰਗ ਤੇ ਚਲਾਉਂਦਾ ਹੈ ਇਹ ਉਸਦੀ ਦਇਆ ਦਾ ਵਿਸ਼ਾ ਹੈ। ਸਾਡਾ **"ਧੌਲੁ"** ਰੂਪ ਮਨ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਸੂਤ ਹੋ ਸਕਦਾ ਹੈ ਤੇ ਉਸ ਤੋਂ ਬਾਅਦ ਫਿਰ ਸਾਡਾ ਇਹ ਚੰਗੇ ਵਿਚਾਰਾਂ ਵਾਲਾ ਮਨ ਪ੍ਰਮਾਤਮਾ ਦਾ **"ਪੂਤੁ"** ਬਣ ਜਾਂਦਾ ਹੈ ਭਾਵ ਫਿਰ ਉਸਦੇ ਚੰਗੇ ਵਿਚਾਰਾਂ ਦੁਆਰਾ ਹੀ ਚੱਲਦਾ ਹੈ ਭਾਵ ਮਨ ਦੇ ਸੰਤੋਖ ਵਿੱਚ ਹੀ ਰਹਿੰਦਾ ਹੈ ਭਾਵ ਧਰਮ ਦੇ ਸਹੀ ਮਾਰਗ ਤੇ ਚੱਲਦਾ ਹੈ। **(ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥)**

48/6467

ਜਿਸਨੂੰ ਪ੍ਰਮਾਤਮਾ ਆਪਣਾ ਪੰਚ ਬਣਾਕੇ ਧਰਮ ਦਾ ਮਾਰਗ ਸਿਖਾਉਂਦਾ ਹੈ ਭਾਵ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ ਉਸਨੂੰ ਫਿਰ ਧਰਮ ਦੇ ਮਾਰਗ ਦੇ ਨਾਲ ਨਾਲ ਸਾਰੇ ਸੰਸਾਰ ਦੀ ਸੱਚਾਈ ਵੀ ਸਮਝ ਆ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਜੋ ਵੀ ਸੰਸਾਰ ਵਿੱਚ ਤਾਕਤ ਵਰਤਦੀ ਹੈ ਉਹ ਪ੍ਰਮਾਤਮਾ ਦੀ ਹੀ ਵਰਤਦੀ ਹੈ ਭਾਵ ਸਭ ਕੁਝ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਹੋ ਰਿਹਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀ ਸਮਝਾਈ ਹੋਈ ਹੈ।

"ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥"

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਕੋਈ ਵਿਰਲਾ ਹੀ ਬੁਝਦਾ ਹੈ ਜਿਵੇਂ ਕਿ ਉਸਦੇ ਪੰਚਾਂ ਨੇ ਬੁੱਝਿਆ ਹੈ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਬੁੱਝਿਆ ਹੈ ਇਸ ਕਰਕੇ ਉਹ ਆਪਣੀ ਮਨ ਦੀ ਸੱਚੀ ਸਮਝ ਦੁਆਰਾ **"ਸਚਿਆਰੁ"** ਬਣੇ ਹਨ, ਸੱਚੇ ਪ੍ਰਮਾਤਮਾ ਦੀ ਸਮਝ ਵਾਲੇ ਬਣੇ ਹਨ ਜੋ ਆਪਣੀ ਸੱਚੀ ਸਮਝ ਉਹ ਸੱਚਾ ਪ੍ਰਮਾਤਮਾ ਆਪਣੇ ਪੰਚਾਂ ਨੂੰ ਆਪ ਹੀ ਦਿੰਦਾ ਹੈ। ਮਨ ਦੀ **"ਸਚਿਆਰੁ"** ਰੂਪ ਸਮਝ ਦੁਆਰਾ ਹੀ ਕੋਈ ਧਰਮ ਦੇ ਮਾਰਗ ਤੇ ਸੱਚ ਨੂੰ ਸਮਝ ਸਕਦਾ ਹੈ ਤੇ ਇਸ ਸ੍ਰਿਸ਼ਟੀ ਦੇ ਸੱਚ ਨੂੰ ਸਮਝ

ਸਕਦਾ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਸੱਚੀ ਸਮਝ ਹੀ ਮਨੁੱਖ ਨੂੰ ਮਨ ਦੇ ਹਰ ਭਰਮ ਵਿੱਚੋਂ ਕੱਢਦੀ ਹੈ। ਗੁਰਬਾਣੀ ਦੀ ਰਚਨਾ ਹੋਣ ਤੋਂ ਪਹਿਲਾਂ ਕੋਈ ਇਸ ਗੱਲ ਨੂੰ ਨਹੀਂ ਸੀ ਸਮਝਦਾ ਕਿ ਇਹ ਧਰਤੀ ਨੇ ਆਪਣਾ ਭਾਰ ਕਿਸ ਤਰੀਕੇ ਚੁੱਕਿਆ ਹੋਇਆ ਹੈ ਭਾਵ ਧਰਤੀ ਕਿਸ ਤਰੀਕੇ ਟਿਕੀ ਹੋਈ ਹੈ। ਗੁਰਬਾਣੀ ਸੈਂਕੜੇ ਸਾਲ ਪਹਿਲੇ ਲਿਖੀ ਗਈ ਹੈ ਜਦੋਂ ਮਨੁੱਖ ਨੂੰ ਸਾਇੰਸ ਬਾਰੇ ਕੋਈ ਜਿਆਦਾ ਜਾਣਕਾਰੀ ਨਹੀਂ ਸੀ ਤੇ ਪੁਰਾਣੀ ਮਾਨਤਾ ਅਨੁਸਾਰ ਇਹ ਸਮਝਿਆ ਜਾਂਦਾ ਸੀ ਕਿ ਧਰਤੀ ਦਾ ਭਾਰ ਇੱਕ ਬਲਦ ਨੇ ਚੁੱਕਿਆ ਹੋਇਆ ਹੈ, ਆਪਣੇ ਸਿੰਗਾਂ ਤੇ ਚੁੱਕਿਆ ਹੋਇਆ ਹੈ। ਉਪਰ ਵਾਲੀਆਂ ਪੰਗਤੀਆਂ ਦੁਆਰਾ ਗੁਰੂ ਸਾਹਿਬ ਨੇ ਜੋ ਕਿ ਪ੍ਰਮਾਤਮਾ ਦਾ ਹੀ ਰੂਪ ਹਨ ਤੇ ਸੰਸਾਰ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ, ਸੱਚ ਸਮਝਾਉਂਣ ਦੁਆਰਾ ਇਹ ਭਰਮ ਕੱਢਿਆ ਹੋਇਆ ਹੈ ਕਿ ਇੱਕ ਬਲਦ ਐਨੀ ਵੱਡੀ ਧਰਤੀ ਦਾ ਭਾਰ ਕਿਵੇਂ ਚੁੱਕ ਸਕਦਾ ਹੈ ਤੇ ਨਾਲ ਇਹ ਵੀ ਸਮਝਾਇਆ ਹੈ ਕਿ ਇਸ ਧਰਤੀ ਤੋਂ ਵੀ ਇਲਾਵਾਂ ਹੋਰ ਵੀ ਅਨੇਕਾਂ ਧਰਤੀਆਂ ਹਨ ਤੇ ਫਿਰ ਉਹਨਾਂ ਧਰਤੀਆਂ ਦਾ ਭਾਰ ਕਿਸਨੇ ਚੁੱਕਿਆ ਹੋਇਆ ਹੈ ਭਾਵ ਇਸ ਪੁਰਾਣੀ ਹਿੰਦੂ ਸਮਾਜ ਦੀ ਮਾਨਤਾ

ਦਾ ਖੰਡਨ ਕੀਤਾ ਹੋਇਆ ਹੈ ਕਿ ਧਰਤੀ ਦਾ ਬੋਝ ਕਿਸੇ ਬਲਦ ਨੇ ਨਹੀਂ ਚੁੱਕਿਆ ਹੋਇਆ ਹੈ। ਜੋ ਸੱਚਾਈ ਗੁਰੂ ਸਾਹਿਬ ਨੇ ਸੈਂਕੜੇ ਸਾਲ ਪਹਿਲੇ ਬਿਆਨ ਕੀਤੀ ਸੀ, ਜੋ ਸੱਚਾਈ ਪ੍ਰਮਾਤਮਾ ਨੇ ਆਪ ਹੀ ਬਿਆਨ ਕਰਵਾਈ ਹੋਈ ਹੈ ਉਹ ਸੱਚਾਈ ਅੱਜ ਸਾਇੰਸ ਦੀ ਸਮਝ ਪੈਣ ਕਰਕੇ ਸਾਰੇ ਸੰਸਾਰ ਦੇ ਸਾਹਮਣੇ ਆ ਗਈ ਹੈ। ਸੱਚਾਈ ਇਹ ਹੈ ਕਿ ਸਭ ਕੁਝ ਬ੍ਰਹਮੰਡ ਵਿੱਚ ਘੁੰਮ ਰਿਹਾ ਹੈ ਭਾਵ ਕੋਈ ਵੀ ਧਰਤੀ, ਖੰਡ, ਬ੍ਰਹਮੰਡ ਕਿਸੇ ਇੱਕ ਜਗ੍ਹਾ ਤੇ ਨਹੀਂ ਟਿਕਿਆ ਹੋਇਆ ਹੈ ਤੇ ਘੁੰਮਣ ਦੁਆਰਾ ਸਭਨੇ ਆਪਣੇ ਆਪਣੇ ਭਾਰ ਨੂੰ ਸੰਭਾਲਿਆ ਹੋਇਆ ਹੈ। ਸਾਰੀਆਂ ਧਰਤੀਆਂ ਦੇ ਘੁੰਮਣ ਦੇ ਪਿੱਛੇ ਜੋਰ ਇੱਕੋ ਇੱਕ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜੋ ਉਸਦਾ ਜੋਰ ਉਸਦੀ ਰੱਚੀ ਹੋਈ ਸਾਇੰਸ ਦੁਆਰਾ ਵਰਤ ਰਿਹਾ ਹੈ ਜਿਸ ਸਾਇੰਸ ਦੇ ਪਿੱਛੇ ਇਤਨਾ ਵੱਡਾ ਗਿਆਨ ਉਸ ਗਿਆਨ ਦੇ ਮਾਲਕ ਪ੍ਰਮਾਤਮਾ ਦਾ ਹੈ ਭਾਵ ਉਸਦਾ ਬ੍ਰਹਮ ਗਿਆਨ ਹੈ ਤੇ ਆਪਣੇ ਬ੍ਰਹਮ ਗਿਆਨ ਦੁਆਰਾ ਪ੍ਰਮਾਤਮਾ ਸਭ ਜਗ੍ਹਾ ਵਰਤ ਰਿਹਾ ਹੈ ਜਿਸ ਗਿਆਨ ਨਾਲ ਹਰ ਆਕਾਰ ਰੂਪ ਆਪਣਾ ਆਪਣਾ ਕੰਮ ਕਰ ਰਿਹਾ ਹੈ। **(ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥)**

ਜੋ ਵੀ ਆਕਾਰ ਰੂਪ ਅਸੀਂ ਸ੍ਰਿਸ਼ਟੀ ਵਿੱਚ ਹੁਣ ਤੱਕ ਦੇਖਿਆ ਹੈ, ਭਾਵੇਂ ਨਹੀਂ ਦੇਖਿਆ ਹੈ ਸਭ ਕੁਝ ਇੱਕੋ ਇੱਕ ਪ੍ਰਮਾਤਮਾ ਦੇ ਜੋਰ ਨਾਲ ਭਾਵ ਉਸੇ ਦੀ ਤਾਕਤ ਨਾਲ ਬਣਿਆ ਹੈ। ਪ੍ਰਮਾਤਮਾ ਦੀ ਤਾਕਤ ਉਸਦਾ ਉੱਚਾ ਗਿਆਨ ਹੈ, ਉਸਦੀ ਉੱਚੀ ਸਾਇੰਸ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪਣੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਜਿਸਦੇ ਅੰਤ ਨੂੰ ਭਾਵ ਉਸਦੇ ਪਸਾਰੇ ਦੇ ਅੰਤ ਨੂੰ ਜਾਣਿਆ ਹੀ ਨਹੀਂ ਜਾ ਸਕਦਾ। ਪ੍ਰਮਾਤਮਾ ਨੇ ਆਪਣੀ ਕਿਸ ਤਾਕਤ ਦੁਆਰਾ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਇਸ ਗੱਲ ਦੀ ਸਮਝ ਉਸਦਾ ਪੰਚ ਬਣਕੇ ਹੀ ਪੈ ਸਕਦੀ ਹੈ ਜੋ ਸਮਝ ਉਹ ਆਪ ਹੀ ਪਾਉਂਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥”

ਉਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦਾ ਜੋਰ, ਉਸਦੀ ਤਾਕਤ

ਕਿਸ ਰੂਪ ਵਿੱਚ ਵਰਤਦੀ ਹੈ ਜਿਸ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਉਹ ਆਪਣੀ ਉਸ ਹੀ ਤਾਕਤ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਚੱਲਾ ਰਿਹਾ ਹੈ ਇਸ ਗੱਲ ਨੂੰ ਉਹ ਹੀ ਸਮਝ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪਣਾ ਪੰਚ ਬਣਾ ਲੈਂਦਾ ਹੈ ਭਾਵ ਆਪਣੇ ਨਾਲ ਮਿਲਾ ਲੈਂਦਾ ਹੈ, ਆਪਣੀ ਗਿਆਨ ਧਿਆਨ ਵਾਲੀ ਸਮਝ ਦੁਆਰਾ, ਆਪਣੀ ਸਮਝ ਦੇ ਨਾਲ ਇੱਕ ਕਰ ਲੈਂਦਾ ਹੈ। ਜੋ ਵੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਉਹ ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਹੀ ਕੀਤੀ ਹੈ। ਸਿਸ਼੍ਰਟੀ ਵਿੱਚ ਅਨੇਕਾਂ ਹੀ ਜੀਵ ਹਨ

ਤੇ ਹਰ ਜੀਵ ਨੂੰ ਕਿਸੇ ਨਾ ਕਿਸੇ ਨਾਮ ਦੁਆਰਾ ਜਾਣਿਆ ਜਾਂਦਾ ਹੈ ਭਾਵ ਕਿਸੇ ਨਾ ਕਿਸੇ ਜਾਤਿ ਦੁਆਰਾ ਜਾਣਿਆ ਜਾਂਦਾ ਹੈ ਤੇ ਫਲਾਣੇ ਜੀਅ ਦੀ ਜਾਤਿ ਕੀ ਹੈ। ਹਰ ਜੀਅ ਨਾਮ ਦੇ ਨਾਲ ਰੰਗਿਆ ਹੋਇਆ ਹੈ ਭਾਵ ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਦਾ ਨਾਮ ਹੀ ਵਰਤਦਾ ਹੈ। ਹਰ ਜੀਵ, ਹਰ ਆਕਾਰ ਰੂਪ ਭਾਵ ਹਰ ਸੰਸਾਰਿਕ ਜਾਤਿ ਜਿਸਨੂੰ ਅਸੀਂ ਜਾਣਦੇ ਹਾਂ, ਕਿਸੇ ਵੀ ਨਾਮ ਦੁਆਰਾ ਜਾਣਦੇ ਹਾਂ। ਉਹ ਪ੍ਰਮਾਤਮਾ ਦੇ ਕਿਸ ਨਾਮ ਦੁਆਰਾ ਰੰਗਿਆ ਹੋਇਆ ਹੈ ਭਾਵ ਉਸਦੇ ਅੰਦਰ ਪ੍ਰਮਾਤਮਾ ਦਾ ਨਾਮ ਕਿਸ ਰੂਪ ਵਿੱਚ ਵਰਤਦਾ ਹੈ ਭਾਵ ਸਭ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਨਾਮ ਦੀ ਲਿਖਤ ਕਿਸ ਰੂਪ ਵਿੱਚ ਲਿਖੀ ਹੋਈ ਹੈ ਭਾਵ ਆਪਣੀ ਕਿਸ ਕਲਮ ਦੁਆਰਾ ਲਿਖੀ ਹੋਈ ਹੈ ਜੋ ਉਸਦੀ ਕਲਮ ਹਰ ਵੇਲੇ ਸਭ ਦੇ ਅੰਦਰ ਬਿਨਾਂ ਕਿਸੇ ਰੁਕਾਵਟ ਤੋਂ ਹਰ ਵੇਲੇ ਵਰਤਦੀ ਰਹਿੰਦੀ ਹੈ, ਇਸ ਗੱਲ ਨੂੰ ਉਸਦੇ ਪੰਚ ਹੀ ਸਮਝ ਸਕਦੇ ਹਨ ਭਾਵ ਉਸ ਦੇ ਨਾਲ ਮੇਲ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਦਾ ਨਾਮ ਕੀ ਹੈ ਜਿਸ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਸਭਦੇ ਅੰਦਰ ਭਾਵ ਹਰ ਆਕਾਰ ਰੂਪ ਦੇ ਅੰਦਰ ਪ੍ਰਮਾਤਮਾ ਨੇ ਆਪਣੀ ਇਹ ਕਲਮ ਕਿਸ ਰੂਪ ਵਿੱਚ ਚਲਾਈ ਹੈ ਜੋ ਉਸਦੀ ਕਲਮ ਹਰ ਵੇਲੇ ਚੱਲਦੀ ਹੀ ਰਹਿੰਦੀ ਹੈ। ਪ੍ਰਮਾਤਮਾ ਦਾ ਨਾਮ ਨਿਰੰਕਾਰ ਰੂਪ ਵਿੱਚ ਭਾਵ ਬ੍ਰਹਮ ਗਿਆਨ ਰੂਪ ਵਿੱਚ ਹੈ ਜਿਸ ਨਾਮ ਦੀ ਲਿਖਤ ਵੀ ਹਰ ਕਿਸੇ ਦੇ ਅੰਦਰ ਨਿਰੰਕਾਰ ਰੂਪ ਵਿੱਚ ਹੀ ਲਿਖੀ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਬ੍ਰਹਮ ਗਿਆਨ ਰੂਪ ਵਿੱਚ ਹੀ ਲਿਖੀ ਜਾਂਦੀ ਹੈ। ਸਭ ਕੁਝ ਪ੍ਰਮਾਤਮਾ ਦੇ ਬ੍ਰਹਮ ਗਿਆਨ ਦੁਆਰਾ ਹੀ ਬਣਿਆ ਹੈ ਭਾਵ ਉਸਦੇ ਨਾਮ ਦੁਆਰਾ ਹੀ ਬਣਿਆ ਹੈ ਭਾਵ ਉਸਦੀ ਸੱਚੀ ਸਾਇੰਸ ਦੇ ਗਿਆਨ ਦੁਆਰਾ ਹੀ ਬਣਿਆ ਹੈ ਤੇ ਸਭ ਕੁਝ ਉਸਦੇ ਸੱਚੇ ਗਿਆਨ ਵਾਲੀ ਸਾਇੰਸ ਦੁਆਰਾ ਹੀ ਚੱਲ ਰਿਹਾ ਹੈ। ਮਨੁੱਖ ਦੀ ਸਮਝ ਦੇ ਅੰਦਰ ਪ੍ਰਮਾਤਮਾ ਦਾ ਗਿਆਨ ਹੀ ਵਰਤਦਾ ਹੈ ਜੋ ਕਿ ਤ੍ਰੈ ਗੁਣਾਂ ਵਾਲੀ ਸਮਝ ਦੇ ਰੂਪ ਵਿੱਚ ਹੈ ਤੇ ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਰੱਖਣ ਵਾਲਾ ਵੀ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਭ ਨੂੰ ਉਸਨੇ ਆਪਣੀ ਨਾਮ ਵਾਲੀ ਸਮਝ ਦੁਆਰਾ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਰੱਖਿਆ ਹੋਇਆ ਹੈ ਤੇ ਉਸਦੇ ਨਾਮ ਦੀ ਸਮਝ ਵਿੱਚ ਤੇ ਤ੍ਰੈ ਗੁਣਾਂ ਦੀ ਸਮਝ ਵਿੱਚ ਕੀ ਫਰਕ ਹੈ, ਕੀ ਭੇਦ ਹੈ ਇਸਦੀ ਸਮਝ ਉਸਦਾ ਪੰਚ

48/6470

ਬਣਨ ਦੁਆਰਾ ਹੀ ਪੈ ਸਕਦੀ ਹੈ। ਪ੍ਰਮਾਤਮਾ ਦੀ ਇਹ ਬ੍ਰਹਮ ਰੂਪ ਕਲਮ ਸਾਡੇ ਸਭ ਦੇ ਅੰਦਰ ਹਰ ਵੇਲੇ ਚੱਲ ਰਹੀ ਹੈ ਜਿਸ ਦੁਆਰਾ ਉਸਨੇ ਸਭ ਨੂੰ ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਅਸੀਂ ਪ੍ਰਮਾਤਮਾ ਦੇ ਨਾਮ ਦੀ ਤਾਕਤ ਭਾਵ ਉਸਦੇ ਬ੍ਰਹਮ ਗਿਆਨ ਦੀ ਤਾਕਤ, ਉਸਦੇ ਸਾਇੰਸ ਦੇ ਉੱਚੇ ਗਿਆਨ ਦੀ ਤਾਕਤ ਨੂੰ ਨਹੀਂ ਸਮਝ ਸਕਦੇ ਜੋ ਉਸਦੇ ਸੱਚੇ ਗਿਆਨ ਦੀ ਕਲਮ ਹਰ ਵੇਲੇ ਚੱਲ ਰਹੀ ਹੈ ਭਾਵ ਉਸਦਾ ਨਾਮ ਹਰ ਵੇਲੇ ਵਰਤ ਰਿਹਾ ਹੈ ਪਰ ਉਸਦੇ ਨਾਮ ਦੀ ਤਾਕਤ ਨੂੰ ਉਸਦਾ ਪੰਚ ਬਣਕੇ ਹੀ ਸਮਝਿਆ ਜਾ ਸਕਦਾ ਹੈ ਤੇ ਪ੍ਰਮਾਤਮਾ ਦੀ ਇਸ ਲਿਖਤ ਨੂੰ ਜਿਸ ਲਿਖਤ ਨੂੰ ਉਹ ਆਪਣੇ ਗਿਆਨ ਦੁਆਰਾ ਲਿਖਦਾ ਹੈ ਕੋਈ ਵਿਰਲਾ ਹੀ ਸਮਝ ਸਕਦਾ ਹੈ ਭਾਵ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਸਮਝ ਸਕਦਾ ਹੈ ਭਾਵ ਉਸਦਾ ਪੰਚ ਬਣਨ ਦੁਆਰਾ ਹੀ ਸਮਝ ਸਕਦਾ ਹੈ। ਉਸਦਾ ਲੇਖਾ ਲਿਖਿਆ ਹੋਇਆ ਕਿਹੋ ਜਿਹਾ ਹੁੰਦਾ ਹੈ ਭਾਵ ਕਿਸ ਰੂਪ ਵਿੱਚ ਹੁੰਦਾ ਹੈ ਇਹ ਕੋਈ ਵਿਰਲਾ ਹੀ ਸਮਝ ਸਕਦਾ ਹੈ ਭਾਵ ਉਹੀ ਸਮਝ ਸਕਦਾ ਹੈ ਜਿਸਨੂੰ ਪ੍ਰਮਾਤਮਾ ਦੇ ਨਾਮ ਦੀ ਸਮਝ ਪੈ ਜਾਂਦੀ ਹੈ, ਉਸਦੇ ਬ੍ਰਹਮ ਗਿਆਨ ਦੀ ਸਮਝ ਪੈ ਜਾਂਦੀ ਹੈ ਜੋ ਸਮਝ ਮਨ ਦੇ ਵਿੱਚ ਨਾਮ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਭਾਵ ਆਪਣਾ ਪੰਚ ਬਣਾ ਕੇ ਕਿਸੇ ਨੂੰ ਆਪ ਹੀ ਪਾਉਂਦਾ ਹੈ ਕਿ ਉਹ ਕਿਤਨਾ ਕੂ ਵੱਡਾ ਹੈ ਤੇ ਕਿਸ ਤਰੀਕੇ ਵੱਡਾ ਹੈ। **(ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ ॥) {ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥}** ਅੰਗ ੭੪

ਪ੍ਰਮਾਤਮਾ ਆਪਣਾ ਸਭਦੇ ਅੰਦਰ ਲੇਖਾ ਕਿਸ ਤਰੀਕੇ ਲਿਖਦਾ ਹੈ ਤੇ ਉਸਦਾ ਲਿਖਿਆ ਹੋਇਆ ਲੇਖਾ ਕਿਤਨਾ ਕੂ ਵੱਡਾ ਹੁੰਦਾ ਹੈ ਇਸ ਗੱਲ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਤਾਕਤ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਕਿਸ ਤਰੀਕੇ ਵਰਤਦਾ ਹੈ ਇਸ ਗੱਲ ਨੂੰ ਵੀ ਨਹੀਂ ਜਾਣਿਆ ਜਾ ਸਕਦਾ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥”

ਪ੍ਰਮਾਤਮਾ ਕਿਤਨੀ ਕੁ ਵੱਡੀ ਤਾਕਤ ਦਾ ਮਾਲਕ ਹੈ ਭਾਵ ਬਹੁਤ ਵੱਡੀ

48/6471

ਤਾਕਤ ਵਾਲਾ ਹੈ ਇਹ ਗੱਲ ਹਰ ਕੋਈ ਕਹਿ ਤਾਂ ਦਿੰਦਾ ਹੈ ਪਰ ਉਸਦੀ ਤਾਕਤ ਕੀ ਹੈ ਤੇ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦੀ ਤਾਕਤ ਨੂੰ ਪਹਿਚਾਣ ਲੈਂਦਾ ਹੈ, ਉਸਦੇ ਲਿਖੇ ਹੋਏ ਲੇਖਾਂ ਨੂੰ ਆਪਣੇ ਅੰਦਰੋਂ ਪੜ ਲੈਂਦਾ ਹੈ ਜੋ ਉਸਦੇ ਲੇਖ ਸਾਡੇ ਸਭ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਲਿਖੇ ਜਾ ਰਹੇ ਹਨ। ਆਪਣੇ ਅੰਦਰੋਂ ਮਨ ਦੇ ਲੇਖ ਪੜੇ ਬਿਨਾਂ ਹਰ ਕੋਈ ਆਪਣੇ ਮਨ ਦੀ ਸਮਝ ਨੂੰ ਆਪਣੀ ਸਮਝ ਕਰਕੇ ਹੀ ਜਾਣਦਾ ਹੈ ਕਿ ਇਹ ਸਮਝ ਮੇਰੀ ਹੈ, ਇਹ ਸਰੀਰ ਮੇਰਾ ਹੈ। ਜਦ ਤਕ ਮਨੁੱਖ ਨੂੰ ਆਪਣੇ ਆਪ ਦੀ ਸਮਝ ਨਹੀਂ ਪੈਂਦੀ ਕਿ ਮੇਰੀ ਅਸਲੀਅਤ ਕੀ ਹੈ ਤਦ ਤਕ ਪ੍ਰਮਾਤਮਾ ਦੀ ਤਾਕਤ ਨੂੰ ਨਹੀਂ ਜਾਣਿਆ ਜਾ ਸਕਦਾ ਕਿ ਸਭ ਵਿੱਚ ਪ੍ਰਮਾਤਮਾ ਦੀ ਤਾਕਤ ਕਿਸ ਰੂਪ ਵਿੱਚ ਵਰਤ ਰਹੀ ਹੈ ਜਿਸ ਆਪਣੀ ਤਾਕਤ ਦੇ ਨਾਲ ਪ੍ਰਮਾਤਮਾ ਨੇ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਆਪਣੀ ਉਸੇ ਤਾਕਤ ਦੇ ਨਾਲ ਉਹ ਹਰ ਆਕਾਰ ਰੂਪ ਨੂੰ ਚੱਲਾ ਰਿਹਾ ਹੈ। ਪ੍ਰਮਾਤਮਾ ਦੀ ਤਾਕਤ ਉਸਦਾ ਬਹੁਤ ਹੀ ਉੱਚਾ ਗਿਆਨ ਹੈ ਤੇ ਉਹ ਆਪ ਹੀ ਗਿਆਨ ਦਾ ਮਾਲਕ ਹੈ। ਆਪਣੇ ਮਨ ਦੇ ਅੰਦਰੋਂ ਉਸ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਜਾਣੇ ਬਿਨਾਂ ਉਸਦੀ ਤਾਕਤ ਕਿਸ ਰੂਪ ਵਿੱਚ ਹੈ ਇਸ ਦਾ ਅੰਦਾਜਾ ਕੋਈ ਨਹੀਂ ਲਗਾ ਸਕਦਾ। ਪ੍ਰਮਾਤਮਾ ਦੀ ਤਾਕਤ ਉਸਦਾ ਨਾਮ ਹੈ ਭਾਵ ਉਸਦਾ ਬ੍ਰਹਮ ਗਿਆਨ ਹੈ ਜਿਸ ਨਾਮ ਦੁਆਰਾ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੋਈ ਹੈ ਜਿਸ ਲਈ ਹਰ ਆਕਾਰ ਰੂਪ ਦਾ ਉਹ ਆਪ ਹੀ ਇੱਕੋ ਇੱਕ ਮਾਲਕ ਹੈ। ਉਸਦਾ ਹਰ ਆਕਾਰ ਰੂਪ ਬਹੁਤ ਹੀ ਸੁੰਦਰ ਰੂਪ ਹੈ। ਪ੍ਰਮਾਤਮਾ ਦੀ ਸਾਰੀ ਰਚਨਾ ਬਹੁਤ ਹੀ ਸੁੰਦਰ ਰੂਪ ਹੈ। ਜਿਸ ਪਾਸੇ ਵੀ ਵੇਖੋ, ਜਿਸ ਜਗ੍ਹਾ ਵੀ ਦੇਖੋ ਪ੍ਰਮਾਤਮਾ ਦੀ ਰਚਨਾ ਕਿਤਨੀ ਕੁ ਸੁੰਦਰ ਹੈ ਭਾਵ ਕਿਤਨਾ ਕੁ ਮਨ ਨੂੰ ਮੋਹਂਦੀ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਹਰ ਜੀਵ ਜੰਤੂ ਪ੍ਰਮਾਤਮਾ ਦਾ ਆਪਣਾ ਹੀ ਇੱਕੋ ਇੱਕ ਉਸਦਾ ਸੁੰਦਰ ਰੂਪ ਹੈ। ਸਾਰੀ ਬਨਸਪਤੀ, ਸਾਰੇ ਪਹਾੜ ਜੋ ਕੁਝ ਵੀ ਅਸੀਂ ਵੇਖਦੇ ਹਾਂ ਸਭ ਪ੍ਰਮਾਤਮਾ ਦਾ ਹੀ ਰੂਪ ਹੈ। ਚੰਦਰਮਾ, ਤਾਰੇ, ਸੂਰਜ, ਖੰਡ, ਬ੍ਰਹਮੰਡ, ਆਕਾਸ਼, ਪਾਤਾਲ ਸਭ ਪ੍ਰਮਾਤਮਾ ਦਾ ਹੀ ਸੁੰਦਰ ਰੂਪ ਹੈ। ਹਰ ਆਕਾਰ ਰੂਪ ਦੀ ਰਚਨਾ ਪ੍ਰਮਾਤਮਾ ਦੀ ਬਖਸ਼ੀ ਹੋਈ ਦਾਤਿ ਹੀ ਹੈ ਜਿਨ੍ਹਾਂ ਦਾਤਾਂ ਦਾ ਅੰਦਾਜਾ ਵੀ ਨਹੀਂ ਲਗਾਇਆ ਜਾ ਸਕਦਾ। ਮਨੁੱਖ ਮਨ ਦੀ ਨਾਸਮਝੀ ਕਰਕੇ ਜਿਸ ਦਾਤਿ ਦਾ ਆਪ ਮਾਲਕ ਬਣ ਜਾਂਦਾ ਹੈ ਉਸਨੂੰ ਫਿਰ ਆਪਣੀ ਦਾਤਿ ਸਮਝਦਾ ਹੈ, ਉਹ ਮਾਇਆ ਨੂੰ, ਜਮੀਨ ਜਾਇਦਾਦ ਨੂੰ, ਆਪਣੇ ਪਰਿਵਾਰ ਨੂੰ ਆਪ ਮਾਲਕ ਸਮਝਦਾ ਹੈ ਭਾਵ ਪ੍ਰਮਾਤਮਾ ਦੀ ਬਖਸ਼ੀ ਹੋਈ ਦਾਤਿ ਨੂੰ ਜਿਸ ਹਰ ਦਾਤਿ ਦਾ ਮਾਲਕ ਪ੍ਰਮਾਤਮਾ ਆਪ ਹੈ ਜਿਸਦੇ ਬਖਸ਼ੇ ਹੋਏ ਗਿਆਨ ਨਾਲ ਮਨੁੱਖ ਸਭ ਕੁਝ ਕਰਦਾ ਹੈ, ਅਨੇਕਾਂ ਦਾਤਾਂ ਬਣਾਉਂਦਾ ਹੈ, ਉਹਨਾਂ ਨੂੰ ਆਪਣੀਆਂ ਦਾਤਾਂ ਸਮਝਦਾ ਹੈ। ਹਰ ਦਾਤਿ ਨੂੰ ਬਨਾਉਂਣ ਦੇ ਪਿੱਛੇ ਗਿਆਨ ਇੱਕੋ ਇੱਕ ਪ੍ਰਮਾਤਮਾ ਦਾ ਹੀ ਵਰਤਦਾ ਹੈ।

48/6472

ਸਾਡਾ ਸਰੀਰ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ, ਉਸਦਾ ਸੁੰਦਰ ਰੂਪ ਹੈ। ਜਿਸ ਆਪਣੇ ਸਰੀਰ ਦੀ ਸੁੰਦਰਤਾ ਤੇ ਅਸੀਂ ਮਾਣ ਕਰਦੇ ਹਾਂ ਕਿ ਇਹ ਸਰੀਰ ਮੇਰਾ ਹੈ। ਆਪਣੇ ਸਰੀਰ ਨਾਲ ਅਸੀਂ ਅਨੇਕਾਂ ਸੁੱਖ ਭੋਗਦੇ ਹਾਂ ਜਿਨ੍ਹਾਂ ਨੂੰ ਅਸੀਂ ਆਪਣੇ ਸੁੱਖ ਸਮਝਦੇ ਹਾਂ ਜੋ ਕਿ ਸਾਡਾ ਭਰਮ ਹੈ। ਸੰਸਾਰ ਵਿੱਚ ਮਨੁੱਖ ਜੋ ਵੀ ਦਾਤਾਂ ਦਾ ਸੁੱਖ ਭੋਗਦਾ ਹੈ ਉਹ ਸੁੱਖ ਦੇਣ ਵਾਲਾ ਭਾਵ ਹਰ ਦਾਤਿ ਦੇਣ ਵਾਲਾ ਪ੍ਰਮਾਤਮਾ ਦਾ ਉੱਚਾ ਗਿਆਨ ਹੈ ਜਿਸ ਗਿਆਨ ਦੇ ਮਾਲਕ ਨੂੰ ਜਾਣੇ ਬਿਨਾਂ ਅਸੀਂ ਦਾਤਾਂ ਦੇ ਮਾਲਕ ਨੂੰ ਨਹੀਂ ਜਾਣ ਸਕਦੇ। ਪ੍ਰਮਾਤਮਾ ਦੀਆਂ ਦਾਤਾਂ ਦਾ ਕੋਈ ਅੰਤ ਹੀ ਨਹੀਂ ਹੈ ਜਿਸ ਕਰਕੇ ਮਨੁੱਖ ਨੂੰ ਉਪਰ ਪੰਗਤੀਆਂ ਰਾਹੀਂ **"ਕੂਤੁ"** ਕਿਹਾ ਹੈ ਤੇ ਉਹ ਦਾਤਾਂ ਨੂੰ ਭੋਗਦਾ ਹੈ ਪਰ ਦਾਤਾਂ ਦੇ ਮਾਲਕ ਨੂੰ ਨਹੀਂ ਸਮਝਦਾ। ਸਾਨੂੰ **"ਕੂਤੁ"** ਭਾਵ ਇੱਕ ਪਸ਼ੂ ਦੀ ਤਰ੍ਹਾਂ ਮਨ ਦੀ ਨਾਮਸਝੀ ਕਰਕੇ ਕਿਹਾ ਹੈ। **(ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥)**

ਪ੍ਰਮਾਤਮਾ ਨੇ ਆਪਣਾ ਆਕਾਰ ਰੂਪ ਆਪਣੇ ਕਿਸ ਤਾਣ ਦੁਆਰਾ ਭਾਵ ਤਾਕਤ ਦੁਆਰਾ ਕੀਤਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥"

ਪ੍ਰਮਾਤਮਾ ਦੀ ਤਾਕਤ ਉਸਦੇ **"ਏਕੋ ਕਵਾਉ"** ਦੁਆਰਾ ਹੀ ਪ੍ਰਗਟ ਹੋਈ ਹੈ ਭਾਵ ਪ੍ਰਮਾਤਮਾ ਦੇ ਇੱਕੋ ਬੋਲ ਦੁਆਰਾ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਪ੍ਰਮਾਤਮਾ ਦਾ ਇਹ ਇੱਕੋ ਬੋਲ ਕੀ ਹੈ ਇਸੇ ਨੂੰ ਹੀ ਸਮਝਣ ਦੀ ਲੋੜ ਹੈ। ਅਸੀਂ ਪਿੱਛੇ ਸ਼ਬਦਾਂ ਦੁਆਰਾ

ਸਮਝਿਆ ਹੈ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਕੀਤੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥
ਸਗਲ ਪਰੋਈ ਅਪੁਨੈ ਸੂਤਿ ॥ ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥ ਊਚ ਨੀਚ ਤਿਸ ਕੇ ਅਸਥਾਨ ॥
ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥ ਨਾਨਾ ਰੂਪ ਨਾਨਾ ਜਾ ਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥
ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ ਏਕੰਕਾਰੁ ॥ ਨਾਨਾ ਚਲਿਤ ਕਰੇ ਖਿਨ ਮਾਹਿ ॥
ਪੂਰਿ ਰਹਿਓ ਪੂਰਨੁ ਸਭ ਠਾਇ ॥ ਨਾਨਾ ਬਿਧਿ ਕਰਿ ਬਨਤ ਬਨਾਈ ॥ ਅਪਨੀ ਕੀਮਤਿ ਆਪੇ ਪਾਈ ॥
ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥
ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੯੪)

ਉਪਰ ਸ਼ਬਦ ਰਾਹੀਂ ਇਹ ਸਪਸ਼ਟ ਹੈ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਨਾਮ ਦੇ ਨਾਲ ਹੋਈ ਹੈ ਤੇ ਆਪਣੇ ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਸਭਦੇ ਅੰਦਰ ਸਮਾਇਆ ਹੋਇਆ ਹੈ। ਉਪਰ ਮੁੱਖ ਸ਼ਬਦ ਦੀ ਪੰਗਤੀ ਰਾਹੀਂ

48/6473

ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਾਰਾ ਪਸਾਰਾ ਪ੍ਰਮਾਤਮਾ ਦੇ ਆਪਣੇ ਇੱਕੋ ਬੋਲ ਦੁਆਰਾ ਕੀਤਾ ਹੈ। ਨਾਮ ਦੀ ਸਮਝ ਆਏ ਬਿਨਾਂ ਸਾਨੂੰ ਪ੍ਰਮਾਤਮਾ ਦਾ ਬੋਲ ਕੀ ਹੈ ਇਹ ਸਮਝ ਨਹੀਂ ਆ ਸਕਦਾ। ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਵਰਤਦਾ ਹੈ ਜਿਸਦਾ ਕੋਈ ਆਕਾਰ ਰੂਪ ਨਹੀਂ ਹੈ। ਸਾਰੀ ਸ੍ਰਿਸ਼ਟੀ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਕੀਤੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥ ਗੁਰ ਸੇਵਾ ਤੇ ਕਰਣੀ ਸਾਰ ॥
ਰਾਮ ਨਾਮੁ ਰਾਖਹੁ ਉਰਿ ਧਾਰ ॥ ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥}

(ਅੰਗ ੧੦੬੬)

ਪ੍ਰਮਾਤਮਾ ਦਾ ਨਿਰੰਕਾਰ ਰੂਪ ਉਸਦਾ ਨਾਮ ਰੂਪ ਹੀ ਹੈ ਭਾਵ ਉਸਦਾ ਬ੍ਰਹਮ ਗਿਆਨ ਰੂਪ ਹੀ ਹੈ ਤੇ ਪ੍ਰਮਾਤਮਾ ਆਪਣੇ ਇਸ ਬ੍ਰਹਮ ਗਿਆਨ ਰੂਪ ਦੁਆਰਾ ਹੀ ਵਿਚਰਦਾ ਹੈ ਉਸਦੇ ਜਿਸ ਰੂਪ ਦਾ ਕੋਈ ਆਕਾਰ ਰੂਪ ਨਹੀਂ ਹੁੰਦਾ। ਨਿਰੰਕਾਰ ਰੂਪ ਦੇ ਬੋਲ ਉਸਦਾ ਗਿਆਨ ਹੀ ਹੁੰਦਾ ਹੈ। ਗਿਆਨ ਦਾ ਮਾਲਕ ਜੋ ਕੁਝ ਵੀ ਬੋਲਦਾ ਹੈ ਉਹ ਆਪਣੇ ਗਿਆਨ ਰਾਹੀਂ ਹੀ ਬੋਲਦਾ ਹੈ। ਸਾਡੇ ਮਨ ਦੇ ਅੰਦਰ ਵੀ ਪ੍ਰਮਾਤਮਾ ਆਪ ਹੀ ਬੋਲਦਾ ਹੈ ਜੋ ਕਿ ਉਹ ਆਪਣੇ ਗਿਆਨ ਰੂਪ ਵਿੱਚ ਹੀ ਬੋਲਦਾ ਹੈ ਤੇ ਜੋ ਕੁਝ ਮਨੁੱਖ ਕਰਦਾ ਹੈ ਉਹ ਉਹੀ

ਕੁਝ ਕਰਦਾ ਹੈ ਜੋ ਕੁਝ ਮਨ ਦੇ ਅੰਦਰ ਪ੍ਰਮਾਤਮਾ ਮਨ ਦੇ ਵਿੱਚ ਆਪਣੇ ਬੋਲ ਬੋਲਣ ਦੁਆਰਾ ਮਨੁੱਖ ਨੂੰ ਸਮਝ ਪਾਉਂਦਾ ਹੈ ਭਾਵ ਕਿਸੇ ਨੂੰ ਕਿਸੇ ਗੱਲ ਦੀ ਸਮਝ ਪਾਉਂਣੀ ਹੀ ਉਸਦੇ ਲਈ ਉਹ ਪ੍ਰਮਾਤਮਾ ਦੇ ਬੋਲ ਹੀ ਹਨ ਜੋ ਹਰ ਗਿਆਨ ਦਾ ਇੱਕੋ ਇੱਕ ਮਾਲਕ ਆਪ ਹੀ ਹੈ। **{ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥ ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥}** ਅੰਗ ੧੧੬੨ **{ਹਰਿ ਏਕੋ ਬੋਲੈ ਹਰਿ ਏਕੁ ਬੁਲਾਏ ਗੁਰਿ ਪੂਰੈ ਹਰਿ ਏਕੁ ਦਿਖਈਐ ॥੨॥}** ਅੰਗ ੯੬੧ **{ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥}** ਅੰਗ ੯੮੯ **{ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥ ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥੨੮॥}** ਅੰਗ ੩੨੯ **{ਕਰਣ ਕਾਰਣ ਸਮਰਥੁ ਹੈ ਘਟਿ ਘਟਿ ਸਭ ਬੋਲੈ ॥ ਰਿਜਕੁ ਸਮਾਹੇ ਸਭਸੈ ਕਿਆ ਮਾਣਸੁ ਡੋਲੈ ॥ ਗਹਿਰ ਗਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੈ ॥ ਸੋਈ ਕੰਮੁ ਕਮਾਵਣਾ ਕੀਆ ਧੁਰਿ ਮਉਲੈ ॥ ਤੁਧਹੁ ਬਾਹਰਿ ਕਿਛੁ ਨਹੀ ਨਾਨਕੁ ਗੁਣ ਬੋਲੈ ॥੨੩॥੧॥੨॥}** ਅੰਗ ੧੧੦੨ **{ਏਕੋ ਕਰਤਾ ਆਪੇ ਆਪ ॥ ਹਰਿ ਕੇ ਭਗਤ ਜਾਣਹਿ ਪਰਤਾਪ ॥ ਨਾਵੈ ਕੀ ਪੈਜ ਰਖਦਾ ਆਇਆ ॥ ਨਾਨਕੁ ਬੋਲੈ ਤਿਸ ਕਾ ਬੋਲਾਇਆ ॥੪॥੩॥੨੧॥}** ਅੰਗ ੧੨੭੧ ਉੱਚਾ ਗਿਆਨ ਰੂਪ ਹੀ ਉਸਦਾ ਨਾਮ ਰੂਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੈ। ਹਰ ਆਕਾਰ ਰੂਪ ਦੀ ਰਚਨਾ ਉੱਚੇ ਗਿਆਨ ਦੇ ਨਾਲ ਹੀ ਹੋਈ ਹੈ ਭਾਵ ਸਾਇੰਟਿਫਿਕ ਗਿਆਨ ਦੇ ਨਾਲ ਹੀ ਹੋਈ ਹੈ। ਸੰਸਾਰ ਵਿੱਚ ਜੋ ਵੀ ਸਾਇੰਟਿਫਿਕ ਸਮਝ ਹੈ ਉਹ ਪ੍ਰਮਾਤਮਾ ਦੇ ਬੋਲ ਹੀ ਹਨ ਭਾਵ ਹਰ ਆਕਾਰ ਰੂਪ ਦੀ ਰਚਨਾ ਵਿੱਚ ਇੱਕੋ ਇੱਕ ਜੋ ਪ੍ਰਮਾਤਮਾ ਦਾ ਬੋਲ ਹੈ ਉਹ ਪ੍ਰਮਾਤਮਾ ਦਾ ਨਾਮ ਹੀ ਹੈ ਭਾਵ ਉਸਨੇ ਆਪਣੇ ਇੱਕੋ ਨਾਮ ਦੇ ਬੋਲ ਦੁਆਰਾ ਸਾਰੇ ਪਸਾਰੇ ਦੀ ਰਚਨਾ ਕੀਤੀ ਹੈ। **(ਕੀਤਾ ਪਸਾਉ ਏਕੋ ਕਵਾਉ ॥)**

ਪ੍ਰਮਾਤਮਾ ਨੇ ਸ੍ਰਿਸ਼ਟੀ ਦਾ ਪਸਾਰਾ ਉਸ ਤਰੀਕੇ ਕੀਤਾ ਹੈ ਜਿਸ ਤਰੀਕੇ

48/6474

ਸ੍ਰਿਸ਼ਟੀ ਤੇ ਜੀਵਨ ਚਲਾਉਣ ਵਿੱਚ ਉਹਨਾਂ ਦੀ ਹਰ ਜਰੂਰਤ ਦੀ ਪੂਰਤੀ ਹੋ ਸਕੇ ਜਿਨ੍ਹਾਂ ਵਿੱਚ ਪਾਣੀ ਦੀ ਜਰੂਰਤ ਸਭ ਲਈ ਬਹੁਤ ਵੱਡੀ ਜਰੂਰਤ ਹੈ। ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਭਾਵ ਆਪਣੇ ਗਿਆਨ ਦੁਆਰਾ ਹੀ ਅਨੇਕਾਂ ਹੀ ਦਰਿਆ ਬਣਾਏ ਹਨ ਤੇ ਉਹਨਾਂ ਦਰਿਆਵਾਂ ਵਿੱਚ ਪਾਣੀ ਚਲਾਉਂਣ ਦਾ ਸਾਧਨ ਵੀ ਆਪ ਹੀ ਬਣਾਇਆ ਹੋਇਆ ਹੈ। ਦਰਿਆਵਾਂ ਨੂੰ ਪਾਣੀ ਦੇ ਨਾਲ ਕਿਸ ਤਰੀਕੇ ਭਰਨਾ ਹੈ ਤੇ ਉਹਨਾਂ ਨੂੰ ਕਿਸ ਪਾਸੇ ਚਲਾਉਣਾ ਹੈ ਇਸਨੂੰ ਪ੍ਰਮਾਤਮਾ ਨੇ ਆਪਣੇ ਉੱਚੇ ਗਿਆਨ ਦੁਆਰਾ ਪਹਾੜ ਵੀ ਬਣਾਏ ਹਨ ਤੇ ਦਰਿਆਵਾਂ ਨੂੰ ਭਰਨ ਲਈ ਬਰਸਾਤ ਕਰਨ ਦਾ ਤਰੀਕਾ ਵੀ ਆਪ ਹੀ ਬਣਾਇਆ ਹੋਇਆ ਹੈ ਤਾਂ ਜੋ ਦਰਿਆ ਚੱਲਦੇ ਰਹਿਣ ਤੇ ਸਭ ਤਕ ਪਾਣੀ ਪਹੁੰਚਾਉਂਦੇ ਰਹਿਣ ਜਿਸ ਪਾਣੀ ਦੀ ਲੋੜ ਧਰਤੀ ਉੱਤੇ ਅੰਨ ਉਗਾਉਂਣ ਦੇ ਲਈ ਬਹੁਤ ਜਰੂਰੀ ਹੈ ਤਾਂ ਜੋ ਸਾਰੀ ਸ੍ਰਿਸ਼ਟੀ ਤੇ ਅੰਨ ਦੀ ਉਪਜ ਦੁਆਰਾ ਜੀਵਨ ਚੱਲ ਸਕੇ। ਇਸੇ ਤਰ੍ਹਾਂ ਪ੍ਰਮਾਤਮਾ ਨੇ ਜੋ ਵੀ ਆਕਾਰ ਰੂਪ ਬਣਾਏ ਹੋਏ ਹਨ ਉਹ ਸੰਸਾਰਿਕ ਜਰੂਰਤਾਂ ਦੀ ਪੂਰਤੀ ਲਈ ਹੀ ਬਣਾਏ ਹੋਏ ਹਨ। ਹਰ ਆਕਾਰ ਰੂਪ ਦੇ ਅੰਦਰ ਜਿਹੋ ਜਿਹਾ ਗਿਆਨ ਪਾਇਆ ਹੋਇਆ ਹੈ ਉਹ ਆਕਾਰ ਰੂਪ ਉਸੇ ਤਰੀਕੇ ਹੀ ਕੰਮ ਕਰਦਾ ਹੈ ਭਾਵ ਪ੍ਰਮਾਤਮਾ ਨੇ ਇਤਨੇ ਵੱਡੇ ਸੰਸਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਾਧਨ ਵੀ ਉਸੇ ਅਨੁਸਾਰ ਹੀ ਬਣਾਏ ਹੋਏ ਹਨ। **(ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥)** ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਹੀ ਸਦਾ ਤੋਂ ਵਰਤ ਰਿਹਾ ਹੈ ਜਿਸ ਨਿਰੰਕਾਰ ਨੂੰ ਜਾਣੇ ਬਿਨਾਂ ਨਾ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਪ੍ਰਮਾਤਮਾ ਦੀ ਕੁਦਰਤਿ ਨੂੰ ਸਮਝਿਆ ਜਾ ਸਕਦਾ ਹੈ।

“ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥”

(ਅੰਗ ੩)

ਉਪਰ ਵਾਲੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਅਕਾਲ ਪੁਰਖ ਦੀ ਕੁਦਰਤਿ ਨੂੰ ਜਾਨਣ ਦਾ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੀ ਹੈ ਜਿਸ ਦੁਆਰਾ ਅਸੀਂ ਇਹ ਸਮਝ ਸਕੀਏ ਕਿ ਸਭ ਕੁਝ ਪ੍ਰਮਾਤਮਾ ਆਪਣੀ ਕੁਦਰਤਿ ਦੇ ਰੂਪ ਵਿੱਚ ਆਪ ਹੀ ਹੈ। ਕੁਦਰਤਿ ਨੂੰ ਜਾਨਣ ਦਾ ਤਰੀਕਾ ਸਾਡੇ ਮਨ ਦੀ ਸਮਝ ਹੈ ਭਾਵ ਮਨ ਦੇ ਅੰਦਰ ਦੀ ਵੀਚਾਰ ਜੋ ਕੁਝ ਮਨੁੱਖ ਸਮਝਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਸਮਝਦਾ ਹੈ। ਪ੍ਰਮਾਤਮਾ ਨੂੰ ਜਾਨਣ ਜਾਂ ਨਾ ਜਾਨਣ ਦਾ ਭੇਦ ਸਾਡੇ ਮਨ ਦੀ ਸਮਝ ਵਿੱਚ ਹੀ ਹੈ।

ਜੇਕਰ ਸਾਡੇ ਮਨ ਦੇ ਵਿਚਾਰ ਜੋ ਸਾਡੇ ਅੰਦਰ ਹਰ ਵੇਲੇ ਉਪੱਜਦੇ ਰਹਿੰਦੇ ਹਨ ਜੋ ਸਾਡੇ ਵੱਸ ਹੋਣ ਤਾਂ ਅਸੀਂ ਮਨ ਦੇ ਵਿਚਾਰਾਂ ਰਾਹੀਂ ਕੁਝ

48/6475

ਵੀ ਜਾਣ ਸਕਦੇ ਹਾਂ ਤੇ ਇਹ ਵੀ ਜਾਣ ਸਕਦੇ ਹਾਂ ਕਿ ਕੁਦਰਤਿ ਕੀ ਹੈ, ਇਸ ਕੁਦਰਤਿ ਦੀ ਰਚਨਾ ਕਿਵੇਂ ਹੋਈ ਹੈ, ਕਿਸਨੇ ਕੀਤੀ ਹੈ ਤੇ ਕਿਸ ਤਰੀਕੇ ਕੀਤੀ ਹੈ ਭਾਵ ਅਸੀਂ ਪ੍ਰਮਾਤਮਾ ਨੂੰ ਤਾਂ ਹੀ ਜਾਣ ਸਕਦੇ ਹਾਂ ਜੇਕਰ ਮਨ ਦੇ ਵਿਚਾਰ ਸਾਡੇ ਵੱਸ ਹੋਣ। ਉਪਰ ਪੰਗਤੀ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਉਹ ਵਿਚਾਰ ਕਿਸੇ ਦੇ ਕੋਲ ਨਹੀਂ ਹਨ ਜਿਸ ਦੁਆਰਾ ਕੋਈ ਇਸ ਗੱਲ ਨੂੰ ਜਾਣ ਸਕੇ ਕਿ ਇਸ ਕੁਦਰਤਿ ਦੇ ਵਿੱਚ ਕੌਣ ਹੈ, ਇਸ ਕੁਦਰਤਿ ਦੀ ਰਚਨਾ ਕਿਵੇਂ ਹੋਈ ਹੈ। **(ਕੁਦਰਤਿ ਕਵਣ ਕਹਾ ਵੀਚਾਰੁ॥)** ਇਸੇ ਲਈ ਨਾਲ ਹੀ ਅਗਲੀ ਪੰਗਤੀ ਰਾਹੀਂ ਧੰਨ ਧੰਨ ਬਾਬਾ ਨਾਨਕ ਦੇਵ ਜੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੈਂ ਉਸ ਅਕਾਲ ਪੁਰਖ ਤੋਂ ਭਾਵ ਕੁਦਰਤਿ ਦੇ ਰਚਨ ਵਾਲੇ ਤੋਂ ਇੱਕ ਵਾਰ ਵੀ ਨਹੀਂ ਵਾਰਿਆ ਜਾ ਸਕਦਾ ਜਿਸਨੇ ਮੈਨੂੰ ਉਹ ਵੀਚਾਰ ਦਿੱਤੀ ਹੈ ਜਿਸ ਵੀਚਾਰ ਰਾਹੀਂ ਭਾਵ ਮਨ ਦੀ ਸਮਝ ਰਾਹੀਂ ਕੁਦਰਤਿ ਦੇ ਰਚਨਹਾਰ ਨੂੰ ਜਾਣਿਆ ਹੈ ਭਾਵ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਅਕਾਲ ਪੁਰਖ ਨੂੰ ਜਾਣਿਆ ਹੈ। **(ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥)** ਜਿਸਨੂੰ ਪ੍ਰਮਾਤਮਾ ਮਨ ਦੇ ਅੰਦਰ ਆਪਣਾ ਰੂਪ ਦਿਖਾ ਦਿੰਦਾ ਹੈ ਉਹੀ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਸਮਝ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਿਆ ਹੈ ਤੇ ਹਰ ਆਕਾਰ ਰੂਪ ਨੂੰ ਰੱਚਣ ਵਾਲਾ ਨਿਰੰਕਾਰ ਰੂਪ, ਹਰ ਆਕਾਰ ਰੂਪ ਵਿੱਚ ਆਪਣਾ ਨਿਰੰਕਾਰ ਰੂਪ ਗਿਆਨ ਪਾਉਂਣ ਵਾਲਾ, ਉਸਨੂੰ ਚਲਾਉਣ ਵਾਲਾ ਉਹ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਸਦਾ ਤੋਂ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਸਲਾਮਤਿ ਹੈ, ਕਾਇਮ ਹੈ ਜੋ ਉਸਦਾ ਨਿਰੰਕਾਰ ਰੂਪ ਨਾ ਕਦੇ ਬਦਲਿਆ ਹੈ, ਨਾ ਕਦੇ ਬਦਲ ਸਕਦਾ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ। ਪੂਰੀ ਸਾਇੰਸ ਦੇ ਵਿੱਚ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਹੈ ਭਾਵ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। ਸਾਇੰਸ ਨੂੰ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਲੇਕਿਨ ਮਨ ਦੇ ਗਿਆਨ ਦੁਆਰਾ ਸਮਝਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਕੇਵਲ ਤੇ ਕੇਵਲ ਮਨ ਦੀ ਸਮਝ ਦੁਆਰਾ ਜਾਣਿਆ ਜਾ ਸਕਦਾ ਹੈ ਭਾਵ ਉਸ ਨਿਰੰਕਾਰ ਰੂਪ ਦੇ ਦਰਸ਼ਨ ਕੇਵਲ ਮਨ ਦੀਆਂ ਅੱਖਾਂ ਦੁਆਰਾ ਹੀ ਕੀਤੇ ਜਾ ਸਕਦੇ ਹਨ ਤੇ ਉਸਦੇ ਨਿਰੰਕਾਰ ਰੂਪ ਨੂੰ ਮਨ ਦੀ ਸਮਝ ਦੇ ਅੰਦਰ ਜਾਨਣ ਦੁਆਰਾ ਹੀ ਪ੍ਰਮਾਤਮਾ ਦੇ ਬਣਾਏ ਹੋਏ ਆਕਾਰ ਰੂਪ ਨੂੰ ਸਮਝਿਆ ਜਾ ਸਕਦਾ ਹੈ ਤੇ ਮਨੁੱਖ ਨੂੰ ਤਾਂ ਹੀ ਇਸ ਗੱਲ ਤੇ ਵਿਸ਼ਵਾਸ ਆ ਸਕਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਸਭ ਦੇ ਅੰਦਰ, ਹਰ ਆਕਾਰ ਰੂਪ ਦੇ ਅੰਦਰ ਆਪਣੇ ਨਿਰੰਕਾਰ ਰੂਪ ਦੁਆਰਾ ਵਰਤ ਰਿਹਾ ਹੈ ਭਾਵ ਆਪਣੇ ਉੱਚੇ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ, ਆਪਣੇ ਨਾਮ ਦੇ ਰੂਪ ਵਿੱਚ ਵਰਤ

48/6476

ਰਿਹਾ ਹੈ, ਆਪਣੀ ਉੱਚੀ ਸਾਇੰਸ ਦੇ ਰੂਪ ਵਿੱਚ ਵਰਤ ਰਿਹਾ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਉਸਦਾ ਜੋਤਿ ਰੂਪ ਹੈ ਜਿਸ ਜੋਤਿ ਦਾ ਮਕਸਦ ਸਭ ਦੇ ਅੰਦਰ ਗਿਆਨ ਪਾਉਂਣ ਦੇ ਨਾਲ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਵਾਰ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣ ਲੈਂਦਾ ਹੈ ਉਸਨੂੰ ਫਿਰ ਮਨ ਦੇ ਅੰਦਰ ਆਪਣੀ ਸੱਚੀ ਭਗਤੀ ਦਾ ਮਾਰਗ, ਆਪਣਾ ਨਾਮ ਜਪਣ ਦਾ ਮਾਰਗ ਆਪ ਹੀ ਸਮਝਾਉਂਦਾ ਹੈ। ਜਿਹੋ ਜਿਹੀ ਭਗਤੀ ਦਾ ਮਾਰਗ ਪ੍ਰਮਾਤਮਾ ਨੂੰ ਭਾਉਂਦਾ ਹੈ ਉਹ ਫਿਰ ਮਨੁੱਖ ਕੋਲੋਂ ਭਲੀ ਕਾਰ ਹੀ ਕਰਵਾਉਂਦਾ ਹੈ ਕਿਉਂਕਿ ਭਲੀ ਕਾਰ ਕਰਨਾ ਹੀ ਭਾਵ ਚੰਗੇ ਕਰਮ ਕਰਨਾ ਹੀ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਹੈ, ਉਸਦਾ ਨਾਮ ਜਪਣ ਦਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਮਨੁੱਖ ਦੇ ਮਾੜੇ ਕਰਮ ਨਹੀਂ ਭਾਉਂਦੇ ਭਾਵ ਚੰਗੇ ਕਰਮ ਕਰਨੇ ਹੀ ਭਾਉਂਦੇ ਹਨ ਤੇ ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਨਿਰੰਕਾਰ ਰੂਪ ਦਿਖਾਉਂਦਾ ਹੈ ਉਸ ਮਨੁੱਖ ਦੀ ਫਿਰ ਹਰ **"ਕਾਰ"** ਭਲੀ ਹੋ ਜਾਂਦੀ ਹੈ ਭਾਵ ਗੁਰਮਤਿ ਅਨੁਸਾਰ ਹੀ ਹੁੰਦੀ ਹੈ ਤੇ ਪ੍ਰਮਾਤਮਾ ਨੂੰ ਉਹ ਮਨੁੱਖ ਹੀ ਭਾਉਂਦਾ ਹੈ ਜੋ ਉਸਦੀ ਸਮਝਾਈ ਹੋਈ ਗੁਰਮਤਿ ਅਨੁਸਾਰ ਵਿਚਰਦਾ ਹੈ ਭਾਵ ਉਸਦਾ ਨਾਮ ਜਪਦਾ ਹੈ ਭਾਵ ਉਸ ਨਿਰੰਕਾਰ ਦਾ ਨਾਮ ਜਪਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਪੰਚ ਬਣਾਉਂਦਾ ਹੈ ਉਹੀ ਉਸਦੇ ਨਿਰੰਕਾਰ ਰੂਪ ਨੂੰ ਜਾਣ ਸਕਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ। **(ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥)**

ਉਪਰ ਵਾਲੇ ਪੂਰੇ ਸ਼ਬਦ ਨੂੰ ਇੱਕ ਵਾਰੀ ਫਿਰ ਤੋਂ ਧਿਆਨ ਨਾਲ ਪੜੋ ਤੇ ਵਿਚਾਰੋ ਕਿਉਂਕਿ ਇਸ ਸ਼ਬਦ ਰਾਹੀਂ ਸਾਨੂੰ ਬਹੁਤ ਕੁਝ

ਸਮਝਾਇਆ ਹੋਇਆ ਹੈ, ਪ੍ਰਮਾਤਮਾ ਦੀ ਅਸਲੀਅਤ ਨੂੰ ਜਾਨਣ ਬਾਰੇ ਸਮਝਾਇਆ ਹੋਇਆ ਹੈ ਤੇ ਭਗਤੀ ਦੇ ਸੱਚੇ ਮਾਰਗ ਨੂੰ ਵੀ ਸਮਝਾਇਆ ਹੋਇਆ ਹੈ, ਧਰਮ ਦਾ ਸੱਚਾ ਮਾਰਗ ਸਮਝਾਇਆ ਹੋਇਆ ਹੈ ਜੋ ਮਾਰਗ ਮਨ ਦੇ ਸੰਤੋਖ ਦਾ ਮਾਰਗ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਦੇ ਲਈ ਇੱਕੋ ਜਿਹਾ ਹੀ ਹੈ ਭਾਵ ਚੰਗੇ ਕਰਮ ਕਰਨ ਦਾ ਹੀ ਹੈ। **(ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥ ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥ ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥ ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥)**

ਉਪਰਲੇ ਸ਼ਬਦ ਰਾਹੀਂ ਅਸੀਂ ਪ੍ਰਮਾਤਮਾ ਦੇ ਲੇਖ ਬਾਰੇ ਵੀ ਸਮਝਿਆ ਹੈ ਕਿ ਉਹ ਸਭ ਦੇ ਅੰਦਰ ਲੇਖ ਕਿਸ ਰੂਪ ਵਿੱਚ ਲਿਖਦਾ ਹੈ। ਸਾਡੇ ਸਭ ਦੇ

ਅੰਦਰ ਪ੍ਰਮਾਤਮਾ ਦਾ ਲੇਖ ਲਿਖਣ ਦਾ ਤਰੀਕਾ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪਣੇ ਅੰਦਰੋਂ ਪ੍ਰਮਾਤਮਾ ਦੇ ਲਿਖੇ ਹੋਏ ਲੇਖ ਨੂੰ ਜਾਨਣ ਦਾ ਕਿ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਲੇਖ ਕਿਸ ਰੂਪ ਵਿੱਚ ਲਿਖਦਾ ਹੈ। ਆਪਣੇ ਅੰਦਰੋਂ ਲੇਖਾਂ ਦੀ ਲਿਖਤ ਨੂੰ ਜਾਨਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ ਤੇ ਆਪਣੀ ਸੱਚੀ ਭਗਤੀ ਦਾ ਮਾਰਗ ਪ੍ਰਮਾਤਮਾ ਮਨ ਦੇ ਵਿੱਚ ਲੇਖ ਲਿਖਣ ਦੇ ਦੁਆਰਾ ਹੀ ਸਮਝਾਉਂਦਾ ਹੈ ਜੋ ਲੇਖ ਉਹ ਸੱਚੀ ਗੁਰਮਤਿ ਦੀ ਸਮਝ ਦੇ ਰੂਪ ਵਿੱਚ ਲਿਖਦਾ ਹੈ ਜੋ ਮਨ ਦੇ ਲੇਖ ਪੜਨ ਦੁਆਰਾ ਫਿਰ ਮਨੁੱਖ ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ, ਨਾਮ ਜਪਣ ਦੇ ਸੱਚੇ ਮਾਰਗ ਤੇ ਚੱਲਦਾ ਹੈ ਜੋ ਸੱਚ ਤੇ ਚੱਲਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਧਨਾਸਰੀ ਮਹਲਾ ੧ ॥

“ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥ ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥”

(ਅੰਗ ੬੬੨)

ਉਪਰਲੇ ਸ਼ਬਦ ਰਾਹੀਂ ਸਾਡੀ ਖੋਟੀ ਤੇ ਖਰੀ ਮਤਿ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਮਨ ਦੀ ਖੋਟੀ ਮਤਿ ਦੁਆਰਾ ਸਾਨੂੰ ਨਾ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਤੇ ਨਾ ਹੀ ਉਸ ਅਨੁਸਾਰ ਚੱਲਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਮਨ ਦੀ ਖਰੀ ਸਮਝ ਦੁਆਰਾ ਹੀ ਪੈਂਦੀ ਹੈ ਤੇ ਤਾਂ ਹੀ ਉਸ ਤੇ ਚੱਲਿਆ ਜਾ ਸਕਦਾ ਹੈ। ਸਾਡੇ ਅੰਦਰ ਖੋਟੀ ਮਤਿ ਵੀ ਪ੍ਰਮਾਤਮਾ ਦੇ ਲਿਖੇ ਹੋਏ ਲੇਖ ਹੀ ਹਨ ਤੇ ਖਰੀ ਮਤਿ ਵਾਲੇ ਲੇਖ ਵੀ ਉਹ ਕਿਸੇ ਦੇ ਅੰਦਰ ਆਪ ਹੀ ਲਿਖਦਾ ਹੈ। ਸਾਡੀ ਕਾਇਆ ਨੂੰ, ਸਾਡੇ ਸਰੀਰ ਨੂੰ ਇੱਕ ਕਾਗਦ ਦੱਸਿਆ ਹੈ ਜਿਸਦੇ ਉਪਰ ਪ੍ਰਮਾਤਮਾ ਆਪਣੇ ਲੇਖ ਲਿਖਦਾ ਹੈ। ਸਾਡਾ ਮਨ ਸਾਡੇ ਸਰੀਰ ਦਾ ਹਿੱਸਾ ਹੀ ਹੈ ਤੇ ਆਪਣੇ ਲੇਖ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੀ ਲਿਖਦਾ ਹੈ। ਜੋ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਲੇਖ ਲਿਖਦਾ ਹੈ

ਉਹ ਸਾਡੇ ਲਈ ਪ੍ਰਮਾਤਮਾ ਦਾ ਪਰਵਾਣਾ ਹੀ ਹੁੰਦਾ ਹੈ ਭਾਵ ਉਸਦਾ ਹੁਕਮ ਹੀ ਹੁੰਦਾ ਹੈ ਜਿਸ ਹੁਕਮ ਅਨੁਸਾਰ ਮਨੁੱਖ ਵਿਚਰਦਾ ਹੈ। ਉਸਦਾ ਹੁਕਮ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਹੀ ਉੱਪਜਦਾ ਹੈ ਜਿਸ ਦੁਆਰਾ ਮਨੁੱਖ ਨੂੰ ਸਾਰੀ ਸਮਝ ਪੈਂਦੀ ਹੈ। ਜਦ ਤਕ ਕੋਈ ਮਨੁੱਖ

48/6478

ਆਪਣੇ ਅੰਦਰੋਂ ਪ੍ਰਮਾਤਮਾ ਦੇ ਲਿਖੇ ਹੋਏ ਲੇਖ ਨੂੰ ਨਹੀਂ ਪੜਦਾ ਤਦ ਤਕ ਉਹ ਸਾਡੇ ਅੰਦਰ ਲੇਖ ਲਿਖਣ ਵਾਲੇ ਨੂੰ ਨਹੀਂ ਜਾਣ ਸਕਦਾ ਤੇ ਆਪਣੇ ਅੰਦਰ ਦੇ ਲੇਖ ਪੜੇ ਬਿਨਾਂ ਹਰ ਕੋਈ ਇਆਣਾ ਹੀ ਰਹਿੰਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ ਮਨ ਦੀ ਅਗਿਆਨਤਾ ਵਿੱਚ ਹੀ ਰਹਿੰਦਾ ਹੈ। **(ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਅਸੀਂ ਇਆਣੇ ਕਿਸ ਲਈ ਹਾਂ ਭਾਵ ਖੋਟੀ ਮਤਿ ਵਾਲੇ ਕਿਸ ਲਈ ਹਾਂ।

“ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥”

ਉਪਰ ਵਾਲੀ ਪਹਿਲੀ ਪੰਗਤੀ ਨੂੰ ਬਰੀਕੀ ਨਾਲ ਸਮਝਣਾ ਬਹੁਤ ਜਰੂਰੀ ਹੈ। ਤੀਨੇ ਲੇਖ ਕੀ ਹਨ ਇਸਨੂੰ ਸਮਝਣ ਦੀ ਲੋੜ ਹੈ। ਤੀਨੇ ਲੇਖ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੈ ਜਿਸ ਤ੍ਰੈ ਗੁਣਾਂ ਦੀ ਗੱਲ ਬਾਣੀ ਵਿੱਚ ਬਾਰ-ਬਾਰ ਆਉਂਦੀ ਹੈ ਤੇ ਅਸੀਂ ਇਸ ਗੱਲ ਨੂੰ ਅਨੇਕਾਂ ਵਾਰ ਸ਼ਬਦਾਂ ਦੁਆਰਾ ਸਮਝਿਆ ਵੀ ਹੈ ਕਿ ਸਾਡੇ ਅੰਦਰ ਦੇ ਇਹ ਤ੍ਰੈ ਗੁਣ ਕੀ ਹਨ। ਇਹ ਤ੍ਰੈ ਗੁਣਾਂ ਵਾਲੀ ਸਮਝ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਕਿਉਂਕਿ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਪਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ। ਤ੍ਰੈ ਗੁਣਾਂ ਵਾਲੀ ਸਮਝ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਜਿਸ ਨਾਸਮਝ ਮਤਿ ਵਿੱਚ ਰਹਿੰਦਿਆਂ ਨਾਂ ਹੀ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਨਾਂ ਹੀ ਭਗਤੀ ਦੇ ਸਹੀ ਮਾਰਗ ਨੂੰ ਸਮਝ ਸਕਦਾ ਹੈ। ਇਹ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਣਾ ਮਨੁੱਖ ਦੇ ਵੱਸ ਨਹੀਂ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਇਹ ਤ੍ਰੈ ਗੁਣਾਂ ਵਾਲੀ ਸਮਝ ਹੀ ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਮਾਇਆ ਦੀ ਜੁਗਤਿ ਹੈ, ਸਾਡੇ ਅੰਦਰ ਪੁੱਠੇ ਕਮਲ ਵਾਲੀ ਮਤਿ ਹੈ ਭਾਵ ਪੁੱਠੀ ਮਤਿ ਹੈ ਜੋ ਮਤਿ ਸਾਨੂੰ ਭਗਤੀ ਦਾ ਸਿੱਧਾ ਮਾਰਗ ਸਮਝਾਉਂਣ ਦੀ ਬਜਾਏ ਪੁੱਠਾ ਮਾਰਗ ਸਮਝਾਉਂਦੀ ਹੈ ਭਾਵ ਗੁਰਮਤਿ ਦੇ ਮਾਰਗ ਤੋਂ ਉਲਟ ਚਲਾਉਂਦੀ ਹੈ ਭਾਵ ਮਨਮਤਿ ਵਿੱਚ ਰੱਖਦੀ ਹੈ

48/6479

ਜਿਸ ਮਨ ਦੀ ਨਾਮਸਝੀ ਕਰਕੇ ਸੰਸਾਰੀਆਂ ਨੇ ਵੱਖਰੇ ਵੱਖਰੇ ਧਰਮ ਦੇ ਮਾਰਗ ਬਣਾਏ ਹੋਏ ਹਨ, ਵੱਖਰੇ ਵੱਖਰੇ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਭਾਵ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਤੇ ਅਸੀਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਵੀ ਹੈ। ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਾਡੀ ਸਮਝ ਨੂੰ ਉਪਰ ਸ਼ਬਦ ਰਾਹੀਂ ਇੱਕ ਖੋਟੇ ਸਿੱਕੇ ਦੀ ਤਰ੍ਹਾਂ ਕਿਹਾ ਹੈ ਜੋ ਖੋਟਾ ਸਿੱਕਾ ਕੰਮ ਨਹੀਂ ਆਉਂਦਾ। ਖੋਟਾ ਸਿੱਕਾ ਕਿਸ ਲਈ ਖੋਟਾ ਹੈ ਭਾਵ ਸਾਡੀ ਸਮਝ ਕਿਸ ਲਈ ਖੋਟੀ ਹੈ ਇਸ ਗੱਲ ਦੀ ਸਮਝ ਉਦੋਂ ਹੀ ਲੱਗਦੀ ਹੈ ਜਦੋਂ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਪ੍ਰਮਾਤਮਾ ਆਪਣੀ ਸਮਝ ਦੇ ਨਾਲ ਘੜ ਦਿੰਦਾ ਹੈ ਜੋ ਕਿ ਉਹ ਆਪਣੀ ਦਰਗਹ ਵਿੱਚ ਹੀ ਘੜਦਾ ਹੈ। ਜਿੱਥੇ ਸਾਡੀ ਸਮਝ ਘੜੀ ਜਾਂਦੀ ਹੈ ਉਹੀ ਪ੍ਰਮਾਤਮਾ ਦੀ ਦਰਗਾਹ ਹੈ। ਸਾਡੀ ਤ੍ਰੈ ਗੁਣਾਂ ਵਾਲੀ ਸਮਝ ਮਨ ਦੇ ਵਿੱਚੋਂ ਆਉਂਦੀ ਹੈ ਤੇ ਮਨ ਦੇ ਵਿੱਚ ਹੀ ਘੜੀ ਜਾ ਸਕਦੀ ਹੈ ਭਾਵ ਸਾਡਾ ਮਨ ਹੀ ਪ੍ਰਮਾਤਮਾ ਦੀ ਦਰਗਾਹ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸਾਡੀ ਤ੍ਰੈ ਗੁਣਾਂ ਵਾਲੀ ਸਮਝ ਵੀ ਪ੍ਰਮਾਤਮਾ ਦੀ ਦਰਗਾਹ ਵਿੱਚੋਂ ਹੀ ਆਉਂਦੀ ਹੈ ਤੇ ਇਸਨੂੰ ਘੜਿਆ ਵੀ ਉਸਦੀ ਦਰਗਾਹ ਵਿੱਚ ਹੀ ਜਾਂਦਾ ਹੈ ਭਾਵ ਇਹ ਮਨ ਦੀ ਸਮਝ ਸਾਡੀ ਨਹੀਂ ਹੈ। ਜਿਸਨੇ ਸਾਨੂੰ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਗਿਆਨ ਦਾ ਮਾਲਕ ਹੈ, ਉਹ ਆਪ ਹੀ ਸਾਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਖੋਟੀ ਸਮਝ ਵਿੱਚੋਂ ਕੱਢ ਕੇ ਉਸਨੂੰ ਖਰੀ ਸਮਝ ਵਿੱਚ ਬਦਲ ਸਕਦਾ ਹੈ। **(ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥)**

{ਤੇਰਾ ਜਨੁ ਏਕੁ ਆਧੁ ਕੋਈ ॥

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ ੧੧੨੩)

{ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ ੬੭)

{ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ ੬੦੪)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ ਅੰਧੇ ਗੁਰੂ ਤੇ ਭਰਮੁ ਨ ਜਾਈ ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ ਭਰਮਾਏ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥ ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥
ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥ ਸਤਿਗੁਰੁ ਦਾਤਾ ਸਬਦੁ ਸੁਣਾਏ ॥
ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥੭॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ ੨੨੫)

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥ ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ॥੨॥}

(ਅੰਗ ੫੦੯)

48/6480

ਜਿਵੇਂ ਕਿ ਅਸੀਂ ਪਿੱਛੇ ਲੇਖ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਜੋ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਹੈ ਉਹੀ ਸਾਡੇ ਅੰਦਰ ਦੀ ਹਉਮੈ ਹੈ, ਉਹੀ ਸਾਡੇ ਅੰਦਰ ਦੀ ਮਾਇਆ ਹੈ ਤੇ ਉਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਇਸ ਗੱਲ ਨੂੰ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਪਹਿਲੇ ਆਪ ਮੰਨਣ ਦੀ ਲੋੜ ਹੈ ਭਾਵ ਗੁਰੂ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਹਰ ਕੋਈ ਮਨ ਦੀ ਨਾਸਮਝ ਮਤਿ ਵਿੱਚ ਹੈ ਜਿਸਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਜੇਕਰ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਕਰਦੇ ਸਾਡੇ ਕੋਲ ਇਹ ਕੁਝ ਕਰਾਉਂਣ ਵਾਲੀ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੀ ਹੈ ਜਿਸਦਾ ਮਕਸਦ ਹੀ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਤੇ ਗੁਰੂ ਦੇ ਸੱਚ ਨਾਲ ਨਾ ਜੁੜਨ ਦੇਣ ਦਾ ਹੈ, ਗੁਰੂ ਦੇ ਨਾਮ ਨੂੰ ਨਾ ਸਮਝਣ ਦੇਣ ਦਾ ਹੈ ਭਾਵ ਪ੍ਰਮਾਤਮਾ ਦੀ ਇਹ ਪਾਈ ਹੋਈ ਸਮਝ ਸਾਡੇ ਅੰਦਰ ਇਹ ਹਉਮੈ ਰੂਪ ਮਾਇਆ ਦੀ ਜੁਗਤਿ ਹੀ ਹੈ ਜੋ ਸਾਨੂੰ ਗੁਰੂ ਦੇ ਨਾਮ ਨੂੰ ਨਾ ਸਮਝਣ ਦਿੰਦੀ ਹੈ ਤੇ ਨਾ ਉਸਨੂੰ ਮੰਨਣ ਦਿੰਦੀ ਹੈ ਕਿਉਂਕਿ ਨਾਮ ਦਾ ਮਕਸਦ ਹੀ ਸਾਨੂੰ ਭਰਮਾਂ ਵਿੱਚੋਂ ਕੱਢਣ ਦਾ ਹੈ ਫਿਰ ਭਰਮਾਂ ਵਾਲੀ ਸਮਝ ਨੇ ਆਪਣਾ ਫਰਜ ਕਿਵੇਂ ਨਿਭਾਉਂਣਾ ਹੈ। ਭਰਮ ਆਪਣੇ ਆਪ ਨੂੰ ਨੀਵਾਂ ਕਰਨਾ ਨਹੀਂ ਚਾਹੁੰਦਾ ਭਾਵ ਅਸੀਂ ਆਪਣੀ ਨਾਸਮਝੀ ਨੂੰ ਨੀਵੀਂ ਨਹੀਂ ਹੋਣ ਦੇਣਾ ਚਾਹੁੰਦੇ ਤੇ ਆਪਣੀ ਨਾਸਮਝ ਮਤਿ ਨੂੰ ਸੱਚੀ ਮਤਿ ਸਮਝਣਾ ਹੀ ਸਾਡੇ ਅੰਦਰ ਦਾ ਭਰਮ ਹੈ, ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ, ਸਾਡੇ ਅੰਦਰ ਦੀ ਹਉਮੈ ਹੈ, ਮਾਇਆ ਹੈ, ਸਾਡੇ ਅੰਦਰ ਦਾ ਪੁੱਠਾ ਕਮਲ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪ ਹੀ ਆਪਣਾ ਸੱਚ ਸਮਝਣ ਵਿੱਚ ਦੂਰ ਰੱਖਿਆ ਹੋਇਆ ਹੈ। ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਦੇ ਆ ਰਹੇ ਹਾਂ ਤੇ ਉੱਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ ਕਿ ਨਾਮ ਦੀ ਪ੍ਰਾਪਤੀ ਹੈ ਹੀ ਚਉਥੇ ਪਦ ਦੀ ਪ੍ਰਾਪਤੀ ਭਾਵ ਚਉਥੇ ਪਦ ਦੇ ਗਿਆਨ ਦੀ ਪ੍ਰਾਪਤੀ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਜਿਸ ਬ੍ਰਹਮ ਗਿਆਨ ਦਾ ਮਕਸਦ ਹੀ ਭਾਵ ਨਾਮ ਦਾ ਮਕਸਦ ਹੀ ਮਨੁੱਖੀ ਨਾਸਮਝ ਮਤਿ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਗੁਰੂ ਦੀ ਸੱਚੀ ਸਮਝ ਦੇ ਨਾਲ ਮਿਲਾਉਣ ਦਾ ਹੈ, ਗੁਰਮਤਿ ਦੀ ਸੱਚੀ ਸਮਝ ਦੇ ਨਾਲ ਮਿਲਾਉਣ ਦਾ ਹੈ ਜਿਸ ਸੱਚੀ ਸਮਝ ਦੇ ਵਿੱਚ ਗੁਰੂ ਪ੍ਰਮਾਤਮਾ ਆਪ ਹੈ ਤੇ ਇਸੇ ਲਈ ਪ੍ਰਮਾਤਮਾ ਨੇ ਆਪਣੇ ਅੰਦਰੋਂ ਕੇਵਲ ਤੇ ਕੇਵਲ ਮਨ ਦੀ ਸੱਚੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਨਾਮ ਵਾਲੀ

48/6481

ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਸਾਡੀ ਸਮਝ ਦਾ ਮਾਲਕ ਆਪ ਹੈ ਤੇ ਜਦੋਂ ਉਹ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਘੜਦਾ ਹੈ ਉਸ ਦੁਆਰਾ ਉਹ ਸਾਡੇ ਅੰਦਰੋਂ ਭਰਮਾਂ ਵਾਲੀ ਸਮਝ ਦੀ ਖੋਟ ਹੀ ਕੱਢਦਾ ਹੈ। ਸਾਡੀ ਸਮਝ ਦੀ ਖੋਟ ਸਾਡੇ ਅੰਦਰ ਦੇ ਭਰਮਾਂ ਵਾਲੇ ਵਿਚਾਰ ਹੀ ਹਨ ਤੇ ਸਾਡੇ ਅੰਦਰ ਦੀ ਖੋਟ ਨੂੰ ਪ੍ਰਮਾਤਮਾ ਆਪਣੇ ਨਾਮ ਵਾਲੀ ਸਮਝ ਦੁਆਰਾ ਹੀ ਘੜਦਾ ਹੈ ਜਿਸ ਦੁਆਰਾ ਉਹ ਸਾਡੀ ਸਮਝ ਨੂੰ ਖਰੀ ਸਮਝ ਬਣਾਉਂਦਾ ਹੈ ਭਾਵ ਮਨ ਦੇ ਖੋਟੇ ਸਿੱਕੇ ਨੂੰ ਖਰੇ ਸਿੱਕੇ ਵਿੱਚ ਬਦਲਦਾ ਹੈ। ਪ੍ਰਮਾਤਮਾ ਦੀ ਦਰਗਾਹ ਵਿੱਚ ਖੋਟਾ ਸਿੱਕਾ ਨਹੀਂ ਚੱਲਦਾ ਉੱਥੇ ਖਰਾ ਸਿੱਕਾ ਹੀ ਚੱਲਦਾ ਹੈ ਜਿਸ ਖਰੇ ਸਿੱਕੇ ਵਾਲੀ ਸਮਝ ਦੁਆਰਾ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਉਸਦੇ ਨਾਲ ਮੇਲ ਹੁੰਦਾ ਹੈ, ਸਾਡੇ ਅੰਦਰ ਉਹ ਆਪਣੇ ਲੇਖ ਕਿਸ ਤਰੀਕੇ ਲਿਖਦਾ ਹੈ ਇਸ ਗੱਲ ਦੀ ਸਮਝ ਪੈਂਦੀ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਪਹਿਲੇ ਪਦੇ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ। **(ਕਾਇਆ ਕਾਗਦੁ ਮਨੁ ਪਰਵਾਣਾ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥)**

“ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥”

ਕਾਫੀ ਸਮਾਂ ਪਹਿਲੇ ਚਾਂਦੀ ਦੇ ਸਿੱਕੇ ਚੱਲਦੇ ਸਨ ਜਿਨ੍ਹਾਂ ਨੂੰ ਖਰੇ ਸਿੱਕੇ ਕਿਹਾ ਜਾਂਦਾ ਸੀ। ਉਪਰ ਪੰਗਤੀਆਂ ਰਾਹੀਂ ਸਾਡੇ ਮਨ ਦੀ ਖਰੀ ਸਮਝ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਸਮਝਾਈ ਹੋਈ ਹੈ। ਸੰਸਾਰ ਵਿੱਚ ਸਭ ਨੂੰ ਖਰੀ ਚੀਜ ਹੀ ਚੰਗੀ ਲੱਗਦੀ ਹੈ ਜਿਵੇਂ ਕਿ ਚਾਂਦੀ ਦੇ ਸਿੱਕੇ ਹੁੰਦੇ ਹਨ ਜੋ ਮਨੁੱਖ ਦੇ ਕੰਮ ਆਉਂਦੇ ਹਨ। ਖੋਟੇ ਸਿੱਕੇ ਕਿਸੇ ਨੂੰ ਚੰਗੇ ਨਹੀਂ ਲੱਗਦੇ ਕਿਉਂਕਿ ਉਹ ਕੰਮ ਨਹੀਂ ਆਉਂਦੇ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ। **(ਖੋਟਾ ਕਾਮਿ ਨ ਆਵੈ ਵੇਖੁ ॥੧॥)** ਜਿਵੇਂ ਸੰਸਾਰ ਵਿੱਚ ਅਸੀਂ ਖੋਟੇ ਖਰੇ ਦੀ ਪਹਿਚਾਣ ਕਰਦੇ ਹਾਂ ਪ੍ਰਮਾਤਮਾ ਦੀ ਦਰਗਾਹ ਵਿੱਚ ਵੀ ਇਸੇ ਤਰ੍ਹਾਂ ਹੀ ਸਾਡੀ ਖੋਟੀ ਤੇ ਖਰੀ ਸਮਝ ਵਿੱਚ ਸਾਡੀ ਪਹਿਚਾਨ ਕੀਤੀ ਜਾਂਦੀ ਹੈ। ਜੇ ਸੰਸਾਰ ਵਿੱਚ ਖੋਟਾ ਸਿੱਕਾ ਕੰਮ ਨਹੀਂ ਆਉਂਦਾ ਇਸੇ ਤਰ੍ਹਾਂ ਮਨੁੱਖ ਦੀ ਨਾਸਮਝ ਤ੍ਰੈ ਗੁਣਾਂ ਵਾਲੀ ਮਤਿ, ਹਉਮੈ ਵਾਲੀ, ਮਾਇਆ ਮੋਹ ਵਾਲੀ, ਅਉਗੁਣਾਂ ਵਾਲੀ ਮਾੜੀ ਸਮਝ ਕਿਸੇ ਕੰਮ ਨਹੀਂ ਆਉਂਦੀ ਭਾਵ ਉੱਥੇ ਸਾਡੀ ਇਹੋ ਜਿਹੀ ਮਾੜੀ ਸਮਝ ਦੀ ਕੀਮਤ ਨਹੀਂ ਪੈਂਦੀ ਕਿਉਂਕਿ ਮਾੜੀ ਸਮਝ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ। ਪ੍ਰਮਾਤਮਾ ਦੇ ਦਰਬਾਰ ਵਿੱਚ

ਸਾਡੇ ਚੰਗੇ ਕਰਮਾਂ ਦੀ ਕੀਮਤ ਪੈਂਦੀ ਹੈ ਜੋ ਚੰਗੇ ਕਰਮ ਅਸੀਂ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਭਾਵ ਆਪਣੀ ਨਾਸਮਝ ਮਤਿ ਨੂੰ ਛੱਡਣ ਦੁਆਰਾ ਹੀ ਕਰ ਸਕਦੇ ਹਾਂ, ਆਪਣੀਆਂ

48/6482

ਤ੍ਰਿਸ਼ਨਾਵਾਂ ਛੱਡ ਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਕੇ ਹੀ ਕਰ ਸਕਦੇ ਹਾਂ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੀ ਖਰੀ ਮਤਿ ਦੁਆਰਾ ਹੀ ਕਰ ਸਕਦੇ ਹਾਂ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਕਰ ਸਕਦੇ ਹਾਂ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਸਨੂੰ ਪ੍ਰਮਾਤਮਾ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਸਦੀ ਤ੍ਰੈ ਗੁਣਾਂ ਵਾਲੀ ਖੋਟੀ ਮਤਿ ਨੂੰ ਆਪਣੀ ਗੁਰਮਤਿ ਵਾਲੀ ਸੱਚੀ ਸਮਝ ਦੁਆਰਾ ਭਾਵ ਨਾਮ ਵਾਲੀ ਸੱਚੀ ਸਮਝ ਦੁਆਰਾ ਹੀ ਘੜਦਾ ਹੈ ਭਾਵ ਹਉਮੈ ਵਾਲੀ ਸਮਝ ਨੂੰ ਆਪਣੇ ਨਾਮ ਦੁਆਰਾ ਘੜ ਕੇ ਮਨੁੱਖ ਦੀ ਸਮਝ ਨੂੰ ਖਰੀ ਬਣਾਉਂਦਾ ਹੈ। ਇਸ ਤਰੀਕੇ ਹੀ ਮਨੁੱਖ ਨੂੰ ਮਨ ਦੇ ਵਿੱਚ ਨਾਮ ਦੀ ਪ੍ਰਾਪਤੀ ਹੁੰਦੀ ਹੈ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਜਿਸ ਆਪਣੇ ਉੱਚੇ ਗਿਆਨ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਪਰਵਾਨਾ ਲਿਖਦਾ ਹੈ, ਸਾਡੇ ਅੰਦਰ ਭਗਤੀ ਦੀ ਸਮਝ ਵਾਲੇ ਸੱਚੇ ਲੇਖ ਲਿਖਦਾ ਹੈ ਤੇ ਤਾਂ ਹੀ ਕੋਈ ਆਪਣੀ ਖੋਟੀ ਮਤਿ ਵਿੱਚੋਂ ਨਿਕਲਕੇ ਗੁਰਮਤਿ ਦੀ ਸਮਝ ਵਾਲੀ ਖਰੀ ਮਤਿ ਦੁਆਰਾ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਭਾਵ ਅੱਠੇ ਪਹਿਰ ਸੱਚ ਦੁਆਰਾ ਵਿਚਰ ਸਕਦਾ ਹੈ ਭਾਵ ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਜਪ ਸਕਦਾ ਹੈ ਜੋ ਆਪਣਾ ਨਾਮ ਪ੍ਰਮਾਤਮਾ ਮਨ ਦੇ ਵਿੱਚ ਅੱਠੇ ਪਹਿਰ ਆਪਣੀ ਸੱਚੀ ਸਮਝ ਪਾਉਂਣ ਦੁਆਰਾ ਆਪ ਹੀ ਜਪਾਉਂਦਾ ਹੈ। ਜੋ ਸਾਡੇ ਅੰਦਰ ਦੇ ਲੇਖ ਲਿਖਣ ਵਾਲਾ ਹੈ ਉਸਦੀ ਰਜਾ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ। ਧਰਮ ਗ੍ਰੰਥਾਂ ਵਿੱਚ, ਗੁਰਬਾਣੀ ਵਿੱਚ ਪ੍ਰਮਾਤਮਾ ਦੇ ਲਿਖਵਾਏ ਹੋਏ ਉਸਦੇ ਸੱਚੇ ਲੇਖ ਹੀ ਹਨ। ਜਿਨ੍ਹਾਂ ਸਰੀਰਾਂ ਰਾਹੀਂ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ ਉਹਨਾਂ ਦੇ ਮਨ ਦੇ ਅੰਦਰ ਲੇਖ ਲਿਖਣ ਵਾਲਾ ਪ੍ਰਮਾਤਮਾ ਆਪ ਹੀ ਸੀ ਪਰ ਉਸ ਲੇਖ ਲਿਖਣ ਵਾਲੇ ਦੀ ਸਮਝ ਉਸੇ ਨੂੰ ਹੀ ਪੈਂਦੀ ਹੈ ਜਿਨ੍ਹਾਂ ਸਰੀਰਾਂ ਦੀ ਸਮਝ ਦੇ ਵਿੱਚ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਤਾਂ ਹੀ ਉਹਨਾਂ ਨੂੰ ਇਸ ਗੱਲ ਦੀ ਸਮਝ ਪਈ ਹੈ ਕਿ ਸਾਡੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੈ ਤੇ ਸਭ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਲੇਖ ਲਿਖਣ ਵਾਲਾ ਪ੍ਰਮਾਤਮਾ ਆਪ ਹੀ ਹੈ। ਆਪਣੇ ਅੰਦਰ ਲੇਖ ਲਿਖਣ ਵਾਲੇ ਨੂੰ ਜਾਣੇ ਬਿਨਾਂ ਭਾਵ ਆਪਣੇ ਅੰਦਰ ਦੇ ਲੇਖ ਪੜੇ ਬਿਨਾਂ ਕੋਈ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜੋ ਕਿ ਪੂਰੇ ਗਿਆਨ ਦਾ ਮਾਲਕ ਆਪ ਹੀ ਹੈ। ਪ੍ਰਮਾਤਮਾ ਨੂੰ ਕੇਵਲ ਆਪਣੇ ਅੰਦਰ ਦੀ ਖਰੀ ਮਤਿ ਦੁਆਰਾ ਹੀ ਜਾਣਿਆ ਜਾ ਸਕਦਾ ਹੈ।

48/6483

ਧਰਮ ਗ੍ਰੰਥਾਂ ਵਿੱਚ, ਗੁਰਬਾਣੀ ਵਿੱਚ ਪ੍ਰਮਾਤਮਾ ਦੀ ਆਪਣੀ ਪਾਈ ਹੋਈ ਖਰੀ ਮਤਿ ਹੀ ਹੈ ਜਿਸ ਖਰੀ ਮਤਿ ਦਾ ਮਕਸਦ ਹੀ ਸਾਡੇ ਮਨ ਦੀ ਖੋਟ ਨੂੰ ਕੱਢਣ ਦਾ ਹੈ ਭਾਵ ਸਾਡੀ ਭਰਮਾਂ ਵਾਲੀ ਸਮਝ ਨੂੰ ਕੱਢਣ ਦਾ ਹੈ। ਜੇ ਕੋਈ ਦਿਲੋਂ ਪ੍ਰਮਾਤਮਾ ਨੂੰ ਜਾਣਨਾ ਚਾਹੁੰਦਾ ਹੈ ਉਸ ਲਈ, ਫਿਰ ਸਭ ਲਈ ਇੱਕੋ ਇੱਕ ਸੱਚਾ ਉੱਦਮ ਇਹੀ ਹੈ ਕਿ ਉਹ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਸਮਝ ਕੇ ਆਪਣੀ ਨਾਸਮਝ ਮਤਿ ਛੱਡੇ ਭਾਵ ਉਹ ਕੁਝ ਕਰੇ ਜੋ ਗੁਰੂ ਦੀ ਸੱਚੀ ਮਤਿ ਸਾਨੂੰ ਸਮਝਾਉਂਦੀ ਹੈ। ਜੇਕਰ ਅਸੀਂ ਧਰਮ ਗ੍ਰੰਥਾਂ ਨੂੰ, ਗੁਰਬਾਣੀ ਨੂੰ ਕੇਵਲ ਪੜੀ ਹੀ ਜਾਵਾਂਗੇ ਫਿਰ ਉਸਦਾ ਸਾਨੂੰ ਕੀ ਲਾਭ ਮਿਲੇਗਾ। ਗੱਲ ਤਾਂ ਸਾਰੀ ਆਪਣੀ ਮਤਿ ਛੱਡਣ ਦੀ ਹੈ ਤੇ ਉਹ ਤਾਂ ਹੀ ਛਡਾਂਗੇ ਜੇਕਰ ਅਸੀਂ ਗੁਰੂ ਦੀ ਮਤਿ ਨੂੰ ਅਪਨਾਵਾਂਗੇ। ਜੋ ਸਾਡੀ ਮਤਿ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ ਉਹ ਸਾਡੀ ਖੋਟੀ ਮਤਿ ਹੈ। ਸਭ ਤੋਂ ਔਖਾ ਇਸੇ ਗੱਲ ਨੂੰ ਮੰਨਣਾ ਹੈ ਕਿ ਮੇਰੀ ਮਤਿ ਖੋਟੀ ਮਤਿ ਹੈ ਭਾਵ ਮੈਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਨਹੀਂ ਹੈ, ਹਰ ਕੋਈ ਆਪਣੀ ਭਗਤੀ ਦੇ ਤਰੀਕੇ ਨੂੰ ਸੱਚੀ ਭਗਤੀ ਹੀ ਸਮਝਦਾ ਹੈ ਭਾਵੇਂ ਉਹੋ ਜਿਹੀ ਭਗਤੀ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਨਾਮ ਜਪਣਾ ਕੀ ਹੈ ਇਹ ਗੱਲ ਸਾਨੂੰ ਸ਼ਬਦਾਂ ਰਾਹੀਂ ਬਾਰ-ਬਾਰ ਸਪਸ਼ਟ ਕਰਕੇ ਸਮਝਾਈ ਹੋਈ ਹੈ ਕਿ ਗੁਰੂ ਦੀ ਗੱਲ ਨੂੰ ਮੰਨਣਾ ਹੀ ਨਾਮ ਜਪਣਾ ਹੈ ਭਾਵ ਆਪਣੀ ਭਰਮਾਂ ਵਾਲੀ ਸਮਝ ਨੂੰ ਛੱਡਣਾ ਹੀ ਨਾਮ ਜਪਣਾ ਹੈ ਪਰ ਕੀ ਕੋਈ ਕਿਸੇ ਅੱਖਰ ਨੂੰ ਬੋਲ ਬੋਲ ਕੇ ਰੱਟਣ ਵਾਲਾ ਇਸ ਗੱਲ ਨੂੰ ਮੰਨਣ ਨੂੰ ਤਿਆਰ ਹੁੰਦਾ ਹੈ ਕਿ ਮੈਨੂੰ ਨਾਮ ਜਪਣ ਦੀ ਸਮਝ ਨਹੀਂ ਹੈ। ਇਹੀ ਸਾਡੇ ਅੰਦਰ ਦੀ ਮਾਇਆ ਹੈ ਤੇ ਮਾਇਆ ਦੀ ਜੁਗਤਿ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਜਿਨ੍ਹਾਂ ਨੇ ਸਾਨੂੰ ਇੱਕ ਅੱਖਰ ਨੂੰ ਹੀ ਬੋਲੀ ਜਾਣਾ ਨਾਮ ਜਪਣਾ ਸਮਝਾਇਆ ਹੈ ਉਹਨਾਂ ਨੇ ਆਪਣੇ ਅੰਦਰ ਦੀ ਮਾਇਆ ਦੀ ਜੁਗਤਿ ਕਰਕੇ ਹੀ ਸਮਝਾਇਆ ਹੈ ਭਾਵ ਮਨ ਦੀ ਹਉਮੈ ਕਰਕੇ ਹੀ ਸਮਝਾਇਆ ਹੈ ਜਿਸ ਹਉਮੈ ਵਾਲੀ ਸਮਝ ਵਿੱਚ ਰਹਿੰਦੇ ਕੋਈ ਨਾਮ ਨੂੰ ਸਮਝ ਹੀ ਨਹੀਂ ਸਕਦਾ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਲੇਖ ਦੇ ਸ਼ੁਰੂ ਤੋਂ ਹੀ ਸਮਝਦੇ ਆ ਰਹੇ ਹਾਂ। ਨਾਮ ਕੇਵਲ ਤੇ ਕੇਵਲ ਗੁਰੂ

ਦੇ ਕੋਲ ਹੈ ਜਿਸ ਨਾਮ ਦਾ ਮਕਸਦ ਹੀ ਸਾਨੂੰ ਮਨ ਦੀ ਹਉਮੈ ਵਿੱਚੋਂ ਕੱਢਣ ਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸਦਾ ਮਕਸਦ ਹੀ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਸਾਡੀ ਖੋਟੀ ਮਤਿ ਨੂੰ ਖਰੀ ਬਣਾਉਂਣ ਦਾ ਹੈ ਤੇ ਸਾਡੀ ਮਤਿ ਤਾਂ ਹੀ ਖਰੀ ਬਣੇਗੀ ਜੇਕਰ ਗੁਰੂ ਦੀ ਸੱਚੀ ਸਮਝ ਨੂੰ ਮੰਨਾਂਗੇ ਤੇ ਆਪਣੀ ਖੋਟੀ ਸਮਝ ਛਡਾਂਗੇ ਭਾਵ ਉਹ ਕੁਝ ਕਰਾਂਗੇ, ਉਹੋ ਜਿਹਾ ਜੀਵਨ ਜੀਵਾਂਗੇ, ਉਹੋ ਜਿਹੇ ਸੱਚੇ ਸੁੱਚੇ ਕਰਮ ਕਰਾਂਗੇ ਜਿਹੋ ਜਿਹੇ ਕਰਮ ਕਰਨ ਲਈ ਸਾਨੂੰ ਗੁਰੂ ਦੀ ਖਰੀ ਮਤਿ ਸਮਝਾਉਂਦੀ ਹੈ। ਪ੍ਰਮਾਤਮਾ ਦੀ ਸੱਚੀ ਭਗਤੀ

48/6484

ਦਾ ਮਾਰਗ ਇਹੋ ਹੀ ਹੈ ਜਿਸ ਤੇ ਚੱਲਣ ਦਾ ਉੱਦਮ ਕਰਕੇ ਅਸੀਂ ਪ੍ਰਮਾਤਮਾ ਨੂੰ, ਖਰੀ ਮਤਿ ਦੇ ਮਾਲਕ ਨੂੰ ਜਾਣ ਸਕਦੇ ਹਾਂ ਜੋ ਸਾਡੇ ਸਭ ਦੇ ਅੰਦਰ ਹੀ ਹੈ, ਮਨ ਰੂਪ ਦਰਗਾਹ ਦੇ ਵਿੱਚ ਹੀ ਹੈ। **(ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥)**

ਮਨ ਦੀ ਖੋਟੀ ਮਤਿ ਦੁਆਰਾ ਭਾਵ ਨਾਸਮਝ ਮਤਿ ਦੁਆਰਾ ਅਸੀਂ ਜਿਹੋ ਜਿਹਾ ਭਗਤੀ ਦਾ ਮਾਰਗ ਬਣਾਉਂਦੇ ਹਾਂ ਜਿਸ ਦੁਆਰਾ ਅਸੀਂ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਾਂ ਉਸ ਵਿੱਚ ਪ੍ਰਮਾਤਮਾ ਦੀ ਸੱਚੀ ਭਗਤੀ ਨਹੀਂ ਹੁੰਦੀ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥

ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥"

ਉਪਰ ਪਦੇ ਰਾਹੀਂ ਆਪਣੇ ਆਪ ਨੂੰ ਕਾਜੀ ਅਖਵਾਉਂਣ ਵਾਲਿਆਂ ਦੀ ਗੱਲ ਸਮਝਾਈ ਹੋਈ ਹੈ ਭਾਵ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲਿਆਂ ਦੀ ਗੱਲ ਸਮਝਾਈ ਹੋਈ ਹੈ। ਇਸੇ ਤਰ੍ਹਾਂ ਬ੍ਰਾਹਮਣ ਤੇ ਜੋਗੀ ਅਖਵਾਉਂਣ ਵਾਲਿਆਂ ਦੀ ਗੱਲ ਸਮਝਾਈ ਹੋਈ ਹੈ ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ ਤੇ ਦੂਸਰਿਆਂ ਨੂੰ ਭਗਤੀ ਦਾ ਮਾਰਗ ਸਮਝਾਉਂਦੇ ਹਨ। ਜੇ ਕੋਈ ਆਪਣੇ ਆਪ ਨੂੰ ਭਗਤੀ ਵਾਲਾ ਅਖਵਾਉਂਦਾ ਹੈ ਤੇ ਉਹ ਝੂਠ ਵੀ ਬੋਲਦਾ ਹੈ ਫਿਰ ਉਹ ਭਗਤੀ ਵਾਲਾ ਨਹੀਂ ਹੋ ਸਕਦਾ। ਕਿਸੇ ਨੂੰ ਭਗਤੀ ਦਾ ਗਲਤ ਮਾਰਗ ਸਮਝਾਉਂਣਾ ਵੀ ਝੂਠ ਬੋਲਣਾ ਹੀ ਹੈ ਭਾਵ ਸੱਚ ਦੀ ਬਜਾਇ ਝੂਠ ਸਮਝਾਉਂਣ ਵਾਲੀ ਗੱਲ ਹੈ। ਨਾਸਮਝੀ ਵਾਲੀ ਭਗਤੀ ਦੇ ਮਾਰਗ ਤੇ ਚੱਲਣ ਵਾਲੇ ਨੂੰ, ਗਲਤ ਮਾਰਗ ਸਮਝਾਉਂਣ ਵਾਲੇ ਨੂੰ **"ਮਲੁ"** ਖਾਣ ਵਾਲਾ ਕਿਹਾ ਹੈ ਭਾਵ ਗੰਦਗੀ ਖਾਣ ਵਾਲਾ ਕਿਹਾ ਹੈ, ਇਹ ਗੰਦਗੀ ਸਾਡੀ ਨਾਸਮਝੀ ਵਾਲੀ ਮਾੜੀ ਮਤਿ ਹੈ ਜਿਸ ਮਤਿ ਨੂੰ ਅਸੀਂ ਮੰਨਦੇ ਹਾਂ ਤੇ ਉਸ ਅਨੁਸਾਰ ਵਿਚਰਦੇ ਹਾਂ ਭਾਵ ਸਾਡੀ ਮਨਮਤਿ ਸਾਡੇ ਅੰਦਰ ਦੀ ਮਲੁ ਹੈ ਜੋ ਸਾਡੇ ਕੋਲੋਂ ਝੂਠ ਬੁਲਵਾਉਂਦੀ ਹੈ ਭਾਵ ਮਾੜੇ ਕਰਮ ਕਰਵਾਉਂਦੀ ਹੈ। ਇਹ ਮਲੁ ਸਾਡੇ ਅੰਦਰ ਦੀ ਖੋਟੀ ਮਤਿ ਹੀ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਤੇ ਰਹਾਉ ਵਾਲੀ ਪੰਗਤੀ ਰਾਹੀਂ ਸਮਝਿਆ ਹੈ। ਜਦ ਤਕ ਅਸੀਂ ਕੋਈ ਵੀ ਮਾੜਾ ਕਰਮ ਕਰਦੇ ਹਾਂ ਤੇ ਫਿਰ ਵੀ ਆਪਣੇ ਆਪ ਨੂੰ ਭਗਤੀ ਵਾਲਾ ਅਖਵਾਉਂਦੇ ਹਾਂ ਭਾਵੇਂ ਉਹ ਕਿਸੇ ਵੀ ਤਰੀਕੇ ਅਖਵਾਉਂਦੇ ਹਾਂ ਉਸ ਗੱਲ ਦਾ ਖੰਡਨ ਕੀਤਾ ਹੋਇਆ ਹੈ। **(ਕਾਦੀ ਕੂੜੁ ਬੋਲਿ ਮਲੁ ਖਾਇ ॥)** ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਉਹਨਾਂ ਨੂੰ ਕਿਸ ਲਈ ਮਾੜਾ ਕਿਹਾ ਗਿਆ ਹੈ ਜੋ ਕਿ ਆਪਣੇ ਆਪ ਨੂੰ ਧਰਮ ਦੇ

48/6485

ਆਗੂ ਸਮਝਦੇ ਹਨ।

"ਬ੍ਰਾਹਮਣੁ ਨਾਵੈ ਜੀਆ ਘਾਇ ॥"

ਉਪਰ ਵਾਲੀ ਪੰਗਤੀ ਵਿੱਚ ਸਭ ਤੋਂ ਜਰੂਰੀ ਗੱਲ ਇਹ ਸਮਝਣ ਦੀ ਹੈ ਕਿ **"ਨਾਵੈ"** ਤੋਂ ਕੀ ਭਾਵ ਹੈ। **"ਨਾਵੈ"** ਦੀ ਗੱਲ ਬਾਣੀ ਵਿੱਚ ਬਾਰ-ਬਾਰ ਆਉਂਦੀ ਹੈ। **"ਨਾਵੈ"** ਤੋਂ ਭਾਵ ਹੈ ਨਾਮ ਦੁਆਰਾ। ਆਪਣੇ ਆਪ ਨੂੰ ਬ੍ਰਾਹਮਣ ਅਖਵਾਉਂਣ ਵਾਲੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝਦੇ ਹਨ ਤੇ ਉਹ ਦੂਸਰਿਆਂ ਨੂੰ ਭਗਤੀ ਦਾ ਮਾਰਗ ਸਮਝਾਉਂਦੇ ਹਨ। ਉਹ ਆਪਣੇ ਆਪ ਨੂੰ ਨਾਮ ਜਪਣ ਵਾਲਾ ਸਮਝਦੇ ਹਨ ਤੇ ਦੂਸਰਿਆਂ ਨੂੰ ਵੀ ਨਾਮ ਜਪਣਾ ਸਿਖਾਉਂਦੇ ਹਨ। ਜਿਹੋ ਜਿਹੀ ਸਮਝ ਨਾਮ ਦੀ ਉਹਨਾਂ ਨੂੰ ਆਪ ਹੁੰਦੀ ਹੈ ਉਹੋ ਜਿਹੀ ਨਾਮ ਜਪਣ ਦੀ ਸਮਝ ਹੀ ਉਹ ਦੂਸਰਿਆਂ ਨੂੰ ਦਿੰਦੇ ਹਨ। ਹਰ ਕੋਈ ਆਪਣੀ ਆਪਣੀ ਆਸਥਾ ਅਨੁਸਾਰ

ਕਿਸੇ ਅੱਖਰ ਨੂੰ ਨਾਮ ਸਮਝਦਾ ਹੈ, ਕਿਸੇ ਸ਼ਬਦ ਨੂੰ ਬੋਲਣਾ ਨਾਮ ਜਪਣਾ ਸਮਝਦਾ ਹੈ ਤੇ ਦੂਸਰਿਆਂ ਨੂੰ ਨਾਮ ਵੰਡਣ ਵਾਲੇ ਬਹੁਤ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਕਿਸੇ ਨੂੰ ਗਲਤ ਨਾਮ ਸਮਝਾਉਂਣਾ ਗੁਰਮਤਿ ਦੇ ਉਲਟ ਚੱਲਣ ਵਾਲੀ ਗੱਲ ਹੈ। ਅਸੀਂ ਜਿਨ੍ਹਾਂ ਨੂੰ ਗਲਤ ਨਾਮ ਸਮਝਾਉਂਦੇ ਹਾਂ ਉਹਨਾਂ ਜੀਆਂ ਦੇ ਅੰਦਰ ਦੀ ਸੱਚੀ ਸਮਝ ਨੂੰ ਮਾਰਦੇ ਹਾਂ ਭਾਵ ਉਹਨਾਂ ਨੂੰ ਆਤਮਿਕ ਤੌਰ ਤੇ ਮਾਰਦੇ ਹਾਂ। ਮਨੁੱਖ ਨੂੰ ਅਸਲ ਜੀਵਨ ਦੇਣ ਵਾਲੀ ਗੁਰਮਤਿ ਹੈ ਭਾਵ ਗੁਰੂ ਦਾ ਸੱਚਾ ਨਾਮ ਹੈ ਤੇ ਕਿਸੇ ਨੂੰ ਗਲਤ ਨਾਮ ਸਮਝਾਕੇ ਅਸੀਂ ਸੱਚੇ ਨਾਮ ਨੂੰ ਮਾਰਦੇ ਹਾਂ ਜਿਸ ਕਰਕੇ ਜੋ ਵੀ ਗੁਰਮਤਿ ਦੇ ਉਲਟ ਚੱਲਦਾ ਹੈ, ਅਸੀਂ ਜਿਸਨੂੰ ਗੁਰਮਤਿ ਦੇ ਉਲਟ ਚੱਲਣਾ ਸਮਝਾਉਂਦੇ ਹਾਂ ਉਸਦੇ ਅਸਲ ਜੀਵਨ ਦੀ ਹੱਤਿਆ ਹੀ ਹੈ ਜੋ ਅਸਲ ਜੀਵਨ ਗੁਰਮਤਿ ਅਨੁਸਾਰ ਵਿਚਰਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ। ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਸਾਡੀ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ ਭਾਵ ਸਾਡੀ ਸੱਚੀ ਸੁੱਚੀ ਕਰਨੀ ਦਾ ਮਾਰਗ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। **(ਬ੍ਰਾਹਮਣੁ ਨਾਵੈ ਜੀਆ ਘਾਇ ॥) {ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}** ਅੰਗ ੯-੧੦

{ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥ ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥੨॥ ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥੩॥}

(ਅੰਗ ੨੦)

{ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥
ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ ਨਾਹੀ ਸਾਬਾਸਿ ॥੩॥੩੨॥}

(ਅੰਗ ੨੫)

{ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ॥੨॥}

(ਅੰਗ ੨੭)

48/6486

{ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ ॥੧॥ ਭਾਈ ਰੇ ਗੁਰਮੁਖਿ ਸਦਾ ਪਤਿ ਹੋਇ ॥
ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ ॥੧॥ ਰਹਾਉ ॥
ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ ॥ ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ॥
ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ ॥੨॥
ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ ॥ ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥
ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ ॥੩॥
ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ ॥
ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ ॥
ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ ॥੪॥੫॥੩੮॥}

(ਅੰਗ ੨੯)

{ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥ ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ॥
ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ ॥੪॥੧੭॥੫੦॥}

(ਅੰਗ ੩੩)

{ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥ ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥
ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥ ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥
ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥
ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥
ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥੪॥੨੩॥੫੬॥}

(ਅੰਗ ੩੫)

{ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥ ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥
ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥
ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ ॥ ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ ॥
ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥੪॥੨੪॥੫੭॥}

(ਅੰਗ ੩੬)

{ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥
ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ ॥
ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥
ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥}

(ਅੰਗ ੩੭)

{ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ॥ ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੇ ਪ੍ਰਭੁ ਗੁਣਤਾਸੁ॥
ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ ॥੧॥ ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥
ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧॥ ਰਹਾਉ ॥
ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥
ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ ॥
ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥
ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥}

(ਅੰਗ ੪੦)

{ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥ ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ॥
ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ ॥ ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ ॥੧॥
ਮੇਰੇ ਮਨ ਸੁਖਦਾਤਾ ਹਰਿ ਸੋਇ ॥ ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੧॥ ਰਹਾਉ ॥
ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ ॥ ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ ॥
ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ ॥ ਸਿਰਜਣਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ ॥੨॥
ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ ॥ ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ ॥
ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ ॥
ਤਿਨਿ ਪ੍ਰਭਿ ਆਪਿ ਭੁਲਾਇਆ ਨਾ ਤਿਸੁ ਜਾਤਿ ਨ ਪਤਿ ॥੩॥
ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥ ਹਰਿ ਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ॥
ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ ॥
ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ ॥੪॥੧॥੭੧॥}

(ਅੰਗ ੪੨)

{ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ ॥
ਸਭੁ ਕੋ ਵਸਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ ॥੩॥
ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ ॥
ਗਿਰੰਬਾਰੀ ਵਡ ਸਾਹਬੀ ਸਭੁ ਨਾਨਕ ਸੁਪਨੁ ਥੀਆ ॥੪॥੨॥੭੨॥}

(ਅੰਗ ੪੨)

{ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥
ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥੧॥ ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥
ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥
ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥
ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥
ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥੩॥
ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ॥ ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ ॥
ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥੪॥੨੧॥੯੧॥}

(ਅੰਗ ੫੦)

{ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥
ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥ ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥੫॥
ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥

ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥}

(ਅੰਗ ੫੫)

{ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥ ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥੧॥ ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥੧॥ ਰਹਾਉ ॥
ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥
ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥ ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥
ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥ ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥੩॥
ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥
ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥
ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥
ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥ ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ॥ ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥}

(ਅੰਗ ੫੫)

{ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥
ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥ ਭਾਈ ਰੇ ਅਵਰੁ ਨਾਹੀ ਮੈ ਥਾਉ ॥
ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥
ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ॥
ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ॥੨॥ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥
ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥
ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥ ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥
ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥
ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ ੫੭-੫੮)

{ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ॥ ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ॥

ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥ ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥
ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥
ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ ॥ ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥
ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ ॥੮॥੧੦॥}

(ਅੰਗ ੫੯)

{ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥
ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥੩॥ ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥
ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥
ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥
ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥੫॥ ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥
ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥੬॥
ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥
ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥ ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥
ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥ ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ॥੮॥੧੬॥}

(ਅੰਗ ੬੩-੬੪)

{ਜੋਗੀ ਅੰਦਰਿ ਜੋਗੀਆ ॥ ਤੂੰ ਭੋਗੀ ਅੰਦਰਿ ਭੋਗੀਆ ॥
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ॥੧॥
ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ ॥੧॥ ਰਹਾਉ ॥ ਤੁਧੁ ਸੰਸਾਰੁ ਉਪਾਇਆ ॥
ਸਿਰੇ ਸਿਰਿ ਧੰਧੇ ਲਾਇਆ ॥ ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥
ਪਰਗਟਿ ਪਾਹਾਰੈ ਜਾਪਦਾ ॥ ਸਭੁ ਨਾਵੈ ਨੋ ਪਰਤਾਪਦਾ ॥
ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥੩॥ ਸਤਿਗੁਰ ਕਉ ਬਲਿ ਜਾਈਐ ॥
ਜਿਤੁ ਮਿਲਿਐ ਪਰਮ ਗਤਿ ਪਾਈਐ ॥ ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥
ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ ਇਹੁ ਜਗਤੁ ਭਰਮਿ ਭੁਲਾਇਆ ॥
ਆਪਹੁ ਤੁਧੁ ਖੁਆਇਆ ॥ ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ ॥੬॥
ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥
ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥ ਸੋਹਾਗਣੀ ਕਿਆ ਕਰਮੁ ਕਮਾਇਆ ॥
ਪੂਰਬਿ ਲਿਖਿਆ ਫਲੁ ਪਾਇਆ ॥ ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥੮॥
ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ ਜਿਨਾ ਭਾਣੇ ਕਾ ਰਸੁ ਆਇਆ ॥

ਤਿਨ ਵਿਚਹੁ ਭਰਮੁ ਚੁਕਾਇਆ ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥
ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥ ਅੰਮ੍ਰਿਤੁ ਤੇਰੀ ਬਾਣੀਆ ॥
ਤੇਰਿਆ ਭਗਤਾ ਰਿਦੈ ਸਮਾਣੀਆ ॥ ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ॥੧੨॥
ਸਤਿਗੁਰੁ ਮਿਲਿਆ ਜਾਣੀਐ ॥ ਜਿਤੁ ਮਿਲਿਐ ਨਾਮੁ ਵਖਾਣੀਐ ॥
ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥੧੩॥ ਹਉ ਸਤਿਗੁਰ ਵਿਟਹੁ ਘੁਮਾਇਆ ॥
ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥ ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥੧੪॥}

(ਅੰਗ ੭੧-੭੨)

{ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ॥
ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥੨॥}

(ਅੰਗ ੮੪)

{ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ ॥
ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ ॥ ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ ॥
ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ ॥ ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥ ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥੨॥}

(ਅੰਗ ੮੫-੮੬)

48/6487

{ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ॥ ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ ॥
ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥ ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥
ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥ ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥
ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥੧॥}

(ਅੰਗ ੮੬)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬-੮੭)

{ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥
ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥
ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ ॥੧੫॥}

(ਅੰਗ ੮੯)

{ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥
ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥ ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥
ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥ ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥
ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ ॥੧॥}

(ਅੰਗ ੮੯)

{ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥ ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥
ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ॥ ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ॥੧॥}

(ਅੰਗ ੮੯)

{ਮਨਮੁਖੁ ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥
ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥ ਸਾਕਤ ਕੂੜੇ ਸਚੁ ਨ ਭਾਵੈ ॥
ਦੁਬਿਧਾ ਬਾਧਾ ਆਵੈ ਜਾਵੈ ॥ ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥
ਪੇਈਅੜੈ ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ ਰੋਵੈ ਧਾਹੀ ॥
ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥ ਪੇਈਅੜੈ ਜਿਨਿ ਜਾਤਾ ਪਿਆਰਾ ॥
ਗੁਰਮੁਖਿ ਬੂਝੈ ਤਤੁ ਬੀਚਾਰਾ ॥ ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥
ਗੁਰਮੁਖਿ ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥
ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥}

(ਅੰਗ ੧੦੯)

{ਇਕੋ ਆਪਿ ਫਿਰੈ ਪਰਛੰਨਾ ॥ ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ ॥
ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ ॥
ਗੁਰਮਤੀ ਮਨੁ ਇਕਤੁ ਘਰਿ ਆਇਆ ਸਚੈ ਰੰਗਿ ਰੰਗਾਵਣਿਆ ॥੧॥ ਰਹਾਉ ॥
ਇਹੁ ਜਗੁ ਭੂਲਾ ਤੈਂ ਆਪਿ ਭੁਲਾਇਆ ॥ ਇਕੁ ਵਿਸਾਰਿ ਦੂਜੈ ਲੋਭਾਇਆ ॥
ਅਨਦਿਨੁ ਸਦਾ ਫਿਰੈ ਭ੍ਰਮਿ ਭੂਲਾ ਬਿਨੁ ਨਾਵੈ ਦੁਖੁ ਪਾਵਣਿਆ ॥੨॥ ਜੋ ਰੰਗਿ ਰਾਤੇ ਕਰਮ ਬਿਧਾਤੇ ॥
ਗੁਰ ਸੇਵਾ ਤੇ ਜੁਗ ਚਾਰੇ ਜਾਤੇ ॥ ਜਿਸ ਨੋ ਆਪਿ ਦੇਇ ਵਡਿਆਈ ਹਰਿ ਕੈ ਨਾਮਿ ਸਮਾਵਣਿਆ ॥੩॥
ਮਾਇਆ ਮੋਹਿ ਹਰਿ ਚੇਤੈ ਨਾਹੀ ॥ ਜਮਪੁਰਿ ਬਧਾ ਦੁਖ ਸਹਾਹੀ ॥
ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ ॥੪॥

ਇਕਿ ਰੰਗਿ ਰਾਤੇ ਜੋ ਤੁਧੁ ਆਪਿ ਲਿਵ ਲਾਏ ॥ ਭਾਇ ਭਗਤਿ ਤੇਰੈ ਮਨਿ ਭਾਏ ॥
ਸਤਿਗੁਰੁ ਸੇਵਨਿ ਸਦਾ ਸੁਖਦਾਤਾ ਸਭ ਇਛਾ ਆਪਿ ਪੁਜਾਵਣਿਆ ॥੫॥}

(ਅੰਗ ੧੧੧)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥
ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥
ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥੨॥}

(ਅੰਗ ੧੧੩)

{ਮਨਮੁਖ ਮੁਗਧ ਕਰਹਿ ਚਤੁਰਾਈ ॥ ਨਾਤਾ ਧੋਤਾ ਥਾਇ ਨ ਪਾਈ ॥
ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥ ਮਨਮੁਖ ਅੰਧੇ ਕਿਛੂ ਨ ਸੂਝੈ ॥
ਮਰਣੁ ਲਿਖਾਇ ਆਏ ਨਹੀ ਬੂਝੈ ॥ ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥੩॥
ਸਚੁ ਕਰਣੀ ਸਬਦੁ ਹੈ ਸਾਰੁ ॥ ਪੂਰੈ ਗੁਰਿ ਪਾਈਐ ਮੋਖ ਦੁਆਰੁ ॥
ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥੪॥}

(ਅੰਗ ੧੧੪)

{ਤੇਰੀਆ ਖਾਣੀ ਤੇਰੀਆ ਬਾਣੀ ॥ ਬਿਨੁ ਨਾਵੈ ਸਭ ਭਰਮਿ ਭੁਲਾਣੀ ॥
ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥}

(ਅੰਗ ੧੧੬)

{ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥ ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥
ਮਨਮੁਖ ਨ ਬੂਝਹਿ ਦੂਜੈ ਭਾਇਆ ॥ ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥
ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥
ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥}

(ਅੰਗ ੧੨੮)

{ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ ਦੂਜਾ ਭਾਉ ਗੁਰ ਸਬਦਿ ਜਲਾਇਆ ॥
ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥
ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥
ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥
ਜਿਨਿ ਸਿਸਟਿ ਸਾਜੀ ਸੋਈ ਜਾਣੈ ॥ ਆਪੇ ਮੇਲੈ ਸਬਦਿ ਪਛਾਣੈ ॥
ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥}

(ਅੰਗ ੧੨੯)

{ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥ ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥
ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥
ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥
ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥ ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ॥
ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ ॥੧॥}

(ਅੰਗ ੧੩੮)

{ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥ ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥
ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥ ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ॥
ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥
ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥
ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥
ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ ॥੩॥}

(ਅੰਗ ੧੩੯)

{ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ॥
ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥
ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥
ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥ ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ॥
ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥}

(ਅੰਗ ੧੪੧)

{ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥ ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥
ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥ ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥
ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥ ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥
ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥ ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥੯॥}

(ਅੰਗ ੧੪੨)

{ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ ਰਾਜਿ ਰੰਗੁ ਮਾਲਿ ਰੰਗੁ ॥
ਰੰਗਿ ਰਤਾ ਨਚੈ ਨੰਗੁ ॥ ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥੧॥}

(ਅੰਗ ੧੪੨)

48/6488

{ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥
ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥
ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥
ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ॥ ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥੧੩॥}

(ਅੰਗ ੧੪੪)

{ਪੂਰੇ ਗੁਰ ਕੀ ਕਾਰ ਕਰਮਿ ਕਮਾਈਐ ॥ ਗੁਰਮਤੀ ਆਪੁ ਗਵਾਇ ਨਾਮੁ ਧਿਆਈਐ ॥
ਦੂਜੀ ਕਾਰੈ ਲਗਿ ਜਨਮੁ ਗਵਾਈਐ ॥ ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ ॥
ਸਚਾ ਸਬਦੁ ਸਾਲਾਹਿ ਸਚਿ ਸਮਾਈਐ ॥ ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ ॥
ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥ ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ ॥੧੪॥}

(ਅੰਗ ੧੪੪)

{ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ ॥ ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ ॥
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥
ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥ ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ ॥
ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ ॥ ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ ॥੨੨॥}

(ਅੰਗ ੧੪੯)

{ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਆਪਿ ਭੁਲਾਏ ਠਉਰ ਨ ਠਾਉ ॥
ਤੂੰ ਸਮਝਾਵਹਿ ਮੇਲਿ ਮਿਲਾਉ ॥੧॥ ਨਾਮੁ ਮਿਲੈ ਚਲੈ ਮੈ ਨਾਲਿ ॥
ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥ ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥
ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥ ਸਾਚੇ ਗੁਰ ਕੀ ਸਾਚੀ ਸੀਖ ॥
ਤਨੁ ਮਨੁ ਸੀਤਲੁ ਸਾਚੁ ਪਰੀਖ ॥ ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥
ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥
ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੫॥}

(ਅੰਗ ੧੫੨)

{ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥ ਗੁਰ ਤੇ ਸਹਜੁ ਸਾਚੁ ਬੀਚਾਰੁ ॥
ਗੁਰ ਤੇ ਪਾਏ ਮੁਕਤਿ ਦੁਆਰੁ ॥੧॥ ਪੂਰੈ ਭਾਗਿ ਮਿਲੈ ਗੁਰੁ ਆਇ ॥ ਸਾਚੈ ਸਹਜਿ ਸਾਚਿ ਸਮਾਇ॥੧॥ਰਹਾਉ॥
ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ ॥ ਗੁਰ ਤੇ ਸਾਂਤਿ ਵਸੈ ਮਨਿ ਆਏ ॥
ਗੁਰ ਤੇ ਪਵਿਤ ਪਾਵਨ ਸੁਚਿ ਹੋਇ ॥ ਗੁਰ ਤੇ ਸਬਦਿ ਮਿਲਾਵਾ ਹੋਇ ॥੨॥ ਬਾਝੁ ਗੁਰੂ ਸਭ ਭਰਮਿ ਭੁਲਾਈ॥
ਬਿਨੁ ਨਾਵੈ ਬਹੁਤਾ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥ ਦਰਸਨਿ ਸਚੈ ਸਚੀ ਪਤਿ ਹੋਈ ॥੩॥
ਕਿਸ ਨੋ ਕਹੀਐ ਦਾਤਾ ਇਕੁ ਸੋਈ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥}

(ਅੰਗ ੧੫੯)

{ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥ ਸਚੀ ਬਾਣੀ ਜੁਗ ਚਾਰੇ ਜਾਪੈ ॥
ਸਭੁ ਕਿਛੁ ਸਾਚਾ ਆਪੇ ਆਪੈ ॥੧॥ ਕਰਮੁ ਹੋਵੈ ਸਤਸੰਗਿ ਮਿਲਾਏ ॥
ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ ਰਹਾਉ ॥ ਜਲਉ ਇਹ ਜਿਹਵਾ ਦੂਜੈ ਭਾਇ ॥
ਹਰਿ ਰਸੁ ਨ ਚਾਖੈ ਫੀਕਾ ਆਲਾਇ ॥ ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥
ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥ ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥
ਗੁਰ ਕਿਰਪਾ ਤੇ ਸਚਿ ਸਮਾਇ ॥ ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥
ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥
ਗੁਰ ਸਬਦੀ ਮਨਿ ਨਾਮਿ ਨਿਵਾਸੁ ॥ ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥}

(ਅੰਗ ੧੫੯)

{ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥
ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥
ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥
ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥
ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥}

(ਅੰਗ ੧੬੨)

{ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥
ਸਾਧੂ ਸੰਗਿ ਸਿਮਰਿ ਗੋਪਾਲ ॥ ਬਿਨੁ ਨਾਵੈ ਝੂਠਾ ਧਨੁ ਮਾਲੁ ॥੧॥ ਰਹਾਉ ॥
ਰੂਪਵੰਤੁ ਸੋ ਚਤੁਰੁ ਸਿਆਣਾ ॥ ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥੨॥
ਜਗ ਮਹਿ ਆਇਆ ਸੋ ਪਰਵਾਨੁ ॥ ਘਟਿ ਘਟਿ ਅਪਣਾ ਸੁਆਮੀ ਜਾਨੁ ॥੩॥
ਕਹੁ ਨਾਨਕ ਜਾ ਕੇ ਪੂਰਨ ਭਾਗ ॥ ਹਰਿ ਚਰਣੀ ਤਾ ਕਾ ਮਨੁ ਲਾਗ ॥੪॥੯੦॥੧੫੯॥}

(ਅੰਗ ੧੯੭)

{ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥
ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥
ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥੪॥
ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥
ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥
ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥
ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥}

(ਅੰਗ ੨੨੨)

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥ ਮਨਮੁਖਿ ਸੂਤਕੁ ਕਬਹਿ ਨ ਜਾਇ ॥
ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥ ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥
ਮਰਿ ਮਰਿ ਜੰਮੈ ਵਾਰੋ ਵਾਰ ॥੨॥ ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥
ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥ ਸਤਿਗੁਰੁ ਸੇਵਿਐ ਸੂਤਕੁ ਜਾਇ ॥
ਮਰੈ ਨ ਜਨਮੈ ਕਾਲੁ ਨ ਖਾਇ ॥੫॥ ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

{ਮਨਮੁਖਿ ਡੰਫੁ ਬਹੁਤੁ ਚਤੁਰਾਈ ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥
ਆਵੈ ਜਾਵੈ ਠਉਰ ਨ ਕਾਈ ॥੫॥ ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥
ਬਗ ਜਿਉ ਲਾਇ ਬਹੈ ਨਿਤ ਧਿਆਨਾ ॥ ਜਮਿ ਪਕੜਿਆ ਤਬ ਹੀ ਪਛੁਤਾਨਾ ॥੬॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗੁਰ ਪਰਸਾਦੀ ਮਿਲੈ ਹਰਿ ਸੋਈ ॥
ਗੁਰੁ ਦਾਤਾ ਜੁਗ ਚਾਰੇ ਹੋਈ ॥੭॥ ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥
ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥ ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥੮॥੨॥}

(ਅੰਗ ੨੩੦)

{ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ ॥ ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ ॥

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥ ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ॥
ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ॥
ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸੇ ਕਦਿ ਕੇ ॥੨੭॥}

(ਅੰਗ ੨੫੫)

{ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥ ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥}

(ਅੰਗ ੨੬੮)

{ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥
ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥
ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ ॥੧॥}

(ਅੰਗ ੩੦੧)

{ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥}

(ਅੰਗ ੩੦੫)

{ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ ॥
ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ ॥੨॥}

(ਅੰਗ ੩੦੯)

{ਗੁਰੁ ਸਾਲਾਹੀ ਆਪਣਾ ਬਹੁ ਬਿਧਿ ਰੰਗਿ ਸੁਭਾਇ ॥ ਸਤਿਗੁਰ ਸੇਤੀ ਮਨੁ ਰਤਾ ਰਖਿਆ ਬਣਤ ਬਣਾਇ ॥
ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥
ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥੨॥}

(ਅੰਗ ੩੧੩)

48/6489

{ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥
ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ ॥
ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ ॥
ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥
ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥

ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥
ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥
ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥੨॥}

(ਅੰਗ ੩੧੬)

{ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥ ਲਾਗੀ ਮੈਲੁ ਮਿਟੈ ਸਚ ਨਾਇ ॥
ਗੁਰ ਪਰਸਾਦਿ ਰਹੈ ਲਿਵ ਲਾਇ ॥੧॥ ਹੈ ਹਜੂਰਿ ਹਾਜਰੁ ਅਰਦਾਸਿ ॥
ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥ ਕੂੜੁ ਕਮਾਵੈ ਆਵੈ ਜਾਵੈ ॥
ਕਹਣਿ ਕਥਨਿ ਵਾਰਾ ਨਹੀ ਆਵੈ ॥ ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥
ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥ ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥
ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ॥੩॥ ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥}

(ਅੰਗ ੩੫੨)

{ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥
ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥
ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥
ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥ ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥
ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥
ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥
ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥
ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥
ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥
ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥}

(ਅੰਗ ੩੫੪)

{ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥
ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ ॥
ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥ ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥
ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥
ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥ ਚੀਨ੍ਹੈ ਤਤੁ ਗਗਨ ਦਸ ਦੁਆਰ ॥
ਹਰਿ ਮੁਖਿ ਪਾਠ ਪੜੈ ਬੀਚਾਰ ॥੩॥ ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥ ਆਚਾਰੀ ਨਹੀ ਜੀਤਿਆ ਜਾਇ ॥
ਪਾਠ ਪੜੈ ਨਹੀ ਕੀਮਤਿ ਪਾਇ ॥ ਅਸਟ ਦਸੀ ਚਹੁ ਭੇਦੁ ਨ ਪਾਇਆ ॥

ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ॥੫॥੨੦॥}

(ਅੰਗ ੩੫੫)

{ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥}

(ਅੰਗ ੩੫੮)

{ਸਤਿਗੁਰ ਵਿਚਿ ਵਡੀ ਵਡਿਆਈ ॥ ਚਿਰੀ ਵਿਛੁੰਨੇ ਮੇਲਿ ਮਿਲਾਈ ॥
ਆਪੇ ਮੇਲੇ ਮੇਲਿ ਮਿਲਾਏ ॥ ਆਪਣੀ ਕੀਮਤਿ ਆਪੇ ਪਾਏ ॥੧॥ ਹਰਿ ਕੀ ਕੀਮਤਿ ਕਿਨ ਬਿਧਿ ਹੋਇ ॥
ਹਰਿ ਅਪਰੰਪਰੁ ਅਗਮ ਅਗੋਚਰੁ ਗੁਰ ਕੈ ਸਬਦਿ ਮਿਲੈ ਜਨੁ ਕੋਇ ॥੧॥ ਰਹਾਉ ॥
ਗੁਰਮੁਖਿ ਕੀਮਤਿ ਜਾਣੈ ਕੋਇ ॥ ਵਿਰਲੇ ਕਰਮਿ ਪਰਾਪਤਿ ਹੋਇ ॥
ਊਚੀ ਬਾਣੀ ਊਚਾ ਹੋਇ ॥ ਗੁਰਮੁਖਿ ਸਬਦਿ ਵਖਾਣੈ ਕੋਇ ॥੨॥
ਵਿਣੁ ਨਾਵੈ ਦੁਖੁ ਦਰਦੁ ਸਰੀਰਿ ॥ ਸਤਿਗੁਰੁ ਭੇਟੇ ਤਾ ਉਤਰੈ ਪੀਰ ॥
ਬਿਨੁ ਗੁਰ ਭੇਟੇ ਦੁਖੁ ਕਮਾਇ ॥ ਮਨਮੁਖਿ ਬਹੁਤੀ ਮਿਲੈ ਸਜਾਇ ॥੩॥
ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ ॥ ਪੀਵਤ ਰਹੈ ਪੀਆਏ ਸੋਇ ॥
ਗੁਰ ਕਿਰਪਾ ਤੇ ਹਰਿ ਰਸੁ ਪਾਏ ॥ ਨਾਨਕ ਨਾਮਿ ਰਤੇ ਗਤਿ ਪਾਏ ॥੪॥੩॥੪੨॥}

(ਅੰਗ ੩੬੧)

{ਸਬਦਿ ਮਰੈ ਤਿਸੁ ਸਦਾ ਅਨੰਦ ॥ ਸਤਿਗੁਰ ਭੇਟੇ ਗੁਰ ਗੋਬਿੰਦ ॥
ਨਾ ਫਿਰਿ ਮਰੈ ਨ ਆਵੈ ਜਾਇ ॥ ਪੂਰੇ ਗੁਰ ਤੇ ਸਾਚਿ ਸਮਾਇ ॥੧॥ ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ ॥
ਤੇ ਅਨਦਿਨੁ ਨਾਮੁ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ ਵਿਸੇਖੁ ॥੧॥ ਰਹਾਉ ॥
ਜਿਨ੍ ਕਉ ਹਰਿ ਪ੍ਰਭੁ ਲਏ ਮਿਲਾਇ ॥ ਤਿਨ੍ ਕੀ ਗਹਣ ਗਤਿ ਕਹੀ ਨ ਜਾਇ ॥
ਪੂਰੈ ਸਤਿਗੁਰ ਦਿਤੀ ਵਡਿਆਈ ॥ ਊਤਮ ਪਦਵੀ ਹਰਿ ਨਾਮਿ ਸਮਾਈ ॥੨॥
ਜੋ ਕਿਛੁ ਕਰੇ ਸੁ ਆਪੇ ਆਪਿ ॥ ਏਕ ਘੜੀ ਮਹਿ ਥਾਪਿ ਉਥਾਪਿ ॥ ਕਹਿ ਕਹਿ ਕਹਣਾ ਆਖਿ ਸੁਣਾਏ ॥
ਜੇ ਸਉ ਘਾਲੇ ਥਾਇ ਨ ਪਾਏ ॥੩॥ ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ ॥ ਸਚੁ ਬਾਣੀ ਗੁਰੁ ਸਬਦੁ ਸੁਣਾਏ॥
ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥
ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ ॥ ਜਿਸ ਨੋ ਬਖਸੇ ਸਾਚਾ ਸੋਇ ॥
ਪੂਰੈ ਸਬਦਿ ਮੰਨਿ ਵਸਾਏ ॥ ਨਾਨਕ ਨਾਮਿ ਰਤੇ ਸੁਖੁ ਪਾਏ ॥੫॥੧੧॥੫੦॥}

(ਅੰਗ ੩੬੪)

{ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ ॥ ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ ॥੧॥
ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ ॥ ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ ॥੧॥ ਰਹਾਉ ॥
ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ ॥੨॥
ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ ॥ ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ ॥੩॥

ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ॥
ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ॥੪॥੩੯॥੧੩॥੫੨॥}

(ਅੰਗ ੩੬੫)

{ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸੁ ਸਾਲਾਹੀ ॥
ਏਕੁ ਤੂੰ ਤਾ ਸਭੁ ਕਿਛੁ ਹੈ ਮੈ ਤੁਧੁ ਬਿਨੁ ਦੂਜਾ ਨਾਹੀ ॥੧॥ ਬਾਬਾ ਬਿਖੁ ਦੇਖਿਆ ਸੰਸਾਰੁ ॥
ਰਖਿਆ ਕਰਹੁ ਗੁਸਾਈ ਮੇਰੇ ਮੈ ਨਾਮੁ ਤੇਰਾ ਆਧਾਰੁ ॥੧॥ ਰਹਾਉ ॥
ਜਾਣਹਿ ਬਿਰਥਾ ਸਭਾ ਮਨ ਕੀ ਹੋਰੁ ਕਿਸੁ ਪਹਿ ਆਖਿ ਸੁਣਾਈਐ ॥
ਵਿਣੁ ਨਾਵੈ ਸਭੁ ਜਗੁ ਬਉਰਾਇਆ ਨਾਮੁ ਮਿਲੈ ਸੁਖੁ ਪਾਈਐ ॥੨॥
ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ ॥
ਸਭੁ ਕਿਛੁ ਕੀਤਾ ਤੇਰਾ ਵਰਤੈ ਸਦਾ ਸਦਾ ਤੇਰੀ ਆਸ ॥੩॥
ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ ਇਤ ਉਤ ਤੁਝਹਿ ਧਿਆਉ ॥
ਨਾਨਕ ਕੇ ਪ੍ਰਭ ਸਦਾ ਸੁਖਦਾਤੇ ਮੈ ਤਾਣੁ ਤੇਰਾ ਇਕੁ ਨਾਉ ॥੪॥੭॥੪੬॥}

(ਅੰਗ ੩੮੨)

{ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ ॥ ਕਿਤੰਾ ਇਤੁ ਦਰੀਆਇ ਵੰਞਨ੍ਹਿ ਵਹਦਿਆ ॥੧॥
ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥ ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥੧॥ ਰਹਾਉ ॥
ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ ॥ ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥੨॥
ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ ॥ ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥੩॥
ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ ॥ ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ ॥੪॥੮॥੧੧੦॥}

(ਅੰਗ ੩੯੮)

{ਨਿਰਭਉ ਆਪਿ ਨਿਰੰਤਰਿ ਜੋਤਿ ॥ ਬਿਨੁ ਨਾਵੈ ਸੂਤਕੁ ਜਗਿ ਛੋਤਿ ॥
ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥ ਜਨਮਿ ਮੂਏ ਬਿਨੁ ਭਗਤਿ ਸਰੋਤਿ ॥੪॥}

(ਅੰਗ ੪੧੩)

48/6490

{ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥
ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥
ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥
ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥}

(ਅੰਗ ੪੧੪)

{ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥ ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥੧॥
ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ ॥ ਗੁਰਮੁਖਿ ਹੋਇ ਤ ਛੂਟੀਐ ਮਨਮੁਖਿ ਪਤਿ ਖੋਈ ॥੧॥ ਰਹਾਉ ॥
ਜਿਨ੍ਹੀ ਏਕੋ ਸੇਵਿਆ ਪੂਰੀ ਮਤਿ ਭਾਈ ॥ ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ ॥੨॥}

(ਅੰਗ ੪੨੦)

{ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥
ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ ॥੧॥ ਰਹਾਉ ॥ ਕਲਿ ਕੀਰਤਿ ਸਬਦੁ ਪਛਾਨੁ ॥
ਏਹਾ ਭਗਤਿ ਚੂਕੈ ਅਭਿਮਾਨੁ ॥ ਸਤਿਗੁਰੁ ਸੇਵਿਐ ਹੋਵੈ ਪਰਵਾਨੁ ॥ ਜਿਨਿ ਆਸਾ ਕੀਤੀ ਤਿਸ ਨੋ ਜਾਨੁ ॥੨॥
ਤਿਸੁ ਕਿਆ ਦੀਜੈ ਜਿ ਸਬਦੁ ਸੁਣਾਏ ॥ ਕਰਿ ਕਿਰਪਾ ਨਾਮੁ ਮੰਨਿ ਵਸਾਏ ॥
ਇਹੁ ਸਿਰੁ ਦੀਜੈ ਆਪੁ ਗਵਾਏ ॥ ਹੁਕਮੈ ਬੂਝੈ ਸਦਾ ਸੁਖੁ ਪਾਏ ॥੩॥}

(ਅੰਗ ੪੨੩)

{ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਜੁਗਿ ਜੁਗਿ ਆਖਿ ਵਖਾਣੀ ॥ ਮਨਮੁਖਿ ਮੋਹਿ ਭਰਮਿ ਭੋਲਾਣੀ ॥
ਬਿਨੁ ਨਾਵੈ ਸਭ ਫਿਰੈ ਬਉਰਾਣੀ ॥੫॥ ਤੀਨਿ ਭਵਨ ਮਹਿ ਏਕਾ ਮਾਇਆ ॥
ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥ ਬਹੁ ਕਰਮ ਕਮਾਵੈ ਦੁਖੁ ਸਬਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥੬॥ ਅੰਮ੍ਰਿਤੁ ਮੀਠਾ ਸਬਦੁ ਵੀਚਾਰਿ ॥ ਅਨਦਿਨੁ ਭੋਗੇ ਹਉਮੈ ਮਾਰਿ ॥
ਸਹਜਿ ਅਨੰਦਿ ਕਿਰਪਾ ਧਾਰਿ ॥ ਨਾਮਿ ਰਤੇ ਸਦਾ ਸਚਿ ਪਿਆਰਿ ॥੭॥}

(ਅੰਗ ੪੨੪)

{ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥
ਜਿਨ੍ੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥
ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥੬॥੨੮॥}

(ਅੰਗ ੪੨੫)

{ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ ॥ ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਾ ਸਾਚੋ ਭਾਈ ॥੧॥
ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ ॥
ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥੧॥ ਰਹਾਉ॥ ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ॥
ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥੨॥ ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ ॥
ਅੰਤਰਿ ਨਾਮੁ ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ ॥੩॥ ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥
ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥੪॥ ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ ॥
ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ ॥੫॥ ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ ॥
ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ ॥੬॥ ਨਾਮੇ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ ॥
ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ॥੭॥ ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ ॥
ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ ॥੮॥੭॥੨੯॥}

(ਅੰਗ ੪੨੬)

{ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ॥ ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ॥੬॥
ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥ ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥੭॥

ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥
ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥੮॥੮॥੩੦॥}

(ਅੰਗ ੪੨੬)

{ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥
ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ॥ ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ॥੫॥
ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥੬॥
ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥
ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥੭॥ ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥
ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥੮॥੯॥੩੧॥}

(ਅੰਗ ੪੨੭)

48/6491

{ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ ॥ ਬਿਨੁ ਨਾਵੈ ਸਭੁ ਦੁਖੁ ਹੈ ਸੁਖੁ ਤਿਸੁ ਜਿਸੁ ਮੰਨਿ ਵਸਾਏ ॥੧॥
ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ ॥ ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥੧॥ ਰਹਾਉ॥
ਅੰਤਰਿ ਬਾਹਰਿ ਏਕੁ ਹੈ ਬਹੁ ਬਿਧਿ ਸ੍ਰਿਸਟਿ ਉਪਾਈ ॥ ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥੨॥
ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ ॥
ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ ॥੩॥}

(ਅੰਗ ੪੨੭)

{ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ ॥ ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ ॥੪॥
ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥
ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ ॥੫॥
ਜਿਨੀ ਨਾਮੁ ਵਿਸਾਰਿਆ ਸੇ ਮੁਏ ਮਰਿ ਜਾਹਿ ॥ ਹਰਿ ਰਸ ਸਾਦੁ ਨ ਆਇਓ ਬਿਸਟਾ ਮਾਹਿ ਸਮਾਹਿ ॥੬॥
ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ॥ ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ॥੭॥
ਬਿਨੁ ਸਬਦੈ ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਹਾ ਭਰਮਾਇ ॥
ਬਿਨੁ ਨਾਵੈ ਦੁਖੁ ਪਾਇਸੀ ਨਾਮੁ ਮਿਲੈ ਤਿਸੈ ਰਜਾਇ ॥੮॥
ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥
ਨਾਨਕ ਨਾਮੁ ਤਿਨ੍ਹਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ॥੯॥੧੩॥੩੫॥}

(ਅੰਗ ੪੨੯)

{ਕਾਮਣਿ ਗੁਣੁ ਨਾਹੀ ਬਿਰਥਾ ਜਨਮੁ ਗਵਾਏ ਰਾਮ ॥
ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣਵੰਤੀ ਝੂਰੇ ॥
ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ ॥
ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ ॥

ਨਾਨਕ ਵਿਣੁ ਨਾਵੈ ਕਾਮਣਿ ਭਰਮਿ ਭੁਲਾਣੀ ਮਿਲਿ ਪ੍ਰੀਤਮ ਸੁਖੁ ਪਾਏ ॥੨॥
ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ॥
ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ॥
ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ ਸਹਜੇ ਹਰਿ ਰਸੁ ਚਾਖਿਆ ॥
ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ ॥
ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥
ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥੩॥}

(ਅੰਗ ੪੩੯)

{ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥
ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥
ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥
ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥
ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥
ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥੪॥੪॥੧੧॥}

(ਅੰਗ ੪੪੬)

{ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ ਲਿਖਿ ਨਾਵੈ ਧਰਮੁ ਬਹਾਲਿਆ ॥੨॥}

(ਅੰਗ ੪੬੩)

{ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥
ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥
ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥}

(ਅੰਗ ੪੬੭)

{ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਜਾਨਾ ॥੧॥
ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥
ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥
ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥}

(ਅੰਗ ੪੯੪)

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥
ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥}

(ਅੰਗ ੪੯੯)

{ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥
ਨਾਮ ਬਿਨਾ ਰਸ ਕਸ ਦੁਖੁ ਖਾਵੈ ਮੁਖੁ ਫੀਕਾ ਥੁਕ ਥੂਕ ਮੁਖਿ ਪਾਈ ॥੩॥
ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ ਤਿਨ ਦਰਗਹ ਹਰਿ ਹਰਿ ਦੇ ਵਡਿਆਈ ॥
ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ ॥੪॥੪॥}

(ਅੰਗ ੪੯੩)

{ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥ ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥
ਮਨ ਮੇਰੇ ਗੁਰਮਤਿ ਕਰਣੀ ਸਾਰੁ ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥
ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥ ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥
ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥
ਸਤਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ ॥੩॥
ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥ ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ॥੪॥੩॥}

(ਅੰਗ ੫੫੯)

48/6492

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

{ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ॥
ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥੩॥ ਹਉ ਬਲਿਹਾਰੀ ਸਾਚੇ ਨਾਵੈ ॥
ਰਾਜੁ ਤੇਰਾ ਕਬਹੁ ਨ ਜਾਵੈ ॥ ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ ॥
ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ ॥ ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ ॥
ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ ॥੪॥}

(ਅੰਗ ੫੬੬)

{ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ ॥ ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ ॥
ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥੨॥}

(ਅੰਗ ੫੬੯)

{ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥ ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ॥
ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥
ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥ ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥}

(ਅੰਗ ੫੭੦)

{ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥
ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ ॥ ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥
ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ ॥ ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥}

(ਅੰਗ ੫੭੧)

{ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥ ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ ॥
ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ ॥
ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ ॥
ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ ॥
ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ ॥੨॥}

(ਅੰਗ ੫੭੧)

{ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ ॥
ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ ॥}

(ਅੰਗ ੫੮੧)

{ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ ॥ ਗੁਰਿ ਰਾਖੇ ਸੇ ਉਬਰੇ ਹੋਰੁ ਮਰਿ ਜੰਮੈ ਆਵੈ ਜਾਏ ॥
ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ ॥
ਐਥੈ ਕਮਾਵੈ ਸੋ ਫਲੁ ਪਾਵੈ ਮਨਮੁਖਿ ਹੈ ਪਤਿ ਖੋਈ ॥
ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ ॥
ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ ॥੧॥}

(ਅੰਗ ੫੮੪)

{ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ ॥ ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ॥
ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥}

(ਅੰਗ ੫੮੮)

{ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤ੍ਰ ਸਚਾ ਹਰਿ ਬਣਾਇ ॥
ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ ॥
ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ ॥
ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ ॥੧॥}

(ਅੰਗ ੫੯੦)

{ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥

ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ ॥}

(ਅੰਗ ੫੯੦)

48/6493

{ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ ਗੁਰਮੁਖਿ ਵਿਰਲੈ ਕਿਨੈ ਧਿਆਇਆ ॥੧੪॥}

(ਅੰਗ ੫੯੧)

{ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥
ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥ ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥
ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧॥}

(ਅੰਗ ੫੯੧)

{ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ ॥੨॥
ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ ॥}

(ਅੰਗ ੬੦੭)

{ਵਿਣੁ ਸਚ ਸੋਚ ਨ ਪਾਈਐ ਭਾਈ ਸਾਚਾ ਅਗਮ ਧਣੀ ॥ ਆਵਣ ਜਾਣੁ ਨ ਚੁਕਈ ਭਾਈ ਝੂਠੀ ਦੁਨੀ ਮਣੀ ॥
ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥੨॥}

(ਅੰਗ ੬੦੮)

{ਸੰਤਹੁ ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥}

(ਅੰਗ ੬੨੩)

{ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥ ਮਰੈ ਨ ਆਵੈ ਜਾਈ ॥ ਹਰਿ ਹਰਿ ਨਾਮੁ ਧਿਆਈ ॥੩॥}

(ਅੰਗ ੬੨੩)

{ਹਰਿ ਅੰਮ੍ਰਿਤ ਬਾਣੀ ਗਾਵੈ ॥ ਸਾਧਾ ਕੀ ਧੂਰੀ ਨਾਵੈ ॥
ਅਪੁਨਾ ਨਾਮੁ ਆਪੇ ਦੀਆ ॥ ਪ੍ਰਭ ਕਰਣਹਾਰ ਰਖਿ ਲੀਆ ॥੩॥}

(ਅੰਗ ੬੨੩)

{ਹਉ ਕੁਰਬਾਨੁ ਜਾਈ ਤੇਰੇ ਨਾਵੈ ॥ ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥}

(ਅੰਗ ੬੨੯)

{ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ ਲਾਇ ॥
ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ ਹਰਿ ਆਪਿ ਵਸੈ ਮਨਿ ਆਇ ॥੨॥
ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ ॥
ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥੩॥}

(ਅੰਗ ੬੩੯)

{ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥

ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥}

(ਅੰਗ ੬੪੩)

{ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥
ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥}

(ਅੰਗ ੬੪੬)

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ ੬੫੦)

{ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥ ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥
ਗੁਰਮਤਿ ਸਾਚੀ ਸਾਚਾ ਵੀਚਾਰੁ ॥ ਆਪੇ ਬਖਸੇ ਦੇ ਵੀਚਾਰੁ ॥੧॥}

(ਅੰਗ ੬੬੬)

{ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥
ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥}

(ਅੰਗ ੬੮੭-੬੮੮)

48/6494

{ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ ॥
ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥
ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥
ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥}

(ਅੰਗ ੬੯੦)

{ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥
ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥
ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥
ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥੩॥
ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥

ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥੪॥੧॥}

(ਅੰਗ ੬੯੬)

{ਮੇਰਾ ਮਨੁ ਆਲਸੀਆ ਉਘਲਾਨਾ ॥
ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ ਮਿਲਿ ਸਾਧੂ ਕਪਟ ਖੁਲਾਨਾ ॥ ਰਹਾਉ ॥
ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ ਪਰਾਨਾ ॥
ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ ਅਮਲੀ ਅਮਲਿ ਲੁਭਾਨਾ ॥੨॥}

(ਅੰਗ ੬੯੭)

{ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥੧॥}

(ਅੰਗ ੬੯੭)

{ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ ॥
ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ ॥੨॥}

(ਅੰਗ ੭੩੧)

{ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ ॥
ਸਚੇ ਸੇਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ ॥੧॥}

(ਅੰਗ ੭੫੧)

{ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ ॥ ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ॥
ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ ॥੮॥੨॥}

(ਅੰਗ ੭੫੪)

{ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥ ਅਵਗਣ ਵਿਕਣਿ ਪਲ੍ਰਹਨਿ ਗੁਣ ਕੀ ਸਾਝ ਕਰੰਨ੍ਹਿ ॥੨੫॥
ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥
ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥
ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥}

(ਅੰਗ ੭੫੬)

{ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ ॥
ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥
ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥੧॥}

(ਅੰਗ ੭੭੦)

{ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥
ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥
ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥

ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥ ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ॥੩॥}

(ਅੰਗ ੭੭੫)

{ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥
ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥
ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ ॥
ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ ॥੩॥}

(ਅੰਗ ੭੭੬)

{ਤੁਧੁ ਦੁਖੁ ਸੁਖੁ ਨਾਲਿ ਉਪਾਇਆ ਲੇਖੁ ਕਰਤੈ ਲਿਖਿਆ॥ ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ॥
ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ ॥ ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨ ਲਿਖਿਆ ॥
ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ ॥੬॥}

(ਅੰਗ ੭੮੭)

{ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ ॥ ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ ॥
ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥ ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ॥
ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥੧੨॥}

(ਅੰਗ ੭੮੯)

48/6495

{ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥
ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥}

(ਅੰਗ ੮੩੨)

{ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥ ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥
ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥ ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ॥੧॥ਰਹਾਉ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥ ਸਾਚੈ ਨਾਇ ਵਡਾਈ ਪਾਵਹੁ ॥੨॥}

(ਅੰਗ ੮੩੨)

{ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਣੀਆ ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਣੀਆ॥੧॥ ਮੈ ਹਰਿ ਹਰਿ ਨਾਮੁ ਅਧਾਰੁ ਰਮਣੀਆ॥
ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਣੀਆ ॥੧॥ ਰਹਾਉ ॥
ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਣੀਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥}

(ਅੰਗ ੮੩੩)

{ਇਕਿ ਸੇਵਕ ਇਕਿ ਭਰਮਿ ਭੁਲਾਏ ॥ ਆਪੇ ਕਰੇ ਹਰਿ ਆਪਿ ਕਰਾਏ ॥ ਏਕੋ ਵਰਤੈ ਅਵਰੁ ਨ ਕੋਇ ॥
ਮਨਿ ਰੋਸੁ ਕੀਜੈ ਜੇ ਦੂਜਾ ਹੋਇ ॥ ਸਤਿਗੁਰੁ ਸੇਵੇ ਕਰਣੀ ਸਾਰੀ ॥ ਦਰਿ ਸਾਚੈ ਸਾਚੇ ਵੀਚਾਰੀ ॥੬॥
ਥਿਤੀ ਵਾਰ ਸਭਿ ਸਬਦਿ ਸੁਹਾਏ ॥ ਸਤਿਗੁਰੁ ਸੇਵੇ ਤਾ ਫਲੁ ਪਾਏ ॥ ਥਿਤੀ ਵਾਰ ਸਭਿ ਆਵਹਿ ਜਾਹਿ ॥
ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥ ਥਿਤੀ ਵਾਰ ਤਾ ਜਾ ਸਚਿ ਰਾਤੇ ॥
ਬਿਨੁ ਨਾਵੈ ਸਭਿ ਭਰਮਹਿ ਕਾਚੇ॥੭॥}

(ਅੰਗ ੮੪੨)

{ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥
ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ ॥ ਨਾਨਕ ਸਹਜੇ ਮਿਲਿ ਰਹੇ ਨਾਮੁ ਵਡਿਆਈ ਦੇਇ ॥੨॥}

(ਅੰਗ ੮੫੦)

ਪਉੜੀ ॥

{ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ ਹਰਿ ਕਰਤੈ ਆਪਿ ਵਧਾਈ ॥
ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨ੍ਹਿ ਓਨ੍ਹਾ ਅੰਦਰਿ ਹਿਰਦੈ ਭਾਈ ॥
ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਹਾ ਪਰਾਇਆ ਭਲਾ ਨ ਸੁਖਾਈ ॥
ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ ॥
ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ ਸਭ ਝਖਿ ਝਖਿ ਮਰੈ ਲੋਕਾਈ ॥੪॥}

(ਅੰਗ ੮੫੦)

{ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥ ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥ ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥}

(ਅੰਗ ੮੮੫)

{ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਗਤਿ ਨਹੀ ਛੁਟਕਾਰਾ ॥ ਸੋ ਹਰਿ ਭਜਨੁ ਸਾਧ ਕੈ ਸੰਗਿ ॥
ਮਨੁ ਤਨੁ ਰਾਪੈ ਹਰਿ ਕੈ ਰੰਗਿ ॥੩॥ ਛੋਡਿ ਸਿਆਣਪ ਬਹੁ ਚਤੁਰਾਈ ॥ ਮਨ ਬਿਨੁ ਹਰਿ ਨਾਵੈ ਜਾਇ ਨ ਕਾਈ॥
ਦਇਆ ਧਾਰੀ ਗੋਵਿਦ ਗੁੋਸਾਈ ॥ ਹਰਿ ਹਰਿ ਨਾਨਕ ਟੇਕ ਟਿਕਾਈ ॥੪॥੧੬॥੨੭॥}

(ਅੰਗ ੮੯੧)

{ਇਕਿ ਬਨ ਮਹਿ ਬੈਸਹਿ ਝੂਗਰਿ ਅਸਥਾਨੁ ॥ ਨਾਮੁ ਬਿਸਾਰਿ ਪਚਹਿ ਅਭਿਮਾਨੁ ॥
ਨਾਮ ਬਿਨਾ ਕਿਆ ਗਿਆਨ ਧਿਆਨੁ ॥ ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥
ਹਠੁ ਅਹੰਕਾਰੁ ਕਰੈ ਨਹੀ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ ॥ ਤੀਰਥਿ ਭਰਮਸਿ ਬਿਆਧਿ ਨ ਜਾਵੈ ॥
ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥ ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥

ਜਮ ਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥
ਸਿਧ ਸਾਧਿਕ ਕੇਤੇ ਮੁਨਿ ਦੇਵਾ ॥ ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥
ਸਬਦੁ ਵੀਚਾਰਿ ਗਹਹਿ ਗੁਰ ਸੇਵਾ ॥ ਮਨਿ ਤਨਿ ਨਿਰਮਲ ਅਭਿਮਾਨ ਅਭੇਵਾ ॥੬॥
ਕਰਮਿ ਮਿਲੈ ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥
ਤੁਮ ਤੇ ਉਪਜਿਓ ਭਗਤੀ ਭਾਉ ॥ ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥
ਹਉਮੈ ਗਰਬੁ ਜਾਇ ਮਨ ਭੀਨੈ ॥ ਝੂਠਿ ਨ ਪਾਵਸਿ ਪਾਖੰਡਿ ਕੀਨੈ ॥
ਬਿਨੁ ਗੁਰ ਸਬਦ ਨਹੀ ਘਰੁ ਬਾਰੁ ॥ ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥੬॥}

(ਅੰਗ ੯੦੫-੯੦੬)

{ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ਮਨੁ ਰਾਖਹੁ ਇਕ ਠਾਈ ॥੮॥
ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ ॥੯॥
ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ ॥੧੧॥
ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥੧੨॥
ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥੧੩॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥੧੪॥
ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥}

(ਅੰਗ ੯੦੯)

{ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥੧॥
ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥੧॥ ਰਹਾਉ ॥
ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥੨॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥੩॥
ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥੪॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥੫॥
ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥੬॥
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ ॥੭॥
ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ ॥੮॥
ਆਪੇ ਨਿਰਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ ॥੯॥
ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ ॥੧੦॥
ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥੧੧॥}

(ਅੰਗ ੯੧੦)

{ਕਿਨਹੀ ਕੀਆ ਪਰਵਿਰਤਿ ਪਸਾਰਾ ॥ ਕਿਨਹੀ ਕੀਆ ਪੂਜਾ ਬਿਸਥਾਰਾ ॥

ਕਿਨਹੀ ਨਿਵਲ ਭੁਇਅੰਗਮ ਸਾਧੇ ॥ ਮੋਹਿ ਦੀਨ ਹਰਿ ਹਰਿ ਆਰਾਧੇ ॥੧॥
ਤੇਰਾ ਭਰੋਸਾ ਪਿਆਰੇ ॥ ਆਨ ਨ ਜਾਨਾ ਵੇਸਾ ॥੧॥ ਰਹਾਉ ॥ ਕਿਨਹੀ ਗ੍ਰਿਹੁ ਤਜਿ ਵਣ ਖੰਡਿ ਪਾਇਆ ॥
ਕਿਨਹੀ ਮੋਨਿ ਅਉਧੂਤੁ ਸਦਾਇਆ ॥ ਕੋਈ ਕਹਤਉ ਅਨੰਨਿ ਭਗਉਤੀ ॥
ਮੋਹਿ ਦੀਨ ਹਰਿ ਹਰਿ ਓਟ ਲੀਤੀ ॥੨॥ ਕਿਨਹੀ ਕਹਿਆ ਹਉ ਤੀਰਥ ਵਾਸੀ ॥
ਕੋਈ ਅੰਨੁ ਤਜਿ ਭਇਆ ਉਦਾਸੀ ॥ ਕਿਨਹੀ ਭਵਨੁ ਸਭ ਧਰਤੀ ਕਰਿਆ ॥
ਮੋਹਿ ਦੀਨ ਹਰਿ ਹਰਿ ਦਰਿ ਪਰਿਆ ॥੩॥ ਕਿਨਹੀ ਕਹਿਆ ਮੈ ਕੁਲਹਿ ਵਡਿਆਈ ॥
ਕਿਨਹੀ ਕਹਿਆ ਬਾਹ ਬਹੁ ਭਾਈ ॥ ਕੋਈ ਕਹੈ ਮੈ ਧਨਹਿ ਪਸਾਰਾ ॥ ਮੋਹਿ ਦੀਨ ਹਰਿ ਹਰਿ ਆਧਾਰਾ ॥੪॥
ਕਿਨਹੀ ਘੂਘਰ ਨਿਰਤਿ ਕਰਾਈ ॥ ਕਿਨਹੂ ਵਰਤ ਨੇਮ ਮਾਲਾ ਪਾਈ ॥ ਕਿਨਹੀ ਤਿਲਕੁ ਗੋਪੀ ਚੰਦਨ ਲਾਇਆ॥
ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥੫॥ ਕਿਨਹੀ ਸਿਧ ਬਹੁ ਚੇਟਕ ਲਾਏ ॥
ਕਿਨਹੀ ਭੇਖ ਬਹੁ ਥਾਟ ਬਨਾਏ ॥ ਕਿਨਹੀ ਤੰਤ ਮੰਤ ਬਹੁ ਖੇਵਾ ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥੬॥
ਕੋਈ ਚਤੁਰੁ ਕਹਾਵੈ ਪੰਡਿਤ ॥ ਕੋ ਖਟੁ ਕਰਮ ਸਹਿਤ ਸਿਉ ਮੰਡਿਤ ॥ ਕੋਈ ਕਰੈ ਆਚਾਰ ਸੁਕਰਣੀ ॥
ਮੋਹਿ ਦੀਨ ਹਰਿ ਹਰਿ ਹਰਿ ਸਰਣੀ ॥੭॥ ਸਗਲੇ ਕਰਮ ਧਰਮ ਜੁਗ ਸੋਧੇ ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ॥
ਕਹੁ ਨਾਨਕ ਜਉ ਸਾਧਸੰਗੁ ਪਾਇਆ ॥ ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥੮॥੧॥}

(ਅੰਗ ੯੧੨-੯੧੩)

{ਕਰਿ ਆਚਾਰੁ ਸਚੁ ਸੁਖੁ ਹੋਈ ॥ ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥ ਵਿਣੁ ਨਾਵੈ ਵੇਰੋਧੁ ਸਰੀਰ ॥
ਕਿਉ ਨ ਮਿਲਹਿ ਕਾਟਹਿ ਮਨ ਪੀਰ ॥ ਵਾਟ ਵਟਾਊ ਆਵੈ ਜਾਇ ॥ ਕਿਆ ਲੇ ਆਇਆ ਕਿਆ ਪਲੈ ਪਾਇ॥
ਵਿਣੁ ਨਾਵੈ ਤੋਟਾ ਸਭ ਥਾਇ ॥ ਲਾਹਾ ਮਿਲੈ ਜਾ ਦੇਇ ਬੁਝਾਇ ॥ ਵਣਜੁ ਵਾਪਾਰੁ ਵਣਜੈ ਵਾਪਾਰੀ ॥
ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥ ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥
ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥
ਅਗਮ ਅਗੋਚਰੁ ਕੀਮਤਿ ਨਹੀ ਪਾਇ ॥ ਤਾ ਮਿਲੀਐ ਜਾ ਲਏ ਮਿਲਾਇ ॥
ਗੁਣਵੰਤੀ ਗੁਣ ਸਾਰੇ ਨੀਤ ॥ ਨਾਨਕ ਗੁਰਮਤਿ ਮਿਲੀਐ ਮੀਤ ॥੧੭॥}

(ਅੰਗ ੯੩੧-੯੩੨)

{ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥
ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥
ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਨੁ ਹੈ ਗੁਰ ਬਿਨੁ ਗਿਆਨੁ ਨ ਹੋਇ ॥
ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥}

(ਅੰਗ ੯੩੪)

{ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ ॥ ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ॥
ਨਾ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ ॥
ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ ॥ ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰੁ ॥
ਨਾ ਸਾਜਨ ਸੇ ਰੰਗੁਲੇ ਕਿਸੁ ਪਹਿ ਕਰੀ ਪੁਕਾਰ ॥ ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ ॥

ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ ॥੩੭॥ ਪਾਪੁ ਬੁਰਾ ਪਾਪੀ ਕਉ ਪਿਆਰਾ ॥
ਪਾਪਿ ਲਦੇ ਪਾਪੇ ਪਾਸਾਰਾ ॥ ਪਰਹਰਿ ਪਾਪੁ ਪਛਾਣੈ ਆਪੁ ॥ ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥
ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥ ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈ ਕਾਲੁ ॥
ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥ ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥੩੮॥}

(ਅੰਗ ੯੩੫)

{ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥ ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥
ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ ॥ ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥
ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥ ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ ॥
ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥ ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ ॥੪੨॥}

(ਅੰਗ ੯੩੫-੯੩੬)

{ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥ ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥੭॥
ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥}

(ਅੰਗ ੯੩੯-੯੪੯)

{ਗੁਰਮੁਖਿ ਧਰਤੀ ਸਾਚੈ ਸਾਜੀ ॥ ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥
ਗੁਰ ਕੈ ਸਬਦਿ ਰਪੈ ਰੰਗੁ ਲਾਇ ॥ ਸਾਚਿ ਰਤਉ ਪਤਿ ਸਿਉ ਘਰਿ ਜਾਇ ॥
ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥ ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥੩੦॥}

(ਅੰਗ ੯੪੧)

48/6496

{ਨਾਮੇ ਰਾਤੇ ਹਉਮੈ ਜਾਇ ॥ ਨਾਮਿ ਰਤੇ ਸਚਿ ਰਹੇ ਸਮਾਇ ॥
ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ ਪਾਵਹਿ ਮੋਖ ਦੁਆਰੁ ॥
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥
ਨਾਮਿ ਰਤੇ ਸਿਧ ਗੋਸਟਿ ਹੋਇ ॥ ਨਾਮਿ ਰਤੇ ਸਦਾ ਤਪੁ ਹੋਇ ॥
ਨਾਮਿ ਰਤੇ ਸਚੁ ਕਰਣੀ ਸਾਰੁ ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥
ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੩੩॥}

(ਅੰਗ ੯੪੧)

{ਮੈਣ ਕੇ ਦੰਤ ਕਿਉ ਖਾਈਐ ਸਾਰੁ ॥ ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥

ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ ਕਵਨ ਗੁਫਾ ਜਿਤੁ ਰਹੈ ਅਵਾਹਨੁ ॥
ਇਤ ਉਤ ਕਿਸ ਕਉ ਜਾਣਿ ਸਮਾਵੈ ॥ ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥
ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥ ਜਗੁ ਕਰੜਾ ਮਨਮੁਖੁ ਗਾਵਾਰੁ ॥
ਸਬਦੁ ਕਮਾਈਐ ਖਾਈਐ ਸਾਰੁ ॥ ਅੰਤਰਿ ਬਾਹਰਿ ਏਕੋ ਜਾਣੈ ॥
ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥ ਸਚ ਭੈ ਰਾਤਾ ਗਰਬੁ ਨਿਵਾਰੈ ॥
ਏਕੋ ਜਾਤਾ ਸਬਦੁ ਵੀਚਾਰੈ ॥ ਸਬਦੁ ਵਸੈ ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ਰੰਗਿ ਰੰਗੀਆ ॥
ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ ਨਦਰੀ ਨਦਰਿ ਪਿਆਰੇ ॥੪੭॥
ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥ ਕਵਨ ਮੁਖਿ ਸੂਰਜੁ ਤਪੈ ਤਪਾਇਆ ॥
ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥ ਕਵਨ ਬੁਧਿ ਗੁਰਮੁਖਿ ਪਤਿ ਰਹੈ ॥ ਕਵਨੁ ਜੋਧੁ ਜੋ ਕਾਲੁ ਸੰਘਾਰੈ ॥
ਬੋਲੈ ਬਾਣੀ ਨਾਨਕੁ ਬੀਚਾਰੈ ॥੪੮॥ ਸਬਦੁ ਭਾਖਤ ਸਸਿ ਜੋਤਿ ਅਪਾਰਾ ॥
ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥
ਆਪੇ ਪਾਰਿ ਉਤਾਰਣਹਾਰਾ ॥ ਗੁਰ ਪਰਚੈ ਮਨੁ ਸਾਚਿ ਸਮਾਇ ॥
ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥ ਨਾਮ ਤਤੁ ਸਭ ਹੀ ਸਿਰਿ ਜਾਪੈ ॥
ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ਤਤੋ ਤਤੁ ਮਿਲੈ ਮਨੁ ਮਾਨੈ ॥ ਦੂਜਾ ਜਾਇ ਇਕਤੁ ਘਰਿ ਆਨੈ ॥
ਬੋਲੈ ਪਵਨਾ ਗਗਨੁ ਗਰਜੈ ॥ ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥}

(ਅੰਗ ੯੪੩)

{ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥
ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥
ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥
ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥
ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥
ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥}

(ਅੰਗ ੯੪੬)

{ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ ॥ ਗੁਰਿ ਪੂਰੈ ਦੇਖਾਲਿਆ ਵਿਣੁ ਨਾਵੈ ਸਭ ਬਾਦਿ ॥
ਸਾਕਤ ਦੁਰਜਨ ਭਰਮਿਆ ਜੋ ਲਗੇ ਦੂਜੈ ਸਾਦਿ ॥
ਜਨ ਨਾਨਕਿ ਹਰਿ ਪ੍ਰਭੁ ਬੁਝਿਆ ਗੁਰ ਸਤਿਗੁਰ ਕੈ ਪਰਸਾਦਿ ॥੨॥}

(ਅੰਗ ੯੫੭)

{ਜਾਂ ਪਿਰੁ ਅੰਦਰਿ ਤਾਂ ਧਨ ਬਾਹਰਿ ॥ ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ ॥ ਬਿਨੁ ਨਾਵੈ ਬਹੁ ਫੇਰੁ ਫਿਰਾਹਰਿ॥
ਸਤਿਗੁਰਿ ਸੰਗਿ ਦਿਖਾਇਆ ਜਾਹਰਿ ॥ ਜਨ ਨਾਨਕ ਸਚੇ ਸਚਿ ਸਮਾਹਰਿ ॥੧॥}

(ਅੰਗ ੯੬੫)

{ਹਰਿ ਹਰਿ ਨਾਮੁ ਧਿਆਈਐ ਹਰਿ ਕੀਰਤਿ ਗੁਰਮੁਖਿ ਚਾਖੁ ॥
ਤਨੁ ਧਰਤੀ ਹਰਿ ਬੀਜੀਐ ਵਿਚਿ ਸੰਗਤਿ ਹਰਿ ਪ੍ਰਭ ਰਾਖੁ ॥
ਅੰਮ੍ਰਿਤੁ ਹਰਿ ਹਰਿ ਨਾਮੁ ਹੈ ਗੁਰਿ ਪੂਰੈ ਹਰਿ ਰਸੁ ਚਾਖੁ ॥੨॥
ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ ॥
ਬਿਨੁ ਨਾਵੈ ਧ੍ਰਿਗੁ ਜੀਵਦੇ ਵਿਚਿ ਬਿਸਟਾ ਮਨਮੁਖ ਰਾਖੁ ॥
ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ ॥੩॥}

(ਅੰਗ ੯੯੭)

{ਸਾਚੀ ਕਾਰ ਕਮਾਵਣੀ ਹੋਰਿ ਲਾਲਚ ਬਾਦਿ ॥ ਇਹੁ ਮਨੁ ਸਾਚੈ ਮੋਹਿਆ ਜਿਹਵਾ ਸਚਿ ਸਾਦਿ ॥
ਬਿਨੁ ਨਾਵੈ ਕੋ ਰਸੁ ਨਹੀ ਹੋਰਿ ਚਲਹਿ ਬਿਖੁ ਲਾਦਿ ॥੧॥
ਐਸਾ ਲਾਲਾ ਮੇਰੇ ਲਾਲ ਕੋ ਸੁਣਿ ਖਸਮ ਹਮਾਰੇ ॥
ਜਿਉ ਫੁਰਮਾਵਹਿ ਤਿਉ ਚਲਾ ਸਚੁ ਲਾਲ ਪਿਆਰੇ ॥੧॥ ਰਹਾਉ ॥}

(ਅੰਗ ੧੦੧੦)

{ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥ ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥
ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ ॥੭॥ ਸੁਇਨਾ ਰੁਪਾ ਸਭ ਧਾਤੁ ਹੈ ਮਾਟੀ ਰਲਿ ਜਾਈ ॥
ਬਿਨੁ ਨਾਵੈ ਨਾਲਿ ਨ ਚਲਈ ਸਤਿਗੁਰਿ ਬੂਝ ਬੁਝਾਈ ॥
ਨਾਨਕ ਨਾਮਿ ਰਤੇ ਸੇ ਨਿਰਮਲੇ ਸਾਚੈ ਰਹੇ ਸਮਾਈ ॥੮॥੫॥}

(ਅੰਗ ੧੦੧੧-੧੦੧੨)

{ਮਨਮੁਖ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥

ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥
ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥
ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥੨॥
ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥
ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥
ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਂਤਿ ਆਵੈ ਨਿਜ ਘਰਿ ਤਾੜੀ ਲਾਏ ॥
ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥}

(ਅੰਗ ੧੦੧੨-੧੦੧੩)

{ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥੨॥

ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥}

(ਅੰਗ ੧੦੧੫)

{ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥ ਗੁਰਮੁਖਿ ਜਿਨੀ ਨਾਮੁ ਨ ਪਾਇਆ ॥
ਮਨਮੁਖਿ ਬਿਰਥਾ ਜਨਮੁ ਗਵਾਇਆ ॥ ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ ॥੯॥
ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥
ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥}

(ਅੰਗ ੧੦੧੬)

{ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥ ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥
ਮਨਸਾ ਮਾਰਿ ਮਨੈ ਸਿਉ ਲੂਝੈ ॥ ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥
ਆਪੇ ਸੁਰਗੁ ਮਛੁ ਪਇਆਲਾ ॥ ਆਪੇ ਜੋਤਿ ਸਰੂਪੀ ਬਾਲਾ ॥
ਜਟਾ ਬਿਕਟ ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ ॥੫॥ ਬੇਦ ਕਤੇਬੀ ਭੇਦੁ ਨ ਜਾਤਾ ॥
ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥ ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥
ਕਰਿ ਕਰਿ ਥਾਕੀ ਮੀਤ ਘਨੇਰੇ ॥ ਕੋਇ ਨ ਕਾਟੈ ਅਵਗੁਣ ਮੇਰੇ ॥
ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ ਭਾਇ ਮਿਲੈ ਭਉ ਜਾਈ ਹੇ ॥੭॥ ਭੂਲੇ ਚੂਕੇ ਮਾਰਗਿ ਪਾਵਹਿ ॥
ਆਪਿ ਭੁਲਾਇ ਤੂਹੈ ਸਮਝਾਵਹਿ ॥ ਬਿਨੁ ਨਾਵੈ ਮੈ ਅਵਰੁ ਨ ਦੀਸੈ ਨਾਵਹੁ ਗਤਿ ਮਿਤਿ ਪਾਈ ਹੇ ॥੮॥}

(ਅੰਗ ੧੦੨੧)

48/6497

{ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥ ਮੇਰਾ ਮੇਰਾ ਕਰਿ ਰੋਵੀਜੈ ॥
ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ ॥੮॥ ਕਾਲੀ ਹੂ ਫੁਨਿ ਧਉਲੇ ਆਏ ॥
ਵਿਣੁ ਨਾਵੈ ਗਥੁ ਗਇਆ ਗਵਾਏ ॥ ਦੁਰਮਤਿ ਅੰਧੁਲਾ ਬਿਨਸਿ ਬਿਨਾਸੈ ਮੂਠੇ ਰੋਇ ਪੂਕਾਰਾ ਹੇ ॥੯॥
ਆਪੁ ਵੀਚਾਰਿ ਨ ਰੋਵੈ ਕੋਈ ॥ ਸਤਿਗੁਰੁ ਮਿਲੈ ਤ ਸੋਝੀ ਹੋਈ ॥
ਬਿਨੁ ਗੁਰ ਬਜਰ ਕਪਾਟ ਨ ਖੁਲਹਿ ਸਬਦਿ ਮਿਲੈ ਨਿਸਤਾਰਾ ਹੇ ॥੧੦॥}

(ਅੰਗ ੧੦੨੨)

{ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥
ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥
ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥}

(ਅੰਗ ੧੦੩੧)

{ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸੁੰਨੇ ਵਰਤੇ ਜੁਗ ਸਬਾਏ ॥
ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ ॥੩॥ ਸੁੰਨਹੁ ਸਪਤ ਸਰੋਵਰ ਥਾਪੇ ॥
ਜਿਨਿ ਸਾਜੇ ਵੀਚਾਰੇ ਆਪੇ ॥ ਤਿਤੁ ਸਤ ਸਰਿ ਮਨੂਆ ਗੁਰਮੁਖਿ ਨਾਵੈ ਫਿਰਿ ਬਾਹੁੜਿ ਜੋਨਿ ਨ ਪਾਇਦਾ ॥੪॥}

(ਅੰਗ ੧੦੩੭)

{ਨਾਮੇ ਰਾਤਾ ਪਵਿਤੁ ਸਰੀਰਾ ॥ ਬਿਨੁ ਨਾਵੈ ਡੂਬਿ ਮੁਏ ਬਿਨੁ ਨੀਰਾ ॥
ਆਵਹਿ ਜਾਵਹਿ ਨਾਮੁ ਨਹੀ ਬੂਝਹਿ ਇਕਨਾ ਗੁਰਮੁਖਿ ਸਬਦੁ ਪਛਾਤਾ ਹੇ ॥੧੩॥
ਪੂਰੈ ਸਤਿਗੁਰਿ ਬੂਝ ਬੁਝਾਈ ॥ ਵਿਣੁ ਨਾਵੈ ਮੁਕਤਿ ਕਿਨੈ ਨ ਪਾਈ ॥
ਨਾਮੇ ਨਾਮਿ ਮਿਲੈ ਵਡਿਆਈ ਸਹਜਿ ਰਹੈ ਰੰਗਿ ਰਾਤਾ ਹੇ ॥੧੪॥}

(ਅੰਗ ੧੦੫੨)

{ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥ ਮੈਲੁ ਨ ਲਾਗੈ ਸਚਿ ਸਮਾਵੈ ॥
ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥ ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥
ਗੁਰਮੁਖਿ ਸਚੁ ਕਮਾਵੈ ਕਰਣੀ ॥ ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥}

(ਅੰਗ ੧੦੫੮)

{ਬਿਨੁ ਨਾਵੈ ਸਭ ਦੁਖੁ ਸੰਸਾਰਾ ॥ ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥
ਨਾਮੁ ਨ ਸੇਵਹਿ ਕਿਉ ਸੁਖੁ ਪਾਈਐ ਬਿਨੁ ਨਾਵੈ ਦੁਖੁ ਪਾਇਦਾ ॥੭॥ ਆਪਿ ਕਰੇ ਤੈ ਆਪਿ ਕਰਾਏ ॥
ਗੁਰ ਪਰਸਾਦੀ ਕਿਸੈ ਬੁਝਾਏ ॥ ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥੮॥}

(ਅੰਗ ੧੦੬੨)

{ਚਉਦਹ ਭਵਣ ਤੇਰੇ ਹਟਨਾਲੇ ॥ ਸਤਿਗੁਰਿ ਦਿਖਾਏ ਅੰਤਰਿ ਨਾਲੇ ॥
ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥੩॥}

(ਅੰਗ ੧੦੬੨)

{ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥ ਮਾਇਆ ਮੋਹੁ ਸਭੁ ਰੋਗੁ ਕਮਾਇਆ ॥
ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥}

(ਅੰਗ ੧੦੬੪)

{ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥ ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ ॥੧੧॥}

(ਅੰਗ ੧੦੬੪)

48/6498

ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ "**ਨਾਵੈ**" ਦਾ ਅਸਲ ਭਾਵ ਕੀ ਹੈ ਜੋ ਕਿ ਬੜਾ ਹੀ ਸਪਸ਼ਟ ਹੈ ਕਿ ਗੁਰੂ ਦੀ ਮਤਿ ਨੂੰ ਮੰਨਣਾ ਹੀ ਨਾਮ ਨੂੰ ਮੰਨਣਾ ਹੈ ਭਾਵ ਮਾੜੇ ਕਰਮ ਛੱਡਕੇ ਚੰਗੇ ਕਰਮ ਕਰਨਾ ਹੀ ਨਾਮ ਵਾਲਾ ਬਣਨਾ ਹੈ ਤੇ ਇਸ ਤੋਂ ਬਿਨਾਂ ਜੋ ਵੀ ਸਾਨੂੰ ਕੋਈ ਹੋਰ ਨਾਮ ਜਪਣਾ ਸਮਝਾਉਂਦਾ ਹੈ ਉਹ ਸਾਡੀ ਆਤਮਿਕ ਸਮਝ ਨੂੰ ਖਰਾਬ ਹੀ ਕਰਦਾ ਹੈ ਭਾਵ ਮਾੜੀ ਆਤਮਿਕ ਮਾਰ ਮਾਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਦੇ ਹਾਂ ਤੇ ਗਲਤ ਨਾਮ ਸਮਝਾਉਂਣ ਵਾਲਿਆਂ ਨੂੰ ਗੁਰੂ ਸਾਹਿਬ ਨੇ ਕਿਸ ਲਈ ਮਾੜਾ ਕਿਹਾ ਹੈ।

"ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥"

ਜਿਸ ਤਰੀਕੇ **"ਕਾਦੀ"** ਨੂੰ ਤੇ ਬ੍ਰਾਹਮਣ ਨੂੰ ਮਾੜਾ ਕਿਹਾ ਹੈ ਭਾਵ ਧਰਮ ਦੇ ਗਲਤ ਮਾਰਗ ਤੇ ਚੱਲਣ ਲਈ ਤੇ ਦੂਸਰਿਆਂ ਨੂੰ ਗਲਤ ਮਾਰਗ ਸਮਝਾਉਂਣ ਲਈ ਮਾੜਾ ਕਿਹਾ ਹੈ ਉਸੇ ਕਰਕੇ **"ਜੋਗੀ"** ਲੋਕ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਨ ਤੇ ਦੂਸਰਿਆਂ ਨੂੰ ਆਪਣਾ ਮਾਰਗ ਸਮਝਾਉਂਦੇ ਹਨ, ਸ਼ਬਦ ਦੀ ਅਗਲੀ ਪੰਗਤੀ ਰਾਹੀਂ ਜੋਗੀ ਮਤਿ ਦੀ ਵੀ ਨਿਖੇਧੀ ਕੀਤੀ ਹੋਈ ਹੈ। ਜੋਗੀ ਲੋਕ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਹੀ ਸਮਝਾਉਂਦੇ ਹਨ ਜਿਸਨੂੰ ਉਹ ਧਰਮ ਦਾ ਮਾਰਗ ਸਮਝਦੇ ਹਨ ਤੇ ਇਸੇ ਗੱਲ ਦਾ ਹੀ ਪ੍ਰਚਾਰ ਕਰਦੇ ਹਨ। ਜੋਗੀ ਲੋਕ ਘਰ ਬਾਰ ਛੱਡਕੇ ਬਾਹਰ ਜੰਗਲਾਂ ਆਦਿ ਵਿੱਚ ਡੇਰੇ ਲਗਾਉਂਦੇ ਹਨ, ਨਦੀਆਂ ਦੇ ਨੇੜੇ ਡੇਰੇ ਲਗਾਉਂਦੇ ਹਨ, ਪਹਾੜਾ ਆਦਿ ਤੇ ਡੇਰੇ ਲਗਾਉਂਦੇ ਹਨ ਤੇ ਆਪਣੇ ਵਸਤਰਾਂ ਦਾ ਪਹਿਨਾਵਾ ਵੀ ਵੱਖਰੇ ਢੰਗ ਨਾਲ ਬਣਾਉਂਦੇ ਹਨ, ਵੱਖਰੇ ਰੰਗ ਦਾ ਬਣਾਉਂਦੇ ਹਨ ਭਾਵ ਗ੍ਰਿਹਸਥ ਦਾ ਮਾਰਗ ਤਿਆਗ ਕੇ ਆਪਣੀ ਪੇਟ ਦੀ ਜਰੂਰਤ ਲਈ ਮੰਗ ਕੇ ਖਾਂਦੇ ਹਨ ਤੇ ਦੂਸਰਿਆਂ ਤੇ ਬੋਝ ਬਣਦੇ ਹਨ ਜਿਸ ਗੱਲ ਦਾ ਬਾਣੀ ਰਾਹੀਂ, ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ ਕਿਉਂਕਿ ਧਰਮ ਦਾ ਮਾਰਗ ਗ੍ਰਿਹਸਥੀ ਦਾ ਮਾਰਗ ਹੈ, ਸੱਚੇ ਸੁੱਚੇ ਢੰਗ ਨਾਲ ਗ੍ਰਿਹਸਥ ਦੇ ਮਾਰਗ ਨੂੰ ਚਲਾਉਣਾ ਹੈ ਤਾਂ ਜੋ ਅਸੀਂ ਆਪਣੀ ਜਰੂਰਤ ਵੀ ਪੂਰੀ ਕਰ ਸਕੀਏ ਤੇ ਕਿਸੇ ਜਰੂਰਤਮੰਦ ਦੀ ਲੋੜ ਵੀ ਪੂਰੀ ਕਰ ਸਕੀਏ ਕਿਉਂਕਿ ਅਨੇਕਾਂ ਹੀ ਆਪਣੇ ਸਰੀਰ ਦੀ ਕਮਜੋਰੀ ਕਰਕੇ ਕੰਮ ਕਾਰ ਨਹੀਂ ਕਰ ਸਕਦੇ ਤੇ ਉਹਨਾਂ ਦੀ ਲੋੜ ਪੂਰੀ ਕਰਨਾ ਵੀ ਇਨਸਾਨੀ ਫਰਜ ਬਣਦਾ ਹੈ। ਕਈ

48/6499

ਅਨੇਕਾਂ ਕਿਰਤ ਕਰਨ ਦੇ ਬਾਅਦ ਵੀ ਬਹੁਤ ਜਿਆਦਾ ਗਰੀਬੀ ਦੀ ਹਾਲਤ ਵਿੱਚ ਰਹਿੰਦੇ ਹਨ ਤੇ ਉਹਨਾਂ ਦੀ ਮਦਦ ਕਰਨਾ ਵੀ ਇਨਸਾਨੀ ਫਰਜ ਹੈ ਤੇ ਇਹ ਫਰਜ ਉਹੀ ਪੂਰਾ ਕਰ ਸਕਦਾ ਹੈ ਜੋ ਆਪਣੀ ਸੱਚੀ ਸੁੱਚੀ ਕਮਾਈ ਦੁਆਰਾ ਆਪਣਾ ਪੇਟ ਭਰਕੇ ਕਿਸੇ ਲੋੜਵੰਦ ਦਾ ਪੇਟ ਵੀ ਭਰ ਸਕੇ। ਜੋਗੀ ਮਤਿ ਦਾ ਬਾਣੀ ਰਾਹੀਂ ਇਸੇ ਕਰਕੇ ਖੰਡਨ ਕੀਤਾ ਹੋਇਆ ਹੈ ਕਿ ਉਹਨਾਂ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ ਤੇ ਇਸੇ ਕਰਕੇ ਜੋਗੀ ਮਤਿ ਨਾਲ ਜੁੜਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਨੂੰ ਧਰਮ ਦੇ ਸੱਚੇ ਮਾਰਗ ਤੇ ਚੱਲਣ ਦੁਆਰਾ ਉਦੱਮ ਕਰਕੇ ਹੀ ਪਾਇਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ। ਧਰਮ ਦਾ ਮਾਰਗ, ਭਗਤੀ ਦਾ ਮਾਰਗ, ਪ੍ਰਮਾਤਮਾ ਨੂੰ ਪਾਉਂਣ ਦਾ ਮਾਰਗ ਵਿਕਾਰਾਂ ਨੂੰ ਛੱਡਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਦਾ ਹੈ ਤੇ ਇਹੀ ਮਾਰਗ ਬਾਣੀ ਰਾਹੀਂ ਜੋਗੀਆਂ ਨੂੰ ਵੀ ਸਮਝਾਇਆ ਹੋਇਆ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜੋਗੀਆਂ ਨੂੰ ਕਿਸ ਤਰੀਕੇ ਧਰਮ ਦਾ ਮਾਰਗ ਸਮਝਾਇਆ ਹੋਇਆ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥

ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

{ਮਤੁ ਭਸਮ ਅੰਧੂਲੇ ਗਰਬਿ ਜਾਹਿ ॥ ਇਨ ਬਿਧਿ ਨਾਗੇ ਜੋਗੁ ਨਾਹਿ ॥੧॥
ਮੂੜੇ ਕਾਹੇ ਬਿਸਾਰਿਓ ਤੈ ਰਾਮ ਨਾਮ ॥ ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥
ਗੁਰ ਪੂਛਿ ਤੁਮ ਕਰਹੁ ਬੀਚਾਰੁ ॥ ਜਹ ਦੇਖਉ ਤਹ ਸਾਰਿਗਪਾਣਿ ॥੨॥
ਕਿਆ ਹਉ ਆਖਾ ਜਾਂ ਕਛੂ ਨਾਹਿ ॥ ਜਾਤਿ ਪਤਿ ਸਭ ਤੇਰੈ ਨਾਇ ॥੩॥
ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥ ਚਲਤੀ ਬਾਰ ਤੇਰੋ ਕਛੂ ਨਾਹਿ ॥੪॥
ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥
ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ ਅੰਤ ਕਾਲਿ ਮੂੜੇ ਚੋਟ ਖਾਹਿ ॥੭॥
ਗੁਰ ਸਬਦੁ ਬੀਚਾਰਹਿ ਆਪੁ ਜਾਇ ॥ ਸਾਚ ਜੋਗੁ ਮਨਿ ਵਸੈ ਆਇ ॥੮॥
ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥ ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥
ਗੁਣ ਨਾਨਕੁ ਬੋਲੈ ਭਲੀ ਬਾਣਿ ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥}

(ਅੰਗ ੧੧੮੯-੧੧੯੦)

{ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥
ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥
ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥
ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥
ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥
ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥
ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥}

(ਅੰਗ ੨੦੮)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਜੋਗੀਆਂ ਨੂੰ ਧਰਮ ਦਾ ਸੱਚਾ

ਮਾਰਗ ਹੀ ਸਮਝਾਇਆ ਹੋਇਆ ਹੈ ਜੋ ਮਾਰਗ ਗੁਰਮਤਿ ਅਨੁਸਾਰ ਵਿਚਰਨ ਦਾ ਹੈ, ਸੱਚੀ ਸੁੱਚੀ ਕਿਰਤ ਕਰਨ ਦਾ ਹੈ ਜੋ ਚੰਗੀ ਕਿਰਤ ਮਨ ਦੇ ਪੰਜੇ ਵਿਕਾਰਾਂ ਤੋਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਵਿਚਾਰਾਂ ਵਿੱਚੋਂ ਨਿਕਲ ਕੇ ਹੀ ਕਰ ਸਕਦਾ ਹੈ। ਇਸੇ ਲਈ ਉਪਰ ਵਾਲੇ ਤਿੰਨਾਂ ਸ਼ਬਦਾਂ ਵਿੱਚ ਜੋਗੀਆਂ ਨੂੰ ਆਪਣੇ ਅੰਦਰ ਦੇ ਪੰਜੇ ਵਿਕਾਰ ਮਾਰਨ ਲਈ ਸਮਝਾਇਆ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ। ਅਉਗੁਣ ਸਾਰੇ ਸੰਸਾਰ ਲਈ ਇੱਕੋ ਜਿਹੇ ਮਾੜੇ ਹਨ ਤੇ ਗੁਣ ਸਾਰੇ ਸੰਸਾਰ ਲਈ ਇੱਕੋ ਜਿਹੇ ਚੰਗੇ ਹਨ। ਉਪਰ ਮੁੱਖ ਸ਼ਬਦ ਦੀ ਪੰਗਤੀ ਰਾਹੀਂ ਜੋਗੀਆਂ ਨੂੰ ਇਸੇ ਲਈ **"ਅੰਧੁ"** ਕਿਹਾ ਹੈ ਭਾਵ ਅਗਿਆਨੀ ਕਿਹਾ ਹੈ, ਨਾਸਮਝ ਕਿਹਾ ਹੈ ਤੇ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਰਾਹੀਂ ਜੋਗੀਆਂ ਨੂੰ ਸੁਜਾਖਾ ਬਣਨਾ ਵੀ ਸਿਖਾਇਆ ਹੈ ਭਾਵ ਮਨ ਦੇ ਅੰਧੇਪਨ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਮਝਾਇਆ ਹੈ ਜੋ ਤਰੀਕਾ ਗੁਰੂ ਦੀ ਮਤਿ ਨੂੰ ਮੰਨਣ ਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦਾ ਹੈ ਜਿਸ ਦੁਆਰਾ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਨਿਕਲਦੀ ਹੈ ਤੇ ਉਸਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ। ਧਰਮ ਦੇ ਸੱਚੇ ਮਾਰਗ ਦੀ ਸਮਝ ਕੇਵਲ ਗੁਰੂ ਹੀ ਪਾ ਸਕਦਾ ਹੈ ਭਾਵ ਗੁਰੂ ਦਾ ਨਾਮ ਹੀ ਪਾ ਸਕਦਾ ਹੈ ਤੇ ਸੱਚੀ ਸਮਝ ਪੈਣ ਦੁਆਰਾ ਹੀ ਕੋਈ ਅਉਗੁਣਾਂ ਵਿੱਚੋਂ ਨਿਕਲਕੇ ਗੁਣਾਂ ਦੁਆਰਾ ਵਿਚਰ ਸਕਦਾ ਹੈ ਭਾਵ ਗੁਰੂ ਦਾ ਨਾਮ ਜਪ ਸਕਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ। **(ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ ॥)**

ਉਪਰ ਵਾਲੀਆਂ ਪੰਗਤੀਆਂ ਵਿੱਚ ਕਾਦੀ, ਬ੍ਰਾਹਮਣ ਤੇ ਜੋਗੀ ਦੀ ਗੱਲ ਕੀਤੀ ਹੋਈ ਹੈ ਜੋ ਆਪ ਧਰਮ ਦੇ, ਨਾਮ ਜਪਣ ਦੇ ਉਲਟ ਮਾਰਗ ਤੇ ਚੱਲਦੇ ਹਨ ਤੇ ਦੂਸਰਿਆਂ ਨੂੰ ਵੀ ਗਲਤ ਮਾਰਗ ਤੇ ਪਾਉਂਦੇ ਹਨ। ਅਗਲੀ ਪੰਗਤੀ ਰਾਹੀਂ ਇਹਨਾਂ ਤਿੰਨਾਂ ਬਾਰੇ ਗੁਰੂ ਸਾਹਿਬ ਨੇ ਕੀ ਨਿਰਣਾ ਦਿੱਤਾ ਹੋਇਆ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ।

"ਤੀਨੇ ਓਜਾੜੇ ਕਾ ਬੰਧੁ ॥੨॥"

ਇਹਨਾਂ ਤਿੰਨਾਂ ਨੂੰ ਉਜਾੜੇ ਦਾ **"ਬੰਧੁ"** ਆਖਿਆ ਹੈ। ਜੋ ਧਰਮ ਦਾ ਪੁੱਠਾ ਮਾਰਗ ਸਮਝਾਉਂਦੇ ਹਨ, ਗਲਤ ਨਾਮ ਸਮਝਾਉਂਦੇ ਹਨ ਇਹ ਧਰਮ ਦੇ ਸੱਚੇ ਮਾਰਗ

ਨੂੰ ਉਜਾੜਦੇ ਹਨ, ਆਪਣੀ ਮਨਮਤਿ ਰਾਹੀਂ ਗੁਰਮਤਿ ਦੇ ਮਾਰਗ ਨੂੰ ਉਜਾੜਦੇ ਹਨ ਤੇ ਇਤਨਾ ਜਿਆਦਾ ਉਜਾੜਦੇ ਹਨ ਜਿਸ ਉਜਾੜੇ ਨੂੰ ਇੱਕ **"ਬੰਧੁ"** ਦੀ ਤਰ੍ਹਾਂ ਕਿਹਾ ਹੈ ਭਾਵ ਇੱਕ ਬੰਨੇ ਦੀ ਤਰ੍ਹਾਂ ਕਿਹਾ ਹੈ ਜਿਸ ਬੰਨੇ ਨੂੰ ਪਾਰ ਕਰਨਾ ਔਖਾ ਹੁੰਦਾ ਹੈ ਭਾਵ ਇਹ ਦੂਸਰਿਆਂ ਨੂੰ ਆਪਣੀ ਮਤਿ ਪਿੱਛੇ ਇਤਨਾ ਜਿਆਦਾ ਲਗਾ ਲੈਂਦੇ ਹਨ ਜਿਸ ਮਤਿ ਵਿੱਚੋਂ ਨਿਕਲਣਾ ਇਤਨਾ ਔਖਾ ਹੋ ਜਾਂਦਾ ਹੈ ਜਿਵੇਂ ਕਿ ਕਿਸੇ ਵੱਡੇ ਬੰਨੇ ਨੂੰ ਪਾਰ ਕਰਨਾ ਔਖਾ ਹੁੰਦਾ ਹੈ। ਸੰਸਾਰੀ ਮਨੁੱਖ ਇਹਨਾਂ ਦੀ ਮਤਿ ਨੂੰ ਸੱਚਾ ਮੰਨ ਕੇ ਇਤਨਾ ਜਿਆਦਾ ਇਹਨਾਂ ਦੇ ਨਾਲ ਜੁੜ ਜਾਂਦੇ ਹਨ ਤੇ ਇਹਨਾਂ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਨ। ਹਰ ਕਿਸੇ ਨੂੰ ਪ੍ਰਮਾਤਮਾ ਨੇ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਧਰਮ ਦੇ ਸੱਚੇ ਮਾਰਗ ਦੀ ਸਮਝ ਨਾ ਹੋਣ ਕਰਕੇ ਸੰਸਾਰੀ ਇਹੋ ਜਿਹਿਆਂ ਦੀ ਮਤਿ ਪਿੱਛੇ ਲੱਗ ਜਾਂਦੇ ਹਨ ਜੋ ਖੁਦ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਮਨ ਦੇ ਅੰਧੇਪਨ ਵਿੱਚ ਹਨ ਭਾਵ ਮਨ ਦੀ ਅਗਿਆਨਤਾ ਵਿੱਚ ਹਨ ਜਿਵੇਂ ਕਿ ਅਸੀਂ ਇਸ ਤੋਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। **(ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥)**

ਇਹ ਸਾਨੂੰ ਕਿਸ ਤਰੀਕੇ ਉਜਾੜਦੇ ਹਨ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

"ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥"

(ਅੰਗ ੪੧੨)

ਜੋ ਵੀ ਸਾਨੂੰ ਪੁੱਠੇ ਮਾਰਗ ਤੇ ਤੋਰਦੇ ਹਨ ਉਹ ਸਾਨੂੰ ਸਰੀਰਕ ਜਪ ਤਪ ਆਦਿ ਨਾਲ ਜੋੜਦੇ ਹਨ ਜਿਸਨੂੰ ਉਹ ਨਾਮ ਜਪਣਾ ਸਮਝਾਉਂਦੇ ਹਨ, ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਾਉਂਦੇ ਹਨ। ਜਪ ਤਪ ਕਰਨ ਦੇ ਸਾਨੂੰ ਇਹੋ ਜਿਹੇ ਧਰਮ ਦੇ ਗਿਆਤਾ ਅਖਵਾਉਂਣ ਵਾਲੇ ਅਨੇਕਾਂ ਹੀ ਤਰੀਕੇ ਸਮਝਾਉਂਦੇ ਹਨ ਜਿਹੋ ਜਿਹੇ ਸਭ ਜਪ ਤਪ ਦਾ ਖੰਡਨ ਕੀਤਾ ਹੋਇਆ ਹੈ ਭਾਵ ਸਰੀਰਕ

ਕਿਰਿਆਵਾਂ ਦੁਆਰਾ ਜਪ ਤਪ ਕਰਨ ਦਾ ਖੰਡਨ ਕੀਤਾ ਹੋਇਆ ਹੈ ਤੇ ਇਹੋ ਜਿਹੇ ਜਪ ਤਪ ਨੂੰ ਕੇਵਲ ਮਨੁੱਖ ਦੀ ਚਤੁਰਾਈ ਦੱਸਿਆ ਹੈ ਭਾਵ ਇਹ ਝੂਠੀ ਸਿਆਣਪ ਦੱਸਿਆ ਹੋਇਆ ਹੈ ਜਿਸ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਭਾਵ ਇਹ ਉਸਦੀ ਭਗਤੀ ਦਾ ਮਾਰਗ ਹੈ ਹੀ ਨਹੀਂ। ਇਹੋ ਜਿਹੇ ਜਪ ਤਪ ਕਰਨ ਵਾਲਿਆਂ ਨੂੰ ਭਗਤੀ ਦੇ ਸੱਚੇ ਮਾਰਗ ਤੋਂ ਉਜੱੜੇ ਹੋਏ ਕਿਹਾ ਹੈ, ਭਰਮ ਵਿੱਚ ਕਿਹਾ ਹੈ। ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਭਗਤੀ ਦੇ ਸੱਚੇ ਮਾਰਗ ਦੀ ਰਾਹ ਸਮਝ ਨਹੀਂ ਆਉਂਦੀ। ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖ ਕੇ ਭਗਤੀ ਦੀ ਸੱਚੀ ਰਾਹ ਤੋਂ

48/6502

ਭਟਕਾਇਆ ਹੋਇਆ ਹੈ ਭਾਵ ਉਜਾੜਿਆ ਹੋਇਆ ਹੈ। ਗੁਰੂ ਨੂੰ ਭਗਤੀ ਦੇ ਸੱਚੇ ਰਾਹ ਦੀ ਭਾਵ ਸੱਚੇ ਮਾਰਗ ਦੀ ਸਮਝ ਹੈ ਇਸੇ ਲਈ ਉਹ ਸਾਨੂੰ ਸਰੀਰਕ ਜਪ ਤਪ ਆਦਿ ਕਰਨ ਤੋਂ ਮਨ੍ਹਾਂ ਕਰਦਾ ਹੈ ਤਾਂ ਜੋ ਅਸੀਂ ਭਰਮਾਂ ਵਾਲੀ ਸਮਝ ਕਰਕੇ ਆਪਣੇ ਸੱਚੇ ਰਾਹ ਤੋਂ ਨਾ ਉਜੜੀਏ ਤੇ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਨਾ ਲੱਗੀਏ ਜੋ ਸਾਨੂੰ ਭਗਤੀ ਦੇ ਸੱਚੇ ਮਾਰਗ ਤੋਂ ਉਜਾੜਦੇ ਹਨ। **(ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥)**

ਆਪਣੇ ਵਲੋਂ ਤਾਂ ਸਰੀਰਕ ਜਪ ਤਪ ਦੁਆਰਾ ਸਭ ਨਾਮ ਹੀ ਜਪਦੇ ਹਨ ਪਰ ਇਹੋ ਜਿਹਾ ਜਪ ਤਪ ਕਰਨ ਵਾਲਿਆਂ ਨੂੰ ਅਗਲੀਆਂ ਪੰਗਤੀਆਂ ਰਾਹੀਂ ਨਾਮ ਬਿਹੂਣੇ ਕਿਹਾ ਗਿਆ ਹੈ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਜਦ ਤਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝ ਨਹੀਂ ਲੈਂਦਾ ਤਦ ਤਕ ਉਹ ਨਾਮ ਵਾਲਾ ਨਹੀਂ ਬਣਦਾ ਭਾਵ ਭਗਤੀ ਦੇ ਸੱਚੇ ਮਾਰਗ ਦੀ ਸਮਝ ਵਾਲਾ ਨਹੀਂ ਬਣਦਾ, ਗੁਰਮਤਿ ਦੀ ਸੱਚੀ ਸਮਝ ਵਾਲਾ ਨਹੀਂ ਬਣਦਾ ਜੋ ਸੱਚੀ ਸਮਝ ਮਨ ਦੇ ਵਿੱਚ ਨਾਮ ਦਾ ਮਾਲਕ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ, ਆਪਣੇ ਨਾਮ ਦੇ ਰੂਪ ਵਿੱਚ ਬਖਸ਼ਦਾ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਦੇ ਦਰ ਤੇ ਜਗ੍ਹਾ ਪਾਉਂਦਾ ਹੈ ਭਾਵ ਉਸਦੇ ਨਾਲ ਮੇਲ ਹੁੰਦਾ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨਾਂ ਸਰੀਰਕ ਜਪ ਤਪ ਕਰਨ ਵਾਲਿਆਂ ਨੂੰ ਨਾਮ ਬਿਹੂਣੇ ਵੀ ਕਿਹਾ ਹੈ ਤੇ ਇਹੋ ਜਿਹੇ ਜਪ ਤਪ ਦੁਆਰਾ ਭਾਵ ਚਤੁਰਾਈਆਂ ਕਰਨ ਦੁਆਰਾ, ਆਪਣੇ ਸਿਰ ਸੁਆਹ ਪਾਉਂਣ ਵਾਲੀ ਗੱਲ ਕਿਹਾ ਹੈ ਭਾਵ ਆਪਣੇ ਆਪ ਨੂੰ ਖੁਆਰ ਕਰਨ ਵਾਲੀ ਗੱਲ ਹੈ ਤੇ ਪ੍ਰਮਾਤਮਾ ਦੇ ਦਰ ਤੇ ਆਪਣੀ ਇੱਜਤ ਗੁਆਉਂਣ ਵਾਲੀ ਗੱਲ ਹੈ। ਪ੍ਰਮਾਤਮਾ ਦੇ ਦਰ ਤੇ ਮਨੁੱਖ ਦੀ ਇੱਜਤ ਗੁਰਮਤਿ ਅਨੁਸਾਰ ਵਿਚਰਨ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। **(ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ ॥੧॥)**

ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਅਸੀਂ ਉਜੜਦੇ ਕਿਸ ਰੂਪ ਵਿੱਚ ਹਾਂ ਤੇ ਸਾਨੂੰ ਉਜਾੜਨ ਵਾਲੇ ਕੌਣ ਹਨ ਇਸ ਗੱਲ ਦੀ ਸਮਝ ਸਾਨੂੰ ਆਸਾਨੀ ਨਾਲ

48/6503

ਲੱਗ ਸਕਦੀ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਪਦੇ ਦੁਆਰਾ ਸਮਝਿਆ ਹੈ। **(ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥)**

ਜਿਨ੍ਹਾਂ ਨੂੰ ਸੱਚੀ ਭਗਤੀ ਦੇ ਮਾਰਗ ਦੀ ਸਮਝ ਨਹੀਂ ਹੁੰਦੀ ਉਹ ਸਾਨੂੰ ਸੱਚੇ ਮਾਰਗ ਤੋਂ ਉਜਾੜਦੇ ਹਨ ਤੇ ਜਿਨ੍ਹਾਂ ਨੂੰ ਸੱਚੀ ਭਗਤੀ ਦੀ ਸਮਝ ਹੁੰਦੀ ਹੈ ਉਹ ਸਾਨੂੰ ਸੱਚ ਦੇ ਮਾਰਗ ਨਾਲ ਜੋੜਦੇ ਹਨ। ਜੋ ਆਪ ਸੱਚ ਦੇ ਮਾਰਗ ਨੂੰ ਜਾਣਦਾ ਹੈ ਉਹੀ ਸਾਨੂੰ ਸੱਚ ਦੇ ਮਾਰਗ ਨਾਲ ਜੋੜ ਸਕਦਾ ਹੈ। ਸਾਨੂੰ ਸੱਚ ਦੇ ਮਾਰਗ ਨਾਲ ਜੋੜਨ ਵਾਲਾ ਜੋਗੀ ਕਿਹੋ ਜਿਹਾ ਹੁੰਦਾ ਹੈ, ਸੱਚ ਨਾਲ ਜੋੜਨ ਵਾਲਾ ਕਾਜੀ ਕਿਹੋ ਜਿਹਾ ਹੁੰਦਾ ਹੈ, ਸੱਚ ਦੇ ਮਾਰਗ ਨਾਲ ਜੋੜਨ ਵਾਲਾ ਬ੍ਰਾਹਮਣ ਕਿਹੋ ਜਿਹਾ ਹੁੰਦਾ ਹੈ ਇਹ ਨਾਲ ਹੀ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥

ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥”

ਉਪਰ ਪਹਿਲੀ ਪੰਗਤੀ ਰਾਹੀਂ ਜੋਗੀ ਉਸਨੂੰ ਕਿਹਾ ਹੈ ਜੋ ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਨੂੰ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਜੁਗਤਿ ਨੂੰ ਪਛਾਣ ਲੈਂਦਾ ਹੈ ਭਾਵ ਜਾਣ ਲੈਂਦਾ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕਿਸ ਤਰੀਕੇ ਹੁੰਦਾ ਹੈ। ਜੋਗ ਦੀ ਜੁਗਤਿ ਕੀ ਹੈ ਇਸ ਗੱਲ ਨੂੰ ਅਸੀਂ ਉਪਰ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ

ਕੀਤਾ ਜਾ ਸਕਦਾ ਹੈ।

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥
ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ ਅੰਤ ਕਾਲਿ ਮੂੜੇ ਚੋਟ ਖਾਹਿ ॥੭॥
ਗੁਰ ਸਬਦੁ ਬੀਚਾਰਹਿ ਆਪੁ ਜਾਇ ॥ ਸਾਚ ਜੋਗੁ ਮਨਿ ਵਸੈ ਆਇ ॥੮॥}

(ਅੰਗ ੧੧੮੯)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

{ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥
ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥
ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥
ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥
ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥
ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥
ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥}

(ਅੰਗ ੨੦੮)

{ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥
ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥ ਜੋਗੀ ਕਉ ਕੈਸਾ ਡਰੁ ਹੋਇ ॥
ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥੧॥ ਰਹਾਉ ॥ ਨਿਰਭਉ ਜੋਗੀ ਨਿਰੰਜਨੁ ਧਿਆਵੈ ॥

ਅਨਦਿਨੁ ਜਾਗੈ ਸਚਿ ਲਿਵ ਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥੨॥
ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ ਮਰਣ ਗਤੁ ਗਰਬੁ ਨਿਵਾਰੇ ॥
ਆਪਿ ਤਰੈ ਪਿਤਰੀ ਨਿਸਤਾਰੇ ॥੩॥ ਸਤਿਗੁਰੁ ਸੇਵੇ ਸੋ ਜੋਗੀ ਹੋਇ ॥
ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥੪॥ ਨਰ ਨਿਹਕੇਵਲ ਨਿਰਭਉ ਨਾਉ ॥
ਅਨਾਥਹ ਨਾਥ ਕਰੇ ਬਲਿ ਜਾਉ ॥ ਪੁਨਰਪਿ ਜਨਮੁ ਨਾਹੀ ਗੁਣ ਗਾਉ ॥੫॥
ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥ ਸਾਚੈ ਸਬਦਿ ਦਰਿ ਨੀਸਾਣੈ ॥੬॥
ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥
ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥ ਜੋ ਦੀਸੈ ਸੋ ਆਸ ਨਿਰਾਸਾ ॥
ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥}

(ਅੰਗ ੨੨੩-੨੨੪)

{ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥}

(ਅੰਗ ੩੫੯)

{ਹਥਿ ਕਰਿ ਤੰਤੁ ਵਜਾਵੈ ਜੋਗੀ ਬੋਥਰ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥ ਜੋਗੀ ਹਰਿ ਦੇਹੁ ਮਤੀ ਉਪਦੇਸੁ ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ ਰਹਾਉ ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥}

(ਅੰਗ ੩੬੯)

48/6504

{ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ॥ ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ॥੧॥
ਐਸਾ ਜੋਗੀ ਨਉ ਨਿਧਿ ਪਾਵੈ ॥ ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ ॥੧॥ ਰਹਾਉ ॥
ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ ॥
ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ ॥੨॥
ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ ॥
ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ ॥੩॥
ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ ॥
ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥}

(ਅੰਗ ੪੭੭)

ਪ੍ਰਮਾਤਮਾ ਦਾ ਜੋਗੀ ਬਣਨਾ ਉਸਦੇ ਨਾਲ ਜੋਗ ਵਾਲਾ ਬਣਨਾ ਹੈ ਭਾਵ ਜੋਗੀ ਉਹੀ ਬਣਦਾ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਜੋਗ ਹੋ ਜਾਂਦਾ ਹੈ ਭਾਵ ਮੇਲ ਹੋ ਜਾਂਦਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਅਸੀਂ ਪਿੱਛੇ ਸ਼ਬਦਾਂ ਦੀ ਵਿਆਖਿਆ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਕੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਕੀ ਹੈ ਭਾਵ ਉਸਦੀ ਸੱਚੀ ਭਗਤੀ ਦਾ ਮਾਰਗ ਕੀ ਹੈ ਇਸ ਗੱਲ ਦੀ ਸਮਝ ਹੀ ਪ੍ਰਮਾਤਮਾ ਦੇ ਨਾਲ ਜੋਗ ਹੋਣ ਤੋਂ ਬਾਅਦ ਪੈਂਦੀ ਹੈ ਜੋ ਆਪਣੇ ਨਾਲ ਜੋਗ ਕਰਨ ਦੀ ਸਮਝ ਉਹ ਆਪ ਹੀ ਪਾਉਂਦਾ ਹੈ ਕਿਉਂਕਿ ਉਸਦੇ ਨਾਲ ਜੋਗ ਤੋਂ ਪਹਿਲੇ ਹਰ ਕੋਈ ਮਾਇਆ ਦੀ ਜੁਗਤਿ ਵਿੱਚ ਹੀ ਰਹਿੰਦਾ ਹੈ। ਪ੍ਰਮਾਤਮਾ ਕਦੇ ਹੀ ਕਿਸੇ ਵਿਰਲੇ ਨੂੰ ਆਪਣੀ ਕਿਰਪਾ ਕਰਨ ਦੁਆਰਾ ਆਪਣਾ ਜੋਗੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਜੋਗੀ ਬਣਾਇਆ ਹੈ ਤੇ ਉਹਨਾਂ ਸਰੀਰਾਂ ਦੇ ਰਾਹੀਂ ਆਪਣੇ ਨਾਲ ਜੋਗ ਦੀ ਜੁਗਤਿ ਉਸਨੇ ਆਪ ਹੀ ਸਮਝਾਈ ਹੈ ਜੋ ਜੋਗ ਦੀ ਜੁਗਤਿ ਉਹਨਾਂ ਨੇ ਸਾਨੂੰ ਗੁਰਬਾਣੀ ਰਾਹੀਂ ਸਮਝਾਈ ਹੈ। ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਜਿਵੇਂ ਕਿ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਸਾਰੀ ਗੱਲ ਆਪਣੀ ਨਾਸਮਝ ਮਤਿ ਨੂੰ ਛੱਡਣ ਦੀ ਹੈ, ਮਨ ਦੇ ਮਾੜੇ ਵਿਚਾਰਾਂ ਨੂੰ ਛੱਡਣ ਦੀ ਹੈ, ਪੰਜੇ ਵਿਕਾਰਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਛੱਡਣ ਦੀ ਹੈ ਭਾਵ ਅਉਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦੀ ਹੈ, ਚੰਗੇ ਕਰਮ ਕਰਨ ਦੀ ਹੈ। ਸਾਰੀ ਗੁਰਬਾਣੀ ਰਾਹੀਂ ਸਾਨੂੰ ਇਹੀ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੋਇਆ ਹੈ, ਉਸਦੇ ਨਾਲ ਮੇਲ ਕਰਨ ਦਾ ਮਾਰਗ ਸਮਝਾਇਆ ਹੋਇਆ ਹੈ ਭਾਵ ਉਸਦਾ ਨਾਮ ਜਪਣ ਦਾ ਮਾਰਗ ਸਮਝਾਇਆ ਹੋਇਆ ਹੈ ਤੇ ਉਸ ਸੱਚੇ ਮਾਰਗ ਤੇ ਚੱਲਣ ਦਾ ਉਦੱਮ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਗੁਰੂ ਦੀ ਸੱਚੀ ਸਮਝ ਤੇ ਵਿਸ਼ਵਾਸ ਕਰਨ ਦੁਆਰਾ ਉਸਨੂੰ ਮੰਨੀਏ ਤੇ ਮਨ ਦੇ ਵਿਕਾਰਾਂ ਵਿੱਚੋਂ ਨਿਕਲਣਾ ਹੀ ਪ੍ਰਮਾਤਮਾ ਦੇ ਨਾਲ ਜੋਗ ਦੀ ਜੁਗਤਿ ਹੈ। ਜੋ ਉਸਦੀ ਇਹ ਜੁਗਤਿ ਨੂੰ ਜਾਣ ਲੈਂਦਾ ਹੈ

48/6505

ਭਾਵ ਮੰਨ ਲੈਂਦਾ ਹੈ ਤੇ ਉਸ ਤੇ ਅਮਲ ਕਰਦਾ ਹੈ ਉਹੀ ਪ੍ਰਮਾਤਮਾ ਦਾ ਜੋਗੀ ਬਣਦਾ ਹੈ। **(ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥)** ਜਦ ਤਕ ਕੋਈ ਇਸ ਗੱਲ ਨੂੰ ਨਹੀਂ ਜਾਣਦਾ ਕਿ ਸਭ ਕੁਝ ਪ੍ਰਮਾਤਮਾ ਇੱਕੋ ਇੱਕ ਆਪ ਹੀ ਹੈ ਤਦ ਤਕ ਕੋਈ ਉਸਦਾ ਜੋਗੀ ਨਹੀਂ ਬਣਦਾ। ਇਹ ਕੇਵਲ ਗੁਰੂ ਪਰਸਾਦੀ ਹੈ ਕਿ ਕੋਈ ਇਸ ਗੱਲ ਨੂੰ ਜਾਣ ਸਕੇ ਕਿ ਸਭ ਕੁਝ ਇੱਕੋ ਇੱਕ ਪ੍ਰਮਾਤਮਾ ਆਪ ਹੈ ਜੋ ਕਿ ਉਸਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਉਸਦੀ ਕਿਰਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੈ। **(ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥)**

ਹੁਣ ਅਗਲੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝਦੇ ਹਾਂ ਕਿ ਪ੍ਰਮਾਤਮਾ ਦਾ ਕਾਜੀ ਬਣਨਾ ਕੀ ਹੈ, ਵਾਹਿਗੁਰੂ ਦਾ, ਅਲ੍ਹਾ ਦਾ ਕਾਜੀ ਬਣਨਾ ਕੀ ਹੈ।

“ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥”

ਜੋ ਪ੍ਰਮਾਤਮਾ ਦਾ ਜੋਗੀ ਬਣਨਾ ਹੈ ਉਹੀ ਪ੍ਰਮਾਤਮਾ ਦਾ ਕਾਜੀ ਬਣਨਾ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੀ ਅਵਸਥਾ ਹੈ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਆਪਣੇ ਅੰਦਰੋਂ ਮਨ ਦੇ ਸੱਚੇ ਗਿਆਨ ਦੁਆਰਾ ਜਾਣਿਆ ਜਾ ਸਕਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਜੋਗ ਹੋ ਸਕਦਾ ਹੈ। ਪ੍ਰਮਾਤਮਾ ਨਾਲ ਜੋਗ ਦੀ ਜੁਗਤਿ ਮਨ ਦੇ ਅੰਦਰੋਂ ਮਾੜੇ ਵਿਚਾਰ ਤਿਆਗਣ ਦੀ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗਣ ਦੀ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਜੋਗੀ ਬਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਜੋਗੀ ਬਣਨ ਲਈ ਆਪਣੀ ਨਾਸਮਝ ਮਤਿ ਭਾਵ ਮਾੜੇ ਵਿਚਾਰਾਂ ਵਾਲੀ ਮਤਿ ਤਿਆਗਣੀ ਪੈਂਦੀ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਆਪਣੀ ਨਾਸਮਝ ਮਤਿ ਨੂੰ ਉਲਟਾ ਕਰਨਾ ਪੈਂਦਾ ਹੈ। ਜੋ ਪ੍ਰਮਾਤਮਾ ਦੇ ਨਾਲ ਮੇਲ ਦੀ ਜੁਗਤਿ ਜੋਗੀ ਬਣਨ ਦੀ ਹੈ ਉਹੀ ਜੁਗਤਿ ਅਲ੍ਹਾ ਦਾ ਕਾਜੀ ਬਣਨ ਦੀ ਹੈ ਭਾਵ ਆਪਣੀ ਨਾਮਸਝ ਮਤਿ ਨੂੰ ਉਲਟਾ ਕਰਨਾ ਪੈਂਦਾ ਹੈ ਭਾਵ ਆਪਣੀ ਉਲਟੀ ਮਤਿ ਨੂੰ ਸਿੱਧਾ ਕਰਨਾ ਪੈਂਦਾ ਹੈ ਜੋ ਉਲਟੀ ਮਤਿ ਗੁਰੂ ਦੀ ਸਿੱਧੀ ਮਤਿ ਨੂੰ ਮੰਨਣ

48/6506

ਦੁਆਰਾ ਹੀ ਹੋ ਸਕਦੀ ਹੈ, ਮਨ ਦੀ ਉਲਟੀ ਮਤਿ ਭਾਵ ਪੁੱਠੀ ਮਤਿ ਸਾਡੇ ਕੋਲੋਂ ਅਨੇਕਾਂ ਹੀ ਮਾੜੇ ਕਰਮ ਕਰਾਉਂਦੀ ਹੈ ਤੇ ਗੁਰੂ ਦੀ ਸਿੱਧੀ ਮਤਿ ਸਾਨੂੰ ਮਾੜੇ ਕਰਮ ਛੱਡਕੇ ਚੰਗੇ ਕਰਮ ਕਰਨੇ ਸਮਝਾਉਂਦੀ ਹੈ। ਆਪਣੀ ਪੁੱਠੀ ਮਤਿ ਨੂੰ ਸਿੱਧਾ ਕਰਨਾ ਹੀ ਭਾਵ ਮਨਮਤਿ ਨੂੰ ਛੱਡਕੇ ਗੁਰੂ ਦੀ ਮਤਿ ਨੂੰ, ਸ਼ਬਦ ਦੀ ਮਤਿ ਨੂੰ ਮੰਨਣਾ ਹੀ ਸ਼ਬਦੇ ਮਰਨਾ ਹੈ ਭਾਵ ਜੀਵਤ ਮਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਗੁਰੂ ਪ੍ਰਮਾਤਮਾ ਦਾ ਕਾਜੀ ਬਣਨ ਲਈ ਸਮਝਾਈ ਹੋਈ ਹੈ ਭਾਵ ਅਲ੍ਹਾ ਦਾ ਕਾਜੀ ਬਣਨ ਲਈ ਸਮਝਾਈ ਹੋਈ ਹੈ। **(ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥)**

ਆਪਣੇ ਆਪ ਕੋਈ ਆਪਣੀ ਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਵਾਲਾ ਬਣ ਸਕੇ ਇਹ ਨਾਮੁਮਕਿਨ ਹੈ ਭਾਵ ਇਹ ਗੁਰ ਪਰਸਾਦੀ ਹੈ ਭਾਵ ਇਹ ਗੁਰੂ ਦਾ ਪ੍ਰਸਾਦਿ ਮਿਲਣ ਦੁਆਰਾ ਹੀ ਮੁਮਕਿਨ ਹੋ ਸਕਦਾ ਹੈ। ਗੁਰੂ ਦਾ ਪ੍ਰਸਾਦਿ ਮਿਲਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਗੁਰੂ ਦਾ ਪ੍ਰਸਾਦਿ ਉਸਦਾ ਸੱਚਾ ਗਿਆਨ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋਣ ਦੁਆਰਾ ਆਪ ਹੀ ਪਾ ਸਕਦਾ ਹੈ ਤੇ ਤਾਂ ਹੀ ਕੋਈ ਗੁਰਮਤਿ ਦੀ ਸੱਚੀ ਸਮਝ ਦੁਆਰਾ ਭਾਵ ਸ਼ਬਦਾਂ ਦੀ ਸੱਚੀ ਸਮਝ ਪੈਣ ਦੁਆਰਾ ਕੋਈ ਮਨਮਤਿ ਵਾਲੀ ਸਮਝ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਸਕਦਾ ਹੈ ਭਾਵ ਆਪਣੀ ਨਾਸਮਝ ਮਤਿ ਨੂੰ ਉਲਟ ਕੇ ਉਸਨੂੰ ਸਿੱਧੀ ਕਰ ਸਕਦਾ ਹੈ ਤੇ ਉਸ ਸਿੱਧੀ ਮਤਿ ਦੁਆਰਾ ਹੀ ਭਾਵ ਸੱਚੇ ਗਿਆਨ ਵਾਲੀ ਮਤਿ ਦੁਆਰਾ ਹੀ ਆਪਣੇ ਅੰਦਰੋਂ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ, ਵਾਹਿਗੁਰੂ ਨੂੰ, ਅਕਾਲ ਪੁਰਖ ਨੂੰ, ਗਾੱਡ ਨੂੰ, ਅਲ੍ਹਾ ਨੂੰ ਜਾਣ ਸਕਦਾ ਹੈ ਤੇ ਉਸਦਾ ਕਾਜੀ ਬਣ ਸਕਦਾ ਹੈ ਜੋ ਕਾਜੀ ਸਭ ਨੂੰ ਭਾਵ ਸਾਰੇ ਸੰਸਾਰ ਨੂੰ ਅਲ੍ਹਾ ਦੀ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ, ਧੰਨ ਧੰਨ ਧੰਨ ਸ਼ੇਖ ਫਰੀਦ ਜੀ ਨੇ ਸਮਝਾਇਆ ਹੈ ਜਿਨ੍ਹਾਂ ਨੂੰ ਮਨ ਦੇ ਵਿੱਚ ਅਲ੍ਹਾ ਦੇ ਨਾਲ ਮੇਲ ਦੁਆਰਾ ਹੀ ਇਹ ਸਮਝ ਲੱਗੀ ਹੈ ਕਿ ਪ੍ਰਮਾਤਮਾ ਵਿੱਚ, ਗਾੱਡ ਵਿੱਚ,

48/6507

ਵਾਹਿਗੁਰੂ ਵਿੱਚ, ਅਕਾਲ ਪੁਰਖ ਵਿੱਚ, ਅਲ੍ਹਾ ਵਿੱਚ ਕੋਈ ਫਰਕ ਨਹੀਂ ਹੈ ਤੇ ਉਸਦੇ ਨਾਲ ਮੇਲ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਆਪਣੀ ਮਤਿ ਨੂੰ ਉਲਟ ਕੇ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨ ਦਾ ਹੈ ਭਾਵ ਮਨਮਤਿ ਛੱਡਕੇ ਗੁਰਮਤਿ ਨੂੰ ਮੰਨਣ ਦਾ ਹੈ ਭਾਵ ਅਉਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਭਾਵ ਸ਼ਬਦਾਂ ਦੀ ਮਤਿ ਦੁਆਰਾ ਆਪਣੀ ਮਤਿ ਨੂੰ ਮਾਰਨ ਦਾ ਹੈ। ਅਸੀਂ ਆਪਣਾ ਜੀਵਨ ਆਪਣੀ ਮਤਿ ਦੀ ਸਮਝ ਦੁਆਰਾ ਜਿਉਂਦੇ ਹਾਂ ਤੇ ਆਪਣੀ ਨਾਸਮਝ ਮਤਿ ਦੁਆਰਾ ਵੱਖਰੇ ਵੱਖਰੇ ਧਰਮ ਦੇ ਮਾਰਗ ਅਪਨਾਉਂਦੇ ਹਾਂ। ਆਪਣੀ ਨਾਸਮਝ ਮਤਿ ਨੂੰ ਮਾਰਨਾ ਹੀ ਜਿਉਂਦੇ ਮਰਨਾ ਹੈ ਜਿਸ ਦੁਆਰਾ ਮਨੁੱਖ ਨੂੰ ਅਸਲ ਜੀਵਨ ਦੀ ਪ੍ਰਾਪਤੀ ਹੁੰਦੀ ਹੈ ਜਿਸ ਜੀਵਨ ਦੀ ਸਮਝ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਭਾਵ ਉਸਦੇ ਸੱਚੇ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਪੈਂਦੀ ਹੈ ਭਾਵ ਉਸਦਾ ਕਾਜੀ ਬਣਨ ਦੁਆਰਾ ਹੀ ਪੈਂਦੀ ਹੈ, ਉਸਦਾ ਜੋਗੀ ਬਣਨ ਦੁਆਰਾ ਹੀ ਪੈਂਦੀ ਹੈ, ਉਸਦਾ ਭਗਤ ਬਣਨ ਦੁਆਰਾ ਹੀ ਪੈਂਦੀ ਹੈ, ਉਸਦਾ ਗੁਰੂ ਰੂਪ ਬਣਨ ਦੁਆਰਾ ਹੀ ਪੈਂਦੀ ਹੈ ਜੋ ਸੱਚੇ ਜੀਵਨ ਦਾ ਮਾਰਗ ਉਹ ਮਨ ਦੀ ਸਮਝ ਦੁਆਰਾ ਆਪ ਹੀ ਪਾਉਂਦਾ ਹੈ ਜੋ ਸੱਚੇ ਜੀਵਨ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਉਸਦੇ ਨਾਮ

ਜਪਣ ਦਾ ਮਾਰਗ ਇੱਕੋ ਜਿਹਾ ਹੀ ਹੈ ਜਿਵੇਂ ਕਿ ਸ਼ਬਦਾਂ ਰਾਹੀਂ, ਗੁਰਬਾਣੀ ਰਾਹੀਂ, ਸ੍ਰਿਸ਼ਟੀ ਦੇ ਇੱਕੋ ਇੱਕ ਕਰਤਾ ਨੂੰ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਸਮਝਾਇਆ ਹੈ। ਸਾਰੀ ਗੱਲ ਮਨਮਤਿ ਨੂੰ ਛੱਡਕੇ ਗੁਰਮਤਿ ਨੂੰ ਮੰਨਣ ਦੀ ਹੈ ਭਾਵ ਆਪਣੀ ਸੁਰਤਿ ਦੇ ਵਿਚਾਰਾਂ ਨੂੰ ਛੱਡ ਕੇ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੀ ਹੈ ਭਾਵ ਆਪਣੀ ਨਾਸਮਝ ਮਤਿ ਨੂੰ ਮਾਰਨ ਦੀ ਹੈ ਜਿਸ ਨਾਸਮਝ ਮਤਿ ਨੂੰ ਮਾਰੇ ਬਿਨਾਂ ਨਾ ਅਸੀਂ ਭਗਤੀ ਦੇ ਉੱਚੇ ਮਾਰਗ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਉਸ ਉੱਚੇ ਮਾਰਗ ਤੇ ਚੱਲ ਸਕਦੇ ਹਾਂ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜੋ ਮਾਰਗ ਜੋਗੀ ਲਈ ਹੈ ਉਹੀ ਮਾਰਗ ਕਾਜੀ ਲਈ ਹੈ। **(ਸੋ ਜੋਗੀ ਜੋ ਜੁਗਤਿ ਪਛਾਣੈ॥ ਗੁਰ ਪਰਸਾਦੀ ਏਕੋ ਜਾਣੈ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥)**

ਸਾਡੀ ਮਤਿ ਦਾ ਉਲਟੀ ਹੋਣਾ ਕੀ ਹੈ, ਜੀਵਤ ਮਰਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

48/6508

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ॥
ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥
ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥
ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥
ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥
ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥}

(ਅੰਗ ੨੨੦-੨੨੧)

{ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥ ਉਲਟ ਭਈ ਘਰੁ ਘਰ ਮਹਿ ਆਣਿਆ ॥
ਅਹਿਨਿਸਿ ਭਗਤਿ ਕਰੇ ਲਿਵ ਲਾਇ ॥ ਨਾਨਕੁ ਤਿਨ ਕੈ ਲਾਗੈ ਪਾਇ ॥੪॥੧੨॥}

(ਅੰਗ ੩੫੨)

{ਉਲਟੀ ਰੇ ਮਨ ਉਲਟੀ ਰੇ ॥ ਸਾਕਤ ਸਿਉ ਕਰਿ ਉਲਟੀ ਰੇ ॥
ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥੧॥ ਰਹਾਉ ॥
ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ ॥
ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥੧॥
ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥
ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥੨॥੪॥੩੭॥}

(ਅੰਗ ੫੩੫)

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ ਜਪਿ ਮਨ ਮੇਰੇ ਤੂ ਏਕੋ ਨਾਮੁ ॥
ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥ ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥

ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ ੫੫੯)

{ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ ॥
ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ॥੧॥ ਮਨ ਰੇ ਹਰਿ ਹਰਿ ਸੇਤੀ ਲਿਵ ਲਾਇ॥
ਮਨ ਹਰਿ ਜਪਿ ਮੀਠਾ ਲਾਗੈ ਭਾਈ ਗੁਰਮੁਖਿ ਪਾਏ ਹਰਿ ਥਾਇ ॥ ਰਹਾਉ ॥}

(ਅੰਗ ੬੦੨)

{ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥
ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥ ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥}

(ਅੰਗ ੬੫੧)

{ਸੁਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥
ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥
ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥
ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥}

(ਅੰਗ ੭੮੬)

{ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥ ਹੰਸੁ ਚਲੈ ਉਠਿ ਝੁਮਣੋ ਮਾਇਆ ਭੂਲੀ ਆਥਿ ॥
ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ ॥ ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥}

(ਅੰਗ ੯੩੫)

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥
ਅਪਣੀ ਗਹਣ ਗਤਿ ਆਪੇ ਜਾਣੈ ॥ ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥
ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥ ਦੇਹੀ ਅੰਦਰਿ ਵਸਤੁ ਅਪਾਰਾ ॥
ਆਪੇ ਕਪਟ ਖੁਲਾਵਣਹਾਰਾ ॥ ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥

ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥ ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥
ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥ ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥
ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥ ਗੁਰ ਸੇਵਾ ਤੇ ਸਭੁ ਕਿਛੁ ਪਾਏ ॥
ਹਉਮੈ ਮੇਰਾ ਆਪੁ ਗਵਾਏ ॥ ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥
ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥}

(ਅੰਗ ੧੦੫੬-੧੦੫੭)

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥}

(ਅੰਗ ੧੧੩੨)

{ਅਬ ਮੋਹਿ ਰਾਮ ਭਰੋਸਉ ਪਾਏ ॥ ਜੋ ਜੋ ਸਰਣਿ ਪਰਿਓ ਕਰੁਣਾਨਿਧਿ ਤੇ ਤੇ ਭਵਹਿ ਤਰਾਏ ॥੧॥ ਰਹਾਉ ॥
ਸੁਖਿ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ ॥
ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ ॥੧॥
ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ ਸ੍ਰਵਨੀ ਕਥਾ ਸੁਨਾਏ ॥
ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ ਹਰਿ ਗੁਣ ਗਾਏ ॥੨॥
ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥
ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥
ਕਵਨ ਉਪਮਾ ਕਉਨ ਬਡਾਈ ਕਿਆ ਗੁਨ ਕਹਉ ਰੀਝਾਏ ॥
ਹੋਤ ਕ੍ਰਿਪਾਲ ਦੀਨ ਦਇਆ ਪ੍ਰਭ ਜਨ ਨਾਨਕ ਦਾਸ ਦਸਾਏ ॥੪॥੮॥}

(ਅੰਗ ੧੨੦੪-੧੨੦੫)

{ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥
ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥
ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥

ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥
ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ ਦਇਆਲਾ ॥
ਤੁਮ੍ਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥੭॥ ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ॥
ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੮॥
ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥
ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨॥}

(ਅੰਗ ੧੨੭੪)

{ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥
ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥੧॥ ਤੂਹੈ ਹੈ ਵਾਹੁ ਤੇਰੀ ਰਜਾਇ ॥
ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥੧॥ ਰਹਾਉ ॥
ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥੨॥
ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥
ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੮॥}

(ਅੰਗ ੧੩੨੯)

{ਸੰਤਾ ਕੀ ਰੇਣੁ ਸਾਧ ਜਨ ਸੰਗਤਿ ਹਰਿ ਕੀਰਤਿ ਤਰੁ ਤਾਰੀ ॥
ਕਹਾ ਕਰੈ ਬਪੁਰਾ ਜਮੁ ਡਰਪੈ ਗੁਰਮੁਖਿ ਰਿਦੈ ਮੁਰਾਰੀ ॥੧॥ ਜਲਿ ਜਾਉ ਜੀਵਨੁ ਨਾਮ ਬਿਨਾ ॥
ਹਰਿ ਜਪਿ ਜਾਪੁ ਜਪਉ ਜਪਮਾਲੀ ਗੁਰਮੁਖਿ ਆਵੈ ਸਾਦੁ ਮਨਾ ॥੧॥ ਰਹਾਉ ॥
ਗੁਰ ਉਪਦੇਸ ਸਾਚੁ ਸੁਖੁ ਜਾ ਕਉ ਕਿਆ ਤਿਸੁ ਉਪਮਾ ਕਹੀਐ ॥
ਲਾਲ ਜਵੇਹਰ ਰਤਨ ਪਦਾਰਥ ਖੋਜਤ ਗੁਰਮੁਖਿ ਲਹੀਐ ॥੨॥
ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ ॥
ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥੩॥
ਸਾਇਰ ਸਪਤ ਭਰੇ ਜਲ ਨਿਰਮਲਿ ਉਲਟੀ ਨਾਵ ਤਰਾਵੈ ॥
ਬਾਹਰਿ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ ॥੪॥
ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ ॥
ਨਾਨਕੁ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ ॥੫॥੧੭॥}

(ਅੰਗ ੧੩੩੨)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥

ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥
ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥
ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ ॥ ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ ॥੧੫॥
ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥ ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥
ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥ ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ ॥
ਜੰਮਣੁ ਮਰਣੁ ਨ ਚੁਕਈ ਰੰਗੁ ਲਗਾ ਦੂਜੈ ਭਾਇ ॥ ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥੧੭॥
ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥
ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥
ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥੧੮॥ ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥
ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥ ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ॥
ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ ॥ ਪੁਤੁ ਕਲਤੁ ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਨਾਉ ਵਸੈ ਮਨਿ ਆਈ ॥
ਨਾਨਕ ਸੇ ਵਡੇ ਵਡਭਾਗੀ ਜਿ ਗੁਰਮੁਖਿ ਨਾਮਿ ਸਮਾਈ ॥੧੯॥
ਮਨਮੁਖ ਨਾਮੁ ਨ ਚੇਤਨੀ ਬਿਨੁ ਨਾਵੈ ਦੁਖ ਰੋਇ॥ ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ॥
ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ ॥
ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ ॥੨੦॥
ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥ ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥
ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ ॥
ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ ॥
ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ ॥
ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ ॥੨੧॥
ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥
ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ ॥
ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ ॥
ਜਨ ਨਾਨਕੁ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ ॥੨੨॥}

(ਅੰਗ ੧੪੧੪-੧੪੧੫)

{ਸੰਤ ਸਰਣਿ ਸੰਤ ਟਹਲ ਕਰੀ ॥ ਧੰਧੁ ਬੰਧੁ ਅਰੁ ਸਗਲ ਜੰਜਾਰੋ ਅਵਰ ਕਾਜ ਤੇ ਛੂਟਿ ਪਰੀ ॥੧॥ ਰਹਾਉ ॥
ਸੂਖ ਸਹਜ ਅਰੁ ਘਨੋ ਅਨੰਦਾ ਗੁਰ ਤੇ ਪਾਇਓ ਨਾਮੁ ਹਰੀ ॥
ਐਸੋ ਹਰਿ ਰਸੁ ਬਰਨਿ ਨ ਸਾਕਉ ਗੁਰਿ ਪੂਰੈ ਮੇਰੀ ਉਲਟਿ ਧਰੀ ॥੧॥
ਪੇਖਿਓ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ ॥
ਪੂਰਨ ਪੂਰਿ ਰਹਿਓ ਕਿਰਪਾ ਨਿਧਿ ਕਹੁ ਨਾਨਕ ਮੇਰੀ ਪੂਰੀ ਪਰੀ ॥੨॥੭॥੯੩॥}

(ਅੰਗ ੮੨੨-੮੨੩)

{ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ ॥ ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ ॥੧॥
ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ॥
ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥ ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥ ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ॥੩॥
ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥ ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥੧੩॥੪੩॥}

(ਅੰਗ ੮੧੧)

48/6509

{ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥ ਬੀਜ ਮੰਤ੍ਰੁ ਲੈ ਹਿਰਦੈ ਰਹੈ ॥
ਮਨੂਆ ਉਲਟਿ ਸੁੰਨ ਮਹਿ ਗਹੈ ॥੫॥ ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥
ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥ ਅਸੁਰ ਨਦੀ ਕਾ ਬੰਧੈ ਮੂਲੁ ॥
ਪਛਿਮ ਫੇਰਿ ਚੜਾਵੈ ਸੂਰੁ ॥ ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥}

(ਅੰਗ ੯੭੪)

{ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥
ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥੧॥ਗੁਰਮੁਖਿ ਮਨੂਆ ਉਲਟਿ ਪਰਾਵੈ ॥
ਗੁਰਮੁਖਿ ਬਾਣੀ ਨਾਦੁ ਵਜਾਵੈ ॥ ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥੨॥
ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥
ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥ ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥
ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥
ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥
ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥ ਗੁਰਮੁਖਿ ਸਚੀ ਊਤਮ ਬਾਣੀ ॥
ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥੬॥
ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥
ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥
ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥

ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ॥੮॥ ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ॥
ਸਚੈ ਨਾਮਿ ਸਦਾ ਲਿਵ ਲਾਏ ॥ ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥੯॥
ਜਾ ਤਿਸੁ ਭਾਵੈ ਸਤਿਗੁਰੁ ਮਿਲਾਏ ॥ ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥
ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ ॥੧੦॥ ਮਨਹਠਿ ਕਰਮ ਕਰੇ ਸੋ ਛੀਜੈ ॥
ਬਹੁਤੇ ਭੇਖ ਕਰੇ ਨਹੀ ਭੀਜੈ ॥ ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥
ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥ ਮਰਣ ਜੀਵਣ ਕੀ ਸੋਝੀ ਪਾਏ ॥
ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ॥੧੨॥ ਗੁਰਮੁਖਿ ਮਰਹਿ ਸੁ ਹਹਿ ਪਰਵਾਣੁ॥
ਆਵਣ ਜਾਣਾ ਸਬਦੁ ਪਛਾਣੁ ॥ ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥
ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥ ਹਉਮੈ ਵਿਚਹੁ ਮੋਹੁ ਚੁਕਾਇਆ ॥
ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥੧੪॥ ਆਪੇ ਕਰੇ ਕਰਾਏ ਆਪੇ ॥
ਆਪੇ ਵੇਖੈ ਥਾਪਿ ਉਥਾਪੇ ॥ ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥੧੫॥
ਗੁਰਮੁਖਿ ਸਚੋ ਸਚੁ ਕਮਾਵੈ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥
ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥੧੬॥੧॥੧੫॥}

(ਅੰਗ ੧੦੫੮-੧੦੫੯)

{ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥
ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥
ਬੁਨਿ ਬੁਨਿ ਆਪ ਆਪੁ ਪਹਿਰਾਵਉ ॥ ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥
ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥}

(ਅੰਗ ੧੧੫੮)

{ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥ ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥ ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥੧॥}

(ਅੰਗ ੧੨੯੧)

{ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥
ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥
ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ ॥

ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ ॥੩॥
ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥
ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥੪॥
ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥
ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥੫॥
ਜੀਅ ਜੰਤ ਸਭ ਸਿਸਟਿ ਉਪਾਈ ਗੁਰਮੁਖਿ ਸੋਭਾ ਪਾਵੈਗੋ ॥
ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ ਆਇ ਜਾਇ ਦੁਖੁ ਪਾਵੈਗੋ ॥੬॥
ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੂ ਮਿਲਾਵੈਗੋ ॥
ਸਤਿਗੁਰ ਮਿਲਤ ਮਹਾ ਸੁਖੁ ਪਾਇਆ ਮਤਿ ਮਲੀਨ ਬਿਗਸਾਵੈਗੋ ॥੭॥
ਹਰਿ ਹਰਿ ਕ੍ਰਿਪਾ ਕਰਹੁ ਜਗਜੀਵਨ ਮੈ ਸਰਧਾ ਨਾਮਿ ਲਗਾਵੈਗੋ ॥
ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥੮॥੪॥}

(ਅੰਗ ੧੩੧੦)

{ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ ॥੧॥}

(ਅੰਗ ੧੩੯੩)

{ਜਮ ਤੇ ਉਲਟਿ ਭਏ ਹੈ ਰਾਮ ॥ ਦੁਖ ਬਿਨਸੇ ਸੁਖ ਕੀਓ ਬਿਸਰਾਮ ॥
ਬੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥੧॥
ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥ ਸਾਂਤਿ ਭਈ ਜਬ ਗੋਬਿਦੁ ਜਾਨਿਆ ॥੧॥ ਰਹਾਉ ॥
ਤਨ ਮਹਿ ਹੋਤੀ ਕੋਟਿ ਉਪਾਧਿ ॥ ਉਲਟਿ ਭਈ ਸੁਖ ਸਹਜਿ ਸਮਾਧਿ ॥ ਆਪੁ ਪਛਾਨੈ ਆਪੈ ਆਪ ॥
ਰੋਗੁ ਨ ਬਿਆਪੈ ਤੀਨੌ ਤਾਪ ॥੨॥ ਅਬ ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥
ਕਹੁ ਕਬੀਰ ਸੁਖਿ ਸਹਜਿ ਸਮਾਵਉ ॥ ਆਪਿ ਨ ਡਰਉ ਨ ਅਵਰ ਡਰਾਵਉ ॥੩॥੧੭॥}

(ਅੰਗ ੩੨੬-੩੨੭)

ਸਾਡੀ ਮਤਿ ਦਾ ਉਲਟੀ ਹੋਣਾ ਕੀ ਹੈ ਤੇ ਉਲਟੀ ਹੋਣ ਦਾ ਮਕਸਦ ਕੀ ਹੈ ਇਸ ਗੱਲ ਨੂੰ ਅਸੀਂ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਜਾਣ ਸਕਣਾ ਜਾਂ ਨਾ ਜਾਣ ਸਕਣਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਮਨ ਦੀ ਨਾਸਮਝ ਮਤਿ ਦੁਆਰਾ ਹੀ ਭਾਵ ਅਗਿਆਨਤਾ ਵਾਲੀ ਮਤਿ ਦੁਆਰਾ ਭਾਵ ਹਉਮੈ ਵਾਲੀ ਸਮਝ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਕਿਉਂਕਿ ਪ੍ਰਮਾਤਮਾ ਨੂੰ ਜਾਨਣ ਲਈ ਸਾਡਾ ਪੜਦਾ ਹੀ ਨਾਸਮਝ ਮਤਿ ਹੈ ਭਾਵ ਅਗਿਆਨਤਾ ਵਾਲੀ ਮਤਿ ਹੈ ਭਾਵ ਮਨ ਦੀ ਪੁੱਠੀ ਮਤਿ ਹੈ ਜਿਸ ਵਿੱਚੋਂ ਨਿਕਲੇ ਬਿਨਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਜਿਵੇਂ ਕਿ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਉਲਟੀ ਮਤਿ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਜੋ ਮਨ ਦੀ ਸਮਝ ਰੂਪ ਕਮਲ ਸਿੱਧਾ ਹੋਏ ਬਿਨਾ ਭਾਵ ਪੁੱਠੀ ਮਤਿ ਦਾ ਉਲਟਾ ਹੋਏ ਬਿਨਾਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ ਕਿ ਸਾਡੇ ਅੰਦਰ ਦਾ ਪੁੱਠਾ ਕਮਲ ਸਾਡੇ ਅੰਦਰ ਦੀ ਪੁੱਠੀ ਮਤਿ ਹੈ ਜਿਸ ਪੁੱਠੇ ਕਮਲ ਦੇ ਉਲਟਾ ਹੋਏ ਬਿਨਾਂ ਭਾਵ ਸਿੱਧਾ ਹੋਏ ਬਿਨਾਂ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਪ੍ਰਮਾਤਮਾ ਨੂੰ ਕੇਵਲ ਮਨ ਦੀ ਗੁਰਮਤਿ ਵਾਲੀ ਭਾਵ ਨਾਮ ਵਾਲੀ ਸੱਚੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਸਾਡੇ ਅੰਦਰ ਦੇ ਪੁੱਠੇ ਕਮਲ ਦੇ ਉਲਟਾ ਹੋਣ ਦੁਆਰਾ

ਭਾਵ

48/6510

ਸਿੱਧਾ ਹੋਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਸਾਡੇ ਅੰਦਰ ਦਾ ਪੁੱਠਾ ਕਮਲ ਕਿਸ ਰੂਪ ਵਿੱਚ ਹੈ ਤੇ ਉਹ ਉਲਟ ਕੇ ਸਿੱਧਾ ਕਿਸ ਰੂਪ ਵਿੱਚ ਹੁੰਦਾ ਹੈ, ਕਿਸ ਮਕਸਦ ਲਈ ਹੁੰਦਾ ਹੈ ਇਸ ਗੱਲ ਨੂੰ ਗੁਰੂ ਦੇ ਭਾਵ ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਜਾ ਸਕਦਾ ਹੈ।

“ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥”

(ਅੰਗ ੨੨੫)

“ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥
ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥
ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥”

(ਅੰਗ ੧੫੩)

ਉਪਰ ਪਹਿਲੇ ਸ਼ਬਦ ਰਾਹੀਂ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਡੇ ਅੰਦਰ ਦਾ ਉਲਟਾ ਕਮਲ ਕੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਨੂੰ ਸਮਝਿਆ ਹੈ। ਉਲਟਾ ਕਮਲ ਜਾਂ ਪੁੱਠਾ ਕਮਲ ਇੱਕੋ ਗੱਲ ਹੈ। ਇਸ ਪੁੱਠੇ ਕਮਲ ਤੋ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜੋ ਕਿ ਧੰਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਣ ਹੈ ਜਿਸ ਅਕਾਲ ਪੁਰਖ ਦੇ ਫੁਰਮਾਨ ਨੂੰ ਮੰਨਣਾ ਸਾਡਾ ਫਰਜ ਹੈ। ਜਿਸ ਅਕਾਲ ਪੁਰਖ ਨੇ ਸਾਡੇ ਸਰੀਰ ਦੀ ਰਚਨਾ ਕੀਤੀ ਹੈ ਉਸੇ ਨੇ ਹੀ ਸੰਸਾਰ ਦੇ ਹਰ ਸਰੀਰ ਦੇ ਵਿੱਚ ਆਪ ਹੀ ਸਮਝ ਪਾਈ ਹੋਈ ਹੈ। ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਪੁੱਠੇ ਕਮਲ ਵਾਲੀ ਮਨ ਦੀ ਸਮਝ ਵਿੱਚ ਰੱਖਿਆ ਹੋਇਆ ਹੈ ਜੋ ਸਾਡੇ ਅੰਦਰ ਦੀ ਸਮਝ ਦਾ ਮਾਲਕ ਹੈ। ਸਾਡੇ ਅੰਦਰ ਦੇ ਪੁੱਠੇ ਕਮਲ ਵਾਲੀ ਸਮਝ ਨੂੰ ਸਾਡੀ **“ਦੁਰਮਤਿ”** ਦੱਸਿਆ ਹੈ ਭਾਵ ਮਾੜੀ ਮਤਿ ਦੱਸਿਆ ਹੈ, ਨਾਸਮਝ ਮਤਿ ਦੱਸਿਆ ਹੈ। ਦੁਰਮਤਿ ਉਹ ਹੁੰਦੀ ਹੈ ਜਿਸ ਮਤਿ ਨੂੰ **“ਗੁਰਮਤਿ”** ਦੀ ਸਮਝ ਨਹੀਂ ਹੁੰਦੀ। ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਗੁਰਮਤਿ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰੀ ਸਮਝ ਭਾਵ ਹਰ ਸ਼ਬਦ ਦੀ ਵਿਚਾਰ ਸਾਡੇ ਅੰਦਰ ਦੁਰਮਤਿ ਕੱਢਣ ਲਈ ਹੀ ਹੈ ਭਾਵ ਸਾਡੇ ਅੰਦਰ ਗੁਰਮਤਿ ਵਾਲੀ ਸਮਝ ਪਾਉਂਣ ਲਈ ਹੀ ਹੈ ਜੋ ਸਮਝ ਸਾਡੇ ਅੰਦਰ ਪੈਣ ਦੁਆਰਾ ਹੀ ਅਸੀਂ ਦੁਰਮਤਿ ਵਿੱਚੋਂ ਨਿਕਲ ਸਕਦੇ ਹਾਂ। ਸਾਡੇ ਮਨ ਦੇ ਪੁੱਠੇ ਕਮਲ ਨੂੰ ਭਾਵ ਨਾਸਮਝ ਪੁੱਠੀ ਮਤਿ ਨੂੰ ਸ਼ਬਦ ਦੇ ਵਿਚਾਰਾਂ ਦੀ ਸੱਚੀ ਸਮਝ ਨੇ ਹੀ ਸਿੱਧੀ ਕਰਨਾ ਹੈ ਜਿਸ ਦੁਆਰਾ ਸਾਡੇ ਅੰਦਰ ਦਾ ਪੁੱਠਾ ਕਮਲ ਸਿੱਧਾ ਹੋ ਸਕਦਾ ਹੈ ਭਾਵ ਸਾਡੇ ਅੰਦਰ ਦੀ

48/6511

ਦੁਰਮਤਿ ਵਾਲੀ ਸਮਝ ਭਾਵ ਮਨਮਤਿ ਵਾਲੀ ਸਮਝ ਮਨ ਦੀ ਅਗਿਆਨਤਾ ਵਾਲੀ ਸਮਝ ਗੁਰਮਤਿ ਵਾਲੀ ਸਮਝ ਬਣ ਸਕਦੀ ਹੈ, ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਬਣ ਸਕਦੀ ਹੈ। ਗੁਰਮਤਿ ਵਾਲੀ ਸਮਝ ਹੀ ਗੁਰੂ ਦਾ ਨਾਮ ਹੈ ਤੇ ਦੁਰਮਤਿ ਵਾਲੀ ਸਮਝ ਸਾਡੇ ਅੰਦਰ ਦੀ ਹਉਮੈ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਉਪਰ ਸ਼ਬਦ ਵਿੱਚ ਸਾਡੇ ਅੰਦਰ ਦੀ ਦੁਰਮਤਿ ਨੂੰ ਸਾਡੇ ਅੰਦਰ ਦੀ ਅਗਨਿ ਕਿਹਾ ਹੈ। ਸਾਡੇ ਅੰਦਰ ਦੀ ਹਉਮੈ ਨੂੰ ਵੀ ਸ਼ਬਦਾਂ ਰਾਹੀਂ ਸਾਡੇ ਅੰਦਰ ਦੀ ਅਗਨਿ ਦੱਸਿਆ ਹੈ, ਸਾਡੇ ਅੰਦਰ ਦੀ ਮਾਇਆ ਨੂੰ ਵੀ ਸਾਡੇ ਅੰਦਰ ਦੀ ਅਗਨਿ ਦੱਸਿਆ ਹੈ, ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਨੂੰ ਵੀ ਸਾਡੇ ਅੰਦਰ ਦੀ ਅਗਨਿ ਦੱਸਿਆ ਹੈ। ਸਾਡੇ ਅੰਦਰ ਦੀ ਦੁਰਮਤਿ, ਹਉਮੈ, ਮਾਇਆ, ਤ੍ਰੈ ਗੁਣਾਂ ਵਾਲੀ ਸਮਝ ਇੱਕੋ ਹੀ ਗੱਲ ਹੈ ਜਿਨ੍ਹਾਂ ਦਾ ਮਕਸਦ ਹੀ ਸਾਨੂੰ ਗੁਰਮਤਿ ਵਾਲੀ ਸੱਚੀ ਸਮਝ ਤੋਂ ਦੂਰ ਰੱਖਣ ਦਾ ਹੈ ਜਿਸ ਸਮਝ ਵਿੱਚ ਰਹਿੰਦਿਆਂ ਅਸੀਂ ਨਾ ਹੀ ਭਗਤੀ

ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਉਸ ਅਨੁਸਾਰ ਵਿਚਰ ਸਕਦੇ ਹਾਂ ਭਾਵ ਨਾ ਹੀ ਗੁਰੂ ਦੇ ਨਾਮ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਗੁਰੂ ਦਾ ਨਾਮ ਜਪ ਸਕਦੇ ਹਾਂ। ਸਾਡੇ ਅੰਦਰ ਦੀ ਪੁੱਠੀ ਮਤਿ ਨੂੰ ਗੁਰੂ ਦਾ ਨਾਮ ਹੀ ਸਿੱਧੀ ਕਰ ਸਕਦਾ ਹੈ। ਸਾਡੇ ਅੰਦਰ ਦਾ ਪੁੱਠਾ ਕਮਲ ਸ਼ਬਦ ਦੀ ਵਿਚਾਰ ਨੂੰ ਮੰਨਣ ਨਾਲ ਸਿੱਧਾ ਹੋਣਾ ਹੈ ਤੇ ਸ਼ਬਦ ਦੀ ਵਿਚਾਰ ਹੀ ਨਾਮ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦਾ ਪੁੱਠਾ ਕਮਲ ਸਾਡੇ ਅੰਦਰ ਦੀ ਹਉਮੈ ਦੇ ਰੂਪ ਵਿੱਚ ਹੈ ਤੇ ਪੁੱਠੇ ਕਮਲ ਨੂੰ ਸਿੱਧਾ ਕਰਨ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਦਾ ਨਾਮ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ। ਗੁਰੂ ਦੀ ਗੱਲ ਨੂੰ ਮੰਨੇ ਬਿਨਾਂ ਭਾਵ ਗੁਰਮਤਿ ਨੂੰ ਮੰਨੇ ਬਿਨਾਂ ਅਸੀਂ ਦੁਰਮਤਿ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਮਨ ਦੀ ਪੁੱਠੀ ਮਤਿ ਵਿੱਚੋਂ ਨਹੀਂ ਨਿਕਲ ਸਕਦੇ। ਇਸੇ ਲਈ ਬਾਣੀ ਸਾਨੂੰ ਬਾਰ-ਬਾਰ ਸਮਝਾਉਂਦੀ ਹੈ ਕਿ ਗੁਰੂ ਦੀ ਮਤਿ ਨੂੰ ਮੰਨੇ ਬਿਨਾਂ ਨਾ ਅਸੀਂ ਭਗਤੀ ਦੇ ਮਾਰਗ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਉਸ ਅਨੁਸਾਰ ਚੱਲ ਸਕਦੇ ਹਾਂ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਦੁਰਮਤਿ ਵਿੱਚੋਂ ਕੱਢ ਕੇ ਗੁਰਮਤਿ ਨਾਲ ਜੋੜਨ ਦਾ ਹੀ ਹੈ ਭਾਵ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰਨ ਦੇ ਨਾਲ ਹੀ ਹੈ। **(ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥)**

ਦੁਰਮਤਿ ਅਗਨਿ ਸਾਡੇ ਸਭ ਦੇ ਅੰਦਰ ਭਾਵ ਸਾਰੇ ਸੰਸਾਰ ਦੇ ਮਨੁੱਖਾਂ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ

48/6512

ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥ ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥
ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥ ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥}

(ਅੰਗ ੧੨੦)

{ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥੧॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥
ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥
ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥
ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥
ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥
ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥}

(ਅੰਗ ੨੨)

{ਅੰਧ ਕੂਪ ਤੇ ਕੰਢੈ ਚਾੜੇ ॥ ਕਰਿ ਕਿਰਪਾ ਦਾਸ ਨਦਰਿ ਨਿਹਾਲੇ ॥
ਗੁਣ ਗਾਵਹਿ ਪੂਰਨ ਅਬਿਨਾਸੀ ਕਹਿ ਸੁਣਿ ਤੋਟਿ ਨ ਆਵਣਿਆ ॥੪॥ ਐਥੈ ਓਥੈ ਤੂੰਹੈ ਰਖਵਾਲਾ ॥
ਮਾਤ ਗਰਭ ਮਹਿ ਤੁਮ ਹੀ ਪਾਲਾ ॥ ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ ॥੫॥
ਕਿਆ ਗੁਣ ਤੇਰੇ ਆਖਿ ਸਮਾਲੀ ॥ ਮਨ ਤਨ ਅੰਤਰਿ ਤੁਧੁ ਨਦਰਿ ਨਿਹਾਲੀ ॥
ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ ਤੁਧੁ ਬਿਨੁ ਅਵਰੁ ਨ ਜਾਨਣਿਆ ॥੬॥}

(ਅੰਗ ੧੩੨)

{ਮਨ ਰਾਮ ਨਾਮ ਗੁਨ ਗਾਈਐ ॥ ਨੀਤ ਨੀਤ ਹਰਿ ਸੇਵੀਐ ਸਾਸਿ ਸਾਸਿ ਹਰਿ ਧਿਆਈਐ ॥੧॥ ਰਹਾਉ ॥
ਸੰਤਸੰਗਿ ਹਰਿ ਮਨਿ ਵਸੈ ॥ ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥੧॥ ਸੰਤ ਪ੍ਰਸਾਦਿ ਹਰਿ ਜਾਪੀਐ ॥
ਸੋ ਜਨੁ ਦੂਖਿ ਨ ਵਿਆਪੀਐ ॥੨॥ ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ ਮਾਇਆ ਅਗਨਿ ਤੇ ॥੩॥
ਨਾਨਕ ਕਉ ਪ੍ਰਭ ਮਇਆ ਕਰਿ ॥ ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥੪॥੭॥੧੪੫॥}

(ਅੰਗ ੨੧੧)

{ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥
ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥}

(ਅੰਗ ੨੧੦)

{ਸੁਖੁ ਮਾਂਗਤ ਦੁਖੁ ਆਗਲ ਹੋਇ ॥ ਸਗਲ ਵਿਕਾਰੀ ਹਾਰੁ ਪਰੋਇ ॥ ਏਕ ਬਿਨਾ ਝੂਠੇ ਮੁਕਤਿ ਨ ਹੋਇ ॥
ਕਰਿ ਕਰਿ ਕਰਤਾ ਦੇਖੈ ਸੋਇ ॥੩॥ ਤ੍ਰਿਸਨਾ ਅਗਨਿ ਸਬਦਿ ਬੁਝਾਏ ॥ ਦੂਜਾ ਭਰਮੁ ਸਹਜਿ ਸੁਭਾਏ ॥
ਗੁਰਮਤੀ ਨਾਮੁ ਰਿਦੈ ਵਸਾਏ ॥ ਸਾਚੀ ਬਾਣੀ ਹਰਿ ਗੁਣ ਗਾਏ ॥੪॥}

(ਅੰਗ ੨੨੨)

{ਸਤਿਗੁਰ ਤੇ ਹਮ ਗਤਿ ਪਤਿ ਪਾਈ ॥ ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥
ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥ ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥
ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ॥
ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥}

(ਅੰਗ ੨੩੩)

{ਹਿਰਹਿ ਪਰ ਦਰਬੁ ਉਦਰ ਕੈ ਤਾਈ ॥ ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥
ਹਰਿ ਸੇਵਾ ਬਿਨੁ ਏਹ ਫਲ ਲਾਗੇ ॥ ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥੯॥}

(ਅੰਗ ੨੯੮)

{ਗੁਰ ਕੇ ਚਰਨ ਹਿਰਦੈ ਵਸਾਏ ॥ ਮਨ ਚਿੰਤਤ ਸਗਲੇ ਫਲ ਪਾਏ ॥ ਅਗਨਿ ਬੁਝੀ ਸਭ ਹੋਈ ਸਾਂਤਿ ॥
ਕਰਿ ਕਿਰਪਾ ਗੁਰਿ ਕੀਨੀ ਦਾਤਿ ॥੨॥ ਨਿਥਾਵੇ ਕਉ ਗੁਰਿ ਦੀਨੋ ਥਾਨੁ ॥
ਨਿਮਾਨੇ ਕਉ ਗੁਰਿ ਕੀਨੋ ਮਾਨੁ ॥ ਬੰਧਨ ਕਾਟਿ ਸੇਵਕ ਕਰਿ ਰਾਖੇ ॥ ਅੰਮ੍ਰਿਤ ਬਾਨੀ ਰਸਨਾ ਚਾਖੇ ॥੩॥
ਵਡੈ ਭਾਗਿ ਪੂਜ ਗੁਰ ਚਰਨਾ ॥ ਸਗਲ ਤਿਆਗਿ ਪਾਈ ਪ੍ਰਭ ਸਰਨਾ ॥
ਗੁਰੁ ਨਾਨਕ ਜਾ ਕਉ ਭਇਆ ਦਇਆਲਾ ॥ ਸੋ ਜਨੁ ਹੋਆ ਸਦਾ ਨਿਹਾਲਾ ॥੪॥੬॥੧੦੦॥}

(ਅੰਗ ੩੯੫)

{ਸਤਿਗੁਰ ਹਮਰਾ ਭਰਮੁ ਗਵਾਇਆ ॥ ਹਰਿ ਨਾਮੁ ਨਿਰੰਜਨੁ ਮੰਨਿ ਵਸਾਇਆ ॥
ਸਬਦੁ ਚੀਨਿ ਸਦਾ ਸੁਖੁ ਪਾਇਆ ॥੧॥ ਸੁਣਿ ਮਨ ਮੇਰੇ ਤਤੁ ਗਿਆਨੁ ॥
ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥
ਸਤਿਗੁਰ ਭੇਟੇ ਕੀ ਵਡਿਆਈ ॥ ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ ॥

ਸਹਜੇ ਮਾਤਾ ਹਰਿ ਗੁਣ ਗਾਈ ॥੨॥ ਵਿਣੁ ਗੁਰ ਪੂਰੇ ਕੋਇ ਨ ਜਾਣੀ ॥
ਮਾਇਆ ਮੋਹਿ ਦੂਜੈ ਲੋਭਾਣੀ ॥ ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥੩॥
ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥
ਦਰਿ ਸਾਚੈ ਦੀਸੈ ਸਚਿਆਰੁ ॥੪॥ ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥
ਆਪੁ ਪਛਾਣਿ ਹਰਿ ਪਾਵੈ ਸੋਇ ॥ ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥੫॥
ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਨਿਰਮਲ ਨਾਮੁ ਰਖੈ ਉਰਿ ਧਾਰੇ॥ ਸਾਚੀ ਸੋਭਾ ਸਾਚਿ ਦੁਆਰੇ ॥੬॥
ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥ ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ ॥
ਨਾਮੇ ਉਧਰੇ ਕੁਲ ਸਬਾਏ ॥੭॥ ਨਾਨਕੁ ਸਾਚੁ ਕਹੈ ਵੀਚਾਰੁ ॥
ਹਰਿ ਕਾ ਨਾਮੁ ਰਖਹੁ ਉਰਿ ਧਾਰਿ ॥ ਹਰਿ ਭਗਤੀ ਰਾਤੇ ਮੋਖ ਦੁਆਰੁ ॥੮॥੨॥੨੪॥}

(ਅੰਗ ੪੨੩)

{ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥ ਆਸਾ ਵਿਚਿ ਸੁਤੇ ਕਈ ਲੋਈ ॥
ਸੋ ਜਾਗੈ ਜਾਗਾਵੈ ਸੋਈ ॥੧॥ ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥
ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ ॥੧॥ ਰਹਾਉ ॥}

(ਅੰਗ ੪੨੩-੪੨੪)

{ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥ ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥
ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ ॥੬॥}

(ਅੰਗ ੫੧੦)

{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥ ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥}

(ਅੰਗ ੫੧੯)

{ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ ॥ ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ॥}

(ਅੰਗ ੫੮੮)

{ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ ॥ ਅੰਤਰਿ ਸਾਂਤਿ ਸਹਜਿ ਸੁਖੁ ਪਾਏ ॥
ਗੁਰ ਕੈ ਭਾਣੈ ਚਲੈ ਤਾ ਆਪੁ ਜਾਇ ॥ ਸਾਚੁ ਮਹਲੁ ਪਾਏ ਹਰਿ ਗੁਣ ਗਾਇ ॥੨॥}

(ਅੰਗ ੬੬੫)

{ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥੪॥
ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥੫॥੧॥੫੫॥}

(ਅੰਗ ੬੯੪)

48/6513

{ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥ ਅੰਤਰਿ ਮੈਲੁ ਤੀਰਥ ਭਰਮੀਜੈ ॥
ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥ ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥}

(ਅੰਗ ੯੦੫)

{ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥ ਜਗੁ ਕਰੜਾ ਮਨਮੁਖੁ ਗਾਵਾਰੁ ॥
ਸਬਦੁ ਕਮਾਈਐ ਖਾਈਐ ਸਾਰੁ ॥ ਅੰਤਰਿ ਬਾਹਰਿ ਏਕੋ ਜਾਣੈ ॥ ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥
ਸਚ ਭੈ ਰਾਤਾ ਗਰਬੁ ਨਿਵਾਰੈ ॥ ਏਕੋ ਜਾਤਾ ਸਬਦੁ ਵੀਚਾਰੈ ॥ ਸਬਦੁ ਵਸੈ ਸਚੁ ਅੰਤਰਿ ਹੀਆ ॥
ਤਨੁ ਮਨੁ ਸੀਤਲੁ ਰੰਗਿ ਰੰਗੀਆ॥ ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ ਨਦਰੀ ਨਦਰਿ ਪਿਆਰੇ ॥੪੭॥}

(ਅੰਗ ੯੪੩)

{ਗੁਰ ਪਰਸਾਦੀ ਰੰਗੇ ਰਾਤਾ ॥ ਅੰਮ੍ਰਿਤੁ ਪੀਆ ਸਾਚੇ ਮਾਤਾ ॥ ਗੁਰ ਵੀਚਾਰੀ ਅਗਨਿ ਨਿਵਾਰੀ ॥
ਅਪਿਉ ਪੀਓ ਆਤਮ ਸੁਖੁ ਧਾਰੀ ॥ ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ ਨਾਨਕ ਬੂਝੈ ਕੋ ਵੀਚਾਰੀ ॥੬੩॥}

(ਅੰਗ ੯੪੫)

{ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥}

(ਅੰਗ ੯੯੦)

{ਲਾਲਾ ਸੋ ਜੀਵਤੁ ਮਰੈ ਮਰਿ ਵਿਚਹੁ ਆਪੁ ਗਵਾਏ ॥ ਬੰਧਨ ਤੂਟਹਿ ਮੁਕਤਿ ਹੋਇ ਤ੍ਰਿਸਨਾ ਅਗਨਿ ਬੁਝਾਏ ॥
ਸਭ ਮਹਿ ਨਾਮੁ ਨਿਧਾਨੁ ਹੈ ਗੁਰਮੁਖਿ ਕੋ ਪਾਏ ॥੫॥ ਲਾਲੇ ਵਿਚਿ ਗੁਣੁ ਕਿਛੁ ਨਹੀ ਲਾਲਾ ਅਵਗਣਿਆਰੁ ॥
ਤੁਧੁ ਜੇਵਡੁ ਦਾਤਾ ਕੋ ਨਹੀ ਤੂ ਬਖਸਣਹਾਰੁ ॥ ਤੇਰਾ ਹੁਕਮੁ ਲਾਲਾ ਮੰਨੇ ਏਹ ਕਰਣੀ ਸਾਰੁ ॥੬॥}

(ਅੰਗ ੧੦੧੧)

{ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ ॥
ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ॥੧੨॥
ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥
ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥}

(ਅੰਗ ੧੦੪੧)

{ਅਗਨਿ ਉਪਾਈ ਵਾਦੁ ਭੁਖ ਤਿਹਾਇਆ ॥ ਦੁਨੀਆ ਕੈ ਸਿਰਿ ਕਾਲੁ ਦੂਜਾ ਭਾਇਆ ॥
ਰਖੈ ਰਖਣਹਾਰੁ ਜਿਨਿ ਸਬਦੁ ਬੁਝਾਇਆ ॥੯॥}

(ਅੰਗ ੧੨੮੨)

{ਰਾਮਾ ਮੈ ਸਾਧੂ ਚਰਨ ਧੁਵੀਜੈ ॥ ਕਿਲਬਿਖ ਦਹਨ ਹੋਹਿ ਖਿਨ ਅੰਤਰਿ ਮੇਰੇ ਠਾਕੁਰ ਕਿਰਪਾ ਕੀਜੈ ॥੧॥ ਰਹਾਉ॥
ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥੧॥
ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥

ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥੨॥
ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਸਬਦੁ ਗੁਰ ਦੀਜੈ ॥
ਤਨਿ ਮਨਿ ਸਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੂਖਿ ਸਵੀਜੈ ॥੩॥}

(ਅੰਗ ੧੩੨੫-੧੩੨੬)

{ਲਖ ਚਉਰਾਸੀਹ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ ॥
ਇਹੁ ਮੋਹੁ ਮਾਇਆ ਸਭੁ ਪਸਰਿਆ ਨਾਲਿ ਚਲੈ ਨ ਅੰਤੀ ਵਾਰ ॥
ਬਿਨੁ ਹਰਿ ਸਾਂਤਿ ਨ ਆਵਈ ਕਿਸੁ ਆਗੈ ਕਰੀ ਪੁਕਾਰ ॥
ਵਡਭਾਗੀ ਸਤਿਗੁਰੁ ਪਾਇਆ ਬੂਝਿਆ ਬ੍ਰਹਮੁ ਬਿਚਾਰੁ ॥
ਤਿਸਨਾ ਅਗਨਿ ਸਭ ਬੁਝਿ ਗਈ ਜਨ ਨਾਨਕ ਹਰਿ ਉਰਿ ਧਾਰਿ ॥੨੮॥
ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥
ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ ॥
ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ ॥
ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ ॥੨੯॥}

(ਅੰਗ ੧੪੧੬)

ਉਪਰ ਸ਼ਬਦਾਂ ਦੁਆਰਾ ਅਸੀਂ ਆਪਣੇ ਅੰਦਰ ਦੀ ਅਗਨਿ ਨੂੰ ਸਮਝਣ ਦਾ ਹੀ ਉਪਰਾਲਾ ਕੀਤਾ ਹੈ ਜਿਸ ਮਨ ਦੀ ਅਗਨਿ ਵਿੱਚੋਂ ਨਿਕਲੇ ਬਿਨਾਂ ਅਸੀਂ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ, ਨਾਮ ਜਪਣ ਦੇ ਮਾਰਗ ਤੇ ਨਹੀਂ ਚੱਲ ਸਕਦੇ। ਸਾਡੇ ਅੰਦਰ ਦੀ ਇਸ ਅਗਨਿ ਦਾ ਕਾਰਨ ਸਾਡੇ ਅੰਦਰ ਦੀ ਨਾਸਮਝ ਮਤਿ ਹੈ, ਸਾਡੇ ਅੰਦਰ ਦੀ ਦੁਰਮਤਿ ਹੈ ਭਾਵ ਸਾਡੇ ਅੰਦਰ ਦੇ ਪੁੱਠੇ ਕਮਲ ਵਾਲੀ ਸਮਝ ਹੈ ਜਿਸ ਨਾਸਮਝ ਮਤਿ ਵਿੱਚੋਂ ਨਿਕਲੇ ਬਿਨਾਂ ਅਸੀਂ ਮਨ ਦੀ ਅਗਨਿ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਸਾਰੀ ਗੱਲ ਆਪਣੀ ਮਤਿ ਨੂੰ ਉਲਟੀ ਕਰਨ ਦੀ ਹੈ ਭਾਵ ਪੁੱਠੀ ਮਤਿ ਨੂੰ ਸਿੱਧੀ ਕਰਨ ਦੀ ਹੈ ਜੋ ਮਤਿ ਸਿੱਧੀ ਹੋਣ ਦੁਆਰਾ ਹੀ ਕੋਈ ਪ੍ਰਮਾਤਮਾ ਦਾ ਕਾਜੀ ਬਣ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਦਾ ਕਾਜੀ ਰੂਪ ਕਿਸ ਤਰੀਕੇ ਬਣਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਵਾਲਾ ਕਿਸ ਤਰੀਕੇ ਬਣਿਆ ਜਾ ਸਕਦਾ ਹੈ। **(ਕਾਜੀ ਸੋ ਜੋ ਉਲਟੀ ਕਰੈ॥ ਗੁਰ ਪਰਸਾਦੀ ਜੀਵਤੁ ਮਰੈ ॥)** ਸਾਡੇ ਅੰਦਰ ਦੀ ਪੁੱਠੇ ਕਮਲ ਵਾਲੀ ਮਤਿ ਸਿੱਧੀ ਕਿਵੇਂ ਹੁੰਦੀ ਹੈ ਤੇ ਜੀਵਤ ਮਰਨਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

48/6514

ਗਉੜੀ ਮਹਲਾ ੧ ॥

"ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥
ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥
ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥"

(ਅੰਗ ੧੫੩)

ਉਪਰ ਵਾਲਾ ਪੂਰਾ ਸ਼ਬਦ ਧਿਆਨ ਨਾਲ ਸਮਝਣ ਵਾਲਾ ਸ਼ਬਦ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਵਿਸ਼ਵਾਸ ਨਾਲ ਸਮਝ ਸਕੀਏ ਕਿ ਸਾਡੇ ਅੰਦਰ ਦਾ ਪੁੱਠਾ ਕਮਲ ਹੀ ਭਾਵ ਸਾਡੇ ਅੰਦਰ ਦੀ ਨਾਸਮਝ ਪੁੱਠੀ ਮਤਿ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ ਜੋ ਵਿਛੋੜਾ ਸਾਡੀ ਪੁੱਠੀ ਮਤਿ ਨੂੰ ਸਿੱਧਾ ਕਰਨ ਦੁਆਰਾ ਪ੍ਰਮਾਤਮਾ ਆਪ ਹੀ ਦੂਰ ਕਰ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਜਿਸਨੇ ਸਾਡੇ ਅੰਦਰ ਦੇ ਕਮਲ ਨੂੰ ਪੁੱਠਾ ਕੀਤਾ ਹੋਇਆ ਹੈ ਉਹ ਆਪ ਹੀ ਇਸਨੂੰ ਸਿੱਧਾ ਕਰ ਸਕਦਾ ਹੈ। ਉਹ ਸਿੱਧਾ ਕਿਸ ਤਰੀਕੇ ਕਰਦਾ ਹੈ ਬੱਸ ਇਸੇ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਉਪਰ ਪਹਿਲੇ ਪਦੇ ਰਾਹੀਂ ਸਾਨੂੰ ਇਹ ਕੁਝ ਹੀ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ।

“ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥

ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥”

ਸਾਡੇ ਅੰਦਰ ਦਾ ਪੁੱਠਾ ਕਮਲ ਉਲਟ ਕੇ ਹੀ ਸਿੱਧਾ ਹੋ ਸਕਦਾ ਹੈ ਭਾਵ ਸਾਡੇ ਅੰਦਰ ਦੀ ਪੁੱਠੀ ਮਤਿ ਉਲਟੀ ਹੋ ਕੇ ਹੀ ਸਿੱਧੀ ਹੋ ਸਕਦੀ ਹੈ। ਸਾਡੇ ਅੰਦਰ ਦੀ ਮਤਿ ਜੋ ਉਲਟਦੀ ਹੈ ਭਾਵ ਜੋ ਪੁੱਠਾ ਕਮਲ ਉਲਟ ਕੇ ਸਿੱਧਾ ਹੁੰਦਾ ਹੈ ਉਹ **“ਬ੍ਰਹਮੁ ਬੀਚਾਰਿ”** ਦੁਆਰਾ ਹੁੰਦਾ ਹੈ ਜਿਵੇਂ ਕਿ ਪਹਿਲੀ ਪੰਗਤੀ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥) “ਬ੍ਰਹਮ”** ਕੌਣ ਹੈ ਇਸ ਗੱਲ ਨੂੰ ਤਾਂ ਹਰ ਕੋਈ ਵਿਸ਼ਵਾਸ ਨਾਲ ਕਹਿ ਸਕਦਾ ਹੈ ਕਿ ਬ੍ਰਹਮ ਆਪ ਪ੍ਰਮਾਤਮਾ ਹੈ। ਜਦੋਂ ਬ੍ਰਹਮੁ ਭਾਵ ਅਕਾਲ ਪੁਰਖ, ਪ੍ਰਮਾਤਮਾ, ਵਾਹਿਗੁਰੂ, ਅਲ੍ਹਾ, ਗਾਡ ਜਦੋਂ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮਨ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹ ਮਨ ਦੇ ਵਿੱਚ ਆਪਣੇ ਬੀਚਾਰੁ ਹੀ ਦਿੰਦਾ ਹੈ, ਜੋ ਆਪਣੀ ਬੀਚਾਰੁ ਉਹ ਸ਼ਬਦਾਂ ਦੇ ਰੂਪ ਵਿੱਚ ਦਿੰਦਾ ਹੈ। ਉਸਦੇ ਸ਼ਬਦਾਂ ਦੀ ਵੀਚਾਰ ਹੀ ਬ੍ਰਹਮ ਗਿਆਨ ਹੈ। ਮਨ ਦੇ ਵਿੱਚ ਬ੍ਰਹਮੁ ਦੇ ਕੋਲੋਂ ਵਿਚਾਰ ਮਿਲਣ ਦੁਆਰਾ ਹੀ ਸਮਝ ਲਗਦੀ ਹੈ ਕਿ ਬ੍ਰਹਮ ਗਿਆਨੀ ਕੌਣ ਹੈ, ਸਾਡੇ ਅੰਦਰ ਮਨ ਦੇ ਵਿੱਚ ਜੋ

ਵੀ ਗਿਆਨ ਆਉਂਦਾ ਹੈ ਉਹ ਪ੍ਰਮਾਤਮਾ ਦੇ ਕੋਲੋਂ ਹੀ ਆਉਂਦਾ ਹੈ ਤੇ ਮਨੁੱਖ ਨੂੰ ਤਾਂ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪੁੱਠੇ ਕਮਲ ਵਾਲੀ ਸਮਝ ਵਿੱਚ ਪ੍ਰਮਾਤਮਾ ਨੇ ਕਿਸ ਤਰੀਕੇ ਰੱਖਿਆ ਹੋਇਆ ਹੈ ਭਾਵ ਸਾਰੇ ਸੰਸਾਰ ਨੂੰ ਉਸਨੇ ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਵਿੱਚ ਭਾਵ ਮਨ ਦੀ ਨਾਸਮਝ ਮਤਿ ਵਿੱਚ ਕਿਸ ਤਰੀਕੇ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਵਿੱਚ ਕਿਸ ਤਰੀਕੇ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਗਿਆਨ ਦੇ ਮਾਲਕ **“ਬ੍ਰਹਮੁ”** ਨੂੰ ਜਾਣ ਸਕੇ ਇਹ ਨਾਮੁਮਕਿਨ ਹੈ। ਜਦ ਤਕ ਪ੍ਰਮਾਤਮਾ ਸਾਡੇ ਅੰਦਰ ਦੀ ਪੁੱਠੀ ਮਤਿ ਨੂੰ ਸਿੱਧਾ ਨਹੀਂ ਕਰਦਾ, **“ਬ੍ਰਹਮੁ ਬੀਚਾਰਿ”** ਦੇਣ ਦੁਆਰਾ ਸਿੱਧਾ ਨਹੀਂ ਕਰਦਾ ਤਦ ਤਕ ਉਸ ਬ੍ਰਹਮ ਨੂੰ, ਮਨ ਦੇ ਵਿਚਾਰਾਂ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ ਤੇ ਗੁਪਤ ਰੂਪ ਵਿੱਚ ਵਰਤ ਰਿਹਾ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥)** ਪ੍ਰਮਾਤਮਾ ਆਪਣੀ ਵੀਚਾਰ ਭਾਵ **“ਬ੍ਰਹਮੁ ਬੀਚਾਰਿ”** ਮਨ ਦੇ ਵਿੱਚ ਕਿਸ ਤਰੀਕੇ ਦਿੰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥”

ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਅਨੇਕਾਂ ਵਾਰੀ ਸਮਝਿਆ ਹੈ ਕਿ ਅੰਮ੍ਰਿਤ ਕੀ ਹੈ ਭਾਵ ਨਾਮ ਕੀ ਹੈ ਤੇ ਆਪਣਾ ਨਾਮ ਪ੍ਰਮਾਤਮਾ ਕਿਸੇ ਨੂੰ ਕਿਸ ਤਰੀਕੇ ਦਿੰਦਾ ਹੈ ਭਾਵ ਆਪਣਾ ਅੰਮ੍ਰਿਤ ਕਿਸ ਤਰੀਕੇ ਪਿਆਉਂਦਾ ਹੈ। ਪ੍ਰਮਾਤਮਾ ਦਾ ਅੰਮ੍ਰਿਤ ਸਾਡੇ ਮਨ ਦੇ ਪੀਣ ਦਾ ਅੰਮ੍ਰਿਤ ਹੈ ਜੋ ਉਸਦਾ ਅੰਮ੍ਰਿਤ ਭਾਵ ਉਸਦਾ ਨਾਮ ਰੂਪ ਅੰਮ੍ਰਿਤ ਸੱਚੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਬ੍ਰਹਮ ਬੀਚਾਰ ਹੈ ਭਾਵ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਵਿਚਾਰ ਹੈ ਜੋ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਉਸਨੇ ਪੂਰੀ ਗੁਰਬਾਣੀ ਦੀ ਰਚਨਾ ਕਰਵਾਈ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਉਸ ਕੋਲੋਂ ਬ੍ਰਹਮ ਬੀਚਾਰ ਰੂਪ ਅੰਮ੍ਰਿਤ ਪੀਤਾ ਹੈ ਉਹਨਾਂ ਨੇ ਹੀ ਅੰਮ੍ਰਿਤ ਬਾਣੀ ਦੀ ਰਚਨਾ ਕੀਤੀ ਹੈ। ਮਨ ਦੀ ਸਮਝ ਅੰਦਰ ਆਪਣਾ ਇਹ ਅੰਮ੍ਰਿਤ ਪ੍ਰਮਾਤਮਾ ਸ਼ਬਦਾਂ ਦੀ ਵਿਚਾਰ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਪਾਉਂਣ ਦੁਆਰਾ ਆਪ ਹੀ

ਪਿਆਉਂਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

ਜਿਵੇਂ ਕਿ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਨਾਮ ਰੂਪ ਅੰਮ੍ਰਿਤ ਪਿਲਾਉਂਦਾ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪਿਆਉਂਦਾ ਹੈ ਉਹ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਭਾਵ ਉਸੇ ਦਾ ਹੀ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੁੰਦਾ ਹੈ। ਅੰਮ੍ਰਿਤ ਦੀ ਪ੍ਰਾਪਤੀ ਮਨ ਦੇ ਵਿੱਚ ਚਉਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਹੈ ਜਿਸ ਗਿਆਨ ਦੀ ਪ੍ਰਾਪਤੀ ਦੁਆਰਾ ਮਨੁੱਖ ਦੇ ਮਨ ਦੇ ਵਿੱਚੋਂ ਪੜਦਾ ਮਿਟ ਜਾਂਦਾ ਹੈ ਜੋ ਪੜਦਾ ਹਉਮੈ ਵਾਲੀ ਸਮਝ ਦੇ ਰੂਪ ਵਿੱਚ ਹੈ। ਅੰਮ੍ਰਿਤ ਨਾਮ ਦਾ ਮਕਸਦ ਹੀ ਸਾਨੂੰ ਮਨ ਦੀ ਹਉਮੈ ਵਿੱਚੋਂ ਕੱਢਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਅੰਮ੍ਰਿਤ ਦੀ ਪ੍ਰਾਪਤੀ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਕਿਸ ਜਗ੍ਹਾ ਤੇ ਹੁੰਦੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥
ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥”

ਦਸਮ ਦੁਆਰ ਦੀ ਗੱਲ ਹਰ ਕੋਈ ਕਰਦਾ ਹੈ ਤੇ ਇਹ ਆਮ ਧਰਨਾ ਹੈ ਕਿ ਜਿਸਦਾ ਦਸਵਾਂ ਦੁਆਰ ਖੁੱਲ ਜਾਂਦਾ ਹੈ ਉਹ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਇਹ ਦਸਮ ਦੁਆਰ ਸਾਡਾ ਮਨ ਹੀ ਹੈ ਜਿਸ ਮਨ ਦਾ ਮਾਲਕ ਪ੍ਰਮਾਤਮਾ ਆਪ ਹੈ। ਜਦ ਤਕ ਸਾਡੇ ਅੰਦਰ ਦਾ ਕਮਲ ਪੁੱਠਾ ਹੈ ਤਦ ਤਕ ਸਾਡਾ ਦਸਮ ਦੁਆਰ ਬੰਦ ਹੈ। ਸਾਡੇ ਅੰਦਰ ਦਾ ਕਮਲ ਦਾ ਸਿੱਧਾ ਹੋਣਾ ਹੀ ਸਾਡੇ ਅੰਦਰ ਦਾ ਦਸਮ ਦੁਆਰ ਦਾ ਖੁਲਣਾ ਹੈ ਜੋ ਆਪਣਾ ਦੁਆਰ ਮਨ ਦੀ ਸਮਝ ਰਾਹੀਂ ਆਪਣੇ ਬ੍ਰਹਮ ਬੀਚਾਰ ਦੇਣ ਦੁਆਰਾ ਪ੍ਰਮਾਤਮਾ ਆਪ ਹੀ ਖੋਲਦਾ ਹੈ, ਜੋ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਵਾਲੇ ਵਿਚਾਰ ਦਿੰਦਾ ਹੈ ਉਹੀ ਉਸਦਾ ਅੰਮ੍ਰਿਤ ਹੈ ਜੋ ਅੰਮ੍ਰਿਤ ਸਾਡੇ ਮਨ ਦੀ ਨਾਸਮਝ ਮਤਿ ਪੀਣ ਦੁਆਰਾ ਸੱਚੀ ਸਮਝ ਵਾਲੀ

ਬਣ ਜਾਂਦੀ ਹੈ ਭਾਵ ਅਗਿਆਨਤਾ ਵਾਲੀ ਪੁੱਠੀ ਸਮਝ ਬਦਲ ਕੇ ਸੱਚੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ ਜਿਸ ਸੱਚੇ ਗਿਆਨ ਵਾਲੀ ਸਮਝ ਦੁਆਰਾ ਹੀ ਭਾਵ ਦਸਮ ਦੁਆਰ ਖੁੱਲਣ ਦੁਆਰਾ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਉਸ ਬ੍ਰਹਮ ਗਿਆਨ ਦੇ ਮਾਲਕ, ਨਾਮ ਦੇ ਮਾਲਕ ਦੇ ਦਰਸ਼ਨ ਹੁੰਦੇ ਹਨ, ਅੰਮ੍ਰਿਤ ਦੇ ਦਾਤੇ ਦੇ ਦਰਸ਼ਨ ਹੁੰਦੇ ਹਨ। ਉਸਦੇ ਅੰਮ੍ਰਿਤ ਦੀ ਧਾਰ ਫਿਰ ਮਨ ਦੇ ਵਿੱਚ ਚੱਲਦੀ ਹੀ ਰਹਿੰਦੀ ਹੈ। ਇਹ ਅੰਮ੍ਰਿਤ ਧਾਰ ਉੱਚੇ ਗਿਆਨ ਦੀ ਧਾਰ ਹੈ ਜਿਸ ਨਾਲ ਸਾਡੇ ਮਨ ਦੀ ਸਮਝ **“ਗਗਨ”** ਭਾਵ ਆਕਾਸ਼ ਵਰਗੀ ਉੱਚੀ ਹੋ ਜਾਂਦੀ ਹੈ ਭਾਵ ਸਾਡੀ ਨਾਸਮਝ, ਨੀਵੀਂ ਮਤਿ ਬਦਲ ਕੇ ਪ੍ਰਮਾਤਮਾ ਦੇ ਉੱਚੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਬਣ ਜਾਂਦੀ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥)** ਜਦ ਤਕ ਸਾਡੇ ਅੰਦਰ ਦਾ ਦਸਵਾਂ ਦੁਆਰ ਨਹੀਂ ਖੁੱਲਦਾ ਤਦ ਤਕ ਹਰ ਕੋਈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੀ ਹੁੰਦਾ ਹੈ ਤੇ ਦਸਵਾਂ ਦੁਆਰਾ ਖੋਲਣ ਦੁਆਰਾ ਪ੍ਰਮਾਤਮਾ ਮਨੁੱਖ ਦੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਆਪ ਹੀ ਕੱਢਦਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਅਗਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ

ਹੋਈ ਹੈ।

“ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥”

“ਤ੍ਰਿਭਵਣ” ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਦਾ ਭਵਨ ਹੀ ਹੈ ਜਿਸ ਭਵਨ ਵਿੱਚ ਪ੍ਰਮਾਤਮਾ ਨੇ ਸਭ ਨੂੰ ਆਪ ਹੀ ਰੱਖਿਆ ਹੋਇਆ ਹੈ। ਪ੍ਰਮਾਤਮਾ ਦਾ ਆਪਣਾ ਮਹਲ ਸਾਡੇ ਅੰਦਰ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ। ਜਿਸਨੂੰ ਪ੍ਰਮਾਤਮਾ ਆਪਣੇ ਆਪ ਨਾਲ ਮਿਲਾਉਂਦਾ ਹੈ ਉਸਨੂੰ ਤ੍ਰਿਭਵਣ ਵਿੱਚੋਂ ਕੱਢ ਕੇ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢ ਕੇ, ਹਉਮੈ ਵਾਲੀ ਸਮਝ ਵਿੱਚੋਂ ਕੱਢ ਕੇ ਆਪਣੇ ਨਾਮ ਰੂਪ ਘਰ ਦੇ ਵਿੱਚ ਵਸਾਉਂਦਾ ਹੈ। ਜਿਸਨੂੰ ਪ੍ਰਮਾਤਮਾ ਆਪਣੀ ਪਾਤਸ਼ਾਹੀ ਬਖਸ਼ਦਾ ਹੈ ਉਸਨੂੰ ਆਪਣੇ ਮਨ ਰੂਪ ਮਹਲ ਵਿੱਚ ਬੁਲਾਕੇ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੀ ਪਾਤਸ਼ਾਹੀ ਬਖਸ਼ੀ ਹੈ, ਆਪਣੇ ਮਹਲ ਵਿੱਚ ਨਿਵਾਸ ਬਖਸ਼ਿਆ ਹੈ ਜਿਸ ਮਹਲ ਵਿੱਚੋਂ ਉਹਨਾਂ ਨੂੰ ਪ੍ਰਮਾਤਮਾ ਦੇ ਅੰਮ੍ਰਿਤ ਦੀ ਪ੍ਰਾਪਤੀ ਹੋਈ ਹੈ, **“ਬ੍ਰਹਮ ਬੀਚਾਰਿ”** ਦੀ ਪ੍ਰਾਪਤੀ ਹੋਈ ਹੈ, ਨਾਮ ਦੀ ਪ੍ਰਾਪਤੀ ਹੋਈ ਹੈ ਤੇ ਉਹੀ ਅੰਮ੍ਰਿਤ ਨਾਮ ਉਹਨਾਂ ਨੇ ਪੂਰੀ ਗੁਰਬਾਣੀ ਰਾਹੀਂ ਬ੍ਰਹਮ ਦੇ ਬੀਚਾਰਾਂ ਦੇ ਰੂਪ ਵਿੱਚ ਬੀਚਾਰਿਆ ਹੈ। ਸਾਡੇ ਅੰਦਰ

48/6518

ਦੇ ਤ੍ਰਿਭਵਣ ਨੂੰ ਪ੍ਰਮਾਤਮਾ ਭਾਵ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਪ੍ਰਮਾਤਮਾ ਆਪਣੇ ਬ੍ਰਹਮ ਬੀਚਾਰਾਂ ਰਾਹੀਂ ਹੀ ਬੇਧਦਾ ਹੈ, ਦਸਵੇਂ ਦੁਆਰ ਦੇ ਉੱਚੇ ਗਿਆਨ ਦੁਆਰਾ ਹੀ ਬੇਧਦਾ ਹੈ ਭਾਵ ਸਾਡੀ ਨਾਸਮਝ ਪੁੱਠੀ ਮਤਿ ਨੂੰ ਆਪਣੇ ਸੱਚੇ ਗਿਆਨ ਦੁਆਰਾ ਆਪਣੇ ਅੰਮ੍ਰਿਤ ਨਾਮ ਦੁਆਰਾ ਬੇਧ ਕੇ ਸਾਡੇ ਭਰਮ ਗੜ ਨੂੰ ਤੋੜਦਾ ਹੈ ਤੇ ਤਾਂ ਹੀ ਕੋਈ ਮਨ ਦੇ ਵਿੱਚ ਕੋਈ ਆਪਣੀ ਪੁੱਠੀ ਮਤਿ ਸਿੱਧੀ ਹੋਣ ਦੁਆਰਾ ਪ੍ਰਮਾਤਮਾ ਨੂੰ ਜਾਣ ਸਕਦਾ ਹੈ, ਆਪਣੇ ਆਪ ਦੀ ਅਸਲੀਅਤ ਨੂੰ ਜਾਣ ਸਕਦਾ ਹੈ, ਇਸ ਸੰਸਾਰ ਦੀ ਅਸਲੀਅਤ ਨੂੰ ਜਾਣ ਸਕਦਾ ਹੈ, ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣ ਸਕਦਾ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਬ੍ਰਹਮ ਗਿਆਨ ਰੂਪ ਦੁਆਰਾ, ਨਾਮ ਰੂਪ ਦੁਆਰਾ ਆਪ ਹੀ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ, ਆਪਣੀ ਉੱਚੀ ਸਾਇੰਸ ਦੁਆਰਾ ਚਲਾ ਰਿਹਾ ਹੈ। ਸਭ ਦੇ ਅੰਦਰ ਪ੍ਰਮਾਤਮਾ ਨੇ ਪੁੱਠੇ ਕਮਲ ਵਾਲੀ ਸਮਝ ਆਪ ਹੀ ਪਾਈ ਹੋਈ ਹੈ ਜਿਸ ਰਾਹੀਂ ਉਸਨੇ ਆਪ ਹੀ ਮਨ ਦੀ ਪੁੱਠੀ ਸਮਝ ਰਾਹੀਂ ਸਭ ਕੋਲੋਂ ਆਪਣਾ ਪੜਦਾ ਰੱਖਿਆ ਹੋਇਆ ਹੈ ਜੋ ਸਾਡੇ ਅੰਦਰ ਦਾ ਪੜਦਾ ਕਮਲ ਦੇ ਸਿੱਧਾ ਹੋਣ ਦੁਆਰਾ ਹੀ ਖੁੱਲਦਾ ਹੈ ਤੇ ਤਾਂ ਹੀ ਕੋਈ ਆਪਣੇ ਅੰਦਰੋਂ ਉਸ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਦਾ ਦਸਮ ਦੁਆਰ ਸਾਡੇ ਅੰਦਰ ਕਿਸ ਰੂਪ ਵਿੱਚ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥)**

ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ **"ਅੰਮ੍ਰਿਤ ਰਸੁ"** ਪਿਆਉਂਦਾ ਹੈ ਉਹ ਕਿਸ ਮਕਸਦ ਲਈ ਪਿਲਾਉਂਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥"

ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਿਆ ਹੈ ਪ੍ਰਮਾਤਮਾ ਮਨ ਦੇ ਵਿੱਚ ਦਸਮ ਦੁਆਰ ਖੋਲਣ ਦੁਆਰਾ ਜੋ ਮਨ ਦੇ ਵਿੱਚ ਮਨ ਦੀ ਸਮਝ ਰਾਹੀਂ ਅੰਮ੍ਰਿਤ ਪੀਆਉਂਦਾ ਹੈ ਉਹ ਮਨ ਦੇ ਵਿੱਚ ਆਪਣੀ **"ਬ੍ਰਹਮੁ ਬੀਚਾਰਿ"** ਵਾਲੀ ਸਮਝ ਦੇਣ ਦੁਆਰਾ ਪਿਆਉਂਦਾ ਹੈ ਜਿਸ ਦੁਆਰਾ ਸਾਡੇ ਅੰਦਰ ਦੀ

48/6519

ਪੁੱਠੀ ਮਤਿ ਸਿੱਧੀ ਹੋ ਜਾਂਦੀ ਹੈ। ਸਾਡੇ ਅੰਦਰ ਦੀ ਪੁੱਠੀ ਮਤਿ ਸਾਨੂੰ ਭਰਮਾਂ ਵਿੱਚ ਰੱਖਦੀ ਹੈ ਜਿਸ ਭਰਮਾਂ ਵਾਲੀ ਮਤਿ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਨਹੀਂ ਸਮਝ ਸਕਦੇ ਭਾਵ ਸਾਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਪੈਂਦੀ ਤੇ ਨਾ ਹੀ ਅਸੀਂ ਗੁਰਮਤਿ ਅਨੁਸਾਰ ਵਿਚਰ ਸਕਦੇ ਹਾਂ। ਇਹੀ ਗੱਲ ਸਾਨੂੰ ਉਪਰ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਕਿ **"ਅੰਮ੍ਰਿਤ ਰਸੁ"** ਪੀਣਾ ਕੀ ਹੈ। ਜੋ ਗੁਰੂ ਸਾਨੂੰ ਸਮਝਾਉਂਦਾ ਹੈ, ਆਪਣੇ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਇਹਨਾਂ ਸ਼ਬਦਾਂ ਦੇ ਅੰਦਰ ਦੀ ਸਮਝ ਹੀ ਨਾਮ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਸ਼ਬਦਾਂ ਦੇ ਅੰਦਰ ਦੀ ਨਾਮ ਰੂਪ ਸਮਝ ਹੈ ਭਾਵ ਗੁਰਮਤਿ ਰੂਪ ਸੱਚੀ ਸਮਝ ਹੈ ਉਹ **"ਅੰਮ੍ਰਿਤ ਰਸੁ"** ਹੈ ਜੋ ਅੰਮ੍ਰਿਤ ਰਸੁ ਅਸੀਂ ਤਾਂ ਹੀ ਪੀ ਸਕਦੇ ਹਾਂ ਜੇਕਰ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਸਾਡਾ ਮਨ ਮੰਨ ਲਵੇ। ਗੁਰੂ ਦੀ ਗੱਲ ਨੂੰ ਮੰਨਣਾ ਹੀ ਅੰਮ੍ਰਿਤ ਰਸੁ ਪੀਣਾ ਹੈ ਜੋ ਅੰਮ੍ਰਿਤ ਰਸੁ ਸਾਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ, ਮਨ ਦੀ ਨਾਸਮਝ ਪੁੱਠੀ ਮਤਿ ਵਿੱਚੋਂ ਹੀ ਕੱਢਦਾ ਹੈ ਜਿਸ ਪੁੱਠੀ ਸਮਝ ਵਿੱਚ ਰਹਿੰਦਿਆਂ ਸਾਨੂੰ ਨਾਮ ਦੀ ਸਮਝ ਹੀ ਨਹੀਂ ਹੈ ਤੇ ਅਸੀਂ ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਨੂੰ ਕਥੀ ਜਾਂਦੇ ਹਾਂ, ਬੋਲੀ ਜਾਂਦੇ ਹਾਂ ਜਿਸਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ, ਅੰਮ੍ਰਿਤ ਰਸੁ ਪੀਣਾ ਸਮਝਦੇ ਹਾਂ ਜੋ ਕਿ ਕੇਵਲ ਸਾਡੇ ਮਨ ਦਾ ਭਰਮ ਹੈ। ਗੁਰੂ ਦੇ ਅੰਮ੍ਰਿਤ ਦਾ ਮਕਸਦ ਸਾਨੂੰ ਭਰਮਾਂ ਵਾਲੀ ਪੁੱਠੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਭਾਵ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰਨ ਨਾਲ ਹੀ ਹੈ ਤੇ ਸਾਡੇ ਅੰਦਰ ਦਾ ਕਮਲ ਤਾਂ ਹੀ ਸਿੱਧਾ ਹੋਵੇਗਾ ਜਦੋਂ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ ਭਾਵ ਆਪਣੀ ਭਰਮਾਂ ਵਾਲੀ ਨਾਸਮਝ ਮਤਿ ਛਡਾਂਗੇ ਭਾਵ ਆਪਣੀ ਤ੍ਰੈ ਗੁਣਾਂ ਵਾਲੀ ਮਤਿ ਛਡਾਂਗੇ। ਆਪਣੀ ਮਤਿ ਛੱਡ ਕੇ ਗੁਰੂ ਦੀ ਮਤਿ ਨੂੰ ਮੰਨਣਾ ਹੀ ਅੰਮ੍ਰਿਤ ਰਸੁ ਪੀਣਾ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥)**

{ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥ ਕਿਆ ਦੇਖਾ ਸੂਝ ਬੂਝ ਨ ਪਾਵੈ ॥
ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥ ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥
ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥
ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥}

(ਅੰਗ ੩੫੨)

{ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥
ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥
ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥
ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਬਿਨੁ ਨਾਵੈ ਅਵਰੁ ਨ ਕੋਇ ਜੀਉ ॥
ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥੪॥੬॥੧੩॥}

(ਅੰਗ ੪੪੭)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥
ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥
ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥੨॥
ਏਕੋ ਵੇਖਾ ਅਵਰੁ ਨ ਬੀਆ ॥ ਗੁਰ ਪਰਸਾਦੀ ਅੰਮ੍ਰਿਤੁ ਪੀਆ ॥
ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥੩॥}

(ਅੰਗ ੧੧੩)

48/6520

{ਖੇਮ ਕੁਸਲ ਸਹਜ ਆਨੰਦ ॥ ਸਾਧਸੰਗਿ ਭਜੁ ਪਰਮਾਨੰਦ ॥ ਨਰਕ ਨਿਵਾਰਿ ਉਧਾਰਹੁ ਜੀਉ ॥
ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥ ਚਿਤਿ ਚਿਤਵਹੁ ਨਾਰਾਇਣ ਏਕ ॥
ਏਕ ਰੂਪ ਜਾ ਕੇ ਰੰਗ ਅਨੇਕ॥ ਗੋਪਾਲ ਦਾਮੋਦਰ ਦੀਨ ਦਇਆਲ॥ ਦੁਖ ਭੰਜਨ ਪੂਰਨ ਕਿਰਪਾਲ ॥
ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥੨॥}

(ਅੰਗ ੨੯੫)

{ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਝ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥੩॥
ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥}

(ਅੰਗ ੪੯੩)

{ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥
ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥੧॥ ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥
ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥੧॥ ਰਹਾਉ ॥
ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥
ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥੨॥
ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥
ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥੩॥
ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥
ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥੪॥੪॥}

(ਅੰਗ ੭੯੯-੮੦੦)

{ਤੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥
ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥ ਅਚਰਜੁ ਕਿਛੁ ਕਹਣੁ ਨ ਜਾਈ ॥
ਬਸਤੁ ਅਗੋਚਰ ਭਾਈ ॥੧॥ ਰਹਾਉ ॥ ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ॥
ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥੨॥ ਸੋਈ ਜਾਣੈ ਕਰਣੈਹਾਰਾ ਕੀਤਾ ਕਿਆ ਬੇਚਾਰਾ॥
ਆਪਣੀ ਗਤਿ ਮਿਤਿ ਆਪੇ ਜਾਣੈ ਹਰਿ ਆਪੇ ਪੂਰ ਭੰਡਾਰਾ ॥੩॥
ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ ਤ੍ਰਿਪਤਿ ਰਹੇ ਆਘਾਈ ॥
ਕਹੁ ਨਾਨਕ ਮੇਰੀ ਆਸਾ ਪੂਰੀ ਸਤਿਗੁਰ ਕੀ ਸਰਣਾਈ ॥੪॥੪॥}

(ਅੰਗ ੮੮੩)

{ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥
ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥ ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥
ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥}

(ਅੰਗ ੪੧)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

{ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ॥ ਕਰਨੀ ਸੁਨੀਐ ਜਸੁ ਗੋਪਾਲ॥

ਨੈਨੀ ਪੇਖਤ ਸਾਧ ਦਇਆਲ ॥ ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥
ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥੧੦॥}

(ਅੰਗ ੨੯੮)

{ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥੨॥}

(ਅੰਗ ੧੨੪੫)

{ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥ ਸੰਤਹੁ ਤਹਾ ਨਿਰੰਜਨ ਰਾਮੁ ਹੈ ॥
ਗੁਰ ਗਮਿ ਚੀਨੈ ਬਿਰਲਾ ਕੋਇ ॥ ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥
ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥ ਏਸੁ ਕਲਾ ਜੋ ਜਾਣੈ ਭੇਉ ॥
ਭੇਟੈ ਤਾਸੁ ਪਰਮ ਗੁਰਦੇਉ ॥੩॥ ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥ ਜਾਗਤੁ ਰਹੈ ਸੁ ਕਬਹੁ ਨ ਸੋਵੈ ॥
ਤੀਨਿ ਤਿਲੋਕ ਸਮਾਧਿ ਪਲੋਵੈ ॥ ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥ ਗੁਰ ਕੀ ਸਾਖੀ ਰਾਖੈ ਚੀਤਿ ॥
ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥ ਕਰ ਪਲਵ ਸਾਖਾ ਬੀਚਾਰੇ ॥
ਅਪਨਾ ਜਨਮੁ ਨ ਜੂਐ ਹਾਰੇ ॥ ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥
ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥ ਚਉਮੁਖ ਦੀਵਾ ਜੋਤਿ ਦੁਆਰ ॥
ਪਲੂ ਅਨਤ ਮੂਲੁ ਬਿਚਕਾਰਿ ॥ ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥
ਮਸਤਕਿ ਪਦਮੁ ਦੁਆਲੈ ਮਣੀ ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥
ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥}

(ਅੰਗ ੯੭੪)

ਦਸਮ ਦੁਆਰ ਕੀ ਹੈ ਤੇ ਅੰਮ੍ਰਿਤ ਰਸੁ ਕੀ ਹੈ ਇਸ ਗੱਲ ਨੂੰ ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਸਾਡੇ ਅੰਦਰ ਇਸ ਗੱਲ ਤੇ ਵਿਸ਼ਵਾਸ ਹੋਣਾ ਜਰੂਰੀ ਹੈ ਕਿ ਗੁਰੂ ਸਾਨੂੰ ਜੋ ਕੁਝ ਸਮਝਾ ਰਿਹਾ ਹੈ ਉਹ ਬਿਲਕੁਲ ਉਸੇ ਤਰ੍ਹਾਂ ਠੀਕ ਹੈ। ਜੇਕਰ ਅਸੀਂ ਹੁਣ ਤਕ ਸੱਚਾਈ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਹਾਂ ਤਾਂ ਉਹ ਭਰਮ ਸਾਡੇ ਅੰਦਰ ਉਹਨਾਂ ਦਾ ਪਾਇਆ ਹੋਇਆ ਹੈ ਜਿਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਥਾਪ ਚੁੱਕੇ ਹਾਂ ਕਿ ਉਹ ਸਾਨੂੰ ਕੀ ਕੀ ਸਮਝਾਉਂਦੇ ਹਨ। ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਜਿਸਦਾ ਦਸਮ ਦੁਆਰ ਖੁੱਲ ਜਾਂਦਾ ਹੈ, ਜੋ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਉਸਦਾ ਅੰਮ੍ਰਿਤ ਰਸੁ ਪੀ ਲੈਂਦਾ ਹੈ ਉਸ ਦੁਆਰਾ ਸਮਝਾਈ ਹੋਈ ਗੱਲ ਵਿੱਚ ਤੇ ਗੁਰੂ ਦੀ ਸਮਝਾਈ ਹੋਈ ਗੱਲ ਵਿੱਚ ਕੋਈ ਫਰਕ

ਹੋ ਹੀ ਨਹੀਂ ਸਕਦਾ ਕਿਉਂਕਿ ਮਨ ਦੇ ਵਿੱਚ ਸਮਝਾਉਣ ਵਾਲਾ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੁੰਦਾ ਹੈ ਜਿਸਦੀ ਸਮਝਾਈ ਹੋਈ ਗੱਲ ਵਿੱਚ ਕੋਈ ਫਰਕ ਹੋ ਹੀ ਨਹੀਂ ਸਕਦਾ। ਜੋ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ

48/6521

ਅੰਮ੍ਰਿਤ ਰਸੁ ਪੀ ਲੈਂਦਾ ਹੈ ਭਾਵ ਨਾਮ ਰਸੁ ਪੀ ਲੈਂਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮਨੁੱਖ ਦਾ ਅਸਲ ਜਨਮ ਮਰਨ ਕੀ ਹੈ, ਜਿਉਂਦੇ ਹੋਏ ਮਰਨਾ ਕੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਨਮੁ ਜੀਤਿ ਮਰਣਿ ਮਨੁ ਮਾਨਿਆ ॥

ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥”

ਬਾਣੀ ਰਾਹੀਂ, ਬਾਰ-ਬਾਰ ਸ਼ਬਦ ਰਾਹੀਂ ਮਰਨ ਦੀ ਗੱਲ ਆਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਵੀ ਹੈ ਕਿ ਸਬਦੇ ਮਰਨਾ ਕੀ ਹੈ। ਉਪਰ ਰਹਾਉ ਵਾਲੀ ਪੰਗਤੀ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਅੰਮ੍ਰਿਤ ਰਸੁ ਪੀਣਾ ਕੀ ਹੈ ਜੋ ਕਿ ਇਸ ਤਰੀਕੇ ਸਮਝਾਇਆ ਹੋਇਆ ਹੈ। **(ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥)** ਰਹਾਉ ਵਾਲੀ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਗੁਰੂ ਦੀ ਗੱਲ ਨੂੰ ਮੰਨਣਾ ਹੀ ਅੰਮ੍ਰਿਤ ਰਸੁ ਪੀਣਾ ਹੈ ਤੇ ਉਪਰ ਵਾਲੇ ਪਦੇ ਦੁਆਰਾ ਸਾਨੂੰ ਇਸ ਤਰੀਕੇ ਸਮਝਾਇਆ ਹੋਇਆ ਹੈ। **“ਜਨਮੁ ਜੀਤਿ ਮਰਣਿ ਮਨੁ ਮਾਨਿਆ ॥”** ਸਾਰੀ ਗੱਲ ਮਨ ਮੰਨਣ ਦੀ ਹੈ ਜੋ ਮਨ ਦੇ ਮੰਨਣ ਦੁਆਰਾ ਅੰਮ੍ਰਿਤ ਰਸੁ ਪੀਣਾ ਹੈ ਉਹੀ ਆਪਣੇ ਜਨਮ ਨੂੰ ਜਿੱਤਣਾ ਹੈ। ਪ੍ਰਮਾਤਮਾ ਦੇ ਨਾਲ ਮੇਲ ਹੋਏ ਬਿਨਾਂ ਭਾਵ ਦਸਮ ਦੁਆਰ ਖੁੱਲੇ ਬਿਨਾਂ, ਅੰਦਰ ਦਾ ਕਮਲ ਸਿੱਧਾ ਹੋਏ ਬਿਨਾਂ ਸਾਡੇ ਅੰਦਰ ਦੀ ਜੋ ਸਮਝ ਹੈ ਉਸ ਵਿੱਚ ਰਹਿੰਦੇ ਹੋਏ ਭਾਵ ਜਦ ਤਕ ਪ੍ਰਮਾਤਮਾ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਬੇਧਦਾ ਨਹੀਂ ਤਦ ਤਕ ਅਸੀਂ ਆਪਣੇ ਮਨ ਦੀ ਸਮਝ ਨੂੰ ਹੀ ਸੱਚੀ ਸਮਝ ਮੰਨਦੇ ਹਾਂ ਜੋ ਸਮਝ ਸਾਨੂੰ ਇਹ ਸਮਝ ਪਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ, ਇਹ ਜਨਮ ਮੇਰਾ ਹੈ ਪਰ ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ ਹੋਣ ਨਾਲ ਮਨੁੱਖ ਦੀ ਜਦੋਂ ਪੁੱਠੀ ਮਤਿ ਸਿੱਧੀ ਹੋ ਜਾਂਦੀ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਨਹੀਂ ਭਾਵ ਇਹ ਮੇਰਾ ਇੱਕ ਝੂਠਾ ਜਨਮ ਹੈ ਜਿਸ ਨੂੰ ਮੈਂ ਜੀ ਰਿਹਾ ਹਾਂ। ਆਪਣੇ ਇਸ ਝੂਠੇ ਜਨਮ ਨੂੰ ਜਿੱਤਣਾ ਹੀ ਸਾਡਾ ਅਸਲ ਮਰਨ ਹੈ ਭਾਵ ਸ਼ਬਦ ਦੀ ਸਮਝ ਦੁਆਰਾ ਸਾਡੀ ਆਪਣੀ ਸਮਝ ਦਾ ਮਰਨਾ ਹੈ। ਜਦੋਂ ਸਾਡੇ ਅੰਦਰ ਦੀ ਸਮਝ ਪ੍ਰਮਾਤਮਾ ਦੇ ਕੋਲੋਂ ਉਸਦਾ ਅੰਮ੍ਰਿਤ ਰਸੁ ਪੀ ਲੈਂਦੀ ਹੈ ਤਾਂ ਉਸਦੇ ਮਨ ਦੇ ਵਿੱਚ ਇਹ ਵਿਸ਼ਵਾਸ ਆ ਜਾਂਦਾ ਹੈ ਭਾਵ ਉਹ ਇਸ ਗੱਲ ਨੂੰ ਮੰਨ ਲੈਂਦਾ ਹੈ ਕਿ ਇਹ ਮੇਰਾ ਜਨਮ ਝੂਠਾ ਜਨਮ ਹੈ, ਜਿਸ ਸਰੀਰ ਨੂੰ ਮੈਂ ਆਪਣਾ ਸਰੀਰ ਸਮਝਿਆ ਹੋਇਆ ਸੀ ਉਹ ਸਰੀਰ ਮੇਰਾ ਨਹੀਂ ਹੈ

48/6522

ਭਾਵ ਇਸ ਸਰੀਰ ਦੇ ਰਾਹੀਂ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ, ਮੇਰੇ ਅੰਦਰ ਦੀ ਜੋ ਸਮਝ ਹੈ ਜਿਸਨੂੰ ਮੈਂ ਆਪਣੀ ਸਮਝ ਸਮਝਦਾ ਸੀ ਉਹ ਸਮਝ ਮੇਰੀ ਨਹੀਂ ਹੈ ਭਾਵ ਮਨ ਦੀ ਸਮਝ ਰਾਹੀਂ ਇਸ ਸਰੀਰ ਵਿੱਚ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਜਿਸਨੇ ਆਪ ਹੀ ਆਪਣੀ ਉੱਚੀ ਸਮਝ ਦੁਆਰਾ ਇਸ ਸਰੀਰ ਨੂੰ ਬਣਾਇਆ ਹੈ। **(ਜਨਮੁ ਜੀਤਿ ਮਰਣਿ ਮਨੁ ਮਾਨਿਆ ॥)** ਜੋ ਆਪਣੇ ਜਨਮ ਨੂੰ ਜਿੱਤਣਾ ਹੈ ਉਹ ਅਸਲ ਵਿੱਚ ਆਪਣੀ ਝੂਠੀ ਸਮਝ ਨੂੰ ਹੀ ਜਿੱਤਣਾ ਹੈ ਜਿਸ ਝੂਠੀ ਸਮਝ ਨੂੰ ਸ਼ਬਦਾਂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਜਿੱਤਿਆ ਜਾ ਸਕਦਾ ਹੈ। ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਹੀ ਪ੍ਰਮਾਤਮਾ ਦਾ ਨਾਮ ਹੈ, ਪ੍ਰਮਾਤਮਾ ਦਾ ਅੰਮ੍ਰਿਤ ਰਸੁ ਹੈ ਜੋ ਉਸਦਾ ਅੰਮ੍ਰਿਤ ਪੀਣ ਨਾਲ ਭਾਵ ਉਸਦੀ ਸੱਚੀ ਸਮਝ ਨੂੰ ਮੰਨਣ ਨਾਲ ਸਾਡੇ ਅੰਦਰ ਦੀ ਝੂਠੀ ਸਮਝ ਮਰ ਜਾਂਦੀ ਹੈ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ। **“ਆਪਿ ਮੂਆ ਮਨੁ ਮਨ ਤੇ ਜਾਨਿਆ ॥”** ਬਾਣੀ ਵਿੱਚ ਬਾਰ-ਬਾਰ ਮਨ ਨੂੰ ਜਾਨਣ ਦੀ ਗੱਲ ਆਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਲੇਖ ਵਿੱਚ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਸਾਡੇ ਮਨ ਦੇ ਰੂਪ ਵਿੱਚ ਆਪ ਪ੍ਰਮਾਤਮਾ ਹੈ ਉਹ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਘਰ ਹੈ। ਪ੍ਰਮਾਤਮਾ ਦਾ **“ਮਨੁ”** ਰੂਪ ਘਰ ਸਾਡੇ ਅੰਦਰ ਉਸਦਾ ਸੱਚੇ ਗਿਆਨ ਦਾ ਘਰ ਹੈ, ਉਸਦਾ ਬ੍ਰਹਮ ਗਿਆਨ ਰੂਪ ਘਰ ਹੈ ਭਾਵ ਉਸਦਾ ਨਾਮ ਰੂਪ ਘਰ ਹੈ ਜੋ ਘਰ ਉਸਦਾ ਦਸਮ ਦੁਆਰ ਦੇ ਰੂਪ ਵਿੱਚ ਹੈ ਜਿਸ ਦਸਮ ਦੁਆਰ ਦੇ ਖੁੱਲਣ ਦੁਆਰਾ ਉਹ ਆਪਣਾ ਨਾਮ ਰਸੁ ਹੀ ਪਿਆਉਂਦਾ ਹੈ ਭਾਵ ਆਪਣੀ ਚਉਥੇ ਪਦ ਦੇ ਗਿਆਨ ਵਾਲੀ ਸੱਚੀ ਸਮਝ ਪਾਉਂਦਾ ਹੈ ਜਿਸ ਸੱਚੀ ਸਮਝ ਦੁਆਰਾ ਸਾਡਾ ਆਪਾ ਮਰਦਾ ਹੈ ਭਾਵ ਸਾਡੀ ਝੂਠੀ ਸਮਝ ਮਰਦੀ ਹੈ, ਸਾਡੀ ਹਉਮੈ ਮਰਦੀ ਹੈ, ਸਾਡੀ ਮਨਮਤਿ ਮਰਦੀ

ਹੈ ਤੇ ਸਾਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਇਹ ਮਨ ਕੀ ਹੈ ਭਾਵ ਮਨ ਦੇ ਵਿੱਚੋਂ ਹੀ ਮਨ ਨੂੰ ਜਾਣਿਆ ਜਾ ਸਕਦਾ ਹੈ। ਮਨ ਦੇ ਵਿੱਚੋਂ ਕੇਵਲ ਸਮਝ ਹੀ ਉਪਜਦੀ ਹੈ ਤੇ ਜਦ ਤਕ ਮਨ ਦੇ ਵਿੱਚੋਂ ਝੂਠੀ ਸਮਝ ਉਪੁਜਦੀ ਹੈ ਤਦ ਤਕ ਅਸੀਂ ਇਸ ਮਨ ਨੂੰ ਆਪਣਾ ਮਨ ਸਮਝਦੇ ਹਾਂ ਤੇ ਜਦੋਂ ਸਾਡੇ ਅੰਦਰੋਂ ਨਾਮ ਵਾਲੀ ਸੱਚੀ ਸਮਝ ਉਪਜਦੀ ਹੈ ਤਾਂ ਹੀ ਸਾਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਮਨ ਦੇ ਅੰਦਰ ਗਿਆਨ ਪਾਉਂਣ ਵਾਲਾ

48/6523

ਆਪ ਪ੍ਰਮਾਤਮਾ ਹੈ, ਸਮਝ ਪਾਉਂਣ ਵਾਲਾ ਆਪ ਪ੍ਰਮਾਤਮਾ ਹੈ। ਸਾਨੂੰ ਹਉਮੈ ਵਾਲੀ ਸਮਝ ਵਿੱਚ ਵੀ ਉਸਨੇ ਆਪ ਹੀ ਰੱਖਿਆ ਹੋਇਆ ਹੈ ਜਿਸ ਵਿੱਚੋਂ ਉਹ ਆਪ ਹੀ ਕਿਸੇ ਨੂੰ ਕੱਢ ਸਕਦਾ ਹੈ ਭਾਵ ਆਪਣਾ ਨਾਮ ਰਸ ਪਿਆਉਣ ਦੁਆਰਾ ਕੱਢ ਸਕਦਾ ਹੈ। ਜਦ ਤਕ ਅਸੀਂ ਮਨ ਦੀ ਸਮਝ ਨੂੰ ਆਪਣੀ ਸਮਝ ਸਮਝਦੇ ਹਾਂ ਤਦ ਤਕ ਅਸੀਂ ਮਨ ਨੂੰ ਆਪਣਾ ਘਰ ਸਮਝਦੇ ਹਾਂ ਤੇ ਜਦੋਂ ਘਰ ਦਾ ਮਾਲਕ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ, ਆਪਣਾ ਨਾਮ ਰਸੁ ਪਿਆਉਣ ਦੁਆਰਾ ਪ੍ਰਗਟ ਹੋ ਜਾਂਦਾ ਹੈ ਤਾਂ ਹੀ ਅਸੀਂ ਆਪਣੇ ਅਸਲ ਘਰ ਵਿੱਚ ਪਹੁੰਚ ਸਕਦੇ ਹਾਂ ਭਾਵ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ ਜੋ ਘਰ ਉਸਦਾ ਸਾਡੇ ਅੰਦਰ ਮਨ ਦੇ ਵਿੱਚ ਸੱਚੇ ਗਿਆਨ ਦਾ ਘਰ ਹੈ, ਉਸਦਾ ਨਾਮ ਰੂਪ ਘਰ ਹੈ, ਉਸਦਾ ਬ੍ਰਹਮ ਗਿਆਨ ਰੂਪ ਘਰ ਹੈ ਜੋ ਉਸਦਾ ਘਰ ਕੇਵਲ ਤੇ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥)**

ਜਦੋਂ ਕੋਈ ਵਿਰਲਾ ਮਨੁੱਖ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦਾ ਨਾਮ ਰਸੁ ਪੀ ਲੈਂਦਾ ਹੈ ਉਸ ਦੁਆਰਾ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਗੁਰਮਤਿ ਦੀ ਸੱਚੀ ਸੋਝੀ ਹੀ ਪੈਂਦੀ ਹੈ ਜੋ ਸੋਝੀ ਪਾਉਂਣ ਦੁਆਰਾ ਪ੍ਰਮਾਤਮਾ ਆਪਣੀ ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਤੇ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਭਗਤੀ ਦਾ ਸੱਚਾ ਮਾਰਗ ਕੀ ਹੈ, ਇਹੀ ਗੱਲ ਸਾਨੂੰ ਉੱਪਰ ਵਾਲੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥”

ਨਾਮ ਦੀ ਸਮਝ ਪਏ ਬਿਨਾਂ ਅਸੀਂ ਭਗਤੀ ਦੇ ਮਾਰਗ ਨੂੰ ਸਮਝ ਹੀ ਨਹੀਂ ਸਕਦੇ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਗੁਰੂ ਆਪਣੇ ਨਾਮ ਦੁਆਰਾ ਸੱਚੀ ਸਿੱਖਿਆ ਹੀ ਦਿੰਦਾ ਹੈ ਜਿਸ ਸਿੱਖਿਆ ਨੂੰ ਮੰਨਣਾ ਹੀ ਉਸਦਾ ਨਾਮ ਜਪਣਾ ਹੈ ਇਹ ਭਗਤੀ ਦਾ ਸੱਚਾ ਮਾਰਗ ਹੈ, ਧਰਮ ਦਾ ਮਾਰਗ ਹੈ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਰਾਹੀਂ ਸਮਝਾਈ ਹੋਈ ਹੈ। ਉਪਰ ਪਹਿਲੀ ਪੰਗਤੀ ਰਾਹੀਂ ਨਾਮ ਦਾ **“ਮਜਨੁ”** ਕਰਨ ਲਈ ਸਮਝਾਇਆ ਹੈ ਭਾਵ ਨਾਮ

48/6524

ਦਾ ਇਸ਼ਨਾਨ ਕਰਨ ਲਈ ਸਮਝਾਇਆ ਹੈ ਜੋ ਨਾਮ ਦਾ ਇਸ਼ਨਾਨ ਕਰਨ ਦੁਆਰਾ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਉਸ ਸ਼ਬਦ ਦੀਆਂ ਹੇਠ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਨਾਮ ਦਾ ਇਸ਼ਨਾਨ ਕਰਨਾ ਕੀ ਹੈ।

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥

ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥
ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥
ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥}

(ਅੰਗ ੬੮੭-੬੮੮)

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਸ ਰਾਹੀਂ ਸਾਨੂੰ ਨਾਮ ਇਸ਼ਨਾਨ ਹੀ ਸਮਝਾਇਆ ਹੋਇਆ ਹੈ। ਨਾਮ ਦਾ ਇਸ਼ਨਾਨ ਗੁਰੂ ਦੇ ਸ਼ਬਦਾਂ ਦੀ ਵਿਚਾਰ ਦਾ ਇਸ਼ਨਾਨ ਹੈ ਜੋ ਇਸ਼ਨਾਨ ਸਾਡੀ ਸੁਰਤਿ ਦੇ ਵਿਚਾਰਾਂ ਨੇ ਹੀ ਕਰਨਾ ਹੈ। ਸਾਡੀ ਸੁਰਤਿ ਦੇ ਵਿਚਾਰ ਭਰਮਾਂ ਵਾਲੇ ਵਿਚਾਰਾਂ ਦੀ ਮੈਲ ਨਾਲ ਭਰੇ ਹੋਏ ਹਨ। ਸ਼ਬਦਾਂ ਦੀ ਵਿਚਾਰ ਸਾਨੂੰ ਸੱਚਾ ਗਿਆਨ ਹੀ ਦਿੰਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਇਸ਼ਨਾਨ ਸਾਡੀ ਅਗਿਆਨਤਾ ਵਾਲੀ ਸਮਝ ਨੇ ਹੀ ਕਰਨਾ ਹੈ ਜੋ ਇਸ਼ਨਾਨ ਕਰਨ ਦੁਆਰਾ ਸਾਡੇ ਅੰਦਰ ਅਗਿਆਨਤਾ ਵਾਲੇ ਨਾਸਮਝ ਵਿਚਾਰਾਂ ਦੀ ਮੈਲ ਉਤਰ ਜਾਂਦੀ ਹੈ ਜਿਸ ਦੁਆਰਾ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ, ਨਾਮ ਜਪਣ ਦੀ ਸਮਝ ਪੈਂਦੀ ਹੈ ਜੋ ਨਾਮ ਜਪਣ ਦਾ ਮਾਰਗ ਸੱਚ ਤੇ ਚੱਲਣ ਦਾ ਮਾਰਗ ਹੈ। ਸੱਚ ਤੇ ਉਹੀ ਚੱਲ ਸਕਦਾ ਹੈ ਜੋ ਗੁਰੂ ਦੀ ਸੱਚੀ ਮਤਿ ਦਾ ਇਸ਼ਨਾਨ ਕਰ ਲੈਂਦਾ ਹੈ ਭਾਵ ਨਾਮ ਦਾ ਇਸ਼ਨਾਨ ਕਰ ਲੈਂਦਾ ਹੈ ਜੋ ਇਸ਼ਨਾਨ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ ਭਾਵ ਆਪਣੀ ਨਾਸਮਝ ਮਤਿ ਛੱਡਣ ਦੁਆਰਾ ਹੀ ਹੋ ਸਕਦਾ ਹੈ ਜੋ ਸਾਡੀ ਨਾਸਮਝ ਮਤਿ ਭਗਤੀ ਦੇ ਉਹੋ ਜਿਹੇ ਮਾਰਗ ਨਾਲ ਜੋੜਦੀ ਹੈ ਜੋ ਭਗਤੀ ਦਾ ਮਾਰਗ ਹੈ ਹੀ ਨਹੀਂ। ਉਪਰ ਮੁੱਖ ਸ਼ਬਦ ਦੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

"ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥"

ਅਸੀਂ ਜਤੁ ਸਤੁ ਨੂੰ ਤੇ ਤੀਰਥਾਂ ਦੇ ਉੱਤੇ ਜਾ ਕੇ ਇਸ਼ਨਾਨ ਕਰਨ ਨੂੰ ਭਗਤੀ ਦਾ ਮਾਰਗ ਹੀ ਸਮਝਦੇ ਹਾਂ, ਆਪਣੀ ਆਪਣੀ

ਧਾਰਮਿਕ ਆਸਥਾ ਅਨੁਸਾਰ ਸਮਝਦੇ ਹਾਂ ਲੇਕਿਨ ਜਦੋਂ ਕੋਈ ਮਨੁੱਖ ਨਾਮ ਦਾ ਇਸ਼ਨਾਨ ਕਰ ਲੈਂਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਇਸ਼ਨਾਨ ਕਰ ਲੈਂਦਾ ਹੈ ਫਿਰ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਗੁਰੂ ਦੀ ਮਤਿ ਅਨੁਸਾਰ ਵਿਚਰਨ ਦੁਆਰਾ ਜਤੁ ਸਤੁ ਤੀਰਥੁ ਸਭ ਵਿੱਚੇ ਹੀ ਆ ਜਾਂਦੇ ਹਨ ਭਾਵ ਕਿਸੇ ਵੱਖਰੇ ਜਤੁ ਸਤੁ ਜਾਂ ਕਿਸੇ ਤੀਰਥ ਦੇ ਇਸ਼ਨਾਨ ਦੀ ਲੋੜ ਨਹੀਂ ਹੈ ਜੋ ਮਾਨਤਾ ਸਾਡੇ ਸਮਾਜ ਵਿੱਚ ਸਦੀਆਂ ਤੋਂ ਚੱਲਦੀ ਆ ਰਹੀ ਹੈ। ਗੁਰੂ ਦੇ ਨਾਮ ਦਾ ਮਕਸਦ ਹੀ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ। **(ਜਤੁ ਸਤੁ ਤੀਰਥੁ ਮਜਨੁ ਨਾਮਿ ॥)** ਨਾਮ ਦਾ ਇਸ਼ਨਾਨ ਕਰਨ ਦੁਆਰਾ ਸਾਨੂੰ ਭਗਤੀ ਦੇ ਕਿਹੋ ਜਿਹੇ ਸੱਚੀ ਭਗਤੀ ਦੇ ਮਾਰਗ ਦੀ ਸਮਝ ਪੈਂਦੀ ਹੈ ਭਾਵ ਭਗਤੀ ਦਾ ਸੱਚਾ ਮਾਰਗ ਕੀ ਹੈ, ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥"

ਭਗਤੀ ਦਾ ਅਸਲ ਮਾਰਗ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਮਾਰਗ ਸਾਨੂੰ

ਉਪਰਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਭਗਤੀ ਦਾ ਮਾਰਗ ਸਾਡੇ ਕਰਮਾਂ ਨਾਲ ਹੀ ਜੁੜਿਆ ਹੋਇਆ ਹੈ ਕਿ ਅਸੀਂ ਕਰਮ ਕਿਹੋ ਜਿਹੇ ਕਰਦੇ ਹਾਂ। ਹਰ ਕਿਸੇ ਨੂੰ ਪ੍ਰਮਾਤਮਾ ਨੇ ਮਾਇਆ ਮੋਹ ਵਿੱਚ ਰੱਖਿਆ ਹੋਇਆ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰੱਖਿਆ ਹੋਇਆ ਹੈ ਤੇ ਹਰ ਕੋਈ ਵੱਧ ਤੋਂ ਵੱਧ ਦੁਨਿਆਵੀ ਮਾਇਆ ਇੱਕਠੀ ਕਰਨੀ ਚਾਹੁੰਦਾ ਹੈ ਤੇ ਮਾਇਆ ਦੇ ਸੁੱਖਾਂ ਨੂੰ, ਆਪਣੀ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਭਾਵ ਮਾਇਆ ਇੱਕਠੀ ਕਰਨ ਲਈ ਅਸੀਂ ਅਨੇਕਾਂ ਹੀ ਉਹੋ ਜਿਹੇ ਕਰਮ ਕਰਦੇ ਹਾਂ ਜੋ ਸਾਡੇ ਕਰਮ ਗੁਰਮਤਿ ਅਨੁਸਾਰ ਨਹੀਂ ਹੁੰਦੇ ਭਾਵ ਅਸੀਂ ਮਾੜੇ ਕਰਮ ਕਰਨ ਦੁਆਰਾ ਮਾਇਆ ਇੱਕਠੀ ਕਰਦੇ ਹਾਂ। ਅਸਲ ਵਿੱਚ ਸਾਨੂੰ ਜਿਤਨੀ ਕੁ ਮਾਇਆ ਦੀ ਲੋੜ ਹੁੰਦੀ ਹੈ ਉਹ ਅਸੀਂ ਚੰਗੇ ਕਰਮ ਕਰਨ ਦੁਆਰਾ ਵੀ ਪ੍ਰਾਪਤ ਕਰ ਸਕਦੇ ਹਾਂ ਪਰ ਅਸੀਂ ਉਸ ਤੋਂ ਜਿਆਦਾ ਮਾਇਆ ਇੱਕਠੀ ਕਰਨੀ ਚਾਹੁੰਦੇ ਹਾਂ ਜੋ ਆਖੀਰ ਸਾਡੇ ਕਿਸੇ ਕੰਮ ਨਹੀਂ ਆਉਂਦੀ ਭਾਵ ਸੰਸਾਰ ਵਿੱਚ ਹੀ ਰਹਿ ਜਾਂਦੀ ਹੈ। ਸਾਡੇ ਕੰਮ ਕਿਸ ਚੀਜ ਨੇ ਆਉਣਾ ਹੈ ਉਹ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਹੈ ਜੋ ਪ੍ਰਮਾਤਮਾ ਨਾਲ ਮੇਲ ਕਰਨ ਲਈ ਸਾਨੂੰ ਮਾਇਆ ਮੋਹ ਛੱਡਣਾ ਪੈਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਤਾਂ ਜੋ ਅਸੀਂ ਉਹਨਾਂ ਦੀ ਪੂਰਤੀ ਲਈ ਕੋਈ ਮਾੜਾ ਕਰਮ ਨਾ ਕਰੀਏ ਭਾਵ ਅਉਗੁਣ ਕਰਨ ਤੋਂ ਬਚੀਏ

48/6526

ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ। ਮਾਇਆ ਦੇ ਭੰਡਾਰ ਇੱਕਠੇ ਕਰਨ ਲਈ ਜੋ ਅਸੀਂ ਮਾੜੇ ਕਰਮ ਕਰਦੇ ਹਾਂ ਉਹ ਸਾਡੇ ਮਾੜੇ ਕਰਮ ਪ੍ਰਮਾਤਮਾ ਤੋਂ ਛੁਪੇ ਨਹੀਂ ਹੁੰਦੇ ਕਿਉਂਕਿ ਉਹ ਸਾਡੇ ਅੰਦਰ ਹੀ ਹੈ ਭਾਵ ਅੰਤਰਜਾਮੀ ਹੈ ਜੋ ਸਭ ਕੁਝ ਜਾਣਦਾ ਹੈ। ਮਾੜੇ ਕਰਮਾਂ ਦੀਆਂ ਸਾਨੂੰ ਸਜਾਵਾਂ ਵੀ ਭੁਗਤਣੀਆਂ ਪੈਂਦੀਆਂ ਹਨ। ਅਸੀਂ ਮਾੜੇ ਕਰਮ ਵੀ ਕਰਦੇ ਹਾਂ ਤੇ ਨਾਲ ਨਾਲ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਵੀ ਸਮਝਦੇ ਹਾਂ ਜਿਵੇਂ ਕਿ ਅਸੀਂ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ ਭਾਵ ਜਪ ਤਪ ਆਦਿ ਵੀ ਕਰਦੇ ਹਾਂ, ਤੀਰਥਾਂ ਤੇ ਵੀ ਜਾਂਦੇ ਹਾਂ ਪਰ ਭਗਤੀ ਦਾ ਅਸਲ ਮਾਰਗ ਜਿਸ ਦੁਆਰਾ ਪ੍ਰਮਾਤਮਾ ਖੁਸ਼ ਹੁੰਦਾ ਹੈ ਉਹ ਮਾਇਆ ਮੋਹ ਵਿੱਚੋਂ ਨਿਕਲਣ ਦਾ ਹੈ ਭਾਵ ਚੰਗੇ ਕਰਮ ਕਰਨ ਦਾ ਹੈ ਜਿਸ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਸਾਡੇ ਅੰਦਰ ਦਾ ਪੁੱਠਾ ਕਮਲ ਸਿੱਧਾ ਹੋਣ ਦੁਆਰਾ ਪੈਂਦੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਅੰਮ੍ਰਿਤ ਰਸੁ ਪੀਣ ਦੁਆਰਾ ਪੈਂਦੀ ਹੈ ਭਾਵ ਮਨ ਦੀ ਨਾਸਮਝ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਪੈਂਦੀ ਹੈ ਭਾਵ ਨਾਮ ਦਾ ਇਸ਼ਨਾਨ ਕਰਨ ਦੁਆਰਾ ਪੈਂਦੀ ਹੈ ਜੋ ਆਪਣੇ ਨਾਮ ਦਾ ਇਸ਼ਨਾਨ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਕਰਵਾਉਂਦਾ ਹੈ ਜਿਸ ਦੁਆਰਾ ਉਹ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰਦਾ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥ ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥)**

ਸਾਡੇ ਮਨ ਦੇ ਪੁੱਠੇ ਕਮਲ ਨੂੰ ਪ੍ਰਮਾਤਮਾ ਆਪ ਹੀ ਸਿੱਧਾ ਕਰ ਸਕਦਾ ਹੈ ਭਾਵ ਸਾਡੇ ਅੰਦਰ ਦੀ ਮਨਮਤਿ ਵਾਲੀ ਸਮਝ ਨੂੰ ਗੁਰਮਤਿ ਵਾਲੀ ਸੱਚੀ ਸਮਝ ਵਿੱਚ ਉਹ ਆਪ ਹੀ ਬਦਲ ਸਕਦਾ ਹੈ। ਧਰਮ ਗ੍ਰੰਥਾਂ ਦੀ ਰਚਨਾ, ਗੁਰਬਾਣੀ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੈ ਜਿਨ੍ਹਾਂ ਰਾਹੀਂ ਉਸਨੇ ਆਪਣੀ ਗੁਰਮਤਿ ਦੀ ਸੱਚੀ ਸਮਝ ਪਾਈ ਹੋਈ ਹੈ ਜਿਸ ਸੱਚੀ ਗੁਰਮਤਿ ਦਾ ਮਕਸਦ ਹੀ ਭਾਵ ਨਾਮ ਦਾ ਮਕਸਦ ਹੀ ਸਾਡੀ ਭਰਮਾਂ ਵਾਲੀ ਪੁੱਠੀ ਮਤਿ ਨੂੰ ਸਿੱਧੀ ਕਰਨ ਦਾ ਹੈ ਭਾਵ ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰਨ ਦੇ ਨਾਲ ਹੈ ਤੇ ਸਾਡੇ ਅੰਦਰ ਦਾ ਪੁੱਠਾ ਕਮਲ ਤਾਂ ਹੀ ਸਿੱਧਾ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਦੇ ਕੋਲੋਂ ਗਿਆਨ ਲਈਏ ਤੇ ਉਹਨਾਂ ਕੋਲੋਂ ਧਰਮ ਦਾ ਮਾਰਗ ਨਾ ਸਿੱਖੀਏ ਜੋ ਆਪ ਪੁੱਠੇ ਕਮਲ ਵਾਲੀ ਮਤਿ ਵਿੱਚ ਹਨ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

48/6527

“ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ ਨਾਹੀ ਕੋ ਥਾਉ ॥
ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥”

ਸਾਡੇ ਅੰਦਰ ਪ੍ਰਮਾਤਮਾ ਦਾ ਘਰ ਕੀ ਹੈ, ਸਾਡਾ ਅਸਲ ਘਰ ਕੀ ਹੈ ਇਸ ਗੱਲ ਨੂੰ ਅਸੀਂ ਉਪਰ ਸ਼ਬਦ ਵਿੱਚ ਪਹਿਲੇ ਸਮਝਿਆ

ਹੀ ਹੈ ਤੇ ਪਹਿਲੇ ਲੇਖ ਵਿੱਚ ਹੋਰ ਸ਼ਬਦਾਂ ਰਾਹੀਂ ਵੀ ਸਮਝਿਆ ਹੈ। ਪ੍ਰਮਾਤਮਾ ਦਾ ਘਰ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, ਨਾਮ ਦਾ ਘਰ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਘਰ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਘਰ ਹੀ ਹੈ ਜਿਸ ਘਰ ਵਿੱਚੋਂ ਸਾਨੂੰ ਗੁਰਮਤਿ ਦੀ ਸੱਚੀ ਸਮਝ ਮਿਲਦੀ ਹੈ ਜਿਸ ਸਮਝ ਨੂੰ ਮੰਨਣ ਦੁਆਰਾ ਅਸੀਂ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਸਕਦੇ ਹਾਂ ਜੋ ਉਸਦਾ ਘਰ ਸਾਡੇ ਸਭ ਦੇ ਅੰਦਰ ਹੀ ਹੈ ਭਾਵ ਸਾਡਾ ਮਨ ਹੀ ਹੈ। ਜਦ ਤਕ ਅਸੀਂ ਆਪਣੇ ਅਸਲ ਘਰ ਨਾਲ ਨਹੀਂ ਜੁੜਦੇ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਘਰ ਨਾਲ ਨਹੀਂ ਹੁੜਦੇ ਤਦ ਤਕ ਹਰ ਕੋਈ **"ਪਰ ਘਰ"** ਵਿੱਚ ਹੀ ਹੈ ਭਾਵ ਮਨਮਤਿ ਵਾਲੇ ਘਰ ਵਿੱਚ ਹੀ ਹੈ ਜਿਸ ਘਰ ਵਿੱਚ ਰਹਿੰਦੇ ਹੋਏ ਅਸੀਂ ਮਨ ਦੀ ਸਮਝ ਨੂੰ ਆਪਣੀ ਸਮਝ ਹੀ ਸਮਝਦੇ ਹਾਂ, ਇਸ ਸਰੀਰ ਨੂੰ ਆਪਣਾ ਸਰੀਰ ਸਮਝਦੇ ਹਾਂ ਜਿਵੇਂ ਕਿ ਹਰ ਕੋਈ ਸਮਝਦਾ ਹੈ ਜਿਸਦਾ ਕਾਰਣ ਸਾਡੇ ਅੰਦਰ ਦਾ ਪੁੱਠਾ ਕਮਲ ਹੈ ਭਾਵ ਸਾਡੀ ਨਾਸਮਝ ਮਤਿ ਹੈ। ਗੁਰੂ ਦੀ ਮਤਿ ਨੂੰ ਛੱਡ ਕੇ ਜੇ ਅਸੀਂ ਕਿਸੇ ਵੀ ਹੋਰ ਦੀ ਗੱਲ ਨੂੰ ਮੰਨਦੇ ਹਾਂ ਫਿਰ ਅਸੀਂ ਪਰ ਘਰ ਵਿੱਚ ਹੀ ਜਾਂਦੇ ਹਾਂ ਭਾਵ ਮਨਮਤਿ ਦੇ ਘਰ ਵਿੱਚ ਹੀ ਜਾਂਦੇ ਹਾਂ ਭਾਵ ਮਨ ਦੀ ਪੁੱਠੇ ਕਮਲ ਵਾਲੀ ਸਮਝ ਵਿੱਚ ਹੀ ਰਹਿੰਦੇ ਹਾਂ। ਪ੍ਰਮਾਤਮਾ ਦੇ ਘਰ ਤੋਂ ਬਿਨਾਂ ਜੋ ਉਸਦਾ ਘਰ ਪੂਰੀ ਗੁਰਬਾਣੀ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ, ਧਰਮ ਗ੍ਰੰਥਾਂ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ ਉਸ ਘਰ ਤੋਂ ਬਿਨਾਂ ਕੋਈ ਐਸਾ ਘਰ ਨਹੀਂ ਜੋ ਸਾਨੂੰ ਸਾਡੀ ਨਾਸਮਝ ਮਤਿ ਵਿੱਚੋਂ ਕੱਢ ਸਕੇ ਭਾਵ ਸਾਡੇ ਮਨ ਦੇ ਪੁੱਠੇ ਕਮਲ ਨੂੰ ਸਿੱਧਾ ਕਰ ਸਕੇ ਭਾਵ ਸਾਡੀ ਮਨਮਤਿ ਵਾਲੀ ਸਮਝ ਨੂੰ ਗੁਰਮਤਿ ਵਾਲੀ ਸਮਝ ਵਿੱਚ ਬਦਲ ਸਕੇ ਭਾਵ ਸਾਡੀ ਹਉਮੈ ਵਾਲੀ ਸਮਝ ਨੂੰ ਨਾਮ ਵਾਲੀ ਸਮਝ ਵਿੱਚ ਬਦਲ ਸਕੇ। **(ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ ਨਾਹੀ ਕੋ ਥਾਉ ॥)** ਸਾਡਾ ਅਸਲ ਘਰ ਕੀ ਹੈ ਜਿੱਥੋਂ ਸਾਨੂੰ ਸਮਝ ਲੈਣੀ ਚਾਹੀਦੀ ਹੈ ਉਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥"

ਉਪਰ ਵਾਲੀ ਪੰਗਤੀ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ

48/6528

ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦੇ ਘਰ ਵਿੱਚ ਜਾਣਾ ਹੀ ਸਿਖਾਇਆ ਹੋਇਆ ਹੈ। **"ਸਹਜਿ"** ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮਨ ਦਾ ਸਹਜਿ ਚਉਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ। ਸਹਜਿ ਗਿਆਨ ਪ੍ਰਮਾਤਮਾ ਉੱਥੇ ਹੀ ਦਿੰਦਾ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਸਾਡੇ ਅੰਦਰ ਦੀ ਪੁੱਠੇ ਕਮਲ ਵਾਲੀ ਮਤਿ ਨੂੰ ਆਪਣਾ ਸਹਜਿ ਗਿਆਨ ਦੇਣ ਦੁਆਰਾ ਹੀ ਸਿੱਧੀ ਕਰਦਾ ਹੈ। ਸਹਜਿ ਵਾਲੇ ਗਿਆਨ ਦੁਆਰਾ ਹੀ ਭਾਵ ਚਉਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਹੀ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਗੁਰਮਤਿ ਦੀ ਸਮਝ ਪਾਉਂਦਾ ਹੈ ਭਾਵ ਆਪਣੇ ਨਾਮ ਦੀ ਸਮਝ ਪਾਉਂਦਾ ਹੈ। ਪ੍ਰਮਾਤਮਾ ਵਿੱਚ ਸਮਾਉਂਣਾ ਸਾਡੀ ਸਮਝ ਦਾ ਉਸਦੀ ਸਮਝ ਵਿੱਚ ਸਮਾਉਂਣਾ ਹੀ ਹੈ ਜਿਵੇਂ ਕਿ ਉਸਦੇ ਵਿੱਚ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਮਾਏ ਹੋਏ ਹਨ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਸਹਜਿ ਗਿਆਨ ਦੇ ਰੂਪ ਵਿੱਚ ਹੀ ਹੈ ਜਿਸਦੀ ਸਮਝ ਮਨ ਦਾ ਪੁੱਠਾ ਕਮਲ ਸਿੱਧਾ ਹੋਣ ਦੁਆਰਾ ਹੀ ਪੈਂਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਪੈਂਦੀ ਹੈ। ਪ੍ਰਮਾਤਮਾ ਆਪ ਸੱਚੀ ਗੁਰਮਤਿ ਦੀ ਸਮਝ ਵਿੱਚ ਹੀ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥ ਪੜਿ ਪੜਿ ਥਾਕੇ ਸਾਂਤਿ ਨ ਆਈ ॥
ਤ੍ਰਿਸਨਾ ਜਾਲੇ ਸੁਧਿ ਨ ਕਾਈ ॥ ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ ੧੨੦)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥

ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥}

(ਅੰਗ ੭੯੮)

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥}

(ਅੰਗ ੮੮)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ ੬੪੬)

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥

ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

48/6529

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ ੧੦੨੨)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੁਣ ਅਸੀਂ ਮੁੱਖ ਸ਼ਬਦ ਦੀ ਪੰਗਤੀ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਗੁਰਮਤਿ ਦੀ ਪੂਰਨ ਰੂਪ ਵਿੱਚ ਸਮਝ ਹੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੁਆਰਾ ਪੈਂਦੀ ਹੈ ਜੋ ਮੇਲ ਮਨ ਦੇ ਵਿੱਚ ਸਹਜਿ ਵਾਲੀ ਸਮਝ ਭਾਵ ਚਉਥੇ ਪਦ ਦੇ ਗਿਆਨ ਵਾਲੀ ਸਮਝ ਪੈਣ ਦੁਆਰਾ ਹੀ ਹੁੰਦੀ ਹੈ ਜੋ ਸਮਝ ਮਨ ਦੇ ਵਿੱਚ ਸਹਜਿ ਗਿਆਨ ਦੇ ਰੂਪ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਫਿਰ ਮਨੁੱਖੀ ਸਮਝ ਪ੍ਰਮਾਤਮਾ ਦੇ ਦਿੱਤੇ ਹੋਏ ਚਉਥੇ ਪਦ ਵਾਲੀ ਗਿਆਨ ਦੀ ਸਮਝ ਵਿੱਚ ਸਮਾਈ ਰਹਿੰਦੀ ਹੈ ਭਾਵ ਉਸਨੂੰ ਮਨ ਦੇ ਵਿੱਚ ਹਰ ਵੇਲੇ, ਅੱਠੇ ਪਹਿਰ ਪ੍ਰਮਾਤਮਾ ਕੋਲੋਂ ਮਨ ਦੇ ਵਿੱਚ ਗੁਰਮਤਿ ਰੂਪ ਸੱਚਾ ਗਿਆਨ, ਨਾਮ ਰੂਪ ਗਿਆਨ ਭਾਵ ਬ੍ਰਹਮ ਗਿਆਨ ਮਿਲਦਾ ਰਹਿੰਦਾ ਹੈ। **(ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥)**

{ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰ ਧਾਰਿ ॥
ਏਕੁ ਪਛਾਣੈ ਹਉਮੈ ਮਾਰਿ ॥ ਸੋਭਾਵੰਤੀ ਕਹੀਐ ਨਾਰਿ॥੩॥ ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥
ਮਨਮੁਖ ਲੋਭਿ ਦੂਜੈ ਲੋਭਾਇਆ ॥ ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥
ਕਹਿ ਕਹਿ ਕਹਣੁ ਕਹੈ ਸਭੁ ਕੋਇ ॥ ਬਿਨੁ ਮਨ ਮੂਏ ਭਗਤਿ ਨ ਹੋਇ ॥ ਗਿਆਨ ਮਤੀ ਕਮਲ ਪਰਗਾਸੁ ॥
ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥ ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥ ਸੇ ਭਗਤ ਸਤਿਗੁਰ ਮਨਿ ਭਾਏ॥
ਅਨਦਿਨੁ ਨਾਮਿ ਰਹੇ ਲਿਵ ਲਾਏ ॥ ਸਦ ਹੀ ਨਾਮੁ ਵੇਖਹਿ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ॥੭॥
ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥ ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥
ਨਾਨਕ ਸਾਚੇ ਸਾਚਿ ਸਮਾਇ ॥੮॥੧॥੩॥੫॥੮॥}

(ਅੰਗ ੧੨੨੨-੧੨੨੮)

{ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥
ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥}

(ਅੰਗ ੮੬੪)

ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਗੁਰਮਤਿ ਵਾਲੀ ਸੱਚੀ ਸਮਝ ਪੈਣ ਦੁਆਰਾ ਹੀ ਭਾਵ ਪ੍ਰਮਾਤਮਾ ਕੋਲੋਂ ਉਸਦੇ ਗੁਰਮਤਿ ਵਾਲੇ ਬ੍ਰਹਮ ਬੀਚਾਰੁ ਮਿਲਣ ਦੁਆਰਾ ਹੀ, ਉਸਦੇ ਨਾਲ ਵਾਲਾ ਗਿਆਨ ਮਿਲਣ ਦੁਆਰਾ ਹੀ ਭਾਵ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਮਿਟਣ ਦੁਆਰਾ ਹੀ ਮਨੁੱਖ ਦੇ ਅੰਦਰ ਦਾ ਪੁੱਠਾ ਕਮਲ ਉਲਟਕੇ ਸਿੱਧਾ ਹੁੰਦਾ ਹੈ ਜਿਵੇਂ ਕਿ ਅਸੀਂ ਪੂਰੇ ਸ਼ਬਦ ਦੁਆਰਾ ਸਮਝਿਆ ਹੈ। **(ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥ ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥)**

ਹੁਣ ਅਸੀਂ ਉਸ ਮੁੱਖ ਸ਼ਬਦ ਵੱਲ ਵਾਪਿਸ ਆਉਂਦੇ ਹਾਂ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦਾ ਕਾਜੀ ਬਣਨਾ ਸਿਖਾਇਆ ਹੋਇਆ ਹੈ ਜੋ ਕਿ ਆਪਣੀ ਮਤਿ ਨੂੰ ਉਲਟੀ ਕਰਨ ਦੁਆਰਾ ਬਣਿਆ ਜਾ ਸਕਦਾ ਹੈ ਭਾਵ ਅੰਦਰ ਦੀ ਪੁੱਠੀ ਮਤਿ ਨੂੰ ਸਿੱਧਾ ਕਰਨ ਦੁਆਰਾ ਬਣਿਆ ਜਾ ਸਕਦਾ ਹੈ ਭਾਵ ਆਪਣੀ ਭਰਮਾਂ ਵਾਲੀ ਸਮਝ ਨੂੰ ਗੁਰੂ ਦੀ ਸੱਚੀ ਸਮਝ ਵਿੱਚ ਬਦਲ ਕੇ ਬਣਿਆ ਜਾ ਸਕਦਾ ਹੈ ਭਾਵ ਆਪਣੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਚਉਥੇ ਪਦ ਵਾਲੇ ਗਿਆਨ ਵਿੱਚ ਬਦਲਣ ਦੁਆਰਾ ਬਣਿਆ ਜਾ ਸਕਦਾ ਹੈ ਭਾਵ ਹਉਮੈ ਵਾਲੀ ਸਮਝ ਨੂੰ ਨਾਮ ਵਾਲੀ ਸਮਝ ਵਿੱਚ ਬਦਲਣ ਦੁਆਰਾ ਬਣਿਆ ਜਾ ਸਕਦਾ ਹੈ ਭਾਵ ਮਨਮਤਿ ਵਾਲੀ ਸਮਝ ਨੂੰ ਗੁਰਮਤਿ

ਵਾਲੀ ਸੱਚੀ ਸਮਝ ਬਦਲਣ ਦੁਆਰਾ ਬਦਲਿਆ ਜਾ ਸਕਦਾ ਹੈ ਭਾਵ ਸਾਡੇ ਅੰਦਰ ਦਾ ਪੁੱਠਾ ਕਮਲ ਸਿੱਧਾ ਹੋਣ ਦੁਆਰਾ ਬਦਲਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿਛਲੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਜੋਗੀ ਰੂਪ, ਉਸਦਾ ਕਾਜੀ ਰੂਪ, ਉਸਦਾ ਬ੍ਰਾਹਮਣ ਰੂਪ ਭਾਵ ਧਰਮ ਦੇ ਸੱਚੇ ਵਿਦਵਾਨ ਵਾਲਾ ਰੂਪ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਜੋ ਆਪਣੀ ਸੱਚੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਭਾਵ ਆਪਣੀ ਸਹਜਿ ਵਾਲੀ ਸਮਝ ਦੇ ਨਾਲ ਮਿਲਾਉਂਦਾ ਹੈ, ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਕੇ ਮਿਲਾਉਂਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਗੁਰਮਤਿ

ਦੀ ਸੱਚੀ ਸਮਝ ਪਏ ਬਿਨਾਂ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ ਤਾਂ ਬਹੁਤ ਹਨ ਤੇ ਹੇਠ ਦਿੱਤੇ ਮੁੱਖ ਸ਼ਬਦ ਰਾਹੀਂ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਇਹ ਸ਼ਬਦ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਨੂੰ ਸਮਝਾਉਂਣ ਲਈ ਹੀ ਹੈ ਕਿ ਸੱਚਾ ਵਿਦਵਾਨ ਬਣਨਾ ਕਿਤਨਾ ਔਖਾ ਹੈ ਜਿਸ ਦੁਆਰਾ ਸੰਸਾਰ ਨੂੰ ਧਰਮ ਦਾ ਸੱਚਾ ਮਾਰਗ ਸਮਝਾਇਆ ਜਾ ਸਕੇ, ਸ੍ਰਿਸ਼ਟੀ ਦੇ ਰਚਨਕਾਰ ਦਾ ਸੱਚ ਸਮਝਾਇਆ ਜਾ ਸਕੇ ਜੋ ਸ੍ਰਿਸ਼ਟੀ ਦਾ ਕਰਤਾ ਇੱਕੋ ਹੀ ਹੈ ਜਿਸ ਗੱਲ ਦੀ ਸਮਝ ਧਰਮ ਦਾ ਸੱਚਾ ਵਿਦਵਾਨ ਬਣਨ ਦੁਆਰਾ ਹੀ ਪੈਂਦੀ ਹੈ ਭਾਵ ਉਸ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੋਣ ਦੁਆਰਾ ਹੀ ਪੈਂਦੀ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਅਗਲੇ ਪਦਿਆਂ ਨੂੰ ਸਮਝਦੇ ਹਾਂ।

“ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥
ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥
ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥
ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥
ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥”

(ਅੰਗ ੬੬੨)

ਉਪਰ ਅਸੀਂ ਪ੍ਰਮਾਤਮਾ ਦਾ ਜੋਗੀ ਬਣਨਾ ਵੀ ਸਮਝਿਆ ਹੈ ਤੇ ਕਾਜੀ ਬਣਨਾ ਵੀ ਸਮਝਿਆ ਹੈ ਤੇ ਹੁਣ ਅਸੀਂ ਪ੍ਰਮਾਤਮਾ ਦਾ ਬ੍ਰਾਹਮਣ ਬਣਨਾ ਕੀ ਹੈ ਇਸ ਗੱਲ ਨੂੰ ਸਮਝਦੇ ਹਾਂ।

“ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥”

ਜੇਕਰ ਧਿਆਨ ਨਾਲ ਸਮਝੋਗੇ ਜੋ ਪ੍ਰਮਾਤਮਾ ਦਾ ਜੋਗੀ ਬਣਨ ਦਾ ਤਰੀਕਾ ਹੈ, ਉਹੀ ਕਾਜੀ ਬਣਨ ਦਾ ਤਰੀਕਾ ਹੈ ਤੇ ਉਹੀ ਬ੍ਰਾਹਮਣ ਬਣਨ ਦਾ ਤਰੀਕਾ ਹੈ। ਇਹੀ ਅਕਾਲ ਪੁਰਖ ਦਾ ਗਿਆਨੀ ਬਣਨ

ਦਾ ਤਰੀਕਾ ਹੈ ਭਾਵ ਇਹ ਸਭ ਕੁਝ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਮਨ ਦੇ ਗਿਆਨ ਨਾਲ ਹੀ ਜੁੜਿਆ ਹੋਇਆ ਹੈ ਕਿ ਸਾਡੇ ਅੰਦਰ ਗਿਆਨ ਕਿਹੋ ਜਿਹਾ ਹੈ। ਸਾਰਾ ਫਰਕ ਤ੍ਰੈ ਗੁਣਾਂ ਵਾਲੇ ਗਿਆਨ ਵਿੱਚ ਤੇ ਚਉਥੇ ਪਦ ਵਾਲੇ ਗਿਆਨ ਵਿੱਚ ਹੈ। ਚਉਥੇ ਪਦ ਦਾ ਗਿਆਨ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਆਪਣੇ ਕੋਲ ਹੈ ਤੇ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਉਹ ਸਾਰੇ ਜਗਤ ਦਾ ਗੁਰੂ ਆਪਣੇ ਚਉਥੇ ਪਦ ਦੇ ਗਿਆਨ ਦੁਆਰਾ ਹੀ ਹੈ ਭਾਵ ਬ੍ਰਹਮ ਗਿਆਨ ਦੁਆਰਾ ਹੀ ਹੈ ਭਾਵ ਆਪਣੇ ਨਾਮ ਦੁਆਰਾ ਹੀ ਹੈ। ਪੂਰੀ ਗੁਰਬਾਣੀ ਵਿੱਚ ਚਉਥੇ ਪਦ ਦਾ ਗਿਆਨ ਹੀ ਹੈ, ਅਕਾਲ ਪੁਰਖ ਦਾ ਨਾਮ ਹੀ ਹੈ, ਵਾਹਿਗੁਰੂ ਦਾ ਨਾਮ ਹੀ ਹੈ, ਰਾਮ ਨਾਮ ਹੀ ਹੈ, ਹਰਿ ਹਰਿ ਨਾਮ ਹੀ ਹੈ, ਅਲ੍ਹਾ ਦਾ ਨਾਮ ਹੀ ਹੈ ਭਾਵ ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਹੀ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਸੱਚਾ ਮਾਰਗ ਹੀ ਸਮਝਾਉਂਦੀ ਹੈ। ਪੂਰੀ ਗੁਰਬਾਣੀ ਅੰਦਰ ਬ੍ਰਹਮ ਬੀਚਾਰ ਹੀ ਹੈ ਭਾਵ ਪ੍ਰਮਾਤਮਾ ਦੇ ਆਪਣੇ ਦਿੱਤੇ ਹੋਏ ਵਿਚਾਰ ਹੀ ਹਨ ਜਿਨ੍ਹਾਂ ਬ੍ਰਹਮ ਬੀਚਾਰਾਂ ਦਾ ਮਕਸਦ ਹੀ ਸਾਡੀ ਪੁੱਠੀ ਮਤਿ ਨੂੰ ਸਿੱਧਾ ਕਰਨ ਦੇ ਨਾਲ ਹੈ, ਸਾਡੇ ਅੰਦਰ ਦੇ ਪੁੱਠੇ ਕਮਲ ਨੂੰ ਸਿੱਧਾ ਕਰਨ ਦੇ ਨਾਲ ਹੈ। ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਸਮਝਿਆ ਹੈ ਜੋ ਬ੍ਰਹਮ ਬੀਚਾਰਾਂ ਵਾਲਾ ਬਣ ਜਾਂਦਾ ਹੈ ਉਹੀ ਪ੍ਰਮਾਤਮਾ ਦਾ ਬ੍ਰਾਹਮਣ ਬਣ ਸਕਦਾ ਹੈ ਜਿਵੇਂ ਕਿ ਉਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਹਰ ਕੋਈ ਤ੍ਰੈ ਗੁਣਾਂ ਵਿੱਚ ਹੈ ਜਿਸ ਵਿੱਚ ਰਹਿੰਦਿਆਂ ਸਾਨੂੰ ਬ੍ਰਹਮ ਬੀਚਾਰਾਂ ਦੀ ਸਮਝ ਨਹੀਂ ਪੈਂਦੀ ਭਾਵ ਚਉਥੇ ਪਦ ਵਾਲੇ ਗਿਆਨ ਵਾਲੀ ਸਮਝ ਨਹੀਂ ਪੈਂਦੀ, ਸਹਜ ਗਿਆਨ ਵਾਲੇ ਵਿਚਾਰਾਂ ਦੀ ਸਮਝ ਨਹੀਂ ਪੈਂਦੀ। ਸਾਡਾ ਸੱਚਾ ਉਦੱਮ ਇਹੀ ਹੈ ਜੇਕਰ ਅਸੀਂ ਧਰਮ ਦੇ ਸੱਚੇ ਵਿਦਵਾਨ ਬਣਨਾ ਚਾਹੁੰਦੇ ਹਾਂ ਭਾਵ ਪ੍ਰਮਾਤਮਾ ਦੇ ਜੋਗੀ, ਕਾਜੀ, ਬ੍ਰਾਹਮਣ, ਗਿਆਨੀ ਬਣਨਾ ਚਾਹੁੰਦੇ ਹਾਂ ਅਸੀਂ ਬ੍ਰਹਮ ਬੀਚਾਰਾਂ ਨੂੰ ਭਾਵ ਗੁਰੂ ਦੇ ਸ਼ਬਦਾਂ ਦੀ ਵੀਚਾਰਾਂ ਨੂੰ ਆਪਣੀ ਸਮਝ ਦੀ ਸਮਰਥਾ ਅਨੁਸਾਰ ਉਹਨਾਂ ਨੂੰ ਸਮਝ ਕੇ ਉਹਨਾਂ ਨੂੰ ਮੰਨਣ ਦਾ ਉਦੱਮ ਕਰੀਏ ਭਾਵ ਕੇਵਲ ਸ਼ਬਦਾਂ ਦੀ ਕਥਨੀ ਹੀ ਨਾ ਕਰੀ ਜਾਈਏ ਬਲਕਿ ਸ਼ਬਦ ਦੇ ਵਿਚਾਰਾਂ ਨੂੰ ਆਪਣੀ ਕਰਨੀ ਵਿੱਚ

ਬਦਲੀਏ ਭਾਵ ਆਪਣੇ ਨਾਸਮਝ ਮਾੜੇ ਵਿਚਾਰਾਂ ਨੂੰ ਚੰਗੇ ਵਿਚਾਰਾਂ ਵਿੱਚ ਬਦਲੀਏ ਤੇ ਉਹ ਕੁਝ ਕਰੀਏ ਜੋ ਸ਼ਬਦ ਦੇ ਵਿਚਾਰ ਭਾਵ ਬ੍ਰਹਮ ਬੀਚਾਰ ਸਾਨੂੰ ਸਮਝਾਉਂਦੇ ਹਨ। ਬ੍ਰਹਮ ਬੀਚਾਰਾਂ ਦੀ ਪੂਰੀ ਸਮਝ ਉਸ ਬ੍ਰਹਮ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਤੇ ਉਸ ਬ੍ਰਹਮ ਦੇ ਨਾਲ ਮੇਲ ਕਰਨ

ਦਾ ਸਾਰੇ ਸੰਸਾਰ ਲਈ ਸੱਚਾ ਉਦੱਮ ਇਹੀ ਹੈ ਕਿ ਅਸੀਂ ਬ੍ਰਹਮ ਬੀਚਾਰਾਂ ਨੂੰ ਮੰਨਣ ਦਾ ਉਦੱਮ ਕਰੀਏ। ਧਰਮ ਗ੍ਰੰਥਾਂ ਵਿੱਚ, ਗੁਰਬਾਣੀ ਵਿੱਚ ਪ੍ਰਮਾਤਮਾ ਦੇ ਆਪਣੇ ਪਾਏ ਹੋਏ ਬੀਚਾਰ ਹੀ ਹਨ ਭਾਵ ਬ੍ਰਹਮ ਬੀਚਾਰ ਹੀ ਹਨ। ਬ੍ਰਹਮ ਬੀਚਾਰ ਸਾਨੂੰ ਸਾਡੇ ਮਾੜੇ ਵਿਚਾਰਾਂ ਤੋਂ ਭਾਵ ਮਾਇਆ ਮੋਹ ਵਾਲੇ ਬੀਚਾਰਾਂ ਤੋਂ ਤਾਰਨ ਲਈ ਹੀ ਹਨ ਭਾਵ ਉਹਨਾਂ ਵਿੱਚੋਂ ਕੱਢਣ ਲਈ ਹੀ ਹਨ। ਜਦ ਤਕ ਅਸੀਂ ਗੁਰੂ ਪ੍ਰਮਾਤਮਾ ਦੇ ਕੁਲ ਵਾਲਾ ਨਹੀਂ ਬਣਦੇ ਤਦ ਤਕ ਅਸੀਂ ਮਨ ਦੇ ਮਾੜੇ ਵਿਚਾਰਾਂ ਦੇ ਕੁਲ ਵਿੱਚ ਹੀ ਰਹਿੰਦੇ ਹਾਂ। ਗੁਰੂ ਦਾ ਕੁਲ ਸੱਚੇ ਵਿਚਾਰਾਂ ਦਾ ਕੁਲ ਹੈ, ਸੱਚੇ ਗਿਆਨ ਵਾਲੇ ਵਿਚਾਰਾਂ ਦਾ ਕੁਲ ਹੈ ਭਾਵ ਚਉਥੇ ਪਦ ਦੇ ਗਿਆਨ ਵਾਲਾ ਕੁਲ ਹੈ ਤੇ ਮਨੁੱਖ ਦਾ ਕੁਲ ਤ੍ਰੈ ਗੁਣਾਂ ਵਾਲੇ ਨਾਸਮਝ ਮਾੜੇ ਵਿਚਾਰਾਂ ਦਾ ਕੁਲ ਹੈ। ਗੁਰੂ ਪ੍ਰਮਾਤਮਾ ਦਾ ਕੁਲ ਨਾਮ ਦਾ ਕੁਲ ਹੈ ਤੇ ਮਨੁੱਖ ਦਾ ਕੁਲ ਹਉਮੈ ਵਾਲੇ ਵਿਚਾਰਾਂ ਦਾ ਕੁਲ ਹੈ। ਸਾਡੇ ਅੰਦਰ ਅਨੇਕਾਂ ਹੀ ਅਨੇਕਾਂ ਮਾੜੇ ਵਿਚਾਰ ਉਪਜਦੇ ਰਹਿੰਦੇ ਹਨ ਤੇ ਬ੍ਰਹਮ ਬੀਚਾਰਾਂ ਦੀ ਸੋਝੀ ਪੈਣ ਦੇ ਨਾਲ ਸਾਡੇ ਸਾਰੇ ਮਾੜੇ ਵਿਚਾਰ ਸਾਡੇ ਅੰਦਰੋਂ ਨਿਕਲ ਜਾਂਦੇ ਹਨ ਜਿਸ ਦੁਆਰਾ ਮਨੁੱਖ ਆਪ ਤਰ ਜਾਂਦਾ ਹੈ ਤੇ ਦੂਸਰਿਆਂ ਦੇ ਕੁਲਾਂ ਨੂੰ ਵੀ ਤਾਰਦਾ ਹੈ ਭਾਵ ਆਪਣਾ ਸੱਚਾ ਗਿਆਨ ਦੇਣ ਦੁਆਰਾ ਸਾਰਿਆਂ ਦੇ ਮਾੜੇ ਵਿਚਾਰਾਂ ਨੂੰ ਵੀ ਤਾਰਦਾ ਹੈ। ਪੂਰੀ ਗੁਰਬਾਣੀ ਵਿੱਚ ਉਹਨਾਂ ਨੇ ਹੀ ਸੱਚਾ ਗਿਆਨ ਪਾਇਆ ਹੈ, ਬ੍ਰਹਮ ਬੀਚਾਰ ਪਾਏ ਹਨ ਜਿਨ੍ਹਾਂ ਬੀਚਾਰਾਂ ਰਾਹੀਂ ਉਹ ਆਪ ਤਰੇ ਹਨ ਤੇ ਸਾਰਿਆਂ ਦੇ ਕੁਲ ਤਾਰਨ ਦਾ ਉਪਰਾਲਾ ਕੀਤਾ ਹੈ। ਜੋ ਵੀ ਬ੍ਰਹਮ ਬੀਚਾਰਾਂ ਨੂੰ ਮੰਨੇਗਾ ਉਹੀ ਮਨ ਦੇ ਮਾੜੇ ਵਿਚਾਰਾਂ ਦੇ ਕੁਲ ਵਿੱਚੋਂ ਤਰੇਗਾ। **(ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥) {ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥ ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥ ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥ ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥}** ਅੰਗ ੧੪੧੧

ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਉਹ ਆਪਣੇ ਆਪ ਨੂੰ **"ਦਾਨਸਬੰਦੁ"** ਹੀ ਸਮਝਦੇ ਹਨ ਭਾਵ ਸਿਆਣੇ ਸਮਝਦੇ ਹਨ, ਅਕਲਮੰਦ ਸਮਝਦੇ ਹਨ ਕਿ ਸਾਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਹੈ ਭਾਵ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦਾ ਵਿਦਵਾਨ ਅਖਵਾਉਂਣ ਦੁਆਰਾ, ਜੋਗੀ, ਕਾਜੀ, ਬ੍ਰਾਹਮਣ, ਗਿਆਨੀ ਅਖਵਾਉਂਣ ਵਾਲਾ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਸਿਆਣਾ ਹੀ ਸਮਝਦਾ ਹੈ ਤੇ ਧਰਮ ਦੀ ਅਸਲ ਸਿਆਣਪ ਵਾਲਾ ਕੌਣ ਹੁੰਦਾ ਹੈ ਇਹੀ ਗੱਲ ਸ਼ਬਦ ਦੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ।

"ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥

ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥"

ਉਪਰ ਪਹਿਲੀ ਪੰਗਤੀ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ **"ਦਾਨਸਬੰਦੁ"** ਬਣਨਾ ਕੀ ਹੈ ਭਾਵ ਭਗਤੀ ਦੇ ਮਾਰਗ ਦਾ

ਸਿਆਣਾ ਬਣਨਾ ਕੀ ਹੈ। ਸਾਰੀ ਗੱਲ ਮਨ ਦੀ ਮੈਲ ਧੋਣ ਨਾਲ ਜੁੜੀ ਹੋਈ ਹੈ। ਸਾਡੇ ਅੰਦਰ ਮਨ ਦੀ ਮੈਲ ਕੀ ਹੈ ਇਸਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹ ਮੈਲ ਸਾਡੇ ਮਨ ਦੀ ਖੋਟ ਹੈ ਜਿਵੇਂ ਕਿ ਅਸੀਂ ਇਸ ਸ਼ਬਦ ਦੇ ਪਹਿਲੇ ਪਦੇ ਰਾਹੀਂ ਤੇ ਰਹਾਉ ਵਾਲੀ ਪੰਗਤੀ ਰਾਹੀਂ ਸਮਝਿਆ ਹੈ। ਇਹ ਮਨ ਦੀ ਮੈਲ ਸਾਡੇ ਅੰਦਰ ਮਾੜੇ ਵਿਚਾਰਾਂ ਦੀ ਹੈ ਜੋ ਮਨ ਦੇ ਮਾੜੇ ਵਿਚਾਰ ਸਾਨੂੰ ਭਗਤੀ ਦੇ ਮਾਰਗ ਤੋਂ ਉਲਟ ਮਾਰਗ ਤੇ ਚਲਾਉਂਦੇ ਹਨ। ਸਾਡੇ ਅੰਦਰ ਦੇ ਮਾੜੇ ਵਿਚਾਰਾਂ ਦਾ ਕਾਰਨ ਸਾਡੇ ਅੰਦਰ ਦੀ ਹਉਮੈ ਹੈ,

ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਾੜੀ ਸਮਝ ਹੈ ਜਿਸ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਜੋ ਭਗਤੀ ਦਾ ਸੱਚਾ ਮਾਰਗ ਆਪਣੇ ਅੰਦਰ ਦੇ ਅਉਗੁਣਾਂ ਨੂੰ ਤਿਆਗ ਕੇ, ਮਾਇਆ ਮੋਹ ਤਿਆਗ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ। ਮਨ ਦੀ ਹਉਮੈ ਵਾਲੀ ਸਮਝ ਨਿਕਲੇ ਬਿਨਾਂ ਅਸੀਂ ਸ਼ਬਦਾਂ ਦੀ ਕਥਨੀ ਨਾਲ ਹੀ ਜੁੜੇ ਰਹਿੰਦੇ ਹਾਂ, ਕਿਸੇ ਅੱਖਰ ਨੂੰ ਨਾਮ ਸਮਝ ਕੇ ਮੁੱਖੋਂ ਜਪੀ ਜਾਂਦੇ ਹਾਂ ਜਿਸ ਨਾਲ ਸਾਡੇ ਅੰਦਰ ਦੀ ਮੈਲ ਨਹੀਂ ਉਤਰ ਸਕਦੀ ਭਾਵ ਸਾਡੇ ਅੰਦਰ ਦੀ ਅਗਿਆਨਤਾ ਦੂਰ ਨਹੀਂ ਹੋ ਸਕਦੀ। ਸਾਡੇ ਅੰਦਰ ਦੀ ਹਉਮੈ ਰੂਪ ਮੈਲ ਗੁਰੂ ਦਾ ਨਾਮ ਜਪਣ ਦੁਆਰਾ ਹੀ ਨਿਕਲ ਸਕਦੀ ਹੈ ਤੇ ਉਹ ਤਾਂ ਹੀ ਉਤਰੇਗੀ ਜੇਕਰ ਅਸੀਂ ਪਹਿਲਾਂ ਇਸ ਗੱਲ ਨੂੰ ਸਮਝੀਏ ਕਿ ਗੁਰੂ ਦਾ ਨਾਮ, ਗੁਰੂ ਦਾ ਸੱਚਾ ਗਿਆਨ ਹੈ ਜਿਸ ਗਿਆਨ ਨੂੰ ਮੰਨਣ ਦੁਆਰਾ ਹੀ ਸਾਡੀ ਅਗਿਆਨਤਾ ਰੂਪ ਮੈਲ, ਸਾਡੀ ਹਉਮੈ ਰੂਪ ਮੈਲ ਉਤਰ ਸਕਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸਾਡੇ ਅੰਦਰ ਦੀ ਮੈਲ ਕਿਸ ਰੂਪ ਵਿੱਚ ਹੈ ਤੇ ਉਸਨੂੰ ਧੋਣ ਦਾ ਤਰੀਕਾ ਕੀ ਹੈ।

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

ਉਪਰ ਵਾਲੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਡੇ ਅੰਦਰ ਇਹ ਮੈਲ ਕਿਸ ਰੂਪ ਵਿੱਚ ਹੈ ਜਿਸ ਮੈਲ ਦੇ ਰਹਿੰਦਿਆਂ ਨਾ ਭਗਤੀ ਹੋ ਸਕਦੀ ਹੈ ਤੇ ਨਾ ਹੀ **"ਨਾਮੁ"** ਨੂੰ ਪਾਇਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਜੋ ਨਾਮ ਦਾ ਮਾਲਕ ਹੈ, ਗਿਆਨ ਦਾ ਮਾਲਕ ਹੈ। ਪ੍ਰਮਾਤਮਾ ਜਦ ਤਕ ਸਾਡੇ ਅੰਦਰ ਨਹੀਂ ਵੱਸਦਾ ਤਦ ਤਕ ਸਾਡੇ ਅੰਦਰ ਦੀ ਹਉਮੈ ਰੂਪ ਮੈਲ ਨਹੀਂ ਨਿਕਲ ਸਕਦੀ ਜੋ ਸਾਡੇ ਅੰਦਰ ਦੀ ਹਉਮੈ ਰੂਪ ਮੈਲ ਪ੍ਰਮਾਤਮਾ ਮਨ ਦੇ ਅੰਦਰ ਆਪਣਾ ਸੱਚਾ ਗਿਆਨ ਦੇਣ ਦੁਆਰਾ ਹੀ ਕੱਢਦਾ ਹੈ

ਭਾਵ ਮਨ ਦੀ ਅਗਿਆਨਤਾ ਕੱਢਣ ਦੁਆਰਾ ਕੱਢਦਾ ਹੈ ਤੇ ਤਾਂ ਹੀ ਪ੍ਰਮਾਤਮਾ ਕਿਸੇ ਨੂੰ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਤੇ ਆਪ ਹੀ ਆਪਣੇ ਸੱਚੇ ਮਾਰਗ ਤੇ ਚਲਾਉਂਦਾ ਹੈ। **(ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥)**

ਉਪਰ ਸ਼ਬਦ ਰਾਹੀਂ ਸਾਨੂੰ ਇਹ ਵੀ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਧਰਮ ਗ੍ਰੰਥਾਂ ਨੂੰ ਕੇਵਲ ਪੜੀ ਜਾਣ ਨਾਲ ਸਾਡੇ ਮਨ ਦੀ ਮੈਲ ਨਹੀਂ ਉਤਰ ਸਕਦੀ ਕਿਉਂਕਿ ਇਹ ਮੈਲ ਸਾਡੇ ਅੰਦਰ ਅਗਿਆਨਤਾ ਵਾਲੇ ਵਿਚਾਰਾਂ ਦੇ ਰੂਪ ਵਿੱਚ ਹੈ ਜੋ ਮੈਲ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ ਭਾਵ ਆਪਣੀ ਨਾਸਮਝ ਮਤਿ ਛੱਡਣ ਦੁਆਰਾ ਹੀ ਨਿਕਲ ਸਕਦੀ

ਹੈ। ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਤੇ ਕੇਵਲ ਸ਼ਬਦਾਂ ਦਾ ਗਿਆਨ ਇੱਕਠਾ ਕਰੀ ਜਾਣ ਨਾਲ ਕੋਈ ਆਪਣੇ ਆਪ ਨੂੰ ਗਿਆਨੀ ਤਾਂ ਅਖਵਾ ਸਕਦਾ ਹੈ ਭਾਵ ਧਰਮ ਦਾ ਵਿਦਵਾਨ ਤਾਂ ਅਖਵਾ ਸਕਦਾ ਹੈ ਪਰ ਮਨ ਦੀ ਮੈਲ ਤਾਂ ਹੀ ਨਿਕਲਦੀ ਹੈ ਜਦੋਂ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ ਭਾਵ ਗੁਰੂ ਦੀ ਸ਼ਰਨ ਵਿੱਚ ਆਵਾਂਗੇ। ਗੁਰੂ ਦੀ ਸ਼ਰਨ ਵਿੱਚ ਆਉਂਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੈ। ਗੁਰੂ ਦੀ ਮਤਿ ਦੀ ਸ਼ਰਨ ਵਿੱਚ ਆਉਂਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਂਣਾ ਹੈ ਜੋ ਗੁਰੂ ਦੀ ਸ਼ਰਨ ਵਿੱਚ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਆਇਆ ਜਾ ਸਕਦਾ ਹੈ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਦੁਆਰਾ, ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲੀ ਜਾਣ ਨਾਲ ਗੁਰੂ ਦੀ ਸ਼ਰਨ ਵਿੱਚ ਨਹੀਂ ਆਇਆ ਜਾ ਸਕਦਾ ਭਾਵ ਗੁਰਮਤਿ ਦੀ ਸ਼ਰਨ ਵਿੱਚ ਨਹੀਂ ਆਇਆ ਜਾ ਸਕਦਾ ਜਿਸ ਦੁਆਰਾ ਸਾਡੇ ਅੰਦਰ ਦੀ ਹਉਮੈ ਨਿਕਲ ਸਕੇ ਭਾਵ ਮਨ ਦੀ ਨਾਸਮਝ ਮਤਿ ਨਿਕਲ ਸਕੇ ਭਾਵ ਮੈਲੀ ਮਤਿ ਨਿਕਲ ਸਕੇ ਜਿਸਦੇ ਨਿਕਲੇ ਬਿਨਾਂ ਸਾਡਾ ਮਨ ਨਿਰਮਲ ਨਹੀਂ ਹੋ ਸਕਦਾ ਭਾਵ ਗੁਰੂ ਦੀ ਸੱਚੀ ਸਮਝ ਵਾਲਾ ਨਹੀਂ ਬਣ ਸਕਦਾ। ਆਪਣੇ ਮਨ ਦੀ ਮੈਲ ਧੋਣ ਦਾ ਕੇਵਲ ਇਹੀ ਤਰੀਕਾ ਹੈ ਕਿ ਅਸੀਂ ਗੁਰੂ ਦੀ ਸੱਚੀ ਸਮਝ ਨੂੰ ਮੰਨੀਏ ਤੇ ਮਨ ਦੀ ਵਿਕਾਰਾਂ ਵਾਲੀ ਮਾੜੀ ਸਮਝ ਨੂੰ ਛੱਡੀਏ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ। ਪ੍ਰਮਾਤਮਾ ਦੀ ਭਗਤੀ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਕੇ, ਅਉਗੁਣਾਂ ਵਿੱਚੋਂ ਨਿਕਲਕੇ ਗੁਣਾਂ ਦੁਆਰਾ ਵਿਚਰਨ ਦੁਆਰਾ ਹੀ ਹੋ ਸਕਦੀ ਹੈ। ਅਸੀਂ ਅਨੇਕਾਂ ਹੀ

48/6535

ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਉਹੋ ਜਿਹੇ ਕਰਮ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਭਗਤੀ ਵਾਲੇ ਕਰਮ ਸਮਝਦੇ ਹਾਂ ਜਿਹੋ ਜਿਹੇ ਕਰਮਾਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਉਹਨਾਂ ਤਰੀਕਿਆਂ ਦੁਆਰਾ ਅਸੀਂ ਆਪਣੇ ਆਪ ਨੂੰ ਭਗਤੀ ਵਾਲੇ ਅਖਵਾ ਕੇ ਆਪਣੇ ਅੰਦਰ ਉਲਟੀ ਅਗਿਆਨਤਾ ਵਾਲੀ ਸਮਝ ਨੂੰ ਹੋਰ ਦ੍ਰਿੜ ਕਰਦੇ ਹਾਂ ਕਿ ਮੈਨੂੰ ਭਗਤੀ ਦੀ ਬੜੀ ਸਮਝ ਹੈ ਜਿਸ ਨਾਲ ਸਾਡੇ ਅੰਦਰ ਦੀ ਮੈਲ ਨਿਕਲਣ ਦੀ ਬਜਾਏ ਹੋਰ ਦੂਣੀ ਹੋ ਜਾਂਦੀ ਹੈ। ਸਭ ਕੁਝ ਸਾਡੇ ਮਨ ਦੀ ਸਮਝ ਨਾਲ ਜੁੜਿਆ ਹੋਇਆ ਹੈ। ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਸਾਡੇ ਅੰਦਰ ਦੀ ਮੈਲ ਹੈ ਤੇ ਗੁਰੂ ਦਾ ਸੱਚਾ ਗਿਆਨ ਭਾਵ ਉਸਦਾ ਨਾਮ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਉਹ ਸਾਡੇ ਮਨ ਦੀ ਮੈਲ ਨੂੰ ਧੋਣ ਲਈ ਹੀ ਹੈ ਭਾਵ ਸਾਨੂੰ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢਣ ਲਈ ਹੀ ਹੈ, ਹਉਮੈ ਵਿੱਚੋਂ ਕੱਢਣ ਲਈ ਹੀ ਹੈ ਤੇ ਸਾਡੇ ਅੰਦਰ ਦੀ ਇਹ ਹਉਮੈ ਰੂਪ ਮੈਲ ਤਾਂ ਹੀ ਨਿਕਲੇਗੀ ਜੇਕਰ ਅਸੀਂ ਪਹਿਲਾਂ ਇਸ ਗੱਲ ਨੂੰ ਸਮਝਾਂਗੇ ਕਿ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਣਾ ਹੀ ਨਾਮ ਜਪਣਾ ਹੈ। **(ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥ ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥)** ਅੰਗ ੩੯

{ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥
ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥ ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥ ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

{ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥}

(ਅੰਗ ੫੭)

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥
ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥
ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥
ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥
ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥
ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥
ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥
ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥
ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ ਤਨੁ ਮੋਹੈ ॥
ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥ ਮਨੁ ਮੈਲਾ ਹੈ ਦੂਜੈ ਭਾਇ ॥
ਮੈਲਾ ਚਉਕਾ ਮੈਲੈ ਥਾਇ ॥ ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥
ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥}

(ਅੰਗ ੧੨੧)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥
ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥ ਅਕਥੋ ਕਥੀਐ ਸਬਦਿ ਸੁਹਾਵੈ ॥
ਗੁਰਮਤੀ ਮਨਿ ਸਚੋ ਭਾਵੈ ॥ ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥੩॥
ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥
ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥ ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥

ਗੁਰ ਪਰਸਾਦੀ ਅਨਦਿਨੁ ਜਾਗੈ ॥ ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥
ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥ ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥
ਮਨਮੁਖ ਨ ਬੂਝਹਿ ਦੂਜੈ ਭਾਇਆ ॥ ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥
ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥
ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥}

(ਅੰਗ ੧੨੮)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ, ਸ਼ਬਦਾਂ ਨੂੰ ਧਿਆਨ ਨਾਲ ਵਿਚਾਰਨ ਦੁਆਰਾ ਅਸੀਂ ਇਹ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਸਾਡੇ ਅੰਦਰ ਦੀ ਮੈਲ ਕੀ ਹੈ ਤੇ ਉਹ ਧੁੱਪਦੀ ਕਿਵੇਂ ਹੈ। ਮਨ ਦੀ ਮੈਲ ਧੁੱਪੇ ਬਿਨਾਂ ਸਾਡਾ ਮਨ ਨਿਰਮਲ ਨਹੀਂ ਹੋ ਸਕਦਾ ਭਾਵ ਪਵਿੱਤਰ ਨਹੀਂ ਹੋ ਸਕਦਾ। ਸਾਡੇ ਮਨ ਨੂੰ ਅਪਵਿੱਤਰ ਕਰਨ ਵਾਲੀ ਸਾਡੇ ਮਨ ਦੀ ਭਰਮਾਂ ਵਾਲੀ ਸਮਝ ਹੈ ਜਿਸਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਪਵਿੱਤਰ ਕਰ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

48/6536

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥}

(ਅੰਗ ੪੭੨)

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥}

(ਅੰਗ ੪੭੨)

{ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

(ਅੰਗ ੪੭੨)

ਸਾਡੇ ਅੰਦਰ ਦੀ ਅਪਵਿੱਤਰਤਾ ਭਾਵ ਸੂਤਕ ਭਾਵ ਸਾਡੀ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦੀ ਮੈਲ ਹੈ ਜੋ ਮੈਲ ਗੁਰੂ ਦੇ ਗਿਆਨ ਦੁਆਰਾ ਹੀ ਧੁੱਪ ਸਕਦੀ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਹੈ। ਸਾਡੇ ਲਈ ਮਨ ਦੀ ਅਪਵਿੱਤਰਤਾ ਭਾਵ ਮਨ ਦੀ ਮੈਲ ਕਿਸ ਲਈ ਮਾੜੀ ਹੈ ਤੇ ਇਹ ਮਨ ਦੀ ਪਵਿੱਤਰਤਾ ਕਿਸ ਲਈ ਚੰਗੀ ਹੈ ਇਸ ਗੱਲ ਨੂੰ ਸਮਝਣਾ ਜਿਆਦਾ ਜਰੂਰੀ ਹੈ। ਮਨ ਦੀ ਅਪਵਿੱਤਰਤਾ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ ਜਿਵੇਂ ਕਿ ਉਪਰਲੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਮਨ ਦੀ ਪਵਿੱਤਰਤਾ ਦਾ ਮਕਸਦ ਸਾਨੂੰ ਮਾੜੇ ਕਰਮ ਕਰਨ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਭਾਵ ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਮਾੜੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ ਜੋ ਕਿ ਗੁਰੂ ਦੀ ਭਗਤੀ ਕਰਨ ਦਾ ਅਸਲ ਮਾਰਗ ਹੈ ਭਾਵ ਉਸਦਾ ਨਾਮ ਜਪਣ ਦਾ ਮਕਸਦ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਹੁਣ ਅਸੀਂ ਮੁੱਖ ਸ਼ਬਦਾਂ ਦੇ ਪਦੇ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ **"ਦਾਨਸਬੰਦੁ"** ਬਣਨਾ ਕੀ ਹੈ, ਅਸਲ ਭਗਤੀ ਦੀ ਸੱਚੀ ਸਮਝ ਵਾਲਾ ਬਣਨਾ ਕੀ ਹੈ।

"ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥
ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥"

ਧਰਮ ਦੇ ਮਾਰਗ ਤੇ ਦਾਨਸਬੰਦ ਅਖਵਾਉਂਣਾ ਬਹੁਤ ਔਖਾ ਹੈ ਜੋ ਕਿ ਮਨ ਦੀ ਮੈਲ ਧੋਏ ਬਿਨਾਂ ਨਹੀਂ ਬਣਿਆ ਜਾ ਸਕਦਾ। ਇਸੇ ਲਈ ਗੁਰੂ ਦਾ ਨਾਮ ਜਪਣਾ ਔਖਾ ਹੈ ਜਿਸ ਨਾਮ ਦਾ ਮਕਸਦ ਭਾਵ ਗੁਰੂ ਦੇ ਸੱਚੇ ਗਿਆਨ ਦਾ ਮਕਸਦ ਸਾਨੂੰ ਧਰਮ ਦੇ ਮਾਰਗ ਦਾ

ਦਾਨਸਬੰਦ ਬਨਾਉਂਣ ਲਈ ਹੀ ਹੈ। ਧਰਮ ਦਾ ਦਾਨਸਬੰਦ ਬਣਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੋਵੇ ਭਾਵ ਭਾਵੇਂ ਕੋਈ ਆਪਣੇ ਆਪ ਨੂੰ ਹਿੰਦੂ ਅਖਵਾਵੇ ਜਾਂ ਮੁਸਲਮਾਨ ਅਖਵਾਵੇ, ਇਸਾਈ ਅਖਵਾਵੇ, ਸਿੱਖ ਅਖਵਾਵੇ ਸਭ ਲਈ ਦਾਸਨਬੰਦ ਬਣਨ ਦਾ ਤਰੀਕਾ ਆਪਣੇ ਮਨ ਦੀ ਮੈਲ ਨੂੰ ਧੋਣ ਦਾ ਹੀ ਹੈ। **(ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥)** ਦਾਨਸਬੰਦ ਬਣਨ ਦਾ ਤਰੀਕਾ ਭਾਵ ਆਪਣੇ ਮਨ ਦੀ ਮੈਲ ਨੂੰ ਧਉਣ ਦਾ ਤਰੀਕਾ ਸਭ ਲਈ ਇੱਕੋ ਜਿਹਾ ਹੀ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਆਪਣੇ ਅੰਦਰ ਦੀ ਮੱਲ ਨੂੰ ਕਿਵੇਂ ਕੱਢਣਾ ਹੈ ਜੋ ਮੱਲ

48/6537

ਕੱਢਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ।

“ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥”

ਭਗਤੀ ਦਾ ਮਾਰਗ ਸਮਝਣ ਲਈ ਪੜਦਾ ਤਾਂ ਹਰ ਕੋਈ ਕਿਸੇ ਧਰਮ ਗ੍ਰੰਥ ਨੂੰ ਹੀ ਹੈ ਜੋ ਕਿ ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਪੜਦਾ ਹੈ। ਧਰਮ ਗ੍ਰੰਥਾਂ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ ਭਾਵੇਂ ਅਸੀਂ ਕੋਈ ਵੀ ਸੱਚਾ ਧਰਮ ਗ੍ਰੰਥ ਪੜ ਲਈਏ। ਸਾਰੀ ਗੱਲ ਇੱਥੇ ਨਿਬੜਦੀ ਹੈ ਕਿ ਸਾਡਾ ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਕੀ ਹੈ। ਧਰਮ ਗ੍ਰੰਥਾਂ ਰਾਹੀਂ ਸਾਨੂੰ ਸੱਚਾ ਗਿਆਨ ਹੀ ਮਿਲਦਾ ਹੈ ਜੋ ਸਾਡੇ ਬੁੱਝਣ ਲਈ ਭਾਵ ਉਸਨੂੰ ਸਮਝ ਕੇ ਉਸਨੂੰ ਮੰਨਣ ਲਈ ਹੈ ਭਾਵ ਅਮਲ ਕਰਨ ਲਈ ਹੈ। ਸਾਡੇ ਅੰਦਰ ਦੀ ਮੈਲ ਮਨ ਦੀ ਅਗਿਆਨਤਾ ਦੇ ਰੂਪ ਵਿੱਚ ਹੈ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ ਤੇ ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਮਾੜੇ ਕਰਮ ਨਾ ਕਰੀਏ ਭਾਵ ਚੰਗੇ ਕਰਮ ਕਰੀਏ, ਉਹੋ ਜਿਹੇ ਕਰਮ ਕਰੀਏ ਜਿਹੋ ਜਿਹੇ ਕਰਮ ਕਰਨੇ ਸਾਨੂੰ ਹਰ ਸੱਚਾ ਧਰਮ ਗ੍ਰੰਥ ਸਮਝਾਉਂਦਾ ਹੈ। ਸੰਸਾਰ ਵਿੱਚ ਕੋਈ ਐਸਾ ਸੱਚਾ ਧਰਮ ਗ੍ਰੰਥ ਨਹੀਂ ਹੋ ਸਕਦਾ ਜੋ ਸਾਨੂੰ ਮਾੜੇ ਕਰਮ ਕਰਨ ਤੋਂ ਮਨ੍ਹਾਂ ਨਾ ਕਰਦਾ ਹੋਵੇ ਭਾਵ ਸਾਨੂੰ ਸੱਚ ਨਾ ਸਮਝਾਉਂਦਾ ਹੋਵੇ, ਸਾਨੂੰ ਆਪਣੀ ਨਾਸਮਝ ਮਤਿ ਛੱਡਣ ਲਈ ਨਾ ਸਮਝਾਉਂਦਾ ਹੋਵੇ। ਸਾਡੇ ਅੰਦਰ ਦੀ ਨਾਸਮਝ ਮਤਿ ਹੀ ਸਾਡੇ ਅੰਦਰ ਦੀ ਮੈਲ ਹੈ ਜੋ ਮੈਲ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਪੜਨ ਦੁਆਰਾ ਹੀ ਨਿਕਲ ਸਕਦੀ ਹੈ। ਧਰਮ ਗ੍ਰੰਥਾਂ ਦਾ ਰਚਨਹਾਰ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਗਿਆਨ ਦਾ ਮਾਲਕ ਆਪ ਹੀ ਹੈ ਭਾਵੇਂ ਉਸਨੂੰ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਨਾਮ ਨਾਲ ਵੀ ਪੁਕਾਰੀਏ, ਭਾਵੇਂ ਉਸਨੂੰ ਪ੍ਰਮਾਤਮਾ ਕਹੀਏ, ਅਲ੍ਹਾ ਕਹੀਏ, ਗਾਡ ਕਹੀਏ, ਵਾਹਿਗੁਰੂ ਕਹੀਏ, ਅਕਾਲ ਪੁਰਖ ਕਹੀਏ ਜਾਂ ਹੋਰ ਵੀ ਕਿਸੇ ਨਾਮ ਨਾਲ ਪੁਕਾਰੀਏ, ਇੱਕੋ ਹੀ ਗੱਲ ਹੈ ਕਿਉਂਕਿ ਸ੍ਰਿਸ਼ਟੀ ਦਾ ਕਰਤਾ ਇੱਕੋ ਹੀ ਹੈ। ਉਸਦੀ ਦਰਗਾਹ ਤੇ ਭਾਵ ਉਸਦੇ ਦਰ ਤੇ ਉਹੀ ਪ੍ਰਵਾਨ ਹੁੰਦਾ ਹੈ ਜੋ ਉਸਦੀ ਧਰਮ ਗ੍ਰੰਥਾਂ ਰਾਹੀਂ ਸਮਝਾਈ ਹੋਈ ਗੱਲ ਨੂੰ ਮੰਨਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਪ੍ਰਮਾਤਮਾ ਦੀ ਦਰਗਾਹ ਵਿੱਚ ਪ੍ਰਵਾਨ ਹੋਣਾ ਬਹੁਤ ਔਖਾ ਹੈ ਤੇ

48/6538

ਮਨ ਦੀ ਮੈਲ ਵਿੱਚੋਂ ਨਿਕਲੇ ਬਿਨਾਂ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਤਾਂ ਬਹੁਤ ਹਨ ਜੋ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਸਿਖਾਉਂਦੇ ਹਨ ਪਰ ਉਹ ਸਾਨੂੰ ਕੁਰਾਹੇ ਹੀ ਪਾਉਂਦੇ ਹਨ ਜਿਵੇਂ ਕਿ ਅਸੀਂ ਉਪਰ ਵਾਲੇ ਪੂਰੇ ਸ਼ਬਦ ਦੁਆਰਾ ਸਮਝਿਆ ਹੈ। **(ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥ ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥)** ਅੰਗ ੬੬੨ **{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}** ਅੰਗ ੧੩੫੦ **{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥ ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ**

॥੧॥} ਅੰਗ ੫੯੪

ਅਸੀਂ ਜਪੁਜੀ ਬਾਣੀ ਦੇ ਜਿਸ ਪਿਛਲੇ ਸ਼ਬਦ ਨੂੰ ਸਮਝਿਆ ਸੀ ਉਸ ਵਿੱਚ ਮਨ ਦੇ ਲੇਖ ਕੀ ਹਨ ਇਸ ਬਾਰੇ ਜਾਣਿਆ ਸੀ ਤੇ ਮਨ ਦੇ ਲੇਖ ਸਮਝਣ ਲਈ ਹੀ ਅਸੀਂ ਉਪਰ ਵਾਲੇ ਸ਼ਬਦ ਨੂੰ ਸਮਝਿਆ ਹੈ ਤੇ ਨਾਲ ਕੁਝ ਹੋਰ ਸ਼ਬਦਾਂ ਨੂੰ ਵੀ ਸਮਝਿਆ ਹੈ ਤਾਂ ਜੋ ਅਸੀਂ ਹਰ ਸ਼ਬਦ ਦੇ ਭਾਵ ਨੂੰ ਬਰੀਕੀ ਨਾਲ ਸਮਝ ਸਕੀਏ। ਬਾਣੀ ਦੇ ਸਾਰੇ ਸ਼ਬਦ ਆਪਸ ਵਿੱਚ ਜੁੜੇ ਹੋਏ ਹੀ ਹਨ ਜੋ ਸਾਨੂੰ ਸੱਚ ਹੀ ਸਮਝਾਉਂਦੇ ਹਨ ਭਾਵ ਪ੍ਰਮਾਤਮਾ ਦੀ ਭਗਤੀ ਦੇ ਸੱਚੇ ਮਾਰਗ ਨਾਲ ਹੀ ਜੋੜਦੇ ਹਨ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਮਨ ਦੀ ਮੈਲ ਵਿੱਚੋਂ ਕੱਢਣ ਦਾ ਹੀ ਹੈ ਕਿਉਂਕਿ ਗੁਰੂ ਦਾ ਹਰ ਸ਼ਬਦ ਨਾਮ ਹੀ ਹੈ ਜੋ ਨਾਮ ਹਰ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ। ਹਰ ਸ਼ਬਦ ਦੀ ਵੀਚਾਰ ਦਾ ਮਕਸਦ ਸਾਨੂੰ ਮਨ ਦੇ ਨਾਸਮਝ ਵਿਚਾਰਾਂ ਵਿੱਚੋਂ ਕੱਢਣ ਦਾ ਹੀ ਹੈ ਜੋ ਸਾਡੇ ਨਾਸਮਝ ਵਿਚਾਰ ਸਾਡੇ ਮਨ ਦੀ ਮੈਲ ਹੈ। ਮਨ ਦੀ ਮੈਲ ਵਿੱਚੋਂ ਨਿਕਲਣ ਲਈ ਹੁਣ ਅਸੀਂ ਜਪੁਜੀ ਬਾਣੀ ਦੇ ਅਗਲੇ ਸ਼ਬਦ ਨੂੰ ਸਮਝਦੇ ਹਾਂ ਕਿਉਂਕਿ ਸਾਡੇ ਅੰਦਰ ਦੀ ਮੈਲ ਗੁਰੂ ਦੀ ਸਮਝ ਨੇ ਹੀ ਕੱਢਣੀ ਹੈ ਤੇ ਸਾਡੇ ਅੰਦਰ ਦੀ ਮੈਲ ਤਾਂ ਹੀ ਨਿਕਲੇਗੀ ਜੇਕਰ ਪਹਿਲਾਂ ਅਸੀਂ ਗੁਰੂ ਦੀ ਗੱਲ ਨੂੰ ਉਸ ਰੂਪ ਵਿੱਚ ਸਮਝਾਂਗੇ ਭਾਵ ਉਸਦੇ ਉਸ ਭਾਵ ਨੂੰ ਸਮਝਾਂਗੇ ਜਿਸ ਭਾਵ ਨਾਲ ਸਾਨੂੰ ਗੁਰੂ ਨੇ ਆਪਣੀ ਗੱਲ ਸਮਝਾਈ ਹੋਈ ਹੈ। ਗੁਰੂ ਆਪ ਪ੍ਰਮਾਤਮਾ ਹੈ ਤੇ ਸਾਡੇ ਸਭ ਦੇ ਅੰਦਰ ਹੀ ਹੈ ਤੇ ਆਪਣੀ ਗੱਲ ਦਾ ਅਸਲ ਭਾਵ ਉਹ ਆਪ ਹੀ ਸਮਝਾ ਸਕਦਾ ਹੈ ਜਿਸਨੇ ਗੁਰਬਾਣੀ ਦੀ, ਧਰਮ ਗ੍ਰੰਥਾਂ ਦੀ ਆਪ ਹੀ ਰਚਨਾ ਕੀਤੀ ਹੋਈ ਹੈ। ਪੂਰੀ ਗੁਰਬਾਣੀ ਵਿੱਚ ਚਉਥੇ ਪਦ ਦਾ ਗਿਆਨ ਹੈ ਜਿਸ ਚਉਥੇ ਪਦ ਦੇ ਗਿਆਨ ਨੂੰ ਤ੍ਰੈ ਗੁਣਾਂ ਵਾਲੀ ਸਮਝ ਦੁਆਰਾ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਆਪਣੀ ਪੂਰੀ ਗੱਲ ਉਹ ਪੂਰਾ ਗੁਰੂ ਆਪ ਹੀ ਸਮਝਾ ਸਕਦਾ

48/6539

ਹੈ ਜੋ ਆਪਣੇ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ, ਸਹਜਿ ਗਿਆਨ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ ਸਾਡੇ ਅੰਦਰ ਹੀ ਹੈ। ਆਉ ਉਸ ਗਿਆਨ ਦੇ ਮਾਲਕ ਰਾਹੀਂ ਜਪੁਜੀ ਬਾਣੀ ਦੇ ਅਗਲੇ ਸ਼ਬਦ ਨੂੰ ਸਮਝੀਏ। ਇਸ ਨਿਮਾਣੇ ਜਿਹੇ ਦਾਸ ਦੀ ਕੀ ਔਕਾਤ ਹੈ ਕਿ ਉਹ ਕਿਸੇ ਨੂੰ ਐਨੀ ਉੱਚੀ ਗੁਰਬਾਣੀ ਦੀ ਸਮਝ ਦੇ ਸਕੇ। ਧੰਨ ਅਕਾਲ ਪੁਰਖ, ਧੰਨ ਧੰਨ ਧੰਨ ਅਕਾਲ ਪੁਰਖ ਜੋ ਦਾਸ ਨੂੰ ਮਨ ਦੇ ਵਿੱਚ ਸਮਝ ਪਾ ਕੇ ਆਪ ਹੀ ਸਭ ਕੁਝ ਸਮਝਾ ਰਿਹਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਪਾਈ ਹੋਈ ਇੱਕ ਬੁਝਾਰਤ ਹੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਕਿ ਉਸਦੀ ਬੁਝਾਰਤ ਭਾਵ ਮੁੰਦਾਵਣੀ ਕਿਸ ਰੂਪ ਵਿੱਚ ਹੈ। ਉਸਦੀ ਪਾਈ ਹੋਈ ਬੁਝਾਰਤ ਉਹ ਆਪ ਹੀ ਬੁਝਾ ਸਕਦਾ ਹੈ ਜਿਵੇਂ ਕਿ ਇਹ ਗੱਲ ਸ਼ਬਦ ਰਾਹੀਂ ਅਕਾਲ ਪੁਰਖ ਨੇ ਆਪ ਹੀ ਸਪਸ਼ਟ ਕੀਤੀ ਹੋਈ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ। ਅਗਲੇ ਸ਼ਬਦ ਦੀ ਬੁਝਾਰਤ ਨੂੰ ਉਸਨੇ ਕਿਸ ਰੂਪ ਵਿੱਚ ਬੁਝਾਇਆ ਹੈ ਆਉ ਇਸਨੂੰ ਸਮਝਦੇ ਹਾਂ।

“ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥
ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥
ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥
ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥”

(ਅੰਗ ੩)

ਪ੍ਰਮਾਤਮਾ ਦੀ ਭਗਤੀ ਜਿਸ ਭਗਤੀ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਉਹ ਮਨੁੱਖ ਦੀ ਸੱਚੀ ਸੁੱਚੀ ਕਿਰਤ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਪਰ ਅਸੀਂ ਪ੍ਰਮਾਤਮਾ ਦੀ ਭਗਤੀ ਲਈ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਹੀ ਤਰੀਕੇ ਅਪਨਾਏ ਹੋਏ ਹਨ। ਉਪਰ ਸ਼ਬਦ ਰਾਹੀਂ ਸਾਡੇ ਉਹੋ ਜਿਹੇ ਤਰੀਕਿਆਂ ਦਾ ਖੰਡਨ ਹੀ ਕੀਤਾ ਹੋਇਆ ਹੈ ਕਿਉਂਕਿ ਜਿਸ ਭਗਤੀ ਦੇ ਤਰੀਕੇ ਦੁਆਰਾ ਪ੍ਰਮਾਤਮਾ ਨੂੰ ਪਾਇਆ ਹੀ ਨਾ ਜਾ ਸਕੇ, ਪ੍ਰਮਾਤਮਾ ਨੂੰ ਜਾਣਿਆ ਹੀ ਨਾ ਜਾ ਸਕੇ, ਸ੍ਰਿਸ਼ਟੀ ਦੇ ਮਾਲਕ ਨੂੰ ਜਾਣਿਆ ਹੀ ਨਾ ਜਾ ਸਕੇ ਉਹ ਭਗਤੀ ਕਿਸ ਲੇਖੇ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਸਾਡੇ ਸਰੀਰਕ ਜਪ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਸ ਜਪ ਦੁਆਰਾ ਹਰ ਕੋਈ ਪ੍ਰਮਾਤਮਾ ਨਾਲ ਆਪਣਾ ਭਾਉ ਦਿਖਾਣਾ ਸਮਝਦਾ ਹੈ, ਆਪਣਾ ਪਿਆਰ ਦਿਖਾਉਂਣਾ ਸਮਝਦਾ ਹੈ ਕਿਉਂਕਿ ਉਹ ਇਹ ਸਮਝਦਾ ਹੈ ਕਿ ਮੈਂ ਪ੍ਰਮਾਤਮਾ ਦੀ ਸੱਚੀ ਭਗਤੀ ਵਿੱਚ ਲੱਗਾ ਹੋਇਆ ਹਾਂ। ਆਪਣੇ ਸਰੀਰਕ ਜਪ ਨੂੰ ਭਗਤੀ ਦਾ ਮਾਰਗ ਸਮਝਣ ਵਾਲਿਆਂ ਦੀ ਗਿਣਤੀ ਬਹੁਤ ਜਿਆਦਾ ਹੈ ਭਾਵ ਅਸੰਖ ਮਨੁੱਖ ਸਰੀਰਕ ਜਪ ਨੂੰ ਪ੍ਰਮਾਤਮਾ ਨਾਲ ਆਪਣਾ ਪਿਆਰ ਦਿਖਾਉਂਣਾ ਸਮਝਦੇ ਹਨ। **(ਅਸੰਖ ਜਪ ਅਸੰਖ ਭਾਉ ॥)** ਇਸੇ ਤਰ੍ਹਾਂ ਹੀ ਅਸੰਖ ਲੋਕ ਮੂਰਤੀ ਪੂਜਾ ਆਦਿ ਕਰਦੇ ਹਨ ਜਾਂ ਪ੍ਰਮਾਤਮਾ ਦੀ ਪੂਜਾ ਕਿਸੇ ਸਰੀਰਕ ਕਿਰਿਆਵਾਂ ਦੁਆਰਾ ਕਰਦੇ ਹਨ ਤੇ ਅਸੰਖ ਹੀ ਪ੍ਰਮਾਤਮਾ ਦਾ ਤਪ ਕਰਦੇ ਹਨ ਜਿਸ ਲਈ ਉਹ ਤਪ ਦਾ **“ਤਾਉ”** ਵੀ ਝੇਲਦੇ ਹਨ ਭਾਵ ਉਸਦਾ ਔਖਾਪਨ ਵੀ ਝੇਲਦੇ ਹਨ ਭਾਵ ਆਪਣੇ ਸਰੀਰ ਨੂੰ ਦੁੱਖ ਦੇਂਦੇ ਹਨ ਜਿਸਨੂੰ ਉਹ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਦੇ ਹਨ। **(ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ॥)**
48/6540

ਇਸੇ ਤਰ੍ਹਾਂ ਅਸੰਖ ਹੀ ਲੋਕ ਧਰਮ ਗ੍ਰੰਥਾਂ ਦਾ, ਵੇਦਾਂ ਸ਼ਾਸਤਰਾਂ ਆਦਿ ਦਾ ਆਪਣੇ ਮੁੱਖੋਂ ਬੋਲ ਬੋਲ ਕੇ ਪਾਠ ਕਰਦੇ ਹਨ ਭਾਵ ਆਪਣੀ ਕਥਨੀ ਨੂੰ ਹੀ ਪ੍ਰਮਾਤਮਾ ਦੀ ਭਗਤੀ ਸਮਝਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਨਾ ਕਿਸੇ ਧਰਮ ਗ੍ਰੰਥ ਦਾ ਪਾਠ ਕਰਦਾ ਹੈ ਭਾਵ ਪਾਠ ਕਰਨ ਦੀ ਕਥਨੀ ਨੂੰ ਪ੍ਰਮਾਤਮਾ ਦੀ ਭਗਤੀ ਸਮਝਦਾ ਹੈ, ਗੁਰੂ ਦੀ ਭਗਤੀ ਸਮਝਦਾ ਹੈ। **(ਅਸੰਖ ਗਰੰਥ ਮੁਖਿ ਵੇਦ ਪਾਠ ॥)** ਇਸੇ ਤਰ੍ਹਾਂ ਅਸੰਖ ਹੀ ਜੋਗੀ ਲੋਕ ਪ੍ਰਮਾਤਮਾ ਨਾਲ ਜੋਗ ਕਰਨ ਦਾ ਤਰੀਕਾ ਮਨ ਦੀ ਉਦਾਸੀ ਨੂੰ ਸਮਝਦੇ ਹਨ ਜਿਸ ਕਰਕੇ ਉਹ ਉਦਾਸ ਜੀਵਨ ਜਿਉਂਣ ਲਈ ਘਰ ਬਾਰ ਛੱਡਕੇ ਬਾਹਰ ਚਲੇ ਜਾਂਦੇ ਹਨ, ਕਿਤੇ ਜੰਗਲਾਂ ਆਦਿ ਤੇ ਡੇਰੇ ਲਾ ਲੈਂਦੇ ਹਨ ਭਾਵ ਉਹ ਗ੍ਰਿਹਸਥ ਦੇ ਜੀਵਨ ਨੂੰ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਨਹੀਂ ਸਮਝਦੇ। **(ਅਸੰਖ ਜੋਗ ਮਨਿ ਰਹਹਿ ਉਦਾਸ ॥)** ਇਸੇ ਤਰ੍ਹਾਂ ਹੀ ਅਸੰਖ ਲੋਕ ਦੁਨੀਆਂ ਨੂੰ ਗਿਆਨ ਵਾਲੇ ਵਿਚਾਰ ਦਿੰਦੇ ਹਨ ਜਿਸਨੂੰ ਕਿ ਉਹ ਆਪਣਾ ਗੁਣ ਸਮਝਦੇ ਹਨ ਭਾਵ ਭਗਤੀ ਦਾ ਮਾਰਗ ਸਮਝਦੇ ਹਨ, ਲੋਕਾਂ ਨੂੰ ਗਿਆਨ ਦੇਣ ਦੁਆਰਾ ਆਪਣੇ ਆਪ ਨੂੰ ਭਗਤ ਸਮਝਦੇ ਹਨ ਜਿਵੇਂ ਕਿ ਸਭ ਪਾਸੇ ਕਥਾ ਵਾਚਕਾਂ ਨੂੰ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਗੁਰੂ ਦੇ ਗਿਆਨ ਦੀ ਭਾਵੇਂ ਪੂਰੀ ਤਰ੍ਹਾਂ ਸਮਝ ਨਾ ਆਵੇ ਫਿਰ ਵੀ ਉਹ ਆਪਣੀ ਆਪਣੀ ਵਿਚਾਰ ਨੂੰ ਸੱਚੀ ਸਮਝ ਕੇ ਦੂਸਰਿਆਂ ਨੂੰ ਵਿਚਾਰ ਦਿੰਦੇ ਹਨ। ਕਿਸੇ ਨੂੰ ਵਿਚਾਰ ਦੇਣੀ ਬਹੁਤ ਸੌਖੀ ਹੈ ਪਰ ਗੁਰੂ ਦੀ ਸੱਚੀ ਵਿਚਾਰ ਮੰਨਣੀ ਬਹੁਤ ਔਖੀ ਹੈ। **(ਅਸੰਖ ਭਗਤ ਗੁਣ ਗਿਆਨ ਵੀਚਾਰ ॥)**

{ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ ੪੧੩)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥}

(ਅੰਗ ੫੬)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

{ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥ ਗੁਣਦਾਤਾ ਵਿਰਲਾ ਸੰਸਾਰਿ ॥
ਸਾਚੀ ਕਰਣੀ ਗੁਰ ਵੀਚਾਰਿ ॥ ਅਗਮ ਅਗੋਚਰੁ ਕੀਮਤਿ ਨਹੀ ਪਾਇ ॥ ਤਾ ਮਿਲੀਐ ਜਾ ਲਏ ਮਿਲਾਇ ॥
ਗੁਣਵੰਤੀ ਗੁਣ ਸਾਰੇ ਨੀਤ ॥ ਨਾਨਕ ਗੁਰਮਤਿ ਮਿਲੀਐ ਮੀਤ ॥੧੭॥}

(ਅੰਗ ੯੩੧)

ਇਸੇ ਤਰ੍ਹਾਂ ਅਸੰਖ ਹੀ ਲੋਕ ਹਨ ਜੋ ਆਪਣੇ ਆਪ ਨੂੰ ਸਤੀ ਅਖਵਾਉਂਦੇ ਹਨ, ਭਗਤੀ ਦੇ ਸਤ ਦੀ ਸਮਝ ਅਖਵਾਉਂਦੇ ਹਨ ਭਾਵ ਆਪਣੀ ਮਤਿ ਨੂੰ ਸੱਚੀ ਭਗਤੀ ਵਾਲੀ ਮਤਿ ਸਮਝਦੇ ਹਨ ਤੇ ਅਸੰਖ ਹੀ ਇਸੇ ਤਰ੍ਹਾਂ ਆਪਣੇ ਆਪ ਨੂੰ ਦਾਤਾਰ ਸਮਝਦੇ ਹਨ ਜੋ ਦੂਸਰਿਆਂ ਨੂੰ ਭਗਤੀ ਦੀ ਦਾਤਿ ਬਖਸ਼ਣ ਵਾਲੇ ਸਮਝਦੇ ਹਨ, ਨਾਮ ਦੀ ਦਾਤਿ ਦੇਣ ਵਾਲੇ ਸਮਝਦੇ ਹਨ ਭਾਵ ਜੋ ਆਪਣੇ ਆਪ ਨੂੰ

48/6541

ਸੰਤ ਆਦਿ ਅਖਵਾਉਂਦੇ ਹਨ ਉਹ ਭਗਤੀ ਦੀ ਸਮਝ ਦੀ ਦਾਤਿ ਦੇ ਨਾਲ ਨਾਲ ਮਾਇਆ ਦੀਆਂ ਦਾਤਾਂ ਨਾਲ ਹੀ ਜੋੜਦੇ ਹਨ ਕਿ ਉਹਨਾਂ ਦੇ ਪਿੱਛੇ ਲੱਗਣ ਨਾਲ, ਉਹਨਾਂ ਦੀ ਸੇਵਾ ਕਰਨ ਨਾਲ ਪ੍ਰਮਾਤਮਾ ਮਾਇਆ ਦੀਆਂ ਦਾਤਾਂ ਬਖਸ਼ਦਾ ਹੈ। ਇਹ ਸਭ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਹੀ ਸਮਝਦੇ ਹਨ ਜੋ ਕਿ ਸੰਸਾਰ ਵਿੱਚ ਅਨੇਕਾਂ ਹੀ ਅਨੇਕਾਂ ਹਨ। **(ਅਸੰਖ ਸਤੀ ਅਸੰਖ ਦਾਤਾਰ ॥)** ਇਸੇ ਤਰ੍ਹਾਂ ਅਨੇਕਾਂ ਹੀ ਆਪਣੇ ਆਪ ਨੂੰ ਭਗਤੀ ਦੇ ਮਾਰਗ ਦੇ ਸੂਰਮੇ ਸਮਝਦੇ ਹਨ ਜੋ ਸੂਰਮਾ ਬਣਨ ਲਈ ਉਹ ਔਖੇ ਤੋਂ ਔਖੇ ਕਰਮ ਵੀ ਕਰਦੇ ਹਨ, ਸਰੀਰ ਨੂੰ ਅਨੇਕਾਂ ਹੀ ਦੁੱਖਾਂ ਵਿੱਚ ਪਾਉਂਦੇ ਹਨ। ਕੋਈ ਪੁੱਠੇ ਲਟਕੇ ਰਹਿੰਦੇ ਹਨ, ਕੋਈ ਨੰਗੀ ਪੈਰੀਂ ਤੇ ਵਸਤਰਹੀਨ ਬਣਕੇ ਰਹਿੰਦੇ ਹਨ, ਕਈ ਬਰਫ ਵਿੱਚ ਜਾ ਕੇ ਰਹਿੰਦੇ ਹਨ, ਪਹਾੜਾਂ ਦੀਆਂ ਚੋਟੀਆਂ ਤੇ ਜਾ ਕੇ ਰਹਿੰਦੇ ਹਨ ਭਾਵ ਬਰਫ ਦੀਆਂ ਚੋਟੀਆਂ ਤੇ ਰਹਿਕੇ ਆਪਣੇ ਸਰੀਰ ਨੂੰ ਦੁੱਖ ਦਿੰਦੇ ਹਨ। ਜਿਤਨਾ ਕੋਈ ਸਰੀਰ ਨੂੰ ਜਿਆਦਾ ਦੁੱਖ ਦਿੰਦਾ ਹੈ ਉਸਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦਾ ਸੂਰਮਾਂ ਮੰਨਿਆ ਜਾਂਦਾ ਹੈ ਜੋ ਕਿ ਧਾਰਮਿਕ ਆਸਥਾ ਅਨੁਸਾਰ ਸਰੀਰ ਨੂੰ ਦੁੱਖ ਦੇਣ ਦੇ ਮਾਰਗ ਨੂੰ ਭਾਵ ਦੁੱਖਾਂ ਵਾਲਾ ਜੀਵਨ ਜਿਉਂਣ ਨੂੰ ਭਗਤੀ ਦਾ ਮਾਰਗ ਸਮਝਿਆ ਜਾਂਦਾ ਹੈ। ਜਿਵੇਂ ਕਿ ਮੂੰਹ ਨਾਲ ਲੋਹੇ ਨੂੰ ਖਾਣਾ ਔਖਾ ਹੈ ਇਸੇ ਤਰ੍ਹਾਂ ਆਪਣੇ ਸਰੀਰ ਨੂੰ ਦੁੱਖਾਂ ਵਿੱਚ ਪਾ ਕੇ ਔਖਾ ਕਰਨਾ ਲੋਹੇ ਨੂੰ ਖਾਣ ਦੇ ਬਰਾਬਰ ਹੈ। ਇਹੋ ਜਿਹੇ ਅਨੇਕਾਂ ਹੀ ਅਨੇਕਾਂ ਜੋ ਸਰੀਰ ਨੂੰ ਦੁੱਖਾਂ ਵਿੱਚ ਪਾਉਂਣਾ ਭਗਤੀ ਦਾ ਮਾਰਗ ਸਮਝਦੇ ਹਨ ਜਿਵੇਂ ਕਿ ਭਾਰਤਵਰਸ਼ ਵਿੱਚ ਅਨੇਕਾਂ ਜਗ੍ਹਾ ਤੇ ਇਸ ਗੱਲ ਦਾ ਅਹਿਸਾਸ ਕੀਤਾ ਜਾ ਸਕਦਾ ਹੈ। **(ਅਸੰਖ ਸੂਰ ਮੁਹ ਭਖ ਸਾਰ ॥)** ਇਸੇ ਤਰ੍ਹਾਂ ਅਸੰਖ ਹੀ ਉਹੋ ਜਿਹੇ ਹਨ

ਜੋ ਮੋਨ ਧਾਰਨ ਦੁਆਰਾ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਸਮਝਦੇ ਹਨ ਤੇ ਉਹ ਮੋਨ ਧਾਰ ਕੇ ਲੰਬੀਆਂ ਸਮਾਧੀਆਂ ਲਗਾ ਕੇ ਬੈਠ ਜਾਂਦੇ ਹਨ ਜਿਸਨੂੰ ਕਿ ਉਹ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਮਝਦੇ ਹਨ। **(ਅਸੰਖ ਮੋਨਿ ਲਿਵ ਲਾਇ ਤਾਰ ॥)**

ਸ਼ਬਦ ਦੀਆਂ ਉਪਰ ਵਾਲੀਆਂ ਪੰਗਤੀਆਂ ਰਾਹੀਂ ਅਸੀਂ ਉਹ ਭਗਤੀ ਦੇ ਤਰੀਕੇ ਹੀ ਸਮਝੇ ਹਨ ਜੋ ਭਗਤੀ ਦੇ ਤਰੀਕੇ ਅਪਨਾਉਂਣ ਵਾਲੇ ਅਸੰਖ ਲੋਕ ਹਨ ਭਾਵ ਅਨਗਿਣਤ ਹਨ, ਬਹੁਤ ਜਿਆਦਾ ਹਨ। **(ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ॥)**

48/6542

ਜਿਤਨੇ ਵੀ ਅਸੀਂ ਉਪਰ ਭਗਤੀ ਦੇ ਤਰੀਕੇ ਸਮਝੇ ਹਨ, ਪ੍ਰਮਾਤਮਾ ਨੂੰ ਪਾਉਂਣ ਦੇ ਤਰੀਕੇ ਸਮਝੇ ਹਨ ਇਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕੁਦਰਤਿ ਕਵਣ ਕਹਾ ਵੀਚਾਰੁ ॥”

ਜਦੋਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਫਿਰ ਪ੍ਰਮਾਤਮਾ ਦੀ ਕੁਦਰਤਿ ਦੀ ਸਮਝ ਲੱਗ ਜਾਂਦੀ ਹੈ ਕਿ ਪ੍ਰਮਾਤਮਾ ਪੂਰੀ ਕੁਦਰਤਿ ਵਿੱਚ, ਪੂਰੀ ਸ੍ਰਿਸ਼ਟੀ ਵਿੱਚ ਆਪਣੇ ਕਿਸ ਰੂਪ ਵਿੱਚ ਵਰਤ ਰਿਹਾ ਹੈ ਕਿ ਉਸਨੇ ਆਪਣੀ ਕੁਦਰਤਿ ਦੀ ਰਚਨਾ ਕਿਸ ਤਰੀਕੇ ਕੀਤੀ ਹੈ। ਉਸਨੇ ਆਪਣੀ ਸ੍ਰਿਸ਼ਟੀ ਦੀ ਰਚਨਾ ਆਪਣੇ ਨਿਰੰਕਾਰ ਰੂਪ ਦੁਆਰਾ ਕੀਤੀ ਹੈ, ਆਪਣੇ ਨਾਮ ਦੁਆਰਾ ਕੀਤੀ ਹੈ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਕੀਤੀ ਹੈ, ਆਪਣੀ ਰਚੀ ਹੋਈ ਉੱਚੀ ਸਾਇੰਸ ਦੁਆਰਾ ਕੀਤੀ ਹੈ ਤੇ ਆਪਣੀ ਰਚੀ ਹੋਈ ਸਾਇੰਸ ਦੁਆਰਾ ਹੀ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ, ਨਾਮ ਰੂਪ ਹੈ। ਇਸ ਗੱਲ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੇ ਵਿੱਚੋਂ ਉਸ ਗਿਆਨ ਦੇ ਮਾਲਕ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ ਤੇ ਆਪਣੇ ਆਪ ਬਾਰੇ, ਆਪਣੀ ਸ੍ਰਿਸ਼ਟੀ ਦੀ ਰਚਨਾ ਬਾਰੇ ਉਹ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ ਤੇ ਮਨ ਦੇ ਵਿੱਚ ਜੋ ਕੁਝ ਉਹਨਾਂ ਨੇ ਪ੍ਰਮਾਤਮਾ ਦੇ ਕੋਲੋਂ ਸਮਝਿਆ ਹੈ, ਉਸਦੀ ਸ੍ਰਿਸ਼ਟੀ ਦੀ ਰਚਨਾ ਬਾਰੇ ਸਮਝਿਆ ਹੈ, ਉਸਦੀ ਕੁਦਰਤਿ ਬਾਰੇ ਸਮਝਿਆ ਹੈ ਉਹੀ ਕੁਝ ਉਹਨਾਂ ਨੇ ਪੂਰੇ ਸੰਸਾਰ ਨੂੰ ਪ੍ਰਮਾਤਮਾ ਬਾਰੇ ਸਮਝਾਇਆ ਹੈ, ਉਸਦੀ ਕੁਦਰਤਿ ਬਾਰੇ ਸਮਝਾਇਆ ਹੈ। ਜਦ ਤਕ ਕਿਸੇ ਦੇ ਅੰਦਰ ਇਹ ਸੱਚੇ ਵਿਚਾਰ ਨਹੀਂ ਆਉਂਦੇ ਕਿ ਪ੍ਰਮਾਤਮਾ ਦੀ ਕੁਦਰਤਿ ਦੀ ਸੱਚਾਈ ਕੀ ਹੈ ਤਦ ਤਕ ਇਹ ਸਮਝੋ ਕਿ ਉਸਨੂੰ ਕਿਸੇ ਨੇ ਨਹੀਂ ਪਾਇਆ ਭਾਵ ਉਪਰ ਸ਼ਬਦ ਰਾਹੀਂ

48/6543

ਅਸੀਂ ਜੋ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਸਮਝੇ ਹਨ ਇਹਨਾਂ ਤਰੀਕਿਆਂ ਨੂੰ, ਜਿਹਨਾਂ ਤਰੀਕਿਆਂ ਨੂੰ ਅਪਨਾਉਂਣ ਵਾਲੇ ਅਸੰਖ ਹਨ ਉਹਨਾਂ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਭਾਵ ਉਹੋ ਜਿਹੀ ਭਗਤੀ ਫਲ ਰਹਿਤ ਹੈ ਭਾਵ ਵਿਅਰਥ ਹੀ ਜਾਂਦੀ ਹੈ ਜਿਸ ਨਾਲ ਕੇਵਲ ਮਨੁੱਖ ਦੀ ਖੁਆਰੀ ਹੀ ਹੁੰਦੀ ਹੈ ਭਾਵ ਇਹੋ ਜਿਹੇ ਸਾਰੇ ਤਰੀਕਿਆਂ ਦਾ ਗੁਰੂ ਸਾਹਿਬ ਦੁਆਰਾ ਖੰਡਨ ਕੀਤਾ ਹੋਇਆ ਹੈ ਕਿ ਇਹਨਾਂ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ। **(ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥)**

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥

ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥}

(ਅੰਗ ੧੪)

{ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥
ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥
ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥
ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ ॥
ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ॥੧॥}

(ਅੰਗ ੯੫੨)

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਵਿਰਲੇ ਦਾ ਮਾਰਗ ਹੈ ਭਾਵ ਕਿਸੇ ਵਿਰਲੇ ਨੂੰ ਹੀ ਪ੍ਰਮਾਤਮਾ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਤੇ ਕੋਈ ਵਿਰਲਾ ਹੀ ਉਸ ਤੇ ਚੱਲ ਸਕਦਾ ਹੈ। ਇਹ ਅਸੰਖਾਂ ਦਾ ਮਾਰਗ ਨਹੀਂ ਹੈ, ਇਹ ਵਿਰਲੇ ਦਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਵਿਰਲੇ ਦਾ ਮਾਰਗ ਹੈ ਕਿਉਂਕਿ ਆਪਣੀ ਸੱਚੀ ਭਗਤੀ ਦੀ ਸੋਝੀ ਹੀ ਪ੍ਰਮਾਤਮਾ ਕਿਸੇ ਵਿਰਲੇ ਨੂੰ ਪਾਉਂਦਾ ਹੈ, ਆਪਣੇ ਮੇਲ ਦੁਆਰਾ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ।

{ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥
ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥
ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥}

(ਅੰਗ ੨੧)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥}

(ਅੰਗ ੨੬)

{ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

{ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥
ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥
ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ॥

ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥}

(ਅੰਗ ੮੨)

48/6544

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥}

(ਅੰਗ ੨੨੬)

{ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ ॥
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ ॥ ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ॥
ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ ॥
ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ ॥੨੧॥}

(ਅੰਗ ੩੧੨)

{ਗੁਰਮੁਖਿ ਕੀਮਤਿ ਜਾਣੈ ਕੋਇ ॥ ਵਿਰਲੇ ਕਰਮਿ ਪਰਾਪਤਿ ਹੋਇ ॥
ਊਚੀ ਬਾਣੀ ਊਚਾ ਹੋਇ ॥ ਗੁਰਮੁਖਿ ਸਬਦਿ ਵਖਾਣੈ ਕੋਇ ॥੨॥}

(ਅੰਗ ੩੬੧)

{ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥
ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥੪॥੩॥}

(ਅੰਗ ੪੩੭)

{ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥
ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥
ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ ॥
ਜੰਮਣੁ ਮਰਣੁ ਤਿਨ੍ਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥
ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ ॥
ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥੨॥}

(ਅੰਗ ੪੩੮)

{ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥੨॥}

(ਅੰਗ ੫੨੦)

{ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥}

(ਅੰਗ ੫੯੭)

{ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥

ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥
ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥ ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥}

(ਅੰਗ ੬੪੪)

{ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥
ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥੩੪॥੧॥੩॥}

(ਅੰਗ ੭੫੬)

{ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ॥
ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥ ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ ॥
ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ ॥
ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ ॥੧॥}

(ਅੰਗ ੮੫੦)

{ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥ ਪਾਰਬ੍ਰਹਮ ਕਾ ਕਰਹਿ ਵਖਿਆਣ ॥
ਜੋਗੀ ਜਤੀ ਬੈਸਨੋ ਰਾਮਦਾਸ ॥ ਮਿਤਿ ਨਾਹੀ ਬ੍ਰਹਮ ਅਬਿਨਾਸ ॥੨॥
ਕਰਣ ਪਲਾਹ ਕਰਹਿ ਸਿਵ ਦੇਵ ॥ ਤਿਲੁ ਨਹੀ ਬੂਝਹਿ ਅਲਖ ਅਭੇਵ ॥
ਪ੍ਰੇਮ ਭਗਤਿ ਜਿਸੁ ਆਪੇ ਦੇਇ ॥ ਜਗ ਮਹਿ ਵਿਰਲੇ ਕੇਈ ਕੇਇ ॥੩॥
ਮੋਹਿ ਨਿਰਗੁਣ ਗੁਣੁ ਕਿਛਹੁ ਨਾਹਿ ॥ ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ ॥
ਨਾਨਕੁ ਦੀਨੁ ਜਾਚੈ ਤੇਰੀ ਸੇਵ ॥ ਕਰਿ ਕਿਰਪਾ ਦੀਜੈ ਗੁਰਦੇਵ ॥੪॥੧੫॥੧੭॥}

(ਅੰਗ ੮੬੭)

{ਕਾਹੇ ਭ੍ਰਮਿ ਭ੍ਰਮਹਿ ਬਿਗਾਨੇ ॥
ਨਾਮ ਬਿਨਾ ਕਿਛੁ ਕਾਮਿ ਨ ਆਵੈ ਮੇਰਾ ਮੇਰਾ ਕਰਿ ਬਹੁਤੁ ਪਛੁਤਾਨੇ ॥੧॥ ਰਹਾਉ ॥
ਜੋ ਜੋ ਕਰੈ ਸੋਈ ਮਾਨਿ ਲੇਹੁ ॥ ਬਿਨੁ ਮਾਨੇ ਰਲਿ ਹੋਵਹਿ ਖੇਹ ॥
ਤਿਸ ਕਾ ਭਾਣਾ ਲਾਗੈ ਮੀਠਾ ॥ ਗੁਰ ਪ੍ਰਸਾਦਿ ਵਿਰਲੇ ਮਨਿ ਵੂਠਾ ॥੨॥}

(ਅੰਗ ੮੯੬)

{ਇਕਨਾ ਨਾਵਹੁ ਆਪਿ ਭੁਲਾਏ ਇਕਨਾ ਗੁਰਮੁਖਿ ਦੇਇ ਬੁਝਾਈ ॥੧੪॥
ਸਦਾ ਸਦਾ ਸਾਲਾਹਿਹੁ ਸੰਤਹੁ ਤਿਸ ਦੀ ਵਡੀ ਵਡਿਆਈ ॥੧੫॥
ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ॥੧੬॥
ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ ॥੧੭॥

ਤਿਸ ਨੋ ਪ੍ਰਾਣੀ ਸਦਾ ਧਿਆਵਹੁ ਜਿਨਿ ਗੁਰਮੁਖਿ ਬਣਤ ਬਣਾਈ ॥੧੮॥
ਸਤਿਗੁਰ ਭੇਟੈ ਸੋ ਜਨੁ ਸੀਝੈ ਜਿਸੁ ਹਿਰਦੈ ਨਾਮੁ ਵਸਾਈ ॥੧੯॥
ਸਚਾ ਆਪਿ ਸਦਾ ਹੈ ਸਾਚਾ ਬਾਣੀ ਸਬਦਿ ਸੁਣਾਈ ॥੨੦॥
ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ ਮੇਰਾ ਪ੍ਰਭੁ ਰਵਿਆ ਸ੍ਰਬ ਥਾਈ ॥੨੧॥੫॥੧੪॥}

(ਅੰਗ ੯੧੨)

{ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ॥ ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ ॥
ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ ॥ ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ ॥
ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ ॥ ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ ॥
ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ ॥ ਭਾਣੈ ਹੀ ਜਿਸੁ ਭਗਤੀ ਲਾਏ ਨਾਨਕ ਵਿਰਲੇ ਹੇ ॥੨॥}

(ਅੰਗ ੯੬੩)

{ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ੍ ਜਿਨ੍ਾ ਪਿਆਰੇ ਨੇਹ ॥੨॥}

(ਅੰਗ ੯੬੬)

{ਅਹਿਨਿਸਿ ਜਾਗੈ ਨੀਦ ਨ ਸੋਵੈ ॥ ਸੋ ਜਾਣੈ ਜਿਸੁ ਵੇਦਨ ਹੋਵੈ ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥੧॥ ਜਿਸ ਨੋ ਸਾਚਾ ਸਿਫਤੀ ਲਾਏ ॥
ਗੁਰਮੁਖਿ ਵਿਰਲੇ ਕਿਸੈ ਬੁਝਾਏ ॥ ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ॥
ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥
ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥ ਸਹਸਾ ਤੋੜੇ ਭਰਮੁ ਚੁਕਾਏ ॥
ਸਹਜੇ ਸਿਫਤੀ ਧਣਖੁ ਚੜਾਏ ॥ ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥
ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥ ਮਾਇਆ ਮਮਤਾ ਪਵਹਿ ਖਿਆਲੀ ॥
ਜਮ ਪੁਰਿ ਫਾਸਹਿਗਾ ਜਮ ਜਾਲੀ ॥ ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥
ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥}

(ਅੰਗ ੯੯੩)

{ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥ ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ॥੧॥
ਬਾਬਾ ਸਾਚਾ ਸਾਹਿਬੁ ਰਿਦੈ ਸਮਾਲਿ ॥ ਸਤਿਗੁਰੁ ਅਪਨਾ ਪੁਛਿ ਦੇਖੁ ਲੇਹੁ ਵਖਰੁ ਭਾਲਿ ॥੧॥ ਰਹਾਉ ॥}

(ਅੰਗ ੯੯੪)

48/6545

{ਮੀਤ ਸਖੇ ਕੇਤੇ ਜਗ ਮਾਹੀ ॥ ਬਿਨੁ ਗੁਰ ਪਰਮੇਸਰ ਕੋਈ ਨਾਹੀ ॥
ਗੁਰ ਕੀ ਸੇਵਾ ਮੁਕਤਿ ਪਰਾਇਣਿ ਅਨਦਿਨੁ ਕੀਰਤਨੁ ਕੀਨਾ ਹੇ ॥੧੧॥ ਕੂੜੁ ਛੋਡਿ ਸਾਚੇ ਕਉ ਧਾਵਹੁ ॥
ਜੋ ਇਛਹੁ ਸੋਈ ਫਲੁ ਪਾਵਹੁ ॥ ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥

ਹਰਿ ਹਰਿ ਨਾਮੁ ਵਖਰੁ ਲੈ ਚਲਹੁ ॥ ਦਰਸਨੁ ਪਾਵਹੁ ਸਹਜਿ ਮਹਲਹੁ ॥
ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ ॥੧੩॥
ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥}

(ਅੰਗ ੧੦੨੮)

{ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥
ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥}

(ਅੰਗ ੧੦੩੬)

{ਬੇਣੁ ਰਸਾਲ ਵਜਾਵੈ ਸੋਈ ॥ ਜਾ ਕੀ ਤ੍ਰਿਭਵਣ ਸੋਝੀ ਹੋਈ ॥
ਨਾਨਕ ਬੂਝਹੁ ਇਹ ਬਿਧਿ ਗੁਰਮਤਿ ਹਰਿ ਰਾਮ ਨਾਮਿ ਲਿਵ ਲਾਇਆ ॥੧੦॥
ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥੧੧॥
ਘਰੁ ਦਰੁ ਮੰਦਰੁ ਜਾਣੈ ਸੋਈ ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥੧੨॥}

(ਅੰਗ ੧੦੩੯)

{ਆਪੇ ਸਾਜੇ ਸ੍ਰਿਸਟਿ ਉਪਾਏ ॥ ਵਿਰਲੇ ਕਉ ਗੁਰ ਸਬਦੁ ਬੁਝਾਏ ॥
ਸਤਿਗੁਰੁ ਸੇਵਹਿ ਸੇ ਜਨ ਸਾਚੇ ਕਾਟੇ ਜਮ ਕਾ ਫਾਹਾ ਹੇ ॥੫॥ ਭੰਨੈ ਘੜੈ ਸਵਾਰੇ ਸਾਜੇ ॥
ਮਾਇਆ ਮੋਹਿ ਦੂਜੈ ਜੰਤ ਪਾਜੇ ॥ ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ ਜਮ ਕਾ ਜੇਵੜਾ ਗਲਿ ਫਾਹਾ ਹੇ ॥੬॥
ਆਪੇ ਬਖਸੇ ਗੁਰ ਸੇਵਾ ਲਾਏ ॥ ਗੁਰਮਤੀ ਨਾਮੁ ਮੰਨਿ ਵਸਾਏ ॥
ਅਨਦਿਨੁ ਨਾਮੁ ਧਿਆਏ ਸਾਚਾ ਇਸੁ ਜਗ ਮਹਿ ਨਾਮੋ ਲਾਹਾ ਹੇ ॥੭॥}

(ਅੰਗ ੧੦੫੩)

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥ ਅਪਣੀ ਗਹਣ ਗਤਿ ਆਪੇ ਜਾਣੈ ॥
ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥ ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥

ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥ ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥ ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥ ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥ ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥}

(ਅੰਗ ੧੦੫੬-੧੦੫੭)

{ਤਿਸਹਿ ਪਰਾਪਤਿ ਹੋਇ ਨਿਧਾਨਾ ॥ ਰਾਮ ਨਾਮ ਰਸੁ ਅੰਤਰਿ ਮਾਨਾ ॥
ਕਰੁ ਗਹਿ ਲੀਨੇ ਅੰਧ ਕੂਪ ਤੇ ਵਿਰਲੇ ਕੇਈ ਸਾਲਕਾ ॥੫॥}

(ਅੰਗ ੧੦੮੪)

{ਰੋਗ ਸੋਗ ਦੂਖ ਤਿਸੁ ਨਾਹੀ ॥ ਸਾਧਸੰਗਿ ਹਰਿ ਕੀਰਤਨੁ ਗਾਹੀ ॥
ਆਪਣਾ ਨਾਮੁ ਦੇਹਿ ਪ੍ਰਭ ਪ੍ਰੀਤਮ ਸੁਣਿ ਬੇਨੰਤੀ ਖਾਲਕਾ ॥੧੧॥ ਨਾਮ ਰਤਨੁ ਤੇਰਾ ਹੈ ਪਿਆਰੇ ॥
ਰੰਗਿ ਰਤੇ ਤੇਰੈ ਦਾਸ ਅਪਾਰੇ ॥ ਤੇਰੈ ਰੰਗਿ ਰਤੇ ਤੁਧੁ ਜੇਹੇ ਵਿਰਲੇ ਕੇਈ ਭਾਲਕਾ ॥੧੨॥}

(ਅੰਗ ੧੦੮੫)

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥ ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ॥
ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥
ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥੨॥}

(ਅੰਗ ੧੦੯੩)

{ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ ॥ ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ ॥੧॥}

(ਅੰਗ ੧੧੦੦)

{ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ ॥
ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ ॥੪॥੧॥੨॥}

(ਅੰਗ ੧੧੨੫)

{ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ ੧੧੭੦)

{ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥
ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥੧॥
ਬਾਬਾ ਐਸਾ ਬਿਖਮ ਜਾਲਿ ਮਨੁ ਵਾਸਿਆ ॥ ਬਿਬਲੁ ਝਾਗਿ ਸਹਜਿ ਪਰਗਾਸਿਆ ॥੧॥ ਰਹਾਉ ॥
ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥ ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥੨॥

ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥ ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥੩॥
ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ ॥੪॥
ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ ॥ ਨਾਨਕੁ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ ॥੫॥੧੩॥}

(ਅੰਗ ੧੩੩੧)

{ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥
ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥੭॥}

(ਅੰਗ ੧੩੪੫)

{ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥੧੦॥
ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ ॥ ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ ॥
ਵੇਖਣੁ ਸੁਨਣਾ ਝੂਠੁ ਹੈ ਮੁਖਿ ਝੂਠਾ ਆਲਾਉ ॥ ਨਾਨਕ ਨਾਮੁ ਸਲਾਹਿ ਤੂ ਹੋਰੁ ਹਉਮੈ ਆਵਉ ਜਾਉ ॥੧੧॥
ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥}

(ਅੰਗ ੧੪੧੧)

{ਭਾਈ ਰੇ ਦਾਸਨਿ ਦਾਸਾ ਹੋਇ ॥ ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥
ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥
ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥
ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥}

(ਅੰਗ ੬੬)

{ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥}

(ਅੰਗ ੯੧੮)

ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਵਿਰਲੇ ਕਿਹੋ ਜਿਹੇ ਹੁੰਦੇ ਹਨ

48/6546

ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਕਿਸੇ ਨੂੰ ਵਿਰਲਾ ਪ੍ਰਮਾਤਮਾ ਆਪ ਹੀ ਬਣਾਉਂਦਾ ਹੈ, ਆਪਣੇ ਮੇਲ ਦੁਆਰਾ ਬਣਾਉਂਦਾ ਹੈ ਭਾਵ ਸੰਸਾਰ ਵਿੱਚ ਕੋਈ ਵਿਰਲਾ ਹੀ ਪ੍ਰਮਾਤਮਾ ਨੂੰ ਆਪਣੇ ਵਲੋਂ ਜਾਣ ਸਕਦਾ ਹੈ ਤੇ ਉਸਨੂੰ ਜਾਣੇ ਤੋਂ ਬਿਨਾਂ ਕੁਦਰਤਿ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਦੀ ਵਡਿਆਈ ਉਸ ਵੱਡੇ ਨੂੰ ਜਾਨਣ ਦੁਆਰਾ ਹੀ ਕੀਤੀ ਜਾ ਸਕਦੀ ਹੈ ਕਿ ਉਹ ਕਿਸ ਤਰੀਕੇ ਵੱਡਾ ਹੈ। ਪ੍ਰਮਾਤਮਾ ਦੇ ਗੁਣ ਤਾਂ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਵੇ ਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ। ਜੋ ਵੀ ਸੰਸਾਰ ਦੇ ਅੰਦਰ ਗੁਣ ਹਨ ਭਾਵੇਂ ਉਹ ਕਿਸੇ ਵੀ ਅੰਦਰ ਹਨ, ਕਿਸੇ ਵੀ ਰੂਪ ਵਿੱਚ ਹਨ ਉਹ ਗੁਣ ਕਿੱਥੋਂ ਆਏ ਹਨ, ਕਿਸ ਰੂਪ ਵਿੱਚ ਆਏ ਹਨ ਇਹ ਸਾਰੀ ਕੁਦਰਤਿ ਕਿਸ ਤਰੀਕੇ ਪ੍ਰਮਾਤਮਾ ਦੇ ਗੁਣਾਂ ਨਾਲ ਭਰੀ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਇਹਨਾਂ ਗੱਲਾਂ ਨੂੰ ਸਮਝਿਆ ਹੀ ਹੈ ਕਿ ਉਸ ਗੁਣਾਂ ਦੇ ਮਾਲਕ ਨੂੰ ਜਾਣੇ ਬਿਨਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਜੋ ਵੀ ਸੰਸਾਰ ਵਿੱਚ ਕਿਸੇ ਦੀ ਵਡਿਆਈ ਹੈ ਉਹ ਉਸਦੇ ਅੰਦਰ ਦੇ ਗੁਣਾਂ ਦੁਆਰਾ ਹੀ ਹੈ। ਪੂਰੀ ਬਨਸਪਤੀ ਗੁਣਾਂ ਨਾਲ ਭਰੀ ਪਈ ਹੈ। ਪਹਾੜ, ਚੰਦ, ਸੂਰਜ, ਤਾਰੇ, ਸਾਰੇ ਖੰਡ, ਬ੍ਰਹਮੰਡ ਗੁਣਾਂ ਨਾਲ ਭਰੇ ਹੋਏ ਹਨ ਜੋ ਹਰਿ ਆਕਾਰ ਰੂਪ ਦੀ ਵਡਿਆਈ ਬਿਆਨ ਕਰਦੇ ਹਨ। ਸਾਡਾ ਸਰੀਰ ਅਨੇਕਾਂ ਹੀ ਗੁਣਾਂ ਨਾਲ ਭਰਿਆ ਹੋਇਆ ਹੈ, ਹਰ ਅੰਗ ਗੁਣਾਂ ਨਾਲ ਭਰਿਆ ਹੋਇਆ ਹੈ ਜੋ ਇਸ ਸਰੀਰ ਦੀ ਵਡਿਆਈ ਦਾ ਕਾਰਣ ਹੈ। ਉਸ ਗੁਣਾਂ ਦੇ ਮਾਲਕ ਪ੍ਰਮਾਤਮਾ ਨੂੰ ਜਾਣੇ ਬਿਨਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹੀ ਉਸਦੇ ਵੱਡੇਪਨ ਨੂੰ ਜਾਣ ਸਕਦਾ ਹੈ ਕਿ ਇਤਨੀ ਵੱਡੀ ਕੁਦਰਤਿ ਪ੍ਰਮਾਤਮਾ ਨੇ ਕਿਸ ਤਰੀਕੇ ਬਣਾਈ ਹੈ ਤੇ ਉਸਦੀ ਕੁਦਰਤਿ ਕਿਸ ਤਰੀਕੇ ਗੁਣਾਂ ਨਾਲ ਭਰੀ ਹੋਈ ਹੈ। ਸਭ ਕੁਝ ਪ੍ਰਮਾਤਮਾ ਦੇ ਨਾਮ ਦੁਆਰਾ ਬਣਿਆ ਹੈ ਭਾਵ ਹਰ ਵਸਤੂ ਵਿੱਚ ਗੁਣ ਭਰਨ ਵਾਲਾ ਪ੍ਰਮਾਤਮਾ ਦਾ ਨਾਮ ਹੈ ਭਾਵ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਕੋਈ ਵਿਰਲਾ ਹੀ ਜਾਣ ਸਕਦਾ ਹੈ ਤੇ ਪ੍ਰਮਾਤਮਾ ਦੇ ਨਿਰੰਕਾਰ ਨੂੰ ਜਾਣੇ ਬਿਨਾਂ ਕੋਈ ਉਸਦਾ ਭਗਤ ਨਹੀਂ ਬਣ ਸਕਦਾ ਭਾਵ ਉਸਦੀ ਸੱਚੀ ਭਗਤੀ ਦੇ ਮਾਰਗ ਨੂੰ ਨਹੀਂ ਸਮਝ ਸਕਦਾ, ਉਸਦੀ ਵਡਿਆਈ ਨੂੰ ਨਹੀਂ ਸਮਝ ਸਕਦਾ, ਉਸਦੇ ਗੁਣਾਂ ਨੂੰ ਨਹੀਂ ਸਮਝ ਸਕਦਾ

48/6547

ਜੋ ਆਪਣੇ ਗੁਣ ਗਾਉਂਣੇ, ਉਹ ਮਨ ਦੇ ਵਿੱਚ ਸਮਝ ਪਾਉਂਣ ਦੁਆਰਾ ਆਪ ਹੀ ਸਮਝਾਉਂਦਾ ਹੈ ਤੇ ਮਨੁੱਖ ਨੂੰ ਇਹ ਸਮਝ ਵੀ ਤਾਂ ਹੀ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਸਾਰੀ ਕੁਦਰਤਿ ਦੇ ਵਿੱਚ ਉਹ ਆਪ ਹੀ ਹੈ।

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ॥੧॥ ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

{ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥}

(ਅੰਗ ੪੬੪)

ਪਉੜੀ ॥

{ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥੩॥}

(ਅੰਗ ੪੬੪)

{ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥ ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥ ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ ॥੪॥੧੬॥੮੬॥}

(ਅੰਗ ੪੮)

{ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੁ॥ ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੁ॥ ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੁ ॥੪॥੩੧॥}

(ਅੰਗ ੨੫)

{ਤੁਧੁ ਸੰਸਾਰੁ ਉਪਾਇਆ ॥ ਸਿਰੇ ਸਿਰਿ ਧੰਧੇ ਲਾਇਆ ॥ ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥}

(ਅੰਗ ੭੧)

{ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥ ਕੁਦਰਤਿ ਹੈ ਕੀਮਤਿ ਨਹੀ ਪਾਇ ॥ ਜਾ ਕੀਮਤਿ ਪਾਇ ਤ ਕਹੀ ਨ ਜਾਇ ॥ ਸਰੈ ਸਰੀਅਤਿ ਕਰਹਿ ਬੀਚਾਰੁ ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥ ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥ ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥}

(ਅੰਗ ੮੩)

{ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥}

(ਅੰਗ ੧੩੪੯-੧੩੫੦)

ਸਾਰੀ ਕੁਦਰਤਿ ਦੇ ਵਿੱਚ ਕੌਣ ਹੈ ਇਸ ਗੱਲ ਨੂੰ ਹਰ ਕੋਈ ਜਾਣਨਾ ਚਾਹੁੰਦਾ ਹੈ ਭਾਵ ਪ੍ਰਮਾਤਮਾ ਨੂੰ ਹਰ ਕੋਈ ਜਾਣਨਾ ਚਾਹੁੰਦਾ ਹੈ ਕਿ ਪ੍ਰਮਾਤਮਾ ਦੀ ਭਗਤੀ ਕਰਨ ਦਾ ਮਕਸਦ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਪੂਰਾ ਹੋ ਸਕਦਾ ਹੈ ਤੇ ਜਿਹੋ ਜਿਹੀ ਭਗਤੀ ਕਰਨ ਵਿੱਚ ਅਸੰਖਾਂ ਹੀ ਲੱਗੇ ਹੋਏ ਹਨ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਉਹੋ ਜਿਹੇ ਭਗਤੀ ਦੇ ਤਰੀਕਿਆਂ ਦੁਆਰਾ ਕੁਦਰਤਿ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ। **(ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ॥ ਕੁਦਰਤਿ ਕਵਣ ਕਹਾ ਵੀਚਾਰੁ ॥)**

ਪ੍ਰਮਾਤਮਾ ਦੀ ਭਗਤੀ ਦਾ ਅਸਲ ਮਾਰਗ ਕੀ ਹੈ ਜਿਸ ਦੁਆਰਾ ਕੁਦਰਤਿ ਦੇ ਮਾਲਕ ਨੂੰ ਭਾਵ ਉਸਦੇ ਨਿਰੰਕਾਰ ਰੂਪ ਨੂੰ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਆਪਣੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ

48/6548

ਉਹ ਸੱਚੀ ਭਗਤੀ ਦਾ ਮਾਰਗ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥”

ਉਪਰ ਵਾਲੀਆਂ ਪੰਗਤੀਆਂ ਤੋਂ ਕੀ ਭਾਵ ਹੈ ਇਸ ਗੱਲ ਨੂੰ ਅਸੀਂ ਜਪੁਜੀ ਬਾਣੀ ਦੇ ਇਸ ਤੋਂ ਪਹਿਲੇ ਸ਼ਬਦ ਰਾਹੀਂ ਸਮਝਿਆ ਹੈ। ਪ੍ਰਮਾਤਮਾ ਦੀ ਅਸਲ ਭਗਤੀ ਦਾ ਮਾਰਗ ਸਾਡੀ **“ਭਲੀ ਕਾਰ”** ਹੈ ਭਾਵ ਸਾਡੀ ਸੱਚੀ ਸੁੱਚੀ ਕਾਰ ਹੈ ਭਾਵ ਸਾਡੀ ਸੁਕ੍ਰਿਤ ਕਰਣੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਸਾਡੀ ਭਲੀ ਕਾਰ ਉਹ ਕਾਰ ਹੈ ਜੋ ਪ੍ਰਮਾਤਮਾ ਨੂੰ ਭਾਉਂਦੀ ਹੈ ਤੇ ਜਿਹੋ ਜਿਹੀ ਕਾਰ ਪ੍ਰਮਾਤਮਾ ਨੂੰ ਭਾਉਂਦੀ ਹੈ ਉਹ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਸਮਝਾਈ ਹੋਈ ਹੈ, ਧਰਮ ਗ੍ਰੰਥਾਂ ਰਾਹੀਂ ਸਮਝਾਈ ਹੋਈ ਹੈ। ਪ੍ਰਮਾਤਮਾ ਨੂੰ ਮਨੁੱਖ ਦੇ ਚੰਗੇ ਕਰਮ ਹੀ ਭਾਉਂਦੇ ਹਨ ਜੋ ਚੰਗੇ ਕਰਮ ਮਾਇਆ ਮੋਹ ਤਿਆਗ ਕੇ ਹੁੰਦੇ ਹਨ, ਮਨ ਦੀਆਂ ਤ੍ਰਿਸ਼ਨਾਵਾਂ ਤਿਆਗ ਕੇ ਹੁੰਦੇ ਹਨ, ਅਉਗੁਣ ਤਿਆਗ ਕੇ ਹੁੰਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗ ਕੇ ਹੁੰਦੇ ਹਨ ਭਾਵ ਗੁਣੀ ਬਣਕੇ ਹੁੰਦੇ ਹਨ, ਗੁਣਾਂ ਦੁਆਰਾ ਵਿਚਰਨ ਦੁਆਰਾ ਹੁੰਦੇ ਹਨ, ਸੱਚ ਤੇ ਚੱਲਣ ਦੁਆਰਾ ਹੁੰਦੇ ਹਨ ਭਾਵ ਗੁਰਮਤਿ ਦੀ ਸੱਚੀ ਸਮਝ ਅਪਨਾਕੇ ਹੁੰਦੇ ਹਨ ਜੋ ਸੱਚੀ ਸਮਝ ਲੈਣ ਲਈ ਸਾਨੂੰ ਆਪਣੀ ਮਤਿ ਛੱਡਣੀ ਪੈਂਦੀ ਹੈ ਭਾਵ ਆਪਣਾ ਆਪ ਗੁਰੂ ਤੋਂ ਵਾਰਨਾ ਪੈਂਦਾ ਹੈ। ਆਪਣੀ ਮਤਿ ਨੂੰ ਗੁਰੂ ਦੀ ਮਤਿ ਤੇ ਵਾਰਨਾ ਪੈਂਦਾ ਹੈ ਭਾਵ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ ਭਾਵ ਆਪਣੀ ਮਾਇਆ ਮੋਹ ਵਾਲੀ ਸਮਝ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ ਜਿਸ ਆਪਣੀ ਸਮਝ ਨੂੰ ਮਨੁੱਖ ਇਕ ਵਾਰੀ ਵੀ ਨਹੀਂ ਛੱਡ ਸਕਦਾ ਕਿਉਂਕਿ ਮਨੁੱਖ ਦੀ ਸਮਝ ਮਨੁੱਖ ਦੇ ਆਪਣੇ ਵੱਸ ਨਹੀਂ ਹੈ। ਆਪਣੀ ਮਤਿ ਵਾਰੇ ਬਿਨਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਕਿਉਂਕਿ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ, ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ ਭਾਵ ਭਰਮਾਂ ਵਾਲੀ ਸਮਝ ਹੀ ਪ੍ਰਮਾਤਮਾ ਨਾਲੋਂ ਸਾਡਾ ਮਨ ਦੇ ਵਿੱਚ ਪੜਦਾ ਹੈ ਜੋ ਪੜਦਾ ਨਿਕਲੇ ਬਿਨਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਉਸਦੇ ਨਿਰੰਕਾਰ ਰੂਪ ਨੂੰ ਨਹੀਂ

ਜਾਣ ਸਕਦੇ, ਉਸਦੇ ਬ੍ਰਹਮ ਗਿਆਨ ਨੂੰ ਨਹੀਂ ਜਾਣ ਸਕਦੇ, ਉਸਦੇ ਨਾਮ ਰੂਪ ਨੂੰ ਨਹੀਂ ਜਾਣ ਸਕਦੇ, ਆਪਣੇ ਜਿਸ ਨਾਮ ਰੂਪ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਇਤਨੀ ਉੱਚੀ ਸਾਇੰਸ ਦੀ ਰਚਨਾ ਕੀਤੀ ਹੈ ਜਿਸ ਦੁਆਰਾ ਉਸਨੇ ਆਪਣੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਸਾਰੀ ਸ੍ਰਿਸ਼ਟੀ ਦਾ ਉਹ ਆਪ ਹੀ ਮਾਲਕ ਹੈ, ਸਾਡੇ ਸਰੀਰ ਦਾ ਵੀ ਉਹ ਆਪ ਮਾਲਕ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਨਾ ਇਹ ਤਨ ਮੇਰਾ ਹੈ, ਨਾ ਇਹ ਮਨ ਮੇਰਾ ਹੈ ਤੇ ਨਾ ਹੀ ਕੋਈ ਧਨ ਮੇਰਾ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਇਹੀ ਆਪਣਾ ਤਨ ਮਨ ਧਨ ਗੁਰੂ ਤੋਂ ਵਾਰਨਾ ਹੈ ਜਿਸਨੂੰ ਵਾਰਨ ਦਾ ਤਰੀਕਾ ਆਪਣੀ ਸਮਝ ਨੂੰ ਗੁਰੂ ਦੀ ਸਮਝ ਤੇ ਵਾਰਨਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਸਦਾ ਤੋਂ ਪ੍ਰਮਾਤਮਾ ਆਪ ਹੀ ਸਲਾਮਤ ਹੈ, ਆਪਣੇ ਨਿਰੰਕਾਰ ਰੂਪ ਦੁਆਰਾ ਸਲਾਮਤ ਹੈ ਤੇ ਉਸ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਭਾਵ ਉਸਦੀ ਭਗਤੀ ਦਾ ਤਰੀਕਾ ਮਨੁੱਖ ਦੀ ਭਲੀ ਕਾਰ ਹੈ ਨਾ ਕਿ ਉਹੋ ਜਿਹੇ ਭਗਤੀ ਦੇ ਤਰੀਕੇ ਜਿਨ੍ਹਾਂ ਨੂੰ ਅਸੰਖਾਂ ਨੇ ਹੀ ਅਪਨਾਇਆ ਹੋਇਆ ਹੈ। ਭਗਤੀ ਦੇ ਮਾਰਗ ਤੇ ਕੋਈ ਵਿਰਲਾ ਹੀ ਚੱਲ ਸਕਦਾ ਹੈ ਜਿਸ ਲਈ ਆਪਣਾ ਆਪ ਗੁਰੂ ਤੋਂ ਵਾਰਨਾ ਪੈਂਦਾ ਹੈ। **(ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥)**

ਜਿਵੇਂ ਕਿ ਅਸੀਂ ਉਪਰ ਵਾਲੇ ਜਪੁਜੀ ਬਾਣੀ ਦੇ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਕਿ ਉਹ ਅਸੰਖ ਹੀ ਹਨ ਭਾਵ ਅਨਗਿਣਤ ਹਨ ਜਿਨ੍ਹਾਂ ਨੂੰ ਭਗਤੀ ਦੇ ਮਾਰਗ ਦੀ ਸਮਝ ਨਹੀਂ ਹੈ ਇਸੇ ਲਈ ਉਹ ਅਸੰਖ ਹੀ ਹਨ ਜੋ ਭਗਤੀ ਦੀ ਸੱਚੀ ਸਮਝ ਨਾ ਹੋਣ ਕਰਕੇ ਮਾੜੇ ਕਰਮ ਕਰਦੇ ਹਨ। ਜਿਸਨੂੰ ਸੱਚੀ ਭਗਤੀ ਦੀ ਸਮਝ ਹੈ ਉਹ ਮਾੜੇ ਕਰਮ ਨਹੀਂ ਕਰਦਾ ਭਾਵ ਚੰਗੇ ਕਰਮ ਕਰਦਾ ਹੈ। ਭਗਤੀ ਦੀ ਨਾਸਮਝੀ ਵਾਲੇ ਮਨੁੱਖ ਕਿਹੋ ਜਿਹੇ ਹੁੰਦੇ ਹਨ ਭਾਵ ਅਸੰਖਾਂ ਹੀ ਕਿਹੋ ਜਿਹੇ ਹੁੰਦੇ ਹਨ ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

“ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥

ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥

ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥"

ਪ੍ਰਮਾਤਮਾ ਦੀ ਭਗਤੀ ਮਨ ਦੀ ਸੱਚੀ ਸਮਝ ਦੁਆਰਾ ਹੁੰਦੀ ਹੈ, ਗੁਰਮਤਿ

48/6550

ਦੀ ਸੱਚੀ ਸਮਝ ਦੁਆਰਾ ਹੁੰਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸੱਚੀ ਸਮਝ ਜਰੂਰੀ ਨਹੀਂ ਕਿ ਧਰਮ ਗ੍ਰੰਥਾਂ ਨੂੰ ਪੜਨ ਦੁਆਰਾ ਹੀ ਆਵੇ। ਭਗਤੀ ਦੀ ਸੱਚੀ ਸਮਝ ਚੰਗੇ ਕਰਮ ਕਰਨ ਦੀ ਹੈ ਤੇ ਚੰਗੇ ਮਾੜੇ ਕਰਮ ਕੀ ਹਨ ਇਸ ਗੱਲ ਦੀ ਸਮਝ ਪ੍ਰਮਾਤਮਾ ਸਭ ਨੂੰ ਪਾਉਂਦਾ ਹੈ, ਮਨ ਦੇ ਵਿਚਾਰਾਂ ਰਾਹੀਂ ਪਾਉਂਦਾ ਹੈ ਕਿ ਮੈਂ ਆਪਣੇ ਕਿਸੇ ਕਰਮ ਦੁਆਰਾ ਮਾੜਾ ਕਰ ਰਿਹਾ ਹਾਂ, ਜਾਂ ਚੰਗਾ ਕਰ ਰਿਹਾ ਹਾਂ ਭਾਵ ਮੈਂ ਕਿਸੇ ਦਾ ਹੱਕ ਨਹੀਂ ਖਾ ਰਿਹਾ ਹਾਂ ਜਾਂ ਕਿਸੇ ਦਾ ਹੱਕ ਖਾ ਰਿਹਾ ਹਾਂ ਭਾਵ ਮੈਂ ਝੂਠ ਬੋਲ ਰਿਹਾ ਹਾਂ ਜਾਂ ਸੱਚ ਬੋਲ ਰਿਹਾ ਹਾਂ ਭਾਵ ਮੈਂ ਚੰਗਾ ਕਰਮ ਕਰ ਰਿਹਾ ਹਾਂ ਜਾ ਮਾੜਾ ਕਰਮ ਕਰ ਰਿਹਾ ਹਾਂ। ਧਰਮ ਗ੍ਰੰਥ ਵੀ ਸਾਨੂੰ ਇਹੀ ਗੱਲ ਸਮਝਾਉਂਦੇ ਹਨ ਕਿ ਚੰਗੇ ਕਰਮ ਕਰੋ ਤੇ ਮਾੜੇ ਕਰਮ ਨਾ ਕਰੋ ਭਾਵ ਆਪਣੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਰੱਖੋ ਤੇ ਇਹੀ ਧਰਮ ਦਾ ਸੱਚਾ ਮਾਰਗ ਹੈ। ਜੋ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲਦਾ ਉਸਨੂੰ ਹੀ ਬਾਣੀ ਰਾਹੀਂ ਮੂਰਖ ਕਿਹਾ ਗਿਆ ਹੈ, ਘੋਰ ਅਗਿਆਨਤਾ ਵਾਲਾ ਕਿਹਾ ਗਿਆ ਹੈ ਕਿ ਉਸਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਹੈ। **(ਅਸੰਖ ਮੂਰਖ ਅੰਧ ਘੋਰ॥)**

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥}

(ਅੰਗ ੧੩੭੬)

{ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ॥੬॥}

(ਅੰਗ ੧੪੦)

{ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥
ਸਾਧੂ ਸੰਗਿ ਸਿਮਰਿ ਗੋਪਾਲ ॥ ਬਿਨੁ ਨਾਵੈ ਝੂਠਾ ਧਨੁ ਮਾਲੁ ॥੧॥ ਰਹਾਉ ॥
ਰੂਪਵੰਤੁ ਸੋ ਚਤੁਰੁ ਸਿਆਣਾ ॥ ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥੨॥
ਜਗ ਮਹਿ ਆਇਆ ਸੋ ਪਰਵਾਣੁ ॥ ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥
ਕਹੁ ਨਾਨਕ ਜਾ ਕੇ ਪੂਰਨ ਭਾਗ ॥ ਹਰਿ ਚਰਣੀ ਤਾ ਕਾ ਮਨੁ ਲਾਗ ॥੪॥੯੦॥੧੫੯॥}

(ਅੰਗ ੧੯੭)

{ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥ ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ॥
ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥}

(ਅੰਗ ੧੧੧੦)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

{ਪੜਿ੍ ਪੜਿ੍ ਪੰਡਿਤ ਮੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥

ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥
ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥}

(ਅੰਗ ੧੨੪੬)

{ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥
ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥
ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ ॥
ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥
ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥ ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖਿ ਵਿਹਾਇ॥
ਨਾਨਕ ਸੋ ਨਾਉ ਮਨਹੁ ਨ ਵਿਸਾਰੀਐ ਜਿਤੁ ਦਰਿ ਸਚੈ ਸੋਭਾ ਪਾਇ ॥੧॥}

(ਅੰਗ ੮੫)

{ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥
ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥}

(ਅੰਗ ੭੯੯)

48/6551

{ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥
ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥
ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥ ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥}

(ਅੰਗ ੧੪੦)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਮੈ ਮੈਲੌ ਊਜਲੁ ਸਚੁ ਸੋਇ ॥ ਊਤਮੁ ਆਖਿ ਨ ਊਚਾ ਹੋਇ ॥ ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥
ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥ ਅੰਧੌ ਬੋਲੌ ਮੁਗਧੁ ਗਵਾਰੁ ॥ ਹੀਣੌ ਨੀਚੁ ਬੁਰੌ ਬੁਰਿਆਰੁ ॥
ਨੀਧਨ ਕੌ ਧਨੁ ਨਾਮੁ ਪਿਆਰੁ ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥ ਉਸਤਤਿ ਨਿੰਦਾ ਸਬਦੁ ਵੀਚਾਰੁ॥

ਜੋ ਦੇਵੈ ਤਿਸ ਕਉ ਜੈਕਾਰੁ ॥ ਤੂ ਬਖਸਹਿ ਜਾਤਿ ਪਤਿ ਹੋਇ ॥ ਨਾਨਕੁ ਕਹੈ ਕਹਾਵੈ ਸੋਇ ॥੫॥੧੨॥}

(ਅੰਗ ੧੩੩੦)

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

{ਆਖਣਾ ਸੁਨਣਾ ਨਾਮੁ ਅਧਾਰੁ॥ ਧੰਧਾ ਛੁਟਕਿ ਗਇਆ ਵੇਕਾਰੁ ॥ ਜਿਉ ਮਨਮੁਖਿ ਦੂਜੈ ਪਤਿ ਖੋਈ॥
ਬਿਨੁ ਨਾਵੈ ਮੈ ਅਵਰੁ ਨ ਕੋਈ ॥੧॥ ਸੁਣਿ ਮਨ ਅੰਧੇ ਮੂਰਖ ਗਵਾਰ ॥
ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ ॥੧॥ ਰਹਾਉ ॥
ਇਸੁ ਮਨ ਮਾਇਆ ਮੋਹਿ ਬਿਨਾਸੁ ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥
ਗੁਰਮੁਖਿ ਵਿਰਲਾ ਚੀਨ੍ਹੈ ਕੋਈ ॥ ਨਾਮ ਬਿਹੂਨਾ ਮੁਕਤਿ ਨ ਹੋਈ ॥੨॥
ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ॥ ਬਿਨੁ ਗੁਰ ਬੂਝੇ ਜਮ ਕੀ ਫਾਸੀ ॥
ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ ॥ ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥੩॥
ਆਪੇ ਸਦੇ ਢਿਲ ਨ ਹੋਇ॥ ਸਬਦਿ ਮਰੈ ਸਹਿਲਾ ਜੀਵੈ ਸੋਇ ॥ ਬਿਨੁ ਗੁਰ ਸੋਝੀ ਕਿਸੈ ਨ ਹੋਇ ॥
ਆਪੇ ਕਰੈ ਕਰਾਵੈ ਸੋਇ ॥੪॥ ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ ਸਹਜਿ ਸਮਾਵੈ ॥
ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥੫॥
ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥
ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ ਠਾਕਿ ਰਹਾਵੈ॥੬॥ ਭਉ ਖਾਣਾ ਪੀਣਾ ਸੁਖੁ ਸਾਰੁ ॥
ਹਰਿ ਜਨ ਸੰਗਤਿ ਪਾਵੈ ਪਾਰੁ ॥ ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥
ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥
ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥}

(ਅੰਗ ੧੩੪੪-੧੩੪੫)

{ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥
ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥੫॥ ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥
ਅਗਮ ਅਗੋਚਰ ਵੇਪਰਵਾਹੇ ॥ ਜੇਹੀ ਮਤਿ ਦੇਹਿ ਸੋ ਹੋਵੈ ਤੂ ਆਪੇ ਸਬਦਿ ਬੁਝਾਇਦਾ ॥੬॥
ਅਨਦਿਨੁ ਆਰਜਾ ਛਿਜਦੀ ਜਾਏ ॥ ਰੈਣਿ ਦਿਨਸੁ ਦੁਇ ਸਾਖੀ ਆਏ ॥
ਮਨਮੁਖੁ ਅੰਧੁ ਨ ਚੇਤੈ ਮੂੜਾ ਸਿਰ ਊਪਰਿ ਕਾਲੁ ਰੁਆਇਦਾ ॥੭॥
ਮਨੁ ਤਨੁ ਸੀਤਲੁ ਗੁਰ ਚਰਣੀ ਲਾਗਾ ॥ ਅੰਤਰਿ ਭਰਮੁ ਗਇਆ ਭਉ ਭਾਗਾ ॥
ਸਦਾ ਅਨੰਦੁ ਸਚੇ ਗੁਣ ਗਾਵਹਿ ਸਚੁ ਬਾਣੀ ਬੋਲਾਇਦਾ ॥੮॥}

(ਅੰਗ ੧੦੬੦-੧੦੬੧)

{ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥
ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥
ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥
ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥
ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥
ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥
ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥ ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥
ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥ ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥}

(ਅੰਗ ੧੪੨੭-੧੪੨੮)

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੮੩)

ਜਿਸਨੂੰ ਬਾਣੀ ਵਿੱਚ ਮੂਰਖ ਕਿਹਾ ਹੈ, ਘੋਰ ਅਗਿਆਨੀ ਕਿਹਾ ਹੈ ਉਹਨਾਂ ਨੂੰ ਮਾੜੇ ਕਰਮ ਕਰਨ ਲਈ ਹੀ ਕਿਹਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਗੁਰੂ ਦੀ ਮਤਿ ਸਾਨੂੰ ਚੰਗੇ ਕਰਮ ਕਰਨ ਲਈ ਸਮਝਾਉਂਦੀ ਹੈ ਭਾਵ ਸਾਨੂੰ ਮਨ ਦੇ ਮਾੜੇ ਵਿਚਾਰਾਂ ਵਿੱਚੋਂ, ਮਨ ਦੀ ਮੂਰਖਤਾ ਵਾਲੇ ਵਿਚਾਰਾਂ ਵਿੱਚੋਂ ਕੱਢਦੀ ਹੈ, ਗੁਰੂ ਦੇ ਵਿਚਾਰਾਂ ਵਾਲਾ ਭਾਵ ਚੰਗੇ ਵਿਚਾਰਾਂ ਵਾਲਾ ਬਣਨਾ ਸਿਖਾਉਂਦੀ ਹੈ ਤੇ ਜੋ ਮਨੁੱਖ ਆਪਣੀ ਮੂਰਖਤਾ ਵਾਲੀ ਸਮਝ ਨੂੰ ਨਹੀਂ ਛੱਡਦੇ ਉਹ ਅਸੰਖ ਹਨ ਭਾਵ ਉਹਨਾਂ ਦੀ ਗਿਣਤੀ ਬਹੁਤ ਜਿਆਦਾ ਹੈ, ਉਹ ਗੁਰਮਤਿ ਦੇ **"ਚੋਰ"** ਹਨ ਜਿਸ ਕਰਕੇ ਉਹ ਹਰਾਮਖੋਰ ਹਨ ਭਾਵ ਹਰਾਮ ਦਾ ਪੈਸਾ ਕਮਾਉਂਦੇ ਹਨ, ਦੂਸਰਿਆਂ ਨੂੰ ਠੱਗਦੇ ਹਨ ਭਾਵ ਮਾੜੇ ਕਰਮ ਕਰਦੇ ਹਨ। **(ਅਸੰਖ ਚੋਰ ਹਰਾਮਖੋਰ ॥)** ਇਸੇ ਤਰ੍ਹਾਂ ਉਹ ਅਸੰਖ ਹਨ ਜੋ ਆਪਣੀ ਤਾਕਤ ਦਾ ਨਜਾਇਜ ਫਾਇਦਾ ਉਠਾਉਂਦੇ ਹਨ, ਦੂਸਰਿਆਂ ਨਾਲ ਧੱਕਾ ਕਰਦੇ ਹਨ ਭਾਵ ਮਾੜੇ ਕਰਮ ਕਰਦੇ ਹਨ। ਇਹੋ ਜਿਹੇ ਉਹੀ ਹੁੰਦੇ ਹਨ ਜੋ ਧਰਮ ਦੇ ਮਾਰਗ ਦੇ ਅਗਿਆਨੀ ਹੁੰਦੇ ਹਨ, ਮੂਰਖ ਹੁੰਦੇ ਹਨ ਜੋ ਸੰਸਾਰ ਵਿੱਚ ਕਿਸੇ ਦਾ ਮਾੜਾ ਕਰਕੇ ਜਾਂਦੇ ਹਨ। **(ਅਸੰਖ ਅਮਰ ਕਰਿ ਜਾਹਿ ਜੋਰ ॥)**

48/6552

ਇਸੇ ਤਰ੍ਹਾਂ ਗੁਰਮਤਿ ਦੀ ਨਾਸਮਝੀ ਵਾਲੇ ਭਾਵ ਗੁਰਮਤਿ ਦੀ ਅਗਿਆਨਤਾ ਵਾਲੇ ਅਸੰਖ ਹੀ ਸੰਸਾਰ ਵਿੱਚ ਇਹੋ ਜਿਹੇ ਹੁੰਦੇ ਹਨ ਜੋ ਦੂਸਰਿਆਂ ਨੂੰ ਮਾਰਦੇ ਹਨ ਭਾਵ ਮਾੜੇ ਕਰਮ ਕਰਦੇ ਹਨ। ਅਸੰਖਾਂ ਹੀ ਹਨ ਜੋ ਅਨੇਕਾਂ ਪਾਪ ਕਰਦੇ ਹਨ। ਸਾਡਾ ਜੋ ਵੀ ਕੰਮ ਗੁਰਮਤਿ ਅਨੁਸਾਰ ਨਹੀਂ ਹੁੰਦਾ ਉਹ ਪਾਪ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਇਹੋ ਜਿਹੇ ਮਨੁੱਖ ਗੁਰੂ ਦੀ ਮਤਿ ਨੂੰ ਸਮਝਣ ਵਿੱਚ ਮੂਰਖ ਹੀ ਹੁੰਦੇ ਹਨ। ਇਸੇ ਤਰ੍ਹਾਂ ਇਹੋ ਜਿਹੇ ਅਸੰਖ ਹੁੰਦੇ ਹਨ ਜੋ ਦੂਸਰਿਆਂ ਨੂੰ ਗੁਰਮਤਿ ਦਾ ਆਪਣੇ ਵਲੋਂ ਸੱਚ ਸਮਝਾਉਂਣ ਲਈ ਝੂਠ ਬੋਲਦੇ ਹਨ ਭਾਵ ਝੂਠੀ ਮਤਿ ਪਿੱਛੇ ਲਗਾਉਂਦੇ ਹਨ ਭਾਵ ਗੁਰਮਤਿ ਬਾਰੇ ਇਸ ਸੰਸਾਰ ਵਿੱਚ ਝੂਠ ਦਾ ਹੀ ਪ੍ਰਸਾਰ ਕਰਦੇ ਹਨ ਜਿਸ ਦੁਆਰਾ ਉਹ ਦੂਸਰਿਆਂ ਦੇ ਸੱਚ ਦਾ ਹੱਕ ਹੀ ਖਾਂਦੇ ਹਨ ਭਾਵ ਸੱਚ ਦੇ ਉਲਟ ਚੱਲਦੇ ਹਨ ਭਾਵ ਉਹ ਆਪ ਗੁਰੂ ਦੀ ਮਤਿ ਨੂੰ ਨਾ ਸਮਝਣ ਵਾਲੇ ਹੁੰਦੇ ਹਨ, ਗੁਰਮਤਿ ਦੇ ਅਗਿਆਨੀ ਹੁੰਦੇ ਹਨ। **(ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥)**

ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਰਾਹੀਂ ਅਸੀਂ ਉਹਨਾਂ ਬਾਰੇ ਸਮਝਿਆ ਹੈ ਜੋ ਮਾੜੇ ਕਰਮ ਕਰਦੇ ਹਨ ਜਿਸਦਾ ਕਾਰਣ ਉਹਨਾਂ ਦੇ ਅੰਦਰ ਦੀ ਮੂਰਖਤਾ ਹੈ ਭਾਵ ਮਨ ਦਾ ਘੋਰ ਅੰਧਾਪਨ ਹੈ ਜਿਸ ਮਨ ਦੇ ਅੰਧੇਪਨ ਵਿੱਚ ਰਹਿੰਦਿਆਂ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ। ਸਾਡੀ ਮੂਰਖਤਾ ਦਾ ਕਾਰਨ ਕੀ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅਸੰਖ ਮਲੇਛ ਮਲੁ ਭਖਿ ਖਾਹਿ ॥
ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥"

ਮਾੜੇ ਕਰਮ ਕਰਨ ਵਾਲਿਆਂ ਨੂੰ ਹੀ ਉਪਰ ਪੰਗਤੀ ਦੁਆਰਾ **"ਮਲੇਛ"** ਕਿਹਾ ਹੈ ਤੇ ਮਾੜੇ ਕਰਮ ਕਰਨ ਵਾਲੇ ਨੂੰ ਹੀ **"ਨਿੰਦਕ"** ਕਿਹਾ ਹੈ। ਇਹਨਾਂ ਪੰਗਤੀਆਂ ਦੇ ਅਰਥ ਸਮਝਣ ਤੋਂ ਪਹਿਲਾਂ ਸਾਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਬਾਣੀ ਵਿੱਚ **"ਮਲੇਛ"**

ਕਿਸਨੂੰ ਕਿਹਾ ਹੈ ਤੇ **"ਨਿੰਦਕ"** ਕਿਸ ਨੂੰ ਕਿਹਾ ਹੈ। ਪਹਿਲੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਦੇ ਹਾਂ ਕਿ ਮਲੇਛ ਕਿਹੋ ਜਿਹੇ ਹੁੰਦੇ ਹਨ। ਮਲੇਛ **"ਮਲੁ"** ਖਾਣ ਵਾਲੇ ਨੂੰ ਕਹਿੰਦੇ ਹਨ, ਗੰਦਗੀ ਖਾਣ ਵਾਲੇ ਨੂੰ ਕਹਿੰਦੇ ਹਨ ਮਨੁੱਖਾਂ ਲਈ **"ਮਲੁ"** ਕੀ ਹੈ ਜਿਸਨੂੰ ਕਿ ਅਸੰਖਾਂ ਹੀ ਖਾਂਦੇ ਹਨ ਇਸ ਗੱਲ ਨੂੰ ਸਮਝਣਾ ਜਿਆਦਾ ਜਰੂਰੀ ਹੈ।

{ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥ ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

48/6553

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥}

(ਅੰਗ ੧੫)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

{ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥
ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥
ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥

ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥}

(ਅੰਗ ੮੩੨)

{ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥
ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥ ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥
ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥੧॥੬॥੯॥}

(ਅੰਗ ੬੬੩)

ਸਾਡੇ ਅੰਦਰ ਦੀ **"ਮਲੁ"** ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਉਪਰ ਕੁਝ ਸ਼ਬਦਾਂ ਦੁਆਰਾ ਵੀ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਇਹ ਮਲੁ ਸਾਡੇ ਅੰਦਰ ਮਨ ਦੀ ਮੈਲ ਹੈ ਜੋ ਮਨ ਦੀ ਮੈਲ ਸਾਡੇ ਅੰਦਰ ਦੀ ਸਮਝ ਨੂੰ ਮੈਲਾ ਕਰਦੀ ਹੈ ਭਾਵ ਅਪਵਿੱਤਰ ਕਰਦੀ ਹੈ। ਇਹ ਸਾਡੇ ਅੰਦਰ ਹਉਮੈ ਦੀ ਮੈਲ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਰੂਪ ਮੈਲ ਹੈ ਜਿਸ ਮਨ ਦੀ ਮੈਲ ਵਿੱਚ ਰਹਿੰਦਿਆਂ ਅਸੀਂ ਭਗਤੀ ਦੇ ਸੱਚੇ ਮਾਰਗ ਨੂੰ ਨਹੀਂ ਸਮਝ ਸਕਦੇ ਜਿਸ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ ਜਿਵੇਂ ਕਿ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਇਹ ਅਗਿਆਨਤਾ ਰੂਪ ਮਲੁ ਸਾਡੇ ਅੰਦਰੋਂ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਜਿਸ ਗੁਰੂ ਦਾ ਨਾਮ ਦਾ ਮਕਸਦ ਸਾਨੂੰ ਸਾਡੇ ਜੀਵਨ ਦਾ ਸੱਚਾ ਮਾਰਗ ਸਮਝਾਉਣ ਲਈ ਹੀ ਹੈ ਜੋ ਸੱਚਾ ਮਾਰਗ ਅਉਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਭਾਵ ਚੰਗੇ ਕਰਮ ਕਰਨ ਦਾ ਹੈ। ਮਨ ਦੀ ਇਸ ਮੱਲ ਤੋਂ ਬਿਨਾਂ ਭਾਵ ਹਉਮੈ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਭਾਵ ਗੁਰੂ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੈ। ਸਾਡੇ ਅੰਦਰ ਦੀ ਇਸ ਮੱਲ ਨੂੰ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਹੀ ਕੱਢ ਸਕਦੀ ਹੈ ਭਾਵ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਤੇ ਅਸੀਂ ਆਪਣੇ ਅੰਦਰੋਂ ਇਸ ਮੱਲ ਨੂੰ ਕੱਢਣ ਦਾ ਸੱਚਾ ਉਪਰਾਲਾ ਤਾਂ ਹੀ ਕਰ ਸਕਾਂਗੇ ਜੇਕਰ ਪਹਿਲੇ ਅਸੀਂ ਇਸ ਗੱਲ ਨੂੰ ਸਮਝੀਏ ਭਾਵ ਗੁਰੂ ਦੀ ਗੱਲ ਤੇ ਵਿਸ਼ਵਾਸ ਕਰੀਏ ਕਿ ਅਸਲ ਨਾਮ ਜਪਣਾ ਕੀ ਹੈ ਤੇ ਗੁਰੂ ਦੀ ਸੱਚੀ ਮਤਿ ਨੂੰ ਮੰਨਣਾ ਹੀ ਨਾਮ ਜਪਣਾ ਹੈ ਜਿਸ ਦੁਆਰਾ ਅਸੀਂ ਮਨ ਦੀ ਹਉਮੈ ਵਿੱਚੋਂ ਨਿਕਲ ਸਕਦੇ ਹਾਂ, ਮਨ ਦੀ ਮੈਲੁ ਵਿੱਚੋਂ ਨਿਕਲ ਸਕਦੇ ਹਾਂ ਜਿਵੇਂ ਕਿ ਅਸੀਂ ਪੂਰੇ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਇਹ ਮਲੁ ਸਭ ਦੇ

ਅੰਦਰ ਹੈ ਭਾਵ ਹਉਮੈ ਸਭ ਦੇ ਅੰਦਰ ਨਾਲ ਹੀ ਪੈ ਕੇ ਆਉਂਦੀ ਹੈ ਤੇ ਸਮਝਣਾ ਇਸ ਗੱਲ ਨੂੰ ਜਰੂਰੀ ਹੈ ਕਿ ਇਹ ਮਲੁ ਖਾਣਾ ਕੀ ਹੈ। ਇਸ ਗੱਲ ਨੂੰ ਧਿਆਨ ਨਾਲ ਵਿਚਾਰੋ ਕਿ ਅਸੀਂ ਨਾਮ ਜਪਣਾ ਕਿੱਥੋਂ ਸਿੱਖਦੇ ਹਾਂ, ਕਿਸ ਦੇ ਕੋਲੋਂ ਸਿੱਖਦੇ ਹਾਂ ਤੇ ਉਹ ਸਾਨੂੰ ਕਿਹੋ ਜਿਹਾ ਨਾਮ ਜਪਣਾ ਸਮਝਾਉਂਦੇ ਹਨ ਭਾਵ ਕਿਸੇ ਅੱਖਰ ਨੂੰ ਮੁੱਖੋਂ ਬੋਲੀ ਜਾਣਾ ਹੀ ਨਾਮ ਜਪਣਾ ਸਮਝਾਉਂਦੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਮਝਾਉਂਦੇ ਹਨ। ਗੁਰੂ ਤੋਂ ਬਿਨਾਂ ਭਗਤੀ ਦਾ ਮਾਰਗ ਸਿੱਖਣ ਲਈ ਕਿਸੇ ਵੀ ਹੋਰ ਦੀ ਮਤਿ ਨੂੰ ਮੰਨਣਾ ਮਲੁ ਖਾਣ ਦੇ ਬਰਾਬਰ ਹੈ। ਜਿਸਦੇ ਆਪਣੇ ਅੰਦਰ ਮੱਲ ਹੈ ਉਹ ਦੂਸਰਿਆਂ ਨੂੰ ਮਲੁ ਹੀ ਖੁਵਾਏਗਾ ਭਾਵ ਜਿਸਦੇ ਆਪਣੇ ਅੰਦਰ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਦੀ ਅਗਿਆਨਤਾ ਹੈ ਉਹ ਦੂਸਰਿਆਂ ਨੂੰ ਸਮਝਾਉਣ ਦੁਆਰਾ ਉਹਨਾਂ ਦੀ ਅਗਿਆਨਤਾ ਹੀ ਵਧਾਏਗਾ ਭਾਵ ਜਿਸ ਦੇ ਆਪਣੇ ਅੰਦਰ ਹਉਮੈ ਦੀ ਮੈਲ ਹੈ ਉਹਨਾਂ ਦੀ ਗੱਲ ਮੰਨਣ ਵਾਲੇ ਆਪਣੇ ਅੰਦਰ ਹਉਮੈ ਦੀ ਮੈਲ ਨੂੰ ਹੋਰ ਵਧਾਉਂਦੇ ਹਨ। ਜੋ ਇਹੋ ਜਿਹੀ ਮੱਲ ਖਾਉਂਦਾ ਹੈ ਉਸਦੇ ਮਾੜੇ ਵਿਚਾਰ ਨਹੀਂ ਨਿਕਲਦੇ ਜਿਸ ਕਰਕੇ ਉਹ ਗੁਰੂ ਦੀਆਂ ਨਜਰਾਂ ਵਿੱਚ ਮਲੇਛ ਬਣਦਾ ਹੈ ਜਿਵੇਂ ਕਿ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਜਿਤਨੇ ਵੀ ਮਾੜੇ ਕਰਮ ਕਰਨ ਵਾਲੇ ਹਨ ਜੋ ਕਿ ਅਸੰਖਾਂ ਹੀ ਹਨ ਉਹ ਸਭ ਮਨ ਦੀ ਮੈਲ ਕਰਕੇ ਹੀ ਮਲੇਛ ਹਨ। **(ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥)**

{ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥}

(ਅੰਗ ੫੬)

{ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੂਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥ ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥
ਜਪੁ ਤਪੁ ਸੰਜਮੁ ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥ ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥ ਲਬੁ ਲੋਭੁ ਜੇ ਕੂੜੁ ਕਮਾਵੈ ॥
ਅਪਣਾ ਕੀਤਾ ਆਪੇ ਪਾਵੈ ॥੧੭॥ ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਾਲਿ ॥੧੮॥
ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥
ਨਾਨਕ ਤੇ ਸੋਹਾਗਣੀ ਜਿਨ੍ਾ ਗੁਰਮੁਖਿ ਪਰਗਟੁ ਹੋਇ ॥੧੯॥}

(ਅੰਗ ੧੪੧੧)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ॥੧॥ਰਹਾਉ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥}

(ਅੰਗ ੪੯੧)

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥

ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ ੧੩੯੫)

48/6555

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਤ੍ ਸਤ੍ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੯)

ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਗੁਰੂ ਸਾਹਿਬ ਨੇ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਉਹੋ ਜਿਹੀਆਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਜਿਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਸਮਝ ਕੇ ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ ਜਿਸ ਕਰਕੇ ਅਸੀਂ ਗੁਰੂ ਦੀ ਮਤਿ ਅਨੁਸਾਰ ਨਹੀਂ ਚੱਲ ਸਕਦੇ ਕਿਉਂਕਿ ਸਾਨੂੰ ਉਹ ਲੋਕ ਮਹਿਸੂਸ ਹੀ ਇਹ ਕੁਝ ਕਰਵਾਉਂਦੇ ਹਨ ਕਿ ਉਹਨਾਂ ਨੂੰ ਧਰਮ ਦੇ ਮਾਰਗ ਦੀ ਬੜੀ ਉੱਚੀ ਸਮਝ ਹੈ ਤੇ ਉਹ ਲੋਕ ਸਾਨੂੰ ਆਪਣੀ ਆਪਣੀ ਧਾਰਮਿਕ ਸਮਝ, ਧਾਰਮਿਕ ਆਸਥਾ ਦੁਆਰਾ ਵੱਖਰਾ ਵੱਖਰਾ ਧਰਮੀ ਬਣਨਾ ਸਮਝਾਉਂਦੇ ਹਨ, ਵੱਖਰੀ ਧਾਰਮਿਕ ਮਰਿਯਾਦਾ ਸਮਝਾਉਂਦੇ ਹਨ ਤੇ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ, ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਜੋੜਦੇ ਹਨ, ਕਿਸੇ ਖਾਸ ਵੇਲੇ ਨੂੰ ਭਗਤੀ ਦਾ ਵੇਲਾ ਮੰਨਣ ਨਾਲ ਜੋੜਦੇ ਹਨ, ਥਿਤਾਂ ਵਾਰਾਂ ਦੇ ਨਾਲ ਜੋੜਦੇ ਹਨ, ਖਾਣੇ ਨੂੰ ਭਗਤੀ ਦੇ ਮਾਰਗ ਨਾਲ ਜੋੜਦੇ ਹਨ, ਪਹਿਰਾਵੇ ਨੂੰ ਭਗਤੀ ਦੇ ਮਾਰਗ ਨਾਲ ਜੋੜਦੇ ਹਨ ਭਾਵ ਸਾਨੂੰ ਅਨੇਕਾਂ ਹੀ ਉਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੋੜਦੇ ਹਨ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਸਾਨੂੰ ਭਗਤੀ ਦੇ ਗਲਤ ਮਾਰਗ ਨਾਲ ਜੋੜਦੇ ਹਨ ਉਹੋ ਜਿਹਿਆਂ ਦੀ ਮਤਿ ਦਾ ਬਾਣੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ, ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ ਕਿ ਸਾਨੂੰ ਉਹੋ ਜਿਹਿਆਂ ਦੀ ਮਤਿ ਪਿੱਛੇ ਨਹੀਂ ਲੱਗਣਾ ਚਾਹੀਦਾ ਜੋ ਸਾਨੂੰ ਗੁਰੂ ਦੀ ਮਤਿ ਤੋਂ ਉਲਟ ਭਗਤੀ ਦਾ ਮਾਰਗ ਸਮਝਾਉਂਦੇ

ਹਨ ਜੋ ਭਗਤੀ ਦਾ ਸੱਚਾ ਮਾਰਗ ਕੇਵਲ ਤੇ ਕੇਵਲ ਮਨੁੱਖ ਦੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਹੈ ਜਿਸਨੂੰ ਕਿ ਬਾਣੀ ਰਾਹੀਂ ਸਾਡੀ ਭਲੀ ਕਾਰ ਕਿਹਾ ਗਿਆ ਹੈ। ਜੋ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਨਾਲ ਜੋੜਦੇ ਹਨ, ਕਿਸੇ ਖਾਸ ਵੇਲੇ ਨੂੰ ਭਗਤੀ ਦਾ ਵੇਲਾ ਸਮਝਾਉਂਦੇ ਹਨ, ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ ਉਹ ਇਹਨਾਂ ਤਰੀਕਿਆਂ ਨੂੰ ਹੀ ਭਲੇ ਕਰਮ ਸਮਝਦੇ ਹਨ, ਆਪਣੀ ਭਲੀ ਕਰਨੀ ਸਮਝਦੇ ਹਨ ਤੇ ਇਹੋ ਜਿਹੀ ਕਰਨੀ ਨਾਲ ਹੀ

48/6556

ਦੂਸਰਿਆਂ ਨੂੰ ਜੋੜਦੇ ਹਨ ਭਾਵ ਉਹ ਆਪ ਗੁਰਮਤਿ ਤੋਂ ਭਟਕੇ ਹੁੰਦੇ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ ਭਾਵ ਉਹਨਾਂ ਦੇ ਆਪਣੇ ਅੰਦਰੋਂ ਹਉਮੈ ਵਾਲੀ ਸਮਝ ਦੀ ਮੈਲ ਹੁੰਦੀ ਹੈ ਤੇ ਦੂਸਰਿਆਂ ਦੇ ਵਿੱਚ ਵੀ ਹਉਮੈ ਦੀ ਮੈਲ ਪਾਉਂਦੇ ਹਨ। ਜੋ ਉਹਨਾਂ ਦੀਆਂ ਗੱਲਾਂ ਮੰਨ ਲੈਂਦੇ ਹਨ ਉਹ ਉਹਨਾਂ ਦੇ ਅੰਦਰ ਦੀ ਮੱਲ ਨੂੰ ਆਪ ਵੀ ਖਾ ਲੈਂਦੇ ਹਨ। ਜੇਕਰ ਅਸੀਂ ਗੱਲ ਇਹੋ ਜਿਹਿਆਂ ਦੀ ਮੰਨਣੀ ਹੈ ਤੇ ਫਿਰ ਅਕਾਲ ਪੁਰਖ ਨੇ ਇਤਨੀ ਵੱਡੀ ਗੁਰਬਾਣੀ ਦੀ ਰਚਨਾ ਕਿਸ ਲਈ ਕੀਤੀ ਹੈ। ਇਸ ਗੁਰਬਾਣੀ ਦੇ ਵਿਚਾਰਾਂ ਦਾ ਮਕਸਦ ਭਾਵ ਗੁਰੂ ਦੇ ਨਾਮ ਦਾ ਮਕਸਦ ਸਾਡੇ ਅੰਦਰ ਦੀ ਹਉਮੈ ਮੱਲ ਕੱਢਣ ਦਾ ਹੀ ਹੈ ਤੇ ਸਾਡੇ ਅੰਦਰ ਦੀ ਮੱਲ ਤਾਂ ਹੀ ਨਿਕਲੇਗੀ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਮੰਨਾਂਗੇ ਭਾਵ ਕੇਵਲ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਾਂਗੇ ਤੇ ਉਹਨਾਂ ਨਾਲੋਂ ਆਪਣਾ ਸੰਬੰਧ ਤੋੜਾਂਗੇ ਜਿਨ੍ਹਾਂ ਦੀਆਂ ਗੱਲਾਂ ਮੰਨ ਕੇ ਅਸੀਂ ਆਪਣੇ ਅੰਦਰ ਦੀ ਮੱਲ ਨੂੰ ਧੋਣ ਦੀ ਬਜਾਏ ਉਲਟਾ ਆਪਣੇ ਅੰਦਰ ਦੀ ਮੱਲ ਵਧਾਉਂਦੇ ਹਾਂ, ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਬਜਾਏ ਆਪਣੀ ਅਗਿਆਨਤਾ ਵਾਲੀ ਸਮਝ ਨੂੰ ਹੋਰ ਉੱਚਾ ਕਰਦੇ ਹਾਂ। ਪ੍ਰਮਾਤਮਾ ਦੇ ਨਾਲ ਸਾਡਾ ਵਿਛੋੜਾ ਮਨ ਦੀ ਹਉਮੈ ਮੱਲ ਕਰਕੇ ਹੀ ਹੈ ਤੇ ਪ੍ਰਮਾਤਮਾ ਦੇ ਨਾਲ ਮੇਲ ਸਾਡਾ ਹਉਮੈ ਮੱਲ ਨੂੰ ਆਪਣੇ ਅੰਦਰੋਂ ਧੋਣ ਦੁਆਰਾ ਹੀ ਹੈ ਭਾਵ ਸਾਡੇ ਸਭ ਲਈ, ਸਾਰੇ ਸੰਸਾਰ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਕੇਵਲ ਤੇ ਕੇਵਲ ਗੁਰੂ ਦੀ ਗੱਲ ਨੂੰ ਮੰਨੀਏ ਭਾਵ ਕੇਵਲ ਨਾਮ ਜਪੀਏ ਭਾਵ ਕੇਵਲ ਸ਼ਬਦਾਂ ਦੀ ਵਿਚਾਰ ਨੂੰ ਮੰਨੀਏ ਜਿਸ ਦੁਆਰਾ ਸਾਡੇ ਅੰਦਰੋਂ ਹਉਮੈ ਦੀ ਮੈਲ ਧੁੱਪ ਸਕਦੀ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਗੁਰੂ ਦੀ ਗੱਲ ਨੂੰ ਮੰਨਣ ਵਾਲਾ ਆਪਣੇ ਸਰੀਰ ਰਾਹੀਂ ਸਾਰੇ ਚੰਗੇ ਕਰਮ ਹੀ ਕਰਦਾ ਹੈ ਭਾਵ ਸੱਚੀ ਸੁੱਚੀ ਕਿਰਤ ਹੀ ਕਰਦਾ ਹੈ ਜੋ ਭਗਤੀ ਦਾ ਅਸਲ ਮਾਰਗ ਹੈ ਜਿਸ ਮਾਰਗ ਤੇ ਚੱਲਣ ਦੁਆਰਾ ਹੀ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਤੇ ਧਰਮ ਦੀ ਸੱਚੀ ਸਮਝ ਵਾਲਾ ਬਣਿਆ ਜਾ ਸਕਦਾ ਹੈ ਜੋ ਸੱਚੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਤੇ ਉਹਨਾਂ ਨੇ ਸ਼ਬਦਾਂ ਦੀ ਉੱਚੀ ਵਿਚਾਰ ਦੇਣ ਦੁਆਰਾ

48/6557

ਸਾਨੂੰ ਸਾਡੇ ਅੰਦਰ ਦੀ ਹਉਮੈ ਮੈਲ ਧੋਣੀ ਸਿਖਾਈ ਹੈ ਭਾਵ ਗੁਰੂ ਨੇ ਆਪਣੇ ਸੱਚੇ ਗਿਆਨ ਦੁਆਰਾ ਸੰਸਾਰ ਨੂੰ ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਸਿਖਾਇਆ ਹੈ ਤੇ ਸਾਡੇ ਅੰਦਰ ਦੀ ਅਗਿਆਨਤਾ ਤਾਂ ਹੀ ਨਿਕਲੇਗੀ ਜੇਕਰ ਅਸੀਂ ਗੁਰੂ ਦੇ ਗਿਆਨ ਨੂੰ ਮੰਨਾਂਗੇ ਭਾਵ ਗਿਆਨਵਾਨ ਗੁਰੂ ਦੀ ਗੱਲ ਮੰਨਾਂਗੇ ਨਾ ਕਿ ਉਹਨਾਂ ਨੂੰ ਗਿਆਨਵਾਨ ਮੰਨਾਂਗੇ ਜੋ ਉਲਟੀ ਸਾਡੀ ਅਗਿਆਨਤਾ ਵਧਾਉਂਦੇ ਹਨ ਭਾਵ ਸਾਨੂੰ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਉਹਨਾਂ ਦੀ ਮਲੁ ਖਾਉਂਣ ਵਾਲਾ ਮਲੇਛ ਬਣਾਉਂਦੇ ਹਨ। **(ਅਸੰਖ ਮਲੇਛ ਮਲੁ ਭਖਿ ਖਾਹਿ ॥)**

ਸਾਡੇ ਅੰਦਰ ਦੀ ਇਹ **"ਮਲੁ"** ਕਿਸ ਲਈ ਨਹੀਂ ਨਿਕਲਦੀ ਤੇ ਸਾਨੂੰ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਕਿਸ ਤਰੀਕੇ ਮਾੜਾ ਬਣਾਉਂਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥"

ਜੋ ਮੱਲ ਭਖ ਖਾਣ ਵਾਲੇ ਹਨ ਜੋ ਕਿ ਅਸੰਖਾਂ ਹੀ ਹਨ ਉਹ ਅਸੰਖਾਂ ਹੀ ਗੁਰਮਤਿ ਦੇ ਨਿੰਦਕ ਹਨ। ਬਾਣੀ ਰਾਹੀਂ ਨਿੰਦਕ ਕਿਸਨੂੰ ਕਿਹਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ, ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੈ ਤੇ ਫਿਰ ਤੋਂ ਇਸ ਗੱਲ ਨੂੰ ਕੁਝ ਸਮਝਿਆ ਜਾ ਸਕਦਾ ਹੈ।

ਗਉੜੀ ॥

{ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ ਪਿਆਰੀ ॥

ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥ ਨਿੰਦਾ ਹੋਇ ਤ ਬੈਕੁੰਠਿ ਜਾਈਐ ॥

ਨਾਮੁ ਪਦਾਰਥੁ ਮਨਹਿ ਬਸਾਈਐ ॥ ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥੧॥
ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥ ਨਿੰਦਕੁ ਸੋ ਜੋ ਨਿੰਦਾ ਹੋਰੈ ॥
ਹਮਰਾ ਜੀਵਨੁ ਨਿੰਦਕੁ ਲੋਰੈ ॥੨॥ ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥
ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥}

(ਅੰਗ ੩੩੯)

ਗੁਰੂ ਨੇ ਆਪਣੇ ਸ਼ਬਦਾਂ ਰਾਹੀਂ ਮਨੁੱਖ ਨੂੰ ਬਾਰ-ਬਾਰ ਨਿੰਦਿਆ ਹੈ ਭਾਵ ਗੁਰੂ ਉਸਨੂੰ ਨਿੰਦਦਾ ਹੈ ਜੋ ਮਾੜੇ ਕਰਮ ਕਰਦਾ ਹੈ ਤੇ ਮਾੜੇ ਕਰਮ ਉਹ ਕਰਦਾ ਹੈ ਜੋ ਗੁਰੂ ਦੀ ਮਤਿ ਨੂੰ ਨਹੀਂ ਮੰਨਦਾ। ਉਪਰ ਮੁੱਖ ਸ਼ਬਦ ਰਾਹੀਂ ਮਾੜੇ ਕਰਮ ਕਰਨ ਵਾਲਿਆਂ ਨੂੰ ਹੀ ਨਿੰਦਿਆ ਹੋਇਆ ਹੈ। ਗੁਰੂ ਸਾਡਾ ਸਭ ਦਾ ਸੱਚਾ ਨਿੰਦਕ ਹੈ ਕਿਉਂਕਿ ਗੁਰੂ ਦਾ ਆਪਣਾ ਹਿਰਦਾ ਸੁਧ ਹੈ। ਗੁਰੂ ਸਾਡੀ ਨਿੰਦਾ ਕਰਨ ਦੁਆਰਾ ਸਾਡੇ ਕਪੜੇ ਧੋਂਦਾ ਹੈ ਭਾਵ ਸਾਡੇ ਮਨ ਦੇ ਕਪੜੇ ਧੋਂਦਾ ਹੈ ਭਾਵ ਸਾਡੇ ਮਨ ਦੀ ਮੈਲ ਧੋਂਦਾ ਹੈ। ਸਾਡੇ ਅੰਦਰ ਦੀ **"ਮਲੁ"** ਉਸਦੀ ਹੀ ਧੁਪੇਗੀ ਜੋ ਗੁਰੂ ਦੀ ਗੱਲ ਨੂੰ ਮੰਨੇਗਾ। ਜੋ ਗੁਰੂ ਦੀ ਨਿੰਦਾ ਨੂੰ ਕਬੂਲ ਨਹੀਂ ਕਰਦਾ ਉਹ ਗੁਰੂ ਦਾ ਨਿੰਦਕ ਹੈ ਭਾਵ ਗੁਰਮਤਿ ਦਾ ਨਿੰਦਕ ਹੈ। ਗੁਰੂ ਸਾਡੀ ਨਿੰਦਾ ਸਾਡੇ ਉਧਾਰ ਲਈ ਕਰਦਾ ਹੈ, ਸਾਡੇ ਭਲੇ ਲਈ ਕਰਦਾ ਹੈ। ਜੋ ਗੁਰੂ ਦੁਆਰਾ ਕੀਤੀ ਹੋਈ ਨਿੰਦਾ ਨੂੰ ਕਬੂਲ ਕਰਦਾ ਹੈ ਉਸਦੇ ਅੰਦਰ

48/6558

ਹੀ ਨਾਮ ਪਦਾਰਥ ਵੱਸਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਵੱਸਦੀ ਹੈ ਜੋ ਸੱਚੀ ਸਮਝ ਵੱਸਣ ਦੁਆਰਾ ਮਨੁੱਖ ਫਿਰ ਮਾੜੇ ਕਰਮ ਕਰ ਹੀ ਨਹੀਂ ਸਕਦਾ ਭਾਵ ਉਹ ਨਾਮ ਜਪਣ ਵਾਲਾ ਬਣ ਜਾਂਦਾ ਹੈ। ਆਪਣੀ ਨਿੰਦਾ ਨੂੰ ਉਹੀ ਕਬੂਲ ਕਰਦਾ ਹੈ ਜਿਸਨੂੰ ਨਿੰਦਾ ਚੰਗੀ ਲੱਗਦੀ ਹੈ। ਗੁਰੂ ਸਾਨੂੰ ਆਪਣੀ ਗੁਰਮਤਿ ਦੁਆਰਾ ਹੀ ਨਿੰਦਦਾ ਹੈ, ਆਪਣੀ ਸਿੱਖਿਆ ਦੇਣ ਦੁਆਰਾ ਹੀ ਨਿੰਦਦਾ ਹੈ ਤੇ ਜਿਸਨੂੰ ਗੁਰੂ ਦੀ ਸਿੱਖਿਆ ਪਿਆਰੀ ਲੱਗਦੀ ਹੈ ਉਸਨੂੰ ਗੁਰੂ ਦੁਆਰਾ ਕੀਤੀ ਹੋਈ ਨਿੰਦਾ ਪਿਆਰੀ ਲੱਗਦੀ ਹੈ, ਇਹੋ ਜਿਹੀ ਚੰਗੀ ਲੱਗਦੀ ਹੈ, ਖਰੀ ਲੱਗਦੀ ਹੈ ਜਿਵੇਂ ਕਿ ਆਪਣੇ ਮਾਂ ਬਾਪ ਚੰਗੇ ਲੱਗਦੇ ਹਨ। ਜੋ ਗੁਰੂ ਦੁਆਰਾ ਕੀਤੀ ਹੋਈ ਨਿੰਦਾ ਨੂੰ ਕਬੂਲ ਕਰਦਾ ਹੈ ਉਹੀ **"ਬੈਕੁੰਠਿ"** ਜਾਂਦਾ ਹੈ ਭਾਵ ਪ੍ਰਮਾਤਮਾ ਦੇ ਘਰ ਵਿੱਚ ਜਾਂਦਾ ਹੈ ਜੋ ਘਰ ਉਸਦਾ ਸਾਡੇ ਸਭ ਦੇ ਅੰਦਰ ਹੀ ਹੈ, ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ। ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ **"ਪਰਾਈ ਨਿੰਦਾ"** ਦੀ ਗੱਲ ਆਉਂਦੀ ਹੈ। ਜੋ ਆਪਣੀ ਨਿੰਦਾ ਕਬੂਲ ਨਹੀਂ ਕਰਦਾ ਉਹ ਫਿਰ ਪਰਾਈ ਨਿੰਦਾ ਕਰਦਾ ਹੈ ਭਾਵ ਦੂਸਰਿਆਂ ਦੀ ਮਤਿ ਨੂੰ ਨਿੰਦਦਾ ਹੈ। ਕਿਸੇ ਵੀ ਸੱਚੀ ਮਤਿ ਨੂੰ ਨਿੰਦਣਾ ਪਰਾਈ ਨਿੰਦਾ ਹੈ। ਅਸੀਂ ਜੋ ਵੀ ਗੁਰਮਤਿ ਦੇ ਉਲਟ ਕੰਮ ਕਰਦੇ ਹਾਂ ਉਹ ਗੁਰਮਤਿ ਦੀ ਨਿੰਦਾ ਹੈ ਭਾਵ ਪਰਾਈ ਨਿੰਦਾ ਹੈ। ਸਾਡੀ ਸੱਚੀ ਨਿੰਦਾ ਕੇਵਲ ਗੁਰੂ ਹੀ ਕਰ ਸਕਦਾ ਹੈ ਜਿਸਦਾ ਹਿਰਦਾ ਸੁਧ ਹੈ ਭਾਵ ਜਿਸਨੂੰ ਗੁਰਮਤਿ ਦੀ ਪੂਰਨ ਸੱਚੀ ਸਮਝ ਹੈ। ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਹੀ ਹਨ ਜੋ ਸੰਸਾਰੀਆਂ ਨੂੰ ਆਪਣੀ ਮਤਿ ਸਮਝਾਉਂਣ ਦੁਆਰਾ ਦੂਸਰਿਆਂ ਦੀ ਮਤਿ ਨੂੰ ਨੀਵਾਂ ਕਹਿੰਦੇ ਹਨ ਇਹ ਵੀ ਝੂਠੀ ਨਿੰਦਾ ਹੀ ਹੈ ਕਿਉਂਕਿ ਉਹਨਾਂ ਦਾ ਆਪਣਾ ਹਿਰਦਾ ਸੁਧ ਨਹੀਂ ਹੁੰਦਾ ਭਾਵ ਉਹਨਾਂ ਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਹੁੰਦੀ। ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੀ ਸਾਡੇ ਅੰਦਰ ਦੀ ਮਲੁ ਹੈ ਭਾਵ ਹਉਮੈ ਰੂਪ ਮੱਲ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਗੁਰੂ ਸਾਡੀ ਸੱਚੀ ਨਿੰਦਾ ਕਰਦਾ ਹੈ ਜਿਸ ਦੁਆਰਾ ਉਹ ਸਾਡੀ ਮੱਲ ਨੂੰ ਧੋਂਦਾ ਹੈ ਤੇ ਸਾਡੀ ਮੱਲ ਤਾਂ ਹੀ ਧੁਪੇਗੀ ਜੇ ਅਸੀਂ ਗੁਰੂ ਦੁਆਰਾ ਕੀਤੀ ਹੋਈ ਨਿੰਦਾ ਨੂੰ ਕਬੂਲ ਕਰਾਂਗੇ। ਗੁਰੂ ਆਪਣੀ ਗੁਰਮਤਿ ਦੁਆਰਾ ਸਾਡੀ ਮਨਮਤਿ ਨੂੰ ਨਿੰਦਦਾ ਹੈ ਤੇ ਜਦ

48/6559

ਤਕ ਅਸੀਂ ਮਨਮਤਿ ਨਹੀਂ ਛੱਡਦੇ ਤਦ ਤਕ ਅਸੀਂ ਗੁਰੂ ਦੇ ਨਿੰਦਕ ਬਣੇ ਰਹਿੰਦੇ ਹਾਂ।

ਗੁਰਮਤਿ ਦੀ ਸਮਝ ਨੂੰ ਨਾ ਮੰਨਣ ਕਰਕੇ ਭਾਵ ਮਨਮਤਿ ਵਿੱਚ ਰਹਿਣ ਕਰਕੇ ਅਸੰਖ ਹੀ ਗੁਰੂ ਦੇ ਨਿੰਦਕ ਹਨ ਜਿਸ ਦੁਆਰਾ ਉਹ ਆਪਣੇ ਸਿਰ ਤੇ ਭਾਰ ਪਾਉਂਦੇ ਹਨ ਭਾਵ ਮਾੜੇ ਕਰਮਾਂ ਦਾ ਭਾਰ ਪਾਉਂਦੇ ਹਨ। **(ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥)** ਅੰਗ ੪

ਗੁਰੂ ਦੀ ਮਤਿ ਨੂੰ ਨਾ ਮੰਨਣ ਵਾਲਿਆਂ ਨੂੰ ਭਾਵ ਗੁਰਮਤਿ ਦੇ ਨਿੰਦਕਾਂ ਨੂੰ ਭਾਵ ਮਾੜੇ ਕਰਮ ਕਰਨ ਵਾਲਿਆਂ ਨੂੰ ਧੰਨ ਧੰਨ ਬਾਬਾ ਨਾਨਕ ਜੀ ਅਗਲੀ ਪੰਗਤੀ ਰਾਹੀਂ ਕੀ ਸਮਝਾ ਰਹੇ ਹਨ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਨਾਨਕੁ ਨੀਚੁ ਕਹੈ ਵੀਚਾਰੁ ॥"

ਉਪਰ ਪੰਗਤੀ ਵਿੱਚ ਜੋ ਮਾੜੇ ਕਰਮ ਕਰਦੇ ਹਨ ਉਹਨਾਂ ਨੂੰ **"ਨੀਚੁ"** ਕਹਿ ਕੇ ਸਮਝਾਇਆ ਹੋਇਆ ਹੈ ਕਿ ਹੇ ਨੀਚ ਮਨੁੱਖ ਮੈਂ ਤੈਨੂੰ ਇਹ ਕਹਿ ਰਿਹਾ ਹਾਂ ਕਿ ਤੂੰ ਗੁਰੂ ਦੀ ਮਤਿ ਨੂੰ **"ਵੀਚਾਰ"** ਭਾਵ ਗੁਰੂ ਦੀ ਮਤਿ ਨੂੰ ਮੰਨ ਤਾਂ ਜੋ ਤੂੰ ਗੁਰੂ ਦਾ ਨਿੰਦਕ ਨਾ ਬਣੇ ਭਾਵ ਗੁਰਮਤਿ ਦੇ ਉਲਟ ਚੱਲਕੇ ਮਾੜੇ ਕਰਮ ਨਾ ਕਰੇ ਤੇ ਆਪਣੇ ਸਿਰ ਮਾੜੇ ਕਰਮਾਂ ਦਾ ਬੋਝ ਨਾ ਲੱਦੇ। ਗੁਰੂ ਦੇ ਵਿਚਾਰ ਨੂੰ ਮੰਨਣ ਦੁਆਰਾ ਹੀ ਅਸੀਂ ਮਨ ਦੀ ਮਲੁ ਵਿੱਚੋਂ ਨਿਕਲ ਸਕਦੇ ਹਾਂ, ਮਲੇਛ ਬਣਨ ਤੋਂ ਬੱਚ ਸਕਦੇ ਹਾਂ, ਮਨ ਦੀ ਕੂੜੀ ਮਤਿ ਵਿੱਚੋਂ ਨਿਕਲ ਸਕਦੇ ਹਾਂ, ਗੁਰਮਤਿ ਦੇ ਚੋਰ, ਨਾਮ ਦੇ ਚੋਰ ਬਣਨ ਤੋਂ ਬੱਚ ਸਕਦੇ ਹਾਂ, ਹਰਾਮਖੋਰੀ ਤੋਂ ਬੱਚ ਸਕਦੇ ਹਾਂ ਭਾਵ ਪਾਪ ਕਰਨ ਤੋਂ ਬੱਚ ਸਕਦੇ ਹਾਂ, ਗੁਰੂ ਦੀਆਂ ਨਜਰਾਂ ਵਿੱਚ ਪਾਪੀ ਬਣਨ ਤੋਂ ਬੱਚ ਸਕਦੇ ਹਾਂ। ਬਾਣੀ ਵਿੱਚ ਸ਼ਬਦਾਂ ਰਾਹੀਂ **"ਨੀਚੁ"** ਕਿਸਨੂੰ ਕਿਹਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਦੋਹਰਾਇਆ ਜਾ ਸਕਦਾ ਹੈ।

{ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥ ਬਾਬਾ ਮਾਇਆ ਰਚਨਾ ਧੋਹੁ ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥ ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥
ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥
ਸਭੁ ਕੋ ਆਥੈ ਬਹੁਤੁ ਬਹੁਤੁ ਘਟਿ ਨ ਆਥੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥
ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੩॥ ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥}

(ਅੰਗ ੧੫)

48/6560

{ਲਬੁ ਕੁਤਾ ਕੂੜੁ ਚੁਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥}

(ਅੰਗ ੧੫)

ਉਪਰ ਵਾਲੇ ਪੂਰੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਕਿ ਮਨੁੱਖ ਪ੍ਰਮਾਤਮਾ ਦੀਆਂ ਨਜਰਾਂ ਵਿੱਚ **"ਨੀਚੁ"** ਕਿਸ ਤਰੀਕੇ ਬਣਦਾ ਹੈ ਤੇ ਨੀਚ ਬਣਨ ਦਾ ਕਾਰਨ ਕੀ ਹੈ। ਨੀਚ ਅਸੀਂ ਆਪਣੇ ਮਾੜੇ ਕਰਮਾਂ ਦੁਆਰਾ ਬਣਦੇ ਹਾਂ ਤੇ ਮਾੜੇ ਕਰਮ ਉਹੀ ਕਰਦਾ ਹੈ ਜੋ ਗੁਰੂ ਦੀ ਮਤਿ ਨੂੰ ਮੰਨਣ ਵਾਲਾ ਨਹੀਂ ਹੁੰਦਾ ਭਾਵ ਜੋ ਗੁਰੂ ਦਾ ਨਾਮ ਜਪਣ ਵਾਲਾ ਨਹੀਂ ਹੁੰਦਾ ਭਾਵ ਜੋ ਆਪਣੇ

ਅਉਗੁਣ ਨਹੀਂ ਛੱਡਦਾ। ਨੀਚ ਸਾਨੂੰ ਸਾਡੇ ਮਨ ਦੇ ਮਾੜੇ ਵਿਚਾਰ ਹੀ ਬਣਾਉਂਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਹੀ ਬਣਾਉਂਦੇ ਹਨ ਭਾਵ ਸਾਡੇ ਅਉਗੁਣ ਹੀ ਬਣਾਉਂਦੇ ਹਨ ਜਿਨ੍ਹਾਂ ਅਉਗੁਣਾਂ ਦਾ ਕਾਰਨ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਹਨ, ਸਾਡੇ ਅੰਦਰ ਦਾ ਮਾਇਆ ਮੋਹ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਨੀਚ ਸਾਨੂੰ ਸਾਡੇ ਮਨ ਦੀ ਮਾੜੀ ਸਮਝ ਹੀ ਬਣਾਉਂਦੀ ਹੈ ਜਿਸ ਨੀਚਤਾ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦੀ ਸੱਚੀ ਸਮਝ ਨੂੰ ਮੰਨਣਾ ਹੈ। ਸਾਡੇ ਅੰਦਰ ਦੀ ਹਉਮੈ ਸਾਡੇ ਅੰਦਰ ਦੀ ਨੀਚ ਜਾਤਿ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਨੀਚ ਜਾਤਿ ਵਿੱਚੋਂ ਨਿਕਲਣ ਦਾ ਤਰੀਕਾ ਭਾਵ ਨਾਮ ਦੀ ਜਾਤਿ ਵਾਲਾ ਬਣਨ ਦਾ ਤਰੀਕਾ ਆਪਣੀ ਹਉਮੈ ਵਾਲੀ ਸਮਝ ਨੂੰ ਛੱਡਣ ਦਾ ਹੈ ਤੇ ਗੁਰੂ ਦੇ ਨਾਮ ਵਾਲੀ ਸਮਝ ਨੂੰ ਮੰਨਣ ਦਾ ਹੈ। ਨਾਮ ਦੀ ਜਾਤਿ ਵਾਲਾ ਮਨੁੱਖ ਕੋਈ ਮਾੜੇ ਕਰਮ ਕਰ ਹੀ ਨਹੀਂ ਸਕਦਾ ਕਿਉਂਕਿ ਉਹ ਅਉਗੁਣਾਂ ਨੂੰ ਤਿਆਗਕੇ ਗੁਣਾਂ ਦੁਆਰਾ ਵਿਚਰਦਾ ਹੈ ਭਾਵ ਆਪਣੇ ਜੀਵਨ ਦੀ ਹਰ ਵਿਚਰਨ ਵਿੱਚ ਪ੍ਰਮਾਤਮਾ ਦਾ ਨਾਮ ਜਪਦਾ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਦਾ ਹੈ।

ਉਪਰ ਜਪੁਜੀ ਬਾਣੀ ਦੇ ਮੁੱਖ ਸ਼ਬਦ ਰਾਹੀਂ ਗੁਰੂ ਸਾਹਿਬ ਨੇ ਉਹਨਾਂ ਨੂੰ ਹੀ ਸਮਝਾਇਆ ਹੈ ਜੋ ਆਪਣੇ ਮਾੜੇ ਕਰਮ ਕਰਨ ਦੁਆਰਾ ਨੀਚ ਹਨ। ਸਾਡੇ ਅੰਦਰ ਦੀ ਨੀਚਤਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਹੋਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

{ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥
ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ ॥
ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ ॥
ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤ੍ਰੂਟੈ ਤਾਪ॥ ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ ॥
ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥੩॥}

(ਅੰਗ ੨੯੭)

{ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥}

(ਅੰਗ ੧੨)

48/6561

{ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ ॥ ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ॥
ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ ॥੧॥ ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥
ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥੧॥ ਰਹਾਉ ॥
ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥
ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥
ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ॥੨॥}

(ਅੰਗ ੧੬੭)

{ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥
ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ॥੨॥
ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥ ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥੩॥
ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥

ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ॥ ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ॥੫॥
ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥੬॥
ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥
ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥੭॥ ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥
ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥੮॥੯॥੩੧॥}

(ਅੰਗ ੪੨੭)

{ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥੭॥
ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥
ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥੮॥੮॥੩੦॥}

(ਅੰਗ ੪੨੬)

{ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥
ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥
ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥
ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥
ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥
ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥
ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥
ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥
ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥
ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥
ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥}

(ਅੰਗ ੮੩੨)

{ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥ ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥੧॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥ ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥੧॥ ਰਹਾਉ ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ ॥ ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥੨॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥

ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥ ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥੪॥੪॥੩੪॥}

(ਅੰਗ ੮੦੯)

{ਤੂ ਸਮਰਥੁ ਸਦਾ ਹਮ ਦੀਨ ਭੇਖਾਰੀ ਰਾਮ ॥ ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ ॥
ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥ ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ॥
ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ ॥
ਬਿਨਵੰਤਿ ਨਾਨਕ ਦਾਸੁ ਹਰਿ ਕਾ ਪ੍ਰਭ ਜੀਅ ਪ੍ਰਾਨ ਅਧਾਰੀ ॥੨॥
ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥ ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥
ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ ॥
ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ ॥
ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ॥
ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥੩॥}

(ਅੰਗ ੫੪੭)

{ਸਭਿ ਸਿਧ ਸਾਧਿਕ ਮੁਨਿ ਜਨਾ ਮਨਿ ਭਾਵਨੀ ਹਰਿ ਧਿਆਇਓ ॥
ਅਪਰੰਪਰੋ ਪਾਰਬ੍ਰਹਮੁ ਸੁਆਮੀ ਹਰਿ ਅਲਖੁ ਗੁਰੂ ਲਖਾਇਓ ॥੧॥ ਰਹਾਉ ॥
ਹਮ ਨੀਚ ਮਧਿਮ ਕਰਮ ਕੀਏ ਨਹੀ ਚੇਤਿਓ ਹਰਿ ਰਾਇਓ ॥
ਹਰਿ ਆਨਿ ਮੇਲਿਓ ਸਤਿਗੁਰੂ ਖਿਨੁ ਬੰਧ ਮੁਕਤਿ ਕਰਾਇਓ ॥੧॥
ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ ॥
ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥੨॥
ਪਤਿਤ ਪਾਵਨੁ ਨਾਮੁ ਨਰਹਰਿ ਮੰਦਭਾਗੀਆਂ ਨਹੀ ਭਾਇਓ ॥
ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ ॥੩॥
ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ ਗੁਰ ਚਰਨ ਮਨੁ ਮੈ ਲਾਇਓ ॥
ਹਰਿ ਰਾਮ ਨਾਮੈ ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ ॥੪॥੩॥}

(ਅੰਗ ੯੮੫)

{ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥ ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥੧॥
ਗੁਰੁ ਪੂਰਾ ਆਰਾਧਿਆ ਬਿਨਸੀ ਮੇਰੀ ਪੀਰ॥ ਤਨੁ ਮਨੁ ਸਭੁ ਸੀਤਲੁ ਭਇਆ ਪਾਇਆ ਸੁਖੁ ਬੀਰ॥੧॥ ਰਹਾਉ॥
ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ ॥ ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ ॥੨॥
ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ ॥ ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ ॥੩॥
ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ ॥ ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ ॥੪॥੨੫॥੫੫॥}

(ਅੰਗ ੮੧੪)

{ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥

ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥੧॥ ਰਾਮ ਮੋ ਕਉ ਹਰਿ ਜਨ ਕਾਰੈ ਲਾਈਐ॥
ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥੧॥ ਰਹਾਉ ॥
ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ ॥
ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ ॥੨॥
ਸਤਗੁਰ ਸਰਣਿ ਪਰੇ ਤਿਨ ਪਾਇਆ ਮੇਰੇ ਠਾਕੁਰ ਲਾਜ ਰਖਾਈਐ ॥
ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ ਜਿਉ ਬਗੁਲ ਸਮਾਧਿ ਲਗਾਈਐ ॥੩॥
ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥
ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ ॥੪॥੪॥}

(ਅੰਗ ੮੮੧)

{ਕਰਨ ਕਰਾਵਨ ਸੋਈ ॥ ਆਨ ਨ ਦੀਸੈ ਕੋਈ ॥ ਠਾਕੁਰੁ ਮੇਰਾ ਸੁਘੜੁ ਸੁਜਾਨਾ ॥
ਗੁਰਮੁਖਿ ਮਿਲਿਆ ਰੰਗੁ ਮਾਨਾ ॥੧॥ ਐਸੋ ਰੇ ਹਰਿ ਰਸੁ ਮੀਠਾ ॥ ਗੁਰਮੁਖਿ ਕਿਨੈ ਵਿਰਲੈ ਡੀਠਾ ॥੧॥ ਰਹਾਉ॥
ਨਿਰਮਲ ਜੋਤਿ ਅੰਮ੍ਰਿਤੁ ਹਰਿ ਨਾਮ ॥ ਪੀਵਤ ਅਮਰ ਭਏ ਨਿਹਕਾਮ ॥ ਤਨੁ ਮਨੁ ਸੀਤਲੁ ਅਗਨਿ ਨਿਵਾਰੀ ॥
ਅਨਦ ਰੂਪ ਪ੍ਰਗਟੇ ਸੰਸਾਰੀ ॥੨॥ ਕਿਆ ਦੇਵਉ ਜਾ ਸਭੁ ਕਿਛੁ ਤੇਰਾ ॥ ਸਦ ਬਲਿਹਾਰਿ ਜਾਉ ਲਖ ਬੇਰਾ ॥
ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥ ਗੁਰ ਕਿਰਪਾ ਤੇ ਨੀਚੁ ਨਿਵਾਜਿਆ ॥੩॥
ਖੋਲਿ ਕਿਵਾਰਾ ਮਹਲਿ ਬੁਲਾਇਆ ॥ ਜੈਸਾ ਸਾ ਤੈਸਾ ਦਿਖਲਾਇਆ ॥
ਕਹੁ ਨਾਨਕ ਸਭੁ ਪੜਦਾ ਤੂਟਾ ॥ ਹਉ ਤੇਰਾ ਤੂ ਮੈ ਮਨਿ ਵੂਠਾ ॥੪॥੩॥੧੪॥}

(ਅੰਗ ੮੮੬-੮੮੭)

{ਆਇ ਵਿਗੂਤਾ ਜਗੁ ਜਮ ਪੰਥੁ ॥ ਆਈ ਨ ਮੇਟਣ ਕੋ ਸਮਰਥੁ ॥ ਆਧਿ ਸੈਲ ਨੀਚ ਘਰਿ ਹੋਇ ॥
ਆਧਿ ਦੇਖਿ ਨਿਵੈ ਜਿਸੁ ਦੋਇ ॥ ਆਧਿ ਹੋਇ ਤਾ ਮੁਗਧੁ ਸਿਆਨਾ ॥ ਭਗਤਿ ਬਿਹੂਨਾ ਜਗੁ ਬਉਰਾਨਾ ॥
ਸਭ ਮਹਿ ਵਰਤੈ ਏਕੋ ਸੋਇ ॥ ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ ॥੧੪॥}

(ਅੰਗ ੯੩੧)

{ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ ॥
ਗੁਰ ਪਰਸਾਦੀ ਹਰਿ ਨਾਮੁ ਧਿਆਇਓ ਹਮ ਸਤਿਗੁਰ ਚਰਨ ਪਖੇ ॥੧॥ ਰਹਾਉ ॥
ਊਤਮ ਜਗੰਨਾਥ ਜਗਦੀਸੁਰ ਹਮ ਪਾਪੀ ਸਰਨਿ ਰਖੇ ॥
ਤੁਮ ਵਡ ਪੁਰਖ ਦੀਨ ਦੁਖ ਭੰਜਨ ਹਰਿ ਦੀਓ ਨਾਮੁ ਮੁਖੇ ॥੧॥
ਹਰਿ ਗੁਨ ਊਚ ਨੀਚ ਹਮ ਗਾਏ ਗੁਰ ਸਤਿਗੁਰ ਸੰਗਿ ਸਖੇ ॥
ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ ॥੨॥
ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ ॥
ਅਵਗਨਿਆਰੇ ਪਾਥਰ ਭਾਰੇ ਹਰਿ ਤਾਰੇ ਸੰਗਿ ਜਨਖੇ ॥੩॥
ਜਿਨ ਕਉ ਤੁਮ ਹਰਿ ਰਾਖਹੁ ਸੁਆਮੀ ਸਭ ਤਿਨ ਕੇ ਪਾਪ ਕ੍ਰਿਖੇ ॥
ਜਨ ਨਾਨਕ ਕੇ ਦਇਆਲ ਪ੍ਰਭ ਸੁਆਮੀ ਤੁਮ ਦੁਸਟ ਤਾਰੇ ਹਰਣਖੇ ॥੪॥੩॥}

(ਅੰਗ ੯੭੫-੯੭੬)

{ਮਿਲਉ ਸੰਤਨ ਕੈ ਸੰਗਿ ਮੋਹਿ ਉਧਾਰਿ ਲੇਹੁ ॥ ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ ॥
ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ੍ ਦਇਆ ॥
ਕਤਹੂੰ ਨ ਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ ॥
ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ ॥
ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ ॥੧॥
ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ ॥ ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ ॥
ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥
ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ ॥
ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ ॥
ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ ॥੨॥}

(ਅੰਗ ੪੫੭-੪੫੮)

{ਮਾਈ ਪ੍ਰਭ ਕੇ ਚਰਨ ਨਿਹਾਰਉ ॥ ਕਰਹੁ ਅਨੁਗ੍ਰਹੁ ਸੁਆਮੀ ਮੇਰੇ ਮਨ ਤੇ ਕਬਹੁ ਨ ਡਾਰਉ ॥੧॥ ਰਹਾਉ ॥
ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥
ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥੧॥
ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ ॥
ਨਾਮ ਨਿਧਾਨੁ ਨਾਨਕ ਦਾਨੁ ਪਾਵਉ ਕੰਠਿ ਲਾਇ ਉਰਿ ਧਾਰਉ ॥੨॥੧੯॥}

(ਅੰਗ ੫੩੧-੫੩੨)

{ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥}

(ਅੰਗ ੬੯੮)

{ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥}

(ਅੰਗ ੭੩੧)

{ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥
ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥}

(ਅੰਗ ੭੩੬)

{ਪ੍ਰਾਨ ਸੁਖਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਬ ॥
ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਬ ॥੧॥ ਰੇ ਨਰ ਐਸੀ ਕਰਹਿ ਇਆਨਬ॥
ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਬ ॥੧॥ ਰਹਾਉ ॥
ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਬ ॥
ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਬ ॥੨॥
ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਬ ॥
ਪਰ ਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੂਲਾਨਬ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਬ ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਬ ॥੪॥੧॥੧੦॥}

(ਅੰਗ ੧੦੦੧)

{ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ ॥
ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ ॥੧॥
ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤਰੀਆ ॥
ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ ਤਉ ਮੇਰੀ ਸੂਖਿ ਸੇਜਰੀਆ ॥੨॥੨੨॥੪੫॥}

(ਅੰਗ ੧੨੧੩)

{ਅੰਧੌ ਬੋਲੌ ਮੁਗਧੁ ਗਵਾਰੁ ॥ ਹੀਣੌ ਨੀਚੁ ਬੁਰੌ ਬੁਰਿਆਰੁ ॥ ਨੀਧਨ ਕੌ ਧਨੁ ਨਾਮੁ ਪਿਆਰੁ ॥
ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥ ਉਸਤਤਿ ਨਿੰਦਾ ਸਬਦੁ ਵੀਚਾਰੁ ॥ ਜੋ ਦੇਵੈ ਤਿਸ ਕਉ ਜੈਕਾਰੁ ॥
ਤੂ ਬਖਸਹਿ ਜਾਤਿ ਪਤਿ ਹੋਇ ॥ ਨਾਨਕੁ ਕਹੈ ਕਹਾਵੈ ਸੋਇ ॥੫॥੧੨॥}

(ਅੰਗ ੧੩੩੦)

{ਬਹੁ ਬਿਧਿ ਮਾਇਆ ਮੋਹ ਹਿਰਾਨੋ ॥ ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥੧॥ ਰਹਾਉ ॥
ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ ॥
ਲੋਗ ਦੁਰਾਇ ਕਰਤ ਠਗਿਆਈ ਹੋਤੋ ਸੰਗਿ ਨ ਜਾਨੋ ॥੧॥
ਮ੍ਰਿਗ ਪੰਖੀ ਮੀਨ ਦੀਨ ਨੀਚ ਇਹ ਸੰਕਟ ਫਿਰਿ ਆਨੋ ॥
ਕਹੁ ਨਾਨਕ ਪਾਹਨ ਪ੍ਰਭ ਤਾਰਹੁ ਸਾਧਸੰਗਤਿ ਸੁਖ ਮਾਨੋ ॥੨॥੧੧॥੧੫॥}

(ਅੰਗ ੧੨੬੯)

{ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥
ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥
ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥
ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥ ਮਨਿ ਭਾਵੈ ਸਬਦੁ ਸੁਹਾਇਆ ॥
ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨ੍ਹੇ ਗੁਰਿ ਰਾਖੇ ਸਚੁ ਪਾਇਆ ॥੧॥ ਰਹਾਉ ॥
ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮੁ ਨ ਭਾਇਆ ॥

ਰਤਨ ਪਦਾਰਥੁ ਪਰਹਰਿ ਤਿਆਗਿਆ ਜਤ ਕੋ ਤਤ ਹੀ ਆਇਆ ॥
ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ ॥
ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥੨॥
ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥
ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥
ਹਮ ਨੀਚ ਹੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥
ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥੩॥
ਬੈਸਿ ਸੁਥਾਨਿ ਕਹਾਂ ਗੁਣ ਤੇਰੇ ਕਿਆ ਕਿਆ ਕਥਉ ਅਪਾਰਾ ॥
ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ ॥
ਕਿਸੁ ਪਹਿ ਦੇਖਿ ਕਹਉ ਤੂ ਕੈਸਾ ਸਭਿ ਜਾਚਕ ਤੂ ਦਾਤਾਰਾ ॥
ਭਗਤਿਹੀਣੁ ਨਾਨਕੁ ਦਰਿ ਦੇਖਹੁ ਇਕੁ ਨਾਮੁ ਮਿਲੈ ਉਰਿ ਧਾਰਾ ॥੪॥੩॥}

(ਅੰਗ ੧੨੫੪-੧੨੫੫)

{ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥}

(ਅੰਗ ੪੬੯)

{ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥
ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥੧॥
ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥
ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥
ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥
ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥ ਜਿਉ ਭਾਵੀ ਤਿਉ ਨਾਮੁ ਜਪਾਇ ॥
ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥੩॥
ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥
ਤੇਰਾ ਤਾਣੁ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥}

(ਅੰਗ ੧੫੪)

ਸਾਨੂੰ ਸਾਡੀ ਨੀਚਤਾ ਵਿੱਚ ਸਾਡੇ ਅੰਦਰ ਦੀ ਹਉਮੈ ਰੱਖਦੀ ਹੈ ਭਾਵ ਸਾਡੇ ਅੰਦਰ ਦੀ ਮਾੜੀ ਸਮਝ ਰੱਖਦੀ ਹੈ ਜੋ ਮਾੜੀ ਸਮਝ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੀ ਹੈ। ਸਾਡੇ ਮਾੜੇ ਕਰਮ ਧਰਮ ਵਾਲੇ ਕਰਮ ਨਹੀਂ ਹੁੰਦੇ। ਜਦ ਤਕ ਅਸੀਂ ਹਉਮੈ ਦੀ ਜਾਤਿ ਵਾਲੇ ਹਾਂ ਭਾਵ ਹਉਮੈ ਵਾਲੀ ਸਮਝ ਵਿੱਚ ਹਾਂ ਤਦ ਤਕ ਹੀ ਅਸੀਂ ਮਾੜੇ ਕਰਮ ਕਰਦੇ ਹਾਂ ਭਾਵ ਧਰਮ ਦੇ ਸੱਚੇ ਮਾਰਗ ਅਨੁਸਾਰ ਨਹੀਂ ਵਿਚਰਦੇ ਜਿਸ ਕਰਕੇ ਅਸੀਂ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਨੀਚ ਬਣਦੇ ਹਾਂ। ਜਦੋਂ ਅਉਗੁਣਾਂ ਵਾਲੀ ਸਮਝ ਵਿੱਚੋਂ ਨਿਕਲਕੇ ਅਸੀਂ ਗੁਣਾਂ ਵਾਲੀ ਸਮਝ ਵਾਲੇ ਬਣ ਜਾਂਦੇ ਹਾਂ ਇਹ ਸਾਡੀ ਹਉਮੈ ਵਾਲੀ ਜਾਤਿ ਬਦਲ ਕੇ ਨਾਮ ਵਾਲੀ ਜਾਤਿ ਬਣ ਜਾਂਦੀ ਹੈ ਜਿਸ ਨਾਮ ਵਾਲੀ ਜਾਤਿ ਵਾਲੇ ਬਣਨ ਦੁਆਰਾ ਅਸੀਂ ਧਰਮ ਵਾਲੇ ਕਰਮ ਹੀ ਕਰਦੇ ਹਾਂ ਭਾਵ ਚੰਗੇ ਕਰਮ ਹੀ ਕਰਦੇ ਹਾਂ, ਗੁਰਮਤਿ ਦੀ ਸੱਚੀ ਸਮਝ ਵਾਲੇ ਕਰਮ ਹੀ ਕਰਦੇ ਹਾਂ ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। **(ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥) (ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥) (ਹਮ ਨੀਚ ਹੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥ ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥੩॥)**

ਅਸੀਂ ਕਿਸੇ ਮਨੁੱਖ ਨੂੰ ਉੱਚੀ ਜਾਂ ਨੀਵੀਂ ਜਾਤਿ ਵਾਲਾ ਉਸਦੀ ਆਪਣੀ ਬਣਾਈ ਹੋਈ ਸੰਸਾਰਿਕ ਜਾਤਿ ਦੁਆਰਾ ਸਮਝਦੇ ਹਾਂ ਕਿ ਇਹ ਮਨੁੱਖ ਉੱਚੀ ਜਾਤਿ ਵਾਲਾ ਹੈ ਤੇ ਇਹ ਮਨੁੱਖ ਨੀਵੀਂ ਜਾਤਿ ਵਾਲਾ

48/6563

ਹੈ। ਪ੍ਰਮਾਤਮਾ ਦੀਆਂ ਨਜਰਾਂ ਵਿੱਚ ਸਾਰੇ ਸੰਸਾਰ ਦੀ ਜਾਤਿ ਇੱਕੋ ਹੀ ਹੈ ਜਦ ਤਕ ਸਾਡੇ ਅੰਦਰ ਹਉਮੈ ਹੈ ਤਦ ਤਕ ਹਰ ਕੋਈ ਹਉਮੈ ਦੀ ਜਾਤਿ ਵਾਲਾ ਹੈ ਭਾਵ ਨੀਵੀਂ ਜਾਤਿ ਵਾਲਾ ਹੈ ਤੇ ਮਨ ਦੀ ਹਉਮੈ ਨਿਕਲੇ ਬਿਨਾਂ ਕੋਈ ਨਾਮ ਦੀ ਜਾਤਿ ਵਾਲਾ ਨਹੀਂ ਬਣ ਸਕਦਾ ਤੇ ਨਾਮ ਦੀ ਜਾਤਿ ਵਾਲਾ ਬਣਨ ਦੁਆਰਾ ਕੋਈ ਮਾੜੇ ਕਰਮ ਕਰ ਹੀ ਨਹੀਂ ਸਕਦਾ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਸੀਂ ਕਿਸੇ ਦੀ ਅਸਲ ਜਾਤਿ ਨੂੰ ਸਮਝਣ ਲਈ ਉਸਦੇ ਕਰਮ ਧਰਮ ਨਹੀਂ ਦੇਖਦੇ ਬਲਕਿ ਉਹਨਾਂ ਦੇ ਧਾਰਮਿਕ ਦਿਖਾਵਿਆਂ ਨੂੰ ਦੇਖਦੇ ਹਾਂ, ਆਪਣੀਆਂ ਆਪਣੀਆਂ ਬਣਾਈਆਂ ਹੋਈਆਂ ਸੰਸਾਰਿਕ ਜਾਤਾਂ ਦੁਆਰਾ ਉਸਨੂੰ ਚੰਗਾ ਮਾੜਾ ਸਮਝਦੇ ਹਾਂ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਅਸਲ ਵਿੱਚ ਨੀਵੀਂ ਜਾਤਿ ਵਾਲਾ ਕੌਣ ਹੈ।

ਸਿਰੀਰਾਗੁ ਮਹਲਾ ੧ ॥

“ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥”

(ਅੰਗ ੧੫)

ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਸਮਝੇ ਹੀ ਹਨ ਜਿਸ ਰਾਹੀਂ ਸਾਨੂੰ ਨਾਲ ਜਪਣਾ ਹੀ ਸਿਖਾਇਆ ਹੋਇਆ ਹੈ। ਅਸੀਂ ਨਾਮ ਨੂੰ ਕੋਈ ਅੱਖਰ ਸਮਝ ਕੇ ਬੋਲ ਬੋਲ ਕੇ ਜਪਦੇ ਹਾਂ ਜਿਸਨੂੰ ਅਸੀਂ ਪ੍ਰਮਾਤਮਾ ਦੇ ਗੁਣ ਗਾਉਂਣ ਲਈ ਆਪਣੇ ਉੱਤਮ ਬੋਲ ਸਮਝਦੇ ਹਾਂ ਤੇ ਆਪਣੇ ਆਪ ਨੂੰ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਉੱਤਮ ਬਣਨਾ ਸਮਝਦੇ ਹਾਂ। ਉਪਰ ਸ਼ਬਦ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਜਦ ਤਕ ਮਨੁੱਖ ਮਾਇਆ ਦੇ ਰਸਾਂ ਨਾਲ ਜੁੜਿਆ ਹੋਇਆ ਹੈ ਤਦ ਤਕ ਕੋਈ ਵੀ ਨਾਮ ਵਾਲਾ ਨਹੀਂ ਹੈ ਭਾਵ ਉਸਦੇ ਅੰਦਰ ਨਾਮ ਵਾਲੀ ਸੱਚੀ ਸਮਝ ਨਹੀਂ ਹੈ ਭਾਵ ਉਸਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਹੈ ਭਾਵ ਜਦ ਤਕ ਮਨੁੱਖ ਮਾਇਆ ਦੇ ਰਸਾਂ ਦੀ ਪੂਰਤੀ ਲਈ ਮਾੜੇ ਕਰਮ ਕਰਦਾ ਹੈ ਉਸੇ ਕਾਰਣ ਉਹ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਨੀਵੀਂ ਜਾਤਿ ਵਾਲਾ ਬਣਦਾ ਹੈ ਜਿਵੇਂ ਕਿ ਉਪਰ ਵਾਲੀ ਪਹਿਲੀ ਪੰਗਤੀ ਦੁਆਰਾ ਹੀ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

“ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥”

ਅਸੀਂ ਆਪਣੇ ਸਮਾਜ ਵਿੱਚ ਭਾਵ ਆਪਣੀ ਨਾਸਮਝ ਮਾੜੀ ਆਸਥਾ ਅਨੁਸਾਰ ਕਿਸੇ ਨੂੰ **“ਚੂਹੜਾ”** ਕਹਿੰਦੇ ਹਾਂ ਜਿਸਨੂੰ ਕਿ ਅਸੀਂ ਨੀਵੀਂ ਜਾਤਿ ਦਾ ਦਰਜਾ ਦਿੱਤਾ ਹੋਇਆ ਹੈ।

48/6564 (including A, B, C, D part)

ਗੁਰੂ ਸਾਹਿਬ ਸਾਨੂੰ ਉਪਰਲੀ ਪੰਗਤੀ ਰਾਹੀਂ ਇਹ ਸਮਝਾ ਰਹੇ ਹਨ ਕਿ ਅਸਲ ਚੂਹੜਾ ਕੌਣ ਹੈ ਭਾਵ ਅਸਲ ਵਿੱਚ ਨੀਵੀਂ ਜਾਤਿ ਵਾਲਾ ਕੌਣ ਹੈ। ਅਸੀਂ ਕਿਸੇ ਨੂੰ ਮਾੜਾ ਕਹਿਣ ਲਈ ਉਸਨੂੰ ਕੁੱਤਾ ਕਹਿ ਕੇ ਵੀ ਪੁਕਾਰਦੇ ਹਾਂ ਪਰ ਗੁਰੂ ਦੀਆਂ ਨਜਰਾਂ ਵਿੱਚ ਅਸਲ ਕੁੱਤਾ ਕੌਣ ਹੈ ਸਾਨੂੰ ਉਪਰ ਪੰਗਤੀ ਰਾਹੀਂ ਇਹ ਵੀ ਸਮਝਾਇਆ ਹੋਇਆ ਹੈ। ਜੋ **“ਮੁਰਦਾਰੁ”** ਖਾਂਦਾ ਹੈ ਆਪਣੀ ਆਪਣੀ ਧਾਰਮਿਕ

ਆਸਥਾ ਅਨੁਸਾਰ ਅਸੀਂ ਉਸਨੂੰ ਵੀ ਮਾੜਾ ਕਹਿੰਦੇ ਹਾਂ ਭਾਵ ਅਸਲੀ ਮਾਸ ਖਾਣ ਨੂੰ ਧਰਮ ਤੋਂ ਉਲਟ ਮਾਰਗ ਸਮਝਦੇ ਹਾਂ ਪਰ ਅਸਲ ਮੁਰਦਾਰੁ ਖਾਣਾ ਕੀ ਹੈ ਇਹ ਗੱਲ ਵੀ ਨਾਲ ਹੀ ਸਮਝਾਈ ਹੋਈ ਹੈ। ਗੁਰੂ ਦੀਆਂ ਨਜਰਾਂ ਵਿੱਚ **"ਕੁੱਤਾ"** ਮਨੁੱਖ ਉਹ ਹੈ ਜਿਸਦੇ ਅੰਦਰ ਲੋਭ ਲਾਲਚ ਵਾਲੀ ਬਿਰਤੀ ਹੈ ਜਿਸ ਕਰਕੇ ਉਹ ਮਾੜੇ ਕਰਮ ਕਰਦਾ ਹੈ। ਗੁਰੂ ਦੀਆਂ ਨਜਰਾਂ ਵਿੱਚ ਅਸਲ **"ਚੂਹੜਾ"** ਉਹ ਹੈ ਜਿਸਦੇ ਅੰਦਰ **"ਕੂੜੁ"** ਹੈ ਭਾਵ ਜੋ ਮਨੁੱਖ ਝੂਠ ਬੋਲਦਾ ਹੈ। ਝੂਠ ਬੋਲਣ ਦੁਆਰਾ ਅਸੀਂ ਕਿਸੇ ਦਾ ਮਾੜਾ ਹੀ ਕਰਦੇ ਹਾਂ ਭਾਵ ਕਿਸੇ ਨਾਲ ਠੱਗੀ ਹੀ ਮਾਰਦੇ ਹਾਂ ਤੇ ਠੱਗੀ ਅਸੀਂ ਆਪਣੀਆਂ ਜਰੂਰਤਾਂ ਨੂੰ ਪੂਰੀਆਂ ਕਰਨ ਲਈ ਹੀ ਮਾਰਦੇ ਹਾਂ ਭਾਵੇਂ ਉਹ ਜਰੂਰਤ ਕਿਸੇ ਵੀ ਰੂਪ ਵਿੱਚ ਹੋਵੇ। ਜੇਕਰ ਅਸੀਂ ਆਪਣੇ ਖਾਣ ਪੀਣ ਦਾ ਸਮਾਨ ਕਿਸੇ ਨਾਲ ਠੱਗੀ ਮਾਰਕੇ ਲਿਆਉਂਦੇ ਹਾਂ ਤੇ ਇਹੋ ਜਿਹਾ ਖਾਣਾ ਅਸਲ **"ਮੁਰਦਾਰੁ"** ਖਾਣ ਦੇ ਬਰਾਬਰ ਹੈ ਭਾਵ ਕਿਸੇ ਨਾਲ ਠੱਗੀ ਮਾਰਕੇ ਕੁਝ ਵੀ ਖਾਣਾ **"ਮੁਰਦਾਰੁ"** ਖਾਣਾ ਹੀ ਹੈ ਭਾਵੇਂ ਉਹ ਖਾਣਾ ਵੈਜੀਟੇਰੀਅਨ ਹੈ ਭਾਵੇਂ ਨਾਨ ਵੈਜੀਟੇਰੀਅਨ ਹੈ। ਖਾਣਾ ਕੁਝ ਵੀ ਮਾੜਾ ਨਹੀਂ ਹੈ। ਸਭ ਕੁਝ ਪ੍ਰਮਾਤਮਾ ਨੇ ਮਨੁੱਖ ਦੇ ਖਾਣੇ ਲਈ ਭਾਵ ਆਪਣੀ ਸ੍ਰਿਸ਼ਟੀ ਨੂੰ ਚਲਾਉਣ ਲਈ ਇਤਨਾ ਵੱਡਾ ਪ੍ਰਬੰਧ ਆਪ ਹੀ ਕੀਤਾ ਹੋਇਆ ਹੈ ਪਰ ਮਨੁੱਖ ਲਈ ਉਸਨੇ ਧਰਮ ਦਾ ਮਾਰਗ ਵੀ ਧਰਮ ਗ੍ਰੰਥਾਂ ਰਾਹੀਂ ਆਪ ਹੀ ਸਮਝਾਇਆ ਹੋਇਆ ਹੈ ਜੋ ਮਾਰਗ ਸਾਡੇ ਲਈ ਮਨ ਦੇ ਵਿਕਾਰਾਂ ਵਿੱਚੋਂ ਨਿਕਲਕੇ ਚੰਗੇ ਕਰਮ ਕਰਨ ਦਾ ਹੈ ਤਾਂ ਜੋ ਅਸੀਂ ਕਿਸੇ ਦਾ ਕੋਈ ਮਾੜਾ ਨਾ ਕਰੀਏ ਭਾਵ ਆਪਣੇ ਅੰਦਰ ਦੇ ਲਬ ਨੂੰ, ਕੂੜ ਨੂੰ, ਠੱਗੀ ਨੂੰ ਛੱਡੀਏ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਇਹੀ ਸਾਰੇ ਸੰਸਾਰ ਲਈ ਨਾਮ ਜਪਣਾ ਹੈ। **(ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥)** ਜਿਵੇਂ ਕਿ ਕਿਸੇ ਨਾਲ ਠੱਗੀ ਕਰਨਾ ਮੁਰਦਾਰੁ ਖਾਣਾ ਹੈ ਉਸੇ ਤਰ੍ਹਾਂ ਕਿਸੇ ਨਾਲ ਝੂਠ ਬੋਲਣਾ ਮੁਰਦਾਰੁ ਖਾਣ ਦੇ ਬਰਾਬਰ ਹੈ ਜਿਵੇਂ ਕਿ ਹੇਠ ਦਿੱਤੇ ਸਲੋਕ ਦੁਆਰਾ ਸਮਝਿਆ ਜਾ ਸਕਦਾ ਹੈ।

"ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥"

(ਅੰਗ ੧੩੯)

ਉਪਰ ਵਾਲੇ ਸਲੋਕ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਇਸ ਸ਼ਬਦ ਦੁਆਰਾ ਕਿਸਨੂੰ ਸਮਝਾਇਆ ਹੋਇਆ ਹੈ ਤੇ ਕੀ ਸਮਝਾਇਆ ਹੋਇਆ ਹੈ। ਉਪਰ ਸਲੋਕ ਰਾਹੀਂ ਧਰਮ ਦੇ ਜੋ ਆਪਣੇ ਆਪ ਨੂੰ ਵਿਦਵਾਨ ਸਮਝਦੇ ਹਨ, ਧਰਮ ਦੇ ਆਗੂ ਸਮਝਦੇ ਹਨ ਉਹਨਾਂ ਨੂੰ ਹੀ ਸਮਝਾਇਆ ਹੋਇਆ ਹੈ। ਕੂੜ ਬੋਲਣਾ ਮੁਰਦਾਰੁ ਖਾਣਾ ਹੈ ਭਾਵੇਂ ਉਹ ਕੂੜ ਅਸੀਂ ਕਿਸ ਰੂਪ ਵਿੱਚ ਵੀ ਬੋਲੀਏ ਭਾਵ ਝੂਠ ਬੋਲਣਾ ਮੁਰਦਾਰੁ ਖਾਣ ਦੇ ਬਰਾਬਰ ਹੀ ਹੈ। ਝੂਠ ਬੋਲ ਕੇ ਅਸੀਂ ਕਿਸੇ ਨਾਲ ਠੱਗੀ ਹੀ ਕਰਦੇ ਹਾਂ। ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਸਮਝਦੇ ਹਨ ਉਹ ਦੂਸਰਿਆਂ ਨੂੰ ਧਰਮ ਦਾ ਮਾਰਗ ਹੀ ਸਮਝਾਉਂਦੇ ਹਨ। ਜੇਕਰ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਹੈ ਤਾਂ ਫਿਰ ਅਸੀਂ ਦੂਸਰਿਆਂ ਨੂੰ ਵੀ ਧਰਮ ਦਾ ਸੱਚਾ ਮਾਰਗ ਸਮਝਾਵਾਂਗੇ ਭਾਵ ਸੱਚ ਬੋਲਾਂਗੇ। ਜੇਕਰ ਆਪਣੀ ਸਮਝ ਹੀ ਝੂਠੀ ਹੈ ਭਾਵ ਖੁਦ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੈ, ਨਾਮ ਦੀ ਸਮਝ ਨਹੀਂ ਹੈ ਫਿਰ ਦੂਸਰਿਆਂ ਨੂੰ ਝੂਠ ਹੀ ਸਮਝਾਵਾਂਗੇ ਭਾਵ ਭਗਤੀ ਦਾ ਗਲਤ ਮਾਰਗ ਹੀ ਸਮਝਾਵਾਂਗੇ, ਗਲਤ ਨਾਮ ਜਪਣਾ ਹੀ ਸਮਝਾਵਾਂਗੇ। ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ, ਸੰਤ ਆਦਿ ਅਖਵਾਉਂਣ ਵਾਲੇ ਵੱਖਰੇ ਵੱਖਰੇ ਭਗਤੀ ਦੇ ਮਾਰਗ ਸਮਝਾਉਂਦੇ ਹਨ, ਵੱਖਰੇ ਵੱਖਰੇ ਨਾਮ ਜਪਣੇ ਸਮਝਾਉਂਦੇ ਹਨ, ਸਰੀਰਕ ਕਿਰਿਆਵਾਂ ਆਦਿ ਨਾਲ ਜੋੜਦੇ ਹਨ, ਕਿਸੇ ਖਾਸ ਵੇਲੇ ਦੇ ਭਗਤੀ ਦਾ ਵੇਲਾ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਇਹੋ ਜਿਹੇ ਸਾਰੇ ਤਰੀਕਿਆਂ ਦਾ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ। ਇਹੋ ਜਿਹੇ ਨਾਸਮਝ ਭਗਤੀ ਦੇ ਤਰੀਕੇ ਸਮਝਾਉਂਣ ਵਾਲੇ ਉਹ ਵੀ ਹਨ ਜਿਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਥਾਪ ਲੈਂਦੇ ਹਾਂ ਕਿ ਇਹਨਾਂ ਨੂੰ ਭਗਤੀ ਦੇ ਮਾਰਗ ਦੀ ਉੱਚੀ ਸਮਝ ਹੈ। ਕਿਸੇ ਨੂੰ ਗੁਰਮਤਿ ਦੀ ਸੱਚੀ ਸਮਝ ਦੇ ਉਲਟ ਸਮਝਾਉਂਣਾ ਕੂੜ ਬੋਲਣਾ ਹੀ ਹੈ ਭਾਵ ਮੁਰਦਾਰੁ ਖਾਣ ਦੇ ਬਰਾਬਰ ਹੀ ਹੈ। ਇਹੋ ਜਿਹੇ ਵਿਦਵਾਨ ਅਖਵਾਉਂਣ ਵਾਲੇ ਆਪ ਭਗਤੀ ਦੇ ਸੱਚੇ ਮਾਰਗ ਤੋਂ ਮੁੱਠੇ ਹੋਏ ਹੁੰਦੇ ਹਨ ਭਾਵ ਖੁਦ ਠੱਗੇ ਹੋਏ ਹੁੰਦੇ ਹਨ ਤੇ ਆਪਣਾ ਨਾਸਮਝ ਗਿਆਨ ਦੇਣ ਦੁਆਰਾ ਉਹਨਾਂ ਨੂੰ ਵੀ ਠੱਗਦੇ ਹਨ ਜੋ ਇਹਨਾਂ ਦਾ ਸਾਥ ਦਿੰਦੇ ਹਨ ਭਾਵ ਜੋ ਇਹਨਾਂ ਦੀ ਗੱਲ ਨੂੰ ਮੰਨਦੇ ਹਨ। ਸੱਚਾ ਆਗੂ ਕੇਵਲ ਤੇ ਕੇਵਲ ਗੁਰੂ ਆਪ ਹੈ ਤੇ ਜਿਸਨੂੰ ਵੀ ਅਸੀਂ ਗੁਰੂ ਤੋਂ ਬਿਨਾਂ ਆਗੂ ਥਾਪ ਲੈਂਦੇ ਹਾਂ ਭਾਵ ਗੁਰਮਤਿ ਦੀ ਸੱਚੀ ਸਮਝ ਨਾ ਹੋਣ ਵਾਲੇ ਨੂੰ ਆਗੂ ਥਾਪ ਲੈਂਦੇ ਹਾਂ ਤਾਂ ਫਿਰ ਇਹੋ ਜਿਹਾ ਧਰਮ ਦਾ ਵਿਦਵਾਨ ਅਖਵਾਉਂਣ ਵਾਲਾ ਸਾਨੂੰ ਝੂਠੀ ਭਗਤੀ ਦਾ ਮਾਰਗ ਹੀ ਸਮਝਾਵੇਗਾ, ਸਾਡੇ ਨਾਲ ਝੂਠ ਹੀ ਬੋਲੇਗਾ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਣ ਦੀ ਠੱਗੀ ਹੀ ਮਾਰੇਗਾ ਭਾਵ ਆਪ ਵੀ ਮੁਰਦਾਰੁ ਖਾਏਗਾ ਤੇ ਤੁਹਾਨੂੰ ਵੀ ਮੁਰਦਾਰੁ ਖਵਾਏਗਾ। **(ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ**

ਜਾਇ ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਤ੍ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦)

{ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥
ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥

ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥}

(ਅੰਗ ੬੧੨)

{ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥
ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥}

(ਅੰਗ ੫੫੭-੫੫੮)

{ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥ ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥੯੦॥
ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥ ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥
ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥ ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥}

(ਅੰਗ ੧੩੮੨)

{ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥}

(ਅੰਗ ੪੭੦)

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ ੧੩੯੫)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ॥੧॥ਰਹਾਉ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥}

(ਅੰਗ ੪੯੧)

{ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥
ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥
ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥
ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥
ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥}

(ਅੰਗ ੬੬੨)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣਹਾਰਾ॥੪॥੨॥}

(ਅੰਗ ੯)

{ਅਯੋ ਅੰਛੈ ਸਭੁ ਜਗੁ ਆਇਆ ਕਾਧੈ ਘੰਛੈ ਕਾਲੁ ਭਇਆ ॥
ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥੧॥
ਮਨ ਐਸਾ ਲੇਖਾ ਤੂੰ ਕੀ ਪੜਿਆ ॥ ਲੇਖਾ ਦੇਣਾ ਤੇਰੈ ਸਿਰਿ ਰਹਿਆ ॥੧॥ ਰਹਾਉ ॥
ਸਿਧੰਛਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ ॥
ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ ॥੨॥
ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥

ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥
ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥
ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥੫॥
ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥
ਸਾਈ ਪੁੜੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥
ਮੰਸੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥
ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥
ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ ॥
ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ ॥੯॥
ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ ॥
ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ ॥੧੦॥}

(ਅੰਗ ੪੩੫)

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

ਉਪਰ ਵਾਲੇ ਇਹਨਾਂ ਸ਼ਬਦਾਂ ਵਿੱਚੋਂ ਅਸੀਂ ਸਮਝਿਆ ਹੀ ਹੈ ਕਿ ਸਾਨੂੰ ਭਗਤੀ ਦੇ ਮਾਰਗ ਦੇ ਭਰਮਾਂ ਵਿੱਚ ਪਾਉਂਣ ਵਾਲਾ ਕੌਣ ਹੈ ਭਾਵ ਉਹੀ ਹਨ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਭਗਤੀ ਦੀ ਸੱਚੀ ਸਮਝ ਵਾਲੇ ਥਾਪ ਲੈਂਦੇ ਹਾਂ ਤੇ ਉਹਨਾਂ ਦੇ ਸਮਝਾਏ ਹੋਏ ਭਗਤੀ ਦੇ ਮਾਰਗ ਨੂੰ ਸੱਚ ਸਮਝ ਕੇ ਮੰਨਦੇ ਹਾਂ। ਕਿਸੇ ਨੂੰ ਭਗਤੀ ਦੀ ਝੂਠੀ ਮਤਿ ਦੇਣਾ ਕਿਤਨਾ ਕੂ ਵੱਡਾ ਪਾਪ ਹੈ ਇਸ ਗੱਲ ਨੂੰ ਗੁਰੂ ਸਾਹਿਬ ਨੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦਾਂ ਦੁਆਰਾ ਸਮਝ ਸਕਦੇ ਹਾਂ ਤੇ ਪਿੱਛੇ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਝੂਠੀ ਮਤਿ ਦੇਣ ਵਾਲੇ ਆਪ ਤਾਂ ਗੁਰਮਤਿ ਤੋਂ ਉਲਟ ਗੱਲ ਸਮਝਾਉਂਣ ਦਾ ਪਾਪ ਕਮਾਉਂਦੇ ਹੀ ਹਨ ਤੇ ਜੋ ਉਹਨਾਂ ਦੀਆਂ ਗੱਲਾਂ ਨੂੰ ਮੰਨਦੇ ਹਨ ਭਾਵ ਉਹਨਾਂ ਦੀ ਝੂਠੀ ਮਤਿ ਨੂੰ ਮੰਨਦੇ ਹਨ ਉਹਨਾਂ ਨੂੰ ਵੀ ਆਪਣੇ ਨਾਲ ਪਾਪੀ ਬਣਾਉਂਦੇ ਹਨ। ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਤੇ ਉਹੋ ਜਿਹਾ ਸੱਚਾ ਸੁੱਚਾ ਜੀਵਨ ਜਿਉਂਣਾ ਚਾਹੀਦਾ ਹੈ ਭਾਵ ਅਉਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨਾ ਚਾਹੀਦਾ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਸੱਚੀ ਭਗਤੀ ਦਾ ਮਾਰਗ ਹੈ, ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਹੈ, ਅਲ੍ਹਾ ਦਾ, ਗਾੱਡ ਦਾ, ਵਾਹਿਗੁਰੂ ਦਾ ਨਾਮ ਜਪਣ ਦਾ ਮਾਰਗ ਹੈ ਤੇ ਉਹਨਾਂ ਝੂਠਿਆਂ ਦੀ ਮਤਿ ਤੋਂ ਬਚਣਾ ਚਾਹੀਦਾ ਹੈ ਜੋ ਸਾਨੂੰ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਆਪਣੀ ਬਣਾਈ ਹੋਈ ਮਰਿਯਾਦਾ ਅਨੁਸਾਰ ਭਗਤੀ ਦਾ ਮਾਰਗ ਸਿਖਾਉਂਦੇ ਹਨ ਜੋ ਕਿ ਉਹ ਆਪਣੀਆਂ ਝੂਠੀਆਂ ਵਡਿਆਈਆਂ ਲੈਣ ਲਈ ਸਿਖਾਉਂਦੇ ਹਨ, ਸੰਤ, ਸਾਧ, ਬ੍ਰਹਮ ਗਿਆਨੀ ਆਦਿ ਅਖਵਾਉਂਣ ਲਈ

ਸਿਖਾਉਂਦੇ ਹਨ। ਧਰਮ ਦੀ ਸੱਚੀ ਵਡਿਆਈ ਦੇ ਯੋਗ ਕੇਵਲ ਗੁਰੂ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣਾ ਗੁਰੂ ਦੀ ਸੱਚੀ ਵਡਿਆਈ ਹੈ ਤੇ ਜੋ ਸਾਨੂੰ ਗੁਰਮਤਿ ਦੇ ਉਲਟ ਗੱਲ ਸਮਝਾਉਂਦੇ ਹਨ ਤੇ ਆਪਣੇ ਆਪ ਨੂੰ ਵੱਡੇ ਅਖਵਾਉਂਦੇ ਹਨ, ਗਿਆਨਵਾਨ ਅਖਵਾਉਂਦੇ ਹਨ ਉਹਨਾਂ ਨੂੰ ਝੂਠੀ ਵਡਿਆਈ ਦੇਣੀ ਗੁਰਮਤਿ ਦੀ, ਗੁਰੂ ਦੀ ਬੇਅਦਬੀ ਕਰਨ ਦੇ ਬਰਾਬਰ ਹੈ ਕਿਉਂਕਿ ਅਸੀਂ ਆਪਣੇ ਆਪ ਨੂੰ ਗੁਰੂ ਦੀ ਸਿੱਖਿਆ ਮੰਨਣ ਵਾਲੇ ਅਖਵਾਉਂਦੇ ਹਾਂ ਜਦ ਕਿ ਚੱਲਦੇ ਗੁਰੂ ਦੀ ਸਿੱਖਿਆ ਦੇ ਉਲਟ ਹਾਂ। ਗੁਰੂ ਦੀ ਸਿੱਖਿਆ ਹੀ ਅਸਲ ਵਿੱਚ ਸਾਡਾ ਗੁਰੂ ਹੈ ਤੇ ਗੁਰੂ ਦੀ ਸਿੱਖਿਆ ਦੇ ਉਲਟ ਚੱਲਣਾ ਤੇ ਫਿਰ ਵੀ ਆਪਣੇ ਆਪ ਨੂੰ ਗੁਰੂ ਦੀ ਸਿੱਖਿਆ ਵਾਲੇ ਅਖਵਾਉਂਣਾ ਗੁਰੂ ਦੀ ਸਿੱਖਿਆ ਦੀ ਬੇਅਦਬੀ ਹੈ। ਗੁਰੂ ਦਾ ਅਦਬ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣ ਦੁਆਰਾ ਹੀ ਕੀਤਾ ਜਾ ਸਕਦਾ ਹੈ। ਇਸੇ ਤਰੀਕੇ ਹੀ ਗੁਰੂ ਦੀ ਸੱਚੀ ਵਡਿਆਈ ਹੁੰਦੀ ਹੈ। ਸੱਚੀ ਵਡਿਆਈ ਕੇਵਲ ਤੇ ਕੇਵਲ ਗੁਰੂ ਦੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੈ। ਬਾਣੀ ਰਾਹੀਂ ਸਾਨੂੰ ਇਹ ਗੱਲ ਸਮਝਾਈ ਹੋਈ ਹੈ ਕਿ ਕੇਵਲ ਨਾਮ ਜਪੋ ਜਿਸ ਤੋਂ ਭਾਵ ਹੈ ਕੇਵਲ ਗੁਰੂ ਕੋਲੋਂ ਮਤਿ ਲਵੋ, ਗੁਰੂ ਦੀ ਮਤਿ ਨੂੰ ਮੰਨੋਂ ਭਾਵ ਕਿਸੇ ਹੋਰ ਦੀ ਮਤਿ ਨੂੰ ਨਾ ਮੰਨੋ ਕਿਉਂਕਿ ਗੁਰੂ ਪ੍ਰਮਾਤਮਾ ਜਾਣਦਾ ਹੈ ਕਿ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ, ਪੁੱਠੇ ਕਮਲ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਆਪ ਗੁਰੂ ਦੇ ਸੱਚੇ ਗਿਆਨ ਦੀ ਪੂਰੀ ਤਰ੍ਹਾਂ ਸਮਝ ਨਹੀਂ ਪੈਂਦੀ ਕਿਉਂਕਿ ਗੁਰੂ ਦਾ ਸੱਚਾ ਗਿਆਨ ਭਾਵ ਗੁਰੂ ਦਾ ਬ੍ਰਹਮ ਗਿਆਨ ਭਾਵ ਗੁਰੂ ਦਾ ਨਾਮ ਚਉਥੇ ਪਦ ਦਾ ਗਿਆਨ ਹੈ, ਸਹਜ ਦੀ ਅਵਸਥਾ ਵਾਲਾ ਗਿਆਨ ਹੈ ਜੋ ਮਨ ਦੀ ਅਵਸਥਾ ਪ੍ਰਮਾਤਮਾ ਕਿਸੇ ਨੂੰ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਬਖਸ਼ ਸਕਦਾ ਹੈ। ਮਨੁੱਖ ਨੂੰ ਭਾਵੇਂ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਿੱਚ ਰੱਖਿਆ ਹੋਇਆ ਹੈ ਪਰ ਉਸਨੇ ਅਨੇਕਾਂ ਹੀ ਸ਼ਬਦਾਂ ਦੁਆਰਾ ਜੋ ਸੱਚ ਦਾ ਮਾਰਗ ਸਮਝਾਇਆ ਹੈ, ਧਰਮ ਦਾ ਮਾਰਗ ਸਮਝਾਇਆ ਹੈ, ਨਾਮ ਜਪਣਾ ਸਮਝਾਇਆ ਹੈ ਉਹ ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਵੀ ਸਮਝ ਆ ਜਾਂਦਾ ਹੈ। ਅਨੇਕਾਂ ਸ਼ਬਦ ਐਸੇ ਹਨ ਜਿਨ੍ਹਾਂ ਦੀ ਸਮਝ ਚਉਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਪੈ ਸਕਦੀ ਹੈ ਪਰ ਜਿਤਨਾ ਕੋਈ ਸਾਨੂੰ ਤ੍ਰੈ ਗੁਣਾਂ ਵਿੱਚ ਰਹਿੰਦੇ ਹੋਏ ਸਮਝ ਆ ਜਾਂਦਾ ਹੈ ਸਾਨੂੰ ਉਹ ਕੁਝ ਤਾਂ ਘੱਟੋ ਘੱਟ ਜਰੂਰ ਮੰਨਣਾ ਚਾਹੀਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਉਹਨਾਂ ਸ਼ਬਦਾਂ ਨੂੰ ਸਮਝਿਆ ਹੈ ਜਿਨ੍ਹਾਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਅਸੀਂ ਗੁਰੂ ਦੀ ਗੱਲ ਨੂੰ ਕਿਉਂ ਨਹੀਂ ਮੰਨਦੇ ਇਸ ਦਾ ਕਾਰਨ ਸਾਨੂੰ ਉਹ ਭਰਮਾਂ ਵਿੱਚ ਪਾਉਂਣ ਵਾਲੇ ਹੀ ਹਨ ਜਿਨ੍ਹਾਂ ਨੂੰ ਅਸੀਂ ਭਰਮ ਵਿੱਚ ਹੀ ਧਰਮ ਦੇ ਵਿਦਵਾਨ ਮੰਨ ਲੈਂਦੇ ਹਾਂ। ਉਹੋ ਜਿਹਿਆਂ ਦੀ ਮਤਿ ਨੂੰ ਛੱਡੇ ਬਿਨਾਂ ਅਸੀਂ ਗੁਰੂ ਦੀ ਸੱਚੀ ਮਤਿ ਦੇ ਨਾਲ ਨਹੀਂ ਜੁੜ ਸਕਦੇ ਤੇ ਇਸੇ ਲਈ ਸਾਨੂੰ ਬਾਰ-ਬਾਰ ਗੁਰੂ ਸਾਹਿਬ ਨੇ ਸ਼ਬਦਾਂ ਰਾਹੀਂ ਇਹ ਸਮਝਾਇਆ ਹੈ ਕਿ ਉਹਨਾਂ ਦੀ ਮਤਿ ਵਿੱਚੋਂ ਨਿਕਲੋ ਤੇ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜੋ ਜਿਸਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਹੈ। ਲੇਖ ਦੇ ਪੜਨ ਵਾਲੇ ਹਰ ਮਨੁੱਖ ਦੇ, ਛੋਟੇ ਵੱਡੇ ਹਰ ਮਨੁੱਖ ਦੇ ਚਰਨਾਂ ਵਿੱਚ ਬਾਰ-ਬਾਰ ਤਹਿ ਦਿਲੋਂ ਬੇਨਤੀ ਹੈ ਕਿ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨੋ ਤੇ ਉਹਨਾਂ ਦੀ ਨਾਸਮਝ ਮਤਿ ਨੂੰ ਛੱਡੋ ਜੋ ਸਾਨੂੰ ਭਰਮਾਂ ਵਾਲੀ ਭਗਤੀ ਦੇ ਮਾਰਗ ਨਾਲ ਜੋੜਦੇ ਹਨ, ਨਾਮ ਜਪਣ ਦੇ ਭਰਮ ਨਾਲ ਜੋੜਦੇ ਹਨ ਤੇ ਸਾਨੂੰ ਭਰਮਾਂ ਵਿੱਚ ਪਾਉਂਣ ਦੀਆਂ ਹੀ ਆਪਣੀਆਂ ਵਡਿਆਈਆਂ ਲੈਂਦੇ ਹਨ। ਸੱਚੀ ਵਡਿਆਈ ਦਾ ਹੱਕਦਾਰ ਕੇਵਲ ਤੇ ਕੇਵਲ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਸਨੂੰ ਸੱਚੀ ਵਡਿਆਈ ਕੇਵਲ ਉਸਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਦਿੱਤੀ ਜਾ ਸਕਦੀ ਹੈ। ਆਉ ਗੁਰੂ ਦੀ ਸੱਚੀ ਵਡਿਆਈ ਨਾਲ ਜੁੜੀਏ ਜੋ ਸੱਚੇ ਗੁਰੂ ਕੋਲੋਂ ਪਿਆਰ ਲੈਣ ਦਾ ਇੱਕੋ ਇੱਕ ਤਰੀਕਾ ਹੈ, ਸਾਰੇ ਸੰਸਾਰ ਲਈ ਇੱਕੋ ਇੱਕ ਤਰੀਕਾ ਹੈ। ਹੁਣ ਮੁੱਖ ਸ਼ਬਦ ਦੀਆਂ ਅਗਲੀਆ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਮਨ ਦੇ ਵਿਕਾਰਾਂ ਵਿੱਚੋਂ ਨਿਕਲਣਾ ਹੀ ਸਿਖਾਇਆ ਹੋਇਆ ਹੈ।

“ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥”

ਜਿਨ੍ਹਾਂ ਵਿਕਾਰਾਂ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਸਰੀਰ ਦੇ ਰਸਾਂ ਨਾਲ ਜੁੜੇ ਰਹਿੰਦੇ ਹਾਂ ਤੇ ਆਪਣੇ ਵਲੋਂ ਪ੍ਰਮਾਤਮਾ ਦਾ ਨਾਮ ਹੀ ਜਪਦੇ ਹਾਂ ਭਾਵ ਪ੍ਰਮਾਤਮਾ ਦੀ ਸਿਫਤ ਸਲਾਹ ਵੀ ਕਰਦੇ ਹਾਂ ਪਰ ਮਨ ਦੀ ਇਹੋ ਜਿਹੀ ਸਮਝ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੀ ਸਿਫਤ ਸਲਾਹ ਤਾਂ ਨਹੀਂ ਹੁੰਦੀ ਤੇ ਅਸੀਂ ਆਪਣੇ ਆਪ ਨੂੰ ਹੀ ਸਲਾਹੁੰਦੇ ਹਾਂ ਭਾਵ ਆਪਣੀ ਨਾਸਮਝ ਮਤਿ ਨੂੰ, ਆਪਣੀ ਹਉਮੈ ਨੂੰ ਹੀ ਹੋਰ ਉੱਚਾ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਆਪਣੇ ਚੰਗੇ ਕਰਮ ਕਰਨੇ ਸਮਝਦੇ ਹਾਂ। ਜਦ ਤਕ ਸਾਡੇ ਅੰਦਰ ਅਉਗੁਣ ਹਨ ਤਦ ਤਕ ਅਸੀਂ ਧਰਮ ਵਾਲੇ ਕਰਮ ਨਹੀਂ ਕਰਦੇ ਤੇ ਮਨ ਦੇ ਮਾੜੇ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਪਰ ਨਿੰਦਾ ਹੀ ਕਰਦੇ ਹਾਂ ਪਰ ਮਲੁ ਹੀ

ਖਾਂਦੇ ਹਾਂ। ਪਰ ਨਿੰਦਾ ਕਰਨੀ ਕੀ ਹੈ, ਪਰ ਮਲੁ ਖਾਣੀ ਕੀ ਹੈ ਇਸ ਗੱਲ ਨੂੰ ਅਸੀਂ

48/6565

ਪਿੱਛੇ ਸਮਝਿਆ ਹੀ ਹੈ। ਪਰ ਮਲੁ ਪਰਾਈ ਮੈਲ ਹੈ ਭਾਵ ਮੈਲੀ ਸਮਝ ਹੈ ਜੋ ਸਮਝ ਅਸੀਂ ਗੁਰੂ ਦੀ ਸਮਝ ਨੂੰ ਛੱਡ ਕੇ ਪਰਾਇਆਂ ਕੋਲੋਂ ਲੈਂਦੇ ਹਾਂ ਭਾਵ ਉਹਨਾਂ ਕੋਲੋਂ ਲੈਂਦੇ ਹਾਂ ਜਿਨ੍ਹਾਂ ਨੂੰ ਖੁਦ ਗੁਰਮਤਿ ਦੀ ਸੱਚੀ ਸਮਝ ਨਹੀਂ ਹੈ ਭਾਵ ਖੁਦ ਹਉਮੈ ਰੂਪ ਮੈਲੁ ਵਿੱਚ ਹਨ। ਜਦ ਤਕ ਅਸੀਂ ਪਰ ਮਲੁ ਖਾਂਦੇ ਹਾਂ ਤਦ ਤਕ ਅਸੀਂ ਪਰ ਨਿੰਦਾ ਹੀ ਕਰਦੇ ਹਾਂ ਭਾਵ ਆਪਣੀ ਨਿੰਦਾ ਕਬੂਲ ਨਹੀਂ ਕਰਦੇ ਜਿਵੇਂ ਕਿ ਅਸੀਂ ਸ਼ਬਦ ਦੁਆਰਾ ਬਰੀਕੀ ਨਾਲ ਸਮਝਿਆ ਹੈ। ਆਪਣੀ ਨਿੰਦਾ ਕਬੂਲ ਕੀਤੇ ਬਿਨਾਂ ਅਸੀਂ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਹੀਂ ਨਿਕਲ ਸਕਦੇ, ਲਬ ਵਾਲੇ, ਕੂੜ ਵਾਲੇ, ਠੱਗੀ ਵਾਲੇ ਮਾੜੇ ਵਿਚਾਰਾਂ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਅਉਗੁਣ ਵਿੱਚੋਂ ਨਹੀਂ ਨਿਕਲ ਸਕਦੇ ਤੇ ਸਾਡੇ ਅੰਦਰ ਦੇ ਅਉਗੁਣ ਹੀ ਸਾਡੇ ਅੰਦਰ ਦੀ ਅਗਨਿ ਨੂੰ ਵਧਾਉਂਦੇ ਹਨ ਭਾਵ ਤ੍ਰਿਸ਼ਨਾਵਾਂ ਦੀ ਅਗਨਿ ਬਾਲਦੇ ਹਨ ਜਿਸ ਦੁਆਰਾ ਅਸੀਂ ਗੁਰਮਤਿ ਨਾਲ ਆਪਣਾ ਕ੍ਰੋਧ ਦਿਖਾਉਂਦੇ ਹਾਂ ਭਾਵ ਗੁੱਸਾ ਦਿਖਾਉਂਦੇ ਹਾਂ ਤੇ ਇਹੀ ਸਾਡੇ ਅੰਦਰ ਦੀ ਹਉਮੈ ਦਾ ਨਾਮ ਦੇ ਨਾਲ ਵਿਰੋਧਤਾ ਹੈ ਭਾਵ ਸਾਡੀ ਨਾਸਮਝ ਮਤਿ ਦਾ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੀ ਵਿਰੋਧਤਾ ਹੈ। **{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥}** ਅੰਗ ੫੬੦ ਇਸੇ ਲਈ ਸਾਨੂੰ ਬਾਣੀ ਵਿੱਚ ਸ਼ਬਦ ਦੁਆਰਾ ਮਨ ਦਾ ਕ੍ਰੋਧ ਤਿਆਗਣ ਲਈ ਸਮਝਾਇਆ ਹੋਇਆ ਹੈ ਭਾਵ ਗੁਰਮਤਿ ਨਾਲ ਆਪਣੀ ਵਿਰੋਧਤਾ ਤਿਆਗਣ ਲਈ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲ ਕੇ ਉਹੋ ਜਿਹੇ ਕਰਮ ਕਰੀਏ ਭਾਵ ਚੰਗੇ ਕਰਮ ਕਰੀਏ ਜਿਹੋ ਜਿਹੇ ਕਰਮ ਕਰਨੇ ਸਾਨੂੰ ਗੁਰੂ ਸਮਝਾਉਂਦਾ ਹੈ ਤੇ ਗੁਰੂ ਦੀ ਗੱਲ ਨਾ ਮੰਨਣ ਕਰਕੇ ਹੀ ਭਾਵ ਮਾੜੇ ਕਰਮ ਦੁਆਰਾ ਹੀ ਅਸੀਂ ਗੁਰੂ ਦੀਆਂ ਨਜਰਾਂ ਵਿੱਚੋਂ ਚਡਾਲ ਬਣਦੇ ਹਾਂ। ਇਹੋ ਜਿਹੇ ਮਾੜੇ ਕਰਮ ਕਰਦੇ ਹੋਏ ਭਾਵ ਰਸਾਂ ਕਸਾਂ ਦੇ ਸਵਾਦ ਪੂਰੇ ਕਰਨ ਲਈ ਮਨੁੱਖ ਆਪਣੇ ਵਲੋਂ ਜੋ ਪ੍ਰਮਾਤਮਾ ਨੂੰ ਸਲਾਹੁੰਦਾ ਹੈ, ਇਸ ਤਰੀਕੇ ਉਹ ਆਪਣੇ ਆਪ ਨੂੰ ਸਲਾਹੁੰਦਾ ਹੈ ਭਾਵ ਆਪਣੀ ਹਉਮੈ ਹੀ ਵਧਾਉਂਦਾ ਹੈ, ਆਪਣੀ ਨਾਸਮਝ ਮਤਿ ਨੂੰ ਹੀ ਉੱਚੀ ਕਰਦਾ ਹੈ। **(ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥)**

ਉਪਰਲੇ ਪਦੇ ਵਿੱਚ ਸਾਡੇ ਮਾੜੇ ਕਰਮਾਂ ਨੂੰ ਨਿੰਦਿਆ ਹੋਇਆ ਹੈ ਤੇ ਮਾੜੇ ਕਰਮ ਕਰਦੇ ਹੋਇਆਂ ਅਸੀਂ ਜੋ ਵੀ ਮੁੱਖੋਂ ਬੋਲਦੇ ਹਾਂ ਜਿਸ ਨਾਲ ਅਸੀਂ ਪ੍ਰਮਾਤਮਾ ਦੀ ਸਿਫਤ ਸਲਾਹ ਕਰਨੀ ਚਾਹੁੰਦੇ ਹਾਂ ਉਹੋ ਜਿਹੇ ਬੋਲ ਬੋਲਣ ਨਾਲ ਪ੍ਰਮਾਤਮਾ ਦੀ ਸਲਾਹੁਣਾ ਨਹੀਂ ਹੁੰਦੀ ਭਾਵ ਸਾਡੀ ਆਪਣੀ ਸਲਾਹੁਣਾ ਹੁੰਦੀ ਹੈ। ਪ੍ਰਮਾਤਮਾ ਦੀ ਸਿਫਤ ਸਲਾਹ ਦੇ ਬੋਲ ਬੋਲਣੇ ਸਾਡੇ ਮੁੱਖੋਂ ਬੋਲ ਬੋਲਣਾ ਨਹੀਂ ਹੈ ਜਿਵੇਂ ਕਿ ਹਰ ਕੋਈ ਸਮਝਦਾ ਹੈ ਜਿਸ ਕਰਕੇ ਹਰ ਕੋਈ ਕੇਵਲ ਸ਼ਬਦਾਂ ਦੀ ਕਥਨੀ ਕਰਦਾ ਹੈ, ਬੋਲ ਬੋਲ ਕੇ ਕਰਦਾ ਹੈ ਤੇ ਕਿਸੇ ਅੱਖਰ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਉਸ ਅੱਖਰ ਨੂੰ ਬੋਲਦਾ ਹੈ। ਕਿਸੇ ਅੱਖਰ ਨੂੰ ਬੋਲੀ ਜਾਣ ਨਾਲ ਸਾਡੀ ਪ੍ਰਮਾਤਮਾ ਦੇ ਦਰ ਤੇ ਪਤਿ ਨਹੀਂ ਪੈਂਦੀ ਭਾਵ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਇੱਜਤ ਨਹੀਂ ਮਿਲਦੀ। ਸਾਡੇ ਅਸਲ

48/6566

ਬੋਲ ਜਿਨ੍ਹਾਂ ਦੁਆਰਾ ਸਾਡੀ ਪ੍ਰਮਾਤਮਾ ਦੇ ਦਰ ਤੇ ਪਤਿ ਹੁੰਦੀ ਹੈ ਉਹ ਸਾਡੇ ਉਹੋ ਜਿਹੇ ਕਰਮ ਹਨ ਜੋ ਸਾਡੇ ਮਾੜੇ ਕਰਮ ਛੱਡਕੇ ਚੰਗੇ ਕਰਮ ਕਰਨ ਦੇ ਹਨ। ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸਨੂੰ ਸਮਝਿਆ ਹੈ ਤੇ ਫਿਰ ਤੋਂ ਸਮਝਦੇ ਹਾਂ ਤਾਂ ਜੋ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਸਕੇ ਕਿ ਸਾਡੇ ਚੰਗੇ ਕਰਮ ਹੀ ਸਾਡੇ ਪ੍ਰਮਾਤਮਾ ਅੱਗੇ ਚੰਗੇ ਬੋਲ ਹਨ ਭਾਵ ਭਗਤੀ ਵਾਲੇ ਬੋਲ ਹਨ, ਨਾਮ ਵਾਲੇ ਬੋਲ ਹਨ ਜਿਨ੍ਹਾਂ ਬੋਲਾਂ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਇੱਜਤ ਮਿਲਦੀ ਹੈ।

“ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥”

ਸਾਡੇ ਉੱਤਮ ਕਰਮ ਕਰਨ ਵਿੱਚ ਤੇ ਨੀਚ ਕਰਮ ਕਰਨ ਵਿੱਚ ਕੀ ਫਰਕ ਹੈ, ਇਸ ਵਿੱਚ ਸਾਡੀ ਕਰਨੀ ਦਾ ਹੀ ਫਰਕ ਹੁੰਦਾ ਹੈ। ਮਨ ਦੇ ਵਿੱਚ ਅਉਗੁਣਾਂ ਰਾਹੀਂ ਅਸੀਂ ਮਾੜੇ ਕਰਮ ਕਰਦੇ ਹਾਂ ਜੋ ਕਿ ਸਾਡੇ ਨੀਚ ਕਰਮ ਹਨ, ਜੋ ਮਾੜੇ ਕਰਮ ਕਰਨ ਦੁਆਰਾ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਇੱਜਤ ਨਹੀਂ ਮਿਲਦੀ ਬਲਕਿ ਆਪਣੇ ਮਾੜੇ ਕਰਮਾਂ ਕਰਕੇ ਰੌਣਾ ਪੈਂਦਾ ਹੈ ਭਾਵ ਸਜਾਵਾਂ ਸਹਿਣੀਆਂ ਪੈਂਦੀਆਂ ਹਨ। ਪ੍ਰਮਾਤਮਾ ਦੀਆਂ ਸਜਾਵਾਂ ਤੋਂ ਬਚਣ ਲਈ ਸਾਡੇ ਸਭ ਲਈ ਭਾਵ ਪੂਰੇ ਸੰਸਾਰ ਲਈ ਇੱਕੋ ਇੱਕ ਤਰੀਕਾ ਉੱਤਮ

ਕਰਮ ਕਰਨ ਦਾ ਹੈ ਜੋ ਉੱਤਮ ਕਰਮ, ਨੀਚ ਕਰਮ ਨਾ ਕਰਨ ਦੁਆਰਾ ਹੀ ਹੋ ਸਕਦੇ ਹਨ ਭਾਵ ਮਨ ਦੇ ਵਿਕਾਰ ਛੱਡਣ ਦੁਆਰਾ ਹੀ ਹੋ ਸਕਦੇ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣ ਦੁਆਰਾ ਹੀ ਹੋ ਸਕਦੇ ਹਨ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੋ ਸਕਦੇ ਹਨ। ਗੁਰੂ ਦੀ ਮਤਿ ਨੂੰ ਮੰਨਕੇ ਉਸ ਅਨੁਸਾਰ ਚੰਗੇ ਕਰਮ ਕਰਨਾ ਹੀ ਸਾਡੇ ਪ੍ਰਮਾਤਮਾ ਅੱਗੇ ਸਾਡੇ ਸੱਚੇ ਬੋਲ ਹਨ ਜਿਨ੍ਹਾਂ ਦੁਆਰਾ ਸਾਨੂੰ ਗੁਰੂ ਪ੍ਰਮਾਤਮਾ ਦੀ ਖੁਸ਼ੀ ਮਿਲ ਸਕਦੀ ਹੈ, ਉਸਦੇ ਦਰ ਤੋਂ ਇੱਜਤ ਮਿਲ ਸਕਦੀ ਹੈ। **(ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥)**

ਹੁਣ ਅਸੀਂ ਜਪੁਜੀ ਬਾਣੀ ਦੇ ਉਸ ਮੁੱਖ ਸ਼ਬਦ ਨੂੰ ਹੋਰ ਵਿਸ਼ਵਾਸ ਨਾਲ ਸਮਝ ਸਕਦੇ ਹਾਂ ਕਿ ਉਸ ਸ਼ਬਦ ਰਾਹੀਂ ਕਿਸਨੂੰ **"ਨੀਚੁ"** ਕਿਹਾ ਹੈ ਤੇ ਕਿਸ ਕਰਕੇ ਕਿਹਾ ਹੈ ਭਾਵ ਮਾੜੇ ਕਰਮ ਕਰਨ ਵਾਲਿਆਂ ਨੂੰ ਹੀ ਨੀਚ ਕਿਹਾ ਹੈ ਤੇ ਉਹਨਾਂ ਨੂੰ ਨੀਚਤਾ ਵਿੱਚੋਂ ਕੱਢਣ ਲਈ

48/6567

ਗੁਰੂ ਸਾਹਿਬ ਨੇ ਇਹ ਸਮਝਾਇਆ ਹੈ ਕਿ ਤੁਸੀਂ ਇਸ ਗੱਲ ਨੂੰ ਵਿਚਾਰੋ ਕਿ ਤੁਸੀਂ ਕਿਸ ਕਰਕੇ ਨੀਚ ਹੋ ਭਾਵ ਆਪਣੀ ਨੀਚਤਾ ਨੂੰ ਛੱਡੋ, ਮਾੜੇ ਕਰਮ ਕਰਨੇ ਛੱਡੋ। **(ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥)** ਅੰਗ ੪

ਸਾਡੇ ਚੰਗੇ ਕਰਮ ਕੀ ਹਨ ਭਾਵ ਸਾਡੀ ਚੰਗੀ ਕਾਰ ਕੀ ਹੈ ਜੋ ਪ੍ਰਮਾਤਮਾ ਨੂੰ ਭਾਉਂਦੀ ਹੈ ਉਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥"

ਉਪਰ ਵਾਲੀਆਂ ਪੰਗਤੀਆਂ ਤੋਂ ਕੀ ਭਾਵ ਹੈ ਕਿ ਸਾਡੀ ਕਿਹੋ ਜਿਹੀ ਕਾਰ ਭਾਵ ਸਾਡੇ ਕਿਹੋ ਜਿਹੇ ਕਰਮ ਪ੍ਰਮਾਤਮਾ ਨੂੰ ਭਾਉਂਦੇ ਹਨ, ਚੰਗੇ ਲੱਗਦੇ ਹਨ ਇਸ ਗੱਲ ਨੂੰ ਅਸੀਂ ਇਸ ਤੋਂ ਪਿਛਲੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਡੇ ਚੰਗੇ ਕਰਮ ਕਰਨਾ ਹੀ ਸਾਡੀ ਭਲੀ ਕਾਰ ਹੈ। **(ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥)**

ਉਪਰ ਵਾਲੇ ਸ਼ਬਦ ਤੋਂ ਪਹਿਲਾਂ ਅਸੀਂ ਇਸ ਤੋਂ ਪਿਛਲੇ ਸ਼ਬਦ ਰਾਹੀਂ ਮਨ ਦੇ ਕ੍ਰੋਧ ਬਾਰੇ ਸਮਝਿਆ ਹੈ ਕਿ ਉਹ ਸਾਡੇ ਅੰਦਰ ਦਾ ਕ੍ਰੋਧ ਕੀ ਹੈ ਜੋ ਸਾਨੂੰ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਡਾਲ ਬਣਾਉਂਦਾ ਹੈ। ਚੰਡਾਲ ਸਾਨੂੰ ਸਾਡੇ ਮਾੜੇ ਕਰਮ ਹੀ ਬਣਾਉਂਦੇ ਹਨ। ਮਨ ਦੇ ਕ੍ਰੋਧ ਨੂੰ ਸਮਝਣ ਬਾਰੇ, ਚੰਡਾਲਤਾ ਨੂੰ ਸਮਝਣ ਲਈ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਰਾਹੀਂ ਸਮਝਿਆ ਜਾ ਸਕਦਾ ਹੈ।

{ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥੨॥}

(ਅੰਗ ੨੪)

{ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥
ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥
ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ ॥
ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥

ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥}

(ਅੰਗ ੪੦)

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥
ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥
ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥
ਆਪਿ ਤਰੈ ਸਗਲੇ ਕੁਲ ਉਧਾਰਾ ॥੩॥ ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥}

(ਅੰਗ ੧੬੦-੧੬੧)

{ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥
ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥
ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥ ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥
ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥ ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥
ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥੧੭॥}

(ਅੰਗ ੩੦੦)

{ਪ੍ਰਥਮੇ ਤੇਰੀ ਨੀਕੀ ਜਾਤਿ ॥ ਦੁਤੀਆ ਤੇਰੀ ਮਨੀਐ ਪਾਂਤਿ ॥ ਤ੍ਰਿਤੀਆ ਤੇਰਾ ਸੁੰਦਰ ਥਾਨੁ ॥
ਬਿਗੜ ਰੂਪੁ ਮਨ ਮਹਿ ਅਭਿਮਾਨੁ ॥੧॥ ਸੋਹਨੀ ਸਰੂਪਿ ਸੁਜਾਣਿ ਬਿਚਖਨਿ ॥
ਅਤਿ ਗਰਬੈ ਮੋਹਿ ਫਾਕੀ ਤੂੰ ॥੧॥ ਰਹਾਉ ॥ ਅਤਿ ਸੂਚੀ ਤੇਰੀ ਪਾਕਸਾਲ ॥
ਕਰਿ ਇਸਨਾਨੁ ਪੂਜਾ ਤਿਲਕੁ ਲਾਲ ॥ ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥
ਸਭਿ ਬਿਧਿ ਖੋਈ ਲੋਭਿ ਸੁਆਨ ॥੨॥ ਕਾਪਰ ਪਹਿਰਹਿ ਭੋਗਹਿ ਭੋਗ ॥ ਆਚਾਰ ਕਰਹਿ ਸੋਭਾ ਮਹਿ ਲੋਗ ॥
ਚੋਆ ਚੰਦਨ ਸੁਗੰਧ ਬਿਸਥਾਰ ॥ ਸੰਗੀ ਖੋਟਾ ਕ੍ਰੋਧੁ ਚੰਡਾਲ ॥੩॥ ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ ਸੁਇਨਾ ਰੂਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥੪॥
ਜਾ ਕਉ ਦ੍ਰਿਸਟਿ ਮਇਆ ਹਰਿ ਰਾਇ ॥ ਸਾ ਬੰਦੀ ਤੇ ਲਈ ਛਡਾਇ ॥
ਸਾਧਸੰਗਿ ਮਿਲਿ ਹਰਿ ਰਸੁ ਪਾਇਆ ॥ ਕਹੁ ਨਾਨਕ ਸਫਲ ਓਹ ਕਾਇਆ ॥੫॥
ਸਭਿ ਰੂਪ ਸਭਿ ਸੁਖ ਬਨੇ ਸੁਹਾਗਨਿ ॥ ਅਤਿ ਸੁੰਦਰਿ ਬਿਚਖਨਿ ਤੂੰ ॥੧॥ ਰਹਾਉ ਦੂਜਾ ॥੧੨॥}

(ਅੰਗ ੩੨੪)

48/6568

{ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ॥੧॥

ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥
ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥
ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥
ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥
ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥
ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥
ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥
ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥}

(ਅੰਗ ੩੯੧)

{ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥}

(ਅੰਗ ੮੩੨)

{ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥
ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥
ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥
ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥
ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖੁ ਲਖਾਇਆ ॥੧੫॥੫॥੨੨॥}

(ਅੰਗ ੧੦੪੩)

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥

ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

{ਮਾਤ ਪਿਤਾ ਭਾਈ ਸੁਤੁ ਬਨਿਤਾ ॥ ਚੁਗਹਿ ਚੋਗ ਅਨੰਦ ਸਿਉ ਜੁਗਤਾ ॥
ਉਰਝਿ ਪਰਿਓ ਮਨ ਮੀਠ ਮੁੋਹਾਰਾ ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥ ਏਕੁ ਹਮਾਰਾ ਅੰਤਰਜਾਮੀ ॥
ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧॥ ਰਹਾਉ ॥
ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥
ਮੁਖਿ ਮੀਠੀ ਖਾਈ ਕਉਰਾਇ ॥ ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥
ਲੋਭ ਮੋਹ ਸਿਉ ਗਈ ਵਿਖੋਟਿ ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥
ਇਹ ਠਗਵਾਰੀ ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥
ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥
ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥
ਦਸ ਨਾਰੀ ਮੈ ਕਰੀ ਦੁਹਾਗਨਿ ॥ ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥
ਇਨ ਸਨਬੰਧੀ ਰਸਾਤਲਿ ਜਾਇ ॥ ਹਮ ਗੁਰਿ ਰਾਖੇ ਹਰਿ ਲਿਵ ਲਾਇ ॥੫॥
ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥
ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥
ਇਨ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥
ਆਏ ਪ੍ਰਭ ਪਹਿ ਅੰਚਰਿ ਲਾਗਿ ॥ ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥
ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥ ਸਗਲ ਦੂਤ ਮੇਰੀ ਸੇਵਾ ਲਾਏ ॥
ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥}

(ਅੰਗ ੧੩੪੭)

{ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ ਰਹਾਉ॥
ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥
ਘੂਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ ॥
ਵਰਮੀ ਮਾਰੀ ਸਾਪੁ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥੩॥
ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥
ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥੪॥
ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥੫॥
ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥ ਹੁਕਮੁ ਨ ਬੂਝੈ ਵਿਆਪਿਆ ਮਮਤਾ ॥੬॥

ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥ ਪੂਛਹੁ ਸਗਲ ਬੇਦ ਸਿੰਮ੍ਰਿਤੇ ॥
ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥੭॥
ਜਿਸ ਨੋ ਭਏ ਗੋਬਿੰਦ ਦਇਆਲਾ ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥
ਕੋਟਿ ਮਧੇ ਕੋਈ ਸੰਤੁ ਦਿਖਾਇਆ ॥ ਨਾਨਕੁ ਤਿਨ ਕੈ ਸੰਗਿ ਤਰਾਇਆ ॥੮॥
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ ॥ ਆਪਿ ਤਰੈ ਸਭੁ ਕੁਟੰਬੁ ਤਰਾਈਐ ॥੧॥ ਰਹਾਉ ਦੂਜਾ ॥੨॥}

(ਅੰਗ ੧੩੪੯)

{ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥ ਭਾਹਿ ਬਲੰਦੀ ਵਿਝਵੀ ਧ੍ਰਿਗੁ ਨ ਨਿਕਸਿਓ ਕਾਇ॥
ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ ॥੧॥ ਮੂੜੇ ਰਾਮੁ ਜਪਹੁ ਗੁਣ ਸਾਰਿ ॥
ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥ ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥
ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥ ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ॥
ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥ ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥}

(ਅੰਗ ੧੯)

{ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥ ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ॥
ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥੧॥ ਮਨ ਰੇ ਦੂਜਾ ਭਾਉ ਚੁਕਾਇ ॥
ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥ ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ॥
ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥ ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥
ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥ ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥
ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥
ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥}

(ਅੰਗ ੩੩)

{ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥
ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥ ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥
ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ ॥
ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ॥ ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ॥
ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥ ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥
ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ॥ ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥

ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥ ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥
ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥
ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥੪॥੧੧॥੮੧॥}

(ਅੰਗ ੪੬)

{ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ ੫੮)

{ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੰਨੀ ਕੁਲੁ ਤਾਰਿਆ ਜੀਉ ॥
ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ ॥
ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ ॥
ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ ਮਰੀ ॥
ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥
ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ ॥੫॥੧॥੩॥}

(ਅੰਗ ੯੧)

{ਮਨੁ ਤਨੁ ਰਤਾ ਰਾਮ ਪਿਆਰੇ ॥ ਸਰਬਸੁ ਦੀਜੈ ਅਪਨਾ ਵਾਰੇ ॥
ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ ॥੧॥
ਸੋਈ ਸਾਜਨ ਮੀਤੁ ਪਿਆਰਾ ॥ ਰਾਮ ਨਾਮੁ ਸਾਧਸੰਗਿ ਬੀਚਾਰਾ ॥
ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥੨॥
ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥
ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧਸੰਗਿ ਮਿਲੇ ਸਾਰੰਗਪਾਣੀ ॥
ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥}

(ਅੰਗ ੧੦੮)

{ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ ॥
ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥
ਸਭ ਪਰੋਈ ਇਕਤੁ ਧਾਗੈ ॥ ਜਿਸੁ ਲਾਇ ਲਏ ਸੋ ਚਰਣੀ ਲਾਗੈ ॥
ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥

ਤੇਰੀ ਮਹਿਮਾ ਤੂੰਹੈ ਜਾਣਹਿ ॥ ਅਪਣਾ ਆਪੁ ਤੂੰ ਆਪਿ ਪਛਾਣਹਿ ॥
ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥
ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰਹਿ ਕਲਮਲ ॥
ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥੪॥੪੨॥੪੯॥}

(ਅੰਗ ੧੦੯)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥
ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥
ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥
ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥
ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥
ਪੇਈਅੜੈ ਧਨ ਕੰਤੁ ਸਮਾਲੇ ॥ ਗੁਰ ਪਰਸਾਦੀ ਵੇਖੈ ਨਾਲੇ ॥
ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥੫॥
ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ ਦੂਜਾ ਭਾਉ ਗੁਰ ਸਬਦਿ ਜਲਾਇਆ ॥
ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥
ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥
ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥
ਜਿਨਿ ਸਿਸਟਿ ਸਾਜੀ ਸੋਈ ਜਾਣੈ ॥ ਆਪੇ ਮੇਲੈ ਸਬਦਿ ਪਛਾਣੈ ॥
ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥}

(ਅੰਗ ੧੨੯)

{ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥
ਛਿਵੈ ਕਾਮੁ ਨ ਪੁਛੈ ਜਾਤਿ ॥ ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥
ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥
ਉਡਿਆ ਹੰਸੁ ਦਸਾਏ ਰਾਹ ॥ ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥}

(ਅੰਗ ੧੩੭)

{ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥}

(ਅੰਗ ੧੪੧)

{ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਆਪਿ ਭੁਲਾਏ ਠਉਰ ਨ ਠਾਉ ॥
ਤੂੰ ਸਮਝਾਵਹਿ ਮੇਲਿ ਮਿਲਾਉ ॥੧॥ ਨਾਮੁ ਮਿਲੈ ਚਲੈ ਮੈ ਨਾਲਿ ॥
ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥ ਖੇਤੀ ਵਣਜੁ ਨਾਵੈ ਕੀ ਓਟ ॥
ਪਾਪੁ ਪੁੰਨੁ ਬੀਜ ਕੀ ਪੋਟ ॥ ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥
ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥
ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥
ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥
ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੫॥}

(ਅੰਗ ੧੫੨)

48/6569

{ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥
ਸਾਝ ਬਿਹਾਗ ਤਕਹਿ ਆਗਾਸੁ ॥ ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥
ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥ ਬਿਨੁ ਵਖਰ ਸੂਨੋ ਘਰੁ ਹਾਟੁ ॥
ਗੁਰ ਮਿਲਿ ਖੋਲੇ ਬਜਰ ਕਪਾਟ ॥੪॥ ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ ਲੋਗ ॥
ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬॥}

(ਅੰਗ ੧੫੨-੧੫੩)

{ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥
ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥
ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ ॥੧॥ ਰਹਾਉ ॥
ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥
ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥
ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥
ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥
ਬੋਹਿਥਿ ਚੜਉ ਜਾ ਆਵੈ ਵਾਰੁ ॥ ਠਾਕੇ ਬੋਹਿਥ ਦਰਗਹ ਮਾਰ ॥
ਸਚੁ ਸਾਲਾਹੀ ਧੰਨੁ ਗੁਰਦੁਆਰੁ ॥ ਨਾਨਕ ਦਰਿ ਘਰਿ ਏਕੰਕਾਰੁ ॥੪॥੭॥}

(ਅੰਗ ੧੫੩)

{ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥
ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਨੁ ਘਾਲੈ ਪੈਰੁ ॥
ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੂਝੈ ਬਿਗਾਨਾ ॥੩॥
ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥੪॥
ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥
ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂ ਨ ਵਿਸਰੈ ਨਾਨਕ ਨਾਮੁ ॥੫॥੯॥੭੮॥}

(ਅੰਗ ੧੭੮)

{ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ ਰਹਾਉ ॥
ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥
ਕਾਮ ਕ੍ਰੋਧ ਲੋਭ ਮਦ ਖੋਏ ॥ ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੪॥}

(ਅੰਗ ੧੯੪)

{ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥}

(ਅੰਗ ੨੧੯)

{ਸਾਧੋ ਰਚਨਾ ਰਾਮ ਬਨਾਈ ॥ ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥}

(ਅੰਗ ੨੧੯)

{ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥
ਦੂਜਾ ਕਉਨੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥
ਦੂਜੀ ਦੁਰਮਤਿ ਆਧੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥
ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥ ਰਵਿ ਸਸਿ ਦੇਖਉ ਦੀਪਕ ਉਜਿਆਲਾ॥

ਸਰਬ ਨਿਰੰਤਰਿ ਪ੍ਰੀਤਮੁ ਬਾਲਾ॥੪॥ ਕਰਿ ਕਿਰਪਾ ਮੇਰਾ ਚਿਤੁ ਲਾਇਆ॥ ਸਤਿਗੁਰਿ ਮੋ ਕਉ ਏਕੁ ਬੁਝਾਇਆ॥੫॥
ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥ ਏਕੋ ਹੁਕਮੁ ਵਰਤੈ ਸਭ ਲੋਈ ॥
ਏਕਸੁ ਤੇ ਸਭ ਓਪਤਿ ਹੋਈ ॥੭॥ ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥
ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥੫॥}

(ਅੰਗ ੨੨੩)

{ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥
ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥}

(ਅੰਗ ੨੨੪)

{ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ ਬਿਆਧਿ ਤਿਆਗੈ ਕਵਰੇ ॥ ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥
ਐਸਾ ਰਾਮ ਭਗਤੁ ਜਨੁ ਹੋਈ ॥ ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥ ਊਂਧੋ ਕਵਲੁ ਸਗਲ ਸੰਸਾਰੈ॥
ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥ ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥
ਮਿਰਗੁ ਮਰੈ ਸਹਿ ਅਪੁਨਾ ਕੀਨਾ ॥ ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥ ਕਾਮੁ ਚਿਤੈ ਕਾਮਣਿ ਹਿਤਕਾਰੀ ॥
ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥ ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥ ਪਰ ਘਰਿ ਚੀਤੁ ਮਨਮੁਖਿ ਡੋਲਾਇ॥
ਗਲਿ ਜੇਵਰੀ ਧੰਧੈ ਲਪਟਾਇ ॥ ਗੁਰਮੁਖਿ ਛੂਟਸਿ ਹਰਿ ਗੁਣ ਗਾਇ॥੫॥ ਜਿਉ ਤਨੁ ਬਿਧਵਾ ਪਰ ਕਉ ਦੇਈ ॥
ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥ ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥੬॥
ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥ ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥
ਜਿਉ ਮੀਨਾ ਜਲ ਮਾਹਿ ਉਲਾਸਾ ॥ ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥੮॥੧੧॥}

(ਅੰਗ ੨੨੫-੨੨੬)

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥
ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥}

(ਅੰਗ ੨੩੩)

{ਨਾਰਾਇਣ ਹਰਿ ਰੰਗ ਰੰਗੋ ॥ ਜਪਿ ਜਿਹਵਾ ਹਰਿ ਏਕ ਮੰਗੋ ॥੧॥ ਰਹਾਉ ॥
ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥
ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥ ਮੋਹਨ ਨਾਮੁ ਸਦਾ ਰਵਿ ਰਹਿਓ ॥
ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥ ਹਰਿ ਸੰਤਨ ਕਰਿ ਨਮੋ ਨਮੋ ॥ ਨਉ ਨਿਧਿ ਪਾਵਹਿ ਅਤੁਲੁ ਸੁਖੋ ॥੪॥
ਨੈਨ ਅਲੋਵਉ ਸਾਧ ਜਨੋ ॥ ਹਿਰਦੈ ਗਾਵਹੁ ਨਾਮ ਨਿਧੋ ॥੫॥ ਕਾਮ ਕ੍ਰੋਧ ਲੋਭੁ ਮੋਹੁ ਤਜੋ ॥
ਜਨਮ ਮਰਨ ਦੁਹੁ ਤੇ ਰਹਿਓ॥੬॥ ਦੂਖੁ ਅੰਧੇਰਾ ਘਰ ਤੇ ਮਿਟਿਓ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥੭॥
ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥}

(ਅੰਗ ੨੪੧)

{ਝਝਾ ਝੂਰਨੁ ਮਿਟੈ ਤੁਮਾਰੋ ॥ ਰਾਮ ਨਾਮ ਸਿਉ ਕਰਿ ਬਿਉਹਾਰੋ ॥ ਝੂਰਤ ਝੂਰਤ ਸਾਕਤ ਮੂਆ ॥
ਜਾ ਕੈ ਰਿਦੈ ਹੋਤ ਭਾਉ ਬੀਆ ॥ ਝਰਹਿ ਕਸੰਮਲ ਪਾਪ ਤੇਰੇ ਮਨੂਆ ॥ ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥
ਝਰਹਿ ਕਾਮ ਕ੍ਰੋਧ ਦੁਸਟਾਈ ॥ ਨਾਨਕ ਜਾ ਕਉ ਕ੍ਰਿਪਾ ਗੁਸਾਈ ॥੨੫॥}

(ਅੰਗ ੨੫੫)

{ਸੰਗਿ ਸਹਾਈ ਸੁ ਆਵੈ ਨ ਚੀਤਿ ॥ ਜੋ ਬੈਰਾਈ ਤਾ ਸਿਉ ਪ੍ਰੀਤਿ ॥ ਬਲੂਆ ਕੇ ਗ੍ਰਿਹ ਭੀਤਰਿ ਬਸੈ ॥
ਅਨਦ ਕੇਲ ਮਾਇਆ ਰੰਗਿ ਰਸੈ ॥ ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ ਕਾਲੁ ਨ ਆਵੈ ਮੂੜੇ ਚੀਤਿ ॥
ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥}

(ਅੰਗ ੨੬੭)

{ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥
ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥
ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥
ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥
ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥}

(ਅੰਗ ੨੬੮)

{ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥ ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥}

(ਅੰਗ ੨੬੯)

{ਕਬਹੂ ਨਿਰਤਿ ਕਰੈ ਬਹੁ ਭਾਤਿ ॥ ਕਬਹੂ ਸੋਇ ਰਹੈ ਦਿਨੁ ਰਾਤਿ ॥ ਕਬਹੂ ਮਹਾ ਕ੍ਰੋਧ ਬਿਕਰਾਲ ॥
ਕਬਹੂੰ ਸਰਬ ਕੀ ਹੋਤ ਰਵਾਲ ॥ ਕਬਹੂ ਹੋਇ ਬਹੈ ਬਡ ਰਾਜਾ ॥ ਕਬਹੁ ਭੇਖਾਰੀ ਨੀਚ ਕਾ ਸਾਜਾ ॥
ਕਬਹੂ ਅਪਕੀਰਤਿ ਮਹਿ ਆਵੈ ॥ ਕਬਹੂ ਭਲਾ ਭਲਾ ਕਹਾਵੈ ॥ ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥
ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥੬॥}

(ਅੰਗ ੨੭੭)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥ ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥
ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥ ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥
ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}

(ਅੰਗ ੨੯੬)

48/6570

{ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥
ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥

ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ ॥
ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ॥ ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥੧੭॥}

(ਅੰਗ ੩੧੦)

{ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥
ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥
ਅੰਨਾ ਬੋਲਾ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥
ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ ਨਾਨਕ ਪੂਰਬਿ ਲਿਖਿਆ ਕਮਾਇ ॥੨॥}

(ਅੰਗ ੩੧੪)

{ਤੁਸਿ ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ ॥ ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ॥
ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥
ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ ॥੨੯॥}

(ਅੰਗ ੩੧੫)

{ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥ ਮੁਹਿ ਡਿਠੈ ਤਿਨ ਕੈ ਜੀਵੀਐ ਹਰਿ ਅੰਮ੍ਰਿਤੁ ਚਖੇ ॥
ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥ ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ ॥
ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ ॥੨॥}

(ਅੰਗ ੩੧੮)

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥}

(ਅੰਗ ੩੨੪)

{ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ ॥
ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ ॥੧॥
ਐਸਾ ਨਾਇਕੁ ਰਾਮੁ ਹਮਾਰਾ ॥ ਸਗਲ ਸੰਸਾਰੁ ਕੀਓ ਬਨਜਾਰਾ ॥੧॥ ਰਹਾਉ ॥
ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ ॥
ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ ॥੨॥
ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ ॥
ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ ॥੩॥੫॥੪੯॥}

(ਅੰਗ ੩੩੩)

{ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥

ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥ ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥
ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥
ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥੨॥੨॥੧੭॥੬੮॥}

(ਅੰਗ ੩੩੮)

{ਚਉਥਹਿ ਚੰਚਲ ਮਨ ਕਉ ਗਹਹੁ ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥
ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥੫॥}

(ਅੰਗ ੩੪੩)

{ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥
ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥}

(ਅੰਗ ੩੫੨)

{ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥ ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥
ਜੈਸਾ ਬੀਜੈ ਤੈਸਾ ਖਾਵੈ ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥}

(ਅੰਗ ੩੬੬)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥}

(ਅੰਗ ੩੭੭)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥ ਜਨਮ ਮਰਨ ਚੂਕੇ ਸਭਿ ਭਾਰੇ ॥
ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥
ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥੨॥
ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ ॥
ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥੩॥

ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ ॥
ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ ॥੪॥੩੬॥}

(ਅੰਗ ੩੭੯)

{ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ ॥
ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ ॥੧॥ ਰਹਾਉ ॥
ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ ॥
ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ ॥੧॥
ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥
ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ ॥੨॥
ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥
ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥
ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥
ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥੪॥੧੨॥੫੧॥}

(ਅੰਗ ੩੮੩-੩੮੪)

{ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ ॥
ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ ॥੧॥ ਮਨ ਬੈਰਾਗੀ ਕਿਉ ਨ ਅਰਾਧੇ ॥
ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ ॥੧॥ ਰਹਾਉ ॥
ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ ॥
ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ ॥੨॥ ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ ॥
ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ ॥੩॥
ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਤਉ ਗੁਰ ਮਿਲਿ ਸਭ ਸੁਖ ਲਾਧੇ ॥
ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ ॥੪॥ ਇਉ ਜਪਿਓ ਭਾਈ ਪੁਰਖੁ ਬਿਧਾਤੇ ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਜਨਮ ਮਰਣ ਦੁਖ ਲਾਥੇ ॥੧॥ ਰਹਾਉ ਦੂਜਾ ॥੪॥੪॥੧੨੬॥}

(ਅੰਗ ੪੦੨-੪੦੩)

{ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ ਦੀਏ ਸਭਿ ਰਸ ਭੋਗ ॥ ਦੀਨ ਬੰਧਪ ਜੀਅ ਦਾਤਾ ਸਰਣਿ ਰਾਖਣ ਜੋਗੁ ॥੧॥
ਮੇਰੇ ਮਨ ਧਿਆਇ ਹਰਿ ਹਰਿ ਨਾਉ ॥ ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ ਲਾਉ ॥੧॥ ਰਹਾਉ ॥
ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ॥ ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ॥੨॥
ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥ ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥
ਚਰਣ ਸਰਣ ਦਇਆਲ ਤੇਰੀ ਤੂੰ ਨਿਮਾਣੇ ਮਾਣੁ ॥ ਜੀਅ ਪ੍ਰਾਣ ਅਧਾਰੁ ਤੇਰਾ ਨਾਨਕ ਕਾ ਪ੍ਰਭੁ ਤਾਣੁ॥੪॥੨॥੧੩੭॥}

(ਅੰਗ ੪੦੫)

{ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥

ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥ ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥
ਅਨਦਿਨੋ ਪ੍ਰਭ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥}

(ਅੰਗ ੪੦੯)

{ਕਾਮੁ ਕ੍ਰੋਧੁ ਲੋਭੁ ਤਿਆਗੁ॥ ਮਨਿ ਸਿਮਰਿ ਗੋਬਿੰਦ ਨਾਮ ॥ ਹਰਿ ਭਜਨ ਸਫਲ ਕਾਮ ॥੧॥ ਰਹਾਉ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥ ਮਨ ਸੰਤਨਾ ਕੈ ਚਰਨਿ ਲਾਗੁ ॥੧॥
ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ ॥
ਕਰਿ ਭਗਤਿ ਨਾਨਕ ਪੂਰਨ ਭਾਗੁ ॥੨॥੪॥੧੫੫॥}

(ਅੰਗ ੪੦੯)

48/6571

{ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥
ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥
ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥
ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥
ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥ ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥
ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥੫॥
ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥
ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥੭॥
ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥
ਹਰਿ ਜੀਉ ਆਗੈ ਕਰੀ ਅਰਦਾਸਿ ॥ ਸਾਧੂ ਜਨ ਸੰਗਤਿ ਹੋਇ ਨਿਵਾਸੁ ॥
ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥ ਕਰਿ ਬੀਚਾਰੁ ਆਚਾਰੁ ਪਰਾਤਾ ॥
ਸਤਿਗੁਰ ਬਚਨੀ ਏਕੋ ਜਾਤਾ ॥ ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥}

(ਅੰਗ ੪੧੪-੪੧੫)

ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਡੇ ਅੰਦਰ ਦਾ ਕ੍ਰੋਧ ਕਿਸ ਰੂਪ ਵਿੱਚ ਹੈ ਜਿਸ ਕ੍ਰੋਧ ਦੁਆਰਾ ਅਸੀਂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਡਾਲ ਬਣਦੇ ਹਾਂ, ਨੀਚ ਬਣਦੇ ਹਾਂ ਭਾਵ ਮਾੜੇ ਬਣਦੇ ਹਾਂ। ਸਾਡੇ ਅੰਦਰ ਦੀ ਹਉਮੈ ਹੀ ਸਾਨੂੰ ਚੰਡਾਲ ਬਣਾਉਂਦੀ ਹੈ। **{ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥ ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥ ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥ ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥ ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥ ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥ ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥ ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥}** ਅੰਗ ੧੦੪੩

ਸਾਡੇ ਅੰਦਰ ਦੀ ਕ੍ਰੋਧਤਾ ਦਾ ਮੂਲ ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ, ਸਾਡੇ ਅੰਦਰ ਦਾ ਮਾਇਆ ਮੋਹ, ਮਾਇਆ ਦੀਆਂ ਦਾਤਾਂ ਦਾ ਮੋਹ ਜਿਨ੍ਹਾਂ ਦਾਤਾਂ ਦੀ ਪ੍ਰਾਪਤੀ ਲਈ, ਮਾਇਆ ਇੱਕਠੀ ਕਰਨ ਲਈ ਹੀ ਅਸੀਂ ਮਾੜੇ ਕਰਮ ਕਰਦੇ ਹਾਂ। ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਹੀ ਅਨੇਕਾਂ ਅਉਗੁਣ ਕਰਦੇ ਹਾਂ। ਗੁਰੂ ਦੀ ਮਤਿ ਸਾਨੂੰ ਬਾਰ-ਬਾਰ ਮਾਇਆ ਮੋਹ ਛੱਡਣ ਲਈ ਸਮਝਾਉਂਦੀ ਹੈ ਜੋ ਅਸੀਂ ਛੱਡਣਾ ਨਹੀਂ ਚਾਹੁੰਦੇ ਜਿਸ ਕਰਕੇ ਸਾਡੇ ਅੰਦਰ ਦੇ ਵਿਚਾਰ ਗੁਰੂ ਦੀ ਮਤਿ ਨੂੰ, ਗੁਰੂ ਦੇ ਨਾਮ ਨੂੰ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣ ਦਾ ਵਿਰੋਧ ਕਰਦੇ ਹਨ। ਗੁਰੂ ਸਾਨੂੰ ਸੱਚ ਸਮਝਾਉਂਦਾ ਹੈ ਤੇ ਸਾਡੇ ਅੰਦਰ ਦਾ ਝੂਠ ਭਾਵ ਮਾਇਆ ਮੋਹ ਗੁਰੂ ਦੇ ਸੱਚ ਦੀ ਮਨ ਦੇ ਵਿੱਚ ਉਸਦੀ ਵਿਰੋਧਤਾ ਕਰਦਾ ਹੈ ਭਾਵ ਸੱਚ ਦੇ ਨਾਲ ਆਪਣਾ ਕ੍ਰੋਧ ਪ੍ਰਗਟ ਕਰਦਾ ਹੈ ਕਿਉਂਕਿ ਮਾਇਆ ਮੋਹ ਛੱਡਣਾ ਔਖਾ ਹੈ, ਮਾਇਆ ਦੀਆਂ ਦਾਤਾਂ ਤੋਂ ਮੂੰਹ ਫੇਰਨਾ ਔਖਾ ਲੱਗਦਾ ਹੈ। ਜਿਵੇਂ ਕਿ ਸਾਡੇ ਕੋਲੋਂ ਕੋਈ ਮਾਇਆ ਮੰਗਦਾ ਹੈ ਜੋ ਮਾਇਆ ਨੂੰ ਅਸੀਂ ਆਪਣੀ ਸਮਝਦੇ ਹਾਂ ਤੇ ਉਸਨੂੰ ਕੋਈ ਇਹ ਕਹੇ ਕਿ ਇਹ ਮਾਇਆ ਮੇਰੀ ਹੈ ਫਿਰ ਸਾਨੂੰ ਗੁੱਸਾ ਆਏਗਾ ਹੀ। ਪ੍ਰਮਾਤਮਾ ਦੀ ਰਚੀ ਹੋਈ ਖੇਡ ਸਾਡੇ ਅੰਦਰ ਇਸੇ ਤਰੀਕੇ ਹੀ ਵਰਤਦੀ ਹੈ ਤੇ ਜੋ ਸਾਡੇ ਕੋਲ ਮਾਇਆ ਹੈ ਅਸੀਂ ਉਸਨੂੰ ਆਪਣੀ ਹੀ ਸਮਝਦੇ ਹਾਂ, ਜੋ ਮਾਇਆ ਸਾਨੂੰ ਸੁੱਖ ਦਿੰਦੀ ਹੈ। ਗੁਰੂ ਸਾਨੂੰ ਮਾਇਆ ਦੇ ਸੁੱਖਾਂ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ ਜਿਸ ਗੱਲ ਦਾ ਸਾਡੇ ਅੰਦਰ ਦੇ ਵਿਚਾਰ ਵਿਰੋਧ ਕਰਦੇ ਹਨ ਭਾਵ ਮਾਇਆ ਦੇ ਸੁੱਖ ਛੱਡਣ ਦਾ ਕ੍ਰੋਧ ਦਿਖਾਉਂਦੇ ਹਨ। ਮਨ ਦਾ ਇਹ ਕ੍ਰੋਧ ਛੱਡੇ ਬਿਨਾਂ ਅਸੀਂ ਵਿਕਾਰਾਂ ਵਿੱਚੋਂ ਨਹੀਂ ਨਿਕਲ ਸਕਦੇ ਤੇ ਅਸੀਂ ਮਾਇਆ ਦੇ ਸੁੱਖਾਂ ਲਈ ਹੀ ਸਾਰੇ ਅਉਗੁਣ ਕਰਦੇ ਹਾਂ। ਸਾਡੇ ਅੰਦਰ ਦੇ ਅਉਗੁਣ ਹੀ ਜੋ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਉਹ ਮਾੜੇ ਵਿਚਾਰ ਹੀ ਸਾਨੂੰ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਡਾਲ ਬਣਾਉਂਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਹੀ ਅਸਲ ਵਿੱਚ ਸਾਡੇ ਅੰਦਰ ਦੇ ਚੰਡਾਲ ਹਨ ਤੇ ਗੁਰੂ ਸਾਨੂੰ ਬਾਰ-ਬਾਰ

ਇਹਨਾਂ ਚੰਡਾਲ ਵਿਚਾਰਾਂ ਨੂੰ ਛੱਡਣ ਲਈ ਸਮਝਾਉਂਦਾ ਹੈ। ਸਾਡੇ ਅੰਦਰ ਦੇ ਚੰਡਾਲ ਸਾਡੇ ਅੰਦਰ ਦੀ ਸੱਚੀ ਭਗਤੀ ਦੀ ਨਾਸਮਝ ਵਾਲੀ ਮਤਿ ਦਾ ਨਤੀਜਾ ਹਨ ਭਾਵ ਸਾਡੇ ਅੰਦਰ ਦੀ ਹਉਮੈ ਦਾ ਨਤੀਜਾ ਹਨ ਜੋ ਸਾਡੇ ਅੰਦਰ ਦੀ ਹਉਮੈ ਨਾਮ ਦੇ ਵਿਚਾਰਾਂ ਦਾ ਵਿਰੋਧ ਕਰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਦਾ ਨਾਮ ਸਾਨੂੰ ਅਉਗੁਣ ਤਿਆਗਣ ਲਈ ਸਮਝਾਉਂਦਾ ਹੈ ਤੇ ਸਾਡੇ ਅੰਦਰ ਦੀ ਹਉਮੈ ਗੁਰੂ ਦੇ ਸੱਚੇ ਵਿਚਾਰਾਂ ਦਾ ਵਿਰੋਧ ਕਰਦੀ ਹੈ। ਇਸੇ ਕਰਕੇ ਸਾਡੇ ਅੰਦਰ ਜਦ ਹਉਮੈ ਹੈ ਤਦ ਤਕ ਕਿਸੇ ਦੇ ਅੰਦਰ ਨਾਮ ਨਹੀਂ ਹੋ ਸਕਦਾ ਤੇ ਜਦੋਂ ਕਿਸੇ ਦੇ ਅੰਦਰ ਗੁਰੂ ਦੇ ਨਾਮ ਵਾਲੇ ਵਿਚਾਰ ਵੱਸ ਜਾਂਦੇ ਹਨ ਭਾਵ ਗੁਰੂ ਦੇ ਸ਼ਬਦਾਂ ਦੇ ਵਿਚਾਰ ਵੱਸ ਜਾਂਦੇ ਹਨ ਜਿਨ੍ਹਾਂ ਨੂੰ ਆਪਣੇ ਅੰਦਰ ਵਸਾਉਂਣਾ ਬਹੁਤ ਔਖਾ ਹੈ ਭਾਵ ਮੰਨਣਾ ਬਹੁਤ ਔਖਾ ਹੈ ਉਹਨਾਂ ਦੇ ਵੱਸਣ ਤੋਂ ਬਾਅਦ ਫਿਰ ਸਾਡੇ ਅੰਦਰੋਂ ਹਉਮੈ ਵਾਲੇ ਵਿਚਾਰ ਨਿਕਲ ਜਾਂਦੇ ਹਨ ਭਾਵ ਗੁਰੂ ਦੇ ਸੱਚੇ ਗਿਆਨ ਵਾਲੇ ਵਿਚਾਰ ਵੱਸਣ ਦੁਆਰਾ ਸਾਡੇ ਅੰਦਰ ਅਗਿਆਨਤਾ ਵਾਲੇ ਨਾਸਮਝ ਵਿਚਾਰ ਨਿਕਲ ਜਾਂਦੇ ਹਨ ਜਿਨ੍ਹਾਂ ਨਾਸਮਝ ਵਿਚਾਰਾਂ ਦੇ ਰਹਿੰਦੇ ਭਾਵ ਹਉਮੈ ਦੇ ਰਹਿੰਦੇ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ। ਆਪਣੇ ਨਾਮ ਵਾਲੇ ਸੱਚੇ ਵਿਚਾਰ ਪ੍ਰਮਾਤਮਾ ਕਿਸੇ ਅੰਦਰ ਪ੍ਰਗਟ ਹੋ ਕੇ ਆਪਣੇ ਨਾਮ ਦੀ ਦਾਤਿ ਪ੍ਰਮਾਤਮਾ ਆਪ ਹੀ ਬਖਸ਼ਦਾ ਹੈ ਜਿਸ ਦੁਆਰਾ ਪ੍ਰਮਾਤਮਾ ਕਿਸੇ ਵਿਰਲੇ ਨੂੰ ਮਨ ਦੀ ਹਉਮੈ ਵਿੱਚੋਂ ਕੱਢਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਸਨੇ ਆਪਣਾ ਨਾਮ ਬਖਸ਼ ਕੇ ਉਹਨਾਂ ਨੂੰ ਮਨ ਦੀ ਹਉਮੈ ਵਿੱਚੋਂ ਭਾਵ ਆਪਣਾ ਸੱਚਾ ਗਿਆਨ ਬਖਸ਼ ਕੇ ਉਹਨਾਂ ਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਿਆ ਹੈ ਜਿਸ ਦੁਆਰਾ ਉਸਨੇ ਉਹਨਾਂ ਨੂੰ ਆਪਣਾ ਗੁਰੂ ਰੂਪ ਬਣਾਇਆ ਹੈ ਤੇ ਆਪਣੀ ਸੱਚੀ ਸਮਝ ਦੇਣ ਦੁਆਰਾ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਜਪਣਾ ਸਿਖਾਇਆ ਹੈ, ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ। ਮਨ ਦੀ ਹਉਮੈ ਨਿਕਲੇ ਬਿਨਾਂ ਭਾਵ ਨਾਮ ਦੀ ਦਾਤਿ ਮਿਲੇ ਬਿਨਾਂ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਤੇ ਜਦ ਤਕ ਸੱਚੀ ਸਮਝ ਨਹੀਂ ਪੈਂਦੀ ਤਦ ਤਕ ਸਾਡੇ ਅੰਦਰ ਦੇ ਚੰਡਾਲ ਵਿਚਾਰ ਸੱਚ ਦੀ ਵਿਰੋਧਤਾ ਕਰਦੇ ਹੀ ਰਹਿੰਦੇ ਹਨ ਭਾਵ ਗੁਰੂ ਦੇ ਨਾਮ ਦੀ ਵਿਰੋਧਤਾ ਕਰਦੇ ਹੀ ਰਹਿੰਦੇ ਹਨ। **{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥ ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥ ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥ ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥ ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}** ਅੰਗ ੫੬੦

ਸਾਡੇ ਅੰਦਰ ਦੀ ਹਉਮੈ ਸਾਡੇ ਅੰਦਰ ਦੀ ਅਗਿਆਨਤਾ

48/6573

ਹੀ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਸਮਝ ਸਕਦਾ ਹੈ ਤੇ ਇਹੀ ਗੱਲ ਅਸੀਂ ਪਿੱਛੇ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝੀ ਹੈ। ਉਪਰ ਸ਼ਬਦ ਰਾਹੀਂ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਹਉਮੈ ਸਾਡੇ ਅੰਦਰ ਦਾ ਵੱਡਾ ਗੁਬਾਰ ਹੈ ਭਾਵ ਵੱਡੀ ਅਗਿਆਨਤਾ ਹੈ ਜਿਸ ਅਗਿਆਨਤਾ ਵਿੱਚ ਰਹਿੰਦੇ ਹੋਏ ਕੋਈ ਸੱਚ ਨੂੰ ਬੁੱਝ ਹੀ ਨਹੀਂ ਸਕਦਾ ਭਾਵ ਪ੍ਰਮਾਤਮਾ ਦੇ ਸੱਚੇ ਗਿਆਨ ਨੂੰ ਜਾਣ ਹੀ ਨਹੀਂ ਸਕਦਾ, ਨਾਮ ਨੂੰ ਜਾਣ ਹੀ ਨਹੀਂ ਸਕਦਾ। ਇਹ ਸਭ ਕੁਝ ਉਪਰ ਸ਼ਬਦ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਤੇ ਗੁਰੂ ਦੀ ਸਮਝ ਨੂੰ ਮੰਨਣ ਲਈ ਕੇਵਲ ਇਸ ਗੱਲ ਤੇ ਵਿਸ਼ਵਾਸ ਕਰਨ ਦੀ ਗੱਲ ਹੈ ਕਿ ਕੇਵਲ ਗੁਰੂ ਹੀ ਹੈ ਜੋ ਸਾਨੂੰ ਸੱਚ ਸਮਝਾ ਸਕਦਾ ਹੈ। ਬਾਣੀ ਵਿੱਚ ਅਨੇਕਾਂ ਵਾਰੀ **"ਕਲਿ"** ਦੀ ਗੱਲ ਆਉਂਦੀ ਹੈ, ਕਲੀ ਦੀ ਗੱਲ ਆਉਂਦੀ ਹੈ, ਕਲਿ ਜੁਗਿ ਦੀ ਗੱਲ ਆਉਂਦੀ ਹੈ। ਇਹ ਸਭ ਸਾਡੇ ਮਨ ਦੀ ਕਲਿ ਨਾਲ ਹੀ ਜੁੜਿਆ ਹੋਇਆ ਹੈ। ਕਲਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਕਲਿ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜੋ ਸਾਡੇ ਅੰਦਰ ਦੀ ਕਲਿ ਕੇਵਲ ਗੁਰੂ ਦੇ ਨਾਮ ਨਾਲ ਨਿਕਲ ਸਕਦੀ ਹੈ ਭਾਵ ਗੁਰੂ ਦੇ ਸੱਚੇ ਗਿਆਨ ਨਾਲ ਨਿਕਲ ਸਕਦੀ ਹੈ। ਹਉਮੈ ਵੀ ਸਾਡੇ ਅੰਦਰ ਦੀ ਅਗਿਆਨਤਾ ਹੀ ਹੈ ਜੋ ਗੁਰੂ ਦੇ ਨਾਮ ਦੁਆਰਾ ਨਿਕਲਦੀ ਹੈ। ਹਉਮੈ ਦਾ ਤੇ ਕਲਿ ਦਾ ਆਪਸ ਵਿੱਚ ਕੀ ਰਿਸ਼ਤਾ ਹੈ ਇਸ ਗੱਲ ਨੂੰ ਹੀ ਅਗਲੇ ਸ਼ਬਦ ਦੁਆਰਾ ਸਮਝਦੇ ਹਾਂ।

ਗਉੜੀ ਗੁਆਰੇਰੀ ਮਹਲਾ ੩ ॥

"ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥
ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥
ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥
ਆਪਿ ਤਰੈ ਸਗਲੇ ਕੁਲ ਉਧਾਰਾ ॥੩॥ ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥"

(ਅੰਗ ੧੬੦-੧੬੧)

ਉਪਰ ਸ਼ਬਦ ਰਾਹੀਂ ਸਾਨੂੰ ਗੁਰੂ ਦੇ ਨਾਮ ਦੀ ਮਹਤੱਤਾ ਹੀ ਸਮਝਾਈ ਹੋਈ ਹੈ ਕਿ ਗੁਰੂ ਦਾ ਨਾਮ ਸਾਨੂੰ ਕਿਸ ਤਰੀਕੇ ਚੰਡਾਲਪੁਣੇ ਤੋਂ ਬਚਾਉਂਦਾ ਹੈ ਭਾਵ ਮਾੜੇ ਬਣਨ ਤੋਂ ਬਚਾਉਂਦਾ ਹੈ, ਨੀਚ ਬਣਨ ਤੋਂ ਬਚਾਉਂਦਾ ਹੈ ਭਾਵ ਸੱਚੀ ਭਗਤੀ ਦੇ ਮਾਰਗ ਨਾਲ ਜੁੜਨਾ ਸਮਝਾਉਂਦਾ ਹੈ। ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਜਦ ਤਕ ਸਾਡੇ ਅੰਦਰ ਮਾਇਆ ਮੋਹ ਹੈ ਤਦ ਤਕ ਸਾਡੇ ਅੰਦਰ ਨਾਮ ਨਹੀਂ ਹੈ। ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

"ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥
ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥"

48/6574

ਸਭ ਤੋਂ ਪਹਿਲਾਂ ਤਾਂ ਉਪਰ ਵਾਲੇ ਪਦੇ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝੋ ਕਿ **"ਮਨਮੁਖਿ"** ਵਿੱਚ ਤੇ **"ਗੁਰਮੁਖਿ"** ਵਿੱਚ ਕੀ ਫਰਕ ਹੈ। ਜਿਸਨੂੰ ਮਾਇਆ ਮੋਹ ਨਾਲ ਪਿਆਰ ਹੈ ਜਿਸ ਮਾਇਆ ਮੋਹ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਉਹ ਹਰ ਕੋਈ ਮਨਮੁਖਿ ਹੈ। ਜਿਸਦੇ ਅੰਦਰ ਮਾਇਆ ਮੋਹ ਹੈ ਉਸਨੂੰ ਹੀ ਸੁੱਤਾ ਹੋਇਆ ਕਿਹਾ ਹੈ ਭਾਵ ਮਨ ਦੀ ਮਾਇਆ ਮੋਹ ਵਾਲੀ ਸਮਝ ਦੁਆਰਾ ਉਹ ਗੁਰਮਤਿ ਦੀ ਸਮਝ ਵਲੋਂ ਸੁੱਤਾ ਹੀ ਰਹਿੰਦਾ ਹੈ। ਜੋ ਮਾਇਆ ਮੋਹ ਵਿੱਚੋਂ ਜਾਗਦਾ ਹੈ ਉਹੀ ਗੁਰਮੁਖਿ ਬਣਦਾ ਹੈ। ਮਾਇਆ ਮੋਹ ਵਾਲੀ ਸਮਝ ਸਾਨੂੰ ਗੁਰੂ ਦੇ ਸੱਚੇ ਗਿਆਨ ਦੀ ਸਮਝ ਤੋਂ, ਗੁਰੂ ਦੀ ਸੱਚੀ ਸਮਝ ਨੂੰ ਮੰਨਣ ਤੋਂ ਦੂਰ ਰੱਖਦੀ ਹੈ

ਜਿਸ ਕਰਕੇ ਅਸੀਂ ਗੁਰਮਤਿ ਵੱਲੋਂ ਸੁੱਤੇ ਰਹਿੰਦੇ ਹਾਂ। ਮਾਇਆ ਮੋਹ ਵਿੱਚ ਸੁੱਤੇ ਹੋਏ ਅਸੀਂ ਅਨੇਕਾਂ ਅਉਗੁਣ ਵੀ ਕਰਦੇ ਹਾਂ ਭਾਵ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਨੇਕਾਂ ਮਾੜੇ ਕਰਮ ਕਰਦੇ ਹਾਂ। ਮਾਇਆ ਵਿੱਚੋਂ ਉਹੀ ਜਾਗਦਾ ਹੈ ਜਿਸਨੂੰ ਗੁਰੂ ਦੇ ਸਮਝਾਏ ਹੋਏ ਗੁਣ ਚੰਗੇ ਲੱਗਦੇ ਹਨ ਤੇ ਗੁਣੀ ਬਣਨ ਲਈ ਅਉਗੁਣ ਤਿਆਗਣੇ ਪੈਂਦੇ ਹਨ, ਮਾਇਆ ਮੋਹ ਛੱਡਣਾ ਪੈਂਦਾ ਹੈ ਜੋ ਕਿ ਗੁਰੂ ਦੇ ਗਿਆਨ ਨੂੰ ਆਪਣੇ ਅੰਦਰ ਬੀਚਾਰਨ ਦੁਆਰਾ ਹੀ ਭਾਵ ਮੰਨਣ ਦੁਆਰਾ ਹੀ ਛੱਡਿਆ ਜਾ ਸਕਦਾ ਹੈ। ਜੋ ਗੁਰੂ ਦੇ ਗਿਆਨ ਦਾ ਬੀਚਾਰੀ ਬਣਦਾ ਹੈ ਉਹੀ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣਦਾ ਹੈ। ਜੋ ਗਿਆਨ ਦਾ ਬੀਚਾਰੀ ਹੈ ਭਾਵ ਮਾਇਆ ਮੋਹ ਵਿੱਚੋਂ ਸੁੱਤਾ ਹੋਇਆ ਜਾਗਦਾ ਹੈ ਭਾਵ ਅਉਗੁਣ ਤਿਆਗਕੇ ਗੁਣਾਂ ਵਾਲਾ ਬਣਦਾ ਹੈ ਉਹੀ ਨਾਮ ਦੇ ਪਿਆਰ ਵਾਲਾ ਬਣਦਾ ਹੈ ਕਿਉਂਕਿ ਗੁਰੂ ਦੇ ਗਿਆਨ ਦਾ ਬੀਚਾਰੀ ਬਣਨਾ ਹੀ ਨਾਮ ਵਾਲਾ ਬਣਨਾ ਹੈ। ਮਾਇਆ ਮੋਹ ਦੇ ਪਿਆਰ ਵਿੱਚੋਂ ਨਿਕਲੇ ਬਿਨਾਂ ਨਾਮ ਦੇ ਪਿਆਰ ਵਾਲਾ ਨਹੀਂ ਬਣਿਆ ਜਾ ਸਕਦਾ ਜਿਵੇਂ ਕਿ ਉਪਰ ਵਾਲੇ ਪਦੇ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। **(ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥)**

ਸਾਡੇ ਮਨ ਦਾ ਸੌਣਾ ਜਾਗਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਜੋ ਨੀਂਦ ਗੁਰੂ ਦੇ ਗਿਆਨ ਦੁਆਰਾ ਹੀ ਖੁੱਲ ਸਕਦੀ ਹੈ ਤੇ ਉਸ ਨੀਂਦ ਵਿੱਚੋਂ ਸਾਨੂੰ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਜਗਾ ਸਕਦਾ ਹੈ ਤੇ ਤਾਂ ਹੀ ਕਿਸੇ ਨੂੰ ਗੁਰਮੁਖਿ ਬਣਾ ਸਕਦਾ ਹੈ, ਨਾਮ ਵਾਲਾ ਬਣਾ

48/6575

ਸਕਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥ ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥ ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥
ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥}

(ਅੰਗ ੪੧੯)

{ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥੧॥
ਜੋ ਜਨਮੈ ਸੋ ਜਾਨਹੁ ਮੂਆ ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥੧॥ ਰਹਾਉ ॥

ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ ਫਿਰਿ ਹੋਇ ਪਰਭਾਤਿ ॥੨॥
ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥}

(ਅੰਗ ੩੭੫)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥
ਜੇਤਾ ਪੇਖਨੁ ਤੇਤਾ ਧਿਆਨੁ ॥੨॥ ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥
ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੁਪ ਸਹਜੇ ਹੀ ਜਪਨਾ ॥੩॥
ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥ ਸਹਜੇ ਹੋਆ ਸਾਧੂ ਸੰਗੁ ॥
ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥ ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥
ਸਹਜੇ ਦੁਬਿਧਾ ਤਨ ਕੀ ਨਾਸੀ ॥ ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥
ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ ਜੀਅ ਕੋ ਦਾਨੁ ॥ ਸਹਜ ਕਥਾ ਮਹਿ ਆਤਮੁ ਰਸਿਆ ॥
ਤਾ ਕੈ ਸੰਗਿ ਅਬਿਨਾਸੀ ਵਸਿਆ॥੬॥ ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ॥
ਸਹਜੇ ਰੁਣ ਝੁਣਕਾਰੁ ਸੁਹਾਇਆ ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥ ਸਹਜੇ ਜਾ ਕਉ ਪਰਿਓ ਕਰਮਾ॥
ਸਹਜੇ ਗੁਰੁ ਭੇਟਿਓ ਸਚੁ ਧਰਮਾ ॥ ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥}

(ਅੰਗ ੨੩੬-੨੩੭)

{ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥ ਮੁਸਨਹਾਰ ਪੰਚ ਬਟਵਾਰੇ ॥
ਸੂਨੇ ਨਗਰਿ ਪਰੇ ਠਗਹਾਰੇ ॥੨॥ ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥ ਸਾਬਤੁ ਪੂੰਜੀ ਸਤਿਗੁਰ ਸੰਗਿ ॥
ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥ ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥
ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੯੯॥}

(ਅੰਗ ੧੮੨)

{ਪਾਇਓ ਬਾਲ ਬੁਧਿ ਸੁਖੁ ਰੇ ॥ ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ ॥੧॥ ਰਹਾਉ॥
ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ ॥
ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ ॥੧॥ ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥

ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥੨॥ ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥
ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥੩॥
ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥
ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥੪॥੧॥੧੫੯॥}

(ਅੰਗ ੨੧੪)

{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ ਇਨ੍ ਬਿਧਿ ਪਾਸਾ ਢਾਲਹੁ ਬੀਰ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥}

(ਅੰਗ ੧੧੮੫)

{ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥
ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥ ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥
ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥੧॥ ਰਹਾਉ॥ ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ॥
ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥
ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥
ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥ ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥
ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥ ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥
ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ ੩੪-੩੫)

{ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥ ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥
ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥}

(ਅੰਗ ੫੪)

{ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੧-੯੨)

{ਝੂਠਾ ਮੰਗਣੁ ਜੇ ਕੋਈ ਮਾਗੈ ॥ ਤਿਸ ਕਉ ਮਰਤੇ ਘੜੀ ਨ ਲਾਗੈ ॥
ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ ॥੧॥
ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥ ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥
ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ ॥੨॥ ਚਰਨ ਕਮਲ ਭਗਤਾਂ ਮਨਿ ਵੁਠੇ॥
ਵਿਣੁ ਪਰਮੇਸਰ ਸਗਲੇ ਮੁਠੇ ॥ ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥੩॥
ਊਠਤ ਬੈਠਤ ਹਰਿ ਹਰਿ ਗਾਈਐ ॥ ਜਿਸੁ ਸਿਮਰਤ ਵਰੁ ਨਿਹਚਲੁ ਪਾਈਐ ॥
ਨਾਨਕ ਕਉ ਪ੍ਰਭ ਹੋਇ ਦਇਆਲਾ ਤੇਰਾ ਕੀਤਾ ਸਹਣਾ ॥੪॥੪੩॥੫੦॥}

(ਅੰਗ ੧੦੯)

{ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ॥ ਬਿਨੁ ਤਕੜੀ ਤੋਲੈ ਸੰਸਾਰਾ ॥
ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਕਾ ਨਾਮੁ ਮੰਨਿ ਵਸਾਵਣਿਆ ॥
ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥}

(ਅੰਗ ੧੧੦)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥
ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥
ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥
ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥੩॥ ਜੋ ਸਚਿ ਰਤੇ ਤਿਨ ਸਚੋ ਭਾਵੈ॥
ਆਪੇ ਦੇਇ ਨ ਪਛੋਤਾਵੈ ॥ ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥

ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥
ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥
ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥
ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥
ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥
ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥}

(ਅੰਗ ੧੨੯)

{ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥
ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥ਵਾਹੁ ਵਾਹੁ ਸਾਚੇ ਮੈ ਤੇਰੀ ਟੇਕ॥
ਹਉ ਪਾਪੀ ਤੂੰ ਨਿਰਮਲੁ ਏਕ ॥੧॥ ਰਹਾਉ ॥ ਅਗਨਿ ਪਾਣੀ ਬੋਲੈ ਭੜਵਾਉ ॥
ਜਿਹਵਾ ਇੰਦ੍ਰੀ ਏਕੁ ਸੁਆਉ ॥ ਦਿਸਟਿ ਵਿਕਾਰੀ ਨਾਹੀ ਭਉ ਭਾਉ ॥
ਆਪੁ ਮਾਰੇ ਤਾ ਪਾਏ ਨਾਉ॥੨॥ ਸਬਦਿ ਮਰੈ ਫਿਰਿ ਮਰਣੁ ਨ ਹੋਇ॥ ਬਿਨੁ ਮੂਏ ਕਿਉ ਪੂਰਾ ਹੋਇ॥
ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥
ਬੋਹਿਥਿ ਚੜਉ ਜਾ ਆਵੈ ਵਾਰੁ ॥ ਠਾਕੇ ਬੋਹਿਥ ਦਰਗਹ ਮਾਰ ॥
ਸਚੁ ਸਾਲਾਹੀ ਧੰਨੁ ਗੁਰਦੁਆਰੁ ॥ ਨਾਨਕ ਦਰਿ ਘਰਿ ਏਕੰਕਾਰੁ ॥੪॥੭॥}

(ਅੰਗ ੧੫੩)

{ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥
ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥੧॥
ਰਾਮ ਗੁਰਮਤਿ ਹਰਿ ਲਿਵ ਲਾਗੇ ॥੧॥ ਰਹਾਉ ॥
ਘਟਿ ਘਟਿ ਰਮਈਆ ਰਮਤ ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥
ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥੨॥
ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥
ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥
ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥੪॥
ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥
ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ ॥੫॥੧੦॥੨੪॥੬੨॥}

(ਅੰਗ ੧੭੧-੧੭੨)

{ਗੁਰ ਪਰਸਾਦਿ ਨਾਮਿ ਮਨੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥
ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ ॥ ਪੂਰੇ ਗੁਰ ਕੀ ਸੁਮਤਿ ਪਰਾਣੀ ॥੧॥
ਪ੍ਰਭ ਸਿਮਰਤ ਕੁਸਲ ਸਭਿ ਪਾਏ ॥ ਘਰਿ ਬਾਹਰਿ ਸੁਖ ਸਹਜ ਸਬਾਏ ॥੧॥ ਰਹਾਉ ॥
ਸੋਈ ਪਛਾਤਾ ਜਿਨਹਿ ਉਪਾਇਆ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਇਆ ॥
ਬਾਹ ਪਕਰਿ ਲੀਨੋ ਕਰਿ ਅਪਨਾ ॥ ਹਰਿ ਹਰਿ ਕਥਾ ਸਦਾ ਜਪੁ ਜਪਨਾ ॥੨॥
ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ ॥ ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ ॥
ਸਾਚਾ ਧਨੁ ਪਾਇਓ ਹਰਿ ਰੰਗਿ ॥ ਦੁਤਰੁ ਤਰੇ ਸਾਧ ਕੈ ਸੰਗਿ ॥੩॥
ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥ ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥
ਜਿਸਹਿ ਪਰਾਪਤਿ ਤਿਸੁ ਗੁਰੁ ਦੇਇ ॥ ਨਾਨਕ ਬਿਰਥਾ ਕੋਇ ਨ ਹੋਇ ॥੪॥੨੭॥੯੬॥}

(ਅੰਗ ੧੮੪-੧੮੫)

{ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥੧॥ ਰਹਾਉ ॥
ਏਕੋ ਸਿਮਰਿ ਨ ਦੂਜਾ ਭਾਉ ॥ ਸੰਤਸੰਗਿ ਜਪਿ ਕੇਵਲ ਨਾਉ ॥੧॥
ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥
ਤਾ ਕੀ ਪੂਰਨ ਹੋਈ ਘਾਲ ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥੩॥
ਸੋ ਬੈਸਨੋ ਹੈ ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥}

(ਅੰਗ ੧੯੯)

{ਹਰਿ ਸੰਗਿ ਰਾਤੇ ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥
ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ ਸੁਫਲ ਫਲਾ ॥੧॥
ਸਭ ਭੈ ਮਿਟਹਿ ਤੁਮਾਰੈ ਨਾਇ ॥ ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥
ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥
ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥ ਹਰਿ ਸੰਗਿ ਰਾਤੇ ਪੂਰਨ ਆਸ ॥੨॥
ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥
ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥੩॥
ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ ॥
ਕਹੁ ਨਾਨਕ ਤਿਨ ਕਉ ਬਲਿ ਜਾਈ ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥੪॥੧੦੯॥}

(ਅੰਗ ੨੦੧)

{ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ ਰਹਾਉ ॥
ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥
ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥

ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥}

(ਅੰਗ ੨੦੪)

{ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥ ਮਨਮੁਖ ਭਰਮੈ ਸਹਸਾ ਹੋਵੈ ॥
ਅੰਤਰਿ ਚਿੰਤਾ ਨੀਦ ਨ ਸੋਵੈ ॥ ਗਿਆਨੀ ਜਾਗਹਿ ਸਵਹਿ ਸੁਭਾਇ ॥ ਨਾਨਕ ਨਾਮਿ ਰਤਿਆ ਬਲਿ ਜਾਉ ॥੨॥}

(ਅੰਗ ੬੪੬)

{ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥}

(ਅੰਗ ੨੨੩)

{ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨੁ ਜਾਗੈ ਸਚਿ ਲਿਵ ਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥੨॥}

(ਅੰਗ ੨੨੩)

{ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥}

(ਅੰਗ ੨੨੯)

{ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥
ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥
ਜਿਹ ਪ੍ਰਸਾਦਿ ਹਸਤ ਕਰ ਚਲਹਿ ॥ ਜਿਹ ਪ੍ਰਸਾਦਿ ਸੰਪੂਰਨ ਫਲਹਿ ॥
ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥
ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥ ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥੬॥}

(ਅੰਗ ੨੭੦)

{ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥ ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥}

(ਅੰਗ ੩੨੨)

{ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥
ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥ ਅਬ ਮਨ ਜਾਗਤ ਰਹੁ ਰੇ ਭਾਈ ॥
ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥
ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥
ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥
ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੇਂ ਤਤੁ ਸਮਾਈ ॥੩॥੨੨॥੭੩॥}

(ਅੰਗ ੩੩੯)

{ਚਰਨ ਕਮਲ ਗੋਬਿੰਦ ਰੰਗੁ ਲਾਗਾ ॥
ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥੧॥ ਰਹਾਉ ॥}

(ਅੰਗ ੩੪੩)

{ਏਕ ਨ ਭਰੀਆ ਗੁਣ ਕਰਿ ਧੋਵਾ ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥੧॥
ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ ਜਾਗੈ ਹਉ ਨਿਸ ਭਰਿ ਸੋਵਾ ॥੧॥ ਰਹਾਉ ॥
ਆਸ ਪਿਆਸੀ ਸੇਜੈ ਆਵਾ ॥ ਆਗੈ ਸਹ ਭਾਵਾ ਕਿ ਨ ਭਾਵਾ ॥੨॥
ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥ ਹਰਿ ਦਰਸਨ ਬਿਨੁ ਰਹਨੁ ਨ ਜਾਈ ॥੧॥ ਰਹਾਉ ॥
ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥
ਅਜੈ ਸੁ ਜਾਗਉ ਆਸ ਪਿਆਸੀ ॥ ਭਈਲੇ ਉਦਾਸੀ ਰਹਉ ਨਿਰਾਸੀ ॥੧॥ ਰਹਾਉ ॥
ਹਉਮੈ ਖੋਇ ਕਰੇ ਸੀਗਾਰੁ ॥ ਤਉ ਕਾਮਣਿ ਸੇਜੈ ਰਵੈ ਭਤਾਰੁ ॥੪॥
ਤਉ ਨਾਨਕ ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ ਖਸਮ ਸਮਾਵੈ ॥੧॥ ਰਹਾਉ ॥੨੬॥}

(ਅੰਗ ੩੫੬)

{ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥ ਪੂਰੈ ਭਾਗਿ ਗੁਰ ਸੇਵਾ ਹੋਇ ॥
ਸੋ ਬੂਝੈ ਜਿਸੁ ਆਪਿ ਬੁਝਾਏ॥ ਗੁਰ ਪਰਸਾਦੀ ਸੇਵ ਕਰਾਏ ॥੧॥ ਗਿਆਨ ਰਤਨਿ ਸਭ ਸੋਝੀ ਹੋਇ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥
ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ ਪੂਰੇ ਗੁਰ ਤੇ ਸੋਝੀ ਪਾਏ ॥ ਅੰਤਰਿ ਮਹਲੁ ਗੁਰ ਸਬਦਿ ਪਛਾਣੈ॥
ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ ॥੨॥ ਜੰਮਣੁ ਮਰਣਾ ਹੈ ਸੰਸਾਰੁ ॥
ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥ ਪਰ ਨਿੰਦਾ ਬਹੁ ਕੂੜੁ ਕਮਾਵੈ ॥
ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥੩॥ ਸਤਸੰਗਤਿ ਮਿਲਿ ਸਭ ਸੋਝੀ ਪਾਏ ॥
ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥ ਭਾਣਾ ਮੰਨੇ ਸਦਾ ਸੁਖੁ ਹੋਇ ॥
ਨਾਨਕ ਸਚਿ ਸਮਾਵੈ ਸੋਇ ॥੪॥੧੦॥੪੯॥}

(ਅੰਗ ੩੬੩-੩੬੪)

{ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥੧॥
ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ ॥ ਕੋਊ ਤਿਆਗੈ ਵਿਰਲਾ ॥੨॥
ਚਰਨ ਕਮਲ ਆਨੂਪ ਹਰਿ ਸੰਤ ਮੰਤ ॥ ਕੋਊ ਲਾਗੈ ਸਾਧੂ ॥੩॥
ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥੪॥੧॥੩੯॥}

(ਅੰਗ ੩੮੦)

{ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥ ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥੧॥
ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥ ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ ਰਹਾਉ ॥
ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥
ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥
ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥੩॥
ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥

ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥}

(ਅੰਗ ੩੮੧)

{ਜਿਸੁ ਨੀਚ ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥੧॥
ਦਰਸਨੁ ਮਾਗਉ ਦੇਹਿ ਪਿਆਰੇ ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ ॥੧॥ ਰਹਾਉ ॥
ਜਾ ਕੈ ਨਿਕਟਿ ਨ ਆਵੈ ਕੋਈ ॥ ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥੨॥
ਜੋ ਪ੍ਰਾਨੀ ਕਾਹੂ ਨ ਆਵਤ ਕਾਮ ॥ ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ ॥੩॥
ਸਾਧਸੰਗਿ ਮਨ ਸੋਵਤ ਜਾਗੇ ॥ ਤਬ ਪ੍ਰਭ ਨਾਨਕ ਮੀਠੇ ਲਾਗੇ ॥੪॥੧੨॥੬੩॥}

(ਅੰਗ ੩੮੬)

48/6577

{ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ ॥ ਗੁਰ ਕੇ ਚਰਨ ਕੇਸ ਸੰਗਿ ਝਾਰੇ ॥੧॥ ਜਾਗੁ ਰੇ ਮਨ ਜਾਗਨਹਾਰੇ ॥
ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥੧॥ ਰਹਾਉ ॥
ਗੁਰ ਕੀ ਬਾਣੀ ਸਿਉ ਰੰਗੁ ਲਾਇ ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥੨॥
ਗੁਰ ਬਿਨੁ ਦੂਜਾ ਨਾਹੀ ਥਾਉ ॥ ਗੁਰੁ ਦਾਤਾ ਗੁਰੁ ਦੇਵੈ ਨਾਉ ॥੩॥
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ ਆਠ ਪਹਰ ਨਾਨਕ ਗੁਰ ਜਾਪਿ ॥੪॥੧੬॥੬੭॥}

(ਅੰਗ ੩੮੭)

{ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥੧॥
ਸੋਇ ਰਹੇ ਮਾਇਆ ਮਦ ਮਾਤੇ ॥ ਜਾਗਤ ਭਗਤ ਸਿਮਰਤ ਹਰਿ ਰਾਤੇ ॥੧॥ ਰਹਾਉ ॥
ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥
ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੁਝਹਿ ਹਰਿ ਨੇਰਾ ॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥}

(ਅੰਗ ੩੮੮)

{ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ ॥ ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥੧॥
ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ॥ ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ॥੧॥ਰਹਾਉ॥
ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ॥੨॥
ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥ ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥੩॥
ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥੪॥੧੨॥੧੧੪॥}

(ਅੰਗ ੩੯੯)

{ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥
ਅਨਦਿਨੁ ਬਾਣੀ ਨਾਮੇ ਰਾਤਾ ॥੬॥ ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥
ਐਥੈ ਓਥੈ ਸਦਾ ਸੁਖੁ ਆਗੈ ॥੭॥ ਮਨੁ ਚੰਚਲੁ ਬਿਧਿ ਨਾਹੀ ਜਾਣੈ ॥
ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥}

(ਅੰਗ ੪੧੫)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਡੇ ਮਨ ਦਾ ਸੌਣਾ ਜਾਗਣਾ ਕੀ ਹੈ। ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਸੁੱਤੇ ਹੋਏ ਹਾਂ ਤੇ ਜੋ ਵੀ ਜਾਗਦਾ ਹੈ ਉਹ ਗੁਰੂ ਦੇ, ਸ਼ਬਦਾਂ ਦੇ ਗਿਆਨ ਦੁਆਰਾ ਹੀ ਜਾਗਦਾ ਹੈ ਭਾਵ ਨਾਮ ਦੇ ਨਾਲ ਪਿਆਰ ਕਰਨ ਦੁਆਰਾ ਹੀ ਜਾਗਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ। ਫਿਰ ਧਿਆਨ ਨਾਲ ਸਮਝੋ ਗੁਰੂ ਦੇ ਨਾਮ ਵਿੱਚ ਤੇ ਗੁਰੂ ਦੇ ਗਿਆਨ ਵਿੱਚ ਕੀ ਫਰਕ ਹੋਇਆ। ਫਰਕ ਹੈ ਹੀ ਨਹੀਂ। ਫਰਕ ਕੇਵਲ ਸਾਡੀ ਸਮਝ ਦਾ ਹੈ ਭਾਵ ਸਾਡੇ ਮਨ ਦੀ ਅਗਿਆਨਤਾ ਦਾ ਹੈ। ਸਾਰੀ ਗੁਰਬਾਣੀ ਦੇ ਵਿੱਚ ਗਿਆਨ ਹੈ ਇਸੇ ਲਈ ਸਾਰੀ ਗੁਰਬਾਣੀ ਵਿੱਚ ਨਾਮ ਹੈ ਤੇ ਇਹੀ ਗੱਲ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿ ਪੂਰੀ ਬਾਣੀ ਵਿੱਚ ਨਾਮ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। **{ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥ ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥ ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥ ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥ ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥ ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}** ਅੰਗ ੭੫੯ **{ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ ॥ ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ ॥ ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ ॥ ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥੪॥}** ਅੰਗ ੧੨੩੯ **{ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥ ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}** ਅੰਗ ੩੫੫ **{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥ ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}** ਅੰਗ ੨੨੯ **{ਸਿਵ ਕੀ ਪੁਰੀ ਬਸੈ ਬੁਧਿ ਸਾਰੁ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥ ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥ ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}** ਅੰਗ ੧੧੫੯

ਸਾਡੇ ਸੁੱਤੇ ਹੋਏ ਮਨ ਨੂੰ ਜਗਾਣਾ ਗੁਰੂ ਦੇ ਨਾਮ ਨੇ ਹੀ ਹੈ ਪਰ ਅਸੀਂ ਤਾਂ ਹੀ ਜਾਗ ਸਕਾਂਗੇ ਜੇਕਰ ਪਹਿਲੇ ਇਸ ਗੱਲ ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰੀਏ ਕਿ ਗੁਰੂ ਦਾ ਸੱਚਾ ਗਿਆਨ ਹੀ ਨਾਮ ਹੈ, ਨਾਮ ਨਾਲ ਪਿਆਰ ਗੁਰੂ ਦੇ ਗਿਆਨ ਦੇ ਨਾਲ ਪਿਆਰ ਹੈ, ਗੁਰੂ ਦੀ ਮਤਿ ਨਾਲ ਪਿਆਰ ਹੈ, ਸ਼ਬਦਾਂ ਦੀ ਵਿਚਾਰ ਨਾਲ ਪਿਆਰ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਭਾਵ ਸੱਚੀ ਸਮਝ ਹੀ ਦਿੰਦੀ ਹੈ ਤੇ ਗੁਰੂ ਦੀ ਸੱਚੀ ਸਮਝ ਦੇ ਨਾਲ ਪਿਆਰ ਗੁਰੂ ਦੇ ਨਾਮ ਦੇ ਨਾਲ ਪਿਆਰ ਹੈ। ਗੁਰੂ ਦੀ ਸਮਝ ਦੇ ਨਾਲ ਸਾਡਾ ਪਿਆਰ ਤਾਂ ਹੀ ਜੁੜੇਗਾ ਜਦੋਂ ਸਾਡਾ ਉਹਨਾਂ ਦੀ ਸਮਝ

ਦੇ ਨਾਲੋਂ ਪਿਆਰ ਟੁੱਟੇਗਾ ਜਿਨ੍ਹਾਂ ਨੇ ਸਾਨੂੰ ਕਿਸੇ ਅੱਖਰ ਦੇ ਬੋਲੀ ਜਾਣ ਨਾਲ ਨਾਮ ਨੂੰ ਪਿਆਰ ਕਰਨਾ ਸਿਖਾਇਆ ਹੋਇਆ ਹੈ। ਜੇਕਰ ਅਸੀਂ ਗੁਰੂ ਦੇ ਸੱਚੇ ਨਾਮ ਨਾਲ ਪਿਆਰ ਕਰਾਂਗੇ ਭਾਵ ਗੁਰੂ ਦੀ ਮਤਿ ਨੂੰ ਮੰਨਾਂਗੇ ਤਾਂ ਹੀ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਨਿਕਲੇਗੀ ਤੇ ਸਾਡਾ ਮਾਇਆ ਮੋਹ ਨਾਲ ਪਿਆਰ ਟੁੱਟੇਗਾ। ਹੁਣ ਅਸੀਂ ਮੁੱਖ ਸ਼ਬਦ ਦੇ ਪਹਿਲੇ ਪਦੇ ਨੂੰ ਹੋਰ ਵੀ ਦ੍ਰਿੜਤਾ ਨਾਲ ਸਮਝ ਸਕਦੇ ਹਾਂ ਕਿ ਅਸੀਂ ਸੁੱਤੇ ਹੋਏ ਕਿਸ ਲਈ ਹਾਂ ਤੇ ਅਸੀਂ ਜਾਗਣਾ ਕਿਸ ਤਰੀਕੇ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਹੀ ਮਨ ਦੇ ਜਾਗਣ ਦੁਆਰਾ ਪੈਂਦੀ ਹੈ। ਗੁਰੂ ਦੇ ਨਾਮ ਦਾ ਮਕਸਦ, ਗੁਰੂ ਦੇ ਗਿਆਨ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ, ਮਾਇਆ ਮੋਹ ਵਾਲੀ ਸਮਝ ਵਿੱਚੋਂ ਜਗਾਉਂਣ ਦਾ ਹੀ ਹੈ ਤਾਂ ਜੋ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਸਮਝ ਕੇ ਉਸ ਅਨੁਸਾਰ ਚੱਲ ਸਕੀਏ। **(ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥)**

ਜਿਵੇਂ ਕਿ ਅਸੀਂ ਉਪਰ ਸਮਝਿਆ ਹੈ ਜਿਸ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪ ਮਾਇਆ ਮੋਹ ਵਾਲੀ ਸਮਝ ਵਿੱਚ ਸਵਾਇਆ ਹੋਇਆ ਹੈ, ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਅਗਿਆਨਤਾ ਦੀ ਨੀਂਦ ਵਿੱਚੋਂ ਜਗਾਉਂਦਾ ਹੈ ਤੇ ਉਹ ਸਾਨੂੰ ਕਿਸ ਤਰੀਕੇ ਜਗਾਉਂਦਾ ਹੈ, ਇਹੀ ਗੱਲ ਸਾਨੂੰ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

“ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥”

ਪ੍ਰਮਾਤਮਾ ਨੂੰ ਜਾਨਣ ਦਾ ਜਾਂ ਨਾ ਜਾਨਣ ਦਾ ਸਾਰਾ ਭੇਦ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਲੇਖ ਰਾਹੀਂ ਸਮਝਿਆ ਹੈ ਤੇ ਉਹੀ ਗੱਲ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਭੇਦ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਚਉਥੇ ਪਦ ਵਾਲੀ ਸਮਝ ਵਿੱਚ ਹੈ। ਸਾਡਾ ਪ੍ਰਮਾਤਮਾ ਨਾਲੋਂ ਪੜਦਾ ਮਨ ਦੇ ਵਿੱਚ ਸਾਡੀ ਅਗਿਆਨਤਾ ਵਾਲੀ ਸਮਝ ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ, ਹਉਮੈ ਵਾਲੀ ਅਵਸਥਾ ਜਾਂ ਮਾਇਆ ਮੋਹ ਵਾਲੀ ਅਵਸਥਾ ਜਾਂ ਪੁੱਠੇ ਕਮਲ ਵਾਲੀ ਅਵਸਥਾ ਇੱਕੋ ਹੀ ਗੱਲ ਹੈ ਜਿਸਦਾ ਮਕਸਦ ਸਾਡੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਤੇ ਸਾਡੇ ਅੰਦਰ ਦੀ

ਇਹ ਭਰਮਾਂ ਵਾਲੀ ਸਮਝ ਹੀ ਮਨ ਦੇ ਵਿੱਚ ਸਾਡਾ ਪ੍ਰਮਾਤਮਾ ਨਾਲੋਂ ਪੜਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਭਾਵ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਦੀ ਨੀਂਦ ਹੈ ਜਿਸ ਨੀਂਦ ਵਿੱਚ ਪ੍ਰਮਾਤਮਾ ਨੇ ਸਾਰੇ ਸੰਸਾਰ ਨੂੰ ਆਪ ਹੀ ਸਵਾਇਆ ਹੋਇਆ ਹੈ ਤੇ ਮਨ ਦੀ ਨੀਂਦ ਵਿੱਚ ਰਹਿੰਦੇ ਹੋਏ ਕੋਈ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਉਹ ਪ੍ਰਮਾਤਮਾ ਸਾਡੇ ਅੰਦਰ ਹੀ ਹੈ, ਅੰਦਰ ਹੀ ਹੈ, ਅੰਦਰ ਹੀ ਹੈ ਤੇ ਉਸਨੂੰ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਕਿਸੇ ਨੂੰ ਪ੍ਰਮਾਤਮਾ ਆਪ ਹੀ ਕਿਸੇ ਨੂੰ ਇਸ ਨੀਂਦ ਵਿੱਚੋਂ ਜਗਾਉਂਦਾ ਹੈ। ਪ੍ਰਮਾਤਮਾ ਜਦੋਂ ਵੀ ਕਿਸੇ ਨੂੰ ਜਗਾਉਂਦਾ ਹੈ ਉਹ ਉਸਨੂੰ ਮਨ ਦੇ ਵਿੱਚ ਆਪਣਾ ਚਉਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਜਗਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਸਮਝ ਨੂੰ ਆਪਣਾ ਚਉਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਜਗਾਇਆ ਹੈ। ਪੂਰੀ ਗੁਰਬਾਣੀ ਵਿੱਚ ਚਉਥੇ ਪਦ ਦਾ ਗਿਆਨ ਹੀ ਹੈ ਜੋ ਕਿ ਸਹਜ ਗਿਆਨ ਹੈ। ਮਨ ਦਾ ਸਹਜ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਦੁਆਰਾ ਪਿੱਛੇ ਅਨੇਕਾਂ ਵਾਰੀ ਸਮਝਿਆ ਹੈ। ਜਿਸਨੂੰ ਵੀ ਪ੍ਰਮਾਤਮਾ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਉਹ ਆਪਣੇ ਸਹਜ ਗਿਆਨ ਦੁਆਰਾ ਹੀ ਕੱਢਦਾ ਹੈ ਤੇ ਜਿਸਨੂੰ ਪ੍ਰਮਾਤਮਾ ਆਪਣਾ ਸਹਜ ਗਿਆਨ ਬਖਸ਼ਣ ਦੁਆਰਾ ਇੱਕ ਵਾਰੀ ਅਗਿਆਨਤਾ ਦੀ

ਨੀਂਦ ਵਿੱਚੋਂ ਜਗਾ ਦਿੰਦਾ ਹੈ ਉਸ ਮਨੁੱਖ ਦੀ ਸਮਝ ਫਿਰ ਦੁਬਾਰਾ ਕਦੇ ਨਹੀਂ ਡੋਲਦੀ ਭਾਵ ਸਦਾ ਹੀ ਜਾਗਦੀ ਰਹਿੰਦੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪਣੇ ਸਹਜ ਰੂਪ ਵਿੱਚ ਹੀ ਸਾਡਾ ਸਭ ਦਾ ਵਰ ਹੈ ਤੇ ਜਦੋਂ ਇੱਕ ਵਾਰੀ ਆਪਣੇ ਵਰ ਦੇ ਨਾਲ ਮੇਲ ਹੋ ਜਾਂਦਾ ਹੈ ਫਿਰ ਉਸ ਮਨੁੱਖ ਦੀ ਸਮਝ ਪ੍ਰਮਾਤਮਾ ਦੀ ਸੁਹਾਗਣ ਬਣ ਜਾਂਦੀ ਹੈ ਤੇ ਸਾਡਾ ਉਹ ਸੁਹਾਗ ਫਿਰ ਸਾਡੀ ਸਮਝ ਨੂੰ ਸਦਾ ਆਪਣੀ ਸੁਹਾਗਣ ਬਣਾਕੇ ਹੀ ਰੱਖਦਾ ਹੈ ਭਾਵ ਚਉਥੇ ਪਦ ਦਾ ਗਿਆਨ ਮਨ ਦੀ ਸਮਝ ਵਿੱਚ ਦਿੰਦਾ ਹੀ ਰਹਿੰਦਾ ਹੈ। ਪ੍ਰਮਾਤਮਾ ਨਾਲ ਇੱਕ ਵਾਰੀ ਮੇਲ ਹੋ ਜਾਵੇ ਤਾਂ ਫਿਰ ਉਹ ਕਦੇ ਨਹੀਂ ਛੱਡਦਾ। ਮਨ ਦੀ ਨੀਂਦ ਤੋਂ ਜਾਗਣ ਤੋਂ ਬਾਅਦ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਆਪ ਹੀ ਪੂਰਾ ਗੁਰੂ ਹੈ ਭਾਵ ਜਿਸਨੂੰ ਹਰ ਗੱਲ ਦੀ ਪੂਰੀ ਸਮਝ ਹੈ। ਜਿਸਨੂੰ ਪੂਰਾ ਗੁਰੂ ਮਨ ਦੇ ਵਿੱਚ ਆਪ ਹੀ ਆਪਣਾ ਆਪ ਬੁਝਾਉਂਦਾ ਹੈ ਉਸਨੂੰ ਉਹ ਆਪਣਾ ਸਹਜ ਗਿਆਨ ਭਾਵ ਚਉਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਜਗਾਉਂਦਾ ਹੈ ਤੇ ਆਪ ਹੀ ਆਪਣੀ ਸੱਚੀ ਗੁਰਮਤਿ ਦੀ ਸਮਝ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। **(ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥)**

ਸਾਡੇ ਅੰਦਰ ਦਾ ਸਹਜ ਕੀ ਹੈ, ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਹੇਠ ਦਿੱਤੇ

48/6580

ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਲੇਖ ਵਿੱਚ ਸਮਝਿਆ ਹੈ।

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ ੧੦੨੨)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਧੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਧੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

{ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ॥ ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

{ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥
ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥

ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥
ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥ ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥
ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥
ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥}

(ਅੰਗ ੩੯)

{ਪੇਈਅੜੈ ਜਗਜੀਵਨੁ ਦਾਤਾ ਗੁਰਮਤਿ ਮੰਨਿ ਵਸਾਇਆ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ ਚੁਕਾਇਆ ॥
ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ ॥੫॥
ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ॥ ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ ॥
ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ ॥੬॥}

(ਅੰਗ ੬੫)

ਸਹਜ ਨੂੰ ਸਮਝਣ ਵਿੱਚ ਸਭ ਦੇ ਵਿੱਚ ਹੀ ਵੱਡਾ ਭਰਮ ਹੈ ਤੇ ਸਹਜ ਨੂੰ ਸਮਝੇ ਬਿਨਾਂ ਅਸੀਂ ਭਰਮ ਵਿੱਚ ਹੀ ਕੇਵਲ ਪਾਠ ਕਰਨ ਨੂੰ ਹੀ ਸਹਜ ਪਾਠ ਕਰਨਾ ਸਮਝਦੇ ਹਾਂ ਜਿਸ ਨਾਲ ਭਰਮ ਹੋਰ ਵੱਧਦਾ ਹੈ ਕਿ ਸਹਜ ਸਾਡੇ ਬੋਲਣ ਨਾਲ ਜੁੜਿਆ ਹੋਇਆ ਹੈ। ਸਹਜ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਨਾ ਕਿ ਮੁੱਖੋਂ ਬੋਲਣ ਦੇ ਨਾਲ। ਬਾਣੀ ਵਿੱਚ ਬਾਰ-ਬਾਰ **"ਸਹਜਿ ਸੁਭਾਇ"** ਦੀ ਗੱਲ ਆਉਂਦੀ ਹੈ ਜਿਸ ਤੋਂ ਭਾਵ ਆਪਣੇ ਮਨ ਦੇ ਸੁਭਾਅ ਨੂੰ ਸਹਜ ਵਾਲਾ ਸੁਭਾਉ ਬਨਾਉਣ ਨਾਲ ਹੁੰਦਾ ਹੈ। ਸਾਡਾ ਮਨ ਦਾ ਸੁਭਾਉ ਸਾਡੇ ਮਨ ਦੀ ਸਮਝ ਦੇ ਨਾਲ ਹੀ ਬਣਦਾ ਹੈ ਤੇ ਜੇਕਰ ਸਾਡਾ ਸੁਭਾਉ ਗੁਰੂ ਦੀ ਸਮਝ ਵਾਲਾ ਹੈ, ਗੁਰੂ ਦੇ ਗਿਆਨ ਵਾਲਾ ਹੈ ਭਾਵ ਗੁਰਮਤਿ ਦੀ ਸਮਝ ਵਾਲਾ ਹੈ ਇਹ ਸਾਡਾ ਸਹਜ ਸੁਭਾਉ ਹੈ। ਆਪਣੇ ਸੁਭਾਉ ਨੂੰ ਸਹਜ ਵਾਲਾ ਬਨਾਉਣ ਲਈ ਮਨ ਦੀ ਅਗਿਆਨਤਾ ਨੂੰ ਕੱਢਣ ਦੀ ਲੋੜ ਹੈ ਜੋ ਸਾਡੇ ਸੁੱਤੇ ਹੋਏ ਮਨ ਨੂੰ ਗੁਰੂ ਦੇ ਸੱਚੇ ਗਿਆਨ ਦੁਆਰਾ ਜਗਾ ਸਕਦੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥"

48/6581

ਉਪਰ ਪਹਿਲੀ ਪੰਗਤੀ ਰਾਹੀਂ ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਗੁਰੂ ਸਾਹਿਬ ਨੇ **"ਅਸੰਤੁ"** ਕਿਸ ਨੂੰ ਕਿਹਾ ਹੈ। ਅਸੰਤ ਉਸਨੂੰ ਹੀ ਕਹਿੰਦੇ ਹਨ ਜੋ ਸੰਤ ਨਹੀਂ ਹੁੰਦਾ। ਆਪਣੇ ਆਪ ਨੂੰ ਸੰਤ ਕੋਈ ਵੀ ਕਹਿ ਸਕਦਾ ਹੈ ਪਰ ਜੋ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਹੁੰਦਾ ਹੈ ਉਹ ਅਸੰਤ ਹੀ ਹੁੰਦਾ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ, ਉਸ ਗਿਆਨ ਦੇ ਮਾਲਕ ਨੂੰ ਜਾਣ ਲਵੇ ਇਹ ਹੋ ਹੀ ਨਹੀਂ ਸਕਦਾ ਤੇ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਜੋ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ, ਆਪਣੇ ਸੱਚੇ ਗਿਆਨ ਦੁਆਰਾ, ਆਪਣੇ ਸੱਚੇ ਨਾਮ ਦੁਆਰਾ ਜਦੋਂ ਸਾਨੂੰ ਅਗਿਆਨਤਾ ਦੀ ਨੀਂਦ ਵਿੱਚੋਂ ਜਗਾ ਲੈਂਦਾ ਹੈ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸੰਤ, ਅਸੰਤ ਵਿੱਚ ਕੀ ਫਰਕ ਹੈ। ਸੰਤ ਪ੍ਰਮਾਤਮਾ ਦਾ ਗੁਰੂ ਰੂਪ ਹੀ ਹੈ ਜਿਸਨੂੰ ਗੁਰਮਤਿ ਦੀ ਪੂਰੀ ਸਮਝ ਹੈ, ਜਿਸ ਕੋਲ ਗੁਰਮਤਿ ਦਾ ਪੂਰਾ ਸੱਚਾ ਗਿਆਨ ਹੈ। ਆਪਣੇ ਅੰਦਰੋਂ ਉਸ ਸੰਤ ਰੂਪ ਅਕਾਲ ਪੁਰਖ ਨੂੰ ਜਾਣੇ ਬਿਨਾਂ ਹੀ ਕੋਈ ਆਪਣੇ ਆਪ ਨੂੰ ਸੰਤ ਅਖਵਾ ਸਕਦਾ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਕੋਈ ਆਪਣੇ ਆਪ ਨੂੰ ਸੰਤ ਅਖਵਾ ਸਕਦਾ ਹੈ, ਸਾਧ ਅਖਵਾ ਸਕਦਾ ਹੈ, ਧਰਮ ਦਾ ਵਿਦਵਾਨ ਅਖਵਾ ਸਕਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਉਪਰ ਸ਼ਬਦ ਰਾਹੀਂ ਅਸੰਤ ਅਨਾੜੀ ਉਹਨਾਂ ਨੂੰ ਕਿਹਾ ਹੈ ਜਿਹੜੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਬੁੱਝਦੇ ਕਿਉਂਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਗੁਰੂ ਦੇ ਸੱਚੇ ਗਿਆਨ ਨੂੰ ਸਮਝ ਕੇ ਤੇ ਉਸਨੂੰ ਮੰਨਣ ਦੁਆਰਾ ਹੀ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਕੇ ਹੀ ਬੁੱਝਿਆ ਜਾ ਸਕਦਾ ਹੈ। ਜੋ ਸਾਨੂੰ ਸ਼ਬਦਾਂ ਦੀ ਕੇਵਲ ਕਥਨੀ ਨਾਲ ਜੋੜਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਉਹਨਾਂ ਨੂੰ ਅਸੰਤ ਅਨਾੜੀ ਹੀ ਕਿਹਾ ਹੈ, ਮਾਇਆ ਨਾਲ ਲੁੱਝਣ ਵਾਲੇ ਹੀ ਕਿਹਾ

ਹੈ। ਮਾਇਆ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੀ ਹੈ ਤੇ ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣਾ ਕੇਵਲ ਮਨ ਦੀ ਅਗਿਆਨਤਾ ਨਾਲ ਲੁੱਝਣ ਵਾਲੀ ਗੱਲ ਹੈ ਕਿਉਂਕਿ ਕਥਨੀ ਕਰੀ ਜਾਣ ਨਾਲ ਸਾਡੀ ਅਗਿਆਨਤਾ ਨਹੀਂ ਨਿਕਲ ਸਕਦੀ ਭਾਵ ਅਸੀਂ ਅਗਿਆਨਤਾ ਦੀ ਨੀਂਦ ਵਿੱਚੋਂ ਨਹੀਂ ਜਾਗ ਸਕਦੇ। ਜਿਨ੍ਹਾਂ ਨੂੰ ਅਸੰਤ ਅਨਾੜੀ ਕਿਹਾ ਹੈ ਉਹਨਾਂ ਨੂੰ ਹੀ ਉਪਰ ਵਾਲੇ ਪਦੇ ਰਾਹੀਂ ਅੰਧ ਅਗਿਆਨੀ ਕਿਹਾ ਹੈ। ਕਥਨੀ ਕਰੀ ਜਾਣ ਨਾਲ ਸਾਡੇ ਮਨ ਦਾ ਅੰਧਾਪਨ ਭਾਵ ਮਨ ਦੀ ਅਗਿਆਨਤਾ ਕਦੇ ਨਹੀਂ ਨਿਕਲ ਸਕਦੀ ਭਾਵ ਸਾਡੇ ਮਨ ਦੀ ਮਾੜੀ ਸਮਝ ਕਦੇ ਨਹੀਂ ਸੁਧਰ ਸਕਦੀ। **(ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥)**

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

{ਕਥਨੀ ਬਦਨੀ ਕਹਨੁ ਕਹਾਵਨੁ ॥ ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥
ਕਹਤ ਕਬੀਰ ਪੰਚ ਜੋ ਚੂਰੇ ॥ ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥}

(ਅੰਗ ੪੭੮)

{ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥}

(ਅੰਗ ੮੩੧)

{ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥}

(ਅੰਗ ੧੦੧੩)

{ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥ ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥ ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

ਸਾਡੇ ਮਨ ਦਾ ਅੰਧਾਪਨ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ

48/6582

ਕਿਵੇਂ ਚੰਗੀ ਬਣ ਸਕਦੀ ਹੈ ਭਾਵ ਅਸੀਂ ਅਗਿਆਨਤਾ ਦੀ ਨੀਂਦ ਵਿੱਚੋਂ ਕਿਸ ਤਰੀਕੇ ਜਾਗ ਸਕਦੇ ਹਾਂ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥

ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ ਆਪਿ ਤਰੈ ਸਗਲੇ ਕੁਲ ਉਧਾਰਾ ॥੩॥”

ਉਪਰ ਵਾਲੇ ਮੁੱਖ ਸ਼ਬਦ ਰਾਹੀਂ ਅਸੀਂ ਮਨ ਦਾ ਜਾਗਣਾ ਹੀ ਸਮਝ ਰਹੇ ਹਾਂ ਕਿ ਅਸੀਂ ਅਗਿਆਨਤਾ ਦੀ ਨੀਂਦ ਵਿੱਚੋਂ ਕਿਸ ਤਰੀਕੇ ਜਾਗ ਸਕਦੇ ਹਾਂ। ਜਦ ਤਕ ਅਸੀਂ ਇਸ ਗੱਲ ਨੂੰ ਨਹੀਂ ਸਮਝਦੇ ਕਿ ਗੁਰੂ ਦਾ ਨਾਮ ਕੀ ਹੈ ਤੇ ਨਾਮ ਦਾ ਮਕਸਦ ਕੀ ਹੈ ਤਦ ਤਕ ਅਸੀਂ ਮਨ ਦੀ ਨੀਂਦ ਵਿੱਚੋਂ ਜਾਗਣ ਦਾ ਉਪਰਾਲਾ ਹੀ ਨਹੀਂ ਕਰ ਸਕਦੇ। ਗੁਰੂ ਦਾ ਨਾਮ ਬ੍ਰਹਮ ਗਿਆਨ ਹੈ, ਸਭ ਤੋਂ ਉੱਚਾ ਗਿਆਨ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਨਾਮ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਗੁਰੂ ਦਾ ਸੱਚਾ ਗਿਆਨ ਹੈ। ਸਾਨੂੰ ਮਨ ਦੀ ਨੀਂਦ ਵਿੱਚੋਂ ਭਾਵ ਅਗਿਆਨਤਾ ਦੀ ਨੀਂਦ ਵਿੱਚੋਂ ਗੁਰੂ ਦੇ ਨਾਮ ਨੇ ਹੀ ਜਗਾਉਂਣਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੇ ਹੀ ਜਗਾਉਂਣਾ ਹੈ ਭਾਵ ਸ਼ਬਦਾਂ ਦੇ ਗਿਆਨ ਨੇ ਹੀ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਜਗਾਉਂਣਾ ਹੈ। ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਤਰਨਾ ਹੀ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਤਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਾਇਆ ਮੋਹ ਦੀ ਨੀਂਦ ਵਿੱਚੋਂ ਸਾਨੂੰ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਸਾਨੂੰ ਗੁਰੂ ਦੇ ਸ਼ਬਦਾਂ ਦੀ ਵਿਚਾਰ ਹੀ ਜਗਾ ਸਕਦੀ ਹੈ ਭਾਵ ਤਾਰ ਸਕਦੀ ਹੈ। ਤਰਨਾ ਅਸੀਂ ਮਨ ਦੇ ਅਗਿਆਨਤਾ ਵਾਲੇ ਵਿਚਾਰਾਂ ਤੋਂ ਹੀ ਹੈ। ਸਾਡੇ ਅੰਦਰ ਸਾਡਾ ਕੁਲ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਸਾਡਾ ਕੁਲ ਸਾਡੇ ਅੰਦਰ ਦੇ ਨਾਸਮਝ ਮਾੜੇ ਵਿਚਾਰਾਂ ਦਾ ਹੈ ਤੇ ਜਦੋਂ ਮਨੁੱਖ ਮਨ ਦੀ ਅਗਿਆਨਤਾ ਤੋਂ ਤਰਦਾ ਹੈ ਫਿਰ ਉਸਦੇ ਅੰਦਰੋਂ ਸਾਰੇ ਹੀ ਭਰਮਾਂ ਵਾਲੇ ਵਿਚਾਰ ਨਿਕਲ ਜਾਂਦੇ ਹਨ ਭਾਵ ਉਸਦੇ ਪੂਰੇ ਕੁਲ ਦਾ ਉਧਾਰ ਹੋ ਜਾਂਦਾ ਹੈ ਤੇ ਇਹੋ ਜਿਹਾ ਮਨੁੱਖ ਫਿਰ ਦੂਸਰਿਆਂ ਦੇ ਕੁਲ ਦਾ ਵੀ ਉਧਾਰ ਕਰਦਾ ਹੈ ਭਾਵ ਦੂਸਰਿਆਂ ਨੂੰ ਵੀ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਲਈ ਸੱਚੇ ਵਿਚਾਰ ਦਿੰਦਾ ਹੈ, ਬ੍ਰਹਮ ਗਿਆਨ ਵਾਲੇ ਵਿਚਾਰ ਦਿੰਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਦਿੰਦਾ ਹੈ ਭਾਵ ਨਾਮ ਦੇ ਰੂਪ ਵਿੱਚ ਦਿੰਦਾ ਹੈ ਜੋ ਸ਼ਬਦਾਂ ਦੇ ਵਿਚਾਰ ਸਾਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਨਾਮ ਦੇ ਰੂਪ ਵਿੱਚ ਦਿੱਤੇ ਹਨ

48/6583

ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਦਿੱਤੇ ਹਨ। ਜਿਨ੍ਹਾਂ ਨੇ ਸਾਨੂੰ ਇਹ ਵਿਚਾਰ ਦਿੱਤੇ ਹਨ ਉਹ ਆਪ ਪਹਿਲਾਂ ਮਨ ਦੀ ਅਗਿਆਨਤਾ ਤੋਂ ਤਰੇ ਹਨ, ਮਨ ਦੇ ਨਾਸਮਝ ਵਿਚਾਰਾਂ ਤੋਂ ਤਰੇ ਹਨ ਤੇ ਉਹਨਾਂ ਨੇ ਆਪਣੇ ਇਹ ਵਿਚਾਰ ਸੰਸਾਰ ਨੂੰ ਤਾਰਨ ਲਈ ਹੀ ਦਿੱਤੇ ਹਨ, ਸਭ ਦਾ ਕੁਲ ਉਧਾਰਨ ਲਈ ਹੀ ਦਿੱਤੇ ਹਨ ਤੇ ਕੁਲ ਉਸਦਾ ਹੀ ਉਧਰੇਗਾ ਜੋ ਗੁਰੂ ਦੇ ਨਾਮ ਨੂੰ ਮੰਨੇਗਾ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨੇਗਾ ਤੇ ਆਪਣੀ ਅਗਿਆਨਤਾ ਵਾਲੀ ਸਮਝ ਛੱਡੇਗਾ। ਕੋਈ ਵਿਰਲਾ ਹੀ ਸ਼ਬਦਾਂ ਦੀ ਵਿਚਾਰ ਨੂੰ ਸਮਝ ਸਕਦਾ ਹੈ ਤੇ ਉਸਨੂੰ ਮੰਨ ਸਕਦਾ ਹੈ ਤੇ ਇਸੇ ਲਈ ਕਿਸੇ ਵਿਰਲੇ ਦੀ ਹੀ ਅਗਿਆਨਤਾ ਨਿਕਲ ਸਕਦੀ ਹੈ ਤੇ ਕੋਈ ਵਿਰਲਾ ਹੀ ਅਗਿਆਨਤਾ ਦੀ ਨੀਂਦ ਵਿੱਚੋਂ ਜਾਗ ਕੇ ਉਸ ਗਿਆਨ ਦੇ ਮਾਲਕ, ਨਾਮ ਦੇ ਮਾਲਕ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਕੋਈ ਮਾਇਆ ਮੋਹ ਦੇ ਵਿਚਾਰਾਂ ਵਾਲੇ ਕੁਲ ਤੋਂ ਤਰ ਸਕਦਾ ਹੈ। **(ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥ ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ ਆਪਿ ਤਰੈ ਸਗਲੇ ਕੁਲ ਉਧਾਰਾ ॥੩॥)**

ਉਪਰ ਵਾਲੇ ਸ਼ਬਦ ਰਾਹੀਂ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਲਈ ਹੀ ਸਮਝਾਇਆ ਹੋਇਆ ਹੈ ਭਾਵ ਮਨ ਦੀ

ਅਗਿਆਨਤਾ ਤੋਂ ਮੁਕਤਿ ਹੋਣ ਲਈ ਹੀ ਸਮਝਾਇਆ ਹੋਇਆ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਹੋਰ ਵੀ ਬਰੀਕੀ ਨਾਲ ਸਮਝ ਸਕੀਏ ਕਿ ਸਾਡਾ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਡਾਲ ਰੂਪ ਕਿਸ ਲਈ ਬਣਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੈ।

"ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥

ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥"

ਉਪਰ ਵਾਲੇ ਪਦੇ ਵਿੱਚ **"ਕਲਿਜੁਗ"** ਦੀ ਗੱਲ ਵੀ ਕੀਤੀ ਹੋਈ ਹੈ, **"ਕਲੀ"** ਦੀ ਗੱਲ ਵੀ ਕੀਤੀ ਹੋਈ ਹੈ, **"ਚੰਡਾਲ"** ਦੀ ਗੱਲ ਵੀ ਕੀਤੀ ਹੋਈ ਹੈ, **"ਮੁਕਤਿ"** ਦੀ ਗੱਲ ਵੀ ਕੀਤੀ ਹੋਈ ਹੈ, **"ਨਾਮ"** ਦੀ ਗੱਲ ਵੀ ਕੀਤੀ ਹੋਈ ਹੈ, **"ਕਰਮ ਧਰਮੁ"** ਦੀ ਗੱਲ ਵੀ ਕੀਤੀ ਹੋਈ ਹੈ। ਇਹ ਸਾਰੀਆਂ ਗੱਲਾਂ ਆਪਸ ਵਿੱਚ ਬਰੀਕੀ ਨਾਲ ਜੁੜੀਆਂ ਹੋਈਆਂ ਹਨ, ਸਾਨੂੰ **"ਧਰਮੁ"** ਦਾ ਮਾਰਗ ਸਮਝਾਉਂਣ ਲਈ ਜੁੜੀਆਂ ਹੋਈਆਂ ਹਨ, ਨਾਮ ਜਪਣ ਦਾ ਮਾਰਗ ਸਮਝਾਉਂਣ ਲਈ ਜੁੜੀਆਂ ਹੋਈਆਂ ਹਨ। ਬਾਣੀ ਵਿੱਚ ਅਨੇਕਾਂ ਵਾਰੀ **"ਕਲਿਜੁਗ"** ਦੀ ਗੱਲ ਆਈ ਹੈ, **"ਕਲਿ"** ਦੀ ਗੱਲ ਆਈ ਹੈ। ਸਾਡੇ ਅੰਦਰ ਦੀ ਕਲਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਹ ਕਲਿ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਜਿਸ ਅਗਿਆਨਤਾ ਵਾਲੀ ਸਮਝ ਵਿੱਚੋਂ ਸਾਨੂੰ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ

48/6584

ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

{ਮਨ ਧਰ ਤਰਬੇ ਹਰਿ ਨਾਮ ਨੋ ॥

ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥

ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥

ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥

ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥

ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥}

(ਅੰਗ ੨੧੦)

ਸਾਡੇ ਅੰਦਰ ਦੀ **"ਮਾਇਆ ਮੋਹ"** ਵਾਲੀ ਸਮਝ ਹੀ ਸਾਡੇ ਅੰਦਰ ਦੀ **"ਬਿਖੁ"** ਹੈ, ਸਾਡੇ ਅੰਦਰ ਦੀ **"ਹਉਮੈ"** ਹੈ ਜਿਸ ਮਨ ਦੀ ਬਿਖ ਤੋਂ ਬਿਨਾਂ ਸਾਰੇ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦੀ ਇਹ ਨਾਸਮਝ ਮਤਿ ਹੀ ਭਾਵ ਅਗਿਆਨਤਾ ਵਾਲੀ ਸਮਝ ਹੀ ਸਾਡੇ ਅੰਦਰ ਦੀ **"ਕਲਿ"** ਹੈ ਜਿਸਨੇ ਸਾਡੇ ਮਨ ਦੀ ਸਮਝ ਵਿੱਚ ਕਾਲਖ ਮੱਲੀ ਹੋਈ ਹੈ, ਅਗਿਆਨਤਾ ਰੂਪ ਕਾਲਖ ਮੱਲੀ ਹੋਈ ਹੈ ਜਿਸ ਮਨ ਦੀ ਕਾਲਖ ਵਿੱਚ ਰਹਿੰਦੇ ਹੋਏ ਨਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ, ਨਾ ਆਪਣੇ ਆਪ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਇਸ ਸੰਸਾਰ ਦੀ ਅਸਲੀਅਤ ਨੂੰ ਜਾਣ ਸਕਦੇ ਹਾਂ। ਜਿਸਨੇ ਸਾਡੇ ਅੰਦਰ ਇਹ ਅਗਿਆਨਤਾ ਰੂਪ ਕਾਲਖ ਮੱਲੀ ਹੋਈ ਹੈ ਉਹ ਆਪ ਹੀ ਆਪਣੇ ਸੱਚੇ ਗਿਆਨ ਦੁਆਰਾ ਸਾਨੂੰ ਇਸ ਮਨ ਦੀ ਕਲਿ ਵਿੱਚੋਂ ਕੱਢ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸੱਚਾ ਗਿਆਨ ਹੀ ਹੈ ਜੋ ਸਾਨੂੰ ਆਪਣੇ ਪ੍ਰਕਾਸ਼ ਦੁਆਰਾ ਭਾਵ ਸੱਚੇ ਗਿਆਨ ਦੀ ਸਮਝ ਦੁਆਰਾ ਮਨ ਦੀ ਕਲਿ ਵਿੱਚੋਂ ਕੱਢ ਸਕਦਾ ਹੈ। ਮਨ ਦੀ ਕਲਿ ਵਿੱਚੋਂ ਨਿਕਲਣ ਦਾ ਅਸੀਂ ਸੱਚਾ ਉੱਦਮ ਹੀ ਕਰਨਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਉੱਦਮ ਹੀ ਕਰਨਾ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਜਿਸ ਨਾਮ ਦਾ ਮਕਸਦ ਸਾਨੂੰ ਮਨ ਦੀ ਕਲਿ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨ ਦੀ ਕਲਿ ਤੋਂ ਮੁਕਤਿ ਕਰਨ ਦਾ ਹੀ ਹੈ ਤੇ ਅਸੀਂ ਮਨ ਦੀ ਕਲਿ ਤੋਂ ਤਾਂ ਹੀ ਮੁਕਤ ਹੋ ਸਕਦੇ ਹਾਂ ਜੇਕਰ ਪਹਿਲੇ ਇਸ ਗੱਲ ਨੂੰ ਵਿਸ਼ਵਾਸ ਨਾਲ ਮੰਨਾਂਗੇ ਕਿ ਗੁਰੂ ਦਾ ਸੱਚਾ ਗਿਆਨ ਹੀ ਪ੍ਰਮਾਤਮਾ ਦਾ ਨਾਮ ਹੈ। ਜਦ ਤਕ ਸਾਡੇ ਅੰਦਰ ਕਲਿ ਹੈ ਤਦ ਤਕ ਅਸੀਂ ਹਰ ਵੇਲੇ ਕਲਿਜੁਗ ਵਿੱਚ ਹੀ ਰਹਿੰਦੇ ਹਾਂ। ਸਾਡੇ ਅੰਦਰ ਦਾ ਕਲਿਜੁਗ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। **{ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥}** ਅੰਗ ੪੭੦ ਜਦ ਤਕ ਸਾਡੇ ਅੰਦਰ ਕਲਿ ਹੈ ਤਦ ਤਕ ਸਾਡੇ ਅੰਦਰ ਹਰ ਵੇਲੇ ਕਲਿਜੁਗ ਹੀ ਹੈ।

ਕਲਿਜੁਗ ਵਾਲੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦੇ ਹਾਂ ਭਾਵ ਤ੍ਰਿਸ਼ਨਾਵਾਂ ਦੀ ਅਗਨਿ ਵਿੱਚ ਸੜਦੇ ਰਹਿੰਦੇ ਹਾਂ ਜਿਵੇਂ ਕਿ ਉਪਰ ਵਾਲੀ ਪੰਗਤੀ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਇਹੋ ਜਿਹੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਕੂੜ ਵਾਲੇ ਕੰਮ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ। ਮਨ ਦੀ ਇਹੋ ਜਿਹੀ ਸਮਝ ਵਿੱਚ ਰਹਿੰਦੇ ਹੋਏ

48/6585

ਭਾਵ ਧਰਮ ਦੇ ਸੱਚੇ ਮਾਰਗ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਮਨ ਦੇ ਕਲਿਜੁਗ ਵਿੱਚ ਰਹਿੰਦੇ ਹੋਏ ਅਸੀਂ ਜੋ ਮਾੜੇ ਕਰਮ ਕਰਦੇ ਹਾਂ ਉਹ ਸਾਡੇ ਧਰਮ ਵਾਲੇ ਕਰਮ ਨਹੀਂ ਹੁੰਦੇ ਭਾਵ ਚੰਗੇ ਕਰਮ ਨਹੀਂ ਹੁੰਦੇ ਕਿਉਂਕਿ ਚੰਗੇ ਕਰਮ ਕਰਨਾ ਹੀ ਧਰਮ ਦਾ ਮਾਰਗ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ। **(ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥)** ਪਦੇ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਅਸੀਂ ਪ੍ਰਮਾਤਮਾ ਦੇ ਦਰ ਤੇ **"ਚੰਡਾਲ"** ਕਿਸ ਲਈ ਬਣਦੇ ਹਾਂ। ਚੰਡਾਲ ਅਸੀਂ ਮਾੜੇ ਕਰਮ ਕਰਨ ਦੁਆਰਾ ਹੀ ਬਣਦੇ ਹਾਂ ਭਾਵ ਧਰਮ ਵਾਲੇ ਕਰਮ ਨਾ ਕਰਨ ਦੁਆਰਾ ਹੀ ਬਣਦੇ ਹਾਂ ਪਰ ਸਾਡੇ ਮਾੜੇ ਕਰਮ ਕਰਨ ਦੀ ਵਜ੍ਹਾ ਕੀ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥"

ਸਾਡੇ ਅੰਦਰ ਦਾ ਚੰਡਾਲ ਰੂਪ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਸਾਨੂੰ ਚੰਡਾਲ ਬਨਾਉਂਣ ਵਾਲੀ ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਹੈ। ਜੋ ਭਾਵ **"ਕਲਿ"** ਤੋਂ ਹੈ ਉਹੀ ਭਾਵ **"ਕਲੀ"** ਤੋਂ ਹੈ। ਕਲੀ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ ਜਦ ਤਕ ਸਾਡੇ ਅੰਦਰ ਹਉਮੈ ਵਾਲੀ ਸਮਝ ਹੈ, ਮਾਇਆ ਰੂਪ ਸਮਝ ਹੈ, ਤ੍ਰੈ ਗੁਣਾਂ ਵਾਲੀ ਸਮਝ ਹੈ, ਪੁੱਠੇ ਕਮਲ ਵਾਲੀ ਸਮਝ ਹੈ ਮਨ ਦੀ ਇਹ ਨਾਸਮਝ ਮਤਿ ਹੀ ਮਨੁੱਖ ਨੂੰ ਕਰਮ ਧਰਮੁ ਦਾ ਮਾਰਗ ਸਮਝਣ ਤੋਂ ਦੂਰ ਰੱਖਦੀ ਹੈ। ਸਾਡੀ ਮਾੜੀ ਸਮਝ ਹੀ ਸਾਡੇ ਅੰਦਰ ਦੀ ਚੰਡਾਲ ਹੈ ਜਿਸ ਸਮਝ ਵਿੱਚ ਸਾਡੇ ਅੰਦਰੋਂ ਅਗਿਆਨਤਾ ਵਾਲੀ ਸਮਝ ਹੀ ਉਪਜਦੀ ਹੈ ਭਾਵ ਕਲਿ ਵਾਲੀ ਸਮਝ ਉਪਜਦੀ ਹੈ ਭਾਵ ਸਾਡੇ ਅੰਦਰ ਦੀ ਸਮਝ ਨੂੰ ਮਾੜਾ ਬਨਾਉਂਣ ਵਾਲੀ ਸਾਡੇ ਅੰਦਰ ਦੀ ਕਲਿ ਹੈ ਜਿਸਦੀ ਉਪਜ ਸਾਡੇ ਅੰਦਰੋਂ ਸਾਡੀ ਚੰਡਾਲ ਵਾਲੀ ਮਤਿ ਵਿੱਚੋਂ ਹੀ ਹੁੰਦੀ ਹੈ, ਹਉਮੈ ਵਾਲੀ, ਮਾਇਆ ਵਾਲੀ ਸਮਝ ਵਿੱਚੋਂ ਹੀ ਹੁੰਦੀ ਹੈ ਜਿਸ ਸਮਝ ਦਾ ਮਕਸਦ ਹੀ ਸਾਨੂੰ ਕਲਿ ਵਾਲੇ ਵਿਚਾਰਾਂ ਵਿੱਚ ਰੱਖਣ ਦਾ ਹੈ। ਮਨੁੱਖ ਜੋ ਵੀ ਮਾੜੇ ਕਰਮ ਕਰਦਾ ਹੈ ਉਹ ਕਲਿ ਰੂਪ ਅਗਿਆਨਤਾ ਵਾਲੇ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਨਾ ਹੋਣ ਕਰਕੇ ਹੀ ਕਰਦਾ ਹੈ ਜੋ ਮਾੜੇ ਕਰਮ ਮਨੁੱਖ ਨੂੰ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਡਾਲ ਬਣਾਉਂਦੇ ਹਨ ਭਾਵ ਨੀਚ ਬਣਾਉਂਦੇ ਹਨ। **(ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥)**

48/6586

ਮਨ ਦੀ ਨਾਸਮਝ ਮਾੜੀ ਮਤਿ ਵਿੱਚੋਂ ਭਾਵ ਮਨ ਦੀ ਕਲਿ ਤੋਂ, ਹਉਮੈ ਤੋਂ, ਮਾਇਆ ਮੋਹ ਵਾਲੀ ਸਮਝ ਤੋਂ ਅਸੀਂ ਮੁਕਤਿ ਕਿਵੇਂ ਹੋ ਸਕਦੇ ਹਾਂ ਜਿਸ ਦੁਆਰਾ ਅਸੀਂ ਮਾੜੇ ਕਰਮ ਨਾ ਕਰੀਏ ਤੇ ਧਰਮ ਵਾਲੇ ਕਰਮ ਕਰੀਏ ਭਾਵ ਸੱਚੇ ਸੁੱਚੇ ਕਰਮ ਕਰੀਏ, ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥"

ਮੁਕਤੀ ਪਾਉਂਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮੁਕਤੀ ਅਸੀਂ ਮਾਇਆ ਮੋਹ ਵਾਲੀ ਸਮਝ ਤੋਂ, ਹਉਮੈ ਤੋਂ ਭਾਵ ਮਨ ਦੀ ਅਗਿਆਨਤਾ ਤੋਂ ਭਾਵ ਭਰਮਾਂ ਵਾਲੀ ਸਮਝ ਤੋਂ ਹੀ ਲੈਣੀ ਹੈ ਤੇ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ, ਗੁਰੂ ਦਾ ਬ੍ਰਹਮ ਗਿਆਨ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਭ ਤੋਂ ਵੱਡੀ ਗੱਲ ਗੁਰੂ ਦੇ ਨਾਮ ਨੂੰ ਸਮਝਣ ਦੀ ਹੈ ਜੋ ਨਾਮ ਗੁਰੂ ਦਾ ਸੱਚਾ ਗਿਆਨ ਹੀ ਹੈ ਤੇ ਜੇਕਰ ਅਸੀਂ ਨਾਮ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕੋਈ ਅੱਖਰ ਸਮਝ ਕੇ ਬੋਲੀ ਜਾਵਾਂਗੇ, ਕਿਸੇ ਸ਼ਬਦ ਨੂੰ ਬੋਲੀ ਜਾਵਾਂਗੇ ਤਾਂ ਉਸ ਨਾਲ ਕੀ ਕਿਸੇ ਦੇ ਅੰਦਰੋਂ ਭਰਮਾਂ ਵਾਲੀ ਸਮਝ ਨਿਕਲ ਸਕਦੀ ਹੈ, ਮਨ ਦੀ ਕਲਿ ਨਿਕਲ ਸਕਦੀ ਹੈ ਭਾਵ ਮਨ ਦੀ ਅਗਿਆਨਤਾ ਨਿਕਲ ਸਕਦੀ ਹੈ ਭਾਵ ਨਹੀਂ ਨਿਕਲ ਸਕਦੀ। ਸਾਡੇ

ਮਨ ਦੀ ਭਰਮਾਂ ਵਾਲੀ ਸਮਝ ਗੁਰੂ ਦੇ ਵਿਚਾਰਾਂ ਨੂੰ, ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ ਭਾਵ ਆਪਣੇ ਨਾਸਮਝ ਵਿਚਾਰ ਛੱਡਣ ਦੁਆਰਾ ਹੀ ਨਿਕਲ ਸਕਦੀ ਹੈ ਤੇ ਮਨ ਦੀ ਕਲਿ ਵਿੱਚੋਂ ਨਿਕਲਣ ਦਾ ਹੋਰ ਕੋਈ ਤਰੀਕਾ ਨਹੀਂ ਹੈ ਕਿਉਂਕਿ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੇ ਨਾਮ ਨੂੰ ਜਪਣਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਧਰਮ ਗ੍ਰੰਥ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਨਾਮ ਹੀ ਹੈ ਭਾਵ ਪ੍ਰਮਾਤਮਾ ਦਾ ਦਿੱਤਾ ਹੋਇਆ ਸੱਚਾ ਗਿਆਨ ਹੀ ਹੈ ਜਿਸ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੀ ਕੋਈ ਮਨ ਦੀ ਅਗਿਆਨਤਾ ਤੋਂ ਮੁਕਤਿ ਹੋ ਸਕਦਾ ਹੈ ਜਿਸ ਮਾੜੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ,

48/6587

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਵਿੱਚ ਰਹਿਣ ਕਰਕੇ ਪ੍ਰਮਾਤਮਾ ਦੇ ਦਰ ਤੇ ਚੰਡਾਲ ਬਣਦੇ ਹਾਂ। ਨਾਮ ਨੂੰ ਸਹੀ ਰੂਪ ਵਿੱਚ ਸਮਝੇ ਬਿਨਾਂ ਕਿਸੇ ਨੂੰ ਅਸਲ ਕਰਮ ਧਰਮ ਦੀ ਸਮਝ ਪੈਂਦੀ ਹੀ ਨਹੀਂ ਜੋ ਕਰਮ ਧਰਮ ਸਾਰੇ ਸੰਸਾਰ ਲਈ ਇੱਕੋ ਹੀ ਹੈ ਭਾਵ ਅਉਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੀ ਹੈ। **(ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥ ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ ਆਪਿ ਤਰੈ ਸਗਲੇ ਕੁਲ ਉਧਾਰਾ ॥੩॥ ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥)**

ਕਲਜੁਗਿ ਨੂੰ ਸਮਝਣ ਲਈ, ਮਨ ਦੀ ਕਲਿ ਨੂੰ ਸਮਝਣ ਲਈ, ਕਲੀ ਨੂੰ ਸਮਝਣ ਲਈ, ਮੁਕਤੀ ਨੂੰ ਸਮਝਣ ਲਈ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥}

(ਅੰਗ ੧੦੪੩)

{ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥
ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ॥
ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥}

(ਅੰਗ ੨੨੯)

{ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥
ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ॥੩॥
ਗ੍ਰਿਹੁ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ ॥
ਜਬ ਲਗੁ ਜੀਵਹਿ ਕਲੀ ਕਾਲ ਮਹਿ ਜਨ ਨਾਨਕ ਨਾਮੁ ਸਮ੍ਹਾਰਿ ॥੪॥੩੭॥}

(ਅੰਗ ੩੭੯)

{ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥ ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥੧॥}

(ਅੰਗ ੫੫੬)

{ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥
ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥
ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥
ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥
ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥
ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥}

(ਅੰਗ ੧੩੩੪)

{ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ ॥ ਮਿਟੰਤਿ ਤ੍ਰਾਗਤ ਭਰਮ ਮੋਹੰ ॥

ਭਗਵਾਨ ਰਮਣੰ ਸਰਬਤ੍ਰ ਥਾਨ੍ਹੰ ॥ ਦ੍ਰਿਸਟ ਤੁਯੰ ਅਮੋਘ ਦਰਸਨੰ ਬਸੰਤ ਸਾਧ ਰਸਨਾ ॥
ਹਰਿ ਹਰਿ ਹਰਿ ਹਰੇ ਨਾਨਕ ਪ੍ਰਿਅੰ ਜਾਪੁ ਜਪਨਾ ॥੮॥}

(ਅੰਗ ੧੩੫੪)

{ਸੰਤਹ ਧੂਰਿ ਲੇ ਮੁਖਿ ਮਲੀ ॥ ਗੁਣਾ ਅਚੁਤ ਸਦਾ ਪੂਰਨ ਨਹ ਦੋਖ ਬਿਆਪਹਿ ਕਲੀ ॥ ਰਹਾਉ ॥}

(ਅੰਗ ੧੧੨੧)

{ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥}

(ਅੰਗ ੯੬)

{ਫਫਾ ਫਿਰਤ ਫਿਰਤ ਤੂ ਆਇਆ ॥ ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥
ਫਿਰਿ ਇਆ ਅਉਸਰੁ ਚਰੈ ਨ ਹਾਥਾ ॥ ਨਾਮੁ ਜਪਹੁ ਤਉ ਕਟੀਅਹਿ ਫਾਸਾ ॥
ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥
ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥ ਮੇਲਿ ਲੇਹੁ ਨਾਨਕ ਬੇਚਾਰੇ ॥੩੮॥}

(ਅੰਗ ੨੫੮)

{ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥
ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ ॥
ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥
ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥੧॥}

(ਅੰਗ ੩੦੮)

{ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥}

(ਅੰਗ ੩੬੬)

{ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥
ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥੪॥੮॥੪੭॥}

(ਅੰਗ ੩੮੨)

48/6588

{ਪ੍ਰਾਨੀ ਕਉਨੁ ਉਪਾਉ ਕਰੈ ॥ ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥
ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਣੀ ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਣੀ ॥੧॥
ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥
ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥

ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥}

(ਅੰਗ ੬੩੨)

{ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥
ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥ ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ ॥
ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ ॥ ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥
ਸਭਸੈ ਨੋ ਕਿਰਪਾਲੁ ਸਮ੍ਹਾਲੇ ਸਾਹਿ ਸਾਹਿ ॥ ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ ॥੯॥}

(ਅੰਗ ੯੩੨)

{ਸਾਚ ਪਦਾਰਥੁ ਗੁਰਮੁਖਿ ਲਹਹੁ ॥ ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥੧॥ ਜੀਵਤ ਜੀਵਤ ਜੀਵਤ ਰਹਹੁ ॥
ਰਾਮ ਰਸਾਇਣੁ ਨਿਤ ਉਠਿ ਪੀਵਹੁ ॥ ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥੧॥ ਰਹਾਉ ॥
ਕਲਿਜੁਗ ਮਹਿ ਇਕ ਨਾਮਿ ਉਧਾਰੁ ॥ ਨਾਨਕੁ ਬੋਲੈ ਬ੍ਰਹਮ ਬੀਚਾਰੁ ॥੨॥੧੧॥}

(ਅੰਗ ੧੧੩੯)

{ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥
ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥
ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥
ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥
ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥
ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥੪॥੪॥੧੧॥}

(ਅੰਗ ੪੪੬)

{ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ॥ ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ ॥
ਨਾਮੁ ਸਮ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥ ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ ॥੨॥}

(ਅੰਗ ੫੫੨)

{ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥ ਅਜੌਂ ਨ ਪਤ੍ਰਾਇ ਨਿਗਮ ਭਏ ਸਾਖੀ ॥੩॥
ਗੌਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥}

(ਅੰਗ ੭੧੦)

{ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥
ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥}

(ਅੰਗ ੧੨੭੫)

{ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ ॥ ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ॥
ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ ॥੮॥}

(ਅੰਗ ੬੦)

{ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥}

(ਅੰਗ ੭੪)

{ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥}

(ਅੰਗ ੫੯੫)

{ਸਬਦਿ ਮਰੈ ਸੁ ਮੁਆ ਜਾਪੈ ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥
ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥੧॥}

(ਅੰਗ ੧੧੧)

{ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥
ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥
ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥
ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ ਕਲਤ੍ ਵਿਚੇ ਗਤਿ ਪਾਈ ॥੨॥}

(ਅੰਗ ੬੬੧)

{ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥
ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥}

(ਅੰਗ ੭੪੯)

{ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥

ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥
ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥ ਸਭੁ ਕੋ ਆਥੈ ਬਹੁਤੁ ਬਹੁਤੁ ਘਟਿ ਨ ਆਥੈ ਕੋਇ ॥
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥ ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੩॥
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥}

(ਅੰਗ ੧੫)

{ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥
ਜਿਸ ਕਾ ਸਾਸੁ ਨ ਕਾਢਤ ਆਪਿ ॥ ਤਾ ਕਉ ਰਾਖਤ ਦੇ ਕਰਿ ਹਾਥ ॥
ਮਾਨਸ ਜਤਨ ਕਰਤ ਬਹੁ ਭਾਤਿ ॥ ਤਿਸ ਕੇ ਕਰਤਬ ਬਿਰਥੇ ਜਾਤਿ ॥
ਮਾਰੈ ਨ ਰਾਖੈ ਅਵਰੁ ਨ ਕੋਇ ॥ ਸਰਬ ਜੀਆ ਕਾ ਰਾਖਾ ਸੋਇ ॥
ਕਾਹੇ ਸੋਚ ਕਰਹਿ ਰੇ ਪ੍ਰਾਣੀ ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥}

(ਅੰਗ ੨੮੫)

{ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ ੧੩੪੩)

{ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥
ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥
ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥}

(ਅੰਗ ੧੩)

48/6589

{ਐਥੈ ਸਾਚੇ ਸੁ ਆਗੈ ਸਾਚੇ ॥ ਮਨੁ ਸਚਾ ਸਚੈ ਸਬਦਿ ਰਾਚੇ ॥
ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥

ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥੧॥ ਰਹਾਉ ॥
ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥
ਸਤਿਗੁਰੁ ਮਿਲੈ ਤਾ ਤਤੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥}

(ਅੰਗ ੧੧੬)

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥
ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥੧॥
ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥
ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥
ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥
ਸਾਝ ਬਿਹਾਗ ਤਕਹਿ ਆਗਾਸੁ ॥ ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥
ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥ ਬਿਨੁ ਵਖਰ ਸੂਨੋ ਘਰੁ ਹਾਟੁ ॥
ਗੁਰ ਮਿਲਿ ਖੋਲੇ ਬਜਰ ਕਪਾਟ ॥੪॥ ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ ਲੋਗ ॥
ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬॥}

(ਅੰਗ ੧੫੨-੧੫੩)

{ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥
ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥੧॥ ਰਹਾਉ ॥
ਮੂਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥੨॥
ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥
ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥}

(ਅੰਗ ੩੨੪)

{ਆਪਿ ਕਰੇ ਤੈ ਆਪਿ ਕਰਾਏ ॥ ਗੁਰ ਪਰਸਾਦੀ ਕਿਸੈ ਬੁਝਾਏ ॥
ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥੮॥}

(ਅੰਗ ੧੦੬੨)

{ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥ ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥
ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥੧॥
ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥ ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥
ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ ॥੨॥
ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥ ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥

ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥
ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥ ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥
ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥
ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥੫॥
ਹਉਮੈ ਬਾਧਾ ਗੁਰਮੁਖਿ ਛੂਟਾ ॥ ਗੁਰਮੁਖਿ ਆਵਣੁ ਜਾਵਣੁ ਤੂਟਾ ॥
ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥
ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥ ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥੮॥
ਸਗਲੀ ਬਣਤ ਬਣਾਈ ਆਪੇ ॥ ਆਪੇ ਕਰੇ ਕਰਾਏ ਥਾਪੇ ॥
ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥੨॥੩੬॥}

(ਅੰਗ ੧੩੧)

{ਕਵਨ ਸੁ ਮੁਕਤੀ ਕਵਨ ਸੁ ਨਰਕਾ ॥ ਕਵਨੁ ਸੈਸਾਰੀ ਕਵਨੁ ਸੁ ਭਗਤਾ ॥
ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ ॥੬॥
ਹੁਕਮੇ ਮੁਕਤੀ ਹੁਕਮੇ ਨਰਕਾ ॥ ਹੁਕਮਿ ਸੈਸਾਰੀ ਹੁਕਮੇ ਭਗਤਾ ॥
ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ ॥੭॥
ਸਾਗਰੁ ਕੀਨਾ ਅਤਿ ਤੁਮ ਭਾਰਾ ॥ ਇਕਿ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ ॥
ਇਕਨਾ ਪਾਰਿ ਲੰਘਾਵਹਿ ਆਪੇ ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥
ਕਉਤਕੁ ਕਾਲੁ ਇਹੁ ਹੁਕਮਿ ਪਠਾਇਆ ॥ ਜੀਅ ਜੰਤ ਓਪਾਇ ਸਮਾਇਆ ॥
ਵੇਖੈ ਵਿਗਸੈ ਸਭਿ ਰੰਗ ਮਾਣੇ ਰਚਨੁ ਕੀਨਾ ਇਕੁ ਆਖਾੜਾ ॥੯॥ ਵਡਾ ਸਾਹਿਬੁ ਵਡੀ ਨਾਈ ॥
ਵਡ ਦਾਤਾਰੁ ਵਡੀ ਜਿਸੁ ਜਾਈ ॥ ਅਗਮ ਅਗੋਚਰੁ ਬੇਅੰਤ ਅਤੋਲਾ ਹੈ ਨਾਹੀ ਕਿਛੁ ਆਹਾੜਾ॥੧੦॥}

(ਅੰਗ ੧੦੮੧)

ਸਾਡੇ ਅੰਦਰ ਚੰਡਾਲ ਰੂਪ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵਾਲੇ ਸ਼ਬਦ ਦੁਆਰਾ ਸਮਝਿਆ ਹੈ। ਸਾਨੂੰ ਸਾਡਾ ਚੰਡਾਲ ਰੂਪ ਬਨਾਉਂਣ ਵਾਲੀ ਸਾਡੇ ਅੰਦਰ ਦੀ ਨਾਸਮਝ ਮਤਿ ਹੈ ਭਾਵ ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਕਲਿ ਹੈ ਜਿਸ ਕਲਿ ਦੁਆਰਾ ਅਸੀਂ ਹਰ ਵੇਲੇ ਕਲਿਜੁਗ ਵਿੱਚ ਹੀ ਵਿਚਰਦੇ ਹਾਂ ਭਾਵ ਹਰ ਵੇਲੇ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਹੀ ਵਿਚਰਦੇ ਹਾਂ ਤੇ ਉਹੋ ਜਿਹੇ ਕਰਮ ਕਰਦੇ ਹਾਂ ਜੋ ਸਾਡੇ ਕਰਮ ਗੁਰਮਤਿ ਅਨੁਸਾਰ ਨਹੀਂ ਹੁੰਦੇ। ਸਾਡਾ ਹਰ ਉਹੋ ਜਿਹਾ ਕਰਮ ਜੋ ਗੁਰਮਤਿ ਅਨੁਸਾਰ ਨਹੀਂ ਹੁੰਦਾ ਉਹ ਸਾਨੂੰ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਨੀਚ ਹੀ ਬਣਾਉਂਦਾ ਹੈ। ਅਸਲ ਵਿੱਚ ਸਾਨੂੰ ਨੀਚ ਬਨਾਉਂਣ ਵਾਲੀ ਸਾਡੇ ਅੰਦਰ ਦੀ ਨੀਚ ਮਤਿ ਹੀ ਹੈ ਜਿਸ ਨੀਚ ਮਤਿ ਤੋਂ ਹੀ ਅਸੀਂ ਮੁਕਤੀ ਲੈਣੀ ਹੈ ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਧੰਨ ਧੰਨ ਧੰਨ ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਸਾਨੂੰ ਸਭ ਕੁਝ ਸਮਝਾਇਆ ਹੋਇਆ ਹੈ, ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਾਇਆ ਹੋਇਆ ਹੈ ਤੇ ਗੱਲ ਕੇਵਲ ਸ਼ਬਦਾਂ ਦੀ ਬਰੀਕੀ ਨੂੰ ਸਮਝ ਕੇ ਉਹਨਾਂ ਨੂੰ ਮੰਨਣ ਦੀ ਹੈ ਭਾਵ ਗੁਰੂ ਦੀ ਮਤਿ ਨਾਲ ਜੁੜ ਕੇ ਤੇ ਉਹਨਾਂ ਦੀ ਮਤਿ ਵਿੱਚੋਂ ਨਿਕਲਣ ਦੀ ਹੈ ਜੋ ਸਾਨੂੰ ਸਮਝਾਉਂਦੇ

ਹੀ ਉਹੋ ਕੁਝ ਹਨ ਜੋ ਗੁਰਮਤਿ ਦੀ ਸਮਝ ਤੋਂ ਉਲਟ ਹੁੰਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਉਲਟ ਹੁੰਦਾ ਹੈ। ਆਪਣੇ ਆਪ ਕੋਈ ਮਨ ਦੀ ਨੀਚ ਮਤਿ ਵਿੱਚੋਂ ਨਿਕਲ ਸਕੇ, ਮਨ ਦੀ ਹਉਮੈ ਵਾਲੀ ਸਮਝ ਵਿੱਚੋਂ ਨਿਕਲ ਸਕੇ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲ ਸਕੇ, ਮਾਇਆ ਵਿੱਚੋਂ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਪੂਰੀ ਤਰ੍ਹਾਂ ਨਿਕਲ ਸਕੇ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਅਗਿਆਨਤਾ

48/6590

ਵਾਲੀ ਨਾਸਮਝ ਮਤਿ ਵਿੱਚੋਂ ਪੂਰੀ ਤਰ੍ਹਾਂ ਨਿਕਲ ਸਕੇ ਇਹ ਨਾਮੁਮਕਿਨ ਹੈ ਕਿਉਂਕਿ ਸਾਡੇ ਅੰਦਰ ਦੀ ਸਮਝ ਸਾਡੇ ਵੱਸ ਨਹੀਂ ਹੈ ਜਿਸ ਨਾਸਮਝ ਮਤਿ ਵਿੱਚੋਂ ਨਿਕਲੇ ਬਿਨਾਂ ਕੋਈ ਆਪਣੇ ਅੰਦਰੋਂ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਨੂੰ ਜਾਣ ਸਕੇ ਇਹ ਵੀ ਨਾਮੁਮਕਿਨ ਹੈ। ਸਾਨੂੰ ਮਨ ਦੀ ਕਲਿ ਵਿੱਚੋਂ, ਮਨ ਦੇ ਕਲਿਜੁਗ ਵਿੱਚੋਂ ਭਾਵ ਮਨ ਦੀ ਨੀਵੀਂ ਮਤਿ ਵਿੱਚੋਂ ਉਹ ਹੀ ਕੱਢ ਸਕਦਾ ਹੈ ਜਿਸਨੇ ਸਾਡੇ ਅੰਦਰ ਇਹ **“ਕਲਿ”** ਪਾਈ ਹੋਈ ਹੈ। ਗੁਰੂ ਦੇ ਨਾਮ ਦਾ ਮਕਸਦ ਸਾਨੂੰ ਇਸ ਮਨ ਦੀ ਕਲਿ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਧਰਮ ਗ੍ਰੰਥਾਂ ਦੀ ਰਚਨਾ ਪ੍ਰਮਾਤਮਾ ਨੇ ਸਾਨੂੰ ਮਨ ਦੀ ਨੀਵੀਂ ਮਤਿ ਵਿੱਚੋਂ ਭਾਵ ਚੰਡਾਲ ਮਤਿ ਵਿੱਚੋਂ ਨਿਕਲਣ ਲਈ ਹੀ ਕੀਤੀ ਹੋਈ ਹੈ ਤੇ ਆਪਣੀ ਨਾਸਮਝ ਮਤਿ ਵਿੱਚੋਂ ਭਾਵ ਮਨ ਦੀ ਚੰਡਾਲ ਮਤਿ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਆਪ ਹੀ ਕਰਨਾ ਹੈ। ਪ੍ਰਮਾਤਮਾ ਫਿਰ ਸੱਚੀ ਸਮਝ ਵੀ ਫਿਰ ਪੂਰਨ ਰੂਪ ਵਿੱਚ ਉਸਨੂੰ ਹੀ ਪਾਉਂਦਾ ਹੈ ਜੋ ਉਸਦੀ ਧਰਮ ਗ੍ਰੰਥਾਂ ਵਿੱਚ ਪਾਈ ਹੋਈ ਸੱਚੀ ਸਮਝ ਨੂੰ ਮੰਨਣ ਦਾ ਉੱਦਮ ਕਰਦਾ ਹੈ। ਧਰਮ ਗ੍ਰੰਥਾਂ ਰਾਹੀਂ ਸਾਨੂੰ ਬਹੁਤ ਕੁਝ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਵੀ ਸਮਝ ਆ ਜਾਂਦਾ ਹੈ ਤੇ ਜਿਤਨਾ ਕੁਝ ਸਾਨੂੰ ਸਮਝ ਆ ਜਾਂਦਾ ਹੈ ਉਸਨੂੰ ਮੰਨਣਾ ਹੀ ਸਾਡਾ ਸੱਚਾ ਉੱਦਮ ਹੈ। ਜਦ ਤਕ ਅਸੀਂ ਆਪ ਸੱਚਾ ਉੱਦਮ ਨਹੀਂ ਕਰਾਂਗੇ ਤਦ ਤਕ ਪ੍ਰਮਾਤਮਾ ਕੋਲੋਂ ਇਹ ਉਮੀਦ ਰੱਖਣੀ ਕਿ ਉਹ ਆਪਣੇ ਆਪ ਹੀ ਸਾਡੀ ਸਮਝ ਨੂੰ ਉੱਚੀ ਚੁੱਕ ਕੇ ਮਨ ਦੇ ਵਿੱਚੋਂ ਆਪਣੇ ਦਰਸ਼ਨ ਕਰਵਾ ਦੇਵੇਗਾ ਇਹ ਸਾਡੀ ਝੂਠੀ ਉਮੀਦ ਹੈ। ਆਪਣੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਉੱਦਮ ਅਸੀਂ ਆਪ ਹੀ ਕਰਨਾ ਹੈ ਭਾਵ ਗੁਰੂ ਦੇ ਨਾਮ ਨੂੰ ਸੱਚਾ ਗਿਆਨ ਸਮਝ ਕੇ ਉਸਨੂੰ ਮੰਨਣਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਆਸਾ ਮਹਲਾ ੫ ॥

“ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥
ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥
ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥
ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥
ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥
ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥
ਦਾਦੀ ਦਾਦਿ ਨ ਪਹੁਚਨਹਾਰਾ ਚੁਪੀ ਨਿਰਨਉ ਪਾਇਆ ਰੇ ॥
ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥
ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥
ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥”

(ਅੰਗ ੩੮੧)

ਪਿਛੇ ਸ਼ਬਦਾਂ ਦੁਆਰਾ ਮਨੁੱਖ ਦਾ ਚੰਡਾਲ ਹੋਣਾ ਕੀ ਹੈ ਭਾਵ ਨੀਚ ਹੋਣਾ ਕੀ ਹੈ ਅਸੀਂ ਇਸ ਗੱਲ ਨੂੰ ਸਮਝਿਆ ਹੈ। ਅਸੀਂ ਮਨ ਦੀ ਹਉਮੈ ਕਰਕੇ ਚੰਡਾਲ ਹਾਂ, ਮਾਇਆ ਮੋਹ ਵਾਲੀ ਸਮਝ ਕਰਕੇ ਚੰਡਾਲ ਹਾਂ ਭਾਵ ਮਨ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਦੁਆਰਾ, ਆਪਣੀ ਮਨਮਤਿ ਦੁਆਰਾ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਡਾਲ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਨਾ ਹੋਣ

48/6591

ਕਰਕੇ ਚੰਡਾਲ ਹਾਂ ਜਿਸ ਚੰਡਾਲ ਮਤਿ ਵਿੱਚ ਰਹਿੰਦੇ ਹੋਏ, ਨੀਚ ਮਤਿ ਵਿੱਚ ਰਹਿੰਦੇ ਹੋਏ ਅਸੀਂ ਨੀਚ ਕਰਮ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਤੇ ਜਪੁਜੀ ਬਾਣੀ ਦੇ ਸ਼ਬਦ ਦੁਆਰਾ ਵੀ ਸਮਝਿਆ ਹੈ। ਉਪਰ ਵਾਲੇ ਸ਼ਬਦ ਦੇ ਅਰਥ ਕਾਫੀ ਗਹਿਰਾਈ ਵਿੱਚ ਹਨ ਤੇ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੀ ਚੰਡਾਲ ਮਤਿ ਵਿੱਚੋਂ ਨਿਕਲ ਸਕੀਏ ਭਾਵ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਡਾਲ ਬਣਨ ਤੋਂ ਬਚੀਏ। ਪਹਿਲਾਂ ਸ਼ਬਦ ਦੇ ਪਹਿਲੇ ਪਦੇ ਨੂੰ ਸਮਝਦੇ ਹਾਂ ਤੇ ਆਪਣੀ ਚੰਡਾਲ ਮਤਿ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ, ਇਸਨੂੰ ਵਿਚਾਰਦੇ ਹਾਂ।

“ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥
ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥”

ਪਿੱਛੇ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਮਨੁੱਖ ਚੰਡਾਲ ਕਿਸ ਲਈ ਹੈ ਭਾਵ ਨੀਵੀਂ ਜਾਤਿ ਵਾਲਾ ਕਿਸ ਲਈ ਹੈ। ਭਾਰਤ ਵਰਸ਼ ਵਿੱਚ ਸਦੀਆਂ ਤੋਂ ਹੀ ਇਹ ਸਮਾਜਿਕ ਧਾਰਨਾ ਬਣੀ ਹੋਈ ਹੈ ਕਿ ਜੋ ਨੀਵੀਂ ਜਾਤਿ ਵਾਲੇ ਹੁੰਦੇ ਹਨ ਉਹ ਸ਼ੂਦਰ ਹੁੰਦੇ ਹਨ ਭਾਵ ਉਹਨਾਂ ਨੂੰ ਸ਼ੂਦਰ ਕਿਹਾ ਜਾਂਦਾ ਹੈ ਤੇ ਜੋ ਉੱਚੀ ਜਾਤਿ ਵਾਲੇ ਹੁੰਦੇ ਹਨ ਉਹਨਾਂ ਨੂੰ ਬ੍ਰਾਹਮਣ ਜਾਤਿ ਵਾਲੇ ਕਿਹਾ ਜਾਂਦਾ ਹੈ। ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਨੀਵੀਂ ਜਾਤਿ ਵਾਲਾ ਕੌਣ ਹੈ ਤੇ ਉੱਚੀ ਜਾਤਿ ਵਾਲਾ ਕੌਣ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪ੍ਰਮਾਤਮਾ ਦੀਆਂ ਨਜਰਾਂ ਵਿੱਚ ਮਨੁੱਖ ਨੀਵੀਂ ਜਾਤਿ ਜਾਂ ਉੱਚੀ ਜਾਤਿ ਵਾਲਾ ਆਪਣੇ ਕਰਮਾਂ ਕਰਕੇ ਹੀ ਹੈ ਭਾਵ ਮਾੜੇ ਕਰਮ ਕਰਨ ਵਾਲਾ ਨੀਵੀਂ ਜਾਤਿ ਵਾਲਾ ਹੈ ਤੇ ਚੰਗੇ ਕਰਮ ਕਰਨ ਵਾਲਾ ਉੱਚੀ ਜਾਤਿ ਵਾਲਾ ਹੈ। ਬਾਣੀ ਰਾਹੀਂ ਸਾਡੀ ਹਉਮੈ ਨੂੰ ਸਾਡੀ ਨੀਵੀਂ ਜਾਤਿ ਦੱਸਿਆ ਹੈ ਭਾਵ ਹਉਮੈ ਵਾਲੀ ਮਾੜੀ ਸਮਝ ਨੂੰ ਸਾਡੀ ਨੀਵੀਂ ਜਾਤਿ ਦੱਸਿਆ ਹੈ ਜਿਸ ਹਉਮੈ ਵਾਲੀ ਮਾੜੀ ਸਮਝ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ ਤੇ ਹਉਮੈ ਤੋਂ ਉਲਟ ਦੂਸਰੀ ਜਾਤਿ ਭਾਵ ਉੱਚੀ ਜਾਤਿ ਨਾਮ ਦੀ ਜਾਤਿ ਹੈ ਜੋ ਕਿ ਗੁਰਮਤਿ ਦੀ ਸਮਝ ਵਾਲੀ ਉੱਚੀ ਜਾਤਿ ਹੈ ਜਿਸ ਉੱਚੀ ਜਾਤਿ ਵਾਲਾ ਬਣਕੇ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦਾ ਭਾਵ ਚੰਗੇ ਕਰਮ ਹੀ ਕਰਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਵਿਚਰਦਾ ਹੈ। ਉਪਰ ਵਾਲੇ ਸ਼ਬਦ ਦੀ ਪਹਿਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝਦੇ ਹਾਂ ਕਿ **“ਅਧਮ ਚੰਡਾਲੀ”** ਕਿਸਨੂੰ ਕਿਹਾ ਹੈ, **“ਬ੍ਰਹਮਣੀ”** ਕਿਸਨੂੰ ਕਿਹਾ ਹੈ ਤੇ **“ਸੂਦੀ”**

ਕਿਸਨੂੰ ਕਿਹਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਅਸੀਂ ਚੰਡਾਲ ਮਤਿ ਮਨ ਦੀ ਮਾੜੀ ਸਮਝ ਕਰਕੇ ਹੀ ਹਾਂ ਭਾਵ ਹਉਮੈ ਕਰਕੇ ਹੀ ਹਾਂ। ਸਾਨੂੰ ਚੰਡਾਲ ਬਨਾਉਂਣ ਵਾਲੀ ਸਾਡੇ ਅੰਦਰ ਦੀ ਮਾੜੀ ਮਤਿ ਹੈ, ਅਉਗੁਣਾਂ ਵਾਲੀ ਮਤਿ ਹੈ ਭਾਵ

48/6592

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀ ਮਤਿ ਹੈ ਭਾਵ ਮਾਇਆ ਮੋਹ ਵਾਲੀ ਮਤਿ ਹੈ ਜੋ ਸਾਨੂੰ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰੱਖਕੇ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ। ਉਪਰ ਵਾਲੀ ਪੰਗਤੀ ਵਿੱਚ ਸਾਡੇ ਅੰਦਰ ਦੀ ਚੰਡਾਲ ਮਤਿ ਨੂੰ ਹੀ **"ਚੰਡਾਲੀ"** ਕਿਹਾ ਹੈ ਭਾਵ ਨੀਵੀਂ ਜਾਤਿ ਵਾਲੀ ਮਤਿ ਕਿਹਾ ਹੈ, ਸਾਨੂੰ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਸ਼ੂਦਰ ਬਨਾਉਂਣ ਵਾਲੀ ਮਤਿ ਕਿਹਾ ਹੈ। ਧਰਮ ਦੇ ਸੱਚੇ ਮਾਰਗ ਤੇ ਚੱਲਣ ਲਈ ਅਸੀਂ ਇਸ ਚੰਡਾਲ ਸ਼ੂਦਰ ਮਤਿ ਨੂੰ ਹੀ ਬ੍ਰਹਮਣੀ ਮਤਿ ਬਨਾਉਂਣਾ ਹੈ ਭਾਵ ਉੱਚੀ ਮਤਿ ਬਨਾਉਂਣਾ ਹੈ ਜੋ ਕਿ ਸਾਨੂੰ ਉਪਰ ਸ਼ਬਦ ਰਾਹੀਂ ਦੁਨਿਆਵੀ ਪ੍ਰਮਾਣ ਦੇ ਕੇ ਸਮਝਾਇਆ ਹੋਇਆ ਹੈ ਕਿਉਂਕਿ ਸਾਡੀ ਧਾਰਮਿਕ ਧਾਰਨਾ ਅਨੁਸਾਰ ਬ੍ਰਹਮਣਾਂ ਨੂੰ ਧਰਮ ਦੀ ਉੱਚੀ ਮਤਿ ਵਾਲੇ ਸਮਝਿਆ ਜਾਂਦਾ ਹੈ ਜੋ ਪ੍ਰਥਾ ਭਾਰਤ ਵਰਸ਼ ਵਿੱਚ ਸਦੀਆਂ ਤੋਂ ਚੱਲਦੀ ਆ ਰਹੀ ਹੈ। ਸਾਡੇ ਅੰਦਰ ਦੀ ਚੰਡਾਲ ਮਤਿ ਨੂੰ ਹੀ ਉਪਰ ਸ਼ਬਦ ਰਾਹੀਂ ਚੰਡਾਲੀ ਕਿਹਾ ਹੈ। ਸਾਰੀ ਗੱਲ ਇੱਥੇ **"ਅਧਮ ਚੰਡਾਲੀ"** ਨੂੰ ਸਮਝਣ ਦੀ ਹੈ। ਸਾਡੀ ਚੰਡਾਲ ਮਤਿ ਹੀ ਸਾਨੂੰ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਸ਼ੂਦਰ ਬਣਾਉਂਦੀ ਹੈ ਤੇ ਇਸ ਸ਼ੂਦਰ ਮਤਿ ਨੂੰ ਹੀ ਅਸੀਂ ਬ੍ਰਹਮਣੀ ਮਤਿ ਬਨਾਉਂਣਾ ਹੈ ਭਾਵ **"ਸ੍ਰੇਸ਼ਟ"** ਮਤਿ ਬਨਾਉਂਣਾ ਹੈ ਭਾਵ ਭਗਤੀ ਦੀ ਸੱਚੀ ਸਮਝ ਵਾਲੀ ਸ੍ਰੇਸ਼ਟ ਮਤਿ ਬਨਾਉਂਣਾ ਹੈ ਜਿਸ ਸ੍ਰੇਸ਼ਟ ਮਤਿ ਵਿੱਚ ਰਹਿੰਦੇ ਹੋਏ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਭਾਵ ਕੋਈ ਨੀਚ ਕਰਮ ਨਾ ਕਰੀਏ। ਬਾਣੀ ਸਾਨੂੰ ਬਾਰ-ਬਾਰ ਇਹ ਚੰਡਾਲ ਮਤਿ ਤਿਆਗਣ ਲਈ ਸਮਝਾਉਂਦੀ ਹੈ ਭਾਵ ਹਉਮੈ ਤਿਆਗਣ ਲਈ ਸਮਝਾਉਂਦੀ ਹੈ, ਮਨ ਦੀ ਨਾਸਮਝ, ਅਗਿਆਨਤਾ ਵਾਲੀ ਮਤਿ ਤਿਆਗਣ ਲਈ ਸਮਝਾਉਂਦੀ ਹੈ, ਅਉਗੁਣ ਤਿਆਗਣ ਲਈ ਸਮਝਾਉਂਦੀ ਹੈ, ਮਾਇਆ ਮੋਹ ਤਿਆਗਣ ਲਈ ਸਮਝਾਉਂਦੀ ਹੈ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦੀ ਹੈ, ਮਨਮਤਿ ਛੱਡਣ ਲਈ ਸਮਝਾਉਂਦੀ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਜਦ ਤਕ ਅਸੀਂ ਪੂਰੀ ਤਰ੍ਹਾਂ ਆਪਣੀ ਮਤਿ ਅਨੁਸਾਰ ਵਿਚਰਦੇ ਹਾਂ ਤਦ ਤਕ ਸਾਡੀ ਮਤਿ ਚੰਡਾਲੀ ਹੈ ਤੇ ਜਦੋਂ ਅਸੀਂ ਗੁਰੂ ਦੀ ਮਤਿ ਨੂੰ ਮੰਨਣਾ ਸ਼ੁਰੂ ਕਰ ਦਿੰਦੇ ਹਾਂ ਭਾਵ ਅਉਗੁਣ ਛੱਡਣੇ ਸ਼ੁਰੂ ਕਰ ਦਿੰਦੇ ਹਾਂ ਭਾਵ ਗੁਣਾਂ ਦੁਆਰਾ ਵਿਚਰਨਾ ਸ਼ੁਰੂ ਕਰ ਦਿੰਦੇ ਹਾਂ ਤਾਂ ਫਿਰ ਅਸੀਂ ਅਨੇਕਾਂ ਹੀ ਕਰਮ ਉਹੋ ਜਿਹੇ ਕਰਮ ਕਰਦੇ ਹਾਂ ਜੋ ਗੁਰੂ ਨੂੰ, ਚੰਗੇ ਲੱਗਦੇ ਹਨ ਪਰ ਗੁਰੂ ਦੀ ਮਤਿ ਨੂੰ ਕੋਈ ਪੂਰੀ ਤਰ੍ਹਾਂ ਸਮਝ ਕੇ ਉਸ ਅਨੁਸਾਰ ਚੱਲ ਸਕੇ ਭਾਵ ਗੁਰਮਤਿ ਤੇ ਪੂਰੀ ਤਰ੍ਹਾਂ ਪੂਰਾ ਉਤਰ ਸਕੇ ਇਹ ਨਹੀਂ ਹੋ ਸਕਦਾ ਕਿਉਂਕਿ ਅਸੀਂ ਅਨੇਕਾਂ

48/6593

ਹੀ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਉਹੋ ਜਿਹੇ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਕਿਸੇ ਅੱਖਰ ਨੂੰ ਨਾਮ ਜਪਣ ਦੇ ਤਰੀਕੇ ਬਣਾਏ ਹੋਏ ਹਨ, ਕਿਸੇ ਖਾਸ ਵੇਲੇ ਨੂੰ ਭਗਤੀ ਦਾ ਉੱਚਾ ਵੇਲਾ ਸਮਝਕੇ, ਉਸਨੂੰ ਚੰਗਾ ਵੇਲਾ ਸਮਝ ਕੇ ਜਿਹੋ ਜਿਹੇ ਅਨੇਕਾਂ ਹੀ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਅਸੀਂ ਪੂਰੀ ਤਰ੍ਹਾਂ ਤਾਂ ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਰੱਖਕੇ ਉਸ ਤੇ ਪੂਰੇ ਨਹੀਂ ਉਤਰ ਸਕਦੇ ਪਰ ਫਿਰ ਵੀ ਅਉਗੁਣ ਤਿਆਗਕੇ ਭਾਵ ਮਾੜੇ ਕਰਮ ਛੱਡਕੇ ਜਿਤਨੇ ਕੂ ਚੰਗੇ ਕਰਮ ਕਰ ਸਕਦੇ ਹਾਂ ਭਾਵ ਜਿਤਨਾ ਕੂ ਗੁਰਮਤਿ ਤੇ ਚੱਲਣ ਦਾ ਸੱਚਾ ਉੱਦਮ ਕਰ ਸਕਦੇ ਹਾਂ ਉਹ ਸਾਡੇ ਅੰਦਰ ਦੀ ਮਤਿ ਨੂੰ **"ਅਧਮ ਚੰਡਾਲੀ"** ਬਣਾ ਦਿੰਦਾ ਹੈ ਭਾਵ ਅੱਧਾ ਕੂ ਗੁਰਮਤਿ ਤੇ ਪੂਰੀ ਉਤਰਨ ਵਾਲੀ ਮਤਿ ਬਣਾ ਦਿੰਦਾ ਹੈ। ਜੋ ਪਹਿਲੇ ਆਪ ਗੁਰਮਤਿ ਨੂੰ ਅਪਨਾਉਂਣ ਦਾ ਸੱਚਾ ਉੱਦਮ ਕਰਦਾ ਹੈ ਭਾਵ ਆਪਣੀ ਚੰਡਾਲ ਮਤਿ ਨੂੰ, ਸੂਦੀ ਮਤਿ ਨੂੰ ਬ੍ਰਹਮਣੀ ਮਤਿ ਬਨਾਉਂਣ ਦਾ ਉੱਦਮ ਕਰਦਾ ਹੈ ਉਸਨੂੰ ਹੀ ਪ੍ਰਮਾਤਮਾ ਆਪਣੀ ਕਿਰਪਾ ਕਰਨ ਦੁਆਰਾ ਪੂਰੀ ਸੱਚੀ ਮਤਿ ਵਿੱਚ ਬਦਲ ਦਿੰਦਾ ਹੈ ਭਾਵ ਉਸਨੂੰ ਸੱਚੇ ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲੀ ਸ੍ਰੇਸ਼ਟ ਮਤਿ ਬਣਾ ਦਿੰਦਾ ਹੈ। **(ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥)**

ਸਾਡੀ ਨੀਚ ਮਤਿ ਉੱਚੀ ਕਿਵੇਂ ਬਣਦੀ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਬਣਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ ਕਿ ਬ੍ਰਾਹਮਣ ਬਣਨਾ ਕੀ ਹੈ। ਪ੍ਰਮਾਤਮਾ ਦਾ ਬ੍ਰਾਹਮਣ ਉਹੀ ਬਣਦਾ ਹੈ ਜੋ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਲੈਂਦਾ ਹੈ। ਜੋ ਪ੍ਰਮਾਤਮਾ ਦਾ ਬ੍ਰਾਹਮਣ ਬਣਨਾ ਹੈ ਉਹੀ ਉਸਦਾ ਕਾਜੀ ਬਣਨਾ ਹੈ, ਉਹੀ ਉਸਦਾ ਗਿਆਨੀ ਬਣਨਾ ਹੈ, ਉਹੀ ਉਸਦਾ ਇਸਾਈ ਵਾਲੀ ਸਮਝ ਵਾਲਾ ਬਣਨਾ ਹੈ ਭਾਵ ਇੱਕੋ ਹੀ ਗੱਲ ਹੈ ਕਿਉਂਕਿ ਸ੍ਰਿਸ਼ਟੀ ਦਾ ਮਾਲਕ ਇੱਕੋ ਹੀ ਹੈ ਜੋ ਕਿ ਸਾਰੇ ਸੰਸਾਰ ਵਿੱਚ ਆਪਣੇ ਵੱਖਰੇ ਵੱਖਰੇ ਰੂਪ ਬਨਾਉਂਣ ਦੁਆਰਾ ਆਪ ਹੀ ਵਿਚਰ ਰਿਹਾ ਹੈ। ਇਹ ਭੇਦ ਇਸ ਸ੍ਰਿਸ਼ਟੀ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਸਮਝ ਆਉਂਦਾ ਹੈ ਤੇ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਸਾਰੇ ਸੰਸਾਰ ਲਈ ਉਸਦੀ

ਭਗਤੀ ਦਾ ਮਾਰਗ ਵੀ ਇੱਕੋ ਹੀ ਹੈ ਭਾਵ ਆਪਣੀ ਚੰਡਾਲ ਮਤਿ ਨੂੰ ਚੰਗੀ ਬਨਾਉਂਣ ਦਾ ਹੀ ਹੈ ਤੇ ਜਿਸ ਲਈ ਪਹਿਲੇ ਆਪਣੀ ਚੰਡਾਲ ਮਤਿ ਨੂੰ ਅਧਮ ਚੰਡਾਲੀ ਬਨਾਉਂਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਹੀ ਹੈ ਤੇ ਸਾਡੀ ਅਧਮ ਚੰਡਾਲੀ ਮਤਿ ਨੂੰ ਪ੍ਰਮਾਤਮਾ ਆਪਣੀ ਸ੍ਰੇਸ਼ਟ ਮਤਿ ਕਿਸ ਤਰੀਕੇ ਬਣਾਉਂਦਾ ਹੈ ਜੋ ਤਰੀਕਾ ਸਾਰੇ ਸੰਸਾਰ ਲਈ

48/6594

ਇੱਕੋ ਜਿਹਾ ਹੀ ਹੈ, ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥”

ਉਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਉਪਰ ਵਾਲੀ ਪੰਗਤੀ ਦੁਆਰਾ ਸਾਡੀ ਸ੍ਰੇਸ਼ਟ ਮਤਿ ਕਿਸ ਤਰੀਕੇ ਬਣਦੀ ਹੈ ਤੇ ਸ੍ਰੇਸ਼ਟ ਮਤਿ ਦਾ ਮਕਸਦ ਕੀ ਹੁੰਦਾ ਹੈ ਇਹ ਸਮਝਾਇਆ ਹੋਇਆ ਹੈ। ਸਾਡੇ ਅੰਦਰ ਦੀ ਸ੍ਰੇਸ਼ਟ ਮਤਿ ਦਾ ਮਕਸਦ ਧਰਮ ਦੇ ਸੱਚੇ ਮਾਰਗ ਤੇ ਚੱਲਣ ਦਾ ਹੀ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਧਰਮ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ, ਮਨ ਦੀਆਂ ਇਛਾਵਾਂ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਮਨ ਦੀਆਂ ਇਛਾਵਾਂ, ਸਾਡੀਆਂ ਤ੍ਰਿਸ਼ਨਾਵਾਂ ਸਾਡੇ ਮਨ ਦੇ ਵਿੱਚੋਂ ਹੀ ਉਪਜਦੀਆਂ ਹਨ ਤੇ ਜਿਹੋ ਜਿਹੀ ਸਾਡੇ ਅੰਦਰ ਸਮਝ ਉਪਜਦੀ ਹੈ ਉਹੀ ਸਾਡੀਆਂ ਇਛਾਵਾਂ ਦਾ ਰੂਪ ਲੈਂਦੀ ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਸਾਡੇ ਅੰਦਰ ਦੀਆਂ ਇਛਾਵਾਂ ਉਪਜਾਉਂਣ ਵਾਲੇ ਨੂੰ ਭਾਵ ਮਨ ਦੀ ਸਮਝ ਦੇ ਮਾਲਕ ਨੂੰ ਨਹੀਂ ਜਾਣ ਲੈਂਦੇ ਤਦ ਤਕ ਅਸੀਂ ਆਪਣੀਆਂ ਉਹੋ ਜਿਹੀਆਂ ਇਛਾਵਾਂ ਦੀ ਪੂਰਤੀ ਕਰਦੇ ਹਾਂ, ਤ੍ਰਿਸ਼ਨਾਵਾਂ ਦੀ ਪੂਰਤੀ ਕਰਦੇ ਹਾਂ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਭਾਵ ਧਰਮ ਦੇ ਮਾਰਗ ਤੋਂ ਉਲਟ ਚੱਲਦੇ ਹਾਂ। ਸਾਡੇ ਅੰਦਰ ਦੀ ਸਮਝ ਸਾਨੂੰ ਬਹੁਤ ਨੀਵਾਂ ਵੀ ਬਣਾਉਂਦੀ ਹੈ ਤੇ ਬਹੁਤ ਉੱਚਾ ਵੀ ਬਣਾਉਂਦੀ ਹੈ। ਸਾਰਾ ਭੇਦ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਚਉਥੇ ਪਦ ਵਾਲੀ ਸਮਝ ਦੇ ਵਿੱਚ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਚਉਥੇ ਪਦ ਦੀ ਸਮਝ ਅੱਗੇ ਬਹੁਤ ਨੀਵੀਂ ਹੈ ਜਿਵੇਂ ਪਾਤਾਲ ਆਕਾਸ਼ ਦੇ ਸਾਹਮਣੇ ਬਹੁਤ ਨੀਵਾਂ ਲੱਗਦਾ ਹੈ। ਚਉਥੇ ਪਦ ਵਾਲੀ ਸਮਝ ਸਾਨੂੰ ਆਕਾਸ਼ ਵਰਗੀ ਉੱਚੀ ਮਤਿ ਦਿੰਦੀ ਹੈ ਤੇ ਤ੍ਰੈ ਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ, ਮਾਇਆ ਮੋਹ ਵਾਲੀ ਸਮਝ ਭਾਵ ਪੁੱਠੇ ਕਮਲ ਵਾਲੀ ਸਮਝ ਸਾਨੂੰ ਪਾਤਾਲ ਵਾਲੀ ਨੀਵੀਂ ਮਤਿ ਦਿੰਦੀ ਹੈ। ਸਾਨੂੰ ਪਾਤਾਲ ਵਾਲੀ ਮਤਿ ਵਿੱਚ ਰੱਖਣ ਵਾਲੀ ਚਉਥੇ ਪਦ ਦੇ ਗਿਆਨ ਵਾਲੀ ਮਤਿ

48/6595

ਹੀ ਹੈ, ਸਹਜ ਗਿਆਨ ਵਾਲੀ ਮਤਿ ਹੀ ਹੈ ਜਿਸ ਉੱਚੇ ਗਿਆਨ ਵਾਲੀ ਮਤਿ ਦੇ ਰੂਪ ਵਿੱਚ ਹੀ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਆਪ ਹੈ ਜੋ ਕਿ ਉਸਦਾ ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਭਾਵੇਂ ਉਹ ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖੇ ਜਾਂ ਚਉਥੇ ਪਦ ਵਾਲੇ ਗਿਆਨ ਦੀ ਸਮਝ ਵਿੱਚ ਰੱਖੇ। ਜਦ ਤਕ ਅਸੀਂ ਮਨ ਦੀ ਸਮਝ ਨੂੰ ਆਪਣੀ ਸਮਝ ਕਹਿ ਕੇ ਜਾਣਦੇ ਹਾਂ ਤਦ ਤਕ ਨਾ ਹੀ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਇਸ ਗੱਲ ਨੂੰ ਜਾਣ ਸਕਦੇ ਹਾਂ ਕਿ ਸਾਨੂੰ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰੱਖਣ ਵਾਲਾ ਕੌਣ ਹੈ। ਜਦੋਂ ਅਸੀਂ ਆਪਣੇ ਅੰਦਰ ਦੀ ਮਤਿ ਵਲੋਂ ਸਖਣੇ ਹੋ ਜਾਂਦੇ ਹਾਂ ਭਾਵ ਜਦੋਂ ਸਾਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੇਰੇ ਅੰਦਰ ਦੀ ਸਮਝ ਮੇਰੀ ਨਹੀਂ ਹੈ ਤਾਂ ਹੀ ਮਨੁੱਖ ਨੂੰ ਸਮਝ ਆਉਂਦੀ ਹੈ ਕਿ ਮੇਰੇ ਅੰਦਰ ਜੋ ਤ੍ਰਿਸ਼ਨਾਵਾਂ ਦੀ ਅਗਨਿ ਹੈ ਉਹ ਮੇਰੇ ਲਈ ਬਹੁਤ ਮਾੜੀ ਹੈ ਕਿਉਂਕਿ ਇਹ ਤ੍ਰਿਸ਼ਨਾਵਾਂ ਹੀ ਮੇਰੇ ਕੋਲੋਂ ਅਨੇਕਾਂ ਮਾੜੇ ਕਰਮ ਕਰਾਉਂਦੀਆਂ ਹਨ, ਮਾਇਆ ਮੋਹ ਵਿੱਚ ਪਾ ਕੇ ਰੱਖਦੀਆਂ ਹਨ ਭਾਵ ਮੇਰੇ ਕੋਲੋਂ ਮਾੜੇ ਕਰਮ ਕਰਾਉਂਦੀਆਂ ਹਨ, ਧਰਮ ਦੇ ਮਾਰਗ ਤੋਂ ਉਲਟ ਚਲਾਉਂਦੀਆਂ ਹਨ। ਇਸ ਗੱਲ ਦੀ ਸਮਝ ਮਨ ਦੇ ਅੰਦਰੋਂ ਆਪਣੀ ਸਮਝ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਧਰਮ ਦਾ ਸੱਚਾ ਮਾਰਗ ਸਮਝਾਉਂਣ ਲਈ ਆਪ ਹੀ ਪਾਉਂਦਾ ਹੈ ਤੇ ਇਹ ਸਮਝ ਪੈਣ ਦੁਆਰਾ ਹੀ ਸਾਡੇ ਅੰਦਰੋਂ ਤ੍ਰਿਸ਼ਨਾਵਾਂ ਦੀ ਅਗਨਿ ਬੁੱਝ ਜਾਂਦੀ ਹੈ ਭਾਵ ਮਨੁੱਖ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਨ ਦੀ ਸਮਝ ਰਾਹੀਂ ਮਨ ਦੇ ਵਿੱਚ ਆਪ ਹੀ ਖਾ ਲੈਂਦਾ ਹੈ। ਸਾਡੀ ਮਤਿ ਨੂੰ ਚੰਡਾਲ ਬਨਾਉਂਣ ਵਾਲੀਆਂ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਹੀ ਹਨ ਜਿਨ੍ਹਾਂ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਸ਼ੂਦਰ ਬਣਦਾ ਹੈ ਭਾਵ ਨੀਚ ਅਖਵਾਉਂਦਾ ਹੈ। ਮਨ ਦੀ ਇਸ ਨੀਚਤਾ ਵਿੱਚੋਂ ਸਾਨੂੰ ਮਨ ਦੀ ਸ੍ਰੇਸ਼ਟ ਮਤਿ ਹੀ ਕੱਢਦੀ ਹੈ ਜੋ ਸ੍ਰੇਸ਼ਟ ਮਤਿ ਤ੍ਰਿਸ਼ਨਾਵਾਂ ਤੋਂ ਮੁਕਤਿ ਹੋ ਕੇ ਫਿਰ ਮਨੁੱਖ ਕੋਲੋਂ ਮਾੜੇ ਕਰਮ ਨਹੀਂ ਕਰਵਾਉਂਦੀਆਂ ਭਾਵ ਅਉਗੁਣਾਂ ਤੋਂ ਰਹਿਤ ਹੋ ਕੇ ਚੰਗੇ ਕਰਮ ਹੀ

ਕਰਾਉਂਦੀਆਂ ਹਨ ਭਾਵ ਧਰਮ ਦੇ ਸੱਚੇ ਮਾਰਗ ਤੇ ਚਲਾਉਂਦੀ ਹੈ, ਭਗਤੀ ਦੇ ਸੱਚੇ ਮਾਰਗ ਤੇ ਚਲਾਉਂਦੀ ਹੈ ਜੋ

48/6596

ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। **(ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥)**

ਜਦੋਂ ਮਨੁੱਖ ਆਪਣੇ ਅੰਦਰੋਂ ਆਪਣੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ ਤਾਂ ਹੀ ਉਸਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਤੇ ਉਸ ਤੋਂ ਬਾਅਦ ਫਿਰ ਮਨੁੱਖ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਨਹੀਂ ਲੱਗਦਾ ਜੋ ਸਾਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਭਗਤੀ ਦੇ ਤਰੀਕੇ ਸਮਝਾਉਂਦੇ ਹਨ ਭਾਵ ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਗੁਮਰਾਹ ਕਰਦੇ ਹਨ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਅਸਲ ਭਗਤੀ ਦਾ ਮਾਰਗ ਕੀ ਹੈ।

"ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥

ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥"

ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਇਹੀ ਗੱਲ ਸਾਨੂੰ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਭਗਤੀ ਦੇ ਅਸਲ ਮਾਰਗ ਦੀ ਸਮਝ ਮਨ ਦੇ ਵਿੱਚ ਕਿਸ ਤਰੀਕੇ ਪੈਂਦੀ ਹੈ ਤੇ ਕੌਣ ਪਾਉਂਦਾ ਹੈ ਤੇ ਕਿਹੋ ਜਿਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ। ਉਪਰ ਪਹਿਲੀ ਪੰਗਤੀ ਰਾਹੀਂ **"ਘਰ ਕੀ ਬਿਲਾਈ"** ਦੀ ਗੱਲ ਕੀਤੀ ਹੋਈ ਹੈ। ਜਦ ਤਕ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਤਦ ਤਕ ਅਸੀਂ ਮਾਇਆ ਮੋਹ ਵਾਲੀ ਸਮਝ ਵਿੱਚ ਹੀ ਰਹਿੰਦੇ ਹਾਂ ਜਿਸ ਸਮਝ ਰਾਹੀਂ ਅਸੀਂ ਮਾਇਆ ਦੀਆਂ ਦਾਤਾਂ ਦੀ ਪ੍ਰਾਪਤੀ ਲਈ ਮਾੜੇ ਕਰਮ ਕਰਦੇ ਹਾਂ ਦੂਸਰਿਆਂ ਦਾ ਹੱਕ ਖਾਂਦੇ ਹਾਂ। **"ਘਰ ਕੀ ਬਿਲਾਈ"** ਸਾਡੀ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਨੂੰ ਹੀ ਕਿਹਾ ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਜਾਂਦੇ ਭਾਵ ਸ੍ਰੇਸ਼ਟ ਮਤਿ ਵਾਲੇ ਨਹੀਂ ਬਣ ਜਾਂਦੇ ਤਦ ਤਕ ਅਸੀਂ ਮਨ ਦੀ ਮਾੜੀ ਸਮਝ ਕਰਕੇ ਸ਼ੂਦਰ ਬਣੇ ਰਹਿੰਦੇ ਹਾਂ, ਨੀਚ ਬਣੇ ਰਹਿੰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ। ਜਦੋਂ ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਜਾਂਦਾ ਹੈ ਉਹ ਸਾਡੇ ਅੰਦਰ ਦੀ ਬਿੱਲੀ ਰੂਪ ਸਮਝ ਨੂੰ

48/6597

ਭਾਵ ਮਾੜੀ ਸਮਝ ਨੂੰ ਮਨ ਦੇ ਵਿੱਚ ਆਪਣੀ ਸੱਚੀ ਸਿੱਖਿਆ ਹੀ ਦਿੰਦਾ ਹੈ, ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਦੇਣ ਦੁਆਰਾ ਹੀ ਸਾਡੇ ਅੰਦਰ ਦੀ ਬਿੱਲੀ ਰੂਪ ਚੰਡਾਲ ਮਤਿ ਨੂੰ ਆਪਣੀ ਸੱਚੀ ਸਿੱਖਿਆ ਦਿੰਦਾ ਹੈ। ਇਹ ਬਿੱਲੀ ਦਾ ਸੁਭਾਅ ਹੈ ਕਿ ਉਹ ਮੂਸੇ ਨੂੰ ਵੇਖ ਕੇ ਭਾਵ ਚੂਹੇ ਨੂੰ ਵੇਖ ਕੇ ਉਸਨੂੰ ਖਾਣ ਲਈ ਉਸਦੇ ਪਿੱਛੇ ਦੌੜਦੀ ਹੈ, ਉਸਨੂੰ ਡਰਾਉਂਦੀ ਹੈ ਭਾਵ ਸੰਸਾਰਿਕ ਤੌਰ ਤੇ ਮਾੜਾ ਕਰਮ ਕਰਦੀ ਹੈ ਭਾਵੇਂ ਉਸਦਾ ਇਹ ਸੁਭਾਅ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਕਿ ਚੂਹਾ ਉਸਦੀ ਖੁਰਾਕ ਹੀ ਹੁੰਦਾ ਹੈ। ਜਦੋਂ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਸੱਚੀ ਸਿੱਖਿਆ ਦਿੰਦਾ ਹੈ, ਬਿੱਲੀ ਰੂਪ ਮਤਿ ਨੂੰ ਸੱਚੀ ਸਿੱਖਿਆ ਦਿੰਦਾ ਹੈ ਫਿਰ ਉਸਦੇ ਅੰਦਰ ਦੀ ਸੋਚ ਬਦਲ ਕੇ ਉਲਟੀ ਹੋ ਜਾਂਦੀ ਹੈ ਭਾਵ ਫਿਰ ਉਹ ਚੂਹੇ ਨੂੰ ਦੇਖ ਕੇ ਉਸਨੂੰ ਡਰਾਉਂਣ ਦੀ ਬਜਾਏ ਆਪ ਉਸ ਕੋਲੋਂ ਡਰਦੀ ਹੈ ਭਾਵ ਮਾੜਾ ਕਰਮ ਕਰਨ ਤੋਂ ਡਰਦੀ ਹੈ। ਧਰਮ ਦੇ ਸੱਚੇ ਮਾਰਗ ਦੀ ਸਮਝ ਵਿੱਚ ਤੇ ਮਾੜੀ ਸਮਝ ਵਿੱਚ ਇਹੀ ਫਰਕ ਹੈ ਭਾਵ ਸਾਡੀ ਚੰਡਾਲ ਮਤਿ ਵਿੱਚ ਤੇ ਸ੍ਰੇਸ਼ਟ ਮਤਿ ਵਿੱਚ ਇਹੀ ਫਰਕ ਹੈ ਕਿ ਅਸੀਂ ਕਿਸੇ ਦਾ ਮਾੜਾ ਨਾ ਕਰੀਏ, ਕਿਸੇ ਦਾ ਹੱਕ ਨਾ ਖਾਈਏ। ਆਪਣੇ ਆਪ ਮਨੁੱਖ ਨੂੰ ਮਾਇਆ ਮੋਹ ਵਾਲੀ ਸਮਝ ਵਿੱਚ ਰਹਿੰਦੇ ਹੋਏ ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਪੈਂਦੀ ਤੇ ਸਾਡੇ ਘਰ ਦੀ ਬਿੱਲੀ ਨੂੰ ਦੂਸਰਾ ਉਹੀ ਸਿਖਾ ਸਕਦਾ ਹੈ ਜੋ ਧਰਮ ਦੇ ਸੱਚੇ ਮਾਰਗ ਨੂੰ ਜਾਣਦਾ ਹੈ ਭਾਵ ਗੁਰੂ ਪ੍ਰਮਾਤਮਾ ਆਪ ਹੀ ਸਿਖਾ ਸਕਦਾ ਹੈ ਜੋ ਕਿ ਸਾਡੇ ਅੰਦਰ ਹੀ ਹੈ। **(ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥)**

ਅਗਲੀਆਂ ਪੰਗਤੀਆਂ ਰਾਹੀਂ ਵੀ ਸਾਨੂੰ ਧਰਮ ਦਾ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ।

"ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥"

"ਅਜ" ਬਕਰੀ ਨੂੰ ਕਹਿੰਦੇ ਹਨ ਤੇ **"ਕੇਹਰਿ"** ਸ਼ੇਰ ਨੂੰ ਕਹਿੰਦੇ ਹਨ। ਦੁਨਿਆਵੀ ਤੌਰ ਤੇ ਬਕਰੀ ਸ਼ੇਰ ਦੇ ਵੱਸ ਵਿੱਚ ਰਹਿੰਦੀ

ਹੈ ਕਿਉਂਕਿ ਸ਼ੇਰ ਤਾਕਤਵਰ ਹੁੰਦਾ ਹੈ ਤੇ ਬਕਰੀ ਕਮਜੋਰ ਹੁੰਦੀ ਹੈ ਜਿਸ ਕਰਕੇ ਉਹ ਸ਼ੇਰ ਤੋਂ ਡਰਦੀ ਹੈ। ਇਸੇ ਤਰ੍ਹਾਂ ਹੀ ਜਦ ਤਕ ਸਾਡੇ ਅੰਦਰ ਦੀ ਸਮਝ ਮਾਇਆ ਮੋਹ ਛੱਡਣ ਤੋਂ ਡਰਦੀ ਹੈ ਤਦ ਤਕ ਮਾਇਆ ਮੋਹ ਵਾਲੀ

48/6598

ਸਮਝ ਸਾਡੇ ਲਈ ਸ਼ੇਰ ਦੀ ਤਰ੍ਹਾਂ ਹੈ ਤੇ ਸਾਡੇ ਅੰਦਰ ਦੀ ਸੱਚੀ ਸਮਝ ਭਾਵ ਗੁਰਮਤਿ ਨਾ ਮੰਨ ਸਕਣ ਵਾਲੀ ਸਮਝ ਸ਼ੇਰ ਦੇ ਅੱਗੇ ਬਕਰੀ ਬਣਕੇ ਰਹਿੰਦੀ ਹੈ ਤੇ ਸ਼ੇਰ ਬਕਰੀ ਤੇ ਭਾਰਾ ਪੈਂਦਾ ਹੈ ਭਾਵ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਬਕਰੀ ਉਸਦਾ ਮੁਕਾਬਲਾ ਨਹੀਂ ਕਰ ਸਕਦੀ ਭਾਵ ਅਗਿਆਨਤਾ ਵਾਲੀ ਸਮਝ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਤੇ ਭਾਰੀ ਬਣਕੇ ਰਹਿੰਦੀ ਹੈ ਜਿਸ ਸਮਝ ਵਿੱਚ ਰਹਿੰਦਿਆਂ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ ਭਾਵ ਧਰਮ ਦੇ ਮਾਰਗ ਤੋਂ ਉਲਟ ਚੱਲਦਾ ਹੈ ਭਾਵ ਮਨਮਤਿ ਰਾਹੀਂ ਗੁਰਮਤਿ ਦੇ ਉਲਟ ਚੱਲਦਾ ਹੈ ਭਾਵ ਮਨਮਤਿ ਗੁਰਮਤਿ ਨੂੰ ਨੀਵੀਂ ਬਣਾ ਕੇ ਰੱਖਦੀ ਹੈ ਤੇ ਜਦੋਂ ਘਰ ਦੀ ਬਿੱਲੀ ਨੂੰ ਮਨ ਦੇ ਵਿੱਚ ਗੁਰੂ ਪ੍ਰਮਾਤਮਾ ਕੋਲੋਂ ਸੱਚੀ ਸਿੱਖਿਆ ਮਿਲ ਜਾਂਦੀ ਹੈ ਫਿਰ ਉਹ ਸ਼ੇਰ ਨੂੰ ਬਕਰੀ ਦੇ ਵੱਸ ਕਰ ਦਿੰਦੀ ਹੈ ਭਾਵ ਮਨਮਤਿ ਨੂੰ ਗੁਰਮਤਿ ਦੇ ਵੱਸ ਵਿੱਚ ਕਰ ਦਿੰਦੀ ਹੈ, ਮਾਇਆ ਮੋਹ ਵਾਲੀ ਸਮਝ ਨੂੰ ਗੁਰਮਤਿ ਵਾਲੀ ਸਮਝ ਦੇ ਵੱਸ ਵਿੱਚ ਕਰ ਦਿੰਦੀ ਹੈ ਭਾਵ ਅਉਗੁਣਾਂ ਵਾਲੀ ਮਤਿ ਨੂੰ ਗੁਣਾਂ ਵਾਲੀ ਮਤਿ ਦੇ ਵੱਸ ਵਿੱਚ ਕਰ ਦਿੰਦੀ ਹੈ ਜਿਸ ਦੁਆਰਾ ਮਨੁੱਖ ਫਿਰ ਮਾੜੇ ਕਰਮ ਨਹੀਂ ਕਰਦਾ ਭਾਵ ਕੇਵਲ ਚੰਗੇ ਕਰਮ ਹੀ ਕਰਦਾ ਹੈ ਜਿਸ ਤਰੀਕੇ ਉਹ ਧਰਮ ਦੇ ਮਾਰਗ ਤੇ ਚੱਲਦਾ ਹੈ। **(ਅਜ ਕੈ ਵਸਿ ਗੁਰਿ ਕੀਨੋ ਕੇਹਰਿ)** ਇਸੇ ਤਰ੍ਹਾਂ **"ਕੂਕਰ"** ਭਾਵ ਕੁੱਤਾ ਤਿਨਕੇ ਨਹੀਂ ਖਾਂਦਾ ਕਿਉਂਕਿ ਤਿਨਕੇ ਉਸਨੂੰ ਸਵਾਦ ਨਹੀਂ ਲੱਗਦੇ ਤੇ ਕੁੱਤਾ ਜੋ ਕੁਝ ਖਾਂਦਾ ਹੈ ਉਹ ਆਪਣੇ ਸੁਆਦ ਲਈ ਹੀ ਖਾਂਦਾ ਹੈ ਭਾਵੇਂ ਆਪਣਾ ਸੁਆਦ ਪੂਰਾ ਕਰਨ ਲਈ ਉਸਨੂੰ ਕਿਸੇ ਦਾ ਮਾੜਾ ਕਰਨਾ ਪਵੇ ਕਿਉਂਕਿ ਕੁੱਤਾ ਲਾਲਚੀ ਬਿਰਤੀ ਦਾ ਹੁੰਦਾ ਹੈ ਤੇ ਉਸਦੀ ਲਾਲਚੀ ਬਿਰਤੀ ਬਾਣੀ ਰਾਹੀਂ ਨਿਖੇਧੀ ਵੀ ਕੀਤੀ ਹੋਈ ਹੈ, ਮਨੁੱਖਾਂ ਨੂੰ ਸਮਝਾਉਂਣ ਲਈ ਹੀ ਕੀਤੀ ਹੋਈ ਹੈ। ਜੇਕਰ ਕੁੱਤੇ ਨੂੰ ਤਿਨਕੇ ਖਾਣੇ ਪੈਣ ਉਸਨੂੰ ਬਹੁਤ ਔਖੇ ਲੱਗਦੇ ਹਨ ਤੇ ਇਸੇ ਤਰ੍ਹਾਂ ਧਰਮ ਦਾ ਮਾਰਗ ਸਾਡੇ ਲਈ ਬਹੁਤ ਔਖਾ ਹੈ, ਨਾਮ ਜਪਣਾ ਬਹੁਤ ਔਖਾ ਹੈ ਜਿਸ ਲਈ ਮਨੁੱਖ ਨੂੰ ਲੋਭ ਲਾਲਣ ਛੱਡਣੇ ਪੈਂਦੇ ਹਨ ਤਾਂ ਜੋ ਆਪਣੇ ਸੁਆਦ ਪੂਰੇ ਕਰਨ ਲਈ ਅਸੀਂ ਕਿਸੇ ਦਾ ਮਾੜਾ ਨਾ ਕਰੀਏ। ਅਸੀਂ ਜੋ ਵੀ ਕਰਮ ਕਰਦੇ ਹਾਂ ਮਨ ਦੀ ਸਮਝ ਰਾਹੀਂ ਹੀ ਕਰਦੇ ਹਾਂ, ਮਨ ਦੀ ਮਾੜੀ ਸਮਝ ਰਾਹੀਂ ਮਾੜੇ ਕਰਮ ਕਰਦੇ ਹਾਂ ਤੇ ਚੰਗੀ ਸਮਝ ਰਾਹੀਂ ਚੰਗੇ ਕਰਮ ਕਰਦੇ ਹਾਂ। ਗੁਰੂ ਸਾਨੂੰ ਧਰਮ ਦੇ ਮਾਰਗ ਤੇ ਚਲਾਉਂਣ ਲਈ ਸੱਚੀ ਸਿੱਖਿਆ ਹੀ ਦਿੰਦਾ ਹੈ,

49/6599

ਸੱਚੀ ਸਮਝ ਹੀ ਦਿੰਦਾ ਹੈ, ਸੱਚੀ ਮਤਿ ਹੀ ਦਿੰਦਾ ਹੈ ਤਾਂ ਜੋ ਅਸੀਂ ਚੰਗੇ ਕਰਮ ਕਰੀਏ ਤੇ ਇਹੀ ਸਾਰੇ ਸੰਸਾਰ ਲਈ ਧਰਮ ਦਾ ਇੱਕੋ ਇੱਕ ਸੱਚਾ ਮਾਰਗ ਹੈ। ਆਪਣੀ ਮਤਿ ਨੂੰ ਸ੍ਰੇਸ਼ਟ ਕਰਨ ਦੁਆਰਾ ਹੀ, ਤ੍ਰਿਸ਼ਨਾਵਾਂ ਦਾ ਤਿਆਗ ਕਰਨ ਦੁਆਰਾ ਹੀ, ਆਪਣੀ ਚੰਡਾਲ ਮਤਿ ਛੱਡਣ ਦੁਆਰਾ ਹੀ ਧਰਮ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ। **(ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥ ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥ ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥)**

ਸਾਡੇ ਅੰਦਰ ਦੀ ਸ੍ਰੇਸ਼ਟ ਮਤਿ ਰੂਪ ਵਿੱਚ ਹੀ ਭਾਵ ਧਰਮ ਦੇ ਸੱਚੇ ਮਾਰਗ ਦੀ ਸਮਝ ਦੇ ਵਿੱਚ ਹੀ, ਗੁਰਮਤਿ ਦੀ ਸੱਚੀ ਸਮਝ ਦੇ ਵਿੱਚ ਹੀ ਭਾਵ ਨਾਮ ਵਾਲੀ ਸਮਝ ਦੇ ਰੂਪ ਵਿੱਚ ਹੀ, ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਸਾਡੇ ਅੰਦਰ ਉਸਦਾ ਆਪਣਾ ਘਰ ਹੈ। ਪੂਰੀ ਗੁਰਬਾਣੀ ਵੀ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤਕ ਅਸੀਂ ਮਨ ਦੀ ਮਾੜੀ ਸਮਝ ਵਿੱਚ ਹਾਂ, ਚੰਡਾਲ ਮਤਿ ਵਾਲੀ ਸਮਝ ਵਿੱਚ ਹਾਂ ਤਦ ਤਕ ਮਨ ਦੀ ਨਾਸਮਝੀ ਕਰਕੇ ਭਾਵ ਮਨ ਦੀ ਅਗਿਆਨਤਾ ਕਰਕੇ ਅਸੀਂ ਇਸ ਮਨੁੱਖੀ ਸਰੀਰ ਨੂੰ ਆਪਣਾ ਸਰੀਰ ਸਮਝਦੇ ਹਾਂ, ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਕਰਕੇ ਜਾਣਦੇ ਹਾਂ ਪਰ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਜਿਸ ਮਨ ਨੂੰ ਮੈਂ ਆਪਣਾ ਘਰ ਸਮਝਿਆ ਹੋਇਆ ਹੈ ਅਸਲ ਵਿੱਚ ਉਹ ਮੇਰਾ ਘਰ ਨਹੀਂ ਹੈ ਭਾਵ ਇਹ ਮਨ ਰੂਪ ਘਰ ਪ੍ਰਮਾਤਮਾ ਦਾ ਹੀ ਘਰ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥
ਬਿਨੁ ਜੜੀਏ ਲੈ ਜੜਿਓ ਜੜਾਵਾ ਖੇਵਾ ਅਚਰਜੁ ਲਾਇਆ ਰੇ ॥੨॥"

ਜਦ ਤਕ ਅਸੀਂ ਆਪਣੇ ਅਸਲ ਘਰ ਵਿੱਚ ਨਹੀਂ ਪਹੁੰਚਦੇ ਭਾਵ ਪ੍ਰਮਾਤਮਾ ਦੇ ਘਰ ਵਿੱਚ ਨਹੀਂ ਪਹੁੰਚਦੇ ਤਦ ਤਕ ਹਰ ਕੋਈ ਨੀਘਰਾ ਹੀ ਹੈ। ਪ੍ਰਮਾਤਮਾ ਦਾ ਘਰ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ ਜੋ ਉਸਦਾ ਘਰ ਪੂਰੀ ਗੁਰਬਾਣੀ ਦੇ ਵਿੱਚ ਹੈ ਜਿਸ ਰਾਹੀਂ ਉਹ ਪੂਰੀ ਗੁਰਬਾਣੀ ਦਾ ਆਪ ਹੀ ਮਾਲਕ ਹੈ। ਜੋ ਪਹਿਲਾਂ ਪ੍ਰਮਾਤਮਾ ਦੇ ਘਰ ਵਿੱਚ ਪਹੁੰਚੇ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਪਹੁੰਚੇ ਹਨ ਉਹਨਾਂ ਨੇ ਹੀ ਪ੍ਰਮਾਤਮਾ ਦੇ ਘਰ ਨੂੰ ਜਾਣਕੇ ਪੂਰੀ ਗੁਰਬਾਣੀ ਰਾਹੀਂ ਇਹ ਸਮਝਾਇਆ ਹੈ

49/6600

ਕਿ ਜਿਸ ਰੂਪ ਵਿੱਚ ਪ੍ਰਮਾਤਮਾ ਦਾ ਘਰ ਸਾਡੇ ਅੰਦਰ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਦਾ ਘਰ ਪੂਰੀ ਗੁਰਬਾਣੀ ਵਿੱਚ ਹੈ ਭਾਵ ਪੂਰੀ ਗੁਰਬਾਣੀ ਮਨ ਰੂਪ ਘਰ ਵਿੱਚੋਂ ਹੀ ਆਈ ਹੈ।ਪ੍ਰਮਾਤਮਾ ਦਾ ਇਹ ਘਰ ਸਾਡੇ ਅੰਦਰ ਨਿਰੰਕਾਰ ਰੂਪ ਵਿੱਚ ਹੈ ਜਿਸਦਾ ਕੋਈ ਆਕਾਰ ਨਹੀਂ ਹੁੰਦਾ। ਦੁਨਿਆਵੀ ਘਰ ਨੂੰ ਖੜਾ ਕਰਨ ਲਈ ਉਸਦੇ ਨੀਚੇ ਥਮੀਆਂ ਲਗਾਣੀਆਂ ਪੈਂਦੀਆਂ ਹਨ ਪਰ ਪ੍ਰਮਾਤਮਾ ਦਾ ਘਰ ਸਾਡੇ ਅੰਦਰ ਬਿਨਾਂ ਥਮੀਆਂ ਤੋਂ ਹੀ ਹੈ ਕਿਉਂਕਿ ਪ੍ਰਮਾਤਮਾ ਦਾ ਘਰ ਬ੍ਰਹਮ ਗਿਆਨ ਰੂਪ ਘਰ ਹੈ ਜਿਸਦਾ ਕੋਈ ਆਕਾਰ ਨਹੀਂ ਹੁੰਦਾ। ਇਹ ਸਾਡੇ ਅੰਦਰ ਪ੍ਰਮਾਤਮਾ ਦਾ ਉਹ ਘਰ ਹੈ ਜਿਸ ਆਪਣੇ ਘਰ ਵਿੱਚੋਂ ਪ੍ਰਮਾਤਮਾ ਆਪ ਹੀ ਆਪਣੀ ਗੁਰਮਤਿ ਦੀ ਸੱਚੀ ਸਮਝ ਪਾਉਂਦਾ ਹੈ, ਧਰਮ ਦੇ ਮਾਰਗ ਦੀ ਸੱਚੀ, ਸਿੱਖਿਆ ਦਿੰਦਾ ਹੈ ਤੇ ਉਹ ਸੱਚੇ ਧਰਮ ਦਾ ਮਾਰਗ ਸਮਝਾਉਂਦਾ ਹੈ, ਭਗਤੀ ਦਾ ਮਾਰਗ ਸਮਝਾਉਂਦਾ ਹੈ, ਨਾਮ ਜਪਣ ਦਾ ਮਾਰਗ ਸਮਝਾਉਂਦਾ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਸੱਚ ਤੇ ਚੱਲਣ ਦਾ ਹੀ ਹੈ ਜਿਸ ਸੱਚ ਦੇ ਮਾਰਗ ਤੇ ਚੱਲਣ ਲਈ ਆਪਣੀ ਚੰਡਾਲ ਮਤਿ ਛੱਡਣੀ ਪੈਂਦੀ ਹੈ, ਆਪਣੀਆਂ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ ਤੇ ਤਾਂ ਹੀ ਕੋਈ ਗੁਰਮਤਿ ਦੇ ਸਮਝਾਏ ਹੋਏ ਸੱਚ ਅਨੁਸਾਰ ਵਿਚਰ ਸਕਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ। **(ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥)**

ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਗਿਆਨ ਦਾ ਮਾਲਕ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਹੈ ਤੇ ਕੇਵਲ ਉਸਨੂੰ ਹੀ ਧਰਮ ਦੇ ਸੱਚੇ ਮਾਰਗ ਦੀ ਸਮਝ ਹੈ। ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥”

ਸਾਨੂੰ ਧਰਮ ਦਾ ਮਾਰਗ ਸਮਝਾਉਂਣ ਵਾਲੇ ਅਨੇਕਾਂ ਹੀ ਹਨ ਜੋ ਸਾਨੂੰ ਆਪਣੀ ਆਪਣੀ ਧਾਰਮਿਕ ਮਰਿਯਾਦਾ ਅਨੁਸਾਰ ਧਰਮ ਦਾ ਮਾਰਗ ਸਮਝਾਉਂਦੇ ਹਨ ਤੇ ਇਹ ਪ੍ਰਗਟਾਵਾ ਕਰਦੇ ਹਨ ਕਿ ਉਹਨਾਂ ਨੂੰ ਧਰਮ ਦੇ ਮਾਰਗ ਦੀ ਬੜੀ ਉੱਚੀ ਸਮਝ ਹੈ ਭਾਵ ਆਪਣੀ ਸਮਝ ਦੇ ਨੱਗ ਭਾਵ ਆਪਣੇ ਸ਼ਬਦ ਦੇ ਉੱਚੇ ਵਿਚਾਰਾਂ ਦੇ ਨੱਗ ਸਾਡੀ ਸਮਝ ਦੇ ਉੱਤੇ ਜੜਦੇ ਹਨ ਭਾਵ ਸਾਨੂੰ ਆਪਣੀ ਵਿਚਾਰਧਾਰਾ ਨਾਲ ਜੋੜਦੇ ਹਨ।

49/6601

ਜਦੋਂ ਮਨੁੱਖ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਜਾਂਦਾ ਹੈ ਤਾਂ ਹੀ ਉਸਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਧਰਮ ਦੇ ਮਾਰਗ ਦੀ ਸੱਚੀ ਸਮਝ ਕੇਵਲ ਤੇ ਕੇਵਲ ਪ੍ਰਮਾਤਮਾ ਨੂੰ ਆਪ ਹੀ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ ਜੋ ਚਉਥੇ ਪਦ ਦੇ ਗਿਆਨ ਦਾ ਮਾਲਕ ਹੈ ਤੇ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਹਰ ਕੋਈ ਮਨ ਦੇ ਭਰਮ ਕਰਕੇ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਸਮਝਦਾ ਹੈ ਤੇ ਦੂਸਰਿਆਂ ਨੂੰ ਉਹੋ ਜਿਹਾ ਗਿਆਨ ਵੰਡਦਾ ਹੈ ਜੋ ਧਾਰਮਿਕ ਗਿਆਨ ਗੁਰੂ ਦੀ ਸੱਚੀ ਮਤਿ ਤੇ ਕਦੇ ਵੀ ਪੂਰਨ ਰੂਪ ਵਿੱਚ ਪੂਰਾ ਨਹੀਂ ਉਤਰਦਾ। ਇਹੀ ਗੁਰੂ ਤੇ ਆਮ ਮਨੁੱਖ ਵਿੱਚ ਭੇਦ ਹੈ ਜਿਸਦੀ ਸਮਝ ਪ੍ਰਮਾਤਮਾ ਦੇ ਘਰ ਵਿੱਚ ਪਹੁੰਚ ਕੇ ਹੀ ਪੈਂਦੀ ਹੈ, ਚਉਥੇ ਪਦ ਦਾ ਗਿਆਨ ਮਿਲਣ ਦੁਆਰਾ ਹੀ ਪੈਂਦੀ ਹੈ ਜੋ ਸੱਚੇ ਗਿਆਨ ਦਾ ਮਾਲਕ ਹੈ ਭਾਵ ਨਾਮ ਦਾ ਮਾਲਕ ਹੈ ਤੇ ਮਨ ਦੇ ਵਿੱਚ ਆਪ ਹੀ ਦਿੰਦਾ ਹੈ। ਪ੍ਰਮਾਤਮਾ ਦੇ ਘਰ ਵਿੱਚ ਪਹੁੰਚੇ ਬਿਨਾਂ ਸਾਨੂੰ ਇਸ ਗੱਲ ਦੀ ਸਮਝ ਪੈ ਹੀ ਨਹੀਂ ਸਕਦੀ ਕਿ ਨਾਮ ਕੀ ਹੈ ਤੇ ਨਾਮ ਜਪਣਾ ਕੀ ਹੈ। ਸਾਨੂੰ ਨਾਮ ਸਮਝਾਉਂਣ ਵਾਲੇ ਕਿਤਨੇ ਕੂ ਹਨ ਤੇ ਕਿਹੋ ਜਿਹਾ ਨਾਮ ਸਮਝਾਉਂਦੇ ਹਨ ਭਾਵ ਕਿਹੋ ਜਿਹੀ ਆਪਣੀ ਮਤਿ ਸਾਡੀ ਮਤਿ ਤੇ ਜੜਦੇ ਹਨ ਇਹ ਹਰ ਕੋਈ ਸਮਝ ਸਕਦਾ ਹੈ। ਪ੍ਰਮਾਤਮਾ ਦੇ ਘਰ ਪਹੁੰਚਣ ਤੋਂ ਬਾਅਦ ਆਪਣੀ ਸੱਚੀ ਸਮਝ ਦੇ ਨੱਗ ਭਾਵ ਰਤਨ ਰੂਪ ਨੱਗ ਪ੍ਰਮਾਤਮਾ ਆਪ ਹੀ ਜੜਦਾ ਹੈ ਤੇ ਆਪਣਾ ਅਚਰਜ ਨੱਗ ਜੜਦਾ ਹੈ ਭਾਵ ਆਪਣੀ ਅਚਰਜ ਸਮਝ ਪਾਉਂਦਾ ਹੈ ਜਿਸ ਅਚਰਜ ਸਮਝ ਨਾਲ ਮਨ ਦੇ ਵਿੱਚੋਂ

ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਪੈਂਦੀ ਹੈ, ਆਪਣੇ ਆਪ ਦੀ ਸਮਝ ਪੈਂਦੀ ਹੈ, ਸੰਸਾਰ ਦੀ ਅਸਲੀਅਤ ਦੀ ਸਮਝ ਪੈਂਦੀ ਹੈ ਕਿ ਇਹ ਸੰਸਾਰ ਕਿਵੇਂ ਬਣਿਆ ਹੈ, ਕਿਸਨੇ ਬਣਾਇਆ ਹੈ ਤੇ ਇਸਨੂੰ ਕੌਣ ਚਲਾ ਰਿਹਾ ਹੈ, ਕਿਸ ਤਰੀਕੇ ਚਲਾ ਰਿਹਾ ਹੈ ਤੇ ਸਾਰੇ ਸੰਸਾਰ ਲਈ ਧਰਮ ਦਾ ਸੱਚਾ ਮਾਰਗ ਕੀ ਹੈ। ਇਸ ਤੋਂ ਵੱਡਾ ਅਚਰਜ ਸੰਸਾਰ ਵਿੱਚ ਕੋਈ ਹੋ ਹੀ ਨਹੀਂ ਸਕਦਾ। ਮਨ ਦੇ ਵਿੱਚੋਂ ਪ੍ਰਮਾਤਮਾ ਦੀ ਅਚਰਜ ਸਮਝ ਮਿਲਣ ਤੋਂ ਬਾਅਦ, ਸੰਸਾਰ ਦੀ ਸਭ ਤੋਂ ਉੱਚੀ ਸਮਝ ਮਿਲਣ ਤੋਂ ਬਾਅਦ ਕੋਈ ਵੀ ਹੋਰ ਮਨੁੱਖ ਜੋ ਆਪਣੇ ਆਪ ਨੂੰ ਭਾਵੇਂ ਜਿਤਨਾ ਮਰਜੀ ਵੱਡਾ ਧਰਮ ਦਾ ਵਿਦਵਾਨ ਅਖਵਾਉਂਦਾ ਹੋਵੇ ਉਹ ਆਪਣੀ ਨਾਸਮਝ ਮਤਿ ਉਸਦੇ ਉੱਤੇ ਜੜ ਸਕੇ ਭਾਵ ਉਸਨੂੰ ਉਹੋ ਜਿਹਾ ਧਰਮ ਦਾ ਮਾਰਗ ਸਮਝਾ ਸਕੇ ਜੋ ਗੁਰਮਤਿ ਤੇ ਪੂਰਾ ਨਾ ਉਤਰਦਾ ਹੋਵੇ ਇਹ ਮੁਮਕਿਨ ਨਹੀਂ ਹੋ ਸਕਦਾ। ਧਰਮ ਦੀ ਅਸਲੀਅਤ ਨੂੰ ਜਾਨਣ ਤੋਂ ਬਾਅਦ

ਜੇਕਰ ਕੋਈ ਧਰਮ ਦੀ ਅਸਲੀਅਤ ਤੋਂ ਉਲਟ ਗੱਲ ਸਮਝਾਵੇ ਫਿਰ ਉਸਨੂੰ ਉਹ ਮਨੁੱਖ ਮੰਨ ਲਵੇ ਇਹ ਨਹੀਂ ਹੋ ਸਕਦਾ। ਜਿਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੂੰ ਸਮਝਾਉਂਣ ਵਾਲੇ ਸੰਸਾਰਿਕ ਮਨੁੱਖ ਬਹੁਤ ਸਨ ਪਰ ਉਹਨਾਂ ਨੇ ਉਹਨਾਂ ਦੇ ਨਾਸਮਝ ਵਿਚਾਰਾਂ ਨੂੰ ਨਕਾਰਿਆ ਹੀ ਹੈ ਭਾਵ ਉਹਨਾਂ ਨੂੰ ਸੱਚ ਹੀ ਸਮਝਾਇਆ ਹੈ। ਇਸੇ ਲਈ ਉਹਨਾਂ ਨੇ ਸਰੀਰਕ ਜਪ ਤਪ ਸਮਝਾਉਂਣ ਵਾਲਿਆਂ ਦੀ ਸਮਝ ਨੂੰ ਨਕਾਰਿਆ ਹੈ ਤੇ ਹੋਰ ਵੀ ਅਨੇਕਾਂ ਹੀ ਉਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਬਾਣੀ ਰਾਹੀਂ ਨਕਾਰਿਆ ਹੈ ਜੋ ਅਸਲ ਵਿੱਚ ਭਗਤੀ ਦੇ ਤਰੀਕੇ ਹੈ ਹੀ ਨਹੀਂ। ਕੋਈ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦਾ ਹੈ, ਕਿਸੇ ਅੱਖਰ ਦੇ ਜਪ ਨਾਲ ਜੋੜਦਾ ਹੈ, ਕੋਈ ਖਾਣੇ ਦੇ ਫਰਕ ਨਾਲ ਜੋੜਦਾ ਹੈ, ਕੋਈ ਬਰਤਨਾਂ ਦੇ ਫਰਕ ਨਾਲ ਜੋੜਦਾ ਹੈ, ਕੋਈ ਵੇਲੇ ਦੇ ਫਰਕ ਨਾਲ ਜੋੜਦਾ ਹੈ ਕਿ ਕੋਈ ਖਾਸ ਵੇਲਾ ਭਗਤੀ ਦਾ ਵੇਲਾ ਹੈ ਜਿਸਨੂੰ ਉਹ ਅੰਮ੍ਰਿਤ ਵੇਲਾ ਵੀ ਕਹਿੰਦੇ ਹਨ, ਕੋਈ ਸਾਨੂੰ ਥਿਤਾਂ ਵਾਰਾਂ ਨਾਲ ਜੋੜਦਾ ਹੈ ਤੇ ਇਸੇ ਤਰ੍ਹਾਂ ਅਨੇਕਾਂ ਹੀ ਸਾਨੂੰ ਆਪਣੀ ਆਪਣੀ ਬਣਾਈ ਹੋਈ ਧਾਰਮਿਕ ਮਰਿਯਾਦਾ ਨਾਲ ਜੋੜਦੇ ਹਨ ਜਿਸ ਕਰਕੇ ਉਹ ਸੰਸਾਰ ਵਿੱਚ ਸੋਭਾ ਵੀ ਲੈਂਦੇ ਹਨ ਪਰ ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਣ ਲੈਂਦਾ ਹੈ ਭਾਵ ਧਰਮ ਦੇ ਮਾਰਗ ਦੀ ਅਸਲੀਅਤ ਨੂੰ ਜਾਣ ਲੈਂਦਾ ਹੈ ਉਹ ਫਿਰ ਪ੍ਰਮਾਤਮਾ ਦੀ ਭਗਤੀ ਦੇ ਕੇਵਲ ਤੇ ਕੇਵਲ ਉਸੇ ਤਰੀਕੇ ਨੂੰ ਹੀ ਅਪਨਾਉਂਦਾ ਹੈ ਜੋ ਸੱਚੀ ਭਗਤੀ ਦਾ ਤਰੀਕਾ ਮਨ ਦੇ ਵਿੱਚ ਆਪ ਸਮਝਾਉਂਦਾ ਹੈ ਭਾਵ ਜੋ ਆਪਣਾ ਰਤਨ ਰੂਪ ਨੱਗ, ਆਪਣਾ ਸ਼ਬਦ ਰੂਪ ਨੱਗ ਪ੍ਰਮਾਤਮਾ ਮਨ ਦੇ ਵਿੱਚ ਆਪ ਜੜਦਾ ਹੈ ਉਹ ਮਨੁੱਖ ਫਿਰ ਉਸੇ ਸੱਚੀ ਸਮਝ ਦੁਆਰਾ ਆਪ ਵਿਚਰਦਾ ਹੈ ਤੇ ਦੂਸਰਿਆਂ ਨੂੰ ਉਹੋ ਕੁਝ ਹੀ ਸਮਝਾਉਂਦਾ ਹੈ ਭਾਵ ਆਪ ਪ੍ਰਮਾਤਮਾ ਦਾ ਨਾਮ ਜਪਦਾ ਹੈ ਤੇ ਸਾਰੇ ਸੰਸਾਰ ਨੂੰ ਵੀ ਉਹੋ ਜਿਹਾ ਨਾਮ ਜਪਣਾ ਸਿਖਾਉਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਿਹੋ ਜਿਹਾ ਨਾਮ ਆਪ ਜਪਿਆ ਹੈ ਉਹੋ ਜਿਹਾ ਨਾਮ ਜੱਪਣਾ ਹੀ ਉਹਨਾਂ ਨੇ ਸਾਰੇ ਸੰਸਾਰ ਨੂੰ ਸਿਖਾਇਆ ਹੈ ਭਾਵ ਜਿਹੋ ਜਿਹਾ ਆਪਣੇ ਨਾਮ ਦਾ ਰਤਨ ਪ੍ਰਮਾਤਮਾ ਨੇ ਉਹਨਾਂ ਦੀ ਸਮਝ ਵਿੱਚ ਜੜਿਆ ਹੈ ਉਹੋ ਜਿਹਾ ਨਾਮ ਰਤਨ ਹੀ ਉਹਨਾਂ ਨੇ ਪੂਰੀ ਗੁਰਬਾਣੀ ਵਿੱਚ ਜੜਿਆ ਹੈ ਭਾਵ ਗੁਰਮਤਿ ਦੀ ਇੱਕੋ ਜਿਹੀ ਸੱਚੀ ਸਮਝ ਸਾਰੇ ਸੰਸਾਰ ਨੂੰ ਪਾਈ ਹੈ, ਸ਼ਬਦਾਂ ਦੀ ਵਿਚਾਰ ਰਾਹੀਂ ਪਾਈ ਹੈ। ਜੋ ਗੁਰੂ ਦੀ ਸੱਚੀ ਸਮਝ ਨੂੰ ਮੰਨ ਲਵੇਗਾ ਉਸਦੇ

ਅੰਦਰ ਗੁਰੂ ਦਾ ਨਾਮ ਰਤਨ ਜੜਿਆ ਜਾਵੇਗਾ। **(ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥ ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥)**

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ ੯੨੦)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ॥ ਨਦਰਿ ਕਰੇ ਤਾ ਸਤਿਗੁਰੁ ਮਿਲੈ॥ ਪ੍ਰਣਵਤਿ ਨਾਨਕੁ ਭਵਜਲੁ ਤਰੈ॥੪॥੧੮॥}

(ਅੰਗ ੩੫੪)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

{ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}

(ਅੰਗ ੧੨੯੦)

ਆਪਣਾ ਰਤਨ ਰੂਪ ਨੱਗ ਪ੍ਰਮਾਤਮਾ ਮਨ ਦੀ ਸਮਝ ਦੇ ਅੰਦਰ ਕਿਸ ਰੂਪ ਵਿੱਚ ਜੜਦਾ ਹੈ ਜਾਂ ਸਾਡੇ ਅੰਦਰ ਜੜਿਆ ਜਾ ਸਕਦਾ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਇਹੀ ਗੁਰੂ ਦਾ ਨਾਮ ਰਤਨ ਹੈ ਜੋ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜੋ ਰਤਨੁ ਪੂਰੀ ਗੁਰਬਾਣੀ ਵਿੱਚ ਭਰਪੂਰ ਹੈ। ਗੁਰੂ ਦੇ ਰਤਨੁ ਨੂੰ ਛੱਡ ਕੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਛੱਡ ਕੇ ਜੇਕਰ ਅਸੀਂ ਕਿਸੇ ਹੋਰ ਦੇ ਵਿਚਾਰਾਂ ਨੂੰ ਗੁਰੂ ਦੇ ਰਤਨਾਂ ਵਰਗਾ ਖਰਾ ਸਮਝਕੇ ਆਪਣੀ ਮਨ ਦੀ ਸਮਝ ਤੇ ਜੜ ਲਈਏ ਭਾਵ ਉਹਨਾਂ ਦੀ ਸਮਝ ਨੂੰ ਮੰਨ ਲਈਏ ਫਿਰ ਕੀ ਅਸੀਂ ਉਸ ਰਤਨ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਭਾਵ ਕਦੇ ਨਹੀਂ ਜਾਣ ਸਕਦੇ। ਗੁਰੂ ਦੇ ਰਤਨ ਨਾਲ ਜੁੜੇ ਬਿਨਾਂ ਅਸੀਂ ਰਤਨ ਦੇ ਮਾਲਕ ਤਕ ਨਹੀਂ ਪਹੁੰਚ ਸਕਦੇ। ਧਰਮ ਦੇ ਵਿਦਵਾਨ ਅਖਵਾਉਂਣ ਵਾਲੇ ਆਪਣੀ ਮਤਿ ਨੂੰ ਰਤਨ ਵਰਗੀ ਖਰੀ ਹੀ ਸਮਝਦੇ ਹਨ ਲੇਕਿਨ ਖਰਾ ਰਤਨ ਭਾਵ ਖਰੀ ਸਮਝ ਜੋ ਸੱਚ ਤੇ ਪੂਰੀ ਉਤਰ ਸਕਦੀ ਹੈ ਉਹ ਕੇਵਲ ਗੁਰੂ ਦੇ ਕੋਲ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ ਕਸਿ ਕਸਵਟੀ ਸਹੈ ਸੁ ਤਾਉ ॥
ਨਦਰਿ ਸਰਾਫ ਵੰਨੀ ਸਚੜਾਉ ॥ ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥
ਜਿਨਿ ਕੀਤੀ ਤਿਨਿ ਕੀਮਤਿ ਪਾਈ ॥ ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥੧੮॥
ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥ ਖਰਾ ਖਰਾ ਆਖੈ ਸਭੁ ਕੋਇ ॥
ਖਰਾ ਰਤਨੁ ਜੁਗ ਚਾਰੇ ਹੋਇ॥ ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥
ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥}

(ਅੰਗ ੯੩੨)

ਉਪਰ ਵਾਲੇ ਸ਼ਬਦ ਨੂੰ ਅਸੀਂ ਸਮਝਿਆ ਹੀ ਹੈ। ਖਰੀ ਤੇ ਖਰੀ ਕੇਵਲ ਗੁਰੂ ਦੀ ਮਤਿ ਹੈ ਜੋ ਸਦਾ ਤੋਂ ਹੀ ਖਰੀ ਹੈ। ਹਰ ਜੁਗ ਵਿੱਚ ਗੁਰੂ ਦਾ ਰਤਨ ਹੀ ਖਰਾ ਹੈ।

ਗੁਰੂ ਪ੍ਰਮਾਤਮਾ ਆਪ ਖਰਾ ਹੈ ਜੋ ਕਿ ਆਪਣੇ ਉੱਚੇ ਗਿਆਨ ਦੀ ਭਾਵ ਨਾਮ ਵਾਲੀ ਸਮਝ ਦੁਆਰਾ ਹੀ ਖਰਾ ਹੈ। ਸਾਡਾ ਸਭ ਦਾ ਭਰਮ ਇਸੇ ਗੱਲ ਨੂੰ ਸਮਝਣ ਵਿੱਚ ਹੈ ਕਿ ਕੀ ਗੁਰੂ ਤੋਂ ਜਿਆਦਾ ਖਰੀ ਸਮਝ ਵਾਲਾ ਜਾਂ ਗੁਰੂ ਵਾਲੀ ਸਮਝ ਰੱਖਣ ਵਾਲਾ ਕੋਈ ਹੋਰ ਮਨੁੱਖ ਹੋ ਸਕਦਾ ਹੈ। ਗੁਰੂ ਚੌਥੇ ਪਦ ਦੀ ਸਮਝ ਵਾਲਾ ਹੈ ਜਿਸ ਕਰਕੇ ਉਸਦੀ ਸਮਝ ਖਰੀ ਹੈ ਕਿਉਂਕਿ ਉਸਦੀ ਸਮਝ ਵਿੱਚ ਤੇ ਪ੍ਰਮਾਤਮਾ ਦੀ ਸਮਝ ਵਿੱਚ ਕੋਈ ਭੇਦ ਨਹੀਂ ਹੈ। ਮੇਲ ਤਾਂ ਅਸੀਂ ਗੁਰੂ ਪ੍ਰਮਾਤਮਾ ਦੇ ਨਾਲ ਕਰਨਾ ਚਾਹੁੰਦੇ ਹਾਂ ਜੋ ਮੇਲ ਕੇਵਲ ਗੁਰੂ ਦੀ ਸੱਚੀ ਸਮਝ ਦੀ ਪ੍ਰਾਪਤੀ ਦੇ ਰੂਪ ਵਿੱਚ ਹੀ ਹੁੰਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਜਦੋਂ ਅਕਾਲ ਪੁਰਖ ਨੇ ਆਪ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ, ਆਪ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਗੁਰਬਾਣੀ ਦੀ ਰਚਨਾ ਕੀਤੀ ਹੈ ਫਿਰ ਕੀ ਕੋਈ ਸਾਨੂੰ ਗੁਰੂ ਵਰਗੀ ਖਰੀ ਮਤਿ ਦੇ ਸਕਦਾ ਹੈ ਤੇ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ ਭਾਵ ਕਦੇ ਨਹੀਂ ਮਿਲਾ ਸਕਦਾ। ਉਸ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹੀ ਕੋਈ ਉਹਨਾਂ ਦੀਆਂ ਗੱਲਾਂ ਵਿੱਚ ਆ ਸਕਦਾ ਹੈ ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਣ ਦਾ ਮਾਣ ਲੈਂਦੇ ਹਨ ਤੇ ਉਹਨਾਂ ਨੂੰ ਮਾਣ ਨਾ ਦੇਣ ਵਾਲੇ, ਉਹਨਾਂ ਦੀ ਗੱਲ ਨਾ ਮੰਨਣ ਵਾਲੇ ਉਹਨਾਂ ਤੋਂ ਡਰਦੇ ਹਨ ਕਿ ਜੇਕਰ ਅਸੀਂ ਇਹਨਾਂ ਦੀ ਗੱਲ ਨਾ ਮੰਨੀ ਤਾਂ ਗੁਰੂ ਪ੍ਰਮਾਤਮਾ ਸਾਡੇ ਨਾਲ ਨਾਰਾਜ ਹੋ ਜਾਵੇਗਾ ਭਾਵ ਇਹੋ ਜਿਹਿਆਂ ਦਾ ਡਰ ਸਮਾਜ ਵਿੱਚ ਆਮ ਤੌਰ ਤੇ ਬਣਿਆ ਹੀ ਰਹਿੰਦਾ ਹੈ ਜਿਵੇਂ ਸਭ ਪਾਸੇ ਦੇਖਿਆ ਜਾ ਸਕਦਾ ਹੈ ਕਿ ਕਿਸ ਤਰੀਕੇ ਲੋਗ ਸੰਤ ਬਾਬੇ ਆਦਿ ਅਖਵਾਉਂਣ ਵਾਲਿਆਂ ਦਾ ਭਉ ਮੰਨਦੇ ਹਨ, ਧਰਮ ਦੇ ਵਿਦਵਾਨ ਆਦਿ ਅਖਵਾਉਂਣ ਵਾਲਿਆਂ ਦਾ ਭਉ ਮੰਨਦੇ ਹਨ। ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਣ ਲੈਂਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਪਿਛਲੇ ਪਦੇ ਰਾਹੀਂ ਸਮਝਿਆ ਹੈ ਉਸ ਮਨੁੱਖ ਦਾ ਫਿਰ ਭਉ ਉਤਰ ਜਾਂਦਾ ਹੈ ਭਾਵ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਇਹਨਾਂ ਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਹੀ ਨਹੀਂ ਹੈ ਤੇ ਨਾ ਹੀ ਇਹੋ ਜਿਹੇ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਹੋ ਸਕਦੇ ਹਨ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਦਾਦੀ ਦਾਦਿ ਨ ਪਹੁਚਨਹਾਰਾ ਚੁਪੀ ਨਿਰਨਉ ਪਾਇਆ ਰੇ ॥

ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥”

ਸਭ ਤੋਂ ਪਹਿਲੇ ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। **“ਦਾਦੀ”** ਪ੍ਰਮਾਤਮਾ ਦੇ ਦਰ ਤੇ ਫਰਿਯਾਦੀ ਨੂੰ ਕਹਿੰਦੇ ਹਨ ਜੋ ਪ੍ਰਮਾਤਮਾ ਨੂੰ ਆਪਣੀ ਆਪਣੀ ਸਮਝ ਅਨੁਸਾਰ ਉਸਦਾ ਜਪ ਤਪ ਆਦਿ ਕਰਨ ਦੁਆਰਾ ਜਾਂ ਹੋਰ ਵੀ ਅਨੇਕਾਂ ਭਗਤੀ ਦੇ ਬਣਾਏ ਹੋਏ ਤਰੀਕਿਆਂ ਦੁਆਰਾ ਪ੍ਰਮਾਤਮਾ ਨੂੰ ਪਾਉਂਣਾ ਚਾਹੁੰਦੇ

ਹਨ। ਹਰ ਕੋਈ ਧਰਮ ਗ੍ਰੰਥਾਂ ਦੀ ਵੱਧ ਤੋਂ ਵੱਧ ਕਥਨੀ ਕਰਦਾ ਹੈ, ਵੱਧ ਤੋਂ ਵੱਧ ਪਾਠ ਕਰਦਾ ਹੈ ਜਿਵੇਂ ਕਿ ਸਾਨੂੰ ਧਰਮ ਦੇ ਵਿਦਵਾਨ ਸਮਝਾਉਂਦੇ ਹਨ ਜੋ ਕਿ ਸਾਨੂੰ ਵੱਧ ਤੋਂ ਵੱਧ ਕਥਨੀ ਦੇ ਨਾਲ ਕੇਵਲ ਪੜਨ ਸੁਣਨ ਦੇ ਨਾਲ ਤੇ ਸਰੀਰਕ ਜਪ ਤਪ ਆਦਿ ਨਾਲ ਜੋੜਦੇ ਹਨ। ਇਹ ਪ੍ਰਮਾਤਮਾ ਦੇ ਅੱਗੇ ਉਸਦਾ ਦਾਦੀ ਬਣਨ ਦਾ ਤਰੀਕਾ ਨਹੀਂ ਹੈ ਭਾਵ ਉਸਦਾ ਫਰਿਯਾਦੀ ਬਣਨ ਦਾ ਤਰੀਕਾ ਨਹੀਂ ਹੈ ਜਿਸ ਤਰੀਕੇ ਸਾਨੂੰ ਪ੍ਰਮਾਤਮਾ ਦੇ ਕੋਲੋਂ ਕੋਈ ਵਡਿਆਈ ਮਿਲ ਸਕੇ ਭਾਵ ਉਸਦੇ ਨਾਲ ਮੇਲ ਕਰਨ ਦਾ, ਉਸ ਤਕ ਆਪਣੀ ਪਹੁੰਚ ਕਰਨ ਦਾ ਸਾਡੇ ਨਾਲ ਇਨਸਾਫ ਹੋ ਸਕੇ। **(ਦਾਦੀ ਦਾਦਿ ਨ ਪਹੁਚਨਹਾਰਾ)** ਪ੍ਰਮਾਤਮਾ ਦੇ ਨਾਲ ਪਹੁੰਚ ਕਰਨ ਦਾ ਤਰੀਕਾ ਕੀ ਹੈ ਜਿਸ ਦੁਆਰਾ ਸਾਡੀ ਪ੍ਰਮਾਤਮਾ ਤੱਕ ਪਹੁੰਚ ਹੋ ਸਕੇ, ਉਸਦੇ ਨਾਲ ਮੇਲ ਹੋ ਸਕੇ ਭਾਵ ਸਾਡੀ ਪ੍ਰਮਾਤਮਾ ਅੱਗੇ ਫਰਿਯਾਦ ਕਰਨ ਦਾ ਤਰੀਕਾ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਹ ਇਸੇ ਉਪਰ ਵਾਲੀ ਪੰਗਤੀ ਦੇ ਵਿੱਚ ਨਾਲ ਹੀ ਸਮਝਾਇਆ ਹੋਇਆ ਹੈ।

“ਚੁਪੀ ਨਿਰਨਉ ਪਾਇਆ ਰੇ ॥”

ਹਰ ਕੋਈ ਪ੍ਰਮਾਤਮਾ ਨੂੰ ਆਪਣੀ ਕਥਨੀ ਦੁਆਰਾ ਪਾਉਂਣਾ ਚਾਹੁੰਦਾ ਹੈ, ਮੁੱਖੋਂ ਕਿਸੇ ਅੱਖਰ ਨੂੰ ਬੋਲ ਬੋਲ ਕੇ ਉਸਨੂੰ ਪਾਉਂਣਾ ਚਾਹੁੰਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਇਸੇ ਗੱਲ ਦਾ ਪ੍ਰਚਾਰ ਹੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਣ ਵਾਲੇ ਕਰਦੇ ਹਨ ਤੇ ਉਹਨਾਂ ਦੀ ਗੱਲ ਨੂੰ ਸੱਚ ਸਮਝਕੇ ਹੀ ਹਰ ਕੋਈ ਉਹਨਾਂ ਦੇ ਪਿੱਛੇ ਲੱਗ ਜਾਂਦਾ ਹੈ। ਪ੍ਰਮਾਤਮਾ ਦੇ ਘਰ ਵਿੱਚੋਂ ਇਨਸਾਫ ਸਾਨੂੰ ਚੁੱਪ ਰਹਿਣ ਦੁਆਰਾ ਮਿਲਦਾ ਹੈ। ਮੁੱਖੋਂ ਬੋਲਦਾ ਤੇ ਹਰ ਕੋਈ ਹੈ, ਬੋਲ ਬੋਲ ਕੇ ਪੜਦਾ ਵੀ ਹੈ ਜੋ ਕਿ ਚੰਗੀ ਗੱਲ ਹੈ ਪਰ ਸਾਡੀ ਚੁੱਪ ਹੋਣਾ ਕੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਜੋ ਵੀ ਅਸੀਂ ਧਰਮ ਗ੍ਰੰਥਾਂ ਨੂੰ ਪੜਦੇ ਹਾਂ, ਸੁਣਦੇ ਹਾਂ ਉਹ ਸਾਨੂੰ ਕੁਝ ਸਮਝਾਉਂਣ ਲਈ ਹੀ ਹਨ। ਹਰ ਕੋਈ ਮਾਇਆ ਮੋਹ ਵਿੱਚ ਹੈ, ਤ੍ਰਿਸ਼ਨਾਵਾਂ ਵਿੱਚ ਹੈ ਜਿਨ੍ਹਾਂ ਨੂੰ ਛੱਡਣ

ਲਈ ਹੀ ਸਾਨੂੰ ਗੁਰਬਾਣੀ ਸਮਝਾਉਂਦੀ ਹੈ, ਹਰ ਧਰਮ ਗ੍ਰੰਥ ਸਮਝਾਉਂਦਾ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਮਾੜੇ ਕਰਮ ਕਰਦੇ ਹਾਂ ਤੇ ਸਾਡੇ ਮਾੜੇ ਕਰਮ ਹੀ ਸਾਡਾ ਭਗਤੀ ਤੋਂ ਉਲਟ ਮਾਰਗ ਹੈ, ਪ੍ਰਮਾਤਮਾ ਦੇ ਫਰਿਯਾਦੀ ਬਣਨ ਤੋਂ ਉਲਟ ਮਾਰਗ ਹੈ ਭਾਵੇਂ ਅਸੀਂ ਮੁੱਖੋਂ ਜਿਤਨੇ ਮਰਜੀ ਧਰਮ ਗ੍ਰੰਥ ਪੜੀ ਜਾਈਏ, ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਦਾ ਜਪ ਕਰੀ ਜਾਈਏ। ਧਰਮ ਦਾ ਅਸਲ ਮਾਰਗ ਸਾਡੀ ਸੱਚੀ ਸੁੱਚੀ ਕਰਨੀ ਹੈ , ਸੁਕ੍ਰਿਤ ਕਰਨੀ ਹੈ ਨਾ ਕਿ ਸਾਡੀ ਕਥਨੀ ਜਾਂ ਸਰੀਰਕ ਕਿਰਿਆਵਾਂ ਜਾਂ ਹੋਰ ਵੀ ਅਨੇਕਾਂ ਭਗਤੀ ਦੇ ਤਰੀਕੇ ਜਿਨ੍ਹਾਂ ਨੂੰ ਬਾਣੀ ਰਾਹੀਂ ਖੰਡਿਆ ਹੋਇਆ ਹੈ। ਪ੍ਰਮਾਤਮਾ ਦਾ ਸੱਚਾ ਫਰਿਯਾਦੀ ਬਣਨ ਲਈ ਆਪਣੀਆਂ ਤ੍ਰਿਸ਼ਨਾਵਾਂ ਛੱਡਣੀਆਂ ਹੀ ਪੈਂਦੀਆਂ ਹਨ, ਮਾਇਆ ਮੋਹ

49/6606

ਛੱਡਣਾ ਹੀ ਪੈਂਦਾ ਹੈ, ਮਨ ਦੇ ਮਾੜੇ ਵਿਚਾਰ ਛੱਡਣੇ ਹੀ ਪੈਂਦੇ ਹਨ, ਹਰ ਅਉਗੁਣ ਛੱਡਣਾ ਹੀ ਪੈਂਦਾ ਹੈ ਭਾਵ ਗੁਰੂ ਦੀ ਸਮਝਾਈ ਹੋਈ ਹਰ ਗੱਲ ਨੂੰ ਮੰਨਣਾ ਹੀ ਪੈਂਦਾ ਹੈ ਜਿਸਨੂੰ ਮੰਨਣ ਲਈ ਕੋਈ ਮੁੱਖੋਂ ਬੋਲਣ ਦੀ ਲੋੜ ਨਹੀਂ ਹੁੰਦੀ ਕੇਵਲ ਆਪਣੇ ਮਨ ਨੂੰ ਮਾਰਨ ਦੀ ਲੋੜ ਹੁੰਦੀ ਹੈ ਭਾਵ ਆਪਣੇ ਮਨ ਨੂੰ ਚੁੱਪ ਕਰਵਾਉਂਣ ਦੀ ਲੋੜ ਹੀ ਹੁੰਦੀ ਹੈ ਜੋ ਹਰ ਵੇਲੇ ਮਾਇਆ ਦੇ ਸੁੱਖਾਂ ਲਈ ਬੋਲਦਾ ਰਹਿੰਦਾ ਹੈ, ਕਲਪਦਾ ਰਹਿੰਦਾ ਹੈ, ਤ੍ਰਿਸ਼ਨਾਵਾਂ ਵਿੱਚ ਸੜਦਾ ਰਹਿੰਦਾ ਹੈ। ਆਪਣੇ ਮਨ ਨੂੰ ਚੁੱਪ ਕਰਾਏ ਬਿਨਾਂ ਪ੍ਰਮਾਤਮਾ ਦਾ ਸੱਚਾ ਫਰਿਯਾਦੀ ਨਹੀਂ ਬਣਿਆ ਜਾ ਸਕਦਾ ਤੇ ਪ੍ਰਮਾਤਮਾ ਸਾਡੇ ਨਾਲ ਆਪਣੇ ਨਾਲ ਮੇਲ ਦਾ ਨਿਆਂ, ਇਨਸਾਫ ਸਾਡੀ ਸੱਚੀ ਕਰਣੀ ਦੁਆਰਾ ਹੀ ਕਰਦਾ ਹੈ। **(ਦਾਦੀ ਦਾਦਿ ਨ ਪਹੁਚਨਹਾਰਾ ਚੁਪੀ ਨਿਰਨਉ ਪਾਇਆ ਰੇ ॥)**

{ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥}

(ਅੰਗ ੮੩੧)

{ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ॥੩ ॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ ੪੬੭)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥ ਜਾ ਕਉ ਗੁਰਮੁਖਿ ਆਪਿ ਬੁਝਾਈ ॥

ਤਾ ਕੇ ਹਿਰਦੈ ਰਹਿਆ ਸਮਾਈ ॥੩॥ ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ ੬੫੫)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

{ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥
ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥}

(ਅੰਗ ੩੯)

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥}

(ਅੰਗ ੧੨੪੬)

{ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥ ਕਥਨੀ ਬਦਨੀ ਪੜਿ ਪੜਿ ਭਾਰੁ ॥
ਲੇਖ ਅਸੰਖ ਅਲੇਖੁ ਅਪਾਰੁ ॥੧॥ ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ ॥੧॥ ਰਹਾਉ ॥}

(ਅੰਗ ੪੧੨)

{ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥
ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥}

(ਅੰਗ ੧੧੪੦)

{ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ ॥ ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥
ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥੧॥}

(ਅੰਗ ੯੫੦)

{ਕਲਿ ਮਹਿ ਆਇਆ ਸੋ ਜਨੁ ਜਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੩॥
ਕਹਣਾ ਸੁਨਣਾ ਅਕਥ ਘਰਿ ਜਾਇ ॥ ਕਥਨੀ ਬਦਨੀ ਨਾਨਕ ਜਲਿ ਜਾਇ ॥੪॥੫॥}

(ਅੰਗ ੧੩੨੯)

{ਕਥਨੀ ਬਦਨੀ ਕਹਨੁ ਕਹਾਵਨੁ ॥ ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥
ਕਹਤ ਕਬੀਰ ਪੰਚ ਜੋ ਚੂਰੇ ॥ ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥}

(ਅੰਗ ੪੭੮)

{ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥੨॥}

(ਅੰਗ ੫੦੯)

{ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥
ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ ॥੧॥
ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥
ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥੧॥ ਰਹਾਉ ॥
ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥ ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥ ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥੪॥ ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥੫॥੭॥੯॥}

(ਅੰਗ ੪੯੨)

{ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥ ਜਉ ਜਾਨੈ ਹਉ ਭਗਤੁ ਗਿਆਨੀ ॥
ਆਗੈ ਠਾਕੁਰਿ ਤਿਲੁ ਨਹੀ ਮਾਨੀ ॥ ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥
ਸਾਧਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾ ਕਉ ਮਿਲੇ ਮੁਰਾਰੀ ॥੨੪॥}

(ਅੰਗ ੨੫੫)

49/6607

{ਕਥਨੀ ਕਹਹਿ ਕਹਹਿ ਸੇ ਮੂਏ ॥ ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥
ਸਭੁ ਜਗੁ ਦੇਖਿਆ ਮਾਇਆ ਛਾਇਆ ॥ ਨਾਨਕ ਗੁਰਮਤਿ ਨਾਮੁ ਧਿਆਇਆ ॥੪॥੧੭॥}

(ਅੰਗ ੩੫੪)

{ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥ ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥
ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥ ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥
ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥ ਗਣਿ ਗਣਿ ਜੋਤਕੁ ਕਾਂਡੀ ਕੀਨੀ ॥
ਪੜੈ ਸੁਣਾਵੈ ਤਤੁ ਨ ਚੀਨੀ ॥ ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥
ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥ ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥
ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥ ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥
ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥ ਗਣਤ ਗਣੀਐ ਸਹਸਾ ਦੁਖੁ ਜੀਐ॥
ਗੁਰ ਕੀ ਸਰਣਿ ਪਵੈ ਸੁਖੁ ਥੀਐ ॥ ਕਰਿ ਅਪਰਾਧ ਸਰਣਿ ਹਮ ਆਇਆ ॥
ਗੁਰ ਹਰਿ ਭੇਟੇ ਪੂਰਬਿ ਕਮਾਇਆ ॥੫॥ ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥

ਭਰਮਿ ਭੁਲਾਈਐ ਜਨਮਿ ਮਰਿ ਆਈਐ ॥ ਜਮ ਦਰਿ ਬਾਧਉ ਮਰੈ ਬਿਕਾਰੁ ॥
ਨਾ ਰਿਦੈ ਨਾਮੁ ਨ ਸਬਦੁ ਅਚਾਰੁ॥੬॥ ਇਕਿ ਪਾਧੇ ਪੰਡਿਤ ਮਿਸਰ ਕਹਾਵਹਿ॥ ਦੁਬਿਧਾ ਰਾਤੇ ਮਹਲੁ ਨ ਪਾਵਹਿ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥ ਏਕੁ ਬੁਰਾ ਭਲਾ ਸਚੁ ਏਕੈ ॥
ਬੂਝੁ ਗਿਆਨੀ ਸਤਗੁਰ ਕੀ ਟੇਕੈ ॥ ਗੁਰਮੁਖਿ ਵਿਰਲੀ ਏਕੋ ਜਾਣਿਆ ॥ ਆਵਣੁ ਜਾਣਾ ਮੇਟਿ ਸਮਾਣਿਆ ॥੮॥
ਜਿਨ ਕੈ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥
ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥੯॥੪॥}

(ਅੰਗ ੯੦੪-੯੦੫)

{ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥ ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥
ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥ ਭਾਈ ਰੇ ਗੁਰਮੁਖਿ ਬੂਝੈ ਕੋਇ ॥
ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥੧॥ ਰਹਾਉ ॥}

(ਅੰਗ ੩੨)

ਪ੍ਰਮਾਤਮਾ ਦੀ ਭਗਤੀ ਵਿੱਚ ਭੇਦ ਸਾਡੀ ਕਥਨੀ ਤੇ ਕਰਨੀ ਵਿੱਚ ਹੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਗੁਰੂ ਸਾਨੂੰ ਸਾਡੀ ਕਰਨੀ ਨਾਲ ਜੋੜਦਾ ਹੈ ਤੇ ਗੁਰੂ ਤੋਂ ਬਿਨਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ ਜੋ ਕਿ ਸਾਨੂੰ ਕਥਨੀ ਨਾਲ ਜੋੜਦੇ ਹਨ ਉਹਨਾਂ ਦੀ ਪ੍ਰਮਾਤਮਾ ਦੀਆਂ ਨਜਰਾਂ ਵਿੱਚ, ਪ੍ਰਮਾਤਮਾ ਨੂੰ ਜਾਨਣ ਵਾਲਿਆਂ ਦੀਆਂ ਨਜਰਾਂ ਵਿੱਚ, ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਣ ਲੈਂਦੇ ਹਨ ਉਹਨਾਂ ਦੀਆਂ ਨਜਰਾਂ ਵਿੱਚ ਉਹੋ ਜਿਹੇ ਜੋ ਆਪਣੇ ਆਪ ਨੂੰ ਉੱਚਾ ਸਮਝਦੇ ਹਨ ਤੇ ਦੂਸਰਿਆਂ ਦੇ ਅੰਦਰ ਆਪਣੀ ਧਾਰਮਿਕ ਸਿਆਣਪ ਦਾ ਆਪਣਾ ਭਉ ਪਾਉਂਦੇ ਹਨ ਉਹਨਾਂ ਦੀ ਗੁਰੂ ਦੀਆਂ ਨਜਰਾਂ ਵਿੱਚ ਕਿਨੀ ਕੂ ਕਦਰ ਪੈਂਦੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥”

ਜੋ ਆਪਣੇ ਆਪ ਨੂੰ ਸੰਤ ਆਦਿ ਅਖਵਾਉਂਦੇ ਹਨ, ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ, ਆਪਣੇ ਮਹਿਲਾਂ ਵਰਗੇ ਅਸਥਾਨ ਬਣਾ ਲੈਂਦੇ ਹਨ, ਵੱਡੇ ਵੱਡੇ ਡੇਰੇ ਬਣਾ ਲੈਂਦੇ ਹਨ, ਵੱਡੇ ਵੱਡੇ ਘਰ ਬਣਾ ਲੈਂਦੇ ਹਨ ਤੇ ਆਪਣੀ ਧਾਰਮਿਕ ਸਮਝ ਦਾ ਰੋਹਬ ਦਿਖਾਉਂਦੇ ਹਨ ਤੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ, ਆਪਣੀ ਆਪਣੀ ਮਰਿਯਾਦਾ ਅਨੁਸਾਰ ਲੋਕਾਂ ਨੂੰ ਕਥਨੀ ਬਦਨੀ ਨਾਲ ਜੋੜਦੇ ਹਨ ਤੇ ਆਪਣੇ ਚੇਲਿਆਂ ਕੋਲੋਂ ਆਪਣੀ ਸੇਵਾ ਕਰਾਉਂਦੇ ਹਨ, ਆਪਣੇ ਠਾਠ ਬਾਠ ਬਣਾਕੇ ਰੱਖਦੇ ਹਨ ਉਪਰ ਪੰਗਤੀ ਰਾਹੀਂ ਉਹਨਾਂ ਦੀ ਗੱਲ ਹੀ ਸਮਝਾਈ ਹੋਈ ਹੈ। ਜਿਸ ਅਸਥਾਨ ਤੇ ਇਹ ਆਪ ਬੈਠਦੇ ਹਨ ਉਸ ਜਗ੍ਹਾ ਤੇ ਉਹ ਕੀਮਤੀ ਦੁਲੀਚੈ ਆਦਿ ਵਿਛਾ ਕੇ ਬੈਠਦੇ ਹਨ ਭਾਵ ਆਪਣੇ ਚੇਲਿਆਂ ਨੂੰ, ਉਥੇ ਆਉਂਣ ਵਾਲਿਆਂ ਨੂੰ ਆਪਣੇ ਆਪ ਨੂੰ ਉੱਚੀ ਹਸਤੀ ਵਾਲਾ ਦਿਖਾਉਂਦੇ ਹਨ ਭਾਵ ਆਪਣਾ ਰੋਹਬ ਦਿਖਾਉਂਦੇ ਹਨ ਕਿ ਉਹ ਬੜੇ ਉੱਚੇ ਧਾਰਮਿਕ ਗਿਆਨ ਦਾ ਮਾਲਕ ਹਨ। ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸੰਸਾਰੀਆਂ ਨੂੰ ਆਪਣਾ ਝੂਠਾ ਰੋਹਬ ਹੀ ਦਿਖਾ ਰਹੇ ਹਨ ਭਾਵ ਆਪਣੀਆਂ ਅੱਖਾਂ ਦਿਖਾਉਂਦੇ ਹਨ ਭਾਵ ਝੂਠਾ ਰੋਹਬ ਪਾਉਂਦੇ ਹਨ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਨੂੰ ਆਪਣੀ ਸੱਚੀ ਭਗਤੀ ਦੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਜੋ ਕਿ ਸਾਡੀ ਸੱਚੀ ਸੁੱਚੀ ਕਰਨੀ ਦਾ ਮਾਲਕ ਹੈ। ਆਪਣੀ ਭਗਤੀ ਦੀ ਸਮਝ ਪਾਉਂਣ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਉੱਚਾ ਗਿਆਨ ਹੀ ਦਿੰਦਾ ਹੈ, ਬ੍ਰਹਮ ਗਿਆਨ ਹੀ

ਦਿੰਦਾ ਹੈ, ਆਪਣੇ ਨਾਮ ਦੀ ਦਾਤਿ ਹੀ ਬਖਸ਼ਦਾ ਹੈ, ਮਨ ਦੇ ਅੰਦਰ ਆਪਣੇ ਉੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਣੇ ਬਿਨਾਂ ਹਰ ਕਿਸੇ ਦੀ ਸਮਝ **“ਮਿਰਤਕੁ”** ਹੀ ਹੈ ਜਿਸ ਮਿਰਤਕੁ ਵਾਲੀ ਸਮਝ ਵਿੱਚੋਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਸਾਰਾ ਸੰਸਾਰ ਹੀ ਮਿਰਤਕੁ ਵਾਲੀ ਸਮਝ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੀ ਹੈ। **{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥ ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥ ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥ ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}** ਅੰਗ ੮੮ **{ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥ ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥ ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}** ਅੰਗ ੧੨੪੩ ਜੋ ਮਨ ਦੀ ਸਮਝ ਦਾ ਮਿਰਤਕੁ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੈ ਉਹ ਹੀ ਆਪਣੇ ਆਪ ਨੂੰ ਸੰਤ, ਬਾਬਾ ਆਦਿ ਅਖਵਾ ਸਕਦਾ ਹੈ, ਧਰਮ ਦੇ ਉੱਚੇ ਗਿਆਨ ਵਾਲਾ, ਧਰਮ ਦਾ ਵਿਦਵਾਨ ਅਖਵਾ ਸਕਦਾ ਹੈ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੁੰਦੀ ਕਿ ਗਿਆਨ ਦਾ ਮਾਲਕ ਅਸਲ ਵਿੱਚ ਕੌਣ ਹੈ ਜੋ ਕਿ ਅਸਲ ਵਿੱਚ ਆਪ ਹੀ ਸੱਚਾ ਸੰਤ ਹੈ, ਸੰਸਾਰ ਦਾ ਇੱਕੋ ਇੱਕ ਸੱਚਾ ਸੰਤ ਹੈ, ਸੰਸਾਰ ਦਾ ਇੱਕੋ ਇੱਕ ਸੱਚਾ ਗੁਰੂ ਹੈ, ਸੰਸਾਰ ਦਾ ਇੱਕੋ ਇੱਕ ਧਰਮ ਦਾ ਸੱਚਾ ਵਿਦਵਾਨ ਹੈ ਜਿਸਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਹੈ ਤੇ ਉਸਨੇ ਆਪ ਹੀ ਹਰ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੋਈ ਹੈ। ਜਦ ਤਕ ਉਹ ਕਿਸੇ ਦੇ ਅੰਦਰ ਆਪਣੇ ਆਪ

ਨੂੰ ਪ੍ਰਗਟ ਨਹੀਂ ਕਰਦਾ ਭਾਵ ਮਨ ਰੂਪ ਆਪਣਾ ਘਰ ਨਹੀਂ ਦਿਖਾਉਂਦਾ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਘਰ ਦਿਖਾਇਆ ਹੈ, ਆਪਣਾ ਦਰ ਦਿਖਾਇਆ ਹੈ ਕੇਵਲ ਉਹੀ ਸਮਝ ਸਕਦੇ ਹਨ ਕਿ ਸਾਰਾ ਗਿਆਨ ਕਿੱਥੋਂ ਆਉਂਦਾ ਹੈ, ਉਹਨਾਂ ਨੇ ਹੀ ਇਸ ਗੱਲ ਨੂੰ ਸਮਝਿਆ ਹੈ ਕਿ ਹਰ ਧਰਮ ਗ੍ਰੰਥ ਦੀ ਰਚਨਾ ਕਰਾਉਂਣ ਵਾਲਾ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਪਰ ਜਦ ਤਕ ਉਹ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤਕ ਹਰ ਕੋਈ ਇਹੀ ਸਮਝਦਾ ਹੈ ਕਿ ਮੇਰੇ ਅੰਦਰ ਦੀ ਜੋ ਸਮਝ ਹੈ ਉਹ ਸਮਝ ਮੇਰੀ ਹੈ ਜਿਸ ਗੱਲ ਦੀ ਸਮਝ ਪ੍ਰਮਾਤਮਾ ਨੇ ਬ੍ਰਹਮਾ, ਬਿਸ਼ਨ, ਮਹੇਸ਼ ਨੂੰ ਵੀ ਨਹੀਂ ਪਾਈ ਜਿਸ ਕਰਕੇ ਉਹਨਾਂ ਨੇ ਆਪਣੇ ਆਪ ਨੂੰ ਹੀ ਉੱਚਾ ਅਖਵਾਇਆ ਹੈ ਤੇ ਇਸੇ ਲਈ ਬਾਣੀ ਰਾਹੀਂ ਉਹਨਾਂ ਨੂੰ ਤ੍ਰੈ ਗੁਣਾਂ ਵਿੱਚ ਕਿਹਾ ਗਿਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਜੋ ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ, ਸੰਤ ਆਦਿ ਅਖਵਾਉਂਦੇ ਹਨ ਭਾਵ ਆਪਣੀ ਉੱਚੀ ਸਮਝ ਦਾ ਰੋਹਬ

49/6609

ਦਿਖਾਉਂਦੇ ਹਨ ਉਹਨਾਂ ਦਾ ਰੋਹਬ ਫਿਰ ਉਹਨਾਂ ਤੇ ਨਹੀਂ ਚੱਲ ਸਕਦਾ ਜੋ ਆਪਣੇ ਅੰਦਰੋਂ ਧਰਮ ਦੀ ਸਿੱਖਿਆ ਦੇ ਮਾਲਕ ਨੂੰ ਭਾਵ ਪ੍ਰਮਾਤਮਾ ਨੂੰ, ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਨ। ਸਾਰੀ ਗੱਲ ਸਾਡੀ ਮਾੜੀ ਜਾਂ ਸ੍ਰੇਸ਼ਟ ਮਤਿ ਨਾਲ ਜੁੜੀ ਹੋਈ ਹੈ ਤੇ ਸ੍ਰੇਸ਼ਟ ਮਤਿ ਵਾਲਾ ਬਣ ਕੇ ਹੀ ਧਰਮ ਦੇ, ਭਗਤੀ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਉਹ ਜਿਹਿਆਂ ਦੇ ਰੋਹਬ ਤੋਂ ਬਚਿਆ ਜਾ ਸਕਦਾ ਹੈ ਜੋ ਸਾਨੂੰ ਅਸਲ ਭਗਤੀ ਦੇ ਮਾਰਗ ਤੋਂ ਉਲਟ ਮਾਰਗ ਸਮਝਾਉਂਦੇ ਹਨ ਭਾਵ ਕਥਨੀ ਨਾਲ ਜੋੜਦੇ ਹਨ, ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ। **(ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥ ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥ ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥ ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥ ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥ ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥ ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥)**

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ ੧੩੯੫)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ॥੧॥ਰਹਾਉ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥}

(ਅੰਗ ੪੯੧)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥

ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥ ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥
ਐਸੀ ਇਸਤ੍ਰੀ ਇਕ ਰਾਮਿ ਉਪਾਈ ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥
ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥ ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥ ਤਟ ਤੀਰਥ ਭਵੇ ਸਭ ਧਰਨਾ॥
ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥੩॥ ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥

ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥}

(ਅੰਗ ੩੯੪)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥
ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥
ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥
ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥ ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥
ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥ ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ ਬਿਨੁ ਗੁਰ ਸਾਚੇ ਭਰਮਿ ਭੁਲਾਏ ॥
ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥ ਜਮੂਆ ਨ ਜੋਹੈ ਹਰਿ ਕੀ ਸਰਣਾਈ॥
ਹਉਮੈ ਮਾਰਿ ਸਚਿ ਲਿਵ ਲਾਈ ॥ ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥
ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥ ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥
ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥ ਸਤਿਗੁਰੂ ਸੇਵੇ ਸੋ ਫਲੁ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ॥
ਅਨਹਦ ਬਾਣੀ ਸਬਦੁ ਵਜਾਏ ॥੭॥ ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥
ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥੮॥੫॥}

(ਅੰਗ ੨੩੧)

{ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥ ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥
ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥ ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੧॥}

(ਅੰਗ ੯੪੯)

ਜਿਨ੍ਹਾਂ ਨੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਇਆ ਹੈ ਉਹਨਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਾ ਜਾਨਣ ਕਰਕੇ ਹੀ ਅਖਵਾਇਆ ਹੈ ਜੋ ਉੱਚਾ ਕੇਵਲ ਤੇ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਤੇ ਦੂਸਰਾ ਕੋਈ ਹੋਰ ਨਹੀਂ ਹੋ ਸਕਦਾ। ਕੋਈ ਦੂਸਰਾ ਆਪਣੇ ਆਪ ਨੂੰ ਉੱਚਾ ਓਹੀ ਕਹਿ ਸਕਦਾ ਹੈ, ਸਮਝ ਸਕਦਾ ਹੈ ਜੋ ਮਨ ਦੀ

ਅਗਿਆਨਤਾ ਵਿੱਚ ਹੈ, ਭਰਮ ਦੇ ਵਿੱਚ ਹੈ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ। ਆਪਣੇ ਮਨ ਨੂੰ ਜਾਣੇ ਬਿਨਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਘਰ ਨੂੰ ਜਾਣੇ ਬਿਨਾਂ ਹੀ ਕੋਈ ਆਪਣੇ ਆਪ ਨੂੰ ਧਰਮ ਦਾ ਗਿਆਨੀ ਅਖਵਾ ਸਕਦਾ ਹੈ ਜਿਵੇਂ ਕਿ ਉਪਰ

ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਜਿਵੇਂ ਅਸੀਂ ਪਿੱਛੇ ਵੀ ਲੇਖ ਰਾਹੀਂ ਬਾਰ-ਬਾਰ ਸ਼ਬਦਾਂ ਰਾਹੀ ਸਮਝਿਆ ਹੈ। ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੀ, ਹਉਮੈ ਵਾਲੀ ਸਮਝ ਹੀ, ਮਾਇਆ ਦੀ ਜੁਗਤਿ ਵਾਲੀ ਸਮਝ ਹੀ, ਪੁੱਠੇ ਕਮਲ ਵਾਲੀ ਸਮਝ ਹੀ ਸਾਡੇ ਕੋਲੋਂ ਇਹ ਕੁਝ ਅਖਵਾਉਂਦੀ ਹੈ ਕਿ ਮੈਂ ਬਹੁਤ ਗਿਆਨਵਾਨ ਹਾਂ। ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚੇ ਸਮਝ ਲੈਂਦੇ ਹਾਂ, ਸੰਤ ਆਦਿ ਸਮਝ ਲੈਂਦੇ ਹਾਂ, ਬ੍ਰਹਮ ਗਿਆਨੀ ਆਦਿ ਸਮਝ ਲੈਂਦੇ ਹਾਂ ਅਸੀਂ ਉਹਨਾਂ ਬਾਰੇ ਇਹ ਵੀ ਮਹਿਸੂਸ ਕਰਦੇ ਹਾਂ ਕਿ ਇਹਨਾਂ ਨੇ ਰੱਬ ਨੂੰ ਪਾਇਆ ਹੋਇਆ ਹੈ, ਇਹ ਪ੍ਰਮਾਤਮਾ ਦੇ ਬਹੁਤ ਨਜਦੀਕ ਹਨ ਜਿਸ ਕਰਕੇ ਅਸੀਂ ਉਹਨਾਂ ਨੂੰ ਉੱਚਾ ਮਾਣ ਦਿੰਦੇ ਹਾਂ ਤੇ ਉਹਨਾਂ ਦੀ ਗੱਲ ਨਾ ਮੰਨਣ ਦਾ ਭਉ ਮਹਿਸੂਸ ਕਰਦੇ ਹਾਂ। ਸਾਨੂੰ ਉਹੋ ਜਿਹੇ ਉੱਚੇ ਹੋਣ ਵਾਲੇ ਮਹਿਸੂਸ ਹੀ ਇਹ ਕਰਵਾਉਂਦੇ ਹਨ ਕਿ ਅਸੀਂ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਹਾਂ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਆਪਣੇ ਆਪ ਨੂੰ ਉੱਚਾ ਅਖਵਾਉਂਣ ਵਾਲੇ, ਪ੍ਰਮਾਤਮਾ ਨੂੰ ਜਾਨਣ ਵਾਲਾ ਅਖਵਾਉਂਣ ਵਾਲੇ ਭਰਮ ਵਿੱਚ ਹੀ ਹਨ।

“ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥

ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥”

ਇਹੋ ਜਿਹੇ ਬਥੇਰੇ ਹੁੰਦੇ ਹਨ ਜਿਹੜੇ ਇਹ ਕਹਿੰਦੇ ਹਨ ਕਿ ਮੈਂ ਪ੍ਰਮਾਤਮਾ ਨੂੰ ਜਾਣ ਲਿਆ ਹੈ। ਜਿੱਥੇ ਮੈਂ ਆ ਜਾਏ ਉਹ ਪ੍ਰਮਾਤਮਾ ਨੂੰ ਜਾਨਣ ਵਾਲਾ ਹੋ ਹੀ ਨਹੀਂ ਸਕਦਾ। ਜਿੱਥੇ ਤੂੰ ਹੁੰਦਾ ਹੈ ਉੱਥੇ ਮੈਂ ਰਹਿ ਹੀ ਨਹੀਂ ਸਕਦੀ ਭਾਵ ਪ੍ਰਮਾਤਮਾ ਨੂੰ ਜਾਨਣ ਵਾਲੇ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਆਪਣੀ ਮਨੁੱਖੀ ਹੋਂਦ ਸਮਝਣਾ ਹੀ ਝੂਠ ਹੈ। ਉਪਰ ਪਹਿਲੀ ਪੰਗਤੀ ਰਾਹੀਂ ਇਸੇ ਲਈ ਉਸ ਮਨੁੱਖ ਨੂੰ ਅਜਾਣ ਕਿਹਾ ਹੈ, ਬੇਸਮਝ ਕਿਹਾ ਹੈ ਜੋ ਇਹ ਕਹਿੰਦਾ ਹੈ ਕਿ ਮੈਂ ਪ੍ਰਮਾਤਮਾ ਨੂੰ ਜਾਣ ਲਿਆ ਹੈ। ਜੋ ਪ੍ਰਮਾਤਮਾ ਨੂੰ ਜਾਨਣ ਤੋਂ **“ਅਜਾਣੁ”** ਹੈ ਉਹ ਹੀ ਇਹ ਗੱਲ ਕਹਿ ਸਕਦਾ ਹੈ ਕਿ ਮੈਂ ਪ੍ਰਮਾਤਮਾ ਨੂੰ ਜਾਣਦਾ ਹਾਂ। **(ਸੋਈ ਅਜਾਣੁ ਕਹੈ ਮੈ ਜਾਨਾ)** ਜੋ ਪ੍ਰਮਾਤਮਾ ਨੂੰ ਜਾਨਣ ਵਾਲਾ ਹੁੰਦਾ ਹੈ ਉਹ ਸੰਸਾਰ ਤੋਂ ਛੁਪਿਆ ਹੋਇਆ

ਨਹੀਂ ਰਹਿ ਸਕਦਾ ਕਿਉਂਕਿ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਉਸਦੇ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ ਭਾਵ ਸਭ ਕੁਝ ਤੂੰ ਹੀ ਤੂੰ ਹੈ। **(ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥)** ਜੋ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਕਿਸ ਕਰਕੇ ਛੁਪਿਆ ਹੋਇਆ ਨਹੀਂ ਰਹਿੰਦਾ ਭਾਵ ਕਿਸ ਤਰੀਕੇ ਇਹ ਪਤਾ ਲੱਗਦਾ ਹੈ ਕਿ ਪ੍ਰਮਾਤਮਾ ਉਸਦੇ ਅੰਦਰ ਪ੍ਰਗਟ ਹੈ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥”

ਬੜੇ ਹੀ ਧਿਆਨ ਨਾਲ ਸਮਝੋ ਉਪਰ ਵਾਲੀ ਪੰਗਤੀ ਨੂੰ ਕਿ ਧੰਨ ਧੰਨ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ। ਬਾਬਾ ਨਾਨਕ ਰੂਪ ਪੰਜਵੀਂ ਪਾਤਸ਼ਾਹੀ ਜੋ ਖੁਦ ਗੁਰੂ ਹਨ ਉਹ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਨੂੰ ਮੇਰੇ ਗੁਰੂ ਨੇ ਅੰਮ੍ਰਿਤ ਪੀਆਇਆ ਹੈ। ਗੁਰੂ ਸਾਹਿਬ ਨੇ ਕਿਸ ਗੁਰੂ ਕੋਲੋਂ ਅੰਮ੍ਰਿਤ ਪੀਤਾ ਹੈ ਭਾਵ ਉਹਨਾਂ ਦਾ ਆਪਣਾ ਗੁਰੂ ਕੌਣ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਰੇ ਜਗਤ ਦਾ ਗੁਰੂ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜੋ ਇੱਕੋ ਇੱਕ ਆਪ ਹੀ ਅੰਮ੍ਰਿਤ ਦਾ ਮਾਲਕ ਹੈ, ਨਾਮ ਦਾ ਮਾਲਕ ਹੈ। ਜਿਸਨੂੰ ਉਹ ਆਪਣਾ ਨਾਮ ਰੂਪ ਅੰਮ੍ਰਿਤ ਪੀਆਉਂਦਾ ਹੈ ਉਹ ਮਨ ਦੇ ਵਿੱਚ ਹੀ ਪੀਆਉਂਦਾ ਹੈ, ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਪੀਆਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਇਹ ਨਾਮ ਅੰਮ੍ਰਿਤ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਆਪਣਾ ਅੰਮ੍ਰਿਤ ਉਹ ਮਨ ਦੀ ਸਮਝ ਰਾਹੀਂ ਹੀ ਪੀਆਉਂਦਾ ਹੈ, ਬ੍ਰਹਮ ਗਿਆਨ ਵਾਲੀ ਸਮਝ ਮਨ ਦੇ ਵਿੱਚ ਪਾਉਂਣ ਦੁਆਰਾ ਪੀਆਉਂਦਾ ਹੈ। ਆਪਣੀ ਉਹ ਅੰਮ੍ਰਿਤ ਰੂਪ ਬ੍ਰਹਮ ਗਿਆਨ ਦੀ ਸਮਝ ਮਨ ਦੇ ਵਿੱਚ ਪਾਉਂਦਾ ਹੀ ਰਹਿੰਦਾ ਹੈ ਭਾਵ ਆਪਣੀ ਸੱਚੀ ਬਾਣੀ ਸਮਝਾਉਂਦਾ ਹੀ ਰਹਿੰਦਾ ਹੈ, ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੀ ਰਹਿੰਦਾ ਹੈ ਜਿਵੇਂ ਕਿ ਉਸਨੇ ਆਪਣੀ ਸਮਝ ਭਾਵ ਬ੍ਰਹਮ ਗਿਆਨ ਰੂਪ ਸਮਝ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਮਨ ਦੇ ਵਿੱਚ ਉਹਨਾਂ ਨੂੰ ਉਸਨੇ ਇੱਕੋ ਜਿਹੇ ਬ੍ਰਹਮ ਗਿਆਨ ਦੀ ਸਮਝ ਪਾਈ ਹੈ ਭਾਵ ਸਭ ਨੂੰ ਇੱਕੋ ਜਿਹਾ ਨਾਮ ਸਮਝਾਇਆ ਹੈ ਤੇ ਇਸੇ ਲਈ ਉਹਨਾਂ ਨੇ ਪੂਰੀ ਗੁਰਬਾਣੀ ਵਿੱਚ ਇੱਕੋ ਜਿਹਾ ਨਾਮ ਸਮਝਾਇਆ

ਹੈ, ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਦਾ ਹੀ ਹੈ ਭਾਵ ਸਾਡੀ ਕਥਨੀ ਨਹੀਂ ਕਰਨੀ ਦਾ ਮਾਰਗ ਹੈ। ਜੋ ਪ੍ਰਮਾਤਮਾ ਦਾ ਜਾਨਣਹਾਰ ਹੈ ਉਹ ਤਾਂ ਫਿਰ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਵੇਗਾ, ਇੱਕੋ ਜਿਹਾ ਨਾਮ ਹੀ ਸਮਝਾਵੇਗਾ। ਸਾਨੂੰ ਨਾਮ ਉਹ ਹੀ ਸਮਝਾ ਸਕਦਾ ਹੈ ਜਿਨ੍ਹਾਂ ਨੂੰ ਆਪਣਾ ਨਾਮ ਪਹਿਲਾਂ ਪ੍ਰਮਾਤਮਾ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਸਮਝਾਇਆ ਹੈ ਤੇ ਜਿਹੜੇ ਸਾਨੂੰ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ, ਸੰਤ ਆਦਿ ਅਖਵਾਉਂਣ ਵਾਲੇ ਨਾਮ ਹੀ ਵੱਖਰੇ ਵੱਖਰੇ ਸਮਝਾਉਂਦੇ ਹਨ, ਕਿਸੇ ਅੱਖਰ ਦਾ ਜਪ ਕਰਨਾ ਸਮਝਾਉਂਦੇ ਹਨ, ਕਥਨੀ ਦੇ ਮਾਰਗ ਨਾਲ ਜੋੜਦੇ ਹਨ, ਸਰੀਰਕ ਜਪ ਤਪ ਆਦਿ ਨਾਲ ਜੋੜਦੇ ਹਨ ਉਹ ਫਿਰ ਪ੍ਰਮਾਤਮਾ ਨੂੰ ਜਾਨਣ ਵਾਲੇ ਕਿਵੇਂ ਹੋ ਸਕਦੇ ਹਨ, ਇਸੇ ਲਈ ਉਹਨਾਂ ਨੂੰ ਅਜਾਣੂ ਕਿਹਾ ਹੈ। ਪ੍ਰਮਾਤਮਾ ਦੇ ਭਗਤ ਮਨ ਰੂਪ ਅੰਮ੍ਰਿਤ ਪੀਣ ਦੁਆਰਾ ਸਦਾ ਖੇੜੇ ਵਿੱਚ ਹੀ ਰਹਿੰਦੇ ਹਨ ਭਾਵ ਪ੍ਰਮਾਤਮਾ ਦੀ ਸਮਝਾਈ ਹੋਈ ਸੱਚੀ ਮਤਿ ਨੂੰ ਹਰ ਵੇਲੇ ਖਿੜੇ ਮੱਥੇ ਮੰਨਦੇ ਹਨ ਭਾਵ ਉਸਦੀ ਰਜਾ ਅਨੁਸਾਰ ਚੱਲਦੇ ਹਨ ਤੇ ਹਰ ਆਕਾਰ ਰੂਪ ਦਾ ਮਾਲਕ ਪ੍ਰਮਾਤਮਾ ਨੂੰ ਹੀ ਸਮਝਦੇ ਹਨ ਕਿਉਂਕਿ ਉਹ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣਦੇ ਹਨ ਭਾਵ ਉਸਦੇ ਬ੍ਰਹਮ ਗਿਆਨ ਰੂਪ ਨੂੰ ਜਾਣਦੇ ਹਨ ਜੋ ਹਰ ਆਕਾਰ ਰੂਪ ਨੂੰ ਬਨਾਉਂਣ ਵਾਲਾ ਹੈ ਤੇ ਉਸਨੂੰ ਚਲਾਉਂਣ ਵਾਲਾ ਹੈ ਭਾਵ ਸਭ ਕੁਝ ਉਹ ਆਪ ਹੀ ਹੈ। ਆਪਣੇ ਮਨ ਰੂਪ ਘਰ ਨੂੰ ਜਾਣੇ ਬਿਨਾਂ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਘਰ ਹੈ ਉਸ ਘਰ ਨੂੰ ਜਾਣੇ ਬਿਨਾਂ ਪ੍ਰਮਾਤਮਾ ਨੂੰ ਜਾਨਣ ਵਿੱਚ ਹਰ ਕੋਈ ਅਜਾਣੂ ਹੀ ਹੈ ਭਾਵੇਂ ਉਹ ਕਿਤਨੇ ਮਰਜੀ ਬਾਹਰੀ ਦਿਖਾਵੇ ਕਰਨ ਦੁਆਰਾ ਆਪਣੇ ਆਪ ਨੂੰ, ਪ੍ਰਮਾਤਮਾ ਨੂੰ ਜਾਨਣ ਵਾਲਾ ਦਿਖਾਉਂਣ ਦੀ ਕੋਸ਼ਿਸ਼ ਕਰੇ। ਪ੍ਰਮਾਤਮਾ ਕੋਲੋਂ ਕੀ ਛੁਪਿਆ ਹੋਇਆ ਹੈ ਜੋ ਆਪ ਹੀ ਮਨੁੱਖ ਨੂੰ ਭਰਮ ਵਿੱਚ ਪਾ ਕੇ ਆਪਣੀ ਸੰਸਾਰਿਕ ਖੇਡ ਨੂੰ ਚਲਾ ਰਿਹਾ ਹੈ ਜਿਸ ਖੇਡ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦਾ ਅੰਮ੍ਰਿਤ ਪੀਣ ਦੁਆਰਾ ਹੀ ਪੈ ਸਕਦੀ ਹੈ ਜੋ ਅੰਮ੍ਰਿਤ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਦਿੰਦਾ ਹੈ ਤੇ ਮਨੁੱਖ ਦੀ ਚੰਡਾਲ ਮਤਿ ਨੂੰ, ਸ਼ੂਦਰ ਮਤਿ ਨੂੰ ਸ੍ਰੇਸ਼ਟ ਮਤਿ ਬਣਾ ਦਿੰਦਾ ਹੈ, ਧਰਮ ਦੇ ਸੱਚੇ ਮਾਰਗ ਤੇ ਚੱਲਣ ਵਾਲੀ ਸਮਝ ਬਣਾ ਦਿੰਦਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਪੂਰੇ ਸ਼ਬਦ ਦੁਆਰਾ ਸਮਝਿਆ ਹੈ। **(ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥ ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥ ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥ ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਝਰਿਆ ਘਰੁ ਪਾਇਆ ਰੇ ॥ ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥ ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥ ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥ ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥ ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥)** ਅੰਗ ੩੮੨

49/6613

{ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥ ਅਗਮ ਅਗੋਚਰੁ ਸਾਹਿਬੁ ਮੇਰਾ ॥
ਘਟ ਘਟ ਅੰਤਰਿ ਵਰਤੈ ਨੇਰਾ ॥ ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥
ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥ ਹਥੀ ਦਿਤੀ ਪ੍ਰਭਿ ਦੇਵਣਹਾਰੈ ॥
ਜਨਮ ਮਰਣ ਰੋਗ ਸਭਿ ਨਿਵਾਰੇ॥ ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ॥੪॥੩੫॥੪੨॥}

(ਅੰਗ ੧੦੬)

{ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥ ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥
ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥
ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ॥

ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥}

(ਅੰਗ ੨੧)

{ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ ੨੧)

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥ ਭਾਈ ਰੇ ਗੁਰਮਤਿ ਸਾਚਿ ਰਹਾਉ ॥
ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥
ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥
ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥
ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥ ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ॥
ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥ ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥
ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥}

(ਅੰਗ ੩੦)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

{ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥ ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥

ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥ ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥੧॥
ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥ ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥੧॥ ਰਹਾਉ ॥
ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥ ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥
ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ॥ ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥੨॥
ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥ ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ॥
ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥ ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥੩॥
ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ ॥ ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ॥
ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ ॥
ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥੪॥੧੩॥੯੩॥}

(ਅੰਗ ੪੬-੪੭)

{ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥ ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥੧॥ ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥੧॥ ਰਹਾਉ ॥ ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ॥
ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥
ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥
ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥੩॥ ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥
ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥ ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥
ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥
ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥ ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥ ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥
ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥ ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥
ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥੭॥ ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪॥}

(ਅੰਗ ੫੫)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ॥੧॥ ਰਹਾਉ ॥ ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ॥
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥ ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥ ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥ ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥

ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥ ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥ ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥ ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥
ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥ ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥ ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ॥ ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ॥੮॥੬॥}

(ਅੰਗ ੫੬-੫੭)

{ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ॥ ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ॥
ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ ॥੧॥ ਮਨ ਰੇ ਰਾਮ ਜਪਹੁ ਸੁਖੁ ਹੋਇ ॥
ਬਿਨੁ ਗੁਰ ਪ੍ਰੇਮੁ ਨ ਪਾਈਐ ਸਬਦਿ ਮਿਲੈ ਰੰਗੁ ਹੋਇ ॥੧॥ ਰਹਾਉ ॥
ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ॥ ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ॥
ਗੁਰਮੁਖਿ ਜਾਣਿ ਸਿਵਾਣੀਐ ਗੁਰਿ ਮੇਲੀ ਗੁਣ ਚਾਰੁ ॥੨॥ ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ॥
ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ ॥ ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ ॥੩॥
ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ ॥ ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ ॥
ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ ॥੪॥ ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ ॥
ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ ॥ ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥੫॥
ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ ॥ ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ ॥੬॥ ਗੁਰਮੁਖਿ ਤੋਲਿ ਤੁਲਾਇਸੀ ਸਚੁ ਤਰਾਜੀ ਤੋਲੁ ॥
ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥ ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥੭॥
ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥ ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥
ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥੮॥੯॥}

(ਅੰਗ ੫੮-੫੯)

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੦-੬੧)

{ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥
ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥੧॥ ਭਾਈ ਰੇ ਭਵਜਲੁ ਬਿਖਮੁ ਡਰਾਂਉ ॥
ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥ ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥
ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥੨॥}

(ਅੰਗ ੬੩)

{ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥
ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥੧॥ ਸਿਮਰਤ ਨਾਮੁ ਦੋਖ ਸਭਿ ਲਾਥੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥ ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥
ਪ੍ਰਭੁ ਸਮਰਥੁ ਵਡ ਊਚ ਅਪਾਰਾ ॥ ਨਉ ਨਿਧਿ ਨਾਮੁ ਭਰੇ ਭੰਡਾਰਾ ॥
ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥੩॥ ਕਰਿ ਕਿਰਪਾ ਮੇਰੇ ਦੀਨ ਦਇਆਲਾ ॥
ਜਾਚਿਕੁ ਜਾਚੈ ਸਾਧ ਰਵਾਲਾ ॥ ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥੪॥੩੮॥੪੫॥}

(ਅੰਗ ੧੦੭)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥

ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

{ਸਤਿਗੁਰੁ ਸੇਵਿਐ ਵਡੀ ਵਡਿਆਈ ॥ ਹਰਿ ਜੀ ਅਚਿੰਤੁ ਵਸੈ ਮਨਿ ਆਈ ॥
ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ ॥
ਹਰਿ ਸਤਸੰਗਤਿ ਆਪੇ ਮੇਲੈ ਗੁਰ ਸਬਦੀ ਹਰਿ ਗੁਣ ਗਾਵਣਿਆ ॥੧॥ ਰਹਾਉ ॥
ਸਤਿਗੁਰੁ ਸੇਵੀ ਸਬਦਿ ਸੁਹਾਇਆ ॥ ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥
ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥੨॥
ਬਿਨੁ ਗੁਰ ਨਾਮੁ ਨ ਪਾਇਆ ਜਾਇ ॥ ਸਿਧ ਸਾਧਿਕ ਰਹੇ ਬਿਲਲਾਇ ॥
ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ ॥੩॥
ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥
ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥੪॥
ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥ ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥
ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ ॥੫॥
ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥ ਦੂਜਾ ਭਰਮੁ ਗੁਰ ਸਬਦਿ ਜਲਾਏ ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥
ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥੭॥
ਸਤਿਗੁਰੁ ਦਾਤਾ ਮਿਲੈ ਮਿਲਾਇਆ ॥ ਪੂਰੈ ਭਾਗਿ ਮਨਿ ਸਬਦੁ ਵਸਾਇਆ ॥
ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ ॥੮॥੯॥੧੦॥}

(ਅੰਗ ੧੧੪-੧੧੫)

{ਪੇਈਅੜੈ ਦਿਨ ਚਾਰਿ ਹੈ ਹਰਿ ਹਰਿ ਲਿਖਿ ਪਾਇਆ ॥ ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ ॥
ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ ॥ ਗੁਰਮੁਖਿ ਸਹਜਿ ਸਮਾਣੀਆ ਹਰਿ ਹਰਿ ਮਨਿ ਭਾਇਆ ॥੧॥
ਸਸੁਰੈ ਪੇਈਐ ਪਿਰੁ ਵਸੈ ਕਹੁ ਕਿਤੁ ਬਿਧਿ ਪਾਈਐ॥ ਆਪਿ ਨਿਰੰਜਨੁ ਅਲਖੁ ਹੈ ਆਪੇ ਮੇਲਾਈਐ॥੧॥ ਰਹਾਉ॥
ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥
ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ॥੨॥
ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥੩॥
ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ ॥ ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ ॥
ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ ਬੀਰਾ ॥

ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ॥੪॥੩॥੧੭॥੩੭॥}

(ਅੰਗ ੧੬੨-੧੬੩)

{ਗੁਰਿ ਮਿਲਿਐ ਹਰਿ ਮੇਲਾ ਹੋਈ ॥ ਆਪੇ ਮੇਲਿ ਮਿਲਾਵੈ ਸੋਈ ॥ ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ ॥
ਹੁਕਮੇ ਮੇਲੇ ਸਬਦਿ ਪਛਾਣੈ ॥੧॥ ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ਭੈ ਰਾਚੈ ਸਚ ਰੰਗਿ ਸਮਾਇ ॥੧॥ ਰਹਾਉ॥
ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ ॥ ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ ॥
ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ ॥ ਮੇਰਾ ਪ੍ਰਭੁ ਬਖਸੇ ਬਖਸਣਹਾਰੁ ॥੨॥
ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥ ਸਾਚਿ ਵਸਿਐ ਸਾਚੀ ਸਭ ਕਾਰ ॥
ਊਤਮ ਕਰਣੀ ਸਬਦ ਬੀਚਾਰ ॥੩॥ ਗੁਰ ਤੇ ਸਾਚੀ ਸੇਵਾ ਹੋਇ ॥ ਗੁਰਮੁਖਿ ਨਾਮੁ ਪਛਾਣੈ ਕੋਇ ॥
ਜੀਵੈ ਦਾਤਾ ਦੇਵਣਹਾਰੁ ॥ ਨਾਨਕ ਹਰਿ ਨਾਮੇ ਲਗੈ ਪਿਆਰੁ ॥੪॥੧॥੨੧॥}

(ਅੰਗ ੧੫੭-੧੫੮)

49/6614

{ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ॥
ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥ ਹਰਿ ਪਾਇਅੜਾ ਮਨਿ ਜੀਵਾ ਜੀਉ ॥੧॥
ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ ॥ ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ ॥
ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥ ਹਉ ਨਾਮ ਵਿਟਹੁ ਕੁਰਬਾਣੁ ਜੀਉ ॥੨॥
ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ ॥ ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ ॥
ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥ ਹਰਿ ਨਾਮੇ ਨਾਮਿ ਸਮਾਈ ਜੀਉ ॥੩॥
ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ ॥ ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖਿ ਪਾਈ ਜੀਉ ॥
ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ ॥
ਜਨ ਨਾਨਕ ਹਰਿ ਰਸੁ ਪਾਈ ਜੀਉ ॥੪॥੬॥੨੦॥੧੮॥੩੨॥੭੦॥}

(ਅੰਗ ੧੭੫)

{ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥
ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਧੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥
ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥
ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥}

(ਅੰਗ ੭੭੩-੭੭੪)

{ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥
ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥
ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥
ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥
ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥
ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥
ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥
ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥
ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥ ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥
ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥
ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥੨॥
ਬਾਬਾ ਲਗਨੁ ਗਣਾਇ ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥
ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥
ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥
ਜਾਵੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ ॥ ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ ॥
ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥੩॥
ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ ॥
ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥

ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥
ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ॥ ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥੪॥੧॥}

(ਅੰਗ ੭੬੩-੭੬੪)

{ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥
ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥੧॥ ਕਰੇ ਵਖਿਆਣੁ ਜਾਣੈ ਜੇ ਕੋਈ ॥
ਅੰਮ੍ਰਿਤੁ ਪੀਵੈ ਸੋਈ ॥੧॥ ਰਹਾਉ ॥ ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥
ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥੨॥
ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥੩॥
ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥੪॥੮॥}

(ਅੰਗ ੩੫੧)

{ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥}

(ਅੰਗ ੩੫੯-੩੬੦)

{ਭਗਤਿ ਰਤਾ ਜਨੁ ਸਹਜਿ ਸੁਭਾਇ ॥ ਗੁਰ ਕੈ ਭੈ ਸਾਚੈ ਸਾਚਿ ਸਮਾਇ ॥
ਬਿਨੁ ਗੁਰ ਪੂਰੇ ਭਗਤਿ ਨ ਹੋਇ ॥ ਮਨਮੁਖ ਰੁੰਨੇ ਅਪਨੀ ਪਤਿ ਖੋਇ॥੧॥ ਮੇਰੇ ਮਨ ਹਰਿ ਜਪਿ ਸਦਾ ਧਿਆਇ॥
ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ ਸੋਈ ਫਲੁ ਪਾਇ ॥੧॥ ਰਹਾਉ ॥
ਗੁਰ ਪੂਰੇ ਤੇ ਪੂਰਾ ਪਾਏ ॥ ਹਿਰਦੈ ਸਬਦੁ ਸਚੁ ਨਾਮੁ ਵਸਾਏ ॥
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥ ਸਦਾ ਸੂਚੇ ਸਾਚਿ ਸਮਾਏ ॥੨॥
ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥ ਗੁਰ ਪਰਸਾਦਿ ਰਹਿਆ ਭਰਪੂਰਿ ॥ ਜਹਾ ਜਾਉ ਤਹ ਵੇਖਾ ਸੋਇ ॥
ਗੁਰ ਬਿਨੁ ਦਾਤਾ ਅਵਰੁ ਨ ਕੋਇ ॥੩॥ ਗੁਰੁ ਸਾਗਰੁ ਪੂਰਾ ਭੰਡਾਰ॥ ਊਤਮ ਰਤਨ ਜਵਾਹਰ ਅਪਾਰ॥
ਗੁਰ ਪਰਸਾਦੀ ਦੇਵਣਹਾਰੁ ॥ ਨਾਨਕ ਬਖਸੇ ਬਖਸਣਹਾਰੁ ॥੪॥੯॥੪੮॥}

(ਅੰਗ ੩੬੩)

{ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥
ਗੁਰਬਾਣੀ ਹਰਿ ਅਲਖੁ ਲਖਾਇਆ ॥੧॥ ਗੁਰਮੁਖਿ ਨਾਮੁ ਸੁਨਹੁ ਮੇਰੀ ਭੈਨਾ ॥
ਏਕੋ ਰਵਿ ਰਹਿਆ ਘਟ ਅੰਤਰਿ ਮੁਖਿ ਬੋਲਹੁ ਗੁਰ ਅੰਮ੍ਰਿਤ ਬੈਨਾ ॥੧॥ ਰਹਾਉ ॥
ਮੈ ਮਨਿ ਤਨਿ ਪ੍ਰੇਮੁ ਮਹਾ ਬੈਰਾਗੁ ॥ ਸਤਿਗੁਰੁ ਪੁਰਖੁ ਪਾਇਆ ਵਡਭਾਗੁ ॥੨॥
ਦੂਜੈ ਭਾਇ ਭਵਹਿ ਬਿਖੁ ਮਾਇਆ ॥ ਭਾਗਹੀਨ ਨਹੀ ਸਤਿਗੁਰੁ ਪਾਇਆ ॥੩॥
ਅੰਮ੍ਰਿਤੁ ਹਰਿ ਰਸੁ ਹਰਿ ਆਪਿ ਪੀਆਇਆ ॥ ਗੁਰਿ ਪੂਰੈ ਨਾਨਕ ਹਰਿ ਪਾਇਆ ॥੪॥੩॥੫੫॥}

(ਅੰਗ ੩੬੬)

{ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥}

(ਅੰਗ ੨)

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥ ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥
ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥ ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥
ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥}

(ਅੰਗ ੨੦)

{ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥
ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥ ਮਨ ਰੇ ਅਹਿਨਿਸਿ ਹਰਿ ਗੁਣ ਸਾਰਿ॥
ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥
ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥
ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥
ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥
ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥
ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥

ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥ }

(ਅੰਗ ੨੧-੨੨)

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥}

(ਅੰਗ ੭੮-੭੯)

{ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ ੩੩੧)

{ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥
ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥
ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥
ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥
ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥
ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥
ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥੨॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥
ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥
ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥
ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥੪॥੧॥੪॥}

(ਅੰਗ ੭੬੫-੭੬੬)

{ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥੧॥
ਕਹਣਾ ਹੈ ਕਿਛੁ ਕਹਣੁ ਨ ਜਾਇ ॥ ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ ਰਹਾਉ ॥
ਸਰਮ ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ ॥੨॥
ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥੩॥੩॥}

(ਅੰਗ ੧੫੧-੧੫੨)

{ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥
ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ॥
ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥
ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥

ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥}

(ਅੰਗ ੩੫੧)

{ਗੁਰਮੁਖਿ ਹਰਿ ਗੁਣ ਗਾਏ ॥ ਹਿਰਦੈ ਰਸਨ ਰਸਾਏ ॥
ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥
ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥
ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥
ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥ ਸੰਗਤਿ ਸੰਤ ਮਿਲਾਏ ॥
ਹਰਿ ਸਰਿ ਨਿਰਮਲਿ ਨਾਏ ॥ ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥ ਅੰਤਰਿ ਰਤਨੁ ਬੀਚਾਰੇ ॥
ਗੁਰਮੁਖਿ ਨਾਮੁ ਪਿਆਰੇ ॥ ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥ ਹਰਿ ਪ੍ਰਭਿ ਕਾਜੁ ਰਚਾਇਆ ॥
ਗੁਰਮੁਖਿ ਵੀਆਹਣਿ ਆਇਆ ॥ ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥੧॥੩॥}

(ਅੰਗ ੭੭੪-੭੭੫)

49/6615

ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੇ ਨਾਲ ਮੇਲ ਦੀ ਪਹਿਚਾਣ ਕੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿਸ ਸਰੀਰ ਰਾਹੀਂ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਮਨੁੱਖੀ ਸਮਝ ਵਿੱਚ ਪ੍ਰਮਾਤਮਾ ਆਪਣਾ ਗੁਰਮਤਿ ਰੂਪ ਸੱਚਾ ਗਿਆਨ ਹੀ ਪਾਉਂਦਾ ਹੈ ਜੋ ਸੱਚਾ ਗਿਆਨ ਪੂਰੀ ਗੁਰਬਾਣੀ ਵਿੱਚ ਹੈ। ਪ੍ਰਮਾਤਮਾ ਨਾਲ ਮੇਲ ਦੀ ਸਭ ਤੋਂ ਵੱਡੀ ਨਿਸ਼ਾਨੀ ਇਹੀ ਹੈ ਕਿ ਉਸ ਮਨੁੱਖੀ ਦੇਹ ਨੂੰ ਪੂਰੀ ਗੁਰਬਾਣੀ ਦੇ ਹਰ ਸ਼ਬਦ ਦੀ ਸੱਚੀ ਸਮਝ ਹੋਣੀ ਚਾਹੀਦੀ ਹੈ ਕਿਉਂਕਿ ਪ੍ਰਮਾਤਮਾ ਮਨੁੱਖੀ ਸਮਝ ਨੂੰ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਨਾਮ ਵਾਲੀ ਸਮਝ ਬਣਾਉਂਦਾ ਹੈ ਭਾਵ ਆਪਣੇ ਨਾਮ ਦੀ ਜਾਤਿ ਵਾਲਾ ਬਣਾਉਂਦਾ ਹੈ ਤੇ ਕਿਸੇ ਨੂੰ ਹਉਮੈ ਵਾਲੀ ਨੀਚ ਜਾਤਿ ਵਿੱਚੋਂ ਕੱਢਦਾ ਹੈ ਜਿਸ ਨੀਚ ਜਾਤਿ ਵਿੱਚ ਰਹਿੰਦਿਆਂ ਕੋਈ ਆਪਣੇ ਆਪ ਪੂਰੀ ਗੁਰਬਾਣੀ ਨੂੰ ਸਮਝ ਲਵੇ ਇਹ ਨਾਮੁਮਕਿਨ ਹੈ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਜਾਂ ਪੂਰੀ ਗੁਰਬਾਣੀ ਦੇ ਸੱਚ ਨੂੰ ਜਾਣਨਾ ਇੱਕੋ ਹੀ ਗੱਲ ਹੈ। ਪੂਰੀ ਗੁਰਬਾਣੀ ਦੇ ਵਿੱਚ ਜੋ ਸੱਚ ਹੈ ਭਾਵ ਸੱਚਾ ਗਿਆਨ ਹੈ ਉਹ ਬ੍ਰਹਮ ਗਿਆਨ ਹੈ, ਨਾਮ ਹੈ ਤੇ ਉਸੇ ਸੱਚ ਦੇ ਰੂਪ ਵਿੱਚ ਹੀ, ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਜਾਂ ਗੁਰਬਾਣੀ ਦੇ ਅੰਦਰ ਦੇ ਸੱਚ ਨੂੰ ਜਾਨਣਾ ਇੱਕੋ ਹੀ ਗੱਲ

ਹੈ। ਸਚੁ ਰੂਪ ਹੀ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਰੂਪ ਵਿੱਚ ਹੀ ਹੈ। ਜਿਸਦੇ ਨਾਲ ਪ੍ਰਮਾਤਮਾ ਦਾ ਮੇਲ ਹੁੰਦਾ ਹੈ ਉਸਨੂੰ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਰੂਪ ਰੱਸ ਹੀ ਪਿਆਉਂਦਾ ਹੈ ਭਾਵ ਆਪਣਾ ਨਾਮ ਰੱਸ ਹੀ ਪਿਆਉਂਦਾ ਹੈ ਜੋ ਆਪਣਾ ਰੱਸ ਪਿਆਉਂਣ ਦੁਆਰਾ ਉਹ ਮਨੁੱਖੀ ਸਮਝ ਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ ਜੋ ਭਰਮਾਂ ਵਾਲੀ ਸਮਝ ਉਹ ਮਨ ਦੇ ਵਿੱਚ ਆਪਣਾ ਗੁਰਮਤਿ ਰੂਪ ਭਾਵ ਗੁਰਬਾਣੀ ਦਾ ਸੱਚਾ ਗਿਆਨ ਦੇਣ ਦੁਆਰਾ ਹੀ ਕੱਢਦਾ ਹੈ ਤੇ ਤਾਂ ਹੀ ਮਨੁੱਖ ਨੂੰ ਗੁਰਬਾਣੀ ਦੇ ਸੱਚ ਦੀ ਸਮਝ ਪੈਂਦੀ ਹੈ ਕਿ ਪੂਰੀ ਗੁਰਬਾਣੀ ਸੰਸਾਰ ਵਿੱਚ ਕਿੱਥੋਂ ਆਈ ਹੈ, ਕਿਵੇਂ ਆਈ ਹੈ, ਕਿਸ ਮਕਸਦ ਲਈ ਆਈ ਹੈ ਤੇ ਗੁਰਬਾਣੀ ਦੇ ਅੰਦਰ ਦਾ ਸੱਚ ਸਾਨੂੰ ਕਿਵੇਂ ਸਮਝ ਆਉਂਦਾ ਹੈ ਤੇ ਕੌਣ ਸਮਝਾਉਂਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

49/6616

“ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥
ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥
ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥”

(ਅੰਗ ੧੩)

ਅਸੀਂ ਉਪਰ ਵਾਲੇ ਸ਼ਬਦ ਨੂੰ ਪਹਿਲੇ ਸਮਝਿਆ ਹੀ ਹੈ। ਬਾਰ-ਬਾਰ ਬਾਣੀ ਵਿੱਚ ਮਾਇਆ ਮੋਹ ਦੇ ਸਾਗਰ ਵਿੱਚੋਂ, ਭਵਜਲ ਸਾਗਰ ਵਿੱਚੋਂ ਤਰਨ ਦੀ ਗੱਲ ਆਉਂਦੀ ਹੈ ਤੇ ਅਸੀਂ ਤਰਨਾ ਕਿਸ ਚੀਜ ਤੋਂ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਜੋ ਕੋਈ ਵੀ ਅੱਜ ਤੱਕ ਸੰਸਾਰ ਵਿੱਚ ਤਰਿਆ ਹੈ ਉਹ ਬ੍ਰਹਮ ਗਿਆਨ ਦੁਆਰਾ ਹੀ ਤਰਿਆ ਹੈ ਭਾਵ ਬ੍ਰਹਮ ਗਿਆਨੀ ਬਣਨ ਦੁਆਰਾ ਤਰਿਆ ਹੈ। ਬ੍ਰਹਮ ਗਿਆਨੀ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੈ।

{ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥੮॥੯॥}

(ਅੰਗ ੨੭੩-੨੭੪)

ਜੋ ਵੀ ਮਾਇਆ ਮੋਹ ਦੇ ਸਾਗਰ ਤੋਂ ਤਰਦਾ ਹੈ ਉਹੀ ਬ੍ਰਹਮ ਗਿਆਨੀ ਬਣਦਾ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਬਣਦਾ ਹੈ ਤੇ ਪ੍ਰਮਾਤਮਾ ਦਾ ਆਪਣਾ ਬ੍ਰਹਮ ਗਿਆਨੀ ਰੂਪ ਹੀ ਉਸਦਾ ਆਪਣਾ ਗੁਰੂ ਰੂਪ ਹੈ ਜਿਸ ਦੁਆਰਾ ਉਸਨੇ ਆਪ ਹੀ ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ। ਜਦ ਤਕ ਪ੍ਰਮਾਤਮਾ ਕਿਸੇ ਮਨੁੱਖੀ ਸਰੀਰ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤਕ ਸੰਸਾਰ ਦਾ ਹਰ ਮਨੁੱਖ ਸੰਸੇ ਵਿੱਚ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਪੈਂਦੀ, ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਪੈਂਦੀ ਜਿਸ ਕਰਕੇ ਉਹ ਵਿਕਾਰਾਂ ਵਿੱਚ ਰਹਿੰਦਾ ਹੈ ਭਾਵ ਉਹੋ ਜਿਹੇ ਕਰਮ ਕਰਦਾ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ ਕਿਉਂਕਿ ਮਨ ਦੇ ਸੰਸੇ ਵਿੱਚ ਰਹਿੰਦੇ ਹੋਏ ਧਰਮ ਦੇ ਸੱਚੇ ਮਾਰਗ ਦੀ ਸੱਚੀ ਸਮਝ ਹੀ ਨਹੀਂ ਪੈਂਦੀ। ਮਨੁੱਖ ਦੀ ਸੰਸੇ ਵਾਲੀ ਭਾਵ ਭਰਮਾਂ ਵਾਲੀ ਸਮਝ ਹੀ ਮਨੁੱਖ ਦੇ ਅੰਦਰ ਮਾਇਆ ਮੋਹ ਵਾਲੀ ਸਮਝ ਹੈ, ਸਾਡੇ ਅੰਦਰ ਦਾ ਭਵਜਲ ਸਾਗਰ ਹੈ ਜੋ ਸਾਗਰ ਸਾਡੇ ਅੰਦਰ ਭਰਮਾਂ ਵਾਲੀ ਸਮਝ ਦਾ ਸਾਗਰ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਮਾਇਆ

ਮੋਹ ਦੇ ਸਾਗਰ ਤੋਂ ਤਾਰਦਾ ਹੈ ਭਾਵ ਮਨ ਦੀ ਭਰਮਾਂ ਵਾਲੀ ਮਤਿ ਤੋਂ ਤਾਰਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਤਾਰਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਹੀ ਤਾਰਦਾ ਹੈ, ਬ੍ਰਹਮ ਗਿਆਨੀ

49/6617

ਬਨਾਉਂਣ ਦੁਆਰਾ ਹੀ ਤਾਰਦਾ ਹੈ ਭਾਵ ਆਪਣਾ ਰੂਪ ਬਨਾਉਂਣ ਦੁਆਰਾ ਹੀ ਤਾਰਦਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਬ੍ਰਹਮ ਗਿਆਨੀ ਆਪ ਮਨੁੱਖ ਨਹੀਂ ਹੈ ਬਲਕਿ ਬ੍ਰਹਮ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਆਪ ਪ੍ਰਮਾਤਮਾ ਹੈ। ਇਸੇ ਲਈ ਹੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਨੂੰ ਹੀ ਬ੍ਰਹਮ ਗਿਆਨੀ ਕਿਹਾ ਹੈ, ਸੰਤ ਕਿਹਾ ਹੈ, ਗੁਰੂ ਕਿਹਾ ਹੈ, ਗਿਆਨ ਦਾ ਮਾਲਕ ਕਿਹਾ ਹੈ, ਧਰਮ ਦਾ ਵਿਦਵਾਨ ਕਿਹਾ ਹੈ ਨਾ ਕਿ ਆਪਣੇ ਆਪ ਨੂੰ ਕਿਹਾ ਹੈ ਜਿਵੇਂ ਕਿ ਦੁਨਿਆਵੀ ਸੰਤ ਆਪਣੇ ਆਪ ਨੂੰ ਸੰਤ ਅਖਵਾਉਂਦੇ ਹਨ, ਧਰਮ ਦੇ ਵਿਦਵਾਨ ਅਖਵਾਉਂਦੇ ਹਨ। ਸਾਰੀ ਗੱਲ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੀ ਜਾਂ ਨਾ ਜਾਨਣ ਦੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹਰ ਕੋਈ ਸੰਸੇ ਵਿੱਚ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਹੈ, ਹਉਮੈ ਵਿੱਚ ਹੈ ਤੇ ਭਰਮਾਂ ਵਾਲੀ ਸਮਝ ਵਿੱਚੋਂ ਪ੍ਰਮਾਤਮਾ ਕਿਸੇ ਨੂੰ ਆਪ ਹੀ ਤਾਰਦਾ ਹੈ, ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਤਾਰਦਾ ਹੈ। ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਮਾਇਆ ਮੋਹ ਦੇ ਸਾਗਰ ਵਿੱਚ ਰਹਿੰਦੇ ਹੋਏ ਹਰ ਕੋਈ ਮਾਇਆ ਮੋਹ ਵਿੱਚ ਸੁੱਤਾ ਹੋਇਆ ਹੀ ਹੁੰਦਾ ਹੈ ਜਿਸ ਮਾਇਆ ਮੋਹ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਵੀ ਪ੍ਰਮਾਤਮਾ ਦੀ ਅਕਥ ਕਥਾ ਨੂੰ ਭਾਵ ਮਨੁੱਖ ਦੀ ਭਰਮਾਂ ਵਾਲੀ ਸਮਝ ਦੁਆਰਾ ਨਾ ਕਥੀ ਜਾਣ ਵਾਲੀ ਕਥਾ ਨੂੰ ਨਹੀਂ ਕਥ ਸਕਦਾ ਭਾਵ ਪ੍ਰਮਾਤਮਾ ਦੀ ਕਥਾ ਮਨੁੱਖ ਲਈ ਅਕਥ ਹੀ ਰਹਿੰਦੀ ਹੈ ਭਾਵ ਮਨੁੱਖ ਇਹ ਨਹੀਂ ਕੱਥ ਸਕਦਾ, ਕਹਿ ਸਕਦਾ ਕਿ ਪ੍ਰਮਾਤਮਾ ਕੀ ਹੈ। ਜਿਸਨੂੰ ਵੀ ਪ੍ਰਮਾਤਮਾ ਮਨ ਦੀ ਅਗਿਆਨਤਾ ਦੀ ਨੀਂਦ ਵਿੱਚੋਂ ਜਗਾਉਂਦਾ ਹੈ, ਮਾਇਆ ਮੋਹ ਵਾਲੀ ਸਮਝ ਵਿੱਚੋਂ ਜਗਾਉਂਦਾ ਹੈ ਉਸਨੂੰ ਆਪਣਾ ਬ੍ਰਹਮ ਗਿਆਨ ਰੂਪ ਰਸ ਭਾਵ ਨਾਮ ਰਸ ਭਾਵ ਬ੍ਰਹਮ ਗਿਆਨ ਵਾਲੀ ਸੱਚੀ ਸਮਝ ਦਾ ਰਸ ਮਨ ਦੇ ਵਿੱਚ ਆਪ ਪਿਆਉਂਣ ਦੁਆਰਾ ਹੀ ਜਗਾਉਂਦਾ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਦੀ ਅਕਥ ਕਥਾ ਨੂੰ ਜਾਣ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਕੋਲੋਂ ਉਸਦਾ ਬ੍ਰਹਮ ਗਿਆਨ ਰੂਪ ਰਸ ਪੀਣ ਦੁਆਰਾ ਜਾਣਿਆ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥ ਕਥਾ ਹੀ ਹੈ ਤੇ ਜਿਨ੍ਹਾਂ ਨੇ ਪ੍ਰਮਾਤਮਾ ਕੋਲੋਂ ਉਸਦਾ ਬ੍ਰਹਮ ਗਿਆਨ ਰਸ ਭਾਵ ਨਾਮ ਰਸ ਪੀਣ ਦੁਆਰਾ ਉਸਦੀ ਅਕਥ ਕਥਾ ਨੂੰ ਜਾਣਿਆ ਹੈ ਉਹਨਾਂ ਨੇ ਹੀ ਪ੍ਰਮਾਤਮਾ ਦੀ ਅਕਥ ਕਥਾ ਦੀ ਰਚਨਾ ਕੀਤੀ ਹੈ, ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ, ਪ੍ਰਮਾਤਮਾ ਦੇ ਨਾਮ ਦੀ ਰਚਨਾ ਕੀਤੀ ਹੈ, ਬ੍ਰਹਮ ਗਿਆਨ ਦੀ ਰਚਨਾ

49/6618

ਕੀਤੀ ਹੈ ਤੇ ਉਹਨਾਂ ਨੇ ਪ੍ਰਮਾਤਮਾ ਨੂੰ ਹੀ ਬ੍ਰਹਮ ਗਿਆਨ ਦਾ ਮਾਲਕ ਕਿਹਾ ਹੈ, ਨਾਮ ਦਾ ਮਾਲਕ ਕਿਹਾ ਹੈ, ਗੁਰਬਾਣੀ ਦਾ ਮਾਲਕ ਕਿਹਾ ਹੈ ਭਾਵ ਧਰਮ ਦਾ ਵਿਦਵਾਨ ਕਿਹਾ ਹੈ ਜੋ ਕੇਵਲ ਆਪ ਹੀ ਗਿਆਨ ਦਾ ਮਾਲਕ ਹੈ। **(ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥੨॥)**

ਸਾਡੇ ਮਨ ਦਾ ਸੌਣਾ ਜਾਗਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਆਪ ਹੀ ਮਨ ਦੀ ਅਗਿਆਨਤਾ ਦੀ ਨੀਂਦ ਸਵਾਇਆ ਹੋਇਆ ਹੈ, ਮਾਇਆ ਮੋਹ ਦੀ ਨੀਂਦ ਸਵਾਇਆ ਹੋਇਆ ਹੈ ਤੇ ਜਿਸਨੇ ਸਾਡੀ ਸਮਝ ਨੂੰ ਸਵਾਇਆ ਹੋਇਆ ਹੈ ਉਹੀ ਸਾਨੂੰ ਮਨ ਦੀ ਨੀਂਦ ਵਿੱਚੋਂ ਜਗਾ ਸਕਦਾ ਹੈ। ਜਿਸਨੂੰ ਵੀ ਪ੍ਰਮਾਤਮਾ ਮਨ ਦੀ ਅਗਿਆਨਤਾ ਵਾਲੀ ਨੀਂਦ ਵਿੱਚੋਂ ਜਗਾਉਂਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਰੂਪ ਰਸ ਭਾਵ ਆਪਣਾ ਨਾਮ ਰਸ ਪਿਆਉਂਣ ਦੁਆਰਾ ਹੀ ਜਗਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਰੂਪ ਰਸ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਹੈ, ਚਉਥੇ ਪਦ ਦੇ ਗਿਆਨ ਵਾਲੀ ਸਮਝ ਹੈ, ਨਾਮ ਵਾਲੀ ਸਮਝ ਹੈ ਜਿਸਦੀ ਸਮਝ ਮਨ ਦੀ ਨੀਂਦ ਤੋਂ ਜਾਗਣ ਦੁਆਰਾ ਹੀ ਪੈ ਸਕਦੀ ਹੈ, ਪ੍ਰਮਾਤਮਾ ਦੇ ਆਪ ਜਗਾਉਂਣ ਦੁਆਰਾ ਹੀ ਪੈ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਪੂਰੀ ਗੁਰਬਾਣੀ ਸਾਨੂੰ ਪ੍ਰਮਾਤਮਾ ਬਾਰੇ ਹੀ ਸਮਝਾ ਰਹੀ ਹੈ, ਪ੍ਰਮਾਤਮਾ ਦੇ ਨਿਰੰਕਾਰ ਰੂਪ ਬਾਰੇ ਸਮਝਾ ਰਹੀ ਹੈ, ਪ੍ਰਮਾਤਮਾ ਦੇ ਨਾਲ ਮਨੁੱਖ ਦਾ ਮੇਲ ਕਿਵੇਂ ਹੋ ਸਕਦਾ ਹੈ ਭਾਵ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਕਿਵੇਂ ਦੂਰ ਹੋ ਸਕਦਾ ਹੈ, ਸਮਝਾ ਰਹੀ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਮਨ ਦੀ ਅਗਿਆਨਤਾ ਵਾਲੀ ਨੀਂਦ ਵਿੱਚੋਂ ਜਾਗ ਕੇ ਹੀ ਹੋ ਸਕਦਾ ਹੈ ਤੇ ਨੀਂਦ ਵਿੱਚੋਂ ਜਾਗਣ ਦਾ ਤਰੀਕਾ ਕੇਵਲ ਤੇ ਕੇਵਲ ਗੁਰਬਾਣੀ ਦੇ ਅੰਦਰ ਦਾ ਬ੍ਰਹਮ ਗਿਆਨ ਹੈ ਭਾਵ ਪ੍ਰਮਾਤਮਾ ਦਾ ਨਾਮ ਹੈ। ਮਨ ਦੀ ਨੀਂਦ ਤੋਂ ਜਾਗੇ ਬਿਨਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਜੋ ਵੀ ਮਨ ਦੀ ਨੀਂਦ ਵਿੱਚੋਂ ਜਾਗਣਾ ਚਾਹੁੰਦਾ ਹੈ ਭਾਵ ਜੋ ਵੀ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦਾ ਹੈ ਫਿਰ ਉਸਨੂੰ ਗਿਆਨ ਉੱਥੋਂ ਲੈਣਾ ਚਾਹੀਦਾ ਹੈ ਜੋ ਸੱਚਾ ਗਿਆਨ ਸਾਨੂੰ ਸਾਡੀ ਮਨ ਦੀ ਨੀਂਦ ਤੋਂ ਜਗਾ ਸਕਦਾ ਹੈ। ਜਿਹੜੇ ਖੁਦ ਸੁੱਤੇ ਹੋਏ ਹਨ ਭਾਵ ਮਨ ਦੀ ਅਗਿਆਨਤਾ

ਵਿੱਚ ਹਨ ਉਹਨਾਂ ਕੋਲੋਂ ਸਮਝ ਲੈ ਕੇ ਉਹਨਾਂ ਦੀ ਮਤਿ ਲੈ ਕੇ ਅਸੀਂ ਕਿਵੇਂ ਜਾਗ ਸਕਦੇ ਹਾਂ। ਦੇਖਣ ਵਿੱਚ ਉਹ ਜੋ ਸਾਨੂੰ ਬੜੇ ਗਿਆਨਵਾਨ ਨਜਰ ਆਉਂਦੇ ਹਨ, ਧਰਮ ਦੇ ਵਿਦਵਾਨ ਨਜਰ ਆਉਂਦੇ ਹਨ, ਸੰਤ ਆਦਿ ਨਜਰ ਆਉਂਦੇ ਹਨ ਤੇ ਜੇਕਰ ਉਹ ਖੁਦ ਜਾਗਦੇ ਹੁੰਦੇ ਕੀ ਉਹ ਕਦੇ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾ ਸਕਦੇ ਹਨ। ਗੁਰੂ ਤੋਂ ਬਿਨਾਂ ਆਪਣੇ ਆਪ ਨੂੰ ਜੋ ਧਰਮ ਦਾ ਵਿਦਵਾਨ ਅਖਵਾਉਂਦਾ ਹੈ ਅਸਲ ਵਿੱਚ ਉਹ ਆਪ ਹੀ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਹੋਇਆ ਹੁੰਦਾ ਹੈ। ਜੋ ਖੁਦ ਸੁੱਤਾ ਹੋਇਆ ਹੈ ਉਹ ਦੂਸਰਿਆਂ ਨੂੰ ਕਿਵੇਂ ਜਗਾ ਸਕਦਾ ਹੈ। ਇੱਕੋ ਇੱਕ ਕੇਵਲ ਗੁਰੂ ਹੈ ਜੋ ਸਦਾ ਹੀ ਜਾਗਦਾ ਹੈ ਤੇ ਇਸੇ ਲਈ ਸਾਨੂੰ ਧਰਮ ਦੇ ਮਾਰਗ ਦਾ ਸੱਚਾ ਗਿਆਨ ਕੇਵਲ ਤੇ ਕੇਵਲ ਬ੍ਰਹਮ ਗਿਆਨੀ ਗੁਰੂ ਕੋਲੋਂ ਲੈਣਾ ਚਾਹੀਦਾ ਹੈ ਜੋ ਸਾਨੂੰ ਸਾਡੀ ਮਨ ਦੀ ਨੀਂਦ ਤੋਂ ਜਗਾ ਸਕਦਾ ਹੈ ਤੇ ਤਾਂ ਹੀ ਅਸੀਂ ਧਰਮ ਦੇ ਸੱਚੇ ਮਾਰਗ ਨੂੰ ਸਮਝ ਸਕਦੇ ਹਾਂ, ਨਾਮ ਜਪਣ ਦੇ ਮਾਰਗ ਨੂੰ ਸਮਝ ਸਕਦੇ ਹਾਂ ਤੇ ਉਸ ਗਿਆਨ ਦੇ ਮਾਲਕ ਗੁਰੂ ਪ੍ਰਮਾਤਮਾ ਤਕ ਆਪਣੀ ਪਹੁੰਚ ਕਰ ਸਕਦੇ ਹਾਂ ਜੋ ਆਪਣੀ ਗੁਰਬਾਣੀ ਰਾਹੀਂ ਭਾਵ ਗੁਰਬਾਣੀ ਦੇ ਸੱਚੇ ਗਿਆਨ ਰਾਹੀਂ, ਬ੍ਰਹਮ ਗਿਆਨ ਰਾਹੀਂ ਸਦਾ ਹੀ ਜਾਗ ਰਿਹਾ ਹੈ। ਉਹ ਬ੍ਰਹਮ ਗਿਆਨੀ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੀ ਹੈ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਜਾਂ ਪ੍ਰਮਾਤਮਾ ਦੇ ਨਾਲ ਮੇਲ ਇੱਕੋ ਹੀ ਗੱਲ ਹੈ ਭਾਵ ਸਾਰੀ ਗੱਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੈ ਤੇ ਸ਼ਬਦਾਂ ਦੀ ਸੋਝੀ ਦੇ ਨਾਲ ਜੁੜਨ ਦੀ ਹੈ ਜਿਸ ਬ੍ਰਹਮ ਗਿਆਨ ਰੂਪ ਸ਼ਬਦਾਂ ਦੀ ਸੋਝੀ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। **{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥ ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}** ਅੰਗ ੧੨੦ **{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}** ਅੰਗ ੪੫੬ **{ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥ ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥ ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ ॥ ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥}** ਅੰਗ ੫੯੨ **{ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥ ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥ ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥ ਤੀਨਿ ਦੇਵ ਪ੍ਰਤਖਿ**

ਤੋਰਹਿ ਕਰਹਿ ਕਿਸ ਕੀ ਸੇਉ ॥੨॥ ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥ ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥ ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥ ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥ ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥ ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥} ਅੰਗ ੪੭੯ {ਜੈਸੇ ਕਿਰਸਾਨੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥੧॥ ਜੋ ਜਨਮੈ ਸੋ ਜਾਨਹੁ ਮੂਆ ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥੧॥ ਰਹਾਉ ॥ ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ ਫਿਰਿ ਹੋਇ ਪਰਭਾਤਿ ॥੨॥ ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥ ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥} ਅੰਗ ੩੭੫

{ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥
ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ ਰਹਾਉ ॥
ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥
ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥
ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥
ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥
ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥
ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥
ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥੪॥
ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥
ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ ॥੫॥
ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥ ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥ ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥
ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥

ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥}

(ਅੰਗ ੪੧੮)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ ੬੪੬)

ਧਰਮ ਦੇ ਮਾਰਗ ਨੂੰ ਲੈ ਕੇ ਸਭ ਤੋਂ ਵੱਡਾ ਭਰਮ ਨਾਮ ਦੀ ਸਮਝ ਨਾ ਆਉਂਣਾ ਹੀ ਹੈ ਭਾਵ ਮਨ ਦੀ ਅਗਿਆਨਤਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਹਰ ਕੋਈ ਸਮਝ ਸਕਦਾ ਹੈ। ਅਸੀਂ

ਕਿਸ ਕਰਕੇ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਨੀਚ ਹਾਂ, ਚੰਡਾਲ ਮਤਿ ਵਾਲੇ ਹਾਂ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਗਹਿਰਾਈ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ। ਸਾਨੂੰ ਨੀਚ ਬਨਾਉਂਣ ਵਾਲੀ ਸਾਡੇ ਅੰਦਰ ਦੀ ਹਉਮੈ ਵਾਲੀ, ਮਾਇਆ ਮੋਹ ਵਾਲੀ ਸਮਝ ਹੀ ਹੈ ਜਿਸ ਕਰਕੇ ਅਸੀਂ ਮਨ ਦੀ ਅਗਿਆਨਤਾ ਵਿੱਚ ਰਹਿ ਕੇ ਧਰਮ ਦੇ ਸਹੀ ਮਾਰਗ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ ਤੇ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਜਿਨ੍ਹਾਂ ਕਰਕੇ ਸਾਨੂੰ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਨੀਚ ਬਣਨਾ ਪੈਂਦਾ ਹੈ। ਮਨ ਦੀ ਨੀਚਤਾ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦਾ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਹੈ ਜੋ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਅਸੀਂ ਮਨ ਦੀ ਨੀਚ ਮਤਿ ਵਿੱਚੋਂ ਨਿਕਲ ਸਕਦੇ ਹਾਂ। ਮਨ ਦੀ ਨੀਚਤਾ ਵਿੱਚੋਂ ਨਿਕਲਣ ਲਈ ਸਾਡੇ ਕੋਲ ਇੱਕੋ ਇੱਕ ਸੱਚਾ ਸਾਧਨ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਤੇ ਜੇਕਰ ਵਿਚਾਰ ਹੀ ਉਹਨਾਂ ਦੇ ਮੰਨਾਂਗੇ ਜਿਨ੍ਹਾਂ ਨੂੰ ਖੁੱਦ ਇਸ ਗੱਲ ਦੀ ਸਮਝ ਨਹੀਂ ਕਿ ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਭਾਵ ਸ਼ਬਦਾਂ ਦਾ ਗਿਆਨ ਹੀ ਸੱਚਾ ਨਾਮ ਹੈ ਉਹ ਫਿਰ ਸਾਨੂੰ ਮਨ ਦੀ ਨੀਚ ਮਤਿ ਵਿੱਚੋਂ ਕਿਵੇਂ ਕੱਢ ਸਕਦੇ ਹਨ। ਮਨ ਦੀ ਨੀਚ ਮਤਿ ਵਿੱਚੋਂ ਸਾਨੂੰ ਉਹੀ ਕੱਢ ਸਕਦਾ ਹੈ ਜਿਸਦੀ ਆਪਣੀ ਮਤਿ ਉੱਚੀ ਤੇ ਸੁਚੀ ਹੈ ਜੋ ਮਤਿ ਕੇਵਲ ਗੁਰੂ ਦੇ ਕੋਲ ਹੈ। ਹਰ ਸ਼ਬਦ ਦੀ ਵਿਚਾਰ ਦਾ ਮਕਸਦ ਸਾਨੂੰ ਮਨ ਦੀ ਨੀਚ ਮਤਿ ਵਿੱਚੋਂ ਕੱਢ ਕੇ ਉੱਚੀ ਮਤਿ ਬਨਾਉਂਣ ਦਾ ਹੀ ਹੈ ਭਾਵ ਹਉਮੈ ਵਾਲੀ ਸਮਝ ਵਿੱਚੋਂ ਕੱਢ ਕੇ ਨਾਮ ਵਾਲੀ ਸਮਝ ਵਾਲਾ ਬਨਾਉਂਣ ਦਾ ਹੀ ਹੈ ਤੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੇ ਨਾਮ ਨੂੰ ਜਪਣਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਬਾਰ-ਬਾਰ ਇਸ ਗੱਲ ਨੂੰ ਗੁਰੂ ਦੇ ਸ਼ਬਦਾਂ ਦੁਆਰਾ ਸਮਝਿਆ ਹੈ। ਹੁਣ ਅਸੀਂ ਇਸ ਗੱਲ ਨੂੰ ਹੋਰ ਵੀ ਦ੍ਰਿੜਤਾ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਰੂਪ ਧੰਨ ਧੰਨ ਬਾਬਾ ਨਾਨਕ ਜੀ ਕਿਸ ਕਰਕੇ ਉਹਨਾਂ ਨੂੰ ਨੀਚ ਕਿਹਾ ਹੈ ਜੋ ਮਾੜੇ ਕਰਮ ਕਰਦੇ ਹਨ ਤੇ ਉਹਨਾਂ ਨੂੰ ਮਾੜੇ ਕਰਮ ਛੱਡਕੇ ਚੰਗੇ ਕਰਮ ਕਰਨ ਲਈ ਸਮਝਾਇਆ ਹੈ। ਜਪੁਜੀ ਬਾਣੀ ਦੇ ਉਸ ਸ਼ਬਦ ਨੂੰ ਫਿਰ ਤੋਂ ਪੜਿਆ ਜਾ ਸਕਦਾ ਹੈ ਤਾਂ ਜੋ ਅਸੀਂ ਮਨ ਦੀ ਨੀਚ ਮਤਿ ਵਿੱਚੋਂ

ਨਿਕਲਣ ਦਾ ਸੱਚਾ ਉਪਰਾਲਾ ਕਰੀਏ।

{ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥
ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥
ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥}

(ਅੰਗ ੪)

49/6621

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੁਣ ਜਪੁਜੀ ਬਾਣੀ ਦੇ ਅਗਲੇ ਸ਼ਬਦ ਨੂੰ ਸਮਝਦੇ ਹਾਂ।

"ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥
ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥
ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥
ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥"

(ਅੰਗ ੪)

ਉਪਰ ਵਾਲੇ ਸ਼ਬਦ ਰਾਹੀਂ ਪ੍ਰਮਾਤਮਾ ਦੀ ਵਡਿਆਈ ਬਿਆਨ ਕੀਤੀ ਹੋਈ ਹੈ ਕਿ ਉਹ ਕਿਤਨਾ ਕੁ ਵੱਡਾ ਹੈ। ਉਸ ਇਤਨੀ ਵੱਡੀ ਵਡਿਆਈ ਦੇ ਮਾਲਕ ਨੂੰ ਅਸੀਂ ਕਿਸ ਤਰੀਕੇ ਪਾਉਂਣਾ ਚਾਹੁੰਦੇ ਹਾਂ, ਉਸਦੀ ਵਡਿਆਈ ਕਿਸ ਤਰੀਕੇ ਕਰਦੇ ਹਾਂ ਇਹ ਨਾਲ ਹੀ ਸਮਝਾਇਆ ਹੋਇਆ ਹੈ। ਜਿਹੋ ਜਿਹੀ ਵਡਿਆਈ ਅਸੀਂ ਪ੍ਰਮਾਤਮਾ ਦੀ ਕਰਦੇ ਹਾਂ ਉਹੋ ਜਿਹੀ ਵਡਿਆਈ ਦੁਆਰਾ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਦੀ ਵਡਿਆਈ ਉਸਦਾ ਵੱਡਾਪਨ ਦੇਖਣ ਦੁਆਰਾ ਹੀ ਕੀਤੀ ਜਾ ਸਕਦੀ ਹੈ ਭਾਵ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਕੀਤੀ ਜਾ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸਦੀ ਵਡਿਆਈ ਕਰਨ ਦਾ ਤਰੀਕਾ ਕੀ ਹੈ ਉਸਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਉਸਦੀ ਵਡਿਆਈ ਕਰਨ ਦਾ ਸੱਚਾ ਤਰੀਕਾ ਵੀ ਉਪਰ ਸ਼ਬਦ ਰਾਹੀਂ ਨਾਲ ਹੀ ਸਮਝਾਇਆ ਹੋਇਆ ਹੈ। ਭੇਦ ਸਾਡੀ ਕਥਨੀ ਕਰਨੀ ਵਿੱਚ ਹੈ, ਪ੍ਰਮਾਤਮਾ ਦੇ ਨਾਮ ਨੂੰ ਨਾ ਸਮਝਣ ਵਿੱਚ ਹੀ ਹੈ ਜੋ ਪ੍ਰਮਾਤਮਾ ਸਭ ਜਗ੍ਹਾ, ਸਭ ਵਿੱਚ, ਹਰ ਆਕਾਰ ਰੂਪ ਵਿੱਚ ਆਪਣੇ ਨਾਮ ਦੁਆਰਾ ਹੀ ਵਰਤ ਰਿਹਾ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਕਿਤਨਾ ਕੁ ਵੱਡਾ ਹੈ ਇਹੀ ਗੱਲ ਸਾਨੂੰ ਉਪਰ ਪਹਿਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥"

ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਪ੍ਰਮਾਤਮਾ ਆਪ ਆਪਣੇ ਨਾਮ ਦੇ ਰੂਪ ਵਿੱਚ ਹੈ ਜੋ ਨਾਮ ਉਸਦਾ ਗਿਆਨ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ, ਉਸਦਾ ਨਿਰੰਕਾਰ ਰੂਪ ਹੈ। ਪੂਰੀ ਸਾਇੰਸ ਦੇ ਵਿੱਚ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਹੀ ਵਰਤ ਰਿਹਾ ਹੈ ਤੇ ਹਰ ਆਕਾਰ ਰੂਪ ਨੂੰ ਪਹਿਲਾਂ ਉਸਨੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਬਣਾਇਆ ਹੈ ਭਾਵ ਉੱਚੀ ਸਾਇੰਸ ਦੇ ਗਿਆਨ ਦੁਆਰਾ ਹੀ ਬਣਾਇਆ ਹੈ ਇਸੇ ਲਈ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਨਾਮ ਹੈ ਜਿਸ ਆਪਣੇ ਹਰ ਆਕਾਰ ਰੂਪ ਦੇ ਵਿੱਚ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਵਿਚਰਦਾ ਹੈ, ਸਾਇੰਟਿਫਿਕ ਗਿਆਨ

49/6622

ਦੇ ਰੂਪ ਵਿੱਚ ਵਰਤਦਾ ਹੈ। ਹਰ ਆਕਾਰ ਰੂਪ ਸਾਇੰਟਿਫਿਕ ਗਿਆਨ ਦੁਆਰਾ ਹੀ ਕੰਮ ਕਰਦਾ ਹੈ ਭਾਵੇਂ ਉਹ ਕੋਈ ਵੀ ਆਕਾਰ ਰੂਪ ਹੋਵੇ ਭਾਵ ਹਰ ਵਸਤੂ ਦੇ ਵਿੱਚ ਪ੍ਰਮਾਤਮਾ ਦਾ ਨਾਮ ਹੀ ਵਰਤਦਾ ਹੈ, ਉਸਦਾ ਸੱਚਾ ਗਿਆਨ ਹੀ ਵਰਤਦਾ ਹੈ। ਆਕਾਰ ਰੂਪ

ਕਿਤਨੇ ਕੂ ਹਨ ਉਹ ਮਨੁੱਖ ਦੀ ਗਿਣਤੀ ਤੋਂ ਵੀ ਬਾਹਰ ਹਨ ਭਾਵ ਅਸੰਖ ਹਨ। ਸ੍ਰਿਸ਼ਟੀ ਵਿੱਚ ਕੋਈ ਵੀ ਜਗ੍ਹਾ ਹੈ ਜੋ ਕਿ ਅਸੰਖ ਹਨ ਉਹ ਸਭ ਜਗ੍ਹਾ ਤੇ ਪ੍ਰਮਾਤਮਾ ਦਾ ਨਾਮ ਰੂਪ ਹੀ ਹੈ। ਅਸੀਂ ਕਿਸੇ ਵਸਤੂ ਨੂੰ ਭਾਵੇਂ ਕਿਸੇ ਵੀ ਨਾਮ ਨਾਲ ਪੁਕਾਰੀਏ ਅਸਲ ਵਿੱਚ ਹਰ ਵਸਤੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਨਾਮ ਹੈ। ਅਸੀਂ ਇੱਕ ਪੇੜ ਨੂੰ ਪੇੜ ਹੀ ਕਹਾਂਗੇ ਕਿਉਂਕਿ ਉਸਨੂੰ ਪੇੜ ਕਹਿਣ ਦੁਆਰਾ ਹੀ ਉਸਦੀ ਪਹਿਚਾਣ ਹੁੰਦੀ ਹੈ। ਸ੍ਰਿਸ਼ਟੀ ਵਿੱਚ ਬਨਸਪਤੀ ਦੇ ਕਿਤਨੇ ਕੂ ਨਾਮ ਹਨ, ਪਸ਼ੂ ਪਕਸ਼ੀਆਂ ਦੇ ਕਿਤਨੇ ਕੂ ਨਾਮ ਹਨ ਉਹਨਾਂ ਨੂੰ ਅਸੀਂ ਭਾਵੇਂ ਕਿਸੇ ਨਾਮ ਨਾਲ ਪੁਕਾਰੀਏ ਪਰ ਅਸਲ ਵਿੱਚ ਹਰ ਹੋਂਦ ਦੇ ਵਿੱਚ ਉਹ ਆਪ ਹੀ ਹੈ ਕਿਉਂਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਸ੍ਰਿਸ਼ਟੀ ਵਿੱਚ ਕਿਤਨੇ ਕੂ ਖੰਡ ਬ੍ਰਹਮੰਡ ਹਨ, ਲੋਅ ਹਨ ਜੋ ਕਿ ਅਸੰਖ ਹਨ ਤੇ ਮਨੁੱਖ ਦੀ ਪਹੁੰਚ ਤੋਂ ਬਾਹਰ ਹਨ ਉਸ ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ। ਅਸੀਂ ਸੂਰਜ ਨੂੰ ਸੂਰਜ ਹੀ ਕਹਾਂਗੇ, ਚੰਦਰਮਾਂ ਨੂੰ ਚੰਦਰਮਾਂ ਹੀ ਕਹਾਂਗੇ ਪਰ ਉਹਨਾਂ ਦੇ ਅੰਦਰ ਜੋ ਉੱਚਾ ਗਿਆਨ ਹੈ ਜਿਸ ਗਿਆਨ ਰਾਹੀਂ ਉਹ ਆਪਣਾ ਕੰਮ ਕਰਦੇ ਹਨ ਉਸ ਗਿਆਨ ਦਾ ਮਾਲਕ, ਨਿਰੰਕਾਰ ਰੂਪ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪ ਹੀ ਉਹਨਾਂ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਉਹਨਾਂ ਕੋਲੋਂ ਕੰਮ ਲੈ ਰਿਹਾ ਹੈ ਭਾਵ ਉਹਨਾਂ ਦੇ ਆਕਾਰ ਰੂਪ ਬਨਾਉਂਣ ਦਾ ਮਕਸਦ ਪੂਰਾ ਕਰ ਰਿਹਾ ਹੈ। ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਜਾਣੇ ਬਿਨਾਂ ਕੋਈ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਸਭ ਕੁਝ ਆਪ ਹੀ ਹੈ, ਹਰ ਆਕਾਰ ਰੂਪ ਨੂੰ ਬਨਾਉਂਣ ਵਾਲਾ, ਉਸਨੂੰ ਚਲਾਉਂਣ ਵਾਲਾ ਉਹ ਆਪ ਹੀ ਹੈ। ਆਪਣੇ ਮਨੁੱਖੀ ਰੂਪ ਨੂੰ ਬਣਾਕੇ ਮਨ ਦੇ ਗਿਆਨ ਦੁਆਰਾ ਭਾਵ ਮਨ ਦੀ ਸਮਝ ਦੁਆਰਾ ਉਹ ਆਪ ਹੀ ਚਲਾ ਰਿਹਾ ਹੈ ਤੇ ਆਪਣੇ ਮਨ ਦੇ ਗਿਆਨ ਦੇ ਸ੍ਰੋਤ ਨੂੰ ਜਾਣੇ ਬਿਨਾਂ ਉਸ ਗਿਆਨ ਦੇ ਮਾਲਕ ਨੂੰ, ਨਿਰੰਕਾਰ ਰੂਪ ਪ੍ਰਮਾਤਮਾ ਨੂੰ, ਹਰ ਆਕਾਰ ਰੂਪ ਦੇ ਮਾਲਕ ਪ੍ਰਮਾਤਮਾ ਨੂੰ ਕੋਈ ਨਹੀਂ ਜਾਣ ਸਕਦਾ। ਸ੍ਰਿਸ਼ਟੀ ਵਿੱਚ ਅਸੰਖ ਹੀ ਆਕਾਰ ਰੂਪ ਹਨ ਤੇ ਹਰ ਆਕਾਰ ਰੂਪ ਨੂੰ ਅਸੀਂ ਭਾਵੇਂ ਕਿਸੇ ਵੀ ਨਾਮ ਨਾਲ ਜਾਣੀਏ ਪਰ ਅਸਲ ਵਿੱਚ ਹਰ ਆਕਾਰ ਰੂਪ

49/6623

ਪ੍ਰਮਾਤਮਾ ਦਾ ਹੀ ਨਾਮ ਹੈ। ਪੇੜ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਪੇੜ ਵੀ ਪ੍ਰਮਾਤਮਾ ਦਾ ਹੀ ਨਾਮ ਹੈ। ਹਰ ਮਨੁੱਖੀ ਰੂਪ ਨੂੰ ਭਾਵੇਂ ਅਸੀਂ ਕਿਸੇ ਵੀ ਨਾਮ ਨਾਲ ਜਾਣੀਏ ਪਰ ਹਰ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ। ਸ੍ਰਿਸ਼ਟੀ ਉਪਰ ਅਸੰਖ ਹੀ ਜੀਵ ਹਨ ਤੇ ਹਰ ਜੀਵ ਨੂੰ ਅਸੀਂ ਵੱਖਰੇ ਵੱਖਰੇ ਨਾਮ ਨਾਲ ਜਾਣਦੇ ਹਾਂ ਇਸ ਸਭ ਅਸੰਖ ਨਾਮ ਅਸਲ ਵਿੱਚ ਪ੍ਰਮਾਤਮਾ ਦੇ ਹੀ ਨਾਮ ਹਨ ਕਿਉਂਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਕਿਸੇ ਵੀ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਬਿਨਾਂ ਕੁਝ ਹੋਰ ਸਮਝਣਾ ਕੇਵਲ ਸਾਡਾ ਭਰਮ ਹੈ ਤੇ ਸੱਚਾਈ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਪੂਰੀ ਸ੍ਰਿਸ਼ਟੀ ਵਿੱਚ ਜੋ ਕੁਝ ਵੀ ਹੈ ਸਭ ਪ੍ਰਮਾਤਮਾ ਦੇ ਹੀ ਨਾਮ ਹਨ ਭਾਵੇਂ ਕਿਸੇ ਵੀ ਆਕਾਰ ਰੂਪ ਨੂੰ ਕਿਸੇ ਵੀ ਨਾਮ ਨਾਲ ਪੁਕਾਰੀਏ। ਪ੍ਰਮਾਤਮਾ ਨੂੰ ਜਾਨਣਾ ਸਾਡੇ ਲਈ ਅਗਮ ਹੈ ਭਾਵ ਸਾਡੀ ਪਹੁੰਚ ਤੋਂ ਬਾਹਰ ਹੈ ਜੋ ਕਿ ਹਰ ਰੂਪ ਵਿੱਚ ਆਪ ਹੈ, ਸਭ ਜਗ੍ਹਾ ਤੇ ਉਹ ਆਪ ਹੀ ਹੈ। **(ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥)**

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ ੪੮੫)

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

ਹਰ ਰੂਪ ਭਾਵ ਅਸੰਖ ਰੂਪ ਪ੍ਰਮਾਤਮਾ ਦੇ ਆਪਣੇ ਹੀ ਰੂਪ ਹਨ ਪਰ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਕੋਈ ਇਹ ਸਮਝ ਸਕੇ ਕਿ ਹਰ ਰੂਪ ਪ੍ਰਮਾਤਮਾ ਦਾ ਹੀ ਰੂਪ ਹੈ ਇਹ ਗੱਲ ਮਨੁੱਖ ਨੂੰ ਕਹਿਣੀ ਭਾਰੀ ਲੱਗਦੀ ਹੈ ਭਾਵ ਔਖੀ ਲੱਗਦੀ ਹੈ ਭਾਵ ਇਹ ਕਹਿਣ ਵਿੱਚ ਮਨ ਤੇ ਬੋਝ ਪੈਂਦਾ ਹੈ ਭਾਵ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਸਭ ਕੁਝ ਪ੍ਰਮਾਤਮਾ ਆਪ ਹੈ।
(ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥)

ਪ੍ਰਮਾਤਮਾ ਨੂੰ ਜਾਣਨਾ ਵੀ ਹਰ ਕੋਈ ਚਾਹੁੰਦਾ ਹੈ ਤੇ ਪ੍ਰਮਾਤਮਾ ਨੂੰ ਜਾਨਣ ਲਈ ਹਰ ਕੋਈ ਉਸਦੀ ਸਿਫਤ ਸਾਲਾਹ ਵੀ ਕਰਦਾ ਹੈ, ਆਪਣੀ ਆਪਣੀ ਸਮਝ ਅਨੁਸਾਰ ਕਰਦਾ ਹੈ। ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਦਾ ਤਰੀਕਾ ਕੀ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੀ ਹੈ ਇਹ ਗੱਲ ਸਾਨੂੰ ਧਰਮ ਗ੍ਰੰਥ ਸਮਝਾਉਂਦੇ ਹੀ ਹਨ ਜੋ ਤਰੀਕਾ ਪ੍ਰਮਾਤਮਾ ਦਾ ਨਾਮ ਜਪਣ ਦਾ ਹੈ ਤੇ ਪ੍ਰਮਾਤਮਾ ਦਾ ਨਾਮ

49/6624

ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜੋ ਤਰੀਕਾ ਗੁਰੂ ਨੇ ਸ਼ਬਦਾਂ ਦੇ ਵਿਚਾਰ ਨੂੰ ਮੰਨ ਕੇ ਉਸ ਅਨੁਸਾਰ ਚੱਲਣ ਦਾ ਹੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੈ, ਚੰਗੇ ਕਰਮ ਕਰਨ ਦਾ ਹੈ ਜਿਸ ਤਰੀਕੇ ਮਨੁੱਖ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਕੇ ਹੀ ਇਹ ਸਮਝ ਲੱਗ ਸਕਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਦੀ ਸੱਚੀ ਵਡਿਆਈ ਉਦੋਂ ਹੀ ਹੁੰਦੀ ਹੈ, ਪ੍ਰਮਾਤਮਾ ਦਾ ਵੱਡਾਪਨ ਮਨੁੱਖ ਉਦੋਂ ਹੀ ਬਿਆਨ ਕਰ ਸਕਦਾ ਹੈ ਜਦੋਂ ਇਹ ਸਮਝ ਲੱਗ ਜਾਵੇ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ ਜਿਸ ਦੁਆਰਾ ਉਸਨੇ ਆਪਣੇ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਉਹ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੀ ਸੱਚੀ ਵਡਿਆਈ ਕੀਤੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਕੀਤੀ ਹੈ ਉਹਨਾਂ ਨੇ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਦੁਆਰਾ ਹੀ ਕੀਤੀ ਹੈ। ਜਦ ਤਕ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜਨ ਦਾ ਉੱਦਮ ਨਹੀਂ ਕਰਦੇ ਤਦ ਤਕ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਦਾ ਸੱਚਾ ਉੱਦਮ ਵੀ ਨਹੀਂ ਕਰ ਸਕਦੇ। ਪੂਰੀ ਗੁਰਬਾਣੀ ਵਿੱਚ, ਧਰਮ ਗ੍ਰੰਥਾਂ ਵਿੱਚ ਜੋ ਸੱਚਾ ਗਿਆਨ ਹੈ ਉਹ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਹੈ, ਉਸਦਾ ਨਾਮ ਰੂਪ ਹੀ ਹੈ। ਜੋ ਅੱਖਰਾਂ ਦੀ ਬਨਾਵਟ ਹੈ ਉਹ ਆਕਾਰ ਰੂਪ ਵਿੱਚ ਹੈ ਤੇ ਅੱਖਰਾਂ ਦੇ ਅੰਦਰ ਦਾ ਜੋ ਗਿਆਨ ਹੈ ਉਹ ਨਿਰੰਕਾਰ ਰੂਪ ਵਿੱਚ ਭਾਵ ਨਾਮ ਰੂਪ ਵਿੱਚ ਹੈ। ਅੱਖਰਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਜਪਣਾ ਭਾਵ ਮੰਨਣਾ ਭਾਵ ਨਾਮ ਜਪਣਾ ਹੈ ਤੇ ਕੇਵਲ ਕਿਸੇ ਅੱਖਰ ਨੂੰ ਬੋਲੀ ਜਾਣਾ ਨਾਮ ਜਪਣਾ ਨਹੀਂ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਭਾਵ ਅੱਖਰਾਂ ਨੂੰ ਬੋਲੀ ਜਾਣ ਨਾਲ ਪ੍ਰਮਾਤਮਾ ਦੀ ਸਿਫਤ ਸਾਲਾਹ ਨਹੀਂ ਹੋ ਸਕਦੀ ਤੇ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਉਸਦੇ ਨਿਰੰਕਾਰ ਰੂਪ ਨੂੰ ਭਾਵ ਗਿਆਨ ਰੂਪ ਨੂੰ ਮੰਨ ਕੇ ਉਸ ਅਨੁਸਾਰ ਕਰਮ ਕਰਨਾ ਹੀ ਹੈ ਭਾਵ ਚੰਗੇ ਕਰਮ ਕਰਨਾ ਹੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਕੇਵਲ ਅੱਖਰਾਂ ਨੂੰ ਬੋਲੀ ਜਾਂ ਸੁਣਨ ਨਾਲ ਅਸੀਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ।

“ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥
ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥
ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥”

(ਅੰਗ ੪)

ਉਪਰ ਸ਼ਬਦ ਰਾਹੀਂ ਅੱਖਰਾਂ ਦੀ ਗੱਲ ਕੀਤੀ ਹੋਈ ਹੈ ਕਿ ਅਸੀਂ ਕਿਸੇ ਅੱਖਰ ਨੂੰ ਨਾਮ ਸਮਝ ਕੇ ਕਿਸੇ ਅੱਖਰ ਦਾ ਜਪ ਕਰਦੇ ਹਾਂ ਜਿਸਨੂੰ ਕਿ ਅਸੀਂ ਪ੍ਰਮਾਤਮਾ

49/6625

ਦੀ ਸਿਫਤ ਸਾਲਾਹ ਕਰਨਾ ਸਮਝਦੇ ਹਾਂ ਭਾਵ ਪ੍ਰਮਾਤਮਾ ਦਾ ਜੱਸ ਸਮਝਦੇ ਹਾਂ। **(ਅਖਰੀ ਨਾਮੁ ਅਖਰੀ ਸਾਲਾਹ ॥)** ਧਰਮ ਗ੍ਰੰਥਾਂ ਦੇ ਅੱਖਰਾਂ ਨੂੰ ਪੜਨ ਸੁਣਨ ਜਾਣ ਨੂੰ ਹੀ ਧਰਮ ਗ੍ਰੰਥਾਂ ਦੇ ਗਿਆਨ ਨਾਲ ਜੁੜਨ ਦਾ ਤਰੀਕਾ ਸਮਝਦੇ ਹਾਂ, ਸ਼ਬਦਾਂ ਦੇ ਅੱਖਰਾਂ ਨੂੰ ਗੀਤ ਦੇ ਰੂਪ ਵਿੱਚ ਗਾਈ ਜਾਣਾ ਅਸੀਂ ਪ੍ਰਮਾਤਮਾ ਦੇ ਗੀਤ ਗਾਉਂਣਾ ਸਮਝਦੇ ਹਾਂ ਭਾਵ ਪ੍ਰਮਾਤਮਾ ਦਾ ਜੱਸ ਗਾਉਂਣਾ ਸਮਝਦੇ ਹਾਂ। **(ਅਖਰੀ ਗਿਆਨੁ ਗੀਤ ਗੁਣ ਗਾਹ ॥)** ਅੱਖਰਾਂ ਦੀ ਲਿਖਤ ਨੂੰ ਭਾਵ ਸ਼ਬਦਾਂ ਦੀ ਲਿਖਤ ਨੂੰ ਲਿਖਣ ਵਿੱਚ ਤੇ ਬੋਲਣ ਵਿੱਚ ਅਸੀਂ ਗੁਰੂ ਦੀ ਬਾਣੀ ਨਾਲ ਜੁੜਨਾ ਸਮਝਦੇ ਹਾਂ ਕਿ ਇਸ ਤਰੀਕੇ ਅਸੀਂ ਪ੍ਰਮਾਤਮਾ ਦਾ ਜੱਸ ਗਾਉਂਦੇ ਹਾਂ ਭਾਵ ਪ੍ਰਮਾਤਮਾ ਦੀ ਬਾਣੀ ਨਾਲ ਜੁੜਦੇ ਹਾਂ। **(ਅਖਰੀ ਲਿਖਣੁ ਬੋਲਣੁ ਬਾਣਿ ॥)** ਸ਼ਬਦਾਂ ਦੇ ਅਖਰਾਂ ਨਾਲ ਜੁੜਨ ਦੁਆਰਾ ਹੀ ਅਸੀਂ ਸੰਜੋਗ ਦੀ ਗੱਲ ਸਮਝਦੇ ਹਾਂ, ਪ੍ਰਮਾਤਮਾ ਦੀ ਕਿਰਪਾ ਸਮਝਦੇ ਹਾਂ ਕਿ ਪ੍ਰਮਾਤਮਾ ਨੇ ਸਾਨੂੰ ਸ਼ਬਦਾਂ ਦੇ ਅੱਖਰਾਂ ਨਾਲ ਜੋੜਿਆ ਹੋਇਆ ਹੈ ਭਾਵ ਪ੍ਰਮਾਤਮਾ ਨੇ ਸਾਡੇ ਉੱਤੇ ਆਪਣੀ ਕਿਰਪਾ ਕੀਤੀ ਹੋਈ ਹੈ। **(ਅਖਰਾ ਸਿਰਿ ਸੰਜੋਗੁ ਵਖਾਣਿ ॥)** ਜੇਕਰ ਅਸੀਂ ਕੇਵਲ ਸ਼ਬਦਾਂ ਦੇ ਅਖਰਾਂ ਨਾਲ ਜੁੜੇ ਰਹੀਏ ਫਿਰ ਕੇਵਲ ਅੱਖਰਾਂ ਨਾਲ ਜੁੜਨ ਨਾਲ ਇਹ ਸਮਝ ਕਿਵੇਂ ਪੈ ਸਕਦੀ ਹੈ ਕਿ ਇਹ ਅੱਖਰ ਲਿਖਣ ਵਾਲਾ ਕੌਣ ਹੈ। ਸਮਝਣਾ ਤਾਂ ਅਸੀਂ ਇਸ ਗੱਲ ਨੂੰ ਹੈ ਕਿ ਅੱਖਰ ਕਿਸਨੇ ਲਿਖੇ ਹਨ ਤੇ ਕਿਸ ਮਕਸਦ ਲਈ ਲਿਖੇ ਹਨ। ਅਸੀਂ ਅੱਖਰਾਂ ਨਾਲ ਜੁੜਨ ਨੂੰ ਹੀ ਸੰਜੋਗ ਸਮਝਦੇ ਹਾਂ ਜਦ ਕਿ ਸੰਜੋਗ ਦੀ ਗੱਲ ਤਾਂ ਤਾ ਹੈ ਜੇਕਰ ਉਸਦੇ ਨਾਲ ਜੁੜੀਏ ਜਿਸਨੇ ਇਹ ਅੱਖਰ ਲਿਖੇ ਹਨ। ਹਰ ਅੱਖਰ ਨੂੰ ਲਿਖਣ ਵਾਲਾ ਪ੍ਰਮਾਤਮਾ ਆਪ ਹੈ ਤੇ ਅੱਖਰਾਂ ਦੇ ਮਾਲਕ ਨਾਲ ਜੁੜਨਾ ਭਾਵ ਅੱਖਰਾਂ ਦੇ ਮਾਲਕ ਨੂੰ ਜਾਨਣਾ ਇਹ ਸੰਜੋਗ ਦੀ ਗੱਲ ਹੈ। **(ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥)** ਜਿਨ੍ਹਾਂ ਨੇ ਧਰਮ ਗ੍ਰੰਥਾਂ ਵਿੱਚ ਅੱਖਰ ਲਿਖੇ ਹਨ ਉਹਨਾਂ ਨੇ ਇਹ ਅੱਖਰ ਆਪਣੇ ਆਪ ਨਹੀਂ ਲਿਖੇ। ਉਹਨਾਂ ਦੇ ਮਨ ਦੇ ਅੰਦਰ ਜੋ ਅੱਖਰ ਲਿਖਣ ਲਈ ਪ੍ਰਮਾਤਮਾ ਨੇ ਆਪ ਫੁਰਮਾਏ ਹਨ ਉਸੇ ਤਰੀਕੇ ਉਹਨਾਂ ਨੇ ਉਹ ਅੱਖਰ ਧਰਮ ਗ੍ਰੰਥਾਂ ਵਿੱਚ ਪਾਏ ਹਨ ਭਾਵ ਧਰਮ ਗ੍ਰੰਥਾਂ ਦੇ ਅੰਦਰ ਸਾਰੇ ਅੱਖਰ ਪਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਪਸ਼ਟ ਕੀਤਾ ਹੈ, ਅਨੇਕਾਂ ਹੀ ਸ਼ਬਦਾਂ ਰਾਹੀਂ ਇਹ ਸਮਝਾਇਆ ਹੈ ਕਿ ਗੁਰਬਾਣੀ ਦਾ ਰਚਣਹਾਰ ਪ੍ਰਮਾਤਮਾ ਆਪ ਹੈ ਤੇ ਮਨ ਦੇ ਵਿੱਚ ਆਪਣੇ ਆਪ ਨੂੰ ਉਸਨੇ ਪ੍ਰਗਟ ਕਰਨ ਦੁਆਰਾ ਆਪ ਹੀ ਸਾਰੀ ਸਮਝ ਪਾਈ ਹੈ। **(ਜਿਵ ਫੁਰਮਾਏ ਤਿਵ ਤਿਵ ਪਾਹਿ ॥)** ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਨਾਮ ਕੀ ਹੈ ਤਾਂ ਜੋ ਅਸੀਂ ਕਿਸੇ ਅੱਖਰ ਨੂੰ

49/6626

ਨਾਮ ਸਮਝ ਕੇ ਪ੍ਰਮਾਤਮਾ ਦੇ ਗੁਣ ਗਾਉਂਣੇ ਨਾ ਸਮਝੀਏ ਜਿਸ ਨਾਮ ਦੁਆਰਾ ਪ੍ਰਮਾਤਮਾ ਨੂੰ ਨਹੀਂ ਜਾਣਿਆ ਜਾ ਸਕਦਾ ਕਿਉਂਕਿ ਕਿਸੇ ਅੱਖਰ ਨੂੰ ਜਪਣਾ ਭਗਤੀ ਦਾ ਮਾਰਗ ਹੈ ਹੀ ਨਹੀਂ।

“ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥”

ਉਪਰ ਸ਼ਬਦ ਵਿੱਚ ਪਹਿਲੇ ਅਸੀਂ ਅੱਖਰਾਂ ਨਾਲ ਜੁੜਕੇ ਜੋ ਭਗਤੀ ਦਾ ਮਾਰਗ ਸਮਝਦੇ ਹਾਂ ਉਸੇ ਗੱਲ ਨੂੰ ਇੱਥੇ ਸਪਸ਼ਟ ਕੀਤਾ ਹੋਇਆ ਹੈ ਕਿ ਕੇਵਲ ਅੱਖਰਾਂ ਨਾਲ ਜੁੜਕੇ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਕੁਦਰਤਿ ਕੀ ਹੈ, ਪੂਰੀ ਕੁਦਰਤ ਵਿੱਚ ਕੌਣ ਹੈ ਜਿਸਨੇ ਇਹ ਕੁਦਰਤਿ ਬਣਾਈ ਹੈ। ਜਿਤਨੀ ਪ੍ਰਮਾਤਮਾ ਦੀ ਕੁਦਰਤਿ ਹੈ ਉਹ ਸਭ ਕੁਝ ਪ੍ਰਮਾਤਮਾ ਦਾ ਨਾਮ ਹੀ ਹੈ ਤੇ ਨਾਮ ਤੋਂ ਬਿਨਾਂ ਪੂਰੀ ਸ੍ਰਿਸ਼ਟੀ ਵਿੱਚ ਹੋਰ ਕੁਝ ਵੀ ਨਹੀਂ ਹੈ। ਸਭ ਵਿੱਚ ਤੇ ਸਭ ਜਗ੍ਹਾ ਤਾਂ ਪ੍ਰਮਾਤਮਾ ਆਪ ਹੀ ਹੈ, ਹਰ ਆਕਾਰ ਰੂਪ ਦਾ ਮਾਲਕ ਉਹ ਨਿਰੰਕਾਰ ਰੂਪ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਉਸਦਾ ਨਾਮ ਰੂਪ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਇਸ ਗੱਲ ਨੂੰ ਸਮਝਿਆ ਹੈ। ਜਿਨ੍ਹਾਂ ਨੇ ਪ੍ਰਮਾਤਮਾ ਨੂੰ ਜਾਣਿਆ ਹੈ ਤੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹੀ ਸਾਨੂੰ ਇਹ ਗੱਲ ਸਮਝਾ ਰਹੇ ਹਨ ਕਿ ਜੋ ਕੁਝ ਵੀ ਪ੍ਰਮਾਤਮਾ ਨੇ ਆਪਣੀ ਕੁਦਰਤਿ ਰਚੀ ਹੈ ਉਹ ਸਭ ਕੁਝ ਪ੍ਰਮਾਤਮਾ ਦਾ ਨਾਮ ਹੀ ਹੈ ਤੇ ਨਾਮ ਤੋਂ ਬਿਨਾਂ ਕੋਈ ਵੀ ਵਡਿਆਈ ਸਥਾਨ ਨਹੀਂ ਹੈ ਜਿਵੇਂ ਕਿ ਅਸੀਂ ਉਪਰ ਵਾਲੇ

ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। **{ਅਸੰਖ ਨਾਵ ਅਸੰਖ ਥਾਵ ॥}** ਜਦ ਤਕ ਅਸੀਂ ਨਾਮ ਨੂੰ ਨਹੀਂ ਸਮਝਦੇ ਕਿ ਹਰ ਜਗ੍ਹਾ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੈ ਤਦ ਤਕ ਨਾਂ ਅਸੀਂ ਨਾਮ ਜਪਣਾ ਸਮਝ ਸਕਦੇ ਹਾਂ ਤੇ ਨਾ ਹੀ ਉਸ ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ। ਹੁਣ ਧਿਆਨ ਨਾਲ ਸਮਝੋ ਕਿ ਸਭ ਕੁਝ ਨਾਮ ਹੀ ਹੈ ਜਿਵੇਂ ਕਿ ਉਪਰਲੀਆਂ ਪੰਗਤੀਆਂ ਰਾਹੀਂ ਬੜਾ ਸਪਸ਼ਟ ਕਰਕੇ ਸਾਨੂੰ ਸਮਝਾ ਰਹੇ ਹਨ ਫਿਰ ਗੁਰਬਾਣੀ ਵਿੱਚ ਕੌਣ ਹੈ। ਸਭ ਕੁਝ ਦੇ ਵਿੱਚ ਗੁਰਬਾਣੀ ਵੀ ਆਉਂਦੀ ਹੈ ਤੇ ਹਰ ਧਰਮ ਗ੍ਰੰਥ ਵੀ ਆਉਂਦਾ ਹੈ। ਇਸੇ ਲਈ ਪੂਰੀ ਗੁਰਬਾਣੀ ਨਾਮ ਰੂਪ ਹੀ ਹੈ, ਹਰ ਧਰਮ ਗ੍ਰੰਥ ਨਾਮ ਰੂਪ ਹੀ ਹੈ ਭਾਵ ਪ੍ਰਮਾਤਮਾ ਆਪ ਹੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਅਸਥਾਨ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। **{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ॥}** ਅੰਗ ੧੨੨੬

ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਹੈ ਤੇ ਬ੍ਰਹਮ ਗਿਆਨ ਹੀ ਪ੍ਰਮਾਤਮਾ ਦਾ ਨਾਮ ਹੈ ਜੋ ਕਿ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। ਹਰ ਆਕਾਰ ਰੂਪ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਕੀਤੀ ਹੈ ਭਾਵ ਆਪਣੇ ਨਾਮ ਦੁਆਰਾ ਹੀ ਕੀਤੀ ਹੈ ਜਿਸ ਕਰਕੇ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਆਪ ਆਪਣੇ ਨਿਰੰਕਾਰ ਰੂਪ ਵਿੱਚ ਹੀ ਵਰਤ ਰਿਹਾ ਹੈ ਭਾਵ ਨਾਮ ਰੂਪ ਵਿੱਚ ਹੀ ਵਰਤ ਰਿਹਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਬ੍ਰਹਮ ਗਿਆਨ ਹੀ ਹੈ ਭਾਵ ਪ੍ਰਮਾਤਮਾ ਦਾ ਨਾਮ ਹੀ ਹੈ ਤੇ ਆਪਣੀ ਕੁਦਰਤਿ ਦੀ ਰਚਨਾ ਪ੍ਰਮਾਤਮਾ ਨੇ ਆਪਣੀ ਉੱਚੀ ਸਾਇੰਸ ਦੁਆਰਾ ਕੀਤੀ ਹੈ ਤੇ ਉਸਦੀ ਰਚੀ ਹੋਈ ਸਾਇੰਸ ਦੁਆਰਾ ਹੀ ਸਭ ਕੁਝ ਹੋ ਰਿਹਾ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਹ ਹਰ ਆਕਾਰ ਰੂਪ ਦਾ ਮਾਲਕ ਹੈ। ਜੋ ਧਰਮ ਗ੍ਰੰਥ ਅਸੀਂ ਦੇਖਦੇ ਹਾਂ, ਉਹਨਾਂ ਦੇ ਅੰਦਰ ਜੋ ਅੱਖਰ ਲਿਖੇ ਹੋਏ ਹਨ ਉਹ ਆਕਾਰ ਰੂਪ ਹਨ ਪਰ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨਾਲ ਜੁੜਨਾ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨਿਰੰਕਾਰ ਰੂਪ ਵਿੱਚ ਹੀ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਭਾਵ ਉਸਦਾ ਨਾਮ ਰੂਪ ਹੈ। ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਨੂੰ ਫਿਰ ਤੋਂ ਸਮਝੋ ਕਿ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਵਿੱਚ ਪੂਰੀ ਗੁਰਬਾਣੀ ਵਿੱਚ ਕਿਸ ਰੂਪ ਵਿੱਚ ਹੈ।

“ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥”

(ਅੰਗ ੧੨੦)

“ਲੇਖਾ” ਸ਼ਬਦਾਂ ਦੀ ਲਿਖਤ ਹੈ ਤੇ ਅਸੀਂ ਕੇਵਲ ਸ਼ਬਦਾਂ ਦੀ ਲਿਖਤ ਨੂੰ ਹੀ ਪੜਦੇ ਹਾਂ ਜਾਂ ਸੁਣਦੇ ਹਾਂ ਤੇ ਕਿਸੇ ਅੱਖਰ ਦੀ ਲਿਖਤ ਨੂੰ ਹੀ ਨਾਮ ਸਮਝਦੇ ਹਾਂ ਭਾਵ ਅਸੀਂ ਲਿਖਤ ਨਾਲ ਜੁੜਨਾ ਹੀ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਦੇ ਹਾਂ ਜਿਸ ਦੁਆਰਾ ਅਸੀਂ ਪ੍ਰਮਾਤਮਾ ਨੂੰ ਜਾਣਨਾ ਚਾਹੁੰਦੇ ਹਾਂ, ਸ੍ਰਿਸ਼ਟੀ ਦੇ ਮਾਲਕ ਨੂੰ ਜਾਣਨਾ ਚਾਹੁੰਦੇ ਹਾਂ ਜਿਵੇਂ ਕਿ ਅਸੀਂ ਉਪਰ ਮੁੱਖ ਸ਼ਬਦ ਦੁਆਰਾ ਸਮਝਿਆ ਹੈ ਤੇ ਸਾਨੂੰ ਨਾਲ ਇਹ ਵੀ ਸਮਝਾਇਆ ਹੈ ਕਿ ਇਸ ਤਰੀਕੇ ਇਸ ਕੁਦਰਤਿ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ। **{ਕੁਦਰਤਿ ਕਵਣ ਕਹਾ ਵੀਚਾਰੁ ॥}** ਕੁਦਰਤਿ ਦਾ ਮਾਲਕ ਆਪਣੇ ਨਿਰੰਕਾਰ ਰੂਪ ਵਿੱਚ ਭਾਵ ਆਪਣੇ ਨਾਮ ਰੂਪ ਵਿੱਚ ਭਾਵ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਕਿਸ ਤਰੀਕੇ ਹਰ ਵੇਲੇ ਪ੍ਰਗਟ ਹੈ ਇਸਨੂੰ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ

ਆਸਾਨੀ ਨਾਲ ਸਮਝ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ।

“ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥”

ਬੜਾ ਸਪਸ਼ਟ ਹੈ ਕਿ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਜਾਂ ਧਰਮ ਗ੍ਰੰਥਾਂ ਵਿੱਚ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾਉਂਣ ਦਾ ਹੀ ਹੈ। ਜਿਸ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਹੈ, ਧਰਮ ਗ੍ਰੰਥਾਂ ਵਿੱਚ ਹੈ ਉਸੇ ਰੂਪ ਨਾਲ ਹੀ ਅਸੀਂ ਮੇਲ ਕਰਨਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਜੋ ਸ਼ਬਦਾਂ ਦੇ ਅੰਦਰ ਦੀ ਸਮਝ ਹੈ, ਸ਼ਬਦਾਂ ਦੇ ਅੰਦਰ ਦੀ ਸੋਝੀ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਸੋਝੀ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਕਿ ਪ੍ਰਮਾਤਮਾ ਦੇ ਨਾਮ ਰੂਪ ਵਿੱਚ ਹੈ, ਹਰ ਧਰਮ ਗ੍ਰੰਥ ਦੇ ਵਿੱਚ ਪ੍ਰਮਾਤਮਾ ਇਸੇ ਨਾਮ ਰੂਪ ਵਿੱਚ ਹੀ ਹੈ ਜਿਸ ਨਾਮ ਨੂੰ ਅਸੀਂ ਜਪਣਾ ਹੈ। ਸ਼ਬਦਾਂ ਦੇ ਅੰਦਰ ਦਾ ਜੋ ਗਿਆਨ ਹੈ ਪ੍ਰਮਾਤਮਾ ਉਸੇ ਰੂਪ ਵਿੱਚ ਹੈ ਜਿਵੇਂ ਕਿ ਉਪਰ ਵਾਲੀਆਂ ਪੰਗਤੀਆਂ ਦੁਆਰਾ ਬੜਾ ਸਪਸ਼ਟ ਕਰਕੇ ਸਮਝਾਇਆ

ਹੋਇਆ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਾਂ ਉਸ ਲਈ ਸਾਨੂੰ ਕਿਸੇ ਅੱਖਰ ਨਾਲ ਜੁੜਨ ਦੀ ਲੋੜ ਹੈ ਜਾਂ ਅੱਖਰਾਂ ਦੇ ਅੰਦਰ ਦੀ ਸਮਝ ਦੇ ਨਾਲ ਜੁੜਨ ਦੀ ਲੋੜ ਹੈ, ਅੱਖਰਾਂ ਦੇ ਗਿਆਨ ਨਾਲ ਜੁੜਨ ਦੀ ਲੋੜ ਹੈ ਜਿਸ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਕੁਝ ਸਮਝਾਉਂਣ ਲਈ ਹੀ ਹੈ ਤੇ ਜੋ ਵੀ ਅਸੀਂ ਗੁਰੂ ਦੀ ਸਮਝ ਨੂੰ ਮੰਨ ਕੇ ਕਰਾਂਗੇ ਉਹੀ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਹੈ, ਸ਼ਬਦਾਂ ਦੀ ਸਮਝ ਸਾਨੂੰ ਚੰਗੇ ਕਰਮ ਕਰਨ ਲਈ ਸਮਝਾਉਂਦੀ ਹੈ, ਚੰਗੀ ਕਰਨੀ ਕਰਨ ਲਈ ਸਮਝਾਉਂਦੀ ਹੈ ਤੇ ਕੇਵਲ ਕਥਨੀ ਕਰੀ ਜਾਣ ਨਾਲ ਅਸੀਂ ਸ਼ਬਦਾਂ ਦੀ ਸਮਝ ਨੂੰ ਮੰਨਣ ਤੋਂ ਦੂਰ ਰਹਿੰਦੇ ਹਾਂ ਭਾਵ ਸ਼ਬਦਾਂ ਦੀ ਸਮਝ ਦੇ ਮਾਲਕ ਨਾਲ, ਕੁਦਰਤਿ ਦੇ ਮਾਲਕ ਨਾਲ ਜੁੜਨ ਤੋਂ ਦੂਰ ਰਹਿੰਦੇ ਹਾਂ। ਸਾਰਾ ਫਰਕ ਸਾਡੀ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਸਾਡੀ ਕਥਨੀ ਨਹੀਂ ਸਾਡੀ ਕਰਨੀ ਹੈ ਜੋ ਚੰਗੀ ਕਰਨੀ ਸ਼ਬਦਾਂ ਦੇ ਅੰਦਰ ਦੀ ਸਮਝ ਨਾਲ ਜੁੜਕੇ ਹੀ ਹੋ ਸਕਦੀ ਹੈ। ਇਸੇ ਗੱਲ ਨੂੰ ਹੀ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉਪਰ ਵਾਲੇ ਮੁੱਖ ਸ਼ਬਦ ਰਾਹੀਂ ਸਮਝਾਈ ਹੋਈ ਹੈ ਕਿ ਉਸ ਪ੍ਰਮਾਤਮਾ ਨੂੰ, ਕੁਦਰਤਿ ਦੇ ਮਾਲਕ ਨੂੰ,

49/6629

ਨਾਮ ਦੇ ਮਾਲਕ ਨੂੰ ਕਥਨੀ ਦੁਆਰਾ ਨਹੀਂ ਜਾਣਿਆ ਜਾ ਸਕਦਾ। **(ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥)** ਉਸ ਕੁਦਰਤਿ ਦੇ ਮਾਲਕ ਨੂੰ ਭਾਵ ਨਿਰੰਕਾਰ ਨੂੰ ਜਾਨਣ ਦਾ ਤਰੀਕਾ ਕੀ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥”

ਉਪਰਲੀਆਂ ਪੰਗਤੀਆਂ ਤੋਂ ਕੀ ਭਾਵ ਹੈ ਇਸ ਗੱਲ ਨੂੰ ਅਸੀਂ ਜਪੁਜੀ ਬਾਣੀ ਦੇ ਪਿਛਲੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਰੀ ਗੱਲ ਚੰਗੀ ਕਾਰ ਕਰਨ ਦੀ ਹੈ ਤੇ ਚੰਗੀ ਕਾਰ ਉਹੀ ਹੈ ਜੋ ਪ੍ਰਮਾਤਮਾ ਨੂੰ ਭਾਉਂਦੀ ਹੈ। ਪ੍ਰਮਾਤਮਾ ਨੂੰ ਸਾਡੀ ਕਿਹੋ ਜਿਹੀ ਕਾਰ ਭਾਉਂਦੀ ਹੈ ਇਸ ਗੱਲ ਨੂੰ ਅਸੀਂ ਬਾਰ-ਬਾਰ ਸਮਝਿਆ ਹੀ ਹੈ। ਪ੍ਰਮਾਤਮਾ ਨੂੰ ਸਾਡੇ ਮਾੜੇ ਕਰਮ ਨਹੀਂ ਭਾਉਂਦੇ ਭਾਵ ਚੰਗੇ ਕਰਮ ਭਾਉਂਦੇ ਹਨ ਜੋ ਚੰਗੇ ਕਰਮ ਅਉਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦੁਆਰਾ ਹੀ ਹੁੰਦੇ ਹਨ ਭਾਵ ਮਨਮਤਿ ਤਿਆਗ ਕੇ ਗੁਰਮਤਿ ਅਨੁਸਾਰ ਵਿਚਰਨ ਦੁਆਰਾ ਹੀ ਹੁੰਦੇ ਹਨ। ਆਪਣੀ ਮਤਿ ਨੂੰ ਤਿਆਗਣਾ ਤੇ ਗੁਰੂ ਦੀ ਮਤਿ ਨੂੰ ਮੰਨਣਾ ਹੀ ਗੁਰੂ ਤੇ ਆਪਣਾ ਆਪ ਵਾਰਨਾ ਹੈ ਤੇ ਇਹੀ ਸਭ ਤੋਂ ਔਖੀ ਗੱਲ ਹੈ ਤੇ ਆਪਾ ਛੱਡੇ ਬਿਨਾਂ ਅਸੀਂ ਗੁਰਮਤਿ ਆਨੁਸਾਰ ਨਹੀਂ ਵਿਚਰ ਸਕਦੇ ਤੇ ਗੁਰਮਤਿ ਤੇ ਚੱਲੇ ਬਿਨਾਂ ਅਸੀਂ ਭਲੀ ਕਾਰ ਨਹੀਂ ਕਰ ਸਕਦੇ ਤੇ ਭਲੀ ਕਾਰ ਕੀਤੇ ਬਿਨਾਂ ਅਸੀਂ ਉਸ ਨਿਰੰਕਾਰ ਨੂੰ ਨਹੀਂ ਜਾਣ ਸਕਦੇ ਜੋ ਪੂਰੀ ਸ੍ਰਿਸ਼ਟੀ ਵਿੱਚ ਸਦਾ ਤੋਂ ਹੀ ਸਲਾਮਤਿ ਹੈ, ਪੂਰੀ ਸ੍ਰਿਸ਼ਟੀ ਦਾ ਰਚਨਹਾਰ ਹੈ ਤੇ ਸਦਾ ਲਈ ਉਸਨੇ ਹੀ ਸਲਾਮਤਿ ਰਹਿਣਾ ਹੈ। **(ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥)**

ਨਾਮ ਨੂੰ ਸਮਝੇ ਬਿਨਾਂ, ਨਾਮ ਦੇ ਮਕਸਦ ਨੂੰ ਸਮਝੇ ਬਿਨਾਂ ਅਸੀਂ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ, ਨਾਮ ਜਪਣ ਦੇ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਚੰਗੇ ਕਰਮ ਨਹੀਂ ਕਰ ਸਕਦੇ ਕਿਉਂਕਿ ਨਾਮ ਦਾ ਮਕਸਦ ਸਾਡੇ ਮਨ ਦੀ ਮੈਲ ਧੋਣ ਦੇ ਨਾਲ ਹੈ ਭਾਵ ਸਾਡੇ ਅੰਦਰੋਂ ਮਾੜੀ ਸਮਝ ਨੂੰ ਕੱਢਣ ਨਾਲ ਹੈ ਜਿਸ ਮਾੜੀ ਸਮਝ ਦੁਆਰਾ ਅਸੀਂ ਮਾੜੇ ਕਰਮ ਕਰਦੇ ਹਾਂ। ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਾਨੂੰ ਨਾਮ ਜਪਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ, ਨਾਮ ਦਾ ਮਕਸਦ ਹੀ

49/6630

ਸਮਝਾਇਆ ਹੋਇਆ ਹੈ। ਆਉ ਧਿਆਨ ਨਾਲ ਸਮਝਦੇ ਹਾਂ।

“ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥”

(ਅੰਗ ੪)

ਉਪਰ ਸ਼ਬਦ ਰਾਹੀਂ ਸਾਨੂੰ ਮਨ ਦੀ ਮੈਲ ਅਸੀਂ ਕਿਸ ਤਰੀਕੇ ਧੋਣੀ ਹੈ ਉਹ ਮੈਲ ਧੋਣ ਦਾ ਤਰੀਕਾ ਆਪਣੇ ਤਨ ਦੀ ਮੈਲ ਤੇ ਆਪਣੇ ਕਪੜਿਆਂ ਦੀ ਮੈਲ ਅਸੀਂ ਕਿਸ ਤਰੀਕੇ ਧੋਂਦੇ ਹਾਂ ਉਸ ਪ੍ਰਮਾਣ ਦੁਆਰਾ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਮਨ ਦੀ ਮੈਲ ਨੂੰ ਅਸੀਂ ਗੁਰੂ ਦੇ ਨਾਮ ਦੁਆਰਾ ਕਿਸ ਤਰੀਕੇ ਧੋਣਾ ਹੈ। ਜਦੋਂ ਅਸੀਂ ਆਪਣੇ ਤਨ ਦੀ ਮੈਲ ਧੋਂਦੇ ਹਾਂ ਉਸਨੂੰ ਪਾਣੀ ਦੇ ਨਾਲ ਧੋਂਦੇ ਹਾਂ। ਜੋ ਅਸੀਂ ਪਾਣੀ ਵਰਤਦੇ ਹਾਂ ਉਸ ਪਾਣੀ ਦਾ ਮਕਸਦ ਸਾਡੇ ਤਨ ਦੀ ਮੈਲ ਨੂੰ ਉਤਾਰਨ ਨਾਲ ਹੀ ਹੁੰਦਾ ਹੈ ਤੇ ਜੇਕਰ ਸਾਡੇ ਤਨ ਦੀ ਮੈਲ ਨਾ ਉਤਰੇ ਫਿਰ ਪਾਣੀ ਦੇ ਨਾਲ ਇਸ਼ਨਾਨ ਕਰਨ ਦਾ ਸਾਨੂੰ ਕੀ ਲਾਭ ਮਿਲਿਆ ਭਾਵ ਸਾਡਾ ਇਸ਼ਨਾਨ ਕਰਨਾ ਬੇਕਾਰ ਗਿਆ। ਅਸੀਂ ਆਪਣੇ ਸਰੀਰ ਨੂੰ ਮੱਲ ਮੱਲ ਕੇ ਧੋਂਦੇ ਹਾਂ, ਪਾਣੀ ਨਾਲ ਮੱਲ ਮੱਲ ਕੇ ਧੋਂਦੇ ਹਾਂ ਭਾਵ ਅਸੀਂ ਪੂਰੀ ਕੋਸ਼ਿਸ਼ ਕਰਦੇ ਹਾਂ ਕਿ ਸਾਡੇ ਤਨ ਦੀ ਮੈਲ ਉਤਰ ਜਾਵੇ ਭਾਵ ਇਸ਼ਨਾਨ ਕਰਨ ਦਾ ਮਕਸਦ ਪੂਰਾ ਹੋ ਜਾਵੇ। ਇਸੇ ਤਰ੍ਹਾਂ ਜਦੋਂ ਸਾਡੇ ਤਨ ਦੇ ਉੱਤੇ ਪਾਉਂਣ ਵਾਲੇ ਸਾਡੇ ਕੱਪੜੇ ਮੈਲੇ ਹੋ ਜਾਂਦੇ ਹਨ, ਮੱਲ ਮੂਤ ਨਾਲ ਮੈਲੇ ਹੋ ਜਾਂਦੇ ਹਨ, ਮਿੱਟੀ ਨਾਲ ਮੈਲੇ ਹੋ ਜਾਂਦੇ ਹਨ ਫਿਰ ਉਹਨਾਂ ਕੱਪੜਿਆਂ ਦੀ ਮੈਲ ਉਤਾਰਨ ਲਈ ਉਹਨਾਂ ਉੱਤੇ ਸਾਬਣ ਲਗਾਉਂਦੇ ਹਾਂ ਜੋ ਸਾਬੁਣ ਦਾ ਮਕਸਦ ਕੱਪੜਿਆਂ ਦੀ ਮੈਲ ਉਤਾਰਨ ਨਾਲ ਹੀ ਹੁੰਦਾ ਹੈ ਤੇ ਜੇਕਰ ਸਾਬੁਣ ਲਗਾਉਂਣ ਨਾਲ ਕੱਪੜਿਆਂ ਦੀ ਮੈਲ ਹੀ ਨਾ ਉਤਰੇ ਫਿਰ ਸਾਬੁਣ ਲਗਾਉਂਣਾ ਕਿਸ ਕੰਮ ਆਇਆ। ਸਾਬੁਣ ਨੂੰ ਅਸੀਂ ਕੱਪੜਿਆਂ ਉੱਤੇ ਰਗੜ ਰਗੜ ਕੇ ਲਗਾਉਂਦੇ ਹਾਂ ਤਾਂ ਜੋ ਕੱਪੜਿਆਂ ਨੂੰ ਧੋਣ ਦਾ ਮਕਸਦ ਪੂਰਾ ਹੋ ਜਾਵੇ ਭਾਵ ਕੱਪੜਿਆਂ ਦੀ ਮੈਲ ਪੂਰੀ ਤਰ੍ਹਾਂ ਨਿਕਲ ਜਾਵੇ ਤਾਂ ਜੋ ਅਸੀਂ ਉਹਨਾਂ ਨੂੰ ਪਹਿਨ ਸਕੀਏ। **(ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥)** ਆਉ ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਸਮਝੀਏ ਕਿ ਨਾਮ ਜਪਣ ਦਾ ਮਕਸਦ ਕੀ ਹੈ ਭਾਵ ਨਾਮ ਨੇ ਸਾਡੀ ਕਿਸ ਮੈਲ ਨੂੰ ਧੋਣਾ ਹੈ ਤੇ ਕਿਸ ਮਕਸਦ ਲਈ ਧੋਣਾ ਹੈ।

“ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥”

49/6631

ਇਸ ਤੋਂ ਸਪਸ਼ਟ ਧੰਨ ਧੰਨ ਗੁਰਬਾਣੀ ਗੁਰੂ ਸਾਨੂੰ ਹੋਰ ਕਿਵੇਂ ਸਮਝਾਵੇ ਕਿ ਸਾਡਾ ਨਾਮ ਦੇ ਰੰਗ ਵਿੱਚ ਰੰਗਿਆ ਜਾਣਾ ਕੀ ਹੈ ਭਾਵ ਗੁਰੂ ਦਾ ਨਾਮ ਕਿਸ ਮਕਸਦ ਲਈ ਹੈ। ਬੜਾ ਸਪਸ਼ਟ ਹੈ ਕਿ ਨਾਮ ਦਾ ਮਕਸਦ ਸਾਡੇ ਮਨ ਦੀ ਮੈਲ ਕੱਢਣ ਲਈ ਹੈ ਜੋ ਮੈਲ ਸਾਡੇ ਅੰਦਰ ਦੀ ਸਾਡੀ ਮਾੜੀ ਮਤਿ ਦੇ ਰੂਪ ਵਿੱਚ ਹੈ ਭਾਵ ਮਨ ਦੀ ਮਾੜੀ ਸਮਝ ਦੇ ਰੂਪ ਵਿੱਚ ਹੈ ਭਾਵ ਮਨ ਦੀ ਗੰਦਗੀ ਦੇ ਰੂਪ ਵਿੱਚ ਹੈ ਜਿਸ ਮਨ ਦੀ ਗੰਦਗੀ ਨੂੰ ਭਾਵ ਮਨ ਦੀ ਮੈਲ ਨੂੰ ਅਸੀਂ ਗੁਰੂ ਦੇ ਨਾਮ ਨਾਲ ਧੋਣਾ ਹੈ। ਹੁਣ ਧਿਆਨ ਨਾਲ ਸਮਝੋ ਕਿ ਮਨ ਦੀ ਮਾੜੀ ਸਮਝ ਕਿਸ ਤਰੀਕੇ ਧੁੱਪ ਸਕਦੀ ਹੈ। ਮਾੜੀ ਸਮਝ, ਮਾੜੀ ਮਤਿ ਕੇਵਲ ਤੇ ਕੇਵਲ ਚੰਗੀ ਮਤਿ ਨਾਲ ਭਾਵ ਸੱਚੀ ਸਮਝ ਨਾਲ ਧੁੱਪ ਸਕਦੀ ਹੈ। ਹੁਣ ਧਿਆਨ ਨਾਲ ਸੋਚੋ ਗੁਰੂ ਦਾ ਨਾਮ ਕਿਸ ਰੂਪ ਵਿੱਚ ਹੋਇਆ। ਗੁਰੂ ਦਾ ਨਾਮ ਗੁਰੂ ਦੀ ਸੱਚੀ ਮਤਿ ਹੈ, ਗੁਰੂ ਦੀ ਸੱਚੀ ਸਮਝ ਹੈ, ਗੁਰੂ ਦਾ ਸੱਚਾ ਗਿਆਨ ਹੈ ਜੋ ਗੁਰੂ ਦੀ ਸੱਚੀ ਮਤਿ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦੀ ਮਾੜੀ ਸਮਝ ਸਾਡੇ ਅੰਦਰ ਦੇ ਸਾਡੇ ਵਿਚਾਰ ਹੀ ਹਨ ਜੋ ਮਨ ਦੇ ਮਾੜੇ ਵਿਚਾਰ ਭਾਵ ਸਾਡੀ ਸੁਰਤਿ

ਦੇ ਵਿਚਾਰ ਸਾਡੇ ਮਨ ਦੀ ਮੈਲ ਹਨ, ਜੋ ਸਾਡੇ ਅੰਦਰ ਦੇ ਮੈਲੇ ਵਿਚਾਰ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਤੇ ਸਾਨੂੰ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਪਾਪੀ ਬਣਾਉਂਦੇ ਹਨ। ਸਾਡਾ ਹਰ ਮਾੜਾ ਕਰਮ ਸਾਨੂੰ ਪਾਪੀ ਬਣਾਉਂਦਾ ਹੈ। ਜੋ ਵੀ ਕਰਮ ਅਸੀਂ ਗੁਰੂ ਦੀ ਮਤਿ ਦੇ ਉਲਟ ਕਰਦੇ ਹਾਂ ਉਹ ਸਾਡਾ ਮਾੜਾ ਕਰਮ ਹੈ ਜੋ ਸਾਨੂੰ ਪਾਪੀ ਬਣਾਉਂਦਾ ਹੈ। ਸਾਡੇ ਪਾਪਾਂ ਵਾਲੀ ਸਮਝ ਦਾ ਕਾਰਨ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੀ ਹੈ ਤੇ ਗੁਰਮਤਿ ਦੀ ਸੱਚੀ ਸਮਝ ਹੀ ਨਾਮ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਨ ਦੀ ਮਾੜੀ ਸਮਝ ਰੂਪ ਮੈਲ ਤਾਂ ਹੀ ਧੁੱਪੇਗੀ ਜੇਕਰ ਅਸੀਂ ਆਪਣੇ ਮਨ ਦੀ ਮੈਲ ਨੂੰ ਗੁਰੂ ਦੀ ਸੱਚੀ ਸਮਝ ਦੇ ਨਾਲ ਧੋਵਾਂਗੇ, ਉਸ ਤਰੀਕੇ ਧੋਵਾਂਗੇ ਜਿਸ ਤਰੀਕੇ ਅਸੀਂ ਆਪਣੇ ਤਨ ਦੀ ਮੈਲ ਨੂੰ ਧੋਂਦੇ ਹਾਂ, ਕੱਪੜਿਆਂ ਦੀ ਮੈਲ ਨੂੰ ਧੋਂਦੇ ਹਾਂ ਭਾਵ ਤਦ ਤਕ ਧੋਂਦੇ ਹਾਂ ਜਦ ਤਕ ਉਹਨਾਂ ਦੀ ਮੈਲ ਪੂਰੀ ਤਰ੍ਹਾਂ ਉਤਰ ਨਾ ਜਾਵੇ। ਬਿਨਾਂ ਗੁਰੂ ਦੀ ਮਤਿ ਨੂੰ ਮੰਨੇ ਭਾਵ ਬਿਨਾਂ ਗੁਰੂ ਦੀ ਮਤਿ ਤੇ ਅਮਲ ਕੀਤੇ ਕੀ ਕਦੇ ਸਾਡੇ ਅੰਦਰ ਦੀ ਮਾੜੇ ਵਿਚਾਰਾਂ ਵਾਲੀ ਮੈਲ ਭਾਵ ਸਾਡੇ ਸੁਰਤਿ ਦੇ ਵਿਚਾਰਾਂ ਦੀ ਮੈਲ ਧੁੱਪ ਸਕਦੀ ਹੈ। ਸਾਡੇ ਮਨ ਦੀ ਮੈਲ ਨੂੰ ਸ਼ਬਦ ਦੇ ਵਿਚਾਰ ਹੀ ਧੋ ਸਕਦੇ ਹਨ ਭਾਵ ਗੁਰੂ ਦਾ ਨਾਮ ਹੀ ਧੋ ਸਕਦਾ ਹੈ ਤੇ ਜੇਕਰ

49/6632

ਗੁਰੂ ਦੇ ਨਾਮ ਨੂੰ ਆਪਣੀ ਆਪਣੀ ਮਤਿ ਅਨੁਸਾਰ ਕੋਈ ਅੱਖਰ ਸਮਝ ਕੇ ਬੋਲੀ ਜਾਵਾਂਗੇ ਤਾਂ ਫਿਰ ਕੀ ਉਸਦੇ ਨਾਲ ਸਾਡੇ ਅੰਦਰ ਦੀ ਮਾੜੀ ਸਮਝ, ਅਗਿਆਨਤਾ ਵਾਲੀ ਮਾੜੀ ਸਮਝ, ਭਰਮਾਂ ਵਾਲੀ ਮਾੜੀ ਸਮਝ, ਮਨਮਤਿ ਵਾਲੀ ਮਾੜੀ ਸਮਝ ਕਦੇ ਨਿਕਲ ਸਕਦੀ ਹੈ ਭਾਵੇਂ ਅਸੀਂ ਦਿਨ ਰਾਤ, ਸਾਰਾ ਜੀਵਨ ਕਿਸੇ ਅੱਖਰ ਨੂੰ ਰੱਟੀ ਜਾਈਏ। ਇਹ ਸਾਡਾ ਬਹੁਤ ਵੱਡਾ ਭਰਮ ਹੈ। ਮਨ ਦੀ ਇਸ ਭਰਮਾਂ ਵਾਲੀ ਸਮਝ ਨੂੰ ਹੀ ਅਸੀਂ ਧੋਣਾ ਹੈ ਤਾਂ ਜੋ ਅਸੀਂ ਸਭ ਤੋਂ ਪਹਿਲਾਂ ਇਸ ਗੱਲ ਨੂੰ ਸਮਝੀਏ ਕਿ ਗੁਰੂ ਦੇ ਨਾਮ ਦਾ ਮਕਸਦ ਭਾਵ ਗੁਰੂ ਦੀ ਮਤਿ ਦਾ ਮਕਸਦ ਹੀ ਸਾਡੇ ਮਨ ਦੀ ਮਾੜੀ ਸਮਝ ਦੀ ਮੈਲ ਨੂੰ ਧੋਣ ਦਾ ਹੈ। ਜਿਉਂ ਜਿਉਂ ਗੁਰੂ ਦੀ ਸੱਚੀ ਸਮਝ ਵਾਲੀ ਮਤਿ ਨੂੰ ਆਪਣੀ ਮਾੜੀ ਸਮਝ ਦੀ ਮਤਿ ਤੇ ਰਗੜਾਂਗੇ ਭਾਵ ਗੁਰੂ ਦੀ ਮਤਿ ਨੂੰ ਮੰਨਾਂਗੇ ਤਿਉਂ ਤਿਉਂ ਸਾਡੇ ਮਨ ਦੀ ਮੈਲ ਨਿਕਲਦੀ ਜਾਵੇਗੀ ਤੇ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਜਾਵੇਗੀ ਕਿ ਪਾਪਾਂ ਵਾਲੀ ਮਾੜੀ ਸਮਝ ਵਿੱਚੋਂ ਨਿਕਲ ਕੇ ਚੰਗੇ ਕਰਮ ਕਰਨਾ ਹੀ ਧਰਮ ਦਾ ਮਾਰਗ ਹੈ, ਨਾਮ ਦਾ ਮਕਸਦ ਹੈ। **(ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ ॥)**

{ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿ ਕਾ ਭਾਉ ॥
ਜਤੀ ਸਤੀ ਕਹ ਰਾਖਹਿ ਪਾਉ ॥੧॥ ਨਾਨਕ ਨਾਮ ਵਿਟਹੁ ਕੁਰਬਾਣੁ ॥ ਅੰਧੀ ਦੁਨੀਆ ਸਾਹਿਬੁ ਜਾਣੁ ॥੧॥
ਰਹਾਉ ॥ ਗੁਰੂ ਪਾਸਹੁ ਫਿਰਿ ਚੇਲਾ ਖਾਇ ॥ ਤਾਮਿ ਪਰੀਤਿ ਵਸੈ ਘਰਿ ਆਇ ॥ ਜੇ ਸਉ ਵਰ੍ਹਿਆ ਜੀਵਣ ਖਾਣੁ॥
ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥ ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ ॥ ਕਹੈ ਖੁਦਾਇ ਨ ਮਾਨੈ ਕੋਇ ॥੩॥ ਮਾਣਸ ਮੂਰਤਿ ਨਾਨਕੁ ਨਾਮੁ ॥
ਕਰਣੀ ਕੁਤਾ ਦਰਿ ਫੁਰਮਾਨੁ ॥ ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥}

(ਅੰਗ ੩੪੯-੩੫੦)

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥ ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥}

(ਅੰਗ ੪੮੯)

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥
ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥
ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥
ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥੪॥੨੫॥}

(ਅੰਗ ੩੫੬)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਨ੍ਹਾਂ ਰਾਹੀਂ ਸਾਨੂੰ ਨਾਮ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਜੋ ਨਾਮ ਦਾ ਮਕਸਦ ਮਨ ਦੀ ਨਾਸਮਝ ਮਤਿ ਵਿੱਚੋਂ ਨਿਕਲਣ ਦੁਆਰਾ ਹੀ ਹੁੰਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੁੰਦਾ ਹੈ ਭਾਵ ਮਨ ਦੀ ਮੈਲ ਧੋਣ ਦੁਆਰਾ ਹੀ ਪੂਰਾ ਹੁੰਦਾ ਹੈ। ਮਨ ਦੀ ਮੈਲ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਇਹ ਮਨ ਦੀ ਮੈਲ ਸਾਡੇ ਅੰਦਰ ਹਉਮੈ ਦੇ ਰੂਪ ਵਿੱਚ ਹੈ, ਮਾਇਆ ਮੋਹ ਵਾਲੀ ਸਮਝ ਦੇ ਰੂਪ ਵਿੱਚ ਹੈ, ਤ੍ਰੈ ਗੁਣਾਂ ਵਾਲੀ ਸਮਝ ਦੇ ਰੂਪ ਵਿੱਚ ਹੈ, ਤ੍ਰਿਸ਼ਨਾਵਾਂ ਦੇ ਰੂਪ ਵਿੱਚ ਹੈ ਭਾਵ ਭਰਮਾਂ ਵਾਲੀ, ਮਨ ਦੀ ਅਗਿਆਨਤਾ ਵਾਲੀ ਸਮਝ ਦੇ ਰੂਪ ਵਿੱਚ ਹੈ ਜਿਸ ਨਾਸਮਝ ਮਤਿ ਵਿੱਚੋਂ ਨਿਕਲੇ ਬਿਨਾਂ ਅਸੀਂ ਮਨ ਦੀ ਮੈਲ ਨੂੰ ਨਹੀਂ ਧੋ ਸਕਦੇ। ਮਨ ਦੀ ਮੈਲ ਕੀ ਹੈ, ਇਸ ਵਿੱਚੋਂ ਨਿਕਲਣਾ ਕੀ ਹੈ, ਇਸ ਗੱਲ ਨੂੰ ਹੇਠ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

{ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥ ਪੰਚ ਦੂਤ ਕਾਇਆ ਸੰਘਾਰਹਿ ॥
ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥}

(ਅੰਗ ੧੦੪੫)

{ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ ॥ ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥

ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ॥ ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥
ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥ ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥੨॥}

(ਅੰਗ ੧੨੪੦)

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ ਜਪਿ ਮਨ ਮੇਰੇ ਤੂ ਏਕੋ ਨਾਮੁ ॥
ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥ ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ ੫੫੯)

{ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ॥
ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥ ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥}

(ਅੰਗ ੭੯੦)

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥ ਮਨਮੁਖਿ ਸੂਤਕੁ ਕਬਹਿ ਨ ਜਾਇ॥
ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥ ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥
ਮਰਿ ਮਰਿ ਜੰਮੈ ਵਾਰੋ ਵਾਰ ॥੨॥ ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥
ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥ ਸਤਿਗੁਰੁ ਸੇਵਿਐ ਸੂਤਕੁ ਜਾਇ ॥
ਮਰੈ ਨ ਜਨਮੈ ਕਾਲੁ ਨ ਖਾਇ ॥੫॥ ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥
ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

49/6633

{ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥੩॥੪੧॥}

(ਅੰਗ ੩੩੧)

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥}

(ਅੰਗ ੪੭੨)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥ ਨਾਮੁ ਜਪੈ ਭਉ ਭੋਜਨੁ ਖਾਇ ॥
ਗੁਰਮੁਖਿ ਸੇਵਕ ਰਹੇ ਸਮਾਇ ॥੫॥ ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥
ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥੬॥ ਆਚਾਰਾ ਵੀਚਾਰੁ ਸਰੀਰਿ ॥
ਆਦਿ ਜੁਗਾਦਿ ਸਹਜਿ ਮਨੁ ਧੀਰਿ॥ ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ॥੭॥}

(ਅੰਗ ੬੮੬)

{ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥ ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥ ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

{ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥}

(ਅੰਗ ੨੨)

{ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ ॥ ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ॥
ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ ॥
ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ ॥
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ ॥}

(ਅੰਗ ੯੬੦)

{ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥
ਬਾਬਾ ਐਸੀ ਰਵਤ ਰਵੈ ਸੰਨਿਆਸੀ ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ॥੧॥ਰਹਾਉ॥
ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥੨॥

ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥
ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥
ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥
ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥}

(ਅੰਗ ੧੦੧੨-੧੦੧੩)

{ਮਨਮੁਖਿ ਭੂਲੈ ਭੁਲਾਈਐ ਭੂਲੀ ਠਉਰ ਨ ਕਾਇ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰ_॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥

ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੦-੬੧)

{ਕਲਿਜੁਗ ਮਹਿ ਮਿਲਿ ਆਏ ਸੰਜੋਗ ॥ ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ॥੧॥
ਜਲੈ ਨ ਪਾਈਐ ਰਾਮ ਸਨੇਹੀ ॥ ਕਿਰਤਿ ਸੰਜੋਗਿ ਸਤੀ ਉਠਿ ਹੋਈ ॥੧॥ ਰਹਾਉ ॥
ਦੇਖਾ ਦੇਖੀ ਮਨਹਠਿ ਜਲਿ ਜਾਈਐ ॥ ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥੨॥
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥੩॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥ ਧੰਨੁ ਸਤੀ ਦਰਗਹ ਪਰਵਾਨਿਆ ॥੪॥੩੦॥੯੯॥}

(ਅੰਗ ੧੮੫)

{ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥
ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥
ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥
ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥
ਸਾਗਰਿ ਡੂਗਰਿ ਨਿਰਭਉ ਐਸਾ ॥੪॥ ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥
ਸਬਦਿ ਪਛਾਨੈ ਤੀਨੇ ਭਉਨ ॥੫॥ ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥
ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥
ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥
ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥
ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥}

(ਅੰਗ ੨੨੧)

{ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥
ਨਿਰਗੁਣ ਰਾਮੁ ਗੁਣਹ ਵਸਿ ਹੋਇ॥ ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥ ਮਨੁ ਭੂਲੋ ਬਹੁ ਚਿਤੈ ਵਿਕਾਰੁ॥
ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥ ਮਨੁ ਭੂਲੋ ਮਾਇਆ ਘਰਿ ਜਾਇ॥
ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥
ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥੪॥
ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥
ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥

ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥
ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥}

(ਅੰਗ ੨੨੨)

{ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥
ਭੇਖ ਅਨੇਕ ਅਗਨਿ ਨਹੀ ਬੁਝੈ ॥ ਕੋਟਿ ਉਪਾਵ ਦਰਗਹ ਨਹੀ ਸਿਝੈ ॥ ਛੂਟਸਿ ਨਾਹੀ ਊਭ ਪਇਆਲਿ ॥
ਮੋਹਿ ਬਿਆਪਹਿ ਮਾਇਆ ਜਾਲਿ ॥ ਅਵਰ ਕਰਤੂਤਿ ਸਗਲੀ ਜਮੁ ਡਾਨੈ ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥ਹਰਿ ਕਾ ਨਾਮੁ ਜਪਤ ਦੁਖੁ ਜਾਇ ॥ ਨਾਨਕ ਬੋਲੈ ਸਹਜਿ ਸੁਭਾਇ ॥੪॥}

(ਅੰਗ ੨੬੫-੨੬੬)

{ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥੭੬॥}

(ਅੰਗ ੧੩੬੮)

{ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥੨॥}

(ਅੰਗ ੧੨੪੫)

{ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥}

(ਅੰਗ ੬੩੩)

49/6634

{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥
ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥ ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥
ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥
ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ ॥ ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥

ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥
ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥੨॥
ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥ ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ॥
ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥ ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥
ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥
ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥
ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥੪॥੨੩॥੫੬॥}

(ਅੰਗ ੩੫-੩੬)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥
ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥
ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥
ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥
ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥
ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ॥ ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥੪॥੨੬॥੫੯॥}

(ਅੰਗ ੩੬)

{ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ॥
ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥੧॥ ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥
ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥
ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥ ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ॥
ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥ ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥ ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥੫॥
ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ॥ ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ॥
ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ ॥੬॥ ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ॥
ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥ ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥
ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ॥ ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥

ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ ॥੮॥੭॥}

(ਅੰਗ ੫੭)

{ਗੁਣ ਗਾਵਾ ਗੁਣ ਬੋਲੀ ਬਾਣੀ ॥ ਗੁਰਮੁਖਿ ਹਰਿ ਗੁਣ ਆਖਿ ਵਖਾਣੀ ॥੧॥
ਜਪਿ ਜਪਿ ਨਾਮੁ ਮਨਿ ਭਇਆ ਅਨੰਦਾ ॥
ਸਤਿ ਸਤਿ ਸਤਿਗੁਰਿ ਨਾਮੁ ਦਿੜਾਇਆ ਰਸਿ ਗਾਏ ਗੁਣ ਪਰਮਾਨੰਦਾ ॥੧॥ ਰਹਾਉ ॥
ਹਰਿ ਗੁਣ ਗਾਵੈ ਹਰਿ ਜਨ ਲੋਗਾ ॥ ਵਡੈ ਭਾਗਿ ਪਾਏ ਹਰਿ ਨਿਰਜੋਗਾ ॥੨॥
ਗੁਣ ਵਿਹੂਣ ਮਾਇਆ ਮਲੁ ਧਾਰੀ ॥ ਵਿਣੁ ਗੁਣ ਜਨਮਿ ਮੁਏ ਅਹੰਕਾਰੀ ॥੩॥
ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥ ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥੪॥੫॥੫੭॥}

(ਅੰਗ ੩੬੭)

{ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥
ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥
ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥
ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ॥
ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥
ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ॥
ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥
ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥
ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥}

(ਅੰਗ ੮੭)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥
ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥
ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥੨॥ ਏਕੋ ਵੇਖਾ ਅਵਰੁ ਨ ਬੀਆ ॥
ਗੁਰ ਪਰਸਾਦੀ ਅੰਮ੍ਰਿਤੁ ਪੀਆ ॥ ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੁਖਿ ਸਮਾਵਣਿਆ ॥੩॥
ਰਤਨੁ ਪਦਾਰਥੁ ਪਲਰਿ ਤਿਆਗੈ ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥
ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥ ਅਪਨੀ ਕਿਰਪਾ ਕਰੇ ਸੋਈ ਜਨੁ ਪਾਏ॥
ਗੁਰ ਕਾ ਸਬਦੁ ਮੰਨਿ ਵਸਾਏ ॥ ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥
ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥

ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥
ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥੭॥ ਆਪਿ ਕਰੇ ਕਿਸੁ ਆਖੈ ਕੋਈ ॥
ਆਖਣਿ ਜਾਈਐ ਜੇ ਭੂਲਾ ਹੋਈ॥ ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ ॥੮॥੭॥੮॥}

(ਅੰਗ ੧੧੩)

{ਸਤਿਗੁਰੁ ਸੇਵੀ ਸਬਦਿ ਸੁਹਾਇਆ ॥ ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥
ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥੨॥}

(ਅੰਗ ੧੧੫)

{ਤੇਰੀਆ ਖਾਣੀ ਤੇਰੀਆ ਬਾਣੀ ॥ ਬਿਨੁ ਨਾਵੈ ਸਭ ਭਰਮਿ ਭੁਲਾਣੀ ॥
ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥
ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ॥੧॥ ਰਹਾਉ ॥
ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥ ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥
ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥੨॥
ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥੩॥
ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥
ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥ ਬਾਝੁ ਗੁਰੂ ਹੈ ਅੰਧ ਗੁਬਾਰਾ ॥
ਅਗਿਆਨੀ ਅੰਧਾ ਅੰਧੁ ਅੰਧਾਰਾ ॥ ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ॥੫॥
ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥
ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥੬॥ ਆਪੇ ਬਖਸੇ ਮੇਲਿ ਮਿਲਾਏ ॥
ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥ ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥੭॥
ਸਦਾ ਹਜੂਰਿ ਦੂਰਿ ਨ ਜਾਣਹੁ ॥ ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥
ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥}

(ਅੰਗ ੧੧੬)

{ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥੧੩॥ ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥ ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥}

(ਅੰਗ ੧੦੪੯-੧੦੫੦)

{ਹਉਮੈ ਮਾਇਆ ਮੈਲੁ ਕਮਾਇਆ ॥ ਮਰਿ ਮਰਿ ਜੰਮਹਿ ਦੂਜਾ ਭਾਇਆ ॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ਮਨਿ ਦੇਖਹੁ ਲਿਵ ਲਾਈ ਹੇ ॥੧੫॥ ਜੋ ਤਿਸੁ ਭਾਵੈ ਸੋਈ ਕਰਸੀ ॥
ਆਪਹੁ ਹੋਆ ਨਾ ਕਿਛੁ ਹੋਸੀ ॥ ਨਾਨਕ ਨਾਮੁ ਮਿਲੈ ਵਡਿਆਈ ਦਰਿ ਸਾਚੈ ਪਤਿ ਪਾਈ ਹੇ ॥੧੬॥੩॥}

(ਅੰਗ ੧੦੪੬)

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥
ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥

ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥੨॥
ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥
ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

{ਜਪਿ ਮਨ ਰਾਮ ਨਾਮੁ ਸੁਖਦਾਤਾ ॥
ਸਤਸੰਗਤਿ ਮਿਲਿ ਹਰਿ ਸਾਦੁ ਆਇਆ ਗੁਰਮੁਖਿ ਬ੍ਰਹਮੁ ਪਛਾਤਾ ॥੧॥ ਰਹਾਉ ॥
ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥
ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥੧॥}

(ਅੰਗ ੯੮੪)

{ਜੋ ਰਤੇ ਦੀਦਾਰ ਸੇਈ ਸਚੁ ਹਾਕੁ ॥ ਜਿਨੀ ਜਾਤਾ ਖਸਮੁ ਕਿਉ ਲਭੈ ਤਿਨਾ ਖਾਕੁ ॥
ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ ॥ ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ ॥
ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ ॥ ਮਨੁ ਤਨੁ ਹੋਇ ਨਿਹਾਲੁ ਬਿੰਦਕ ਨਦਰਿ ਝਾਕੁ ॥
ਨਉ ਨਿਧਿ ਨਾਮੁ ਨਿਧਾਨੁ ਗੁਰ ਕੈ ਸਬਦਿ ਲਾਗੁ ॥ ਤਿਸੈ ਮਿਲੈ ਸੰਤ ਖਾਕੁ ਮਸਤਕਿ ਜਿਸੈ ਭਾਗੁ ॥੫॥}

(ਅੰਗ ੯੫੯)

{ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥
ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥੧॥ ਰਾਮ ਜਨ ਗੁਰਮਤਿ ਰਾਮੁ ਬੋਲਾਇ ॥
ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥੧॥ ਰਹਾਉ ॥}

(ਅੰਗ ੮੮੦)

{ਮਨਮੁਖ ਮੈਲੇ ਮਰਹਿ ਗਵਾਰ ॥ ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥
ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥
ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥
ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥
ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥
ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥੩॥}

(ਅੰਗ ੮੫੨)

{ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥ ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ ॥
ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ॥
ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥੧੭॥}

(ਅੰਗ ੭੯੧)

49/6635

{ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥
ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥
ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥}

(ਅੰਗ ੭੭੪)

{ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥
ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥
ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥
ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥
ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥
ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥
ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥
ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥
ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ ॥
ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ ॥
ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ ॥
ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥੨॥
ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ ਪਾਇਆ ਰਾਮ ॥
ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ ॥
ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ ॥
ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ ॥
ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ ॥
ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੩॥
ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥
ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ ॥

ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ ॥
ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ ॥
ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ ॥੪॥੫॥੬॥}

(ਅੰਗ ੭੭੧-੭੭੨)

{ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥
ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥
ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥
ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥
ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ ॥
ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥੨॥}

(ਅੰਗ ੭੭੦)

{ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥ ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ॥}

(ਅੰਗ ੭੬੬)

{ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥
ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥
ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥
ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥
ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥
ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥}

(ਅੰਗ ੭੬੩)

{ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥
ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥
ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥ ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥
ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥
ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥੧੪॥
ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥ ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥੧੫॥
ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥
ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥ ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥੧੭॥
ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥
ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ॥੧੯॥
ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥

ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥
ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥ ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ॥੨੨॥}
(ਅੰਗ ੭੫੫-੭੫੬)

{ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥ ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ॥
ਸਚੇ ਸੇਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ ॥੧॥ ਰੰਗੇ ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ ॥
ਰੰਗਣ ਵਾਲਾ ਸੇਵੀਐ ਸਚੇ ਸਿਉ ਚਿਤੁ ਲਾਇ ਜੀਉ ॥੧॥ ਰਹਾਉ ॥
ਚਾਰੇ ਕੁੰਡਾ ਜੇ ਭਵਹਿ ਬਿਨੁ ਭਾਗਾ ਧਨੁ ਨਾਹਿ ਜੀਉ॥ ਅਵਗਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ॥
ਗੁਰਿ ਰਾਖੇ ਸੇ ਉਬਰੇ ਸਬਦਿ ਰਤੇ ਮਨ ਮਾਹਿ ਜੀਉ ॥੨॥ ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥
ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥ ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥੩॥}
(ਅੰਗ ੭੫੧)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਣੇ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਣੇ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}
(ਅੰਗ ੬੮੭)

{ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥
ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥}
(ਅੰਗ ੬੮੭)

{ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥
ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥}
(ਅੰਗ ੬੮੬)

{ਜੋ ਹਰਿ ਸੇਵਹਿ ਤਿਨ ਬਲਿ ਜਾਉ ॥ ਤਿਨ ਹਿਰਦੈ ਸਾਚੁ ਸਚਾ ਮੁਖਿ ਨਾਉ ॥
ਸਾਚੋ ਸਾਚੁ ਸਮਾਲਿਹੁ ਦੁਖੁ ਜਾਇ ॥ ਸਾਚੈ ਸਬਦਿ ਵਸੈ ਮਨਿ ਆਇ ॥੧॥
ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ ਰਹਾਉ ॥
ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ ॥ ਅੰਤਰਿ ਸਾਂਤਿ ਸਹਜਿ ਸੁਖੁ ਪਾਏ ॥
ਗੁਰ ਕੈ ਭਾਣੈ ਚਲੈ ਤਾ ਆਪੁ ਜਾਇ ॥ ਸਾਚੁ ਮਹਲੁ ਪਾਏ ਹਰਿ ਗੁਣ ਗਾਇ ॥੨॥
ਨ ਸਬਦੁ ਬੂਝੈ ਨ ਜਾਣੈ ਬਾਣੀ ॥ ਮਨਮੁਖਿ ਅੰਧੇ ਦੁਖਿ ਵਿਹਾਣੀ ॥ ਸਤਿਗੁਰੁ ਭੇਟੇ ਤਾ ਸੁਖੁ ਪਾਏ ॥
ਹਉਮੈ ਵਿਚਹੁ ਠਾਕਿ ਰਹਾਏ ॥੩॥ ਕਿਸ ਨੋ ਕਹੀਐ ਦਾਤਾ ਇਕੁ ਸੋਇ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਇ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਾ ਭਾਵਾ ॥੪॥੫॥}

(ਅੰਗ ੬੬੫)

{ਜਗੁ ਮੈਲਾ ਮੈਲੋ ਹੋਇ ਜਾਇ ॥ ਆਵੈ ਜਾਇ ਦੂਜੈ ਲੋਭਾਇ ॥
ਦੂਜੈ ਭਾਇ ਸਭ ਪਰਜ ਵਿਗੋਈ ॥ ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ ॥੧॥
ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥ ਅੰਤਰਿ ਨਾਮੁ ਵਸੈ ਪਤਿ ਊਤਮ ਹੋਇ ॥ ਰਹਾਉ ॥}

(ਅੰਗ ੬੬੪)

{ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ ॥
ਗੁਰਮੁਖਿ ਹੋਵੈ ਤ ਗੁਣ ਰਵੈ ਭਾਈ ਮਿਲਿ ਪ੍ਰੀਤਮ ਸਾਚਿ ਸਮਾਉ ॥੬॥}

(ਅੰਗ ੬੩੯)

{ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥
ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥
ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥}

(ਅੰਗ ੬੩੭)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥ ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥

ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ ੬੩੫-੬੩੬)

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ ੫੯੮)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

49/6636

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥
ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥ ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥}

(ਅੰਗ ੫੮੭)

{ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ ॥ ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ॥
ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ ॥
ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ॥ ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ॥
ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥੧॥
ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥ ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ॥
ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥੨॥
ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥
ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਰਾ ਮਾਹਿ ਸਮਾਈ ॥
ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥
ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥
ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥ ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ॥
ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥ ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ॥
ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥}

(ਅੰਗ ੫੭੦-੫੭੧)

{ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥ ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥
ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ ॥ ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ ॥
ਤਿਸੁ ਸਿਉ ਲਾਇਨ੍ਹਿ ਰੰਗੁ ਜਿਸ ਦੀ ਸਭ ਧਾਰੀਆ ॥ ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ॥
ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ ॥ ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ ॥੯॥}

(ਅੰਗ ੫੨੦)

{ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥ ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥
ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥ ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥
ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥ ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥
ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥ ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥੫॥}

(ਅੰਗ ੫੧੯)

{ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ॥੧॥ ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ॥
ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥੩॥
ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥

ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥}

(ਅੰਗ ੪੯੫)

{ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਜਾਨਾ ॥੧॥
ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥
ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥
ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥}

(ਅੰਗ ੪੮੪)

{ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥ ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ ॥
ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ ॥
ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ ॥ ਮਿਟੇ ਦੂਖ ਕਲਿਆਣ ਕੀਰਤਨ ਬਹੁੜਿ ਜੋਨਿ ਨ ਪਾਵਾ ॥
ਬਿਨਵੰਤਿ ਨਾਨਕ ਗੁਰ ਸਰਣਿ ਤਰੀਐ ਆਪਣੇ ਪ੍ਰਭ ਭਾਵਾ ॥੪॥੨॥}

(ਅੰਗ ੪੫੩)

{ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥ ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ ॥੧॥
ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥ ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥੧॥ ਰਹਾਉ॥
ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥
ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ॥੨॥
ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥ ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ॥੩॥}

(ਅੰਗ ੪੨੬-੪੨੭)

{ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥
ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥
ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥
ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥
ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥ ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥
ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥੫॥
ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥
ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥੭॥
ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥
ਹਰਿ ਜੀਉ ਆਗੈ ਕਰੀ ਅਰਦਾਸਿ ॥ ਸਾਧੂ ਜਨ ਸੰਗਤਿ ਹੋਇ ਨਿਵਾਸੁ ॥

ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥ ਕਰਿ ਬੀਚਾਰੁ ਆਚਾਰੁ ਪਰਾਤਾ ॥
ਸਤਿਗੁਰ ਬਚਨੀ ਏਕੋ ਜਾਤਾ ॥ ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥}

(ਅੰਗ ੪੧੪-੪੧੫)

{ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥੧॥ ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥}

(ਅੰਗ ੩੮੧)

{ਦੂਜੈ ਭਾਇ ਲਗੇ ਦੁਖੁ ਪਾਇਆ ॥ ਬਿਨੁ ਸਬਦੈ ਬਿਰਥਾ ਜਨਮੁ ਗਵਾਇਆ ॥
ਸਤਿਗੁਰੁ ਸੇਵੈ ਸੋਝੀ ਹੋਇ ॥ ਦੂਜੈ ਭਾਇ ਨ ਲਾਗੈ ਕੋਇ ॥੧॥ ਮੂਲਿ ਲਾਗੇ ਸੇ ਜਨ ਪਰਵਾਣੁ ॥
ਅਨਦਿਨੁ ਰਾਮ ਨਾਮੁ ਜਪਿ ਹਿਰਦੈ ਗੁਰ ਸਬਦੀ ਹਰਿ ਏਕੋ ਜਾਣੁ ॥੧॥ ਰਹਾਉ ॥
ਡਾਲੀ ਲਾਗੈ ਨਿਹਫਲੁ ਜਾਇ ॥ ਅੰਧੀ ਕੰਮੀ ਅੰਧ ਸਜਾਇ ॥ ਮਨਮੁਖੁ ਅੰਧਾ ਠਉਰ ਨ ਪਾਇ ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥੨॥ ਗੁਰ ਕੀ ਸੇਵਾ ਸਦਾ ਸੁਖੁ ਪਾਏ ॥
ਸੰਤਸੰਗਤਿ ਮਿਲਿ ਹਰਿ ਗੁਣ ਗਾਏ ॥ ਨਾਮੇ ਨਾਮਿ ਕਰੇ ਵੀਚਾਰੁ ॥ ਆਪਿ ਤਰੈ ਕੁਲ ਉਧਰਣਹਾਰੁ ॥੩॥
ਗੁਰ ਕੀ ਬਾਣੀ ਨਾਮਿ ਵਜਾਏ ॥ ਨਾਨਕ ਮਹਲੁ ਸਬਦਿ ਘਰੁ ਪਾਏ ॥ ਗੁਰਮਤਿ ਸਤ ਸਰਿ ਹਰਿ ਜਲਿ ਨਾਇਆ॥
ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥੪॥੫॥੪੪॥}

(ਅੰਗ ੩੬੨)

{ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ॥ ਲਾਗੀ ਮੈਲੁ ਮਿਟੈ ਸਚ ਨਾਇ ॥
ਗੁਰ ਪਰਸਾਦਿ ਰਹੈ ਲਿਵ ਲਾਇ ॥੧॥ ਹੈ ਹਜੂਰਿ ਹਾਜਰੁ ਅਰਦਾਸਿ ॥
ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥ ਕੂੜੁ ਕਮਾਵੈ ਆਵੈ ਜਾਵੈ ॥
ਕਹਣਿ ਕਥਨਿ ਵਾਰਾ ਨਹੀ ਆਵੈ ॥ ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥
ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥ ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥
ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ॥੩॥ ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥}

(ਅੰਗ ੩੫੨)

{ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥
ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥ ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ॥
ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥੨॥}

(ਅੰਗ ੩੦੦)

{ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥
ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥
ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥
ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥
ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ ੨੪੫)

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥ ਜੋ ਇਸੁ ਮਾਰੇ ਤਿਸ ਕਾ ਆਇਆ ਗਨੀ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥ ਇਸੁ ਮਾਰੀ ਬਿਨੁ ਥਾਇ ਨ ਪਰੈ॥
ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੭-੨੩੮)

{ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥
ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥੩॥
ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥
ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪॥
ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ ॥

ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥੫॥
ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥
ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥
ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮॥
ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥
ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥੯॥
ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥
ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥੧੦॥੧॥}

(ਅੰਗ ੨੩੪)

{ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥ ਐਥੈ ਅਗੈ ਹਰਿ ਨਾਮੁ ਸਖਾਈ ॥੧॥
ਰਾਮ ਪੜਹੁ ਮਨਿ ਕਰਹੁ ਬੀਚਾਰੁ ॥ ਗੁਰ ਪਰਸਾਦੀ ਮੈਲੁ ਉਤਾਰੁ ॥੧॥ ਰਹਾਉ ॥
ਵਾਦਿ ਵਿਰੋਧਿ ਨ ਪਾਇਆ ਜਾਇ ॥ ਮਨੁ ਤਨੁ ਫੀਕਾ ਦੂਜੈ ਭਾਇ ॥ ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥
ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥
ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥
ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ ॥ ਗੁਰਮੁਖਿ ਅਲਿਪਤ ਰਹੇ ਲਿਵ ਲਾਈ॥੫॥
ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥ ਆਪੁ ਨ ਚੀਨੈ ਬਾਜੀ ਹਾਰੀ ॥੬॥
ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥
ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥ ਨਾਮਿ ਰਤੇ ਸਦਾ ਬੈਰਾਗੀ ॥
ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥ ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥੩॥}

(ਅੰਗ ੨੩੦)

49/6637

{ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥
ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥੩॥
ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ ॥
ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਹਰਿ ਜਪੀਐ ਹਰਿ ਕਿਰਪਾ ਤੇ ॥੪॥੨॥੧੬॥੫੪॥}

(ਅੰਗ ੧੬੯)

{ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥
ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥

ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥ ਹਉਮੈ ਕਰੈ ਨਿਹਕਰਮੀ ਨ ਹੋਵੈ ॥
ਗੁਰ ਪਰਸਾਦੀ ਹਉਮੈ ਖੋਵੈ ॥ ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥
ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥ ਨਿਰਮਲ ਹੰਸਾ ਪ੍ਰੇਮ ਪਿਆਰਿ ॥
ਹਰਿ ਸਰਿ ਵਸੈ ਹਉਮੈ ਮਾਰਿ ॥ ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥
ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥ ਰਤਨੁ ਪਦਾਰਥੁ ਘਰ ਤੇ ਪਾਇਆ ॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ॥੭॥
ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ ੧੨੮-੧੨੯)

{ਗੁਰਮੁਖਿ ਮਿਲੈ ਮਿਲਾਏ ਆਪੇ ॥ ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥
ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥
ਗੁਰਮੁਖਿ ਜੀਵੈ ਮਰੈ ਪਰਵਾਣੁ ॥ ਆਰਜਾ ਨ ਛੀਜੈ ਸਬਦੁ ਪਛਾਣੁ ॥
ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥
ਗੁਰਮੁਖਿ ਹਰਿ ਦਰਿ ਸੋਭਾ ਪਾਏ ॥ ਗੁਰਮੁਖਿ ਵਿਚਹੁ ਆਪੁ ਗਵਾਏ ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥
ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ ਗੁਰਮੁਖਿ ਹਉਮੈ ਚੂਕੈ ਪੀਰ ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥
ਗੁਰਮੁਖਿ ਨਾਮੁ ਮਿਲੈ ਵਡਿਆਈ ॥ ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥੫॥
ਗੁਰਮੁਖਿ ਅਨਦਿਨੁ ਸਬਦੇ ਰਾਤਾ ॥ ਗੁਰਮੁਖਿ ਜੁਗ ਚਾਰੇ ਹੈ ਜਾਤਾ ॥
ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥
ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥
ਗੁਰਮੁਖਿ ਆਪੇ ਕਰੇ ਕਰਾਏ ॥ ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥
ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥}

(ਅੰਗ ੧੨੪-੧੨੫)

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥

ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ ੧੨੪)

{ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥
ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥
ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ ਜੋ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ॥
ਆਪੇ ਕਰਤਾ ਕਾਰਣੁ ਕਰਾਏ ॥ ਜਿਤੁ ਭਾਵੈ ਤਿਤੁ ਕਾਰੈ ਲਾਏ ॥
ਪੂਰੈ ਭਾਗਿ ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ ॥੨॥ ਮਰਿ ਮਰਿ ਜੀਵੈ ਤਾ ਕਿਛੁ ਪਾਏ ॥
ਗੁਰ ਪਰਸਾਦੀ ਹਰਿ ਮੰਨਿ ਵਸਾਏ ॥ ਸਦਾ ਮੁਕਤੁ ਹਰਿ ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ ॥੩॥
ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥ ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥
ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ ॥੪॥ ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਪਰਸਾਦੀ ਪਰਮ ਪਦੁ ਪਾਏ ॥ ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥
ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ ਭਾਇ ਬਿਰਥਾ ਜਨਮੁ ਗਵਾਏ ॥
ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥
ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥

ਆਪਿ ਕਰਾਏ ਕਰਤਾ ਸੋਈ ॥ ਹੋਰੁ ਕਿ ਕਰੇ ਕੀਤੈ ਕਿਆ ਹੋਈ ॥
ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥}

(ਅੰਗ ੧੨੩-੧੨੪)

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥
ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥
ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥
ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥
ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥
ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥
ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥
ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥
ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ ਤਨੁ ਮੋਹੈ ॥
ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥ ਮਨੁ ਮੈਲਾ ਹੈ ਦੂਜੈ ਭਾਇ ॥
ਮੈਲਾ ਚਉਕਾ ਮੈਲੈ ਥਾਇ ॥ ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥
ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥}

(ਅੰਗ ੧੨੧)

{ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥ ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥
ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ॥ ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ॥੧॥}

(ਅੰਗ ੮੯)

{ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ ॥
ਸਰ ਭਰਿ ਥਲ ਹਰੀਆਵਲੇ ਇਕ ਬ੍ਹੂੰਦ ਨ ਪਵਈ ਕੇਹ ॥
ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ ॥੩॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥ ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ ॥੪॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥ ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ ॥
ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ ॥੫॥ ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥
ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥ ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥੬॥

ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥ ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥
ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥੭॥ ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ ॥
ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ ॥ ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ ॥੮॥
ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥ ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ॥
ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ ॥੯॥}

(ਅੰਗ ੬੦)

ਉਪਰ ਵਾਲੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਡੇ ਅੰਦਰ ਦੀ ਮੈਲ ਕੀ ਹੈ ਜੋ ਸਾਡੇ ਮਨ ਦੀ ਸਮਝ ਨੂੰ ਅਪਵਿੱਤਰ ਕਰਦੀ ਹੈ ਜਿਸ ਮਨ ਦੀ ਮੈਲ ਨੂੰ ਧੋਣ ਦਾ ਤਰੀਕਾ ਗੁਰੂ ਦਾ ਨਾਮ ਹੈ ਭਾਵ ਗੁਰੂ ਦੀ ਸੱਚੀ ਮਤਿ ਹੈ, ਗੁਰੂ ਦਾ ਸੱਚਾ ਗਿਆਨ ਹੈ। ਮਨ ਦੀ ਮੈਲ ਭਾਵ ਸਾਡੇ ਮਨ ਦੀ ਮਾੜੀ ਸਮਝ ਸਾਡੇ ਮਨ ਦੀ ਅਗਿਆਨਤਾ ਕਰਕੇ, ਭਰਮਾਂ ਵਾਲੀ ਸਮਝ ਕਰਕੇ ਹੀ ਹੈ ਜੋ ਮਨ ਦੀ ਮਾੜੀ ਸਮਝ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ, ਸਾਨੂੰ ਗੁਰਮਤਿ ਦੇ ਉਲਟ ਚਲਾਉਂਦੀ ਹੈ ਜੋ ਸਾਨੂੰ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਪਾਪੀ ਬਣਾਉਂਦੀ ਹੈ। ਗੁਰੂ ਦੇ ਨਾਮ ਦਾ ਮਕਸਦ ਸਾਨੂੰ ਮਨ ਦੀ ਪਾਪੀ ਸਮਝ ਵਿੱਚੋਂ ਕੱਢਣ ਦਾ ਹੀ ਹੈ। ਹੁਣ ਅਸੀਂ ਜਪੁਜੀ ਬਾਣੀ ਦੇ ਮੁੱਖ ਸ਼ਬਦ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਆਪਣੀ ਪਾਪਾਂ ਵਾਲੀ ਮਤਿ ਨੂੰ ਅਸੀਂ ਗੁਰੂ ਦੇ ਨਾਮ ਨਾਲ ਕਿਸ ਤਰੀਕੇ ਧੋਣਾ ਹੈ ਤੇ ਕਿਸ ਮਕਸਦ ਲਈ ਧੋਣਾ ਹੈ।

(ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥)

ਆਪਣੀ ਮਤਿ ਨੂੰ ਨਾਮ ਦੀ ਮਤਿ ਨਾਲ ਧੋਣ ਦਾ ਮਕਸਦ ਇਹੀ ਹੈ ਕਿ ਅਸੀਂ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕੀਏ ਭਾਵ ਗੁਰੂ ਦਾ ਨਾਮ ਜਪ ਸਕੀਏ ਜਿਸ ਦੁਆਰਾ ਅਸੀਂ ਪ੍ਰਮਾਤਮਾ ਦਾ **"ਆਖਣੁ"** ਕਰ ਸਕੀਏ ਭਾਵ ਗੁਰਮਤਿ

49/6638

ਦੇ ਮਾਰਗ ਤੇ ਚੱਲ ਸਕੀਏ ਭਾਵ ਚੰਗੇ ਕਰਮ ਕਰ ਸਕੀਏ ਜੋ ਪ੍ਰਮਾਤਮਾ ਦੀ ਭਗਤੀ ਦਾ ਸੱਚਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਗੁਰੂ ਦਾ ਨਾਮ ਜਪਣਾ ਕੀ ਹੈ। ਭਗਤੀ ਦੇ ਸਹੀ ਮਾਰਗ ਤੇ ਮਨ ਦੀ ਪਾਪਾਂ ਵਾਲੀ ਮਾੜੀ ਸਮਝ ਵਿੱਚੋਂ ਨਿਕਲ ਕੇ ਹੀ ਚੱਲਿਆ ਜਾ ਸਕਦਾ ਹੈ ਜੋ ਕਿ ਸਾਡੀ ਕਥਨੀ ਦਾ ਨਹੀਂ ਕਰਣੀ ਦਾ ਮਾਰਗ ਹੈ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥"

ਭਗਤੀ ਦਾ ਮਾਰਗ, ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਸਾਨੂੰ ਪੁੰਨੀ ਪਾਪੀ ਭਾਵ ਚੰਗਾ ਜਾਂ ਮਾੜਾ ਇਨਸਾਨ ਸਾਡੇ ਮਨ ਦੀ ਸਮਝ ਹੀ ਬਣਾਉਂਦੀ ਹੈ। ਜਦ ਤਕ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ, ਮਾਇਆ ਮੋਹ ਵਾਲੀ ਸਮਝ ਹੈ ਤਦ ਤਕ ਅਸੀਂ ਪੁੰਨ ਪਾਪ ਵਾਲੀ ਸਮਝ ਵਿੱਚ ਹੀ ਰਹਿੰਦੇ ਹਾਂ ਜਿਸ ਸਮਝ ਤੋਂ ਬਾਹਰ ਸੰਸਾਰ ਵਿੱਚ ਗੁਰੂ ਤੋਂ ਬਿਨਾਂ ਭਾਵ ਜਿੱਥੇ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੋ ਸਕਦਾ। ਪੁੰਨ ਕਿਸ ਗੱਲ ਵਿੱਚ ਹੈ ਤੇ ਪਾਪ ਕਿਸ ਗੱਲ ਵਿੱਚ ਹੈ ਇਸ ਗੱਲ ਦੀ ਸਮਝ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਪੈਂਦੀ ਹੈ ਭਾਵ ਨਾਮ ਦੀ ਪ੍ਰਾਪਤੀ ਹੋਣ ਦੁਆਰਾ ਪੈਂਦੀ ਹੈ ਭਾਵ ਸੱਚੇ ਗਿਆਨ ਦੀ, ਬ੍ਰਹਮ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਪੈਂਦੀ ਹੈ ਜੋ ਆਪਣਾ ਉੱਚਾ ਗਿਆਨ ਸਾਡੀ ਸਮਝ ਦੇ ਵਿੱਚ ਬ੍ਰਹਮ ਆਪ ਹੀ ਪਾਉਂਦਾ ਹੈ, ਅਕਾਲ ਪੁਰਖ ਆਪ ਹੀ ਪਾਉਂਦਾ ਹੈ। ਮਨੁੱਖ ਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦਾ ਸੱਚਾ ਗਿਆਨ ਮਿਲਣ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਪੁੰਨ ਕਿਸ ਵਿੱਚ ਹੈ ਤੇ ਪਾਪ ਕਿਸ ਵਿੱਚ ਹੈ। ਜੋ ਵੀ ਕਰਮ ਅਸੀਂ ਗੁਰਮਤਿ ਦੀ ਭਾਵ ਨਾਮ ਦੀ ਸੱਚੀ ਸਮਝ ਦੁਆਰਾ ਕਰਦੇ ਹਾਂ ਉਸ ਵਿੱਚ ਪੁੰਨ ਹੈ ਤੇ ਜੋ ਵੀ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਹ ਪਾਪ ਹੈ। ਪੁੰਨ ਪਾਪ ਦੀ ਸਮਝ ਪਏ ਬਿਨਾਂ ਅਸੀਂ ਗੁਰਮਤਿ ਦੇ ਸਹੀ ਮਾਰਗ ਤੇ ਚੱਲ ਹੀ ਨਹੀਂ ਸਕਦੇ ਭਾਵ ਪ੍ਰਮਾਤਮਾ ਦਾ ਆਖਣੁ ਕੀ ਹੈ ਭਾਵ ਉਸਦਾ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਸਮਝ

ਹੀ ਨਹੀਂ ਸਕਦੇ ਭਾਵ ਜਦ ਤਕ ਸਾਡੇ ਅੰਦਰ ਦੀ ਮਾੜੀ ਸਮਝ, ਅਗਿਆਨਤਾ ਵਾਲੀ ਮਾੜੀ ਸਮਝ ਗੁਰੂ ਦੇ ਸੱਚੇ ਗਿਆਨ ਨਾਲ ਨਹੀਂ ਧੁੱਪਦੀ

49/6639

ਤਦ ਤਕ ਹਰ ਕੋਈ ਪੁੰਨ ਪਾਪ ਵਾਲੀ ਸਮਝ ਵਿੱਚ ਹੀ ਰਹਿੰਦਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ, ਨਾ ਹੀ ਉਸਦਾ **"ਆਖਣੁ"** ਕੀ ਹੈ ਇਸ ਗੱਲ ਨੂੰ ਕੋਈ ਸਮਝ ਸਕਦਾ ਹੈ। **(ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ ਪੁੰਨੀ ਪਾਪੀ ਆਖਣੁ ਨਾਹਿ ॥)**

ਜਦ ਤਕ ਮਨੁੱਖ ਪੁੰਨ ਪਾਪ ਵਾਲੀ ਸਮਝ ਵਿੱਚ ਰਹਿੰਦਾ ਹੈ ਤਦ ਤਕ ਉਹ ਇਹੀ ਸਮਝਦਾ ਹੈ ਕਿ ਕੰਮ ਕਰਨ ਵਾਲਾ ਮੈਂ ਹਾਂ ਕਿਉਂਕਿ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਸਾਨੂੰ ਸਮਝ ਹੀ ਇਹ ਪਾਉਂਦੀ ਹੈ ਕਿ ਕੰਮ ਕਰਨ ਵਾਲਾ ਮੈਂ ਹਾਂ ਜਦ ਕਿ ਇਹ ਮਨ ਦੀ ਸਮਝ ਸਾਡੀ ਨਹੀਂ ਹੈ ਜਿਸ ਸਮਝ ਦਾ ਮਾਲਕ ਕੌਣ ਹੈ ਇਸ ਗੱਲ ਦੀ ਸਮਝ ਹੀ ਆਪਣੀ ਮਤਿ ਨੂੰ ਗੁਰੂ ਦੇ ਨਾਮ ਦੁਆਰਾ ਧੋਣ ਨਾਲ ਪੈਂਦੀ ਹੈ ਭਾਵ ਨਾਮ ਦੀ ਪ੍ਰਾਪਤੀ ਹੋਣ ਨਾਲ ਪੈਣੀ ਹੈ ਭਾਵ ਸਾਡੀ ਮਤਿ ਜਦ ਤਕ ਗੁਰੂ ਦੇ ਨਾਮ ਨਾਲ ਨਹੀਂ ਜੁੜਦੀ ਅਸੀਂ ਆਪਣੇ ਅੰਦਰ ਦੀ ਸਮਝ ਨੂੰ ਆਪਣੀ ਹੀ ਸਮਝਦੇ ਹਾਂ ਜਿਸ ਕਰਕੇ ਅਸੀਂ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦੇ ਹਾਂ ਤੇ ਆਪਣੇ ਆਪ ਨੂੰ ਆਵਾਗਉਂਣ ਵਿੱਚ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉਪਰ ਵਾਲੇ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥"

ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਕਰਮ ਕਰ ਕਰ ਕੇ ਉਸਨੂੰ ਆਪ ਕਰਣਾ ਹੀ ਸਮਝਦੇ ਹਾਂ ਕਿ ਕਰਮ ਕਰਨ ਵਾਲਾ ਮੈਂ ਹਾਂ। ਅਸੀਂ ਉਹੀ ਕੁਝ ਸਮਝਦੇ ਹਾਂ ਜੋ ਕੁਝ ਸਾਡੇ ਮਨ ਦੇ ਵਿੱਚ ਲਿਖਿਆ ਜਾਂਦਾ ਹੈ। ਮਨੁੱਖ ਦਾ ਸਾਰਾ ਭੇਦ ਭਾਵ ਪ੍ਰਮਾਤਮਾ ਨਾਲੋਂ ਵੱਖਰੇਪਨ ਦਾ ਭੇਦ ਮਨ ਦੇ ਅੰਦਰ ਦੀ ਲਿਖਤ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮਨ ਦੇ ਅੰਦਰ ਲੇਖ ਲਿਖਣ ਵਾਲਾ ਭਾਵ ਮਨ ਦੀ ਸੋਝੀ ਪਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ। ਮਨ ਦੇ ਵਿੱਚ ਲੇਖ ਲਿਖਣ ਦੁਆਰਾ ਹੀ ਉਸਨੇ ਹਰ ਮਨੁੱਖ ਨੂੰ ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ, ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਵਾਲੀ, ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜੋ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ

49/6640

ਹੀ ਸਾਨੂੰ ਭਾਵ ਸਾਡੇ ਅੰਦਰ ਜੋ ਵਿਚਾਰ ਉਪੱਜਦੇ ਹਨ ਉਹ ਹੀ ਸਾਨੂੰ ਇਹ ਮਹਿਸੂਸ ਕਰਵਾਉਂਦੇ ਹਨ ਕਿ ਇਹ ਮਨੁੱਖੀ ਸਰੀਰ ਮੇਰਾ ਹੈ, ਇਹ ਮਨ ਦੀ ਸਮਝ ਮੇਰੀ ਹੈ ਤੇ ਇਹ ਕਰਮ ਕਰਨ ਵਾਲਾ ਮੈਂ ਹਾਂ। ਗੁਰੂ ਦੇ ਨਾਮ ਦਾ ਮਕਸਦ ਸਾਡੇ ਅੰਦਰ ਦੀ ਇਸ ਭਰਮਾਂ ਵਾਲੀ ਸਮਝ ਨੂੰ ਜਿਸ ਵਿੱਚ ਰਹਿੰਦਿਆਂ ਸਾਨੂੰ ਪੁੰਨ ਪਾਪ ਦੀ ਸਮਝ ਨਹੀਂ ਪੈਂਦੀ ਉਸ ਨਾਸਮਝ ਮਤਿ ਨੂੰ ਧੋਣ ਦਾ ਹੀ ਤੇ ਇਹ ਮਤਿ ਤਾਂ ਹੀ ਧੁੱਪੇਗੀ ਜੇਕਰ ਅਸੀਂ ਗੁਰੂ ਦੇ ਨਾਮ ਵਾਲੀ ਸੱਚੀ ਸਮਝ ਨੂੰ ਮੰਨਾਂਗੇ ਭਾਵ ਗੁਰੂ ਨੂੰ ਸੱਚੀ ਸਮਝ ਨੂੰ ਮੰਨਣ ਦਾ ਸੱਚਾ ਉੱਦਮ ਕਰਾਂਗੇ ਤੇ ਤਾਂ ਹੀ ਉਸ ਨਾਮ ਦੇ ਮਾਲਕ ਨੂੰ, ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਾਂਗੇ ਕਿ ਸਾਡੇ ਅੰਦਰ ਲੇਖ ਲਿਖਣ ਵਾਲਾ ਕੌਣ ਹੈ। ਜੋ ਸਾਡੇ ਅੰਦਰ ਦੇ ਲੇਖ ਹਨ ਉਹ ਹੀ ਸਾਡੇ ਅੰਦਰ ਦੀ ਸਮਝ ਰੂਪ ਬੀਜ ਹਨ ਜੋ ਬੀਜ ਸਾਡੇ ਅੰਦਰ ਬੀਜਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤਕ ਅਸੀਂ ਆਪਣੇ ਅੰਦਰੋਂ ਮਨ ਦੀ ਸਮਝ ਦੇ ਮਾਲਕ ਨੂੰ ਭਾਵ ਲੇਖ ਲਿਖਣ ਵਾਲੇ ਨੂੰ ਨਹੀਂ ਜਾਣਦੇ ਤਦ ਤਕ ਅਸੀਂ ਇਹੀ ਸਮਝਦੇ ਹਾਂ ਕਿ ਆਪਣੇ ਮਨ ਦੇ ਵਿੱਚ ਬੀਜ ਬੀਜਣ ਵਾਲਾ ਮੈਂ ਆਪ ਹੀ ਹਾਂ। ਅਸੀਂ ਆਪਣੇ ਅੰਦਰ ਜਿਹੋ ਜਿਹੀ ਸਮਝ ਵਾਲੇ ਬੀਜ ਬੀਜਦੇ ਹਾਂ ਉਹੋ ਜਿਹਾ ਫਲ ਹੀ ਖਾਂਦੇ ਹਾਂ। ਜੇਕਰ ਆਪਣੇ ਅੰਦਰ ਮਾੜੇ ਕਰਮ ਕਰਨ ਵਾਲਾ ਬੀਜ ਬੀਜਾਂਗੇ ਫਿਰ ਫਲ ਵੀ ਮਾੜਾ ਹੀ ਮਿਲੇਗਾ ਭਾਵ ਜਿਹੋ ਜਿਹੇ ਸਾਡੇ ਅੰਦਰ ਦੀ ਸਮਝ ਹੁੰਦੀ ਹੈ ਅਸੀਂ ਉਹੋ ਜਿਹੇ ਕਰਮ ਹੀ ਕਰਦੇ ਹਾਂ ਤੇ ਉਹੋ ਜਿਹਾ ਫਲ ਹੀ ਸਾਨੂੰ ਮਿਲਦਾ ਹੈ। ਮਾੜੇ ਕਰਮਾਂ ਦਾ ਮਾੜਾ ਫਲ ਮਿਲਦਾ ਹੈ ਤੇ ਚੰਗੇ ਕਰਮਾਂ ਦਾ ਚੰਗਾ ਫਲ ਮਿਲਦਾ ਹੈ। ਆਪਣੇ ਅੰਦਰ ਮਨਮਤਿ ਵਾਲੇ ਬੀਜ ਸਾਨੂੰ ਪਾਪੀ ਬਣਾਉਂਦੇ ਹਨ ਜਿਨ੍ਹਾਂ ਦਾ ਫਲ ਸਜਾਵਾਂ ਦੇ ਰੂਪ ਵਿੱਚ ਮਿਲਦਾ ਹੈ ਤੇ ਗੁਰਮਤਿ ਵਾਲੇ ਬੀਜ ਸਾਨੂੰ ਪੁੰਨੀ ਬਣਾਉਂਦੇ ਹਨ ਭਾਵ ਸਾਡੇ ਕੋਲੋਂ ਚੰਗੇ ਕਰਮ ਕਰਾਉਂਦੇ ਹਨ ਜਿਸਦਾ ਫਲ ਵੀ ਚੰਗਾ

ਮਿਲਦਾ ਹੈ। ਸਾਡੇ ਅੰਦਰ ਲੇਖ ਲਿਖਣ ਵਾਲਾ ਭਾਵ ਸਮਝ ਰੂਪ ਬੀਜ ਬੀਜਣ ਵਾਲਾ ਪ੍ਰਮਾਤਮਾ ਆਪ ਹੀ ਹੈ ਤੇ ਇਹੀ ਉਸਦਾ ਮਨ ਦੇ ਵਿਚਾਰਾਂ ਰਾਹੀਂ ਉਸਦਾ ਹੁਕਮ ਵਰਤਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਡਾ ਆਵਾਗਉਂਣ ਪ੍ਰਮਾਤਮਾ ਦੇ ਹੁਕਮ ਨਾਲ ਹੀ ਜੁੜਿਆ ਹੋਇਆ ਹੈ ਜੋ ਉਸਦਾ

49/6641

ਹੁਕਮ ਸਾਡੇ ਮਨ ਦੇ ਵਿੱਚ ਉਸਦੇ ਲੇਖ ਲਿਖਣ ਦੁਆਰਾ ਹਰ ਵੇਲੇ ਵਰਤ ਰਿਹਾ ਹੈ। ਅਸੀਂ ਪ੍ਰਮਾਤਮਾ ਦਾ ਰੂਪ ਹੁੰਦੇ ਹੋਏ ਵੀ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਤੇ ਇਹੀ ਸਾਡਾ ਆਵਾਗਉਂਣ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਹੈ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ ਤੇ ਇਸ ਸਰੀਰ ਰਾਹੀਂ ਕਰਮ ਕਰਨ ਵਾਲਾ ਮੈਂ ਹਾਂ ਜੋ ਕਿ ਸਾਡਾ ਭਰਮ ਹੈ ਜੋ ਸਾਡੇ ਅੰਦਰ ਦਾ ਭਰਮ ਗੁਰੂ ਦਾ ਨਾਮ ਜਪਣ ਦੁਆਰਾ ਹੀ ਨਿਕਲ ਸਕਦਾ ਹੈ, ਆਪਣੀ ਭਰਮਾਂ ਵਾਲੀ ਸਮਝ ਨੂੰ ਗੁਰੂ ਦੇ ਨਾਮ ਨਾਲ ਧੋਣ ਦੁਆਰਾ ਹੀ ਨਿਕਲ ਸਕਦਾ ਹੈ। **(ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥)** ਸਾਡੇ ਅੰਦਰ ਦੇ ਬੀਜ ਕੀ ਹਨ ਤੇ ਬੀਜ ਬੀਜਣ ਵਾਲਾ ਕੌਣ ਹੈ ਇਸ ਗੱਲ ਨੂੰ ਅਸੀਂ ਪਿੱਛੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੀ ਹੈ ਤੇ ਫਿਰ ਤੋਂ ਸ਼ਬਦ ਨੂੰ ਪੜ ਕੇ ਦ੍ਰਿੜ ਕੀਤਾ ਜਾ ਸਕਦਾ ਹੈ।

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

ਜਿਵੇਂ ਕਿ ਅਸੀਂ ਜਪੁਜੀ ਬਾਣੀ ਦੇ ਪਿਛਲੇ ਸ਼ਬਦ ਰਾਹੀਂ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ, ਨਾਮ ਦੇ ਮਾਲਕ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ ਤੇ ਉਸਨੂੰ ਜਾਣੇ ਬਿਨਾਂ ਭਾਵ ਆਪਣਾ ਆਪ ਜਾਣੇ ਬਿਨਾਂ ਕਿ ਮਨੁੱਖ ਦੀ ਅਸਲੀਅਤ ਕੀ ਹੈ ਤਦ ਤਕ ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਜੋ ਕਿ ਅਨੇਕਾਂ ਹੀ ਹਨ ਉਹ ਆਪਣਾ ਮਾਣ ਲੈਂਦੇ ਹਨ ਕਿ ਉਹਨਾਂ ਨੂੰ ਭਗਤੀ ਦੀ ਬੜੀ ਸਮਝ ਹੈ ਤੇ ਆਪਣੇ ਆਪ ਨੂੰ ਹੀ ਗੁਣੀ ਸਮਝਦੇ ਹਨ ਜੋ ਕਿ ਸਭ ਦਾ ਭਰਮ ਹੀ ਹੈ ਤੇ ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

{ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦ੍ਵੰਦਰ ਤਹ ਮਨੁ ਮਾਵਾਸੀ ਰਾਜਾ ॥੨॥}

(ਅੰਗ ੧੧੬੧)

{ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥
ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥}

(ਅੰਗ ੩੫੧)

{ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥
ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥}

(ਅੰਗ ੧੫੨)

{ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥}

(ਅੰਗ ੮੩੨)

“ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥ ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥”

ਪਹਿਲਾਂ ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਦੇ ਹਾਂ ਕਿ ਪ੍ਰਮਾਤਮਾ ਦੀ ਭਗਤੀ ਦਾ ਅਸਲ ਮਾਰਗ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਸਮਝ ਲੱਗਦਾ ਹੈ।

“ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥”

49/6642

ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਉਹੋ ਜਿਹਾ ਭਗਤੀ ਦਾ ਤਰੀਕਾ ਸਮਝਾਇਆ ਹੋਇਆ ਹੈ ਜਿਸਨੂੰ ਹਰ ਸੰਸਾਰੀ ਮਨੁੱਖ ਭਗਤੀ ਦਾ ਤਰੀਕਾ ਹੀ ਸਮਝਦਾ ਹੈ। ਜੋ ਇਹੋ ਜਿਹਾ ਭਗਤੀ ਦਾ ਤਰੀਕਾ ਅਪਨਾਉਂਦੇ ਹਨ ਉਹਨਾਂ ਨੂੰ ਸੰਸਾਰ ਵਿੱਚ ਭਗਤੀ ਵਾਲੇ

ਸਮਝ ਕੇ ਮਾਣ ਵੀ ਮਿਲਦਾ ਹੈ ਕਿ ਇਹ ਮਨੁੱਖ ਪ੍ਰਮਾਤਮਾ ਦੀ ਭਗਤੀ ਕਰਦੇ ਹਨ ਤੇ ਇਹਨਾਂ ਨੂੰ ਸੱਚੀ ਭਗਤੀ ਦੀ ਸਮਝ ਹੈ। ਜਿਸ ਮਨੁੱਖ ਨੂੰ ਭਗਤੀ ਦੇ ਸਹੀ ਮਾਰਗ ਦੀ ਸਮਝ ਲੱਗ ਜਾਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਲੱਗੀ ਹੈ, ਜੋ ਸਮਝ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਉਹਨਾਂ ਨੂੰ ਫਿਰ ਇਹ ਸਮਝ ਵੀ ਪੈ ਜਾਂਦੀ ਹੈ ਕਿ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਸਭ ਦੇ ਅੰਦਰ ਆਪਣੇ ਨਿਰੰਕਾਰ ਰੂਪ ਵਿੱਚ ਆਪ ਹੀ ਵਰਤ ਰਿਹਾ ਹੈ ਭਾਵ ਆਪਣੇ ਨਾਮ ਦੇ ਵਿੱਚ, ਆਪਣੀ ਜੋਤਿ ਦੇ ਰੂਪ ਵਿੱਚ ਭਾਵ ਆਪਣੇ ਉੱਚੇ ਗਿਆਨ ਦੇ ਰੂਪ ਵਿੱਚ ਸਭ ਦੇ ਅੰਦਰ ਆਪ ਹੀ ਵਰਤ ਰਿਹਾ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜੋ ਮਨੁੱਖ ਪ੍ਰਮਾਤਮਾ ਦੀ ਭਗਤੀ ਦਾ ਮਾਣ ਲੈਂਦੇ ਹਨ ਉਹ ਇਹ ਮਾਣ ਤਾਂ ਹੀ ਲੈ ਸਕਦੇ ਹਨ ਜੇਕਰ ਉਹਨਾਂ ਨੂੰ ਇਹ ਸਮਝ ਹੀ ਨਹੀਂ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਹਰ ਮਾਣ ਪ੍ਰਮਾਤਮਾ ਦਾ ਹੀ ਮਾਣ ਹੈ ਤੇ ਕਿਸੇ ਵੀ ਵਸਤੂ ਨੂੰ ਮਾਣ ਦੇਣਾ ਪ੍ਰਮਾਤਮਾ ਨੂੰ ਨਾਸਮਝਣ ਦੇ ਕਾਰਣ ਹੀ ਕੋਈ ਦੇ ਸਕਦਾ ਹੈ। **"ਤਿਲ"** ਇੱਕ ਬਹੁਤ ਛੋਟੀ ਵਸਤੂ ਹੈ ਤੇ ਜਿਸ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਹਰ ਛੋਟੀ ਤੋਂ ਛੋਟੀ ਵਸਤੂ ਵਿੱਚ ਵੀ ਪ੍ਰਮਾਤਮਾ ਆਪ ਹੈ ਤੇ ਹਰ ਵੱਡੀ ਤੋਂ ਵੱਡੀ ਵਸਤੂ ਵਿੱਚ ਵੀ ਪ੍ਰਮਾਤਮਾ ਆਪ ਹੈ ਫਿਰ ਉਸਨੂੰ ਹਰ ਵਸਤੂ ਵਿੱਚ ਪ੍ਰਮਾਤਮਾ ਦਾ ਮਾਣ ਹੀ ਨਜਰ ਆਉਂਦਾ ਹੈ ਕਿਉਂਕਿ ਉਸਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਹਰ ਵਸਤੂ ਦਾ ਰਚਨਕਾਰ ਪ੍ਰਮਾਤਮਾ ਆਪ ਹੀ ਹੈ ਜੋ ਸਾਰੇ ਗਿਆਨ ਦਾ ਮਾਲਕ ਹੈ, ਪੂਰੀ ਸਾਇੰਸ ਦਾ ਮਾਲਕ ਹੈ ਤੇ ਸਭ ਮਾਣ ਪ੍ਰਮਾਤਮਾ ਦਾ ਹੀ ਹੈ। ਜਦ ਤਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਸ੍ਰਿਸ਼ਟੀ ਵਿੱਚ ਹਰ ਮਾਣ ਪ੍ਰਮਾਤਮਾ ਦਾ ਮਾਣ ਹੈ ਤਦ ਤਕ ਹੀ ਕੋਈ ਆਪਣੇ ਮਨੁੱਖੀ ਰੂਪ ਦਾ ਮਾਣ ਲੈ ਸਕਦਾ ਹੈ ਭਾਵੇਂ ਉਹ ਮਾਣ ਕਿਸ ਰੂਪ ਵਿੱਚ ਵੀ ਮਿਲੇ। ਜਿਸਨੂੰ ਅਸੀਂ ਭਗਤੀ ਦਾ ਮਾਰਗ ਸਮਝ ਕੇ ਮਾਣ ਲੈਂਦੇ ਹਾਂ ਭਾਵ **"ਤੀਰਥੁ ਤਪੁ ਦਇਆ ਦਤੁ ਦਾਨੁ ॥"** ਦਾ ਮਾਣ ਲੈਂਦੇ ਹਨ ਉਹ ਅਸੀਂ ਝੂਠਾ ਮਾਣ ਹੀ ਲੈਂਦੇ ਹਾਂ। ਹਰ ਮਾਣ ਪ੍ਰਮਾਤਮਾ ਦਾ ਆਪਣਾ ਹੀ ਹੈ। ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਵੇਗੀ ਕਿ ਇੱਕ ਤਿੱਲ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੈ ਫਿਰ ਅਸੀਂ ਤਿੱਲ ਨੂੰ ਵੀ ਪ੍ਰਮਾਤਮਾ ਦਾ ਰੂਪ

49/6643

ਸਮਝ ਕੇ ਤਿੱਲ ਦਾ ਮਾਣ ਕਰਾਂਗੇ, ਤਿੱਲ ਦੀ ਵੀ ਇਹ ਸਮਝਕੇ ਕੀਮਤ ਪਾਵਾਂਗੇ ਕਿ ਇਸ ਵਿੱਚ ਪ੍ਰਮਾਤਮਾ ਆਪ ਹੀ ਹੈ। **"ਤੀਰਥੁ ਤਪੁ ਦਇਆ ਦਤੁ ਦਾਨੁ ॥"** ਭਾਵ ਭਗਤੀ ਉਸਦੀ ਹੀ ਸੱਚੀ ਹੈ ਜਦੋਂ ਕੋਈ ਤਿੱਲ ਦਾ ਵੀ ਮਾਣ ਕਰਦਾ ਹੈ, ਉਸਨੂੰ ਪ੍ਰਮਾਤਮਾ ਦਾ ਰੂਪ ਮੰਨ ਕੇ ਮਾਣ ਦਿੰਦਾ ਹੈ ਭਾਵ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸ੍ਰਿਸ਼ਟੀ ਵਿੱਚ ਹਰ ਮਾਣ ਕੇਵਲ ਤੇ ਕੇਵਲ ਪ੍ਰਮਾਤਮਾ ਦਾ ਹੀ ਮਾਣ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਨੂੰ ਮਾਣ ਦੇਣਾ ਝੂਠਾ ਮਾਣ ਹੈ। **(ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥)**

ਪ੍ਰਮਾਤਮਾ ਦੀ ਭਗਤੀ ਗੁਣਾਂ ਦੁਆਰਾ ਹੁੰਦੀ ਹੈ ਤੇ ਇਹ ਸਮਝ ਆਉਂਣ ਤੋਂ ਬਾਅਦ ਹੁੰਦੀ ਹੈ ਕਿ ਹਰ ਗੁਣ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਭਾਵ ਮਨੁੱਖ ਦਾ ਆਪਣਾ ਕੋਈ ਗੁਣ ਨਹੀਂ ਹੈ ਤੇ ਪ੍ਰਮਾਤਮਾ ਕੋਲੋਂ ਗੁਣ ਕਿਸ ਤਰੀਕੇ ਮਿਲਦੇ ਹਨ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਭਗਤੀ ਦੇ ਅਸਲ ਮਾਰਗ ਨੂੰ ਸਮਝ ਸਕੀਏ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੀ ਸੱਚੀ ਭਗਤੀ ਦਾ ਮਾਰਗ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ ਤੇ ਪ੍ਰਮਾਤਮਾ ਭਗਤੀ ਦੇ ਗੁਣ ਕਿਸ ਤਰੀਕੇ ਸਮਝਾਉਂਦਾ ਹੈ ਭਾਵ ਮਨੁੱਖੀ ਸਮਝ ਦੇ ਵਿੱਚ ਆਪਣਾ ਮੇਲ ਕਿਸ ਤਰੀਕੇ ਕਰਕੇ ਸਮਝਾਉਂਦਾ ਹੈ ਇਹੀ ਗੱਲ ਸਾਨੂੰ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥
ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥"

ਧਰਮ ਗ੍ਰੰਥਾਂ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕੀਤੀ ਹੋਈ ਹੈ ਤੇ ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਾਉਂਣ ਨਾਲ ਹੀ ਹੈ ਜਿਸ ਭਗਤੀ ਦੇ ਸਹੀ ਮਾਰਗ ਤੇ ਚੱਲ ਕੇ ਹੀ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਸਨੂੰ ਇਹ ਸਮਝ ਲੱਗ ਸਕਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਗੁਣ ਪ੍ਰਮਾਤਮਾ ਦਾ ਆਪਣਾ ਹੀ ਗੁਣ ਹੈ ਤੇ ਮਨੁੱਖ ਦੀ ਆਪਣੀ ਕੋਈ ਹੋਂਦ ਹੀ ਨਹੀਂ ਹੈ। ਉਪਰ ਪਹਿਲੀ ਪੰਗਤੀ ਰਾਹੀਂ ਧਰਮ ਗ੍ਰੰਥਾਂ ਦਾ ਅਸਲ ਮਕਸਦ ਹੀ ਸਮਝਾਇਆ ਹੋਇਆ ਹੈ ਕਿ ਅਸੀਂ ਧਰਮ ਗ੍ਰੰਥਾਂ ਰਾਹੀਂ ਭਗਤੀ ਦਾ ਮਾਰਗ ਕਿਸ ਤਰੀਕੇ ਸਿੱਖਣਾ ਹੈ। ਅਸੀਂ ਧਰਮ ਗ੍ਰੰਥਾਂ ਨੂੰ ਭਾਵੇਂ ਪੜਦੇ ਹਾਂ ਜਾਂ ਸੁਣਦੇ ਹਾਂ ਇੱਕੋ ਹੀ ਗੱਲ ਹੈ। ਧਰਮ ਗ੍ਰੰਥਾਂ ਨੂੰ ਸੁਣਨ ਦਾ ਮਕਸਦ ਗੁਰੂ ਦੀ ਸਿੱਖਿਆ ਨੂੰ ਸੁਣਨ

49/6644

ਦੇ ਨਾਲ ਹੀ ਹੈ। ਆਪਣੇ ਹਰ ਸ਼ਬਦ ਰਾਹੀਂ ਗੁਰੂ ਸਾਨੂੰ ਆਪਣੀ ਸਿੱਖਿਆ ਹੀ ਸੁਣਾਉਂਦਾ ਹੈ ਤੇ ਗੁਰੂ ਦੀ ਸਿੱਖਿਆ ਨੂੰ ਸੁਣਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਗੁਰੂ ਦੀ ਸਿੱਖਿਆ ਨੂੰ ਮੰਨਦੇ ਵੀ ਹਾਂ, ਨਹੀਂ ਤਾਂ ਗੁਰੂ ਸਾਡੇ ਤੇ ਖੁਸ਼ ਕਿਵੇਂ ਹੋ ਸਕਦਾ ਹੈ ਭਾਵ ਸਾਡੇ ਨਾਲ ਆਪਣਾ ਪਿਆਰ ਕਿਵੇਂ ਪਾ ਸਕਦਾ ਹੈ। ਗੁਰੂ ਆਪ ਆਪਣੀ ਸਿੱਖਿਆ ਦੇ ਰੂਪ ਵਿੱਚ ਹੀ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜੇਕਰ ਅਸੀਂ ਗੁਰੂ ਦੀ ਸਿੱਖਿਆ ਨਾਲ ਆਪਣਾ ਪਿਆਰ ਪਾਵਾਂਗੇ ਫਿਰ ਤਾਂ ਹੀ ਸਾਡਾ ਗੁਰੂ ਨਾਲ ਪਿਆਰ ਜੁੜ ਸਕਦਾ ਹੈ ਤੇ ਗੁਰੂ ਸਾਡੇ ਨਾਲ ਆਪਣਾ ਪਿਆਰ ਇਸ ਤਰੀਕੇ ਹੀ ਪਾਉਂਦਾ ਹੈ। ਗੁਰੂ ਨਾਲ ਸਾਡਾ ਪਿਆਰ ਗੁਰੂ ਦੀ ਸਿੱਖਿਆ ਨੂੰ ਸੁਣ ਕੇ, ਪੜ ਕੇ ਉਸਨੂੰ ਮੰਨਣ ਦੁਆਰਾ ਹੀ ਪੈਂਦਾ ਹੈ। ਭਗਤੀ ਦਾ ਮਾਰਗ ਸਿੱਖਣ ਦੀ ਸ਼ੁਰੂਆਤ ਹੀ ਇੱਥੋਂ ਹੁੰਦੀ ਹੈ ਕਿ ਅਸੀਂ ਗੁਰੂ ਦੀ ਸਿੱਖਿਆ ਨੂੰ ਸੁਣ ਕੇ ਉਸਨੂੰ ਮੰਨੀਏ ਭਾਵ ਉਸ ਤੇ ਅਮਲ ਕਰੀਏ ਜਿਸ ਦੁਆਰਾ ਗੁਰੂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। **(ਸੁਣਿਆ ਮੰਨਿਆ ਮਨਿ ਕੀਤਾ ਭਾਉ ॥)** ਗੁਰੂ ਦੀ ਸਿੱਖਿਆ ਨੂੰ ਅਸੀਂ ਮਨ ਦੀ ਸਮਝ ਦੇ ਅੰਦਰ ਹੀ ਮੰਨਣਾ ਹੈ ਜਿਸਨੂੰ ਮੰਨਣ ਦੁਆਰਾ ਸਾਡੇ ਅੰਦਰ ਦੀ ਮਾੜੀ ਸਮਝ ਨਿਕਲਦੀ ਹੈ ਤੇ ਗੁਰੂ ਦੀ ਚੰਗੀ ਸਮਝ ਭਾਵ ਭਗਤੀ ਦੇ ਮਾਰਗ ਵਾਲੀ ਸਮਝ ਸਾਡੇ ਅੰਦਰ ਵੱਸਦੀ ਹੈ ਤੇ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅੰਤਰਗਤਿ ਤੀਰਥਿ ਮਲਿ ਨਾਉ ॥”

ਸਾਡੀ **“ਗਤਿ”** ਕਿਵੇਂ ਹੁੰਦੀ ਹੈ ਭਾਵ ਮੁਕਤੀ ਕਿਵੇਂ ਹੁੰਦੀ ਹੈ, ਕਿਸ ਚੀਜ ਤੋਂ ਹੁੰਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮੁਕਤੀ ਅਸੀਂ ਆਪਣੀ ਨਾਸਮਝ ਮਤਿ ਤੋਂ ਹੀ ਲੈਣੀ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ ਹੀ ਲੈਣੀ ਹੈ, ਹਉਮੈ ਵਾਲੀ ਸਮਝ ਤੋਂ, ਮਾਇਆ ਦੀ ਜੁਗਤਿ ਵਾਲੀ ਸਮਝ ਤੋਂ ਲੈਣੀ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸਮਝ ਹੀ ਨਹੀਂ ਪੈਂਦੀ ਜੋ ਮਾਰਗ ਕਥਨੀ ਦਾ ਨਹੀਂ ਬਲਕਿ ਗੁਰੂ ਦੀ ਸਿੱਖਿਆ ਨੂੰ ਮੰਨ ਕੇ ਉਸ ਅਨੁਸਾਰ ਵਿਚਰਨ ਦਾ ਹੈ। ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਗੁਰੂ ਦੇ ਤੀਰਥ ਤੇ ਇਸ਼ਨਾਨ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। **{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥}** ਅੰਗ ੬੮੭

49/6645

ਹਰ ਸ਼ਬਦ ਦੀ ਵਿਚਾਰ ਦੇ ਵਿੱਚ ਗੁਰੂ ਦੀ ਸਿੱਖਿਆ ਹੀ ਹੁੰਦੀ ਹੈ ਭਾਵ ਗੁਰੂ ਦਾ ਨਾਮ ਹੀ ਹੁੰਦਾ ਹੈ। ਗੁਰੂ ਦੀ ਸਿੱਖਿਆ ਨੂੰ ਸੁਣ ਕੇ ਉਸਨੂੰ ਮੰਨਣਾ ਹੀ ਗੁਰੂ ਦੇ ਤੀਰਥ ਤੇ ਇਸ਼ਨਾਨ ਕਰਨਾ ਹੈ, ਗੁਰੂ ਦੇ ਨਾਮ ਦਾ ਇਸ਼ਨਾਨ ਕਰਨਾ ਹੈ ਜੋ ਇਸ਼ਨਾਨ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਨੇ ਕਰਨਾ ਹੈ। ਗੁਰੂ ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਭਾਵ ਆਪਣੀ ਸਿੱਖਿਆ ਰਾਹੀਂ, ਆਪਣੇ ਨਾਮ ਰਾਹੀਂ ਸੱਚਾ ਗਿਆਨ ਹੀ ਦਿੰਦਾ ਹੈ ਤੇ ਗੁਰੂ ਦੇ ਸੱਚੇ ਗਿਆਨ ਦਾ ਇਸ਼ਨਾਨ ਕਰਨ ਨਾਲ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਨਾਲ ਸਾਡੇ ਅੰਦਰੋਂ ਅਗਿਆਨਤਾ ਵਾਲੀ ਮਤਿ ਤੋਂ ਗਤਿ ਹੁੰਦੀ ਹੈ ਭਾਵ ਮੁਕਤੀ ਹੁੰਦੀ ਹੈ। ਗੁਰੂ ਦੇ ਤੀਰਥ ਦਾ ਇਸ਼ਨਾਨ ਭਾਵ ਗੁਰੂ ਦੇ ਸੱਚੇ ਗਿਆਨ ਦਾ ਇਸ਼ਨਾਨ, ਗੁਰੂ ਦੇ ਨਾਮ ਦਾ ਇਸ਼ਨਾਨ ਜਿਤਨਾ ਮੱਲ ਮੱਲ ਕੇ ਕਰਾਂਗੇ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਜਿਤਨਾ ਜਿਆਦਾ ਆਪਣੀ ਅਗਿਆਨਤਾ ਵਾਲੀ ਮਤਿ ਤੇ ਮੱਲ ਮੱਲ ਕੇ ਕਰਾਂਗੇ ਭਾਵ ਗੁਰੂ ਦੇ ਸੱਚੇ ਗਿਆਨ ਦੁਆਰਾ ਜਿਤਨਾ ਜਿਆਦਾ ਆਪਣੀ ਨਾਸਮਝ ਮਤਿ ਨੂੰ ਸਮਝਾਵਾਂਗੇ ਉਤਨੀ ਹੀ ਜਿਆਦਾ ਸਾਡੇ ਮਨ ਦੀ ਮੈਲ ਉਤਰੇਗੀ, ਭਰਮਾਂ ਵਾਲੀ ਸਮਝ ਦੀ ਮੈਲ ਉਤਰੇਗੀ, ਹਉਮੈ ਦੀ ਮੈਲ ਉਤਰੇਗੀ ਤੇ ਸਾਨੂੰ ਮਨ ਦੀ ਹਉਮੈ ਵਾਲੀ ਸਮਝ ਤੋਂ, ਮਾਇਆ ਮੋਹ ਵਾਲੀ ਸਮਝ ਤੋਂ ਮੁਕਤੀ ਮਿਲੇਗੀ। **(ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥)** ਜਦ ਤਕ ਮਨੁੱਖ ਦੀ ਮਾੜੀ ਸਮਝ ਤੋਂ, ਮਾਇਆ ਮੋਹ ਵਾਲੀ ਸਮਝ ਤੋਂ, ਹਉਮੈ ਤੋਂ ਗਤਿ ਨਹੀਂ ਹੁੰਦੀ ਤਦ ਤਕ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਹੀ ਰਹਿੰਦਾ ਹੈ ਜਿਨ੍ਹਾਂ ਦੀ ਪੂਰਤੀ ਲਈ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ, ਅਉਗੁਣਾਂ ਵਿੱਚ ਰਹਿੰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਮਾੜੇ ਵਿਚਾਰਾਂ ਵਿੱਚ ਰਹਿੰਦਾ ਹੈ ਜਿਨ੍ਹਾਂ ਵਿੱਚ ਰਹਿੰਦਿਆਂ ਮਨੁੱਖ ਗੁਣੀ ਨਹੀਂ ਬਣ ਸਕਦਾ। ਮਨ ਦੇ ਮਾੜੇ ਵਿਚਾਰਾਂ ਤੋਂ ਮੁਕਤ ਹੋਣ ਨਾਲ ਹੀ ਮਨੁੱਖ ਗੁਣਾਂ ਵਾਲੇ ਵਿਚਾਰਾਂ ਵਾਲਾ ਬਣ ਸਕਦਾ ਹੈ ਜਿਸ ਦੁਆਰਾ ਭਗਤੀ ਦੇ ਸਹੀ ਮਾਰਗ ਤੇ ਚੱਲਿਆ ਜਾ ਸਕਦਾ ਹੈ। ਮਨ ਦੇ ਮਾੜੇ ਵਿਚਾਰਾਂ ਤੋਂ ਮੁਕਤਿ ਕਰਨ ਤੋਂ ਬਾਅਦ ਭਗਤੀ ਦੇ ਗੁਣਾਂ ਵਾਲੇ ਵਿਚਾਰ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤੇ ਹਨ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥”

ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਭਗਤੀ ਦੇ ਸਹੀ ਮਾਰਗ

49/6646

ਦੀ ਸਮਝ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ, ਨਾਮ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ ਜੋ ਸਮਝ ਉਹ ਮਨ ਦੇ ਵਿੱਚ ਪਾਉਣ ਦੁਆਰਾ ਹੀ ਮਨ ਦੀ ਨਾਸਮਝ ਮਤਿ ਤੋਂ ਕਿਸੇ ਨੂੰ ਮੁਕਤਿ ਕਰਦਾ ਹੈ ਭਾਵ ਅੰਤਰਗਤਿ ਕਰਦਾ ਹੈ। ਆਪਣੀ ਭਗਤੀ ਦਾ ਸਹੀ ਮਾਰਗ ਸਮਝਾਉਂਣ ਲਈ ਉਹ ਮਨੁੱਖੀ ਸਮਝ ਨੂੰ ਹਰ ਅਉਗੁਣ ਵਿੱਚੋਂ ਕੱਢ ਕੇ ਉਸਦੇ ਹਰ ਵਿਚਾਰ ਨੂੰ ਗੁਣਾਂ ਵਾਲਾ ਵਿਚਾਰ ਬਣਾ ਦਿੰਦਾ ਹੈ। ਮਨੁੱਖ ਦੇ ਗੁਣਾਂ ਵਾਲੇ ਵਿਚਾਰ ਉਹ ਹਨ ਜਿਨ੍ਹਾਂ ਵਿਚਾਰਾਂ ਨੂੰ ਗੁਰਮਤਿ ਦੀ ਸੱਚੀ ਸਮਝ ਹੁੰਦੀ ਹੈ। ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ। ਸਾਡੇ ਅੰਦਰ ਦਾ ਜੋ ਵੀ ਵਿਚਾਰ ਸੱਚੀ ਗੁਰਮਤਿ ਅਨੁਸਾਰ ਨਹੀਂ ਹੁੰਦਾ ਉਹ ਸਾਡਾ ਅਉਗੁਣ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਪੰਗਤੀਆਂ ਰਾਹੀਂ ਗੁਰੂ ਸਾਹਿਬ ਸਾਨੂੰ **“ਸਭਿ ਗੁਣ ਤੇਰੇ”** ਲਿਖਣ ਦੁਆਰਾ ਇਹ ਸਮਝਾ ਰਹੇ ਹਨ ਕਿ ਹੇ ਅਕਾਲ ਪੁਰਖ ਸੱਚੇ ਪਾਤਸ਼ਾਹ ਮੇਰੇ ਅੰਦਰ ਜੋ ਵੀ ਗੁਣਾਂ ਵਾਲੇ ਵਿਚਾਰ ਹਨ ਭਾਵ ਜੋ ਵੀ ਸੱਚੀ ਗੁਰਮਤਿ ਦੀ ਸਮਝ ਵਾਲੇ ਵਿਚਾਰ ਹਨ, ਨਾਮ ਵਾਲੇ ਵਿਚਾਰ ਹਨ, ਬ੍ਰਹਮ ਗਿਆਨ ਵਾਲੇ ਵਿਚਾਰ ਹਨ ਉਹ ਉੱਚੇ ਵਿਚਾਰ ਤੇਰੇ ਹੀ ਹਨ, ਉਹਨਾਂ ਵਿੱਚ ਮੇਰਾ ਆਪਣਾ ਕੋਈ ਵਿਚਾਰ ਨਹੀਂ ਹੈ। ਮੈਨੂੰ ਆਪਣੀ ਸੱਚੀ ਭਗਤੀ ਦਾ ਮਾਰਗ ਤੂੰ ਆਪ ਹੀ ਸਮਝਾਇਆ ਹੈ, ਮੈਨੂੰ ਗੁਣਾਂ ਦੁਆਰਾ ਵਿਚਰਨਾ ਤੂੰ ਆਪ ਹੀ ਸਿਖਾਇਆ ਹੈ। ਗੁਣ ਸਾਡੇ ਤਾਂ ਹੀ ਕੰਮ ਆਉਂਦੇ ਹਨ ਜਦੋਂ ਗੁਣ ਸਾਡੀ ਕਰਣੀ ਵਿੱਚ ਆਉਂਣ। ਗੁਣਾਂ ਵਾਲੀ ਸਾਡੀ ਕਰਨੀ ਹੀ ਸਾਡੀ ਭਗਤੀ ਦਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮਨੁੱਖ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਜਦੋਂ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਭਾਵ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸਭ ਕੁਝ ਪ੍ਰਮਾਤਮਾ ਹੀ ਹੈ ਇਸ ਗੱਲ ਦੀ ਸਮਝ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤਿ ਹੋਣ ਦੁਆਰਾ ਹੀ ਪੈਂਦੀ ਹੈ, ਮਨ ਦੀ ਮੈਲ ਉਤਰਨ ਦੁਆਰਾ ਹੀ ਪੈਂਦੀ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਪ੍ਰਮਾਤਮਾ ਦੇ ਗੁਣ ਗਾਉਂਣੇ ਕੀ ਹਨ ਇਸ ਗੱਲ ਦੀ ਸਮਝ ਮਨੁੱਖ ਨੂੰ ਪੈ ਹੀ ਨਹੀਂ ਸਕਦੀ। ਪ੍ਰਮਾਤਮਾ ਦੇ ਗੁਣ ਉਹਨਾਂ ਨੇ ਹੀ ਗਾਏ ਹਨ, ਉਸਦੀ ਸੱਚੀ ਭਗਤੀ ਦੇ ਮਾਰਗ ਤੇ ਉਹੀ ਚੱਲੇ ਹਨ, ਉਸਦਾ ਨਾਮ ਉਹਨਾਂ ਨੇ ਹੀ ਜੱਪਿਆ ਹੈ ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ

49/6647

ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ। ਸ੍ਰਿਸ਼ਟੀ ਦੀ ਹਰ ਰਚਨਾ, ਹਰ ਆਕਾਰ ਰੂਪ ਗੁਣਾਂ ਨਾਲ ਭਰਪੂਰ ਹੈ ਤੇ ਉਸ ਗੁਣਾਂ ਦੇ ਮਾਲਕ ਨੂੰ ਜਾਣੇ ਬਿਨਾਂ ਉਸਦੇ ਗੁਣ ਕੋਈ ਨਹੀਂ ਗਾ ਸਕਦਾ ਜਿਸ ਗੁਣਾਂ ਦੇ ਮਾਲਕ ਦੀ ਸਮਝ ਹੀ ਉਸਦਾ ਨਿਰੰਕਾਰ ਰੂਪ ਜਾਨਣ ਦੁਆਰਾ ਪੈਂਦੀ ਹੈ। ਜਿਸਦੀ ਵੀ ਪ੍ਰਮਾਤਮਾ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤੀ ਕਰਦਾ ਹੈ, ਮਨ ਦੇ ਨਾਮ ਰੂਪ ਤੀਰਥ ਤੇ ਇਸ਼ਨਾਨ ਕਰਾਉਂਣ ਦੁਆਰਾ ਉਸਦੇ ਅੰਦਰੋਂ ਅਗਿਆਨਤਾ ਵਾਲੇ ਵਿਚਾਰਾਂ ਦੀ ਮੈਲ ਧੋਂਦਾ ਹੈ ਉਹ ਹੀ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣ ਸਕਦਾ ਹੈ ਕਿਉਂਕਿ ਮਨੁੱਖੀ ਸਮਝ ਦੀ ਮੈਲ ਨੂੰ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਧੋਂਦਾ ਹੈ ਭਾਵ ਬ੍ਰਹਮ ਗਿਆਨ ਰੂਪ ਦੁਆਰਾ ਹੀ ਧੋਂਦਾ ਹੈ, ਆਪਣੇ ਨਾਮ ਰੂਪ ਦੁਆਰਾ ਹੀ ਧੋਂਦਾ ਹੈ ਤੇ ਤਾਂ ਹੀ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਜਾਣ ਸਕਦਾ ਹੈ ਕਿ ਗੁਣਾਂ ਦੁਆਰਾ ਵਿਚਰਨਾ ਕੀ ਹੈ ਤੇ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਨੇ ਆਪਣੇ ਨਿਰੰਕਾਰ ਰੂਪ ਦੁਆਰਾ ਗੁਣ ਕਿਸ ਤਰੀਕੇ ਭਰੇ ਹੋਏ ਹਨ ਜਿਨ੍ਹਾਂ ਗੁਣਾਂ ਦਾ ਕੋਈ ਅੰਤ ਹੀ ਨਹੀਂ। ਗੁਣਾਂ ਦੇ ਮਾਲਕ ਨੂੰ ਜਾਣੇ ਬਿਨਾਂ ਨਾ ਕੋਈ ਭਗਤੀ ਦੇ ਗੁਣਾਂ ਵਾਲੇ ਵਿਚਾਰਾਂ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਉਸਦੀ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕਦਾ ਹੈ। **(ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥ ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥)**

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥

ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥

ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੨॥}

(ਅੰਗ ੩੪੯)

{ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥
ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥
ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥੩॥
ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥}

(ਅੰਗ ੧੧)

{ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥ ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥੧॥ ਰਹਾਉ॥
ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥
ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥੧॥
ਜਿਨ ਤੂ ਜਪਿਓ ਤੇਈ ਜਨ ਨੀਕੇ ਹਰਿ ਜਪਤਿਅਹੁ ਕਉ ਸੁਖੁ ਪਾਵੈਗੋ ॥
ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ ॥੨॥
ਜਲ ਤੇ ਓਪਤਿ ਭਈ ਹੈ ਕਾਸਟ ਕਾਸਟ ਅੰਗਿ ਤਰਾਵੈਗੋ ॥
ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ ਰਖਾਵੈਗੋ ॥੩॥
ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ ॥
ਜਿਉ ਸਤਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ ॥੪॥
ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥
ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥
ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗਹੀਨ ਨਹੀ ਭਾਵੈਗੋ ॥
ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ ॥੭॥
ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥
ਨਾਨਕ ਦਇਆ ਦਇਆ ਕਰਿ ਠਾਕੁਰ ਮੈ ਸਤਿਗੁਰ ਭਸਮ ਲਗਾਵੈਗੋ ॥੮॥੩॥}

(ਅੰਗ ੧੩੦੯-੧੩੧੦)

{ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥}

(ਅੰਗ ੧੩੬)

ਪ੍ਰਮਾਤਮਾ ਨੂੰ ਜਾਣੇ ਬਿਨਾਂ, ਉਸ ਗੁਣਾਂ ਦੇ ਮਾਲਕ ਨੂੰ ਜਾਣੇ ਬਿਨਾਂ ਅਸੀਂ ਉਹਨਾਂ ਦੇ ਗੁਣ ਗਾਉਂਦੇ ਹਾਂ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਉੱਚਾ ਸਮਝਦੇ ਹਾਂ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥"

49/6648

ਸਾਰੀ ਗੱਲ ਮਨ ਦੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ। ਸਾਰਾ ਭੇਦ **"ਆਥਿ"** ਤੇ **"ਸਤਿ"** ਨੂੰ ਸਮਝਣ ਵਿੱਚ ਹੈ। **"ਆਥਿ"** ਮਾਇਆ ਨੂੰ ਕਹਿੰਦੇ ਹਨ। **"ਆਥਿ"** ਤੋਂ ਭਾਵ ਹੈ ਮਾਇਆ ਦੁਆਰਾ। ਇੱਥੇ ਸਾਨੂੰ ਮਨ ਦੀ ਮਾਇਆ ਹੀ ਸਮਝਾਈ ਹੋਈ ਹੈ ਜਿਸ ਮਾਇਆ ਦੀ ਜੁਗਤਿ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਇਹ ਮਾਇਆ ਦੀ ਜੁਗਤਿ ਪ੍ਰਮਾਤਮਾ ਦੀ ਸਭ ਦੇ ਅੰਦਰ ਆਪਣੀ ਹੀ ਪਾਈ ਹੋਈ ਹੈ ਜਿਸ ਆਪਣੀ ਜੁਗਤਿ ਦੁਆਰਾ ਪ੍ਰਮਾਤਮਾ ਨੇ ਸਭ ਨੂੰ ਆਪ ਹੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ, ਤ੍ਰੈ ਗੁਣਾਂ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ ਤੇ ਨਾ ਹੀ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਹਰ ਵਡਿਆਈ ਦਾ ਮਾਲਕ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹੀ ਅਸੀਂ ਮਨੁੱਖੀ ਸਰੀਰਾਂ ਨੂੰ ਵੱਡਾ ਸਮਝਕੇ, ਉੱਚੀ ਭਗਤੀ ਦੀ ਸਮਝ ਵਾਲਾ ਜਾਣ ਕੇ ਉਹਨਾਂ ਨੂੰ ਵਡਿਆਈਆਂ ਦਿੰਦੇ ਹਾਂ। ਉਪਰ ਪਹਿਲੀ ਪੰਗਤੀ ਵਿੱਚ ਬਰਮਾ ਨੂੰ ਵਡਿਆਈ ਦੇਣ ਦੀ ਗੱਲ ਕੀਤੀ ਹੋਈ ਹੈ ਜਿਨ੍ਹਾਂ ਨੂੰ ਅਸੀਂ ਵੇਦਾਂ ਦੀ ਬਾਣੀ ਦਾ ਰਚਨਹਾਰ ਸਮਝਦੇ ਹਾਂ, ਬਾਣੀ ਦਾ ਜਾਨਣ ਵਾਲਾ ਸਮਝਦੇ ਹਾਂ ਤੇ ਅਨੇਕਾਂ ਆਪਣੀ ਮਤਿ ਅਨੁਸਾਰ ਬਰਮਾ ਨੂੰ ਸ੍ਰਿਸ਼ਟੀ ਦਾ ਰਚਨਕਾਰ ਵੀ ਮੰਨਦੇ ਹਨ ਜਿਸ ਕਰਕੇ ਉਸਨੂੰ ਵੱਡਾ ਸਮਝ ਕੇ ਉਸਦੀ **"ਸੁਅਸਤਿ"** ਕੀਤੀ ਜਾਂਦੀ ਹੈ ਭਾਵ ਉਸਦਾ ਮਾਣ ਕੀਤਾ ਜਾਂਦਾ ਹੈ, ਉਸਦੀ ਜੈ ਜੈ ਕਾਰ ਕੀਤੀ ਜਾਂਦੀ ਹੈ ਭਾਵ ਉਸਦੀ ਸਮਝ ਅੱਗੇ ਝੁੱਕਿਆ ਜਾਂਦਾ ਹੈ, ਪ੍ਰਮਾਤਮਾ ਦਾ ਰੂਪ ਸਮਝ ਕੇ ਉਸਦੀ ਇੱਜਤ ਕੀਤੀ ਜਾਂਦੀ ਹੈ। ਇਸ ਦੀ ਵਜ੍ਹਾ ਸਾਡੇ ਅੰਦਰ ਦੀ ਆਥ ਹੀ ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਹੀ ਹੈ ਜਿਸ ਨਾਸਮਝ ਮਤਿ ਵਿੱਚ ਰਹਿੰਦੇ ਹੋਏ ਸਾਨੂੰ ਸੱਚ ਦੀ ਸਮਝ ਨਹੀਂ ਪੈਂਦੀ ਕਿ ਸਾਰੇ ਗਿਆਨ ਦਾ ਮਾਲਕ ਕੌਣ ਹੈ, ਹਰ ਧਰਮ ਗ੍ਰੰਥ ਦਾ ਰਚਨਹਾਰ ਕੌਣ ਹੈ, ਸ੍ਰਿਸ਼ਟੀ ਦਾ ਰਚਨਹਾਰ ਕੌਣ ਹੈ। **(ਸੁਅਸਤਿ ਆਥਿ ਬਾਣੀ ਬਰਮਾਉ ॥)** ਇਸੇ ਲਈ ਬਾਣੀ ਰਾਹੀਂ ਬਰਮਾ, ਬਿਸਨ, ਮਹੇਸ ਆਦਿ ਜਿਨ੍ਹਾਂ ਨੂੰ ਅਸੀਂ ਪ੍ਰਮਾਤਮਾ ਦਾ ਰੂਪ ਸਮਝ ਕੇ ਉਹਨਾਂ ਦੀ ਵਡਿਆਈ ਕਰਦੇ ਹਾਂ, ਉਹਨਾਂ ਨੂੰ ਤ੍ਰੈ ਗੁਣਾਂ ਵਿੱਚ ਹੀ ਦੱਸਿਆ ਗਿਆ ਹੈ ਭਾਵ ਮਨ ਦੀ ਮਾਇਆ ਵਿੱਚ ਹੀ ਦੱਸਿਆ ਗਿਆ ਹੈ ਜਿਸ ਮਾਇਆ ਦੀ ਜੁਗਤਿ ਵਿੱਚ ਰਹਿੰਦਿਆਂ ਹੀ ਕੋਈ ਆਪਣੇ ਆਪ ਨੂੰ ਵੱਡਾ ਅਖਵਾ ਸਕਦਾ ਹੈ ਤੇ ਮਾਇਆ ਦੀ

49/6649

ਜੁਗਤਿ ਕਰਕੇ ਹੀ ਭਾਵ ਮਨ ਦੀ ਨਾਸਮਝੀ ਕਰਕੇ ਹੀ ਉਹਨਾਂ ਨੂੰ ਕੋਈ ਪ੍ਰਮਾਤਮਾ ਸਮਝ ਸਕਦਾ ਹੈ। ਸਾਰੀ ਗੱਲ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਨਾ ਪੈਣਾ ਹੀ ਹੈ ਜਿਸ ਕਰਕੇ ਅਸੀਂ ਆਕਾਰ ਰੂਪ ਦੇ ਮਾਲਕ ਨੂੰ ਨਹੀਂ ਜਾਣ ਸਕਦੇ ਤੇ ਆਕਾਰ ਰੂਪ ਨੂੰ ਹੀ ਵੱਡਾ ਕਰਕੇ ਪੂਜਦੇ ਹਾਂ। ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੇਵਲ ਚਉਥੇ ਪਦ ਦੀ ਪ੍ਰਾਪਤੀ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਜੋ ਪ੍ਰਾਪਤੀ ਬ੍ਰਹਮਾ ਬਿਸਨ ਮਹੇਸ ਆਦਿ ਨੂੰ ਵੀ ਨਹੀਂ ਹੋਈ। ਤ੍ਰੈ ਗੁਣਾਂ ਵਿੱਚ ਤੇ ਚਉਥੇ ਪਦ ਦੇ ਵਿੱਚ ਭੇਦ ਹੀ ਚਉਥੇ ਪਦ ਦੀ ਪ੍ਰਾਪਤੀ ਹੋਣ ਤੋਂ ਬਾਅਦ ਹੀ ਪੈਂਦਾ ਹੈ। ਸਾਡੇ ਅੰਦਰ ਪ੍ਰਮਾਤਮਾ ਆਪ ਚਉਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਹੈ ਤੇ ਜਦ ਤਕ ਚਉਥੇ ਪਦ ਦੇ ਗਿਆਨ ਦਾ ਮਾਲਕ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਕਿਸੇ ਨੂੰ ਆਪਣੇ ਨਾਲ ਕਿਸੇ ਨੂੰ ਚਉਥੇ ਪਦ ਨਾਲ ਨਹੀਂ ਜੋੜਦਾ ਤਦ ਤਕ ਕੋਈ ਵੀ ਤ੍ਰੈ ਗੁਣਾਂ ਵਾਲੀ ਸਮਝ ਤੋਂ ਭਾਵ ਮਨ ਦੀ ਮਾਇਆ ਵਾਲੀ ਸਮਝ, ਮਨ ਦੀ ਆਥ ਤੋਂ ਮੁਕਤ ਨਹੀਂ ਹੋ ਸਕਦਾ ਜਿਸ ਮਨ ਦੀ ਮਾਇਆ ਤੋਂ ਮੁਕਤ ਹੋਏ ਬਿਨਾਂ ਹੀ ਕੋਈ ਆਪਣੇ ਆਪ ਨੂੰ ਗਿਆਨਵਾਨ ਸਮਝ ਸਕਦਾ ਹੈ, ਪ੍ਰਮਾਤਮਾ ਦਾ ਰੂਪ ਸਮਝ ਸਕਦਾ ਹੈ ਜਿਵੇਂ ਕਿ ਬ੍ਰਹਮਾ, ਬਿਸਨ, ਮਹੇਸ ਆਦਿ ਨੇ ਸਮਝਿਆ ਹੈ।

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ ੫੦੯)

{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥
ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥
ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥}

(ਅੰਗ ੭੩੫)

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ॥੧॥}

(ਅੰਗ ੧੦੯੪)

{ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ ॥
ਸਾਖਾ ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ ॥੧॥
ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥੧॥ ਰਹਾਉ ॥
ਤੇਤੀਸ ਕਰੋੜੀ ਦਾਸ ਤੁਮ੍ਹਾਰੇ ਰਿਧਿ ਸਿਧਿ ਪ੍ਰਾਣ ਅਧਾਰੀ ॥

ਤਾ ਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ ॥੨॥
ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ ॥
ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥੩॥
ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ ॥
ਜਾ ਕਉ ਨਦਰਿ ਕਰਹਿ ਤੂੰ ਅਪਣੀ ਸਾਈ ਸਚਿ ਸਮਾਣੀ ॥੪॥
ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥੫॥
ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥
ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥੭॥
ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ ॥
ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ ॥੮॥੧॥੨੩॥}

(ਅੰਗ ੪੨੨-੪੨੩)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥ ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥
ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥ ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥
ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥ ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥
ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥ ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥
ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ ਬਿਨੁ ਗੁਰ ਸਾਚੇ ਭਰਮਿ ਭੁਲਾਏ ॥
ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥
ਜਮੂਆ ਨ ਜੋਹੈ ਹਰਿ ਕੀ ਸਰਣਾਈ ॥ ਹਉਮੈ ਮਾਰਿ ਸਚਿ ਲਿਵ ਲਾਈ ॥
ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥ ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥
ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥ ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥
ਸਤਿਗੁਰੂ ਸੇਵੇ ਸੋ ਫਲੁ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥
ਅਨਹਦ ਬਾਣੀ ਸਬਦੁ ਵਜਾਏ ॥੭॥ ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥
ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥੮॥੫॥}

(ਅੰਗ ੨੩੧)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥}

(ਅੰਗ ੬੮)

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ ਅੰਧੇ ਗੁਰੂ ਤੇ ਭਰਮੁ ਨ ਜਾਈ ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ਰ ਭਰਮਾਏ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ ਸਹਜਿ ਸੁਭਾਏ॥੫॥
ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ ਮਾਇਆ ਸਬਦਿ ਜਲਾਏ ॥
ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥ ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧-੨੩੨)

49/6650

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ॥੧॥ ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ ੬੦੪)

{ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥ ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥ ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥
ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥
ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥
ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥
ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥ ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥
ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥
ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥੪॥੧੮॥੫੧॥}

(ਅੰਗ ੩੩)

{ਭਗਤਿ ਖਜਾਨਾ ਗੁਰਮੁਖਿ ਜਾਤਾ ਸਤਿਗੁਰਿ ਬੂਝਿ ਬੁਝਾਈ ॥੧॥
ਸੰਤਹੁ ਗੁਰਮੁਖਿ ਦੇਇ ਵਡਿਆਈ ॥੧॥ ਰਹਾਉ ॥
ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ ॥੨॥
ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ ॥੩॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਅੰਤੇ ਨਾਮੁ ਸਖਾਈ ॥੪॥
ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ ॥੫॥
ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ ॥੬॥
ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥੭॥
ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ਮਨੁ ਰਾਖਹੁ ਇਕ ਠਾਈ ॥੮॥
ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ ॥੯॥
ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ ॥੧੧॥
ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥੧੨॥
ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥੧੩॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥੧੪॥
ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥੧੯॥
ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥
ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥}

(ਅੰਗ ੯੦੯-੯੧੦)

{ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥
ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥੧॥ ਬੋਲਹੁ ਭਈਆ ਰਾਮ ਕੀ ਦੁਹਾਈ ॥

ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥੧॥ ਰਹਾਉ ॥
ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥
ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥
ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲ੍ਹੈ ਤਾ ਮਨੁ ਖੀਵਾ ਭਾਈ ॥੩॥
ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥
ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ ॥੪॥੩॥}

(ਅੰਗ ੧੧੨੩)

ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਤ੍ਰਿਕੁਟੀ ਵਾਲੀ ਸਮਝ ਵਿੱਚ ਤੇ ਚਉਥੇ ਪਦ ਵਾਲੀ ਸਮਝ ਵਿੱਚ ਫਰਕ ਸਮਝਣ ਦਾ ਉਪਰਾਲਾ ਹੀ ਕੀਤਾ ਹੈ ਤਾਂ ਜੋ ਅਸੀਂ ਗੁਰੂ ਦੀ ਸਮਝ ਦੇ ਨਾਲ ਜੁੜੀਏ ਜੋ ਚਉਥੇ ਪਦ ਵਾਲੀ ਸਮਝ ਹੈ। ਗੁਰੂ ਦੀ ਸਮਝ ਚਉਥੇ ਪਦ ਵਾਲੀ ਸਮਝ ਹੈ ਜਿਸ ਸਮਝ ਨਾਲ ਜੁੜਕੇ ਹੀ ਅਸੀਂ ਮਨ ਦੀ ਮਾਇਆ ਵਾਲੀ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲ ਸਕਦੇ ਹਾਂ ਤੇ ਆਪਣੇ ਅੰਦਰੋਂ ਚਉਥੇ ਪਦ ਦੇ ਗਿਆਨ ਦੇ ਮਾਲਕ ਨੂੰ ਜਾਣ ਸਕਦੇ ਹਾਂ, ਉਸਦੇ ਨਿਰੰਕਾਰ ਰੂਪ ਨੂੰ ਜਾਣ ਸਕਦੇ ਹਾਂ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਹਰ ਆਕਾਰ ਰੂਪ ਨੂੰ ਰੱਚਿਆ ਹੈ ਤੇ ਹਰ ਕਿਸੇ ਨੂੰ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਚਲਾ ਰਿਹਾ ਹੈ। ਪੂਰੀ ਸਾਇੰਸ ਦੇ ਅੰਦਰ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਹੈ ਜਿਸ ਦੁਆਰਾ ਉਹ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਹਰ ਮਨੁੱਖੀ ਰੂਪ ਨੂੰ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਚਲਾ ਰਿਹਾ ਹੈ। ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਪ੍ਰਮਾਤਮਾ ਨੇ ਆਪਣੇ ਚਉਥੇ ਪਦ ਦੇ ਗਿਆਨ ਵਾਲੇ ਨਿਰੰਕਾਰ ਰੂਪ ਦੁਆਰਾ ਹੀ ਰੱਖਿਆ ਹੋਇਆ ਹੈ ਜਿਸ ਤ੍ਰੈ ਗੁਣਾਂ ਵਾਲੀ ਵਾਲੀ ਸਮਝ ਵਿੱਚੋਂ ਉਹ ਆਪ ਹੀ ਆਪਣਾ ਚਉਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਕੱਢਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੇ ਚਉਥੇ ਪਦ ਦਾ ਗਿਆਨ ਬਖਸ਼ ਕੇ ਉਹਨਾਂ ਨੂੰ ਮਨ ਦੀ ਮਾਇਆ ਵਿੱਚੋਂ ਕੱਢਿਆ ਹੈ ਤੇ ਗੁਰਬਾਣੀ ਦੀ ਰਚਨਾ ਕਰਵਾਈ ਹੈ। ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ, ਮਾਇਆ ਵਾਲੀ ਸਮਝ ਵਿੱਚੋਂ ਅਸੀਂ ਚਉਥੇ ਪਦ ਦੇ ਗਿਆਨ ਨਾਲ ਜੁੜ ਕੇ ਹੀ ਨਿਕਲ ਸਕਦੇ ਹਾਂ ਭਾਵ ਗੁਰਬਾਣੀ ਦੀ ਚਉਥੇ ਪਦ ਵਾਲੀ ਸੱਚੀ ਸਮਝ ਨਾਲ ਜੁੜ ਕੇ ਹੀ ਨਿਕਲ ਸਕਦੇ ਹਾਂ ਭਾਵ ਉਹਨਾਂ ਦੀ ਸਮਝ ਵਿੱਚੋਂ ਨਿਕਲ ਕੇ ਹੀ ਜੁੜ ਸਕਦੇ ਹਾਂ ਜੋ ਆਪ ਮਨ ਦੀ ਮਾਇਆ

ਵਿੱਚ ਹਨ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹਨ ਜਿਸ ਸਮਝ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ, ਜਿਸ ਸਮਝ ਵਿੱਚੋਂ ਨਿਰੰਕਾਰ ਰੂਪ ਪ੍ਰਮਾਤਮਾ ਨੇ ਬ੍ਰਹਮਾ, ਬਿਸਨ, ਮਹੇਸ ਆਦਿ ਨੂੰ ਵੀ ਨਹੀਂ ਕੱਢਿਆ ਤੇ ਉਹਨਾਂ ਨੇ ਮਨ ਦੀ ਨਾਸਮਝੀ ਕਰਕੇ ਹੀ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ। ਇਸੇ ਤਰ੍ਹਾਂ ਹੀ ਅਨੇਕਾਂ ਹੀ ਅਨੇਕਾਂ ਹਨ ਜੋ ਆਪਣੇ ਆਪ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਜਿਸਦਾ ਕਾਰਨ ਸਾਡੇ ਅੰਦਰ ਦੀ ਮਾਇਆ ਹੀ ਹੈ ਭਾਵ ਅਗਿਆਨਤਾ ਵਾਲੀ ਸਮਝ ਹੀ ਹੈ ਜਿਸ ਸਮਝ ਵਿੱਚ ਰਹਿੰਦਿਆਂ ਅਸੀਂ ਸੱਚੀ ਭਗਤੀ ਦੇ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਜਿਸਨੂੰ ਜਾਣੇ ਬਿਨਾਂ ਅਸੀਂ ਭਗਤੀ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਪ੍ਰਮਾਤਮਾ ਦੇ ਗੁਣ ਨਹੀਂ ਗਾ ਸਕਦੇ ਤੇ ਉਹਨਾਂ ਦੇ ਗੁਣ ਗਾਉਂਦੇ ਹਾਂ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਤੇ ਮਨ ਦੀ ਨਾਸਮਝੀ ਕਰਕੇ ਭਗਤੀ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ। ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਾਂਗੇ ਕਿ ਸਾਨੂੰ ਕਿਸਦੀ ਮਤਿ ਨਾਲ ਜੁੜਨਾ ਚਾਹੀਦਾ ਹੈ ਜਿਸ ਮਤਿ ਨਾਲ ਜੁੜ ਕੇ ਅਸੀਂ ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਕਰ ਸਕੀਏ, ਉਸ ਗੁਣਾਂ ਦੇ ਮਾਲਕ ਨੂੰ ਜਾਣਕੇ ਉਸਦੇ ਗੁਣ ਗਾ ਸਕੀਏ।

"ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥"

ਉਪਰ ਵਾਲੀ ਪਹਿਲੀ ਪੰਗਤੀ ਨੂੰ ਅਸੀਂ ਸਮਝਿਆ ਹੀ ਹੈ ਕਿ **"ਆਥਿ"** ਤੋਂ ਭਾਵ ਕੀ ਹੈ। ਆਥਿ ਤੋਂ ਉਲਟ **"ਸਤਿ"** ਹੈ। ਆਥ ਤੋਂ ਭਾਵ ਸਾਡੇ ਮਨ ਦੀ ਮਾਇਆ ਵਾਲੀ ਸਮਝ ਨਾਲ ਹੈ ਤੇ ਸਤ ਤੋਂ ਭਾਵ ਸਾਡੇ ਮਨ ਦੀ ਸੱਚੀ ਸਮਝ ਦੇ ਨਾਲ ਹੈ ਜੋ ਸੱਚੀ ਸਮਝ ਸਾਨੂੰ ਮਨ ਦੀ ਮਾਇਆ ਵਾਲੀ ਸਮਝ ਵਿੱਚੋਂ ਕੱਢਦੀ ਹੈ। ਆਥ ਵਾਲੀ ਸਮਝ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਸਤ ਵਾਲੀ ਸਮਝ ਭਾਵ ਪੂਰਨ ਸੱਚ ਵਾਲੀ ਸਮਝ ਸਾਨੂੰ ਮਨ ਦੇ ਹਰ ਭਰਮ ਵਿੱਚੋਂ ਕੱਢ ਲੈਂਦੀ ਹੈ। ਪੂਰੀ ਗੁਰਬਾਣੀ ਵਿੱਚ **"ਸਤਿ"**

ਹੈ ਤੇ ਸਤਿ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਪੂਰੀ ਗੁਰਬਾਣੀ ਵਿੱਚ ਉਸਦਾ ਬ੍ਰਹਮ ਗਿਆਨ ਰੂਪ ਹੈ। ਬ੍ਰਹਮ ਗਿਆਨ ਵਾਲੀ ਸਮਝ ਸਾਨੂੰ ਪੂਰਨ ਸੱਚ ਹੀ ਸਮਝਾਉਂਦੀ ਹੈ ਕਿ ਸਚੁ ਰੂਪ ਪ੍ਰਮਾਤਮਾ ਕੀ ਹੈ ਤੇ ਸਚੁ ਰੂਪ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੀ ਹੈ, ਧਰਮ ਦੇ ਮਾਰਗ ਤੇ ਚੱਲਣ ਦਾ ਸੱਚ ਕੀ ਹੈ, ਇਸ

49/6652

ਸੰਸਾਰ ਦਾ ਸੱਚ ਕੀ ਹੈ, ਮਨੁੱਖ ਦੀ ਆਪਣੀ ਸੱਚਾਈ ਕੀ ਹੈ। ਮਨ ਦੀ ਮਾਇਆ ਵਿੱਚ ਰਹਿੰਦੇ ਅਸੀਂ ਸੱਚ ਨੂੰ ਨਹੀਂ ਜਾਣ ਸਕਦੇ ਤੇ ਸੱਚ ਦਾ ਮਕਸਦ ਹੀ ਸਾਨੂੰ ਮਨ ਦੀ ਮਾਇਆ ਵਿੱਚੋਂ ਕੱਢਣ ਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ। ਸੱਚ ਹੀ ਨਾਮ ਹੈ ਜਿਸ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ ਜਿਸ ਨਾਮ ਦਾ ਮਕਸਦ ਸਾਨੂੰ ਮਨ ਦੀ ਭਰਮਾਂ ਵਾਲੀ ਭਾਵ ਮਾਇਆ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਉਹੀ ਮਨੁੱਖ ਸੁਹਾਉਂਦਾ ਹੈ ਭਾਵ ਚੰਗਾ ਲੱਗਦਾ ਹੈ ਜਿਸਨੂੰ ਸੱਚ ਚੰਗਾ ਲੱਗਦਾ ਹੈ ਤੇ ਜੋ ਮਨੁੱਖ ਮਾਇਆ ਵਾਲੀ ਸਮਝ ਵਿੱਚ ਰਹਿ ਕੇ ਸੱਚ ਤੇ ਨਹੀਂ ਚੱਲਦਾ ਭਾਵ ਨਾਮ ਨਹੀਂ ਜਪਦਾ ਉਹ ਪ੍ਰਮਾਤਮਾ ਨੂੰ ਨਹੀਂ ਭਾਉਂਦਾ। ਮਨ ਦੀ ਮਾਇਆ ਵਾਲੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਸੱਚ ਤੋਂ ਉਲਟ ਚੱਲਦੇ ਹਾਂ ਜਿਸ ਕਰਕੇ ਅਸੀਂ ਉਹਨਾਂ ਦੇ ਗੁਣ ਗਾਉਂਦੇ ਹਾਂ, ਉਹਨਾਂ ਨੂੰ ਉੱਚਾ ਸਮਝਦੇ ਹਾਂ ਜਿਵੇਂ ਕਿ ਅਸੀਂ ਉਪਰ ਵਾਲੀ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। ਮਨ ਦੇ ਵਿੱਚ ਸੱਚ ਵਾਲੀ ਸਮਝ ਦੁਆਰਾ ਅਸੀਂ ਪ੍ਰਮਾਤਮਾ ਨੂੰ ਸੁਹਾਉਂਦੇ ਹਾਂ ਕਿਉਂਕਿ ਮਨ ਦੀ ਸੱਚ ਵਾਲੀ ਸਮਝ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਾਂ ਤੇ ਫਿਰ ਅਸੀਂ ਪ੍ਰਮਾਤਮਾ ਦੇ ਹੀ ਸੱਚੇ ਗੁਣ ਗਾਉਂਦੇ ਹਾਂ ਕਿ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ। ਕਿਸੇ ਵੀ ਮਨੁੱਖ ਦੇ ਅੰਦਰ ਇਸ ਤੋਂ ਵੱਡਾ ਚਾਉ ਭਾਵ ਮਨ ਦਾ ਖਿੜਾਉ ਨਹੀਂ ਹੋ ਸਕਦਾ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਹ ਮਨੁੱਖ ਪ੍ਰਮਾਤਮਾ ਨੂੰ ਸੁਹਾਉਂਦਾ ਹੈ ਭਾਵ ਚੰਗਾ ਲੱਗਦਾ ਹੈ। ਮਨ ਦੇ ਵਿੱਚ ਇਹ ਖੇੜਾ ਮਨ ਦੀ ਸਮਝ ਰਾਹੀਂ ਹੀ ਹੁੰਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਰਾਹੀਂ ਹੀ ਹੁੰਦਾ ਹੈ ਜਿਸ ਬ੍ਰਹਮ ਗਿਆਨ ਵਾਲੀ ਭਾਵ ਸੱਚੀ ਸਮਝ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਮਨ ਦੇ ਵਿੱਚ ਸੱਚ ਵਾਲੀ ਸਮਝ ਦੁਆਰਾ ਮਨੁੱਖੀ ਸਮਝ ਪ੍ਰਮਾਤਮਾ ਦੀ ਸੱਚੀ ਸਮਝ ਵਿੱਚ ਸਦਾ ਲਈ ਸਮਾ ਜਾਂਦੀ ਹੈ ਭਾਵ ਪ੍ਰਮਾਤਮਾ ਦੀ ਸਮਝ ਦੇ ਨਾਲ ਜੁੜਕੇ ਉਸਦੇ ਵਿੱਚ ਸਮਾ ਜਾਂਦੀ ਹੈ, ਸਦਾ ਲਈ ਸਮਾ ਜਾਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਸਮਝ ਸਦਾ ਲਈ ਪ੍ਰਮਾਤਮਾ ਦੇ ਨਿਰੰਕਾਰ ਰੂਪ ਵਿੱਚ ਸਮਾਈ ਹੋਈ ਹੈ,

49/6653

ਪੂਰੀ ਗੁਰਬਾਣੀ ਰਾਹੀਂ ਸਮਾਈ ਹੋਈ ਹੈ। ਆਪਣੇ ਅੰਦਰੋਂ ਜਦੋਂ ਮਨ ਦੀ ਸਮਝ ਰਾਹੀਂ ਮਨੁੱਖ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸ ਮਨ ਦੇ ਖੇੜੇ ਤੋਂ ਬਾਅਦ ਕੀ ਉਸਦੇ ਮਨ ਵਿੱਚ ਕੋਈ ਇਹੋ ਜਿਹਾ ਚਾਉ ਸਮਝ ਸਕਦਾ ਕਿ ਉਹ ਹੁਣ ਉਹੋ ਜਿਹਿਆਂ ਨੂੰ ਉੱਚਾ ਮੰਨ ਕੇ ਪੂਜੇ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੀ ਮਾਇਆ ਵਿੱਚੋਂ ਕੱਢਿਆ ਹੀ ਨਹੀਂ। ਜਿਨ੍ਹਾਂ ਨੂੰ ਅਸੀਂ ਉੱਚਾ ਮੰਨ ਕੇ ਪੂਜਦੇ ਹਾਂ ਉਹਨਾਂ ਨੂੰ ਤਾਂ ਬਾਣੀ ਦੀ ਰਚਨਾ ਕਰਨ ਵਾਲਿਆਂ ਨੇ **"ਬਪੁਰੇ"** ਕਿਹਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਉਹੋ ਜਿਹਿਆਂ ਨੂੰ ਪੂਜਣ ਦਾ ਚਾਉ ਉਹਨਾਂ ਦੇ ਅੰਦਰ ਹੀ ਹੋ ਸਕਦਾ ਹੈ ਜਿਨ੍ਹਾਂ ਨੇ ਸਚੁ ਰੂਪ ਪ੍ਰਮਾਤਮਾ ਨੂੰ ਨਹੀਂ ਜਾਣਿਆ, ਹਰ ਆਕਾਰ ਰੂਪ ਦੇ ਮਾਲਕ ਨੂੰ ਨਹੀਂ ਜਾਣਿਆ ਭਾਵ ਉਸਦੇ ਨਿਰੰਕਾਰ ਰੂਪ ਨੂੰ ਨਹੀਂ ਜਾਣਿਆ। **(ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ ॥)**

ਜਿਨ੍ਹਾਂ ਨੂੰ ਅਸੀਂ ਉੱਚਾ ਮੰਨ ਕੇ ਪੂਜਦੇ ਹਾਂ ਅਸੀਂ ਉਹਨਾਂ ਦੇ ਆਕਾਰ ਰੂਪ ਨੂੰ ਪੂਜਦੇ ਹਾਂ ਪਰ ਉਹਨਾਂ ਦਾ ਆਕਾਰ ਰੂਪ ਕਿਵੇਂ ਬਣਿਆ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਵੀ ਨਹੀਂ ਹੁੰਦੀ। ਜਿਵੇਂ ਅਸੀਂ ਮਨੁੱਖੀ ਆਕਾਰ ਰੂਪ ਨੂੰ ਪੂਜਦੇ ਹਾਂ ਉਸੇ ਤਰ੍ਹਾਂ ਅਸੀਂ ਹੋਰ ਵੀ ਅਨੇਕਾਂ ਹੀ ਆਕਾਰ ਰੂਪ ਹਨ ਜਿਨ੍ਹਾਂ ਨੂੰ ਅਸੀਂ ਉੱਚਾ ਮੰਨ ਕੇ ਪੂਜਦੇ ਹਾਂ ਜਿਸ ਆਕਾਰ ਰੂਪ ਦੀ ਪੂਜਾ ਦਾ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਖੰਡਨ ਕੀਤਾ ਹੋਇਆ ਹੈ।

“ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥”

ਅਸੀਂ ਕਿਸੇ ਖਾਸ ਵੇਲੇ ਨੂੰ ਉੱਚਾ ਸਮਝ ਕੇ ਉਸਨੂੰ ਪੂਜਦੇ ਹਾਂ, ਕਿਸੇ ਥਿੱਤਾਂ ਵਾਰਾਂ ਨੂੰ ਉੱਚਾ ਜਾਣਕੇ ਪੂਜਦੇ ਹਾਂ। ਕਿਸੇ ਰੁਤਿ ਨੂੰ, ਮਹੀਨੇ ਨੂੰ ਉੱਚਾ ਜਾਣਕੇ ਪੂਜਦੇ ਹਾਂ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਹ ਸਭ ਨੂੰ ਬਨਾਉਂਣ ਵਾਲਾ, ਰਚਨ ਵਾਲਾ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ ਭਾਵ ਪ੍ਰਮਾਤਮਾ ਦਾ ਉੱਚਾ ਗਿਆਨ ਰੂਪ ਹੈ ਤੇ ਇਸੇ ਲਈ ਥਿੱਤਾਂ, ਵਾਰਾਂ, ਰੁੱਤਾਂ ਜਾਂ ਕਿਸੇ ਖਾਸ ਸਮੇਂ ਨੂੰ ਉੱਚਾ ਜਾਣਕੇ ਪੂਜਨ ਵਿੱਚ ਇਹਨਾਂ ਦੇ ਰਚਨਹਾਰ ਦੀ ਪੂਜਾ ਨਹੀਂ ਹੈ ਜੋ ਕਿ ਗਿਆਨ ਦਾ ਮਾਲਕ, ਪੂਰੀ ਸਾਇੰਸ ਦਾ ਮਾਲਕ ਨਿਰੰਕਾਰ ਰੂਪ ਪ੍ਰਮਾਤਮਾ ਆਪ ਹੈ ਜਿਸਨੇ ਸਭ ਕੁਝ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਭਾਵ ਆਪਣੇ ਨਾਮ ਦੁਆਰਾ ਬਣਾਇਆ ਹੈ, ਆਪਣੇ ਬ੍ਰਹਮ ਗਿਆਨ ਦੁਆਰਾ ਬਣਾਇਆ ਹੈ। ਬ੍ਰਹਮ ਗਿਆਨ ਦੀ ਪੂਜਾ, ਨਾਮ ਦੀ ਪੂਜਾ ਭਾਵ ਪ੍ਰਮਾਤਮਾ ਦੀ ਪੂਜਾ ਉਸਦੇ ਨਾਮ ਦੀ ਦਿੱਤੀ ਹੋਈ ਮਤਿ ਨੂੰ ਮੰਨਣ ਦੁਆਰਾ ਭਾਵ ਉਸਦੀ ਸਮਝਾਈ ਹੋਈ ਸੱਚੀ ਗੁਰਮਤਿ ਅਨੁਸਾਰ ਵਿਚਰਨ ਦੁਆਰਾ ਹੀ ਹੋ ਸਕਦੀ ਹੈ। ਇਸੇ ਲਈ ਗੁਰਬਾਣੀ ਰਾਹੀਂ ਸਾਨੂੰ ਥਿੱਤਾਂ, ਵਾਰਾਂ ਆਦਿ ਨੂੰ, ਕਿਸੇ ਰੁਤਿ, ਮਾਹ ਨੂੰ ਪੂਜਣ ਤੋਂ ਮਨ੍ਹਾਂ ਕੀਤਾ ਹੋਇਆ ਹੈ, ਕਿਸੇ ਖਾਸ ਵੇਲੇ ਨੂੰ ਉੱਚਾ ਜਾਣਕੇ ਉਸਨੂੰ ਪੂਜਨਾ ਭਾਵ ਕਿਸੇ ਵੇਲੇ ਨੂੰ ਵੱਡਾ ਮੰਨਣ ਤੋਂ ਮਨ੍ਹਾ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਉਹ ਸਭ ਆਕਾਰ ਰੂਪ ਹੀ ਹਨ ਜਿਨ੍ਹਾਂ ਨੂੰ ਅਸੀਂ ਦੇਖ ਸਕਦੇ ਹਾਂ ਭਾਵ ਆਕਾਰ ਰੂਪ ਨੂੰ ਉੱਚਾ ਜਾਣਕੇ ਹੀ ਉਸਨੂੰ ਪੂਜਦੇ ਹਾਂ ਤੇ ਉਸ ਵਿੱਚ ਪ੍ਰਮਾਤਮਾ ਦੀ ਪੂਜਾ ਸਮਝਦੇ ਹਾਂ ਪਰ ਕੋਈ ਵੇਲਾ, ਕੋਈ ਥਿਤ ਵਾਰ, ਕੋਈ ਰੁਤਿ, ਕੋਈ ਮਹੀਨਾ ਕਿਸ ਤਰੀਕੇ ਹੋਂਦ ਵਿੱਚ ਆਇਆ ਹੈ ਭਾਵ ਉਹਨਾਂ ਦੇ ਆਕਾਰ ਰੂਪ ਦੀ ਰਚਨਾ ਕਿਵੇਂ ਹੋਈ ਹੈ, ਕਿਸਨੇ ਕੀਤੀ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਨਹੀਂ ਹੈ ਭਾਵ ਆਕਾਰ ਰੂਪ ਦੇ ਮਾਲਕ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਕਿਸੇ ਨੂੰ ਨਹੀਂ ਹੈ। ਅਸੀਂ ਆਕਾਰ ਰੂਪ ਨੂੰ ਹੀ ਉੱਚਾ

ਮੰਨਦੇ ਹਾਂ ਜਦ ਕਿ ਉੱਚਾ ਨਿਰੰਕਾਰ ਰੂਪ ਹੈ ਜੋ ਆਕਾਰ ਰੂਪ ਦਾ ਮਾਲਕ ਹੈ। ਪ੍ਰਮਾਤਮਾ ਦੀ ਪੂਜਾ ਉਸਦੇ ਨਿਰੰਕਾਰ ਰੂਪ ਦੀ ਪੂਜਾ ਹੈ ਜੋ ਹਰ ਆਕਾਰ ਰੂਪ ਦਾ ਮਾਲਕ ਹੈ। ਆਕਾਰ ਰੂਪ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਫਿਰ ਅਸੀਂ ਆਕਾਰ ਰੂਪ ਨੂੰ ਉੱਚਾ ਨਹੀਂ ਸਮਝ ਸਕਦੇ ਭਾਵ ਆਕਾਰ ਰੂਪ ਦੇ ਗੁਣ ਨਹੀਂ ਗਾ ਸਕਦੇ ਕਿਉਂਕਿ ਸਾਨੂੰ ਸਮਝ ਲੱਗ ਜਾਂਦੀ ਹੈ ਕਿ ਹਰ ਆਕਾਰ ਰੂਪ ਨੂੰ ਉੱਚਾ ਕਰਨ ਵਾਲਾ ਉਹਨਾਂ ਦੇ ਅੰਦਰ ਦਾ ਨਿਰੰਕਾਰ ਰੂਪ ਹੈ ਜੋ ਨਿਰੰਕਾਰ ਰੂਪ ਪ੍ਰਮਾਤਮਾ ਦਾ ਉਸਦਾ ਬ੍ਰਹਮ ਗਿਆਨ ਰੂਪ ਹੈ ਜੋ ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਭਾਵ ਉਸਦਾ ਨਾਮ ਰੂਪ, ਉਸਦਾ ਜੋਤਿ ਰੂਪ ਭਾਵ ਉਸਦੀ ਸੱਚੀ ਸਾਇੰਸ ਦਾ ਰੂਪ ਹਰ ਆਕਾਰ ਰੂਪ ਵਿੱਚ ਸਮਾਇਆ ਹੋਇਆ ਹੈ ਜਿਸ ਦੁਆਰਾ ਹਰ ਆਕਾਰ ਰੂਪ ਕੰਮ ਕਰ ਰਿਹਾ ਹੈ। **(ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥)**

ਇਸੇ ਤਰ੍ਹਾਂ ਅਸੀਂ ਧਰਮ ਗ੍ਰੰਥਾਂ ਦੇ ਆਕਾਰ ਰੂਪ ਨੂੰ ਪੂਜਦੇ ਹਾਂ ਪਰ ਉਹਨਾਂ ਦੇ ਆਕਾਰ ਰੂਪ ਕਿਸ ਤਰੀਕੇ ਹੋਂਦ ਵਿੱਚ ਆਏ ਹਨ ਤੇ ਕਿਸ ਮਕਸਦ ਲਈ ਹੋਂਦ ਵਿੱਚ ਆਏ ਹਨ ਇਸ ਗੱਲ ਦੀ ਸਮਝ ਉਹਨਾਂ ਨੂੰ ਨਹੀਂ ਹੈ ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਤੇ ਉਹਨਾਂ ਵਿਦਵਾਨਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝ ਕੇ ਪੂਜਦੇ ਹਾਂ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥”

ਉਪਰ ਵਾਲੀਆਂ ਪੰਗਤੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਉਹ ਚੰਗਾ ਵੇਲਾ ਕਿਹੜਾ ਹੈ ਜਿਸ ਵੇਲੇ ਨੂੰ ਪੂਜਣ ਦੀ ਲੋੜ ਹੈ। ਬੋਲੋ ਧੰਨ ਗੁਰਬਾਣੀ, ਧੰਨ ਗੁਰਬਾਣੀ, ਧੰਨ ਗੁਰਬਾਣੀ ਜਿਸਦੀ ਸਮਝ ਇਤਨੀ ਉੱਚੀ ਹੈ। ਵੇਲਾ ਉਹ ਉੱਚਾ ਹੈ ਜਿਸ

ਵੇਲੇ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ। ਇਹ ਵੇਲਾ ਕੋਈ ਦੁਨਿਆਵੀ ਵੇਲਾ ਨਹੀਂ ਹੈ। ਇਹ ਵੇਲਾ ਮਨ ਦੀ ਸਮਝ ਦਾ ਵੇਲਾ ਹੈ ਜਿਸ ਵੇਲੇ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ। ਇਹ ਵੇਲਾ ਹੀ ਉਹ ਅੰਮ੍ਰਿਤ ਵੇਲਾ ਹੈ ਜਿਸ

49/6655

ਵੇਲੇ ਪ੍ਰਮਾਤਮਾ ਮਨ ਦੇ ਵਿੱਚ ਅੰਮ੍ਰਿਤ ਪਿਆਉਂਦਾ ਹੈ, ਆਪਣਾ ਬ੍ਰਹਮ ਗਿਆਨ ਰੂਪ ਅੰਮ੍ਰਿਤ ਪਿਆਉਂਦਾ ਹੈ, ਮਨ ਦੀ ਸਮਝ ਰਾਹੀਂ ਆਪਣਾ ਨਾਮ ਰੂਪ ਅੰਮ੍ਰਿਤ ਪਿਆਉਂਦਾ ਹੈ। ਇਸ ਵੇਲੇ ਨੂੰ ਉਹ ਹੀ ਸਮਝ ਸਕਦਾ ਹੈ ਜਦੋਂ ਕੋਈ ਆਪਣੇ ਅੰਦਰੋਂ ਅੰਮ੍ਰਿਤ ਦੇ ਦਾਤੇ ਨੂੰ ਜਾਣ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ। ਉਸ ਵੇਲੇ ਦੀ ਜਿਸ ਵੇਲੇ ਪ੍ਰਮਾਤਮਾ ਮਨ ਦੇ ਵਿੱਚ ਧਰਮ ਗ੍ਰੰਥ ਲਿਖਵਾਉਂਣ ਦੀ ਸੋਝੀ ਪਾਉਂਦਾ ਹੈ ਉਸ ਤੋਂ ਚੰਗਾ ਵੇਲਾ ਕੋਈ ਸੰਸਾਰ ਵਿੱਚ ਹੋਰ ਹੋ ਹੀ ਨਹੀਂ ਸਕਦਾ। ਉਸ ਵੇਲੇ ਦੀ ਸੱਚੀ ਸਮਝ ਨੂੰ ਪੂਜਨਾ ਹੀ ਭਾਵ ਉਸ ਵੇਲੇ ਲਿਖਵਾਈ ਹੋਈ ਸੱਚੀ ਸਮਝ ਨੂੰ ਮੰਨਣਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵ ਪ੍ਰਮਾਤਮਾ ਦੀ ਅਸਲ ਭਗਤੀ ਹੈ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਦੇਣ ਦੇ ਨਾਲ ਹੀ ਹੈ ਜਿਸ ਸੱਚੀ ਸਿੱਖਿਆ ਨੂੰ ਅਸੀਂ ਹਰ ਵੇਲੇ ਮੰਨਣਾ ਹੈ। ਹਰ ਵੇਲੇ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣਾ ਹੀ ਸੱਚੇ ਵੇਲੇ ਨੂੰ ਪੂਜਣਾ ਹੈ ਜਿਸ ਵੇਲੇ ਨੂੰ ਪੂਜਣ ਦੀ ਸਮਝ ਉਹਨਾਂ ਨੂੰ ਨਹੀਂ ਹੈ ਜਿਨ੍ਹਾਂ ਨੂੰ ਅਸੀਂ ਧਰਮ ਦੇ ਵਿਦਵਾਨ ਸਮਝਦੇ ਹਾਂ, ਉੱਚਾ ਮੰਨਦੇ ਹਾਂ ਭਾਵ ਉਹਨਾਂ ਦੇ ਗੁਣ ਗਾਉਂਦੇ ਹਾਂ। **(ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥)**

{ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥}

(ਅੰਗ ੨)

{ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥ ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥}

(ਅੰਗ ੧੨੮੫)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥
ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥
ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ ੧੫੩)

{ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥
ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ ॥੧॥
ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥ ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥ ਰਹਾਉ ॥
ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ ॥
ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥੨॥

ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥
ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥੩॥
ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥}

(ਅੰਗ ੯੨)

{ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥੧॥
ਉਆ ਕਉ ਕਹੀਐ ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥੧॥ ਰਹਾਉ ॥
ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦਿ ਮਾਤੇ ਅਨਦਿਨੁ ਜਾਈ ॥੨॥
ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥੩॥੨੭॥}

(ਅੰਗ ੩੨੮)

{ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ ੧੨੪੩)

{ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥
ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥੧॥ ਬੋਲਹੁ ਭਈਆ ਰਾਮ ਕੀ ਦੁਹਾਈ ॥
ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥੧॥ ਰਹਾਉ ॥
ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥
ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥
ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥੩॥
ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥
ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ ॥੪॥੩॥}

(ਅੰਗ ੧੧੨੩)

49/6656

{ਕਾਂਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥
ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ ॥੧॥ ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ ਰਾਮ ਨਾਮੁ ਨੀਸਾਣੁ ॥੧॥ ਰਹਾਉ ॥
ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ ॥
ਰਾਮ ਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ ॥੨॥
ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥

ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥੩॥}

(ਅੰਗ ੧੧੯੧)

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

{ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥}

(ਅੰਗ ੩੬੦)

{ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥ ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ ਰਹਾਉ॥
ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥
ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥
ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥
ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥
ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥
ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥
ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥੪॥

ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥
ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ ॥੫॥
ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਰਾਮਾ ਰਮ ਰਾਮੋ ਸੁਨਿ ਮਨੁ ਭੀਜੈ ॥ ਹਰਿ ਹਰਿ ਨਾਮੁ ਅੰਮ੍ਰਿਤੁ ਰਸੁ ਮੀਠਾ ਗੁਰਮਤਿ ਸਹਜੇ ਪੀਜੈ ॥੧॥ ਰਹਾਉ॥
ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥
ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥੧॥
ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥
ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥੨॥
ਕਾਇਆ ਨਗਰੁ ਨਗਰੁ ਹੈ ਨੀਕੋ ਵਿਚਿ ਸਉਦਾ ਹਰਿ ਰਸੁ ਕੀਜੈ ॥
ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥੩॥
ਸਤਿਗੁਰੁ ਅਗਮੁ ਅਗਮੁ ਹੈ ਠਾਕੁਰੁ ਭਰਿ ਸਾਗਰ ਭਗਤਿ ਕਰੀਜੈ ॥
ਕ੍ਰਿਪਾ ਕ੍ਰਿਪਾ ਕਰਿ ਦੀਨ ਹਮ ਸਾਰਿੰਗ ਇਕ ਬੂੰਦ ਨਾਮੁ ਮੁਖਿ ਦੀਜੈ ॥੪॥
ਲਾਲਨੁ ਲਾਲੁ ਲਾਲੁ ਹੈ ਰੰਗਨੁ ਮਨੁ ਰੰਗਨ ਕਉ ਗੁਰ ਦੀਜੈ ॥
ਰਾਮ ਰਾਮ ਰਾਮ ਰੰਗਿ ਰਾਤੇ ਰਸ ਰਸਿਕ ਗਟਕ ਨਿਤ ਪੀਜੈ ॥੫॥
ਬਸੁਧਾ ਸਪਤ ਦੀਪ ਹੈ ਸਾਗਰ ਕਢਿ ਕੰਚਨੁ ਕਾਢਿ ਧਰੀਜੈ ॥
ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ ਹਰਿ ਮਾਗਹਿ ਹਰਿ ਰਸੁ ਦੀਜੈ ॥੬॥
ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ ॥
ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਥਿ ਦੀਜੈ ॥੭॥
ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ ਤਿਨ੍ ਦੀਜੈ ॥
ਰਾਮ ਨਾਮ ਤੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ ॥੮॥੧॥}

(ਅੰਗ ੧੩੨੩-੧੩੨੪)

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥ ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥ ਮੇਰੇ ਮਨ ਹਰਿ ਕਾ ਨਾਮੁ ਧਿਆਇ ॥
ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥}

(ਅੰਗ ੩੫)

{ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥
ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥
ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥
ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥
ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ ॥੪॥
ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥ ਨਿਰਮਲ ਬਾਣੀ ਸਬਦਿ ਵਖਾਣਹਿ ॥
ਸਚੇ ਸੇਵਿ ਸਦਾ ਸੁਖੁ ਪਾਇਨਿ ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥
ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ ਸਤਸੰਗਤਿ ਬਹਿ ਹਰਿ ਗੁਣ ਗਾਇਆ ॥
ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥
ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥
ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ ॥
ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥}

(ਅੰਗ ੧੧੫-੧੧੬)

{ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥ ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥
ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥੧॥
ਉਦਮੁ ਕਰਤ ਮਨੁ ਨਿਰਮਲੁ ਹੋਆ ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥੨॥
ਅੰਤਰਿ ਬਾਹਰਿ ਤੇਰੀ ਬਾਣੀ ॥ ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥
ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥੩॥
ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ ਹਰਿ ਪੈਨਣੁ ਨਾਮੁ ਭੋਜਨੁ ਥੀਆ ॥
ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥}

(ਅੰਗ ੯੯)

{ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥ ਗੁਰ ਪਰਸਾਦਿ ਕਿਨੈ ਵਿਰਲੈ ਜਾਣੀ ॥
ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ ॥੧॥
ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ ॥ ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥
ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥੨॥
ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਾਧਸੰਗਿ ਖਿਨ ਮਾਹਿ ਉਧਾਰੇ ॥
ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥੩॥
ਦੁਇ ਕਰ ਜੋੜਿ ਇਕੁ ਬਿਨਉ ਕਰੀਜੈ ॥ ਕਰਿ ਕਿਰਪਾ ਡੁਬਦਾ ਪਥਰੁ ਲੀਜੈ ॥

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਪ੍ਰਭ ਨਾਨਕ ਮਨਿ ਭਾਣਾ ਜੀਉ ॥੪॥੨੨॥੨੯॥}

(ਅੰਗ ੧੦੩)

{ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥ ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ ॥੧॥
ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥ ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥੧॥ ਰਹਾਉ ॥
ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥ ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥੨॥
ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥ ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥
ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥
ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥ ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥
ਸਚੇ ਸਚਾ ਨੇਹੁ ਸਚੈ ਲਾਇਆ ॥ ਆਪੇ ਕਰੇ ਨਿਆਉ ਜੋ ਤਿਸੁ ਭਾਇਆ ॥੬॥
ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥ ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥
ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ ॥ ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥}

(ਅੰਗ ੪੨੧-੪੨੨)

{ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥੧॥
ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥ ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥੧॥ ਰਹਾਉ ॥
ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥
ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥ ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥
ਤੁਮ ਮਿਹਰਵਾਨ ਦਾਸ ਹਮ ਦੀਨਾ ॥ ਨਾਨਕ ਸਾਹਿਬੁ ਭਰਪੁਰਿ ਲੀਨਾ ॥੪॥੨॥}

(ਅੰਗ ੫੬੨)

ਉਪਰਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਮਨੁੱਖ ਦਾ ਹਰ ਵੇਲਾ ਚੰਗਾ ਹੈ ਜਿਸ ਵੇਲੇ ਉਸਨੂੰ ਗੁਰੂ ਦੀ ਮਤਿ ਯਾਦ ਹੁੰਦੀ ਹੈ ਕਿ ਮੈਂ ਗੁਰੂ ਦੀ ਮਤਿ ਅਨੁਸਾਰ ਹੀ ਚੱਲਣਾ ਹੈ। ਪ੍ਰਮਾਤਮਾ ਨੇ ਹਰ ਦੁਨਿਆਵੀ ਵੇਲਾ ਆਪਣੀ ਸ੍ਰਿਸ਼ਟੀ ਨੂੰ ਸੁਚਾਰੂ ਢੰਗ ਨਾਲ ਚਲਾਉਂਣ ਲਈ ਹੀ ਬਣਾਇਆ ਹੈ ਤੇ ਵੇਲੇ ਵੇਲੇ ਵਿੱਚ ਇਹ ਫਰਕ ਸਮਝਣਾ ਕਿ ਕੋਈ ਵੇਲਾ ਭਗਤੀ ਲਈ ਚੰਗਾ ਹੈ ਤੇ ਕੋਈ ਵੇਲਾ ਭਗਤੀ ਲਈ ਉਤਨਾ ਚੰਗਾ ਨਹੀਂ ਹੈ ਜਾਂ ਘੱਟ ਚੰਗਾ ਹੈ ਇਹ ਕੇਵਲ ਸਾਡਾ ਭਰਮ ਹੈ। ਇਹੋ ਜਿਹੇ ਹਰ ਭਰਮ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਇਸੇ ਤਰ੍ਹਾਂ ਜਿਵੇਂ ਸਾਨੂੰ ਕੋਈ ਖਾਸ ਵੇਲੇ ਨਾਲ ਜੋੜਦਾ ਹੈ ਉਸੇ ਤਰ੍ਹਾਂ ਭਗਤੀ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਣ ਵਾਲੇ ਥਿਤਾਂ ਵਾਰਾਂ ਨਾਲ ਜੋੜਦੇ ਹਨ ਤੇ

ਸਾਡੇ ਲਈ ਇਹ ਥਿਤ ਚੰਗੀ ਹੈ, ਇਹ ਵਾਰ ਚੰਗਾ ਹੈ ਤੇ ਸਾਨੂੰ ਇਹ ਸਮਝਾਉਂਦੇ ਹਨ ਕਿ ਸਾਨੂੰ ਉਹਨਾਂ ਥਿਤਾਂ ਵਾਰਾਂ ਦੀ ਕਦਰ ਕਰਨੀ ਚਾਹੀਦੀ ਹੈ ਜੋ ਥਿਤਾਂ ਵਾਰਾਂ ਸਾਡੇ ਲਈ ਚੰਗੀਆਂ ਹਨ ਤੇ ਇਸੇ ਤਰ੍ਹਾਂ ਸਾਨੂੰ ਇਹ ਸਮਝਾਉਂਣ ਵਾਲੇ ਵੀ ਬਹੁਤ ਹਨ ਕਿ ਸਾਡੇ ਲਈ ਕਰਮ ਕਰਨ ਲਈ ਕੋਈ ਰੁਤਿ ਜਿਆਦਾ ਚੰਗੀ ਹੈ, ਕੋਈ ਮਹੀਨਾ ਜਿਆਦਾ ਚੰਗਾ ਹੈ ਤੇ ਕੋਈ ਚੰਗਾ ਨਹੀਂ ਹੈ ਭਾਵ ਸਾਨੂੰ ਇਹਨਾਂ ਗੱਲਾਂ ਵਿੱਚ ਉਲਝਾਕੇ ਭਰਮਾਂ ਵਿੱਚ ਪਾਉਂਦੇ ਹਨ। ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਡੇ ਇਸ ਭਰਮ ਦਾ ਖੰਡਨ ਹੀ ਕੀਤਾ ਹੋਇਆ ਹੈ ਕਿ ਸਾਨੂੰ ਉਹਨਾਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਜੋ ਸਾਨੂੰ ਇਹੋ ਜਿਹੇ ਭਰਮਾਂ ਵਿੱਚ ਪਾਉਂਦੇ ਹਨ।

"ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥"

ਅਸੀਂ ਆਪਣੇ ਜੀਵਨ ਵਿੱਚ ਅਨੇਕਾਂ ਹੀ ਕਾਰਜ ਕਰਦੇ ਹਾਂ, ਵਿਆਹ ਸ਼ਾਦੀਆਂ ਆਦਿ ਕਰਦੇ ਹਾਂ ਤੇ ਹਰ ਕੋਈ ਇਹ ਚਾਹੁੰਦਾ ਹੈ ਕਿ ਉਸਦਾ ਕਾਰਜ ਸਹੀ ਤਰੀਕੇ ਨਾਲ ਹੋਵੇ ਭਾਵ ਆਪਣੀ ਆਪਣੀ ਆਸਥਾ ਅਨੁਸਾਰ ਹਰ ਕੋਈ ਇਹ ਚਾਹੁੰਦਾ ਹੈ ਕਿ ਕਾਰਜ

ਉਸ ਸਮੇਂ ਕਰੀਏ ਜੋ ਸਮਾਂ ਧਾਰਮਿਕ ਆਸਥਾ ਅਨੁਸਾਰ ਚੰਗਾ ਹੋਵੇ। ਸਾਨੂੰ ਧਾਰਮਿਕ ਆਸਥਾ ਨਾਲ ਜੋੜਨ ਵਾਲੇ ਉਹੀ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਜੋਗੀ ਆਦਿ ਸਮਝਦੇ ਹਾਂ ਭਾਵ ਪ੍ਰਮਾਤਮਾ ਦੇ ਨੇੜੇ ਸਮਝਦੇ ਹਾਂ ਤੇ ਇਹ ਸਾਡੇ ਕਾਰਜ ਕਰਨ ਲਈ ਉਹੋ ਜਿਹੀ ਥਿਤ ਸਮਝਾਉਂਣਗੇ, ਉਹੋ ਜਿਹਾ ਵਾਰ ਸਮਝਾਉਂਣਗੇ, ਉਹੋ ਜਿਹੀ ਰੁਤਿ ਸਮਝਾਉਂਣਗੇ, ਉਹੋ ਜਿਹਾ ਮਹੀਨਾ ਸਮਝਾਉਂਣਗੇ ਜੋ ਸਾਡੇ ਲਈ ਕਾਰਜ ਕਰਨ ਲਈ ਚੰਗਾ ਹੋਵੇ। ਇਸੇ ਲਈ ਇਹਨਾਂ ਕੋਲ ਜਾ ਕੇ ਲੋਕੀ ਟੇਵਾ ਆਦਿ ਬਣਵਾਉਂਦੇ ਹਨ। ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕੋਈ ਕਾਰਜ ਕਰਨ ਲਈ ਇਹੋ ਜਿਹਿਆਂ ਕੋਲ ਜਾਂਦਾ ਹੈ ਜਿਨ੍ਹਾਂ ਨੂੰ ਉਹ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਨ। ਪ੍ਰਮਾਤਮਾ ਨੇ ਹਰ ਥਿੱਤ, ਹਰ ਵਾਰ, ਹਰ ਰੁਤਿ, ਹਰ ਮਹੀਨਾ ਕਿਸ ਲਈ ਬਣਾਇਆ ਹੈ ਤੇ ਕਿਸ ਮਕਸਦ ਲਈ ਬਣਾਇਆ ਹੈ ਇਸ ਗੱਲ ਨੂੰ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਜਾਣਦਾ ਹੈ ਜੋ ਸਭ ਜਗ੍ਹਾ, ਹਰ ਰੂਪ ਵਿੱਚ ਆਪ ਹੀ ਹੈ। ਕਿਸੇ ਥਿੱਤ, ਵਾਰ ਵਿੱਚ ਫਰਕ ਕਰਨਾ, ਕਿਸੇ ਰੁਤਿ, ਮਹੀਨੇ ਵਿੱਚ ਫਰਕ ਕਰਨਾ ਪ੍ਰਮਾਤਮਾ ਵਿੱਚ ਫਰਕ ਕਰਨ ਦੇ

ਬਰਾਬਰ ਹੀ ਹੈ ਜੋ ਸਭ ਵਿੱਚ ਤੇ ਹਰ ਰੂਪ ਵਿੱਚ ਕੇਵਲ ਤੇ ਕੇਵਲ ਆਪ ਹੀ ਹੈ। ਕਿਸੇ ਜਗ੍ਹਾ ਤੇ ਸਾਨੂੰ ਕੋਈ ਰੁਤਿ ਚੰਗੀ ਲੱਗਦੀ ਹੈ ਤੇ ਉਸੇ ਸਮੇਂ ਕਿਸੇ ਹੋਰ ਜਗ੍ਹਾ ਤੇ ਕੋਈ ਹੋਰ ਰੁਤਿ ਚੰਗੀ ਲੱਗਦੀ ਹੈ। ਹਰ ਰੁਤਿ ਪ੍ਰਮਾਤਮਾ ਨੇ, ਹਰ ਥਿੱਤ ਪ੍ਰਮਾਤਮਾ ਨੇ, ਹਰ ਵਾਰ ਪ੍ਰਮਾਤਮਾ ਨੇ, ਹਰ ਮਹੀਨਾ ਪ੍ਰਮਾਤਮਾ ਨੇ ਕਿਸੇ ਮਕਸਦ ਲਈ ਹੀ ਬਣਾਇਆ ਹੈ ਤਾਂ ਜੋ ਉਹ ਆਪਣੀ ਸ੍ਰਿਸ਼ਟੀ ਨੂੰ ਸੁਚਾਰੂ ਢੰਗ ਨਾਲ ਚਲਾ ਸਕੇ। ਸਾਡੇ ਲਈ ਹਰ ਥਿੱਤ ਚੰਗੀ ਹੈ, ਹਰ ਵਾਰ ਚੰਗਾ ਹੈ, ਹਰ ਰੁਤਿ ਚੰਗੀ ਹੈ, ਹਰ ਮਹੀਨਾ ਚੰਗਾ ਹੈ ਤੇ ਇਹਨਾਂ ਗੱਲਾਂ ਨੂੰ ਧਰਮ ਦੇ ਮਾਰਗ ਨਾਲ ਜੋੜਕੇ ਮਾੜਾ ਚੰਗਾ ਸਮਝਣਾ ਸਾਡਾ ਕੇਵਲ ਭਰਮ ਹੈ। **(ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥)**

ਜੋ ਥਿੱਤਾਂ, ਵਾਰਾਂ ਆਦਿ ਵਿੱਚ ਫਰਕ ਕਰਦੇ ਹਨ, ਸਮੇਂ ਸਮੇਂ ਵਿੱਚ ਫਰਕ ਕਰਦੇ ਹਨ ਉਹਨਾਂ ਨੂੰ, ਬਾਣੀ ਰਾਹੀਂ ਮੁਗਧ ਗਾਵਾਰ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

{ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ ॥ ਜੀਅ ਜੰਤ ਮਾਇਆ ਮੋਹਿ ਪਾਜੇ ॥ ਦੂਜੈ ਭਾਇ ਪਰਪੰਚਿ ਲਾਗੇ ॥
ਆਵਹਿ ਜਾਵਹਿ ਮਰਹਿ ਅਭਾਗੇ ॥ ਸਤਿਗੁਰਿ ਭੇਟਿਐ ਸੋਝੀ ਪਾਇ ॥ ਪਰਪੰਚੁ ਚੂਕੈ ਸਚਿ ਸਮਾਇ ॥੧॥
ਜਾ ਕੈ ਮਸਤਕਿ ਲਿਖਿਆ ਲੇਖੁ ॥ ਤਾ ਕੈ ਮਨਿ ਵਸਿਆ ਪ੍ਰਭੁ ਏਕੁ ॥੧॥ ਰਹਾਉ ॥
ਸ੍ਰਿਸਟਿ ਉਪਾਇ ਆਪੇ ਸਭੁ ਵੇਖੈ ॥ ਕੋਇ ਨ ਮੇਟੈ ਤੇਰੈ ਲੇਖੈ ॥ ਸਿਧ ਸਾਧਿਕ ਜੇ ਕੋ ਕਹੈ ਕਹਾਏ ॥
ਭਰਮੇ ਭੂਲਾ ਆਵੈ ਜਾਏ ॥ ਸਤਿਗੁਰੁ ਸੇਵੈ ਸੋ ਜਨੁ ਬੂਝੈ ॥ ਹਉਮੈ ਮਾਰੇ ਤਾ ਦਰੁ ਸੂਝੈ ॥੨॥
ਏਕਸੁ ਤੇ ਸਭੁ ਦੂਜਾ ਹੂਆ ॥ ਏਕੋ ਵਰਤੈ ਅਵਰੁ ਨ ਬੀਆ ॥ ਦੂਜੇ ਤੇ ਜੇ ਏਕੋ ਜਾਣੈ ॥
ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ ਸਤਿਗੁਰੁ ਭੇਟੇ ਤਾ ਏਕੋ ਪਾਏ ॥ ਵਿਚਹੁ ਦੂਜਾ ਠਾਕਿ ਰਹਾਏ ॥੩॥
ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥ ਸਾਹਿਬ ਕੀ ਸੇਵਕੁ ਰਹੈ ਸਰਣਾਈ ॥
ਆਪੇ ਬਖਸੇ ਦੇ ਵਡਿਆਈ ॥ ਤਿਸ ਤੇ ਊਪਰਿ ਨਾਹੀ ਕੋਇ ॥ ਕਉਨੁ ਡਰੈ ਡਰੁ ਕਿਸ ਕਾ ਹੋਇ ॥੪॥
ਗੁਰਮਤੀ ਸਾਂਤਿ ਵਸੈ ਸਰੀਰ ॥ ਸਬਦੁ ਚੀਨ੍ਹਿ ਫਿਰਿ ਲਗੈ ਨ ਪੀਰ ॥ ਆਵੈ ਨ ਜਾਇ ਨਾ ਦੁਖੁ ਪਾਏ ॥
ਨਾਮੇ ਰਾਤੇ ਸਹਜਿ ਸਮਾਏ ॥ ਨਾਨਕ ਗੁਰਮੁਖਿ ਵੇਖੈ ਹਦੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥੫॥
ਇਕਿ ਸੇਵਕ ਇਕਿ ਭਰਮਿ ਭੁਲਾਏ ॥ ਆਪੇ ਕਰੇ ਹਰਿ ਆਪਿ ਕਰਾਏ ॥ ਏਕੋ ਵਰਤੈ ਅਵਰੁ ਨ ਕੋਇ ॥
ਮਨਿ ਰੋਸੁ ਕੀਜੈ ਜੇ ਦੂਜਾ ਹੋਇ ॥ ਸਤਿਗੁਰੁ ਸੇਵੇ ਕਰਣੀ ਸਾਰੀ ॥ ਦਰਿ ਸਾਚੈ ਸਾਚੇ ਵੀਚਾਰੀ॥੬॥
ਥਿਤੀ ਵਾਰ ਸਭਿ ਸਬਦਿ ਸੁਹਾਏ ॥ ਸਤਿਗੁਰੁ ਸੇਵੇ ਤਾ ਫਲੁ ਪਾਏ ॥ ਥਿਤੀ ਵਾਰ ਸਭਿ ਆਵਹਿ ਜਾਹਿ ॥
ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥ ਥਿਤੀ ਵਾਰ ਤਾ ਜਾ ਸਚਿ ਰਾਤੇ ॥
ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥ ਮਨਮੁਖ ਮਰਹਿ ਮਰਿ ਬਿਗਤੀ ਜਾਹਿ ॥ ਏਕੁ ਨ ਚੇਤਹਿ ਦੂਜੈ ਲੋਭਾਹਿ॥

ਅਚੇਤ ਪਿੰਡੀ ਅਗਿਆਨ ਅੰਧਾਰੁ ॥ ਬਿਨੁ ਸਬਦੈ ਕਿਉ ਪਾਏ ਪਾਰੁ ॥ ਆਪਿ ਉਪਾਏ ਉਪਾਵਣਹਾਰੁ ॥
ਆਪੇ ਕੀਤੋਨੁ ਗੁਰ ਵੀਚਾਰੁ॥੮॥ ਬਹੁਤੇ ਭੇਖ ਕਰਹਿ ਭੇਖਧਾਰੀ ॥ ਭਵਿ ਭਵਿ ਭਰਮਹਿ ਕਾਚੀ ਸਾਰੀ ॥
ਐਥੈ ਸੁਖੁ ਨ ਆਗੈ ਹੋਇ ॥ ਮਨਮੁਖ ਮੁਏ ਅਪਣਾ ਜਨਮੁ ਖੋਇ ॥ ਸਤਿਗੁਰੁ ਸੇਵੇ ਭਰਮੁ ਚੁਕਾਏ ॥
ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥ ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}

(ਅੰਗ ੮੪੨-੮੪੩)

{ਸਗਲੀ ਥੀਤਿ ਪਾਸਿ ਡਾਰਿ ਰਾਖੀ ॥ ਅਸਟਮ ਥੀਤਿ ਗੋਵਿੰਦ ਜਨਮਾ ਸੀ ॥੧॥
ਭਰਮਿ ਭੂਲੇ ਨਰ ਕਰਤ ਕਚਰਾਇਣ ॥ ਜਨਮ ਮਰਣ ਤੇ ਰਹਤ ਨਾਰਾਇਣ ॥੧॥ ਰਹਾਉ ॥
ਕਰਿ ਪੰਜੀਰੁ ਖਵਾਇਓ ਚੋਰ ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥੨॥
ਸਗਲ ਪਰਾਧ ਦੇਹਿ ਲੋਰੋਨੀ ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥੩॥
ਜਨਮਿ ਨ ਮਰੈ ਨ ਆਵੈ ਨ ਜਾਇ ॥ ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥੧॥}

(ਅੰਗ ੧੧੩੬)

ਜੋ ਸਾਨੂੰ ਧਰਮ ਦੇ ਮਾਰਗ ਤੇ ਉੱਚਾ ਸਮਝ ਕੇ ਕਿਸੇ ਖਾਸ ਸਮੇਂ ਨਾਲ ਜੋੜਦੇ ਹਨ, ਥਿਤਾਂ, ਵਾਰਾਂ ਆਦਿ ਨਾਲ ਜੋੜਦੇ ਹਨ ਉਹ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲੇ ਹੀ ਸਮਝਦੇ ਹਨ, ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਵਾਲੇ ਹੀ ਸਮਝਦੇ ਹਨ ਤੇ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਉਹਨਾਂ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਉਹਨਾਂ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਹੈ।

“ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥”

49/6659

ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਲਈ ਭਾਵ ਪ੍ਰਮਾਤਮਾ ਕੀ ਹੈ ਇਹ ਆਖਣ ਲਈ ਭਾਵ ਜਾਨਣ ਲਈ, ਪ੍ਰਮਾਤਮਾ ਦਾ ਵਰਨਣ ਕਰਨ ਲਈ, ਪ੍ਰਮਾਤਮਾ ਨੂੰ ਜਾਨਣ ਲਈ ਅਸੀਂ ਉਹਨਾਂ ਦੀ ਮਤਿ ਨਾਲ ਜੁੜੇ ਹੋਏ ਹਾਂ ਭਾਵ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਲਈ ਤੇ ਪ੍ਰਮਾਤਮਾ ਨੂੰ ਜਾਨਣ ਲਈ ਅਸੀਂ ਉਹਨਾਂ ਦੀ ਮਤਿ ਨਾਲ ਜੁੜੇ ਹੋਏ ਹਾਂ ਜੋ ਆਪਣੇ ਆਪ ਨੂੰ ਇੱਕ ਤੋਂ ਇੱਕ ਸਿਆਣਾ ਸਮਝਦੇ ਹਨ ਭਾਵ ਭਗਤੀ ਦੇ ਮਾਰਗ ਤੇ ਉੱਚਾ ਸਮਝਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਲਈ ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ ,ਨਾ ਕਿ ਉਹਨਾਂ ਦੀ ਮਤਿ ਨਾਲ ਜੋ ਕਿ ਜਗ੍ਹਾ ਜਗ੍ਹਾ ਫੈਲੇ ਹੋਏ ਹਨ ਤੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਭਗਤੀ ਦੇ ਮਾਰਗ ਸਮਝਾਉਂਦੇ ਹਨ ਜਿਨ੍ਹਾਂ ਦੀ ਸਮਝ ਨੂੰ ਅਸੀਂ ਸਿਆਣੀ ਮਤਿ ਸਮਝ ਕੇ ਉਹਨਾਂ ਦੇ ਪਿੱਛੇ ਲੱਗ ਜਾਂਦੇ ਹਾਂ। **(ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥ ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥)**

ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਸਿੱਖਣ ਲਈ, ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਦਾ ਮਾਰਗ ਸਿੱਖਣ ਲਈ, ਪ੍ਰਮਾਤਮਾ ਨੂੰ ਜਾਨਣ ਲਈ ਸਾਨੂੰ ਕਿਸਦੀ ਮਤਿ ਨਾਲ ਜੁੜਨਾ ਚਾਹੀਦਾ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥”

ਪ੍ਰਮਾਤਮਾ ਦੀ ਵਡਿਆਈ ਭਾਵ ਪ੍ਰਮਾਤਮਾ ਦੀ ਸਿਫਤ ਸਾਲਾਹ ਤਾਂ ਹੀ ਕੀਤੀ ਜਾ ਸਕਦੀ ਹੈ ਕਿ ਪ੍ਰਮਾਤਮਾ ਜੋ ਇਤਨਾ ਵੱਡਾ ਹੈ ਜੋ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ ਉਹ ਆਪਣੇ ਕਿਸ ਰੂਪ ਵਿੱਚ ਵੱਡਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਇਹੀ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਆਪਣੇ ਨਾਮ ਦੁਆਰਾ ਵੱਡਾ ਹੈ। **(ਵਡਾ ਸਾਹਿਬੁ ਵਡੀ ਨਾਈ)** ਪ੍ਰਮਾਤਮਾ ਦੇ ਨਾਮ ਨੂੰ ਜਾਣੇ ਬਿਨਾਂ ਅਸੀਂ ਪ੍ਰਮਾਤਮਾ ਦੇ ਵੱਡੇਪਨ ਨੂੰ ਸਮਝ ਹੀ ਨਹੀਂ ਸਕਦੇ। ਪ੍ਰਮਾਤਮਾ ਜੋ ਕੁਝ ਵੀ ਕਰਦਾ ਹੈ ਉਹ ਆਪਣੇ ਨਾਮ ਦੁਆਰਾ ਹੀ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੀ ਪੂਰੀ

49/6660

ਸ੍ਰਿਸ਼ਟੀ ਦੀ ਰਚਨਾ ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਹੀ ਕੀਤੀ ਹੈ ਭਾਵ ਆਪਣੀ ਉੱਚੀ ਸਾਇੰਸ ਦੁਆਰਾ ਹੀ ਕੀਤੀ ਹੈ। ਪ੍ਰਮਾਤਮਾ ਆਪਣੀ ਸਾਇੰਸ ਦਾ ਮਾਲਕ ਆਪਣੇ ਨਾਮ ਦੁਆਰਾ ਹੀ ਹੈ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਹੈ। **(ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥)** ਹਰ ਕੋਈ ਨਾਮ ਦੇ ਮਾਲਕ ਪ੍ਰਮਾਤਮਾ ਨੂੰ ਜਾਨਣਾ ਚਾਹੁੰਦਾ ਹੈ ਤੇ ਆਪਣੀ ਆਪਣੀ ਨਾਸਮਝ ਭਗਤੀ ਦੁਆਰਾ ਪ੍ਰਮਾਤਮਾ ਦੀ ਸਿਫਤ ਸਾਲਾਹ ਵੀ ਕਰਦਾ ਹੈ ਜੋ ਸਿਫਤ ਸਾਲਾਹ ਕਰਨ ਵਿੱਚ ਉਹ ਗੁਰੂ ਕੋਲੋਂ ਮਤਿ ਲੈਣ ਦੀ ਬਜਾਏ ਇੱਧਰੋਂ ਉਧਰੋਂ ਭਗਤੀ ਦਾ ਮਾਰਗ ਸਿੱਖਦਾ ਹੈ ਜਿਨ੍ਹਾਂ ਨੂੰ ਉਹ ਭਗਤੀ ਦੇ ਮਾਰਗ ਤੇ ਸਿਆਣਾ ਸਮਝਦਾ ਹੈ। ਇਹ ਸਿਆਣੇ ਅਖਵਾਉਂਣ ਵਾਲੇ ਸਾਨੂੰ ਪ੍ਰਮਾਤਮਾ ਦਾ ਕਿਹੋ ਜਿਹਾ ਨਾਮ ਜਪਣਾ ਸਿਖਾਉਂਦੇ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਇਹ ਭਗਤੀ ਦੇ ਮਾਰਗ ਤੇ ਸਿਆਣੇ ਅਖਵਾਉਂਣ ਵਾਲੇ ਭਾਵ ਪੰਡਿਤ, ਕਾਜੀ, ਗਿਆਨੀ ਆਦਿ ਅਖਵਾਉਂਣ ਵਾਲੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਨਾਮ ਜਪਣਾ ਸਮਝਾਉਂਦੇ ਹਨ। ਉਪਰ ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਜੋ ਗੁਰੂ ਕੋਲੋਂ ਭਗਤੀ ਦਾ ਮਾਰਗ ਭਾਵ ਨਾਮ ਜਪਣ ਦਾ ਮਾਰਗ ਆਪਣੇ ਆਪ ਨੂੰ ਸਿਆਣਾ ਸਮਝ ਕੇ ਆਪਣੀ ਮਤਿ ਦੁਆਰਾ ਹੀ ਨਾਮ ਜਪਣ ਦਾ ਮਾਰਗ ਜਾਣਦੇ ਹਨ, ਭਗਤੀ ਦਾ ਮਾਰਗ ਜਾਣਦੇ ਹਨ ਉਹ ਪ੍ਰਮਾਤਮਾ ਦੇ ਦਰ ਤੇ ਨਹੀਂ ਸੁਹਾਵੰਦੇ ਭਾਵੇਂ ਉਹ ਇਹੀ ਸਮਝਦੇ ਹਨ ਕਿ ਪ੍ਰਮਾਤਮਾ ਦੇ ਦਰ ਤੇ ਜਾਣ ਦਾ ਤਰੀਕਾ, ਅੱਗੇ ਜਾਣ ਦਾ ਤਰੀਕਾ ਇਹੀ ਹੈ ਜੋ ਤਰੀਕਾ ਅਸੀਂ ਅਪਨਾਉਂਦੇ ਹਾਂ। ਗੁਰੂ ਦੀ ਮਤਿ ਨੂੰ ਮੰਨਣ ਦੀ ਬਜਾਏ ਕੋਈ ਆਪਣੀ ਮਤਿ ਦੁਆਰਾ ਪ੍ਰਮਾਤਮਾ ਦੇ ਦਰ ਤੇ ਕੋਈ ਪਹੁੰਚ ਸਕੇ ਜਾਂ ਪ੍ਰਮਾਤਮਾ ਨੂੰ ਚੰਗਾ ਲੱਗ ਸਕੇ ਇਹ ਨਹੀਂ ਹੋ ਸਕਦਾ। ਉਪਰ ਪੂਰੇ ਸ਼ਬਦ ਰਾਹੀਂ ਜਿਵੇਂ ਕਿ ਅਸੀਂ ਸਮਝਿਆ ਹੈ, ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਉਹਨਾਂ ਦੀ ਮਤਿ ਨਾਲ ਨਹੀਂ ਜੁੜਨਾ ਚਾਹੀਦਾ ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚੇ ਸਮਝਦੇ ਹਨ, ਜਿਨ੍ਹਾਂ ਦੀ ਮਤਿ ਨੂੰ ਮੰਨ ਕੇ ਕੋਈ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਕੇਵਲ ਤੇ ਕੇਵਲ ਸਭ ਤੋਂ ਪਹਿਲੇ ਗੁਰੂ ਕੋਲੋਂ ਨਾਮ ਸਮਝਣ ਦਾ ਤਰੀਕਾ ਹੈ ਕਿ ਪ੍ਰਮਾਤਮਾ ਆਪਣੇ ਨਾਮ ਦੁਆਰਾ ਕਿਸ ਤਰੀਕੇ ਵੱਡਾ ਹੈ। ਉਸ ਵੱਡੇ ਦੇ ਨਾਲ ਉਸਦੀ ਵੱਡੀ ਸਮਝ ਨੂੰ ਮੰਨਣ

49/6661

ਦੁਆਰਾ ਹੀ ਜੁੜਿਆ ਜਾ ਸਕਦਾ ਹੈ ਤੇ ਉਸਨੂੰ ਜਾਣਿਆ ਜਾ ਸਕਦਾ ਹੈ, ਉਸਦੇ ਦਰ ਤੇ ਸੁਹਾਇਆ ਜਾ ਸਕਦਾ ਹੈ। **(ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥ ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥ ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥ ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥)**

ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਉੱਚਾ ਹੈ ਤੇ ਉਸ ਉੱਚੇ ਪ੍ਰਮਾਤਮਾ ਨਾਲ ਉਹ ਹੀ ਮੇਲ ਕਰ ਸਕਦਾ ਹੈ ਜਿਸਨੂੰ ਪ੍ਰਮਾਤਮਾ ਪਹਿਲੇ ਆਪਣੇ ਬ੍ਰਹਮ ਗਿਆਨ ਦੁਆਰਾ ਉੱਚਾ ਕਰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ ੫)

ਜਪੁਜੀ ਬਾਣੀ ਦੇ ਉਪਰ ਵਾਲੇ ਪੂਰੇ ਸ਼ਬਦ ਨੂੰ ਕੁਝ ਅੱਗੇ ਚੱਲ ਕੇ ਸਮਝਾਂਗੇ। ਇਸ ਤੋਂ ਪਹਿਲੇ ਹੁਣ ਜਪੁਜੀ ਬਾਣੀ ਦੇ ਦੂਸਰੇ ਅਗਲੇ ਸ਼ਬਦ ਨੂੰ ਸਮਝਦੇ ਹਾਂ ਜਿਸ ਤੋਂ ਪਹਿਲੇ ਸ਼ਬਦ ਨੂੰ ਅਸੀਂ ਉਪਰ ਸਮਝਿਆ ਹੈ।

“ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥”

ਜਪੁਜੀ ਬਾਣੀ ਦੇ ਇਸ ਤੋਂ ਪਹਿਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਣ ਵਾਲੇ ਸਾਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਭਗਤੀ ਦੇ ਤਰੀਕਿਆਂ ਨਾਲ ਜੋੜਦੇ ਹਨ ਤੇ ਸਾਨੂੰ ਇਹ ਕੁਝ ਸਮਝਾਉਂਦੇ ਹਨ ਕਿ ਇਹਨਾਂ ਤਰੀਕਿਆਂ ਦੁਆਰਾ ਹੀ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਉੱਚਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਆਪਣੇ ਜਿਸ ਨਿਰੰਕਾਰ ਰੂਪ ਦੁਆਰਾ, ਜੋਤਿ ਰੂਪ ਦੁਆਰਾ ਉਹ ਹਰ ਕਿਸੇ ਦੇ ਅੰਦਰ ਸਮਾਇਆ ਹੋਇਆ ਹੈ ਤੇ ਆਪਣੇ ਅੰਦਰੋਂ ਉਸਦੇ ਨਾਮ ਰੂਪ ਨੂੰ ਜਾਣਨਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ ਪਰ ਨਾਮ ਦੀ ਸਮਝ ਨਾ ਹੋਣ ਕਰਕੇ ਆਪਣੀ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ, ਧਰਮ ਦੇ ਮਾਰਗ ਦੇ ਵਿਦਵਾਨ ਅਖਵਾਉਂਣ ਵਾਲੇ ਪ੍ਰਮਾਤਮਾ ਨੂੰ, ਅਲ੍ਹਾ ਨੂੰ ਕਿਸੇ ਆਕਾਰ ਰੂਪ ਵਿੱਚ ਹੀ ਸਮਝਦੇ ਹਨ ਤੇ ਉਸਦੇ ਆਕਾਰ ਰੂਪ ਦੀ ਖੋਜ ਕਰਦੇ ਹਨ। ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦੇ ਹਨ ਭਾਵੇਂ ਕੋਈ ਵੇਦਾਂ ਦਾ ਪੜਨ ਵਾਲਾ ਹੈ ਤੇ ਭਾਵੇਂ ਕੋਈ ਕੁਰਾਨ ਦੇ ਪੜਨ

ਵਾਲਾ ਹੈ। ਧਰਮ ਗ੍ਰੰਥ ਸਾਨੂੰ ਉਸ ਸ੍ਰਿਸ਼ਟੀ ਦੇ ਮਾਲਕ ਦਾ ਇੱਕੋ ਜਿਹਾ ਸੱਚ ਰੂਪ ਹੀ ਸਮਝਾਉਂਦੇ ਹਨ ਪਰ ਧਰਮ ਗ੍ਰੰਥਾਂ ਦੀ ਗੱਲ ਨੂੰ ਭਾਵ ਉਹਨਾਂ ਦੇ ਅੰਦਰ ਦੀ ਸਮਝਾਈ ਹੋਈ ਅਸਲੀਅਤ ਨੂੰ ਨਾਸਮਝਣ ਕਰਕੇ ਸਾਨੂੰ ਧਰਮ ਦੇ ਵਿਦਵਾਨ ਆਪਣੀ ਆਪਣੀ ਮਤਿ ਅਨੁਸਾਰ ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ ਵੱਖਰੇ ਰੂਪ ਸਮਝਾਉਂਦੇ ਹਨ ਕਿਉਂਕਿ ਉਹਨਾਂ ਨੂੰ ਕਰਤੇ ਦੇ ਨਿਰੰਕਾਰ ਰੂਪ ਦੀ ਸਮਝ ਨਹੀਂ ਹੈ ਜਿਸ ਕਰਕੇ ਉਹ ਸਾਨੂੰ ਆਕਾਰ ਰੂਪ ਨਾਲ ਜੋੜਦੇ ਹਨ। ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

“ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥”

ਹਿੰਦੂ ਮਾਨਤਾ ਵਾਲੀ ਮਤਿ ਰੱਖਣ ਵਾਲੇ ਵਿਦਵਾਨ ਸਾਨੂੰ ਪ੍ਰਮਾਤਮਾ ਦੇ ਅਨੇਕਾਂ ਰੂਪ ਸਮਝਾਉਂਦੇ ਹਨ, ਦੇਵੀ ਦੇਵਤਿਆਂ ਦੇ ਰੂਪ ਸਮਝਾਉਂਦੇ ਹਨ ਭਾਵ ਸਾਨੂੰ ਆਕਾਰ ਰੂਪ ਨਾਲ ਜੋੜਦੇ ਹਨ ਤੇ ਪ੍ਰਮਾਤਮਾ ਨੂੰ ਉਹਨਾਂ ਦੇ ਕਿਸੇ ਆਕਾਰ ਰੂਪ ਟਿਕਾਣੇ ਤੋਂ ਖੋਜਣ ਦੀਆਂ ਗੱਲਾਂ ਕਰਦੇ ਹਨ, ਉਹ ਪ੍ਰਮਾਤਮਾ ਦੇ ਟਿਕਾਣੇ ਪਾਤਾਲਾਂ ਤੇ ਆਕਾਸ਼ਾਂ ਵਿੱਚ ਸਮਝਦੇ ਹਨ ਜੋ ਟਿਕਾਣੇ ਉਹ ਲੱਖਾਂ ਦੀ ਗਿਣਤੀ ਵਿੱਚ ਸਮਝਦੇ ਹਨ, ਦੇਵੀ ਦੇਵਤਿਆਂ ਦੇ ਰੂਪ ਵਿੱਚ ਸਮਝਦੇ ਹਨ ਤੇ ਉਹਨਾਂ ਨੂੰ ਪ੍ਰਮਾਤਮਾ ਦਾ ਰੂਪ ਸਮਝ ਕੇ ਪੂਜਦੇ ਹਨ। ਵੇਦ ਸਾਨੂੰ ਇਹ ਸਮਝਾਉਂਦੇ ਹਨ, **“ਇਕ ਵਾਤ”** ਸਮਝਾਉਂਦੇ ਹਨ ਭਾਵ ਇੱਕ ਜੁਬਾਨ ਹੋ ਕੇ ਸੱਚ ਸਮਝਾਉਂਦੇ ਹਨ ਕਿ ਪ੍ਰਮਾਤਮਾ ਨੂੰ ਪਾਤਾਲਾ ਆਕਾਸਾ ਵਿੱਚੋਂ ਖੋਜਣ ਵਾਲੇ ਪੂਰੀ ਤਰ੍ਹਾਂ ਥੱਕ ਜਾਂਦੇ ਹਨ ਕਿ ਇਸ ਤਰੀਕੇ ਕੋਈ ਪ੍ਰਮਾਤਮਾ ਨੂੰ ਕੋਈ ਭਾਲ ਨਹੀਂ ਸਕਿਆ ਭਾਵ ਲੱਭ ਨਹੀਂ ਸਕਿਆ ਕਿਉਂਕਿ ਪ੍ਰਮਾਤਮਾ ਨੂੰ ਭਾਲਣ ਦਾ ਇਹ ਤਰੀਕਾ ਹੀ ਨਹੀਂ ਹੈ। **(ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥)**

ਇਹੀ ਗੱਲ ਸਾਨੂੰ ਕੁਰਾਨ ਤੇ ਹੋਰ ਧਰਮ ਗ੍ਰੰਥ ਸਮਝਾਉਂਦੇ ਹਨ ਕਿ ਸ੍ਰਿਸ਼ਟੀ ਦਾ ਕਰਤਾ ਇੱਕੋ ਹੀ ਹੈ।

“ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥”

49/6663

ਕੁਰਾਨ ਤੇ ਹੋਰ ਧਰਮ ਗ੍ਰੰਥ ਸਾਨੂੰ ਅਠਾਰਾਹ ਹਜਾਰ ਆਇਤਾਂ ਅਨੁਸਾਰ ਇਹ ਗੱਲ ਸਮਝਾਉਂਦੇ ਹਨ ਕਿ ਪ੍ਰਮਾਤਮਾ, ਅਲ੍ਹਾ, ਗਾਡ ਭਾਵ ਸ੍ਰਿਸ਼ਟੀ ਦਾ ਕਰਤਾ ਅਸਲ ਵਿੱਚ ਇੱਕ ਹੀ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਉਸਨੂੰ ਖੋਜਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੋ ਸਕਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। **(ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥)**

ਜਿਨ੍ਹਾਂ ਨੇ ਧਰਮ ਗ੍ਰੰਥ ਉਚਾਰੇ ਹਨ ਭਾਵ ਵੇਦ ਆਦਿ ਉਚਾਰੇ ਹਨ, ਕੁਰਾਨ ਉਚਾਰੀ ਹੈ ਉਹਨਾਂ ਨੇ ਸਾਨੂੰ ਜੋ ਕੁਝ ਪ੍ਰਮਾਤਮਾ ਬਾਰੇ ਸਮਝਾਇਆ ਹੈ, ਅਲ੍ਹਾ ਬਾਰੇ ਸਮਝਾਇਆ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਬਾਰੇ ਸਮਝਾਇਆ ਹੈ ਉਹ ਮਨ ਦੀ ਸੱਚੀ ਸਮਝ ਦੁਆਰਾ ਹੀ ਸਮਝਾਇਆ ਹੈ ਭਾਵ ਆਪਣੇ ਆਪ ਪ੍ਰਮਾਤਮਾ ਬਾਰੇ, ਸ੍ਰਿਸ਼ਟੀ ਦੇ ਕਰਤੇ ਬਾਰੇ ਕੋਈ ਕੁਝ ਵੀ ਨਹੀਂ ਸਮਝਾ ਸਕਦਾ ਤੇ ਜੋ ਆਪਣੀ ਮਤਿ ਵਰਤਣ ਦੁਆਰਾ ਉਸ ਸ੍ਰਿਸ਼ਟੀ ਦੇ ਕਰਤੇ ਬਾਰੇ ਵੱਖਰਾ ਵੱਖਰਾ ਸਮਝਾਉਂਦੇ ਹਨ ਉਹ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਆਪਣਾ ਆਪ ਹੀ ਖਰਾਬ ਕਰਦੇ ਹਨ ਭਾਵ ਪ੍ਰਮਾਤਮਾ ਦੇ ਦਰ ਤੋਂ ਸਜਾਵਾਂ ਦੇ ਭਾਗੀਦਾਰ ਬਣਦੇ ਹਨ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥”

ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਜਿਨ੍ਹਾਂ ਨੇ ਧਰਮ ਗ੍ਰੰਥਾਂ ਰਾਹੀਂ ਲਿਖੀ ਹੈ ਉਹ ਉਹਨਾਂ ਨੂੰ ਮਨ ਦੇ ਵਿੱਚੋਂ ਭਾਵ ਮਨ ਦੀ ਸਮਝ ਦੁਆਰਾ ਕਿਹੋ ਜਿਹਾ ਲੇਖਾ ਲਿਖਣਾ ਸਿਖਾਇਆ ਗਿਆ ਹੈ ਉਹੀ ਕੁਝ ਉਹਨਾਂ ਨੇ ਧਰਮ ਗ੍ਰੰਥਾਂ ਦੇ ਵਿੱਚ ਲਿਖਿਆ ਹੈ। ਆਪਣੇ ਆਪ ਕੋਈ ਪ੍ਰਮਾਤਮਾ ਦਾ ਲੇਖਾ ਲਿਖ ਸਕੇ ਤੇ ਕੋਈ ਕਿਸੇ ਨੂੰ ਪ੍ਰਮਾਤਮਾ ਬਾਰੇ ਸਮਝਾ ਸਕੇ ਇਹ ਨਹੀਂ ਹੋ ਸਕਦਾ। ਸਾਡੇ ਅੰਦਰ ਲੇਖਾ ਲਿਖਣ ਵਾਲਾ ਕੌਣ ਹੈ, ਮਨ ਦੇ ਵਿੱਚ ਲੇਖ ਲਿਖਣ ਵਾਲਾ ਕੌਣ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਵਾਰੀ ਸ਼ਬਦਾਂ ਰਾਹੀਂ ਸਮਝਿਆ ਹੈ। ਜੋ ਸਾਡੀ ਸਮਝ ਦਾ ਮਾਲਕ ਹੈ ਉਹੀ ਸਾਡੇ ਅੰਦਰ ਲੇਖ ਲਿਖਣ ਵਾਲਾ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ, ਮਾਇਆ ਵਾਲੀ ਸਮਝ ਵਿੱਚ,

49/6664

ਪੁੱਠੇ ਕਮਲ ਵਾਲੀ ਸਮਝ ਵਿੱਚ ਮਨ ਦੇ ਵਿੱਚ ਲੇਖ ਲਿਖਣ ਦੁਆਰਾ ਹੀ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਕਦੇ ਨਹੀਂ ਜਾਣ ਸਕਦੇ ਜੋ ਕਿ ਸਾਡੇ ਅੰਦਰ ਆਪ ਚੌਥੇ ਪਦ ਵਿੱਚ ਵਰਤਦਾ ਹੈ। ਜਦੋਂ ਪ੍ਰਮਾਤਮਾ ਕਿਸੇ ਦੇ ਅੰਦਰ ਚੌਥੇ ਪਦ ਦੇ ਗਿਆਨ ਵਾਲੇ ਲੇਖ ਲਿਖਦਾ ਹੈ ਮਨ ਦੀ ਉਸ ਲਿਖਤ ਦੁਆਰਾ ਹੀ ਕਿਸੇ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈ ਸਕਦੀ ਹੈ ਪਰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਤਾਂ ਹੀ ਜਾਣਿਆ ਜਾ ਸਕਦਾ ਹੈ ਜੇਕਰ ਉਹ ਆਪ ਮਨੁੱਖ ਨੂੰ ਇਹ ਜਨਾਵੇ ਕਿ ਮਨ ਦੇ ਲੇਖ ਲਿਖਣ ਵਾਲਾ ਪ੍ਰਮਾਤਮਾ ਆਪ ਹੀ ਹੈ। ਮਨ ਦੇ ਵਿੱਚ ਮਨ ਦੀ ਸਮਝ ਦੁਆਰਾ ਉਹ ਆਪਣਾ ਆਪ ਕਿਵੇਂ ਜਣਾਉਂਦਾ ਹੈ ਭਾਵ ਆਪਣਾ ਆਪ ਕਿਸ ਤਰੀਕੇ ਪ੍ਰਗਟ ਕਰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਭਗਤਾਂ ਦੇ ਅੰਦਰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਇਹ ਜਾਣਾਇਆ ਹੈ ਕਿ ਮਨ ਦੀ ਸਮਝ ਦਾ ਮਾਲਕ ਇੱਕੋ ਇਕ ਪ੍ਰਮਾਤਮਾ ਆਪ ਹੀ ਹੈ ਭਾਵ ਤ੍ਰੈ ਗੁਣਾਂ ਵਿੱਚ ਰੱਖਣ ਵਾਲਾ ਵੀ ਉਹ ਆਪ ਹੀ ਹੈ ਤੇ ਤ੍ਰੈ ਗੁਣਾਂ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਤ੍ਰੈ ਗੁਣਾਂ ਵਿੱਚ ਤੇ ਚਉਥੇ ਪਦ ਵਿੱਚ ਕੀ ਭੇਦ ਹੈ ਇਸ ਗੱਲ ਦੀ ਸਮਝ ਕੇਵਲ ਉਸਨੂੰ ਹੀ ਪੈ ਸਕਦੀ ਹੈ ਜਿਸਦੇ ਅੰਦਰ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਵੇਦਾਂ ਵਿੱਚ, ਧਰਮ ਗ੍ਰੰਥਾਂ ਵਿੱਚ ਨਾਮ ਹੀ ਹੈ ਭਾਵ ਚਉਥੇ ਪਦ ਵਾਲਾ ਸੱਚਾ ਗਿਆਨ ਹੀ ਹੈ ਜਿਸ ਸੱਚੇ ਗਿਆਨ ਦੁਆਰਾ ਪ੍ਰਮਾਤਮਾ ਨੇ ਧਰਮ ਗ੍ਰੰਥਾਂ ਰਾਹੀਂ ਧਰਮ ਦਾ ਸੱਚਾ ਮਾਰਗ ਸਮਝਾਇਆ ਹੈ ਜੋ ਕਿ ਨਾਮ ਜਪਣ ਦਾ ਹੈ ਭਾਵ ਧਰਮ ਗ੍ਰੰਥਾਂ ਰਾਹੀਂ ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲਣ ਦਾ ਹੈ। ਵੇਦਾਂ ਰਾਹੀਂ ਸਾਨੂੰ ਸੱਚ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਪਰ ਵੇਦਾਂ ਰਾਹੀਂ ਉਹ ਸੱਚ ਦਾ ਮਾਰਗ ਕਿਸਨੇ ਸਮਝਾਇਆ ਹੈ ਇਸ ਗੱਲ ਨੂੰ ਬ੍ਰਹਮਾ ਵੀ ਨਹੀਂ ਸਮਝ ਸਕਿਆ ਜਿਸਦੇ ਸਰੀਰ ਰਾਹੀਂ ਵੇਦਾਂ ਦੀ ਰਚਨਾ ਹੋਈ ਹੈ ਜੋ ਰਚਨਾ ਬ੍ਰਹਮਾ ਦੇ ਮਨ ਵਿੱਚ ਸਮਝ ਪਾਉਂਣ ਰਾਹੀਂ ਵੇਦਾਂ ਦੀ ਰਚਨਾ ਪ੍ਰਮਾਤਮਾ

49/6665

ਨੇ ਆਪ ਹੀ ਕਰਵਾਈ ਹੈ। ਭਾਵੇਂ ਵੇਦਾਂ ਰਾਹੀਂ ਬ੍ਰਹਮਾ ਨੇ ਆਪਣੇ ਮੁੱਖੋਂ ਜੋ ਵੀ ਉਚਾਰਿਆ ਹੈ ਉਹ ਧਰਮ ਦਾ ਸੱਚਾ ਮਾਰਗ ਹੀ ਉਚਾਰਿਆ ਹੈ ਪਰ ਫਿਰ ਵੀ ਉਸਨੂੰ ਤ੍ਰੈ ਗੁਣਾਂ ਵਿੱਚ ਹੀ ਕਿਹਾ ਗਿਆ ਹੈ, ਹਉਮੈ ਵਿੱਚ ਹੀ ਕਿਹਾ ਗਿਆ ਹੈ, ਮਾਇਆ ਮੋਹ ਵਿੱਚ ਹੀ ਕਿਹਾ ਗਿਆ ਹੈ ਕਿਉਂਕਿ ਬ੍ਰਹਮਾ ਨੇ ਵੇਦਾਂ ਦੇ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ ਭਾਵ ਉਸਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਤੇ ਬ੍ਰਹਮਾ ਨੂੰ ਭਰਮ ਵਿੱਚ ਹੀ ਰੱਖਿਆ ਹੈ ਭਾਵ ਤ੍ਰੈ ਗੁਣਾਂ ਵਿੱਚ ਹੀ ਰੱਖਿਆ ਹੈ ਭਾਵ ਮਨ ਦੀ ਮੈਂ ਵਿੱਚ ਹੀ ਰੱਖਿਆ ਹੈ, ਹਉਮੈ ਵਿੱਚ ਹੀ ਰੱਖਿਆ ਹੈ। ਜਿਥੇ ਮੈਂ ਹੈ ਉਥੇ ਤੂੰ ਨਹੀਂ ਹੋ ਸਕਦਾ ਭਾਵ ਜਦ ਤਕ ਮਨੁੱਖ ਆਪਣੀ ਹੋਂਦ ਸਮਝਦਾ ਹੈ, ਮਨ ਦੀ ਸਮਝ ਨੂੰ ਆਪਣੀ ਸਮਝ ਸਮਝਦਾ ਹੈ ਤਦ ਤਕ ਹਰ ਕੋਈ ਭਰਮਾਂ ਵਾਲੀ ਸਮਝ ਵਿੱਚ ਹੀ ਹੈ, ਮਨ ਦੀ ਅਗਿਆਨਤਾ ਵਿੱਚ ਹੀ ਹੈ। ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਸਾਡੀ ਆਪਣੀ ਪਾਈ ਹੋਈ ਸਮਝ ਨਹੀਂ ਹੈ ਕਿਉਂਕਿ ਸਾਡੇ ਮਨ ਵਿੱਚ ਲੇਖ ਲਿਖਣ ਵਾਲਾ ਪ੍ਰਮਾਤਮਾ ਆਪ ਹੈ। ਇਹ ਉਸਦੀ ਮਰਜੀ ਹੈ ਕਿ ਉਹ ਕਿਸਦੇ ਅੰਦਰ ਕਿਹੋ ਜਿਹੇ ਲੇਖ ਲਿਖਦਾ ਹੈ। ਆਪਣਾ ਸੱਚਾ ਲੇਖਾ ਲਿਖਣਾ ਉਹ ਆਪ ਹੀ ਸਮਝਾ ਸਕਦਾ ਹੈ ਤੇ ਜਦ ਤਕ ਉਹ ਕਿਸੇ ਨੂੰ ਸੱਚਾ ਲੇਖਾ ਸਮਝਾਉਂਣ ਦੁਆਰਾ ਕਿਸੇ ਨੂੰ ਤ੍ਰੈ ਗੁਣਾਂ ਵਿੱਚੋਂ ਨਹੀਂ ਕੱਢਦਾ ਭਾਵ ਆਪਣਾ ਆਪ ਕਿਸੇ ਦੇ ਅੰਦਰ ਪ੍ਰਗਟ ਨਹੀਂ ਕਰਦਾ ਤੇ ਮਨ ਦੀ ਉਹੋ ਜਿਹੀ ਸਮਝ ਦੁਆਰਾ ਭਾਵ ਸੱਚੀ ਭਗਤੀ ਦੀ ਨਾਸਮਝੀ ਦੁਆਰਾ ਕੋਈ ਅਗਰ ਪ੍ਰਮਾਤਮਾ ਬਾਰੇ ਲਿਖਦਾ ਹੈ ਭਾਵ ਉਸ ਬਾਰੇ ਬਿਆਨ ਕਰਦਾ ਹੈ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਪਾਉਂਣ ਦਾ ਤਰੀਕਾ ਕੀ ਹੈ ਭਾਵ ਆਪਣੀ ਮਤਿ ਦੁਆਰਾ ਅਗਰ ਕੋਈ ਪ੍ਰਮਾਤਮਾ ਬਾਰੇ ਸਮਝਾਉਂਦਾ ਹੈ ਤੇ ਇਹੋ ਜਿਹੇ ਲੇਖ ਲਿਖਣ ਦੁਆਰਾ ਜੋ ਦੂਸਰਿਆਂ ਨੂੰ ਗੁਮਰਾਹ ਕਰਦੇ ਹਨ ਉਹ ਆਪਣਾ ਵਿਨਾਸ ਕਰਦੇ ਹਨ ਭਾਵ ਆਪਣਾ ਜੀਵਨ ਵੀ ਖਰਾਬ ਕਰਦੇ ਹਨ ਤੇ ਜਿਨ੍ਹਾਂ ਨੂੰ ਸਮਝਾਉਂਦੇ ਹਨ ਉਹਨਾਂ ਦਾ ਜੀਵਨ ਵੀ ਖਰਾਬ ਕਰਦੇ ਹਨ। ਸੱਚਾ ਲੇਖਾ ਪ੍ਰਮਾਤਮਾ ਬਾਰੇ ਕੇਵਲ ਗੁਰੂ ਦੇ ਕੋਲ ਹੈ ਤੇ ਹੋਰ ਕਿਸੇ ਦੇ ਕੋਲ ਨਹੀਂ ਹੈ ਜੋ ਸਾਨੂੰ ਪ੍ਰਮਾਤਮਾ ਦੀ ਸਚਾਈ ਸਮਝਾ ਸਕੇ। **(ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥)** ਪ੍ਰਮਾਤਮਾ ਦੀ ਵਡਿਆਈ ਲਿਖਣੀ, ਉਸਦਾ ਲੇਖ ਲਿਖਣਾ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਲਿਖਿਆ ਜਾ ਸਕਦਾ ਹੈ

49/6666

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥”

ਪ੍ਰਮਾਤਮਾ ਦੀ ਵਡਿਆਈ ਅਸੀਂ ਤਾਂ ਹੀ ਕਰ ਸਕਦੇ ਹਾਂ ਭਾਵ ਪ੍ਰਮਾਤਮਾ ਦੀ ਸੱਚਾਈ ਤਾਂ ਹੀ ਲਿਖ ਸਕਦੇ ਹਾਂ ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਵੇ ਕਿ ਮੇਰੇ ਆਪਣੇ ਸਰੀਰ ਦੇ ਰੂਪ ਵਿੱਚ ਕੌਣ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਦੀ ਵਡਿਆਈ ਦੀ ਸਮਝ ਹੈ ਉਹਨਾਂ ਨੂੰ ਇਸ ਗੱਲ ਦੀ ਵੀ ਸਮਝ ਹੁੰਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਸਮਝ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ ਤੇ ਤਾਂ ਹੀ ਉਹਨਾਂ ਨੇ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਵਡਿਆਈ ਲਿਖੀ ਹੈ। ਪ੍ਰਮਾਤਮਾ ਦਾ ਵੱਡਾਪਨ ਜਾਣੇ ਬਿਨਾ ਉਸਦੀ ਵਡਿਆਈ ਨਹੀਂ ਲਿਖੀ ਜਾ ਸਕਦੀ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤਕ ਅਸੀਂ ਕਿਸੇ ਦੀ ਵਡਿਆਈ ਨੂੰ ਵੇਖਿਆ ਹੀ ਨਹੀਂ ਕਿ ਕੋਈ ਕਿਸ ਕਰਕੇ ਵੱਡਾ ਹੈ, ਕਿਸ ਰੂਪ ਵਿੱਚ ਵੱਡਾ ਹੈ ਤਦ ਤਕ ਉਸਦੀ ਵਡਿਆਈ ਕੀਤੀ ਵੀ ਕਿਵੇਂ ਜਾ ਸਕਦੀ ਹੈ। ਪ੍ਰਮਾਤਮਾ ਬਹੁਤ ਵੱਡਾ ਹੈ, ਬਹੁਤ ਵੱਡਾ ਹੈ, ਬਹੁਤ ਵੱਡਾ ਹੈ ਜਿਸਦੇ ਵੱਡੇਪਨ ਦਾ ਕੋਈ ਅੰਤ ਹੀ ਨਹੀਂ। ਪ੍ਰਮਾਤਮਾ ਆਪਣੇ ਨਾਮ ਦੁਆਰਾ ਵੱਡਾ ਹੈ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਵੱਡਾ ਹੈ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਵੱਡਾ ਹੈ, ਆਪਣੀ ਉੱਚੀ ਸਾਇੰਸ ਦੁਆਰਾ ਵੱਡਾ ਹੈ। ਪ੍ਰਮਾਤਮਾ ਦੇ ਕੋਲ ਕੋਈ ਗਿਆਨ ਦਾ ਅੰਤ ਹੀ ਨਹੀਂ ਜਿਸ ਆਪਣੇ ਉੱਚੇ ਗਿਆਨ ਦੁਆਰਾ ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਹੀ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ, ਆਪਣੇ ਉੱਚੇ ਗਿਆਨ ਦੁਆਰਾ ਹੀ ਉਹ ਸਭ ਦੇ ਅੰਦਰ ਸਮਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਇਤਨੀ ਕੁ ਉੱਚੀ ਵਡਿਆਈ ਨੂੰ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਕੋਈ ਮਨੁੱਖ ਆਪਣੇ ਆਪ ਨੂੰ ਜਾਣੇ ਕਿ ਮੇਰੀ ਆਪਣੀ ਅਸਲੀਅਤ ਕੀ ਹੈ ਭਾਵ ਮੇਰੇ ਸਰੀਰ ਨੂੰ ਬਣਾ ਕੇ ਉਸਨੂੰ ਮਨ

49/6667

ਦੀ ਸਮਝ ਰਾਹੀਂ ਕੌਣ ਚਲਾ ਰਿਹਾ ਹੈ। ਆਪਣੇ ਆਪ ਨੂੰ ਜਾਨਣਾ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣਾ ਹੈ। ਜਿਸ ਰੂਪ ਵਿੱਚ

ਪ੍ਰਮਾਤਮਾ ਮਨੁੱਖ ਦੇ ਅੰਦਰ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਸਭ ਦੇ ਅੰਦਰ ਹੈ। ਜਦੋਂ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਆਕਾਰ ਰੂਪ ਵਿੱਚ ਉਹ ਆਪ ਹੀ ਆਪਣੇ ਨਿਰੰਕਾਰ ਰੂਪ ਵਿੱਚ ਹੈ ਫਿਰ ਤਾਂ ਹੀ ਪ੍ਰਮਾਤਮਾ ਨੂੰ ਵੱਡਾ ਆਖਿਆ ਜਾ ਸਕਦਾ ਹੈ, ਉਸਦੀ ਵਡਿਆਈ ਲਿਖੀ ਜਾ ਸਕਦੀ ਹੈ ਜਿਵੇਂ ਕਿ ਉਸਦੀ ਵਡਿਆਈ ਪੂਰੀ ਗੁਰਬਾਣੀ ਵਿੱਚ ਉਹਨਾਂ ਨੇ ਲਿਖੀ ਹੈ ਜਿਨ੍ਹਾਂ ਨੇ ਆਪਣੇ ਅੰਦਰੋਂ ਉਸਦੇ ਵੱਡੇਪਨ ਨੂੰ ਜਾਣਿਆ ਹੈ ਤੇ ਆਪਣਾ ਆਪ ਪਛਾਣਿਆ ਹੈ। ਉਹ ਪ੍ਰਮਾਤਮਾ ਆਪ ਹੀ ਆਪਣੇ ਆਪ ਦੀ ਪਹਿਚਾਣ ਕਰਾਉਂਦਾ ਹੈ, ਮਨ ਦੇ ਵਿੱਚ ਮਨ ਦੇ ਗਿਆਨ ਰਾਹੀਂ ਪ੍ਰਗਟ ਹੋ ਕੇ ਕਰਾਉਂਦਾ ਹੈ ਤੇ ਆਪਣੀ ਵਡਿਆਈ ਆਪ ਹੀ ਸਮਝਾਉਂਦਾ ਹੈ। ਆਪਣਾ ਨਾਮ ਰੂਪ ਗਿਆਨ ਬਖਸ਼ਣ ਦੁਆਰਾ ਭਾਵ ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਸਮਝਾਉਂਦਾ ਹੈ। **(ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥)**

{ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥੫॥
ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥
ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥੭॥
ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ ॥
ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ ॥੮॥੧॥੨੩॥}

(ਅੰਗ ੪੨੩)

{ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥
ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥੨॥ ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ॥
ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥
ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥}

(ਅੰਗ ੧੩੩੨)

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥ ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ॥੨॥}

(ਅੰਗ ੫੦੯)

{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥
ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥
ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥

ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥}

(ਅੰਗ ੭੩੫)

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ ॥੧੧॥
ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥੧੨॥
ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥੧੩॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥੧੪॥
ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥੧੯॥
ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥

ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥}

(ਅੰਗ ੯੦੯-੯੧੦)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥ ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥ ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥
ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥}

(ਅੰਗ ੧੦੯੪)

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥ ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥
ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥ ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥
ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥ ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥
ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥ ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥
ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ ਬਿਨੁ ਗੁਰ ਸਾਚੇ ਭਰਮਿ ਭੁਲਾਏ ॥
ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥
ਜਮੂਆ ਨ ਜੋਹੈ ਹਰਿ ਕੀ ਸਰਣਾਈ ॥ ਹਉਮੈ ਮਾਰਿ ਸਚਿ ਲਿਵ ਲਾਈ ॥
ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥ ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥
ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥ ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥
ਸਤਿਗੁਰੂ ਸੇਵੇ ਸੋ ਫਲੁ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥
ਅਨਹਦ ਬਾਣੀ ਸਬਦੁ ਵਜਾਏ ॥੭॥ ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥
ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥੮॥੫॥}

(ਅੰਗ ੨੩੧)

49/6668

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥
ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ ਰਹਾਉ ॥
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥੨॥}

(ਅੰਗ ੧੩੫੦)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥
ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥
ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥ ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥
ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥ ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥
ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥ ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥
ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥
ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥
ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥
ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥ ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥}

(ਅੰਗ ੧੦੧੫)

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥}

(ਅੰਗ ੭੨੨-੭੨੩)

{ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥
ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ ਡਰੁ ਸਗਲ ਚੁਕਾਇਆ ॥੧॥
ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥
ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥
ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥
ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥
ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥ ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥
ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥੪੩॥੫੬॥}

(ਅੰਗ ੧੧੫੨)

{ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ ॥ ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥
ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥੨॥}

(ਅੰਗ ੧੦੩)

{ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥ ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ ॥
ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ ॥ ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ ॥
ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥ ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰਿ ॥
ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ ॥
ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥੫੨॥}

(ਅੰਗ ੯੩੭)

{ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥
ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥
ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥
ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥
ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥}

(ਅੰਗ ੬੮੯)

{ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥ ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥੧॥}

(ਅੰਗ ੨੫੩)

{ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ ॥ ਨਹੀ ਹੋਤ ਕਛੁ ਦੋਊ ਬਾਰਾ ॥
ਕਰਨੈਹਾਰੁ ਨ ਭੂਲਨਹਾਰਾ ॥ ਕਾਹੂ ਪੰਥੁ ਦਿਖਾਰੈ ਆਪੈ ॥ ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥
ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥}

(ਅੰਗ ੨੫੩)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਜੋ ਅਸੀਂ ਪਿਛਲੇ ਜਪੁਜੀ ਬਾਣੀ ਦੇ ਸ਼ਬਦ ਦੁਆਰਾ ਸਮਝਿਆ ਹੈ। ਮਨੁੱਖ ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਸਮਝਦਾ ਹੈ ਤੇ ਇਹੀ ਅਸਲ ਵਿੱਚ ਸਾਡਾ ਪ੍ਰਮਾਤਮਾ ਨਾਲ ਪੜਦਾ ਹੈ। ਜਦੋਂ ਮਨੁੱਖ ਦਾ ਪ੍ਰਮਾਤਮਾ ਨਾਲੋਂ ਪੜਦਾ ਦੂਰ ਹੁੰਦਾ ਹੈ ਤਾਂ ਹੀ ਉਸਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੀ ਸਮਝ ਦਾ ਮਾਲਕ ਕੌਣ ਹੈ ਭਾਵ ਮੇਰੇ ਅੰਦਰ ਮਨ ਦੇ ਵਿੱਚ ਲੇਖ ਲਿਖਣ ਵਾਲਾ ਕੌਣ ਹੈ। ਪ੍ਰਮਾਤਮਾ ਦੀ ਵਡਿਆਈ ਕੋਈ ਤਾਂ ਹੀ ਕਰ ਸਕਦਾ ਹੈ ਜਦੋਂ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਗਿਆਨ ਦਾ ਮਾਲਕ ਕੌਣ ਹੈ ਭਾਵ ਪ੍ਰਮਾਤਮਾ ਦਾ ਨਿਰੰਕਾਰ ਰੂਪ ਕੀ ਹੈ, ਨਾਮ ਰੂਪ ਕੀ ਹੈ ਭਾਵ ਗਿਆਨ ਰੂਪ ਕੀ ਹੈ। ਸਭ ਕੁਝ ਸਾਡੇ ਮਨ ਦੇ ਗਿਆਨ ਨਾਲ ਜੁੜਿਆ ਹੋਇਆ ਹੈ। ਤ੍ਰੈ ਗੁਣਾਂ ਵਾਲੇ ਗਿਆਨ ਵਿੱਚ ਰਹਿੰਦੇ ਹੋਏ ਅਸੀਂ ਆਕਾਰ ਰੂਪ ਨੂੰ ਸਲਾਹੁੰਦੇ ਹਾਂ ਤੇ

ਤ੍ਰੈ ਗੁਣਾਂ ਵਿੱਚੋਂ ਨਿਕਲ ਕੇ ਚੌਥੇ ਪਦ ਦੇ ਗਿਆਨ ਰਾਹੀਂ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਸਲਾਹੁੰਦੇ ਹਾਂ ਜੋ ਉਸਦਾ ਨਿਰੰਕਾਰ ਰੂਪ ਚਉਥੇ ਪਦ ਦਾ ਗਿਆਨ ਰੂਪ ਹੈ ਭਾਵ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਕੋਈ ਆਪਣੇ ਆਪ ਪ੍ਰਮਾਤਮਾ ਦੀ ਵਡਿਆਈ ਨੂੰ ਸਮਝ ਸਕੇ ਇਹ ਮਨੁੱਖੀ ਸਮਰਥਾ ਤੋਂ ਬਾਹਰ ਦੀ ਗੱਲ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਹਰ ਮਨੁੱਖੀ ਰੂਪ ਨੂੰ ਤ੍ਰੈ ਗੁਣਾਂ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੇ ਭਾਵ ਗਿਆਨ ਦੇ ਮਾਲਕ ਨੂੰ ਜਾਣ ਸਕੇ, ਚਉਥੇ ਪਦ ਦੇ ਗਿਆਨ ਨੂੰ ਜਾਣ ਸਕੇ ਇਹ ਨਾਮੁਮਕਿਨ ਹੈ। ਪ੍ਰਮਾਤਮਾ ਦੀ ਵਡਿਆਈ ਕਿਤਨੀ ਉੱਚੀ ਹੈ ਤੇ ਕਿਸ ਰੂਪ ਵਿੱਚ ਹੈ ਇਸ ਗੱਲ ਦੀ ਸਮਝ ਹੀ ਚਉਥੇ ਪਦ ਵਿੱਚ ਭਾਵ ਤੁਰੀਆ ਅਵਸਥਾ ਵਿੱਚ ਪਹੁੰਚ ਕੇ ਪੈਂਦੀ ਹੈ ਜੋ ਤੁਰੀਆ ਅਵਸਥਾ ਪ੍ਰਮਾਤਮਾ ਨੇ ਬ੍ਰਹਮਾ, ਬਿਸਨ, ਮਹੇਸ ਆਦਿ ਨੂੰ ਵੀ ਨਹੀਂ ਬਖਸ਼ੀ ਜਿਸ ਕਰਕੇ ਉਹਨਾਂ ਨੇ ਆਪ ਹੀ ਵਡਿਆਈ ਲਈ ਹੈ ਭਾਵ ਆਪਣੇ ਆਪ ਨੂੰ ਉੱਚਾ ਕੀਤਾ ਹੈ। ਉਪਰ ਵਾਲੇ ਕੁਝ ਸ਼ਬਦਾਂ ਨੂੰ ਅਸੀਂ ਪਿੱਛੇ ਸਮਝਿਆ ਵੀ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਨੂੰ ਵੀ ਸਮਝਾਂਗੇ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦੀ ਵਡਿਆਈ ਕਰਨੀ ਕੀ ਹੈ, ਉਸਦੀ ਸਿਫਤ ਸਾਲਾਹ ਕਰਨੀ ਕੀ ਹੈ। ਪ੍ਰਮਾਤਮਾ ਦੀ ਸਿਫਤ ਸਾਲਾਹ ਮਨ ਦੀ ਸਮਝ ਦੁਆਰਾ ਹੀ ਹੋ ਸਕਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਹੋ ਸਕਦੀ ਹੈ ਜੋ ਕਿ ਗੁਰਮਤਿ ਅਨੁਸਾਰ ਚੱਲਣ ਦਾ ਮਾਰਗ ਹੈ ਨਾ ਕਿ ਮੁੱਖੋਂ ਬੋਲ ਬੋਲ ਕੇ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿਸਨੂੰ ਗੁਰਮਤਿ ਦੀ ਸੱਚੀ ਸਮਝ ਹੁੰਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪ੍ਰਮਾਤਮਾ ਨੇ ਆਪ ਪ੍ਰਗਟ ਹੋ ਕੇ ਸੱਚੀ ਸਮਝ ਪਾਈ ਹੈ ਉਹਨਾਂ ਨੇ ਫਿਰ ਪ੍ਰਮਾਤਮਾ ਦੀ ਵਡਿਆਈ ਇਸ ਤਰੀਕੇ ਕੀਤੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਸ ਵਿੱਚ ਕਿਸੇ ਮਨੁੱਖੀ ਰੂਪ ਦੀ ਆਪਣੀ ਕੋਈ ਵਡਿਆਈ ਨਹੀਂ। ਪ੍ਰਮਾਤਮਾ ਦੀ ਵਡਿਆਈ ਉਦੋਂ

ਹੀ ਹੋ ਸਕਦੀ ਹੈ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਵੇ ਕਿ ਜਿਸਨੂੰ ਅਸੀਂ ਮੈਂ ਸਮਝਦੇ ਹਾਂ ਭਾਵ

49/6670

ਆਪਣਾ ਆਪ ਸਮਝਦੇ ਹਾਂ ਉਸ ਵਿੱਚ ਅਸਲ ਵਿੱਚ ਤੂੰ ਹੀ ਹੈ ਭਾਵ ਪ੍ਰਮਾਤਮਾ ਆਪ ਹੀ ਹੈ ਇਸ ਗੱਲ ਦੀ ਸਮਝ ਬ੍ਰਹਮਾ, ਬਿਸਨ, ਮਹੇਸ ਆਦਿ ਨੂੰ ਵੀ ਨਹੀਂ ਪਈ, ਵੱਡੇ ਵੱਡੇ ਦੇਵੀ ਦੇਵਤਾ ਅਖਵਾਉਂਣ ਵਾਲਿਆਂ ਨੂੰ ਨਹੀਂ ਪਈ, ਵੱਡੇ ਵੱਡੇ ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਂਣ ਵਾਲਿਆਂ ਨੂੰ ਵੀ ਨਹੀਂ ਪਈ, ਵੱਡੇ ਵੱਡੇ ਕਾਜੀ, ਜੋਗੀ ਆਦਿ ਅਖਵਾਉਂਣ ਵਾਲਿਆਂ ਨੂੰ ਵੀ ਨਹੀਂ ਪਈ। ਜਿੱਥੇ ਮਨੁੱਖ ਆਪਣੀ ਸਿਫਤ ਵਿੱਚ ਪੈ ਜਾਂਦਾ ਹੈ, ਆਪਣੀ ਵਡਿਆਈ ਵਿੱਚ ਪੈ ਜਾਂਦਾ ਹੈ ਉੱਥੇ ਪ੍ਰਮਾਤਮਾ ਦੀ ਵਡਿਆਈ ਹੋ ਹੀ ਨਹੀਂ ਸਕਦੀ ਭਾਵ ਪ੍ਰਮਾਤਮਾ ਦੀ ਵਡਿਆਈ ਦਾ ਤਰੀਕਾ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਮਨ ਦੀ ਸਮਝ ਦੇ ਮਾਲਕ ਦੀ ਸੋਝੀ ਪਏ ਬਿਨ੍ਹਾਂ ਉਸ ਹਰ ਵਡਿਆਈ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਤੇ ਚਲਾਉਣ ਵਾਲਾ ਹੈ। ਮਨ ਦੀ ਭਰਮਾਂ ਵਾਲੀ ਸਮਝ, ਅਗਿਆਨਤਾ ਵਾਲੀ ਸਮਝ, ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ, ਮਾਇਆ ਵਾਲੀ, ਪੁੱਠੇ ਕਮਲ ਵਾਲੀ ਸਮਝ ਸਾਨੂੰ ਆਪਣੀ ਵਡਿਆਈ ਨਾਲ ਜੋੜਦੀ ਹੈ, ਆਕਾਰ ਰੂਪ ਦੀ ਵਡਿਆਈ ਨਾਲ ਜੋੜਦੀ ਹੈ ਤੇ ਮਨ ਦੇ ਵਿੱਚੋ ਸੱਚੇ ਗਿਆਨ ਵਾਲੀ ਸਮਝ, ਨਾਮ ਵਾਲੀ ਸਮਝ ਭਾਵ ਬ੍ਰਹਮ ਗਿਆਨ ਵਾਲੀ ਸਮਝ ਸਾਨੂੰ ਨਿਰੰਕਾਰ ਰੂਪ ਦੀ ਵਡਿਆਈ ਨਾਲ ਜੋੜਦੀ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਬ੍ਰਹਮ ਗਿਆਨ ਰੂਪ ਦੁਆਰਾ ਪ੍ਰਮਾਤਮਾ ਹਰ ਆਕਾਰ ਰੂਪ ਦਾ ਮਾਲਕ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੇ ਵੱਡੇਪਨ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਨਾ ਹੀ ਉਸਦੇ ਸਿਫਤ ਸਾਲਾਹ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਜੋ ਮਾਰਗ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਨਿਰੰਕਾਰ ਰੂਪ ਦੁਆਰਾ ਪ੍ਰਗਟ ਹੋਣ ਦੁਆਰਾ ਹੀ ਸਮਝਾਉਂਦਾ ਹੈ। ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਾਨੂੰ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਹੀ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥"

ਉਪਰ ਵਾਲੀ ਪਹਿਲੀ ਪੰਗਤੀ ਨੂੰ ਬੜੀ ਹੀ ਧਿਆਨ ਨਾਲ ਸਮਝਣ

49/6671

ਦੀ ਲੋੜ ਹੈ ਜਿਸ ਰਾਹੀਂ ਸਾਰੇ ਸੰਸਾਰ ਨੂੰ ਇਹ ਸਮਝਾਇਆ ਹੋਇਆ ਹੈ ਕਿ ਗੁਰੂ ਪ੍ਰਮਾਤਮਾ ਨੂੰ ਸਲਾਹੁਣ ਲਈ ਭਾਵ ਸਿਫਤ ਕਰਨ ਲਈ ਸਾਨੂੰ ਸਮਝ ਕਿੱਥੋਂ ਲੈਣੀ ਚਾਹੀਦੀ ਹੈ ਜਿਸ ਸਮਝ ਰਾਹੀਂ ਸਾਡੀ ਸੁਰਤਿ ਦੇ ਵਿੱਚ ਭਾਵ ਸਾਡੇ ਮਨ ਦੀ ਸਮਝ ਦੇ ਵਿੱਚ ਇਹ ਸਮਝ ਪੈ ਜਾਵੇ ਕਿ ਅਸੀਂ ਗੁਰੂ ਪ੍ਰਮਾਤਮਾ ਨੂੰ ਕਿਸ ਤਰੀਕੇ ਸਲਾਹੁਣਾ ਹੈ। ਗੁਰੂ ਪ੍ਰਮਾਤਮਾ ਦੀ ਸਿਫਤ ਕਰਨ ਦਾ ਤਰੀਕਾ ਕੀ ਹੈ ਭਾਵ ਗੁਰੂ ਪ੍ਰਮਾਤਮਾ ਦੇ ਗੁਣ ਗਾਉਂਣ ਦਾ ਤਰੀਕਾ ਕੀ ਹੈ, ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਕੀ ਹੈ, ਗੁਰੂ ਪ੍ਰਮਾਤਮਾ ਦਾ ਨਾਮ ਜਪਣ ਦਾ ਤਰੀਕਾ ਕੀ ਹੈ ਇਸ ਗੱਲ ਦੀ ਸਮਝ ਕੇਵਲ ਗੁਰੂ ਦੇ ਕੋਲ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਦਾ ਤਰੀਕਾ ਗੁਰੂ ਦੇ ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲਣ ਦਾ ਹੈ ਭਾਵ ਗੁਰਮਤਿ ਅਨੁਸਾਰ ਸੱਚੀ ਸੁੱਚੀ ਕਿਰਤ ਕਰਨ ਦਾ ਹੈ, ਅਉਗੁਣਾਂ ਤੋਂ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਗੁਰੂ ਤਾਂ ਸਾਨੂੰ ਪ੍ਰਮਾਤਮਾ ਦੀ ਇਹੋ ਜਿਹੀ ਸਿਫਤ ਸਾਲਾਹ ਕਰਨੀ ਹੀ ਸਮਝਾਉਂਦਾ ਹੈ ਤੇ ਜੇਕਰ ਗੁਰੂ ਕੋਲੋਂ ਸਿੱਖਣ ਦੀ ਬਜਾਏ ਅਸੀਂ ਪ੍ਰਮਾਤਮਾ ਨੂੰ ਸਲਾਹੁਣ ਲਈ ਕਿਸੇ ਹੋਰ ਕੋਲੋਂ ਸਾਲਾਹ ਲੈਂਦੇ ਹਾਂ ਤਾਂ ਫਿਰ ਸਾਨੂੰ ਗੁਰੂ ਵਰਗੀ ਸਾਲਾਹ ਕੋਈ ਨਹੀਂ ਦੇ ਸਕਦਾ ਭਾਵ ਸੱਚੀ ਸਿੱਖਿਆ, ਸੱਚੀ ਸਮਝ ਕੋਈ ਨਹੀਂ ਪਾ ਸਕਦਾ ਕਿ ਪ੍ਰਮਾਤਮਾ ਦੀ ਸਿਫਤ ਕਰਨੀ ਕੀ ਹੈ। **"ਸਾਲਾਹਿ"** ਤੋਂ ਭਾਵ ਹੈ ਸਾਲਾਹ ਦੇਣ ਵਾਲੇ ਭਾਵ ਸਾਲਾਹੀ ਕੋਲੋਂ ਉਸਦੀ ਸਾਲਾਹ ਲੈਣ ਦੁਆਰਾ ਸਾਡੀ ਸੁਰਤਿ ਵਿੱਚ ਉਹ ਸਮਝ ਨਹੀਂ ਪੈ ਸਕਦੀ ਜਿਸ ਤਰੀਕੇ ਗੁਰੂ ਪ੍ਰਮਾਤਮਾ ਨੂੰ ਸਾਲਾਹਿਆ ਜਾ ਸਕੇ ਭਾਵ ਉਸਦੀ ਸਿਫਤ ਕੀਤੀ ਜਾ ਸਕੇ, ਗੁਰੂ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨ ਦੇ ਤਰੀਕੇ ਨੂੰ ਸਮਝਿਆ ਜਾ ਸਕੇ। ਜਿਨ੍ਹਾਂ ਕੋਲੋਂ ਸਾਲਾਹ ਲੈ ਕੇ ਭਾਵ ਸਮਝ ਲੈ ਕੇ ਅਸੀਂ ਜਿਹੋ ਜਿਹੇ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ, ਜਿਹੋ ਜਿਹਾ ਪ੍ਰਮਾਤਮਾ ਦਾ ਨਾਮ ਜਪਦੇ ਹਾਂ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਸੱਚ ਦੀ ਸਮਝ, ਸੱਚ ਤੇ ਚੱਲਣ ਦੀ ਸਮਝ ਉਹੀ ਪਾ ਸਕਦਾ ਹੈ ਜੋ ਸਚੁ ਰੂਪ ਪ੍ਰਮਾਤਮਾ ਦਾ ਹੀ ਰੂਪ ਹੈ ਭਾਵ ਆਪ ਗੁਰੂ ਹੈ ਤੇ ਸਾਡੀ ਸੁਰਤਿ ਵਿੱਚ ਸੱਚੀ ਸਮਝ ਕੇਵਲ ਉਹ ਆਪ ਹੀ ਪਾ ਸਕਦਾ ਹੈ ਭਾਵ ਗੁਰੂ ਹੀ ਪਾ ਸਕਦਾ ਹੈ ਤੇ ਧਰਮ ਦੇ ਮਾਰਗ

ਦੀ ਸੱਚੀ ਸਮਝ ਪਾਉਂਣਾ ਹੀ ਗੁਰੂ ਦਾ ਮਕਸਦ ਹੈ ਤਾਂ ਜੋ ਅਸੀਂ ਕੇਵਲ ਗੁਰੂ ਕੋਲੋਂ ਪ੍ਰਮਾਤਮਾ ਦੀ ਵਡਿਆਈ ਕਰਨੀ ਸਿੱਖੀਏ ਤੇ ਉਹਨਾਂ ਦੀ

49/6672

ਸਾਲਾਹ ਨਾਲ ਭਾਵ ਮਤਿ ਨਾਲ, ਸਮਝ ਨਾਲ ਨਾ ਜੁੜੀਏ ਜਿਨ੍ਹਾਂ ਨੂੰ ਖੁਦ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਦੀ ਸਮਝ ਨਹੀਂ ਹੈ। **(ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥)** ਪ੍ਰਮਾਤਮਾ ਦੀ ਸੱਚੀ ਵਡਿਆਈ ਉਦੋਂ ਹੀ ਹੋ ਸਕਦੀ ਹੈ ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਵੇ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਹਰ ਆਕਾਰ ਰੂਪ ਉਸਦਾ ਆਪਣਾ ਹੀ ਰੂਪ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥”

ਜੋ ਸਾਨੂੰ ਸਾਲਾਹਾਂ ਦਿੰਦੇ ਹਨ ਉਹ ਸਾਨੂੰ ਆਪਣੀ ਸਮਝ ਨੂੰ ਸੱਚੀ ਸਮਝ ਮੰਨ ਕੇ ਹੀ ਸਾਲਾਹਾਂ ਦਿੰਦੇ ਹਨ ਪਰ ਉਹਨਾਂ ਦੀਆਂ ਸਾਲਾਹਾਂ ਗੁਰੂ ਦੀ ਸੱਚੀ ਸਾਲਾਹ ਅੱਗੇ ਭਾਵ ਗੁਰੂ ਦੀ ਸੱਚੀ ਸਮਝ ਅੱਗੇ ਕਿਤਨੀਆਂ ਕੂ ਛੋਟੀਆਂ ਹਨ ਭਾਵ ਉਹਨਾਂ ਦੇ ਅੰਦਰ ਜੋ ਸਮਝ ਹੁੰਦੀ ਹੈ ਉਹ ਗੁਰੂ ਦੀ ਉੱਚੀ ਸਮਝ ਦੇ ਅੱਗੇ ਕਿਤਨੀ ਛੋਟੀ ਸਮਝ ਹੁੰਦੀ ਹੈ ਇਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਜਦ ਤਕ ਕਿਸੇ ਦੀ ਮਤਿ ਨੀਵੀਂ ਹੁੰਦੀ ਹੈ ਤਦ ਤਕ ਹੀ ਕੋਈ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ, ਆਪਣੀ ਮੈਂ ਸਮਝਦਾ ਹੈ ਤੇ ਆਪਣੀ ਮਤਿ ਨੂੰ ਹੀ ਸਹੀ ਮਤਿ ਸਮਝਦਾ ਹੈ। ਮਨੁੱਖੀ ਮਤਿ ਦੀ ਤੁਲਣਾ ਜੋ ਸਾਨੂੰ ਭਗਤੀ ਦੇ ਮਾਰਗ ਦੀਆਂ ਸਾਲਾਹਾਂ ਦਿੰਦੇ ਹਨ ਉਹਨਾਂ ਦੀ ਮਤਿ ਨੂੰ ਨਦੀਆਂ ਅਤੇ ਵੰਗ ਭਾਵ ਨਾਲੇ ਦੀ ਜੋ ਔਕਾਤ ਸਮੁੰਦਰ ਦੇ ਸਾਹਮਣੇ ਹੁੰਦੀ ਹੈ ਉਸ ਨਾਲ ਤੁਲਨਾ ਕਰ ਕੇ ਸਮਝਾਈ ਹੋਈ ਹੈ। ਨਦੀਆਂ ਅਤੇ ਵੰਗਾਂ ਦੇ ਵਿੱਚ ਪਾਣੀ ਹੀ ਹੁੰਦਾ ਹੈ ਜੋ ਪਾਣੀ ਜਦੋਂ ਸਮੁੰਦਰ ਵਿੱਚ ਰੱਲ ਜਾਂਦਾ ਹੈ ਤਾਂ ਫਿਰ ਨਦੀਆਂ ਅਤੇ ਵੰਗਾਂ ਦੀ ਆਪਣੀ ਹਸਤੀ ਨਹੀਂ ਰਹਿੰਦੀ। ਇਸੇ ਤਰ੍ਹਾਂ ਜਦੋਂ ਮਨੁੱਖ ਦੀ ਛੋਟੀ ਸਮਝ ਗੁਰੂ ਦੀ ਸਮੁੰਦਰ ਵਰਗੀ ਉੱਚੀ ਸਮਝ ਵਿੱਚ ਰੱਲ ਜਾਂਦੀ ਹੈ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਗੁਰੂ ਦੀ ਸਮਝ ਅੱਗੇ ਮਨੁੱਖੀ ਸਮਝ ਕਿਤਨੀ ਨੀਵੀਂ ਹੈ। ਗੁਰੂ ਦੀ ਸਮਝ ਵਿੱਚ ਤੇ ਮਨੁੱਖੀ ਸਮਝ ਵਿੱਚ ਫਰਕ ਚੌਥੇ ਪਦ ਦੀ ਸਮਝ ਤੇ ਤ੍ਰੈ ਗੁਣਾਂ ਵਾਲੀ ਸਮਝ ਦਾ ਹੀ ਹੈ ਭਾਵ ਨਾਮ ਵਾਲੀ ਸਮਝ ਤੇ ਹਉਮੈ ਵਾਲੀ ਸਮਝ ਦਾ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਸਮਝ ਬਹੁਤ ਹੀ ਉੱਚੇ ਗਿਆਨ ਵਾਲੀ ਹੈ, ਨਾਮ ਵਾਲੀ ਹੈ

49/6673

ਭਾਵ ਬ੍ਰਹਮ ਗਿਆਨ ਵਾਲੀ ਹੈ ਤੇ ਮਨੁੱਖੀ ਸਮਝ ਭਰਮਾਂ ਦੇ ਨਾਲ ਭਰੀ ਹੋਈ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਹੀ ਮਨੁੱਖ ਮੈਂ ਵਿੱਚ ਰਹਿੰਦਾ ਹੈ ਤੇ ਆਪਣੀ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਸਮਝਦਾ ਹੈ ਤੇ ਤਾਂ ਹੀ ਆਪਣੀ ਨੀਵੀਂ ਮਤਿ ਨੂੰ ਵੀ ਉੱਚੀ ਸਮਝ ਕੇ, ਭਗਤੀ ਦੀ ਸੱਚੀ ਸਮਝ ਵਾਲੀ ਜਾਣਕੇ ਦੂਸਰਿਆਂ ਨੂੰ ਭਗਤੀ ਦੇ ਮਾਰਗ ਦੀਆਂ ਸਾਲਾਹਾਂ ਦਿੰਦਾ ਹੈ ਭਾਵ ਜੋ ਆਪ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਵਿੱਚ ਹਨ ਉਹ ਦੂਸਰਿਆਂ ਨੂੰ ਵੀ ਪ੍ਰਮਾਤਮਾ ਦੀ ਸੱਚੀ ਸਿਫਤ ਕਰਨ ਲਈ ਭਰਮਾਂ ਵਿੱਚ ਹੀ ਪਾਉਂਦੇ ਹਨ। ਭਗਤੀ ਦਾ ਮਾਰਗ ਸਾਨੂੰ ਕੇਵਲ ਤੇ ਕੇਵਲ ਗੁਰੂ ਕੋਲ ਹੀ ਸਿੱਖਣਾ ਚਾਹੀਦਾ ਹੈ ਜਿਸਦੀ ਸਮਝ ਸਮੁੰਦਰ ਵਰਗੀ ਵੱਡੀ ਹੈ। ਪ੍ਰਮਾਤਮਾ ਦੀ ਵਡਿਆਈ ਦੀ ਸਮਝ ਗੁਰੂ ਦੀ ਵੱਡੀ ਸਮਝ ਦੇ ਨਾਲ ਜੁੜ ਕੇ ਹੀ ਪੈ ਸਕਦੀ ਹੈ। **(ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥)**

ਮਨੁੱਖੀ ਸਮਝ ਗੁਰੂ ਦੀ ਸਮਝ ਅੱਗੇ ਕਿਤਨੀ ਕੂ ਨੀਵੀਂ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥੨੩॥”

ਉਪਰ ਪਹਿਲੀ ਪੰਗਤੀ ਰਾਹੀਂ ਸਮੁੰਦਰ ਨੂੰ ਸ਼ਾਹ ਪਾਤਸ਼ਾਹ ਕਿਹਾ ਗਿਆ ਹੈ। ਗੁਰੂ ਸ਼ਾਹ ਪਾਤਸ਼ਾਹ ਹੀ ਹੈ ਜੋ ਕਿ ਅਕਾਲ ਪੁਰਖ ਦਾ ਆਪਣਾ ਹੀ ਰੂਪ ਹੈ। ਗੁਰੂ ਆਪਣੇ ਉੱਚੇ ਗਿਆਨ ਦੁਆਰਾ ਹੀ ਪਾਤਸ਼ਾਹ ਹੈ ਤੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਜੋ ਅਕਾਲ ਪੁਰਖ ਨੇ ਪਾਤਸ਼ਾਹੀਆਂ ਬਖਸ਼ੀਆਂ ਹਨ ਉਹਨਾਂ ਨੂੰ ਆਪਣਾ ਉੱਚਾ ਗਿਆਨ ਦੇਣ ਦੁਆਰਾ ਭਾਵ ਬ੍ਰਹਮ ਗਿਆਨ ਦੇਣ ਦੁਆਰਾ, ਆਪਣੇ ਨਾਮ ਦੀ ਦਾਤਿ ਬਖਸ਼ਣ ਦੁਆਰਾ ਹੀ ਦਿੱਤੀਆਂ ਹਨ, ਆਪਣਾ ਨਾਮ ਧਨ ਦੇਣ ਦੁਆਰਾ ਬਖਸ਼ੀਆਂ ਹਨ। ਗੁਰੂ ਪ੍ਰਮਾਤਮਾ ਦਾ ਧਨ ਉਸ ਦੇ ਉੱਚੇ ਗਿਆਨ ਦਾ ਧਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੇ ਇਸ ਧਨ ਦੀ ਤੁਲਨਾ

ਪਹਾੜਾਂ ਦੇ ਨਾਲ ਕੀਤੀ ਹੋਈ ਹੈ। ਜਿਸ ਤਰੀਕੇ ਪਹਾੜ ਧਰਤੀ ਦੇ ਮੁਕਾਬਲੇ ਬਹੁਤ ਉੱਚੇ ਹੁੰਦੇ ਹਨ ਇਸੇ ਤਰ੍ਹਾਂ ਦੀ ਸਮਝ ਮਨੁੱਖੀ ਸਮਝ ਨਾਲੋਂ ਬਹੁਤ ਉੱਚੀ ਹੁੰਦੀ ਹੈ ਭਾਵ ਗੁਰੂ ਦੇ ਬ੍ਰਹਮ ਗਿਆਨ ਵਾਲੀ

49/6674

ਸਮਝ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਤੋਂ ਬਹੁਤ ਉੱਚੀ ਹੁੰਦੀ ਹੈ, ਨਾਮ ਵਾਲੀ ਸਮਝ, ਹਉਮੈ ਵਾਲੀ ਸਮਝ ਤੋਂ ਬਹੁਤ ਉੱਚੀ ਹੁੰਦੀ ਹੈ, ਗੁਰੂ ਦੇ ਸਿੱਧੇ ਕਮਲ ਵਾਲੀ ਸਮਝ ਮਨੁੱਖ ਦੀ ਪੁੱਠੇ ਕਮਲ ਵਾਲੀ ਸਮਝ ਤੋਂ ਬਹੁਤ ਉੱਚੀ ਹੁੰਦੀ ਹੈ ਜਿਵੇਂ ਕਿ ਪਹਾੜ ਧਰਤੀ ਦੇ ਮੁਕਾਬਲੇ ਬਹੁਤ ਉੱਚੇ ਹੁੰਦੇ ਹਨ। ਕੋਈ ਮਨੁੱਖ ਆਪਣੇ ਆਪ ਨੂੰ ਤਦ ਤਕ ਹੀ ਉੱਚਾ ਸਮਝ ਸਕਦਾ ਹੈ, ਉੱਚੀ ਮਤਿ ਵਾਲਾ ਸਮਝ ਸਕਦਾ ਹੈ ਜਦ ਤਕ ਉਹ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੀ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਮਨ ਦੀ ਨਾਸਮਝ ਮਤਿ ਵਿੱਚੋਂ ਕੱਢਦਾ ਹੈ, ਨੀਵੀਂ ਮਤਿ ਵਿੱਚੋਂ ਕੱਢਦਾ ਹੈ ਉਸਨੂੰ ਆਪਣੀ ਪਹਾੜ ਵਰਗੀ ਉੱਚੀ ਮਤਿ ਬਖਸ਼ਣ ਦੁਆਰਾ ਹੀ ਕੱਢਦਾ ਹੈ। ਆਪਣੀ ਉੱਚੀ ਮਤਿ ਦੇ ਰੂਪ ਵਿੱਚ ਹੀ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਆਪਣੀ ਨਾਮ ਵਾਲੀ, ਬ੍ਰਹਮ ਗਿਆਨ ਵਾਲੀ ਉੱਚੀ ਸਮਝ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਇਹ ਸੱਚੀ ਸਮਝ, ਉਚੀ ਸਮਝ ਸਾਡੇ ਮੰਨਣ ਲਈ ਹੀ ਹੈ ਤਾਂ ਜੋ ਅਸੀਂ ਆਪਣੀ ਭਰਮਾਂ ਵਾਲੀ ਨੀਵੀਂ ਮਤਿ ਵਿੱਚੋਂ ਨਿਕਲ ਸਕੀਏ। ਜਿਸਨੂੰ ਪ੍ਰਮਾਤਮਾ ਆਪਣੀ ਉੱਚੀ ਮਤਿ ਨਾਲ ਜੋੜ ਲੈਂਦਾ ਹੈ ਉਸਨੂੰ ਫਿਰ ਗੁਰੂ ਦੀ ਮਤਿ ਕਦੇ ਨਹੀਂ ਵਿਸਰਦੀ ਭਾਵ ਉਸਦੀ ਸਮਝ ਪ੍ਰਮਾਤਮਾ ਦੀ ਉੱਚੀ ਸਮਝ ਦੇ ਨਾਲ ਇੱਕ ਹੋ ਜਾਂਦੀ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਚਉਥੇ ਪਦ ਦੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ। ਗੁਰੂ ਦੀ ਇਸ ਉੱਚੀ ਸਮਝ ਨਾਲ ਜੁੜ ਕੇ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖੀ ਤ੍ਰੈ ਗੁਣਾਂ ਵਾਲੀ ਸਮਝ ਗੁਰੂ ਦੇ ਚਉਥੇ ਪਦ ਦੇ ਗਿਆਨ ਵਾਲੀ ਸਮਝ ਅੱਗੇ ਕਿਤਨੀ ਕੂ ਨੀਵੀਂ ਹੈ ਜਿਸ ਨੀਵੀਂ ਸਮਝ ਦੀ ਤੁਲਨਾ ਕੀੜੀ ਦੇ ਨਾਲ ਕੀਤੀ ਹੋਈ ਹੈ ਜੋ ਕਿ ਬਹੁਤ ਹੀ ਛੋਟੀ ਹੁੰਦੀ ਹੈ। ਆਪਣੀ ਸਮਝ ਨੂੰ ਕੋਈ ਤਦ ਤਕ ਹੀ ਉੱਚੀ ਸਮਝ ਸਕਦਾ ਹੈ ਜਦ ਤਕ ਉਸਨੂੰ ਗੁਰੂ ਦੀ ਉੱਚੀ ਸਮਝ ਪ੍ਰਮਾਤਮਾ ਕੋਲੋਂ ਨਹੀਂ ਮਿਲੀ ਜੋ ਸਾਡੇ ਸਭ ਦੇ ਅੰਦਰ ਹੀ ਹੈ। ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ ਤੇ ਮਨ ਦੇ ਵਿੱਚ ਆਪਣਾ ਚਉਥੇ ਪਦ ਦਾ ਗਿਆਨ ਭਾਵ ਉੱਚਾ ਗਿਆਨ ਬਖਸ਼ ਕੇ ਕੀੜੀ ਵਰਗੀ ਛੋਟੀ ਸਮਝ ਵਿੱਚੋਂ ਕੱਢਣ

49/6675

ਵਾਲਾ ਵੀ ਉਹ ਆਪ ਹੀ ਹੈ। ਧਰਮ ਦੇ ਸੱਚੇ ਮਾਰਗ ਦੀ ਸਮਝ, ਪ੍ਰਮਾਤਮਾ ਦੀ ਸਿਫਤ ਕਰਨ ਦੀ ਸਮਝ, ਪ੍ਰਮਾਤਮਾ ਦੀ ਵਡਿਆਈ ਕਰਨ ਦੀ ਸਮਝ ਉਸ ਸਮੁੰਦਰ ਰੂਪ ਮਤਿ ਨਾਲ ਜੁੜ ਕੇ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਸਮੁੰਦਰ ਦਾ ਮਾਲਕ ਆਪ ਹੀ ਪ੍ਰਗਟ ਹੋ ਕੇ ਪਾਉਂਦਾ ਹੈ। ਸਾਨੂੰ ਭਗਤੀ ਦਾ ਮਾਰਗ ਸਮਝਾਉਂਣ ਵਾਲੇ ਬਹੁਤ ਹਨ, ਸਾਲਾਹਾਂ ਦੇਣ ਵਾਲੇ ਬਹੁਤ ਹਨ ਪਰ ਉਹ ਸਾਡੀ ਸੁਰਤਿ ਦੇ ਵਿੱਚ ਕਿਸ ਤਰੀਕੇ ਸਾਨੂੰ ਪ੍ਰਮਾਤਮਾ ਦੀ ਵਡਿਆਈ ਕਰਨ ਦਾ ਸੱਚਾ ਮਾਰਗ ਸਮਝਾ ਸੱਕਣ, ਇਹ ਨਹੀਂ ਹੋ ਸਕਦਾ। ਉਪਰ ਪੂਰੇ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਵਡਿਆਈ ਸਿੱਖਣ ਲਈ ਸਾਨੂੰ ਕੇਵਲ ਗੁਰੂ ਦੀ ਉੱਚੀ ਮਤਿ ਨਾਲ ਜੁੜਨਾ ਚਾਹੀਦਾ ਹੈ ਨਾਂ ਕਿ ਉਹਨਾਂ ਦੀ ਮਤਿ ਨਾਲ ਜੋ ਆਪਣੀ ਕੀੜੀ ਵਰਗੀ ਨੀਵੀਂ ਮਤਿ ਨੂੰ ਹੀ ਉੱਚੀ ਸਮਝ ਕੇ ਦੂਸਰਿਆਂ ਨੂੰ ਭਗਤੀ ਦਾ ਮਾਰਗ ਸਮਝਾਉਂਦੇ ਹਨ, ਨਾਮ ਜਪਣਾ ਸਮਝਾਉਂਦੇ ਹਨ। **(ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥)**

ਜੋ ਵੀ ਆਪਣੇ ਵਲੋਂ ਆਪਣੀ ਮਤਿ ਅਨੁਸਾਰ ਪ੍ਰਮਾਤਮਾ ਦੀ ਸਿਫਤ ਕਰਨ ਦਾ, ਵਡਿਆਈ ਕਰਨ ਦਾ ਉਪਰਾਲਾ ਕਰਦੇ ਹਨ ਉਹ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਹੀ ਕਰਦੇ ਹਨ ਭਾਵ ਉਸਦਾ ਅੰਤ ਜਾਨਣ ਲਈ ਹੀ ਕਰਦੇ ਹਨ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ। ਪ੍ਰਮਾਤਮਾ ਦਾ ਅੰਤ ਆਪਣਾ ਨੀਵੀਂ ਸਮਝ ਦੁਆਰਾ ਕੌਣ ਜਾਣ ਸਕਦਾ ਹੈ ਜਿਸ ਪ੍ਰਮਾਤਮਾ ਦੀ ਉੱਚੀ ਸਮਝ ਦਾ ਕੋਈ ਅੰਤ ਹੀ ਨਹੀਂ ਹੈ, ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਪ੍ਰਮਾਤਮਾ ਕਿਸ ਕਰਕੇ ਉੱਚਾ ਹੈ।

“ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥
ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥
ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥”

ਪ੍ਰਮਾਤਮਾ ਦੀ ਸਿਫਤ ਨੂੰ ਤਾਂ ਹੀ ਜਾਣਿਆ ਜਾ ਸਕਦਾ ਜਦੋਂ ਸਾਨੂੰ ਇਸ ਗੱਲ ਦੀ ਸਮਝ ਪੈ ਜਾਵੇ ਕਿ ਪ੍ਰਮਾਤਮਾ ਇਤਨੀ ਵੱਡੀ ਸਿਫਤ ਦਾ ਮਾਲਕ ਕਿਸ ਤਰੀਕੇ ਹੈ। ਸਾਰੀ ਸ੍ਰਿਸ਼ਟੀ ਵਿੱਚ ਪ੍ਰਮਾਤਮਾ ਦੀ ਸਿਫਤ ਹੀ ਸਿਫਤ ਭਰੀ ਹੋਈ ਹੈ ਤੇ ਪ੍ਰਮਾਤਮਾ ਕਿਸ ਤਰੀਕੇ ਆਪਣੀ ਇਤਨੀ ਵੱਡੀ ਸਿਫਤ ਦਾ ਮਾਲਕ ਹੈ ਤੇ ਇਸ ਗੱਲ ਨੂੰ ਸਮਝੇ ਬਿਨਾਂ ਪ੍ਰਮਾਤਮਾ ਦੀ ਸਿਫਤ ਨੂੰ ਨਹੀਂ

ਸਮਝਿਆ ਜਾ ਸਕਦਾ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਨੇ ਇਹ ਆਪਣੀ ਸ੍ਰਿਸ਼ਟੀ ਭਾਵ ਸ੍ਰਿਸ਼ਟੀ ਦੇ ਹਰ ਆਕਾਰ ਦੀ ਰਚਨਾ ਆਪਣੇ ਨਿਰੰਕਾਰ ਰੂਪ ਦੁਆਰਾ ਕੀਤੀ ਹੈ, ਆਪਣੇ ਨਾਮ ਦੁਆਰਾ ਕੀਤੀ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ, ਉਸਦੇ ਨਾਮ ਰੂਪ ਨੂੰ ਜਾਣੇ ਬਿਨਾਂ ਉਸ ਸਿਫਤਾਂ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ, ਉਸ ਗੁਣਾਂ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ ਜਿਸ ਨੇ ਹਰ ਆਕਾਰ ਰੂਪ ਵਿੱਚ ਆਪਣੇ ਇਤਨੇ ਕੁ ਗੁਣ ਭਰੇ ਹਨ ਜਿਨ੍ਹਾਂ ਗੁਣਾਂ ਦਾ ਕੋਈ ਅੰਤ ਹੀ ਨਹੀਂ। ਪ੍ਰਮਾਤਮਾ ਦੇ ਅੰਤ ਨੂੰ ਕੋਈ ਜਾਣ ਸਕੇ, ਸਮਝ ਸਕੇ ਇਹ ਮਨੁੱਖੀ ਸਮਰਥਾ ਤੋਂ ਬਾਹਰ ਦੀ ਗੱਲ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣਾ ਹੀ, ਉਸਦੇ ਨਿਰੰਕਾਰ ਰੂਪ ਨੂੰ ਜਾਨਣਾ ਹੀ ਪ੍ਰਮਾਤਮਾ ਦੇ ਅੰਤ ਨੂੰ ਸਮਝਣ ਦਾ ਤਰੀਕਾ ਹੈ ਕਿ ਉਸਦਾ ਕੋਈ ਅੰਤ ਹੀ ਨਹੀਂ। ਉਪਰ ਵਾਲੇ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੀ ਸਿਫਤ ਨੂੰ ਕੋਈ ਸਮਝ ਸਕੇ ਭਾਵ ਆਪਣੇ ਆਪ ਸਮਝ ਸਕੇ ਇਹ ਨਹੀਂ ਹੋ ਸਕਦਾ ਤੇ ਹਰ ਕੋਈ ਆਪਣੇ ਵੱਲੋਂ ਪ੍ਰਮਾਤਮਾ ਦੀ ਸਿਫਤ ਕਰਦਾ ਹੀ ਹੈ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਰਦਾ ਹੈ, ਪ੍ਰਮਾਤਮਾ ਦੀ ਵੱਖਰੇ ਵੱਖਰੇ ਢੰਗ ਨਾਲ ਉਸਦੀ ਪੂਜਾ ਕਰਨ ਦੁਆਰਾ, ਉਸਦੇ ਗੁਣ ਗਾਉਂਣ ਦੁਆਰਾ ਕਰਦਾ ਹੈ, ਕੋਈ ਮੁੱਖੋਂ ਕਹਿ ਕਹਿ ਕੇ, ਮੁੱਖੋਂ ਬੋਲ ਬੋਲ ਕੇ ਪ੍ਰਮਾਤਮਾ ਦੀ ਸਿਫਤ ਕਰਦਾ ਹੈ ਜਿਸ ਦੁਆਰਾ ਭਾਵ ਸਾਡੀ ਕਥਨੀ ਦੁਆਰਾ ਪ੍ਰਮਾਤਮਾ ਦੀ ਸਿਫਤ ਨਹੀਂ ਕੀਤੀ ਜਾ ਸਕਦੀ ਤੇ ਇਸ ਤਰੀਕੇ ਪ੍ਰਮਾਤਮਾ ਦੇ ਅੰਤ ਨੂੰ ਨਹੀਂ ਜਾਣਿਆ ਜਾ ਸਕਦਾ। ਹਰ ਕੋਈ ਆਪਣੇ ਵੱਲੋਂ ਜੋ ਪ੍ਰਮਾਤਮਾ ਦਾ ਨਾਮ ਜਪਣਾ ਸਮਝਦੇ ਹਨ, ਕਿਸੇ ਅੱਖਰ ਨੂੰ ਬੋਲ ਬੋਲ ਕੇ, ਕਹਿ ਕਹਿ ਕੇ ਨਾਮ ਜਪਣਾ ਸਮਝਦੇ ਹਨ ਜਾਂ ਧਰਮ ਗ੍ਰੰਥਾਂ ਦੇ ਕੇਵਲ ਅੱਖਰਾਂ ਨੂੰ ਬੋਲੀ ਜਾਣ ਨਾਲ ਹੀ, ਪੜੀ ਜਾਣ ਨਾਲ ਹੀ ਪ੍ਰਮਾਤਮਾ ਦਾ ਕਹਿਣ ਸਮਝਦੇ ਹਨ ਤੇ ਪ੍ਰਮਾਤਮਾ ਦੀ ਇਸੇ ਤਰੀਕੇ ਉਸਦੀ ਸਿਫਤ ਕਰਨੀ ਸਮਝਦੇ ਹਨ ਉਸ ਦੁਆਰਾ ਪ੍ਰਮਾਤਮਾ ਦੇ ਵੱਡੇਪਨ ਨੂੰ ਭਾਵ ਉਸਦੇ ਨਿਰੰਕਾਰ ਰੂਪ ਨੂੰ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ ਉਸਨੂੰ ਨਹੀਂ ਜਾਣਿਆ ਜਾ ਸਕਦਾ। **(ਅੰਤੁ ਨ ਸਿਫਤੀ ਕਹਣਿ ਨ ਅੰਤੁ ॥)**

ਪ੍ਰਮਾਤਮਾ ਦਾ ਅੰਤ ਜਾਨਣ ਲਈ ਭਾਵ ਉਸਦਾ ਵੱਡਾਪਨ

ਸਮਝਣ ਲਈ ਸਾਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਜੋ ਕੁਝ ਵੀ ਸ੍ਰਿਸ਼ਟੀ ਵਿੱਚ ਕਰਨ ਵਾਲਾ ਹੈ, ਸਭ ਕੁਝ ਦੇਣ ਵਾਲਾ ਹੈ ਉਸਦੇ ਪਿੱਛੇ ਕੌਣ ਹੈ ਤੇ ਕਿਸ ਤਰੀਕੇ ਉਹ ਸਭ ਕੁਝ ਕਰ ਰਿਹਾ ਹੈ ਤੇ ਸਭ ਕੁਝ ਦੇ ਰਿਹਾ ਹੈ ਜਿਸਦੇ ਕਰਨ ਦਾ ਤੇ ਦੇਣ ਦਾ ਕੋਈ ਅੰਤ ਹੀ ਨਹੀਂ ਹੈ। ਪ੍ਰਮਾਤਮਾ ਜੋ ਕੁਝ ਵੀ ਕਰ ਰਿਹਾ ਹੈ ਉਹ ਆਪਣੇ ਉੱਚੇ ਗਿਆਨ ਦੁਆਰਾ ਕਰ ਰਿਹਾ ਹੈ ਤੇ ਜੋ ਕੁਝ ਵੀ ਉਹ ਸ੍ਰਿਸ਼ਟੀ ਵਿੱਚ ਹਰ ਜੀਵ ਨੂੰ ਦੇ ਰਿਹਾ ਹੈ ਉਸਦੇ ਪਿੱਛੇ ਉਸਦਾ ਆਪਣਾ ਉੱਚਾ ਗਿਆਨ ਹੀ ਹੈ ਕਿਉਂਕਿ ਹਰ ਵਸਤੂ ਕਿਸੇ ਉੱਚੇ

ਗਿਆਨ ਨਾਲ ਹੀ ਬਣੀ ਹੈ ਤੇ ਉੱਚੇ ਗਿਆਨ ਨਾਲ ਹੀ ਕੰਮ ਕਰਦੀ ਹੈ ਭਾਵੇਂ ਉਹ ਸਾਡੇ ਸਰੀਰ ਲਈ ਭੋਜਨ ਹੈ, ਸਾਡੇ ਸਰੀਰ ਦੇ ਕੱਪੜੇ ਹਨ, ਭਾਵੇਂ ਉਹ ਅਗਨੀ ਹੈ, ਪਾਣੀ ਹੈ, ਧਰਤੀ ਹੈ, ਹਵਾ ਹੈ, ਆਕਾਸ਼ ਹੈ। ਸਾਡਾ ਸਰੀਰ ਅਨੇਕਾਂ ਹੀ ਸੁੱਖ ਮਾਣਦਾ ਹੈ, ਅਨੇਕਾਂ ਹੀ ਭੋਗ ਭੋਗਦਾ ਹੈ ਜੋ ਕਿ ਹਰ ਜੀਵ ਭੋਗਦੇ ਹਨ। ਇਹ ਸਭ ਕੁਝ ਕਰਨ ਵਾਲਾ ਤੇ ਦੇਣ ਵਾਲਾ ਉਹ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਹੈ ਜੋ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਆਕਾਰ ਰੂਪ ਦੇ ਮਾਲਕ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਕੋਈ ਉਸ ਪ੍ਰਮਾਤਮਾ ਦੀ ਵਡਿਆਈ ਨੂੰ ਨਹੀਂ ਜਾਣ ਸਕਦਾ ਜਿਸਦੀ ਵਡਿਆਈਆਂ ਦਾ ਕੋਈ ਅੰਤ ਹੀ ਨਹੀਂ ਹੈ, ਜਿਸ ਦੀਆਂ ਦਾਤਾਂ ਦਾ ਕੋਈ ਅੰਤ ਹੀ ਨਹੀਂ ਹੈ। **(ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥)**

ਅਸੀਂ ਜਿਸ ਤਰਫ ਵੀ ਵੇਖਦੇ ਹਾਂ ਸਭ ਪਾਸੇ ਪ੍ਰਮਾਤਮਾ ਦੀ ਸਿਫਤ ਹੀ ਭਰੀ ਹੋਈ ਹੈ, ਉਸਦੀ ਵਡਿਆਈ ਹੀ ਭਰੀ ਹੋਈ ਹੈ। ਸ੍ਰਿਸ਼ਟੀ ਵਿੱਚ ਬਹੁਤ ਕੁਝ ਐਸਾ ਹੈ ਜਿਸਨੂੰ ਅਸੀਂ ਕਦੇ ਦੇਖਿਆ ਨਹੀਂ ਹੁੰਦਾ ਪਰ ਅਸੀਂ ਕਿਸੇ ਕੋਲੋਂ ਸੁਣਦੇ ਹਾਂ ਜਿਸਨੇ ਵੇਖਿਆ ਹੁੰਦਾ ਹੈ। ਸ੍ਰਿਸ਼ਟੀ ਇਤਨੀ ਵੱਡੀ ਹੈ, ਇਤਨੇ ਖੰਡ ਬ੍ਰਹਮੰਡ ਹਨ ਜਿਸਨੂੰ ਕਦੇ ਕਿਸੇ ਨੇ ਦੇਖਿਆ ਹੀ ਨਹੀਂ ਤੇ ਉਹਨਾਂ ਬਾਰੇ ਕਦੀ ਸੁਣਿਆ ਹੀ ਨਹੀਂ, ਪ੍ਰਮਾਤਮਾ ਦੇ ਪਸਾਰੇ ਦਾ ਕੋਈ ਅੰਤ ਹੀ ਨਹੀਂ। ਪਸਾਰੇ ਦੇ ਮਾਲਕ ਨੂੰ ਜਾਨਣਾ ਹੀ ਉਸਦੇ ਅੰਤ ਨੂੰ ਜਾਨਣਾ ਹੈ ਭਾਵ ਪਸਾਰੇ ਦੇ ਮਾਲਕ ਨਿਰੰਕਾਰ ਰੂਪ ਨੂੰ ਜਾਨਣਾ ਹੀ, ਬ੍ਰਹਮ ਗਿਆਨ ਦੇ ਮਾਲਕ ਕੋਲੋਂ ਉਸਦੇ ਬ੍ਰਹਮ ਗਿਆਨ ਨੂੰ ਜਾਨਣਾ ਹੀ ਉਸਦੇ ਅੰਤ ਨੂੰ ਜਾਨਣ ਦਾ ਤਰੀਕਾ ਹੈ, ਜਿਸਦਾ ਕੋਈ ਅੰਤ ਹੈ ਹੀ ਨਹੀਂ। ਪ੍ਰਮਾਤਮਾ ਕੋਲ ਗਿਆਨ ਦਾ ਕੋਈ ਅੰਤ ਹੀ ਨਹੀਂ ਹੈ ਜਿਸ ਦੁਆਰਾ ਉਸਨੇ ਆਪਣੀ ਉੱਚੀ ਸਾਇੰਸ ਦੁਆਰਾ ਇਸ ਸ੍ਰਿਸ਼ਟੀ

ਦੀ ਰਚਨਾ ਕੀਤੀ ਹੈ ਤੇ ਆਪਣੀ ਉੱਚੀ ਸਾਇੰਸ ਦੀ ਸਮਝ ਦੁਆਰਾ ਆਪ ਹੀ ਉਸਨੂੰ ਚਲਾ ਰਿਹਾ ਹੈ। ਉਸਦੀ ਸਿਫਤ ਦਾ ਕੋਈ ਅੰਤ ਹੀ ਨਹੀਂ ਹੈ। **(ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥)**

ਪ੍ਰਮਾਤਮਾ ਦੇ ਉੱਚੇਪਨ ਨੂੰ ਕੇਵਲ ਮਨ ਦੀ ਉੱਚੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥”

ਕਿਸੇ ਵੀ ਚੀਜ ਬਾਰੇ ਜਾਨਣ ਲਈ, ਕਿਸੇ ਵੀ ਗੱਲ ਨੂੰ ਜਾਨਣ ਲਈ ਮਨ ਦੀ ਸਮਝ ਦੀ ਲੋੜ ਹੁੰਦੀ ਹੈ। ਜੇਕਰ ਸਾਡੀ ਸਮਝ ਸਾਡੇ ਵੱਸ ਹੋਵੇ ਤਾਂ ਅਸੀਂ ਕੁਝ ਵੀ ਜਾਣ ਸਕਦੇ ਹਾਂ। ਜਿਨ੍ਹਾਂ ਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ, ਉਸਦੀ ਵਡਿਆਈ ਨੂੰ ਜਾਣਿਆ ਹੈ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਤੇ ਕਿਸ ਰੂਪ ਵਿੱਚ ਵੱਡਾ ਹੈ ਉਹਨਾਂ ਨੇ ਇਸ ਗੱਲ ਨੂੰ ਮਨ ਦੀ ਸਮਝ ਦੁਆਰਾ ਹੀ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ। ਜੋ ਕੁਝ ਉਹਨਾਂ ਨੇ ਮਨ ਦੀ ਸਮਝ ਰਾਹੀਂ ਜਾਣਿਆ ਹੈ ਉਹੀ ਕੁਝ ਉਹਨਾਂ ਨੇ ਪ੍ਰਮਾਤਮਾ ਬਾਰੇ ਪੂਰੀ ਗੁਰਬਾਣੀ ਰਾਹੀਂ ਸੰਸਾਰ ਨੂੰ ਸਮਝਾਇਆ ਹੈ। ਸਾਡੇ ਮਨ ਦੇ ਵਿੱਚ **“ਮੰਤੁ”** ਦੇਣ ਵਾਲਾ ਭਾਵ ਸਾਨੂੰ ਸਾਲਾਹ ਦੇਣ ਵਾਲਾ ਭਾਵ ਸਾਨੂੰ ਸਮਝਾਉਂਣ ਵਾਲਾ ਕੌਣ ਹੈ ਇਸ ਗੱਲ ਨੂੰ ਜਾਣੇ ਬਿਨਾਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੇ, ਉਸਦੀ ਵਡਿਆਈ ਨੂੰ ਜਾਣ ਸਕੇ ਇਹ ਨਹੀਂ ਹੋ ਸਕਦਾ। ਪ੍ਰਮਾਤਮਾ ਦੇ ਨਾਲ ਭੇਦ ਮਨੁੱਖ ਦਾ ਮਨ ਦੇ ਵਿੱਚ ਹੀ ਹੈ, ਮਨ ਦੀ ਸਮਝ ਦੇ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਾਰ-ਬਾਰ ਸਮਝਿਆ ਹੈ। ਮਨੁੱਖੀ ਸਮਝ ਮਨੁੱਖ ਦੇ ਵੱਸ ਨਹੀਂ ਹੈ, ਨਹੀਂ ਹੈ, ਨਹੀਂ ਹੈ। ਸਾਡੇ ਮਨ ਦੇ ਅੰਦਰ ਸਾਲਾਹ ਦੇਣ ਵਾਲਾ ਆਪ ਪ੍ਰਮਾਤਮਾ ਹੀ ਹੈ ਜੋ ਕਿ ਆਪ ਹੀ ਗਿਆਨ ਦਾ ਮਾਲਕ ਹੈ, ਸਾਰੇ ਸੰਸਾਰ ਨੂੰ ਭਾਵ ਹਰ ਮਨੁੱਖੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ, ਮਨ ਦੀ ਮਾਇਆ ਵਾਲੀ ਸਮਝ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ, ਭਰਮਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ। ਮਨ ਦੀ ਸਮਝ ਦੇ ਮਾਲਕ ਨੂੰ ਜਾਣੇ ਬਿਨਾਂ

ਕੋਈ ਉਸ ਪ੍ਰਮਾਤਮਾ ਦੇ ਅੰਤ ਨੂੰ ਜਾਣ ਸਕੇ, ਉਸਦੀ ਵਡਿਆਈ ਨੂੰ ਜਾਣ ਸਕੇ ਇਹ ਨਹੀਂ ਹੋ ਸਕਦਾ। **(ਅੰਤੁ ਨ ਜਾਪੈ ਕਿਆ ਮਨਿ ਮੰਤੁ॥)** ਜਦੋਂ ਮਨ ਦੇ ਅੰਦਰੋਂ ਕੋਈ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ ਤਾਂ ਹੀ ਉਸਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ਆਕਾਰ ਰੂਪ ਨੂੰ ਬਨਾਉਂਣ ਵਾਲਾ ਕੌਣ ਹੈ ਤੇ ਹਰ ਆਕਾਰ ਰੂਪ ਨੂੰ ਉਸਨੇ ਕਿਸ ਤਰੀਕੇ ਬਣਾਇਆ ਹੈ। ਸਭ ਕੁਝ ਪ੍ਰਮਾਤਮਾ ਦੇ ਉੱਚੇ ਗਿਆਨ ਨਾਲ ਹੀ ਬਣਿਆ ਹੈ ਭਾਵ ਉਸਦੇ ਨਿਰੰਕਾਰ ਰੂਪ ਨਾਲ ਭਾਵ ਉਸਦੇ ਨਾਮ ਦੁਆਰਾ, ਬ੍ਰਹਮ ਗਿਆਨ ਦੁਆਰਾ ਹੀ

ਬਣਿਆ ਹੈ। ਇਸ ਗੱਲ ਨੂੰ ਸਮਝੇ ਬਿਨਾਂ ਕੋਈ ਪ੍ਰਮਾਤਮਾ ਦੇ ਅੰਤ ਨੂੰ ਨਹੀਂ ਸਮਝ ਸਕਦਾ ਭਾਵ ਉਸਦੇ ਵੱਡੇਪਨ ਨੂੰ ਨਹੀਂ ਸਮਝ ਸਕਦਾ। ਪ੍ਰਮਾਤਮਾ ਆਪਣੇ ਗਿਆਨ ਦੁਆਰਾ ਕਿਤਨਾ ਕੁ ਵੱਡਾ ਹੈ ਉਸਦਾ ਕੋਈ ਪਾਰਾਵਾਰ ਹੀ ਨਹੀਂ ਹੈ, ਕੋਈ ਹਦ ਬੰਨਾ ਹੀ ਨਹੀਂ ਹੈ। ਇਸ ਗੱਲ ਦੀ ਸਮਝ ਉਸ ਬ੍ਰਹਮ ਗਿਆਨ ਦੇ ਮਾਲਕ ਨੂੰ ਮਨ ਦੀ ਸਮਝ ਦੁਆਰਾ ਜਾਨਣ ਦੁਆਰਾ ਹੀ ਪੈ ਸਕਦੀ ਹੈ ਜੋ ਸਮਝ ਮਨ ਦੇ ਵਿੱਚ ਉਹ ਗਿਆਨ ਦਾ ਮਾਲਕ ਆਪ ਹੀ ਪਾ ਸਕਦਾ ਹੈ ਤੇ ਤਾਂ ਹੀ ਕੋਈ ਉਸਦੀ ਵਡਿਆਈ ਨੂੰ ਸਮਝ ਸਕਦਾ ਹੈ ਜਿਸਦੀ ਵਡਿਆਈ ਦਾ ਕੋਈ ਅੰਤ ਹੀ ਨਹੀਂ ਹੈ। **(ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥)**

ਪ੍ਰਮਾਤਮਾ ਦਾ ਅੰਤ ਜਾਨਣ ਦੀ ਹਰ ਕੋਈ ਇੱਛਾ ਰੱਖਦਾ ਹੈ ਪਰ ਉਸਦੇ ਅੰਤ ਨੂੰ ਕੋਈ ਆਪਣੇ ਆਪ ਜਾਣ ਸਕੇ ਇਹ ਮਨੁੱਖ ਦੀ ਸਮਰਥਾ ਤੋਂ ਬਾਹਰ ਦੀ ਗੱਲ ਹੈ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ। **(ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥)**

ਪ੍ਰਮਾਤਮਾ ਦੇ ਅੰਤ ਨੂੰ ਸਮਝੇ ਬਿਨਾਂ ਕੋਈ ਪ੍ਰਮਾਤਮਾ ਬਾਰੇ ਕੁਝ ਕਹਿ ਸਕੇ ਭਾਵ ਉਸਦੀ ਵਡਿਆਈ ਨੂੰ ਕੋਈ ਬਿਆਨ ਕਰ ਸਕੇ ਇਹ ਨਹੀਂ ਹੋ ਸਕਦਾ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ, ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਭਾਵ ਗੁਰੂ ਦੀ ਗੱਲ ਨੂੰ ਸੱਚ ਜਾਣ ਕੇ ਮੰਨਣ ਦੀ ਲੋੜ ਹੈ।

49/6680

“ਬਹੁਤਾ ਕਹੀਐ ਬਹੁਤਾ ਹੋਇ ॥”

ਉਹ **“ਬਹੁਤਾ”** ਕੀ ਹੈ ਭਾਵ ਪ੍ਰਮਾਤਮਾ ਕੀ ਹੈ ਉਸ ਬਾਰੇ ਕੋਈ ਤਾਂ ਹੀ ਕਹਿ ਸਕਦਾ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ **“ਬਹੁਤਾ”** ਬਣਾ ਦਿੰਦਾ ਹੈ ਭਾਵ ਆਪਣਾ ਰੂਪ ਬਣਾ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਰੂਪ ਬਣਾਇਆ ਹੈ, ਆਪਣਾ ਗੁਰੂ ਰੂਪ ਬਣਾਇਆ ਹੈ। ਉਹਨਾਂ ਨੂੰ ਪ੍ਰਮਾਤਮਾ ਨੇ **“ਬਹੁਤਾ”** ਭਾਵ ਉੱਚਾ ਮਨ ਦੀ ਸਮਝ ਦੁਆਰਾ ਹੀ ਬਣਾਇਆ ਹੈ, ਆਪਣਾ ਉੱਚਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਹੀ ਬਣਾਇਆ ਹੈ ਤੇ ਤਾਂ ਹੀ ਉਹਨਾਂ ਨੇ ਪ੍ਰਮਾਤਮਾ ਦੀ ਵਡਿਆਈ ਬਾਰੇ ਪੂਰੀ ਗੁਰਬਾਣੀ ਬਾਰੇ ਲਿਖਿਆ ਹੈ। ਪ੍ਰਮਾਤਮਾ ਦਾ ਰੂਪ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਬਣ ਸਕਦਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸਨੇ ਆਪਣੇ ਉੱਚੇ ਗਿਆਨ ਦੁਆਰਾ ਹਰ ਆਕਾਰ ਰੂਪ ਨੂੰ ਬਣਾਇਆ ਹੈ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਭਾਵ ਆਪਣੀ ਜੋਤਿ ਰੂਪ ਦੁਆਰਾ ਹੀ ਆਪਣੇ ਬਣਾਏ ਹੋਏ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਮਨੁੱਖ ਦੇ ਵਿੱਚ ਪ੍ਰਮਾਤਮਾ ਦਾ ਨਿਰੰਕਾਰ ਰੂਪ, ਉਸਦਾ ਜੋਤਿ ਰੂਪ ਸਾਡਾ ਮਨ ਹੈ ਭਾਵ ਸਾਡੇ ਮਨ ਦੀ ਸਮਝ ਹੈ ਭਾਵ ਸਾਡੇ ਮਨ ਦਾ ਗਿਆਨ ਹੈ ਜਿਸ ਗੱਲ ਦੀ ਸਮਝ ਮਨੁੱਖ ਨੂੰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਤੇ ਤਾਂ ਹੀ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸੰਸਾਰ ਨੂੰ ਸ਼ਬਦਾਂ ਰਾਹੀਂ ਬਾਰ-ਬਾਰ ਇਹ ਸਮਝਾਇਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਪਰ ਮਨੁੱਖ ਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ। ਵਿਸ਼ਵਾਸ ਮਨ ਦੀ ਸਮਝ ਨੇ ਹੀ ਦਿਵਾਉਂਣਾ ਹੈ ਜੋ ਸਮਝ ਸਾਡੇ ਵੱਸ ਹੀ ਨਹੀਂ ਹੈ। ਜਦ ਤਕ ਮਨੁੱਖ ਨੂੰ ਇਹ ਵਿਸ਼ਵਾਸ ਨਹੀਂ ਆਉਂਦਾ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤਦ ਤਕ ਕੋਈ ਉਸਦੇ ਗੁਣ ਗਾ ਹੀ ਨਹੀਂ ਸਕਦਾ ਭਾਵ ਉਸਦੀ ਵਡਿਆਈ ਨੂੰ ਕੋਈ ਬਿਆਨ ਕਰ ਹੀ ਨਹੀਂ ਸਕਦਾ। **(ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥)**

49/6681

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ ੯)

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ ਬਚਿਤ੍ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ ੪੮੫)

{ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥
ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥}

(ਅੰਗ ੮੨੨)

{ਏਕਸੁ ਸਿਉ ਜਾ ਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ ॥੧॥
ਬਿਨੁ ਗੋਬਿੰਦ ਨ ਦੀਸੈ ਕੋਈ ॥ ਕਰਨ ਕਰਾਵਨ ਕਰਤਾ ਸੋਈ ॥੧॥ ਰਹਾਉ ॥
ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥੨॥
ਜਾ ਕੈ ਹਰਿ ਧਨੁ ਸੋ ਸਚ ਸਾਹੁ ॥ ਗੁਰਿ ਪੂਰੈ ਕਰਿ ਦੀਨੋ ਵਿਸਾਹੁ ॥੩॥
ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥ ਕਹੁ ਨਾਨਕ ਪਰਮ ਪਦੁ ਪਾਇਆ ॥੪॥੪੮॥੧੧੭॥}

(ਅੰਗ ੧੯੯)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

{ਨਾਰਾਇਨ ਨਰਪਤਿ ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥੧॥ ਰਹਾਉ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥}

(ਅੰਗ ੧੩੦੧)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥

ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਜਦ ਤਕ ਮਨ ਦੇ ਵਿੱਚੋਂ ਸਾਡੇ ਅੰਦਰ ਦਾ ਹਉਮੈ ਰੂਪ ਪੜਦਾ ਨਹੀਂ ਨਿਕਲਦਾ, ਅਗਿਆਨਤਾ ਰੂਪ ਪੜਦਾ ਨਹੀਂ ਨਿਕਲਦਾ ਤਦ ਤਕ ਨਾ ਕੋਈ ਆਪਣੇ ਅੰਦਰੋਂ ਉਸ ਗਿਆਨ ਦੇ ਮਾਲਕ ਨੂੰ ਜਾਣ ਸਕਦਾ ਹੈ ਤੇ ਨਾ ਹੀ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਸਕਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਇਹ ਮਨ ਦੀ ਸਮਝ ਦੁਆਰਾ, ਪ੍ਰਮਾਤਮਾ ਦੀ ਦਿੱਤੀ ਹੋਈ ਉੱਚੀ ਸਮਝ ਦੁਆਰਾ, ਉਸਦਾ ਰੂਪ ਬਣਨ ਦੁਆਰਾ ਹੀ ਉਸਦੀ ਵਡਿਆਈ ਨੂੰ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ। **(ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥)**

ਪ੍ਰਮਾਤਮਾ ਕਿਸ ਤਰੀਕੇ ਵੱਡਾ ਹੈ ਇਸ ਗੱਲ ਦੀ ਸਮਝ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਸਦੇ ਵੱਡੇਪਨ ਨੂੰ ਜਾਨਣ ਦੁਆਰਾ ਹੀ ਪੈ ਸਕਦੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਕਿਸ ਤਰੀਕੇ

49/6682

ਇਤਨਾ ਵੱਡਾ ਹੈ।

“ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥”

ਇਹ ਗੱਲ ਤਾਂ ਹਰ ਕੋਈ ਕਹਿ ਦਿੰਦਾ ਹੈ ਕਿ ਪ੍ਰਮਾਤਮਾ ਬਹੁਤ ਵੱਡਾ ਹੈ, ਉਸਦਾ ਅਸਥਾਨ ਬਹੁਤ ਉੱਚਾ ਹੈ, ਟਿਕਾਣਾ ਬਹੁਤ ਉੱਚਾ ਹੈ ਪਰ ਪ੍ਰਮਾਤਮਾ ਕਿਸ ਰੂਪ ਵਿੱਚ ਉੱਚਾ ਹੈ ਇਸ ਗੱਲ ਦੀ ਸਮਝ ਸਾਨੂੰ ਤਾਂ ਹੀ ਪੈ ਸਕਦੀ ਹੈ ਕਿ ਪ੍ਰਮਾਤਮਾ ਆਪਣੇ ਗੁਰੂ ਰੂਪ ਵਿੱਚ ਭਾਵ ਸ਼ਬਦ ਰੂਪ ਵਿੱਚ ਕਿਸ ਤਰੀਕੇ ਉੱਚਾ ਹੈ ਕਿਉਂਕਿ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਉਸਦਾ ਉੱਚਾ ਰੂਪ ਸ਼ਬਦ ਰੂਪ ਵਿੱਚ ਹੈ ਭਾਵ ਸ਼ਬਦਾਂ ਦਾ ਗਿਆਨ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਜੋ ਕਿ ਉਸਦਾ ਨਾਮ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਵੱਡੇਪਨ ਦੇ ਰੂਪ ਵਿੱਚ ਹੀ ਹੈ, ਆਪਣੇ ਉੱਚੇ ਅਸਥਾਨ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

“ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥”

(ਅੰਗ ੧੨੨੬)

ਉਪਰ ਵਾਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਉੱਚਾ ਅਸਥਾਨ ਹੈ ਜੋ ਪ੍ਰਮਾਤਮਾ ਦਾ ਉੱਚਾ ਅਸਥਾਨ ਪੂਰੀ ਗੁਰਬਾਣੀ ਵਿੱਚ ਪੂਰਨ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਇਹੀ ਪ੍ਰਮਾਤਮਾ ਦਾ ਆਪਣਾ ਨਾਮ ਰੂਪ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਗੁਰਬਾਣੀ ਵਿੱਚ ਪ੍ਰਮਾਤਮਾ ਦਾ ਅਸਥਾਨ ਹਰ ਸ਼ਬਦ ਦੇ ਗਿਆਨ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਅੰਦਰ ਦੀ ਸਮਝ ਦੇ ਰੂਪ ਵਿੱਚ ਹੈ। ਪ੍ਰਮਾਤਮਾ ਸਭ ਦੇ ਅੰਦਰ ਤੇ ਸਭ ਜਗ੍ਹਾ ਆਪਣੇ ਗਿਆਨ ਰੂਪ ਵਿੱਚ ਹੀ ਵਿਚਰਦਾ ਹੈ ਜਿਵੇਂ ਕਿ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ ੧੨੦)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}

(ਅੰਗ ੩੫੫)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

49/6683

{ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ ॥ ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ॥
ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈਂ ॥
ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥੪॥}

(ਅੰਗ ੧੨੩੯)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥}

(ਅੰਗ ੧੨੪੩)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਉੱਚਾ ਥਾਨ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਇਹਨਾਂ ਸ਼ਬਦਾਂ ਦੀ ਵਿਆਖਿਆ ਤੇ ਹੋਰ ਅਨੇਕਾਂ ਸ਼ਬਦਾਂ ਦੀ ਵਿਆਖਿਆ ਅਸੀਂ ਪਿੱਛੇ ਲੇਖ ਵਿੱਚ ਸਮਝੀ ਹੈ ਜਿਸ ਦੁਆਰਾ ਅਸੀਂ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੇ ਉੱਚੇ ਸਥਾਨ ਨੂੰ ਜਾਣਿਆ ਹੈ ਕਿ ਪ੍ਰਮਾਤਮਾ ਦਾ ਉੱਚਾ ਸਥਾਨ ਕਿਸ ਰੂਪ ਵਿੱਚ ਹੈ। ਜਿਨ੍ਹਾਂ ਦੇ ਮਨ ਦੇ ਅੰਦਰ ਪ੍ਰਮਾਤਮਾ ਪਹਿਲੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੀ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮਨ ਦੇ ਵਿੱਚ ਭਾਵ ਮਨ ਦੀ ਉੱਚੀ ਸਮਝ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਪ੍ਰਮਾਤਮਾ ਦਾ ਉੱਚਾ ਸਥਾਨ ਸਾਡੇ ਅੰਦਰ ਹੀ ਹੈ ਤੇ ਉਸਦੇ ਉੱਚੇ ਸਥਾਨ ਨੂੰ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਉਹ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਪੂਰੀ ਗੁਰਬਾਣੀ ਵਿੱਚ ਜੋ ਪ੍ਰਮਾਤਮਾ ਦਾ ਉੱਚਾ ਸਥਾਨ ਹੈ ਭਾਵ ਬ੍ਰਹਮ ਗਿਆਨ ਹੈ ਉਹ ਮਨ ਦੀ **"ਗਿਆਨੁ ਧਿਆਨੁ"** ਵਾਲੀ ਸਮਝ ਦੁਆਰਾ ਹੀ ਪੂਰੀ ਗੁਰਬਾਣੀ ਵਿੱਚ ਪ੍ਰਗਟ ਹੋਇਆ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਹੈ। ਪ੍ਰਮਾਤਮਾ ਜਦੋਂ ਵੀ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ ਉਹ ਮਨ ਦੇ **"ਗਿਆਨੁ ਧਿਆਨੁ"** ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ। ਧਿਆਨ ਸਾਡੇ ਮਨ ਦੀ ਸਮਝ ਹੈ ਤੇ ਸਾਡੀ ਸਮਝ ਦੇ ਅੰਦਰ ਜੋ ਸੱਚਾ ਗਿਆਨ ਹੁੰਦਾ ਹੈ ਭਾਵ ਧਰਮ ਦੇ ਮਾਰਗ ਨੂੰ ਸਮਝਣ ਲਈ ਜੋ ਸੱਚਾ ਗਿਆਨ ਹੁੰਦਾ ਹੈ ਉਹ ਚੌਥੇ ਪਦ ਵਾਲਾ ਗਿਆਨ ਹੁੰਦਾ ਹੈ ਭਾਵ ਬ੍ਰਹਮ ਗਿਆਨ ਹੁੰਦਾ ਹੈ ਭਾਵ ਨਾਮ ਵਾਲਾ ਗਿਆਨ ਹੁੰਦਾ ਹੈ। ਸਾਡੇ ਅੰਦਰ ਦੀ ਗਿਆਨੁ ਧਿਆਨੁ ਵਾਲੀ ਸਮਝ ਹੀ ਪ੍ਰਮਾਤਮਾ ਦਾ ਸਾਡੇ ਅੰਦਰ ਉਸਦਾ ਉੱਚਾ ਥਾਨ ਹੈ

49/6684

ਤੇ ਪ੍ਰਮਾਤਮਾ ਦਾ ਇਹ ਉੱਚਾ ਸਥਾਨ ਹੀ, ਪੂਰੀ ਗੁਰਬਾਣੀ ਹੀ ਉਸਦਾ ਉੱਚਾ ਸਥਾਨ ਹੈ। ਹੁਣ ਅਸੀਂ ਮੁੱਖ ਸ਼ਬਦ ਦੀਆਂ ਅਗਲੀਆਂ

ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਕਿਸ ਤਰੀਕੇ ਵੱਡਾ ਹੈ, ਉੱਚਾ ਹੈ।

"ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥"

ਪ੍ਰਮਾਤਮਾ ਦਾ ਉੱਚਾ ਸਥਾਨ ਪ੍ਰਮਾਤਮਾ ਦਾ ਉੱਚਾ ਗਿਆਨ ਹੈ ਭਾਵ ਉਸਦਾ ਨਾਮ ਹੈ ਜਿਵੇਂ ਕਿ ਉਪਰ ਵਾਲੀ ਦੂਸਰੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ ਤੇ ਇਸ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ।

"ਊਚੇ ਉਪਰਿ ਊਚਾ ਨਾਉ ॥"

"ਊਚੇ ਉਪਰਿ" ਤੋਂ ਭਾਵ ਹੈ ਜਿਸ ਤਰੀਕੇ ਪ੍ਰਮਾਤਮਾ ਉੱਚਾ ਹੈ ਭਾਵ ਪ੍ਰਮਾਤਮਾ ਨੂੰ ਉੱਚਾ ਬਨਾਉਣ ਵਾਲਾ ਕੌਣ ਹੈ। ਪ੍ਰਮਾਤਮਾ ਨੂੰ ਉੱਚਾ ਬਨਾਉਣ ਵਾਲਾ ਪ੍ਰਮਾਤਮਾ ਦਾ ਨਾਮ ਹੈ ਭਾਵ ਪ੍ਰਮਾਤਮਾ ਆਪਣੇ ਨਾਮ ਦੁਆਰਾ ਉੱਚਾ ਹੈ। ਜਦ ਤਕ ਸਾਨੂੰ ਇਸ ਗੱਲ ਦੀ ਪੂਰੀ ਤਰ੍ਹਾਂ ਸਮਝ ਨਹੀਂ ਪੈਂਦੀ ਕਿ ਨਾਮ ਕੀ ਹੈ ਤਦ ਤਕ ਅਸੀਂ ਪ੍ਰਮਾਤਮਾ ਦੇ ਉੱਚੇਪਨ ਨੂੰ ਨਹੀਂ ਸਮਝ ਸਕਦੇ। ਪ੍ਰਮਾਤਮਾ ਆਪਣੇ ਗਿਆਨ ਦੁਆਰਾ ਉੱਚਾ ਹੈ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਉੱਚਾ ਹੈ ਜਿਸ ਆਪਣੇ ਬ੍ਰਹਮ ਗਿਆਨ ਦੁਆਰਾ ਭਾਵ ਨਾਮ ਦੁਆਰਾ ਪ੍ਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਜੋ ਕਿ ਉਸਨੇ ਆਪਣੇ ਨਿਰੰਕਾਰ ਰੂਪ ਦੁਆਰਾ ਕੀਤੀ ਹੈ। ਪ੍ਰਮਾਤਮਾ ਨੂੰ ਉੱਚਾ ਕਰਨ ਵਾਲਾ ਉਸਦਾ ਨਿਰੰਕਾਰ ਰੂਪ ਹੀ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਹਰ ਆਕਾਰ ਰੂਪ ਨੂੰ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਚਲਾ ਰਿਹਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਉੱਚਾਪਨ ਉਸਦੇ ਨਿਰੰਕਾਰ ਰੂਪ ਕਰਕੇ ਹੀ ਹੈ ਭਾਵ ਉਸਦੇ ਨਾਮ ਦੁਆਰਾ, ਬ੍ਰਹਮ ਗਿਆਨ ਦੁਆਰਾ ਹੀ ਹੈ। **(ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ ॥)** ਜਿਤਨਾ ਵੱਡਾ ਪ੍ਰਮਾਤਮਾ ਆਪ ਹੈ ਭਾਵ ਜਿਸ ਤਰੀਕੇ ਪ੍ਰਮਾਤਮਾ ਆਪ ਵੱਡਾ ਹੈ ਤੇ ਜੇਕਰ ਪ੍ਰਮਾਤਮਾ ਕਿਸੇ ਨੂੰ ਆਪਣੇ ਜਿਨ੍ਹਾਂ ਉੱਚਾ ਬਣਾਉਂਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਵਾਲਾ ਬਣਾਉਂਦਾ ਹੈ ਭਾਵ

49/6685

ਆਪਣੇ ਨਾਮ ਦੀ ਸਮਝ ਵਾਲਾ ਬਣਾਉਂਦਾ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। **(ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥)**

ਜਿਸਨੇ ਵੀ ਅੱਜ ਤਕ ਪ੍ਰਮਾਤਮਾ ਨੂੰ ਜਾਣਿਆ ਹੈ ਉਹਨਾਂ ਨੇ ਪ੍ਰਮਾਤਮਾ ਨੂੰ ਮਨ ਦੇ ਵਿੱਚੋਂ ਹੀ ਜਾਣਿਆ ਹੈ ਭਾਵ ਮਨ ਦੀ ਸਮਝ ਰਾਹੀਂ ਹੀ ਜਾਣਿਆ ਹੈ ਭਾਵ ਨਾਮ ਦੀ ਪ੍ਰਾਪਤੀ ਹੋਣ ਦੁਆਰਾ ਹੀ ਜਾਣਿਆ ਹੈ ਜਿਵੇਂ ਕਿ ਪਿੱਛੇ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਜਾਣਿਆ ਹੈ। ਜਿਸ ਮਨੁੱਖੀ ਰੂਪ ਦੀ ਵੀ ਪ੍ਰਮਾਤਮਾ ਸਮਝ ਉੱਚੀ ਕਰਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਕਰਦਾ ਹੈ ਉਸਨੂੰ ਆਪਣਾ ਨਾਮ ਬਖਸ਼ਣ ਦੁਆਰਾ ਹੀ ਕਰਦਾ ਹੈ ਭਾਵ ਮਨ ਦੇ ਵਿੱਚ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਪ੍ਰਗਟ ਹੋਣ ਨਾਲ ਹੀ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉੱਚਾ ਕੀਤਾ ਹੈ, ਨਾਮ ਵਾਲੀ ਸਮਝ ਪਾਉਂਣ ਦੁਆਰਾ ਕੀਤਾ ਹੈ ਜਿਸ ਉੱਚੀ ਸਮਝ ਦੁਆਰਾ ਉਹਨਾਂ ਨੇ ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਇਸੇ ਲਈ ਪੂਰੀ ਗੁਰਬਾਣੀ ਵਿੱਚ ਨਾਮ ਹੈ, ਬ੍ਰਹਮ ਗਿਆਨ ਹੈ ਭਾਵ ਚੌਥੇ ਪਦ ਦਾ ਗਿਆਨ ਹੈ ਜਿਸ ਕਰਕੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਉੱਚਾ ਸਥਾਨ ਹੈ। ਬ੍ਰਹਮ ਗਿਆਨ ਦੇਣ ਵਾਲਾ ਪ੍ਰਮਾਤਮਾ ਆਪ ਹੈ ਇਸੇ ਲਈ ਉਹ ਆਪ ਗੁਰੂ ਹੈ। **(ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥)**

ਨਾਮ ਨੂੰ ਜਾਣੇ ਬਿਨਾਂ ਭਾਵ ਪ੍ਰਮਾਤਮਾ ਕੋਲੋਂ ਉਸਦੇ ਨਾਮ ਦੀ ਦਾਤਿ ਮਿਲੇ ਬਿਨਾਂ ਅਸੀਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣ ਸਕਦੇ ਜਿਸ ਕਰਕੇ ਉਹ ਵੱਡਾ ਹੈ। ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਭਾਵ ਉਸਦੇ ਨਾਮ ਰੂਪ ਨੂੰ ਜਾਣੇ ਬਿਨਾਂ ਅਸੀਂ ਆਕਾਰ ਰੂਪ ਨੂੰ ਉੱਚਾ ਸਮਝਦੇ ਹਾਂ, ਆਪਣੇ ਆਪ ਨੂੰ ਉੱਚਾ ਸਮਝਦੇ ਹਾਂ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥"

49/6686

"ਜੇਵਡੁ" ਅੱਖਰ ਤੋਂ ਕੀ ਭਾਵ ਹੈ ਇਸਨੂੰ ਪਹਿਲੇ ਸਮਝਣ ਦੀ ਲੋੜ ਹੈ। **"ਜੇ"** ਨੂੰ ਵੱਖਰਾ ਪੜੋ ਤੇ **"ਵਡੁ"** ਨੂੰ ਵੱਖਰਾ ਪੜੋ।

“ਜੇਵਡੁ ਆਪਿ” ਤੋਂ ਭਾਵ ਹੈ ਜੇਕਰ ਅਸੀਂ ਆਪਣੇ ਆਪ ਨੂੰ ਵੱਡਾ ਸਮਝਦੇ ਹਾਂ। ਜਦ ਤਕ ਕੋਈ ਆਪਣੇ ਆਪ ਨੂੰ ਵੱਡਾ ਸਮਝਦਾ ਹੈ ਤਦ ਤਕ ਕੋਈ ਪ੍ਰਮਾਤਮਾ ਦੀ ਵਡਿਆਈ ਨੂੰ ਜਾਣ ਹੀ ਨਹੀਂ ਸਕਦਾ। ਅਸੀਂ ਆਪਣੇ ਆਪ ਨੂੰ ਵੱਡਾ ਤਾਂ ਹੀ ਜਾਣਦੇ ਹਾਂ ਜੇਕਰ ਅਸੀਂ ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਸਮਝਦੇ ਹਾਂ ਭਾਵ ਜਦ ਤਕ ਅਸੀਂ ਆਪਣੀ ਮਤਿ ਵਰਤਦੇ ਹਾਂ ਤਦ ਤਕ ਹੀ ਅਸੀਂ ਆਪਣੇ ਆਪ ਨੂੰ ਵੱਡਾ ਸਮਝਦੇ ਹਾਂ। **(ਜੇਵਡੁ ਆਪਿ ਜਾਣੈ ਆਪਿ ਆਪਿ ॥)** ਜਦ ਤਕ ਅਸੀਂ ਕਿਸੇ ਵੀ ਆਕਾਰ ਰੂਪ ਨੂੰ ਵੱਡਾ ਸਮਝਦੇ ਹਾਂ, ਭਾਵੇਂ ਆਪਣੇ ਮਨੁੱਖੀ ਰੂਪ ਨੂੰ ਵੱਡਾ ਸਮਝਦੇ ਹਾਂ ਤਦ ਤਕ ਕੋਈ ਪ੍ਰਮਾਤਮਾ ਦੀ ਵਡਿਆਈ ਨੂੰ ਨਹੀਂ ਜਾਣ ਸਕਦਾ। ਪ੍ਰਮਾਤਮਾ ਦੀ ਵਡਿਆਈ ਨੂੰ ਕੋਈ ਨਹੀਂ ਜਾਣ ਸਕਦਾ। ਪ੍ਰਮਾਤਮਾ ਦੀ ਵਡਿਆਈ ਨੂੰ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਕੋਈ ਉਸਦੇ ਨਿਰੰਕਾਰ ਰੂਪ ਨੂੰ, ਬ੍ਰਹਮ ਗਿਆਨ ਰੂਪ ਨੂੰ ਜਾਣ ਲੈਂਦਾ ਹੈ ਭਾਵ ਜਿਸ ਨੂੰ ਪ੍ਰਮਾਤਮਾ ਆਪਣੇ ਨਾਮ ਦੀ ਦਾਤਿ ਬਖਸ਼ ਦਿੰਦਾ ਹੈ ਜਿਵੇਂ ਕਿ ਉਸਨੇ ਆਪਣੇ ਨਾਮ ਦੀ ਦਾਤਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ ਤੇ ਇਹੀ ਗੱਲ ਸ਼ਬਦ ਦੀ ਅਗਲੀ ਭਾਵ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਨਦਰੀ ਕਰਮੀ ਦਾਤਿ ॥੨੪॥”

ਆਪਣੇ ਆਪ ਨੂੰ ਨਾਮ ਵਾਲਾ ਅਖਵਾਉਂਣ ਵਾਲੇ ਤਾਂ ਬਹੁਤ ਹਨ ਭਾਵ ਕਿਸੇ ਅੱਖਰ ਨੂੰ ਨਾਮ ਸਮਝਕੇ ਤੇ ਕਿਸੇ ਅੱਖਰ ਨੂੰ ਬੋਲ ਬੋਲ ਕੇ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬੋਲ ਬੋਲ ਕੇ ਆਪਣੇ ਆਪ ਨੂੰ ਨਾਮ ਜਪਣ ਵਾਲਾ ਅਖਵਾਉਂਣ ਵਾਲੇ ਤਾਂ ਬਹੁਤ ਹਨ ਪਰ ਨਾਮ ਦੀ ਦਾਤਿ ਕੀ ਹੈ ਤੇ ਪ੍ਰਮਾਤਮਾ ਕਿਸ ਤਰੀਕੇ ਬਖਸ਼ਦਾ ਹੈ ਇਸ ਗੱਲ ਨੂੰ ਪ੍ਰਮਾਤਮਾ ਕੋਲੋਂ ਉਸਦੀ ਦਾਤਿ ਮਿਲਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਦਾ ਵੱਡਾਪਨ ਕੀ ਹੈ। ਆਪਣੇ ਆਪ ਨੂੰ ਕੋਈ ਵੱਡਾ ਤਦ ਤਕ ਹੀ ਸਮਝ ਸਕਦਾ ਹੈ ਜਦ ਤਕ ਕਿਸੇ ਨੂੰ ਪ੍ਰਮਾਤਮਾ ਕੋਲੋਂ ਨਾਮ ਦੀ ਦਾਤਿ

ਨਹੀਂ ਮਿਲੀ ਜੋ ਪ੍ਰਮਾਤਮਾ ਆਪਣੀ ਦਾਤਿ ਕਿਸੇ ਨੂੰ ਆਪ ਹੀ ਬਖਸ਼ ਸਕਦਾ ਹੈ, ਕਿਸੇ ਵੱਡੇ ਕਰਮਾਂ ਵਾਲੇ ਨੂੰ ਬਖਸ਼ਦਾ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਦੇ ਵੱਡੇਪਨ ਨੂੰ ਸਮਝ ਸਕਦਾ ਹੈ ਜੋ ਉਸਦਾ ਵੱਡਾਪਨ ਉਸਦਾ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ, ਉਸਦਾ ਨਿਰੰਕਾਰ ਰੂਪ ਹੈ ਜੋ ਨਿਰੰਕਾਰ ਰੂਪ ਹਰ ਆਕਾਰ ਰੂਪ ਦਾ ਮਾਲਕ ਹੈ। ਪ੍ਰਮਾਤਮਾ ਦੀ ਸਿਫਤ ਭਾਵ ਉਸਦੀ ਵਡਿਆਈ ਨੂੰ ਕੋਈ ਤਾਂ ਹੀ ਸਮਝ ਸਕਦਾ ਹੈ ਜਦੋਂ ਪ੍ਰਮਾਤਮਾ ਕਿਸੇ ਨੂੰ ਆਪਣੇ ਨਾਮ ਦੀ ਦਾਤਿ ਬਖਸ਼ ਦਿੰਦਾ ਹੈ ਜਿਵੇਂ ਕਿ ਉਸਨੇ ਆਪਣੀ ਇਹ ਦਾਤਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ ਤੇ ਤਾਂ ਹੀ ਉਹਨਾਂ ਨੇ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਸਿਫਤ ਕੀਤੀ ਹੈ ਤੇ ਸੰਸਾਰ ਨੂੰ ਉਸਦੀ ਸਿਫਤ ਜਾਨਣ ਦਾ ਤਰੀਕਾ ਸਮਝਾਇਆ ਹੈ। **(ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥ ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥)**

ਪ੍ਰਮਾਤਮਾ ਦੀ ਸਿਫਤ ਕਿਤਨੀ ਕੂ ਉੱਚੀ ਹੈ ਇਸ ਗੱਲ ਨੂੰ ਅਸੀਂ ਉਪਰ ਸ਼ਬਦ ਰਾਹੀਂ ਸਮਝਿਆ ਹੀ ਹੈ। ਸਾਨੂੰ ਹਰਿ ਦਾਤਿ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਅਸੀਂ ਉਸ ਦੀਆਂ ਮਾਇਆ ਦੀਆਂ ਦਾਤਾਂ ਨੂੰ ਹੀ ਵੱਡੀ ਦਾਤਿ ਸਮਝਦੇ ਹਾਂ ਪਰ ਉਸਦੀ ਅਸਲ ਦਾਤਿ ਜੋ ਕਿ ਉਸਦੀ ਨਾਮ ਦੀ ਦਾਤਿ ਹੈ ਉਹ ਦਾਤਿ ਕਿਤਨੀ ਕੂ ਵੱਡੀ ਹੈ ਇਸ ਗੱਲ ਨੂੰ ਅਸੀਂ ਨਹੀਂ ਸਮਝਦੇ ਕਿ ਪ੍ਰਮਾਤਮਾ ਨਾਲ ਸਾਡਾ ਮੇਲ ਉਸਦੇ ਕੋਲੋਂ ਉਸਦੀ ਨਾਮ ਦੀ ਦਾਤਿ ਮਿਲਣ ਦੁਆਰਾ ਹੀ ਹੁੰਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦੀ ਸਿਫਤ ਕਿਤਨੀ ਕੂ ਵੱਡੀ ਹੈ ਜਿਸਦਾ ਕੋਈ ਅੰਤ ਹੀ ਨਹੀਂ ਹੈ। ਉਸਦੀ ਨਾਮ ਦੀ ਦਾਤਿ ਪਾਉਣ ਲਈ ਸਾਨੂੰ ਮਾਇਆ ਦੀਆਂ ਦਾਤਾਂ ਦੇ ਮੋਹ ਵਿੱਚੋਂ ਨਿਕਲਣਾ ਪੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸਨੂੰ ਪ੍ਰਮਾਤਮਾ ਆਪਣੀ ਨਾਮ ਦੀ ਦਾਤਿ ਬਖਸ਼ਦਾ ਹੈ ਉਸਨੂੰ ਆਪਣੀ ਪਾਤਸ਼ਾਹੀ ਹੀ ਬਖਸ਼ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੀ ਨਾਮ ਦੀ ਦਾਤਿ ਬਖਸ਼ਣ ਦੁਆਰਾ ਉਹਨਾਂ ਨੂੰ ਆਪਣੀ ਪਾਤਸ਼ਾਹੀ ਬਖਸ਼ੀ ਹੈ ਜਿਸ ਦੁਆਰਾ ਮਨੁੱਖ ਨੂੰ ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਦੀ ਸਮਝ ਪੈਂਦੀ ਹੈ। ਪ੍ਰਮਾਤਮਾ ਦੇ ਨਾਮ ਦੀ ਦਾਤਿ ਲੈਣ ਲਈ ਸਾਨੂੰ ਪ੍ਰਮਾਤਮਾ ਦੀ ਸਿਫਤ ਕਰਨ ਲਈ ਜੋ ਉੱਦਮ ਕਰਨਾ ਪੈਂਦਾ ਹੈ ਉਹ ਮਾਇਆ ਮੋਹ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਹੈ। ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ।

49/6688

“ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥
ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥
ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥
ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥
ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥”

ਪਹਿਲਾਂ ਸ਼ਬਦ ਦੀਆਂ ਉਪਰਲੀਆਂ ਦੋ ਪੰਗਤੀਆਂ ਨੂੰ ਸਮਝਦੇ ਹਾਂ।

“ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥”

ਪ੍ਰਮਾਤਮਾ ਦੀ ਸਿਫਤ ਕਰਨ ਲਈ ਸਾਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਪ੍ਰਮਾਤਮਾ ਸਾਡੇ ਤੇ ਕਿਤਨੇ ਕੂ ਵੱਡੇ ਕਰਮ ਕਰ ਰਿਹਾ ਹੈ ਭਾਵ ਬਹੁਤ ਜਿਆਦਾ ਕਰਮ ਕਰ ਰਿਹਾ ਹੈ ਜਿਨ੍ਹਾਂ ਦੀ ਸਾਨੂੰ ਸਮਝ ਹੀ ਨਹੀਂ ਪੈਂਦੀ ਕਿ ਅਸੀਂ ਇਹ ਸਮਝ ਸਕੀਏ ਭਾਵ ਲਿਖ ਸਕੀਏ ਕਿ ਪ੍ਰਮਾਤਮਾ ਇਹ ਕਰਮ ਸਾਡੇ ਤੇ ਕਿਸ ਤਰੀਕੇ ਕਰ ਰਿਹਾ ਹੈ। ਪ੍ਰਮਾਤਮਾ ਦੀ ਪੂਰੀ ਸ੍ਰਿਸ਼ਟੀ ਦਾਤਾਂ ਨਾਲ ਭਰੀ ਹੋਈ ਹੈ ਤੇ ਹਰ ਦਾਤਿ ਬਨਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ। ਪ੍ਰਮਾਤਮਾ ਨੇ ਸਭ ਕੁਝ ਆਪਣੇ ਨਾਮ ਦੁਆਰਾ ਬਣਾਇਆ ਹੈ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਪੰਜੇ ਤੱਤ ਪ੍ਰਮਾਤਮਾ ਦੀ ਬਹੁਤ ਵੱਡੀ ਦਾਤਿ ਹਨ ਤੇ ਪ੍ਰਮਾਤਮਾ ਨੇ ਸਾਨੂੰ ਇਹ ਦਾਤਾਂ ਦੇਣ ਦਾ ਵੱਡਾ ਕਰਮ ਕਿਵੇਂ ਕੀਤਾ ਹੈ ਇਸ ਗੱਲ ਨੂੰ ਅਸੀਂ ਬਿਆਨ ਨਹੀਂ ਕਰ ਸਕਦੇ। ਪ੍ਰਮਾਤਮਾ ਨੇ ਆਪਣੀਆਂ ਇਹ ਦਾਤਾਂ ਕਿਸ ਤਰੀਕੇ ਬਣਾਈਆਂ ਹਨ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਭਾਵ ਉਸਦੇ ਬ੍ਰਹਮ ਗਿਆਨ ਰੂਪ ਨੂੰ ਭਾਵ ਉਸਦੇ ਨਾਮ ਰੂਪ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈ ਸਕਦੀ ਹੈ। ਪ੍ਰਮਾਤਮਾ ਨੂੰ ਇਸ ਗੱਲ ਦਾ ਰੱਤੀ ਭਰ ਵੀ ਲਾਲਚ ਨਹੀਂ ਹੈ ਕਿ ਉਸਨੂੰ ਕੋਈ ਜਾਣੇ, ਉਸ ਦਾਤੇ ਨੂੰ ਜਾਣੇ ਜੋ ਹਰ ਦਾਤਿ ਦਾ ਮਾਲਕ ਹੈ ਤੇ ਸਭ ਦੇ ਅੰਦਰ ਹੀ ਵਰਤ ਰਿਹਾ ਹੈ, ਮਨ ਦੀ ਸਮਝ ਰਾਹੀਂ ਵਰਤ ਰਿਹਾ ਹੈ ਤੇ ਉਸਨੇ ਸਭ ਕੋਲੋਂ ਮਨ ਦੀ ਸਮਝ ਰਾਹੀਂ ਭਾਵ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਪਾ ਕੇ, ਹਉਮੈ ਵਾਲੀ ਸਮਝ ਪਾ ਕੇ, ਮਾਇਆ ਦੀ ਜੁਗਤਿ ਪਾ ਕੇ, ਪੁੱਠੇ ਕਮਲ ਵਾਲੀ ਸਮਝ ਪਾ ਕੇ ਆਪ ਹੀ ਸਭ ਕੋਲੋਂ ਆਪਣਾ ਪੜਦਾ ਪਾਇਆ ਹੋਇਆ ਹੈ ਤੇ ਸੰਸਾਰ ਦੀ ਖੇਡ ਨੂੰ ਉਹ ਸਭ ਨਾਲ ਆਪਣਾ ਪੜਦਾ ਰੱਖ ਕੇ ਹੀ ਚਲਾ ਰਿਹਾ ਹੈ। ਇਸੇ ਲਈ ਪ੍ਰਮਾਤਮਾ ਨੂੰ ਰੱਤੀ ਭਰ ਵੀ ਇਸ ਗੱਲ ਦਾ ਲਾਲਚ ਨਹੀਂ ਹੈ ਕਿ ਉਸ ਦਾਤਾਂ ਦੇ ਮਾਲਕ ਨੂੰ ਕੋਈ ਜਾਣ ਸਕੇ ਜੋ

49/6689

ਸਭ ਨੂੰ ਆਪਣੀਆਂ ਦਾਤਾਂ ਦੇਣ ਦੁਆਰਾ ਸ੍ਰਿਸ਼ਟੀ ਤੇ ਆਪਣਾ ਬਹੁਤ ਵੱਡਾ ਕਰਮ ਕਰ ਰਿਹਾ ਹੈ। **(ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥)**

ਉਸ ਵੱਡੇ ਪ੍ਰਮਾਤਮਾ ਨੂੰ ਹਰ ਕੋਈ ਜਾਨਣਾ ਵੀ ਚਾਹੁੰਦਾ ਹੈ ਤੇ ਮਾਇਆ ਦੇ ਮੋਹ ਵਿੱਚੋਂ ਵੀ ਨਹੀਂ ਨਿਕਲਣਾ ਚਾਹੁੰਦਾ ਜਿਸ ਮਾਇਆ ਮੋਹ ਵਿੱਚ ਪੈ ਕੇ ਮਨੁੱਖ ਉਹੋ ਜਿਹੇ ਕਰਮ ਕਰਦਾ ਹੈ ਭਾਵ ਮਾੜੇ ਕਰਮ ਕਰਦਾ ਹੈ ਜੋ ਮਾੜੇ ਕਰਮ ਕਰਨ ਦੁਆਰਾ ਪ੍ਰਮਾਤਮਾ ਨੂੰ ਭਾਵ ਉਸ ਦਾਤਾਂ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥

ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥”

“ਜੋਧ ਅਪਾਰ” ਤੋਂ ਭਾਵ ਹੈ ਪ੍ਰਮਾਤਮਾ ਜੋ ਅਪਾਰ ਤਾਕਤ ਦਾ ਮਾਲਕ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਹੈ। ਉਸ ਅਪਾਰ ਪ੍ਰਮਾਤਮਾ ਨੂੰ ਹਰ ਕੋਈ ਮੰਗਦਾ ਹੈ ਭਾਵ ਉਸਨੂੰ ਜਾਨਣਾ ਚਾਹੁੰਦਾ ਹੈ। ਪ੍ਰਮਾਤਮਾ ਨੂੰ ਮੰਗਣ ਵਾਲੇ ਭਾਵ ਜੋ ਉਸਨੂੰ ਜਾਨਣਾ ਚਾਹੁੰਦੇ ਹਨ, ਉਸਦੀ ਤਾਕਤ ਨੂੰ ਜਾਨਣਾ ਚਾਹੁੰਦੇ ਹਨ ਇਹੋ ਜਿਹੇ ਕਿਤਨੇ ਕੂ ਹਨ ਜਿਨ੍ਹਾਂ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ ਭਾਵ ਅਨਗਿਣਤ ਹੀ ਹਨ। **(ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥)**

ਪ੍ਰਮਾਤਮਾ ਕੋਲੋਂ ਉਸਦੇ ਨਾਲ ਮੇਲ ਮੰਗਣ ਦਾ ਤਰੀਕਾ ਕੀ ਹੈ ਭਾਵ ਉਸਨੂੰ ਜਾਨਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਸੱਚੇ ਸੁੱਚੇ ਕਰਮ ਕਰਨ ਦਾ ਹੈ ਪਰ ਆਪਣੀ ਆਪਣੀ ਮਤਿ ਅਨੁਸਾਰ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਸੀਂ ਅਨੇਕਾਂ ਹੀ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ, ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਦਾ ਜਪ ਕਰਦੇ ਹਾਂ ਜਿਸ ਕਰਕੇ ਅਸੀਂ ਉਸ ਪ੍ਰਮਾਤਮਾ ਦੇ ਨਾਲ ਮੇਲ ਨਹੀਂ ਕਰ ਸਕਦੇ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਮਾਇਆ ਮੋਹ ਛੱਡਣ ਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਦਾ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਮਾੜੇ ਕਰਮ ਕਰਦੇ ਹਾਂ ਭਾਵ ਵਿਕਾਰੀ ਮਨੁੱਖ ਬਣਦੇ ਹਾਂ ਤੇ ਮਨ ਦੇ ਵਿਕਾਰ ਛੱਡੇ ਬਿਨਾਂ ਉਸ ਅਪਾਰ ਜੋਧ ਦੇ ਮਾਲਕ ਪ੍ਰਮਾਤਮਾ ਨੂੰ ਜਾਨਣਾ ਭਾਵ ਉਸਦੇ ਨਾਲ ਮੇਲ ਦੀ ਮੰਗ ਕਰਨਾ ਕੇਵਲ ਖਪਣ ਵਾਲੀ ਗੱਲ ਹੈ ਭਾਵ ਆਪਣੇ ਆਪ ਨੂੰ ਖੁਆਰ

49/6690

ਕਰਨ ਦੀ ਗੱਲ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥”

ਪ੍ਰਮਾਤਮਾ ਸਾਨੂੰ ਅਨਗਿਣਤ ਹੀ ਦਾਤਾਂ ਦੇ ਰਿਹਾ ਹੈ ਜਿਵੇਂ ਕਿ ਹਰ ਕੋਈ ਸਮਝਦਾ ਹੈ ਕਿ ਸਭ ਕੁਝ ਦੇਣ ਵਾਲਾ ਆਪ ਪ੍ਰਮਾਤਮਾ ਹੀ ਹੈ ਜੋ ਸ੍ਰਿਸ਼ਟੀ ਦਾ ਕਰਤਾ ਹੈ। ਪ੍ਰਮਾਤਮਾ ਸਾਨੂੰ ਇਤਨਾ ਕੁਝ ਦਿੰਦਾ ਹੈ ਤੇ ਉਸਦੇ ਬਦਲੇ ਪ੍ਰਮਾਤਮਾ ਸਾਡੇ ਕੋਲੋਂ ਇਹੀ ਕੁਝ ਚਾਹੁੰਦਾ ਹੈ ਕਿ ਅਸੀਂ ਉਸਦੀ ਬਣਾਈ ਹੋਈ ਸ੍ਰਿਸ਼ਟੀ ਨੂੰ ਸੁਚਾਰੂ ਢੰਗ ਨਾਲ ਚਲਾਈਏ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸ੍ਰਿਸ਼ਟੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਦਾ ਤਰੀਕਾ ਮਨੁੱਖ ਦੇ ਸੱਚੇ ਸੁੱਚੇ ਕਰਮ ਹੀ ਹਨ ਜੋ ਚੰਗੇ ਕਰਮ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਵਿਕਾਰਾਂ ਵਿੱਚੋਂ ਨਿਕਲਣ ਦੁਆਰਾ ਹੀ ਕਰ ਸਕਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਵਿੱਚ ਕੋਈ ਮਾੜਾ ਕਰਮ ਨਾ ਕਰੀਏ ਭਾਵ ਮਨੁੱਖਤਾ ਦੇ ਹਰ ਜੀਵ ਦੇ ਭਲੇ ਲਈ ਵਿਚਰੀਏ। ਜੋ ਪ੍ਰਮਾਤਮਾ ਕੋਲੋਂ ਦਾਤਾਂ ਲੈ ਕੇ ਉਸਦੇ ਬਦਲੇ ਚੰਗੇ ਕਰਮ ਕਰਨ ਦੀ ਬਜਾਏ ਮਾੜੇ ਕਰਮ ਕਰਦਾ ਹੈ ਇਹ ਗੁਰੂ ਦੀ ਮਤਿ ਨੂੰ ਮੰਨਣ ਤੋਂ ਮੁਕਰਨਾ ਹੈ। ਗੁਰੂ ਸਾਨੂੰ ਬਾਰ-ਬਾਰ ਚੰਗੇ ਕਰਮ ਕਰਨ ਲਈ ਹੀ ਸਮਝਾਉਂਦਾ ਹੈ। ਜੋ ਗੁਰੂ ਦੀ ਮਤਿ ਨੂੰ ਮੰਨਣ ਤੋਂ ਮੁਕਰਦੇ ਹਨ ਉਹਨਾਂ ਨੂੰ ਹੀ ਉਪਰ ਪੰਗਤੀ ਰਾਹੀਂ ਮੂਰਖ ਕਿਹਾ ਹੈ, ਨਾਸਮਝ ਕਿਹਾ ਹੈ ਜੋ ਪ੍ਰਮਾਤਮਾ ਦੀਆਂ ਦਾਤਾਂ ਦੀ ਕਦਰ ਨਹੀਂ ਕਰਦੇ ਭਾਵ ਉਹਨਾਂ ਨੂੰ ਕੇਵਲ ਆਪਣੇ ਲਈ ਵਰਤਦੇ ਹਨ, ਆਪ ਹੀ ਖਾਂਦੇ ਹਨ ਭਾਵ ਕਿਸੇ ਹੋਰ ਦਾ ਭਲਾ ਨਹੀਂ ਸੋਚਦੇ ਭਾਵ ਮਾਇਆ ਮੋਹ ਨਹੀਂ ਛੱਡਦੇ, ਆਪਣੀਆਂ ਤ੍ਰਿਸ਼ਨਾਵਾਂ ਨਹੀਂ ਛੱਡਦੇ ਜਿਸ ਲਈ ਉਹ ਵਿਕਾਰੀ ਬਣਕੇ ਆਪਣੇ ਭਲੇ ਲਈ ਵਿਚਰਦੇ ਹਨ। ਇਹੋ ਜਿਹੇ ਮਨੁੱਖ ਜੇਕਰ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਵੀ ਸਮਝਦੇ ਹਨ, ਉਸਦਾ ਨਾਮ ਜਪਣ ਵਾਲਾ ਵੀ ਸਮਝਦੇ ਹਨ ਇਹ ਕੇਵਲ ਉਹਨਾਂ ਦੇ ਖਪਣ ਵਾਲੀ

ਗੱਲ ਹੈ, ਆਪਣੇ ਆਪ ਨੂੰ ਖੁਆਰ ਕਰਨ ਵਾਲੀ ਗੱਲ ਹੈ ਜਿਸ ਤਰੀਕੇ ਉਸ ਜੋਧ ਅਪਾਰ ਦੇ ਨਾਲ ਭਾਵ ਅਪਾਰ ਤਾਕਤ

49/6691

ਦੇ ਮਾਲਕ ਦੇ ਨਾਲ ਮੇਲ ਦੀ ਮੰਗ ਨਹੀਂ ਕੀਤੀ ਜਾ ਸਕਦੀ। **(ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥)**

ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਮੰਗ ਕਿਵੇਂ ਕੀਤੀ ਜਾਂਦੀ ਹੈ, ਕਿਵੇਂ ਹੋ ਸਕਦੀ ਹੈ ਤੇ ਪ੍ਰਮਾਤਮਾ ਦੇ ਨਾਮ ਦੀ ਦਾਤਿ ਕਿਵੇਂ ਮਿਲ ਸਕਦੀ ਹੈ ਭਾਵ ਉਸਦੀ ਉਸ ਦਾਤਿ ਨੂੰ ਕਿਵੇਂ ਪਾਇਆ ਜਾ ਸਕਦਾ ਹੈ ਜੋ ਕਿ ਉਸਦੀ ਮਨੁੱਖ ਦੇ ਲਈ ਸਭ ਤੋਂ ਵੱਡੀ ਦਾਤਿ ਹੈ ਜਿਸ ਦਾਤਿ ਦੀ ਪ੍ਰਾਪਤੀ ਦੇ ਨਾਲ ਉਸ ਦਾਤਾਂ ਦੇ ਮਾਲਕ ਦਾਤੇ ਨੂੰ ਆਪਣੇ ਅੰਦਰੋਂ ਮਨੁੱਖ ਜਾਣ ਲੈਂਦਾ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਬਾਰੇ ਕਹਿ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ ਭਾਵ ਇਸ ਸ੍ਰਿਸ਼ਟੀ ਦਾ ਰਚਨਹਾਰ ਕੌਣ ਹੈ ਤੇ ਆਪਣੀ ਹਰ ਦਾਤਿ ਨੂੰ ਉਸਨੇ ਕਿਸ ਤਰੀਕੇ ਬਣਾਇਆ ਹੈ। ਆਉ ਇਸ ਗੱਲ ਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਦੇ ਹਾਂ ਤੇ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥”

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਮਾਇਆ ਮੋਹ ਛੱਡਣ ਦਾ ਹੈ ਤੇ ਮਨੁੱਖ ਲਈ ਮਾਇਆ ਦੀਆਂ ਦਾਤਾਂ ਦਾ ਮੋਹ ਛੱਡਣਾ ਕਿਤਨਾ ਕੂ ਔਖਾ ਹੈ ਇਸਨੂੰ ਹਰ ਕੋਈ ਸਮਝਦਾ ਹੈ। ਮਾਇਆ ਮੋਹ ਛੱਡਣ ਲਈ ਗੁਰੂ ਦੀ ਮਤਿ ਅਨੁਸਾਰ ਚੱਲਣਾ ਪੈਂਦਾ ਹੈ ਤੇ ਗੁਰੂ ਦੀ ਮਤਿ ਅਨੁਸਾਰ ਚੱਲਣਾ ਹੀ ਗੁਰੂ ਪ੍ਰਮਾਤਮਾ ਦਾ ਨਾਮ ਜਪਣਾ ਹੈ ਜਿਸ ਲਈ ਸਾਰੇ ਵਿਕਾਰ ਛੱਡਣੇ ਪੈਂਦੇ ਹਨ ਭਾਵ ਸਾਰੀਆਂ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ। ਮਨੁੱਖ ਆਪਣੇ ਆਪ ਮਾਇਆ ਮੋਹ ਵਿੱਚੋਂ ਨਿਕਲ ਸਕੇ ਇਹ ਬਹੁਤ ਔਖਾ ਹੈ ਕਿਉਂਕਿ ਮਨ ਦੀਆਂ ਤ੍ਰਿਸ਼ਨਾਵਾਂ ਸਾਡੇ ਵੱਸ ਨਹੀਂ ਹਨ। ਸਾਡੀਆਂ ਤ੍ਰਿਸ਼ਨਾਵਾਂ ਸਾਡੇ ਅੰਦਰ ਦੇ ਵਿਚਾਰ ਹਨ ਤੇ ਆਪਣੇ ਅੰਦਰ ਦੇ ਵਿਚਾਰ ਛੱਡਣ ਲਈ ਗੁਰੂ ਦੇ ਹਰ ਵਿਚਾਰ ਨੂੰ ਮੰਨਣਾ ਪੈਂਦਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਮਨੁੱਖ ਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਦੀ ਮਾਰ ਭਾਵ ਔਖਾਪਨ ਸਹਿਣਾ ਪੈਂਦਾ ਹੈ। **“ਸਦ ਮਾਰ”** ਤੋਂ ਭਾਵ ਹੈ ਪ੍ਰਮਾਤਮਾ ਦੇ ਸਦੇ ਦੀ ਮਾਰ ਭਾਵ ਜਿਸਨੂੰ ਪ੍ਰਮਾਤਮਾ ਆਪਣੇ ਕੋਲ ਸੱਦਦਾ ਹੈ ਭਾਵ ਆਪਣੇ ਆਪ ਨਾਲ ਮਿਲਾਉਂਦਾ ਹੈ ਉਸਨੂੰ ਫਿਰ ਮਾਇਆ ਮੋਹ ਛੱਡਣ ਦਾ ਫਿਰ ਦੁੱਖ ਵੀ ਸਹਿਣਾ ਪੈਂਦਾ ਹੈ। ਮਾਇਆ ਦੀ ਭੁੱਖ ਸਭ ਦੇ ਅੰਦਰ ਹੁੰਦੀ ਹੈ ਤੇ ਮਨੁੱਖ ਨੂੰ ਫਿਰ ਭੁੱਖ ਪ੍ਰਮਾਤਮਾ

49/6692

ਦਾ ਸੱਦਾ ਕਬੂਲ ਕਰਨ ਲਈ ਇਹ ਭੁੱਖ ਸਹਿਣੀ ਪੈਂਦੀ ਹੈ ਪਰ ਪ੍ਰਮਾਤਮਾ ਦੀ ਇਸ ਸਦੇ ਦੀ ਮਾਰ ਪਿੱਛੇ ਪ੍ਰਮਾਤਮਾ ਦੀ ਕਿਤਨੀ ਕੂ ਵੱਡੀ ਦਾਤਿ ਛੁਪੀ ਹੁੰਦੀ ਹੈ ਇਸ ਦਾਤਿ ਦੀ ਮਨੁੱਖ ਨੂੰ ਸਮਝ ਨਹੀਂ ਹੁੰਦੀ। ਇਹ ਦਾਤਿ ਪ੍ਰਮਾਤਮਾ ਦੇ ਨਾਲ ਮੇਲ ਦੀ ਦਾਤਿ ਹੈ। ਲੇਖ ਦੇ ਸ਼ੁਰੂ ਵਿੱਚ ਦਾਸ ਨੇ ਇਸ ਗੱਲ ਦਾ ਕੁਝ ਜਿਕਰ ਵੀ ਕੀਤਾ ਹੋਇਆ ਹੈ ਕਿ ਦਾਸ ਨਾਲ ਕੀ ਕੁਝ ਹੋਇਆ ਤੇ ਕਿਤਨਾ ਕੂ ਔਖਾਪਨ ਸਹਿਣਾ ਪਿਆ ਜਿਸ ਲਈ ਦਾਸ ਨੂੰ ਬਿਨਾ ਕਿਸੇ ਕਸੂਰ ਦੇ ਵੱਡਾ ਔਖਾਪਨ ਸਹਿਣਾ ਪਿਆ ਪਰ ਇਸ ਦੇ ਪਿੱਛੇ ਪ੍ਰਮਾਤਮਾ ਦੀ ਕਿਤਨੀ ਕੂ ਵੱਡੀ ਦਾਤਿ ਛੁਪੀ ਹੋਈ ਸੀ ਇਸ ਗੱਲ ਦੀ ਸਮਝ ਦਾਸ ਨੂੰ ਉਦੋਂ ਪਈ ਜਦੋਂ ਇਹ ਸਮਝ ਲੱਗੀ ਕਿ ਮੇਰੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋਇਆ ਹੈ ਤੇ ਕਿਸ ਰੂਪ ਵਿੱਚ ਪ੍ਰਗਟ ਹੋਇਆ ਹੈ। ਪ੍ਰਮਾਤਮਾ ਦੀ ਇਹ ਦਾਤਿ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਬਖਸ਼ਣ ਦੀ ਦਾਤਿ ਹੈ ਜਿਸ ਦਾਤਿ ਦੀ ਪ੍ਰਾਪਤੀ ਦੁਆਰਾ ਮਨੁੱਖ ਦੀ ਬੰਧਨ ਤੋਂ ਖਲਾਸੀ ਹੁੰਦੀ ਹੈ, ਮਾਇਆ ਦੇ ਬੰਧਨ ਤੋਂ ਮੁਕਤੀ ਹੁੰਦੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਤੋਂ, ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤੀ ਹੁੰਦੀ ਹੈ ਭਾਵ ਹਉਮੈ ਤੋਂ, ਤ੍ਰੈ ਗੁਣਾਂ ਤੋਂ ਮੁਕਤੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਮੁਕਤੀ ਮਿਲਣਾ ਕੀ ਹੈ ਜੋ ਮੁਕਤੀ ਕਿਸੇ ਮਨੁੱਖ ਨੂੰ ਇਸ ਸਰੀਰ ਦੇ ਰਹਿੰਦੇ ਹੋਏ ਹੀ ਮਿਲ ਸਕਦੀ ਹੈ। ਜਿਸਨੇ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆਂ ਹੈ ਉਹਨਾਂ ਨੇ ਆਪਣੇ ਅੰਦਰੋਂ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਹੋ ਕੇ ਹੀ ਜਾਣਿਆ ਹੈ ਤੇ ਤਾਂ ਹੀ ਉਹਨਾਂ ਨੇ ਗੁਰਬਾਣੀ ਵਿੱਚ ਇਤਨਾ ਵੱਡਾ ਗਿਆਨ ਪਾਇਆ ਹੈ ਜੋ ਗੁਰਬਾਣੀ ਦਾ ਸੱਚਾ ਗਿਆਨ ਹਰ ਅਗਿਆਨਤਾ ਤੋਂ ਮੁਕਤ ਹੈ, ਹਰ ਭਰਮ ਤੋਂ ਮੁਕਤ ਹੈ ਜਿਸਦਾ ਮਕਸਦ ਹੀ ਭਰਮਾਂ ਵਾਲੀ ਸਮਝ ਤੋਂ ਮੁਕਤ

ਕਰਨ ਦਾ ਹੈ ਤੇ ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤ ਹੋਣ ਦਾ ਉੱਦਮ ਭਾਵ ਸੱਚਾ ਉੱਦਮ ਉਹੀ ਕਰਦਾ ਹੈ ਜੋ ਸ਼ਬਦਾਂ ਦੀ ਵਿਚਾਰ ਨੂੰ ਮੰਨਦਾ ਹੈ ਤੇ ਆਪਣੀ ਸੁਰਤਿ ਦੇ ਵਿਚਾਰਾਂ ਨੂੰ ਛੱਡਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਦਾ ਹੈ ਤੇ ਮਨਮਤਿ ਨੂੰ ਛੱਡਦਾ ਹੈ। ਅਸੀਂ ਇਹ ਸੱਚਾ ਉੱਦਮ ਹੀ ਕਰਨਾ ਹੈ ਤੇ ਮਨ ਦੇ ਬੰਧਨ ਤੋਂ ਮੁਕਤੀ

49/6693

ਕੋਈ ਪ੍ਰਮਾਤਮਾ ਦੀ ਰਜਾ ਦੁਆਰਾ ਹੀ ਲੈ ਸਕਦਾ ਹੈ ਜਿਵੇਂ ਕਿ ਉਪਰ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਜੋ ਕੋਈ ਵੀ ਪ੍ਰਮਾਤਮਾ ਬਾਰੇ ਆਖ ਸਕਦਾ ਹੈ ਉਹ ਮਨ ਦੇ ਬੰਧਨ ਤੋਂ ਮੁਕਤ ਹੋ ਕੇ ਹੀ ਆਖ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਬਾਰੇ ਆਖਿਆ ਹੈ ਤੇ ਉਸਦਾ ਆਖਣ ਸਾਰੇ ਸੰਸਾਰ ਨੂੰ ਸਿਖਾਇਆ ਹੈ। ਮਨ ਦੇ ਬੰਧਨ ਤੋਂ ਮੁਕਤ ਹੋਏ ਬਿਨਾਂ ਹੋਰ ਕੋਈ ਪ੍ਰਮਾਤਮਾ ਬਾਰੇ ਆਖ ਸਕੇ ਭਾਵ ਪ੍ਰਮਾਤਮਾ ਦੀ ਅਸਲੀਅਤ ਬਾਰੇ ਬਿਆਨ ਕਰ ਸਕੇ ਇਹ ਨਹੀਂ ਹੋ ਸਕਦਾ ਜਿਵੇਂ ਕਿ ਉਪਰ ਵਾਲੀ ਪੰਗਤੀ ਦੁਆਰਾ ਨਾਲ ਹੀ ਸਪਸ਼ਟ ਕੀਤਾ ਹੋਇਆ ਹੈ ਕਿਉਂਕਿ ਪ੍ਰਮਾਤਮਾ ਨਾਲੋਂ ਸਾਡਾ ਪੜਦਾ ਮਨ ਦੇ ਵਿੱਚ ਮਾਇਆ ਦਾ ਬੰਧਨ ਹੀ ਹੈ ਜਿਸ ਬੰਧਨ ਵਿੱਚੋਂ ਨਿਕਲੇ ਬਿਨਾਂ ਕੋਈ ਪ੍ਰਮਾਤਮਾ ਨੂੰ ਜਾਣ ਸਕੇ ਇਹ ਨਹੀਂ ਹੋ ਸਕਦਾ। ਪ੍ਰਮਾਤਮਾ ਜਿਸਨੂੰ ਵੀ ਬੰਧਨ ਤੋਂ ਮੁਕਤ ਕਰਦਾ ਹੈ ਉਸਨੂੰ ਹੀ ਆਪਣੀ ਅਸਲ ਦਾਤਿ ਬਖਸ਼ਦਾ ਹੈ ਭਾਵ ਨਾਮ ਦੀ ਦਾਤਿ ਬਖਸ਼ਦਾ ਹੈ ਭਾਵ ਬ੍ਰਹਮ ਗਿਆਨ ਦੀ ਦਾਤਿ ਬਖਸ਼ਦਾ ਹੈ ਜੋ ਉਸਦੀ ਦਾਤਿ ਮਿਲਣ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਅਕਾਲ ਪੁਰਖ ਦਾ ਨਿਰੰਕਾਰ ਰੂਪ ਕੀ ਹੈ ਭਾਵ ਨਾਮ ਰੂਪ ਕੀ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਅਕਾਲ ਪੁਰਖ ਹਰ ਆਕਾਰ ਰੂਪ ਦਾ ਮਾਲਕ ਹੈ, ਹਰ ਸੰਸਾਰੀ ਦਾਤਿ ਦਾ ਮਾਲਕ ਹੈ ਭਾਵ ਇੱਕੋ ਇੱਕ ਆਪ ਹੀ ਦਾਤਾ ਹੈ ਜੋ ਸਭ ਨੂੰ ਆਪਣੀਆਂ ਦਾਤਾਂ ਵੰਡਣ ਵਾਲਾ ਹੈ। **(ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥)**

ਜਿਵੇਂ ਕਿ ਅਸੀਂ ਉਪਰਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਬਾਰੇ ਕੋਈ ਤਾਂ ਹੀ ਕਹਿ ਸਕਦਾ ਹੈ, ਆਖ ਸਕਦਾ ਹੈ ਜਦੋਂ ਕੋਈ ਮਨ ਦੇ ਬੰਧਨ ਤੋਂ ਮੁਕਤ ਹੋ ਕੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਗਿਆਨ ਰੂਪ ਨੂੰ ਜਾਣ ਲੈਂਦਾ ਹੈ। ਪ੍ਰਮਾਤਮਾ ਬਾਰੇ ਆਖਣ ਵਾਲੇ, ਪ੍ਰਮਾਤਮਾ ਦੀ ਭਗਤੀ ਵਾਲਾ ਅਖਵਾਉਂਣ ਵਾਲੇ, ਦੂਸਰਿਆਂ ਨੂੰ ਭਗਤੀ ਦਾ ਮਾਰਗ ਸਮਝਾਉਣ ਵਾਲੇ, ਨਾਮ ਜਪਣਾ ਸਮਝਾਉਣ ਵਾਲੇ ਬਹੁਤ ਹਨ ਪਰ ਉਹਨਾਂ ਨੂੰ ਜੋ ਕਿ ਪ੍ਰਮਾਤਮਾ ਦੀ ਸਭ ਤੋਂ ਵੱਡੀ ਦਾਤਿ ਹੈ ਭਾਵ ਨਾਮ ਦੀ ਦਾਤਿ ਹੈ ਜੋ ਮਨੁੱਖ ਨੂੰ ਹਉਮੈ ਦੇ ਬੰਧਨ ਤੋਂ ਮੁਕਤ ਕਰਦੀ ਹੈ ਉਸ ਦਾਤਿ ਦੀ ਸਮਝ ਨਹੀਂ ਹੁੰਦੀ ਤੇ ਉਹ ਕੇਵਲ ਸੰਸਾਰਿਕ ਦਾਤਾਂ ਨੂੰ ਹੀ, ਮਾਇਆ ਦੀਆਂ ਦਾਤਾਂ ਨੂੰ ਹੀ ਪ੍ਰਮਾਤਮਾ ਦੀ ਵੱਡੀ ਦਾਤਿ ਸਮਝਦੇ ਹਨ ਤੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ

49/6694

ਕੁਝ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੀ ਸਿਫਤ ਸਾਲਾਹ ਉਹੀ ਕਰ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪਣੀ ਨਾਮ ਦੀ ਦਾਤਿ ਬਖਸ਼ ਦਿੰਦਾ ਹੈ ਭਾਵ ਮਨ ਦੇ ਬੰਧਨ ਤੋਂ ਮੁਕਤ ਕਰ ਦਿੰਦਾ ਹੈ।

“ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ ॥

ਆਖਹਿ ਸਿ ਭਿ ਕੇਈ ਕੇਇ ॥ ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥”

ਉਪਰ ਵਾਲੀ ਪਹਿਲੀ ਪੰਗਤੀ ਦੁਆਰਾ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ **“ਖਾਇਕੁ”** ਕਿਸਨੂੰ ਕਿਹਾ ਹੈ ਭਾਵ ਨਾਸਮਝ ਮਨੁੱਖ ਭਾਵ ਭਗਤੀ ਦੀ ਨਾਸਮਝੀ ਵਾਲਾ ਕਿਸਨੂੰ ਕਿਹਾ ਹੈ, ਕੱਚੀ ਮਤਿ ਵਾਲਾ ਕਿਸਨੂੰ ਕਿਹਾ ਹੈ। ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤਕ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਨਹੀਂ ਲੈਂਦਾ ਭਾਵ ਜਦ ਤਕ ਕੋਈ ਮਨ ਦੇ ਬੰਧਨ ਤੋਂ ਮੁਕਤ ਨਹੀਂ ਹੋ ਜਾਂਦਾ, ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤ ਨਹੀਂ ਹੋ ਜਾਂਦਾ ਤਦ ਤਕ ਹਰ ਕੋਈ ਮਨ ਦੀ ਨਾਸਮਝ ਮਤਿ ਕਰਕੇ ਭਾਵ ਮਨਮਤਿ ਕਰਕੇ, ਮਾਇਆ ਦੀ ਜੁਗਤਿ ਦੀ ਸਮਝ ਕਰਕੇ, ਹਉਮੈ ਵਾਲੀ ਸਮਝ ਵਿੱਚ ਰਹਿਣ ਕਰਕੇ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿਣ ਕਰਕੇ ਭਾਵ ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਰਹਿਣ ਕਰਕੇ ਹਰ ਕੋਈ **“ਖਾਇਕੁ”** ਹੀ ਹੈ। **“ਖਾਇਕੁ”** ਵਾਲੀ ਸਮਝ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਗੁਰੂ ਹੀ ਕੱਢ ਸਕਦਾ ਹੈ ਜੋ ਉੱਚੇ ਗਿਆਨ ਦਾ ਮਾਲਕ ਹੈ, ਬ੍ਰਹਮ

ਗਿਆਨ ਦਾ ਮਾਲਕ ਹੈ ਭਾਵ ਨਾਮ ਦਾ ਮਾਲਕ ਹੈ। ਪੂਰੀ ਗੁਰਬਾਣੀ ਵਿੱਚ ਬ੍ਰਹਮ ਗਿਆਨ ਉਸ ਨਿਰੰਕਾਰ ਕੋਲੋਂ ਹੀ ਆਇਆ ਹੋਇਆ ਹੈ ਜੋ ਬ੍ਰਹਮ ਗਿਆਨ ਦਾ ਮਾਲਕ ਹੈ। ਜਦ ਤਕ ਕਿਸੇ ਨੂੰ ਬ੍ਰਹਮ ਗਿਆਨ ਦੇ ਮਾਲਕ ਕੋਲੋਂ ਉਸਦੇ ਬ੍ਰਹਮ ਗਿਆਨ ਦੀ ਦਾਤਿ ਭਾਵ ਨਾਮ ਦੀ ਦਾਤਿ ਨਹੀਂ ਮਿਲ ਜਾਂਦੀ ਤਦ ਤਕ ਕੋਈ ਵੀ ਮਨ ਦੇ ਬੰਧਨ ਤੋਂ ਮੁਕਤਿ ਨਹੀਂ ਹੋ ਸਕਦਾ ਤੇ ਮਨ ਦੇ ਬੰਧਨ ਤੋਂ ਮੁਕਤਿ ਹੋਏ ਬਿਨਾਂ ਹਰ ਕੋਈ ਮਨ ਦੀ ਨਾਸਮਝੀ ਦੁਆਰਾ **"ਖਾਇਕੁ"** ਹੀ ਰਹਿੰਦਾ ਹੈ। **"ਖਾਇਕੁ"** ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ, ਨਹੀਂ ਸਮਝ ਸਕਦਾ, ਨਹੀਂ ਸਮਝ ਸਕਦਾ ਕਿ ਨਾਮ ਦੀ ਦਾਤਿ ਕੀ ਹੈ ਜੋ ਨਾਮ ਦੀ ਦਾਤਿ ਮਨ ਦੇ ਵਿੱਚ ਭਾਵ ਮਨ ਦੇ ਵਿੱਚ ਬ੍ਰਹਮ ਗਿਆਨ ਵਾਲੀ ਸਮਝ ਪੈਣ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਹੋਣ ਵਾਲੀ ਸਮਝ ਹੈ ਜੋ ਆਪਣੀ

ਉੱਚੀ ਸਮਝ ਭਾਵ ਚਉਥੇ ਪਦ ਦੇ ਗਿਆਨ ਵਾਲੀ ਸਮਝ, ਸਹਜ ਗਿਆਨ ਵਾਲੀ ਸਮਝ ਭਾਵ ਬਿਬੇਕ ਬੁਧਿ ਵਾਲੀ ਸਮਝ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਜੋ ਸਮਝ ਪਾਉਂਣ ਦੁਆਰਾ ਪ੍ਰਮਾਤਮਾ ਆਪਣੇ ਆਪ ਦੀ ਅਸਲੀਅਤ, ਇਸ ਸੰਸਾਰ ਦੀ ਅਸਲੀਅਤ, ਆਪਣੇ ਨਿਰੰਕਾਰ ਰੂਪ ਤੇ ਆਕਾਰ ਰੂਪ ਵਿੱਚ ਭੇਦ ਆਪ ਹੀ ਸਮਝਾਉਂਦਾ ਹੈ ਤੇ ਆਪਣੀ ਇਸ ਉੱਚੀ ਸਮਝ ਦੁਆਰਾ ਹੀ ਉਹ ਆਪਣੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜਿਸ ਸੱਚੀ ਭਗਤੀ ਦੇ ਮਾਰਗ ਤੇ ਚੱਲਕੇ ਪ੍ਰਮਾਤਮਾ ਨੂੰ ਪਾਉਂਣ ਦਾ ਸੱਚਾ ਉੱਦਮ ਕੀਤਾ ਜਾ ਸਕਦਾ ਹੈ ਤੇ ਕਿਸੇ ਨੂੰ ਇਸ ਗੱਲ ਦੀ ਸਮਝ ਪੈ ਸਕਦੀ ਹੈ ਕਿ ਪ੍ਰਮਾਤਮਾ ਦਾ **"ਆਖਣਿ"** ਕੀ ਹੈ ਜਿਵੇਂ ਕਿ ਇਹ ਆਪਣੀ ਉੱਚੀ ਸਮਝ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਜਿਸ ਉੱਚੀ ਸਮਝ ਦੇ ਰੂਪ ਵਿੱਚ ਉਹਨਾਂ ਨੂੰ ਪ੍ਰਮਾਤਮਾ ਦੇ ਕੋਲੋਂ ਉਸਦੇ ਨਾਮ ਦੀ ਦਾਤਿ ਪ੍ਰਾਪਤ ਹੋਈ ਹੈ ਜਿਸ ਤੋਂ ਵੱਡੀ ਦਾਤਿ ਕੋਈ ਹੋਰ ਦਾਤਿ ਨਹੀਂ ਹੋ ਸਕਦੀ ਪਰ ਜਦ ਤਕ ਕਿਸੇ ਨੂੰ ਪ੍ਰਮਾਤਮਾ ਦੇ ਕੋਲੋਂ ਮਨ ਦੀ ਸਮਝ ਦੇ ਵਿੱਚ ਉਸਦੇ ਨਾਮ ਦੀ ਭਾਵ ਬ੍ਰਹਮ ਗਿਆਨ ਦੀ ਦਾਤਿ ਪ੍ਰਾਪਤ ਨਹੀਂ ਹੁੰਦੀ ਤਦ ਤਕ ਮਨੁੱਖ ਸੰਸਾਰਿਕ ਦਾਤਾਂ ਨੂੰ ਭਾਵ ਮਾਇਆ ਦੀਆਂ ਦਾਤਾਂ ਨੂੰ ਹੀ ਪ੍ਰਮਾਤਮਾ ਦੀਆਂ ਦਾਤਾਂ ਸਮਝਦਾ ਹੈ ਜਿਵੇਂ ਕਿ ਸਾਨੂੰ ਉਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਅਸੀਂ ਉਹਨਾਂ ਦਾਤਾਂ ਨੂੰ ਹੀ ਕੇਵਲ ਪ੍ਰਮਾਤਮਾ ਦੀ ਦਾਤਿ ਸਮਝਦੇ ਹਾਂ ਜੋ ਅਸੀਂ ਆਪਣੇ ਮੂੰਹ ਨਾਲ ਖਾਂਦੇ ਹਾਂ ਭਾਵ ਜੋ ਦਾਤਾਂ ਅਸੀਂ ਆਪਣੇ ਸਰੀਰ ਦੇ ਸੁੱਖ ਲਈ ਵਰਤਦੇ ਹਾਂ। ਪ੍ਰਮਾਤਮਾ ਕੋਲੋਂ ਉਸਦੇ ਨਾਮ ਦੀ ਦਾਤਿ ਮਿਲੇ ਬਿਨਾਂ ਅਸੀਂ ਸੰਸਾਰਿਕ ਦਾਤਾਂ ਦੇ ਮੋਹ ਵਿੱਚ ਹੀ ਰਹਿੰਦੇ ਹਾਂ ਜਿਨ੍ਹਾਂ ਦਾਤਾਂ ਦੇ ਮੋਹ ਵਿੱਚ ਰਹਿੰਦੇ ਹੋਏ ਸਾਨੂੰ ਪ੍ਰਮਾਤਮਾ ਦਾ ਆਖਣ ਭਾਵ ਉਸਦੀ ਅਸਲ ਭਗਤੀ ਦਾ ਮਾਰਗ ਸਮਝ ਨਹੀਂ ਆ ਸਕਦਾ ਭਾਵ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਦਾ ਮਾਰਗ ਸਮਝ ਨਹੀਂ ਆ ਸਕਦਾ। ਹੁਣ ਅਸੀਂ ਉਪਰ ਵਾਲੇ ਸ਼ਬਦ ਦੇ ਮਕਸਦ ਨੂੰ ਹੋਰ ਵੀ ਬਰੀਕੀ ਨਾਲ ਸਮਝ ਸਕਦੇ ਹਾਂ ਕਿ ਗੁਰੂ ਸਾਹਿਬ ਸਾਨੂੰ ਉਪਰ ਵਾਲੇ ਸ਼ਬਦ ਰਾਹੀਂ ਕੀ ਸਮਝਾ ਰਹੇ ਹਨ। **(ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥)**

ਜਦ ਤਕ ਕਿਸੇ ਨੂੰ ਨਾਮ ਦੀ ਦਾਤਿ ਦੀ ਪ੍ਰਾਪਤੀ ਨਹੀਂ ਹੋ ਜਾਂਦੀ ਤਦ ਤਕ ਕੋਈ ਕਿਸੇ ਨੂੰ ਪ੍ਰਮਾਤਮਾ ਦੇ ਨਾਮ ਬਾਰੇ ਸਮਝਾ ਸਕੇ ਇਹ ਨਾਮੁਮਕਿਨ ਹੈ ਪਰ ਨਾਮ ਸਮਝਾਉਂਣ ਵਾਲੇ ਬਹੁਤ ਹਨ, ਜਗ੍ਹਾ ਜਗ੍ਹਾ ਬੈਠੇ ਹਨ ਜੋ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰੀ ਲਫਜਾਂ ਨੂੰ ਬੋਲਣਾ ਹੀ

ਪ੍ਰਮਾਤਮਾ ਦਾ ਨਾਮ ਜਪਣਾ ਸਮਝਦੇ ਹਨ ਤੇ ਇਹੀ ਕੁਝ ਦੂਸਰਿਆਂ ਨੂੰ ਸਮਝਾਉਂਦੇ ਹਨ। ਇਹੀ ਕੁਝ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਨਾਮ ਦੀ ਦਾਤਿ ਨੂੰ ਸਮਝਣ ਵਿੱਚ ਨਾ ਆਪ ਭਰਮ ਵਿੱਚ ਰਹੀਏ ਤੇ ਨਾ ਦੂਸਰਿਆਂ ਨੂੰ ਭਰਮਾਂ ਵਿੱਚ ਪਾਈਏ ਭਾਵ ਨਾ ਆਪ ਉਸ ਸ੍ਰਿਸ਼ਟੀ ਦੇ ਕਰਤੇ ਦੀਆਂ ਨਜਰਾਂ ਵਿੱਚ ਮਾੜੇ ਬਣੀਏ ਤੇ ਨਾ ਦੂਸਰਿਆਂ ਨੂੰ ਮਾੜਾ ਬਣਨਾ ਸਿਖਾਈਏ।

"ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥

ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥"

ਉਪਰ ਵਾਲੀ ਪੰਗਤੀ ਰਾਹੀਂ ਬੜਾ ਹੀ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਆਪਣੇ ਨਾਮ ਦੀ ਦਾਤਿ ਨੂੰ ਪ੍ਰਮਾਤਮਾ ਆਪ ਹੀ ਜਾਣਦਾ ਹੈ ਤੇ ਆਪਣੀ ਉਹ ਦਾਤਿ ਕਿਸੇ ਨੂੰ ਆਪ ਹੀ ਦਿੰਦਾ ਹੈ। **(ਆਪੇ ਜਾਣੈ ਆਪੇ ਦੇਇ ॥)** ਪ੍ਰਮਾਤਮਾ ਦੀ ਨਾਮ ਦੀ ਦਾਤਿ ਕੀ ਹੈ ਤੇ ਉਹ ਕਿਵੇਂ ਮਿਲਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਆਪਣੀ ਇਹ ਦਾਤਿ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਬਖਸ਼ਦਾ ਹੈ ਜਿਵੇਂ ਕਿ ਉਸਨੇ ਆਪਣੀ ਨਾਮ ਦੀ ਦਾਤਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ ਤੇ ਇਹ ਦਾਤਿ ਮਿਲਣ ਦੁਆਰਾ ਹੀ ਕੋਈ ਪ੍ਰਮਾਤਮਾ ਦਾ ਆਖਣ ਆਖ ਸਕਦਾ ਹੈ ਜੋ ਆਖਣ ਵਾਲੇ ਕੋਈ ਵਿਰਲੇ ਹੀ ਹੁੰਦੇ ਹਨ। ਪ੍ਰਮਾਤਮਾ ਬਾਰੇ ਉਹੀ ਕੁਝ ਆਖ ਸਕਦਾ ਹੈ ਜੋ ਉਸਨੂੰ ਪਹਿਲੇ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਉਹੀ ਜਾਣ ਸਕਦਾ ਹੈ ਜਿਸਨੂੰ ਪ੍ਰਮਾਤਮਾ ਆਪਣੀ ਇਹ ਨਾਮ ਦੀ ਦਾਤਿ ਬਖਸ਼ਦਾ ਹੈ ਕਿਉਂਕਿ ਆਪਣੇ ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ। ਪ੍ਰਮਾਤਮਾ ਕੋਲੋਂ ਉਸਦੇ ਨਾਮ ਦੀ ਦਾਤਿ ਮਿਲਣਾ ਜਾਂ ਮਨ ਦੀ ਸਮਝ ਦੁਆਰਾ ਮਨ ਦੇ ਵਿੱਚੋਂ ਗਿਆਨ ਦੇ ਮਾਲਕ ਨੂੰ ਜਾਨਣਾ, ਬ੍ਰਹਮ ਗਿਆਨ ਦੇ ਮਾਲਕ ਨੂੰ ਜਾਨਣਾ ਇੱਕੋ ਹੀ ਗੱਲ ਹੈ ਕਿਉਂਕਿ ਪ੍ਰਮਾਤਮਾ ਕੋਲੋਂ ਨਾਮ ਦੀ ਦਾਤਿ ਮਿਲਣਾ ਜਾਂ ਉਸ ਕੋਲੋਂ ਬ੍ਰਹਮ ਗਿਆਨ ਵਾਲੀ ਸਮਝ ਦੀ ਦਾਤਿ ਮਿਲਣਾ ਇੱਕ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਜਿਸਨੂੰ ਵੀ ਪ੍ਰਮਾਤਮਾ ਆਪਣੀ ਨਾਮ

49/6697

ਦੀ ਦਾਤਿ ਬਖਸ਼ਦਾ ਹੈ ਭਾਵ ਆਪਣੇ ਨਾਲ ਮੇਲ ਦੀ ਦਾਤਿ ਬਖਸ਼ਦਾ ਹੈ ਉਸ ਮਨੁੱਖੀ ਸਮਝ ਨੂੰ ਪ੍ਰਮਾਤਮਾ ਭਾਵ ਸ੍ਰਿਸ਼ਟੀ ਦਾ ਪਾਤਸ਼ਾਹ ਆਪਣੀ ਪਾਤਸ਼ਾਹੀ ਹੀ ਬਖਸ਼ ਦਿੰਦਾ ਹੈ ਭਾਵ ਆਪਣਾ ਵੱਡਾਪਨ ਬਖਸ਼ ਦਿੰਦਾ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਵੱਡਾ ਹੈ, ਬ੍ਰਹਮ ਗਿਆਨ ਦੁਆਰਾ ਵੱਡਾ ਹੈ ਤੇ ਜਿਸਨੂੰ ਉਹ ਆਪਣੀ ਪਾਤਸ਼ਾਹੀ ਬਖਸ਼ਦਾ ਹੈ ਉਸਨੂੰ ਉਹ ਆਪਣੀ ਪਾਤਸ਼ਾਹੀ ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਬਖਸ਼ਦਾ ਹੈ ਜਿਵੇਂ ਕਿ ਉਹ ਆਪਣੇ ਗੁਰੂ ਰੂਪ ਦੁਆਰਾ ਪ੍ਰਗਟ ਹੋ ਕੇ ਕਿਸੇ ਮਨੁੱਖੀ ਸਮਝ ਦੇ ਵਿੱਚ ਉਸ ਮਨੁੱਖ ਨੂੰ ਆਪਣੀ ਪਾਤਸ਼ਾਹੀ ਬਖਸ਼ਦਾ ਹੈ। ਉਸਦੀ ਪਾਤਸ਼ਾਹੀ ਮਿਲੇ ਬਿਨਾਂ ਕੋਈ ਉਸ ਪ੍ਰਮਾਤਮਾ ਦੀ ਸਿਫਤ ਸਾਲਾਹ ਨਹੀਂ ਕਰ ਸਕਦਾ ਕਿਉਂਕਿ ਉਸਦੀ ਸਿਫਤ ਸਾਲਾਹ ਮਨ ਦੇ ਵਿੱਚ ਸਚੁ ਦੀ ਪ੍ਰਾਪਤੀ ਹੋਣ ਦੁਆਰਾ ਹੀ ਕੀਤੀ ਜਾ ਸਕਦੀ ਹੈ। ਧਰਮ ਦੇ ਮਾਰਗ ਦਾ ਸੱਚ ਕੇਵਲ ਉਸੇ ਮਨੁੱਖ ਦੀ ਹੀ ਸਮਝ ਵਿੱਚ ਹੁੰਦਾ ਹੈ ਜਿਸ ਮਨੁੱਖ ਨੂੰ ਸੱਚੀ ਸਮਝ ਭਾਵ ਨਾਮ ਵਾਲੀ ਸਮਝ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਬਖਸ਼ਦਾ ਹੈ। ਜਿਸ ਸਮਝ ਵਿੱਚ ਬ੍ਰਹਮ ਗਿਆਨ ਹੁੰਦਾ ਹੈ ਉਸਦੇ ਅੰਦਰ ਕੇਵਲ ਸੱਚ ਹੀ ਹੁੰਦਾ ਹੈ ਭਾਵ ਕੋਈ ਭਰਮ ਨਹੀਂ ਹੁੰਦਾ, ਕੋਈ ਝੂਠ ਨਹੀਂ ਹੁੰਦਾ। ਪ੍ਰਮਾਤਮਾ ਦੀ ਸਿਫਤ ਸਾਲਾਹ ਕੇਵਲ ਮਨ ਦੀ ਸੱਚੀ ਸਮਝ ਦੁਆਰਾ ਹੀ ਕੀਤੀ ਜਾ ਸਕਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਗੁਰਬਾਣੀ ਦੇ ਹਰ ਸ਼ਬਦ ਰਾਹੀਂ ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਹੀ ਕੀਤੀ ਹੈ ਭਾਵ ਸਾਰੇ ਸੰਸਾਰ ਨੂੰ ਪ੍ਰਮਾਤਮਾ ਬਾਰੇ, ਪ੍ਰਮਾਤਮਾ ਦੀ ਸ੍ਰਿਸ਼ਟੀ ਬਾਰੇ ਇੱਕੋ ਜਿਹਾ ਸੱਚ ਹੀ ਸਮਝਾਇਆ ਹੈ, ਇੱਕੋ ਜਿਹਾ ਨਾਮ ਹੀ ਸਮਝਾਇਆ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ ਭਾਵ ਇੱਕੋ ਜਿਹੇ ਸੱਚੇ ਮਾਰਗ ਤੇ ਚੱਲਣਾ ਹੀ ਸਮਝਾਇਆ ਹੋਇਆ ਹੈ ਜੋ ਸੱਚਾ ਮਾਰਗ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਮੰਨ ਕੇ ਉਸ ਤੇ ਚੱਲਣ ਦਾ ਹੈ, ਹਰ ਅਉਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਇਸ ਸੱਚੇ ਮਾਰਗ ਤੇ ਕੋਈ ਸੰਸਾਰੀ ਮਾਇਆ ਮੋਹ ਦੇ ਵਿੱਚੋਂ ਨਿਕਲਕੇ ਹੀ ਚੱਲ ਸਕਦਾ ਹੈ ਭਾਵ ਸੰਸਾਰਿਕ ਦਾਤਾਂ ਦੇ ਮੋਹ ਵਿੱਚੋਂ ਨਿਕਲਕੇ ਤੇ ਨਾਮ ਦੀ ਦਾਤਿ ਦੇ ਮੋਹ ਨਾਲ ਜੁੜਕੇ ਹੀ ਚੱਲ ਸਕਦਾ ਹੈ। ਪ੍ਰਮਾਤਮਾ ਦੇ ਨਾਮ ਦੀ ਦਾਤਿ ਕਿਤਨੀ ਕੁ ਵੱਡੀ ਦਾਤਿ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਪ੍ਰਮਾਤਮਾ ਦੇ ਕੋਲੋਂ ਉਸਦੇ ਨਾਮ ਦੀ ਦਾਤਿ ਮਿਲਣ ਦੁਆਰਾ ਹੀ ਪੈ ਸਕਦੀ ਹੈ ਪਰ ਹਰ ਕੋਈ

49/6698

ਮਾਇਆ ਦੀਆਂ ਦਾਤਾਂ ਦੇ ਮੋਹ ਵਿੱਚ ਹੀ ਫਸਿਆ ਰਹਿੰਦਾ ਹੈ ਜਿਸ ਕਰਕੇ ਉਹ ਨਾਮ ਦੀ ਦਾਤਿ ਕਿਤਨੀ ਕੁ ਵੱਡੀ ਹੈ ਇਸ ਗੱਲ ਨੂੰ ਸਮਝ ਹੀ ਨਹੀਂ ਸਕਦਾ। ਉਪਰ ਵਾਲੇ ਪੂਰੇ ਸ਼ਬਦ ਦੁਆਰਾ ਅਸੀਂ ਇਹ ਕੁਝ ਹੀ ਸਮਝਿਆ ਹੈ। **(ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ॥ ਆਖਹਿ ਸਿ ਭਿ ਕੇਈ ਕੇਇ ॥ ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥)**

ਪ੍ਰਮਾਤਮਾ ਦੇ ਨਾਮ ਦੀ ਦਾਤਿ ਅਮੁੱਲ ਹੈ ਭਾਵ ਜਿਸਦਾ ਕੋਈ ਮੁੱਲ ਨਹੀਂ ਹੈ, ਜਿਸਦਾ ਮੁੱਲ ਨਹੀਂ ਪਾਇਆ ਜਾ ਸਕਦਾ। ਜਦ ਤਕ ਪ੍ਰਮਾਤਮਾ ਇਹ ਅਮੁੱਲੀ ਦਾਤਿ ਕਿਸੇ ਨੂੰ ਆਪ ਨਹੀਂ ਬਖਸ਼ਦਾ ਤਦ ਤਕ ਉਸਦੀ ਇਸ ਦਾਤਿ ਨੂੰ ਕੋਈ ਨਹੀਂ ਪਾ ਸਕਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਇਹ ਅਮੁੱਲ ਦਾਤਿ ਹੀ ਹੈ ਜੋ ਕਿ ਉਸਦੇ ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ, ਗੁਰੂ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ। ਨਾਮ ਦੀ ਪ੍ਰਾਪਤੀ ਹੋਣਾ ਜਾਂ ਗੁਰਮਤਿ ਦੀ ਸੱਚੀ ਸਮਝ ਦੀ ਪ੍ਰਾਪਤੀ ਹੋਣਾ ਇੱਕੋ ਹੀ ਗੱਲ ਹੈ ਭਾਵ ਅਮੁੱਲ ਗੁਰੂ ਦੀ ਮਤਿ ਹੀ ਹੈ, ਅਮੁੱਲ ਗੁਰੂ ਦੀ ਸਿੱਖਿਆ ਹੀ ਹੈ ਜਿਸਦਾ ਮੁੱਲ ਪਾਉਂਣਾ ਸਾਡੇ ਲਈ ਸੌਖਾ ਨਹੀਂ ਹੈ। ਗੁਰਮਤਿ ਦਾ ਮੁੱਲ ਤਾਂ ਹੀ ਪਾਇਆ ਜਾ ਸਕਦਾ ਹੈ ਜੇ ਅਸੀਂ ਪੂਰੀ ਤਰ੍ਹਾਂ ਗੁਰਮਤਿ ਤੇ ਚੱਲ ਸਕੀਏ। ਗੁਰਮਤਿ ਤੇ ਪੂਰੀ ਤਰ੍ਹਾਂ ਚੱਲਣ ਲਈ ਭਾਵ ਨਾਮ ਤੇ ਪੂਰੀ ਤਰ੍ਹਾਂ ਚੱਲਣ ਲਈ ਪਹਿਲੇ ਨਾਮ ਦੀ, ਗੁਰਮਤਿ ਦੀ ਭਾਵ ਗੁਰੂ ਦੀ ਸਿੱਖਿਆ ਦੀ ਸਮਝ ਦਾ ਹੋਣਾ ਜਰੂਰੀ ਹੈ। ਅਸੀਂ ਗੁਰੂ ਦੀ ਗੱਲ ਨੂੰ ਤਾਂ ਹੀ ਪੂਰੀ ਤਰ੍ਹਾਂ ਮੰਨ ਸਕਦੇ ਹਾਂ ਜੇ ਪਹਿਲਾਂ ਇਸ ਗੱਲ ਦੀ ਸਮਝ ਹੋਵੇ ਕਿ ਗੁਰੂ ਨੇ ਸਾਨੂੰ ਸਮਝਾਇਆ ਕੀ ਹੈ। ਗੁਰੂ ਦੀ ਸਮਝ ਨੂੰ ਅਸੀਂ ਤਾਂ ਹੀ ਬਰੀਕੀ ਨਾਲ ਸਮਝ ਸਕਦੇ ਹਾਂ ਭਾਵ ਉਸਨੂੰ ਸਮਝਣ ਦਾ ਸੱਚਾ ਉਪਰਾਲਾ ਤਾਂ ਹੀ ਕਰ ਸਕਦੇ ਹਾਂ ਜੇਕਰ ਕੇਵਲ ਤੇ ਕੇਵਲ ਗੁਰੂ ਦੀ ਸਮਝ ਨੂੰ ਹੀ ਸੱਚੀ ਤੇ ਸੁੱਚੀ ਸਮਝ ਜਾਣੀਏ ਤੇ ਹੋਰ ਕਿਸੇ ਦੀ ਸਮਝ ਨਾਲ ਨਾ ਜੁੜੀਏ ਜੋ ਸਾਨੂੰ ਉਹੋ ਜਿਹੀ ਗੁਰਮਤਿ ਸਮਝਾਉਂਦੇ ਹਨ, ਉਹੋ ਜਿਹਾ ਨਾਮ ਸਮਝਾਉਂਦੇ ਹਨ, ਉਹੋ ਜਿਹੀ ਗੁਰੂ ਦੀ ਸਿੱਖਿਆ ਸਮਝਾਉਂਦੇ ਹਨ ਜੋ ਅਸਲ ਵਿੱਚ ਗੁਰੂ ਦੀ ਸਿੱਖਿਆ ਹੈ ਹੀ ਨਹੀਂ, ਗੁਰਮਤਿ ਹੈ ਹੀ ਨਹੀਂ, ਨਾਮ ਹੈ ਹੀ ਨਹੀਂ। ਅਸੀਂ ਉਸ ਅਮੁੱਲ ਪ੍ਰਮਾਤਮਾ ਨੂੰ ਪਾਉਂਣਾ ਚਾਹੁੰਦੇ ਹਾਂ ਜੋ ਆਪਣੇ ਸੱਚੇ ਗਿਆਨ ਰਾਹੀਂ ਅਮੁੱਲ ਹੈ, ਬ੍ਰਹਮ

ਗਿਆਨ ਰਾਹੀਂ, ਆਪਣੇ ਨਾਮ ਰਾਹੀਂ ਅਮੁੱਲ ਹੈ ਤੇ ਉਸ ਅਮੁੱਲ ਨੂੰ ਪਾਉਂਣ ਦਾ ਸੱਚਾ ਉਪਰਾਲਾ ਤਾਂ ਹੀ ਕੀਤਾ ਜਾ ਸਕਦਾ ਹੈ ਜੇਕਰ ਅਸੀਂ ਉਸਦੀ ਅਮੁੱਲ ਵਸਤੂ ਨਾਲ ਜੁੜੀਏ ਭਾਵ ਗੁਰੂ ਦੀ ਅਮੁੱਲ ਮਤਿ ਨਾਲ ਜੁੜੀਏ। ਪ੍ਰਮਾਤਮਾ ਦਾ ਆਖਣ, ਪ੍ਰਮਾਤਮਾ ਦੀ ਸਿਫਤ ਸਾਲਾਹ ਉਸਦੀ ਅਮੁੱਲ ਮਤਿ ਨਾਲ ਜੁੜਨ ਦੁਆਰਾ ਹੀ ਕੀਤੀ ਜਾ ਸਕਦੀ ਹੈ ਨਾ ਕਿ ਉਹਨਾਂ ਦੀ ਮਤਿ ਨਾਲ ਜੁੜਕੇ ਜਿਨ੍ਹਾਂ ਨੂੰ ਇਸ ਗੱਲ ਦੀ ਵੀ ਸਮਝ ਨਹੀਂ ਹੈ ਪ੍ਰਮਾਤਮਾ ਕਿਸ ਕਰਕੇ ਅਮੁੱਲ ਹੈ। ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦਾ ਆਪਣਾ ਭਾਵ ਉਸਦਾ ਸੱਚਾ ਆਖਣ ਕੀ ਹੈ ਜਦ ਕਿ ਪ੍ਰਮਾਤਮਾ ਨੂੰ ਆਖਣ ਵਾਲੇ ਤਾਂ ਬਹੁਤ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਦਾ ਆਖਣ ਕੀ ਹੈ ਇਸ ਗੱਲ ਦੀ ਸਮਝ ਹੀ ਨਹੀਂ।

“ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥”

ਉਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਹਿਲਾਂ ਸਮਝ ਚੁਕੇ ਹਾਂ ਜਿਸ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ **“ਅਮੁਲ ਵਾਪਾਰ”** ਕੀ ਹੈ, ਅਮੁੱਲ ਭੰਡਾਰ ਕੀ ਹੈ। ਅਸੀਂ ਆਪਣੇ ਜੀਵਨ ਵਿੱਚ ਵਾਪਾਰ ਨਾਮ ਦਾ ਹੀ ਕਰਨਾ ਹੈ ਜੋ ਪ੍ਰਮਾਤਮਾ ਦਾ ਨਾਮ ਅਮੁੱਲ ਹੈ। ਅਮੁੱਲ ਵਸਤੂ ਦਾ ਵਾਪਾਰ ਗੁਰੂ ਦੀ ਅਮੁੱਲ ਵਸਤੂ ਨਾਲ ਜੁੜਕੇ ਹੀ ਹੋ ਸਕਦਾ ਹੈ। ਗੁਰੂ ਦੀ ਅਮੁੱਲ ਵਸਤੂ ਗੁਰੂ ਦੀ ਅਮੁੱਲ ਮਤਿ ਹੈ ਜੋ ਗੁਰੂ ਦੀ ਵਸਤੂ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਗੁਰੂ ਦੇ ਨਾਮ ਦੇ

ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੇ ਸ਼ਬਦਾਂ ਦਾ ਗਿਆਨ ਅਮੁੱਲ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਤੋਂ ਉੱਚਾ ਗਿਆਨ ਕੋਈ ਹੋਰ ਗਿਆਨ ਨਹੀਂ ਹੋ ਸਕਦਾ। **{ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥ ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}** ਅੰਗ ੯੦੪ ਸਭ ਤੋਂ ਉੱਚੀ ਸ਼ਬਦ ਦੀ ਵਿਚਾਰ ਹੈ ਤੇ ਸਭ ਤੋਂ ਉੱਚਾ ਆਪ ਪ੍ਰਮਾਤਮਾ ਹੈ, ਉਸਦਾ ਨਾਮ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਕਿਉਂਕਿ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੀ ਆਪ ਪ੍ਰਮਾਤਮਾ ਹੈ। **{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥ ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}** ਅੰਗ ੧੨੦ ਸ਼ਬਦ ਦੀ ਵਿਚਾਰ ਅਮੁੱਲ ਇਸ ਲਈ ਹੈ ਕਿਉਂਕਿ ਉਸਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਹਰ ਸ਼ਬਦ ਦੀ ਵਿਚਾਰ

49/6700

ਬ੍ਰਹਮ ਗਿਆਨ ਹੈ, ਗੁਰੂ ਦਾ ਨਾਮ ਹੈ। ਪ੍ਰਮਾਤਮਾ ਦਾ ਅਮੁੱਲ ਰੂਪ ਸਮਝੇ ਬਿਨਾਂ ਅਸੀਂ ਅਮੁੱਲ ਵਾਪਾਰ ਨਹੀਂ ਕਰ ਸਕਦੇ। ਸਾਡੇ ਜੀਵਨ ਦਾ ਮਕਸਦ ਉਸ ਅਮੁੱਲ ਵਸਤੂ ਨੂੰ ਪ੍ਰਾਪਤ ਕਰਨ ਦਾ ਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੀ ਹੈ ਭਾਵ ਨਾਮ ਦੀ ਪ੍ਰਾਪਤੀ ਕਰਨ ਦਾ ਹੀ ਹੈ, ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨ ਦਾ ਹੀ ਹੈ। ਪ੍ਰਮਾਤਮਾ ਆਪਣੇ ਗੁਣਾਂ ਕਰਕੇ ਅਮੁੱਲ ਹੈ। ਅਸੀਂ ਸੰਸਾਰ ਵਿੱਚ ਹਰ ਆਕਾਰ ਰੂਪ ਦੇ ਵਿੱਚ ਜੋ ਵੀ ਗੁਣ ਦੇਖਦੇ ਹਾਂ ਉਹ ਗੁਣ ਹਰ ਵਸਤੂ ਦੇ ਵਿੱਚ ਪ੍ਰਮਾਤਮਾ ਦਾ ਹੀ ਪਾਇਆ ਹੋਇਆ ਹੈ ਭਾਵ ਉਸਦੀ ਬ੍ਰਹਮ ਗਿਆਨ ਰੂਪ ਸਾਇੰਸ ਦਾ ਹੀ ਪਾਇਆ ਹੋਇਆ ਹੈ। ਪੂਰੀ ਗੁਰਬਾਣੀ ਗੁਰੂ ਦੇ ਗੁਣਾਂ ਨਾਲ ਭਰਪੂਰ ਹੈ ਜੋ ਹਰ ਗੁਣ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਅਸੀਂ ਉਸ ਅਮੁੱਲ ਵਸਤੂ ਦਾ ਵਾਪਾਰ ਕਰਨਾ ਹੈ ਜੋ ਆਪਣੇ ਗੁਣਾਂ ਦੁਆਰਾ ਅਮੁੱਲ ਹੈ ਤੇ ਉਸ ਅਮੁੱਲ ਵਸਤੂ ਦਾ ਵਾਪਾਰ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਗੁਰਬਾਣੀ ਦੇ ਅੰਦਰ ਦੀ ਉਸ ਵਸਤੂ ਨਾਲ ਜੁੜੀਏ ਜੋ ਅਮੁੱਲ ਹੈ ਭਾਵ ਬ੍ਰਹਮ ਗਿਆਨ ਰੂਪ ਵਸਤੂ ਨਾਲ ਜੁੜੀਏ, ਨਾਮ ਰੂਪ ਵਸਤੂ ਨਾਲ ਜੁੜੀਏ ਭਾਵ ਸ਼ਬਦਾਂ ਦੀ ਵਿਚਾਰ ਦੇ ਨਾਲ ਜੁੜੀਏ। **ਸ਼ਬਦਾਂ ਦੀ ਵਿਚਾਰ ਦੇ ਨਾਲ ਆਪਣੀ ਸੁਰਤਿ ਦੇ ਵਿਚਾਰ ਛੱਡਣ ਦੁਆਰਾ ਹੀ ਜੁੜਿਆ ਜਾ ਸਕਦਾ ਹੈ ਭਾਵ ਆਪਣੀ ਨਾਸਮਝ ਮਤਿ ਛੱਡਣ ਦੁਆਰਾ ਹੀ ਜੁੜਿਆ ਜਾ ਸਕਦਾ ਹੈ।** ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਤਾਂ ਇਹੋ ਹੀ ਹੈ ਭਾਵ ਅਮੁੱਲ ਵਾਪਾਰ ਕਰਨ ਦਾ ਤਰੀਕਾ ਇਹੋ ਹੀ ਹੈ ਜਿਸ ਵਸਤੂ ਦੀ ਪ੍ਰਾਪਤੀ ਦੁਆਰਾ ਹੀ ਕੋਈ ਪ੍ਰਮਾਤਮਾ ਦਾ ਆਖਣ ਆਖ ਸਕਦਾ ਹੈ ਪਰ ਪ੍ਰਮਾਤਮਾ ਨੂੰ ਜਾਣੇ ਬਿਨਾਂ ਉਸਨੂੰ ਆਖਣ ਵਾਲੇ ਬਹੁਤ ਹਨ ਜਿਵੇਂ ਕਿ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਪਾਉਂਣ ਦਾ ਕੇਵਲ ਤੇ ਕੇਵਲ ਇੱਕੋ ਹੀ ਤਰੀਕਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਉਹਨਾਂ ਤੇ ਅਮਲ ਕਰਨ ਦਾ ਹੈ ਤੇ ਇਸ ਤੋਂ ਬਿਨਾਂ ਅਸੀਂ ਜੋ ਕੋਈ ਵੀ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਤੇ ਇਸੇ ਲਈ ਉਹਨਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਤੇ ਉਪਰ ਵਾਲੇ ਸ਼ਬਦ ਰਾਹੀਂ ਵੀ ਸਾਡੇ ਉਹੋ ਜਿਹੇ ਤਰੀਕਿਆਂ ਦਾ ਖੰਡਨ ਹੀ ਕੀਤਾ ਹੋਇਆ ਹੈ ਕਿ ਇਹਨਾਂ ਤਰੀਕਿਆਂ ਨਾਲ ਪ੍ਰਮਾਤਮਾ ਨੂੰ

49/6701

ਨਹੀਂ ਪਾਇਆ ਜਾ ਸਕਦਾ ਭਾਵ ਉਸ ਅਮੁੱਲ ਵਸਤੂ ਦਾ ਵਾਪਾਰ ਨਹੀਂ ਕੀਤਾ ਜਾ ਸਕਦਾ। ਜੋ ਵੀ ਉਸ ਅਮੁੱਲ ਵਸਤੂ ਦੀ ਪ੍ਰਾਪਤੀ ਕਰਦਾ ਹੈ ਪ੍ਰਮਾਤਮਾ ਉਸਦੀ ਪਹਿਲੀ ਸਮਝ ਨੂੰ ਹੀ ਉੱਚਾ ਕਰਦਾ ਹੈ ਭਾਵ ਉਸਦੀ ਸਮਝ ਨੂੰ ਨਾਮ ਵਾਲੀ ਸਮਝ, ਬ੍ਰਹਮ ਗਿਆਨ ਵਾਲੀ ਸਮਝ ਬਣਾਉਂਦਾ ਹੈ ਜਿਸ ਉੱਚੀ ਸਮਝ ਦੁਆਰਾ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਉਹ ਨਾਮ ਰੂਪ ਅਮੁੱਲ ਵਸਤੂ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਉਸ ਅਮੁੱਲ ਵਸਤੂ ਦਾ ਵਾਪਾਰ ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਉਸ ਤੇ ਅਮਲ ਕਰਨ ਦੁਆਰਾ ਹੀ ਹੋ ਸਕਦਾ ਹੈ ਜੋ ਕਿ ਸਭ ਦਾ ਸੱਚਾ ਉੱਦਮ ਹੋਣਾ ਚਾਹੀਦਾ ਹੈ। ਪ੍ਰਮਾਤਮਾ ਦਾ ਆਖਣ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ ਪਰ ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨਾਂ ਆਪਣੀ ਆਪਣੀ ਮਤਿ ਦੁਆਰਾ, ਵੱਖਰੇ ਵੱਖਰੇ ਭਗਤੀ ਦੇ ਤਰੀਕਿਆਂ ਦੁਆਰਾ ਜੋ ਪਾਉਂਣਾ ਚਾਹੁੰਦੇ ਹਨ, ਇਹ ਗੁਰੂ ਦਾ ਬੋਲ ਵਿਗਾੜਨ ਵਾਲੀ ਗੱਲ ਹੈ। ਹਰ ਸ਼ਬਦ ਦੀ ਵਿਚਾਰ ਗੁਰੂ ਦੇ ਬੋਲ ਹਨ ਤੇ ਗੁਰੂ ਦੇ ਬੋਲ ਨੂੰ ਮੰਨ ਕੇ ਉਸ ਅਨੁਸਾਰ ਵਿਚਰਨਾ ਹੀ ਗੁਰੂ ਦਾ ਆਖਣ ਹੈ। ਗੁਰੂ ਦੇ ਬੋਲ ਵਿਗਾੜਨਾ ਕੀ ਹੈ ਜਿਸ ਲਈ ਮਨੁੱਖ ਨੂੰ ਵੱਡਾ ਗਵਾਰ ਕਿਹਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਜਿੱਥੇ ਉਪਰ ਵਾਲੇ ਸ਼ਬਦ ਨੂੰ ਸਮਝਿਆ ਹੈ ਉਥੇ ਬੜੀ ਹੀ ਬਰੀਕੀ ਨਾਲ ਸਮਝਿਆ ਹੈ, ਹੋਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਹੈ। ਇਸਨੂੰ ਸਮਝਣ ਲਈ ਅਸੀਂ ਲੇਖ ਵਿੱਚ ਪਿੱਛੇ ਜਾ ਕੇ ਫਿਰ ਤੋਂ ਪੂਰੇ ਸ਼ਬਦ ਨੂੰ ਬਰੀਕੀ ਨਾਲ ਸਮਝ ਸਕਦੇ ਹਾਂ ਤਾਂ ਜੋ ਅਸੀਂ ਇਸ ਗੱਲ ਨੂੰ ਗਹਿਰਾਈ ਨਾਲ ਸਮਝ

ਸਕੀਏ ਕਿ ਗੁਰੂ ਦੇ ਬੋਲਾਂ ਨੂੰ ਵਿਗਾੜਨਾ ਕੀ ਹੈ ਤਾਂ ਜੋ ਅਸੀਂ ਗੁਰਬਾਣੀ ਦੇ ਨਾਲ ਉਸ ਰੂਪ ਵਿੱਚ ਜੁੜੀਏ ਜਿਸ ਰੂਪ ਵਿੱਚ ਗੁਰਬਾਣੀ ਦਾ ਸਾਨੂੰ ਆਪਣੇ ਨਾਲ ਜੋੜਨ ਦਾ ਮਕਸਦ ਹੈ। **(ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲੁ ਧਰਮੁ ਅਮੁਲੁ ਦੀਬਾਨੁ ॥ ਅਮੁਲੁ ਤੁਲੁ ਅਮੁਲੁ ਪਰਵਾਨੁ ॥ ਅਮੁਲੁ ਬਖਸੀਸ ਅਮੁਲੁ ਨੀਸਾਨੁ ॥ ਅਮੁਲੁ ਕਰਮੁ ਅਮੁਲੁ ਫੁਰਮਾਨੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥ ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥)**

ਪ੍ਰਮਾਤਮਾ ਨੂੰ ਹਰ ਕੋਈ ਗਾ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਭਾਵ ਹਰ ਕੋਈ ਉਸਦੇ ਹੁਕਮ ਅੰਦਰ ਹੀ ਚੱਲ ਰਿਹਾ ਹੈ, ਸਭ ਵਿੱਚ, ਹਰ ਵਸਤੂ ਵਿੱਚ, ਹਰ ਆਕਾਰ ਰੂਪ ਵਿੱਚ ਉਸਦਾ ਹੁਕਮ ਹੀ ਵਰਤ ਰਿਹਾ ਹੈ। ਹਰ ਕੋਈ ਪ੍ਰਮਾਤਮਾ ਨੂੰ ਕਿਸ ਤਰੀਕੇ ਗਾ ਰਿਹਾ ਹੈ ਭਾਵ ਸਭ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਕਿਸ ਤਰੀਕੇ

ਵਰਤ ਰਿਹਾ ਹੈ ਇਸ ਗੱਲ ਨੂੰ ਸਮਝੇ ਬਿਨਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਕਿਉਂਕਿ ਸਾਨੂੰ ਪ੍ਰਮਾਤਮਾ ਦਾ ਵੱਡਾਪਨ ਸਮਝ ਹੀ ਨਹੀਂ ਆ ਸਕਦਾ ਜੋ ਪ੍ਰਮਾਤਮਾ ਦਾ ਵੱਡਾਪਨ ਉਸਦਾ ਨਿਰੰਕਾਰ ਰੂਪ ਹੈ ਜਿਸ ਰਾਹੀਂ ਉਸਨੇ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਹਰ ਵਸਤੂ ਵਿੱਚ ਉਸਦਾ ਹੁਕਮ ਉਸਦੇ ਨਿਰੰਕਾਰ ਰੂਪ ਦੁਆਰਾ ਵਰਤਦਾ ਹੈ। ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥”

(ਅੰਗ ੬)

ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਭ ਕੁਛ ਪ੍ਰਮਾਤਮਾ ਆਪ ਹੀ ਹੈ ਪਰ ਉਹ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਕੇਵਲ ਤੇ ਕੇਵਲ ਮਨੁੱਖੀ ਸਮਝ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਉਪਰ ਵਾਲੇ ਸ਼ਬਦ ਦੀ ਹਰ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਪ੍ਰਮਾਤਮਾ ਦਾ ਹੁਕਮ ਸਭ ਦੇ ਅੰਦਰ ਕਿਸ ਤਰੀਕੇ ਚੱਲ ਰਿਹਾ ਹੈ ਭਾਵ ਹਰ ਕੋਈ ਉਸਦਾ ਹੁਕਮ ਕਿਸ ਤਰੀਕੇ ਮੰਨ ਰਿਹਾ ਹੈ।

“ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥”

ਉਪਰ ਵਾਲੇ ਪੂਰੇ ਸ਼ਬਦ ਦੁਆਰਾ ਸਾਨੂੰ ਕੀ ਸਮਝਾਉਂਣ ਦਾ ਮਕਸਦ ਹੈ ਉਹੀ ਗੱਲ ਸਾਨੂੰ ਉਪਰ ਵਾਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ ਕਿ ਪ੍ਰਮਾਤਮਾ ਦਾ ਉਹ ਕਿਹੜਾ ਦਰ ਹੈ, ਕਿਹੜਾ ਅਸਥਾਨ ਹੈ, ਉਸਦਾ ਸਭ ਦੇ ਅੰਦਰ ਉਹ ਕਿਹੜਾ ਘਰ ਹੈ ਜਿਸ ਆਪਣੇ ਘਰ ਵਿੱਚ ਬੈਠ ਕੇ ਉਹ ਹਰ ਕਿਸੇ ਦੀ ਸੰਭਾਲ ਕਰਦਾ ਹੈ, ਸ੍ਰਿਸ਼ਟੀ ਦੀ ਆਪਣੀ ਹਰ ਉਪਜ ਦੀ, ਆਪਣੇ ਹਰ ਆਕਾਰ ਰੂਪ

ਦੀ ਸੰਭਾਲ ਕਰਦਾ ਹੈ ਭਾਵ ਉਸਨੂੰ ਚਲਾਉਂਦਾ ਹੈ ਜਿਸ ਨਾਲ ਉਸਦਾ ਬਣਾਇਆ ਹੋਇਆ ਹਰ ਆਕਾਰ ਰੂਪ ਆਪਣੇ ਬਣਨ ਦਾ ਮਕਸਦ ਪੂਰਾ ਕਰਦਾ ਹੈ ਭਾਵ ਆਪਣਾ ਆਪਣਾ ਫਰਜ ਨਿਭਾਉਂਦਾ ਹੈ। **(ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥)** ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਉਸਦੇ ਬਣਾਏ ਹੋਏ ਆਕਾਰ ਰੂਪ ਪ੍ਰਮਾਤਮਾ ਦੇ ਹੁਕਮ ਅਨੁਸਾਰ ਕਿਸ ਤਰੀਕੇ ਚੱਲਦੇ ਹਨ ਭਾਵ ਉਹਨਾਂ ਦੇ ਅੰਦਰ ਪ੍ਰਮਾਤਮਾ ਦਾ ਘਰ ਕਿਸ ਰੂਪ ਵਿੱਚ ਹੈ ਜਿਸ ਰਾਹੀਂ ਉਹ ਸਭ ਨੂੰ ਆਪਣੇ ਹੁਕਮ ਵਿੱਚ ਚਲਾਉਂਦਾ ਹੈ ਇਹੀ ਗੱਲ ਸਾਨੂੰ ਸਮਝਾਈ ਹੋਈ ਹੈ।

49/6703

ਸਾਰੀਆਂ ਪੰਗਤੀਆਂ ਨੂੰ ਵਾਰੀ ਵਾਰੀ ਸਮਝਦੇ ਹਾਂ।

"ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥"

ਉਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਪ੍ਰਮਾਤਮਾ ਦਾ ਉਹ ਘਰ ਹੀ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੇ ਘਰ ਦੀ ਉਹ ਕਲਾ ਸਮਝਾਈ ਹੋਈ ਹੈ ਜਿਸ ਕਲਾ ਦੁਆਰਾ ਉਹ ਆਪਣੇ ਹਰ ਆਕਾਰ ਰੂਪ ਨੂੰ ਬਣਾਕੇ ਉਸਨੂੰ ਚਲਾ ਰਿਹਾ ਹੈ ਜਿਸ ਉਸਦੀ ਕਲਾ ਨੂੰ ਕੋਈ ਆਪਣੇ ਆਪ ਸਮਝ ਲਵੇ ਇਹ ਨਾਮੁਮਕਿਨ ਹੈ। ਉਪਰ ਪੰਗਤੀ ਵਿੱਚ **"ਨਾਦ"** ਦੀ ਗੱਲ ਕੀਤੀ ਹੋਈ ਹੈ। ਇਹ ਨਾਦ ਕੀ ਹੈ ਇਸਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦਾ ਇਹ ਨਾਦ ਹੀ ਉਸਦੀ ਉਹ ਕਲਾ ਹੈ ਜਿਸ ਕਲਾ ਦਾ ਮਾਲਕ ਕੇਵਲ ਤੇ ਕੇਵਲ ਉਹ ਆਪ ਹੈ। ਪ੍ਰਮਾਤਮਾ ਦਾ ਇਹ ਨਾਦ ਸਭ ਦੇ ਅੰਦਰ ਵੱਜ ਰਿਹਾ ਹੈ ਭਾਵ ਪ੍ਰਮਾਤਮਾ ਦੀ ਇਹ ਕਲਾ ਸਭ ਦੇ ਅੰਦਰ ਵਰਤ ਰਹੀ ਹੈ, ਅਨੇਕਾਂ, ਅਸੰਖਾਂ ਦੇ ਅੰਦਰ ਵਰਤ ਰਹੀ ਹੈ।

ਪ੍ਰਮਾਤਮਾ ਦੇ ਇਸ ਨਾਦ ਨੂੰ ਸਭ ਦੇ ਅੰਦਰ ਵਜਾਉਂਣ ਦੇ ਅਨੇਕਾਂ ਹੀ ਅਨੇਕਾਂ ਤਰੀਕੇ ਹਨ ਭਾਵ ਪ੍ਰਮਾਤਮਾ ਸਭ ਦੇ ਅੰਦਰ ਆਪਣੀ ਇਹ ਕਲਾ ਅਨੇਕਾਂ ਹੀ ਤਰੀਕਿਆਂ ਦੁਆਰਾ ਵਜਾਉਂਦਾ ਹੈ, ਵੱਖਰੇ ਵੱਖਰੇ ਤਰੀਕਿਆਂ ਦੁਆਰਾ ਵਜਾਉਂਦਾ ਹੈ ਭਾਵ ਆਪਣਾ ਇਹ ਨਾਦ ਸਭ ਦੇ ਅੰਦਰ ਅਨੇਕਾਂ ਤਰੀਕਿਆਂ ਦੁਆਰਾ ਵਜਾਉਂਦਾ ਹੈ ਭਾਵ ਉਹ ਸਭ ਦੇ ਅੰਦਰ ਆਪਣਾ ਹੁਕਮ ਵੱਖਰੇ ਵੱਖਰੇ ਤਰੀਕਿਆਂ ਨਾਲ ਚਲਾਉਂਦਾ ਹੈ। ਸਾਰੀ ਗੱਲ ਇਸ ਗੱਲ ਨੂੰ ਸਮਝਣ ਦੀ ਹੈ ਕਿ ਪ੍ਰਮਾਤਮਾ ਦਾ ਉਹ ਕਿਹੜਾ ਨਾਦ ਹੈ ਜੋ ਸਭ ਦੇ ਅੰਦਰ ਹਰ ਵੇਲੇ ਵੱਜ ਰਿਹਾ ਹੈ। ਨਾਦ ਆਵਾਜ ਨੂੰ ਕਹਿੰਦੇ ਹਨ, ਸ਼ਬਦ ਨੂੰ ਕਹਿੰਦੇ ਹਨ। ਪ੍ਰਮਾਤਮਾ ਦਾ ਇਹ ਨਾਦ ਸਭ ਦੇ ਅੰਦਰ ਉਸਦੇ ਸ਼ਬਦ ਰੂਪ ਵਿੱਚ ਹੀ ਵੱਜ ਰਿਹਾ ਹੈ। ਪ੍ਰਮਾਤਮਾ ਦਾ ਸ਼ਬਦ ਰੂਪ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਸਮਝਿਆ ਹੀ ਹੈ। ਪ੍ਰਮਾਤਮਾ ਦਾ ਇਹ ਸ਼ਬਦ ਰੂਪ ਨਾਦ ਮਨੁੱਖ ਦੇ ਅੰਦਰ ਵੀ ਭਾਵ ਮਨੁੱਖ ਦੀ ਸਮਝ ਦੇ ਅੰਦਰ ਵੀ ਹਰ ਵੇਲੇ ਵੱਜਦਾ ਰਹਿੰਦਾ ਹੈ ਤੇ ਜਦ ਤਕ ਕੋਈ ਆਪਣੇ ਅੰਦਰੋਂ ਚੱਲ ਰਹੇ ਉਸਦੇ ਨਾਦ ਨੂੰ ਨਹੀਂ ਜਾਣਦਾ ਤਦ ਤਕ ਕੋਈ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਦਾ ਇਹ ਨਾਦ ਸਭ ਦੇ ਅੰਦਰ ਕਿਸ ਰੂਪ ਵਿੱਚ ਵੱਜ ਰਿਹਾ ਹੈ ਤੇ ਪ੍ਰਮਾਤਮਾ ਉਸਨੂੰ ਆਪ ਸਭ ਦੇ ਅੰਦਰ ਕਿਸ ਤਰੀਕੇ ਵਜਾ ਰਿਹਾ ਹੈ। ਇਸ ਗੱਲ ਨੂੰ ਸਮਝਣ ਲਈ ਪਹਿਲੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿਉਂਕਿ ਨਾਦ ਨੂੰ ਸਮਝੇ ਬਿਨਾਂ ਅਸੀਂ ਪੂਰੇ ਸ਼ਬਦ ਦੇ ਅਸਲ ਭਾਵ ਨੂੰ ਨਹੀਂ ਸਮਝ ਸਕਦੇ।

"ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥"

(ਅੰਗ ੧੦੬੯)

49/6704

ਸਾਡੇ ਸਭ ਦੇ ਅੰਦਰ ਜੋ ਪ੍ਰਮਾਤਮਾ ਦਾ ਨਾਦ ਵੱਜਦਾ ਹੈ ਇਹ ਉਸਦਾ ਅਨਹਦ ਨਾਦ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਰਾਹੀਂ ਵੀ ਸਮਝਾਂਗੇ। ਸਾਡੇ ਅੰਦਰ ਪ੍ਰਮਾਤਮਾ ਦਾ ਅਨਹਦ ਨਾਦ ਵੱਜਣਾ ਜਾਂ ਉਸਦਾ ਅਨਹਦ ਸ਼ਬਦ ਵੱਜਣਾ ਇੱਕੋ ਹੀ ਗੱਲ ਹੈ। ਉਪਰ ਸ਼ਬਦ ਦੀਆਂ ਪੰਗਤੀਆਂ ਰਾਹੀਂ ਸਾਡੇ ਅੰਦਰ ਜੋ ਅਨਹਦ ਸ਼ਬਦ ਵੱਜਦਾ ਹੈ ਤੇ ਕਿਸ ਮਕਸਦ ਲਈ ਵੱਜਦਾ ਹੈ ਇਹ ਸਮਝਾਇਆ ਹੋਇਆ ਹੈ। ਸਾਡੇ ਅੰਦਰ ਦੇ ਅਨਹਦ ਸ਼ਬਦ ਨੂੰ **"ਅੰਮ੍ਰਿਤ ਰਸੁ"** ਦੇ ਨਾਲ ਜੋੜ ਕੇ ਸਮਝਾਇਆ ਹੋਇਆ ਹੈ। **"ਅੰਮ੍ਰਿਤ ਰਸੁ"** ਹੀ ਨਾਮ ਰਸ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ **"ਅੰਮ੍ਰਿਤ ਰਸੁ"** ਹੀ ਹੈ ਜੋ ਕਿ ਉਸਦਾ ਨਾਮ ਰੂਪ ਰਸ ਹੈ ਭਾਵ ਬ੍ਰਹਮ ਗਿਆਨ ਰੂਪ ਰਸ ਹੈ ਜਿਸ ਆਪਣੇ ਬ੍ਰਹਮ ਗਿਆਨ ਰੂਪ ਰਸ ਦੁਆਰਾ ਪ੍ਰਮਾਤਮਾ ਆਪਣੇ ਆਪ ਨੂੰ ਕਿਸੇ ਦੇ ਮਨ ਦੇ ਅੰਦਰ

ਆਪਣੇ ਨਾਮ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ, ਆਪਣਾ ਅੰਮ੍ਰਿਤ ਰਸੁ ਬਖਸ਼ਣ ਦੁਆਰਾ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਦਸਮ ਦੁਆਰ ਦੇ ਰੂਪ ਵਿੱਚ ਹੀ ਹੈ ਜੋ ਕਿ ਸਾਡਾ ਮਨ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਜਿਸਦੇ ਮਨ ਦੇ ਵਿੱਚ ਵੀ ਭਾਵ ਦਸਮ ਦੁਆਰ ਦੇ ਵਿੱਚ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੀ ਮਨ ਦੀ ਸਮਝ ਦੇ ਅੰਦਰ ਆਪਣਾ ਅਨਹਦ ਰਸ ਚੁਆਉਂਦਾ ਹੈ ਭਾਵ ਆਪਣੇ ਨਾਮ ਰਸ ਦੀ ਸਮਝ ਪਾਉਂਦਾ ਹੈ ਭਾਵ ਆਪਣੇ ਬ੍ਰਹਮ ਗਿਆਨ ਰੂਪ ਦੀ ਸਮਝ ਪਾਉਂਦਾ ਹੈ ਜਿਸ ਆਪਣੇ ਉੱਚੇ ਰੂਪ ਵਿੱਚ, ਨਾਮ ਰੂਪ ਵਿੱਚ ਪ੍ਰਮਾਤਮਾ ਸਭ ਦੇ ਅੰਦਰ ਵਰਤਦਾ ਹੈ ਪਰ ਉਸਦੀ ਸਮਝ ਕੇਵਲ ਉਸੇ ਮਨੁੱਖੀ ਸਮਝ ਨੂੰ ਹੀ ਪੈ ਸਕਦੀ ਹੈ ਜਦੋਂ ਉਹ ਆਪਣੇ ਆਪ ਨੂੰ ਆਪਣੇ ਅੰਮ੍ਰਿਤ ਰਸੁ ਰੂਪ ਵਿੱਚ ਕਿਸੇ ਦੇ ਅੰਦਰ ਦਸਵੇਂ ਦੁਆਰ ਦੁਆਰਾ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਗਟ ਕੀਤਾ ਹੈ। **(ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥) {ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥ ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥ ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥ ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}** ਅੰਗ ੧੦੨ **{ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥ ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥}** ਅੰਗ ੯੭੪ ਜਿਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਮਨ ਦੇ ਵਿੱਚ ਦਸਵੇਂ ਦੁਆਰ ਰਾਹੀਂ ਪ੍ਰਗਟ ਕੀਤਾ ਹੈ ਉਹ ਕਿਸ ਰੂਪ ਵਿੱਚ ਪ੍ਰਗਟ ਕੀਤਾ ਹੈ ਇਹੀ ਗੱਲ ਮੁੱਖ ਸ਼ਬਦ ਦੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥”

ਜਿਸਦੀ ਸਮਝ ਦੇ ਅੰਦਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ

ਕਰਦਾ ਹੈ ਕੇਵਲ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਦਾ ਅਨਹਦ ਸ਼ਬਦ ਸਾਡੇ ਅੰਦਰ ਕਿਸ ਰੂਪ ਵਿੱਚ ਵੱਜਦਾ ਹੈ। ਭਗਤਾਂ ਦੀ ਸਮਝ ਦੇ ਅੰਦਰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ, ਗੁਰੂ ਸਾਹਿਬਾਨ ਜੀ ਦੇ ਅੰਦਰ ਅਨਹਦ ਸ਼ਬਦ ਕਿਸ ਰੂਪ ਵਿੱਚ ਵੱਜਿਆ ਹੈ ਇਸਨੂੰ ਉਪਰ ਵਾਲੀ ਪੰਗਤੀ ਰਾਹੀਂ ਸਮਝਿਆ ਜਾ ਸਕਦਾ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਅੰਮ੍ਰਿਤ ਰਸੁ ਪਿਆਉਂਦਾ ਹੈ ਉਸਦੇ ਅੰਦਰ ਹੀ ਪ੍ਰਮਾਤਮਾ ਦਾ ਅਨਹਦ ਸ਼ਬਦ ਵੱਜਦਾ ਹੈ ਜੋ ਕਿ ਪ੍ਰਮਾਤਮਾ ਦੀ ਬਾਣੀ ਦੀ **“ਧੁਨਿ”** ਦੇ ਰੂਪ ਵਿੱਚ ਵੱਜਦਾ ਹੈ। ਸਾਡੇ ਅੰਦਰ ਧੁਨਿ ਦਾ ਵੱਜਣਾ ਕੀ ਹੈ ਭਾਵ ਸਾਡੇ ਅੰਦਰ ਦੀ ਧੁਨਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ। ਸਾਡੇ ਅੰਦਰ ਦੀ ਧੁਨਿ ਹੀ ਸਾਨੂੰ ਉਹਨਾਂ ਵਿਚਾਰਾਂ ਨਾਲ ਜੋੜਦੀ ਹੈ ਜਿਨ੍ਹਾਂ ਮਨ ਦੇ ਵਿਚਾਰਾਂ ਰਾਹੀਂ ਫਿਰ ਅਸੀਂ ਵਿਚਰਦੇ ਹਾਂ। ਜਿਸਨੂੰ ਪ੍ਰਮਾਤਮਾ ਆਪਣੀ ਬਾਣੀ ਦੇ ਨਾਲ ਜੋੜਦਾ ਹੈ ਭਾਵ ਗੁਰਬਾਣੀ ਦੀ ਸਮਝ ਦੇ ਨਾਲ ਜੋੜਦਾ ਹੈ ਉਸਦੇ ਮਨ ਦੀ ਧੁਨਿ ਨੂੰ ਭਾਵ ਮਨ ਦੇ ਵਿਚਾਰਾਂ ਨੂੰ ਗੁਰਬਾਣੀ ਦੇ ਵਿਚਾਰਾਂ ਵਾਲੀ ਸਮਝ ਬਣਾ ਦਿੰਦਾ ਹੈ ਭਾਵ ਅੰਮ੍ਰਿਤ ਰਸੁ ਵਾਲੀ ਸਮਝ ਬਣਾ ਦਿੰਦਾ ਹੈ, ਨਾਮ ਵਾਲੀ ਸਮਝ ਬਣਾ ਦਿੰਦਾ ਹੈ, ਸਹਜ ਵਾਲੇ ਗਿਆਨ ਦੀ ਸਮਝ ਬਣਾ ਦਿੰਦਾ ਹੈ। ਮਨ ਦੇ ਸਹਜ ਵਾਲੀ ਸਮਝ ਚਉਥੇ ਪਦ ਦੇ ਗਿਆਨ ਵਾਲੀ ਸਮਝ ਹੈ, ਨਾਮ ਵਾਲੀ ਸਮਝ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਸਹਜ ਗਿਆਨ ਉਪਜਣ ਦੁਆਰਾ ਹੀ ਹੁੰਦਾ ਹੈ ਭਾਵ ਬ੍ਰਹਮ ਗਿਆਨ ਉਪਜਣ ਦੁਆਰਾ ਹੀ ਹੁੰਦਾ ਹੈ ਜੋ ਸਹਜ ਗਿਆਨ ਸਾਡੇ ਅੰਦਰ ਪ੍ਰਮਾਤਮਾ ਮਨ ਦੇ ਵਿੱਚ ਦਸਵੇਂ ਦੁਆਰ ਦੁਆਰਾ ਪ੍ਰਗਟ ਹੋ ਕੇ ਹੀ ਉਪਜਾਉਂਦਾ ਹੈ ਤੇ ਸਾਡੇ ਮਨ ਦੀ ਸਮਝ ਨੂੰ ਸਹਜ ਵਾਲੀ ਸਮਝ ਬਣਾ ਦਿੰਦਾ ਹੈ ਜਿਸ ਤੋਂ ਬਾਅਦ ਮਨੁੱਖੀ ਸਮਝ ਫਿਰ ਮਨ ਦੀ ਸਹਜ ਵਾਲੀ ਸਮਝ ਵਿੱਚ ਸਮਾ ਜਾਂਦੀ ਹੈ ਤੇ ਸਮਾਈ ਹੀ ਰਹਿੰਦੀ ਹੈ। ਮਨ ਦੇ ਸਹਜ ਗਿਆਨ ਰਾਹੀਂ ਪ੍ਰਮਾਤਮਾ ਆਪਣੀ ਬਾਣੀ ਦਾ ਸੱਚਾ ਗਿਆਨ ਹੀ ਦਿੰਦਾ ਹੈ ਭਾਵ ਆਪਣੀ ਗੁਰਬਾਣੀ ਦੀ ਸੱਚੀ ਸਮਝ ਪਾਉਂਦਾ ਹੈ ਤੇ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਆਪਣੀ ਗੁਰਬਾਣੀ ਦੀ ਸੱਚੀ ਸਮਝ ਪਾਈ ਹੈ ਭਾਵ ਆਪਣੀ ਬਾਣੀ ਦੀ ਧੁਨਿ ਦੇ ਨਾਲ ਜੋੜਿਆ ਹੈ ਉਹਨਾਂ ਨੇ ਹੀ ਗੁਰਬਾਣੀ ਦੀ ਰਚਨਾ ਕੀਤੀ ਹੈ ਤੇ ਪੂਰੀ ਗੁਰਬਾਣੀ

ਦੇ ਵਿੱਚ ਪ੍ਰਮਾਤਮਾ ਦਾ ਅੰਮ੍ਰਿਤ ਰਸੁ ਪਾਇਆ ਹੈ, ਨਾਮ ਰਸੁ ਪਾਇਆ ਹੈ, ਅਨਹਦ ਸ਼ਬਦ ਪਾਇਆ ਹੈ ਭਾਵ ਚਉਥੇ ਪਦ ਦਾ ਗਿਆਨ, ਬ੍ਰਹਮ ਗਿਆਨ ਪਾਇਆ ਹੈ, ਆਪਣਾ ਸ਼ਬਦ ਰੂਪ ਗਿਆਨ ਪਾਇਆ ਹੈ ਜਿਸ ਦੁਆਰਾ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਅੰਮ੍ਰਿਤ ਰਸੁ ਦਾ ਮਾਲਕ ਹੈ, ਨਾਮ ਦਾ ਮਾਲਕ ਹੈ, ਪੂਰੀ ਗੁਰਬਾਣੀ ਦੇ ਗਿਆਨ ਦਾ ਮਾਲਕ ਹੈ ਜਿਸ ਗਿਆਨ ਤੋਂ ਉੱਚਾ ਕੋਈ ਹੋਰ ਗਿਆਨ ਕੀ ਹੋਵੇ ਜਿਸ ਗਿਆਨ ਦੁਆਰਾ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਜਾਣ ਸਕੇ। ਸਾਰੇ ਧਰਮ ਗ੍ਰੰਥਾਂ ਦੀ ਰਚਨਾ ਮਨ ਦੇ ਸੱਚੇ ਗਿਆਨ ਦੁਆਰਾ ਹੀ ਹੋਈ ਹੈ ਭਾਵ ਪ੍ਰਮਾਤਮਾ ਨੇ

49/6706

ਆਪ ਹੀ ਕਰਵਾਈ ਹੈ ਤੇ ਜਿਨ੍ਹਾਂ ਨੇ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਨਹੀਂ ਜਾਣਿਆ, ਅਨਹਦ ਸ਼ਬਦ ਨੂੰ ਨਹੀਂ ਜਾਣਿਆ ਉਹਨਾਂ ਨੇ ਹੀ ਧਰਮ ਗ੍ਰੰਥਾਂ ਦੇ ਗਿਆਨ ਨੂੰ ਆਪਣਾ ਗਿਆਨ ਆਖਿਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ, ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੋਈ ਤਾਂ ਹੀ ਨਿਕਲ ਸਕਦਾ ਹੈ ਜਦੋਂ ਕੋਈ ਆਪਣੇ ਅੰਦਰੋਂ ਅਨਹਦ ਸ਼ਬਦ ਨੂੰ ਸੁਣ ਲੈਂਦਾ ਹੈ, ਆਪਣੇ ਅੰਦਰੋਂ ਪ੍ਰਮਾਤਮਾ ਦਾ ਅੰਮ੍ਰਿਤ ਰਸੁ ਪੀ ਲੈਂਦਾ ਹੈ। **(ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥ ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥)**

ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਅਸੀਂ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਅੰਮ੍ਰਿਤ ਰਸੁ ਦੀ ਪ੍ਰਾਪਤੀ ਬਾਰੇ ਸਮਝਿਆ ਹੈ ਜਿਸ ਅੰਮ੍ਰਿਤ ਰਸੁ ਦਾ ਮਕਸਦ ਸਾਨੂੰ ਮਨ ਦੇ ਵਿੱਚ ਗੁਰਬਾਣੀ ਦੀ ਸਮਝ ਪਾਉਂਣ ਦੇ ਨਾਲ ਹੈ ਜੋ ਸਮਝ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ ਤੇ ਆਪਣੀ ਗੁਰਬਾਣੀ ਦਾ ਸੱਚ ਸਮਝਾਉਂਦਾ ਹੈ। ਇਸੇ ਗੱਲ ਨੂੰ ਦ੍ਰਿੜ ਕਰਨ ਲਈ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਨੂੰ ਸਮਝਦੇ ਹਾਂ।

“ਸਤਿਗੁਰ ਦਾਤੈ ਨਾਮੁ ਦਿੜਾਇਆ ॥ ਵਡਭਾਗੀ ਗੁਰ ਦਰਸਨੁ ਪਾਇਆ ॥
ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥”

(ਅੰਗ ੯੬)

ਉਪਰ ਵਾਲੀਆਂ ਪੰਗਤੀਆਂ ਰਾਹੀਂ ਕਿਤਨਾ ਹੀ ਸਪਸ਼ਟ ਹੈ ਕਿ ਜਿਸਨੂੰ ਵੀ ਨਾਮ ਦ੍ਰਿੜ ਹੁੰਦਾ ਹੈ ਉਸਨੂੰ ਉਹ ਨਾਮ ਕੇਵਲ ਦਾਤਾ ਆਪ ਹੀ ਕਰਾਉਂਦਾ ਹੈ ਜੋ ਕਿ ਆਪ ਹੀ ਸਤਿਗੁਰ ਹੈ, ਗੁਰੂ ਹੈ। ਜੋ ਵੀ ਪ੍ਰਮਾਤਮਾ ਦੇ ਦਰਸ਼ਨ ਪਾਉਂਦਾ ਹੈ ਉਹ ਮਨ ਦੇ ਵਿੱਚ ਪ੍ਰਮਾਤਮਾ ਦਾ ਨਾਮ ਦ੍ਰਿੜ ਹੋਣ ਦੁਆਰਾ ਹੀ ਪਾਉਂਦਾ ਹੈ ਭਾਵ ਗੁਰੂ ਦਾ ਨਾਮ ਜਿਸਦੇ ਅੰਦਰ ਵੀ ਦ੍ਰਿੜ ਹੁੰਦਾ ਹੈ ਉਹ ਵੱਡੇ ਭਾਗਾਂ ਵਾਲਾ ਹੁੰਦਾ ਹੈ ਜੋ ਆਪਣੇ ਅੰਦਰੋਂ ਨਾਮ ਦੇ ਦਾਤੇ ਗੁਰੂ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਭਾਵ ਜਿਸ ਮਨੁੱਖ ਨੇ ਪ੍ਰਮਾਤਮਾ ਦੇ ਦਰਸ਼ਨ ਨਹੀਂ ਪਾਏ ਉਹ ਮਨੁੱਖ ਨਾਮ ਵਾਲਾ ਨਹੀਂ ਬਣ ਸਕਦਾ। **(ਸਤਿਗੁਰ ਦਾਤੈ ਨਾਮੁ ਦਿੜਾਇਆ ॥ ਵਡਭਾਗੀ ਗੁਰ ਦਰਸਨੁ ਪਾਇਆ ॥)** ਜਿਸਨੂੰ ਪ੍ਰਮਾਤਮਾ ਆਪਣੇ ਦਰਸ਼ਨ ਦੇਣ ਦੁਆਰਾ ਨਾਮ ਦੀ ਸਮਝ ਵਾਲਾ ਬਣਾਉਂਦਾ ਹੈ ਉਹ ਕਿਸ ਰੂਪ ਵਿੱਚ ਬਣਾਉਂਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥”

49/6707

ਉਪਰ ਵਾਲੇ ਸ਼ਬਦ ਤੋਂ ਪਹਿਲੇ ਸ਼ਬਦ ਰਾਹੀਂ ਅਸੀਂ ਜੋ ਕੁਝ ਅੰਮ੍ਰਿਤ ਰਸੁ ਦੀ ਪ੍ਰਾਪਤੀ ਦੁਆਰਾ ਸਮਝਿਆ ਹੈ ਉਹੀ ਕੁਝ ਉਪਰ ਵਾਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਗੁਰਬਾਣੀ ਸੱਚੀ ਬਾਣੀ ਹੈ ਜੋ ਹਰ ਸ਼ਬਦ ਰਾਹੀਂ ਸੱਚ ਹੀ ਸਮਝਾਉਂਦੀ ਹੈ। ਅੰਮ੍ਰਿਤ ਰਸੁ ਪ੍ਰਮਾਤਮਾ ਦਾ ਸਚੁ ਰੂਪ ਰਸੁ ਹੈ ਤੇ ਪ੍ਰਮਾਤਮਾ ਆਪਣਾ ਉਹ ਸੱਚ ਮਨ ਦੇ ਵਿੱਚ ਕਿਸ ਰੂਪ ਵਿੱਚ ਸਮਝਾਉਂਦਾ ਹੈ ਇਹੀ ਗੱਲ ਉਪਰ ਵਾਲੀ ਪੰਗਤੀ ਰਾਹੀਂ ਸਪਸ਼ਟ ਕਰਕੇ ਸਮਝਾਈ ਹੋਈ ਹੈ। ਪ੍ਰਮਾਤਮਾ ਦਾ ਜੋ ਅੰਮ੍ਰਿਤ ਰਸੁ **“ਸਚੁ”** ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ ਜੋ ਪ੍ਰਮਾਤਮਾ ਆਪਣਾ ਸਚੁ ਰੂਪ ਨਾਮ ਮਨ ਦੇ ਵਿੱਚ ਆਪਣੇ ਦਰਸ਼ਨ ਦੇਣ ਦੁਆਰਾ ਦਿੰਦਾ ਹੈ ਉਹ **“ਅੰਮ੍ਰਿਤੁ ਬੋਲੀ”** ਦੇ ਰੂਪ ਵਿੱਚ ਦਿੰਦਾ ਹੈ। ਪੂਰੀ ਗੁਰਬਾਣੀ ਦੇ ਵਿੱਚ ਪ੍ਰਮਾਤਮਾ ਦੇ ਅੰਮ੍ਰਿਤ ਬੋਲ ਹੀ ਹਨ ਜੋ ਕਿ ਸ਼ਬਦਾਂ ਦੇ ਰੂਪ ਵਿੱਚ ਹਨ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚ ਹੀ ਸਮਝਾਉਂਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ। **“ਸਚੁ”** ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਨਾਮ ਰੂਪ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ। ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਹੀ ਪ੍ਰਮਾਤਮਾ ਦਾ ਸੱਚਾ ਗਿਆਨ ਹੈ, ਉਸਦਾ ਬ੍ਰਹਮ ਗਿਆਨ ਹੈ ਜੋ

ਕਿ ਉਸਦਾ ਨਾਮ ਰੂਪ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੈ। ਮਨ ਦੇ ਵਿੱਚ ਪ੍ਰਮਾਤਮਾ ਦਾ ਅੰਮ੍ਰਿਤ ਰਸੁ ਉਸਦੀ ਅੰਮ੍ਰਿਤ ਬੋਲੀ ਦੇ ਰੂਪ ਵਿੱਚ ਹੀ ਮਿਲਦਾ ਹੈ ਜੋ ਕਿ ਪੂਰਾ ਗੁਰੂ ਮਨ ਦੇ ਵਿੱਚ ਆਪਣੇ ਦਰਸ਼ਨ ਦੇਣ ਦੁਆਰਾ ਆਪ ਹੀ ਦਿੰਦਾ ਹੈ ਤੇ ਹੋਰ ਕੋਈ ਨਹੀਂ ਦੇ ਸਕਦਾ। **(ਸਤਿਗੁਰ ਦਾਤੈ ਨਾਮੁ ਦਿੜਾਇਆ ॥ ਵਡਭਾਗੀ ਗੁਰ ਦਰਸਨੁ ਪਾਇਆ ॥ ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥)**

ਉਪਰ ਵਾਲੇ ਸ਼ਬਦ ਤੋਂ ਪਹਿਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਮਨ ਦੇ ਵਿੱਚ ਪ੍ਰਮਾਤਮਾ ਜੋ ਆਪਣਾ ਨਾਮ ਦਿੰਦਾ ਹੈ ਉਹ ਅਨਹਦ ਸ਼ਬਦ ਦੇ ਰੂਪ ਵਿੱਚ ਦਿੰਦਾ ਹੈ, ਅਨਹਦ ਨਾਦ ਦੇ ਰੂਪ ਵਿੱਚ ਦਿੰਦਾ ਹੈ ਤੇ ਉਪਰ ਵਾਲੇ ਸ਼ਬਦਾਂ ਦਾ ਮਕਸਦ ਮਨ ਦੇ ਅੰਦਰ ਵੱਜ ਰਹੇ ਪ੍ਰਮਾਤਮਾ ਦੇ ਨਾਦ ਨੂੰ ਸਮਝਣ ਦੇ ਨਾਲ ਹੀ ਹੈ। ਮਨ ਦੇ ਨਾਦ ਨੂੰ ਹੁਣ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਦੇ ਹਾਂ।

“ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥
ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥੨॥੪੬॥੬੯॥”

(ਅੰਗ ੧੨੧੭)

ਸ਼ਬਦ ਦੇ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਅਨਹਦ ਦੀ ਸੁਣਨ ਦੀ ਗੱਲ ਕੀਤੀ ਹੋਈ ਹੈ ਜਿਸ ਅਨਹਦ ਨੂੰ ਸੁਣਨ ਦੁਆਰਾ ਹਰ ਕੋਈ ਹੈਰਾਨ ਹੋ ਜਾਂਦਾ ਹੈ ਕਿਉਂਕਿ ਇਸ ਤੋਂ

ਜਿਆਦਾ ਕੋਈ ਮਨੁੱਖ ਨੂੰ ਹੈਰਾਨ ਕਰਨ ਵਾਲੀ ਕੋਈ ਗੱਲ ਨਹੀਂ ਲੱਗਦੀ ਕਿਉਂਕਿ ਇਸ ਅਨਹਦ ਨਾਦ ਨੂੰ ਸੁਣਨਾ ਕਿਸੇ ਲਈ ਵੀ ਬੜੇ ਵੱਡੇ ਅਸਚਰਜ ਦੀ ਗੱਲ ਹੈ। ਇਸ ਅਸਚਰਜਤਾ ਨੂੰ ਉਹੀ ਸਮਝ ਸਕਦਾ ਹੈ ਜੋ ਆਪਣੇ ਅੰਦਰੋਂ ਅਨਹਦ ਨਾਦ ਨੂੰ ਸੁਣ ਲੈਂਦਾ ਹੈ। ਆਪਣੇ ਅੰਦਰੋਂ ਅਨਹਦ ਨਾਦ ਦਾ ਸੁਣਨਾ ਕੀ ਹੈ ਤੇ ਉਸਦੇ ਸੁਣਨ ਨਾਲ ਮਨੁੱਖ ਨੂੰ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਮਨ ਦੇ ਵਿੱਚ ਜੋ ਅਨਹਦ ਨਾਦ ਸੁਣਦਾ ਹੈ ਉਸ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਉਸਦਾ ਸੱਚਾ ਗਿਆਨ ਹੀ ਮਿਲਦਾ ਹੈ ਭਾਵ ਉਸਦਾ ਬ੍ਰਹਮ ਗਿਆਨ ਹੀ ਮਿਲਦਾ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਗੁਰਮਤਿ ਦੀ ਸੱਚੀ ਸੋਝੀ ਹੀ ਪਾਉਂਦਾ ਹੈ ਤੇ ਤਾਂ ਹੀ ਕੋਈ ਭਗਤੀ ਦਾ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਤੇ ਉਸ ਅਨੁਸਾਰ ਚੱਲ ਸਕਦਾ ਹੈ। ਗੁਰਮਤਿ ਦੀ ਸੱਚੀ ਸਮਝ ਦੁਆਰਾ ਭਾਵ ਪ੍ਰਮਾਤਮਾ ਦੀ ਭਗਤੀ ਦੇ ਸਹੀ ਮਾਰਗ ਤੇ ਉਸਦਾ ਨਾਮ ਜਪਣ ਦੇ ਮਾਰਗ ਤੇ ਮਨੁੱਖ ਮਨ ਦੇ ਮਾਇਆ ਮੋਹ ਵਿੱਚੋਂ ਨਿਕਲ ਕੇ ਹੀ ਚੱਲ ਸਕਦਾ ਹੈ ਜਿਸ ਮਾਇਆ ਮੋਹ ਦੇ ਕਾਰਨ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦਾ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਨੁੱਖ ਮਨ ਦੀ ਤਪਤ ਵਿੱਚ ਰਹਿੰਦਾ ਹੈ ਭਾਵ ਤ੍ਰਿਸ਼ਨਾਵਾਂ ਦੀ ਅਗਨ ਵਿੱਚ ਸੜਦਾ ਰਹਿੰਦਾ ਹੈ ਤੇ ਉਹਨਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਅਨੇਕਾਂ ਮਾੜੇ ਕਰਮ ਕਰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨਾਲ ਜੁੜਿਆ ਰਹਿੰਦਾ ਹੈ ਜਿਨ੍ਹਾਂ ਵਿੱਚੋਂ ਨਿਕਲੇ ਬਿਨਾਂ ਮਨੁੱਖ ਭਗਤੀ ਦੇ ਸੱਚੇ ਮਾਰਗ ਤੇ ਚੱਲ ਹੀ ਨਹੀਂ ਸਕਦਾ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਗੁਰੂ ਦੀ ਮਤਿ ਸਾਨੂੰ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਇਹੀ ਗੱਲ ਸਮਝਾਉਂਦੀ ਹੈ ਕਿ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲੀਏ। ਜਦੋਂ ਮਨੁੱਖ ਮਾਇਆ ਮੋਹ ਵਾਲੀ ਸਮਝ ਨੂੰ ਛੱਡ ਦਿੰਦਾ ਹੈ ਤਾਂ ਹੀ ਫਿਰ ਉਸਦਾ ਮਨ ਸ਼ਾਂਤ ਹੁੰਦਾ ਹੈ, ਸੀਤਲ ਹੁੰਦਾ ਹੈ ਭਾਵ ਮਨ ਦੇ ਵਿੱਚ ਸੰਤੋਖ ਆਉਂਦਾ ਹੈ। ਮਨ ਦੇ ਸੰਤੋਖ ਵਿੱਚ ਆਉਂਣ ਤੋਂ ਬਾਅਦ ਫਿਰ ਮਨੁੱਖ ਮਾਇਆ ਤੋਂ ਰੱਜ ਜਾਂਦਾ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ। ਸਾਡੇ ਅੰਦਰ ਦੇ ਅਨਹਦ ਨਾਦ ਦਾ ਮਕਸਦ ਮਨ ਦੀਆਂ ਤ੍ਰਿਸ਼ਨਾਵਾਂ ਵਾਲੀ ਬਿਰਤੀ ਵਿੱਚੋਂ ਕੱਢਣ ਦਾ ਹੈ। ਆਪਣੇ ਅੰਦਰੋਂ ਜਦੋਂ ਮਨੁੱਖ ਅਨਹਦ ਨੂੰ ਸੁਣਦਾ ਹੈ ਉਸਦੇ ਦੁਆਰਾ ਹੀ ਮਨੁੱਖ ਨੂੰ ਆਪਣੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਵਰਤ ਰਹੇ ਪ੍ਰਮਾਤਮਾ ਦੀ ਸਮਝ ਪੈਂਦੀ ਹੈ ਜਿਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਹੀ ਸਭ ਤੋਂ ਵੱਡਾ ਬਿਸਮਾਦ ਹੈ ਜੋ ਮਨੁੱਖ ਨੂੰ ਸਭ ਤੋਂ ਜਿਆਦਾ ਹੈਰਾਨ ਕਰਨ ਵਾਲੀ ਗੱਲ ਹੈ। **(ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥)**

{ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥
ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥
ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥

ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥}

(ਅੰਗ ੧੨੦)

49/6709

{ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪਰਾਪਤਿ ਹੋਇ ॥
ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ ਨਾਨਕ ਹਰਿ ਜਾਪਿ ॥੫॥}

(ਅੰਗ ੨੭੯)

ਹੁਣ ਮੁੱਖ ਸ਼ਬਦ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਜਿਸ ਦੁਆਰਾ ਸਾਨੂੰ ਇਹ ਸਮਝ ਪਾਈ ਹੋਈ ਹੈ ਕਿ ਮਨ ਦੇ ਅੰਦਰ ਅਨਹਦ ਨਾਦ ਸੁਣਨ ਤੋਂ ਬਾਅਦ ਮਨੁੱਖ ਹੈਰਾਨ ਕਿਸ ਲਈ ਹੁੰਦਾ ਹੈ ਤੇ ਉਸਦੀ ਅਸਚਰਜਤਾ ਦਾ ਕਾਰਣ ਕੀ ਹੁੰਦਾ ਹੈ।

“ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥੨॥੪੬॥੬੯॥”

ਸੰਸਾਰ ਦੀ ਸਭ ਤੋਂ ਵੱਡੀ ਖੁਸ਼ੀ ਕਿਸ ਗੱਲ ਵਿੱਚ ਹੁੰਦੀ ਹੈ ਭਾਵ ਮਨੁੱਖ ਨੂੰ ਅਸਲ ਅਨੰਦ ਕਿਸ ਗੱਲ ਵਿੱਚ ਮਹਿਸੂਸ ਹੁੰਦਾ ਹੈ ਇਹੀ ਗੱਲ ਉਪਰ ਵਾਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਸੰਸਾਰ ਵਿੱਚ ਇਸ ਤੋਂ ਵੱਡੀ ਖੁਸ਼ੀ ਮਨੁੱਖ ਲਈ ਹੋਰ ਕੀ ਹੋ ਸਕਦੀ ਹੈ ਜਦੋਂ ਕੋਈ ਆਪਣੇ ਮਨ ਦੇ ਅੰਦਰੋਂ ਉਸ ਸੱਚੇ ਪ੍ਰਮਾਤਮਾ ਨੂੰ, ਵਾਹਿਗੁਰੂ ਨੂੰ, ਅਕਾਲ ਪੁਰਖ ਨੂੰ, ਅੱਲਾ ਨੂੰ, ਗਾੱਡ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਦੇਖ ਲੈਂਦਾ ਹੈ, ਜਾਣ ਲੈਂਦਾ ਹੈ ਜੋ ਸਭ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਵਿਚਰ ਰਿਹਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਹੀ ਵਰਤ ਰਿਹਾ ਹੈ ਤੇ ਉਸਨੇ ਸਭ ਨੂੰ ਮਨ ਦੀ ਸਮਝ ਰਾਹੀਂ ਆਪ ਹੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਜਦੋਂ ਕੋਈ ਮਨੁੱਖੀ ਰੂਪ ਆਪਣੇ ਮਨ ਦੇ ਅੰਦਰ ਵਰਤ ਰਹੇ ਪ੍ਰਮਾਤਮਾ ਦੇ ਕੋਲੋਂ ਨਾਦ ਸੁਣ ਲੈਂਦਾ ਹੈ ਤਾਂ ਹੀ ਕੋਈ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ ਨਿਕਲਕੇ ਚਉਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਜੁੜ ਸਕਦਾ ਹੈ ਜਿਸ ਚਉਥੇ ਪਦ ਵਾਲੀ ਸਮਝ ਦੁਆਰਾ ਹੀ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਸਕਦਾ ਹੈ ਜੋ ਆਪਣਾ ਆਪ ਉਹ ਮਨ ਦੇ ਵਿੱਚ ਆਪ ਹੀ ਜਨਾਉਂਦਾ ਹੈ, ਮਨ ਦੇ ਵਿੱਚ ਮਨ ਦੀ ਸਮਝ ਦੁਆਰਾ ਜਨਾਉਂਦਾ ਹੈ। ਪ੍ਰਮਾਤਮਾ ਆਪਣੇ ਉੱਚੇ ਗਿਆਨ ਦੁਆਰਾ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ, ਆਪਣੇ ਨਾਮ ਦੁਆਰਾ ਪੂਰਨ ਹੈ ਜਿਸ ਆਪਣੇ ਪੂਰਨ ਗਿਆਨ ਦੁਆਰਾ, ਉਸਨੇ ਆਪਣੀ ਉੱਚੀ ਸਾਇੰਸ ਦੁਆਰਾ ਪੂਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਪੂਰਨ ਗਿਆਨ ਦੁਆਰਾ ਹੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਉਪਰ ਪੰਗਤੀ ਰਾਹੀਂ ਪ੍ਰਮਾਤਮਾ ਨੂੰ ਪੂਰਨ **“ਪੂਰੇ ਨਾਦ”** ਦੇ ਰੂਪ ਵਿੱਚ ਕਿਹਾ ਹੋਇਆ ਹੈ। ਪ੍ਰਮਾਤਮਾ ਦਾ ਨਾਦ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਪੂਰੀ ਸ੍ਰਿਸ਼ਟੀ ਵਿੱਚ, ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਦਾ ਨਾਦ ਹੀ ਵੱਜ ਰਿਹਾ ਹੈ ਭਾਵ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਦਾ ਉੱਚਾ ਗਿਆਨ ਹੀ ਵਰਤ ਰਿਹਾ ਹੈ ਭਾਵ ਸਭ ਦੇ ਅੰਦਰ ਜੋ ਵੀ ਨਾਦ ਵੱਜ ਰਹੇ ਹਨ ਉਹ ਪੂਰੇ ਨਾਦ ਵਜਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਹਰ ਨਾਦ ਵਜਾਉਂਣ ਵਿੱਚ ਪੂਰਨ ਹੈ ਭਾਵ ਪੂਰਾ ਹੈ। ਇਸ ਗੱਲ ਨੂੰ ਕੇਵਲ ਉਹੀ ਸਮਝ ਸਕਦਾ ਹੈ ਜੋ ਆਪਣੇ

49/6710

ਅੰਦਰੋਂ ਪ੍ਰਮਾਤਮਾ ਦੇ ਅਨਹਦ ਨਾਦ ਨੂੰ ਸੁਣ ਲੈਂਦਾ ਹੈ ਤੇ ਤਾਂ ਹੀ ਕੋਈ ਇਸ ਗੱਲ ਤੇ ਵਿਸ਼ਵਾਸ ਕਰ ਸਕਦਾ ਹੈ ਕਿ ਸ੍ਰਿਸ਼ਟੀ ਦੇ ਅੰਦਰ ਹਰ ਆਕਾਰ ਰੂਪ ਦੇ ਵਿੱਚ ਆਪਣੇ ਨਿਰੰਕਾਰ ਰੂਪ ਦੁਆਰਾ ਨਾਦ ਵਜਾਉਂਣ ਵਾਲਾ ਉਹ ਆਪ ਹੀ ਹੈ। ਮਨੁੱਖ ਨੂੰ ਸਭ ਤੋਂ ਜਿਆਦਾ ਹੈਰਾਨ ਕਰਨ ਵਾਲੀ ਗੱਲ ਇਹੀ ਹੈ ਜਦੋਂ ਉਹ ਮਨ ਦੇ ਵਿੱਚ ਆਪਣਾ ਨਾਦ ਵਜਾਉਂਣ ਦੇ ਮਾਲਕ ਨੂੰ ਆਪਣੇ ਅੰਦਰੋਂ ਸੁਣ ਲੈਂਦਾ ਹੈ।
(ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥ ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥੨॥੪੬॥੬੯॥)

ਆਪਣਾ ਨਾਦ ਪ੍ਰਮਾਤਮਾ ਸਾਡੇ ਅੰਦਰ ਕਿਸ ਰੂਪ ਵਿੱਚ ਵਜਾਉਂਦਾ ਹੈ, ਇਸਨੂੰ ਸਾਡੇ ਅੰਦਰ ਪ੍ਰਮਾਤਮਾ ਆਪਣਾ ਵਾਜਾ ਕਿਸ

ਰੂਪ ਵਿੱਚ ਵਜਾਉਂਦਾ ਹੈ ਇਹ ਕਹਿ ਕੇ ਵੀ ਸਮਝਾਇਆ ਹੋਇਆ ਹੈ ਕਿ ਉਹ ਵਾਜਾ ਸਾਡੇ ਅੰਦਰ ਕਿਸ ਜਗ੍ਹਾ ਤੇ ਵੱਜਦਾ ਹੈ, ਕਿਸ ਰੂਪ ਵਿੱਚ ਵੱਜਦਾ ਹੈ ਤੇ ਕਿਸ ਮਕਸਦ ਲਈ ਵੱਜਦਾ ਹੈ। ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ ॥
ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥”

(ਅੰਗ ੧੪੧੧)

ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸਾਡਾ ਸਰੀਰ ਰੂਪ ਭਾਂਡਾ ਕਿਸਨੇ ਸਾਜਿਆ ਹੈ ਤੇ ਜਿਸਨੇ ਇਸਨੂੰ ਸਾਜਿਆ ਹੈ ਉਸਨੇ ਇਸਨੂੰ ਕੱਚੇ ਭਾਂਡੇ ਦੀ ਤਰ੍ਹਾ ਸਾਜਿਆ ਹੈ ਭਾਵ ਇਸ ਸਰੀਰ ਰੂਪ ਭਾਂਡੇ ਨੂੰ ਪ੍ਰਮਾਤਮਾ ਨੇ ਆਪ ਹੀ ਸਾਜਿਆ ਹੈ ਭਾਵ ਉਸਨੇ ਆਪ ਹੀ ਸਾਡੇ ਸਰੀਰ ਦੀ ਰਚਨਾ ਕੀਤੀ ਹੈ ਤੇ ਇਸੇ ਕਰਕੇ ਮਨੁੱਖ ਦਾ ਆਪਣਾ ਇਸ ਸਰੀਰ ਤੇ ਕੋਈ ਜੋਰ ਨਹੀਂ ਚੱਲਦਾ। ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ। ਜਿਸਨੇ ਸਾਡਾ ਸਰੀਰ ਸਾਜਿਆ ਹੈ ਉਹ ਹੀ ਸਰੀਰ ਦੇ ਵਿੱਚ ਸਮਝ ਪਾਉਂਣ ਵਾਲਾ ਹੈ, ਮਤਿ ਪਾਉਂਣ ਵਾਲਾ ਹੈ। ਸਾਡਾ ਸਰੀਰ ਰੂਪ ਭਾਂਡਾ ਕੱਚੀ ਮਤਿ ਕਰਕੇ ਕੱਚਾ ਹੈ। ਸਾਡਾ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ ਤੇ ਉਸੇ ਵਿੱਚ ਪ੍ਰਮਾਤਮਾ ਨੇ ਮਨੁੱਖੀ ਮਨ ਦੇ ਰਾਹੀਂ ਜੋ ਸਮਝ ਪਾਈ ਹੋਈ ਹੈ ਉਹ ਸਮਝ ਕੂੜੀ ਹੈ ਭਾਵ ਜੋ ਸਾਨੂੰ ਝੂਠ ਸਮਝਾਉਂਦੀ ਹੈ। ਅਸੀਂ ਆਪਣੇ ਮਨ ਦੀ ਸਮਝ ਰਾਹੀਂ ਇਹ ਸਮਝਦੇ ਹਾਂ ਕਿ ਇਹ ਸਰੀਰ ਸਾਡਾ ਹੈ ਭਾਵ ਮੇਰਾ ਹੈ ਤੇ ਇਸੇ ਤਰ੍ਹਾਂ ਅਸੀਂ ਹਰ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ ਜਿਸਦਾ ਕਾਰਣ ਸਾਡੇ ਅੰਦਰ ਦਾ ਕੂੜ ਹੈ ਭਾਵ ਝੂਠੀ ਸਮਝ ਹੈ। ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਾਇਆ ਦੀ ਜੁਗਤਿ ਵਿੱਚ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਭਾਵ ਮਨ ਦੀ ਹਉਮੈ

49/6711

ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਦੁਆਰਾ ਅਸੀਂ ਸੰਸਾਰ ਦੇ ਸੱਚ ਨੂੰ ਨਹੀਂ ਸਮਝ ਸਕਦੇ, ਸੰਸਾਰ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ। ਸੰਸਾਰ ਦਾ ਸੱਚ ਇਹ ਹੈ, ਅਸਲੀਅਤ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕੋਈ ਵੀ ਹੋਰ ਹੋਂਦ ਸਮਝਣਾ ਕੂੜ ਹੈ ਭਾਵ ਸੱਚ ਨਹੀਂ ਹੈ। ਪ੍ਰਮਾਤਮਾ ਨੇ ਸਭ ਨੂੰ ਮਨ ਦੀ ਝੂਠੀ ਮਤਿ ਦੇ ਅੰਦਰ ਰੱਖ ਕੇ ਸੱਚ ਤੋਂ ਪੜਦਾ ਰੱਖਿਆ ਹੋਇਆ ਹੈ ਜਿਸ ਪੜਦੇ ਵਿੱਚ ਰਹਿੰਦਿਆਂ ਅਸੀਂ ਸੱਚ ਨੂੰ ਨਹੀਂ ਸਮਝ ਸਕਦੇ। ਅਸੀਂ ਆਪਣੀ ਕੂੜੀ ਮਤਿ ਵਿੱਚੋਂ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ ਆਪਣੇ ਆਪ ਨਹੀਂ ਨਿਕਲ ਸਕਦੇ ਭਾਵ ਆਪਣੀ ਮਤਿ ਰੂਪ ਭਾਂਡੇ ਨੂੰ ਆਪ ਨਹੀਂ ਧੋ ਸਕਦੇ ਭਾਵ ਆਪਣੀ ਕੱਚੀ ਮਤਿ ਵਿੱਚੋਂ ਆਪੇ ਨਹੀਂ ਨਿਕਲ ਸਕਦੇ ਕਿਉਂਕਿ ਇਸ ਭਾਂਡੇ ਨੂੰ ਸਾਜਣ ਵਾਲਾ ਪ੍ਰਮਾਤਮਾ ਆਪ ਹੈ ਭਾਵ ਸਾਡੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਗੱਲ ਇਥੇ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। **(ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ ॥)**

ਸਾਡੀ ਮਨ ਰੂਪ ਸਮਝ ਦਾ ਭਾਂਡਾ ਕਿਵੇਂ ਧੁੱਪਦਾ ਹੈ ਭਾਵ ਕਿਵੇਂ ਰਾਸਿ ਆਉਂਦਾ ਹੈ ਭਾਵ ਕਿਵੇਂ ਸ਼ੁਧ ਹੁੰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਹੋਰ ਵੀ ਦ੍ਰਿੜ ਕਰ ਸਕੀਏ ਕਿ ਸਾਡੇ ਅੰਦਰ ਪ੍ਰਮਾਤਮਾ ਆਪਣਾ ਨਾਦ ਕਿਸ ਤਰੀਕੇ ਵਜਾਉਂਦਾ ਹੈ ਜਿਸਨੂੰ ਕਿ ਉਪਰ ਵਾਲੀਆਂ ਪੰਗਤੀਆਂ ਰਾਹੀਂ ਵਾਜਾ ਵੱਜਣ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ।

“ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥”

ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ ਸਾਡੇ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ ਉਹੀ ਗੱਲ ਉਪਰ ਪੰਗਤੀ ਰਾਹੀਂ ਸਮਝਾਈ ਹੋਈ ਹੈ। ਜਦ ਤਕ ਪ੍ਰਮਾਤਮਾ ਨੂੰ ਆਪ ਨਹੀਂ ਭਾਉਂਦਾ ਤਦ ਤਕ ਕੋਈ ਵੀ ਮਨ ਦੀ ਮਾੜੀ ਸਮਝ ਵਿੱਚੋਂ ਨਹੀਂ ਨਿਕਲ ਸਕਦਾ, ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ, ਅਗਿਆਨਤਾ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਹਉਮੈ ਵਿੱਚੋਂ ਕੋਈ ਆਪਣੇ ਆਪ ਨਹੀਂ ਨਿਕਲ ਸਕਦਾ ਜਿਸ ਮਨ ਦੀ ਨਾਸਮਝੀ ਵਿੱਚੋਂ ਨਿਕਲੇ ਬਿਨਾਂ ਸਾਡਾ ਮਨ ਦਾ ਸਮਝ ਰੂਪ ਭਾਂਡਾ ਸ਼ੁਧ ਨਹੀਂ ਹੋ ਸਕਦਾ ਭਾਵ ਰਾਸਿ ਨਹੀਂ ਆ ਸਕਦਾ। ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਮਨ ਦੀ

ਅਗਿਆਨਤਾ ਵਿੱਚੋਂ ਕੱਢ ਕੇ ਉਸਦੇ ਮਨ ਨੂੰ

49/6712

ਪਵਿੱਤਰ ਕਰੇ, ਸ਼ੁਧ ਕਰੇ। **(ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ॥)**

ਸਾਡਾ ਇਹ ਮਨ ਦੀ ਸਮਝ ਰੂਪ ਭਾਂਡਾ ਕਿਵੇਂ ਰਾਸਿ ਆਉਂਦਾ ਹੈ ਤੇ ਪ੍ਰਮਾਤਮਾ ਇਸ ਭਾਂਡੇ ਨੂੰ ਰਾਸ ਕਰਨ ਲਈ ਆਪਣੀ ਕ੍ਰਿਪਾ ਕਿਸ ਰੂਪ ਵਿੱਚ ਕਰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਰੱਖ ਕੇ ਸਮਝਣ ਦੀ ਲੋੜ ਹੈ ਤੇ ਤਾਂ ਹੀ ਅਸੀਂ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਸਕਦੇ ਹਾਂ ਤੇ ਗੁਰੂ ਦੀ ਸੱਚੀ ਸਮਝ ਦੇ ਨੇੜੇ ਲੱਗਣ ਦਾ ਸੱਚਾ ਉੱਦਮ ਕਰ ਸਕਦੇ ਹਾਂ।

“ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥”

ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। ਜੋਤਿ ਰੂਪ ਸਾਡਾ ਮਨ ਹੈ ਤੇ ਜੋਤਿ ਦਾ ਮਕਸਦ ਸਾਡੇ ਮਨ ਦੇ ਅੰਦਰ ਚਾਨਣ ਕਰਨ ਦਾ ਹੀ ਹੈ ਭਾਵ ਗਿਆਨ ਰੂਪ ਚਾਨਣ ਕਰਨ ਦਾ ਹੀ ਹੈ ਜਿਸ ਦੁਆਰਾ ਮਨ ਦੇ ਵਿੱਚ ਸਮਝ ਰੂਪ ਚਾਨਣ ਹੁੰਦਾ ਹੈ। ਪ੍ਰਮਾਤਮਾ ਦੀ ਜੋਤਿ ਸਾਡੇ ਸਭ ਦੇ ਅੰਦਰ ਵਰਤ ਰਹੀ ਹੈ ਤੇ ਇਸ ਜੋਤਿ ਦੇ ਰਾਹੀਂ ਹੀ ਭਾਵ ਜੋਤਿ ਦਾ ਚਾਨਣ ਕਰਨ ਦੁਆਰਾ ਹੀ ਪ੍ਰਮਾਤਮਾ ਨੇ ਸਭ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਮਾਇਆ ਦੀ ਜੁਗਤਿ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਉਪਰ ਪੰਗਤੀ ਵਿੱਚ ਸਾਡੇ ਅੰਦਰ ਦੀ ਜੋਤਿ ਨੂੰ **“ਪਰਮ ਜੋਤਿ”** ਕਹਿ ਕੇ ਸੰਬੋਧਨ ਕੀਤਾ ਹੈ। ਜੋਤਿ ਵਿੱਚ ਤੇ ਪਰਮ ਜੋਤਿ ਵਿੱਚ ਕੀ ਭੇਦ ਹੈ ਇਸਨੂੰ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦੀ ਜੋਤਿ ਤਾਂ ਸਾਡੇ ਸਭ ਦੇ ਅੰਦਰ ਵਰਤ ਹੀ ਰਹੀ ਹੈ ਜਿਸ ਦੁਆਰਾ ਪ੍ਰਮਾਤਮਾ ਨੇ ਆਪ ਹੀ ਸੰਸਾਰੀਆਂ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਜਿਸ ਮਨੁੱਖ ਤੇ ਪ੍ਰਮਾਤਮਾ ਆਪਣੀ ਕਿਰਪਾ ਕਰਨ ਦੁਆਰਾ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਉਸਦੇ ਮਨ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ **“ਪਰਮ ਜੋਤਿ”** ਜਗਾਉਂਦਾ ਹੈ। ਪਰਮ ਜੋਤਿ ਉਹ ਹੈ ਜਿਸ ਦੁਆਰਾ ਪ੍ਰਮਾਤਮਾ ਮਨ ਦੇ ਵਿੱਚ ਮਨੁੱਖ ਨੂੰ ਆਪਣਾ ਸਭ ਤੋਂ ਉੱਚਾ ਗਿਆਨ ਬਖਸ਼ਦਾ ਹੈ ਭਾਵ ਚੌਥੇ ਪਦ ਦਾ ਗਿਆਨ ਬਖਸ਼ਦਾ ਹੈ ਭਾਵ ਆਪਣਾ ਬ੍ਰਹਮ ਗਿਆਨ ਬਖਸ਼ਦਾ ਹੈ ਭਾਵ ਆਪਣਾ ਨਾਮ ਬਖਸ਼ਦਾ ਹੈ, ਮਨ ਦੇ ਵਿੱਚ ਆਪਣਾ ਸਹਜ ਗਿਆਨ ਬਖਸ਼ਦਾ ਹੈ ਜਿਸ ਆਪਣੇ

49/6713

ਉੱਚੇ ਗਿਆਨ ਦੁਆਰਾ ਉਹ ਮਨੁੱਖੀ ਸਮਝ ਨੂੰ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ ਤੇ ਆਪਣੀ ਸੱਚੀ ਗੁਰਮਤਿ ਵਾਲੀ ਸਮਝ ਬਖਸ਼ਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ੀ ਹੈ। ਆਪਣੀ ਪਰਮ ਜੋਤਿ ਮਨ ਦੇ ਵਿੱਚ ਜਗਾਉਂਣ ਦੁਆਰਾ ਮਨੁੱਖ ਨੂੰ ਜੋ ਉੱਚੀ ਸਮਝ ਮਿਲਦੀ ਹੈ ਉਸਦੇ ਨਾਲ ਹੀ ਫਿਰ ਮਨੁੱਖੀ ਸਮਝ ਦੇ ਵਿੱਚ ਗੁਰੂ ਪ੍ਰਮਾਤਮਾ ਦੀ ਉੱਚੀ ਸਮਝ ਦਾ ਵਾਜਾ ਵੱਜਦਾ ਹੈ, ਉਸਦੀ ਸ਼ੋਭਾ ਦਾ ਵਾਜਾ ਵੱਜਦਾ ਹੈ ਜੋ ਵਾਜਾ ਮਨ ਦੇ ਵਿੱਚ ਮਨ ਦੀ ਸੱਚੀ ਸਮਝ ਰਾਹੀਂ ਆਪ ਹੀ ਵਜਾਉਂਦਾ ਹੈ। ਸੱਚੀ ਸਮਝ ਪੈਣ ਤੋਂ ਪਹਿਲੇ ਮਨ ਦੇ ਵਿੱਚ ਕੂੜ ਦਾ ਵਾਜਾ ਵੱਜਦਾ ਹੈ, ਝੂਠ ਦਾ ਵਾਜਾ ਵੱਜਦਾ ਹੈ, ਕੂੜ ਦੇ ਤੂਰੇ ਵੱਜਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ ਤੇ ਮਨ ਦਾ ਕੂੜ ਨਿਕਲਣ ਤੋਂ ਬਾਅਦ ਮਨ ਦੇ ਵਿੱਚ ਸੱਚ ਦੇ ਵਾਜੇ ਵੱਜਦੇ ਹਨ ਭਾਵ ਮਨੁੱਖੀ ਸਮਝ ਸੱਚ ਨੂੰ ਉੱਚਾ ਮੰਨ ਕੇ ਪੂਜਦੀ ਹੈ ਭਾਵ ਉਸ ਤੇ ਅਮਲ ਕਰਦੀ ਹੈ ਤੇ ਮਨ ਦੀ ਉਹੋ ਜਿਹੀ ਸਮਝ ਦੁਆਰਾ ਹੀ ਪ੍ਰਮਾਤਮਾ ਦੀ ਸੱਚੀ ਭਗਤੀ ਹੁੰਦੀ ਹੈ, ਉਸਦਾ ਨਾਮ ਜੱਪਿਆ ਜਾ ਸਕਦਾ ਹੈ। **(ਭਾਂਡਾ ਧੋਵੈ ਕਉਨੁ ਜਿ ਕਚਾ ਸਾਜਿਆ ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ ॥ ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥)** ਸਾਡੇ ਅੰਦਰ ਸੱਚ ਜਾ ਝੂਠ ਦੇ ਵਾਜੇ, ਤੂਰੇ ਕਿਸ ਤਰੀਕੇ ਵੱਜਦੇ ਹਨ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥

ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥
ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥੪॥੬॥}

(ਅੰਗ ੭੩੦)

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥}

(ਅੰਗ ੧੯)

{ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥}

(ਅੰਗ ੨੨੮)

{ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥ ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥
ਬਿਖੁ ਮਾਇਆ ਮਹਿ ਨਾ ਓਇ ਖਪਤੇ ॥ ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥}

(ਅੰਗ ੨੫੭-੨੫੮)

{ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥ ਦੇਖਿਆ ਤਿਹੂੰ ਲੋਕ ਕਾ ਪੀਉ ॥
ਅਚਰਜੁ ਭਇਆ ਜੀਵ ਤੇ ਸੀਉ ॥੧੩॥ ਤੇਰਸਿ ਤੇਰਹ ਅਗਮ ਬਖਾਣਿ ॥
ਅਰਧ ਉਰਧ ਬਿਚਿ ਸਮ ਪਹਿਚਾਣਿ ॥ ਨੀਚ ਊਚ ਨਹੀ ਮਾਨ ਅਮਾਨ ॥ ਬਿਆਪਿਕ ਰਾਮ ਸਗਲ ਸਾਮਾਨ॥੧੪॥}

(ਅੰਗ ੩੪੪)

{ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥}

(ਅੰਗ ੩੯੩)

{ਬਾਪਾਰਿ ਗੋਵਿੰਦ ਨਾਏ ॥ ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ ॥੧॥ ਰਹਾਉ ॥
ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ ॥ ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲਨ ਲਾਏ॥੧॥
ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ ॥
ਸਭ ਤਜੀ ਮਨੈ ਕੀ ਕਾਮ ਕਰਾ ॥ ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ ॥
ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥ ਨਾਨਕ ਦੀਨ ਸਰਣਿ ਆਏ ਗਲਿ ਲਾਏ ॥੨॥੨॥੧੫੩॥}

(ਅੰਗ ੪੦੮)

{ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥
ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥
ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥
ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥}

(ਅੰਗ ੫੭੭)

{ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ ॥
ਅਸਥਿਰ ਭਏ ਲਾਗਿ ਹਰਿ ਚਰਣੀ ਗੋਵਿੰਦ ਕੇ ਗੁਣ ਗਾਏ ॥੧॥ ਭਲੋ ਸਮੂਰਤੁ ਪੂਰਾ ॥
ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ ॥੧॥ ਰਹਾਉ ॥
ਮਿਲੇ ਸੁਆਮੀ ਪ੍ਰੀਤਮ ਅਪੁਨੇ ਘਰ ਮੰਦਰ ਸੁਖਦਾਈ ॥
ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ਸਗਲੀ ਇਛ ਪੁਜਾਈ ॥੨॥੮॥੩੬॥}

(ਅੰਗ ੬੧੮)

{ਤਾਪੁ ਗਵਾਇਆ ਗੁਰਿ ਪੂਰੇ ॥ ਵਾਜੇ ਅਨਹਦ ਤੂਰੇ ॥
ਸਰਬ ਕਲਿਆਣ ਪ੍ਰਭਿ ਕੀਨੇ ॥ ਕਰਿ ਕਿਰਪਾ ਆਪਿ ਦੀਨੇ ॥੧॥}

(ਅੰਗ ੬੨੬)

{ਗੁਰੁ ਪੂਰਾ ਆਰਾਧੇ ॥ ਕਾਰਜ ਸਗਲੇ ਸਾਧੇ ॥ ਸਗਲ ਮਨੋਰਥ ਪੂਰੇ ॥ ਬਾਜੇ ਅਨਹਦ ਤੂਰੇ ॥੧॥
ਸੰਤਹੁ ਰਾਮੁ ਜਪਤ ਸੁਖੁ ਪਾਇਆ ॥ ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ॥੧॥ ਰਹਾਉ ॥
ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥ ਨਾਨਕ ਦਾਸਿ ਵਖਾਣੀ ॥
ਨਿਰਮਲ ਅਕਥ ਕਹਾਣੀ ॥੨॥੧੮॥੮੨॥}

(ਅੰਗ ੬੨੯)

{ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗਿ ਰਾਮ ॥
ਭਵ ਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥
ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥
ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥ ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥੩॥}

(ਅੰਗ ੭੮੧)

{ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥
ਤਾਪ ਪਾਪ ਸੰਤਾਪ ਬਿਨਾਸੇ ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥
ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥ ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥੩॥੨੧॥}

(ਅੰਗ ੮੦੬)

{ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥
ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥
ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥}

(ਅੰਗ ੮੩੪)

{ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥
ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥
ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ ॥੪॥੭॥}

(ਅੰਗ ੮੮੪)

{ਸੇਵਕੁ ਲਾਇਓ ਅਪੁਨੀ ਸੇਵ ॥ ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ॥ ਸਗਲੀ ਚਿੰਤਾ ਆਪਿ ਨਿਵਾਰੀ ॥
ਤਿਸੁ ਗੁਰ ਕਉ ਹਉ ਸਦ ਬਲਿਹਾਰੀ ॥੧॥ ਕਾਜ ਹਮਾਰੇ ਪੂਰੇ ਸਤਗੁਰ ॥
ਬਾਜੇ ਅਨਹਦ ਤੂਰੇ ਸਤਗੁਰ ॥੧॥ ਰਹਾਉ॥ ਮਹਿਮਾ ਜਾ ਕੀ ਗਹਿਰ ਗੰਭੀਰ ॥ ਹੋਇ ਨਿਹਾਲੁ ਦੇਇ ਜਿਸੁ ਧੀਰ॥
ਜਾ ਕੇ ਬੰਧਨ ਕਾਟੇ ਰਾਇ ॥ ਸੋ ਨਰੁ ਬਹੁਰਿ ਨ ਜੋਨੀ ਪਾਇ ॥੨॥ ਜਾ ਕੈ ਅੰਤਰਿ ਪ੍ਰਗਟਿਓ ਆਪ ॥
ਤਾ ਕਉ ਨਾਹੀ ਦੂਖ ਸੰਤਾਪ ॥ ਲਾਲੁ ਰਤਨੁ ਤਿਸੁ ਪਾਲੈ ਪਰਿਆ ॥ ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥
ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥ ਏਕੋ ਏਕੁ ਨਿਰੰਜਨ ਪੂਜਾ ॥
ਜਤ ਕਤ ਦੇਖਉ ਆਪਿ ਦਇਆਲ ॥ ਕਹੁ ਨਾਨਕ ਪ੍ਰਭ ਮਿਲੇ ਰਸਾਲ ॥੪॥੪॥੧੫॥}

(ਅੰਗ ੮੮੭)

{ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥}

(ਅੰਗ ੯੨੨)

49/6714

{ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥ ਅਨਹਤ ਸੁੰਨਿ ਰਤੇ ਸੇ ਕੈਸੇ ॥
ਜਿਸ ਤੇ ਉਪਜੇ ਤਿਸ ਹੀ ਜੈਸੇ ॥ ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥
ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥ ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥}

(ਅੰਗ ੯੪੩)

{ਜਿਹ ਸਿਮਰਨਿ ਹੋਇ ਮੁਕਤਿ ਦੁਆਰੁ ॥ ਜਾਹਿ ਬੈਕੁੰਠਿ ਨਹੀ ਸੰਸਾਰਿ ॥
ਨਿਰਭਉ ਕੈ ਘਰਿ ਬਜਾਵਹਿ ਤੂਰ ॥ ਅਨਹਦ ਬਜਹਿ ਸਦਾ ਭਰਪੂਰ ॥੧॥}

(ਅੰਗ ੯੭੧)

{ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ॥ ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ॥੧॥
ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥
ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂ ਪੂਰਾ ॥੨॥੨॥}

(ਅੰਗ ੧੨੫੨)

{ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥ ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ॥
ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥ ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥
ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥

ਗੁਰ ਰਾਮਦਾਸ ਕਲ੍ਹਚਰੈ ਤੈ ਅਭੈ ਅਮਰ ਪਦੁ ਪਾਇਅਉ ॥੬॥}

(ਅੰਗ ੧੩੯੭)

{ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥ ਉਗਵੈ ਸੂਰੁ ਨ ਜਾਪੈ ਚੰਦੁ ॥
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ॥
ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥}

(ਅੰਗ ੭੯੧)

ਉਪਰ ਕੁਝ ਸ਼ਬਦਾਂ ਦੀ ਵਿਆਖਿਆ ਦੁਆਰਾ ਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਸਾਡੇ ਅੰਦਰ ਨਾਦ ਦਾ ਵੱਜਣਾ ਕੀ ਹੈ, ਉਹ ਨਾਦ ਕਿੱਥੇ ਵੱਜਦਾ ਹੈ, ਕਿਸ ਰੂਪ ਵਿੱਚ ਵੱਜਦਾ ਹੈ ਤੇ ਉਸਨੂੰ ਵਜਾਉਂਣ ਵਾਲਾ ਕੌਣ ਹੈ। ਇਹ ਪ੍ਰਮਾਤਮਾ ਦੁਆਰਾ ਸਭ ਦੇ ਅੰਦਰ ਪਾਈ ਹੋਈ ਸਮਝ ਰੂਪ ਨਾਦ ਹੈ ਜਿਸ ਦੁਆਰਾ ਹਰ ਆਕਾਰ ਰੂਪ ਚੱਲ ਰਿਹਾ ਹੈ ਤੇ ਆਪਣੀ ਹੋਂਦ ਦਾ ਮਕਸਦ ਪੂਰਾ ਕਰ ਰਿਹਾ ਹੈ ਤੇ ਹਰ ਹੋਂਦ ਨੂੰ ਪ੍ਰਮਾਤਮਾ ਨੇ ਕਿਸ ਮਕਸਦ ਲਈ ਬਣਾਇਆ ਹੈ ਤੇ ਜੋ ਵੀ ਉਹ ਆਪਣਾ ਮਕਸਦ ਪੂਰਾ ਕਰਦਾ ਹੈ ਉਹ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਮੰਨਣ ਦੁਆਰਾ ਹੀ ਕਰਦਾ ਹੈ। ਜੋ ਵੀ ਵਸਤੂ ਕੰਮ ਕਰਦੀ ਹੈ ਉਹ ਕਿਸੇ ਆਪਣੇ ਅੰਦਰ ਦੇ ਗਿਆਨ ਦੁਆਰਾ ਹੀ ਕਰਦੀ ਹੈ ਭਾਵੇਂ ਉਹ ਬਨਸਪਤੀ ਹੈ, ਭਾਵੇਂ ਉਹ ਹੋਰ ਹੈ। ਜੋ ਵੀ ਵਸਤੂ ਕਿਸੇ ਜਗ੍ਹਾ ਟਿਕੀ ਹੋਈ ਹੈ ਉਹ ਕਿਸੇ ਗਿਆਨ ਦੁਆਰਾ ਹੀ ਟਿਕੀ ਹੋਈ ਹੈ ਤੇ ਉਥੇ ਆਪਣੇ ਟਿਕੇ ਹੋਣ ਦਾ ਮਕਸਦ ਪੂਰਾ ਕਰ ਰਹੀ ਹੈ, ਜੋ ਮਕਸਦ ਉਸਦੇ ਅੰਦਰ ਪ੍ਰਮਾਤਮਾ ਨੇ ਉਸਨੂੰ ਬਣਾਕੇ ਉਸਨੂੰ ਟਿਕਾਉਂਣ ਦੁਆਰਾ ਪੂਰਾ ਕਰ ਰਿਹਾ ਹੈ। ਜਿਵੇਂ ਕਿ ਅਨੇਕਾਂ ਪਹਾੜ ਕਿਸੇ ਮਕਸਦ ਲਈ ਹੀ ਟਿਕੇ ਹੋਏ ਹਨ ਤੇ ਆਪਣੇ ਅੰਦਰ ਦੇ ਗਿਆਨ ਵਾਲੀ ਸਮਝ ਦੁਆਰਾ ਉਹ ਟਿਕੇ ਹੋਏ ਹਨ ਤੇ ਆਪਣਾ ਮਕਸਦ ਪੂਰਾ ਕਰ ਰਹੇ ਹਨ। ਪ੍ਰਮਾਤਮਾ ਦਾ ਨਾਦ ਸਭ ਦੇ ਅੰਦਰ ਹੀ ਚੱਲ ਰਿਹਾ ਹੈ। ਕਿਸੇ ਨੂੰ ਉਹ ਮਨ ਦੀ ਸਮਝ ਰਾਹੀਂ ਸੁਣਦਾ ਹੈ ਜਿਵੇਂ ਕਿ ਮਨੁੱਖੀ ਰੂਪ ਨੂੰ ਸੁਣਦਾ ਹੈ, ਪਸ਼ੂਆਂ, ਪੰਖੀਆਂ ਆਦਿ ਨੂੰ ਸੁਣਦਾ ਹੈ ਭਾਵ ਮਨ ਦੀ ਸਮਝ ਰਾਹੀਂ ਸੁਣਦਾ ਹੈ ਤੇ ਜਿਨ੍ਹਾਂ ਨੂੰ ਮਨ ਦੀ ਸਮਝ ਰਾਹੀਂ ਨਹੀਂ ਸੁਣਦਾ ਉਹ ਬਿਨਾਂ ਸੁਣੇ ਹੀ ਆਪਣੇ ਹੋਣ ਦਾ ਮਕਸਦ ਪੂਰਾ ਕਰਦੇ ਹਨ ਭਾਵ ਸੰਸਾਰ ਵਿੱਚ ਜੋ ਵੀ ਹੋਂਦ ਬਣੀ ਹੋਈ ਹੈ ਉਹ ਆਪਣੀ ਹੋਂਦ ਦਾ ਮਕਸਦ ਉਸਦੇ ਅੰਦਰ ਪਾਏ ਹੋਏ ਪ੍ਰਮਾਤਮਾ ਦੇ ਗਿਆਨ ਦੁਆਰਾ ਹੀ ਪੂਰਾ ਕਰਦਾ ਹੈ ਜੋ ਹਰ ਗਿਆਨ ਦਾ ਮਾਲਕ ਹੈ, ਪੂਰੇ ਨਾਦ ਦਾ ਮਾਲਕ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। **(ਪੂਰਨ ਪੂਰੇ ਨਾਦ ॥)** ਹੁਣ ਅਸੀਂ ਜਪੁਜੀ ਬਾਣੀ ਦੇ

49/6715

ਉਸ ਸ਼ਬਦ ਦੇ ਅਰਥਾਂ ਨੂੰ ਆਸਾਨੀ ਨਾਲ ਸਮਝ ਪਾਵਾਂਗੇ ਜਿਸ ਸ਼ਬਦ ਨੂੰ ਸਮਝਣ ਲਈ ਅਸੀਂ ਪ੍ਰਮਾਤਮਾ ਦੇ ਨਾਦ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਜਿਸ ਆਪਣੇ ਨਾਦ ਰਾਹੀਂ ਉਹ ਹਰ ਵਸਤੂ ਨੂੰ ਆਪ ਹੀ ਬਣਾਕੇ ਆਪ ਹੀ ਚਲਾ ਰਿਹਾ ਹੈ, ਸਭ ਦੀ ਸੰਭਾਲ ਕਰ ਰਿਹਾ ਹੈ।

“ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥”

(ਅੰਗ ੬)

ਉਪਰ ਵਾਲੀਆਂ ਦੋਨਾਂ ਪੰਗਤੀਆਂ ਦੇ ਅਰਥਾਂ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝ ਚੁਕੇ ਹਾਂ। ਪ੍ਰਮਾਤਮਾ ਦਾ ਸਭ ਦੇ ਅੰਦਰ ਆਪਣਾ ਨਾਦ ਕਿਸ ਤਰੀਕੇ ਵੱਜਦਾ ਹੈ ਭਾਵ ਮਨ ਦੀ ਸਮਝ ਰਾਹੀਂ ਵੱਜਦਾ ਹੈ ਤੇ ਜਿਨ੍ਹਾਂ ਦੇ ਅੰਦਰ ਸਮਝ ਨਹੀਂ ਹੁੰਦੀ ਉਹਨਾਂ ਦੇ ਅੰਦਰ ਵੀ ਵੱਜਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੈ ਸਭ ਦੇ ਅੰਦਰ ਪ੍ਰਮਾਤਮਾ ਦਾ ਪਾਇਆ ਹੋਇਆ ਨਾਦ ਹੀ ਵਰਤਦਾ ਹੈ ਜਿਸ ਦੁਆਰਾ ਉਹ ਸਭ ਦੀ ਸੰਭਾਲ ਕਰਦਾ ਹੈ ਭਾਵ ਸਭ ਨੂੰ ਆਪਣੇ ਹੁਕਮ ਰਾਹੀਂ ਚਲਾਉਂਦਾ ਹੈ। ਹਰ ਕੋਈ ਆਪਣੇ ਜੀਵਨ ਵਿੱਚ ਜੋ ਕੁਝ ਵੀ ਕਹਿੰਦਾ ਹੈ ਤੇ ਕਰਦਾ ਹੈ ਉਸ ਦੁਆਰਾ ਉਹ ਪ੍ਰਮਾਤਮਾ ਦੇ ਹੁਕਮ ਨੂੰ ਹੀ ਗਾਉਂਦਾ ਹੈ ਭਾਵ ਉਸਦੇ ਹੁਕਮ ਨੂੰ ਮੰਨਦਾ ਹੈ। ਹਰ ਕੋਈ ਉਸਦੇ ਹੁਕਮ ਨੂੰ ਹੀ ਗਾ ਰਿਹਾ ਹੈ ਭਾਵ ਉਸਦੇ ਹੁਕਮ ਅਨੁਸਾਰ ਚੱਲ ਰਿਹਾ ਹੈ। ਉਪਰਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਕੁਝ ਹੀ ਸਮਝਾਇਆ ਹੋਇਆ ਹੈ ਜਿਸਨੂੰ ਸਮਝਣ ਲਈ ਫਿਰ ਤੋਂ ਗਹਿਰੀ ਵਿਚਾਰ ਦੀ ਲੋੜ ਹੈ। ਪੰਗਤੀ ਦੇ ਅਰਥ ਸਮਝਣ ਲਈ ਸਾਡੇ ਲਈ ਪਹਿਲੇ ਇਹ ਸਮਝਣਾ ਜਰੂਰੀ ਹੈ ਕਿ ਉਪਰ ਵਾਲੀ ਪੰਗਤੀ ਵਿੱਚ **“ਰਾਗ”** ਕਿਸਨੂੰ ਕਿਹਾ ਹੈ। ਉਪਰ ਪੰਗਤੀ ਵਿੱਚ ਰਾਗ ਸਾਡੇ ਮਨ ਨੂੰ ਹੀ ਕਿਹਾ ਹੈ ਭਾਵ ਸਾਡੇ ਮਨ ਦੀ ਸਮਝ ਨੂੰ ਹੀ ਕਿਹਾ ਹੈ ਜਿਸ ਸਮਝ ਦੇ ਵਿੱਚ ਹਰ ਵੇਲੇ ਪ੍ਰਮਾਤਮਾ ਦਾ ਨਾਦ ਵੱਜਦਾ ਰਹਿੰਦਾ ਹੈ ਭਾਵ ਉਸਦਾ ਹੁਕਮ ਵਰਤਦਾ ਰਹਿੰਦਾ ਹੈ ਕਿਉਂਕਿ ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਮਨ ਦੀ ਸਮਝ ਦੁਆਰਾ ਹੀ ਕਰਦਾ ਹੈ, ਮਨ ਦੇ ਵਿੱਚ ਸਮਝ ਪੈਣ ਦੁਆਰਾ ਕਰਦਾ ਹੈ ਤੇ ਸਾਡੇ ਅੰਦਰ ਸਮਝ ਪਾਉਂਣ ਵਾਲਾ ਪ੍ਰਮਾਤਮਾ ਆਪ ਹੈ। ਜਿਹੋ ਜਿਹੀ ਵੀ ਉਹ ਸਾਡੇ ਮਨ ਦੇ ਅੰਦਰ ਸਮਝ ਪਾਉਂਦਾ ਹੈ ਉਸੇ ਅਨੁਸਾਰ ਹੀ ਕੋਈ ਪ੍ਰਮਾਤਮਾ ਦੇ ਹੁਕਮ ਨੂੰ ਕਹਿੰਦਾ ਹੈ ਭਾਵ ਮੰਨਦਾ ਹੈ ਭਾਵ ਉਸਦੇ ਹੁਕਮ ਨੂੰ ਗਾਉਂਦਾ ਹੈ, ਵਿਚਰਦਾ ਹੈ। **(ਕੇਤੇ ਰਾਗ ਪਰੀ ਸਿਉ ਕਹੀਅਨਿ)** ਰਾਗ ਨੂੰ ਸਮਝਣ ਲਈ ਤੇ ਮਨ ਦੇ ਨਾਦ ਨੂੰ ਸਮਝਣ ਲਈ ਅਸੀਂ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਦੇ ਹਾਂ ਤਾਂ ਜੋ ਸਾਨੂੰ ਰਾਗ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ।

49/6716

ਬਿਲਾਵਲੁ ਕੀ ਵਾਰ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੪ ॥

“ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥”

(ਅੰਗ ੮੪੯)

ਮਃ ੩ ॥

“ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥
ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥
ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥”

(ਅੰਗ ੮੪੯)

“ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥
ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥
ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥ ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ॥
ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥"

(ਅੰਗ ੧੪੨੩)

ਪਹਿਲਾਂ ਉਪਰ ਵਾਲੇ ਸ਼ਬਦ ਨੂੰ ਸਮਝਦੇ ਹਾਂ ਤੇ ਮਨ ਦੇ ਅੰਦਰ ਦੇ ਰਾਗ ਨੂੰ, ਨਾਦ ਨੂੰ ਸਮਝਣ ਦੇ ਨਾਲ ਇਸ ਗੱਲ ਨੂੰ ਵੀ ਸਮਝਦੇ ਹਾਂ ਕਿ ਮਨ ਦਾ ਬਿਲਾਵਲ ਕੀ ਹੈ ਤੇ **"ਬਿਲਾਵਲੁ ਕੀ ਵਾਰ"** ਤੋਂ ਭਾਵ ਕੀ ਹੈ।

"ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥"

ਸਭ ਤੋਂ ਪਹਿਲਾਂ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ **"ਬਿਲਾਵਲੁ"** ਕੀ ਹੈ। **"ਬਿਲਾਵਲੁ"** ਮਨ ਦੇ ਖੇੜੇ ਨੂੰ ਕਹਿੰਦੇ ਹਨ ਮਨ ਦੇ ਅੰਦਰ ਦੀ ਵੱਡੀ ਖੁਸ਼ੀ ਨੂੰ ਕਹਿੰਦੇ ਹਨ। ਮਨ ਦਾ ਇਹ ਬਿਲਾਵਲ ਭਾਵ ਮਨ ਦੇ ਵਿੱਚ ਇਹ ਸੱਚਾ ਖੇੜਾ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਆਉਂਦਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਆਉਂਦਾ ਹੈ ਜੋ ਖੇੜਾ ਭਗਤਾਂ ਦੇ ਮਨ ਦੇ ਵਿੱਚ, ਗੁਰੂ ਸਾਹਿਬਾਨ ਦੇ ਮਨ ਦੇ ਵਿੱਚ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮਨ ਵਿੱਚ ਆਇਆ ਹੈ। ਜਦੋਂ ਮਨੁੱਖ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਗੁਰਮਤਿ ਦੀ ਸੱਚੀ ਸਮਝ ਨੂੰ ਜਾਣ ਲੈਂਦਾ ਹੈ ਉਹ ਫਿਰ ਮਾਇਆ ਮੋਹ ਦੇ ਪਿਆਰ ਵਿੱਚੋਂ ਨਿਕਲ ਜਾਂਦਾ ਹੈ ਭਾਵ ਆਪਣੀ ਮਾਇਆ ਮੋਹ ਵਾਲੀ ਸਮਝ ਨੂੰ, ਅਗਿਆਨਤਾ ਵਾਲੀ ਨਾਸਮਝ ਮਤਿ ਨੂੰ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਦੇ ਲਈ ਵਾਰ ਦਿੰਦਾ ਹੈ ਭਾਵ ਪ੍ਰਮਾਤਮਾ ਦੀ ਸੱਚੀ ਸਮਝ ਦੇ ਉੱਤੇ ਵਾਰ ਦਿੰਦਾ ਹੈ, ਮਨ ਦੇ ਵਿੱਚ ਸੱਚੀ ਖੁਸ਼ੀ ਨਾਲ ਵਾਰ ਦਿੰਦਾ ਹੈ। ਉਪਰ ਵਾਲਾ ਸ਼ਬਦ ਚੌਥੀ ਪਾਤਸ਼ਾਹੀ ਦੀ ਸੱਚੀ ਸਮਝ ਦੁਆਰਾ ਉਚਾਰਿਆ ਹੋਇਆ ਸ਼ਬਦ ਹੈ, ਮਨ ਦੇ ਬਿਲਾਵਲ ਦੁਆਰਾ ਉਚਾਰਿਆ ਹੋਇਆ ਸ਼ਬਦ ਹੈ ਜਿਸ ਦੁਆਰਾ ਉਹਨਾਂ ਨੇ ਆਪਣੇ ਅੰਦਰ ਦੀ ਸਮਝ ਨੂੰ ਪ੍ਰਮਾਤਮਾ ਦੀ ਸਮਝ ਉੱਤੇ ਵਾਰਿਆ ਹੈ ਭਾਵ ਸੱਚ ਦੇ ਮਾਲਕ ਦੀ ਸੱਚੀ ਸਮਝ ਦੇ ਉੱਤੇ ਵਾਰਿਆ ਹੈ। ਪ੍ਰਮਾਤਮਾ ਦੀ ਭਗਤੀ ਆਪਣੀ ਸਮਝ

ਨੂੰ ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਸਮਝ ਤੇ ਵਾਰਨ ਦੁਆਰਾ ਹੀ ਹੁੰਦੀ ਹੈ, ਮਨ ਦੀ ਖੁਸ਼ੀ ਨਾਲ ਵਾਰਨ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਸ਼ਬਦ ਦੇ ਸਲੋਕਾਂ ਰਾਹੀਂ ਸਮਝਾਇਆ ਹੋਇਆ ਹੈ। ਹੁਣ ਸ਼ਬਦ ਦੇ ਸਲੋਕਾਂ ਨੂੰ ਵਾਰੀ ਵਾਰੀ ਸਮਝਦੇ ਹਾਂ।

"ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥

ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥"

ਉਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਸਾਨੂੰ ਮਨ ਦਾ **"ਬਿਲਾਵਲੁ"** ਹੀ ਸਮਝਾਇਆ ਹੋਇਆ ਹੈ, **"ਬਿਲਾਵਲੁ ਰਾਗ"** ਕਹਿ ਕੇ ਸਮਝਾਇਆ ਹੋਇਆ ਹੈ ਜੋ ਮਨ ਦੇ **"ਨਾਦੁ"** ਦੇ ਰੂਪ ਵਿੱਚ ਸਮਝਾਇਆ ਹੋਇਆ ਹੈ। ਪ੍ਰਮਾਤਮਾ ਨੂੰ ਜਿਸਨੇ ਗਾਵਿਆ ਹੈ, ਉਸਦੇ **"ਉਤਮੁ"** ਰੂਪ ਨੂੰ ਜਾਨਣ ਦੁਆਰਾ ਹੀ ਗਾਵਿਆ ਹੈ। ਪ੍ਰਮਾਤਮਾ ਆਪਣੇ ਉੱਚੇ ਗਿਆਨ ਦੁਆਰਾ ਉਤਮੁ ਹੈ, ਆਪਣੇ ਬ੍ਰਹਮ ਗਿਆਨ ਦੁਆਰਾ ਉਤਮੁ ਹੈ, ਆਪਣੇ ਨਾਮ ਦੁਆਰਾ ਉਤਮੁ ਹੈ, ਆਪਣੀ ਉੱਚੀ ਸਾਇੰਸ ਦੇ ਉੱਚੇ ਗਿਆਨ ਦੁਆਰਾ ਉੱਚਾ ਹੈ ਜਿਸ ਆਪਣੇ ਉੱਚੇ ਗਿਆਨ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਹੀ ਉਹ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਉਤਮੁ ਰੂਪ ਨੂੰ ਜਾਣ ਲੈਂਦਾ ਹੈ ਉਸਨੂੰ ਹੀ ਪ੍ਰਮਾਤਮਾ ਧਰਮ ਦੇ ਮਾਰਗ ਤੇ ਚੱਲਣ ਦਾ ਉਤਮੁ ਗਿਆਨ ਦਿੰਦਾ ਹੈ, ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਦਿੰਦਾ ਹੈ ਜਿਸ ਦੁਆਰਾ ਕੋਈ ਪ੍ਰਮਾਤਮਾ ਦੇ ਗੁਣ ਗਾ ਸਕਦਾ ਹੈ। ਜਦ ਤਕ ਪ੍ਰਮਾਤਮਾ ਹਰ ਰੂਪ ਵਿੱਚ ਨਜਰ ਨਹੀਂ ਆਉਂਦਾ ਤਦ ਤਕ ਪ੍ਰਮਾਤਮਾ ਦੇ ਗੁਣ ਵੀ ਨਹੀਂ ਗਾਏ ਜਾ ਸਕਦੇ। ਜਦ ਤਕ ਕੋਈ ਮਨੁੱਖ ਆਪਣੀ ਮਨ ਦੀ ਸਮਝ ਨੂੰ ਆਪਣੀ ਸਮਝਦਾ ਹੈ ਜਿਸ ਕਰਕੇ ਉਹ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਭਾਵ ਹਉਮੈ ਵਿੱਚ ਰਹਿੰਦਾ ਹੈ ਤਦ ਤਕ ਉਸ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ। ਜਿਸਨੂੰ ਪ੍ਰਮਾਤਮਾ ਆਪਣਾ ਉਤਮੁ ਰੂਪ ਸਮਝਾਉਂਦਾ ਹੈ ਉਸਦੇ ਅੰਦਰ ਆਪਣਾ **"ਨਾਦੁ"** ਵਸਾਉਂਣ ਦੁਆਰਾ ਹੀ ਕਰਦਾ ਹੈ ਜੋ ਉਸਦਾ ਨਾਦੁ ਸਭ ਦੇ ਅੰਦਰ ਤੇ ਸਭ ਜਗ੍ਹਾ ਵਰਤਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣੇ **"ਨਾਦੁ"** ਰੂਪ ਦੀ ਸੋਝੀ ਪਾਉਂਦਾ ਹੈ ਉਹ ਸਾਡੇ ਅੰਦਰ ਦੇ **"ਰਾਗੁ"** ਦੁਆਰਾ ਹੀ ਪਾਉਂਦਾ ਹੈ ਭਾਵ ਮਨ ਦੇ ਵਿੱਚ ਹੀ ਆਪਣੇ ਸੱਚੇ ਗਿਆਨ ਦੀ ਸੋਝੀ ਪਾਉਂਦਾ ਹੈ, ਮਨ ਦੇ ਵਿੱਚ ਆਪਣੇ ਮੇਲ ਦੁਆਰਾ ਪਾਉਂਦਾ ਹੈ ਜਿਸ ਦੁਆਰਾ ਸਾਡੇ ਮਨ ਰੂਪ ਰਾਗ ਦੇ ਅੰਦਰ **"ਬਿਲਾਵਲੁ"** ਉਪਜਦਾ ਹੈ ਭਾਵ ਮਨ ਦਾ ਖੇੜਾ ਉਪਜਦਾ ਹੈ। ਮਨ ਦੇ ਇਹੋ ਜਿਹੇ ਖੇੜੇ ਦੁਆਰਾ ਹੀ ਭਾਵ

ਪ੍ਰਮਾਤਮਾ ਦੇ ਨਾਮ ਮਨ ਦੇ ਵਿੱਚ ਉਸਦਾ **"ਉਤਮੁ"** ਰੂਪ ਜਾਨਣ ਦੁਆਰਾ ਹੀ ਉਸ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਦੇ ਗੁਣ ਗਾਏ ਹਨ। **(ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥)** ਭਗਤਾਂ ਨੇ, ਗੁਰੂ ਸਾਹਿਬਾਨ ਨੇ ਉਸ ਪ੍ਰਮਾਤਮਾ ਦੇ ਗੁਣ ਕਿਸ ਤਰੀਕੇ ਗਾਏ ਹਨ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਕੇਵਲ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਟਿਕਾਉਂਣ ਦੀ ਲੋੜ ਹੈ ਕਿ ਪ੍ਰਮਾਤਮਾ ਦੇ ਗੁਣ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਗਾਏ ਜਾ ਸਕਦੇ ਹਨ, ਉਸ ਤੇ ਅਮਲ ਕਰਨ ਦੁਆਰਾ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਗੱਲ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੁਆਰਾ ਸਮਝਾਈਆਂ ਹੋਈਆਂ ਹਨ।

"ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥"

ਗੁਰੂ ਦੇ ਉਪਦੇਸ਼ ਨੂੰ **"ਸੁਣਿ"** ਕੇ ਜੋ ਉਸਨੂੰ ਮੰਨਦਾ ਹੈ ਭਾਵ ਜੋ ਉਸ ਤੇ ਅਮਲ ਕਰਦਾ ਹੈ ਉਹੀ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਭਾਵ ਮਨੁੱਖੀ ਸਰੀਰ ਲਈ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਗੁਰੂ ਦੇ ਉਪਦੇਸ਼ ਨੂੰ ਮੰਨਣ ਦਾ ਹੀ ਹੈ ਤੇ ਕੇਵਲ ਇੱਕ ਮਨੁੱਖੀ ਸਰੀਰ ਹੀ ਇੱਕ ਐਸਾ ਸਰੀਰ ਹੈ ਜਿਸ ਸਰੀਰ ਦੇ ਅੰਦਰ ਪ੍ਰਮਾਤਮਾ ਨੇ ਉਹੋ ਜਿਹੀ ਸਮਝ ਪਾਈ ਹੈ ਜਿਸ ਸਮਝ ਦੁਆਰਾ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਭਾਵ ਇਸੇ ਤਰੀਕੇ ਹੀ ਕੋਈ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੁਆਰਾ ਪੂਰੇ ਭਾਗ ਵਾਲਾ ਬਣ ਸਕਦਾ ਹੈ ਭਾਵ ਜਿਸ ਤਰੀਕੇ ਮਨੁੱਖੀ ਜੀਵਨ ਸਫਲ ਹੋ ਸਕਦਾ ਹੈ। ਜਿਸਨੂੰ ਵੀ ਪ੍ਰਮਾਤਮਾ ਪੂਰੇ ਭਾਵ ਵਾਲਾ ਬਣਾਉਂਦਾ ਹੈ ਉਹ **"ਧੁਰਿ"** ਤੋਂ ਹੀ ਬਣਾਉਂਦਾ ਹੈ ਭਾਵ ਆਪਣੇ ਘਰ ਵਿੱਚੋਂ ਹੀ ਬਣਾਉਂਦਾ ਹੈ ਜੋ ਘਰ ਉਸਦਾ ਸਾਡੇ ਸਭ ਦੇ ਅੰਦਰ ਹੀ ਹੈ, ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ, ਮਨ ਦੀ ਜੋਤਿ ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ **"ਧੁਰਿ"** ਤੋਂ ਹੀ ਆਈ ਹੈ ਭਾਵ ਪ੍ਰਮਾਤਮਾ ਦੇ ਦਰ ਤੋਂ ਹੀ ਆਈ ਹੈ ਭਾਵ ਭਗਤਾਂ ਦੀ, ਗੁਰੂ ਸਾਹਿਬਾਨ ਦੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ

ਮਨ ਦੀ ਸਮਝ ਰਾਹੀਂ ਹੀ ਆਈ ਹੈ, ਚੌਥੇ ਪਦ ਦੇ ਗਿਆਨ ਦੀ ਮਨ ਦੇ ਵਿੱਚ ਸਮਝ ਪੈਣ ਦੁਆਰਾ ਹੀ ਆਈ ਹੈ। **{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}** ਅੰਗ ੧੨੪੩ ਜਦੋਂ ਮਨੁੱਖ ਨੂੰ ਮਨ ਦੇ ਵਿੱਚ ਗੁਰਬਾਣੀ ਦੇ ਅੰਦਰ ਦੇ ਸੱਚੇ ਗਿਆਨ ਦੀ ਸਮਝ ਪੈ ਜਾਂਦੀ ਹੈ ਉਹ ਫਿਰ ਸਦਾ ਲਈ ਹੀ ਪੈ ਜਾਂਦੀ ਹੈ ਭਾਵ ਮਨੁੱਖੀ ਸਰੀਰ ਦੇ ਪੂਰੇ ਜੀਵਨ ਲਈ ਹੀ ਪੈ ਜਾਂਦੀ ਹੈ ਤੇ ਫਿਰ ਉਹ ਆਪਣੇ ਪੂਰੇ ਜੀਵਨ ਵਿੱਚ ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਦੁਆਰਾ ਹੀ ਵਿਚਰਦਾ ਹੈ, ਹਰ ਵੇਲੇ, ਅੱਠੇ ਪਹਿਰ, ਦਿਨ ਰਾਤ ਗੁਰੂ ਦੀ ਸੱਚੀ ਮਤਿ ਦੇ ਨਾਲ ਹੀ ਜੁੜਿਆ ਰਹਿੰਦਾ ਹੈ ਭਾਵ ਫਿਰ ਉਸਦੀ ਸਮਝ ਅੱਠੇ ਪਹਿਰ ਗੁਰੂ ਪ੍ਰਮਾਤਮਾ ਦੇ ਗੁਣ ਹੀ ਗਾਉਂਦੀ ਹੈ, ਹਰ ਆਕਾਰ ਰੂਪ ਵਿੱਚ ਫਿਰ ਉਸਨੂੰ ਪ੍ਰਮਾਤਮਾ ਦਾ ਰੂਪ ਹੀ ਨਜਰ ਆਉਂਦਾ ਹੈ। ਅੱਠੇ ਪਹਿਰ ਗੁਰੂ ਦੀ ਮਤਿ ਦੇ ਨਾਲ ਭਾਵ ਗੁਰੂ ਦੀ ਸੱਚੀ ਸਮਝ ਦੇ ਨਾਲ ਜੁੜਨਾ ਹੀ ਗੁਰੂ ਪ੍ਰਮਾਤਮਾ ਦੇ ਨਾਲ ਸਾਡੀ ਲਿਵ ਦਾ ਲੱਗਣਾ ਹੈ, ਮਨ ਦੇ ਵਿੱਚ ਹਰਿ ਹਰਿ ਦਾ ਵੱਸਣਾ ਹੈ ਭਾਵ ਗੁਰੂ ਦੀ ਮਤਿ ਦਾ ਵੱਸਣਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਡੇ ਅੰਦਰ ਹਰ ਵੇਲੇ ਹਰਿ ਦਾ ਵੱਸਿਆ ਰਹਿਣਾ ਹੀ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਵੱਸਿਆ ਰਹਿਣਾ ਹੀ ਹਰਿ ਹਰਿ ਹਰਿ ਨੂੰ ਆਪਣੇ ਅੰਦਰ ਵਸਾਉਂਣਾ ਹੈ, ਪ੍ਰਮਾਤਮਾ ਦੇ ਨਾਲ ਆਪਣੀ ਲਿਵ ਦਾ ਜੋੜਨਾ ਹੈ। **(ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥ ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥ ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥)**

{ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥
ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥੧॥
ਰਾਮ ਗੁਰਮਤਿ ਹਰਿ ਲਿਵ ਲਾਗੇ ॥੧॥ ਰਹਾਉ ॥
ਘਟਿ ਘਟਿ ਰਮਈਆ ਰਮਤ ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥
ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥੨॥
ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥
ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥
ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥੪॥
ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥
ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ ॥੫॥੧੦॥੨੪॥੬੨॥}

(ਅੰਗ ੧੭੧-੧੭੨)

{ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥}

(ਅੰਗ ੧੪੧)

{ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥}

(ਅੰਗ ੧੧੯)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥

ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬)

{ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥}

(ਅੰਗ ੬੮)

{ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ ॥ ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥
ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥}

(ਅੰਗ ੬੬)

{ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥ ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥
ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥}

(ਅੰਗ ੫੫)

{ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥
ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥ ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥
ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ ॥}

(ਅੰਗ ੪੬)

49/6720

{ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ ॥ ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ॥
ਆਪੇ ਪ੍ਰਭੂ ਦਇਆਲੁ ਹੈ ਆਪੇ ਦੇਇ ਬੁਝਾਇ ॥ ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥੧॥
ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ॥ ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥੧॥ ਰਹਾਉ ॥}

(ਅੰਗ ੩੭)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥}

(ਅੰਗ ੨੨੩)

{ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥}

(ਅੰਗ ੫੫)

{ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥

ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥
ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥
ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥}

(ਅੰਗ ੨੬)

{ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥}

(ਅੰਗ ੩੯)

{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥
ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥
ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥ ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥
ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥}

(ਅੰਗ ੩੫)

{ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ ॥ ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥
ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥
ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥}

(ਅੰਗ ੧੩੧੨)

{ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥ ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ॥
ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥
ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥੧॥}

(ਅੰਗ ੧੨੪੭)

{ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥
ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ ॥
ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ ਸਤਿਗੁਰੁ ਸੇਵਿ ਸੁਖੁ ਪਾਇਆ ॥
ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣ ਜਾਣੁ ਨ ਹੋਇਆ ॥
ਸਚਾ ਸਾਹਿਬੁ ਸਚੀ ਨਾਈ ਵੇਖੈ ਨਦਰਿ ਨਿਹਾਲੇ ॥
ਰੋਵਹਿ ਪਿਰਹੁ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥੧॥}

(ਅੰਗ ੫੯੪)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

49/6721

ਮੁੱਖ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਮਨ ਦੇ ਵਿੱਚ ਖੇੜਾ ਕਿਸ ਤਰੀਕੇ ਆਉਂਦਾ ਹੈ ਤੇ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਲਿਵ ਕਿਸ ਤਰੀਕੇ ਲੱਗਦੀ ਹੈ, ਸਾਡੇ ਹਿਰਦੈ ਵਿਚ ਹਰਿ ਦਾ ਵੱਸਣਾ ਕੀ ਹੈ ਜੋ ਕਿ ਉਸਦੀ ਸੱਚੀ ਗੁਰਮਤਿ ਦਾ ਵੱਸਣਾ ਹੈ, ਉਸਦੇ ਨਾਮ ਦਾ ਵੱਸਣਾ ਹੈ, ਇਹਨਾਂ ਗੱਲਾਂ ਨੂੰ ਸਮਝਿਆ ਹੈ ਤੇ ਇਹਨਾਂ ਗੱਲਾਂ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਾਰੀ ਗੱਲ ਆਪਣੀ ਨਾਸਮਝ ਮਤਿ ਨੂੰ ਛੱਡ ਕੇ, ਮਨਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਂਣ ਦੀ ਹੈ ਭਾਵ ਹਉਮੈ ਛੱਡ ਕੇ ਨਾਮ ਨੂੰ ਆਪਣੇ ਅੰਦਰ ਵਸਾਉਂਣ ਦੀ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿੱਚ ਉਹੋ ਜਿਹੇ ਕਰਮ ਕਰੀਏ ਭਾਵ ਮਾੜੇ ਕਰਮ ਛੱਡ ਕੇ ਚੰਗੇ ਕਰਮ ਕਰੀਏ ਜਿਸ ਦੁਆਰਾ ਗੁਰੂ ਪ੍ਰਮਾਤਮਾ ਦੇ ਗੁਣ ਗਾਏ ਜਾ ਸਕਦੇ ਹਨ। ਪ੍ਰਮਾਤਮਾ ਦੇ ਗੁਣ ਮਨ ਦੇ ਵਿੱਚ ਗੁਰਮਤਿ ਨੂੰ ਮੰਨਣ ਦਾ ਖੇੜਾ ਹੋਣ ਦੁਆਰਾ ਹੀ ਭਾਵ ਮਨ ਦੇ ਖੇੜੇ ਦੁਆਰਾ ਹੀ ਗਾਏ ਜਾ ਸਕਦੇ ਹਨ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੀਆਂ ਸ਼ੁਰੂ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ। ਸਾਡੇ ਮਨ ਦੇ ਵਿੱਚ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦਾ ਖੇੜਾ ਭਾਵ ਖੁਸ਼ੀ ਕਿਸ ਤਰੀਕੇ ਆਉਂਦੀ ਹੈ, ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਆਉ ਇਸ ਗੱਲ ਨੂੰ ਸਮਝਦੇ ਹਾਂ, ਮਨ ਦੇ ਵਿਸ਼ਵਾਸ ਨਾਲ ਸਮਝਦੇ ਹਾਂ।

“ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥”

ਉਪਰ ਸ਼ਬਦ ਵਿੱਚ ਪਹਿਲੀ ਪੰਗਤੀ ਵਿੱਚ ਆਪਣੇ **“ਤਨੁ ਮਨੁ”** ਦੇ ਹਰੇ ਹੋਣ ਦੀ ਗੱਲ ਵੀ ਕੀਤੀ ਹੋਈ ਹੈ ਤੇ ਮਨ ਦੇ ਖੇੜੇ ਦੀ ਗੱਲ ਵੀ ਕੀਤੀ ਹੋਈ ਹੈ ਤੇ **“ਹਰਿਆ ਬਾਗੁ”** ਦੀ ਗੱਲ ਵੀ ਕੀਤੀ ਹੋਈ ਹੈ। ਕੋਈ ਵੀ ਬਾਗ ਜਦੋਂ ਹਰੇਪਨ ਵਿੱਚ ਆਉਂਦਾ ਹੈ ਉਦੋਂ ਹੀ ਉਸਨੂੰ ਖਿੜਿਆ ਹੋਇਆ ਬਾਗ ਕਿਹਾ ਜਾਂਦਾ ਹੈ। ਬਾਗ ਦੇ ਹਰੇ ਹੋਣ ਤੋਂ ਪਹਿਲਾਂ ਉਸਨੂੰ ਸੁੱਕਿਆ ਹੋਇਆ ਬਾਗ ਸਮਝਿਆ ਜਾਂਦਾ ਹੈ ਭਾਵ ਉਸ ਬਾਗ ਦੀ ਕਦਰ ਨਹੀਂ ਪੈਂਦੀ। ਕਿਸੇ ਵੀ ਬਾਗ ਦੀ ਕਦਰ ਉਹਦੋਂ ਹੀ ਪੈਂਦੀ ਹੈ ਜਦੋਂ ਉਹ ਬਾਗ ਆਪਣੀ ਹਰਿਆਵਲ ਦੁਆਰਾ ਚੰਗਾ ਲੱਗਦਾ ਹੈ ਭਾਵ ਖਿੜਿਆ ਹੋਇਆ ਲੱਗਦਾ ਹੈ, ਜਦੋਂ ਉਸਦੇ ਅੰਦਰ ਫੁੱਲ ਖਿੜ ਜਾਂਦੇ ਹਨ। ਫੁੱਲਾਂ ਦੇ ਖੇੜੇ ਦੇ ਨਾਲ, ਬਾਗ ਦੀ ਹਰਿਆਵਲ ਦੇ ਬਿਨਾਂ ਬਾਗ ਦੀ ਕੀਮਤ ਨਹੀਂ ਪੈਂਦੀ ਭਾਵ ਉਹ ਬਾਗ ਕਿਸੇ ਨੂੰ ਚੰਗਾ ਨਹੀਂ ਲੱਗਦਾ। ਉਪਰ ਵਾਲੀ

49/6722

ਪਹਿਲੀ ਪੰਗਤੀ ਰਾਹੀਂ ਸਾਡੇ ਮਨੁ ਤਨੁ ਨੂੰ ਬਾਗ ਦੀ ਹਰਿਆਵਲ ਦੇ ਨਾਲ, ਬਾਗ ਦੇ ਵਿੱਚ ਫੁੱਲਾਂ ਦੇ ਖੇੜੇ ਦੇ ਨਾਲ ਤੁਲਨਾ ਕਰਨ ਦੁਆਰਾ ਸਮਝਾਇਆ ਹੋਇਆ ਹੈ। ਸਾਡੇ ਮਨੁ ਤਨੁ ਦਾ ਹਰਾ ਹੋਣਾ ਕੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਜਿਵੇਂ ਖਿੜਿਆ ਹੋਇਆ ਬਾਗ ਸਭ ਨੂੰ ਚੰਗਾ ਲੱਗਦਾ ਹੈ ਭਾਵ ਉਹ ਆਪਣੀ ਅਸਲੀਅਤ ਨੂੰ ਪੂਰਾ ਕਰਦਾ ਹੈ ਤੇ ਤਾਂ ਹੀ ਸਭ ਨੂੰ ਚੰਗਾ ਲੱਗਦਾ ਹੈ, ਇਸੇ ਤਰ੍ਹਾਂ ਸਾਡਾ ਮਨੁੱਖੀ ਸਰੀਰ ਜਦੋਂ ਸਭ ਨੂੰ ਚੰਗਾ ਲੱਗੇ, ਇੱਕ ਬਾਗ ਦੀ ਤਰ੍ਹਾਂ ਚੰਗਾ ਲੱਗੇ ਤਾਂ ਹੀ ਉਹ ਆਪਣੇ ਆਪ ਦੇ ਮਕਸਦ ਨੂੰ ਪੂਰਾ ਕਰਦਾ ਹੈ। ਇੱਕ ਮਨੁੱਖੀ ਸਰੀਰ ਚੰਗੇ ਕਰਮ ਕਰਨ ਦੁਆਰਾ ਹੀ ਸਭ ਨੂੰ ਚੰਗਾ ਲੱਗਦਾ ਹੈ ਤੇ ਸਾਡਾ ਸਰੀਰ ਤਾਂ ਹੀ ਚੰਗੇ ਕਰਮ ਕਰਦਾ ਹੈ ਜੇਕਰ ਸਾਡਾ ਮਨ ਚੰਗੇ ਕਰਮ ਕਰਨ ਲਈ ਸਾਨੂੰ ਪ੍ਰੇਰਦਾ ਹੈ। ਸਾਡਾ ਮਨ ਸਾਨੂੰ ਚੰਗਾ ਬਣਨ ਲਈ ਚੰਗੇ ਕਰਮ ਕਰਨ ਲਈ ਤਾਂ ਹੀ ਪ੍ਰੇਰਦਾ ਹੈ ਜਦੋਂ ਸਾਨੂੰ ਗੁਰੂ ਦੀ ਮਤਿ ਅਨੁਸਾਰ ਚੱਲਣਾ ਚੰਗਾ ਲੱਗੇ ਕਿਉਂਕਿ ਗੁਰੂ ਦੀ ਮਤਿ ਸਾਨੂੰ ਚੰਗੇ ਕਰਮ ਕਰਨ ਲਈ ਹੀ ਪ੍ਰੇਰਦੀ ਹੈ ਤੇ ਮਾੜੇ ਕਰਮ ਕਰਨ ਲਈ ਮੰਨਾ ਕਰਦੀ ਹੈ। ਜਿਸ ਤਰ੍ਹਾਂ ਸਾਨੂੰ ਇੱਕ ਬਾਗ ਚੰਗਾ ਦਿੱਸਣ ਦੁਆਰਾ, ਚੰਗਾ

ਬਣਨ ਦੁਆਰਾ ਚੰਗਾ ਲੱਗਦਾ ਹੈ ਉਸੇ ਤਰ੍ਹਾਂ ਸਾਡਾ ਮਨੁੱਖੀ ਜੀਵਨ ਪ੍ਰਮਾਤਮਾ ਨੂੰ ਇੱਕ ਬਾਗ ਦੀ ਤਰ੍ਹਾਂ, ਖਿੜੇ ਹੋਏ ਬਾਗ ਦੀ ਤਰ੍ਹਾਂ ਬਣਨ ਦੁਆਰਾ ਹੀ ਚੰਗਾ ਲੱਗਦਾ ਹੈ। ਆਪਣੇ ਮਨੁੱਖੀ ਸਰੀਰ ਨੂੰ ਇੱਕ ਖਿੜੇ ਹੋਏ ਬਾਗ ਦੀ ਤਰ੍ਹਾਂ ਭਾਵ ਜੋ ਸਭ ਨੂੰ ਚੰਗਾ ਲੱਗੇ ਉਸ ਤਰੀਕੇ ਦਾ ਤਾਂ ਹੀ ਬਣਾਇਆ ਜਾ ਸਕਦਾ ਹੈ ਜੇਕਰ ਮਨੁੱਖ ਗੁਰੂ ਦੇ ਉਪਦੇਸ਼ ਨੂੰ ਸੁਣ ਕੇ ਉਸਨੂੰ ਪੂਰਨ ਰੂਪ ਵਿੱਚ ਮੰਨੇ ਜਿਵੇਂ ਕਿ ਅਸੀਂ ਸ਼ਬਦ ਦੀਆਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਚੰਗੇ ਬਣਨ ਦੁਆਰਾ ਹੀ ਗਾਏ ਜਾ ਸਕਦੇ ਹਨ ਜੋ ਕਿ ਉਸਦੀ ਮਤਿ ਨੂੰ ਮੰਨਣ ਦੁਆਰਾ ਹੀ ਉਸ ਦੀਆਂ ਨਜਰਾਂ ਵਿੱਚ ਚੰਗਾ ਬਣਿਆ ਜਾ ਸਕਦਾ ਹੈ, ਇੱਕ ਖਿੜੇ ਹੋਏ ਬਾਗ ਦੀ ਤਰ੍ਹਾਂ ਚੰਗਾ ਬਣਿਆ ਜਾ ਸਕਦਾ ਹੈ। **(ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥)** ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝੋ ਕਿ ਮਨੁੱਖ ਦਾ ਮਨੁ ਤਨੁ ਹਰਾ ਕਿਸ ਤਰੀਕੇ ਹੁੰਦਾ ਹੈ ਭਾਵ ਸਾਡੇ ਅੰਦਰ ਸੋਕਾ ਕਿਸ ਚੀਜ ਦਾ ਹੈ ਜਿਸ ਸੋਕੇ ਵਿੱਚੋਂ ਅਸੀਂ ਕਿਸ ਤਰੀਕੇ ਨਿਕਲਣਾ ਹੈ। ਸੁਕਿੱਆ ਹੋਇਆ ਬਾਗ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ ਤੇ ਸਾਡੇ ਅੰਦਰ ਇਹ ਸੁਕਿੱਆ ਹੋਇਆ ਬਾਗ ਸਾਡੇ ਮਨ ਦੇ ਅੰਦਰ ਦੀ ਉਹ ਸੁੱਕੀ ਹੋਈ ਸਮਝ ਹੈ ਜਿਸਦਾ ਕਾਰਨ

ਸਾਡੇ ਮਨ ਦੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ, ਭਰਮਾਂ ਵਾਲੀ ਸਮਝ ਹੈ ਜਿਸ ਵਿੱਚ ਰਹਿੰਦੇ ਹੋਏ ਸਾਨੂੰ ਧਰਮ ਦੇ ਭਾਵ ਆਪਣੇ ਜੀਵਨ ਦੇ ਵਿਚਰਨ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ ਜਿਸ ਨਾਸਮਝੀ ਕਰਕੇ ਭਾਵ ਮਨ ਦੇ ਸੋਕੇ ਕਰਕੇ ਅਸੀਂ ਪ੍ਰਮਾਤਮਾ ਨੂੰ ਚੰਗੇ ਨਹੀਂ ਲੱਗਦੇ ਜਿਵੇਂ ਕਿ ਕੋਈ ਸੁਕਿੱਆ ਹੋਇਆ ਬਾਗ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ। ਸਾਡੇ ਅੰਦਰ ਦਾ ਸੁਕਿੱਆ ਹੋਇਆ ਬਾਗ ਕਿਵੇਂ ਹਰਾ ਹੁੰਦਾ ਹੈ, ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਤੇ ਕਿਰਪਾ ਕਰਕੇ ਗੁਰੂ ਦੀ ਸਮਝ ਨੂੰ ਸੱਚਾ ਮੰਨ ਕੇ ਉਸਨੂੰ ਮੰਨਣ ਦੀ, ਦਿਲੋਂ ਸਮਝਣ ਦੀ ਕ੍ਰਿਪਾਲਤਾ ਕਰੋ ਭਾਵ ਗੁਰੂ ਦੇ, ਗੁਰੂ ਦੀ ਸਮਝ ਦੇ ਦਿਲੋਂ ਨੇੜੇ ਲੱਗਣ ਦਾ ਉੱਦਮ ਕਰੋ।

“ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥”

ਉਪਰ ਵਾਲੀ ਪੰਗਤੀ ਕਿਸਨੂੰ ਸਮਝ ਨਹੀਂ ਆਉਂਦੀ। ਜੋ ਆਪਣੇ ਆਪ ਨੂੰ ਵੱਡੇ ਵੱਡੇ ਧਾਰਮਿਕ ਸਮਝ ਦੇ ਗਿਆਤਾ ਅਖਵਾਉਂਦੇ ਹਨ ਭਾਵੇਂ ਉਹ ਕਿਹੋ ਜਿਹੀ ਵੀ ਧਾਰਮਿਕ ਆਸਥਾ ਦੇ ਨਾਲ ਜੁੜੇ ਹੋਏ ਹਨ ਉਹ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ, ਆਸਾਨੀ ਨਾਲ ਸਮਝ ਸਕਦਾ ਹੈ। ਸਾਰੀ ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ ਤੇ ਉਸ ਨੂੰ ਜਾਨਣ ਲਈ, ਸਾਰੇ ਸੰਸਾਰ ਦੇ ਵਾਸੀਆਂ ਲਈ ਭਾਵ ਮਨੁੱਖੀ ਜੀਵਾਂ ਲਈ ਉਸਨੂੰ ਜਾਨਣ ਦਾ ਮਾਰਗ ਵੀ ਇੱਕੋ ਹੀ ਹੈ। ਸਭ ਲਈ ਪ੍ਰਮਾਤਮਾ ਨੂੰ ਜਾਨਣ ਦਾ ਮਾਰਗ ਇੱਕੋ ਇੱਕ ਮਨ ਦੀ ਸਮਝ ਹੈ ਜੋ ਸਮਝ ਪ੍ਰਮਾਤਮਾ ਨੇ ਕੇਵਲ ਮਨੁੱਖੀ ਰੂਪ ਨੂੰ ਹੀ ਬਖਸ਼ੀ ਹੈ ਜੋ ਕਿ ਉਸਦੀ ਰਜਾ ਅਨੁਸਾਰ ਹੈ। ਹਰ ਮਨੁੱਖੀ ਜੀਵ ਨੂੰ ਉਸਨੇ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਰੱਖਿਆ ਹੋਇਆ ਹੈ ਤੇ ਕੇਵਲ ਤੇ ਕੇਵਲ ਇੱਕ ਮਨੁੱਖੀ ਸਰੂਪ ਹੀ ਹੈ ਜੋ ਚੌਥੇ ਪਦ ਦੇ ਗਿਆਨ ਨੂੰ ਸਮਝ ਸਕਦੀ ਹੈ ਤੇ ਹੋਰ ਕੋਈ ਜੀਵ ਨਹੀਂ ਸਮਝ ਸਕਦਾ। ਉਪਰ ਵਾਲੀ ਪੰਗਤੀ ਰਾਹੀਂ ਸਾਨੂੰ ਇਹੋ ਕੁਝ ਹੀ ਸਮਝਾਇਆ ਹੋਇਆ ਹੈ। ਹਰ ਮਨੁੱਖੀ ਜੀਵ ਨੂੰ ਪ੍ਰਮਾਤਮਾ ਨੇ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਹੀ ਰੱਖਿਆ ਹੋਇਆ ਹੈ ਤੇ ਮਨ ਦੀ ਇਹ ਅਗਿਆਨਤਾ ਵਾਲੀ ਸਮਝ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਨੂੰ ਜਾਨਣ ਲਈ ਉਸਦੇ ਨਾਲ ਪੜਦਾ ਹੈ, ਹਉਮੈ ਰੂਪ ਪੜਦਾ ਹੈ, ਮਾਇਆ ਰੂਪ ਪੜਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝਿਆ ਹੈ। ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਨਾ

ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਧਰਮ ਦੇ ਸੱਚੇ ਮਾਰਗ ਨੂੰ ਜਾਣ ਸਕਦੇ ਹਾਂ ਭਾਵ ਸੱਚ ਦੇ ਮਾਰਗ ਨੂੰ ਜਾਣ ਸਕਦੇ ਹਾਂ, ਨਾਮ ਜਪਣ ਦੇ ਮਾਰਗ ਨੂੰ ਜਾਣ ਸਕਦੇ ਹਾਂ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਮਨ ਦੇ ਵਿੱਚ ਇਹ ਅਗਿਆਨਤਾ ਰੂਪ ਹਨੇਰਾ ਮਿਟੇ ਬਿਨਾਂ ਕਿਸੇ ਦੇ ਮਨ ਦੀ ਸੁੱਕੀ ਹੋਈ ਸਮਝ ਭਾਵ ਜਿਸ ਸਮਝ ਨੂੰ ਸੱਚੇ ਮਾਰਗ ਦੀ ਸਮਝ ਹੀ ਨਹੀਂ ਹੈ ਉਹ ਸਮਝ ਹਰੀ ਹੋ ਸਕੇ ਭਾਵ ਚੰਗੀ ਬਣ ਸਕੇ ਇਹ ਨਹੀਂ ਹੋ ਸਕਦਾ। ਮਨ ਦੇ ਵਿੱਚੋਂ ਇਹ ਅਗਿਆਨਤਾ ਦਾ ਹਨੇਰਾ ਕਿਸੇ ਦੇ ਅੰਦਰੋਂ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਜੋ ਕਿ ਗਿਆਨ ਦਾ ਮਾਲਕ ਹੈ, ਸਾਡੀ ਸਮਝ ਦਾ ਮਾਲਕ ਹੈ। ਸਾਡੇ ਅੰਦਰ ਸੱਚੇ ਗਿਆਨ ਦਾ ਚਾਨਣ ਭਾਵ ਗਿਆਨ ਦਾ ਚਿਰਾਗ ਭਾਵ ਗਿਆਨ ਦਾ ਦੀਵਾ ਪ੍ਰਮਾਤਮਾ ਆਪ ਹੀ ਬਾਲ ਸਕਦਾ ਹੈ ਜੋ ਕਿ ਆਪ ਹੀ ਸਾਰੇ ਸੰਸਾਰ ਦਾ ਗੁਰੂ ਹੈ, ਗਿਆਨ ਰੂਪ ਗੁਰੂ ਹੈ, ਬ੍ਰਹਮ ਗਿਆਨ ਰੂਪ ਗੁਰੂ ਹੈ, ਆਪ ਬ੍ਰਹਮ ਗਿਆਨੀ ਦੇ ਰੂਪ ਵਿੱਚ ਗੁਰੂ ਹੈ ਤੇ ਉਹ ਇਸ ਤਰੀਕੇ

ਭਾਵ ਆਪਣੇ ਸੱਚੇ ਗਿਆਨ ਦਾ ਦੀਵਾ ਜਲਾਉਂਣ ਦੁਆਰਾ ਕਿਸੇ ਨੂੰ ਮਨ ਦੀ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਦਾ ਹੈ ਤੇ ਕਿਸੇ ਮਨੁੱਖ ਦਾ ਜੀਵਨ ਹਰਾ ਬਣਾਉਂਦਾ ਹੈ, ਕਿਸੇ ਬਾਗ ਦੀ ਤਰ੍ਹਾਂ ਹਰਾ ਬਣਾ ਕੇ ਉਸਨੂੰ ਖੇੜੇ ਵਿੱਚ ਲਿਆਉਂਦਾ ਹੈ ਜਿਸ ਮਨ ਦੀ ਸੱਚੀ ਸਮਝ ਦੁਆਰਾ ਫਿਰ ਕੋਈ ਮਨੁੱਖ ਮਾੜਾ ਕਰਮ ਕਰ ਹੀ ਨਹੀਂ ਸਕਦਾ ਭਾਵ ਚੰਗੇ ਕਰਮ ਕਰਨ ਦੁਆਰਾ ਸਭ ਨੂੰ ਚੰਗਾ ਲੱਗਦਾ ਹੈ ਜਿਵੇਂ ਕਿ ਕੋਈ ਖਿੜਿਆ ਹੋਇਆ ਹਰਾ ਬਾਗ ਚੰਗਾ ਲੱਗਦਾ ਹੈ। **(ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥ ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥)** ਆਉ ਹੁਣ ਸ਼ਬਦ ਦੀ ਆਖਰੀ ਪੰਗਤੀ ਨੂੰ ਸਮਝਦੇ ਹਾਂ ਜਿਸ ਦੁਆਰਾ ਸਾਨੂੰ ਆਪਣੇ ਜੀਵਨ ਦੇ ਵਿੱਚ ਅਸਲ ਜਿਉਂਣਾ ਸਮਝਾਇਆ ਹੋਇਆ ਹੈ। ਜਦ ਤਕ ਮਨੁੱਖ ਮਨ ਦੀ ਅਗਿਆਨਤਾ ਵਿੱਚ ਹੈ ਤਦ ਤਕ ਉਸਨੂੰ ਆਪਣਾ ਅਸਲ ਜੀਵਨ ਜਿਉਂਣ ਦੀ ਸਮਝ ਹੀ ਨਹੀਂ ਪੈ ਸਕਦੀ। ਅਸਲ ਜੀਵਨ ਜਿਉਂਣ ਦੀ ਸਮਝ ਹੀ ਮਨ ਦੇ ਵਿੱਚ ਗੁਰੂ ਦੇ ਗਿਆਨ ਦਾ ਚਰਾਗੁ ਬਲਣ ਦੁਆਰਾ ਹੁੰਦੀ ਹੈ ਭਾਵ ਮਨ ਦੇ ਵਿੱਚ ਗੁਰੂ ਦੇ ਗਿਆਨ ਦਾ ਚਾਨਣੁ ਹੋਣ ਦੁਆਰਾ ਹੁੰਦੀ ਹੈ ਜਿਸ ਮਨ ਦੇ ਚਾਨਣੁ ਦੁਆਰਾ ਮਨੁੱਖ ਅਗਿਆਨਤਾ ਦੇ ਹਨੇਰੇ ਵਿੱਚੋਂ ਨਿਕਲਦਾ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਮਨ ਦੇ ਵਿੱਚੋਂ ਅਗਿਆਨਤਾ ਦਾ ਹਨੇਰਾ ਨਿਕਲਣ ਦੁਆਰਾ ਹੀ ਅਸਲ ਜੀਵਨ ਜੀਵਿਆ ਹੈ ਤੇ ਸੰਸਾਰ ਨੂੰ ਅਸਲ ਜੀਵਨ ਜਿਉਂਣਾ ਸਮਝਾਇਆ ਹੈ ਭਾਵ ਧਰਮ ਦੇ

ਮਾਰਗ ਤੇ ਚੱਲਣ ਦਾ ਅਸਲ ਜੀਵਨ ਸਮਝਾਇਆ ਹੈ, ਪ੍ਰਮਾਤਮਾ ਦੇ ਨਾਮ ਨੂੰ ਜਪਣ ਦਾ ਅਸਲ ਮਾਰਗ ਸਮਝਾਇਆ ਹੈ। ਹੇਠ ਦਿੱਤੀਆਂ ਦੋਨਾਂ ਪੰਗਤੀਆਂ ਨੂੰ ਆਪਸ ਵਿੱਚ ਜੋੜਕੇ ਸਮਝੋ ਕਿਉਂਕਿ ਸ਼ਬਦ ਦੀ ਹਰ ਪੰਗਤੀ ਆਪਣੇ ਤੋਂ ਪਹਿਲੇ ਵਾਲੀ ਪੰਗਤੀ ਦੇ ਨਾਲ ਜੁੜੀ ਹੁੰਦੀ ਹੈ।

“ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥

ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥”

ਉਪਰ ਵਾਲੀ ਪੰਗਤੀ ਦੇ ਅਰਥ ਅਸੀਂ ਵੀਚਾਰੇ ਹੀ ਹਨ ਭਾਵ ਸਮਝੇ ਹੀ ਹਨ ਤੇ ਉਸ ਤੋਂ ਅਗਲੀ ਪੰਗਤੀ ਰਾਹੀਂ ਪਹਿਲੀ ਪੰਗਤੀ ਨੂੰ ਸਮਝਣ ਦਾ ਮਕਸਦ ਹੀ ਸਮਝਾਇਆ ਹੋਇਆ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ। ਮਨੁੱਖ ਦਾ ਅਸਲ ਜੀਵਨ ਉਦੋਂ ਹੀ ਸ਼ੁਰੂ ਹੁੰਦਾ ਹੈ ਜਦੋਂ ਉਸਨੂੰ ਆਪਣੇ ਅੰਦਰੋਂ **“ਸਚੁ”** ਦੀ ਸਮਝ ਪੈ ਜਾਂਦੀ ਹੈ ਭਾਵ ਸੱਚੇ ਗਿਆਨ ਦੀ ਸਮਝ ਪੈ ਜਾਂਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪੈ ਜਾਂਦੀ ਹੈ ਜੋ ਸਮਝ ਮਨ ਦੇ ਵਿੱਚ ਗੁਰੂ ਪ੍ਰਮਾਤਮਾ ਆਪਣੇ ਗਿਆਨ ਦਾ ਚਰਾਗੁ ਬਾਲਣ ਦੁਆਰਾ ਹੀ ਪਾਉਂਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਚਾਨਣੁ ਕਰਨ ਦੁਆਰਾ ਹੀ ਭਾਵ ਪ੍ਰਕਾਸ਼ ਕਰਨ ਦੁਆਰਾ ਹੀ ਪਾਉਂਦਾ ਹੈ ਜਿਸ ਰਾਹੀਂ ਮਨੁੱਖ ਦੇ ਅੰਦਰੋਂ ਅਗਿਆਨਤਾ ਦਾ ਹਨੇਰਾ ਹੀ ਮਿਟਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੀ ਸਮਝ ਦਾ ਮਾਲਕ ਕੌਣ ਹੈ ਭਾਵ ਗਿਆਨ ਦਾ ਮਾਲਕ ਕੌਣ ਹੈ ਜਿਸਦੇ ਗਿਆਨ ਦੁਆਰਾ ਸਭ ਕੁਝ ਬਣਿਆ ਹੈ ਤੇ ਉਸਦੇ ਗਿਆਨ ਦੁਆਰਾ ਹੀ ਸਭ ਕੁਝ ਚੱਲ ਰਿਹਾ ਹੈ। ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ, ਹਰਿ ਦੇ ਦਰਸ਼ਨ ਗਿਆਨ ਦਾ ਭਾਵ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਹੁੰਦੇ ਹਨ ਜਿਸ ਦੁਆਰਾ ਮਨੁੱਖ ਦਾ ਅਗਿਆਨਤਾ ਰੂਪ ਹਨੇਰਾ ਦੂਰ ਹੁੰਦਾ ਹੈ ਕਿਉਂਕਿ ਮਨ ਦਾ ਅਗਿਆਨਤਾ ਰੂਪ ਹਨੇਰਾ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਪੜਦਾ ਹੈ, ਹਉਮੈ ਰੂਪ ਪੜਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ। ਆਖਰੀ ਪੰਗਤੀ ਨੂੰ ਇਸੇ ਲਈ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਪ੍ਰਮਾਤਮਾ ਦਾ **“ਜਨੁ”** ਭਾਵ ਉਸਨੂੰ ਜਾਨਣ ਵਾਲਾ ਉਹੀ ਬਣਦਾ ਹੈ ਜੋ ਮਨ ਦੀ ਅਗਿਆਨਤਾ ਦਾ ਹਨੇਰਾ ਨਿਕਲਣ ਦੁਆਰਾ ਆਪਣੇ ਅੰਦਰੋਂ **“ਹਰਿ”** ਨੂੰ ਦੇਖ ਲੈਂਦਾ ਹੈ। ਜਦੋਂ ਕੋਈ ਮਨੁੱਖ ਪ੍ਰਮਾਤਮਾ ਦਾ ਜਨ ਬਣਨ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਫਿਰ ਮਨ ਦੀ ਸਮਝ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ **“ਮੁਖਿ”** ਦੇ ਨਾਲ ਲੱਗ ਜਾਂਦਾ ਹੈ ਭਾਵ ਜੁੜ ਜਾਂਦਾ ਹੈ। ਸਾਡਾ ਮਨ ਪ੍ਰਮਾਤਮਾ ਦਾ **“ਮੁਖਿ”** ਹੀ ਹੈ ਜਿਸ ਮਨੁੱਖ ਰਾਹੀਂ ਉਹ ਹਰ ਵੇਲੇ ਸਭ ਦੇ ਅੰਦਰ

ਆਪ ਹੀ ਬੋਲ ਰਿਹਾ ਹੈ ਪਰ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ, ਸਾਡੇ ਅੰਦਰ ਦੇ ਗਿਆਨ ਦਾ ਮਾਲਕ ਹੈ। ਜੋ ਮਨੁੱਖ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਮਨੁੱਖ ਫਿਰ ਇੱਕ ਨਿਮੱਖ ਲਈ ਵੀ, ਇੱਕ ਘੜੀ ਲਈ ਵੀ ਪ੍ਰਮਾਤਮਾ ਦੀ ਸਮਝਾਈ ਹੋਈ ਸਮਝ ਤੋਂ ਵੱਖਰਾ ਨਹੀਂ ਰਹਿ ਸਕਦਾ, ਮਨ

ਦੇ ਵਿੱਚ ਉਸਦੇ **"ਮੁਖਿ"** ਦੁਆਰਾ ਬੋਲੀ ਹੋਈ ਭਾਵ ਸਮਝਾਈ ਹੋਈ ਸਮਝ ਤੋਂ ਵੱਖਰਾ ਨਹੀਂ ਰਹਿ ਸਕਦਾ ਭਾਵ ਹਰ ਵੇਲੇ, ਅੱਠੇ ਪਹਿਰ ਉਸਦੇ **"ਮੁਖਿ"** ਦੇ ਨਾਲ ਹੀ ਭਾਵ ਉਸਦੇ ਮੁੱਖੋਂ ਸਮਝਾਈ ਹੋਈ ਮਤਿ ਦੇ ਨਾਲ ਹੀ ਜੁੜਿਆ ਰਹਿੰਦਾ ਹੈ ਜਿਸ ਮਤਿ ਦੇ ਨਾਲ ਜੁੜਨ ਦੁਆਰਾ ਮਨੁੱਖ ਫਿਰ ਉਹੋ ਜਿਹਾ ਜੀਵਨ ਜਿਉਂਦਾ ਹੈ ਜਿਹੋ ਜਿਹਾ ਜੀਵਨ ਜਿਉਂਣਾ ਮਨ ਦੇ ਵਿੱਚ ਪ੍ਰਮਾਤਮਾ ਆਪਣੇ ਮਨੁੱਖੀ ਰੂਪ ਨੂੰ ਮਨ ਦੇ ਵਿੱਚੋਂ ਆਪਣੇ **"ਮੁਖਿ"** ਦੁਆਰਾ ਸਮਝਾਉਂਦਾ ਹੈ ਭਾਵ ਮਨ ਦੇ ਵਿੱਚ ਆਪ ਬੋਲ ਕੇ ਸਮਝਾਉਂਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਣ ਦਾ ਮਾਰਗ ਆਪ ਬੋਲ ਕੇ ਸਮਝਾਉਂਦਾ ਹੈ, ਮਨ ਦੇ ਵਿੱਚ ਬੋਲ ਕੇ ਸਮਝਾਉਂਦਾ ਹੈ ਜਿਸ ਕਰਕੇ ਮਨੁੱਖ ਉਸਦੀ ਮਤਿ ਤੇ ਚੱਲਣ ਦੇ ਮਾਰਗ ਨੂੰ ਖਿੜੇ ਮੱਥੇ ਮੰਨਦਾ ਹੈ ਤੇ ਆਪਣੀ ਨਾਸਮਝ ਮਤਿ ਨੂੰ ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਤੇ ਵਾਰ ਦਿੰਦਾ ਹੈ ਜਿਵੇਂ ਕਿ ਅਸੀਂ ਪੂਰੇ ਸ਼ਬਦ ਰਾਹੀਂ ਸਮਝਿਆ ਹੈ। **(ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥ ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥ ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥ ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥ ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥ ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥)**

ਉਪਰ ਵਾਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ **"ਬਿਲਾਵਲੁ"** ਦਾ ਹੋਣਾ ਕੀ ਹੈ ਭਾਵ ਸਾਡੇ ਅੰਦਰ ਅਸਲ ਖੇੜਾ ਕਿਸ ਤਰੀਕੇ ਆਉਂਦਾ ਹੈ, ਸਾਨੂੰ ਅਸਲ ਖੁਸ਼ੀ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੁੰਦੀ ਹੈ, ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੁੰਦੀ ਹੈ, ਪ੍ਰਮਾਤਮਾ ਕੋਲੋਂ ਉਸਦਾ ਨਾਮ ਮਿਲਣ ਦੁਆਰਾ ਜੋ ਆਪਣਾ ਨਾਮ ਉਹ ਪੂਰੇ ਸੰਸਾਰ ਵਿੱਚ ਕਦੇ ਹੀ ਕਿਸੇ ਵਿਰਲੇ ਨੂੰ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਦਿੰਦਾ ਹੈ। ਪੂਰੇ ਸੰਸਾਰ ਵਿੱਚ ਕਿਸੇ ਦੇ ਲਈ ਵੀ ਸਭ ਤੋਂ ਵੱਡੀ ਖੁਸ਼ੀ ਦੀ ਗੱਲ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੀ ਹੀ ਹੋ ਸਕਦੀ ਹੈ ਜੋ ਅਸਲ ਖੁਸ਼ੀ ਕਦੇ ਹੀ ਕਿਸੇ ਵਿਰਲੇ ਨੂੰ ਨਸੀਬ ਹੁੰਦੀ ਹੈ। ਮਨ ਦੇ ਬਿਲਾਵਲੁ ਨੂੰ ਭਾਵ ਮਨ ਦੇ ਖੇੜੇ ਨੂੰ ਹੁਣ ਅਗਲੇ ਹੇਠ ਦਿੱਤੇ ਸ਼ਬਦ ਰਾਹੀਂ ਸਮਝਦੇ ਹਾਂ ਤਾਂ ਜੋ ਸਾਨੂੰ ਮਨ ਦੇ ਖੇੜੇ ਨੂੰ

49/6727

ਸਮਝਣ ਵਿੱਚ ਕੋਈ ਭਰਮ ਨਾ ਰਹੇ। ਖੁਸ਼ੀ ਸਾਡੇ ਮਨ ਦੇ ਵਿੱਚੋਂ ਹੀ ਉਤਪਨ ਹੁੰਦੀ ਹੈ, ਮਨ ਦੇ ਰਾਗ ਨਾਦ ਦੁਆਰਾ ਹੀ ਹੁੰਦੀ ਹੈ ਤੇ ਰਾਗ ਨਾਦ ਨੂੰ ਸਮਝੇ ਬਿਨਾਂ ਅਸੀਂ ਮਨ ਦੇ ਖੇੜੇ ਨੂੰ ਵੀ ਨਹੀਂ ਸਮਝ ਸਕਦੇ। ਰਾਗ ਨਾਦ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਵੀ ਸਮਝਦੇ ਹਾਂ ਕਿ ਸਾਡੇ ਅੰਦਰ ਦਾ ਬਿਲਾਵਲ ਸਾਡੀ ਰਾਗ ਨਾਦ ਵਾਲੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ।

ਮਃ ੩ ॥

"ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥
ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥
ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥"

(ਅੰਗ ੮੪੯)

ਉਪਰ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਮਨ ਦੇ ਖੇੜੇ ਨੂੰ ਅਸੀਂ ਕਿਸ ਰੂਪ ਵਿੱਚ ਮਨ ਦਾ ਖੇੜਾ ਕਹਿ ਸਕਦੇ ਹਾਂ ਕਿ ਸਾਡੇ ਅੰਦਰ ਅਤਿ ਦੀ ਖੁਸ਼ੀ ਹੈ। ਮਨ ਦਾ ਖੇੜਾ ਉਸ ਰੂਪ ਵਿੱਚ ਹੁੰਦਾ ਹੈ ਜਦੋਂ ਕਿਸੇ ਦੇ ਮੁਖਿ ਤੇ ਨਾਮੁ ਹੁੰਦਾ ਹੈ। ਅਸੀਂ ਇੱਕ ਅੱਖਰ ਨੂੰ ਨਾਮ ਸਮਝਿਆ ਹੋਇਆ ਹੈ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਨਾਮ ਸਮਝਿਆ ਹੋਇਆ ਹੈ ਤੇ ਆਪਣੇ ਮੁੱਖੋਂ ਕੋਈ ਵੀ ਨਾਮ ਰੂਪ ਅੱਖਰ ਹਰ ਕੋਈ ਬੋਲਦਾ ਰਹਿੰਦਾ ਹੈ ਜਿਹੋ ਜਿਹੇ ਅੱਖਰ ਦੇ ਜਪ ਨੂੰ ਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਬਾਰ-ਬਾਰ ਖੰਡਿਆ ਹੋਇਆ ਹੈ ਤੇ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਮੁਖਿ ਤੇ ਨਾਮ ਹੋਣਾ ਕੀ ਹੈ ਇਸ ਗੱਲ ਨੂੰ ਵੀ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਗੁਰੂ ਦਾ ਸਮਝਾਇਆ ਹੋਇਆ ਸੱਚ ਹੈ। ਸ਼ਬਦ ਦੀ ਹਰ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ। ਜਿਸਦੇ ਮਨ ਦੇ ਅੰਦਰ ਗੁਰੂ ਦੇ ਹਰ ਸ਼ਬਦ ਦੀ ਸੱਚੀ ਵਿਚਾਰ ਦੀ ਸਮਝ ਹੈ ਉਸੇ ਮਨੁੱਖ ਦੇ ਮੁਖਿ ਤੇ ਨਾਮ ਹੋ ਸਕਦਾ ਹੈ ਜੋ ਮੁਖਿ ਕਦੇ ਸੱਚ ਦੇ ਉਲਟ ਕਦੇ ਬੋਲ ਹੀ ਨਹੀਂ ਸਕਦਾ, ਗੁਰਮਤਿ ਦੇ ਉਲਟ ਚੱਲ ਹੀ ਨਹੀਂ ਸਕਦਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਰਹਿ ਹੀ ਨਹੀਂ ਸਕਦਾ ਭਾਵ ਕੋਈ ਮਾੜਾ ਕਰਮ ਕਰ ਹੀ ਨਹੀਂ ਸਕਦਾ। ਇਹੋ ਜਿਹਾ ਮਨੁੱਖ ਗੁਰੂ ਦੀ ਪੂਰੀ ਮਤਿ ਨੂੰ ਖੁਸ਼ੀ ਨਾਲ ਮੰਨਦਾ ਹੈ, ਖਿੜੇ ਮੱਥੇ ਮੰਨਦਾ ਹੈ। **(ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥)** ਜਿਨ੍ਹਾਂ ਦੇ ਮੁਖਿ ਤੇ ਨਾਮ ਹੁੰਦਾ ਹੈ ਉਹ ਨਾਮ ਵਾਲੇ ਕਿਸ ਤਰੀਕੇ ਬਣਦੇ ਹਨ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਕਿਸ ਤਰੀਕੇ ਬਣਦੇ ਹਨ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

49/6728

"ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥"

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਗੁਰੂ ਦਾ ਨਾਮ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਗਿਆਨ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿੱਚ ਬ੍ਰਹਮ ਗਿਆਨ ਵਾਲੀ ਸਮਝ ਦੀ ਪ੍ਰਾਪਤੀ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਵਿੱਚ ਸਹਜਿ ਵਾਲੀ ਅਵਸਥਾ ਦੇ ਨਾਲ ਜੁੜਿਆ ਹੋਇਆ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਭਾਵ

ਸਾਡੇ ਮਨ ਦੇ ਧਿਆਨ ਦੇ ਨਾਲ ਜੁੜਿਆ ਹੋਇਆ ਹੈ। ਸਾਡੇ ਮਨ ਦਾ ਧਿਆਨ ਸਾਡੇ ਅੰਦਰ ਦਾ ਗਿਆਨ ਹੀ ਹੈ ਭਾਵ ਸਾਡੇ ਮਨ ਦੀ ਸਮਝ ਹੀ ਹੈ। ਰਾਗ ਸਾਡਾ ਮਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਨਾਦ ਸਾਡੇ ਮਨ ਦੇ ਅੰਦਰ ਦੀ ਸਮਝ ਹੈ ਜੋ ਸਾਡੇ ਅੰਦਰ ਦੀ ਸਮਝ ਪ੍ਰਮਾਤਮਾ ਸਭ ਦੇ ਅੰਦਰ ਆਪ ਹੀ ਪਾ ਰਿਹਾ ਹੈ ਭਾਵ ਸਭ ਦੇ ਅੰਦਰ ਉਹ ਨਾਦ ਆਪ ਹੀ ਵਜਾ ਰਿਹਾ ਹੈ। **"ਰਾਗ ਨਾਦ"** ਸਾਡੇ ਮਨ ਦੇ ਵਿਚਾਰ ਹਨ। ਜਦ ਤਕ ਸਾਡੇ ਮਨ ਦੇ ਵਿਚਾਰ ਮਾੜੇ ਹਨ ਭਾਵ ਅਗਿਆਨਤਾ ਵਾਲੇ ਵਿਚਾਰ ਹਨ ਉਹਨਾਂ ਦੇ ਅੰਦਰ ਗੁਰਮਤਿ ਦੀ ਸੱਚੀ ਸਮਝ ਨਹੀਂ ਹੁੰਦੀ ਭਾਵ ਮਨਮਤਿ ਹੁੰਦੀ ਹੈ, ਮਾਇਆ ਮੋਹ ਵਾਲੀ ਸਮਝ ਹੁੰਦੀ ਹੈ, ਹਉਮੈ ਵਾਲੀ ਸਮਝ ਹੁੰਦੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਬਾਰ-ਬਾਰ ਸਮਝਿਆ ਹੈ, ਬਰੀਕੀ ਨਾਲ ਸਮਝਿਆ ਹੈ। ਸਾਡੇ ਅੰਦਰ ਦੇ ਨਾਸਮਝ ਵਿਚਾਰਾਂ ਨੂੰ ਭਾਵ ਮਾੜੇ ਵਿਚਾਰਾਂ ਨੂੰ ਗੁਰੂ ਦੇ ਸ਼ਬਦ ਹੀ ਸੋਹਣੇ ਵਿਚਾਰ ਬਣਾ ਸਕਦੇ ਹਨ। ਗੁਰੂ ਦੇ ਸ਼ਬਦਾਂ ਦੇ ਅੰਦਰ ਦੀ ਜੋ ਵਿਚਾਰ ਹੈ ਉਹੀ ਗੁਰੂ ਦਾ ਨਾਮ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ। ਸਾਡੇ ਅੰਦਰ ਦੇ ਨਾਸਮਝ ਵਿਚਾਰ ਭਾਵ ਮਾੜੇ ਵਿਚਾਰ ਤਾਂ ਹੀ ਸੋਹਣੇ ਬਣਨਗੇ ਜੇਕਰ ਅਸੀਂ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ। ਹਰ ਸ਼ਬਦ ਦੇ ਅੰਦਰ ਦੀ ਜੋ ਵਿਚਾਰ ਹੈ ਉਹ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਤੇ ਸੁੱਚੀ ਵਿਚਾਰ ਹੈ, ਬ੍ਰਹਮ ਗਿਆਨ ਵਾਲੀ ਵਿਚਾਰ ਹੈ, ਨਾਮ ਵਾਲੀ ਵਿਚਾਰ ਹੈ, ਸਹਜਿ ਗਿਆਨ ਵਾਲੀ ਵਿਚਾਰ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਹੈ ਜਿਸ ਗੁਰੂ ਦੀ ਵਿਚਾਰ ਦੇ ਨਾਲ ਜੁੜ ਕੇ ਹੀ ਭਾਵ ਉਸ ਵਿਚਾਰ ਨੂੰ ਸਮਝ ਕੇ ਤੇ ਉਸਨੂੰ ਮੰਨ ਕੇ ਹੀ ਸਾਡੇ ਅੰਦਰ

ਦਾ ਧਿਆਨ ਸਹਜਿ ਵਾਲੀ ਅਵਸਥਾ ਦਾ ਧਿਆਨ ਬਣ ਸਕਦਾ ਹੈ ਤੇ ਇਸੇ ਤਰੀਕੇ ਹੀ ਸਾਡੇ ਅੰਦਰ ਦਾ ਜੋ ਰਾਗ ਨਾਦ ਹੈ ਭਾਵ ਸਾਡੇ ਅੰਦਰ ਦੇ ਜੋ ਵਿਚਾਰ ਹਨ ਉਹ ਸੋਹਣੇ ਵਿਚਾਰ ਬਣ ਜਾਂਦੇ ਹਨ, ਗੁਰਮਤਿ ਦੀ ਸੱਚੀ ਸਮਝ ਵਾਲੇ ਵਿਚਾਰ ਬਣ ਜਾਂਦੇ ਹਨ ਭਾਵ ਨਾਮ ਵਾਲੇ ਵਿਚਾਰ ਬਣ ਜਾਂਦੇ ਹਨ ਜਿਸ ਦੁਆਰਾ ਫਿਰ ਉਸ ਮਨੁੱਖ ਦੇ ਮੁਖਿ ਤੇ ਨਾਮ ਹੀ ਹੁੰਦਾ ਹੈ ਭਾਵ ਉਹ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ, ਗੁਰੂ ਦੀ ਮਤਿ ਨੂੰ ਹਰ ਵੇਲੇ ਖਿੜੇ ਮੱਥੇ ਮੰਨਦਾ ਹੈ ਭਾਵ ਹਰ ਵੇਲੇ ਪ੍ਰਮਾਤਮਾ ਦਾ ਨਾਮ ਜਪਦਾ ਹੈ। ਪ੍ਰਮਾਤਮਾ ਵੀ ਸਾਰੇ ਸੰਸਾਰ ਦਾ ਇੱਕੋ ਹੀ ਹੈ ਤੇ ਉਸਦਾ ਨਾਮ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪਣੇ ਨਾਸਮਝ ਵਿਚਾਰਾਂ ਨੂੰ ਸ਼ਬਦ ਦੀ ਵਿਚਾਰ ਦੇ ਨਾਲ ਸੋਹਣੇ ਬਣਾਉਂਣ ਦਾ ਹੈ ਤਾਂ ਜੋ ਕੋਈ ਵੀ ਮਨੁੱਖ ਕੋਈ ਮਾੜਾ ਕੰਮ ਨਾ ਕਰੇ, ਸਭ ਦਾ ਭਲਾ ਸੋਚੇ ਭਾਵ ਇਸ ਗੱਲ ਵਿੱਚ ਖੁਸ਼ੀ ਮਹਿਸੂਸ ਕਰੇ। **(ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥)** ਪ੍ਰਮਾਤਮਾ ਦੇ ਦਰ ਤੇ ਜੋ ਸਾਨੂੰ ਮਾਣ ਮਿਲਦਾ ਹੈ ਉਹ ਆਪਣੇ ਅੰਦਰ ਦੇ ਰਾਗ ਨਾਦ ਨੂੰ ਸੋਹਣਾ ਬਨਾਉਂਣ ਦੁਆਰਾ ਹੀ ਮਿਲਦਾ ਹੈ। ਰਾਗ ਨਾਦ ਨੂੰ ਅਸੀਂ ਸੋਹਣਾ ਕਿਵੇਂ ਬਨਾਉਂਣਾ ਹੈ ਜਿਵੇਂ ਕਿ ਅਸੀਂ ਉਪਰਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਉਹੀ ਗੱਲ ਸਾਨੂੰ ਸ਼ਬਦ ਦੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

"ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥

ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥"

ਰਾਗ ਨਾਦ ਨੂੰ ਬਰੀਕੀ ਨਾਲ ਸਮਝੇ ਬਿਨਾਂ ਅਸੀਂ ਉਪਰ ਵਾਲੇ ਪੂਰੇ ਸ਼ਬਦ ਨੂੰ ਕਦੇ ਸਮਝ ਨਹੀਂ ਸਕਦੇ। ਉਪਰ ਵਾਲੀਆਂ ਪੰਗਤੀਆਂ ਤੋਂ ਪਹਿਲੀ ਪੰਗਤੀ ਰਾਹੀਂ ਜਿਸ ਪੰਗਤੀ ਨੂੰ ਅਸੀਂ ਸਮਝਿਆ ਹੈ ਉੱਥੇ ਰਾਗ ਨਾਦ ਨੂੰ ਗੁਰੂ ਦੇ ਸ਼ਬਦਾਂ ਦੁਆਰਾ ਸੋਹਣਾ ਬਨਾਉਂਣ ਦੀ ਗੱਲ ਕੀਤੀ ਹੋਈ ਹੈ ਤੇ ਸ਼ਬਦ ਦੀ ਉਪਰ ਵਾਲੀ ਪੰਗਤੀ ਰਾਹੀਂ ਰਾਗ ਨਾਦ ਨੂੰ ਛੱਡਣ ਦੀ ਗੱਲ ਕੀਤੀ ਹੋਈ ਹੈ। ਇੱਥੇ ਕੋਈ ਦੁਨਿਆਵੀ ਰਾਗ ਨਾਦ ਦੀ ਗੱਲ ਨਹੀਂ ਕੀਤੀ ਹੋਈ, ਸ਼ਬਦਾਂ ਨੂੰ ਰਾਗ ਵਿੱਚ ਗਾਉਂਣ ਦੀ, ਨਾਦ ਵਿੱਚ ਗਾਉਂਣ ਦੀ ਗੱਲ ਨਹੀਂ ਕੀਤੀ ਹੋਈ ਜਿਵੇਂ ਕਿ ਆਮ ਤੌਰ ਤੇ ਸਮਝਿਆ ਜਾਂਦਾ ਹੈ। ਉਪਰ ਵਾਲੀ ਪੰਗਤੀ ਰਾਹੀਂ ਪ੍ਰਮਾਤਮਾ ਦੀ ਸੇਵਾ ਕਰਨੀ ਹੀ ਰਾਗ ਨਾਦ ਛੱਡਣ ਦੁਆਰਾ ਸਮਝਾਈ ਹੋਈ ਹੈ ਤੇ ਪ੍ਰਮਾਤਮਾ ਦੀ ਦਰਗਾਹ ਵਿੱਚ ਮਾਣ ਵੀ ਰਾਗ ਨਾਦ ਛੱਡਣ ਦੁਆਰਾ ਹੀ ਮਿਲਦਾ ਹੈ। ਗੁਰੂ ਪ੍ਰਮਾਤਮਾ

ਦੀ ਸੇਵਾ ਕਰਨੀ ਕੀ ਹੈ, ਉਸਦੀ ਦਰਗਾਹ ਵਿੱਚ ਮਾਣ ਕਿਸ ਤਰੀਕੇ ਮਿਲਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਰੀ ਗੱਲ ਗੁਰਮਤਿ ਦੀ ਸੱਚੀ ਸਮਝ ਦੇ ਨਾਲ ਜੁੜੀ ਹੋਈ ਹੈ। ਗੁਰੂ ਦੀ ਸੱਚੀ ਸਮਝ ਦੁਆਰਾ ਵਿਚਰਨਾ ਹੀ ਭਾਵ ਸੱਚੇ ਸੁੱਚੇ ਕਰਮ ਕਰਨਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਤੇ ਇਸੇ ਤਰੀਕੇ ਹੀ ਸਾਨੂੰ ਪ੍ਰਮਾਤਮਾ ਦੀ

ਦਰਗਾਹ ਵਿੱਚੋਂ ਮਾਣ ਮਿਲ ਸਕਦਾ ਹੈ। ਗੁਰਮਤਿ ਦੀ ਸੱਚੀ ਸਮਝ ਸਾਨੂੰ ਮਨ ਦਾ ਰਾਗ ਨਾਦ ਛੱਡਣ ਦੁਆਰਾ ਹੀ ਪੈ ਸਕਦੀ ਹੈ ਭਾਵ ਨਾਸਮਝ ਮਤਿ, ਮਨਮਤਿ, ਹਉਮੈ, ਮਾਇਆ ਮੋਹ ਛੱਡਣ ਦੁਆਰਾ ਹੀ ਪੈ ਸਕਦੀ ਹੈ ਭਾਵ ਆਪਣੇ ਅੰਦਰ ਦੇ ਰਾਗ ਨਾਦ ਨੂੰ ਗੁਰੂ ਦੇ ਸ਼ਬਦਾਂ ਦੁਆਰਾ ਸੋਹਣੇ ਬਨਾਉਂਣ ਦੁਆਰਾ ਹੀ ਪੈ ਸਕਦੀ ਹੈ ਜਿਵੇਂ ਕਿ ਅਸੀਂ ਪਿਛਲੀ ਪੰਗਤੀ ਦੁਆਰਾ ਸਮਝਿਆ ਹੈ। **(ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥)** ਅਸੀਂ ਆਪਣੇ ਅੰਦਰ ਦੇ ਰਾਗ ਨਾਦ ਨੂੰ ਕਿਵੇਂ ਛੱਡਣਾ ਹੈ ਭਾਵ ਕਿਸ ਤਰੀਕੇ ਛੱਡਣਾ ਹੈ, ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥”

ਆਪਣੇ ਰਾਗ ਨਾਦ ਨੂੰ ਅਸੀਂ ਕਿਵੇਂ ਸੋਹਣਾ ਬਨਾਉਂਣਾ ਹੈ, ਇਸ ਗੱਲ ਨੂੰ ਅਸੀਂ ਇਸ ਤੋਂ ਪਹਿਲੀ ਪੰਗਤੀ ਰਾਹੀਂ ਸਮਝਿਆ ਹੀ ਹੈ ਜੋ ਕਿ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਬਨਾਉਂਣਾ ਹੈ। ਉਪਰ ਵਾਲੀ ਪੰਗਤੀ ਰਾਹੀਂ ਵੀ ਆਪਣੇ ਰਾਗ ਨਾਦ ਨੂੰ ਸੋਹਣਾ ਬਨਾਉਂਣ ਦਾ ਉਹੀ ਤਰੀਕਾ ਹੀ ਸਮਝਾਇਆ ਹੋਇਆ ਹੈ ਸਿਰਫ ਗੁਰੂ ਦੀ ਗੱਲ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੁੰਦੀ ਹੈ। ਹਰ ਸ਼ਬਦ ਰਾਹੀਂ ਗੁਰੂ ਨੇ ਸਾਡੇ ਭਰਮ ਹੀ ਕੱਢੇ ਹੋਏ ਹਨ ਤੇ ਸਿਰਫ ਇਹ ਮੰਨਣ ਦੀ ਲੋੜ ਹੈ ਕਿ ਗੁਰੂ ਦੀਆਂ ਗੂੜ ਗੱਲਾਂ ਨੂੰ ਸਮਝਣ ਵਿੱਚ ਅਸੀਂ ਭਰਮਾਂ ਵਿੱਚ ਹੀ ਹਾਂ ਜੋ ਕਿ ਗੁਰੂ ਚੌਥੇ ਪਦ ਦੇ ਗਿਆਨ ਦੇ ਵਿੱਚ ਹੈ ਤੇ ਹਰ ਕਿਸੇ ਨੂੰ ਉਸਨੇ ਆਪ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਤ੍ਰੈ ਗੁਣਾਂ ਵਾਲੀ, ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਚੌਥੇ ਪਦ ਵਾਲੀ ਸਮਝ ਵਿੱਚ ਫਰਕ ਸਮਝ ਹੀ ਨਹੀਂ ਸਕਦਾ। ਗੁਰਬਾਣੀ ਦੀ ਅਸਲੀਅਤ ਨੂੰ ਸਮਝਣ ਵਿੱਚ ਭਰਮਾਂ ਵਿੱਚ

ਰਹਿੰਦੇ ਹੋਏ ਵੀ ਕੋਈ ਆਪਣੇ ਆਪ ਨੂੰ ਭਰਮਾਂ ਵਿੱਚ ਨਹੀਂ ਸਮਝਦਾ ਕਿ ਮੈਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਹੈ ਭਾਵ ਮੇਰੀ ਸਮਝ ਬਿਲਕੁਲ ਠੀਕ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਣ ਵਾਲਾ ਕੌਣ ਇਸ ਗੱਲ ਨੂੰ ਮੰਨ ਸਕਦਾ ਹੈ ਕਿ ਮੈਨੂੰ ਧਰਮ ਦੇ ਮਾਰਗ ਦੀ, ਨਾਮ ਜਪਣ ਦੇ ਮਾਰਗ ਦੀ ਸਮਝ ਨਹੀਂ ਹੈ ਤੇ ਨਾ ਹੀ ਉਹਨਾਂ ਦੀਆਂ ਗੱਲਾਂ ਸੁਣਨ ਵਾਲੇ ਇਸ ਗੱਲ ਤੇ ਵਿਸ਼ਵਾਸ ਕਰ ਸਕਦੇ ਹਨ ਕਿ ਉਹ ਸਾਨੂੰ ਧਰਮ ਦਾ ਸੱਚਾ ਮਾਰਗ ਨਹੀਂ ਸਮਝਾਉਂਦੇ ਭਾਵ ਗੁਰਮਤਿ ਦੇ ਅੰਦਰ ਦੀ ਗਹਿਰੀ ਸਚਾਈ ਨੂੰ ਸਮਝਣ ਵਿੱਚ ਹਰ ਕੋਈ ਭਰਮਾਂ ਵਿੱਚ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲ ਕੇ ਹੋਰ ਵੀ ਬਰੀਕੀ ਨਾਲ ਸਮਝਾਂਗੇ, ਸ਼ਬਦਾਂ ਦੀ ਗਹਿਰੀ ਵਿਚਾਰ ਦੁਆਰਾ ਸਮਝਾਂਗੇ। ਹਰ ਸ਼ਬਦ ਸਾਨੂੰ ਬ੍ਰਹਮ ਬੀਚਾਰ ਦਿੰਦਾ ਹੈ ਜੋ ਵਿਚਾਰ ਬ੍ਰਹਮ ਦੀ ਆਪਣੀ ਦਿੱਤੀ ਹੋਈ ਹੈ ਭਾਵ ਪ੍ਰਮਾਤਮਾ ਦੀ, ਸ੍ਰਿਸ਼ਟੀ ਦੇ ਇੱਕੋ ਇੱਕ ਕਰਤੇ ਦੀ ਆਪਣੀ ਦਿੱਤੀ ਹੋਈ ਹੈ। ਉਪਰ ਵਾਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਜਦ ਤਕ ਅਸੀਂ ਆਪਣੇ ਅੰਦਰੋਂ **“ਬ੍ਰਹਮ”** ਨੂੰ ਭਾਵ ਪ੍ਰਮਾਤਮਾ ਨੂੰ ਨਹੀਂ ਬੀਚਾਰ ਲੈਂਦੇ ਤਦ ਤਕ ਕੋਈ ਆਪਣੇ ਅੰਦਰ ਦੇ ਰਾਗ ਨਾਦ ਨੂੰ ਨਹੀਂ ਛੱਡ ਸਕਦਾ ਭਾਵ ਮਨ ਦੀ ਨਾਸਮਝ ਮਤਿ ਨੂੰ ਨਹੀਂ ਛੱਡ ਸਕਦਾ, ਆਪਣੇ ਅੰਦਰ ਦੇ ਅਭਿਮਾਨ ਨੂੰ ਨਹੀਂ ਛੱਡ ਸਕਦਾ। ਅਭਿਮਾਨ ਸਭ ਦੇ ਅੰਦਰ ਆਪਣੇ ਆਪ ਦਾ ਹੈ, ਆਪਣੀ ਹੋਂਦ ਦਾ ਹੈ, ਆਪਣੀ ਮਤਿ ਦਾ ਹੈ, ਆਪਣੀ ਸਮਝ ਦਾ ਹੈ ਜਿਸਦਾ ਕਾਰਣ ਸਾਡੇ ਅੰਦਰ ਦਾ ਰਾਗ ਨਾਦ ਹੀ ਹੈ ਭਾਵ ਮਨ ਦੀ ਨਾਸਮਝੀ ਹੀ ਹੈ। ਰਾਗ ਨਾਦ ਨੂੰ ਛੱਡਣ ਦਾ ਤਰੀਕਾ ਕੇਵਲ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣਨਾ ਹੈ ਜਿਵੇਂ ਕਿ ਉਸਦੇ ਭਗਤ, ਗੁਰੂ ਸਾਹਿਬਾਨ, ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ। ਗੁਰੂ ਆਪ ਪ੍ਰਮਾਤਮਾ ਹੈ ਤੇ ਗੁਰੂ ਆਪਣੇ ਮੁੱਖੋਂ ਜੋ ਵੀ ਬੋਲਦਾ ਹੈ ਉਸਨੂੰ ਸਮਝਣ ਵਾਲਾ ਤੇ ਮੰਨਣ ਵਾਲਾ ਹੀ ਉਸਦਾ ਗੁਰਮੁਖਿ ਰੂਪ ਬਣ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਜੋ ਆਪਣੇ ਮਨ ਦੀ ਸਮਝ ਨੂੰ ਮੰਨਦਾ ਹੈ ਉਹ ਮਨਮੁਖਿ ਹੈ ਤੇ ਜੋ ਗੁਰੂ ਦੀ ਸਮਝ ਨੂੰ ਮੰਨਦਾ ਹੈ ਭਾਵ ਗੁਰੂ ਦੇ ਮੁੱਖੋਂ ਉਚਾਰੀ ਹੋਈ ਸਮਝ ਨੂੰ ਮੰਨਦਾ ਹੈ ਉਹ ਗੁਰਮੁਖਿ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਗੁਰਮੁਖਿ ਰੂਪ ਹੈ ਭਾਵ ਗੁਰੂ ਪ੍ਰਮਾਤਮਾ ਦੇ ਮੁੱਖੋਂ

ਉਚਾਰਿਆ ਹੋਇਆ ਜੋ ਕਿ ਉਸਦਾ ਸੱਚਾ ਗਿਆਨ ਹੈ, ਜੋ ਉਸਦਾ ਸੱਚਾ ਗਿਆਨ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਉਹਨਾਂ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਬ੍ਰਹਮ ਗਿਆਨ ਰੂਪ ਹੈ, ਉਸਦਾ ਨਾਮ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਵਾਰੀ ਸਮਝਿਆ ਹੀ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਰਾਗ ਨਾਦ ਦੇ ਰੂਪ ਵਿੱਚ ਹੀ ਹੈ। ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵੀ ਰਾਗ ਨਾਦ ਹੈ ਤੇ ਚੌਥੇ ਪਦ ਦੇ ਗਿਆਨ ਵਾਲੀ ਅਵਸਥਾ ਵੀ ਰਾਗ ਨਾਦ ਹੈ। ਪ੍ਰਮਾਤਮਾ ਦੇ ਦਰਸ਼ਨ ਆਪਣੇ ਅੰਦਰੋਂ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਕੇ ਭਾਵ ਚੌਥੇ ਪਦ

ਵਾਲੀ ਸਮਝ ਵਿੱਚ ਪਹੁੰਚ ਕੇ ਹੀ ਹੁੰਦੇ ਹਨ ਭਾਵ ਉਸਦਾ ਗੁਰਮੁਖਿ ਰੂਪ ਬਣਨ ਦੁਆਰਾ ਹੀ ਹੁੰਦੇ ਹਨ ਜਿਸ ਰੂਪ ਵਿੱਚ ਪ੍ਰਮਾਤਮਾ ਸਾਨੂੰ ਆਪਣੇ ਅੰਦਰੋਂ ਦਰਸ਼ਨ ਦਿੰਦਾ ਹੈ। ਤ੍ਰੈ ਗੁਣਾਂ ਵਿੱਚੋਂ ਸਾਨੂੰ ਕੱਢਣ ਵਾਲਾ ਵੀ ਉਹ ਆਪ ਹੀ ਹੈ ਤੇ ਚੌਥੇ ਪਦ ਦੀ ਸਮਝ ਪਾਉਂਣ ਵਾਲਾ ਵੀ ਉਹ ਆਪ ਹੀ ਹੈ ਭਾਵ ਸਾਡੇ ਅੰਦਰ ਦੇ ਰਾਗ ਨਾਦ ਨੂੰ ਸੋਹਣਾ ਬਨਾਉਂਣ ਵਾਲਾ ਵੀ ਉਹ ਆਪ ਹੈ ਪਰ ਆਪਣੇ ਅੰਦਰ ਦੇ ਰਾਗ ਨਾਦ ਨੂੰ ਭਾਵ ਮਨ ਦੀ ਭਰਮਾਂ ਵਾਲੀ ਸਮਝ ਨੂੰ ਛੱਡਣ ਦਾ ਉੱਦਮ ਅਸੀਂ ਹੀ ਕਰਨਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਉੱਦਮ ਅਸੀਂ ਹੀ ਕਰਨਾ ਹੈ, ਮਨਮੁੱਖਤਾ ਵਿੱਚੋਂ ਨਿਕਲਕੇ ਗੁਰਮੁਖਿ ਬਣਨ ਦਾ ਉੱਦਮ ਅਸੀਂ ਹੀ ਕਰਨਾ ਹੈ ਤੇ ਤਾਂ ਹੀ ਉਹ ਕਿਸੇ ਤੇ ਆਪਣੀ ਕਿਰਪਾ ਕਰਦਾ ਹੈ ਭਾਵ ਆਪਣੇ ਨਾਮ ਵਾਲਾ ਬਣਾਉਂਦਾ ਹੈ, ਆਪਣੇ ਆਪ ਦੇ ਮਨ ਦੇ ਵਿੱਚੋਂ ਦਰਸ਼ਨ ਕਰਾਉਂਦਾ ਹੈ ਤੇ ਤਾਂ ਹੀ ਉਸਦੀ ਦਰਗਾਹ ਵਿੱਚ ਕਿਸੇ ਨੂੰ ਉਸਦੇ ਕੋਲੋਂ ਮਾਣ ਮਿਲਦਾ ਹੈ ਜੋ ਉਸਦੀ ਦਰਗਾਹ ਸਾਡੇ ਅੰਦਰ ਹੀ ਹੈ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ ਤੇ ਆਪਣੇ ਅੰਦਰੋਂ ਉਸਦੀ ਦਰਗਾਹ ਨੂੰ ਜਾਣੇ ਬਿਨਾਂ ਕੋਈ ਉਸ ਕੋਲੋਂ ਸੱਚਾ ਮਾਣ ਨਹੀਂ ਲੈ ਸਕਦਾ ਭਾਵ ਕਿਸੇ ਦੇ ਅੰਦਰ ਦਾ ਅਭਿਮਾਨ ਨਹੀਂ ਜਾ ਸਕਦਾ। **(ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥ ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥ ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥)**

ਉਪਰ ਵਾਲੇ ਦੋਨਾਂ ਸ਼ਬਦਾਂ ਨੂੰ ਜਿਨ੍ਹਾਂ ਨੂੰ ਅਸੀਂ

49/6733

ਸਮਝਿਆ ਹੈ ਉਹਨਾਂ ਸ਼ਬਦਾਂ ਦੇ ਅੰਦਰ ਦੀ ਸਮਝ ਨੂੰ ਹੀ ਅੱਗੇ ਪਉੜੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਪਉੜੀ ਰਾਹੀਂ ਗੁਰੂ ਦੇ ਨਾਮ ਵਿੱਚ ਸਮਾਉਂਣਾ ਹੀ ਸਮਝਾਇਆ ਹੋਇਆ ਹੈ ਜੋ ਕਿ ਤਾਂ ਹੀ ਸਮਾਇਆ ਜਾ ਸਕਦਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਹੇਠ ਦਿੱਤੀ ਪਉੜੀ ਵਾਲੇ ਸ਼ਬਦ ਦੀ ਕੋਈ ਵੱਖਰੀ ਵਿਆਖਿਆ ਦੀ ਲੋੜ ਨਹੀਂ ਹੈ ਕਿਉਂਕਿ ਇਹ ਸਭ ਕੁਝ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਹੀ ਆ ਰਹੇ ਹਾਂ।

ਪਉੜੀ ॥

{ਤੂ ਹਰਿ ਪ੍ਰਭੁ ਆਪਿ ਅਗੰਮੁ ਹੈ ਸਭਿ ਤੁਧੁ ਉਪਾਇਆ ॥ ਤੂ ਆਪੇ ਆਪਿ ਵਰਤਦਾ ਸਭੁ ਜਗਤੁ ਸਬਾਇਆ ॥
ਤੁਧੁ ਆਪੇ ਤਾੜੀ ਲਾਈਐ ਆਪੇ ਗੁਣ ਗਾਇਆ ॥
ਹਰਿ ਧਿਆਵਹੁ ਭਗਤਹੁ ਦਿਨਸੁ ਰਾਤਿ ਅੰਤਿ ਲਏ ਛਡਾਇਆ ॥
ਜਿਨਿ ਸੇਵਿਆ ਤਿਨਿ ਸੁਖੁ ਪਾਇਆ ਹਰਿ ਨਾਮਿ ਸਮਾਇਆ ॥੧॥}

(ਅੰਗ ੮੪੯)

ਉਪਰਲੇ ਸ਼ਬਦਾਂ ਰਾਹੀਂ ਤੇ ਉਸ ਤੋਂ ਪਹਿਲੇ ਵੀ ਕੁਝ ਸ਼ਬਦਾਂ ਰਾਹੀਂ ਅਸੀਂ **"ਰਾਗ"** ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਜੋ ਰਾਗ ਸਾਡੇ ਮਨ ਨੂੰ ਕਿਹਾ ਗਿਆ ਹੈ ਤੇ ਮਨ ਦੇ ਵਿੱਚ ਕੇਵਲ ਸਮਝ ਹੀ ਹੁੰਦੀ ਹੈ, ਵਿਚਾਰ ਹੀ ਹੁੰਦੇ ਹਨ, ਗਿਆਨ ਹੀ ਹੁੰਦਾ ਹੈ ਤੇ ਹੋਰ ਕੁਝ ਵੀ ਨਹੀਂ ਹੁੰਦਾ। ਮਨ ਦੇ ਵਿਚਾਰ ਹੀ ਮਨੁੱਖ ਨੂੰ ਮਾੜਾ ਜਾਂ ਚੰਗਾ ਬਣਾਉਂਦੇ ਹਨ। ਇਸੇ ਗੱਲ ਨੂੰ ਹੁਣ ਅਗਲੇ ਸ਼ਬਦ ਰਾਹੀਂ ਸਮਝਦੇ ਹਾਂ ਤਾਂ ਜੋ ਸਾਨੂੰ **"ਰਾਗ ਨਾਦ"** ਨੂੰ ਸਮਝਣ ਵਿੱਚ ਕੋਈ ਬਿਲਕੁਲ ਵੀ ਭਰਮ ਨਾ ਰਹਿ ਜਾਵੇ ਕਿਉਂਕਿ ਰਾਗ ਨਾਦ ਨੂੰ ਪੂਰੀ ਤਰ੍ਹਾਂ ਬਰੀਕੀ ਨਾਲ ਸਮਝੇ ਬਿਨਾਂ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਨੂੰ ਸਹੀ ਰੂਪ ਵਿੱਚ ਨਹੀਂ ਸਮਝ ਸਕਾਂਗੇ ਜਿਸਨੂੰ ਸਮਝਣ ਦਾ ਉਪਰਾਲਾ ਕਰ ਰਹੇ ਹਾਂ। ਹੁਣ ਰਾਗੁ ਨਾਦੁ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

"ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥
ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥"

(ਅੰਗ ੧੪੨੩)

ਉਪਰ ਵਾਲੇ ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਰਾਗ ਸਾਡੇ ਮਨ ਨੂੰ ਕਿਹਾ ਹੈ। ਪ੍ਰਮਾਤਮਾ ਜਦੋਂ ਵੀ ਕਿਸੇ ਦੇ ਅੰਦਰ ਵੱਸਦਾ ਹੈ ਉਹ ਮਨ ਦੇ ਵਿੱਚ ਹੀ ਵੱਸਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਉਪਰ ਸ਼ਬਦ ਵਿੱਚ ਸਭਨਾ ਰਾਗਾਂ ਵਿੱਚੋਂ ਸਭ ਤੋਂ ਚੰਗਾ ਰਾਗ ਉਸਨੂੰ ਕਿਹਾ ਹੈ ਜਿਸ ਰਾਗ ਦੇ ਅੰਦਰ ਪ੍ਰਮਾਤਮਾ ਵੱਸ ਜਾਂਦਾ ਹੈ ਭਾਵ ਵੱਸਣ ਦੀ ਗੱਲ ਮਨ ਵਿੱਚ ਕੀਤੀ ਹੋਈ ਹੈ। ਭਲਾ ਜਾਂ ਮਾੜਾ, ਚੰਗਾ ਜਾਂ ਮੰਦਾ ਸਾਡਾ ਮਨ ਹੀ ਹੈ। ਜਿਸ ਮਨ ਦੇ ਅੰਦਰ ਵਿਚਾਰ ਮੰਦੇ ਹੁੰਦੇ ਹਨ ਉਹ ਮਨ

49/6734

ਮੰਦਾ ਹੁੰਦਾ ਹੈ ਤੇ ਜਿਸ ਮਨ ਦੇ ਅੰਦਰ ਵਿਚਾਰ ਚੰਗੇ ਹੁੰਦੇ ਹਨ ਉਹ ਮਨ ਚੰਗਾ ਹੁੰਦਾ ਹੈ, ਭਲਾ ਹੁੰਦਾ ਹੈ। ਸਭ ਤੋਂ ਭਲਾ ਮਨ ਉਹੀ ਹੁੰਦਾ ਹੈ ਭਾਵ ਸਭ ਤੋਂ ਚੰਗੇ ਵਿਚਾਰਾਂ ਵਾਲਾ ਮਨ ਉਹੀ ਹੁੰਦਾ ਹੈ ਜਿਸ ਮਨ ਦੇ ਵਿਚਾਰਾਂ ਵਿੱਚ ਪ੍ਰਮਾਤਮਾ ਆਪ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ। ਜਿਸ ਮਨ ਦੇ ਅੰਦਰ ਵੀ ਪ੍ਰਮਾਤਮਾ ਵੱਸਦਾ ਹੈ ਉਸਦੇ ਅੰਦਰ ਆਪਣੇ ਸ਼ਬਦਾਂ ਦੀ ਵਿਚਾਰ ਹੀ ਪਾਉਂਦਾ ਹੈ ਭਾਵ ਆਪਣੀ ਗੁਰਮਤਿ ਦੀ ਸਮਝ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਆਪਣਿਆਂ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਇਸੇ ਕਰਕੇ ਹੀ ਉਹਨਾਂ ਦੇ ਮਨ ਦੇ ਵਿਚਾਰ ਸਭ ਤੋਂ ਭਲੇ ਹਨ, ਸਭ ਤੋਂ ਚੰਗੇ ਹਨ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹਨ। ਜਿਸਦੇ ਵਿਚਾਰ ਚੰਗੇ ਹਨ, ਭਲੇ ਹਨ ਉਸ ਮਨੁੱਖ ਦਾ ਰਾਗ ਚੰਗਾ ਹੈ ਤੇ ਸਾਰੇ ਰਾਗਾਂ ਵਿੱਚੋਂ ਭਾਵ ਹਰ ਮਨੁੱਖੀ ਮਨ ਦੇ ਵਿੱਚੋਂ ਉਹ ਮਨ ਭਲਾ ਹੈ, ਚੰਗਾ ਹੈ ਜਿਸਦੇ ਮਨ ਦੇ ਅੰਦਰ ਭਾਵ ਰਾਗ ਦੇ ਅੰਦਰ ਪ੍ਰਮਾਤਮਾ ਵੱਸ ਜਾਂਦਾ ਹੈ ਜੋ ਕਿ ਉਹ ਆਪਣੇ ਆਪ ਹੀ ਵੱਸਦਾ ਹੈ, ਆਪਣੀ ਰਜਾ ਦੁਆਰਾ ਹੀ ਵੱਸਦਾ ਹੈ, ਕਿਸੇ ਤੇ ਆਪਣੀ ਕ੍ਰਿਪਾ ਕਰਨ ਦੁਆਰਾ ਹੀ ਕਿਸੇ ਦੇ ਮਨ ਵਿੱਚ ਵੱਸਦਾ ਹੈ ਕਿਉਂਕਿ ਹਰ ਮਨ ਦੇ ਅੰਦਰ ਦੀ ਭਾਵ ਹਰ ਰਾਗ ਦੇ ਅੰਦਰ ਦੀ ਸਮਝ ਦਾ ਮਾਲਕ ਉਹ ਆਪ ਹੀ ਹੈ। **(ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥)** ਭਲੇ ਰਾਗ ਵਾਲਾ ਭਾਵ ਮਨ ਦੀ ਸੱਚੀ ਸਮਝ ਵਾਲਾ ਮਨੁੱਖ ਕਿਸ ਤਰੀਕੇ ਬਣਦਾ ਹੈ ਭਾਵ ਪ੍ਰਮਾਤਮਾ ਸਾਡੇ ਮਨ ਦੇ ਵਿੱਚ ਕਿਸ ਤਰੀਕੇ ਵੱਸਦਾ ਹੈ, ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥”

ਪਹਿਲੀ ਪੰਗਤੀ ਵਿੱਚ **“ਰਾਗ”** ਦੀ ਗੱਲ ਕੀਤੀ ਹੋਈ ਹੈ ਤੇ ਉਪਰਲੀ ਪੰਗਤੀ ਰਾਹੀਂ **“ਰਾਗੁ ਨਾਦੁ”** ਦੀ ਗੱਲ ਕੀਤੀ ਹੋਈ ਹੈ। **“ਨਾਦੁ”** ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਭ ਦੇ ਅੰਦਰ ਤੇ ਸਭ ਜਗ੍ਹਾ ਪ੍ਰਮਾਤਮਾ ਦਾ ਨਾਦੁ ਹੀ ਵਰਤ ਰਿਹਾ ਹੈ। ਸਾਡੇ ਮਨ ਦੇ ਅੰਦਰ ਵੀ ਪ੍ਰਮਾਤਮਾ ਦਾ ਨਾਦੁ ਹੀ ਹਰ ਵੇਲੇ ਵੱਜ ਰਿਹਾ ਹੈ ਜੋ ਉਸਦਾ ਨਾਦੁ ਸਾਡੇ ਅੰਦਰ ਮਨ ਦੇ ਵਿਚਾਰਾਂ ਦੇ ਰੂਪ ਵਿੱਚ

49/6735

ਵੱਜਦਾ ਹੈ, ਮਨ ਦੇ ਗਿਆਨ ਦੇ ਰੂਪ ਵਿੱਚ ਵੱਜਦਾ ਹੈ ਜਿਸ ਨਾਦ ਨੂੰ ਕੰਨਾਂ ਨਾਲ ਨਹੀਂ ਸੁਣਿਆ ਜਾ ਸਕਦਾ ਤੇ ਕੇਵਲ ਤੇ ਕੇਵਲ ਮਨ ਦੀ ਸਮਝ ਰਾਹੀਂ ਸਮਝਿਆ ਜਾ ਸਕਦਾ ਹੈ ਜਿਸਦੀ ਸਮਝ ਕੇਵਲ ਤੇ ਕੇਵਲ ਉਸੇ ਨੂੰ ਹੀ ਲੱਗ ਸਕਦੀ ਹੈ ਜਿਸਦੇ ਅੰਦਰ ਪ੍ਰਮਾਤਮਾ ਆਪ ਆ ਕੇ ਵੱਸ ਜਾਂਦਾ ਹੈ। ਉਸਦਾ ਨਾਦ ਕੀ ਹੈ, ਸਾਡੇ ਅੰਦਰ ਦਾ ਰਾਗ ਕੀ ਹੈ ਇਸ ਗੱਲ ਦੀ ਸੋਝੀ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਪਾਉਂਦਾ ਹੈ। ਸਾਡੇ ਰਾਗ ਦੇ ਅੰਦਰ ਭਾਵ ਮਨ ਦੇ ਅੰਦਰ ਜੋ ਪ੍ਰਮਾਤਮਾ ਆਪਣਾ ਨਾਦ ਵਜਾਉਂਦਾ ਹੈ ਭਾਵ ਉਸ ਦੁਆਰਾ ਉਹ ਆਪਣੀ ਗੁਰਮਤਿ ਦੀ, ਆਪਣੇ ਨਾਮ ਦੀ ਸੱਚੀ ਸੋਝੀ ਹੀ ਪਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਰਾਹੀਂ ਉਹ ਮਨ ਦੇ ਵਿੱਚ ਆਪਣਾ **“ਸਚੁ”** ਰੂਪ ਹੀ ਸਮਝਾਉਂਦਾ ਹੈ ਜੋ ਪ੍ਰਮਾਤਮਾ ਦਾ ਸਚੁ ਰੂਪ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। **“ਸਚੁ”** ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਕਿ ਪੂਰੀ ਗੁਰਬਾਣੀ ਵਿੱਚ ਉਸਦਾ ਨਾਮ ਰੂਪ ਹੈ। **“ਸਚੁ”** ਦੀ ਕੀਮਤ ਕਿਤਨੀ ਕੁ ਉੱਚੀ ਹੈ, ਨਾਮ ਦੀ ਕੀਮਤ ਕਿਤਨੀ ਕੁ ਉੱਚੀ ਹੈ ਇਸ ਗੱਲ ਦੀ ਸਮਝ ਸੱਚ ਦੀ ਸੋਝੀ ਪੈਣ ਦੁਆਰਾ ਹੀ ਮੰਨਣ ਵਿੱਚ ਆਉਂਦੀ ਹੈ। ਪ੍ਰਮਾਤਮਾ ਦਾ ਸਚੁ ਰੂਪ ਉਸਦਾ ਬ੍ਰਹਮ ਗਿਆਨ ਰੂਪ ਹੈ ਜਿਸ ਪ੍ਰਮਾਤਮਾ ਦੇ ਸਚੁ ਰੂਪ ਦੀ ਕੋਈ ਆਪਣੇ ਆਪ ਕੀਮਤ ਜਾਣ ਲਵੇ, ਇਹ ਨਹੀਂ ਹੋ ਸਕਦਾ। ਜਿਸ **“ਸਚੁ”** ਦੀ ਪ੍ਰਾਪਤੀ ਦੇ ਨਾਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਵੇ, ਮਨ ਦੇ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ ਉਸ ਤੋਂ ਵੱਡੀ ਕੀਮਤ ਕਿਸੇ ਚੀਜ ਦੀ ਕੀ ਹੋ ਸਕਦੀ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਏ ਬਿਨਾਂ, ਸਚੁ ਦੀ ਪ੍ਰਾਪਤੀ ਹੋਏ ਬਿਨਾਂ, ਪ੍ਰਮਾਤਮਾ ਦੇ ਨਾਮ ਦੀ ਪ੍ਰਾਪਤੀ ਹੋਏ ਬਿਨਾਂ ਕੋਈ

ਆਪਣੇ ਆਪ **"ਰਾਗੁ ਨਾਦੁ"** ਨੂੰ ਸਮਝ ਲਵੇ ਇਹ ਨਹੀਂ ਹੋ ਸਕਦਾ। ਆਪਣੇ ਸਚੁ ਤੇ ਵਿਸ਼ਵਾਸ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਦਿਵਾਉਂਦਾ ਹੈ, ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਕੇ ਦਿਵਾਉਂਦਾ ਹੈ। **(ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥ ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥)**

ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਤੇ ਪ੍ਰਮਾਤਮਾ ਦਾ ਉਹ ਹੁਕਮ ਕਿਸ ਰੂਪ ਵਿੱਚ ਸਭ ਦੇ ਅੰਦਰ ਵਰਤਦਾ ਹੈ ਉਹ **"ਰਾਗੁ ਨਾਦੁ"** ਦੀ ਸੋਝੀ ਪੈਣ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

49/6736

"ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥"

ਸਾਡੇ ਅੰਦਰ ਰਾਗ ਨਾਦ ਦਾ ਹੋਣਾ ਕੀ ਹੈ ਤੇ ਰਾਗ ਨਾਦ ਦਾ ਨਾ ਹੋਣਾ ਕੀ ਹੈ, ਇਸ ਗੱਲ ਨੂੰ ਅਸੀਂ ਪਿਛਲੇ ਸ਼ਬਦ ਰਾਹੀਂ ਸਮਝਿਆ ਹੀ ਹੈ। ਜਦੋਂ ਮਨੁੱਖ ਦਾ ਰਾਗ ਨਾਦ **"ਸਚੁ"** ਵਾਲਾ ਬਣ ਜਾਂਦਾ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਵਾਲਾ ਬਣ ਜਾਂਦਾ ਹੈ, ਮਨ ਦੀ ਉਸ ਸਮਝ ਦੁਆਰਾ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦੇ ਹਾਂ ਜਿਵੇਂ ਕਿ ਉਪਰ ਵਾਲੀ ਪੰਗਤੀ ਤੋਂ ਪਹਿਲੀ ਪੰਗਤੀ ਰਾਹੀਂ ਅਸੀਂ ਸਮਝਿਆ ਹੈ। ਜਦੋਂ ਮਨੁੱਖ ਮਨ ਦੀ ਸੱਚੀ ਸਮਝ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਮਨ ਦੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ ਉਹ ਫਿਰ ਆਪਣੇ ਅੰਦਰੋਂ ਸਾਡੇ ਅੰਦਰ ਹਰ ਵੇਲੇ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਜੋ ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਮਨ ਦੇ ਵਿੱਚ ਉਸਦੇ ਸਮਝ ਪਾਉਂਣ ਦੁਆਰਾ ਹੀ ਚੱਲਦਾ ਹੈ ਭਾਵ ਰਾਗ ਨਾਦ ਦੇ ਰੂਪ ਵਿੱਚ ਹੀ ਚੱਲਦਾ ਹੈ ਭਾਵ ਮਨ ਦੇ ਵਿੱਚ ਨਾਦ ਉਪਜਣ ਦੁਆਰਾ, ਵਿਚਾਰ ਉਪਜਣ ਦੁਆਰਾ ਚੱਲਦਾ ਹੈ ਜੋ ਵਿਚਾਰ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਆਪ ਹੀ ਪਾਉਂਦਾ ਹੈ। ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਰਾਗ ਨਾਦ ਨੂੰ ਸਮਝ ਲੈਂਦਾ ਹੈ ਭਾਵ ਮਨ ਦੇ ਵਿੱਚ ਉਪਜਣ ਵਾਲੇ ਵਿਚਾਰਾਂ ਨੂੰ ਸਮਝ ਲੈਂਦਾ ਹੈ ਕਿ ਸਾਡੇ ਅੰਦਰ ਇਹ ਵਿਚਾਰ ਕਿੱਥੋਂ ਆਉਂਦੇ ਹਨ ਭਾਵ ਉਹ ਵਿਚਾਰਾਂ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ। ਜੋ ਆਪਣੇ ਅੰਦਰੋਂ ਰਾਗ ਨਾਦ ਨੂੰ ਨਹੀਂ ਜਾਣਦੇ ਭਾਵ ਮਨ ਦੇ ਵਿਚਾਰਾਂ ਦੇ ਮਾਲਕ ਨੂੰ ਨਹੀਂ ਜਾਣਦੇ ਉਹ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝ ਸਕਦੇ। **(ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥)** ਜੋ ਆਪਣੇ ਅੰਦਰੋਂ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝਦੇ ਭਾਵ ਜੋ ਰਾਗ ਨਾਦ ਸਮਝਣ ਤੋਂ ਦੂਰ ਰਹਿੰਦੇ ਹਨ ਉਹ ਕਿਸ ਕਰਕੇ ਸਮਝਣ ਤੋਂ ਦੂਰ ਰਹਿੰਦੇ ਹਨ ਤੇ ਪ੍ਰਮਾਤਮਾ ਦੇ ਹੁਕਮਾਂ ਨੂੰ ਆਪਣੇ ਅੰਦਰੋਂ ਬੁੱਝਣਾ ਕੀ ਹੈ, ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥"

ਉਪਰਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਬੜਾ

49/6737

ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਨਾਲ ਸਾਨੂੰ ਕੀ ਪ੍ਰਾਪਤੀ ਹੁੰਦੀ ਹੈ। ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਉਸਨੂੰ ਮਨ ਦੇ ਵਿੱਚ ਸਤਿਗੁਰ ਭਾਵ ਪ੍ਰਮਾਤਮਾ ਕੋਲੋਂ ਸੋਝੀ ਹੀ ਮਿਲਦੀ ਹੈ ਜੋ ਸੋਝੀ ਮਨ ਦੇ ਵਿੱਚ ਸਤਿਗੁਰ ਆਪ ਹੀ ਪਾਉਂਦਾ ਹੈ ਜੋ ਸਾਡੀ ਸੋਝੀ ਦਾ ਮਾਲਕ ਹੈ। ਹੁਣ ਇਸ ਗੱਲ ਨੂੰ ਵੀ ਧਿਆਨ ਨਾਲ ਸਮਝੋ ਕਿ ਜੋ ਮਨ ਦੇ ਵਿੱਚ ਸਤਿਗੁਰ ਸੋਝੀ ਪਾਉਂਦਾ ਹੈ ਉਹਨਾਂ ਦੇ ਕੋਲ ਹੀ ਗੁਰੂ ਦੀ ਰਾਸਿ ਹੁੰਦੀ ਹੈ ਭਾਵ ਮਨੁੱਖ ਦੀ ਸੱਚੀ ਰਾਸਿ, ਸੱਚੀ ਪੂੰਜੀ ਮਨ ਦੀ ਸੱਚੀ ਸੋਝੀ ਹੈ। ਆਪਣੀ ਸੱਚੀ ਸਮਝ ਸਤਿਗੁਰ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸੋਝੀ ਦੇ ਰੂਪ ਵਿੱਚ ਹੀ ਪਾਉਂਦਾ ਹੈ ਭਾਵ ਗੁਰਮਤਿ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਪਾਉਂਦਾ ਹੈ, ਬ੍ਰਹਮ ਗਿਆਨ ਦੀ ਸਮਝ ਦੇ ਰੂਪ ਵਿੱਚ ਹੀ ਪਾਉਂਦਾ ਹੈ, ਆਪਣੇ ਨਾਮ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਪਾਉਂਦਾ ਹੈ। ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਹੀ ਉਸਦੀ ਸੱਚੀ **"ਰਾਸਿ"** ਹੈ, ਉਸਦੀ ਸੱਚੀ ਪੂੰਜੀ ਹੈ, ਨਾਮ ਦੀ ਰਾਸਿ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੈ। **(ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥)** ਜੋ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲੈਂਦਾ ਹੈ, ਜੋ ਆਪਣੇ ਅੰਦਰੋਂ ਗੁਰੂ ਦੇ ਸੱਚੇ ਗਿਆਨ ਦੀ ਰਾਸਿ ਨੂੰ ਸਤਿਗੁਰ ਕੋਲੋਂ ਪ੍ਰਾਪਤ ਕਰ ਲੈਂਦਾ ਹੈ ਉਹ ਫਿਰ ਇਸ ਸੰਸਾਰ ਨੂੰ ਕਿਸ ਰੂਪ ਵਿੱਚ ਦੇਖਦਾ ਹੈ, ਇਹੀ ਗੱਲ ਸ਼ਬਦ ਦੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥”

ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਦੇ ਨਾਲ ਫਿਰ ਇਸ ਗੱਲ ਦੀ ਸੋਝੀ ਵੀ ਪੈ ਜਾਂਦੀ ਹੈ ਕਿ ਸਾਰੀ ਸ੍ਰਿਸ਼ਟੀ ਵਿੱਚ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਭਾਵ ਸਾਰੀ ਸ੍ਰਿਸ਼ਟੀ ਦੀ ਰਚਨਾ ਉਸਦੇ ਹੁਕਮ ਦੁਆਰਾ ਹੀ ਹੋਈ ਹੈ ਤੇ ਉਸਦੇ ਹੁਕਮ ਦੁਆਰਾ ਹੀ ਚੱਲ ਰਹੀ ਹੈ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੁਆਰਾ ਬਣੀ ਹੈ, ਉਸਦੇ ਨਾਮ ਦੁਆਰਾ ਬਣੀ ਹੈ ਭਾਵ ਪ੍ਰਮਾਤਮਾ ਦੇ ਬ੍ਰਹਮ ਗਿਆਨ ਦੁਆਰਾ ਬਣੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪੂਰੀ ਸਾਇੰਸ ਰਾਹੀਂ ਸਭ ਜਗ੍ਹਾ ਤੇ ਸਭ ਵਿੱਚ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਭਾਵ ਪ੍ਰਮਾਤਮਾ ਦੇ ਪਾਏ ਹੋਏ ਸੱਚੇ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ। ਪ੍ਰਮਾਤਮਾ ਦਾ ਗਿਆਨ ਰੂਪ ਹੀ ਉਸਦਾ

ਨਿਰੰਕਾਰ ਰੂਪ ਹੈ, ਨਾਮ ਰੂਪ ਹੈ। ਪੂਰੀ ਸਾਇੰਸ ਪ੍ਰਮਾਤਮਾ ਦੇ ਹੁਕਮ ਨੂੰ ਹੀ ਮੰਨ ਰਹੀ ਹੈ, ਪ੍ਰਮਾਤਮਾ ਦੀ ਰਜਾ ਨੂੰ ਹੀ ਮੰਨ ਰਹੀ ਹੈ ਕਿਉਂਕਿ ਹਰ ਆਕਾਰ ਰੂਪ ਦੇ ਵਿੱਚ ਪ੍ਰਮਾਤਮਾ ਨੇ ਜਿਹੋ ਜਿਹੀ ਸੋਝੀ ਪਾਈ ਹੈ, ਜਿਹੋ ਜਿਹਾ ਗਿਆਨ ਪਾਇਆ ਹੈ ਉਹ ਹਰ ਆਕਾਰ ਰੂਪ ਉਸੇ ਤਰ੍ਹਾਂ ਹੀ ਵਰਤ ਰਿਹਾ ਹੈ ਭਾਵ ਆਪਣੇ ਜੀਵਨ ਦਾ ਫਰਜ ਪੂਰਾ ਕਰ ਰਿਹਾ ਹੈ। ਸਭ ਜਗ੍ਹਾ, ਹਰ ਰੂਪ ਵਿੱਚ ਪ੍ਰਮਾਤਮਾ ਦੀ ਰਜਾ ਹੀ ਵਰਤ ਰਹੀ ਹੈ ਪਰ ਇਸ ਗੱਲ ਦੀ ਸਮਝ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦੁਆਰਾ ਹੀ ਪੈਂਦੀ ਹੈ, ਰਾਗ ਨਾਦ ਦੀ ਸਮਝ ਦੁਆਰਾ ਹੀ ਪੈਂਦੀ ਹੈ। **(ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥ ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥ ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥ ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥)**

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਕੀਮਤਿ ਪਾਈ ਪਾਵਣਹਾਰੈ ॥ ਵੇਪਰਵਾਹ ਪੂਰੇ ਭੰਡਾਰੈ ॥
ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥੫॥}

(ਅੰਗ ੧੦੩੬)

{ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥੨॥}

(ਅੰਗ ੫੦੯)

{ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ ॥ ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ॥
ਆਪੇ ਪ੍ਰਭੂ ਦਇਆਲੁ ਹੈ ਆਪੇ ਦੇਇ ਬੁਝਾਇ ॥ ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥੧॥
ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥ ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥੧॥ ਰਹਾਉ ॥
ਜਿਨਿ ਕਰਿ ਕਾਰਣੁ ਧਾਰਿਆ ਸੋਈ ਸਾਰ ਕਰੇਇ ॥ ਗੁਰ ਕੈ ਸਬਦਿ ਪਛਾਣੀਐ ਜਾ ਆਪੇ ਨਦਰਿ ਕਰੇਇ ॥
ਸੇ ਜਨ ਸਬਦੇ ਸੋਹਣੇ ਤਿਤੁ ਸਚੈ ਦਰਬਾਰਿ ॥ ਗੁਰਮੁਖਿ ਸਚੈ ਸਬਦਿ ਰਤੇ ਆਪਿ ਮੇਲੇ ਕਰਤਾਰਿ ॥੨॥
ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥
ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥

ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ ॥
ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥
ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥}

(ਅੰਗ ੩੭)

{ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥}

(ਅੰਗ ੫੩)

{ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥ ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪॥}

(ਅੰਗ ੫੫)

{ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ ॥ ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ ॥
ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥੫॥ ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥
ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥ ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥੬॥}

(ਅੰਗ ੬੬)

{ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥
ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥
ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥
ਅੰਮ੍ਰਿਤੁ ਤੇਰੀ ਬਾਣੀਆ ॥ ਤੇਰਿਆ ਭਗਤਾ ਰਿਦੈ ਸਮਾਣੀਆ ॥
ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥}

(ਅੰਗ ੭੨)

{ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥ ਜੇ ਧਨ ਖਸਮੈ ਚਲੈ ਰਜਾਈ ॥
ਦਰਿ ਘਰਿ ਸੋਭਾ ਮਹਲਿ ਬੁਲਾਈ ॥ ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥੧॥}

(ਅੰਗ ੮੫)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥}

(ਅੰਗ ੧੦੬)

49/6739

{ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥
ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥}

(ਅੰਗ ੧੦੯)

{ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥}

(ਅੰਗ ੧੧੮)

{ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥੧॥}

(ਅੰਗ ੧੩੯)

{ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥
ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥
ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥
ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ॥ ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥੧੩॥}

(ਅੰਗ ੧੪੪)

{ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥
ਕਹਿ ਕਹਿ ਕਥਨਾ ਮਾਇਆ ਲੂਝੈ ॥ ਹੁਕਮੀ ਸਗਲ ਕਰੇ ਆਕਾਰ ॥ ਆਪੇ ਜਾਣੈ ਸਰਬ ਵੀਚਾਰ ॥
ਅਖਰ ਨਾਨਕ ਅਖਿਓ ਆਪਿ ॥ ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥}

(ਅੰਗ ੧੫੦)

{ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ ਮੇਰੇ ਸਾਹਿਬਾ ਕਉਨੁ ਜਾਣੈ ਗੁਣ ਤੇਰੇ॥
ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥
ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥
ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥
ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥}

(ਅੰਗ ੧੫੬)

{ਤੂੰ ਸਮਰਥੁ ਤੂੰਹੈ ਮੇਰਾ ਸੁਆਮੀ ॥ ਸਭੁ ਕਿਛੁ ਤੁਮ ਤੇ ਤੂੰ ਅੰਤਰਜਾਮੀ ॥੧॥ ਪਾਰਬ੍ਰਹਮ ਪੂਰਨ ਜਨ ਓਟ ॥

ਤੇਰੀ ਸਰਣਿ ਉਧਰਹਿ ਜਨ ਕੋਟਿ ॥੧॥ ਰਹਾਉ ॥ ਜੇਤੇ ਜੀਅ ਤੇਤੇ ਸਭਿ ਤੇਰੇ ॥
ਤੁਮਰੀ ਕ੍ਰਿਪਾ ਤੇ ਸੂਖ ਘਨੇਰੇ ॥੨॥ ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਚਿ ਸਮਾਣਾ ॥੩॥
ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥ ਨਾਨਕ ਸਿਮਰੈ ਨਾਮੁ ਨਿਧਾਨੁ ॥੪॥੬੬॥੧੩੫॥}

(ਅੰਗ ੧੯੩)

{ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ ॥
ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥੧॥ ਰਹਾਉ ॥
ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥}

(ਅੰਗ ੨੦੯)

{ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥
ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ ੨੨੧)

{ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥ ਰਾਹ ਦੋਵੈ ਖਸਮੁ ਏਕੋ ਜਾਣੁ ॥
ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥ ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥੫॥}

(ਅੰਗ ੨੨੩)

{ਹਿਰਦੈ ਸੂਖੁ ਭਇਆ ਪਰਗਾਸੁ ॥ ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥ ਦਾਸਨਿ ਦਾਸ ਨਿਤ ਹੋਵਹਿ ਦਾਸੁ ॥
ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥੨॥ ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥ ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥
ਜਾ ਹਿਰਦੈ ਵਸਿਆ ਸਚੁ ਸੋਇ ॥ ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥
ਤੂੰ ਕਰਤਾ ਮੈ ਅਵਰੁ ਨ ਕੋਇ ॥ ਤੁਝੁ ਸੇਵੀ ਤੁਝ ਤੇ ਪਤਿ ਹੋਇ ॥
ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ ਨਾਮ ਰਤਨੁ ਸਭ ਜਗ ਮਹਿ ਲੋਇ ॥੫॥}

(ਅੰਗ ੨੩੨)

{ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥
ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥੭॥}

(ਅੰਗ ੪੨੩)

{ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥
ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥ ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥੫॥
ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ ॥ ਭਗਤਿ ਭੀ ਓਨਾ ਨੋ ਬਖਸੀਅਨੁ ਅੰਤਰਿ ਭੰਡਾਰਾ ॥੬॥
ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥ ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ ॥੭॥
ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ ॥

ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ੀ ਨਾਮਿ ਹਉਮੈ ਮਾਰੀ ॥੮॥੫॥੨੭॥}

(ਅੰਗ ੪੨੫)

{ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ ॥
ਹਰਿ ਸੋਹਿਲਾ ਤਿਨ੍ ਸਦ ਸਦਾ ਜੋ ਹਰਿ ਗੁਣ ਗਾਵਹਿ ॥ ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ॥
ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥
ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥
ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥੨॥}

(ਅੰਗ ੪੪੦)

{ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥
ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥
ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥
ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥
ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥੨॥
ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ ॥ ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ ॥੩॥
ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥
ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥
ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥
ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥੫॥੬॥੮॥}

(ਅੰਗ ੪੯੧)

49/6740

{ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥
ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥
ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥
ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥ ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥
ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥ ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ॥
ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥ ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥}

(ਅੰਗ ੫੧੬)

{ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ ॥ ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ ॥
ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥ ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ ॥
ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ ॥ ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ ॥
ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥੨॥}

(ਅੰਗ ੫੨੩)

ਪਉੜੀ ॥

{ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥ ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥
ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ ॥ ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥
ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥੨੦॥}

(ਅੰਗ ੫੨੩)

{ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ ॥
ਆਇਆ ਲਿਖਿ ਲੈ ਜਾਵਣਾ ਪਿਆਰੇ ਹੁਕਮੀ ਹੁਕਮੁ ਪਛਾਣੁ ॥
ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ ॥੩॥
ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ ॥
ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ ॥
ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ ॥੪॥
ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ ॥
ਹੁਕਮੇ ਬੰਨ੍ਹਿ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ ॥
ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥੫॥
ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ ॥ ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ॥
ਹੁਕਮੁ ਸਿਞਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ ॥੬॥
ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ ॥
ਜਿਨ੍ਹੀ ਸੋ ਸਾਲਾਹਿਆ ਪਿਆਰੇ ਹਉ ਤਿਨ੍ ਬਲਿਹਾਰੈ ਜਾਉ ॥
ਨਾਉ ਮਿਲੈ ਸੰਤੋਖੀਆਂ ਪਿਆਰੇ ਨਦਰੀ ਮੇਲਿ ਮਿਲਾਉ ॥੭॥}

(ਅੰਗ ੬੩੬)

{ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ ਲਾਇ ॥
ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ ਹਰਿ ਆਪਿ ਵਸੈ ਮਨਿ ਆਇ ॥੨॥
ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ ॥
ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥੩॥}

(ਅੰਗ ੬੩੯)

{ਛੋਡਿ ਜਾਹਿ ਸੇ ਕਰਹਿ ਪਰਾਲ ॥ ਕਾਮਿ ਨ ਆਵਹਿ ਸੇ ਜੰਜਾਲ ॥
ਸੰਗਿ ਨ ਚਾਲਹਿ ਤਿਨ ਸਿਉ ਹੀਤ ॥ ਜੋ ਬੈਰਾਈ ਸੇਈ ਮੀਤ ॥੧॥
ਐਸੇ ਭਰਮਿ ਭੁਲੇ ਸੰਸਾਰਾ ॥ ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥
ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥
ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥
ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥ ਹੁਕਮੁ ਨ ਬੂਝੈ ਆਵਣ ਜਾਣੇ ॥
ਪਾਪ ਕਰੈ ਤਾ ਪਛੋਤਾਣੇ ॥੩॥ ਜੋ ਤੁਧੁ ਭਾਵੈ ਸੋ ਪਰਵਾਣੁ ॥ ਤੇਰੇ ਭਾਣੇ ਨੋ ਕੁਰਬਾਣੁ ॥
ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥੪॥੧॥੨੨॥}

(ਅੰਗ ੬੭੬)

{ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥
ਆਪਣਾ ਕੀਤਾ ਕਿਛੁ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥ ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧॥ ਰਹਾਉ ॥

ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥
ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥
ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਨੁ ॥
ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਨੁ ॥੪॥੪॥੧੫॥੨੪॥}

(ਅੰਗ ੭੩੬)

{ਤੂ ਸਚਾ ਸਿਰਜਣਹਾਰੁ ਅਲਖ ਸਿਰੰਦਿਆ ਜੀਉ ॥ ਏਕੁ ਸਾਹਿਬੁ ਦੁਇ ਰਾਹ ਵਾਦ ਵਧੰਦਿਆ ਜੀਉ ॥
ਦੁਇ ਰਾਹ ਚਲਾਏ ਹੁਕਮਿ ਸਬਾਏ ਜਨਮਿ ਮੁਆ ਸੰਸਾਰਾ ॥
ਨਾਮ ਬਿਨਾ ਨਾਹੀ ਕੋ ਬੇਲੀ ਬਿਖੁ ਲਾਦੀ ਸਿਰਿ ਭਾਰਾ ॥
ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ ॥
ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਣਹਾਰਾ ॥੩॥}

(ਅੰਗ ੬੮੮)

{ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥੬॥
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥}

(ਅੰਗ ੭੨੫)

{ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥
ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥ ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥ ਸਖੀ ਸਹੇਲੀ ਕਉ ਸਮਝਾਵੈ ॥
ਸੋਈ ਕਮਾਵੈ ਜੋ ਪ੍ਰਭ ਭਾਵੈ ॥ ਸਾ ਸੋਹਾਗਣਿ ਅੰਕਿ ਸਮਾਵੈ ॥੨॥ ਗਰਬਿ ਗਹੇਲੀ ਮਹਲੁ ਨ ਪਾਵੈ ॥
ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ ਕਰਮਹੀਣਿ ਮਨਮੁਖਿ ਦੁਖੁ ਪਾਵੈ ॥੩॥ ਬਿਨਉ ਕਰੀ ਜੇ ਜਾਣਾ ਦੂਰਿ ॥
ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥ ਜਨੁ ਨਾਨਕੁ ਗਾਵੈ ਦੇਖਿ ਹਦੂਰਿ ॥੪॥੩॥}

(ਅੰਗ ੭੩੭)

{ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥
ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥ ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥
ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥}

(ਅੰਗ ੭੮੬)

{ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥
ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥
ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥੪॥੪॥}

(ਅੰਗ ੭੯੩)

{ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥ ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ॥
ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੩॥}

(ਅੰਗ ੯੩੮)

{ਵੇਕੀ ਸ੍ਰਿਸਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ ॥ ਆਪੇ ਵੇਖਿ ਵਿਗਸਦਾ ਦੂਜਾ ਕੋ ਨਾਹੀ ॥
ਜਿਉ ਭਾਵੈ ਤਿਉ ਰਖੁ ਤੂ ਗੁਰ ਸਬਦਿ ਬੁਝਾਹੀ ॥ ਸਭਨਾ ਤੇਰਾ ਜੋਰੁ ਹੈ ਜਿਉ ਭਾਵੈ ਤਿਵੈ ਚਲਾਹੀ ॥
ਤੁਧੁ ਜੇਵਡ ਮੈ ਨਾਹਿ ਕੋ ਕਿਸੁ ਆਖਿ ਸੁਣਾਈ ॥੨॥}

(ਅੰਗ ੯੪੭)

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ ੯੪੮)

{ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥ ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥ ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥
ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥}

(ਅੰਗ ੯੪੮)

{ਹੁਕਮਿ ਉਛਲੈ ਹੁਕਮੇ ਰਹੈ ॥ ਹੁਕਮੇ ਦੁਖੁ ਸੁਖੁ ਸਮ ਕਰਿ ਸਹੈ ॥ ਹੁਕਮੇ ਨਾਮੁ ਜਪੈ ਦਿਨੁ ਰਾਤਿ ॥
ਨਾਨਕ ਜਿਸ ਨੋ ਹੋਵੈ ਦਾਤਿ ॥ ਹੁਕਮਿ ਮਰੈ ਹੁਕਮੇ ਹੀ ਜੀਵੈ ॥ ਹੁਕਮੇ ਨਾਨ੍ਹਾ ਵਡਾ ਥੀਵੈ ॥
ਹੁਕਮੇ ਸੋਗ ਹਰਖ ਆਨੰਦ ॥ ਹੁਕਮੇ ਜਪੈ ਨਿਰੋਧਰ ਗੁਰਮੰਤ ॥
ਹੁਕਮੇ ਆਵਣੁ ਜਾਣੁ ਰਹਾਏ ॥ ਨਾਨਕ ਜਾ ਕਉ ਭਗਤੀ ਲਾਏ ॥੨॥}

(ਅੰਗ ੯੬੨)

49/6741

{ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥}

(ਅੰਗ ੧੦੩੩)

{ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥ ਹੁਕਮੇ ਆਇਆ ਹੁਕਮਿ ਸਮਾਇਆ ॥
ਹੁਕਮੇ ਦੀਸੈ ਜਗਤੁ ਉਪਾਇਆ ॥ ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥ ਹੁਕਮੇ ਆਡਾਣੇ ਆਗਾਸੀ ॥
ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥

ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥ ਹੁਕਮੇ ਜੁਗ ਛਤੀਹ ਗੁਦਾਰੇ ॥
ਹੁਕਮੇ ਸਿਧ ਸਾਧਿਕ ਵੀਚਾਰੇ ॥ ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥
ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥ ਸਤੁ ਸੰਤੋਖੁ ਨਗਰ ਮਹਿ ਕਾਰੀ ॥
ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥ ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥}

(ਅੰਗ ੧੦੩੬-੧੦੩੭)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥}

(ਅੰਗ ੧੦੬੬)

{ਏਕੋ ਆਪਿ ਤੂਹੈ ਵਡ ਰਾਜਾ ॥ ਹੁਕਮਿ ਸਚੇ ਕੈ ਪੂਰੇ ਕਾਜਾ ॥
ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ ॥੬॥}

(ਅੰਗ ੧੦੭੪)

{ਕਵਨ ਸੁ ਮੁਕਤੀ ਕਵਨ ਸੁ ਨਰਕਾ ॥ ਕਵਨੁ ਸੈਸਾਰੀ ਕਵਨੁ ਸੁ ਭਗਤਾ ॥
ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ ॥੬॥ ਹੁਕਮੇ ਮੁਕਤੀ ਹੁਕਮੇ ਨਰਕਾ ॥
ਹੁਕਮਿ ਸੈਸਾਰੀ ਹੁਕਮੇ ਭਗਤਾ ॥ ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ ॥੭॥}

(ਅੰਗ ੧੦੮੧)

{ਕਉਤਕੁ ਕਾਲੁ ਇਹੁ ਹੁਕਮਿ ਪਠਾਇਆ ॥ ਜੀਅ ਜੰਤ ਓਪਾਇ ਸਮਾਇਆ ॥
ਵੇਖੈ ਵਿਗਸੈ ਸਭਿ ਰੰਗ ਮਾਣੇ ਰਚਨੁ ਕੀਨਾ ਇਕੁ ਆਖਾੜਾ ॥੯॥}

(ਅੰਗ ੧੦੮੧)

{ਜਿਤੁ ਦਰਿ ਲੇਖਾ ਮੰਗੀਐ ਸੋ ਦਰੁ ਸੇਵਿਹੁ ਨ ਕੋਇ ॥ ਐਸਾ ਸਤਿਗੁਰੁ ਲੋੜਿ ਲਹੁ ਜਿਸੁ ਜੇਵਡੁ ਅਵਰੁ ਨ ਕੋਇ॥
ਤਿਸੁ ਸਰਣਾਈ ਛੁਟੀਐ ਲੇਖਾ ਮੰਗੈ ਨ ਕੋਇ ॥ ਸਚੁ ਦ੍ਰਿੜਾਏ ਸਚੁ ਦ੍ਰਿੜੁ ਸਚਾ ਓਹੁ ਸਬਦੁ ਦੇਇ ॥
ਹਿਰਦੈ ਜਿਸ ਦੈ ਸਚੁ ਹੈ ਤਨੁ ਮਨੁ ਭੀ ਸਚਾ ਹੋਇ ॥ ਨਾਨਕ ਸਚੈ ਹੁਕਮਿ ਮੰਨਿਐ ਸਚੀ ਵਡਿਆਈ ਦੇਇ ॥
ਸਚੇ ਮਾਹਿ ਸਮਾਵਸੀ ਜਿਸ ਨੋ ਨਦਰਿ ਕਰੇਇ ॥੨॥}

(ਅੰਗ ੧੦੮੯)

{ਮਨੁ ਹਰਿ ਕੈ ਭਾਣੈ ਆਵੈ ਜਾਇ ॥ ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥
ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥ ਦੂਖ ਸੂਖ ਸਭ ਤਿਸੁ ਰਜਾਇ ॥੭॥}

(ਅੰਗ ੧੧੮੮)

{ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥ ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥
ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥ ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ॥

ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥ ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥
ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥ ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥੨॥}

(ਅੰਗ ੧੨੪੧)

{ਪੁਰੀਆ ਖੰਡਾ ਸਿਰਿ ਕਰੇ ਇਕ ਪੈਰਿ ਧਿਆਏ ॥ ਪਉਣੁ ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ ਤਲੈ ਦੇਇ ॥
ਕਿਸੁ ਉਪਰਿ ਓਹੁ ਟਿਕ ਟਿਕੈ ਕਿਸ ਨੋ ਜੋਰੁ ਕਰੇਇ ॥ ਕਿਸ ਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ ॥
ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ ॥੧॥}

(ਅੰਗ ੧੨੪੧)

{ਵਡਾ ਆਪਿ ਅਗੰਮੁ ਹੈ ਵਡੀ ਵਡਿਆਈ ॥ ਗੁਰ ਸਬਦੀ ਵੇਖਿ ਵਿਗਸਿਆ ਅੰਤਰਿ ਸਾਂਤਿ ਆਈ॥
ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ ॥ ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ ॥
ਨਾਨਕ ਹਰਿ ਭਾਵੈ ਸੋ ਕਰੇ ਸਭ ਚਲੈ ਰਜਾਈ ॥੩੬॥੧॥ ਸੁਧੁ ॥}

(ਅੰਗ ੧੨੫੧)

{ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ ॥੧॥}

(ਅੰਗ ੧੨੮੨)

{ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ ॥
ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਂਉ ॥
ਗੁਰਮੁਖਿ ਸਬਦੁ ਸਮ੍ਹਾਲੀਐ ਸਚੇ ਕੇ ਗੁਣ ਗਾਉ ॥ ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ ॥੨॥}

(ਅੰਗ ੧੨੮੫-੧੨੮੬)

{ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥}

(ਅੰਗ ੧੨੯੦)

ਪਉੜੀ ॥

{ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ ॥ ਤੇਰੈ ਹਥਿ ਨਿਬੇੜੁ ਤੂਹੈ ਮਨਿ ਭਾਇਆ ॥
ਕਾਲੁ ਚਲਾਏ ਬੰਨਿ ਕੋਇ ਨ ਰਖਸੀ ॥ ਜਰੁ ਜਰਵਾਣਾ ਕੰਨ੍ਹਿ ਚੜਿਆ ਨਚਸੀ ॥
ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ ॥ ਅਗਨਿ ਭਖੈ ਭੜਹਾੜੁ ਅਨਦਿਨੁ ਭਖਸੀ ॥
ਫਾਥਾ ਚੁਗੈ ਚੋਗ ਹੁਕਮੀ ਛੁਟਸੀ ॥ ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ ॥੨੬॥}

(ਅੰਗ ੧੨੯੦)

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥

ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥
ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥
ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥
ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥}

(ਅੰਗ ੧੩੪੬)

{ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥
ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥}

(ਅੰਗ ੧੩੯੫)

{ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥
ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥ ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ॥
ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ ॥ ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ ਰਹਾਉ॥
ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ ॥
ਤਿਸ ਕਾ ਕਿਆ ਸਾਲਾਹੀਐ ਭਾਈ ਦਰਸਨ ਕਉ ਬਲਿ ਜਾਇ ॥
ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ ॥
ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥
ਸੰਗਤਿ ਢੋਈ ਨਾ ਮਿਲੈ ਭਾਈ ਬੈਸਣਿ ਮਿਲੈ ਨ ਥਾਉ ॥
ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ ਧੁਰੇ ਕਮਾਇਆ ਨਾਉ ॥
ਤਿਨ੍ ਵਿਟਹੁ ਹਉ ਵਾਰਿਆ ਭਾਈ ਤਿਨ ਕਉ ਸਦ ਬਲਿਹਾਰੈ ਜਾਉ ॥੫੧॥}

(ਅੰਗ ੧੪੧੯)

49/6742

{ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ ॥ ਇੰਦੁ ਵਰਸੈ ਦਇਆ ਕਰਿ ਗੂੜ੍ਹੀ ਛਹਬਰ ਲਾਇ॥
ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ ਬੂੰਦ ਮੁਹਿ ਪਾਇ ॥ ਅਨੁ ਧਨੁ ਬਹੁਤਾ ਉਪਜੈ ਧਰਤੀ ਸੋਭਾ ਪਾਇ ॥

ਅਨਦਿਨੁ ਲੋਕੁ ਭਗਤਿ ਕਰੇ ਗੁਰ ਕੈ ਸਬਦਿ ਸਮਾਇ ॥ ਆਪੇ ਸਚਾ ਬਖਸਿ ਲਏ ਕਰਿ ਕਿਰਪਾ ਕਰੈ ਰਜਾਇ ॥
ਹਰਿ ਗੁਣ ਗਾਵਹੁ ਕਾਮਣੀ ਸਚੈ ਸਬਦਿ ਸਮਾਇ ॥ ਭੈ ਕਾ ਸਹਜੁ ਸੀਗਾਰੁ ਕਰਿਹੁ ਸਚਿ ਰਹਹੁ ਲਿਵ ਲਾਇ ॥
ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ ॥੫੭॥}

(ਅੰਗ ੧੪੨੦)

{ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥ ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਹਾਲਿ ॥
ਵਸਤੁ ਲਈ ਵਣਜਾਰਣੀ ਵਖਰੁ ਬਧਾ ਪਾਇ ॥ ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥
ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥ ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥੧॥}

(ਅੰਗ ੧੨੩੮)

{ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥ ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥
ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ ॥ ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥
ਆਵਹਿ ਨੰਗੇ ਜਾਹਿ ਨੰਗੇ ਵਿਚੇ ਕਰਹਿ ਵਿਥਾਰ॥ ਨਾਨਕ ਹੁਕਮੁ ਨ ਜਾਣੀਐ ਅਗੈ ਕਾਈ ਕਾਰ॥੧॥}

(ਅੰਗ ੧੨੩੮)

{ਹੁਕਮੁ ਕਰਿ ਕੀਨੇ ਨਿਹਾਲ ॥ ਅਪਨੇ ਸੇਵਕ ਕਉ ਭਇਆ ਦਇਆਲੁ ॥੧॥}

(ਅੰਗ ੧੧੮੪)

{ਬਨਸਪਤਿ ਮਉਲੀ ਚੜਿਆ ਬਸੰਤੁ ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥
ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥ ਤਾਂ ਸੁਖੁ ਪਾਵਹੁ ਮੇਰੇ ਮਨਾ ॥੧॥ ਰਹਾਉ ॥
ਇਤੁ ਮਨਿ ਮਉਲਿਐ ਭਇਆ ਅਨੰਦੁ ॥ ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥
ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
ਕਹਤ ਨਾਨਕੁ ਹਉਮੈ ਕਹੈ ਨ ਕੋਇ ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥}

(ਅੰਗ ੧੧੭੬)

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥
ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥}

(ਅੰਗ ੧੧੭੫)

{ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥
ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥
ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥
ਵਰਤ ਨੇਮ ਕਰੇ ਦਿਨ ਰਾਤਿ ॥੨॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ ਲਿਖੀ ਸਿਰਿ ਕਾਰ ॥
ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥}

(ਅੰਗ ੧੧੬੮-੧੧੬੯)

{ਦੇਦੇ ਤੋਟਿ ਨਹੀ ਭੰਡਾਰ ॥ ਖਿਨ ਮਹਿ ਥਾਪਿ ਉਥਾਪਨਹਾਰ ॥ ਜਾ ਕਾ ਹੁਕਮੁ ਨ ਮੇਟੈ ਕੋਇ ॥
ਸਿਰਿ ਪਾਤਿਸਾਹਾ ਸਾਚਾ ਸੋਇ ॥੩॥ ਜਿਸ ਕੀ ਓਟ ਤਿਸੈ ਕੀ ਆਸਾ ॥ ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ॥
ਰਾਖਿ ਲੀਨੋ ਸਭੁ ਜਨ ਕਾ ਪੜਦਾ ॥ ਨਾਨਕੁ ਤਿਸ ਕੀ ਉਸਤਤਿ ਕਰਦਾ ॥੪॥੧੯॥੩੨॥}

(ਅੰਗ ੧੧੪੪-੧੧੪੫)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

{ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥
ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥੧॥ ਬਹੁਰਿ ਹਮ ਕਾਹੇ ਆਵਹਿਗੇ ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥}

(ਅੰਗ ੧੧੦੩)

{ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥ ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥
ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ॥ ਸਭਨਾ ਕਾ ਸਾਹਿਬੁ ਏਕੁ ਹੈ ਗੁਰ ਸਬਦੀ ਰਚਾ॥
ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ ॥
ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ॥੨੨॥੧॥ ਸੁਧੁ ॥}

(ਅੰਗ ੧੦੯੪)

{ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ॥ ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ ॥੨॥}

(ਅੰਗ ੧੦੯੩)

ਪਉੜੀ ॥

{ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥ ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ॥
ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ॥ ਜਿਨ ਕਉ ਪੂਰਬਿ ਲਿਖਿਆ ਤਿਨ ਸਚੁ ਕਮਾਇਆ ॥
ਨਾਨਕ ਤਿਸੁ ਸਰਣਾਗਤੀ ਜਿਨਿ ਜਗਤੁ ਉਪਾਇਆ ॥੨੧॥}

(ਅੰਗ ੧੦੯੩)

{ਦੁਖੁ ਲਗਾ ਬਿਨੁ ਸੇਵਿਐ ਹੁਕਮੁ ਮੰਨੇ ਦੁਖੁ ਜਾਇ ॥ ਆਪੇ ਦਾਤਾ ਸੁਧੈ ਦਾ ਆਪੇ ਦੇਇ ਸਜਾਇ ॥
ਨਾਨਕ ਏਵੈ ਜਾਣੀਐ ਸਭੁ ਕਿਛੁ ਤਿਸੈ ਰਜਾਇ ॥੨॥}

(ਅੰਗ ੧੦੯੧)

ਪਉੜੀ ॥

{ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ ਬਿਨੁ ਨਾਵੈ ਤ੍ਰਿਪਤਿ ਨਾਹੀ ॥
ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ ॥ ਬਿਨੁ ਕਰਮਾ ਕਿਛੁ ਨ ਪਾਈਐ ਜੇ ਬਹੁਤੁ ਲੋਚਾਹੀ ॥
ਆਵੈ ਜਾਇ ਜੰਮੈ ਮਰੈ ਗੁਰ ਸਬਦਿ ਛੁਟਾਹੀ ॥ ਆਪਿ ਕਰੈ ਕਿਸੁ ਆਖੀਐ ਦੂਜਾ ਕੋ ਨਾਹੀ ॥੧੬॥}

(ਅੰਗ ੧੦੯੧-੧੦੯੨)

{ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ ॥ ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ ॥
ਕਉਣੁ ਮੂਆ ਕਉਣੁ ਮਾਰਸੀ ਕਉਣੁ ਆਵੈ ਕਉਣੁ ਜਾਇ ॥
ਕਉਣੁ ਰਹਸੀ ਨਾਨਕਾ ਕਿਸ ਕੀ ਸੁਰਤਿ ਸਮਾਇ ॥੧॥}

(ਅੰਗ ੧੦੯੧)

{ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ ੧੦੯੯)

{ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥}

(ਅੰਗ ੧੦੮੪)

{ਤੁਮਹਿ ਪਠਾਏ ਤਾ ਜਗ ਮਹਿ ਆਏ ॥ ਜੋ ਤੁਧੁ ਭਾਣਾ ਸੇ ਕਰਮ ਕਮਾਏ ॥
ਤੁਝ ਤੇ ਬਾਹਰਿ ਕਿਛੁ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ ॥੨॥ ਊਹਾ ਹੁਕਮੁ ਤੁਮਾਰਾ ਸੁਣੀਐ ॥
ਈਹਾ ਹਰਿ ਜਸੁ ਤੇਰਾ ਭਣੀਐ ॥ ਆਪੇ ਲੇਖ ਅਲੇਖੈ ਆਪੇ ਤੁਮ ਸਿਉ ਨਾਹੀ ਕਿਛੁ ਝਾੜਾ ॥੩॥}

(ਅੰਗ ੧੦੮੧)

49/6743

{ਤੁਧੁ ਬਿਨੁ ਦੂਜੇ ਕਿਸੁ ਸਾਲਾਹੀ ॥ ਏਕੋ ਏਕੁ ਜਪੀ ਮਨ ਮਾਹੀ ॥
ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ ॥੧੧॥ ਗੁਰ ਉਪਦੇਸਿ ਜਪੀਐ ਮਨਿ ਸਾਚਾ ॥
ਗੁਰ ਉਪਦੇਸਿ ਰਾਮ ਰੰਗਿ ਰਾਚਾ ॥ ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥}

(ਅੰਗ ੧੦੭੭)

{ਹੁਕਮੁ ਬੂਝੈ ਸੋ ਸੇਵਕੁ ਕਹੀਐ ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥
ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥}

(ਅੰਗ ੧੦੭੬)

{ਜਾਚਹਿ ਸਿਧ ਸਾਧਿਕ ਬਨਵਾਸੀ ॥ ਜਾਚਹਿ ਜਤੀ ਸਤੀ ਸੁਖਵਾਸੀ ॥
ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥ ਕਰਹਿ ਭਗਤਿ ਅਰੁ ਰੰਗ ਅਪਾਰਾ ॥
ਖਿਨ ਮਹਿ ਥਾਪਿ ਉਥਾਪਨਹਾਰਾ ॥ ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ ਭਗਤੀਜਾ ਹੇ ॥੧੦॥
ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥ ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥
ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ ॥੧੧॥}

(ਅੰਗ ੧੦੭੪)

{ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥
ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥੫॥ ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥
ਅਗਮ ਅਗੋਚਰ ਵੇਪਰਵਾਹੇ ॥ ਜੇਹੀ ਮਤਿ ਦੇਹਿ ਸੋ ਹੋਵੈ ਤੂ ਆਪੇ ਸਬਦਿ ਬੁਝਾਇਦਾ ॥੬॥}

(ਅੰਗ ੧੦੬੦-੧੦੬੧)

{ਹਰਿ ਜੀਉ ਸੇਵਿਹੁ ਅਗਮ ਅਪਾਰਾ ॥ ਤਿਸ ਦਾ ਅੰਤੁ ਨ ਪਾਈਐ ਪਾਰਾਵਾਰਾ ॥
ਗੁਰ ਪਰਸਾਦਿ ਰਵਿਆ ਘਟ ਅੰਤਰਿ ਤਿਤੁ ਘਟਿ ਮਤਿ ਅਗਾਹਾ ਹੇ ॥੧॥ ਸਭ ਮਹਿ ਵਰਤੈ ਏਕੋ ਸੋਈ ॥
ਗੁਰ ਪਰਸਾਦੀ ਪਰਗਟੁ ਹੋਈ ॥ ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੇ ॥੨॥
ਪੂਰੈ ਸਤਿਗੁਰਿ ਬੂਝਿ ਬੁਝਾਇਆ ॥ ਹੁਕਮੇ ਹੀ ਸਭੁ ਜਗਤੁ ਉਪਾਇਆ ॥
ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥੩॥ ਸਚਾ ਸਤਿਗੁਰੁ ਸਬਦੁ ਅਪਾਰਾ ॥
ਤਿਸ ਦੈ ਸਬਦਿ ਨਿਸਤਰੈ ਸੰਸਾਰਾ ॥ ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ ॥੪॥
ਕੋਟਿ ਮਧੇ ਕਿਸਹਿ ਬੁਝਾਏ ॥ ਗੁਰ ਕੈ ਸਬਦਿ ਰਤੇ ਰੰਗੁ ਲਾਏ ॥
ਹਰਿ ਸਾਲਾਹਹਿ ਸਦਾ ਸੁਖਦਾਤਾ ਹਰਿ ਬਖਸੇ ਭਗਤਿ ਸਲਾਹਾ ਹੇ ॥੫॥ ਸਤਿਗੁਰੁ ਸੇਵਹਿ ਸੇ ਜਨ ਸਾਚੇ ॥
ਜੋ ਮਰਿ ਜੰਮਹਿ ਕਾਚਨਿ ਕਾਚੇ ॥ ਅਗਮ ਅਗੋਚਰੁ ਵੇਪਰਵਾਹਾ ਭਗਤਿ ਵਛਲੁ ਅਥਾਹਾ ਹੇ ॥੬॥
ਸਤਿਗੁਰੁ ਪੂਰਾ ਸਾਚੁ ਦ੍ਰਿੜਾਏ ॥ ਸਚੈ ਸਬਦਿ ਸਦਾ ਗੁਣ ਗਾਏ ॥
ਗੁਣਦਾਤਾ ਵਰਤੈ ਸਭ ਅੰਤਰਿ ਸਿਰਿ ਸਿਰਿ ਲਿਖਦਾ ਸਾਹਾ ਹੇ ॥੭॥ ਸਦਾ ਹਦੂਰਿ ਗੁਰਮੁਖਿ ਜਾਪੈ ॥
ਸਬਦੇ ਸੇਵੈ ਸੋ ਜਨੁ ਧ੍ਰਾਪੈ ॥ ਅਨਦਿਨੁ ਸੇਵਹਿ ਸਚੀ ਬਾਣੀ ਸਬਦਿ ਸਚੈ ਓਮਾਹਾ ਹੇ ॥੮॥
ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ ॥ ਮਨਹਠਿ ਕਰਮ ਫਿਰਿ ਜੋਨੀ ਪਾਏ ॥
ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ ॥੯॥
ਪੂਰਾ ਸਤਿਗੁਰੁ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਹਰਿ ਨਾਮਿ ਚਿਤੁ ਲਾਏ ॥
ਮਨਿ ਤਨਿ ਹਰਿ ਰਵਿਆ ਘਟ ਅੰਤਰਿ ਮਨਿ ਭੀਨੈ ਭਗਤਿ ਸਲਾਹਾ ਹੇ ॥੧੦॥}

(ਅੰਗ ੧੦੫੫-੧੦੫੬)

{ਅਫਰਿਓ ਜਮੁ ਮਾਰਿਆ ਨ ਜਾਈ ॥ ਗੁਰ ਕੈ ਸਬਦੇ ਨੇੜਿ ਨ ਆਈ ॥
ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥ ਹਰਿ ਜੀਉ ਕੀ ਹੈ ਸਭ ਸਿਰਕਾਰਾ ॥
ਏਹੁ ਜਮੁ ਕਿਆ ਕਰੇ ਵਿਚਾਰਾ ॥ ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ ॥੮॥
ਗੁਰਮੁਖਿ ਸਾਚੈ ਕੀਆ ਅਕਾਰਾ ॥ ਗੁਰਮੁਖਿ ਪਸਰਿਆ ਸਭੁ ਪਾਸਾਰਾ ॥
ਗੁਰਮੁਖਿ ਹੋਵੈ ਸੋ ਸਚੁ ਬੂਝੈ ਸਬਦਿ ਸਚੈ ਸੁਖੁ ਤਾਹਾ ਹੇ ॥੯॥ ਗੁਰਮੁਖਿ ਜਾਤਾ ਕਰਮਿ ਬਿਧਾਤਾ ॥
ਜੁਗ ਚਾਰੇ ਗੁਰ ਸਬਦਿ ਪਛਾਤਾ ॥ ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ ॥੧੦॥}

(ਅੰਗ ੧੦੫੪-੧੦੫੫)

{ਪੂਰੈ ਸਤਿਗੁਰਿ ਸੋਝੀ ਪਾਈ ॥ ਏਕੋ ਨਾਮੁ ਮੰਨਿ ਵਸਾਈ ॥
ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ ॥੧੧॥ ਸੇਵਕ ਸੇਵਹਿ ਮੰਨਿ ਹੁਕਮੁ ਅਪਾਰਾ ॥
ਮਨਮੁਖ ਹੁਕਮੁ ਨ ਜਾਣਹਿ ਸਾਰਾ ॥ ਹੁਕਮੇ ਮੰਨੇ ਹੁਕਮੇ ਵਡਿਆਈ ਹੁਕਮੇ ਵੇਪਰਵਾਹਾ ਹੇ ॥੧੨॥
ਗੁਰ ਪਰਸਾਦੀ ਹੁਕਮੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥

ਨਾਮੇ ਰਾਤਾ ਸਦਾ ਬੈਰਾਗੀ ਨਾਮੁ ਰਤਨੁ ਮਨਿ ਤਾਹਾ ਹੇ ॥੧੩॥ ਸਭ ਜਗ ਮਹਿ ਵਰਤੈ ਏਕੋ ਸੋਈ ॥
ਗੁਰ ਪਰਸਾਦੀ ਪਰਗਟੁ ਹੋਈ ॥ ਸਬਦੁ ਸਲਾਹਹਿ ਸੇ ਜਨ ਨਿਰਮਲ ਨਿਜ ਘਰਿ ਵਾਸਾ ਤਾਹਾ ਹੇ ॥੧੪॥
ਸਦਾ ਭਗਤ ਤੇਰੀ ਸਰਣਾਈ ॥ ਅਗਮ ਅਗੋਚਰ ਕੀਮਤਿ ਨਹੀ ਪਾਈ ॥
ਜਿਉ ਤੁਧੁ ਭਾਵਹਿ ਤਿਉ ਤੂ ਰਾਖਹਿ ਗੁਰਮੁਖਿ ਨਾਮੁ ਧਿਆਹਾ ਹੇ ॥੧੫॥ ਸਦਾ ਸਦਾ ਤੇਰੇ ਗੁਣ ਗਾਵਾ ॥
ਸਚੇ ਸਾਹਿਬ ਤੇਰੈ ਮਨਿ ਭਾਵਾ ॥ ਨਾਨਕੁ ਸਾਚੁ ਕਹੈ ਬੇਨੰਤੀ ਸਚੁ ਦੇਵਹੁ ਸਚਿ ਸਮਾਹਾ ਹੇ ॥੧੬॥੧॥੧੦॥}

(ਅੰਗ ੧੦੫੪)

{ਆਪੇ ਕਰਤਾ ਆਪੇ ਭੁਗਤਾ ॥ ਆਪੇ ਸੰਜਮੁ ਆਪੇ ਜੁਗਤਾ ॥
ਆਪੇ ਨਿਰਮਲੁ ਮਿਹਰਵਾਨੁ ਮਧੁਸੂਦਨੁ ਜਿਸ ਦਾ ਹੁਕਮੁ ਨ ਮੇਟਿਆ ਜਾਈ ਹੇ ॥੧੪॥
ਸੇ ਵਡਭਾਗੀ ਜਿਨੀ ਏਕੋ ਜਾਤਾ ॥ ਘਟਿ ਘਟਿ ਵਸਿ ਰਹਿਆ ਜਗਜੀਵਨੁ ਦਾਤਾ ॥
ਇਕ ਥੈ ਗੁਪਤੁ ਪਰਗਟੁ ਹੈ ਆਪੇ ਗੁਰਮੁਖਿ ਭ੍ਰਮੁ ਭਉ ਜਾਈ ਹੇ ॥੧੫॥ ਗੁਰਮੁਖਿ ਹਰਿ ਜੀਉ ਏਕੋ ਜਾਤਾ ॥
ਅੰਤਰਿ ਨਾਮੁ ਸਬਦਿ ਪਛਾਤਾ ॥ ਜਿਸੁ ਤੂ ਦੇਹਿ ਸੋਈ ਜਨੁ ਪਾਏ ਨਾਨਕ ਨਾਮਿ ਵਡਾਈ ਹੇ ॥੧੬॥੪॥}

(ਅੰਗ ੧੦੪੭-੧੦੪੮)

{ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥
ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥ ਆਪੇ ਹੁਕਮੁ ਕਰੇ ਸਭੁ ਵੇਖੈ ॥
ਇਕਨਾ ਬਖਸਿ ਲਏ ਧੁਰਿ ਲੇਖੈ ॥ ਅਨਦਿਨੁ ਨਾਮਿ ਰਤੇ ਸਚੁ ਪਾਇਆ ਆਪੇ ਮੇਲਿ ਮਿਲਾਈ ਹੇ ॥੮॥
ਹਉਮੈ ਧਾਤੁ ਮੋਹ ਰਸਿ ਲਾਈ ॥ ਗੁਰਮੁਖਿ ਲਿਵ ਸਾਚੀ ਸਹਜਿ ਸਮਾਈ ॥
ਆਪੇ ਮੇਲੈ ਆਪੇ ਕਰਿ ਵੇਖੈ ਬਿਨੁ ਸਤਿਗੁਰ ਬੂਝ ਨ ਪਾਈ ਹੇ ॥੯॥}

(ਅੰਗ ੧੦੪੭)

{ਏਕੋ ਏਕੁ ਵਰਤੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥ ਲਖ ਚਉਰਾਸੀਹ ਜੀਅ ਉਪਾਏ ॥
ਗਿਆਨੀ ਧਿਆਨੀ ਆਖਿ ਸੁਣਾਏ ॥ ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ ॥੨॥
ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥ ਆਪੇ ਜੋੜਿ ਵਿਛੋੜੇ ਆਪੇ ॥
ਆਪੇ ਥਾਪਿ ਉਥਾਪੇ ਆਪੇ ॥ ਸਚਾ ਹੁਕਮੁ ਸਚਾ ਪਾਸਾਰਾ ਹੋਰਨਿ ਹੁਕਮੁ ਨ ਹੋਈ ਹੇ ॥੪॥
ਆਪੇ ਲਾਇ ਲਏ ਸੋ ਲਾਗੈ ॥ ਗੁਰ ਪਰਸਾਦੀ ਜਮ ਕਾ ਭਉ ਭਾਗੈ ॥
ਅੰਤਰਿ ਸਬਦੁ ਸਦਾ ਸੁਖਦਾਤਾ ਗੁਰਮੁਖਿ ਬੂਝੈ ਕੋਈ ਹੇ ॥੫॥ ਆਪੇ ਮੇਲੇ ਮੇਲਿ ਮਿਲਾਏ ॥
ਪੁਰਬਿ ਲਿਖਿਆ ਸੋ ਮੇਟਣਾ ਨ ਜਾਏ ॥ ਅਨਦਿਨੁ ਭਗਤਿ ਕਰੇ ਦਿਨੁ ਰਾਤੀ ਗੁਰਮੁਖਿ ਸੇਵਾ ਹੋਈ ਹੇ ॥੬॥
ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥ ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥
ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ ॥੭॥ ਕਾਇਆ ਕੁਟੰਬੁ ਮੋਹੁ ਨ ਬੂਝੈ ॥
ਗੁਰਮੁਖਿ ਹੋਵੈ ਤ ਆਖੀ ਸੂਝੈ ॥ ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥}

(ਅੰਗ ੧੦੪੪-੧੦੪੫)

{ਕੁਦਰਤਿ ਕਰਨੈਹਾਰ ਅਪਾਰਾ ॥ ਕੀਤੇ ਕਾ ਨਾਹੀ ਕਿਹੁ ਚਾਰਾ ॥

ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ ॥੧॥ ਹੁਕਮੁ ਚਲਾਇ ਰਹਿਆ ਭਰਪੂਰੇ ॥
ਕਿਸੁ ਨੇੜੈ ਕਿਸੁ ਆਖਾਂ ਦੂਰੇ ॥ ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ ਤਾਕੁ ਸਬਾਇਆ ॥੨॥
ਜਿਸ ਕਉ ਮੇਲੇ ਸੁਰਤਿ ਸਮਾਏ ॥ ਗੁਰ ਸਬਦੀ ਹਰਿ ਨਾਮੁ ਧਿਆਏ ॥
ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ ॥੩॥ ਮਨ ਤਨ ਧਨ ਤੇ ਨਾਮੁ ਪਿਆਰਾ ॥
ਅੰਤਿ ਸਖਾਈ ਚਲਣਵਾਰਾ ॥ ਮੋਹ ਪਸਾਰ ਨਹੀ ਸੰਗਿ ਬੇਲੀ ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ ॥੪॥}

(ਅੰਗ ੧੦੪੨-੧੦੪੩)

{ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥
ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥}

(ਅੰਗ ੧੦੩੬)

{ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥
ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥
ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਪੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥
ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥
ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥
ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥
ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੁਆਲਾ ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥
ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥ ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥
ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥
ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥ ਭਾਉ ਨ ਭਗਤੀ ਨਾ ਸਿਵ ਸਕਤੀ ॥
ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥
ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥
ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥}

(ਅੰਗ ੧੦੩੫-੧੦੩੬)

{ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ ॥ ਪਉਣ ਪਾਣੀ ਬੈਸੰਤਰੁ ਗਾਜੈ ॥

ਮਨੂਆ ਡੋਲੈ ਦੂਤ ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ ॥੭॥ ਨਾਮੁ ਵਿਸਾਰਿ ਦੋਖ ਦੁਖ ਸਹੀਐ ॥
ਹੁਕਮੁ ਭਇਆ ਚਲਣਾ ਕਿਉ ਰਹੀਐ ॥ ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ ॥੮॥
ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ ॥
ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥੯॥
ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥੧੦॥
ਮੀਤ ਸਖੇ ਕੇਤੇ ਜਗ ਮਾਹੀ ॥ ਬਿਨੁ ਗੁਰ ਪਰਮੇਸਰ ਕੋਈ ਨਾਹੀ ॥
ਗੁਰ ਕੀ ਸੇਵਾ ਮੁਕਤਿ ਪਰਾਇਣਿ ਅਨਦਿਨੁ ਕੀਰਤਨੁ ਕੀਨਾ ਹੇ ॥੧੧॥ ਕੂੜੁ ਛੋਡਿ ਸਾਚੇ ਕਉ ਧਾਵਹੁ ॥
ਜੋ ਇਛਹੁ ਸੋਈ ਫਲੁ ਪਾਵਹੁ ॥ ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥
ਹਰਿ ਹਰਿ ਨਾਮੁ ਵਖਰੁ ਲੈ ਚਲਹੁ ॥ ਦਰਸਨੁ ਪਾਵਹੁ ਸਹਜਿ ਮਹਲਹੁ ॥
ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ ॥੧੩॥
ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥}

(ਅੰਗ ੧੦੨੯)

{ਸਾਚ ਬਿਨਾ ਦਰਿ ਸਿਝੈ ਨ ਕੋਈ ॥ ਸਾਚ ਸਬਦਿ ਪੈਝੈ ਪਤਿ ਹੋਈ ॥
ਆਪੇ ਬਖਸਿ ਲਏ ਤਿਸੁ ਭਾਵੈ ਹਉਮੈ ਗਰਬੁ ਨਿਵਾਰਾ ਹੇ ॥੧੫॥ ਗੁਰ ਕਿਰਪਾ ਤੇ ਹੁਕਮੁ ਪਛਾਣੈ ॥
ਜੁਗਹ ਜੁਗੰਤਰ ਕੀ ਬਿਧਿ ਜਾਣੈ ॥ ਨਾਨਕ ਨਾਮੁ ਜਪਹੁ ਤਰੁ ਤਾਰੀ ਸਚੁ ਤਾਰੇ ਤਾਰਣਹਾਰਾ ਹੇ ॥੧੬॥੧॥੭॥}

(ਅੰਗ ੧੦੨੭)

{ਇਕਿ ਨਾਗੇ ਭੂਖੇ ਭਵਹਿ ਭਵਾਏ ॥ ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥
ਗਤਿ ਅਵਿਗਤ ਕੀ ਸਾਰ ਨ ਜਾਣੈ ਬ੍ਰੂਝੈ ਸਬਦੁ ਕਮਾਈ ਹੇ ॥੧੩॥
ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥ ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ ॥੧੪॥ ਗੁਰਮਤਿ ਛੋਡਹਿ ਉਝੜਿ ਜਾਈ ॥
ਮਨਮੁਖਿ ਰਾਮੁ ਨ ਜਪੈ ਅਵਾਈ ॥ ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥੧੫॥
ਹੁਕਮੇ ਆਵੈ ਹੁਕਮੇ ਜਾਵੈ ॥ ਬ੍ਰੂਝੈ ਹੁਕਮੁ ਸੋ ਸਾਚਿ ਸਮਾਵੈ ॥
ਨਾਨਕ ਸਾਚੁ ਮਿਲੈ ਮਨਿ ਭਾਵੈ ਗੁਰਮੁਖਿ ਕਾਰ ਕਮਾਈ ਹੇ ॥੧੬॥੫॥}

(ਅੰਗ ੧੦੨੫)

{ਸਤਜੁਗਿ ਸਤੁ ਸੰਤੋਖੁ ਸਰੀਰਾ ॥ ਸਤਿ ਸਤਿ ਵਰਤੈ ਗਹਿਰ ਗੰਭੀਰਾ ॥
ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ ॥੩॥ ਸਤ ਸੰਤੋਖੀ ਸਤਿਗੁਰੁ ਪੂਰਾ ॥
ਗੁਰ ਕਾ ਸਬਦੁ ਮਨੇ ਸੋ ਸੂਰਾ ॥ ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥
ਸਤਜੁਗਿ ਸਾਚੁ ਕਹੈ ਸਭੁ ਕੋਈ ॥ ਸਚਿ ਵਰਤੈ ਸਾਚਾ ਸੋਈ ॥
ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ ॥੫॥}

(ਅੰਗ ੧੦੨੩)

49/6744

{ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥}

(ਅੰਗ ੧੦੧੩)

{ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥ ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥
ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ ॥੧॥ ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ ॥
ਜਿਸੁ ਤੂ ਮੇਲਹਿ ਸੋ ਮਿਲੈ ਧੁਰਿ ਹੁਕਮੁ ਅਪਾਰਾ ॥੧॥ ਰਹਾਉ ॥ ਜਿਉ ਤੂ ਰਾਖਹਿ ਤਿਉ ਰਹਾ ਜੋ ਦੇਹਿ ਸੁ ਖਾਉ॥
ਜਿਉ ਤੂ ਚਲਾਵਹਿ ਤਿਉ ਚਲਾ ਮੁਖਿ ਅੰਮ੍ਰਿਤ ਨਾਉ ॥ ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ॥੨॥
ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥ ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥
ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥੩॥}

(ਅੰਗ ੧੦੧੨)

{ਲਾਲੈ ਗਾਰਬੁ ਛੋਡਿਆ ਗੁਰ ਕੈ ਭੈ ਸਹਜਿ ਸੁਭਾਈ ॥ ਲਾਲੈ ਖਸਮੁ ਪਛਾਣਿਆ ਵਡੀ ਵਡਿਆਈ ॥
ਖਸਮਿ ਮਿਲਿਐ ਸੁਖੁ ਪਾਇਆ ਕੀਮਤਿ ਕਹਣੁ ਨ ਜਾਈ ॥੧॥ ਲਾਲਾ ਗੋਲਾ ਖਸਮ ਕਾ ਖਸਮੈ ਵਡਿਆਈ ॥
ਗੁਰ ਪਰਸਾਦੀ ਉਬਰੇ ਹਰਿ ਕੀ ਸਰਣਾਈ ॥੧॥ ਰਹਾਉ ॥ ਲਾਲੇ ਨੋ ਸਿਰਿ ਕਾਰ ਹੈ ਧੁਰਿ ਖਸਮਿ ਫੁਰਮਾਈ ॥
ਲਾਲੈ ਹੁਕਮੁ ਪਛਾਣਿਆ ਸਦਾ ਰਹੈ ਰਜਾਈ ॥ ਆਪੇ ਮੀਰਾ ਬਖਸਿ ਲਏ ਵਡੀ ਵਡਿਆਈ ॥੨॥
ਆਪਿ ਸਚਾ ਸਭੁ ਸਚੁ ਹੈ ਗੁਰ ਸਬਦਿ ਬੁਝਾਈ ॥ ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ ॥
ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ ॥੩॥
ਸੋ ਕਿਉ ਮਨਹੁ ਵਿਸਾਰੀਐ ਨਿਤ ਦੇਵੈ ਚੜੈ ਸਵਾਇਆ ॥
ਜੀਉ ਪਿੰਡੁ ਸਭੁ ਤਿਸ ਦਾ ਸਾਹੁ ਤਿਨੈ ਵਿਚਿ ਪਾਇਆ ॥
ਜਾ ਕ੍ਰਿਪਾ ਕਰੇ ਤਾ ਸੇਵੀਐ ਸੇਵਿ ਸਚਿ ਸਮਾਇਆ ॥੪॥
ਲਾਲਾ ਸੋ ਜੀਵਤੁ ਮਰੈ ਮਰਿ ਵਿਚਹੁ ਆਪੁ ਗਵਾਏ ॥ ਬੰਧਨ ਤੂਟਹਿ ਮੁਕਤਿ ਹੋਇ ਤ੍ਰਿਸਨਾ ਅਗਨਿ ਬੁਝਾਏ ॥
ਸਭ ਮਹਿ ਨਾਮੁ ਨਿਧਾਨੁ ਹੈ ਗੁਰਮੁਖਿ ਕੋ ਪਾਏ ॥੫॥ ਲਾਲੇ ਵਿਚਿ ਗੁਣੁ ਕਿਛੁ ਨਹੀ ਲਾਲਾ ਅਵਗਣਿਆਰੁ ॥
ਤੁਧੁ ਜੇਵਡੁ ਦਾਤਾ ਕੋ ਨਹੀ ਤੂ ਬਖਸਣਹਾਰੁ ॥ ਤੇਰਾ ਹੁਕਮੁ ਲਾਲਾ ਮੰਨੇ ਏਹ ਕਰਣੀ ਸਾਰੁ ॥੬॥
ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥ ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥

ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ ॥੭॥ ਸੁਇਨਾ ਰੁਪਾ ਸਭ ਧਾਤੁ ਹੈ ਮਾਟੀ ਰਲਿ ਜਾਈ ॥
ਬਿਨੁ ਨਾਵੈ ਨਾਲਿ ਨ ਚਲਈ ਸਤਿਗੁਰਿ ਬੂਝ ਬੁਝਾਈ ॥
ਨਾਨਕ ਨਾਮਿ ਰਤੇ ਸੇ ਨਿਰਮਲੇ ਸਾਚੈ ਰਹੇ ਸਮਾਈ ॥੮॥੫॥}

(ਅੰਗ ੧੦੧੧-੧੦੧੨)

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥
ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥
ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥
ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

{ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥}

(ਅੰਗ ੯੯੧)

{ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥}

(ਅੰਗ ੯੯੧)

{ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ ॥ ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ ॥
ਹਰਿ ਨਾਮਾ ਆਰਾਧਿ ਮਨ ਸਭਿ ਕਿਲਵਿਖ ਜਾਹਿ ਵਿਕਾਰ ॥
ਜਿਨ ਕਉ ਪੂਰਬਿ ਲਿਖਿਆ ਤਿਨ ਰੰਗੁ ਲਗਾ ਨਿਰੰਕਾਰ ॥
ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ ॥
ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ॥ ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ॥੨॥}

(ਅੰਗ ੯੫੯-੯੬੦)

{ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥}

(ਅੰਗ ੯੫੪)

ਪਉੜੀ ॥

{ਕਾਇਆ ਅੰਦਰਿ ਗੜੁ ਕੋਟੁ ਹੈ ਸਭਿ ਦਿਸੰਤਰ ਦੇਸਾ ॥ ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ ॥
ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥ ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ॥
ਸਭੁ ਕਿਛੁ ਸਚੋ ਸਚੁ ਹੈ ਗੁਰਿ ਸੋਝੀ ਪਾਈ ॥੧੬॥}

(ਅੰਗ ੯੫੫)

{ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ ॥ ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥
ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥੧॥}

(ਅੰਗ ੯੫੦)

{ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ ॥ ਘਰੁ ਦਰੁ ਸਭੋ ਸਚੁ ਹੈ ਜਿਸੁ ਵਿਚਿ ਸਚਾ ਨਾਉ ॥
ਸਭੁ ਸਚਾ ਹੁਕਮੁ ਵਰਤਦਾ ਗੁਰਮੁਖਿ ਸਚਿ ਸਮਾਉ ॥ ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ ॥
ਸਭੁ ਸਚੋ ਸਚੁ ਵਰਤਦਾ ਗੁਰਮੁਖਿ ਅਲਖੁ ਲਖਾਈ ॥੬॥}

(ਅੰਗ ੯੪੯)

{ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥
ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ ੯੪੪)

{ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥
ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥
ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥
ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥
ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥
ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥
ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥
ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥
ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥
ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥}

(ਅੰਗ ੯੪੦)

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥

ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥}

(ਅੰਗ ੯੨੦)

{ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥ ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥}

(ਅੰਗ ੯੧੮)

{ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ॥੧੬॥
ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ ॥੧੭॥}

(ਅੰਗ ੯੧੨)

{ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ ॥
ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ ॥੬॥}

(ਅੰਗ ੯੦੮)

49/6745

{ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥
ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥}

(ਅੰਗ ੯੦੪)

{ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥ ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥ ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥}

(ਅੰਗ ੮੮੫)

{ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥}

(ਅੰਗ ੮੫੩)

{ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥
ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥
ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥}

(ਅੰਗ ੮੩੨)

{ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥ ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥੩॥
ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ॥ ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ॥੪॥੧੮॥੪੮॥}

(ਅੰਗ ੮੧੩)

{ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ ॥ ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ ॥
ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥ ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ॥
ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥੧੨॥}

(ਅੰਗ ੭੮੯)

{ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥ ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ ॥
ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥ ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ ॥
ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥੧॥}

(ਅੰਗ ੭੮੫)

{ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥}

(ਅੰਗ ੭੩੬)

{ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥ ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ॥
ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥
ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥
ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥
ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥੧॥}

(ਅੰਗ ੬੯੦)

{ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥ ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥
ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ ॥ ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥
ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ ॥੨॥}

(ਅੰਗ ੬੪੩)

{ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥}

(ਅੰਗ ੬੪੨)

{ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥ ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥
ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ ॥
ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ ॥੧॥ ਮਨੁ ਮਾਨਿਆ ਨਾਮੁ ਸਖਾਈ॥
ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥}

(ਅੰਗ ੫੯੬)

{ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥ ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ ॥
ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ ॥
ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥

ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ ॥
ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥
ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥}

(ਅੰਗ ੫੭੯)

{ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ ॥
ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ ॥
ਮੁਖਿ ਮਸਤਕਿ ਭਾਗੋ ਸਚਿ ਬੈਰਾਗੋ ਸਾਚਿ ਰਤੇ ਵੀਚਾਰੀ ॥
ਨਾਮ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ ॥
ਸਾਚੈ ਸਬਦਿ ਲਾਗਿ ਮਤਿ ਉਪਜੈ ਗੁਰਮੁਖਿ ਨਾਮੁ ਸੋਹਾਗੋ ॥
ਨਾਨਕ ਸਬਦਿ ਮਿਲੈ ਭਉ ਭੰਜਨੁ ਹਰਿ ਰਾਵੈ ਮਸਤਕਿ ਭਾਗੋ ॥੩॥
ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ ॥
ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥
ਹੁਕਮਿ ਮਿਲਾਈ ਸਹਜਿ ਸਮਾਈ ਗੁਰ ਕਾ ਸਬਦੁ ਅਪਾਰਾ ॥
ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥
ਭਉ ਭੰਜਨੁ ਪਾਇਆ ਆਪੁ ਗਵਾਇਆ ਗੁਰਮੁਖਿ ਮੇਲਿ ਮਿਲਾਈ ॥
ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ਹੁਕਮੇ ਰਹਿਆ ਸਮਾਈ ॥੪॥੨॥}

(ਅੰਗ ੫੬੮-੫੬੯)

{ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ ॥
ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ ॥
ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥
ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ ॥
ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ ॥
ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ ॥੩॥
ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥ ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ ॥
ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ ॥
ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ॥
ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ ॥
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥੪॥੧॥}

(ਅੰਗ ੫੬੮)

{ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥੧॥
ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥ ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥੧॥ ਰਹਾਉ ॥
ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥
ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥ ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥
ਤੁਮ ਮਿਹਰਵਾਨ ਦਾਸ ਹਮ ਦੀਨਾ ॥ ਨਾਨਕ ਸਾਹਿਬੁ ਭਰਪੁਰਿ ਲੀਨਾ ॥੪॥੨॥}

(ਅੰਗ ੫੬੨)

49/6746

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

{ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥ ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ ॥੨॥}

(ਅੰਗ ੫੫੮)

{ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥ ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥
ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ ਨੋ ਕਿਰਪਾ ਕਰੇ ਰਜਾਇ ॥੧॥}

(ਅੰਗ ੫੫੬)

{ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥
ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥
ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥
ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥੨॥}

(ਅੰਗ ੫੫੬)

{ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ ॥
ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ ॥
ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ ॥ ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ॥
ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ ॥੬॥}

(ਅੰਗ ੫੫੦-੫੫੧)

{ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥ ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥
ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥
ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ ॥ ਅੰਤਰਿ ਬਾਹਰਿ ਇਕੁ ਨੈਣ ਅਲੋਵਣਾ ॥
ਜਿਨ੍ੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ ॥ ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ ॥੧੮॥}

(ਅੰਗ ੫੨੩)

{ਜਿਨਾ ਹੁਕਮੁ ਮਨਾਇਓਨੁ ਤੇ ਪੂਰੇ ਸੰਸਾਰਿ ॥ ਸਾਹਿਬੁ ਸੇਵਨ੍ਿ ਆਪਣਾ ਪੂਰੈ ਸਬਦਿ ਵੀਚਾਰਿ ॥
ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥ ਹਰਿ ਕਾ ਮਹਲੁ ਤਿਨ੍ੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ॥
ਨਾਨਕ ਗੁਰਮੁਖਿ ਮਿਲਿ ਰਹੇ ਜਪਿ ਹਰਿ ਨਾਮਾ ਉਰ ਧਾਰਿ ॥੧੦॥}

(ਅੰਗ ੫੧੨)

{ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥ ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ ॥
ਹੁਕਮੁ ਭੀ ਤਿਨ੍ਾ ਮਨਾਇਸੀ ਜਿਨ੍ ਕਉ ਨਦਰਿ ਕਰੇਇ॥ ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ॥੧॥}

(ਅੰਗ ੫੧੦)

{ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥੨॥}

(ਅੰਗ ੫੦੯)

{ਨਿਰਤਿ ਕਰੀ ਇਹੁ ਮਨੁ ਨਚਾਈ ॥ ਗੁਰ ਪਰਸਾਦੀ ਆਪੁ ਗਵਾਈ ॥
ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ ॥੧॥ ਨਾਚੁ ਰੇ ਮਨ ਗੁਰ ਕੈ ਆਗੈ ॥
ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ ॥ ਰਹਾਉ ॥
ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ॥
ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥੨॥
ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ ॥
ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥੩॥
ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥
ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥
ਖੰਡ ਬ੍ਰਹਮੰਡ ਤ੍ੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥
ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥
ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥੭॥
ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਿਪਾ ਤੁਮਾਰੀ ॥੮॥

ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ ॥
ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ ॥੯॥
ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ ॥
ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ ॥੧੦॥੧॥੬॥}

(ਅੰਗ ੫੦੬)

{ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥ ਸਹਿ ਮੇਲੇ ਤਾ ਨਦਰੀ ਆਈਆ ॥
ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥ ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥
ਸਹਿ ਤੁਠੈ ਨਉ ਨਿਧਿ ਪਾਈਆ ॥੧੮॥}

(ਅੰਗ ੪੭੩)

{ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥}

(ਅੰਗ ੪੭੧)

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ ੪੬੬)

{ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥}

(ਅੰਗ ੪੬੫)

{ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ॥
ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥
ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥
ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥
ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥੯॥}

(ਅੰਗ ੪੪੧)

{ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ ॥
ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ ॥੩੧॥}

(ਅੰਗ ੪੩੪)

{ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥
ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥੧੭॥

ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ ॥
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ ॥੧੮॥}

(ਅੰਗ ੪੩੩)

49/6747

{ਝੜੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥
ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥੧੨॥
ਵੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ ॥
ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥੧੩॥}

(ਅੰਗ ੪੩੩)

{ਛੰਛੈ ਛਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥੪॥ ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥
ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥੫॥
ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥
ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥੬॥}

(ਅੰਗ ੪੩੨)

{ਸੁਣਿ ਮਨ ਮੰਨਿ ਵਸਾਇ ਤੂੰ ਆਪੇ ਆਇ ਮਿਲੈ ਮੇਰੇ ਭਾਈ ॥
ਅਨਦਿਨੁ ਸਚੀ ਭਗਤਿ ਕਰਿ ਸਚੈ ਚਿਤੁ ਲਾਈ ॥੧॥ ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ ॥
ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ ॥੧॥ ਰਹਾਉ ॥
ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ ॥
ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ ॥੨॥ ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ॥
ਆਪੇ ਦੇਇ ਸੁ ਪਾਈਐ ਗੁਰਿ ਬੂਝ ਬੁਝਾਈ ॥੩॥ ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥
ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥ ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥
ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥੫॥ ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ ॥
ਭਗਤਿ ਭੀ ਓਨਾ ਨੋ ਬਖਸੀਅਨੁ ਅੰਤਰਿ ਭੰਡਾਰਾ ॥੬॥ ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥
ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ ॥੭॥ ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ॥
ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ਹੀ ਨਾਮਿ ਹਉਮੈ ਮਾਰੀ ॥੮॥੫॥੨੭॥}

(ਅੰਗ ੪੨੫)

{ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ॥ ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ ॥੨॥
ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੁ ॥ ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੁ ॥੩॥
ਹੁਕਮੀ ਵਜਹੁ ਲਿਖਾਇ ਆਇਆ ਜਾਣੀਐ ॥ ਲਾਹਾ ਪਲੈ ਪਾਇ ਹੁਕਮੁ ਸਿਞਾਣੀਐ ॥੪॥
ਹੁਕਮੀ ਪੈਧਾ ਜਾਇ ਦਰਗਹ ਭਾਣੀਐ ॥ ਹੁਕਮੇ ਹੀ ਸਿਰਿ ਮਾਰ ਬੰਦਿ ਰਬਾਣੀਐ ॥੫॥
ਲਾਹਾ ਸਚੁ ਨਿਆਉ ਮਨਿ ਵਸਾਈਐ ॥ ਲਿਖਿਆ ਪਲੈ ਪਾਇ ਗਰਬੁ ਵਞਾਈਐ ॥੬॥}

(ਅੰਗ ੪੧੯)

{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥ ਐਸੇ ਪ੍ਰੇਮ ਭਗਤਿ ਵੀਚਾਰੀ ॥
ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥ ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥
ਤੀਨ ਭਵਨ ਨਿਹਕੇਵਲ ਗਿਆਨੁ ॥ ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥ ਸਾਚਾ ਹਰਖੁ ਨਾਹੀ ਤਿਸੁ ਸੋਗੁ ॥
ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥}

(ਅੰਗ ੪੧੪)

{ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥ ਕਥਨੀ ਬਦਨੀ ਪੜਿ ਪੜਿ ਭਾਰੁ ॥
ਲੇਖ ਅਸੰਖ ਅਲੇਖੁ ਅਪਾਰੁ ॥੧॥ ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ ॥੧॥ ਰਹਾਉ ॥
ਮਾਇਆ ਮੋਹਿ ਜਗੁ ਬਾਧਾ ਜਮਕਾਲਿ ॥ ਬਾਂਧਾ ਛੂਟੈ ਨਾਮੁ ਸਮ੍ਹਾਲਿ ॥ ਗੁਰੁ ਸੁਖਦਾਤਾ ਅਵਰੁ ਨ ਭਾਲਿ ॥
ਹਲਤਿ ਪਲਤਿ ਨਿਬਹੀ ਤੁਧੁ ਨਾਲਿ ॥੨॥ ਸਬਦਿ ਮਰੈ ਤਾਂ ਏਕ ਲਿਵ ਲਾਏ॥ ਅਚਰੁ ਚਰੈ ਤਾਂ ਭਰਮੁ ਚੁਕਾਏ ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥ ਗੁਰਮੁਖਿ ਹੋਇ ਤ ਸਚਿ ਸਮਾਏ ॥੩॥
ਜਿਨਿ ਧਰ ਸਾਜੀ ਗਗਨੁ ਅਕਾਸੁ ॥ ਜਿਨਿ ਸਭ ਥਾਪੀ ਥਾਪਿ ਉਥਾਪਿ ॥
ਸਰਬ ਨਿਰੰਤਰਿ ਆਪੇ ਆਪਿ ॥ ਕਿਸੈ ਨ ਪੂਛੇ ਬਖਸੇ ਆਪਿ ॥੪॥ ਤੂ ਪੁਰੁ ਸਾਗਰੁ ਮਾਣਕ ਹੀਰੁ ॥
ਤੂ ਨਿਰਮਲੁ ਸਚੁ ਗੁਣੀ ਗਹੀਰੁ ॥ ਸੁਖੁ ਮਾਨੈ ਭੇਟੈ ਗੁਰ ਪੀਰੁ ॥ ਏਕੋ ਸਾਹਿਬੁ ਏਕੁ ਵਜੀਰੁ ॥੫॥
ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥ ਜਗੁ ਦੁਖੀਆ ਸੁਖੀਆ ਜਨੁ ਕੋਇ॥ ਜਗੁ ਰੋਗੀ ਭੋਗੀ ਗੁਣ ਰੋਇ॥
ਜਗੁ ਉਪਜੈ ਬਿਨਸੈ ਪਤਿ ਖੋਇ ॥ ਗੁਰਮੁਖਿ ਹੋਵੈ ਬੂਝੈ ਸੋਇ ॥੭॥ ਮਹਘੋ ਮੋਲਿ ਭਾਰਿ ਅਫਾਰੁ ॥
ਅਟਲ ਅਛਲੁ ਗੁਰਮਤੀ ਧਾਰੁ ॥ ਭਾਇ ਮਿਲੈ ਭਾਵੈ ਭਇਕਾਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥੮॥੩॥}

(ਅੰਗ ੪੧੨)

{ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥
ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥}

(ਅੰਗ ੪੦੦)

{ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ ॥੨॥}

(ਅੰਗ ੩੯੬)

{ਹੁਕਮੁ ਬੂਝੈ ਸੋਈ ਪਰਵਾਨੁ ॥ ਸਾਚੁ ਸਬਦੁ ਜਾ ਕਾ ਨੀਸਾਨੁ ॥੩॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥੪॥੮॥੫੯॥}

(ਅੰਗ ੩੮੬)

{ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥
ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਨੁ ॥ ਨਾਮਿ ਰਤਾ ਸੋਈ ਨਿਰਬਾਨੁ ॥੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥}

(ਅੰਗ ੩੮੫)

{ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥੧॥ ਤੇਰਾ ਹੁਕਮੁ ਭਲਾ ਤੁਧੁ ਭਾਵੈ ॥
ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥੧॥ ਰਹਾਉ ॥
ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ ॥
ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ ॥੨॥}

(ਅੰਗ ੩੫੯)

{ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥ ਮੰਨੇ ਹੁਕਮੁ ਸੁ ਪਰਗਟੁ ਜਾਇ ॥
ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥}

(ਅੰਗ ੩੫੫)

{ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥}

(ਅੰਗ ੩੩੭)

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥

ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

{ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥}

(ਅੰਗ ੩੦੩)

{ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥ ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥ ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥}

(ਅੰਗ ੨੯੨)

{ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥ ਤਿਸ ਕੀ ਮਹਿਮਾ ਕਉਨ ਬਖਾਨਉ ॥
ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥ ਆਠ ਪਹਰ ਪ੍ਰਭ ਬਸਹਿ ਹਜੂਰੇ ॥ ਕਹੁ ਨਾਨਕ ਸੇਈ ਜਨ ਪੂਰੇ ॥੭॥}

(ਅੰਗ ੨੯੬)

49/6748

{ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥ ਜਿਸ ਕੈ ਦੀਐ ਰਹੈ ਅਘਾਇ ॥
ਬਹੁਰਿ ਨ ਤ੍ਰਿਸਨਾ ਲਾਗੈ ਆਇ ॥ ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥
ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ ਲਾਗੈ ਕੋਇ ॥੧॥}

(ਅੰਗ ੨੯੧)

{ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥ ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ ॥ ਜਿਸੁ ਠਾਕੁਰ ਸਿਉ ਨਾਹੀ ਚਾਰਾ ॥ ਤਾ ਕਉ ਕੀਜੈ ਸਦ ਨਮਸਕਾਰਾ ॥
ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥ ਸਰਬ ਸੂਖ ਤਾਹੂ ਮਨਿ ਵੂਠਾ ॥
ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨਿ ਪਾਇਆ ॥੧॥}

(ਅੰਗ ੨੯੮)

{ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥ ਇਆ ਮਾਇਆ ਮਹਿ ਜਨਮਹਿ ਮਰਨਾ ॥
ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਠਾਕੁਰ ਸਦਾ ਅਲਿਪਨਾ ॥੧੧॥}

(ਅੰਗ ੨੫੨)

{ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ ॥
ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥}

(ਅੰਗ ੨੦੮)

{ਜਾ ਤੂੰ ਵਡਾ ਸਭਿ ਵਡਿਆਂਈਆ ਚੰਗੈ ਚੰਗਾ ਹੋਈ ॥ ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ ॥

ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥}

(ਅੰਗ ੧੪੫)

{ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ ॥
ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥ ਸਭ ਪਰੋਈ ਇਕਤੁ ਧਾਗੈ ॥
ਜਿਸੁ ਲਾਇ ਲਏ ਸੋ ਚਰਣੀ ਲਾਗੈ ॥ ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ॥੨॥}

(ਅੰਗ ੧੦੯)

{ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥
ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥}

(ਅੰਗ ੧੦੧)

{ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥
ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥
ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ ॥ ਜੋ ਸਾਹਿਬ ਤੇਰੈ ਮਨਿ ਭਾਵੈ ॥
ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ ॥੨॥}

(ਅੰਗ ੧੦੦)

{ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥
ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ॥ ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ॥
ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥
ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥
ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥
ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ ॥੨॥}

(ਅੰਗ ੯੦)

{ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ॥
ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥ ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥
ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥ ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥
ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ ॥੧॥}

(ਅੰਗ ੮੯)

{ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥
ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥
ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ ॥੧੫॥}

(ਅੰਗ ੮੯)

{ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥ ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ॥
ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥ ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥
ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥ ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥
ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥੧॥}

(ਅੰਗ ੮੬)

{ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥
ਬੋਲਾਇਆ ਬੋਲੀ ਖਸਮ ਦਾ ॥ ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥}

(ਅੰਗ ੭੪)

{ਜੋਗੀ ਅੰਦਰਿ ਜੋਗੀਆ ॥ ਤੂੰ ਭੋਗੀ ਅੰਦਰਿ ਭੋਗੀਆ ॥
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ ॥੧॥
ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ ॥੧॥ ਰਹਾਉ ॥ ਤੁਧੁ ਸੰਸਾਰੁ ਉਪਾਇਆ ॥
ਸਿਰੇ ਸਿਰਿ ਧੰਧੇ ਲਾਇਆ ॥ ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥
ਪਰਗਟਿ ਪਾਹਾਰੈ ਜਾਪਦਾ ॥ ਸਭੁ ਨਾਵੈ ਨੋ ਪਰਤਾਪਦਾ ॥
ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥੩॥ ਸਤਿਗੁਰ ਕਉ ਬਲਿ ਜਾਈਐ ॥
ਜਿਤੁ ਮਿਲਿਐ ਪਰਮ ਗਤਿ ਪਾਈਐ ॥ ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥
ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ ਇਹੁ ਜਗਤੁ ਭਰਮਿ ਭੁਲਾਇਆ ॥
ਆਪਹੁ ਤੁਧੁ ਖੁਆਇਆ ॥ ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ ॥੬॥}

(ਅੰਗ ੭੧-੭੨)

{ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥ ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥
ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ॥ ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ॥੬॥
ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥ ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥
ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥
ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥੭॥}

(ਅੰਗ ੭੦)

{ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ ॥ ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ ॥
ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥ ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥੧॥
ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ ਰਹਾਉ ॥
ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥

ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥੨॥
ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥
ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥
ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥ ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥
ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥
ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥}

(ਅੰਗ ੩੮)

49/6749

{ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋ ॥ ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ ॥
ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋ ॥੪॥੩੧॥}

(ਅੰਗ ੨੫)

{ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥}

(ਅੰਗ ੧੭)

ਉਪਰ ਵਾਲੇ ਅਨੇਕਾਂ ਹੀ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਪ੍ਰਮਾਤਮਾ ਦਾ ਹੁਕਮ ਸਭ ਦੇ ਵਿੱਚ ਕਿਸ ਰੂਪ ਦੇ ਵਿੱਚ ਵਰਤਦਾ ਹੈ ਤੇ ਕਿਸ ਮਕਸਦ ਲਈ ਵਰਤਦਾ ਹੈ ਕਿਉਂਕਿ ਪ੍ਰਮਾਤਮਾ ਸਾਰੇ ਸੰਸਾਰ ਨੂੰ, ਆਪਣੀ ਪੂਰੀ ਸ੍ਰਿਸ਼ਟੀ ਨੂੰ ਆਪਣੇ ਹੁਕਮ ਦੁਆਰਾ ਹੀ ਚਲਾ ਰਿਹਾ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਸਭ ਦੇ ਅੰਦਰ ਵਰਤ ਰਿਹਾ ਹੈ ਜਿਸ ਆਪਣੇ ਹੁਕਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਸਾਡੇ ਅੰਦਰ ਆਪ ਹੈ। ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣਾ ਜਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣਾ ਇੱਕੋ ਹੀ ਗੱਲ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਬੁੱਝਣ ਦਾ ਤਰੀਕਾ ਜਾਂ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦਾ ਤਰੀਕਾ ਹੀ ਅਸੀਂ ਉਪਰ ਵਾਲੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਣ ਦਾ ਉਪਰਾਲਾ ਕੀਤਾ ਹੈ। ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦਾ ਤਰੀਕਾ ਪੂਰੀ ਗੁਰਬਾਣੀ ਦੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਕੇ, ਸਮਝਕੇ ਉਸਨੂੰ ਮੰਨਣ ਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਹੁਕਮ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਹੈ, ਗੁਰੂ ਦੇ ਨਾਮ ਦੇ ਰੂਪ ਵਿੱਚ ਹੀ ਹੈ, ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੀ ਹੈ ਜਿਸ ਗੁਰੂ ਦੀ ਸਿੱਖਿਆ ਰੂਪ ਹੁਕਮ ਨੂੰ ਅਸੀਂ ਸਮਝਕੇ ਉਸ ਤੇ ਅਮਲ ਕਰਨਾ ਹੈ ਭਾਵ ਗੁਰੂ ਦੇ ਹੁਕਮ ਨੂੰ ਮੰਨਣਾ ਹੈ ਜੋ ਕਿ ਗੁਰੂ ਦੇ ਚੱਲ ਰਹੇ ਸਾਡੇ ਅੰਦਰ ਦੇ ਹੁਕਮ ਨੂੰ ਬੁੱਝਣ ਦਾ ਸਭ ਲਈ, ਸਾਰੇ ਸੰਸਾਰ ਲਈ ਇੱਕੋ ਇੱਕ ਬੁੱਝਣ ਦਾ ਸੱਚਾ ਉੱਦਮ ਹੈ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਪ੍ਰਮਾਤਮਾ ਦਾ ਹੁਕਮ ਸਾਡੇ ਸਭ ਦੇ ਅੰਦਰ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਵਰਤ ਰਿਹਾ ਹੈ, ਸਾਡੇ ਮਨ ਦੇ ਵਿਚਾਰਾਂ ਦੇ ਰੂਪ ਵਿੱਚ ਵਰਤ ਰਿਹਾ ਹੈ ਜੋ ਕਿ ਪ੍ਰਮਾਤਮਾ ਦਾ ਸਾਡੇ ਸਭ ਦੇ ਅੰਦਰ ਉਸਦਾ ਨਾਦ ਹੈ, ਸਾਡੇ ਅੰਦਰ ਦਾ ਰਾਗ ਨਾਦ ਹੈ ਜਿਸ ਮਨ ਦੇ ਰਾਗ ਨਾਦ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਹੁਣ ਅਸੀਂ ਉਸ ਰਾਗ ਨਾਦ ਵਾਲੇ ਸ਼ਬਦ ਨੂੰ ਜਿਸਨੂੰ ਅਸੀਂ ਪਿੱਛੇ ਸਮਝਿਆ ਹੈ ਹੋਰ ਵੀ ਬਰੀਕੀ ਨਾਲ ਸਮਝ ਸਕਦੇ ਹਾਂ, ਮਨ ਦੇ ਵਿਸ਼ਵਾਸ ਨਾਲ ਸਮਝ ਸਕਦੇ ਹਾਂ ਕਿ ਆਪਣੇ ਅੰਦਰ ਦੇ ਰਾਗ ਨਾਦ ਨੂੰ ਜਾਣੇ ਬਿਨਾਂ ਆਪਣੇ ਅੰਦਰ ਚੱਲ ਰਹੇ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਬੁੱਝਿਆ ਜਾ ਸਕਦਾ ਤੇ ਜਿਸਨੂੰ ਪ੍ਰਮਾਤਮਾ ਸਾਡੇ ਮਨ ਦੇ ਅੰਦਰ ਚੱਲ ਰਹੇ ਹੁਕਮ ਨੂੰ ਬੁਝਾਉਂਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਆਪਣੀ ਸੋਝੀ ਪਾਉਂਣ ਦੁਆਰਾ ਹੀ ਸਮਝਾਉਂਦਾ ਹੈ ਤੇ ਤਾਂ ਹੀ ਕਿਸੇ ਨੂੰ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਜਿਵੇਂ ਕਿ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ

49/6750

ਨੂੰ ਲੱਗੀ ਹੈ ਕਿ ਪ੍ਰਮਾਤਮਾ ਦਾ ਹੁਕਮ ਸਭ ਦੇ ਅੰਦਰ ਕਿਸ ਰੂਪ ਵਿੱਚ ਵਰਤਦਾ ਹੈ ਤੇ ਸਾਰੀ ਗੁਰਬਾਣੀ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਹੀ ਵਰਤ ਰਿਹਾ ਹੈ ਜੋ ਉਸਦਾ ਹੁਕਮ ਮਨ ਦੀ ਸਮਝ ਦੁਆਰਾ ਪ੍ਰਮਾਤਮਾ ਦੇ ਕੋਲੋਂ ਹੀ ਆਇਆ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਆਇਆ ਹੈ, ਉਸਦੇ ਨਾਮ ਦੇ ਰੂਪ ਵਿੱਚ ਆਇਆ ਹੈ ਜਿਸ ਉਸਦੇ ਨਾਮ ਨਾਲ ਜੁੜੇ ਬਿਨਾਂ ਭਾਵ ਜਿਸ ਉਸਦੇ ਸੱਚੇ ਗਿਆਨ ਦੇ ਨਾਲ ਜੁੜੇ ਬਿਨਾਂ ਭਾਵ ਉਸਨੂੰ ਸਮਝਕੇ ਉਸਨੂੰ ਮੰਨੇ ਬਿਨਾਂ, ਉਸ ਤੇ ਅਮਲ ਕੀਤੇ ਬਿਨਾਂ ਪ੍ਰਮਾਤਮਾ ਦੇ ਚੱਲ ਰਹੇ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦਾ ਸੱਚਾ ਉੱਦਮ ਨਹੀਂ ਕੀਤਾ ਜਾ ਸਕਦਾ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ, ਮਨ ਦੇ ਵਿੱਚ ਉਸਦੇ ਨਾਲ ਮੇਲ ਕਰਨ ਦਾ ਸੱਚਾ ਉਪਰਾਲਾ ਨਹੀਂ ਕੀਤਾ ਜਾ ਸਕਦਾ। ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਉਸਦੀ ਰਜਾ ਦੁਆਰਾ, ਉਸਦੀ ਕਿਰਪਾ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ ਪਰ ਉਸਦੇ ਹੁਕਮ ਨੂੰ ਬੁੱਝਣ ਦਾ ਸੱਚਾ ਉੱਦਮ ਅਸੀਂ ਆਪ ਹੀ ਕਰਨਾ ਹੈ ਜਿਵੇਂ ਕਿ ਅਸੀਂ ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਰਾਗ ਨਾਦ ਵਾਲੇ ਸ਼ਬਦਾਂ ਦੁਆਰਾ ਸਮਝਿਆ ਹੈ। **(ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥ ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥ ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥ ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥)**

ਹੁਣ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਨੂੰ ਸਮਝਦੇ ਹਾਂ ਜਿਸਨੂੰ ਸਮਝਣ ਲਈ ਅਸੀਂ ਪਹਿਲੇ ਰਾਗ ਨਾਦ ਨੂੰ ਸਮਝਿਆ ਹੈ ਕਿਉਂਕਿ ਮਨ ਦੇ ਨਾਦ ਨੂੰ ਸਮਝੇ ਬਿਨਾਂ, ਆਪਣੇ ਅੰਦਰ ਦੇ ਰਾਗ ਨਾਦ ਨੂੰ ਸਮਝੇ ਬਿਨਾਂ ਜਪੁਜੀ ਬਾਣੀ ਦੇ ਹੇਠ ਦਿੱਤੇ ਸ਼ਬਦ ਦੀ ਅਸਲੀਅਤ ਨੂੰ, ਗਹਿਰਾਈ ਨੂੰ ਕੋਈ ਸਮਝ ਲਵੇ ਇਹ ਮੁਮਕਿਨ ਹੀ ਨਹੀਂ ਹੈ ਕਿ ਪ੍ਰਮਾਤਮਾ ਸਭ ਜਗ੍ਹਾ ਤੇ ਸਭ ਦੇ ਅੰਦਰ ਕਿਸ ਰੂਪ ਵਿੱਚ ਹਰ ਵੇਲੇ ਬਿਰਾਜਮਾਨ ਹੈ ਤੇ ਹਰ ਕਿਸੇ ਦੀ ਸੰਭਾਲ ਕਰ ਰਿਹਾ ਹੈ।

“ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥”

ਉਪਰ ਵਾਲੇ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਅਸੀਂ ਕੁਝ ਪਿੱਛੇ ਸਮਝ ਹੀ ਚੁਕੇ ਹਾਂ। ਪ੍ਰਮਾਤਮਾ ਨੂੰ ਗਾਉਂਣ ਵਾਲੇ ਕਿਤਨੇ ਕੂ ਹਨ ਇਸਦਾ ਕੋਈ ਅੰਤ ਹੀ ਨਹੀਂ ਹੈ ਭਾਵ ਉਸਦੇ ਗਾਉਂਣ ਵਾਲੇ ਕਿਤਨੇ ਕੂ ਹਨ ਭਾਵ ਪ੍ਰਮਾਤਮਾ ਦੇ ਹੁਕਮ ਨੂੰ ਮੰਨਣ ਵਾਲੇ ਕਿਤਨੇ

ਕੂ ਹਨ ਇਹ ਮਨੁੱਖੀ ਸਮਝ ਤੋਂ ਬਾਹਰ ਹੈ ਕਿਉਂਕਿ ਹਰ ਕੋਈ ਉਸ ਪ੍ਰਮਾਤਮਾ ਨੂੰ ਹੀ ਗਾ ਰਿਹਾ ਹੈ, ਮਨ ਦੀ ਸਮਝ

49/6751

ਦੇ ਰਾਹੀਂ ਉਸ ਪ੍ਰਮਾਤਮਾ ਨੂੰ ਹਰ ਕੋਈ ਗਾ ਰਿਹਾ ਹੈ ਕਿਉਂਕਿ ਸਭ ਦੇ ਅੰਦਰ ਸਮਝ ਪਾਉਂਣ ਵਾਲਾ ਉਹ ਆਪ ਹੈ, ਸਭ ਦੇ ਮਨ ਦੇ ਅੰਦਰ ਨਾਦ ਵਜਾਉਂਣ ਵਾਲਾ ਉਹ ਆਪ ਹੀ ਹੈ। **(ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥)**

ਜਿਨ੍ਹਾਂ ਦੇ ਅੰਦਰ ਪ੍ਰਮਾਤਮਾ ਮਨ ਦੇ ਰੂਪ ਵਿੱਚ ਵਰਤਦਾ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਵਰਤਦਾ ਹੈ ਜਿਵੇਂ ਕਿ ਉਹ ਮਨੁੱਖਾਂ ਦੇ ਅੰਦਰ, ਪਸ਼ੂ ਪਕਸ਼ੀਆਂ ਆਦਿ ਦੇ ਅੰਦਰ, ਕੀੜੇ ਮਕੌੜਿਆਂ ਆਦਿ ਦੇ ਅੰਦਰ, ਮੱਛੀਆਂ ਆਦਿ ਦੇ ਅੰਦਰ ਵਰਤਦਾ ਹੈ ਭਾਵ ਮਨ ਦੇ ਅੰਦਰ ਸਮਝ ਪਾਉਂਣ ਦੁਆਰਾ ਵਿਚਰਦਾ ਹੈ। ਉਹ ਤਾਂ ਸਭ ਪ੍ਰਮਾਤਮਾ ਨੂੰ ਮਨ ਦੀ ਸਮਝ ਦੁਆਰਾ ਹੀ ਗਾਉਂਦੇ ਹਨ ਭਾਵ ਪ੍ਰਮਾਤਮਾ ਦੇ ਹੁਕਮ ਦੁਆਰਾ ਵਿਚਰਦੇ ਹਨ ਲੇਕਿਨ ਪ੍ਰਮਾਤਮਾ ਸਭ ਦੇ ਅੰਦਰ ਮਨ ਦੀ ਸਮਝ ਪਾਉਂਣ ਦੁਆਰਾ ਹੀ ਨਹੀਂ ਵਿਚਰਦਾ ਭਾਵ ਸਭ ਦੀ ਸੰਭਾਲ ਉਹ ਮਨ ਦੇ ਅੰਦਰ ਗਿਆਨ ਪਾਉਂਣ ਦੁਆਰਾ ਹੀ ਨਹੀਂ ਕਰਦਾ ਪਰ ਵਿਚਰਦਾ ਉਹ ਸਭ ਦੇ ਅੰਦਰ ਹੀ ਹੈ। ਸਭ ਦੇ ਅੰਦਰ ਮਨ ਰੂਪ ਸਮਝ ਨਹੀਂ ਉਪਜਦੀ ਕਿਉਂਕਿ ਮਨ ਹਰ ਆਕਾਰ ਰੂਪ ਵਿੱਚ ਨਹੀਂ ਹੁੰਦਾ ਭਾਵ ਸਭ ਦੀ ਸੰਭਾਲ ਕਰਨ ਵਾਲਾ ਉਹ ਆਪ ਹੀ ਹੈ ਭਾਵ ਉਹ ਸਭ ਦੇ ਅੰਦਰ ਰਾਗ ਦੁਆਰਾ ਨਹੀਂ ਵਿਚਰਦਾ, ਮਨ ਦੀ ਸਮਝ ਰਾਹੀਂ ਨਹੀਂ ਵਿਚਰਦਾ ਪਰ ਉਹ ਵਿਚਰਦਾ ਸਭ ਦੇ ਅੰਦਰ ਆਪਣੀ ਸਮਝ ਦੁਆਰਾ ਹੀ ਹੈ ਭਾਵ ਆਪਣੇ ਗਿਆਨ ਦੁਆਰਾ ਹੀ ਹੈ ਭਾਵ ਇਸ ਸ੍ਰਿਸ਼ਟੀ ਦਾ ਹਰ ਆਕਾਰ ਰੂਪ ਉਸ ਪ੍ਰਮਾਤਮਾ ਨੂੰ ਸਭ ਦੇ ਅੰਦਰ ਉਸਦੇ ਪਾਏ ਹੋਏ ਗਿਆਨ ਦੁਆਰਾ ਹੀ ਗਾ ਰਿਹਾ ਹੈ ਭਾਵ ਉਸਦੇ ਹੁਕਮ ਦੁਆਰਾ ਹੀ ਗਾ ਰਿਹਾ ਹੈ, ਉਸਦੇ ਹੁਕਮ ਅੰਦਰ ਚੱਲ ਰਿਹਾ ਹੈ ਤੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੋ ਕੁਝ ਹੀ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥”

ਪ੍ਰਮਾਤਮਾ ਨੂੰ ਤਾਂ ਪਉਣ, ਪਾਣੀ, ਬੈਸੰਤਰ ਵੀ ਗਾ ਰਹੇ ਹਨ ਜਿਨ੍ਹਾਂ ਦੇ ਅੰਦਰ ਮਨ ਰੂਪ ਸਮਝ ਨਹੀਂ ਉਪਜਦੀ ਭਾਵ ਰਾਗ ਨਾਦ ਨਹੀਂ ਉਪਜਦਾ ਪਰ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤ ਰਿਹਾ ਹੈ ਜੋ ਉਸਦਾ ਹੁਕਮ ਉੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਉਸਦੇ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਰੀ ਸ੍ਰਿਸ਼ਟੀ ਕਿਸੇ ਉੱਚੀ ਸਾਇੰਸ ਦੇ ਨਾਲ ਜੁੜੀ ਹੋਈ ਹੈ ਭਾਵ ਸਾਇੰਸ ਦਾ ਮੁੱਲ ਬਹੁਤ ਵੱਡਾ ਗਿਆਨ ਹੈ, ਬ੍ਰਹਮ ਗਿਆਨ ਹੈ ਭਾਵ ਪ੍ਰਮਾਤਮਾ ਦਾ ਨਾਮ ਹੈ ਜਿਸ ਆਪਣੇ ਉੱਚੇ ਨਾਮ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਉਸ ਉੱਚੇ ਨਾਮ ਦੁਆਰਾ ਹੀ ਉਹ ਹਰ ਕਿਸੇ ਨੂੰ ਆਪਣੇ ਹੁਕਮ ਦੇ ਅੰਦਰ ਚਲਾ ਰਿਹਾ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਸਾਡੇ

49/6752

ਮਨ ਦੀ ਸਮਝ ਰਾਹੀਂ ਵਰਤਦਾ ਹੈ ਤੇ ਸਾਡੇ ਸਾਰੇ ਸਰੀਰ ਦੇ ਅੰਦਰ ਜਿਤਨੇ ਵੀ ਅੰਗ ਹਨ, ਇੰਦਰੇ ਹਨ ਉਹ ਵੀ ਪ੍ਰਮਾਤਮਾ ਦੇ ਹੁਕਮ ਦੁਆਰਾ ਹੀ ਵਰਤਦੇ ਹਨ ਭਾਵ ਉਸਦੀ ਰਚੀ ਹੋਈ ਸਾਇੰਸ ਦੁਆਰਾ ਹੀ ਵਿਚਰਦੇ ਹਨ। ਪਉਣ, ਪਾਣੀ, ਬੈਸੰਤਰ ਦੇ ਅੰਦਰ ਜੋ ਵੀ ਗਿਆਨ ਹੈ ਉਹ ਉਸ ਗਿਆਨ ਦੇ ਬੱਝੇ ਹੋਏ ਹੀ ਹਨ। ਜਿਹੋ ਜਿਹਾ ਗਿਆਨ ਉਹਨਾਂ ਦੇ ਅੰਦਰ ਪ੍ਰਮਾਤਮਾ ਨੇ ਉਹਨਾਂ ਦੀ ਰਚਨਾ ਕਰਨ ਵੇਲੇ ਪਾ ਦਿੱਤਾ ਹੈ ਉਹ ਗਿਆਨ ਉਹਨਾਂ ਦੇ ਅੰਦਰ ਹਰ ਵੇਲੇ ਉਸੇ ਤਰ੍ਹਾਂ ਹੀ ਵਰਤ ਰਿਹਾ ਹੈ ਜੋ ਕਿ ਉਹਨਾਂ ਦੇ ਅੰਦਰ ਉਹ ਗਿਆਨ ਪ੍ਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਵਰਤ ਰਿਹਾ ਹੈ ਭਾਵ ਪਉਣ, ਪਾਣੀ, ਬੈਸੰਤਰ ਜੋ ਕੁਝ ਵੀ ਕਰ ਰਹੇ ਹਨ ਉਹ ਉਹਨਾਂ

ਦੇ ਅੰਦਰ ਪਾਏ ਹੋਏ ਪ੍ਰਮਾਤਮਾ ਦੇ ਹੁਕਮ ਨੂੰ ਹੀ ਮੰਨ ਰਹੇ ਹਨ, ਉਸਦੇ ਹੁਕਮ ਨੂੰ ਹੀ ਗਾ ਰਹੇ ਹਨ। **(ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰ)**

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ ੯੪੯)

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ, ਪ੍ਰਮਾਤਮਾ ਦੇ ਹੁਕਮ ਅਨੁਸਾਰ ਚੱਲਣਾ ਹੀ ਉਸਦੀ ਭਗਤੀ ਹੈ। ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਸਭ ਲਈ ਇੱਕੋ ਜਿਹਾ ਹੀ ਹੈ ਭਾਵੇਂ ਉਹ ਪਉਣ, ਪਾਣੀ, ਬੈਸੰਤਰ ਹੈ ਜੋ ਤਰੀਕਾ ਉਸਦੇ ਹੁਕਮ ਅਨੁਸਾਰ ਵਿਚਰਨ ਦਾ ਹੈ। ਮਨੁੱਖ ਲਈ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਵੀ ਗੁਰੂ ਪ੍ਰਮਾਤਮਾ ਦੇ ਹੁਕਮ ਅਨੁਸਾਰ ਵਿਚਰਨ ਦਾ ਹੀ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਦਾ ਹੁਕਮ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ, ਗੁਰੂ ਦੇ ਨਾਮ ਦੇ ਰੂਪ ਵਿੱਚ ਹੈ, ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੈ, ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ ਜਿਸ ਗੁਰਮਤਿ ਦੀ ਸੱਚੀ ਸਮਝ ਅਨੁਸਾਰ ਵਿਚਰਨਾ ਹੀ ਗੁਰੂ ਦੇ ਹੁਕਮ ਅਨੁਸਾਰ ਚੱਲਣਾ ਹੈ, ਉਸਦੇ ਹੁਕਮ ਨੂੰ ਮੰਨਣਾ ਹੈ ਭਾਵ ਉਸਦੀ ਭਗਤੀ ਕਰਨਾ ਹੈ, ਗੁਰੂ ਦੇ ਗੁਣਾਂ ਨੂੰ ਗਾਉਂਣਾ ਹੈ। ਗੁਰੂ ਦੇ ਹੁਕਮ ਨੂੰ ਮੰਨ ਕੇ ਹੀ ਉਸਨੂੰ ਗਾਇਆ ਜਾ ਸਕਦਾ ਹੈ ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਗਾਵੈ ਰਾਜਾ ਧਰਮੁ ਦੁਆਰੇ ॥"

ਗਾ ਤਾਂ ਹਰ ਕੋਈ ਪ੍ਰਮਾਤਮਾ ਨੂੰ ਹੀ ਰਿਹਾ ਹੈ ਭਾਵ ਹਰ ਕਿਸੇ ਕੋਲੋਂ

49/6753

ਗਵਾਉਂਣ ਵਾਲਾ ਆਪ ਪ੍ਰਮਾਤਮਾ ਹੀ ਹੈ। ਜਦ ਤਕ ਕਿਸੇ ਨੂੰ ਇਹ ਸਮਝ ਨਹੀਂ ਪੈਂਦੀ ਕਿ ਸਾਡੇ ਕੋਲੋਂ ਗਵਾਉਂਣ ਵਾਲਾ ਕੌਣ ਹੈ ਤਦ ਤਕ ਅਸੀਂ ਗਾਉਂਣ ਵਾਲੇ ਨੂੰ ਹੀ ਉੱਚਾ ਸਮਝਦੇ ਹਾਂ, ਗਾਉਂਣ ਵਾਲੇ ਨੂੰ ਹੀ ਸਿਫਤ ਦਾ ਪਾਤਰ ਸਮਝਦੇ ਹਾਂ। ਉਪਰ ਵਾਲੀ ਪੰਗਤੀ ਰਾਹੀਂ ਤੇ ਸ਼ਬਦ ਦੀਆਂ ਕੁਝ ਅਗਲੀਆਂ ਪੰਗਤੀਆਂ ਰਾਹੀਂ ਸਾਨੂੰ ਇਹੀ ਕੁਝ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਕੋਈ ਪ੍ਰਮਾਤਮਾ ਦੇ ਵੱਡੇਪਨ ਨੂੰ ਨਹੀਂ ਸਮਝ ਸਕਦਾ। ਉਪਰ ਵਾਲੀ ਤੇ ਅਗਲੀਆਂ ਪੰਗਤੀਆਂ ਰਾਹੀਂ ਗਾਵੈ, ਗਾਵਨਿ ਦੀ ਗੱਲ ਆਉਂਦੀ ਹੈ ਪਰ ਜਦੋਂ ਕੋਈ ਉਸਦਾ ਭਗਤ ਪ੍ਰਮਾਤਮਾ ਨੂੰ ਗਾਉਂਦਾ ਹੈ ਭਾਵ ਉਸਦੀ ਸਿਫਤ ਸਾਲਾਹ ਕਰਦਾ ਹੈ ਉੱਥੇ ਇਸ ਮੁੱਖ ਸ਼ਬਦ ਵਿੱਚ **"ਸੇਈ ਤੁਧੁਨੋ ਗਾਵਹਿ"** ਕਰਕੇ ਲਿਖਿਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਗਾਉਂਣ ਦੀ ਅਸਲ ਸਮਝ ਭਾਵ ਪ੍ਰਮਾਤਮਾ ਦਾ ਗੁਣਾਂ ਨੂੰ ਸਮਝਣ ਦੀ ਅਸਲ ਸੋਝੀ ਭਗਤਾਂ ਦੇ ਕੋਲ ਹੀ ਹੁੰਦੀ ਹੈ ਜਿਸਨੂੰ ਕਿ ਅਸੀਂ ਸ਼ਬਦ ਵਿੱਚ ਕੁਝ ਅੱਗੇ ਚੱਲ ਕੇ ਸਮਝਾਂਗੇ। ਪ੍ਰਮਾਤਮਾ ਦਾ ਭਗਤ ਉਹੀ ਹੁੰਦਾ ਹੈ ਜੋ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ, ਜਿਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜਿਵੇਂ ਕਿ ਅਸੀਂ ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ ਕਿ ਪ੍ਰਮਾਤਮਾ ਨੂੰ **"ਪਉਣੁ ਪਾਣੀ ਬੈਸੰਤਰੁ"** ਗਾ ਰਹੇ ਹਨ। **"ਪਉਣੁ ਪਾਣੀ ਬੈਸੰਤਰੁ"** ਦੀ ਕੋਈ ਆਪਣੀ ਸਮਝ ਨਹੀਂ ਹੁੰਦੀ ਤੇ ਉਹ ਮਨ ਦੀ ਸਮਝ ਨਾ ਹੋਣ ਕਰਕੇ ਆਪਣੇ ਆਪ ਨੂੰ ਉੱਚਾ ਨਹੀਂ ਸਮਝ ਸਕਦੇ, ਆਪਣੇ ਆਪ ਨੂੰ ਉੱਚਾ ਨਹੀਂ ਕਹਿ ਸਕਦੇ। ਅਸੀਂ **"ਪਉਣੁ ਪਾਣੀ ਬੈਸੰਤਰੁ"** ਨੂੰ ਉੱਚਾ ਸਮਝਦੇ ਹਾਂ ਜਿਸ ਕਰਕੇ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਉਹਨਾਂ ਦੀ ਪੂਜਾ ਆਦਿ ਵੀ ਕਰਦੇ ਹਾਂ ਭਾਵ ਅਸੀਂ ਵਡਿਆਈ ਪਉਣ, ਪਾਣੀ, ਬੈਸੰਤਰ ਦੀ ਹੀ ਕਰਦੇ ਹਾਂ ਜਦਕਿ ਅਸਲ ਵਡਿਆਈ ਉਸਦੀ ਹੈ ਭਾਵ ਪ੍ਰਮਾਤਮਾ ਦੀ ਹੈ ਜਿਸਨੇ ਆਪਣੇ ਉੱਚੇ ਗਿਆਨ ਦੁਆਰਾ ਇਹਨਾਂ ਦੀ ਰਚਨਾ ਕੀਤੀ ਹੈ, ਇਹਨਾਂ ਦੇ ਅੰਦਰ ਆਪਣਾ ਹੁਕਮ ਪਾਇਆ ਹੈ, ਆਪਣੀ ਰਚੀ ਹੋਈ ਸਾਇੰਸ ਦੇ ਰੂਪ ਵਿੱਚ ਪਾਇਆ ਹੈ ਜਿਸ ਦੁਆਰਾ ਪਉਣ, ਪਾਣੀ, ਬੈਸੰਤਰ ਪ੍ਰਮਾਤਮਾ ਦੇ ਹੁਕਮ ਅਨੁਸਾਰ ਵਿੱਚਰ ਰਹੇ ਹਨ। ਪਉਣ ਪਾਣੀ ਬੈਸੰਤਰ ਨੂੰ ਉੱਚਾ ਕਹਿਣ ਵਿੱਚ ਕੇਵਲ ਆਕਾਰ ਰੂਪ ਦੀ ਵਡਿਆਈ ਹੈ ਜਦ ਕਿ ਅਸਲ ਵਡਿਆਈ ਦਾ ਪਾਤਰ ਉਹਨਾਂ ਦੇ ਅੰਦਰ ਦਾ ਨਿਰੰਕਾਰ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਨਾਮ ਰੂਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਨਿਰੰਕਾਰ ਰੂਪ ਹੈ। ਜਿਸ ਮਨ ਦੀ ਨਾਸਮਝੀ ਕਰਕੇ ਅਸੀਂ ਜੇਕਰ ਪਉਣ, ਪਾਣੀ, ਬੈਸੰਤਰ ਨੂੰ ਵੱਡਾ ਸਮਝਦੇ ਹਾਂ ਇਸੇ ਤਰੀਕੇ ਅਸੀਂ ਧਰਮ ਰਾਜਾ ਨੂੰ ਉੱਚਾ ਸਮਝਦੇ ਹਾਂ ਕਿ ਧਰਮ ਰਾਜਾ ਵੱਡਾ ਹੈ। ਵੱਡਾ ਕੇਵਲ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਹਰ ਕੋਈ ਉਸੇ ਦਾ

ਰੂਪ ਹੀ ਹੈ। ਧਰਮ ਰਾਜਾ ਆਪ ਪ੍ਰਮਾਤਮਾ ਹੀ ਹੈ ਜੋ ਆਪਣੇ ਉੱਚੇ ਗਿਆਨ ਦੁਆਰਾ ਆਪ ਹੀ ਸਭ ਦਾ ਲੇਖਾ ਲਿਖਣ ਵਾਲਾ ਹੈ। ਧਰਮ ਰਾਜ ਦਾ ਕੋਈ ਆਪਣਾ ਧਰਮ ਦੁਆਰ ਨਹੀਂ ਹੈ ਜਿਸ ਲਈ ਉਸਦੀ ਕੋਈ ਵੱਖਰੀ ਵਡਿਆਈ ਸਮਝੀ ਜਾਵੇ। **(ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥)**

ਹੁਣ ਸ਼ਬਦ ਦੀਆਂ ਕੁਝ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਤੇ ਅਸੀਂ

49/6754

ਵਡਿਆਈ ਕਿਨ੍ਹਾਂ ਨੂੰ ਦਿੰਦੇ ਹਾਂ ਪਰ ਅਸਲ ਵਡਿਆਈ ਕਿਸਦੀ ਹੈ।

"ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥"

ਧਾਰਮਿਕ ਆਸਥਾ ਅਨੁਸਾਰ ਅਸੀਂ **"ਚਿਤੁ ਗੁਪਤੁ"** ਨੂੰ ਆਪਣੇ ਕਰਮਾਂ ਦਾ ਲੇਖਾ ਲਿਖਣਾ ਸਮਝਦੇ ਹਾਂ। ਉਸਨੂੰ ਲਿਖਤ ਸਮਝਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ **"ਚਿਤੁ ਗੁਪਤੁ"** ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਉਸਦੀ ਲਿਖਤ ਨੂੰ ਹੀ ਧਰਮ ਰਾਜਾ ਵਿਚਾਰਦਾ ਹੈ ਭਾਵ ਇਹ ਸਭ ਪ੍ਰਮਾਤਮਾ ਨੂੰ ਹੀ ਗਾਉਂਦੇ ਹਨ ਭਾਵ ਇਹਨਾਂ ਦੀ ਆਪਣੀ ਕੋਈ ਵੱਖਰੀ ਵਡਿਆਈ ਨਹੀਂ ਹੈ, ਸਭ ਵਡਿਆਈ ਪ੍ਰਮਾਤਮਾ ਦੀ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਦੀ ਵਡਿਆਈ ਸਮਝਣਾ, ਕਿਸੇ ਹੋਰ ਨੂੰ ਵੱਡਾ ਸਮਝਣਾ ਕੇਵਲ ਮਨੁੱਖ ਦਾ ਭਰਮ ਹੈ ਜੋ ਮਨ ਦਾ ਭਰਮ ਕੇਵਲ ਤੇ ਕੇਵਲ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਨਿਕਲ ਸਕਦਾ ਹੈ ਤੇ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਦੇ ਵਿੱਚ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸ਼ਬਦਾਂ ਦੀ ਵਿਚਾਰ ਕਦੇ ਗਲਤ ਨਹੀਂ ਹੋ ਸਕਦੀ ਤੇ ਗਲਤ ਕੇਵਲ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ ਜੋ ਕਿ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਭਰਮ ਰੂਪ ਪੜਦਾ ਹੈ, ਮਨ ਦੀ ਅਗਿਆਨਤਾ ਦਾ ਪੜਦਾ ਹੈ, ਹਉਮੈ ਰੂਪ ਪੜਦਾ ਹੈ ਜਿਸ ਮਨ ਦੇ ਪੜਦੇ ਵਿੱਚੋਂ ਨਿਕਲੇ ਬਿਨਾਂ ਇਸ ਸੰਸਾਰ ਦੀ ਅਸਲੀਅਤ ਨੂੰ ਨਹੀਂ ਸਮਝ ਸਕਦੇ ਤੇ ਇਸ ਸੰਸਾਰ ਦੀ ਅਸਲੀਅਤ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਹੀ ਹੈ। ਜਦ ਤਕ ਉਹ ਖੁਦ ਆਪਣਾ ਆਪ ਨਾ ਸਮਝਾਉਂਣਾ ਚਾਵੇ, ਕੋਈ ਆਪਣੇ ਆਪ ਸਮਝ ਲਵੇ ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰ ਲਵੇ, ਇਹ ਵੀ ਮੁਮਕਿਨ ਨਹੀਂ ਹੈ। ਹਰ ਆਕਾਰ ਰੂਪ ਪ੍ਰਮਾਤਮਾ ਦੇ ਗੁਣ ਹੀ ਗਾ ਰਿਹਾ ਹੈ ਪਰ ਉਸ ਆਕਾਰ ਰੂਪ ਦੇ ਕਰਤੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਉਸ ਨਿਰੰਕਾਰ ਰੂਪ ਦੇ ਗੁਣ ਨਹੀਂ ਗਾਏ ਜਾ ਸਕਦੇ। **(ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥)**

ਸ਼ਬਦ ਦੀ ਅਗਲੀਆਂ ਪੰਗਤੀਆਂ ਰਾਹੀਂ ਵੀ ਉਹਨਾਂ ਦੀ ਗੱਲ ਕੀਤੀ ਹੋਈ ਹੈ ਜਿਨ੍ਹਾਂ ਨੂੰ ਅਸੀਂ ਉੱਚਾ ਸਮਝਕੇ ਵਡਿਆਈ ਦਿੰਦੇ ਹਾਂ, ਉਹਨਾਂ ਦੀ ਪੂਜਾ ਆਦਿ ਕਰਦੇ ਹਾਂ, ਉਹਨਾਂ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝਕੇ ਉਹਨਾਂ ਨੂੰ ਵਡਿਆਈ ਦਿੰਦੇ ਹਾਂ। ਜਿਵੇਂ ਕਿ ਅਸੀਂ ਈਸਰੁ ਨੂੰ ਭਾਵ ਸ਼ਿਵ ਨੂੰ, ਬਰਮਾ ਨੂੰ, ਇੰਦਰ ਨੂੰ, ਦੇਵੀ ਦੇਵਤਿਆਂ ਨੂੰ ਉੱਚਾ ਸਮਝਕੇ ਪੂਜਦੇ ਹਾਂ ਪਰ

49/6755

ਉਹਨਾਂ ਨੂੰ ਉੱਚਾ ਬਨਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ, ਉਹਨਾਂ ਨੂੰ ਸਵਾਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਸਭ ਦੇ ਅੰਦਰ ਆਪਣੇ ਨਿਰੰਕਾਰ ਰੂਪ ਵਿੱਚ ਵਰਤਦਾ ਹੈ ਤੇ ਤਦ ਤਕ ਹੀ ਕੋਈ ਆਪਣੇ ਅੰਦਰੋਂ ਵੱਡਾ ਅਖਵਾ ਸਕਦਾ ਹੈ ਜਦ ਤਕ ਉਸਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣਿਆ ਭਾਵ ਜਦ ਤਕ ਕੋਈ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚੋਂ, ਭਰਮਾਂ ਵਾਲੀ ਅਵਸਥਾ ਵਿੱਚੋਂ ਨਹੀਂ ਨਿਕਲਦਾ। **(ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥)**

{ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥}

(ਅੰਗ ੯੦੯)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥

ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥}

(ਅੰਗ ੭੩੫)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

{ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥ ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥ ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥
ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥}

(ਅੰਗ ੯੪੮)

{ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥
ਕਾਇਆ ਸੋਧਿ ਤਰੈ ਭਵ ਸਾਗਰੁ ਆਤਮ ਤਤੁ ਵੀਚਾਰੀ ॥੧੩॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥
ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥}

(ਅੰਗ ੯੦੮)

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ॥੧॥}

(ਅੰਗ ੧੦੯੪)

ਇਸੇ ਤਰ੍ਹਾਂ ਅਸੀਂ ਸਿਧ ਸਾਧ ਆਦਿ ਅਖਵਾਉਂਣ ਵਾਲਿਆਂ ਨੂੰ , ਜਤੀ ਸਤੀ ਆਦਿ ਅਖਵਾਉਂਣ ਵਾਲਿਆਂ ਨੂੰ, ਸੰਤੋਖੀ ਮਨੁੱਖ ਅਖਵਾਉਂਣ ਵਾਲਿਆਂ ਨੂੰ ਭਾਵ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਣ ਵਾਲਿਆਂ ਨੂੰ ਅਸੀਂ ਉਹਨਾਂ ਨੂੰ ਵਡਿਆਈਆਂ ਦਿੰਦੇ ਹਾਂ, ਉਹਨਾਂ ਨੂੰ ਭਗਤੀ ਦੇ ਮਾਰਗ ਤੇ ਉੱਚਾ ਮੰਨ ਕੇ ਵਡਿਆਈਆਂ ਦਿੰਦੇ ਹਾਂ, ਧਰਮ ਦੇ ਵੀਰ ਭਾਵ ਧਰਮ ਦੇ ਜੋਧੇ ਆਦਿ ਸਮਝਕੇ ਉਹਨਾਂ ਨੂੰ ਮਾਣ ਦਿੰਦੇ ਹਾਂ ਪਰ ਹਰ ਕੋਈ ਜਿਸ ਕਰਕੇ ਵੀ ਉੱਚਾ ਹੈ ਉਸਨੂੰ ਤਦ ਹੀ ਉੱਚਾ ਸਮਝਿਆ ਜਾ ਸਕਦਾ ਹੈ ਜਦ ਤਕ ਕੋਈ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ, ਆਪਣੇ ਅੰਦਰੋਂ ਉਸਦੇ ਹੁਕਮ ਨੂੰ ਕੋਈ ਬੁੱਝ ਨਹੀਂ ਲੈਂਦਾ ਜਿਸਦੇ ਹੁਕਮ ਨੂੰ ਹੀ ਹਰ ਕੋਈ ਗਾ ਰਿਹਾ ਹੈ। **(ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥)**

ਇਸੇ ਤਰ੍ਹਾਂ ਅਸੀਂ ਧਰਮ ਦੇ ਪੰਡਿਤ ਅਖਵਾਉਂਣ ਵਾਲਿਆਂ ਨੂੰ

49/6756

ਭਾਵ ਧਰਮ ਦੇ ਮਾਰਗ ਦੇ ਵਿਦਵਾਨ ਅਖਵਾਉਂਣ ਵਾਲਿਆਂ ਨੂੰ ਤੇ ਰਿਸ਼ੀ ਜਨ ਆਦਿ ਨੂੰ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝਦੇ ਹਾਂ, ਜੁਗਾਂ ਜੁਗਾਂ ਤੋਂ ਵੇਦਾਂ ਦੇ ਗਿਆਤਾ ਸਮਝਦੇ ਹਾਂ ਜਿਸ ਕਰਕੇ ਅਸੀਂ ਉਹਨਾਂ ਨੂੰ ਉੱਚਾ ਸਮਝਦੇ ਹਾਂ ਤੇ ਉਹਨਾਂ ਨੂੰ ਮਾਣ ਦਿੰਦੇ ਹਾਂ, ਉਹਨਾਂ ਦੇ ਅੰਦਰ ਗਿਆਨ ਪਾਉਂਣ ਵਾਲਾ ਪ੍ਰਮਾਤਮਾ ਆਪ ਹੀ ਹੈ ਭਾਵ ਅਸਲ ਸਿਫਤ, ਵਡਿਆਈ ਪ੍ਰਮਾਤਮਾ ਦੀ ਹੀ ਹੈ ਕਿਉਂਕਿ ਸਭ ਕੁਝ ਉਸਦੇ ਹੁਕਮ ਦੁਆਰਾ ਹੀ ਹੁੰਦਾ ਹੈ। **(ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥)**

ਇਸੇ ਤਰ੍ਹਾਂ ਅਸੀਂ ਮਨ ਨੂੰ ਮੋਹਣ ਵਾਲੀਆਂ ਇਸਤਰੀਆਂ ਜਿਨ੍ਹਾਂ ਨੂੰ ਅਸੀਂ ਸਵਰਗਾਂ ਦੀਆਂ ਸੁੰਦਰ ਇਸਤਰੀਆਂ ਸਮਝਦੇ ਹਾਂ, ਮਨ ਨੂੰ ਮੋਹਣ ਵਾਲੀਆਂ ਸਮਝਦੇ ਹਾਂ, ਮਾਤ ਲੋਕ ਤੇ ਪਿਆਲ ਲੋਕ ਵਿੱਚ ਸਮਝਦੇ ਹਾਂ ਉਹਨਾਂ ਨੂੰ ਸੋਹਣੀਆਂ ਬਨਾਉਂਣ ਵਾਲਾ, ਉਹਨਾਂ ਦੇ ਸੋਹਣੇ ਰੂਪ ਅੰਦਰ ਪ੍ਰਮਾਤਮਾ ਆਪ ਹੀ ਹੈ ਭਾਵ ਉਹਨਾਂ ਦੇ ਸੋਹਣੇਪਨ ਦਾ ਗੁਣ ਭਾਵ ਉਹਨਾਂ ਦੇ ਸੋਹਣੇਪਨ ਦੀ ਵਡਿਆਈ ਪ੍ਰਮਾਤਮਾ ਦੀ ਹੀ ਵਡਿਆਈ ਹੈ ਭਾਵ ਸਭ ਦੇ ਅੰਦਰ ਉਸਦਾ ਹੁਕਮ ਹੀ ਵਰਤਦਾ ਹੈ, ਉਸਦੀ ਕਲਾ ਹੀ ਵਰਤ ਰਹੀ ਹੈ। **(ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥)**

ਆਪਣੇ ਅੰਦਰੋਂ ਪ੍ਰਮਾਤਮਾ ਦੀ ਵਡਿਆਈ ਨੂੰ ਸਮਝੇ ਬਿਨਾਂ ਬਾਹਰ ਪ੍ਰਮਾਤਮਾ ਦੀ ਵਡਿਆਈ ਨੂੰ ਨਹੀਂ ਸਮਝਿਆ ਜਾ ਸਕਦਾ, ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਕੁਝ ਗਹਿਰਾਈ ਨਾਲ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

“ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥”

ਭਾਰਤ ਵਰਸ਼ ਵਿੱਚ **“ਅਠਸਠਿ ਤੀਰਥਾਂ”** ਦੇ ਇਸ਼ਨਾਨ ਨੂੰ ਬੜੀ ਮਹਤੱਤਾ ਦਿੱਤੀ ਜਾਂਦੀ ਹੈ, ਧਰਮ ਦੇ ਮਾਰਗ ਨਾਲ ਜੋੜਕੇ ਬੜੀ ਵੱਡੀ ਮਾਨਤਾ ਦਿੱਤੀ ਜਾਂਦੀ ਹੈ। ਜਦ ਤਕ ਕਿਸੇ ਨੂੰ ਅਸਲ ਤੀਰਥ ਦੇ ਇਸ਼ਨਾਨ ਦੀ ਸਮਝ ਹੀ ਨਹੀਂ ਪੈਂਦੀ ਕਿ ਧਰਮ ਦੇ ਮਾਰਗ ਨੂੰ ਸਮਝਣ ਲਈ ਤੀਰਥ ਦਾ ਇਸ਼ਨਾਨ ਕੀ ਹੈ ਉਹ ਤਦ ਤਕ ਹੀ ਬਾਹਰੀ ਤੀਰਥਾਂ ਦੇ ਇਸ਼ਨਾਨ ਨਾਲ ਜੁੜਿਆ ਰਹਿੰਦਾ ਹੈ ਤੇ ਬਾਹਰੀ ਤੀਰਥਾਂ ਦੇ ਇਸ਼ਨਾਨ ਕਰਨ ਦੀ ਮਹਾਨਤਾ ਸਮਝਦਾ ਹੈ। ਉਪਰ ਪੰਗਤੀ ਰਾਹੀਂ ਸਾਨੂੰ ਮਨ ਦਾ ਇਸ਼ਨਾਨ ਸਮਝਾਇਆ ਹੋਇਆ ਹੈ ਜੋ ਮਨ ਦਾ ਇਸ਼ਨਾਨ ਕਰਨ ਦੇ ਨਾਲ ਅਠਸਠ ਤੀਰਥਾਂ ਦਾ ਇਸ਼ਨਾਨ

49/6757

ਨਾਲ ਹੀ ਹੋ ਜਾਂਦਾ ਹੈ ਤੇ ਮਨੁੱਖ ਨੂੰ ਇਸ਼ਨਾਨ ਦੀ ਮਹਿਮਾ ਵੀ ਸਮਝ ਲੱਗ ਜਾਂਦੀ ਹੈ ਕਿ ਸਾਨੂੰ ਮਨ ਦੇ ਵਿੱਚ ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲਾ ਇਸ਼ਨਾਨ ਕਰਾਉਂਣ ਵਾਲਾ ਕੌਣ ਹੈ। ਸਾਡੇ ਅੰਦਰ ਮਨ ਦਾ ਇਸ਼ਨਾਨ ਕੀ ਹੈ, ਅਸਲ ਤੀਰਥ ਇਸ਼ਨਾਨ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। **“ਰਤਨ”** ਕੀ ਹੈ ਪਹਿਲੇ ਇਸੇ ਗੱਲ ਨੂੰ ਆਪਣੇ ਅੰਦਰ ਦ੍ਰਿੜ ਕਰਨ ਦੀ ਲੋੜ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਰਤਨ ਗੁਰੂ ਦਾ ਸ਼ਬਦ ਹੈ। ਗੁਰੂ ਦਾ ਹਰ ਸ਼ਬਦ ਰਤਨ ਹੈ। ਗੁਰੂ ਦੇ ਸ਼ਬਦ ਨੂੰ ਰਤਨ ਬਨਾਉਂਣ ਵਾਲੀ ਭਾਵ ਕੀਮਤੀ ਬਨਾਉਂਣ ਵਾਲੀ ਸ਼ਬਦਾਂ ਦੇ ਅੰਦਰ ਦੀ ਵਿਚਾਰ ਹੈ ਜਿਸ ਸੱਚੀ ਤੇ ਉੱਚੀ ਵਿਚਾਰ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਧਰਮ ਦੇ ਸੱਚੇ ਮਾਰਗ ਦੀ ਸੋਝੀ ਹੀ ਪੈਂਦੀ ਹੈ, ਗੁਰਮਤਿ ਦੇ ਸੱਚੇ ਮਾਰਗ ਦੀ, ਨਾਮ ਦੇ ਸੱਚੇ ਮਾਰਗ ਦੀ ਸਮਝ ਹੀ ਪੈਂਦੀ ਹੈ ਜੋ ਸੱਚੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਪਾਉਂਦਾ ਹੈ, ਮਨ ਦੇ ਵਿੱਚ ਆਪਣੇ ਰਤਨ ਉਪਜਾਉਂਣ ਦੁਆਰਾ ਪਾਉਂਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਉਪਜਾਉਂਣ ਦੁਆਰਾ, ਸਮਝਾਉਂਣ ਦੁਆਰਾ ਪਾਉਂਦਾ ਹੈ। ਉਪਰ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। **(ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥)** ਸਾਡੇ ਅੰਦਰ ਰਤਨ ਦਾ ਉਪਜਣਾ ਕੀ ਹੈ, ਸਾਡੇ ਅੰਦਰ ਤੀਰਥ ਦਾ ਇਸ਼ਨਾਨ ਹੋਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਮਨ ਦੇ ਅੰਦਰ ਤੀਰਥ ਦੇ ਇਸ਼ਨਾਨ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ, ਮਨ ਦੇ ਵਿੱਚ ਰਤਨ ਦਾ ਉਪਜਣਾ ਕੀ ਹੈ ਇਸ ਗੱਲ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ।

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥
ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥}

(ਅੰਗ ੬੮੭)

{ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥
ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥
ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥
ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥
ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥੨॥
ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ ॥ ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ ॥੩॥
ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥
ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥
ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥
ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥੫॥੬॥੮॥}

(ਅੰਗ ੪੯੧)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥ ਅੰਤਰਿ ਪੂਜਾ ਥਾਨੁ ਮੁਰਾਰਾ ॥
ਜੋਤੀ ਜੋਤਿ ਮਿਲਾਵਣਹਾਰਾ ॥੫॥ ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥
ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥}

(ਅੰਗ ੪੧੧)

{ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥}

(ਅੰਗ ੨੫੦)

49/6758

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥

ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥}

(ਅੰਗ ੧੪੦)

{ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥}

(ਅੰਗ ੧੩੫-੧੩੬)

{ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥
ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥ ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥
ਬਾਬਾ ਹੋਰ ਮਤਿ ਹੋਰ ਹੋਰ ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥}

(ਅੰਗ ੧੭)

{ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥
ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥੧॥}

(ਅੰਗ ੯੯੨)

{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥
ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥ ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥}

(ਅੰਗ ੫੮੯)

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}

(ਅੰਗ ੧੨੯੦)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}

(ਅੰਗ ੪੧)

{ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ॥ ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥}

(ਅੰਗ ੫੬)

{ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥੧॥}

(ਅੰਗ ੯੫੪)

ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਡਾ ਅਸਲ ਤੀਰਥ ਇਸ਼ਨਾਨ ਕੀ ਹੈ ਤੇ ਰਤਨ ਕੀ ਹੈ ਤੇ ਰਤਨ ਦਾ ਮਕਸਦ ਕੀ ਹੈ। ਇਹ ਸਭ ਕੁਝ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ, ਮਨ ਦੇ ਇਸ਼ਨਾਨ ਨੇ ਵੀ ਸਾਡੀ ਨਾਸਮਝ ਮਾੜੀ ਮਤਿ ਨੂੰ ਚੰਗੀ ਸਮਝ ਵਿੱਚ ਬਦਲਣਾ ਹੈ ਤੇ ਇਹੀ ਮਕਸਦ ਰਤਨ ਦਾ ਹੈ ਭਾਵ ਗੁਰੂ ਦੇ ਸ਼ਬਦ ਦਾ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਕੋਈ ਉਦੋਂ ਹੀ ਕਰ ਸਕਦਾ ਹੈ ਜਦੋਂ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ ਭਾਵ ਨਾਮ ਵਾਲੀ ਬਣ ਜਾਂਦੀ ਹੈ, ਬ੍ਰਹਮ ਗਿਆਨ ਵਾਲੀ ਬਣ ਜਾਂਦੀ ਹੈ ਜਿਸ ਮਨ ਦੀ ਸੱਚੀ ਸਮਝ ਦੁਆਰਾ ਹੀ ਮਨ ਦੇ ਵਿੱਚ ਉਸ ਬ੍ਰਹਮ ਗਿਆਨੀ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ, ਉਸਦੇ ਨਿਰੰਕਾਰ ਰੂਪ ਨਾਲ ਮੇਲ ਹੁੰਦਾ ਹੈ ਤੇ ਉਸ ਨਿਰੰਕਾਰ ਰੂਪ ਪ੍ਰਮਾਤਮਾ ਦੀ ਵਡਿਆਈ ਸਮਝ ਆਉਂਦੀ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਨਾਮ ਰੂਪ ਦੁਆਰਾ, ਬ੍ਰਹਮ ਗਿਆਨ ਰੂਪ ਦੁਆਰਾ ਸਾਰੀ ਉੱਚੀ ਸਾਇੰਸ ਦੀ ਰਚਨਾ ਕੀਤੀ ਹੈ

49/6759

ਜਿਸ ਆਪਣੇ ਉੱਚੇ ਗਿਆਨ ਦੁਆਰਾ ਉਸਨੇ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਰੱਚਿਆ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ ਭਾਵ ਹਰ ਆਕਾਰ ਰੂਪ ਕੋਲੋਂ ਉਸਨੂੰ ਰਚਨ ਦਾ ਮਕਸਦ ਪੂਰਾ ਕਰਵਾ ਰਿਹਾ ਹੈ ਭਾਵ ਆਪਣੀ ਖੇਡ ਨੂੰ ਰੱਚਕੇ ਆਪ ਹੀ ਆਪਣੀ ਖੇਡ ਨੂੰ ਚਲਾ ਰਿਹਾ ਹੈ। ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਪ੍ਰਮਾਤਮਾ ਦੀ ਵਡਿਆਈ ਕਿਤਨੀ ਕੁ ਵੱਡੀ ਹੈ ਜਿਸਦੀ ਸਮਝ ਉਸਦੇ ਨਿਰੰਕਾਰ ਰੂਪ ਦੀ ਸਮਝ ਪੈਣ ਦੁਆਰਾ ਹੀ ਲੱਗ ਸਕਦੀ ਹੈ ਕਿਉਂਕਿ ਆਕਾਰ ਰੂਪ ਤਾਂ ਸਭ ਨੂੰ ਸਮਝ ਆਉਂਦਾ ਹੈ ਪਰ ਨਿਰੰਕਾਰ ਰੂਪ ਕਿਸੇ ਨੂੰ ਤਨ ਦੀਆਂ ਅੱਖਾਂ ਨਾਲ ਨਜਰ ਨਹੀਂ ਆਉਂਦਾ ਜਿਸ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਕੇਵਲ ਮਨ ਦੀਆਂ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਮਨ ਦੇ ਵਿੱਚ ਮਨ ਦੀ ਅਗਿਆਨਤਾ ਨਿਕਲਣ ਦੁਆਰਾ, ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਵੇਖਿਆ ਜਾ ਸਕਦਾ ਹੈ।

“ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥”

ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਕਿ **“ਸੂਰਾ”** ਭਾਵ ਸੂਰਜ ਕਿਤਨਾ ਕੁ ਵੱਡਾ ਹੈ, ਉਸਦਾ ਬਲ ਕਿਤਨਾ ਕੁ ਉੱਚਾ ਹੈ, ਉਹ ਕਿਤਨੇ ਜੋਧ ਵਾਲਾ ਹੈ ਕਿਉਂਕਿ ਧਰਤੀ ਦੇ ਉਪਰ ਇਤਨਾ ਚਾਨਣ ਕਰਨ ਵਾਲਾ, ਤਪਸ਼ ਪੈਦਾ ਕਰਨ ਵਾਲਾ ਸੂਰਜ ਹੀ ਹੈ। ਸਾਨੂੰ ਸੂਰਜ ਦਾ ਆਕਾਰ ਰੂਪ ਹੀ ਮੋਹਦਾ ਹੈ ਤੇ ਉਸਦੀ ਤਾਕਤ ਨਜਰ ਆਉਂਦੀ ਹੈ ਕਿ ਉਹ ਕਿਤਨੀ ਕੁ ਵੱਡੀ ਤਾਕਤ ਵਾਲਾ ਹੈ ਪਰ ਉਸਦੇ ਅੰਦਰ ਤਾਕਤ ਕਿੱਥੋਂ ਆਉਂਦੀ ਹੈ, ਕਿਸਨੇ ਪਾਈ ਹੈ, ਕਿਸ ਤਰੀਕੇ ਪਾਈ ਹੈ, ਕਿਸ ਮਕਸਦ ਲਈ ਪਾਈ ਹੈ ਇਸਦੀ ਸਮਝ ਕੇਵਲ ਤੇ ਕੇਵਲ ਮਨ ਦੇ ਵਿੱਚੋਂ ਉਸ ਅਕਾਲ ਪੁਰਖ ਦੇ ਨਿਰੰਕਾਰ ਰੂਪ ਨੂੰ ਜਾਨਣ ਦੁਆਰਾ ਹੀ ਪੈ ਸਕਦੀ ਹੈ ਜੋ ਸਮਝ ਮਨ ਦੇ ਵਿੱਚ ਆਪਣੇ

ਨਿਰੰਕਾਰ ਰੂਪ ਦੁਆਰਾ ਪ੍ਰਗਟ ਹੋ ਕੇ ਉਹ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਦੇ ਮਨ ਦੇ ਅੰਦਰ, ਗੁਰੂ ਸਾਹਿਬਾਨ ਦੇ ਮਨ ਦੇ ਅੰਦਰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮਨ ਦੇ ਅੰਦਰ ਪਾਈ ਹੈ ਤੇ ਤਾਂ ਹੀ ਉਹਨਾਂ ਨੇ ਉਸ ਸ੍ਰਿਸ਼ਟੀ ਦੇ ਕਰਤੇ ਦੀ ਵਡਿਆਈ ਨੂੰ ਸਮਝਿਆ ਹੈ ਜੋ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਹੀ ਹੈ ਤੇ ਉਸਦੀ ਵਡਿਆਈ ਨੂੰ ਸਮਝਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਉਸਦਾ ਬਣਾਇਆ ਹੋਇਆ ਹਰ ਆਕਾਰ ਰੂਪ

49/6760

ਵੀ ਸਭ ਨੂੰ ਇੱਕੋ ਜਿਹਾ ਹੀ ਦਿਸਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਤੇ ਉਸਦਾ ਨਿਰੰਕਾਰ ਰੂਪ ਵੀ ਸਭ ਦੇ ਲਈ ਇੱਕੋ ਜਿਹਾ ਹੀ ਹੈ ਜਿਸ ਮਨ ਦੇ ਨਿਰੰਕਾਰ ਰੂਪ ਦੀ ਸਮਝ ਦੁਆਰਾ ਉਸ ਕਰਤੇ ਦੀ ਹਰ ਵਡਿਆਈ ਨੂੰ ਸਮਝਿਆ ਜਾ ਸਕਦਾ ਹੈ। ਜਦ ਤਕ ਸਾਨੂੰ ਪ੍ਰਮਾਤਮਾ ਦੇ ਨਿਰੰਕਾਰ ਰੂਪ ਦੀ ਸਮਝ ਨਹੀਂ ਪੈਂਦੀ ਤਦ ਤਕ ਸਾਨੂੰ ਸੂਰਜ ਦਾ ਬਲ ਹੀ ਉੱਚਾ ਲੱਗੇਗਾ ਤੇ ਉਸਦੇ ਨਿਰੰਕਾਰ ਰੂਪ ਨੂੰ ਜਾਨਣ ਤੋਂ ਬਾਅਦ ਫਿਰ ਸਭ ਦੇ ਅੰਦਰ ਪ੍ਰਮਾਤਮਾ ਦਾ ਬਲ ਹੀ ਨਜਰ ਆਉਂਦਾ ਹੈ ਜੋ ਬਹੁਤ ਹੀ ਵੱਡੇ ਬਲ ਦਾ ਮਾਲਕ ਹੈ। ਜਿਸ ਤਰੀਕੇ ਸੂਰਜ ਦੀ ਵਡਿਆਈ ਹੈ ਉਸੇ ਤਰੀਕੇ ਚਾਰੇ ਖਾਣੀਆਂ ਦੀ ਵਡਿਆਈ ਸਮਝੀ ਜਾਂਦੀ ਹੈ ਜਿਸ ਮਾਨਤਾ ਅਨੁਸਾਰ ਉਸਨੇ ਜੀਵਾਂ ਦੀ ਪੈਦਾਇਸ਼ ਦੇ ਨਾਲ ਜੁੜਿਆ ਜਾਂਦਾ ਹੈ, ਧਾਤਾਂ ਦੀ ਪ੍ਰਾਪਤੀ ਦੇ ਨਾਲ ਜੋੜਿਆ ਜਾਂਦਾ ਹੈ। ਸਭ ਦੇ ਅੰਦਰ ਪ੍ਰਮਾਤਮਾ ਦਾ ਪਾਇਆ ਹੋਇਆ ਗਿਆਨ ਹੀ ਵਰਤਦਾ ਹੈ ਜਿਸ ਦੁਆਰਾ ਕਿਸੇ ਚੀਜ ਦੀ ਕੀਮਤ ਪੈਂਦੀ ਹੈ। ਸ੍ਰਿਸ਼ਟੀ ਅਨੇਕਾਂ ਖੰਡਾਂ ਵਰਭੰਡਾਂ ਵਿੱਚ ਵੰਡੀ ਹੋਈ ਹੈ ਜੋ ਇਸ ਸ੍ਰਿਸ਼ਟੀ ਨੂੰ ਚਲਾਉਂਣ ਦਾ ਕੰਮ ਕਰ ਰਹੇ ਹਨ ਪਰ ਹਰ ਕੋਈ ਅਸਲ ਵਿੱਚ ਜੋ ਆਪਣਾ ਉੱਚਾ ਰੂਪ ਦਿਖਾ ਰਿਹਾ ਹੈ ਉਸਦੇ ਉੱਚੇ ਰੂਪ ਦੇ ਪਿੱਛੇ ਆਪ ਪ੍ਰਮਾਤਮਾ ਹੀ ਹੈ ਭਾਵ ਸਭ ਵਡਿਆਈ ਪ੍ਰਮਾਤਮਾ ਦੀ ਆਪਣੀ ਹੀ ਹੈ। **(ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥)**

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੯੪)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥ ਗੁਰ ਸੇਵਾ ਤੇ ਕਰਣੀ ਸਾਰ ॥
ਰਾਮ ਨਾਮੁ ਰਾਖਹੁ ਉਰਿ ਧਾਰ ॥ ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥ ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥ ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥
ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ ਗੁਰ ਪਰਸਾਦੀ ਸਹਜੇ ਮਾਤੇ ॥
ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥ ਮਾਇਆ ਮੋਹਿ ਭਰਮਿ ਨ ਪਾਏ ॥
ਦੂਜੈ ਭਾਇ ਲਗਾ ਦੁਖੁ ਪਾਏ ॥ ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥
ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥

ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥ ਮਨਮੁਖੁ ਬਹੁਤੁ ਕਰੇ ਅਭਿਮਾਨੁ ॥
ਦਰਗਹ ਕਬ ਹੀ ਨ ਪਾਵੈ ਮਾਨੁ ॥ ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥
ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥ ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥
ਮੇਰੈ ਠਾਕੁਰਿ ਇਹ ਬਣਤ ਬਣਾਈ ॥ ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥ ਸਚਾ ਮਹਲੁ ਸਚੇ ਭੰਡਾਰਾ ॥
ਆਪੇ ਦੇਵੈ ਦੇਵਣਹਾਰਾ ॥ ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥ ਹਰਿ ਜੀਉ ਸਭ ਮਹਿ ਰਹਿਆ ਸਮਾਈ॥
ਗੁਰ ਪਰਸਾਦੀ ਪਾਇਆ ਜਾਈ ॥ ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥
ਆਪੇ ਸਚਾ ਸਬਦਿ ਮਿਲਾਏ ॥ ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ ੧੦੬੬-੧੦੬੭)

ਪ੍ਰਮਾਤਮਾ ਦੀ ਅਸਲ ਵਡਿਆਈ ਨੂੰ ਕੌਣ ਜਾਣਦਾ ਹੈ ਤੇ ਉਸਦੀ ਵਡਿਆਈ ਨੂੰ ਕਰਦਾ ਹੈ ਇਹ ਕੋਈ ਉਸਦਾ ਭਗਤ ਬਣ ਕੇ ਹੀ ਕਰ ਸਕਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮਨੁੱਖ ਦੀ ਆਪਣੀ ਕੋਈ ਵਡਿਆਈ ਨਹੀਂ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥"

ਪ੍ਰਮਾਤਮਾ ਦਾ ਜੱਸ ਗਾਉਂਣ ਵਾਲੇ ਉਹੀ ਹਨ ਜੋ ਪ੍ਰਮਾਤਮਾ

49/6761

ਨਾਲ ਰੱਤੇ ਜਾਂਦੇ ਹਨ। ਗੁਰੂ ਪ੍ਰਮਾਤਮਾ ਦੇ ਨਾਲ ਰੱਤੇ ਜਾਣਾ ਕੀ ਹੈ, ਉਸਦੇ ਨਾਮ ਦੇ ਨਾਲ ਰੱਤੇ ਜਾਣਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪ੍ਰਮਾਤਮਾ ਸਾਡੇ ਮਨ ਦੇ ਵਿੱਚ ਹੈ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਹੈ ਤੇ ਉਸਦੇ ਨਾਲ ਰੱਤਿਆ ਵੀ ਮਨ ਦੀ ਸਮਝ ਦੁਆਰਾ ਹੀ ਜਾ ਸਕਦਾ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਭਾਵ ਹਉਮੈ ਵਿੱਚ, ਮਾਇਆ ਦੀ ਜੁਗਤਿ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਮਨਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਮਤਿ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਦੀ ਮਤਿ ਦੇ ਨਾਲ ਨਹੀਂ ਰੱਤੇ ਜਾ ਸਕਦੇ, ਗੁਰੂ ਦੇ ਨਾਮ ਦੇ ਨਾਲ ਨਹੀਂ ਰੱਤੇ ਜਾ ਸਕਦੇ ਭਾਵ ਸ਼ਬਦਾਂ ਦੀ ਵਿਚਾਰ ਦੇ ਨਾਲ, ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਦੇ ਨਾਲ ਨਹੀਂ ਰੱਤੇ ਜਾ ਸਕਦੇ। ਸ਼ਬਦਾਂ ਦੀ ਵਿਚਾਰ, ਨਾਮ ਦੀ ਵਿਚਾਰ ਚੌਥੇ ਪਦ ਦਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸਦੇ ਨਾਲ ਮਨ ਦੀ ਤ੍ਰੈ ਗੁਣਾਂ ਵਾਲੀ ਨਾਸਮਝ ਮਤਿ ਵਿੱਚੋਂ ਨਿਕਲਕੇ ਹੀ ਰੱਤਿਆ ਜਾ ਸਕਦਾ ਹੈ। ਕੋਈ ਆਪਣੇ ਆਪ ਆਪਣੀ ਮਤਿ ਨੂੰ ਗੁਰੂ ਦੀ ਸੱਚੀ ਮਤਿ ਦੇ ਨਾਲ ਰੱਤ ਲਵੇ ਇਹ ਨਹੀਂ ਹੋ ਸਕਦਾ ਕਿਉਂਕਿ ਸਾਡੀ ਮਤਿ ਦਾ ਮਾਲਕ, ਸਾਡੇ ਅੰਦਰ ਦੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਿਆ ਹੈ। ਗੁਰੂ ਪ੍ਰਮਾਤਮਾ ਦੇ ਨਾਲ ਕੇਵਲ ਉਹੀ ਰੱਤੇ ਜਾ ਸਕਦੇ ਹਨ ਜੋ ਮਨੁੱਖ ਗੁਰੂ ਨੂੰ ਭਾਉਂਦੇ ਹਨ ਤੇ ਗੁਰੂ ਨੂੰ ਉਹ ਮਨੁੱਖ ਹੀ ਭਾਉਂਦੇ ਹਨ ਜੋ ਗੁਰੂ ਦੀ ਮਤਿ ਨੂੰ ਮੰਨਣ ਦਾ ਸੱਚਾ ਉੱਦਮ ਕਰਦੇ ਹਨ, ਮਨ ਦੇ ਅਉਗੁਣ ਛੱਡਣ ਦਾ ਉੱਦਮ ਕਰਦੇ ਹਨ, ਚੰਗੇ ਕਰਮ ਕਰਨ ਦਾ ਉੱਦਮ ਕਰਦੇ ਹਨ ਤੇ ਕਿਸੇ ਦਾ ਮਾੜਾ ਨਹੀਂ ਕਰਦੇ ਭਾਵ ਆਪਣੀ ਨੀਅਤ ਸਾਫ ਰੱਖਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡ ਦਿੰਦੇ ਹਨ ਜੋ ਕਿ ਉਸਦੀ ਕ੍ਰਿਪਾ ਦੁਆਰਾ ਹੀ ਹੁੰਦਾ ਹੈ। ਪ੍ਰਮਾਤਮਾ ਆਪਣੀ ਭਗਤੀ ਵਾਲਾ ਕਿਸੇ ਨੂੰ ਇਸੇ ਤਰੀਕੇ ਹੀ ਬਣਾਉਂਦਾ ਹੈ ਇਸ ਕਰਕੇ ਉਸਦੇ ਭਗਤ ਉਸਨੂੰ ਭਾਉਂਦੇ ਹਨ। ਜੋ ਪ੍ਰਮਾਤਮਾ ਦਾ ਭਗਤ ਬਣ ਜਾਂਦਾ

ਹੈ ਉਹ ਫਿਰ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਤੇ ਇਹ ਕੁਝ ਜਾਨਣ ਤੋਂ ਬਾਅਦ ਫਿਰ ਉਸਦਾ ਭਗਤ ਆਪਣੀ ਵਡਿਆਈ ਨਹੀਂ ਸਮਝਦਾ ਭਾਵ ਹਰ ਗੱਲ ਵਿੱਚ ਪ੍ਰਮਾਤਮਾ ਦੀ ਵਡਿਆਈ ਹੀ ਸਮਝਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਸਮਝਿਆ ਹੀ ਹੈ। ਪ੍ਰਮਾਤਮਾ ਦੇ ਗੁਣ ਤਾਂ ਹਰ ਕੋਈ ਗਾ ਰਿਹਾ ਹੈ ਜਿਵੇਂ ਕਿ ਅਸੀਂ

49/6762

ਉਪਰ ਸ਼ਬਦ ਦੁਆਰਾ ਸਮਝਿਆ ਹੀ ਹੈ ਪਰ ਉਸਦੇ ਅਸਲ ਗੁਣ ਗਾਉਂਣ ਦੀ ਸਮਝ **"ਸੇਈ"** ਹੁੰਦਾ ਹੈ ਭਾਵ ਉਹ ਹੀ ਹੁੰਦਾ ਹੈ ਜਿਸਨੂੰ ਪ੍ਰਮਾਤਮਾ ਆਪਣਾ ਭਗਤ ਬਣਾਉਂਦਾ ਹੈ, ਆਪਣਾ ਗੁਰੂ ਰੂਪ ਬਣਾਉਂਦਾ ਹੈ। **(ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥)**

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

{ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯)

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥ ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥ ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥

ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥ ਸਚਾ ਅਰਜੁ ਸਚੀ ਅਰਦਾਸਿ ॥
ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥
ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥ ਮੰਨੇ ਹੁਕਮੁ ਸੁ ਪਰਗਟੁ ਜਾਇ ॥
ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥ ਕਿਆ ਹਉ ਆਖਾ ਆਖਿ ਵਖਾਣੀ ॥
ਤੂੰ ਆਪੇ ਜਾਣਹਿ ਸਰਬ ਵਿਡਾਣੀ ॥ ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥}

(ਅੰਗ ੩੫੫)

{ਅਨਦ ਬਿਨੋਦ ਭਰੇਪੁਰਿ ਧਾਰਿਆ ॥ ਅਪੁਨਾ ਕਾਰਜੁ ਆਪਿ ਸਵਾਰਿਆ ॥੧॥ ਪੂਰ ਸਮਗ੍ਰੀ ਪੂਰੇ ਠਾਕੁਰ ਕੀ ॥
ਭਰਿਪੁਰਿ ਧਾਰਿ ਰਹੀ ਸੋਭ ਜਾ ਕੀ ॥੧॥ ਰਹਾਉ ॥ ਨਾਮੁ ਨਿਧਾਨੁ ਜਾ ਕੀ ਨਿਰਮਲ ਸੋਇ ॥
ਆਪੇ ਕਰਤਾ ਅਵਰੁ ਨ ਕੋਇ ॥੨॥ ਜੀਅ ਜੰਤ ਸਭਿ ਤਾ ਕੈ ਹਾਥਿ ॥ ਰਵਿ ਰਹਿਆ ਪ੍ਰਭੁ ਸਭ ਕੈ ਸਾਥਿ ॥੩॥
ਪੂਰਾ ਗੁਰੁ ਪੂਰੀ ਬਣਤ ਬਣਾਈ ॥ ਨਾਨਕ ਭਗਤ ਮਿਲੀ ਵਡਿਆਈ ॥੪॥੨੪॥}

(ਅੰਗ ੩੭੬-੩੭੭)

{ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥
ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ ॥
ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ ॥
ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥
ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥ ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ॥
ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥
ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥੨॥}

(ਅੰਗ ੩੧੬)

{ਜਗੁ ਮੈਲਾ ਮੈਲੋ ਹੋਇ ਜਾਇ ॥ ਆਵੈ ਜਾਇ ਦੂਜੈ ਲੋਭਾਇ ॥ ਦੂਜੈ ਭਾਇ ਸਭ ਪਰਜ ਵਿਗੋਈ ॥
ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ ॥੧॥ ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥
ਅੰਤਰਿ ਨਾਮੁ ਵਸੈ ਪਤਿ ਊਤਮ ਹੋਇ ॥ ਰਹਾਉ ॥ ਗੁਰਮੁਖਿ ਉਬਰੇ ਹਰਿ ਸਰਣਾਈ ॥
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥ ਭਗਤਿ ਕਰੇ ਜਨੁ ਵਡਿਆਈ ਪਾਏ ॥
ਸਾਚਿ ਰਤੇ ਸੁਖ ਸਹਜਿ ਸਮਾਏ ॥੨॥ ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ ਗੁਰ ਕੈ ਸਬਦਿ ਆਪੁ ਪਛਾਣੁ ॥
ਸਾਚੀ ਰਾਸਿ ਸਾਚਾ ਵਾਪਾਰੁ ॥ ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥ ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ॥
ਊਤਮ ਬਾਣੀ ਸਬਦੁ ਸੁਣਾਏ ॥ ਪ੍ਰਭ ਸਾਚੇ ਕੀ ਸਾਚੀ ਕਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੪॥}

(ਅੰਗ ੬੬੪)

{ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ ॥ ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ ॥
ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥ ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥੨॥}

(ਅੰਗ ੯੦)

ਪਉੜੀ ॥

{ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ ਕਾਢਿਆ ॥
ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ ॥
ਹਰਿ ਨਿਮਾਣਿਆ ਤੂੰ ਮਾਣੁ ਹਰਿ ਡਾਢੀ ਹੂੰ ਤੂੰ ਡਾਢਿਆ ॥
ਹਰਿ ਅਹੰਕਾਰੀਆ ਮਾਰਿ ਨਿਵਾਏ ਮਨਮੁਖ ਮੂੜ ਸਾਧਿਆ ॥
ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ ॥੧੭॥}

(ਅੰਗ ੯੦)

ਵਡਿਆਈ ਤਾਂ ਕੇਵਲ ਪ੍ਰਮਾਤਮਾ ਦੀ ਹੀ ਸੱਚੀ ਹੈ ਜੋ ਹਰ ਆਕਾਰ ਰੂਪ ਦਾ ਮਾਲਕ ਹੈ। ਕਿਸੇ ਵੀ ਆਕਾਰ ਰੂਪ ਦੀ ਵਡਿਆਈ ਤਦ ਤਕ ਝੂਠੀ ਵਡਿਆਈ ਹੈ ਜੇਕਰ ਅਸੀਂ ਉਸ ਆਕਾਰ ਰੂਪ ਦੇ ਮਾਲਕ ਨਿਰੰਕਾਰ ਰੂਪ ਨੂੰ ਨਹੀਂ ਜਾਣਿਆ। ਉਪਰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਵੀ ਜਾਣਿਆ ਹੈ ਭਾਵ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਕਿ ਭਗਤਾਂ ਦੀ ਵਡਿਆਈ ਸੱਚੀ ਵਡਿਆਈ ਹੈ। ਭਗਤਾਂ ਦੀ ਵਡਿਆਈ, ਗੁਰੂ ਸਾਹਿਬਾਨ ਦੀ ਵਡਿਆਈ ਕਿਸ ਲਈ ਸੱਚੀ ਵਡਿਆਈ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਵਾਰੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਕੁਝ ਸ਼ਬਦਾਂ ਦੁਆਰਾ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਭਗਤਾਂ ਦੀ ਵਡਿਆਈ ਕਿਸ ਕਰਕੇ ਸੱਚੀ ਵਡਿਆਈ ਹੈ। ਬੜੀ ਸਪਸ਼ਟ ਗੱਲ ਹੈ ਕਿ ਜੋ ਭਗਤ ਰੂਪ

49/6763

ਹੈ, ਗੁਰੂ ਰੂਪ ਹੈ ਉਹ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਰੂਪ ਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋਇਆ ਹੁੰਦਾ ਹੈ ਤੇ ਉਸਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਉਹ ਆਪਣੇ ਅੰਦਰੋਂ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣ ਲੈਂਦੇ ਹਨ, ਹਰ ਆਕਾਰ ਰੂਪ ਦੇ ਮਾਲਕ ਨੂੰ ਜਾਣ ਲੈਂਦੇ ਹਨ ਤੇ ਆਪਣੇ ਉਹ ਮੁੱਖੋਂ ਜੋ ਕੁਝ ਵੀ ਬੋਲਦੇ ਹਨ, ਸਮਝਾਉਂਦੇ ਹਨ ਉਸ ਵਿੱਚ ਪੂਰਨ ਸੱਚ ਹੁੰਦਾ ਹੈ ਭਾਵ ਉਹ ਸੱਚ ਨੂੰ ਵਡਿਆਉਂਦੇ ਹਨ, ਆਪਣੇ ਹਰ ਬੋਲ ਵਿੱਚ ਸੱਚ ਨੂੰ ਹੀ ਉੱਚਾ ਕਰਦੇ ਹਨ। ਸਚੁ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਉਸਦਾ ਨਾਮ ਰੂਪ ਹੈ। ਸੱਚ ਦੀ ਵਡਿਆਈ, ਨਾਮ ਦੀ ਵਡਿਆਈ, ਪ੍ਰਮਾਤਮਾ ਦੀ ਵਡਿਆਈ ਹੈ। ਭਗਤ ਜਨ, ਗੁਰੂ ਜਨ ਆਪਣੇ ਮੂੰਹੋਂ ਸੱਚ ਹੀ ਬੋਲਦੇ ਹਨ ਇਸੇ ਕਰਕੇ ਉਹਨਾਂ ਦੀ ਵਡਿਆਈ ਸੱਚੀ ਵਡਿਆਈ ਹੈ ਜੋ ਕਿ ਪ੍ਰਮਾਤਮਾ ਦੀ ਹੀ ਵਡਿਆਈ ਹੈ ਕਿਉਂਕਿ ਉਹ ਪ੍ਰਮਾਤਮਾ ਦਾ ਹੀ ਰੂਪ ਹਨ। ਆਪਣੇ ਮੁੱਖੋਂ ਉਹਨਾਂ ਨੇ ਸੱਚੇ ਸ਼ਬਦ ਬੋਲਣ ਦੁਆਰਾ ਹੀ ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ ਜੋ ਸੱਚੇ ਬੋਲ ਉਹਨਾਂ ਦੇ ਕੋਲੋਂ ਮਨ ਦੇ ਵਿੱਚ ਪ੍ਰਗਟ ਹੋ ਕੇ ਅਕਾਲ ਪੁਰਖ ਨੇ ਆਪ ਹੀ ਬੁਲਵਾਏ ਹਨ ਜਿਸ ਕਰਕੇ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਸਚੁ ਰੂਪ ਹੈ, ਉਸਦਾ ਨਾਮ ਰੂਪ ਹੈ। ਪੂਰੀ ਗੁਰਬਾਣੀ ਸਾਨੂੰ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨੀ ਹੀ ਸਮਝਾ ਰਹੀ ਹੈ ਤੇ ਉਸ ਪ੍ਰਮਾਤਮਾ ਦੀ ਸਿਫਤ ਅਸੀਂ ਗੁਰਬਾਣੀ ਦੇ ਸਮਝਾਏ ਹੋਏ ਸੱਚ ਨਾਲ ਜੁੜਕੇ ਹੀ ਕਰ ਸਕਦੇ ਹਾਂ ਭਾਵ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਕਰ ਸਕਦੇ ਹਾਂ ਭਾਵ ਆਪਣੀ ਮਨਮਤਿ ਛੱਡਣ ਦੁਆਰਾ ਹੀ ਕਰ ਸਕਦੇ ਹਾਂ ਭਾਵ ਆਪਣੀ ਨਾਮਸਝ ਮਤਿ ਛੱਡਣ ਦੁਆਰਾ ਹੀ ਕਰ ਸਕਦੇ ਹਾਂ ਭਾਵ ਸੱਚ ਬੋਲਣ ਦੁਆਰਾ ਹੀ ਕਰ ਸਕਦੇ ਹਾਂ। ਗੁਰੂ ਦੀ ਸੱਚੀ ਮਤਿ ਨੂੰ ਮੰਨੇ ਬਿਨਾਂ ਸੱਚ ਨਹੀਂ ਬੋਲਿਆ ਜਾ ਸਕਦਾ ਤੇ ਜਿੱਥੇ ਸੱਚ ਨਹੀਂ ਹੈ ਉੱਥੇ ਗੁਰੂ ਦੀ ਸਿਫਤ ਸਾਲਾਹ ਨਹੀਂ ਹੈ। ਜੋ ਸੱਚ ਨੂੰ ਮੰਨੇਗਾ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨੇਗਾ ਉਹ ਫਿਰ ਆਪਣੇ ਜੀਵਨ ਦੀ ਹਰ ਕਰਨੀ ਵਿੱਚ ਗੁਰੂ ਦੇ ਸਮਝਾਏ ਹੋਏ ਸੱਚ ਅਨੁਸਾਰ ਹੀ ਵਿਚਰੇਗਾ। ਸੰਸਾਰ ਵਿੱਚ ਸਾਡੀ ਸੱਚੀ ਸੁੱਚੀ ਵਿਚਰਨ ਹੀ, ਸਾਡੇ ਸੱਚੇ ਸੁੱਚੇ ਕਰਮ ਹੀ ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਕਰਨ ਦਾ ਤਰੀਕਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਅਸੀਂ ਪ੍ਰਮਾਤਮਾ ਦੀ ਸਿਫਤ, ਉਸਦੀ ਵਡਿਆਈ ਮੁੱਖੋਂ ਬੋਲਣ ਦੁਆਰਾ ਕਰਨੀ ਸਮਝਦੇ ਹਾਂ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਬੋਲੀ ਜਾਣ ਵਿੱਚ

49/6764

ਸਮਝਦੇ ਹਾਂ, ਸ਼ਬਦਾਂ ਨੂੰ ਕੇਵਲ ਗਾਈ ਜਾਣ ਵਿੱਚ ਸਮਝਦੇ ਹਾਂ ਭਾਵ ਆਪਣੀ ਕਥਨੀ ਨੂੰ ਹੀ ਪ੍ਰਮਾਤਮਾ ਦੀ ਵਡਿਆਈ ਸਮਝਦੇ ਹਾਂ ਜਿਸ ਕਰਕੇ ਬਾਣੀ ਰਾਹੀਂ ਬਾਰ-ਬਾਰ ਕੇਵਲ ਕਥਨੀ ਕਰੀ ਜਾਣ ਦਾ ਖੰਡਨ ਕੀਤਾ ਹੋਇਆ ਹੈ, ਕਿਸੇ ਅੱਖਰ ਨੂੰ ਨਾਮ ਸਮਝਕੇ ਰੱਟੀ ਜਾਣ ਦਾ ਖੰਡਨ ਕੀਤਾ ਹੋਇਆ ਹੈ। ਜਦ ਤਕ ਅਸੀਂ ਨਾਮ ਨੂੰ ਨਹੀਂ ਸਮਝਦੇ ਤੇ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲਦੇ ਭਾਵ ਉਹੋ ਜਿਹਿਆਂ ਦੀ ਮਤਿ ਵਿੱਚੋਂ ਨਹੀਂ ਨਿਕਲਦੇ ਜੋ ਸਾਨੂੰ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਨਾਮ ਜਪਣਾ ਸਮਝਾਉਂਦੇ ਹਨ ਤੇ ਉਸੇ ਨੂੰ ਹੀ ਪ੍ਰਮਾਤਮਾ ਦੇ ਗੁਣ ਗਾਉਂਣੇ ਸਮਝਾਉਂਦੇ ਹਨ ਤਦ ਤਕ ਅਸੀਂ ਗੁਰੂ ਪ੍ਰਮਾਤਮਾ ਦੇ ਸੱਚੇ ਗੁਣ ਗਾ ਹੀ ਨਹੀਂ ਸਕਦੇ ਭਾਵ ਉਸਦੀ ਸੱਚੀ ਵਡਿਆਈ ਕਰਨੀ ਸਾਨੂੰ ਸਮਝ ਹੀ ਨਹੀਂ ਆ ਸਕਦੀ। ਹੁਣ ਤੁਸੀਂ ਇਸ ਗੱਲ ਨੂੰ ਵਿਸ਼ਵਾਸ ਨਾਲ ਸਮਝ ਸਕੋਗੇ ਕਿ ਧੰਨ ਧੰਨ ਅਸਥਾਨ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਖੇ ਜਦੋਂ ਸ਼ਬਦਾਂ ਦਾ ਗਾਇਨ ਹੁੰਦਾ ਹੈ ਉੱਥੇ ਕਿਸੇ ਅੱਖਰ ਦਾ ਨਾਮ ਜਪਣਾ ਸਖਤ ਮਨ੍ਹਾਂ ਹੈ। ਅਗਰ ਕੋਈ ਰਾਗੀ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕਿਸੇ ਅੱਖਰ ਦਾ ਜਪ ਕਰਦਾ ਹੈ ਭਾਵ ਆਪਣੇ ਵਲੋਂ ਨਾਮ ਦਾ ਜਪ ਕਰਦਾ ਹੈ ਉਸਨੂੰ ਉੱਥੇ ਉੱਥੋਂ ਦੇ ਪ੍ਰਬੰਧਕ ਕਮੇਟੀ ਦੁਆਰਾ ਜਪ ਕਰਨ ਤੋਂ ਮੰਨਾ ਕੀਤਾ ਜਾਂਦਾ ਹੈ। ਅਗਰ ਕੋਈ ਉਹਨਾਂ ਦੀ ਗੱਲ ਨੂੰ ਨਾ ਮੰਨੇ ਤਾਂ ਫਿਰ ਉਸ ਰਾਗੀ ਸਿੰਘ ਨੂੰ ਉੱਥੋਂ ਦੁਬਾਰਾ ਕੀਰਤਨ ਕਰਨ ਦੀ ਇਜਾਜਤ ਨਹੀਂ ਹੁੰਦੀ। ਇਸ ਗੱਲ ਦੇ ਪਿੱਛੇ ਕਾਰਨ ਕੀ ਹੈ ਇਸ ਗੱਲ ਨੂੰ ਸਮਝਣਾ ਜਿਆਦਾ ਜਰੂਰੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੈ।

ਦਰਬਾਰ ਸਾਹਿਬ ਅੰਮ੍ਰਿਤਸਰ ਵਿੱਖੇ ਜੋ ਕੀਰਤਨ ਦੀ ਮਰਿਯਾਦਾ ਸ਼ੁਰੂ ਕੀਤੀ ਗਈ ਸੀ ਉਹ ਧੰਨ ਧੰਨ ਧੰਨ ਅਕਾਲ ਪੁਰਖ ਰੂਪ ਪੰਜਵੀ ਪਾਤਸ਼ਾਹੀ ਦੁਆਰਾ ਆਪ ਕੀਤੀ ਗਈ ਸੀ ਜਿਨ੍ਹਾਂ ਨੂੰ ਨਾਮ ਦੀ ਸਮਝ ਹੈ, ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਨਾਮ ਹੈ ਜੋ ਕਿ ਸਾਰੇ ਸੰਸਾਰ ਨੂੰ ਸੱਚੀ ਗੁਰਮਤਿ ਰਾਹੀਂ ਇੱਕੋ ਜਿਹਾ ਨਾਮ ਜਪਣਾ ਹੀ ਸਮਝਾ ਰਿਹਾ ਹੈ, ਸਾਰੇ ਸੰਸਾਰ ਨੂੰ ਪ੍ਰਮਾਤਮਾ ਦਾ, ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹੀ ਵਡਿਆਈ ਕਰਨ ਦਾ ਮਾਰਗ ਹੀ ਸਮਝਾ ਰਿਹਾ ਹੈ। ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨੀ ਬਹੁਤ ਔਖੀ ਹੈ, ਬਹੁਤ ਔਖੀ ਹੈ, ਬਹੁਤ ਔਖੀ ਹੈ ਜੋ ਉਸਦੀ ਸੱਚੀ ਵਡਿਆਈ ਕਰਨ ਦੀ ਸਮਝ ਗੁਰੂ ਸਾਹਿਬਾਨ ਨੂੰ ਹੀ ਪਈ ਹੈ, ਸੱਚੇ ਭਗਤਾਂ ਨੂੰ ਹੀ ਪਈ ਹੈ ਜਿਨ੍ਹਾਂ ਨੇ ਪੂਰੀ ਗੁਰਬਾਣੀ ਰਾਹੀਂ ਉਸਦੇ ਸੱਚੇ ਗੁਣ ਗਾਏ ਹਨ। **(ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥)**

49/6765

ਸ਼ਬਦ ਦੀ ਅਗਲੀ ਪੰਗਤੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਪੰਗਤੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਸੱਚੇ ਭਗਤਾਂ ਤੋਂ ਬਿਨਾਂ ਆਪਣੇ ਵੱਲੋਂ ਪ੍ਰਮਾਤਮਾ ਦੇ ਗੁਣ ਗਾਉਂਣ ਵਾਲੇ ਤਾਂ ਬਹੁਤ ਹਨ ਪਰ ਉਹਨਾਂ ਨੂੰ ਪ੍ਰਮਾਤਮਾ ਦੇ ਸੱਚੇ ਗੁਣ ਗਾਉਂਣ ਦੀ ਸਮਝ ਕਿਸ ਕਰਕੇ ਨਹੀਂ ਪੈਂਦੀ। ਆਉ ਹੇਠ ਦਿੱਤੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝਦੇ ਹਾਂ ਜਿਸਦੇ ਅਰਥ ਕਾਫੀ ਗਹਿਰਾਈ ਵਿੱਚ ਹਨ।

“ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥”

ਉਪਰ ਵਾਲੀ ਪੰਗਤੀ ਤੋਂ ਪਹਿਲੀ ਪੰਗਤੀ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੇ ਸੱਚੇ ਭਗਤ ਪ੍ਰਮਾਤਮਾ ਦੇ ਗੁਣ ਕਿਸ ਤਰੀਕੇ ਗਾਉਂਦੇ ਹਨ ਜੋ ਉਸਦੇ ਗੁਣ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਬਾਅਦ ਹੀ ਗਾਉਂਦੇ ਹਨ ਜਦੋਂ ਉਹਨਾਂ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਭਾਵ ਜਿਸ ਪਾਸੇ ਵੀ ਦੇਖੋ, ਜਿਸ ਚੀਜ ਨੂੰ ਵੀ ਦੇਖੋ ਸਭ ਦੇ ਵਿੱਚ ਪ੍ਰਮਾਤਮਾ ਦੀ ਵਡਿਆਈ ਹੀ ਨਜਰ ਆਉਂਦੀ ਹੈ ਜੋ ਉਸਦੀ ਵਡਿਆਈ ਉਸਦੇ ਨਿਰੰਕਾਰ ਰੂਪ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ। ਆਪਣਾ ਨਿਰੰਕਾਰ ਰੂਪ ਮਨ ਦੇ ਵਿੱਚ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਸਮਝਾਉਂਦਾ ਹੈ। ਪਿਛਲੀ ਪੰਗਤੀ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਉਸਦੇ ਗੁਣ ਉਸਦੇ ਭਗਤ ਹੀ ਗਾ ਸਕਦੇ ਹਨ ਤੇ ਉਪਰ ਵਾਲੀ ਪੰਗਤੀ ਰਾਹੀਂ **“ਹੋਰਿ ਕੇਤੇ ਗਾਵਨਿ”** ਦੀ ਗੱਲ ਕੀਤੀ ਹੋਈ ਹੈ। **“ਹੋਰਿ”** ਤੋਂ ਭਾਵ ਹੈ ਭਗਤਾਂ ਤੋਂ ਬਿਨਾਂ ਹੋਰ ਭਾਵ ਭਗਤਾਂ ਤੋਂ ਬਿਨਾਂ ਦੂਸਰੇ ਜੋ ਕਿ ਅਨੇਕਾਂ ਹੀ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਜੋ ਆਪਣੀ ਆਪਣੀ ਸਮਝ ਦੁਆਰਾ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ। **(ਹੋਰਿ ਕੇਤੇ ਗਾਵਨਿ)** ਹੋਰ ਜਿਤਨੇ ਵੀ ਗਾਉਂਣ ਵਾਲੇ ਹਨ ਭਾਵ ਸੱਚੇ ਭਗਤਾਂ ਤੋਂ ਬਿਨਾਂ ਹੋਰ ਜਿਤਨੇ ਵੀ ਆਪਣੇ ਆਪ ਨੂੰ ਪ੍ਰਮਾਤਮਾ ਦੇ ਗੁਣ ਗਾਉਂਣ ਵਾਲੇ ਸਮਝਦੇ ਹਨ ਉਹਨਾਂ ਨੂੰ ਕਿਸ ਕਰਕੇ ਪ੍ਰਮਾਤਮਾ ਦੀ ਸੱਚੀ ਭਗਤੀ ਦੀ, ਉਸਦੇ ਸੱਚੇ ਗੁਣ ਗਾਉਂਣ ਦੀ ਸਮਝ ਕਿਸ ਕਰਕੇ ਨਹੀਂ ਪੈਂਦੀ ਇਹ ਉਪਰ ਵਾਲੀ ਪੰਗਤੀ ਦੇ ਵਿੱਚ ਨਾਲ ਹੀ ਸਮਝਾਇਆ ਹੋਇਆ ਹੈ, ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥”

ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਪ੍ਰਮਾਤਮਾ

49/6766

ਦੇ ਗੁਣ ਉਹੀ ਗਾ ਸਕਦਾ ਹੈ ਜੋ ਆਪਣੇ ਚਿੱਤ ਦੇ ਵਿੱਚੋਂ ਭਾਵ ਮਨ ਦੇ ਵਿੱਚੋਂ ਪ੍ਰਮਾਤਮਾ ਨੂੰ ਦੇਖ ਲੈਂਦਾ ਹੈ ਭਾਵ ਜਿਸਦਾ ਮਨ ਦੇ ਵਿਚਾਰਾਂ ਰਾਹੀਂ, ਮਨ ਦੀ ਸਮਝ ਰਾਹੀਂ ਮਨ ਦੇ ਵਿੱਚ, ਚਿੱਤ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਅੰਦਰ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੈ ਜੋ ਗਿਆਨ ਰੂਪ ਉਸਦਾ ਆਪਣਾ ਰੂਪ ਹੈ, ਉਸਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਰਾਹੀਂ ਉਹ ਮਨ ਦੇ ਵਿੱਚ ਆਪਣੇ ਸੱਚੇ ਵਿਚਾਰ ਹੀ ਪਾਉਂਦਾ ਹੈ। ਜਿਸਨੂੰ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦੀ ਸੱਚੀ ਵਿਚਾਰ ਹੀ ਨਾ ਮਿਲੇ ਭਾਵ ਇਹ ਵਿਚਾਰ ਹੀ ਨਾ ਮਿਲੇ ਕਿ ਪ੍ਰਮਾਤਮਾ ਮੇਰੇ ਅੰਦਰ ਹੀ ਹੈ, ਉਸੇ ਰੂਪ ਵਿੱਚ ਹੀ ਉਹ ਭਾਵ ਗਿਆਨ ਰੂਪ ਵਿੱਚ ਹੀ ਉਹ ਸਭ ਦੇ ਅੰਦਰ ਹੈ ਜਿਸ ਰਾਹੀਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੈ, ਹਰ ਵਡਿਆਈ ਉਸੇ ਦੀ ਵਡਿਆਈ ਹੀ ਹੈ। **“ਸੇ ਮੈ ਚਿਤਿ ਨ ਆਵਨਿ”** ਤੋਂ ਕੀ ਭਾਵ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ, ਅਕਾਲ ਪੁਰਖ ਵਲੋਂ ਸਮਝਾ

ਰਹੇ ਹਨ ਕਿ ਭਗਤਾਂ ਤੋਂ ਬਿਨਾਂ ਹੋਰ ਜਿਤਨੇ ਵੀ ਆਪਣੇ ਵੱਲੋਂ ਮੇਰੇ ਗੁਣ ਗਾ ਰਹੇ ਹਨ ਉਹਨਾਂ ਨੂੰ ਗੁਣ ਗਾਉਂਣੇ ਇਸ ਲਈ ਨਹੀਂ ਆਉਂਦੇ ਕਿ **"ਮੈਂ"** ਉਹਨਾਂ ਦੇ ਚਿੱਤ ਵਿੱਚ ਨਹੀਂ ਆਇਆ ਭਾਵ ਉਹਨਾਂ ਦੇ ਚਿੱਤ ਵਿੱਚ ਮੇਰੇ ਨਾ ਆਉਂਣ ਕਰਕੇ ਉਹਨਾਂ ਨੂੰ ਮੇਰੇ ਗੁਣ ਗਾਉਂਣੇ ਨਹੀਂ ਆਏ ਭਾਵ ਉਹਨਾਂ ਨੂੰ ਮੇਰੀ ਸੱਚੀ ਵਡਿਆਈ ਦੀ ਸਮਝ ਹੀਂ ਨਹੀਂ ਹੈ ਜੋ ਸੱਚੀ ਸਮਝ ਮੈਂ ਆਪ ਹੀ ਪਾ ਸਕਦਾ ਹਾਂ, ਕਿਸੇ ਦੇ ਚਿੱਤ ਵਿੱਚ ਮੈਂ ਪ੍ਰਗਟ ਹੋਣ ਦੁਆਰਾ ਆਪ ਹੀ ਪਾ ਸਕਦਾ ਹਾਂ ਤੇ ਜਿਨ੍ਹਾਂ ਦੇ ਚਿੱਤ ਵਿੱਚ ਮੈਂ ਆਇਆ ਹੀ ਨਹੀਂ ਉਹ ਇਸ ਗੱਲ ਨੂੰ ਕੀ ਵਿਚਾਰਨ ਭਾਵ ਕੀ ਜਾਣ ਸਕਣ ਕਿ ਮੇਰੇ ਗੁਣ ਗਾਉਂਣੇ ਕੀ ਹਨ, ਉਸ ਅਕਾਲ ਪੁਰਖ ਦੇ ਗੁਣ ਗਾਉਂਣੇ ਕੀ ਹਨ। ਉਪਰ ਪੰਗਤੀ ਵਿੱਚ ਧੰਨ ਧੰਨ ਧੰਨ ਅਕਾਲ ਪੁਰਖ ਰੂਪ ਨਾਨਕ ਸਾਹਿਬ ਸਾਨੂੰ ਪ੍ਰਮਾਤਮਾ ਵਲੋਂ ਹੀ ਇਹ ਗੱਲ ਸਮਝਾ ਰਹੇ ਹਨ ਕਿ ਜਦ ਤਕ ਉਹ ਪ੍ਰਮਾਤਮਾ ਆਪ ਕਿਸੇ ਦੇ ਚਿੱਤ ਵਿੱਚ ਨਹੀਂ ਆਉਂਦਾ ਤਦ ਤਕ ਕਿਸੇ ਨੂੰ ਉਸਦੇ ਗੁਣ ਗਾਉਂਣੇ ਸਮਝ ਨਹੀਂ ਆ ਸਕਦੇ। **(ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥)**

49/6767

ਪ੍ਰਮਾਤਮਾ ਦੀ ਸੱਚੀ ਵਡਿਆਈ ਕਿਸ ਗੱਲ ਵਿੱਚ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਉਸਦੀ ਵਡਿਆਈ ਕਰਨ ਦੀ ਸਮਝ ਮਨ ਦੇ ਵਿੱਚ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਉਸਦੀ ਸੱਚੀ ਵਡਿਆਈ ਦੀ ਸਮਝ ਉਸਨੇ ਆਪ ਹੀ ਭਗਤਾਂ ਦੇ ਮਨ ਦੇ ਵਿੱਚ, ਗੁਰੂ ਸਾਹਿਬਾਨ ਦੇ ਮਨ ਵਿੱਚ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮਨ ਵਿੱਚ ਪ੍ਰਗਟ ਹੋ ਕੇ ਮਨ ਦੇ ਵਿਚਾਰਾਂ ਰਾਹੀਂ ਆਪ ਹੀ ਪਾਈ ਹੈ।

"ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥"

ਉਪਰ ਵਾਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਇਹੀ ਬਿਆਨ ਕੀਤਾ ਹੋਇਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਭਾਵ ਸਭ ਵਡਿਆਈ ਇਸ ਸ੍ਰਿਸ਼ਟੀ ਦੀ ਰਚਨਾ ਕਰਨ ਵਾਲੇ ਦੀ ਹੀ ਹੈ ਭਾਵ ਮਨੁੱਖ ਦੀ ਆਪਣੀ ਕਿਸੇ ਕੰਮ ਵਿੱਚ ਕੋਈ ਵਡਿਆਈ ਨਹੀਂ ਹੈ। ਪ੍ਰਮਾਤਮਾ ਦੇ ਵੱਡੇਪਨ ਨੂੰ ਜਾਣੇ ਬਿਨਾਂ ਉਸਦੀ ਕੋਈ ਵਡਿਆਈ ਕਰ ਸਕੇ ਇਹ ਮੁਮਕਿਨ ਹੀ ਨਹੀਂ ਹੈ ਜਿਵੇਂ ਕਿ ਇਹ ਗੱਲ ਅਨੇਕਾਂ ਸ਼ਬਦਾਂ ਰਾਹੀਂ, ਸਾਨੂੰ ਗੁਰਬਾਣੀ ਰਾਹੀਂ ਗੁਰੂ ਸਾਹਿਬ ਨੇ ਆਪ ਹੀ ਸਮਝਾਈ ਹੋਈ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਨ। ਅਸੀਂ ਪਿੱਛੇ ਕਾਫੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਫਿਰ ਤੋਂ ਸਮਝਦੇ ਹਾਂ ਤਾਂ ਕਿ ਸਾਡੇ ਅੰਦਰ ਪ੍ਰਮਾਤਮਾ ਦੀ ਵਡਿਆਈ ਨੂੰ ਸਮਝਣ ਵਿੱਚ ਰੱਤੀ ਭਰ ਵੀ ਭਰਮ ਨਾ ਰਹੇ। ਕੇਵਲ ਤੇ ਕੇਵਲ ਅਕਾਲ ਪੁਰਖ ਰੂਪ ਗੁਰੂ ਦੀ ਗੱਲ ਤੇ ਵਿਸ਼ਵਾਸ ਟਿਕਾਉਂਣ ਦੀ ਲੋੜ ਹੈ ਕਿ ਗੁਰੂ ਕਦੇ ਗਲਤ ਨਹੀਂ ਹੋ ਸਕਦਾ ਭਾਵ ਗੁਰੂ ਕਦੇ ਗਲਤ ਗੱਲ ਨਹੀਂ ਬੋਲ ਸਕਦਾ ਤੇ ਅਗਰ ਗਲਤ ਹਾਂ ਤਾਂ ਉਹ ਫਿਰ ਅਸੀਂ ਹੀ ਹਾਂ। ਜੇਕਰ ਭਰਮ ਵਿੱਚ ਹਾਂ ਤਾਂ ਅਸੀਂ ਹੀ ਹਾਂ ਤੇ ਗੁਰੂ ਕਦੇ ਭਰਮ ਵਿੱਚ ਨਹੀਂ ਹੋ ਸਕਦਾ। ਆਉ ਗੁਰੂ ਦੀ ਗੱਲ ਤੇ ਪੂਰਨ ਵਿਸ਼ਵਾਸ ਕਰਕੇ ਹੇਠ ਦਿੱਤੇ ਸ਼ਬਦ ਨੂੰ ਫਿਰ ਤੋਂ ਸਮਝੀਏ ਜਿਸ ਸ਼ਬਦ ਨੂੰ ਹਰ ਕੋਈ ਬੜੀ ਆਸਾਨੀ ਨਾਲ ਸਮਝ ਸਕਦਾ ਹੈ ਤੇ ਕੇਵਲ ਤੇ ਕੇਵਲ ਗੁਰੂ ਦੀ ਗੱਲ ਨੂੰ ਮੰਨਣ ਦੀ ਲੋੜ ਹੈ ਕਿ ਪ੍ਰਮਾਤਮਾ ਦੀ ਸੱਚੀ ਵਡਿਆਈ ਕਿਸ ਤਰੀਕੇ ਹੋ ਸਕਦੀ ਹੈ ਤੇ ਅਸੀਂ ਕਰਦੇ ਕਿਸ ਤਰੀਕੇ ਹਾਂ ਭਾਵ ਸਾਡੀ ਨਾਸਮਝ ਮਤਿ ਦਾ, ਸਾਡੀ ਭਰਮਾਂ ਵਾਲੀ ਸਮਝ ਦਾ, ਸਾਡੀ ਤ੍ਰੈ ਗੁਣਾਂ ਵਾਲੀ ਸਮਝ ਦਾ, ਸਾਡੀ ਹਉਮੈ ਵਾਲੀ ਸਮਝ ਦਾ, ਮਾਇਆ ਦੀ ਜੁਗਤਿ ਵਾਲੀ ਸਮਝ ਦਾ ਖੰਡਨ ਹੀ ਕੀਤਾ ਹੋਇਆ ਹੈ ਜੋ ਸਾਡੇ ਅੰਦਰ ਦੀ ਸਮਝ ਸਾਨੂੰ ਭਰਮਾਂ ਵਿੱਚ ਪਾ ਕੇ ਗੁਰਮਤਿ ਵਾਲੀ ਸਮਝ ਦੇ ਉਲਟ ਚਲਾਉਂਦੀ ਹੈ ਜਿਸ ਨਾਸਮਝ ਮਤਿ ਨੂੰ ਛੱਡੇ ਬਿਨਾਂ

49/6768

ਗੁਰੂ ਦੀ ਭਰਮਾਂ ਤੋਂ ਰਹਿਤ ਵਾਲੀ ਸਮਝ ਭਾਵ ਸੱਚੇ ਗਿਆਨ ਵਾਲੀ ਸਮਝ ਨੂੰ ਮੰਨਿਆ ਹੀ ਨਹੀਂ ਜਾ ਸਕਦਾ। ਆਉ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਗੁਰੂ ਦੀ ਸੱਚੀ ਸਮਝ ਦੇ ਨਾਲ ਜੁੜ ਕੇ ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਫਿਰ ਤੋਂ ਜਾਣੀਏ ਕਿ ਪ੍ਰਮਾਤਮਾ ਦੀ ਸੱਚੀ ਵਡਿਆਈ ਕਿਸ ਤਰੀਕੇ ਹੁੰਦੀ ਹੈ ਭਾਵ ਉਸਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਪ੍ਰਮਾਤਮਾ ਨੂੰ ਕਿਸ ਤਰੀਕੇ

ਵਡਿਆਇਆ ਹੈ।

“ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥”

(ਅੰਗ ੯)

ਉਪਰ ਵਾਲੇ ਸਾਰੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਕਈ ਵਾਰੀ ਪ੍ਰਮਾਣ ਦੇਣ ਦੇ ਰੂਪ ਵਿੱਚ ਵੀ ਸਮਝਿਆ ਹੈ ਕਿ ਪ੍ਰਮਾਤਮਾ ਦੇ ਗੁਣ ਪ੍ਰਮਾਤਮਾ ਨੂੰ ਜਾਣੇ ਬਿਨਾਂ ਭਾਵ ਉਸਦੇ ਵੱਡੇਪਨ ਦੀ ਵਡਿਆਈ ਪ੍ਰਮਾਤਮਾ ਨੂੰ ਵੇਖੇ ਬਿਨਾਂ ਨਹੀਂ ਕੀਤੀ ਜਾ ਸਕਦੀ। ਪ੍ਰਮਾਤਮਾ ਦੇ ਵੱਡੇਪਨ ਨੂੰ ਜਾਨਣ ਦੀ ਕੀਮਤ ਬਹੁਤ ਉੱਚੀ ਹੈ ਜੋ ਕੀਮਤ ਚੁਕਾਉਂਣੀ ਬਹੁਤ ਔਖੀ ਹੈ ਜਿਵੇਂ ਕਿ ਸ਼ਬਦਾਂ ਦੁਆਰਾ ਅਸੀਂ ਸਮਝਿਆ ਹੀ ਹੈ। ਪ੍ਰਮਾਤਮਾ ਨੂੰ ਪਾਉਂਣ ਦੀ ਕੀਮਤ ਚੁਕਾਉਂਣ ਦਾ ਤਰੀਕਾ ਗੁਰੂ ਦੇ ਬਚਨਾਂ ਨੂੰ ਭਾਵ ਗੁਰੂ ਦੀ ਸਮਝਾਈ ਹੋਈ ਸੱਚੀ ਸਿੱਖਿਆ ਨੂੰ ਪੂਰਨ ਰੂਪ ਵਿੱਚ ਮੰਨਣ ਦਾ ਹੈ ਭਾਵ ਅਸੀਂ ਆਪਣੇ ਜੀਵਨ ਵਿੱਚ ਉਹੀ ਕੁਝ ਕਰੀਏ ਜੋ ਗੁਰੂ ਸਮਝਾਉਂਦਾ ਹੈ ਭਾਵ ਹਰ ਅਉਗੁਣ ਛੱਡ ਕੇ ਗੁਰੂ ਦੇ ਸਮਝਾਏ ਹੋਏ ਗੁਣਾਂ ਦੁਆਰਾ ਵਿਚਰੀਏ। ਕੀਮਤ ਚੁਕਾਉਂਣੀ ਤਾਂ ਬਹੁਤ ਔਖੀ ਹੈ ਪਰ ਜਿਸ ਤਰੀਕੇ ਅਸੀਂ ਕੀਮਤ ਚੁਕਾਉਂਣੀ ਸਮਝਦੇ ਹਾਂ ਭਾਵ ਸਮਾਧੀਆਂ ਲਗਾ ਕੇ ਕੋਈ ਜਪ ਤਪ ਕਰੀ ਜਾਂਦੇ ਹਨ ਉਹਨਾਂ ਨਾਲ ਗੁਰੂ ਪ੍ਰਮਾਤਮਾ ਦੀ ਤਾਂ ਕੋਈ ਵਡਿਆਈ ਨਹੀਂ ਹੁੰਦੀ ਪਰ ਸਮਾਧੀਆਂ ਲਗਾਉਂਣ ਵਾਲਿਆਂ ਨੂੰ ਤੇ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਵਾਲਿਆਂ ਨੂੰ ਵਡਿਆਈਆਂ ਜਰੂਰ ਮਿਲਣ ਲੱਗ ਪੈਂਦੀਆਂ ਹਨ ਜੋ ਵਡਿਆਈਆਂ ਸਾਨੂੰ ਗਿਆਨੀ, ਧਿਆਨੀ ਆਦਿ ਅਖਵਾਉਂਣ ਨਾਲ ਮਿਲਦੀਆਂ ਹਨ, ਗੁਰੂ ਵਰਗੀਆਂ ਉੱਚੀਆਂ ਗੱਲਾਂ ਕਰਨ ਦੁਆਰਾ ਮਿਲਦੀਆਂ ਹਨ, ਗੁਰੂ ਤੋਂ ਵੀ ਵੱਧ ਕੇ, ਉੱਚੀਆਂ ਗੱਲਾਂ ਕਰਨ ਦੁਆਰਾ ਮਿਲਦੀਆਂ ਹਨ। ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਕਹਿਣ ਵਾਲੇ ਭਾਵ ਪ੍ਰਮਾਤਮਾ ਦੇ ਗੁਣ ਗਾਉਂਣ ਵਾਲੇ ਭਾਵ ਉਸਦੀ ਵਡਿਆਈ ਨੂੰ ਸਮਝਣ ਵਾਲੇ, ਜਾਨਣ ਵਾਲੇ ਉਹੀ ਹੁੰਦੇ ਹਨ ਜੋ ਪ੍ਰਮਾਤਮਾ ਵਿੱਚ ਸਮਾਏ ਹੁੰਦੇ ਹਨ ਭਾਵ ਜਿਨ੍ਹਾਂ ਦਾ ਉਸਦੇ ਨਾਲ ਮਨ ਦੀ ਉੱਚੀ ਸਮਝ ਰਾਹੀਂ ਮੇਲ ਹੋਇਆ ਹੁੰਦਾ ਹੈ ਭਾਵ ਜਿਨ੍ਹਾਂ ਦੀ ਮਨਮਤਿ ਵਾਲੀ ਸਮਝ ਗੁਰਮਤਿ

ਵਾਲੀ ਸਮਝ ਵਿੱਚ ਸਮਾਈ ਹੁੰਦੀ ਹੈ, ਜਿਨ੍ਹਾਂ ਦੀ ਹਉਮੈ ਵਾਲੀ ਸਮਝ ਨਾਮ ਵਾਲੀ ਸਮਝ ਵਿੱਚ ਸਮਾਈ ਹੁੰਦੀ ਹੈ, ਜਿਨ੍ਹਾਂ ਦੀ ਤ੍ਰੈ ਗੁਣਾਂ ਵਾਲੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਸਮਾਈ ਹੁੰਦੀ ਹੈ ਭਾਵ ਜਿਨ੍ਹਾਂ ਦੀ ਸੁਰਤਿ ਦੇ ਵਿਚਾਰ ਸ਼ਬਦਾਂ ਦੀ ਵਿਚਾਰ ਦੇ ਵਿੱਚ ਸਮਾ ਜਾਂਦੇ ਹਨ ਭਾਵ ਮਨੁੱਖ ਦੀ ਨਾਸਮਝ ਮਤਿ ਗੁਰੂ ਦੀ ਸੱਚੀ ਸਮਝ ਦੇ ਵਿੱਚ ਸਮਾ ਜਾਂਦੀ ਹੈ ਭਾਵ ਉਸਦੇ ਨਾਲ ਇੱਕ ਹੋ ਕੇ ਉਸੇ ਦਾ ਰੂਪ ਬਣ ਜਾਂਦੀ ਹੈ ਜਿਵੇਂ ਕਿ ਭਗਤਾਂ ਦੀ, ਗੁਰੂ ਸਾਹਿਬਾਨ ਦੀ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਸਮਝ ਗੁਰੂ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਸਮਝ ਦੇ ਨਾਲ ਰੱਲ ਕੇ ਇੱਕੋ ਜਿਹੀ ਹੋ ਗਈ ਹੈ ਤੇ ਉਹਨਾਂ ਸਭ ਨੇ ਇਸੇ ਲਈ ਪੂਰੀ ਗੁਰਬਾਣੀ ਦੇ ਵਿੱਚ ਇੱਕੋ ਜਿਹੀ ਸਮਝ ਹੀ ਪਾਈ ਹੈ, ਪ੍ਰਮਾਤਮਾ ਦੀ ਇੱਕੋ ਜਿਹੀ ਵਡਿਆਈ ਹੀ ਸਮਝਾਈ ਹੈ, ਪ੍ਰਮਾਤਮਾ ਦੇ ਇੱਕੋ ਜਿਹੇ ਗੁਣ ਹੀ ਗਾਏ ਹਨ, ਸਾਰੇ ਸੰਸਾਰ ਨੂੰ ਇੱਕੋ ਜਿਹੀ ਗੁਰਮਤਿ ਹੀ ਸਮਝਾਈ ਹੈ, ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਇਆ ਹੈ, ਇੱਕੋ ਜਿਹੇ ਸੱਚ ਤੇ ਚੱਲਣਾ ਹੀ ਸਮਝਾਇਆ ਹੋਇਆ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਇਆ ਹੈ ਤੇ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਰੂਪ ਹੀ ਸਮਝਾਇਆ ਹੋਇਆ ਹੈ ਤੇ ਸਾਰੇ ਸੰਸਾਰ ਨੂੰ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਂਣ ਦਾ ਤਰੀਕਾ ਵੀ ਇੱਕੋ ਜਿਹਾ ਹੀ ਸਮਝਾਇਆ ਹੈ ਭਾਵ ਜਿਨ੍ਹਾਂ ਜਿਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਹਨਾਂ ਨੇ ਅਕਾਲ

ਪੁਰਖ ਦੀ ਦਿੱਤੀ ਹੋਈ, ਸਮਝਾਈ ਹੋਈ ਮਤਿ ਦੇ ਨਾਲ ਇੱਕ ਹੋ ਕੇ ਸਾਰੇ ਸੰਸਾਰ ਨੂੰ ਉਸ ਸ੍ਰਿਸ਼ਠੀ ਦੇ ਕਰਤੇ ਦੀ ਇੱਕੋ ਜਿਹੀ ਵਡਿਆਈ ਕਰਨੀ ਹੀ ਸਮਝਾਈ ਹੈ ਜੋ ਹਰ ਵਡਿਆਈ ਦਾ ਸੱਚਾ ਮਾਲਕ ਹੈ। ਕੋਈ ਵੀ ਮਨੁੱਖੀ ਰੂਪ ਭਾਵੇਂ ਕੋਈ ਧਾਰਮਿਕ ਵਡਿਆਈ ਹੋਵੇ, ਭਾਵੇਂ ਕੋਈ ਹੋਰ ਦੁਨਿਆਵੀ ਵਡਿਆਈ ਹੋਵੇ ਉਹ ਵਡਿਆਈ ਉਹ ਤਾਂ ਹੀ ਲੈ ਸਕਦਾ ਹੈ, ਤਦ ਤਕ ਹੀ ਲੈ ਸਕਦਾ ਹੈ ਜਦ ਤਕ ਉਸਨੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣਿਆ, ਉਸਦੇ ਵੱਡੇਪਨ ਨੂੰ ਨਹੀਂ ਜਾਣਿਆ ਭਾਵ ਉਸ ਵੱਡੇ ਨੂੰ ਆਪਣੇ ਅੰਦਰੋਂ ਨਹੀਂ ਡਿੱਠਿਆ ਭਾਵ ਨਹੀਂ ਦੇਖਿਆ, ਮਨ ਦੀ ਸਮਝ ਰਾਹੀਂ ਨਹੀਂ ਜਾਣਿਆ। ਵਡਿਆਈਆਂ ਲੈਣ ਵਾਲਿਆਂ ਨਾਲ ਤਾਂ ਸੰਸਾਰ ਭਰਿਆ ਪਿਆ ਹੈ ਤੇ ਵਡਿਆਈਆਂ ਦੇਣ ਵਾਲਿਆਂ ਨਾਲ ਵੀ ਭਰਿਆ ਪਿਆ ਹੈ। ਇਹ ਸੰਸਾਰਿਕ ਵਡਿਆਈਆਂ ਲਏ ਬਿਨਾਂ ਤੇ ਦਿੱਤੇ ਬਿਨਾਂ ਇਸ ਸੰਸਾਰ ਦੀ ਖੇਡ ਹੀ ਨਹੀਂ ਚੱਲ ਸਕਦੀ, ਇਸ ਸੰਸਾਰ ਦੇ ਕਾਰ ਵਿਹਾਰ ਹੀ ਨਹੀਂ ਚੱਲ ਸਕਦੇ। ਵਡਿਆਈਆਂ ਲੈਣ ਦੇਣ ਦਾ ਲੋਭ ਮੋਹ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਪਾਇਆ ਹੋਇਆ ਹੈ ਕਿਉਂਕਿ ਵਡਿਆਈਆਂ ਦੇ ਮੋਹ ਨਾਲ ਹੀ ਮਨੁੱਖ ਨੂੰ ਉਤਸਾਹ ਮਿਲਦਾ ਹੈ ਤੇ ਉਹ ਹੋਰ ਉੱਚਾ ਕੰਮ ਕਰਨ ਦਾ ਉਪਰਾਲਾ ਕਰਦਾ ਹੈ। ਜਿਵੇਂ ਕਿ ਜਿਤਨਾ ਕੋਈ ਡਾਕਟਰ

ਸਿਆਣਾ ਹੁੰਦਾ ਹੈ ਉਸਨੂੰ ਉਤਨੀ ਜਿਆਦਾ ਵਡਿਆਈ ਮਿਲਦੀ ਹੈ ਜਿਨ੍ਹਾਂ ਵਡਿਆਈਆਂ ਨਾਲ ਉਸਦੀ ਆਪਣੀ ਡਾਕਟਰੀ ਵਿੱਚ, ਆਪਣੀ ਡਾਕਟਰੀ ਵਾਲੀ ਸਮਝ ਨੂੰ ਅੱਗੇ ਵਧਾਉਂਣ ਵਿੱਚ ਉਤਸਾਹ ਮਿਲਦਾ ਹੈ ਜਿਸ ਦੁਆਰਾ ਉਹ ਮਨੁੱਖਤਾ ਦੇ ਭਲੇ ਲਈ ਹੋਰ ਚੰਗਾ ਬਣਦਾ ਹੈ। ਇਸੇ ਤਰ੍ਹਾਂ ਇੰਜੀਨੀਅਰ ਹਨ ਜੋ ਮਨੁੱਖਤਾ ਦੀ ਭਲਾਈ ਲਈ ਹੀ ਕੰਮ ਕਰਦੇ ਹਨ, ਸਾਇੰਟੀਸਟ ਹਨ, ਅਧਿਆਪਕ ਹਨ ਤੇ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਹਨ ਜਿਨ੍ਹਾਂ ਨੂੰ ਅਗਰ ਚੰਗੇ ਕੰਮ ਲਈ ਵਡਿਆਇਆ ਜਾਏ ਤਾਂ ਉਹਨਾਂ ਦਾ ਹੋਰ ਚੰਗੇ ਕਰਮ ਕਰਨ ਦਾ ਉਤਸਾਹ ਵੱਧਦਾ ਹੈ। ਚੰਗੇ ਕੰਮ ਲਈ ਕਿਸੇ ਨੂੰ ਵਡਿਆਉਂਣਾ ਜਾਂ ਵਡਿਆਈ ਲੈਣਾ ਮਾੜੀ ਗੱਲ ਨਹੀਂ ਹੈ ਪਰ ਉਸ ਵਡਿਆਈ ਦਾ ਨਾਜਾਇਜ ਫਾਇਦਾ ਚੁੱਕਣਾ ਗਲਤ ਹੈ, ਉਸਦੇ ਨਾਲ ਮਾਇਆ ਮੋਹ ਵਿੱਚ ਫੱਸਣਾ ਗਲਤ ਹੈ, ਉਸ ਕਮਾਈ ਹੋਈ ਮਾਇਆ ਨੂੰ ਕਿਸੇ ਮਾੜੇ ਕਰਮ ਕਰਨ ਲਈ ਵਰਤਣਾ ਗਲਤ ਹੈ। ਅਗਰ ਧਿਆਨ ਨਾਲ ਸੋਚੋਗੇ ਤਾਂ ਇਹ ਉੱਚੀਆਂ ਵਡਿਆਈਆਂ ਮਨ ਦੇ ਵਿੱਚ ਉੱਚੀ ਸਮਝ ਪੈਣ ਦੁਆਰਾ ਹੀ ਮਿਲਦੀਆਂ ਹਨ ਭਾਵ ਸਾਨੂੰ ਵਡਿਆਈਆਂ ਮਿਲਣ ਦਾ ਮੂਲ ਸਾਡੇ ਅੰਦਰ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ, ਮਨ ਦੇ ਗਿਆਨ ਦੇ ਨਾਲ ਜੁੜਿਆ ਹੋਇਆ ਹੈ। ਕੁਝ ਵੀ ਕਰਨ ਲਈ ਸਮਝਣ ਲਈ ਗਿਆਨ ਦੀ ਹੀ ਲੋੜ ਹੁੰਦੀ ਹੈ। ਮਨ ਦੇ ਅੰਦਰ ਸਾਡੀ ਨਾਸਮਝੀ ਸਾਨੂੰ ਮਾੜੇ ਪਾਸੇ ਤੋਰਦੀ ਹੈ, ਗਲਤ ਪਾਸੇ ਤੋਰਦੀ ਹੈ ਤੇ ਮਨ ਦੇ ਵਿੱਚ ਚੰਗੀ ਸਮਝ, ਉੱਚੀ ਸਮਝ ਸਾਨੂੰ ਚੰਗੇ ਪਾਸੇ ਤੋਰਦੀ ਹੈ। ਮਨੁੱਖ ਨੂੰ ਜੋ ਵੀ ਵਡਿਆਈ ਮਿਲਦੀ ਹੈ ਉਹ ਉਸਨੂੰ ਉਸਦੀ ਚੰਗੀ ਸਮਝ ਦੁਆਰਾ ਮਿਲਦੀ ਹੈ ਜਿਸ ਚੰਗੀ ਸਮਝ ਦੁਆਰਾ ਉਹ ਚੰਗੇ ਕਰਮ ਹੀ ਕਰਦਾ ਹੈ। ਸਾਡੇ ਅੰਦਰ ਦੀ ਸਮਝ ਦਾ ਮੂਲ ਇੱਕੋ ਇੱਕ ਆਪ ਪ੍ਰਮਾਤਮਾ ਹੈ ਜਿਸ ਗਿਆਨ ਦੇ ਮੂਲ ਨੂੰ ਜਾਣੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਹਰ ਵਡਿਆਈ ਦੇ ਪਿੱਛੇ ਆਪ ਪ੍ਰਮਾਤਮਾ ਹੀ ਹੈ ਭਾਵੇਂ ਕਿਸੇ ਨੂੰ ਉਹ ਵਡਿਆਈ ਦਿਵਾਵੇ ਤੇ ਭਾਵੇਂ ਕਿਸੇ ਨੂੰ ਮਾੜਾ ਬਣਾਵੇ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ। ਆਪਣੀ ਉੱਚੀ ਸਮਝ ਕਰਕੇ ਜੋ ਵਡਿਆਈਆਂ ਲੈਂਦੇ ਹਨ ਉਹ ਤਦ ਤਕ ਹੀ ਵਡਿਆਈ ਲੈ ਸਕਦੇ ਹਨ ਜਦ ਤਕ ਉਹ ਸਮਝ ਦੇ ਮਾਲਕ ਨੂੰ ਨਹੀਂ ਜਾਣਦੇ। ਧਰਮ ਦੇ ਮਾਰਗ ਦੀਆਂ ਵਡਿਆਈਆਂ ਵੀ ਉਹੀ ਲੈ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਉਸ ਵੱਡੇ ਨੂੰ ਨਹੀਂ ਜਾਣਿਆ, ਹਰ ਵਡਿਆਈ ਦੇ ਮਾਲਕ ਨੂੰ ਨਹੀਂ ਜਾਣਿਆ। **(ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥)**

ਗੁਰੂ ਦੀ ਇਸ ਗੱਲ ਨੂੰ ਸਪਸ਼ਟ ਕਰਕੇ ਜਾਣੋ, ਸੱਚ ਕਰਕੇ ਮੰਨੋ ਕਿ ਜਦ ਤਕ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਜਾਂਦੀ ਕਿ ਪੂਰੀ ਸ੍ਰਿਸ਼ਟੀ ਵਿੱਚ

ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਹੈ ਭਾਵ ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ, ਇਸ ਗੱਲ ਨੂੰ ਮੰਨੇ ਬਿਨਾਂ ਕੋਈ ਪ੍ਰਮਾਤਮਾ ਦੇ ਗੁਣ ਗਾ ਹੀ ਨਹੀਂ ਸਕਦਾ ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਦੀ ਵਡਿਆਈ ਜਾਂ ਨਾਮ ਦੀ ਵਡਿਆਈ ਇੱਕੋ ਹੀ ਗੱਲ ਹੈ। ਜਿਵੇਂ ਕਿ ਪਿਛਲੇ

ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਨੂੰ ਜਾਣੇ ਬਿਨਾਂ ਪ੍ਰਮਾਤਮਾ ਦੀ ਤਿੱਲ ਜਿੰਨੀ ਵਡਿਆਈ ਨਹੀਂ ਕੀਤੀ ਜਾ ਸਕਦੀ, ਉਹੀ ਗੱਲ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਇਹ ਕਹਿ ਕੇ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਨੂੰ ਜਾਣੇ ਬਿਨਾਂ ਭਾਵ ਇਸ ਗੱਲ ਨੂੰ ਸਮਝੇ ਬਿਨਾਂ ਕਿ ਪ੍ਰਮਾਤਮਾ ਤੋਂ ਬਿਨਾਂ ਕੋਈ ਵੀ ਹੋਰ ਨਹੀਂ ਹੈ ਫਿਰ ਸੱਚੇ ਨਾਮ ਦੀ ਵਡਿਆਈ ਵੀ ਇੱਕ ਤਿੱਲ ਜਿੰਨੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਜੋ ਨਾਮ ਹੈ ਉਸੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਧਿਆਨ ਨਾਲ ਸਮਝੋ, ਗੁਰੂ ਦੀ ਮਤਿ ਤੇ ਵਿਸ਼ਵਾਸ ਕਰਕੇ ਮੰਨੋ।

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥
ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥
ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਵਿਸਥਾਰ ਵਿੱਚ ਸਮਝ ਹੀ ਚੁੱਕੇ ਹਾਂ ਤੇ ਗੁਰੂ ਦੀ ਗੱਲ ਨੂੰ ਸਮਝਣ ਲਈ ਕੇਵਲ ਤੇ ਕੇਵਲ ਗੁਰੂ ਦੀ ਸਮਝ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਉਹਨਾਂ ਦੀ ਸਮਝ ਨਾਲੋਂ ਟੁੱਟਣ ਦੀ ਲੋੜ ਹੈ ਭਾਵ ਉਹਨਾਂ ਦੀ ਸਮਝ ਨੂੰ ਛੱਡਣ ਦੀ ਲੋੜ ਹੈ ਜਿਨ੍ਹਾਂ ਨੂੰ ਅਸੀਂ ਆਪਣੀ ਨਾਸਮਝੀ ਕਰਕੇ ਗੁਰੂ ਦੀ ਸਮਝ ਨਾਲੋਂ ਉੱਚੀ ਸਮਝ ਵਾਲੇ ਮੰਨਿਆ ਹੋਇਆ ਹੈ ਤੇ ਉਹਨਾਂ ਦੀ ਮਤਿ ਦੇ ਪਿੱਛੇ ਲੱਗ ਕੇ ਪ੍ਰਮਾਤਮਾ ਦਾ ਨਾਮ ਜਪਣ ਲਈ, ਉਸਦੇ ਗੁਣ ਗਾਉਂਣ ਲਈ, ਉਸਦੀ ਵਡਿਆਈ ਕਰਨ ਲਈ ਗੁਰਮਤਿ ਤੋਂ ਉਲਟ ਮਾਰਗ ਤੇ ਚੱਲਦੇ ਹਾਂ। ਜਿਨ੍ਹਾਂ ਇਹੋ ਜਿਹਿਆਂ ਨੂੰ ਅਸੀਂ ਭਰਮ ਦੇ ਵਿੱਚ ਹੀ ਧਰਮ ਦੇ ਵੱਡੇ ਵਿਦਵਾਨ ਮੰਨਿਆ ਹੋਇਆ ਹੈ, ਸੰਤ ਸਾਧ, ਬ੍ਰਹਮ ਗਿਆਨੀ, ਧਰਮ ਦੇ ਵੱਡੇ ਗਿਆਤਾ ਮੰਨਿਆ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਉਹਨਾਂ ਸਭ ਦੇ ਚਰਨਾਂ ਵਿੱਚ ਨਿਮਾਣੇ ਦਾਸ ਦੀ ਫਿਰ ਤੋਂ ਤਹਿ ਦਿਲੋਂ ਬੇਨਤੀ ਹੈ ਕਿ ਪਹਿਲੇ ਆਪ ਭਰਮਾਂ ਵਿੱਚੋਂ ਨਿਕਲੋ ਫਿਰ ਦੂਸਰਿਆਂ ਨੂੰ ਭਰਮਾਂ ਵਿੱਚ ਨਾ ਪਾਵੋ ਭਾਵ ਆਪ ਵੀ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਮਾੜੇ ਨਾ ਬਣੋ ਤੇ ਦੂਸਰਿਆਂ ਨੂੰ ਵੀ ਮਾੜੇ ਬਨਾਉਂਣ ਤੋਂ ਬਚੋ ਭਾਵ ਨਾ ਆਪ ਗੁਰੂ ਪ੍ਰਮਾਤਮਾ ਦੀਆਂ ਸਜਾਵਾਂ ਦੇ ਪਾਤਰ ਬਣੋ ਤੇ ਨਾ ਹੀ ਦੂਸਰਿਆਂ ਨੂੰ ਪ੍ਰਮਾਤਮਾ ਦੀਆਂ ਸਜਾਵਾਂ ਦੇ ਪਾਤਰ ਬਣਾਵੋ। ਇਹ ਸਭ ਕੁਝ ਗੁਰਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਵਿਸਤਾਰ

ਨਾਲ ਸਮਝਾਇਆ ਹੋਇਆ ਹੈ, ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਵੀ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਰਾਹੀਂ ਵੀ ਸਮਝਾਂਗੇ। ਝੂਠੀ ਵਡਿਆਈ ਸਾਨੂੰ ਪ੍ਰਮਾਤਮਾ ਦੇ ਦਰ ਤੇ ਮਾੜਾ ਹੀ ਬਣਾਉਂਦੀ ਹੈ। ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਤੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਉਪਰ ਵਾਲੇ ਇਹਨਾਂ ਸ਼ਬਦਾਂ ਨੂੰ ਤੇ ਇਹਨਾਂ ਨਾਲ ਮਿਲਦੇ ਜੁਲਦੇ ਹੋਰ ਵੀ ਕਈ ਸ਼ਬਦਾਂ ਰਾਹੀਂ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੈ ਕਿ ਧਰਮ ਦੇ ਸੱਚੇ ਮਾਰਗ ਦੀ ਸਮਝ ਬਿਨਾਂ, ਨਾਮ ਦੀ ਸਮਝ ਬਿਨਾਂ ਧਾਰਮਿਕ ਵਡਿਆਈਆਂ ਲੈਣੀਆਂ ਕਿਤਨੀਆਂ ਕੂ ਮਾੜੀਆਂ ਹਨ ਜਿਨ੍ਹਾਂ ਝੂਠੀਆਂ ਵਡਿਆਈਆਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਭਾਵ ਸਾਨੂੰ ਇਹ ਝੂਠੀਆਂ ਵਡਿਆਈਆਂ ਲੈਣ ਤੋਂ ਬੱਚਣ ਲਈ ਸਮਝਾਇਆ ਹੋਇਆ ਹੈ। ਉਪਰ ਵਾਲੇ ਪਹਿਲੇ ਸ਼ਬਦ ਵਿੱਚ ਧਰਮ ਦੇ ਮਾਰਗ ਦੀ ਉੱਚੀ ਵਡਿਆਈ ਲੈਣ ਦੀ ਤੁਲਨਾ ਭਾਵ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਗਿਆਨਵਾਨ ਅਖਵਾਉਂਣ ਵਾਲੇ ਦੀ ਤੁਲਨਾ ਇੱਕ ਚੂਹੇ ਦੇ ਨਾਲ ਕਰਕੇ ਸਮਝਾਈ ਹੋਈ ਹੈ। ਚੂਹੇ ਦੀ ਕੋਈ ਵਡਿਆਈ ਨਹੀਂ ਕਰਦਾ ਪਰ ਜਦੋਂ ਕੋਈ ਚੂਹੇ ਦੇ ਲੱਕ ਤੇ ਛੱਜ ਬੰਨ ਦੇਵੇ ਉਹ ਫਿਰ ਸਭ ਤੋਂ ਵੱਖਰਾ ਲੱਗਣ ਲੱਗ ਜਾਂਦਾ ਹੈ, ਚੂਹਿਆਂ ਦਾ ਚੌਧਰੀ ਲੱਗਣ ਲੱਗ ਜਾਂਦਾ ਹੈ ਭਾਵ ਉਸਦੀ ਇੱਜਤ ਬਣ ਜਾਂਦੀ ਹੈ। ਲੇਕਿਨ ਇਹੋ ਜਿਹੇ ਚੂਹੇ ਦਾ ਫਿਰ ਕੀ ਹਾਲ ਹੁੰਦਾ ਹੈ ਇਸ ਗੱਲ ਦੀ ਉਸਨੂੰ ਸਮਝ ਨਹੀਂ ਹੁੰਦੀ। ਚੂਹੇ ਤੇ ਕੋਈ ਵੀ ਹਮਲਾ ਕਰਕੇ ਉਸਨੂੰ ਮਾਰ ਸਕਦਾ ਹੈ ਭਾਵੇਂ ਕੋਈ ਇੱਲ ਚੁੱਕ ਕੇ ਲੈ ਜਾਵੇ, ਭਾਵੇਂ ਬਿੱਲੀ ਖਾ ਜਾਵੇ ਜਾਂ ਕੋਈ ਹੋਰ ਉਸਨੂੰ ਮਾਰ ਦੇਵੇ ਪਰ ਚੂਹੇ ਕੋਲ ਭੱਜਣ ਦਾ ਕੋਈ ਸਾਧਨ ਨਹੀਂ ਰਹਿੰਦਾ। ਚੂਹਾ ਖੁੱਡ ਵਿੱਚ ਵੜਕੇ ਆਪਣੀ ਜਾਨ ਬਚਾਉਂਦਾ ਹੈ ਤੇ ਜਦੋਂ ਚੂਹੇ ਦੇ ਲੱਕ ਤੇ ਭਾਵ ਕਮਰ ਤੇ ਛੱਜ ਬੱਝਾ ਹੋਵੇ ਫਿਰ ਉਹ ਨਾ ਭੱਜਣ ਜੋਗਾ ਰਹਿੰਦਾ ਹੈ, ਨਾ ਖੁੱਡ ਵਿੱਚ ਵੜਨ ਜੋਗਾ ਰਹਿੰਦਾ ਹੈ ਭਾਵ ਫਿਰ ਉਹ ਆਪਣਾ ਬਚਾ ਨਹੀਂ ਕਰ ਸਕਦਾ। ਉਪਰ ਸ਼ਬਦ ਰਾਹੀਂ ਸਮਝਾਇਆ

ਸਾਨੂੰ ਇਹ ਹੈ ਕਿ ਧਰਮ ਦੇ ਮਾਰਗ ਦੀਆਂ ਝੂਠੀਆਂ ਵਡਿਆਈਆਂ ਲੈਣ ਵਾਲੇ ਆਪਣੇ ਆਪ ਨੂੰ ਪ੍ਰਮਾਤਮਾ ਦੀਆਂ ਸਜਾਵਾਂ ਤੋਂ ਨਹੀਂ ਬੱਚ ਸਕਦੇ ਜੋ ਪ੍ਰਮਾਤਮਾ ਦੀਆਂ ਸਜਾਵਾਂ ਮਨ ਦੀ ਸਮਝ ਰਾਹੀਂ ਮਨੁੱਖ ਨੂੰ ਅਨੇਕਾਂ ਦੁੱਖਾਂ ਵਿੱਚ ਪਾਉਂਦੀਆਂ ਹਨ, ਸਜਾਵਾਂ ਵਿੱਚ ਪਾਉਂਦੀਆਂ ਹਨ ਜਿਸਦੀ ਮਨੁੱਖ ਨੂੰ ਸਮਝ ਨਹੀਂ ਹੁੰਦੀ। ਦਾਸ ਦੀ ਬਾਰ-ਬਾਰ ਬੇਨਤੀ ਹੈ ਕਿ ਝੂਠੀਆਂ ਧਾਰਮਿਕ ਵਡਿਆਈਆਂ ਲੈਣ ਤੋਂ ਬਚੋ, ਧਰਮ ਦੇ ਮਾਰਗ ਦੀ ਸੱਚੀ ਵਡਿਆਈ ਕੇਵਲ ਗੁਰੂ ਦੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। **{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥ ਦੇਨਿ੍ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥ ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥ ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}** ਅੰਗ ੧੨੮੬

ਸੱਚੀ ਵਡਿਆਈ ਉਸੇ ਦੀ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਦੀ ਸੱਚੀ ਵਡਿਆਈ ਦੀ ਸਮਝ ਹੈ ਕਿਉਂਕਿ ਉਹਨਾਂ ਨੂੰ ਆਪਣੀ ਵਡਿਆਈ ਕਰਨੀ ਪ੍ਰਮਾਤਮਾ ਨੇ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਸਿਖਾਈ ਹੈ। ਸੱਚੀ ਵਡਿਆਈ ਕੇਵਲ ਤੇ ਕੇਵਲ ਗੁਰੂ ਦੀ ਹੈ ਤੇ ਗੁਰੂ ਇਹ ਦੇਹ ਨਹੀਂ ਹੁੰਦੀ, ਗੁਰੂ ਸ਼ਬਦ ਰੂਪ ਹੈ ਤੇ ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਇਸ ਦੇਹ ਨੂੰ ਉੱਚਾ ਨਹੀਂ ਆਖਿਆ, ਸ਼ਬਦ ਨੂੰ ਉੱਚਾ ਆਖਿਆ ਹੈ ਜੋ ਸ਼ਬਦ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ, ਜੋ ਸ਼ਬਦ ਰੂਪ ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੈ ਜਿਸ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਗੁਰੂ ਹੈ ਜੋ ਕਿ ਉਸਦਾ ਨਾਮ ਰੂਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਆਪਣੇ ਆਕਾਰ ਰੂਪ ਦੀ ਰਚਨਾ ਕੀਤੀ ਹੈ। ਸ਼ਬਦਾਂ ਦੇ ਅੱਖਰ ਦੀ ਜੋ ਬਨਾਵਟ ਹੈ ਉਹ ਸ਼ਬਦਾਂ ਦਾ ਆਕਾਰ ਰੂਪ ਹੈ ਤੇ ਸ਼ਬਦਾਂ ਦੇ ਅੰਦਰ ਦਾ ਜੋ ਗਿਆਨ ਹੈ, ਜੋ ਸਮਝ ਹੈ ਉਹ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪਣੇ ਗੁਰੂ ਰੂਪ ਵਿੱਚ ਵੱਸਿਆ ਹੋਇਆ ਹੈ। ਉਸਦੇ ਇਸ ਨਿਰੰਕਾਰ ਰੂਪ ਨਾਲ ਜੁੜਕੇ ਹੀ ਪ੍ਰਮਾਤਮਾ ਦੀ ਵਡਿਆਈ ਦੇ ਨਾਲ ਜੁੜਿਆ ਜਾ ਸਕਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਨੂੰ ਵਡਿਆਉਂਣਾ ਹੈ, ਪ੍ਰਮਾਤਮਾ ਦੀ ਵਡਿਆਈ ਦੇ ਨਾਲ ਜੁੜਿਆ ਜਾ ਸਕਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਨੂੰ ਵਡਿਆਉਂਣਾ ਹੈ, ਪ੍ਰਮਾਤਮਾ ਦੀ ਵਡਿਆਈ ਕਰਨ ਦਾ ਤਰੀਕਾ ਹੈ ਕਿਉਂਕਿ ਪ੍ਰਮਾਤਮਾ ਹੈ ਹੀ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ। **{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥ ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}** ਅੰਗ ੧੨੦ **{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}** ਅੰਗ ੪੫੬ ਹੁਣ ਅਸੀਂ ਜਪੁਜੀ ਬਾਣੀ ਦੇ ਪਿੱਛੇ ਸਮਝੇ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਉਸਦੀ ਸੱਚੀ ਵਡਿਆਈ ਕਿਸ ਰੂਪ ਵਿੱਚ ਹੁੰਦੀ ਹੈ, ਕਿਹੋ ਜਿਹੀ ਸਮਝ ਦੁਆਰਾ ਹੁੰਦੀ ਹੈ।

"ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥"

(ਅੰਗ ੬)

ਉਪਰ ਵਾਲੀ ਪਹਿਲੀ ਪੰਗਤੀ ਰਾਹੀਂ ਪ੍ਰਮਾਤਮਾ ਦੀ ਉਹ ਸੱਚੀ ਵਡਿਆਈ ਕਰਨੀ ਸਿਖਾਈ ਹੋਈ ਹੈ ਜੋ ਵਡਿਆਈ ਸਮਝ ਆਏ ਬਿਨਾਂ ਉਸਦੀ ਵਡਿਆਈ ਕੀਤੀ ਹੀ ਨਹੀਂ ਜਾ ਸਕਦੀ। ਉਪਰ ਵਾਲੀ ਪੰਗਤੀ ਨੂੰ ਪੜ ਕੇ ਉਸ ਤੇ ਵਿਸ਼ਵਾਸ ਕਰਨਾ ਹੀ ਪ੍ਰਮਾਤਮਾ ਦੀ ਸੱਚੀ ਵਡਿਆਈ ਕਰਨ ਦਾ ਤਰੀਕਾ ਹੈ। ਵਿਸ਼ਵਾਸ ਜਾਂ ਬੇਵਿਸ਼ਵਾਸ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ। ਗੁਰੂ ਤਾਂ ਸਾਨੂੰ ਬਾਰ-ਬਾਰ ਸਮਝਾ ਰਿਹਾ ਹੈ, ਸ਼ਬਦ ਰੂਪ ਗੁਰੂ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਸਮਝਾ ਰਿਹਾ ਹੈ ਕਿ ਸਭ ਕੁਝ ਉਹ ਸਚੁ ਰੂਪ ਸਾਹਿਬ ਭਾਵ ਪ੍ਰਮਾਤਮਾ ਭਾਵ ਸ੍ਰਿਸ਼ਟੀ ਦਾ ਮਾਲਕ, ਅਕਾਲ ਪੁਰਖ

ਆਪ ਹੀ ਹੈ ਜਿਸ ਵਿੱਚ ਅਸੀਂ ਆਪ ਹੀ ਆਉਂਦੇ ਹਾਂ ਭਾਵ ਸਾਡਾ ਮਨੁੱਖੀ ਰੂਪ ਵੀ ਆਉਂਦਾ ਹੈ ਪਰ ਕੀ ਕੋਈ ਇਹ ਗੱਲ ਸੱਚੇ ਵਿਸ਼ਵਾਸ ਨਾਲ ਕਹਿ ਸਕਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਨਹੀਂ ਹਾਂ ਭਾਵ ਮੇਰੀ ਹੋਂਦ ਝੂਠੀ ਹੈ ਭਾਵ ਮੇਰੇ ਰੂਪ ਵਿੱਚ ਆਪ ਪ੍ਰਮਾਤਮਾ ਹੀ ਹੈ। ਜੇਕਰ ਅਸੀਂ ਆਪਣੇ ਆਪ ਨੂੰ ਮਨੁੱਖ ਸਮਝਾਂਗੇ ਫਿਰ ਵਡਿਆਈਆਂ ਵੀ ਆਪ ਹੀ ਲਵਾਂਗੇ, ਆਪਣਾ ਰੁਤਬਾ ਹੀ ਉੱਚਾ ਕਰਾਂਗੇ ਫਿਰ ਧਿਆਨ ਨਾਲ ਸੋਚੋ ਕਿ ਪ੍ਰਮਾਤਮਾ ਦੀ ਵਡਿਆਈ ਅਸੀਂ ਕੀ ਕੀਤੀ ਜਿਸਨੇ ਸਾਡੇ ਮਨੁੱਖੀ ਸਰੀਰ ਨੂੰ ਆਪ ਹੀ ਆਪਣੇ ਉੱਚੇ ਗਿਆਨ ਦੁਆਰਾ ਬਣਾਇਆ ਹੈ ਤੇ ਆਪ ਹੀ ਮਨ ਦੀ ਸਮਝ ਰਾਹੀਂ, ਮਨ ਦੇ ਗਿਆਨ ਰਾਹੀਂ ਇਸਨੂੰ ਚਲਾ ਰਿਹਾ ਹੈ। ਸਾਰੀ ਗੱਲ ਆਪਣੇ ਅੰਦਰ ਦੇ ਮਨ ਨੂੰ ਸਮਝਣ ਦੀ ਹੈ ਭਾਵ ਮਨ ਦੇ ਅੰਦਰ ਦੇ ਗਿਆਨ ਨੂੰ ਸਮਝਣ ਦੀ ਹੈ, ਮਨ ਦੇ ਜੋਤਿ ਰੂਪ

ਨੂੰ ਸਮਝਣ ਦੀ ਹੈ, ਮਨ ਦੇ ਵਿੱਚ ਗਿਆਨ ਦੇ ਸ੍ਰੋਤ ਨੂੰ ਸਮਝਣ ਦੀ ਹੈ ਭਾਵ ਆਪਣੇ ਅੰਦਰ ਦੇ ਨਿਰੰਕਾਰ ਰੂਪ ਨੂੰ ਸਮਝਣ ਦੀ ਹੈ ਜੋ ਕਿ ਪ੍ਰਮਾਤਮਾ ਦਾ ਹੀ ਆਪਣਾ ਨਾਮ ਰੂਪ ਹੈ ਜਿਵੇਂ ਕਿ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਸਭ ਜਗ੍ਹਾ ਆਪਣੇ ਸੱਚੇ ਨਾਮ ਦੇ ਰੂਪ ਵਿੱਚ ਹੀ ਵਰਤ ਰਿਹਾ ਹੈ ਤੇ ਨਾਮ ਨੂੰ ਸਮਝੇ ਬਿਨਾਂ ਕੋਈ ਪ੍ਰਮਾਤਮਾ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ ਭਾਵ ਨਾਮ ਨੂੰ ਉਹੀ ਸਮਝ ਸਕਦਾ ਹੈ ਜੋ ਆਪਣੇ ਅੰਦਰੋਂ ਨਾਮ ਦੇ ਮਾਲਕ, ਬ੍ਰਹਮ ਗਿਆਨ ਦੇ ਮਾਲਕ, ਸਾਰੀ ਸਾਇੰਸ ਦੇ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਆਪਣਾ ਆਪ ਪ੍ਰਮਾਤਮਾ ਕਿਸੇ ਨੂੰ ਆਪ ਹੀ ਜਣਾ ਸਕਦਾ ਹੈ, ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਜਣਾ ਸਕਦਾ ਹੈ ਤਾਂ ਹੀ ਕੋਈ ਪ੍ਰਮਾਤਮਾ ਦੇ ਨਾਮ ਰੂਪ ਨੂੰ ਭਾਵ ਉਸਦੇ ਬ੍ਰਹਮ ਗਿਆਨ ਰੂਪ ਨੂੰ ਭਾਵ ਉਸਦੇ ਨਿਰੰਕਾਰ ਰੂਪ ਨੂੰ, ਉਸਦੇ ਜੋਤਿ ਰੂਪ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਕਿਸੇ ਨੂੰ ਵਿਸ਼ਵਾਸ ਆ ਸਕਦਾ ਹੈ ਕਿ ਸਭ ਕੁਛ ਪ੍ਰਮਾਤਮਾ ਆਪ ਹੀ ਹੈ, ਮੇਰੇ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ, ਮੇਰੀ ਤਰ੍ਹਾਂ ਹੀ ਹਰ ਮਨੁੱਖੀ ਰੂਪ ਦੇ ਵਿੱਚ ਉਹ ਆਪ ਹੀ ਹੈ, ਸਭ ਦੇ ਅੰਦਰ ਉਹ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ। **(ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥)**

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥}

(ਅੰਗ ੪੪੧)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ॥
ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

49/6775

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥

ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥ ਜੋ ਇਸੁ ਮਾਰੇ ਤਿਸ ਕਾ ਆਇਆ ਗਨੀ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥ ਇਸੁ ਮਾਰੀ ਬਿਨੁ ਥਾਇ ਨ ਪਰੈ॥
ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੭-੨੩੮)

ਉਪਰ ਵਾਲੇ ਸ਼ਬਦਾਂ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝ ਹੀ ਚੁਕੇ ਹਾਂ, ਸਾਰੀ ਗੱਲ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ। ਦੁਬਿਧਾ ਵੀ ਸਾਡੇ ਮਨ ਦੀ ਸਮਝ ਹੈ ਭਾਵ ਸਾਡੇ ਅੰਦਰ ਦੀ ਦੁਚਿੱਤੀ ਹੈ ਭਾਵ ਸਾਨੂੰ ਭਰਮਾਂ ਵਿੱਚ ਪਾਉਂਣ ਵਾਲੀ ਸਮਝ ਹੈ ਤੇ ਨਾਮ ਵੀ ਸਾਡੇ ਅੰਦਰ ਦੀ ਸਮਝ ਹੈ ਜੋ ਕਿ ਬ੍ਰਹਮ ਗਿਆਨ ਰੂਪ ਸਮਝ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਸ਼ਬਦ ਦੁਆਰਾ ਵੀ ਇਹ ਗੱਲ ਸਪਸ਼ਟ ਹੈ। ਮਨ ਦੇ ਵਿੱਚ ਪ੍ਰਮਾਤਮਾ ਨਾਲੋਂ ਸਾਡਾ ਪੜਦਾ ਹੀ ਸਾਡੇ ਅੰਦਰ ਦੀ ਦੁਬਿਧਾ ਵਾਲੀ ਸਮਝ ਹੈ ਜਿਸ ਵਿੱਚੋਂ ਨਿਕਲਣ ਦਾ ਸਾਧਨ ਵੀ ਗੁਰੂ ਦਾ ਨਾਮ ਹੈ ਤੇ ਪ੍ਰਮਾਤਮਾ ਦੀ ਸੱਚੀ ਵਡਿਆਈ ਦੀ ਸਮਝ ਹੀ ਮਨ ਦੀ ਦੁਬਿਧਾ ਵਿੱਚੋਂ ਨਿਕਲ ਕੇ ਪੈਂਦੀ ਹੈ। ਮਨ ਦੀ ਦੁਬਿਧਾ ਤੋਂ ਹੀ ਅਸੀਂ ਮੁਕਤ ਹੋਣਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਅਸੀਂ ਮੁਕਤੀ ਵਾਲੇ ਹੋਰ ਵੀ ਅਨੇਕਾਂ ਸ਼ਬਦ ਸਮਝੇ ਹਨ ਜੋ ਮੁਕਤੀ ਅਸੀਂ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਲੈਣੀ ਹੈ, ਭਰਮਾਂ ਵਾਲੀ ਸਮਝ ਤੋਂ ਲੈਣੀ ਹੈ ਜੋ ਮੁਕਤੀ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਮਿਲ ਸਕਦੀ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਮੁਕਤੀ ਸਾਨੂੰ ਗੁਰੂ ਦੇ ਨਾਮ ਦੁਆਰਾ ਹੀ ਮਿਲਦੀ ਹੈ ਤੇ ਮਨ ਦੀ ਨਾਸਮਝੀ ਤੋਂ ਮੁਕਤ ਹੋਏ ਬਿਨਾਂ ਅਸੀਂ ਪ੍ਰਮਾਤਮਾ ਦੇ ਗੁਣ ਗਾ ਹੀ ਨਹੀਂ ਸਕਦੇ ਕਿਉਂਕਿ ਸਾਨੂੰ ਨਾਮ ਜਪਣ ਦੀ ਸਹੀ ਸਮਝ ਹੀ ਨਹੀਂ ਪੈਂਦੀ, ਆਪਣੇ ਜੀਵਨ ਦੇ ਸਹੀ ਮਾਰਗ ਦੀ ਸਮਝ ਹੀ ਨਹੀਂ ਪੈਂਦੀ ਕਿਉਂਕਿ ਆਪਣੇ ਜੀਵਨ ਦੇ ਸਹੀ ਮਾਰਗ ਤੇ ਚੱਲਣਾ ਹੀ ਪ੍ਰਮਾਤਮਾ ਦੇ ਗੁਣ ਗਾਉਂਣੇ ਹਨ, ਉਸਦੀ ਵਡਿਆਈ ਕਰਨੀ ਹੈ। ਇਹ ਗੱਲ ਸਹੀ ਹੈ ਕਿ ਪ੍ਰਮਾਤਮਾ ਦੀ ਸੱਚੀ ਵਡਿਆਈ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਪੈਂਦੀ ਹੈ ਜੋ ਕਿ ਇਸ ਗੱਲ ਦੀ ਸਮਝ ਆਣ ਦੁਆਰਾ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜਿੱਥੇ ਪ੍ਰਮਾਤਮਾ ਦੀ ਵਡਿਆਈ ਦੀ ਗੱਲ ਆਉਂਦੀ ਹੈ ਉੱਥੇ ਪ੍ਰਮਾਤਮਾ ਦੀ ਵਡਿਆਈ ਤੋਂ ਉਲਟ ਚੱਲਣ ਦੀ ਗੱਲ ਵੀ ਆਉਂਦੀ ਹੈ। ਜਦ ਤਕ ਸਾਨੂੰ ਸੱਚੀ ਵਡਿਆਈ ਦੀ ਸਮਝ ਨਹੀਂ ਆਉਂਦੀ ਤਦ ਤਕ ਘੱਟੋ ਘੱਟ ਸਾਡਾ ਇਤਨਾ ਕੁ ਫਰਜ ਜਰੂਰ ਬਣਦਾ ਹੈ ਕਿ ਅਸੀਂ ਗੁਰੂ ਦੀ ਵਡਿਆਈ ਦੇ ਉਲਟ ਨਾ ਚੱਲੀਏ ਜਿਸ ਗੱਲ ਨੂੰ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਗੁਰੂ ਪ੍ਰਮਾਤਮਾ ਦੀ ਪੂਰਨ ਵਡਿਆਈ ਪੂਰੀ ਤਰ੍ਹਾਂ, ਗੁਰਮਤਿ ਅਨੁਸਾਰ ਵਿਚਰਕੇ ਹੀ ਹੋ ਸਕਦੀ ਹੈ ਤੇ ਇਹ ਮੰਨ ਕੇ ਹੀ ਹੋ ਸਕਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਜਦ ਤਕ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਜੋ ਵਿਸ਼ਵਾਸ ਕੇਵਲ ਤੇ ਕੇਵਲ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦਾ ਮਾਲਕ ਪ੍ਰਮਾਤਮਾ ਆਪ ਹੀ

ਦਿਵਾ ਸਕਦਾ ਹੈ ਤਦ ਤਕ ਸਾਨੂੰ ਉਸ ਗੱਲ ਤੋਂ ਬੱਚਣਾ ਚਾਹੀਦਾ ਹੈ ਜਿਸ ਗੱਲ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ, ਮਨ ਦੀ ਦੁਬਿਧਾ ਕਰਕੇ ਹੀ, ਮਨ ਦੀ ਅਗਿਆਨਤਾ ਕਰਕੇ ਹੀ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ ਜਿਵੇਂ ਕਿ ਅਸੀਂ ਖਾਸ ਕਰਕੇ ਕਿਸੇ ਅੱਖਰ ਦੇ ਜਪ ਨੂੰ ਕਰੀ ਜਾਣਾ ਭਾਵ ਬੋਲੀ ਜਾਣਾ, ਆਪਣੀ ਆਪਣੀ ਆਸਥਾ ਅਨੁਸਾਰ ਉਸ ਸ੍ਰਿਸ਼ਟੀ ਦੇ ਕਰਤੇ ਦੀ ਵਡਿਆਈ ਕਰਨਾ ਸਮਝਦੇ ਹਾਂ। ਪ੍ਰਮਾਤਮਾ ਦੀ ਸੱਚੀ ਵਡਿਆਈ ਗੁਰਮਤਿ ਅਨੁਸਾਰ ਵਿਚਰਨ ਦੀ ਹੈ ਤੇ ਸਾਡੀ ਜਿਹੜੀ ਕਰਨੀ ਵਿੱਚ ਗੁਰਮਤਿ ਨਹੀਂ

ਹੈ ਉਹ ਗੁਰੂ ਦੀ ਵਡਿਆਈ ਦੇ ਉਲਟ ਹੈ ਭਾਵ ਗੁਰਮਤਿ ਦੀ ਨਿਖੇਧੀ ਹੈ ਜਿਸ ਤੋਂ ਬੱਚਣ ਦੀ ਲੋੜ ਹੈ। ਗੁਰੂ ਸਾਨੂੰ ਬਾਰ-ਬਾਰ ਸਰੀਰਕ ਜਪ ਤਪ ਛੱਡਣ ਲਈ ਸਮਝਾਉਂਦਾ ਹੈ, ਕਿਸੇ ਅੱਖਰ ਦੇ ਜਪ ਨੂੰ ਨਾਮ ਜਪਣ ਦੇ ਉਲਟ ਸਮਝਾਉਂਦਾ ਹੈ ਤੇ ਗੁਰੂ ਦੀ ਮਤਿ ਨੂੰ ਨਾ ਮੰਨ ਕੇ ਭਾਵ ਉਸਦੇ ਉਲਟ ਚੱਲ ਕੇ ਅਗਰ ਫਿਰ ਵੀ ਉਸਨੂੰ ਗੁਰੂ ਪ੍ਰਮਾਤਮਾ ਦੀ ਵਡਿਆਈ ਕਰਨਾ ਸਮਝਦੇ ਹਾਂ ਇਹ ਸਾਡੀ ਕਿਤਨੀ ਵੱਡੀ ਭੁੱਲ ਹੈ ਜਿਸਦਾ ਅੰਦਾਜਾ ਹਰ ਕੋਈ ਆਪਣੇ ਆਪ ਹੀ ਲਗਾ ਸਕਦਾ ਹੈ। ਅਸੀਂ ਆਪਣੇ ਇਹੋ ਜਿਹੇ ਸਰੀਰਕ ਜਪ ਤਪ ਨੂੰ ਧਰਮ ਦਾ ਮਾਰਗ ਮੰਨਦੇ ਹਾਂ, ਚੰਗਾ ਕਰਮ ਕਰਨਾ ਮੰਨਦੇ ਹਾਂ ਜਿਸ ਕਰਕੇ ਅਸੀਂ ਉਹੋ ਜਿਹੇ ਚੰਗੇ ਕਰਮ ਕਰਨ ਨੂੰ ਮਹਤੱਤਾ ਨਹੀਂ ਦਿੰਦੇ ਜਿਹੋ ਜਿਹੇ ਚੰਗੇ ਕਰਮ ਕਰਨਾ ਸਾਨੂੰ ਗੁਰੂ ਸਮਝਾਉਂਦਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਕੇ, ਮਨ ਦੀਆਂ ਤ੍ਰਿਸ਼ਨਾਵਾਂ ਛੱਡਕੇ, ਮਾੜੇ ਕਰਮ ਕਰਨੇ ਛੱਡਕੇ ਚੰਗੇ ਕਰਮ ਕਰਨੇ ਸਮਝਾਉਂਦਾ ਹੈ ਜੋ ਗੁਰੂ ਦੀ ਵਡਿਆਈ ਕਰਨ ਦਾ ਅਸਲ ਮਾਰਗ ਹੈ ਜਿਸ ਵਡਿਆਈ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਨ ਦੇ ਨਾਲ ਹੀ ਅਸੀਂ ਉਸ ਵਡਿਆਈ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਸਭ ਕੁਝ ਆਪ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਲੇਖ ਵਿੱਚ ਸਮਝਦੇ ਆ ਰਹੇ ਹਾਂ। ਵਡਿਆਈ ਦੇ ਮਾਲਕ ਪ੍ਰਮਾਤਮਾ ਨੂੰ ਜਾਨਣ ਲਈ ਪਹਿਲਾਂ ਸਾਨੂੰ ਉਸਦੀ ਉਹੋ ਜਿਹੀ ਵਡਿਆਈ ਦਾ ਮਾਰਗ ਛੱਡਕੇ ਉਸਦੇ ਸਮਝਾਏ ਹੋਏ ਤਰੀਕੇ ਤੇ ਚੱਲਣ ਦੀ ਲੋੜ ਹੈ ਜੋ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਹੈ ਜੋ ਸਦਾ ਤੋਂ ਹੀ ਹੈ, ਜਿਸਨੇ ਸਦਾ ਲਈ ਹੀ ਰਹਿਣਾ ਹੈ, ਨਾ ਉਹ ਕਦੇ ਜਾਂਦਾ ਹੈ, ਨਾ ਹੀ ਕਦੇ ਜਾਵੇਗਾ ਜਿਸਨੇ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਰਚਾਈ ਹੈ ਭਾਵ ਜੋ ਸਭ ਕੁਝ ਆਪ ਹੀ ਹੈ ਤੇ ਉਸ ਤੋਂ ਬਿਨਾਂ ਕਿਸੇ ਹੋਰ ਨੂੰ ਸਮਝਣਾ, ਆਪਣੇ ਆਪ ਨੂੰ ਸਮਝਣਾ, ਕਿਸੇ ਹੋਰ ਦੀ ਵਡਿਆਈ

ਸਮਝਣਾ ਕੇਵਲ ਸਾਡੇ ਅੰਦਰ ਦਾ ਭਰਮ ਹੈ। **(ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਕਰ�ि ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥)**

ਉਸ ਅਕਾਲ ਪੁਰਖ ਦੇ ਗੁਣਾਂ ਨੂੰ ਕੋਈ ਸਮਝ ਸਕੇ, ਜਾਣ ਸਕੇ ਕਿ ਉਹ ਕਿਤਨੇ ਕੂ ਵੱਡੇ ਗੁਣਾਂ ਦੇ, ਜਿਆਦਾ ਗੁਣਾਂ ਦਾ ਮਾਲਕ ਹੈ ਇਸ ਗੱਲ ਨੂੰ ਕੋਈ ਵਿਰਲਾ ਹੀ ਭਾਵ ਅਰਬਾਂ ਖਰਬਾਂ ਵਿੱਚੋਂ ਕੋਈ ਵਿਰਲਾ ਹੀ ਸਮਝ ਸਕਦਾ ਹੈ ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਇਸੇ ਲਈ ਪ੍ਰਮਾਤਮਾ ਦਾ ਗੁਰੂ ਰੂਪ ਬਹੁਤ ਉੱਚਾ ਹੈ, ਬਹੁਤ ਉੱਚੇ ਗਿਆਨ ਵਾਲਾ ਹੈ ਜੋ ਪ੍ਰਮਾਤਮਾ ਦੇ ਗੁਣਾਂ ਨੂੰ ਜਾਣਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

“ਨਾਰਾਇਨ ਨਰਪਤਿ ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥੧॥ਰਹਾਉ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥”

(ਅੰਗ ੧੩੦੧)

ਉਪਰ ਸ਼ਬਦ ਦੀਆਂ ਪਹਿਲੀਆਂ ਰਹਾਉ ਵਾਲੀਆਂ ਪੰਗਤੀਆਂ ਨੂੰ ਹੀ ਧਿਆਨ ਨਾਲ ਸਮਝੋ ਕਿ ਅਸਲ ਵਿੱਚ ਸਾਡਾ ਗੁਰੂ ਕੌਣ ਹੈ। ਗੁਰੂ ਸਾਰੇ ਸੰਸਾਰ ਦਾ ਇੱਕੋ ਹੀ ਹੈ ਜੋ ਕਿ ਆਪ ਪ੍ਰਮਾਤਮਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਪੂਰੇ ਸੰਸਾਰ ਵਿੱਚ ਅਗਰ ਕੋਈ ਮੁਕਤ ਹੈ ਉਹ ਕੇਵਲ ਆਪ ਪ੍ਰਮਾਤਮਾ ਹੈ ਤੇ ਜਿੱਥੇ ਵੀ ਪ੍ਰਮਾਤਮਾ ਆਪਣਾ ਭਾਵ ਜਿਸ ਮਨੁੱਖੀ ਸਮਝ ਰਾਹੀਂ ਆਪਣਾ ਭਾਵ ਜਿਸ ਮਨੁੱਖੀ ਸਮਝ ਰਾਹੀਂ ਆਪਣਾ ਗੁਰੂ ਰੂਪ ਪ੍ਰਗਟ ਕਰਦਾ ਹੈ ਉਸਦੇ ਮਨ ਦੀ ਸਮਝ ਨੂੰ ਉਹ ਆਪ ਹੀ ਮੁਕਤ ਕਰਦਾ ਹੈ। ਮੁਕਤੀ ਅਸੀਂ ਮਨ ਦੀ ਅਗਿਆਨਤਾ ਤੋਂ ਲੈਣੀ ਹੈ, ਮਨ ਦੀ ਭਰਮਾਂ ਵਾਲੀ ਸਮਝ ਤੋਂ ਲੈਣੀ ਹੈ, ਮਨ ਦੀ ਹਉਮੈ ਤੋਂ ਲੈਣੀ ਹੈ, ਮਨ ਦੀ ਮਾਇਆ ਮੋਹ ਵਾਲੀ ਸਮਝ ਤੋਂ ਲੈਣੀ ਹੈ, ਤ੍ਰੈ ਗੁਣਾਂ ਵਾਲੀ ਸਮਝ ਤੋਂ ਲੈਣੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹੁਣ ਇਸ ਗੱਲ ਨੂੰ ਵੀ ਧਿਆਨ ਨਾਲ ਸਮਝੋ ਕਿ ਅਸੀਂ ਤਰਨਾ ਕਿਸ ਚੀਜ ਤੋਂ ਹੈ। ਤਰਦਾ ਉਹੀ ਹੈ ਜੋ ਮਨ ਦੀ ਅਗਿਆਨਤਾ ਤੋਂ ਮੁਕਤ ਹੁੰਦਾ ਹੈ ਜਿਵੇਂ ਕਿ ਉਪਰ ਵਾਲੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਮੁਕਤ ਕੇਵਲ ਗੁਰੂ ਆਪ ਹੈ ਕਿਉਂਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਉਸਦਾ ਰੂਪ ਹਰ ਅਗਿਆਨਤਾ ਤੋਂ, ਮਨ ਦੀ ਹਰ ਨਾਸਮਝੀ ਤੋਂ ਮੁਕਤ ਹੈ ਕਿਉਂਕਿ ਗੁਰੂ ਚੌਥੇ ਪਦ ਵਿੱਚ ਹੈ ਭਾਵ ਗੁਰੂ ਕੋਲ ਬ੍ਰਹਮ ਗਿਆਨ ਵਾਲੀ ਸਮਝ ਹੈ, ਨਾਮ ਵਾਲੀ ਸਮਝ ਹੈ, ਸਹਜ ਗਿਆਨ ਵਾਲੀ ਸਮਝ ਹੈ। ਮਨ ਦੇ ਵਿੱਚ ਸਾਡਾ ਪ੍ਰਮਾਤਮਾ ਦੇ ਨਾਲ ਪੜਦਾ ਮਨ ਦੀ ਅਗਿਆਨਤਾ ਹੀ ਹੈ ਭਾਵ ਮਨ ਦੀ ਹਉਮੈ ਹੀ ਹੈ ਜਿਸ ਤੋਂ ਮੁਕਤ ਹੋਏ ਬਿਨਾਂ ਅਸੀਂ ਮਨ

ਦੀ ਅਗਿਆਨਤਾ ਤੋਂ ਨਹੀਂ ਤਰ ਸਕਦੇ, ਮਨ ਦੇ ਮਾਇਆ ਮੋਹ ਤੋਂ ਨਹੀਂ ਤਰ ਸਕਦੇ ਭਾਵ ਉਸ ਨਾਸਮਝ ਮਤਿ ਵਿੱਚੋਂ ਨਹੀਂ ਨਿਕਲ ਸਕਦੇ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਹੀਂ ਨਿਕਲ ਸਕਦੇ ਜਿਸ ਵਿੱਚੋਂ ਨਿਕਲੇ ਬਿਨਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦੇ, ਉਸ ਗੁਣਾਂ ਦੇ ਮਾਲਕ ਨੂੰ ਨਹੀਂ ਜਾਣ ਸਕਦੇ ਕਿ ਉਸ ਗੁਣਾਂ ਦੇ ਮਾਲਕ ਨੇ ਹਰ ਵਸਤੂ ਨੂੰ ਕਿਸ ਤਰੀਕੇ ਆਪਣੇ ਗੁਣਾਂ ਨਾਲ ਭਰਪੂਰ ਕੀਤਾ ਹੋਇਆ ਹੈ। **(ਨਾਰਾਇਨ ਨਰਪਤਿ ਨਮਸਕਾਰੈ ॥)** ਉਸ ਗੁਣਾਂ ਦੇ ਮਾਲਕ ਨੂੰ ਜਾਨਣ ਲਈ ਸਾਡੇ ਕੋਲ ਉਹ ਕਿਹੜਾ ਸਾਧਨ ਹੈ ਜਿਸ ਨਾਲ ਜੁੜਕੇ ਅਸੀਂ ਆਪਣੇ ਆਪ ਨੂੰ ਮੁਕਤ ਕਰ ਸਕਦੇ ਹਾਂ ਤੇ ਆਪਣੇ ਅੰਦਰੋਂ ਉਸ ਗੁਣਾਂ ਦੇ ਮਾਲਕ ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਇਸ ਗੱਲ ਨੂੰ ਵਿਚਾਰਨ ਦੀ ਲੋੜ ਹੈ। ਮੁਕਤ ਤਾਂ ਸਾਨੂੰ ਗੁਰੂ ਨੇ ਹੀ ਕਰਨਾ ਹੈ ਜੋ ਆਪ ਮੁਕਤ ਹੈ ਭਾਵ ਆਪਣੇ ਸੱਚੇ ਗਿਆਨ ਰਾਹੀਂ ਹਰ ਅਗਿਆਨਤਾ ਤੋਂ ਮੁਕਤ ਹੈ। ਪੂਰੇ ਗੁਰਬਾਣੀ ਗ੍ਰੰਥ ਸਾਹਿਬ ਜੀ ਦੇ ਅੰਦਰ ਸਾਨੂੰ ਮੁਕਤ ਕਰਨ ਵਾਲੇ ਵਿਚਾਰ ਹੀ ਭਰੇ ਹੋਏ ਹਨ। ਹਰ ਸ਼ਬਦ ਦੀ ਵਿਚਾਰ ਸਾਨੂੰ ਕੁਝ ਸਮਝਾਉਂਣ ਲਈ ਹੈ ਹੈ, ਗਿਆਨ ਦੇਣ ਲਈ ਹੀ ਹੈ। ਸ਼ਬਦ ਦੀ ਵਿਚਾਰ ਹੀ ਗੁਰੂ ਦਾ ਨਾਮ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਸਾਨੂੰ ਮੁਕਤ ਸ਼ਬਦਾਂ ਦੀ ਵਿਚਾਰ ਨੇ ਹੀ ਕਰਨਾ ਹੈ ਭਾਵ ਗੁਰੂ ਦੇ ਨਾਮ ਨੇ ਹੀ ਕਰਨਾ ਹੈ ਤੇ ਜੇਕਰ ਮੁੱਖੋਂ ਕਿਸੇ ਅੱਖਰ ਨੂੰ ਰੱਟੀ ਜਾਈਏ, ਕਿਸੇ ਸ਼ਬਦ ਨੂੰ ਰੱਟੀ ਜਾਈਏ ਭਾਵ ਕੇਵਲ ਕਥਨੀ ਕਰੀ ਜਾਈਏ ਫਿਰ ਕੀ ਅਸੀਂ ਕਦੇ ਮਨ ਦੀ ਨਾਸਮਝ ਮਤਿ ਤੋਂ ਮੁਕਤ ਹੋ ਸਕਦੇ ਹਾਂ, ਮਨ ਦੇ ਭਰਮਾਂ ਤੋਂ ਮੁਕਤ ਹੋ ਸਕਦੇ ਹਾਂ ਭਾਵ ਕਦੇ ਨਹੀਂ ਹੋ ਸਕਦੇ ਤੇ ਮਨ ਦੀ ਅਗਿਆਨਤਾ ਤੋਂ ਮੁਕਤ ਹੋਏ ਬਿਨਾਂ ਅਸੀਂ ਨਾ ਕਦੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਤੇ ਨਾ ਹੀ ਕਦੇ ਉਸਦੇ ਗੁਣਾਂ ਨੂੰ ਸਮਝ ਸਕਦੇ ਹਾਂ ਜੋ ਉਸਦੇ ਗੁਣ ਹਰ ਵਸਤੂ ਵਿੱਚ ਭਰੇ ਹੋਏ ਹਨ, ਉਸਦੇ ਨਿਰੰਕਾਰ ਰੂਪ

ਵਿੱਚ ਭਰੇ ਹੋਏ ਹਨ, ਉਸਦੇ ਸਾਇੰਟਿਫਿਕ ਗਿਆਨ ਦੁਆਰਾ ਭਰੇ ਹੋਏ ਹਨ ਭਾਵ ਉਸਦੇ ਨਾਮ ਦੇ ਰੂਪ ਵਿੱਚ ਭਰੇ ਹੋਏ ਹਨ। ਉਪਰ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਸਾਨੂੰ **"ਨਾਰਾਇਨ ਨਰਪਤਿ"** ਨੂੰ ਨਮਸਕਾਰ ਕਰਨ ਲਈ ਕਿਹਾ ਹੋਇਆ ਹੈ ਭਾਵ ਉਸਦੇ ਅੱਗੇ ਝੁੱਕਣ ਲਈ ਕਿਹਾ ਹੋਇਆ ਹੈ। ਧਿਆਨ ਨਾਲ ਸਮਝੋ ਕਿ ਉਸਦੇ ਅੱਗੇ ਅਸੀਂ ਕਿਸ ਤਰੀਕੇ ਝੁੱਕਣਾ ਹੈ ਜਿਸਨੂੰ ਅਸੀਂ ਜਾਣਦੇ ਹੀ ਨਹੀਂ। ਉਹ ਪ੍ਰਮਾਤਮਾ ਤਾਂ ਸਭ ਦੇ ਅੰਦਰ ਹੈ, ਹਰ ਵਸਤੂ ਦੇ ਅੰਦਰ ਹੈ ਤੇ ਫਿਰ ਕੀ ਅਸੀਂ ਹਰ ਵਸਤੂ ਨੂੰ ਮੱਥਾ ਟੇਕਾਂਗੇ। ਪ੍ਰਮਾਤਮਾ ਦੇ ਅੱਗੇ

49/6779

ਝੁੱਕਣਾ ਉਸਦੇ ਗੁਰੂ ਰੂਪ ਦੇ ਅੱਗੇ ਝੁੱਕਣਾ ਹੈ ਜੋ ਕਿ ਨਾਰਾਇਨ ਨਰਪਤਿ ਦਾ ਆਪਣਾ ਹੀ ਰੂਪ ਹੈ। ਗੁਰੂ ਤਾਂ **"ਸਬਦੁ"** ਹੈ ਤੇ ਸ਼ਬਦ ਦੇ ਅੱਗੇ ਝੁੱਕਣਾ ਗੁਰੂ ਪ੍ਰਮਾਤਮਾ ਅੱਗੇ ਝੁੱਕਣਾ ਹੈ। ਹਰ ਸ਼ਬਦ ਦੇ ਅੰਦਰ ਗੁਰੂ ਦਾ ਨਾਮ ਵਰਤਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਅੱਗੇ ਝੁੱਕਣਾ ਗੁਰੂ ਪ੍ਰਮਾਤਮਾ ਅੱਗੇ ਝੁੱਕਣਾ ਹੈ। ਸ਼ਬਦਾਂ ਦੀ ਵਿਚਾਰ ਅੱਗੇ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਝੁੱਕਿਆ ਜਾ ਸਕਦਾ ਹੈ ਤਾਂ ਹੀ ਆਪਣੇ ਮਨ ਦੀ ਨਾਸਮਝੀ ਤੋਂ ਹੀ ਮੁਕਤ ਹੋਇਆ ਜਾ ਸਕਦਾ ਹੈ ਜਿਸ ਦੁਆਰਾ ਅਸੀਂ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ, ਮਨ ਦੀ ਮੁਕਤੀ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ। **(ਨਾਰਾਇਨ ਨਰਪਤਿ ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥)**

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ ੬੫੫)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ॥੧॥ ਨਾਨਕ ਬਿਰਥਾ ਕੋਇ ਨ ਹੋਇ॥ ਐਸੀ ਦਰਗਹ ਸਾਚਾ ਸੋਇ ॥੧॥ ਰਹਾਉ॥}

(ਅੰਗ ੮੭੮)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥ ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥ ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥}

(ਅੰਗ ੧੦੦੨)

{ਦੇਖੋ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥

ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ ੩੩੧)

{ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥ ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥}

(ਅੰਗ ੯੩)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥}

(ਅੰਗ ੧੧੬-੧੧੭)

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥
ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੂਟੈ ਹਰਿ ਨਾਇ ॥੨॥}

(ਅੰਗ ੧੫੨)

{ਆਪਿ ਕਰੇ ਤੈ ਆਪਿ ਕਰਾਏ ॥ ਗੁਰ ਪਰਸਾਦੀ ਕਿਸੈ ਬੁਝਾਏ ॥
ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥੮॥}

(ਅੰਗ ੧੦੬੨)

{ਹੁਕਮੇ ਮੁਕਤੀ ਹੁਕਮੇ ਨਰਕਾ ॥ ਹੁਕਮਿ ਸੈਸਾਰੀ ਹੁਕਮੇ ਭਗਤਾ ॥
ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਥੜਾ ॥੭॥}

(ਅੰਗ ੧੦੮੧)

{ਆਪੇ ਕਰਤਾ ਆਪੇ ਭੁਗਤਾ ॥ ਆਪੇ ਤ੍ਰਿਪਤਾ ਆਪੇ ਮੁਕਤਾ ॥
ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ ॥੧੪॥}

(ਅੰਗ ੧੦੩੫)

49/6780

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ॥
ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ ੬੪੬)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਏ ਬਿਨਾਂ, ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਹੋਏ ਬਿਨਾਂ, ਮਨ ਦੀ ਹਉਮੈ ਤੋਂ ਮੁਕਤ ਹੋਏ ਬਿਨਾਂ ਭਾਵ ਗੁਰੂ ਦੇ ਸੱਚੇ ਗਿਆਨ ਦੀ, ਬ੍ਰਹਮ ਗਿਆਨ ਦੀ ਭਾਵ ਨਾਮ ਦੀ ਪ੍ਰਾਪਤੀ ਹੋਏ ਬਿਨਾਂ ਕੋਈ ਉਸ ਗੁਣਾਂ ਦੇ ਮਾਲਕ ਨੂੰ ਜਾਣ ਲਵੇ ਇਹ ਨਹੀਂ ਹੋ ਸਕਦਾ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ, ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਆਪਣੀ ਮਤਿ ਤੇ ਭਰੋਸਾ ਛੱਡਕੇ ਗੁਰੂ ਦੀ ਮਤਿ ਤੇ ਭਰੋਸਾ ਰੱਖਣ ਦੀ ਲੋੜ ਹੈ ਕਿਉਂਕਿ ਕੇਵਲ ਗੁਰੂ ਹੀ ਹੈ ਜੋ ਪੂਰੀ ਤਰ੍ਹਾਂ ਹਰ ਭਰਮ ਤੋਂ ਮੁਕਤ ਹੈ ਤੇ ਗੁਣਾਂ ਦੇ ਮਾਲਕ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪ੍ਰਮਾਤਮਾ ਕਿਤਨੇ ਕੂ ਗੁਣਾਂ ਨਾਲ ਭਰਪੂਰ ਹੈ ਜਿਸਦੇ ਗੁਣਾਂ ਦਾ ਕੋਈ ਅੰਤ ਹੀ ਨਹੀਂ ਹੈ ਇਸ ਗੱਲ ਨੂੰ ਸੰਸਾਰ ਵਿੱਚ ਕਦੇ ਹੀ ਕੋਈ ਵਿਰਲਾ ਭਾਵ ਅਰਬਾਂ ਖਰਬਾਂ ਵਿੱਚੋਂ ਹੀ ਕੋਈ ਕਦੇ ਜਾਣ ਸਕਦਾ ਹੈ ਤੇ ਉਹੀ ਪ੍ਰਮਾਤਮਾ ਦੇ ਸੱਚੇ ਗੁਣਾਂ ਨੂੰ ਗਾ ਸਕਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਆਪ ਹੀ ਸਮਝਾਇਆ ਹੋਇਆ ਹੈ ਭਾਵ ਸਾਨੂੰ ਭਰਮ ਵਿੱਚੋਂ ਕੱਢਿਆ ਹੋਇਆ ਹੈ ਕਿ ਪ੍ਰਮਾਤਮਾ ਦੇ ਗੁਣਾਂ ਨੂੰ ਬੁੱਝਣਾ, ਉਸਦੇ ਗੁਣਾਂ ਨੂੰ ਗਾਉਂਣਾ, ਉਸਦੇ ਨਾਮ ਨੂੰ ਆਖਣਾ ਕਿਤਨਾ ਕੂ ਔਖਾ ਹੈ ਜੋ ਪ੍ਰਮਾਤਮਾ ਦੇ ਗੁਣ ਪੂਰੀ ਸ੍ਰਿਸ਼ਟੀ ਵਿੱਚ ਕੋਈ ਵਿਰਲਾ ਹੀ ਗਾ ਸਕਦਾ ਹੈ।

"ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥੧॥"

ਉਸ ਸ੍ਰਿਸ਼ਟੀ ਦੇ ਮਾਲਕ ਦੇ ਗੁਣਾਂ ਨੂੰ ਅਸਲੀਅਤ ਵਿੱਚ ਕੋਈ ਵਿਰਲਾ ਹੀ ਸਮਝ ਸਕਦਾ ਹੈ ਭਾਵ **"ਲਾਖ ਲਾਖ ਲਾਖ ਕਈ ਕੋਰੈ"** ਭਾਵ ਲੱਖ x ਲੱਖ x ਲੱਖ x ਕਈ ਕਰੋੜ ਭਾਵ ਅਰਬਾਂ ਖਰਬਾਂ ਵਿੱਚੋਂ ਕੋਈ ਵਿਰਲਾ ਮਨੁੱਖ ਹੀ ਹੁੰਦਾ ਹੈ ਜੋ ਪਹਿਲਾਂ ਆਪਣੇ ਅੰਦਰੋਂ ਗੁਣਾਂ ਦੇ ਮਾਲਕ ਨੂੰ ਜਾਣ ਸਕਦਾ ਹੈ ਤੇ ਉਸਦੇ

ਗੁਣਾਂ ਨੂੰ ਜਾਣ ਸਕਦਾ ਹੈ ਜੋ ਉਸਦੇ ਗੁਣ ਹਰ ਵਸਤੂ ਵਿੱਚ ਹੀ ਭਰੇ ਹੋਏ ਹਨ। ਸਬਜੀਆਂ ਦੇ ਅੰਦਰ ਕਿਤਨੇ ਕੂ ਗੁਣ ਹਨ, ਫਲਾਂ ਦੇ ਵਿੱਚ ਕਿਤਨੇ ਕੂ ਗੁਣ ਹਨ, ਪੂਰੀ ਬਨਸਪਤੀ ਵਿੱਚ ਕਿਤਨੇ ਕੂ ਗੁਣ ਹਨ ਤੇ ਪੂਰੀ ਬਨਸਪਤੀ ਦੇ ਕਿਤਨੇ ਕੂ ਰੂਪ ਹਨ ਕੀ ਉਹਨਾਂ ਦੇ ਅੰਦਰ ਦੇ ਗੁਣਾਂ ਦੀ ਗਿਣਤੀ ਕਰਨੀ ਸੌਖੀ ਹੈ। ਪ੍ਰਮਾਤਮਾ ਦੇ ਗੁਣ ਤਾਂ ਇਸੇ ਤਰ੍ਹਾਂ ਹਰ ਵਸਤੂ ਵਿੱਚ ਭਰੇ ਹੋਏ ਹਨ, ਜੋ ਕੁਝ ਆਪਣੀਆਂ ਅੱਖਾਂ ਨਾਲ ਦੇਖ ਸਕਦਾ ਹੈ ਉਸ ਹਰ ਵਸਤੂ ਵਿੱਚ ਗੁਣ ਹੀ ਭਰੇ ਹੋਏ ਹਨ। ਜੋ ਕੁਝ ਵੀ ਅਸੀਂ ਅਨਾਜ ਖਾਂਦੇ ਹਾਂ, ਦੁੱਧ ਪੀਂਦੇ ਹਾਂ, ਹੋਰ ਬਹੁਤ ਕੁਝ ਪੀਂਦੇ ਹਾਂ, ਬਹਤੁ ਵਸਤੂਆਂ ਦਾ ਅਨੰਦ ਮਾਣਦੇ ਹਾਂ, ਠੰਡੇ, ਗਰਮ ਮੌਸਮ ਦਾ ਅਨੰਦ ਮਾਣਦੇ ਹਾਂ, ਪਹਾੜਾਂ ਦੀਆਂ ਚੋਟੀਆਂ ਤੇ ਚੜਨ ਦਾ, ਬਰਫ ਦਾ, ਚਾਰੇ ਪਾਸੇ ਹਰਿਆਵਲ ਦਾ ਅਨੰਦ ਮਾਣਦੇ ਹਾਂ ਉਹ ਹਰ ਵਸਤੂ ਪ੍ਰਮਾਤਮਾ ਦੇ ਆਪਣੇ ਪਾਏ ਹੋਏ ਗੁਣਾਂ ਨਾਲ ਹੀ ਭਰਪੂਰ ਹੈ ਭਾਵ ਉਹਨਾਂ ਵਿੱਚ ਗੁਣ ਪਾਉਂਣ ਵਾਲਾ ਪ੍ਰਮਾਤਮਾ ਤੋਂ ਬਿਨਾਂ ਕੋਈ ਹੋਰ ਨਹੀਂ ਹੈ। ਅਸੀਂ ਆਪਣੇ ਘਰਾਂ ਵਿੱਚ ਰਹਿਣ ਦਾ ਅਨੰਦ ਮਾਣਦੇ ਹਾਂ ਜਿਨ੍ਹਾਂ ਦੀ ਬਨਾਵਟ ਗੁਣਾਂ ਦੇ ਨਾਲ ਹੀ ਆਉਂਦੀ ਹੈ, ਘਰ ਦੇ ਵਿੱਚ ਹਵਾ ਦਾ, ਰੋਸ਼ਨੀ ਦਾ ਸੁੱਖ ਮਾਣਦੇ ਹਾਂ, ਪਾਣੀ ਦਾ ਸੁੱਖ ਮਾਣਦੇ ਹਾਂ ਜੋ ਹਰ ਵਸਤੂ ਪ੍ਰਮਾਤਮਾ ਦੇ ਪਾਏ ਹੋਏ ਗੁਣਾਂ ਦੁਆਰਾ ਹੀ ਬਣੀ ਹੋਈ ਹੈ। ਅਸੀਂ ਕਾਰਾਂ ਵਿੱਚ, ਜਹਾਜਾਂ ਵਿੱਚ ਉੱਡਣ ਦਾ ਸੁੱਖ ਮਾਣਦੇ ਹਾਂ, ਸਮੁੰਦਰੀ ਜਹਾਜਾਂ ਦਾ ਸੁੱਖ ਮਾਣਦੇ ਹਾਂ, ਸਮੁੰਦਰਾਂ ਦੇ ਪਾਣੀ ਦਾ ਸੁੱਖ ਮਾਣਦੇ ਹਾਂ, ਸਮੁੰਦਰਾਂ ਦੇ ਜੀਵਾਂ ਦਾ ਸੁੱਖ ਮਾਣਦੇ ਹਾਂ, ਪਸ਼ੂ, ਪਕਸ਼ੀਆਂ ਦਾ ਸੁੱਖ ਮਾਣਦੇ ਹਾਂ ਜਿਨ੍ਹਾਂ ਦਾ ਕਾਰਣ ਉਹਨਾਂ ਦੇ ਅੰਦਰ ਪ੍ਰਮਾਤਮਾ ਦੇ ਪਾਏ ਹੋਏ ਗੁਣਾਂ ਕਰਕੇ ਹੀ ਹੈ। ਜਿਸ ਪਾਸੇ ਵੀ ਨਜਰ ਮਾਰੋ ਪ੍ਰਮਾਤਮਾ ਦੇ ਗੁਣ ਹੀ ਗੁਣ ਭਰੇ ਹੋਏ ਹਨ ਭਾਵੇਂ ਉਹ ਧਰਤੀ ਹੈ,

ਆਕਾਸ਼ ਹੈ, ਚੰਦਰਮਾ ਹੈ, ਸੂਰਜ ਹੈ, ਤਾਰੇ ਹਨ, ਖੰਡ, ਬ੍ਰਹਮੰਡ ਹਨ ਸਭ ਕੁਝ ਗੁਣਾਂ ਨਾਲ ਭਰਿਆ ਹੋਇਆ ਹੈ। ਇੱਕ ਧਰਤੀ ਕਿਤਨੇ ਕੂ ਗੁਣਾਂ ਦੀ ਮਾਲਕ ਹੈ ਇਹ ਵੀ ਸਮਝ ਤੋਂ ਬਾਹਰ ਹੈ ਜੋ ਧਰਤੀ ਆਪਣੇ ਅੰਦਰ ਦੇ ਗੁਣਾਂ ਨਾਲ ਤਾਂ ਭਰਪੂਰ ਹੀ ਹੈ ਜੋ ਸਾਨੂੰ ਪਾਣੀ ਦੀ ਸ਼ੀਤਲਤਾ ਵੀ ਬਖਸ਼ਦੀ ਹੈ ਤੇ ਅਗਨੀ ਦਾ ਸੁੱਖ ਵੀ ਬਖਸ਼ਦੀ ਹੈ ਉਹ ਸਾਡੇ ਜੀਵਨ ਨੂੰ ਧਰਤੀ ਤੇ ਵਸਾਉਂਣ ਦਾ ਕਾਰਨ ਵੀ ਆਪ ਹੀ ਹੈ ਜੋ ਉਸਦਾ ਬਹੁਤ ਵੱਡਾ ਗੁਣ ਇਹ ਹੈ ਕਿ ਉਹ ਹਰ ਵੇਲੇ ਸੂਰਜ ਦੇ ਆਲੇ ਦੁਆਲੇ ਘੁੰਮ ਰਹੀ ਹੈ, ਦੋ ਤਰੀਕਿਆਂ ਨਾਲ ਘੁੰਮ ਰਹੀ ਹੈ ਭਾਵ ਸੂਰਜ ਦੇ ਇਰਦ ਗਿਰਦ ਵੀ ਘੁੰਮ ਰਹੀ ਹੈ ਤੇ ਆਪਣੇ ਇਰਦ ਗਿਰਦ ਵੀ ਘੁੰਮ ਰਹੀ ਹੈ, ਦਿਨ ਰਾਤ ਨੂੰ ਵੱਖਰਾ ਕਰਨ ਦਾ ਕਾਰਣ ਬਣਦੀ ਹੈ ਜਿਸ ਦੁਆਰਾ ਧਰਤੀ ਤੇ ਸਭ ਦਾ ਜੀਵਨ ਪਨਪਦਾ ਹੈ। ਪ੍ਰਮਾਤਮਾ ਦਾ ਇਹ ਕਿਤਨਾ ਕੂ ਵੱਡਾ ਗੁਣ ਹੈ ਜਿਸ ਦੁਆਰਾ ਉਸਨੇ ਆਪਣੀ ਸ੍ਰਿਸ਼ਟੀ ਦੀ ਹਰ ਰਚਨਾ ਨੂੰ ਗੁਣਾਂ ਹੀ ਗੁਣਾਂ ਨਾਲ ਭਰਿਆ ਹੋਇਆ ਹੈ ਇਸ ਗੱਲ

49/6782

ਨੂੰ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ, ਉਸਦੇ ਨਾਮ ਰੂਪ ਨੂੰ ਜਾਣੇ ਬਿਨਾਂ, ਉਸ ਬ੍ਰਹਮ ਗਿਆਨੀ ਦੇ ਬ੍ਰਹਮ ਗਿਆਨ ਰੂਪ ਨੂੰ ਜਾਣੇ ਬਿਨਾਂ, ਉਸਦੀ ਉੱਚੀ ਸਾਇੰਸ ਦੇ ਗਿਆਨ ਰੂਪ ਨੂੰ ਜਾਣੇ ਬਿਨਾਂ ਨਹੀਂ ਸਮਝਿਆ ਜਾ ਸਕਦਾ। ਉਸਦੇ ਇਸ ਉੱਚੇ ਰੂਪ ਨੂੰ ਕੇਵਲ ਇੱਕ ਮਨੁੱਖੀ ਮਨ ਦੀ ਸਮਝ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਤੇ ਸਾਡੇ ਅੰਦਰ ਜੋ ਸਮਝ ਉਪਜਦੀ ਹੈ ਉਹ ਸਾਡੇ ਵੱਸ ਨਹੀਂ ਹੈ, ਨਹੀਂ ਹੈ, ਨਹੀਂ ਹੈ ਜਿਵੇਂ ਕਿ ਗੁਰੂ ਸਾਹਿਬ ਨੇ ਇਹ ਗੱਲ ਸਾਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਈ ਹੈ ਪਰ ਇਸ ਗੱਲ ਤੇ ਵਿਸ਼ਵਾਸ ਕਦੇ ਕਿਸੇ ਵਿਰਲੇ ਨੂੰ ਹੀ ਆ ਸਕਦਾ ਹੈ, ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਆ ਸਕਦਾ ਹੈ ਜਿਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪ੍ਰਮਾਤਮਾ ਆਪਣੇ ਆਪ ਦਾ ਵਿਸ਼ਵਾਸ ਦਿਵਾਉਂਦਾ ਹੈ ਕਿ ਸਭ ਕੁਝ ਉਹ ਆਪ ਹੈ, ਪੂਰੀ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਰਚਣ ਵਾਲਾ ਤੇ ਉਸਦੇ ਅੰਦਰ ਹਰ ਗੁਣ ਪਾਉਂਣ ਵਾਲਾ ਉਹ ਆਪ ਹੈ ਜਿਸਦੇ ਗੁਣਾਂ ਦਾ ਕੋਈ ਅੰਤ ਹੀ ਨਹੀਂ ਹੈ, ਕੋਈ ਹਦ ਬੰਨਾ ਹੀ ਨਹੀਂ ਹੈ ਭਾਵ ਉਹ ਬੇਅੰਤ ਹੈ। ਪ੍ਰਮਾਤਮਾ ਦੇ ਬਣਾਏ ਹੋਏ ਇੱਕ ਮਨੁੱਖੀ ਰੂਪ ਵਿੱਚ ਹੀ ਕਿਤਨੇ ਕੂ ਗੁਣ ਭਰੇ ਹੋਏ ਹਨ, ਅੰਗ ਅੰਗ ਵਿੱਚ ਭਰੇ ਹੋਏ ਹਨ ਇਹਨਾਂ ਨੂੰ ਜਾਨਣਾ ਵੀ ਕਿਤਨੀ ਵੱਡੀ ਗੱਲ ਹੈ। ਇੱਕ ਮਨੁੱਖ ਦੀ ਸ਼ਕਲ ਦੂਸਰੇ ਮਨੁੱਖ ਨਾਲ ਨਹੀਂ ਮਿਲਦੀ ਭਾਵ ਇੱਕ ਮਨੁੱਖ ਦੇ ਸਰੀਰ ਦੀ ਬਨਾਵਟ ਪ੍ਰਮਾਤਮਾ ਦੂਸਰੇ ਮਨੁੱਖ ਦੀ ਬਨਾਵਟ ਤੋਂ ਕੁਝ ਵੱਖਰੀ ਬਣਾ ਕੇ ਉਹਨਾਂ ਦੀ ਵੱਖਰੀ ਵੱਖਰੀ ਪਹਿਚਾਣ ਕਰਾਉਂਣ ਦਾ ਸਾਧਨ ਆਪ ਹੀ ਬਣਾਉਂਦਾ ਹੈ ਜੋ ਕਿ ਬਹੁਤ ਹੀ ਵੱਡਾ ਗੁਣ ਹੈ ਜੋ ਇਹੋ ਜਿਹੇ ਗੁਣ ਪਸ਼ੂਆਂ, ਪਕਸ਼ੀਆਂ ਤੇ ਬਨਸਪਤੀ ਆਦਿ ਦੀ ਵੱਖਰੀ ਵੱਖਰੀ ਪਹਿਚਾਣ ਕਰਨ ਲਈ ਵੀ ਪ੍ਰਮਾਤਮਾ ਨੇ ਸਭ ਦੇ ਅੰਦਰ ਪਾਏ ਹੋਏ ਹਨ ਭਾਵ ਉਸਦੇ ਗੁਣਾਂ ਦੀ ਸਭ ਪਾਸੇ ਕਮਾਲ ਹੀ ਕਮਾਲ ਹੋ ਰਹੀ ਹੈ ਜਿਨ੍ਹਾਂ ਗੁਣਾਂ ਦੀ ਕੀ ਕੋਈ ਗਿਣਤੀ ਕਰੇਗਾ। ਇੱਕ ਮਨੁੱਖ ਦੇ ਹੱਥ ਦੇ ਉੱਤੇ ਜੋ ਲਕੀਰਾਂ ਬਣੀਆਂ ਹੋਈਆਂ ਹਨ ਜੋ ਕਿ ਕਿਸੇ ਵੀ ਹੋਰ ਮਨੁੱਖ ਦੇ ਹੱਥ ਤੇ ਬਣੀਆਂ ਹੋਈਆਂ ਲਕੀਰਾਂ ਦੇ ਨਾਲ ਮੇਲ ਨਹੀਂ ਖਾਂਦੀਆਂ ਭਾਵ ਹਰ ਮਨੁੱਖ ਦੀ ਵੱਖਰੀ ਪਹਿਚਾਣ ਕਰਨ ਦਾ ਬਹੁਤ ਵੱਡਾ ਗੁਣ ਹੈ ਜੋ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਗੁਣ ਹੈ। ਪੁਰਸ਼ ਰੂਪ ਤੇ ਇਸਤਰੀ ਰੂਪ ਵੱਖਰੇ ਵੱਖਰੇ ਬਣਾਕੇ ਪ੍ਰਮਾਤਮਾ ਨੇ ਇਸ ਸੰਸਾਰ ਦੀ ਉਤਪੱਤੀ ਦਾ ਸਾਧਨ ਤੇ ਮਨੁੱਖੀ ਰੂਪ ਦੇ ਅਨੰਦ ਮਾਨਣ ਦਾ ਸਾਧਨ ਕਿਤਨਾ ਹੀ ਕਮਾਲ ਦੇ ਤਰੀਕੇ ਨਾਲ ਬਣਾਇਆ ਹੋਇਆ ਹੈ। ਇਸਤਰੀ ਪੁਰਸ਼ ਦੇ ਵੱਖਰੇ ਵੱਖਰੇ ਸੁੰਦਰ ਰੂਪ ਇੱਕ ਦੂਸਰੇ ਨੂੰ

49/6783

ਜੋ ਲੁਭਾਉਂਦੇ ਹਨ, ਆਪਸ ਵਿੱਚ ਮੇਲ ਕਰਨ ਲਈ ਲਭਾਉਂਦੇ ਹਨ ਉਹ ਪ੍ਰਮਾਤਮਾ ਦਾ ਇਸ ਸ੍ਰਿਸ਼ਟੀ ਨੂੰ ਅੱਗੇ ਵਧਾਉਂਣ ਦਾ ਕਿਤਨਾ ਕੂ ਵੱਡਾ ਗੁਣ ਹੈ ਤੇ ਉਸ ਵਿੱਚ ਕਿਤਨਾ ਕੂ ਵੱਡਾ ਅਨੰਦ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਪ੍ਰਮਾਤਮਾ ਦੀ ਹਰ ਕਰਣੀ ਵਿੱਚ ਗੁਣ ਹੀ ਗੁਣ ਭਰੇ ਹੋਏ ਹਨ। ਇਸਤਰੀ ਪੁਰਸ਼ ਦੇ ਮੇਲ ਨਾਲ ਜੋ ਬੱਚਿਆਂ ਦੀ ਪੈਦਾਇਸ਼ ਹੁੰਦੀ ਹੈ ਉਸ ਵਿੱਚ ਇਸਤਰੀ ਪੁਰਸ਼ ਨੂੰ ਕਿਤਨੀ ਕੂ ਖੁਸ਼ੀ ਮਹਿਸੂਸ ਹੁੰਦੀ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਤੇ ਮਨੁੱਖ ਇਹ ਖੁਸ਼ੀ ਆਪਣੇ ਅੰਦਰ ਪਾਏ ਹੋਏ ਪ੍ਰਮਾਤਮਾ ਦੇ ਗੁਣਾਂ ਦੁਆਰਾ ਹੀ ਮਾਣਦਾ ਹੈ ਜੋ ਮਨੁੱਖੀ ਸਰੀਰ ਅਨੇਕਾਂ ਹੀ ਗੁਣਾਂ ਨਾਲ ਭਰਪੂਰ ਹੈ। ਇਸੇ ਤਰ੍ਹਾਂ ਪੂਰੀ ਸ੍ਰਿਸ਼ਟੀ ਵਿੱਚ ਉਤਪੱਤੀ ਦਾ ਸਾਧਨ ਭਾਵੇਂ ਉਹ ਪਸ਼ੂ ਪਕਸ਼ੀ ਹਨ, ਜੀਵ ਜੰਤੂ ਹਨ ਤੇ ਭਾਵੇਂ ਉਹ ਬਨਸਪਤੀ ਹੈ ਸਭ ਦੇ ਅੰਦਰ ਉਤਪੱਤੀ ਦਾ ਸਾਧਨ ਪ੍ਰਮਾਤਮਾ ਨੇ ਆਪ ਹੀ ਸਭ ਦੇ ਅੰਦਰ ਪਾਇਆ ਹੋਇਆ ਹੈ, ਆਪਣੀ ਉੱਚੀ ਸਾਇੰਸ ਦੇ ਗੁਣਾਂ ਦੁਆਰਾ ਪਾਇਆ ਹੋਇਆ ਹੈ ਜਿਵੇਂ ਕਿ ਪੇੜ ਤੋਂ ਬੀਜ ਬਣਦਾ ਹੈ ਤੇ ਉਸਦੇ ਬੀਜ ਤੋਂ ਹੀ ਫਿਰ ਹੋਰ ਬੀਜ ਬਣ ਜਾਂਦਾ ਹੈ। ਇਹ ਕਿਤਨੇ ਕੂ ਵੱਡੇ ਗੁਣ ਹਨ ਜੋ ਪੂਰੀ ਸ੍ਰਿਸ਼ਟੀ ਨੂੰ ਅੱਗੇ ਵਧਾਉਂਣ ਲਈ ਹਨ ਤੇ ਸਿਸ਼ਟੀ ਦੀ ਸੰਭਾਲ ਕਰਨ ਲਈ ਹਨ ਤੇ ਕਿਸੇ ਦੇ ਅੰਦਾਜੇ ਤੋਂ ਵੀ ਬਾਹਰ ਹਨ ਤੇ ਸ੍ਰਿਸ਼ਟੀ ਵਿੱਚ ਇਤਨੇ ਗੁਣ ਕਿੱਥੋਂ ਆਏ ਹਨ ਭਾਵ ਕਿਸਨੇ ਪਾਏ ਹਨ। ਸੱਚ ਕਰਕੇ ਜਾਣੋ, ਗੁਰੂ ਦੀ ਗੱਲ ਨੂੰ ਸੱਚ ਕਰਕੇ ਜਾਣੋ, ਪੂਰੀ ਤਰ੍ਹਾਂ ਸੱਚ

ਕਰਕੇ ਜਾਣੋ ਕਿ ਉਹ ਸਾਰੇ ਸੰਸਾਰ ਦੇ ਗੁਣਾਂ ਦਾ ਮਾਲਕ ਸਾਡੇ ਸਭ ਦੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ, ਮਨ ਦੀ ਸਮਝ ਦੇ ਵਿੱਚ ਹੀ ਹੈ ਜਿਸਨੂੰ ਜਾਨਣ ਲਈ ਉਸਦੀ ਰਚੀ ਹੋਈ ਗੁਰਬਾਣੀ ਦੇ ਗੁਣਾਂ ਨਾਲ ਜੁੜਨ ਦੀ ਲੋੜ ਹੈ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮੰਨਣ ਦੀ ਲੋੜ ਹੈ ਜਿਨ੍ਹਾਂ ਨੂੰ ਮੰਨਣ ਲਈ ਪਹਿਲੇ ਗੁਰੂ ਦੇ ਦਿੱਤੇ ਹੋਏ ਵਿਚਾਰਾਂ ਨੂੰ ਸਮਝਣ ਦੀ ਲੋੜ ਹੈ ਭਾਵ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੀ ਲੋੜ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਸਿਸ਼੍ਰਟੀ ਦੇ ਕਰਤੇ ਨੇ ਸਭ ਨੂੰ ਆਪ ਹੀ ਪਾਇਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਤਰੀਕਾ ਸਾਡੇ ਕੋਲ ਗੁਰਬਾਣੀ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਭਾਵ ਪ੍ਰਮਾਤਮਾ ਦਾ ਨਾਮ ਹੈ ਜਿਸ ਨਾਮ ਨੂੰ ਜਪਣ ਦੁਆਰਾ ਹੀ ਅਸੀਂ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਆਪਣੇ ਅੰਦਰੋਂ ਨਾਮ ਦੇ ਮਾਲਕ, ਬ੍ਰਹਮ ਗਿਆਨ ਦੇ ਮਾਲਕ, ਇਸ ਸ੍ਰਿਸ਼ਟੀ ਦੇ ਮਾਲਕ, ਸਾਰੇ ਗੁਣਾਂ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜਿਸਨੂੰ ਕਿ ਕੋਈ ਵਿਰਲਾ ਹੀ ਭਾਵ ਅਰਬਾਂ ਖਰਬਾਂ ਵਿੱਚ ਕੋਈ ਵਿਰਲਾ ਹੀ ਉਸਦੀ ਕਿਰਪਾ ਦੁਆਰਾ ਉਸਨੂੰ ਜਾਣ ਸਕਦਾ ਹੈ ਤੇ ਉਸਦੀ ਕਿਰਪਾ ਦਾ ਪਾਤਰ ਬਣਨ ਲਈ ਸਾਡੇ ਲਈ ਇੱਕੋ ਇੱਕ ਸਾਧਨ ਇਹ ਹੈ ਕਿ ਅਸੀਂ ਗੁਰੂ ਦੀ ਸਮਝਾਈ ਹੋਈ ਗੱਲ ਤੇ ਅਮਲ ਕਰੀਏ ਭਾਵ ਆਪਣੇ ਅਉਗੁਣ ਛੱਡਕੇ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਨਾਈਏ ਤੇ ਉਸ ਗੁਣਾਂ ਦੇ ਮਾਲਕ ਤੱਕ ਪਹੁੰਚਣ ਦਾ ਸੱਚਾ ਉਪਰਾਲਾ ਕਰੀਏ।

(ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥)

49/6784

ਆਪਣੇ ਅੰਦਰੋਂ ਗੁਣਾਂ ਦੇ ਮਾਲਕ ਨੂੰ ਜਾਨਣਾ ਭਾਵ ਪ੍ਰਮਾਤਮਾ ਨੂੰ ਜਾਨਣਾ, ਇਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣਾ ਕਿਸੇ ਵੀ ਮਨੁੱਖ ਲਈ ਸਭ ਤੋਂ ਹੈਰਾਨੀ ਵਾਲੀ ਗੱਲ ਹੈ ਜਿਸ ਮਨ ਦੀ ਹੈਰਾਨ ਕਰਨ ਵਾਲੀ ਗੱਲ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸੰਸਾਰ ਦੀ ਸਭ ਤੋਂ ਅਜਬ ਗੱਲ ਹੈ ਜੋ ਗੱਲ ਕਿਸੇ ਨੂੰ ਸਮਝਾਈ ਨਹੀਂ ਜਾ ਸਕਦੀ। ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥

ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥”

ਉਪਰ ਪੰਗਤੀਆਂ ਵਿੱਚ **“ਰਸੁ”** ਦੀ ਗੱਲ ਕੀਤੀ ਹੋਈ ਹੈ ਜੋ **“ਰਸੁ”** ਪ੍ਰਮਾਤਮਾ ਦੇ ਸੰਤਾਂ ਨੂੰ ਆਉਂਦਾ ਹੈ। ਸੰਤ ਅਖਵਾਉਂਣ ਵਾਲੇ ਤਾਂ ਬਹੁਤ ਹਨ ਪਰ **“ਰਸੁ”** ਕੀ ਹੈ ਜਿਸ ਰਸੁ ਆਉਂਣ ਨਾਲ ਕੋਈ ਪ੍ਰਮਾਤਮਾ ਦਾ ਸੰਤ ਬਣਦਾ ਹੈ ਇਸਦੀ ਸਮਝ ਉਹਨਾਂ ਨੂੰ ਰੱਤੀ ਭਰ ਵੀ ਨਹੀਂ ਹੁੰਦੀ। ਇਹ **“ਰਸੁ”** ਨਾਮ ਦਾ ਰੱਸ ਹੈ ਜੋ ਆਪਣਾ ਰੱਸ ਮਨ ਦੇ ਵਿੱਚ ਪ੍ਰਮਾਤਮਾ ਪ੍ਰਗਟ ਹੋ ਕੇ ਕਿਸੇ ਨੂੰ ਆਪ ਹੀ ਪੀਆਉਂਦਾ ਹੈ ਜਿਵੇਂ ਕਿ ਉਸਨੇ ਇਹ **“ਰਸੁ”** ਆਪਣੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨਾਂ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪੀਆਇਆ ਹੈ ਭਾਵ ਆਪਣੇ ਸੱਚੇ ਸੰਤਾਂ ਨੂੰ ਪੀਆਇਆ ਹੈ ਜਿਨ੍ਹਾਂ ਨੇ ਇਹ **“ਰਸੁ”** ਪੀਣ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣਿਆ ਹੈ, ਸੱਚੀ ਗੁਰਮਤਿ ਦੇ ਗਿਆਨ ਨੂੰ ਜਾਣਿਆ ਹੈ ਭਾਵ ਨਾਮ ਦੀ ਸੱਚੀ ਸਮਝ ਨੂੰ ਜਾਣਿਆ ਹੈ। ਜਿਸਦੇ ਸਰੀਰ ਰਾਹੀਂ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਪ੍ਰਮਾਤਮਾ ਇਹ ਰੱਸ ਹੀ ਪੀਆਉਂਦਾ ਹੈ ਜੋ ਕਿ ਉਸਦੇ ਬ੍ਰਹਮ ਗਿਆਨ ਦਾ **“ਰਸੁ”** ਹੈ। ਆਪਣਾ ਇਹ ਬ੍ਰਹਮ ਗਿਆਨ ਰੂਪ ਰੱਸ ਪੀਆਉਂਣ ਦੁਆਰਾ ਹੀ ਉਹ ਕਿਸੇ ਨੂੰ ਆਪਣੀ ਅਕਥ ਕਥਾ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

“ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥

ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥”

(ਅੰਗ ੧੩)

ਜਿਵੇਂ ਕਿ ਉਪਰ ਵਾਲੀਆਂ ਪੰਗਤੀਆਂ ਰਾਹੀਂ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਕਿ ਪ੍ਰਮਾਤਮਾ ਦਾ ਇਹ **“ਰਸੁ”** ਸਾਨੂੰ ਮਨ ਦੇ ਸੰਸੇ ਵਿੱਚੋਂ ਕੱਢਣ ਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ, ਮਨ ਦੀ ਮਾੜੀ ਸਮਝ ਵਿੱਚੋਂ ਕੱਢਣ ਦਾ ਹੈ ਜਿਸ ਮਾੜੀ ਸਮਝ ਵਿੱਚ ਰਹਿੰਦੇ ਹੋਏ, ਮਾਇਆ ਮੋਹ ਵਾਲੀ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਵਿਕਾਰਾਂ ਵਿੱਚ ਪੈਂਦਾ ਹੈ ਭਾਵ ਮਾੜੇ ਕਰਮ ਕਰਦਾ ਹੈ।

49/6785

ਪ੍ਰਮਾਤਮਾ ਜਿਸਨੂੰ ਆਪਣਾ ਇਹ ਰਸੁ ਪੀਆਉਂਦਾ ਹੈ ਉਸਨੂੰ ਮਨ ਦੇ ਵਿੱਚ ਸੱਚੀ ਸਮਝ ਹੀ ਪਾਉਂਦਾ ਹੈ, ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ, ਆਪਣੇ ਆਪ ਦਾ ਸੱਚ ਹੀ ਸਮਝਾਉਂਦਾ ਹੈ, ਇਸ ਸ੍ਰਿਸ਼ਟੀ ਦਾ ਸੱਚ ਹੀ ਸਮਝਾਉਂਦਾ ਹੈ ਭਾਵ ਆਪਣੀ ਅਕਥ ਕਥਾ ਸਮਝਾਉਂਦਾ ਹੈ ਜੋ ਕਥਾ ਸਭ ਦੇ ਲਈ ਅਕਥ ਹੈ ਭਾਵ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥ ਕਥਾ ਹੀ ਹੈ ਜਿਸਨੂੰ ਕਿ ਉਹਨਾਂ ਨੇ ਕਥਿਆ ਹੈ ਭਾਵ ਉਚਾਰਿਆ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਇਹ **"ਰਸੁ"** ਪੀਆਉਂਣ ਦੁਆਰਾ ਆਪਣਾ ਬ੍ਰਹਮ ਗਿਆਨੀ ਰੂਪ ਬਣਾਇਆ ਹੈ। ਪ੍ਰਮਾਤਮਾ ਦਾ ਬ੍ਰਹਮ ਗਿਆਨੀ ਉਹੀ ਬਣ ਸਕਦਾ ਹੈ ਜਿਸਨੂੰ ਉਹ ਆਪਣਾ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਬ੍ਰਹਮ ਗਿਆਨ ਰੂਪ ਰੱਸ ਪੀਆਉਂਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਨਾਮ ਵਾਲੀ ਸਮਝ ਪਾਉਂਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾਉਂਦਾ ਹੈ ਜਿਸ ਉੱਚੀ ਤੇ ਸੱਚੀ ਸਮਝ ਦੁਆਰਾ ਕੋਈ ਮਾਇਆ ਮੋਹ ਵਾਲੀ ਸਮਝ ਵਿੱਚੋਂ ਤਰਦਾ ਹੈ ਭਾਵ ਅਗਿਆਨਤਾ ਵਾਲੀ ਸਮਝ ਵਿੱਚੋਂ ਪ੍ਰਮਾਤਮਾ ਕਿਸੇ ਨੂੰ ਆਪਣੀ ਬ੍ਰਹਮ ਗਿਆਨੀ ਰੂਪ ਸਮਝ ਦੇਣ ਦੁਆਰਾ ਆਪ ਹੀ ਚਲਾਉਂਦਾ ਹੈ, ਮਨੁੱਖ ਦੀ ਸੁੱਤੀ ਹੋਈ ਮਤਿ ਨੂੰ ਜਗਾਉਂਦਾ ਹੈ। **(ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥)** ਅੰਗ ੧੩

{ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥੧॥ ਜੋ ਜਨਮੈ ਸੋ ਜਾਨਹੁ ਮੂਆ ॥
ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥੧॥ ਰਹਾਉ ॥ ਦਿਨ ਤੇ ਸਰਪਰ ਪਉਸੀ ਰਾਤਿ ॥
ਰੈਣਿ ਗਈ ਫਿਰਿ ਹੋਇ ਪਰਭਾਤਿ ॥੨॥ ਮਾਇਆ ਮੋਹਿ ਸੋਇ ਰਹੇ ਅਭਾਗੇ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥}

(ਅੰਗ ੩੭੫)

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥}

(ਅੰਗ ੨੩)

{ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ ॥ ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥੧॥ ਰਹਾਉ ॥
ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥}

(ਅੰਗ ੨੬)

{ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥ ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥
ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥}

(ਅੰਗ ੨੯)

{ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥
ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥ ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥
ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ॥ ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥}

(ਅੰਗ ੪੧)

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥}

(ਅੰਗ ੬੬)

{ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥
ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥
ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ॥
ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥}

(ਅੰਗ ੬੬)

{ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ ਜਿਨਾ ਭਾਣੇ ਕਾ ਰਸੁ ਆਇਆ ॥
ਤਿਨ ਵਿਚਹੁ ਭਰਮੁ ਚੁਕਾਇਆ ॥ ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥
ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥ ਅੰਮ੍ਰਿਤੁ ਤੇਰੀ ਬਾਣੀਆ ॥
ਤੇਰਿਆ ਭਗਤਾ ਰਿਦੈ ਸਮਾਣੀਆ ॥ ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥
ਸਤਿਗੁਰੁ ਮਿਲਿਆ ਜਾਣੀਐ ॥ ਜਿਤੁ ਮਿਲਿਐ ਨਾਮੁ ਵਖਾਣੀਐ ॥
ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥੧੩॥ ਹਉ ਸਤਿਗੁਰ ਵਿਟਹੁ ਘੁਮਾਇਆ ॥
ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥ ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥੧੪॥}

(ਅੰਗ ੭੨)

49/6786

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥}

(ਅੰਗ ੯੫)

{ਜੇਹਾ ਡਿਠਾ ਮੈ ਤੇਹੋ ਕਹਿਆ ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥
ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥੪॥੩॥੧੦॥}

(ਅੰਗ ੯੭)

{ਅੰਤਰਿ ਬਾਹਰਿ ਤੇਰੀ ਬਾਣੀ ॥ ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥
ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥੩॥ ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥
ਹਰਿ ਪੈਨਣੁ ਨਾਮੁ ਭੋਜਨੁ ਥੀਆ ॥ ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥}

(ਅੰਗ ੯੯)

{ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ ਦੂਖ ਬਿਡਾਰਨ ਹਰੀਆ ॥
ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥ ਜੋ ਜੋ ਪੀਵੈ ਸੋ ਤ੍ਰਿਪਤਾਵੈ ॥
ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥ ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥
ਜਿਨਿ ਹਰਿ ਰਸੁ ਪਾਇਆ ਸੋ ਤ੍ਰਿਪਤਿ ਅਘਾਨਾ ॥ ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ ॥
ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ ॥੩॥
ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥ ਤਿਸੁ ਲਗਿ ਮੁਕਤੁ ਭਏ ਘਣੇਰੇ ॥
ਨਾਮੁ ਨਿਧਾਨਾ ਗੁਰਮੁਖਿ ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥}

(ਅੰਗ ੧੦੦-੧੦੧)

{ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥ ਅਗਮ ਅਗੋਚਰੁ ਸਾਹਿਬੁ ਮੇਰਾ ॥
ਘਟ ਘਟ ਅੰਤਰਿ ਵਰਤੈ ਨੇਰਾ ॥ ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥
ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥ ਹਥੀ ਦਿਤੀ ਪ੍ਰਭਿ ਦੇਵਣਹਾਰੈ ॥
ਜਨਮ ਮਰਣ ਰੋਗ ਸਭਿ ਨਿਵਾਰੇ॥ ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥}

(ਅੰਗ ੧੦੬)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥}

(ਅੰਗ ੧੧੩)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥}

(ਅੰਗ ੧੧੫)

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥
ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ ੧੨੪)

{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

{ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥
ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰਮੁਖਿ ਅੰਮ੍ਰਿਤੁ ਪੀਆਵਣਿਆ ॥

ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ ਸਹਜੇ ਹਰਿ ਗੁਣ ਗਾਵਣਿਆ ॥੧॥ ਰਹਾਉ ॥
ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥}

(ਅੰਗ ੧੧੯)

{ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥ ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥
ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥੨॥
ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥
ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥
ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥}

(ਅੰਗ ੧੨੬)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥
ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥}

(ਅੰਗ ੧੨੯)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥
ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥
ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ ੧੫੩)

{ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥
ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥ ਮਰਣੁ ਲਿਖਾਇ ਆਏ ਨਹੀ ਰਹਣਾ ॥
ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ ਰਹਾਉ ॥ ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥
ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ ॥੨॥
ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ ਊਚੋ ਊਚਾ ॥
ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥ ਗੁਰਿ ਮਿਲਿਐ ਮਿਲਿ ਅੰਕਿ ਸਮਾਣਿਆ ॥
ਕਰਿ ਕਿਰਪਾ ਘਰੁ ਮਹਲੁ ਦਿਖਾਣਿਆ ॥ ਨਾਨਕ ਹਉਮੈ ਮਾਰਿ ਮਿਲਾਣਿਆ ॥੪॥੯॥}

(ਅੰਗ ੧੫੩)

{ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥
ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥੨॥}

(ਅੰਗ ੧੬੯)

{ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ ਲੈ ਲਾਹਾ ਹਰਿ ਮਨਿ ਹਸੀਐ ॥
ਹਰਿ ਹਰਿ ਆਪਿ ਦਇਆ ਕਰਿ ਦੇਵੈ ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥੩॥}

(ਅੰਗ ੧੭੦)

{ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥
ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥ ਹਰਿ ਪਾਇਅੜਾ ਮਨਿ ਜੀਵਾ ਜੀਉ ॥੧॥}

(ਅੰਗ ੧੭੫)

49/6787

{ਜਾ ਕਾ ਮੀਤੁ ਸਾਜਨੁ ਹੈ ਸਮੀਆ ॥ ਤਿਸੁ ਜਨ ਕਉ ਕਹੁ ਕਾ ਕੀ ਕਮੀਆ ॥੧॥
ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥੧॥ ਰਹਾਉ ॥
ਜਾ ਕਉ ਰਸੁ ਹਰਿ ਰਸੁ ਹੈ ਆਇਓ ॥ ਸੋ ਅਨ ਰਸ ਨਾਹੀ ਲਪਟਾਇਓ ॥੨॥
ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥੩॥
ਜਾ ਕਾ ਸਭੁ ਕਿਛੁ ਤਾ ਕਾ ਹੋਇ ॥ ਨਾਨਕ ਤਾ ਕਉ ਸਦਾ ਸੁਖੁ ਹੋਇ ॥੪॥੩੩॥੧੦੨॥}

(ਅੰਗ ੧੮੬)

{ਆਠ ਪਹਰ ਸੰਗੀ ਬਟਵਾਰੇ ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥
ਐਸਾ ਹਰਿ ਰਸੁ ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥}

(ਅੰਗ ੧੮੬)

{ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ ਰਹਾਉ ॥}

(ਅੰਗ ੧੮੮)

{ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ ੨੦੫)

{ਰਸਨਾ ਜਪੀਐ ਏਕੁ ਨਾਮ ॥ ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥੧॥ ਰਹਾਉ ॥
ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧॥
ਹਰਿ ਰਸੁ ਜਿਨਿ ਜਨਿ ਚਾਖਿਆ ॥ ਤਾ ਕੀ ਤ੍ਰਿਸਨਾ ਲਾਥੀਆ ॥੨॥
ਹਰਿ ਬਿਸ੍ਰਾਮ ਨਿਧਿ ਪਾਇਆ ॥ ਸੋ ਬਹੁਰਿ ਨ ਕਤ ਹੀ ਧਾਇਆ ॥੩॥
ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥ ਨਾਨਕ ਤਾ ਕਾ ਭਉ ਗਇਆ ॥੪॥੮॥੧੪੬॥}

(ਅੰਗ ੨੧੧)

{ਸਭਹੂ ਕੋ ਰਸੁ ਹਰਿ ਹੋ ॥੧॥ ਰਹਾਉ ॥ ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ ॥
ਕਾਹੂ ਹੋ ਡੰਡ ਧਰਿ ਹੋ ॥੧॥ ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ॥ ਕਾਹੂ ਹੋ ਗਉਨੁ ਕਰਿ ਹੋ ॥੨॥
ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥ ਨਾਨਕਾ ਭਗਤਿ ਪ੍ਰਿਅ ਹੋ ॥੩॥੨॥੧੫੫॥}

(ਅੰਗ ੨੧੩)

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ॥
ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥
ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥
ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥
ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥
ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥
ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥
ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥
ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥
ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥
ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥
ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥
ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥
ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ ੨੨੦-੨੨੧)

{ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥੨॥}

(ਅੰਗ ੨੪੩)

{ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥ ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥੧॥}

(ਅੰਗ ੨੫੨)

ਪਉੜੀ ॥

{ਲਲਾ ਤਾ ਕੈ ਲਵੈ ਨ ਕੋਊ ॥ ਏਕਹਿ ਆਪਿ ਅਵਰ ਨਹ ਹੋਊ ॥ ਹੋਵਨਹਾਰੁ ਹੋਤ ਸਦ ਆਇਆ ॥
ਉਆ ਕਾ ਅੰਤੁ ਨ ਕਾਹੂ ਪਾਇਆ ॥ ਕੀਟ ਹਸਤਿ ਮਹਿ ਪੂਰ ਸਮਾਨੇ ॥ ਪ੍ਰਗਟ ਪੁਰਖ ਸਭ ਠਾਊ ਜਾਨੇ ॥
ਜਾ ਕਉ ਦੀਨੋ ਹਰਿ ਰਸੁ ਅਪਨਾ ॥ ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥੧੨॥}

(ਅੰਗ ੨੫੨)

{ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਨੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਨੁ ॥੧॥}

(ਅੰਗ ੨੫੨)

{ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥ ਨਾਨਕ ਹਰਿ ਗੁਰਿ ਜਾ ਕਉ ਦੀਆ ॥੨੦॥}

(ਅੰਗ ੨੫੪)

{ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥
ਬ੍ਰਹਮ ਗਿਆਨੀ ਸਦਾ ਸਮਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥}

(ਅੰਗ ੨੭੨)

{ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥ ਰਾਮ ਨਾਮ ਸਾਰੁ ਰਸੁ ਪੀਵੈ ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥
ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥}

(ਅੰਗ ੨੭੪)

{ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥
ਜਾ ਕੈ ਮਨਿ ਪ੍ਰਗਟੇ ਗੁਨਤਾਸ ॥ ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥
ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥}

(ਅੰਗ ੨੮੭)

{ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ ਬਿਰਲਾ ਕੋਇ ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥
ਪੂਰਨ ਪੁਰਖ ਨਹੀ ਡੋਲਾਨੇ ॥ ਸੁਭਰ ਭਰੇ ਪ੍ਰੇਮ ਰਸ ਰੰਗਿ ॥ ਉਪਜੈ ਚਾਉ ਸਾਧ ਕੈ ਸੰਗਿ ॥
ਪਰੇ ਸਰਨਿ ਆਨ ਸਭ ਤਿਆਗਿ ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥
ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੨॥}

(ਅੰਗ ੨੮੯)

{ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥
ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥
ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥
ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥
ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ ॥੧੮॥}

(ਅੰਗ ੩੧੦-੩੧੧)

{ਕਹੁ ਕਬੀਰ ਬਹੁ ਕਾਇ ਕਰੀਜੈ ॥ ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥}

(ਅੰਗ ੩੨੪)

49/6788

{ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥੧॥
ਉਆ ਕਉ ਕਹੀਐ ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥੧॥ ਰਹਾਉ ॥

ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦਿ ਮਾਤੇ ਅਨਦਿਨੁ ਜਾਈ ॥੨॥
ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥੩॥੨੭॥}

(ਅੰਗ ੩੨੮)

{ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥੧॥ ਰਹਾਉ ॥
ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ ॥ ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ ॥੨॥}

(ਅੰਗ ੩੩੭)

{ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥
ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥}

(ਅੰਗ ੩੪੨)

{ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥ ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥
ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥ ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥}

(ਅੰਗ ੩੫੨)

{ਜੋ ਤਿਨਿ ਕੀਆ ਸੋ ਸਚੁ ਥੀਆ ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥
ਹਿਰਦੈ ਨਾਮੁ ਨਾਹੀ ਮਨਿ ਭੰਗੁ ॥ ਅਨਦਿਨੁ ਨਾਲਿ ਪਿਆਰੇ ਸੰਗੁ ॥੧॥ ਹਰਿ ਜੀਉ ਰਾਖਹੁ ਅਪਨੀ ਸਰਣਾਈ ॥
ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥੧॥ ਰਹਾਉ ॥}

(ਅੰਗ ੩੫੨-੩੫੩)

{ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥}

(ਅੰਗ ੩੬੦)

{ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ ॥ ਪੀਵਤ ਰਹੈ ਪੀਆਏ ਸੋਇ ॥
ਗੁਰ ਕਿਰਪਾ ਤੇ ਹਰਿ ਰਸੁ ਪਾਏ ॥ ਨਾਨਕ ਨਾਮਿ ਰਤੇ ਗਤਿ ਪਾਏ ॥੪॥੩॥੪੨॥}

(ਅੰਗ ੩੬੧)

{ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥ ਗੁਰਬਾਣੀ ਹਰਿ ਅਲਖੁ ਲਖਾਇਆ ॥੧॥
ਗੁਰਮੁਖਿ ਨਾਮੁ ਸੁਨਹੁ ਮੇਰੀ ਭੈਨਾ ॥ ਏਕੋ ਰਵਿ ਰਹਿਆ ਘਟ ਅੰਤਰਿ ਮੁਖਿ ਬੋਲਹੁ ਗੁਰ ਅੰਮ੍ਰਿਤ ਬੈਨਾ ॥੧॥ ਰਹਾਉ॥

ਮੈ ਮਨਿ ਤਨਿ ਪ੍ਰੇਮੁ ਮਹਾ ਬੈਰਾਗੁ ॥ ਸਤਿਗੁਰੁ ਪੁਰਖੁ ਪਾਇਆ ਵਡਭਾਗੁ ॥੨॥
ਦੂਜੈ ਭਾਇ ਭਵਹਿ ਬਿਖੁ ਮਾਇਆ ॥ ਭਾਗਹੀਨ ਨਹੀ ਸਤਿਗੁਰੁ ਪਾਇਆ ॥੩॥
ਅੰਮ੍ਰਿਤੁ ਹਰਿ ਰਸੁ ਹਰਿ ਆਪਿ ਪੀਆਇਆ ॥ ਗੁਰਿ ਪੂਰੈ ਨਾਨਕ ਹਰਿ ਪਾਇਆ ॥੪॥੩॥੫੫॥}

(ਅੰਗ ੩੬੬)

{ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥}

(ਅੰਗ ੩੭੬)

{ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ ਰਹਾਉ ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥
ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥ ਨਾਨਕ ਚਾਖਿ ਭਏ ਬਿਸਮਾਦੁ ॥
ਨਾਨਕ ਗੁਰ ਤੇ ਆਇਆ ਸਾਦੁ ॥ ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥}

(ਅੰਗ ੩੭੭)

{ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥ ਦਰਸਨੁ ਪੇਖਤ ਮੈ ਜੀਓ ॥
ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥੧॥ ਰਹਾਉ ॥
ਤੁਮ੍ਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ ਆਪਿ ਕੀਓ ॥
ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ ॥੨॥
ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥
ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥
ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥
ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥੪॥੮॥੪੭॥}

(ਅੰਗ ੩੮੨)

{ਦ੍ਰਿਸਟਿ ਤੇਰੀ ਸੁਖੁ ਪਾਈਐ ਮਨ ਮਾਹਿ ਨਿਧਾਨਾ ॥ ਜਾ ਕਉ ਤੁਮ ਕਿਰਪਾਲ ਭਏ ਸੇਵਕ ਸੇ ਪਰਵਾਨਾ ॥੩॥
ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ॥ ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ॥੪॥੧੪॥੧੧੬॥}

(ਅੰਗ ੪੦੦)

{ਉਤਰਿ ਅਵਘਟਿ ਸਰਵਰਿ ਨ੍ਹਾਵੈ ॥ ਬਕੈ ਨ ਬੋਲੈ ਹਰਿ ਗੁਣ ਗਾਵੈ ॥
ਜਲੁ ਆਕਾਸੀ ਸੁੰਨਿ ਸਮਾਵੈ ॥ ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥
ਐਸਾ ਗਿਆਨੁ ਸੁਨਹੁ ਅਭ ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥}

(ਅੰਗ ੪੧੧)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥ ਅੰਤਰਿ ਪੂਜਾ ਥਾਨੁ ਮੁਰਾਰਾ ॥
ਜੋਤੀ ਜੋਤਿ ਮਿਲਾਵਣਹਾਰਾ ॥੫॥ ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥

ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥}

(ਅੰਗ ੪੧੧)

{ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥
ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥
ਹੀਰਾ ਨਾਮੁ ਜਵੇਹਰ ਲਾਲੁ ॥ ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥}

(ਅੰਗ ੪੧੪)

{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥ ਐਸੇ ਪ੍ਰੇਮ ਭਗਤਿ ਵੀਚਾਰੀ ॥
ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥ ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥
ਤੀਨ ਭਵਨ ਨਿਹਕੇਵਲ ਗਿਆਨੁ ॥ ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥ ਸਾਚਾ ਹਰਖੁ ਨਾਹੀ ਤਿਸੁ ਸੋਗੁ ॥
ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥ ਸਗਲੀ ਜੋਤਿ ਤੇਰਾ ਸਭੁ ਕੋਈ ॥
ਆਪੇ ਜੋੜਿ ਵਿਛੋੜੇ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥੪॥}

(ਅੰਗ ੪੧੪)

{ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥
ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥
ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ ॥
ਜੰਮਣੁ ਮਰਣੁ ਤਿਨ੍ਹਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥
ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ ॥
ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥੨॥}

(ਅੰਗ ੪੩੮)

49/6789

{ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ॥
ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥
ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ॥
ਗੁਰ ਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਵੇ ਰੰਗਿ ਰਾਤੀ ॥
ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥
ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥੧॥}

(ਅੰਗ ੪੩੯)

{ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ॥
ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ॥
ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ ਸਹਜੇ ਹਰਿ ਰਸੁ ਚਾਖਿਆ ॥
ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ ॥

ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥
ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥੩॥}

(ਅੰਗ ੪੪੦)

{ਹਰਿ ਰਸ ਭੋਗ ਮਹਾ ਨਿਰਜੋਗ ਵਡਭਾਗੀ ਹਰਿ ਰਸੁ ਪਾਇਆ ॥
ਸੇ ਧੰਨੁ ਵਡੇ ਸਤ ਪੁਰਖਾ ਪੂਰੇ ਜਿਨ ਗੁਰਮਤਿ ਨਾਮੁ ਧਿਆਇਆ ॥}

(ਅੰਗ ੪੪੫)

{ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥
ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥}

(ਅੰਗ ੪੪੭)

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥}

(ਅੰਗ ੪੫੨)

{ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ ॥
ਮਾਲੁ ਖਜੀਨਾ ਸੁਤ ਭ੍ਰਾਤ ਮੀਤ ਸਭਹੂੰ ਤੇ ਪਿਆਰਾ ਰਾਮ ਰਾਜੇ ॥
ਸਭਹੂੰ ਤੇ ਪਿਆਰਾ ਪੁਰਖੁ ਨਿਰਾਰਾ ਤਾ ਕੀ ਗਤਿ ਨਹੀ ਜਾਣੀਐ ॥
ਹਰਿ ਸਾਸਿ ਗਿਰਾਸਿ ਨ ਬਿਸਰੈ ਕਬਹੂੰ ਗੁਰ ਸਬਦੀ ਰੰਗੁ ਮਾਣੀਐ ॥
ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ ॥
ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰਾ ॥੩॥}

(ਅੰਗ ੪੫੪)

{ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥
ਸੰਤ ਚੀ ਸੰਗਤਿ ਸੰਤ ਕਥਾ ਰਸੁ ॥ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥}

(ਅੰਗ ੪੮੬)

{ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ ਜਿਸ ਕਾ ਅਭਿਮਾਨੁ ਗਵਾਏ ॥
ਸੋ ਜਨੁ ਨਿਰਮਲੁ ਜਿ ਗੁਰਮੁਖਿ ਬੂਝੈ ਹਰਿ ਚਰਣੀ ਚਿਤੁ ਲਾਏ ॥੧॥
ਹਰਿ ਚੇਤਿ ਅਚੇਤ ਮਨਾ ਜੋ ਇਛਹਿ ਸੋ ਫਲੁ ਹੋਈ ॥
ਗੁਰ ਪਰਸਾਦੀ ਹਰਿ ਰਸੁ ਪਾਵਹਿ ਪੀਵਤ ਰਹਹਿ ਸਦਾ ਸੁਖੁ ਹੋਈ ॥੧॥ ਰਹਾਉ ॥
ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥
ਜੋ ਉਸੁ ਪੂਜੇ ਸੋ ਫਲੁ ਪਾਏ ਦੀਖਿਆ ਦੇਵੈ ਸਾਚੁ ਬੁਝਾਏ ॥੨॥
ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥

ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥੩॥
ਨਾਨਕ ਵਿਣੁ ਨਦਰੀ ਕਿਛੂ ਨ ਪਾਈਐ ਜਿਸੁ ਨਦਰਿ ਕਰੇ ਸੋ ਪਾਏ ॥
ਗੁਰ ਪਰਸਾਦੀ ਦੇ ਵਡਿਆਈ ਅਪਣਾ ਸਬਦੁ ਵਰਤਾਏ ॥੪॥੫॥੭॥}

(ਅੰਗ ੪੯੧)

{ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥ ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ ॥੧॥
ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥
ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥੧॥ ਰਹਾਉ ॥
ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥ ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ॥੩॥ ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥੪॥ ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥੫॥੭॥੯॥}

(ਅੰਗ ੪੯੨)

{ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥
ਜਨ ਕਉ ਰਾਮ ਨਾਮੁ ਆਧਾਰਾ ਹਰਿ ਨਾਮੁ ਜਪਤ ਹਰਿ ਨਾਮੇ ਸੋਹੈ ॥੨॥
ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥੩॥
ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥}

(ਅੰਗ ੪੯੨-੪੯੩)

{ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥
ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥ ਨਾਨਕ ਨਦਰੀ ਪਾਈਐ ਤਾ ਅਨਦਿਨੁ ਲਾਗੈ ਧਿਆਨੁ ॥੨॥}

(ਅੰਗ ੫੧੧-੫੧੨)

ਪਉੜੀ ॥

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}

(ਅੰਗ ੫੧੨)

{ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥
ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥
ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥ ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ॥

ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ ॥੪॥੧॥}

(ਅੰਗ ੫੪੨)

{ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥
ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ ॥੧॥ ਵਾਹੁ ਵਾਹੁ ਸਹਜੇ ਗੁਣ ਰਵੀਜੈ ॥
ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ॥੧॥ ਰਹਾਉ ॥
ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥
ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥੨॥}

(ਅੰਗ ੫੬੫)

{ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ ॥
ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ ॥
ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ ॥
ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ ॥
ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ ॥
ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ ॥੧॥ ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ॥
ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ ॥
ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ ॥
ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ ॥
ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ ॥
ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ ॥੨॥
ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ ॥
ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ ॥
ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥
ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ ॥
ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ ॥
ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ ॥੩॥ ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ॥
ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ ॥
ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ ॥
ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ॥ ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ॥
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥੪॥੧॥}

(ਅੰਗ ੫੬੭-੫੬੮)

{ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ ॥ ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ ॥
ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ ॥

ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ ॥ ਗੁਰਮਤਿ ਪਾਈ ਵਡੀ ਵਡਿਆਈ ਸਚੈ ਸਬਦਿ ਰਸੁ ਪੀਜੈ॥
ਨਾਨਕ ਹਰਿ ਕੀ ਭਗਤਿ ਨਿਰਾਲੀ ਗੁਰਮੁਖਿ ਵਿਰਲੈ ਕੀਜੈ ॥੧॥}

(ਅੰਗ ੫੬੮)

{ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥ ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ॥
ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥੨॥}

(ਅੰਗ ੫੭੦)

{ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ ॥ ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ॥
ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ ॥
ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ ॥ ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ॥
ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ ॥੪॥੬॥}

(ਅੰਗ ੫੭੧)

49/6790

{ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥
ਹਮ ਪਾਪੀ ਹਮ ਪਾਪੀ ਨਿਰਗੁਣ ਦੀਨ ਤੁਮ੍ਹਾਰੇ ਰਾਮ ॥
ਹਮ ਪਾਪੀ ਨਿਰਗੁਣ ਦੀਨ ਤੁਮ੍ਹਾਰੇ ਹਰਿ ਦੈਆਲ ਸਰਣਾਇਆ ॥
ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ ਤਰਾਇਆ ॥
ਸਤਿਗੁਰ ਭੇਟਿ ਰਾਮ ਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ ॥
ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪॥੪॥}

(ਅੰਗ ੫੭੫)

{ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥ ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥
ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥
ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥}

(ਅੰਗ ੫੭੫)

{ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ ॥
ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥
ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥
ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥੨॥

ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥
ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥
ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥
ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥}

(ਅੰਗ ੫੯੬)

{ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥
ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥ ਮਨ ਰੇ ਰਾਮ ਨਾਮ ਜਸੁ ਲੇਇ ॥
ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥}

(ਅੰਗ ੫੯੭)

{ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥
ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥੧॥ ਮਨ ਰੇ ਸਮਝੁ ਕਵਨ ਮਤਿ ਲਾਗਾ ॥
ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥
ਆਵਤ ਕਉ ਹਰਖ ਜਾਤ ਕਉ ਰੋਵਹਿ ਇਹੁ ਦੁਖੁ ਸੁਖੁ ਨਾਲੇ ਲਾਗਾ ॥
ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰਮੁਖਿ ਸੋ ਅਨਰਾਗਾ ॥੨॥
ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥
ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥੩॥
ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ ॥
ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥੪॥
ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥
ਨਾਨਕ ਰਾਮ ਨਾਮੁ ਜਪਿ ਗੁਰਮੁਖਿ ਹਰਿ ਪਾਏ ਮਸਤਕਿ ਭਾਗਾ ॥੫॥੧੦॥}

(ਅੰਗ ੫੯੮)

{ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥੨॥
ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥
ਆਪੇ ਕਰਿ ਵੇਖੈ ਮਾਰਗਿ ਲਾਏ ਭਾਈ ਤਿਸੁ ਬਿਨੁ ਅਵਰੁ ਨ ਕੋਈ ॥
ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ ॥
ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ ॥੪॥੪॥}

(ਅੰਗ ੬੦੧)

{ਪੂਰੇ ਗੁਰ ਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ ॥ ਹਿਰਦੈ ਜਗਜੀਵਨੁ ਸਦ ਵਸਿਆ ਤਜਿ ਕਾਮੁ ਕ੍ਰੋਧੁ ਅਹੰਕਾਰਾ॥

ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ ॥
ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ ॥੨॥
ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ॥
ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ ॥
ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥੩॥}

(ਅੰਗ ੬੦੨)

{ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ ॥
ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥ ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥
ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥ ਰਹਾਉ ॥
ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥
ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਏ ॥
ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥੩॥
ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥੪॥੧੦॥}

(ਅੰਗ ੬੦੩)

{ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥
ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥ ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥੪॥੧੧॥}

(ਅੰਗ ੬੦੩)

{ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ ॥
ਆਪੇ ਵੇਖਿ ਵਿਗਸਦਾ ਪਿਆਰਾ ਕਰਿ ਚੋਜ ਵੇਖੈ ਪ੍ਰਭੁ ਆਪੈ ॥
ਆਪੇ ਵਣਿ ਤਿਣਿ ਸਭਤੁ ਹੈ ਪਿਆਰਾ ਆਪੇ ਗੁਰਮੁਖਿ ਜਾਪੈ ॥੧॥
ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥ ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰ ਸਬਦੀ ਚਖਿ ਜਾਪੈ ॥ ਰਹਾਉ ॥}

(ਅੰਗ ੬੦੫)

{ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ ॥
ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ ॥
ਆਪੇ ਆਪਿ ਸਲਾਹਦਾ ਪਿਆਰਾ ਜਨ ਨਾਨਕ ਹਰਿ ਰਸਿ ਧ੍ਰਾਪੈ ॥੪॥੩॥}

(ਅੰਗ ੬੦੫)

{ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ ਹਰਿ ਰਸੁ ਅੰਤਰਿ ਪਾਈ ॥
ਨਾਨਕ ਦੀਨ ਦਇਆਲ ਭਏ ਹੈ ਤ੍ਰਿਸਨਾ ਸਬਦਿ ਬੁਝਾਈ ॥੪॥੮॥}

(ਅੰਗ ੬੦੭)

{ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥ ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥}

(ਅੰਗ ੬੧੧)

{ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥
ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥ ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥
ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥ ਹਰਿ ਹਰਿ ਨਾਮੁ ਨਿਧਾਨ ਰਸੁ ਪੀਆ ਮਨ ਤਨ ਰਹੇ ਅਘਾਈ ॥
ਜਤ ਕਤ ਪੂਰਿ ਰਹਿਓ ਪਰਮੇਸਰੁ ਕਤ ਆਵੈ ਕਤ ਜਾਈ ॥੨॥
ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥
ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥
ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥੪॥੧੨॥੨੩॥}

(ਅੰਗ ੬੧੫)

{ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥
ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥੨॥
ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥
ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥੩॥}

(ਅੰਗ ੬੧੫-੬੧੬)

{ਜਿਨਿ ਜਿਨਿ ਸਾਧਸੰਗੁ ਪਾਇਆ ॥ ਸੋ ਪ੍ਰਭਿ ਆਪਿ ਤਰਾਇਆ ॥
ਕਰਿ ਕਿਰਪਾ ਨਾਮ ਰਸੁ ਦੀਆ ॥ ਕੁਸਲ ਖੇਮ ਸਭ ਥੀਆ ॥੩॥}

(ਅੰਗ ੬੨੨)

{ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥
ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥੧॥ ਹਰਿ ਗੁਣ ਗਾਵਹੁ ਸਦਾ ਸੁਭਾਈ ॥
ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥੧॥ ਰਹਾਉ ॥
ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥ ਪਤਿਤ ਪੁਨੀਤ ਕਰਿ ਲੀਨੇ ॥

ਕਰਿ ਕਿਰਪਾ ਹਰਿ ਜਸੁ ਦੀਨੇ ॥੨॥ ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥੩॥ ਜਿਸੁ ਦੇਵੈ ਪੁਰਖੁ ਬਿਧਾਤਾ ॥
ਹਰਿ ਰਸੁ ਤਿਨ ਹੀ ਜਾਤਾ ॥ ਜਮਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥}

(ਅੰਗ ੬੨੩)

49/6791

{ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥
ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥੧॥ ਹਰਿ ਰਸੁ ਪੀਵਹੁ ਭਾਈ ॥
ਨਾਮੁ ਜਪਹੁ ਨਾਮੋ ਆਰਾਧਹੁ ਗੁਰ ਪੂਰੇ ਕੀ ਸਰਨਾਈ ॥ ਰਹਾਉ ॥
ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ ॥
ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ ॥੨॥੨੫॥੯੯॥}

(ਅੰਗ ੬੩੦)

{ਕਰਨ ਕਰਾਵਨ ਹਰਿ ਅੰਤਰਜਾਮੀ ਜਨ ਅਪੁਨੇ ਕੀ ਰਾਖੈ ॥
ਜੈ ਜੈ ਕਾਰੁ ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ ॥੧॥ ਪ੍ਰਭ ਜੀ ਤੇਰੀ ਓਟ ਗੁਸਾਈ ॥
ਤੂ ਸਮਰਥੁ ਸਰਨਿ ਕਾ ਦਾਤਾ ਆਠ ਪਹਰ ਤੁਮ੍ ਧਿਆਈ ॥ ਰਹਾਉ ॥
ਜੋ ਜਨੁ ਭਜਨੁ ਕਰੇ ਪ੍ਰਭ ਤੇਰਾ ਤਿਸੈ ਅੰਦੇਸਾ ਨਾਹੀ ॥
ਸਤਿਗੁਰ ਚਰਨ ਲਗੇ ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ ॥੨॥
ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ ॥
ਜਿਣਿ ਘਰਿ ਆਏ ਸੋਭਾ ਸੇਤੀ ਪੂਰਨ ਹੋਈ ਆਸਾ ॥੩॥
ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥
ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ ਜਪਿ ਨਾਨਕ ਹਰਿ ਹਰਿ ਨਾਮਾ ॥੪॥੨੬॥੯੦॥}

(ਅੰਗ ੬੩੦)

{ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ ॥
ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ ॥
ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ ॥੨॥}

(ਅੰਗ ੬੩੬)

{ਪ੍ਰਭ ਕਰਨ ਕਰਾਵਨਹਾਰੀ ॥ ਕਿਆ ਚੇਰੀ ਹਾਥ ਬਿਚਾਰੀ ॥
ਸੋਈ ਸੋਈ ਜਾਗੀ ॥ ਜਿਤੁ ਲਾਈ ਤਿਤੁ ਲਾਗੀ ॥੩॥
ਚੇਰੀ ਤੈ ਸੁਮਤਿ ਕਹਾਂ ਤੇ ਪਾਈ ॥ ਜਾ ਤੇ ਭ੍ਰਮ ਕੀ ਲੀਕ ਮਿਟਾਈ ॥
ਸੁ ਰਸੁ ਕਬੀਰੈ ਜਾਨਿਆ ॥ ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ ॥੪॥੫॥}

(ਅੰਗ ੬੫੫)

{ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥
ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥}

(ਅੰਗ ੬੫੭)

{ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ ॥੪॥੨॥}

(ਅੰਗ ੮੪੬)

ਗੁਰਬਾਣੀ ਦੇ ਸ਼ਬਦਾਂ ਵਿੱਚ ਬਾਰ-ਬਾਰ ਹਰਿ ਰਸੁ ਦੀ ਗੱਲ ਆਉਂਦੀ ਹੈ, ਨਾਮ ਰਸੁ ਦੀ ਗੱਲ ਆਉਂਦੀ ਹੈ। ਉਪਰ ਵਾਲੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਹਰਿ ਰਸੁ ਨੂੰ, ਨਾਮ ਰਸੁ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਤੇ ਸਾਨੂੰ ਇਹ ਕੁਝ ਸਮਝਾਉਂਣ ਲਈ ਧੰਨ ਧੰਨ ਗੁਰੂ ਗੁਰਬਾਣੀ ਦੇ ਵਿੱਚ ਹੋਰ ਵੀ ਅਨੇਕਾਂ ਸ਼ਬਦ ਹਨ ਜੋ ਸਾਨੂੰ ਹਰਿ ਰਸੁ, ਨਾਮ ਰਸੁ ਬਾਰੇ ਸਮਝਾ ਰਹੇ ਹਨ। ਜੋ ਹਰਿ ਰਸੁ, ਨਾਮ ਰਸੁ ਇੱਕ ਸ਼ਬਦ ਰਾਹੀਂ ਸਮਝਾਇਆ ਹੁੰਦਾ ਹੈ ਉਹੀ ਹਰਿ ਰਸੁ, ਨਾਮ ਰਸੁ ਸਾਨੂੰ ਪੂਰੀ ਗੁਰਬਾਣੀ ਵਿੱਚ ਹਰ ਸ਼ਬਦ ਰਾਹੀਂ ਸਮਝਾਇਆ ਹੁੰਦਾ ਹੈ ਤੇ ਫਰਕ ਕੇਵਲ ਸਾਡੀ ਸਮਝ ਦੇ ਵਿੱਚ ਹੈ ਭਾਵ ਸਾਡੇ ਸਮਝਣ ਦੇ ਵਿੱਚ ਹੈ। ਪੂਰੀ ਗੁਰਬਾਣੀ ਸਾਨੂੰ ਹਰਿ ਰਸੁ ਹੀ ਸਮਝਾ ਰਹੀ ਹੈ, ਨਾਮੁ ਰਸੁ ਹੀ ਸਮਝਾ ਰਹੀ ਹੈ। ਪੂਰੀ ਗੁਰਬਾਣੀ ਵਿੱਚ ਹਰਿ ਰਸੁ, ਨਾਮ ਰਸੁ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੀ ਹੈ ਭਾਵ ਸੱਚੀ ਸਿੱਖਿਆ ਦੇ ਰੂਪ ਵਿੱਚ ਹੀ ਹੈ ਜੋ ਸੱਚੀ ਸਿੱਖਿਆ ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਹਉਮੈ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਮਝ ਹੀ ਨਹੀਂ ਆਉਂਦੀ ਭਾਵ ਭਗਤੀ ਦਾ ਸੱਚਾ ਮਾਰਗ, ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਮਾਰਗ, ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਮਾਰਗ ਭਾਵ ਪ੍ਰਮਾਤਮਾ ਦੇ ਨਾਲ ਮੇਲ ਕੀ ਹੈ ਤੇ ਉਹ ਕਿਸ ਤਰੀਕੇ ਹੁੰਦਾ ਹੈ, ਇਸ ਗੱਲ ਦੀ ਸਮਝ ਹੀ ਨਹੀਂ ਆਉਂਦੀ। ਆਪਣਾ ਹਰਿ ਰਸੁ ਪਿਆਉਂਣ ਦੁਆਰਾ, ਨਾਮੁ ਰਸੁ ਪਿਆਉਂਣ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ, ਮਨ ਦੀ ਹਉਮੈ ਵਿੱਚੋਂ ਹੀ ਕੱਢਦਾ ਹੈ, ਮਨ ਦੀ ਮਾਇਆ ਮੋਹ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ ਜੋ ਸਾਡੇ ਅੰਦਰ ਦੀ ਸਮਝ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਹੈ ਭਾਵ ਸਾਡਾ ਮਨ ਦੇ ਵਿੱਚ ਹੀ ਸਾਡਾ ਪ੍ਰਮਾਤਮਾ ਦੇ ਨਾਲੋਂ ਪੜਦੇ ਦਾ ਕਾਰਨ ਹੈ ਜਿਸ ਪੜਦੇ ਵਿੱਚ ਰਹਿੰਦੇ ਹੋਏ ਨਾਂ ਹੀ ਅਸੀਂ ਆਪਣੇ ਅੰਦਰੋਂ ਆਪਣੀ ਸਮਝ ਦੇ ਮਾਲਕ ਨੂੰ ਜਾਣ ਸਕਦੇ ਹਾਂ, ਨਾਂ ਹੀ ਆਪਣੇ ਸਰੀਰ ਦੇ ਮਾਲਕ ਨੂੰ ਜਾਣ ਸਕਦੇ ਹਾਂ ਤੇ ਨਾਂ ਹੀ ਇਸ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਸਕਦੇ ਹਾਂ ਭਾਵ ਪੂਰੀ ਸਾਇੰਸ ਦੇ ਮਾਲਕ ਨੂੰ ਜਾਣ

49/6792

ਸਕਦੇ ਹਾਂ, ਗਿਆਨ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਜਾਣ ਸਕਦੇ ਹਾਂ ਜੋ ਆਪਣੇ ਇਸ ਗਿਆਨ ਰੂਪ ਦੁਆਰਾ ਹੀ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੀ ਆਪ ਹੀ ਰਚਨਾ ਕੀਤੀ ਹੈ ਤੇ ਆਪ ਹੀ ਉਸਨੂੰ ਚਲਾ ਰਿਹਾ ਹੈ। ਆਪਣੇ ਨਿਰੰਕਾਰ ਰੂਪ ਦੀ ਸਮਝ ਕਦੇ ਹੀ ਅਕਾਲ ਪੁਰਖ ਕਿਸੇ ਵਿਰਲੇ ਨੂੰ, ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਹਰਿ ਰਸੁ ਪਿਆਉਂਣ ਦੁਆਰਾ ਪਾਉਂਦਾ ਹੈ, ਆਪਣਾ ਨਾਮ ਰਸੁ ਪਿਆਉਂਣ ਦੁਆਰਾ ਪਾਉਂਦਾ ਹੈ ਭਾਵ ਆਪਣਾ ਸੰਤ ਰੂਪ ਬਨਾਉਂਣ ਦੁਆਰਾ ਪਾਉਂਦਾ ਹੈ, ਆਪਣਾ ਗੁਰੂ ਰੂਪ ਬਨਾਉਂਣ ਦੁਆਰਾ ਪਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਹਰਿ ਰਸੁ ਪਿਆਉਂਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਪੂਰਨ ਸੱਚ ਦੀ ਸੋਝੀ ਪਾਈ ਹੈ, ਨਾਮ ਰਸੁ ਦੀ ਸੋਝੀ ਪਾਈ ਹੈ ਜੋ ਨਾਮ ਰਸੁ ਪੂਰੀ ਗੁਰਬਾਣੀ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਦਿੱਤੀ ਹੋਈ ਗੁਰਮਤਿ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ ਜਿਸ ਸੱਚੀ ਸਿੱਖਿਆ ਦੇ ਨਾਲ ਜੁੜਕੇ ਹੀ ਭਾਵ ਉਸਦੀ ਸੱਚੀ ਸਿੱਖਿਆਂ ਨੂੰ ਮੰਨ ਕੇ ਹੀ ਪ੍ਰਮਾਤਮਾ ਦੇ ਰਸੁ ਨਾਲ ਭਾਵ ਹਰਿ ਰਸੁ ਨਾਲ ਭਾਵ ਨਾਮ ਰਸੁ ਨਾਲ ਭਾਵ ਬ੍ਰਹਮ ਗਿਆਨ ਰੂਪ ਰਸੁ ਨਾਲ ਜੁੜਕੇ ਹੀ ਉਸ ਬ੍ਰਹਮ ਗਿਆਨ ਰੂਪ ਰਸੁ ਦੇ ਮਾਲਕ ਨਾਲ ਜੁੜਿਆ ਜਾ ਸਕਦਾ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਆਪਣਾ ਇਹ ਉੱਚਾ ਰਸੁ, ਸੰਸਾਰ ਦਾ ਸਭ ਤੋਂ ਉੱਚਾ ਰਸੁ ਮਨ ਦੇ ਵਿੱਚ ਮੇਲ ਕਰਨ ਦੁਆਰਾ ਉਹ ਆਪ ਹੀ ਕਿਸੇ ਵਿਰਲੇ ਨੂੰ ਪਿਆਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਸੰਤਾਂ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਇਹ ਹਰਿ ਰਸੁ ਪਿਆਇਆ ਹੈ ਜੋ ਰਸੁ ਪੀਣ ਦੁਆਰਾ ਪੂਰੀ ਗੁਰਬਾਣੀ ਦੀ ਰਚਨਾ ਹੋਈ ਹੈ। ਪ੍ਰਮਾਤਮਾ ਕੋਲੋਂ ਇਹ ਰਸੁ ਪੀਣ ਵਾਲਿਆਂ ਨੇ ਫਿਰ ਆਪਣੇ ਆਪ ਨੂੰ ਭਾਵ ਇਸ ਸਰੀਰ ਨੂੰ ਗੁਰੂ ਜਾਂ ਸੰਤ ਨਹੀਂ ਅਖਵਾਇਆ ਭਾਵ ਉਹਨਾਂ ਨੇ ਇਸ ਹਰਿ ਰਸੁ ਦੇ ਮਾਲਕ, ਨਾਮ ਰਸੁ ਦੇ ਮਾਲਕ ਧੰਨ ਧੰਨ ਧੰਨ ਅਕਾਲ ਪੁਰਖ

ਨੂੰ ਗੁਰੂ ਆਖਿਆ ਹੈ, ਸੰਤ ਆਖਿਆ ਹੈ ਜੋ ਪੂਰੇ ਗਿਆਨ ਦਾ ਮਾਲਕ ਹੈ। ਹਰਿ ਰਸੁ ਨੂੰ ਸਹੀ ਰੂਪ ਵਿੱਚ ਸਮਝਣ ਤੋਂ ਬਾਅਦ ਹੀ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਦੇ ਪਦੇ ਨੂੰ ਹੁਣ ਸਹੀ ਤਰੀਕੇ ਨਾਲ ਸਮਝ ਪਾਵਾਂਗੇ ਜਿਸ ਨੂੰ ਸਮਝਣ ਲਈ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਹਰਿ ਰਸੁ ਨੂੰ ਸਮਝਣ ਦਾ ਉਪਰਾਲਾ ਕੀਤਾ

ਹੈ। ਆਉ ਹੁਣ ਹੇਠ ਦਿੱਤੇ ਉਸ ਸ਼ਬਦ ਨੂੰ ਸਮਝਦੇ ਹਾਂ ਜਿਸਨੂੰ ਸਮਝਣ ਲਈ ਅਸੀਂ ਹਰਿ ਰਸੁ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਪ੍ਰਮਾਤਮਾ ਦੇ ਸੰਤ ਰੂਪ ਨੂੰ ਹਰਿ ਰਸੁ ਦੀ ਪ੍ਰਾਪਤੀ ਕਿਸ ਤਰੀਕੇ ਹੁੰਦੀ ਹੈ ਤੇ ਉਹ ਸੰਸਾਰ ਨੂੰ ਆਪਣੇ ਮੁੱਖੋਂ ਬੋਲ ਬੋਲ ਕੇ ਕਿਸ ਲਈ ਨਹੀਂ ਸਮਝਾ ਸਕਦਾ ਭਾਵ ਇਸ ਰਸੁ ਨੂੰ ਕਿਸ ਲਈ ਨਹੀਂ ਬਿਆਨ ਕਰ ਸਕਦਾ, ਇਹੀ ਗੱਲ ਉਸ ਪਿੱਛੇ ਵਾਲੇ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥

ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥”

ਇਸ ਪੂਰੇ ਸ਼ਬਦ ਦੀਆਂ ਉਪਰ ਵਾਲੀਆਂ ਪੰਗਤੀਆਂ ਤੋਂ ਪਹਿਲਾਂ ਇਸ ਸ਼ਬਦ ਨੂੰ ਅਸੀਂ ਪਿੱਛੇ ਪਹਿਲਾਂ ਹੀ ਸਮਝ ਚੁਕੇ ਹਾਂ। **(ਨਾਰਾਇਨ ਨਰਪਤਿ ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥ ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥)** ਪ੍ਰਮਾਤਮਾ ਨੂੰ ਜਾਨਣ ਵਾਲਾ ਕੋਈ ਲੱਖਾਂ ਕਰੋੜਾ ਵਿੱਚ ਵਿਰਲਾ ਹੀ ਹੁੰਦਾ ਹੈ ਜਿਸਨੂੰ ਹਰ ਵਸਤੂ ਵਿੱਚ ਪ੍ਰਮਾਤਮਾ ਦੇ ਗੁਣ ਹੀ ਨਜਰ ਆਉਂਦੇ ਹਨ ਤੇ ਪ੍ਰਮਾਤਮਾ ਦੇ ਗੁਣਾਂ ਨੂੰ ਜਾਨਣ ਵਾਲੇ ਉਹ ਵਿਰਲੇ ਮਨੁੱਖ ਕਿਹੋ ਜਿਹੇ ਹੁੰਦੇ ਹਨ, ਇਹੀ ਗੱਲ ਸਾਨੂੰ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਸ੍ਰਿਸ਼ਟੀ ਦੇ ਕਰਤੇ ਦੀ ਇਹ ਰਚਨਾ ਕਿਤਨੇ ਕੁ ਗੁਣਾਂ ਨਾਲ ਭਰੀ ਹੋਈ ਹੈ, ਕਿਤਨੇ ਕੁ ਵੱਖਰੇ ਵੱਖਰੇ ਗੁਣਾਂ ਨਾਲ ਭਰੀ ਹੋਈ ਹੈ, ਕਿਤਨੇ ਕੁ ਅਜੀਬੋ ਕਰੀਬ ਗੁਣਾਂ ਨਾਲ ਭਰੀ ਹੋਈ ਹੈ ਜਿਵੇਂ ਕਿ ਪਿੱਛੇ ਅਸੀਂ ਸਮਝਿਆ ਹੈ, ਉਹ ਹਰ ਗੁਣ ਬਿਸਮ ਹੀ ਹੈ ਭਾਵ ਹੈਰਾਨ ਕਰਨ ਵਾਲਾ ਹੀ ਹੈ ਕਿ ਕਿਤਨੇ ਸਾਰੇ, ਇਤਨੇ ਵੱਡੇ ਗੁਣ ਕਿੱਥੋਂ ਆਏ, ਕਿਸ ਤਰੀਕੇ ਆਏ ਤੇ ਕਿਸਨੇ ਸਭ ਵਿੱਚ ਇਤਨੇ ਗੁਣ ਪਾਏ ਜਿਨ੍ਹਾਂ ਗੁਣਾਂ ਨਾਲ ਸ੍ਰਿਸ਼ਟੀ ਦਾ ਹਰ ਆਕਾਰ ਰੂਪ ਇਤਨੇ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ। ਸ੍ਰਿਸ਼ਟੀ ਦਾ ਹਰ ਗੁਣ ਮਨੁੱਖ ਨੂੰ ਇਸ ਤਰ੍ਹਾਂ ਮੋਹਦਾ ਹੈ ਜਿਵੇਂ ਲਾਲ ਗੁਲਾਲ ਮੋਹਦਾ ਹੈ ਭਾਵ ਸੋਹਣਾ ਫੁੱਲ ਮੋਹਦਾ ਹੈ। ਜੋ ਮਨੁੱਖ ਗੁਣਾਂ ਦੇ ਮਾਲਕ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਸਨੂੰ ਫਿਰ ਹਰ ਗੁਣ ਲਾਲ ਗੁਲਾਲ ਦੀ ਤਰ੍ਹਾਂ ਨਜਰ ਆਉਂਦਾ ਹੈ ਭਾਵ ਸ੍ਰਿਸ਼ਟੀ ਦਾ ਹਰ ਆਕਾਰ ਰੂਪ ਲਾਲ ਗੁਲਾਲ ਨਾਲ ਹੀ ਰੰਗਿਆ ਨਜਰ ਆਉਂਦਾ ਹੈ। ਪ੍ਰਮਾਤਮਾ ਦੇ ਗੁਣਾਂ ਦੀ ਸਮਝ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦੁਆਰਾ ਹੀ ਪੈਂਦੀ ਹੈ, ਲੱਖਾਂ ਕਰੋੜਾਂ ਵਿੱਚ ਕਦੇ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ ਜੋ ਹਰ ਗੁਣ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਤੇ ਪ੍ਰਮਾਤਮਾ ਮਨ ਦੇ ਵਿੱਚ ਜੋ ਸੱਚੀ ਸਮਝ ਪਾਉਂਦਾ ਹੈ ਜਿਸ ਸਮਝ ਦੁਆਰਾ ਉਹ ਆਪਣਾ ਗੁਣੀ ਰੂਪ ਸਮਝਾਉਂਦਾ ਹੈ ਤੇ ਆਪਣੀ ਗੁਰਮਤਿ

ਦੀ ਸੱਚੀ ਸਮਝ ਪਾਉਂਦਾ ਹੈ, ਭਗਤੀ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ, ਸੰਸਾਰ ਦੀ ਅਸਲੀਅਤ ਦੀ, ਸੰਸਾਰ ਦੇ ਸੱਚ ਦੀ ਜੋ ਸਮਝ ਪਾਉਂਦਾ ਹੈ ਇਹੀ ਉਸਦਾ ਰਸੁ ਹੈ ਤੇ ਇਸ ਰਸੁ ਦੀ ਪ੍ਰਾਪਤੀ ਦੁਆਰਾ ਹੀ ਕਿਸੇ ਨੂੰ ਇਸ ਗੱਲ ਦੀ ਸਮਝ ਪੈ ਸਕਦੀ ਹੈ ਕਿ ਅਸਲ ਸੰਤ ਕੌਣ ਹੈ ਭਾਵ ਗਿਆਨ ਦਾ ਮਾਲਕ ਕੌਣ ਹੈ, ਭਗਤੀ ਦੀ ਸਮਝ ਦਾ ਮਾਲਕ ਕੌਣ ਹੈ, ਗੁਰੂ ਕੌਣ ਹੈ ਭਾਵ ਪ੍ਰਮਾਤਮਾ ਆਪ ਹੀ ਹੈ। ਜਿਸਨੂੰ ਮਨ ਦੇ ਵਿੱਚ ਸੰਤ ਰੂਪ, ਗੁਰੂ ਰੂਪ ਪ੍ਰਮਾਤਮਾ ਕੋਲੋਂ ਇਸ ਰਸੁ ਦੀ ਭਾਵ ਹਰਿ ਰਸੁ ਦੀ ਭਾਵ ਨਾਮ ਰਸੁ ਦੀ ਭਾਵ ਬ੍ਰਹਮ ਗਿਆਨ ਰੂਪ ਸਮਝ ਦੀ ਪ੍ਰਾਪਤੀ ਹੁੰਦੀ ਹੈ ਉਹ ਪ੍ਰਾਪਤੀ ਮਨੁੱਖ ਨੂੰ ਕਿਸ ਤਰੀਕੇ ਹੁੰਦੀ ਹੈ ਇਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਭਾਵ ਕਿਸੇ ਨੂੰ ਸਮਝਾਇਆ ਨਹੀਂ ਜਾ ਸਕਦਾ ਕਿਉਂਕਿ ਇਸਨੂੰ ਕੋਈ ਆਪਣੇ ਆਪ ਸਮਝ ਹੀ ਨਹੀਂ ਸਕਦਾ। ਪ੍ਰਮਾਤਮਾ ਸਾਡੇ ਅੰਦਰ ਪ੍ਰਗਟ ਹੋ ਕੇ ਆਪਣਾ ਪੜਦਾ ਕਿਸ ਤਰੀਕੇ ਖੋਲਦਾ ਹੈ ਇਸ ਗੱਲ ਨੂੰ ਕੇਵਲ ਉਹ ਹੀ ਸਮਝ ਸਕਦਾ ਹੈ ਜਿਸਦੇ ਮਨ ਦੇ ਵਿੱਚੋਂ ਭਰਮ ਰੂਪ, ਹਉਮੈ ਰੂਪ ਭਾਵ ਤ੍ਰੈ ਗੁਣਾਂ ਵਾਲਾ ਪੜਦਾ ਹੱਟ ਜਾਂਦਾ ਹੈ ਜੋ ਪੜਦਾ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜੋ ਸਾਡੇ ਮਨ ਦੀ ਸਮਝ ਦਾ ਮਾਲਕ ਹੈ। ਸਭ ਦੇ ਅੰਦਰ ਇਹ ਪੜਦਾ ਪ੍ਰਮਾਤਮਾ ਨੇ ਪਾਇਆ ਹੀ ਇਸ ਲਈ ਹੋਇਆ ਹੈ ਤਾਂ ਕਿ ਕੋਈ ਉਸਨੂੰ ਆਪਣੇ ਆਪ ਨਾ ਸਮਝ ਸਕੇ ਤੇ ਇਸੇ ਕਰਕੇ ਜੋ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਅਗਰ ਕਿਸੇ ਨੂੰ ਸਮਝਾਉਂਣਾ ਵੀ ਚਾਹੁੰਦਾ ਹੈ ਤਾਂ ਉਸਨੂੰ ਉਸਦੇ ਅੰਦਰ ਦੀ ਮਾਇਆ ਭਾਵ ਭਰਮਾਂ ਵਾਲੀ ਸਮਝ ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ

ਨਹੀਂ ਦਿੰਦੀ ਭਾਵ ਉਹ ਮਨ ਦਾ ਪੜਦਾ ਪਾ ਕੇ ਹੀ ਰੱਖਦੀ ਹੈ। ਪ੍ਰਮਾਤਮਾ ਕੋਈ ਹਕੀਕਤ ਵਿੱਚ ਸਮਝ ਸਕੇ ਭਾਵ ਪੂਰਨ ਵਿਸ਼ਵਾਸ ਕਰ ਸਕੇ ਕਿ ਸਾਡੀ ਸਮਝ ਦੇ ਅੰਦਰ ਪ੍ਰਮਾਤਮਾ ਆਪ ਹੀ ਹੈ ਇਹ ਉਸਦੇ ਆਪਣੇ ਪ੍ਰਗਟ ਹੋਏ ਬਿਨਾਂ ਕਿਸੇ ਨੂੰ ਪੂਰਨ ਵਿਸ਼ਵਾਸ ਨਹੀਂ ਆ ਸਕਦਾ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਇਸ ਗੱਲ ਨੂੰ ਸਮਝਿਆ ਹੀ ਹੈ। ਜੋ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਇਸ ਤੋਂ ਵੱਡੀ ਖੁਸ਼ੀ ਵੀ ਸੰਸਾਰ ਵਿੱਚ ਕੋਈ ਹੋਰ ਨਹੀਂ ਹੈ ਪਰ ਇਸ ਖੁਸ਼ੀ ਨੂੰ ਜਿਸਨੂੰ ਗੂੰਗੇ ਦੀ ਮਠਿਆਈ ਵੀ ਕਿਹਾ ਗਿਆ ਹੈ ਦੂਸਰਿਆਂ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ, ਇੱਕੋ ਗੂੰਗੇ ਮਨੁੱਖ ਦੀ ਤਰ੍ਹਾਂ ਸਾਂਝਾ ਨਹੀਂ ਕੀਤਾ ਜਾ ਸਕਦਾ ਭਾਵ ਉਹ ਮਨੁੱਖ ਇੱਕ ਗੂੰਗੇ ਮਨੁੱਖ ਦੀ ਤਰ੍ਹਾਂ ਮਨ ਦੇ ਵਿੱਚ ਸੰਤ ਰਸੁ ਨੂੰ ਪ੍ਰਮਾਤਮਾ ਦੇ ਕੋਲੋਂ ਚੱਖ ਕੇ ਪੂਰੀ

49/6795

ਖੁਸ਼ੀ ਵਿੱਚ ਰਹਿੰਦਾ ਹੈ ਤੇ ਸੱਚ ਦੇ ਮਾਰਗ ਤੇ, ਧਰਮ ਦੇ ਮਾਰਗ ਤੇ ਪੂਰੀ ਖੁਸ਼ੀ ਨਾਲ ਚੱਲਦਾ ਹੈ। **(ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥ ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥)**

"ਲਾਲ ਗੁਲਾਲ ਰੰਗ" ਕੀ ਹੈ ਭਾਵ ਇਹ ਸੱਚ ਦਾ ਰੰਗ ਹੈ ਭਾਵ ਸੱਚੀ ਸਮਝ ਦਾ ਰੰਗ ਹੈ ਜਿਸ ਸੱਚੀ ਸਮਝ ਦੁਆਰਾ ਪ੍ਰਮਾਤਮਾ ਦਾ ਸਭ ਵਿੱਚ ਉਸਦਾ ਸਚੁ ਰੂਪ ਰੰਗ ਨਜਰ ਆਉਂਦਾ ਹੈ, ਲਾਲ ਗੁਲਾਲ ਗਹਿਰਾ ਰੰਗ ਆਉਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਦੇ ਨਾਲ ਮੇਲ ਦੁਆਰਾ ਹੀ ਉਸਦੀ ਸੱਚੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ ਭਾਵ ਉਸਦੇ ਸੱਚੇ ਗੁਣ ਗਾਏ ਜਾ ਸਕਦੇ ਹਨ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥
ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ ਭਾਈ ਰੇ ਸੰਤ ਜਨਾ ਕੀ ਰੇਨੁ ॥
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਨੁ ॥੧॥ ਰਹਾਉ ॥ ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥
ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ॥ ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥ ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ॥
ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥ ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥}

(ਅੰਗ ੧੮)

{ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥ ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥੧॥
ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ॥ਰਹਾਉ॥ ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥
ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨॥ ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥
ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥ ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ ॥
ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥੪॥ ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ ॥
ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ ॥੫॥ ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥
ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥੬॥
ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥ ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ॥
ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ ॥੮॥ ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੯॥ ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥
ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥੧੦॥੧॥}

(ਅੰਗ ੭੨੪-੭੨੫)

{ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥
ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥
ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥
ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥}

(ਅੰਗ ੬੫੭)

{ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥
ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥੧॥ ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ॥
ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ ॥ ਰਹਾਉ ॥
ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥੨॥
ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ ॥
ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ ॥੩॥
ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥ ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥੪॥
ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥
ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥੫॥੯॥}

(ਅੰਗ ੬੦੭-੬੦੮)

{ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥ ਹਰਿ ਗੁਨ ਕਹਤੇ ਕਹਨੁ ਨ ਜਾਈ ॥
ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥ ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥੨॥}

(ਅੰਗ ੬੫੯)

{ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥
ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥੧॥ ਹਰਿ ਗੁਣ ਗਾਵਹੁ ਸਦਾ ਸੁਭਾਈ ॥
ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥੧॥ ਰਹਾਉ ॥ ਨਾਰਾਇਣ ਪ੍ਰਾਣ ਅਧਾਰਾ ॥
ਹਮ ਸੰਤ ਜਨਾਂ ਰੇਨਾਰਾ ॥ ਪਤਿਤ ਪੁਨੀਤ ਕਰਿ ਲੀਨੇ ॥ ਕਰਿ ਕਿਰਪਾ ਹਰਿ ਜਸੁ ਦੀਨੇ ॥੨॥
ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥ ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥੩॥ ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥
ਜਮਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥}

(ਅੰਗ ੬੨੩)

{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥

ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੨)

ਜੋ ਕੁਝ ਵੀ ਅਸੀਂ ਵੇਖਦੇ ਹਾਂ ਭਾਵ ਜੋ ਵੀ ਆਕਾਰ ਰੂਪ ਅਸੀਂ ਦੇਖਦੇ ਹਾਂ ਇਹ ਸਭ ਪ੍ਰਮਾਤਮਾ ਦੀ ਮਾਇਆ ਹੀ ਹੈ ਭਾਵ ਉਸਦਾ ਰਚਿਆ ਹੋਇਆ ਮਾਇਆ ਰੂਪ ਹੈ ਜਿਸਨੂੰ ਉਸਨੇ ਆਪਣੇ ਨਿਰੰਕਾਰ ਰੂਪ ਦੁਆਰਾ ਰਚਿਆ ਹੈ ਜਿਸਦੀ ਸਮਝ ਕੇਵਲ ਮਨ ਦੇ ਵਿੱਚ ਉਸਦੇ ਕੋਲੋਂ ਹਰਿ ਰਸੁ ਦੀ ਪ੍ਰਾਪਤੀ ਦੁਆਰਾ ਹੀ ਪੈ ਸਕਦੀ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਹੀ ਪੈ ਸਕਦੀ ਹੈ ਕਿ ਉਸ ਬ੍ਰਹਮ ਗਿਆਨੀ ਨੇ ਆਪਣੇ ਕਿਸ ਬ੍ਰਹਮ ਗਿਆਨ ਦੁਆਰਾ ਭਾਵ ਆਪਣੇ ਨਾਮ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਰਚਿਆ ਹੈ। ਹੁਣ ਅਸੀਂ ਜਪੁਜੀ ਬਾਣੀ ਦੇ ਉਸ ਸ਼ਬਦ ਨੂੰ ਹੋਰ ਵੀ ਬਰੀਕੀ ਨਾਲ ਸਮਝ

49/6796

ਸਕਾਂਗੇ ਜਿਸ ਸ਼ਬਦ ਦੀਆਂ ਪਹਿਲੀਆਂ ਕੁਝ ਪੰਗਤੀਆਂ ਨੂੰ ਅਸੀਂ ਕੁਝ ਪਿੱਛੇ ਸਮਝ ਚੁਕੇ ਹਾਂ ਤੇ ਅਗਲੀਆਂ ਪੰਗਤੀਆਂ ਨੂੰ ਅਜੇ ਸਮਝਣਾ ਹੈ।

“ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥”

ਉਪਰ ਵਾਲੇ ਸ਼ਬਦ ਦੀਆਂ ਬਹੁਤੀਆਂ ਪੰਗਤੀਆਂ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਹੀ ਚੁਕੇ ਹਾਂ ਤੇ ਬਾਕੀ ਰਹਿੰਦੀਆਂ ਹੇਠ ਦਿੱਤੀਆਂ ਪੰਗਤੀਆਂ ਨੂੰ ਹੁਣ ਸਮਝਦੇ ਹਾਂ।

“ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥”

(ਅੰਗ ੬)

ਜੋ ਵੀ ਅਸੀਂ ਸਭ ਕੁਝ ਦੇਖਦੇ ਹਾਂ ਉਹ ਸਭ ਪ੍ਰਮਾਤਮਾ ਦਾ ਰਚਿਆ ਹੋਇਆ ਮਾਇਆ ਰੂਪ ਹੀ ਹੈ ਜਿਵੇਂ ਕਿ ਉਪਰ ਵਾਲੀ ਪਹਿਲੀ ਪੰਗਤੀ ਦੁਆਰਾ ਹਰ ਕੋਈ ਸਮਝ ਸਕਦਾ ਹੈ। ਆਪਣੀ ਇਸ ਮਾਇਆ ਨੂੰ ਪ੍ਰਮਾਤਮਾ ਨੇ **"ਰੰਗੀ ਰੰਗੀ ਭਾਤੀ"** ਕਰਕੇ ਭਾਵ ਵੱਖਰੇ ਵੱਖਰੇ ਢੰਗ ਨਾਲ ਉਪਾ ਕੇ ਭਾਵ ਬਣਾਕੇ ਇਸਨੂੰ ਚਲਾਉਂਣ ਦਾ ਉਪਰਾਲਾ ਵੀ ਆਪ ਹੀ ਕੀਤਾ ਹੋਇਆ ਹੈ। **"ਜਿਨਸੀ"** ਤੋਂ ਕੀ ਭਾਵ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਆਪਣੇ ਹਰ ਮਾਇਆ ਰੂਪ ਨੂੰ ਭਾਵ ਹਰ ਆਕਾਰ ਰੂਪ ਨੂੰ ਵੱਖਰੇ ਵੱਖਰੇ ਢੰਗ ਨਾਲ ਬਣਾਕੇ ਭਾਵ ਅਨੇਕਾਂ ਹੀ ਢੰਗਾਂ ਨਾਲ ਬਣਾਕੇ ਉਸਨੂੰ ਆਪ ਹੀ ਜਿਨਸਿਆ ਹੋਇਆ ਹੈ ਭਾਵ ਸਭ ਦੇ ਅੰਦਰ ਉਸਨੇ ਆਪਣੀ ਜਿਨਸ ਪਾਈ ਹੋਈ ਹੈ। ਪ੍ਰਮਾਤਮਾ ਦੀ ਆਪਣੀ ਜਿਨਸ ਕੀ ਹੈ ਜਿਸ ਦੁਆਰਾ ਉਹ ਸਾਰੀ ਸ੍ਰਿਸ਼ਟੀ ਨੂੰ ਵੱਖਰੇ ਵੱਖਰੇ ਢੰਗ ਨਾਲ ਬਣਾਕੇ ਆਪ ਹੀ ਉਸਨੂੰ ਚਲਾ ਰਿਹਾ ਹੈ, ਇਹ ਜਿਨਸ ਉਸਦੀ ਭਾਵ ਇਹ ਵਸਤੂ ਉਸਦੀ ਨਾਮ ਰੂਪ ਵਸਤੂ ਹੈ ਭਾਵ ਉਸਦੀ ਨਾਮ ਰੂਪ ਜਿਨਸ ਹੈ ਭਾਵ ਬ੍ਰਹਮ ਗਿਆਨ ਰੂਪ ਜਿਨਸ ਹੈ ਜਿਸ ਆਪਣੀ ਜਿਨਸ ਦੁਆਰਾ ਉਸਨੇ ਹਰ ਆਕਾਰ ਰੂਪ ਦੇ ਅੰਦਰ ਆਪਣਾ ਉੱਚੀ ਸਾਇੰਸ ਵਾਲਾ ਗਿਆਨ ਪਾਇਆ ਹੋਇਆ ਹੈ ਜਿਸ ਦੁਆਰਾ ਹਰ ਆਕਾਰ ਰੂਪ ਆਪਣਾ ਆਪਣਾ ਕੰਮ ਕਰ ਰਿਹਾ ਹੈ ਭਾਵ ਇਸ ਤਰੀਕੇ ਪ੍ਰਮਾਤਮਾ ਹਰ ਚੀਜ ਨੂੰ ਬਣਾਕੇ, ਕਰ ਕਰ ਕੇ ਆਪ ਹੀ ਉਸਨੂੰ ਵੇਖ ਰਿਹਾ ਹੈ, ਆਪਣੇ ਕੀਤੇ ਹੋਏ ਦੀ ਸੰਭਾਲ ਕਰ ਰਿਹਾ ਹੈ। ਜਿਹੋ ਜਿਹਾ ਕਿਸੇ ਆਕਾਰ ਰੂਪ ਦੇ ਅੰਦਰ ਉਸਨੇ ਕੰਮ ਕਰਨ ਦੀ ਵਡਿਆਈ ਪਾਈ ਹੈ ਉਸ ਆਕਾਰ ਰੂਪ ਦੀ ਵਡਿਆਈ ਅਨੁਸਾਰ ਹੀ ਉਸਨੇ ਉਸਦੇ ਅੰਦਰ ਆਪਣੀ ਜਿਨਸ ਪਾਈ ਹੋਈ ਹੈ ਤਾਂ ਜੋ ਹਰ ਆਕਾਰ ਰੂਪ ਆਪਣਾ ਵੱਡਾਪਨ ਵਖਾਉਂਣ ਵਿੱਚ ਪੂਰਾ ਉਤਰ ਸਕੇ। ਜਿਵੇਂ ਕਿ ਇੱਕ ਫੱਲਦਾਰ ਬੂਟੇ ਦੀ ਵਡਿਆਈ ਆਪਣੇ ਫੱਲ ਦੇਣ ਵਿੱਚ ਹੈ ਤੇ ਪ੍ਰਮਾਤਮਾ ਨੇ ਉਸ ਪੇੜ ਨੂੰ ਜਿਸ ਮਕਸਦ ਲਈ ਬਣਾਇਆ ਹੈ

49/6797

ਉਸਨੂੰ ਉਸਦੇ ਮਕਸਦ ਤੇ ਪੂਰਾ ਵੀ ਉਹ ਆਪ ਹੀ ਉਤਾਰਦਾ ਹੈ ਭਾਵ ਉਸਨੂੰ ਵੱਡਾ ਬਨਾਉਂਣ ਦਾ ਸਾਧਨ ਵੀ ਉਹ ਆਪ ਹੀ ਬਣਾਉਂਦਾ ਹੈ। ਜੇਕਰ ਸੂਰਜ ਦੀ ਵਡਿਆਈ ਹੈ, ਚੰਦਰਮੇ ਦੀ ਵਡਿਆਈ ਹੈ, ਤਾਰਿਆਂ ਦੀ ਵਡਿਆਈ ਹੈ, ਹਵਾ ਦੀ, ਪਾਣੀ ਦੀ, ਅਗਨੀ ਦੀ, ਲੱਕੜ ਦੀ, ਲੋਹੇ ਦੀ, ਪੱਥਰ ਦੀ, ਮਿੱਟੀ ਦੀ ਵਡਿਆਈ ਹੈ, ਸੋਨੇ ਦੀ, ਚਾਂਦੀ ਦੀ, ਹੀਰੇ ਦੀ ਵਡਿਆਈ ਹੈ ਉਹਨਾਂ ਵਿੱਚ ਵਡਿਆਈ ਪਾਉਂਣ ਵਾਲੇ ਗੁਣ ਉਸਦੇ ਆਪਣੇ ਹੀ ਪਾਏ ਹੋਏ ਹਨ ਜੋ ਗੁਣ ਉਹ ਸਭ ਦੇ ਅੰਦਰ ਉਹ ਆਪਣੀ ਜਿਨਸ ਪਾਉਂਣ ਦੁਆਰਾ ਹੀ ਪਾਉਂਦਾ ਹੈ ਜਿਸ ਤਰੀਕੇ ਉਹ ਆਪਣੀ ਉਪਾਈ ਹੋਈ ਮਾਇਆ ਨੂੰ ਆਪ ਹੀ ਚਲਾ ਰਿਹਾ ਹੈ। **(ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥)**

{ਜਿਨਿ ਉਪਾਈ ਮੇਦਨੀ ਸੋਈ ਸਾਰ ਕਰੇਇ ॥ ਏਕੋ ਸਿਮਰਹੁ ਭਾਇਰਹੁ ਤਿਸੁ ਬਿਨੁ ਅਵਰੁ ਨ ਕੋਇ ॥
ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥
ਪੈਨਣੁ ਸਿਫਤਿ ਸਨਾਇ ਹੈ ਸਦਾ ਸਦਾ ਓਹੁ ਊਜਲਾ ਮੈਲਾ ਕਦੇ ਨ ਹੋਇ ॥
ਸਹਜੇ ਸਚੁ ਧਨੁ ਖਟਿਆ ਥੋੜਾ ਕਦੇ ਨ ਹੋਇ ॥ ਦੇਹੀ ਨੋ ਸਬਦੁ ਸੀਗਾਰੁ ਹੈ ਜਿਤੁ ਸਦਾ ਸਦਾ ਸੁਖੁ ਹੋਇ ॥
ਨਾਨਕ ਗੁਰਮੁਖਿ ਬੁਝੀਐ ਜਿਸ ਨੋ ਆਪਿ ਵਿਖਾਲੇ ਸੋਇ ॥੨॥}

(ਅੰਗ ੧੦੯੨)

ਪਉੜੀ ॥

{ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥
ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥ ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥
ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥੧੭॥}

(ਅੰਗ ੧੦੯੨)

{ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥}

(ਅੰਗ ੧੧)

ਆਪਣੀ ਕੀਤੀ ਹੋਈ ਸ੍ਰਿਸ਼ਟੀ ਦੀ ਰਚਨਾ ਦੀ ਸੰਭਾਲ ਪ੍ਰਮਾਤਮਾ ਆਪ ਹੀ ਕਰਦਾ ਹੈ ਤੇ ਉਹ ਸੰਭਾਲ ਕਿਸ ਤਰੀਕੇ ਕਰਦਾ ਹੈ ਭਾਵ ਉਹ ਆਪਣੇ ਨਾਮ ਦੁਆਰਾ ਕਰਦਾ ਹੈ ਇਸ ਗੱਲ ਨੂੰ ਅਸੀਂ ਉਪਰ ਸਮਝਿਆ ਹੀ ਹੈ ਤੇ ਲੇਖ ਵਿੱਚ ਪਿੱਛੇ ਪਹਿਲੇ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦਾ ਹੁਕਮ ਸਭ ਦੇ ਅੰਦਰ ਵਰਤਦਾ ਹੈ ਜਿਸ ਆਪਣੇ ਹੁਕਮ ਦੁਆਰਾ ਉਹ ਆਪਣੇ ਬਣਾਏ ਹੋਏ ਹਰ ਆਕਾਰ ਰੂਪ ਨੂੰ ਚਲਾਉਂਦਾ ਹੈ। ਪ੍ਰਮਾਤਮਾ ਦਾ ਹੁਕਮ ਸਭ ਦੇ ਅੰਦਰ ਕਿਵੇਂ ਵਰਤਦਾ ਹੈ ਇਸ ਗੱਲ ਨੂੰ ਕੋਈ ਤਾਂ ਹੀ ਸਮਝ ਸਕਦਾ ਹੈ ਜਦੋਂ ਕੋਈ ਉਸਦਾ ਮਨੁੱਖੀ ਰੂਪ ਆਪਣੇ ਅੰਦਰ ਵਰਤ ਰਹੇ ਉਸਦੇ ਹੁਕਮ ਨੂੰ ਬੁੱਝ ਲੈਂਦਾ ਹੈ। ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜੋ ਪ੍ਰਮਾਤਮਾ ਨੂੰ ਕਰਨਾ ਭਾਉਂਦਾ ਹੈ ਭਾਵ ਜਿਸ ਆਪਣੇ ਬਣਾਏ ਹੋਏ ਆਕਾਰ ਰੂਪ ਕੋਲੋਂ ਪ੍ਰਮਾਤਮਾ ਜੋ ਕੁਝ ਕਰਾਉਂਣਾ ਚਾਹੁੰਦਾ ਹੈ ਉਸਦੇ ਅੰਦਰ ਉਹੋ ਜਿਹਾ ਹੁਕਮ ਹੀ ਪਾਉਂਦਾ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਹੁਕਮ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਵਰਤਦਾ ਹੈ ਤੇ ਮਨੁੱਖ ਉਹ ਕੁਝ ਹੀ ਕਰਦਾ ਹੈ ਜਿਹੋ ਜਿਹੀ ਸਮਝ ਉਸਨੂੰ ਮਨ ਦੇ ਅੰਦਰੋਂ ਪੈਂਦੀ ਹੈ ਜਿਸ ਮਨ ਦੀ ਸਮਝ ਦੇ ਉੱਤੇ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ ਭਾਵ ਪ੍ਰਮਾਤਮਾ ਦੇ ਆਪਣੇ ਅੰਦਰ ਵਰਤ ਰਹੇ ਹੁਕਮ ਨੂੰ ਮੰਨਣਾ ਹੀ ਪੈਂਦਾ ਹੈ, ਹਰ ਕਿਸੇ ਨੂੰ ਮੰਨਣਾ ਹੀ ਪੈਂਦਾ ਹੈ ਭਾਵ ਹਰ ਕਿਸੇ ਨੂੰ ਉਸ ਪ੍ਰਮਾਤਮਾ ਦੀ ਰਜਾ ਅਨੁਸਾਰ ਚੱਲਣਾ ਹੀ ਪੈਂਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ

ਸਮਝਾਈ ਹੋਈ ਹੈ।

“ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥”

ਇਹ ਗੱਲ ਕਹਿਣੀ ਤਾਂ ਬਹੁਤ ਸੌਖੀ ਹੈ ਕਿ ਸੰਸਾਰ ਵਿੱਚ ਜੋ ਕੁਝ ਵੀ ਹੁੰਦਾ ਹੈ ਉਹ ਪ੍ਰਮਾਤਮਾ ਦੀ ਰਜਾ ਅਨੁਸਾਰ ਹੁੰਦਾ ਹੈ, ਉਸਦੇ ਹੁਕਮ ਅਨੁਸਾਰ ਹੁੰਦਾ ਹੈ ਪਰ ਇਸ ਗੱਲ ਤੇ ਕਿਸੇ ਨੂੰ ਯਕੀਨੀ ਤੌਰ ਤੇ ਵਿਸ਼ਵਾਸ ਉਦੋਂ ਹੀ ਆ ਸਕਦਾ ਹੈ ਜਦੋਂ ਕਿਸੇ ਮਨੁੱਖ ਦੇ ਅੰਦਰ ਪ੍ਰਗਟ ਹੋ ਕੇ ਪ੍ਰਮਾਤਮਾ ਆਪਣਾ ਆਪ ਸਮਝਾ ਦਿੰਦਾ ਹੈ ਕਿ ਤੇਰੇ ਅੰਦਰ ਮੇਰਾ ਹੁਕਮ ਹਰ ਵੇਲੇ ਕਿਸ ਤਰੀਕੇ ਚੱਲ ਰਿਹਾ ਹੈ ਤੇ ਇਸੇ ਤਰੀਕੇ ਹੀ ਮੇਰਾ ਹੁਕਮ ਸਭ ਦੇ ਅੰਦਰ ਚੱਲ ਰਿਹਾ ਹੈ। ਉਸਦਾ ਹੁਕਮ ਉਸਦੀ ਪਾਈ ਹੋਈ ਸਮਝ ਦੇ ਰੂਪ ਵਿੱਚ ਚੱਲਦਾ ਹੈ, ਹਰ ਵਸਤੂ ਕਿਸੇ ਸਮਝ ਦੁਆਰਾ ਹੀ ਵਿਚਰਦੀ ਹੈ ਭਾਵ ਕੰਮ ਕਰਦੀ ਹੈ ਭਾਵੇਂ ਉਹ ਪਸ਼ੂ, ਪਕਸ਼ੀ ਹਨ, ਭਾਵੇਂ ਉਹ ਬਨਸਪਤੀ ਹੈ, ਭਾਵੇਂ ਉਹ ਪਹਾੜ ਹੈ, ਧਰਤੀ ਹੈ, ਚੰਦ ਹੈ, ਸੂਰਜ ਹੈ, ਖੰਡ ਹਨ, ਬ੍ਰਹਮੰਡ ਹਨ। ਸਭ ਦੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਆਪਣੀ ਸਮਝ ਹੀ ਭਾਵ ਆਪਣਾ ਉੱਚਾ ਗਿਆਨ ਹੀ ਹੈ, ਉਸਦਾ ਸਾਇੰਟਿਫਿਕ ਗਿਆਨ ਹੀ ਹੈ ਜੋ ਉਸਦਾ ਆਪਣਾ ਨਿਰੰਕਾਰ ਰੂਪ ਹੈ ਜੋ ਕਿਸੇ ਨੂੰ ਨਜਰ ਨਹੀਂ ਆ ਸਕਦਾ। ਸਭ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਉਸਦੇ ਨਿਰੰਕਾਰ ਰੂਪ ਦੁਆਰਾ ਚੱਲ ਰਿਹਾ ਹੈ ਭਾਵ ਉਸਦੇ ਬ੍ਰਹਮ ਗਿਆਨ ਰੂਪ ਦੁਆਰਾ, ਨਾਮ ਰੂਪ ਦੁਆਰਾ ਚੱਲ ਰਿਹਾ ਹੈ ਜਿਸ ਉਸਦੇ ਹੁਕਮ ਨੂੰ ਕੋਈ ਬਦਲ ਸਕੇ ਭਾਵ ਕੋਈ ਆਪਣਾ ਹੁਕਮ ਚਲਾ ਸਕੇ ਇਹ ਨਹੀਂ ਹੋ ਸਕਦਾ ਕਿਉਂਕਿ ਸਭ ਦੇ ਅੰਦਰ ਗਿਆਨ ਦਾ ਸ੍ਰੋਤ ਕੇਵਲ ਤੇ ਕੇਵਲ ਇਸ ਸ੍ਰਿਸ਼ਟੀ ਦਾ ਕਰਤਾ ਆਪ ਹੈ। **(ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥)** ਆਪਣੇ ਆਪ ਨੂੰ ਸੰਸਾਰ ਵਿੱਚ ਵੱਡਾ ਅਖਵਾਉਂਣ ਵਾਲੇ ਤਾਂ ਬਹੁਤ ਹਨ, ਸ਼ਾਹ, ਪਾਤਸ਼ਾਹ ਅਖਵਾਉਂਣ ਵਾਲੇ ਬਹੁਤ ਹਨ ਜੋ ਦੂਸਰਿਆਂ ਤੇ ਆਪਣਾ ਹੁਕਮ ਚਲਾਉਂਦੇ ਹਨ ਤੇ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ ਪਰ ਉਹਨਾਂ ਨੂੰ ਇਸ ਸੰਸਾਰ ਦਾ ਅਸਲ **“ਰਹਣੁ”** ਕੀ ਹੈ ਭਾਵ ਸੰਸਾਰ ਵਿੱਚ **“ਰਹਣੁ”** ਦੀ ਸੱਚਾਈ ਕੀ ਹੈ ਇਸ ਗੱਲ ਦੀ ਸਮਝ ਨਹੀਂ ਹੈ। ਇਸ ਸੰਸਾਰ ਵਿੱਚ **“ਰਹਣੁ”** ਦਾ ਤਰੀਕਾ ਉਸਦੀ ਰਜਾ ਵਿੱਚ ਰਹਿਣ ਦਾ ਹੀ ਹੈ ਤੇ ਉਸਦੀ ਰਜਾ ਕੀ ਹੈ ਇਸ ਗੱਲ ਦੀ ਸਮਝ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝਣ ਦੁਆਰਾ ਹੀ ਪੈ ਸਕਦੀ ਹੈ ਜਿਵੇਂ ਕਿ ਉਸਦੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ

ਕਰਨ ਵਾਲਿਆਂ ਨੂੰ ਪਾਈ ਹੈ। ਜੋ ਉਸਦੇ ਹੁਕਮ ਨੂੰ ਬੁੱਝ ਲੈਂਦੇ ਹਨ ਉਹਨਾਂ ਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਉਹਨਾਂ ਦੇ ਮਨੁੱਖੀ ਰੂਪ ਵਿੱਚ ਫਿਰ ਪ੍ਰਮਾਤਮਾ ਆਪ ਹੀ ਹੈ ਜੋ ਮਨ ਦੀ ਸਮਝ ਦਾ ਮਾਲਕ ਹੈ। ਉਹਨਾਂ ਨੂੰ ਹੀ ਪ੍ਰਮਾਤਮਾ ਆਪਣੀ ਪਾਤਸ਼ਾਹੀ

ਬਖਸ਼ਦਾ ਹੈ ਤੇ ਉਹਨਾਂ ਨੂੰ ਫਿਰ ਸਮਝ ਲੱਗ ਜਾਂਦੀ ਹੈ ਕਿ ਸੰਸਾਰ ਵਿੱਚ **"ਰਹਣੁ"** ਦਾ ਤਰੀਕਾ ਪ੍ਰਮਾਤਮਾ ਦੀ ਰਜਾ ਵਿੱਚ ਰਹਿਣਾ ਹੀ ਹੈ ਜੋ ਆਪਣੀ ਰਜਾ ਉਹ ਆਪ ਹੀ ਸਮਝਾਉਂਦਾ ਹੈ। ਪੂਰੀ ਗੁਰਬਾਣੀ ਵਿੱਚ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੀਆਂ ਪਾਤਸ਼ਾਹੀਆਂ ਬਖਸ਼ੀਆਂ ਹਨ ਉਹਨਾਂ ਦੇ ਰਾਹੀਂ ਸ਼ਬਦਾਂ ਦੇ ਰੂਪ ਵਿੱਚ ਆਪਣੀ ਰਜਾ ਹੀ ਸਮਝਾਈ ਹੋਈ ਹੈ, ਜਿਸ ਰਜਾ ਵਿੱਚ ਰਹਿਣਾ ਹੀ ਸੰਸਾਰ ਵਿੱਚ **"ਰਹਣੁ"** ਦਾ ਭਾਵ ਵਿਚਰਨ ਦਾ ਅਸਲ ਤਰੀਕਾ ਹੈ ਭਾਵ ਉਸਦੇ ਹੁਕਮ ਵਿੱਚ ਚੱਲਣ ਦਾ ਤਰੀਕਾ ਹੈ। ਗੁਰਬਾਣੀ ਦੇ ਵਿੱਚ ਪੂਰੀ ਗੁਰਮਤਿ ਪ੍ਰਮਾਤਮਾ ਦੇ ਹੁਕਮ ਦੇ ਰੂਪ ਵਿੱਚ ਹੈ ਜਿਸ ਉਸਦੇ ਹੁਕਮ ਨੂੰ ਬਦਲਿਆ ਨਹੀਂ ਜਾ ਸਕਦਾ ਭਾਵ ਉਸਦੇ ਹੁਕਮ ਨੂੰ ਮੰਨਣਾ ਹੀ ਉਸਦੀ ਰਜਾ ਵਿੱਚ ਰਹਿਣਾ ਹੈ। **(ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥)**

ਉਪਰ ਵਾਲੇ ਜਪੁਜੀ ਬਾਣੀ ਦੇ ਪੂਰੇ ਸ਼ਬਦ ਨੂੰ ਅਸੀਂ ਕੁਝ ਪਿੱਛੇ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਪ੍ਰਮਾਤਮਾ ਕਿਸ ਤਰੀਕੇ ਸ੍ਰਿਸ਼ਟੀ ਦੇ ਵਿੱਚ ਸਭ ਦੀ ਸੰਭਾਲ ਕਰ ਰਿਹਾ ਹੈ ਜਿਸਨੂੰ ਅਸੀਂ ਕੁਝ ਹੋਰ ਸ਼ਬਦਾਂ ਦਾ ਪ੍ਰਮਾਣ ਦੇਣ ਦੁਆਰਾ ਵੀ ਸਮਝਿਆ ਹੈ ਭਾਵ ਕਿਸ ਤਰੀਕੇ ਹਰ ਕੋਈ ਉਸਦੇ ਗੁਣ ਗਾ ਰਿਹਾ ਹੈ ਭਾਵ ਉਸਦੇ ਹੁਕਮ ਵਿੱਚ ਚੱਲ ਰਿਹਾ ਹੈ। **(ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥)**

ਉਸ ਪ੍ਰਮਾਤਮਾ ਦੇ ਸੱਚੇ ਗੁਣ ਕਿਸ ਤਰੀਕੇ ਗਾਏ ਜਾ ਸਕਦੇ ਹਨ ਜੋ ਕਿ ਉਸਦੇ ਗੁਣ ਗਾਉਂਣੇ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਸਮਝ ਪੈਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਮਨ ਦੀ ਨਾਸਮਝੀ ਕਰਕੇ ਅਨੇਕਾਂ ਹੀ ਅਨੇਕਾਂ ਮਨੁੱਖ ਉਸਦੇ ਗੁਣ ਗਾਉਂਣੇ ਭਾਵ ਉਸਦੀ ਭਗਤੀ ਕਰਨੀ ਆਪਣੀ ਸਰੀਰਕ ਕਿਰਿਆਵਾਂ ਨੂੰ ਸਮਝਦੇ ਹਨ ਜਿਨ੍ਹਾਂ ਸਰੀਰਕ ਕਿਰਿਆਵਾਂ ਦਾ ਭਾਵ ਸਰੀਰਕ ਜਪਾਂ ਤਪਾਂ ਆਦਿ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਇਸੇ ਤਰ੍ਹਾਂ ਪੁਰਾਤਨ ਸਮੇਂ ਤੋਂ ਜੋਗੀ ਆਦਿ ਆਪਣੇ ਪਹਿਰਾਵੇ ਦੁਆਰਾ ਤੇ ਸਰੀਰਕ ਕਿਰਿਆਵਾਂ ਦੁਆਰਾ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ ਭਾਵ ਪ੍ਰਮਾਤਮਾ ਦੇ ਗੁਣ ਗਾਉਂਣੇ ਸਮਝਦੇ ਹਨ ਪਰ ਉਸ ਪ੍ਰਮਾਤਮਾ ਦੇ ਗੁਣ ਗਾਉਂਣ ਦਾ ਤਰੀਕਾ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਉਹ ਸਾਰੇ ਸੰਸਾਰ ਲਈ ਇੱਕੋ ਜਿਹਾ

49/6800

ਹੀ ਹੈ ਭਾਵੇਂ ਉਹ ਜੋਗੀ ਅਖਵਾਉਂਣ ਵਾਲੇ ਹੋਣ ਜਾਂ ਕੋਈ ਵੀ ਧਾਰਮਿਕ ਆਸਥਾ ਰੱਖਦੇ ਹੋਣ। ਇਹੀ ਗੱਲ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਜਿਸ ਰਾਹੀਂ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਦੀ ਭਗਤੀ ਕਰਨ ਲਈ ਇੱਕੋ ਇੱਕ ਮਾਰਗ ਆਪਣੇ ਮਨ ਨੂੰ ਸਮਝਾਉਂਣ ਦਾ ਹੈ ਭਾਵ ਆਪਣੀ ਮਤਿ ਛੱਡਕੇ ਗੁਰੂ ਦੀ ਮਤਿ ਨੂੰ ਅਪਨਾਉਂਣ ਦਾ ਹੈ।

“ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ ਤਿਸੈ ਆਦੇਸੁ ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥”

ਇਸ ਉਪਰ ਵਾਲੇ ਸ਼ਬਦ ਰਾਹੀਂ ਜੋਗੀਆਂ ਦੇ ਕਰਮ ਕਾਂਡਾ ਦਾ ਖੰਡਣ ਕਰਕੇ ਉਹਨਾਂ ਨੂੰ ਜੋਗ ਦੀ ਅਸਲੀ ਜੁਗਤਿ ਹੀ ਸਮਝਾਈ ਹੋਈ ਹੈ। ਜੋਗੀ ਲੋਗ ਆਪਣੇ ਕੰਨਾਂ ਦੇ ਵਿੱਚ ਮੁੰਦਰਾਂ ਪਾਉਂਦੇ ਹਨ ਜਿਸਨੂੰ ਕਿ ਉਹ ਭਗਤੀ ਦਾ ਮਾਰਗ ਸਮਝਦੇ ਹਨ ਭਾਵ ਭਗਤੀ ਦੀ ਨਿਸ਼ਾਨੀ ਸਮਝਦੇ ਹਨ ਕਿ ਇਹ ਮਨੁੱਖ ਭਗਤੀ ਦੀ ਬਿਰਤੀ ਵਾਲਾ ਹੈ। ਇਹੋ ਜਿਹੇ ਦਿਖਾਵੇ ਭਗਤੀ ਦੇ ਕਿਸੇ ਕੰਮ ਨਹੀਂ ਹਨ ਭਾਵ ਪ੍ਰਮਾਤਮਾ ਨੂੰ ਨਹੀਂ ਭਾਉਂਦੇ ਕਿਉਂਕਿ ਇਸ ਵਿੱਚ ਕੇਵਲ ਭਗਤੀ ਦਾ ਦਿਖਾਵਾ ਹੈ। ਜੋਗੀਆਂ ਨੂੰ ਕੰਨਾਂ ਵਿੱਚ ਮੁੰਦੇ ਪਾਉਂਣ ਦੀ ਬਜਾਏ ਮਨ ਦੇ ਵਿੱਚ ਸੰਤੋਖ ਧਾਰਨ ਕਰਨ ਲਈ ਸਮਝਾਇਆ ਹੋਇਆ ਹੈ ਕਿਉਂਕਿ ਪ੍ਰਮਾਤਮਾ ਦੀ ਭਗਤੀ ਮਨ ਦੇ ਵਿੱਚ ਸੰਤੋਖ ਆਉਂਣ ਦੁਆਰਾ ਹੀ ਹੁੰਦੀ ਹੈ ਤੇ ਮਨ ਦੇ ਵਿੱਚ ਸੰਤੋਖ ਤਾਂ ਆਉਂਦਾ ਹੈ ਜਦੋਂ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡ ਦਿੰਦਾ ਹੈ, ਮਾਇਆ ਦੀਆਂ ਇੱਛਾਵਾਂ ਨੂੰ ਛੱਡ ਦਿੰਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਇਸੇ ਤਰ੍ਹਾਂ ਜੋਗੀ ਲੋਗ **“ਪਤੁ ਝੋਲੀ”** ਭਾਵ ਖੱਪਰ ਝੋਲੀ ਲੈ ਕੇ ਘਰਾਂ ਵਿੱਚ ਮੰਗਣ ਲਈ ਜਾਂਦੇ ਹਨ ਭਾਵ ਖੱਪਰ ਝੋਲੀ ਆਪਣੇ ਨਾਲ ਰੱਖਦੇ ਹਨ ਕਿਉਂਕਿ ਭੋਜਨ ਦੀ ਲੋੜ ਸਭ ਨੂੰ ਪੈਂਦੀ ਹੈ ਤੇ ਜੋਗੀਆਂ ਨੂੰ ਵੀ ਹੈ ਜੋ ਕਿਰਤ ਕਰਨ ਦੀ ਬਜਾਏ ਘਰੋਂ ਘਰੀ ਜਾ ਕੇ ਮੰਗ ਕੇ ਖਾਂਦੇ ਹਨ। ਉਹਨਾਂ ਦੀ ਇਸ ਬਿਰਤੀ ਦਾ ਉਪਰ ਸ਼ਬਦ ਰਾਹੀਂ ਖੰਡਨ ਕੀਤਾ ਹੋਇਆ ਹੈ ਤੇ ਜੋਗੀਆਂ ਨੂੰ ਇਹ ਸਮਝਾਇਆ ਹੋਇਆ ਹੈ ਕਿ ਮੰਗ ਕੇ ਖਾਣ ਦੀ ਬਜਾਏ **“ਸਰਮੁ”** ਨੂੰ ਅਪਨਾਉ ਭਾਵ **“ਪਤੁ ਝੋਲੀ”** ਦੀ ਜਗ੍ਹਾ **“ਸਰਮੁ”** ਕਰੋ ਭਾਵ ਮਿਹਨਤ ਕਰੋ ਭਾਵ ਕਿਰਤ ਕਰਕੇ ਖਾਉ। ਭਗਤੀ ਦਾ ਅਸਲ ਮਾਰਗ ਸੱਚੀ ਸੁੱਚੀ ਕਿਰਤ ਕਰਨ ਦਾ ਹੀ ਹੈ, **“ਸਰਮੁ”** ਭਾਵ ਮਿਹਨਤ ਭਾਵ ਆਪਣੇ ਸਰੀਰ ਦੀ ਤੇ ਗ੍ਰਿਹਸਥ ਜੀਵਨ ਨੂੰ ਪਾਲਣ ਲਈ ਕਿਰਤ ਕਰਨ ਦਾ ਹੀ ਹੈ ਜੋ ਸੱਚੀ ਸੁੱਚੀ ਕਿਰਤ ਭਾਵ **“ਸਰਮੁ”** ਮਨ ਦੇ ਸੰਤੋਖ ਦੁਆਰਾ ਹੀ ਹੋ ਸਕਦੀ ਹੈ ਭਾਵ ਮਾਇਆ ਮੋਹ ਵਿੱਚੋਂ ਨਿਕਲਕੇ ਹੀ ਹੋ ਸਕਦੀ ਹੈ।

49/6801

ਮਨ ਦੇ ਸੰਤੋਖ ਲਈ ਤੇ ਸੱਚੀ ਕਿਰਤ ਕਰਨ ਲਈ ਸਾਨੂੰ ਆਪਣੇ ਅੰਦਰ ਦੇ ਧਿਆਨ ਨੂੰ ਭਾਵ ਮਨ ਨੂੰ ਭਾਵ ਮਨ ਦੀ ਸਮਝ ਨੂੰ ਚੰਗਾ ਬਨਾਉਂਣ ਦੀ ਲੋੜ ਹੈ ਜਿਸ ਸਾਡੇ ਅੰਦਰ ਦੇ ਧਿਆਨ ਨੂੰ ਚੰਗਾ ਕਰਨ ਦਾ ਉਦਾਹਰਣ ਜੋਗੀਆਂ ਦੀ **“ਬਿਭੂਤਿ”** ਦੁਆਰਾ ਦਿੱਤਾ ਹੋਇਆ ਹੈ ਜੋ **“ਬਿਭੂਤਿ”** ਜੋਗੀ ਲੋਗ ਆਪਣੇ ਸਰੀਰ ਉੱਤੇ ਲਗਾਉਂਦੇ ਹਨ ਭਾਵ ਸਰੀਰ ਨੂੰ ਚੰਗਾ ਬਨਾਉਂਣ ਲਈ, ਉਸਨੂੰ ਚਮਕਾਉਂਣ ਲਈ ਲਗਾਉਂਦੇ ਹਨ। ਧਰਮ ਦੇ ਮਾਰਗ ਤੇ ਚੱਲਣ ਲਈ ਆਪਣੇ ਧਿਆਨ ਨੂੰ ਚੰਗਾ ਬਨਾਉਂਣ ਦੀ ਲੋੜ ਹੈ ਭਾਵ ਆਪਣੇ ਮਨ ਦੀ ਸਮਝ ਦੇ ਉਪਰ ਬਿਭੂਤਿ ਲਗਾਉਂਣ ਦੀ ਲੋੜ ਹੈ। ਬਹੁਤ ਗਹਿਰੀ ਹੈ ਬਾਣੀ, ਬਹੁਤ ਗਹਿਰਾ ਹੈ ਭਗਤੀ ਦਾ ਮਾਰਗ। **(ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥)**

{ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪੜ੍ ਕਾ ਕਰਹੁ ਬੀਚਾਰੁ ਰੇ ॥
ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ ॥੧॥
ਐਸਾ ਜੋਗੁ ਕਮਾਵਹੁ ਜੋਗੀ ॥ ਜਪ ਤਪ ਸੰਜਮੁ ਗੁਰਮੁਖਿ ਭੋਗੀ ॥੧॥ ਰਹਾਉ ॥
ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ ॥
ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ ॥੨॥
ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ ॥੩॥੭॥}

(ਅੰਗ ੯੭੦)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥}

(ਅੰਗ ੧੦੪੦)

{ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪਰਾਪਤਿ ਹੋਇ ॥
ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ ਨਾਨਕ ਹਰਿ ਜਾਪਿ ॥੫॥}

(ਅੰਗ ੨੭੮-੨੭੯)

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥ ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥}

(ਅੰਗ ੧੪੭)

{ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥}

(ਅੰਗ ੪੭੧-੪੭੨)

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥}

(ਅੰਗ ੭੨੨-੭੨੩)

{ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥ ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥
ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥}

(ਅੰਗ ੧੨੮੭)

ਹੁਣ ਅਸੀਂ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਜੋਗੀਆਂ ਨੂੰ ਕਿਹੋ ਜਿਹਾ ਭਗਤੀ ਦਾ ਮਾਰਗ ਅਪਨਾਉਂਣ ਲਈ ਸਮਝਾਇਆ ਹੋਇਆ ਹੈ ਜਿਸ ਦੁਆਰਾ ਉਹ ਆਪਣੇ ਜੀਵਨ ਨੂੰ ਸਫਲ ਕਰ ਸਕਦੇ ਹਨ ਭਾਵ ਸਫਲ ਕਰਨ ਦਾ ਉਪਰਾਲਾ ਕਰ ਸਕਦੇ ਹਨ।

"ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥"

ਜੋਗੀ ਲੋਗ ਆਪਣੀ ਮਤਿ ਅਨੁਸਾਰ ਖਿੰਥਾ ਭਾਵ ਚੋਲੀ ਭਾਵ ਗੋਦੜੀ ਪਾਉਂਦੇ

49/6802

ਹਨ ਜਿਸਨੂੰ ਕਿ ਉਹ ਆਪਣੀ ਭਗਤੀ ਦਾ ਚੋਲਾ ਸਮਝਦੇ ਹਨ, ਆਪਣੀ ਕਾਇਆ ਨੂੰ ਭਾਵ ਸਰੀਰ ਨੂੰ ਢੱਕ ਕੇ ਰੱਖਣ ਦਾ ਚੋਲਾ ਸਮਝਦੇ ਹਨ। ਇਹਨਾਂ ਗੱਲਾਂ ਨੂੰ ਅਪਨਾਉਂਣ ਦੁਆਰਾ ਭਾਵ ਸਰੀਰਕ ਦਿਖਾਵਿਆਂ ਦੁਆਰਾ ਭਗਤੀ ਦੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ। ਭਗਤੀ ਦੇ ਮਾਰਗ ਤੇ ਚੱਲਣ ਲਈ ਆਪਣੇ ਆਪ ਨੂੰ ਜਿਉਂਦੇ ਹੋਏ ਮਾਰਨਾ ਪੈਂਦਾ ਹੈ ਜੋ ਕਿ ਆਪਣੀ ਮਨ ਦੀ ਸਮਝ ਨੂੰ ਮਾਰਨਾ ਭਾਵ ਗੁਰੂ ਦੇ ਸ਼ਬਦ ਦੁਆਰਾ ਮਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਭਗਤੀ ਦਾ ਸੱਚਾ ਮਾਰਗ ਆਪਣੇ ਮਨ ਨੂੰ ਮਾਰਨ ਦੁਆਰਾ ਹੀ ਸਮਝ ਪੈਂਦਾ ਹੈ ਭਾਵ ਮਨ ਦੀ ਨਾਸਮਝ ਮਤਿ ਨੂੰ ਛੱਡਣ ਦੁਆਰਾ, ਮਾਰਣ ਦੁਆਰਾ ਹੀ ਸਮਝ ਪੈਂਦਾ ਹੈ। ਸਾਡੇ ਮਨ ਦੀ ਸਮਝ ਨੂੰ ਉਹੋ ਜਿਹੀ ਚੋਲੀ ਦੀ ਲੋੜ ਹੈ ਜਿਵੇਂ ਕਿ ਕੁਆਰੀ ਕੰਨਿਆ ਨੂੰ ਲੋੜ ਹੁੰਦੀ ਹੈ ਜਿਸਨੂੰ ਕਿ ਪੂਰੀ ਤਰ੍ਹਾਂ ਬ੍ਰਹਮ ਚਰਜ ਜੀਵਨ ਅਪਨਾਉਂਣ ਦੀ ਲੋੜ ਹੁੰਦੀ ਹੈ ਜਿਸ ਲਈ ਮਨ ਦੀਆਂ ਇੱਛਾਵਾਂ ਨੂੰ ਮਾਰਨਾ ਹੀ ਪੈਂਦਾ ਹੈ ਤਾਂ ਜੋ ਉਹ ਕੋਈ ਮਾੜਾ ਕਰਮ ਨਾ ਕਰੇ। ਜੋਗੀ ਲੋਕਾਂ ਨੂੰ ਇਹੀ ਗੱਲ ਸਮਝਾਈ ਹੈ ਕਿਉਂਕਿ ਉਹ ਗ੍ਰਿਹਸਥ ਦਾ ਜੀਵਨ ਤਿਆਗ ਕੇ, ਘਰ ਬਾਰ ਤਿਆਗ ਕੇ ਬਾਹਰ ਚਲੇ ਜਾਂਦੇ ਹਨ ਤੇ ਅਨੇਕਾਂ ਘਰਾਂ ਵਿੱਚ ਵੀ ਜਾਂਦੇ ਹਨ, ਖਾਣਾ ਮੰਗਣ ਲਈ ਜਾਂਦੇ ਹਨ ਉਹਨਾਂ ਨੂੰ ਇੱਕ ਕੁਆਰੀ ਕੰਨਿਆ ਦੀ ਤਰ੍ਹਾਂ ਜੀਵਨ ਬਤੀਤ ਕਰਨ ਲਈ ਸਮਝਾਇਆ ਹੋਇਆ ਹੈ ਕਿਉਂਕਿ ਧਰਮ ਦਾ ਮਾਰਗ ਹੈ ਹੀ ਸੱਚੀ ਸੁੱਚੀ ਸੰਸਾਰਿਕ ਵਿਚਰਨ ਜੋ ਸੱਚਾ ਜੀਵਨ ਆਪਣੇ ਮਨ ਦੀਆਂ ਇੱਛਾਵਾਂ ਨੂੰ ਮਾਰਨ ਦੁਆਰਾ ਹੀ ਬਤੀਤ ਕੀਤਾ ਜਾ ਸਕਦਾ ਹੈ। ਆਪਣੀਆਂ ਇੱਛਾਵਾਂ ਨੂੰ ਮਾਰਨ ਲਈ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਤੇ ਭਰੋਸਾ ਰੱਖਣ ਦੀ ਲੋੜ ਹੁੰਦੀ ਹੈ, **"ਪਰਤੀਤਿ"** ਰੱਖਣ ਦੀ ਲੋੜ ਹੁੰਦੀ ਹੈ। ਜੋਗੀਆਂ ਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਜੋ ਤੁਸੀਂ ਹੱਥ ਵਿੱਚ ਡੰਡਾ ਫੜਕੇ ਰੱਖਦੇ ਹੋ ਉਹ ਕੋਈ ਭਗਤੀ ਦੀ ਜੁਗਤਿ ਨਹੀਂ ਹੈ ਤੇ ਭਗਤੀ ਦੀ ਅਸਲ ਜੁਗਤਿ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਤੇ **"ਪਰਤੀਤਿ"** ਰੱਖਣ ਦੀ ਹੈ ਭਾਵ ਭਰੋਸਾ ਰੱਖਣ ਦੀ ਹੈ ਤਾਂ ਜੋ ਅਸੀਂ ਭਗਤੀ ਦੇ ਮਾਰਗ ਤੇ ਚੱਲਣ ਲਈ ਉਹੋ ਜਿਹੇ ਕਰਮ ਕਰੀਏ ਜੋ ਹਰ ਕਿਸੇ ਲਈ ਭਗਤੀ ਦੇ ਮਾਰਗ ਤੇ ਚੱਲਣ ਦਾ ਅਸਲ ਤਰੀਕਾ ਹੈ, ਅਸਲ ਜੁਗਤਿ ਹੈ ਜਿਵੇਂ ਕਿ ਸਾਨੂੰ ਸ਼ਬਦ ਦੀਆਂ ਦੋਨੋਂ ਪੰਗਤੀਆਂ ਰਾਹੀਂ ਕਾਫੀ ਗਹਿਰਾਈ ਨਾਲ ਸਮਝਾਇਆ ਹੋਇਆ ਹੈ, ਜੋਗੀਆਂ ਨੂੰ ਸਮਝਾਉਂਣ ਦੇ ਰੂਪ ਵਿੱਚ ਸਭ ਨੂੰ ਸਮਝਾਇਆ ਹੋਇਆ ਹੈ। **(ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥)**

ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਤਾਂ ਹਰ ਕਿਸੇ ਲਈ ਇਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਅਨੇਕਾਂ ਸ਼ਬਦਾਂ ਦੁਆਰਾ ਭਗਤੀ ਦੇ ਮਾਰਗ ਨੂੰ ਸਮਝਦੇ ਆ ਰਹੇ ਹਾਂ, ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਸਮਝਦੇ ਆ

49/6803

ਰਹੇ ਹਾਂ ਜਿਸ ਮਾਰਗ ਤੇ ਚੱਲਣ ਲਈ ਆਪਣੇ ਮਨ ਨੂੰ ਮਾਰਨ ਦੀ ਲੋੜ ਹੁੰਦੀ ਹੈ ਭਾਵ ਆਪਣੇ ਮਨ ਨੂੰ ਜਿੱਤਣ ਦੀ ਲੋੜ ਹੁੰਦੀ ਹੈ ਭਾਵ ਆਪਣੀ ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ, ਮਾਇਆ ਮੋਹ ਵਾਲੀ ਸਮਝ ਨੂੰ ਜਿੱਤਣ ਦੀ ਲੋੜ ਹੁੰਦੀ ਹੈ ਭਾਵ ਵੱਸ ਵਿੱਚ ਕਰਨ ਦੀ ਲੋੜ ਹੁੰਦੀ ਹੈ ਭਾਵ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਨੂੰ ਪੂਰੀ ਤਰ੍ਹਾਂ ਮੰਨਣ ਦੀ ਲੋੜ ਹੁੰਦੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਇੱਥੇ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥”

ਉਪਰ ਵਾਲੀ ਪੰਗਤੀ ਤੋਂ ਪਹਿਲੀਆਂ ਦੋ ਪੰਗਤੀਆਂ ਰਾਹੀਂ ਭਗਤੀ ਦਾ ਜੋ ਮਾਰਗ ਅਸੀਂ ਸਮਝਿਆ ਹੈ ਉਪਰ ਵਾਲੀ ਪੰਗਤੀ ਰਾਹੀਂ ਸਾਨੂੰ ਉਹੀ ਸਾਡਾ, ਸਾਰੇ ਸੰਸਾਰ ਲਈ ਅਸਲ ਮਾਰਗ ਕਹਿ ਕੇ ਸਮਝਾਇਆ ਹੋਇਆ ਹੈ। **“ਆਈ ਪੰਥੀ”** ਤੋਂ ਭਾਵ ਹੈ ਸਭ ਲਈ ਇਹੀ ਪੰਥ ਹੈ। **“ਆਈ”** ਤੋਂ ਭਾਵ ਹੈ ਆ ਹੀ, ਇਹ ਹੀ। ਇਹ ਪੰਜਾਬ ਦੇ ਪਿੰਡਾਂ ਦੀ ਠੇਠ ਪੰਜਾਬੀ ਦੀ ਬੋਲੀ ਹੈ ਤੇ ਉਪਰ ਪੰਗਤੀ ਵਿੱਚ ਉਸੇ ਠੇਠ ਪੰਜਾਬੀ ਦੀ ਵਰਤੋਂ ਹੀ ਕੀਤੀ ਹੋਈ ਹੈ ਤੇ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸਗਲ ਜਮਾਤਾਂ ਲਈ ਭਾਵ ਹਰ ਕਿਸੇ ਜਮਾਤ ਲਈ ਭਾਵ ਜੋਗੀਆਂ ਆਦਿ ਦੀ ਹਰ ਜਮਾਤ ਲਈ, ਭਗਤੀ ਕਰਨ ਵਾਲਿਆਂ ਦੀ ਹਰ ਜਮਾਤ ਲਈ, ਹਰ ਫਿਰਕੇ ਲਈ ਪ੍ਰਮਾਤਮਾ ਦੀ ਭਗਤੀ ਕਰਨ ਦਾ ਤਰੀਕਾ ਭਾਵ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਆਪਣੇ ਮਨ ਨੂੰ ਜਿੱਤਣ ਦਾ ਹੈ ਭਾਵ ਮਨ ਦੀਆਂ ਇੱਛਾਵਾਂ ਨੂੰ ਜਿੱਤਣ ਦਾ ਹੈ, ਮਾਇਆ ਮੋਹ ਨੂੰ ਜਿੱਤਣ ਦਾ ਹੈ ਭਾਵ ਮਾਇਆ ਨੂੰ ਛੱਡਣ ਦਾ ਹੈ ਭਾਵ ਆਪਣੀ ਮਤਿ ਛੱਡਣ ਦਾ ਹੈ ਜਿਸਨੂੰ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਦੁਆਰਾ ਹੀ ਛੱਡਿਆ ਜਾ ਸਕਦਾ ਹੈ। ਸੰਸਾਰ ਵਿੱਚ ਸਭ ਤੋਂ ਔਖਾ ਕੰਮ ਆਪਣੇ ਮਨ ਨੂੰ ਜਿੱਤਣ ਦਾ ਹੀ ਹੈ ਜੋ ਕਿ ਪੂਰੇ ਜੱਗ ਨੂੰ ਜਿੱਤਣ ਦੇ ਬਰਾਬਰ ਹੈ ਭਾਵ ਜੱਗ ਨੂੰ ਜਿੱਤਣ ਵਰਗਾ ਔਖਾ ਹੈ। ਆਪਣੇ ਮਨ ਦੀਆਂ ਇੱਛਾਵਾਂ ਨੂੰ ਜਿੱਤੇ ਬਿਨਾਂ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਵੀ ਨਹੀਂ ਜਾਣ ਸਕਦੇ ਭਾਵ ਉਸਦੇ ਨਾਲ ਮੇਲ ਕਰਨ ਦਾ ਸਾਡਾ ਤਰੀਕਾ ਆਪਣੇ ਮਨ ਦੀਆਂ ਇੱਛਾਵਾਂ ਨੂੰ ਮਾਰਨ ਦਾ ਹੀ ਹੈ, ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰਨ ਦਾ ਹੀ ਹੈ ਭਾਵ ਮਨ ਦੇ ਵਿੱਚ ਸੰਤੋਖ ਵਾਲੀ ਬਿਰਤੀ ਧਾਰਨ ਕਰਨ ਦਾ ਹੀ ਹੈ ਜੋ ਅਵਸਥਾ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ।

49/6804

ਪ੍ਰਮਾਤਮਾ ਨੂੰ ਪਾ ਸਕਣਾ ਜਾਂ ਨਾ ਪਾ ਸਕਣਾ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਣਾ ਜਾਂ ਨਾ ਜਾਣ ਸਕਣਾ ਸਾਡੇ ਮਨ ਦੀ ਸਮਝ ਤੇ ਟਿਕਿਆ ਹੋਇਆ ਹੈ ਜੋ ਮਨੁੱਖ ਦੀ ਸਮਝ ਆਪਣੀ ਹੈ ਹੀ ਨਹੀਂ। ਆਪਣੇ ਮਨ ਨੂੰ ਕੋਈ ਆਪਣੇ ਆਪ ਜਿੱਤ ਲਵੇ ਇਹ ਨਾਮੁਮਕਿਨ ਹੈ ਤੇ ਇਸੇ ਲਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਕੇਵਲ ਤੇ ਕੇਵਲ ਗੁਰੂ ਪ੍ਰਸਾਦਿ ਹੈ ਭਾਵ ਪ੍ਰਮਾਤਮਾ ਦੀ ਆਪਣੀ ਕਿਰਪਾ ਹੈ ਕਿ ਉਹ ਕਿਸਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ ਤੇ ਕਿਸਨੂੰ ਉਲਝਣਾਂ ਵਿੱਚ ਹੀ ਪਾ ਕੇ ਰੱਖਦਾ ਹੈ ਭਾਵ ਭਰਮਾਂ ਵਿੱਚ ਹੀ ਪਾ ਕੇ ਰੱਖਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਨੇ ਸੰਸਾਰ ਨੂੰ ਭਰਮਾਂ ਵਿੱਚੋਂ ਕੱਢਣ ਲਈ ਹੀ ਰਚੀ ਹੈ, ਮਨ ਦੀਆਂ ਉਲਝਣਾਂ ਵਿੱਚੋਂ ਕੱਢਣ ਲਈ ਹੀ ਰਚੀ ਹੈ, ਭਗਤੀ ਦਾ ਸੱਚਾ ਮਾਰਗ ਸਮਝਾਉਂਣ ਲਈ ਹੀ ਰਚੀ ਹੈ ਤੇ ਉਸ ਮਾਰਗ ਤੇ ਚੱਲਣ ਦਾ ਉੱਦਮ ਮਨੁੱਖ ਦੇ ਜਿੰਮੇ ਹੀ ਹੈ ਜਿਸ ਉੱਦਮ ਤੋਂ ਸਾਨੂੰ ਕਦੇ ਪਿੱਛੇ ਨਹੀਂ ਹੱਟਣਾ ਚਾਹੀਦਾ ਤੇ ਗੁਰੂ ਦੇ ਬਚਨਾਂ ਨੂੰ ਸਤਿ ਜਾਣਕੇ ਉਹਨਾਂ ਤੇ ਅਮਲ ਕਰਨਾ ਚਾਹੀਦਾ ਹੈ। ਪ੍ਰਮਾਤਮਾ ਦੀ ਭਗਤੀ ਦਾ ਮਾਰਗ, ਉਸਦਾ ਨਾਮ ਜਪਣ ਦਾ ਮਾਰਗ, ਉਸਦੇ ਨਾਲ ਮੇਲ ਕਰਨ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਸੇ ਵੀ ਫਿਰਕੇ ਨਾਲ ਜੁੜਿਆ ਹੋਇਆ ਹੈ, ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। **(ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥)**

{ਮਤੁ ਭਸਮ ਅੰਧੂਲੇ ਗਰਬਿ ਜਾਹਿ ॥ ਇਨ ਬਿਧਿ ਨਾਗੇ ਜੋਗੁ ਨਾਹਿ ॥੧॥

ਮੂੜੇ ਕਾਹੇ ਬਿਸਾਰਿਓ ਤੈ ਰਾਮ ਨਾਮ ॥ ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥

ਗੁਰ ਪੂਛਿ ਤੁਮ ਕਰਹੁ ਬੀਚਾਰੁ ॥ ਜਹ ਦੇਖਉ ਤਹ ਸਾਰਿਗਪਾਣਿ ॥੨॥

ਕਿਆ ਹਉ ਆਖਾ ਜਾਂ ਕਛੂ ਨਾਹਿ ॥ ਜਾਤਿ ਪਤਿ ਸਭ ਤੇਰੈ ਨਾਇ ॥੩॥

ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥ ਚਲਤੀ ਬਾਰ ਤੇਰੋ ਕਛੂ ਨਾਹਿ ॥੪॥
ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥
ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ ਅੰਤ ਕਾਲਿ ਮੂੜੇ ਚੋਟ ਖਾਹਿ ॥੭॥
ਗੁਰ ਸਬਦੁ ਬੀਚਾਰਹਿ ਆਪੁ ਜਾਇ ॥ ਸਾਚ ਜੋਗੁ ਮਨਿ ਵਸੈ ਆਇ ॥੮॥
ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥ ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥
ਗੁਣ ਨਾਨਕੁ ਬੋਲੈ ਭਲੀ ਬਾਣਿ ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥}

(ਅੰਗ ੧੧੮੯-੧੧੯੦)

{ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ ॥
ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥੧॥ ਮਨ ਰੇ ਹਰਿ ਹਰਿ ਸੇਤੀ ਲਿਵ ਲਾਇ ॥
ਮਨ ਹਰਿ ਜਪਿ ਮੀਠਾ ਲਾਗੈ ਭਾਈ ਗੁਰਮੁਖਿ ਪਾਏ ਹਰਿ ਥਾਇ ॥ ਰਹਾਉ ॥}

(ਅੰਗ ੬੦੨)

{ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥
ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥ ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥੪॥੧੧॥}

(ਅੰਗ ੬੦੩-੬੦੪)

{ਸਬਦਿ ਮਰੈ ਤਿਸੁ ਸਦਾ ਅਨੰਦ ॥ ਸਤਿਗੁਰ ਭੇਟੇ ਗੁਰ ਗੋਬਿੰਦ ॥
ਨਾ ਫਿਰਿ ਮਰੈ ਨ ਆਵੈ ਜਾਇ ॥ ਪੂਰੇ ਗੁਰ ਤੇ ਸਾਚਿ ਸਮਾਇ ॥੧॥}

(ਅੰਗ ੩੬੪)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ ੧੧੬-੧੧੭)

{ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥
ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥
ਭਗਤਿ ਵਛਲੁ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥}

(ਅੰਗ ੧੫੯)

{ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ ੧੬੨)

{ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥
ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥
ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥ ਬਾਝੁ ਗੁਰੂ ਹੈ ਅੰਧ ਗੁਬਾਰਾ ॥
ਅਗਿਆਨੀ ਅੰਧਾ ਅੰਧੁ ਅੰਧਾਰਾ ॥ ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥
ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥
ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥੬॥}

(ਅੰਗ ੧੧੬)

49/6805

{ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥
ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥੭॥
ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥੮॥}

(ਅੰਗ ੫੦੬)

{ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥
ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥੪॥੧੫॥}

(ਅੰਗ ੧੯)

{ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ ॥ ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ ॥
ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ ॥੩॥ ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ ॥
ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ ॥ ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ ॥੪॥}

(ਅੰਗ ੫੮)

{ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ॥੧॥ ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥
ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥
ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥੨॥}

(ਅੰਗ ੨੬)

{ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ ੨੧)

{ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ॥ ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥ ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥
ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥
ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥}

(ਅੰਗ ੨੩)

{ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰਿ ਕਵਨ ਸਿਧਿ ਥਾਪੀ ॥੧॥ ਕਵਨੁ ਸੁ ਮੁਨਿ ਜੋ ਮਨੁ ਮਾਰੈ ॥
ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥੧॥ ਰਹਾਉ ॥ ਮਨ ਅੰਤਰਿ ਬੋਲੈ ਸਭੁ ਕੋਈ ॥
ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥ ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥੨੯॥}

(ਅੰਗ ੩੨੮-੩੨੯)

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

{ਸਬਦਿ ਮਰੈ ਸੁ ਮੁਆ ਜਾਪੈ ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥
ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਕੈ ਨਾਇ ਸੋਭਾ ਪਾਵਣਿਆ ॥
ਸਤਿਗੁਰੁ ਸੇਵਿ ਸਚਿ ਚਿਤੁ ਲਾਇਆ ਗੁਰਮਤੀ ਸਹਜਿ ਸਮਾਵਣਿਆ ॥੧॥ ਰਹਾਉ ॥}

(ਅੰਗ ੧੧੧)

{ਨਾਮ ਤਤੁ ਸਭ ਹੀ ਸਿਰਿ ਜਾਪੈ ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ਤਤੋ ਤਤੁ ਮਿਲੈ ਮਨੁ ਮਾਨੈ ॥
ਦੂਜਾ ਜਾਇ ਇਕਤੁ ਘਰਿ ਆਨੈ ॥ ਬੋਲੈ ਪਵਨਾ ਗਗਨੁ ਗਰਜੈ ॥ ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥}

(ਅੰਗ ੯੪੩)

ਭਗਤੀ ਦਾ ਅਸਲ ਮਾਰਗ ਕੀ ਹੈ, ਆਪਣੇ ਮਨ ਨੂੰ ਜਿੱਤਣਾ ਕੀ ਹੈ, ਸਾਡੇ ਅੰਦਰ ਦਾ ਕਾਲੁ ਕੀ ਹੈ, ਉਸ ਕਾਲੁ ਵਿੱਚੋਂ ਨਿਕਲਣਾ ਕੀ ਹੈ ਤੇ ਆਪਣੇ ਮਨ ਨੂੰ ਮਾਰਨਾ ਕੀ ਹੈ ਇਸ ਗੱਲ ਨੂੰ ਉਪਰਲੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਸਮਝ ਸਕਦਾ ਹੈ। ਸਾਰੀ ਗੱਲ ਗੁਰੂ ਦੀ ਸਮਝਾਈ ਹੋਈ ਮਤਿ ਨੂੰ ਮੰਨਣ ਦੀ ਹੈ ਤੇ ਆਪਣੀ ਨਾਸਮਝੀ ਵਾਲੀ ਮਤਿ ਛੱਡਣ ਦੀ ਹੈ ਭਾਵ ਨਾਮ ਦੀ ਸੱਚੀ ਮਤਿ ਲੈ ਕੇ ਆਪਣੀ ਹਉਮੈ ਵਾਲੀ ਮਤਿ ਛੱਡਣ ਦੀ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਆਖਰੀ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥”

ਸਾਰੀ ਗੱਲ **“ਆਦੇਸੁ”** ਨੂੰ ਮੰਨਣ ਦੀ ਹੈ ਭਾਵ ਹੁਕਮ ਨੂੰ ਮੰਨਣ ਦੀ ਹੈ ਤੇ ਅਸੀਂ ਭਗਤੀ ਦਾ ਮਾਰਗ ਸਿੱਖਣ ਲਈ **“ਆਦੇਸੁ”** ਕਿਸਦਾ ਮੰਨਣਾ ਹੈ ਭਾਵ

49/6806

ਹੁਕਮ ਕਿਸਦਾ ਮੰਨਣਾ ਹੈ। ਭਗਤੀ ਦਾ ਸੱਚਾ ਹੁਕਮ ਸਾਨੂੰ ਸੱਚੇ ਧਰਮ ਗ੍ਰੰਥਾਂ ਰਾਹੀਂ ਮਿਲਦਾ ਹੈ, ਵੇਦਾਂ, ਸ਼ਾਸਤਰਾਂ ਆਦਿ ਰਾਹੀਂ ਮਿਲਦਾ ਹੈ, ਕੁਰਾਨ ਰਾਹੀਂ ਮਿਲਦਾ ਹੈ, ਬਾਈਬਲ ਰਾਹੀਂ ਮਿਲਦਾ ਹੈ ਜੋ ਸੱਚੇ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੈ। ਹਰ ਸੱਚੇ ਧਰਮ ਗ੍ਰੰਥ ਨੂੰ ਰੱਚਣ ਵਾਲਾ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਧਰਮ ਦੇ ਚੱਲਣ ਦਾ ਮਾਰਗ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸੱਚੇ ਧਰਮ ਗ੍ਰੰਥਾਂ ਦੀ ਰਚਨਾ ਜਿਨ੍ਹਾਂ ਵੀ ਸਰੀਰਾਂ ਰਾਹੀਂ ਹੋਈ ਹੈ ਉਹਨਾਂ ਦੇ ਅੰਦਰ ਸੱਚਾ ਗਿਆਨ ਪਾਉਂਣ ਵਾਲਾ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਗਿਆਨ ਦਾ ਮਾਲਕ ਹੈ। ਜਦ ਤਕ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਪ੍ਰਗਟ ਨਹੀਂ ਕਰਦਾ ਤਦ ਤਕ ਹਰ ਕੋਈ ਮਨ ਦੀ ਸਮਝ ਨੂੰ, ਮਨ ਦੇ ਗਿਆਨ ਨੂੰ ਆਪਣਾ ਗਿਆਨ ਹੀ ਸਮਝਦਾ ਹੈ ਭਾਵ ਆਪਣੇ ਆਪ ਨੂੰ ਹੀ ਉੱਚਾ ਸਮਝਦਾ ਹੈ, ਗੁਰੂ ਰੂਪ ਸਮਝਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੀ ਹੈ। ਜਿਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੈ ਜਿਵੇਂ ਕਿ ਉਸਨੇ ਗੁਰਬਾਣੀ ਗ੍ਰੰਥ ਦੀ ਰਚਨਾ ਕਰਵਾਈ ਹੈ ਉਹਨਾਂ ਨੇ ਇਸੇ ਲਈ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ ਬਲਕਿ ਪ੍ਰਮਾਤਮਾ ਨੂੰ ਹੀ ਗੁਰੂ ਅਖਵਾਇਆ ਹੈ, ਉਸਦੇ ਸ਼ਬਦ ਰੂਪ ਨੂੰ ਗੁਰੂ ਕਿਹਾ ਹੈ, ਉਸਦੇ ਨਾਮ ਰੂਪ ਨੂੰ ਗੁਰੂ ਕਿਹਾ ਹੈ, ਉਸਦੇ ਬ੍ਰਹਮ ਗਿਆਨ ਰੂਪ ਨੂੰ ਗੁਰੂ ਕਿਹਾ ਹੈ ਜੋ ਅਕਾਲ ਪੁਰਖ ਦਾ ਗੁਰੂ ਰੂਪ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਜੋ ਸ਼ਬਦਾਂ ਦੇ ਅੰਦਰ ਦੀ ਵਿਚਾਰ ਹੈ ਉਹ ਸੱਚੀ ਵਿਚਾਰ ਹੀ ਹੈ, ਨਾਮ ਰੂਪ ਵਿਚਾਰ ਹੀ ਹੈ ਜੋ ਵਿਚਾਰ ਪ੍ਰਮਾਤਮਾ ਦੀ ਆਪਣੀ ਹੀ ਦਿੱਤੀ ਹੋਈ ਹੈ ਜੋ ਗਿਆਨ ਦਾ ਮਾਲਕ ਹੈ। ਧਰਮ ਗ੍ਰੰਥ ਆਪਣੀ ਆਪਣੀ ਮਤਿ ਅਨੁਸਾਰ ਹੋਰ ਵੀ ਅਨੇਕਾਂ ਨੇ ਬਣਾਏ ਹੋਏ ਹਨ ਜਿਨ੍ਹਾਂ ਦੇ ਸ਼ਬਦਾਂ ਦੇ ਵਿਚਾਰ ਸੱਚੇ ਧਰਮ ਗ੍ਰੰਥਾਂ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੇ ਜਿਸ ਕਰਕੇ ਉਹ ਸਾਨੂੰ ਵੱਖਰਿਆਂ ਵੱਖਰਿਆਂ ਤਰੀਕਿਆਂ ਨਾਲ ਪ੍ਰਮਾਤਮਾ ਦੀ ਭਗਤੀ ਕਰਨੀ ਸਿਖਾਉਂਦੇ ਹਨ, ਪ੍ਰਮਾਤਮਾ ਦੇ ਵੱਖਰੇ ਵੱਖਰੇ ਰੂਪ ਸਮਝਾਉਂਦੇ ਹਨ ਭਾਵ ਉਹੋ ਜਿਹੇ ਧਰਮ ਦਾ ਮਾਰਗ ਸਮਝਾਉਂਣ ਵਾਲੇ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ। ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਛੱਡਕੇ ਅਨੇਕਾਂ ਨੇ ਹੀ ਆਪਣੀ ਆਪਣੀ ਵੱਖਰੀ ਵੱਖਰੀ ਮਤਿ ਦੁਆਰਾ ਵੱਖਰੀਆਂ ਵੱਖਰੀਆਂ ਜੱਥੇਬੰਦੀਆਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਨੂੰ ਕਿ ਧਰਮ ਦੇ ਡੇਰੇ ਕਹਿੰਦੇ ਹਨ ਤੇ ਦੂਸਰਿਆਂ ਨੂੰ ਆਪਣੀ

49/6807

ਮਤਿ ਤੇ ਚੱਲਣਾ ਸਿਖਾਉਂਦੇ ਹਨ ਭਾਵ ਦੂਸਰਿਆਂ ਨੂੰ ਆਪਣੀ ਮਤਿ ਤੇ ਚੱਲਣ ਦਾ ਆਦੇਸ਼ ਦਿੰਦੇ ਹਨ। ਹੁਣ ਉਪਰ ਵਾਲੇ ਸ਼ਬਦ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਭਗਤੀ ਦੇ ਸਹੀ ਮਾਰਗ ਤੇ ਚੱਲਣ ਲਈ ਅਸੀਂ **“ਆਦੇਸੁ”** ਕਿਸਦਾ ਮੰਨਣਾ ਹੈ ਭਾਵ ਅਸੀਂ ਕਿਸਦੀ ਮਤਿ ਮੰਨਣੀ ਹੈ ਤਾਂ ਜੋ ਅਸੀਂ ਸਹੀ ਮਾਰਗ ਤੇ ਚੱਲਣ ਦੁਆਰਾ ਆਪਣੇ ਜੀਵਨ ਦੇ ਅਸਲ ਮਨੋਰਥ ਨੂੰ ਪੂਰਾ ਕਰ ਸਕੀਏ ਜੋ ਮਨੋਰਥ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਦਾ ਹੈ।

“ਆਦੇਸੁ ਤਿਸੈ ਆਦੇਸੁ ॥”

ਬੜੇ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸਾਨੂੰ ਕੀ **“ਆਦੇਸੁ”** ਦੇ ਰਹੇ ਹਨ ਭਾਵ ਸਾਰੇ ਸੰਸਾਰ ਨੂੰ ਭਗਤੀ ਦਾ ਮਾਰਗ ਸਮਝਾਉਂਣ ਲਈ ਕੀ ਹੁਕਮ ਸੁਨਾ ਰਹੇ ਹਨ। ਗੁਰੂ ਸਾਹਿਬ ਸਾਨੂੰ ਆਦੇਸੁ ਦੇ ਰਹੇ ਹਨ ਕਿ ਭਗਤੀ ਦਾ ਮਾਰਗ ਸਿੱਖਣ ਲਈ ਕੇਵਲ ਉਸ ਪ੍ਰਮਾਤਮਾ ਦੇ ਆਦੇਸੁ ਨੂੰ ਮੰਨੋ ਭਾਵ ਉਸਦੇ ਹੁਕਮ ਨੂੰ ਮੰਨੋ ਭਾਵ ਕਿਸੇ ਹੋਰ ਦੇ ਹੁਕਮ ਨੂੰ ਨਾ ਮੰਨੋ ਭਾਵ ਕਿਸੇ ਹੋਰ ਦੀਆਂ ਗੱਲਾਂ ਵਿੱਚ ਨਾ ਆਵੋ ਕਿਉਂਕਿ ਆਪਣੀ ਆਪਣੀ ਮਤਿ ਅਨੁਸਾਰ ਸਾਨੂੰ ਭਗਤੀ ਦਾ ਮਾਰਗ ਸਮਝਾਉਂਣ ਵਾਲੇ ਬਹੁਤ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਜੋ ਕਿ ਸਾਨੂੰ ਸਰੀਰਕ ਕਿਰਿਆਵਾਂ ਆਦਿ ਨਾਲ ਜੋੜਦੇ ਹਨ ਤੇ ਹੋਰ ਵੀ ਉਹੋ ਜਿਹੀਆਂ ਗੱਲਾਂ ਨਾਲ ਜੋੜਦੇ ਹਨ, ਥਿੱਤਾਂ ਵਾਰਾਂ ਆਦਿ ਦੇ ਨਾਲ ਜੋੜਦੇ ਹਨ, ਕਿਸੇ ਖਾਸ ਖਾਣੇ ਨਾਲ, ਬਾਣੇ ਨਾਲ ਜੋੜਦੇ ਹਨ, ਕਿਸੇ ਖਾਸ ਸਮੇਂ ਦੀ ਭਗਤੀ ਨੂੰ ਉੱਚਾ ਸਮਝਕੇ ਉਸਦੇ ਨਾਲ ਜੋੜਦੇ ਹਨ ਜਿਹੋ ਜਿਹੀਆਂ ਸਾਰੀਆਂ ਗੱਲਾਂ ਦਾ ਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲ ਕੇ ਹੋਰ ਵੀ ਸਮਝਾਂਗੇ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਉਸ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਆਦੇਸੁ ਹੀ ਹੈ ਤੇ ਸਾਨੂੰ ਗੁਰਬਾਣੀ ਰਾਹੀਂ ਗੁਰੂ ਦਾ ਆਦੇਸੁ ਹੈ ਕਿ ਅਸੀਂ ਕੇਵਲ ਧਰਮ ਗ੍ਰੰਥਾਂ ਦੇ ਸੱਚੇ ਆਦੇਸੁ ਨੂੰ ਹੀ ਮੰਨੀਏ, ਉਹਨਾਂ ਦੇ ਸਮਝਾਏ ਹੋਏ ਸੱਚੀ ਭਗਤੀ ਦੇ ਮਾਰਗ ਨੂੰ ਹੀ ਮੰਨੀਏ ਜੋ ਸਾਨੂੰ ਸੱਚ ਸਮਝਾਉਂਦੇ ਹਨ ਤੇ ਉਹਨਾਂ ਦੀਆਂ ਗੱਲਾਂ ਵਿੱਚ ਨਾ ਆਈਏ ਜੋ ਸਾਨੂੰ ਆਪਣੀ ਝੂਠੀ ਸਮਝ ਦੇ ਨਾਲ ਜੋੜਦੇ ਹਨ। **(ਆਦੇਸੁ ਤਿਸੈ ਆਦੇਸੁ ॥)**

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}

(ਅੰਗ ੧੩੫੦)

{ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ ੯੧੯)

49/6808

{ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ॥
ਸੁਣਿ ਸੁਣਿ ਮਾਨੈ ਵੇਧੈ ਜੋਤਿ ॥੬॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ ੮੩੧)

{ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥}

(ਅੰਗ ੮੭੪)

{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥}

(ਅੰਗ ੧੪੧)

ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣਾ ਹੀ ਸਮਝਾਉਂਦਾ ਹੈ ਕਿਉਂਕਿ ਉਹਨਾਂ ਦਾ ਰਚਨਕਾਰ ਸੱਚ ਦਾ ਮਾਲਕ ਸੱਚਾ ਆਪ ਹੀ ਹੈ ਤੇ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਉਸਦਾ ਆਪਣਾ ਪਾਇਆ ਹੋਇਆ ਸੱਚਾ ਫੁਰਮਾਨ ਹੀ ਹੈ, ਸੱਚਾ ਆਦੇਸੁ ਹੀ ਹੈ ਜਿਸ ਹੁਕਮ ਨੂੰ ਮੰਨਣਾ ਹੀ ਸਭ ਦਾ ਫਰਜ ਹੈ। ਜਿਸਦਾ ਉਹ ਹੁਕਮ ਹੈ ਉਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥”

ਜਿਸਦਾ ਆਦੇਸੁ ਸੱਚੇ ਧਰਮ ਗ੍ਰੰਥਾਂ ਦੇ ਵਿੱਚ ਹੈ ਉਸਦਾ ਆਦੇਸੁ ਹੀ ਭਾਵ ਹੁਕਮ ਹੀ ਸਭ ਜਗ੍ਹਾ ਚੱਲ ਰਿਹਾ ਹੈ ਤੇ ਸਦਾ ਤੋਂ ਚੱਲ ਰਿਹਾ ਹੈ ਜੋ ਹਰ ਗਿਆਨ ਦਾ ਮਾਲਕ ਹੈ ਭਾਵ ਹਰ ਆਕਾਰ ਰੂਪ ਨੂੰ ਬਨਾਉਂਣ ਵਾਲਾ ਤੇ ਉਸਨੂੰ ਚਲਾਉਂਣ ਵਾਲਾ ਹੈ। ਉਸਦਾ ਹੁਕਮ ਸਭ ਦੇ ਵਿੱਚ ਆਦਿ ਤੋਂ ਚੱਲਦਾ ਆ ਰਿਹਾ ਹੈ ਭਾਵ ਸ੍ਰਿਸ਼ਟੀ ਦੀ ਰਚਨਾ ਦੇ ਮੁੱਢ ਤੋਂ ਚੱਲਦਾ ਆ ਰਿਹਾ ਹੈ। **"ਅਨੀਲ"** ਤੋਂ ਚੱਲਦਾ ਆ ਰਿਹਾ ਹੈ ਭਾਵ ਜਦੋਂ ਨੀਲ ਭਾਵ ਨੀਲਾ ਆਕਾਸ਼ ਵੀ ਨਹੀਂ ਸੀ ਹੁੰਦਾ ਤਦ ਤੋਂ ਚੱਲਦਾ ਆ ਰਿਹਾ ਹੈ। **"ਅਨਾਦਿ"** ਤੋਂ ਚੱਲਦਾ ਆ ਰਿਹਾ ਹੈ ਭਾਵ ਜਦੋਂ ਕੋਈ ਕਿਧਰੇ ਨਾਦ ਵੀ ਨਹੀਂ ਸੀ ਵੱਜਦਾ ਭਾਵ ਜਦੋਂ ਕੋਈ ਆਵਾਜ ਵੀ ਨਹੀਂ ਸੀ ਉਪਜਦੀ ਤਦ ਤੋਂ ਤਦ ਵੀ ਉਸੇ ਦਾ ਹੁਕਮ ਹੀ ਚੱਲਦਾ ਸੀ। **"ਅਨਾਹਤਿ"** ਤੋਂ ਭਾਵ ਜਦੋਂ ਕੋਈ ਆਹਟ ਵੀ ਨਹੀਂ ਸੀ ਹੁੰਦੀ ਭਾਵ ਜਦੋਂ ਬਿਲਕੁਲ ਸੁੰਨਸਾਨ ਸੀ ਉਦੋਂ ਵੀ ਪ੍ਰਮਾਤਮਾ ਦਾ ਹੁਕਮ ਹੀ ਵਰਤਦਾ ਸੀ। ਪ੍ਰਮਾਤਮਾ ਦਾ **"ਵੇਸੁ"** ਭਾਵ ਉਸਦਾ ਰੂਪ ਜੁਗਾਂ ਜੁਗਾਂ ਤੋਂ ਇੱਕੋ ਹੀ ਹੈ ਜਿਸ ਆਪਣੇ ਰੂਪ ਵਿੱਚ ਉਹ ਸਦਾ ਤੋਂ ਬਣਿਆ ਹੋਇਆ ਹੈ। ਪ੍ਰਮਾਤਮਾ ਦਾ ਆਪਣਾ ਰੂਪ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ ਜਿਸਦਾ ਕੋਈ ਆਕਾਰ ਰੂਪ ਨਹੀਂ ਹੁੰਦਾ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਵੀ ਸਮਝਾਂਗੇ। ਜੋ ਪ੍ਰਮਾਤਮਾ ਦਾ ਰੂਪ ਇੱਕ ਸ਼ਬਦ ਰਾਹੀਂ ਸਮਝਾਇਆ ਹੁੰਦਾ ਹੈ ਉਸਦਾ ਉਹੀ ਰੂਪ ਹਰ ਸ਼ਬਦ ਰਾਹੀਂ ਸਮਝਾਇਆ ਹੁੰਦਾ ਹੈ ਜੋ ਉਸਦਾ ਰੂਪ ਕਦੇ ਬਦਲ

ਸਕਦਾ ਹੀ ਨਹੀਂ। ਪ੍ਰਮਾਤਮਾ ਦਾ ਇਹ ਰੂਪ ਉਸਦਾ ਨਾਮ ਰੂਪ ਹੈ ਭਾਵ ਉਸਦਾ ਬ੍ਰਹਮ ਗਿਆਨ ਰੂਪ ਹੈ ਜਿਸ ਆਪਣੇ ਰੂਪ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਉਸਦੇ ਇਸ ਰੂਪ ਦੁਆਰਾ ਹੀ, ਉੱਚੀ ਸਾਇੰਸ ਰੂਪ ਦੁਆਰਾ ਹੀ ਸਭ ਵਿੱਚ ਤੇ ਸਭ ਜਗ੍ਹਾ ਜੁਗਾਂ ਜੁਗਾਂ ਤੋਂ ਉਸਦਾ ਹੁਕਮ ਵਰਤ ਰਿਹਾ ਹੈ, ਆਦੇਸੁ ਵਰਤ ਰਿਹਾ ਹੈ। ਸੱਚੇ ਧਰਮ ਗ੍ਰੰਥਾਂ ਦੇ ਵਿੱਚ ਪ੍ਰਮਾਤਮਾ ਦਾ ਹੁਕਮ ਉਸਦੇ ਬ੍ਰਹਮ ਗਿਆਨ ਰੂਪ ਵਿੱਚ ਹੀ ਹੈ ਭਾਵ ਉਸਦੇ ਨਾਮ ਰੂਪ ਵਿੱਚ ਹੀ ਹੈ ਜਿਸ ਆਪਣੇ ਸੱਚੇ ਰੂਪ ਦੁਆਰਾ ਧਰਮ ਗ੍ਰੰਥਾਂ ਰਾਹੀਂ ਸਾਰੇ ਸੰਸਾਰ ਨੂੰ ਭਗਤੀ ਦਾ ਇੱਕੋ ਜਿਹਾ ਸੱਚਾ ਮਾਰਗ ਹੀ ਸਮਝਾਇਆ ਹੈ ਜਿਸ ਸੱਚੇ ਮਾਰਗ ਤੇ ਕੋਈ ਵੀ ਉਸ ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਵਾਹਿਗੁਰੂ ਨੂੰ, ਗਾੱਡ ਨੂੰ ਭਾਵ ਇਸ ਸ੍ਰਿਸ਼ਟੀ ਦੇ ਰਚਨਹਾਰ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। ਉਸਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਮਾਰਗ ਕੀ ਹੈ ਭਾਵ ਉਸਦੇ ਆਦੇਸੁ ਨੂੰ ਮੰਨਣ ਦਾ ਤਰੀਕਾ ਕੀ ਹੈ ਇਹ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਧਰਮ ਗ੍ਰੰਥਾਂ ਵਿੱਚ ਪਾਏ ਹੋਏ ਪ੍ਰਮਾਤਮਾ ਦੇ ਸੱਚੇ ਆਦੇਸੁ ਨੂੰ ਮੰਨਣ ਤੋਂ ਇਲਾਵਾ ਪ੍ਰਮਾਤਮਾ ਨੂੰ ਪਾਉਂਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਜੋ ਖੁੱਦ ਭਰਮਾਂ ਵਿੱਚ ਹਨ ਉਹ ਦੂਸਰਿਆਂ ਨੂੰ ਕੀ ਭਰਮਾਂ ਵਿੱਚੋਂ ਕੱਢਣਗੇ ਉਲਟਾ ਹੋਰ ਭਰਮਾਂ ਵਿੱਚ ਪਾਉਂਣਗੇ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਕਿਤਨੇ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਆਉ ਗੁਰੂ ਦੀ ਗੱਲ ਤੇ ਪੂਰਨ ਵਿਸ਼ਵਾਸ ਕਰੀਏ ਤੇ ਭਰਮਾਂ ਵਾਲੇ ਭਗਤੀ ਦੇ ਤਰੀਕਿਆਂ ਵਿੱਚੋਂ ਨਿਕਲੀਏ ਜਿਵੇਂ ਕਿ ਗੁਰੂ ਸਾਹਿਬ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਸਮਝਾ ਰਹੇ ਹਨ ਤੇ ਉਪਰ ਵਾਲੇ ਪਿਛਲੇ ਸ਼ਬਦ ਰਾਹੀਂ ਵੀ ਅਸੀਂ ਇਹ ਕੁਝ ਹੀ ਸਮਝਿਆ ਹੈ। **(ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥)**

ਉਪਰ ਵਾਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦਾ **"ਆਦੇਸੁ "** ਭਾਵ ਹੁਕਮ ਸਭ ਦੇ ਵਿੱਚ ਕਿਸ ਤਰੀਕੇ ਵਰਤਦਾ ਹੈ ਤੇ ਪ੍ਰਮਾਤਮਾ ਦਾ ਉਹ **"ਆਦੇਸੁ "** ਪੂਰੀ ਗੁਰਬਾਣੀ ਵਿੱਚ ਕਿਸ ਰੂਪ ਵਿੱਚ ਹੈ ਜਿਸਨੂੰ ਮੰਨਣ ਦੁਆਰਾ ਉਸ **"ਆਦੇਸੁ "** ਦੇ ਮਾਲਕ ਨੂੰ ਆਪਣੇ ਅੰਦਰੋਂ ਬੁੱਝ ਸਕਦੇ ਹਾਂ, ਆਪਣੇ ਅੰਦਰੋਂ ਜਾਨਣ ਦਾ ਇੱਕੋ ਇੱਕ ਤਰੀਕਾ ਹੈ। ਪ੍ਰਮਾਤਮਾ ਦਾ ਹੁਕਮ ਸਾਡੇ ਅੰਦਰ ਕਿਸ ਰੂਪ ਵਿੱਚ ਵਰਤਦਾ ਹੈ ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

49/6810

"ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ ਆਦੇਸੁ ਤਿਸੈ ਆਦੇਸੁ ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥"

ਉਪਰ ਪਹਿਲੀ ਪੰਗਤੀ ਰਾਹੀਂ ਸਾਡੇ ਮਨ ਦਾ ਭੋਜਨ ਸਮਝਾਇਆ ਹੋਇਆ ਹੈ ਜੋ ਭੋਜਨ ਸਾਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਕੋਲੋਂ ਗਿਆਨ ਦੇ ਰੂਪ ਵਿੱਚ ਮਿਲਦਾ ਹੈ। ਪ੍ਰਮਾਤਮਾ ਗਿਆਨ ਦਾ ਭੰਡਾਰ ਹੈ ਤੇ ਉਸਦੇ ਭੰਡਾਰ ਦੇ ਵਿੱਚੋਂ ਜੋ ਵੀ ਕਿਸੇ ਨੂੰ ਮਨ ਦੇ ਵਿੱਚ ਗਿਆਨ ਦੇ ਰੂਪ ਵਿੱਚ ਭੋਜਨ ਮਿਲਦਾ ਹੈ ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਦਇਆ ਤੇ ਨਿਰਭਰ ਹੈ ਕਿ ਉਹ ਕਿਸੇ ਨੂੰ ਮਨ ਦੇ ਵਿੱਚ ਕਿਹੋ ਜਿਹਾ ਗਿਆਨ ਦਾ ਭੋਜਨ ਛਕਾਉਂਦਾ ਹੈ। ਹਰ ਘੱਟ ਦੇ ਵਿੱਚ ਭਾਵ ਹਰ ਸਰੀਰ ਦੇ ਵਿੱਚ ਪ੍ਰਮਾਤਮਾ ਆਪ ਹੀ ਵਰਤਦਾ ਹੈ ਜੋ ਕਿ ਉਹ ਮਨ ਦੀ ਸਮਝ ਦੇ ਰੂਪ ਵਿੱਚ ਵਰਤਦਾ ਹੈ। ਸਾਡੇ ਸਭ ਦੇ ਅੰਦਰ ਭਾਵ ਮਨ ਦੇ ਅੰਦਰ ਪ੍ਰਮਾਤਮਾ ਦਾ ਵਜਾਇਆ ਹੋਇਆ ਨਾਦ ਵੱਜਦਾ ਹੈ। ਇਹ ਗਿਆਨ ਰੂਪ ਨਾਦ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। ਮਨੁੱਖੀ ਮਨ ਦੇ ਵਿੱਚ ਜੋ ਵੀ ਸਮਝ ਪੈਂਦੀ ਹੈ ਉਹ ਮਨ ਦੇ ਵਿੱਚ ਪ੍ਰਮਾਤਮਾ ਦਾ ਵਜਾਇਆ ਹੋਇਆ ਨਾਦ ਹੀ ਹੁੰਦਾ ਹੈ। **(ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥)**

ਜੋ ਗਿਆਨ ਰੂਪ ਭੋਜਨ ਮਨ ਦੇ ਵਿੱਚ ਸਾਨੂੰ ਪ੍ਰਮਾਤਮਾ ਦੇ ਕੋਲੋਂ ਮਿਲਦਾ ਹੈ, ਮਨ ਦੇ ਵਿੱਚ ਉਸਦਾ ਨਾਦ ਵੱਜਣ ਦੇ ਰੂਪ ਵਿੱਚ ਮਿਲਦਾ ਹੈ ਉਸ ਰਾਹੀਂ ਪ੍ਰਮਾਤਮਾ ਹਰ ਮਨੁੱਖ ਨੂੰ ਆਪਣੇ ਵੱਸ ਵਿੱਚ ਰੱਖਦਾ ਹੈ ਤੇ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥"

ਪ੍ਰਮਾਤਮਾ ਆਪ ਨਾਥੁ ਹੈ, ਸਾਡੇ ਸਭ ਦਾ ਮਾਲਕ ਹੈ ਜੋ ਕਿ ਉਹ ਗਿਆਨ ਦੇ ਰੂਪ ਵਿੱਚ ਮਾਲਕ ਹੈ ਕਿਉਂਕਿ ਪੂਰੇ ਗਿਆਨ ਦਾ ਸ੍ਰੋਤ ਉਹ ਕੇਵਲ ਆਪ ਹੀ ਹੈ। ਉਸ ਨਾਥੁ ਨੇ ਭਾਵ ਗਿਆਨ ਦੇ ਮਾਲਕ ਨੇ ਸਭ ਨੂੰ ਨੱਥਿਆ ਹੋਇਆ ਹੈ ਭਾਵ ਸਭ ਨੂੰ ਉਸਨੇ ਨੱਥ ਪਾਈ ਹੋਈ ਹੈ, ਮਨ ਦੀ ਸਮਝ ਰਾਹੀਂ ਸਭ ਨੂੰ ਨੱਥਿਆ ਹੋਇਆ ਹੈ ਭਾਵ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ। ਅਨੇਕਾਂ ਮਨੁੱਖ ਰਿੱਧੀਆਂ ਸਿੱਧੀਆਂ ਦੀਆਂ ਗੱਲਾਂ ਕਰਦੇ ਹਨ ਕਿ ਉਹ ਬੜੀ ਉੱਚੀ ਸਮਝ ਵਾਲੇ ਹਨ ਭਾਵ ਮਨ ਦੀ ਸਮਝ ਨੂੰ ਉਹ ਆਪਣੀ ਸਮਝ ਸਮਝਦੇ ਹਨ ਤੇ ਇਸੇ ਲਈ ਰਿੱਧੀਆਂ ਸਿੱਧੀਆਂ ਨੂੰ **"ਅਵਰਾ ਸਾਦ"** ਕਹਿ ਕੇ ਸਮਝਾਇਆ ਹੈ ਭਾਵ ਉਹਨਾਂ ਦੇ ਅੰਦਰ ਇਹ ਰਿੱਧੀਆਂ ਸਿੱਧੀਆਂ ਦਾ

49/6811

ਸੁਆਦ ਪਾਉਂਣ ਵਾਲਾ ਕੋਈ ਹੋਰ ਹੈ ਜਿਸਦੀ ਕਿ ਰਿੱਧੀਆਂ ਸਿੱਧੀਆਂ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਸਮਝ ਨਹੀਂ ਹੁੰਦੀ ਕਿ ਸਾਡੇ ਅੰਦਰ ਇਹਨਾਂ ਦਾ ਸੁਆਦ ਪਾਉਂਣ ਵਾਲਾ ਕੌਣ ਹੈ। ਸਾਡੇ ਅੰਦਰ ਰਿੱਧੀਆਂ ਸਿੱਧੀਆਂ ਦਾ ਸੁਆਦ ਉਹੀ ਪਾਉਂਦਾ ਹੈ ਜੋ ਸਾਡਾ ਸਮਝ ਦਾ ਮਾਲਕ ਹੈ ਜਿਸਨੇ ਸਾਡੇ ਸਭ ਦੇ ਅੰਦਰ ਗਿਆਨ ਰੂਪ ਨੱਥ ਪਾਈ ਹੋਈ ਹੈ ਭਾਵ ਜਿਹੋ ਜਿਹੀ ਕਿਸੇ ਅੰਦਰ ਉਹ ਸਮਝ ਪਾਉਂਦਾ ਹੈ ਮਨੁੱਖ ਉਹੀ ਕੁਝ ਕਰਦਾ ਹੈ। ਇਹ ਕੇਵਲ ਤੇ ਕੇਵਲ ਉਸਦੀ ਦਇਆ ਤੇ ਨਿਰਭਰ ਕਰਦਾ ਹੈ ਕਿ ਉਹ ਕਿਸੇ ਦੇ ਅੰਦਰ ਕਿਹੋ ਜਿਹੀ ਸਮਝ ਪਾਉਂਦਾ ਹੈ। ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਵੀ ਉਹ ਆਪ ਹੈ ਤੇ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। **(ਭੁਗਤਿ ਗਿਆਨੁ**

ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥)

ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਪ੍ਰਮਾਤਮਾ ਨਾਲੋਂ ਸਾਡਾ ਵਿਛੋੜਾ ਵੀ ਮਨ ਦੀ ਸਮਝ ਕਰਕੇ ਹੈ ਤੇ ਪ੍ਰਮਾਤਮਾ ਦੇ ਨਾਲ ਸਾਡਾ ਮੇਲ ਵੀ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ, ਅਗਿਆਨਤਾ ਵਾਲੀ ਸਮਝ ਵਿੱਚੋਂ ਭਾਵ ਹਉਮੈ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਆਪਣੇ ਨਾਲ ਸੰਜੋਗੁ ਵਿਜੋਗੁ ਦੀ ਕਾਰ ਪ੍ਰਮਾਤਮਾ ਮਨ ਦੇ ਵਿੱਚ ਮਨ ਦੀ ਸਮਝ ਰਾਹੀਂ ਹੀ ਚਲਾਉਂਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥”

“ਸੰਜੋਗੁ” ਸਾਡੇ ਅੰਦਰ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ ਤੇ **“ਵਿਜੋਗੁ”** ਸਾਡੇ ਅੰਦਰ ਪ੍ਰਮਾਤਮਾ ਨਾਲੋਂ ਵਿਛੋੜੇ ਦੀ ਅਵਸਥਾ ਹੈ। ਸਾਡਾ ਪ੍ਰਮਾਤਮਾ ਦੇ ਨਾਲ ਸੰਜੋਗੁ ਕਿਸ ਤਰੀਕੇ ਹੁੰਦਾ ਹੈ ਭਾਵ ਮੇਲ ਕਿਸ ਤਰੀਕੇ ਹੁੰਦਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਬਰੀਕੀ ਨਾਲ ਸਮਝਿਆ ਹੈ, ਅਨੇਕਾਂ ਹੀ ਸ਼ਬਦਾਂ ਦੀ ਗਹਿਰੀ ਵਿਆਖਿਆ ਦੁਆਰਾ ਸਮਝਿਆ ਹੈ ਤੇ ਅੱਗੇ ਚੱਲਕੇ ਇਸ ਗੱਲ ਨੂੰ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਾਂਗੇ। ਸੰਸਾਰ ਦੇ ਹਰ ਮਨੁੱਖ ਲਈ ਪ੍ਰਮਾਤਮਾ ਦੇ ਨਾਲ ਸੰਜੋਗ ਦਾ ਤਰੀਕਾ ਵੀ ਇੱਕੋ ਹੀ ਹੈ ਤੇ ਪ੍ਰਮਾਤਮਾ ਦੇ ਨਾਲ ਵਿਜੋਗ ਦਾ ਤਰੀਖਾ ਵੀ ਇੱਕੋ ਹੀ ਹੈ ਕਿਉਂਕਿ ਪ੍ਰਮਾਤਮਾ ਸਭ ਦੇ ਅੰਦਰ ਇੱਕੋ ਜਿਹੇ ਤਰੀਕੇ ਦੁਆਰਾ ਹੀ ਵਰਤਦਾ ਹੈ ਜੋ ਕਿ ਉਹ ਸਾਡੇ ਸਭ ਦੇ ਅੰਦਰ ਸਾਡੀ ਮਨ ਦੀ ਸਮਝ ਦੇ ਰੂਪ ਵਿੱਚ ਵਰਤ ਰਿਹਾ ਹੈ। ਸਾਰੀ

49/6812

ਗੱਲ ਆਪਣੇ ਅੰਦਰੋਂ ਆਪਣੀ ਸਮਝ ਦੇ ਮਾਲਕ ਨੂੰ ਜਾਨਣ ਦੀ ਹੈ ਜੋ ਕਿ ਸਾਡੀ ਮਨ ਦੀ ਸਮਝ ਰਾਹੀਂ ਆਪਣੀ ਕਾਰ ਚਲਾ ਰਿਹਾ ਹੈ। ਸਭ ਨੂੰ ਵਿਜੋਗ ਵਿੱਚ ਵੀ ਉਸਨੇ ਮਨ ਦੀ ਕਾਰ ਦੁਆਰਾ ਰੱਖਿਆ ਹੋਇਆ ਹੈ ਤੇ ਜਿਸਦੇ ਨਾਲ ਉਹ ਸੰਜੋਗ ਕਰਦਾ ਹੈ ਉਹ ਵੀ ਮਨ ਦੀ ਕਾਰ ਦੁਆਰਾ ਹੀ ਕਰਦਾ ਹੈ। ਮਨ ਦੇ ਵਿੱਚ ਉਹ ਆਪਣੀ ਕਾਰ ਮਨ ਦੇ ਵਿੱਚ ਸਮਝ ਪਾਉਂਣ ਦੁਆਰਾ ਹੀ ਕਰਦਾ ਹੈ। ਸਾਰੇ ਸੰਸਾਰ ਨੂੰ ਉਸਨੇ ਮਾਇਆ ਦੀ ਜੁਗਤਿ ਵਿੱਚ, ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ ਮਨ ਦੇ ਵਿੱਚ ਆਪਣੀ ਕਾਰ ਕਰਨ ਦੁਆਰਾ ਹੀ ਰੱਖਿਆ ਹੋਇਆ ਹੈ ਜਿਸ ਆਪਣੀ ਕਾਰ ਦੁਆਰਾ ਉਸਨੇ ਸਭ ਨੂੰ ਆਪਣੇ ਅੰਦਰੋਂ ਮਨ ਦੀ ਸਮਝ ਦੇ ਮਾਲਕ ਨੂੰ ਆਪ ਹੀ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਮਨ ਦੇ ਵਿੱਚ ਭਰਮਾਂ ਵਾਲੀ ਸਮਝ ਪਾ ਕੇ ਉਸਨੇ ਆਪ ਹੀ ਮਨ ਦੇ ਵਿੱਚ ਸਭ ਕੋਲੋਂ ਪੜਦਾ ਬਣਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਹ ਸਭ ਕੁਝ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਦ ਤਕ ਮਨ ਦੇ ਵਿੱਚ ਪੜਦਾ ਹੈ, ਹਉਮੈ ਰੂਪ ਪੜਦਾ ਹੈ ਤਦ ਤਕ ਹਰ ਕੋਈ ਵਿਜੋਗ ਵਾਲੀ ਅਵਸਥਾ ਵਿੱਚ ਹੀ ਹੈ। ਜੋ ਸਾਡੀ ਸਮਝ ਦਾ ਮਾਲਕ ਹੈ ਉਸਦੀ ਆਪਣੀ ਕਿਰਪਾ ਦੁਆਰਾ ਹੀ ਕੋਈ ਭਾਗਾਂ ਵਾਲਾ ਬਣ ਸਕਦਾ ਹੈ ਤੇ ਮਨ ਦੇ ਵਿੱਚ ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਪ੍ਰਮਾਤਮਾ ਦੇ ਨਾਲ ਸੰਜੋਗ ਹੋ ਸਕਦਾ ਹੈ। ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਸਾਨੂੰ ਆਪਣੀ ਕਾਰ ਦੁਆਰਾ ਵਿਜੋਗੁ ਵਾਲੀ ਸਮਝ ਵਿੱਚੋਂ ਕੱਢ ਕੇ ਸੰਜੋਗੁ ਵਾਲੀ ਸਮਝ ਦੇ ਨਾਲ ਜੋੜ ਲਵੇ ਤੇ ਕਿਸੇ ਦੇ ਭਾਗ ਖੋਲ ਸਕੇ। ਜਿਸਨੂੰ ਉਹ ਭਾਗਾਂ ਵਾਲਾ ਬਣਾਉਂਦਾ ਹੈ ਉਹ ਮਨ ਦੇ ਵਿੱਚ ਆਪਣੇ ਲੇਖੇ ਦੁਆਰਾ ਭਾਵ ਮਨ ਦੇ ਵਿੱਚ ਆਪਣੀ ਲਿਖਤ ਦੁਆਰਾ ਹੀ ਬਣਾਉਂਦਾ ਹੈ। ਸਾਡੇ ਮਨ ਦੇ ਅੰਦਰ ਲੇਖ ਲਿਖਣ ਵਾਲਾ ਉਹ ਆਪ ਹੀ ਹੈ ਜਿਸ ਲੇਖ ਦੁਆਰਾ ਉਹ ਸਾਡੇ ਅੰਦਰ ਦੇ ਵਿਚਾਰ ਹੀ ਲਿਖਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੀ ਹੈ। ਮਨੁੱਖ ਨੂੰ ਸਾਰੀ ਸਮਝ ਮਨ ਦੇ ਵਿੱਚੋਂ ਜਿਹੋ ਜਿਹੇ ਵਿਚਾਰ ਉਪਜਦੇ ਹਨ ਉਸ ਅਨੁਸਾਰ ਹੀ ਪੈਂਦੀ ਹੈ। ਜੇਕਰ ਸਾਡੇ ਅੰਦਰ ਦੇ ਵਿਚਾਰ ਸਾਨੂੰ ਇਹ ਸਮਝਾਉਂਣ ਕਿ ਇਹ ਮਨੁੱਖੀ ਸਰੀਰ ਮੇਰਾ ਹੈ, ਇਹ ਸਰੀਰ ਦਾ ਮਾਲਕ ਮੈਂ ਹਾਂ, ਆਪਣੀ ਸਮਝ ਦਾ ਮਾਲਕ ਮੈਂ ਆਪ ਹਾਂ ਫਿਰ ਅਸੀਂ ਉਸੇ ਗੱਲ ਨੂੰ ਹੀ ਸੱਚ ਕਰਕੇ ਮੰਨਾਂਗੇ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਰੂਪ ਜਾਣਕੇ ਮੰਨਾਂਗੇ। ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਸਮਝਣਾ ਹੀ ਸਾਡਾ ਪ੍ਰਮਾਤਮਾ ਨਾਲ ਵਿਜੋਗ ਹੈ ਭਾਵ ਪ੍ਰਮਾਤਮਾ ਦੇ ਨਾਲੋਂ ਸਾਡਾ ਵਿਛੋੜਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਸੰਜੋਗੁ ਬਖਸ਼ਦਾ

49/6813

ਹੈ ਭਾਵ ਆਪਣੇ ਨਾਲ ਮੇਲ ਬਖਸ਼ਦਾ ਹੈ ਉਸਨੂੰ ਵਿਜੋਗੁ ਵਾਲੀ ਅਵਸਥਾ ਵਿੱਚੋਂ ਹੀ ਪਹਿਲੇ ਕੱਢਦਾ ਹੈ ਜਿਸ ਵਿਜੋਗੁ ਵਿੱਚ ਉਸਨੇ ਸਾਰੇ ਸੰਸਾਰ ਨੂੰ ਆਪ ਹੀ ਰੱਖਿਆ ਹੋਇਆ ਹੈ। ਜਿਨ੍ਹਾਂ ਨੂੰ ਉਸਨੇ ਵਿਜੋਗੁ ਵਿੱਚੋਂ ਕੱਢਕੇ ਸੰਜੋਗੁ ਵਾਲੀ ਅਵਸਥਾ ਬਖਸ਼ੀ ਹੈ ਉਹਨਾਂ ਨੂੰ ਹੀ ਇਸ ਗੱਲ ਤੇ ਯਕੀਨ ਆ ਸਕਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਕਿਸੇ ਵੀ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਕੇਵਲ ਮਨੁੱਖ ਦਾ ਭਰਮ ਹੈ। ਮਨ ਦਾ ਇਹ ਭਰਮ ਹੀ ਸਾਡਾ ਸਭ ਦਾ ਪ੍ਰਮਾਤਮਾ ਨਾਲ ਵਿਜੋਗੁ ਹੈ। ਜਿਸ ਨਾਲ ਪ੍ਰਮਾਤਮਾ

ਆਪਣਾ ਸੰਜੋਗੁ ਕਰਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦੇ ਵਿਚਾਰਾਂ ਰਾਹੀਂ ਆਪਣਾ ਸੱਚਾ ਗਿਆਨ ਹੀ ਬਖਸ਼ਦਾ ਹੈ ਭਾਵ ਬ੍ਰਹਮ ਗਿਆਨ ਬਖਸ਼ਦਾ ਹੈ, ਆਪਣਾ ਨਾਮ ਬਖਸ਼ਦਾ ਹੈ ਜਿਵੇਂ ਕਿ ਉਸਨੇ ਆਪਣੇ ਸੱਚੇ ਭਗਤਾਂ ਨੂੰ, ਸੱਚੇ ਸੰਤਾਂ ਨੂੰ ਭਾਵ ਗੁਰੂ ਸਾਹਿਬਾਨ ਨੂੰ ਆਪਣਾ ਬ੍ਰਹਮ ਗਿਆਨ ਬਖਸ਼ਿਆ ਹੈ ਜਿਸ ਦੁਆਰਾ ਉਸਨੇ ਉਹਨਾਂ ਨੂੰ ਆਪਣੇ ਨਾਲੋਂ ਵਿਜੋਗੁ ਦੂਰ ਕਰਕੇ ਸੰਜੋਗੁ ਬਖਸ਼ਿਆ ਹੈ ਤੇ ਮਨ ਦੀ ਇਸ ਉੱਚੀ ਸਮਝ ਦੁਆਰਾ ਹੀ ਉਹਨਾਂ ਨੇ ਸਾਰੇ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਆਪ ਹੀ ਹਰ ਗਿਆਨ ਦਾ ਮਾਲਕ ਹੈ ਤੇ ਆਪਣੇ ਗਿਆਨ ਰਾਹੀਂ ਉਸਨੇ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਆਪਣੇ ਨਾਲੋਂ ਵਿਜੋਗੁ ਵਿੱਚ ਰੱਖਿਆ ਹੋਇਆ ਹੈ। ਉਸਨੂੰ ਕੋਈ ਆਪਣੇ ਆਪ ਜਾਣ ਲਵੇ ਇਹ ਨਾਮੁਮਕਿਨ ਹੈ। ਜੋ ਕੁਝ ਵੀ ਮਨੁੱਖ ਜਾਣਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਜਾਣਦਾ ਹੈ ਤੇ ਸਾਡੀ ਸਮਝ ਦਾ ਮਾਲਕ ਕੌਣ ਹੈ ਇਸ ਗੱਲ ਦੀ ਸਮਝ ਹੀ ਵਿਜੋਗੁ ਵਿੱਚੋਂ ਨਿਕਲਕੇ ਉਸ ਸ੍ਰਿਸ਼ਟੀ ਦੇ ਮਾਲਕ ਨਾਲ ਸੰਜੋਗੁ ਹੋਣ ਦੁਆਰਾ ਪੈਂਦੀ ਹੈ ਤੇ ਤਾਂ ਹੀ ਕੋਈ ਉਹੋ ਜਿਹੇ ਭਾਗਾਂ ਵਾਲਾ ਬਣ ਸਕਦਾ ਹੈ ਜਿਹੋ ਜਿਹਾ ਭਾਗਾਂ ਵਾਲਾ ਕਿਸੇ ਨੂੰ ਪ੍ਰਮਾਤਮਾ ਆਪਣਾ ਸੰਜੋਗੁ ਬਖਸ਼ ਕੇ ਆਪ ਹੀ ਬਣਾ ਸਕਦਾ ਹੈ। **(ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥)**

ਭਾਗਾਂ ਵਾਲਾ ਬਣਨ ਦਾ ਤਰੀਕਾ ਕੀ ਹੈ ਭਾਵ ਪ੍ਰਮਾਤਮਾ ਦੇ ਨਾਲ ਸੰਜੋਗ ਕਰਨ ਦਾ, ਵਿਜੋਗ ਵਿੱਚੋਂ ਨਿਕਲਣ ਦਾ ਤਰੀਕਾ ਕੀ ਹੈ ਇਹ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥”

49/6814

ਉਪਰ ਵਾਲੀਆਂ ਪੰਗਤੀਆਂ ਦੇ ਅੰਦਰੂਨੀ ਭਾਵ ਨੂੰ ਅਸੀਂ ਇਸ ਤੋਂ ਪਹਿਲੇ ਸ਼ਬਦ ਰਾਹੀਂ ਸਮਝਿਆ ਹੀ ਹੈ। ਸਾਰੀ ਗੱਲ ਗੁਰੂ ਦੇ ਆਦੇਸ ਨੂੰ ਮੰਨਣ ਦੀ ਹੈ ਭਾਵ ਗੁਰੂ ਦੇ ਹੁਕਮ ਨੂੰ ਮੰਨਣ ਦੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਹੁਕਮ ਹੈ। ਇਹ ਪ੍ਰਮਾਤਮਾ ਦਾ ਹੁਕਮ ਸਾਡੇ ਕੋਲ ਪੂਰੀ ਗੁਰਬਾਣੀ ਦੇ ਰੂਪ ਵਿੱਚ ਹੈ ਜੋ ਕਿ ਗੁਰੂ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ ਜੋ ਸਿੱਖਿਆ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ, ਗੁਰੂ ਪ੍ਰਮਾਤਮਾ ਦੇ ਨਾਮ ਦੇ ਰੂਪ ਵਿੱਚ ਹੀ ਹੈ ਜਿਸ ਗੁਰੂ ਦੀ ਸੱਚੀ ਸਿੱਖਿਆ ਨੂੰ ਸਾਡੇ ਲਈ ਮੰਨਣ ਦਾ ਹੁਕਮ ਹੀ ਹੈ ਭਾਵ ਗੁਰੂ ਦੀ ਸਿੱਖਿਆ ਤੋਂ ਬਿਨਾਂ ਅਸੀਂ ਕਿਸੇ ਹੋਰ ਕੋਲੋਂ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਨਾ ਸਮਝੀਏ। ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਤਾਂ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ ਜਿਸ ਮਨ ਦੀ ਨਾਸਮਝ ਮਤਿ ਕਰਕੇ ਹੀ ਸਾਡਾ ਪ੍ਰਮਾਤਮਾ ਨਾਲੋਂ ਵਿਛੋੜਾ ਹੈ। ਜੋ ਸਮਝ ਸਾਨੂੰ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਵਿੱਚੋਂ ਕੱਢ ਸਕਦੀ ਹੈ ਉਹ ਮਤਿ ਕੇਵਲ ਗੁਰੂ ਦੇ ਕੋਲ ਹੈ ਜੋ ਮਤਿ ਹਰ ਭਰਮ ਤੋਂ ਰਹਿਤ ਹੈ ਜਿਸ ਮਤਿ ਦਾ ਮਕਸਦ ਹੀ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ, ਪ੍ਰਮਾਤਮਾ ਨਾਲੋਂ ਵਿਜੋਗੁ ਵਾਲੀ ਅਵਸਥਾ ਵਿੱਚੋਂ ਕੱਢਣ ਦਾ ਹੈ। ਜੋ ਖੁਦ ਵਿਜੋਗੁ ਵਿੱਚ ਹਨ ਉਹ ਕਿਸੇ ਦਾ ਵਿਜੋਗੁ ਕਿਵੇਂ ਦੂਰ ਕਰ ਸਕਦੇ ਹਨ। ਸਾਨੂੰ ਗੁਰੂ ਸਾਹਿਬ ਇਹ ਹੁਕਮ ਸੁਣਾ ਰਹੇ ਹਨ ਕਿ ਕੇਵਲ ਗੁਰੂ ਦੇ ਹੁਕਮ ਨੂੰ ਮੰਨੋ ਜਿਸ ਦੁਆਰਾ ਅਸੀਂ ਮਨ ਦੇ ਵਿਜੋਗੁ ਵਿੱਚੋਂ ਨਿਕਲ ਸਕਦੇ ਹਾਂ ਤੇ ਪ੍ਰਮਾਤਮਾ ਨਾਲ ਸੰਜੋਗੁ ਕਰਨ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ ਜੋ ਸਦਾ ਸਦਾ ਤੋਂ ਆਪ ਹੀ ਹੈ ਤੇ ਆਪਣੇ ਇੱਕੋ ਰੂਪ ਦੁਆਰਾ ਭਾਵ ਆਪਣੇ ਨਾਮ ਰੂਪ ਦੁਆਰਾ, ਬ੍ਰਹਮ ਗਿਆਨ ਰੂਪ ਦੁਆਰਾ, ਉੱਚੀ ਸਾਇੰਸ ਦੇ ਰੂਪ ਦੁਆਰਾ, ਜੁਗਾਂ ਜੁਗਾਂ ਤੋਂ ਆਪਣੇ ਇਸੇ ਰੂਪ ਦੁਆਰਾ ਸਭ ਜਗ੍ਹਾ ਵਰਤ ਰਿਹਾ ਹੈ। **(ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥)**

ਉਸ ਅਕਾਲ ਪੁਰਖ ਨੇ ਸਭ ਦੇ ਅੰਦਰ ਆਪਣੀ ਗਿਆਨ ਰੂਪ ਨੱਥ ਕਿਸ ਤਰੀਕੇ ਪਾਈ ਹੋਈ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਵੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹੋਰ ਵੀ ਸਮਝਿਆ ਜਾ ਸਕਦਾ ਹੈ।

49/6815

{ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥}

(ਅੰਗ ੬੫੩)

{ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥
ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ ॥ ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥
ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ ॥੪੧॥}

(ਅੰਗ ੯੩੫)

{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥}

(ਅੰਗ ੭)

{ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥
ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥ ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥
ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥ ਅਕਥ ਕੀ ਕਥਾ ਸੁਣੇਇ ॥
ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥੧॥}

(ਅੰਗ ੧੨੮੯)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}

(ਅੰਗ ੧੩)

{ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥}

(ਅੰਗ ੪੬੯)

{ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥
ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥੭॥
ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈਂ ॥
ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ॥੮॥੧॥}

(ਅੰਗ ੧੨੭੩)

{ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥}

(ਅੰਗ ੧੪੭)

{ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥
ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥੧॥
ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥
ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥
ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥੨॥
ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥
ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥੩॥
ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥੪॥੭॥}

(ਅੰਗ ੩੫੦-੩੫੧)

{ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥
ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥
ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥
ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥
ਏਕੋ ਏਕੁ ਵਰਤੈ ਹਰਿ ਲੋਇ ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥੪॥੧॥}

(ਅੰਗ ੧੧੭੭)

ਉਪਰ ਵਾਲੇ ਪਿਛਲੇ ਮੁੱਖ ਸ਼ਬਦ ਰਾਹੀਂ ਘੱਟ ਘੱਟ ਦੇ ਵਿੱਚ ਪ੍ਰਮਾਤਮਾ ਦੀ ਨਾਦ ਵੱਜਣ ਦੀ ਗੱਲ ਵੀ ਸਮਝੀ ਹੈ ਜੋ ਉਸਦਾ ਨਾਦ ਸਭ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਹੀ ਵੱਜਦਾ ਹੈ। ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਸਮਝਿਆ ਜਾ ਸਕਦਾ ਹੈ। ਇਹ ਸਾਡੇ ਮਨ ਦਾ ਰਾਗ ਨਾਦ ਹੈ। ਜੇਕਰ ਸਾਡੇ ਅੰਦਰ ਦਾ ਰਾਗ ਨਾਦ ਸੱਚਾ ਹੈ ਉਸ ਵਿੱਚ ਗੁਰਮਤਿ ਦੀ ਸੱਚੀ ਸਮਝ ਹੁੰਦੀ ਹੈ ਤੇ ਜਿਸਦੇ ਅੰਦਰ ਗੁਰਮਤਿ ਦੀ ਸੱਚੀ ਸਮਝ ਨਹੀਂ ਉਪਜਦੀ ਉਹ ਅਸਲ ਰਾਗ ਨਾਦ ਤੋਂ ਬਾਹਰਾ ਹੁੰਦਾ ਹੈ। ਪ੍ਰਮਾਤਮਾ ਦਾ ਹੁਕਮ ਆਪਣੇ ਅੰਦਰੋਂ ਰਾਗ ਨਾਦ ਦੁਆਰਾ ਹੀ ਬੁੱਝਿਆ ਜਾ ਸਕਦਾ ਹੈ ਤੇ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ ਉਹੀ ਆਪਣੇ ਅੰਦਰ ਦੇ ਰਾਗ ਨਾਦ ਨੂੰ ਸਮਝ ਸਕਦਾ ਹੈ ਕਿ ਸਾਡੇ ਅੰਦਰ ਨਾਦ ਕਿਸ ਰੂਪ ਵਿੱਚ ਵੱਜਦਾ ਹੈ ਤੇ ਕਿਸਦੇ ਹੁਕਮ ਨਾਲ ਵੱਜਦਾ ਹੈ। ਹੇਠ ਦਿੱਤੇ ਸ਼ਬਦ ਦੁਆਰਾ ਇਹੀ ਗੱਲ ਸਪਸ਼ਟ ਕਰਕੇ ਸਮਝਾਈ ਹੋਈ ਹੈ ਜਿਸਨੂੰ ਹਰ ਕੋਈ

ਆਸਾਨੀ ਨਾਲ ਸਮਝ ਸਕਦਾ ਹੈ।

{ਵਡਭਾਗੀਆ ਸੋਹਾਗਣੀ ਜਿਨ੍ਹਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥੧॥
ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥
ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ॥
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥

ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥
ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥ ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥
ਵਡਭਾਗੀ ਹਰਿ ਪਾਇਆ ਪੂਰਨ ਪਰਮਾਨੰਦੁ ॥ ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥੩॥
ਮੂੰ ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ ॥ ਹਉ ਢੂਢੇਦੀ ਤਿਨ ਸਜਣ ਸਚਿ ਸਵਾਰਿਆ ॥
ਸਤਿਗੁਰੁ ਮੈਡਾ ਮਿਤੁ ਹੈ ਜੇ ਮਿਲੈ ਤ ਇਹੁ ਮਨੁ ਵਾਰਿਆ ॥ ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ॥
ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ ॥੪॥
ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥ ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥
ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ ॥
ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ ॥੫॥
ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥
ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥
ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ ॥ ਸਤਿਗੁਰ ਕਾ ਦਰਸਨੁ ਸਫਲੁ ਹੈ ਜੋ ਇਛੈ ਸੋ ਫਲੁ ਪਾਇ॥
ਜਿਨੀ ਸਤਿਗੁਰੁ ਮੰਨਿਆਂ ਹਉ ਤਿਨ ਕੇ ਲਾਗਉ ਪਾਇ ॥
ਨਾਨਕੁ ਤਾ ਕਾ ਦਾਸੁ ਹੈ ਜਿ ਅਨਦਿਨੁ ਰਹੈ ਲਿਵ ਲਾਇ ॥੬॥
ਜਿਨਾ ਪਿਰੀ ਪਿਆਰੁ ਬਿਨੁ ਦਰਸਨ ਕਿਉ ਤ੍ਰਿਪਤੀਐ ॥
ਨਾਨਕ ਮਿਲੇ ਸੁਭਾਇ ਗੁਰਮੁਖਿ ਇਹੁ ਮਨੁ ਰਹਸੀਐ ॥੭॥
ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ ॥ ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ ॥੮॥
ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥ ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਾਇਆ ॥੯॥
ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥ ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ॥੧੦॥
ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥ ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥
ਜਿਨ੍ਹਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਹਿ ਪਿਰੀ ਵਿਹੂਣਿਆ ॥ ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ॥੧੨॥
ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥
ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ ॥੧੩॥ ਗੁਰਮੁਖਿ ਹਸੈ ਗੁਰਮੁਖਿ ਰੋਵੈ ॥
ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ ॥ ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥ ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥
ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥੧੫॥
ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥ ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥
ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥

ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥੧੬॥
ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥ ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥
ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥ ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥
ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥
ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥ ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥
ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥
ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥
ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥੧੮॥
ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥
ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ ॥
ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥
ਨਾਨਕ ਪਰਪੰਚੁ ਕੀਆ ਧੁਰਿ ਕਰਤੈ ਪੂਰਬਿ ਲਿਖਿਆ ਕਮਾਏ ॥੧੯॥
ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ ਅਨਦਿਨੁ ਸੇਵਾ ਕਰਤ ਸਮਾਇ ॥
ਅੰਤਰਿ ਸਤਿਗੁਰੁ ਗੁਰੂ ਸਭ ਪੂਜੇ ਸਤਿਗੁਰ ਕਾ ਦਰਸੁ ਦੇਖੈ ਸਭ ਆਇ ॥
ਮੰਨੀਐ ਸਤਿਗੁਰ ਪਰਮ ਬੀਚਾਰੀ ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ ॥
ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥
ਨਾਨਕ ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ ॥੨੦॥
ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥ ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ ॥੨੧॥
ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਉ ਚਿਤੁ ਲਾਇ ॥
ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ ਨਿਰਦੋਖ ਭਏ ਲਿਵ ਲਾਇ ॥
ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ ॥
ਨਾਨਕ ਗੁਰ ਪੂਰੇ ਤੇ ਪਾਇਆ ਸਹਜਿ ਮਿਲਿਆ ਪ੍ਰਭੁ ਆਇ ॥੨੨॥
ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥ ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ॥
ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥੨੩॥
ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥
ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥
ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥ ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ ॥
ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥

ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥
ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥ ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥
ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥
ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥੨੬॥
ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥
ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ ॥ ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ॥
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥
ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥
ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥੨੭॥
ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥ ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥
ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥ ਗੁਰਮਤੀ ਹਰਿ ਹਰਿ ਬੋਲੇ ॥
ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥
ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥
ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ ॥
ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥}

(ਅੰਗ ੧੪੨੧-੧੪੨੪)

ਉਪਰ ਵਾਲਾ ਸ਼ਬਦ ਕਾਫੀ ਵੱਡਾ ਹੈ ਜਿਸਦੀ ਸਮਝ ਆਸਾਨੀ ਨਾਲ ਪੈ ਜਾਂਦੀ ਹੈ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੀ ਸਮਝ ਨੂੰ ਉੱਚਾ ਮੰਨਣ ਦੀ ਲੋੜ ਹੈ ਤੇ ਆਪਣੀ ਸਮਝ ਨੂੰ ਨੀਵੀਂ ਸਮਝ ਮੰਨ ਕੇ ਛੱਡਣ ਦੀ ਲੋੜ ਹੈ। ਉਪਰ ਸ਼ਬਦ ਰਾਹੀਂ ਸਾਡੇ ਅਨੇਕਾਂ ਹੀ ਭਰਮ ਕੱਢੇ ਹੋਏ ਹਨ ਤੇ ਸਾਨੂੰ ਹਰ ਭਰਮ ਵਿੱਚੋਂ ਨਿਕਲਣ ਦੀ ਲੋੜ ਹੈ ਕਿਉਂਕਿ ਮਨ ਦੇ ਭਰਮਾਂ ਕਰਕੇ ਹੀ ਸਾਡੀ ਗੁਰੂ ਨਾਲੋਂ ਦੂਰੀ ਹੈ ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ। ਉਪਰ ਵਾਲੇ ਸ਼ਬਦ ਵਿੱਚੋਂ ਕੁਝ ਪਦਿਆਂ ਨੂੰ ਲੇਖ ਵਿੱਚ ਸਮਝਿਆ ਹੀ ਹੈ ਤੇ ਬਾਕੀ ਦੇ ਪਦਿਆਂ ਰਾਹੀਂ ਸਾਨੂੰ ਜੋ ਕੁਝ ਸਮਝਾਇਆ ਹੋਇਆ ਹੈ ਉਹਨਾਂ ਗੱਲਾਂ ਨੂੰ ਅਸੀਂ ਪਿੱਛੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ ਦਾ ਤਰੀਕਾ, ਉਸਦਾ ਨਾਮ ਜਪਣ ਦਾ ਤਰੀਕਾ, ਪ੍ਰਮਾਤਮਾ ਨਾਲ ਮੇਲ ਕਰਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਧਰਮ ਗ੍ਰੰਥਾਂ ਰਾਹੀਂ ਸਮਝਾਏ ਹੋਏ ਸੱਚ ਨੂੰ ਸਮਝਕੇ ਉਸ ਸੱਚ ਤੇ ਚੱਲਣ ਦਾ ਹੈ। ਸੱਚ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਜੇਕਰ ਪਹਿਲੇ ਸੱਚ ਨੂੰ ਸਮਝੀਏ। ਗੁਰੂ ਸਾਨੂੰ ਜੋ ਕੁਝ ਵੀ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਉਹ ਸੱਚ ਹੀ ਸਮਝਾਉਂਦਾ ਹੈ ਤੇ ਸ਼ਬਦਾਂ ਦੇ ਅੰਦਰ ਜੋ ਸੱਚ ਹੈ ਭਾਵ ਸੱਚੀ ਸਮਝ ਹੈ ਭਾਵ ਜੋ ਸੱਚਾ ਗਿਆਨ ਹੈ ਉਹ ਸਭ ਬ੍ਰਹਮ ਗਿਆਨ ਹੈ ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ। ਕੀ ਕੋਈ ਆਪਣੀ ਮਤਿ ਨੂੰ ਛੱਡੇ ਬਿਨਾਂ ਭਾਵ ਭਰਮਾਂ ਵਾਲੀ ਸਮਝ ਨੂੰ ਛੱਡੇ ਬਿਨਾਂ ਸੱਚ ਨਾਲ ਜੁੜ ਸਕਦਾ ਹੈ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਜੁੜ ਸਕਦਾ ਹੈ ਭਾਵ ਇਹ ਨਾਮੁਮਕਿਨ ਹੈ ਕਿ ਕੋਈ ਆਪਣੀ ਮਤਿ ਛੱਡੇ ਬਿਨਾਂ ਗੁਰੂ ਦੀ ਮਤਿ

ਲੈ ਸਕੇ ਤੇ ਸੱਚ ਨਾਲ ਜੁੜਨ ਦਾ ਸੱਚਾ ਉਪਰਾਲਾ ਕਰ ਸਕੇ। ਪੂਰੀ ਗੁਰਬਾਣੀ ਸੱਚ ਨਾਲ ਭਰੀ ਹੋਈ ਹੈ ਤੇ ਗੁਰੂ ਦੇ ਸੱਚ ਨੂੰ ਛੱਡ ਕੇ ਅਸੀਂ ਕਿਸੇ ਹੋਰ ਦੀ ਮਤਿ ਨੂੰ ਸੱਚ ਸਮਝ ਕੇ ਜੇਕਰ ਉਸਦੀ ਮਤਿ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੀ ਤੇ ਉਸਦੇ ਪਿੱਛੇ ਲੱਗ ਜਾਈਏ ਫਿਰ ਕੀ ਅਸੀਂ ਸਚੁ ਰੂਪ ਗੁਰੂ ਦੇ ਨਾਲ, ਸਚੁ ਰੂਪ ਪ੍ਰਮਾਤਮਾ ਦੇ ਨਾਲ ਕਦੇ ਆਪਣਾ ਪਿਆਰ ਜੋੜ ਸਕਦੇ ਹਾਂ ਭਾਵ ਨਹੀਂ ਜੋੜ ਸਕਦੇ। ਗੁਰੂ ਦੇ ਪਿਆਰੇ ਅਖਵਾਉਂਣ ਵਾਲੇ ਤਾਂ ਜਗ੍ਹਾ ਜਗ੍ਹਾ ਬੈਠੇ ਹਨ ਜੋ ਕਿਸੇ ਅੱਖਰ ਦੇ ਜਪ ਨੂੰ ਹੀ ਸੱਚ ਸਮਝਕੇ ਜਪੀ ਜਾਂਦੇ ਹਨ, 49/6817

ਗੁਰੂ ਦੇ ਸਰਗੁਣ ਰੂਪ ਨੂੰ ਮੱਥਾ ਟੇਕਣ ਨੂੰ ਹੀ ਗੁਰੂ ਨਾਲ ਪਿਆਰ ਜੋੜਨਾ ਸਮਝਦੇ ਹਨ। ਦਾਸ ਦੀ ਤਹਿ ਦਿਲੋਂ ਬੇਨਤੀ ਹੈ ਕਿ ਜੇਕਰ ਗੁਰੂ ਪ੍ਰਮਾਤਮਾ ਨਾਲ ਆਪਣਾ ਪਿਆਰ ਦਿਖਾਉਂਣਾ ਚਾਹੁੰਦੇ ਹੋ ਤਾਂ ਫਿਰ ਗੁਰੂ ਦੀ ਮਤਿ ਨੂੰ ਮੰਨ ਕੇ ਭਾਵ ਉਸਤੇ ਅਮਲ ਕਰਕੇ ਉਸ ਨਾਲ ਆਪਣਾ ਪਿਆਰ ਦਿਖਾਉ ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਗੁਰੂ ਦੇ ਸੱਚੇ, ਸੁੱਚੇ, ਪਿਆਰ ਵਾਲੇ ਅਖਵਾਉਂਣਾ ਬਹੁਤ ਸੌਖਾ ਹੈ ਪਰ ਬਣਨਾ ਬਹੁਤ ਔਖਾ ਹੈ। **{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥ ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥ ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥ ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}** ਅੰਗ ੬੫ **{ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥ ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}** ਅੰਗ ੬੪੭

{ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ ॥ ਗੁਰਿ ਰਾਖੇ ਸੇ ਉਬਰੇ ਹੋਰੁ ਮਰਿ ਜੰਮੈ ਆਵੈ ਜਾਏ ॥
ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ ॥
ਐਥੈ ਕਮਾਵੈ ਸੋ ਫਲੁ ਪਾਵੈ ਮਨਮੁਖਿ ਹੈ ਪਤਿ ਖੋਈ ॥ ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ॥
ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ ॥੧॥ ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੁ ਲਏ ਮਿਲਾਏ॥
ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ ॥
ਸਚੈ ਨਾਮਿ ਸਮਾਏ ਹਰਿ ਗੁਣ ਗਾਏ ਮਿਲਿ ਪ੍ਰੀਤਮ ਸੁਖੁ ਪਾਏ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਵਿਚਹੁ ਹੰਉਮੈ ਜਾਏ ॥
ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ ਤਿਨ ਕੈ ਹੰਉ ਲਾਗਉ ਪਾਏ ॥
ਕਾਂਇਆ ਕੰਚਨੁ ਤਾਂ ਥੀਐ ਜਾ ਸਤਿਗੁਰੁ ਲਏ ਮਿਲਾਏ ॥੨॥ ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ॥
ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ ॥
ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ ॥
ਨਾਮਿ ਰਤੀਆ ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ॥ ਤਿਸੁ ਜੇਵਡੁ ਅਵਰੁ ਨ ਸੂਝਈ ਕਿਸੁ ਆਗੈ ਕਹੀਐ ਜਾਏ॥
ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥੩॥ ਜਿਨੀ ਸਚੜਾ ਸਚੁ ਸਲਾਹਿਆ ਹੰਉ ਤਿਨ ਲਾਗਉ ਪਾਏ॥
ਸੇ ਜਨ ਸਚੇ ਨਿਰਮਲੇ ਤਿਨ ਮਿਲਿਆ ਮਲੁ ਸਭ ਜਾਏ ॥
ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ ਸਚੈ ਸਹਜਿ ਸੁਭਾਏ ॥
ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ ॥
ਅਨਦਿਨੁ ਭਗਤਿ ਕਰਹਿ ਰੰਗਿ ਰਾਤੇ ਨਾਨਕ ਸਚਿ ਸਮਾਏ ॥
ਜਿਨੀ ਸਚੜਾ ਸਚੁ ਧਿਆਇਆ ਹੰਉ ਤਿਨ ਕੈ ਲਾਗਉ ਪਾਏ ॥੪॥੪॥}

(ਅੰਗ ੫੮੪-੫੮੫)

{ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥ ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥}

(ਅੰਗ ੪੭੨)

{ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥}

(ਅੰਗ ੪੭੨)

{ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥ ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥
ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥
ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥ ਜਰੁ ਆਈ ਜੋਬਨਿ ਹਾਰਿਆ॥੧੭॥}

(ਅੰਗ ੪੭੨)

ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ ਤੇ ਪਿਛਲੇ ਜਪੁਜੀ ਬਾਣੀ ਦੇ ਸ਼ਬਦ ਰਾਹੀਂ ਵੀ ਇਹ ਸਮਝਿਆ ਹੈ ਕਿ ਇਸ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਹੈ ਜੋ ਕਿ ਸਭ ਕੁਝ ਆਪ ਹੀ ਹੈ ਜਿਸਦੀ ਸਮਝ ਆਪਣੇ ਅੰਦਰੋਂ ਆਪਣੇ ਮਨ ਦੀ ਸਮਝ ਦੇ ਮਾਲਕ ਨੂੰ ਜਾਨਣ ਦੁਆਰਾ ਹੀ ਪੈ ਸਕਦੀ ਹੈ ਤੇ ਉਸਨੂੰ ਜਾਣੇ ਬਿਨਾਂ ਹੀ ਕੋਈ ਇਹ ਗੱਲ ਕਹਿ ਸਕਦਾ ਹੈ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ। ਸਭ ਦੇ ਅੰਦਰ ਪ੍ਰਮਾਤਮਾ ਦੀ ਮਾਇਆ ਦੀ ਜੁਗਤਿ ਹੀ ਵਰਤ ਰਹੀ ਹੈ ਜਿਸ ਜੁਗਤਿ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥”

ਉਪਰ ਵਾਲੀ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਇੱਥੇ

49/6818

ਮਨੁੱਖੀ ਮਨ ਦੀ ਅਵਸਥਾ ਹੀ ਸਮਝਾਈ ਹੋਈ ਹੈ ਜਿਸ ਅਵਸਥਾ ਵਿੱਚ ਸ੍ਰਿਸ਼ਟੀ ਦੇ ਕਰਤੇ ਨੇ ਹਰ ਕਿਸੇ ਨੂੰ ਰੱਖਿਆ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਭ ਦੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਹੀ ਵਰਤਦੀ ਹੈ। ਉਪਰ ਸ਼ਬਦ ਵਿੱਚ ਮਾਈ ਮਨ ਦੀ ਮਾਇਆ ਨੂੰ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੈ। **“ਏਕਾ ਮਾਈ ਜੁਗਤਿ ਵਿਆਈ”** ਤੋਂ ਭਾਵ ਹੈ ਹਰ ਮਨੁੱਖੀ ਸਮਝ ਨੂੰ ਪ੍ਰਮਾਤਮਾ ਨੇ ਇੱਕੋ ਜਿਹੀ ਮਾਇਆ ਦੀ ਜੁਗਤਿ ਦੁਆਰਾ ਹੀ ਇਸ ਸ੍ਰਿਸ਼ਟੀ ਨੂੰ ਵਿਆਹਿਆ ਹੋਇਆ ਹੈ ਭਾਵ ਇਹ ਮਾਇਆ ਵਾਲੀ ਜੁਗਤਿ ਸਭ ਨੂੰ ਉਸ ਤਰ੍ਹਾਂ ਪਿਆਰੀ ਲੱਗਦੀ ਹੈ ਜਿਵੇਂ ਕਿ ਕਿਸੇ ਵਿਆਹੇ ਹੋਏ ਨੂੰ ਆਪਣਾ ਵਿਆਹ ਵਾਲਾ ਸਾਥੀ ਚੰਗਾ ਲੱਗਦਾ ਹੈ ਭਾਵ ਇਹ ਮਨ ਦੀ ਮਾਇਆ ਸਭ ਨੂੰ ਚੰਗੀ ਲੱਗਦੀ ਹੈ ਜਿਸਦੀ ਗੱਲ ਬਾਣੀ ਵਿੱਚ ਬਾਰ-ਬਾਰ ਆਉਂਦੀ ਹੈ, ਮਾਇਆ ਮੋਹ ਦੇ ਰੂਪ ਵਿੱਚ ਆਉਂਦੀ ਹੈ ਜੋ ਸਾਨੂੰ ਸੰਸਾਰੀ ਮਾਇਆ ਦੇ ਮੋਹ ਨਾਲ ਜੋੜਕੇ ਰੱਖਦੀ ਹੈ। ਇਸ ਮਨ ਦੀ ਮਾਇਆ ਰਾਹੀਂ ਸਾਡੇ ਅੰਦਰ ਸਾਡੀ ਸਮਝ ਦੇ ਵਿੱਚ ਵਿਚਾਰ ਹੀ ਉਪਜਦੇ ਹਨ ਭਾਵ ਵਿਚਾਰ ਹੀ ਪੈਦਾ ਹੁੰਦੇ ਹਨ ਤੇ ਉਹ ਵਿਚਾਰ ਕਿਸ ਰੂਪ ਵਿੱਚ ਸਾਡੇ ਅੰਦਰੋਂ ਪੈਦਾ ਹੁੰਦੇ ਹਨ ਉਹ ਨਾਲ ਹੀ ਸਮਝਾਇਆ ਹੋਇਆ ਹੈ ਜੋ ਵਿਚਾਰ ਸਭ ਨੂੰ ਚੰਗੇ ਲੱਗਦੇ ਹਨ ਭਾਵ ਪਰਵਾਣ ਹੁੰਦੇ ਹਨ। **“ਤਿਨਿ ਚੇਲੇ ਪਰਵਾਣੁ ॥”** ਸਾਡੇ ਅੰਦਰ ਮਾਇਆ ਦੀ ਜੁਗਤਿ ਸਭ ਦੇ ਅੰਦਰ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਦੇ ਹੀ ਆ ਰਹੇ ਹਾਂ। ਸਾਡੇ ਅੰਦਰ ਦੀ ਮਾਇਆ ਦਾ ਮਕਸਦ ਸਭ ਨੂੰ ਤ੍ਰੈ ਗੁਣਾਂ ਵਿੱਚ ਰੱਖਣ ਦਾ ਹੀ ਹੈ। **“ਤਿਨਿ ਚੇਲੇ”** ਤੋਂ ਭਾਵ ਹੈ ਤ੍ਰੈ ਗੁਣਾਂ ਵਾਲੇ ਵਿਚਾਰ ਜੋ ਸਭ ਨੂੰ ਹੀ ਭਾਉਂਦੇ ਹਨ। ਇਹ ਤ੍ਰੈ ਗੁਣ ਕੀ ਹਨ ਇਸ ਗੱਲ ਨੂੰ ਹਰ ਕੋਈ ਸਮਝਦਾ ਹੀ ਹੈ। ਇਹ ਮਾਇਆ ਦੇ ਤਿੰਨ ਚੇਲੇ ਰਜ ਗੁਣ, ਤਮ ਗੁਣ, ਸਤ ਗੁਣ ਮਾਇਆ ਦੇ ਤਿੰਨ ਚੇਲੇ ਹੀ ਹਨ ਜਿਨ੍ਹਾਂ ਨੂੰ ਮਨ ਦੀ ਮਾਇਆ ਨੇ ਆਪ ਹੀ ਸਾਡੇ ਅੰਦਰ ਜਮਾਇਆ ਹੋਇਆ ਹੈ ਭਾਵ ਪੈਦਾ ਕੀਤਾ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥}

(ਅੰਗ ੧੦੬੬)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥
ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥ ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥
ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥
ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥
ਨਾਮੇ ਰਾਤੇ ਹਰਿ ਗੁਣ ਗਾਵੈ ॥੫॥ ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥
ਚਰਣੀ ਲਾਗੈ ਤਾ ਮਹਲੁ ਪਾਵੈ ॥ ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥
ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥ ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥
ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ ੨੩੦-੨੩੧)

49/6819

{ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ ॥ ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥
ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥੧॥ ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ॥
ਨਾਮੁ ਨਿਧਾਨੁ ਸਦ ਮਨਿ ਵਸੈ ਮਹਲੀ ਪਾਵੈ ਥਾਉ ॥੧॥ ਰਹਾਉ ॥
ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥
ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥ ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥
ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ॥
ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥}

(ਅੰਗ ੩੦)

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥ ਭਾਈ ਰੇ ਗੁਰਮਤਿ ਸਾਚਿ ਰਹਾਉ ॥
ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥}

(ਅੰਗ ੩੦)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥
ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥ ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ॥
ਗੁਰ ਪਰਸਾਦੀ ਮੰਨਿ ਵਸਾਇਆ ॥ ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥
ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥
ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥ ਪੇਈਅੜੈ ਧਨ ਕੰਤੁ ਸਮਾਲੇ ॥
ਗੁਰ ਪਰਸਾਦੀ ਵੇਖੈ ਨਾਲੇ ॥ ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥੫॥
ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ ਦੂਜਾ ਭਾਉ ਗੁਰ ਸਬਦਿ ਜਲਾਇਆ ॥
ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥}

(ਅੰਗ ੧੨੯)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥ ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

{ਏਊ ਜੀਅ ਬਹੁਤੁ ਗ੍ਰਭ ਵਾਸੇ ॥ ਮੋਹ ਮਗਨ ਮੀਠ ਜੋਨਿ ਫਾਸੇ ॥ ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥
ਆਪਨ ਮੋਹ ਘਟੇ ਘਟਿ ਦੀਨੇ ॥ ਏ ਸਾਜਨ ਕਛੂ ਕਹਹੁ ਉਪਾਇਆ ॥ ਜਾ ਤੇ ਤਰਉ ਬਿਖਮ ਇਹ ਮਾਇਆ ॥
ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾ ਕੈ ਨਿਕਟਿ ਨ ਮਾਏ ॥੭॥}

(ਅੰਗ ੨੫੧)

{ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ ॥
ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ ਪਰਵੇਸਾ ਰੇ ॥੧॥
ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ ॥
ਸਾਧਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾ ਰੇ ॥੧॥ ਰਹਾਉ ॥
ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥
ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ ॥
ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ ॥੩॥੧॥੧੩੦॥}

(ਅੰਗ ੪੦੩-੪੦੪)

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ॥੧॥ ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ ੬੦੪)

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥
ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}

(ਅੰਗ ੬੪੭)

{ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ॥
ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥ ਭਾਈ ਰੇ ਦਾਸਨਿ ਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥
ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥

ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥ ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ॥
ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥ ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥ ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥ ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥}

(ਅੰਗ ੬੬-੬੭)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਭ ਦੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਕਿਸ ਤਰੀਕੇ ਵਰਤਦੀ ਹੈ ਤੇ ਕਿਸ ਮਕਸਦ ਲਈ ਵਰਤਦੀ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਆਪ ਹੀ ਮਾਇਆ ਦੀ ਜੁਗਤਿ ਦੁਆਰਾ ਭਰਮਾਂ ਵਿੱਚ ਰੱਖਿਆ ਹੋਇਆ ਹੈ ਜਿਨ੍ਹਾਂ ਭਰਮਾਂ ਵਿੱਚੋਂ ਨਿਕਲੇ ਬਿਨਾਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਤੇ ਭਰਮਾਂ ਵਿੱਚੋਂ ਵੀ ਕੋਈ ਤਾਂ ਹੀ ਨਿਕਲ ਸਕਦਾ ਹੈ ਜੇਕਰ ਪ੍ਰਮਾਤਮਾ ਆਪ ਕੱਢਣਾ ਚਾਹੇ ਜਿਸ ਲਈ ਸਾਨੂੰ ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ। ਪ੍ਰਮਾਤਮਾ ਦੀ ਇਹ ਪਾਈ ਹੋਈ ਮਾਇਆ ਦੀ ਜੁਗਤਿ ਹੀ ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਵੀ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੇ ਸਮਝਾਉਂਣ ਵਲੋਂ ਤਾਂ ਕੋਈ ਕਮੀ ਨਹੀਂ ਹੈ ਤੇ ਕਮੀ ਸਾਡੇ ਅੰਦਰ ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਰੱਖਣ ਦੀ ਹੈ ਜਿਸਦਾ ਕਾਰਣ ਉਹ ਹਨ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨ ਕੇ ਉਹਨਾਂ ਦੀ ਮਤਿ ਪਿੱਛੇ ਲੱਗ ਜਾਂਦੇ ਹਾਂ, ਧਰਮ ਦਾ ਸੱਚੇ ਵਿਦਵਾਨ ਸਮਝਕੇ ਉਹਨਾਂ ਦੀ

ਮਤਿ ਪਿੱਛੇ ਲੱਗ ਜਾਂਦੇ ਹਾਂ ਜਿਹੋ ਜਿਹਿਆਂ ਦੀ ਨਾਸਮਝ ਮਤਿ ਦਾ ਗੁਰਬਾਣੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਭਾਵ ਸਾਨੂੰ ਸਮਝਾਉਂਣ ਲਈ ਹੀ ਉਹਨਾਂ ਦੀ ਮਤਿ ਦਾ ਖੰਡਨ ਕੀਤਾ ਹੋਇਆ ਹੈ ਤਾਂ ਜੋ ਅਸੀਂ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਨਾ ਲੱਗੀਏ ਜਿਨ੍ਹਾਂ ਦੀ ਮਤਿ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੀ ਭਾਵ ਗੁਰੂ ਦੀ ਮਤਿ ਤੇ ਖਰੀ ਨਹੀਂ ਉਤਰਦੀ। ਅਸੀਂ ਪਿੱਛੇ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਜੋ ਸਾਡੇ ਅੰਦਰ ਪਾਈ ਹੋਈ ਪ੍ਰਮਾਤਮਾ ਦੀ ਮਾਇਆ ਦੀ ਜੁਗਤਿ ਹੈ ਉਹ ਜੁਗਤਿ ਹੀ ਸਾਡੇ ਅੰਦਰ ਦੀ ਹਉਮੈ ਹੈ, ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਹੈ। ਮਾਇਆ ਦੀ ਜੁਗਤਿ ਦਾ ਮਕਸਦ ਵੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਤੇ ਤ੍ਰੈ ਗੁਣਾਂ ਵਾਲੀ ਸਮਝ ਦਾ ਮਕਸਦ ਵੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੀ ਹੈ ਤੇ ਹਉਮੈ ਦਾ ਮਕਸਦ ਵੀ ਮਨੁੱਖ ਨੂੰ ਮਨ ਦੇ ਹਨੇਰੇ ਵਿੱਚ ਰੱਖਣ ਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਣ ਦਾ ਹੀ ਹੈ, ਮਨ ਦੀ ਅਗਿਆਨਤਾ ਵਿੱਚ ਰੱਖਣ ਦਾ ਹੀ ਹੈ ਜਿਸ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਨਾ ਹੀ ਕੋਈ ਧਰਮ ਦੇ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਨਾ ਹੀ ਕੋਈ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਾਮ ਜਪਣਾ ਸਮਝ ਸਕਦਾ ਹੈ ਜੋ ਨਾਮ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੈ, ਨਾ ਹੀ ਸ੍ਰਿਸ਼ਟੀ ਦਾ ਕਰਤਾ ਇੱਕ ਤੋਂ ਜਿਆਦਾ ਹੋ ਸਕਦਾ ਹੈ, ਨਾ ਹੀ ਸਾਰੀ ਸ੍ਰਿਸ਼ਟੀ ਲਈ ਨਾਮ ਜਪਣ ਦਾ ਤਰੀਕਾ ਅਲਗ ਹੋ ਸਕਦਾ ਹੈ। ਨਾਮ ਜਪਣ ਦਾ ਮਕਸਦ ਹੀ ਉਸ ਨਾਮ ਦੇ ਮਾਲਕ ਨੂੰ ਜਾਨਣ ਦਾ ਹੈ ਜੋ ਕਿ ਸਭ ਦੇ ਅੰਦਰ ਹੀ ਹੈ, ਹਰ ਮਨੁੱਖ ਦੇ ਅੰਦਰ ਹੀ ਹੈ ਤੇ ਸਭ ਦੇ ਅੰਦਰ ਉਹ ਆਪਣੇ ਇੱਕੋ ਰੂਪ ਵਿੱਚ

ਹੀ ਹੈ ਭਾਵ ਗਿਆਨ ਰੂਪ ਵਿੱਚ ਹੀ ਹੈ ਤੇ ਆਪਣੇ ਗਿਆਨ ਰੂਪ ਦੁਆਰਾ ਹੀ ਉਸਨੇ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਉਸਨੇ ਹਰ ਕਿਸੇ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਮਾਇਆ ਦੀ ਜੁਗਤਿ ਵਿੱਚ, ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ ਰੱਖਿਆ ਹੋਇਆ ਹੈ ਜਿਸ ਮਨ ਦੀ ਅਗਿਆਨਤਾ ਵਿੱਚੋਂ ਨਿਕਲੇ ਬਿਨਾਂ ਕੋਈ ਇਸ ਸ੍ਰਿਸ਼ਟੀ ਦਾ ਕਰਤੇ ਨੂੰ, ਗਿਆਨ ਦੇ ਮਾਲਕ ਬ੍ਰਹਮ ਗਿਆਨੀ ਨੂੰ ਭਾਵ ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕੇ ਇਹ ਨਾਮੁਮਕਿਨ ਹੈ ਕਿਉਂਕਿ ਸਾਡੇ ਅੰਦਰ ਇਹ ਮਾਇਆ ਦੀ ਜੁਗਤਿ ਉਸਦੀ ਆਪਣੀ ਹੀ ਪਾਈ ਹੋਈ ਹੈ ਜਿਸ ਦੁਆਰਾ ਉਸਨੇ ਸਭ ਨੂੰ ਮਾਇਆ

ਮੋਹ ਵਿੱਚ ਰੱਖਿਆ ਹੋਇਆ ਹੈ ਜੋ ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ ਭਾਵ ਉਸਨੂੰ ਛੱਡਣਾ ਬਹੁਤ ਔਖਾ ਲੱਗਦਾ ਹੈ। ਹੁਣ ਅਸੀਂ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਨੂੰ ਬਰੀਕੀ ਨਾਲ ਸਮਝ ਸਕਦੇ ਹਾਂ। **(ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥)**

ਮਾਇਆ ਦੀ ਜੁਗਤਿ ਆਪਣੇ ਤ੍ਰੈ ਗੁਣਾਂ ਦੁਆਰਾ ਭਾਵ ਰਜ ਗੁਣ, ਤਮ ਗੁਣ, ਸਤ ਗੁਣ ਦੁਆਰਾ ਸਾਡੇ ਮਨ ਦੀ ਸਮਝ ਦੇ ਅੰਦਰ ਕਿਸ ਤਰੀਕੇ ਵਰਤਦੀ ਹੈ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥”

ਉਪਰ ਪਹਿਲੀ ਪੰਗਤੀ ਵਿੱਚ ਸਾਡੇ ਅੰਦਰ ਦੇ ਤ੍ਰੈ ਗੁਣਾਂ ਦੇ ਵਿਚਾਰਾਂ ਦੀ ਵਿਆਖਿਆ ਕਰਕੇ ਹੀ ਸਮਝਾਈ ਹੋਈ ਹੈ ਕਿ ਰਜ ਗੁਣ, ਤਮ ਗੁਣ, ਸਤ ਗੁਣ ਸਾਨੂੰ ਮਨ ਦੇ ਕਿਹੋ ਜਿਹੇ ਵਿਚਾਰਾਂ ਨਾਲ ਜੋੜਦੇ ਹਨ। ਕਿਸੇ ਦੇ ਅੰਦਰ ਕੋਈ ਵਿਚਾਰ ਪ੍ਰਬਲ ਹੁੰਦਾ ਹੈ ਤੇ ਕਿਸੇ ਦੇ ਅੰਦਰ ਕੋਈ ਹੋਰ ਵਿਚਾਰ ਪ੍ਰਬਲ ਹੁੰਦਾ ਹੈ। ਕਿਸੇ ਨੂੰ ਸੰਸਾਰੀ ਬਣਨਾ ਜਿਆਦਾ ਚੰਗਾ ਲੱਗਾ ਹੈ, ਕਿਸੇ ਨੂੰ ਭੰਡਾਰੀ ਬਣਨਾ ਜਿਆਦਾ ਚੰਗਾ ਲੱਗਦਾ ਹੈ, ਕਿਸੇ ਨੂੰ ਦੀਬਾਣ ਲਗਾਉਂਣ ਵਾਲਾ ਬਣਨਾ ਚੰਗਾ ਲੱਗਦਾ ਹੈ। ਜਿਸ ਮਨੁੱਖ ਦੇ ਵਿੱਚ **“ਤਮ ਗੁਣ”** ਪ੍ਰਧਾਨ ਹੁੰਦਾ ਹੈ ਉਹ ਮਨੁੱਖ ਸੰਸਾਰਿਕ ਗੱਲਾਂ ਵਿੱਚ ਜਿਆਦਾ ਰੁਝਾਨ ਰੱਖਦਾ ਹੈ ਭਾਵ ਇਹ ਗੁਣ ਮਨੁੱਖ ਨੂੰ ਮਾਇਆ ਮੋਹ ਵਿੱਚ ਉਲਝਾ ਕੇ ਰੱਖਦਾ ਹੈ ਭਾਵ ਮਨ ਦੀ ਨਾਸਮਝੀ ਨਾਲ ਜੋੜਕੇ ਰੱਖਦਾ ਹੈ ਜੋ ਸਮਝ ਉਸਨੂੰ ਸੱਚ ਦੇ ਨਾਲ ਜੁੜਨ ਤੋਂ ਦੂਰ ਰੱਖਦੀ ਹੈ ਭਾਵ ਧਰਮ ਦੇ ਸੱਚੇ ਮਾਰਗ ਦੇ ਨਾਲ ਜੁੜਨ ਤੋਂ ਦੂਰ ਰੱਖਦੀ ਹੈ। ਇਹੋ ਜਿਹੇ ਜਿਆਦਾ ਤਮ ਗੁਣ ਵਾਲੇ ਵਿਚਾਰਾਂ ਵਾਲਿਆਂ ਨੂੰ ਸੰਸਾਰੀ ਮਨੁੱਖ ਕਿਹਾ ਹੈ। **(ਇਕੁ ਸੰਸਾਰੀ) {ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥ ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥ ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥ ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥ ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥ ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥ ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥}** ਅੰਗ ੧੪੫ ਸੰਸਾਰ ਵਿੱਚ ਇਸੇ ਤਰ੍ਹਾਂ ਅਨੇਕਾਂ ਹੀ ਮਨੁੱਖ ਇਹੋ ਜਿਹੇ ਹੁੰਦੇ ਹਨ ਜੋ ਪ੍ਰਮਾਤਮਾ ਦੀ ਸੱਚੀ ਭਗਤੀ ਨਾਲ ਜੁੜਨਾ ਚਾਹੁੰਦੇ ਹਨ ਭਾਵ ਜਿਨ੍ਹਾਂ ਦੇ ਅੰਦਰ ਪ੍ਰਮਾਤਮਾ ਨੂੰ ਜਾਨਣ ਦੀ ਇੱਛਾ ਪ੍ਰਬਲ ਹੁੰਦੀ ਹੈ ਤੇ ਉਹ ਕਿਹੋ ਜਿਹੇ ਗੁਣ ਵਾਲੇ ਹੁੰਦੇ ਹਨ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

“ਇਕੁ ਭੰਡਾਰੀ”

ਜਿਨ੍ਹਾਂ ਦੇ ਅੰਦਰ **“ਸਤ ਗੁਣ”** ਪ੍ਰਧਾਨ ਹੁੰਦਾ ਹੈ ਭਾਵ ਸੱਚਾਈ ਨੂੰ ਜਾਨਣ ਦਾ

ਤੇ ਸੱਚ ਤੇ ਚੱਲਣ ਦਾ ਗੁਣ ਪ੍ਰਬਲ ਹੁੰਦਾ ਹੈ ਉਹ ਭੰਡਾਰੀ ਦੇ ਨਾਲ ਭਾਵ ਪ੍ਰਮਾਤਮਾ ਦੇ ਨਾਲ ਜੁੜਨਾ ਚਾਹੁੰਦੇ ਹਨ ਭਾਵ ਉਸਨੂੰ ਜਾਣਨਾ ਚਾਹੁੰਦੇ ਹਨ। ਮਾਇਆ ਵਾਲੀ ਜੁਗਤਿ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਆਪਣੇ ਅੰਦਰੋਂ ਸੱਚ ਝੂਠ ਦੀ ਸਮਝ ਪੈਂਦੀ ਰਹਿੰਦੀ ਹੈ, ਚੰਗੇ ਕਰਮ ਕੀ ਹਨ ਤੇ ਮਾੜੇ ਕਰਮ ਕੀ ਹਨ ਇਸ ਗੱਲ ਦੀ ਸਮਝ ਪੈਂਦੀ ਰਹਿੰਦੀ ਹੈ। ਭੰਡਾਰੀ ਨੂੰ ਜਾਨਣ ਦੇ ਮਾਰਗ ਤੇ ਚੱਲਣ ਲਈ ਕੇਵਲ ਤੇ ਕੇਵਲ ਸੱਚ ਤੇ ਚੱਲਣ ਦੀ ਲੋੜ ਹੁੰਦੀ ਹੈ ਤੇ ਮਾਇਆ ਦੇ ਬਾਕੀ ਗੁਣ ਛੱਡਣੇ ਪੈਂਦੇ ਹਨ ਭਾਵ ਰਜ ਗੁਣ, ਤਮ ਗੁਣ, ਛੱਡਣੇ ਪੈਂਦੇ ਹਨ ਭਾਵ ਮਾਇਆ ਮੋਹ ਛੱਡਣਾ ਪੈਂਦਾ ਹੈ, ਆਪਣਾ ਮਾਨ ਅਭਿਮਾਨ ਛੱਡਣਾ ਪੈਂਦਾ ਹੈ ਜਿਸ ਕਰਕੇ ਮਨੁੱਖ ਸੱਚ ਦੇ ਮਾਰਗ ਨੂੰ ਜਾਣਕੇ ਵੀ, ਸਮਝਕੇ ਵੀ ਉਸ ਤੇ ਚੱਲ ਨਹੀਂ ਸਕਦਾ ਭਾਵ ਮਨ ਦੇ ਵਿੱਚ ਪ੍ਰਬਲ ਇੱਛਾ ਹੁੰਦੇ ਹੋਏ ਵੀ ਗੁਰੂ ਪ੍ਰਮਾਤਮਾ ਦੇ ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲ ਨਹੀਂ ਸਕਦਾ ਜਿਸ ਲਈ ਉਸਦੀ ਇੱਛਾ ਜਰੂਰ ਹੁੰਦੀ ਹੈ। **(ਇਕੁ ਭੰਡਾਰੀ)**

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥}

(ਅੰਗ ੧੩੭੬)

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬)

{ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ ੪੬੮)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ ੬੫)

{ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥ ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥ ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥
ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

{ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥
ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥
ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥
ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਨੁ ਕਹੈ ॥
ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਨੁ ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਨੁ ॥੧॥}

(ਅੰਗ ੯੫੨)

{ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥ ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥
ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥ ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥
ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ॥ ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥
ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥ ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥
ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥ ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥
ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥ ਗਣਤ ਗਣੀਐ ਸਹਸਾ ਦੁਖੁ ਜੀਐ ॥
ਗੁਰ ਕੀ ਸਰਣਿ ਪਵੈ ਸੁਖੁ ਥੀਐ ॥ ਕਰਿ ਅਪਰਾਧ ਸਰਣਿ ਹਮ ਆਇਆ ॥
ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥ ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥
ਭਰਮਿ ਭੁਲਾਈਐ ਜਨਮਿ ਮਰਿ ਆਈਐ॥ ਜਮ ਦਰਿ ਬਾਧਉ ਮਰੈ ਬਿਕਾਰੁ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ॥੬॥
ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥ ਜਿਸੁ ਗੁਰ ਪਰਸਾਦੀ ਨਾਮੁ ਅਧਾਰੁ॥
ਕੋਟਿ ਮਧੇ ਕੋ ਜਨੁ ਆਪਾਰੁ ॥੭॥ ਏਕੁ ਬੁਰਾ ਭਲਾ ਸਚੁ ਏਕੈ ॥ ਬੂਝੁ ਗਿਆਨੀ ਸਤਗੁਰ ਕੀ ਟੇਕੈ ॥
ਗੁਰਮੁਖਿ ਵਿਰਲੀ ਏਕੋ ਜਾਣਿਆ ॥ ਆਵਣੁ ਜਾਣਾ ਮੇਟਿ ਸਮਾਣਿਆ ॥੮॥ ਜਿਨ ਕੈ ਹਿਰਦੈ ਏਕੰਕਾਰੁ ॥
ਸਰਬ ਗੁਣੀ ਸਾਚਾ ਬੀਚਾਰੁ ॥ ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥੯॥੪॥}

(ਅੰਗ ੯੦੪-੯੦੫)

{ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥
ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥}

(ਅੰਗ ੩੫੫)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥}

(ਅੰਗ ੧੪੦)

{ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥
ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥ ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥
ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥ ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥}

(ਅੰਗ ੧੦੪੦-੧੦੪੧)

{ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥}

(ਅੰਗ ੩੩)

ਉਪਰ ਅਸੀਂ ਤਮ ਗੁਣ ਤੇ ਸਤ ਗੁਣ ਬਾਰੇ ਸਮਝਿਆ ਹੈ ਜਿਨ੍ਹਾਂ ਦਾ ਮਕਸਦ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਹੈ ਭਾਵ ਸਾਡੇ ਮਨ ਦੇ ਸੁਭਾਉ ਦੇ ਨਾਲ ਹੈ। ਮਨੁੱਖ ਦੀ ਸਮਾਜ ਦੇ ਵਿੱਚ ਆਪਣੀ ਸੰਸਾਰਿਕ ਵਿਚਰਨ ਮਨੁੱਖ ਦੇ ਸੁਭਾਉ ਦੁਆਰਾ ਹੀ ਤਹਿ ਹੁੰਦੀ ਹੈ ਕਿ ਮਨੁੱਖ ਨੂੰ ਕੀ ਕੁਝ ਕਰਨਾ ਚੰਗਾ ਲੱਗਦਾ ਹੈ। ਸੁਭਾਉ ਹਰ ਮਨੁੱਖ ਦਾ ਵੱਖਰਾ ਵੱਖਰਾ ਹੁੰਦਾ ਹੈ ਜੋ ਕਿ ਸਾਡੇ ਮਨ ਦੇ ਵਿੱਚੋਂ ਮਾਇਆ ਵਾਲੇ ਗੁਣਾਂ ਦੀ ਉਪਜ ਹੀ ਹੁੰਦੀ ਹੈ ਜਿਸ ਦੁਆਰਾ ਸਾਡੇ ਅੰਦਰ ਅਨੇਕਾਂ ਹੀ ਅਨੇਕਾਂ ਵਿਚਾਰ ਉਪਜਦੇ ਰਹਿੰਦੇ ਹਨ ਤੇ ਮਨੁੱਖੀ ਸੁਭਾਉ ਵੀ ਉਹਨਾਂ ਅਨੁਸਾਰ ਹੀ ਬਣਦਾ ਹੈ ਭਾਵ ਬਦਲਦਾ ਵੀ ਹੈ ਭਾਵ ਸਾਡੇ ਅੰਦਰ ਦੇ ਗੁਣ, ਮਾਇਆ ਦੇ ਗੁਣ ਸਾਡੇ ਸੁਭਾਉ ਨੂੰ ਬਣਾਉਂਦੇ ਵੀ ਰਹਿੰਦੇ ਹਨ ਤੇ ਬਦਲਦੇ ਵੀ ਰਹਿੰਦੇ ਹਨ ਭਾਵ ਸਭ ਕੁਝ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ

49/6823

ਹੋਇਆ ਹੈ ਤੇ ਇਹ ਸਮਝ ਮਨੁੱਖ ਦੇ ਵੱਸ ਨਹੀਂ ਹੈ। ਇਹ ਸਾਡੇ ਅੰਦਰ ਮਾਇਆ ਦੀ ਜੁਗਤਿ ਹੀ ਵਰਤ ਰਹੀ ਹੈ ਜੋ ਜੁਗਤਿ ਸਾਡੇ ਅੰਦਰ ਪ੍ਰਮਾਤਮਾ ਨੇ ਆਪ ਹੀ ਪਾਈ ਹੋਈ ਹੈ ਜੋ ਮਨ ਦੀ ਮਾਇਆ ਦਾ ਮਾਲਕ ਹੈ ਤੇ ਮਾਇਆ ਉਸਦੀ ਚੇਲੀ ਹੈ। ਮਾਇਆ ਦਾ ਤੀਸਰਾ ਗੁਣ ਸਾਡੇ ਅੰਦਰ ਕਿਸ ਰੂਪ ਵਿੱਚ ਵਰਤਦਾ ਹੈ ਭਾਵ **"ਰਜ ਗੁਣ"** ਸਾਡੇ ਅੰਦਰ, ਸਾਰੇ ਸੰਸਾਰੀ ਮਨੁੱਖਾਂ ਦੇ ਅੰਦਰ ਕਿਸ ਰੂਪ ਵਿੱਚ ਵਰਤਦਾ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ।

"ਇਕੁ ਲਾਏ ਦੀਬਾਨੁ ॥"

ਦੀਬਾਣ ਲਗਾਉਂਣ ਵਾਲੇ ਉਹ ਹੁੰਦੇ ਹਨ ਜੋ ਆਪਣੇ ਆਪ ਨੂੰ ਉੱਚਾ ਸਾਬਿਤ ਕਰਨਾ ਚਾਹੁੰਦੇ ਹਨ, ਵੱਡਾ ਅਖਵਾਉਂਣਾ ਚਾਹੁੰਦੇ ਹਨ। ਕੋਈ ਕਿਸ ਤਰੀਕੇ ਆਪਣੇ ਆਪ ਨੂੰ ਉੱਚਾ ਦਿਖਾਉਂਣਾ ਚਾਹੁੰਦਾ ਹੈ ਤੇ ਕੋਈ ਕਿਸੇ ਤਰੀਕੇ ਆਪਣਾ ਮਾਣ ਉੱਚਾ ਕਰਨਾ ਚਾਹੁੰਦਾ ਹੈ। ਆਪਣੇ ਆਪ ਨੂੰ ਉੱਚਾ ਕਰਨ ਦੇ ਅਨੇਕਾਂ ਹੀ ਅਨੇਕਾਂ ਤਰੀਕੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ, ਸਾਰੇ ਸੰਸਾਰ ਵਿੱਚ ਦੇਖਿਆ ਜਾ ਸਕਦਾ ਹੈ। ਇਹ ਸਾਡੇ ਅੰਦਰ ਮਨ ਦੀ ਇੱਛਾ ਹੀ ਹੈ ਕਿ ਮੈਂ ਉੱਚਾ ਅਖਵਾਵਾਂ ਤੇ ਮੈਨੂੰ ਸਭ ਪਾਸਿਉਂ ਉੱਚਾ ਮਾਣ ਮਿਲੇ। ਜਿਸਦੇ ਅੰਦਰ ਇਹ ਇੱਛਾ ਭਾਵ ਰਜ ਗੁਣ ਜਿਤਨਾ ਜਿਆਦਾ ਪ੍ਰਬਲ ਹੁੰਦਾ ਹੈ ਉਹ ਉਤਨਾ ਹੀ ਆਪਣੇ ਆਪ ਨੂੰ ਉੱਚਾ ਅਖਵਾਉਂਣਾ ਚਾਹੁੰਦਾ ਹੈ। ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਉਂਣਾ ਵੀ ਸਾਡੇ ਅੰਦਰ ਦੀ ਇੱਕ ਪ੍ਰਬਲ ਇੱਛਾ ਹੀ ਹੈ, ਉੱਚਾ ਮਾਣ ਲੈਣ ਦੀ ਇੱਕ ਇੱਛਾ ਹੀ ਹੈ ਭਾਵ ਸਾਡੇ ਅੰਦਰ ਦਾ ਰਜ ਗੁਣ ਹੈ। ਜੋ ਸਭ ਤੋਂ ਜਿਆਦਾ ਮਾਣ ਭਾਲਦਾ ਹੈ ਉਹ ਰਾਜਾ ਬਣਨਾ ਚਾਹੁੰਦਾ ਹੈ ਤੇ ਇਸੇ ਤਰ੍ਹਾਂ ਕੋਈ ਕਿਸ ਤਰੀਕੇ ਆਪਣੇ ਆਪ ਨੂੰ ਉੱਚਾ ਕਰਨਾ ਚਾਹੁੰਦਾ ਹੈ, ਕੋਈ ਕਿਸ ਤਰੀਕੇ ਉੱਚਾ ਬਣਨਾ ਚਾਹੁੰਦਾ ਹੈ। ਮਨੁੱਖ ਵੱਧ ਤੋਂ ਵੱਧ ਮਾਇਆ ਇਕੱਠੀ ਆਪਣਾ ਮਾਣ ਉੱਚਾ ਕਰਨ ਲਈ ਹੀ ਕਰਦਾ ਹੈ। **(ਇਕੁ ਲਾਏ ਦੀਬਾਨੁ ॥)**

{ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥
ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥ ਵਿਚਿ ਹਉਮੈ ਸੇਵਾ ਥਾਇ ਨ ਪਾਏ ॥
ਜਨਮਿ ਮਰੈ ਫਿਰਿ ਆਵੈ ਜਾਏ ॥ ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ ॥੧੧॥
ਹਉ ਕਿਆ ਗੁਣ ਤੇਰੇ ਆਖਾ ਸੁਆਮੀ ॥ ਤੂ ਸਰਬ ਜੀਆ ਕਾ ਅੰਤਰਜਾਮੀ ॥
ਹਉ ਮਾਗਉ ਦਾਨੁ ਤੁਝੈ ਪਹਿ ਕਰਤੇ ਹਰਿ ਅਨਦਿਨੁ ਨਾਮੁ ਵਖਾਣੀ ਹੇ ॥੧੨॥
ਕਿਸ ਹੀ ਜੋਰੁ ਅਹੰਕਾਰ ਬੋਲਣ ਕਾ ॥ ਕਿਸ ਹੀ ਜੋਰੁ ਦੀਬਾਨ ਮਾਇਆ ਕਾ ॥
ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥੧੩॥
ਨਿਮਾਣੇ ਮਾਣੁ ਕਰਹਿ ਤੁਧੁ ਭਾਵੈ ॥ ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥
ਜਿਨ ਕਾ ਪਖੁ ਕਰਹਿ ਤੂ ਸੁਆਮੀ ਤਿਨ ਕੀ ਊਪਰਿ ਗਲ ਤੁਧੁ ਆਣੀ ਹੇ ॥੧੪॥
ਹਰਿ ਹਰਿ ਨਾਮੁ ਜਿਨੀ ਸਦਾ ਧਿਆਇਆ ॥ ਤਿਨੀ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ਬਿਨੁ ਸੇਵਾ ਪਛੋਤਾਣੀ ਹੇ ॥੧੫॥
ਤੂ ਸਭ ਮਹਿ ਵਰਤਹਿ ਹਰਿ ਜਗੰਨਾਥੁ ॥ ਸੋ ਹਰਿ ਜਪੈ ਜਿਸੁ ਗੁਰ ਮਸਤਕਿ ਹਾਥੁ ॥
ਹਰਿ ਕੀ ਸਰਣਿ ਪਇਆ ਹਰਿ ਜਾਪੀ ਜਨੁ ਨਾਨਕੁ ਦਾਸੁ ਦਸਾਣੀ ਹੇ ॥੧੬॥੨॥}

(ਅੰਗ ੧੦੭੦-੧੦੭੧)

{ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥
ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥}

(ਅੰਗ ੧੩੭੨)

{ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥}

(ਅੰਗ ੨੧੯)

{ਪ੍ਰਿਅ ਕੀ ਪ੍ਰੀਤਿ ਪਿਆਰੀ ॥ ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ ॥ ਰਹਾਉ ॥
ਓਇ ਦਿਨ ਪਹਰ ਮੂਰਤ ਪਲ ਕੈਸੇ ਓਇ ਪਲ ਘਰੀ ਕਿਹਾਰੀ ॥
ਖੂਲੇ ਕਪਟ ਧਪਟ ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ ॥੧॥
ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ ॥
ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ ॥੨॥੩॥੫॥}

(ਅੰਗ ੧੧੨੦)

49/6824

{ਮਾਨ ਮੋਹ ਖੋਏ ਗੁਰਿ ਭਰਮ ॥ ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੯੧॥੧੫੦॥}

(ਅੰਗ ੧੯੬)

{ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥
ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥}

(ਅੰਗ ੧੩੭੨)

{ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ ਹਾਂ ਹਾਂ ਮਨ ਚਰਨ ਰੇਨ ॥੧॥ ਰਹਾਉ ॥
ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ ॥੧॥
ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ ॥ ਕ੍ਰਿਪਾਲ ਦਇਆ ਮਇਆ ਧਾਰਿ॥
ਨਾਨਕੁ ਮਾਗੈ ਨਾਮੁ ਦਾਨੁ ॥ ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥}

(ਅੰਗ ੧੩੦੫)

{ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥ ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥੧॥
ਠਾਕੁਰੁ ਸਰਬੇ ਸਮਾਣਾ ॥ ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ ॥੧॥ ਰਹਾਉ ॥
ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥
ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥ ਸੰਤਨ ਕੀ ਰੇਨੁ ਨਾਨਕ ਦਾਨੁ ਪਾਇਆ ॥੪॥੨੬॥੯੬॥}

(ਅੰਗ ੫੧)

{ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ ॥
ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ ॥੩॥
ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ ॥
ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ ॥੪॥੧॥੧੫॥}

(ਅੰਗ ੧੨੦੭)

{ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥ ਤਿਆਗਿ ਮਾਨੁ ਝੂਠੁ ਅਭਿਮਾਨੁ ॥
ਜੀਵਤ ਮਰਹਿ ਦਰਗਹ ਪਰਵਾਨੁ ॥੩॥}

(ਅੰਗ ੧੭੬)

{ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥ ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥
ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥
ਸਖੀ ਸਹੇਲੀ ਕਉ ਸਮਝਾਵੈ ॥ ਸੋਈ ਕਮਾਵੈ ਜੋ ਪ੍ਰਭ ਭਾਵੈ ॥ ਸਾ ਸੋਹਾਗਣਿ ਅੰਕਿ ਸਮਾਵੈ ॥੨॥
ਗਰਬਿ ਗਹੇਲੀ ਮਹਲੁ ਨ ਪਾਵੈ ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥
ਕਰਮਹੀਣਿ ਮਨਮੁਖਿ ਦੁਖੁ ਪਾਵੈ ॥੩॥ ਬਿਨਉ ਕਰੀ ਜੇ ਜਾਣਾ ਦੂਰਿ ॥
ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥ ਜਨੁ ਨਾਨਕੁ ਗਾਵੈ ਦੇਖਿ ਹਦੂਰਿ ॥੪॥੩॥}

(ਅੰਗ ੭੩੭)

{ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥
ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥}

(ਅੰਗ ੧੪੧)

{ਆਠ ਪਹਰ ਹਰਿ ਕੇ ਗੁਣ ਗਾਉ ॥ ਜੀਅ ਪ੍ਰਾਨ ਕੋ ਇਹੈ ਸੁਆਉ ॥
ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥ ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ॥੨॥}

(ਅੰਗ ੮੬੬)

{ਅਵਿਗਤ ਸਿਉ ਮਾਨਿਆ ਮਾਨੋ ॥ ਗੁਰਮੁਖਿ ਤਤੁ ਗਿਆਨੋ ॥
ਪੇਖਤ ਸਗਲ ਧਿਆਨੋ ॥ ਤਜਿਓ ਮਨ ਤੇ ਅਭਿਮਾਨੋ ॥੨॥}

(ਅੰਗ ੧੦੦੬)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥

ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

{ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥}

(ਅੰਗ ੨੧੯)

ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ ਮਾਇਆ ਦੀ ਜੁਗਤਿ ਪੂਰੇ ਸੰਸਾਰ ਦੇ ਮਨੁੱਖਾਂ ਦੇ ਅੰਦਰ ਕਿਸ ਤਰੀਕੇ ਵਰਤਦੀ ਹੈ ਜੋ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਸਭ ਦੇ ਅੰਦਰ ਵਰਤ ਰਹੀ ਹੈ ਜੋ ਉਸਦੀ ਮਾਇਆ ਦੀ ਜੁਗਤਿ ਮਨੁੱਖੀ ਸਮਝ ਨੂੰ ਉਸ ਤਰੀਕੇ ਚਲਾਉਂਦੀ ਹੈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ। ਮੁੱਖ ਸ਼ਬਦ ਦੀ ਤੀਸਰੀ ਪੰਗਤੀ ਰਾਹੀਂ ਸਾਨੂੰ ਇਹੀ ਕੁਝ ਸਮਝਾਇਆ ਹੋਇਆ ਹੈ। ਮੁੱਖ ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਾਡੇ ਅੰਦਰ ਵਰਤ ਰਹੀ, ਸਭ ਦੇ ਅੰਦਰ ਵਰਤ ਰਹੀ ਮਾਇਆ ਦੀ ਜੁਗਤਿ ਹੀ ਸਮਝਾਈ ਹੈ। **(ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥)** ਅਸੀਂ ਬਾਰ-ਬਾਰ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ। ਸਭ ਦੇ ਅੰਦਰ ਪ੍ਰਮਾਤਮਾ ਦਾ ਹੁਕਮ ਉਸਦੀ ਮਾਇਆ ਦੀ ਜੁਗਤਿ ਦੁਆਰਾ ਹੀ ਵਰਤ ਰਿਹਾ ਹੈ ਜੋ ਮਾਇਆ ਦੀ ਜੁਗਤਿ ਸਭ ਦੇ ਅੰਦਰ ਉਸਦੀ ਆਪਣੀ ਹੀ ਪਾਈ ਹੋਈ ਹੈ ਜਿਸ ਜੁਗਤਿ ਦੁਆਰਾ ਉਹ ਹਰ ਮਨੁੱਖੀ ਸਮਝ ਨੂੰ

ਆਪਣੇ ਵੱਸ ਵਿੱਚ ਰੱਖਦਾ ਹੈ ਜਿਸ ਜੁਗਤਿ ਨੂੰ ਭਾਵ ਮਾਇਆ ਦੀ ਜੁਗਤਿ ਨੂੰ ਭਾਵ ਤ੍ਰੈ ਗੁਣਾਂ ਵਾਲੀ ਮਨ ਦੀ ਅਵਸਥਾ ਨੂੰ ਭਾਵ ਆਪਣੇ ਅੰਦਰ ਦੀ ਹਉਮੈ ਵਾਲੀ ਅਵਸਥਾ ਨੂੰ ਆਪਣੇ ਆਪ ਕੋਈ ਸਮਝਾ ਨਹੀਂ ਸਕਦਾ ਭਾਵ ਆਪਣੇ ਆਪ ਕੋਈ ਆਪਣੇ ਅੰਦਰੋਂ ਮਨ ਦੀ ਸਮਝ ਦੇ ਮਾਲਕ ਨੂੰ ਕੋਈ ਜਾਣ ਨਹੀਂ ਸਕਦਾ ਕਿਉਂਕਿ ਪ੍ਰਮਾਤਮਾ ਨੇ ਸਭ ਦੇ ਅੰਦਰ ਇਹ ਮਾਇਆ ਦੀ ਜੁਗਤਿ ਪਾਈ ਹੀ ਇਸ ਲਈ ਹੋਈ ਹੈ ਤਾਂ ਕਿ ਕੋਈ ਉਸਨੂੰ ਆਪਣੇ ਆਪ ਆਪਣੀ ਮਰਜੀ ਦੁਆਰਾ ਕੋਈ ਜਾਣ ਹੀ ਨਾ ਸਕੇ ਭਾਵ ਹਰ ਕੋਈ ਭਰਮਾਂ ਵਾਲੀ ਸਮਝ ਵਿੱਚ ਹੀ ਰਹੇ ਤੇ ਆਪਣੇ ਆਪ ਨੂੰ ਪ੍ਰਮਾਤਮਾ ਨਾਲੋਂ ਵੱਖਰਾ ਹੀ ਸਮਝੇ ਕਿ ਪ੍ਰਮਾਤਮਾ ਕੀ ਹੈ ਭਾਵ ਇਸ ਗੱਲ ਨੂੰ ਕੋਈ ਨਾ ਜਾਣ ਸਕੇ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦੀ ਰਜਾ ਬਿਨਾਂ ਕੋਈ ਪ੍ਰਮਾਤਮਾ ਨੂੰ ਆਪਣੇ ਆਪ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ, ਉਸਦਾ ਪਸਾਰਾ ਕਿਤਨਾ ਕੁ ਵੱਡਾ ਹੈ ਜੋ ਆਪ ਹੀ ਸਾਰੀ ਸ੍ਰਿਸ਼ਟੀ ਦੇ ਹਰ ਰੂਪ ਦਾ ਰਚਨਕਾਰ ਹੈ।

"ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਨੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥"

ਉਪਰ ਪੰਗਤੀਆਂ ਵਿੱਚ ਸਾਡੇ ਅੰਦਰ ਆਪਣੀ ਮਾਇਆ ਦੀ ਜੁਗਤਿ ਕਿਸ ਤਰੀਕੇ ਵਰਤਾਉਂਦਾ ਹੈ, ਇਹੀ ਗੱਲ ਸਮਝਾਈ ਹੋਈ ਹੈ। ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਸਭ ਦੇ ਅੰਦਰ ਹੁਕਮ ਪ੍ਰਮਾਤਮਾ ਦਾ ਹੀ ਵਰਤਦਾ ਹੈ ਤੇ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਸਭ ਦੇ ਅੰਦਰ ਪ੍ਰਮਾਤਮਾ ਦਾ ਫੁਰਮਾਨ ਕਿਸ ਤਰੀਕੇ ਵਰਤਦਾ ਹੈ ਜੋ ਉਸਦਾ ਫੁਰਮਾਨ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਵਰਤਦਾ ਹੈ। ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ, ਮਨ ਦੇ ਵਿਚਾਰਾਂ ਰਾਹੀਂ ਹੀ ਕਰਦਾ ਹੈ। ਸਾਡੀ ਸਮਝ ਦੇ ਅੰਦਰ ਭਾਵ ਮਨ ਦੇ ਅੰਦਰ ਭਾਵ ਮਨ ਰੂਪ ਜੋਤਿ ਦੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਉਹ ਪ੍ਰਮਾਤਮਾ ਦਾ ਸਾਡੇ ਸਭ ਲਈ ਫੁਰਮਾਨ ਹੀ ਹੁੰਦਾ ਹੈ, ਉਸਦਾ ਹੁਕਮ ਹੀ ਹੁੰਦਾ ਹੈ। ਜੋ ਉਸਨੂੰ ਕਿਸੇ ਦੇ ਅੰਦਰ ਭਾਵ ਕਿਸੇ ਦੀ ਸਮਝ ਦੇ ਅੰਦਰ ਫੁਰਮਾਨ ਪਾਉਂਣਾ ਚੰਗਾ ਲੱਗਦਾ ਹੈ ਭਾਵ ਜੋ ਉਸਨੂੰ ਭਾਉਂਦਾ ਹੈ ਉਸਨੂੰ ਉਹੋ ਜਿਹੀ ਸਮਝ ਹੀ ਪਾਉਂਦਾ ਹੈ ਜਿਸ ਦੁਆਰਾ ਉਸ ਮਨੁੱਖੀ ਸਰੀਰ ਨੂੰ ਚਲਾਉਂਦਾ ਹੈ ਭਾਵ ਆਪਣੀ ਮਰਜੀ ਅਨੁਸਾਰ ਹੀ ਉਹ ਹਰ ਮਨੁੱਖੀ ਸਰੀਰ ਨੂੰ ਚਲਾਉਂਦਾ ਹੈ ਭਾਵ ਉਸ ਕੋਲੋਂ ਜਿਹੋ ਜਿਹੇ ਚਾਹੇ ਉਹੋ ਜਿਹੇ ਕਰਮ ਕਰਾਉਂਦਾ ਹੈ। ਮਨ ਦੇ

ਵਿੱਚ ਚੰਗੀ ਸਮਝ ਪਾ ਕੇ ਉਹ ਚੰਗੇ ਕਰਮ ਕਰਾਉਂਦਾ ਹੈ ਤੇ ਮਾੜੀ ਸਮਝ ਪਾ ਕੇ ਮਾੜੇ ਕਰਮ ਕਰਾਉਂਦਾ ਹੈ ਭਾਵ ਆਪਣੀ ਮਾਇਆ ਦੇ ਤ੍ਰੈ ਗੁਣਾਂ ਅਨੁਸਾਰ ਹੀ ਸਭ ਨੂੰ ਚਲਾਉਂਦਾ ਹੈ। **(ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਨੁ ॥)**

ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਸੰਸਾਰ ਦੇ ਹਰ ਮਨੁੱਖੀ ਰੂਪ ਦੇ ਵਿੱਚ ਇੱਕੋ ਤਰੀਕੇ ਨਾਲ ਹੀ ਵਰਤ ਰਹੀ ਹੈ ਤੇ ਇੱਕੋ ਮਕਸਦ ਲਈ ਹੀ ਵਰਤ ਰਹੀ ਹੈ। ਅਗਲੀ ਪੰਗਤੀ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਹਰ ਮਨੁੱਖੀ ਸਮਝ ਨੂੰ ਆਪ ਹੀ ਚਲਾ ਰਿਹਾ ਹੈ ਜਿਸ ਦੁਆਰਾ ਉਹ ਹਰ ਮਨੁੱਖ ਦੀ ਸੰਭਾਲ ਕਰ ਰਿਹਾ ਹੈ ਪਰ ਉਸਨੂੰ ਕੋਈ ਆਪਣੇ ਆਪ ਸਮਝ ਨਹੀਂ ਸਕਦਾ।

“ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥”

ਉਪਰ ਪੰਗਤੀ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਸਭ ਨੂੰ ਵੇਖ ਰਿਹਾ ਹੈ ਭਾਵ ਸਭ ਨੂੰ ਆਪਣੀ ਮਰਜੀ ਅਨੁਸਾਰ ਚਲਾ ਰਿਹਾ ਹੈ ਪਰ ਜਿਨ੍ਹਾਂ ਨੂੰ ਉਹ ਵੇਖ ਰਿਹਾ ਹੈ ਉਹ ਇਸ ਗੱਲ ਨੂੰ ਸਮਝ ਨਹੀਂ ਸਕਦੇ ਕਿਉਂਕਿ ਪ੍ਰਮਾਤਮਾ ਦਾ ਇਹ ਆਪਣਾ ਰੱਚਿਆ ਹੋਇਆ ਬਹੁਤ ਵੱਡਾ ਕੌਤਕ ਹੈ, ਉਸਦੀ ਇੱਕ ਬਹੁਤ ਵੱਡੀ ਅਸਚਰਜ ਭਰੀ ਖੇਡ ਹੈ ਜਿਸਨੂੰ ਕੋਈ ਆਪਣੇ ਆਪ ਸਮਝ ਲਵੇ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁਕਮ ਨੂੰ ਬੁੱਝ ਲਵੇ ਇਹ ਨਾਮੁਮਕਿਨ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਹਰ ਮਨੁੱਖ ਨੂੰ ਇਹ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ। ਸਾਨੂੰ ਬਾਣੀ ਰਾਹੀਂ ਬਾਰ-ਬਾਰ ਸਮਝਾਇਆ ਹੋਇਆ ਹੈ, ਅਨੇਕਾਂ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਕਿ ਮਨੁੱਖੀ ਸਮਝ ਮਨੁੱਖ ਦੀ ਆਪਣੀ ਨਹੀਂ ਹੈ ਜੋ ਗੱਲ ਸੰਸਾਰ ਦੇ ਹਰ ਮਨੁੱਖ ਤੇ ਇੱਕੋ ਜਿਹੀ ਲਾਗੂ ਹੁੰਦੀ ਹੈ ਪਰ ਫਿਰ ਵੀ ਸੰਸਾਰ ਦਾ ਕੋਈ ਮਨੁੱਖ ਇਸ ਗੱਲ ਤੇ ਵਿਸ਼ਵਾਸ ਨਹੀਂ ਕਰਦਾ ਕਿ ਮੇਰੇ ਅੰਦਰ ਦੀ ਸਮਝ ਮੇਰੀ ਨਹੀਂ ਹੈ। ਹੁਣ ਗੁਰੂ ਤਾਂ ਕਦੇ ਗਲਤ ਹੋ ਨਹੀਂ ਸਕਦਾ ਤੇ ਜੇਕਰ ਕੋਈ ਵੀ ਇਹ ਕਹੇ ਕਿ ਮੇਰੇ ਅੰਦਰ ਦੀ ਸਮਝ ਮੇਰੀ ਹੈ ਫਿਰ ਗੁਰੂ ਦਾ ਕਿਹਾ ਹੋਇਆ ਸੱਚ ਕਿਸੇ ਲੇਖੇ ਭਾਵ ਜੇਕਰ ਅਸੀਂ ਇਸ ਗੱਲ ਵੱਲੋਂ ਆਪਣੇ ਆਪ ਨੂੰ ਸੱਚੇ ਮੰਨੀਏ ਕਿ ਇਹ ਸਮਝ ਮੇਰੀ ਹੈ ਤੇ ਇਹ ਸਰੀਰ ਵੀ ਮੇਰਾ ਹੈ ਫਿਰ ਅਸੀਂ ਗੁਰੂ ਦੀ ਗੱਲ ਨੂੰ ਝੂਠੀ ਹੀ ਸਾਬਿਤ ਕਰਦੇ ਹਾਂ ਜਿਸ ਤੋਂ ਵੱਡੀ ਹੈਰਾਨੀ ਵਾਲੀ ਗੱਲ ਭਾਵ ਅਸਚਰਜਤਾ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ। ਗੁਰੂ ਦੀ ਗੱਲ ਤੇ ਵਿਸ਼ਵਾਸ ਨਾ ਆਉਂਣਾ ਹੀ ਅਸਚਰਜਤਾ ਹੈ ਇਹ ਬਹੁਤ

ਉੱਚਾ ਵਿਡਾਣ ਹੈ, ਸੰਸਾਰ ਦੇ ਹਰ ਪ੍ਰਾਣੀ ਲਈ ਇਹ ਵੱਡੀ ਅਸਚਰਜਤਾ ਹੈ ਕਿ ਉਹ ਕਹਿ ਸਕੇ ਮੇਰੇ ਰੂਪ ਵਿੱਚ ਆਪ ਪ੍ਰਮਾਤਮਾ ਹੈ। ਸਾਡੇ ਅੰਦਰ ਇਹ ਅਸਚਰਜਤਾ ਵਾਲੀ ਸਮਝ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ, ਸਭ ਦੇ ਅੰਦਰ ਇੱਕੋ ਜਿਹੇ ਤਰੀਕੇ ਨਾਲ ਪਾਈ ਹੋਈ ਹੈ ਭਾਵ ਆਪਣੀ ਮਾਇਆ ਦੀ ਜੁਗਤਿ ਦੁਆਰਾ ਪਾਈ ਹੋਈ ਹੈ, ਤ੍ਰੈ ਗੁਣਾਂ ਵਾਲੀ ਸਮਝ ਦੁਆਰਾ ਪਾਈ ਹੋਈ ਹੈ, ਮਨ ਦੀ ਹਉਮੈ ਦੁਆਰਾ ਪਾਈ ਹੋਈ ਹੈ ਜਿਸਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਇਹ ਝੂਠਾ ਵਿਸ਼ਵਾਸ ਦਿਵਾਉਣਾ ਹੈ ਕਿ ਇਹ ਮਨੁੱਖੀ ਸਰੀਰ ਵੀ ਮੇਰਾ ਹੈ ਤੇ ਮੇਰੇ ਅੰਦਰ ਦੀ ਸਮਝ ਵੀ ਮੇਰੀ ਹੈ। ਸਾਡੇ ਅੰਦਰ ਦਾ ਇਹ ਝੂਠਾ ਵਿਸ਼ਵਾਸ ਹੀ ਸਾਨੂੰ ਗੁਰੂ ਦੀ ਸੱਚੀ ਸਮਝ ਤੇ ਵਿਸ਼ਵਾਸ ਨਹੀਂ ਆਉਂਣ ਦਿੰਦਾ ਭਾਵੇਂ ਗੁਰੂ ਸਾਨੂੰ ਸ਼ਬਦਾਂ ਰਾਹੀਂ ਬਾਰ-ਬਾਰ ਸਪਸ਼ਟ ਤਰੀਕੇ ਨਾਲ ਸਮਝਾਉਂਦਾ ਹੈ, ਬਿਲਕੁਲ ਸੱਚ ਸਮਝਾਉਂਦਾ ਹੈ ਕਿ ਇਹ ਮਨੁੱਖੀ ਸਰੀਰ ਮਨੁੱਖ ਦਾ ਆਪਣਾ ਨਹੀਂ ਹੈ ਪਰ ਮਨ ਦੀ ਨਾਸਮਝੀ ਭਾਵ ਮਨ ਦੀ ਮਾਇਆ ਕਿਸੇ ਵੀ ਮਨੁੱਖ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਪੈਣ ਦਿੰਦੀ ਭਾਵ ਪ੍ਰਮਾਤਮਾ ਆਪ ਹੀ ਆਪਣੀ ਜੁਗਤਿ ਦੁਆਰਾ ਕਿਸੇ ਨੂੰ ਇਹ ਸਮਝ ਨਹੀਂ ਪੈਣ ਦੇਣੀ ਚਾਹੁੰਦਾ ਕਿ ਸਭ ਕੁਝ ਮੈਂ ਹੀ ਹਾਂ, ਹਰ ਰੂਪ ਵਿੱਚ ਮੈਂ ਹੀ ਹਾਂ, ਸਾਰੀ ਸ੍ਰਿਸ਼ਟੀ ਨੂੰ ਮੈਂ ਆਪ ਹੀ ਬਣਾਇਆ ਹੈ ਤੇ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਕਿਸੇ ਨੂੰ ਮਨ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਇਹ ਵਿਸ਼ਵਾਸ ਦਿਵਾਏ ਕਿ ਮੈਂ ਸਭ ਦੇ ਅੰਦਰ ਕਿਸ ਰੂਪ ਵਿੱਚ ਹਾਂ। ਜਿਸਦੇ ਅੰਦਰ ਵੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜੋ ਕਿ ਉਸਦਾ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੈ ਤੇ ਤਾਂ ਹੀ ਕਿਸੇ ਨੂੰ ਵਿਸ਼ਵਾਸ ਆਉਂਦਾ ਹੈ ਕਿ ਇਹ ਮਾਇਆ ਦੀ ਜੁਗਤਿ ਕੀ ਹੈ ਤੇ ਇਸ ਜੁਗਤਿ ਦਾ ਮਕਸਦ ਕੀ ਹੈ ਜਿਸ ਜੁਗਤਿ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ, ਸ੍ਰਿਸ਼ਟੀ ਦੇ ਸੱਚ ਨੂੰ ਸਮਝਣ ਤੋਂ ਦੂਰ ਰੱਖਣ ਦਾ ਹੈ। ਪ੍ਰਮਾਤਮਾ ਦੀ ਇਹ ਜੁਗਤਿ ਕਿਤਨੀ ਕੂ ਵੱਡੀ ਹੈ ਤੇ ਕਿਤਨੇ ਹੀ ਪਰਫੈਕਟ ਤਰੀਕੇ ਨਾਲ ਕੰਮ ਕਰਦੀ ਹੈ ਇਹ ਉਸ ਗਿਆਨ ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਕਿ ਉਸਦੇ ਕੋਲ ਕਿਤਨਾ ਕੂ ਵੱਡਾ ਗਿਆਨ ਹੈ। ਜਿਸ ਆਪਣੇ ਗਿਆਨ ਨਾਲ ਉਸਨੇ, ਨਾਮ ਨਾਲ ਉਸਨੇ ਭਾਵ ਆਪਣੇ ਨਿਰੰਕਾਰ ਰੂਪ ਨਾਲ ਉਸਨੇ ਇਤਨੀ ਵੱਡੀ

ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਧਰਤੀ ਦੀ ਰਚਨਾ ਕੀਤੀ ਹੈ, ਪਉਂਣ, ਪਾਣੀ, ਬੈਸੰਤਰ ਦੀ ਰਚਨਾ ਕੀਤੀ ਹੈ, ਆਕਾਸ਼ ਦੀ ਰਚਨਾ ਕੀਤੀ ਹੈ, ਚੰਦ, ਸੂਰਜ ਦੀ ਰਚਨਾ ਕੀਤੀ ਹੈ, ਤਾਰਿਆਂ ਦੀ ਰਚਨਾ ਕੀਤੀ ਹੈ, ਅਨਗਿਣਤ ਖੰਡਾ ਬ੍ਰਹਮੰਡਾ ਦੀ ਰਚਨਾ ਕੀਤੀ ਹੈ ਇਤਨੇ ਉੱਚੇ ਗਿਆਨ ਵਾਲੇ ਲਈ ਇੱਕ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਤੇ ਝੂਠੇ ਵਿਸ਼ਵਾਸ ਵਿੱਚ ਰੱਖਣਾ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ, ਇਹ ਘਰ ਮੇਰਾ ਹੈ, ਇਹ ਮਾਇਆ ਮੇਰੀ ਹੈ ਉਸਦੇ ਲਈ ਕਿਹੜੀ ਵੱਡੀ ਗੱਲ ਹੈ ਭਾਵ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣਾ ਉਸ ਅਕਾਲ ਪੁਰਖ ਲਈ ਬੜੀ ਮਾਮੂਲੀ ਜਿਹੀ ਗੱਲ ਹੈ। ਉਹ ਸਭ ਕੁਝ ਕਰ ਸਕਦਾ ਹੈ, ਉਹ ਸਭ ਕੁਝ ਕਰਨ ਦੇ ਸਮਰਥ

ਹੈ ਪਰ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝੇ ਬਿਨਾਂ ਕਿ ਉਸਦਾ ਫੁਰਮਾਨ ਸਭ ਦੇ ਅੰਦਰ ਕਿਸ ਰੂਪ ਵਿੱਚ ਵਰਤਦਾ ਹੈ, ਉਸਦੀ ਮਾਇਆ ਦੀ ਜੁਗਤਿ ਕਿਸ ਰੂਪ ਵਿੱਚ ਵਰਤਦੀ ਹੈ, ਇਸ ਗੱਲ ਨੂੰ ਕੋਈ ਨਹੀਂ ਸਮਝ ਸਕਦਾ ਕਿ ਉਹ ਕਿਤਨੇ ਕੁ ਵੱਡੇ ਗਿਆਨ ਦਾ ਮਾਲਕ ਹੈ ਜਿਸ ਆਪਣੇ ਗਿਆਨ ਰੂਪ ਵਿੱਚ, ਸਾਇੰਸ ਰੂਪ ਵਿੱਚ ਭਾਵ ਬ੍ਰਹਮ ਗਿਆਨ ਰੂਪ ਵਿੱਚ, ਨਾਮ ਰੂਪ ਵਿੱਚ ਸਭ ਜਗ੍ਹਾ ਤੇ ਸਭ ਦੇ ਅੰਦਰ ਵਰਤ ਰਿਹਾ ਹੈ। ਉਸਦੀ ਆਪਣੀ ਕਿਰਪਾ ਬਿਨਾਂ ਕੋਈ ਉਸਨੂੰ ਜਾਣ ਲਵੇ ਇਹ ਹਕੀਕਤ ਵਿੱਚ ਨਾਮੁਮਕਿਨ ਹੀ ਹੈ। ਉਹ ਕਦੇ ਹੀ ਕਿਸੇ ਤੇ ਆਪਣੀ ਕਿਰਪਾ ਕਰਦਾ ਹੈ ਜਿਵੇਂ ਕਿ ਉਸਨੇ ਭਗਤਾਂ ਤੇ, ਗੁਰੂ ਸਾਹਿਬਾਨ ਤੇ ਆਪਣੀ ਕਿਰਪਾ ਕੀਤੀ ਹੈ ਤੇ ਉਹਨਾਂ ਨੇ ਸਾਰੇ ਸੰਸਾਰ ਨੂੰ ਪੂਰੀ ਗੁਰਬਾਣੀ ਰਾਹੀਂ ਸੱਚ ਹੀ ਸਮਝਾਇਆ ਹੈ, ਮਨ ਦੇ ਪੂਰੇ ਵਿਸ਼ਵਾਸ ਨਾਲ ਸਮਝਾਇਆ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਸਭ ਦੇ ਅੰਦਰ ਉਹ ਆਪ ਹੀ ਵਰਤ ਰਿਹਾ ਹੈ, ਮਨ ਦੀ ਸਮਝ ਰਾਹੀਂ ਵਰਤ ਰਿਹਾ ਹੈ। **(ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥)**

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥}

(ਅੰਗ ੧੧੫੨)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥}

(ਅੰਗ ੧੬੨)

49/6829

{ਨਾਰਾਇਨ ਨਰਪਤਿ ਨਮਸਕਾਰੈ ॥ ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥}

(ਅੰਗ ੧੩੦੧-੧੩੦੨)

ਉਸ ਪ੍ਰਮਾਤਮਾ ਨੂੰ ਜਾਨਣਾ ਕਿਤਨਾ ਕੁ ਔਖਾ ਹੈ ਇਸਨੂੰ ਤੁਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਕਿਉਂਕਿ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਮਨ ਦੇ ਸਮਝ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ ਤੇ ਉਸਦੀ ਕਿਰਪਾ ਬਿਨਾਂ ਉਸਨੂੰ ਕੋਈ ਜਾਣ ਹੀ ਨਹੀਂ ਸਕਦਾ। ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਕਿਸ ਤਰੀਕੇ ਕਰਦਾ ਹੈ ਭਾਵ ਉਸਦਾ ਕਿਰਪਾ ਦਾ ਪਾਤਰ ਬਣਨ ਲਈ ਕਿਹੋ ਜਿਹਾ ਸੱਚਾ ਉੱਦਮ ਕਰਨਾ

ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਸਦੀ ਕਿਰਪਾ ਦਾ ਪਾਤਰ ਬਣਨ ਲਈ ਗੁਰੂ ਦੀ ਸੱਚੀ ਸਿੱਖਿਆ ਨੂੰ ਸਮਝਕੇ ਉਸ ਅਨੁਸਾਰ ਚੱਲਣ ਦਾ ਹੀ ਹੈ ਭਾਵ ਗੁਰੂ ਦਾ ਸੱਚਾ ਨਾਮ ਜਪਣ ਦਾ ਉੱਦਮ ਕਰਨਾ ਹੀ ਹੈ। ਉਹੀ ਗੱਲ ਸਾਨੂੰ ਉਪਰ ਵਾਲੇ ਜਪੁਜੀ ਬਾਣੀ ਦੇ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥”

ਉਪਰ ਵਾਲੀਆਂ ਪੰਗਤੀਆਂ ਤੋਂ ਕੀ ਭਾਵ ਹੈ ਇਸ ਗੱਲ ਨੂੰ ਅਸੀਂ ਇਸ ਤੋਂ ਪਿਛਲੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਨੂੰ ਗੁਰੂ ਸਾਹਿਬ ਸਪਸ਼ਟ ਕਹਿ ਕੇ ਸਮਝਾ ਰਹੇ ਹਨ, ਆਪਣੇ ਹੁਕਮ ਦੇ ਰੂਪ ਵਿੱਚ ਕਹਿ ਕੇ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਉੱਦਮ ਸਭ ਲਈ ਇਹੋ ਹੀ ਹੈ ਕਿ ਉਹ ਕੇਵਲ ਤੇ ਕੇਵਲ ਗੁਰੂ ਦੇ ਆਦੇਸ ਅਨੁਸਾਰ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਨ ਭਾਵ ਕਿਸੇ ਹੋਰ ਦੀ ਮਤਿ ਪਿੱਛੇ ਨਾ ਲੱਗਣ। ਪੂਰੀ ਗੁਰਬਾਣੀ ਵਿੱਚ ਗੁਰੂ ਦਾ ਆਦੇਸ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੀ ਹੈ ਤੇ ਜੇਕਰ ਅਸੀਂ ਗੁਰੂ ਦੀ ਸਿੱਖਿਆ ਨੂੰ ਛੱਡਕੇ ਕਿਸੇ ਹੋਰ ਦੀ ਸਿੱਖਿਆ ਨਾਲ ਜੁੜਦੇ ਹਾਂ ਫਿਰ ਇਹ ਗੁਰੂ ਦੇ ਆਦੇਸ ਦਾ ਉਲੰਘਨ ਹੈ ਭਾਵ ਸੱਚ ਦੇ ਉਲਟ ਚੱਲਣ ਵਾਲੀ ਗੱਲ ਹੈ। ਪਾਉਂਣਾ ਤਾਂ ਅਸੀਂ ਸਚੁ ਰੂਪ ਪ੍ਰਮਾਤਮਾ ਨੂੰ ਚਾਹੁੰਦੇ ਹਾਂ ਤੇ ਉਸਦੇ ਸਮਝਾਏ ਹੋਏ ਸੱਚ ਤੇ ਉਲਟ ਚੱਲਕੇ ਕੀ ਕਦੇ ਕੋਈ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ ਭਾਵ ਉਸਨੂੰ ਨਹੀਂ ਜਾਣ ਸਕਦਾ ਜੋ ਜੁਗਾਂ ਜੁਗਾਂ ਤੋਂ ਆਪਣੇ ਇੱਕੋ ਰੂਪ ਦੁਆਰਾ ਹੀ ਵਿਚਰ ਰਿਹਾ ਹੈ ਜੋ ਕਿ ਉਸਦਾ ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ ਭਾਵ ਉਸਦਾ ਨਿਰੰਕਾਰ ਰੂਪ ਹੈ ਜਿਸ ਉਸਦੇ ਰੂਪ ਨੂੰ ਕੇਵਲ ਤੇ ਕੇਵਲ ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਮਨ ਦੀ ਸਮਝ ਦੇ ਵਿੱਚੋਂ ਹੀ ਜਾਣਿਆ ਜਾ ਸਕਦਾ ਹੈ ਜਿਸਨੂੰ ਜਾਨਣ

ਲਈ ਸਭ ਲਈ ਸੱਚਾ ਉੱਦਮ ਇਹੀ ਹੈ ਕਿ ਅਸੀਂ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨੀਏ ਭਾਵ ਗੁਰੂ ਦੇ ਆਦੇਸ ਨੂੰ ਮੰਨੀਏ ਤੇ ਉਹਨਾਂ ਦੀ ਮਤਿ ਨੂੰ ਛੱਡੀਏ ਜਿਨ੍ਹਾਂ ਦੀ ਮਤਿ ਸਾਨੂੰ ਗੁਰੂ ਦੀ ਮਤਿ ਦੇ ਉਲਟ ਚੱਲਣਾ ਸਿਖਾਉਂਦੀ ਹੈ, ਗਲਤ ਨਾਮ ਸਮਝਾਉਂਦੀ ਹੈ। **(ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥)**

ਉਪਰ ਵਾਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਨੂੰ ਪ੍ਰਮਾਤਮਾ ਆਪਣੇ ਹੁਕਮ ਦੁਆਰਾ ਕਿਸ ਤਰੀਕੇ ਚਲਾ ਰਿਹਾ ਹੈ ਭਾਵ ਉਹ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਜਿਸ ਦੁਆਰਾ ਉਹ ਮਨੁੱਖੀ ਸਰੀਰ ਨੂੰ ਚਲਾਉਂਦਾ ਹੈ ਭਾਵ ਆਪਣੇ ਗਿਆਨ ਦੁਆਰਾ ਚਲਾਉਂਦਾ ਹੈ ਜਿਸ ਆਪਣੇ ਗਿਆਨ ਦੁਆਰਾ ਭਾਵ ਨਾਮ ਦੁਆਰਾ ਉਹ ਹਰ ਆਕਾਰ ਰੂਪ ਨੂੰ ਬਣਾਕੇ ਆਪ ਹੀ ਚਲਾ ਰਿਹਾ ਹੈ। ਇਹੀ ਗੱਲ ਹੁਣ ਅਸੀਂ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਦੇ ਹਾਂ ਕਿ ਪ੍ਰਮਾਤਮਾ ਦਾ ਆਸਣ ਭਾਵ ਉਸਦਾ ਠਿਕਾਣਾ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਜਿਸ ਤਰੀਕੇ ਉਹ ਸਾਨੂੰ ਵੇਖ ਰਿਹਾ ਹੈ ਭਾਵ ਸਾਡੀ ਸੰਭਾਲ ਕਰ ਰਿਹਾ ਹੈ।

“ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥

ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥

ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥”

ਉਪਰ ਵਾਲੇ ਸ਼ਬਦ ਨੂੰ ਸਮਝਣ ਲਈ ਪਹਿਲੇ ਇਸ ਗੱਲ ਨੂੰ ਸਮਝਣਾ ਜਰੂਰੀ ਹੈ ਕਿ ਉਪਰ ਵਾਲੀ ਪਹਿਲੀ ਪੰਗਤੀ ਵਿੱਚ **“ਲੋਇ”** ਤੋਂ ਕੀ ਭਾਵ ਹੈ। **“ਲੋਇ”** ਤੋਂ ਭਾਵ ਹੈ ਲੋਅ ਦੁਆਰਾ। ਪ੍ਰਮਾਤਮਾ ਦਾ ਆਸਣ ਸਭ ਦੇ ਅੰਦਰ ਆਪਣੀ ਲੋਅ ਦੇ ਰੂਪ ਵਿੱਚ ਹੈ ਜਿਸ ਲੋਅ ਦਾ ਪ੍ਰਮਾਤਮਾ ਦੇ ਕੋਲ ਵੱਡਾ ਭੰਡਾਰ ਹੈ। ਇਹ ਲੋਅ ਪ੍ਰਮਾਤਮਾ ਦੀ ਜੋਤਿ ਰੂਪ ਲੋਅ ਹੈ ਜੋ ਸਭ ਦੇ ਵਿੱਚ ਜੱਗ ਰਹੀ ਹੈ ਭਾਵ ਆਪਣਾ ਚਾਨਣ ਕਰ ਰਹੀ ਹੈ। ਇਹੀ ਪ੍ਰਮਾਤਮਾ ਦੀ ਨਾਮ ਰੂਪ ਲੋਅ ਹੈ। ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੀ ਜੋਤਿ ਰੂਪ ਲੋਅ ਜੋ ਹਰ ਵੇਲੇ ਜੱਗ ਰਹੀ ਹੈ ਉਹ ਸਾਡੇ ਸਭ ਦੇ ਅੰਦਰ ਜੋ ਪ੍ਰਕਾਸ਼ ਕਰ ਰਹੀ ਹੈ ਉਹ ਮਨ ਦੇ ਵਿੱਚ ਗਿਆਨ ਰੂਪ ਪ੍ਰਕਾਸ਼ ਹੀ ਕਰ ਰਹੀ ਹੈ ਜਿਸ ਲੋਅ ਦੁਆਰਾ ਮਨੁੱਖ ਨੂੰ ਮਨ ਦੇ ਵਿੱਚ ਸਭ ਗਿਆਨ ਪ੍ਰਾਪਤ ਹੁੰਦਾ ਹੈ। ਪ੍ਰਮਾਤਮਾ ਦੀ ਇਹ ਲੋਅ ਭਾਵ ਉਸਦੀ ਜੋਤਿ ਸਭ ਜਗ੍ਹਾ ਤੇ ਸਭ ਵਿੱਚ ਵਰਤਦੀ ਹੈ ਜਿਸ ਆਪਣੀ ਜੋਤਿ ਦੁਆਰਾ ਭਾਵ ਗਿਆਨ ਰੂਪ ਲੋਅ ਦੁਆਰਾ ਸਭ ਦੇ ਅੰਦਰ ਆਪਣਾ ਆਸਣ ਹਰ ਵੇਲੇ ਲਗਾਇਆ ਹੋਇਆ ਹੈ ਭਾਵ ਪ੍ਰਮਾਤਮਾ ਸਭ ਦੇ ਅੰਦਰ ਆਪਣੀ ਗਿਆਨ ਰੂਪ ਜੋਤਿ ਦੁਆਰਾ ਹੀ ਵੱਸਿਆ ਹੋਇਆ

ਹੈ, ਆਪਣੇ ਉੱਚੇ ਗਿਆਨ ਦੁਆਰਾ ਹੀ ਵੱਸਿਆ ਹੋਇਆ ਹੈ ਜਿਸ ਗਿਆਨ ਦਾ ਉਹ ਭੰਡਾਰੀ ਹੈ ਭਾਵ ਉਸਦੇ ਕੋਲ ਗਿਆਨ ਦਾ ਵੱਡਾ ਭੰਡਾਰ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਉਹੀ

49/6831

ਗੱਲ ਉਪਰ ਵਾਲੇ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜੋ ਉਸ ਗਿਆਨ ਰੂਪ ਭੰਡਾਰੀ ਦੇ ਭੰਡਾਰ ਦਾ ਆਸਣ ਸਾਡੇ ਅੰਦਰ ਕਿਸ ਰੂਪ ਵਿੱਚ ਹੈ। **(ਆਸਣੁ ਲੋਇ ਲੋਇ ਭੰਡਾਰ ॥)** ਪ੍ਰਮਾਤਮਾ ਆਪਣੀ ਲੋਅ ਦੁਆਰਾ ਸਭ ਦੇ ਅੰਦਰ ਕਿਸ ਤਰੀਕੇ ਵਰਤਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

“ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥
ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥
ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥
ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥
ਏਕੋ ਏਕੁ ਵਰਤੈ ਹਰਿ ਲੋਇ ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥੪॥੧॥”

(ਅੰਗ ੧੧੭੭)

ਉਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਵਿਚਾਰੋਗੇ ਜੋ ਕਿ ਪ੍ਰਮਾਤਮਾ ਦੇ ਜੋਤਿ ਰੂਪ ਨੂੰ ਪ੍ਰਮਾਤਮਾ ਦੀ ਲੋਅ ਦੇ ਨਾਲ ਇੱਕੋ ਰੂਪ ਕਹਿ ਕੇ ਹੀ ਸਮਝਾਇਆ ਹੋਇਆ ਹੈ। ਜਿਵੇਂ ਕਿ ਪ੍ਰਮਾਤਮਾ ਸਭ ਜਗ੍ਹਾ ਆਪਣੀ ਜੋਤਿ ਦੁਆਰਾ ਪਸਰਿਆ ਹੋਇਆ ਹੈ, ਸਭ ਪਾਸੇ ਸਮਾਇਆ ਹੋਇਆ ਹੈ ਭਾਵ ਸਭ ਵਿੱਚ ਪ੍ਰਮਾਤਮਾ ਆਪਣੀ ਜੋਤਿ ਦੁਆਰਾ ਵਰਤਦਾ ਹੈ ਉਸੇ ਤਰ੍ਹਾਂ ਪ੍ਰਮਾਤਮਾ ਸਭ ਜਗ੍ਹਾ ਜੋ ਕਿ ਉਹ ਇੱਕੋ ਇੱਕ ਆਪ ਹੀ ਹੈ ਉਹ ਆਪਣੀ ਲੋਅ ਦੁਆਰਾ ਹੀ ਵਰਤਦਾ ਹੈ ਭਾਵ ਸਭ ਕੁਝ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਕਿ ਸਭ ਦੇ ਵਿੱਚ ਆਪਣੀ ਲੋਅ ਦੁਆਰਾ, ਜੋਤਿ ਦੁਆਰਾ ਵਰਤਣ ਦੁਆਰਾ ਹੀ ਕਰਦਾ ਹੈ। ਸਭ ਦੇ ਅੰਦਰ ਆਪਣਾ ਜੋਤਿ ਰੂਪ ਚਾਨਣ, ਲੋਅ ਰੂਪ ਚਾਨਣ ਕਰਨ ਦੁਆਰਾ ਹੀ ਕਰਦਾ ਹੈ। ਜੋਤਿ ਰੂਪ ਵੀ ਉਸਦਾ ਗਿਆਨ ਰੂਪ ਹੈ ਤੇ ਉਸਦਾ ਲੋਅ ਰੂਪ ਵੀ ਉਸਦਾ ਗਿਆਨ ਰੂਪ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਵਿਚਾਰਨ ਨਾਲ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। **(ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥ ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥ ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥ ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥ ਏਕੋ ਏਕੁ ਵਰਤੈ ਹਰਿ ਲੋਇ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥੪॥੧॥)**

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥}

(ਅੰਗ ੧੩)

{ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥}

(ਅੰਗ ੪੬੯)

ਪ੍ਰਮਾਤਮਾ ਦੇ ਲੋਅ ਰੂਪ ਨੂੰ ਭਾਵ ਜੋਤਿ ਰੂਪ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

{“ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥”}

(ਅੰਗ ੧੩੨੭)

ਹੁਣ ਸ਼ਬਦ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਵਿਚਾਰੋ ਕਿ ਸਾਡੀ ਸੁਰਤਿ ਦੇ ਅੰਦਰ ਜੋ ਚਾਨਣ ਹੁੰਦਾ ਹੈ ਉਸ ਚਾਨਣ ਨੂੰ ਹੀ ਸਾਡੇ ਅੰਦਰ ਲੋਇ ਕਿਹਾ ਹੈ। ਇਹ ਲੋਅ ਰੂਪ ਚਾਨਣ ਸਾਡੇ ਅੰਦਰ ਭਾਵ ਸਾਡੀ ਸੁਰਤਿ ਦੇ ਅੰਦਰ ਭਾਵ ਸਾਡੇ ਮਨ ਦੀ

ਸਮਝ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੈ ਜੋ ਪ੍ਰਕਾਸ਼ ਸਾਡੇ ਅੰਦਰ ਪ੍ਰਮਾਤਮਾ ਦੇ ਕਰਣ ਦੁਆਰਾ ਭਾਵ ਉਸਦੀ ਕਿਰਪਾ ਦੁਆਰਾ ਹੁੰਦਾ ਹੈ। ਜਿਸਦੇ ਅੰਦਰ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਸੁਰਤਿ ਦੇ ਵਿੱਚ ਪ੍ਰਕਾਸ਼ ਕਰਦਾ ਹੈ ਭਾਵ ਗਿਆਨ ਦਾ ਪ੍ਰਕਾਸ਼ ਕਰਦਾ ਹੈ ਉਹ ਆਪਣਾ **"ਨਾਮੁ ਰਤਨੁ"** ਬਖਸ਼ਣ ਦੇ ਰੂਪ ਵਿੱਚ ਹੀ ਕਰਦਾ ਹੈ ਭਾਵ ਆਪਣਾ ਸੱਚਾ ਗਿਆਨ ਭਾਵ ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਬਖਸ਼ਣ ਦੇ ਰੂਪ ਵਿੱਚ ਹੀ ਕਰਦਾ ਹੈ। ਜਦ ਤਕ ਪ੍ਰਮਾਤਮਾ ਜੋ ਕਿ ਨਾਮੁ ਰਤਨੁ ਦਾ ਮਾਲਕ ਹੈ ਭਾਵ ਬ੍ਰਹਮ ਗਿਆਨ ਦਾ ਮਾਲਕ ਹੈ ਉਸ ਦੁਆਰਾ ਕਿਸੇ ਦੇ ਅੰਦਰ ਪ੍ਰਕਾਸ਼ ਨਹੀਂ ਕਰਦਾ ਤਦ ਤਕ ਹਰ ਕੋਈ ਮਨੁੱਖੀ ਸਮਝ ਮਨ ਦੇ ਅੰਧੇਰੇ ਵਿੱਚ ਹੀ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੀ ਹੈ ਜਿਸ ਮਨ ਦੇ ਹਨੇਰੇ ਵਿੱਚ ਰਹਿੰਦੇ ਹੋਏ ਕੋਈ ਵੀ ਨਾਮੁ ਰਤਨੁ ਦੀ ਪ੍ਰਾਪਤੀ ਨਹੀਂ ਕਰ ਸਕਦਾ। ਨਾਮੁ ਰਤਨੁ ਦੀ ਸਮਝ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਭਾਵ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਭਾਵ ਆਪਣੇ ਅੰਦਰ ਦੇ ਨਾਮੁ ਰਤਨੁ ਨੂੰ ਸਭ ਨੇ ਗਵਾਇਆ ਹੋਇਆ ਹੈ ਭਾਵ ਹਰ ਕੋਈ ਮਨ ਦੀ ਅਗਿਆਨਤਾ ਵਿੱਚ ਹੀ ਹੈ ਭਾਵ ਨਾਮੁ ਰਤਨੁ ਦਾ ਮਕਸਦ ਸਾਡੀ ਸੁਰਤਿ ਦੇ ਵਿੱਚ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਦੇ ਨਾਲ ਹੀ ਹੈ ਜੋ ਸੱਚਾ ਗਿਆਨ ਮਿਲਣ ਨਾਲ ਹੀ ਕੋਈ ਨਾਮ ਦੀ ਪ੍ਰਾਪਤੀ ਕਰ ਸਕਦਾ ਹੈ ਭਾਵ ਨਾਮ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। **(ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥)**

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਤੇ ਮਨ ਦੀ ਸਮਝ ਦੇ ਵਿੱਚ ਨਾਮੁ ਰਤਨੁ ਦੀ ਸੱਚੀ ਸਮਝ ਦਾ ਚਾਨਣੁ ਹੋਣ ਵਿੱਚ ਕੀ ਫਰਕ ਹੁੰਦਾ ਹੈ ਭਾਵ ਸਾਡੇ ਮਨ ਦੀ ਸਮਝ ਤੇ ਇਸ ਗੱਲ ਦਾ ਕੀ ਅਸਰ ਪੈਂਦਾ ਹੈ, ਇਹੀ ਗੱਲ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ।

"ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥"

ਉਪਰ ਪਹਿਲੀ ਪੰਗਤੀ ਰਾਹੀਂ ਪੂਰੇ ਸੰਸਾਰ ਨੂੰ ਭਾਵ ਪੂਰੇ ਸੰਸਾਰੀ ਮਨੁੱਖਾਂ ਨੂੰ **"ਬਿਕਾਰੁ"** ਵਿੱਚ ਦੱਸਿਆ ਹੈ ਭਾਵ ਸਭ ਨੂੰ ਮੰਦੇ ਕਰਮ ਕਰਨ ਵਾਲੇ ਦੱਸਿਆ ਹੈ ਜਿਸਦਾ ਕਾਰਨ ਮਨ ਦੇ ਵਿੱਚ ਨਾਮੁ ਰਤਨੁ ਦਾ ਪ੍ਰਕਾਸ਼ ਨਾ ਹੋਣਾ ਹੈ ਭਾਵ ਮਨ ਦੀ ਅਗਿਆਨਤਾ ਹੈ ਜਿਸ ਮਨ ਦੀ ਅਗਿਆਨਤਾ

ਵਿੱਚ ਹਰ ਕੋਈ ਹੀ ਹੈ ਜਿਵੇਂ ਕਿ ਸ਼ਬਦ ਵਿੱਚ ਉਪਰ ਸਮਝਿਆ ਹੀ ਹੈ। ਸਭ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਭਾਵ ਮਾਇਆ ਦੀ ਜੁਗਤਿ ਵਿੱਚ, ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ ਪ੍ਰਮਾਤਮਾ ਨੇ ਆਪ ਹੀ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਮਨ ਦੀ ਇਸ ਅਗਿਆਨਤਾ ਵਾਲੀ ਸਮਝ ਵਿੱਚੋਂ ਜੇ ਕੋਈ ਸਾਨੂੰ ਕੱਢ ਸਕਦਾ ਹੈ ਉਹ ਗੁਰੂ ਦਾ ਨਾਮ ਹੈ ਜਿਸ ਨਾਮ ਦਾ ਮਕਸਦ ਸਾਨੂੰ ਗੁਰੂ ਦਾ ਸੱਚਾ ਗਿਆਨ ਦੇਣ ਲਈ ਹੀ ਹੈ ਜੋ ਗੁਰਮਤਿ ਰੂਪ ਸੱਚੀ ਸਮਝ ਸਾਡੇ ਸਭ ਲਈ ਦਾਰੂ ਹੈ ਭਾਵ ਨਾਮ ਦੀ ਅਉਖਧ ਹੈ ਜੋ ਸਾਨੂੰ ਮਨ ਦੀ ਮਾੜੀ ਸਮਝ ਵਿੱਚੋਂ ਕੱਢ ਕੇ ਗੁਰਮਤਿ ਦਾ ਸੱਚ ਸਮਝਾਉਂਦੀ ਹੈ ਤੇ ਭਗਤੀ ਦੇ ਸੱਚੇ ਮਾਰਗ ਨਾਲ ਜੋੜਦੀ ਹੈ, ਨਾਮ ਜਪਣ ਦੇ ਸੱਚੇ ਮਾਰਗ ਨਾਲ ਜੋੜਦੀ ਹੈ ਜੋ ਮਾਰਗ ਵਿਕਾਰਾਂ ਵਿੱਚੋਂ ਨਿਕਲਕੇ ਚੰਗੇ ਕਰਮ ਕਰਨ ਦਾ ਹੈ। ਨਾਮ ਦਾ ਦਾਰੂ ਲਏ ਬਿਨਾਂ ਭਾਵ ਗੁਰੂ ਦੀ ਮਤਿ ਲਏ ਬਿਨਾਂ ਸੰਸਾਰ ਵਿੱਚ ਕੋਈ ਹੋਰ

ਐਸਾ ਨਹੀਂ ਹੈ ਜੋ ਸਾਨੂੰ ਇਹ ਦਾਰੂ ਦੇ ਸਕੇ ਭਾਵ ਗੁਰੂ ਤੋਂ ਬਿਨਾਂ ਹਰ ਕੋਈ ਮਨ ਦੀ ਅਗਿਆਨਤਾ ਵਿੱਚ ਹੀ ਹੈ ਜਿਸਦੇ ਕੋਲ ਨਾਮ ਹੁੰਦਾ ਹੀ ਨਹੀਂ ਭਾਵ ਬ੍ਰਹਮ ਗਿਆਨ ਹੁੰਦਾ ਹੀ ਨਹੀਂ। ਨਾਮ ਦਾਰੂ ਦੇਣ ਵਾਲਾ ਕੇਵਲ ਤੇ ਕੇਵਲ **"ਕਰਣਹਾਰੁ"** ਆਪ ਹੈ ਜੋ ਕਿ ਸਭ ਲਈ **"ਅਪਾਰੁ"** ਹੈ ਭਾਵ ਸਮਝ ਤੋਂ ਬਾਹਰ ਹੈ। ਗੁਰੂ ਕਰਣਹਾਰੁ ਦਾ ਆਪਣਾ ਹੀ ਰੂਪ ਹੈ ਜਿਸਦੀ ਸੁਰਤਿ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਨਾਮੁ ਰਤਨੁ ਦਾ ਪ੍ਰਕਾਸ਼ ਆਪਣੇ ਗਿਆਨ ਦੀ ਲੋਇ ਦੁਆਰਾ ਪ੍ਰਮਾਤਮਾ ਨੇ ਆਪ ਹੀ ਕੀਤਾ ਹੁੰਦਾ ਹੈ। ਨਾਮ ਨੂੰ ਸਮਝਣ ਵਿੱਚ ਤੇ ਗਿਆਨ ਦੇ ਪ੍ਰਕਾਸ਼ ਨੂੰ ਸਮਝਣ ਵਿੱਚ ਪੂਰੇ ਸੰਸਾਰ ਵਿੱਚ ਹੀ ਭਰਮ ਹੈ ਤੇ ਇਸੇ ਲਈ ਸਾਨੂੰ ਨਾਮ ਸਿੱਖਣ ਲਈ ਕੇਵਲ ਤੇ ਕੇਵਲ ਗੁਰੂ ਦੀ ਮਤਿ ਨਾਲ ਜੁੜਨਾ ਚਾਹੀਦਾ ਹੈ ਨਾਂ ਕਿ ਕਿਸੇ ਹੋਰ ਦੀ ਮਤਿ ਦੇ ਨਾਲ ਜੋ ਕਿ ਸਾਨੂੰ ਆਪਣੀ ਆਪਣੀ ਆਸਥਾ ਅਨੁਸਾਰ, ਆਪਣੀ ਆਪਣੀ ਮਰਿਯਾਦਾ ਅਨੁਸਾਰ ਵੱਖਰੇ ਵੱਖਰੇ ਨਾਮ ਨਾਲ ਜੋੜਦੇ ਹਨ, ਕਿਸੇ ਅੱਖਰ ਦੇ ਜਪ ਨਾਲ ਜੋੜਦੇ ਹਨ ਜੋ ਕਿ ਕੇਵਲ ਮਨ ਦੇ ਵਿੱਚ ਅੰਧੇਰਪਨ ਹੈ ਭਾਵ ਮਨ ਦੀ ਨਾਸਮਝੀ ਹੈ ਜਿਸ ਨਾਸਮਝੀ ਤੋਂ ਬਾਹਰ ਭਾਵ ਨਾਮ ਨੂੰ ਸਮਝਣ ਤੋਂ ਬਾਹਰ ਹਰ ਕੋਈ ਹੈ ਜਿਸ ਮਨ ਦੀ ਨਾਸਮਝੀ ਕਰਕੇ ਹਰ ਕਿਸੇ ਨੇ ਨਾਮੁ ਰਤਨੁ ਨੂੰ ਗਵਾਇਆ ਹੋਇਆ ਹੈ ਭਾਵ ਨਾਮੁ ਰਤਨੁ ਦੀ ਪ੍ਰਾਪਤੀ ਲਈ ਕੇਵਲ ਤੇ ਕੇਵਲ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਦੀ ਲੋੜ ਹੈ ਜੋ ਕਿ ਸੱਚੇ ਗਿਆਨ ਦੇ ਮਾਲਕ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। **(ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥ ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥)**

ਉਪਰ ਸ਼ਬਦ ਵਿੱਚ ਅਸੀਂ ਨਾਮ ਦਾਰੂ ਦੀ ਗੱਲ ਵੀ ਸਮਝੀ ਹੈ ਜਿਸ

49/6834

ਨਾਮ ਦਾਰੂ ਦਾ ਮਕਸਦ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਭਾਵ ਇਹ ਦਾਰੂ ਸਾਡੇ ਮਨ ਦੇ ਪੀਣ ਦਾ ਦਾਰੂ ਹੈ ਜੋ ਦਾਰੂ ਪੀਣ ਦੁਆਰਾ ਮਨੁੱਖ ਮਨ ਦੀ ਉਸ ਮਾੜੀ ਸਮਝ ਵਿੱਚੋਂ ਨਿਕਲਦਾ ਹੈ ਜੋ ਮਨ ਦੀ ਮਾੜੀ ਸਮਝ ਸਾਨੂੰ ਵਿਕਾਰਾਂ ਵਾਲੇ ਵਿਚਾਰਾਂ ਨਾਲ ਜੋੜਕੇ ਰੱਖਦੀ ਹੈ, ਮਾਇਆ ਮੋਹ ਵਾਲੇ ਵਿਚਾਰਾਂ ਨਾਲ ਜੋੜ ਕੇ ਰੱਖਦੀ ਹੈ ਜਿਨ੍ਹਾਂ ਮਾੜੇ ਵਿਚਾਰਾਂ ਕਰਕੇ ਮਨੁੱਖ ਮਾੜੇ ਕਰਮ ਕਰਦਾ ਹੈ ਜੋ ਮਾਰਗ ਭਗਤੀ ਤੋਂ ਉਲਟ ਮਾਰਗ ਹੈ ਭਾਵ ਨਾਮ ਜਪਣ ਤੋਂ ਉਲਟ ਮਾਰਗ ਹੈ। ਗੁਰੂ ਦੇ ਨਾਮ ਰੂਪ ਦਾਰੂ ਨੂੰ ਪੀਣ ਦਾ ਮਕਸਦ ਮਾੜੇ ਕਰਮਾਂ ਵਿੱਚੋਂ ਨਿਕਲਕੇ ਚੰਗੇ ਕਰਮ ਕਰਨ ਦਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਇਸੇ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਭਾਵ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਨਾਮ ਦਾਰੂ ਸਮਝਣ ਵਿੱਚ ਕੋਈ ਭਰਮ ਨਾ ਰਹੇ ਜੋ ਭਰਮ ਸਭ ਦੇ ਹੀ ਅੰਦਰ ਹੈ ਕਿਉਂਕਿ ਨਾਮ ਦੀ ਸੋਝੀ ਪਏ ਬਿਨਾਂ ਨਾਮ ਦਾਰੂ ਦੀ ਸਮਝ ਵੀ ਕਿਸੇ ਨੂੰ ਨਹੀਂ ਪੈਂਦੀ ਤੇ ਨਾਮ ਦੀ ਸਮਝ ਸੰਸਾਰ ਵਿੱਚ ਕਿਸੇ ਨੂੰ ਵੀ ਪ੍ਰਮਾਤਮਾ ਨੇ ਨਹੀਂ ਪਾਈ ਹੈ, ਆਪ ਹੀ ਨਹੀਂ ਪਾਈ ਹੈ ਜਿਵੇਂ ਕਿ ਅਸੀਂ ਉਪਰ ਸ਼ਬਦ ਦੁਆਰਾ ਸਮਝਿਆ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਕੇਵਲ ਸੱਚ ਹੀ ਕਹਿੰਦਾ ਹੈ ਜੋ ਕਦੇ ਗਲਤ ਹੋ ਹੀ ਨਹੀਂ ਸਕਦਾ। ਜੇਕਰ ਉਪਰ ਸ਼ਬਦ ਰਾਹੀਂ ਗੁਰੂ ਇਹ ਕਹਿ ਰਿਹਾ ਹੈ ਕਿ ਸੰਸਾਰ ਵਿੱਚ ਹਰ ਮਨੁੱਖ ਮਨ ਦੀ ਅਗਿਆਨਤਾ ਵਿੱਚ ਹੀ ਹੈ ਤਾਂ ਫਿਰ ਗੁਰੂ ਦੀ ਗੱਲ ਨੂੰ ਮੰਨਣ ਵਿੱਚ ਹੀ ਸੱਚ ਹੈ ਭਾਵ ਆਪਣੇ ਆਪ ਨੂੰ ਅਗਿਆਨਤਾ ਵਿੱਚ ਮੰਨਣਾ ਹੀ ਸੱਚ ਹੈ, ਨਾਮ ਦੀ ਸਮਝ ਨਾ ਹੋਣ ਵਾਲਾ ਮੰਨਣ ਵਿੱਚ ਹੀ ਸੱਚ ਹੈ। ਸੱਚ ਨੂੰ ਮੰਨਣ ਵਿੱਚ ਕੋਈ ਸ਼ਰਮ ਨਹੀਂ ਕਰਨੀ ਚਾਹੀਦੀ। ਗੁਰੂ ਨੂੰ ਖੁਸ਼ ਕਰਨ ਲਈ ਸੱਚ ਮੰਨਣ ਵਿੱਚ ਹੀ ਫਾਇਦਾ ਹੈ ਭਾਵ ਆਪਣੀ ਮਤਿ ਨੂੰ ਗੁਰੂ ਦੀ ਮਤਿ ਨਾਲੋਂ ਨੀਵੀਂ ਸਮਝਣ ਵਿੱਚ ਹੀ ਫਾਇਦਾ ਹੈ। ਸਾਰੇ ਸੰਸਾਰ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਜਿਸ ਵਿੱਚ ਰਹਿੰਦਿਆਂ ਨਾਮ ਦੀ ਸਮਝ ਵਾਲੀ ਹੋ ਹੀ ਨਹੀਂ ਸਕਦਾ। ਨਾਮ ਚੌਥੇ ਪਦ ਵਿੱਚ ਹੈ ਜਿਸ ਪਦ ਵਿੱਚ ਕੇਵਲ ਤੇ ਕੇਵਲ ਗੁਰੂ ਆਪ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਆਉ ਕੁਝ ਹੇਠ ਦਿੱਤੇ ਸ਼ਬਦਾਂ ਦੁਆਰਾ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਸੱਚ ਮੰਨ ਕੇ ਇਹ ਮੰਨਣ ਦੀ ਕੋਸ਼ਿਸ਼ ਕਰੀਏ ਕਿ ਨਾਮ ਦਾਰੂ ਦਾ ਮਕਸਦ ਕੀ ਹੈ,

50/6835

ਨਾਮ ਦੀ ਅਉਖਧ ਦਾ ਮਕਸਦ ਕੀ ਹੈ ਤਾਂ ਜੋ ਉਹ ਅਉਖਧ ਸਾਡੇ ਅਸਲ ਕੰਮ ਆ ਸਕੇ। ਅਸੀਂ ਕਿਸੇ ਵੀ ਸਰੀਰਕ ਰੋਗ ਲਈ ਬਜਾਰ ਵਿੱਚੋਂ ਦਵਾਈ ਖਰੀਦਦੇ ਹਾਂ ਤੇ ਜੇਕਰ ਉਹ ਦਵਾਈ ਖਾਣ ਨਾਲ ਸਾਡੇ ਸਰੀਰ ਦਾ ਰੋਗ ਹੀ ਠੀਕ ਨਾ ਹੋਵੇ ਜਾਂ ਪੁੱਠਾ ਅਸਰ ਕਰ ਜਾਵੇ ਉਹ ਦਵਾਈ ਖਾਣ ਦਾ ਕੀ ਫਾਇਦਾ। ਨਾਮ ਦਾਰੂ ਸਾਡੇ ਮਨ ਦਾ ਰੋਗ ਦੂਰ ਕਰਨ ਲਈ ਹੈ ਭਾਵ ਸਾਨੂੰ ਮਨ ਦੀ ਮਾੜੀ ਸਮਝ ਵਿੱਚੋਂ ਕੱਢਣ ਦਾ ਦਾਰੂ ਹੈ ਜੋ ਸਾਨੂੰ ਅੰਦਰ ਦੇ ਹਉਮੈ ਦੇ ਰੋਗ ਵਿੱਚੋਂ ਕੱਢੇ, ਤ੍ਰਿਸ਼ਨਾ ਦੇ ਰੋਗ ਵਿੱਚੋਂ ਕੱਢੇ, ਮਾਇਆ ਮੋਹ ਦੇ ਰੋਗ ਵਿੱਚੋਂ

ਕੱਢੇ ਜਿਨ੍ਹਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵਿਚਾਰਾਂ ਵਿੱਚ ਫੱਸਦੇ ਹਾਂ ਭਾਵ ਵਿਕਾਰੀ ਕੰਮ ਕਰਦੇ ਹਾਂ। ਨਾਮ ਦਾਰੂ ਦਾ ਮਕਸਦ ਸਾਨੂੰ ਵਿਕਾਰਾਂ ਦੇ ਰੋਗ ਵਿੱਚੋਂ ਕੱਢਣ ਦਾ ਹੀ ਹੈ ਜੋ ਰੋਗ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲ ਸਕਦਾ ਹੈ ਭਾਵ ਮਨ ਦੇ ਵਿੱਚ ਇਹ ਪ੍ਰਣ ਕਰਨ ਦੁਆਰਾ ਨਿਕਲ ਸਕਦਾ ਹੈ ਕਿ ਗੁਰੂ ਜੀ, ਧੰਨ ਧੰਨ ਗੁਰੂ ਜੀ ਮੈਂ ਤੁਹਾਡੀ ਸੱਚੀ ਮਤਿ ਦੀ ਓਟ ਲੈ ਕੇ ਹੁਣ ਕੋਈ ਮਾੜਾ ਕਰਮ ਨਹੀਂ ਕਰਾਂਗਾ ਭਾਵ ਅੱਠੇ ਪਹਿਰ ਤੇਰਾ ਨਾਮ ਜਪਣ ਤੋਂ ਪਿੱਛੇ ਨਹੀਂ ਹਟਾਂਗਾ ਭਾਵ ਅੱਠੇ ਪਹਿਰ ਤੇਰੀ ਸਮਝਾਈ ਹੋਈ ਸੱਚੀ ਮਤਿ ਤੇ ਹੀ ਚੱਲਾਂਗਾ ਭਾਵ ਮੈਂ ਤੇਰੇ ਸੱਚੇ ਬਚਨਾਂ ਦੀ ਪੂਰੀ ਕਦਰ ਕਰਾਂਗਾ, ਤੇਰੇ ਬਚਨਾਂ ਨਾਲ ਪੂਰਾ ਪ੍ਰੇਮ ਦਿਖਾਵਾਂਗਾ ਭਾਵ ਮੈਂ ਕਿਸੇ ਹੋਰ ਦੇ ਬਚਨਾਂ ਨਾਲ ਨਹੀਂ ਜੁੜਾਂਗਾ ਜਿਨ੍ਹਾਂ ਦੇ ਬਚਨ ਤੇਰੇ ਬਚਨਾਂ ਤੇ ਖਰੇ ਨਹੀਂ ਉਤਰਦੇ ਭਾਵ ਮੈਂ ਕੇਵਲ ਸੱਚਾ ਨਾਮ ਜਪਾਂਗਾ ਭਾਵ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਹੀ ਮੰਨਾਂਗਾ ਜਿਸਨੂੰ ਪੂਰਨ ਸੱਚ ਦੀ ਸਮਝ ਹੈ ਜੋ ਸਮਝ ਕੇਵਲ ਤੇ ਕੇਵਲ ਗੁਰੂ ਜੀ ਤੁਹਾਡੇ ਕੋਲ ਹੀ ਹੈ ਇਹ ਗੱਲ ਮੈਂ ਪੂਰੇ ਯਕੀਨ ਨਾਲ ਮੰਨਦਾ ਹਾਂ।

ਆਉ ਹੁਣ ਹੇਠਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਸਮਝੀਏ ਭਾਵ ਪੂਰੇ ਯਕੀਨ ਨਾਲ ਸਮਝੀਏ ਤੇ ਮੰਨੀਏ ਕਿ ਅਸੀਂ ਗੁਰੂ ਦੇ ਨਾਮ ਰੂਪ ਦਾਰੂ ਨੂੰ ਕਿਸ ਤਰੀਕੇ ਖਾਣਾ ਹੈ ਤੇ ਕਿਸ ਮਕਸਦ ਲਈ ਖਾਣਾ ਹੈ।

“ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮੁ ਮਾਰੈ ਠੇਹ ॥੧॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ਰਹਾਉ ॥”

(ਅੰਗ ੧੨੫੬-੧੨੫੭)

ਉਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਨਾਮ ਦਾ ਮਕਸਦ ਕੀ ਹੈ ਭਾਵ ਇਹ ਨਾਮ ਰੂਪ ਦਾਰੂ ਨੇ ਸਾਨੂੰ ਕਿਸ ਰੋਗ ਵਿੱਚੋਂ ਕੱਢਣਾ ਹੈ। ਇਸ ਨਾਮ ਰੂਪ ਦਾਰੂ ਦਾ ਮਕਸਦ ਸਾਨੂੰ ਮਨ ਦੇ ਦੁੱਖ ਵਿੱਚੋਂ ਕੱਢਣ ਦਾ ਹੈ ਜਿਸ ਸਾਡੇ ਅੰਦਰ ਦੇ ਦੁੱਖ ਨੂੰ ਮਹੁਰਾ ਕਹਿ ਕੇ ਸਮਝਾਇਆ ਹੋਇਆ ਹੈ ਭਾਵ ਜਹਿਰ ਕਹਿ ਕੇ

ਸਮਝਾਇਆ ਹੋਇਆ ਹੈ। ਇਹ ਸਾਡੇ ਅੰਦਰ ਦਾ ਉਹ ਜਹਿਰ ਹੈ ਜੋ ਜਹਿਰ ਮਨੁੱਖ ਨੂੰ ਆਤਮਿਕ ਮੌਤ ਮਾਰਦਾ ਹੈ। ਜੋ ਅਸਲ ਦੁੱਖ ਹੈ ਉਹ ਪ੍ਰਮਾਤਮਾ ਨਾਲੋਂ ਵਿਛੋੜੇ ਦਾ ਦੁੱਖ ਹੈ ਤੇ ਜੋ ਮਨੁੱਖ ਲਈ ਅਸਲ ਸੁੱਖ ਹੈ ਉਹ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦਾ ਸੁੱਖ ਹੈ ਜੋ ਸੁੱਖ ਪ੍ਰਮਾਤਮਾ ਨਾਲੋਂ ਵਿਛੋੜੇ ਦੇ ਦੁੱਖ ਵਿੱਚੋਂ ਨਿਕਲਕੇ ਹੀ ਪ੍ਰਾਪਤ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਭਾਵ ਅਸਲ ਸੁੱਖ ਦੀ ਪ੍ਰਾਪਤੀ ਨਾਮ ਮਿਲਣ ਦੁਆਰਾ ਹੀ ਹੁੰਦੀ ਹੈ ਜਿਸ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। ਜਦੋਂ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ ਫਿਰ ਹਉਮੈ ਵਾਲੀ ਸਮਝ ਦੇ ਦੁੱਖ ਵਿੱਚੋਂ ਨਿਕਲ ਜਾਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਕਰਕੇ ਮਨੁੱਖ ਦੁੱਖ ਸਹਿੰਦਾ ਰਹਿੰਦਾ ਹੈ, ਮਨ ਦੇ ਵਿਚਾਰਾਂ ਦੇ ਰੂਪ ਵਿੱਚ ਦੁੱਖ ਸਹਿੰਦਾ ਰਹਿੰਦਾ ਹੈ ਭਾਵ ਜਿਨ੍ਹਾਂ ਕਰਕੇ ਮਨੁੱਖ ਹਰ ਵੇਲੇ ਮਾਇਆ ਦੀ ਪ੍ਰਾਪਤੀ ਲਈ, ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹਰ ਵੇਲੇ ਟੈਨਸ਼ਨ ਵਿੱਚ ਰਹਿੰਦਾ ਹੈ। ਮਨ ਦੀ ਇਸ ਦੁੱਖ ਦੇਣ ਦੀ ਸਮਝ ਵਿੱਚੋਂ ਕੇਵਲ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਜਿਸ ਗੁਰੂ ਦੇ ਨਾਮ ਨੂੰ ਮੰਨਣ ਦੁਆਰਾ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਅਸੀਂ ਆਪਣੇ ਅੰਦਰ ਦੀਆਂ ਮਹੁਰਾ ਰੂਪ ਦੁੱਖ ਦੇਣ ਵਾਲੀਆਂ ਤ੍ਰਿਸ਼ਨਾਵਾਂ ਨੂੰ ਮਾਰ ਸਕਦੇ ਹਾਂ ਤੇ ਸੁੱਖ ਦੀ ਪ੍ਰਾਪਤੀ ਕਰ ਸਕਦੇ ਹਾਂ ਜੋ ਸੁੱਖ ਮਨ ਦੇ ਸੰਤੋਖ ਵਿੱਚ ਹੈ ਤੇ ਸੰਤੋਖ ਮਾਇਆ ਮੋਹ ਵਿੱਚੋਂ ਨਿਕਲਕੇ ਹੀ ਆਉਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਹੀ ਆਉਂਦਾ ਹੈ। ਜੇਕਰ ਅਸੀਂ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਪੀਸਣਾ ਚਾਹੁੰਦੇ ਹਾਂ ਭਾਵ ਉਹਨਾਂ ਨੂੰ ਮਾਰਨਾ ਚਾਹੁੰਦੇ ਹਾਂ ਤੇ ਉਹਨਾਂ ਨੂੰ ਪੀਸਣ ਲਈ ਸਾਡੇ ਮਨ ਦੇ ਸੰਤੋਖ ਰੂਪ ਵਿਚਾਰ ਹੀ ਹਨ ਜੋ ਵਿਚਾਰ ਸਾਨੂੰ ਗੁਰੂ ਦੇ ਕੋਲੋਂ ਉਸਦੇ ਨਾਮ ਦੇ ਰੂਪ ਵਿੱਚ ਮਿਲਦੇ ਹਨ। ਜੇਕਰ ਅਸੀਂ ਗੁਰੂ ਦੇ ਨਾਮ ਰੂਪ ਵਿਚਾਰਾਂ ਨੂੰ ਮੰਨ ਲੈਂਦੇ ਹਾਂ ਜੋ ਵਿਚਾਰ ਸਾਨੂੰ ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦੇ ਹਨ, ਮਾਇਆ ਮੋਹ ਛੱਡਣ ਲਈ ਸਮਝਾਉਂਦੇ ਹਨ ਤਾਂ ਫਿਰ ਗੁਰੂ ਦੇ ਉਹ ਸੱਚੇ ਵਿਚਾਰ ਸਾਡੇ ਲਈ ਸੰਤੋਖ ਰੂਪ ਸਿਲਾ ਬਣ ਜਾਂਦੇ ਹਨ ਭਾਵ ਉਹ ਵੱਟਾ ਬਣ ਜਾਂਦੇ ਹਨ ਜਿਸ ਸਿਲਾ ਦੇ ਉੱਤੇ ਤ੍ਰਿਸ਼ਨਾ ਰੂਪ ਵਿਕਾਰਾਂ ਨੂੰ ਪੀਸਿਆ ਜਾ ਸਕਦਾ ਹੈ ਭਾਵ ਮਾਰਿਆ ਜਾ ਸਕਦਾ ਹੈ ਭਾਵ ਮਨ ਦੇ ਦੁੱਖ ਮਹੁਰਾ ਰੂਪ ਵਿਚਾਰਾਂ ਨੂੰ ਮਾਰਿਆ ਜਾ ਸਦਕਾ ਹੈ ਭਾਵ ਛੱਡਿਆ ਜਾ ਸਕਦਾ ਹੈ ਭਾਵ ਤ੍ਰਿਸ਼ਨਾਵਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਿਆ ਜਾ ਸਕਦਾ ਹੈ, ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਿਆ ਜਾ ਸਕਦਾ ਹੈ ਭਾਵ ਮਨ ਦੇ ਸੰਤੋਖ ਵਿੱਚ ਆਇਆ ਜਾ

50/6837

ਸਕਦਾ ਹੈ ਜਿਨ੍ਹਾਂ ਵਿਚਾਰਾਂ ਰਾਹੀਂ ਮਨੁੱਖ ਸੁੱਖ ਹੀ ਮਹਿਸੂਸ ਕਰਦਾ ਹੈ ਭਾਵ ਮਨ ਦੀਆਂ ਟੈਨਸ਼ਨਾਂ ਵਿੱਚੋਂ ਨਿਕਲ ਜਾਂਦਾ ਹੈ ਪਰ ਗੁਰੂ ਦੇ ਨਾਮ ਵਾਲੇ ਵਿਚਾਰ ਜਿਨ੍ਹਾਂ ਨੂੰ ਮੰਨਣ ਦੁਆਰਾ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਸੰਤੋਖ ਮਿਲਦਾ ਹੈ ਉਹ ਨਾਮ ਰੂਪ ਵਿਚਾਰ ਕੇਵਲ ਤੇ ਕੇਵਲ ਗੁਰੂ ਦਾ ਆਪਣਾ ਦਾਨ ਹੈ ਭਾਵ ਉਸਦਾ ਨਾਮ ਦਾਨ ਹੈ ਤੇ ਜਿਸਦੇ ਹੱਥ ਵਿੱਚ ਪ੍ਰਮਾਤਮਾ ਭਾਵ ਜਿਸ ਮਨੁੱਖੀ ਸਮਝ ਵਿੱਚ ਪ੍ਰਮਾਤਮਾ ਕਿਸੇ ਨੂੰ ਇਹ ਆਪਣਾ ਦਾਨ ਬਖਸ਼ ਦਿੰਦਾ ਹੈ ਉਹੀ ਇਸ ਨਾਮ ਦਾਨ ਦੀ ਸਮਝ ਦੁਆਰਾ ਭਾਵ ਗੁਰੂ ਦੇ ਨਾਮ ਰੂਪ ਸਮਝ ਵਾਲੇ, ਗੁਰਮਤਿ ਰੂਪ ਸੱਚੇ ਵਿਚਾਰਾਂ ਨੂੰ ਮੰਨ ਕੇ ਮਨ ਦੇ ਦੁੱਖ ਰੂਪ ਮਹੁਰਾ ਵਾਲੇ ਵਿਚਾਰਾਂ ਨੂੰ ਮਾਰ ਸਕਦਾ ਹੈ ਤੇ ਮਨ ਦੇ ਸੰਤੋਖ ਵਿੱਚ ਆ ਸਕਦਾ ਹੈ ਭਾਵ ਸੱਚੇ ਸੁੱਖ ਦੀ ਪ੍ਰਾਪਤੀ ਕਰ ਸਕਦਾ ਹੈ। ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਮਿਲਣਾ ਜਾਂ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਕੋਲੋਂ ਨਾਮ ਦਾ ਦਾਨ ਮਿਲੇ ਬਿਨਾਂ ਭਾਵ ਉਸਦਾ ਬ੍ਰਹਮ ਗਿਆਨ ਰੂਪ ਦਾਨ ਮਿਲੇ ਬਿਨਾਂ ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਹਰ ਕੋਈ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦੇ ਦੁੱਖ ਵਿੱਚ ਹੀ ਹੈ ਤੇ ਅਸਲ ਸੁੱਖ ਕੇਵਲ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮਨ ਦੀ ਬ੍ਰਹਮ ਗਿਆਨ ਵਾਲੀ ਸਮਝ ਮਿਲਣ ਦੁਆਰਾ ਉਸਦੇ ਨਾਲ ਮੇਲ ਦੇ ਵਿੱਚ ਹੈ ਜਿਸ ਸੱਚੀ ਸਮਝ ਨੂੰ ਮੰਨਣ ਦੁਆਰਾ ਫਿਰ ਮਨੁੱਖ ਹਰ ਤ੍ਰਿਸ਼ਨਾ ਵਿੱਚੋਂ ਨਿਕਲ ਜਾਂਦਾ ਹੈ, ਮਾਇਆ ਮੋਹ ਵਿੱਚੋਂ ਨਿਕਲ ਜਾਂਦਾ ਹੈ ਤੇ ਹਰ ਵੇਲੇ ਮਨ ਦੇ ਸੰਤੋਖ ਵਿੱਚ ਰਹਿ ਕੇ ਭਾਵ ਸੱਚ ਦੇ ਮਾਰਗ ਤੇ ਚੱਲਣ ਵਿੱਚ ਹੀ, ਗੁਰਮਤਿ ਅਨੁਸਾਰ ਚੱਲਣ ਵਿੱਚ ਹੀ ਸੁੱਖ ਮਹਿਸੂਸ ਕਰਦਾ ਹੈ। ਇਹ ਸੁੱਖ ਕਦੇ ਹੀ ਕਿਸੇ ਵਿਰਲੇ ਨੂੰ ਪ੍ਰਮਾਤਮਾ ਦੇ ਕੋਲੋਂ ਉਸਦਾ ਨਾਮ ਦਾਨ ਮਿਲਣ ਦੁਆਰਾ ਨਸੀਬ ਹੁੰਦਾ ਹੈ ਜਿਵੇਂ ਕਿ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੇ ਵਿਛੋੜੇ ਦੇ ਦੁੱਖ ਵਿੱਚੋਂ ਨਿਕਲ ਕੇ ਇਹ ਸੁੱਖ ਮਹਿਸੂਸ ਹੋਇਆ ਹੈ। **(ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥)**

ਸ਼ਬਦ ਦੀਆਂ ਉਪਰ ਵਾਲੀਆਂ ਪੰਗਤੀਆਂ ਦੁਆਰਾ ਅਸੀਂ ਆਪਣੇ ਲਈ ਨਾਮ ਦਾਰੂ ਬਨਾਉਂਣ ਦੀ ਭਾਵ ਨਾਮ ਦੀ ਅਉਖਧ ਬਨਾਉਣ ਦੀ ਵਿਧੀ ਸਮਝੀ ਹੈ ਜਿਸ ਅਉਖਧ ਨੂੰ ਅਸੀਂ ਮਨ ਦੇ ਵਿੱਚ ਸੰਤੋਖ ਲਿਆਉਣ ਲਈ ਖਾਣਾ ਹੈ ਤੇ ਦੁੱਖ ਰੂਪ ਮੋਹਰੇ ਤੋਂ ਆਪਣੇ ਆਪ ਨੂੰ ਬਚਾਉਂਣਾ ਹੈ। ਸ਼ਬਦ ਦੇ ਅਰਥ ਕੁਝ ਗਹਿਰੇ ਹਨ ਪਰ ਨਾਮ ਦਾਰੂ ਬਨਾਉਂਣ ਦਾ ਤੇ ਉਸਨੂੰ ਖਾਣ ਦਾ ਤਰੀਕਾ ਇਹੀ ਹੈ ਭਾਵੇਂ ਗੁਰੂ ਗੁਰਬਾਣੀ ਦੇ

50/6838

ਜਿਹੜੇ ਮਰਜੀ ਸ਼ਬਦ ਬਾਰੇ ਜਾਣ ਲਈਏ। ਸ਼ਬਦ ਦੀ ਅਗਲੀਆਂ ਪੰਗਤੀਆਂ ਰਾਹੀਂ ਅਸੀਂ ਇਸ ਨਾਮ ਦਾਰੂ ਨੂੰ ਕਿਸ ਤਰੀਕੇ ਲੈਣਾ ਹੈ, ਕਦੋਂ ਲੈਣਾ ਹੈ ਤੇ ਕਿਸ ਮਕਸਦ ਲਈ ਲੈਣਾ ਹੈ ਇਹੀ ਗੱਲ ਸਮਝਾਈ ਹੋਈ ਹੈ। ਸ਼ਬਦ ਦੇ ਭਾਵ ਕੁਝ ਗਹਿਰੇ ਹਨ ਧਿਆਨ ਨਾਲ ਸਮਝਣ ਦੀ ਲੋੜ ਹੈ।

“ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮੁ ਮਾਰੈ ਠੇਹ ॥੧॥

ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥”

ਇਸ ਨਾਮ ਰੂਪ ਅਉਖਧ ਨੂੰ ਅਸੀਂ ਨਿਤ ਨਿਤ ਲੈਣਾ ਹੈ ਭਾਵ ਹਰ ਰੋਜ ਖਾਣਾ ਹੈ ਭਾਵ ਅੱਠੇ ਪਹਿਰ ਖਾਣਾ ਹੈ। ਜਿਵੇਂ ਕਿ ਬਾਣੀ ਰਾਹੀਂ ਸਾਨੂੰ ਬਾਰ-ਬਾਰ ਇਹ ਗੱਲ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਦਾ ਨਾਮ ਅਸੀਂ ਅੱਠੇ ਪਹਿਰ ਜਪਣਾ ਹੈ ਉਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਭਾਵ ਇਹ ਨਾਮ ਰੂਪ ਦਾਰੂ ਨੂੰ ਖਾਣ ਲਈ ਭਾਵ ਪ੍ਰਮਾਤਮਾ ਦਾ ਨਾਮ ਜਪਣ ਲਈ ਹਰ ਵੇਲਾ ਇੱਕੋ ਜਿਹਾ ਹੈ ਤੇ ਹਰ ਵੇਲੇ ਹੀ ਅਸੀਂ ਇਸ ਦਾਰੂ ਨੂੰ ਖਾਣਾ ਹੈ। ਇਹ ਸਾਡੇ ਮਨ ਦੇ ਖਾਣ ਦਾ ਦਾਰੂ ਹੈ ਭਾਵ ਸਾਡੇ ਮਨ ਦੀ ਸਮਝ ਦੇ ਮੰਨਣ ਦਾ ਦਾਰੂ ਹੈ। ਦਾਰੂ ਗੁਰਮਤਿ ਰੂਪ ਸੱਚੀ ਸਮਝ ਹੈ ਤੇ ਗੁਰੂ ਦੀ ਸੱਚੀ ਸਮਝ ਨੂੰ ਹਰ ਵੇਲੇ ਮੰਨਣਾ ਹੈ, ਅੱਠੇ ਪਹਿਰ ਮੰਨਣਾ, ਦਿਨ ਦਾਤ ਮੰਨਣਾ ਭਾਵ ਹਰ ਵੇਲੇ ਸੱਚੇ ਬਣੇ ਰਹਿਣਾ, ਸੁੱਤੇ-ਜਾਗਦੇ ਸੱਚੀ ਸਮਝ ਨਾਲ ਜੁੜੇ ਰਹਿਣਾ ਇਸ ਨਾਮ ਰੂਪ ਦਾਰੂ ਨੂੰ ਨਿਤ ਨਿਤ ਖਾਣਾ ਹੈ ਜਿਸ ਨਾਮ ਰੂਪ ਦਾਰੂ ਨੇ ਸਾਡੀ ਦੇਹ ਨੂੰ ਭਾਵ ਸਰੀਰ ਰੂਪ ਦੇਹ ਨੂੰ ਛਿੱਜਣ ਤੋਂ ਬਚਾਉਂਣਾ ਹੈ ਭਾਵ ਨਾਸ ਹੋਣ ਤੋਂ ਬਚਾਉਂਣਾ ਹੈ। ਸਾਡੀ ਦੇਹ ਨਾਸ ਕਿਸ ਲਈ ਹੁੰਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਉਹੀ ਗੱਲ ਉਪਰ ਰਹਾਉ ਵਾਲੀ ਪੰਗਤੀ ਦੁਆਰਾ ਸਪਸ਼ਟ ਕੀਤੀ ਹੋਈ ਹੈ ਕਿ ਅਸੀਂ ਆਪਣੀ ਦੇਹ ਨੂੰ ਭਾਵ ਆਪਣੇ ਸੰਸਾਰਿਕ ਜੀਵਨ ਨੂੰ ਕਿਸ ਤਰੀਕੇ ਨਾਸ ਹੋਣ ਤੋਂ ਬਚਾਉਂਣਾ ਹੈ। ਸਾਡੀ ਦੇਹ ਸਾਡੇ ਮਾੜੇ ਕਰਮਾਂ ਦੁਆਰਾ ਛਿੱਜਦੀ ਹੈ ਜਿਨ੍ਹਾਂ ਮਾੜੇ ਕਰਮਾਂ ਦਾ ਕਾਰਣ ਸਾਡੇ ਅੰਦਰ ਵਿਕਾਰਾਂ ਦਾ ਹੋਣਾ ਹੈ ਤੇ ਸਾਡੇ ਅੰਦਰ ਵਿਕਾਰਾਂ ਦਾ ਹੋਣਾ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ ਭਾਵ ਨਾਮ ਦਾ ਨਾ ਹੋਣਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦਾ ਨਾ ਹੋਣਾ ਹੈ ਤੇ ਅੰਦਰ ਦਾ ਜੋ ਕਾਲ ਹੈ ਜੋ ਕਾਲ ਸਾਨੂੰ ਹਰ ਵੇਲੇ ਆਤਮਿਕ ਮੌਤ ਮਾਰਦਾ ਹੈ ਉਹ ਸਾਡੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੀ ਹੈ ਭਾਵ

50/6839

ਸਾਡੇ ਅੰਦਰ ਦੀ ਅਗਿਆਨਤਾ ਵਾਲੀ ਮਾੜੀ ਸਮਝ ਹੈ, ਹਉਮੈ ਹੈ, ਮਾਇਆ ਮੋਹ ਹੈ, ਮਨ ਦੇ ਇਸ ਕਾਲ ਦਾ ਹੀ ਅਸੀਂ ਅੰਤ ਕਰਨਾ ਹੈ ਭਾਵ ਮਨ ਦੀ ਆਤਮਿਕ ਮੌਤ ਨੂੰ ਹੀ ਅਸੀਂ ਮਾਰਨਾ ਹੈ ਭਾਵ ਉਸਦਾ ਅੰਤ ਕਰਨਾ ਹੈ ਜਿਸਦੇ ਕਾਰਨ ਸਾਡਾ ਸੰਸਾਰਿਕ ਜੀਵਨ ਖਰਾਬ ਹੁੰਦਾ ਹੈ। ਸਾਡੇ ਅੰਦਰ ਸਾਡੇ ਇਹ ਕਾਲ ਰੂਪ ਮਾੜੇ ਵਿਚਾਰ ਹੀ, ਅਉਗੁਣਾਂ ਵਾਲੇ ਵਿਚਾਰ ਹੀ ਜੋ ਸਾਨੂੰ ਗੁਰਮਤਿ ਦੀ ਸੱਚੀ ਸਮਝ ਤੋਂ ਦੂਰ ਰੱਖਦੇ ਹਨ ਇਹੀ ਸਾਡੇ ਅੰਦਰ ਦੇ **“ਜਮੁ”** ਹਨ ਜੋ ਹਰ ਵੇਲੇ ਸਾਨੂੰ ਆਤਮਿਕ ਮੌਤ ਮਾਰਦੇ ਰਹਿੰਦੇ ਹਨ। ਗੁਰੂ ਦੇ ਨਾਮ ਦੀ ਅਉਖਧ ਦਾ ਮਕਸਦ ਸਾਡੇ ਅੰਦਰੋਂ ਇਹਨਾਂ ਜੰਮਾਂ ਨੂੰ ਮਾਰਨ ਦੇ ਨਾਲ ਹੀ ਹੈ, ਇਹਨਾਂ ਦਾ ਅੰਤ ਕਰਨ ਦੇ ਨਾਲ ਹੀ ਹੈ। ਸਾਰੀ ਗੱਲ ਗੁਰੂ ਦੀ ਮਤਿ ਮੰਨਣ ਤੇ ਹੀ ਆਉਂਦੀ ਹੈ ਭਾਵ ਗੁਰੂ ਦਾ ਨਾਮ ਜਪਣ ਤੇ ਹੀ ਆਉਂਦੀ ਹੈ ਭਾਵ ਗੁਰੂ ਦਾ ਨਾਮ ਰੂਪ ਦਾਰੂ ਖਾਣ ਤੇ ਹੀ ਆਉਂਦੀ ਹੈ ਜੋ ਦਾਰੂ ਖਾਣ ਨਾਲ ਗੁਰੂ ਦੇ ਸੱਚੇ ਵਿਚਾਰ ਸਾਡੇ ਮਨ ਦੇ ਮਾੜੇ ਵਿਚਾਰਾਂ ਨੂੰ, ਅਉਗੁਣਾਂ ਵਾਲੇ ਵਿਚਾਰਾਂ ਨੂੰ ਪਟਕ ਕੇ ਮਾਰਦੇ ਹਨ ਭਾਵ ਸਾਡੇ ਅੰਦਰ ਦੇ ਕਾਲ ਰੂਪ ਵਿਚਾਰਾਂ ਦਾ ਭਾਵ ਆਤਮਿਕ ਮੌਤ ਮਾਰਨ ਵਾਲੇ ਵਿਚਾਰਾਂ ਦਾ ਅੰਤ ਕਰ ਦਿੰਦੇ ਹਨ। ਇਹ ਨਾਮ ਰੂਪ ਦਾਰੂ ਅਸੀਂ ਹਰ ਵੇਲੇ ਛੱਕਣਾ ਹੈ ਤੇ ਤਾਂ ਹੀ ਅਸੀਂ ਹਰ ਵੇਲੇ ਮਨ ਦੇ ਸੰਤੋਖ ਵਿੱਚ ਰਹਿ ਸਕਦੇ ਹਾਂ ਤੇ ਦੁੱਖ ਰੂਪ ਮਹੁਰਾ ਵਾਲੇ ਵਿਚਾਰਾਂ ਵਿੱਚੋਂ ਨਿਕਲ ਸਕਦੇ ਹਾਂ। **(ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮੁ ਮਾਰੈ ਠੇਹ ॥੧॥)**

ਗੁਰੂ ਦੇ ਇਸ ਨਾਮ ਰੂਪ ਦਾਰੂ ਨੂੰ ਕਿਸ ਮਕਸਦ ਲਈ ਲੈਣਾ ਹੈ ਭਾਵ ਗੁਰੂ ਦੇ ਨਾਮ ਨੂੰ ਅਸੀਂ ਕਿਸ ਤਰੀਕੇ ਜਪਣਾ ਹੈ, ਕਿਸ

ਰੂਪ ਵਿੱਚ ਜਪਣਾ ਹੈ ਤਾਂ ਜੋ ਸਾਡੀ ਮਨ ਦੇ ਜਮਾਂ ਤੋਂ ਖੁਲਾਸੀ ਹੋ ਜਾਵੇ ਤੇ ਅਸੀਂ ਮਨ ਦੇ ਸੁੱਖ ਵਿੱਚ ਆ ਸਕੀਏ, ਮਨ ਦੇ ਸੰਤੋਖ ਵਿੱਚ ਆ ਸਕੀਏ। ਇਹੀ ਗੱਲ ਸ਼ਬਦ ਦੀ ਰਹਾਉ ਵਾਲੀ ਪੰਗਤੀ ਦੁਆਰਾ ਸਪਸ਼ਟ ਕੀਤੀ ਹੋਈ ਹੈ ਜਿਸ ਰਹਾਉ ਵਾਲੀ ਪੰਗਤੀ ਦਾ ਮਕਸਦ ਸ਼ਬਦ ਦੇ ਅੰਦਰ ਦੇ ਅੰਦਰੂਨੀ ਭਾਵ ਨੂੰ ਸਮਝਾਉਂਣ ਨਾਲ ਹੀ ਹੁੰਦਾ ਹੈ।

“ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥”

50/6840

ਨਾਮ ਰੂਪ ਦਾਰੂ ਖਾਣ ਦਾ ਮਕਸਦ ਕੀ ਹੈ ਇਸ ਤੋਂ ਸਪਸ਼ਟ ਤਰੀਕੇ ਨਾਲ ਧੰਨ ਧੰਨ ਗੁਰੂ ਸਾਹਿਬ ਹੋਰ ਕੀ ਸਮਝਾਉਣ। ਕਿਉਂਕਿ ਨਾਮ ਦੀ ਸਮਝ ਸੰਸਾਰ ਵਿੱਚ ਕੇਵਲ ਉਸੇ ਨੂੰ ਹੀ ਪੈਂਦੀ ਹੈ ਜਿਸਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਨਾਮ ਗੁਰੂ ਦਾ ਸੱਚਾ ਗਿਆਨ ਹੈ ਜਿਸ ਸੱਚੇ ਗਿਆਨ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਭਾਵ ਮਨ ਦੇ ਗਵਾਰਪੁਣੇ ਵਿੱਚੋਂ ਕੱਢਣ ਦਾ ਹੈ। ਇਸੇ ਲਈ ਉਪਰ ਪੰਗਤੀ ਵਿੱਚ ਗੁਰੂ ਸਾਹਿਬ ਨੇ ਮਨੁੱਖੀ ਸਮਝ ਨੂੰ ਗਵਾਰ ਕਹਿ ਕੇ ਸੰਬੋਧਨ ਕੀਤਾ ਹੈ ਜਿਸ ਸਮਝ ਨੂੰ ਇਸ ਗੱਲ ਦੀ ਸੱਚੀ ਸਮਝ ਨਹੀਂ ਪੈਂਦੀ ਕਿ ਨਾਮ ਦਾਰੂ ਕੀ ਹੈ, ਨਾਮ ਦਾਰੂ ਖਾਣਾ ਕੀ ਹੈ ਤੇ ਨਾਮ ਦਾਰੂ ਖਾਣ ਦਾ ਮਕਸਦ ਕੀ ਹੈ। ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਨਾਮ ਦਾਰੂ ਖਾਣ ਦਾ ਮਕਸਦ ਆਪਣੇ ਅੰਦਰੋਂ ਵਿਕਾਰ ਕੱਢਣ ਦਾ ਭਾਵ ਵਿਕਾਰਾਂ ਵਾਲੇ ਮਾੜੇ ਵਿਚਾਰਾਂ ਨੂੰ ਛੱਡਣ ਦਾ ਹੈ ਜਿਨ੍ਹਾਂ ਮਾੜੇ ਵਿਚਾਰਾਂ ਕਰਕੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ, ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਵਾਸਤੇ ਅਸੀਂ ਵਿਕਾਰੀ ਮਨੁੱਖ ਬਣਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਜਿਸਦਾ ਅਸਰ ਸਾਡੇ ਸਮਾਜਿਕ ਜੀਵਨ ਤੇ ਪੈਂਦਾ ਹੈ ਭਾਵ ਸਾਡੇ ਮਨ ਦੇ ਵਿਕਾਰ ਸਾਡੀ ਦੇਹ ਦੇ ਛਿੱਜਣ ਦਾ ਕਾਰਨ ਬਣਦੇ ਹਨ ਜਿਵੇਂ ਕਿ ਅਸੀਂ ਉਪਰ ਪਹਿਲੇ ਪਦੇ ਦੁਆਰਾ ਸਮਝਿਆ ਹੈ। ਗੁਰੂ ਦੇ ਨਾਮ ਦਾ ਮਕਸਦ ਭਾਵ ਗੁਰੂ ਦਾ ਨਾਮ ਜਪਣ ਦਾ ਮਕਸਦ, ਨਾਮ ਦੀ ਅਉਖਧ ਖਾਣ ਦਾ ਮਕਸਦ ਸਾਨੂੰ ਸੱਚੇ ਸੁੱਚੇ ਇਨਸਾਨ ਬਨਾਉਂਣ ਦੇ ਲਈ ਹੀ ਹੈ ਜੋ ਨਾਮ ਜਪਣ ਦਾ ਮਕਸਦ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਦਾ ਹੋਵੇ। ਸੱਚਾ ਸੁੱਚਾ ਇਨਸਾਨ ਬਣਕੇ ਜੀਵਨ ਜਿਉਂਣਾ ਸਭ ਲਈ ਇੱਕੋ ਜਿਹਾ ਚੰਗਾ ਮਾਰਗ ਹੀ ਹੈ ਜਿਸ ਮਾਰਗ ਵਿੱਚ ਕੋਈ ਖੋਟ ਹੋ ਹੀ ਨਹੀਂ ਸਕਦੀ। ਕੇਵਲ ਨਾਮ ਨੂੰ ਸਮਝਣ ਵਿੱਚ ਹੀ ਫਰਕ ਹੈ, ਨਾਮ ਜਪਣ ਵਿੱਚ ਹੀ ਫਰਕ ਹੈ, ਨਾਮ ਰੂਪ ਦਾਰੂ ਪੀਣ ਵਿੱਚ ਹੀ ਫਰਕ ਹੈ ਜਿਸ ਫਰਕ ਦਾ ਕਾਰਨ ਮਨੁੱਖੀ ਸਮਝ ਹੀ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਹੀ ਹੈ ਜਿਸ ਤ੍ਰੈ ਗੁਣਾਂ ਦੀ ਸਮਝ ਤੋਂ ਬਾਹਰ ਕੇਵਲ ਗੁਰੂ ਆਪ ਹੈ ਤੇ ਗੁਰੂ ਦੀ ਸੱਚੀ ਸਮਝ ਤੇ ਵਿਸ਼ਵਾਸ ਕੀਤੇ ਬਿਨਾਂ ਤੇ ਉਸਨੂੰ ਸਹੀ ਰੂਪ ਵਿੱਚ ਮੰਨੇ ਬਿਨਾਂ ਅਸੀਂ ਗੁਰੂ ਦੇ ਸੱਚੇ ਨਾਮ ਨਾਲ ਨਹੀਂ ਜੁੜ ਸਕਦੇ।

50/6841

ਕੇਵਲ ਗੁਰੂ ਦਾ ਸੱਚਾ ਨਾਮ ਹੀ ਸਾਡੀ ਮਨ ਦੀ ਅਗਿਆਨਤਾ ਵਾਲੀ ਨਾਸਮਝੀ ਵਿੱਚੋਂ ਕੱਢ ਸਕਦਾ ਹੈ, ਮਨ ਦੇ ਗਵਾਰਪੁਣੇ ਵਿੱਚੋਂ ਕੱਢ ਸਕਦਾ ਹੈ ਜਿਸ ਵਿੱਚੋਂ ਅਸੀਂ ਤਾਂ ਹੀ ਨਿਕਲ ਸਕਾਂਗੇ ਜੇਕਰ ਪਹਿਲੇ ਇਸ ਗੱਲ ਨੂੰ ਮੰਨਾਂਗੇ ਕਿ ਨਾਮ ਦਾਰੂ ਨੂੰ ਅਸੀਂ ਕਿਸ ਤਰੀਕੇ ਖਾਣਾ ਹੈ। ਗੁਰੂ ਦਾ ਆਪਣਾ ਨਾਮ ਖੁਆਉਂਣ ਦਾ ਤਰੀਕਾ ਭਾਵ ਆਪਣੀ ਮਤਿ ਸਮਝਾਉਂਣ ਦਾ ਤਰੀਕਾ ਤਾਂ ਕਦੇ ਬਦਲ ਨਹੀਂ ਸਕਦਾ ਤੇ ਬਦਲਣਾ ਸਾਨੂੰ ਹੀ ਪੈਣਾ ਹੈ ਭਾਵ ਗੁਰੂ ਦੀ ਮਤਿ ਮੰਨਣ ਲਈ ਆਪਣੀ ਮਤਿ ਛੱਡਣੀ ਹੀ ਪੈਂਦੀ ਹੈ ਭਾਵ ਉਹਨਾਂ ਦੀ ਮਤਿ ਵਿੱਚੋਂ ਨਿਕਲਣਾ ਹੀ ਪਵੇਗਾ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਧਰਮ ਦੇ ਮਾਰਗ ਦੇ ਸਿਰਮੋਰ ਮੰਨ ਬੈਠੇ ਹਾਂ ਤੇ ਉਹਨਾਂ ਦੇ ਸਮਝਾਏ ਹੋਏ ਨਾਮ ਜਪਣ ਦੇ ਤਰੀਕੇ ਨਾਲ ਹੀ ਜੁੜੇ ਹੋਏ ਹਾਂ। ਬਹੁਤ ਔਖੀ ਹੈ ਮਨਮਤਿ ਕੱਢਣੀ ਤੇ ਇਸੇ ਲਈ ਬਹੁਤ ਔਖੀ ਹੈ ਗੁਰਮਤਿ ਮੰਨਣੀ ਭਾਵ ਬਹੁਤ ਔਖਾ ਹੈ ਨਾਮ ਜਪਣਾ, ਬਹੁਤ ਔਖਾ ਹੈ ਨਾਮ ਦਾਰੂ ਖਾਣਾ। **(ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮੁ ਮਾਰੈ ਠੇਹ ॥੧॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥)**

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥

ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥

ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥

ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥੫॥}

(ਅੰਗ ੮੦੦)

{ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ ॥
ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥੧॥ ਰਹਾਉ ॥
ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥
ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥
ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥੨॥
ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥
ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥੩॥
ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥
ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥}

(ਅੰਗ ੨੦੯)

ਉਪਰ ਵਾਲੇ ਮੁੱਖ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਦਾ ਦੁੱਖ ਕੀ ਹੈ ਤੇ ਉਸ ਵਿੱਚੋਂ ਨਿਕਲਕੇ ਸੁਖੁ ਦੀ ਪ੍ਰਾਪਤੀ ਕਰਨੀ ਕੀ ਹੈ ਜਿਸ ਦੁੱਖ ਨੂੰ ਅਸੀਂ ਨਾਮ ਦਾ ਦਾਰੂ ਪੀਣ ਦੁਆਰਾ ਆਪਣੇ ਅੰਦਰੋਂ ਕੱਢਣਾ ਹੈ ਭਾਵ ਮਾਰਨਾ ਹੈ। ਸਾਡੇ ਦੁੱਖਾਂ ਦਾ ਕਾਰਨ ਸਾਡੇ ਅੰਦਰ ਦੇ ਜੰਮ ਹਨ, ਜਮਕਾਲ ਹਨ ਜੋ ਸਾਨੂੰ ਹਰ ਵੇਲੇ ਆਤਮਿਕ ਮੌਤ ਮਾਰਦੇ ਹਨ। ਇਨ੍ਹਾਂ ਗੱਲਾਂ ਨੂੰ ਹੁਣ ਅਸੀਂ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਣ ਦਾ ਉਪਰਾਲਾ ਕਰਦੇ ਹਾਂ ਜਿਨ੍ਹਾਂ ਨੂੰ ਹਰ ਕੋਈ ਆਪਣੇ ਆਪ ਹੀ ਧਿਆਨ ਨਾਲ ਵਿਚਾਰਨ ਦੇ ਨਾਲ ਸਮਝ ਸਕਦਾ ਹੈ। ਦੁੱਖਾਂ ਦਾ ਕਾਰਨ ਸਾਡੇ ਅੰਦਰ ਦੇ ਮਾੜੇ ਵਿਚਾਰ ਹਨ ਤੇ ਉਹਨਾਂ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦੇ ਸੱਚੇ ਵਿਚਾਰ ਹਨ ਭਾਵ ਗੁਰੂ ਦਾ ਨਾਮ ਹੈ ਜੋ ਨਾਮ ਮੰਨਣ ਦੁਆਰਾ ਹੀ ਅਸੀਂ ਦੁੱਖਾਂ ਵਿੱਚੋਂ ਨਿਕਲ ਸਕਦੇ ਹਾਂ, ਜੰਮਾਂ ਦੇ ਡਰ ਵਿੱਚੋਂ ਨਿਕਲ ਸਕਦੇ ਹਾਂ ਜੋ ਜੰਮ ਰੂਪ ਵਿਚਾਰ ਸਾਡੇ ਅੰਦਰ ਵਿਚਾਰਾਂ ਦੇ ਰੂਪ ਵਿੱਚ ਹੀ ਹਨ ਜਿਨ੍ਹਾਂ ਵਿਚਾਰਾਂ ਦੀ ਪੂਰਤੀ ਲਈ ਅਸੀਂ ਹਰ ਵੇਲੇ ਟੈਨਸ਼ਨਾਂ ਵਿੱਚ ਰਹਿੰਦੇ ਹਾਂ। ਸਾਡੇ

ਅੰਦਰ ਦੀਆਂ ਇਹ ਟੈਨਸ਼ਨਾਂ ਹੀ ਜੰਮਾਂ ਦੀ ਮਾਰ ਹੈ ਜਿਨ੍ਹਾਂ ਜੰਮਾਂ ਵਾਲੇ ਵਿਚਾਰਾਂ ਤੋਂ ਛੁਟਕਾਰਾ ਪਾ ਕੇ ਹੀ ਕੋਈ ਮਨ ਦੇ ਸੰਤੋਖ ਵਿੱਚ ਆ ਸਕਦਾ ਹੈ ਤੇ ਸੁਖੁ ਦਾ ਜੀਵਨ ਬਤੀਤ ਕਰ ਸਕਦਾ ਹੈ। ਆਉ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਨ੍ਹਾਂ ਗੱਲਾਂ ਨੂੰ ਸਮਝਣ ਦਾ ਉਪਰਾਲਾ ਕਰੀਏ ਤੇ ਮਨ ਦੇ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਛੁਟਕਾਰਾ ਪਾਈਏ ਜੋ ਹਰ ਵੇਲੇ ਸਾਨੂੰ ਪਰੇਸ਼ਾਨ ਕਰੀ ਰੱਖਦੇ ਹਨ। ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਨਾ ਹੀ ਪ੍ਰਮਾਤਮਾ ਦੀ ਭਗਤੀ ਹੋ ਸਕਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਨਾ ਹੀ ਅਸੀਂ ਮਨ ਦੇ ਇਹੋ ਜਿਹੇ ਤ੍ਰਿਸ਼ਨਾਵਾਂ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਭਾਵ ਅਉਗੁਣਾਂ ਵਾਲੇ ਵਿਚਾਰਾਂ ਵਿੱਚ ਰਹਿੰਦੇ ਹੋਏ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ। ਮਨ ਦੇ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕਰਨਾ ਹੀ ਗੁਰੂ ਦਾ ਸੱਚਾ ਨਾਮ ਜਪਣ ਦਾ ਉਪਰਾਲਾ ਕਰਨਾ ਹੈ, ਨਾਮ ਦਾ ਦਾਰੂ ਪੀਣ ਦਾ ਸੱਚਾ ਉਪਰਾਲਾ ਕਰਨਾ ਹੈ। ਸਾਡੇ ਅੰਦਰ ਦੇ ਦੁੱਖਾਂ ਸੁੱਖਾਂ ਦਾ ਕਾਰਨ ਕੀ ਹੈ ਇਸ ਗੱਲ ਦੀ ਸਮਝ ਸਾਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਰਾਹੀਂ ਆਸਾਨੀ ਨਾਲ ਪੈ ਜਾਵੇਗੀ। ਜੋ ਵੀ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਸ ਨਾਲ ਅਸੀਂ ਆਪਣੇ ਅੰਦਰ ਦੁੱਖਾਂ ਨੂੰ ਬੁਲਾਉਂਦੇ ਹਾਂ ਭਾਵ ਮਨ ਦੇ ਦੁੱਖਾਂ ਵਿੱਚ ਵਾਧਾ ਕਰਦੇ ਹਾਂ ਤੇ ਜੋ ਵੀ ਕਰਮ ਅਸੀਂ ਗੁਰਮਤਿ ਅਨੁਸਾਰ ਕਰਦੇ ਹਾਂ ਉਸ ਰਾਹੀਂ ਅਸੀਂ ਸੁੱਖ ਨੂੰ ਹੀ ਆਪਣੇ ਨੇੜੇ ਬੁਲਾਉਂਦੇ ਹਾਂ। ਪੂਰਨ ਸੁਖੁ ਪ੍ਰਮਾਤਮਾ ਦੇ ਨਾਲ ਮੇਲ ਵਿੱਚ ਹੈ ਜਿਸ ਸੁਖੁ ਦੀ ਪ੍ਰਾਪਤੀ ਕਰਨ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਅਪਨਾਉਂਣ ਦਾ ਹੈ ਭਾਵ ਗੁਰੂ ਦਾ ਉਹੋ ਜਿਹਾ ਨਾਮ ਜਪਣ ਦਾ ਹੈ ਜਿਹੋ ਜਿਹਾ ਨਾਮ ਜਪਣਾ ਸਾਨੂੰ ਗੁਰੂ ਸਮਝਾਉਂਦਾ ਹੈ ਜੋ ਨਾਮ ਜਪਣ ਦਾ ਤਰੀਕਾ ਮਾੜੇ ਕਰਮ ਛੱਡਕੇ ਚੰਗੇ ਕਰਮ ਕਰਨ ਦਾ ਹੈ।

{ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥

ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥ ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥ ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

{ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥}

(ਅੰਗ ੨੧)

50/6843

{ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}

(ਅੰਗ ੨੭)

{ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥ ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ॥
ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥ ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥
ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥
ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥
ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥੨॥}

(ਅੰਗ ੨੯)

{ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥ ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥
ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥੩॥ ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥
ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥੧੩॥੪੬॥}

(ਅੰਗ ੩੧)

{ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥
ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ ੩੪-੩੫)

{ਮੁੰਧੇ ਕੂੜਿ ਮੁਠੀ ਕੂੜਿਆਰਿ ॥ ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ ॥੧॥ ਰਹਾਉ ॥
ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ ॥
ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥
ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥
ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥੨॥
ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ॥
ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥}

(ਅੰਗ ੩੮)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

{ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧੁ}

(ਅੰਗ ੧੨੯੧)

{ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ ੪੦)

{ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥
ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥ ਮੇਰੇ ਮਨ ਪ੍ਰਭ ਸਰਣਾਈ ਪਾਇ ॥
ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥}

(ਅੰਗ ੪੬)

{ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥ ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ ॥
ਜਨਮ ਮਰਨ ਦੁਖੁ ਕਟੀਐ ਹਉਮੈ ਮਮਤਾ ਜਾਇ ॥ ਉਤਮ ਪਦਵੀ ਪਾਈਐ ਸਚੇ ਰਹੈ ਸਮਾਇ ॥
ਨਾਨਕ ਪੂਰਬਿ ਜਿਨ ਕਉ ਲਿਖਿਆ ਤਿਨਾ ਸਤਿਗੁਰੁ ਮਿਲਿਆ ਆਇ ॥੧॥}

(ਅੰਗ ੫੫੨)

{ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤਸੰਗਤਿ ਜਿਨਾ ਵਾਸੋ ॥
ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥
ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥
ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥੩॥
ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥ ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ॥
ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥੪॥੧॥੪॥}

(ਅੰਗ ੮੦੨)

{ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ ॥ ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ॥
ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ ॥੬॥
ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ ॥
ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ ॥
ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ ॥੭॥
ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ ॥
ਹਰਿ ਜੀਉ ਭਗਤਿ ਵਛਲੁ ਸੁਖਦਾਤਾ ਕਰਿ ਕਿਰਪਾ ਮੰਨਿ ਵਸਾਈ ॥
ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ ॥੮॥੧॥੧੮॥}

(ਅੰਗ ੬੫)

{ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥
ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥ ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥
ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥ ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ ॥੫॥
ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ ॥
ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ ॥
ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ॥੬॥
ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥
ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥
ਸਤਿਗੁਰਿ ਸਬਦੁ ਸੁਣਾਇਆ ਬਿਨੁ ਸਚੇ ਅਵਰੁ ਨ ਕੋਈ ॥੭॥
ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥ ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ॥
ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥੮॥੧੭॥੮॥੨੫॥}

(ਅੰਗ ੬੯-੭੦)

{ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥ ਸਤਿਗੁਰਿ ਮਿਲਿਐ ਫਲੁ ਪਾਇਆ ॥
ਜਿਨਿ ਵਿਚਹੁ ਅਹਕਰਣੁ ਚੁਕਾਇਆ ॥ ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥
ਅੰਮ੍ਰਿਤੁ ਤੇਰੀ ਬਾਣੀਆ ॥ ਤੇਰਿਆ ਭਗਤਾ ਰਿਦੈ ਸਮਾਣੀਆ ॥
ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥ ਸਤਿਗੁਰੁ ਮਿਲਿਆ ਜਾਣੀਐ ॥
ਜਿਤੁ ਮਿਲਿਐ ਨਾਮੁ ਵਖਾਣੀਐ ॥ ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥੧੩॥
ਹਉ ਸਤਿਗੁਰ ਵਿਟਹੁ ਘੁਮਾਇਆ ॥ ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥
ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥੧੪॥}

(ਅੰਗ ੭੨)

{ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥
ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥
ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥
ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥
ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧॥ ਮੈ ਹਰਿ ਬਿਨੁ ਅਵਰੁ ਨ ਕੋਇ ॥
ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧॥ ਰਹਾਉ ॥
ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥
ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥ ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥
ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥}

(ਅੰਗ ੮੧)

{ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ ॥
ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ ॥
ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ ॥
ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥
ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ ਲਗੋ ਧਿਆਨੁ ॥
ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਬਿਖੁ ਸੰਚੇ ਅੰਧੁ ਅਗਿਆਨੁ ॥੩॥}

(ਅੰਗ ੭੭)

{ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥
ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥ ਸੋਹਾਗਣੀ ਕਿਆ ਕਰਮੁ ਕਮਾਇਆ ॥
ਪੂਰਬਿ ਲਿਖਿਆ ਫਲੁ ਪਾਇਆ ॥ ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥੮॥
ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥}

(ਅੰਗ ੭੨)

50/6844

{ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥
ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥
ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥ ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ॥
ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥
ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ॥ ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥
ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥
ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥}

(ਅੰਗ ੮੭)

{ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥
ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੂਬੇ ਹਰਿ ਨਾਮੁ ਵਿਸਾਰਿ ॥
ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ ॥ ਸਤਿਗੁਰੁ ਸੇਵਹਿ ਆਪਣਾ ਭਉਜਲੁ ਉਤਰੇ ਪਾਰਿ ॥
ਨਾਨਕ ਗੁਰਮੁਖਿ ਸਚਿ ਸਮਾਵਹਿ ਸਚੁ ਨਾਮੁ ਉਰ ਧਾਰਿ ॥੨॥}

(ਅੰਗ ੮੯)

{ਸਬਦਿ ਮਰੈ ਸੁ ਮੁਆ ਜਾਪੈ ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥
ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥੧॥}

(ਅੰਗ ੧੧੧)

{ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥

ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥ ਸਚਾ ਸਾਹਿਬੁ ਮੈ ਅਤਿ ਪਿਆਰਾ॥
ਪੂਰੇ ਗੁਰ ਕੈ ਸਬਦਿ ਅਧਾਰਾ ॥ ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥}

(ਅੰਗ ੧੧੬)

{ਮਨੂਆ ਨਾਚੈ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥
ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥ ਊਚਾ ਕੂਕੇ ਤਨਹਿ ਪਛਾੜੇ ॥
ਮਾਇਆ ਮੋਹਿ ਜੋਹਿਆ ਜਮਕਾਲੇ ॥ ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥
ਗੁਰਮੁਖਿ ਭਗਤਿ ਜਾ ਆਪਿ ਕਰਾਏ ॥ ਤਨੁ ਮਨੁ ਰਾਤਾ ਸਹਜਿ ਸੁਭਾਏ ॥
ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ ॥੫॥ ਬਹੁ ਤਾਲ ਪੂਰੇ ਵਾਜੇ ਵਜਾਏ ॥
ਨਾ ਕੋ ਸੁਣੇ ਨ ਮੰਨਿ ਵਸਾਏ ॥ ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ ॥੬॥}

(ਅੰਗ ੧੨੧-੧੨੨)

{ਕਾਮਣਿ ਗੁਣਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥
ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥੪॥ ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥
ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥ ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥੫॥}

(ਅੰਗ ੧੨੩)

{ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥
ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥ ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥
ਗੁਰ ਪਰਸਾਦੀ ਅਨਦਿਨੁ ਜਾਗੈ ॥ ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥
ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥ ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥
ਮਨਮੁਖ ਨ ਬੂਝਹਿ ਦੂਜੈ ਭਾਇਆ ॥ ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥
ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ ਗੁਰ ਸਬਦੀ ਸਹਸਾ ਦੂਖੁ ਚੁਕਾਏ ॥
ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥}

(ਅੰਗ ੧੨੯)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥
ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥ ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ॥
ਗੁਰ ਪਰਸਾਦੀ ਮੰਨਿ ਵਸਾਇਆ ॥ ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ ੧੨੯)

{ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥

ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥
ਜਿਨਿ ਸਿਸਟਿ ਸਾਜੀ ਸੋਈ ਜਾਣੈ ॥ ਆਪੇ ਮੇਲੈ ਸਬਦਿ ਪਛਾਣੈ ॥
ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥}

(ਅੰਗ ੧੨੯)

{ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ॥ ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ॥
ਅੰਧਾ ਭੂਲਿ ਪਇਆ ਜਮ ਜਾਲੇ ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥
ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥ ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ॥੨॥}

(ਅੰਗ ੧੩੯)

{ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥ ਗੁਰ ਤੇ ਸਹਜੁ ਸਾਚੁ ਬੀਚਾਰੁ ॥
ਗੁਰ ਤੇ ਪਾਏ ਮੁਕਤਿ ਦੁਆਰੁ ॥੧॥ ਪੂਰੈ ਭਾਗਿ ਮਿਲੈ ਗੁਰੁ ਆਇ ॥ ਸਾਚੈ ਸਹਜਿ ਸਾਚਿ ਸਮਾਇ॥੧॥ ਰਹਾਉ॥
ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ॥ ਗੁਰ ਤੇ ਸਾਂਤਿ ਵਸੈ ਮਨਿ ਆਏ ॥ ਗੁਰ ਤੇ ਪਵਿਤ ਪਾਵਨ ਸੁਚਿ ਹੋਇ॥
ਗੁਰ ਤੇ ਸਬਦਿ ਮਿਲਾਵਾ ਹੋਇ ॥੨॥ ਬਾਝੁ ਗੁਰੂ ਸਭ ਭਰਮਿ ਭੁਲਾਈ ॥ ਬਿਨੁ ਨਾਵੈ ਬਹੁਤਾ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥ ਦਰਸਨਿ ਸਚੈ ਸਚੀ ਪਤਿ ਹੋਈ ॥੩॥
ਕਿਸ ਨੋ ਕਹੀਐ ਦਾਤਾ ਇਕੁ ਸੋਈ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥}

(ਅੰਗ ੧੫੯)

{ਅਨਿਕ ਰਸਾ ਖਾਏ ਜੈਸੇ ਢੋਰ ॥ ਮੋਹ ਕੀ ਜੇਵਰੀ ਬਾਧਿਓ ਚੋਰ ॥੧॥
ਮਿਰਤਕ ਦੇਹ ਸਾਧਸੰਗ ਬਿਹੂਨਾ ॥ ਆਵਤ ਜਾਤ ਜੋਨੀ ਦੁਖ ਖੀਨਾ ॥੧॥ ਰਹਾਉ ॥
ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥ ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥
ਸਗਲ ਸਰੀਰ ਆਵਤ ਸਭ ਕਾਮ ॥ ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥
ਕਹੁ ਨਾਨਕ ਜਾ ਕਉ ਭਏ ਦਇਆਲਾ ॥ ਸਾਧਸੰਗਿ ਮਿਲਿ ਭਜਹਿ ਗੋਪਾਲਾ ॥੪॥੫੫॥੧੨੪॥}

(ਅੰਗ ੧੯੦)

{ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥
ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ ॥
ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗੁ ਜੀਵਣੁ ਧ੍ਰਿਗੁ ਖਾਈ ॥੧॥ ਪ੍ਰਾਣੀ ਗੁਰਮੁਖਿ ਨਾਮੁ ਧਿਆਈ ॥
ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ ॥੧॥ ਰਹਾਉ ॥
ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥
ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥
ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ ॥
ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ ॥੨॥}

(ਅੰਗ ੧੨੬੫)

{ਮਿਲਹੁ ਪਿਆਰੇ ਜੀਆ ॥ ਪ੍ਰਭ ਕੀਆ ਤੁਮਾਰਾ ਥੀਆ ॥੧॥ ਰਹਾਉ ॥
ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ ॥
ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥੧॥
ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ ॥
ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ ॥੨॥
ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ ਕਿਰਪਾ ਨਿਧਿ ਦਇਆਲਾ ॥
ਰਾਖਿ ਲੇਹੁ ਪਿਤਾ ਪ੍ਰਭ ਮੇਰੇ ਅਨਾਥਹ ਕਰਿ ਪ੍ਰਤਿਪਾਲਾ ॥੩॥
ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧਸੰਗਤਿ ਕੈ ਪਾਛੈ ॥
ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ ॥੪॥੯॥੧੩੦॥}

(ਅੰਗ ੨੦੭)

{ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥ ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ ਭਵਜਲਿ ਡੂਬੇ ਦੂਜੈ ਭਾਏ ॥੩॥
ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥ ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥
ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥}

(ਅੰਗ ੨੩੦-੨੩੧)

{ਮਨਮੁਖੁ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥ ਆਪੇ ਆਪਿ ਆਪਿ ਸਾਲਾਹੇ ॥
ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥ ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ ॥੧੪॥
ਬਿਨੁ ਗੁਰ ਦਾਤੇ ਕੋਇ ਨ ਪਾਏ ॥ ਲਖ ਕੋਟੀ ਜੇ ਕਰਮ ਕਮਾਏ ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥ ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥
ਸਾਚੀ ਬਾਣੀ ਸਬਦਿ ਸੁਹਾਏ ॥ ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥੪॥੧੩॥}

(ਅੰਗ ੧੦੫੭)

{ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥
ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥
ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥
ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥
ਜਿਨਿ ਗੁਰਿ ਮੋ ਕਉ ਦੀਨਾ ਜੀਉ ॥ ਆਪੁਨਾ ਦਾਸਰਾ ਆਪੇ ਮੁਲਿ ਲੀਉ॥੬॥
ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥
ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥}

(ਅੰਗ ੨੩੯-੨੪੦)

50/6845

{ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥ ਜਨਮ ਮਰਨ ਕੇ ਮਿਟੇ ਅੰਦੇਸੇ ॥
ਸਾਧੂ ਕੇ ਪੂਰਨ ਉਪਦੇਸੇ ॥ ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ ਮਨ ਤੇ ਖੈ ਨਸੇ ॥
ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥ ਸਾਧਸੰਗਿ ਜਪਿ ਨਾਮੁ ਮੁਰਾਰੀ ॥
ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥}

(ਅੰਗ ੨੮੭)

{ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥ ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥੧॥}

(ਅੰਗ ੨੬੧)

ਪਉੜੀ ॥

{ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥ ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥

ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥ ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ॥
ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥ ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥
ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥
ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥}

(ਅੰਗ ੨੬੧)

{ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ ॥ ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ॥
ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥
ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥੨॥}

(ਅੰਗ ੫੦੮-੫੦੯)

{ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥
ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ ॥੧॥
ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥
ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥੧॥ ਰਹਾਉ ॥
ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥ ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥ ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥੪॥ ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥੫॥੭॥੯॥}

(ਅੰਗ ੪੯੨)

{ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥
ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥}

(ਅੰਗ ੪੬੭-੪੬੮)

{ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥
ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥
ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥

ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥੨॥}

(ਅੰਗ ੪੪੫)

{ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ ॥
ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ ॥
ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ ॥
ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ ॥
ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ ॥
ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ ॥੨॥}

(ਅੰਗ ੪੪੨)

{ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ ॥ ਬਿਨੁ ਨਾਵੈ ਸਭੁ ਦੁਖੁ ਹੈ ਸੁਖੁ ਤਿਸੁ ਜਿਸੁ ਮੰਨਿ ਵਸਾਏ ॥੧॥
ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ॥ ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥੧॥ ਰਹਾਉ ॥}

(ਅੰਗ ੪੨੭)

{ਮਨਸਾ ਮਨਹਿ ਸਮਾਇਲੇ ਭਉਜਲੁ ਸਚਿ ਤਰਣਾ ॥ ਆਦਿ ਜੁਗਾਦਿ ਦਇਆਲੁ ਤੂ ਠਾਕੁਰ ਤੇਰੀ ਸਰਣਾ ॥੧॥
ਤੂ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ ॥ ਗੁਰਮੁਖਿ ਨਾਮੁ ਧਿਆਈਐ ਮਨ ਮੰਦਰੁ ਭੀਜੈ ॥੧॥ ਰਹਾਉ ॥
ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥
ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥
ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥
ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ ॥ ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ ॥੭॥
ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ ॥ ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ ॥੮॥੧੫॥}

(ਅੰਗ ੪੧੯)

{ਸਤਿਗੁਰਿ ਮਿਲਿਐ ਆਪੁ ਗਇਆ ਤ੍ਰਿਭਵਣ ਸੋਝੀ ਪਾਈ ॥
ਨਿਰਮਲ ਜੋਤਿ ਪਸਰਿ ਰਹੀ ਜੋਤੀ ਜੋਤਿ ਮਿਲਾਈ ॥੫॥ ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ ॥
ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥੬॥ ਪੂਰਾ ਸਤਿਗੁਰੁ ਤਾਂ ਮਿਲੈ ਜਾਂ ਨਦਰਿ ਕਰੇਈ ॥
ਕਿਲਵਿਖ ਪਾਪ ਸਭ ਕਟੀਅਹਿ ਫਿਰਿ ਦੁਖੁ ਬਿਘਨੁ ਨ ਹੋਈ ॥੭॥ ਆਪਣੈ ਹਥਿ ਵਡਿਆਈਆ ਦੇ ਨਾਮੇ ਲਾਏ॥
ਨਾਨਕ ਨਾਮੁ ਨਿਧਾਨੁ ਮਨਿ ਵਸਿਆ ਵਡਿਆਈ ਪਾਏ ॥੮॥੪॥੨੬॥}

(ਅੰਗ ੪੨੪-੪੨੫)

{ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ ਖਾਟਿ ਲਾਭੁ ਗੋਬਿੰਦ ਹਰਿ ਰਸੁ ਪਾਰਬ੍ਰਹਮ ਇਕ ਰੰਗ ॥੧॥
ਹਰਿ ਕੋ ਨਾਮੁ ਜਪੀਐ ਨੀਤਿ ॥ ਸਾਸਿ ਸਾਸਿ ਧਿਆਇ ਸੋ ਪ੍ਰਭੁ ਤਿਆਗਿ ਅਵਰ ਪਰੀਤਿ ॥੧॥ ਰਹਾਉ ॥}

(ਅੰਗ ੪੦੫)

{ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ ਗੁਰ ਕਾ ਸਬਦੁ ਸਹਜਿ ਵੀਚਾਰੁ ॥
ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥ ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥੩॥
ਏਹਾ ਭਗਤਿ ਜਨੁ ਜੀਵਤ ਮਰੈ ॥ ਗੁਰ ਪਰਸਾਦੀ ਭਵਜਲੁ ਤਰੈ ॥
ਗੁਰ ਕੈ ਬਚਨਿ ਭਗਤਿ ਥਾਇ ਪਾਇ ॥ ਹਰਿ ਜੀਉ ਆਪਿ ਵਸੈ ਮਨਿ ਆਇ ॥੪॥
ਹਰਿ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ ॥
ਭਗਤਿ ਰਤੇ ਤਿਨ੍ ਸਚੀ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੫॥੧੨॥੫੧॥}

(ਅੰਗ ੩੬੪-੩੬੫)

{ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥ ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥
ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥ ਸਿਫਤਿ ਸਲਾਹਣੁ ਸਹਜ ਅਨੰਦ ॥ ਸਖਾ ਸੈਨੁ ਪ੍ਰੇਮੁ ਗੋਬਿੰਦ ॥
ਆਪੇ ਕਰੇ ਆਪੇ ਬਖਸਿੰਦੁ ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥੩॥ ਝੂਠ ਵਿਕਾਰ ਮਹਾ ਦੁਖੁ ਦੇਹ ॥
ਭੇਖ ਵਰਨ ਦੀਸਹਿ ਸਭਿ ਖੇਹ ॥ ਜੋ ਉਪਜੈ ਸੋ ਆਵੈ ਜਾਇ ॥ ਨਾਨਕ ਅਸਥਿਰੁ ਨਾਮੁ ਰਜਾਇ ॥੪॥੧੧॥}

(ਅੰਗ ੩੫੨)

{ਏਹ ਵਿਡਾਣੀ ਚਾਕਰੀ ਪਿਰਾ ਜੀਉ ਧਨ ਛੋਡਿ ਪਰਦੇਸਿ ਸਿਧਾਏ ॥
ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ ॥
ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ ॥
ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥
ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ ॥
ਨਾਨਕ ਮਾਇਆ ਕਾ ਦੁਖੁ ਤਦੇ ਚੂਕੈ ਜਾ ਗੁਰ ਸਬਦੀ ਚਿਤੁ ਲਾਏ ॥੩॥}

(ਅੰਗ ੨੪੬-੨੪੭)

{ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥}

(ਅੰਗ ੧੦)

{ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥
ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥
ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥
ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥

ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥}

(ਅੰਗ ੧੩)

50/6846

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ ੨੨)

{ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥
ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥ ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥
ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥
ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥}

(ਅੰਗ ੩੦)

{ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥ ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥
ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥ ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ ॥
ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ ॥ ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥੪॥੨੪॥੫੭॥}

(ਅੰਗ ੩੬)

{ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥ ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ॥
ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥੧॥ ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥
ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧॥ ਰਹਾਉ ॥
ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥
ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥
ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥੨॥ ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ॥
ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥ ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥੩॥
ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥ ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ ॥
ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥੪॥੭॥੭੭॥}

(ਅੰਗ ੪੪)

{ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥
ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥੩॥ ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥
ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥ ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥
ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥
ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥ ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ॥ ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥}

(ਅੰਗ ੫੫)

{ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ॥
ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥੧॥ ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥}

(ਅੰਗ ੫੭)

{ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥
ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥੫॥ ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ ॥
ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥ ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥
ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥ ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥ ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ॥
ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥ ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ॥੮॥੧੦॥}

(ਅੰਗ ੫੯)

{ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥
ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ ਮਨ ਰੇ ਗੁਰਮੁਖਿ ਨਾਮੁ ਧਿਆਇ ॥
ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥}

(ਅੰਗ ੬੫)

{ਗਣਤ ਗਣੀਐ ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥
ਕਰਿ ਅਪਰਾਧ ਸਰਣਿ ਹਮ ਆਇਆ ॥ ਗੁਰ ਹਰਿ ਭੇਟੇ ਪੂਰਬਿ ਕਮਾਇਆ ॥੫॥
ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥
ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥}

(ਅੰਗ ੯੦੪-੯੦੫)

{ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ ॥ ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ ॥

ਪੁਤ੍ਰ ਕਲਤ੍ਰ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥ ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ॥
ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ ॥੩॥}

(ਅੰਗ ੧੨੩੮)

{ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥ ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥੧॥
ਬਾਬਾ ਐਸਾ ਬਿਖਮ ਜਾਲਿ ਮਨੁ ਵਾਸਿਆ ॥ ਬਿਬਲੁ ਝਾਗਿ ਸਹਜਿ ਪਰਗਾਸਿਆ ॥੧॥ ਰਹਾਉ ॥
ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥ ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥੨॥
ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ ॥
ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ ॥੩॥ ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ ॥੪॥
ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ ॥ ਨਾਨਕੁ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ ॥੫॥੧੩॥}

(ਅੰਗ ੧੩੩੧)

{ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ ॥ ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ॥
ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥੧॥}

(ਅੰਗ ੬੪੯)

{ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ ॥
ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ ॥
ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥
ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ ॥
ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ ਸਾਚੇ ਤੇ ਪਤਿ ਪਾਵੈ ॥੫॥੨॥}

(ਅੰਗ ੭੬)

{ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥
ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਬਾਟਿਓ ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥
ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥
ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥੨॥੬॥੧੧॥}

(ਅੰਗ ੭੧੪)

{ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥}

(ਅੰਗ ੧੦੨੦)

{ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥ ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ ਜਮਕਾਲੁ ਜੀਉ ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ ॥
ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ ॥ ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ॥
ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥੧॥}

(ਅੰਗ ੫੬੯)

{ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ ॥ ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ ॥
ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ ॥੧॥}

(ਅੰਗ ੮੪-੮੫)

50/6847

{ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥
ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥ ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥
ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥
ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥
ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥
ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ ॥੨॥}

(ਅੰਗ ੯੦)

{ਮਨਮੁਖੁ ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥
ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥}

(ਅੰਗ ੧੦੯)

{ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥
ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥
ਗੁਰ ਪਰਸਾਦੀ ਸਦਾ ਸੁਖੁ ਪਾਏ ॥ ਸਚੁ ਕਰਣੀ ਸਾਚਿ ਲਿਵ ਲਾਏ ॥੮॥}

(ਅੰਗ ੮੪੧)

{ਹਰਿ ਜੀਉ ਤੇਰੀ ਸਦਾ ਸਰਣਾਈ ॥ ਆਪੇ ਬਖਸਿਹਿ ਦੇ ਵਡਿਆਈ ॥
ਜਮਕਾਲੁ ਤਿਸੁ ਨੇੜਿ ਨ ਆਵੈ ਜੋ ਹਰਿ ਹਰਿ ਨਾਮੁ ਧਿਆਵਣਿਆ ॥੬॥ ਅਨਦਿਨੁ ਰਾਤੇ ਜੋ ਹਰਿ ਭਾਏ ॥
ਮੇਰੈ ਪ੍ਰਭਿ ਮੇਲੇ ਮੇਲਿ ਮਿਲਾਏ ॥ ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ ॥੭॥
ਜਿਨ ਸਚੁ ਜਾਤਾ ਸੇ ਸਚਿ ਸਮਾਣੇ ॥ ਹਰਿ ਗੁਣ ਗਾਵਹਿ ਸਚੁ ਵਖਾਣੇ ॥
ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਵਣਿਆ ॥੮॥੩॥੪॥}

(ਅੰਗ ੧੧੧)

{ਗੁਰ ਕੈ ਦਰਸਨਿ ਮੋਖ ਦੁਆਰੁ ॥ ਸਤਿਗੁਰੁ ਸੇਵੈ ਪਰਵਾਰ ਸਾਧਾਰੁ ॥ ਨਿਗੁਰੇ ਕਉ ਗਤਿ ਕਾਈ ਨਾਹੀ ॥
ਅਵਗਣਿ ਮੁਠੇ ਚੋਟਾ ਖਾਹੀ ॥੩॥ ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥ ਗੁਰਮੁਖਿ ਤਾ ਕਉ ਲਗੈ ਨ ਪੀਰ ॥
ਜਮਕਾਲੁ ਤਿਸੁ ਨੇੜਿ ਨ ਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੪॥੧॥੪੦॥}

(ਅੰਗ ੩੬੧)

{ਤੂ ਕਰਤਾ ਤੇਰਾ ਸਭੁ ਕੀਆ ॥ ਤੁਝੁ ਬਿਨੁ ਅਵਰੁ ਨ ਕੋਈ ਬੀਆ ॥
ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ ॥੧੪॥ ਜਮਦੂਤੁ ਤਿਸੁ ਨਿਕਟਿ ਨ ਆਵੈ ॥
ਸਾਧਸੰਗਿ ਹਰਿ ਕੀਰਤਨੁ ਗਾਵੈ ॥ ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥
ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥
ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥}

(ਅੰਗ ੧੦੭੯-੧੦੮੦)

{ਹਉਮੈ ਕਰਦਿਆ ਜਨਮੁ ਗਵਾਇਆ ॥ ਆਗੈ ਮੋਹੁ ਨ ਚੂਕੈ ਮਾਇਆ ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥ ਪੂਰੈ ਭਾਗਿ ਗੁਰ ਸੇਵਾ ਹੋਈ ॥
ਨਦਰਿ ਕਰੇ ਤਾ ਸੇਵੇ ਕੋਈ ॥ ਜਮਕਾਲੁ ਤਿਸੁ ਨੇੜਿ ਨ ਆਵੈ ਮਹਲਿ ਸਚੈ ਸੁਖੁ ਪਾਇਦਾ ॥੧੦॥}

(ਅੰਗ ੧੦੬੩)

{ਮਨੂਆ ਨਾਚੈ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥
ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥ ਊਚਾ ਕੂਕੇ ਤਨਹਿ ਪਛਾੜੇ ॥
ਮਾਇਆ ਮੋਹਿ ਜੋਹਿਆ ਜਮਕਾਲੇ ॥ ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥
ਗੁਰਮੁਖਿ ਭਗਤਿ ਜਾ ਆਪਿ ਕਰਾਏ ॥ ਤਨੁ ਮਨੁ ਰਾਤਾ ਸਹਜਿ ਸੁਭਾਏ ॥
ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ ॥੫॥}

(ਅੰਗ ੧੨੧-੧੨੨)

{ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥
ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥ ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥
ਨਾਵਹੁ ਭੂਲੇ ਦੇਇ ਸਜਾਏ ॥ ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥
ਪੇਈਅੜੈ ਪਿਰੁ ਚੇਤੇ ਨਾਹੀ ॥ ਦੂਜੈ ਮੁਠੀ ਰੋਵੈ ਧਾਹੀ ॥
ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥੬॥ ਪੇਈਅੜੈ ਪਿਰੁ ਮੰਨਿ ਵਸਾਇਆ ॥
ਪੂਰੈ ਗੁਰਿ ਹਦੂਰਿ ਦਿਖਾਇਆ ॥ ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ॥੭॥
ਆਪੇ ਦੇਵੈ ਸਦਿ ਬੁਲਾਏ ॥ ਆਪਣਾ ਨਾਉ ਮੰਨਿ ਵਸਾਏ ॥
ਨਾਨਕ ਨਾਮੁ ਮਿਲੈ ਵਡਿਆਈ ਅਨਦਿਨੁ ਸਦਾ ਗੁਣ ਗਾਵਣਿਆ ॥੮॥੨੮॥੨੯॥}

(ਅੰਗ ੧੨੭)

{ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥}

(ਅੰਗ ੧੩੪)

{ਇਕਨਾ ਮਰਣੁ ਨ ਚਿਤਿ ਆਸ ਘਣੇਰਿਆ ॥ ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ ॥

ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ ॥ ਜਮਰਾਜੈ ਨਿਤ ਨਿਤ ਮਨਮੁਖ ਹੇਰਿਆ ॥
ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥ ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥
ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ ॥ ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ ॥੧੧॥}

(ਅੰਗ ੧੪੩)

{ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥ ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥ ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥ ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥
ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥ ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥੨੫॥}

(ਅੰਗ ੧੪੯)

{ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥
ਜੀਵਤੁ ਮਰੈ ਮਹਾ ਰਸੁ ਆਗੈ ॥੨॥ ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥
ਗੁਰ ਕੀ ਪਉੜੀ ਊਚੋ ਊਚਾ ॥ ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥ ਗੁਰਿ ਮਿਲਿਐ ਮਿਲਿ ਅੰਕਿ ਸਮਾਇਆ॥
ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥}

(ਅੰਗ ੧੫੩)

{ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥
ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥
ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ ॥
ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥੨॥
ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥
ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥
ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥੨॥੧੪॥}

(ਅੰਗ ੧੫੫)

{ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥ ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥ ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥
ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥ ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥
ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ॥ ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ॥੫॥}

(ਅੰਗ ੧੪੦)

{ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥ ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥
ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥ ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ॥

ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥
ਹਰਿ ਨਾਵੈ ਨੋ ਸਭੁ ਕੋ ਪਰਤਾਪਦਾ ਵਿਣੁ ਭਾਗਾਂ ਪਾਇਆ ਨ ਜਾਇ ॥
ਨਦਰਿ ਕਰੇ ਗੁਰੁ ਭੇਟੀਐ ਹਰਿ ਨਾਮੁ ਵਸੈ ਮਨਿ ਆਇ ॥
ਨਾਨਕ ਨਾਮੇ ਹੀ ਪਤਿ ਊਪਜੈ ਹਰਿ ਸਿਉ ਰਹਾਂ ਸਮਾਇ ॥੮॥੨॥}

(ਅੰਗ ੧੨੭੭)

{ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ॥ ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ॥
ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥}

(ਅੰਗ ੬੭)

50/6848

{ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥ ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥੧॥}

(ਅੰਗ ੪੫੭)

{ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥ ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ॥ ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ॥੧॥}

(ਅੰਗ ੪੬੫)

{ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥ ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥ ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥}

(ਅੰਗ ੫੫੩)

{ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥
ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ॥
ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ॥
ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ॥
ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ॥
ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥}

(ਅੰਗ ੫੮੩)

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥
ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥ ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥}

(ਅੰਗ ੫੮੭)

{ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥ ਡਰਿ ਡਰਿ ਪਚੇ ਮਨਮੁਖ ਵੇਚਾਰੇ ॥੧॥ ਰਹਾਉ ॥
ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥ ਏਕੁ ਨਿਰੰਜਨੁ ਜਾ ਕੀ ਰਾਸਿ ॥
ਮਿਲਿ ਸਾਧਸੰਗਤਿ ਹੋਵਤ ਪਰਗਾਸ ॥੧॥ ਜੀਅਨ ਕਾ ਦਾਤਾ ਪੂਰਨ ਸਭ ਠਾਇ ॥
ਕੋਟਿ ਕਲੇਸ ਮਿਟਹਿ ਹਰਿ ਨਾਇ ॥ ਜਨਮ ਮਰਨ ਸਗਲਾ ਦੁਖੁ ਨਾਸੈ ॥ ਗੁਰਮੁਖਿ ਜਾ ਕੈ ਮਨਿ ਤਨਿ ਬਾਸੈ ॥੨॥
ਜਿਸ ਨੋ ਆਪਿ ਲਏ ਲੜਿ ਲਾਇ ॥ ਦਰਗਹ ਮਿਲੈ ਤਿਸੈ ਹੀ ਜਾਇ ॥ ਸੇਈ ਭਗਤ ਜਿ ਸਾਚੇ ਭਾਣੇ ॥

ਜਮਕਾਲ ਤੇ ਭਏ ਨਿਕਾਣੇ ॥੩॥ ਸਾਚਾ ਸਾਹਿਬੁ ਸਚੁ ਦਰਬਾਰੁ ॥ ਕੀਮਤਿ ਕਉਣੁ ਕਹੈ ਬੀਚਾਰੁ ॥
ਘਟਿ ਘਟਿ ਅੰਤਰਿ ਸਗਲ ਅਧਾਰੁ ॥ ਨਾਨਕੁ ਜਾਚੈ ਸੰਤ ਰੇਣਾਰੁ ॥੪॥੩॥੨੪॥}

(ਅੰਗ ੬੭੭)

{ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥
ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥੨॥
ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ ॥
ਹਲਤਿ ਪਲਤਿ ਹਰਿ ਸੋਭਾ ਪਾਵਹਿ ਹਰਿ ਰੰਗੁ ਲਗਾ ਮਨਿ ਗੂੜਾ ॥੩॥
ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥
ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ ਪਾਖਾਣੂ ਹਰਿਓ ਮਨੁ ਮੂੜਾ ॥੪॥੬॥}

(ਅੰਗ ੬੯੮)

{ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥ ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥
ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥ ਫਿਰਿ ਵੇਲਾ ਹਥਿ ਨ ਆਵਈ ਜਮਕਾਲਿ ਵਸਿ ਕਿਤਾ ॥
ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ॥੫॥}

(ਅੰਗ ੭੮੭)

{ਮਾਇਆ ਲਹਰਿ ਸਬਦਿ ਨਿਵਾਰੀ ॥ ਇਹੁ ਮਨੁ ਨਿਰਮਲੁ ਹਉਮੈ ਮਾਰੀ ॥
ਸਹਜੇ ਗੁਣ ਗਾਵੈ ਰੰਗਿ ਰਾਤਾ ਰਸਨਾ ਰਾਮੁ ਰਵੀਜੈ ਹੇ ॥੩॥ ਮੇਰੀ ਮੇਰੀ ਕਰਤ ਵਿਹਾਣੀ ॥
ਮਨਮੁਖਿ ਨ ਬੂਝੈ ਫਿਰੈ ਇਆਣੀ ॥ ਜਮਕਾਲੁ ਘੜੀ ਮੁਹਤੁ ਨਿਹਾਲੇ ਅਨਦਿਨੁ ਆਰਜਾ ਛੀਜੈ ਹੇ ॥੪॥
ਅੰਤਰਿ ਲੋਭੁ ਕਰੈ ਨਹੀ ਬੂਝੈ ॥ ਸਿਰ ਊਪਰਿ ਜਮਕਾਲੁ ਨ ਸੂਝੈ ॥
ਐਥੈ ਕਮਾਣਾ ਸੁ ਅਗੈ ਆਇਆ ਅੰਤਕਾਲਿ ਕਿਆ ਕੀਜੈ ਹੇ ॥੫॥ ਜੋ ਸਚਿ ਲਾਗੇ ਤਿਨ ਸਾਚੀ ਸੋਇ ॥
ਦੂਜੈ ਲਾਗੇ ਮਨਮੁਖਿ ਰੋਇ ॥ ਦੁਹਾ ਸਿਰਿਆ ਕਾ ਖਸਮੁ ਹੈ ਆਪੇ ਆਪੇ ਗੁਣ ਮਹਿ ਭੀਜੈ ਹੇ ॥੬॥
ਗੁਰ ਕੈ ਸਬਦਿ ਸਦਾ ਜਨੁ ਸੋਹੈ ॥ ਨਾਮ ਰਸਾਇਣਿ ਇਹੁ ਮਨੁ ਮੋਹੈ ॥
ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥}

(ਅੰਗ ੧੦੪੯)

{ਦੂਜੈ ਭਾਇ ਲਗੇ ਪਛੁਤਾਣੇ ॥ ਜਮ ਦਰਿ ਬਾਧੇ ਆਵਣ ਜਾਣੇ ॥ ਕਿਆ ਲੈ ਆਵਹਿ ਕਿਆ ਲੇ ਜਾਹਿ ॥
ਸਿਰਿ ਜਮਕਾਲੁ ਸਿ ਚੋਟਾ ਖਾਹਿ ॥ ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥}

(ਅੰਗ ੮੩੯)

{ਪਾਪੁ ਬੁਰਾ ਪਾਪੀ ਕਉ ਪਿਆਰਾ ॥ ਪਾਪਿ ਲਦੇ ਪਾਪੇ ਪਾਸਾਰਾ ॥ ਪਰਹਰਿ ਪਾਪੁ ਪਛਾਣੈ ਆਪੁ ॥
ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥ ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥
ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈ ਕਾਲੁ ॥ ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥
ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥੩੮॥}

(ਅੰਗ ੯੩੫)

{ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥}

(ਅੰਗ ੯੪੬)

{ਨਿਰਭਉ ਨਿਰੰਕਾਰੁ ਸਤਿ ਨਾਮੁ ॥ ਜਗ ਮਹਿ ਸ੍ਰੇਸਟੁ ਊਤਮ ਕਾਮੁ ॥
ਦੁਸਮਨ ਦੂਤ ਜਮਕਾਲੁ ਠੇਹ ਮਾਰਉ ਹਰਿ ਸੇਵਕ ਨੇੜਿ ਨ ਜਾਈ ਜੀਉ ॥੨॥}

(ਅੰਗ ੯੯੮)

{ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥ ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥
ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ ॥੮॥ ਸਚੈ ਸਬਦਿ ਸਚੀ ਪਤਿ ਹੋਈ ॥
ਬਿਨੁ ਨਾਵੈ ਮੁਕਤਿ ਨ ਪਾਵੈ ਕੋਈ ॥ ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ ॥੯॥}

(ਅੰਗ ੧੦੪੬)

{ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥
ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥੧੧॥ ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥
ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥ ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥੧੨॥
ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥
ਸਤਿਗੁਰ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥੧੩॥ ਪਉਣੁ ਪਾਣੀ ਹੈ ਬੈਸੰਤਰੁ ॥
ਮਾਇਆ ਮੋਹੁ ਵਰਤੈ ਸਭ ਅੰਤਰਿ ॥ ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥
ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥
ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥ ਜਿਨਿ ਉਪਾਏ ਸੋ ਬਿਧਿ ਜਾਣੈ ॥
ਗੁਰਮੁਖਿ ਦੇਵੈ ਸਬਦੁ ਪਛਾਣੈ ॥ ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥}

(ਅੰਗ ੧੦੬੦)

{ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥
ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥੧॥ ਭਗਤੁ ਭਗਤੁ ਕਹੈ ਸਭੁ ਕੋਈ ॥
ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥੧॥ ਰਹਾਉ ॥
ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ ॥
ਜਮਕਾਲੁ ਸਦਾ ਹੈ ਸਿਰ ਊਪਰਿ ਦੂਜੈ ਭਾਇ ਪਤਿ ਖੋਈ ॥੨॥
ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥
ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥੩॥
ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ ਨਾਮਿ ਮਿਲੈ ਵਡਿਆਈ ॥
ਨਾਨਕ ਨਾਮੁ ਜਿਨਾ ਮਨਿ ਵਸਿਆ ਦਰਿ ਸਾਚੈ ਪਤਿ ਪਾਈ ॥੪॥੪॥੧੪॥}

(ਅੰਗ ੧੧੩੧)

{ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥ ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ ॥
ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥ ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥

ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥ ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥
ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥
ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥ ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥}

(ਅੰਗ ੧੨੭੮-੧੨੭੯)

{ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ ॥ ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥
ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥ ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ ॥
ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥੨੯॥}

(ਅੰਗ ੧੨੪੯)

50/6849

ਉਪਰ ਵਾਲੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਤੇ ਹੁਣ ਤਕ ਅਸੀਂ ਜੋ ਵੀ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਬਾਣੀ ਦਾ ਹਰ ਸ਼ਬਦ ਸਾਨੂੰ ਗੁਰੂ ਦਾ ਨਾਮ ਸਮਝਾਉਂਣ ਨਾਲ ਹੀ ਜੁੜਿਆ ਹੋਇਆ ਹੈ ਭਾਵੇਂ ਸ਼ਬਦਾਂ ਦੇ ਵਿੱਚ **"ਨਾਮ ਅਖਰੁ"** ਦੀ ਵਰਤੋਂ ਕੀਤੀ ਹੋਵੇ ਜਾਂ ਨਾ ਕੀਤੀ ਹੋਵੇ। ਗੁਰੂ ਦੇ ਨਾਮ ਦਾ ਮਕਸਦ ਸਾਨੂੰ ਸੱਚ ਸਮਝਾਉਂਣ ਦੇ ਨਾਲ ਹੀ ਹੈ ਤੇ ਗੁਰੂ ਦਾ ਹਰ ਸ਼ਬਦ ਸਾਨੂੰ ਸੱਚ ਹੀ ਸਮਝਾ ਰਿਹਾ ਹੈ ਜਿਸ ਕਰਕੇ ਗੁਰੂ ਦਾ ਹਰ ਸ਼ਬਦ ਨਾਮ ਹੈ ਭਾਵ ਪੂਰੀ ਗੁਰਬਾਣੀ ਵਿੱਚ ਨਾਮ ਹੈ। ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਤੋਂ ਪਹਿਲਾਂ ਅਸੀਂ ਨਾਮ ਦਾਰੂ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਤੇ ਪੂਰੀ ਗੁਰਬਾਣੀ ਵਿੱਚ ਨਾਮ ਰੂਪ ਦਾਰੂ ਹੀ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਹਰ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਗੁਰੂ ਦੇ ਹਰ ਸ਼ਬਦ ਦੀ ਵਿਚਾਰ ਨੂੰ ਮੰਨਣਾ ਗੁਰੂ ਦੇ ਨਾਮ ਦੇ ਦਾਰੂ ਨੂੰ ਪੀਣਾ ਹੈ। ਗੁਰੂ ਦਾ ਨਾਮ ਰੂਪ ਦਾਰੂ ਪੂਰੀ ਗੁਰਬਾਣੀ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਦਾਰੂ ਨੂੰ ਸਾਡੀ ਨਾਸਮਝ ਮਤਿ ਨੇ ਪੀਣਾ ਹੈ, ਜਿਸ ਨਾਸਮਝ ਮਤਿ ਨੇ ਪੀ ਕੇ ਆਪਣੇ ਆਪ ਨੂੰ ਬ੍ਰਹਮ ਗਿਆਨ ਵਾਲੀ ਮਤਿ ਬਨਾਉਂਣਾ ਹੈ। ਸੱਚ ਕੇਵਲ ਬ੍ਰਹਮ ਗਿਆਨ ਰੂਪ ਮਤਿ ਦੇ ਵਿੱਚ ਹੈ ਤੇ ਇਹ ਸਚੁ ਰੂਪ ਦਾਰੂ ਪੀਣ ਲਈ ਸਾਨੂੰ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨਣ ਦੀ ਹੀ ਲੋੜ ਹੈ ਤੇ ਉਨ੍ਹਾਂ ਦੀ ਮਤਿ ਨੂੰ ਛੱਡਣ ਦੀ ਲੋੜ ਹੈ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਗੁਰੂ ਵਰਗੀ ਸੱਚੀ ਮਤਿ ਵਾਲੇ ਸਮਝਿਆ ਹੋਇਆ ਹੈ। ਸੱਚ ਕਰਕੇ ਜਾਣੋ ਇਹੀ ਸਾਡਾ ਸਭ ਤੋਂ ਵੱਡਾ ਭਰਮ ਹੈ ਜੋ ਸਾਨੂੰ ਗੁਰੂ ਦੇ ਸੱਚ ਨਾਲ ਜੁੜਨ ਨਹੀਂ ਦਿੰਦਾ ਭਾਵ ਗੁਰੂ ਦੇ ਨਾਮ ਨਾਲ ਜੁੜਨ ਨਹੀਂ ਦਿੰਦਾ ਭਾਵ ਗੁਰੂ ਦਾ ਨਾਮ ਰੂਪ ਦਾਰੂ ਪੀਣ ਨਹੀਂ ਦਿੰਦਾ। ਗੁਰੂ ਦੇ ਨਾਮ ਦਾਰੂ ਦਾ ਮਕਸਦ ਹੀ ਸਾਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਜੋ ਮਨ ਦੀ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦੀ ਹਉਮੈ ਹੈ ਜਿਸ ਮਨ ਦੀ ਹਉਮੈ ਕਰਕੇ ਸਾਡਾ ਮਨ ਦੇ ਵਿੱਚ ਹੀ ਪ੍ਰਮਾਤਮਾ ਨਾਲੋਂ ਪੜਦਾ ਹੈ, ਜੋ ਪੜਦਾ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਮਨ ਦੇ ਇਸ ਹਉਮੈ ਰੂਪ ਪੜਦੇ ਦੇ ਵਿੱਚੋਂ ਨਿਕਲੇ ਬਿਨਾਂ ਨਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਨਾਮ ਨੂੰ ਜਾਣ ਸਕਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥

ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

50/6850

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

{ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ ॥
ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ ॥
ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥੧॥ ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥
ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥
ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥
ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ ੪੦)

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥

ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁੋਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥}

(ਅੰਗ ੭੮-੭੯)

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ ੪੬੬)

ਉਪਰ ਵਾਲੇ ਪਹਿਲੇ ਸ਼ਬਦਾਂ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਸਮਝੇ ਹੀ ਹਨ, ਬਰੀਕੀ ਨਾਲ ਸਮਝੇ ਹਨ। ਸਾਰੀ ਗੱਲ ਸਾਡੇ ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਮਨ ਦੀ ਸਮਝ ਦੇ ਵਿੱਚ ਹੀ ਨਾਮ ਦਾ ਮਾਲਕ ਪ੍ਰਮਾਤਮਾ ਆਪ ਹੈ ਜਿਸਨੇ ਆਪ ਹੀ ਆਪਣੇ ਨਾਮ ਵਾਲੀ ਉੱਚੀ ਸਮਝ ਦੁਆਰਾ ਸਭ ਨੂੰ ਹਉਮੈ ਵਾਲੀ ਸਮਝ ਵਿੱਚ ਰੱਖ ਕੇ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖ ਕੇ ਸਭ ਨੂੰ ਆਪਣੇ ਆਪ ਨਾਲੋਂ ਪੜਦੇ ਵਿੱਚ ਰੱਖਿਆ ਹੋਇਆ ਹੈ ਭਾਵ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਭਾਵ ਸਭ ਨੂੰ ਉਸਨੇ ਆਪ ਹੀ ਆਪਣੀ ਸੁਹਾਗਨ ਬਨਾਉਂਣ ਤੋਂ ਦੂਰ ਰੱਖਿਆ ਹੋਇਆ ਹੈ। ਸਾਡਾ ਸੱਚਾ ਸੁਹਾਗ ਕੇਵਲ ਤੇ ਕੇਵਲ ਨਾਮ ਰੂਪ ਪ੍ਰਮਾਤਮਾ ਆਪ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਏ ਬਿਨਾਂ ਹਰ ਕੋਈ ਪ੍ਰਮਾਤਮਾ ਦੀ ਦੁਹਾਗਨ ਹੈ ਭਾਵ ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਸਾਨੂੰ ਪ੍ਰਮਾਤਮਾ ਦੀ ਦੁਹਾਗਨ ਬਣਾਕੇ ਰੱਖਦੀ ਹੈ। ਪ੍ਰਮਾਤਮਾ ਆਪਣੀ ਸੁਹਾਗਨ ਬਨਾਉਂਣ ਦਾ ਮੌਕਾ ਪੂਰੀ ਗੁਰਬਾਣੀ ਰਾਹੀਂ ਸਾਨੂੰ ਆਪ ਹੀ ਦੇ ਰਿਹਾ ਹੈ। ਪ੍ਰਮਾਤਮਾ ਦੀ ਸੁਹਾਗਨ ਉਸਦੇ ਨਾਲ ਵਿਆਹ ਹੋਣ ਦੁਆਰਾ ਹੀ ਬਣਿਆ ਜਾ ਸਕਦਾ ਹੈ। ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਘਰ ਸਾਡਾ ਸੁਹਾਗ ਰੂਪ ਘਰ ਹੈ ਭਾਵ ਸਾਡਾ ਸੋਹਰਾ ਘਰ ਹੈ ਤੇ ਸਾਡਾ ਮਨਮਤਿ ਰੂਪ ਘਰ ਭਾਵ ਤ੍ਰੈ ਗੁਣ ਰੂਪ ਘਰ ਭਾਵ ਹਉਮੈ ਰੂਪ ਸਮਝ ਵਾਲਾ ਘਰ ਭਾਵ ਭਰਮਾਂ ਵਾਲੀ ਸਮਝ ਵਾਲਾ ਘਰ ਸਾਡਾ ਪੇਕਾ ਘਰ ਹੈ। ਅਸੀਂ ਇਸ ਪੇਕੇ ਘਰ ਵਿੱਚੋਂ ਆਪਣੇ ਸੋਹਰੇ ਘਰ ਵਿੱਚ ਜਾਣਾ ਹੈ ਜਿਸ ਘਰ ਵਿੱਚ ਜਾ ਕੇ ਹੀ ਅਸੀਂ ਪ੍ਰਮਾਤਮਾ ਦੀ ਸੁਹਾਗਨ ਬਣ ਸਕਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ

50/6851

ਹੀ ਹੈ ਤੇ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਪ੍ਰਮਾਤਮਾ ਦੀ ਸੁਹਾਗਨ ਕਿਸ ਤਰੀਕੇ ਬਣੇ ਹਨ ਭਾਵ ਉਹਨਾਂ ਦਾ ਵਿਆਹ ਪ੍ਰਮਾਤਮਾ ਰੂਪ ਵਰ ਦੇ ਨਾਲ ਕਿਸ ਤਰੀਕੇ ਹੋਇਆ ਹੈ ਕਿਉਂਕਿ ਹਰ ਕੋਈ ਪ੍ਰਮਾਤਮਾ ਦੀ ਨਾਰ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਜਿਹੜੇ ਸ਼ਬਦ ਰਾਹੀਂ ਵੀ ਭਾਵੇਂ ਸਮਝ ਲਵੋ ਸਾਰੀ ਗੱਲ ਆਪਣੀ ਮਤਿ ਛੱਡਣ ਦੀ ਹੈ ਤੇ ਗੁਰੂ ਦੀ ਮਤਿ ਅਪਨਾਉਂਣ ਦੀ ਹੈ ਭਾਵ ਹੁਉਮੈ ਛੱਡਣ ਦੀ ਹੈ ਤੇ ਨਾਮ ਜਪਣ ਦੀ ਹੈ ਭਾਵ ਅਗਿਆਨਤਾ ਛੱਡਣ ਦੀ ਹੈ ਤੇ ਗੁਰੂ ਦਾ ਗਿਆਨ ਮੰਨਣ ਦੀ ਹੈ ਭਾਵ ਮਾੜੇ ਕਰਮ ਛੱਡਣ ਦੀ ਹੈ ਤੇ ਚੰਗੇ ਕਰਮ ਕਰਨ ਦੀ ਹੈ। ਮਾੜੇ ਕਰਮ ਕਰਦੇ ਹੋਏ ਭਾਵੇਂ ਕੋਈ ਜਿਤਨੇ ਮਰਜੀ ਧਰਮੀ ਬਣਨ ਦੇ ਦਿਖਾਵੇ ਕਰ ਲਵੇ, ਉਹ ਪ੍ਰਮਾਤਮਾ ਨੂੰ ਪਾ ਲਵੇ ਇਹ ਨਾਮੁਮਕਿਨ ਹੈ। ਸਾਰੀ ਗੱਲ ਮਾੜੇ ਕਰਮ ਕਰਨ ਵਿੱਚ ਤੇ ਚੰਗੇ ਕਰਮ ਕਰਨ ਵਿੱਚ ਫਰਕ ਕੀ ਹੈ ਇਸ ਗੱਲ ਨੂੰ ਸਮਝਣ ਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੈ। ਸਾਡਾ ਜੋ ਵੀ ਕਰਮ ਗੁਰੂ ਦੀ ਸੱਚੀ ਸਿੱਖਿਆ ਦੇ ਉਲਟ ਹੈ ਉਹ ਸਾਡਾ ਮਾੜਾ ਕਰਮ ਹੈ ਤੇ ਸਾਡਾ ਜੋ ਵੀ ਕਰਮ ਗੁਰੂ ਦੀ ਸੱਚੀ ਸਿੱਖਿਆ ਦੇ ਅਨੁਸਾਰ ਹੈ ਉਹ ਸਾਡਾ ਚੰਗਾ ਕਰਮ ਹੈ। ਗੁਰੂ ਦੀ ਸਿੱਖਿਆ ਸਾਨੂੰ ਸਰੀਰਕ ਜਪ ਤਪ ਆਦਿ ਕਰਨ ਤੋਂ ਮਨ੍ਹਾਂ ਕਰਦੀ ਹੈ, ਕਿਸੇ ਖਾਸ ਵੇਲੇ ਨੂੰ ਉੱਚਾ ਮੰਨਣ ਤੋਂ ਮਨ੍ਹਾਂ ਕਰਦੀ ਹੈ ਪਰ ਜੇਕਰ ਫਿਰ ਵੀ ਅਸੀਂ ਉਹੀ ਕੁਝ ਹੀ ਕਰਦੇ ਹਾਂ ਫਿਰ ਉਹ ਸਾਡੇ ਚੰਗੇ ਕਰਮ ਕਿਵੇਂ ਹੋ ਸਕਦੇ ਹਨ ਭਾਵ ਉਹ ਸਾਡੇ ਮਾੜੇ ਕਰਮ ਹਨ ਤੇ ਸਾਡਾ ਹਰ ਮਾੜਾ ਕਰਮ ਸਾਡਾ ਅਉਗੁਣ ਹੈ। ਸਾਨੂੰ ਗੁਰੂ ਸਾਹਿਬ ਕਿਸੇ ਅੱਖਰ ਨੂੰ ਨਾਮ ਸਮਝਕੇ ਉਸਨੂੰ ਬੋਲੀ ਜਾਣ ਤੋਂ ਜਿਸਨੂੰ ਅਸੀਂ ਨਾਮ ਜਪਣਾ ਸਮਝਦੇ ਹਾਂ ਉਸ ਤੋਂ ਮਨ੍ਹਾਂ ਕਰ ਰਹੇ ਹਨ, ਥਿੱਤਾਂ ਵਾਰਾਂ ਨੂੰ ਉੱਚਾ ਸਮਝਕੇ ਉਨ੍ਹਾਂ ਨੂੰ ਪੂਜਣਾ ਮਨ੍ਹਾਂ ਕਰਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਨ੍ਹਾਂ ਗੱਲਾਂ ਨੂੰ ਅਨੇਕਾਂ ਵਾਰੀ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਜੇਕਰ ਅਸੀਂ ਫਿਰ ਵੀ ਉਹੀ ਕੁਝ ਕਰਦੇ ਹਾਂ ਤੇ ਇਹਨਾਂ ਗੱਲਾਂ ਦੀ ਵਡਿਆਈ ਲੈਂਦੇ ਹਾਂ ਫਿਰ ਇਹ ਸਾਡੇ ਚੰਗੇ ਕਰਮ ਕਿਵੇਂ ਹੋ ਸਕਦੇ ਹਨ ਭਾਵ ਇਹ ਸਾਡੇ ਮਾੜੇ ਕਰਮ ਹੀ ਹਨ ਜੋ ਕਿ ਗੁਰੂ ਦੀ ਮਤਿ ਤੋਂ ਉਲਟ ਹਨ। ਕਿਸੇ ਨੂੰ ਵੀ ਗੁਰੂ ਦੀ ਸੱਚੀ ਸਿੱਖਿਆ ਦੇ ਉਲਟ ਸਿੱਖਿਆ ਸਮਝਾਉਂਣਾ, ਧਰਮ ਦੀ ਸਿੱਖਿਆ

50/6852

ਕਹਿ ਕੇ ਸਮਝਾਉਂਣਾ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਫਿਰ ਇਸ ਤੋਂ ਜਿਆਦਾ ਕੋਈ ਮਾੜਾ ਕਰਮ ਕੀ ਕਰ ਸਕਦਾ ਹੈ ਜਿਨ੍ਹਾਂ ਕਰਕੇ ਇਹੋ ਜਿਹੇ ਪੁੱਠੀ ਸਿੱਖਿਆ ਦੇਣ ਵਾਲਿਆਂ ਦੀ ਬਾਣੀ ਰਾਹੀਂ ਘੋਰ ਨਿੰਦਾ ਕੀਤੀ ਹੋਈ ਹੈ। ਗੁਰੂ ਦਾ ਨਾਮ ਜਪਣਾ ਬਹੁਤ ਔਖਾ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣਾ ਤੇ ਉਸ ਅਨੁਸਾਰ ਚੱਲਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ। ਜੋ ਗੁਰੂ ਦੀ ਗਲਤ ਸਿੱਖਿਆ ਦੇਣ ਵਾਲਿਆਂ ਤੋਂ ਆਪਣੀ ਨਾਸਮਝੀ ਕਰਕੇ ਗਲਤ ਸਿੱਖਿਆ ਲੈਂਦੇ ਹਨ ਤੇ ਉਨ੍ਹਾਂ ਦੀ ਗਲਤ ਸਿੱਖਿਆ ਤੇ ਅਮਲ ਕਰਦੇ ਹਨ ਉਨ੍ਹਾਂ ਨੂੰ ਵੀ ਬਾਣੀ ਰਾਹੀਂ ਸੁਚੇਤ ਕੀਤਾ ਹੋਇਆ ਹੈ ਕਿ ਉਹ ਉਹੋ ਜਿਹਿਆਂ ਕੋਲੋਂ ਸਿੱਖਿਆ ਨਾ ਲੈਣ ਭਾਵ ਕੇਵਲ ਗੁਰੂ ਕੋਲੋਂ ਹੀ ਸੱਚੀ ਸਿੱਖਿਆ ਦਾ ਮਾਰਗ ਸਿੱਖਣ ਤੇ ਉਸ ਅਨੁਸਾਰ ਚੱਲਣ ਤਾਂ ਜੋ ਉਹ ਗੁਰੂ ਦੇ ਨਾਲ ਆਪਣਾ ਸੱਚਾ ਪਿਆਰ ਪਾ ਸਕਣ। ਇਸ ਗੱਲ ਨੂੰ ਅਸੀਂ ਪਿੱਛੇ

ਲੇਖ ਵਿੱਚ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੁਆਰਾ ਫਿਰ ਤੋਂ ਇਸ ਗੱਲ ਨੂੰ ਦੁਹਰਾਇਆ ਜਾ ਸਕਦਾ ਹੈ, ਸਮਝ ਕੇ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਅਸੀਂ ਸਿੱਖਿਆ ਗੁਰੂ ਕੋਲੋਂ ਹੀ ਲਈਏ। ਗੁਰੂ ਦੀ ਸਿੱਖਿਆ ਦੇ ਉਲਟ ਚੱਲਣ ਦਾ ਡੰਡ ਸਭ ਨੂੰ ਹੀ ਭੁਗਤਣਾ ਪੈਂਦਾ ਹੈ। ਝੂਠੀ ਸਿੱਖਿਆ ਦੇਣ ਵਾਲਿਆਂ ਨੂੰ ਵੀ ਭੁਗਤਣਾ ਪੈਂਦਾ ਹੈ ਤੇ ਉਨ੍ਹਾਂ ਪਿੱਛੇ ਲੱਗ ਕੇ ਝੂਠੀ ਸਿੱਖਿਆ ਮੰਨਣ ਵਾਲਿਆਂ ਨੂੰ ਵੀ ਭੁਗਤਣਾ ਪੈਂਦਾ ਹੈ। ਭਗਤੀ ਦਾ ਮਾਰਗ ਕਥਨੀ ਦਾ ਨਹੀਂ ਕਰਣੀ ਦਾ ਮਾਰਗ ਤੇ ਜੋ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਦੇ ਨਾਲ ਹੀ ਜੋੜਦੇ ਹਨ ਉਹ ਆਪ ਵੀ ਵੱਡੇ ਭਰਮ ਵਿੱਚ ਹਨ ਤੇ ਸਭ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਹੇਠ ਲਿਖੇ ਸਾਰੇ ਸ਼ਬਦਾਂ ਨੂੰ ਵੀ ਬੜੇ ਧਿਆਨ ਨਾਲ ਵਿਚਾਰੋ ਤੇ ਭਗਤੀ ਦੇ ਸਹੀ ਮਾਰਗ ਨੂੰ ਸਮਝੋ ਤੇ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੋ ਤੇ ਨਾਲ ਹੀ ਉਨ੍ਹਾਂ ਕੋਲੋਂ ਸਮਝ ਲੈਣਾ ਵੀ ਛੱਡੋ ਜੋ ਸਾਨੂੰ ਭਰਮਾਂ ਵਿੱਚ ਪਾ ਕੇ, ਗੁਰੂ ਦੀ ਮਤਿ ਦੇ ਉਲਟ ਚਲਾ ਕੇ ਗੁਰੂ ਦੇ ਦੋਖੀ ਬਣਾਉਂਦੇ ਹਨ।

{ਅਯੋ ਅੰਛੈ ਸਭੁ ਜਗੁ ਆਇਆ ਕਾਧੈ ਘੰਛੈ ਕਾਲੁ ਭਇਆ ॥
ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥੧॥ ਮਨ ਐਸਾ ਲੇਖਾ ਤੂੰ ਕੀ ਪੜਿਆ॥
ਲੇਖਾ ਦੇਣਾ ਤੇਰੈ ਸਿਰਿ ਰਹਿਆ ॥੧॥ ਰਹਾਉ ॥ ਸਿਧੰਛਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ॥
ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ ॥੨॥
ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥
ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥
ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥੫॥
ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥
ਸਾਈ ਪੁੜੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥
ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥
ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥
ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ ॥
ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ ॥੯॥
ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ ॥
ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ ॥੧੦॥
ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥
ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥੧੧॥
ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ ॥
ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥
ਝਝੈ ਕਦੇ ਨ ਝੁਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥
ਧਧੈ ਧਾਵਤ ਵਰਜਿ ਰਖੁ ਮੂੜੇ ਅੰਤਰਿ ਤੇਰੈ ਨਿਧਾਨੁ ਪਇਆ ॥
ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ ਜੁਗਾ ਜੁਗੰਤਰਿ ਖਾਹਿ ਪਇਆ ॥੧੪॥
ਗਗੈ ਗੋਬਿਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ ਪਾਇਆ ॥
ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ ॥੧੫॥
ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ ॥
ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ ॥੧੬॥

ਰਾਰੈ ਰਾਮੁ ਚਿਤਿ ਕਰਿ ਮੂੜੇ ਹਿਰਦੈ ਜਿਨ੍ ਕੈ ਰਵਿ ਰਹਿਆ ॥
ਗੁਰ ਪਰਸਾਦੀ ਜਿਨ੍ੀ ਰਾਮੁ ਪਛਾਤਾ ਨਿਰਗੁਣ ਰਾਮੁ ਤਿਨ੍ੀ ਬੂਝਿ ਲਹਿਆ ॥੧੭॥
ਤੇਰਾ ਅੰਤੁ ਨ ਜਾਈ ਲਖਿਆ ਅਕਥੁ ਨ ਜਾਈ ਹਰਿ ਕਥਿਆ ॥
ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ ॥੧੮॥੧॥੨॥}

(ਅੰਗ ੪੩੪-੪੩੫)

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ੈ ਛਜ ॥
ਦੇਨ੍ਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

50/6853

{ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥ ਮਤੁ ਜਾਣ ਸਹਿ ਗਲੀ ਪਾਇਆ ॥
ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥
ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥
ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥
ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥
ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥
ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥}

(ਅੰਗ ੨੪)

{ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥੧॥
ਜੋ ਜਨਮੈ ਸੋ ਜਾਨਹੁ ਮੂਆ ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥੧॥ ਰਹਾਉ ॥
ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ ਫਿਰਿ ਹੋਇ ਪਰਭਾਤਿ ॥੨॥
ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥}

(ਅੰਗ ੩੭੫-੩੭੬)

{ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥
ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ ਮਨ ਰੇ ਸਾਚੀ ਖਸਮ ਰਜਾਇ ॥
ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥
ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥
ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥
ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥ ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥
ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥
ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥
ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੯)

{ਜੂਠਿ ਨ ਰਾਗੀ ਜੂਠਿ ਨ ਵੇਦੀ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥ ਜੂਠਿ ਨ ਅੰਨੀ ਜੂਠਿ ਨ ਨਾਈ ॥
ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥
ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥}

(ਅੰਗ ੧੨੪੦)

{ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥}

(ਅੰਗ ੫੫੭-੫੫੮)

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥ ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥}

(ਅੰਗ ੪੮੯)

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਪਉੜੀ ॥

{ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ ॥
ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ ੯੬੧)

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥

ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ॥
ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥}

(ਅੰਗ ੧੫-੧੬)

{ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥ ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥
ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥ ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥
ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥ ਗਣਿ ਗਣਿ ਜੋਤਕੁ ਕਾਂਡੀ ਕੀਨੀ ॥
ਪੜੈ ਸੁਣਾਵੈ ਤਤੁ ਨ ਚੀਨੀ ॥ ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥
ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥ ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥
ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥ ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥
ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥ ਗਣਤ ਗਣੀਐ ਸਹਸਾ ਦੁਖੁ ਜੀਐ॥
ਗੁਰ ਕੀ ਸਰਣਿ ਪਵੈ ਸੁਖੁ ਥੀਐ ॥ ਕਰਿ ਅਪਰਾਧ ਸਰਣਿ ਹਮ ਆਇਆ ॥
ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥ ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥
ਭਰਮਿ ਭੁਲਾਈਐ ਜਨਮਿ ਮਰਿ ਆਈਐ ॥ ਜਮ ਦਰਿ ਬਾਧਉ ਮਰੈ ਬਿਕਾਰੁ ॥
ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥ ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥
ਦੁਬਿਧਾ ਰਾਤੇ ਮਹਲੁ ਨ ਪਾਵਹਿ ॥ ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥
ਏਕੁ ਬੁਰਾ ਭਲਾ ਸਚੁ ਏਕੈ ॥ ਬੂਝੁ ਗਿਆਨੀ ਸਤਗੁਰ ਕੀ ਟੇਕੈ ॥ ਗੁਰਮੁਖਿ ਵਿਰਲੀ ਏਕੋ ਜਾਣਿਆ ॥
ਆਵਣੁ ਜਾਣਾ ਮੇਟਿ ਸਮਾਣਿਆ ॥੮॥ ਜਿਨ ਕੈ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥
ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥੯॥੪॥}

(ਅੰਗ ੯੦੪-੯੦੫)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ਰਹਾਉ॥
ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥
ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥ ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥
ਪੁਤ੍ ਕਲਤ੍ ਲਗਿ ਨਾਮੁ ਵਿਸਾਰੀ ॥ ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥
ਸਤਿਗੁਰੁ ਸੇਵੇ ਕਰਣੀ ਸਾਰੀ ॥੩॥ ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥
ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥
ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥ ਗੁਰ ਬਿਨੁ ਭੂਲੋ ਆਵੈ ਜਾਏ ॥
ਨਦਰਿ ਕਰੇ ਸੰਜੋਗਿ ਮਿਲਾਏ ॥੫॥ ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ ॥
ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥ ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥
ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥ ਨਦਰਿ ਕਰੇ ਰਾਖੈ ਰਖਵਾਲਾ ॥੭॥
ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}

(ਅੰਗ ੪੧੨)

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੂਖ ਹੈ ਮੂਰਖ ਭੂਖਿਆ ਮੁਏ ਗਵਾਰ ॥
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੂਖ ਗਈ ਸਚੈ ਨਾਇ ਪਿਆਰਿ॥
ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}

(ਅੰਗ ੬੪੭)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੯॥}

(ਅੰਗ ੩੭੭)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥ ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤ੍ਰ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥

ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ ੬੩੫-੬੩੬)

{ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿ ਕਾ ਭਾਉ ॥
ਜਤੀ ਸਤੀ ਕਹ ਰਾਖਹਿ ਪਾਉ ॥੧॥ ਨਾਨਕ ਨਾਮ ਵਿਟਹੁ ਕੁਰਬਾਨੁ ॥
ਅੰਧੀ ਦੁਨੀਆ ਸਾਹਿਬੁ ਜਾਨੁ ॥੧॥ ਰਹਾਉ ॥ ਗੁਰੂ ਪਾਸਹੁ ਫਿਰਿ ਚੇਲਾ ਖਾਇ ॥
ਤਾਮਿ ਪਰੀਤਿ ਵਸੈ ਘਰਿ ਆਇ ॥ ਜੇ ਸਉ ਵਰ੍ਹਿਆ ਜੀਵਣ ਖਾਨੁ ॥ ਖਸਮ ਪਛਾਣੈ ਸੋ ਦਿਨੁ ਪਰਵਾਨੁ ॥੨॥
ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ ॥ ਰਾਜਾ ਨਿਆਉ ਕਰੇ ਹਥਿ ਹੋਇ ॥
ਕਹੈ ਖੁਦਾਇ ਨ ਮਾਨੈ ਕੋਇ ॥੩॥ ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥
ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥}

(ਅੰਗ ੩੪੯-੩੫੦)

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥}

(ਅੰਗ ੧੪-੧੫)

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥
ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥ ਦਇਆ ਦਿਗੰਬਰੁ ਦੇਹ ਬੀਚਾਰੀ॥
ਆਪਿ ਮਰੈ ਅਵਰਾ ਨਹ ਮਾਰੀ ॥੩॥ ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥੪॥੨੫॥}

(ਅੰਗ ੩੫੬)

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥

ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥ ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ॥੪॥ ਗੁਰਮੁਖਿ ਜਮਕਾਲੁ ਨੇੜਿ ਨ ਆਵੈ॥ ਹਉਮੈ ਦੂਜਾ ਸਬਦਿ ਜਲਾਵੈ॥
ਨਾਮੇ ਰਾਤੇ ਹਰਿ ਗੁਣ ਗਾਵੈ ॥੫॥ ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ॥
ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥ ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥
ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥ ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥
ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ ੨੩੦-੨੩੧)

{ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥ ਐਸਾ ਗਿਆਨੁ ਬੀਚਾਰੈ ਕੋਈ ॥
ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥
ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥੨॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥}

(ਅੰਗ ੮੭੮-੮੭੯)

{ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥
ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ ॥
ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ ॥
ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ ॥
ਜਨ ਨਾਨਕ ਕਿਸ ਨੋ ਆਖਿ ਸੁਣਾਈਐ ਜਾ ਕਰਦੇ ਸਭਿ ਕਰਾਇਆ ॥੨॥}

(ਅੰਗ ੫੧੩)

{ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥ ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥
ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥
ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥
ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ॥੨॥ ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ॥

ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥ ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥
ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥ ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥
ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥ ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥
ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥ ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ॥੫॥੧੩॥}

(ਅੰਗ ੧੮-੧੯)

{ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥}

(ਅੰਗ ੨੩)

{ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥੧॥
ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥੧॥ ਰਹਾਉ ॥
ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥੨॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥੩॥
ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥੪॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥੫॥
ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥੬॥
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ ॥੭॥
ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ ॥੮॥
ਆਪੇ ਨਿਰਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ ॥੯॥
ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ ॥੧੦॥
ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥੧੧॥
ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ ॥੧੨॥
ਅਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ ॥੧੩॥
ਪਾਖੰਡਿ ਕੀਨੈ ਜਮੁ ਨਹੀ ਛੋਡੈ ਲੈ ਜਾਸੀ ਪਤਿ ਗਵਾਈ ॥੧੪॥
ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ ॥੧੫॥
ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥੧੬॥
ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤਸੰਗਤਿ ਮੇਲਾਈ ॥੧੭॥
ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ ॥੧੮॥
ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ ॥੧੯॥
ਭੈ ਭੰਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ ॥੨੦॥

ਸਭੁ ਕਿਛੁ ਆਪੇ ਆਪਿ ਵਰਤੈ ਨਾਨਕ ਨਾਮਿ ਵਡਿਆਈ ॥੨੧॥੩॥੧੨॥}

(ਅੰਗ ੯੧੦)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਤੇ ਜਦ ਤਕ ਸਾਨੂੰ ਨਾਮ ਦੀ ਸਹੀ ਸਮਝ ਨਹੀਂ ਪੈਂਦੀ ਜੋ ਆਪਣੇ ਸੱਚੇ ਨਾਮ ਦੀ ਸਮਝ ਗੁਰੂ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਪਾ ਰਿਹਾ ਹੈ ਪਰ ਅਸੀਂ ਗੁਰੂ ਦੇ ਸਮਝਾਏ ਹੋਏ ਨਾਮ ਨੂੰ ਮੰਨਣ ਲਈ ਇਸੇ ਕਰਕੇ ਤਿਆਰ ਨਹੀਂ ਹੁੰਦੇ ਕਿਉਂਕਿ ਇਹ ਨਾਮ ਨੂੰ ਸਮਝਣ ਦਾ ਭਰਮ ਭਾਰਤ ਵਰਸ਼ ਵਿੱਚ ਸਦੀਆਂ ਤੋਂ ਚੱਲਦਾ ਆ ਰਿਹਾ ਹੈ ਤੇ ਉਹ ਭਰਮ ਪਾਉਂਣ ਵਾਲੇ ਅੱਗੇ ਤੋਂ ਅੱਗੇ ਸਦੀਆਂ ਤੋਂ ਇਸੇ ਤਰ੍ਹਾਂ ਹੀ ਭਰਮ ਪਾਈ ਜਾ ਰਹੇ ਹਨ। ਗੁਰੂ ਸਾਹਿਬ ਨੇ ਗੁਰਬਾਣੀ ਰਾਹੀਂ ਸਾਡੇ ਇਸ ਸਦੀਆਂ ਤੋਂ ਚੱਲਦੇ ਆ ਰਹੇ ਭਰਮ ਨੂੰ ਬਾਰ-ਬਾਰ ਸ਼ਬਦਾਂ ਰਾਹੀਂ ਬੜੀ ਹੀ ਬਰੀਕੀ ਨਾਲ ਕੱਢਿਆ ਹੈ ਪਰ ਇਹ ਭਰਮ ਸਦੀਆਂ ਤੋਂ ਇਤਨਾ ਜਿਆਦਾ ਪ੍ਰਬਲ ਹੈ ਕਿ ਹਰ ਕੋਈ ਨਾਮ ਕਿਸੇ ਅੱਖਰ ਨੂੰ ਹੀ ਮੰਨੀ ਬੈਠਾ ਹੈ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਹਰ ਕੋਈ ਕਿਸੇ ਅੱਖਰ ਨੂੰ ਬਦਲ ਕੇ ਵੱਖਰਾ ਨਾਮ ਬਣਾ ਲੈਂਦਾ ਹੈ। ਗੁਰਬਾਣੀ ਦੀ ਸਿੱਖਿਆ ਲੈਣ ਤੋਂ ਬਾਅਦ

50/6854

ਸਿੱਖ ਜਗਤ ਨੇ ਵੀ ਉਹੀ ਕੁਝ ਕੀਤਾ ਹੈ ਭਾਵ ਇੱਕ ਅੱਖਰ ਦਾ ਨਾਮ ਹੀ ਬਦਲਿਆ ਹੈ ਭਾਵ ਅੱਖਰ ਵਿੱਚੋਂ ਬਾਹਰ ਨਹੀਂ ਨਿਕਲ ਸਕੇ। ਮਨੁੱਖ ਨੂੰ ਜੋ ਵੀ ਸਮਝ ਪੈਂਦੀ ਹੈ ਉਹ ਮਨ ਦੇ ਵਿੱਚੋਂ ਹੀ ਪੈਂਦੀ ਹੈ ਤੇ ਸਮਝ ਮਨੁੱਖ ਦੀ ਆਪਣੀ ਨਹੀਂ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ, ਸਭ ਨੂੰ ਭਰਮਾਂ ਵਿੱਚ ਰੱਖਣ ਵਾਲਾ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਆਪਣੀ ਸੰਸਾਰਿਕ ਖੇਡ ਨੂੰ ਸਭ ਨੂੰ ਭਰਮਾਂ ਵਿੱਚ ਪਾ ਕੇ ਹੀ ਚਲਾ ਰਿਹਾ ਹੈ ਜਿਸ ਮਨ ਦੇ ਭਰਮ ਕਰਕੇ ਹਰ ਕੋਈ ਵੱਖਰੀ ਵੱਖਰੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ, ਵੱਖਰੇ ਵੱਖਰੇ ਨਾਮ ਨਾਲ ਜੁੜਿਆ ਹੋਇਆ ਹੈ, ਵੱਖਰੀ ਵੱਖਰੀ ਭਗਤੀ ਦੇ ਤਰੀਕੇ ਨਾਲ ਜੁੜਿਆ ਹੋਇਆ ਹੈ, ਵੱਖਰੇ ਵੱਖਰੇ ਤਰੀਕਿਆਂ ਨਾਲ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਲਈ ਜੁੜਿਆ ਹੋਇਆ ਹੈ। ਸ੍ਰਿਸ਼ਟੀ ਦਾ ਕਰਤਾ ਇੱਕੋ ਹੀ ਹੈ, ਸਦਾ ਸਦਾ ਤੋਂ ਇੱਕੋ ਹੀ ਹੈ ਜੋ ਨਾ ਕਦੇ ਇੱਕ ਤੋਂ ਦੋ ਹੋਏ ਹਨ ਤੇ ਨਾ ਹੀ ਕਦੇ ਹੋ ਸਕਦੇ ਹਨ। ਆਉ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਉਪਰਾਲਾ ਕਰੀਏ ਜੋ ਸਾਡੇ ਸਭ ਦੇ ਅੰਦਰ, ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਇੱਕੋ ਰੂਪ ਵਿੱਚ ਹੀ ਹੈ, ਇੱਕੋ ਇੱਕ ਆਪਣੇ ਨਾਮ ਰੂਪ ਵਿੱਚ ਹੀ ਹੈ। ਪ੍ਰਮਾਤਮਾ ਦਾ ਆਸਣ ਸਾਡੇ ਸਭ ਦੇ ਅੰਦਰ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ ਜੋ ਉਸਦਾ ਆਸਣ ਸਾਡੇ ਸਭ ਦੇ ਅੰਦਰ ਉਸਦੀ ਜੋਤਿ ਦੇ ਰੂਪ ਵਿੱਚ ਹੈ, ਉਸਦੀ ਲੋਇ ਦੇ ਰੂਪ ਵਿੱਚ ਹੈ। ਉਸਦਾ ਲੋਇ ਰੂਪ ਆਸਣ ਸਾਡੇ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਜਪੁਜੀ ਬਾਣੀ ਦੇ ਮੁੱਖ ਸ਼ਬਦ ਰਾਹੀਂ ਸਮਝਿਆ ਹੈ ਜਿਸ ਉਸਦੇ ਆਸਣ ਨੂੰ ਸਮਝਣ ਲਈ ਅਸੀਂ ਹੋਰ ਸ਼ਬਦਾਂ ਦਾ ਪ੍ਰਮਾਣ ਦੇਣ ਦੁਆਰਾ ਵੀ ਸਮਝਿਆ ਹੈ। ਹੁਣ ਅਸੀਂ ਜਪੁਜੀ ਬਾਣੀ ਦੇ ਉਸ ਮੁੱਖ ਸ਼ਬਦ ਰਾਹੀਂ ਵਾਪਿਸ ਮੁੜਦੇ ਹਾਂ ਤੇ ਅੱਗੇ ਵਾਲੀਆਂ ਪੰਗਤੀਆਂ ਨੂੰ ਸਮਝਦੇ ਹਾਂ।

“ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥
ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥
ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥”

ਉਪਰ ਵਾਲੇ ਸ਼ਬਦ ਦੀ ਪਹਿਲੀ ਪੰਗਤੀ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੀ ਹੈ ਕਿ ਪ੍ਰਮਾਤਮਾ ਦਾ ਆਸਣ ਭਾਵ ਉਸਦਾ ਟਿਕਾਣਾ ਸਭ ਦੇ ਅੰਦਰ ਉਸਦੀ ਲੋਇ ਦੇ ਰੂਪ ਵਿੱਚ ਹੈ ਭਾਵ ਉਸਦੀ ਗਿਆਨ ਰੂਪ ਲੋਇ ਦੇ ਰੂਪ ਵਿੱਚ ਹੈ ਭਾਵ ਉਸਦੀ ਜੋਤਿ ਦੇ ਰੂਪ ਵਿੱਚ ਹੈ ਜੋ ਉਸਦੀ ਜੋਤਿ ਰੂਪ ਲੋਇ ਸਭ ਦੇ ਅੰਦਰ ਹਰ ਵੇਲੇ ਬਲਦੀ ਰਹਿੰਦੀ ਹੈ, ਜਗਦੀ ਰਹਿੰਦੀ ਹੈ ਜੋ ਸਭ ਦੇ ਅੰਦਰ ਗਿਆਨ

ਰੂਪ ਪ੍ਰਕਾਸ਼ ਕਰਦੀ ਰਹਿੰਦੀ ਹੈ ਤੇ ਪ੍ਰਮਾਤਮਾ ਦੇ ਬਣਾਏ ਹੋਏ ਹਰ ਆਕਾਰ ਰੂਪ ਦੇ ਵਿੱਚ ਗਿਆਨ ਦਾ ਪ੍ਰਕਾਸ਼ ਕਰਨ ਵਾਲੀ ਭਾਵ ਹਰ ਆਕਾਰ ਰੂਪ ਬਨਾਉਂਣ ਵਾਲੀ ਤੇ ਉਸਨੂੰ ਚਲਾਉਂਣ ਵਾਲੀ ਪ੍ਰਮਾਤਮਾ ਦੀ ਜੋਤਿ ਰੂਪ ਲੋਇ ਹੀ ਹੈ ਜਿਸ ਦੁਆਰਾ ਪ੍ਰਮਾਤਮਾ ਦਾ ਸਭ ਦੇ ਅੰਦਰ ਉਸਦਾ ਹਰ ਵੇਲੇ ਟਿਕਾਣਾ ਆਪਣੇ ਗਿਆਨ ਰੂਪ ਵਿੱਚ ਬਣਿਆ ਹੋਇਆ ਹੈ। ਪ੍ਰਮਾਤਮਾ ਦਾ ਇਹ ਲੋਇ ਰੂਪ ਆਸਣ ਹੀ ਸਭ ਦੇ ਅੰਦਰ ਪ੍ਰਮਾਤਮਾ ਦਾ ਨਾਮ ਰੂਪ ਆਸਣ ਹੈ ਭਾਵ ਬ੍ਰਹਮ ਗਿਆਨ ਰੂਪ ਆਸਣ ਹੈ, ਉਸਦਾ ਸਾਇੰਸ ਰੂਪ ਆਸਣ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ, ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੈ।

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥
ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥
ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥
ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨॥}

(ਅੰਗ ੧੩੨੭)

ਪ੍ਰਮਾਤਮਾ ਦਾ ਆਸਣ ਭਾਵ ਉਸਦਾ ਲੋਇ ਰੂਪ ਆਸਣ ਭਾਵ ਉਸਦਾ ਜੋਤਿ ਰੂਪ ਆਸਣ ਭਾਵ ਉਸਦਾ ਨਾਮ ਰੂਪ ਆਸਣ ਸਾਡੇ ਮਨੁੱਖੀ ਸਰੀਰ ਦੇ ਅੰਦਰ, ਸਾਡੀ ਸੁਰਤਿ ਦੇ ਅੰਦਰ ਹੈ ਭਾਵ ਸਾਡੇ ਮਨ ਦੇ ਅੰਦਰ ਹੈ ਭਾਵ ਸਾਡੇ ਮਨ ਦੇ ਅੰਦਰ ਹਰ ਵੇਲੇ ਪ੍ਰਮਾਤਮਾ ਨੇ ਆਪਣਾ ਗਿਆਨ ਰੂਪ ਆਸਣ ਲਗਾਇਆ ਹੋਇਆ ਹੈ ਜਿਸ ਆਪਣੇ ਆਸਣ ਦੁਆਰਾ ਉਹ ਹਰ ਵੇਲੇ ਸਾਡੀ ਸੁਰਤਿ ਦੇ ਅੰਦਰ ਵਿਚਾਰ ਪਾਉਂਦਾ ਰਹਿੰਦਾ ਹੈ ਭਾਵ ਮਨ ਦੇ ਅੰਦਰ ਸਮਝ ਪਾਉਂਦਾ ਰਹਿੰਦਾ ਹੈ ਭਾਵ ਹਰ ਵੇਲੇ ਮਨ ਦੀ ਸਮਝ ਰਾਹੀਂ ਆਪਣੀ ਮਰਜੀ ਅਨੁਸਾਰ ਗਿਆਨ ਦਿੰਦਾ ਰਹਿੰਦਾ ਹੈ ਜਿਸ ਮਨ ਦੇ ਗਿਆਨ ਤੇ ਭਾਵ ਮਨ ਦੀ ਸਮਝ ਤੇ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਚੱਲਦਾ ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਅਸੀਂ ਪਿੱਛੇ ਇਹੀ ਕੁਝ ਸਮਝਿਆ ਹੈ ਕਿ ਪ੍ਰਮਾਤਮਾ ਦਾ ਲੋਇ ਰੂਪ ਆਸਣ ਸਾਡੇ ਅੰਦਰ ਉਸਦੇ ਨਾਮ ਰਤਨ ਦੇ ਰੂਪ ਵਿੱਚ ਹੈ ਜੋ ਪ੍ਰਮਾਤਮਾ ਦਾ ਨਾਮ ਰਤਨ ਰੂਪ ਉਸਦਾ ਬ੍ਰਹਮ ਗਿਆਨ ਰੂਪ ਹੈ ਜਿਸ ਉਸਦੇ ਰੂਪ ਨੂੰ ਕੋਈ ਵਿਰਲਾ ਹੀ ਜਾਣ ਸਕਦਾ ਹੈ, ਵੱਡੇ ਕਰਮਾਂ ਦੁਆਰਾ ਜਾਣ ਸਕਦਾ ਹੈ ਕਿਉਂਕਿ ਇਹ ਕੇਵਲ ਤੇ ਕੇਵਲ ਪ੍ਰਮਾਤਮਾ ਦੀ ਆਪਣੀ ਰਜਾ ਹੈ ਕਿ ਉਹ ਕਿਸੇ ਨੂੰ ਮਨ ਦੀ ਸਮਝ ਰਾਹੀਂ ਇਹ ਜਾਣਾਏ ਕਿ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਹੈ ਜੋ ਕਿ ਆਪ ਹੀ ਮਨ ਦੀ ਸਮਝ ਦਾ ਮਾਲਕ ਹੈ ਤੇ ਹਰ ਗਿਆਨ ਦਾ ਆਪ ਹੀ ਮਾਲਕ ਹੈ ਜਿਸ ਗਿਆਨ ਦਾ ਉਸਦੇ ਕੋਲ ਬਹੁਤ ਵੱਡਾ ਭੰਡਾਰ ਹੈ। **(ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ॥)**

ਉਪਰ ਜਪੁਜੀ ਬਾਣੀ ਦੇ ਮੁੱਖ ਸ਼ਬਦ ਰਾਹੀਂ ਪ੍ਰਮਾਤਮਾ ਦਾ ਆਸਣ

ਸਭ ਜਗ੍ਹਾ ਕਿਸ ਰੂਪ ਵਿੱਚ ਹੈ ਇਹ ਕੁਝ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਬਰੀਕੀ ਨਾਲ ਪਹਿਲੀ ਪੰਗਤੀ ਦੇ ਅਰਥ ਸਮਝੇ ਹੀ ਹਨ। **(ਆਸਣੁ ਲੋਇ ਲੋਇ ਭੰਡਾਰ ॥)** ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ।

“ਜੋ ਕਿਛੁ ਪਾਇਆ ਸੁ ਏਕਾ ਵਾਰ ॥”

ਉਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਜਿਸ ਸਮਝ ਵਿੱਚ ਪ੍ਰਮਾਤਮਾ ਨੇ ਆਪ ਹੀ ਸਭ ਨੂੰ ਰੱਖਿਆ ਹੋਇਆ ਹੈ, ਉਸ ਸਮਝ ਵਿੱਚ ਰਹਿੰਦੇ ਹੋਏ ਉਪਰ ਵਾਲੀ ਪੰਗਤੀ ਦੇ ਅਸਲ ਅਰਥਾਂ ਨੂੰ ਆਪਣੇ ਆਪ ਕੋਈ ਨਹੀਂ ਜਾਣ ਸਕਦਾ ਕਿ ਪੂਰਾ ਸੰਸਾਰ ਕਿਸ ਤਰੀਕੇ ਚੱਲ ਰਿਹਾ ਹੈ ਭਾਵ ਸਭ ਦੇ ਅੰਦਰ ਆਪਣਾ ਆਸਣ ਲਗਾ ਕੇ ਪ੍ਰਮਾਤਮਾ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਕਿਸ ਤਰੀਕੇ ਚਲਾ ਰਿਹਾ ਹੈ, ਉਪਰ ਵਾਲੀ ਪੰਗਤੀ ਰਾਹੀਂ ਇਹੀ ਗੱਲ ਸਮਝਾਈ ਹੋਈ ਹੈ। ਆਉ ਧਿਆਨ ਨਾਲ ਵਿਸ਼ਵਾਸ ਕਰਕੇ ਸਮਝੀਏ। ਇਸ ਗੱਲ ਤੋਂ ਤਾਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਸ੍ਰਿਸ਼ਟੀ ਦੀ ਰਚਨਾ ਕਿਸੇ ਬਹੁਤ ਵੱਡੀ ਉੱਚੀ ਸਾਇੰਸ ਦੁਆਰਾ ਹੋਈ ਹੈ ਤੇ ਸੰਸਾਰ ਵਿੱਚ ਜੋ ਕੁਝ ਵੀ ਹੁਣ ਤੱਕ ਹੋਇਆ ਹੈ ਤੇ ਹੋ ਰਿਹਾ ਹੈ ਉਹ ਸਭ ਕੁਝ ਸਾਇੰਸ ਦੁਆਰਾ ਹੀ ਹੋ ਰਿਹਾ ਹੈ ਭਾਵ ਸਭ ਜਗ੍ਹਾ ਤੇ ਸਭ ਵਿੱਚ ਸਾਇੰਸ ਹੀ ਵਰਤ ਰਹੀ ਹੈ ਭਾਵੇਂ ਉਹ ਮਨੁੱਖੀ ਸਰੀਰ ਹੈ, ਭਾਵੇਂ ਕੋਈ ਵੀ ਵਨਸਪਤੀ ਹੈ, ਪਸ਼ੂ ਹਨ, ਪਕਸ਼ੀ ਹਨ, ਪੇੜ ਹਨ ਸਭ ਦੇ ਅੰਦਰ ਸਾਇੰਸ ਹੀ ਵਰਤ ਰਹੀ ਹੈ ਭਾਵ ਸਾਇੰਟਿਫਿਕ ਗਿਆਨ ਹੀ ਵਰਤ ਰਿਹਾ ਹੈ ਬਸ ਇਸ ਉੱਚੇ ਗਿਆਨ ਦਾ ਮਾਲਕ ਕੌਣ ਹੈ ਇਸੇ ਗੱਲ ਨੂੰ ਸਮਝਣ ਦੇ ਨਾਲ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਦਾ ਆਸਣ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ ਜੋ ਉਸਦਾ ਆਸਣ ਸਭ ਦੇ ਅੰਦਰ ਉਸਦੀ ਜੋਤਿ ਦੇ ਰੂਪ ਵਿੱਚ, ਉਸਦੀ ਲੋਇ ਦੇ ਰੂਪ ਵਿੱਚ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਬਰੀਕੀ ਨਾਲ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਅਸੀਂ ਇਸ ਗੱਲ ਨੂੰ ਵੀ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ ਕਿ ਸਭ ਕੁਝ ਪ੍ਰਮਾਤਮਾ ਦੇ ਨਾਮ ਨਾਲ ਬਣਿਆ ਹੈ ਤੇ ਨਾਮ ਦੁਆਰਾ ਹੀ ਸਭ ਕੁਝ ਚੱਲ ਰਿਹਾ ਹੈ। ਅਸੀਂ ਇਸ ਗੱਲ ਨੂੰ ਵੀ ਸ਼ਬਦ ਰਾਹੀਂ ਸਮਝਿਆ ਹੈ ਕਿ ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਨਿਰੰਕਾਰ ਰੂਪ ਹੈ ਤੇ ਸਭ ਨੂੰ ਚਲਾਉਣ ਵਾਲਾ ਵੀ ਨਿਰੰਕਾਰ

50/6857

ਆਪ ਹੈ ਭਾਵ ਪ੍ਰਮਾਤਮਾ ਆਪ ਹੈ ਭਾਵ ਸਭ ਕੁਝ ਨਿਰੰਕਾਰ ਰੂਪ ਪ੍ਰਮਾਤਮਾ ਨੇ ਆਪ ਹੀ ਬਣਾਇਆ ਹੈ ਤੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਨਿਰੰਕਾਰ ਰੂਪ ਉਸਨੂੰ ਕਹਿੰਦੇ ਹਨ ਜਿਸਦਾ ਆਪਣਾ ਕੋਈ ਆਕਾਰ ਰੂਪ ਨਹੀਂ ਹੁੰਦਾ ਜਿਵੇਂ ਕਿ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਤੇ ਮੰਨਦਾ ਵੀ ਹੈ। ਇਸ ਗੱਲ ਨੂੰ ਵੀ ਹਰ ਕੋਈ ਸਮਝਦਾ ਹੈ ਕਿ ਨਿਰੰਕਾਰ ਪ੍ਰਮਾਤਮਾ ਨੂੰ ਕਹਿੰਦੇ ਹਨ। ਬਾਣੀ ਰਾਹੀਂ ਸਾਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਇਹ ਵੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਸਰੀਰਕ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਨਿਰੰਕਾਰ ਰੂਪ ਦਾ ਆਕਾਰ ਰੂਪ ਨਹੀਂ ਹੁੰਦਾ ਇਸ ਕਰਕੇ ਉਸਨੂੰ ਸਰੀਰਕ ਅੱਖਾਂ ਨਾਲ ਦੇਖਿਆ ਵੀ ਨਹੀਂ ਜਾ ਸਕਦਾ, ਜੋ ਕਿ ਪੂਰਨ ਸੱਚ ਹੈ। ਬਾਣੀ ਰਾਹੀਂ ਅਸੀਂ ਇਸ ਗੱਲ ਨੂੰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਪ੍ਰਮਾਤਮਾ ਜਦੋਂ ਵੀ ਕਿਸੇ ਨੂੰ ਮਿਲਦਾ ਹੈ ਉਹ ਮਨ ਦੇ ਵਿੱਚ ਹੀ ਮਿਲਦਾ ਹੈ, ਆਪਣੀ ਜੋਤਿ ਰੂਪ ਵਿੱਚ ਹੀ ਮਿਲਦਾ ਹੈ, ਆਪਣੇ ਨਾਮ ਰੂਪ ਵਿੱਚ ਮਿਲਦਾ ਹੈ। ਪ੍ਰਮਾਤਮਾ ਦਾ ਜੋਤਿ ਰੂਪ, ਉਸਦਾ ਨਾਮ ਰੂਪ ਹੀ ਉਸਦਾ ਨਿਰੰਕਾਰ ਰੂਪ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਪਰ ਉਸਦੇ ਇਸ ਗਿਆਨ ਰੂਪ ਨੂੰ ਮਨ ਦੇ ਵਿੱਚੋਂ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਪ੍ਰਮਾਤਮਾ ਕਿਸੇ ਦੇ ਮਨ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਭਗਤਾਂ ਦੇ ਮਨ ਰਾਹੀਂ, ਗੁਰੂ ਸਾਹਿਬਾਨ ਦੇ ਮਨ ਦੀ ਸਮਝ ਰਾਹੀਂ ਪ੍ਰਗਟ ਕੀਤਾ ਹੈ ਤੇ ਜਿਸਦੇ ਅੰਦਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ, ਨਾਮ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਕਿਸ ਤਰੀਕੇ ਹੁੰਦਾ ਹੈ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਏ ਬਿਨਾਂ ਕੋਈ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਣ ਸਕੇ, ਉਸਦੇ ਨਾਮ ਰੂਪ ਨੂੰ ਜਾਣ ਸਕੇ, ਉਸਦੇ ਜੋਤਿ ਰੂਪ ਨੂੰ ਜਾਣ ਸਕੇ, ਉਸਦੇ **"ਲੋਇ"** ਰੂਪ ਨੂੰ ਜਾਣ ਸਕੇ ਭਾਵ ਉਸਦੇ ਬ੍ਰਹਮ ਗਿਆਨ ਰੂਪ ਨੂੰ ਜਾਣ ਸਕੇ ਭਾਵ ਪ੍ਰਮਾਤਮਾ ਦਾ ਆਸਣ ਸਾਡੇ ਸਭ ਦੇ ਅੰਦਰ ਕਿਸ ਰੂਪ ਵਿੱਚ ਹਰ ਵੇਲੇ ਲੱਗਾ ਹੋਇਆ ਹੈ ਇਸ ਗੱਲ ਨੂੰ ਸਮਝ ਸਕੇ, ਜਾਣ ਸਕੇ ਇਹ ਨਾਮੁਮਕਿਨ ਹੈ ਭਾਵ ਮਨੁੱਖੀ ਸਮਝ ਦੇ ਬਿਲਕੁਲ ਹੀ ਪਰੇ ਦੀ ਗੱਲ ਹੈ। ਪ੍ਰਮਾਤਮਾ ਦੇ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਤੇ ਚੌਥੇ ਪਦ ਵਾਲੀ ਸਮਝ ਦੇ ਵਿੱਚ ਕੀ ਫਰਕ ਹੈ, ਹਉਮੈ ਵਿੱਚ ਤੇ ਨਾਮ ਵਿੱਚ ਕੀ ਫਰਕ ਹੈ, ਮਨ ਦੀ ਅਗਿਆਨਤਾ ਵਿੱਚ ਤੇ ਗੁਰੂ ਦੇ ਸੱਚੇ ਗਿਆਨ ਦੇ ਵਿੱਚ ਕੀ ਫਰਕ ਹੈ। ਮਨ ਦੇ ਵਿੱਚ ਪ੍ਰਮਾਤਮਾ ਦੇ ਪ੍ਰਗਟ

50/6858

ਹੋਣ ਦੁਆਰਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਮਨੁੱਖੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਕੌਣ ਹੈ, ਹਉਮੈ ਵਿੱਚ ਰੱਖਣ ਵਾਲਾ ਕੌਣ ਹੈ, ਮਾਇਆ ਦੀ ਜੁਗਤਿ ਵਿੱਚ ਰੱਖਣ ਵਾਲਾ ਕੌਣ ਹੈ, ਮਾਇਆ ਦੇ ਕਪਟ ਵਿੱਚ ਭਾਵ ਮਾਇਆ

ਦੇ ਛੱਲ ਵਿੱਚ ਰੱਖਣ ਵਾਲਾ ਕੌਣ ਹੈ, ਮਾਇਆ ਮੋਹ ਵਿੱਚ, ਤ੍ਰਿਸ਼ਨਾਵਾਂ ਵਿੱਚ ਰੱਖਣ ਵਾਲਾ ਕੌਣ ਹੈ ਭਾਵ ਸਾਡੀ ਮਨ ਦੀ ਸਮਝ ਦੇ ਵਿੱਚ ਹੁਕਮ ਕਿਸਦਾ ਚੱਲਦਾ ਹੈ ਜਿਸ ਹੁਕਮ ਨੂੰ ਬੁੱਝੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਦਾ ਆਸਣ ਸਾਡੇ ਅੰਦਰ ਕਿਸ ਰੂਪ ਵਿੱਚ ਲੱਗਾ ਹੋਇਆ ਹੈ ਜਿਸ ਆਪਣੇ ਆਸਣ ਤੇ ਬੈਠ ਕੇ, ਤਖਤ ਤੇ ਬੈਠ ਕੇ ਉਹ ਮਨ ਦੀ ਸਮਝ ਪਾਉਂਣ ਰਾਹੀਂ ਹਰ ਵੇਲੇ ਆਪਣਾ ਆਸਣ ਚਲਾ ਰਿਹਾ ਹੈ ਜੋ ਹੁਕਮ ਉਹ ਹਰ ਆਕਾਰ ਰੂਪ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਚਲਾਉਂਦਾ ਹੈ। ਮਨੁੱਖੀ ਸਰੀਰ ਉਹੀ ਕੁਝ ਕਰਦਾ ਹੈ ਜਿਹੋ ਜਿਹਾ ਕਰਨ ਲਈ ਉਸਨੂੰ ਮਨ ਦੇ ਵਿੱਚੋਂ ਸਮਝ ਪੈਂਦੀ ਹੈ। ਪ੍ਰਮਾਤਮਾ ਦੇ ਇਸ ਗਿਆਨ ਰੂਪ ਹੁਕਮ ਨੂੰ ਬੁੱਝੇ ਬਿਨਾਂ ਭਾਵ ਨਿਰੰਕਾਰ ਰੂਪ ਹੁਕਮ ਨੂੰ ਬੁੱਝੇ ਬਿਨਾਂ, ਜਾਣੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਭ ਜਗ੍ਹਾ ਤੇ ਸਭ ਵਿੱਚ ਭਾਵ ਪੂਰੀ ਸ੍ਰਿਸ਼ਟੀ ਵਿੱਚ ਪ੍ਰਮਾਤਮਾ ਦਾ ਹੁਕਮ ਕਿਸ ਰੂਪ ਵਿੱਚ ਵਰਤ ਰਿਹਾ ਹੈ ਜਿਸ ਹਰ ਹੁਕਮ ਦਾ ਮਾਲਕ ਉਹ ਗਿਆਨ ਦਾ ਮਾਲਕ ਆਪ ਹੀ ਹੈ। ਪੂਰੀ ਸ੍ਰਿਸ਼ਟੀ ਦੀ ਰਚਨਾ ਵੱਡੇ ਸਾਇੰਟਿਫਿਕ ਗਿਆਨ ਦੁਆਰਾ ਹੋਈ ਹੈ ਤੇ ਸਾਇੰਟਿਫਿਕ ਗਿਆਨ ਨਾਲ ਹੀ ਹਰ ਆਕਾਰ ਰੂਪ ਕੰਮ ਕਰਦਾ ਹੈ ਭਾਵੇਂ ਉਹ ਕੋਈ ਵੀ ਆਕਾਰ ਰੂਪ ਹੋਵੇ। ਜਿਵੇਂ ਕਿ ਮੱਨੁਖੀ ਸਰੀਰ ਦੇ ਅੰਦਰ ਅਨੇਕਾਂ ਹੀ ਅੰਗ ਹਨ, ਇੰਦਰੇ ਹਨ, ਨਾੜੀਆਂ ਹਨ ਜੋ ਵੱਖਰੇ ਵੱਖਰੇ ਢੰਗ ਨਾਲ ਸਰੀਰ ਨੂੰ ਚਲਾਉਂਣ ਦਾ ਕੰਮ ਕਰਦੇ ਹਨ, ਹਰ ਅੰਗ ਸਾਇੰਟਿਫਿਕ ਗਿਆਨ ਨਾਲ ਹੀ ਕੰਮ ਕਰਦਾ ਹੈ ਜੋ ਗਿਆਨ ਸਦੀਆਂ ਤੋਂ ਜਦੋਂ ਵੀ ਮਨੁੱਖੀ ਰਚਨਾ ਹੋਈ ਹੈ ਹਰ ਅੰਗ ਉਸੇ ਤਰ੍ਹਾਂ ਕੰਮ ਕਰਦਾ ਆ ਰਿਹਾ ਹੈ ਭਾਵ ਜਿਸ ਮਕਸਦ ਲਈ ਜਿਹੜਾ ਅੰਗ ਬਣਿਆ ਹੈ ਉਹ ਉਸੇ ਮਕਸਦ ਲਈ ਹੀ ਸਦੀਆਂ ਤੋਂ ਕੰਮ ਕਰਦਾ ਆ ਰਿਹਾ ਹੈ। ਪ੍ਰਮਾਤਮਾ ਨੇ ਜਿਹੜੇ ਅੰਗ ਦੇ ਕੰਮ ਕਰਨ ਲਈ ਜਿਹੋ ਜਿਹਾ ਗਿਆਨ ਪਾਉਂਣਾ ਸੀ, ਜਿਹੋ ਜਿਹਾ ਸਾਇੰਟਿਫਿਕ ਗਿਆਨ ਪਾਉਂਣਾ ਸੀ ਉਹ ਮਨੁੱਖੀ ਸਰੀਰ ਦੀ ਰਚਨਾ ਵੇਲੇ ਇੱਕੋ ਵਾਰੀ ਹੀ ਪਾ ਦਿੱਤਾ ਹੋਇਆ ਹੈ। ਇਸੇ ਤਰ੍ਹਾਂ ਮਨੁੱਖੀ ਸਰੀਰ ਤੋਂ ਬਿਨਾਂ ਹੋਰ ਅਨੇਕਾਂ ਸਰੀਰ ਹਨ, ਪਸ਼ੂ, ਪਕਸ਼ੀ ਹਨ, ਅਨੇਕਾਂ ਜੀਵ-ਜੰਤੂ ਸਦੀਆਂ ਤੋਂ ਉਸੇ ਤਰੀਕੇ ਹੀ ਚੱਲਦੇ ਆ ਰਹੇ ਹਨ ਜਿਹੋ ਜਿਹਾ ਬੇਸਿਕ ਸਾਇੰਟਿਫਿਕ ਗਿਆਨ ਉਨ੍ਹਾਂ ਸਭ ਦੇ ਅੰਦਰ ਪ੍ਰਮਾਤਮਾ ਨੇ ਇੱਕੋ ਵਾਰੀ ਉਨ੍ਹਾਂ ਦੇ ਅੰਦਰ ਉਨ੍ਹਾਂ ਦੀ ਰਚਨਾ ਦੇ ਵੇਲੇ ਪਾ ਦਿੱਤਾ ਹੋਇਆ ਹੈ ਤੇ ਆਪਣੇ ਉਸੇ ਗਿਆਨ ਦੁਆਰਾ ਹੀ

50/6859

ਉਹ ਬਿਨਸਦੇ ਵੀ ਹਨ ਤੇ ਅੱਗੇ ਤੋਂ ਅੱਗੇ ਹੋਰ ਵੀ ਪੈਦਾ ਹੋਈ ਜਾਂਦੇ ਹਨ ਭਾਵ ਵੱਧਦੇ ਫੁਲਦੇ ਵੀ ਰਹਿੰਦੇ ਹਨ ਭਾਵ ਜਿਸ ਮਕਸਦ ਲਈ ਪ੍ਰਮਾਤਮਾ ਨੇ ਕਿਸੇ ਵੀ ਜੀਵ ਦੀ ਰਚਨਾ ਕੀਤੀ ਹੈ ਉਹ ਉਸੇ ਤਰ੍ਹਾਂ ਹੀ ਸਦੀਆਂ ਤੋਂ ਵਿਚਰਦਾ ਆ ਰਿਹਾ ਹੈ ਭਾਵ ਸਭ ਕੁਝ ਪ੍ਰਮਾਤਮਾ ਦੇ ਪਾਏ ਹੋਏ ਸਭ ਦੇ ਅੰਦਰ ਉਸਦੇ ਸੱਚੇ ਗਿਆਨ ਦੁਆਰਾ, ਉਸਦੇ ਨਾਮ ਦੁਆਰਾ, ਉਸਦੇ ਬ੍ਰਹਮ ਗਿਆਨ ਦੁਆਰਾ ਭਾਵ ਉਸਦੇ ਸਾਇੰਟਿਫਿਕ ਗਿਆਨ ਦੁਆਰਾ ਹੀ ਹੋ ਰਿਹਾ ਹੈ ਜੋ ਬ੍ਰਹਮ ਗਿਆਨ ਦੇ ਮਾਲਕ ਨੇ ਆਪਣੇ ਬ੍ਰਹਮ ਗਿਆਨ ਦੇ ਭੰਡਾਰ ਵਿੱਚੋਂ ਸਭ ਦੇ ਅੰਦਰ ਆਪ ਹੀ ਪਾਇਆ ਹੋਇਆ ਹੈ, ਪ੍ਰਮਾਤਮਾ ਬ੍ਰਹਮ ਗਿਆਨ ਦਾ ਭੰਡਾਰ ਹੈ ਜਿਸਦਾ ਕੋਈ ਅੰਤ ਹੀ ਨਹੀਂ ਹੈ। ਉਹ ਆਪਣੇ ਬ੍ਰਹਮ ਗਿਆਨ ਦੁਆਰਾ ਕੁਝ ਵੀ ਕਰ ਸਕਦਾ ਹੈ। ਜੋ ਮਨੁੱਖਾਂ ਨੂੰ ਨਿਤ ਨਵੀਂ ਸਾਇੰਟਿਫਿਕ ਸਮਝ ਪੈਂਦੀ ਹੈ ਉਹ ਸਮਝ ਪਾਉਂਣ ਵਾਲਾ ਬ੍ਰਹਮ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਆਪ ਹੀ ਹੈ। ਅਨੇਕਾਂ ਹੀ ਵੱਡੇ ਵੱਡੇ ਹਥਿਆਰ ਬਨਾਉਂਣ ਦੀ ਖੋਜ ਹੋਈ ਹੈ ਤੇ ਹੋ ਵੀ ਰਹੀ ਹੈ, ਵੱਡੇ ਵੱਡੇ ਬੰਬਾਂ ਦੀ ਖੋਜ ਹੋਈ ਹੈ ਤੇ ਹੋ ਵੀ ਰਹੀ ਹੈ, ਵੱਡੇ ਵੱਡੇ ਹਵਾਈ ਜਹਾਜ਼ਾਂ ਦੀ ਖੋਜ ਹੋਈ ਹੈ ਤੇ ਹੋ ਵੀ ਰਹੀ ਹੈ, ਵੱਡੀਆਂ ਵੱਡੀਆਂ ਮਸ਼ੀਨਾਂ ਦੀ ਖੋਜ ਹੋਈ ਹੈ ਤੇ ਹੋ ਵੀ ਰਹੀ ਹੈ। ਇਹ ਸਭ ਕੁਝ ਮਨ ਦੇ ਵਿੱਚੋਂ ਪਾਏ ਹੋਏ ਪ੍ਰਮਾਤਮਾ ਦੇ ਗਿਆਨ ਦੁਆਰਾ ਹੀ ਹੁੰਦਾ ਹੈ ਜੋ ਗਿਆਨ ਦਾ ਮਾਲਕ ਕੇਵਲ ਤੇ ਕੇਵਲ ਉਹ ਆਪ ਹੀ ਹੈ। ਆਪਣੀ ਸ੍ਰਿਸ਼ਟੀ ਨੂੰ ਸਾਇੰਟਿਫਿਕ ਗਿਆਨ ਨਾਲ ਬਣਾਕੇ ਉਸਨੂੰ ਚਲਾਉਂਣ ਲਈ ਸਮੇਂ ਸਮੇਂ ਅਨੁਸਾਰ ਨਵੀਆਂ ਨਵੀਆਂ ਸਾਇੰਟਿਫਿਕ ਖੋਜਾਂ ਵੀ ਉਹ ਆਪ ਹੀ ਕਰਵਾਉਂਦਾ ਹੈ ਜੋ ਸਾਇੰਸ ਦਾ ਮਾਲਕ ਹੈ, ਬ੍ਰਹਮ ਗਿਆਨ ਦਾ ਮਾਲਕ ਹੈ, ਨਾਮ ਦਾ ਮਾਲਕ ਹੈ। ਵੱਡੇ ਵੱਡੇ ਖੰਡਾਂ, ਵਰਭੰਡਾਂ ਦੀ ਰਚਨਾ ਜਿਨ੍ਹਾਂ ਦਾ ਕੋਈ ਅੰਤ ਹੀ ਨਹੀਂ ਹੈ ਉਨ੍ਹਾਂ ਦੀ ਰਚਨਾ ਪ੍ਰਮਾਤਮਾ ਦੇ ਆਪਣੇ ਉੱਚੇ ਗਿਆਨ ਦੁਆਰਾ ਹੀ ਕੀਤੀ ਹੈ। ਬ੍ਰਹਮੰਡਾਂ ਦੀ ਖੋਜ ਕਰਨ ਦੀ ਇੱਛਾ ਵੀ ਕੀਤੀ ਜਾਂਦੀ ਹੈ, ਸਪੇਸ ਵਿੱਚ ਜਾਣ ਦਾ ਉਪਰਾਲਾ ਵੀ ਕੀਤਾ ਗਿਆ ਹੈ ਤੇ ਹਰ ਕੰਮ ਲਈ ਸਾਇੰਟਿਫਿਕ ਗਿਆਨ ਦੀ ਲੋੜ ਹੈ। ਸਭ ਕੁਝ ਕਰਵਾਉਂਣ ਵਾਲਾ ਪ੍ਰਮਾਤਮਾ ਆਪ ਹੈ, ਸਭ ਕੁਝ ਉਸਦੇ ਹੁਕਮ ਨਾਲ ਹੀ ਹੋ ਰਿਹਾ ਹੈ ਪਰ ਪ੍ਰਮਾਤਮਾ ਦੇ ਹੁਕਮ ਨੂੰ ਆਪਣੇ ਅੰਦਰੋਂ ਬੁੱਝੇ ਬਿਨਾਂ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਭਾਵ ਉਸਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਭਾਵ ਉਸਦੇ ਨਾਮ ਰੂਪ ਨੂੰ ਜਾਣੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਦਾ ਨਾਮ ਸਭ ਦੇ ਅੰਦਰ ਕਿਸ ਤਰੀਕੇ ਵਰਤ ਰਿਹਾ ਹੈ ਤੇ ਕਿਸ ਮਕਸਦ ਲਈ ਵਰਤ ਰਿਹਾ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪਣੇ ਇੱਕੋ ਰੂਪ ਦੁਆਰਾ ਹੀ ਵਰਤ ਰਿਹਾ ਹੈ, ਸਦੀਆਂ ਤੋਂ ਭਾਵ ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤਦ ਤੋਂ ਸਭ ਦੇ ਅੰਦਰ ਆਪਣੇ

50/6860

ਇੱਕੋ ਰੂਪ ਦੁਆਰਾ ਹੀ ਵਰਤ ਰਿਹਾ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਜਿਸ ਉਸਦੇ ਰੂਪ ਨੂੰ ਕੇਵਲ ਤੇ ਕੇਵਲ ਮਨ ਦੇ ਗਿਆਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਦਾ ਤਰੀਕਾ ਵੀ ਉਸਦਾ ਨਿਰੰਕਾਰ ਰੂਪ ਹੀ ਹੈ ਭਾਵ ਉਸਦਾ ਗਿਆਨ ਰੂਪ ਹੀ ਹੈ। ਕਿਉਂਕਿ ਨਿਰੰਕਾਰ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਤੇ ਇਸੇ ਕਰਕੇ ਉਸ ਨਿਰੰਕਾਰ ਦੀ ਮਰਜੀ ਦੁਆਰਾ ਹੀ ਕੋਈ ਉਸਦੇ ਨਿਰੰਕਾਰ ਰੂਪ ਨੂੰ, ਉਸਦੇ ਗਿਆਨ ਰੂਪ ਨੂੰ ਭਾਵ ਉਸਦੇ ਨਾਮ ਰੂਪ ਨੂੰ ਕੋਈ ਜਾਣ ਸਕਦਾ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਹ ਹਰ ਆਕਾਰ ਰੂਪ ਵਿੱਚ ਵਰਤ ਰਿਹਾ ਹੈ ਤੇ ਉਸਦਾ ਨਿਰੰਕਾਰ ਰੂਪ ਹੀ ਸਭ ਦੇ ਅੰਦਰ ਉਸਦਾ ਹੁਕਮ ਹੈ ਭਾਵੇਂ ਕੋਈ ਆਕਾਰ ਰੂਪ ਕਿਸ ਰੂਪ ਵਿੱਚ ਵੀ ਹੈ। ਹਰ ਆਕਾਰ ਰੂਪ ਨੂੰ ਚਲਾਉਣ ਵਾਲਾ ਨਿਰੰਕਾਰ ਰੂਪ ਹੀ ਹੈ ਜੋ ਆਪਣਾ ਨਿਰੰਕਾਰ ਰੂਪ ਸਦੀਆਂ ਤੋਂ ਹੀ ਹਰ ਆਕਾਰ ਰੂਪ ਦੇ ਅੰਦਰ, ਸਦਾ ਤੋਂ ਹੀ ਸਭ ਦੇ ਅੰਦਰ ਪ੍ਰਮਾਤਮਾ ਨੇ ਪਾਇਆ ਹੋਇਆ ਹੈ। ਪ੍ਰਮਾਤਮਾ ਦਾ ਇਹ ਨਿਰੰਕਾਰ ਰੂਪ ਉਸਦਾ ਸਾਇੰਸ ਰੂਪ ਹੈ ਜਿਸ ਸਾਇੰਸ ਦੁਆਰਾ ਹਰ ਕੋਈ ਆਕਾਰ ਰੂਪ ਕੰਮ ਕਰ ਰਿਹਾ ਹੈ ਭਾਵੇਂ ਕੋਈ ਆਕਾਰ ਰੂਪ ਬੋਲ ਸਕਦਾ ਹੈ ਜਾਂ ਨਹੀਂ ਬੋਲ ਸਕਦਾ, ਸੁਣ ਸਕਦਾ ਹੈ ਜਾਂ ਨਹੀਂ ਸੁਣ ਸਕਦਾ ਹੈ। ਵਰਤਦੀ ਸਭ ਦੇ ਅੰਦਰ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਹੀ ਹੈ। ਪੂਰੀ ਬਨਸਪਤੀ, ਹਰ ਪੇੜ, ਪੌਦਾ ਸਾਇੰਸ ਦੁਆਰਾ ਹੀ ਭਾਵ ਸਾਇੰਟਿਫਿਕ ਗਿਆਨ ਦੁਆਰਾ ਹੀ ਚੱਲ ਰਿਹਾ ਹੈ ਤੇ ਸਦੀਆਂ ਤੋਂ ਉਸੇ ਤਰ੍ਹਾਂ ਹੀ ਚੱਲਦਾ ਆ ਰਿਹਾ ਹੈ ਭਾਵ ਇੱਕ ਪੇੜ ਨੇ ਜਿਹੋ ਜਿਹਾ ਕੰਮ ਕਰਨਾ ਹੈ, ਜਿਹੋ ਜਿਹੇ ਫਲ ਦੇਣੇ ਹਨ, ਜਿਹੋ ਜਿਹੇ ਉਸਦੇ ਪੱਤੇ ਬਣਨੇ ਹਨ ਉਸਦੇ ਅੰਦਰ ਪ੍ਰਮਾਤਮਾ ਨੇ ਉਸ ਪੇੜ ਦੀ ਰਚਨਾ ਕਰਨ ਵਿੱਚ ਇੱਕੋ ਵਾਰੀ ਸਦਾ ਤੋਂ ਹੀ ਪਾ ਦਿੱਤਾ ਹੋਇਆ ਹੈ, ਉਸਦੇ ਅੱਗੇ ਵੱਧਣ ਦਾ ਮਾਰਗ ਭਾਵ ਪੇੜ ਤੋਂ ਅਗਲਾ ਪੇੜ ਬਣਨ ਦਾ ਤਰੀਕਾ ਸਦਾ ਤੋਂ ਉਸ ਪੇੜ ਦੀ ਰਚਨਾ ਵੇਲੇ ਇੱਕੋ ਵਾਰੀ ਹੀ ਪਾ ਦਿੱਤਾ ਹੋਇਆ ਹੈ ਜਿਸ ਤਰੀਕੇ ਉਹ ਪੇੜ ਸਦਾ ਤੋਂ ਆਪਣਾ ਮਕਸਦ ਪੂਰਾ ਕਰਦਾ ਆ ਰਿਹਾ ਹੈ। ਪੂਰੀ ਬਨਸਪਤੀ ਉੱਤੇ ਪ੍ਰਮਾਤਮਾ ਦਾ ਇਹੀ ਹੁਕਮ ਲਾਗੂ ਹੁੰਦਾ ਹੈ। ਜਿਹੜੀ ਬਨਸਪਤੀ ਨੂੰ, ਫਲ-ਸਬਜੀ ਨੂੰ ਜਿਹੜੇ ਮਕਸਦ ਲਈ ਪ੍ਰਮਾਤਮਾ ਨੇ, ਜਿਸ ਮਕਸਦ ਲਈ ਪ੍ਰਮਾਤਮਾ ਨੇ ਬਣਾਇਆ ਹੈ ਉਸਦਾ ਮਕਸਦ ਪੂਰਾ ਕਰਨ ਲਈ ਉਸ ਵਿੱਚ ਉਹੋ ਜਿਹਾ ਗਿਆਨ ਹੀ ਪਾਇਆ ਹੋਇਆ ਹੈ ਜੋ ਉਸਦਾ ਗਿਆਨ ਰੂਪ ਭਾਵ ਉਸਦਾ ਨਿਰੰਕਾਰ ਰੂਪ ਭਾਵ ਉਸਦਾ ਨਾਮ ਰੂਪ ਸਦੀਆਂ ਤੋਂ ਉਸੇ ਤਰੀਕੇ ਹੀ ਕੰਮ ਕਰਦਾ ਆ ਰਿਹਾ ਹੈ ਭਾਵ ਉਸਦਾ ਸਾਇੰਟਿਫਿਕ ਗਿਆਨ ਪੂਰੀ ਤਰ੍ਹਾਂ ਆਪਣੇ ਮਕਸਦ ਤੇ ਪੂਰਾ ਉਤਰਦਾ ਆ ਰਿਹਾ ਹੈ। ਇਸੇ ਤਰ੍ਹਾਂ ਧਰਤੀ ਨੂੰ, ਸੂਰਜ ਨੂੰ, ਚੰਦਰਮਾ ਨੂੰ ਪ੍ਰਮਾਤਮਾ ਨੇ ਜਿਹੜੇ ਮਕਸਦ ਲਈ ਬਣਾਇਆ ਹੈ ਉਨ੍ਹਾਂ ਦੇ ਵਿੱਚ ਪ੍ਰਮਾਤਮਾ ਨੇ ਆਪਣਾ ਉਹੋ ਜਿਹਾ

50/6861

ਸਾਇੰਟਿਫਿਕ ਗਿਆਨ ਹੀ ਪਾਇਆ ਹੈ ਭਾਵ ਆਪਣਾ ਨਿਰੰਕਾਰ ਰੂਪ, ਨਾਮ ਰੂਪ ਪਾਇਆ ਹੈ ਜੋ ਉਸਨੇ ਸਦੀਆਂ ਤੋਂ ਹੀ ਇੱਕੋ ਵਾਰੀ ਪਾ ਦਿੱਤਾ ਹੈ ਭਾਵ ਉਨ੍ਹਾਂ ਨੂੰ ਚਲਾਉਂਣ ਲਈ ਇੱਕੋ ਵਾਰੀ ਉਨ੍ਹਾਂ ਦੇ ਅੰਦਰ ਆਪਣਾ ਹੁਕਮ ਪਾ ਦਿੱਤਾ ਹੈ ਜੋ ਉਸਦਾ ਹੁਕਮ ਉਹ ਸਦੀਆਂ ਤੋਂ ਉਸੇ ਤਰ੍ਹਾਂ ਹੀ ਮੰਨਦੇ ਆ ਰਹੇ ਹਨ ਤੇ ਆਪਣਾ ਫਰਜ ਪੂਰਾ ਕਰਦੇ ਆ ਰਹੇ ਹਨ। ਇਸੇ ਤਰ੍ਹਾਂ ਭਾਵੇਂ ਪਾਣੀ ਹੈ, ਭਾਵੇਂ ਹਵਾ ਹੈ, ਭਾਵੇਂ ਅਗਨੀ ਹੈ, ਭਾਵੇਂ ਲੱਕੜੀ ਹੈ, ਭਾਵੇਂ ਮਿੱਟੀ ਹੈ ਸਭ ਦੇ ਅੰਦਰ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਹੀ ਵਰਤ ਰਹੀ ਹੈ ਭਾਵ ਉਸਦਾ ਸਾਇੰਟਿਫਿਕ ਗਿਆਨ ਹੀ ਵਰਤ ਰਿਹਾ ਹੈ ਭਾਵ ਉਸਦਾ ਬ੍ਰਹਮ ਗਿਆਨ ਹੀ ਵਰਤ ਰਿਹਾ ਹੈ ਭਾਵ ਉਸਦਾ ਨਾਮ ਹੀ ਵਰਤ ਰਿਹਾ ਹੈ ਭਾਵ ਸਭ ਵਿੱਚ ਉਸਦਾ ਹੁਕਮ ਹੀ ਵਰਤ ਰਿਹਾ ਹੈ ਜੋ ਆਪਣਾ ਹੁਕਮ ਮਨਾਉਂਣ ਦਾ ਤਰੀਕਾ ਉਸਨੇ ਸਭ ਦੇ ਅੰਦਰ ਸਦਾ ਲਈ ਇੱਕੋ ਵਾਰੀ ਉਨ੍ਹਾਂ ਦੀ ਰਚਨਾ ਕਰਨ ਵੇਲੇ ਪਾ ਦਿੱਤਾ ਹੋਇਆ ਹੈ ਤੇ ਹਰ ਕੋਈ ਉਸੇ ਸਾਇੰਟਿਫਿਕ ਗਿਆਨ ਦੁਆਰਾ ਹੀ ਵਰਤ ਰਿਹਾ ਹੈ ਭਾਵ ਪ੍ਰਮਾਤਮਾ ਦਾ ਨਾਮ ਸਭ ਦੇ ਅੰਦਰ ਸਦਾ ਤੋਂ ਇੱਕੋ ਤਰੀਕੇ ਹੀ ਵਰਤ ਰਿਹਾ ਹੈ। ਇਸੇ ਤਰ੍ਹਾਂ ਅਨੇਕਾਂ ਹੀ ਪਹਾੜ ਹਨ, ਸਮੁੰਦਰ ਹਨ ਜੋ ਸਭ ਕੁਝ ਪ੍ਰਮਾਤਮਾ ਦੇ ਉਨ੍ਹਾਂ ਅੰਦਰ ਪਾਏ ਹੋਏ ਸਾਇੰਟਿਫਿਕ ਗਿਆਨ ਦੁਆਰਾ ਹੀ ਵਿਚਰ ਰਹੇ ਹਨ, ਸਦਾ ਤੋਂ ਵਿਚਰ ਰਹੇ ਹਨ। ਇੱਕ ਲਕੱੜੀ ਨੂੰ ਪ੍ਰਮਾਤਮਾ ਨੇ ਜਿਹੜੇ ਮਕਸਦ ਲਈ ਬਣਾਇਆ ਹੈ ਉਹ ਲੱਕੜੀ ਸਦਾ ਤੋਂ ਉਹੋ ਕੁਝ ਹੀ ਕਰਦੀ ਹੈ ਜਿਹੋ ਜਿਹਾ ਉਸਨੂੰ ਕਰਨ ਦੀ ਸਮਰਥਾ ਉਸਦੇ ਅੰਦਰ ਪ੍ਰਮਾਤਮਾ ਨੇ ਪਾਈ ਹੋਈ ਹੈ, ਉਸਦੀ ਰਚਨਾ ਕਰਨ ਵੇਲੇ ਉਸਦੇ ਅੰਦਰ ਪਾਈ ਹੋਈ ਹੈ। ਇਸੇ ਤਰ੍ਹਾਂ ਪੱਥਰ ਦਾ ਜੀਵਨ ਹੈ। ਪੱਥਰ ਦੇ ਅੰਦਰ ਦੀ ਸਮਰੱਥਾ ਉਸਦੇ ਅੰਦਰ ਦਾ ਉਹ ਸਾਇੰਟਿਫਿਕ ਗਿਆਨ ਹੈ ਜਿਸ ਸਾਇੰਟਿਫਿਕ ਗਿਆਨ ਦੁਆਰਾ ਉਹ ਸਦਾ ਤੋਂ ਹੀ ਉਸੇ ਤਰ੍ਹਾਂ ਪੂਰਾ ਉਤਰਦਾ ਹੈ, ਖਰਾ ਉਤਰਦਾ ਹੈ ਜਿਸ ਮਕਸਦ ਲਈ ਪ੍ਰਮਾਤਮਾ ਨੇ ਉਸਨੂੰ ਬਣਾਇਆ ਹੈ ਤੇ ਇੱਕੋ ਵਾਰੀ ਉਸਦੇ ਅੰਦਰ ਉਸਦੀ ਰਚਨਾ ਵੇਲੇ ਉਸਦੇ ਅੰਦਰ ਉਹੋ ਜਿਹਾ ਗਿਆਨ ਪਾ ਦਿੱਤਾ ਹੈ ਜਿਸ ਗਿਆਨ ਦੁਆਰਾ ਉਹ ਸਦਾ ਤੋਂ ਉਸੇ ਤਰ੍ਹਾਂ ਹੀ ਕੰਮ ਕਰਦਾ ਆ ਰਿਹਾ ਹੈ। ਇਸੇ ਤਰ੍ਹਾਂ ਹੀ ਕਪਾਹ

ਹੈ ਜਿਸ ਕਪਾਹ ਦਾ ਮਕਸਦ ਧਾਗਾ ਤਿਆਰ ਕਰਨਾ ਹੈ, ਕਪੜਾ ਤਿਆਰ ਕਰਨਾ ਹੈ ਜਿਸ ਦੁਆਰਾ ਕਿਸੇ ਸਰੀਰ ਨੂੰ ਢੱਕਿਆ ਜਾ ਸਕੇ, ਕਿਸੇ ਵਸਤੂ ਨੂੰ ਢੱਕਿਆ ਜਾ ਸਕੇ ਜੋ ਇਸ ਸੰਸਾਰ ਨੂੰ ਭਾਵ ਸ੍ਰਿਸ਼ਟੀ ਨੂੰ ਭਾਵ ਇਸ ਸਮਾਜ ਲਈ ਵਰਤੋਂ ਦੀ ਇੱਕ ਵੱਡੀ ਵਸਤੂ ਹੈ। ਕਪਾਹ ਆਪਣੇ ਜੀਵਨ ਦੇ ਮਕਸਦ ਨੂੰ ਸਦਾ ਤੋਂ ਹੀ ਪੂਰਾ ਕਰਦੀ ਆ ਰਹੀ ਹੈ ਜੋ ਗਿਆਨ ਪ੍ਰਮਾਤਮਾ ਨੇ ਕਪਾਹ ਦੇ ਬੂਟੇ ਦੀ ਰਚਨਾ ਕਰਨ ਲਈ ਉਸ ਲਈ ਇੱਕੋ ਵਾਰੀ ਪਾ ਦਿੱਤਾ ਹੈ ਭਾਵ ਜੋ ਸਾਇੰਟਿਫਿਕ ਗਿਆਨ ਉਸਦੇ ਅੰਦਰ

50/6862

ਇੱਕ ਵਾਰੀ ਪਾ ਦਿੱਤਾ ਹੈ ਉਹ ਆਪਣਾ ਅਸਲ ਮਕਸਦ ਭਾਵ ਧਾਗਾ ਬਨਾਉਂਣ ਦਾ ਅਸਲ ਮਕਸਦ ਸਦੀਆਂ ਤੋਂ ਉਸੇ ਤਰ੍ਹਾਂ ਹੀ ਪੂਰਾ ਕਰਦਾ ਆ ਰਿਹਾ ਹੈ। ਹਰ ਆਕਾਰ ਰੂਪ ਗੁਣਾਂ ਨਾਲ ਭਰਪੂਰ ਹੈ, ਅਨੇਕਾਂ ਹੀ ਗੁਣਾਂ ਨਾਲ ਭਰਪੂਰ ਹੈ ਜੋ ਗੁਣ ਮਨੁੱਖ ਦੀ ਗਿਣਤੀ ਤੋਂ ਵੀ ਬਾਹਰ ਹਨ। ਪ੍ਰਮਾਤਮਾ ਦਾ ਰੱਚਿਆ ਹੋਇਆ ਹਰ ਗੁਣ ਸਾਇੰਟਿਫਿਕ ਤਰੀਕੇ ਨਾਲ ਹੀ ਕੰਮ ਕਰਦਾ ਹੈ ਭਾਵ ਉਸਦੇ ਨਾਮ ਦੁਆਰਾ ਹੀ ਕੰਮ ਕਰਦਾ ਹੈ ਤੇ ਨਾਮ ਦੀ ਸਮਝ ਪਏ ਬਿਨਾਂ ਕੋਈ ਪ੍ਰਮਾਤਮਾ ਦੇ ਗੁਣਾਂ ਨੂੰ ਜਾਣ ਸਕੇ ਕਿ ਉਹ ਕਿਤਨੇ ਕੁ ਗੁਣਾਂ ਦਾ ਮਾਲਕ ਹੈ, ਕਿਤਨੀ ਕੁ ਵੱਡੀ ਸਾਇੰਸ ਦਾ ਮਾਲਕ ਹੈ, ਕਿਤਨੇ ਕੁ ਵੱਡੇ ਨਾਮ ਦਾ ਮਾਲਕ ਹੈ ਇਹ ਨਾਮੁਮਕਿਨ ਹੈ। ਪ੍ਰਮਾਤਮਾ ਆਪ ਹੀ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ ਤੇ ਉਹ ਬ੍ਰਹਮ ਗਿਆਨ ਦਾ ਭੰਡਾਰ ਹੈ ਜਿਸ ਆਪਣੇ ਬ੍ਰਹਮ ਗਿਆਨ ਦੇ ਭੰਡਾਰ ਦੁਆਰਾ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਆਪਣੇ ਹਰ ਆਕਾਰ ਰੂਪ ਨੂੰ ਚਲਾਉਂਣ ਲਈ ਇੱਕੋ ਵਾਰੀ ਸਭ ਦੇ ਅੰਦਰ ਉਹੋ ਜਿਹਾ ਗਿਆਨ ਪਾ ਦਿੱਤਾ ਹੋਇਆ ਹੈ ਭਾਵ ਸਾਇੰਟਿਫਿਕ ਗਿਆਨ ਪਾ ਦਿੱਤਾ ਹੋਇਆ ਹੈ ਭਾਵ ਆਪਣਾ ਨਾਮ ਪਾ ਦਿੱਤਾ ਹੋਇਆ ਹੈ ਜਿਸ ਤਰੀਕੇ ਹਰ ਆਕਾਰ ਰੂਪ ਕੰਮ ਕਰ ਰਿਹਾ ਹੈ ਤੇ ਆਪਣੇ ਮਕਸਦ ਦੀ ਪੂਰਤੀ ਕਰ ਰਿਹਾ ਹੈ ਜਿਸ ਮਕਸਦ ਲਈ ਅਕਾਲ ਪੁਰਖ ਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਉਸ ਆਕਾਰ ਰੂਪ ਦੀ ਰਚਨਾ ਕੀਤੀ ਹੈ। **(ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥)** ਆਪਣੇ ਹਰ ਆਕਾਰ ਰੂਪ ਨੂੰ ਪ੍ਰਮਾਤਮਾ ਇਸੇ ਤਰੀਕੇ ਹੀ ਚਲਾ ਰਿਹਾ ਹੈ ਭਾਵ ਹਰ ਆਕਾਰ ਰੂਪ ਨੂੰ ਬਣਾਕੇ ਉਸਨੂੰ ਇਸੇ ਤਰੀਕੇ ਹੀ ਵੇਖ ਰਿਹਾ ਹੈ ਭਾਵ ਆਪਣੇ ਹਰ ਆਕਾਰ ਰੂਪ ਦੀ ਸੰਭਾਲ ਕਰ ਰਿਹਾ ਹੈ ਜਿਵੇਂ ਕਿ ਨਾਲ ਹੀ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। **(ਕਰਿ ਕਰਿ ਵੇਖੈ ਸਿਰਜਣਹਾਰੁ॥)** ਪ੍ਰਮਾਤਮਾ ਦੀ ਰਚੀ ਹੋਈ ਭਾਵ ਉਸ ਸੱਚੇ ਦੀ ਹਰ ਕਰਣੀ ਸੱਚੀ ਹੈ ਭਾਵ ਸਭ ਕੁਝ ਆਪ ਬਣਾਕੇ ਆਪ ਹੀ ਸਭ ਕੁਝ ਕਰ ਰਿਹਾ ਹੈ ਕਿਉਂਕਿ ਉਹ ਸਭ ਕੁਝ ਆਪ ਹੀ ਹੈ। ਅਸਲ ਵਿੱਚ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਹੈ ਭਾਵ ਹਰ ਆਕਾਰ ਰੂਪ ਦਾ ਮਾਲਕ ਉਹ ਆਪ ਹੀ ਹੈ ਤੇ ਆਪਣੇ ਹਰ ਆਕਾਰ ਰੂਪ ਤੋਂ ਕਾਰ ਕਰਵਾਉਂਣ ਵਾਲਾ ਵੀ ਉਹ ਆਪ ਹੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਨਾਲ ਹੀ ਸਪਸ਼ਟ ਕੀਤਾ ਹੋਇਆ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਹਰ ਕਾਰ ਕਰਨ ਵਾਲਾ ਉਹ ਆਪ ਹੀ ਹੈ ਜੋ ਸਭ ਦੇ ਅੰਦਰ ਆਪ ਹੀ

50/6863

ਆਪਣਾ ਆਸਣ ਲਗਾ ਕੇ ਬੈਠਾ ਹੋਇਆ ਹੈ, ਗਿਆਨ ਰੂਪ ਆਸਣ ਲਗਾ ਕੇ ਬੈਠਾ ਹੋਇਆ ਹੈ, ਨਾਮ ਰੂਪ ਆਸਣ ਲਗਾ ਕੇ ਬੈਠਾ ਹੋਇਆ ਹੈ ਭਾਵ ਬ੍ਰਹਮ ਗਿਆਨ ਰੂਪ ਆਸਣ ਲਗਾ ਕੇ ਬੈਠਾ ਹੋਇਆ ਹੈ, ਸਾਇੰਟਿਫਿਕ ਗਿਆਨ ਰੂਪ ਆਸਣ ਲਗਾ ਕੇ ਬੈਠਾ ਹੋਇਆ ਹੈ ਜੋ ਕਿ ਆਪ ਹੀ ਪੂਰੀ ਸਾਇੰਸ ਦਾ ਰਚਨਕਾਰ ਹੈ। **(ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ॥ ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥)**

{ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥ ਸਬਦਿ ਮਨੁ ਰੰਗਿਆ ਲਿਵ ਲਾਇ ॥
ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥ ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥
ਗੋਵਿਦੁ ਪਾਈਐ ਗੁਣੀ ਨਿਧਾਨੁ ॥੧॥ ਰਹਾਉ ॥ ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥
ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥ ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥
ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥ ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ ॥
ਹਰਿ ਕਿਰਪਾ ਤੇ ਰਾਮ ਗੁਣ ਗਾਏ ॥੩॥ ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥
ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥ ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ ॥੪॥

ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ॥ ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥
ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥੫॥ ਸਤਿਗੁਰ ਤੇ ਹਮ ਗਤਿ ਪਤਿ ਪਾਈ ॥
ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥ ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥
ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥
ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥}

(ਅੰਗ ੨੩੨-੨੩੩)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥੧॥
ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥}

(ਅੰਗ ੪੬੯)

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥}

(ਅੰਗ ੧੦੬੬)

{ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥}

(ਅੰਗ ੨੭੬)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥

ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੮੪)

{ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥
ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ॥
ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥੫॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥
ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥
ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ ॥ ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥
ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥}

(ਅੰਗ ੨੨੯)

{ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥}

(ਅੰਗ ੧੩੪੯-੧੩੫੦)

ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਸਭ ਕੁਝ ਕਰਨ ਵਾਲਾ ਉਹ ਆਪ ਹੀ ਹੈ, ਸਭ ਕੁਝ ਕਰਵਾਉਂਣ ਵਾਲਾ ਉਹ ਆਪ ਹੀ ਹੈ ਇਸ ਗੱਲ ਦੀ ਸਮਝ ਕੇਵਲ ਤੇ ਕੇਵਲ ਉਸ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈ ਸਕਦੀ ਹੈ ਜੋ ਆਪਣਾ ਆਪ ਉਹ ਆਪ ਹੀ ਜਣਾਉਂਦਾ ਹੈ, ਕਦੇ ਹੀ ਕਿਸੇ ਵਿਰਲੇ ਨੂੰ ਜਣਾਉਂਦਾ ਹੈ, ਅਰਬਾਂ ਖਰਬਾਂ ਵਿੱਚੋਂ ਕਿਸੇ ਵਿਰਲੇ ਨੂੰ ਹੀ ਜਣਾਉਂਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਹਰ ਕੋਈ ਆਸਾਨੀ ਨਾਲ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਸਭ ਕੁਝ ਕਰਣ ਕਰਾਉਂਣ ਵਾਲਾ ਉਹ ਆਪ ਹੀ ਹੈ। ਕੇਵਲ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਕੇਵਲ ਸੱਚ ਹੀ ਸਮਝਾਉਂਦਾ ਹੈ ਤੇ ਇਹ ਵੀ ਸੱਚ ਹੈ ਕਿ ਮਨੁੱਖ ਨੂੰ ਵਿਸ਼ਵਾਸ ਤਾਂ ਹੀ ਆਉਂਦਾ ਹੈ ਜਦੋਂ ਇਹ ਵਿਸ਼ਵਾਸ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਦਿਵਾਉਂਦਾ ਹੈ ਕਿ ਸਭ ਕੁਝ ਉਹ ਆਪ ਹੀ ਹੈ ਤੇ ਮਨੁੱਖ ਨੂੰ ਭਰਮ ਵਿੱਚ ਵੀ ਉਸਨੇ ਆਪ ਹੀ ਰੱਖਿਆ ਹੋਇਆ ਹੈ ਜਿਸ ਕਰਕੇ ਮਨੁੱਖ ਇਹ ਸਮਝਦਾ ਹੈ ਕਿ ਇਹ ਮਨੁੱਖੀ ਸਰੀਰ ਮੇਰਾ ਹੈ, ਇਹ ਮਨ ਦੀ ਸਮਝ ਮੇਰੀ ਹੈ ਤੇ ਜੋ ਕੁਝ ਮੈਂ ਕਰ ਰਿਹਾ ਹਾਂ ਉਹ ਮੈਂ ਆਪ ਹੀ ਕਰ ਰਿਹਾ ਹਾਂ। ਇਹ ਪ੍ਰਮਾਤਮਾ ਦੀ ਇਸ ਸ੍ਰਿਸ਼ਟੀ ਨੂੰ ਬਣਾਕੇ ਤੇ ਉਸਨੂੰ ਚਲਾਉਂਣ ਦੀ ਬਹੁਤ ਵੱਡੀ ਖੇਡ ਹੈ ਜਿਸ ਖੇਡ ਨੂੰ ਸਮਝਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ। ਉਸਦੀ ਖੇਡ ਨੂੰ ਸਮਝਣ ਦਾ ਤਰੀਕਾ ਇੱਕੋ ਇੱਕ ਇਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਦੇ

ਆ ਰਹੇ ਹਾਂ ਤੇ ਇਹੀ ਗੱਲ ਮੁੱਖ ਸ਼ਬਦ

50/6864

ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥"

ਉਪਰ ਵਾਲੀਆਂ ਪੰਗਤੀਆਂ ਤੋਂ ਭਾਵ ਕੀ ਹੈ ਇਹ ਅਸੀਂ ਇਸ ਤੋਂ ਪਹਿਲੇ ਵਾਲੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੀ ਹੈ। **"ਆਦੇਸੁ"** ਤਾਂ ਭਾਵ ਹੁਕਮ ਤਾਂ ਸਾਰੀ ਸ੍ਰਿਸ਼ਟੀ ਵਿੱਚ ਇੱਕੋ ਦਾ ਹੀ ਚੱਲਦਾ ਹੈ ਜੋ ਜੁਗਾਂ ਜੁਗਾਂ ਤੋਂ ਚੱਲਦਾ ਆ ਰਿਹਾ ਹੈ। ਜਿਸਦੇ ਹੁਕਮ ਨਾਲ ਇਸ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਉਸਦੇ ਹੁਕਮ ਨਾਲ ਹੀ ਸਾਰੀ ਸ੍ਰਿਸ਼ਟੀ ਚੱਲ ਰਹੀ ਹੈ। ਉਸਦਾ ਹੁਕਮ ਕਿਸ ਰੂਪ ਵਿੱਚ ਵਰਤਦਾ ਹੈ ਇਸ ਗੱਲ ਨੂੰ ਕੇਵਲ ਤੇ ਕੇਵਲ ਉਹੀ ਸਮਝ ਸਕਦਾ ਹੈ ਜੋ ਆਪਣੇ ਅੰਦਰੋਂ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਬੁੱਝ ਲੈਂਦਾ ਹੈ ਜਿਵੇਂ ਕਿ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਭਗਤਾਂ ਨੇ, ਗੁਰੂ ਸਾਹਿਬਾਨ ਨੇ ਬੁੱਝਿਆ ਹੈ। ਉਸਦਾ ਹੁਕਮ ਸਭ ਜਗ੍ਹਾ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਵਰਤ ਰਿਹਾ ਹੈ ਭਾਵ ਉਸਦੀ ਰਚੀ ਹੋਈ ਉੱਚੀ ਸਾਇੰਸ ਦੇ ਰੂਪ ਵਿੱਚ ਵਰਤ ਰਿਹਾ ਹੈ। ਸਭ ਕੁਝ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਨਾਲ ਹੀ ਬਣਿਆ ਹੈ ਭਾਵ ਉਸਦੇ ਬ੍ਰਹਮ ਗਿਆਨ ਨਾਲ ਹੀ ਬਣਿਆ ਹੈ, ਨਾਮ ਨਾਲ ਹੀ ਬਣਿਆ ਹੈ ਤੇ ਹਰ ਆਕਾਰ ਰੂਪ ਉਸਦੇ ਬ੍ਰਹਮ ਗਿਆਨ ਰੂਪ ਦੁਆਰਾ ਹੀ ਕੰਮ ਕਰ ਰਿਹਾ ਹੈ ਭਾਵ ਉਸਦੇ ਬ੍ਰਹਮ ਗਿਆਨ ਹੁਕਮ ਨੂੰ, ਨਾਮ ਰੂਪ ਹੁਕਮ ਨੂੰ, ਸਾਇੰਸ ਰੂਪ ਹੁਕਮ ਨੂੰ ਮੰਨ ਰਿਹਾ ਹੈ। ਮਨੁੱਖੀ ਸਰੀਰ ਵੀ ਭਾਵ ਮਨੁੱਖੀ ਸਰੀਰ ਦਾ ਹਰ ਅੰਗ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਦੁਆਰਾ ਹੀ ਚੱਲ ਰਿਹਾ ਹੈ ਭਾਵ ਉਸਦੇ ਹੁਕਮ ਨੂੰ ਹੀ ਮੰਨ ਰਿਹਾ ਹੈ। ਉਸਦੇ ਇਸ ਹੁਕਮ ਨੂੰ ਜੋ ਉਸਦਾ ਹੁਕਮ ਸਭ ਜਗ੍ਹਾ ਤੇ ਸਭ ਵਿੱਚ ਵਰਤ ਰਿਹਾ ਹੈ ਉਸਨੂੰ ਬੁੱਝਣ ਦਾ ਤਰੀਕਾ ਵੀ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ, ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਨ ਦੁਆਰਾ ਉਸ ਹੁਕਮ ਦੇ ਮਾਲਕ ਨੇ ਉਸਦਾ ਹੁਕਮ ਬੁੱਝਣਾ ਆਪ ਹੀ ਸਮਝਾਇਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਜੋ ਵੀ ਗੁਰਮਤਿ ਰੂਪ ਸਿੱਖਿਆ ਹੈ ਉਹ ਸਾਡੇ ਸਭ ਲਈ ਪ੍ਰਮਾਤਮਾ ਦਾ **"ਆਦੇਸੁ"** ਹੀ ਹੈ ਭਾਵ ਉਸਦਾ ਹੁਕਮ ਹੀ ਹੈ ਤੇ ਜੇਕਰ ਅਸੀਂ ਉਸਦੇ ਇਸ ਹੁਕਮ ਨੂੰ ਮੰਨਦੇ ਹਾਂ ਭਾਵ ਉਸਦੀ ਸਿੱਖਿਆ ਨੂੰ ਮੰਨਦੇ ਹਾਂ ਭਾਵ ਉਸਦੀ ਸੱਚੀ ਸਿੱਖਿਆ ਤੇ ਅਮਲ ਕਰਦੇ ਹਾਂ ਤਾਂ ਹੀ ਅਸੀਂ ਉਸਦੇ ਹੁਕਮ ਨੂੰ ਬੁੱਝ ਸਕਦੇ ਹਾਂ। ਜਿਨ੍ਹਾਂ ਨੇ ਪ੍ਰਮਾਤਮਾ ਦੇ ਹੁਕਮ ਨੂੰ ਪਹਿਲੇ ਆਪਣੇ ਅੰਦਰੋਂ ਬੁੱਝਿਆ ਹੈ ਭਾਵ ਜਾਣਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦਾ ਹੁਕਮ ਬੁੱਝਣਾ ਸਿਖਾਇਆ ਹੈ। ਉਸਦੇ ਹੁਕਮ ਨੂੰ ਬੁੱਝਣ ਦਾ ਇੱਕੋ ਇੱਕ ਤਰੀਕਾ ਗੁਰੂ ਦੀ ਸਿੱਖਿਆ ਨੂੰ ਭਾਵ ਗੁਰੂ ਦੀ ਮਤਿ ਨੂੰ ਭਾਵ ਸ਼ਬਦ

50/6865

ਦੇ ਵਿਚਾਰਾਂ ਨੂੰ ਭਾਵ ਗੁਰੂ ਦੇ ਨਾਮ ਨੂੰ ਸਮਝਕੇ ਤੇ ਉਸਨੂੰ ਮੰਨਣ ਦਾ ਹੈ ਭਾਵ ਉਸ ਤੇ ਅਮਲ ਕਰਨ ਦਾ ਹੈ ਭਾਵ ਮਨ ਦੇ ਹਰ ਮਾੜੇ ਵਿਚਾਰ ਨੂੰ ਛੱਡ ਕੇ, ਮਾਇਆ ਮੋਹ ਵਾਲੇ ਵਿਚਾਰਾਂ ਨੂੰ ਛੱਡ ਕੇ, ਮਨ ਦੇ ਹਰ ਵਿਕਾਰ ਨੂੰ ਛੱਡ ਕੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਛੱਡ ਕੇ ਸੰਸਾਰ ਵਿੱਚ ਸੱਚੀ ਸੁੱਚੀ ਕਿਰਤ ਕਰਨ ਦਾ ਹੈ ਤੇ ਇਹੀ ਨਾਮ ਜਪਣਾ ਹੈ ਭਾਵ ਗੁਰੂ ਦੀ ਸਿੱਖਿਆ ਤੇ ਅਮਲ ਕਰਨਾ ਹੈ ਜਿਵੇਂ ਕਿ ਅਸੀਂ ਪੂਰੇ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਸ਼ਬਦ ਦੀਆਂ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਸਭ ਨੂੰ ਗੁਰੂ ਸਾਹਿਬ ਨੇ ਇਹ ਆਦੇਸ ਦਿੱਤਾ ਹੋਇਆ ਹੈ, ਹੁਕਮ ਦਿੱਤਾ ਹੋਇਆ ਹੈ ਕਿ ਅਸੀਂ ਕੇਵਲ ਪ੍ਰਮਾਤਮਾ ਨੂੰ ਜਾਨਣ ਲਈ ਕੇਵਲ ਤੇ ਕੇਵਲ ਗੁਰੂ ਦੇ ਆਦੇਸ ਨੂੰ ਮੰਨਣਾ ਹੈ ਕਿਉਂਕਿ ਪ੍ਰਮਾਤਮਾ ਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਤੇ ਉਹ ਸਭ ਜਗ੍ਹਾ ਤੇ ਸਭ ਵਿੱਚ ਕਿਸ ਰੂਪ ਵਿੱਚ ਵਰਤਦਾ ਹੈ ਜਿਸ ਆਪਣੇ ਰੂਪ ਵਿੱਚ ਉਹ ਜੁਗਾਂ ਜੁਗਾਂ ਤੋਂ ਵਰਤਦਾ ਆ ਰਿਹਾ ਹੈ ਇਹ ਸਮਝ ਕੇਵਲ ਗੁਰੂ ਦੇ ਕੋਲ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸਦੀ ਸਮਝ ਪ੍ਰਮਾਤਮਾ ਦੀ ਸਮਝ ਦੇ ਨਾਲ ਸਦਾ ਲਈ ਇੱਕ ਹੋ ਚੁੱਕੀ ਹੈ, ਜੋ ਸਮਝ ਅਡੋਲ ਹੈ ਜੋ ਕਦੇ ਡੋਲ ਹੀ ਨਹੀਂ ਸਕਦੀ, ਜੋ ਸਮਝ ਸੱਚ ਹੈ ਜੋ ਸੱਚ ਕਦੇ ਬਦਲ ਹੀ ਨਹੀਂ ਸਕਦਾ, ਜੋ ਸਮਝ ਸਦਾ ਰਹਿਣ ਵਾਲੀ ਹੈ ਤੇ ਕਦੇ ਬਿਨਸ ਹੀ ਨਹੀਂ ਸਕਦੀ। ਜਦ ਤਕ ਇਹ ਸ੍ਰਿਸ਼ਟੀ ਰਹੇਗੀ ਗੁਰੂ ਦੀ ਸਮਝ ਇਸੇ ਤਰ੍ਹਾਂ ਹੀ ਰਹੇਗੀ ਭਾਵ ਸਦਾ ਸਦਾ ਲਈ ਸਭ ਨੂੰ ਸੱਚ ਹੀ ਸਮਝਾਵੇਗੀ ਜਿਸ ਸੱਚ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਭਾਵ ਜਿਸ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਭਾਵ ਜਿਸ ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ। ਕੀ ਕੋਈ ਗੁਰੂ ਤੋਂ ਉੱਚਾ ਪੰਡਿਤ ਭਾਵ ਧਰਮ ਦਾ ਵਿਦਵਾਨ, ਕੋਈ ਗਿਆਨੀ ਅਖਵਾਉਂਣ ਵਾਲਾ, ਕੋਈ ਬ੍ਰਹਮ ਗਿਆਨੀ ਅਖਵਾਉਂਣ ਵਾਲਾ, ਕੋਈ ਸੰਤ ਆਦਿ ਅਖਵਾਉਂਣ ਵਾਲਾ, ਕੋਈ ਕਾਜੀ ਆਦਿ ਅਖਵਾਉਂਣ ਵਾਲਾ ਹੋ ਸਕਦਾ ਹੈ ਜੋ ਸਾਨੂੰ ਪ੍ਰਮਾਤਮਾ ਤੋਂ ਉੱਚੀ ਗੱਲ ਸਮਝਾਵੇ, ਉਸ ਤੋਂ ਜਿਆਦਾ ਸਮਝ ਦੇ ਸਕੇ ਪਰ ਫਿਰ ਵੀ ਅਸੀਂ ਗੁਰੂ ਦੀ ਸੱਚੀ

ਮਤਿ ਤੇ ਵਿਸ਼ਵਾਸ ਨਾ ਕਰਕੇ ਜੇਕਰ ਗੁਰੂ ਦੇ ਆਦੇਸੁ ਨੂੰ ਨਹੀਂ ਮੰਨਦੇ, ਉਸਦੇ ਗੁਰਮਤਿ ਰੂਪ ਹੁਕਮ ਨੂੰ ਨਹੀਂ ਮੰਨਦੇ ਤੇ ਉਹਨਾਂ ਦੀ ਗੱਲਾਂ ਨੂੰ ਮੰਨਦੇ ਹਾਂ, ਉਹਨਾਂ ਕੋਲੋਂ ਨਾਮ ਜਪਣਾ ਸਮਝਦੇ ਹਾਂ ਜਿਨ੍ਹਾਂ ਨੂੰ ਖੁਦ ਨਾਮ ਦੀ ਸਮਝ ਨਹੀਂ, ਜੋ ਨਾਮ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ, ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ, ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ, ਜੋ ਅਲ੍ਹਾ ਦੀ ਇਬਾਦਤ ਕਰਨ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਫਿਰ

50/6866

ਇਸ ਵਿੱਚ ਕਸੂਰ ਕਿਸਦਾ ਹੈ, ਕਸੂਰ ਮਨ ਦੀ ਅਗਿਆਨਤਾ ਦਾ ਹੈ ਜੋ ਮਨ ਦੀ ਅਗਿਆਨਤਾ ਸਾਰੇ ਸੰਸਾਰ ਦੇ ਮਨੁੱਖਾਂ ਵਿੱਚ ਇੱਕੋ ਜਿਹੇ ਤਰੀਕੇ ਨਾਲ ਹੀ ਵਰਤਦੀ ਹੈ, ਉਸ ਸ੍ਰਿਸ਼ਟੀ ਦੇ ਕਰਤੇ ਦੇ ਹੁਕਮ ਦੇ ਰੂਪ ਵਿੱਚ ਹੀ ਵਰਤਦੀ ਹੈ ਜਿਸ ਤੇ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਹੀ ਭਾਵ ਹਉਮੈ ਵਿੱਚੋਂ ਨਿਕਲਣਾ ਹੀ ਸਾਡਾ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਣਾ ਹੀ, ਮਾਇਆ ਦੇ ਛੱਲ ਵਿੱਚੋਂ ਨਿਕਲਣਾ ਹੀ ਹਰ ਮਨੁੱਖੀ ਸਰੀਰ ਦਾ ਸੱਚਾ ਉੱਦਮ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਹਰ ਸੱਚੇ ਧਰਮ ਗ੍ਰੰਥ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਤੇ ਪ੍ਰਮਾਤਮਾ ਦੇ ਹੁਕਮ ਨੂੰ ਬੁੱਝਣ ਲਈ, ਸਭ ਲਈ ਇੱਕੋ ਇੱਕ ਤਰੀਕਾ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੀ ਹੈ ਭਾਵ ਪ੍ਰਮਾਤਮਾ ਦਾ ਸੱਚਾ ਨਾਮ ਜਪਣ ਦਾ ਹੀ ਹੈ ਜੋ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹਾ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਾਰੀ ਸਿਸ਼੍ਰਟੀ ਦਾ ਕਰਤਾ ਵੀ ਇੱਕੋ ਹੀ ਹੈ, ਜੁਗਾਂ ਜੁਗਾਂ ਤੋਂ ਇੱਕੋ ਹੀ ਹੈ ਤੇ ਜੁਗਾਂ ਜੁਗਾਂ ਤੋਂ ਉਸਨੂੰ ਪਾਉਂਣ ਦਾ, ਜਾਨਣ ਦਾ ਭਾਵ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝਣ ਦਾ ਤਰੀਕਾ ਵੀ ਸਭ ਲਈ ਇੱਕੋ ਹੀ ਹੈ। ਸਾਰੀ ਗੱਲ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੀ ਹੈ ਤੇ ਉਨ੍ਹਾਂ ਦੀ ਮਤਿ ਨੂੰ ਛੱਡਣ ਦੀ ਹੈ ਜਿਨ੍ਹਾਂ ਨੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਆਪਣੀਆਂ ਆਪਣੀਆਂ ਵਡਿਆਈਆਂ ਲੈਣ ਲਈ ਦੂਸਰਿਆਂ ਨੂੰ ਪੁੱਠੇ ਮਾਰਗ ਤੇ ਤੋਰਿਆ ਹੈ, ਸੱਚ ਦੇ ਉਲਟ ਤੋਰਿਆ ਹੈ। ਸੱਚ ਕੇਵਲ ਗੁਰੂ ਦੇ ਕੋਲ ਹੈ, ਗੁਰੂ ਦੇ ਕੋਲ ਹੈ, ਗੁਰੂ ਦੇ ਕੋਲ ਹੈ। ਆਉ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨੀਏ ਭਾਵ ਗੁਰੂ ਦਾ ਨਾਮ ਜਪੀਏ ਤੇ ਹੋਰ ਕਿਸੇ ਦੀ ਮਤਿ ਦੇ ਨਾਲ ਨਾ ਜੁੜੀਏ ਤੇ ਪ੍ਰਮਾਤਮਾ ਨੂੰ ਜਾਨਣ ਦਾ, ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝਣ ਦਾ ਸੱਚਾ ਉੱਦਮ ਕਰੀਏ ਜਿਸ ਸੱਚੇ ਉੱਦਮ ਦੁਆਰਾ ਹੀ ਕੋਈ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ। ਆਉ ਕੇਵਲ ਤੇ ਕੇਵਲ ਗੁਰੂ ਦੇ ਹੁਕਮ ਨੂੰ ਮੰਨੀਏ ਕਿਉਂਕਿ ਗੁਰੂ ਹੀ ਆਪ ਸਾਨੂੰ ਇਹ ਸਮਝਾ ਰਿਹਾ ਹੈ ਕਿ ਪੂਰੀ ਗੁਰਬਾਣੀ ਵਿੱਚ, ਜੋ ਗੁਰੂ ਦੀ ਸਿੱਖਿਆ ਦੇ ਰੂਪ ਵਿੱਚ ਹੁਕਮ ਹੈ ਕੇਵਲ ਉਸੇ ਦੇ ਹੁਕਮ ਨੂੰ ਹੀ ਮੰਨੋ ਜਿਸ ਦੁਆਰਾ ਉਸ ਹੁਕਮ ਦੇ ਮਾਲਕ ਨੂੰ ਪਾਇਆ ਜਾ ਸਕਦਾ ਹੈ ਜਿਸਦਾ ਹੁਕਮ ਸਭ ਜਗ੍ਹਾ ਤੇ, ਸਭ ਵਿੱਚ ਜੁਗਾਂ ਜੁਗਾਂ ਤੋਂ ਹਰ ਵੇਲੇ ਵਰਤ ਰਿਹਾ ਹੈ ਤੇ ਉਸਦਾ ਹੁਕਮ ਹੀ ਸਦਾ ਲਈ ਵਰਤਦਾ ਰਹਿਣਾ ਹੈ ਕਿਉਂਕਿ ਉਸ ਤੋਂ ਬਿਨਾਂ ਨਾ ਕੋਈ ਹੋਰ ਹੈ ਤੇ ਨਾ ਹੀ ਕੋਈ ਹੋਰ

50/6867

ਹੋ ਸਕਦਾ ਹੈ। **(ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੧॥)**

{ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥}

(ਅੰਗ ੬੧੨)

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ ॥੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥ ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

{ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}

(ਅੰਗ ੯)

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ ੧੩੯੫-੧੩੯੬)

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਤ੍ ਸਤ੍ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਪਉੜੀ ॥

{ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ ॥
ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ ੯੬੧)

{ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥
ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥

ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥
ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥}

(ਅੰਗ ੫੫੭-੫੫੮)

{ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥}

(ਅੰਗ ੨੩)

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ ਬੇਦ ਵਖਾਣਿ ਕਹਹਿ ਇਕੁ ਕਹੀਐ ॥
ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ ਏਕੋ ਤਖਤੁ ਏਕੋ ਪਾਤਿਸਾਹੁ ॥
ਸਰਬੀ ਥਾਈ ਵੇਪਰਵਾਹੁ ॥ ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥ ਇਤ ਉਤ ਦੇਖਉ ਸਹਜੇ ਰਾਵਉ ॥
ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥ ਨਾਨਕ ਹਉਮੈ ਸਬਦਿ ਜਲਾਇਆ ॥
ਸਤਿਗੁਰਿ ਸਾਚਾ ਦਰਸੁ ਦਿਖਾਇਆ॥੮॥੩॥}

(ਅੰਗ ੧੧੮੮-੧੧੮੯)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥

ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ ੫੬-੫੭)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥ ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥
ਕਰਣੀ ਕੀਰਤਿ ਕਰਮ ਸਮਾਨੈ ॥੩॥ ਏਕ ਸਬਦ ਇਕ ਭਿਖਿਆ ਮਾਗੈ ॥
ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥ ਭੈ ਰਚਿ ਰਹੈ ਨ ਬਾਹਰਿ ਜਾਇ ॥
ਕੀਮਤਿ ਕਉਣ ਰਹੈ ਲਿਵ ਲਾਇ ॥੫॥ ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

ਉਪਰ ਵਾਲੇ ਸਾਰੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਇਨ੍ਹਾਂ ਸ਼ਬਦਾਂ ਰਾਹੀਂ ਤੇ ਹੋਰ ਵੀ ਅਨੇਕਾਂ ਸ਼ਬਦਾਂ ਰਾਹੀਂ ਬਾਣੀ ਵਿੱਚ ਉਨ੍ਹਾਂ ਦੀ ਗੱਲ ਸਮਝਾਈ ਹੋਈ ਹੈ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਸਮਝ ਕੇ ਉਹਨਾਂ ਦੀ ਮਤਿ ਨੂੰ ਮੰਨਦੇ ਹਾਂ ਤੇ ਉਹਨਾਂ ਨੂੰ ਵਡਿਆਈਆਂ ਦਿੰਦੇ ਹਾਂ ਜਿਸ ਲਈ ਗੁਰੂ ਸਾਹਿਬ ਨੇ ਵਡਿਆਈਆਂ ਲੈਣ ਵਾਲਿਆਂ ਨੂੰ ਨਿੰਦਿਆ ਹੋਇਆ ਹੈ ਤੇ ਝੂਠੀਆਂ ਵਡਿਆਈਆਂ ਦੇਣ ਵਾਲਿਆਂ ਨੂੰ ਵੀ ਨਿੰਦਿਆਂ ਹੋਇਆ ਹੈ। ਸੱਚੀ ਵਡਿਆਈ ਕੇਵਲ ਗੁਰੂ ਦੀ ਹੈ ਜਿਸਨੂੰ ਸੱਚ ਦੀ ਸਮਝ ਹੈ। ਸੱਚੀ ਵਡਿਆਈ ਅਸਲ ਵਿੱਚ ਸੱਚ ਦੀ ਹੀ ਹੈ ਤੇ ਧਰਮ ਦੇ ਮਾਰਗ ਦਾ ਅਸਲ ਸੱਚ, ਪ੍ਰਮਾਤਮਾ ਨੂੰ ਜਾਨਣ ਦਾ ਅਸਲ ਸੱਚ,

50/6868

ਪ੍ਰਮਾਤਮਾ ਬਾਰੇ ਅਸਲ ਸੱਚ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਸਚੁ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਸੱਚੀ ਕੇਵਲ ਗੁਰਮਤਿ ਹੈ ਭਾਵ ਗੁਰੂ ਦਾ ਨਾਮ ਹੈ ਤੇ ਗੁਰਮਤਿ ਦੀ ਵਡਿਆਈ ਪ੍ਰਮਾਤਮਾ ਦੀ ਵਡਿਆਈ ਹੈ ਜੋ ਗੁਰੂ ਪ੍ਰਮਾਤਮਾ ਦੀ ਸੱਚੀ ਵਡਿਆਈ ਉਸਦੇ ਗੁਰੂ ਰੂਪ ਦੁਆਰਾ ਸਮਝਾਏ ਹੋਏ ਸੱਚ ਨੂੰ ਮੰਨਣ ਦੁਆਰਾ ਹੀ ਭਾਵ ਉਸਦੇ ਸਚੁ ਰੂਪ ਨਾਮ ਨੂੰ ਮੰਨਣ ਦੁਆਰਾ ਹੀ ਭਾਵ ਗੁਰਮਤਿ ਰੂਪ ਸੱਚ ਤੇ ਅਮਲ ਕਰਨ ਦੁਆਰਾ ਹੀ ਕੀਤੀ ਜਾ ਸਕਦੀ ਹੈ। ਇਹੀ ਗੁਰੂ ਪ੍ਰਮਾਤਮਾ ਦੀ ਸੱਚੀ ਵਡਿਆਈ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਲੇਖ ਵਿੱਚ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸੱਚੀ ਵਡਿਆਈ ਵਿੱਚ ਤੇ ਝੂਠੀ ਵਡਿਆਈ ਵਿੱਚ ਕੀ ਫਰਕ ਹੈ। ਜਿਨ੍ਹਾਂ ਨੂੰ ਗੁਰਮਤਿ ਦੀ ਸੱਚੀ ਸਮਝ ਹੀ ਨਹੀਂ ਹੈ, ਨਾਮ ਦੀ ਸਮਝ ਹੀ ਨਹੀਂ ਹੈ, ਨਾਮ ਦੇ ਮਾਲਕ ਸੱਚ ਦੀ ਸਮਝ ਹੀ ਨਹੀਂ ਹੈ ਭਾਵ ਪ੍ਰਮਾਤਮਾ ਦੀ ਸਮਝ ਹੀ ਨਹੀਂ ਹੈ, ਸ੍ਰਿਸ਼ਟੀ ਦੇ ਰਚਨਹਾਰ ਦੀ ਸਮਝ ਹੀ ਨਹੀਂ ਹੈ ਭਾਵ ਉਸਦੇ ਨਿਰੰਕਾਰ ਰੂਪ ਦੀ ਸਮਝ ਹੀ ਨਹੀਂ ਹੈ ਜਿਸ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਨੂੰ ਰਚਿਆ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਭਾਵ ਆਪਣੇ ਨਾਮ ਰੂਪ ਦੁਆਰਾ ਹੀ ਭਾਵ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਹੀ ਭਾਵ ਆਪਣੀ ਉੱਚੀ ਸਾਇੰਸ ਦੁਆਰਾ ਹੀ ਪੂਰੀ ਸ੍ਰਿਸ਼ਟੀ ਨੂੰ ਰੱਚ ਕੇ ਉਸਨੂੰ ਚਲਾ ਰਿਹਾ ਹੈ, ਕੀ ਇਹੋ ਜਿਹਿਆਂ ਨੂੰ ਵਡਿਆਈ ਦੇਣੀ ਕਦੇ ਸੱਚੀ ਵਡਿਆਈ ਹੋ ਸਕਦੀ ਹੈ ਭਾਵ ਇਹ ਕੇਵਲ ਝੂਠ ਦੀ ਵਡਿਆਈ ਕਰਨ ਵਾਲੀ ਗੱਲ ਹੈ ਤੇ ਸੱਚ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਭਾਵ ਗੁਰੂ ਪ੍ਰਮਾਤਮਾ ਨੂੰ ਨੀਵਾਂ ਦਿਖਾਉਂਣ ਵਾਲੀ ਗੱਲ ਹੈ ਕਿਉਂਕਿ ਗੁਰਮਤਿ ਰੂਪ ਸੱਚੀ ਸਮਝ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ ਗੁਰੂ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੀ ਹੈ। ਜੋ ਝੂਠੀਆਂ ਵਡਿਆਈਆਂ ਲੈਂਦੇ ਹਨ ਤੇ ਉਹਨਾਂ ਨੂੰ ਝੂਠੀਆਂ ਵਡਿਆਈਆਂ ਦਿੰਦੇ ਹਨ ਇਸੇ ਲਈ ਉਹਨਾਂ ਨੂੰ ਗੁਰੂ ਸਾਹਿਬ ਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਬਾਰ-ਬਾਰ ਨਿੰਦਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਕੀ ਹੈ, ਨਾਮ ਕੀ ਹੈ, ਨਾਮ ਜਪਣ ਦਾ ਮਾਰਗ ਕੀ ਹੈ, ਸੱਚ ਤੇ ਚੱਲਣ ਦਾ ਮਾਰਗ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ

50/6869

ਹੈ ਤੇ ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਸਾਰੀ ਗੱਲ ਆਪਣੇ ਮਾੜੇ ਵਿਚਾਰ ਛੱਡਕੇ ਭਾਵ ਅਉਗੁਣਾਂ ਵਾਲੇ ਵਿਚਾਰ ਛੱਡਕੇ ਗੁਰੂ ਦੇ ਚੰਗੇ ਵਿਚਾਰਾਂ ਨੂੰ ਮੰਨਣ ਦੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਮੰਨਣ ਦੀ ਹੈ ਤੇ ਖਾਲੀ ਕਿਸੇ ਅੱਖਰ ਨੂੰ ਬਾਰ-ਬਾਰ ਰੱਟੀ ਜਾਣਾ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਬੋਲੀ ਜਾਣਾ ਤੇ ਉਸਨੂੰ ਹੀ ਨਾਮ ਜਪਣਾ ਸਮਝੀ ਜਾਣਾ ਸਾਡਾ ਕਿਤਨਾ ਕੂ ਵੱਡਾ ਭਰਮ ਹੈ ਇਸ ਗੱਲ ਨੂੰ ਅਸੀਂ ਗੁਰੂ ਦੇ ਸਮਝਾਏ ਹੋਏ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਨੂੰ ਇਹੋ ਜਿਹਾ ਝੂਠਾ ਨਾਮ ਸਮਝਾਉਂਣ ਵਾਲੇ ਕੌਣ ਹਨ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਭਾਵ ਇਹ ਉਹੀ ਹਨ ਜਿਨ੍ਹਾਂ ਨੂੰ ਅਸੀਂ ਸਦੀਆਂ ਤੋਂ ਵਡਿਆਈਆਂ ਦਿੰਦੇ ਆ ਰਹੇ ਹਾਂ ਜੋ ਕਿ ਝੂਠੀਆਂ ਵਡਿਆਈਆਂ ਹਨ ਜਿਹੋ ਜਿਹੀਆਂ ਵਡਿਆਈਆਂ ਲੈਣ ਵਾਲਿਆਂ ਦੀ ਵੀ ਨਿਖੇਧੀ ਕੀਤੀ ਹੋਈ ਹੈ ਤੇ ਉਹਨਾਂ ਨੂੰ ਵਡਿਆਈਆਂ ਦੇਣ ਵਾਲਿਆਂ ਦੀ ਵੀ ਨਿਖੇਧੀ ਕੀਤੀ ਹੋਈ ਹੈ। ਇਸ ਨਿਮਾਣੇ ਜਿਹੇ ਦਾਸ ਦੀ ਜਿਸਨੂੰ ਕਿਸੇ ਕੋਲੋਂ ਕੋਈ ਵਡਿਆਈ ਲੈਣ ਦਾ ਲਾਲਚ ਨਹੀਂ ਹੈ ਉਸਦੀ ਕੇਵਲ ਤਹਿ ਦਿਲੋਂ ਸਭ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਕੇਵਲ ਤੇ ਕੇਵਲ ਗੁਰੂ ਦੀ ਵਡਿਆਈ ਨੂੰ ਸਮਝੋ ਭਾਵ ਉਨ੍ਹਾਂ ਦੀਆਂ ਵਡਿਆਈਆਂ ਵਿੱਚੋਂ ਨਿਕਲੋ ਜਿਨ੍ਹਾਂ ਨੂੰ ਸੰਸਾਰ ਸਦੀਆਂ ਤੋਂ ਝੂਠੀਆਂ ਵਡਿਆਈਆਂ ਦਿੰਦਾ ਆ ਰਿਹਾ ਹੈ। ਗੁਰੂ ਦੀ ਵਡਿਆਈ ਕਰਨ ਲਈ ਕੁਝ ਮੁੱਖੋਂ ਬੋਲਣ ਦੀ ਲੋੜ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਆਪਣੀ ਗੁਰਮਤਿ ਦੇ ਰੂਪ ਵਿੱਚ ਹੈ, ਆਪਣੇ ਬਚਨਾਂ ਦੇ ਰੂਪ ਵਿੱਚ ਹੈ ਭਾਵ ਗੁਰੂ ਦੇ ਸੱਚੇ ਬੋਲ ਹੀ ਸਾਡਾ ਗੁਰੂ ਹਨ, ਸ਼ਬਦਾਂ ਦੀ ਵਿਚਾਰ ਹੀ ਸਾਡਾ ਗੁਰੂ ਹੈ, ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਤੇ ਆਪਣੇ ਨਾਮ ਰੂਪ ਵਿੱਚ ਹੀ ਗੁਰੂ ਪ੍ਰਮਾਤਮਾ ਆਪ ਹੈ ਜਿਸ ਰੂਪ ਵਿੱਚ ਉਹ ਸਾਡਾ ਗੁਰੂ ਹੈ, ਪੂਰੀ ਗੁਰਬਾਣੀ ਰਾਹੀਂ ਸਾਡਾ ਗੁਰੂ ਹੈ ਭਾਵ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੀ ਸਾਡਾ ਸਭ ਦਾ ਗੁਰੂ ਹੈ। ਗੁਰੂ ਦੀ ਪੂਰੀ ਸਿੱਖਿਆ, ਉਸਦਾ ਨਾਮ ਬ੍ਰਹਮ ਗਿਆਨ ਰੂਪ ਵਿੱਚ ਹੀ ਹੈ ਤੇ ਗੁਰੂ ਦੀ ਸਿੱਖਿਆ ਨੂੰ ਮੰਨਣਾ ਹੀ ਨਾਮ ਜਪਣਾ ਹੈ ਜਿਸ ਵਿੱਚ ਨਾਮ ਦੀ ਵਡਿਆਈ ਹੈ ਭਾਵ ਗੁਰੂ ਪ੍ਰਮਾਤਮਾ ਦੀ ਵਡਿਆਈ ਹੈ, ਜੋ ਨਾਮ ਦਾ ਮਾਲਕ ਹੈ। ਗਹਿਰਾਈ ਨਾਲ ਵਿਚਾਰੋ ਕਿ ਗੁਰੂ ਦੀ ਸੱਚੀ ਵਡਿਆਈ ਕਰਨ ਵਿੱਚ ਅਸੀਂ ਕਿਤਨੇ ਕੂ ਭਰਮੇ ਹੋਏ ਹਾਂ। ਅਸਲ ਵਿੱਚ ਮਨ ਦੇ ਭਰਮਾਂ ਵਿੱਚੋਂ ਨਿਕਲਕੇ ਭਾਵ ਗੁਰੂ ਦੇ ਗਿਆਨ ਦੁਆਰਾ ਮਨ ਦੀ ਅਗਿਆਨਤਾ

ਵਿੱਚੋਂ ਨਿਕਲਣਾ ਹੀ ਗੁਰੂ ਪ੍ਰਮਾਤਮਾ ਦੀ ਸੱਚੀ ਵਡਿਆਈ

50/6870

ਕਰਨ ਦਾ ਸੱਚਾ ਉੱਦਮ ਹੈ, ਸਾਰੇ ਸੰਸਾਰ ਲਈ ਇੱਕੋ ਸੱਚਾ ਉੱਦਮ ਹੈ, ਸਾਰੇ ਸੰਸਾਰ ਲਈ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਲਈ ਸੱਚਾ ਉੱਦਮ ਹੈ, ਇੱਕੋ ਜਿਹੇ ਧਰਮ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਹੈ ਭਾਵ ਸੱਚ ਤੇ ਚੱਲਣ ਦਾ ਸੱਚਾ ਉੱਦਮ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਲਈ ਕੇਵਲ ਤੇ ਕੇਵਲ ਗੁਰੂ ਦਾ ਸੱਚਾ ਗਿਆਨ ਲੈ ਕੇ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਲੋੜ ਹੈ। ਆਉ ਮਨ ਦੀ ਅਗਿਆਨਤਾ ਨੂੰ ਛੱਡਣ ਦਾ ਸੱਚਾ ਉੱਦਮ ਕਰੀਏ ਭਾਵ ਨਾਮ ਜਪਣ ਦਾ ਸੱਚਾ ਉੱਦਮ ਕਰੀਏ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਉੱਦਮ ਕਰੀਏ ਜੋ ਸਭ ਦੇ ਅੰਦਰ ਹੀ ਹੈ ਤੇ ਸਭ ਦੇ ਅੰਦਰ ਆਪਣੇ ਇੱਕੋ ਰੂਪ ਵਿੱਚ ਹੀ ਹੈ, ਜੋ ਕਿ ਮਨ ਦੀ ਸਮਝ ਦੇ ਰੂਪ ਵਿੱਚ ਹੈ, ਗਿਆਨ ਦੇ ਮਾਲਕ ਦੇ ਰੂਪ ਵਿੱਚ ਹੈ ਜਿਸ ਗਿਆਨ ਦੇ ਮਾਲਕ ਨੇ ਆਪ ਹੀ ਸਭ ਨੂੰ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਭਾਵ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਮਨ ਦੇ ਅਗਿਆਨਤਾ ਰੂਪ ਪੜਦੇ ਵਿੱਚੋਂ ਨਿਕਲਕੇ ਉਸਨੂੰ ਜਾਨਣ ਦਾ ਤਰੀਕਾ ਵੀ ਉਸਨੇ ਧਰਮ ਗ੍ਰੰਥਾਂ ਦੇ ਸੱਚੇ ਗਿਆਨ ਰਾਹੀਂ ਆਪ ਹੀ ਸਮਝਾਇਆ ਹੋਇਆ ਹੈ। ਆਉ ਤਨੋਂ, ਮਨੋਂ ਗੁਰੂ ਦੇ ਸਮਝਾਏ ਹੋਏ ਸੱਚੇ ਗਿਆਨ ਨੂੰ ਮੰਨੀਏ ਜਿਸ ਦੁਆਰਾ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਉਸਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਸਾਨੂੰ ਤਰੀਕੇ ਸਮਝਾਉਂਣ ਵਾਲੇ ਬਹੁਤ ਹਨ, ਜਗ੍ਹਾ ਜਗ੍ਹਾ ਬੈਠੇ ਹੋਏ ਹਨ ਜੋ ਕੇਵਲ ਸਾਨੂੰ ਹੋਰ ਭਰਮਾਂ ਵਿੱਚ ਹੀ ਪਾਉਂਦੇ ਹਨ। ਜੋ ਖੁੱਦ ਭਰਮਾਂ ਵਿੱਚ ਹਨ ਉਹ ਕਿਸੇ ਦੇ ਭਰਮ ਕੀ ਕੱਢਣਗੇ, ਜਿਨ੍ਹਾਂ ਨੇ ਖੁੱਦ ਪ੍ਰਮਾਤਮਾ ਨੂੰ ਨਹੀਂ ਜਾਣਿਆ, ਉਸਦੇ ਨਿਰੰਕਾਰ ਰੂਪ ਨੂੰ ਨਹੀਂ ਜਾਣਿਆ, ਉਸਦੇ ਹੁਕਮ ਨੂੰ ਨਹੀਂ ਬੁੱਝਿਆ ਉਹ ਦੂਸਰਿਆਂ ਨੂੰ ਕੀ ਬੁਝਾਉਣਗੇ ਤੇ ਕੀ ਸਮਝਾਉਣਗੇ ਭਾਵ ਭਰਮਾਂ ਵਿੱਚ ਹੀ ਪਾਉਂਣਗੇ। ਭਰਮਾਂ ਵਿੱਚੋਂ ਸਾਨੂੰ ਕੇਵਲ ਤੇ ਕੇਵਲ ਗੁਰੂ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਸੱਚਾ ਨਾਮ ਹੀ ਕੱਢ ਸਕਦਾ ਹੈ ਤੇ ਆਉ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨੀਏ ਭਾਵ ਗੁਰੂ ਦਾ ਸੱਚਾ ਨਾਮ ਜਪੀਏ ਤੇ ਭਰਮਾਂ ਵਿੱਚ ਪਾਉਂਣ ਵਾਲਿਆਂ ਦੀ ਮਤਿ ਵਿੱਚੋਂ ਨਿਕਲੀਏ। ਸੱਚ ਮੁੱਚ ਬਹੁਤ ਔਖਾ ਹੈ ਨਾਮ ਜਪਣਾ ਭਾਵ ਬਹੁਤ ਔਖਾ ਹੈ ਗੁਰੂ ਦੀ ਸੱਚੀ ਮਤਿ ਨੂੰ ਸਮਝਕੇ ਉਸਨੂੰ ਮੰਨਣਾ ਭਾਵ ਉਸ ਅਨੁਸਾਰ ਵਿਚਰਨਾ ਜਿਸ ਲਈ ਮਨ ਦਾ ਹਰ ਭਰਮ ਤਿਆਗਣਾ ਪੈਂਦਾ ਹੈ।

50/6871

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ ॥੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

ਸਾਰੀ ਬਾਣੀ ਸਾਨੂੰ ਸੱਚ ਹੀ ਸਮਝਾ ਰਹੀ ਹੈ ਤੇ ਜਿੱਥੇ ਸੱਚ ਹੁੰਦਾ ਹੈ ਉੱਥੇ ਝੂਠ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ। ਮਨ ਦੇ ਭਰਮ ਸਾਨੂੰ ਝੂਠ ਦੇ ਨਾਲ ਜੋੜਦੇ ਹਨ ਤੇ ਸੱਚ ਦਾ ਮਕਸਦ ਹੀ ਸਾਨੂੰ ਮਨ ਦੀ ਝੂਠੀ ਮਤਿ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਦੇ ਹੀ ਆ ਰਹੇ ਹਾਂ। ਜਦੋਂ ਸਾਡੇ ਅੰਦਰ ਸੱਚ ਵੱਸ ਜਾਂਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਵੱਸ ਜਾਂਦੀ ਹੈ ਤਾਂ ਫਿਰ ਸਭ ਵਿੱਚ ਸਾਨੂੰ ਸਚੁ ਰੂਪ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਤੇ ਕਿਸੇ ਵੀ ਆਕਾਰ ਰੂਪ ਨੂੰ ਪ੍ਰਮਾਤਮਾ ਤੋਂ ਦੂਸਰਾ ਰੂਪ ਸਮਝਣਾ ਜਿਸ ਵਿੱਚ ਮਨੁੱਖ ਆਪ ਹੀ ਆਉਂਦਾ ਹੈ, ਇਹ ਸੱਚ ਨਹੀਂ ਹੈ ਭਾਵ ਝੂਠ ਹੈ ਜਿਸਦਾ ਕਾਰਨ ਸਾਡੇ ਅੰਦਰ ਦੀ ਝੂਠੀ ਮਤਿ ਹੈ ਭਾਵ ਭਰਮਾਂ ਵਾਲੀ ਮਤਿ ਹੈ। ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜਿਸਨੂੰ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਸਾਨੂੰ ਸੱਚ ਉਹੀ ਸਮਝਾ ਸਕਦਾ ਹੈ ਜਿਸਨੂੰ ਸਭ ਵਿੱਚ

ਸਚੁ ਰੂਪ ਪ੍ਰਮਾਤਮਾ ਨਜਰ ਆਉਂਦਾ ਹੈ ਤੇ ਜਿਸਨੂੰ ਸਭ ਵਿੱਚ ਸਚੁ ਰੂਪ ਪ੍ਰਮਾਤਮਾ ਨਜਰ ਨਹੀਂ ਆਉਂਦਾ ਉਹ ਫਿਰ ਸਾਨੂੰ ਝੂਠ ਹੀ ਸਮਝਾਵੇਗਾ ਭਾਵ ਉਸਦੀ ਆਪਣੀ ਮਤਿ ਝੂਠੀ ਹੈ ਭਾਵ ਭਰਮਾਂ ਦੀ ਭਰੀ ਹੋਈ ਹੈ। ਹੇਠ ਦਿੱਤੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਫਿਰ ਤੋਂ ਦ੍ਰਿੜ ਕਰਦੇ ਹਾਂ ਤਾਂ ਜੋ ਅਸੀਂ ਕੇਵਲ ਤੇ ਕੇਵਲ ਸੱਚ ਨਾਲ ਜੁੜੀਏ ਭਾਵ ਗੁਰੂ ਦੀ ਸੱਚੀ ਮਤਿ ਨਾਲ ਜੁੜੀਏ ਨਾ ਕਿ ਉਹਨਾਂ ਦੀ ਮਤਿ ਨਾਲ ਜੁੜੀਏ ਜੋ ਖੁਦ ਭਰਮਾਂ ਦੇ ਭਰੇ ਹੋਏ ਹਨ ਭਾਵ ਜਿਨ੍ਹਾਂ ਨੂੰ ਖੁੱਦ ਆਪਣੇ ਅੰਦਰੋਂ ਸਚੁ ਰੂਪ ਪ੍ਰਮਾਤਮਾ ਨਜਰ ਨਹੀਂ ਆਇਆ, ਨਾਮ ਰੂਪ ਪ੍ਰਮਾਤਮਾ ਨਜਰ ਨਹੀਂ ਆਇਆ ਜੋ ਆਪਣੇ ਸਚੁ ਰੂਪ ਦੁਆਰਾ, ਨਾਮ ਰੂਪ ਦੁਆਰਾ ਸਭ ਵਿੱਚ ਤੇ ਸਭ ਜਗ੍ਹਾ ਸਮਾਇਆ ਹੋਇਆ ਹੈ।

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

ਉਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਫਿਰ ਤੋਂ ਦ੍ਰਿੜ ਕਰੋ ਕਿ ਸੱਚ ਵਿੱਚ ਤੇ ਝੂਠ ਵਿੱਚ ਭਾਵ ਮਨ ਦੀ ਸੱਚੀ ਸਮਝ ਵਿੱਚ ਤੇ ਮਨ ਦੀ ਨਾਮਸਮਝੀ ਵਿੱਚ ਕੀ ਫਰਕ ਹੈ। ਮਨ ਦੇ ਵਿੱਚ ਸੱਚੀ ਸਮਝ ਉਸਦੇ ਕੋਲ ਹੈ ਜਿਸਦੇ ਅੰਦਰ ਸਚੁ ਰੂਪ ਪ੍ਰਮਾਤਮਾ ਆਪ ਪ੍ਰਗਟ ਹੋ ਜਾਂਦਾ ਹੈ, ਜਿਸਨੂੰ ਫਿਰ ਸਭ ਪਾਸੇ ਸੱਚ ਹੀ ਸੱਚ ਨਜਰ ਆਉਂਦਾ ਹੈ ਭਾਵ ਸਭ ਦੇ ਵਿੱਚ ਸਚੁ ਰੂਪ

ਪ੍ਰਮਾਤਮਾ ਦਾ ਰੂਪ ਹੀ ਨਜਰ ਆਉਂਦਾ ਹੈ ਤੇ ਜਿਸਨੂੰ ਸਭ ਦੇ ਵਿੱਚ ਪ੍ਰਮਾਤਮਾ ਨਜਰ ਨਹੀਂ ਆਉਂਦਾ ਫਿਰ ਉਸਦੇ ਅੰਦਰ ਸੱਚ ਨਹੀਂ ਵੱਸਿਆ ਭਾਵ ਉਸਨੇ ਆਪਣੇ ਅੰਦਰੋਂ ਸਚੁ ਰੂਪ ਪ੍ਰਮਾਤਮਾ ਨੂੰ ਨਹੀਂ ਜਾਣਿਆ ਭਾਵ ਉਸ ਮਨੁੱਖ ਦੀ ਸਮਝ ਸੱਚੀ ਨਹੀਂ ਬਣੀ, ਧਰਮ ਦੇ ਸੱਚੇ ਮਾਰਗ ਨੂੰ ਸਮਝਣ ਲਈ, ਪ੍ਰਮਾਤਮਾ ਦੀ ਅਸਲੀਅਤ ਨੂੰ ਸਮਝਣ ਲਈ, ਨਾਮ ਦੀ ਅਸਲੀਅਤ ਨੂੰ ਸਮਝਣ ਲਈ, ਹਉਮੈ ਦੀ ਅਸਲੀਅਤ ਨੂੰ ਸਮਝਣ ਲਈ, ਆਪਣੇ ਆਪ ਦੀ ਅਸਲੀਅਤ ਨੂੰ ਸਮਝਣ ਲਈ, ਇਸ ਸੰਸਾਰ ਦੀ ਅਸਲੀਅਤ ਨੂੰ ਸਮਝਣ ਲਈ, ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਚੌਥੇ ਪਦ ਦੀ ਸਮਝ ਦੇ ਵਿੱਚ ਕੀ ਭੇਦ ਹੈ ਇਸ ਨੂੰ ਸਮਝਣ ਲਈ ਉਸ ਮਨੁੱਖ ਨੂੰ ਸਮਝ ਹੀ ਨਹੀਂ ਪਈ ਭਾਵ ਉਸਨੂੰ ਸੱਚ ਦੀ ਸਮਝ ਹੀ ਨਹੀਂ ਪਈ ਕਿ ਇਸ ਸੰਸਾਰ ਦਾ ਸੱਚ ਕੀ ਹੈ, ਸਚੁ ਰੂਪ ਪ੍ਰਮਾਤਮਾ ਕੀ

ਹੈ। ਜਿੱਥੇ ਸੱਚ ਨਹੀਂ ਹੈ ਭਾਵ ਜਿਸਦੇ ਅੰਦਰ ਉਹ ਸੱਚੀ ਸਮਝ ਨਹੀਂ ਹੈ ਜੋ ਸਚੁ ਰੂਪ ਪ੍ਰਮਾਤਮਾ ਨੂੰ ਆਪਣੇ ਕੋਲੋਂ ਸਮਝ ਸਕੇ, ਉਸਦੇ ਸਚੁ ਰੂਪ ਹੁਕਮ ਨੂੰ ਸਮਝ ਸਕੇ ਜੋ ਉਸਦਾ ਹੁਕਮ ਸਭ ਦੇ ਅੰਦਰ ਇੱਕ ਤਰੀਕੇ ਨਾਲ ਹੀ ਵਰਤ ਰਿਹਾ ਹੈ ਭਾਵ ਮਨ ਦੇ ਵਿੱਚ ਸਮਝ ਪਾਉਂਣ ਦੁਆਰਾ ਵਰਤ ਰਿਹਾ ਹੈ, ਮਨ ਦੇ ਵਿੱਚ ਮਨ ਦੇ ਗਿਆਨ ਦੁਆਰਾ ਵਰਤ ਰਿਹਾ ਹੈ ਜਿਸ ਗਿਆਨ ਦਾ ਸ੍ਰੋਤ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੈ ਇਸ ਗੱਲ ਨੂੰ ਸਮਝੇ ਬਿਨਾਂ ਭਾਵ ਮਨ ਦੇ ਵਿੱਚ ਇਹੋ ਜਿਹੀ ਸੱਚੀ ਸਮਝ ਪਏ ਬਿਨਾਂ ਜੋ ਮਨ ਦੇ ਵਿੱਚ ਸੱਚੀ ਸਮਝ ਸਚੁ ਰੂਪ ਪ੍ਰਮਾਤਮਾ, ਨਾਮ ਰੂਪ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਸ ਦੁਆਰਾ ਉਹ ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ, ਆਪਣੀ ਸੱਚੀ ਭਗਤੀ ਦੀ ਸਮਝ ਹੀ ਪਾਉਂਦਾ ਹੈ ਜੋ ਉਸਦੀ ਭਗਤੀ ਦਾ ਮਾਰਗ, ਉਸਦਾ ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਮਨ ਦੇ ਵਿੱਚ ਇਹੋ ਜਿਹੀ ਸੱਚੀ ਸਮਝ ਪਏ ਬਿਨਾਂ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਆਪ ਪ੍ਰਗਟ ਹੋ ਕੇ ਇਹੋ ਜਿਹੀ ਸੱਚੀ ਸਮਝ ਪਾਏ ਬਿਨਾਂ ਹਰ ਕੋਈ ਮਨ ਦੇ ਭਰਮ ਵਿੱਚ ਹੀ ਹੈ ਭਾਵ ਪ੍ਰਮਾਤਮਾ ਦੀ ਅਸਲੀਅਤ ਨੂੰ ਜਾਨਣ ਬਾਰੇ, ਆਪਣੇ ਆਪ ਦੀ ਅਸਲੀਅਤ ਜਾਨਣ ਬਾਰੇ, ਇਸ ਸੰਸਾਰ ਦੀ ਅਸਲੀਅਤ ਨੂੰ ਜਾਨਣ ਬਾਰੇ, ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਬਾਰੇ, ਹਰ ਆਕਾਰ ਰੂਪ ਦੇ ਮਾਲਕ ਨੂੰ ਜਾਨਣ ਬਾਰੇ, ਆਪਣੇ ਅੰਦਰ ਦੀ ਸਮਝ ਦੇ ਮਾਲਕ ਨੂੰ ਜਾਨਣ ਬਾਰੇ, ਗੁਰਮਤਿ ਦੀ ਸੱਚੀ ਸਮਝ ਨੂੰ ਜਾਨਣ ਬਾਰੇ, ਨਾਮ ਨੂੰ ਜਾਨਣ ਬਾਰੇ, ਹਉਮੈ ਨੂੰ ਜਾਨਣ ਬਾਰੇ,

50/6873

ਤ੍ਰੈ ਗੁਣਾਂ ਨੂੰ ਜਾਨਣ ਬਾਰੇ, ਮਾਇਆ ਦੀ ਜੁਗਤਿ ਨੂੰ ਜਾਨਣ ਬਾਰੇ, ਤ੍ਰੈ ਗੁਣਾਂ ਵਿੱਚੋਂ ਨਿਕਲਣਾ ਕੀ ਹੈ ਇਸਨੂੰ ਜਾਨਣ ਬਾਰੇ ਭਾਵ ਚੌਥਾ ਪਦ ਕੀ ਹੈ ਇਸਨੂੰ ਜਾਨਣ ਬਾਰੇ, ਮਨ ਦਾ ਸਹਜ ਕੀ ਹੈ ਇਸਨੂੰ ਜਾਨਣ ਬਾਰੇ, ਪ੍ਰਮਾਤਮਾ ਦੇ ਨਾਲ ਮਨੁੱਖ ਦਾ ਵਿਛੋੜਾ ਕੀ ਹੈ, ਉਸ ਨਾਲ ਮਨੁੱਖ ਦਾ ਪੜਦਾ ਕੀ ਹੈ ਤੇ ਉਸਦੇ ਨਾਲ ਮੇਲ ਕੀ ਹੈ ਭਾਵ ਇਹ ਮਨ ਕੀ ਹੈ, ਮਨ ਦੇ ਅੰਦਰ ਦੀ ਜੋਤਿ ਕੀ ਹੈ ਇਸ ਗੱਲ ਨੂੰ ਸਮਝਣ ਬਾਰੇ ਹਰ ਕੋਈ ਭਰਮ ਵਿੱਚ ਹੀ ਹੈ ਜਿਸ ਭਰਮ ਵਿੱਚ ਪ੍ਰਮਾਤਮਾ ਨੇ ਸਭ ਨੂੰ ਆਪ ਹੀ ਰੱਖਿਆ ਹੋਇਆ ਹੈ। ਮਨ ਦਾ ਇਹ ਭਰਮ ਕੀ ਹੈ ਤੇ ਸੱਚ ਤੇ ਭਰਮ ਵਿੱਚ ਫਰਕ ਕੀ ਹੈ ਇਸ ਗੱਲ ਦੀ ਸੋਝੀ ਵੀ ਮਨ ਦੇ ਵਿੱਚ ਪ੍ਰਗਟ ਹੋ ਕੇ ਸਚੁ ਰੂਪ ਪ੍ਰਮਾਤਮਾ ਆਪ ਹੀ ਪਾਉਂਦਾ ਹੈ ਤੇ ਤਾਂ ਹੀ ਕੋਈ ਇਸ ਗੱਲ ਨੂੰ ਮੰਨ ਸਕਦਾ ਹੈ ਕਿ ਸੱਚ ਤੇ ਭਰਮ ਵਿੱਚ ਕੀ ਫਰਕ ਹੈ। ਜਿੱਥੇ ਭਰਮ ਹੈ ਉੱਥੇ ਝੂਠ ਹੈ ਭਾਵ ਉੱਥੇ ਸੱਚਾਈ ਨਹੀਂ ਹੈ। ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਉਲਟ ਚਲਾਉਂਣ ਵਾਲੇ ਬਹੁਤ ਹਨ, ਅਨੇਕਾਂ ਹੀ ਹਨ ਜੋ ਸਦੀਆਂ ਤੋਂ ਸਾਨੂੰ ਭਰਮਾਂ ਵਿੱਚ ਪਾਉਂਦੇ ਆ ਰਹੇ ਹਨ ਤੇ ਹੁਣ ਵੀ ਪਾ ਰਹੇ ਹਨ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਗੁਰੂ ਨੇ ਸਾਨੂੰ ਆਪਣੇ ਸ਼ਬਦਾਂ ਰਾਹੀਂ ਸੱਚ ਹੀ ਸਮਝਾਇਆ ਹੈ। ਜੋ ਗੱਲ ਗੁਰੂ ਦੇ ਸਮਝਾਏ ਹੋਏ ਸੱਚ ਤੇ ਖਰੀ ਨਹੀਂ ਉਤਰਦੀ ਉਸ ਵਿੱਚ ਭਰਮ ਹੈ ਭਾਵ ਜੇਕਰ ਸਾਡੇ ਉੱਤੇ ਗੁਰੂ ਦੇ ਸੱਚ ਦਾ ਅਸਰ ਨਹੀਂ ਹੁੰਦਾ ਭਾਵ ਜੇਕਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਫਿਰ ਇਹ ਸਾਡਾ ਭਰਮ ਹੈ ਭਾਵ ਸਾਡੇ ਅੰਦਰ ਸੱਚੀ ਸਮਝ ਨਹੀਂ ਹੈ ਜੋ ਸਾਨੂੰ ਵਿਸ਼ਵਾਸ ਦਿਵਾ ਸਕੇ ਕਿ ਗੁਰੂ ਸਾਨੂੰ ਕੇਵਲ ਸੱਚ ਹੀ ਸਮਝਾਉਂਦਾ ਹੈ। ਜੋ ਗੱਲ ਸੱਚ ਨਹੀਂ ਉਹ ਝੂਠ ਹੈ ਜਿਸ ਝੂਠ ਨੂੰ ਮੰਨਣ ਦਾ ਕਾਰਨ ਸਾਡੇ ਅੰਦਰ ਦਾ ਭਰਮ ਹੈ ਭਾਵ ਭਰਮਾਂ ਵਾਲੀ ਸਮਝ ਹੈ। ਗੁਰੂ ਸਾਨੂੰ ਆਪਣੇ ਸ਼ਬਦਾਂ ਰਾਹੀਂ ਬਾਰ-ਬਾਰ ਇਹ ਸਮਝਾ ਰਿਹਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ, ਹਰ ਆਕਾਰ ਰੂਪ ਵਿੱਚ ਵੀ ਉਹ ਆਪ ਹੀ ਹੈ, ਸਾਡੇ ਮਨ ਦੇ ਰੂਪ ਵਿੱਚ ਉਹ ਆਪ ਹੀ ਹੈ ਜੋ ਕਿ ਉਸਦਾ ਜੋਤਿ ਰੂਪ ਹੈ, ਸਾਡੀ ਮਨ ਦੀ ਸਮਝ ਦਾ ਮਾਲਕ ਉਹ ਆਪ ਹੀ ਹੈ ਪਰ ਸਾਡੇ ਮਨ ਦੀ ਸਮਝ ਹੀ ਸਾਨੂੰ ਇਹ ਮੰਨਣ ਨਹੀਂ ਦਿੰਦੀ ਕਿ ਮੇਰੇ ਮਨੁੱਖੀ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਪਰ ਅਸੀਂ ਆਪਣੇ ਮਨੁੱਖੀ ਰੂਪ ਨੂੰ ਆਪਣਾ ਕਹਿਣ ਵਿੱਚ ਹੀ ਸੱਚ ਸਮਝਦੇ ਹਾਂ, ਆਪਣੇ ਮਨ ਦੀ ਸਮਝ ਨੂੰ ਆਪਣੀ ਸਮਝ ਕਹਿਣ ਵਿੱਚ ਹੀ ਸੱਚ ਸਮਝਦੇ ਹਾਂ ਜੋ ਕਿ ਗੁਰੂ ਦੇ ਅਨੁਸਾਰ ਸੱਚ ਨਹੀਂ ਹੈ

50/6874

ਭਾਵ ਅਸੀਂ ਝੂਠੇ ਹਾਂ ਭਾਵ ਸਾਡੇ ਅੰਦਰ ਦੀ ਸਮਝ ਸਾਨੂੰ ਝੂਠੀ ਗੱਲ ਸਮਝਾਉਂਦੀ ਹੈ ਭਾਵ ਸਾਡੇ ਅੰਦਰ ਦੀ ਸਮਝ ਹੀ ਸਾਨੂੰ ਭਰਮ ਵਿੱਚ ਪਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ, ਇਹ ਮਨ ਦੀ ਸਮਝ ਮੇਰੀ ਹੈ, ਇਹ ਧਰਮ ਦੇ ਮਾਰਗ ਦੀ ਸਮਝ ਮੇਰੀ ਹੈ, ਇਹ ਧਰਮ ਦਾ ਪੰਡਿਤ ਮੈਂ ਹਾਂ, ਇਹ ਧਰਮ ਦਾ ਗਿਆਨੀ ਮੈਂ ਹਾਂ, ਇਹ ਧਰਮ ਦਾ ਵਿਦਵਾਨ ਮੈਂ ਹਾਂ, ਮੈਂ ਸੰਤ ਹਾਂ, ਮੈਂ ਸਾਧ ਹਾਂ, ਮੈਂ ਬ੍ਰਹਮ ਗਿਆਨੀ ਹਾਂ ਜਿਨ੍ਹਾਂ ਗੱਲਾਂ ਦਾ ਅਸੀਂ ਉੱਚਾ ਮਾਣ ਲੈਂਦੇ ਹਾਂ, ਆਪਣੇ ਮੈਂ ਦਾ ਮਾਣ ਲੈਂਦੇ ਹਾਂ ਭਾਵ ਆਪਣੀ ਹਉਮੈ ਹੀ ਉੱਚੀ ਕਰਦੇ ਹਾਂ। ਜਿਸਨੂੰ ਹਉਮੈ ਦੀ ਸਮਝ ਹੈ ਉਹ ਕਦੇ ਆਪ ਮਾਣ ਲੈ ਲਵੇ ਇਹ ਮੁਮਕਿਨ ਹੀ ਨਹੀਂ ਹੈ। ਹਰ ਮਾਣ ਉਸ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਹੈ ਜੋ ਪੂਰੇ ਗਿਆਨ ਦਾ ਮਾਲਕ ਹੈ ਤੇ ਆਪਣੇ ਗੁਰੂ ਰੂਪ ਵਿੱਚ ਆਪ ਹੀ ਸੰਤ ਹੈ, ਆਪ ਹੀ ਸਾਧ ਹੈ, ਆਪ ਹੀ

ਗਿਆਨੀ ਹੈ, ਆਪ ਹੀ ਬ੍ਰਹਮ ਗਿਆਨੀ ਹੈ ਜੋ ਪੂਰਨ ਗਿਆਨ ਦਾ ਮਾਲਕ ਹੈ। ਉਸ ਗਿਆਨ ਦੇ ਮਾਲਕ ਨੂੰ ਜਾਣੇ ਬਿਨਾਂ ਹੀ ਕੋਈ ਆਪਣੇ ਆਪ ਨੂੰ ਸੰਤ, ਸਾਧ ਆਦਿ ਅਖਵਾ ਸਕਦਾ ਹੈ, ਗਿਆਨੀ, ਬ੍ਰਹਮ ਗਿਆਨੀ ਆਦਿ ਅਖਵਾ ਸਕਦਾ ਹੈ, ਵਿਦਵਾਨ ਅਖਵਾ ਸਕਦਾ ਹੈ। ਇਹ ਮਨ ਦਾ ਭਰਮ ਹੈ ਜਿਸ ਭਰਮ ਵਿੱਚੋਂ ਨਿਕਲੇ ਬਿਨਾਂ ਹੀ ਕੋਈ ਆਪਣੀ ਵਡਿਆਈ ਲੈ ਸਕਦਾ ਹੈ ਜੋ ਕਿ ਝੂਠੀ ਵਡਿਆਈ ਹੈ ਭਾਵ ਇਹੋ ਜਿਹੀਆਂ ਵਡਿਆਈਆਂ ਲੈਣ ਵਾਲੇ ਵੀ ਝੂਠੇ ਹਨ ਭਾਵ ਭਰਮ ਵਿੱਚ ਹਨ ਤੇ ਇਹੋ ਜਿਹਿਆਂ ਨੂੰ ਵਡਿਆਈਆਂ ਦੇਣ ਵਾਲੇ ਵੀ ਝੂਠੇ ਹਨ ਭਾਵ ਭਰਮ ਵਿੱਚ ਹਨ ਭਾਵ ਵਡਿਆਈਆਂ ਲੈਣ ਵਾਲਿਆਂ ਨੂੰ ਵੀ ਸੱਚ ਦੀ ਸਮਝ ਨਹੀਂ ਹੈ ਤੇ ਇਹੋ ਜਿਹਿਆਂ ਨੂੰ ਵਡਿਆਈਆਂ ਦੇਣ ਵਾਲਿਆਂ ਨੂੰ ਸੱਚ ਦੀ ਸਮਝ ਹੀ ਨਹੀਂ ਹੈ। ਸੱਚ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਸਚੁ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਜੋ ਵੀ ਕਿਸੇ ਦੀ ਗੱਲ ਸਚੁ ਰੂਪ ਗੁਰੂ ਦੀ ਮਤਿ ਤੇ ਪੂਰੀ ਨਹੀਂ ਉਤਰਦੀ ਉਸ ਵਿੱਚ ਸੱਚ ਹੋ ਹੀ ਨਹੀਂ ਸਕਦਾ ਭਾਵ ਉਹ ਗੱਲ ਝੂਠ ਹੈ ਭਾਵ ਉਸ ਵਿੱਚ ਭਰਮ ਹੈ। ਪ੍ਰਮਾਤਮਾ ਦੇ ਨਾਲ ਸਾਡਾ ਮਨ ਦੇ ਵਿੱਚ ਪੜਦਾ ਵੀ ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਹੀ ਹੈ, ਹਉਮੈ ਦੇ ਰੂਪ ਵਿੱਚ ਹੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਹੀ ਹੈ ਜਿਸ ਵਿੱਚੋਂ ਨਿਕਲੇ ਬਿਨਾਂ ਕੋਈ ਸੱਚ ਨੂੰ ਜਾਣ ਸਕੇ, ਸੱਚ ਦੇ ਮਾਲਕ ਨੂੰ ਜਾਣ ਸਕੇ, ਗੁਰੂ ਪ੍ਰਮਾਤਮਾ ਨੂੰ ਜਾਣ ਸਕੇ, ਗੁਰਬਾਣੀ ਦੇ ਅੰਦਰ ਦੇ ਸੱਚ ਨੂੰ ਜਾਣ ਸਕੇ, ਸ਼ਬਦਾਂ ਦੇ ਅੰਦਰ ਦੀ ਵਿਚਾਰ ਦੇ ਸੱਚ ਨੂੰ ਜਾਣ ਸਕੇ ਭਾਵ ਨਾਮ ਨੂੰ ਜਾਣ ਸਕੇ ਭਾਵ ਨਾਮ ਦੇ ਮਾਲਕ ਸਚੁ ਰੂਪ ਪ੍ਰਮਾਤਮਾ ਨੂੰ ਜਾਣ

50/6875

ਸਕੇ, ਇਸ ਸ੍ਰਿਸ਼ਟੀ ਦੇ ਮਾਲਕ ਸਚੁ ਰੂਪ ਪ੍ਰਮਾਤਮਾ ਨੂੰ ਜਾਣ ਸਕੇ ਇਹ ਹੋ ਹੀ ਨਹੀਂ ਸਕਦਾ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਜਿਸ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ, ਇਹੀ ਗੱਲ ਸਮਝਾਈ ਹੋਈ ਹੈ। ਕੇਵਲ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਨ ਦੀ ਲੋੜ ਹੈ ਭਾਵ ਸੱਚ ਤੇ ਵਿਸ਼ਵਾਸ ਕਰਨ ਦੀ ਲੋੜ ਹੈ, ਗੁਰੂ ਦੇ ਸੱਚੇ ਗਿਆਨ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਜਿਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਭਾਵ ਨਾਮ ਦੇ ਰੂਪ ਵਿੱਚ ਹੀ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਨਾਮ ਰੂਪ ਪ੍ਰਮਾਤਮਾ ਆਪ ਹੈ, ਸਚੁ ਰੂਪ ਪ੍ਰਮਾਤਮਾ ਆਪ ਹੈ। ਆਉ ਸਾਨੂੰ ਭਰਮਾਂ ਵਿੱਚ ਪਾਉਂਣ ਵਾਲਿਆਂ ਦੀ ਸਮਝ ਵਿੱਚੋਂ ਨਿਲਕੀਏ ਭਾਵ ਸੱਚ ਦੇ ਉਲਟ ਸਮਝਾਉਂਣ ਵਾਲਿਆਂ ਦੀ ਸਮਝ ਵਿੱਚੋਂ ਨਿਕਲੀਏ ਤੇ ਸੱਚ ਨਾਲ ਜੁੜੀਏ ਭਾਵ ਗੁਰੂ ਦੇ ਨਾਮ ਨਾਲ ਜੁੜੀਏ ਕਿਉਂਕਿ ਗੁਰੂ ਦਾ ਸਮਝਾਇਆ ਹੋਇਆ ਸੱਚ ਹੀ ਨਾਮ ਹੈ ਤੇ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣਾ ਹੀ ਭਾਵ ਉਸਤੇ ਅਮਲ ਕਰਨਾ ਹੀ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦਾ ਨਾਮ ਜਪਣ ਲਈ ਮਨ ਦੇ ਭਰਮਾਂ ਨੂੰ ਹੀ ਛੱਡਣ ਦੀ ਲੋੜ ਹੈ, ਮਨ ਦੀ ਝੂਠੀ ਸਮਝ ਨੂੰ ਹੀ ਛੱਡਣ ਦੀ ਲੋੜ ਹੈ, ਮਨਮਤਿ ਛੱਡਣ ਦੀ ਹੀ ਲੋੜ ਹੈ, ਹਉਮੈ ਛੱਡਣ ਦੀ ਹੀ ਲੋੜ ਹੈ ਜਿਸਨੂੰ ਛੱਡੇ ਬਿਨਾਂ ਭਾਵ ਭਰਮਾਂ ਵਾਲੀ ਸਮਝ ਨੂੰ ਛੱਡੇ ਬਿਨਾਂ ਕੋਈ ਸੱਚ ਵਾਲਾ ਨਹੀਂ ਬਣ ਸਕਦਾ, ਗੁਰੂ ਦੇ ਨਾਮ ਨੂੰ ਮੰਨਣ ਵਾਲਾ ਨਹੀਂ ਬਣ ਸਕਦਾ ਭਾਵ ਗੁਰਮਤਿ ਦੀ ਸੱਚੀ ਸਮਝ ਵਾਲਾ ਨਹੀਂ ਬਣ ਸਕਦਾ, ਧਰਮ ਦੇ ਸੱਚੇ ਮਾਰਗ ਦੀ ਸਮਝ ਵਾਲਾ ਨਹੀਂ ਬਣ ਸਕਦਾ ਭਾਵ ਸੱਚ ਦੇ ਮਾਰਗ ਤੇ ਚੱਲਣ ਵਾਲਾ ਨਹੀਂ ਬਣ ਸਕਦਾ ਜੋ ਸੱਚ ਤੇ ਚੱਲਣ ਦਾ ਮਾਰਗ ਹੀ ਸਾਰੇ ਸੰਸਾਰ ਲਈ ਇੱਕੋ ਜਿਹਾ ਧਰਮ ਦਾ ਮਾਰਗ ਹੈ, ਸਾਰੇ ਸੰਸਾਰ ਲਈ ਇੱਕੋ ਜਿਹੀ ਭਗਤੀ ਦਾ ਮਾਰਗ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਜਪਣ ਦਾ ਮਾਰਗ ਹੈ ਜੋ ਨਾਮ ਜਪਣ ਦਾ ਮਾਰਗ ਸਾਨੂੰ ਹਰ ਸੱਚਾ ਧਰਮ ਗ੍ਰੰਥ ਇੱਕੋ ਰੂਪ ਵਿੱਚ ਹੀ ਸਮਝਾਉਂਦਾ ਹੈ। ਵੇਦਾਂ ਸ਼ਾਸਤਰਾਂ ਵਿੱਚ ਵੀ ਨਾਮ ਹੈ, ਕੁਰਾਣ ਵਿੱਚ ਵੀ ਨਾਮ ਹੈ, ਗੀਤਾ ਵਿੱਚ ਵੀ ਨਾਮ ਹੈ, ਬਾਈਬਲ ਵਿੱਚ ਵੀ ਨਾਮ ਹੈ ਜੋ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਉਂਦੇ ਹਨ, ਸੱਚੇ ਸੁੱਚੇ ਕਰਮ ਕਰਨ ਦਾ ਮਾਰਗ ਹੀ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਰਾਹੀਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜੋ ਸਾਨੂੰ ਵੱਖਰੇ ਵੱਖਰੇ ਧਰਮ ਦੇ ਮਾਰਗ ਨਾਲ ਜੋੜਦੇ ਹਨ, ਵੱਖਰੇ ਵੱਖਰੇ ਨਾਮ ਨਾਲ ਜੋੜਦੇ ਹਨ ਉਹ ਕੇਵਲ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਭਾਵ

50/6876

ਗੁਰੂ ਦੇ ਸਮਝਾਏ ਹੋਏ ਸੱਚ ਤੋਂ ਉਲਟ ਹੀ ਸਮਝਾਉਂਦੇ ਹਨ ਜਿਸ ਕਰਕੇ ਇਹੋ ਜਿਹਿਆਂ ਦੀ ਬਾਣੀ ਰਾਹੀਂ ਬਾਰ-ਬਾਰ ਨਿਖੇਧੀ ਕੀਤੀ ਹੋਈ ਹੈ ਭਾਵ ਗੁਰੂ ਦੀ ਸੱਚੀ ਮਤਿ ਨੇ ਝੂਠੀ ਮਤਿ ਵਾਲਿਆਂ ਦੀ, ਭਰਮਾਂ ਵਾਲੀ ਮਤਿ ਵਾਲਿਆਂ ਦੀ ਨਿਖੇਧੀ ਕੀਤੀ ਹੋਈ ਹੈ ਤੇ ਜੇਕਰ ਅਸੀਂ ਗੁਰੂ ਦੇ ਸੱਚ ਨਾਲ ਜੁੜਨਾ ਚਾਹੁੰਦੇ ਹਾਂ ਭਾਵ ਜੇਕਰ ਅਸੀਂ ਗੁਰੂ ਦਾ ਸੱਚਾ ਨਾਮ ਜਪਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਭਰਮ ਪਾਉਂਣ ਵਾਲਿਆਂ ਦੀ ਮਤਿ ਵਿੱਚੋਂ ਨਿਕਲਣਾ ਹੀ ਪਵੇਗਾ ਭਾਵੇਂ ਅਸੀਂ ਮਨ ਦੀ ਨਾਸਮਝੀ ਕਰਕੇ ਭਾਵ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਉਹਨਾਂ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਉੱਚੇ ਵਿਦਵਾਨ ਮੰਨਿਆ ਹੋਇਆ ਹੈ। ਜਿਸਦੀ ਮਤਿ ਗੁਰੂ ਦੀ

ਮਤਿ ਤੇ ਪੂਰੀ ਨਹੀਂ ਉਤਰਦੀ ਉਸਨੂੰ ਧਰਮ ਦਾ ਵਿਦਵਾਨ ਅਖਵਾਉਂਣ ਦਾ ਹੱਕ ਕਿਸਨੇ ਦਿੱਤਾ ਹੈ ਭਾਵ ਭਰਮਾਂ ਵਾਲੀ ਸਮਝ ਨੇ ਜੋ ਭਰਮਾਂ ਵਾਲੀ ਸਮਝ ਸਾਨੂੰ ਸੱਚ ਦੇ ਉਲਟ ਸਮਝਾਕੇ ਝੂਠ ਨੂੰ ਹੀ ਸੱਚ ਸਮਝਾਉਂਦੀ ਹੈ ਭਾਵ ਝੂਠ ਨੂੰ ਹੀ ਸੱਚ ਸਮਝਣ ਤੇ ਮਜਬੂਰ ਕਰਦੀ ਹੈ। ਇਹੀ ਤਾਂ ਸਾਡੇ ਅੰਦਰ ਦਾ ਮਾਇਆ ਛੱਲ ਹੈ, ਮਾਇਆ ਦਾ ਕਪਟ ਹੈ, ਮਾਇਆ ਦਾ ਧੋਖਾ ਹੈ ਜਿਸ ਮਾਇਆ ਦੇ ਛੱਲ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਸ ਮਾਇਆ ਦੇ ਛੱਲ ਤੋਂ ਬਾਹਰ ਧਰਮ ਦੇ ਵਿਦਵਾਨ ਅਖਵਾਉਂਣ ਵਾਲੇ ਵੀ ਨਹੀਂ ਹਨ ਭਾਵ ਇਹ ਮਾਇਆ ਦਾ ਛੱਲ ਹੀ ਉਹਨਾਂ ਨੂੰ ਇਹ ਸਮਝਾਉਂਦਾ ਹੈ ਕਿ ਮੈਂ ਧਰਮ ਦਾ ਗਿਆਤਾ ਹਾਂ, ਮੈਂ ਜੋ ਵੀ ਸਰੀਰਕ ਜਪ ਤਪ ਆਦਿ ਕਰ ਰਿਹਾ ਹਾਂ, ਜਿਹੋ ਜਿਹਾ ਨਾਮ ਜਪ ਰਿਹਾ ਹਾਂ ਇਹੀ ਧਰਮ ਦਾ ਸੱਚਾ ਮਾਰਗ ਹੈ ਭਾਵ ਇਹ ਮਾਇਆ ਦਾ ਛੱਲ ਸਾਡੇ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਹੈ ਜੋ ਸਾਡੇ ਅੰਦਰ ਆਪ ਹੀ ਝੂਠੀ ਸਮਝ ਪਾਉਂਦੀ ਹੈ ਤੇ ਉਹ ਝੂਠੀ ਸਮਝ ਨੂੰ ਹੀ ਸੱਚ ਕਹਿ ਕੇ ਸਮਝਾਉਂਦੀ ਹੈ। ਬਹੁਤ ਔਖਾ ਹੈ ਇਸ ਮਨ ਨੂੰ ਸਮਝਣਾ ਜਿਸ ਮਨ ਨੂੰ ਸਮਝੇ ਬਿਨਾਂ ਭਾਵ ਮਨ ਦੀ ਸਮਝ ਨੂੰ ਸਮਝੇ ਬਿਨਾਂ, ਮਨ ਦੀ ਜੋਤਿ ਰੂਪ ਨੂੰ ਸਮਝੇ ਬਿਨਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣੇ ਬਿਨਾਂ ਕੋਈ ਮਾਇਆ ਦੇ ਛੱਲ ਵਿੱਚੋਂ ਨਿਕਲ ਸਕੇ, ਮਾਇਆ ਦੇ ਛੱਲ ਨੂੰ ਸਮਝ ਸਕੇ ਕਿ ਇਹ ਮਾਇਆ ਦਾ ਛੱਲ ਕੀ ਹੈ ਜਿਸ ਮਾਇਆ ਦੇ ਛੱਲ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਉਸ ਵਿੱਚੋਂ ਨਿਕਲੇ ਬਿਨਾਂ ਕੋਈ ਸੱਚ ਨੂੰ ਸਮਝ ਸਕੇ, ਨਾਮ ਨੂੰ ਸਮਝ ਸਕੇ, ਆਪਣੇ ਅੰਦਰੋਂ ਪ੍ਰਮਾਤਮਾ ਦੇ ਜੋਤਿ ਰੂਪ ਨੂੰ ਸਮਝ ਸਕੇ ਇਹ ਨਾਮੁਮਕਿਨ ਹੈ। ਆਪਣਾ ਸਚੁ ਰੂਪ

50/6877

ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਸਮਝਾਉਂਦਾ ਹੈ, ਪੂਰੇ ਸੰਸਾਰ ਵਿੱਚ, ਅਰਬਾਂ-ਖਰਬਾਂ ਵਿੱਚੋਂ ਕਦੇ ਹੀ ਕਿਸੇ ਨੂੰ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ, ਗੁਰੂ ਸਾਹਿਬਾਨ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਆਪਣਾ ਸੱਚ ਸਮਝਾਇਆ ਹੈ ਤੇ ਉਹਨਾਂ ਨੇ ਹੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਪੂਰੇ ਸੰਸਾਰ ਨੂੰ ਪ੍ਰਮਾਤਮਾ ਦਾ ਪੂਰਨ ਸੱਚ ਸਮਝਾਇਆ ਹੈ ਤੇ ਉਸ ਸਚੁ ਰੂਪ ਪ੍ਰਮਾਤਮਾ ਨੂੰ ਪਾਉਂਣ ਦਾ ਤਰੀਕਾ ਕੀ ਹੈ ਜੋ ਤਰੀਕਾ ਗੁਰੂ ਗੁਰਬਾਣੀ ਰਾਹੀਂ, ਗੁਰੂ ਗ੍ਰੰਥ ਸਾਹਿਬ ਰਾਹੀਂ ਸ਼ਬਦਾਂ ਦੀ ਵਿਚਾਰ ਦੇ ਸੱਚੇ ਵਿਚਾਰਾਂ ਨੂੰ ਮੰਨ ਕੇ ਤੇ ਉਨ੍ਹਾਂ ਅਨੁਸਾਰ ਚੱਲਣ ਦਾ ਹੀ ਹੈ ਤੇ ਉਸ ਸਚੁ ਰੂਪ ਪ੍ਰਮਾਤਮਾ ਨੂੰ ਪਾਉਂਣ ਦਾ ਹੋਰ ਕੋਈ ਤਰੀਕਾ ਨਹੀਂ ਹੈ, ਨਹੀਂ ਹੈ, ਨਹੀਂ ਹੈ ਤੇ ਸੱਚ ਤੇ ਚੱਲਣ ਲਈ ਭਰਮਾਂ ਵਾਲੀ ਸਮਝ ਨੂੰ ਛੱਡਣਾ ਹੀ ਪਵੇਗਾ, ਭਰਮ ਪਾਉਂਣ ਵਾਲਿਆ ਦੀ ਸਮਝ ਨੂੰ ਛੱਡਣਾ ਹੀ ਪਵੇਗਾ ਭਾਵੇਂ ਮਨ ਦੇ ਭਰਮ ਕਰਕੇ ਉਸਨੂੰ ਜਿਤਨਾ ਮਰਜੀ ਉੱਚਾ ਸਮਝ ਲਿਆ ਹੋਵੇ। ਸੱਚ ਤੇ ਚੱਲਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਭਾਵ ਗੁਰੂ ਦਾ ਨਾਮ ਜਪਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ, ਆਪਣੀ ਮਤਿ ਨੂੰ ਛੱਡਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਭਾਵ ਆਪਣਾ ਆਪ ਤਿਆਗਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਭਾਵ ਆਪਣਾ ਆਪ ਗੁਰੂ ਨੂੰ ਸਉਂਪਣਾ, ਆਪਣੀ ਮਤਿ ਗੁਰੂ ਨੂੰ ਸਉਂਪਣਾ, ਆਪਣੀ ਹਉਮੈ ਨੂੰ ਛੱਡਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ, ਆਪਣਾ ਮਾਣ ਛੱਡਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਮੰਨ ਕੇ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਣਾ, ਮਨ ਦੇ ਮਾਇਆ ਮੋਹ ਵਿੱਚੋਂ ਨਿਕਲਣਾ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਭਾਵ ਇਸੇ ਲਈ ਗੁਰੂ ਦਾ ਨਾਮ ਜਪਣਾ ਬਹੁਤ ਔਖਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਅਨੁਸਾਰ ਚੱਲਣਾ ਬਹੁਤ ਔਖਾ ਹੈ।

ਸਾਡੇ ਅੰਦਰ ਮਨ ਦੀ ਮਾਇਆ ਕੀ ਹੈ ਜਿਸ ਮਨ ਦੀ ਮਾਇਆ ਦਾ ਮਕਸਦ ਹੀ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਣਾ ਹੈ, ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਰੱਖਣਾ ਹੈ ਇਸ ਗੱਲ ਨੂੰ ਅਸੀਂ

50/6878

ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੀ ਮਾਇਆ ਜਾਂ ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਜਾਂ ਹਉਮੈ ਵਾਲੀ ਨਾਸਮਝ ਮਤਿ ਜਾਂ ਮਨਮਤਿ ਸਭ ਇੱਕੋ ਹੀ ਗੱਲ ਹੈ ਭਾਵ ਇਨ੍ਹਾਂ ਦਾ ਮਕਸਦ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਣ ਦਾ ਹੈ, ਮਾਇਆ ਦੇ ਛੱਲ ਵਿੱਚ ਪਾ ਕੇ ਰੱਖਣ ਦਾ ਹੈ। ਮਨ ਦੀ ਭਰਮਾਂ ਵਾਲੀ ਸਮਝ ਨੂੰ ਸਮਝਣ ਵਿੱਚ ਤਾਂ ਜੋ ਸਾਡੇ ਅੰਦਰ ਕੋਈ ਭਰਮ ਨਾ ਰਹੇ ਭਾਵ ਸੱਚ ਤੇ ਭਰਮ ਵਿੱਚ ਕੀ ਫਰਕ ਹੈ ਇਸਨੂੰ ਸਮਝਣ ਵਿੱਚ ਕੋਈ ਫਰਕ ਨਾ ਰਹੇ ਇਸ ਗੱਲ ਨੂੰ ਹੇਠ ਦਿੱਤੇ ਕਿਤਨੇ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਵੀ ਸਕਦਾ ਹੈ। ਕੇਵਲ ਹਰ ਸ਼ਬਦ ਨੂੰ ਦਿੱਲ ਲਗਾ ਕੇ, ਧਿਆਨ ਨਾਲ ਪੜਨ ਦੀ ਤੇ ਸਮਝਣ ਦੀ ਲੋੜ ਹੈ। ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਤੇ ਮੰਨਦਾ ਹੀ ਹੈ ਕਿ ਜਿੱਥੇ ਭਰਮ ਹੁੰਦਾ ਹੈ ਉੱਥੇ ਸੱਚ ਨਹੀਂ ਹੁੰਦਾ ਤੇ ਜਿੱਥੇ ਸੱਚ ਹੁੰਦਾ ਹੈ ਉੱਥੇ ਭਰਮ ਨਹੀਂ ਹੁੰਦਾ। ਗੁਰੂ ਸਾਨੂੰ ਸੱਚ ਹੀ ਸਮਝਾਉਂਦਾ ਹੈ ਕਿਉਂਕਿ ਗੁਰੂ ਹਰ ਭਰਮ ਤੋਂ ਰਹਿਤ ਹੈ, ਮਨ ਦੀ ਮਾਇਆ ਤੋਂ ਰਹਿਤ ਹੈ, ਤ੍ਰੈ ਗੁਣਾਂ ਤੋਂ ਰਹਿਤ ਹੈ, ਹਉਮੈ ਤੋਂ ਰਹਿਤ ਹੈ, ਮਨਮਤਿ ਤੋਂ ਰਹਿਤ ਹੈ ਭਾਵ ਮਨ ਦੀ ਅਗਿਆਨਤਾ ਤੋਂ ਪੂਰੀ ਤਰ੍ਹਾਂ ਰਹਿਤ ਹੈ ਕਿਉਂਕਿ ਗੁਰੂ ਚੌਥੇ ਪਦ ਦੀ ਸਮਝ ਵਾਲਾ ਹੈ, ਨਾਮ ਦੀ ਸਮਝ ਵਾਲਾ ਹੈ ਭਾਵ ਸੱਚ ਦੀ ਸਮਝ ਵਾਲਾ ਹੈ। ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ। ਜੇਕਰ ਗੁਰੂ ਸਾਨੂੰ ਇਹ ਸਮਝਾਉਂਦਾ ਹੈ ਕਿ ਸੰਸਾਰ ਦਾ ਸਭ ਤੋਂ ਵੱਡਾ ਸੱਚ ਹੀ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੈ ਤੇ ਜਿਸਨੂੰ ਗੁਰੂ ਦੀ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ, ਉਸ ਗੱਲ ਤੇ ਵਿਸ਼ਵਾਸ ਨਾ ਆਉਣ ਦਾ ਕਾਰਨ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ ਭਾਵ ਮਾਇਆ ਹੈ। ਆਉ ਹੇਠ ਦਿੱਤੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਪੂਰੇ ਵਿਸ਼ਵਾਸ ਨਾਲ ਸਮਝੀਏ ਤੇ ਮੰਨੀਏ ਕਿ ਸੱਚ ਤੇ ਭਰਮ ਵਿੱਚ ਕੀ ਫਰਕ ਹੈ, ਨਾਮ ਤੇ ਹਉਮੈ ਵਿੱਚ ਕੀ ਫਰਕ ਹੈ, ਗੁਰਮਤਿ ਤੇ ਮਨਮਤਿ ਵਿੱਚ ਕੀ ਫਰਕ ਹੈ, ਤ੍ਰੈ ਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਕੀ ਫਰਕ ਹੈ, ਮਨਮੁਖਿ ਤੇ ਗੁਰਮੁਖਿ ਹੋਣ ਵਿੱਚ ਕੀ ਫਰਕ ਹੈ। ਫਰਕ ਮਨ ਦੀ ਸਮਝ ਦਾ ਹੀ ਹੈ। ਜਿਹੜੀ ਸਮਝ ਦੇ ਨਾਲ ਮਨ ਦੇ ਵਿੱਚੋਂ ਸਚੁ ਰੂਪ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ ਉਹ ਸਾਡੀ ਸੱਚੀ ਸਮਝ ਹੈ, ਗੁਰਮਤਿ ਵਾਲੀ ਸਮਝ ਹੈ, ਗੁਰਮੁਖਿ ਵਾਲੀ ਸਮਝ ਹੈ, ਨਾਮ ਵਾਲੀ ਸਮਝ ਹੈ, ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ, ਮਨ ਦੇ ਵਿੱਚ ਸਹਜ ਵਾਲੀ ਅਵਸਥਾ ਵਾਲੀ ਸਮਝ ਹੈ ਜੋ ਮਨ ਦੀ ਸੱਚੀ ਸਮਝ ਹਰ ਭਰਮ ਤੋਂ ਰਹਿਤ ਹੈ, ਧਰਮ ਦੇ ਸੱਚੇ ਮਾਰਗ ਵਾਲੀ ਸਮਝ ਹੈ ਜੋ ਸੱਚੇ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਜਦ ਤਕ ਕਿਸੇ ਦੇ ਅੰਦਰ ਪ੍ਰਮਾਤਮਾ ਆਪਣਾ

50/6879

ਸਚੁ ਰੂਪ ਪ੍ਰਗਟ ਨਹੀਂ ਕਰਦਾ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਪਾਉਂਦਾ ਉਸ ਤੋਂ ਬਿਨਾਂ ਹਰ ਮਨੁੱਖ ਦੀ ਸਮਝ ਭਰਮਾਂ ਵਾਲੀ ਸਮਝ ਹੀ ਹੈ। ਇਹ ਗੁਰਬਾਣੀ ਦਾ ਆਪਣਾ ਫੁਰਮਾਨ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੁਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਦੇ ਹਾਂ ਕਿ ਗੁਰੂ ਗੁਰਬਾਣੀ ਦਾ ਸਾਰੇ ਸੰਸਾਰ ਲਈ ਕੀ ਫੁਰਮਾਣ ਹੈ।

{ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ ॥
ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ ॥੧੦॥
ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥
ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥੧੧॥}

(ਅੰਗ ੪੩੫)

{ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥
ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥}

(ਅੰਗ ੪੩੫)

{ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥
ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥੧॥ ਮਨਿ ਤਨਿ ਬਾਛੀਐ ਜਨ ਧੂਰਿ ॥
ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ ॥੧॥ ਰਹਾਉ ॥
ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥੨॥
ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥}

(ਅੰਗ ੫੦੨)

{ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥ ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥
ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥ ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥
ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥੩॥}

(ਅੰਗ ੫੦੯)

{ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥ ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ॥
ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ ॥੧॥ ਮੂੜੇ ਰਾਮੁ ਜਪਹੁ ਗੁਣ ਸਾਰਿ ॥
ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥ ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥
ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥ ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ॥
ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥ ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥}

(ਅੰਗ ੧੯)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ॥ ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ॥੩॥
ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ॥ ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ ॥
ਜਿਨਾ ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ ॥
ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸੁ ॥੪॥੧॥੩੪॥}

(ਅੰਗ ੨੬)

{ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥
ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥
ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥੧॥}

(ਅੰਗ ੫੧੩)

{ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥
ਹਰਿ ਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥੨॥

ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥
ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥੩॥
ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥
ਗੁਰਮਤਿ ਵਿਰਲਾ ਬੂਝੈ ਕੋਇ ॥ ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥}

(ਅੰਗ ੧੬੧)

{ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥
ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥
ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥}

(ਅੰਗ ੫੪੮-੫੪੯)

{ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥
ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਯਾਰੁ ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥}

(ਅੰਗ ੩੧੬)

{ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥ ਆਸਾ ਵਿਚਿ ਸੁਤੇ ਕਈ ਲੋਈ ॥
ਸੋ ਜਾਗੈ ਜਾਗਾਵੈ ਸੋਈ ॥੧॥ ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥
ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ ॥੧॥ ਰਹਾਉ ॥ ਕਲਿ ਕੀਰਤਿ ਸਬਦੁ ਪਛਾਨੁ ॥
ਏਹਾ ਭਗਤਿ ਚੂਕੈ ਅਭਿਮਾਨੁ ॥ ਸਤਿਗੁਰੁ ਸੇਵਿਐ ਹੋਵੈ ਪਰਵਾਨੁ ॥ ਜਿਨਿ ਆਸਾ ਕੀਤੀ ਤਿਸ ਨੋ ਜਾਨੁ ॥੨॥
ਤਿਸੁ ਕਿਆ ਦੀਜੈ ਜਿ ਸਬਦੁ ਸੁਣਾਏ ॥ ਕਰਿ ਕਿਰਪਾ ਨਾਮੁ ਮੰਨਿ ਵਸਾਏ ॥ ਇਹੁ ਸਿਰੁ ਦੀਜੈ ਆਪੁ ਗਵਾਏ॥
ਹੁਕਮੈ ਬੂਝੇ ਸਦਾ ਸੁਖੁ ਪਾਏ ॥੩॥ ਆਪਿ ਕਰੇ ਤੈ ਆਪਿ ਕਰਾਏ ॥ ਆਪੇ ਗੁਰਮੁਖਿ ਨਾਮੁ ਵਸਾਏ ॥
ਆਪਿ ਭੁਲਾਵੈ ਆਪਿ ਮਾਰਗਿ ਪਾਏ ॥ ਸਚੈ ਸਬਦਿ ਸਚਿ ਸਮਾਏ ॥੪॥ ਸਚਾ ਸਬਦੁ ਸਚੀ ਹੈ ਬਾਣੀ ॥
ਗੁਰਮੁਖਿ ਜੁਗਿ ਜੁਗਿ ਆਖਿ ਵਖਾਣੀ ॥ ਮਨਮੁਖਿ ਮੋਹਿ ਭਰਮਿ ਭੋਲਾਣੀ ॥ ਬਿਨੁ ਨਾਵੈ ਸਭ ਫਿਰੈ ਬਉਰਾਣੀ॥੫॥
ਤੀਨਿ ਭਵਨ ਮਹਿ ਏਕਾ ਮਾਇਆ ॥ ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥
ਬਹੁ ਕਰਮ ਕਮਾਵੈ ਦੁਖੁ ਸਬਾਇਆ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ॥੬॥ ਅੰਮ੍ਰਿਤੁ ਮੀਠਾ ਸਬਦੁ ਵੀਚਾਰਿ॥
ਅਨਦਿਨੁ ਭੋਗੇ ਹਉਮੈ ਮਾਰਿ ॥ ਸਹਜਿ ਅਨੰਦਿ ਕਿਰਪਾ ਧਾਰਿ ॥ ਨਾਮਿ ਰਤੇ ਸਦਾ ਸਚਿ ਪਿਆਰਿ ॥੭॥
ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥ ਹਰਿ ਜਪਿ ਪੜੀਐ ਹਉਮੈ ਮਾਰਿ ॥
ਹਰਿ ਜਪੀਐ ਭਇ ਸਚਿ ਪਿਆਰਿ ॥ ਨਾਨਕ ਨਾਮੁ ਗੁਰਮਤਿ ਉਰ ਧਾਰਿ ॥੮॥੩॥੨੫॥}

(ਅੰਗ ੪੨੩-੪੨੪)

{ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ ॥
ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ ॥੧॥ ਮਾਇਆ ਮੋਹ ਭੂਲੋ ਅਵਰੈ ਹੀਤ॥
ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ ॥੧॥ ਰਹਾਉ ॥
ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥੨॥
ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ ॥
ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ ॥੩॥
ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥
ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥੪॥੯॥}

(ਅੰਗ ੬੭੩)

{ਕਾਇਆ ਸੋਧਿ ਤਰੈ ਭਵ ਸਾਗਰੁ ਆਤਮ ਤਤੁ ਵੀਚਾਰੀ ॥੧੩॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥
ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥
ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥
ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥
ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ ॥੧੮॥
ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖਿ ਸਬਦਿ ਬੀਚਾਰੀ ॥੧੯॥
ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ ॥੨੦॥
ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ ॥੨੧॥
ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥੨੨॥
ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥੨੩॥
ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥੨੪॥
ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ ॥੨੫॥੯॥}

(ਅੰਗ ੯੦੮)

{ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥
ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥੨॥}

(ਅੰਗ ੫੫੧)

ਪਉੜੀ ॥

{ਜਦਹੁ ਆਪੇ ਬਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ ਅਵਰੁ ਨ ਦੂਜਾ ਕੀਆ ॥
ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ ॥

ਆਪੇ ਸੇਵ ਬਣਾਈਅਨੁ ਗੁਰਮੁਖਿ ਆਪੇ ਅੰਮ੍ਰਿਤੁ ਪੀਆ ॥
ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ ॥੭॥}

(ਅੰਗ ੫੫੧)

50/6880

{ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥
ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ ॥
ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ ॥ ਸਤਿਗੁਰੁ ਸੇਵਹਿ ਆਪਣਾ ਭਉਜਲੁ ਉਤਰੇ ਪਾਰਿ ॥
ਨਾਨਕ ਗੁਰਮੁਖਿ ਸਚਿ ਸਮਾਵਹਿ ਸਚੁ ਨਾਮੁ ਉਰ ਧਾਰਿ ॥੨॥}

(ਅੰਗ ੮੯)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

{ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ ੬੦੪)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥ ਸੁਣਿ ਪੰਡਿਤ ਕਰਮਾ ਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ॥
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥
ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ ੬੩੫-੬੩੬)

{ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥ ਰੂੜੋ ਰੂੜੋ ਆਖੀਐ ਭਾਈ ਰੂੜੋ ਲਾਲ ਚਲੂਲੁ॥
ਜੇ ਮਨੁ ਹਰਿ ਸਿਉ ਬੈਰਾਗੀਐ ਭਾਈ ਦਰਿ ਘਰਿ ਸਾਚੁ ਅਭੁਲੁ ॥੩॥
ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥
ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥
ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥}

(ਅੰਗ ੬੩੭)

{ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥
ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥
ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ ॥
ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ ॥੧॥}

(ਅੰਗ ੬੫੨)

{ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥
ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥੧॥ ਪ੍ਰਭ ਕੀ ਓਟ ਗਹੀ ਤਉ ਛੂਟੋ ॥

ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ ॥੧॥ ਰਹਾਉ ॥
ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥
ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥੨॥
ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥
ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥੩॥
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥
ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥੪॥
ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ ॥
ਹਰਿ ਹਰਿ ਨਾਮੁ ਨਾਨਕ ਧਨੁ ਪਾਇਆ ਅਪੁਨੈ ਘਰਿ ਲੈ ਆਇਆ ਖਾਟੇ ॥੫॥੧੧॥}

(ਅੰਗ ੬੭੩)

{ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥ ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥
ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥
ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥
ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥}

(ਅੰਗ ੭੨੨)

{ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥
ਤਬ ਏਕੋ ਏਕੰਕਾਰਾ ॥੧॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ॥੧॥ਰਹਾਉ॥
ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥
ਫਲ ਪਾਕੇ ਤੇ ਏਕੰਕਾਰਾ ॥੨॥ ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥ ਓਹੁ ਅਬਿਨਾਸੀ ਬਿਨਸਤ ਨਾਹੀ ॥

ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥}

(ਅੰਗ ੭੩੬)

{ਕਵਨ ਕਾਜ ਮਾਇਆ ਵਡਿਆਈ ॥ ਜਾ ਕਉ ਬਿਨਸਤ ਬਾਰ ਨ ਕਾਈ ॥੧॥
ਇਹੁ ਸੁਪਨਾ ਸੋਵਤ ਨਹੀ ਜਾਨੈ ॥ ਅਚੇਤ ਬਿਵਸਥਾ ਮਹਿ ਲਪਟਾਨੈ ॥੧॥ ਰਹਾਉ ॥
ਮਹਾ ਮੋਹਿ ਮੋਹਿਓ ਗਾਵਾਰਾ ॥ ਪੇਖਤ ਪੇਖਤ ਊਠਿ ਸਿਧਾਰਾ ॥੨॥ ਊਚ ਤੇ ਊਚ ਤਾ ਕਾ ਦਰਬਾਰਾ ॥
ਕਈ ਜੰਤ ਬਿਨਾਹਿ ਉਪਾਰਾ ॥੩॥ ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦॥੧੬॥}

(ਅੰਗ ੭੪੦)

{ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥
ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥
ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ ॥੩॥
ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥
ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥੪॥੬॥}

(ਅੰਗ ੮੦੦)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਣੀਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਣੀਆ ॥੮॥੧॥੪॥}

(ਅੰਗ ੮੩੩)

{ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥
ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥
ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥੨॥}

(ਅੰਗ ੮੫੩)

{ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥ ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥
ਇਨ ਕਉ ਛੋਡਿ ਊਪਰਿ ਜਨ ਬਸੇ ॥੩॥ ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ॥
ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥}

(ਅੰਗ ੮੬੫)

{ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥ ਨਾ ਇਹੁ ਜੋਗੀ ਨਾ ਅਵਧੂਤਾ ॥
ਨਾ ਇਸੁ ਮਾਇ ਨ ਕਾਹੂ ਪੂਤਾ ॥੧॥ ਇਆ ਮੰਦਰ ਮਹਿ ਕੌਨ ਬਸਾਈ ॥
ਤਾ ਕਾ ਅੰਤੁ ਨ ਕੋਊ ਪਾਈ ॥੧॥ ਰਹਾਉ ॥ ਨਾ ਇਹੁ ਗਿਰਹੀ ਨਾ ਓਦਾਸੀ ॥
ਨਾ ਇਹੁ ਰਾਜ ਨ ਭੀਖ ਮੰਗਾਸੀ ॥ ਨਾ ਇਸੁ ਪਿੰਡੁ ਨ ਰਕਤੁ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥੨॥
ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥ ਇਸੁ ਮਰਤੇ ਕਉ ਜੇ ਕੋਊ ਰੋਵੈ ॥

ਜੋ ਰੋਵੈ ਸੋਈ ਪਤਿ ਖੋਵੈ ॥੩॥ ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥
ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥}

(ਅੰਗ ੮੭੧)

{ਗੁਰ ਚਰਣ ਲਾਗਿ ਹਮ ਬਿਨਵਤਾ ਪ੍ਰਭੁ ਕਹ ਜੀਉ ਪਾਇਆ ॥
ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥
ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥
ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥
ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥
ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥
ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥
ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥}

(ਅੰਗ ੪੭੫)

{ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ ॥
ਭਵ ਨਿਧਿ ਤਰਨ ਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ ॥੧॥ ਗੋਬਿੰਦ ਹਮ ਐਸੇ ਅਪਰਾਧੀ॥
ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ ਤਿਸ ਕੀ ਭਾਉ ਭਗਤਿ ਨਹੀ ਸਾਧੀ ॥੧॥ ਰਹਾਉ ॥
ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥
ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥੨॥
ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨ੍ਹੋ ਮੈ ਫੇਰਾ ॥
ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥੩॥ ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥
ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ ॥
ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ ਕਰਉ ਤੁਮ੍ਹਾਰੀ ॥੫॥੮॥}

(ਅੰਗ ੯੭੦-੯੭੧)

50/6881

{ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥ ਨਕਟੀ ਕੋ ਠਨਗਨੁ ਬਾਡਾ ਭੂੰ ॥
ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥ ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥
ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥
ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥ ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥
ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥

ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥}

(ਅੰਗ ੪੭੬)

{ਰਸ ਕਸ ਖਾਏ ਪਿੰਡੁ ਵਧਾਏ ॥ ਭੇਖ ਕਰੈ ਗੁਰ ਸਬਦੁ ਨ ਕਮਾਏ ॥
ਅੰਤਰਿ ਰੋਗੁ ਮਹਾ ਦੁਖੁ ਭਾਰੀ ਬਿਸਟਾ ਮਾਹਿ ਸਮਾਹਾ ਹੇ ॥੧੦॥ ਬੇਦ ਪੜਹਿ ਪੜਿ ਬਾਦੁ ਵਖਾਣਹਿ ॥
ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥ ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥
ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ ਮਨਮੁਖ ਅੰਧੇ ਸਾਦੁ ਨ ਪਾਵਹਿ ॥
ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥ ਮਨਮੁਖ ਦੇਹੀ ਭਰਮੁ ਭਤਾਰੋ ॥
ਦੁਰਮਤਿ ਮਰੈ ਨਿਤ ਹੋਇ ਖੁਆਰੋ ॥ ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥
ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥ ਆਪੇ ਦੇਵੈ ਦੇਵਣਹਾਰਾ ॥
ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥ ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ ॥੧੫॥
ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥ ਸਚਾ ਸਾਹਿਬੁ ਠਾਕੁਰੁ ਮੇਰਾ ॥
ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥}

(ਅੰਗ ੧੦੫੮)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥ ਅੰਤਰਿ ਰਤਨੁ ਮਿਲੈ ਮਿਲਾਇਆ ॥
ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥ ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥
ਆਪੇ ਰੰਗੇ ਰੰਗੁ ਚੜਾਏ ॥ ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥
ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ ॥੬॥
ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥ ਗੁਰਮੁਖਿ ਥਾਪੇ ਥਾਪਿ ਉਥਾਪੇ ॥
ਗੁਰਮੁਖਿ ਜਾਤਿ ਪਤਿ ਸਭੁ ਆਪੇ ॥ ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥}

(ਅੰਗ ੧੧੬-੧੧੭)

{ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰ�ि ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥

ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੧-੯੨)

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥ ਭਾਈ ਰੇ ਗੁਰਮਤਿ ਸਾਚਿ ਰਹਾਉ ॥
ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥
ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥
ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥}

(ਅੰਗ ੩੦)

{ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥
ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥
ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥
ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥}

(ਅੰਗ ੬੬-੬੭)

{ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥੧॥
ਰਾਮੁ ਬਿਸਾਰਿਓ ਹੈ ਅਭਿਮਾਨਿ ॥ ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥
ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥
ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥੨॥੫॥}

(ਅੰਗ ੧੧੨੪)

{ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥}

(ਅੰਗ ੨੬੧)

{ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ॥
ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥੧॥}

(ਅੰਗ ੨੫੯)

{ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥੧॥}

(ਅੰਗ ੨੫੨)

ਪਉੜੀ ॥

{ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥ ਇਆ ਮਾਇਆ ਮਹਿ ਜਨਮਹਿ ਮਰਨਾ ॥
ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਠਾਕੁਰ ਸਦਾ ਅਲਿਪਨਾ ॥੧੧॥}

(ਅੰਗ ੨੫੨)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

{ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥
ਰਾਖੁ ਹੋ ਕਿਰਪਾਲ ॥ ਰਹਾਉ ॥ ਅਨਿਕ ਜਤਨ ਗਵਨੁ ਕਰਉ ॥ ਖਟੁ ਕਰਮ ਜੁਗਤਿ ਧਿਆਨੁ ਧਰਉ ॥
ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧॥ ਸਰਣਿ ਬੰਦਨ ਕਰੁਣਾ ਪਤੇ ॥
ਭਵ ਹਰਣ ਹਰਿ ਹਰਿ ਹਰਿ ਹਰੇ ॥ ਏਕ ਤੂਹੀ ਦੀਨ ਦਇਆਲ ॥ ਪ੍ਰਭ ਚਰਨ ਨਾਨਕ ਆਸਰੋ ॥
ਉਧਰੇ ਭ੍ਰਮ ਮੋਹ ਸਾਗਰ ॥ ਲਗਿ ਸੰਤਨਾ ਪਗ ਪਾਲ ॥੨॥੧॥੨॥}

(ਅੰਗ ੧੧੧੯)

{ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ॥
ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥
ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥
ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥੧॥ ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥
ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥ ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥
ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥੨॥ ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥
ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥ ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥ ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥
ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥੩॥ ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ॥
ਤਿਨ ਘਰੁ ਰਾਖਿਅੜਾ ਜੋ ਅਨਦਿਨੁ ਜਾਗੈ ਰਾਮ ॥ ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ॥
ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥
ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ ॥
ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥ ਖੁਲੀ ਗੰਠਿ ਉਠੋ ਲਿਖਿਆ ਆਇਆ ਰਾਮ ॥
ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ॥ ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥
ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ॥
ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥}

(ਅੰਗ ੧੧੧੦)

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥

ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥}

(ਅੰਗ ੧੧੩੨-੧੧੩੩)

{ਆਸਾੜੁ ਭਲਾ ਸੂਰਜੁ ਗਗਨਿ ਤਪੈ ॥ ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥ ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥}

(ਅੰਗ ੧੧੦੮)

{ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥
ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥
ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥}

(ਅੰਗ ੧੧੦੬)

{ਜਉ ਤੁਮ੍ ਮੋ ਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ ॥
ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ ॥੧॥ ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ ॥
ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਾਈ ਹੈ ॥੧॥ ਰਹਾਉ ॥
ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ ॥
ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥੨॥੫॥}

(ਅੰਗ ੧੧੦੪)

50/6882

{ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ ਮਨਮੁਖ ਅਗਿਆਨੀ ਅੰਧੁ ਅੰਧਾਰਾ ॥
ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥੬॥ ਕਰਮੁ ਹੋਵੈ ਤਾ ਸਤਿਗੁਰੁ ਪਾਏ ॥
ਹਉਮੈ ਮੈਲੁ ਸਬਦਿ ਜਲਾਏ ॥ ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥}

(ਅੰਗ ੧੦੬੭)

{ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥
ਸਤਿਗੁਰ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥੧੩॥ ਪਉਣੁ ਪਾਣੀ ਹੈ ਬੈਸੰਤਰੁ ॥
ਮਾਇਆ ਮੋਹੁ ਵਰਤੈ ਸਭ ਅੰਤਰਿ ॥ ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥
ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥
ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥ ਜਿਨਿ ਉਪਾਏ ਸੋ ਬਿਧਿ ਜਾਣੈ ॥
ਗੁਰਮੁਖਿ ਦੇਵੈ ਸਬਦੁ ਪਛਾਣੈ ॥ ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥}

(ਅੰਗ ੧੦੬੦)

{ਰਈਅਤਿ ਰਾਜੇ ਦੁਰਮਤਿ ਦੋਈ ॥ ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥

ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ ॥੩॥ ਆਵਣੁ ਜਾਣਾ ਰਖੈ ਨ ਕੋਈ ॥
ਜੰਮਣੁ ਮਰਣੁ ਤਿਸੈ ਤੇ ਹੋਈ ॥ ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ ॥੪॥
ਸਚੁ ਸੰਜਮੁ ਸਤਿਗੁਰੁ ਦੁਆਰੈ ॥ ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥ ਹਉਮੈ ਮੋਹੁ ਉਪਜੈ ਸੰਸਾਰਾ ॥
ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥ ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ ॥੬॥
ਸਚਾ ਅਮਰੁ ਸਬਦਿ ਸੁਹਾਇਆ ॥ ਪੰਚ ਸਬਦ ਮਿਲਿ ਵਾਜਾ ਵਾਇਆ ॥
ਸਦਾ ਕਾਰਜੁ ਸਚਿ ਨਾਮਿ ਸੁਹੇਲਾ ਬਿਨੁ ਸਬਦੈ ਕਾਰਜੁ ਕੇਹਾ ਹੇ ॥੭॥ ਖਿਨ ਮਹਿ ਹਸੈ ਖਿਨ ਮਹਿ ਰੋਵੈ ॥
ਦੂਜੀ ਦੁਰਮਤਿ ਕਾਰਜੁ ਨ ਹੋਵੈ ॥ ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥੮॥
ਜੀਵਨ ਮੁਕਤਿ ਗੁਰ ਸਬਦੁ ਕਮਾਏ ॥ ਹਰਿ ਸਿਉ ਸਦ ਹੀ ਰਹੈ ਸਮਾਏ ॥
ਗੁਰ ਕਿਰਪਾ ਤੇ ਮਿਲੈ ਵਡਿਆਈ ਹਉਮੈ ਰੋਗੁ ਨ ਤਾਹਾ ਹੇ ॥੯॥}

(ਅੰਗ ੧੦੫੭-੧੦੫੮)

{ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥ ਪਾਪ ਪੁੰਨ ਵਰਤੈ ਸੰਸਾਰਾ ॥
ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥ ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥
ਕਿਰਤੁ ਨ ਕੋਈ ਮੇਟਣਹਾਰਾ ॥ ਗੁਰ ਕੈ ਸਬਦੇ ਮੋਖ ਦੁਆਰਾ ॥
ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ ॥੭॥
ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ ॥੮॥ ਹਰਿ ਕੈ ਭਾਣੈ ਹਰਿ ਗੁਣ ਗਾਏ ॥
ਸਭਿ ਕਿਲਬਿਖ ਕਾਟੇ ਦੂਖ ਸਬਾਏ ॥ ਹਰਿ ਨਿਰਮਲੁ ਨਿਰਮਲ ਹੈ ਬਾਣੀ ਹਰਿ ਸੇਤੀ ਮਨੁ ਰਾਤਾ ਹੇ ॥੯॥
ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ ॥ ਹਉਮੈ ਮੇਰਾ ਠਾਕਿ ਰਹਾਏ ॥
ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ ॥੧੦॥ ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥
ਆਪੇ ਮੇਲੈ ਗੁਰ ਸਬਦਿ ਵੀਚਾਰਾ ॥ ਆਪੇ ਬਖਸੇ ਸਚੁ ਦ੍ਰਿੜਾਏ ਮਨੁ ਤਨੁ ਸਾਚੈ ਰਾਤਾ ਹੇ ॥੧੧॥
ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ ਗੁਰਮਤਿ ਬੂਝੈ ਕਰਿ ਵੀਚਾਰਾ ॥
ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥੧੨॥}

(ਅੰਗ ੧੦੫੨-੧੦੫੩)

{ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥
ਉਗਵੈ ਦਿਨਸੁ ਆਲੁ ਜਾਲੁ ਸਮ੍ਹਾਲੈ ਬਿਖੁ ਮਾਇਆ ਕੇ ਬਿਸਥਾਰੇ ॥
ਆਈ ਰੈਨਿ ਭਇਆ ਸੁਪਨੰਤਰੁ ਬਿਖੁ ਸੁਪਨੈ ਭੀ ਦੁਖ ਸਾਰੇ ॥੫॥
ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ ॥
ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ ॥੬॥
ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ ॥

ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ ॥੭॥
ਜਗੰਨਾਥ ਸਭਿ ਜੰਤ੍ ਉਪਾਏ ਨਕਿ ਖੀਨੀ ਸਭ ਨਥਹਾਰੇ ॥
ਨਾਨਕ ਪ੍ਰਭੁ ਖਿੰਚੈ ਤਿਵ ਚਲੀਐ ਜਿਉ ਭਾਵੈ ਰਾਮ ਪਿਆਰੇ ॥੮॥੨॥}

(ਅੰਗ ੯੮੧)

{ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥ ਲਿਖੁ ਦਾਤਿ ਜੋਤਿ ਵਡਿਆਈ ॥
ਮਿਲਿ ਮਾਇਆ ਸੁਰਤਿ ਗਵਾਈ ॥੧॥ ਮੂਰਖ ਮਨ ਕਾਹੇ ਕਰਸਹਿ ਮਾਣਾ ॥
ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥ ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥
ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥੨॥ ਸਜੁ ਕਾਇਆ ਪਟੁ ਹਢਾਏ ॥
ਫੁਰਮਾਇਸਿ ਬਹੁਤੁ ਚਲਾਏ ॥ ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥੩॥
ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥
ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ॥੪॥੨॥}

(ਅੰਗ ੯੮੯-੯੯੦)

{ਮੋਹਨੀ ਮੋਹਿ ਲੀਏ ਤ੍ਰੈ ਗੁਨੀਆ ॥ ਲੋਭਿ ਵਿਆਪੀ ਝੂਠੀ ਦੁਨੀਆ ॥
ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ ॥੧॥ ਨਿਰਭਉ ਨਿਰੰਕਾਰੁ ਦਇਅਲੀਆ ॥
ਜੀਅ ਜੰਤ ਸਗਲੇ ਪ੍ਰਤਿਪਲੀਆ ॥੧॥ ਰਹਾਉ ॥ ਏਕੈ ਸ੍ਰਮੁ ਕਰਿ ਗਾਡੀ ਗਡਹੈ ॥ ਏਕਹਿ ਸੁਪਨੈ ਦਾਮੁ ਨ ਛਡਹੈ॥
ਰਾਜੁ ਕਮਾਇ ਕਰੀ ਜਿਨਿ ਥੈਲੀ ਤਾ ਕੈ ਸੰਗਿ ਨ ਚੰਚਲਿ ਚਲੀਆ ॥੨॥ ਏਕਹਿ ਪ੍ਰਾਣ ਪਿੰਡ ਤੇ ਪਿਆਰੀ ॥
ਏਕ ਸੰਚੀ ਤਜਿ ਬਾਪ ਮਹਤਾਰੀ ॥ ਸੁਤ ਮੀਤ ਭ੍ਰਾਤ ਤੇ ਗੁਹਜੀ ਤਾ ਕੈ ਨਿਕਟਿ ਨ ਹੋਈ ਖਲੀਆ ॥੩॥
ਹੋਇ ਅਉਧੂਤ ਬੈਠੇ ਲਾਇ ਤਾਰੀ ॥ ਜੋਗੀ ਜਤੀ ਪੰਡਿਤ ਬੀਚਾਰੀ ॥
ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ ਊਠਿ ਤਿਨਾ ਕੈ ਲਾਗੀ ਪਲੀਆ ॥੪॥
ਕਾਟੇ ਬੰਧਨ ਠਾਕੁਰਿ ਜਾ ਕੇ ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥
ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥੨॥੧੮॥}

(ਅੰਗ ੧੦੦੪)

{ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥ ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥
ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥੨॥
ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥ ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥
ਮੋਹ ਮਗਨ ਮਨੁ ਵਿਆਪਿਆ ਚਿੰਦਾ ॥ ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥੪॥
ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥
ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥ ਛੋਡਿ ਬਹੈ ਤਉ ਛੂਟੈ ਨਾਹੀ ॥
ਜਉ ਸੰਚੈ ਤਉ ਭਉ ਮਨ ਮਾਹੀ ॥ ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ॥੬॥
ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥

ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥
ਕਰਿ ਕਰਿ ਵੇਖੈ ਅਪਣੇ ਜਚਨਾ ॥ ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥੮॥੧॥੭॥}

(ਅੰਗ ੧੦੧੯)

{ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ ॥੯॥ ਕੂੜਿ ਮੁਠੀ ਚਾਲੈ ਬਹੁ ਰਾਹੀ ॥
ਮਨਮੁਖੁ ਦਾਝੈ ਪੜਿ ਪੜਿ ਭਾਹੀ ॥ ਅੰਮ੍ਰਿਤ ਨਾਮੁ ਗੁਰੂ ਵਡ ਦਾਣਾ ਨਾਮੁ ਜਪਹੁ ਸੁਖ ਸਾਰਾ ਹੇ ॥੧੦॥
ਸਤਿਗੁਰੁ ਤੁਠਾ ਸਚੁ ਦ੍ਰਿੜਾਏ ॥ ਸਭਿ ਦੁਖ ਮੇਟੇ ਮਾਰਗਿ ਪਾਏ ॥
ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੇ ॥੧੧॥ ਖੇਹੂ ਖੇਹ ਰਲੈ ਤਨੁ ਛੀਜੈ ॥
ਮਨਮੁਖੁ ਪਾਥਰੁ ਸੈਲੁ ਨ ਭੀਜੈ ॥ ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ ॥੧੨॥
ਮਾਇਆ ਬਿਖੁ ਭੁਇਅੰਗਮ ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥
ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥ ਸਾਕਤ ਮਾਇਆ ਕਉ ਬਹੁ ਧਾਵਹਿ ॥
ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥ ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥
ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉ ਹਾਰਾ ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥ ਸਤਿਗੁਰੁ ਮਿਲੈ ਤ ਮਨੂਆ ਟੇਕੈ ॥
ਰਾਮ ਨਾਮੁ ਦੇ ਸਰਣਿ ਪਰੇਕੈ ॥ ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ ॥੧੬॥
ਰਾਮ ਨਾਮੁ ਸਾਧੂ ਸਰਣਾਈ ॥ ਸਤਿਗੁਰ ਬਚਨੀ ਗਤਿ ਮਿਤਿ ਪਾਈ ॥
ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ ॥੧੭॥੩॥੯॥}

(ਅੰਗ ੧੦੨੯-੧੦੩੦)

{ਸਾਮ ਵੇਦੁ ਰਿਗੁ ਜੁਜਰੁ ਅਥਰਬਣੁ ॥ ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ॥
ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ ॥੯॥ ਸੁੰਨਹੁ ਸਪਤ ਪਾਤਾਲ ਉਪਾਏ ॥
ਸੁੰਨਹੁ ਭਵਣ ਰਖੇ ਲਿਵ ਲਾਏ ॥ ਆਪੇ ਕਾਰਣੁ ਕੀਆ ਅਪਰੰਪਰਿ ਸਭੁ ਤੇਰੋ ਕੀਆ ਕਮਾਇਦਾ ॥੧੦॥
ਰਜ ਤਮ ਸਤ ਕਲ ਤੇਰੀ ਛਾਇਆ ॥ ਜਨਮ ਮਰਣ ਹਉਮੈ ਦੁਖੁ ਪਾਇਆ ॥
ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ ॥੧੧॥}

(ਅੰਗ ੧੦੩੮)

{ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥ ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥
ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥੧੬॥ ਸਤਿਗੁਰ ਤੇ ਪਾਏ ਵੀਚਾਰਾ ॥
ਸੁੰਨ ਸਮਾਧਿ ਸਚੇ ਘਰ ਬਾਰਾ ॥ ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ ॥੧੭॥੫॥੧੭॥}

(ਅੰਗ ੧੦੩੮)

{ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥
ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ ਮਾਇਆ ਮੋਹੁ ਜਗਤੁ ਗੁਬਾਰਾ ॥
ਗੁਰਮੁਖਿ ਬੂਝੈ ਕੋ ਵੀਚਾਰਾ ॥ ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥
ਆਪੇ ਮੇਲੇ ਦੇ ਵਡਿਆਈ ॥ ਗੁਰ ਪਰਸਾਦੀ ਕੀਮਤਿ ਪਾਈ ॥

ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ ॥੩॥ ਹਉਮੈ ਮਾਇਆ ਵਿਚੇ ਪਾਈ ॥
ਮਨਮੁਖ ਭੂਲੇ ਪਤਿ ਗਵਾਈ ॥ ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥
ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥}

(ਅੰਗ ੧੦੪੩-੧੦੪੪)

{ਏਕੋ ਏਕੁ ਵਰਤੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥ ਲਖ ਚਉਰਾਸੀਹ ਜੀਅ ਉਪਾਏ ॥
ਗਿਆਨੀ ਧਿਆਨੀ ਆਖਿ ਸੁਣਾਏ ॥ ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ ॥੨॥
ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥ ਆਪੇ ਜੋੜਿ ਵਿਛੋੜੇ ਆਪੇ ॥
ਆਪੇ ਥਾਪਿ ਉਥਾਪੇ ਆਪੇ ॥ ਸਚਾ ਹੁਕਮੁ ਸਚਾ ਪਾਸਾਰਾ ਹੋਰਨਿ ਹੁਕਮੁ ਨ ਹੋਈ ਹੇ ॥੪॥
ਆਪੇ ਲਾਇ ਲਏ ਸੋ ਲਾਗੈ ॥ ਗੁਰ ਪਰਸਾਦੀ ਜਮ ਕਾ ਭਉ ਭਾਗੈ ॥
ਅੰਤਰਿ ਸਬਦੁ ਸਦਾ ਸੁਖਦਾਤਾ ਗੁਰਮੁਖਿ ਬੂਝੈ ਕੋਈ ਹੇ ॥੫॥ ਆਪੇ ਮੇਲੇ ਮੇਲਿ ਮਿਲਾਏ ॥
ਪੁਰਬਿ ਲਿਖਿਆ ਸੋ ਮੇਟਣਾ ਨ ਜਾਏ ॥ ਅਨਦਿਨੁ ਭਗਤਿ ਕਰੇ ਦਿਨੁ ਰਾਤੀ ਗੁਰਮੁਖਿ ਸੇਵਾ ਹੋਈ ਹੇ ॥੬॥
ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥ ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥
ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ ॥੭॥ ਕਾਇਆ ਕੁਟੰਬੁ ਮੋਹੁ ਨ ਬੂਝੈ ॥
ਗੁਰਮੁਖਿ ਹੋਵੈ ਤ ਆਖੀ ਸੂਝੈ ॥ ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥
ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥
ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥ ਪੰਚ ਦੂਤ ਕਾਇਆ ਸੰਘਾਰਹਿ ॥
ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥ ਗੁਰ ਕੀ ਚਾਲ ਗੁਰੂ ਤੇ ਜਾਪੈ ॥
ਪੂਰਾ ਸੇਵਕੁ ਸਬਦਿ ਸਿਞਾਪੈ ॥ ਸਦਾ ਸਬਦੁ ਰਵੈ ਘਟ ਅੰਤਰਿ ਰਸਨਾ ਰਸੁ ਚਾਖੈ ਸਚੁ ਸੋਈ ਹੇ ॥੧੩॥
ਹਉਮੈ ਮਾਰੇ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰਿ ਧਾਰੇ ॥
ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ ॥੧੪॥ ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ॥
ਗੁਰਮੁਖਿ ਬੂਝੈ ਸਚਿ ਸਮਾਇਆ ॥ ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ ॥੧੫॥
ਆਪੇ ਗੁਣਦਾਤਾ ਬੀਚਾਰੀ ॥ ਗੁਰਮੁਖਿ ਦੇਵਹਿ ਪਕੀ ਸਾਰੀ ॥
ਨਾਨਕ ਨਾਮਿ ਸਮਾਵਹਿ ਸਾਚੈ ਸਾਚੇ ਤੇ ਪਤਿ ਹੋਈ ਹੇ ॥੧੬॥੨॥}

(ਅੰਗ ੧੦੪੪-੧੦੪੫)

{ਏਕੋ ਸੇਵੀ ਸਦਾ ਥਿਰੁ ਸਾਚਾ ॥ ਦੂਜੈ ਲਾਗਾ ਸਭੁ ਜਗੁ ਕਾਚਾ ॥

ਗੁਰਮਤੀ ਸਦਾ ਸਚੁ ਸਾਲਾਹੀ ਸਾਚੇ ਹੀ ਸਾਚਿ ਪਤੀਜੈ ਹੇ ॥੧॥ ਤੇਰੇ ਗੁਣ ਬਹੁਤੇ ਮੈ ਏਕੁ ਨ ਜਾਤਾ ॥
ਆਪੇ ਲਾਇ ਲਏ ਜਗਜੀਵਨੁ ਦਾਤਾ ॥ ਆਪੇ ਬਖਸੇ ਦੇ ਵਡਿਆਈ ਗੁਰਮਤਿ ਇਹੁ ਮਨੁ ਭੀਜੈ ਹੇ ॥੨॥
ਮਾਇਆ ਲਹਰਿ ਸਬਦਿ ਨਿਵਾਰੀ ॥ ਇਹੁ ਮਨੁ ਨਿਰਮਲੁ ਹਉਮੈ ਮਾਰੀ ॥
ਸਹਜੇ ਗੁਣ ਗਾਵੈ ਰੰਗਿ ਰਾਤਾ ਰਸਨਾ ਰਾਮੁ ਰਵੀਜੈ ਹੇ ॥੩॥ ਮੇਰੀ ਮੇਰੀ ਕਰਤ ਵਿਹਾਣੀ ॥
ਮਨਮੁਖਿ ਨ ਬੂਝੈ ਫਿਰੈ ਇਆਣੀ ॥ ਜਮਕਾਲੁ ਘੜੀ ਮੁਹਤੁ ਨਿਹਾਲੇ ਅਨਦਿਨੁ ਆਰਜਾ ਛੀਜੈ ਹੇ ॥੪॥
ਅੰਤਰਿ ਲੋਭੁ ਕਰੈ ਨਹੀ ਬੂਝੈ ॥ ਸਿਰ ਊਪਰਿ ਜਮਕਾਲੁ ਨ ਸੂਝੈ ॥
ਐਥੈ ਕਮਾਣਾ ਸੁ ਅਗੈ ਆਇਆ ਅੰਤਕਾਲਿ ਕਿਆ ਕੀਜੈ ਹੇ ॥੫॥ ਜੋ ਸਚਿ ਲਾਗੇ ਤਿਨ ਸਾਚੀ ਸੋਇ ॥
ਦੂਜੈ ਲਾਗੇ ਮਨਮੁਖਿ ਰੋਇ ॥ ਦੁਹਾ ਸਿਰਿਆ ਕਾ ਖਸਮੁ ਹੈ ਆਪੇ ਆਪੇ ਗੁਣ ਮਹਿ ਭੀਜੈ ਹੇ ॥੬॥
ਗੁਰ ਕੈ ਸਬਦਿ ਸਦਾ ਜਨੁ ਸੋਹੈ ॥ ਨਾਮ ਰਸਾਇਣਿ ਇਹੁ ਮਨੁ ਮੋਹੈ ॥
ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥ ਸਭਨਾ ਵਿਚਿ ਵਰਤੈ ਇਕੁ ਸੋਈ ॥
ਗੁਰ ਪਰਸਾਦੀ ਪਰਗਟੁ ਹੋਈ ॥ ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥੮॥
ਕਿਲਬਿਖ ਦੂਖ ਨਿਵਾਰਣਹਾਰਾ ॥ ਗੁਰਮੁਖਿ ਸੇਵਿਆ ਸਬਦਿ ਵੀਚਾਰਾ ॥
ਸਭੁ ਕਿਛੁ ਆਪੇ ਆਪਿ ਵਰਤੈ ਗੁਰਮੁਖਿ ਤਨੁ ਮਨੁ ਭੀਜੈ ਹੇ ॥੯॥ ਮਾਇਆ ਅਗਨਿ ਜਲੈ ਸੰਸਾਰੇ ॥
ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥ ਅੰਤਰਿ ਸਾਂਤਿ ਸਦਾ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ ॥੧੦॥
ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ ॥ ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥
ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ ॥੧੧॥ ਮਨਮੁਖਿ ਅੰਤਰਿ ਭਗਤਿ ਨ ਹੋਈ ॥
ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ ॥ ਪਵਿਤ੍ਰ ਪਾਵਨ ਸਦਾ ਹੈ ਬਾਣੀ ਗੁਰਮਤਿ ਅੰਤਰੁ ਭੀਜੈ ਹੇ ॥੧੨॥
ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥੧੩॥ ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥ ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥
ਬੇਦ ਬਾਦ ਸਭਿ ਆਖਿ ਵਖਾਣਹਿ ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥
ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤੁ ਪੀਜੈ ਹੇ ॥੧੫॥ ਆਪੇ ਸਾਚਾ ਏਕੋ ਸੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਨਾਮਿ ਰਤੇ ਮਨੁ ਸਾਚਾ ਸਚੋ ਸਚੁ ਰਵੀਜੈ ਹੇ ॥੧੬॥੬॥}

(ਅੰਗ ੧੦੪੯-੧੦੫੦)

{ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ ॥
ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ ਜਿਨਿ ਇਹੁ ਜਗਤੁ ਉਪਾਇਆ॥੧॥ ਮਨ ਰੇ ਕਿਉ ਛੂਟਸਿ ਦੁਖੁ ਭਾਰੀ ॥
ਕਿਆ ਲੇ ਆਵਸਿ ਕਿਆ ਲੇ ਜਾਵਸਿ ਰਾਮ ਜਪਹੁ ਗੁਣਕਾਰੀ ॥੧॥ ਰਹਾਉ ॥
ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ ॥
ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥੨॥
ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥
ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥੩॥
ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥

ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥੪॥੪॥੫॥}

(ਅੰਗ ੧੧੨੬)

{ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥ ਮਾਇਆ ਮਦਿ ਮਾਤਾ ਰਹਿਆ ਸੋਇ ॥
ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥ ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥
ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥ ਸੋ ਜਾਗੈ ਜੋ ਏਕੋ ਜਾਣੈ ॥
ਪਰਕਿਰਤਿ ਛੋਡੈ ਤਤੁ ਪਛਾਣੈ ॥੪॥ ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥
ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥}

(ਅੰਗ ੧੧੨੮)

{ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥ ਹੈ ਨਿਕਟੇ ਅਰੁ ਭੇਦੁ ਨ ਪਾਇਆ ॥
ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥ ਨੇੜੈ ਨੇੜੈ ਸਭੁ ਕੋ ਕਹੈ ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ਰਹਾਉ॥
ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ ॥ ਦਰਬੁ ਹਿਰੈ ਮਿਥਿਆ ਕਰਿ ਖਾਇ ॥
ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥
ਨਿਕਟਿ ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥ ਅੰਤਰਿ ਵਸਤੁ ਦਿਸੰਤਰਿ ਜਾਇ ॥
ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥ ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥
ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥}

(ਅੰਗ ੧੧੩੯)

50/6883

{ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥
ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥}

(ਅੰਗ ੯੨੪)

{ਧਾਇਓ ਰੇ ਮਨ ਦਹ ਦਿਸ ਧਾਇਓ ॥
ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ ॥ ਰਹਾਉ ॥
ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ ਇਕੁ ਮੁਹਤੁ ਨ ਇਹੁ ਮਨੁ ਲਾਇਓ ॥
ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ ॥੧॥
ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ ਮਨਾਇਓ ॥
ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ ॥੨॥
ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ ॥
ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ ॥੩॥

ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥
ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥੪॥
ਕਰਉ ਬੇਨਤੀ ਸਾਧਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ ॥੫॥੧॥੩॥}

(ਅੰਗ ੭੧੨)

{ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥
ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥
ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥
ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥
ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥
ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥
ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥
ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥
ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥}

(ਅੰਗ ੮੩੨)

{ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥੧॥
ਸੋਇ ਰਹੇ ਮਾਇਆ ਮਦ ਮਾਤੇ ॥ ਜਾਗਤ ਭਗਤ ਸਿਮਰਤ ਹਰਿ ਰਾਤੇ ॥੧॥ ਰਹਾਉ ॥
ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥
ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥}

(ਅੰਗ ੩੯੮)

{ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥
ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥੨॥
ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥
ਛੇਦਿ ਅਹੰਬੁਧਿ ਕਰੁਣਾ ਮੈ ਚਿੰਤ ਮੇਟਿ ਪੁਰਖ ਅਨੰਤ ॥੩॥
ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥
ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ ॥੪॥ ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥
ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥੫॥}

(ਅੰਗ ੫੦੯)

{ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥
ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥ ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥
ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ॥
ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥
ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥
ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥}

(ਅੰਗ ੩੫੦)

{ਬਿਆਪਤ ਹਰਖ ਸੋਗ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ ॥
ਬਿਆਪਤ ਧਨ ਨਿਰਧਨ ਪੇਖਿ ਸੋਭਾ ॥ ਮੂਲੁ ਬਿਆਧੀ ਬਿਆਪਸਿ ਲੋਭਾ ॥੧॥
ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ ਰਹਾਉ ॥
ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥
ਬਿਆਪਤ ਹਸਤਿ ਘੋੜੇ ਅਰੁ ਬਸਤਾ ॥ ਬਿਆਪਤ ਰੂਪ ਜੋਬਨ ਮਦ ਮਸਤਾ ॥੨॥
ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥
ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥
ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤਿ ਗਿਰਸਤ ਬਿਆਪਤ ਉਦਾਸਾ ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੮੮॥}

(ਅੰਗ ੧੮੨)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

{ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥ ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ॥

ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥
ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥
ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥
ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਇ ॥੩॥
ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥
ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥
ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥੫॥੧॥੧੧॥}

(ਅੰਗ ੧੧੩੦)

{ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥ ਹਰਿ ਜੀਉ ਸਤਸੰਗਤਿ ਮੇਲਾਇ ॥
ਨਾਨਕ ਤਿਸ ਨੋ ਦੇਇ ਵਡਿਆਈ ਜੋ ਰਾਮ ਨਾਮਿ ਚਿਤੁ ਲਾਇ ॥੧॥ ਰਹਾਉ ॥
ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥
ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ ਉਰਿ ਧਾਰਾ ॥੨॥
ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ ਸੇ ਜਗ ਮਹਿ ਕਾਹੇ ਆਇਆ ॥
ਗੁਰ ਕੀ ਸੇਵਾ ਕਦੇ ਨ ਕੀਨੀ ਬਿਰਥਾ ਜਨਮੁ ਗਵਾਇਆ ॥੩॥ ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ॥
ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ ॥੪॥੨॥੧੨॥}

(ਅੰਗ ੧੧੩੦)

{ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥
ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥੧॥ ਭਗਤੁ ਭਗਤੁ ਕਹੈ ਸਭੁ ਕੋਈ ॥
ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥੧॥ ਰਹਾਉ ॥
ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ ॥
ਜਮਕਾਲੁ ਸਦਾ ਹੈ ਸਿਰ ਊਪਰਿ ਦੂਜੈ ਭਾਇ ਪਤਿ ਖੋਈ ॥੨॥
ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥
ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥੩॥
ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ ਨਾਮਿ ਮਿਲੈ ਵਡਿਆਈ ॥
ਨਾਨਕ ਨਾਮੁ ਜਿਨਾ ਮਨਿ ਵਸਿਆ ਦਰਿ ਸਾਚੈ ਪਤਿ ਪਾਈ ॥੪॥੪॥੧੪॥}

(ਅੰਗ ੧੧੩੧)

{ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ ॥੧॥ ਸਦਾ ਅਨੰਦੁ ਰਾਮ ਰਸਿ ਰਾਤੇ ॥
ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥

ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ ਸਿਰਿ ਸਿਰਿ ਧੰਧੈ ਲਾਏ ॥
ਮਾਇਆ ਮੋਹੁ ਕੀਆ ਜਿਨਿ ਆਪੇ ਆਪੇ ਦੂਜੈ ਲਾਏ ॥੨॥
ਤਿਸ ਨੋ ਕਿਹੁ ਕਹੀਐ ਜੇ ਦੂਜਾ ਹੋਵੈ ਸਭਿ ਤੁਧੈ ਮਾਹਿ ਸਮਾਏ ॥
ਗੁਰਮੁਖਿ ਗਿਆਨੁ ਤਤੁ ਬੀਚਾਰਾ ਜੋਤੀ ਜੋਤਿ ਮਿਲਾਏ ॥੩॥
ਸੋ ਪ੍ਰਭੁ ਸਾਚਾ ਸਦ ਹੀ ਸਾਚਾ ਸਾਚਾ ਸਭੁ ਆਕਾਰਾ ॥
ਨਾਨਕ ਸਤਿਗੁਰਿ ਸੋਝੀ ਪਾਈ ਸਚਿ ਨਾਮਿ ਨਿਸਤਾਰਾ ॥੪॥੫॥੧੫॥}

(ਅੰਗ ੧੧੩੧)

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥
ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥}

(ਅੰਗ ੧੧੩੨-੧੧੩੩)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥
ਹਰਿ ਹਰਿ ਨਾਮੁ ਜਪਹੁ ਬਨਵਾਲੀ ॥
ਕਰਿ ਕਿਰਪਾ ਮੇਲਹੁ ਸਤਸੰਗਤਿ ਤੂਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥
ਗੁਰਮੁਖਿ ਸੇਵਾ ਘਾਲਿ ਜਿਨਿ ਘਾਲੀ ॥ ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥੨॥
ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ ॥ ਵਿਚਿ ਕਾਇਆ ਨਗਰ ਲਧਾ ਹਰਿ ਭਾਲੀ ॥੩॥
ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ ॥ ਜਨ ਨਾਨਕ ਤਾਰਹੁ ਨਦਰਿ ਨਿਹਾਲੀ ॥੪॥੩॥}

(ਅੰਗ ੧੧੩੪)

{ਦੁਬਿਧਾ ਬਉਰੀ ਮਨੁ ਬਉਰਾਇਆ ॥ ਝੂਠੈ ਲਾਲਚਿ ਜਨਮੁ ਗਵਾਇਆ ॥ ਲਪਟਿ ਰਹੀ ਫੁਨਿ ਬੰਧੁ ਨ ਪਾਇਆ॥
ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ ॥੧॥ ਨਾ ਮਨੁ ਮਰੈ ਨ ਮਾਇਆ ਮਰੈ ॥
ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ ॥੧॥ ਰਹਾਉ ॥
ਮਾਇਆ ਸੰਚਿ ਰਾਜੇ ਅਹੰਕਾਰੀ ॥ ਮਾਇਆ ਸਾਥਿ ਨ ਚਲੈ ਪਿਆਰੀ ॥ ਮਾਇਆ ਮਮਤਾ ਹੈ ਬਹੁ ਰੰਗੀ ॥
ਬਿਨੁ ਨਾਵੈ ਕੋ ਸਾਥਿ ਨ ਸੰਗੀ ॥੨॥ ਜਿਉ ਮਨੁ ਦੇਖਹਿ ਪਰ ਮਨੁ ਤੈਸਾ ॥ ਜੈਸੀ ਮਨਸਾ ਤੈਸੀ ਦਸਾ ॥
ਜੈਸਾ ਕਰਮੁ ਤੈਸੀ ਲਿਵ ਲਾਵੈ ॥ ਸਤਿਗੁਰੁ ਪੂਛਿ ਸਹਜ ਘਰੁ ਪਾਵੈ ॥੩॥ ਰਾਗਿ ਨਾਦਿ ਮਨੁ ਦੂਜੈ ਭਾਇ ॥
ਅੰਤਰਿ ਕਪਟੁ ਮਹਾ ਦੁਖੁ ਪਾਇ ॥ ਸਤਿਗੁਰੁ ਭੇਟੈ ਸੋਝੀ ਪਾਇ ॥ ਸਚੈ ਨਾਮਿ ਰਹੈ ਲਿਵ ਲਾਇ ॥੪॥
ਸਚੈ ਸਬਦਿ ਸਚੁ ਕਮਾਵੈ ॥ ਸਚੀ ਬਾਣੀ ਹਰਿ ਗੁਣ ਗਾਵੈ ॥ ਨਿਜ ਘਰਿ ਵਾਸੁ ਅਮਰ ਪਦੁ ਪਾਵੈ ॥

ਤਾ ਦਰਿ ਸਾਚੈ ਸੋਭਾ ਪਾਵੈ ॥੫॥ ਗੁਰ ਸੇਵਾ ਬਿਨੁ ਭਗਤਿ ਨ ਹੋਈ ॥ ਅਨੇਕ ਜਤਨ ਕਰੈ ਜੇ ਕੋਈ ॥
ਹਉਮੈ ਮੇਰਾ ਸਬਦੇ ਖੋਈ ॥ ਨਿਰਮਲ ਨਾਮੁ ਵਸੈ ਮਨਿ ਸੋਈ ॥੬॥ ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ ॥
ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ॥ ਸਬਦੇ ਨਾਮੁ ਰਖੈ ਉਰਿ ਧਾਰਿ ॥ ਸਬਦੇ ਗਤਿ ਮਤਿ ਮੋਖ ਦੁਆਰੁ ॥੭॥
ਅਵਰੁ ਨਾਹੀ ਕਰਿ ਦੇਖਣਹਾਰੋ ॥ ਸਾਚਾ ਆਪਿ ਅਨੂਪੁ ਅਪਾਰੋ ॥
ਰਾਮ ਨਾਮ ਊਤਮ ਗਤਿ ਹੋਈ ॥ ਨਾਨਕ ਖੋਜਿ ਲਹੈ ਜਨੁ ਕੋਈ ॥੮॥੧॥}

(ਅੰਗ ੧੩੪੨)

7164

{ਦਸ ਮਿਰਗੀ ਸਹਜੇ ਬੰਧਿ ਆਨੀ ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥
ਸੰਤਸੰਗਿ ਲੇ ਚੜਿਓ ਸਿਕਾਰ ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥
ਆਖੇਰ ਬਿਰਤਿ ਬਾਹਰਿ ਆਇਓ ਧਾਇ ॥ ਅਹੇਰਾ ਪਾਇਓ ਘਰ ਕੈ ਗਾਂਇ ॥੨॥
ਮ੍ਰਿਗ ਪਕਰੇ ਘਰਿ ਆਣੇ ਹਾਟਿ ॥ ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥
ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥}

(ਅੰਗ ੧੧੩੬)

{ਤਉ ਕੜੀਐ ਜੇ ਹੋਵੈ ਬਾਹਰਿ ॥ ਤਉ ਕੜੀਐ ਜੇ ਵਿਸਰੈ ਨਰਹਰਿ ॥ ਤਉ ਕੜੀਐ ਜੇ ਦੂਜਾ ਭਾਏ ॥
ਕਿਆ ਕੜੀਐ ਜਾਂ ਰਹਿਆ ਸਮਾਏ ॥੧॥ ਮਾਇਆ ਮੋਹਿ ਕੜੇ ਕੜਿ ਪਚਿਆ ॥
ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥੧॥ ਰਹਾਉ ॥ ਤਉ ਕੜੀਐ ਜੇ ਦੂਜਾ ਕਰਤਾ ॥
ਤਉ ਕੜੀਐ ਜੇ ਅਨਿਆਇ ਕੋ ਮਰਤਾ ॥ ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥
ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥੨॥ ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥
ਤਉ ਕੜੀਐ ਜੇ ਭੂਲਿ ਰੰਵਾਣੈ ॥ ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ ॥ ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥੩॥
ਪ੍ਰਭ ਤੂਹੈ ਠਾਕੁਰੁ ਸਭੁ ਕੋ ਤੇਰਾ ॥ ਜਿਉ ਭਾਵੈ ਤਿਉ ਕਰਹਿ ਨਿਬੇਰਾ ॥
ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥ ਰਾਖਹੁ ਪੈਜ ਨਾਨਕ ਸਰਣਾਇ ॥੪॥੫॥੧੮॥}

(ਅੰਗ ੧੧੪੦)

50/6884

{ਚਿਤਵਤ ਪਾਪ ਨ ਆਲਕੁ ਆਵੈ ॥ ਬੇਸੁਆ ਭਜਤ ਕਿਛੁ ਨਹ ਸਰਮਾਵੈ ॥ ਸਾਰੋ ਦਿਨਸੁ ਮਜੂਰੀ ਕਰੈ ॥
ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥੧॥ ਮਾਇਆ ਲਗਿ ਭੂਲੋ ਸੰਸਾਰੁ ॥
ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ ॥੧॥ ਰਹਾਉ ॥
ਪੇਖਤ ਮਾਇਆ ਰੰਗ ਬਿਹਾਇ ॥ ਗੜਬੜ ਕਰੈ ਕਉਡੀ ਰੰਗੁ ਲਾਇ ॥ ਅੰਧ ਬਿਉਹਾਰ ਬੰਧ ਮਨੁ ਧਾਵੈ ॥
ਕਰਣੈਹਾਰੁ ਨ ਜੀਅ ਮਹਿ ਆਵੈ ॥੨॥ ਕਰਤ ਕਰਤ ਇਵ ਹੀ ਦੁਖੁ ਪਾਇਆ ॥ ਪੂਰਨ ਹੋਤ ਨ ਕਾਰਜ ਮਾਇਆ॥
ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥੩॥
ਜਿਸ ਕੇ ਰਾਖੇ ਹੋਇ ਹਰਿ ਆਪਿ ॥ ਹਰਿ ਹਰਿ ਨਾਮੁ ਸਦਾ ਜਪੁ ਜਾਪਿ ॥
ਸਾਧਸੰਗਿ ਹਰਿ ਕੇ ਗੁਣ ਗਾਇਆ ॥ ਨਾਨਕ ਸਤਿਗੁਰੁ ਪੂਰਾ ਪਾਇਆ ॥੪॥੧੫॥੨੮॥}

(ਅੰਗ ੧੧੪੩)

{ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ॥ ਮਿਟਹਿ ਕਲੇਸ ਸੁਖ ਸਹਜਿ ਨਿਵਾਸੁ ॥
ਤਿਸਹਿ ਪਰਾਪਤਿ ਜਿਸੁ ਪ੍ਰਭੁ ਦੇਇ ॥ ਪੂਰੇ ਗੁਰ ਕੀ ਪਾਏ ਸੇਵ ॥੧॥ ਸਰਬ ਸੁਖਾ ਪ੍ਰਭ ਤੇਰੋ ਨਾਉ ॥
ਆਠ ਪਹਰ ਮੇਰੇ ਮਨ ਗਾਉ ॥੧॥ ਰਹਾਉ ॥ ਜੋ ਇਛੈ ਸੋਈ ਫਲੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਆਵਣ ਜਾਣ ਰਹੇ ਹਰਿ ਧਿਆਇ ॥ ਭਗਤਿ ਭਾਇ ਪ੍ਰਭ ਕੀ ਲਿਵ ਲਾਇ ॥੨॥
ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥ ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥
ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥
ਕਰਿ ਕਿਰਪਾ ਅਪਨੀ ਸੇਵਾ ਲਾਇ ॥ ਨਾਨਕ ਦਾਸ ਤੇਰੀ ਸਰਣਾਇ ॥੪॥੩੧॥੪੪॥}

(ਅੰਗ ੧੧੪੮)

{ਜੰਮਣੁ ਮਰਣਾ ਮੋਹੁ ਉਪਾਇਆ ॥ ਆਵਣੁ ਜਾਣਾ ਕਰਤੈ ਲਿਖਿ ਪਾਇਆ ॥
ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ ॥ ਭਗਤਾ ਕਾ ਬੋਲੁ ਆਗੈ ਆਇਆ ॥੧੦॥
ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ ॥ ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥
ਲਖਿਮੀ ਭਉ ਕਰੈ ਨ ਸਾਕੈ ਜਾਇ ॥ ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥੧੧॥
ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥ ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥
ਕਹੈ ਨਾਨਕੁ ਸਭੁ ਕੋ ਕਰੇ ਕਰਾਇਆ ॥ ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ॥
ਭਗਤਾ ਕਾ ਅੰਗੀਕਾਰੁ ਕਰਦਾ ਆਇਆ ॥ ਕਰਤੈ ਅਪਣਾ ਰੂਪੁ ਦਿਖਾਇਆ ॥੧੩॥੧॥੨॥}

(ਅੰਗ ੧੧੫੫)

{ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥ ਬੋਲਨਹਾਰੁ ਪਰਮ ਗੁਰੁ ਏਹੀ ॥੧॥
ਕਹੁ ਰੇ ਮੁਲਾਂ ਬਾਂਗ ਨਿਵਾਜ ॥ ਏਕ ਮਸੀਤਿ ਦਸੈ ਦਰਵਾਜ ॥੧॥ ਰਹਾਉ ॥
ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥ ਭਾਖਿ ਲੇ ਪੰਚੈ ਹੋਇ ਸਬੂਰੀ ॥੨॥
ਹਿੰਦੂ ਤੁਰਕ ਕਾ ਸਾਹਿਬੁ ਏਕ ॥ ਕਹ ਕਰੈ ਮੁਲਾਂ ਕਹ ਕਰੈ ਸੇਖ ॥੩॥
ਕਹਿ ਕਬੀਰ ਹਉ ਭਇਆ ਦਿਵਾਨਾ ॥ ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥੪॥੪॥}

(ਅੰਗ ੧੧੫੮)

{ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥ ਹਰਿ ਗੁਨ ਕਥਤ ਸੁਨਤ ਬਉਰਾਨੋ ॥੧॥
ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥ ਮੈ ਬਿਗਰਿਓ ਬਿਗਰੈ ਮਤਿ ਅਉਰਾ ॥੧॥ ਰਹਾਉ ॥
ਆਪਿ ਨ ਬਉਰਾ ਰਾਮ ਕੀਓ ਬਉਰਾ ॥ ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥
ਮੈ ਬਿਗਰੇ ਅਪਨੀ ਮਤਿ ਖੋਈ ॥ ਮੇਰੇ ਭਰਮਿ ਭੂਲਉ ਮਤਿ ਕੋਈ ॥੩॥
ਸੋ ਬਉਰਾ ਜੋ ਆਪੁ ਨ ਪਛਾਨੈ ॥ ਆਪੁ ਪਛਾਨੈ ਤ ਏਕੈ ਜਾਨੈ ॥੪॥
ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥ ਕਹਿ ਕਬੀਰ ਰਾਮੈ ਰੰਗਿ ਰਾਤਾ ॥੫॥੨॥}

(ਅੰਗ ੮੫੫)

{ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥
ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥
ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥
ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥
ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥}

(ਅੰਗ ੧੧੫੮)

{ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥

ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥}

(ਅੰਗ ੯੯੧)

{ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥
ਤਿਸ ਕੀ ਘਾਲ ਅਜਾਂਈ ਜਾਇ ॥੧॥ ਠਾਕੁਰੁ ਹਮਰਾ ਸਦ ਬੋਲੰਤਾ ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥ ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ॥
ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥੨॥ ਜੇ ਮਿਰਤਕ ਕਉ ਚੰਦਨੁ ਚੜਾਵੈ ॥
ਉਸ ਤੇ ਕਹਹੁ ਕਵਨ ਫਲ ਪਾਵੈ ॥ ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥
ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥ ਕਹਤ ਕਬੀਰ ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ॥
ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥}

(ਅੰਗ ੧੧੬੦)

{ਜਲ ਮਹਿ ਮੀਨ ਮਾਇਆ ਕੇ ਬੇਧੇ ॥ ਦੀਪਕ ਪਤੰਗ ਮਾਇਆ ਕੇ ਛੇਦੇ ॥
ਕਾਮ ਮਾਇਆ ਕੁੰਚਰ ਕਉ ਬਿਆਪੈ ॥ ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥
ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥੧॥ ਰਹਾਉ ॥
ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥ ਸਾਕਰ ਮਾਖੀ ਅਧਿਕ ਸੰਤਾਪੇ ॥ ਤੁਰੇ ਉਸਟ ਮਾਇਆ ਮਹਿ ਭੇਲਾ ॥
ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥੨॥ ਛਿਅ ਜਤੀ ਮਾਇਆ ਕੇ ਬੰਦਾ ॥ ਨਵੈ ਨਾਥ ਸੂਰਜ ਅਰੁ ਚੰਦਾ॥
ਤਪੇ ਰਖੀਸਰ ਮਾਇਆ ਮਹਿ ਸੂਤਾ ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥
ਸੁਆਨ ਸਿਆਲ ਮਾਇਆ ਮਹਿ ਰਾਤਾ ॥ ਬੰਤਰ ਚੀਤੇ ਅਰੁ ਸਿੰਘਾਤਾ ॥ ਮਾਂਜਾਰ ਗਾਡਰ ਅਰੁ ਲੂਬਰਾ ॥
ਬਿਰਖ ਮੂਲ ਮਾਇਆ ਮਹਿ ਪਰਾ ॥੪॥ ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥ ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥}

(ਅੰਗ ੧੧੬੦)

{ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥

ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ ੧੧੬੧-੧੧੬੨)

{ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥
ਗੰਗਾ ਕੀ ਲਹਰਿ ਮੇਰੀ ਟੂਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥
ਕਹਿ ਕੰਬੀਰ ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥}

(ਅੰਗ ੧੧੬੨)

{ਸਗਲ ਭਵਨ ਤੇਰੀ ਮਾਇਆ ਮੋਹ ॥ ਮੈ ਅਵਰੁ ਨ ਦੀਸੈ ਸਰਬ ਤੋਹ ॥
ਤੂ ਸੁਰਿ ਨਾਥਾ ਦੇਵਾ ਦੇਵ ॥ ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥੧॥ ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥
ਗੁਰਮੁਖਿ ਰਾਮ ਨਾਮ ਗੁਨ ਗਾਏ ਤੂ ਅਪਰੰਪਰੁ ਸਰਬ ਪਾਲ ॥੧॥ ਰਹਾਉ ॥
ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ ਬਿਨੁ ਗੁਰ ਮੈਲ ਮਲੀਨ ਅੰਗੁ ॥ ਬਿਨੁ ਹਰਿ ਨਾਮ ਨ ਸੁਧੁ ਹੋਇ ॥
ਗੁਰ ਸਬਦਿ ਸਲਾਹੇ ਸਾਚੁ ਸੋਇ ॥੨॥ ਜਾ ਕਉ ਤੂ ਰਾਖਹਿ ਰਖਨਹਾਰ ॥ ਸਤਿਗੁਰੂ ਮਿਲਾਵਹਿ ਕਰਹਿ ਸਾਰ ॥
ਬਿਖੁ ਹਉਮੈ ਮਮਤਾ ਪਰਹਰਾਇ ॥ ਸਭਿ ਦੂਖ ਬਿਨਾਸੇ ਰਾਮ ਰਾਇ ॥੩॥
ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥
ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥ ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥੪॥੫॥}

(ਅੰਗ ੧੧੬੯)

{ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ ॥ ਆਪੇ ਕਰਤਾ ਕਰੇ ਕਰਾਏ ॥
ਜੋ ਤਿਸੁ ਭਾਵੈ ਤਿਸੈ ਖਵਾਏ ॥੩॥ ਨਾਨਕ ਜਿਸ ਨੋ ਨਦਰਿ ਕਰੇਇ ॥ ਅੰਮ੍ਰਿਤ ਨਾਮੁ ਆਪੇ ਦੇਇ ॥
ਬਿਖਿਆ ਕੀ ਬਾਸਨਾ ਮਨਹਿ ਕਰੇਇ ॥ ਅਪਣਾ ਭਾਣਾ ਆਪਿ ਕਰੇਇ ॥੪॥੧॥}

(ਅੰਗ ੧੧੭੨)

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥
ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥
ਸਾਚਿ ਰਤੇ ਜਿਨ੍ਾ ਧੁਰਿ ਲਿਖਿ ਪਾਇਆ ॥ ਹਰਿ ਕਾ ਨਾਮੁ ਸਦਾ ਮਨਿ ਭਾਇਆ ॥
ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ ਜੋਤੀ ਜੋਤਿ ਮਿਲਾਏ ਸੋਇ ॥੨॥}

(ਅੰਗ ੧੧੭੫)

{ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥ ਪੂਰੈ ਭਾਗਿ ਹਰਿ ਭਗਤਿ ਕਰਾਇ ॥੧॥
ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥ ਇਹੁ ਮਨੁ ਜਲਿਆ ਦੂਜੈ ਦੋਇ ॥੧॥ ਰਹਾਉ ॥
ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥ ਮਾਇਆ ਮੂਠਾ ਸਦਾ ਬਿਲਲਾਇ ॥੨॥
ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥ ਜਮਕਾਲ ਕੀ ਫਿਰਿ ਆਵੈ ਨ ਫੇਟੈ ॥੩॥
ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥ ਨਾਨਕ ਮਾਇਆ ਮੋਹੁ ਸਬਦਿ ਜਲਾਇ ॥੪॥੪॥੧੬॥}

(ਅੰਗ ੧੧੭੬)

{ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥
ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥
ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥
ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥
ਏਕੋ ਏਕੁ ਵਰਤੈ ਹਰਿ ਲੋਇ ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥੪॥੧॥}

(ਅੰਗ ੧੧੭੭)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥}

(ਅੰਗ ੧੧੭੮)

50/6885

{ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥}

(ਅੰਗ ੧੧੮੬)

{ਮਨੁ ਭੂਲਉ ਭਰਮਸਿ ਆਇ ਜਾਇ ॥ ਅਤਿ ਲੁਬਧ ਲੁਭਾਨਉ ਬਿਖਮ ਮਾਇ ॥
ਨਹ ਅਸਥਿਰੁ ਦੀਸੈ ਏਕ ਭਾਇ ॥ ਜਿਉ ਮੀਨ ਕੁੰਡਲੀਆ ਕੰਠਿ ਪਾਇ ॥੧॥
ਮਨੁ ਭੂਲਉ ਸਮਝਸਿ ਸਾਚਿ ਨਾਇ ॥ ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ ॥
ਮਨੁ ਭੂਲਉ ਭਰਮਸਿ ਭਵਰ ਤਾਰ ॥ ਬਿਲ ਬਿਰਥੇ ਚਾਹੈ ਬਹੁ ਬਿਕਾਰ ॥ ਮੈਗਲ ਜਿਉ ਫਾਸਸਿ ਕਾਮਹਾਰ ॥
ਕੜਿ ਬੰਧਨਿ ਬਾਧਿਓ ਸੀਸ ਮਾਰ ॥੨॥ ਮਨੁ ਮੁਗਧੌ ਦਾਦਰੁ ਭਗਤਿਹੀਨੁ ॥ ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥
ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥ ਸਭਿ ਦੂਖ ਸਖਾਈ ਗੁਣਹ ਬੀਨ ॥੩॥
ਮਨੁ ਚਲੈ ਨ ਜਾਈ ਠਾਕਿ ਰਾਖੁ ॥ ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ ॥ ਤੂ ਆਪੇ ਸੁਰਤਾ ਆਪਿ ਰਾਖੁ ॥
ਧਰਿ ਧਾਰਣ ਦੇਖੈ ਜਾਣੈ ਆਪਿ ॥੪॥ ਆਪਿ ਭੁਲਾਏ ਕਿਸੁ ਕਹਉ ਜਾਇ ॥ ਗੁਰੁ ਮੇਲੇ ਬਿਰਥਾ ਕਹਉ ਮਾਇ ॥
ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥ ਸਤਿਗੁਰ ਮਿਲਿਐ ਮਤਿ ਊਤਮ ਹੋਇ॥

ਮਨੁ ਨਿਰਮਲੁ ਹਉਮੈ ਕਢੈ ਧੋਇ ॥ ਸਦਾ ਮੁਕਤੁ ਬੰਧਿ ਨ ਸਕੈ ਕੋਇ ॥ ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥
ਮਨੁ ਹਰਿ ਕੈ ਭਾਣੈ ਆਵੈ ਜਾਇ ॥ ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥ ਸਭੁ ਹੁਕਮੋ ਵਰਤੈ ਹੁਕਮਿ ਸਮਾਇ॥
ਦੂਖ ਸੂਖ ਸਭ ਤਿਸੁ ਰਜਾਇ ॥੭॥ ਤੂ ਅਭੁਲੁ ਨ ਭੂਲੌ ਕਦੇ ਨਾਹਿ ॥ ਗੁਰ ਸਬਦੁ ਸੁਣਾਏ ਮਤਿ ਅਗਾਹਿ ॥
ਤੂ ਮੋਟਉ ਠਾਕੁਰੁ ਸਬਦ ਮਾਹਿ ॥ ਮਨੁ ਨਾਨਕ ਮਾਨਿਆ ਸਚੁ ਸਲਾਹਿ ॥੮॥੨॥}

(ਅੰਗ ੧੧੮੭-੧੧੮੮)

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ ਬੇਦ ਵਖਾਣਿ ਕਹਹਿ ਇਕੁ ਕਹੀਐ ॥
ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ ੧੧੮੮)

{ਚੰਚਲੁ ਚੀਤੁ ਨ ਪਾਵੈ ਪਾਰਾ ॥ ਆਵਤ ਜਾਤ ਨ ਲਾਗੈ ਬਾਰਾ ॥ ਦੂਖੁ ਘਣੋ ਮਰੀਐ ਕਰਤਾਰਾ ॥
ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥੧॥ ਸਭ ਊਤਮ ਕਿਸੁ ਆਖਉ ਹੀਨਾ ॥
ਹਰਿ ਭਗਤੀ ਸਚਿ ਨਾਮਿ ਪਤੀਨਾ ॥੧॥ ਰਹਾਉ ॥ ਅਉਖਧ ਕਰਿ ਥਾਕੀ ਬਹੁਤੇਰੇ ॥
ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥ ਬਿਨੁ ਹਰਿ ਭਗਤੀ ਦੂਖ ਘਣੇਰੇ ॥ ਦੁਖ ਸੁਖ ਦਾਤੇ ਠਾਕੁਰ ਮੇਰੇ ॥੨॥
ਰੋਗੁ ਵਡੋ ਕਿਉ ਬਾਂਧਉ ਧੀਰਾ ॥ ਰੋਗੁ ਬੁਝੈ ਸੋ ਕਾਟੈ ਪੀਰਾ ॥ ਮੈ ਅਵਗਣ ਮਨ ਮਾਹਿ ਸਰੀਰਾ ॥
ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥ ਗੁਰ ਕਾ ਸਬਦੁ ਦਾਰੂ ਹਰਿ ਨਾਉ ॥ ਜਿਉ ਤੂ ਰਾਖਹਿ ਤਿਵੈ ਰਹਾਉ ॥
ਜਗੁ ਰੋਗੀ ਕਹ ਦੇਖਿ ਦਿਖਾਉ ॥ ਹਰਿ ਨਿਰਮਾਇਲੁ ਨਿਰਮਲੁ ਨਾਉ ॥੪॥}

(ਅੰਗ ੧੧੮੯)

{ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥ ਹਰਿ ਸਿਮਰਨ ਬਿਨੁ ਨਰਕਿ ਪਾਹਿ ॥ ਭਗਤਿ ਬਿਹੂਨਾ ਖੰਡ ਖੰਡ ॥
ਬਿਨੁ ਬੂਝੇ ਜਮੁ ਦੇਤ ਡੰਡ ॥੧॥ ਗੋਬਿੰਦ ਭਜਹੁ ਮੇਰੇ ਸਦਾ ਮੀਤ ॥ ਸਾਚ ਸਬਦ ਕਰਿ ਸਦਾ ਪ੍ਰੀਤਿ ॥੧॥ ਰਹਾਉ॥
ਸੰਤੋਖੁ ਨ ਆਵਤ ਕਹੂੰ ਕਾਜ ॥ ਧ੍ਰੂਮ ਬਾਦਰ ਸਭਿ ਮਾਇਆ ਸਾਜ ॥ ਪਾਪ ਕਰੰਤੌ ਨਹ ਸੰਗਾਇ ॥
ਬਿਖੁ ਕਾ ਮਾਤਾ ਆਵੈ ਜਾਇ ॥੨॥ ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥
ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥ ਕਬ ਹੀ ਰਾਜਾ ਕਬ ਮੰਗਨਹਾਰੁ ॥
ਦੂਖ ਸੂਖ ਬਾਧੌ ਸੰਸਾਰ ॥ ਮਨ ਉਧਰਣ ਕਾ ਸਾਜੁ ਨਾਹਿ ॥ ਪਾਪ ਬੰਧਨ ਨਿਤ ਪਉਤ ਜਾਹਿ ॥੪॥
ਈਠ ਮੀਤ ਕੋਊ ਸਖਾ ਨਾਹਿ ॥ ਆਪਿ ਬੀਜਿ ਆਪੇ ਹੀ ਖਾਂਹਿ ॥ ਜਾ ਕੈ ਕੀਨੈ ਹੋਤ ਬਿਕਾਰ ॥
ਸੇ ਛੋਡਿ ਚਲਿਆ ਖਿਨ ਮਹਿ ਗਵਾਰ ॥੫॥ ਮਾਇਆ ਮੋਹਿ ਬਹੁ ਭਰਮਿਆ ॥ ਕਿਰਤ ਰੇਖ ਕਰਿ ਕਰਮਿਆ ॥
ਕਰਣੈਹਾਰੁ ਅਲਿਪਤੁ ਆਪਿ ॥ ਨਹੀ ਲੇਪੁ ਪ੍ਰਭ ਪੁੰਨ ਪਾਪਿ ॥੬॥ ਰਾਖਿ ਲੇਹੁ ਗੋਬਿੰਦ ਦਇਆਲ ॥
ਤੇਰੀ ਸਰਣਿ ਪੂਰਨ ਕ੍ਰਿਪਾਲ ॥ ਤੁਝ ਬਿਨੁ ਦੂਜਾ ਨਹੀ ਠਾਉ ॥ ਕਰਿ ਕਿਰਪਾ ਪ੍ਰਭ ਦੇਹੁ ਨਾਉ ॥੭॥
ਤੂ ਕਰਤਾ ਤੂ ਕਰਣਹਾਰੁ ॥ ਤੂ ਊਚਾ ਤੂ ਬਹੁ ਅਪਾਰੁ ॥ ਕਰਿ ਕਿਰਪਾ ਲੜਿ ਲੇਹੁ ਲਾਇ ॥

ਨਾਨਕ ਦਾਸ ਪ੍ਰਭ ਕੀ ਸਰਣਾਇ ॥੮॥੨॥}

(ਅੰਗ ੧੧੯੨-੧੧੯੩)

{ਪੰਡਿਤ ਜਨ ਮਾਤੇ ਪੜਿ੍ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥ ਸੰਨਿਆਸੀ ਮਾਤੇ ਅਹੰਮੇਵ ॥
ਤਪਸੀ ਮਾਤੇ ਤਪ ਕੈ ਭੇਵ ॥੧॥ ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ॥
ਜਾਗੈ ਸੁਕਦੇਉ ਅਰੁ ਅਕ੍ਰੂਰੁ ॥ ਹਣਵੰਤੁ ਜਾਗੈ ਧਰਿ ਲੰਕੂਰੁ ॥ ਸੰਕਰੁ ਜਾਗੈ ਚਰਨ ਸੇਵ ॥
ਕਲਿ ਜਾਗੇ ਨਾਮਾ ਜੈਦੇਵ ॥੨॥ ਜਾਗਤ ਸੋਵਤ ਬਹੁ ਪ੍ਰਕਾਰ ॥ ਗੁਰਮੁਖਿ ਜਾਗੈ ਸੋਈ ਸਾਰੁ ॥
ਇਸੁ ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ ਭਜਿ ਰਾਮ ਨਾਮ ॥੩॥੨॥}

(ਅੰਗ ੧੧੯੩-੧੧੯੪)

{ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ ਖੇਲਾਇਆ ॥ ਬਿਨੁ ਸ੍ਵਣਾ ਖੀਰੁ ਪਿਲਾਇਆ ॥੧॥
ਦੇਖਹੁ ਲੋਗਾ ਕਲਿ ਕੋ ਭਾਉ ॥ ਸੁਤਿ ਮੁਕਲਾਈ ਅਪਨੀ ਮਾਉ ॥੧॥ ਰਹਾਉ ॥
ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥ ਨਿਦ੍ਰਾ ਬਿਨੁ ਨਰੁ ਪੈ ਸੋਵੈ ॥
ਬਿਨੁ ਬਾਸਨ ਖੀਰੁ ਬਿਲੋਵੈ ॥੨॥ ਬਿਨੁ ਅਸਥਨ ਗਊ ਲਵੇਰੀ ॥ ਪੈਡੇ ਬਿਨੁ ਬਾਟ ਘਨੇਰੀ ॥
ਬਿਨੁ ਸਤਿਗੁਰ ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥੩॥੩॥}

(ਅੰਗ ੧੧੯੪)

{ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥
ਰਾਜੇ ਇੰਦ੍ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥
ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥ ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ ਰਹਾਉ ॥
ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥੨॥
ਕਹੀਅਤ ਆਨ ਅਚਰੀਅਤ ਅਨ ਕਛੂ ਸਮਝ ਨ ਪਰੈ ਅਪਰ ਮਾਇਆ ॥
ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥}

(ਅੰਗ ੬੫੮)

{ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥
ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥ ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥
ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ ਰਹਾਉ ॥ ਸਨਕ ਸਨੰਦਨ ਸਿਵ ਸੁਕਾਦਿ ॥
ਨਾਭਿ ਕਮਲ ਜਾਨੇ ਬ੍ਰਹਮਾਦਿ ॥ ਕਬਿ ਜਨ ਜੋਗੀ ਜਟਾਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥੨॥
ਤੂ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥
ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ ਗੁਨ ਰਉ ਕਬੀਰ ॥੩॥੫॥}

(ਅੰਗ ੧੧੯੪)

{ਨਾਇਕੁ ਏਕੁ ਬਨਜਾਰੇ ਪਾਚ ॥ ਬਰਧ ਪਚੀਸਕ ਸੰਗੁ ਕਾਚ ॥ ਨਉ ਬਹੀਆਂ ਦਸ ਗੋਨਿ ਆਹਿ ॥
ਕਸਨਿ ਬਹਤਰਿ ਲਾਗੀ ਤਾਹਿ ॥੧॥ ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥
ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ ਰਹਾਉ ॥ ਸਾਤ ਸੂਤ ਮਿਲਿ ਬਨਜੁ ਕੀਨ॥ ਕਰਮ ਭਾਵਨੀ ਸੰਗ ਲੀਨ ॥

ਤੀਨਿ ਜਗਾਤੀ ਕਰਤ ਰਾਰਿ ॥ ਚਲੋ ਬਨਜਾਰਾ ਹਾਥ ਝਾਰਿ ॥੨॥ ਪੂੰਜੀ ਹਿਰਾਨੀ ਬਨਜੁ ਟੂਟ ॥
ਦਹ ਦਿਸ ਟਾਂਡੋ ਗਇਓ ਫੂਟਿ ॥ ਕਹਿ ਕਬੀਰ ਮਨ ਸਰਸੀ ਕਾਜ ॥ ਸਹਜ ਸਮਾਨੋ ਤ ਭਰਮ ਭਾਜ ॥੩॥੬॥}

(ਅੰਗ ੧੧੯੪-੧੧੯੫)

{ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥
ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥੨॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥੩॥ ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭॥}

(ਅੰਗ ੧੧੯੫)

{ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥
ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥੧॥ ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥
ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ਰਹਾਉ॥ ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥
ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥
ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥੩॥
ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥ ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ॥
ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥੪॥੨੧॥੯੧॥}

(ਅੰਗ ੫੦)

{ਅਬ ਪੂਛੇ ਕਿਆ ਕਹਾ ॥
ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ ॥੧॥ ਰਹਾਉ ॥
ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ ॥
ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ ॥੧॥
ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥
ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ ॥੨॥
ਸਗਲ ਪਰਾਧ ਏਕੁ ਗੁਨੁ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ ॥
ਆਈ ਮਸਟਿ ਜੜਵਤ ਕੀ ਨਿਆਈ ਜਿਉ ਤਸਕਰੁ ਦਰਿ ਸਾਂਨ੍ਹਿਹਾ ॥੩॥
ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ ॥
ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ ॥੪॥੪॥}

(ਅੰਗ ੧੨੦੩)

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥

ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥
ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥ ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥ ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥
ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥}

(ਅੰਗ ੨੩੦-੨੩੧)

{ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥
ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥੩॥
ਤੂ ਸਮਰਥੁ ਪਾਰਬ੍ਰਹਮ ਸੁਆਮੀ ਕਰਿ ਕਿਰਪਾ ਜਨੁ ਤੇਰਾ ॥
ਪੂਰਿ ਰਹਿਓ ਸਰਬ ਮਹਿ ਠਾਕੁਰੁ ਨਾਨਕ ਸੋ ਪ੍ਰਭੁ ਨੇਰਾ ॥੪॥੧੨॥}

(ਅੰਗ ੧੨੦੬)

{ਗਾਇਓ ਰੀ ਮੈ ਗੁਣ ਨਿਧਿ ਮੰਗਲ ਗਾਇਓ ॥
ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ ॥੧॥ ਰਹਾਉ ॥ ਸੰਤਹ ਚਰਨ ਮੋਰਲੋ ਮਾਥਾ ॥
ਹਮਰੇ ਮਸਤਕਿ ਸੰਤ ਧਰੇ ਹਾਥਾ ॥੧॥ ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥
ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥
ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥}

(ਅੰਗ ੧੨੦੬)

{ਝੂਠੋ ਮਾਇਆ ਕੋ ਮਦ ਮਾਨੁ ॥ ਧ੍ਰੋਹ ਮੋਹ ਦੂਰਿ ਕਰਿ ਬਪੁਰੇ ਸੰਗਿ ਗੋਪਾਲਹਿ ਜਾਨੁ ॥੧॥ ਰਹਾਉ ॥
ਮਿਥਿਆ ਰਾਜ ਜੋਬਨ ਅਰੁ ਉਮਰੇ ਮੀਰ ਮਲਕ ਅਰੁ ਖਾਨ ॥
ਮਿਥਿਆ ਕਾਪਰ ਸੁਗੰਧ ਚਤੁਰਾਈ ਮਿਥਿਆ ਭੋਜਨ ਪਾਨ ॥੧॥ ਦੀਨ ਬੰਧਰੋ ਦਾਸ ਦਾਸਰੋ ਸੰਤਹ ਕੀ ਸਾਰਾਨ॥
ਮਾਂਗਨਿ ਮਾਂਗਉ ਹੋਇ ਅਚਿੰਤਾ ਮਿਲੁ ਨਾਨਕ ਕੇ ਹਰਿ ਪ੍ਰਾਨ ॥੨॥੩੫॥੫੮॥}

(ਅੰਗ ੧੨੧੫)

50/6886

{ਮੋਹਨੀ ਮੋਹਤ ਰਹੈ ਨ ਹੋਰੀ ॥ ਸਾਧਿਕ ਸਿਧ ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ ॥੧॥ ਰਹਾਉ ॥
ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥
ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥੧॥
ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥
ਸਾਧਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥੨॥੩੭॥੬੦॥}

(ਅੰਗ ੧੨੧੬)

{ਜਾ ਕੀ ਰਾਮ ਨਾਮ ਲਿਵ ਲਾਗੀ ॥ ਸਜਨੁ ਸੁਰਿਦਾ ਸੁਹੇਲਾ ਸਹਜੇ ਸੋ ਕਹੀਐ ਬਡਭਾਗੀ ॥੧॥ ਰਹਾਉ ॥
ਰਹਿਤ ਬਿਕਾਰ ਅਲਪ ਮਾਇਆ ਤੇ ਅਹੰਬੁਧਿ ਬਿਖੁ ਤਿਆਗੀ ॥

ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ ॥੧॥
ਅਚਿੰਤ ਸੋਇ ਜਾਗਨੁ ਉਠਿ ਬੈਸਨੁ ਅਚਿੰਤ ਹਸਤ ਬੈਰਾਗੀ ॥
ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ ॥੨॥੪੪॥੬੭॥}

(ਅੰਗ ੧੨੧੭)

{ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥
ਗੁਰਮੁਖਿ ਜਾਪੈ ਸਬਦਿ ਲਿਵ ਲਾਇ ॥ ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ ॥
ਜੋ ਤਿਸੁ ਭਾਵੈ ਸੁ ਕਰੇ ਕਰਾਇਆ ॥ ਨਾਨਕ ਵਜਦਾ ਜੰਤੁ ਵਜਾਇਆ ॥੨॥}

(ਅੰਗ ੩੧੩)

ਪਉੜੀ ॥

{ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ॥ ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ॥
ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ ॥ ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ॥
ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ ॥੨੪॥}

(ਅੰਗ ੩੧੪)

{ਮਨ ਰੇ ਨਾਮ ਕੋ ਸੁਖ ਸਾਰ ॥ ਆਨ ਕਾਮ ਬਿਕਾਰ ਮਾਇਆ ਸਗਲ ਦੀਸਹਿ ਛਾਰ ॥੧॥ ਰਹਾਉ ॥
ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥ ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰ ਬਾਰ ॥੧॥
ਪਤਿਤ ਪਾਵਨ ਭਗਤਿ ਬਛਲ ਦੀਨ ਕਿਰਪਾ ਧਾਰ ॥
ਕਰ ਜੋੜਿ ਨਾਨਕੁ ਦਾਨੁ ਮਾਂਗੈ ਸਾਧਸੰਗਿ ਉਧਾਰ ॥੨॥੭੬॥੯੬॥}

(ਅੰਗ ੧੨੨੩)

{ਆਤੁਰੁ ਨਾਮ ਬਿਨੁ ਸੰਸਾਰ ॥ ਤ੍ਰਿਪਤਿ ਨ ਹੋਵਤ ਕੂਕਰੀ ਆਸਾ ਇਤੁ ਲਾਗੋ ਬਿਖਿਆ ਛਾਰ ॥੧॥ ਰਹਾਉ ॥
ਪਾਇ ਠਗਉਰੀ ਆਪਿ ਭੁਲਾਇਓ ਜਨਮਤ ਬਾਰੋ ਬਾਰ ॥
ਹਰਿ ਕਾ ਸਿਮਰਨੁ ਨਿਮਖ ਨ ਸਿਮਰਿਓ ਜਮਕੰਕਰ ਕਰਤ ਖੁਆਰ ॥੧॥
ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਤੇਰਿਆ ਸੰਤਹ ਕੀ ਰਾਵਾਰ ॥
ਨਾਨਕ ਦਾਸੁ ਦਰਸੁ ਪ੍ਰਭ ਜਾਚੈ ਮਨ ਤਨ ਕੋ ਆਧਾਰ ॥੨॥੭੮॥੧੦੧॥}

(ਅੰਗ ੧੨੨੩-੧੨੨੪)

{ਮੈਲਾ ਹਰਿ ਕੇ ਨਾਮ ਬਿਨੁ ਜੀਉ ॥ ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ ॥੧॥ ਰਹਾਉ॥
ਕੋਟਿ ਜਨਮ ਭ੍ਰਮਤੋਂ ਬਹੁ ਭਾਂਤੀ ਥਿਤਿ ਨਹੀ ਕਤਹੂ ਪਾਈ ॥
ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥੧॥
ਰਾਖਿ ਲੇਹੁ ਪ੍ਰਭ ਸੰਮ੍ਰਿਥ ਦਾਤੇ ਤੁਮ ਪ੍ਰਭ ਅਗਮ ਅਪਾਰ ॥
ਨਾਨਕ ਦਾਸ ਤੇਰੀ ਸਰਣਾਈ ਭਵਜਲੁ ਉਤਰਿਓ ਪਾਰ ॥੨॥੭੯॥੧੦੨॥}

(ਅੰਗ ੧੨੨੪)

{ਤ੍ਰਿਸਨਾ ਚਲਤ ਬਹੁ ਪਰਕਾਰਿ ॥ ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥੧॥ ਰਹਾਉ ॥
ਸਾਂਤਿ ਸੂਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ ॥ ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥੧॥

ਸੰਸਾਰ ਸਾਗਰੁ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ ॥
ਚਰਨ ਕਮਲ ਸਰਣਾਇ ਨਾਨਕ ਸਦ ਸਦਾ ਬਲਿਹਾਰਿ ॥੨॥੮੪॥੧੦੭॥}

(ਅੰਗ ੧੨੨੪-੧੨੨੫)

{ਕੀਨ੍ਹੇ ਪਾਪ ਕੇ ਬਹੁ ਕੋਟ ॥ ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾਹੀ ਛੋਟ ॥੧॥ ਰਹਾਉ ॥
ਮਹਾ ਬਜਰ ਬਿਖ ਬਿਆਧੀ ਸਿਰਿ ਉਠਾਈ ਪੋਟ ॥ ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ ॥੧॥
ਪਸੁ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ ॥
ਭਜੁ ਸਾਧਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ ॥੨॥੮੧॥੧੦੪॥}

(ਅੰਗ ੧੨੨੪)

{ਮਾਖੀ ਰਾਮ ਕੀ ਤੂ ਮਾਖੀ ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥੧॥ ਰਹਾਉ ॥
ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ ॥
ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ ॥੧॥
ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ ॥
ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥}

(ਅੰਗ ੧੨੨੭)

{ਹਰਿ ਭਜਿ ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ ॥੧॥ ਰਹਾਉ॥
ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ ॥ ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ ॥੧॥
ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ ॥ ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ ਮਹਾਂ ਅੰਧਾਰ ॥੨॥
ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ ॥
ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥੩॥
ਕਰਿ ਕ੍ਰਿਪਾ ਪ੍ਰਭ ਸੰਤ ਰਾਖੇ ਚਰਨ ਕਮਲ ਅਧਾਰ ॥
ਕਰ ਜੋਰਿ ਨਾਨਕੁ ਸਰਨਿ ਆਇਓ ਗੁੋਪਾਲ ਪੁਰਖ ਅਪਾਰ ॥੪॥੧॥੧੨੯॥}

(ਅੰਗ ੧੨੨੯)

{ਰਾਮ ਰਾਮ ਰਾਮ ਜਾਪਿ ਰਮਤ ਰਾਮ ਸਹਾਈ ॥੧॥ ਰਹਾਉ ॥
ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ ਗੁਰ ਗੋਪਾਲ ਭਏ ਕ੍ਰਿਪਾਲ ਲਬਧਿ ਅਪਨੀ ਪਾਈ ॥੧॥
ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥
ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ ਚਰਨ ਲਾਗਿ ਨਾਨਕ ਗੁਨ
ਗਾਈ ॥੨॥੩॥੧੩੨॥}

(ਅੰਗ ੧੨੨੯-੧੨੩੦)

{ਸੇਵਕ ਜਨ ਬਨੇ ਠਾਕੁਰ ਲਿਵ ਲਾਗੇ ॥
ਜੋ ਤੁਮਰਾ ਜਸੁ ਕਹਤੇ ਗੁਰਮਤਿ ਤਿਨ ਮੁਖ ਭਾਗ ਸਭਾਗੇ ॥੧॥ ਰਹਾਉ ॥
ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵ ਲਾਗੇ ॥
ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ ॥੧॥

ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥
ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ ॥੨॥੧॥}

(ਅੰਗ ੫੨੭)

{ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥੧॥ ਜੋ ਜਨਮੈ ਸੋ ਜਾਨਹੁ ਮੂਆ ॥
ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥੧॥ ਰਹਾਉ ॥ ਦਿਨ ਤੇ ਸਰਪਰ ਪਉਸੀ ਰਾਤਿ ॥
ਰੈਣਿ ਗਈ ਫਿਰਿ ਹੋਇ ਪਰਭਾਤਿ ॥੨॥ ਮਾਇਆ ਮੋਹਿ ਸੋਇ ਰਹੇ ਅਭਾਗੇ ॥
ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥ ਕਹੁ ਨਾਨਕ ਗੁਣ ਗਾਈਅਹਿ ਨੀਤ ॥
ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥}

(ਅੰਗ ੩੭੫-੩੭੬)

{ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥ ਸਤਿਗੁਰੁ ਮੇਲੇ ਦੇ ਵਡਿਆਈ ॥
ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ॥ ਸਤਿਗੁਰ ਸੇਵੇ ਤਾ ਨਾਮੁ ਪਾਏ ਨਾਮੇ ਹੀ ਸੁਖੁ ਪਾਇਦਾ ॥੬॥
ਸਭ ਨਾਵਹੁ ਉਪਜੈ ਨਾਵਹੁ ਛੀਜੈ ॥ ਗੁਰ ਕਿਰਪਾ ਤੇ ਮਨੁ ਤਨੁ ਭੀਜੈ ॥
ਰਸਨਾ ਨਾਮੁ ਧਿਆਏ ਰਸਿ ਭੀਜੈ ਰਸ ਹੀ ਤੇ ਰਸੁ ਪਾਇਦਾ ॥੭॥ ਮਹਲੈ ਅੰਦਰਿ ਮਹਲੁ ਕੋ ਪਾਏ ॥
ਗੁਰ ਕੈ ਸਬਦਿ ਸਚਿ ਚਿਤੁ ਲਾਏ ॥ ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ ॥੮॥
ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥ ਮਾਇਆ ਮੋਹੁ ਸਭੁ ਰੋਗੁ ਕਮਾਇਆ ॥
ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥ ਨਾਮਿ ਰਤੇ ਤਿਨ ਨਿਰਮਲ ਦੇਹਾ ॥
ਨਿਰਮਲ ਹੰਸਾ ਸਦਾ ਸੁਖੁ ਨੇਹਾ ॥ ਨਾਮੁ ਸਲਾਹਿ ਸਦਾ ਸੁਖੁ ਪਾਇਆ ਨਿਜ ਘਰਿ ਵਾਸਾ ਪਾਇਦਾ ॥੧੦॥}

(ਅੰਗ ੧੦੬੪)

{ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ ॥
ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ
ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ ॥ ਰਹਾਉ॥
ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ
ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ॥੧॥
ਉਧਰੇ ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ
ਪਤਿਤ ਪਾਵਨ ਨਾਮੁ ਜਾ ਕੋ ਸਿਮਰਿ ਨਾਨਕ ਓਹੇ ॥੨॥੧੦॥੧੩੯॥੩॥੧੩॥੧੫੫॥}

(ਅੰਗ ੧੨੩੧)

{ਕਹਾ ਨਰ ਅਪਨੋ ਜਨਮੁ ਗਵਾਵੈ ॥
ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥
ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥ ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥੧॥
ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥
ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥੨॥੩॥}

(ਅੰਗ ੧੨੩੧)

{ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ॥ ਆਪੇ ਖੇਲੁ ਰਚਾਇਓਨੁ ਸਭੁ ਜਗਤੁ ਸਬਾਇਆ ॥
ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥ ਗੁਰ ਪਰਸਾਦੀ ਉਬਰੇ ਜਿਨ ਭਾਣਾ ਭਾਇਆ ॥
ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥}

(ਅੰਗ ੧੨੩੭)

50/6887

{ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥
ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥
ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥}

(ਅੰਗ ੧੨੩੮)

{ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥ ਦੁਖੁ ਦੁਖੁ ਅਗੈ ਆਖੀਐ ਪੜਿ੍ ਪੜਿ੍ ਕਰਹਿ ਪੁਕਾਰ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥ ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥ ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥੧॥}

(ਅੰਗ ੧੨੪੦)

{ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ ਹਉ ਨਾਹੀ ਤੂ ਹੋਵਹਿ ॥
ਆਪੇ ਸਕਤਾ ਆਪੇ ਸੁਰਤਾ ਸਕਤੀ ਜਗਤੁ ਪਰੋਵਹਿ ॥
ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ ॥ ਨਾਨਕ ਸਚਾ ਸਚੀ ਨਾਂਈ ਸਚੁ ਪਵੈ ਧੁਰਿ ਲੇਖੈ ॥੨॥}

(ਅੰਗ ੧੨੪੨)

{ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥ ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥
ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥
ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥}

(ਅੰਗ ੧੨੪੬)

{ਪੜਿ੍ ਪੜਿ੍ ਪੰਡਿਤ ਮੁੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥
ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥

ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥}

(ਅੰਗ ੧੨੪੬)

{ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥ ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ॥ ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ॥ ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥ ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥੧॥}

(ਅੰਗ ੧੨੪੭)

{ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥}

(ਅੰਗ ੨੯੭)

{ਮਾਇਆ ਮੋਹਿ ਵਿਸਾਰਿਆ ਸਚੁ ਮਰਣਾ ਹਰਿ ਨਾਮੁ ॥ ਧੰਧਾ ਕਰਤਿਆ ਜਨਮੁ ਗਇਆ ਅੰਦਰਿ ਦੁਖੁ ਸਹਾਮੁ॥ ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ ਜਿਨ੍ ਪੂਰਬਿ ਲਿਖਿਆ ਕਰਾਮੁ ॥੨॥}

(ਅੰਗ ੧੨੪੮)

{ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥
ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ ॥
ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ ॥
ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ ॥੧॥}

(ਅੰਗ ੭੭੬)

{ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥ ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥ ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥ ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥ ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ ॥੩੧॥}

(ਅੰਗ ੧੨੪੯)

{ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥ ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ॥ ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ ॥ ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ ॥ ਨਾਨਕ ਨਦਰੀ ਪਾਈਐ ਕਰਮਿ ਪਰਾਪਤਿ ਹੋਇ ॥੨॥}

(ਅੰਗ ੧੨੫੦)

ਪਉੜੀ ॥

{ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ ॥ ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ ॥ ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥ ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥ ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥੩੩॥}

(ਅੰਗ ੧੨੫੦)

{ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ ॥
ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ ॥
ਗੁਰਮੁਖਿ ਜਿਨਾ ਸਬਦੁ ਮਨਿ ਵਸੈ ਦਰਗਹ ਮੋਖ ਦੁਆਰੁ ॥ ਨਾਨਕ ਆਪੇ ਮੇਲਿ ਲਏ ਆਪੇ ਬਖਸਣਹਾਰੁ ॥੧॥}

(ਅੰਗ ੧੨੫੦)

{ਦਾਤਿ ਜੋਤਿ ਸਭ ਸੂਰਤਿ ਤੇਰੀ ॥ ਬਹੁਤੁ ਸਿਆਣਪ ਹਉਮੈ ਮੇਰੀ ॥
ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ ॥
ਨਾਨਕ ਆਪਿ ਕਰਾਏ ਕਰਤਾ ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥੨॥}

(ਅੰਗ ੧੨੫੧)

{ਮਾਤ ਪਿਤਾ ਭਾਈ ਸੁਤੁ ਬਨਿਤਾ ॥ ਚੂਗਹਿ ਚੋਗ ਅਨੰਦ ਸਿਉ ਜੁਗਤਾ ॥
ਉਰਝਿ ਪਰਿਓ ਮਨ ਮੀਠ ਮੁੋਹਾਰਾ ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥ ਏਕੁ ਹਮਾਰਾ ਅੰਤਰਜਾਮੀ ॥
ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧॥ ਰਹਾਉ ॥
ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥ ਮੁਖਿ ਮੀਠੀ ਖਾਈ ਕਉਰਾਇ ॥
ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥ ਲੋਭ ਮੋਹ ਸਿਉ ਗਈ ਵਿਖੋਟਿ ॥
ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ॥ ਇਹ ਠਗਵਾਰੀ ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥
ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥ ਜਹ ਦੇਖਉ ਤਹ ਮਹਾ ਚੰਡਾਲ ॥
ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥ ਦਸ ਨਾਰੀ ਮੈ ਕਰੀ ਦੁਹਾਗਨਿ ॥
ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥ ਇਨ ਸਨਬੰਧੀ ਰਸਾਤਲਿ ਜਾਇ ॥
ਹਮ ਗੁਰਿ ਰਾਖੇ ਹਰਿ ਲਿਵ ਲਾਇ ॥੫॥ ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥
ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥
ਇਨ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥
ਆਏ ਪ੍ਰਭ ਪਹਿ ਅੰਚਰਿ ਲਾਗਿ ॥ ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥ ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥
ਸਗਲ ਦੂਤ ਮੇਰੀ ਸੇਵਾ ਲਾਏ ॥ ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥}

(ਅੰਗ ੧੩੪੭)

{ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥
ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥
ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥
ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥ ਮਨਿ ਭਾਵੈ ਸਬਦੁ ਸੁਹਾਇਆ ॥
ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨ੍ਹੇ ਗੁਰਿ ਰਾਖੇ ਸਚੁ ਪਾਇਆ ॥੧॥ ਰਹਾਉ ॥
ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮੁ ਨ ਭਾਇਆ ॥
ਰਤਨ ਪਦਾਰਥੁ ਪਰਹਰਿ ਤਿਆਗਿਆ ਜਤ ਕੋ ਤਤ ਹੀ ਆਇਆ ॥
ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ ॥
ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥੨॥
ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥
ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥
ਹਮ ਨੀਚ ਹੁੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥

ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥੩॥}

(ਅੰਗ ੧੨੫੪-੧੨੫੫)

{ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥ ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ ॥
ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ ॥੧॥ ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ॥
ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥
ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥ ਹਮ ਦੀਨ ਮੂਰਖ ਅਵੀਚਾਰੀ ਤੁਮ ਚਿੰਤਾ ਕਰਹੁ ਹਮਾਰੀ॥
ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥
ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ ॥੩॥
ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥
ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥
ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥੪॥੧॥}

(ਅੰਗ ੧੨੫੭-੧੨੫੮)

{ਬਾਗੇ ਕਾਪੜ ਬੋਲੈ ਬੈਣ ॥ ਲੰਮਾ ਨਕੁ ਕਾਲੇ ਤੇਰੇ ਨੈਣ ॥ ਕਬਹੂੰ ਸਾਹਿਬੁ ਦੇਖਿਆ ਭੈਣ ॥੧॥
ਊਡਾਂ ਊਡਿ ਚੜਾਂ ਅਸਮਾਨਿ ॥ ਸਾਹਿਬ ਸੰਮ੍ਰਿਥ ਤੇਰੈ ਤਾਣਿ ॥ ਜਲਿ ਥਲਿ ਡੂੰਗਰਿ ਦੇਖਾਂ ਤੀਰ ॥
ਥਾਨ ਥਨੰਤਰਿ ਸਾਹਿਬੁ ਬੀਰ ॥੨॥ ਜਿਨਿ ਤਨੁ ਸਾਜਿ ਦੀਏ ਨਾਲਿ ਖੰਭ ॥ ਅਤਿ ਤ੍ਰਿਸਨਾ ਉਡਣੈ ਕੀ ਡੰਝ ॥
ਨਦਰਿ ਕਰੇ ਤਾਂ ਬੰਧਾਂ ਧੀਰ ॥ ਜਿਉ ਵੇਖਾਲੇ ਤਿਉ ਵੇਖਾਂ ਬੀਰ ॥੩॥
ਨ ਇਹੁ ਤਨੁ ਜਾਇਗਾ ਨ ਜਾਹਿਗੇ ਖੰਭ ॥ ਪਉਣੈ ਪਾਣੀ ਅਗਨੀ ਕਾ ਸਨਬੰਧ ॥
ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥ ਸਚਿ ਸਮਾਵੈ ਏਹੁ ਸਰੀਰੁ ॥੪॥੪॥੯॥}

(ਅੰਗ ੧੨੫੭)

50/6888

{ਜਿਨੀ ਹੁਕਮੁ ਪਛਾਣਿਆ ਸੇ ਮੇਲੇ ਹਉਮੈ ਸਬਦਿ ਜਲਾਇ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਸਚਿ ਰਹੇ ਲਿਵ ਲਾਇ ॥
ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ ॥੧॥ ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥
ਪ੍ਰਭ ਭਾਣਾ ਅਪਣਾ ਭਾਵਦਾ ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥੧॥ ਰਹਾਉ ॥
ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥
ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥੨॥
ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥
ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥
ਮੇਰਾ ਹਰਿ ਪ੍ਰਭੁ ਅਗਮੁ ਅਗੋਚਰੁ ਹੈ ਕੀਮਤਿ ਕਹਣੁ ਨ ਜਾਇ ॥
ਗੁਰ ਪਰਸਾਦੀ ਬੁਝੀਐ ਸਬਦੇ ਕਾਰ ਕਮਾਇ॥ ਨਾਨਕ ਨਾਮੁ ਸਲਾਹਿ ਤੂ ਹਰਿ ਹਰਿ ਦਰਿ ਸੋਭਾ ਪਾਇ ॥੪॥੨॥}

(ਅੰਗ ੧੨੫੮)

{ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ ॥
ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ ॥੧॥ ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥
ਇਹੁ ਭਵਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ ॥੧॥ ਰਹਾਉ ॥
ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥ ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ॥
ਹਰਿ ਜਨ ਕਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ ॥੩॥
ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੇਰੇ ਹਰਿ ਹਰਿ ਹਰਿ ਉਰ ਧਾਰਿ ॥
ਨਾਨਕ ਸਤਿਗੁਰੁ ਪੂਰਾ ਪਾਇਆ ਮਨਿ ਜਪਿਆ ਨਾਮੁ ਮੁਰਾਰਿ ॥੪॥੯॥}

(ਅੰਗ ੧੨੬੦-੧੨੬੧)

{ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥ ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥੧॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥ ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥੧॥ ਰਹਾਉ ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ ॥ ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥੨॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥ ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥੪॥੪॥੩੪॥}

(ਅੰਗ ੮੦੯)

{ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ॥
ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥੨॥ ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥ ਸਤਿਗੁਰ ਕੀ ਓਹੁ ਦੀਖਿਆ ਲੇਇ ॥ ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥ ਸੋ ਪੰਡਿਤੁ ਦਰਗਹ ਪਰਵਾਣੁ ॥੩॥ ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥ ਜਾ ਕਉ ਬਖਸੇ ਮੇਲੇ ਸੋਇ ॥ ਐਥੈ ਓਥੈ ਸਦਾ ਸੁਖੁ ਹੋਇ ॥੪॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥ ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥ ਸਾਸਤ੍ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥}

(ਅੰਗ ੧੨੬੧)

{ਮਾਇਆ ਮੋਹੁ ਅਗਿਆਨੁ ਗੁਬਾਰੁ ॥ ਮਨਮੁਖ ਮੋਹੇ ਮੁਗਧ ਗਵਾਰ ॥ ਅਨਦਿਨੁ ਧੰਧਾ ਕਰਤ ਵਿਹਾਇ ॥
ਮਰਿ ਮਰਿ ਜੰਮਹਿ ਮਿਲੈ ਸਜਾਇ ॥੨॥ ਗੁਰਮੁਖਿ ਰਾਮ ਨਾਮਿ ਲਿਵ ਲਾਈ ॥ ਕੂੜੈ ਲਾਲਚਿ ਨਾ ਲਪਟਾਈ ॥
ਜੋ ਕਿਛੁ ਹੋਵੈ ਸਹਜਿ ਸੁਭਾਇ ॥ ਹਰਿ ਰਸੁ ਪੀਵੈ ਰਸਨ ਰਸਾਇ ॥੩॥ ਕੋਟਿ ਮਧੇ ਕਿਸਹਿ ਬੁਝਾਈ ॥
ਆਪੇ ਬਖਸੇ ਦੇ ਵਡਿਆਈ ॥ ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ॥

ਨਾਨਕ ਹਰਿ ਹਰਿ ਨਾਮਿ ਸਮਾਈ ॥੪॥੩॥੧੨॥}

(ਅੰਗ ੧੨੬੨)

{ਹੀਏ ਕੋ ਪ੍ਰੀਤਮੁ ਬਿਸਰਿ ਨ ਜਾਇ ॥
ਤਨ ਮਨ ਗਲਤ ਭਏ ਤਿਹ ਸੰਗੇ ਮੋਹਨੀ ਮੋਹਿ ਰਹੀ ਮੋਰੀ ਮਾਇ ॥੧॥ ਰਹਾਉ ॥
ਜੈ ਜੈ ਪਹਿ ਕਹਉ ਬ੍ਰਿਥਾ ਹਉ ਅਪੁਨੀ ਤੇਊ ਤੇਊ ਗਹੇ ਰਹੇ ਅਟਕਾਇ ॥
ਅਨਿਕ ਭਾਂਤਿ ਕੀ ਏਕੈ ਜਾਲੀ ਤਾ ਕੀ ਗੰਠਿ ਨਹੀ ਛੋਰਾਇ ॥੧॥
ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ ॥
ਕਾਟੇ ਅਗਿਆਨ ਭਰਮ ਮੋਹ ਮਾਇਆ ਲੀਓ ਕੰਠਿ ਲਗਾਇ ॥੨॥੪॥੨੩॥}

(ਅੰਗ ੧੩੦੨)

{ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥
ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥
ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥
ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥}

(ਅੰਗ ੭੧੭)

{ਭੋਲਾਵੜੈ ਭੂਲੀ ਭੂਲਿ ਭੂਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥
ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥
ਨਾਨਕ ਸਚੇ ਨਾਮ ਵਿਹੂਣੀ ਭੂਲਿ ਭੂਲਿ ਪਛੋਤਾਣੀ ॥੧॥ ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ ॥
ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥
ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ ॥
ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ॥
ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥ ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥
ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥
ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥
ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥
ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ ਸਹਜਿ ਮਿਲੀਜੈ ॥
ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥
ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥
ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥}

(ਅੰਗ ੧੧੧੧-੧੧੧੨)

{ਸਾਧ ਸਰਨਿ ਚਰਨ ਚਿਤੁ ਲਾਇਆ ॥
ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ ॥੧॥ ਰਹਾਉ ॥
ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ ॥
ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ ॥੧॥
ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥
ਸਾਧਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ ॥੨॥੧੦॥}

(ਅੰਗ ੧੩੦੦)

{ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥ ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥ ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥}

(ਅੰਗ ੧੨੮੮)

{ਰੂਪੈ ਕਾਮੈ ਦੋਸਤੀ ਭੂਖੈ ਸਾਦੈ ਗੰਢੁ ॥ ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥
ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥}

(ਅੰਗ ੧੨੮੮)

{ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥}

(ਅੰਗ ੧੨੮੮)

ਪਉੜੀ ॥

{ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥
ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥ ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥
ਗਹਿਰ ਗਭੀਰ ਅਥਾਹੁ ਹਾਥ ਨ ਲਭਈ ॥ ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥
ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥ ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥}

(ਅੰਗ ੧੨੮੮)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ॥੧॥ਰਹਾਉ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥

ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥}

(ਅੰਗ ੪੯੧)

{ਆਨਦ ਰੰਗ ਬਿਨੋਦ ਹਮਾਰੈ ॥ ਨਾਮੋ ਗਾਵਨੁ ਨਾਮੁ ਧਿਆਵਨੁ ਨਾਮੁ ਹਮਾਰੇ ਪ੍ਰਾਨ ਅਧਾਰੈ ॥੧॥ ਰਹਾਉ ॥
ਨਾਮੋ ਗਿਆਨੁ ਨਾਮੁ ਇਸਨਾਨਾ ਹਰਿ ਨਾਮੁ ਹਮਾਰੇ ਕਾਰਜ ਸਵਾਰੈ ॥
ਹਰਿ ਨਾਮੋ ਸੋਭਾ ਨਾਮੁ ਬਡਾਈ ਭਉਜਲੁ ਬਿਖਮੁ ਨਾਮੁ ਹਰਿ ਤਾਰੈ ॥੧॥
ਅਗਮ ਪਦਾਰਥ ਲਾਲ ਅਮੋਲਾ ਭਇਓ ਪਰਾਪਤਿ ਗੁਰ ਚਰਨਾਰੈ ॥
ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ ਮਗਨ ਭਏ ਹੀਅਰੈ ਦਰਸਾਰੈ ॥੨॥੫॥੨੪॥}

(ਅੰਗ ੧੩੦੨)

{ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥੧॥}

(ਅੰਗ ੧੨੭੯)

{ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ ॥ ਸਭ ਕਾਰਣ ਕਰਤਾ ਕਰੇ ਜਿਸੁ ਖਵਾਲੇ ਤਿਸੁ ॥੧॥}

(ਅੰਗ ੧੨੯੦)

{ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥ ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ ਰਹਾਉ॥
ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥
ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥
ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥
ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥
ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥
ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥
ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥੪॥
ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥
ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ ॥੫॥
ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

50/6889

ਮਾਇਆ ਸੰਸਾਰ ਦੇ ਅੰਦਰ ਕਿਸ ਤਰੀਕੇ ਵਰਤਦੀ ਹੈ ਭਾਵ ਸਭ ਦੇ ਅੰਦਰ ਪਾਈ ਹੋਈ ਮਾਇਆ ਦੀ ਜੁਗਤਿ ਸਾਡੇ ਮਨ ਦੀ

ਸਮਝ ਦੇ ਅੰਦਰ ਕਿਸ ਤਰੀਕੇ ਵਰਤਦੀ ਹੈ ਤੇ ਕਿਸ ਮਕਸਦ ਲਈ ਵਰਤਦੀ ਹੈ ਭਾਵ ਸਾਡੇ ਅੰਦਰ ਇਹ ਮਾਇਆ ਰੂਪ ਸਮਝ ਪ੍ਰਮਾਤਮਾ ਨੇ ਸਭ ਦੇ ਅੰਦਰ ਕਿਸ ਲਈ ਪਾਈ ਹੋਈ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਡੇ ਅੰਦਰ ਦੀ ਇਹ ਮਾਇਆ ਕੀ ਹੈ। ਜੋ ਸਾਡੇ ਅੰਦਰ ਮਾਇਆ ਦਾ ਰੂਪ ਹੈ ਉਹੀ ਸਾਡੇ ਅੰਦਰ ਦੀ ਹਉਮੈ ਦਾ ਰੂਪ ਹੈ, ਤ੍ਰੈ ਗੁਣ ਰੂਪ ਹੈ ਭਾਵ ਮਨ ਦੀ ਇਹ ਉਹ ਅਵਸਥਾ ਹੈ, ਮਨ ਦੀ ਉਹ ਸਮਝ ਹੈ ਜਿਸ ਸਮਝ ਦਾ ਮਕਸਦ ਸਾਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਮਨ ਦੀ ਅਗਿਆਨਤਾ ਵਿੱਚ ਰੱਖਣ ਦਾ ਹੈ ਭਾਵ ਮਨਮਤਿ ਵਿੱਚ ਰੱਖਣ ਦਾ ਹੈ ਜਿਸ ਨਾਸਮਝ ਮਤਿ ਦੁਆਰਾ ਅਸੀਂ ਕਦੇ ਨਾਮ ਨੂੰ ਨਹੀਂ ਸਮਝ ਸਕਦੇ ਕਿ ਨਾਮ ਕੀ ਹੈ ਜੋ ਨਾਮ ਪੂਰੀ ਗੁਰਬਾਣੀ ਦੇ ਅੰਦਰ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਬ੍ਰਹਮ ਗਿਆਨ ਦੁਆਰਾ ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਦਾ ਸੱਚ ਸਮਝਾਇਆ ਹੋਇਆ ਹੈ, ਆਪਣੇ ਆਪ ਦਾ ਸੱਚ ਸਮਝਾਇਆ ਹੋਇਆ ਹੈ, ਧਰਮ ਦੇ ਮਾਰਗ ਦਾ ਸੱਚ ਸਮਝਾਇਆ ਹੋਇਆ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਗੁਰੂ ਪ੍ਰਮਾਤਮਾ ਦੁਆਰਾ ਸਮਝਾਏ ਹੋਏ ਸੱਚ ਅਨੁਸਾਰ ਚੱਲਣਾ ਹੀ ਸਾਰੇ ਸੰਸਾਰ ਲਈ ਇੱਕੋ ਜਿਹਾ ਧਰਮ ਦਾ ਸੱਚਾ ਮਾਰਗ ਹੈ। ਅਕਾਲ ਪੁਰਖ ਵੀ ਸਾਰੇ ਸੰਸਾਰ ਲਈ ਇੱਕੋ ਹੀ ਹੈ ਤੇ ਉਸਨੂੰ ਪਾਉਂਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਸਾਰੇ ਸੰਸਾਰ ਦੇ ਅੰਦਰ ਪ੍ਰਮਾਤਮਾ ਨੇ ਮਾਇਆ ਦੀ ਜੁਗਤਿ ਵੀ ਇੱਕੋ ਜਿਹੀ ਹੀ ਪਾਈ ਹੋਈ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਜਾਂ ਹਉਮੈ ਵਾਲੀ ਸਮਝ ਵੀ ਇੱਕੋ ਜਿਹੀ ਪਾਈ ਹੋਈ ਹੈ ਜਿਸ ਸਮਝ ਵਿੱਚ ਰਹਿੰਦਿਆਂ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੇ ਇਹ ਕਦੇ ਹੋ ਹੀ ਨਹੀਂ ਸਕਦਾ ਕਿਉਂਕਿ ਪ੍ਰਮਾਤਮਾ ਦਾ ਮਕਸਦ ਹੀ ਸਭ ਦੇ ਅੰਦਰ ਅਗਿਆਨਤਾ ਵਾਲੀ ਸਮਝ ਪਾ ਕੇ ਆਪਣੇ ਨਾਲੋਂ ਪੜਦਾ ਪਾ ਕੇ ਰੱਖਣ ਦਾ ਹੈ। ਜਿਸਨੇ ਸਾਡੇ ਅੰਦਰ ਭਾਵ ਸਾਰੇ ਸੰਸਾਰ ਅੰਦਰ ਇੱਕੋ ਜਿਹਾ ਪੜਦਾ ਪਾਇਆ ਹੋਇਆ ਹੈ ਉਹ ਆਪ ਹੀ ਸਾਨੂੰ ਇਸ ਮਾਇਆ ਦੇ ਪੜਦੇ ਵਿੱਚੋਂ ਕੱਢ ਸਕਦਾ ਹੈ, ਹਉਮੈ ਦੇ ਪੜਦੇ ਵਿੱਚੋਂ ਕੱਢ ਸਕਦਾ ਹੈ। ਮਨ ਦੇ ਇਸ ਪੜਦੇ ਵਿੱਚੋਂ ਨਿਕਲਣ ਦਾ ਜੋ ਗੁਰੂ ਪ੍ਰਮਾਤਮਾ ਨੇ ਸਾਨੂੰ ਤਰੀਕਾ ਬਖਸ਼ਿਆ ਹੈ, ਸਾਰੇ ਸੰਸਾਰ ਨੂੰ ਜੋ ਇੱਕੋ ਜਿਹਾ ਤਰੀਕਾ ਬਖਸ਼ਿਆ ਹੈ ਉਹ ਉਸਦਾ ਨਾਮ ਜਪਣ ਦਾ ਹੈ। ਹਰ ਸੱਚੇ ਧਰਮ ਗ੍ਰੰਥ ਵਿੱਚ ਗੁਰੂ ਪ੍ਰਮਾਤਮਾ

ਦਾ ਆਪਣਾ ਪਾਇਆ ਹੋਇਆ ਨਾਮ ਹੀ ਹੈ ਭਾਵ ਉਸਦਾ ਬ੍ਰਹਮ ਗਿਆਨ ਹੀ ਹੈ ਜਿਸ ਬ੍ਰਹਮ ਗਿਆਨ ਦਾ ਮਕਸਦ ਹੀ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਮਨ ਦੀ ਮਾਇਆ ਵਿੱਚੋਂ, ਹਉਮੈ ਵਿੱਚੋਂ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਜਿਸ ਮਨ ਦੀ ਨਾਸਮਝ ਮਤਿ ਕਰਕੇ ਹੀ ਸਾਡਾ ਮਨ ਦੇ ਵਿੱਚ ਬ੍ਰਹਮ ਗਿਆਨ ਦੇ ਮਾਲਕ, ਨਾਮ ਦੇ ਮਾਲਕ ਭਾਵ ਸੱਚੇ ਬ੍ਰਹਮ ਗਿਆਨੀ ਨਾਲ ਸਾਡਾ ਪੜਦਾ ਹੈ। ਜਦ ਤਕ ਅਸੀਂ ਨਾਮ ਨੂੰ ਨਹੀਂ ਸਮਝਦੇ ਭਾਵ ਨਾਮ ਜਪਣਾ ਨਹੀਂ ਸਮਝਦੇ, ਨਾਮ ਜਪਣ ਦੇ ਮਕਸਦ ਨੂੰ ਨਹੀਂ ਸਮਝਦੇ ਤਦ ਤਕ ਅਸੀਂ ਮਨ ਦੀ ਅਗਿਆਨਤਾ ਵਿੱਚੋਂ ਨਿਕਲ ਸਕੀਏ, ਹਉਮੈ ਵਿੱਚੋਂ ਨਿਕਲ ਸਕੀਏ ਇਹ ਮੁਮਕਿਨ ਹੀ ਨਹੀਂ ਹੈ। ਜਿਹੋ ਜਿਹਾ ਨਾਮ ਜਪਣ ਹਰ ਕੋਈ ਲੱਗਾ ਹੋਇਆ ਹੈ ਉਹੋ ਜਿਹਾ ਨਾਮ ਜਪਣ ਦੁਆਰਾ ਕੋਈ ਪ੍ਰਮਾਤਮਾ ਨੂੰ ਪਾ ਲਵੇ ਇਹ ਹੋ ਹੀ ਨਹੀਂ ਸਕਦਾ। ਇਹੋ ਜਿਹਾ ਨਾਮ ਜਪਣ ਵਾਲੇ ਅਨੇਕਾਂ ਉਹੋ ਜਿਹੇ ਵੀ ਹੋਏ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨੂੰ ਜਾਨਣ ਵਾਲਾ ਕਿਹਾ ਹੈ, ਉਸਦੇ ਨਾਲ ਮੇਲ ਵਾਲੇ ਕਿਹਾ ਹੈ ਪਰ ਉਹਨਾਂ ਵਿੱਚੋਂ ਕਿਸੇ ਨੇ ਵੀ ਨਾ ਹੀ ਸੱਚੇ ਨਾਮ ਨੂੰ ਜਾਣਿਆ ਹੈ ਤੇ ਨਾਂ ਹੀ ਉਸਦੇ ਨਿਰੰਕਾਰ ਰੂਪ ਨੂੰ ਜਾਣਿਆ ਹੈ। ਉਸਦਾ ਨਾਮ ਹੈ ਹੀ ਨਿਰੰਕਾਰ ਰੂਪ ਜਿਸ ਨਿਰੰਕਾਰ ਰੂਪ ਵਿੱਚ ਪ੍ਰਮਾਤਮਾ ਆਪ ਹੈ। ਕੋਈ ਪ੍ਰਮਾਤਮਾ ਨੂੰ ਪਾਉਂਣ ਦੀਆਂ ਗੱਲਾਂ ਕਿਤੇ ਖੰਡਾਂ, ਬ੍ਰਹਮੰਡਾਂ ਵਿੱਚੋਂ ਕਰਦੇ ਹਨ, ਕੋਈ ਆਸਮਾਨ ਵਿੱਚੋਂ ਲੱਭਣ ਦੀਆਂ ਕਰਦੇ ਹਨ ਭਾਵ ਇਹੋ ਜਿਹੇ ਸਭ ਆਪਣੇ ਸਰੀਰ ਤੋਂ ਬਾਹਰ ਹੀ ਪ੍ਰਮਾਤਮਾ ਨੂੰ ਖੋਜਣ ਦੀਆਂ, ਲੱਭਣ ਦੀਆਂ ਤੇ ਉਸਦੇ ਨਾਲ ਮਿਲਣ ਦੀਆਂ ਗੱਲਾਂ ਕਰਦੇ ਹਨ ਜਿਸ ਕਰਕੇ ਇਹੋ ਜਿਹੀਆਂ ਗੱਲਾਂ ਕਰਨ ਵਾਲਿਆਂ ਨੂੰ ਬਾਣੀ ਦੇ ਸ਼ਬਦਾਂ ਰਾਹੀਂ ਉਹਨਾਂ ਨੂੰ ਖੰਡਿਆ ਹੋਇਆ ਹੈ ਭਾਵ ਉਹਨਾਂ ਨੂੰ ਸਮਝਾਇਆ ਹੋਇਆ ਹੈ ਜੋ ਉਹੋ ਜਿਹਿਆਂ ਦੇ ਪਿੱਛੇ ਲੱਗ ਜਾਂਦੇ ਹਨ ਤੇ ਅੱਜ ਵੀ ਅਨੇਕਾਂ ਹੀ ਲੱਗੇ ਹੋਏ ਹਨ, ਉਹੋ ਜਿਹਿਆਂ ਦੇ ਗੁਣ ਗਾਉਂਣ ਵਾਲੇ ਅਨੇਕਾਂ ਹੀ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਸਾਨੂੰ ਝੂਠੇ ਨਾਮ ਨਾਲ ਜੋੜਨ ਵਾਲੇ ਉਹੋ ਜਿਹੇ ਹੀ ਹਨ। ਆਪਣੇ ਅੰਦਰੋਂ ਨਿਰੰਕਾਰ ਰੂਪ ਪ੍ਰਮਾਤਮਾ ਨੂੰ ਜਾਣੇ ਬਿਨਾਂ ਕੋਈ ਨਾਮ ਦੀ ਸੱਚੀ ਸਮਝ ਵਾਲਾ ਬਣ ਹੀ ਨਹੀਂ ਸਕਦਾ।

{ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥
ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥ ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥

ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥ ਕੋ ਰਹੈ ਨ ਭਰੀਐ ਪਾਈਐ ॥੫॥}

(ਅੰਗ ੪੬੫)

50/6891

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ ॥
ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ ॥
ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥੧॥ ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥
ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥
ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥
ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥

ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ ੪੦)

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥

ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

{ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥੧॥
ਕਵਨ ਗੁਨੁ ਜੋ ਤੁਝੁ ਲੈ ਗਾਵਉ ॥ ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥
ਕਵਨ ਸੁ ਪੂਜਾ ਤੇਰੀ ਕਰਉ ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥
ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥
ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ ੧੮੬-੧੮੭)

ਪ੍ਰਮਾਤਮਾ ਕਿਵੇਂ ਮਿਲਦਾ ਹੈ ਭਾਵ ਕਿਸ ਤਰੀਕੇ ਮਿਲਦਾ ਹੈ ਤੇ ਕਿਸ ਜਗ੍ਹਾ ਤੇ ਮਿਲਦਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਦ੍ਰਿੜ ਕਰ ਸਕਦਾ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕਿਵੇਂ ਹੁੰਦਾ ਹੈ ਤੇ ਕਿਸ ਤਰੀਕੇ ਹੁੰਦਾ ਹੈ ਤੇ ਜਿਹੋ ਜਿਹੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦੀਆਂ ਗੱਲਾਂ ਦੱਸਦੇ ਹਨ, ਉਸਦੇ ਨਾਲ ਮੇਲ ਕਰਨ ਦਾ ਤਰੀਕੇ ਦੱਸਦੇ ਹਨ ਭਾਵ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ ਉਹੋ ਜਿਹਿਆਂ ਦੀ ਮਤਿ ਦਾ ਬਾਣੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਘੋਰ ਖੰਡਨ ਕੀਤਾ ਹੋਇਆ ਹੈ ਤੇ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਇਹੋ ਜਿਹੇ ਕਿਤਨੇ ਕੂ ਭਰਮੇ ਹੋਏ ਹਨ ਤੇ ਦੂਸਰਿਆਂ ਨੂੰ ਭਗਤੀ ਦੇ ਮਾਰਗ ਸਮਝਾਉਣ ਵਿੱਚ, ਨਾਮ ਜਪਣ ਦਾ ਮਾਰਗ ਸਮਝਾਉਂਣ ਵਿੱਚ ਕਿਤਨੇ ਕੂ ਭਰਮਾਂ ਵਿੱਚ ਪਾਉਂਦੇ ਹਨ। ਹੁਣ ਧਿਆਨ ਨਾਲ ਸੋਚੋ ਕਿ ਅਕਾਲ ਪੁਰਖ ਦੁਆਰਾ ਧੰਨ ਧੰਨ ਗੁਰਬਾਣੀ ਦੇ ਰੂਪ ਵਿੱਚ ਕਿਤਨਾ ਵੱਡਾ ਧਰਮ ਗ੍ਰੰਥ ਰੱਚਨ ਦਾ ਮਕਸਦ ਹੀ ਕੀ ਰਹਿ ਗਿਆ ਜੇਕਰ ਅਸੀਂ ਗੁਰੂ ਗੁਰਬਾਣੀ ਦੀ ਗੱਲ ਨੂੰ ਛੱਡਕੇ ਉਹਨਾਂ ਦੀਆਂ ਗੱਲਾਂ ਪਿੱਛੇ ਲੱਗਣਾ ਹੈ ਜੋ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਤੇ ਸਾਨੂੰ ਧਰਮ ਗ੍ਰੰਥਾਂ ਦੀ ਕਥਨੀ ਨਾਲ ਹੀ ਜੋੜਦੇ ਹਨ ਕਿ ਵੱਧ ਤੋਂ ਵੱਧ ਕਥਨੀ ਕਰੋ, ਵੱਧ

ਤੋਂ ਵੱਧ ਪਾਠ ਕਰੀ ਜਾਵੋ ਤੇ ਜੇਕਰ ਅਸੀਂ ਗੁਰੂ ਦੀ ਗੱਲ ਤੇ ਅਮਲ ਹੀ ਨਹੀਂ ਕਰਾਂਗੇ ਫਿਰ ਇਹ ਕੁਝ ਕਿਸ ਲੇਖੇ ਭਾਵ ਜੇਕਰ ਅਸੀਂ ਮਨ ਦੇ ਭਰਮਾਂ ਵਿੱਚੋਂ ਨਹੀਂ ਨਿਕਲਦੇ, ਮਨ ਦੀ ਮਾੜੀ ਸਮਝ ਵਿੱਚੋਂ ਨਿਕਲਕੇ ਮਾੜੇ ਕਰਮ ਕਰਨੇ ਨਹੀਂ ਛੱਡਦੇ ਫਿਰ ਗੁਰੂ ਦੇ ਸਮਝਾਉਂਣ ਦਾ ਮਕਸਦ ਹੀ ਕੀ ਰਹਿ ਗਿਆ, ਗੁਰੂ ਦੇ ਨਾਮ ਦਾ ਮਕਸਦ ਹੀ ਕੀ ਰਹਿ ਗਿਆ।

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥ ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥
ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥}

(ਅੰਗ ੪੮੯)

{ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥ ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥੨॥}

(ਅੰਗ ੧੨੪੩)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥
ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥ ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥
ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥ ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥
ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥
ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥ ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥
ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥ ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥
ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥}

(ਅੰਗ ੫੫-੫੬)

{ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥}

(ਅੰਗ ੧੪੧)

{ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥

ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥
ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥
ਘੋਲੀ ਗੇਰੂ ਰੰਗੁ ਚੜਾਇਆ ਵਸਤ੍ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥੨॥
ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥
ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥
ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥
ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥
ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥ ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥
ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥
ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥}

(ਅੰਗ ੧੦੧੨-੧੦੧੩)

{ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥}

(ਅੰਗ ੧੩੯-੧੪੦)

{ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ ੪੬੭)

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥}

(ਅੰਗ ੧੨੪੬)

{ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥॥
ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥
ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥
ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥}

(ਅੰਗ ੧੬-੧੭)

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥

ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

{ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥੨॥}

(ਅੰਗ ੪੭੧-੪੭੨)

{ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥}

(ਅੰਗ ੪੭੨)

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

{ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥
ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥ ਭਾਈ ਰੇ ਅਵਰੁ ਨਾਹੀ ਮੈ ਥਾਉ ॥
ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥
ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ॥
ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥੨॥ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥
ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥

ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥ ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥
ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥
ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ॥੮॥੯॥}

(ਅੰਗ ੫੭-੫੮)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥
ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}

(ਅੰਗ ੯)

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

{ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥
ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥
ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥

ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥੧੫੭॥
ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥}

(ਅੰਗ ੧੩੭੨)

{ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥
ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥੯੧॥}

(ਅੰਗ ੧੩੬੯)

{ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥ ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥
ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥
ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥੧॥}

(ਅੰਗ ੫੮੫)

{ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥ ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥੨॥}

(ਅੰਗ ੫੮੫)

{ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੩॥}

(ਅੰਗ ੫੮੫)

{ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ ॥ ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ ॥
ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ ॥ ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥
ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥}

(ਅੰਗ ੫੮੫)

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥}

(ਅੰਗ ੪੬੮)

ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਉਹਨਾਂ ਦੀ ਮਤਿ ਦਾ ਖੰਡਨ ਹੀ ਕੀਤਾ ਹੋਇਆ ਹੈ ਜੋ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਨਾਲ ਹੀ ਜੋੜਦੇ ਹਨ, ਕੇਵਲ ਵੱਧ ਤੋਂ ਵੱਧ ਪਾਠ ਪੜੀ ਜਾਣ ਨਾਲ, ਵੱਧ ਤੋਂ ਵੱਧ ਬਾਣੀਆਂ ਪੜੀ ਜਾਣ ਨਾਲ ਤੇ ਹਰ ਰੋਜ ਗੁਰੂ ਨੂੰ ਕੇਵਲ ਮੱਥੇ ਟੇਕੀ ਜਾਣ ਨਾਲ ਹੀ ਜੋੜਦੇ ਹਨ। ਗੁਰੂ ਤਾਂ ਅਸਲ ਵਿੱਚ ਸਾਡਾ ਸ਼ਬਦ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਵਿਚਾਰ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਗਿਆਨ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ, ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਫਿਰ ਜਦ ਤੱਕ ਅਸੀਂ ਸ਼ਬਦਾਂ ਦੀ ਵਿਚਾਰ ਨੂੰ ਨਹੀਂ ਮੰਨਾਂਗੇ ਤਦ ਤਕ ਨਾ ਅਸੀਂ ਨਾਮ ਜਪਣ ਵਾਲੇ ਬਣ ਸਕਦੇ ਹਾਂ ਤੇ ਨਾ ਹੀ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਸਕਦੇ ਹਾਂ ਜਿਸ ਕਰਕੇ ਅਸੀਂ ਮਨ ਦੀ ਮਾਇਆ ਵਿੱਚੋਂ ਨਹੀਂ ਨਿਕਲ ਸਕਦੇ, ਹਉਮੈ ਵਿੱਚੋਂ, ਤ੍ਰੈ ਗੁਣਾਂ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਮਨ ਦੀ ਉਸ ਸਮਝ ਵਿੱਚੋਂ ਨਹੀਂ ਨਿਕਲ ਸਕਦੇ ਜਿਸ ਮਨ ਦੀ ਨਾਸਮਝੀ ਕਰਕੇ ਹੀ ਸਾਡਾ ਮਨ ਦੇ ਵਿੱਚ ਪ੍ਰਮਾਤਮਾ ਨਾਲ ਪੜਦਾ ਹੈ। ਸਾਡਾ ਸਭ ਤੋਂ ਪਹਿਲਾਂ

ਉਦੱਮ ਇਹੀ ਬਣਦਾ ਹੈ ਕਿ ਉਹਨਾਂ ਦੀ ਸਮਝ ਨੂੰ ਛੱਡੀਏ ਜੋ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਭਾਵ ਕੇਵਲ ਤੇ ਕੇਵਲ ਗੁਰੂ ਦੀ

ਮਤਿ ਨੂੰ ਮੰਨੀਏ ਭਾਵ ਕੇਵਲ ਸੱਚਾ ਨਾਮ ਜਪੀਏ ਜਿਸ ਸੱਚੇ ਨਾਮ ਦਾ ਮਕਸਦ ਸਾਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ, ਹਉਮੈ ਵਿੱਚੋਂ ਕੱਢਣ ਦਾ ਹੀ ਹੈ ਤੇ ਇਹੀ ਸਭ ਲਈ ਆਪਣੇ ਅੰਦਰੋਂ ਨਿਰੰਕਾਰ ਰੂਪ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਉਦੱਮ ਹੈ।

ਅਸੀਂ ਦੁਨਿਆਵੀ ਸਾਧੂ, ਸੰਤਾਂ ਆਦਿ ਨੂੰ ਪ੍ਰਮਾਤਮਾ ਦਾ ਰੂਪ ਸਮਝ ਕੇ ਭਾਵ ਉਹਨਾਂ ਨੂੰ ਪ੍ਰਮਾਤਮਾ ਦੇ ਨੇੜੇ ਸਮਝਕੇ ਉਹਨਾਂ ਦੇ ਪਿੱਛੇ ਲੱਗਦੇ ਹਾਂ ਜਿਸ ਕਰਕੇ ਅਸੀਂ ਗੁਰੂ ਦੀ ਮਤਿ ਨਾਲ ਜੁੜਨ ਤੋਂ ਦੂਰ ਰਹਿ ਜਾਂਦੇ ਹਾਂ ਕਿਉਂਕਿ ਬਾਣੀ ਵਿੱਚ ਬਾਰ-ਬਾਰ ਸਾਧੂ ਸੰਤਾਂ ਦੀ ਗੱਲ ਵੀ ਆਉਂਦੀ ਹੈ ਤੇ ਬਾਣੀ ਵਿੱਚ ਸੱਚੇ ਸਾਧੂ ਤੇ ਝੂਠੇ ਸਾਧੂ ਵਿੱਚ ਕੀ ਫਰਕ ਹੈ, ਸੱਚੇ ਸੰਤ ਵਿੱਚ ਤੇ ਝੂਠੇ ਸੰਤ ਵਿੱਚ ਕੀ ਫਰਕ ਹੈ, ਸੱਚੇ ਬ੍ਰਹਮ ਗਿਆਨੀ ਵਿੱਚ ਤੇ ਝੂਠੇ ਬ੍ਰਹਮ ਗਿਆਨੀ ਵਿੱਚ ਕੀ ਫਰਕ ਹੈ, ਧਰਮ ਦੇ ਸੱਚੇ ਵਿਦਵਾਨ ਵਿੱਚ ਤੇ ਝੂਠੇ ਵਿਦਵਾਨ ਅਖਵਾਉਂਣ ਵਾਲਿਆਂ ਵਿੱਚ ਕੀ ਫਰਕ ਹੈ ਇਹ ਵੀ ਸਾਨੂੰ ਬਾਣੀ ਰਾਹੀਂ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸੱਚਾ ਸੰਤ, ਸੱਚਾ ਸਾਧੂ, ਸੱਚਾ ਬ੍ਰਹਮ ਗਿਆਨੀ, ਧਰਮ ਦਾ ਸੱਚਾ ਵਿਦਵਾਨ ਕੇਵਲ ਗੁਰੂ ਆਪ ਹੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਧਰਮ ਦਾ ਵਿਦਵਾਨ ਉਹੀ ਹੁੰਦਾ ਹੈ ਜਿਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਵਿਦਵਾਨ ਬਣਾਉਂਦਾ ਹੈ, ਆਪਣਾ ਸਾਧੂ ਰੂਪ ਬਣਾਉਂਦਾ ਹੈ, ਆਪਣਾ ਸੰਤ ਰੂਪ ਬਣਾਉਂਦਾ ਹੈ, ਆਪਣਾ ਬ੍ਰਹਮ ਗਿਆਨੀ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਉਹਨਾਂ ਦੇ ਅੰਦਰ ਪ੍ਰਗਟ ਹੋ ਕੇ ਧਰਮ ਦੇ ਸੱਚੇ ਵਿਦਵਾਨ ਬਣਾਇਆ ਹੈ ਜਿਨ੍ਹਾਂ ਨੇ ਆਪਣੇ ਸੱਚੇ ਗਿਆਨ ਦੁਆਰਾ ਪੂਰੇ ਗੁਰੂ ਗ੍ਰੰਥ ਸਾਹਿਬ ਨੂੰ ਧਰਮ ਦਾ ਸੱਚਾ ਤੇ ਸਭ ਤੋਂ ਉੱਚਾ ਵਿਦਵਾਨ ਬਣਾਇਆ ਹੈ ਜੋ ਕਿ ਅਕਾਲ ਪੁਰਖ ਦੀ ਮਨੁੱਖਤਾ ਦੇ ਉੱਤੇ ਬਹੁਤ ਹੀ ਵੱਡੀ ਕਿਰਪਾ ਹੈ ਤੇ ਜੇਕਰ ਅਸੀਂ ਫਿਰ ਵੀ ਇਤਨੇ ਉੱਚੇ ਵਿਦਵਾਨ ਦੀ ਮਤਿ ਨੂੰ ਛੱਡਕੇ ਭਾਵ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਤੇ ਉੱਚੀ ਮਤਿ ਨੂੰ ਛੱਡਕੇ ਉਨ੍ਹਾਂ ਦੀ ਮਤਿ ਨਾਲ ਜੁੜਦੇ ਹਾਂ ਜਿਨ੍ਹਾਂ ਨੂੰ ਇਸ ਗੱਲ ਦੀ ਰੱਤੀ ਵੀ ਸਮਝ ਨਹੀਂ ਹੈ ਕਿ ਸਾਰਾ ਗਿਆਨ ਆਉਂਦਾ ਕਿੱਥੋਂ ਹੈ ਭਾਵ ਗਿਆਨ ਦਾ ਮਾਲਕ ਕੌਣ ਹੈ ਭਾਵ ਮਨ ਦੇ ਅੰਦਰ ਪ੍ਰਮਾਤਮਾ ਪ੍ਰਗਟ ਕਿਸ ਤਰੀਕੇ ਹੁੰਦਾ ਹੈ, ਕਿਸ ਰੂਪ ਵਿੱਚ ਹੁੰਦਾ ਹੈ, ਕਿਸ ਮਕਸਦ ਲਈ ਹੁੰਦਾ ਹੈ ਉਨ੍ਹਾਂ ਦੀ ਮਤਿ ਨਾਲ ਜੁੜਕੇ ਫਿਰ ਅਸੀਂ ਸਿਵਾਏ ਭਰਮਾਂ ਦੇ ਹੋਰ ਕੀ

ਆਪਣੇ ਪੱਲੇ ਪਾ ਸਕਦੇ ਹਾਂ। ਜਦ ਤਕ ਸਚੁ ਰੂਪ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਹੀ ਨਹੀਂ ਕਰਦਾ ਤਦ ਤਕ ਕੌਣ ਜਾਣ ਸਕਦਾ ਹੈ ਕਿ ਪ੍ਰਮਾਤਮਾ ਦਾ ਸਚੁ ਰੂਪ ਕੀ ਹੈ। ਉਸਦਾ ਸਚੁ ਰੂਪ ਹੀ ਉਸਦਾ ਨਾਮ ਰੂਪ ਹੈ ਜੋ ਕਿ ਉਸਦਾ ਅੰਮ੍ਰਿਤ ਰੂਪ ਹੈ। ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਪਹਿਲੇ ਆਪ ਆਪਣਾ ਅੰਮ੍ਰਿਤ ਪਿਆਉਂਦਾ ਹੈ ਤਾਂ ਹੀ ਕੋਈ ਉਸਦਾ ਸਾਧ ਰੂਪ, ਸੰਤ ਰੂਪ ਬਣ ਸਕਦਾ ਹੈ ਭਾਵ ਧਰਮ ਦੇ ਗਿਆਨ ਦੀ ਸੱਚੀ ਸੋਝੀ ਵਾਲਾ ਬਣ ਸਕਦਾ ਹੈ ਜੋ ਸਮਝ ਧਰਮ ਦੇ ਮਾਰਗ ਤੇ ਚੱਲਣ ਲਈ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ। ਪ੍ਰਮਾਤਮਾ ਕਿਸੇ ਨੂੰ ਆਪਣਾ ਸਾਧੂ ਰੂਪ ਕਿਵੇਂ ਬਣਾਉਂਦਾ ਹੈ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਨਾਮ ਰੂਪ ਅੰਮ੍ਰਿਤ ਕਿਵੇਂ ਪਿਆਉਂਦਾ ਹੈ, ਕਿਸ ਜਗ੍ਹਾ ਤੇ ਪਿਆਉਂਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

ਮਾਰੂ ਮਹਲਾ ੫ ॥

“ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥

ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥"

(ਅੰਗ ੧੦੦੨)

ਅਕਾਲ ਪੁਰਖ ਕਿਸ ਰੂਪ ਵਿੱਚ ਹੈ ਤੇ ਮਨੁੱਖ ਦਾ ਉਸਦੇ ਨਾਲ ਮੇਲ ਕਿਸ ਰੂਪ ਵਿੱਚ ਹੁੰਦਾ ਹੈ, ਕਿਸ ਤਰੀਕੇ ਹੁੰਦਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਸਾਡੇ ਘਰ ਦੇ ਵਿੱਚ ਭਾਵ ਸਾਡੇ ਅੰਦਰ ਹੀ ਹੈ ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਜਦ ਦੀ ਇਸ ਸੰਸਾਰ ਦੀ ਰਚਨਾ ਹੋਈ ਹੈ ਤਦ ਤੋਂ ਲੈ ਕੇ ਜਿਸਨੇ ਵੀ ਪ੍ਰਮਾਤਮਾ ਨੂੰ ਜਾਣਿਆ ਹੈ ਉਸਨੇ ਉਸਨੂੰ ਆਪਣੇ ਘਰ ਦੇ ਵਿੱਚੋਂ ਹੀ ਜਾਣਿਆ ਹੈ ਭਾਵ ਆਪਣੇ ਅੰਦਰੋਂ ਹੀ ਵੇਖਿਆ ਹੈ ਜੋ ਕਿ ਮਨੁੱਖ ਆਪਣੇ ਆਪ ਨਹੀਂ ਦੇਖ ਸਕਦਾ ਕਿਉਂਕਿ ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਮਨ ਦੀਆਂ ਅੱਖਾਂ ਦੁਆਰਾ ਦੇਖਿਆ ਜਾ ਸਕਦਾ ਹੈ ਭਾਵ ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਇਸ ਤੋਂ ਇਲਾਵਾ ਪ੍ਰਮਾਤਮਾ ਨੂੰ ਦੇਖਣ ਦਾ ਭਾਵ ਆਪਣੇ ਅੰਦਰੋਂ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਪੂਰੀ ਗੁਰਬਾਣੀ ਰਾਹੀਂ ਸਾਨੂੰ ਇਹ ਤਰੀਕਾ ਹੀ ਸਮਝਾਇਆ ਹੋਇਆ ਹੈ ਤੇ ਦਾਸ ਨੇ ਵੀ ਆਪਣੇ ਅੰਦਰੋਂ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਇਸੇ ਤਰੀਕੇ ਹੀ ਦੇਖਿਆ ਹੈ ਜੋ ਆਪਣਾ ਰੂਪ ਉਸਨੇ ਮਨ ਦੇ ਵਿੱਚ ਪ੍ਰਗਟ ਹੋ ਕੇ, ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਆਪ ਹੀ ਦਿਖਾਇਆ ਹੈ ਤੇ ਤਾਂ ਹੀ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਸਕਦਾ

50/6895

ਹੈ ਕਿ ਸਾਡੇ ਅੰਦਰ ਦੀ ਸਮਝ ਦਾ ਮਾਲਕ ਕੌਣ ਹੈ। ਬਾਣੀ ਰਾਹੀਂ ਭਾਵੇਂ ਇਹ ਗੱਲ ਅਨੇਕਾਂ ਸ਼ਬਦਾਂ ਰਾਹੀਂ ਸਮਝਾਈ ਹੋਈ ਹੈ ਕਿ ਮਨੁੱਖੀ ਸਮਝ ਤੇ ਮਨੁੱਖ ਦਾ ਕੋਈ ਆਪਣਾ ਵੱਸ ਨਹੀਂ ਹੈ ਪਰ ਇਸ ਗੱਲ ਤੇ ਵਿਸ਼ਵਾਸ ਕਿਸੇ ਨੂੰ ਤਾਂ ਹੀ ਆਉਂਦਾ ਹੈ ਕਿ ਇਹ ਮਨੁੱਖੀ ਰੂਪ ਮੇਰਾ ਨਹੀਂ ਹੈ ਭਾਵ ਜਿਸ ਤਰੀਕੇ ਪ੍ਰਮਾਤਮਾ ਮੇਰੇ ਅੰਦਰ ਹੈ ਉਸੇ ਰੂਪ ਵਿੱਚ ਹੀ ਉਹ ਸਭ ਦੇ ਅੰਦਰ ਹੈ ਪਰ ਜਦ ਤਕ ਉਹ ਆਪਣਾ ਆਪ ਕਿਸੇ ਨੂੰ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਦਿਖਾਉਂਦਾ ਨਹੀਂ ਹੈ ਤਦ ਤਕ ਹਰ ਕੋਈ ਇਹੀ ਸਮਝਦਾ ਹੈ ਕਿ ਪ੍ਰਮਾਤਮਾ ਕਿਧਰੇ ਬਾਹਰੋਂ ਹੀ ਮਿਲਦਾ ਹੈ ਭਾਵ ਉਸਦਾ ਟਿਕਾਣਾ ਕਿਤੇ ਬਾਹਰ ਹੀ ਹੈ ਜਿਵੇਂ ਕਿ ਕਈ ਖੰਡਾਂ, ਬ੍ਰਹਮੰਡਾਂ ਵਿੱਚ ਉਸਦੇ ਹੋਣ ਦੀਆਂ ਗੱਲਾਂ ਕਰਦੇ ਹਨ, ਕਈ ਆਕਾਸ਼, ਪਾਤਾਲ ਵਿੱਚ ਉਸਦੇ ਹੋਣ ਦੀਆਂ ਗੱਲਾਂ ਕਰਦੇ ਹਨ, ਉਸਨੂੰ ਕਿਸੇ ਆਕਾਰ ਰੂਪ ਵਿੱਚ ਹੋਣ ਦੀਆਂ ਗੱਲਾਂ ਕਰਦੇ ਹਨ ਭਾਵ ਉਸਨੂੰ ਕਿਤੇ ਬਾਹਰੋਂ ਲੱਭਣ ਦੀਆਂ ਗੱਲਾਂ ਕਰਦੇ ਹਨ ਭਾਵ ਇਹੋ ਜਿਹੀਆਂ ਗੱਲਾਂ ਕਰਨ ਵਾਲੇ ਸਭ ਆਪ ਵੀ ਭਰਮ ਵਿੱਚ ਰਹੇ ਹਨ ਤੇ ਉਨ੍ਹਾਂ ਨੇ ਸੰਸਾਰ ਨੂੰ ਵੀ ਭਰਮਾਂ ਵਿੱਚ ਹੀ ਪਾਇਆ ਹੈ। ਜਿਸਨੇ ਵੀ ਪ੍ਰਮਾਤਮਾ ਦੀ ਅਸਲੀਅਤ ਨੂੰ ਜਾਣਿਆ ਹੈ ਉਨ੍ਹਾਂ ਨੇ ਉਸਦੇ ਨਿਰੰਕਾਰ ਰੂਪ ਨੂੰ ਹੀ ਜਾਣਿਆ ਹੈ ਜੋ ਉਸਦਾ ਨਿਰੰਕਾਰ ਰੂਪ ਉਸਦਾ ਗਿਆਨ ਰੂਪ ਹੈ ਜਿਸ ਆਪਣੇ ਗਿਆਨ ਰੂਪ ਦੁਆਰਾ ਉਸਨੇ ਹਰ ਆਕਾਰ ਰੂਪ ਨੂੰ ਬਣਾਇਆ ਹੈ, ਆਪਣੀ ਉੱਚੀ ਸਾਇੰਸ ਦੇ ਗਿਆਨ ਦੁਆਰਾ ਬਣਾਇਆ ਹੈ ਤੇ ਆਪਣੇ ਉਸ ਉੱਚੇ ਸਾਇੰਸ ਦੇ ਗਿਆਨ ਦੁਆਰਾ ਹੀ ਭਾਵ ਆਪਣੇ ਨਾਮ ਦੁਆਰਾ ਹੀ, ਆਪਣੇ ਬ੍ਰਹਮ ਗਿਆਨ ਦੁਆਰਾ ਹੀ ਆਪਣਾ ਹਰ ਆਕਾਰ ਰੂਪ ਚਲਾ ਰਿਹਾ ਹੈ। ਉਸਦਾ ਨਿਰੰਕਾਰ ਰੂਪ ਕੀ ਹੈ ਇਹ ਉਹ ਕਿਸੇ ਨੂੰ ਆਪ ਹੀ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਖਾਉਂਦਾ ਹੈ ਤੇ ਤਾਂ ਹੀ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਆਪ ਦਾ ਸੱਚ ਸਮਝਾਉਂਣ ਵਾਲਾ, ਸਾਰੇ ਸੰਸਾਰ ਦਾ ਸੱਚ ਸਮਝਾਉਂਣ ਵਾਲਾ, ਭਗਤੀ ਦੇ ਮਾਰਗ ਦਾ ਸੱਚ ਸਮਝਾਉਂਣ ਵਾਲਾ, ਆਪਣਾ ਨਾਮ ਸਮਝਾਉਂਣ ਵਾਲਾ ਭਾਵ ਨਾਮ ਦੀ ਸਮਝ ਪਾਉਂਣ ਵਾਲਾ ਭਾਵ ਗੁਰਮਤਿ ਦੀ ਸੱਚੀ ਸਮਝ ਦੇਣ ਵਾਲਾ ਪ੍ਰਮਾਤਮਾ ਆਪ ਹੀ ਹੈ। ਇਸੇ ਲਈ ਪੂਰੀ ਗੁਰਬਾਣੀ ਰਾਹੀਂ ਅਕਾਲ ਪੁਰਖ ਆਪ ਹੀ ਸ਼ਬਦ ਰੂਪ ਵਿੱਚ ਗੁਰੂ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜੋ ਸਾਰਾ ਸੱਚਾ ਗਿਆਨ ਉਸਨੇ ਭਗਤਾਂ ਦੇ, ਗੁਰੂ ਸਾਹਿਬਾਨ ਦੇ, ਗੁਰਬਾਣੀ ਦੀ ਰਚਨਾ ਕਰਨ ਵਾਲਿਆ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਪਾਇਆ

50/6896

ਹੈ। **(ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥)**

ਪ੍ਰਮਾਤਮਾ ਨੂੰ ਜਦੋਂ ਕੋਈ ਆਪਣੇ ਅੰਦਰੋਂ ਦੇਖ ਲੈਂਦਾ ਹੈ ਭਾਵ ਜਾਣ ਲੈਂਦਾ ਹੈ ਉਸਨੂੰ ਫਿਰ ਮਨ ਦੇ ਵਿੱਚ ਕੀ ਮਹਿਸੂਸ ਹੁੰਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥"

ਸੰਸਾਰ ਦੇ ਵਿੱਚ ਅਗਰ ਕੋਈ ਸਭ ਤੋਂ ਵੱਡੀ ਅਸਚਰਜਤਾ ਵਾਲੀ ਗੱਲ ਹੈ ਉਹ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਦੇਖਣ ਦੀ ਹੈ ਭਾਵ ਉਸਨੂੰ ਜਾਨਣ ਦੀ ਹੈ ਭਾਵ ਉਸਨੂੰ ਆਪਣੇ ਅੰਦਰੋਂ ਮਹਿਸੂਸ ਕਰਨਾ, ਅਨੁਭਵ ਕਰਨਾ ਹੈ। ਇਹ ਅਸਚਰਜਤਾ ਇਸ ਗੱਲ ਦੀ ਹੈ ਕਿ ਪ੍ਰਮਾਤਮਾ ਮੇਰੇ ਅੰਦਰ ਹੀ ਹੈ ਜਿਸ ਗੱਲ ਤੇ ਕਦੇ ਵਿਸ਼ਵਾਸ ਆ ਹੀ ਨਹੀਂ ਸੀ ਸਕਦਾ ਤੇ ਜਿਸ ਤਰੀਕੇ ਉਹ ਮੇਰੇ ਅੰਦਰ ਹੈ ਉਸੇ ਤਰੀਕੇ ਹੀ ਉਹ ਸਭ ਦੇ ਅੰਦਰ ਹੈ ਤੇ ਹਰ ਕੋਈ ਇਹੀ ਸਮਝਦਾ ਹੈ ਕਿ ਇਸ ਮਨੁੱਖੀ ਰੂਪ ਵਿੱਚ ਮੈਂ ਹਾਂ, ਮੇਰੇ ਅੰਦਰ ਦੀ ਸਮਝ ਮੇਰੀ ਹੈ ਤੇ ਪ੍ਰਮਾਤਮਾ ਕਿਧਰੇ ਬਾਹਰੋਂ ਮਿਲਦਾ ਹੈ। ਇੱਕ ਵਾਰੀ ਜਦੋਂ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਂਦਾ ਹੈ ਫਿਰ ਮਨੁੱਖ ਕਦੇ ਇਹ ਕਹਿ ਹੀ ਨਹੀਂ ਸਕਦਾ ਭਾਵ ਕਿਸੇ ਦੀ ਗੱਲ ਨੂੰ ਫਿਰ ਮੰਨ ਹੀ ਨਹੀਂ ਸਕਦਾ ਕਿ ਪ੍ਰਮਾਤਮਾ ਕਿਧਰੇ ਬਾਹਰੋਂ ਮਿਲਦਾ ਹੈ। ਪ੍ਰਮਾਤਮਾ ਆਪਣੇ ਅੰਦਰ ਪ੍ਰਗਟ ਹੋ ਕੇ ਆਪਣੇ ਆਪ ਦੇ ਹੋਣ ਦਾ ਵਿਸ਼ਵਾਸ ਕਿਸ ਤਰੀਕੇ ਦਿਖਾਉਂਦਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸੱਚ ਕਰਕੇ ਜਾਣੋ ਕਿ ਮਨੁੱਖੀ ਸਰੀਰ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਚਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੀ ਹੈ। ਜੇਕਰ ਉਹ ਅੱਖਾਂ ਨੂੰ ਬੰਦ ਕਰ ਦੇਵੇ ਤਾਂ ਫਿਰ ਕੀ ਮਜਾਲ ਮਨੁੱਖ ਆਪਣੇ ਆਪ ਅੱਖਾਂ ਨੂੰ ਖੋਲ ਲਵੇ। ਦਾਸ ਨਾਲ ਸਭ ਕੁਝ ਬੀਤਿਆ ਹੋਇਆ ਹੈ। ਜੇਕਰ ਤੁਸੀਂ ਖੱਬੇ ਪਾਸੇ ਜਾਣਾ ਚਾਹੋ ਤੇ ਉਹ ਸੱਜੇ ਪਾਸੇ ਤੋਰੀ ਜਾਂਦਾ ਹੈ। ਜਦੋਂ ਉਸਨੇ ਦਾਸ ਨੂੰ ਆਪਣੇ ਅੰਦਰ ਹੋਣ ਦਾ ਵਿਸ਼ਵਾਸ ਦਿਵਾਇਆ ਸੀ ਤਾਂ ਦਾਸ ਨਾਲ ਉਸਨੇ ਬਹੁਤ ਕੁਝ ਕਰਕੇ ਦਿਖਾਇਆ ਸੀ ਜਿਵੇਂ ਕਿ ਅਸੀਂ ਲੇਖ ਵਿੱਚ ਸ਼ੁਰੂ ਵਿੱਚ ਸਮਝਿਆ ਹੀ ਹੈ। ਇਹ ਬਹੁਤ ਹੀ ਵੱਡਾ ਅਸਚਰਜ ਹੈ ਜਿਸਦਾ ਅਨੁਭਵ ਪ੍ਰਮਾਤਮਾ ਕਿਸੇ ਨੂੰ ਆਪ ਹੀ ਕਰਵਾ ਸਕਦਾ ਹੈ। **(ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ॥੧॥)**

50/6897

ਪ੍ਰਮਾਤਮਾ ਦੇ ਨਾਲ ਮੇਲ ਹੋਣਾ ਉਸ ਅਮੁਲ ਵਸਤੂ ਦੀ ਪ੍ਰਾਪਤੀ ਹੋਣਾ ਹੈ ਜਿਸਦਾ ਕੋਈ ਮੁੱਲ ਆਪਣੇ ਆਪ ਚੁਕਾ ਹੀ ਨਹੀਂ ਸਕਦਾ ਜਿਵੇਂ ਕਿ ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥

ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥"

"ਮਾਨਕੁ" ਦਾ ਮਿਲਣਾ ਜਾਂ ਪ੍ਰਮਾਤਮਾ ਦਾ ਮਿਲਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਉਪਰ ਵਾਲੀ ਪਹਲੀ ਪੰਗਤੀ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸਮਝਣ ਦੀ ਜਰੂਰਤ ਕੇਵਲ ਇਸ ਗੱਲ ਨੂੰ ਹੈ ਕਿ ਪ੍ਰਮਾਤਮਾ ਦਾ ਮਾਨਕੁ ਰੂਪ ਕੀ ਹੈ ਜਿਸ ਉਸਦੇ ਰੂਪ ਨੂੰ ਬਾਣੀ ਦੇ ਵਿੱਚ ਮੋਤੀ ਰੂਪ, ਲਾਲ ਰੂਪ, ਹੀਰਾ ਰੂਪ ਦੱਸਿਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਸੰਸਾਰ ਵਿੱਚ ਸਭ ਤੋਂ ਕੀਮਤੀ ਵਸਤੂ ਇਹਨਾਂ ਚੀਜਾਂ ਨੂੰ ਹੀ ਸਮਝਿਆ ਜਾਂਦਾ ਹੈ ਤੇ ਹੁਣ ਇਹ ਸਮਝੋ ਜਿਸਨੇ ਇਹ ਸਭ ਕੀਮਤੀ ਚੀਜਾਂ ਬਣਾਈਆਂ ਹਨ ਉਹ ਆਪ ਕਿਤਨੀ ਕੂ ਉੱਚੀ ਕੀਮਤ ਵਾਲਾ ਹੋਵੇਗਾ। ਸਭ ਕੁਝ ਤਾਂ ਪ੍ਰਮਾਤਮਾ ਦੇ ਨਾਮ ਨਾਲ ਬਣਿਆ ਹੈ ਭਾਵ ਉਸਦੇ ਬ੍ਰਹਮ ਗਿਆਨ ਦੁਆਰਾ ਬਣਿਆ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਪੂਰੀ ਗੁਰਬਾਣੀ ਇਤਨੀ ਕੂ ਉੱਚੀ ਕੀਮਤ ਵਾਲੀ ਹੈ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਤੇ ਮੰਨਦਾ ਵੀ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਪਾਇਆ ਹੋਇਆ ਨਾਮ ਹੈ ਜਿਸ ਨਾਮ ਦੀ ਪ੍ਰਾਪਤੀ ਹੋਣ ਦੇ ਨਾਲ ਮਨੁੱਖ ਨੂੰ ਉਸ ਅਨਮੋਲ ਵਸਤੂ ਦੀ ਪ੍ਰਾਪਤੀ ਹੋ ਜਾਂਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸਦਾ ਕੋਈ ਆਪਣੇ ਆਪ ਮੁੱਲ ਪਾ ਹੀ ਨਹੀਂ ਸਕਦਾ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਅਨਮੋਲ ਹੈ ਜਿਸਦਾ ਮਾਲਕ ਕੇਵਲ ਤੇ ਕੇਵਲ ਉਹ ਆਪ ਹੈ ਜੋ ਉਸਦਾ ਮਾਣਕ ਰੂਪ ਹੈ ਜਿਸਦੀ ਕੀਮਤ ਕੋਈ ਚੁਕਾ ਹੀ ਨਹੀਂ ਸਕਦਾ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ, ਉਸਦੀ ਆਪਣੀ ਕਿਰਪਾ ਹੈ ਕਿ ਉਹ ਕਿਸੇ ਨੂੰ ਆਪਣਾ ਮਾਣਕ ਦੇਵੇ, ਆਪਣਾ ਰਤਨ ਪਦਾਰਥ ਦੇਵੇ। **(ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥ ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥)**

ਪ੍ਰਮਾਤਮਾ ਕਿਸੇ ਨੂੰ ਇਹ ਆਪਣਾ ਮਾਣਕ ਭਾਵ ਆਪਣੀ ਕੀਮਤੀ ਵਸਤੂ ਕਿਸ ਤਰੀਕੇ ਦਿੰਦਾ ਹੈ ਤੇ ਕਿਸ ਮਕਸਦ ਲਈ ਦਿੰਦਾ ਹੈ, ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥

ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥

ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ ੨੨)

50/6898

ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਸਮਝੇ ਹੀ ਹਨ। ਪ੍ਰਮਾਤਮਾ ਦੇ ਇਸ ਮਾਣਕ ਰੂਪ ਨੂੰ ਹੀ ਸ਼ਬਦ ਵਿੱਚ ਨਾਮ ਰੂਪ ਦੱਸਿਆ ਹੋਇਆ ਹੈ ਜੋ ਕਿ ਉਸਦਾ ਸੱਚ ਰੂਪ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਰੂਪ ਹੈ। ਗੁਰਮਤਿ ਦੇ ਅੰਦਰ ਜੋ ਸੱਚੀ ਸਮਝ ਹੈ ਭਾਵ ਜੋ ਸੱਚਾ ਗਿਆਨ ਹੈ ਭਾਵ ਜੋ ਪ੍ਰਮਾਤਮਾ ਦਾ ਨਾਮ ਹੈ ਉਸਦੀ ਕੀਮਤ ਕੋਈ ਨਹੀਂ ਪਾ ਸਕਦਾ। ਜਿਸਨੂੰ ਪ੍ਰਮਾਤਮਾ ਆਪਣਾ ਇਹ ਹੀਰਾ, ਨਾਮ ਰਤਨ ਬਖਸ਼ਦਾ ਹੈ ਕੇਵਲ ਉਹ ਹੀ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਹੋਰ ਕੋਈ ਨਹੀਂ ਜਾਣ ਸਕਦਾ ਕਿਉਂਕਿ ਪ੍ਰਮਾਤਮਾ ਖੁੱਦ ਆਪ ਨਾਮ ਰਤਨ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ। ਇਸ ਨਾਮ ਰਤਨ ਦੀ ਪ੍ਰਾਪਤੀ ਮਨ ਦੇ ਵਿੱਚ ਹੀ ਹੁੰਦੀ ਹੈ, ਮਨ ਦੇ ਵਿੱਚ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਹੁੰਦੀ ਹੈ ਜੋ ਪ੍ਰਕਾਸ਼ ਮਨ ਦੇ ਵਿੱਚ ਪ੍ਰਗਟ ਹੋ ਕੇ ਨਾਮ ਰਤਨ ਦਾ ਮਾਲਕ ਆਪ ਹੀ ਕਰਦਾ ਹੈ ਤੇ ਜਿਸ ਦੁਆਰਾ ਉਹ ਗੁਰਮਤਿ ਦੀ ਸੱਚੀ ਸਮਝ ਹੀ ਪਾਉਂਦਾ ਹੈ, ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸਮਝ ਹੀ ਪਾਉਂਦਾ ਹੈ, ਆਪਣਾ ਨਾਮ ਜਪਾਉਂਣ ਦੀ ਸੱਚੀ ਸਮਝ ਹੀ ਪਾਉਂਦਾ ਹੈ ਜੋ ਨਾਮ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨ ਕੇ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਦਾ ਹੀ ਹੈ ਜਿਨ੍ਹਾਂ ਦੀ ਪੂਰਤੀ ਲਈ ਮਨੁੱਖ ਮਾੜੇ ਕਰਮ ਕਰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਵਿੱਚ ਰਹਿੰਦਾ ਹੈ ਜਿਨ੍ਹਾਂ ਵਿੱਚੋਂ ਨਿਕਲਣਾ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ, ਧਰਮ ਦੇ ਸੱਚੇ ਮਾਰਗ ਤੇ ਚੱਲਣਾ ਹੈ ਭਾਵ ਸੱਚ ਦੇ ਮਾਰਗ ਤੇ ਚੱਲਣਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਪਰ ਵਾਲੇ ਸ਼ਬਦ ਰਾਹੀਂ ਸਾਨੂੰ ਨਾਮ ਰਤਨ ਦੀ ਪ੍ਰਾਪਤੀ ਦਾ ਮਕਸਦ ਇਹੀ ਸਮਝਾਇਆ ਹੋਇਆ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਪ੍ਰਮਾਤਮਾ ਦਾ ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦਾ ਹੈ, ਹਰ ਸੱਚਾ ਧਰਮ ਗ੍ਰੰਥ ਸਾਨੂੰ ਇੱਕੋ ਜਿਹਾ ਨਾਮ ਜਪਣ ਦਾ ਤਰੀਕਾ ਹੀ ਸਮਝਾਉਂਦਾ ਹੈ ਜੋ ਤਰੀਕਾ ਮਾੜੇ ਕਰਮ ਛੱਡਕੇ ਚੰਗੇ ਕਰਮ ਕਰਨ ਦਾ ਹੈ।

ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਮਾਣਕ ਦੀ ਪ੍ਰਾਪਤੀ ਸਾਨੂੰ ਕਿਸ ਤਰੀਕੇ ਹੁੰਦੀ ਹੈ ਤੇ ਕਿਸ ਮਕਸਦ ਲਈ ਹੁੰਦੀ ਹੈ।

“ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥”

ਸਾਧੂ ਰੂਪ ਕੀ ਹੈ ਭਾਵ ਸਾਧੂ ਕਿਸਨੂੰ ਕਿਹਾ ਹੈ ਭਾਵ ਧਰਮ ਦੇ ਸੱਚੇ ਮਾਰਗ ਨੂੰ ਜਾਨਣ ਦੁਆਰਾ ਤੇ ਦੂਸਰਿਆਂ ਨੂੰ ਧਰਮ ਦਾ ਸੱਚਾ ਮਾਰਗ

50/6899

ਸਮਝਾਉਣ ਵਾਲਾ ਕਿਸਨੂੰ ਕਿਹਾ ਹੈ ਤੇ ਪ੍ਰਮਾਤਮਾ ਕਿਸੇ ਨੂੰ ਆਪਣਾ ਸਾਧੂ ਰੂਪ ਭਾਵ ਸੰਤ ਰੂਪ ਕਿਸ ਤਰੀਕੇ ਬਣਾਉਂਦਾ ਹੈ ਤੇ ਕਿਸ ਜਗ੍ਹਾ ਤੇ ਬਣਾਉਂਦਾ ਹੈ ਇਹੀ ਗੱਲ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਜਿਸਨੂੰ ਆਪਣਾ ਸਾਧੂ ਰੂਪ, ਸੰਤ ਰੂਪ ਬਣਾਉਂਦਾ ਹੈ ਉਨ੍ਹਾਂ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ। ਉਪਰ ਪੰਗਤੀਆਂ ਵਿੱਚ ਦਸਮ ਦੁਆਰ ਦੀ ਗੱਲ ਵੀ ਕੀਤੀ ਹੋਈ ਹੈ, ਅਨਹਦ ਸ਼ਬਦ ਵੱਜਣ ਦੀ ਗੱਲ ਵੀ ਕੀਤੀ ਹੋਈ ਹੈ ਤੇ ਅੰਮ੍ਰਿਤ ਨਾਮ ਦੀ ਗੱਲ ਵੀ ਕੀਤੀ ਹੋਈ ਹੈ ਜਿਸ ਅੰਮ੍ਰਿਤ ਨਾਮ ਦੀ ਪ੍ਰਾਪਤੀ ਮਨ ਦੇ ਦਸਮ ਦੁਆਰ ਰਾਹੀਂ ਹੀ ਹੁੰਦੀ ਹੈ। ਜਦੋਂ ਇਹ ਕਿਸੇ ਦਾ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਭਾਵ ਉਸ ਅਦਿਸਟ ਅਗੋਚਰ ਪਾਰਬ੍ਰਹਮ ਦੇ ਨਾਲ ਮੇਲ ਹੁੰਦਾ ਹੈ ਉਹ ਦਸਮ ਦੁਆਰ ਦੁਆਰਾ ਹੀ ਹੁੰਦਾ ਹੈ ਭਾਵ ਮਨ ਦੇ ਵਿੱਚ ਹੀ ਹੁੰਦਾ ਹੈ। ਮਨ ਦੇ ਦਸਮ ਦੁਆਰ ਨੂੰ ਕੇਵਲ ਤੇ ਕੇਵਲ ਉਹੀ ਜਾਣ ਸਕਦਾ ਹੈ ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਤੇ ਜਿਸਦਾ ਮੇਲ ਹੋ ਜਾਂਦਾ ਹੈ ਉਹੀ ਕੇਵਲ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸੱਚਾ ਸਾਧੂ, ਸੱਚਾ ਸੰਤ ਕੌਣ ਹੈ। ਪ੍ਰਮਾਤਮਾ ਦਾ ਗੁਰੂ ਰੂਪ ਹੀ ਉਸਦਾ ਸਾਧੂ ਰੂਪ ਹੈ ਭਾਵ ਉਸਦਾ ਸਾਧ ਰੂਪ ਹੈ ਭਾਵ ਉਸਦਾ ਸੰਤ ਰੂਪ ਹੈ। ਜਿਸਦੇ ਅੰਦਰ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਆਪਣਾ ਸੱਚਾ ਗਿਆਨ ਦੇਣ ਲਈ ਹੀ ਪ੍ਰਗਟ ਕਰਦਾ ਹੈ। ਕੋਈ ਆਪਣੇ ਆਪ ਉਸ ਅਕਥ ਨੂੰ, ਉਸਦੀ ਅਕਥ ਕਥਾ ਨੂੰ ਨਹੀਂ ਸਮਝ ਸਕਦਾ। ਪ੍ਰਮਾਤਮਾ ਸਾਰੇ ਸੰਸਾਰ ਲਈ ਅਕਥ ਹੀ ਹੈ ਤੇ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦਾ ਅਕਥ ਰੂਪ ਹੀ ਸਮਝਾਇਆ ਹੋਇਆ ਹੈ ਜਿਸ ਪ੍ਰਮਾਤਮਾ ਦੇ ਰੂਪ ਨੂੰ ਆਪਣੇ ਆਪ ਕੋਈ ਨਹੀਂ ਕੱਥ ਸਕਦਾ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪ ਹੀ ਆਪਣਾ ਅਕਥ ਰੂਪ ਕਥਾਇਆ ਹੈ ਭਾਵ ਸਮਝਾਇਆ ਹੈ। **(ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥)**

ਪੂਰੀ ਗੁਰਬਾਣੀ ਪ੍ਰਮਾਤਮਾ ਦੀ ਅਕਥ ਕਥਾ ਹੀ ਬਿਆਨ ਕਰ ਰਹੀ ਹੈ ਤੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣੀ ਅਕਥ ਕਥਾ ਕਿਸ ਤਰੀਕੇ ਲਿਖਵਾਈ ਹੈ

50/6900

ਭਾਵ ਸਮਝਾਈ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਸਾਡਾ ਅੰਮ੍ਰਿਤ ਨਾਮ ਨੂੰ ਸਮਝਣ ਲਈ ਕੋਈ ਭੁਲੇਖਾ ਅਗਰ ਬਚਿਆ ਹੋਵੇ ਉਹ ਪੂਰੀ ਤਰ੍ਹਾਂ ਦੂਰ ਹੋ ਜਾਵੇ।

“ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥”

ਇਸ ਪੂਰੇ ਲੇਖ ਦਾ ਨਾਮ **“ਨਾਮ ਦਰਸ਼ਨ”** ਹੈ। ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਨਾਮ ਹੀ ਹੈ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਹੀ ਸਮਝਦੇ ਆ ਰਹੇ ਹਾਂ। ਪੂਰੀ ਗੁਰਬਾਣੀ ਵਿੱਚ ਗੁਰਮਤਿ ਹੀ ਸਮਝਾਈ ਹੋਈ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਸਮਝਾਈ ਹੋਈ ਹੈ। ਹਰ ਸ਼ਬਦ ਦੀ ਵਿਚਾਰ ਦੇ ਅੰਦਰ ਜੋ ਗੁਰੂ ਦੀ ਸੱਚੀ ਮਤਿ ਹੈ ਭਾਵ ਸੱਚਾ ਗਿਆਨ ਹੈ ਉਹ ਨਾਮ ਹੈ, ਅੰਮ੍ਰਿਤ ਨਾਮ ਹੈ। ਪੂਰੀ ਗੁਰਬਾਣੀ ਦੇ ਅੰਦਰ ਦੇ ਪੂਰਨ ਸੱਚ ਦੀ ਸਮਝ ਪੈਣਾ ਇਹ ਨਾਮ ਦਾ ਦਰਸ਼ਨ ਕਰਨਾ ਹੈ। ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਤੇ ਜਿਸਨੂੰ ਪਹਿਲਾ ਮਨ ਦੇ ਵਿੱਚੋਂ ਨਾਮ ਦੇ ਦਰਸ਼ਨ ਹੋਣਗੇ ਉਹੀ ਪੂਰੀ ਗੁਰਬਾਣੀ ਦੇ ਮਨ ਦੇ ਵਿੱਚ ਦਰਸ਼ਨ ਕਰ ਸਕਦਾ ਹੈ ਤੇ ਇਹ ਸਮਝ ਸਕਦਾ ਹੈ ਕਿ ਪੂਰੀ ਗੁਰਬਾਣੀ ਵਿੱਚ ਕੀ ਲਿਖਿਆ ਹੋਇਆ ਹੈ ਤੇ ਕਿਸ ਮਕਸਦ ਲਈ ਲਿਖਿਆ ਹੋਇਆ ਹੈ। ਪੂਰੀ ਗੁਰਬਾਣੀ ਦਾ ਮਕਸਦ ਸਾਰੇ ਸੰਸਾਰ ਨੂੰ ਅੰਮ੍ਰਿਤ ਨਾਮ ਰੂਪ ਰੱਸ ਪਿਆਉਣ ਦਾ ਹੀ ਹੈ ਭਾਵ ਧਰਮ

ਦੇ ਮਾਰਗ ਦੀ ਸੱਚੀ ਸੋਝੀ ਪਾਉਣ ਦੇ ਨਾਲ ਹੀ ਹੈ ਤਾਂ ਜੋ ਹਰ ਕੋਈ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਉੱਦਮ ਕਰੇ ਜੋ ਸੱਚਾ ਉੱਦਮ ਕਰਨ ਦੁਆਰਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜੋ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਜਿਹੇ ਤਰੀਕੇ ਦੁਆਰਾ ਹੀ ਵਿਚਰ ਰਿਹਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਸਮਝਿਆ ਹੈ। ਗੁਰੂ ਦੇ ਸਮਝਾਏ ਹੋਏ ਸੱਚ ਦੇ ਨਾਲ ਨਾ ਜੁੜਨ ਦਾ ਸਭ ਤੋਂ ਵੱਡਾ ਕਾਰਣ ਨਾਮ ਨੂੰ ਨਾ ਮੰਨਣਾ ਹੀ ਹੈ ਭਾਵ ਉਸਦੇ ਨਾਮ ਨੂੰ ਨਾ ਜਪਣਾ ਹੀ ਹੈ। ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਦੇ ਨਾਲ ਮੇਲ ਹੋਣ ਦੁਆਰਾ ਕਿਹੋ ਜਿਹੀ ਪ੍ਰਾਪਤੀ ਕੀਤੀ ਹੈ। ਉਨ੍ਹਾਂ ਨੇ ਪ੍ਰਮਾਤਮਾ ਦੇ ਕੋਲੋਂ ਅੰਮ੍ਰਿਤ ਨਾਮ ਦੀ ਪ੍ਰਾਪਤੀ ਕੀਤੀ ਹੈ ਭਾਵ ਨਾਮ ਰੱਸ ਦੀ ਪ੍ਰਾਪਤੀ ਕੀਤੀ ਹੈ, ਅੰਮ੍ਰਿਤ ਰੱਸ ਦੀ ਪ੍ਰਾਪਤੀ ਕੀਤੀ ਹੈ। ਜੋ

50/6901

ਰੱਸ ਉਨ੍ਹਾਂ ਦੇ ਅੰਦਰ ਪ੍ਰਮਾਤਮਾ ਨੇ ਆਪ ਚੁਆਇਆ ਹੈ। ਜਿਸਦੇ ਅੰਦਰ ਵੀ ਪ੍ਰਮਾਤਮਾ ਆਪਣਾ ਇਹ ਅੰਮ੍ਰਿਤ ਨਾਮ ਰੱਸ ਚੁਆਉਂਦਾ ਹੈ ਉਹ ਦਸਮ ਦੁਆਰ ਦੇ ਰਾਹੀਂ ਹੀ ਚੁਆਉਂਦਾ ਹੈ ਭਾਵ ਪਿਆਉਂਦਾ ਹੈ ਭਾਵ ਆਪਣਾ ਅੰਮ੍ਰਿਤ ਛਕਾਉਂਦਾ ਹੈ ਜਿਸ ਪ੍ਰਮਾਤਮਾ ਦੇ ਅੰਮ੍ਰਿਤ ਨੂੰ ਸਾਡੇ ਮਨ ਦੀ ਸਮਝ ਹੀ ਛੱਕਦੀ ਹੈ ਭਾਵ ਪ੍ਰਾਪਤ ਕਰਦੀ ਹੈ। ਪ੍ਰਮਾਤਮਾ ਆਪਣਾ ਇਹ ਨਾਮ ਰਸ **"ਅਨਹਦ"** ਸ਼ਬਦ ਦੇ ਰੂਪ ਵਿੱਚ ਪਿਆਉਂਦਾ ਹੈ ਭਾਵ ਮਨ ਦੇ ਵਿੱਚ ਆਪਣਾ ਅਨਹਦ ਸ਼ਬਦ ਵਜਾਉਂਦਾ ਹੈ। ਮਨ ਦੇ ਵਿੱਚ ਅਨਹਦ ਸ਼ਬਦ ਦਾ ਵੱਜਣਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮਨ ਦੇ ਵਿੱਚ ਅਨਹਦ ਸ਼ਬਦ ਵੱਜਣ ਤੋਂ ਪਹਿਲੇ ਹਰ ਕੋਈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੀ ਹੁੰਦਾ ਹੈ, ਹਉਮੈ ਵਿੱਚ ਹੀ ਹੁੰਦਾ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਤੋਂ ਦੂਰ ਹੁੰਦਾ ਹੈ, ਨਾਮ ਦੀ ਸੱਚੀ ਸਮਝ ਤੋਂ ਦੂਰ ਹੁੰਦਾ ਹੈ ਜਿਸ ਵਿੱਚ ਰਹਿੰਦਿਆਂ ਮਨੁੱਖ ਮਨ ਦੀ ਝੂਠੀ ਮਤਿ ਦੇ ਨਾਲ ਹੀ ਜੁੜਿਆ ਰਹਿੰਦਾ ਹੈ ਭਾਵ ਮਨ ਦੇ ਵਿੱਚ ਕੂੜ ਦੇ ਤੂਰੇ, ਝੂਠ ਦੇ ਤੂਰੇ ਵੱਜਦੇ ਰਹਿੰਦੇ ਹਨ। ਮਨ ਦੇ ਵਿੱਚ ਅਨਹਦ ਸ਼ਬਦ ਵੱਜਣ ਨਾਲ ਸਾਡੇ ਅੰਦਰ ਸੱਚ ਦੇ ਤੂਰੇ ਵੱਜਦੇ ਹਨ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੇ ਤੂਰੇ ਵੱਜਦੇ ਹਨ ਭਾਵ ਸਾਡੇ ਮਨ ਦੀ ਸਮਝ ਸੱਚੀ ਤੇ ਉੱਚੀ ਹੋ ਕੇ ਗੁਰੂ ਪ੍ਰਮਾਤਮਾ ਦੇ ਨਾਮ ਵਾਲੀ ਸਮਝ ਬਣ ਜਾਂਦੀ ਹੈ, ਧਰਮ ਦੇ ਸੱਚੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ ਭਾਵ ਗੁਰਬਾਣੀ ਦੇ ਸੱਚ ਨੂੰ ਜਾਨਣ ਵਾਲੀ ਸੱਚੀ ਸਮਝ ਬਣ ਜਾਂਦੀ ਹੈ ਜੋ ਸੱਚੀ ਸਮਝ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਭਾਵ ਮਨ ਦੇ ਦਸਮ ਦੁਆਰ ਰਾਹੀਂ ਆਪ ਹੀ ਪਾਉਂਦਾ ਹੈ ਜਿਸ ਰਾਹੀਂ ਉਹ ਆਪਣਾ ਅਕਥ ਰੂਪ ਸਮਝਾਉਂਦਾ ਹੈ। **(ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥ ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥)**

{ਰਾਮ ਨ ਜਪਹੁ ਅਭਾਗੁ ਤੁਮਾਰਾ ॥ ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥੧॥ ਰਹਾਉ ॥
ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥}

(ਅੰਗ ੨੨੮)

ਪਉੜੀ ॥

{ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥ ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥ ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥ ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥}

(ਅੰਗ ੨੫੭-੨੫੮)

50/6902

{ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥
ਦੇਖਿਆ ਤਿਹੂੰ ਲੋਕ ਕਾ ਪੀਉ ॥ ਅਚਰਜੁ ਭਇਆ ਜੀਵ ਤੇ ਸੀਉ ॥੧੩॥}

(ਅੰਗ ੩੪੪)

{ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥}

(ਅੰਗ ੩੯੩)

{ਬਾਪਾਰਿ ਗੋਵਿੰਦ ਨਾਏ ॥ ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ ॥੧॥ ਰਹਾਉ ॥}

(ਅੰਗ ੪੦੮)

{ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥
ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥
ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥
ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥}

(ਅੰਗ ੫੭੭)

{ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ ॥
ਅਸਥਿਰ ਭਏ ਲਾਗਿ ਹਰਿ ਚਰਣੀ ਗੋਵਿੰਦ ਕੇ ਗੁਣ ਗਾਏ ॥੧॥ ਭਲੋ ਸਮੂਰਤੁ ਪੂਰਾ ॥
ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ ॥੧॥ ਰਹਾਉ ॥}

(ਅੰਗ ੬੧੮)

{ਤਾਪੁ ਗਵਾਇਆ ਗੁਰਿ ਪੂਰੇ ॥ ਵਾਜੇ ਅਨਹਦ ਤੂਰੇ ॥
ਸਰਬ ਕਲਿਆਣ ਪ੍ਰਭਿ ਕੀਨੇ ॥ ਕਰਿ ਕਿਰਪਾ ਆਪਿ ਦੀਨੇ ॥੧॥}

(ਅੰਗ ੬੨੬)

{ਗੁਰੁ ਪੂਰਾ ਆਰਾਧੇ ॥ ਕਾਰਜ ਸਗਲੇ ਸਾਧੇ ॥ ਸਗਲ ਮਨੋਰਥ ਪੂਰੇ ॥ ਬਾਜੇ ਅਨਹਦ ਤੂਰੇ ॥੧॥}

(ਅੰਗ ੬੨੯)

{ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗਿ ਰਾਮ ॥
ਭਵ ਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥
ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥
ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥ ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥੩॥}

(ਅੰਗ ੭੮੧)

{ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥
ਤਾਪ ਪਾਪ ਸੰਤਾਪ ਬਿਨਾਸੇ ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥}

(ਅੰਗ ੮੦੬)

{ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥}

(ਅੰਗ ੮੩੪-੮੩੫)

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥ ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥ ਮਨ ਰੇ ਸਬਦਿ ਤਰਹੁ ਚਿਤੁ ਲਾਇ ॥

ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ ਰਹਾਉ ॥}

(ਅੰਗ ੧੯)

50/6903

ਸਾਡੇ ਅੰਦਰ ਅਨਹਦ ਨਾਦ ਦਾ ਵੱਜਣਾ, ਅਨਹਦ ਸ਼ਬਦ ਦਾ ਵੱਜਣਾ ਕੀ ਹੈ ਇਸ ਗੱਲ ਨੂੰ ਉਪਰ ਵਾਲੇ ਕਈ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਦੁਆਰਾ ਸਮਝਿਆ ਹੈ ਇਸ ਲਈ ਕੇਵਲ ਗੁਰੂ ਦੇ ਭਾਵ ਗੁਰੂ ਦੀ ਮਤਿ ਤੇ ਅਥਾਹ ਭਰੋਸਾ ਰੱਖਣ ਦੀ ਲੋੜ ਹੈ ਜੋ ਗੁਰੂ ਤੇ ਸੱਚਾ ਭਰੋਸਾ ਤਾਂ ਹੀ ਟਿਕਾਇਆ ਜਾ ਸਕਦਾ ਹੈ ਜੇਕਰ ਅਸੀਂ ਪਹਿਲੇ ਉਨ੍ਹਾਂ ਦੀ ਮਤਿ ਤੋਂ ਭਰੋਸਾ ਤੋੜੀਏ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਧਰਮ ਦੇ ਮਾਰਗ ਤੇ ਉੱਚਾ ਥਾਪਿਆ ਹੋਇਆ ਹੈ ਜਿਨ੍ਹਾਂ ਨੇ ਸਾਨੂੰ ਉਹੋ ਜਿਹਾ ਨਾਮ ਜਪਣਾ ਸਮਝਾਇਆ ਹੋਇਆ ਹੈ ਜੋ ਅਸਲ ਵਿੱਚ ਅੰਮ੍ਰਿਤ ਨਾਮ ਹੈ ਹੀ ਨਹੀਂ। ਅੰਮ੍ਰਿਤ ਨਾਮ ਕੇਵਲ ਗੁਰੂ ਗੁਰਬਾਣੀ ਦੇ ਕੋਲ ਹੀ ਹੈ, ਸੱਚੇ ਧਰਮ ਗ੍ਰੰਥਾਂ ਵਿੱਚ ਹੀ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪ ਹੀ ਆਪਣੀ ਸੱਚੀ ਸਮਝ ਦੁਆਰਾ ਰਚਿਆ ਹੋਇਆ ਹੈ ਇਸ ਗੱਲ ਦੀ ਸਮਝ ਤ੍ਰੈ ਗੁਣਾਂ ਵਿੱਚ ਰਹਿੰਦੇ ਹੋਏ ਕਿਸੇ ਨੂੰ ਪੈ ਹੀ ਨਹੀਂ ਸਕਦੀ ਕਿਉਂਕਿ ਇਹ ਪ੍ਰਮਾਤਮਾ ਦਾ, ਅੱਲ੍ਹਾ ਦਾ, ਗਾੱਡ ਦਾ, ਅਕਾਲ ਪੁਰਖ ਦਾ ਭਾਵ ਸ੍ਰਿਸ਼ਟੀ ਨੂੰ ਰਚਣ ਵਾਲੇ ਦਾ ਆਪਣਾ ਹੀ ਰਚਿਆ ਹੋਇਆ ਅਸੂਲ ਹੈ ਜਿਸ ਆਪਣੇ ਅਸੂਲ ਦੁਆਰਾ ਉਸਨੇ ਆਪ ਹੀ ਹਰ ਸੰਸਾਰੀ ਮਨੁੱਖ ਕੋਲੋਂ ਆਪਣਾ ਪਰਦਾ ਰੱਖਿਆ ਹੋਇਆ ਹੈ, ਮਨ ਦੀ ਭਰਮਾਂ ਵਾਲੀ ਸਮਝ ਦੁਆਰਾ ਭਾਵ ਹਉਮੈ ਵਾਲੀ ਸਮਝ ਪਾ ਕੇ ਰੱਖਿਆ ਹੋਇਆ ਹੈ। ਇਸ ਪਰਦੇ ਨੂੰ ਖੋਲਣ ਦੀ ਚਾਬੀ ਕੇਵਲ ਤੇ ਕੇਵਲ ਗੁਰੂ ਰੂਪ ਪ੍ਰਮਾਤਮਾ ਦੇ ਆਪਣੇ ਹੀ ਕੋਲ ਹੈ ਜੋ ਮਨ ਦਾ ਪੜਦਾ ਉਹ ਮਨ ਦੇ ਵਿੱਚ ਆਪਣਾ ਅੰਮ੍ਰਿਤ ਨਾਮ ਰੱਸ ਪਿਆਉਣ ਦੁਆਰਾ ਹੀ, ਮਨ ਦੇ ਵਿੱਚ ਆਪਣਾ ਅਨਹਦ ਸ਼ਬਦ ਵਜਾਉਣ ਦੁਆਰਾ ਹੀ ਖੋਲਦਾ ਹੈ ਭਾਵ ਆਪਣਾ ਸੱਚਾ ਗਿਆਨ ਰੱਸ, ਬ੍ਰਹਮ ਗਿਆਨ ਰੱਸ ਪਿਆਉਣ ਦੁਆਰਾ ਹੀ ਖੋਲਦਾ ਹੈ ਤੇ ਤਾਂ ਹੀ ਕੋਈ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਣ ਸਕਦਾ ਹੈ।

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥}

(ਅੰਗ ੧੦੩੨)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥}

(ਅੰਗ ੧੧੫੨)

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

{ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥}

(ਅੰਗ ੧੦੨)

ਅੰਮ੍ਰਿਤ ਨਾਮ ਦੀ ਪ੍ਰਾਪਤੀ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ

50/6904

ਭਾਵ ਗੁਰਮਤਿ ਦੀ ਸੱਚੀ ਸਮਝ ਦੀ ਪ੍ਰਾਪਤੀ ਮਨ ਦੇ ਵਿੱਚ **"ਅਨਹਦ ਸਬਦੁ"** ਵੱਜਣ ਦੁਆਰਾ ਹੀ ਹੁੰਦੀ ਹੈ ਜੋ ਆਪਣਾ ਅਨਹਦ ਸ਼ਬਦ ਮਨ ਦੇ ਵਿੱਚ ਭਾਵ ਮਨ ਦੇ ਦਸਮ ਦੁਆਰ ਰਾਹੀਂ ਮਨ ਦੇ ਵਿੱਚ ਪ੍ਰਗਟ ਹੋ ਕੇ ਪ੍ਰਮਾਤਮਾ ਆਪ ਹੀ ਵਜਾਉਂਦਾ ਹੈ ਜਿਵੇਂ ਕਿ ਅਸੀਂ ਉਪਰ ਮੁੱਖ ਸ਼ਬਦ ਦੀ ਪੰਗਤੀ ਦੁਆਰਾ ਸਮਝਿਆ ਹੈ। **(ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥)**

ਮਨ ਦੇ ਵਿੱਚ ਅਕਾਲ ਪੁਰਖ ਆਪਣਾ ਅਨਹਦ ਸ਼ਬਦ ਕਿਸ ਮਕਸਦ ਲਈ ਵਜਾਉਂਦਾ ਹੈ, ਆਪਣਾ ਅੰਮ੍ਰਿਤ ਨਾਮ ਰੱਸ ਕਿਸ ਮਕਸਦ ਲਈ ਚੁਆਉਂਦਾ ਹੈ ਭਾਵ ਪਿਲਾਉਂਦਾ ਹੈ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਫਿਰ ਤੋਂ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਅੰਮ੍ਰਿਤ ਛੱਕਣ ਦੇ ਮਕਸਦ ਨੂੰ ਸਮਝ ਸਕੀਏ ਜੋ ਗੁਰੂ ਦੇ ਅੰਮ੍ਰਿਤ ਨੂੰ ਛੱਕਣ ਦਾ ਮਕਸਦ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਸਾਰੇ ਸੰਸਾਰ ਲਈ ਨਾਮ ਜਪਣ ਦਾ ਮਕਸਦ ਇੱਕੋ ਜਿਹਾ ਹੀ ਹੈ ਜੋ ਮਕਸਦ ਆਪਣੇ ਅੰਦਰ ਦੀ ਸਮਝ ਨੂੰ ਸੋਧਣ ਦਾ ਹੈ ਤਾਂ ਜੋ ਕੋਈ ਵੀ ਸੰਸਾਰੀ ਮਨੁੱਖ ਮਾੜਾ ਕਰਮ ਨਾ ਕਰੇ। ਆਉ ਧੰਨ ਧੰਨ ਧੰਨ ਗੁਰੂ ਰੂਪ

ਗੁਰਬਾਣੀ ਦੀ ਸਿੱਖਿਆ ਤੇ ਆਪਣਾ ਪੂਰਾ ਵਿਸ਼ਵਾਸ ਟਿਕਾ ਕੇ ਨਾਮ ਜਪਣਾ ਸਮਝੀਏ ਭਾਵ ਅੰਮ੍ਰਿਤ ਨਾਮ ਰੱਸ ਦਾ ਮਕਸਦ ਸਮਝੀਏ ਕਿ ਅਸੀਂ ਅੰਮ੍ਰਿਤ ਨਾਮ ਰੱਸ ਦੀ ਪ੍ਰਾਪਤੀ ਕਿਸ ਮਕਸਦ ਲਈ ਕਰਨੀ ਹੈ ਭਾਵ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਮਨ ਦੇ ਦਸਮ ਦੁਆਰ ਰਾਹੀਂ ਆਪਣਾ ਅੰਮ੍ਰਿਤ ਨਾਮ ਰੱਸ ਪਿਆਇਆ ਹੈ ਭਾਵ ਆਪਣੀ ਸੱਚੀ ਸਿੱਖਿਆ ਸਮਝਾਈ ਹੈ ਉਹ ਕਿਸ ਮਕਸਦ ਲਈ ਸਮਝਾਈ ਹੈ ਤੇ ਉਨ੍ਹਾਂ ਨੇ ਗੁਰੂ ਰੂਪ ਗੁਰਬਾਣੀ ਰਾਹੀਂ ਕਿਸ ਮਕਸਦ ਲਈ ਨਾਮ ਰੱਸ ਪਾਇਆ ਹੇ ਤੇ ਗੁਰੂ ਦੀ ਸੇਵਾ ਅਸੀਂ ਕਿਸ ਤਰੀਕੇ ਨਾਲ ਕਰ ਸਕਦੇ ਹਾਂ ਭਾਵ ਗੁਰੂ ਦੇ ਚਰਨਾਂ ਦੀ ਸੇਵਾ ਕਰਨ ਦਾ ਤਰੀਕਾ ਕੀ ਹੈ। ਆਉ ਧਿਆਨ ਨਾਲ ਸਮਝੋ।

“ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥

ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥”

ਨਾਮ ਦੀ ਪ੍ਰਾਪਤੀ ਦਾ ਮਕਸਦ ਕੀ ਹੈ ਇਸ ਗੱਲ ਨੂੰ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਬੜੇ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਨਾਮ ਗੁਰੂ ਦੀ ਸੱਚੀ ਸਿੱਖਿਆ ਹੈ ਤੇ ਗੁਰੂ ਦੀ ਸੱਚੀ ਸਿੱਖਿਆ ਸਾਨੂੰ ਸੱਚੇ ਸੁੱਚੇ ਜੀਵਨ ਵਾਲਾ ਬਣਨ ਲਈ ਹੀ ਸਮਝਾਉਂਦੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ

ਸਮਝਦੇ ਆ ਰਹੇ ਹਾਂ। ਹਰ ਮਨੁੱਖ ਤ੍ਰਿਸ਼ਨਾਵਾਂ ਦਾ ਭਰਿਆ ਹੋਇਆ ਹੈ ਜਿਨ੍ਹਾਂ ਦੀ ਪੂਰਤੀ ਕਰਨ ਲਈ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀਆਂ ਇੱਛਾਵਾਂ ਸਾਡੇ ਮਨ ਦੀਆਂ ਤ੍ਰਿਸ਼ਨਾਵਾਂ ਹੀ ਹਨ ਜਿਨ੍ਹਾਂ ਤ੍ਰਿਸ਼ਨਾਵਾਂ ਵਿੱਚੋਂ ਨਿਕਲ ਕੇ ਹੀ ਮਨੁੱਖ ਚੰਗੇ ਕਰਮ ਕਰ ਸਕਦਾ ਹੈ। ਸਾਡੇ ਹਰ ਮਾੜੇ ਕਰਮ ਦਾ ਕਾਰਣ ਇਹ ਮਨ ਦੀਆਂ ਤ੍ਰਿਸ਼ਨਾਵਾਂ ਹੀ ਹਨ। ਇਨ੍ਹਾਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣਾ ਹੀ ਗੁਰੂ ਦੇ ਨਾਮ ਨੂੰ ਜਪਣਾ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣਾ ਹੈ। ਤ੍ਰਿਸ਼ਨਾ ਉਸੇ ਦੀ ਹੀ ਬੁੱਝਦੀ ਹੈ ਜਿਸਨੂੰ ਪ੍ਰਮਾਤਮਾ ਕੋਲੋਂ ਉਸਦਾ ਉਹ ਅਖੁਟ ਭੰਡਾਰ ਮਿਲ ਜਾਂਦਾ ਹੈ ਜਿਸ ਆਪਣੇ ਭੰਡਾਰ ਨੂੰ ਮਨ ਦੇ ਰਾਹੀਂ ਦੇਣ ਦੁਆਰਾ ਕੋਈ ਤੋਟ ਨਹੀਂ ਆਉਣ ਦਿੰਦਾ। ਇਹ ਅਖਟੁ ਭੰਡਾਰ ਪ੍ਰਮਾਤਮਾ ਦੇ ਨਾਮ ਦਾ ਭੰਡਾਰ ਹੀ ਹੈ ਭਾਵ ਗੁਰਮਤਿ ਵਾਲੀ ਸੱਚੀ ਸਿੱਖਿਆ ਦਾ ਭੰਡਾਰ ਹੀ ਹੈ। ਜਿਸਦਾ ਪ੍ਰਮਾਤਮਾ ਦੇ ਨਾਲ ਮੇਲ ਹੋ ਜਾਂਦਾ ਹੈ ਭਾਵ ਜਿਸਨੂੰ ਮਨ ਦੇ ਵਿੱਚ ਅਨਹਦ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਸਨੂੰ ਫਿਰ ਮਨ ਦੇ ਵਿੱਚ ਗੁਰੂ ਪ੍ਰਮਾਤਮਾ ਦੇ ਕੋਲੋਂ ਸੱਚੀ ਸਿੱਖਿਆ ਮਿਲਦੀ ਹੀ ਰਹਿੰਦੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਮਿਲਦੀ ਹੈ, ਸ਼ਬਦਾਂ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਮਿਲਦੀ ਹੈ ਜਿਸ ਆਪਣੀ ਸੱਚੀ ਸਿੱਖਿਆ ਦੀ ਪ੍ਰਮਾਤਮਾ ਤੋਟਿ ਨਹੀਂ ਆਉਣ ਦਿੰਦਾ ਭਾਵ ਮਨ ਦੇ ਵਿੱਚ ਸ਼ਬਦਾਂ ਦੀ ਸੱਚੀ ਸਮਝ ਦਾ ਭੰਡਾਰ ਲਗਾ ਦਿੰਦਾ ਹੈ। ਗੁਰੂ ਆਪਣੇ ਸ਼ਬਦਾਂ ਦੀ ਸੋਝੀ ਰਾਹੀਂ ਮਨੁੱਖ ਨੂੰ ਬਾਰ-ਬਾਰ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਣ ਲਈ ਸਮਝਾਉਂਦਾ ਹੈ ਤਾਂ ਜੋ ਮਨੁੱਖ ਕੋਈ ਮਾੜਾ ਕਰਮ ਨਾ ਕਰੇ ਭਾਵ ਚੰਗੇ ਕਰਮ ਕਰੇ, ਸੱਚਾ ਸੁੱਚਾ ਜੀਵਨ ਬਤੀਤ ਕਰੇ। ਮਨ ਦੇ ਵਿੱਚ ਆਪਣੀ ਸੱਚੀ ਸਿੱਖਿਆ ਦੇ ਕੇ ਪ੍ਰਮਾਤਮਾ ਆਪ ਹੀ ਆਪਣੀ ਸੱਚੀ ਸਿੱਖਿਆ ਤੇ ਚਲਾਉਂਦਾ ਹੈ ਭਾਵ ਮਨ ਦੇ ਵਿੱਚ ਆਪ ਆਪਣਾ ਨਾਮ ਬਖਸ਼ਕੇ ਆਪ ਹੀ ਆਪਣਾ ਨਾਮ ਜਪਾਉਂਦਾ ਹੈ ਭਾਵ ਆਪਣੀ ਸੱਚੀ ਸਿੱਖਿਆ ਤੇ ਆਪ ਹੀ ਅਮਲ ਕਰਾਉਂਦਾ ਹੈ। **(ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥)**

ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਉਸਦੀ ਸਿੱਖਿਆ ਮਿਲਣ ਦਾ ਤੇ ਉਸਤੇ ਅਮਲ ਕਰਨ ਦਾ ਸਾਡੀ ਮਨ ਦੀ ਸਮਝ ਤੇ ਕਿਸ ਤਰੀਕੇ ਅਸਰ ਪੈਂਦਾ ਹੈ, ਕਿਸ ਰੂਪ ਵਿੱਚ ਅਸਰ ਪੈਂਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ

ਹੋਈ ਹੈ। ਆਉ ਧਿਆਨ ਨਾਲ ਸਮਝੀਏ ਕਿਉਂਕਿ ਗੁਰੂ ਗੁਰਬਾਣੀ ਦਾ ਗਿਆਨ ਬਹੁਤ ਗਹਿਰਾ ਹੈ ਭਾਵ ਚੌਥੇ ਪਦ ਦਾ ਗਿਆਨ ਹੈ, ਮਨ ਦੀ ਸਹਜ ਵਾਲੀ ਅਵਸਥਾ ਵਾਲਾ ਗਿਆਨ ਹੈ ਜਿਸਨੂੰ ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਆਪਣੇ ਆਪ ਨਹੀਂ ਸਮਝਿਆ ਜਾ ਸਕਦਾ।

“ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥”

ਧਿਆਨ ਨਾਲ ਸਮਝੋਗੇ ਕਿ ਉਪਰ ਵਾਲੀ ਪੰਗਤੀ ਰਾਹੀਂ ਸਾਨੂੰ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ ਭਾਵ ਜਿਨ੍ਹਾਂ ਸਰੀਰਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਉਨ੍ਹਾਂ ਨੂੰ ਪ੍ਰਮਾਤਮਾ ਨੇ ਆਪਣਾ ਨਾਮ ਕਿਸ ਤਰੀਕੇ ਜਪਾਇਆ ਹੈ ਇਹੀ ਸਮਝਾਇਆ ਹੋਇਆ ਹੈ। ਉਪਰ ਵਾਲੀ ਪੰਗਤੀ ਵਿੱਚ ਗੁਰੂ ਦੇ ਚਰਨਾਂ ਦੀ ਸੇਵਾ ਕਰਨ ਦੀ ਗੱਲ ਵੀ ਆਉਂਦੀ ਹੈ, **“ਅਘੜੁ”** ਨੂੰ ਘੜਨ ਦੀ ਗੱਲ ਵੀ ਆਉਂਦੀ ਹੈ, ਰੱਸ ਦੀ ਪ੍ਰਾਪਤੀ ਦੀ ਭਾਵ ਨਾਮ ਰੱਸ ਦੀ ਪ੍ਰਾਪਤੀ ਦੀ ਗੱਲ ਵੀ ਆਉਂਦੀ ਹੈ। ਜੋ ਗੁਰੂ ਦੇ ਚਰਨਾਂ ਦੀ ਸੇਵਾ ਕਰਨ

ਦੀ ਵਿਧੀ ਹੈ ਉਹੀ ਅਘੜ ਨੂੰ ਘੜਨ ਦੀ ਵਿਧੀ ਹੈ ਤੇ ਉਹੀ ਰੱਸ ਦੀ ਪ੍ਰਾਪਤੀ ਦਾ ਮਕਸਦ ਹੈ। ਸਾਰੀ ਗੱਲ ਆਪਣੀ ਨਾਸਮਝ ਮਤਿ ਨੂੰ ਗੁਰੂ ਦੀ ਸੱਚੀ ਮਤਿ ਦੁਆਰਾ ਸਮਝਾਉਂਣ ਦੀ ਹੈ ਜਿਸ ਦੁਆਰਾ ਅਸੀਂ ਤ੍ਰਿਸ਼ਨਾਵਾਂ ਵਾਲੀ ਨਾਸਮਝ ਮਤਿ ਵਿੱਚੋਂ, ਅਉਗੁਣਾਂ ਵਾਲੀ ਮਤਿ ਵਿੱਚੋਂ ਭਾਵ ਮਨਮਤਿ ਵਿੱਚੋਂ ਨਿਕਲਕੇ, ਮਾਇਆ ਮੋਹ ਵਾਲੀ, ਹਉਮੈ ਵਾਲੀ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਕੇ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਵਾਲੇ ਬਣ ਸਕਦੇ ਹਾਂ ਭਾਵ ਗੁਰੂ ਦੀ ਮਤਿ ਦੇ ਨਾਲ ਇੱਕ ਹੋ ਸਕਦੇ ਹਾਂ ਭਾਵ ਸਾਡੀ ਸੁਰਤਿ ਦੇ ਵਿਚਾਰ ਸ਼ਬਦਾਂ ਦੀ ਵਿਚਾਰ ਨਾਲ ਰੱਲ ਕੇ ਇੱਕ ਜੋ ਜਾਂਦੇ ਹਨ, ਇਸ ਮਨ ਦੀ ਸੱਚੀ ਸਮਝ ਦੁਆਰਾ ਮਨੁੱਖ ਨਾਮ ਦੀ ਸਮਝ ਵਾਲਾ ਬਣਦਾ ਹੈ, ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲਾ ਬਣਦਾ ਹੈ ਜਿਸ ਸਮਝ ਦੁਆਰਾ ਮਨੁੱਖ ਆਪਣੇ ਅੰਦਰੋਂ ਤ੍ਰਿਸ਼ਨਾਵਾਂ ਨੂੰ ਤਿਆਗ ਦਿੰਦਾ ਹੈ, ਅਉਗੁਣਾਂ ਨੂੰ ਤਿਆਗ ਦਿੰਦਾ ਹੈ, ਮਾਇਆ ਮੋਹ ਨੂੰ ਤਿਆਗ ਦਿੰਦਾ ਹੈ ਤੇ ਫਿਰ ਮਨੁੱਖ ਕੇਵਲ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ ਭਾਵ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਧਰਮ ਦਾ ਮਾਰਗ ਹੈ, ਇੱਕੋ ਜਿਹਾ ਸੱਚ ਤੇ ਚੱਲਣ ਦਾ ਮਾਰਗ ਹੈ, ਇੱਕੋ ਜਿਹਾ ਨਾਮ ਜਪਣ ਦਾ ਮਾਰਗ ਹੈ। ਆਉ ਹੁਣ ਉਪਰ ਵਾਲੀ ਪੰਗਤੀ ਦੁਆਰਾ ਇਸੇ ਗੱਲ ਨੂੰ ਦ੍ਰਿੜ ਕਰੀਏ ਕਿ

50/6907

ਸਾਰੀ ਗੱਲ ਆਪਣੇ ਅੰਦਰ ਦੀ ਅਘੜ ਮਤਿ ਨੂੰ ਘੜਣਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਸਾਡੇ ਅੰਦਰ ਦੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੈ ਭਾਵ ਸਾਡੇ ਅੰਦਰ ਮਨ ਦੀ ਸਮਝ ਸਾਡੇ ਵੱਸ ਨਹੀਂ ਹੈ। ਸਾਡੇ ਅੰਦਰ ਮਾਇਆ ਮੋਹ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ। ਸਾਡੇ ਅੰਦਰ ਦੀਆਂ ਤ੍ਰਿਸ਼ਨਾਵਾਂ ਉਸਨੇ ਆਪ ਹੀ ਪਾਈਆਂ ਹੋਈਆਂ ਹਨ ਭਾਵ ਸੱਚੇ ਧਰਮ ਦੇ ਮਾਰਗ ਨੂੰ ਨਾਸਮਝਣ ਦੇਣ ਵਾਲੀ ਮਤਿ ਉਸਨੇ ਆਪ ਹੀ ਪਾਈ ਹੋਈ ਹੈ ਭਾਵ ਉਹ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ। ਇਸੇ ਲਈ ਸਾਡਾ ਮਨ ਭਾਵ ਸਾਡੇ ਮਨ ਦੀ ਸਮਝ ਸਾਡੇ ਲਈ **"ਅਘੜੁ"** ਹੈ ਜਿਸਨੂੰ ਅਸੀਂ ਆਪਣੇ ਆਪ ਨਹੀਂ ਘੜ ਸਕਦੇ ਭਾਵ ਆਪਣੀ ਨਾਸਮਝ ਮਤਿ ਨੂੰ ਆਪਣੇ ਆਪ ਠੀਕ ਨਹੀਂ ਕਰ ਸਕਦੇ। ਸਾਡੇ ਅੰਦਰ ਦੀ ਅਘੜ ਮਤਿ ਨੂੰ ਉਹੀ ਘੜ ਸਕਦਾ ਹੈ ਜਿਸਨੇ ਸਾਡੇ ਅੰਦਰ ਇਹ ਅਘੜ ਮਤਿ ਪਾਈ ਹੋਈ ਹੈ ਤੇ ਜਿਸਦੀ ਅਘੜ ਮਤਿ ਨੂੰ ਪ੍ਰਮਾਤਮਾ ਘੜਦਾ ਹੈ ਭਾਵ ਮਾੜੀ ਮਤਿ ਨੂੰ ਘੜਕੇ ਚੰਗੀ ਮਤਿ ਬਣਾਉਂਦਾ ਹੈ, ਖੋਟੀ ਮਤਿ ਨੂੰ ਘੜ ਕੇ ਖਰੀ ਮਤਿ ਬਣਾਉਂਦਾ ਹੈ ਉਸ ਮਤਿ ਨੂੰ ਉਹ ਮਨ ਦੇ ਵਿੱਚ ਆਪਣੇ ਨਾਮ ਰੱਸ ਪਿਆਉਣ ਦੁਆਰਾ ਹੀ ਘੜਾਉਂਦਾ ਹੈ ਭਾਵ ਆਪਣੀ ਬ੍ਰਹਮ ਗਿਆਨ ਦੀ ਸਮਝ ਨਾਲ ਸਾਡੇ ਅੰਦਰ ਦੀ ਨਾਸਮਝ ਮਤਿ ਨੂੰ ਘੜ ਦਿੰਦਾ ਹੈ ਭਾਵ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਸਾਡੇ ਅੰਦਰ ਪਾਉਣ ਦੁਆਰਾ ਸਾਡੀ ਸੁਰਤਿ ਦੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਦੀ ਹਰ ਵਿਚਾਰ ਨਾਲ ਇੱਕ ਕਰ ਦਿੰਦਾ ਹੈ। ਗੁਰੂ ਦੇ ਸ਼ਬਦਾਂ ਦੀ ਹਰ ਵਿਚਾਰ ਦਾ ਮਕਸਦ ਸਾਡੇ ਅੰਦਰੋਂ ਮਾੜੇ ਵਿਚਾਰਾਂ ਨੂੰ ਠੀਕ ਕਰਨ ਦੇ ਨਾਲ ਹੀ ਹੈ ਭਾਵ ਸਾਡੇ ਖੋਟੇ ਵਿਚਾਰਾਂ ਨੂੰ ਖਰੇ ਵਿਚਾਰ ਬਨਾਉਣ ਦੇ ਨਾਲ ਹੀ ਹੈ ਤੇ ਸ਼ਬਦਾਂ ਦੀ ਵਿਚਾਰ ਲੈ ਕੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਆਪਣੇ ਨਾਸਮਝ ਵਿਚਾਰਾਂ ਨੂੰ ਛੱਡਣਾ ਹੀ ਆਪਣੇ ਮਨ ਨੂੰ ਘੜਨਾ ਹੈ ਜੋ ਮਨ ਨੂੰ ਘੜਨ ਦੀ ਗੱਲ ਬਾਣੀ ਵਿੱਚ ਅਨੇਕਾਂ ਵਾਰੀ ਆਈ ਹੈ ਤੇ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਅਸੀਂ ਆਪਣੀ ਅਘੜ ਮਤਿ ਨੂੰ ਘੜਨ ਦਾ ਸੱਚਾ ਉੱਦਮ ਹੀ ਕਰਨਾ ਹੈ ਜੋ ਸੱਚਾ ਉੱਦਮ ਕਰਨਾ ਅਸਲ

50/6908

ਵਿੱਚ ਬਹੁਤ ਔਖਾ ਹੈ ਭਾਵ ਆਪਣੇ ਮਨ ਦੀ ਮਤਿ ਤਿਆਗਣੀ ਬਹੁਤ ਔਖੀ ਹੈ ਤੇ ਇਸੇ ਲਈ ਗੁਰੂ ਦਾ ਨਾਮ ਜਪਣਾ ਬਹੁਤ ਔਖਾ ਹੈ ਭਾਵ ਗੁਰੂ ਦੀ ਵਿਚਾਰ ਧਾਰਾ ਨੂੰ ਮੰਨਣਾ ਬਹੁਤ ਔਖਾ ਹੈ। ਗੁਰੂ ਦੇ ਚਰਨਾਂ ਦੀ ਸੇਵਾ ਕਰਨਾ ਜਾਂ ਗੁਰੂ ਦੇ ਵਿਚਾਰਾਂ ਨੂੰ ਮੰਨਣਾ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਹੀ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਵਾਲੀ ਪੰਗਤੀ ਵਿੱਚ **"ਚਰਣ ਚਰਣ ਚਰਣ ਗੁਰ ਸੇਵੇ"** ਲਿਖਿਆ ਹੋਇਆ ਹੈ ਭਾਵ ਚਰਣ ਅੱਖਰ ਨੂੰ ਤਿੰਨ ਵਾਰੀ ਲਿਖਿਆ ਹੋਇਆ ਹੈ ਤੇ ਇਹ ਕਿਸ ਲਈ ਲਿਖਿਆ ਹੋਇਆ ਹੈ ਇਸਨੂੰ ਵੀ ਬਰੀਕੀ ਨਾਲ ਸਮਝਣ ਦੀ ਲੋੜ ਹੈ। **"ਚਰਣ ਚਰਣ ਚਰਣ"** ਲਿਖਣ ਤੋਂ ਭਾਵ ਹੈ ਕਿ ਗੁਰੂ ਦੇ ਅਨੇਕਾਂ ਹੀ ਚਰਨ ਹਨ। ਗੁਰੂ ਤਾਂ ਅਸਲ ਵਿੱਚ ਸ਼ਬਦ ਹੈ ਤੇ ਪੂਰੀ ਗੁਰੂ ਰੂਪ ਗੁਰਬਾਣੀ ਵਿੱਚ ਅਨੇਕਾਂ ਹੀ ਸ਼ਬਦ ਹਨ ਤੇ ਹਰ ਸ਼ਬਦ ਰੂਪ ਦੇ ਅੰਦਰ ਜੋ ਸੱਚਾ ਗਿਆਨ ਹੈ, ਸੱਚੀ ਸੋਝੀ ਹੈ ਉਹ ਗੁਰੂ ਦੇ ਚਰਨ ਹਨ। ਹਰ ਸ਼ਬਦ ਦੀ ਵਿਚਾਰ ਗੁਰੂ ਦਾ ਚਰਨ ਹੈ ਤੇ ਗੁਰੂ ਦੇ ਸ਼ਬਦਾਂ ਦੀ ਹਰ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਸੱਚੀ ਸੇਵਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਵਾਰੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਜੋ ਗੁਰੂ ਦੀ ਸੇਵਾ ਕਰਨ ਦਾ ਤਰੀਕਾ ਹੈ ਉਹੀ ਗੁਰੂ ਦਾ ਨਾਮ ਜਪਣ ਦਾ ਤਰੀਕਾ ਹੈ ਭਾਵ ਸਾਰੀ ਗੱਲ ਗੁਰੂ ਦੀ ਮਤਿ ਲੈ ਕੇ ਆਪਣੀ ਮਤਿ ਛੱਡਣ ਦੀ ਹੈ ਜਿਸ ਤਰੀਕੇ ਸਾਡੀ ਅਘੜ ਮਤਿ ਘੜੀ ਜਾ ਸਕਦੀ ਹੈ ਤੇ

ਤਾਂ ਹੀ ਧਰਮ ਦੇ ਮਾਰਗ ਦੀ ਸੱਚੀ ਸੋਝੀ ਪੈ ਸਕਦੀ ਹੈ ਤੇ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਧਰਮ ਦੇ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ। **(ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥ ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥)**

ਪਉੜੀ ॥

{ਸੇਵ ਕੀਤੀ ਸੰਤੋਖੀਣੀਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥}

(ਅੰਗ ੮੦੦)

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥
ਸਾਚੇ ਨਾਮ ਕੀ ਲਾਗੈ ਭੂਖ ॥ ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥
ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥}

(ਅੰਗ ੩੪੯)

50/6909

{ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ॥
ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥ ਭਾਈ ਰੇ ਦਾਸਨਿ ਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥}

(ਅੰਗ ੬੬)

{ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥
ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥੪॥੪॥}

(ਅੰਗ ੬੭੧)

{ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥}

(ਅੰਗ ੧੨)

{ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥}

(ਅੰਗ ੨੨)

{ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥

ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥}

(ਅੰਗ ੩੧)

{ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥
ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥੩॥}

(ਅੰਗ ੩੧)

{ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥ ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ॥
ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥੧॥ ਮਨ ਰੇ ਦੂਜਾ ਭਾਉ ਚੁਕਾਇ ॥
ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥}

(ਅੰਗ ੩੩)

50/6910

{ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥
ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥ ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥
ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥}

(ਅੰਗ ੩੪)

{ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥੨॥}

(ਅੰਗ ੩੮-੩੯)

{ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥}

(ਅੰਗ ੪੫)

{ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥
ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥੧॥ ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥
ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥}

(ਅੰਗ ੫੦)

ਪਉੜੀ ॥

{ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ ॥ ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ ਸੋ ਹਰਿ ਨਾਮੁ ਧਿਆਇ॥
ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲਘਾਇ ॥ ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ ॥

ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ ॥੧੦॥}

(ਅੰਗ ੮੬)

ਮਃ ੩ ॥

{ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥ ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥
ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥ ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ॥
ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥}

(ਅੰਗ ੮੮)

{ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥
ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥}

(ਅੰਗ ੧੦੧)

{ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥
ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥
ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ ੧੬੧)

50/6911

{ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥ ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥
ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥੧॥ ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥
ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥੧॥ ਰਹਾਉ ॥}

(ਅੰਗ ੧੬੬)

ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਜੋ ਗੁਰੂ ਦੀ ਸੇਵਾ ਦਾ ਮਕਸਦ ਹੈ ਉਹੀ ਨਾਮ ਜਪਣ ਦਾ ਤਰੀਕਾ ਹੈ ਜੋ ਅਸਲ ਤਰੀਕਾ ਨਾਮ ਦੀ ਪ੍ਰਾਪਤੀ ਹੋਣ ਦੁਆਰਾ ਹੀ ਸਮਝ ਪੈਂਦਾ ਹੈ ਜੋ ਤਰੀਕਾ ਮਨ ਦੇ ਵਿੱਚ ਪ੍ਰਮਾਤਮਾ ਪ੍ਰਗਟ ਹੋ ਕੇ ਆਪਣੇ ਮੇਲ ਦੁਆਰਾ ਆਪ ਹੀ ਸਮਝਾਉਂਦਾ ਹੈ, ਮਨ ਦੇ ਵਿੱਚ ਸਹਜ ਵਾਲੀ ਅਵਸਥਾ ਬਖਸ਼ਣ ਦੁਆਰਾ ਸਮਝਾਉਂਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ, ਚੌਥੇ ਪਦ ਦੇ ਗਿਆਨ ਵਾਲੀ ਸਮਝ ਬਖਸ਼ਣ ਦੁਆਰਾ ਸਮਝਾਉਂਦਾ ਹੈ ਜਿਸ ਦੁਆਰਾ ਉਹ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਤਾਂ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਨੂੰ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਣ ਵਾਲਾ ਪ੍ਰਮਾਤਮਾ ਆਪ ਹੀ ਹੈ। ਆਪਣੇ ਨਾਮ ਰੱਸ ਗਿਆਨ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ ਤੇ ਸੱਚ ਦਾ ਮਾਰਗ ਆਪ ਹੀ ਸਮਝਾਉਂਦਾ ਹੈ। ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ, ਇਸ ਰਾਹੀਂ ਬੜਾ ਹੀ ਸਪਸ਼ਟ ਕਰਕੇ ਇਹ ਗੱਲ ਸਮਝਾਈ ਹੋਈ ਹੈ ਕਿ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਹੀ ਮਨ ਦੇ ਵਿੱਚੋਂ ਪ੍ਰਮਾਤਮਾ ਦੇ ਮਹਲ ਦੇ ਦਰਸ਼ਨ ਹੁੰਦੇ ਹਨ ਜੋ ਪ੍ਰਮਾਤਮਾ ਦਾ ਮਹਲ ਭਾਵ ਉਸਦਾ ਘਰ ਸਭ ਦੇ ਅੰਦਰ ਹੀ ਹੈ, ਮਨ ਦੇ ਵਿੱਚ ਹੀ ਹੈ ਪਰ ਮਨ ਦੇ ਵਿੱਚ ਜਦ ਤੱਕ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਭਰਮ ਹੈ, ਜਦ ਤੱਕ ਸਾਡੀ ਸਮਝ ਦੇ ਵਿੱਚ ਭਰਮ ਹੈ ਤਦ ਤੱਕ ਕੋਈ ਆਪਣੇ ਅੰਦਰੋਂ ਸੁਪਨੇ ਵਿੱਚ ਵੀ ਨਹੀਂ ਜਾਣ ਸਕਦਾ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਵਰਤ ਰਿਹਾ ਹੈ, ਮਨ ਦੀ ਸਮਝ ਦੁਆਰਾ ਹੀ ਵਰਤ ਰਿਹਾ ਹੈ, ਮਨ ਦੇ ਗਿਆਨ ਦੁਆਰਾ ਹੀ ਵਰਤ ਰਿਹਾ ਹੈ ਭਾਵ ਆਪਣੇ ਬਣਾਏ ਹੋਏ ਇਸ ਸਰਗੁਣ ਰੂਪ ਸਰੀਰ ਵਿੱਚ ਆਪ ਹੀ ਆਪਣੇ ਨਿਰਗੁਣ ਰੂਪ ਵਿੱਚ ਵਰਤ ਰਿਹਾ ਹੈ ਭਾਵ ਆਪ ਹੀ ਆਪਣੇ ਬਣਾਏ ਹੋਏ ਆਕਾਰ ਰੂਪ ਵਿੱਚ ਆਪਣੇ ਨਿਰੰਕਾਰ ਰੂਪ ਦੁਆਰਾ ਵਰਤ ਰਿਹਾ ਹੈ। ਕਿਉਂਕਿ ਮਨ ਦੀ ਸਮਝ ਸਾਡੀ ਨਹੀਂ ਹੈ ਇਸੇ ਲਈ ਕੋਈ ਆਪਣੇ ਅੰਦਰੋਂ ਆਪ ਪ੍ਰਮਾਤਮਾ ਨੂੰ ਜਾਣ ਲਵੇ, ਬੁੱਝ ਲਵੇ, ਸਮਝ

ਲਵੇ ਇਹ ਨਾਮੁਮਕਿਨ ਹੈ। ਇਹ ਪ੍ਰਮਾਤਮਾ ਦੀ ਆਪਣੀ ਹੀ ਰਚੀ ਹੋਈ ਖੇਡ ਹੈ ਜਿਸਨੂੰ ਆਪਣੇ ਆਪ ਕੋਈ ਜਾਣ ਲਵੇ ਇਹ ਨਾ ਕਦੀ ਅੱਜ ਤੱਕ ਹੋਇਆ ਹੈ ਤੇ ਨਾ ਹੀ ਕਦੀ ਹੋ ਸਕਦਾ ਹੈ। ਇਹ ਕੇਵਲ ਤੇ ਕੇਵਲ ਉਸਦੀ ਰਜਾ ਹੈ

50/6912

ਕਿ ਕਿਸੇ ਨੂੰ ਉਹ ਆਪਣੀ ਖੇਡ ਸਮਝਾਵੇ ਭਾਵ ਮਨ ਦੇ ਭਰਮ ਵਿੱਚੋਂ ਕੱਢ ਕੇ ਮਨ ਦੇ ਵਿੱਚ ਹੀ ਆਪਣੇ ਮਹਲ ਦੇ ਦਰਸ਼ਨ ਕਰਾਵੇ ਪੂਰੀ ਸ੍ਰਿਸ਼ਟੀ ਦੇ ਅੰਦਰ, ਸਭ ਦੇ ਅੰਦਰ ਉਹ ਆਪਣੇ ਕਿਸ ਰੂਪ ਦੁਆਰਾ ਵਿਚਰ ਰਿਹਾ ਹੈ ਇਸ ਗੱਲ ਦੀ ਸੋਝੀ ਪਾਵੇ, ਆਉ ਇਸ ਗੱਲ ਨੂੰ ਧਿਆਨ ਨਾਲ ਸਮਝੀਏ ਤੇ ਘੱਟੋ ਘੱਟ ਮਨ ਦੇ ਇਸ ਭਰਮ ਵਿੱਚੋਂ ਜਰੂਰ ਨਿਕਲੀਏ ਕਿ ਪ੍ਰਮਾਤਮਾ ਕਿਤੇ ਬਾਹਰੋਂ ਮਿਲਦਾ ਹੈ ਭਾਵ ਜਿਨ੍ਹਾਂ ਨੇ ਸਾਨੂੰ ਇਸ ਭਰਮ ਦੇ ਵਿੱਚ ਪਾਇਆ ਹੋਇਆ ਹੈ ਕਿ ਪ੍ਰਮਾਤਮਾ ਬਾਹਰ ਕਿਤੇ ਮਿਲਦਾ ਹੈ, ਕਿਸੇ ਆਕਾਸ਼ ਤੇ ਮਿਲਦਾ ਹੈ, ਕਿਸੇ ਖੰਡ ਬ੍ਰਹਮੰਡ ਤੇ ਰਹਿੰਦਾ ਹੈ ਉਨ੍ਹਾਂ ਦੇ ਪਾਏ ਹੋਏ ਭਰਮ ਵਿੱਚੋਂ ਜਰੂਰ ਨਿਕਲੀਏ ਤੇ ਧੰਨ ਧੰਨ ਧੰਨ ਗੁਰੂ ਗੁਰਬਾਣੀ ਦੀ ਮਤਿ ਤੇ ਵਿਸ਼ਵਾਸ ਟਿਕਾਈਏ ਜੋ ਉੱਚੀ ਤੇ ਸੱਚੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਸਦੀ ਆਪਣੀ ਰਚੀ ਹੋਈ ਹੀ ਹੈ ਜਿਸ ਵਿੱਚ ਸਭ ਕੁਝ ਸੱਚ ਹੀ ਸਮਝਾਇਆ ਹੋਇਆ ਹੈ। ਜੇਕਰ ਕੋਈ ਸੱਚ ਰੂਪ ਗੁਰੂ ਪ੍ਰਮਾਤਮਾ ਦੀ ਸਮਝਾਈ ਹੋਈ ਗੱਲ ਨੂੰ ਵੀ ਸੱਚ ਨਾ ਮੰਨੇ ਤੇ ਉਨ੍ਹਾਂ ਦੀ ਗੱਲ ਨੂੰ ਮੰਨੇ ਜੋ ਸਾਨੂੰ ਝੂਠ ਸਮਝਾਉਂਦੇ ਹਨ, ਪ੍ਰਮਾਤਮਾ ਦੇ ਵੱਖਰੇ ਵੱਖਰੇ ਰੂਪ ਸਮਝਾਉਂਦੇ ਹਨ, ਉਸਦਾ ਕੋਈ ਆਕਾਰ ਰੂਪ ਸਮਝਦੇ ਅਤੇ ਸਮਝਾਉਂਦੇ ਹਨ। ਉਨ੍ਹਾਂ ਤੋਂ ਵੱਡਾ ਅਭਾਗਾ ਫਿਰ ਹੋਰ ਕੌਣ ਹੋ ਸਕਦਾ ਹੈ। ਆਉ ਗੁਰੂ ਦੀ ਮਤਿ ਤੇ ਵਿਸ਼ਵਾਸ ਟਿਕਾਈਏ ਤੇ ਭਾਗਾਂ ਵਾਲੇ ਬਣਨ ਦਾ ਉੱਦਮ ਕਰੀਏ।

“ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥

ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥”

ਉਪਰ ਵਾਲੀਆਂ ਪੰਗਤੀਆਂ ਦੇ ਅਰਥ ਸਮਝਣ ਤੋਂ ਪਹਿਲਾਂ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਜਰੂਰੀ ਹੈ ਕਿ ਸਹਜ ਕੀ ਹੈ। ਸਹਜ ਕੀ ਹੁੰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਸਹਜ ਦੇ ਰੂਪ ਵਿੱਚ ਹੀ ਵਿਚਰਦਾ ਹੈ। ਪ੍ਰਮਾਤਮਾ ਦਾ ਘਰ ਸਾਡੇ ਅੰਦਰ ਉਸਦਾ ਸਹਜ ਰੂਪ ਘਰ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦਾ ਘਰ ਹੈ। ਪ੍ਰਮਾਤਮਾ ਦਾ ਇਹ ਸਹਜ ਰੂਪ ਹੀ ਉਸਦਾ ਨਾਮ ਰੂਪ ਹੈ, ਉਸਦਾ ਬ੍ਰਹਮ ਗਿਆਨ ਰੂਪ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਆਪਣੇ ਇਹ ਨਿਰੰਕਾਰ ਰੂਪ ਵਿੱਚ ਹੀ ਪ੍ਰਮਾਤਮਾ ਸਭ ਦੇ ਵਿੱਚ ਹਰ ਜਗ੍ਹਾ ਵਰਤ ਰਿਹਾ ਹੈ, ਵਿਚਰਦਾ ਹੈ।

50/6913

ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਪ੍ਰਮਾਤਮਾ ਦਾ ਸਹਜ ਰੂਪ ਕੀ ਹੈ ਇਸਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿਉਂਕਿ ਸਹਜ ਨੂੰ ਸਮਝਣ ਵਿੱਚ ਹਰ ਕੋਈ ਵੱਡੇ ਭਰਮ ਵਿੱਚ ਹੀ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ।

ਸਲੋਕੁ ਮਃ ੩ ॥

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥
ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥
ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥ ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥
ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥ ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥
ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

ਸਿਰੀਰਾਗੁ ਮਹਲਾ ੩ ॥

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

ਮਾਰੂ ਮਹਲਾ ੧ ॥

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥ ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥
ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥ ਨਿਜ ਘਰਿ ਬੈਸਿ ਰਹੇ ਭਉ ਖਾਇਆ॥
ਧਾਵਤ ਰਾਖੇ ਠਾਕਿ ਰਹਾਇਆ ॥ ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥
ਮਰਣੁ ਲਿਖਾਇ ਮੰਡਲ ਮਹਿ ਆਏ ॥ ਕਿਉ ਰਹੀਐ ਚਲਣਾ ਪਰਥਾਏ ॥
ਸਚਾ ਅਮਰੁ ਸਚੇ ਅਮਰਾ ਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥ ਆਪਿ ਉਪਾਇਆ ਜਗਤੁ ਸਬਾਇਆ ॥
ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥ ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥
ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥
ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥ ਤਿਨ ਕਉ ਤਖਤਿ ਮਿਲੀ ਵਡਿਆਈ ॥
ਨਿਰਭਉ ਮਨਿ ਵਸਿਆ ਲਿਵ ਲਾਈ ॥ ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥
ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥ ਗਣਤ ਗਣੀਐ ਸਹਸਾ ਜੀਐ ॥
ਕਿਉ ਸੁਖੁ ਪਾਵੈ ਦੂਐ ਤੀਐ ॥ ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥
ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥
ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥ ਜੀਭ ਰਸਾਇਣਿ ਸਾਚੈ ਰਾਤੀ ॥
ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥ ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥
ਰਖਿ ਰਖਿ ਪੈਰ ਧਰੇ ਪਉ ਧਰਣਾ ॥ ਜਤ ਕਤ ਦੇਖਉ ਤੇਰੀ ਸਰਣਾ ॥
ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥ ਅੰਤ ਕਾਲਿ ਕੋ ਬੇਲੀ ਨਾਹੀ ॥
ਗੁਰਮੁਖਿ ਜਾਤਾ ਤੁਧੁ ਸਾਲਾਹੀ ॥ ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥}

(ਅੰਗ ੧੦੨੨-੧੦੨੩)

ਗਉੜੀ ਮਹਲਾ ੧ ॥

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥

ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥
ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥ ਸਾਝ ਬਿਹਾਗ ਤਕਹਿ ਆਗਾਸੁ ॥
ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥ ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥ ਸਾਧੁ ਮਿਲੈ ਪੂਰਬ ਸੰਜੋਗ ॥
ਸਚਿ ਰਹਸੇ ਪੂਰੇ ਹਰਿ ਲੋਗ ॥ ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬॥}

(ਅੰਗ ੧੫੨-੧੫੩)

{ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥}

(ਅੰਗ ੧੧੭)

ਮਾਝ ਮਹਲਾ ੫ ॥

{ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥ ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥
ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥ ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥
ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥ ਨਾਮੁ ਧਿਆਇ ਮਹਾ ਸੁਖੁ ਪਾਇਆ ॥
ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥
ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥}

(ਅੰਗ ੧੦੩)

50/6914

ਗਉੜੀ ਮਹਲਾ ੧ ॥

{ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥ ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥ ਦੇਹੀ ਮਾਟੀ ਬੋਲੈ ਪਉਨੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਨੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥ ਹਉ ਨ ਮੂਆ ਮੇਰੀ ਮੁਈ ਬਲਾਇ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ ੧੫੨)

ਗਉੜੀ ਮਹਲਾ ੫ ॥

{ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥

ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ ੨੦੯)

ੴ ਸਤਿਗੁਰ ਪ੍ਰਸਾਦਿ ॥
ਰਾਗੁ ਗਉੜੀ ਮਹਲਾ ੯ ॥

{ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥}

(ਅੰਗ ੨੧੯)

{ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥ ਸਗਲ ਸਮਗ੍ਰੀ ਜਾ ਕਾ ਤਨਾ ॥
ਆਪਨ ਜਸੁ ਆਪ ਹੀ ਸੁਨਾ ॥ ਆਵਨ ਜਾਨੁ ਇਕੁ ਖੇਲੁ ਬਨਾਇਆ ॥
ਆਗਿਆਕਾਰੀ ਕੀਨੀ ਮਾਇਆ ॥ ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥
ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥}

(ਅੰਗ ੨੯੪)

{ਪਰਿਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥
ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥੨॥}

(ਅੰਗ ੩੪੩)

ਬਿਲਾਵਲੁ ਮਹਲਾ ੩ ॥

{ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ ॥
ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ ॥੧॥ ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥
ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ ਅਨਦਿਨੁ ਲਾਗੈ ਸਹਜ ਧਿਆਨਾ ॥੧॥ ਰਹਾਉ ॥
ਕਿਆ ਕੋਈ ਤੇਰੀ ਸੇਵਾ ਕਰੇ ਕਿਆ ਕੋ ਕਰੇ ਅਭਿਮਾਨਾ ॥
ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ ਵਖਿਆਨਾ ॥੨॥
ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥

ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ ॥੩॥
ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥
ਇਕਨਾ ਘਰ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ ॥੪॥੩॥}

(ਅੰਗ ੭੯੭)

{ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥
ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥ ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ॥
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥}

(ਅੰਗ ੯੪੬)

ਪਉੜੀ ॥

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ ੧੦੯੬)

50/6915

ਉਪਰ ਵਾਲੇ ਜਿਆਦਾਤਰ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਜਿਨ੍ਹਾਂ ਸ਼ਬਦਾਂ ਰਾਹੀਂ ਸਾਨੂੰ ਮਨ ਦੇ ਸਹਜ ਦੀ ਅਵਸਥਾ ਬਾਰੇ ਸਮਝਾਇਆ ਹੋਇਆ ਹੈ ਜੋ ਕਿ ਸਾਡੇ ਅੰਦਰ ਨਾਮ ਦੀ ਪ੍ਰਾਪਤੀ ਵਾਲੀ ਅਵਸਥਾ ਹੈ, ਧਰਮ ਦੇ ਮਾਰਗ ਨੂੰ ਪੂਰਨ ਰੂਪ ਵਿੱਚ ਸਮਝਣ ਵਾਲੀ ਅਵਸਥਾ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਵਾਲੀ ਅਵਸਥਾ ਹੈ ਭਾਵ ਬ੍ਰਹਮ ਗਿਆਨ ਵਾਲੀ ਅਵਸਥਾ ਹੈ ਜਿਸ ਮਨ ਦੀ ਅਵਸਥਾ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦਾ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਣਾ ਕੇਵਲ ਇੱਕ ਭਰਮ ਹੀ ਹੈ ਕਿਉਂਕਿ ਸਭ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਫਿਰ ਜਨਮ ਮਰਨ ਕਿਸਦਾ ਹੋਇਆ ਹੈ ਭਾਵ ਮਨ ਦੇ ਭਰਮ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ, ਮਨੁੱਖੀ ਸਰੀਰ ਦੇ ਜਨਮ ਮਰਨ ਵਿੱਚ ਸਮਝਦਾ ਹੈ ਇਹ ਸਭ ਸਾਡੇ ਮਨ ਦਾ ਭਰਮ ਹੀ ਹੈ ਜੋ ਇਹ ਭਰਮ ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹੈ ਜੋ ਭਰਮ ਮਨ ਦੇ ਵਿੱਚ ਪਾਉਣ ਦੁਆਰਾ ਪ੍ਰਮਾਤਮਾ ਆਪਣੀ ਖੇਡ ਖੇਡ ਰਿਹਾ ਹੈ ਜਿਸ ਉਸਦੀ ਖੇਡ ਨੂੰ ਕੋਈ ਆਪਣੇ ਆਪ ਸਮਝ ਲਵੇ ਇਹ ਨਾਮੁਮਕਿਨ ਹੈ। ਜਿਸਨੇ ਵੀ ਪ੍ਰਮਾਤਮਾ ਦੀ ਇਸ ਖੇਡ ਨੂੰ ਸਮਝਿਆ ਹੈ ਉਸਨੂੰ ਇਹ ਖੇਡ ਪ੍ਰਮਾਤਮਾ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸਮਝਾਈ ਹੈ ਜਿਵੇਂ ਕਿ ਉਸਨੇ ਇਹ ਖੇਡ ਆਪਣੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪ ਹੀ ਸਮਝਾਈ ਹੈ, ਉਨ੍ਹਾਂ ਨੂੰ ਆਪਣਾ ਗੁਰਮੁਖਿ ਰੂਪ ਬਨਾਉਣ ਦੁਆਰਾ ਸਮਝਾਈ ਹੈ। ਪ੍ਰਮਾਤਮਾ ਦਾ ਗੁਰਮੁਖਿ ਰੂਪ ਕੇਵਲ ਤੇ ਕੇਵਲ ਉਹੀ ਹੁੰਦਾ ਹੈ ਜੋ ਆਪਣੇ ਅੰਦਰੋਂ ਗੁਰੂ ਰੂਪ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਉਸ ਗੁਰੂ ਦੇ ਮੁੱਖੋਂ ਉਚਾਰੀ ਹੋਈ ਹਰ ਗੱਲ ਨੂੰ ਸਮਝ ਕੇ ਉਸਨੂੰ ਮੰਨ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਗੁਰੂ ਰੂਪ ਪ੍ਰਮਾਤਮਾ ਦੇ ਮੁੱਖੋਂ ਉਚਾਰੀ ਹੋਈ ਹਰ ਗੱਲ ਨੂੰ ਸਮਝ ਕੇ ਉਸਨੂੰ ਮੰਨਿਆ ਹੈ ਭਾਵ ਉਸਤੇ ਅਮਲ ਕੀਤਾ ਹੈ। ਗੁਰੂ ਰੂਪ ਪ੍ਰਮਾਤਮਾ ਆਪਣੇ ਮੁੱਖੋਂ ਜੋ ਕੁਝ ਵੀ ਉਚਾਰਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦੇ ਵਿੱਚ ਹੀ ਉਚਾਰਦਾ ਹੈ ਭਾਵ ਗਿਆਨ ਰੂਪ ਵਿੱਚ

ਹੀ ਉਚਾਰਦਾ ਹੈ। ਮਨ ਦੇ ਵਿੱਚ ਪ੍ਰਮਾਤਮਾ ਜੋ ਕੁਝ ਉਚਾਰਦਾ ਹੈ ਉਸ ਉਚਾਰਣ ਰਾਹੀਂ ਉਹ ਮਨ ਦੇ ਵਿੱਚ

50/6916

ਧਰਮ ਦੇ ਸੱਚੇ ਗਿਆਨ ਦੀ ਸਮਝ ਹੀ ਪਾਉਂਦਾ ਹੈ ਭਾਵ ਆਪਣੇ ਨਾਮ ਦੀ ਸੱਚੀ ਸਮਝ ਹੀ ਪਾਉਂਦਾ ਹੈ, ਬ੍ਰਹਮ ਗਿਆਨ ਵਾਲੀ ਸੱਚੀ ਸਮਝ ਹੀ ਪਾਉਂਦਾ ਹੈ, ਚੌਥੇ ਪਦ ਦੇ ਗਿਆਨ ਵਾਲੀ ਸਮਝ ਹੀ ਪਾਉਂਦਾ ਹੈ, ਸਹਜ ਗਿਆਨ ਵਾਲੀ ਸੱਚੀ ਸਮਝ ਹੀ ਪਾਉਂਦਾ ਹੈ ਜਿਸ ਮਨ ਦੀ ਸੱਚੀ ਸਮਝ ਦੁਆਰਾ ਹੀ ਕੋਈ ਉਸਦਾ ਗੁਰਮੁਖਿ ਰੂਪ ਬਣ ਸਕਦਾ ਹੇ ਤੇ ਜੋ ਉਸਦਾ ਗੁਰਮੁਖਿ ਰੂਪ ਬਣ ਜਾਂਦਾ ਹੈ ਉਸਨੂੰ ਇਸ ਗੱਲ ਦੀ ਵੀ ਸਮਝ ਪੈ ਜਾਂਦੀ ਹੈ ਕਿ ਗੁਰਮੁਖਿ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਆਪਣੇ ਆਪ ਨੂੰ ਮਨੁੱਖੀ ਹੋਂਦ ਸਮਝਣਾ ਕੇਵਲ ਮਨੁੱਖ ਦਾ ਇੱਕ ਭਰਮ ਹੀ ਹੈ ਤੇ ਅਸਲ ਵਿੱਚ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨ ਦੇ ਭਰਮ ਕਰਕੇ ਹੀ ਕੋਈ ਇਹ ਕਹਿ ਸਕਦਾ ਹੈ ਕਿ ਇਹ ਸਰੀਰ ਮੇਰਾ ਹੈ, ਮੇਰੇ ਅੰਦਰ ਦੀ ਸਮਝ ਮੇਰੀ ਹੈ, ਮੈਂ ਧਰਮ ਦਾ ਗਿਆਨੀ ਹਾਂ। ਇਹ ਸਭ ਕੁਝ ਕਹਿਣਾ ਕੇਵਲ ਮਨ ਦੀ ਨਾਸਮਝੀ ਹੈ, ਕੇਵਲ ਮਨਮੁੱਖਤਾ ਹੈ ਭਾਵ ਕੇਵਲ ਆਪਣੇ ਮਨ ਦੇ ਮੁੱਖ ਨਾਲ ਜੁੜਨ ਵਾਲੀ ਗੱਲ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਨਾਲ ਜੁੜਨ ਵਾਲੀ ਗੱਲ ਹੈ ਭਾਵ ਮਨ ਦੀ ਹਉਮੈ ਵਾਲੀ ਸਮਝ ਦੇ ਨਾਲ ਜੁੜਨ ਵਾਲੀ ਗੱਲ ਹੈ, ਮਨਮਤਿ ਦੇ ਨਾਲ ਜੁੜਨ ਵਾਲੀ ਗੱਲ ਹੈ। ਗੁਰਮਤਿ ਤਾਂ ਸਾਨੂੰ ਇਹ ਸਮਝਾਉਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਪ੍ਰਮਾਤਮਾ ਤੋਂ ਬਿਨਾਂ ਕਿਸੇ ਵੀ ਹੋਂਦ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਮਨਮਤਿ ਹੈ ਭਾਵ ਮਨਮੁੱਖਤਾ ਹੈ। ਆਪਣੇ ਆਪ ਦੀ ਹੋਂਦ ਪ੍ਰਮਾਤਮਾ ਨਾਲੋਂ ਵੱਖਰੀ ਸਮਝਣਾ ਕੇਵਲ ਸਾਡੀ ਮਨਮੁੱਖਤਾ ਹੈ ਤੇ ਪ੍ਰਮਾਤਮਾ ਦੇ ਗੁਰੂ ਰੂਪ ਤੋਂ ਬਿਨਾਂ ਕਿਸੇ ਨੂੰ ਵੀ ਗੁਰਮੁਖਿ ਕਹਿਣਾ ਜਾਂ ਸਮਝਣਾ ਕੇਵਲ ਸਾਡੇ ਅੰਦਰ ਦੀ ਅਗਿਆਨਤਾ ਹੈ, ਕੇਵਲ ਸਾਡੇ ਮਨ ਦਾ ਭਰਮ ਹੈ ਹੋਰ ਕੁਝ ਵੀ ਨਹੀਂ, ਇਸ ਗੱਲ ਦੀ ਸਮਝ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਮਨ ਦੇ ਵਿੱਚ ਸਹਜ ਗਿਆਨ ਵਾਲੀ ਅਵਸਥਾ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਅਵਸਥਾ ਹੈ। ਉਪਰ ਵਾਲੇ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਾਨੂੰ ਇਹ ਕੁਝ ਹੀ ਸਮਝਾਇਆ ਹੋਇਆ ਹੈ ਕਿ ਸਾਨੂੰ ਇਹ ਸਭ ਸੋਝੀ ਮਨ ਦੀ ਸਹਜ ਵਾਲੀ ਅਵਸਥਾ ਦੁਆਰ ਹੀ ਪੈਂਦੀ ਹੈ। ਸਾਡਾ ਅਸਲ ਆਵਾਗਉਣ ਕੀ ਹੈ ਤੇ ਅਸੀਂ ਆਪਣੇ ਆਪ ਨੂੰ ਆਵਾਗਉਣ ਵਿੱਚ ਕਿਸ ਲਈ ਸਮਝਦੇ ਹਾਂ ਇਸ ਗੱਲ

50/6917

ਦੀ ਸਮਝ ਮਨ ਦੀ ਸਹਜ ਵਾਲੀ ਅਵਸਥਾ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਪਹੁੰਚ ਕੇ ਹੀ ਪੈਂਦੀ ਹੈ। ਸਹਜ ਵਾਲੀ ਅਵਸਥਾ ਵਿੱਚ ਪਹੁੰਚ ਕੇ ਹੀ ਸਾਡੇ ਅੰਦਰ ਦਾ ਭਰਮ ਦੂਰ ਹੁੰਦਾ ਹੈ ਕਿ ਪ੍ਰਮਾਤਮਾ ਦਾ ਮਹਲ ਸਾਡੇ ਅੰਦਰ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ। ਸਹਜ ਦੀ ਪ੍ਰਾਪਤੀ ਤੋਂ ਪਹਿਲੇ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰੇ ਘਰ ਵਿੱਚ ਸਮਝਦੇ ਹਾਂ। ਪ੍ਰਮਾਤਮਾ ਨਾਲੋਂ ਵੱਖਰਾ ਘਰ ਸਾਡਾ ਤ੍ਰੈ ਗੁਣਾਂ ਵਾਲੀ ਸਮਝ ਦਾ ਘਰ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੈ। ਤ੍ਰੈ ਗੁਣਾਂ ਦੇ ਘਰ ਵਿੱਚੋਂ ਸਾਨੂੰ ਭਾਵ ਮਨ ਦੀ ਅਗਿਆਨਤਾ ਵਾਲੇ ਘਰ ਵਿੱਚੋਂ ਸਾਨੂੰ ਮੈਂ ਹੀ ਸਿਖਾਈ ਜਾਂਦੀ ਹੈ, ਹਉਮੈ ਹੀ ਸਿਖਾਈ ਜਾਂਦੀ ਹੈ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ ਭਾਵ ਮੈਂ ਹੀ ਸਿਖਾਈ ਜਾਂਦੀ ਹੈ। ਜਦੋਂ ਮਨੁੱਖ ਮਨ ਦੀ ਸਹਜ ਵਾਲੀ ਅਵਸਥਾ ਵਿੱਚ ਆ ਜਾਂਦਾ ਹੈ ਉਹ ਫਿਰ ਮਨ ਦੀ ਸਮਝ ਰਾਹੀਂ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਰਾਹੀਂ ਆਪਣੇ ਅੰਦਰੋਂ ਪ੍ਰਮਾਤਮਾ ਦੇ ਸਹਜ ਰੂਪ ਘਰ ਨੂੰ ਜਾਣ ਲੈਂਦਾ ਹੈ ਭਾਵ ਬ੍ਰਹਮ ਰੂਪ ਘਰ ਨੂੰ ਜਾਣ ਲੈਂਦਾ ਹੈ ਜਿਸ ਘਰ ਵਿੱਚੋਂ ਮਿਲੇ ਸੱਚੇ ਗਿਆਨ ਵਾਲੀ ਸਮਝ ਦੁਆਰਾ ਤ੍ਰੈ ਗੁਣਾਂ ਵਾਲੇ ਘਰ ਵਿੱਚੋਂ ਭਾਵ ਅਗਿਆਨਤਾ ਵਾਲੀ ਸਮਝ ਦੇ ਘਰ ਵਿੱਚੋਂ, ਭਰਮਾਂ ਵਾਲੀ ਸਮਝ ਦੇ ਘਰ ਵਿੱਚੋਂ ਨਿਕਲ ਜਾਂਦਾ ਹੈ ਭਾਵ ਉਸਨੂੰ ਸਮਝ ਲੱਗ ਜਾਂਦੀ ਹੈ ਕਿ ਸਾਡੇ ਅੰਦਰ ਭਰਮਾਂ ਵਾਲੀ ਸਮਝ, ਤ੍ਰੈ ਗੁਣਾਂ ਵਾਲੀ ਸਮਝ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਪ੍ਰਮਾਤਮਾ ਨੇ ਆਪਣੇ ਸਹਜ ਗਿਆਨ ਦੁਆਰਾ ਹੀ ਸਾਨੂੰ ਤ੍ਰੈ ਗੁਣਾਂ ਵਾਲੇ ਘਰ ਵਿੱਚ ਰੱਖ ਕੇ ਆਪਣੀ ਖੇਡ ਬਣਾਈ ਹੋਈ ਹੈ ਜਿਸ ਆਪਣੀ ਖੇਡ ਦੁਆਰਾ ਭਾਵ ਮਨ ਦੀ ਭਰਮ ਰੂਪ ਖੇਡ ਦੁਆਰਾ ਉਹ ਸਾਰੇ ਸੰਸਾਰ ਨੂੰ ਖਿਡਾ ਰਿਹਾ ਹੈ। ਉਸਦੀ ਇਸ ਖੇਡ ਦੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਪਹੁੰਚ ਕੇ ਭਾਵ ਸਹਜ ਗਿਆਨ ਵਾਲੀ ਅਵਸਥਾ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਜਿਸ ਅਵਸਥਾ ਵਿੱਚ ਪਹੁੰਚ ਕੇ ਮਨੁੱਖ ਇਸ ਭਰਮ ਵਿੱਚੋਂ ਨਿਕਲ ਜਾਂਦਾ ਹੈ ਕਿ ਇਹ ਸਰੀਰ ਮੇਰਾ ਹੈ ਤੇ ਮੈਂ ਆਵਾਗਉਣ ਵਿੱਚ ਹਾਂ, ਜਨਮ ਮਰਨ ਵਿੱਚ ਹਾਂ ਤੇ ਮੈਂ ਭਰਮ ਵਿੱਚ ਹੀ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਿਆ ਹੋਇਆ ਸੀ ਤੇ ਅਸਲ ਵਿੱਚ ਸਭ ਕੁਝ ਪ੍ਰਮਾਤਮਾ

50/6918

ਆਪ ਹੀ ਹੈ ਤੇ ਸਾਰੇ ਸੰਸਾਰ ਨੂੰ ਉਹ ਆਪ ਹੀ ਭਰਮਾਂ ਵਿੱਚ ਪਾ ਕੇ ਆਪਣੀ ਖੇਡ ਖਿਡਾ ਰਿਹਾ ਹੈ। **(ਸਹਜੇ ਆਵਾ ਸਹਜੇ ਜਾਵਾ**

ਸਹਜੇ ਮਨੁ ਖੇਲਾਇਆ ਥਾ ॥ ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥)

ਹੁਣ ਉਪਰ ਵਾਲੇ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਸ਼ਬਦ ਨੂੰ ਅਸੀਂ ਗਹਿਰਾਈ ਨਾਲ ਸਮਝ ਸਕਦੇ ਹਾਂ ਜਿਸ ਰਾਹੀਂ ਸਾਨੂੰ ਇਸ ਭਰਮ ਵਿੱਚੋਂ ਬਰੀਕੀ ਨਾਲ ਕੱਢਿਆ ਹੋਇਆ ਹੈ ਕਿ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਖੋਜਣ ਦਾ ਉਪਰਾਲਾ ਕਰੀਏ ਜਿਸਨੂੰ ਆਪਣੇ ਅੰਦਰੋਂ ਖੋਜਣ ਦਾ ਤਰੀਕਾ ਕੇਵਲ ਤੇ ਕੇਵਲ ਮਨ ਦੇ ਭਰਮਾਂ ਵਿੱਚੋਂ ਨਿਕਲਣਾ ਹੈ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨ ਦਾ ਹੈ ਜੋ ਪੂਰੀ ਤਰ੍ਹਾਂ ਹਰ ਭਰਮ ਤੋਂ ਰਹਿਤ ਹੈ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲਣ ਦਾ ਹੈ ਜੋ ਉਲਟਾ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ। ਮਨ ਦੇ ਭਰਮਾਂ ਵਿੱਚੋਂ ਨਿਕਲੇ ਬਿਨਾਂ ਕੋਈ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਉਪਰਾਲਾ ਕਰ ਸਕੇ ਇਹ ਨਾਮੁਮਕਿਨ ਹੈ। ਸੱਚ ਸੱਚ ਸੱਚ ਕਰਕੇ ਜਾਣੋ, ਗੁਰੂ ਦੀ ਸਮਝਾਈ ਹੋਈ ਮਤਿ ਤੇ ਪੂਰਨ ਵਿਸ਼ਵਾਸ ਕਰਕੇ ਜਾਣੋ ਕਿ ਉਹ ਸਾਡੇ ਅੰਦਰ ਹੀ ਹੈ ਜਿਸਨੂੰ ਆਪਣੇ ਅੰਦਰੋਂ ਜਾਨਣ ਦੀ ਕੇਵਲ ਤੇ ਕੇਵਲ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੀ ਲੋੜ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹੁਣ ਧਿਆਨ ਨਾਲ ਸੋਚੋ ਕਿ ਜੋ ਸਾਨੂੰ ਭਰਮਾਂ ਦੀ ਭਰੀ ਹੋਈ ਸਮਝ ਵਿੱਚੋਂ ਨਿਕਲਣ ਦੀ ਬਜਾਏ ਸਾਨੂੰ ਪ੍ਰਮਾਤਮਾ ਦੇ ਪਾਉਣ ਦੇ ਅਨੇਕਾਂ ਹੀ ਵੱਖਰੇ ਵੱਖਰੇ ਢੰਗ ਸਮਝਾਉਂਦੇ ਹਨ, ਆਪਣੀ ਆਪਣੀ ਬਣਾਈ ਹੋਈ ਧਾਰਮਿਕ ਮਰਿਯਾਦਾ ਦੁਆਰਾ ਸਮਝਾਉਂਦੇ ਹਨ ਉਹ ਖੁੱਦ ਕਿਤਨੇ ਵੱਡੇ ਭਰਮ ਵਿੱਚ ਹਨ। ਉਹ ਦੂਸਰਿਆਂ ਦੇ ਭਰਮਾਂ ਵਿੱਚ ਹੀ ਵਾਧਾ ਕਰਦੇ ਹਨ ਭਾਵ ਭਰਮਾਂ ਨੂੰ ਹੋਰ ਦ੍ਰਿੜ ਕਰਦੇ ਹਨ। ਸਾਨੂੰ ਜੋ ਸਭ ਤੋਂ ਜਿਆਦਾ ਭਰਮਾਂ ਵਿੱਚ ਪਾਉਂਦੇ ਹਨ ਉਹ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ, ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਵੱਧ ਤੋਂ ਵੱਧ ਕਥਨੀ ਕਰਨ ਨਾਲ ਜੋੜਦੇ ਹਨ, ਕਿਸੇ ਖਾਸ ਸਮੇਂ ਨੂੰ ਉੱਚਾ ਮੰਨ ਕੇ ਉਸ ਵਕਤ ਸਰੀਰਕ ਜਪ ਤਪ ਆਦਿ ਨਾਲ ਜੋੜਦੇ ਹਨ, ਸਿਰਫ ਖਾਣੇ ਨੂੰ ਚੰਗਾ ਮੰਦਾ ਕਹਿ ਕੇ ਜੋੜਦੇ ਹਨ ਕਿ ਇਹੋ ਜਿਹਾ ਖਾਣਾ ਖਾਣਾ ਚਾਹੀਦਾ ਹੈ ਤੇ ਇਹੋ

50/6919

ਜਿਹਾ ਖਾਣਾ ਨਹੀਂ ਖਾਣਾ ਚਾਹੀਦਾ, ਇਹੋ ਜਿਹੇ ਵਸਤਰ ਪਾਉਣੇ ਚਾਹੀਦੇ ਹਨ ਤੇ ਇਹੋ ਜਿਹੇ ਵਸਤਰ ਨਹੀਂ ਪਾਉਣੇ ਚਾਹੀਦੇ ਤੇ ਹੋਰ ਵੀ ਅਨੇਕਾਂ ਹੀ ਇਹੋ ਜਿਹੀਆਂ ਗੱਲਾਂ ਸਮਝਾਉਂਦੇ ਹਨ ਜਿਵੇਂ ਕਿ ਕਿਸੇ ਇਕਾਂਤ ਜਗ੍ਹਾ ਤੇ ਜਾ ਕੇ ਸਰੀਰਕ ਜਪ ਤਪ ਕਰਨ ਦਾ ਜਿਆਦਾ ਲਾਭ ਮਿਲਦਾ ਹੈ ਤੇ ਹੋਰ ਵੀ ਅਨੇਕਾਂ ਨਾਸਮਝੀ ਵਾਲੇ ਤਰੀਕੇ ਸਮਝਾਉਂਦੇ ਹਨ ਜਿਨ੍ਹਾਂ ਤਰੀਕਿਆਂ ਦਾ ਬਾਣੀ ਦੇ ਸ਼ਬਦਾਂ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ। ਇਹੋ ਜਿਹੇ ਸਾਰੇ ਤਰੀਕੇ ਮਨ ਦੇ ਭਰਮ ਹੀ ਹਨ ਤੇ ਜੋ ਸਾਨੂੰ ਇਹੋ ਜਿਹੇ ਤਰੀਕੇ ਸਮਝਾਉਂਦੇ ਹਨ ਉਹ ਆਪ ਮਨ ਦੇ ਭਰਮਾਂ ਵਿੱਚ ਰਹੇ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ ਤੇ ਜੋ ਇਹੋ ਜਿਹਿਆਂ ਦੀ ਗੱਲ ਪਿੱਛੇ ਲੱਗ ਜਾਂਦੇ ਹਨ, ਧਰਮ ਦਾ ਮਾਰਗ ਸਮਝ ਕੇ ਲੱਗ ਜਾਂਦੇ ਹਨ ਉਨ੍ਹਾਂ ਨੇ ਧਰਮ ਦੇ ਮਾਰਗ ਤੇ ਪੱਕੇ ਕੀ ਹੋਣਾ ਹੈ ਪਰ ਭਰਮ ਦੇ ਪੱਕੇ ਜਰੂਰ ਹੋ ਜਾਂਦੇ ਹਨ। ਜੋ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ ਉਨ੍ਹਾਂ ਨੂੰ ਅਸੀਂ ਉੱਚੀਆਂ ਵਡਿਆਈਆਂ ਵੀ ਦਿੰਦੇ ਹਾਂ ਕਿ ਉਨ੍ਹਾਂ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਹੈ। ਅਸੀਂ ਉਨ੍ਹਾਂ ਦੀ ਸਮਝ ਨੂੰ ਵਡਿਆਉਂਦੇ ਹਾਂ ਜੋ ਸਾਨੂੰ ਗੁਰਮਤਿ ਨਾਲੋਂ ਪੁੱਠੀ ਸਮਝ ਦੇ ਨਾਲ ਜੋੜਦੇ ਹਨ। ਜਿਸਦੀ ਸਮਝ ਨੂੰ ਅਸੀਂ ਮੰਨਦੇ ਹਾਂ ਉਸੇ ਨੂੰ ਹੀ ਅਸਲ ਵਿੱਚ ਅਸੀਂ ਸੱਚੀ ਵਡਿਆਈ ਦਿੰਦੇ ਹਾਂ। ਭਰਮਾਂ ਵਾਲੀ ਸਮਝ ਵਾਲੇ ਨੂੰ ਵਡਿਆਈ ਦੇਣਾ ਭਾਵ ਉਸਦੀ ਮਤਿ ਨੂੰ ਉੱਚਾ ਮੰਨਣਾ ਗੁਰੂ ਦੀ ਮਤਿ ਨੂੰ ਨੀਵਾਂ ਕਰਨ ਵਾਲੀ ਗੱਲ ਹੈ, ਗੁਰੂ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਤੇ ਕੀ ਕੋਈ ਗੁਰੂ ਨੂੰ ਨੀਵਾਂ ਦਿਖਾ ਕੇ ਉਸਦਾ ਪਿਆਰਾ ਬਣ ਸਕਦਾ ਹੈ ਭਾਵ ਉਸਨੂੰ ਪਾ ਸਕਦਾ ਹੈ ਭਾਵ ਇਹ ਨਾਮੁਮਕਿਨ ਹੈ। ਆਉ ਤਨੋ ਮਨੋ ਧਨੋ ਗੁਰੂ ਦੀ ਸੱਚੀ ਮਤਿ ਨੂੰ ਧਿਆਨ ਨਾਲ ਪੜ ਕੇ, ਧਿਆਨ ਨਾਲ ਸਮਝ ਕੇ ਉਸਨੂੰ ਧਿਆਨ ਨਾਲ ਮੰਨਣ ਦਾ ਉੱਦਮ ਕਰੀਏ ਭਾਵ ਸੱਚੇ ਦਿਲੋਂ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਉੱਦਮ ਕਰੀਏ ਜੋ ਸੱਚਾ ਉੱਦਮ ਕਰਨ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਸੱਚ ਕਰਕੇ ਜਾਣੋ, ਗੁਰੂ ਦੀ ਮਤਿ ਨੂੰ ਸੱਚ ਕਰਕੇ ਜਾਣੋ ਕਿ ਉਹ ਸਾਡੇ ਅੰਦਰ ਹੀ ਹੈ। ਉਸਦੇ ਨਾਲ ਸਾਡਾ ਪਰਦਾ ਮਨ ਦੀ ਹਉਮੈ ਕਰਕੇ ਹੀ ਹੈ, ਮਨ ਦੀ ਭਰਮਾਂ ਵਾਲੀ ਸਮਝ ਕਰਕੇ ਹੀ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ

50/6920

ਜਾਣ ਸਕਦਾ ਹੈ ਜਿਵੇਂ ਕਿ ਉਸਨੂੰ ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਅੰਦਰੋਂ ਜਾਣਿਆ ਹੈ ਤੇ ਸਾਰੇ ਸੰਸਾਰ ਨੂੰ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਸਮਝਾਇਆ ਹੈ ਜੋ ਕਿ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੀ ਹੈ ਜੋ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਨਾ ਕੋਈ ਹੋਰ ਤਰੀਕਾ ਹੈ ਤੇ ਨਾ ਹੀ ਕਦੇ ਹੋ ਸਕਦਾ ਹੈ। ਇਹ ਗੁਰੂ ਗੁਰਬਾਣੀ ਦਾ ਆਪਣਾ ਫੁਰਮਾਨ

ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। ਗੁਰੂ ਦਾ ਫੁਰਮਾਨ ਸਦਾ ਰਹਿਣ ਵਾਲਾ ਹੈ ਭਾਵ ਨਾ ਕਦੇ ਬਦਲਿਆ ਹੈ ਤੇ ਰਹਿੰਦੀ ਦੁਨੀਆ ਤੱਕ ਨਾ ਹੀ ਕਦੇ ਬਦਲ ਸਕਦਾ ਹੈ। ਆਉ ਗੁਰੂ ਦੇ ਫੁਰਮਾਨ ਦੀ ਕਦਰ ਜਾਣੀਏ ਤੇ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰੀਏ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਹੀ ਨਾਮ ਰੂਪ ਹੈ ਜਿਸ ਨਾਮ ਦਾ ਮਕਸਦ ਭਾਵ ਉਸਦੇ ਬ੍ਰਹਮ ਗਿਆਨ ਦਾ ਮਕਸਦ ਭਾਵ ਉਸਦੇ ਸੱਚੇ ਗਿਆਨ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਪੂਰੇ ਲੇਖ ਵਿੱਚ ਸ਼ੁਰੂ ਤੋਂ ਲੈ ਕੇ ਗੁਰੂ ਰੂਪ ਸ਼ਬਦਾਂ ਰਾਹੀਂ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਅਸਲ ਵਿੱਚ ਨਾਮ ਦੀ ਸੱਚੀ ਸਮਝ ਦਾ ਨਾ ਹੋਣਾ ਹੀ ਸਾਡਾ ਬਹੁਤ ਵੱਡਾ ਭਰਮ ਹੈ, ਸਾਰੇ ਸੰਸਾਰ ਦਾ ਹੀ ਭਰਮ ਹੈ ਜਿਸ ਭਰਮ ਵਿੱਚੋਂ ਨਿਕਲੇ ਬਿਨਾਂ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਜਾਨਣ ਦੇ ਨੇੜੇ ਵੀ ਲੱਗ ਜਾਏ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ ਕਿਉਂਕਿ ਇਹ ਧੰਨ ਧੰਨ ਧੰਨ ਗੁਰੂ ਗੁਰਬਾਣੀ ਦਾ ਆਪਣਾ ਫੁਰਮਾਨ ਹੈ ਕਿ ਉਸਦਾ ਨਾਮ ਜਪੇ ਬਿਨਾਂ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਨਾਮ ਜਪਣਾ ਮਨ ਦੇ ਭਰਮਾਂ ਵਿੱਚੋਂ ਨਿਕਲਣਾ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਇਹ ਸਮਝਦੇ ਆ ਰਹੇ ਹਾਂ। ਝੂਠਾ ਨਾਮ ਜਪਣ ਵਾਲੇ ਭਾਵ ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਨੂੰ ਰੱਟੀ ਜਾਣ ਵਾਲੇ, ਸਰੀਰਕ ਸਮਾਧੀਆਂ ਆਦਿ ਲਗਾ ਕੇ ਕਿਸੇ ਅੱਖਰ ਨੂੰ ਰੱਟੀ ਜਾਣ ਵਾਲੇ ਫਿਰ ਕਿਸੇ ਝੂਠੇ ਪ੍ਰਮਾਤਮਾ ਨੂੰ ਪਾਉਣ ਦੀਆਂ ਹੀ ਗੱਲਾਂ ਕਰਦੇ ਹਨ ਭਾਵ ਉਸਨੂੰ ਆਪਣੇ ਅੰਦਰ ਦੀ ਬਜਾਏ ਕਿਧਰੋਂ ਬਾਹਰੋਂ ਖੋਜਣ ਦੀਆਂ ਗੱਲਾਂ ਕਰਦੇ ਹਨ ਜੋ ਕਿ ਬਾਣੀ ਰਾਹੀਂ ਕੇਵਲ ਇੱਕ ਭਰਮ ਹੀ ਦੱਸਿਆ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਇਸ ਗੱਲ

50/6921

ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਭ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਭਰਮ ਗੜ ਹੈ ਜਿਸ ਭਰਮ ਗੜ ਨੂੰ ਕੋਈ ਆਪਣੇ ਆਪ ਤੋੜ ਸਕੇ ਨਾਮੁਮਕਿਨ ਹੈ। ਆਪਣੇ ਅੰਦਰ ਦੇ ਭਰਮ ਗੜ ਨੂੰ ਤੋੜਨ ਦਾ ਸਾਡੇ ਲਈ ਇੱਕੋ ਇੱਕ ਸੱਚਾ ਉਪਰਾਲਾ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦਾ ਹੈ, ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣ ਦਾ ਹੈ, ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੈ ਭਾਵ ਉਸਦਾ ਨਾਮ ਜਪਣ ਦਾ ਹੈ ਭਾਵ ਆਪਣੀ ਭਰਮਾਂ ਵਾਲੀ ਮਤਿ ਛੱਡਣ ਦਾ ਹੈ ਜਿਸ ਸੱਚੇ ਉੱਦਮ ਦੁਆਰਾ ਹੀ ਕੋਈ ਆਪਣੇ ਅੰਦਰੋਂ ਸੱਚ ਦੇ ਮਾਲਕ, ਨਾਮ ਦੇ ਮਾਲਕ ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾੱਡ ਨੂੰ, ਵਾਹਿਗੁਰੂ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਜੋ ਸਭ ਦੇ ਅੰਦਰ ਆਪਣੇ ਇੱਕੋ ਇੱਕ ਰੂਪ ਵਿੱਚ ਹੀ ਵਰਤ ਰਿਹਾ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਵਰਤ ਰਿਹਾ ਹੈ, ਨਾਮ ਦੇ ਰੂਪ ਵਿੱਚ ਹੀ ਵਰਤ ਰਿਹਾ ਹੈ ਭਾਵ ਆਪਣੇ ਨਿਰੰਕਾਰ ਰੂਪ ਵਿੱਚ ਹੀ ਵਰਤ ਰਿਹਾ ਹੈ ਜਿਸਨੂੰ ਤਨ ਦੀਆਂ ਅੱਖਾਂ ਦੁਆਰਾ ਨਹੀਂ ਦੇਖਿਆ ਜਾ ਸਕਦਾ, ਕੇਵਲ ਮਨ ਦੀਆਂ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਭਾਵ ਕੇਵਲ ਮਨ ਦੀ ਸਮਝ ਦੁਆਰਾ ਜਾਣਿਆ ਜਾ ਸਕਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਕੋਈ ਹੋਰ ਤਰੀਕਾ ਨਹੀਂ ਜੋ ਸਭ ਲਈ ਅਲਖ ਹੀ ਹੈ ਜਿਵੇਂ ਕਿ ਸ਼ਬਦਾਂ ਰਾਹੀਂ ਬਾਰ-ਬਾਰ ਸਮਝਦੇ ਆ ਰਹੇ ਹਾਂ।

ਹੁਣ ਹਰ ਕੋਈ ਮਨ ਦੀ ਤਸੱਲੀ ਨਾਲ ਇਸ ਗੱਲ ਨੂੰ ਸਮਝਕੇ ਮੰਨ ਸਕਦਾ ਹੈ, ਪ੍ਰਵਾਨ ਕਰ ਸਕਦਾ ਹੈ ਕਿ ਗੁਰਬਾਣੀ ਕਥਨੀ ਦਾ ਮਾਰਗ ਨਹੀਂ ਹੈ ਕਿਉਂਕਿ ਜਦ ਤੱਕ ਗੁਰੂ ਦੀ ਕਥਨੀ ਸਾਡੀ ਕਰਨੀ ਵਿਚੱ ਨਹੀਂ ਬਦਲਦੀ ਤਦ ਤੱਕ ਅਸੀਂ ਮਨ ਦੇ ਭਰਮਾਂ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਉਹ ਪ੍ਰਮਾਤਮਾ ਜੋ ਕਿ ਸਾਡੇ ਅੰਦਰ ਹੀ ਹੈ ਜਿਸਦੇ ਨਾਲ ਸਾਡਾ ਵਿਛੋੜਾ ਹੀ ਸਾਡੀ ਭਰਮਾਂ ਵਾਲੀ ਸਮਝ ਕਰਕੇ ਹੈ ਤੇ ਫਿਰ ਮਨ ਦੇ ਭਰਮਾਂ ਨੂੰ ਤਿਆਗੇ ਬਿਨਾਂ ਭਾਵ ਗੁਰੂ ਦੀ ਸਿੱਖਿਆ ਨੂੰ ਸਹੀ ਰੂਪ ਵਿੱਚ ਮੰਨੇ ਬਿਨਾਂ ਉਸਨੂੰ ਪਾਉਣ ਦਾ ਸੱਚਾ ਉਪਰਾਲਾ ਕਿਵੇਂ ਕਰ ਸਕਦੇ ਹਾਂ। ਜੋ ਸਾਨੂੰ ਸ਼ਬਦਾਂ ਦੀ ਵੱਧ ਤੋਂ ਵੱਧ ਕਥਨੀ ਨਾਲ ਜੋੜਦੇ ਹਨ, ਵੱਧ ਤੋਂ ਵੱਧ ਬਾਣੀਆਂ ਉਚਾਰੀ ਜਾਣ ਨਾਲ ਜੋੜਦੇ ਹਨ ਤੇ ਕੇਵਲ ਉਸ ਵਿੱਚ ਹੀ ਭਗਤੀ ਦਾ ਮਾਰਗ ਸਮਝਦੇ ਹਨ

50/6922

ਤੇ ਸਮਝਾਉਂਦੇ ਹਨ ਉਹ ਆਪ ਵੀ ਵੱਡੇ ਭਰਮ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦੇ ਹਨ।

ਘਰੁ ੨ ॥

{ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥ ਨੈਨ ਰਹੇ ਰੰਗੁ ਲਾਈ ॥
ਅਬ ਬੇ ਗਲ ਕਹਨੁ ਨ ਜਾਈ ॥੧॥ ਹਮਰਾ ਭਰਮੁ ਗਇਆ ਭਉ ਭਾਗਾ ॥
ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥ ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥

ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥੨॥ ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥
ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ ੬੫੫)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ ੫੬)

ਇਸ ਗੱਲ ਨੂੰ ਸਦਾ ਹੀ ਧਿਆਨ ਵਿੱਚ ਰੱਖੋ ਕਿ ਸਾਡੇ ਅੰਦਰ ਦਾ ਜੋ ਵੀ ਵਿਚਾਰ ਗੁਰੂ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦਾ ਉਹ ਸਾਡਾ ਭਰਮ ਹੈ। ਹੁਣ ਧਿਆਨ ਨਾਲ ਸਮਝੋ ਸਾਡੇ ਕਿਤਨੇ ਕੁ ਵਿਚਾਰ ਗੁਰੂ ਦੇ ਵਿਚਾਰਾਂ ਦੇ ਨਾਲ ਮੇਲ ਖਾਂਦੇ ਹਨ ਭਾਵ ਅਨੇਕਾਂ ਹੀ ਅਨੇਕਾਂ ਸਾਡੇ ਅੰਦਰ ਉਹੋ ਜਿਹੇ ਵਿਚਾਰ ਹਨ ਉਹ ਸਾਡੇ ਵਿਚਾਰ ਗੁਰੂ ਦੇ ਵਿਚਾਰਾਂ ਦੇ ਨਾਲ ਮੇਲ ਨਹੀਂ ਖਾਂਦੇ ਭਾਵ ਅਸੀਂ ਭਰਮਾਂ ਵਾਲੇ ਵਿਚਾਰਾਂ ਦੇ ਨਾਲ ਭਰੇ ਹੋਏ ਹਾਂ ਜੋ ਭਰਮਾਂ ਵਾਲੇ ਵਿਚਾਰ ਸਾਡੇ ਅੰਦਰ ਸਾਡੇ ਵਿਚਾਰਾਂ ਦੇ ਮਾਲਕ, ਮਨ ਦੀ ਸਮਝ ਦੇ ਮਾਲਕ ਦੇ ਆਪਣੇ ਹੀ ਪਾਏ ਹੋਏ ਹਨ ਜਿਨ੍ਹਾਂ ਮਨ ਦੇ ਨਾਸਮਝ ਵਿਚਾਰਾਂ ਦੁਆਰਾ ਹੀ ਉਸਨੇ ਮਨ ਦੇ ਵਿੱਚ ਸਭ ਕੋਲੋਂ ਆਪਣਾ ਪਰਦਾ ਰੱਖਿਆ ਹੋਇਆ ਹੈ। ਆਪਣੇ ਮਨ ਦਾ ਪਰਦਾ ਭਾਵ ਪ੍ਰਮਾਤਮਾ ਕੋਲੋਂ ਆਪਣਾ ਪਰਦਾ ਖੋਲਣ ਦਾ ਤਰੀਕਾ ਸਾਡੇ ਕੋਲ ਇਹੀ ਹੈ ਕਿ ਅਸੀਂ ਗੁਰੂ ਦੀ ਸਿੱਖਿਆ ਨੂੰ ਬਰੀਕੀ ਨਾਲ ਸਮਝੀਏ ਤੇ ਉਸਨੂੰ ਮੰਨੀਏ ਕਿਉਂਕਿ ਇੱਕ ਗੁਰੂ ਦੀ ਮਤਿ ਹੀ ਐਸੀ ਹੈ ਜੋ ਮਤਿ ਪੂਰੀ ਤਰ੍ਹਾਂ ਹਰ ਭਰਮ ਤੋਂ ਰਹਿਤ ਹੈ। ਕਿਉਂਕਿ ਸੱਚਾ ਗੁਰੂ ਪ੍ਰਮਾਤਮਾ ਦਾ ਆਪਣਾ ਰੂਪ ਹੈ ਇਸ ਗੱਲ ਦੀ ਸਮਝ ਉਸ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦੀ ਹੈ ਭਾਵ ਮਨ ਦੇ ਵਿੱਚੋਂ ਭਰਮ ਰੂਪ ਪੜਦਾ, ਹਉਮੈ ਰੂਪ ਪੜਦਾ, ਤ੍ਰੈ ਗੁਣਾਂ ਰੂਪ ਪੜਦਾ, ਮਨ ਦਾ ਮਾਇਆ ਰੂਪ ਪੜਦਾ ਉਤਰਨ ਤੋਂ ਬਾਅਦ ਹੀ ਪੈਂਦੀ ਹੈ ਜੋ ਪੜਦਾ ਮਨ ਦੇ ਵਿੱਚੋਂ ਪੜਦਾ ਪਾਉਣ ਵਾਲਾ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਮੇਲ ਕਰਨ ਦੁਆਰਾ ਪ੍ਰਮਾਤਮਾ ਆਪ ਹੀ ਉਤਾਰਦਾ ਹੈ। ਸਾਡੇ ਕੋਲ ਇਹ ਮਨ ਦਾ

ਪੜਦਾ ਉਤਾਰਨ ਲਈ ਸੱਚਾ ਸੁੱਚਾ ਸਾਧਨ ਗੁਰੂ ਦਾ ਸੱਚਾ ਗਿਆਨ ਹੈ ਜਿਸ ਸੱਚੇ ਗਿਆਨ ਦੀ ਸਮਝ ਨੂੰ ਭਾਵ ਸ਼ਬਦਾਂ ਦੀ ਵਿਚਾਰ ਨੂੰ ਪੜਕੇ, ਸੁਣਕੇ ਤੇ ਪੂਰੀ ਤਰ੍ਹਾਂ ਧਿਆਨ ਨਾਲ ਸਮਝਕੇ ਤੇ ਉਸਨੂੰ ਮੰਨ ਕੇ ਭਾਵ ਆਪਣੇ ਨਾਮਸਝ ਵਿਚਾਰ ਛੱਡਕੇ ਉਸਤੇ ਅਮਲ ਕਰਨ ਦਾ ਹੈ ਤੇ ਉਸ ਤੋਂ ਬਿਨਾਂ ਹੋਰ ਕੋਈ ਤਰੀਕਾ ਨਹੀਂ ਹੈ ਜਿਸ ਦੁਆਰਾ ਉਸ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਜੋ ਕਿ ਸਾਡੇ ਸਭ ਦੇ ਅੰਦਰ ਹੀ ਹੈ ਜਿਸਦੇ ਨਾਲ ਸਾਡਾ ਪੜਦਾ ਮਨ ਦੀ ਸਮਝ ਵਿੱਚ ਹੀ ਹੈ ਜਿਸ ਮਨ ਦੇ ਪੜਦੇ ਵਿੱਚੋਂ ਨਿਕਲੇ ਬਿਨਾਂ ਕੋਈ ਪ੍ਰਮਾਤਮਾ ਦੇ ਭਾਵ ਇਸ ਸ੍ਰਿਸ਼ਟੀ ਦੇ ਕਰਤੇ ਦੇ ਅਸਲ ਰੂਪ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ।

ਗੁਰੂ ਗੁਰਬਾਣੀ ਰਾਹੀਂ ਅਸੀਂ ਭਾਵੇਂ ਜਿਹੜੇ ਮਰਜੀ ਸ਼ਬਦ ਰਾਹੀਂ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝ ਲਈਏ ਉਹ ਸਾਡੀ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਤਰੀਕਾ ਹੈ ਭਾਵ ਚੰਗੀ ਕਰਨੀ ਦਾ ਤਰੀਕਾ ਹੈ ਤੇ ਸਾਡੀ ਚੰਗੀ ਕਰਨੀ ਕੇਵਲ ਉਹੀ ਹੁੰਦੀ ਹੈ ਜੋ ਸਾਡੀ ਕਰਨੀ ਗੁਰੂ ਦੀ ਮਤਿ ਦੇ ਅਨੁਸਾਰ ਹੁੰਦੀ ਹੈ। ਗੁਰੂ ਸਾਨੂੰ ਇਸ ਤਰੀਕੇ ਦੀ ਚੰਗੀ ਕਰਨੀ ਲਈ ਸਮਝਾਉਂਦਾ ਹੈ ਇਸ ਗੱਲ ਨੂੰ ਅਸੀਂ ਪੂਰੇ ਲੇਖ ਵਿੱਚ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੈ, ਗੁਰੂ ਸਾਨੂੰ ਗੁਣਾਂ ਵਾਲੀ ਕਰਨੀ ਕਰਨ ਲਈ ਸਮਝਾਉਂਦਾ ਹੈ ਭਾਵ ਹਰ ਔਗੁਣ ਤੋਂ ਰਹਿਤ ਹੋ ਕੇ ਚੰਗੀ ਕਰਨੀ ਕਰਨ ਲਈ ਸਮਝਾਉਂਦਾ ਹੈ ਜੋ ਚੰਗੀ ਕਰਨੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਵਿਚਾਰਾਂ ਵਿੱਚੋਂ ਨਿਕਲਕੇ ਹੁੰਦੀ ਹੈ। ਮਨ ਦੀਆਂ ਤ੍ਰਿਸ਼ਨਾਵਾਂ ਤਿਆਗਣ ਦੁਆਰਾ ਹੁੰਦੀ ਹੈ। ਪ੍ਰਮਾਤਮਾ ਦੇ ਦਰ ਤੇ ਸਾਡੇ ਲੇਖੇ ਵਿੱਚ ਪਤਿ ਗੁਣਾਂ ਦੁਆਰਾ ਵਿਚਰਕੇ ਹੀ ਪੈਂਦੀ ਹੈ ਭਾਵ ਚੰਗੇ ਕਰਮ ਕਰਨ ਦੁਆਰਾ ਪੈਂਦੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਕੇਵਲ ਕਥਨੀ ਕਰੀ ਜਾਣ ਨਾਲ ਜਾਂ ਕੋਈ ਸਰੀਰਕ ਜਪ ਤਪ ਕਰੀ ਜਾਣ ਨਾਲ, ਕਿਸੇ ਅੱਖਰ ਨੂੰ ਨਾਮ ਸਮਝਕੇ ਉਸਨੂੰ ਰੱਟੀ ਜਾਣ ਨਾਲ ਸਾਡੇ ਲੇਖੇ ਵਿੱਚ ਪਤਿ ਨਹੀਂ ਪੈਂਦੀ ਭਾਵ ਸਾਡੇ ਲੇਖੇ ਵਿੱਚ ਪਤਿ ਤਾਂ ਹੀ ਪੈਣੀ ਹੈ ਜਦੋਂ ਅਸੀਂ ਉਨ੍ਹਾਂ ਦੀ ਮਤਿ ਨੂੰ ਛੱਡਾਂਗੇ ਜੋ ਸਾਨੂੰ ਸਰੀਰਕ ਜਪਾਂ ਤਪਾਂ ਨਾਲ ਜੋੜਦੇ ਹਨ ਭਾਵ ਕਥਨੀ ਨਾਲ ਜੋੜਦੇ ਹਨ ਤੇ ਗੁਰੂ ਦੀ ਮਤਿ ਨੂੰ ਮੰਨਾਂਗੇ

ਜੋ ਸਾਨੂੰ ਕਥਨੀ ਦੀ ਬਜਾਏ ਸਾਡੀ ਕਰਨੀ ਨਾਲ ਜੋੜਦੀ ਹੈ ਭਾਵ ਸਾਨੂੰ

50/6924

ਚੰਗੇ ਕਰਮ ਕਰਨ ਲਈ ਸਮਝਾਉਂਦੀ ਹੈ ਭਾਵ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਲਈ ਸਮਝਾਉਂਦੀ ਹੈ ਤੇ ਗੁਰਮਤਿ ਅਨੁਸਾਰ ਵਿਚਰਨਾ ਹੀ ਗੁਰੂ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਗੁਰੂ ਦੀ ਸੱਚੀ ਸਿੱਖਿਆ ਨੂੰ ਸਮਝਿਆ ਹੈ। ਸੁਣਦੇ ਅਸੀਂ ਗੁਰੂ ਦੀ ਸਿੱਖਿਆ ਨੂੰ ਹਾਂ ਤੇ ਮੰਨਦੇ ਅਸੀਂ ਉਨ੍ਹਾਂ ਦੀ ਸਿੱਖਿਆ ਨੂੰ ਹਾਂ ਜਿਨ੍ਹਾਂ ਨੂੰ ਖੁੱਦ ਗੁਰੂ ਦੀ ਸੱਚੀ ਸਿੱਖਿਆ ਦੀ ਸਮਝ ਨਹੀਂ ਹੈ ਜਿਸ ਕਰਕੇ ਉਹ ਸਾਨੂੰ ਕਥਨੀ ਨਾਲ ਹੀ ਜੋੜਦੇ ਹਨ ਤੇ ਕਥਨੀ ਨੂੰ ਹੀ ਨਾਮ ਜਪਣਾ ਸਮਝਦੇ ਹਨ ਤੇ ਸਮਝਾਉਂਦੇ ਹਨ। ਆਉ ਇਹੀ ਗੱਲ ਜਪੁਜੀ ਬਾਣੀ ਦੇ ਅਗਲੇ ਸ਼ਬਦ ਦੁਆਰਾ ਸਮਝਦੇ ਹਾਂ ਤੇ ਭਗਤੀ ਸਾਡੀ ਕਥਨੀ ਦਾ ਨਹੀਂ ਬਲਕਿ ਸਾਡੀ ਕਰਨੀ ਦਾ ਮਾਰਗ ਹੈ ਜੋ ਸੱਚਾ ਉੱਦਮ ਕਰਨ ਦੁਆਰਾ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ।

“ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥”

(ਅੰਗ ੭)

ਉਪਰ ਵਾਲੇ ਸ਼ਬਦ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਅਸਲ ਤਰੀਕਾ ਕੀ ਹੈ ਤੇ ਸਾਡੇ ਉਸ ਤਰੀਕੇ ਦਾ ਖੰਡਨ ਕੀਤਾ ਹੋਇਆ ਹੈ ਜਿਸ ਤਰੀਕੇ ਹਰ ਕੋਈ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦਾ ਹੈ ਜਿਸ ਤਰੀਕੇ ਦਾ ਪ੍ਰਚਾਰ ਵੀ ਬਹੁਤ ਕੀਤਾ ਜਾਂਦਾ ਹੈ। ਹਰ ਕੋਈ ਪ੍ਰਮਾਤਮਾ ਨੂੰ ਜੀਭ ਨਾਲ ਬੋਲ ਬੋਲ ਕੇ ਭਾਵ ਮੁੱਖੋਂ ਬੋਲ ਬੋਲ ਕੇ ਉਸਨੂੰ ਪਾਉਣਾ ਚਾਹੁੰਦਾ ਹੈ ਭਾਵ ਆਪਣੇ ਮੁੱਖੋਂ ਪ੍ਰਮਾਤਮਾ ਨੂੰ ਕਿਸੇ ਨਾਮ ਦੁਆਰਾ ਪੁਕਾਰਨ ਨਾਲ, ਬੋਲੀ ਜਾਣ ਨਾਲ ਪਾਉਣਾ ਚਾਹੁੰਦਾ ਹੈ ਜਿਸਨੂੰ ਕਿ ਉਹ ਉਸਦਾ ਨਾਮ ਜਪਣਾ ਸਮਝਦੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਕਿਸੇ ਅੱਖਰ ਨੂੰ ਬੋਲੀ ਜਾਣ ਨਾਲ ਉਸਦਾ ਨਾਮ ਜਪਣਾ ਸਮਝਦੇ ਹਨ, ਉਸਦੀ ਭਗਤੀ ਦਾ ਮਾਰਗ ਸਮਝਦੇ ਹਨ ਭਾਵ ਆਪਣੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਦੇ ਹਨ। ਇਹ ਸਾਡਾ ਝੂਠਾ ਵਿਸ਼ਵਾਸ ਹੀ ਹੈ ਕਿ ਇਸ ਤਰੀਕੇ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ, ਜਿਵੇਂ ਕਿ ਸਾਡਾ ਇਹ ਭੁਲੇਖਾ ਬਾਣੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ

50/6925

ਗੁਰੂ ਸਾਹਿਬ ਨੇ ਕੱਢਿਆ ਹੈ ਤੇ ਅਸੀਂ ਇਸ ਗੱਲ ਨੂੰ ਲੇਖ ਦੇ ਸ਼ੁਰੂ ਤੋਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮੁੱਖੋਂ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਬਰੀਕੀ ਨਾਲ ਸਮਝਿਆ ਹੈ। ਗੁਰਮਤਿ ਅਨੁਸਾਰ ਵਿਚਰਨਾ ਹੀ ਆਪਣੇ ਮੁੱਖੋਂ ਪ੍ਰਮਾਤਮਾ ਦਾ ਨਾਮ ਜਪਣਾ ਹੈ ਜੋ ਕਿ ਅਸੀਂ ਆਪਣੀ ਕਰਨੀ ਦੁਆਰਾ ਜਪਣਾ ਹੈ ਨਾ ਕਿ ਕਥਨੀ ਦੁਆਰਾ ਇਹ ਗੱਲ ਸਾਨੂੰ ਉਪਰਲੇ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ। ਅਸੀਂ ਆਪਣੇ ਮੁੱਖੋਂ ਵੱਧ ਤੋਂ ਵੱਧ ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਨੂੰ ਬੋਲੀ ਜਾਂਦੇ ਹਾਂ। ਗੁਰੂ ਸਾਹਿਬ ਸਾਨੂੰ ਉਪਰ ਸ਼ਬਦ ਰਾਹੀਂ ਇਹ ਸਮਝਾ ਰਹੇ ਹਨ ਕਿ ਹੇ ਮਨੁੱਖ ਤੇਰੀ ਇੱਕ ਦੀ ਬਜਾਏ ਲੱਖ ਜੀਭਾਂ ਹੋ ਜਾਣ, ਲੱਖ ਤੋਂ ਵੀਹ ਲੱਖ ਹੋ ਜਾਣ ਭਾਵ ਬੇਸ਼ੁਮਾਰ ਜੀਭਾਂ ਹੋ ਜਾਣ ਤੇ ਹਰ ਜੀਭ ਰਾਹੀਂ ਤੂੰ ਲੱਖ-ਲੱਖ ਵਾਰੀ ਕਿਸੇ ਅੱਖਰ ਨੂੰ ਨਾਮ ਸਮਝ ਕੇ ਬੋਲੀ ਜਾਵੇ ਉਸ ਨਾਲ ਤੂੰ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ ਕਿਉਂਕਿ ਇਹ ਪ੍ਰਮਾਤਮਾ ਨੂੰ ਪਾਉਣ ਦਾ ਭਾਵ ਉਸਦੀ ਭਗਤੀ ਕਰਨ ਦਾ ਤਰੀਕਾ ਹੀ ਨਹੀਂ ਹੈ।
(ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥)

ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥
ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥ ਹਨੂਮਾਨ ਸਰਿ ਗਰੁੜ ਸਮਾਨਾਂ ॥
ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥ ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥
ਕਮਲਾਪਤਿ ਕਵਲਾ ਨਹੀ ਜਾਨਾਂ ॥੩॥ ਕਹਿ ਕਬੀਰ ਸੋ ਭਰਮੈ ਨਾਹੀ ॥

ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥}

(ਅੰਗ ੬੯੧)

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਭਾਵ ਉਸਨੂੰ ਜਾਨਣ ਦਾ ਤਰੀਕਾ ਕੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਰਸਤਾ ਕੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਜੋ ਲੋਕ ਦੂਜਿਆਂ ਦੀਆਂ ਗੱਲਾਂ ਸੁਣਕੇ ਭਾਵ ਆਪਣੀ ਜੀਭ ਦੁਆਰਾ ਬੋਲ ਬੋਲ ਕੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦੇ ਹਨ ਉਨ੍ਹਾਂ ਦੀ ਇਹੋ ਜਿਹੀ ਮਤਿ ਦਾ ਖੰਡਨ ਵੀ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਕੀਤਾ ਹੋਇਆ ਹੈ।

“ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥”

50/6926

ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ ਜਿਵੇਂ ਕਿ ਅਸੀਂ ਹਰ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਤੇ ਉਹੀ ਤਰੀਕਾ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਸਾਰੀ ਗੱਲ ਇਹ ਸਮਝਣ ਦੀ ਹੈ ਕਿ ਸਾਡੀ ਪ੍ਰਮਾਤਮਾ ਦੇ ਦਰ ਤੇ ਪਤਿ ਕਿਸ ਤਰੀਕੇ ਪੈਂਦੀ ਹੈ ਭਾਵ ਸਾਨੂੰ ਪ੍ਰਮਾਤਮਾ ਦੇ ਦਰ ਤੋਂ ਇੱਜਤ ਕਿਸ ਤਰੀਕੇ ਮਿਲਦੀ ਹੈ। ਸਾਨੂੰ ਪ੍ਰਮਾਤਮਾ ਦੇ ਦਰ ਤੋਂ ਇੱਜਤ ਕਿਵੇਂ ਮਿਲਦੀ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਦੁਆਰਾ ਬਾਰ-ਬਾਰ ਸਮਝਿਆ ਹੀ ਹੈ। ਬਾਣੀ ਰਾਹੀਂ ਮਾੜੇ ਕਰਮ ਕਰਨ ਵਾਲੇ ਮਨੁੱਖ ਨੂੰ ਬਾਰ-ਬਾਰ ਨਿੰਦਿਆ ਗਿਆ ਹੈ ਭਾਵ ਮਾੜੇ ਕੰਮ ਕਰਨ ਵਾਲੇ ਮਨੁੱਖ ਨੂੰ ਪ੍ਰਮਾਤਮਾ ਦੇ ਦਰ ਤੋਂ ਕਦੇ ਇੱਜਤ ਨਹੀਂ ਮਿਲ ਸਕਦੀ ਭਾਵ ਉਸਦੇ ਲੇਖੇ ਵਿੱਚ ਕਦੇ ਪਤਿ ਨਹੀਂ ਪੈ ਸਕਦੀ। ਪ੍ਰਮਾਤਮਾ ਨੂੰ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਪ੍ਰਸੰਨ ਕੀਤਾ ਜਾ ਸਕਦਾ ਹੈ ਨਾ ਕਿ ਭਗਤੀ ਦੇ ਦਿਖਾਵਿਆਂ ਦੁਆਰਾ, ਕਿਸੇ ਅੱਖਰ ਨੂੰ ਰੱਟੀ ਜਾਣ ਦੁਆਰਾ। ਸਾਡੀ ਜੋ ਪਤਿ ਹੈ ਭਾਵ ਜਿਸ ਤਰੀਕੇ ਅਕਾਲ ਪੁਰਖ ਖੁਸ਼ ਹੁੰਦਾ ਹੈ ਭਾਵ ਜਿਹੋ ਜਿਹੇ ਚੰਗੇ ਕਰਮਾਂ ਦੁਆਰਾ ਪ੍ਰਮਾਤਮਾ ਸਾਡੇ ਤੇ ਖੁਸ਼ ਹੁੰਦਾ ਹੈ ਉਹ ਸਾਡੇ ਚੰਗੇ ਕਰਮ ਹੀ ਸਾਡੀਆਂ ਪਤਿ ਰੂਪ ਪਉੜੀਆਂ ਹਨ। ਸਾਡਾ ਪੂਰਾ ਮਨੁੱਖੀ ਜੀਵਨ ਚੰਗੇ ਕਰਮ ਕਰਨ ਲਈ ਹੀ ਹੈ, ਸੰਸਾਰਿਕ ਭਲੇ ਕੰਮ ਕਰਨ ਲਈ ਹੀ ਹੈ ਜਿਨ੍ਹਾਂ ਕਰਮਾਂ ਦੁਆਰਾ ਅਸੀਂ ਕਿਸੇ ਨੂੰ ਦੁੱਖੀ ਨਾ ਕਰੀਏ ਭਾਵ ਕਦੇ ਵੀ ਗੁਰੂ ਦੀ ਸਮਝਾਈ ਹੋਈ ਮਤਿ ਤੋਂ ਉਲਟ ਨਾ ਚੱਲੀਏ। ਅਸਲ ਵਿੱਚ ਗੁਰਮਤਿ ਅਨੁਸਾਰ ਵਿਚਰਨਾ ਹੀ ਪ੍ਰਮਾਤਮਾ ਦੇ ਦਰ ਤੋਂ ਪਤਿ ਲੈਣ ਦਾ ਤਰੀਕਾ ਹੈ। ਜਿਉਂ ਜਿਉਂ ਅਸੀਂ ਇਹ ਪਤਿ ਦੀਆਂ ਪਉੜੀਆਂ ਚੜਦੇ ਜਾਵਾਂਗੇ ਭਾਵ ਜਿਉਂ ਕਿਉਂ ਸਾਡੇ ਚੰਗੇ ਕਰਮ ਵੱਧਦੇ ਜਾਣਗੇ ਤਿਉਂ ਤਿਉਂ ਅਸੀਂ ਪ੍ਰਮਾਤਮਾ ਨੂੰ ਪਾਉਣ ਦੇ ਨੇੜੇ ਲੱਗਦੇ ਜਾਵਾਂਗੇ। ਜਿਸ ਦੁਆਰਾ ਅਸੀਂ ਉਸ **“ਇਕੀਸ”** ਦੇ ਹੋ ਸਕਦੇ ਹਾਂ ਭਾਵ ਉਸ ਪ੍ਰਮਾਤਮਾ ਦੇ ਨਾਲ ਮੇਲ ਕਰ ਸਕਦੇ ਹਾਂ ਭਾਵ ਉਸਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ। ਅਸੀਂ ਜੋ ਵੀ ਕਰਮ ਕਰਦੇ ਹਾਂ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਕਰਦੇ ਹਾਂ ਤੇ ਮਨ ਦੇ ਵਿਚਾਰ ਸਾਡੇ ਵੱਸ ਨਹੀਂ ਹਨ ਭਾਵ ਇਹ ਕੇਵਲ ਉਸਦੀ ਕ੍ਰਿਪਾ ਹੈ ਕਿ ਉਹ ਕਿਸੇ ਕੋਲੋਂ ਚੰਗੇ ਕਰਮ ਕਰਵਾਕੇ ਕਿਸੇ ਨੂੰ ਆਪਣੇ ਨੇੜੇ ਲਗਾਵੇ। ਭਾਵੇਂ ਸਾਡੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੈ ਪਰ ਆਪਣੀ ਨਾਸਮਝ ਮਤਿ ਵਿੱਚੋਂ ਨਿਕਲਕੇ ਚੰਗੇ ਕਰਮ ਕਰਨ ਦਾ ਉੱਦਮ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਹੀ ਲਾਇਆ ਹੈ ਤੇ ਉਸ ਸੱਚੇ ਉੱਦਮ

50/6927

ਤੇ ਚੱਲਣ ਦਾ ਮਾਰਗ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦਾ ਹੈ ਤੇ ਗੁਰੂ ਦੀ ਮਤਿ ਨੂੰ ਛੱਡਕੇ ਅਸੀਂ ਉਨ੍ਹਾਂ ਦੀਆਂ ਗੱਲਾਂ ਸੁਣਦੇ ਹਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਬਹੁਤ ਉੱਚਾ ਥਾਪ ਲੈਂਦਾ ਹਾਂ, ਉਨ੍ਹਾਂ ਦੀ ਸਮਝ ਨੂੰ ਆਕਾਸ਼ ਰੂਪੀ ਸਮਝ ਲੈਂਦੇ ਹਾਂ ਕਿ ਇਨ੍ਹਾਂ ਨੂੰ ਧਰਮ ਦੇ ਮਾਰਗ ਦੀ ਬਹੁਤ ਉੱਚੀ ਸਮਝ ਹੈ। ਇਹ ਬੜੇ ਉੱਚੇ ਧਾਰਮਿਕ ਬਾਬੇ ਹਨ, ਬੜੀ ਉੱਚੀ ਅਵਸਥਾ ਵਾਲੇ ਸੰਤ ਹਨ, ਬੜੇ ਉੱਚੇ ਬ੍ਰਹਮ ਗਿਆਨੀ ਹਨ। ਇਹੋ ਜਿਹਿਆਂ ਦੀਆਂ ਗੱਲਾਂ ਸੁਣਕੇ ਜੋ ਆਪਣੇ ਆਪ ਨੂੰ ਧਾਰਮਿਕ ਸਮਝ ਦੇ ਵਿੱਚ ਬਹੁਤ ਛੋਟਾ ਸਮਝਦੇ ਹਨ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਤੋਂ ਅਨਜਾਣ ਸਮਝਦੇ ਹਨ ਭਾਵ ਜਿਨ੍ਹਾਂ ਨੂੰ ਉਹ ਵੱਡਾ ਸਮਝਦੇ ਹਨ, ਆਕਾਸ਼ ਜਿੰਨੀ ਉੱਚੀ ਮਤਿ ਵਾਲਾ ਸਮਝਦੇ ਹਨ ਉਨ੍ਹਾਂ ਦੀਆਂ ਗੱਲਾਂ ਸੁਣਕੇ ਉਹ ਆਪਣੇ ਆਪ ਨੂੰ ਕੀੜਿਆਂ ਵਰਗਾ ਨੀਵਾਂ ਸਮਝਦੇ ਹਨ ਭਾਵ ਉਨ੍ਹਾਂ ਦੇ ਮੁਕਾਬਲੇ ਆਪਣੇ ਆਪ ਨੂੰ ਬਹੁਤ ਨੀਵਾਂ ਮੰਨਦੇ ਹਨ ਜਿਸ ਕਰਕੇ ਉਹ ਉੱਚਾ ਅਖਵਾਉਣ ਵਾਲਿਆਂ ਦੀ ਮਤਿ ਦੇ ਪਿੱਛੇ ਲੱਗ ਜਾਂਦੇ ਹਨ ਭਾਵ ਫਿਰ ਉਹ ਵੀ ਉਨ੍ਹਾਂ ਦੀ ਰੀਸ ਕਰਕੇ ਭਾਵ ਨਕਲ ਕਰਕੇ ਕਿਸੇ ਅੱਖਰ ਦਾ ਜਪ ਕਰਨ ਲੱਗ ਜਾਂਦੇ

ਹਨ ਤੇ ਇਹ ਸਮਝਦੇ ਹਨ ਕਿ ਪ੍ਰਮਾਤਮਾ ਨੂੰ ਪਾਉਣ ਦਾ ਇਹੀ ਤਰੀਕਾ ਹੈ ਭਾਵ ਉਹ ਝੂਠਿਆਂ ਦੀ ਮਤਿ ਦੇ ਨਾਲ ਜੁੜਕੇ ਉਹ ਵੀ ਝੂਠੀ ਭਗਤੀ ਦੇ ਮਾਰਗ ਤੇ ਪੈ ਜਾਂਦੇ ਹਨ। ਝੂਠੀ ਭਗਤੀ ਕਰਨ ਵਾਲੇ ਸੰਸਾਰ ਵਿੱਚੋਂ ਝੂਠੀ ਵਡਿਆਈ ਹੀ ਲੈਂਦੇ ਹਨ ਭਾਵ ਉਨ੍ਹਾਂ ਦਾ ਇਹ ਕਹਿਣਾ ਕਿ ਉਨ੍ਹਾਂ ਨੂੰ ਭਗਤੀ ਦੀ ਬੜੀ ਸਮਝ ਹੈ ਇਹ ਉਨ੍ਹਾਂ ਦੀ ਇੱਕ ਝੂਠੀ ਗੱਪ ਮਾਰਨ ਵਾਲੀ ਗੱਲ ਹੈ ਜਿਸ ਝੂਠੀ ਗੱਪ ਦੀ ਉਹ ਸੰਸਾਰ ਵਿੱਚੋਂ ਝੂਠੀ ਵਡਿਆਈ ਲੈਂਦੇ ਹਨ। ਪ੍ਰਮਾਤਮਾ ਕੋਈ ਆਪਣੇ ਅੰਦਰੋਂ ਆਪ ਜਾਣ ਸਕੇ, ਕੋਈ ਉਸ ਇੱਕ ਠੀਸ ਦਾ ਹੋ ਸਕੇ ਇਹ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਆਪਣੀ ਭਗਤੀ ਦੀ ਸੱਚੀ ਮਤਿ ਦੇਵੇ ਭਾਵ ਚੰਗੇ ਕਰਮ ਕਰਨ ਦੀ ਮਤਿ ਦੇਵੇ ਜਿਸ ਦੁਆਰਾ ਕੋਈ ਚੰਗੇ ਕਰਮ ਕਰਨ ਦਾ ਉੱਦਮ ਕਰ ਸਕੇ ਤੇ ਭਗਤੀ ਦੇ ਨਾਸਮਝ ਤਰੀਕਿਆਂ ਵਿੱਚੋਂ ਨਿਕਲਕੇ, ਸਰੀਰਕ ਜਪਾਂ ਤਪਾਂ ਆਦਿ ਵਿੱਚੋਂ ਨਿਕਲਕੇ, ਉਸਨੂੰ ਜਾਨਣ ਦਾ ਸੱਚਾ ਉੱਦਮ ਕਰ ਸਕੇ। **(ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥)**

50/6928

ਮਃ ੨ ॥

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੮)

ਗੁਰੂ ਦੀ ਮਤਿ ਤੇ ਅਮਲ ਨਾ ਕਰਕੇ ਜੋ ਕੋਈ ਵੀ ਪ੍ਰਮਾਤਮਾ ਨੂੰ ਆਪਣੀ ਮਤਿ ਜਾਂ ਕਿਸੇ ਹੋਰ ਦੀ ਮਤਿ ਦੇ ਨਾਲ ਜੁੜਕੇ ਉਸਨੂੰ ਪਾਉਣ ਦਾ ਉਪਰਾਲਾ ਕਰਦਾ ਹੈ ਭਾਵ ਸਰੀਰਕ ਜਪਾਂ ਤਪਾਂ ਆਦਿ ਦੁਆਰਾ ਉਸਨੂੰ ਪਾਉਣਾ ਚਾਹੁੰਦਾ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ ਤੇ ਇਹ ਕੇਵਲ ਮਨੁੱਖ ਦਾ ਭਰਮ ਹੀ ਹੈ। ਕੋਈ ਆਪਣੇ ਜੋਰ ਨਾਲ ਪ੍ਰਮਾਤਮਾ ਨੂੰ ਪਾ ਲਵੇ ਇਹ ਹੋ ਹੀ ਨਹੀਂ ਸਕਦਾ ਕਿਉਂਕਿ ਇਸ ਗੱਲ ਦੀ ਕਿਸੇ ਨੂੰ ਸਮਝ ਹੀ ਨਹੀਂ ਪੈਂਦੀ ਕਿ ਸਾਡੇ ਅੰਦਰ ਜੋਰ ਕਿਸਦਾ ਚੱਲਦਾ ਹੈ ਭਾਵ ਸਾਡੇ ਸਰੀਰ ਤੇ ਹੁਕਮ ਕਿਸਦਾ ਚੱਲਦਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਕੇਵਲ ਗੁਰੂ ਦੀ ਮਤਿ ਤੇ ਗੁਰੂ ਦੀ ਸਮਝਾਈ ਹੋਈ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ। ਜਿਸਦਾ ਸਾਡੇ ਅੰਦਰ ਜੋਰ ਚੱਲਦਾ ਹੈ ਉਸੇ ਗੁਰੂ ਰੂਪ ਪ੍ਰਮਾਤਮਾ ਦੀ ਰਚੀ ਹੋਈ ਹੀ ਪੂਰੀ ਬਾਣੀ ਹੈ ਭਾਵ ਪੂਰੀ ਬਾਣੀ ਵਿੱਚ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਜੋਰ ਵੱਸਿਆ ਹੋਇਆ ਹੈ, ਉਸਦੀ ਹੀ ਤਾਕਤ ਵੱਸੀ ਹੋਈ ਹੈ ਜੋ ਉਸਦਾ ਜੋਰ ਪੂਰੀ ਬਾਣੀ ਵਿੱਚ ਉਸਦੇ ਸਮਝਾਏ ਹੋਏ ਸਚੁ ਦੇ ਰੂਪ ਵਿੱਚ, ਉਸਦੇ ਨਾਮ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਜੇਕਰ ਕੋਈ ਆਪਣੀ ਮਤਿ ਦੇ ਜੋਰ ਤੇ ਉਸ ਜੋਰ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਪਾਉਣਾ ਚਾਹੇ ਇਹ ਕਦੇ ਨਹੀਂ ਹੋ ਸਕਦਾ। ਉਸ ਜੋਰ ਦੇ ਮਾਲਕ ਨੂੰ ਪਾਉਣ ਲਈ, ਜਾਨਣ ਲਈ ਉਸ ਜੋਰ ਨੂੰ ਕਬੂਲ ਕਰਨਾ ਪਵੇਗਾ ਭਾਵ ਮੰਨਣਾ ਪਵੇਗਾ ਜਿਸ ਰੂਪ ਵਿੱਚ ਉਸਦਾ ਜੋਰ ਪੂਰੀ ਗੁਰਬਾਣੀ ਵਿੱਚ ਵੱਸਿਆ ਹੋਇਆ ਹੈ ਭਾਵ ਹਰ ਵੇਲੇ ਪ੍ਰਗਟ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪ੍ਰਗਟ ਹੈ। ਸ਼ਬਦਾਂ ਦੀ ਵਿਚਾਰ ਤੋਂ ਉੱਚੀ ਸੰਸਾਰ ਵਿੱਚ ਕੋਈ ਹੋਰ ਵਿਚਾਰ ਹੋ ਹੀ ਨਹੀਂ ਸਕਦੀ ਜਿਸ ਵਿਚਾਰ ਨਾਲ ਜੁੜਕੇ ਸਭ ਤੋਂ ਉੱਚੀ ਵਿਚਾਰ ਦੇ ਮਾਲਕ ਭਾਵ ਸਭ ਤੋਂ ਉੱਚੇ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਜਿਸਦੇ ਨਾਲ ਵੀ ਪ੍ਰਮਾਤਮਾ ਦਾ ਮੇਲ ਹੋਇਆ ਹੈ ਜਿਵੇਂ ਕਿ ਭਗਤਾਂ ਦੇ ਨਾਲ, ਗੁਰੂ ਸਾਹਿਬਾਨ ਦੇ ਨਾਲ ਹੋਇਆ ਹੈ ਉਨ੍ਹਾਂ ਦਾ ਮੇਲ ਮਨ ਦੇ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਹੀ ਹੋਇਆ

50/6929

ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੇ ਨਾਲ ਹੀ ਹੋਇਆ ਹੈ, ਨਾਮ ਵਾਲੀ ਸਮਝ ਦੇ ਨਾਲ ਹੀ ਹੋਇਆ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਹੋਇਆ ਹੈ, ਸਹਜ ਗਿਆਨ ਵਾਲੀ ਸਮਝ ਦੇ ਨਾਲ ਹੀ ਹੋਇਆ ਹੈ ਜਿਸ ਆਪਣੀ ਉੱਚੀ ਸਮਝ ਦੇ ਰੂਪ ਵਿੱਚ ਹੀ ਪ੍ਰਮਾਤਮਾ ਸਭ ਜਗ੍ਹਾ ਵੱਸਿਆ ਹੋਇਆ ਹੈ ਤੇ ਵਰਤ ਰਿਹਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੀ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਵੱਸਿਆ ਹੋਇਆ ਹੈ ਜਿਸ ਕਰਕੇ ਪੂਰੀ ਪੋਥੀ ਪ੍ਰਮਾਤਮਾ ਦਾ ਆਪਣਾ ਹੀ ਅਸਥਾਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਾਰਗ ਮਹਲਾ ੫ ॥

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥
ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥

ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥
ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥੨॥੯੦॥੧੧੩॥}

(ਅੰਗ ੧੨੨੬)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

ਮਾਝ ਮਹਲਾ ੩ ॥

{ਸੇ ਸਚਿ ਲਾਗੇ ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ ਸਹਜ ਸੁਭਾਏ ॥
ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥
ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥੧॥ ਰਹਾਉ ॥ ਜਹ ਦੇਖਾ ਸਚੁ ਸਭਨੀ ਥਾਈ ॥
ਗੁਰ ਪਰਸਾਦੀ ਮੰਨਿ ਵਸਾਈ ॥ ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥੨॥
ਮਨਸਾ ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥
ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥ ਗੁਰ ਕੈ ਸਬਦਿ ਰਿਦੈ ਦਿਖਾਇਆ ॥
ਮਾਇਆ ਮੋਹੁ ਸਬਦਿ ਜਲਾਇਆ ॥ ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥
ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥ ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥
ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥੫॥ ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥
ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥ ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ॥੮॥੧੭॥੧੮॥}

(ਅੰਗ ੧੧੯-੧੨੦)

{ਜਾ ਕੈ ਅਚਿੰਤੁ ਵਸੈ ਮਨਿ ਆਇ ॥ ਤਾ ਕਉ ਚਿੰਤਾ ਕਤਹੂੰ ਨਾਹਿ ॥੨॥
ਜਾ ਕੈ ਬਿਨਸਿਓ ਮਨ ਤੇ ਭਰਮਾ ॥ ਤਾ ਕੈ ਕਛੂ ਨਾਹੀ ਡਰੁ ਜਮਾ ॥੩॥
ਜਾ ਕੈ ਹਿਰਦੈ ਦੀਓ ਗੁਰਿ ਨਾਮਾ ॥ ਕਹੁ ਨਾਨਕ ਤਾ ਕੈ ਸਗਲ ਨਿਧਾਨਾ॥੪॥੩੪॥੧੦੩॥}

(ਅੰਗ ੧੮੬)

{ਜਾ ਕੈ ਹੀਐ ਦੀਓ ਪ੍ਰਭ ਨਾਮ ॥ ਨਾਨਕ ਸਾਧ ਪੂਰਨ ਭਗਵਾਨ ॥੪॥}

(ਅੰਗ ੨੫੧)

50/6930

{ਜਾ ਕੈ ਹਿਰਦੈ ਵਸਿਆ ਹਰਿ ਸੋਈ ॥ ਗੁਰਮੁਖਿ ਭਗਤਿ ਪਰਾਪਤਿ ਹੋਈ ॥
ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾਨੰਦੁ ॥੩॥}

(ਅੰਗ ੧੫੪)

{ਜਾ ਕੈ ਹਿਰਦੈ ਠਾਕੁਰੁ ਹੋਇ ॥ ਤਾ ਕਉ ਸਹਸਾ ਨਾਹੀ ਕੋਇ ॥੨॥}

(ਅੰਗ ੧੯੯)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ ੧੧੫੨)

{ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ ॥
ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ ॥
ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥ ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ ॥
ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥੨॥}

(ਅੰਗ ੧੨੩੯-੧੨੪੦)

{ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ ੯੦੪)

ਜਿਸ ਰੂਪ ਵਿੱਚ ਪ੍ਰਮਾਤਮਾ ਆਪ ਹੈ ਉਸਦੇ ਉਸੇ ਰੂਪ ਨਾਲ ਜੁੜਕੇ ਭਾਵ ਜੁੜਨ ਦਾ ਸੱਚਾ ਉੱਦਮ ਕਰਕੇ ਹੀ ਉਸ ਪ੍ਰਮਾਤਮਾ ਦੇ ਨਾਲ ਮੇਲ ਦਾ ਕੋਈ ਸੱਚਾ ਉੱਦਮ ਕਰ ਸਕਦਾ ਹੈ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ ਕਿ ਪ੍ਰਮਾਤਮਾ ਸਭ ਜਗ੍ਹਾ ਹਰ ਆਕਾਰ ਰੂਪ ਵਿੱਚ ਆਪਣੇ ਨਿਰੰਕਾਰ ਰੂਪ ਦੁਆਰਾ ਵੱਸਿਆ ਹੋਇਆ ਹੈ ਭਾਵ ਗਿਆਨ ਰੂਪ ਦੁਆਰਾ ਵੱਸਿਆ ਹੋਇਆ ਹੈ ਤੇ ਆਪਣੇ ਗਿਆਨ ਰੂਪ ਵਿੱਚ ਹੀ ਪ੍ਰਮਾਤਮਾ ਭਾਵ ਆਪਣੇ ਨਿਰੰਕਾਰ ਰੂਪ ਵਿੱਚ ਹੀ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਹੈ ਜੋ ਰੂਪ ਉਸਦਾ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਜਿਸ ਕਰਕੇ ਪ੍ਰਮਾਤਮਾ ਦਾ ਰੂਪ ਉੱਚਾ ਰੂਪ ਹੈ ਜਿਸਦੇ ਉਸ ਉੱਚੇ ਰੂਪ ਤੋਂ ਉੱਚਾ ਕੋਈ ਹੋਰ ਰੂਪ ਹੋ ਹੀ ਨਹੀਂ ਸਕਦਾ। ਉਸ ਉੱਚੇ ਪ੍ਰਮਾਤਮਾ ਨੇ ਭਾਵ ਉਸ ਉੱਚੇ ਗਿਆਨ ਦੇ ਮਾਲਕ ਨੇ ਭਾਵ ਨਾਮ ਦੇ ਮਾਲਕ ਨੇ ਸਾਰੇ ਸੰਸਾਰ ਨੂੰ ਆਪ ਹੀ ਨੀਵੀਂ ਮਤਿ ਵਿੱਚ, ਮਨ ਦੀ ਨੀਵੀਂ ਸਮਝ ਵਿੱਚ ਰੱਖਿਆ ਹੋਇਆ ਹੈ। ਉਸ ਉੱਚੀ ਮਤਿ ਵਾਲੇ

50/6931

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਆਪਣੀ ਨੀਵੀਂ ਮਤਿ ਨੂੰ ਉੱਚਾ ਕਰਨ ਦਾ ਉਪਰਾਲਾ ਹੀ ਕਰਨਾ ਹੈ ਭਾਵ ਹਉਮੈ ਵਾਲੀ ਨੀਵੀਂ ਸਮਝ ਨੂੰ ਨਾਮ ਵਾਲੀ ਉੱਚੀ ਸਮਝ ਦੇ ਨਾਲ ਮਿਲਾਉਣ ਦਾ ਉਪਰਾਲਾ ਹੀ ਕਰਨਾ ਹੈ ਭਾਵ ਆਪਣੀ ਤ੍ਰੈ ਗੁਣਾਂ ਵਾਲੀ ਨੀਵੀਂ ਸਮਝ ਨੂੰ ਗੁਰੂ ਦੇ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਸਮਝ ਦੇ ਨਾਲ ਰਲਾਉਣ ਦਾ ਸੱਚਾ ਉਪਰਾਲਾ ਹੀ ਕਰਨਾ ਹੈ। ਜਿਸ ਦੁਆਰਾ ਕੋਈ ਉੱਚੀ ਸਮਝ ਦੇ ਮਾਲਕ, ਨਾਮ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ। ਸਭ ਤੋਂ ਔਖਾ ਆਪਣੀ ਨੀਵੀਂ ਮਤਿ ਨੂੰ ਉੱਚੀ ਬਨਾਉਣਾ ਹੀ ਹੈ ਜਿਸਨੂੰ ਉੱਚਾ ਬਨਾਉਣ ਲਈ ਗੁਰੂ ਦੀ ਸਮਝਾਈ ਹੋਈ ਹਰ ਗੱਲ ਨੂੰ ਮੰਨਣਾ ਪੈਂਦਾ ਹੈ ਭਾਵ ਜੋ ਜੋ ਗੁਰੂ ਸਾਨੂੰ ਕਰਨ ਲਈ ਸਮਝਾਉਂਦਾ ਹੈ ਉਹ ਸਭ ਕਰਨਾ ਪੈਂਦਾ ਹੈ। ਗੁਰੂ ਸਾਨੂੰ ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ ਜੋ ਕਿ ਸਾਨੂੰ ਛੱਡਣਾ ਪੈਂਦਾ ਹੈ, ਗੁਰੂ ਸਾਨੂੰ ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦਾ ਹੈ ਤੇ ਆਪਣੀ ਮਤਿ ਨੂੰ ਗੁਰੂ ਦੀ ਮਤਿ ਦੇ ਨਾਲ ਰਲਾਉਣ ਲਈ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਗੁਰੂ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣ ਲਈ

ਸਮਝਾਉਂਦਾ ਹੈ, ਹਰ ਔਗੁਣ ਛੱਡਣ ਲਈ ਸਮਝਾਉਂਦਾ ਹੈ ਤੇ ਆਪਣੀ ਨੀਵੀਂ ਮਤਿ ਨੂੰ ਗੁਰੂ ਦੀ ਉੱਚੀ ਮਤਿ ਦੇ ਨਾਲ ਰਲਾਉਣ ਲਈ ਇਹ ਸਭ ਕੁਝ ਛੱਡਣਾ ਪੈਂਦਾ ਹੈ ਜਿਨ੍ਹਾਂ ਨੂੰ ਛੱਡੇ ਬਿਨਾਂ ਸਾਡੀ ਨੀਵੀਂ ਮਤਿ ਦੀ ਦੂਰੀ ਗੁਰੂ ਦੀ ਉੱਚੀ ਮਤਿ ਦੇ ਨਾਲ ਦੂਰੀ ਬਣੀ ਰਹਿੰਦੀ ਹੈ। ਗੁਰੂ ਸਾਨੂੰ ਅਨੇਕਾਂ ਹੀ ਅਨੇਕਾਂ ਗੱਲਾਂ ਦਾ ਤਿਆਗ ਕਰਨ ਲਈ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਸ਼ਬਦਾਂ ਰਾਹੀਂ ਅਨੇਕਾਂ ਵਾਰ ਇਸ ਗੱਲ ਨੂੰ ਸਮਝਿਆ ਹੈ। ਗੁਰੂ ਸਾਨੂੰ ਕਿਸੇ ਵੀ ਵੇਲੇ ਵਿੱਚ ਫਰਕ ਕਰਨ ਲਈ ਮਨ੍ਹਾ ਕਰਦਾ ਹੈ ਪਰ ਫਿਰ ਵੀ ਅਸੀਂ ਨਾਮਸਝ ਮਤਿ ਕਰਕੇ ਵੇਲੇ ਵਿੱਚ ਫਰਕ ਬਣਾਇਆ ਹੋਇਆ ਹੈ ਜਿਸ ਕਰਕੇ ਕਿਸੇ ਖਾਸ ਵੇਲੇ ਨੂੰ ਉੱਚਾ ਮੰਨਕੇ ਅਸੀਂ ਭਗਤੀ ਦਾ ਵੇਲਾ ਕਹਿੰਦੇ ਹਾਂ ਜਿਸਨੂੰ ਕਿ ਅਸੀਂ ਆਪਣੀ ਨਾਮਸਝੀ ਕਰਕੇ **"ਅੰਮ੍ਰਿਤ ਵੇਲੇ"** ਦਾ ਨਾਮ ਦਿੱਤਾ ਹੋਇਆ ਹੈ ਤੇ ਇਹੋ ਜਿਹੇ ਵੇਲੇ ਨੂੰ ਉੱਚਾ ਕਹਿ ਕੇ ਅਸੀਂ ਆਪਣੀ ਮਤਿ ਦੀ ਗੁਰੂ ਦੀ ਮਤਿ ਨਾਲੋਂ ਦੂਰੀ ਵਧਾਉਂਦੇ ਹਾਂ। ਇਸੇ ਤਰ੍ਹਾਂ ਅਸੀਂ ਅਨੇਕਾਂ ਹੀ ਥਿਤਾਂ ਵਾਰਾਂ ਨੂੰ ਉੱਚਾ ਸਮਝਕੇ ਪੂਜਦੇ ਹਾਂ ਜਿਨ੍ਹਾਂ ਨੂੰ ਉੱਚਾ ਮੰਨਣ ਲਈ ਗੁਰੂ ਸਾਹਿਬ ਨੇ ਸਾਨੂੰ **"ਮੁਗਧ ਗਵਾਰ"** ਤੱਕ ਕਿਹਾ ਹੋਇਆ ਹੈ ਪਰ ਫਿਰ ਵੀ ਸਾਰੇ ਪਾਸੇ ਉਹ ਕੁਝ ਹੀ ਹੋ ਰਿਹਾ ਹੈ

50/6932

ਤੇ ਇਸ ਗੱਲ ਦਾ ਪ੍ਰਚਾਰ ਵੀ ਹੋ ਰਿਹਾ ਹੈ। ਗੁਰੂ ਦੀ ਮਤਿ ਨੂੰ ਨਾ ਮੰਨਕੇ ਅਸੀਂ ਗੁਰਮਤਿ ਨਾਲੋਂ ਆਪਣੀ ਮਤਿ ਦੀ ਦੂਰੀ ਹੋਰ ਵਧਾਉਂਦੇ ਹਾਂ। ਗੁਰੂ ਸਾਨੂੰ ਬਾਰ-ਬਾਰ ਸਰੀਰਕ ਜਪਾਂ ਤਪਾਂ ਤੋਂ ਮਨ੍ਹਾਂ ਕਰਦਾ ਹੈ, ਕਿਸੇ ਖਾਸ ਅੱਖਰ ਨੂੰ ਨਾਮ ਸਮਝਕੇ ਉਸਨੂੰ ਰੱਟੀ ਜਾਣ ਤੋਂ ਮਨ੍ਹਾਂ ਕਰਦਾ ਹੈ ਪਰ ਗੁਰੂ ਦੀ ਇਸ ਉੱਚੀ ਗੱਲ ਨੂੰ ਭਾਵ ਉਸਦੀ ਉੱਚੀ ਮਤਿ ਨੂੰ ਮੰਨਣ ਵਾਲੇ ਕਿਤਨੇ ਕੁ ਹਨ ਤੇ ਉਲਟਾ ਜੋ ਇਹੋ ਜਿਹੇ ਨਾਮ ਜਪਣ ਦਾ ਪ੍ਰਚਾਰ ਕਰਦੇ ਹਨ ਉਹ ਗੁਰਮਤਿ ਨੂੰ ਉੱਚਾ ਕਰਨ ਦੀ ਬਜਾਏ ਭਾਵ ਆਪਣੀ ਨੀਵੀਂ ਮਤਿ ਨੂੰ ਗੁਰਮਤਿ ਵਾਲੀ ਉੱਚੀ ਮਤਿ ਦੇ ਨਾਲ ਰਲਾਉਣ ਦੀ ਬਜਾਏ ਗੁਰਮਤਿ ਤੋਂ ਆਪਣੀ ਦੂਰੀ ਹੋਰ ਵਧਾਉਂਦੇ ਹਨ ਭਾਵ ਆਪਣੀ ਨਾਸਮਝ ਮਤਿ ਨੂੰ ਹੋਰ ਨੀਵਾਂ ਕਰਦੇ ਹਨ। ਇਸੇ ਤਰ੍ਹਾਂ ਅਨੇਕਾਂ ਸਾਨੂੰ ਆਪਣੀ ਆਪਣੀ ਵਿਚਾਰ ਧਾਰਾ ਦੇ ਨਾਲ ਜੋੜਦੇ ਹਨ ਕਿ ਇਹੋ ਜਿਹਾ ਖਾਣਾ ਖਾਣਾ ਚਾਹੀਦਾ ਹੈ ਤੇ ਇਹੋ ਜਿਹਾ ਖਾਣਾ ਨਹੀਂ ਖਾਣਾ ਚਾਹੀਦਾ, ਇਹੋ ਜਿਹੇ ਬਰਤਨ ਖਾਣਾ ਖਾਣ ਲਈ ਜਿਆਦਾ ਚੰਗੇ ਹਨ ਤੇ ਇਹੋ ਜਿਹੇ ਬਰਤਨ ਖਾਣਾ ਖਾਣ ਵਾਸਤੇ ਮਾੜੇ ਹਨ, ਇਹੋ ਜਿਹੇ ਰੰਗ ਦੇ ਕਪੜੇ ਪਾਉਣੇ ਜਿਆਦਾ ਚੰਗੇ ਹਨ ਤੇ ਇਹੋ ਜਿਹੇ ਰੰਗ ਦੇ ਕਪੜੇ ਪਾਉਣੇ ਚੰਗੇ ਨਹੀਂ ਹਨ ਜਦ ਕਿ ਗੁਰਬਾਣੀ ਸਾਨੂੰ ਕਿਸੇ ਇਹੋ ਜਿਹੀਆਂ ਸਿੱਖਿਆਵਾਂ ਨਾਲ ਨਹੀਂ ਜੋੜਦੀ ਤੇ ਬਾਣੀ ਦੇ ਸ਼ਬਦਾਂ ਰਾਹੀਂ ਜਿਵੇਂ ਕਿ ਪਿੱਛੇ ਅਸੀਂ ਸਮਝਿਆ ਹੈ। ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਕੋਈ ਕਿਹੋ ਜਿਹਾ ਪਹਿਨਦਾ ਹੈ, ਕੋਈ ਕਿਹੋ ਜਿਹਾ ਖਾਂਦਾ ਹੈ ਪ੍ਰਮਾਤਮਾ ਇਸ ਗੱਲ ਨੂੰ ਨਹੀਂ ਵਿਚਾਰਦਾ। ਹਰ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਜਿਸਨੂੰ ਇਨ੍ਹਾਂ ਗੱਲਾਂ ਨਾਲ ਫਰਕ ਨਹੀਂ ਪੈਂਦਾ। ਗੁਰਮਤਿ ਦੇ ਉਲਟ ਪ੍ਰਚਾਰ ਕਰਨਾ ਕੇਵਲ ਗੁਰਮਤਿ ਨਾਲੋਂ ਆਪਣੀ ਦੂਰੀ ਵਧਾਉਣ ਵਾਲੀ ਗੱਲ ਹੈ। ਗੁਰਮਤਿ ਨਾਲੋਂ ਆਪਣੀ ਦੂਰੀ ਵਧਾ ਕੇ ਕੋਈ ਉਸ ਗੁਰਮਤਿ ਦੇ ਮਾਲਕ ਪ੍ਰਮਾਤਮਾ ਦੇ ਨਾਲ ਆਪਣੀ ਨੇੜਤਾ ਵਧਾ ਸਕੇ ਭਾਵ ਉਸਦੇ ਨਾਲ ਮੇਲ ਦਾ ਸੱਚਾ ਉਪਰਾਲਾ ਕਰ ਸਕੇ ਇਹ ਨਹੀਂ ਹੋ ਸਕਦਾ। ਪ੍ਰਮਾਤਮਾ ਸੱਚੇ ਗਿਆਨ ਦੇ ਵਿੱਚ ਹੀ ਹੈ ਤੇ ਉਸ ਸੱਚੇ ਮਾਲਕ ਦੇ ਨਾਲ ਮੇਲ ਕਰਨ ਲਈ ਸੱਚੇ ਗਿਆਨ ਵਾਲੀ ਮਤਿ ਵਾਲਾ ਬਣਨ ਵਾਲਾ ਉਪਰਾਲਾ ਕਰਨਾ ਹੀ ਪਵੇਗਾ, ਨਾਮ ਵਾਲੀ ਮਤਿ ਦਾ ਬਣਨ ਵਾਲਾ ਉਪਰਾਲਾ ਕਰਨਾ ਹੀ ਪਵੇਗਾ। ਇਹ ਸੱਚਾ ਉਪਰਾਲਾ ਅਸੀਂ ਹੀ ਕਰਨਾ ਹੈ ਤੇ

50/6933

ਕ੍ਰਿਪਾ ਉਹ ਆਪ ਹੀ ਕਰਦਾ ਹੈ ਜੋ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਆਪਣੇ ਸੱਚੇ ਗਿਆਨ ਵਾਲੀ ਸਮਝ ਦੇ ਨਾਲ, ਨਾਮ ਵਾਲੀ ਸਮਝ ਦੇ ਨਾਲ ਭਾਵ ਸ਼ਬਦਾਂ ਦੀ ਵਿਚਾਰ ਵਾਲੀ ਸਭ ਤੋਂ ਉੱਚੀ ਸਮਝ ਦੇ ਨਾਲ ਆਪ ਹੀ ਰਲਾਉਂਦਾ ਹੈ ਤੇ ਤਾਂ ਹੀ ਕਿਸੇ ਨੂੰ ਸਮਝ ਲੱਗ ਸਕਦੀ ਹੈ ਕਿ ਉਹ ਧੰਨ ਧੰਨ ਧੰਨ ਸ੍ਰਿਸ਼ਟੀ ਦਾ ਕਰਤਾ ਕੌਣ ਹੈ ਤੇ ਸਾਰੀ ਸ੍ਰਿਸ਼ਟੀ ਦੇ ਅੰਦਰ, ਹਰ ਕਿਸੇ ਦੇ ਅੰਦਰ ਉਹ ਕਿਸ ਰੂਪ ਵਿੱਚ ਹੈ ਜਿਸਨੂੰ ਜਾਨਣ ਲਈ ਸਦੀਆਂ ਤੋਂ ਦੁਨੀਆਂ ਉਸਨੂੰ ਜਾਨਣ ਤੋਂ ਤੜਪਦੀ ਹੈ, ਰਿਸ਼ੀ ਮੁਨੀ ਅਖਵਾਉਂਣ ਵਾਲੇ ਤੜਪਦੇ ਹਨ, ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਵੀ ਉਸਨੂੰ ਨਹੀਂ ਜਾਣਦੇ। ਜਦੋਂ ਉਹ ਆਪਣੀ ਕ੍ਰਿਪਾ ਕਰਨ ਤੇ ਆਵੇ ਉਹ ਕਿਸੇ ਤੇ ਵੀ ਕਰ ਸਕਦਾ ਹੈ, ਇਸ ਦਾਸ ਵਰਗੇ ਨਿਮਾਣੇ ਮਨੁੱਖ ਤੇ ਵੀ ਕਰ ਸਕਦਾ ਹੈ ਤੇ ਇਸ ਲੇਖ ਦੇ ਪੜਨ ਸੁਣਨ ਵਾਲੇ ਹਰ ਮਨੁੱਖ ਦੇ ਚਰਨਾਂ ਅੱਗੇ ਤਹਿ ਦਿਲੋਂ ਬੇਨਤੀ ਹੈ ਕਿ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਉਸ ਤਰੀਕੇ ਜਾਨਣ ਦੀ ਕੋਸ਼ਿਸ਼ ਕਰੋ ਜੋ ਤੁਹਾਨੂੰ ਗੁਰਬਾਣੀ ਦਾ ਮਾਰਗ ਅਕਾਲ ਪੁਰਖ ਆਪ ਹੀ ਆਪਣੀ ਉੱਚੀ ਤੇ ਸੱਚੀ ਗੁਰਬਾਣੀ ਦੇ ਗਿਆਨ ਦੁਆਰਾ ਸਮਝਾ ਰਿਹਾ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨੇ ਬਿਨਾਂ ਕੋਈ ਇਹ ਸਮਝੇ ਕਿ ਉਹ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਪਰਾਲਾ ਕਰ ਰਿਹਾ ਹੈ ਇਹ ਫਿਰ **"ਕੋਰਾ ਝੂਠ ਹੈ"** ਜਿਸ ਝੂਠ ਵਿੱਚੋਂ ਨਿਕਲਣਾ ਹੀ ਪਵੇਗਾ, ਅਗਰ ਤੁਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹੋ? ਇਸ ਝੂਠ ਵਿੱਚੋਂ ਜਿਤਨਾ ਜਲਦੀ ਨਿਕਲੋਗੇ

ਉਤਨਾ ਹੀ ਚੰਗਾ ਹੈ। ਇਸ ਝੂਠ ਵਿੱਚੋਂ ਤੁਹਾਨੂੰ ਉਨ੍ਹਾਂ ਦੇ ਵਿਚਾਰ ਨਹੀਂ ਨਿਕਲਣ ਦਿੰਦੇ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ ਜਿਸ ਕਰਕੇ ਉਹ ਸਾਨੂੰ ਗੁਰੂ ਦੇ ਸ਼ਬਦਾਂ ਦੇ ਵਿਚਾਰਾਂ ਨੂੰ ਮੰਨਣ ਤੋਂ ਦੂਰ ਰੱਖਦੇ ਹਨ ਭਾਵ ਸਾਡੀ ਗੁਰਮਤਿ ਨਾਲੋਂ ਦੂਰੀ ਬਣਾਈ ਰੱਖਦੇ ਹਨ ਤੇ ਗੁਰਮਤਿ ਨਾਲੋਂ ਆਪਣੀ ਮਨਮਤਿ ਦੀ ਭਾਵ ਭਰਮਾਂ ਵਾਲੀ ਸਮਝ ਦੀ, ਆਪਣੀ ਨੀਵੀਂ ਸਮਝ ਦੀ ਦੂਰੀ ਮਿਟਾਏ ਬਿਨਾਂ ਕੋਈ ਉਸ ਸੱਚੀ ਗੁਰਮਤਿ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਹੀਂ ਹੋ ਸਕਦਾ ਤੇ ਜੋ ਇਹ ਸਮਝਦੇ ਹਨ ਕਿ ਉਹ ਬਿਨਾਂ ਗੁਰਮਤਿ ਤੇ ਚੱਲੇ ਹੀ ਭਾਵ ਕਿਸੇ ਸਰੀਰਕ ਜਪਾਂ ਤਪਾਂ ਦੁਆਰਾ ਹੀ ਪ੍ਰਮਾਤਮਾ ਨੂੰ ਪਾ ਲੈਣਗੇ ਇਹ ਕੇਵਲ ਉਨ੍ਹਾਂ ਦਾ ਵੱਡਾ ਭਰਮ ਹੈ। ਗੁਰੂ ਪ੍ਰਮਾਤਮਾ ਦੇ ਨਾਲ

50/6934

ਮੇਲ ਸ਼ਬਦ ਸੁਰਤਿ ਦਾ ਮੇਲ ਹੈ ਭਾਵ ਸ਼ਬਦ ਦੇ ਵਿਚਾਰਾਂ ਨਾਲ ਸਾਡੀ ਸੁਰਤਿ ਦੇ ਵਿਚਾਰਾਂ ਨਾਲ ਮੇਲ ਹੈ। ਸਾਡੀ ਸੁਰਤਿ ਦੇ ਵਿਚਾਰ ਸਾਡੀ ਨੀਵੀਂ ਸਮਝ ਹੈ ਤੇ ਸ਼ਬਦਾਂ ਦੀ ਵਿਚਾਰ ਗੁਰੂ ਦੀ ਉੱਚੀ ਸਮਝ ਹੈ। ਇਸ ਉੱਚੀ ਸਮਝ ਤੇ ਨੀਵੀਂ ਸਮਝ ਦੇ ਵਿੱਚ ਫਰਕ ਮਿਟਣਾ ਹੀ ਸ਼ਬਦ ਸੁਰਤਿ ਦਾ ਮੇਲ ਹੈ ਤੇ ਇਹੀ ਮਨ ਦੇ ਵਿੱਚ ਗੁਰੂ ਦੇ ਨਾਮ ਨਾਲ ਇੱਕ ਹੋਣਾ ਹੈ, ਹਉਮੈ ਦਾ ਨਾਮ ਵਿੱਚ ਸਮਾ ਜਾਣਾ ਹੈ ਭਾਵ ਸਾਡੀ ਭਰਮਾਂ ਵਾਲੀ ਸਮਝ ਦਾ ਗੁਰੂ ਦੀ ਸੱਚੀ ਸਮਝ ਦੇ ਵਿੱਚ ਸਮਾ ਜਾਣਾ ਹੈ। ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ ਅਕਾਲ ਪੁਰਖ ਅੰਦਰ ਹੀ ਹੈ, ਅਕਾਲ ਪੁਰਖ ਅੰਦਰ ਹੀ ਹੈ, ਅਕਾਲ ਪੁਰਖ ਅੰਦਰ ਹੀ ਹੈ। ਬਾਣੀ ਦਾ ਲਿਖਿਆ ਹਰ ਇੱਕ ਅੱਖਰ ਸਾਨੂੰ ਸੱਚ ਹੀ ਸਮਝਾ ਰਿਹਾ ਹੈ, ਸੱਚ ਹੀ ਸਮਝਾ ਰਿਹਾ ਹੈ, ਸੱਚ ਹੀ ਸਮਝਾ ਰਿਹਾ ਹੈ। ਸੱਚ ਨਾਲ ਜੁੜੋ, ਸੱਚ ਨਾਲ ਜੁੜੋ, ਸੱਚ ਨਾਲ ਜੁੜੋ ਤੇ ਉਹ ਤਾਂ ਹੀ ਜੁੜ ਪਾਉਗੇ ਜੇਕਰ ਉਨ੍ਹਾਂ ਦੇ ਪਿੱਛੇ ਲੱਗ ਕੇ ਜਿਨ੍ਹਾਂ ਨੇ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਹੋਰ ਤਰੀਕਾ ਸਮਝਾਇਆ ਹੈ ਜੋ ਤਰੀਕਾ ਗੁਰਮਤਿ ਦੇ ਉਲਟ ਹੈ ਤੇ ਅੱਜ ਵੀ ਜਗ੍ਹਾ ਜਗ੍ਹਾ ਸਾਨੂੰ ਉਹੋ ਜਿਹੇ ਤਰੀਕੇ ਸਮਝਾਉਂਣ ਵਾਲੇ ਬੈਠੇ ਹਨ ਜੋ ਤਰੀਕੇ ਗੁਰਮਤਿ ਦੇ ਉਲਟ ਹੀ ਹਨ ਤੇ ਫਿਰ ਕੀ ਉਨ੍ਹਾਂ ਦੇ ਪਿੱਛੇ ਲੱਗ ਕੇ ਕਦੇ ਪ੍ਰਮਾਤਮਾ ਦੇ ਆਪਣੇ ਅੰਦਰੋਂ ਦਰਸ਼ਨ ਕਰ ਸਕੋਗੇ। ਧਿਆਨ ਨਾਲ ਵਿਚਾਰੋ ਕਿ ਸੱਚ ਦੀ ਪ੍ਰਾਪਤੀ ਕਿਸ ਤਰ੍ਹਾਂ ਹੋਣੀ ਹੈ। ਹਰ ਸ਼ਬਦ ਦੀ ਵਿਚਾਰ ਸੱਚ ਹੈ ਤੇ ਸੱਚ ਰੂਪ ਹੀ ਪ੍ਰਮਾਤਮਾ ਆਪ ਹੈ ਜੋ ਕਿ ਉਸਦਾ ਨਾਮ ਰੂਪ ਹੈ। ਜਿਉਂ ਜਿਉਂ ਸੱਚ ਦੇ ਨੇੜੇ ਲੱਗਣ ਦਾ ਉਪਰਾਲਾ ਕਰੋਗੇ ਭਾਵ ਜਿਉਂ ਜਿਉਂ ਸ਼ਬਦਾਂ ਦੀ ਵਿਚਾਰ ਨੂੰ ਮੰਨੋਗੇ ਤਿਉਂ ਤਿਉਂ ਤੁਹਾਡੀ ਸੱਚ ਰੂਪ ਪ੍ਰਮਾਤਮਾ ਨਾਲੋਂ ਦੂਰੀ ਮਿੱਟਦੀ ਜਾਵੇਗੀ। ਇਹ ਦੂਰੀ ਵੀ ਬਹੁਤ ਵੱਡੀ ਹੈ ਜਿਸ ਦੂਰੀ ਨੂੰ ਮਿਟਾਉਣ ਲਈ ਆਪਣੀ ਸਮਝ ਦੇ ਅਨੇਕਾਂ ਹੀ ਵਿਚਾਰ ਛੱਡਣੇ ਪੈਣਗੇ। ਸਾਡੀ ਸਮਝ ਭਰਮਾਂ ਵਾਲੇ ਵਿਚਾਰਾਂ ਨਾਲ ਭਰੀ ਹੋਈ ਹੈ। ਜਿਉਂ ਜਿਉਂ ਮਨ ਦੇ ਭਰਮ ਮਿੱਟਦੇ ਜਾਣਗੇ ਤਿਉਂ ਤਿਉਂ ਗੁਰੂ ਪ੍ਰਮਾਤਮਾ ਨਾਲੋਂ ਦੂਰੀ ਘੱਟਦੀ ਜਾਵੇਗੀ। ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਕੇ ਹੀ ਹੁੰਦਾ ਹੈ, ਮਨ ਦੀ ਸਹਸਾ ਨਿਕਲਣ ਦੁਆਰਾ ਹੀ ਹੁੰਦਾ ਹੈ ਤੇ ਫਿਰ ਕਿਉਂ ਨਾ ਉਹ ਕੰਮ ਕਰੀਏ ਜਿਸਦੇ ਨਾਲ ਘਰ ਬੈਠਿਆਂ ਹੀ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਈਏ ਤੇ ਇਧਰ ਉਧਰ ਦੀਆਂ ਭਟਕਣਾਂ ਤੋਂ ਬਚੀਏ। ਸਾਰੀ ਗੱਲ ਆਪਣੇ

50/6935

ਮਨ ਦੇ ਵਿਚਾਰਾਂ ਨੂੰ ਸੋਧਣ ਦੀ ਹੈ ਜਿਨ੍ਹਾਂ ਨੂੰ ਘਰ ਬੈਠਿਆਂ ਹੀ ਸੋਧਿਆ ਜਾ ਸਕਦਾ ਹੈ। ਸਾਡੇ ਅੰਦਰ ਦੇ ਵਿਚਾਰ ਹੀ ਸਾਡੇ ਅੰਦਰ ਦੀ ਨੀਯਤ ਹੈ ਭਾਵ ਮਨ ਦੇ ਵਿਚਾਰਾਂ ਰਾਹੀਂ ਹੀ ਇਹ ਤੈਅ ਹੁੰਦਾ ਹੈ, ਪਤਾ ਲੱਗਦਾ ਹੈ ਕਿ ਕੋਈ ਮਨੁੱਖ ਕਿਹੋ ਜਿਹੀ ਨੀਯਤ ਵਾਲਾ ਹੈ। ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਉਹੋ ਜਿਹੇ ਕਰਮ ਕਰਦਾ ਹੈ ਜਿਹੋ ਜਿਹੀ ਉਸਦੀ ਨੀਅਤ ਹੁੰਦੀ ਹੈ। ਜੋ ਮਾੜੇ ਕਰਮ ਕਰਦਾ ਹੈ ਉਸਨੂੰ ਮਾੜੀ ਨੀਯਤ ਵਾਲਾ ਮਨੁੱਖ ਕਿਹਾ ਜਾਂਦਾ ਹੈ ਤੇ ਜੋ ਚੰਗੇ ਕਰਮ ਕਰਦਾ ਹੈ ਉਸਨੂੰ ਚੰਗੀ ਨੀਯਤ ਵਾਲਾ ਮਨੁੱਖ ਸਮਝਿਆ ਜਾਂਦਾ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਚੰਗੀ ਨੀਯਤ ਵਾਲਾ ਮਨੁੱਖ ਬਣਨ ਲਈ ਹੀ ਸਮਝਾਉਂਦੀ ਹੈ ਭਾਵ ਚੰਗੇ ਕਰਮ ਕਰਨ ਵਾਲਾ ਮਨੁੱਖ ਬਣਨ ਲਈ ਹੀ ਸਮਝਾਉਂਦੀ ਹੈ ਕਿਉਂਕਿ ਸਾਡੀ ਸੁਰਤਿ ਦੇ ਵਿਚਾਰਾਂ ਵਾਲੀ ਸਮਝ ਸਾਨੂੰ ਮਾਇਆ ਮੋਹ ਵਿੱਚ ਰੱਖਦੀ ਹੈ, ਅਨੇਕਾਂ ਹੀ ਤ੍ਰਿਸ਼ਨਾਵਾਂ ਵਿੱਚ ਰੱਖਦੀ ਹੈ ਜਿਨ੍ਹਾਂ ਦੀ ਪੂਰਤੀ ਲਈ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ ਭਾਵ ਮਨ ਦੇ ਇਹ ਮਾੜੇ ਵਿਚਾਰ, ਗੁਰੂ ਦੀ ਸਮਝ ਨੂੰ ਨਾ ਮੰਨਣ ਵਾਲੇ ਵਿਚਾਰ ਸਾਡੇ ਕੋਲੋਂ ਅਨੇਕਾਂ ਮਾੜੇ ਕਰਮ ਕਰਵਾਉਂਦੇ ਹਨ ਭਾਵ ਸਾਨੂੰ ਮਾੜੀ ਨੀਯਤ ਵਾਲਾ ਮਨੁੱਖ ਬਣਾਉਂਦੇ ਹਨ ਜਿਸ ਕਰਕੇ ਮਨੁੱਖ ਸਮਾਜ ਦੇ ਵਿੱਚ ਬਦਨੀਯਤ ਵਾਲਾ ਅਖਵਾਉਂਦਾ ਹੈ ਤੇ ਗੁਰੂ ਪ੍ਰਮਾਤਮਾ ਦੇ ਦਰ ਤੇ ਵੀ ਮਾੜਾ ਬਣਦਾ ਹੈ। ਸਾਰੀ ਗੱਲ ਆਪਣੇ ਮਨ ਦੀ ਮਾੜੀ ਨੀਯਤ ਨੂੰ ਰਾਸ ਕਰਨ ਦੀ ਹੈ ਭਾਵ ਆਪਣੇ ਮਨ ਨੂੰ ਸੋਧਣ ਦੀ ਹੈ, ਆਪਣੀ ਨੀਯਤ ਨੂੰ ਚੰਗਾ ਕਰਨ ਦੀ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ ਤੇ ਇਹੀ ਅਸਲ ਵਿੱਚ ਸਾਰੇ ਸੰਸਾਰ ਲਈ ਇੱਕੋ ਜਿਹਾ ਭਗਤੀ ਦਾ ਮਾਰਗ ਹੈ, ਇੱਕੋ ਜਿਹਾ ਨਾਮ ਜਪਣ ਦਾ ਮਾਰਗ ਹੈ, ਇੱਕੋ ਜਿਹਾ ਧਰਮ ਗ੍ਰੰਥਾਂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ

ਮਾਰਗ ਹੈ। ਆਪਣੀ ਨੀਯਤ ਰਾਸ ਕਰਨ ਲਈ ਕੇਵਲ ਗੁਰੂ ਦੀ ਸੱਚੀ ਗੱਲ ਮੰਨਣ ਦੀ ਲੋੜ ਹੈ ਭਾਵ ਗੁਰਮਤਿ ਰੂਪ ਗੁਰੂ ਦੀ ਸਮਝ ਨੂੰ ਮੰਨ ਕੇ ਉਸ ਨਾਲੋਂ ਆਪਣੀ ਸਮਝ ਦੀ ਦੂਰੀ ਘਟਾਉਣ ਦੀ ਲੋੜ ਹੈ। ਬਾਣੀ ਰਾਹੀਂ ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਆਪਣੀ ਨੀਯਤ ਰਾਸ ਕਰਨ ਦੁਆਰਾ ਹੀ ਮਿਲਦਾ ਹੈ ਜਿਸ ਆਪਣੀ ਨੀਯਤ ਨੂੰ ਰਾਸ ਕਰਨ ਲਈ ਕਿਧਰੇ ਭਟਕਣ ਦੀ ਲੋੜ ਨਹੀਂ ਹੈ, ਡੇਰਿਆਂ ਆਦਿ

50/6936

ਤੇ ਭਟਕਣ ਦੀ ਲੋੜ ਨਹੀਂ ਹੈ। ਗੁਰੂ ਦੀ ਗੱਲ ਨੂੰ ਸੁਣਨ ਲਈ ਗੁਰੂ ਦਾ ਦੁਆਰਾ ਹੀ ਕਾਫੀ ਹੈ ਤੇ ਗੁਰੂ ਦੀ ਗੱਲ ਨੂੰ ਅਸੀਂ ਜਦੋਂ ਮਰਜੀ ਮੰਨ ਸਕਦੇ ਹਾਂ, ਘਰ ਬੈਠੇ ਹੀ ਮੰਨ ਸਕਦੇ ਹਾਂ ਜਿਸਨੂੰ ਮੰਨਣ ਲਈ ਕਿਸੇ ਖਾਸ ਸਮੇਂ ਦੀ ਲੋੜ ਨਹੀਂ ਹੈ, ਕਿਸੇ ਖਾਸ ਥਿਤ ਵਾਰ ਦੀ ਲੋੜ ਨਹੀਂ ਹੈ ਭਾਵ ਕਿਸੇ ਦੇ ਪਿੱਛੇ ਲੱਗ ਕੇ ਕਿਸੇ ਦੀਆਂ ਗੱਲਾਂ ਵਿੱਚ ਆਉਣ ਦੀ ਲੋੜ ਨਹੀਂ ਭਾਵ ਕੇਵਲ ਮਨਮਤਿ ਛੱਡਣ ਦੀ ਲੋੜ ਹੈ, ਮਾਇਆ ਮੋਹ ਛੱਡਣ ਦੀ ਲੋੜ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਦੀ ਲੋੜ ਹੈ ਭਾਵ ਮਾੜੇ ਕਰਮ ਛੱਡਣ ਦੀ ਲੋੜ ਹੈ। ਪੂਰੀ ਗੁਰਬਾਣੀ ਰਾਹੀਂ ਤੇ ਹੋਰ ਸੱਚੇ ਧਰਮ ਗ੍ਰੰਥਾਂ ਰਾਹੀਂ ਪ੍ਰਮਾਤਮਾ ਨੂੰ ਪਾਉਣ ਦਾ ਇਹੀ ਤਰੀਕਾ ਸਮਝਾਇਆ ਹੋਇਆ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

50/6937

ਮਃ ੩ ॥

“ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥”

(ਅੰਗ ੧੩੮੩)

ਉਪਰ ਵਾਲੇ ਸ਼ਬਦ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਉਹ ਕਿਹੜੀ ਗੱਲ ਸਮਝਾਈ ਹੋਈ ਹੈ, ਉਹ ਕਿਹੜਾ ਮਾਰਗ ਸਮਝਾਇਆ ਹੋਇਆ ਹੈ ਜਿਸ ਮਾਰਗ ਤੇ ਚੱਲ ਕੇ ਪ੍ਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ ਪਰ ਫਿਰ ਵੀ ਹਰ ਕੋਈ ਉਸੇ ਮਾਰਗ ਤੇ ਚੱਲਣ ਨੂੰ ਹੀ ਅਸਲ ਭਗਤੀ ਦਾ ਮਾਰਗ ਸਮਝਦਾ ਹੈ ਤੇ ਇਹੋ ਜਿਹੇ ਝੂਠੇ ਮਾਰਗ ਤੇ ਚੱਲ ਕੇ ਵੀ ਉਹ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ। ਸਿੱਖ ਸਮਾਜ ਵਿੱਚ ਵੀ ਇਹੋ ਜਿਹੇ ਮਾਰਗ ਤੇ ਚੱਲ ਕੇ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ। ਸ਼ਬਦ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕਿਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਣ ਤੋਂ ਮਨ੍ਹਾਂ ਕੀਤਾ ਹੋਇਆ ਹੈ। ਅਸੀਂ ਫਕੀਰੀ ਲਿਬਾਸ ਪਾਉਣ ਨੂੰ ਤੇ ਕੀਮਤੀ ਪੁਸ਼ਾਕ ਪਾਉਣ ਵਿੱਚ ਫਰਕ ਸਮਝਦੇ ਹਾਂ ਕਿ ਭਗਤੀ ਦੇ ਮਾਰਗ ਤੇ ਉਹ ਚੱਲਦਾ ਹੈ ਜੋ ਤਨ ਤੇ ਕੀਮਤੀ ਵਸਤਰਾਂ ਦਾ ਤਿਆਗ ਕਰ ਦਿੰਦਾ ਹੈ ਤੇ ਸਸਤੇ ਕੱਪੜੇ ਪਾਉਣ ਨੂੰ ਫਕੀਰੀ ਵੇਸ ਸਮਝਦਾ ਹੈ ਜਿਸ ਫਕੀਰੀ ਵੇਸ ਵਿੱਚ ਰਹਿ ਕੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦਾ ਹੈ, ਉਸਦੀ ਭਗਤੀ ਕਰਨ ਵਾਲਾ

50/6938

ਤਰੀਕਾ ਸਮਝਦਾ ਹੈ ਜੋ ਤਰੀਕਾ ਭਾਰਤ ਵਰਸ਼ ਵਿੱਚ ਚੱਲਦਾ ਆ ਰਿਹਾ ਹੈ ਭਾਵ ਤਰੀਕਾ ਮੰਨਿਆ ਜਾ ਰਿਹਾ ਹੈ। ਇਹੋ ਜਿਹਾ ਫਕੀਰੀ ਵੇਸ ਧਾਰ ਕੇ ਅਕਸਰ ਇਹੋ ਜਿਹੇ ਲੋਕ ਘਰ ਬਾਰ ਛੱਡਕੇ ਚਲੇ ਜਾਂਦੇ ਹਨ, ਗ੍ਰਿਹਸਥ ਦਾ ਜੀਵਨ ਤਿਆਗਕੇ ਚਲੇ ਜਾਂਦੇ ਹਨ, ਜੰਗਲਾਂ ਆਦਿ ਵਿੱਚ ਚਲੇ ਜਾਂਦੇ ਹਨ ਤੇ ਕਿਸੇ ਇਕਾਂਤ ਜਗ੍ਹਾਂ ਤੇ ਜਾ ਕੇ ਆਪਣੇ ਡੇਰੇ ਬਣਾ ਕੇ ਬੈਠ ਜਾਂਦੇ ਹਨ, ਸਮਾਧੀਆਂ ਲਗਾ ਕੇ ਬੈਠ ਜਾਂਦੇ ਹਨ ਤੇ ਆਪਣੇ ਮੁੱਖੋਂ ਕਿਸੇ ਅੱਖਰ ਦਾ ਜਪ ਕਰੀ ਜਾਂਦੇ ਹਨ ਜਿਸਨੂੰ ਉਸ ਪ੍ਰਮਾਤਮਾ ਦੀ ਭਗਤੀ ਦਾ ਤਰੀਕਾ ਸਮਝਦੇ ਹਨ, ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਸਮਝਦੇ ਹਨ ਤੇ ਅਨੇਕਾਂ ਹੀ ਇਸ ਤਰੀਕੇ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਦੇ ਹਨ, ਉਸਨੂੰ ਕਿਤੋ ਬਾਹਰੋਂ ਪ੍ਰਾਪਤ ਕਰਨ ਦੀਆਂ ਗੱਲਾਂ ਕਰਦੇ ਹਨ, ਪ੍ਰਮਾਤਮਾ ਦਾ ਟਿਕਾਣਾ ਖੋਜ ਲੈਣ ਦੀਆਂ ਗੱਲਾਂ ਕਰਦੇ ਹਨ। ਕੋਈ ਇਹੋ ਜਿਹੀ ਭਗਤੀ ਦੁਆਰਾ ਉਸਨੂੰ ਖੰਡਾਂ ਬ੍ਰਹਮੰਡਾਂ ਵਿੱਚੋਂ ਖੋਜਣ ਦੀਆਂ ਗੱਲਾਂ ਕਰਦਾ ਹੈ, ਕੋਈ ਕਿਸੇ ਆਕਾਸ਼ ਵਿੱਚੋਂ ਤੇ ਕੋਈ ਕਿਸੇ ਪਾਤਾਲ ਵਿੱਚੋਂ ਖੋਜਣ ਦੀਆਂ ਗੱਲਾਂ ਕਰਦਾ ਹੈ। ਪ੍ਰਮਾਤਮਾ ਨੂੰ ਇਹੋ ਜਿਹੇ ਤਰੀਕੇ ਦੁਆਰਾ ਤੇ ਉਸਨੂੰ ਕਿਸੇ ਆਕਾਰ ਰੂਪ ਵਿੱਚ ਖੋਜਣ ਦੀ ਗੱਲ ਦਾ ਬਾਣੀ ਵਿੱਚ ਇਸਦਾ ਘੋਰ ਸ਼ਬਦਾਂ ਵਿੱਚ ਖੰਡਨ ਕੀਤਾ ਹੋਇਆ ਹੈ ਕਿਉਂਕਿ ਇਸ ਤਰੀਕੇ ਪ੍ਰਮਾਤਮਾ ਕਦੇ ਮਿਲ ਹੀ ਨਹੀਂ ਸਕਦਾ। ਜਦੋਂ ਦੀ ਸਿਸ਼੍ਰਟੀ ਦੀ ਰਚਨਾ ਹੋਈ ਹੈ, ਜਦੋਂ ਵੀ ਉਹ ਕਦੇ ਕਿਸੇ ਨੂੰ ਮਿਲਿਆ ਹੈ ਮਨ ਦੇ ਵਿੱਚ ਹੀ ਮਿਲਿਆ ਹੈ, ਆਪਣੀ ਜੋਤਿ ਰੂਪ ਵਿੱਚ ਹੀ ਮਿਲਿਆ ਹੈ ਜੋ ਉਸਦਾ ਜੋਤਿ ਰੂਪ ਨਿਰੰਕਾਰ ਰੂਪ ਹੈ ਭਾਵ ਸੱਚੀ ਸਮਝ ਵਾਲੇ ਉੱਚੇ ਗਿਆਨ ਦਾ ਰੂਪ ਹੈ, ਉਸਦਾ

ਨਾਮ ਰੂਪ ਹੈ ਭਾਵ ਉਸਦਾ ਬ੍ਰਹਮ ਗਿਆਨ ਰੂਪ ਭਾਵ ਚੌਥੇ ਪਦ ਦੇ ਗਿਆਨ ਵਾਲਾ ਸਮਝ ਦਾ ਰੂਪ ਹੈ, ਸ਼ਬਦਾਂ ਦੀ ਵਿਚਾਰ ਦੀ ਸਮਝ ਵਾਲਾ ਰੂਪ ਹੈ ਜਿਸ ਆਪਣੇ ਇਸ ਰੂਪ ਦੁਆਰਾ ਉਸਨੇ ਆਪਣੇ ਆਪ ਨੂੰ ਭਗਤਾਂ ਦੇ ਸਰੀਰਾਂ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਆਪਣੇ ਜੋਤਿ ਰੂਪ ਵਿੱਚ ਪ੍ਰਗਟ ਕੀਤਾ ਹੈ ਜਿਸ ਉੱਚੀ ਸਮਝ ਦੁਆਰਾ ਉਨ੍ਹਾਂ ਨੇ ਗੁਰਬਾਣੀ ਰਾਹੀਂ ਇਸ ਸਾਰੇ ਜਗਤ ਨੂੰ, ਇਸ ਸੰਸਾਰ ਨੂੰ ਸਭ ਤੋਂ ਉੱਚੀ ਸਮਝ ਬਖਸ਼ੀ ਹੈ, ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ ਬਖਸ਼ੀ ਹੈ ਜਿਸ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਹੀ ਭਾਵ ਆਪਣੀ ਨਾਸਮਝ,

50/6939

ਅਗਿਆਨਤਾ ਵਾਲੀ ਨੀਵੀਂ ਸਮਝ ਨੂੰ ਉੱਚਾ ਕਰਨ ਦੁਆਰਾ ਹੀ ਕੋਈ ਉਸ ਗਿਆਨ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ, ਉਸਦੇ ਸ਼ਬਦ ਰੂਪ ਨੂੰ, ਉਸਦੇ ਨਿਰੰਕਾਰ ਰੂਪ ਨੂੰ ਜਾਣ ਸਕਦਾ ਹੈ ਜਿਸ ਆਪਣੇ ਨਿਰੰਕਾਰ ਰੂਪ ਵਿੱਚ, ਮਨ ਦੀ ਜੋਤਿ ਦੇ ਰੂਪ ਵਿੱਚ ਉਹ ਸਦਾ ਤੋਂ ਸਭ ਦੇ ਅੰਦਰ ਵਰਤ ਰਿਹਾ ਹੈ। ਉਸਨੂੰ ਆਪਣੇ ਅੰਦਰੋਂ ਜਾਨਣ ਲਈ ਕੇਵਲ ਤੇ ਕੇਵਲ ਆਪਣੀ ਭਰਮਾਂ ਦੀ ਭਰੀ ਹੋਈ ਨਾਸਮਝ ਮਤਿ ਨੂੰ ਉੱਚਾ ਕਰਨ ਦੀ ਲੋੜ ਹੈ ਭਾਵ ਉਸਦੀ ਭਗਤੀ ਦਾ, ਉਸਦਾ ਨਾਮ ਜਪਣ ਦਾ ਸਹੀ ਮਾਰਗ ਸਮਝਣ ਦੀ ਲੋੜ ਹੈ ਉਹ ਸਹੀ ਮਾਰਗ ਆਪਣੀ ਨਾਸਮਝ ਮਤਿ ਨੂੰ ਰਾਸ ਕਰਨ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਨਾ ਕਿ ਘਰ ਬਾਹਰ ਛੱਡ ਕੇ ਬਾਹਰ ਧੱਕੇ ਖਾਣ ਦਾ ਹੈ ਭਾਵ ਫਕੀਰੀ ਵੇਸ ਪਾ ਕੇ, ਘਰ ਬਾਰ ਛੱਡ ਕੇ, ਚੰਗੀਆਂ ਪੁਸ਼ਾਕਾ ਪਾ ਕੇ, ਫਕੀਰੀ ਬਾਣੇ ਪਾ ਕੇ ਕਿਤੇ ਬਾਹਰ ਬੈਠਕੇ ਉਸਨੂੰ ਮਨ ਦੀ ਬਜਾਏ ਕਿਤੇ ਹੋਰ ਲੱਭਣ ਦਾ ਹੈ। ਹੁਣ ਧਿਆਨ ਨਾਲ ਸਮਝੋ ਸਿੱਖ ਜਗਤ ਵਿੱਚ ਵੀ ਇਹੋ ਜਿਹੇ ਕਿਤਨੇ ਹੀ ਤਬਕੇ ਹਨ ਜੋ ਉਹੋ ਜਿਹਿਆਂ ਦੇ ਪਿੱਛੇ ਲੱਗੇ ਹੋਏ ਹਨ ਜੋ ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਖੋਜਣ ਦੀਆਂ ਗੱਲਾਂ ਕਰਦੇ ਹਨ, ਘਰ ਬਾਰ ਛੱਡ ਕੇ, ਗ੍ਰਹਿਸਥ ਜੀਵਨ ਤਿਆਗਕੇ ਕਿਤੇ ਡੇਰਿਆਂ ਆਦਿ ਤੇ ਬੈਠ ਕੇ ਭਾਵ ਡੇਰਿਆਂ ਵਾਲਿਆਂ ਦੀ ਮਤਿ ਦੇ ਨਾਲ ਜੁੜਕੇ, ਉਨ੍ਹਾਂ ਦੀ ਆਪਣੀ ਆਪਣੀ ਬਣਾਈ ਹੋਈ ਧਾਰਮਿਕ ਮਰਿਯਾਦਾ ਨਾਲ ਜੁੜਕੇ ਭਾਵ ਉਨ੍ਹਾਂ ਦੀ ਮਤਿ ਅਨੁਸਾਰ ਚੱਲ ਕੇ ਪ੍ਰਮਾਤਮਾ ਨੂੰ ਪਾਉਣਾ ਸਮਝਦੇ ਹਨ ਜਿਨ੍ਹਾਂ ਨੂੰ ਖੁੱਦ ਉਸ ਪ੍ਰਮਾਤਮਾ ਨੂੰ ਪਾਉਣ ਦੀ ਰੱਤੀ ਭਰ ਵੀ ਸਮਝ ਨਹੀਂ ਆਈ, ਜਿਹੋ ਜਿਹੇ ਪ੍ਰਮਾਤਮਾ ਦੇ ਅਸਲ ਰੂਪ ਨੂੰ ਭਾਵ ਨਿਰੰਕਾਰ ਰੂਪ ਨੂੰ ਪਾਉਣ ਦੀ ਗੱਲ ਸਾਨੂੰ ਸ਼ਬਦਾਂ ਦੀ ਵਿਚਾਰ ਸਮਝਾ ਰਹੀ ਹੈ ਭਾਵ ਸ਼ਬਦ ਰੂਪ, ਗੁਰੂ ਰੂਪ ਪ੍ਰਮਾਤਮਾ ਆਪਣੀ ਬਾਣੀ ਰਾਹੀਂ ਆਪ ਸਮਝਾ ਰਿਹਾ ਹੈ। ਬਾਣੀ ਰਾਹੀਂ ਗੁਰੂ ਸਾਹਿਬ ਸਾਨੂੰ ਆਪਣੀ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਇਹ ਵੀ ਸਮਝਾਉਂਦੇ ਹਨ ਕਿ ਮੂਰਤੀ ਪੂਜਾ ਗਲਤ ਗੱਲ ਹੈ ਭਾਵ ਸਾਨੂੰ ਮੂਰਤੀ ਪੂਜਾ ਤੋਂ ਦੂਰ ਕਰਦੇ ਹਨ ਪਰ ਸਿੱਖ ਸਮਾਜ ਵਿੱਚ ਵੀ ਅਸੀਂ ਮੂਰਤੀ ਪੂਜਾ ਤੋਂ ਨਿਕਲ ਨਹੀਂ ਸਕੇ ਤੇ ਉਨ੍ਹਾਂ ਦੀ

50/6940

ਮੂਰਤੀ ਨੂੰ ਵੀ ਅਸੀਂ ਮੱਥਾ ਟੇਕਦੇ ਹਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪ ਚੁਕੇ ਹਾਂ। ਉਨ੍ਹਾਂ ਨੂੰ ਉੱਚਾ ਸਮਝਣ ਵਾਲੇ ਧੰਨ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਨਾਲ ਉਸ ਮਨੁੱਖੀ ਸਰੂਪ ਦੀ ਫੋਟੋ, ਤਸਵੀਰ ਵੀ ਰੱਖ ਦਿੰਦੇ ਹਨ ਜਿਸਨੂੰ ਉਹ ਇਹ ਸਮਝਦੇ ਹਨ ਕਿ ਉਸਨੇ ਸੁਪਨੇ ਵਿੱਚ ਗੁਰੂ ਨਾਨਕ ਦੇਵ ਜੀ ਦੇ ਮਨੁੱਖੀ ਸਰੂਪ ਦੇ ਦਰਸ਼ਨ ਕੀਤੇ ਹਨ। ਹਦ ਹੈ ਅਗਿਆਨਤਾ ਦੀ, ਹਦ ਹੈ ਅਗਿਆਨਤਾ ਦੀ, ਹਦ ਹੈ ਅਗਿਆਨਤਾ ਦੀ। ਧੰਨ ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਭਾਵ ਸਰੀਰਕ ਦਰਸ਼ਨ ਅਨੇਕਾਂ ਹੀ ਅਨੇਕਾਂ ਨੇ ਕੀਤੇ ਹਨ, ਲੱਖਾਂ ਨੇ ਕੀਤੇ ਹਨ। ਉਹ ਹੋਰਨਾਂ ਮੁਲਕਾਂ ਵਿੱਚ ਵੀ ਗਏ ਹਨ ਜਿੱਥੇ ਅਨੇਕਾਂ ਨੇ ਹੀ ਉਨ੍ਹਾਂ ਦੇ ਸਰੀਰਕ ਰੂਪ ਦੇ ਦਰਸ਼ਨ ਕੀਤੇ ਹਨ ਪਰ ਕੀ ਉਨ੍ਹਾਂ ਵਿੱਚੋਂ ਕਿਸੇ ਨੇ ਇਹ ਕਿਹਾ ਹੈ ਕਿ ਸਾਨੂੰ ਪ੍ਰਮਾਤਮਾ ਦੇ ਦਰਸ਼ਨ ਹੋ ਗਏ ਹਨ ਭਾਵ ਅਸੀਂ ਪ੍ਰਮਾਤਮਾ ਨੂੰ ਜਾਣ ਲਿਆ ਹੈ। ਧੰਨ ਧੰਨ ਧੰਨ ਬਾਬਾ ਨਾਨਕ ਜੀ ਪ੍ਰਮਾਤਮਾ ਦਾ ਰੂਪ ਹੀ ਹਨ ਪਰ ਉਹ ਕਿਸ ਰੂਪ ਵਿੱਚ ਪ੍ਰਮਾਤਮਾ ਦਾ ਰੂਪ ਹਨ ਇਸ ਗੱਲ ਦੀ ਸਮਝ ਇਹੋ ਜਿਹਿਆਂ ਭਰਮਿਆਂ ਹੋਇਆ ਨੂੰ ਰੱਤੀ ਭਰ ਵੀ ਨਹੀਂ ਹੈ ਜੋ ਸੁਪਨੇ ਵਿੱਚ ਉਨ੍ਹਾਂ ਦੀ ਦੇਹ ਦੇ ਦਰਸ਼ਨ ਨੂੰ ਪ੍ਰਮਾਤਮਾ ਦਾ ਦਰਸ਼ਨ ਸਮਝਦੇ ਹਨ ਤੇ ਇਹੋ ਜਿਹੇ ਭਰਮੇ ਹੋਏ ਦੀ ਫੋਟੋ ਨੂੰ, ਤਸਵੀਰ ਨੂੰ ਮੱਥਾ ਟੇਕਣ ਵਿੱਚ ਹੀ ਅਸੀਂ ਆਪਣੀ ਸ਼ਾਨ ਸਮਝਦੇ ਹਾਂ, ਪ੍ਰਮਾਤਮਾ ਦੇ ਨੇੜੇ ਲੱਗਣ ਦਾ ਤਰੀਕਾ ਸਮਝਦੇ ਹਾਂ। ਬਾਬਾ ਨਾਨਕ ਜੀ ਨੇ ਹੀ ਸ਼ਬਦ ਦੇ ਵਿਚਾਰਾਂ ਰਾਹੀਂ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਮੂਰਤੀ ਪੂਜਾ ਨਹੀਂ ਕਰਨੀ ਚਾਹੀਦੀ ਭਾਵ ਜਿਨ੍ਹਾਂ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ ਇਸਦੇ ਬਾਵਜੂਦ ਵੀ ਅਸੀਂ ਉਨ੍ਹਾਂ ਦੀ ਮੂਰਤੀ ਪੂਜਾ ਕਰਨ ਦੁਆਰਾ ਹੀ ਆਪਣੇ ਆਪ ਨੂੰ ਗੁਰੂ ਪ੍ਰਮਾਤਮਾ ਦੇ ਭਗਤ ਸਮਝਦੇ ਹਾਂ। ਅਸਲ ਵਿੱਚ ਅਸੀਂ ਮੂਰਤੀ ਪੂਜਾ ਨਾਲ ਜੋੜਣ ਵਾਲਿਆਂ ਨੂੰ ਹੀ ਭਗਤ ਸਮਝੀ ਬੈਠੇ ਹਾਂ ਜੋ ਭਗਤੀ ਦੇ ਅਸਲ ਮਾਰਗ ਨੂੰ ਸਮਝਣ ਵਿੱਚ ਆਪ ਭਰਮ ਵਿੱਚ ਹੀ ਹਨ ਤੇ ਉਨ੍ਹਾਂ ਨੇ ਦੂਸਰਿਆਂ ਨੂੰ ਵੀ ਗੁਰਮਤਿ ਸਮਝਣ ਵਿੱਚ ਭਰਮ ਵਿੱਚ ਹੀ ਪਾਇਆ ਹੈ। ਇਹ ਉਨ੍ਹਾਂ ਨੇ ਇਹੋ ਜਿਹੀਆਂ ਗੱਲਾਂ ਕਰਕੇ ਕਿ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾ ਲਿਆ ਹੈ ਉਨ੍ਹਾਂ ਨੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ

ਪਾਇਆ ਹੈ ਭਾਵ ਉਨ੍ਹਾਂ ਦੀ ਗੁਰਮਤਿ ਨਾਲੋਂ ਭਾਵ ਗੁਰੂ ਦੀ ਸੱਚੀ ਸਿੱਖਿਆ ਨਾਲੋਂ ਦੂਰੀ ਹੀ ਵਧਾਈ ਹੈ ਜੋ ਗੁਰਮਤਿ ਨਾਲੋਂ ਦੂਰੀ ਵਧਾ ਕੇ ਕੋਈ ਉਸ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਭਾਵ ਉਸਦੇ

50/6941

ਨਿਰੰਕਾਰ ਰੂਪ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ, ਇਹ ਨਾਮੁਮਕਿਨ ਹੈ। ਪ੍ਰਮਾਤਮਾ ਦੇ ਨਾਲੋਂ ਪੜਦਾ ਹੀ ਸਾਡਾ ਮਨ ਦੇ ਭਰਮਾਂ ਵਾਲੇ ਵਿਚਾਰ ਹਨ ਤੇ ਜਿਉਂ ਜਿਉਂ ਅਸੀਂ ਆਪਣੇ ਅੰਦਰ ਦੇ ਭਰਮਾਂ ਵਾਲੇ ਵਿਚਾਰਾਂ ਵਿੱਚ ਵਾਧਾ ਕਰਾਂਗੇ ਭਾਵ ਗੁਰੂ ਦੀ ਸੱਚੀ ਸਮਝ ਦੇ ਉਲਟ ਚਲਾਂਗੇ ਤਿਉਂ ਤਿਉਂ ਸਾਡੀ ਗੁਰੂ ਪ੍ਰਮਾਤਮਾ ਦੇ ਨਾਲੋਂ ਦੂਰੀ ਵੱਧਦੀ ਜਾਵੇਗੀ। ਆਉ ਤਹਿ ਦਿਲੋਂ ਇਸ ਗੱਲ ਨੂੰ ਆਪਣੇ ਅੰਦਰ ਦ੍ਰਿੜ ਕਰੀਏ ਕਿ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣਾ ਹੀ ਭਾਵ ਜਿਹੋ ਜਿਹਿਆਂ ਦੀ ਮਤਿ ਪਿੱਛੇ ਅਸੀਂ ਲੱਗੇ ਹੋਏ ਹਾਂ ਉਨ੍ਹਾਂ ਦੀ ਮਤਿ ਨੂੰ ਛੱਡ ਕੇ, ਗੁਰੂ ਦੀ ਮਤਿ ਨੂੰ ਮੰਨਣਾ ਹੀ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਣਾ ਹੈ ਜਿਸ ਦੁਆਰਾ ਉਸਦੇ ਨਿਰੰਕਾਰ ਰੂਪ ਨਾਲ ਮਨ ਦੇ ਵਿੱਚ ਹੀ ਮੇਲ ਹੋ ਸਕਦਾ ਹੈ। ਹਰ ਸ਼ਬਦ ਦੀ ਵਿਚਾਰ ਭਾਵ ਹਰ ਸ਼ਬਦ ਦਾ ਸੱਚਾ ਗਿਆਨ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੀ ਹੈ ਜਿਸ ਉਸਦੇ ਰੂਪ ਨਾਲ ਅਸੀਂ ਮੇਲ ਕਰਨ ਦਾ ਉੱਦਮ ਕਰਨਾ ਹੈ। ਉਸਦੀ ਨਿਰੰਕਾਰ ਰੂਪ ਸਮਝ ਨੂੰ ਮੰਨਣ ਦੁਆਰਾ ਹੀ ਉਸ ਨਿਰੰਕਾਰ ਰੂਪ ਨਾਲ ਮੇਲ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਆਪਣੀ ਮਤਿ ਨੂੰ ਸੋਧਣ ਦਾ ਹੈ ਜੋ ਸਾਡੀ ਮਤਿ ਨਿਰੰਕਾਰ ਰੂਪ ਵਿੱਚ ਹੀ ਹੈ। ਸਾਡੀ ਤ੍ਰੈ ਗੁਣਾਂ ਵਾਲੀ ਨਾਸਮਝ ਮਤਿ ਵੀ ਨਿਰੰਕਾਰ ਰੂਪ ਹੈ ਜਿਸਦਾ ਕੋਈ ਆਕਾਰ ਰੂਪ ਨਹੀਂ ਹੈ ਤੇ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਸਮਝ ਵੀ ਨਿਰੰਕਾਰ ਰੂਪ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦੀ ਨਿਰੰਕਾਰ ਰੂਪ ਮਤਿ ਹੀ ਹੈ ਜੋ ਉਸਦੀ ਮਤਿ ਸੱਚੀ ਗੁਰਮਤਿ ਦੇ ਰੂਪ ਵਿੱਚ, ਉਸਦੇ ਨਾਮ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਹੈ। ਸਾਡੇ ਅੰਦਰ ਦੀ ਸਮਝ ਦਾ ਨਿਰੰਕਾਰ ਰੂਪ ਜੋ ਕਿ ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਹੈ ਉਹੀ ਗੁਰੂ ਦੇ ਨਿਰੰਕਾਰ ਰੂਪ ਨਾਲ ਜੁੜ ਸਕਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਜੁੜ ਸਕਦਾ ਹੈ ਤੇ ਉਸ ਨਾਲ ਜੁੜਨ ਦੁਆਰਾ ਹੀ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਣ ਸਕਦਾ ਹੈ ਜਿਸਨੇ ਆਪ ਹੀ ਆਪਣੇ ਉੱਚੇ ਗਿਆਨ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਸਭ ਨੂੰ ਤ੍ਰੈ ਗੁਣਾਂ ਦੀ ਸਮਝ ਵਾਲੇ ਗਿਆਨ ਵਿੱਚ ਰੱਖਿਆ ਹੋਇਆ ਹੈ। ਆਉ ਫਿਰ ਪ੍ਰਮਾਤਮਾ ਦੇ ਨਿਰੰਕਾਰ ਰੂਪ ਨੂੰ ਜਾਨਣ ਲਈ ਉਹ ਕੁਝ ਕਰੀਏ ਜੋ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਪੂਰੀ ਗੁਰਬਾਣੀ ਸਾਨੂੰ ਆਪਣੇ ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾ ਰਹੀ ਹੈ। ਉਪਰ ਵਾਲੇ ਸ਼ਬਦ ਰਾਹੀਂ ਸ਼ਬਦ ਦੀ

50/6942

ਵਿਚਾਰ ਸਾਨੂੰ ਇਹ ਸਮਝਾ ਰਹੀ ਹੈ ਕਿ ਘਰ ਬਾਰ ਛੱਡਕੇ ਜਾਣਾ ਭਾਵ ਗ੍ਰਹਿਸਥ ਜੀਵਨ ਛੱਡਕੇ ਜਾਣਾ ਤੇ ਬਾਹਰ ਜਾ ਕੇ ਕਿਸੇ ਡੇਰਿਆਂ ਤੇ ਬੈਠ ਕੇ ਕਿਸੇ ਸਰੀਰਕ ਜਪ ਤਪ ਆਦਿ ਦੁਆਰਾ ਪ੍ਰਮਾਤਮਾ ਨੂੰ ਲੱਭਣਾ ਗਲਤ ਹੈ ਭਾਵ ਇਹੋ ਜਿਹੀ ਮਤਿ ਨੂੰ ਛੱਡਣ ਦੀ ਲੋੜ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਆਪਣੀ ਨੀਅਤ ਨੂੰ ਭਾਵ ਮਨ ਦੇ ਵਿਚਾਰਾਂ ਨੂੰ ਰਾਸ ਕਰਨ ਦਾ ਹੈ ਤਾਂ ਜੋ ਅਸੀਂ ਸੰਸਾਰ ਦੇ ਵਿੱਚ ਵਿਚਰਦੇ ਹੋਏ ਕੋਈ ਮਾੜਾ ਕਰਮ ਨਾ ਕਰੀਏ ਜਿਵੇਂ ਕਿ ਅਸੀਂ ਉਪਰ ਸਮਝਿਆ ਹੀ ਹੈ ਕਿ ਨੀਅਤ ਨੂੰ ਰਾਸ ਕਰਨਾ ਕੀ ਹੈ। ਆਪਣੀ ਨੀਅਤ ਨੂੰ ਰਾਸ ਕਰਨ ਲਈ ਭਾਵ ਆਪਣੇ ਮਤਿ ਦੇ ਵਿਚਾਰਾਂ ਨੂੰ ਗੁਰਮਤਿ ਅਨੁਸਾਰ ਚੰਗੇ ਵਿਚਾਰ ਬਨਾਉਣ ਲਈ ਕੇਵਲ ਸ਼ਬਦਾਂ ਦੇ ਵਿਚਾਰਾਂ ਨੂੰ ਸੁਣਕੇ ਤੇ ਉਨ੍ਹਾਂ ਦੁਆਰਾ ਸਮਝਾਈ ਹੋਈ ਅਸਲੀਅਤ ਨੂੰ ਸਮਝ ਕੇ ਉਸਨੂੰ ਮੰਨਣ ਦੀ ਹੈ ਜਿਸਨੂੰ ਮਨੁੱਖ ਘਰ ਦੇ ਵਿੱਚ ਰਹਿੰਦਿਆਂ ਹੋਇਆ ਹੀ ਮੰਨ ਸਕਦਾ ਹੈ ਜਿਸ ਲਈ ਕਿਤੇ ਬਾਹਰ ਜਾ ਕੇ ਭਟਕਣ ਦੀ ਲੋੜ ਨਹੀਂ, ਕੋਈ ਫਕੀਰੀ ਵੇਸ ਧਾਰਨ ਦੀ ਲੋੜ ਨਹੀਂ। **(ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥)**

ਸਿਰੀਰਾਗੁ ਮਹਲਾ ੧ ॥

{ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥
ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥
ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥
ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥
ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥
ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥
ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥
ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥}

(ਅੰਗ ੨੨)

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

ਮਾਰੂ ਮਹਲਾ ੫ ॥

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥

ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

50/6943

ਭਗਤੀ ਦੇ ਮਾਰਗ ਨੂੰ ਅਪਨਾਉਣ ਲਈ ਭਾਵ ਗੁਰੂ ਦਾ ਨਾਮ ਜਪਣ ਲਈ ਕੇਵਲ ਗੁਣਾਂ ਨੂੰ ਅਪਨਾਉਣ ਦੀ ਲੋੜ ਹੈ ਤੇ ਅਉਗੁਣਾਂ ਨੂੰ ਛੱਡਣ ਦੀ ਲੋੜ ਹੈ। ਗੁਣ ਕੀ ਹਨ ਤੇ ਸਾਡੇ ਅਉਗੁਣ ਕੀ ਹਨ ਸਭ ਤੋਂ ਪਹਿਲਾਂ ਤਾਂ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਗੁਣਾਂ ਅਉਗੁਣਾਂ ਵਿੱਚ ਕੀ ਫਰਕ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਰਾਹੀਂ ਬਾਰ-ਬਾਰ ਸਮਝਿਆ ਹੈ, ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਿਆ ਹੈ। ਇਸ ਗੱਲ ਨੂੰ ਧਿਆਨ ਵਿੱਚ ਪੱਕੇ ਤੌਰ ਤੇ ਵਸਾਉਣ ਦੀ ਲੋੜ ਹੈ ਕਿ ਸਾਡਾ ਗੁਣ ਉਹ ਹੈ ਜੋ ਵੀ ਕਰਮ ਅਸੀਂ ਗੁਰਮਤਿ ਅਨੁਸਾਰ ਕਰਦੇ ਹਾਂ ਤੇ ਜੋ ਗੁਣ ਨਹੀਂ ਉਹ ਸਾਡਾ ਔਗੁਣ ਹੈ। ਅਸੀਂ ਆਪਣੇ ਵੱਲੋਂ ਅਨੇਕਾਂ ਹੀ ਉਹੋ ਜਿਹੇ ਕਰਮ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਪ੍ਰਮਾਤਮਾ ਦੀ ਭਗਤੀ ਵਾਲੇ ਕਰਮ ਸਮਝਦੇ ਹਾਂ ਪਰ ਜੇਕਰ ਗੁਰੂ ਸਾਨੂੰ ਇਹ ਕਹਿੰਦਾ ਹੈ ਭਾਵ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਕਿ ਇਹੋ ਜਿਹੇ ਕਰਮਾਂ ਵਿੱਚ ਭਗਤੀ ਨਹੀਂ ਹੈ ਤੇ ਫਿਰ ਉਹੋ ਜਿਹੇ ਕਰਮ ਵਿੱਚ ਗੁਣ ਨਹੀਂ ਹੈ। ਜੋ ਕਰਮ ਸਾਡਾ ਗੁਣ ਨਹੀਂ ਹੈ ਉਹ ਫਿਰ ਔਗੁਣ ਹੈ ਭਾਵ ਗੁਣ ਦਾ ਉਲਟਾ ਪਾਸਾ ਹੈ। ਸਾਡੇ ਹਰ ਕਰਮ ਵਿੱਚ ਜਾਂ ਗੁਣ ਹੁੰਦਾ ਹੈ ਜਾਂ ਔਗੁਣ ਹੁੰਦਾ ਹੈ। ਜੋ ਕਰਮ ਅਸੀਂ ਗੁਣਾਂ ਦੁਆਰਾ ਕਰਦੇ ਹਾਂ ਉਨ੍ਹਾਂ ਕਰਮਾਂ ਦੁਆਰਾ ਅਸੀਂ ਆਪਣੀ ਸਮਝ ਨੂੰ ਗੁਰਮਤਿ ਵਾਲੀ ਭਾਵ ਗੁਰੂ ਦੀ ਸੱਚੀ ਸਮਝ ਦੇ ਨਾਲ ਰਲਾਉਣ ਦਾ ਕੰਮ ਕਰਦੇ ਹਾਂ, ਉੱਦਮ ਕਰਦੇ ਹਾਂ ਤੇ ਸਾਡਾ ਜੋ ਵੀ ਕਰਮ ਗੁਰੂ ਦੀ ਸਮਝ ਤੋਂ ਉਲਟ ਹੁੰਦਾ ਹੈ ਉਹ ਸਾਡਾ ਔਗੁਣ ਹੁੰਦਾ ਹੈ ਜਿਸ ਰਾਹੀਂ ਅਸੀਂ ਆਪਣੀ ਮਨਮਤਿ ਨੂੰ ਉੱਚਾ ਕਰਦੇ ਹਾਂ ਤੇ ਗੁਰਮਤਿ ਨੂੰ ਆਪਣੀ ਸਮਝ ਦੇ ਰਾਹੀਂ ਨੀਵਾਂ ਬਣਾਉਂਦੇ ਹਾਂ ਭਾਵ ਸੱਚ ਤੋਂ ਦੂਰ ਜਾਂਦੇ ਹਾਂ ਭਾਵ ਪ੍ਰਮਾਤਮਾ ਦੇ ਨਾਲ ਆਪਣੀ ਦੂਰੀ ਵਧਾਉਂਦੇ ਹਾਂ ਕਿਉਂਕਿ ਪ੍ਰਮਾਤਮਾ ਸੱਚ ਰੂਪ ਹੈ। ਗੁਰੂ ਦੀ ਮਤਿ ਸਾਨੂੰ ਜੋ ਕੁਝ ਮੰਨਣ ਲਈ ਸਮਝਾਉਂਦੀ ਹੈ ਉਸਨੂੰ ਮੰਨਣ ਦੁਆਰਾ ਅਸੀਂ ਸੱਚ ਨੂੰ ਮੰਨਦੇ ਹਾਂ ਭਾਵ ਸੱਚ ਰੂਪ ਪ੍ਰਮਾਤਮਾ ਦੇ ਆਪਣੇ ਸਮਝਾਏ ਹੋਏ ਉਸਦੇ ਸੱਚੇ ਹੁਕਮ ਨੂੰ ਮੰਨਦੇ ਹਾਂ। ਗੁਰਮਤਿ ਦੀ ਸੱਚੀ ਸਮਝ ਦੇ ਉਲਟ ਚੱਲਕੇ ਭਾਵ ਸੱਚ ਦੇ ਉਲਟ ਚੱਲਕੇ ਅਸੀਂ ਜੋ ਵੀ ਕਰਮ ਕਰਦੇ ਹਾਂ ਉਸ ਰਾਹੀਂ ਅਸੀਂ ਝੂਠ ਨੂੰ ਹੀ ਉੱਚਾ ਕਰਦੇ ਹਾਂ, ਆਪਣੇ ਅੰਦਰ ਦੇ ਕੂੜ ਨੂੰ ਉੱਚਾ ਕਰਦੇ ਹਾਂ ਭਾਵ ਆਪਣੇ ਅੰਦਰ ਦੀ ਨਾਸਮਝ ਮਤਿ ਨੂੰ ਭਾਵ ਮਨਮਤਿ ਨੂੰ ਭਾਵ ਮਨਮੁੱਖਤਾ ਨੂੰ ਉੱਚਾ ਕਰਦੇ ਹਾਂ। ਧਰਮ ਦੇ ਮਾਰਗ ਤੇ ਚੱਲਣ ਲਈ ਸੱਚ

50/6944

ਤੇ ਝੂਠ ਵਿੱਚ ਫਰਕ ਸਮਝਣਾ, ਗੁਣਾਂ ਤੇ ਔਗੁਣਾਂ ਵਿੱਚ ਫਰਕ ਸਮਝਣਾ ਬਹੁਤ ਹੀ ਜਿਆਦਾ ਜਰੂਰੀ ਹੈ। ਇਸ ਗੱਲ ਨੂੰ ਅਸੀਂ ਪਹਿਲਾਂ ਹੇਠ ਦਿੱਤੇ ਸ਼ਬਦ ਨੂੰ ਦ੍ਰਿੜ ਕਰਦੇ ਹਾਂ, ਇਸ ਸ਼ਬਦ ਨੂੰ ਅਸੀਂ ਪਿੱਛੇ ਲੇਖ ਰਾਹੀਂ ਸਮਝਿਆ ਹੀ ਹੈ ਤੇ ਇਸ ਸ਼ਬਦ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਉਸਨੂੰ ਮੰਨਣ ਲਈ ਕੇਵਲ ਤੇ ਕੇਵਲ ਗੁਰੂ ਦੀ ਮਤਿ ਤੇ ਭਰੋਸਾ ਰੱਖਣ ਦੀ ਲੋੜ ਹੈ ਤੇ ਗੁਰੂ ਨੇ ਸਾਨੂੰ ਹਰ ਸ਼ਬਦ ਰਾਹੀਂ ਸੱਚ ਹੀ ਸਮਝਾਇਆ ਹੋਇਆ ਹੈ ਤੇ ਜਿਨ੍ਹਾਂ ਦੀ ਮਤਿ ਗੁਰੂ ਦੀ ਸੱਚੀ ਮਤਿ ਦੇ ਨਾਲ ਮੇਲ ਨਹੀਂ ਖਾਂਦੀ ਉਹ ਝੂਠੀ ਮਤਿ ਹੈ ਭਾਵੇਂ ਉਹੋ ਜਿਹਿਆਂ ਨੂੰ ਅਸੀਂ ਉਨ੍ਹਾਂ ਦੇ ਬਾਹਰੀ ਦਿਖਾਵਿਆ ਦੁਆਰਾ, ਸਰੀਰਕ ਜਪ ਤਪ ਆਦਿ ਕਰਨ ਦੁਆਰਾ ਭਾਵੇਂ ਕਿਤਨੀ ਵੀ ਉੱਚੀ ਮਤਿ ਵਾਲਾ ਮੰਨਿਆ ਹੋਵੇ ਭਾਵ ਧਰਮ ਦੇ ਮਾਰਗ ਦੀ ਭਾਵੇਂ ਜਿਤਨੀ ਵੀ ਉੱਚੀ ਸਮਝ ਵਾਲਾ ਮੰਨਿਆ ਹੋਵੇ। ਗੁਰੂ ਦੀ ਉੱਚੀ ਤੇ ਸੱਚੀ ਮਤਿ ਵਾਲਾ ਹੋਰ ਕੌਣ ਹੋ ਸਕਦਾ ਹੈ। ਗੁਰੂ ਦੀ ਮਤਿ ਦੇ ਉਲਟ ਸਾਨੂੰ ਜੋ ਕੁਝ ਵੀ ਸਮਝਾਉਂਦਾ ਹੈ ਉਹ ਵੱਡੇ ਭਰਮ ਵਿੱਚ ਹੀ ਰਿਹਾ ਹੈ ਤੇ ਉਹ ਦੂਸਰਿਆਂ ਨੂੰ ਵੀ ਭਰਮ ਵਿੱਚ ਪਾਉਂਦਾ ਹੈ। ਉਨ੍ਹਾਂ ਦੇ ਭਰਮਾਏ ਹੋਏ ਅਨੇਕਾਂ ਹੀ ਅਨੇਕਾਂ ਹਨ ਜੋ ਅੱਜ ਵੀ ਸੰਸਾਰ ਨੂੰ ਭਗਤੀ ਦਾ ਸਹੀ ਮਾਰਗ ਸਮਝਾਉਂਣ ਲਈ ਭਰਮਾਂ ਵਿੱਚ ਹੀ ਪਾ ਰਹੇ ਹਨ। ਪ੍ਰਮਾਤਮਾ ਦੇ ਨਾਲ ਸਾਡਾ ਪੜਦਾ ਮਨ ਦਾ ਭਰਮ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਮਨ ਦੀ ਭਰਮਾਂ ਵਾਲੀ ਸਮਝ ਤੋਂ ਹੀ ਭਾਵ ਮਨ ਦੀ ਅਗਿਆਨਤਾ ਤੋਂ ਹੀ ਭਾਵ ਮਨ ਦੀ ਹਉਮੈ ਤੋਂ ਹੀ ਭਾਵ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਤੋਂ ਹੀ ਅਸੀਂ ਮੁਕਤੀ ਲੈਣੀ ਹੈ ਜੋ ਮੁਕਤੀ ਅਸੀਂ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਲੈ ਸਕਦੇ ਹਾਂ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਇਸ ਸਰੀਰ ਦੇ ਰਹਿੰਦੇ ਹੋਏ ਹੀ ਮੁਕਤ ਹੋ ਸਕਦੇ ਹਾਂ ਤੇ ਤਾਂ ਹੀ ਉਸ ਸੱਚ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੀ ਹੈ। ਪੂਰੀ ਗੁਰਬਾਣੀ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਤੋਂ ਮੁਕਤ ਕਰਨ ਦਾ ਹੀ ਹੈ ਤਾਂ ਜੋ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੀਏ। ਪੂਰੀ ਗੁਰਬਾਣੀ ਪ੍ਰਮਾਤਮਾ ਦੀ ਉਹ ਕੁੰਜੀ ਹੈ ਜਿਸ ਕੁੰਜੀ ਨੇ ਸਾਡੇ ਅੰਦਰੋਂ ਉਹ ਭਰਮ ਰੂਪ ਤਾਲਾ ਖੋਲਣਾ ਹੈ ਜੋ ਤਾਲਾ ਹਰ ਮਨੁੱਖ ਦੀ ਸਮਝ ਤੇ ਪ੍ਰਮਾਤਮਾ ਨੇ ਆਪ ਹੀ ਲਗਾਇਆ ਹੋਇਆ ਹੈ ਜਿਵੇਂ ਕਿ ਅਸੀਂ

ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਪਰ ਜਿਨ੍ਹਾਂ ਦੀ ਆਪਣੀ ਸਮਝ ਤੇ ਤਾਲਾ ਲੱਗਿਆ ਹੋਇਆ ਹੈ ਉਹ

50/6945

ਦੂਸਰਿਆਂ ਦੀ ਸਮਝ ਦਾ ਤਾਲਾ ਕਿਵੇਂ ਖੋਲ ਸਕਦੇ ਹਨ। ਜਿਸਦੀ ਮਨ ਦੀ ਸਮਝ ਦਾ ਤਾਲਾ ਗੁਰੂ ਰੂਪ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਖੋਲ ਦਿੰਦਾ ਹੈ ਉਸਨੂੰ ਹੀ ਇਸ ਗੱਲ ਦੀ ਸਮਝ ਪੈ ਸਕਦੀ ਹੈ ਕਿ ਸਾਡੇ ਅੰਦਰ ਦਾ ਤਾਲਾ ਕੀ ਹੈ ਤੇ ਉਹ ਕਿਹੜੀ ਕੁੰਜੀ ਹੈ ਜਿਸਦੇ ਨਾਲ ਇਹ ਤਾਲਾ ਖੁੱਲਦਾ ਹੈ। ਮਨ ਦੀ ਅਗਿਆਨਤਾ ਰੂਪ ਤਾਲਾ ਕੇਵਲ ਤੇ ਕੇਵਲ ਗੁਰੂ ਦੇ ਸੱਚੇ ਗਿਆਨ ਰੂਪ ਚਾਬੀ ਦੁਆਰਾ ਹੀ ਖੁੱਲ ਸਕਦਾ ਹੈ ਤੇ ਇਸ ਤਾਲੇ ਦੇ ਖੁੱਲਣ ਦਾ ਤਰੀਕਾ ਪੂਰੇ ਸੰਸਾਰ ਵਿੱਚ ਨਾ ਹੀ ਕੋਈ ਹੋਰ ਹੈ ਤੇ ਨਾ ਹੀ ਕੋਈ ਹੋਰ ਹੋ ਸਕਦਾ ਹੈ ਕਿਉਂਕਿ ਪ੍ਰਮਾਤਮਾ ਤੇ ਸਾਰੀ ਸ੍ਰਿਸ਼ਟੀ ਦਾ ਇੱਕੋ ਹੀ ਹੈ ਤੇ ਉਸਨੂੰ ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਾਰੇ ਸੰਸਾਰ ਦੀ ਸਮਝ ਦਾ ਮਾਲਕ ਉਹ ਆਪ ਹੀ ਹੈ ਤੇ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਵੀ ਉਹ ਆਪ ਹੀ ਹੈ ਜਿਸ ਵਿੱਚੋਂ ਕੇਵਲ ਤੇ ਕੇਵਲ ਉਹ ਕਿਸੇ ਨੂੰ ਆਪ ਹੀ ਕੱਢ ਸਕਦਾ ਹੈ ਭਾਵ ਹਰ ਕਿਸੇ ਦੀ ਸਮਝ ਤੇ ਅਗਿਆਨਤਾ ਰੂਪ ਤਾਲਾ ਲਗਾਉਣ ਵਾਲਾ ਵੀ ਉਹ ਆਪ ਹੈ ਜਿਸ ਵਿੱਚੋਂ ਕੇਵਲ ਤੇ ਕੇਵਲ ਉਹ ਆਪ ਹੀ ਕਿਸੇ ਨੂੰ ਕੱਢ ਸਕਦਾ ਹੈ। ਉਸ ਅਗਿਆਨਤਾ ਰੂਪ ਤਾਲੇ ਨੂੰ ਭਾਵ ਹਉਮੈ ਰੂਪ ਤਾਲੇ ਨੂੰ, ਤ੍ਰੈ ਗੁਣਾਂ ਵਾਲੀ ਸਮਝ ਰੂਪ ਤਾਲੇ ਨੂੰ ਖੋਲਣ ਵਾਲੀ ਕੁੰਜੀ ਪ੍ਰਮਾਤਮਾ ਦਾ ਸੱਚਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਭਾਵ ਉਸਦਾ ਨਾਮ ਰੂਪ ਗਿਆਨ ਹੈ ਭਾਵ ਉਸਦਾ ਚੌਥੇ ਪਦ ਦਾ ਗਿਆਨ ਹੈ ਭਾਵ ਮਨ ਦੇ ਸਹਜ ਵਾਲੀ ਸਮਝ ਵਾਲਾ ਗਿਆਨ ਹੈ। ਪੂਰੀ ਗੁਰਬਾਣੀ ਸਾਡਾ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪੂਰੀ ਗੁਰਬਾਣੀ ਦੇ ਵਿੱਚ ਚੌਥੇ ਪਦ ਦਾ ਗਿਆਨ ਹੈ, ਸਹਜ ਗਿਆਨ ਹੈ, ਬ੍ਰਹਮ ਗਿਆਨ ਹੈ ਭਾਵ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਨਾਮ ਹੈ, ਉਸਦਾ ਉੱਚਾ ਗਿਆਨ ਹੈ ਜੋ ਉੱਚਾ ਗਿਆਨ ਮਨੁੱਖ ਨੂੰ ਹਰ ਭਰਮ ਵਿੱਚੋਂ ਕੱਢ ਸਕਦਾ ਹੈ ਭਾਵ ਉਸਦੇ ਮਨ ਦੀ ਸਮਝ ਦੇ ਵਿੱਚ ਲੱਗੇ ਹੋਏ ਤਾਲੇ ਨੂੰ ਖੋਲ ਸਕਦਾ ਹੈ, ਪੂਰੇ ਸੰਸਾਰ ਵਿੱਚ ਕਿਸੇ ਵੀ ਮਨੁੱਖ ਦੇ ਅੰਦਰ ਲੱਗੇ ਹੋਏ ਅਗਿਆਨਤਾ ਰੂਪ ਤਾਲੇ ਨੂੰ ਖੋਲ ਸਕਦਾ ਹੈ ਜੋ ਮਨ ਦਾ ਤਾਲਾ ਖੁੱਲਣ ਦੁਆਰਾ ਕੋਈ ਵੀ ਮਨੁੱਖ ਇਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਪ੍ਰਮਾਤਮਾ ਦੇ ਉਸ ਰੂਪ ਨੂੰ ਜਾਣ ਸਕਦਾ ਹੈ, ਨਿਰੰਕਾਰ ਰੂਪ ਨੂੰ ਜਾਣ ਸਕਦਾ ਹੈ ਜੋ ਉਸਦਾ ਨਿਰੰਕਾਰ ਰੂਪ ਜਾਨਣ ਦੁਆਰਾ ਹੀ ਹਰ ਆਕਾਰ ਰੂਪ ਦੇ ਮਾਲਕ ਦੀ ਸਮਝ ਪੈਂਦੀ ਹੈ ਜਿਵੇਂ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ,

50/6946

ਪੂਰੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਈ ਹੈ ਤੇ ਉਨ੍ਹਾਂ ਨੇ ਹੀ ਗੁਰੂ ਰੂਪ ਗੁਰਬਾਣੀ ਰਾਹੀਂ ਆਪਣੇ ਉੱਚੇ ਤੇ ਸੱਚੇ ਗਿਆਨ ਰਾਹੀਂ ਉਹ ਕੁੰਜੀ ਸਾਰੇ ਸੰਸਾਰ ਨੂੰ ਦਿੱਤੀ ਹੈ, ਗੁਰਬਾਣੀ ਦੇ ਸੱਚੇ ਗਿਆਨ ਦੁਆਰਾ ਦਿੱਤੀ ਹੈ ਜੋ ਚਾਬੀ ਗੁਰੂ ਕੋਲੋਂ ਲਏ ਬਿਨਾਂ ਅਸੀਂ ਆਪਣੇ ਅੰਦਰ ਦੀ ਅਗਿਆਨਤਾ ਰੂਪ ਤਾਲੇ ਨੂੰ ਨਹੀਂ ਖੋਲ ਸਕਦੇ। ਗੁਰੂ ਦੀ ਇਹ ਚਾਬੀ ਸਭ ਦੇ ਲਈ ਸਦਾ ਹੀ ਹਾਜਰ ਹੈ ਤੇ ਜੇਕਰ ਇਹ ਚਾਬੀ ਅਸੀਂ ਲੈ ਕੇ ਆਪਣੇ ਮਨ ਦੇ ਤਾਲੇ ਉਪਰ ਲਗਾਵਾਂਗੇ ਤੇ ਫਿਰ ਤਾਂ ਹੀ ਆਪਣੇ ਮਨ ਦੇ ਅੰਦਰ ਲੱਗੇ ਹੋਏ ਤਾਲੇ ਨੂੰ ਖੋਲਣ ਦਾ ਸੱਚਾ ਉਪਰਾਲਾ ਕਰਾਂਗੇ। ਇਹ ਚਾਬੀ ਗਿਆਨ ਰੂਪ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ, ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ। ਜਿਉਂ ਜਿਉਂ ਅਸੀਂ ਗੁਰੂ ਦਾ ਨਾਮ ਜਪਣ ਦਾ ਸੱਚਾ ਉੱਦਮ ਕਰਦੇ ਜਾਵਾਂਗੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਬਰੀਕੀ ਨਾਲ ਸਮਝਕੇ ਉਨ੍ਹਾਂ ਨੂੰ ਮੰਨਣ ਦਾ ਉੱਦਮ ਕਰਦੇ ਜਾਵਾਂਗੇ ਭਾਵ ਜਿਉਂ ਜਿਉਂ ਗੁਰੂ ਦੇ ਸੱਚੇ ਗਿਆਨ ਨੂੰ ਅਪਨਾਈ ਜਾਵਾਂਗੇ ਤਿਉਂ ਤਿਉਂ ਅਸੀਂ ਆਪਣੇ ਅੰਦਰੋਂ ਅਗਿਆਨਤਾ ਰੂਪ ਤਾਲੇ ਨੂੰ ਖੋਲਣ ਦਾ ਸੱਚਾ ਉੱਦਮ ਕਰਦੇ ਜਾਵਾਂਗੇ, ਆਪਣੇ ਅੰਦਰੋਂ ਭਰਮਾਂ ਵਾਲੀ ਸਮਝ ਤੋਂ ਮੁਕਤ ਹੋਣ ਦਾ ਸੱਚਾ ਉੱਦਮ ਕਰਦੇ ਜਾਵਾਂਗੇ। ਇਹ ਸੱਚਾ ਉੱਦਮ ਕਰਨਾ ਹੀ ਉਸ ਅਕਾਲ ਪੁਰਖ ਨੇ ਮਨੁੱਖ ਦੇ ਜਿੰਮੇ ਲਗਾਇਆ ਹੋਇਆ ਹੈ ਤੇ ਜੋ ਇਹ ਸੱਚਾ ਉੱਦਮ ਕਰਦਾ ਹੈ ਉਹੀ ਪ੍ਰਮਾਤਮਾ ਦੀ ਕ੍ਰਿਪਾ ਦਾ ਸੱਚਾ ਪਾਤਰ ਬਣ ਸਕਦਾ ਹੈ ਜਿਸ ਆਪਣੀ ਕ੍ਰਿਪਾ ਦੁਆਰਾ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਪ੍ਰਗਟ ਹੋ ਕੇ ਉਸਦੇ ਅੰਦਰੋਂ ਆਪਣਾ ਹੀ ਮਾਰਿਆ ਹੋਇਆ ਅਗਿਆਨਤਾ ਦਾ ਤਾਲਾ ਖੋਲਦਾ ਹੈ ਭਾਵ ਆਪਣੀ ਬ੍ਰਹਮ ਗਿਆਨ ਰੂਪ ਕੁੰਜੀ ਦੁਆਰਾ, ਆਪਣੀ ਬ੍ਰਹਮ ਗਿਆਨ ਰੂਪ ਸਮਝ ਦੁਆਰਾ ਮਨੁੱਖ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਦਾ ਹੈ, ਮਨ ਦੀ ਤ੍ਰੈ ਗੁਣਾਂ ਰੂਪ ਵਾਲੀ ਸਮਝ ਵਿੱਚੋਂ ਕੱਢਦਾ ਹੈ, ਮਨ ਦੀ ਹਉਮੈ ਵਿੱਚੋਂ ਕੱਢਦਾ ਹੈ, ਮਨ ਦੀ ਮੈਂ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਭ ਕੁਝ ਤੂੰ ਹੀ ਤੂੰ ਹੈ। ਹੁਣ ਧਿਆਨ ਨਾਲ ਸੋਚੋ ਕਿ ਕਿਸਦੀ ਮਤਿ ਦੇ ਨਾਲ ਜੁੜਕੇ ਸਾਡੇ ਅੰਦਰ ਦੀ ਅਗਿਆਨਤਾ ਮਿੱਟ ਸਕਦੀ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦੇ

ਹਾਂ। ਗੁਰੂ

50/6947

ਦੀ ਸੱਚੀ ਮਤਿ ਨੂੰ ਛੱਡ ਕੇ ਤੇ ਕਿਸੇ ਹੋਰ ਦੀ ਮਤਿ ਨਾਲ ਜੁੜਕੇ ਕੀ ਕਦੇ ਕੋਈ ਪ੍ਰਮਾਤਮਾ ਨੂੰ ਪਾ ਸਕਦਾ ਹੈ, ਕੀ ਕੋਈ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਭਾਵ ਨਹੀਂ ਕਰ ਸਕਦਾ। ਗੁਰੂ ਪ੍ਰਮਾਤਮਾ ਕੇਵਲ ਗੁਣਾਂ ਦਾ ਗਾਹਕ ਹੈ ਤੇ ਗੁਣਾਂ ਨੂੰ ਛੱਡ ਕੇ ਆਪਣੇ ਔਗੁਣਾਂ ਨੂੰ ਹੀ ਗੁਣ ਸਮਝੀ ਜਾਣਾ ਇਹ ਸਾਡਾ ਬਹੁਤ ਵੱਡਾ ਭਰਮ ਹੈ ਤੇ ਜਿਨ੍ਹਾਂ ਕੋਲੋਂ ਅਸੀਂ ਆਪਣੇ ਵੱਲੋਂ ਭਰਮ ਦੇ ਗੁਣ ਸਿੱਖਦੇ ਹਾਂ ਉਹ ਅਸਲ ਵਿੱਚ ਸਾਨੂੰ ਕੀ ਸਿਖਾਉਂਦੇ ਹਨ ਆਉ ਇਸ ਗੱਲ ਨੂੰ ਹੇਠ ਲਿਖੇ ਸ਼ਬਦ ਦੁਆਰਾ ਦ੍ਰਿੜ ਕਰਦੇ ਹਾਂ ਇਸ ਪੂਰੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਆਉ ਗੁਰੂ ਦੀ ਸਮਝ ਤੇ ਪੂਰਾ ਵਿਸ਼ਵਾਸ ਕਰਕੇ ਸਮਝੀਏ।

ਸਿਰੀਰਾਗੁ ਮਹਲਾ ੧ ॥

“ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥”

(ਅੰਗ ੫੬-੫੭)

ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਸਮਝੇ ਹੀ ਹਨ। ਉਪਰ ਸ਼ਬਦ ਰਾਹੀਂ ਸਾਡੇ ਅਨੇਕਾਂ ਹੀ ਉਹੋ ਜਿਹੇ ਕਰਮ ਦੱਸੇ ਹੋਏ ਹਨ ਜਿਨ੍ਹਾਂ ਨੂੰ ਅਸੀਂ ਆਪਣੇ ਵੱਲੋਂ ਭਗਤੀ ਵਾਲੇ ਕਰਮ ਸਮਝਦੇ ਹਾਂ ਭਾਵ ਉਨ੍ਹਾਂ ਨੂੰ ਅਸੀਂ ਗੁਣਾਂ ਵਾਲੇ ਕਰਮ ਸਮਝਦੇ ਹਾਂ। ਸਾਰੀ ਗੱਲ ਸਾਨੂੰ ਮਨ ਦੇ ਰਾਹੀਂ ਸੱਚੇ ਹੋਣ ਦੀ ਗੱਲ ਸਮਝਾਈ ਹੋਈ ਹੈ ਭਾਵ ਜਦ ਤੱਕ ਸਾਡੇ ਮਨ ਦੇ ਅੰਦਰ ਸੱਚ ਨਹੀਂ ਵੱਸਦਾ ਭਾਵ ਗੁਰੂ ਦੀ ਸਮਝਾਈ ਹੋਈ ਸੱਚੀ ਸਿੱਖਿਆ ਨਹੀਂ ਵੱਸਦੀ ਤਦ ਤੱਕ ਅਸੀਂ ਨਾ ਗੁਣਾਂ ਵਾਲੇ ਬਣ ਸਕਦੇ ਹਾਂ ਤੇ ਨਾ ਹੀ ਗੁਰਮਤਿ ਤੇ ਪੂਰਾ ਉਤਰ ਸਕਦੇ ਹਾਂ। ਜਿਹੋ ਜਿਹੇ ਕਰਮ ਕਰਨ ਲਈ ਗੁਰੂ ਸਾਨੂੰ ਮਨ੍ਹਾਂ ਕਰਦਾ ਹੈ ਭਾਵ ਜਪ ਤਪ ਸੰਜਮ ਆਦਿ ਤੋਂ ਮਨ੍ਹਾਂ ਕਰਦਾ ਹੈ ਉਹ ਕੁਝ ਕਰਨ ਨਾਲ ਅਸੀਂ ਗੁਣਾਂ ਵਾਲੇ ਕਿਵੇਂ ਬਣ ਸਕਦੇ ਹਾਂ। ਅਸੀਂ ਤੀਰਥਾਂ ਦੇ ਉੱਤੇ ਜਾ ਕੇ ਉੱਥੇ ਵੱਸਣ ਨੂੰ ਇੱਕ ਵੱਡਾ ਗੁਣ ਸਮਝਦੇ ਹਾਂ ਤੇ ਉੱਥੇ ਜਾ ਕੇ ਅਨੇਕਾਂ ਪੁੰਨ ਦਾਨ ਵੀ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਆਪਣੇ ਚੰਗੇ ਕਰਮ ਸਮਝਦੇ ਹਾਂ। ਇਹੋ ਜਿਹੇ ਪੁੰਨ ਦਾਨ ਅਸੀਂ ਕਿਹੋ ਜਿਹੀ ਕਮਾਈ ਹੋਈ ਮਾਇਆ ਦੁਆਰਾ ਕਰਦੇ ਹਾਂ ਇਸ ਗੱਲ ਨੂੰ ਵਿਚਾਰਨ ਦੀ ਲੋੜ ਹੈ। ਪੁੰਨ ਦਾਨ ਕਰਨਾ

50/6948

ਕੋਈ ਮਾੜੀ ਗੱਲ ਨਹੀਂ ਤੇ ਪੁੰਨ ਦਾਨ ਸਾਡਾ ਤਾਂ ਹੀ ਚੰਗਾ ਹੈ ਭਾਵ ਗੁਰੂ ਦੀਆਂ ਨਜਰਾਂ ਵਿੱਚ ਤਾਂ ਹੀ ਕਬੂਲ ਹੁੰਦਾ ਹੈ ਜੇਕਰ ਪਹਿਲਾਂ ਅਸੀਂ ਆਪ ਸੱਚ ਤੇ ਚੱਲਣ ਵਾਲੇ ਭਾਵ ਗੁਰੂ ਦੀ ਸਿੱਖਿਆ ਅਨੁਸਾਰ ਚੱਲਣ ਵਾਲੇ ਬਣੀਏ। ਗੁਰੂ ਦੀ ਸਿੱਖਿਆ ਸਾਨੂੰ ਸੱਚੀ ਕਮਾਈ ਕਰਨ ਨੂੰ ਸਮਝਾਉਂਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਲਈ ਸਮਝਾਉਂਦੀ ਹੈ, ਮਾਇਆ ਮੋਹ ਵਿੱਚੋਂ ਨਿਕਲਕੇ ਸੱਚੀ ਸੁੱਚੀ ਕਿਰਤ ਕਰਨ ਲਈ ਸਮਝਾਉਂਦੀ ਹੈ, ਝੂਠ ਨਾ ਬੋਲਣ ਲਈ ਸਮਝਾਉਂਦੀ ਹੈ, ਲੋਭ, ਮੋਹ ਛੱਡਣ ਲਈ ਸਮਝਾਉਂਦੀ ਹੈ ਤਾਂ ਜੋ ਅਸੀਂ ਕਿਸੇ ਦਾ ਹੱਕ ਨਾ ਖਾਈਏ ਭਾਵ ਹੱਕ ਹਲਾਲ ਦੀ ਕਮਾਈ ਕਰੀਏ, ਆਪਣੀ ਹੱਕ ਹਲਾਲ ਦੀ ਕਮਾਈ ਵਿੱਚੋਂ ਪੁੰਨ ਦਾਨ ਕਰਨਾ ਚੰਗੀ ਗੱਲ ਹੈ, ਕਿਸੇ ਲੋੜਵੰਦ ਦੀ ਸੱਚੀ ਲੋੜ ਨੂੰ ਪੂਰਾ ਕਰਨਾ ਚੰਗੀ ਗੱਲ ਹੈ, ਭਗਤੀ ਦੇ ਸੱਚੇ ਮਾਰਗ ਤੇ ਚੱਲਣ ਲਈ ਸਾਡੇ ਸੱਚੇ ਸੁੱਚੇ ਕਰਮ ਹੀ ਕੰਮ ਆਉਂਦੇ ਹਨ ਜੋ ਸੱਚੇ ਸੁੱਚੇ ਕਰਮ ਮਨੁੱਖ ਔਗੁਣਾਂ ਨੂੰ ਤਿਆਗਕੇ ਤੇ ਗੁਣਾਂ ਦੁਆਰਾ ਵਿਚਰਕੇ ਹੀ ਕਰ ਸਕਦਾ ਹੈ ਜੋ ਚੰਗੇ ਕਰਮ ਕਰਨ ਲਈ ਕਿਸੇ ਧਾਰਮਿਕ ਦਿਖਾਵੇ ਦੀ ਲੋੜ ਨਹੀਂ ਹੈ, ਸਰੀਰਕ ਜਪ ਤਪ ਆਦਿ ਕਰਨ ਦੀ ਲੋੜ ਨਹੀਂ ਹੈ ਜਿਨ੍ਹਾਂ ਸਰੀਰਕ ਜਪ ਤਪ ਵਾਲੇ ਦਿਖਾਵਿਆਂ ਨੂੰ ਅਸੀਂ ਭਗਤੀ ਵਾਲੇ ਗੁਣ ਹੀ ਸਮਝਦੇ ਹਾਂ ਤੇ ਉਪਰ ਵਾਲੇ ਸ਼ਬਦ ਦੁਆਰਾ ਸਾਡੇ ਇਹੋ ਜਿਹੇ ਭਰਮ ਹੀ ਕੱਢੇ ਹੋਏ ਹਨ। **(ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥ ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥)**

ਸਲੋਕ ਮਃ ੧ ॥

{ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥ ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥ ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥}

(ਅੰਗ ੧੨੪੫)

ਉਪਰ ਵਾਲੇ ਮੁੱਖ ਸ਼ਬਦ ਦੇ ਅਗਲੇ ਪਦਿਆਂ ਦੁਆਰਾ ਵੀ ਸਾਡੇ ਇਹ ਭਰਮ ਹੀ ਕੱਢੇ ਹੋਏ ਹਨ ਕਿ ਕੋਈ ਪ੍ਰਮਾਤਮਾ ਦੀ ਭਗਤੀ ਲਈ ਜੰਗਲਾਂ ਆਦਿ ਵਿੱਚ ਜਾ ਕੇ ਬੈਠ ਜਾਂਦੇ ਹਨ, ਕੋਈ ਪਹਾੜਾਂ ਦੀਆਂ ਚੋਟੀਆਂ ਤੇ ਜਾ ਕੇ ਬੈਠ ਜਾਂਦੇ ਹਨ ਜਿਸ ਵਿੱਚ ਉਹ ਪ੍ਰਮਾਤਮਾ ਦੀ ਸੱਚੀ ਭਗਤੀ ਹੀ ਸਮਝਦੇ ਹਨ ਜਿਸਨੂੰ ਉਹ ਆਪਣਾ ਵੱਡਾ ਗੁਣ ਹੀ ਸਮਝਦੇ ਹਨ। ਇਹੋ ਜਿਹੀ ਭਗਤੀ ਕਰਨ ਦੇ ਮਾਰਗ ਨੂੰ ਬਾਣੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਬਾਰ-ਬਾਰ ਖੰਡਿਆ ਹੋਇਆ ਹੈ ਜਿਵੇਂ

50/6949

ਕਿ ਅਸੀਂ ਲੇਖ ਵਿੱਚ ਗਹਿਰਾਈ ਨਾਲ ਸਮਝਿਆ ਹੀ ਹੈ। ਇਹੋ ਜਿਹੀ ਭਗਤੀ ਦਾ ਮਾਰਗ ਸਾਨੂੰ ਸਮਝਾਉਣ ਵਾਲੇ ਕੌਣ ਹਨ ਜਿਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਇਹੋ ਕੁਝ ਕਰਦੇ ਹਾਂ ਤੇ ਫਿਰ ਵੀ ਆਪਣੇ ਆਪ ਨੂੰ ਭਗਤੀ ਕਰਨ ਵਾਲੇ ਸਮਝਦੇ ਹਾਂ ਭਾਵ ਭਗਤੀ ਦੇ ਗੁਣਾਂ ਵਾਲੇ ਸਮਝਦੇ ਹਾਂ। ਜੋ ਸਾਡਾ ਕਰਮ ਗੁਰੂ ਦੀਆਂ ਨਜਰਾਂ ਵਿੱਚ ਗੁਣ ਨਹੀਂ ਹੈ ਤੇ ਉਹ ਸਾਡਾ ਔਗੁਣ ਹੈ ਕਿਉਂਕਿ ਗੁਣ ਦਾ ਦੂਜਾ ਪਾਸਾ ਔਗੁਣ ਹੀ ਹੈ। ਗੁਰੂ ਦੀ ਮਤਿ ਨੂੰ ਬਰੀਕੀ ਨਾਲ ਸਮਝਣਾ ਵੀ ਗੁਣ ਹੈ ਜੋ ਕਿ ਸਾਡਾ ਗੁਣੀ ਬਣਨ ਦਾ ਸੱਚਾ ਉੱਦਮ ਹੈ ਤੇ ਅਸਲ ਸੱਚਾ ਉੱਦਮ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦਾ ਹੈ ਜਿਸਨੇ ਸਾਨੂੰ ਗੁਣਾਂ ਵਾਲਾ ਬਨਾਉਣਾ ਹੈ। ਜੋ ਸੱਚੇ ਦਿਲੋਂ ਗੁਣੀ ਬਣਨਾ ਚਾਹੁੰਦਾ ਹੈ ਉਹ ਫਿਰ ਧਰਮ ਦਾ ਸੱਚਾ ਮਾਰਗ ਸਮਝਣ ਲਈ ਕਿਸੇ ਹੋਰ ਦੀ ਸਮਝ ਦੇ ਨਾਲ ਜੁੜ ਹੀ ਨਹੀਂ ਸਕਦਾ। ਜੇਕਰ ਸੰਸਾਰੀਆਂ ਦੇ ਕੋਲ ਸੱਚੇ ਮਾਰਗ ਦੀ ਸਮਝ ਹੁੰਦੀ ਫਿਰ ਉਸ ਅਕਾਲ ਪੁਰਖ ਨੂੰ ਐਨੀ ਵੱਡੀ ਗੁਰਬਾਣੀ ਦੀ ਰਚਨਾ ਕਰਨ ਦੀ ਜਰੂਰਤ ਹੀ ਕੀ ਸੀ। ਐਨੀ ਵੱਡੀ ਗੁਰਬਾਣੀ ਦੀ ਸੱਚੀ ਮਤਿ ਦੀ ਕਦਰ ਪਾਉਣ ਲਈ ਉਹੋ ਜਿਹਿਆਂ ਦੀ ਮਤਿ ਦੇ ਨਾਲ ਨਾ ਜੁੜੀਏ ਜੋ ਸਾਨੂੰ ਭਗਤੀ ਦਾ ਮਾਰਗ ਸਮਝਾਉਣ ਲਈ ਅਨੇਕਾਂ ਹੀ ਭਰਮਾਂ ਵਿੱਚ ਪਾਉਂਦੇ ਹਨ। ਪ੍ਰਮਾਤਮਾ ਨੇ ਜਦੋਂ ਮਿਲਣਾ ਹੈ ਮਨ ਦੀ ਸਮਝ ਦੇ ਵਿੱਚ ਹੀ ਮਿਲਣਾ ਹੈ ਤੇ ਉਹ ਤਾਂ ਹੀ ਮਿਲੇਗਾ ਜਦੋਂ ਅਸੀਂ ਆਪਣੀ ਭਰਮਾਂ ਵਾਲੀ ਨੀਵੀਂ ਨਾਸਮਝ ਮਤਿ ਨੂੰ ਗੁਰੂ ਦੀ ਸੱਚੀ ਸੁੱਚੀ ਉੱਚੀ ਮਤਿ ਦੇ ਨਾਲ ਮਿਲਾਉਣ ਦਾ ਉੱਦਮ ਕਰਾਂਗੇ ਤੇ ਉਸ ਗਿਆਨ ਰੂਪ ਪ੍ਰਮਾਤਮਾ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਹੈ ਹੀ ਨਹੀਂ ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ। ਇਸੇ ਗੱਲ ਨੂੰ ਅਸੀਂ ਹੇਠ ਦਿੱਤੇ ਕੁਝ ਸ਼ਬਦਾਂ ਦੁਆਰਾ ਫਿਰ ਤੋਂ ਦ੍ਰਿੜ ਕਰਦੇ ਹਾਂ ਜਿਨ੍ਹਾਂ ਸਾਰੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ। ਗੁਰੂ ਸਾਨੂੰ ਹਰ ਸ਼ਬਦ ਰਾਹੀਂ ਸੱਚ ਹੀ ਸਮਝਾਉਂਦਾ ਹੈ ਤੇ ਸੱਚ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਆਪਣੇ ਨਾਲ ਮਿਲਾਉਣ ਦਾ ਹੀ ਹੈ ਜੇਕਰ

ਅਸੀਂ ਉਸ ਸੱਚ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਚਾਹੁੰਦੇ ਹਾਂ ਤੇ ਆਉ ਫਿਰ ਸ਼ਬਦਾਂ ਦੀ ਵਿਚਾਰ ਦੁਆਰਾ ਸੱਚ ਨੂੰ ਪੜ ਕੇ, ਸੁਣ ਕੇ, ਬੁੱਝ ਕੇ ਭਾਵ ਸਮਝ ਕੇ ਉਸਨੂੰ ਮੰਨਣ ਦਾ ਉੱਦਮ ਕਰੀਏ ਜੋ ਸੱਚਾ ਉੱਦਮ ਕਰਨ ਦੁਆਰਾ ਹੀ ਪ੍ਰਮਾਤਮਾ ਕਿਸੇ ਨੂੰ ਆਪਣੇ ਮਹਲ ਵਿੱਚ ਬੁਲਾਉਂਦਾ ਹੈ ਜੋ ਉਸਦਾ ਮਹਲ ਸੱਚ ਕਰਕੇ ਜਾਣੋ ਕਿ ਸਾਡੇ ਸਭ ਦੇ ਅੰਦਰ ਹੀ ਹੈ, ਜੋਤਿ ਰੂਪ ਵਿੱਚ ਹੈ ਜਿਸ ਆਪਣੀ ਮਨ ਰੂਪ ਜੋਤਿ

50/6950

ਦੁਆਰਾ ਪ੍ਰਮਾਤਮਾ ਸਭ ਦੇ ਅੰਦਰ ਗਿਆਨ ਦਾ ਪ੍ਰਗਾਸ ਕਰਦਾ ਹੈ। ਜੋ ਵੀ ਤੁਹਾਡੇ ਸਭ ਦੇ ਅੰਦਰ ਸਮਝ ਉਪਜਦੀ ਹੈ ਉਹ ਉਸਦੇ ਜੋਤਿ ਰੂਪ ਮਨ ਦੇ ਮਹਲ ਦੇ ਵਿੱਚੋਂ ਹੀ ਉਪਜਦੀ ਹੈ। ਆਉ ਪ੍ਰਮਾਤਮਾ ਦੇ ਮਹਲ ਨੂੰ ਆਪਣੇ ਅੰਦਰੋਂ ਜਾਨਣ ਦਾ ਭਾਵ ਉਸ ਵਿੱਚ ਪਹੁੰਚਣ ਦਾ ਸੱਚਾ ਉੱਦਮ ਕਰੀਏ, ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਗੁਰੂ ਦੀ ਮਤਿ ਦੇ ਨਾਲ ਜੁੜਨ ਦਾ ਸੱਚਾ ਉੱਦਮ ਕਰੀਏ ਭਾਵ ਗੁਰੂ ਦੀ ਸਮਝ ਨੂੰ ਮੰਨਣ ਦਾ ਸੱਚਾ ਉੱਦਮ ਕਰੀਏ ਜੋ ਗੁਰੂ ਦੀ ਸਮਝ ਸਾਡੀ ਸਮਝ ਨਾਲੋਂ ਬਹੁਤ ਉੱਚੀ ਹੈ, ਬਹੁਤ ਉੱਚੀ ਹੈ, ਬਹੁਤ ਹੀ ਜਿਆਦਾ ਉੱਚੀ ਹੈ ਕਿਉਂਕਿ ਉਹ ਚੌਥੇ ਪਦ ਦੇ ਗਿਆਨ ਵਾਲੀ ਸਮਝ, ਨਾਮ ਵਾਲੀ ਸਮਝ, ਬ੍ਰਹਮ ਗਿਆਨ ਵਾਲੀ ਸਮਝ ਤੇ ਗੁਰੂ ਦੀ ਇਹੋ ਜਿਹੀ ਉੱਚੀ ਸਮਝ ਹੀ ਸਾਨੂੰ ਸਾਡੀ ਭਰਮਾਂ ਵਾਲੀ ਨੀਵੀਂ ਸਮਝ ਵਿੱਚੋਂ ਕੱਢ ਸਕਦੀ ਹੈ। ਜੋ ਜੋ ਵੀ ਆਪਣੀ ਭਰਮਾਂ ਵਾਲੀ ਸਮਝ ਨੂੰ ਛੱਡੇਗਾ ਉਹ ਹੀ ਗੁਰੂ ਦੀ ਉੱਚੀ ਸਮਝ ਦੇ ਨਾਲ ਜੁੜੇਗਾ ਭਾਵ ਗੁਰੂ ਦੇ ਨਾਲ ਜੁੜੇਗਾ ਭਾਵ ਗੁਰੂ ਦੇ ਚਰਨਾਂ ਦੇ ਨਾਲ ਜੁੜੇਗਾ।

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

{ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}

(ਅੰਗ ੮੪੩)

ਸਿਰੀਰਾਗੁ ਮਹਲਾ ੩ ॥

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ॥ ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ॥

ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

ਸਿਰੀਰਾਗੁ ਮਹਲਾ ੫ ਘਰੁ ੫ ॥

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥
ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

{ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥}

(ਅੰਗ ੯੫੨)

50/6951

ਮਃ ੧ ॥

{ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥}

(ਅੰਗ ੪੭੧-੪੭੨)

ਸਲੋਕੁ ਮਃ ੧ ॥

{ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥
ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥}

(ਅੰਗ ੪੭੩)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ ੫੮)

ਸਲੋਕ ਮਹਲਾ ੧ ॥

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ॥੧॥ਰਹਾਉ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥
ਅੰਧਾ ਸਚਾ ਅੰਧੀ ਸਟ ॥੨॥ ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥

ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

50/6952

ਭੈਰਉ ਮਹਲਾ ੩ ॥

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

{ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥
ਖੀਨ ਖਰਾਬੁ ਹੋਵੈ ਨਿਤ ਕੰਧੁ ॥ ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥}

(ਅੰਗ ੩੫੪)

{ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ ॥
ਰਾਜਾ ਨਿਆਉ ਕਰੇ ਹਥਿ ਹੋਇ ॥ ਕਹੈ ਖੁਦਾਇ ਨ ਮਾਨੈ ਕੋਇ ॥੩॥}

(ਅੰਗ ੩੫੦)

ਸਲੋਕ ਮਹਲਾ ੧ ॥

{ਜੂਠਿ ਨ ਰਾਗੀ ਜੂਠਿ ਨ ਵੇਦੀ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥ ਜੂਠਿ ਨ ਅੰਨੀ ਜੂਠਿ ਨ ਨਾਈ ॥
ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥
ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥}

(ਅੰਗ ੧੨੪੦)

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

{ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਭੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥}

(ਅੰਗ ੨੩)

ਸਿਰੀਰਾਗੁ ਮਹਲਾ ੧ ॥

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥
ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥
ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥}

(ਅੰਗ ੧੫-੧੬)

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ ੭੮)

50/6953

ਰਾਗੁ ਗਉੜੀ ਚੇਤੀ ॥

{ਦੇਖੋ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ ੩੩੧-੩੩੨)

ਮਾਰੂ ਮਹਲਾ ੫ ॥

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥ ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥

ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥ ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥}

(ਅੰਗ ੧੦੦੨)

{ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥ ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥}

(ਅੰਗ ੯੩)

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੯)

ਰਾਮਕਲੀ ਮਹਲਾ ੫ ॥

{ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥ ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ॥੧॥
ਅਚਰਜੁ ਕਿਛੁ ਕਹਣੁ ਨ ਜਾਈ ॥ ਬਸਤੁ ਅਗੋਚਰ ਭਾਈ ॥੧॥ ਰਹਾਉ ॥
ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ॥
ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥੨॥
ਸੋਈ ਜਾਣੈ ਕਰਣੈਹਾਰਾ ਕੀਤਾ ਕਿਆ ਬੇਚਾਰਾ॥ ਆਪਣੀ ਗਤਿ ਮਿਤਿ ਆਪੇ ਜਾਣੈ ਹਰਿ ਆਪੇ ਪੂਰ ਭੰਡਾਰਾ॥੩॥
ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ ਤ੍ਰਿਪਤਿ ਰਹੇ ਆਘਾਈ ॥
ਕਹੁ ਨਾਨਕ ਮੇਰੀ ਆਸਾ ਪੂਰੀ ਸਤਿਗੁਰ ਕੀ ਸਰਣਾਈ ॥੪॥੪॥}

(ਅੰਗ ੯੯੩)

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥ ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥

ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥ ਕਲਿ ਪਰਵਾਣੁ ਕਤੇਬ ਕੁਰਾਣੁ ॥
ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ ੯੦੨-੯੦੩)

ਸਿਰੀਰਾਗੁ ਮਹਲਾ ੧ ॥

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥}

(ਅੰਗ ੧੫)

50/6954

ਵੈਸੇ ਤਾਂ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੋਇਆ ਹੈ ਜੋ ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਇਆ ਹੋਇਆ ਹੈ। ਸ਼ਬਦ ਆਪ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਇਸ ਗੱਲ ਨੂੰ ਤਾਂ ਹਰ ਕੋਈ ਮੰਨਦਾ ਹੈ ਕਿ ਸ਼ਬਦ ਗੁਰੂ ਹੈ ਤੇ ਸ਼ਬਦ ਸਾਡਾ ਕਿਸ ਰੂਪ ਵਿੱਚ ਗੁਰੂ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਰਾਹੀਂ ਸਮਝਣ ਦਾ ਉਪਰਾਲਾ ਵੀ ਕੀਤਾ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਕੁਝ ਸਮਝਾਉਣ ਲਈ ਹੀ ਹੈ ਭਾਵ ਹਰ ਸ਼ਬਦ ਆਪਣੀ ਵਿਚਾਰ ਰਾਹੀਂ ਸਾਨੂੰ ਸੱਚਾ ਗਿਆਨ ਹੀ ਦਿੰਦਾ ਹੈ ਤੇ ਸ਼ਬਦਾਂ ਦੇ ਅੰਦਰ ਦਾ ਜੋ ਸੱਚਾ ਗਿਆਨ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਜੋ ਸੱਚੀ ਸਮਝ ਹੈ ਉਹੀ ਅਸਲ ਵਿੱਚ ਸਾਡਾ ਗੁਰੂ ਹੈ। ਹਰ ਸ਼ਬਦ ਦੇ ਅੰਦਰ ਸੱਚੀ ਸਮਝ ਪਾਉਣ ਵਾਲਾ ਆਪ ਪ੍ਰਮਾਤਮਾ ਹੈ ਜਿਸ ਆਪਣੀ ਸੱਚੀ ਸਮਝ ਦੇ ਰੂਪ ਵਿੱਚ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਉਹ ਆਪ ਹੀ ਪੂਰੀ ਗੁਰਬਾਣੀ ਰਾਹੀਂ ਭਾਵ ਗੁਰੂ ਦੇ ਸੱਚੇ ਗਿਆਨ ਰਾਹੀਂ ਉਹ ਆਪ ਹੀ ਪੂਰੇ ਸੰਸਾਰ ਦਾ ਗੁਰੂ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੀ ਵਿਆਖਿਆ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਉਪਰ ਜਿਤਨੇ ਵੀ ਸ਼ਬਦਾਂ ਦਾ ਪ੍ਰਮਾਣ ਦਿੱਤਾ ਹੋਇਆ ਹੈ ਉਹ ਸਾਰੇ ਸ਼ਬਦ ਸਾਨੂੰ ਕੁਝ ਸਮਝਾ ਹੀ ਰਹੇ ਹਨ ਤੇ ਇਨ੍ਹਾਂ ਸ਼ਬਦਾਂ ਤੋਂ ਇਲਾਵਾ ਅਸੀਂ ਲੇਖ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਨੂੰ ਸਮਝਿਆ ਹੈ। ਗੁਰਬਾਣੀ ਦਾ ਹਰ ਸ਼ਬਦ ਹੀ ਗਹਿਰਾਈ ਵਿੱਚ ਹੁੰਦਾ ਹੈ ਕਿਉਂਕਿ ਗੁਰੂ ਦੇ ਸ਼ਬਦਾਂ ਦੀ ਗਹਿਰਾਈ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੁੰਦੀ ਹੈ। ਗੁਰੂ ਨੇ ਬਾਣੀ ਵਿੱਚ ਅਨੇਕਾਂ ਸ਼ਬਦ ਇਸ ਤਰੀਕੇ ਵੀ ਲਿਖੇ ਹੋਏ ਹਨ ਭਾਵ ਸਮਝਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਭਾਵ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਵੀ ਸਮਝ ਸਕਦੇ ਹਾਂ ਜਿਨ੍ਹਾਂ ਸ਼ਬਦਾਂ ਦੇ ਅੰਦਰ ਦੀ ਸਮਝ ਭਾਵ ਗੁਰੂ ਦੀ ਸਿੱਖਿਆ ਆਸਾਨੀ ਨਾਲ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦਿਆਂ ਹੋਇਆਂ ਵੀ ਆ ਸਕਦੀ ਹੈ। ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਜਿਆਦਾਤਰ ਉਨ੍ਹਾਂ ਸ਼ਬਦਾਂ ਦਾ ਹਵਾਲਾ ਹੀ ਦਿੱਤਾ ਗਿਆ ਹੈ ਜਿਨ੍ਹਾਂ ਨੂੰ ਕਿ ਅਸੀਂ ਆਸਾਨੀ ਨਾਲ ਹੀ ਸਮਝ ਸਕਦੇ ਹਾਂ ਜਿਨ੍ਹਾਂ ਨੂੰ ਸਮਝਣ ਲਈ ਸਾਨੂੰ ਉਨ੍ਹਾਂ ਦੇ ਕੋਲ ਜਾਣ ਦੀ ਲੋੜ ਨਹੀਂ ਹੈ, ਉਨ੍ਹਾਂ ਦੀ ਸਮਝ ਦੇ ਨਾਲ ਜੁੜਨ ਦੀ ਲੋੜ ਨਹੀਂ ਹੈ ਭਾਵ ਉਨ੍ਹਾਂ ਦੇ ਪਿੱਛੇ ਲੱਗਣ ਦੀ ਲੋੜ ਨਹੀਂ ਹੈ ਜੋ ਆਪ ਹੀ ਭਰਮਾਂ ਦੇ ਭਰੇ ਹੋਏ ਹਨ ਭਾਵ

50/6955

ਜਿਨ੍ਹਾਂ ਨੇ ਖੁੱਦ ਹੀ ਪ੍ਰਮਾਤਮਾ ਦੀ ਅਸਲੀਅਤ ਨਹੀਂ ਜਾਣੀ ਤੇ ਦੂਸਰਿਆਂ ਨੂੰ ਪ੍ਰਮਾਤਮਾ ਨੂੰ ਪਾਉਣ ਬਾਰੇ ਸਮਝਾਉਣ ਵਿੱਚ ਲੱਗੇ ਹੋਏ ਹਨ ਭਾਵ ਆਪਣੇ ਅੰਦਰ ਦੇ ਭਰਮ ਨੂੰ ਫੈਲਾਉਣ ਵਿੱਚ ਲੱਗੇ ਹੋਏ ਹਨ ਭਾਵ ਦੂਸਰਿਆਂ ਦੇ ਅੰਦਰ ਭਰਮ ਪਾਉਣ ਵਿੱਚ ਲੱਗੇ ਹੋਏ ਹਨ। ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਤੇ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਹੈ, ਜੋ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਭਾਵ ਆਪ ਭਰਮਾਂ ਵਿੱਚ ਰਹੇ ਹਨ ਉਹ ਸਾਨੂੰ ਭਰਮਾਂ ਵਿੱਚੋਂ ਕੀ ਕੱਢਣਗੇ ਜਿਵੇਂ ਕਿ ਉਪਰ ਵਾਲੇ ਧੰਨ ਧੰਨ ਧੰਨ ਗੁਰੂ ਗੁਰਬਾਣੀ ਦੇ ਕੁਝ ਥੋੜੇ ਜਿਹੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਗੁਰੂ ਰੂਪ ਸੱਚੀ ਗੁਰਬਾਣੀ ਦਾ ਹਰ ਸ਼ਬਦ ਸਾਨੂੰ ਮਨ ਦੇ ਭਰਮਾਂ ਵਿੱਚੋਂ ਕੱਢਣ ਲਈ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੈ ਤੇ ਲੇਖ ਵਿੱਚ ਅੱਗੇ ਚੱਲ ਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ ਜਿਨ੍ਹਾਂ ਸ਼ਬਦਾਂ ਦੇ ਅੰਦਰ ਦੀ ਗਹਿਰੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਸਮਝ ਲਵੇ ਇਹ ਮੁਮਕਿਨ ਨਹੀਂ ਹੈ। ਸਾਨੂੰ ਭਰਮਾਂ ਵਿੱਚ ਪਾਉਣ ਵਾਲੇ ਉਹੀ ਹਨ ਜੋ ਤ੍ਰੈ ਗੁਣਾਂ ਵਿੱਚ ਹਨ ਜਿਸ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਧੰਨ ਧੰਨ ਧੰਨ ਸ੍ਰਿਸ਼ਟੀ ਦੇ ਕਰਤਾ ਅਕਾਲ ਪੁਰਖ ਨੇ ਉਨ੍ਹਾਂ ਨੂੰ ਵੀ ਨਹੀਂ ਕੱਢਿਆ ਜਿਨ੍ਹਾਂ ਨੂੰ ਭਾਰਤ ਵਰਸ਼ ਵਿੱਚ ਭਗਤੀ ਦੀ ਸਿੱਖਿਆ ਦੇਣ ਵਾਲੇ ਪ੍ਰਮਾਤਮਾ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ ਜੋ ਖੁੱਦ ਤ੍ਰੈ ਗੁਣਾਂ ਵਿੱਚ ਰਹੇ ਹਨ ਭਾਵ ਮਨ ਦੀ ਉਸ ਸਮਝ ਵਿੱਚ ਰਹੇ ਹਨ ਜਿਸ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਉਸ ਸੱਚੇ ਗਿਆਨ ਦੇ ਮਾਲਕ ਨੂੰ ਜਾਣ ਹੀ ਨਹੀਂ ਸਕਦਾ ਜੋ ਆਪ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਨਾਮ ਰੂਪ ਗਿਆਨ ਦੇ ਵਿੱਚ ਹੈ ਜਿਸ ਨਾਮ ਰੂਪ ਭਾਵ ਬ੍ਰਹਮ ਗਿਆਨ ਰੂਪ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਕੋਈ ਇਸ ਗੱਲ ਨੂੰ ਜਾਣ ਹੀ ਨਹੀਂ ਸਕਦਾ ਕਿ ਗੁਰਬਾਣੀ ਦੇ ਸ਼ਬਦਾਂ ਰਾਹੀਂ ਭਗਤਾਂ ਨੇ, ਗੁਰੂ ਸਾਹਿਬਾਨ ਨੇ ਕਿਸ ਕਰਕੇ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਤ੍ਰੈ ਗੁਣਾਂ ਵਿੱਚ ਕਿਹਾ ਹੈ ਭਾਵ ਪ੍ਰਮਾਤਮਾ ਨੂੰ ਨਾ ਜਾਨਣ ਵਾਲੇ ਕਿਹਾ ਹੈ ਭਾਵ ਮਨ ਦੇ ਭਰਮ ਵਿੱਚ ਹੀ ਕਿਹਾ ਹੈ, ਇਸ ਮਨ ਦੇ ਭਰਮ ਦੁਆਰਾ ਹੀ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ, ਧਰਮ ਦੀ ਸੱਚੀ ਸਮਝ ਦਾ ਗਿਆਤਾ ਅਖਵਾਇਆ ਹੈ ਜਿਸ ਗੱਲ ਦਾ ਬਾਣੀ ਰਾਹੀਂ

50/6956

ਭਾਵ ਗੁਰੂ ਪ੍ਰਮਾਤਮਾ ਨੇ ਸੱਚੀ ਸਮਝ ਰਾਹੀਂ ਖੰਡਨ ਕੀਤਾ ਹੋਇਆ ਹੈ ਕਿ ਉਨ੍ਹਾਂ ਨੇ ਮਨ ਦੇ ਭਰਮ ਰਾਹੀਂ ਹੀ ਆਪਣੇ ਆਪ ਨੂੰ ਪ੍ਰਮਾਤਮਾ ਦੇ ਜਾਨਣ ਵਾਲਾ ਅਖਵਾਇਆ ਹੈ, ਧਰਮ ਦੇ ਮਾਰਗ ਦਾ ਗੁਰੂ ਅਖਵਾਇਆ ਹੈ, ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਅਖਵਾਇਆ ਹੈ ਜਿਸ ਗੱਲ ਦਾ ਬਾਣੀ ਰਾਹੀਂ ਆਪਣੇ ਆਪ ਨੂੰ ਉੱਚਾ ਅਖਵਾਉਣ ਦਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਿਆ ਹੀ ਹੈ ਤੇ ਕੇਵਲ ਤੇ ਕੇਵਲ ਇਸ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਰੂਪ ਪ੍ਰਮਾਤਮਾ ਨੂੰ ਆਪਣੀ ਰਚੀ ਹੋਈ ਗੁਰਬਾਣੀ ਦੁਆਰਾ ਜੋ ਕੁਝ ਵੀ ਸੰਸਾਰ ਨੂੰ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਦੇਣ ਦੇ ਰੂਪ ਵਿੱਚ ਸਮਝਾਇਆ ਹੈ ਭਾਵ ਆਪਣੇ ਨਾਮ ਦੁਆਰਾ ਸਮਝਾਇਆ ਹੈ ਉਹ ਪੂਰਨ ਸੱਚ ਹੈ ਤੇ ਸੱਚ ਤੋਂ ਬਾਹਰ ਜਾਣਾ ਭਾਵ ਗੁਰੂ ਦੇ ਸੱਚ ਨੂੰ ਨਾ ਮੰਨਣਾ ਕੇਵਲ ਤੇ ਕੇਵਲ ਸਾਡਾ ਭਰਮ ਹੈ ਜਿਸ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨਾਂ ਭਾਵ ਗੁਰੂ ਦੀ ਸੱਚੀ ਮਤਿ ਨੂੰ, ਗੁਰੂ ਦੇ ਸੱਚ ਰੂਪ ਨੂੰ ਮੰਨੇ ਬਿਨਾਂ ਕੋਈ ਉਸ ਸੱਚ ਦੇ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਾਮੁਮਕਿਨ ਹੈ। ਹੁਣ ਧਿਆਨ ਨਾਲ ਸੋਚੋ ਜੋ ਸਿੱਖ ਜਗਤ ਵਿੱਚ ਭਾਵ ਜੋ ਇਹ ਕਹਿੰਦੇ ਹਨ ਕਿ ਸਾਨੂੰ ਸਿੱਖੀ ਦੀ ਸਮਝ ਹੈ, ਗੁਰੂ ਪ੍ਰਮਾਤਮਾ ਦੀ ਦਿੱਤੀ ਹੋਈ ਸਿੱਖਿਆ ਦੀ ਸਮਝ ਹੈ ਜਿਸ ਸਿੱਖਿਆ ਤੇ ਚੱਲਣ ਦੁਆਰਾ ਉਸ ਅਕਾਲ ਪੁਰਖ ਨੂੰ ਜਾਣਿਆ ਜਾ ਸਕਦਾ ਹੈ ਉਹੋ ਜਿਹੀ ਸਿੱਖਿਆ ਦੇਣ ਵਾਲੇ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਦੀ ਸਮਝ ਵਾਲੇ ਮੰਨਿਆ ਹੋਇਆ ਹੈ ਭਾਵ ਧਰਮ ਦੇ ਮਾਰਗ ਦੀ ਉੱਚੀ ਸਿੱਖਿਆ ਵਾਲੇ ਮੰਨਿਆ ਹੋਇਆ ਹੈ ਕੀ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਬਾਣੀ ਰਾਹੀਂ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਕਿਸ ਲਈ ਤ੍ਰੈ ਗੁਣਾਂ ਵਿੱਚ ਕਿਹਾ ਗਿਆ ਹੈ ਭਾਵ ਪ੍ਰਮਾਤਮਾ ਦੇ ਅਸਲ ਰੂਪ ਨੂੰ, ਨਿਰਗੁਣ ਰੂਪ ਨੂੰ, ਨਿਰੰਕਾਰ ਰੂਪ ਨੂੰ ਜਾਨਣ ਤੋਂ ਦੂਰ ਕਿਹਾ ਗਿਆ ਹੈ, ਉਸਦੇ ਨਾਮ ਰੂਪ ਨੂੰ, ਉਸਦੇ ਬ੍ਰਹਮ ਗਿਆਨ ਰੂਪ ਨੂੰ ਜਾਨਣ ਤੋਂ ਦੂਰ ਕਿਹਾ ਗਿਆ ਹੈ ਜੋ ਉਸਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਹ ਹਰ ਆਕਾਰ ਰੂਪ ਨੂੰ ਆਪ ਬਣਾ ਕੇ ਆਪ ਹੀ ਚਲਾ ਰਿਹਾ ਹੈ। ਅਸੀਂ ਆਕਾਰ ਰੂਪ ਦੀ ਪੂਜਾ ਤਦ ਤੱਕ ਹੀ ਕਰਦੇ ਹਾਂ ਜਦ ਤੱਕ ਅਸੀਂ ਉਸਦੇ ਅੰਦਰ ਦੇ ਨਿਰੰਕਾਰ ਰੂਪ ਨੂੰ ਨਹੀਂ ਜਾਣਦੇ ਭਾਵ ਨਾਮ ਰੂਪ ਨੂੰ ਨਹੀਂ ਜਾਣਦੇ ਭਾਵ ਬ੍ਰਹਮ ਗਿਆਨ ਰੂਪ ਨੂੰ ਨਹੀਂ

50/6957

ਜਾਣਦੇ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੀ ਹੈ ਭਾਵ ਨਾਮ ਰੂਪ ਵਿੱਚ ਹੀ ਹੈ ਜਿਸਦਾ ਮਕਸਦ ਸਾਨੂੰ ਆਪਣਾ ਸੱਚਾ ਗਿਆਨ ਦੇਣ ਦੁਆਰਾ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤੇ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਅਸੀਂ ਗਿਆਨ ਦੇ ਮਾਲਕ ਭਾਵ ਨਾਮ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜਿਸ ਦੁਆਰਾ ਅਸੀਂ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਕੇ ਚੌਥੇ ਪਦ ਦੇ ਗਿਆਨ ਦੀ ਸਮਝ ਨਾਲ ਜੁੜ ਸਕਦੇ ਹਾਂ ਭਾਵ ਗਿਆਨ ਦੇ ਮਾਲਕ ਪ੍ਰਮਾਤਮਾ ਦੇ ਨਾਲ ਜੁੜ ਸਕਦੇ ਹਾਂ ਜੋ ਆਪ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਭਾਵ ਆਪਣੀ ਸੱਚੀ ਸਮਝ ਦੇ ਰੂਪ ਵਿੱਚ ਭਾਵ ਆਪਣੇ ਸਾਇੰਟਿਫਿਕ ਗਿਆਨ ਦੇ ਰੂਪ ਵਿੱਚ ਸਭ ਜਗ੍ਹਾ ਤੇ ਸਭ ਵਿੱਚ ਵਰਤ ਰਿਹਾ ਹੈ, ਪੂਰੀ ਸ੍ਰਿਸ਼ਟੀ ਵਿੱਚ ਵਰਤ ਰਿਹਾ ਹੈ। ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਤੇ ਸੰਸਾਰ ਦਾ ਹਰ ਮਨੁੱਖ ਮੰਨਦਾ ਹੈ ਕਿ ਜੋ ਕੁਝ ਵੀ ਸੰਸਾਰ ਵਿੱਚ ਹੁੰਦਾ ਹੈ ਉਹ ਸਾਇੰਸ ਦੁਆਰਾ ਹੀ ਹੁੰਦਾ ਹੈ ਭਾਵ ਸਭ ਜਗ੍ਹਾ, ਸਭ ਵਿੱਚ ਸਾਇੰਸ ਹੀ ਵਰਤਦੀ ਹੈ ਪਰ ਇਸ ਉੱਚੀ ਸਾਇੰਸ ਦੀ ਰਚਨਾ ਕਿਸ ਤਰੀਕੇ ਹੋਈ ਹੈ ਭਾਵ ਇਸ ਸਾਇੰਸ ਨੂੰ ਰਚਣ ਦਾ ਉੱਚਾ ਗਿਆਨ ਕਿੱਥੋਂ ਆਇਆ ਹੈ ਇਹ ਗੱਲ ਹਰ ਕਿਸੇ ਦੀ ਸਮਝ ਤੋਂ ਬਾਹਰ ਹੈ। ਇਸ ਗੱਲ ਦੀ ਸਮਝ ਕੇਵਲ ਤੇ ਕੇਵਲ ਉਨ੍ਹਾਂ ਨੂੰ ਪਈ ਹੈ ਜਿਨ੍ਹਾਂ ਨੇ ਪੂਰੀ ਗੁਰਬਾਣੀ ਦੀ ਰਚਨਾ ਕੀਤੀ ਹੈ ਭਾਵ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਪਈ ਹੈ ਜਿਨ੍ਹਾਂ ਨੇ ਗੁਰਬਾਣੀ ਰਾਹੀਂ ਗਿਆਨ ਨੂੰ ਹੀ ਗੁਰੂ ਕਿਹਾ ਹੈ, ਗਿਆਨ ਨੂੰ ਹੀ ਪ੍ਰਮਾਤਮਾ ਕਿਹਾ ਹੈ ਜਿਸ ਆਪਣੇ ਗਿਆਨ ਰੂਪ ਵਿੱਚ ਪ੍ਰਮਾਤਮਾ ਸਭ ਵਿੱਚ ਤੇ ਸਭ ਜਗ੍ਹਾ ਆਪਣੇ ਗਿਆਨ ਰੂਪ ਵਿੱਚ ਹੀ ਵਰਤਦਾ ਹੈ ਤੇ ਉਸਦੇ ਗਿਆਨ ਰੂਪ ਨੂੰ ਜਾਣੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਭਾਵ ਆਪ ਬ੍ਰਹਮ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੀ ਸਭ ਜਗ੍ਹਾ ਤੇ ਸਭ ਵਿੱਚ ਆਪ ਵਰਤ ਰਿਹਾ ਹੈ ਭਾਵ ਉਸਨੇ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਸਾਰੀ ਸਿਸ਼੍ਰਟੀ ਦੀ ਰਚਨਾ ਕੀਤੀ ਹੈ ਤੇ ਉਸਦਾ ਬ੍ਰਹਮ ਗਿਆਨ ਰੂਪ ਹੀ ਉਸਦਾ ਨਾਮ ਰੂਪ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਭਾਵ ਆਪਣੇ ਨਾਮ ਦੁਆਰਾ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪਣੇ ਨਾਮ ਰੂਪ ਦੁਆਰਾ ਹੀ ਉਹ ਹਰ

50/6958

ਆਕਾਰ ਰੂਪ ਬਣਾ ਕੇ ਉਸਨੂੰ ਚਲਾ ਰਿਹਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਬਾਰੀਕੀ ਨਾਲ ਸਮਝਿਆ

ਹੈ। ਸਾਡਾ ਸਰੀਰ ਆਕਾਰ ਰੂਪ ਹੈ ਜਿਸਨੂੰ ਬਨਾਉਣ ਵਾਲਾ ਨਿਰੰਕਾਰ ਰੂਪ ਹੈ ਭਾਵ ਪ੍ਰਮਾਤਮਾ ਆਪ ਹੈ ਤੇ ਇਸ ਸਰੀਰ ਨੂੰ ਬਣਾ ਕੇ ਚਲਾਉਣ ਵਾਲਾ ਉਹ ਨਿਰੰਕਾਰ ਰੂਪ ਹੀ ਹੈ ਭਾਵ ਉਸਦਾ ਗਿਆਨ ਰੂਪ ਹੀ ਹੈ ਭਾਵ ਮਨ ਦਾ ਗਿਆਨ ਰੂਪ ਹੀ ਹੈ। ਸਾਡੇ ਅੰਦਰ ਮਨ ਦੀ ਸਮਝ ਗਿਆਨ ਰੂਪ ਹੈ ਭਾਵ ਨਿਰੰਕਾਰ ਰੂਪ ਹੈ ਉਹ ਸਾਡੇ ਸਰੀਰ ਨੂੰ ਭਾਵ ਇਸ ਆਕਾਰ ਰੂਪ ਨੂੰ ਚਲਾ ਰਹੀ ਹੈ ਕਿਉਂਕਿ ਇਹ ਆਕਾਰ ਰੂਪ ਸਰੀਰ ਉਹੀ ਕੁਝ ਕਰਦਾ ਹੈ ਜੋ ਮਨ ਦੀ ਨਿਰੰਕਾਰ ਰੂਪ ਸਮਝ ਭਾਵ ਨਾ ਦਿਸਣ ਵਾਲੀ ਗਿਆਨ ਰੂਪ ਸਮਝ ਜਿਸਨੂੰ ਸਰੀਰ ਦੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਉਹੀ ਸਰੀਰ ਕੋਲੋਂ ਸਭ ਕੁਝ ਕਰਾਉਂਦੀ ਹੈ ਭਾਵ ਸਾਡਾ ਆਕਾਰ ਰੂਪ ਸਰੀਰ ਸਾਡੇ ਅੰਦਰ ਦੇ ਨਿਰੰਕਾਰ ਰੂਪ ਦੇ ਵੱਸ ਹੈ ਜਿਸ ਆਪਣੇ ਅੰਦਰ ਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ ਭਾਵ ਮਨ ਦੀ ਸਮਝ ਦੇ ਮਾਲਕ ਨੂੰ ਜਾਣੇ ਬਿਨਾਂ ਭਾਵ ਮਨ ਦੀ ਜੋਤਿ ਨੂੰ ਜਾਣੇ ਬਿਨਾਂ ਜਿਸ ਮਨ ਦੀ ਜੋਤਿ ਰਾਹੀਂ ਸਭ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਭਾਵ ਮਨ ਦੇ ਵਿੱਚ ਸਮਝ ਪੈਂਦੀ ਹੈ ਨਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਭਾਵ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਕੀ ਹੈ ਤੇ ਪ੍ਰਮਾਤਮਾ ਦੇ ਨਾਲ ਮਨੁੱਖ ਦਾ ਪੜਦਾ ਕੀ ਹੈ ਜਿਸ ਪਰਦੇ ਵਿੱਚ ਰਹਿੰਦਿਆਂ ਭਾਵ ਭਰਮਾਂ ਵਾਲੀ ਸਮਝ ਦੇ ਪਰਦੇ ਵਿੱਚ ਰਹਿੰਦਿਆਂ, ਹਉਮੈ ਰੂਪ ਪਰਦੇ ਵਿੱਚ ਰਹਿੰਦਿਆਂ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ। ਇਹ ਮਨ ਦੀ ਅਗਿਆਨਤਾ ਰੂਪ ਪੜਦਾ, ਹਉਮੈ ਰੂਪ ਪੜਦਾ ਮਨ ਦੇ ਵਿੱਚੋਂ ਨਾ ਦੂਰ ਹੋਣ ਕਰਕੇ ਭਾਵ ਨਾ ਨਿਕਲਣ ਦੁਆਰਾ ਹੀ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਅਨੇਕਾਂ ਹੀ ਆਪਣੇ ਆਪ ਨੂੰ ਰਿਸ਼ੀ ਮੁਨੀ ਅਖਵਾਉਣ ਵਾਲੇ ਭਾਵ ਧਰਮ ਦੇ ਮਾਰਗ ਦੇ ਉੱਚੇ ਗਿਆਨ ਦੇ ਅਖਵਾਉਣ ਵਾਲੇ ਆਪਣੀ ਮੈਂ ਵਿੱਚ ਰਹੇ ਹਨ ਭਾਵ ਹਉਮੈ ਵਿੱਚ ਰਹੇ ਹਨ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਰਹੇ ਹਨ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਇਆ ਹੈ। ਬ੍ਰਹਮਾ ਨੇ ਚਾਰੇ ਵੇਦ ਉਚਾਰੇ ਹਨ

50/6959

ਜਿਨ੍ਹਾਂ ਵੇਦਾਂ ਦੇ ਗਿਆਨ ਰਾਹੀਂ ਉਸਨੇ ਸੰਸਾਰ ਨੂੰ ਸੱਚ ਹੀ ਸਮਝਾਇਆ ਹੈ ਭਾਵ ਭਗਤੀ ਦਾ ਸੱਚਾ ਮਾਰਗ ਹੀ ਸਮਝਾਇਆ ਹੈ ਭਾਵ ਨਾਮ ਹੀ ਸਮਝਾਇਆ ਹੈ ਪਰ ਉਸਨੇ ਆਪਣੇ ਆਪ ਨੂੰ ਵੇਦਾਂ ਦਾ ਲਿਖਾਰੀ ਕਿਹਾ ਹੈ ਕਿ ਉਸਨੇ ਆਪਣੇ ਮਨ ਦੀ ਸਮਝ ਰਾਹੀਂ ਆਪ ਵੇਦਾਂ ਦੀ ਰਚਨਾ ਕੀਤੀ ਹੈ। ਬਸ ਇੱਥੇ ਹੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਫਰਕ ਹੈ ਭਾਵ ਹਉਮੈ ਵਾਲੀ ਸਮਝ ਵਿੱਚ ਤੇ ਨਾਮ ਵਾਲੀ ਸਮਝ ਵਿੱਚ ਫਰਕ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਤੇ ਸੱਚ ਵਾਲੀ ਸਮਝ ਵਿੱਚ ਫਰਕ ਹੈ। ਆਪਣੇ ਆਪ ਨੂੰ ਗਿਆਨ ਵਾਲਾ ਭਾਵ ਧਰਮ ਦੀ ਸੱਚੀ ਸਮਝ ਦੇ ਗਿਆਨ ਵਾਲਾ ਉਹੀ ਅਖਵਾ ਸਕਦਾ ਹੈ ਜਿਵੇਂ ਕਿ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੇ ਅਖਵਾਇਆ ਹੈ ਜਿਸਨੇ ਆਪਣੇ ਅੰਦਰੋਂ ਗਿਆਨ ਦੇ ਮਾਲਕ ਅਕਾਲ ਪੁਰਖ ਪ੍ਰਮਾਤਮਾ ਨੂੰ ਨਹੀਂ ਜਾਣਿਆ ਜੋ ਪੂਰੇ ਗਿਆਨ ਦਾ, ਹਰ ਗਿਆਨ ਦਾ ਮਾਲਕ ਹੈ ਭਾਵੇਂ ਉਹ ਗਿਆਨ ਮਨ ਦੀ ਭਰਮਾਂ ਵਾਲੀ ਸਮਝ ਦੇ ਰੂਪ ਵਿੱਚ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਦੇ ਰੂਪ ਵਿੱਚ ਹੈ ਤੇ ਭਾਵੇਂ ਉਹ ਗਿਆਨ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਭਾਵੇਂ ਉਹ ਗਿਆਨ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਰੱਖਣ ਵਾਲਾ ਹੈ ਤੇ ਭਾਵੇਂ ਉਹ ਗਿਆਨ ਮਨੁੱਖ ਦੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਵਾਲਾ ਗਿਆਨ ਹੈ। ਜਿਨ੍ਹਾਂ ਸਰੀਰਾਂ ਰਾਹੀਂ ਪ੍ਰਮਾਤਮਾ ਨੇ ਭਾਵ ਭਗਤਾਂ ਦੇ ਸਰੀਰਾਂ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਉਨ੍ਹਾਂ ਦੀ ਮਨ ਦੀ ਸਮਝ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਜੋ ਪੂਰੀ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਭਾਵ ਗਿਆਨ ਦੇ ਮਾਲਕ ਨਹੀਂ ਕਿਹਾ ਜਿਵੇਂ ਕਿ ਬ੍ਰਹਮਾ ਨੇ ਆਪਣੇ ਆਪ ਨੂੰ ਵੇਦਾਂ ਦੇ ਗਿਆਨ ਦਾ ਮਾਲਕ ਕਿਹਾ ਹੈ ਭਾਵ ਆਪਣੇ ਆਪ ਨੂੰ ਵੇਦਾਂ ਦਾ ਰਚਿਤਾ ਕਿਹਾ ਹੈ ਤੇ ਇਸੇ ਲਈ ਗੁਰਬਾਣੀ ਰਾਹੀਂ ਪ੍ਰਮਾਤਮਾ ਨੇ ਉਸਨੂੰ ਤ੍ਰੈ ਗੁਣਾਂ ਵਿੱਚ ਕਿਹਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਕਿਹਾ ਹੈ ਤੇ ਉਨ੍ਹਾਂ ਨੂੰ ਹੀ ਤ੍ਰੈ ਗੁਣਾਂ ਵਿੱਚ ਕਿਹਾ ਹੈ ਜਿਨ੍ਹਾਂ ਨੇ ਮਨ ਦੇ ਭਰਮ ਰਾਹੀਂ ਹੀ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਕਿਹਾ ਹੈ। ਜੋ ਮਨ ਦੇ ਭਰਮ ਵਿੱਚੋਂ ਨਿਕਲ ਜਾਵੇ ਭਾਵ ਜਿਸਨੂੰ ਗਿਆਨ ਦੇ ਮਾਲਕ ਦੀ ਸਮਝ ਪੈ ਜਾਵੇ ਜਿਸ ਗੁਰੂ ਰੂਪ ਵਿੱਚ ਭਾਵ ਧਰਮ ਦੇ ਸੱਚੇ ਗਿਆਨ ਦੇ ਮਾਲਕ ਦੇ ਰੂਪ ਵਿੱਚ ਕੇਵਲ ਤੇ ਕੇਵਲ ਗੁਰੂ

50/6960

ਰੂਪ ਪ੍ਰਮਾਤਮਾ ਆਪ ਹੀ ਹੈ ਜੋ ਕਿ ਪੂਰੀ ਗੁਰਬਾਣੀ ਰਾਹੀਂ ਆਪਣੇ ਨਿਰਗੁਣ ਰੂਪ ਵਿੱਚ ਗੁਰੂ ਹੈ ਇਹ ਸਮਝ ਲੱਗਣ ਤੋਂ ਬਾਅਦ ਕੋਈ ਆਪਣੇ ਸਰੀਰ ਰੂਪ ਨੂੰ ਭਾਵ ਆਕਾਰ ਰੂਪ ਨੂੰ ਗੁਰੂ ਨਹੀਂ ਕਹਿ ਸਕਦਾ ਜਿਵੇਂ ਕਿ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੇ ਅਖਵਾਇਆ ਹੈ, ਵੱਡੇ ਵੱਡੇ ਰਿਸ਼ੀ ਮੁਨੀ ਆਦਿ ਨੇ ਅਖਵਾਇਆ ਹੈ ਭਾਵ ਆਪਣੇ ਆਪ ਨੂੰ ਭਗਤੀ ਦੀ ਉੱਚੀ ਸਮਝ ਵਾਲਾ ਅਖਵਾਇਆ ਹੈ। ਇਹ ਕੁਝ ਆਪਣੇ ਆਪ ਨੂੰ ਅਖਵਾਉਣਾ ਜਾਂ ਸਮਝਣਾ ਸਾਡੇ ਅੰਦਰ ਦਾ ਬਹੁਤ ਵੱਡਾ ਭਰਮ ਹੈ ਤੇ ਜੋ ਸੱਚ ਰੂਪ

ਗੁਰਬਾਣੀ ਨੂੰ ਪੜਨ ਤੋਂ ਬਾਅਦ ਵੀ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ ਭਾਵ ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲਾ ਸਮਝਦੇ ਹਨ ਤੇ ਉਹੋ ਜਿਹੀ ਗੁਰਮਤਿ ਸਮਝਾਉਂਦੇ ਹਨ ਜੋ ਉਨ੍ਹਾਂ ਦੀ ਸਮਝਾਈ ਹੋਈ ਗੱਲ ਗੁਰਮਤਿ ਤੇ ਖਰੀ ਹੀ ਨਹੀਂ ਉਤਰਦੀ ਫਿਰ ਉਹ ਗੱਲ ਸੱਚੀ ਕਿਵੇਂ ਹੋ ਸਕਦੀ ਹੈ ਭਾਵ ਭਰਮਾਂ ਤੋਂ ਰਹਿਤ ਕਿਵੇਂ ਹੋ ਸਕਦੀ ਹੈ ਜਿਸ ਮਨ ਦੇ ਭਰਮਾਂ ਵਿੱਚੋਂ ਉਹ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਬਹੁਤ ਉੱਚਾ ਅਖਵਾਉਣ ਵਾਲੇ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਵੀ ਨਹੀਂ ਨਿਕਲੇ ਜਿਸ ਕਰਕੇ ਉਨ੍ਹਾਂ ਨੂੰ ਬਾਣੀ ਰਾਹੀਂ ਤ੍ਰੈ ਗੁਣਾਂ ਵਿੱਚ ਹੀ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ। ਇਨ੍ਹਾਂ ਹੇਠਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਆਪਣੇ ਮਨ ਦੀ ਸਮਝ ਨੂੰ ਭਰਮਾਂ ਵਿੱਚੋਂ ਕੱਢਣ ਲਈ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ ਤਾਂ ਜੋ ਅਸੀਂ ਉਨ੍ਹਾਂ ਦੀ ਮਤਿ ਦੇ ਪਿੱਛੇ ਨਾ ਲੱਗੀਏ ਜੋ ਆਪ ਭਰਮਾਂ ਵਿੱਚ ਹੀ ਹਨ ਭਾਵ ਜਿਨ੍ਹਾਂ ਨੇ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਕੀ ਫਰਕ ਹੁੰਦਾ ਹੈ ਇਸ ਗੱਲ ਦੀ ਸਮਝ ਹੀ ਨਹੀਂ ਹੈ ਭਾਵ ਹਉਮੈ ਵਿੱਚ ਤੇ ਨਾਮ ਵਿੱਚ ਕੀ ਫਰਕ ਹੈ ਇਸ ਗੱਲ ਦੀ ਸਮਝ ਹੀ ਨਹੀਂ ਹੈ ਭਾਵ ਭਰਮਾਂ ਵਾਲੀ ਸਮਝ ਦੇ ਵਿੱਚ ਤੇ ਸੱਚੇ ਗਿਆਨ ਵਾਲੀ ਸਮਝ ਦੇ ਵਿੱਚ ਫਰਕ ਕੀ ਹੈ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਵਿਛੋੜਾ ਕੀ ਹੈ ਤੇ ਇਹ ਵਿਛੋੜਾ ਦੂਰ ਕਿਵੇਂ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਕਿਵੇਂ ਹੁੰਦਾ ਹੈ ਭਾਵ ਉਸਦੇ ਨਾਲ ਮੇਲ ਕਰਨ ਦਾ ਤਰੀਕਾ ਕੀ ਹੈ, ਉਸਨੂੰ ਆਪਣੇ ਅੰਦਰੋਂ ਜਾਨਣ ਦਾ

50/6961

ਤਰੀਕਾ ਕੀ ਹੈ ਇਸ ਗੱਲ ਦੀ ਸਮਝ ਹੀ ਨਹੀਂ ਹੈ। ਗੁਰੂ ਦੇ ਹਰ ਸ਼ਬਦ ਨੂੰ ਬਰੀਕੀ ਨਾਲ ਸਮਝਣ ਦਾ ਤੇ ਉਸਤੇ ਅਮਲ ਕਰਨ ਦਾ ਉੱਦਮ ਕਰਦੇ ਜਾਉ ਜਿਸ ਨਾਲ ਸਭ ਕੁਝ ਸਮਝ ਆਈ ਜਾਵੇਗਾ ਭਾਵ ਅਸੀਂ ਹਰ ਭਰਮ ਵਿੱਚੋਂ ਨਿਕਲਦੇ ਜਾਵਾਂਗੇ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰਦੇ ਜਾਵਾਂਗੇ ਜਿਸ ਪ੍ਰਮਾਤਮਾ ਨੂੰ, ਅਲ੍ਹਾ ਨੂੰ, ਗਾੱਡ ਨੂੰ, ਅਕਾਲ ਪੁਰਖ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਵੱਡਾ ਵੱਡਾ ਅਖਵਾਉਣ ਵਾਲੇ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਵੀ ਪ੍ਰਮਾਤਮਾ ਨੂੰ ਨਹੀਂ ਜਾਣ ਸਕੇ ਜੋ ਸਿਸ਼੍ਟੀ ਦਾ ਕਰਤਾ ਹਰ ਮਨੁੱਖ ਦੇ ਅੰਦਰ ਆਪਣੇ ਇੱਕੋ ਜਿਹੇ ਰੂਪ ਵਿੱਚ ਹੀ ਹੈ ਭਾਵ ਮਨ ਦੀ ਜੋਤਿ ਦੇ ਰੂਪ ਵਿੱਚ ਹੀ ਹੈ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ, ਮਨ ਦੇ ਗਿਆਨ ਰੂਪ ਵਿੱਚ ਹੀ ਹੈ ਜਿਸਦੇ ਨਾਲ ਹਰ ਮਨੁੱਖ ਦਾ ਪਰਦਾ ਹੀ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਹੈ ਭਾਵ ਮਨ ਦੀ ਹਉਮੈ ਕਰਕੇ ਹੀ ਹੈ ਇਸ ਮਨ ਦੀ ਸਮਝ ਵਿੱਚੋਂ ਨਿਕਲੇ ਬਿਨਾਂ ਉਸ ਗਿਆਨ ਦੇ ਮਾਲਕ ਨੂੰ ਭਾਵ ਉਸਦੇ ਨਿਰੰਕਾਰ ਰੂਪ ਨੂੰ ਕੋਈ ਜਾਣ ਸਕੇ ਇਹ ਹੋ ਹੀ ਨਹੀਂ ਸਕਦਾ ਤੇ ਉਸਨੂੰ ਜਾਨਣ ਤੋਂ ਬਾਅਦ ਕੋਈ ਵੱਖਰੇ ਵੱਖਰੇ ਧਰਮ ਦੇ ਮਾਰਗ ਸਮਝਾਵੇ, ਪ੍ਰਮਾਤਮਾ ਦੇ ਕੋਈ ਵੱਖਰੇ ਵੱਖਰੇ ਰੂਪ ਸਮਝਾਵੇ ਇਹ ਹੋ ਹੀ ਨਹੀਂ ਸਕਦਾ। ਉਹ ਸਭ ਜਗ੍ਹਾ ਤੇ ਸਭ ਵਿੱਚ ਆਪਣੇ ਇੱਕੋ ਰੂਪ ਵਿੱਚ ਹੀ ਵਰਤਦਾ ਹੈ, ਆਪਣੇ ਨਿਰੰਕਾਰ ਰੂਪ ਵਿੱਚ ਹੀ ਵਰਤਦਾ ਹੈ, ਆਪਣੇ ਇੱਕੋ ਜਿਹੇ ਨਾਮ ਦੇ ਰੂਪ ਵਿੱਚ ਹੀ ਵਰਤਦਾ ਹੈ, ਆਪਣੇ ਇੱਕੋ ਜਿਹੇ ਸੱਚ ਦੇ ਰੂਪ ਵਿੱਚ ਹੀ ਵਰਤਦਾ ਹੈ ਜਿਸ ਉਸਦੇ ਸੱਚ ਰੂਪ ਨੂੰ ਜਾਣੇ ਬਿਨਾਂ ਕੋਈ ਉਸ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਆਪਣੇ ਸੱਚ ਰੂਪ ਵਿੱਚ ਹੀ ਹੈ ਤੇ ਆਉ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਭਾਵ ਸ਼ਬਦਾਂ ਦੀ ਵਿਚਾਰ ਦੁਆਰਾ ਉਹ ਸੱਚ ਰੂਪ ਪ੍ਰਮਾਤਮਾ ਸਾਨੂੰ ਕਿਹੋ ਜਿਹਾ ਸੱਚ ਸਮਝਾ ਰਿਹਾ ਹੈ ਜਿਸ ਸੱਚ ਨੂੰ ਸਮਝ ਕੇ ਤੇ ਮੰਨ ਕੇ ਅਸੀਂ ਉਸ ਸੱਚ ਰੂਪ ਪ੍ਰਮਾਤਮਾ ਦੇ ਨਾਲ ਮਿਲਣ ਦਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰਨਾ ਹੈ। ਸੱਚ ਤੋਂ ਦੂਸਰਾ ਪਾਸਾ ਝੂਠ ਹੈ। ਪੂਰੀ ਗੁਰਬਾਣੀ ਵਿੱਚ ਘੱਟੋ ਘੱਟ ਇਸ ਗੱਲ ਨੂੰ ਤਾਂ ਹਰ ਕੋਈ ਮੰਨਦਾ ਹੀ ਹੈ ਕਿ ਗੁਰਬਾਣੀ ਰਾਹੀਂ ਜੋ ਕੁਝ ਵੀ ਸਮਝਾਇਆ ਹੋਇਆ ਹੈ ਉਸ ਵਿੱਚ ਸੱਚ ਹੈ, ਪੂਰਨ ਸੱਚ ਹੈ। ਸੱਚ ਦਾ ਮਕਸਦ ਸਾਨੂੰ ਮਨ ਦੇ ਝੂਠ ਦੇ ਵਿੱਚੋਂ ਨਿਕਾਲਣ ਦਾ ਹੈ ਭਾਵ ਮਨ ਦੀ ਝੂਠੀ ਮਤਿ ਵਿੱਚੋਂ ਕੱਢਣ ਦਾ ਹੈ

50/6962

ਜਿਸ ਮਨ ਦੀ ਝੂਠੀ ਮਤਿ ਵਿੱਚੋਂ ਨਿਕਲਕੇ ਹੀ ਕੋਈ ਗੁਰੂ ਦੇ ਸਮਝਾਏ ਹੋਏ ਸੱਚ ਦੇ ਨਾਲ ਜੁੜ ਸਕਦਾ ਹੈ ਤੇ ਮਨ ਦੇ ਇਸ ਉਪਰਾਲੇ ਦੁਆਰਾ ਹੀ ਕੋਈ ਉਸ ਸੱਚ ਦੇ ਮਾਲਕ ਨੂੰ ਮਨ ਦੀ ਸੱਚੀ ਸਮਝ ਦੁਆਰਾ ਜਾਣ ਸਕਦਾ ਹੈ। ਸਾਡੇ ਅੰਦਰ ਦੀ ਜੋ ਵੀ ਸਮਝ ਗੁਰੂ ਦੀ ਸਮਝ ਦੇ ਨਾਲ ਮੇਲ ਨਹੀਂ ਖਾਂਦੀ ਉਹ ਸਾਡੀ ਝੂਠੀ ਮਤਿ ਹੈ ਤੇ ਮਨ ਦੀ ਝੂਠੀ ਮਤਿ ਦੇ ਵਿੱਚ ਰਹਿੰਦੇ ਹੋਏ ਕੋਈ ਸੱਚੀ ਮਤਿ ਦੇ ਮਾਲਕ ਨੂੰ ਜਾਣ ਸਕੇ, ਮਨ ਦੀ ਸਮਝ ਦੇ ਅੰਦਰੋਂ ਉਸਨੂੰ ਕੋਈ ਜਾਣ ਸਕੇ ਇਹ ਨਾਮੁਮਕਿਨ ਹੈ ਇਸੇ ਲਈ ਸੱਚੀ ਬਾਣੀ ਸਾਨੂੰ ਬਾਰ-ਬਾਰ ਆਪਣੇ ਸੱਚੇ ਸ਼ਬਦਾਂ ਰਾਹੀਂ ਆਪਣੀ ਮਤਿ ਤਿਆਗਣ ਲਈ ਸਮਝਾਉਂਦੀ ਹੈ। ਆਪਣੀ ਨਾਸਮਝ ਮਤਿ ਨੂੰ ਤਿਆਗਣਾ ਹੀ ਗੁਰੂ ਦੇ ਸੱਚੇ ਨਾਮ ਨੂੰ ਜਪਣਾ ਹੈ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਸਮਝਾਈ ਹੋਈ ਸੱਚੀ ਸਮਝ ਨੂੰ ਆਪਣੇ ਅੰਦਰ ਵਿਚਾਰਨ

ਦੁਆਰਾ ਉਸ ਸਮਝ ਤੇ ਅਮਲ ਕਰਨਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਨਾਮ ਜਪਣਾ ਕੀ ਹੈ। ਗੁਰੂ ਦੇ ਨਾਮ ਦਾ ਮਕਸਦ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਦਾ ਮਕਸਦ ਸਾਨੂੰ ਮਨ ਦੀ ਝੂਠੀ ਸਮਝ ਵਿੱਚੋਂ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ। ਗੁਰੂ ਆਪਣੇ ਸ਼ਬਦਾਂ ਰਾਹੀਂ ਆਪਣੇ ਅੰਦਰ ਦੀ ਦੁਬਿੱਧਾ ਤਿਆਗਣ ਲਈ ਸਮਝਾਉਂਦਾ ਹੈ, ਮਨ ਦੀ ਸਹਿਸਾ ਤਿਆਗਣ ਲਈ ਸਮਝਾਉਂਦਾ ਹੈ ਤੇ ਇਨ੍ਹਾਂ ਦੇ ਛਡੱਣ ਤੋਂ ਭਾਵ ਮਨ ਦੀ ਭਰਮਾਂ ਵਾਲੀ ਨਾਸਮਝ ਝੂਠੀ ਮਤਿ ਨੂੰ ਭਾਵ ਆਪਣੀ ਮਨਮਤਿ ਨੂੰ ਤਿਆਗਣ ਦਾ ਹੈ ਤੇ ਆਪਣੀ ਨਾਸਮਝ ਮਤਿ ਨੂੰ ਤਿਆਗਣਾ ਹੀ ਆਪਣੀ ਹਉਮੈ ਨੂੰ ਤਿਆਗਣਾ ਹੈ, ਆਪਣੇ ਅੰਦਰ ਚੱਲ ਰਹੇ ਮਾਇਆ ਦੀ ਛੱਲ ਵਿੱਚੋਂ ਨਿਕਲਣਾ ਹੈ, ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਣਾ ਹੈ। ਸਾਡੇ ਅੰਦਰ ਦੀ ਨਾਸਮਝ ਮਤਿ ਹੀ ਸਾਡਾ ਮਨ ਦੇ ਅੰਦਰ ਸੱਚ ਰੂਪ ਪ੍ਰਮਾਤਮਾ ਦੇ ਨਾਲੋਂ ਵਿਛੋੜੇ ਦਾ ਕਾਰਨ ਹੈ। ਇਸ ਵਿਛੋੜੇ ਦਾ ਕਾਰਨ ਸਾਡੇ ਅੰਦਰ ਦੀ ਮਨਮਤਿ ਹੈ। ਮਨਮਤਿ ਦਾ ਵਿਛੋੜਾ ਸਾਡੇ ਵਿੱਚ ਗੁਰਮਤਿ ਦੇ ਨਾਲ ਹੈ ਤੇ ਇਹ ਵਿਛੋੜਾ ਤਾਂ ਹੀ ਦੂਰ ਹੁੰਦਾ ਹੈ ਜਦੋਂ ਸਾਡੇ ਅੰਦਰ ਦੀ ਮਨਮਤਿ ਵਾਲੀ ਸਮਝ ਗੁਰਮਤਿ ਵਾਲੀ ਬਣ ਜਾਂਦੀ ਹੈ ਤੇ ਗੁਰਮਤਿ ਵਾਲੀ ਸਮਝ ਹੀ ਨਾਮ ਵਾਲੀ ਸਮਝ ਹੈ, ਬ੍ਰਹਮ ਗਿਆਨ ਵਾਲੀ ਸਮਝ ਹੈ, ਸਹਜ ਗਿਆਨ ਵਾਲੀ ਸਮਝ ਹੈ, ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ ਜਿਸ ਉੱਚੀ ਤੇ ਸੱਚੀ ਸਮਝ ਦੇ ਰੂਪ ਵਿੱਚ ਹੀ ਪ੍ਰਮਾਤਮਾ ਪੂਰੀ ਗੁਰਬਾਣੀ ਦੇ ਵਿੱਚ ਹੈ ਜਿਸ ਆਪਣੇ ਉੱਚੇ ਰੂਪ ਦੁਆਰਾ ਹੀ ਭਾਵ ਸਭ ਤੋਂ ਉੱਚੇ ਗਿਆਨ ਦੁਆਰਾ ਹੀ ਉਹ

50/6963

ਅਸਲ ਵਿੱਚ ਆਪ ਗੁਰੂ ਹੈ ਜਿਸ ਗੱਲ ਦੀ ਸਮਝ ਕੇਵਲ ਤੇ ਕੇਵਲ ਉਸਦੇ ਇਸ ਉੱਚੇ ਗਿਆਨ ਦੇ ਰੂਪ ਨੂੰ ਮਨ ਦੇ ਅੰਦਰ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਤਾਂ ਹੀ ਇਸ ਗੱਲ ਤੇ ਕਿਸੇ ਨੂੰ ਵਿਸ਼ਵਾਸ ਆਉਂਦਾ ਹੈ ਭਾਵ ਪੱਕਾ ਵਿਸ਼ਵਾਸ ਆਉਂਦਾ ਹੈ ਕਿ ਪ੍ਰਮਾਤਮਾ ਆਪ ਹੀ ਗੁਰੂ ਹੈ ਜਿਵੇਂ ਕਿ ਇਹ ਵਿਸ਼ਵਾਸ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਆਇਆ ਹੈ ਕਿ ਗੁਰੂ ਕੋਈ ਮਨੁੱਖੀ ਦੇਹ ਨਹੀਂ ਹੈ ਭਾਵ ਸ਼ਬਦ ਹੀ ਗੁਰੂ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਜੋ ਸੱਚੀ ਸੋਝੀ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਜੋ ਬ੍ਰਹਮ ਗਿਆਨ ਹੈ ਉਹ ਗੁਰੂ ਹੈ। ਬ੍ਰਹਮ ਗਿਆਨ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਉਸਦਾ ਨਾਮ ਰੂਪ ਹੈ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਉਸਦੀ ਨਾਮ ਰੂਪ ਸਮਝ ਵਾਲਾ ਬਣਨ ਦੁਆਰਾ ਹੀ ਭਾਵ ਉੱਚੇ ਗਿਆਨ ਦੀ ਸਮਝ ਵਾਲਾ ਬਣਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਪ੍ਰਮਾਤਮਾ ਆਪਣੇ ਨਾਮ ਦੁਆਰਾ ਹੀ ਉੱਚਾ ਹੈ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਉੱਚਾ ਹੈ ਤੇ ਉਸਨੂੰ ਉਹੋ ਜਿਹੀ ਉੱਚੀ ਸਮਝ ਵਾਲਾ ਭਾਵ ਉੱਚੇ ਗਿਆਨ ਵਾਲੀ ਸਮਝ ਵਾਲਾ ਬਣਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਉਸਨੂੰ ਜਾਨਣ ਦਾ ਕੋਈ ਹੋਰ ਤਰੀਕਾ ਨਹੀਂ ਹੈ। ਇਸ ਗੱਲ ਨੂੰ ਅਸੀਂ ਜਪੁਜੀ ਬਾਣੀ ਦੇ ਹੇਠ ਦਿੱਤੇ ਸ਼ਬਦ ਦੁਆਰਾ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਫਿਰ ਤੋਂ ਸਮਝ ਲੈਂਦੇ ਹਾਂ ਤਾਂ ਜੋ ਸਾਨੂੰ ਘੱਟੋ ਘੱਟ ਇਹ ਵਿਸ਼ਵਾਸ ਤਾਂ ਆ ਜਾਵੇ ਕਿ ਪ੍ਰਮਾਤਮਾ ਆਪਣੇ ਉੱਚੇ ਗਿਆਨ ਦੇ ਰੂਪ ਵਿੱਚ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੀ ਮਿਲਦਾ ਹੈ ਤੇ ਜਿਸ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣਾ ਨਾਮ ਬਖਸ਼ਦਾ ਹੈ, ਬ੍ਰਹਮ ਗਿਆਨ ਬਖਸ਼ਦਾ ਹੈ, ਗੁਰਮਤਿ ਦੀ ਸਮਝ ਵਾਲਾ ਸੱਚਾ ਗਿਆਨ ਬਖਸ਼ਦਾ ਹੈ ਭਾਵ ਚੌਥੇ ਪਦ ਦਾ ਗਿਆਨ ਬਖਸ਼ਦਾ ਹੈ ਜਿਸ ਤਰੀਕੇ ਉਹ ਮਨੁੱਖੀ ਸਮਝ ਨੂੰ ਮਨ ਦੇ ਹਰ ਭਰਮ ਵਿੱਚੋਂ ਕੱਢ ਲੈਂਦਾ ਹੈ, ਮਨ ਦੀ ਹਉਮੈ ਰੂਪ ਮੈਲ ਵਿੱਚੋਂ ਕੱਢ ਲੈਂਦਾ ਹੈ, ਮਨਮਤਿ ਦੇ ਵਿੱਚੋਂ ਕੱਢ ਲੈਂਦਾ ਹੈ, ਮਨ ਦੀ ਦੁਬਿੱਧਾ ਵਿੱਚੋਂ, ਸਹਸਾ ਵਿੱਚੋਂ, ਮਾਇਆ ਦੀ ਛੱਲ ਵਾਲੀ ਸਮਝ ਵਿੱਚੋਂ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਜਿਸ ਤਰੀਕੇ ਕੋਈ ਪ੍ਰਮਾਤਮਾ ਨੂੰ ਉਸਦੇ ਆਪਣੇ ਬਖਸ਼ੇ ਹੋਏ ਉੱਚੇ ਗਿਆਨ ਦੁਆਰਾ ਹੀ ਉਸਨੂੰ ਜਾਣ ਸਕਦਾ ਹੈ। ਆਉ ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਰੱਖ ਕੇ ਫਿਰ ਤੋਂ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਜਾਣ ਸਕੀਏ।

50/6964

{ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥
ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥

ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ ੫)

ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝੇ ਹੀ ਹਨ ਤੇ ਇਨ੍ਹਾਂ ਅਰਥਾਂ ਨੂੰ ਆਪਣੇ ਅੰਦਰ ਦ੍ਰਿੜ ਕਰਨ ਲਈ ਲੇਖ ਦੇ ਵਿੱਚੋਂ ਹੀ ਫਿਰ ਤੋਂ ਜਾਣਿਆ ਜਾ ਸਕਦਾ ਹੈ ਭਾਵ ਆਪਣੇ ਆਪ ਨੂੰ ਦ੍ਰਿੜ ਵਿਸ਼ਵਾਸ ਵਾਲਾ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਕਿਸੇ ਹੋਰ ਦੀ ਮਤਿ ਦੇ ਪਿੱਛੇ ਲੱਗ ਕੇ ਨਾ ਡੋਲੀਏ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਜੋੜਨ ਦੇ, ਉਸਦੇ ਵੱਖਰੇ ਵੱਖਰੇ ਨਾਮ ਜਪਣ ਦੇ ਵੱਖਰੇ ਵੱਖਰੇ ਤਰੀਕੇ ਸਮਝਾਉਂਦੇ ਹਨ, ਉਸਦੇ ਨਾਲ ਮੇਲ ਕਰਨ ਦੇ ਵੱਖਰੇ ਵੱਖਰੇ ਤਰੀਕੇ ਸਮਝਾਉਂਦੇ ਹਨ ਭਾਵ ਸਾਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ। ਹੁਣ ਜੇਕਰ ਅਸੀਂ ਇਹ ਕਹੀਏ ਭਾਵ ਸਮਝੀਏ ਕਿ ਕੋਈ ਹੋਰ ਸਾਨੂੰ ਉਹੋ ਜਿਹਾ ਉੱਚਾ ਗਿਆਨ ਦੇ ਸਕਦਾ ਹੈ ਜੋ ਉੱਚਾ ਗਿਆਨ ਗੁਰੂ ਦੇ ਕੋਲ ਹੈ ਇਹ ਫਿਰ ਸਾਡਾ ਭਰਮ ਹੀ ਹੈ ਜਿਵੇਂ ਕਿ ਅਸੀਂ ਲੇਖ ਦੇ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਧੰਨ ਧੰਨ ਧੰਨ ਅਕਾਲ ਪੁਰਖ ਰੂਪ ਦੂਜੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਹੋਰ ਦ੍ਰਿੜ ਕਰੀਏ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤੇ ਸਾਡਾ ਭਰਮ ਤਾਂ ਹੀ ਨਿਕਲੇਗਾ ਜੇਕਰ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝਕੇ ਉਸਨੂੰ ਮੰਨਾਂਗੇ ਤੇ ਉਸਤੇ ਅਮਲ ਕਰਾਂਗੇ ਭਾਵ ਉਹ ਕੁਝ ਕਰਾਂਗੇ ਜੋ ਗੁਰੂ ਚਾਹੁੰਦਾ ਹੈ। ਜੇਕਰ ਗੁਰੂ ਇਹ ਚਾਹੁੰਦਾ ਹੈ ਕਿ ਅਸੀਂ ਉਨ੍ਹਾਂ ਦੀ ਮਤਿ ਦੇ ਨਾਲ ਨਾ ਜੁੜੀਏ ਜੋ ਸਾਨੂੰ ਗੁਰੂ ਦੀ ਮਤਿ ਨਾਲੋਂ ਉਲਟ ਸਮਝਾਉਂਦੇ ਹਨ ਫਿਰ ਅਸੀਂ ਤਾਂ ਹੀ ਗੁਰੂ ਦੀ ਮਤਿ ਦੇ ਨਾਲ ਜੁੜਾਂਗੇ ਭਾਵ ਗੁਰੂ ਦੇ ਨੇੜੇ ਲਗਾਂਗੇ ਜੇਕਰ ਉਨ੍ਹਾਂ ਦੀ ਮਤਿ ਨੂੰ ਛਡਾਂਗੇ ਜੋ ਸਾਨੂੰ ਭਰਮਾਂ ਵਿੱਚ ਪਾ ਕੇ ਗੁਰਮਤਿ ਤੋਂ ਉਲਟ ਸਮਝਾਉਂਦੇ ਹਨ ਭਾਵ ਸਾਡੀ ਗੁਰਮਤਿ ਦੇ ਨਾਲੋਂ ਦੂਰੀ ਵਧਾਉਂਦੇ ਹਨ। ਆਉ ਹੇਠ ਦਿੱਤੇ ਸ਼ਬਦ ਦੁਆਰਾ ਗੁਰੂ ਦੀ ਮਤਿ ਨੂੰ ਸਮਝੀਏ ਤੇ ਉਸਨੂੰ ਮੰਨਕੇ ਆਪਣੀ ਮਨਮਤਿ ਛੱਡੀਏ ਤੇ ਗੁਰਮਤਿ ਨਾਲੋਂ ਆਪਣੀ ਦੂਰੀ ਘਟਾਈਏ।

50/6965

ਮਹਲਾ ੨ ॥

“ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥”

(ਅੰਗ ੪੬੩)

ਉਪਰ ਵਾਲੇ ਸ਼ਬਦ ਦੀ ਚਰਚਾ ਅਸੀਂ ਲੇਖ ਵਿੱਚ ਕੀਤੀ ਹੀ ਹੈ। ਉਪਰ ਵਾਲੇ ਸ਼ਬਦ ਦੇ ਅੰਦਰੂਨੀ ਭਾਵ ਬਹੁਤ ਹੀ ਗਹਿਰੇ ਹਨ। ਉਪਰ ਸ਼ਬਦ ਰਾਹੀਂ ਸਾਨੂੰ ਉਨ੍ਹਾਂ ਬਾਰੇ ਹੀ ਸਮਝਾਇਆ ਹੋਇਆ ਹੈ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਧਰਮ ਦੇ ਗਿਆਨ ਦੇ ਮਾਰਗ ਉੱਤੇ ਬਹੁਤ ਉੱਚਾ ਸਮਝ ਲੈਂਦੇ ਹਾਂ ਤੇ ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗ ਜਾਂਦੇ ਹਾਂ। ਉਪਰ ਸ਼ਬਦ ਰਾਹੀਂ ਸੰਸਾਰ ਦੇ ਵਿੱਚ ਜਿਵੇਂ ਪ੍ਰਕਾਸ਼ ਹੁੰਦਾ ਹੈ ਭਾਵ ਰਾਤ ਦਾ ਹਨੇਰਾ ਮਿੱਟ ਕੇ ਦਿਨ ਦਾ ਚਾਨਣ ਹੁੰਦਾ ਹੈ ਉਸਦੇ ਨਾਲ ਸਾਡੇ ਮਨ ਦੇ ਵਿੱਚ ਮਨ ਦੀ ਅਗਿਆਨਤਾ ਕੱਢਣ ਦੇ ਲਈ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਉਸਦੇ ਨਾਲ ਤੁਲਨਾ ਕਰਕੇ ਸਮਝਾਇਆ ਹੋਇਆ ਹੈ। ਚੰਦਾ ਅਤੇ ਸੂਰਜ ਸੰਸਾਰ ਵਿੱਚ ਰਾਤ ਦਾ ਹਨੇਰਾ ਦੂਰ ਕਰਨ ਦਾ ਕੰਮ ਕਰਦੇ ਹਨ ਤੇ ਇਸੇ ਤਰ੍ਹਾਂ ਗੁਰੂ ਦਾ ਗਿਆਨ ਸਾਡੇ ਅੰਦਰੋਂ ਸਾਡੀ ਮਨ ਦੀ ਅਗਿਆਨਤਾ ਰੂਪ ਹਨੇਰੇ ਨੂੰ ਦੂਰ ਕਰਨ ਦਾ ਕੰਮ ਕਰਦਾ ਹੈ। ਗੁਰੂ ਤੋਂ ਬਿਨਾਂ ਸੰਸਾਰ ਵਿੱਚ ਅਨੇਕਾਂ ਹੀ ਇਹੋ ਜਿਹੇ ਜਗ੍ਹਾ ਜਗ੍ਹਾ ਬੈਠੇ ਹਨ ਜੋ ਆਪਣੇ ਆਪ ਨੂੰ ਧਰਮ ਦੇ ਗਿਆਨ ਦੇ ਉੱਚੇ ਗਿਆਨੀ ਸਮਝਦੇ ਹਨ ਭਾਵ ਆਪਣੇ ਅੰਦਰ ਦੀ ਸਮਝ ਨੂੰ ਉੱਚੇ ਧਰਮ ਵਾਲੀ ਸਮਝ ਦੇ ਮਾਲਕ ਸਮਝਦੇ ਹਨ, ਧਰਮ ਦੇ ਉੱਚੇ ਵਿਦਵਾਨ ਸਮਝਦੇ ਹਨ, ਸੰਤ, ਬ੍ਰਹਮ ਗਿਆਨੀ ਆਦਿ ਸਮਝਦੇ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ ਭਾਵੇਂ ਕੋਈ ਜਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਭਾਵ ਭਾਵੇਂ ਕਿਸੇ ਵੀ ਧਰਮ ਗ੍ਰੰਥ ਦੀ ਸੋਝੀ ਨਾਲ ਜੁੜਿਆ ਹੋਵੇ। ਇਹੋ ਜਿਹਿਆਂ ਨੂੰ ਜੋ ਕਿ ਅਨੇਕਾਂ ਹੀ ਹਨ ਉਨ੍ਹਾਂ ਨੂੰ ਇਹ ਕਹਿ ਕੇ ਸਮਝਾਇਆ ਹੈ ਕਿ ਤੁਹਾਡੀ ਸਮਝ ਭਾਵ ਜੋ ਤੁਹਾਡੇ ਅੰਦਰ ਦਾ ਪ੍ਰਕਾਸ਼ ਹੈ ਉਹ ਭਾਵੇਂ ਸੋ ਚੰਦਰਮਿਆਂ ਦੇ ਬਰਾਬਰ ਹੋ ਜਾਵੇ, ਹਜਾਰ ਸੂਰਜਾਂ ਦੇ ਬਰਾਬਰ ਹੋ ਜਾਵੇ ਜੋ ਧਰਤੀ ਦਾ ਹਨੇਰਾ ਕੱਢਣ ਦਾ ਕੰਮ ਕਰਦੇ ਹਨ ਤੁਸੀਂ ਤਾਂ ਵੀ ਮਨ ਦੇ ਵਿੱਚ ਉਹੋ ਜਿਹੇ ਉੱਚੇ ਗਿਆਨ ਦੇ ਮਾਲਕ ਨਹੀਂ ਬਣ ਸਕਦੇ ਜਿਸ ਗਿਆਨ ਦੁਆਰਾ ਤੁਸੀਂ ਮਨੁੱਖ ਦੀ ਅਗਿਆਨਤਾ ਨੂੰ ਦੂਰ ਕਰ ਸਕੋ ਭਾਵ ਗੁਰੂ ਦੇ ਉੱਚੇ ਗਿਆਨ ਦਾ ਮੁਕਾਬਲਾ ਕਰ ਸਕੋ। ਸਮਝਾਇਆ ਸਾਨੂੰ ਇਹ ਹੈ ਕਿ ਮਨ ਦੀ ਅਗਿਆਨਤਾ ਦਾ ਹਨੇਰਾ ਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ

50/6966

ਕੱਢ ਸਕਦਾ ਭਾਵ ਆਪਣੇ ਅੰਦਰੋਂ ਉਸ ਪ੍ਰਮਾਤਮਾ ਦੀ ਸੱਚੀ ਭਗਤੀ ਨੂੰ ਜਿਸ ਸੱਚੀ ਭਗਤੀ ਦੁਆਰਾ ਭਾਵ ਇਹੋ ਜਿਹਾ ਨਾਮ ਜਪਣ ਦੁਆਰਾ ਸੱਚ ਦੇ ਮਾਲਕ, ਬ੍ਰਹਮ ਗਿਆਨ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਦੁਆਰਾ ਜਾਣਿਆ ਜਾ ਸਕਦਾ ਹੈ ਹਰ ਕੋਈ ਮਨ ਦੀ ਘੋਰ ਅਗਿਆਨਤਾ ਵਿੱਚ ਹੈ ਭਾਵ ਮਨ ਦੇ ਘੋਰ ਹਨੇਰੇ ਵਿੱਚ ਹੈ ਜਿਸ ਮਨ ਦੇ ਘੋਰ ਅੰਧੇਰੇ ਵਿੱਚੋਂ ਕੇਵਲ ਸਾਨੂੰ ਗੁਰੂ ਹੀ ਸਾਡੇ ਅੰਦਰ ਭਾਵ ਸਾਡੀ ਸਮਝ ਦੇ ਅੰਦਰ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰ ਸਕਦਾ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਕਾਸ਼ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਪ੍ਰਕਾਸ਼ ਹੈ ਭਾਵ ਉਸਦੇ ਨਾਮ ਰੂਪ ਵਿੱਚ ਪ੍ਰਕਾਸ਼ ਹੈ ਜੋ ਸਾਨੂੰ ਮਨ ਦੀ ਘੋਰ ਅਗਿਆਨਤਾ ਦੇ ਵਿੱਚੋਂ ਕੱਢ ਸਕਦਾ ਹੈ ਤੇ ਜੇਕਰ ਅਸੀਂ ਗੁਰੂ ਦੀ ਉੱਚੀ ਤੇ ਸੁੱਚੀ ਮਤਿ ਨੂੰ ਛੱਡਕੇ ਉਨ੍ਹਾਂ ਦੀ ਮਤਿ ਨੂੰ ਮੰਨਾਂਗੇ ਭਾਵ ਧਰਮ ਦੇ ਮਾਰਗ ਦੀ ਸਿੱਖਿਆ ਉਨ੍ਹਾਂ ਕੋਲੋਂ ਲਵਾਂਗੇ ਭਾਵ ਗੁਰੂ ਦੇ ਨਾਮ ਜਪਣ ਦੀ ਸਿੱਖਿਆ ਉਨ੍ਹਾਂ ਕੋਲੋਂ ਲਵਾਂਗੇ ਜੋ ਖੁੱਦ ਮਨ ਦੀ ਵੱਡੀ ਅਗਿਆਨਤਾ ਦੇ ਵਿੱਚ ਹਨ ਭਾਵ ਜਿਨ੍ਹਾਂ ਦੀ ਸਮਝ ਗੁਰੂ ਦੇ ਅੱਗੇ ਪਾਸਕੂ ਵੀ ਨਹੀਂ ਹੈ ਉਹ ਸਾਨੂੰ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਕੀ ਸਮਝਾ ਸਕਦੇ ਹਨ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਗੁਰੂ ਦੀ ਜੋ ਸਮਝ ਹੈ ਉਹ ਪ੍ਰਮਾਤਮਾ ਦੀ ਆਪਣੀ ਹੀ ਸਮਝ ਹੈ। ਗੁਰੂ ਪ੍ਰਮਾਤਮਾ ਦੀ ਸਮਝ ਨੂੰ ਛੱਡਕੇ ਕੋਈ ਕਿਸੇ ਹੋਰ ਦੀ ਸਮਝ ਦੇ ਨਾਲ ਜੁੜਕੇ ਉਸ ਪ੍ਰਮਾਤਮਾ ਨੂੰ ਪਾ ਸਕੇ ਭਾਵ ਆਪਣੇ ਅੰਦਰ ਜਾਣ ਸਕੇ ਇਹ ਨਾਮੁਮਕਿਨ ਹੈ। **(ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥)**

ਪਿੱਛੇ ਕੁਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਦੀ ਮਹਤੱਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤੇ ਇਸ ਮਹਤੱਤਾ ਨੂੰ ਸਮਝੇ ਬਿਨਾਂ ਅਸੀਂ ਗੁਰੂ ਗੁਰਬਾਣੀ ਨੂੰ ਸੱਚੀ ਮਹਤੱਤਾ ਨਹੀਂ ਦੇ ਸਕਦੇ। ਗੁਰੂ ਦੇ ਸ਼ਬਦਾਂ ਨੂੰ ਕੇਵਲ ਪੜੀ ਜਾਣ ਨਾਲ, ਸੁਣੀ ਜਾਣ ਨਾਲ ਜਾਂ ਪੋਥੀ ਅੱਗੇ ਮੱਥੇ ਟੇਕੀ ਜਾਣ ਨਾਲ ਗੁਰੂ ਦੀ ਅਸਲ ਮਹਤੱਤਾ ਨੂੰ ਨਹੀਂ ਜਾਣਿਆ ਜਾ ਸਕਦਾ। ਗੁਰੂ ਦੀ ਅਸਲ ਮਹਤੱਤਾ ਗੁਰੂ ਦੇ ਸ਼ਬਦਾਂ ਦੀ ਵਿਚਾਰ ਦੇ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਵਿੱਚ ਹੈ, ਬ੍ਰਹਮ ਗਿਆਨ ਦੇ ਵਿੱਚ ਹੈ ਭਾਵ ਗੁਰੂ ਦੇ ਨਾਮ ਦੇ ਵਿੱਚ ਹੈ। ਗੁਰੂ ਦੀ ਇਸ ਮਹਤੱਤਾ ਨੂੰ ਭਾਵ ਇਸਦੇ

ਉੱਚੇਪਨ ਨੂੰ ਤਾਂ ਹੀ ਸਮਝਿਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ ਜੇਕਰ ਪਹਿਲੇ ਅਸੀਂ ਉਸ ਕਾਰਨ ਨੂੰ ਸਮਝੀਏ ਜਿਸ ਕਰਕੇ ਅਸੀਂ ਗੁਰੂ ਦੇ ਉੱਚੇਪਨ ਨੂੰ, ਵੱਡੇਪਨ ਨੂੰ ਸਮਝਣ ਤੋਂ ਦੂਰ ਰਹਿੰਦੇ ਹਾਂ। ਗੁਰੂ ਦੇ ਵੱਡੇਪਨ ਨੂੰ ਨਾ ਸਮਝਣ ਦਾ ਕਾਰਨ ਸਾਡੇ ਅੰਦਰ ਹੀ ਹੈ, ਹਰ ਮਨੁੱਖ ਦੇ ਅੰਦਰ ਹੀ ਹੈ। ਇਹ ਕਾਰਨ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ, ਅਗਿਆਨਤਾ ਵਾਲੀ ਸਮਝ ਹੀ ਹੈ, ਭਰਮਾਂ ਵਾਲੀ ਸਮਝ ਹੀ ਹੈ ਭਾਵ ਹਰ ਮਨੁੱਖ ਦੀ ਸਮਝ ਦੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਮਾਇਆ ਦਾ ਛੱਲ ਹੈ। ਇਸ ਮਾਇਆ ਦੇ ਛੱਲ ਵਿੱਚੋਂ ਨਿਕਲੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਭਾਵ ਸ੍ਰਿਸ਼ਟੀ ਦਾ ਕਰਤਾ ਆਪਣੇ ਕਿਸ ਰੂਪ ਵਿੱਚ ਕਿਤਨਾ ਵੱਡਾ ਹੈ ਜੋ ਆਪਣੇ ਰੂਪ ਦੁਆਰਾ ਉਸਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਇਸੇ ਰੂਪ ਦੁਆਰਾ ਉਹ ਆਪਣੀ ਸ੍ਰਿਸ਼ਟੀ ਨੂੰ ਬਣਾ ਕੇ ਚਲਾ ਰਿਹਾ ਹੈ। ਇਹ ਪ੍ਰਮਾਤਮਾ ਦਾ ਬ੍ਰਹਮ ਗਿਆਨ ਰੂਪ ਹੈ, ਉਸਦਾ ਨਿਰੰਕਾਰ ਰੂਪ ਹੈ, ਨਾਮ ਰੂਪ ਹੈ। ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਪ੍ਰਮਾਤਮਾ ਦਾ ਭਾਵ ਉਸਦੇ ਉੱਚੇ ਗਿਆਨ ਵਾਲਾ ਰੂਪ ਹੀ ਹੈ ਜੋ ਕਿ ਉਸਦਾ ਆਪਣਾ ਸੱਚ ਰੂਪ ਹੈ ਭਾਵ ਨਾਮ ਰੂਪ ਹੈ। ਪ੍ਰਮਾਤਮਾ ਦੇ ਵੱਡੇਪਨ ਨੂੰ ਕੇਵਲ ਉਸਦੇ ਸੱਚ ਰੂਪ ਨਾਲ ਜੁੜਕੇ ਹੀ ਜਾਣਿਆ ਜਾ ਸਕਦਾ ਹੈ ਤੇ ਉਸਦੇ ਸੱਚ ਰੂਪ ਦੇ ਮਕਸਦ ਨੂੰ ਸਮਝਣਾ ਵੀ ਜਰੂਰੀ ਹੈ ਤੇ ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਨੇ ਆਪਣਾ ਸੱਚ ਰੂਪ ਕਿਸ ਮਕਸਦ ਲਈ ਪ੍ਰਗਟ ਕੀਤਾ ਹੋਇਆ ਹੈ ਜੋ ਉਸਦਾ ਸੱਚ ਰੂਪ ਸਾਰੇ ਸੰਸਾਰ ਲਈ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਰਾਹੀਂ ਭਾਵ ਸ਼ਬਦਾਂ ਦੇ ਉੱਚੇ ਗਿਆਨ ਰਾਹੀਂ ਸਦਾ ਹੀ ਪ੍ਰਗਟ ਹੈ, ਅੱਠੇ ਪਹਿਰ ਪ੍ਰਗਟ ਹੈ। ਸੱਚੇ ਗਿਆਨ ਦਾ ਮਕਸਦ ਕੇਵਲ ਤੇ ਕੇਵਲ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਪ੍ਰਮਾਤਮਾ ਦੇ ਵੱਡੇਪਨ ਨੂੰ ਨਾ ਅੱਜ ਤੱਕ ਕਿਸੇ ਨੇ ਜਾਣਿਆ ਹੈ ਤੇ ਨਾ ਹੀ ਭਰਮਾਂ ਵਿੱਚ ਰਹਿੰਦੇ ਹੋਏ ਕੋਈ ਜਾਣ ਸਕਦਾ ਹੈ। ਜਿਨ੍ਹਾਂ ਸਰੀਰਾਂ ਦੀ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਉਨ੍ਹਾਂ ਦੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਿਆ ਹੈ, ਉਨ੍ਹਾਂ ਨੂੰ ਆਪਣੀ ਬ੍ਰਹਮ ਗਿਆਨ ਵਾਲੀ ਸਮਝ ਭਾਵ ਨਾਮ ਵਾਲੀ ਸਮਝ ਦੇਣ ਦੁਆਰਾ ਹੀ ਕੱਢਿਆ ਹੈ ਜਿਸ ਆਪਣੀ ਉੱਚੀ ਸਮਝ ਦੁਆਰਾ ਉਨ੍ਹਾਂ ਨੇ ਪੂਰੀ ਗੁਰਬਾਣੀ ਰਾਹੀਂ ਪ੍ਰਮਾਤਮਾ ਦੀ ਵਡਿਆਈ ਬਿਆਨ ਕੀਤੀ ਹੈ। ਪ੍ਰਮਾਤਮਾ ਦੀ ਵਡਿਆਈ ਨੂੰ ਜਾਨਣ ਲਈ ਕੇਵਲ ਤੇ ਕੇਵਲ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦੀ ਲੋੜ ਹੈ ਨਾ ਕਿ ਸਰੀਰਕ ਜਪ ਤਪ ਆਦਿ ਦੁਆਰਾ ਤੇ ਇਸ ਲਈ ਸਾਨੂੰ ਬਾਣੀ

ਰਾਹੀਂ ਸਰੀਰਕ ਜਪ ਤਪ ਆਦਿ ਕਰਨ ਤੋਂ ਮਨ੍ਹਾਂ ਕੀਤਾ ਹੋਇਆ ਹੈ ਕਿ ਇਸ ਤਰੀਕੇ ਪ੍ਰਮਾਤਮਾ ਦੀ ਵਡਿਆਈ ਨੂੰ ਨਹੀਂ ਜਾਣਿਆ ਜਾ ਸਕਦਾ, ਉਸਦੇ ਵੱਡੇਪਨ ਨੂੰ ਨਹੀਂ ਜਾਣਿਆ ਜਾ ਸਕਦਾ। ਉਸਦੇ ਵੱਡੇਪਨ ਨੂੰ ਕੇਵਲ ਮਨ ਦੀ ਸਮਝ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਜਿਸਨੂੰ ਜਾਨਣ ਲਈ ਸਾਡਾ ਸੱਚਾ ਉੱਦਮ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਹੇਠ ਦਿੱਤੇ ਸ਼ਬਦ ਨੂੰ ਵੀ ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝਿਆ ਹੈ ਕਿ ਸਮਾਧੀਆਂ ਆਦਿ ਲਗਾ ਕੇ ਸਰੀਰਕ ਜਪ ਤਪ ਕਰਨ ਦੁਆਰਾ ਪ੍ਰਮਾਤਮਾ ਦੀ ਕੋਈ ਵਡਿਆਈ ਤਾਂ ਸਮਝ ਨਹੀਂ ਆਉਂਦੀ ਪਰ ਜਪ ਤਪ ਕਰਨ ਵਾਲੇ ਦੀ ਆਪਣੀ ਵਡਿਆਈ ਜਰੂਰ ਹੋਣ ਲੱਗ ਜਾਂਦੀ ਹੈ ਜੋ ਵਡਿਆਈ ਸਾਨੂੰ ਉਲਟਾ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਮਾੜਾ ਹੀ ਬਣਾਉਂਦੀ ਹੈ। ਹੇਠ ਦਿੱਤੇ ਸ਼ਬਦਾਂ ਦੁਆਰਾ ਹੁਣ ਅਸੀਂ ਹੋਰ ਵੀ ਦ੍ਰਿੜਤਾ ਨਾਲ ਮੰਨ ਸਕਦੇ ਹਾਂ ਕਿ ਸਰੀਰਕ ਜਪ ਤਪ ਸਭ ਵਿਆਰਥ ਹੀ ਹਨ ਜਿਨ੍ਹਾਂ ਜਪਾਂ ਤਪਾਂ ਦੁਆਰਾ ਨਾ ਕਦੀ ਕਿਸੇ ਨੇ ਪ੍ਰਮਾਤਮਾ ਦੀ ਵਡਿਆਈ ਨੂੰ ਜਾਣਿਆ ਹੈ ਤੇ ਨਾ ਹੀ ਜਾਣ ਸਕਦਾ ਹੈ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ॥

{ਸੁਣਿ ਵਡਾ ਆਖੈ ਸਭ ਕੋਈ ॥ ਕੇਵਡੁ ਵਡਾ ਡੀਠਾ ਹੋਈ ॥ ਕੀਮਤਿ ਪਾਇ ਨ ਕਹਿਆ ਜਾਇ ॥
ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥ ਗਿਆਨੀ ਧਿਆਨੀ ਗੁਰ ਗੁਰ ਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆਂ ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ ਆਖਣ ਵਾਲਾ ਕਿਆ ਬੇਚਾਰਾ ॥
ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੧॥}

(ਅੰਗ ੩੪੮-੩੪੯)

ਸਿਰੀਰਾਗੁ ਮਹਲਾ ੫ ਘਰੁ ੫ ॥

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

ਆਸਾ ਮਹਲਾ ੧ ॥

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ॥੧॥ਰਹਾਉ॥

ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥
ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥ ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥
ਪੁਤ੍ ਕਲਤ੍ ਲਗਿ ਨਾਮੁ ਵਿਸਾਰੀ ॥ ਬਿਰਥਾ ਜਨਮੁ ਗਵਾਇਆ ਬਾਜੀ ਹਾਰੀ॥ ਸਤਿਗੁਰੁ ਸੇਵੇ ਕਰਣੀ ਸਾਰੀ॥੩॥
ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥ ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥
ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥ ਰੂੜੋ ਕਹਉ ਨ ਕਹਿਆ ਜਾਈ ॥
ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥
ਨਦਰਿ ਕਰੇ ਰਾਖੈ ਰਖਵਾਲਾ ॥੭॥ ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}

(ਅੰਗ ੪੧੨)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ
ੴ ਸਤਿਗੁਰ ਪ੍ਰਸਾਦਿ ॥
{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

50/6969

ਭੈਰਉ ਮਹਲਾ ੩ ॥
{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥

ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

ਸਿਰੀਰਾਗੁ ਮਹਲਾ ੧ ॥

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥
ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥}

(ਅੰਗ ੧੪-੧੫)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਨ੍ਹਾਂ ਰਾਹੀਂ ਸਾਨੂੰ ਇਹੀ ਸਮਝਾਇਆ ਹੋਇਆ ਹੈ ਕਿ ਜਿਸ ਤਰੀਕੇ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਉਸ ਤਰੀਕੇ ਉਸਨੂੰ ਨਹੀਂ ਪਾਇਆ ਜਾ ਸਕਦਾ ਭਾਵ ਅਸੀਂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੇ ਸਹੀ ਮਾਰਗ ਤੋਂ ਭਟਕੇ ਹੋਏ ਹਾਂ ਭਾਵ ਮਨ ਦੇ ਭਰਮਾਂ ਕਰਕੇ ਹੀ ਉਹ ਕੁਝ ਕਰਦੇ ਹਾਂ ਜੋ ਕਰਨ ਦੁਆਰਾ ਪ੍ਰਮਾਤਮਾ ਨੂੰ ਕਦੇ ਨਹੀਂ ਜਾਣਿਆ ਜਾ ਸਕਦਾ। ਪ੍ਰਮਾਤਮਾ ਨੂੰ ਪਾਉਣ ਦਾ ਸਹੀ ਤਰੀਕਾ ਵੀ ਸ਼ਬਦਾਂ ਰਾਹੀਂ ਨਾਲ ਹੀ ਸਮਝਾਇਆ ਹੁੰਦਾ ਹੈ ਜਿਵੇਂ ਕਿ ਉਪਰ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਤੇ ਪ੍ਰਮਾਤਮਾ ਨੂੰ ਪਾਉਣ ਦਾ ਉਹੀ ਤਰੀਕਾ ਇਸ ਲੇਖ ਵਿੱਚ ਸ਼ੁਰੂ ਤੋਂ ਲੈ ਕੇ ਹੁਣ ਤੱਕ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਤਰੀਕਾ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਕੇ ਉਸ ਅਨੁਸਾਰ ਵਿਚਰਨ ਦਾ ਹੈ। ਜੇਕਰ ਸਾਨੂੰ ਗੁਰੂ ਬਾਰ-ਬਾਰ ਸਰੀਰਕ ਜਪ ਤਪ ਛੱਡਣ ਲਈ ਸਮਝਾਉਂਦਾ ਹੈ ਤੇ ਜੇਕਰ ਅਸੀਂ ਫਿਰ ਵੀ ਉਹੋ ਕੁਝ ਹੀ ਕਰਦੇ ਹਾਂ ਜੋ ਕਰਨ ਤੋਂ ਗੁਰੂ ਸਾਨੂੰ ਮਨ੍ਹਾਂ ਕਰਦਾ ਹੈ ਤੇ ਫਿਰ ਗੁਰੂ ਦੇ ਇਹੋ ਜਿਹੇ ਸਮਝਾਉਣ ਦਾ ਸਾਡੇ ਅੰਦਰ ਅਸਰ ਕੀ ਹੋਇਆ ਭਾਵ ਅਸੀਂ ਉਸੇ ਭਰਮਾਂ ਵਾਲੀ ਮਤਿ ਵਿੱਚ ਰਹੇ ਜੋ ਮਤਿ ਸਾਡੇ ਅੰਦਰ ਗੁਰੂ ਦੀ ਮਤਿ ਨੂੰ ਪੜਨ ਸੁਣਨ ਤੋਂ ਪਹਿਲੇ ਸੀ। ਜਦ ਤੱਕ ਅਸੀਂ ਗੁਰੂ ਦੇ ਮਕਸਦ ਨੂੰ ਨਹੀਂ ਸਮਝਦੇ ਕਿ ਗੁਰੂ ਪ੍ਰਮਾਤਮਾ ਨੇ ਇੰਨੀ ਵੱਡੀ ਗੁਰਬਾਣੀ ਦੀ ਰਚਨਾ ਕਿਸ ਮਕਸਦ ਲਈ ਕੀਤੀ ਹੈ ਤਾਂ ਫਿਰ ਅਸੀਂ ਭਰਮਾਂ ਵਾਲੀ ਸਮਝ ਵਿੱਚ ਹੀ ਫਸੇ ਰਹਾਂਗੇ। ਉਹ ਸੱਚ ਰੂਪ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਜਿਸਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਪਛਾਣਿਆ ਜਾ ਸਕਦਾ ਹੈ ਭਾਵ ਜਾਣਿਆ ਜਾ ਸਕਦਾ ਹੈ ਤੇ ਉਸ ਸੱਚ ਰੂਪ ਪ੍ਰਮਾਤਮਾ ਨੂੰ ਆਪਣੇ ਭਰਮਾਂ ਵਿੱਚ ਰਹਿੰਦੇ ਹੋਏ ਨਾ ਕਦੇ ਉਸਦੀ ਸੱਚਾਈ ਨੂੰ ਜਾਣਿਆ ਹੈ ਤੇ ਨਾ ਹੀ ਮਨ ਦੇ ਭਰਮਾਂ ਵਿੱਚ ਰਹਿੰਦੇ ਹੋਏ ਕੋਈ ਉਸਦੀ ਸੱਚਾਈ ਨੂੰ ਜਾਣ ਸਕਦਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ

50/6970

ਦੀ ਪੰਗਤੀ ਰਾਹੀਂ ਸਮਝਿਆ ਹੈ। **(ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥ ਬਿਖਿਆ**

ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥ ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥ ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥ ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥ ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥ ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥ ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥ ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥ ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥)

ਜੋ ਤਰੀਕਾ ਪ੍ਰਮਾਤਮਾ ਨੂੰ ਪਾਉਣ ਦਾ ਉਪਰ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ, ਬਾਣੀ ਦੇ ਹਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਭਾਵੇਂ ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਵੋ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਕੁਝ ਸਮਝਾਉਣ ਦਾ ਹੀ ਹੈ ਭਾਵ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਸਾਡਾ ਸੱਚਾ ਉੱਦਮ ਹੀ ਸੱਚ ਨੂੰ ਜਾਨਣ ਦਾ ਸੱਚਾ ਉਦੱਮ ਹੈ। ਜੋ ਪ੍ਰਮਾਤਮਾ ਨੂੰ ਪਾਉਣ ਦੇ ਤਰੀਕੇ ਸੰਸਾਰ ਨੇ ਸਦੀਆਂ ਤੋਂ ਅਪਨਾਏ ਹੋਏ ਹਨ ਉਨ੍ਹਾਂ ਤਰੀਕਿਆਂ ਨੂੰ ਭਰਮ ਮੰਨਣਾ ਹੀ ਬਹੁਤ ਵੱਡੀ ਗੱਲ ਹੈ ਕਿਉਂਕਿ ਸਾਡੇ ਅੰਦਰ ਪ੍ਰਮਾਤਮਾ ਦੀ ਪਾਈ ਹੋਈ ਮਾਇਆ ਦੀ ਜੁਗਤਿ ਦਾ ਮਕਸਦ ਹੀ ਇਹ ਹੈ ਕਿ ਉਹ ਮਨੁੱਖੀ ਸਮਝ ਨੂੰ, ਪ੍ਰਮਾਤਮਾ ਨੂੰ ਜਾਨਣ ਬਾਰੇ ਭਰਮਾਂ ਵਿੱਚ ਪਾ ਕੇ ਰੱਖੇ। ਇਸੇ ਲਈ ਹਰ ਕਿਸੇ ਲਈ ਪ੍ਰਮਾਤਮਾ ਨੂੰ ਜਾਨਣਾ ਬਹੁਤ ਔਖਾ ਹੈ ਜੋ ਕਿ ਆਪਣੇ ਆਪ ਭਰਮਾਂ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਪਰ ਇਨ੍ਹਾਂ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਉੱਦਮ ਭਾਵ ਪ੍ਰਮਾਤਮਾ ਦੀ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਦਾ ਉੱਦਮ ਤੇ ਉਸਤੇ ਚੱਲਣ ਦਾ ਉੱਦਮ ਪ੍ਰਮਾਤਮਾ ਨੇ ਮਨੁੱਖ ਦੇ ਸਿਰ ਹੀ ਰੱਖਿਆ ਹੋਇਆ ਹੈ। ਆਪਣੇ ਆਪ ਨੂੰ ਭਰਮਾਂ ਵਿੱਚ ਮੰਨਣਾ ਹੀ ਬਹੁਤ ਔਖਾ ਹੈ ਕਿਉਂਕਿ ਭਾਵੇਂ ਗੁਰੂ ਸਾਨੂੰ ਬਾਰ-ਬਾਰ ਇਹ ਸਮਝਾਉਂਦਾ ਹੈ ਕਿ ਜਿਸਨੂੰ ਤੁਸੀਂ ਭਗਤੀ ਦਾ ਸਹੀ ਮਾਰਗ ਸਮਝ ਕੇ ਐਵੇਂ ਆਪਣੇ ਆਪ ਨੂੰ ਖੁਆਰ ਕਰ ਰਹੇ ਹੋ ਪਰ ਫਿਰ ਵੀ ਸਾਨੂੰ ਖੁਆਰ ਹੋਣਾ ਮਨਜੂਰ ਹੈ ਪਰ ਭਰਮ ਛੱਡਣਾ ਮਨਜੂਰ ਨਹੀਂ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕਰਦੇ ਹਾਂ।

ਸਲੋਕ ਮਃ ੧ ॥

{ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥
ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥
ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥
ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਨੁ ਕਹੈ ॥
ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਨੁ ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਨੁ॥੧॥}

(ਅੰਗ ੯੫੨)

ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਪਿੱਛੇ ਜਾਣੇ

50/6971

ਹੀ ਹਨ ਤੇ ਗੁਰੂ ਸਾਹਿਬ ਨੇ ਸਾਨੂੰ ਇਹ ਸ਼ਬਦ ਕਿਸ ਮਕਸਦ ਲਈ ਸਮਝਾਇਆ ਹੋਇਆ ਹੈ। ਸ਼ਬਦ ਦੇ ਅਰਥ ਗਹਿਰਾਈ ਵਿੱਚ ਹਨ ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੀ ਹੈ। ਹਰ ਕੋਈ **"ਸਤਿ"** ਰੂਪ ਪ੍ਰਮਾਤਮਾ ਨੂੰ, ਸੱਚ ਰੂਪ ਪ੍ਰਮਾਤਮਾ ਨੂੰ ਆਪਣੀ ਆਪਣੀ ਮਤਿ ਦੁਆਰਾ ਪਾਉਣਾ ਚਾਹੁੰਦਾ ਹੈ ਤੇ ਆਪਣੀ ਮਤਿ ਦੁਆਰਾ ਅਸੀਂ ਉਸ ਸਤਿ ਰੂਪ ਪ੍ਰਮਾਤਮਾ ਨੂੰ ਪਾਉਣ ਦੇ ਕਿਹੋ ਜਿਹੇ ਤਰੀਕੇ ਅਪਨਾਉਂਦੇ ਹਾਂ ਉਨ੍ਹਾਂ ਤਰੀਕਿਆਂ ਦਾ ਹੀ ਵਰਨਣ ਕੀਤਾ ਹੋਇਆ ਹੈ। ਇਹੋ ਜਿਹੇ ਤਰੀਕੇ ਅਪਨਾਉਣ ਨਾਲ ਸਾਨੂੰ ਸਤਿ ਦੀ ਪ੍ਰਾਪਤੀ ਤਾਂ ਨਹੀਂ ਹੁੰਦੀ ਪਰ ਸਾਡੀ ਖੁਆਰੀ ਬਹੁਤ ਹੁੰਦੀ ਹੈ। ਸਾਡੀ ਖੁਆਰੀ ਦਾ ਕਾਰਣ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਇਹੋ ਜਿਹੇ ਮਾਰਗ ਤੇ ਚੱਲ ਕੇ ਜੋ ਅਸੀਂ ਆਪਣੇ ਆਪ ਨੂੰ ਖੁਆਰ ਕਰਦੇ ਹਾਂ ਉਹ ਅਸਲ ਭਗਤੀ ਦਾ ਤਰੀਕਾ ਨਾ ਸਮਝ ਆਉਣ ਕਰਕੇ ਹੀ ਕਰਦੇ ਹਾਂ। ਉਪਰ ਸ਼ਬਦ ਰਾਹੀਂ ਅਕਾਲ ਪੁਰਖ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਗੁਰਬਾਣੀ ਰਾਹੀਂ ਆਪ ਪ੍ਰਗਟ ਹੋ ਕੇ ਕਿ **"ਸਭਿ ਘਟ ਮੇਰੇ"** ਭਾਵ ਸਭ ਘੱਟ ਮੇਰੇ ਹਨ ਭਾਵ ਸਭ ਸਰੀਰ ਮੇਰੇ ਹੀ ਹਨ, ਹਰ ਸਰੀਰ ਦੇ ਅੰਦਰ ਭਾਵ ਸਭ ਦੇ ਮਨ ਦੇ ਅੰਦਰ ਮੈਂ ਆਪ ਹੀ ਵਰਤ ਰਿਹਾ ਹਾਂ ਤੇ ਭਗਤੀ ਦੀ ਮੈਂ ਜਿਨ੍ਹਾਂ ਨੂੰ ਸੱਚੀ ਸੋਝੀ ਨਹੀਂ ਪਾਉਂਦਾ ਉਨ੍ਹਾਂ ਨੂੰ ਭਗਤੀ ਦੇ ਅਸਲ ਮਾਰਗ ਤੋਂ ਭਟਕਾਉਣ ਵਾਲਾ ਮੈਂ ਆਪ ਹੀ ਹਾਂ ਭਾਵ ਉਨ੍ਹਾਂ ਨੂੰ ਭਗਤੀ ਦੇ ਗਲਤ ਤਰੀਕਿਆਂ ਤੇ ਚਲਾ ਕੇ ਉਨ੍ਹਾਂ ਨੂੰ ਖੁਆਰ ਕਰਨ ਵਾਲਾ ਮੈਂ ਆਪ ਹੀ ਹਾਂ ਤੇ ਉਨ੍ਹਾਂ ਕੋਲੋਂ ਇਹ ਅਖਵਾਉਣ ਵਾਲਾ ਕਿ ਇਹੋ ਜਿਹੀ ਭਗਤੀ ਦੇ ਮਾਰਗ ਤੇ ਚਲਦਿਆਂ ਹੋਇਆਂ ਅਸੀਂ ਖੁਆਰ ਨਹੀਂ ਹੋ ਰਹੇ ਕਿਉਂਕਿ

ਖੁਆਰ ਹੁੰਦੇ ਹੋਏ ਵੀ ਉਹ ਇਹ ਸਮਝਦੇ ਹਨ ਕਿ ਅਸੀਂ ਪ੍ਰਮਾਤਮਾ ਦੀ ਸੱਚੀ ਭਗਤੀ ਵਿੱਚ ਹੀ ਲੱਗੇ ਹੋਏ ਹਾਂ ਭਾਵ ਉਹ ਆਪਣੀ ਖੁਆਰੀ ਨੂੰ ਇਸ ਲਈ ਖੁਆਰੀ ਨਹੀਂ ਮੰਨਦੇ ਕਿਉਂਕਿ ਉਨ੍ਹਾਂ ਨੂੰ ਅਸਲ ਭਗਤੀ ਦੀ ਸਮਝ ਹੀ ਨਹੀਂ ਹੁੰਦੀ ਤੇ ਹੋਰ ਵੀ ਜੋ ਉਨ੍ਹਾਂ ਨੂੰ ਇਹੋ ਜਿਹੀ ਭਗਤੀ ਕਰਦੇ ਦੇਖਦੇ ਹਨ ਉਹ ਵੀ ਇਹੀ ਕਹਿੰਦੇ ਹਨ ਕਿ ਇਹ ਸਭ ਭਗਤੀ ਦੇ ਸੱਚੇ ਮਾਰਗ ਤੇ ਚੱਲ ਰਹੇ ਹਨ ਭਾਵ ਮਨ ਦੀ ਨਾਸਮਝੀ ਕਰਕੇ ਸਮਾਜ ਵਿੱਚ ਉਨ੍ਹਾਂ ਨੂੰ ਕੋਈ ਇਹ ਨਹੀਂ ਕਹਿੰਦਾ ਕਿ ਇਹੋ ਜਿਹੀ ਭਗਤੀ ਕਰਨ ਵਾਲੇ ਸਭ ਖੁਆਰ ਹੋ ਰਹੇ ਹਨ ਬਲਕਿ ਉਨ੍ਹਾਂ ਦੀ ਇਹੋ ਜਿਹੀ ਭਗਤੀ ਦੁਆਰਾ ਉਨ੍ਹਾਂ ਨੂੰ ਵਡਿਆਈ ਹੀ ਦਿੰਦੇ ਹਨ। ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸਭ ਘੱਟ ਮੇਰੇ ਹਨ ਤੇ ਜਿਸਨੂੰ ਮੈਂ ਭਗਤੀ ਦਾ ਸਹੀ ਮਾਰਗ

50/6972

ਸਮਝਾ ਦਿਆਂ ਉਸਨੂੰ ਫਿਰ ਕੋਈ ਭਗਤੀ ਦੇ ਸੱਚੇ ਮਾਰਗ ਤੋਂ ਭੁਲਾ ਨਹੀਂ ਸਕਦਾ ਤੇ ਜਿਸਨੂੰ ਮੈਂ ਭਗਤੀ ਦੇ ਸੱਚੇ ਮਾਰਗ ਤੋਂ ਭੁਲਾ ਦਿਆਂ ਉਸਨੂੰ ਫਿਰ ਕੋਈ ਭਗਤੀ ਦਾ ਸੱਚਾ ਮਾਰਗ ਦਿਖਾ ਨਹੀਂ ਸਕਦਾ ਕਿਉਂਕਿ ਉਹ ਆਪ ਹੀ ਮਨੁੱਖੀ ਸਮਝ ਦਾ ਮਾਲਕ ਹੈ ਤੇ ਮਨੁੱਖ ਜੋ ਕੁਝ ਵੀ ਕਰਦਾ ਹੈ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ ਜੋ ਸਮਝ ਮਨੁੱਖ ਦੇ ਆਪਣੇ ਵੱਸ ਹੀ ਨਹੀਂ। ਸਾਨੂੰ ਇਸ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਸਾਧਨ ਵੀ ਸਾਡੀ ਸਮਝ ਦੇ ਮਾਲਕ ਨੇ ਗੁਰਬਾਣੀ ਰਾਹੀਂ ਆਪ ਹੀ ਦਿੱਤਾ ਹੋਇਆ ਹੈ। ਜਿਸ ਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰੱਦਾ ਹੈ ਉਸਨੂੰ ਹੀ ਆਪਣੀ ਧਰਮ ਦੇ ਮਾਰਗ ਦੀ **"ਸਿਧਿ"** ਭਾਵ ਸਿਧੀ ਬਖਸ਼ਦਾ ਹੈ ਜੋ ਸਿਧੀ ਉਸਦੇ ਆਪਣੇ ਹੱਥ ਵਿੱਚ ਹੈ ਤੇ ਜਿਸਨੂੰ ਉਹ ਆਪਣੀ ਗਿਆਨ ਰੂਪ ਸਿਧੀ ਬਖਸ਼ਦਾ ਹੈ ਭਾਵ ਸੱਚੇ ਗਿਆਨ ਵਾਲੀ ਸਮਝ ਬਖਸ਼ਦਾ ਹੈ ਉਸਨੂੰ ਹੀ ਮਨ ਦੇ ਵਿੱਚ ਪਾ ਕੇ ਭਾਵ ਪ੍ਰਗਟ ਹੋ ਕੇ ਮਿਲਦਾ ਹੈ, ਆਪਣੇ ਸ਼ਬਦ ਰੂਪ ਵਿੱਚ ਮਿਲਦਾ ਹੈ ਭਾਵ ਸ਼ਬਦਾਂ ਦੇ ਗਿਆਨ ਰੂਪ ਵਿੱਚ ਮਿਲਦਾ ਹੈ ਜਿਸ ਆਪਣੇ ਸ਼ਬਦਾ ਦੇ ਸੱਚੇ ਗਿਆਨ ਦੁਆਰਾ ਮਨੁੱਖ ਦੀ ਸਮਝ ਨੂੰ ਉਹ ਆਪਣੀ ਭਗਤੀ ਦਾ ਸਹੀ ਮਾਰਗ ਹੀ ਸਮਝਾਉਂਦਾ ਹੈ ਜਿਸ ਮਾਰਗ ਤੇ ਚੱਲਣ ਤੋਂ ਉਸਨੂੰ ਕੋਈ ਹੋਰ ਭਟਕਾ ਨਹੀਂ ਸਕਦਾ ਭਾਵ ਭਰਮਾਂ ਵਿੱਚ ਨਹੀਂ ਪਾ ਸਕਦਾ ਤੇ ਉਹੀ ਦੂਸਰਿਆਂ ਨੂੰ ਭਾਵ ਹਰ ਸੰਸਾਰੀ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ ਭਾਵ ਭਗਤੀ ਦੇ ਸਹੀ ਮਾਰਗ ਦੀ ਸੋਝੀ ਪਾ ਸਕਦਾ ਹੈ ਜਿਵੇਂ ਕਿ ਸਾਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪੂਰੀ ਗੁਰਬਾਣੀ ਰਾਹੀਂ ਭਗਤੀ ਦੇ ਸਹੀ ਮਾਰਗ ਤੇ ਚੱਲਣਾ ਸਮਝਾਇਆ ਹੈ ਤੇ ਭਗਤੀ ਦੇ ਉਹੋ ਜਿਹੇ ਮਾਰਗ ਨੂੰ ਛੱਡਣ ਲਈ ਸਮਝਾਇਆ ਹੈ ਜਿਹੋ ਜਿਹੇ ਮਾਰਗਾਂ ਤੇ ਚੱਲ ਕੇ, ਆਪਣੀ ਆਪਣੀ, ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਧਰਮ ਦੇ ਮਾਰਗ ਬਣਾ ਕੇ ਅਸੀਂ ਚੱਲਦੇ ਹਾਂ ਜਿਸ ਦੁਆਰਾ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ ਜਿਵੇਂ ਕਿ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਜੋ ਆਪਣੀ ਆਪਣੀ ਮਤਿ ਅਨੁਸਾਰ ਵੱਖਰੇ ਵੱਖਰੇ ਧਰਮ ਦੇ ਮਾਰਗ ਤੇ ਚੱਲਦੇ ਹਨ ਉਨ੍ਹਾਂ ਨੂੰ ਇਸ ਗੱਲ ਦੀ ਸੰਸਾਰ ਵਿੱਚੋਂ ਵਡਿਆਈ ਵੀ ਮਿਲਦੀ ਹੈ ਜੋ ਕਿ ਕੇਵਲ ਝੂਠੀ ਵਡਿਆਈ ਹੈ ਸੱਚੀ ਵਡਿਆਈ ਕੇਵਲ ਉਸਦੀ ਹੈ ਜੋ ਸਾਨੂੰ ਸੱਚ ਦੇ ਮਾਰਗ ਤੇ ਚੱਲਣਾ ਸਿਖਾਉਂਦਾ ਹੈ ਜਿਸ ਦੁਆਰਾ ਸੱਚ ਦੀ ਪ੍ਰਾਪਤੀ ਹੋ ਸਕੇ। ਸੱਚੀ

50/6973

ਵਡਿਆਈ ਕੇਵਲ ਗੁਰੂ ਦੀ ਹੈ, ਸ਼ਬਦ ਰੂਪ ਗੁਰੂ ਦੀ ਹੈ ਭਾਵ ਪ੍ਰਮਾਤਮਾ ਦੀ ਹੈ ਜੋ ਆਪਣੇ ਆਪ ਨੂੰ ਵੱਖਰੇ ਵੱਖਰੇ ਸਰੀਰਾਂ ਰਾਹੀਂ ਆਪਣੇ ਸ਼ਬਦ ਰੂਪ ਵਿੱਚ ਪ੍ਰਗਟ ਕਰਕੇ ਧਰਮ ਦੇ ਸੱਚੇ ਮਾਰਗ ਦੀ ਸੋਝੀ ਦਿੰਦਾ ਹੈ, ਆਪਣੇ ਆਪ ਨੂੰ ਖੁਆਰ ਨਾ ਕਰਨ ਦੀ ਸੋਝੀ ਪਾਉਂਦਾ ਹੈ ਭਾਵ ਉਸ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ ਜਿਸ ਤੇ ਚੱਲ ਕੇ ਉਸ ਸਤਿ ਰੂਪ ਪ੍ਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ ਭਾਵ ਸਤਿ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਸ ਸਤਿ ਨੂੰ ਪਾਉਣਾ ਤਾਂ ਹਰ ਕੋਈ ਚਾਹੁੰਦਾ ਹੈ ਪਰ ਮਨ ਦੀ ਨਾਸਮਝੀ ਕਰਕੇ ਵਿਅਰਥ ਹੀ ਆਪਣੇ ਆਪ ਨੂੰ ਖੁਆਰ ਕਰੀ ਜਾਂਦਾ ਹੈ। ਅਸੀਂ ਖੁਆਰ ਵੀ ਉਸ ਪ੍ਰਮਾਤਮਾ ਦੀ ਮਰਜੀ ਕਰਕੇ ਹੀ ਹੋ ਰਹੇ ਹਾਂ ਤੇ ਇਸ ਖੁਆਰੀ ਵਿੱਚੋਂ ਨਿਕਲ ਵੀ ਉਸਦੀ ਮਰਜੀ ਨਾਲ ਹੀ ਸਕਦੇ ਹਾਂ। ਪੂਰੀ ਗੁਰਬਾਣੀ ਰਾਹੀਂ ਸਾਨੂੰ ਪ੍ਰਮਾਤਮਾ ਦੀ ਮਰਜੀ ਹੀ ਸਮਝਾਈ ਹੋਈ ਹੈ, ਉਸਦੀ ਰਜਾ ਹੀ ਸਮਝਾਈ ਹੋਈ ਹੈ ਕਿ ਉਸਨੂੰ ਕੀ ਚੰਗਾ ਲੱਗਦਾ ਤੇ ਕੀ ਚੰਗਾ ਨਹੀਂ ਲੱਗਦਾ। ਜੋ ਗੱਲ ਪ੍ਰਮਾਤਮਾ ਨੂੰ ਚੰਗੀ ਨਹੀਂ ਲੱਗਦੀ ਤੇ ਫਿਰ ਉਸ ਗੱਲ ਨੂੰ ਛੱਡਣ ਦੁਆਰਾ ਹੀ ਅਸੀਂ ਪ੍ਰਮਾਤਮਾ ਨੂੰ ਚੰਗੇ ਲੱਗ ਸਕਦੇ ਹਾਂ। ਜਿਹੋ ਜਿਹੇ ਭਗਤੀ ਦੇ ਤਰੀਕੇ ਅਸੀਂ ਗੁਰੂ ਕੋਲੋਂ ਸਿੱਖਣ ਦੀ ਬਜਾਇ ਇੱਧਰੋਂ ਉੱਧਰੋਂ ਸਿੱਖੇ ਹੋਏ ਹਨ ਉਹੋ ਜਿਹੇ ਤਰੀਕੇ ਅਪਨਾ ਕੇ ਕੀ ਅਸੀਂ ਗੁਰੂ ਨੂੰ ਭਾਅ ਸਕਦੇ ਹਾਂ ਭਾਵ ਚੰਗੇ ਲੱਗ ਸਕਦੇ ਹਾਂ ਭਾਵ ਕਦੇ ਨਹੀਂ। ਆਉ ਮਨ ਦੇ ਪੂਰੇ ਵਿਸ਼ਵਾਸ ਨਾਲ ਭਗਤੀ ਦਾ ਸੱਚਾ ਮਾਰਗ ਕੇਵਲ ਤੇ ਕੇਵਲ ਗੁਰੂ ਦੇ ਕੋਲੋਂ ਸਿੱਖੀਏ ਨਾ ਕਿ ਉਨ੍ਹਾਂ ਦੇ ਕੋਲੋਂ ਜਿਨ੍ਹਾਂ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਕੇਵਲ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ। **(ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥ ਨਾ ਸਤਿ ਮੂੰਡ ਮੁਡਾਈ ਕੇਸੀ**

ਨਾ ਸਤਿ ਪੜਿਆ ਦੇਸ ਫਿਰਹਿ ॥ ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥ ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥ ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥ ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥ ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਨੁ ਕਹੈ ॥ ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਨੁ ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਨੁ ॥੧॥)

ਗੁਰੂ ਦੇ ਸਮਝਾਏ ਹੋਏ ਭਗਤੀ ਦੇ ਮਾਰਗ ਤੋਂ ਬਿਨਾਂ ਅਸੀਂ ਹੋਰ ਜੋ ਵੀ ਤਰੀਕਾ ਅਪਨਾਉਂਦੇ ਹਾਂ ਉਸਨੂੰ ਬਾਣੀ ਰਾਹੀਂ ਕੇਵਲ ਸਾਡੀ ਚਤੁਰਾਈ ਦੱਸਿਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਜਾਣਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਰਾਹੀਂ ਦੁਬਾਰਾ ਫਿਰ ਤੋਂ ਦ੍ਰਿੜ ਕਰਦੇ ਹਾਂ ਤਾਂ ਜੋ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ ਭਾਵ ਉਨ੍ਹਾਂ ਦੀ ਮਤਿ ਨੂੰ ਛੱਡੀਏ ਜਿਨ੍ਹਾਂ ਨੇ ਸਾਨੂੰ ਭਗਤੀ ਦਾ ਮਾਰਗ ਸਮਝਾਉਣ ਵਿੱਚ ਆਪਣੀ ਭਰਮਾਂ ਵਾਲੀ

ਸਮਝ ਦੇਣ ਨਾਲ ਹੀ ਜੋੜਿਆ ਹੈ ਤੇ ਹੁਣ ਵੀ ਜੋੜ ਰਹੇ ਹਨ।

ਕਬੀਰ ਜੀ ਗਉੜੀ ॥

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥}

(ਅੰਗ ੩੨੪)

ਇਸ ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਸ ਸ਼ਬਦ ਨੂੰ ਹਰ ਕੋਈ ਬੜੇ ਹੀ ਆਸਾਨੀ ਨਾਲ ਸਮਝ ਸਕਦਾ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਕਿਸ ਗੱਲ ਨੂੰ ਸਾਡੀ ਚਤੁਰਾਈ ਦੱਸਿਆ ਹੈ ਭਾਵ ਭਗਤੀ ਦੇ ਕਿਹੋ ਜਿਹੇ ਮਾਰਗ ਨੂੰ ਸਾਡੀ ਚਤੁਰਾਈ ਦੱਸਿਆ ਹੈ ਤੇ ਕਿਸ ਗੱਲ ਨੂੰ ਭਾਵ ਕਿਸ ਤਰੀਕੇ ਨੂੰ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ। ਭਗਤੀ ਦਾ ਸੱਚਾ ਮਾਰਗ ਕੇਵਲ ਤੇ ਕੇਵਲ ਔਗੁਣ ਰਹਿਤ ਹੋ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਭਾਵ ਸੱਚਾ ਸੁੱਚਾ ਜੀਵਨ ਜਿਊਣ ਦਾ ਹੈ, ਸੱਚੇ ਸੁੱਚੇ ਕਰਮ ਕਰਨ ਦਾ ਹੈ ਭਾਵ ਮਾੜੇ ਕਰਮ ਕਰਨ ਤੋਂ ਬੱਚਣ ਦਾ ਹੈ ਜੋ ਚੰਗੇ ਕਰਮ ਕਰਨ ਲਈ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗਣ ਲਈ ਸਮਝਾਇਆ ਹੈ, ਲੋਕਾਚਾਰ ਛੱਡਣ ਲਈ ਸਮਝਾਇਆ ਹੈ ਤੇ ਸਾਡੇ ਸਰੀਰਕ ਜਪਾਂ ਤਪਾਂ ਆਦਿ ਨੂੰ ਕੇਵਲ ਸਾਡੀ ਚਤੁਰਾਈ ਦੱਸਿਆ ਹੋਇਆ ਹੈ। ਸਮਝ ਤਾਂ ਹਰ ਕੋਈ ਆਸਾਨੀ ਨਾਲ ਲੈਂਦਾ ਹੈ ਪਰ ਮੰਨਣਾ ਹੀ ਔਖਾ ਹੈ। ਚਤੁਰਾਈਆਂ ਨਾਲ ਅਸੀਂ ਭਗਤੀ ਦਾ ਦਿਖਾਵਾ ਤਾਂ ਕਰ ਸਕਦੇ ਹਾਂ, ਲੋਕਾਚਾਰ ਕਰਨ ਦੁਆਰਾ ਦੁਨੀਆਂ ਨੂੰ ਖੁਸ਼ ਤਾਂ ਕਰ ਸਕਦੇ ਹਾਂ ਭਾਵ ਉਨ੍ਹਾਂ ਕੋਲੋਂ ਵਡਿਆਈਆਂ ਤਾਂ ਲੈ ਸਕਦੇ ਹਾਂ ਪਰ ਗੁਰੂ ਦੀਆਂ ਨਜਰਾਂ ਵਿੱਚ ਆਪਣੇ ਆਪ ਨੂੰ ਕਿਹੋ ਜਿਹਾ ਬਣਾਉਂਦੇ ਹਾਂ ਇਸ ਗੱਲ ਨੂੰ ਵੀ ਹਰ ਕੋਈ ਸਮਝ ਸਕਦਾ ਹੈ ਤੇ ਫਿਰ ਕਿਉਂ ਨਾ ਉਹ ਕੁਝ ਕਰੀਏ ਜੋ ਗੁਰੂ ਨੂੰ ਚੰਗਾ ਲੱਗੇ।

ਸਾਡੇ ਅੰਦਰ ਦੀ ਚਤੁਰਾਈ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

ਗਉੜੀ ਗੁਆਰੇਰੀ ਮਹਲਾ ੧ ॥

{ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥
ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥
ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥

ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥
ਸਾਗਰਿ ਡੂਗਰਿ ਨਿਰਭਉ ਐਸਾ ॥੪॥ ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥
ਸਬਦਿ ਪਛਾਨੈ ਤੀਨੇ ਭਉਨ ॥੫॥ ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥
ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥
ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥
ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥
ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥}

(ਅੰਗ ੨੨੧-੨੨੨)

50/6975

ਉਪਰ ਵਾਲੇ ਸ਼ਬਦ ਦੇ ਪਹਿਲੇ ਦੋ ਪਦਿਆਂ ਨੂੰ ਸਮਝਣ ਦੁਆਰਾ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਕੀ ਹੈ ਫਿਰ ਉਸ ਤਰੀਕੇ ਨੂੰ ਮੰਨੇ ਬਿਨਾਂ ਜਿਸ ਤਰੀਕੇ ਅਸੀਂ ਪ੍ਰਮਾਤਮਾ ਨੂੰ ਪਾਉਣਾ ਚਾਹੁੰਦੇ ਹਾਂ ਉਸਨੂੰ ਕੇਵਲ ਸਾਡੀ ਚਤੁਰਾਈ ਦੱਸਿਆ ਹੈ।

"ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥
ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਧੈ ਆਪਿ ਵਡਿਆਈ ਦੇਈ ॥੨॥"

ਉਪਰ ਸ਼ਬਦ ਦੇ ਪਦਿਆਂ ਰਾਹੀਂ **"ਅੰਮ੍ਰਿਤੁ ਤਸਕਰੁ"** ਦੀ ਗੱਲ ਕੀਤੀ ਹੋਈ ਹੈ ਭਾਵ ਨਾਮ ਦੇ ਚੋਰ ਦੀ ਗੱਲ ਕੀਤੀ ਹੋਈ ਹੈ ਤੇ ਨਾਮ ਦੀ ਚੋਰੀ ਕੀ ਹੈ ਤੇ ਇਹ ਚੋਰੀ ਸਾਡੇ ਅੰਦਰੋਂ ਕਿਵੇਂ ਹੁੰਦੀ ਹੈ ਤੇ ਕੌਣ ਕਰਦਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ, ਇਹ ਅੰਮ੍ਰਿਤ ਦੇ ਚੋਰ ਭਾਵ ਨਾਮ ਦੇ ਚੋਰ ਸਾਡੇ ਅੰਦਰ ਹਰ ਵੇਲੇ ਚੋਰੀ ਕਰਦੇ ਹੀ ਰਹਿੰਦੇ ਹਨ। ਨਾਮ ਦੇ ਚੋਰ ਸਾਡੇ ਅੰਦਰ ਦੇ ਵਿਚਾਰ ਹੀ ਹਨ ਭਾਵ ਉਹ ਵਿਚਾਰ ਹਨ ਜੋ ਵਿਚਾਰ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨਾਲ ਜੋੜ ਕੇ ਰੱਖਦੇ ਹਨ ਭਾਵ ਸਾਡੇ ਅੰਦਰ ਦੇ ਉਹ ਮਾੜੇ ਵਿਚਾਰ ਹਨ ਜੋ ਸਾਡੇ ਅੰਦਰ ਗੁਰੂ ਦੇ ਸੱਚੇ ਵਿਚਾਰਾਂ ਨੂੰ ਟਿਕਣ ਨਹੀਂ ਦਿੰਦੇ। ਗੁਰੂ ਦੇ ਸੱਚੇ ਵਿਚਾਰ ਹੀ ਉਸਦਾ ਨਾਮ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ। ਗੁਰੂ ਦੇ ਸੱਚੇ ਵਿਚਾਰ ਭਾਵ ਗੁਰੂ ਦਾ ਨਾਮ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਵਿਚਾਰ ਕੱਢਣ ਲਈ ਸਮਝਾਉਂਦੇ ਹਨ ਜੋ ਮਾੜੇ ਵਿਚਾਰ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਭਾਵ ਸਾਡੇ ਕੋਲੋਂ ਔਗੁਣ ਕਰਾਉਂਦੇ ਹਨ ਤੇ ਸਾਨੂੰ ਗੁਰੂ ਦੀਆਂ ਨਜਰਾਂ ਵਿੱਚ ਮਾੜਾ ਬਣਾਉਂਦੇ ਹਨ ਭਾਵ ਸਾਨੂੰ ਗੁਰਮਤਿ ਦੇ ਉਲਟ ਚਲਾਉਂਦੇ ਹਨ ਭਾਵ ਸਾਡੇ ਅੰਦਰ ਦੇ ਮਾੜੇ ਵਿਚਾਰ ਜੋ ਸਾਡੇ ਅੰਦਰ ਗੁਰਮਤਿ ਨੂੰ ਵੱਸਣ ਨਹੀਂ ਦਿੰਦੇ ਇਸੇ ਲਈ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਨਾਮ ਦੇ ਚੋਰ ਕਿਹਾ ਹੈ, ਅੰਮ੍ਰਿਤ ਦੇ ਚੋਰ ਕਿਹਾ ਹੈ ਭਾਵ ਮਨ ਦੇ ਝੂਠੇ ਵਿਚਾਰ ਸਾਡੇ ਅੰਦਰੋਂ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਚੁਰਾ ਲੈਂਦੇ ਹਨ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ, ਗੁਰੂ ਦੇ ਨਾਮ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ। ਗੁਰੂ ਤਾਂ ਸਾਨੂੰ ਸਭ ਨੂੰ ਭਾਵ ਸਾਰੇ ਸੰਸਾਰ ਨੂੰ ਆਪਣੀ ਗੁਰਬਾਣੀ ਰਾਹੀਂ ਭਾਵ ਗੁਰਮਤਿ ਰਾਹੀਂ ਭਾਵ ਸ਼ਬਦਾਂ ਦੀ ਵਿਚਾਰ ਰਾਹੀਂ ਇੱਕੋ ਜਿਹਾ ਅੰਮ੍ਰਿਤ ਹੀ ਪਿਆ ਰਿਹਾ ਹੈ ਭਾਵ ਸਾਰੇ ਸੰਸ਼ਾਰ ਨੂੰ ਇੱਕੋ ਜਿਹਾ ਨਾਮ ਜਪਣਾ ਹੀ ਸਮਝਾ ਰਿਹਾ ਹੈ, ਇੱਕੋ ਜਿਹਾ ਗੁਰਮਤਿ ਹੀ ਦੇ ਰਿਹਾ ਹੈ

50/6976

ਭਾਵ ਸਭ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾ ਰਿਹਾ ਹੈ, ਸਾਰੇ ਸਸਾਰ ਨੂੰ ਹੀ ਇਹ ਸਮਝਾ ਰਿਹਾ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡੋ, ਮਾਇਆ ਮੋਹ ਨੂੰ ਛੱਡੋ ਪਰ ਗੁਰੂ ਦੀ ਗੱਲ ਨਾਲ ਸਹਿਮਤ ਕੋਈ ਨਹੀਂ ਹੁੰਦਾ ਕਿਉਂਕਿ ਆਪਣੇ ਵਿਚਾਰ ਛੱਡਣ ਲਈ ਕੋਈ ਤਿਆਰ ਨਹੀਂ ਹੁੰਦਾ ਕਿਉਂਕਿ ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨੀ ਸਭ ਨੂੰ ਚੰਗੀ ਲੱਗਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਭ ਨੂੰ ਚੰਗਾ ਲੱਗਦਾ ਹੈ। ਇਸੇ ਕਰਕੇ ਜੋ ਚੋਰ ਸਾਡੇ ਅੰਦਰ ਅੰਮ੍ਰਿਤ ਦੀ ਚੋਰੀ ਕਰਦੇ ਹਨ ਉਨ੍ਹਾਂ ਚੋਰਾਂ ਨੂੰ ਚੋਰੀ ਕਰਨ ਤੋਂ ਕੋਈ ਇਨਕਾਰ ਨਹੀਂ ਕਰਦਾ। **(ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥**

ਨੰਨਾਕਾਰੁ ਨ ਕੋਇ ਕਰੇਈ ॥) ਹੁਣ ਇਸ ਤੋਂ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਜਿਸਨੇ ਸਾਡੇ ਅੰਦਰ ਇਹ ਚੋਰ ਲਾਏ ਹੋਏ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਪਾਏ ਹੋਏ ਹਨ ਉਹ ਆਪ ਹੀ ਕਿਸੇ ਨੂੰ ਇਨ੍ਹਾਂ ਚੋਰਾਂ ਤੋਂ ਰੱਖ ਸਕਦਾ ਹੈ ਭਾਵ ਬਚਾ ਸਕਦਾ ਹੈ ਭਾਵ ਚੋਰਾਂ ਤੋਂ ਸਾਡੀ ਰਾਖੀ ਕਰ ਸਕਦਾ ਹੈ ਤੇ ਜਿਸਨੂੰ ਪ੍ਰਮਾਤਮਾ ਇਨ੍ਹਾਂ ਅੰਮ੍ਰਿਤ ਦੇ ਚੋਰਾਂ ਤੋਂ ਬਚਾ ਲੈਂਦਾ ਹੈ ਉਹ ਮਨੁੱਖ ਹੀ ਫਿਰ ਗੁਰਮਤਿ ਅਨੁਸਾਰ ਵਿਚਰ ਸਕਦਾ ਹੈ ਤੇ ਉਸਨੂੰ ਹੀ ਉਸਦੇ ਦਰ ਤੋਂ ਵਡਿਆਈ ਮਿਲਦੀ ਹੈ। ਸਾਡੇ ਅੰਦਰ ਗਿਆਨ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਆਪਣਾ ਨਾਮ ਉਹ ਕਿਸੇ ਨੂੰ ਆਪ ਹੀ ਬਖਸ਼ਦਾ ਹੈ ਤੇ ਜਿਸਨੂੰ ਉਹ ਆਪਣਾ ਅੰਮ੍ਰਿਤ ਪਿਆਉਂਦਾ ਹੈ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਿਆਉਂਦਾ ਹੈ, ਸੱਚੇ ਗਿਆਨ ਦੀ ਸਮਝ ਦੇ ਰੂਪ ਵਿੱਚ ਪਿਆਉਂਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਪਿਆਉਂਦਾ ਹੈ ਤੇ ਸੱਚੀ ਗੁਰਮਤਿ ਤੇ ਉਹ ਆਪ ਹੀ ਚਲਾਉਂਦਾ ਹੈ ਭਾਵ ਆਪਣਾ ਨਾਮ ਬਖਸ਼ ਕੇ ਆਪ ਹੀ ਜਪਾਉਂਦਾ ਹੈ ਜੋ ਨਾਮ ਦਾ ਮਾਲਕ ਹੈ, ਬ੍ਰਹਮ ਗਿਆਨ ਦਾ ਮਾਲਕ ਹੈ। ਜਿਸਨੂੰ ਪ੍ਰਮਾਤਮਾ ਔਗੁਣਾਂ ਤੋਂ ਬਚਾਉਂਦਾ ਹੈ, ਨਾਮ ਦੇ ਚੋਰਾਂ ਤੋਂ ਬਚਾਉਂਦਾ ਹੈ ਉਹੀ ਆਪਣੇ ਅੰਦਰੋਂ ਜਾਣ ਸਕਦਾ ਹੈ ਕਿ ਨਾਮ ਕੀ ਹੈ ਤੇ ਨਾਮ ਦੇ ਚੋਰ ਕੌਣ ਹਨ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ ਪ੍ਰਮਾਤਮਾ ਦੇ ਕੋਲੋਂ ਹੀ ਮਨ ਦੇ ਵਿੱਚ ਇਸ ਗੱਲ ਨੂੰ ਸਮਝਿਆ ਹੈ ਤੇ ਪੂਰੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਮਨ ਦੇ ਵਿੱਚ ਨਾਮ ਦੇ ਚੋਰਾਂ ਰਾਹੀਂ ਸਮਝਾਇਆ ਹੈ ਜੋ ਨਾਮ ਦੇ ਚੋਰ ਸਭ ਦੇ ਵਿੱਚ ਇੱਕੋ ਜਿਹੇ ਤਰੀਕੇ ਨਾਲ ਹੀ ਵਰਤਦੇ ਹਨ, ਇੱਕੋ ਜਿਹੇ

ਰੂਪ ਵਿੱਚ ਹੀ ਵਰਤਦੇ ਹਨ। ਇਨ੍ਹਾਂ ਨਾਮ ਦੇ ਚੋਰਾਂ ਨੂੰ ਪਕੜਨ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਇਸੇ ਕਰਕੇ ਸਾਰੇ ਸੰਸਾਰ ਲਈ ਨਾਮ ਜਪਣ ਦਾ ਤਰੀਕਾ ਵੀ ਇੱਕੋ ਜਿਹਾ ਹੀ ਹੈ ਜੋ ਤਰੀਕਾ ਮਨ ਦੇ ਮਾੜੇ ਵਿਚਾਰਾਂ ਨੂੰ ਛੱਡ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਤਾਂ ਜੋ ਸੰਸਾਰ ਵਿੱਚ ਕੋਈ ਮਾੜਾ ਕਰਮ ਨਾ ਕਰੇ ਤੇ ਹਰ ਕੋਈ ਸੁੱਖੀ ਜੀਵਨ ਬਤੀਤ ਕਰੇ ਤੇ ਪੂਰਾ ਸੰਸਾਰ ਸੁਚਾਰੂ ਢੰਗ ਦੇ ਨਾਲ ਚੱਲੇ। ਪ੍ਰਮਾਤਮਾ ਦੀ ਸੱਚੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇਹੋ ਹੀ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਇਹੋ ਮਾਰਗ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਵੇਦਾਂ, ਸ਼ਾਸਤਰਾਂ ਵਿੱਚ ਵੀ ਸਾਨੂੰ ਇਹੋ ਜਿਹਾ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ ਤੇ ਕੁਰਾਨ ਰਾਹੀਂ ਵੀ ਸਾਨੂੰ ਇਹੋ ਜਿਹਾ ਨਾਮ ਜਪਣਾ ਸਮਝਾਇਆ ਹੋਇਆ ਹੈ ਤਾਂ ਜੋ ਕੋਈ ਵੀ ਮਾੜਾ ਕਰਮ ਨਾ ਕਰੇ। ਇਸੇ ਲਈ ਬਾਣੀ ਰਾਹੀਂ ਬਾਰ-ਬਾਰ ਉਹੋ ਜਿਹਿਆਂ ਦੀ ਮਤਿ ਦਾ ਖੰਡਨ ਕੀਤਾ ਹੋਇਆ ਹੈ ਜੋ ਸਾਨੂੰ ਵੱਖਰੇ ਵੱਖਰੇ ਨਾਮ ਸਮਝਾਉਂਦੇ ਹਨ ਤੇ ਵੱਖਰੇ ਵੱਖਰੇ ਨਾਮ ਜਪਣ ਦੇ ਤਰੀਕੇ ਸਮਝਾਉਂਦੇ ਹਨ ਭਾਵ ਇਹੋ ਜਿਹੇ ਸਭ ਪ੍ਰਮਾਤਮਾ ਦੇ ਨਾਮ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਮ ਨੂੰ, ਅਲ੍ਹਾ ਦੇ ਨਾਮ ਨੂੰ, ਅਕਾਲ ਪੁਰਖ ਦੇ ਨਾਮ ਨੂੰ, ਗਾੱਡ ਦੇ ਨਾਮ ਨੂੰ ਸਮਝਣ ਵਿੱਚ ਆਪ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਸਦੀਆਂ ਤੋਂ ਭਰਮਾਂ ਵਿੱਚ ਹੀ ਪਾ ਰਹੇ ਹਨ। ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੈ ਤੇ ਦੂਸਰਾ ਨਹੀਂ ਹੋ ਸਕਦਾ ਤੇ ਇਸੇ ਲਈ ਉਸਦਾ ਨਾਮ ਵੀ ਇੱਕੋ ਹੀ ਹੈ ਤੇ ਦੂਸਰਾ ਨਾਮ ਵੀ ਨਹੀਂ ਹੋ ਸਕਦਾ। ਸਾਰੀ ਸ੍ਰਿਸ਼ਟੀ ਦਾ ਕਰਤਾ ਵੀ ਇੱਕ ਹੈ ਤੇ ਉਸਨੂੰ ਜਾਨਣ ਦਾ ਤਰੀਕਾ ਵੀ ਸਾਰੀ ਸ੍ਰਿਸ਼ਟੀ ਲਈ ਇੱਕ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸਮਝਦੇ ਆ ਰਹੇ ਹਾਂ। **(ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥)**

ਉਸ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਤਰੀਕਾ ਤਾਂ ਇਹੋ ਹੀ ਹੈ, ਸਾਰੇ ਸੰਸਾਰ ਲਈ ਇਹੋ ਹੀ ਹੈ ਤੇ ਇਸ ਤੋਂ ਇਲਾਵਾ ਅਸੀਂ ਜਿਹੋ ਜਿਹੇ ਤਰੀਕੇ ਅਪਨਾਉਂਦੇ ਹਾਂ ਉਨ੍ਹਾਂ ਨੂੰ ਕੇਵਲ ਸਾਡੀ ਚਤੁਰਾਈ ਦੱਸਿਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਪਰ ਵਾਲੇ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਵੀ ਚਤੁਰਾਈ ਦੀ ਗੱਲ ਕੀਤੀ ਹੋਈ ਹੈ ਤੇ ਕਿਸੇ ਚਤੁਰਾਈ ਨਾਲ ਪ੍ਰਮਾਤਮਾ

ਨੂੰ ਨਹੀਂ ਪਾਇਆ ਜਾ ਸਕਦਾ। ਸ਼ਬਦ ਦੇ ਪਹਿਲੇ ਪਦੇ ਰਾਹੀਂ ਹੀ ਪ੍ਰਮਾਤਮਾ ਨੂੰ ਪਾਉਣ ਦਾ ਅਸਲ ਤਰੀਕਾ ਸਮਝਾਇਆ ਹੋਇਆ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਆਉ ਧਿਆਨ ਨਾਲ ਸਮਝੀਏ ਕਿ ਉਹ ਤਰੀਕਾ ਕੀ ਹੈ ਤੇ ਇਹ ਸਾਡੇ ਅੰਦਰ ਦੀ ਚਤੁਰਾਈ ਕੀ ਹੈ।

“ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥

ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥"

ਪ੍ਰਮਾਤਮਾ ਨੂੰ ਪਾਉਣ ਦਾ ਅਸਲ ਤਰੀਕਾ ਕੀ ਹੈ ਭਾਵ ਆਪਣੇ ਅੰਦਰ ਨਾਮ ਦੇ ਚੋਰਾਂ ਨੂੰ ਚੋਰੀ ਤੋਂ ਰੋਕਣ ਦਾ ਤਰੀਕਾ ਕੀ ਹੈ ਇਹੀ ਗੱਲ ਸਾਨੂੰ ਉਪਰ ਵਾਲੇ ਪਹਿਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਪ੍ਰਮਾਤਮਾ ਦੇ ਨਾਲ ਮੇਲ ਕਰਨ ਲਈ ਤੇ ਉਸਦੇ ਦੁਆਰੇ ਤੇ ਸ਼ੋਭਾ ਪਾਉਣ ਲਈ ਭਾਵ ਭਗਤੀ ਦਾ ਸਹੀ ਮਾਰਗ ਅਪਨਾਉਣ ਲਈ, ਗੁਰੂ ਦਾ ਨਾਮ ਜਪਣ ਲਈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਮੰਨਣ ਲਈ ਇੱਕੋ ਇੱਕ ਤਰੀਕਾ ਆਪਣੇ ਮਨ ਨੂੰ ਸਮਝਾਉਣ ਦਾ ਹੈ ਭਾਵ ਮਨ ਦੀ ਮਾੜੀ ਸਮਝ ਵਿੱਚੋਂ ਨਿਕਲਣ ਦਾ ਹੈ ਜੋ ਮਨ ਦੀ ਮਾੜੀ ਸਮਝ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ ਤੇ ਸਾਨੂੰ ਮਾਇਆ ਮੋਹ ਵਿੱਚ ਰੱਖਦੀ ਹੈ, ਤ੍ਰਿਸ਼ਨਾਵਾਂ ਵਿੱਚ ਰੱਖਦੀ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ ਜੋ ਵਿਚਾਰ ਸਾਡੇ ਅੰਦਰ ਗੁਰੂ ਦੀ ਸੱਚੀ ਮਤਿ ਨੂੰ ਵੱਸਣ ਨਹੀਂ ਦਿੰਦੇ ਭਾਵ ਸਾਡੇ ਅੰਦਰੋਂ ਗੁਰੂ ਦੇ ਨਾਮ ਵਾਲੇ ਵਿਚਾਰਾਂ ਨੂੰ ਹਰ ਵੇਲੇ ਚੁਰਾਉਂਦੇ ਰਹਿੰਦੇ ਹਨ, ਹਰ ਵੇਲੇ ਮਾਇਆ ਮੋਹ ਵਿੱਚ ਰੱਖਦੇ ਹਨ ਭਾਵ ਸਾਡਾ ਜੀਵਨ ਗੁਰੂ ਦੀ ਮਤਿ ਤੋਂ ਉਲਟ ਚੱਲਣ ਵਾਲਾ ਜੀਵਨ ਬਣਾਉਂਦੇ ਹਨ। ਭਗਤੀ ਦਾ ਮਾਰਗ ਸਾਡੇ ਮਨ ਦੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਤੇ ਉਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਾਡੀ ਮਾੜੀ ਸਮਝ ਵਿੱਚ ਤੇ ਚੰਗੀ ਸਮਝ ਵਿੱਚ ਫਰਕ ਸਮਝਾਇਆ ਹੋਇਆ ਹੈ। ਸਾਡੇ ਅੰਦਰ ਦੀ ਮਾੜੀ ਸਮਝ ਸਾਨੂੰ ਗੁਰੂ ਦੀ ਸੱਚੀ ਸਮਝ ਦੇ ਉਲਟ ਚਲਾਉਂਦੀ ਹੈ ਭਾਵ ਗੁਰੂ ਦੇ ਨਾਮ ਦੇ ਉਲਟ ਚਲਾਉਂਦੀ ਹੈ ਤੇ ਮਨ ਦੀ

ਸੱਚੀ ਸਮਝ ਸਾਨੂੰ ਗੁਰੂ ਦੀ ਮਤਿ ਦੇ ਅਨੁਸਾਰ ਚਲਾਉਂਦੀ ਹੈ ਭਾਵ ਮਨ ਦੇ ਵਿੱਚ ਗੁਰੂ ਦੀ ਮਤਿ ਨੂੰ ਵਸਾਉਣ ਦੁਆਰਾ ਸਾਡੇ ਕੋਲੋਂ ਮਨ ਦੇ ਵਿੱਚ ਗੁਰੂ ਦਾ ਨਾਮ ਜਪਾਉਂਦੀ ਹੈ ਭਾਵ ਗੁਰੂ ਦੀ ਸੱਚੀ ਮਤਿ ਤੇ ਅਮਲ ਕਰਾਉਂਦੀ ਹੈ। ਜਦ ਤੱਕ ਸਾਡਾ ਮਨ **"ਕੁੰਚਰੁ"** ਹੈ ਭਾਵ ਹਾਥੀ ਵਰਗੀ ਸਮਝ ਵਾਲਾ ਹੈ ਉਹ ਸਾਡੇ ਜੀਵਨ ਨੂੰ ਉਜਾੜਦਾ ਹੈ ਜਿਸ ਤਰੀਕੇ ਇੱਕ ਹਾਥੀ ਜੰਗਲ ਨੂੰ ਉਜਾੜਦਾ ਹੈ। ਹਾਥੀ ਆਪਣੀ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਉਸਦੇ ਰਸਤੇ ਵਿੱਚ ਜੋ ਮਰਜੀ ਆਵੇ ਉਸਦੀ ਤੋੜ ਭੰਨ ਕਰ ਦਿੰਦਾ ਹੈ ਭਾਵ ਜੰਗਲ ਦੇ ਵਿੱਚ ਅਨੇਕਾਂ ਦੀ ਰੋਜੀ ਖਰਾਬ ਕਰ ਦਿੰਦਾ ਹੈ ਭਾਵ ਇੱਕ ਮਸਤਿਆ ਹੋਇਆ ਜੀਵਨ ਬਤੀਤ ਕਰਦਾ ਹੈ ਕਿਉਂਕਿ ਉਸਨੂੰ ਆਪਣੀ ਤਾਕਤ ਤੇ ਮਾਨ ਹੁੰਦਾ ਹੈ ਕਿ ਮੈਂ ਜੰਗਲ ਵਿੱਚ ਜੋ ਚਾਹਾ ਕਰ ਸਕਦਾ ਹਾਂ ਤੇ ਮੈਨੂੰ ਕੋਈ ਰੋਕ ਨਹੀਂ ਸਕਦਾ ਭਾਵੇਂ ਮੈਂ ਜਿਨ੍ਹਾਂ ਮਰਜੀ ਉਜਾੜਾ ਪਾਵਾਂ। ਮਨੁੱਖੀ ਮਨ ਦੀ ਅਵਸਥਾ ਵੀ ਭਾਵ ਸਮਝ ਵੀ ਤਦ ਤੱਕ ਹਾਥੀ ਵਰਗੀ ਹੈ ਜੋ ਸਭ ਜਗ੍ਹਾ ਆਪਣੀ ਮਰਜੀ ਵਰਤਦਾ ਹੈ ਜਿਵੇਂ ਕੋਈ ਹਾਥੀ ਨੂੰ ਰੋਕਣਾ ਵੀ ਚਾਹੇ ਤਾਂ ਹਾਥੀ ਰੁੱਕਦਾ ਨਹੀਂ। ਜਦੋਂ ਕੋਈ ਕਿਸੇ ਹਾਥੀ ਨੂੰ ਵੱਸ ਵਿੱਚ ਕਰਨਾ ਚਾਹੇ, ਉਸਨੂੰ ਫੜਕੇ ਵੱਸ ਵਿੱਚ ਕਰਨਾ ਚਾਹੇ ਜਿਵੇਂ ਕਿ **"ਮਹਾਵਤ"** ਕਰਦੇ ਹਨ ਉਹ ਉਨ੍ਹਾਂ ਦੇ ਸਿਰ ਦੇ ਉੱਤੇ ਕੁੰਡਾ ਮਾਰਦੇ ਹਨ ਭਾਵ ਜਦੋਂ ਵੀ ਹਾਥੀ ਆਪਣੀ ਮਰਜੀ ਅਨੁਸਾਰ ਇੱਧਰ ਉੱਧਰ ਭੱਜਣਾ ਚਾਹੇ ਤਾਂ ਮਹਾਵਤ ਉਸਦੇ ਸਿਰ ਉਪਰ ਕੁੰਡਾ ਮਾਰਦਾ ਹੈ ਜਿਸਦਾ ਦੁੱਖ ਫਿਰ ਹਾਥੀ ਨੂੰ ਸਹਿਣਾ ਪੈਂਦਾ ਹੈ। ਸਿਰ ਵਿੱਚ ਕੁੰਡਾ ਵੱਜਣ ਦੇ ਦੁੱਖ ਤੋਂ ਬੱਚਣ ਲਈ ਫਿਰ ਹਾਥੀ ਉਸੇ ਅਨੁਸਾਰ ਹੀ ਚੱਲਦਾ ਹੈ, ਉਸ ਪਾਸੇ ਹੀ ਜਾਂਦਾ ਹੈ ਜਿਧਰ ਉਸਨੂੰ ਮਹਾਵਤ ਲੈ ਕੇ ਜਾਣਾ ਚਾਹੇ ਤੇ ਕੁੰਡਾ ਵੱਜਣ ਦੇ ਡਰ ਤੋਂ ਬੱਚਣ ਲਈ ਹੀ ਹਾਥੀ ਉਹ ਕੁਝ ਖਾ ਲੈਂਦਾ ਹੈ ਜੋ ਉਸਦਾ ਮਹਾਵਤ ਉਸਨੂੰ ਖਿਲਾਉਣਾ ਚਾਹੇ ਭਾਵ ਇਸ ਤਰੀਕੇ ਹਾਥੀ ਮਹਾਵਤ ਦੇ ਵੱਸ ਵਿੱਚ ਆ ਜਾਂਦਾ ਹੈ। ਜਿਸ ਤਰੀਕੇ ਕੁੰਡਾ ਵੱਜਣ ਤੋਂ ਪਹਿਲੇ ਭਾਵ ਵੱਸ ਵਿੱਚ ਆਉਣ ਤੋਂ ਪਹਿਲੇ ਹਾਥੀ ਆਪਣੀ ਮਤਿ ਨਾਲ ਵਿਚਰਦਾ ਹੈ ਇਸੇ ਤਰ੍ਹਾਂ ਮਨੁੱਖੀ ਮਤਿ ਵੀ ਜਦ ਤੱਕ ਗੁਰੂ ਦੀ ਮਤਿ ਦੇ ਵੱਸ ਨਹੀਂ ਆਉਂਦੀ ਤਦ ਤੱਕ ਮਨੁੱਖ ਆਪਣੀ ਮਤਿ ਦੁਆਰਾ ਹਾਥੀਆਂ ਦੀ ਤਰ੍ਹਾਂ ਹੀ ਕਰਮ ਕਰਦਾ ਹੈ ਭਾਵ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਅਨੇਕਾਂ ਦੇ ਜੀਵਨ ਨੂੰ ਖਰਾਬ ਕਰਦਾ ਹੈ, ਦੂਸਰਿਆਂ ਦੇ ਜੀਵਨ ਨੂੰ ਉਜਾੜਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀ ਮਤਿ ਦੁਆਰਾ ਅਸੀਂ

ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਦੂਸਰਿਆਂ ਦਾ ਜੀਵਨ ਉਜਾੜਦੇ ਹਾਂ। ਅਸੀਂ ਜੋ ਵੀ ਮਾੜਾ ਕਰਮ ਕਰਦੇ ਹਾਂ ਉਸ ਮਾੜੇ ਕਰਮ ਨਾਲ ਅਸੀਂ ਕਿਸੇ ਨਾ ਕਿਸੇ ਦੇ ਜੀਵਨ ਨੂੰ ਖਰਾਬ ਹੀ ਕਰਦੇ ਹਾਂ। ਸਾਡੀ ਇਹੋ ਜਿਹੀ ਹਾਥੀ ਵਰਗੀ ਮਤਿ ਨੂੰ ਜੋ ਕੁੰਡਾ ਠੀਕ ਕਰ ਸਕਦਾ ਹੈ ਉਹ ਕੁੰਡਾ ਗੁਰੂ ਦੇ ਸ਼ਬਦ ਦਾ ਕੁੰਡਾ ਹੈ, ਗੁਰੂ ਦੇ ਸਮਝਾਏ ਹੋਏ ਸੱਚ ਦਾ ਕੁੰਡਾ ਹੈ ਭਾਵ ਗੁਰੂ ਦੀ ਸੱਚੀ ਸਮਝ ਦਾ ਕੁੰਡਾ ਹੈ, ਸ਼ਬਦਾਂ ਦੀ ਵਿਚਾਰ ਦਾ ਕੁੰਡਾ ਹੈ ਭਾਵ ਗੁਰੂ ਦਾ ਨਾਮ ਰੂਪ ਕੁੰਡਾ ਹੈ ਜੋ ਕੁੰਡਾ ਅਸੀਂ ਆਪ ਹੀ ਗੁਰੂ ਕੋਲੋਂ ਲੈ ਕੇ ਆਪਣੀ ਨਾਸਮਝ ਮਤਿ ਦੇ ਉੱਤੇ ਮਾਰਨਾ ਹੈ, ਆਪਣੀ ਨਾਸਮਝ ਮਤਿ ਨੂੰ ਠੀਕ ਕਰਨ ਲਈ ਮਾਰਨਾ ਹੈ ਭਾਵ ਆਪਣੀ ਨਾਸਮਝ ਮਾੜੀ ਮਤਿ

ਨੂੰ ਗੁਰੂ ਦੀ ਸੱਚੀ ਸਮਝ ਵਾਲੀ ਮਤਿ ਵਰਗਾ ਬਨਾਉਣਾ ਹੈ। ਗੁਰੂ ਦੇ ਇਸ ਕੁੰਡੇ ਨੂੰ ਆਪਣੇ ਆਪ ਤੇ ਮਾਰਨਾ ਭਾਵ ਆਪਣੀ ਮਤਿ ਤੇ ਮਾਰਨਾ ਬਹੁਤ ਔਖਾ ਲੱਗਦਾ ਹੈ ਭਾਵ ਗੁਰੂ ਦੇ ਕੁੰਡੇ ਦੀ ਉਹ ਪੀੜ ਵੀ ਸਹਿਣੀ ਪੈਂਦੀ ਹੈ ਜਿਹੋ ਜਿਹੀ ਪੀੜ ਕੁੰਡਾ ਪੈਣ ਦੁਆਰਾ ਹਾਥੀ ਨੂੰ ਸਹਿਣੀ ਪੈਂਦੀ ਹੈ। ਗੁਰੂ ਦਾ ਕੁੰਡਾ ਖਾਣ ਲਈ ਸਾਨੂੰ ਪੀੜ ਕਿਸ ਰੂਪ ਵਿੱਚ ਸਹਿਣੀ ਪੈਂਦੀ ਹੈ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਇਹ ਪੀੜ ਮਾਇਆ ਮੋਹ ਛੱਡਣ ਦੀ ਹੈ, ਆਪਣੀਆਂ ਤ੍ਰਿਸ਼ਨਾਵਾਂ ਛੱਡਣ ਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਦੀ ਹੈ ਭਾਵ ਅਨੇਕਾਂ ਤਰ੍ਹਾਂ ਦੇ ਦੁਨਿਆਵੀ ਸੁੱਖ ਛੱਡਣ ਦੀ ਹੈ ਜੋ ਸੁੱਖ ਸਭ ਨੂੰ ਚੰਗੇ ਲੱਗਦੇ ਹਨ ਤੇ ਇਹੋ ਕੁਝ ਛੱਡਣ ਲਈ ਕੋਈ ਤਿਆਰ ਨਹੀਂ ਹੁੰਦਾ ਭਾਵ ਗੁਰੂ ਦੇ ਕੁੰਡੇ ਦੀ ਪੀੜ ਸਹਿਣ ਲਈ ਕੋਈ ਤਿਆਰ ਨਹੀਂ ਹੁੰਦਾ ਤੇ ਇਸੇ ਲਈ ਗੁਰੂ ਦੇ ਨਾਮ ਦਾ ਆਖਣ ਬਹੁਤ ਔਖਾ ਹੈ। **{ਆਖਣਿ ਅਉਖਾ ਸਾਚਾ ਨਾਉ ॥}** ਅੰਗ ੯ ਗੁਰੂ ਦਾ ਨਾਮ ਜਪਣਾ ਬਹੁਤ ਔਖਾ ਹੈ, ਗੁਰੂ ਦੇ ਸ਼ਬਦਾਂ ਦੀ ਸਮਝ ਨੂੰ ਮੰਨਣਾ ਬਹੁਤ ਔਖਾ ਹੈ, ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਆਪਣੀ ਸੁਰਤਿ ਦੇ ਵਿਚਾਰਾਂ ਨਾਲ ਰਲਾਉਣਾ ਬਹੁਤ ਔਖਾ ਹੈ ਜੋ ਔਖਾਪਨ ਸਹੇ ਬਿਨਾਂ ਸੱਚੇ ਸ਼ਬਦ ਦਾ ਨੀਸਾਣ ਨਹੀਂ ਲੱਗ ਸਕਦਾ ਭਾਵ ਗੁਰੂ ਵਾਲੀ ਸਮਝ ਦਾ ਨਿਸ਼ਾਣ ਨਹੀਂ ਲੱਗ ਸਕਦਾ ਤੇ ਗੁਰੂ ਪ੍ਰਮਾਤਮਾ ਦੇ ਦਰਬਾਰ ਵਿੱਚ ਤਦ ਤੱਕ ਕੋਈ ਸ਼ੋਭਾ ਵੀ ਨਹੀਂ ਪਾ ਸਕਦਾ। ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਜੋ ਮੰਨ ਲੈਂਦਾ ਹੈ ਉਸਨੂੰ ਹੀ ਉਸਦੇ ਦੁਆਰੇ ਤੇ ਸ਼ੋਭਾ ਮਿਲਦੀ ਹੈ ਜੋ ਕਿ ਮਨ ਦੇ ਵਿੱਚ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਮਿਲਦੀ ਹੈ ਜੋ ਉਸਦਾ ਰਾਜ ਦੁਆਰ ਸਾਡੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਿਆ ਹੀ ਹੈ, ਸਾਡੇ ਅੰਦਰ

ਦਾ ਰਾਜ ਦੁਆਰ ਸਾਡਾ ਮਨ ਹੀ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਜੋਤਿ ਰੂਪ ਹੈ। ਮਨੁੱਖ ਨੂੰ ਜੋ ਵੀ ਗਿਆਨ ਮਿਲਦਾ ਹੈ ਉਹ ਮਨ ਰੂਪ ਜੋਤਿ ਰਾਹੀਂ ਹੀ ਮਿਲਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਸਮਝਿਆ ਹੈ। ਕੇਵਲ ਉਸਦੀ ਰਜਾ ਹੈ ਕਿ ਉਹ ਕਿਸੇ ਦੇ ਮਨ ਦੀ ਸਮਝ ਉੱਤੇ ਆਪਣੇ ਸ਼ਬਦ ਦਾ ਨੀਸਾਣ ਲਗਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਵਾਲੀ, ਬ੍ਰਹਮ ਗਿਆਨ ਵਾਲੀ ਭਾਵ ਨਾਮ ਵਾਲੀ ਸਮਝ ਦਾ ਨੀਸਾਣ ਲਗਾਵੇ ਜੋ ਉਸਦਾ ਨੀਸਾਣ ਲਗਾਉਣ ਲਈ, ਉਸਦੇ ਦਰ ਤੋਂ ਸ਼ੋਭਾ ਪਾਉਣ ਲਈ ਔਖਾ ਤਾਂ ਹੋਣਾ ਹੀ ਪੈਂਦਾ ਹੈ ਭਾਵ ਗੁਰੂ ਦੀ ਮਤਿ ਨੂੰ ਸਹੀ ਰੂਪ ਵਿੱਚ ਸਮਝਕੇ ਉਸਨੂੰ ਮੰਨਣ ਦਾ ਉੱਦਮ ਤਾਂ ਕਰਨਾ ਹੀ ਪੈਂਦਾ ਹੈ ਭਾਵ ਆਪਣੀਆਂ ਤ੍ਰਿਸ਼ਨਾਵਾਂ ਛੱਡਣ ਦਾ ਦੁੱਖ ਤਾਂ ਸਹਿਣਾ ਹੀ ਪੈਂਦਾ ਹੈ ਜੋ ਦੁੱਖ ਸਹੇ ਬਿਨਾਂ ਉਸਦੇ ਦਰ ਤੇ ਸ਼ੋਭਾ ਨਹੀਂ ਮਿਲਦੀ। ਗੁਰੂ ਦੇ ਦਰ ਦੀ ਸ਼ੋਭਾ ਲੈਣੀ ਬਹੁਤ ਔਖੀ ਹੈ, ਬਹੁਤ ਔਖੀ ਹੈ, ਬਹੁਤ ਔਖੀ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਤੇ ਅਮਲ ਕਰਨਾ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਭਾਵ ਇਤਨਾ ਔਖਾ ਹੈ ਜਿਤਨਾ ਕਿਸੇ ਹਾਥੀ ਲਈ ਸਿਰ ਤੇ ਕੁੰਡਾ ਖਾਣਾ ਔਖਾ ਹੈ, ਇਸੇ ਲਈ ਸੱਚੀ ਭਗਤੀ ਦਾ ਮਾਰਗ ਬਹੁਤ ਔਖਾ ਹੈ। **(ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥ ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ॥)**

{ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥}

(ਅੰਗ ੯੧੮)

ਭਗਤੀ ਦਾ ਮਾਰਗ ਕਿਤਨਾ ਕੁ ਔਖਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਕਿਤਨਾ ਔਖਾ ਹੈ ਜਿਨ੍ਹਾਂ ਆਪਣੇ ਸ਼ਬਦਾਂ ਦੀ ਵਿਚਾਰ ਦੁਆਰਾ ਭਾਵ ਪੂਰੀ ਗੁਰਬਾਣੀ ਰਾਹੀਂ, ਧੰਨ ਧੰਨ ਧੰਨ ਅਕਾਲ ਪੁਰਖ ਆਪਣੀ ਪੂਰੀ ਗੁਰਬਾਣੀ ਰਾਹੀਂ ਪੂਰੀ ਸ੍ਰਿਸ਼ਟੀ ਦੇ ਮਨੁੱਖਾਂ ਨੂੰ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾ ਰਿਹਾ ਹੈ ਉਹ ਮਾਰਗ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਮਾਰਗ ਹੈ, ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਜਿਨ੍ਹਾਂ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਭਗਤੀ ਦਾ ਮਾਰਗ ਸਮਝਾਇਆ ਹੈ ਭਾਵ ਆਪਣੇ ਆਪ ਨੂੰ ਜਾਨਣ ਦਾ

ਮਾਰਗ ਸਮਝਾਇਆ ਹੈ ਉਨ੍ਹਾਂ ਸਰੀਰਾਂ ਨੂੰ ਹਰ ਕੋਈ ਭਾਵੇਂ ਵੱਖਰੀ ਵੱਖਰੀ ਧਾਰਮਿਕ ਆਸਥਾ ਵਾਲਾ ਸਮਝਦਾ ਹੋਵੇ ਪਰ ਉਨ੍ਹਾਂ ਸਭ

ਨੇ ਭਗਤੀ ਦਾ ਮਾਰਗ ਪੂਰੀ ਗੁਰਬਾਣੀ ਰਾਹੀਂ ਸਭ ਲਈ ਇੱਕੋ ਜਿਹਾ ਹੀ ਸਮਝਾਇਆ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਭਗਤੀ ਦਾ ਅਸਲ ਮਾਰਗ ਕੀ ਹੈ। ਗੁਰਬਾਣੀ ਵਿੱਚ ਅਨੇਕਾਂ ਹੀ ਭਗਤਾਂ ਦੀ ਬਾਣੀ ਹੈ ਜਿਨ੍ਹਾਂ ਨੂੰ ਅਸੀਂ ਭਾਵੇਂ ਵੱਖਰੀ ਵੱਖਰੀ ਧਾਰਮਿਕ ਆਸਥਾ ਦੁਆਰਾ ਵੱਖਰਾ ਵੱਖਰਾ ਸਮਝਦੇ ਹੋਈਏ ਪਰ ਉਸ ਸ੍ਰਿਸ਼ਟੀ ਦੇ ਕਰਤੇ ਲਈ ਉਨ੍ਹਾਂ ਦੀ ਆਸਥਾ ਇੱਕੋ ਜਿਹੀ ਹੈ ਕਿਉਂਕਿ ਉਨ੍ਹਾਂ ਨੂੰ ਸਮਝ ਹੈ ਜੋ ਸ੍ਰਿਸ਼ਟੀ ਦਾ ਕਰਤਾ ਹੈ ਉਹੀ ਇੱਕ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਮਾਰਗ ਵੀ ਇੱਕ ਹੈ ਜੋ ਕਿ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ ਭਾਵ ਆਪਣੇ ਅੰਦਰ ਦੇ ਵਿਕਾਰਾਂ ਨੂੰ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ। ਵਿਕਾਰ ਵੀ ਸਾਰੇ ਸੰਸਾਰ ਲਈ ਇੱਕੋ ਜਿਹੇ ਹੀ ਹਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਤੇ ਗੁਣ ਵੀ ਸਭ ਲਈ ਇੱਕੋ ਜਿਹੇ ਹੀ ਹਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਹੀ ਕੋਈ ਇਹ ਗੱਲ ਕਹਿ ਸਕਦਾ ਹੈ ਕਿਹੋ ਜਿਹੀ ਧਾਰਮਿਕ ਆਸਥਾ ਰੱਖਣੀ ਚੰਗੀ ਹੈ ਤੇ ਕਿਹੋ ਜਿਹੀ ਧਾਰਮਿਕ ਆਸਥਾ ਰੱਖਣੀ ਮਾੜੀ ਹੈ, ਇਹੋ ਜਿਹੀਆਂ ਗੱਲਾਂ ਕਰਨ ਵਾਲੇ ਸਭ ਅੱਤ ਦੇ ਭਰਮ ਵਿੱਚ ਹੀ ਹਨ ਜੋ ਭਰਮ ਸਭ ਦੇ ਅੰਦਰ ਇਸ ਸੰਸਾਰ ਦੀ ਖੇਡ ਨੂੰ ਚਲਾਉਣ ਲਈ ਤੇ ਆਪਣੇ ਆਪ ਨੂੰ ਸਭ ਤੋਂ ਵੱਖਰਾ ਰੱਖਣ ਲਈ ਉਸ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ ਭਾਵ ਉਸਨੇ ਆਪ ਹੀ ਸਭ ਨੂੰ ਉਲਝਾਇਆ ਹੋਇਆ ਹੈ ਜਿਸ ਮਨ ਦੀ ਉਲਝਣ ਵਿੱਚ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਨੂੰ ਨਹੀਂ ਕੱਢਿਆ, ਭਗਤੀ ਦੇ ਮਾਰਗ ਤੇ ਬੜੇ ਬੜੇ ਉੱਚੇ ਅਖਵਾਉਣ ਵਾਲਿਆਂ ਨੂੰ ਵੀ ਨਹੀਂ ਕੱਢਿਆ। ਰਿਸ਼ੀ, ਮੁਨੀ ਅਖਵਾਉਣ ਵਾਲਿਆਂ ਨੂੰ ਨਹੀਂ ਕੱਢਿਆ ਤੇ ਜਿਸਨੂੰ ਉਹ ਮਨ ਦੀ ਇਸ ਉਲਝਣ ਵਿੱਚੋਂ, ਦੁਬਿੱਧਾ ਵਿੱਚੋਂ, ਸਹਿਸਾ ਵਿੱਚੋਂ, ਹਉਮੈ ਵਿੱਚੋਂ, ਤ੍ਰੈ ਗੁਣਾਂ ਵਿੱਚੋਂ, ਮਾਇਆ ਦੀ ਜੁਗਤਿ ਵਿੱਚੋਂ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ, ਮਨ ਦੀ ਅਗਿਆਨਤਾ ਵਿੱਚੋਂ ਕੱਢ ਲੈਂਦਾ ਹੈ ਤੇ ਕੇਵਲ ਤੇ ਕੇਵਲ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਇਸ ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ, ਉਸਨੂੰ ਪਾਉਣ ਦਾ ਤਰੀਕਾ ਵੀ ਇੱਕੋ ਹੀ ਹੈ ਭਾਵ ਉਸਦੀ

50/6983

ਭਗਤੀ ਦਾ ਤਰੀਕਾ ਵੀ ਇੱਕੋ ਹੀ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣਾ ਕਿਤਨਾ ਔਖਾ ਹੈ। ਇਸ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ ਕਿ ਭਗਤੀ ਦਾ ਮਾਰਗ ਕਿਤਨਾ ਕੁ ਔਖਾ ਹੈ ਭਾਵ ਉਸ ਅਕਾਲ ਪੁਰਖ ਦਾ, ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਕਿਤਨਾ ਕੁ ਔਖਾ ਹੈ ਭਾਵ ਉਸਦੇ ਨਾਲ ਮੇਲ ਕਰਨ ਦਾ ਤਰੀਕਾ, ਉਸਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਕਿਤਨਾ ਕੁ ਔਖਾ ਹੈ ਜਿਸ ਔਖੇਪਨ ਨੂੰ ਮੰਨਣਾ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਜਿਹੋ ਜਿਹਾ ਔਖਾਪਨ ਭਗਤਾਂ ਨੇ ਕਬੂਲ ਕੀਤਾ ਹੈ ਉਹੋ ਜਿਹਾ ਔਖਾਪਨ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਕਬੂਲ ਕੀਤਾ ਹੈ ਜੋ ਭਗਤੀ ਦਾ ਔਖਾਪਨ ਕਬੂਲ ਕਰਨ ਦੁਆਰਾ ਆਪਣੇ ਜੀਵਨ ਵਿੱਚ ਕੋਈ ਮਾੜਾ ਕਰਮ ਕੀਤਾ ਹੋਵੇ ਭਾਵ ਆਪਣੀ ਸਮਝਾਈ ਹੋਈ ਗੁਰਮਤਿ ਤੋਂ ਕੋਈ ਉਲਟ ਕੰਮ ਕੀਤਾ ਹੋਵੇ, ਕਿਸੇ ਸੰਸਾਰੀ ਜੀਵ ਦਾ ਕੋਈ ਮਾੜਾ ਕੀਤਾ ਹੋਵੇ ਇਹ ਹੋ ਹੀ ਨਹੀਂ ਸਕਦਾ ਬਲਕਿ ਸੰਸਾਰਿਕ ਜੀਵਾਂ ਦੇ ਭਲੇ ਲਈ ਭਾਵੇਂ ਉਹ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦੇ ਸਨ ਉਨ੍ਹਾਂ ਦੀ ਰੱਖਿਆ ਲਈ ਆਪਣੇ ਸਰੀਰਾਂ ਦੀਆਂ ਕੁਰਬਾਨੀਆਂ ਵੀ ਦਿੱਤੀਆਂ ਹਨ। ਭਗਤੀ ਦੇ ਸੱਚੇ ਮਾਰਗ ਤੇ ਪੂਰਾ ਉਤਰਨਾ, ਗੁਰੂ ਦੀ ਸਿੱਖਿਆ ਤੇ ਪੂਰਾ ਉਤਰਨਾ ਭਾਵ ਗੁਰੂ ਦਾ ਨਾਮ ਜਪਣਾ ਬਹੁਤ ਹੀ ਔਖਾ ਹੈ ਇਸ ਲਈ ਅੱਤ ਦਾ ਔਖਾਪਨ ਵੀ ਸਹਿਣਾ ਪੈਂਦਾ ਹੈ ਭਾਵ ਗੁਰਮਤਿ ਦੇ ਕੁੰਡੇ ਦੀ ਮਾਰ ਸਹਿਣੀ ਹੀ ਪੈਂਦੀ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਿਆ ਹੈ ਤੇ ਉਸ ਤੋਂ ਪਹਿਲੇ ਮੁੱਖ ਸ਼ਬਦ ਦੇ ਦੂਸਰੇ ਪਦੇ ਦੁਆਰਾ ਵੀ ਸਮਝਿਆ ਹੈ। ਭਗਤੀ ਦੇ ਸਹੀ ਮਾਰਗ ਤੇ ਚੱਲਣ ਦੇ ਔਖੇਪਨ ਨੂੰ ਕਬੂਲ ਕੀਤੇ ਬਿਨਾਂ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਜਿਤਨੇ ਵੀ ਅਸੀਂ ਆਪਣੇ ਆਪਣੇ ਵੱਲੋਂ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਕਿਸੇ ਅੱਖਰ ਨੂੰ ਨਾਮ ਸਮਝਕੇ ਉਸਨੂੰ ਬੋਲੀ ਜਾਣ ਨੂੰ ਹੀ ਨਾਮ ਜਪਣਾ ਸਮਝਿਆ ਹੋਇਆ ਹੈ ਇਹੋ ਜਿਹੇ ਅਨੇਕਾਂ ਹੀ ਜੋ ਤਰੀਕੇ ਸਭ ਨੇ ਅਪਨਾਏ ਹੋਏ ਹਨ ਜਿਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਉਹ ਸਭ ਸਾਡੀਆਂ ਚਤੁਰਾਈਆਂ ਹਨ ਤੇ ਚਤੁਰਾਈਆਂ ਕਰਨ ਨਾਲ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਕੋਈ ਨਹੀਂ ਜਾਣ ਸਕਦਾ ਜਿਵੇਂ ਕਿ ਮੁੱਖ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ

50/6984

ਹੋਇਆ ਹੈ ਕਿ ਸਾਡੀ ਚਤੁਰਾਈ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੋਇਆ ਹੈ। ਆਉ ਧਿਆਨ ਨਾਲ ਰਹਾਉ ਵਾਲੀਆਂ ਪੰਗਤੀਆਂ ਨੂੰ ਸਮਝੀਏ।

“ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥”

ਉਪਰ ਪਹਿਲੀ ਪੰਗਤੀ ਵਿੱਚ ਸਾਡੀ ਚਤੁਰਾਈ ਦੀ ਗੱਲ ਕੀਤੀ ਹੋਈ ਹੈ ਤੇ ਨਾਲ ਹੀ ਅਗਲੀ ਪੰਗਤੀ ਵਿੱਚ ਅਸੀਂ ਚਤੁਰਾਈ ਕਿਸ ਤਰੀਕੇ ਕਰਦੇ ਹਾਂ ਇਹ ਸਮਝਾਇਆ ਹੋਇਆ ਹੈ। ਰਹਾਉ ਵਾਲੀਆਂ ਪੰਗਤੀਆਂ ਤੋਂ ਪਹਿਲੇ ਪਦੇ ਰਾਹੀਂ ਅਸੀਂ ਜੋ ਕੁਝ ਸਮਝਿਆ ਹੈ ਉਹ ਆਪਣੇ ਮਨ ਨੂੰ ਸਮਝਾਉਣ ਲਈ ਹੀ ਸਮਝਿਆ ਹੈ ਜੋ ਮਨ ਹਾਥੀ ਵਰਗੀ ਮਸਤੀ ਵਿੱਚ ਰਹਿੰਦਾ ਹੈ ਜਿਸਨੂੰ ਵੱਸ ਵਿੱਚ ਕਰਨ ਲਈ ਉਸਦੇ ਸਿਰ ਤੇ ਕੁੰਡਾ ਮਾਰਨਾ ਹੀ ਪੈਂਦਾ ਹੈ ਤੇ ਆਪਣੇ ਮਨ ਨੂੰ ਸਮਝਾਉਣ ਦੇ ਲਈ ਵੀ ਗੁਰੂ ਦੇ ਸ਼ਬਦ ਰੂਪ ਕੁੰਡੇ ਨੂੰ ਆਪਣੀ ਨਾਸਮਝ ਮਤਿ ਵਿੱਚ ਮਾਰਨਾ ਹੀ ਪੈਂਦਾ ਹੈ। ਉਪਰ ਰਹਾਉ ਵਾਲੀ ਪੰਗਤੀ ਦੁਆਰਾ ਸਾਨੂੰ ਇਹੀ ਸਮਝਾਇਆ ਹੋਇਆ ਹੈ ਤੇ ਗੁਰੂ ਦਾ ਸ਼ਬਦ ਰੂਪ ਕੁੰਡਾ ਉਸਦੀ ਕੀਮਤ ਨਹੀਂ ਪਾਈ ਜਾ ਸਕਦੀ ਜਿਸ ਵਸਤੂ ਨੂੰ ਅਸੀਂ ਪਾਉਣਾ ਚਾਹੁੰਦੇ ਹਾਂ ਭਾਵ ਪ੍ਰਾਪਤ ਕਰਨਾ ਚਾਹੁੰਦੇ ਹਾਂ। ਆਪਣੀ ਭਗਤੀ ਦੁਆਰਾ ਪਾਉਣਾ ਤਾਂ ਅਸੀਂ ਪ੍ਰਮਾਤਮਾ ਨੂੰ ਹੀ ਚਾਹੁੰਦੇ ਹਾਂ ਪਰ ਸੱਚੀ ਭਗਤੀ ਦੇ ਮਾਰਗ ਨੂੰ ਛੱਡਕੇ ਜਿਹੋ ਜਿਹੇ ਅਨੇਕਾਂ ਹੀ ਤਰੀਕੇ ਅਸੀਂ ਭਗਤੀ ਦੇ ਬਣਾਏ ਹੋਏ ਹਨ ਉਨ੍ਹਾਂ ਤਰੀਕਿਆਂ ਦੇ ਨਾਲ ਗੁਰਮਤਿ ਦੀ ਕੀਮਤ ਨਹੀਂ ਪਾਈ ਜਾ ਸਕਦੀ ਭਾਵ ਗੁਰਮਤਿ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ ਕਿਉਂਕਿ ਗੁਰਮਤਿ ਦੀ ਕੀਮਤ ਚੁਕਾਉਣਾ ਭਾਵ ਗੁਰਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਉਪਰ ਸਮਝਿਆ ਹੀ ਹੈ ਕਿ ਇਹ ਔਖਾਪਨ ਕਿਸ ਰੂਪ ਵਿੱਚ ਹੈ ਜੋ ਕਿ ਆਪਣੇ ਅੰਦਰ ਦੇ ਪੰਜਾਂ ਚੋਰਾਂ ਨੂੰ ਨਾਮ ਦੀ ਚੋਰੀ ਕਰਨ ਤੋਂ ਰੋਕਣਾ ਬਹੁਤ ਔਖਾ ਹੈ। ਇਨ੍ਹਾਂ ਚੋਰਾਂ ਦੀ ਚੋਰੀ ਰੋਕਣ ਲਈ ਗੁਰੂ ਦੇ ਸ਼ਬਦ ਦਾ ਕੁੰਡਾ ਭਾਵ ਗੁਰੂ ਦੇ ਸੱਚੇ ਗਿਆਨ ਦਾ ਕੁੰਡਾ ਆਪਣੀ ਅਗਿਆਨਤਾ ਵਾਲੀ ਨਾਸਮਝ ਮਤਿ ਦੇ ਉੱਤੇ ਭਾਵ ਮਨਮਤਿ ਦੇ ਉੱਤੇ ਭਾਵ ਮਾਇਆ ਮੋਹ ਦੀ ਸਮਝ ਦੇ ਉੱਤੇ ਭਾਵ ਤ੍ਰੈ ਗੁਣਾਂ ਦੀ ਸਮਝ ਦੇ ਉੱਤੇ ਭਾਵ ਹਉਮੈ ਵਾਲੀ ਸਮਝ ਦੇ ਉੱਤੇ ਮਾਰਨਾ ਹੀ ਪੈਂਦਾ ਹੈ ਭਾਵ ਆਪਣੀ ਨਾਸਮਝ ਮਤਿ ਨੂੰ

50/6985

ਛੱਡਣਾ ਹੀ ਪੈਂਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਅਪਨਾਉਣਾ ਹੀ ਪੈਂਦਾ ਹੈ ਤੇ ਉਹੋ ਜਿਹਿਆਂ ਦੀ ਮਤਿ ਨੂੰ ਛੱਡਣਾ ਹੀ ਪੈਂਦਾ ਹੈ ਜਿਨ੍ਹਾਂ ਨੇ ਸਾਨੂੰ ਉਹੋ ਜਿਹੇ ਭਗਤੀ ਦੇ ਤਰੀਕੇ ਸਮਝਾਏ ਹੋਏ ਹਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਆਪਣੇ ਸ਼ਬਦਾਂ ਰਾਹੀਂ ਕੇਵਲ ਸਾਡੀਆਂ ਚਤੁਰਾਈਆਂ ਦੱਸਿਆ ਹੈ ਇਨ੍ਹਾਂ ਚਤੁਰਾਈਆਂ ਦੁਆਰਾ ਭਾਵ ਨਾਸਮਝੀ ਵਾਲੀ ਭਗਤੀ ਦੁਆਰਾ ਨਾ ਹੀ ਅੱਜ ਤੱਕ ਕਿਸੇ ਨੇ ਆਪਣੇ ਅੰਦਰੋਂ ਚੀਨਿਆ ਹੈ ਭਾਵ ਜਾਣਿਆ ਹੈ ਤੇ ਨਾ ਹੀ ਇਸ ਤਰੀਕੇ ਕੋਈ ਉਸਨੂੰ ਆਪਣੇ ਅੰਦਰੋਂ ਪਛਾਣ ਸਕਦਾ ਹੇ ਭਾਵ ਜਾਣ ਸਕਦਾ ਹੇ ਭਾਵ ਮਨ ਦੀ ਸਮਝ ਦੇ ਅੰਦਰ ਉਸਦੇ ਨਾਲ ਮੇਲ ਕਰ ਸਕਦਾ ਹੈ। ਭਰਮਾਂ ਵਾਲੀ ਨਾਸਮਝ ਮਤਿ ਨੂੰ ਛੱਡੇ ਬਿਨਾਂ, ਭਰਮਾਂ ਵਾਲੀ ਭਗਤੀ ਦੇ ਤਰੀਕਿਆਂ ਨੂੰ ਛੱਡੇ ਬਿਨਾਂ ਉਸ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਜਾਣ ਲਏ ਇਹ ਨਾਮੁਮਕਿਨ ਹੈ ਕਿਉਂਕਿ ਇਹ ਗੁਰੂ ਦਾ ਆਪਣਾ ਫੁਰਮਾਨ ਹੈ ਤੇ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦੀ ਗੱਲ ਨੂੰ ਮੰਨਣਾ ਜਾਂ ਪ੍ਰਮਾਤਮਾ ਦੀ ਗੱਲ ਨੂੰ ਮੰਨਣਾ ਇੱਕੋ ਹੀ ਗੱਲ ਹੈ, ਕੋਈ ਫਰਕ ਨਹੀਂ ਹੈ ਤੇ ਜੇਕਰ ਅਸੀਂ ਗੁਰੂ ਤੇ ਪ੍ਰਮਾਤਮਾ ਦੇ ਵਿੱਚ ਫਰਕ ਸਮਝਦੇ ਹਾਂ ਤਾਂ ਫਿਰ ਇਹ ਸਾਡੀ ਸਮਝ ਦੇ ਵਿੱਚ ਹੀ ਫਰਕ ਹੈ ਜੋ ਸਾਡੀ ਸਮਝ ਗੁਰੂ ਦੀ ਸਮਝ ਦੇ ਨਾਲ ਮੇਲ ਨਹੀਂ ਖਾਂਦੀ। ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜੇਕਰ ਅਸੀਂ ਗੁਰੂ ਦੀ ਗੱਲ ਤੇ ਅਮਲ ਨਹੀਂ ਕਰਦੇ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਉਸਦੀ ਮਤਿ ਦੇ ਉਲਟ ਚੱਲ ਕੇ ਕੀ ਕਦੇ ਕੋਈ ਉਸ ਪ੍ਰਮਾਤਮਾ ਨੂੰ ਪਾ ਸਕਦਾ ਹੈ, ਇਸ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਪਾ ਸਕਦਾ ਹੈ ਜੋ ਸ੍ਰਿਸ਼ਟੀ ਦਾ ਕਰਤਾ ਸਭ ਦੇ ਵਿੱਚ ਆਪਣੇ ਇੱਕੋ ਜਿਹੇ ਨਿਰੰਕਾਰ ਰੂਪ ਵਿੱਚ ਵੱਸ ਰਿਹਾ ਹੈ ਭਾਵ ਨਾਮ ਰੂਪ ਵਿੱਚ ਵਰਤ ਰਿਹਾ ਹੈ, ਬ੍ਰਹਮ ਗਿਆਨ ਰੂਪ ਵਿੱਚ ਵਰਤ ਰਿਹਾ ਹੈ ਭਾਵ ਆਪਣੀ ਉੱਚੀ ਸਾਇੰਸ ਦੇ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ। ਸ੍ਰਿਸ਼ਟੀ ਦੇ ਕਰਤੇ ਦੇ ਨਿਰੰਕਾਰ ਰੂਪ ਨੂੰ ਆਪਣੇ ਅੰਦਰੋਂ ਜਾਨਣਾ ਹੀ ਉਸ ਨਿਰੰਕਾਰ ਰੂਪ ਦੇ ਨਾਲ ਸਾਡਾ ਮੇਲ ਹੈ ਜਿਸ ਉਸਦੇ ਰੂਪ ਨੂੰ ਜਾਨਣ ਲਈ ਕੇਵਲ ਤੇ ਕੇਵਲ ਆਪਣੇ ਮਨ ਦੀ ਸਮਝ ਨੂੰ ਉੱਚਾ ਕਰਨ ਦੀ ਲੋੜ ਹੈ ਭਾਵ ਗੁਰੂ ਦੀ ਉੱਚੀ ਸਮਝ ਦੇ ਨਾਲ ਮਿਲਾਉਣ ਦੀ ਲੋੜ ਹੈ। ਜੋ ਵੀ ਸਾਡੇ ਅੰਦਰ ਦੀ ਸਮਝ ਗੁਰੂ ਦੀ ਸਮਝ ਦੇ ਨਾਲ ਮੇਲ ਨਹੀਂ ਖਾਂਦੀ ਭਾਵ ਗੁਰੂ ਦੇ ਵਿਚਾਰਾਂ ਨਾਲ ਜੋ ਸਾਡੇ ਵਿਚਾਰ ਮੇਲ ਨਹੀਂ ਖਾਂਦੇ ਉਹ ਸਾਡੇ ਭਰਮਾਂ ਵਾਲੇ ਵਿਚਾਰ ਹਨ। ਗੁਰੂ

50/6986

ਸਾਨੂੰ ਸ਼ਬਦਾਂ ਰਾਹੀਂ ਬਾਰ-ਬਾਰ ਇਹ ਗੱਲ ਸਮਝਾਉਂਦਾ ਹੈ ਕਿ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਜੇਕਰ ਸਾਡੇ ਵਿਚਾਰ ਗੁਰੂ ਦੇ ਵਿਚਾਰਾਂ ਦੇ ਨਾਲ ਮੇਲ ਨਹੀਂ ਖਾਂਦੇ ਭਾਵ ਜੇਕਰ ਅਸੀਂ ਇਹ ਕਹੀਏ ਕਿ ਮੇਰੇ ਅੰਦਰ ਪ੍ਰਮਾਤਮਾ ਨਹੀਂ ਹੈ, ਇਹ ਸਰੀਰ ਮੇਰਾ ਹੈ ਤਾਂ ਫਿਰ ਇਹ ਸਾਡਾ ਭਰਮ ਹੈ। ਗੁਰੂ ਸਾਨੂੰ ਬਾਰ-ਬਾਰ ਸਮਝਾਉਂਦਾ ਹੈ ਕਿ ਸਾਡੇ ਅੰਦਰ ਦੀ ਸਮਝ ਮਨੁੱਖ ਦੀ ਆਪਣੀ ਨਹੀਂ ਹੈ

ਬਲਕਿ ਪ੍ਰਮਾਤਮਾ ਦੀ ਹੈ ਤੇ ਜੇਕਰ ਅਸੀਂ ਆਪਣੇ ਅੰਦਰ ਦੀ ਸਮਝ ਨੂੰ ਭਾਵ ਮਨ ਦੀ ਸਮਝ ਨੂੰ ਆਪਣੀ ਸਮਝ ਕਹਿੰਦੇ ਹਾਂ ਤਾਂ ਫਿਰ ਇਹ ਸਾਡਾ ਭਰਮ ਹੈ। ਸਾਡੇ ਅੰਦਰ ਦੀ ਇਹ ਭਰਮਾਂ ਵਾਲੀ ਸਮਝ ਹੀ, ਗੁਰੂ ਦੀ ਸਮਝ ਦੇ ਨਾਲ ਇੱਕ ਨਹੀਂ ਹੋਣ ਦਿੰਦੀ। ਅਸੀਂ ਆਪਣੀ ਸਮਝ ਨੂੰ ਤਾਂ ਹੀ ਉੱਚਾ ਕਰ ਸਕਾਂਗੇ ਜੇਕਰ ਅਸੀਂ ਗੁਰੂ ਦੀ ਸਮਝ ਨੂੰ ਮੰਨਾਂਗੇ। ਜਿਉਂ ਜਿਉਂ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਮੰਨਦੇ ਜਾਵਾਂਗੇ ਤਿਉਂ ਤਿਉਂ ਸਾਡੀ ਭਰਮਾਂ ਵਾਲੀ ਨਾਸਮਝ ਮਤਿ ਉੱਚੀ ਹੁੰਦੀ ਜਾਵੇਗੀ ਤੇ ਅਸੀਂ ਗੁਰੂ ਦੇ, ਪ੍ਰਮਾਤਮਾ ਦੇ ਨੇੜੇ ਲੱਗਦੇ ਜਾਵਾਂਗੇ ਕਿਉਂਕਿ ਗੁਰੂ ਰੂਪ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਹੀ ਹੈ, ਸ਼ਬਦਾਂ ਦੇ ਗਿਆਨ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਅਨੇਕਾਂ ਵਾਰੀ ਇਸ ਗੱਲ ਨੂੰ ਸਮਝਿਆ ਹੀ ਹੈ। ਉਪਰ ਮੁੱਖ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਨੂੰ ਕਿਸੇ ਚਤੁਰਾਈ ਨਾਲ ਨਹੀਂ ਪਾਇਆ ਜਾ ਸਕਦਾ ਤੇ ਉਹ ਸਾਡੀਆਂ ਚਤੁਰਾਈਆਂ ਕੀ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਵਾਰੀ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਡੀਆਂ ਇਨ੍ਹਾਂ ਚਤੁਰਾਈਆਂ ਦਾ ਕਾਰਨ ਕੇਵਲ ਤੇ ਕੇਵਲ ਸਾਡੇ ਅੰਦਰ ਦੀ ਨਾਸਮਝੀ ਹੈ ਭਾਵ ਭਰਮਾਂ ਵਾਲੀ ਸਮਝ ਹੈ ਭਾਵ ਮਨਮਤਿ ਹੈ ਜੋ ਸਾਡੀ ਮਤਿ ਦੀ ਦੂਰੀ ਗੁਰੂ ਦੀ ਮਤਿ ਨਾਲੋਂ ਵਧਾਉਂਦੀ ਹੈ ਭਾਵ ਸਾਨੂੰ ਗੁਰਮਤਿ ਤੋਂ ਦੂਰ ਕਰਦੀ ਹੈ ਤੇ ਜੇਕਰ ਅਸੀਂ ਚਤੁਰਾਈਆਂ ਛੱਡ ਦੇਵਾਂਗੇ ਤਾਂ ਸਾਡੀ ਮਤਿ ਪਹਿਲੇ ਨਾਲੋਂ ਉੱਚੀ ਹੋ ਜਾਵੇਗੀ ਭਾਵ ਗੁਰੂ ਦੀ ਮਤਿ ਦੇ ਨੇੜੇ ਹੋ ਜਾਵੇਗੀ ਤੇ ਜਦੋਂ ਅਸੀਂ ਇਹ ਚਤੁਰਾਈਆਂ ਛੱਡ ਕੇ ਗੁਰੂ ਦੇ ਸਮਝਾਏ ਹੋਏ ਸੱਚੀ ਭਗਤੀ ਦੇ ਮਾਰਗ ਨੂੰ ਅਪਨਾ ਲਵਾਂਗੇ ਭਾਵ ਮਨ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿੱਚੋਂ ਨਿਕਲਣ ਦਾ ਉਪਰਾਲਾ ਕਰਾਂਗੇ ਭਾਵ ਆਪਣੇ ਅੰਦਰੋਂ ਨਾਮ ਦੇ ਚੋਰਾਂ ਨੂੰ ਚੋਰੀ ਕਰਨ ਤੋਂ ਰੋਕਾਂਗੇ

50/6987

ਭਾਵ ਗੁਰੂ ਦੇ ਸ਼ਬਦ ਰੂਪ ਕੰਡੇ ਨੂੰ ਆਪਣੀ ਮਤਿ ਤੇ ਮਾਰਨ ਦਾ ਉਪਰਾਲਾ ਕਰਾਂਗੇ ਭਾਵ ਮਨ ਦੇ ਵਿਕਾਰਾਂ ਨੂੰ ਛੱਡੀ ਜਾਵਾਂਗੇ, ਔਗੁਣਾਂ ਨੂੰ ਛੱਡੀ ਜਾਵਾਂਗੇ ਤਿਉਂ ਤਿਉਂ ਸਾਡੀ ਮਤਿ ਭਗਤੀ ਦੇ ਮਾਰਗ ਤੇ ਚੱਲਣ ਲਈ ਉੱਚੀ ਹੁੰਦੀ ਜਾਵੇਗੀ ਭਾਵ ਚੰਗੀ ਸਮਝ ਵਾਲੀ ਹੁੰਦੀ ਜਾਵੇਗੀ ਤਿਉਂ ਤਿਉਂ ਅਸੀਂ ਗੁਰਮਤਿ ਦੇ ਨੇੜੇ ਲੱਗਦੇ ਜਾਵਾਂਗੇ ਭਾਵ ਆਪਣੇ ਅੰਦਰੋਂ ਗੁਰੂ ਪ੍ਰਮਾਤਮਾ ਨੂੰ ਜਾਨਣ ਦੇ ਨੇੜੇ ਲੱਗਦੇ ਜਾਵਾਂਗੇ ਭਾਵ ਆਪਣੇ ਇਸ ਮਨੁੱਖੀ ਜੀਵਨ ਨੂੰ ਸਫਲ ਕਰਨ ਦੇ ਨੇੜੇ ਲੱਗਦੇ ਜਾਵਾਂਗੇ ਪਰ ਕਿਸੇ ਦੇ ਜੀਵਨ ਨੂੰ ਸਫਲ ਪ੍ਰਮਾਤਮਾ ਆਪ ਹੀ ਕਰ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਜਿਸ ਮਾਲਕ ਨੂੰ ਜਾਨਣ ਦਾ ਜਰੀਆ ਸਾਡੇ ਕੋਲ ਉਸਦੀ ਆਪਣੀ ਦਿੱਤੀ ਹੋਈ ਗੁਰਮਤਿ ਹੈ ਤੇ ਉਸਦੀ ਗੁਰਮਤਿ ਦੇ ਨਾਲ ਜੁੜਨ ਦਾ ਉੱਦਮ ਅਸੀਂ ਹੀ ਕਰਨਾ ਹੈ ਤੇ ਜੋ ਸੱਚਾ ਉੱਦਮ ਕਰਦਾ ਹੈ ਪ੍ਰਮਾਤਮਾ ਉਸੇ ਮਨੁੱਖ ਦੇ ਜੀਵਨ ਨੂੰ ਸਫਲ ਕਰਦਾ ਹੈ, ਮਨ ਦੇ ਵਿੱਚ ਆਪਣੇ ਸੱਚੇ ਗਿਆਨ ਰੂਪ ਨੂੰ, ਬ੍ਰਹਮ ਗਿਆਨ ਰੂਪ ਨੂੰ, ਨਾਮ ਰੂਪ ਭਾਵ ਗੁਰਮਤਿ ਦੀ ਪੂਰਨ ਸੱਚੀ ਸਮਝ ਵਾਲੇ ਰੂਪ ਨੂੰ ਪ੍ਰਗਟ ਕਰਨ ਦੁਆਰਾ ਹੀ ਕਰਦਾ ਹੈ ਜਿਵੇਂ ਕਿ ਉਸਨੇ ਆਪਣਾ ਇਹ ਰੂਪ ਭਗਤਾਂ ਦੇ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਉਨ੍ਹਾਂ ਦੀ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਕੀਤਾ ਹੈ ਤੇ ਉਹ ਆਪ ਹਰ ਭਰਮ ਵਿੱਚੋਂ ਨਿਕਲੇ ਹਨ। ਇਸ ਉੱਚੀ ਸਮਝ ਦੁਆਰਾ ਪੂਰੀ ਗੁਰਬਾਣੀ ਦੀ ਰਚਨਾ ਸੰਸਾਰ ਨੂੰ ਭਰਮਾਂ ਵਿੱਚੋਂ ਕੱਢਣ ਦੇ ਲਈ ਹੀ ਕੀਤੀ ਹੈ ਤੇ ਜੋ ਗੁਰੂ ਦੇ ਸੱਚੇ ਗਿਆਨ ਦੇ ਨਾਲ ਜੁੜਦਾ ਜਾਵੇਗਾ ਤਿਉਂ ਤਿਉਂ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਦਾ ਜਾਵੇਗਾ ਤੇ ਸੱਚੇ ਗਿਆਨ ਦੇ ਮਾਲਕ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਦਾ ਜਾਵੇਗਾ, ਉਸਨੂੰ ਪਾਉਣ ਦੇ ਨੇੜੇ ਲੱਗਦਾ ਜਾਵੇਗਾ। ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਕੋਈ ਹੋਰ ਤਰੀਕਾ ਨਹੀਂ ਹੈ ਤੇ ਇਸ ਤਰੀਕੇ ਤੋਂ ਬਿਨਾਂ ਪ੍ਰਮਾਤਮਾ ਨੂੰ ਪਾਉਣ ਦੇ ਭਾਵ ਉਸਦੀ ਭਗਤੀ ਕਰਨ ਦੇ, ਉਸਦਾ ਨਾਮ ਜਪਣ ਦੇ ਅਸੀਂ ਜੋ ਵੀ ਤਰੀਕੇ ਅਪਨਾਏ ਹੋਏ ਹਨ ਉਹ ਕੇਵਲ ਤੇ ਕੇਵਲ ਸਾਡੀਆਂ ਚਤੁਰਾਈਆਂ ਹਨ ਜਿਨ੍ਹਾਂ ਚਤੁਰਾਈਆਂ ਨੂੰ ਛੱਡੇ ਬਿਨਾਂ ਨਾ ਅਸੀਂ ਗੁਰਮਤਿ ਵਾਲੇ ਬਣ ਸਕਦੇ ਹਾਂ ਤੇ ਨਾ ਹੀ ਉਹੋ ਜਿਹੇ ਤਰੀਕਿਆਂ ਦੁਆਰਾ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਚੀਨ ਸਕਦੇ ਹਾਂ। **(ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥ ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥ ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥)**

ਭਗਤੀ ਦੇ ਸਹੀ ਮਾਰਗ ਤੇ ਚੱਲਣਾ ਆਪਣੇ ਅੰਦਰੋਂ ਨਾਮ ਦੀ ਚੋਰੀ ਨੂੰ ਰੋਕਣਾ ਹੀ ਹੈ ਜਿਵੇਂ ਕਿ ਅਸੀਂ ਉਪਰ

50/6988

ਵਾਲੇ ਸ਼ਬਦ ਰਾਹੀਂ ਸਮਝਿਆ ਹੈ ਤੇ ਪਿੱਛੇ ਲੇਖ ਵਿੱਚ ਹੋਰ ਸ਼ਬਦਾਂ ਰਾਹੀਂ ਵੀ ਸਮਝਿਆ ਹੈ। ਜਦ ਤੱਕ ਸਾਡੇ ਅੰਦਰ ਨਾਮ ਦੀ ਚੋਰੀ ਚੱਲ ਰਹੀ ਹੈ ਤਦ ਤੱਕ ਫਿਰ ਵੀ ਕੋਈ ਆਪਣੇ ਆਪ ਨੂੰ ਨਾਮ ਵਾਲਾ ਸਮਝੇ ਫਿਰ ਇਹ ਭਰਮ ਨਹੀਂ ਤਾਂ ਹੋਰ ਕੀ ਹੈ। ਇਹ ਭਰਮ ਸਭ ਦੇ ਅੰਦਰ ਹੀ ਹੈ ਜੋ ਭਰਮ ਬਹੁਤ ਹੀ ਵੱਡਾ ਭਰਮ ਹੈ। ਇਸ ਭਰਮ ਵਿੱਚੋਂ ਨਿਕਲੇ ਬਿਨਾਂ ਕੋਈ ਭਗਤੀ ਦੇ ਸੱਚੇ ਮਾਰਗ ਨਾਲ ਜੁੜ ਹੀ ਨਹੀਂ ਸਕਦਾ ਭਾਵ ਚਤੁਰਾਈਆਂ ਵਾਲੇ ਮਾਰਗ ਨਾਲ ਹੀ ਜੁੜਿਆ ਰਹੇਗਾ। ਨਾਮ ਦੇ ਚੋਰ ਕੀ ਹਨ ਤੇ ਕਾਬੂ ਕਿਵੇਂ ਆਉਂਦੇ ਹਨ ਇਨ੍ਹਾਂ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਬਸੰਤੁ ਹਿੰਡੋਲ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥ ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥}

(ਅੰਗ ੧੧੭੮)

ਸੋਰਠਿ ਮਹਲਾ ੩ ॥

{ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥ ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥

ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ ੬੦੦)

ਗਉੜੀ ਚੇਤੀ ਮਹਲਾ ੧ ॥

{ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥ ਸ੍ਰੀ ਰਾਮ ਨਾਮਾ ਉਚਰੁ ਮਨਾ ॥
ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥ ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ ॥
ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥੨॥
ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥
ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥
ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ ਲੁੜੇਨਿ ਸੁ ਖਾਧਾਤਾ ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥੨॥੧੪॥}

(ਅੰਗ ੧੫੫)

ਆਸਾ ਮਹਲਾ ੫ ॥

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥ ਜਨਮ ਮਰਨ ਚੂਕੇ ਸਭਿ ਭਾਰੇ ॥
ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥
ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥੨॥
ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ ॥
ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥੩॥
ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ ॥
ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ ॥੪॥੩੬॥}

(ਅੰਗ ੩੭੬)

ਉਪਰ ਵਾਲੇ ਸਾਰੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ। ਉਪਰ ਸ਼ਬਦਾਂ ਦੁਆਰਾ ਹਰ ਕੋਈ ਧਰਮ ਦਾ ਵਿਦਵਾਨ

ਅਖਵਾਉਣ ਵਾਲਾ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਡੇ ਅੰਦਰੋਂ ਨਾਮ ਦੀ ਚੋਰੀ ਕਿਸ ਤਰੀਕੇ ਹੋ ਰਹੀ ਹੈ ਜੋ ਚੋਰੀ ਸਭ ਦੇ ਅੰਦਰ ਅੱਠੇ ਪਹਿਰ ਭਾਵ ਹਰ ਵੇਲੇ ਚੱਲਦੀ ਹੀ ਰਹਿੰਦੀ ਹੈ। ਇਹ ਚੋਰੀ ਬੰਦ ਹੋਏ ਬਿਨਾਂ ਕਿਸੇ ਦੇ ਅੰਦਰ ਨਾਮ ਵੱਸ ਹੀ ਨਹੀਂ ਸਕਦਾ ਭਾਵ ਗੁਰੂ ਦੀ ਮਤਿ ਵੱਸ ਹੀ ਨਹੀਂ ਸਕਦੀ ਭਾਵ ਤਦ ਤੱਕ ਕੋਈ ਆਪਣੇ ਆਪ ਨੂੰ ਗੁਰਮਤਿ ਦੀ ਸਮਝ ਵਾਲਾ ਭਾਵ ਗੁਰਮਤਿ ਦੀ ਅਸਲ ਸਮਝ ਵਾਲਾ ਕਹਿ ਹੀ ਨਹੀਂ ਸਕਦਾ ਪਰ ਕਹਿੰਦੇ ਸਾਰੇ ਆਪਣੇ ਆਪ ਨੂੰ ਨਾਮ ਵਾਲਾ ਹੀ ਹਨ, ਗੁਰਮਤਿ ਵਾਲਾ ਹੀ ਹਨ। ਜਿਹੋ ਜਿਹੀ ਗੁਰਮਤਿ ਦੀ, ਨਾਮ ਦੀ ਉਨ੍ਹਾਂ ਨੂੰ ਆਪ ਸਮਝ ਹੈ ਉਹੋ ਕੁਝ ਹੀ ਉਹ ਦੂਸਰਿਆਂ ਨੂੰ ਸਮਝਾਉਂਦੇ ਹਨ ਭਾਵ ਆਪਣੀ ਭਰਮਾਂ ਵਾਲੀ ਸਮਝ ਦੂਜਿਆਂ ਦੇ ਅੰਦਰ ਪਾਉਂਦੇ ਹਨ ਭਾਵ ਆਪਣੀ ਨਾਸਮਝੀ ਵਾਲੀ ਭਗਤੀ ਦੀ ਸਮਝ ਦੂਜਿਆਂ ਦੇ ਅੰਦਰ ਪਾਉਂਦੇ ਹਨ ਤੇ ਭਗਤੀ ਦੀ ਸੱਚੀ ਸਮਝ ਤੋਂ ਬਿਨਾਂ ਜਿਹੋ ਜਿਹੇ ਅਨੇਕਾਂ ਭਗਤੀ ਦੇ ਮਾਰਗ ਬਣੇ ਹੋਏ ਹਨ ਉਹ ਅਨੇਕਾਂ ਦੀ ਭਰਮਾਂ ਵਾਲੀ ਸਮਝ ਦੁਆਰਾ ਹੀ ਬਣੇ ਹੋਏ ਹਨ ਜਿਨ੍ਹਾਂ ਤਰੀਕਿਆਂ ਨੂੰ ਹਰ ਕਿਸੇ ਨੇ ਸੱਚ ਕਰਕੇ ਹੀ ਮੰਨਿਆ ਹੋਇਆ ਹੈ ਭਾਵ ਭਰਮ ਨੂੰ ਸੱਚ

ਮੰਨਿਆ ਹੋਇਆ ਹੈ। ਜਿਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਗੁਰੂ ਸਾਹਿਬ ਨੇ ਬਾਰ-ਬਾਰ ਸ਼ਬਦਾਂ ਰਾਹੀਂ ਸਾਡੀਆਂ ਚਤੁਰਾਈਆਂ ਲਿਖਿਆ ਹੋਇਆ ਹੈ ਤੇ ਜਿਨ੍ਹਾਂ ਕੋਲੋਂ ਅਸੀਂ ਇਹੋ ਜਿਹੇ ਤਰੀਕੇ ਸਿੱਖੇ ਹਨ ਉਨ੍ਹਾਂ ਨੇ ਸਾਨੂੰ ਗੁਰੂ ਦੇ ਨਾਲ ਚਤੁਰਾਈ ਕਰਨੀ ਹੀ ਸਮਝਾਈ ਹੈ ਤੇ ਗੁਰੂ ਨਾਲ ਚਤੁਰਾਈ ਕਰਕੇ ਕੀ ਕਦੇ ਕੋਈ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਿਆ ਹੈ ਜਾਂ ਜਾਣ ਸਕਦਾ ਹੈ ਭਾਵ ਨਾਮੁਮਕਿਨ ਹੈ। ਇਹ ਚਤੁਰਾਈਆਂ ਕੀ ਹਨ ਤੇ ਇਨ੍ਹਾਂ ਬਾਰੇ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਹੋ ਜਿਹੇ ਮਾਰਗ ਤੇ ਚੱਲਣ ਤੋਂ ਜਿਸ ਮਾਰਗ ਨੂੰ ਅਸੀਂ ਆਪਣੇ ਵੱਲੋਂ ਭਗਤੀ ਦਾ ਮਾਰਗ ਸਮਝਦੇ ਹਾਂ ਜੇਕਰ ਅਸੀਂ ਉਸ ਮਾਰਗ ਤੇ ਚੱਲਣਾ ਨਹੀਂ ਛੱਡਦੇ ਉਹ ਸਾਡੀ ਚਤੁਰਾਈ ਹੈ। ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰਦੇ ਹਾਂ ਕਿ ਗੁਰੂ ਸਾਹਿਬ ਸਾਨੂੰ ਬਾਰ-ਬਾਰ ਕਿਹੋ ਜਿਹੇ ਤਰੀਕੇ ਅਪਨਾਉਣ ਤੋਂ ਮਨ੍ਹਾਂ ਕਰਦੇ ਹਨ ਤੇ ਉਨ੍ਹਾਂ ਤਰੀਕਿਆਂ ਨੂੰ ਨਾ ਛੱਡਣਾ ਭਾਵ ਉਹੋ ਜਿਹੇ ਤਰੀਕਿਆਂ ਦੇ ਨਾਲ ਜੁੜੇ ਰਹਿਣਾ ਕੇਵਲ ਸਾਡੀ ਗੁਰੂ ਨੂੰ ਪਾਉਣ ਦੀ ਚਤੁਰਾਈ ਹੈ ਜਿਨ੍ਹਾਂ ਤਰੀਕਿਆਂ ਨੂੰ ਅਪਨਾਕੇ ਅਸੀਂ ਆਪਣੇ ਆਪ ਨੂੰ ਕੇਵਲ ਖੁਆਰ ਹੀ ਕਰਦੇ ਹਾਂ। ਆਉ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਸਮਝ ਕੇ, ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝ ਕੇ ਤੇ ਉਸਤੇ ਵਿਸ਼ਵਾਸ ਕਰਕੇ ਆਪਣੀ ਭਰਮਾਂ ਵਾਲੀ ਭਗਤੀ ਦੇ ਮਾਰਗ ਤੋਂ

ਬਚੀਏ, ਗੁਰੂ ਦੇ ਨਾਲ ਚਤੁਰਾਈ ਕਰਨ ਤੋਂ ਬਚੀਏ ਤੇ ਬੇਵਜ੍ਹਾ ਖੁਆਰ ਹੋਣ ਤੋਂ ਬਚੀਏ।

ਸਿਰੀਰਾਗੁ ਮਹਲਾ ੩ ॥

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ॥ ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

ਸਿਰੀਰਾਗੁ ਮਹਲਾ ੫ ਘਰੁ ੫ ॥

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥

ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

ਗਉੜੀ ਮਹਲਾ ੫ ॥

{ਛਾਡਿ ਸਿਆਨਪ ਬਹੁ ਚਤੁਰਾਈ ॥ ਗੁਰ ਪੂਰੇ ਕੀ ਟੇਕ ਟਿਕਾਈ ॥੧॥ ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥
ਗੁਰੁ ਪੂਰਾ ਭੇਟਿਆ ਲਿਵ ਲਾਇ ॥੧॥ ਰਹਾਉ ॥ ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥
ਮਿਟੇ ਵਿਸੂਰੇ ਉਤਰੀ ਚਿੰਤ ॥੨॥ ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥੩॥
ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥}

(ਅੰਗ ੧੯੦)

ਗਉੜੀ ਮਃ ੩ ॥

{ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥
ਐਥੈ ਅਗੈ ਹਰਿ ਨਾਮੁ ਸਖਾਈ ॥੧॥ ਰਾਮ ਪੜਹੁ ਮਨਿ ਕਰਹੁ ਬੀਚਾਰੁ ॥ ਗੁਰ ਪਰਸਾਦੀ ਮੈਲੁ ਉਤਾਰੁ ॥੧॥
ਰਹਾਉ ॥ ਵਾਦਿ ਵਿਰੋਧਿ ਨ ਪਾਇਆ ਜਾਇ ॥ ਮਨੁ ਤਨੁ ਫੀਕਾ ਦੂਜੈ ਭਾਇ ॥
ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥ ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ॥
ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥ ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥
ਆਪਿ ਤਰੈ ਸਗਲੇ ਕੁਲ ਤਾਰੈ ॥੪॥ ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ ॥
ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥ ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥
ਆਪੁ ਨ ਚੀਨੈ ਬਾਜੀ ਹਾਰੀ ॥੬॥ ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥
ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥ ਨਾਮਿ ਰਤੇ ਸਦਾ ਬੈਰਾਗੀ ॥
ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥ ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥੩॥}

(ਅੰਗ ੨੩੦)

ਕਬੀਰ ਜੀ ਗਉੜੀ ॥

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥}

(ਅੰਗ ੩੨੪)

ਸੋਰਠਿ ਮਹਲਾ ੧ ॥

{ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥
ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥

ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ ੫੯੮)

{ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥
ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥}

(ਅੰਗ ੭੨੨)

{ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥
ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥ ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ॥
ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ ॥ ਪੁਤੁ ਕਲਤੁ ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਨਾਉ ਵਸੈ ਮਨਿ ਆਈ ॥
ਨਾਨਕ ਸੇ ਵਡੇ ਵਡਭਾਗੀ ਜਿ ਗੁਰਮੁਖਿ ਨਾਮਿ ਸਮਾਈ ॥੧੯॥}

(ਅੰਗ ੧੪੧੪)

50/6991

{ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥੩॥}

(ਅੰਗ ੩੯੬)

ਆਸਾ ਮਹਲਾ ੧ ॥

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ ॥
ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥ ਜਗੁ ਮੋਹਿ ਬਾਧਾ ਬਹੁਤੀ ਆਸਾ ॥
ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥
ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ ਕਲਤ੍ ਲਗਿ ਨਾਮੁ ਵਿਸਾਰੀ ॥
ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥੩॥ ਬਾਹਰਹੁ ਹਉਮੈ ਕਹੈ ਕਹਾਏ ॥
ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥ ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥
ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥ ਰੂੜੋ ਕਹਉ ਨ ਕਹਿਆ ਜਾਈ ॥

ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥
ਨਦਰਿ ਕਰੇ ਰਾਖੈ ਰਖਵਾਲਾ ॥੭॥ ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}

(ਅੰਗ ੪੧੨)

ਦੇਵਗੰਧਾਰੀ ॥

{ਅਬ ਹਮ ਚਲੀ ਠਾਕੁਰ ਪਹਿ ਹਾਰਿ ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ॥
ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥
ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥}

(ਅੰਗ ੫੨੭-੫੨੮)

{ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥
ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥
ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥
ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥ ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ॥੩॥}

(ਅੰਗ ੭੭੫)

{ਹੋਵੈ ਸੋਈ ਭਲ ਮਾਨੁ ॥ ਆਪਨਾ ਤਜਿ ਅਭਿਮਾਨੁ ॥ ਦਿਨੁ ਰੈਨਿ ਸਦਾ ਗੁਨ ਗਾਉ ॥ ਪੂਰਨ ਏਹੀ ਸੁਆਉ ॥੧॥
ਆਨੰਦ ਕਰਿ ਸੰਤ ਹਰਿ ਜਪਿ ॥ ਛਾਡਿ ਸਿਆਨਪ ਬਹੁ ਚਤੁਰਾਈ ਗੁਰ ਕਾ ਜਪਿ ਮੰਤੁ ਨਿਰਮਲ ॥੧॥ ਰਹਾਉ॥}

(ਅੰਗ ੮੯੫)

{ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥}

(ਅੰਗ ੧੩੪੫)

ਸੂਹੀ ਮਹਲਾ ੫ ॥

{ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥}

(ਅੰਗ ੭੪੭-੭੪੮)

ਮਾਰੂ ਮਹਲਾ ੧ ॥

{ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥
ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥
ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥
ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥
ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੁਆਲਾ ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥
ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥
ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥
ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥
ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥ ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥
ਪਾਠ ਪੁਰਾਣ ਉਦੈ ਨਹੀ ਆਸਤ ॥ ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥
ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥}

(ਅੰਗ ੧੦੩੫-੧੦੩੬)

50/6992

{ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥
ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥
ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥}

(ਅੰਗ ੧੦੪੩)

{ਧੁਰਿ ਹਰਿ ਪ੍ਰਭਿ ਕਰਤੈ ਲਿਖਿਆ ਸੁ ਮੇਟਣਾ ਨ ਜਾਇ ॥
ਜੀਉ ਪਿੰਡੁ ਸਭੁ ਤਿਸ ਦਾ ਪ੍ਰਤਿਪਾਲਿ ਕਰੇ ਹਰਿ ਰਾਇ ॥
ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ ॥
ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥
ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥
ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ ॥੪੧॥}

(ਅੰਗ ੧੪੧੭-੧੪੧੮)

ਭੈਰਉ ਮਹਲਾ ੫ ॥

{ਪੰਚ ਮਜਮੀ ਜੋ ਪੰਚਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥
ਚਕ੍ਰ ਬਣਾਇ ਕਰੈ ਪਾਖੰਡ ॥ ਝੂਰਿ ਝੂਰਿ ਪਚੈ ਜੈਸੇ ਤ੍ਰਿਅ ਰੰਡ ॥੧॥ ਹਰਿ ਕੇ ਨਾਮ ਬਿਨਾ ਸਭ ਝੂਠੁ ॥
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥੧॥ ਰਹਾਉ ॥
ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥ ਮਾਇਆ ਕਾਰਣਿ ਕਰੈ ਉਪਾਉ ॥
ਕਬਹਿ ਨ ਘਾਲੈ ਸੀਧਾ ਪਾਉ ॥ ਜਿਨਿ ਕੀਆ ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ ਮੁਖਹੁ ਵਖਾਣੈ ॥੩॥
ਜਿਸ ਨੋ ਕਰਮੁ ਕਰੇ ਕਰਤਾਰੁ ॥ ਸਾਧਸੰਗਿ ਹੋਇ ਤਿਸੁ ਬਿਉਹਾਰੁ ॥
ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥ ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥੪॥੪੦॥੫੩॥}

(ਅੰਗ ੧੧੫੧)

ਮਾਰੂ ਮਹਲਾ ੧ ॥

{ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥ ਦਾਦਰ ਤੂ ਕਬਹਿ ਨ ਜਾਨਸਿ ਰੇ ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥

ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥ ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥}

(ਅੰਗ ੯੯੦)

ਪ੍ਰਭਾਤੀ ਮਹਲਾ ੧ ॥

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥
ਖਟੁ ਕਰਮ ਨਾਮੁ ਨਿਰੰਜਨੁ ਸੋਈ ॥ ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥
ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥
ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥
ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥
ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

{ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥
ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥੬॥}

(ਅੰਗ ੮੩੭)

ਮਃ ੧ ॥

{ਸੋ ਪਾਖੰਡੀ ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥
ਤਿਸੁ ਪਾਖੰਡੀ ਜਰਾ ਨ ਮਰਣਾ ॥ ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੫॥}

(ਅੰਗ ੯੫੨-੯੫੩)

50/6993

ਤੁਖਾਰੀ ਮਹਲਾ ੧ ॥

{ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥
ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥
ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥ ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ ॥
ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥
ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ ॥
ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ॥
ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥ ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥
ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥
ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥
ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥
ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ ਸਹਜਿ ਮਿਲੀਜੈ ॥
ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥
ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥
ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥}

(ਅੰਗ ੧੧੧੧-੧੧੧੨)

ਜਿਹੋ ਜਿਹੇ ਸਾਡੀ ਭਗਤੀ ਦੇ ਤਰੀਕਿਆਂ ਨੂੰ ਉਪਰ ਸ਼ਬਦਾਂ ਰਾਹੀਂ ਸਾਡੀਆਂ ਚਤੁਰਾਈਆਂ ਦੱਸਿਆ ਹੈ ਤੇ ਜਿਨ੍ਹਾਂ ਨੂੰ ਸਾਡੀਆਂ ਚਤੁਰਾਈਆਂ ਦੱਸਿਆ ਹੈ ਉਨ੍ਹਾਂ ਨੂੰ ਹੀ ਸਾਡੇ ਪਾਖੰਡ ਵਾਲੇ ਕਰਮ ਦੱਸਿਆ ਹੈ। ਪਾਉਣਾ ਤਾਂ ਹਰ ਕੋਈ ਉਸ **"ਸਚੁ ਰੂਪ"** ਪ੍ਰਮਾਤਮਾ ਨੂੰ ਚਾਹੁੰਦਾ ਹੈ ਤੇ ਜਿਹੋ ਜਿਹੇ ਤਰੀਕੇ ਅਸੀਂ ਅਪਨਾਏ ਹੋਏ ਹਨ ਕੀ ਉਨ੍ਹਾਂ ਵਿੱਚ ਰੱਤੀ ਭਰ ਵੀ ਗੁਰੂ ਦਾ ਸਮਝਾਇਆ ਹੋਇਆ ਸੱਚ ਦਿੱਸਦਾ ਹੈ ਭਾਵ ਨਹੀਂ ਦਿੱਸਦਾ। ਜਿਸਦੇ ਅੰਦਰ ਸੱਚ ਨਹੀਂ ਉਸਦੇ ਅੰਦਰ ਗੁਰਮਤਿ ਦੀ ਸੱਚੀ ਸਮਝ ਨਹੀਂ ਭਾਵ ਗੁਰੂ ਦਾ ਨਾਮ ਨਹੀਂ ਹੈ ਤੇ ਜਿੱਥੇ ਗੁਰੂ ਦਾ ਨਾਮ ਨਹੀਂ ਉੱਥੇ ਫਿਰ ਸੱਚ ਕਿਵੇਂ ਹੋ ਸਕਦਾ ਹੈ ਭਾਵ ਉਸ ਮਨ ਦੇ ਵਿੱਚ ਪ੍ਰਮਾਤਮਾ ਕਿਵੇਂ ਵੱਸਿਆ ਹੋ ਸਕਦਾ ਹੈ। ਉਸ ਸੱਚ ਨੂੰ ਪ੍ਰਮਾਤਮਾ ਦੇ ਨੇੜੇ ਲੱਗਣ ਲਈ, ਗੁਰਮਤਿ ਦੇ ਮਾਲਕ, ਨਾਮ ਦੇ ਮਾਲਕ ਭਾਵ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਣ ਲਈ ਸਾਨੂੰ ਮਨ ਦੇ ਭਰਮ ਛੱਡਣੇ ਹੀ ਪੈਣਗੇ ਤੇ ਉਹੋ ਜਿਹੇ ਸਾਰੇ ਭਗਤੀ ਦੇ ਤਰੀਕੇ ਛੱਡਣੇ ਪੈਣਗੇ ਜਿਨ੍ਹਾਂ ਤਰੀਕਿਆਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਭਗਤੀ ਵਾਲੇ ਤਰੀਕੇ ਸਮਝਿਆ ਹੋਇਆ ਹੈ, ਨਾਮ ਜਪਣ ਵਾਲੇ ਤਰੀਕੇ ਸਮਝਿਆ ਹੋਇਆ ਹੈ, ਗੁਰੂ ਦੀ ਸੇਵਾ ਵਾਲੇ ਤਰੀਕੇ ਸਮਝਿਆ ਹੋਇਆ ਹੈ, ਗੁਰੂ ਦੇ ਚਰਨਾਂ ਨੂੰ ਪੂਜਣ ਦੇ ਤਰੀਕੇ ਸਮਝਿਆ ਹੋਇਆ ਹੈ, ਗੁਰੂ ਦੇ ਗੁਣ ਗਾਉਣ ਦੇ ਤਰੀਕੇ ਸਮਝਿਆ ਹੋਇਆ ਹੈ ਤੇ ਇਹ ਸਾਰੇ ਤਰੀਕੇ ਅਸੀਂ ਅਸਲ ਵਿੱਚ ਕਿਸ ਰੂਪ ਵਿੱਚ ਅਪਨਾਉਣੇ ਹਨ ਇਸ ਗੱਲ ਨੂੰ ਅਸੀਂ ਪੂਰੇ ਲੇਖ ਵਿੱਚ ਸ਼ੁਰੂ ਤੋਂ ਲੈ ਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਗੁਰੂ ਦੇ ਗੁਣ ਗਾਉਣ ਦਾ, ਗੁਰੂ ਦਾ ਨਾਮ ਜਪਣ ਦਾ, ਉਸਦੀ ਸੱਚੀ ਭਗਤੀ ਕਰਨ ਦਾ, ਉਸਦੀ ਸੇਵਾ ਕਰਨ ਦਾ, ਉਸਦੇ ਚਰਨਾਂ ਨੂੰ ਪੂਜਣ ਦਾ ਭਾਵ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ, ਉਸਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਹੀ ਤਰੀਕਾ ਹੈ ਜੋ ਕਿ ਆਪਣੀ ਮਤਿ ਛੱਡਣ ਦਾ ਹੈ ਤੇ ਗੁਰੂ ਦੀ ਮਤਿ

ਨੂੰ ਮੰਨਣ ਦਾ ਹੈ ਭਾਵ ਇਹ ਕੇਵਲ ਤੇ ਕੇਵਲ ਸਾਡੇ ਦੁਨਿਆਵੀ ਕਰਮ ਹਨ ਭਾਵ ਸੱਚੇ ਸੁੱਚੇ ਕਰਮ ਹਨ ਜੋ ਭਗਤੀ ਦਾ ਤਰੀਕਾ, ਨਾਮ ਜਪਣ ਦਾ ਤਰੀਕਾ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਸਾਰੇ ਸੰਸਾਰ ਦੇ ਮਨੁੱਖਾਂ ਲਈ

50/6994

ਇੱਕੋ ਜਿਹਾ ਹੀ ਹੈ ਭਾਵੇਂ ਉਹ ਤਰੀਕਾ ਵੇਦਾਂ ਰਾਹੀਂ ਸਮਝਾਇਆ ਹੋਇਆ ਹੈ, ਭਾਵੇਂ ਉਹ ਤਰੀਕਾ ਧਾਰਮਿਕ ਸ਼ਾਸਤਰਾਂ ਦੁਆਰਾ ਸਮਝਾਇਆ ਹੋਇਆ ਹੈ, ਸਿਮ੍ਰਤੀਆਂ ਸ਼ਾਸਤਰਾਂ ਦੁਆਰਾ ਸਮਝਾਇਆ ਹੋਇਆ ਹੈ ਤੇ ਭਾਵੇਂ ਉਹ ਤਰੀਕਾ ਕੁਰਾਨ ਦੁਆਰਾ ਸਮਝਾਇਆ ਹੋਇਆ ਹੈ। ਹਰ ਸੱਚੇ ਧਰਮ ਗ੍ਰੰਥ ਲਿਖਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ। ਉਨ੍ਹਾਂ ਕੋਲੋਂ ਇਹ ਧਰਮ ਗ੍ਰੰਥ ਲਿਖਵਾਉਣ ਵੇਲੇ ਭਾਵੇਂ ਪ੍ਰਮਾਤਮਾ ਨੇ ਉਨ੍ਹਾਂ ਨਾਲ ਆਪਣਾ ਪਰਦਾ ਹੀ ਰੱਖਿਆ ਹੈ ਜਿਨ੍ਹਾਂ ਸਰੀਰਾਂ ਰਾਹੀਂ ਉਸਨੇ ਇਹ ਸੱਚੇ ਧਰਮ ਗ੍ਰੰਥ ਲਿਖਵਾਏ ਹਨ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਇਨ੍ਹਾਂ ਸੱਚੇ ਧਰਮ ਗ੍ਰੰਥਾਂ ਦਾ ਰਚਨਹਾਰ ਸਮਝਿਆ ਹੈ, ਜਿਸ ਕਰਕੇ ਉਨ੍ਹਾਂ ਨੂੰ ਬਾਣੀ ਰਾਹੀਂ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਕਿਹਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੁਆਰਾ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਬਰੀਕੀ ਨਾਲ ਸਮਝਿਆ ਹੈ। **{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}** ਅੰਗ ੧੩੫੦ ਭਾਵੇਂ ਉਹ ਜਿਹੜਾ ਮਰਜੀ ਸੱਚਾ ਧਰਮ ਗ੍ਰੰਥ ਹੈ ਉਸਨੂੰ ਪਾਉਣ ਦਾ ਤਰੀਕਾ ਉਨ੍ਹਾਂ ਧਰਮ ਗ੍ਰੰਥਾਂ ਵਿੱਚ ਇੱਕੋ ਜਿਹਾ ਹੀ ਸਮਝਾਇਆ ਹੋਇਆ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ ਤੇ ਇਹੀ ਤਰੀਕਾ ਸਾਨੂੰ ਬਾਈਬਲ ਰਾਹੀਂ ਸਮਝਾਇਆ ਹੋਇਆ ਹੈ ਜਿਸ ਧਰਮ ਗ੍ਰੰਥ ਨੂੰ ਪੜਨ ਵਾਲੇ ਤੇ ਮੰਨਣ ਵਾਲੇ ਸੰਸਾਰ ਵਿੱਚ ਸਭ ਤੋਂ ਜਿਆਦਾ ਗਿਣਤੀ ਵਿੱਚ ਹਨ। ਉਨ੍ਹਾਂ ਦੇ ਮੁਲਕਾਂ ਦੇ ਵਿੱਚ ਸੱਚ ਦੀ ਕਦਰ ਵਾਲੇ ਸਭ ਤੋਂ ਜਿਆਦਾ ਹਨ ਪਰ ਸੱਚ ਨੂੰ ਕੋਈ ਪੂਰੀ ਤਰ੍ਹਾਂ ਸਮਝ ਸਕੇ ਤੇ ਉਸ ਸੱਚ ਤੇ ਚੱਲ ਸਕੇ ਇਹ ਹੋ ਹੀ ਨਹੀਂ ਸਕਦਾ। ਸੱਚ ਦਾ ਪ੍ਰਚਾਰ ਕਰਨ ਵਾਲੇ ਬਹੁਤ ਹਨ ਪਰ ਫਿਰ ਵੀ ਉਹ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਨ ਜੋ ਸੱਚ ਦੇ ਉਲਟ ਹੁੰਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੀ ਹੈ। ਸੱਚ ਦੀ ਹਕੀਕਤ ਨੂੰ ਨਾਸਮਝਣ ਦਾ ਕਾਰਨ ਕੀ ਹੈ ਇਹ ਵੀ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ। ਇੱਕੋ ਇੱਕ ਕਾਰਨ ਸਾਡੇ ਅੰਦਰ ਦੀ ਸਮਝ ਹੈ ਜੋ ਸਮਝ ਸਭ ਦੇ ਅੰਦਰ ਉਸ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ। ਮਨ ਦੀ ਸਮਝ ਰਾਹੀਂ ਹੀ ਉਸ ਕਰਤੇ ਨੇ ਕਿਸੇ ਨੂੰ ਥੋੜੇ ਭਰਮ ਵਿੱਚ ਰੱਖਿਆ ਹੈ ਤੇ ਕਿਸੇ ਨੂੰ ਬਹੁਤੇ ਭਰਮ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ, ਪੂਰੇ ਸੰਸਾਰ ਦੇ ਮਨੁੱਖਾਂ ਦੀ ਸਮਝ ਰਾਹੀਂ ਵੇਖਿਆ ਜਾ ਸਕਦਾ ਹੈ। ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਨੇ ਮਾਇਆ ਦੀ ਜੁਗਤਿ ਆਪ ਹੀ ਪਾਈ ਹੋਈ ਹੈ ਜਿਸ ਜੁਗਤਿ ਤੋਂ

50/6995

ਬਾਹਰ ਸੰਸਾਰ ਦਾ ਕੋਈ ਮਨੁੱਖ ਵੀ ਨਹੀਂ ਹੈ। ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਇਸ ਮਾਇਆ ਦੀ ਜੁਗਤਿ ਦੁਆਰਾ ਹੀ ਸਿਸ਼੍ਰਟੀ ਦੇ ਹਰ ਮਨੁੱਖ ਦੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੇ ਭਰਮਾਂ ਵਾਲੀ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜੋ ਸਮਝ ਪਾਉਣ ਦੁਆਰਾ ਉਸਨੇ ਹਰ ਮਨੁੱਖ ਨੂੰ ਆਪਣੇ ਆਪ ਨੂੰ ਜਾਨਣ ਲਈ ਭਾਵ ਆਪਣਾ ਆਪ ਜਨਾਉਣ ਲਈ ਪੜਦੇ ਵਿੱਚ ਰੱਖਿਆ ਹੋਇਆ ਹੈ। ਜਿਸ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਬਾਈਬਲ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੈ ਉਸ ਧਰਮ ਗ੍ਰੰਥ ਨੂੰ ਪੜਨ ਵਾਲੇ ਸੱਚ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਕਹਿੰਦੇ ਹਨ, ਗਾੱਡ ਕਹਿੰਦੇ ਹਨ ਜੋ ਕਹਿਣ ਵਿੱਚ ਸੱਚਾਈ ਹੈ ਭਾਵ ਇਹ ਕਹਿਣਾ ਗਲਤ ਨਹੀਂ ਹੈ ਤੇ ਪੂਰੀ ਗੁਰਬਾਣੀ ਵੀ ਸਾਨੂੰ ਇਹੀ ਗੱਲ ਸਮਝਾ ਰਹੀ ਹੈ ਕਿ ਪ੍ਰਮਾਤਮਾ ਸੱਚ ਰੂਪ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰਬਾਣੀ ਨੂੰ ਪੜਨ ਵਾਲੇ ਤਾਂ ਅਨੇਕਾਂ ਹੀ ਹਨ, ਲੱਖਾਂ ਕਰੋੜਾਂ ਵਿੱਚ ਹਨ ਪਰ ਉਨ੍ਹਾਂ ਲੱਖਾਂ ਕਰੋੜਾਂ ਵਿੱਚੋਂ ਜੋ ਸਦੀਆਂ ਤੋਂ ਗੁਰਬਾਣੀ ਪੜਦੇ ਆ ਰਹੇ ਹਨ ਕੀ ਉਨ੍ਹਾਂ ਵਿੱਚੋਂ ਕਦੇ ਕਿਸੇ ਨੇ ਇਹ ਗੱਲ ਸਮਝਾਈ ਹੈ ਜਾਂ ਆਪ ਸਮਝੀ ਹੈ ਕਿ ਪ੍ਰਮਾਤਮਾ ਦਾ ਸੱਚ ਰੂਪ ਕੀ ਹੈ ਜੋ ਉਸਦਾ ਸੱਚ ਰੂਪ ਹੀ ਉਸਦਾ ਨਾਮ ਰੂਪ ਹੈ, ਉਸਦਾ ਨਿਰੰਕਾਰ ਰੂਪ ਹੈ ਇਸ ਆਪਣੇ ਨਾਮ ਰੂਪ ਦੁਆਰਾ, ਨਿਰੰਕਾਰ ਰੂਪ ਦੁਆਰਾ ਇਸ ਪੂਰੀ ਸਿਸ਼੍ਰਟੀ ਦੀ ਰਚਨਾ ਕੀਤੀ ਹੈ, ਖੰਡਾਂ ਬ੍ਰਹਮੰਡਾਂ ਦੀ ਰਚਨਾ ਕੀਤੀ ਹੈ ਜਿਸ ਆਪਣੇ ਨਾਮ ਰੂਪ ਦੁਆਰਾ ਭਾਵ ਸੱਚ ਰੂਪ ਦੁਆਰਾ ਉਹ ਸਭ ਜਗ੍ਹਾ ਤੇ ਸਭ ਵਿੱਚ ਸਮਾਇਆ ਹੋਇਆ ਹੈ ਤੇ ਆਪਣੇ ਸੱਚ ਰੂਪ ਦੁਆਰਾ ਉਹ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਉਸਦਾ ਇਹ ਸੱਚ ਰੂਪ ਕੀ ਹੈ ਇਹ ਧੰਨ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਜਿਸਨੂੰ ਕਿ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣਾ ਸੱਚ ਰੂਪ ਪ੍ਰਮਾਤਮਾ ਪੂਰੀ ਸ੍ਰਿਸ਼ਟੀ ਵਿੱਚ ਭਾਵ ਅਰਬਾਂ ਖਰਬਾਂ ਵਿੱਚੋਂ ਕਦੇ ਹੀ ਕਿਸੇ ਨੂੰ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਸਮਝਾਇਆ ਹੈ। ਇਹ ਚੰਗੀ

ਗੱਲ ਹੈ ਕਿ ਬਾਈਬਲ ਧਰਮ ਗ੍ਰੰਥ ਦੇ ਪੜਨ ਵਾਲੇ ਸੱਚ ਨੂੰ ਹੀ ਸਿਸ਼੍ਟੀ ਦਾ ਕਰਤਾ ਸਮਝਦੇ ਹਨ ਪਰ ਫਿਰ ਵੀ ਅਨੇਕਾਂ ਨੂੰ ਸੰਤ ਰੂਪ ਮੰਨਦੇ ਹਨ ਭਾਵ ਮਨੁੱਖੀ ਸਰੀਰਾਂ ਨੂੰ ਭਾਵ ਉਨ੍ਹਾਂ ਦੇ ਆਕਾਰ ਰੂਪ ਨੂੰ ਸੰਤ ਸਮਝ ਕੇ ਪੂਜਦੇ ਹਨ। ਜਿਸਨੂੰ ਸੱਚ ਰੂਪ ਦੀ ਸਮਝ ਲੱਗ ਜਾਂਦੀ ਹੈ ਜੋ ਆਪਣਾ

50/6996

ਸੱਚ ਰੂਪ ਪ੍ਰਮਾਤਮਾ ਕਿਸੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਕੇ ਆਪ ਹੀ ਸਮਝਾਉਂਦਾ ਹੈ ਤੇ ਉਸਦੇ ਸੱਚ ਰੂਪ ਨੂੰ ਜਾਣ ਕੇ ਫਿਰ ਕੋਈ ਉਸਦੇ ਆਕਾਰ ਰੂਪ ਨੂੰ ਉੱਚਾ ਮੰਨਕੇ ਉਸਨੂੰ ਨਹੀਂ ਪੂਜ ਸਕਦਾ ਤੇ ਨਾ ਹੀ ਫਿਰ ਉਹੋ ਜਿਹਾ ਮਨੁੱਖ ਕਦੇ ਕੋਈ ਇਹੋ ਜਿਹਾ ਕਰਮ ਕਰ ਸਕਦਾ ਹੈ ਜੋ ਮਨਮੁੱਖਤਾ ਦੇ ਭਲੇ ਵਿੱਚ ਨਾ ਹੋਵੇ। ਉਹ ਫਿਰ ਜੋ ਮਨੁੱਖਤਾ ਦੇ ਉਲਟ ਚੱਲਦੇ ਹਨ ਭਾਵ ਕਿਸੇ ਦਾ ਮਾੜਾ ਕਰਦੇ ਹਨ ਭਾਵ ਦੂਸਰਿਆਂ ਤੇ ਜੁਲਮ ਕਰਦੇ ਹਨ ਉਨ੍ਹਾਂ ਨੂੰ ਦੂਸਰਿਆਂ ਦੇ ਉੱਤੇ ਜੁਲਮ ਕਰਨ ਤੋਂ ਰੋਕਣ ਲਈ ਉਹੋ ਜਿਹਿਆਂ ਨੂੰ ਸਜਾਵਾਂ ਵੀ ਦਿੰਦੇ ਹਨ ਜਿਸਦਾ ਕਿ ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬਾਨ ਨੇ ਜੁਲਮ ਕਰਨ ਵਾਲਿਆਂ ਦਾ ਟਾਕਰਾ ਕੀਤਾ। ਕਿਸੇ ਤੇ ਜੁਲਮ ਕਰਨਾ ਸੱਚ ਦੇ ਉਲਟ ਹੈ ਭਾਵ ਧਰਮ ਦੇ ਮਾਰਗ ਦੇ ਉਲਟ ਹੈ ਕਿਉਂਕਿ ਸੱਚ ਹੀ ਧਰਮ ਦਾ ਮਾਰਗ ਹੈ। ਸੱਚ ਨੂੰ ਗਾੱਡ ਕਹਿਣ ਵਾਲਿਆਂ ਨੇ ਸੰਸਾਰ ਵਿੱਚ ਅਨੇਕਾਂ ਜੁਲਮ ਵੀ ਕੀਤੇ ਹਨ, ਭਾਰਤ ਵਰਸ਼ ਵਿੱਚ ਵੀ ਕੀਤੇ ਹਨ ਜਿਨ੍ਹਾਂ ਦਾ ਕਿ ਇਤਿਹਾਸ ਗਵਾਹ ਹੈ। ਉਨ੍ਹਾਂ ਨੇ ਉਨ੍ਹਾਂ ਤੇ ਜੁਲਮ ਕੀਤੇ ਹਨ ਜੋ ਕਿ ਬੇਗੁਨਾਹ ਸਨ ਤੇ ਜੇਕਰ ਉਨ੍ਹਾਂ ਨੂੰ ਸੱਚ ਦੀ ਸਮਝ ਹੁੰਦੀ ਭਾਵ ਜੇਕਰ ਉਹ ਸੱਚ ਦੀ ਅਸਲੀਅਤ ਨੂੰ ਸਮਝਦੇ ਹੁੰਦੇ, ਸੱਚ ਨੂੰ ਧਰਮ ਦਾ ਮਾਰਗ ਸਮਝਦੇ ਹੁੰਦੇ, ਸੱਚ ਨੂੰ ਭਾਵ ਟਰੂਥ ਨੂੰ ਗਾੱਡ ਦਾ ਰੂਪ ਸਮਝਦੇ ਹੁੰਦੇ ਤਾਂ ਫਿਰ ਕੀ ਕਦੇ ਉਹ ਉਹੋ ਜਿਹੇ ਜੁਲਮ ਕਰ ਸਕਦੇ ਸਨ ਜਿਹੋ ਜਿਹੇ ਜੁਲਮ ਉਨ੍ਹਾਂ ਨੇ ਆਪਣੇ ਰਾਜ ਦੇ ਦੌਰਾਨ ਅਨੇਕਾਂ ਤੇ ਕੀਤੇ ਹਨ, ਬੇਗੁਨਾਹਾਂ ਤੇ ਕੀਤੇ ਹਨ। ਆਪਣੇ ਆਪ ਨੂੰ ਸੱਚ ਵਾਲਾ ਕਹਿਣਾ ਤਾਂ ਸੌਖਾ ਹੈ ਪਰ ਸੱਚ ਵਾਲਾ ਬਣਨਾ ਤੇ ਸੱਚ ਅਨੁਸਾਰ ਚਲਣਾ ਭਾਵ ਸੱਚ ਤੇ ਅਮਲ ਕਰਨਾ ਕਿਤਨਾ ਕੁ ਔਖਾ ਹੈ ਇਸ ਗੱਲ ਨੂੰ ਹਰ ਕਿਸੇ ਨੂੰ ਸਮਝਣ ਦੀ ਲੋੜ ਹੈ ਕਿਉਂਕਿ ਇਹੀ ਤਾਂ ਅਸਲ ਵਿੱਚ ਸੰਸਾਰ ਦੇ ਹਰ ਮਨੁੱਖ ਦੇ ਲਈ ਇੱਕੋ ਜਿਹਾ ਸ੍ਰਿਸ਼ਟੀ ਦੇ ਕਰਤੇ ਦਾ ਭਾਵ ਗਾਡ ਦਾ, ਅੱਲ੍ਹਾ ਦਾ, ਭਗਵਾਨ ਦਾ, ਅਕਾਲਪੁਰਖ ਦਾ ਨਾਮ ਜਪਣ ਦਾ ਤਰੀਕਾ ਹੈ ਜਿਵੇਂ ਕਿ ਵਾਰ ਵਾਰ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪੂਰੀ ਗੁਰਬਾਣੀ ਸਾਨੂੰ ਸੱਚ ਹੀ ਸਮਝਾ ਰਹੀ ਹੈ ਤੇ ਸੱਚ ਦੀ ਅਸਲੀਅਤ ਨੂੰ ਸਮਝੇ ਬਿਨਾਂ ਨਾ ਕੋਈ ਸੱਚ ਦੀ ਸੱਚੀ ਸਮਝ ਵਾਲਾ ਬਣ ਸਕਦਾ ਹੈ ਤੇ ਨਾ ਹੀ ਸੱਚ ਤੇ ਚੱਲ ਸਕਦਾ ਹੈ ਭਾਵ ਨਾ ਹੀ ਧਰਮ ਦੇ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਤੇ ਨਾ ਹੀ ਉਸ ਸੱਚੇ ਧਰਮ ਦੇ ਮਾਰਗ ਤੇ ਚੱਲ ਸਕਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ।

ਸੱਚ ਦਾ ਸਾਡੇ ਜੀਵਨ ਵਿੱਚ ਕੀ ਮਕਸਦ ਹੈ

50/6997

ਭਾਵ ਗੁਰੂ ਸਾਨੂੰ ਆਪਣੇ ਸ਼ਬਦਾਂ ਰਾਹੀਂ ਸੱਚ ਕਿਸ ਮਕਸਦ ਲਈ ਸਮਝਾਉਂਦਾ ਹੈ ਇਸ ਗੱਲ ਨੂੰ ਸਮਝਣਾ ਸਾਡੇ ਲਈ ਸਭ ਤੋਂ ਜਰੂਰੀ ਹੈ। ਗੁਰੂ ਸਾਨੂੰ ਸੱਚ ਕਿਸ ਲਈ ਸਮਝਾਉਂਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਵਾਰੀ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ।

“ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥”

(ਅੰਗ ੬੨)

ਧਰਮ ਗ੍ਰੰਥਾਂ ਦੇ ਪੜਨ ਵਾਲੇ, ਵੇਦਾਂ ਆਦਿ ਦੀ ਵਿਚਾਰ ਕਰਨ ਵਾਲੇ ਅਨੇਕਾਂ ਹੀ ਹਨ ਜੋ ਕੇਵਲ ਧਰਮ ਗ੍ਰੰਥਾਂ ਨੂੰ ਪੜੀ ਜਾਣਾ ਹੀ ਸੱਚ ਸਮਝਦੇ ਹਨ ਭਾਵ ਉਹ ਆਪਣੀ ਮਨਹਠ ਵਾਲੀ ਸਮਝ ਨਹੀਂ ਛੱਡਦੇ। ਧਰਮ ਗ੍ਰੰਥਾਂ ਨੂੰ ਪੜਨ ਦਾ ਅਸਲ ਮਕਸਦ ਆਪਣੀ ਮਨਹਠ ਵਾਲੀ ਬੁਧਿ ਛੱਡਣ ਦਾ ਹੈ ਤੇ ਇਸ ਗੱਲ ਨੂੰ ਸਮਝਣ ਦਾ ਹੈ ਕਿ ਧਰਮ ਗ੍ਰੰਥ ਸਾਨੂੰ ਕੀ ਸਮਝਾ ਰਹੇ ਹਨ। ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਮਨਹਠ ਵਾਲੀ ਸਮਝ ਵਿੱਚੋਂ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨ ਦੇ ਨਾਸਮਝ ਵਿਚਾਰਾਂ ਤੋਂ ਮੁਕਤ ਕਰਨ ਦਾ ਹੀ ਹੈ ਤੇ ਸਾਡੇ ਅੰਦਰ ਜੋ ਵੀ ਨਾਸਮਝੀ ਦੇ ਵਿਚਾਰ ਹਨ ਭਾਵ ਜਿਨ੍ਹਾਂ ਦੁਆਰਾ ਸਾਨੂੰ ਭਗਤੀ ਦੇ ਸਹੀ ਮਾਰਗ ਦੀ ਸਮਝ ਨਹੀਂ ਪੈਂਦੀ ਉਹ ਵਿਚਾਰ ਸਾਡੇ ਅੰਦਰ ਦੇ ਬੰਧਨ ਹਨ। ਗੁਰੂ ਆਪਣੇ ਸ਼ਬਦਾਂ ਰਾਹੀਂ ਸਭ ਨੂੰ ਇੱਕੋ ਜਿਹਾ ਸੱਚ ਹੀ

ਸਮਝਾਉਂਦਾ ਹੈ ਭਾਵ ਸਭ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਜੋ ਮਨੁੱਖ ਆਪਣੀ ਮਨਹਠ ਨੂੰ ਛੱਡਕੇ, ਮਨਮਤਿ ਨੂੰ ਛੱਡਕੇ ਗੁਰਮੁਖਿ ਵਾਲੀ ਸਮਝ ਅਪਨਾ ਲੈਂਦਾ ਹੈ ਭਾਵ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਨੂੰ ਅਪਨਾ ਲੈਂਦਾ ਹੈ, ਮੰਨ ਲੈਂਦਾ ਹੈ ਭਾਵ ਆਪਣੀ ਮਨਹਠ ਵਾਲੀ ਬੁਧਿ ਤਿਆਗ ਦਿੰਦਾ ਹੈ ਉਸ ਲਈ ਫਿਰ ਮਨ ਦੇ ਵਿੱਚ ਹੀ ਮੁਕਤੀ ਦਾ ਦੁਆਰ ਖੁੱਲ ਜਾਂਦਾ ਹੈ ਭਾਵ ਉਹ ਮਨ ਦੀ ਅਗਿਆਨਤਾ ਵਾਲੀ ਨਾਸਮਝ ਮਤਿ ਤੋਂ ਮੁਕਤ ਹੋ ਜਾਂਦਾ ਹੈ। ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤ ਹੋ ਕੇ ਹੀ ਕਿਸੇ ਨੂੰ **"ਸਚੁ"** ਦੀ ਸਮਝ ਪੈਂਦੀ ਹੈ ਕਿ ਸੱਚ ਕੀ ਹੈ ਤੇ ਸੱਚ ਦਾ ਸਾਡੇ ਜੀਵਨ ਵਿੱਚ ਮਕਸਦ ਕੀ ਹੈ। ਸੱਚ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਜੋ ਕਿ ਉਸਦਾ ਉੱਚੇ ਗਿਆਨ ਦਾ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ, ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦਾ ਰੂਪ ਹੈ ਜੋ ਕਿ ਉਸਦਾ ਨਾਮ ਰੂਪ ਹੈ। ਜਦ ਤੱਕ ਅਸੀਂ ਮਨ ਦੇ ਬੰਧਨ ਤੋਂ ਮੁਕਤ ਨਹੀਂ ਹੁੰਦੇ ਅਸੀਂ ਉਸ ਸੱਚ ਨੂੰ ਕਦੇ ਵੀ ਨਹੀਂ ਸਮਝ ਸਕਦੇ ਜਿਸ ਆਪਣੇ ਸਚੁ ਰੂਪ ਵਿੱਚ

50/6998

ਸਿਸ਼੍ਟੀ ਦਾ ਕਰਤਾ ਆਪ ਹੀ ਸਾਰੀ ਸ੍ਰਿਸ਼ਟੀ ਦਾ ਗੁਰੂ ਹੈ। ਜੋ ਬੰਧਨ ਤੋਂ ਮੁਕਤ ਹੋ ਕੇ ਆਪਣੇ ਅੰਦਰੋਂ ਸੱਚ ਨੂੰ ਜਾਣ ਲੈਂਦਾ ਹੈ ਉਸਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸੱਚ ਦੇ ਮਾਲਕ ਪ੍ਰਮਾਤਮਾ ਨੇ ਹਰ ਸੱਚੇ ਗ੍ਰੰਥ ਰਾਹੀਂ ਸੱਚ ਕਿਸ ਤਰੀਕੇ ਸਮਝਾਇਆ ਹੋਇਆ ਹੈ ਤੇ ਕਿਸ ਮਕਸਦ ਲਈ ਸਮਝਾਇਆ ਹੋਇਆ ਹੈ। ਸੰਸਾਰ ਦੇ ਵਿੱਚ ਜੋ ਕਿਸੇ ਮਨੁੱਖ ਲਈ ਕਰਨਾ ਸਭ ਤੋਂ ਉੱਤਮ ਹੈ ਭਾਵ ਜੋ ਮਨੁੱਖ ਦੀ ਸਭ ਤੋਂ ਉੱਚੀ ਕਰਨੀ ਹੈ ਉਹ **"ਸਚੁ ਆਚਾਰੁ"** ਹੈ ਭਾਵ ਜੋ ਮਨੁੱਖ ਸੱਚੇ ਅਚਾਰਾਂ ਵਾਲਾ ਹੈ ਭਾਵ ਜੋ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦਾ ਉਹੀ ਸੱਚ ਤੇ ਚੱਲਣ ਵਾਲਾ ਹੈ। ਜਿਸਦੇ ਆਚਾਰ ਸੱਚੇ ਨਹੀਂ ਉਹ ਹਰ ਕੋਈ ਸੱਚ ਤੋਂ ਉਰੇ ਹੀ ਹੈ ਭਾਵ ਸੱਚ ਨੂੰ ਸਮਝਣ ਵਿੱਚ ਤੇ ਸੱਚ ਤੇ ਚੱਲਣ ਵਿੱਚ ਉਰੇ ਹੀ ਹੈ। **(ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥)**

ਆਪਣੇ ਆਪ ਹੀ ਕੋਈ ਮਨ ਦੇ ਬੰਧਨ ਤੋਂ ਮੁਕਤ ਹੋ ਕੇ ਕੋਈ **"ਸਚੁ"** ਰੂਪ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਹੀਂ ਹੋ ਸਕਦਾ ਕਿਉਂਕਿ ਜਿਸਨੇ ਸਾਡੇ ਅੰਦਰ ਮਾਇਆ ਰੂਪ, ਹਉਮੈ ਰੂਪ ਭਾਵ ਮਨ ਦੀ ਭਰਮਾਂ ਵਾਲੀ ਸਮਝ ਰੂਪ ਬੰਧਨ ਪਾਇਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਮਨ ਦੇ ਬੰਧਨ ਤੋਂ ਮੁਕਤ ਕਰ ਸਕਦਾ ਹੈ ਤੇ ਆਪਣਾ ਸੱਚ ਸਮਝਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਕਿਸੇ ਨੂੰ ਆਪਣਾ ਸੱਚ ਬਖਸ਼ੇ ਜੋ ਕਿ ਉਸਦਾ ਮਨੁੱਖ ਨੂੰ ਸਭ ਤੋਂ ਵੱਡਾ **"ਦਾਨੁ"** ਹੈ। ਪ੍ਰਮਾਤਮਾ ਦਾ ਸੱਚ ਹੀ ਉਸਦਾ ਨਾਮ ਹੈ ਭਾਵ ਪ੍ਰਮਾਤਮਾ ਦੇ ਕੋਲੋਂ ਉਸਦੇ ਨਾਮ ਦਾ ਦਾਨ ਮਿਲਣਾ ਜਾਂ ਸੱਚ ਦਾ ਦਾਨ ਮਿਲਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੇ ਚੌਥੇ ਪਦ ਦੀ ਆਖਰੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ।

"ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥"

ਰਾਮ ਨਾਮ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿ ਪ੍ਰਮਾਤਮਾ ਦਾ ਨਾਮ ਕੀ ਹੈ ਤੇ ਪ੍ਰਮਾਤਮਾ ਕਿਸੇ ਨੂੰ ਆਪਣਾ ਨਾਮ ਕਿਸ ਤਰੀਕੇ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ ਤੇ ਅਸੀਂ ਪਿੱਛੇ ਸ਼ਬਦਾਂ ਦੁਆਰਾ ਜਾਣਿਆ ਹੀ ਹੈ। ਰਾਮ ਦਾ ਨਾਮ ਉਸਦਾ

50/6999

ਬ੍ਰਹਮ ਗਿਆਨ ਹੈ ਜੋ ਆਪਣਾ ਬ੍ਰਹਮ ਗਿਆਨ ਉਹ ਮਨ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ। ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਕਿ ਉਹ ਆਪਣੇ ਨਾਮ ਰੂਪ ਸਮਝ ਦੁਆਰਾ ਹੀ ਗੁਰੂ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਗੁਰੂ ਹੈ, ਚੌਥੇ ਪਦ ਦੇ ਗਿਆਨ ਦੀ ਸਮਝ ਦੁਆਰਾ ਗੁਰੂ ਹੈ। ਜਦੋਂ ਗੁਰੂ ਰੂਪ ਪ੍ਰਮਾਤਮਾ ਕਿਸੇ ਦੇ ਮਨ ਦੀ ਸਮਝ ਨੂੰ ਬੇਧਦਾ ਹੈ ਉਹ ਸਾਡੇ ਅੰਦਰ ਦੀ ਨਾਮਸਝ ਮਤਿ ਨੂੰ ਭਾਵ ਭਰਮਾਂ ਵਾਲੀ ਸਮਝ ਨੂੰ ਹੀ ਬੇਧਦਾ ਹੈ, ਆਪਣੇ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਬੇਧਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਮੁਕਤ ਕਰਦਾ ਹੈ, ਮਾਇਆ ਦੇ ਬੰਧਨ ਤੋਂ, ਹਉਮੈ ਦੇ ਬੰਧਨ ਤੋਂ ਮੁਕਤ ਕਰਦਾ ਹੈ ਤੇ ਇਸ ਤਰ੍ਹਾਂ ਮਨ ਦੀ ਸਮਝ ਨੂੰ ਬੇਧਕੇ ਜੋ **"ਸਚੁ"** ਸਮਝਾਉਂਦਾ ਹੈ ਇਹੀ ਉਸਦਾ **"ਸਚੁ ਨਾਮੁ"** ਹੈ ਭਾਵ ਨਾਮ ਦਾਨ ਹੈ। ਮਨ ਦੀ ਇਹੋ ਜਿਹੀ ਅਵਸਥਾ ਦੁਆਰਾ ਹੀ ਭਾਵ ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਕੋਈ ਸੱਚ ਦੇ ਮਕਸਦ ਨੂੰ ਸਮਝਕੇ ਆਪਣੇ ਜੀਵਨ ਵਿੱਚ ਸੱਚੇ ਆਚਾਰ ਕਰ ਸਕਦਾ ਹੈ ਤੇ ਮਨੁੱਖ ਦੇ ਸੱਚੇ ਆਚਾਰ ਹੀ ਪ੍ਰਮਾਤਮਾ ਦਾ ਨਾਮ ਜਪਣਾ ਹੈ ਕਿਉਂਕਿ ਜੋ ਸੱਚ ਹੈ ਉਹੀ ਨਾਮ ਹੈ, ਜੋ ਸੱਚ ਦਾ ਮਕਸਦ ਹੈ ਉਹੀ ਨਾਮ ਦਾ ਮਕਸਦ ਹੈ। ਬਾਣੀ ਰਾਹੀਂ ਸਮਝਾਇਆ ਸਭ ਕੁਝ ਹੋਇਆ ਹੈ ਪਰ ਮਨ ਦੇ ਬੰਧਨ ਵਿੱਚ ਰਹਿੰਦਿਆਂ ਮਨੁੱਖ ਨੂੰ ਨਾਮ ਦੀ, ਸੱਚ ਦੀ ਸਮਝ ਨਹੀਂ ਪੈਂਦੀ। ਜੇਕਰ ਗੁਰੂ ਦੀ ਹਰ ਗੱਲ ਤੇ ਪੂਰਨ ਵਿਸ਼ਵਾਸ ਕਰਕੇ ਸਮਝੋਗੇ ਤਾਂ ਫਿਰ ਸਮਝ ਲੱਗਣੀ ਵੀ ਸ਼ੁਰੂ ਹੋ ਜਾਵੇਗੀ। ਬਹੁਤ ਔਖਾ ਹੈ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣਾ, ਹਉਮੈ ਵਾਲੇ ਬੰਧਨ ਵਿੱਚੋਂ ਨਿਕਲਣਾ, ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲਣਾ ਇਸ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕੀਤੇ ਬਿਨਾਂ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਨਹੀਂ ਜੁੜ ਸਕਦੇ ਭਾਵ ਗੁਰੂ ਦਾ ਨਾਮ ਨਹੀਂ ਜਪ ਸਕਦੇ ਭਾਵ ਸੱਚ ਆਚਾਰ ਨਹੀਂ ਕਰ ਸਕਦੇ ਭਾਵ ਸੱਚੀ ਭਗਤੀ ਦੇ ਮਾਰਗ ਤੇ ਨਹੀਂ ਚੱਲ ਸਕਦੇ ਭਾਵ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ ਜੋ ਧਰਮ ਦਾ ਸੱਚਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। **(ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥ ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥)**

ਇਹ **"ਸਚੁ"** ਹੀ ਸਾਰੇ ਸੰਸਾਰ ਲਈ ਇੱਕੋ ਇੱਕ ਧਰਮ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕਰਦੇ ਹਾਂ। ਜੋ ਸੱਚ ਤੇ ਪੂਰਾ ਹੈ ਉਹੀ ਗੁਰਮਤਿ ਤੇ ਪੂਰਾ ਹੈ।

50/7000

"ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥"

(ਅੰਗ ੧੧੮੮)

ਇਸ ਗੱਲ ਤੋਂ ਪਿੱਛੇ ਤਾਂ ਕੋਈ ਨਹੀਂ ਹੱਟ ਸਕਦਾ ਭਾਵ ਹਰ ਕੋਈ ਮੰਨਦਾ ਹੀ ਹੈ ਕਿ ਪੂਰੀ ਗੁਰਬਾਣੀ ਸਾਰੇ ਸੰਸਾਰ ਨੂੰ ਸੱਚ ਹੀ ਸਮਝਾ ਰਹੀ ਹੈ, ਜੋ ਸੱਚ ਉਹ ਗੁਰਮਤਿ ਰਾਹੀਂ ਸਮਝਾ ਰਹੀ ਹੈ। ਜੋ ਆਪਣੇ ਅੰਦਰ ਭਾਵ ਪੂਰੇ ਸੰਸਾਰ ਵਿੱਚ ਜੋ ਵੀ ਆਪਣੇ

ਅੰਦਰ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਦ੍ਰਿੜ ਕਰ ਲੈਂਦਾ ਹੈ ਭਾਵ ਸੱਚ ਤੇ ਅਡੋਲ ਹੋ ਜਾਂਦਾ ਹੈ, ਸੱਚ ਤੇ ਪੱਕਾ ਹੋ ਜਾਂਦਾ ਹੈ ਉਹ ਮਨੁੱਖ ਗੁਰਮਤਿ ਤੇ ਪੂਰਾ ਹੋ ਜਾਂਦਾ ਹੈ ਭਾਵ ਗੁਰੂ ਦੀ ਪੂਰੀ ਮਤਿ ਨੂੰ ਸਮਝ ਕੇ ਉਸਤੇ ਚੱਲਣ ਲਈ ਆਪਣੇ ਆਪ ਨੂੰ ਅਡੋਲ ਕਰ ਲੈਂਦਾ ਹੈ ਭਾਵ ਗੁਰਮਤਿ ਤੇ ਚੱਲਣ ਤੋਂ, ਗੁਰੂ ਦੀ ਸਮਝਾਈ ਹੋਈ ਸੱਚੀ ਸਿੱਖਿਆ ਤੋਂ ਜੋ ਕਦੇ ਨਹੀਂ ਡੋਲਦਾ ਉਹ ਫਿਰ ਧਰਮ ਦੇ ਸੱਚੇ ਮਾਰਗ ਤੇ ਚੱਲਣ ਤੋਂ ਕਦੇ ਨਹੀਂ ਡੋਲਦਾ। ਜੁਗਾਂ ਜੁਗਾਂ ਤੋਂ ਭਾਵ ਜਦ ਤੋਂ ਵੀ ਸ੍ਰਿਸ਼ਟੀ ਹੋਂਦ ਵਿੱਚ ਆਈ ਹੈ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਧਰਮ ਗ੍ਰੰਥਾਂ ਦੇ ਅੰਦਰ ਸਮਝਾਏ ਹੋਏ ਸੱਚ ਨੂੰ ਸਮਝ ਕੇ ਉਸਤੇ ਚੱਲਣ ਦਾ ਹੈ। **(ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥)**

ਜੋ ਮਨੁੱਖ ਗੁਰੂ ਦੇ ਸਮਝਾਏ ਹੋਏ ਸੱਚ ਤੇ ਦ੍ਰਿੜ ਹੋ ਜਾਂਦਾ ਹੈ ਇਹੋ ਜਿਹਾ ਮਨੁੱਖ ਹੀ ਫਿਰ ਉਸ ਪ੍ਰਮਾਤਮਾ ਨੂੰ ਪਾ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥”

ਉਪਰਲੀਆਂ ਪੰਗਤੀਆਂ ਰਾਹੀਂ ਧਿਆਨ ਨਾਲ ਸਮਝੋ ਕਿ ਉਸ ਪ੍ਰਮਾਤਮਾ ਵਿੱਚ ਭਾਵ ਉਸ ਸ੍ਰਿਸ਼ਟੀ ਦੇ ਕਰਤੇ ਨਾਲ ਰੱਤੇ ਜਾਣਾ, ਉਸਦੇ ਨਾਲ ਲਿਵ ਜੋੜਨਾ ਕੀ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਕਿ ਪ੍ਰਮਾਤਮਾ ਸੱਚ ਰੂਪ ਹੈ ਤੇ ਪੂਰੀ ਗੁਰਬਾਣੀ

ਵਿੱਚ ਪ੍ਰਮਾਤਮਾ ਆਪਣੇ ਇਸ ਸੱਚ ਦੇ ਰੂਪ ਵਿੱਚ ਹੀ ਹੈ ਜੋ ਉਸਦਾ ਨਾਮ ਰੂਪ ਹੈ। ਪੂਰੀ ਗੁਰਮਤਿ ਭਾਵ ਗੁਰੂ ਦੀ ਸਿੱਖਿਆ ਸੱਚ ਰੂਪ ਹੈ, ਨਾਮ ਰੂਪ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਜੋ ਸ਼ਬਦਾਂ ਦੀ ਵਿਚਾਰ ਨੂੰ ਸਮਝ ਕੇ ਭਾਵ ਸੱਚ ਨੂੰ, ਗੁਰਮਤਿ ਨੂੰ ਸਮਝ ਕੇ ਉਸਤੇ ਚੱਲਣ ਲਈ ਆਪਣੇ ਆਪ ਨੂੰ ਦ੍ਰਿੜ ਕਰ ਲੈਂਦਾ ਹੈ ਉਹ ਪ੍ਰਮਾਤਮਾ ਦੇ ਨਾਲ ਰੱਤਿਆ ਜਾਂਦਾ ਹੈ ਭਾਵ ਉਸਦੇ ਨਾਮ ਦੇ ਨਾਲ ਰੱਤਿਆ ਜਾਂਦਾ ਹੈ ਤੇ ਉਸਦੀ ਪ੍ਰਮਾਤਮਾ ਦੇ ਨਾਲ ਲਿਵ ਲੱਗ ਜਾਂਦੀ ਹੈ ਤੇ ਇਹੋ ਜਿਹਾ ਮਨੁੱਖ ਹੀ ਪ੍ਰਮਾਤਮਾ ਦਾ ਗੁਰਮੁਖਿ ਰੂਪ ਬਣ ਸਕਦਾ ਹੈ ਤੇ ਉਸ ਪ੍ਰਮਾਤਮਾ ਨੂੰ ਜੋ ਸਭ ਲਈ ਅਲਖ ਹੈ, ਅਪਾਰ ਹੈ ਉਸਦਾ ਗੁਰਮੁਖਿ ਰੂਪ ਬਣਕੇ ਉਸਨੂੰ ਪਾ ਲੈਂਦਾ ਹੈ ਭਾਵ ਸੱਚ ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਭਾਵ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ। **(ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥)**

ਧਰਮ ਦੇ ਮਾਰਗ ਤੇ ਕੋਈ ਗੁਰਮਤਿ ਤੇ ਪੂਰਾ ਉਤਰਕੇ ਹੀ ਚੱਲ ਸਕਦਾ ਹੈ ਭਾਵ ਸੱਚ ਤੇ ਪੂਰਾ ਹੋ ਕੇ ਹੀ ਚੱਲ ਸਕਦਾ ਹੈ। ਗੁਰਮਤਿ ਤੇ ਪੂਰਾ ਉਤਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝ ਸਕਦੇ ਹਾਂ।

ਸਿਰੀਰਾਗੁ ਮਹਲਾ ੧ ॥

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥

ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥ ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥ ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥ ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ ੫੬-੫੭)

ਉਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ। ਗੁਰੂ ਦੇ ਹਰ ਸ਼ਬਦ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੁੰਦਾ ਹੈ ਤੇ ਉਪਰ ਵਾਲੇ ਸ਼ਬਦ ਰਾਹੀਂ ਸੱਚ ਹੀ ਸਮਝਾਇਆ ਹੋਇਆ ਹੈ। ਹਰ ਸ਼ਬਦ ਦੇ ਅੰਦਰ ਦੀ ਜੋ ਸੱਚ ਰੂਪ ਸਮਝ ਹੈ, ਸੱਚ ਰੂਪ ਸੱਚਾ ਗਿਆਨ ਹੈ ਉਸ ਰੂਪ ਵਿੱਚ ਆਪ ਪ੍ਰਮਾਤਮਾ ਹੈ ਤੇ ਜਿਸਨੇ ਅੱਜ ਤੱਕ ਜਦੋਂ ਦੀ ਸ੍ਰਿਸ਼ਟੀ ਬਣੀ ਹੈ ਉਸਨੇ ਪ੍ਰਮਾਤਮਾ ਦੇ ਇਸ ਸੱਚ ਰੂਪ ਨੂੰ

50/7002

ਹੀ ਜਾਣਿਆ ਹੈ ਜਿਸ ਆਪਣੇ ਸੱਚ ਰੂਪ ਵਿੱਚ ਪ੍ਰਮਾਤਮਾ ਸਭ ਜਗ੍ਹਾ ਤੇ ਸਭ ਦੇ ਅੰਦਰ ਵਰਤ ਰਿਹਾ ਹੈ ਜੋ ਉਸਦਾ ਸੱਚ ਰੂਪ ਹੀ ਉਸਦਾ ਨਾਮ ਰੂਪ ਹੈ ਭਾਵ ਉਸਦਾ ਬ੍ਰਹਮ ਗਿਆਨ ਰੂਪ ਹੈ। ਪੂਰੀ ਗੁਰਬਾਣੀ ਅੰਦਰ ਬ੍ਰਹਮ ਗਿਆਨ ਹੀ ਹੈ ਜੋ ਕਿ ਉਸਦਾ ਸੱਚ ਰੂਪ ਹੈ। ਹਰ ਵਸਤੂ ਦੀ ਰਚਨਾ ਪ੍ਰਮਾਤਮਾ ਦੇ ਸੱਚ ਰੂਪ ਦੇ ਨਾਲ ਹੀ ਹੋਈ ਹੈ ਤੇ ਉਸਦੇ ਸੱਚ ਰੂਪ ਨਾਲ ਹੀ ਚੱਲ ਰਹੀ ਹੈ। ਪੂਰੀ ਸਾਇੰਸ ਪ੍ਰਮਾਤਮਾ ਦਾ ਸੱਚ ਰੂਪ ਹੀ ਹੈ। ਇਸੇ ਲਈ ਸਾਇੰਸ ਰਾਹੀਂ ਜੋ ਕੁਝ ਵੀ ਹੁੰਦਾ ਹੈ ਉਸ ਹਰ ਗੱਲ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਸੱਚਾ ਗਿਆਨ ਹੀ ਹੁੰਦਾ ਹੈ ਜਿਸ ਸੱਚੇ ਗਿਆਨ ਨੂੰ ਕੋਈ ਬਦਲ ਨਹੀਂ ਸਕਦਾ। ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਨੂੰ, ਸੱਚ ਰੂਪ ਸਾਇੰਸ ਨੂੰ ਕੋਈ ਬਦਲ ਨਹੀਂ ਸਕਦਾ। ਸਾਇੰਸ ਜੋ ਕੁਝ ਵੀ ਕਰਦੀ ਹੈ ਉਸ ਵਿੱਚ ਪੂਰਨ ਸੱਚ ਹੀ ਹੁੰਦਾ ਹੈ ਭਾਵ ਉਸ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਬ੍ਰਹਮ ਗਿਆਨ ਹੀ ਹੈ ਭਾਵ ਪ੍ਰਮਾਤਮਾ ਦਾ ਆਪਣਾ ਨਾਮ ਹੀ ਹੈ ਜਿਸ ਉਸਦੇ ਸੱਚ ਰੂਪ ਨਾਮ ਦੁਆਰਾ ਸਾਰੀ ਸ੍ਰਿਸ਼ਟੀ ਦੀ ਸਾਇੰਟਿਫਿਕ ਰਚਨਾ ਹੋਈ ਹੈ ਤੇ ਉਸਦੀ ਰਚੀ ਹੋਈ ਸੱਚੀ ਸਾਇੰਸ ਦੁਆਰਾ ਹੀ ਸਭ ਕੁਝ ਚੱਲ ਰਿਹਾ ਹੈ। ਸਾਰੀ ਸ੍ਰਿਸ਼ਟੀ ਦਾ ਹਰ ਆਕਾਰ ਰੂਪ ਸਾਇੰਟਿਫਿਕਲੀ ਹੀ ਚੱਲ ਰਿਹਾ ਹੈ ਜਿਸ ਪ੍ਰਮਾਤਮਾ ਦੀ ਰਚੀ ਹੋਈ ਸੱਚੀ ਸਾਇੰਸ ਨੂੰ ਕੋਈ ਬਦਲ ਸਕੇ ਇਹ ਨਾਮੁਮਕਿਨ ਹੈ। ਪੂਰੀ ਗੁਰਬਾਣੀ ਵਿੱਚ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਉਣ ਲਈ ਪ੍ਰਮਾਤਮਾ ਨੇ ਆਪ ਹੀ ਸੱਚਾ ਗਿਆਨ ਪਾਇਆ ਹੋਇਆ ਹੈ ਜਿਸ ਸੱਚੇ ਗਿਆਨ ਨੂੰ ਅਪਨਾਏ ਬਿਨਾਂ ਕੋਈ ਸੱਚੇ ਧਰਮ ਦੇ ਮਾਰਗ ਤੇ ਚੱਲ ਸਕੇ ਇਹ ਨਹੀਂ ਹੋ ਸਕਦਾ। ਇਹ ਧਰਮ ਦੇ ਸੱਚੇ ਮਾਰਗ ਨੂੰ ਅਪਨਾਏ ਬਿਨਾਂ ਜੋ ਧਰਮ ਦਾ ਸੱਚਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਉਸਤੇ ਚੱਲੇ ਬਿਨਾਂ ਕੋਈ ਆਪਣੇ ਅੰਦਰੋਂ ਉਸ ਸੱਚ ਰੂਪ ਅਕਾਲ ਪੁਰਖ ਨੂੰ ਜਾਣ ਸਕੇ ਇਹ ਨਾਮੁਮਕਿਨ ਹੈ। ਸਾਨੂੰ ਆਪਣੀ ਆਪਣੀ ਮਤਿ ਦੁਆਰਾ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਵੱਖਰੇ ਵੱਖਰੇ ਮਾਰਗ ਸਮਝਾਉਂਣ ਵਾਲੇ ਬਹੁਤ ਹਨ ਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਕੋਈ ਉਸ ਸਚੁ ਰੂਪ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕੇ ਇਹ ਨਹੀਂ ਹੋ ਸਕਦਾ। ਆਪਣੀ ਆਪਣੀ ਮਤਿ ਅਨੁਸਾਰ ਸਾਨੂੰ ਧੰਨ ਧੰਨ ਗੁਰੂ ਗੁਰਬਾਣੀ ਦੀ ਸਿੱਖਿਆ ਦੇਣ

50/7003

ਵਾਲੇ ਵੀ ਬਹੁਤ ਹਨ, ਜਗ੍ਹਾ ਜਗ੍ਹਾ ਬੈਠੇ ਹੋਏ ਹਨ ਪਰ ਕੀ ਅੱਜ ਤੱਕ ਇਹੋ ਜਿਹਿਆਂ ਦੇ ਵਿੱਚੋਂ ਕਿਸੇ ਨੇ ਪ੍ਰਮਾਤਮਾ ਦੇ ਸੱਚ ਰੂਪ ਨੂੰ ਜਾਣਿਆ ਹੈ ਜਿਸ ਆਪਣੇ ਸੱਚ ਰੂਪ ਵਿੱਚ ਪ੍ਰਮਾਤਮਾ ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਹੀ ਹੈ, ਸ਼ਬਦਾਂ ਦੇ ਗਿਆਨ ਰੂਪ ਵਿੱਚ ਹੈ, ਨਾਮ ਰੂਪ ਵਿੱਚ ਹੈ, ਬ੍ਰਹਮ ਗਿਆਨ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਉਹ ਸੱਚ ਦਾ ਮਾਲਕ ਆਪ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਆਪਣਾ ਸੱਚ ਰੂਪ ਨਾ ਸਮਝਾਵੇ ਉਸ ਸੱਚ ਰੂਪ ਨੂੰ ਕੌਣ ਜਾਣ ਸਕਦਾ ਹੈ। ਉਸਦੇ ਸੱਚ ਰੂਪ ਨੂੰ ਜਾਣੇ ਬਿਨਾਂ ਕੋਈ ਆਪਣੇ ਆਪ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਸਕੇ ਇਹ ਨਹੀਂ ਹੋ ਸਕਦਾ। ਉਸ ਸੱਚ ਰੂਪ ਪ੍ਰਮਾਤਮਾ ਨੂੰ ਜਾਨਣ ਦਾ ਤਰੀਕਾ ਸਾਡੇ ਕੋਲ ਸੱਚੇ ਧਰਮ ਗ੍ਰੰਥਾਂ ਦਾ ਸੱਚਾ ਗਿਆਨ ਹੈ ਜਿਸ ਸੱਚੇ ਗਿਆਨ ਨੂੰ ਸਮਝੇ ਬਿਨਾਂ, ਸ਼ਬਦਾਂ ਦੇ ਅੰਦਰ ਦੇ ਗਿਆਨ ਦੀ ਬਿਰਤੀ ਨੂੰ ਸਮਝੇ ਬਿਨਾਂ ਤੇ ਉਸਤੇ ਅਮਲ ਕੀਤੇ ਬਿਨਾਂ ਨਾ ਅਸੀਂ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਸਕਦੇ ਹਾਂ ਤੇ ਨਾ ਹੀ ਸੱਚ ਨੂੰ ਜਾਨਣ ਦੇ ਨੇੜੇ ਲੱਗ ਸਕਦੇ ਹਾਂ। ਗੁਰੂ ਤਾਂ ਸਾਨੂੰ ਆਪਣਾ ਸੱਚ ਰੂਪ ਗਿਆਨ ਬਖਸ਼ ਕੇ ਆਪਣੇ ਨੇੜੇ ਲਗਾਉਣਾ ਚਾਹੁੰਦਾ ਹੈ ਪਰ ਗੁਰੂ ਦੀ ਮਤਿ ਨੂੰ ਛੱਡ ਕੇ ਅਸੀਂ ਉਨ੍ਹਾਂ ਦੀ ਮਤਿ ਪਿੱਛੇ ਲੱਗ ਜਾਂਦੇ ਹਾਂ ਜਿਨ੍ਹਾਂ

ਨੂੰ ਅਸੀਂ ਮਨ ਦੇ ਭਰਮ ਕਾਰਨ ਹੀ ਭਗਤੀ ਦੇ ਮਾਰਗ ਤੇ ਉੱਚਾ ਮੰਨ ਲੈਂਦੇ ਹਾਂ, ਉਨ੍ਹਾਂ ਦੇ ਸਰੀਰਕ ਜਪਾਂ ਤਪਾਂ ਆਦਿ ਨੂੰ ਦੇਖ ਕੇ ਭਾਵ ਉਨ੍ਹਾਂ ਦੇ ਭਗਤੀ ਦੇ ਦਿਖਾਵਿਆਂ ਨੂੰ ਸੱਚ ਸਮਝ ਕੇ ਉਨ੍ਹਾਂ ਪਿੱਛੇ ਲੱਗ ਜਾਂਦੇ ਹਾਂ। ਜੇਕਰ ਅਸੀਂ ਦਿਲੋਂ ਉਸ ਸੱਚ ਰੂਪ ਪ੍ਰਮਾਤਮਾ ਦੇ ਨੇੜੇ ਲੱਗਣਾ ਚਾਹੁੰਦੇ ਹਾਂ ਤੇ ਆਉ ਫਿਰ ਗੁਰੂ ਗੁਰਬਾਣੀ ਦੇ ਸੱਚ ਰੂਪ ਗਿਆਨ ਦੇ ਨਾਲ ਜੁੜੀਏ ਜਿਸ ਸੱਚ ਰੂਪ ਗਿਆਨ ਵਿੱਚ ਪੂਰੀ ਸ੍ਰਿਸ਼ਟੀ ਦਾ ਮਾਲਕ ਆਪ ਹੈ। ਅਸੀਂ ਸੱਚ ਨੂੰ ਸਮਝਣ ਲਈ ਪਿੱਛੇ ਅਨੇਕਾਂ ਹੀ ਸ਼ਬਦਾਂ ਦੀ ਵਿਆਖਿਆ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਸੱਚ ਰੂਪ ਨੂੰ ਹੋਰ ਵੀ ਜਾਣਦੇ ਹਾਂ ਤਾਂ ਜੋ ਸਾਨੂੰ ਇਹ ਸਮਝਣ ਵਿੱਚ ਭਰਮ ਨਾ ਰਹੇ ਕਿ ਸੱਚ ਤੇ ਝੂਠ ਵਿੱਚ ਕੀ ਫਰਕ ਹੈ। ਸੱਚ ਨੂੰ ਕਦੇ ਕੋਈ ਝੂਠ ਸਾਬਿਤ ਨਹੀਂ ਕਰ ਸਕਦਾ ਤੇ ਸੱਚ ਨੂੰ ਮੰਨਣ ਲਈ ਝੂਠ ਨੂੰ ਹੀ ਛੱਡਣਾ ਪੈਂਦਾ ਹੈ, ਝੂਠ ਨੂੰ ਹੀ ਸੱਚ ਦੇ ਅੱਗੇ ਝੁੱਕਣਾ ਪੈਂਦਾ ਹੈ ਭਾਵ ਮਨਮਤਿ ਨੂੰ ਹੀ ਗੁਰਮਤਿ ਦੇ ਅੱਗੇ ਝੁੱਕਣਾ ਪੈਂਦਾ ਹੈ।

{ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}

(ਅੰਗ ੯੨੨)

50/7004

ਮਃ ੧ ॥

{ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ ੪੬੮)

{ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿ ਧਾਰਿ ॥ ਪੂਰੇ ਗੁਰ ਕੀ ਪੂਰੀ ਦੀਖਿਆ ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥ ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥
ਦੂਖੁ ਦਰਦੁ ਮਨ ਤੇ ਭਉ ਜਾਇ ॥ ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥
ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥}

(ਅੰਗ ੨੯੩)

ਬਸੰਤੁ ਮਹਲਾ ੧ ॥

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ ਬੇਦ ਵਖਾਣਿ ਕਹਹਿ ਇਕੁ ਕਹੀਐ ॥
ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥

ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ ਏਕੋ ਤਖਤੁ ਏਕੋ ਪਾਤਿਸਾਹੁ ॥
ਸਰਬੀ ਥਾਈ ਵੇਪਰਵਾਹੁ ॥ ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥ ਇਤ ਉਤ ਦੇਖਉ ਸਹਜੇ ਰਾਵਉ ॥
ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥ ਨਾਨਕ ਹਉਮੈ ਸਬਦਿ ਜਲਾਇਆ ॥
ਸਤਿਗੁਰਿ ਸਾਚਾ ਦਰਸੁ ਦਿਖਾਇਆ॥੮॥੩॥}

(ਅੰਗ ੧੧੮੮-੧੧੮੯)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥}

(ਅੰਗ ੫੬)

{ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥
ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ॥
ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥
ਦੇਹ ਗੇਹ ਤ੍ਰਿਅ ਸਨੇਹ ਚਿਤ ਬਿਲਾਸੁ ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥
ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥੫॥੧੦॥}

(ਅੰਗ ੧੪੦੩)

ਗਉੜੀ ਮਹਲਾ ੧ ॥

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥ ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥
ਕਰਣੀ ਕੀਰਤਿ ਕਰਮ ਸਮਾਨੈ ॥੩॥ ਏਕ ਸਬਦ ਇਕ ਭਿਖਿਆ ਮਾਗੈ ॥
ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥ ਭੈ ਰਚਿ ਰਹੈ ਨ ਬਾਹਰਿ ਜਾਇ ॥
ਕੀਮਤਿ ਕਉਣ ਰਹੈ ਲਿਵ ਲਾਇ ॥੫॥ ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

ਸਿਰੀਰਾਗੁ ਮਹਲਾ ੧ ॥

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥
ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥
ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥}

(ਅੰਗ ੧੫-੧੬)

ਸਿਰੀਰਾਗੁ ਮਹਲਾ ੧ ॥

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥ ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥ ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥
ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥ ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥ ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥
ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥ ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥
ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥}

(ਅੰਗ ੨੦)

50/7005

ਮਾਰੂ ਮਹਲਾ ੧ ॥

{ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥
ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥
ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥
ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥
ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥

ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥ ਝੂਠੀ ਜਗ ਹਿਤ ਕੀ ਚਤੁਰਾਈ ॥
ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥
ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥
ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥
ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥
ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥
ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥
ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥ ਗੁਰਮੁਖਿ ਬੂਝੈ ਸਬਦਿ ਪਤੀਜੈ ॥
ਉਸਤਤਿ ਨਿੰਦਾ ਕਿਸ ਕੀ ਕੀਜੈ ॥ ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥
ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥
ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥
ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ ੧੦੪੦-੧੦੪੧)

ਸਿਰੀਰਾਗੁ ਮਹਲਾ ੧ ॥

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥
ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥
ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥ ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥}

(ਅੰਗ ੨੨)

ਸਿਰੀਰਾਗੁ ਮਹਲਾ ੩ ਘਰੁ ੧ ॥

{ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥ ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥
ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥
ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥ ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ॥

ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥
ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥ ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥
ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥੨॥
ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥
ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥ ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥
ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥ ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ॥੫॥੩॥੩੬॥}

(ਅੰਗ ੨੭)

ਸਿਰੀਰਾਗੁ ਮਹਲਾ ੩ ॥

{ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥
ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥ ਭਾਈ ਰੇ ਗੁਰਮਤਿ ਸਾਚਿ ਰਹਾਉ ॥
ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥
ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥
ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥
ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥
ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥ ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥
ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥}

(ਅੰਗ ੩੦)

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ ੧੧੩)

ਸਿਰੀਰਾਗੁ ਮਹਲਾ ੩ ॥

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥

ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ॥ ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

ਸਿਰੀਰਾਗੁ ਮਹਲਾ ੫ ॥

{ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ ॥ ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥
ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲੁ ॥੧॥ ਮਨ ਮੇਰੇ ਸਤਿਗੁਰ ਸੇਵਾ ਸਾਰੁ ॥
ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ ਨ ਮਨਹੁ ਵਿਸਾਰੁ ॥ ਰਹਾਉ ॥
ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥ ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ ॥
ਸਹਜੇ ਸਿਫਤੀ ਰਤਿਆ ਭਵਜਲੁ ਉਤਰੇ ਪਾਰਿ ॥੨॥ ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥
ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥ ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥੩॥
ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥ ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥
ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ ॥੪॥੧੬॥੮੬॥}

(ਅੰਗ ੪੮)

ਸਿਰੀਰਾਗੁ ਮਹਲਾ ੫ ॥

{ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥ ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ ॥
ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ॥ ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ ॥੧॥
ਮਨ ਮੇਰੇ ਕਰਤੇ ਨੋ ਸਾਲਾਹਿ ॥ ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥੧॥ ਰਹਾਉ ॥
ਦੁਖ ਭੁਖ ਨਹ ਵਿਆਪਣੀ ਜੇ ਸੁਖਦਾਤਾ ਮਨਿ ਹੋਇ ॥ ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥
ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥ ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥
ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥ ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥
ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥ ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ॥੩॥
ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥
ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥
ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥੪॥੫॥੭੫॥}

(ਅੰਗ ੪੩-੪੪)

ਸਿਰੀਰਾਗੁ ਮਹਲਾ ੩ ॥

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥

ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥
ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥
ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥
ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥
ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥
ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ॥ ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥੪॥੨੬॥੫੯॥}

(ਅੰਗ ੩੬)

50/7006

ਪਉੜੀ ॥

{ਸੇਵ ਕੀਤੀ ਸੰਤੋਖੀਏਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਜਾਣਿਆ ਹੈ ਉਹ ਸੱਚ ਰੂਪ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ। ਗੁਰੂ ਨੇ ਆਪਣੇ ਸ਼ਬਦਾਂ ਰਾਹੀਂ ਸਭ ਨੂੰ ਬਾਰ-ਬਾਰ ਇਹ ਗੱਲ ਸਮਝਾਈ ਹੈ ਕਿ ਪ੍ਰਮਾਤਮਾ ਸਭ ਦੇ ਅੰਦਰ ਹੀ ਹੈ ਤੇ ਜੇਕਰ ਅਸੀਂ ਗੁਰੂ ਦੀ ਇਸ ਗੱਲ ਨੂੰ ਮੰਨ ਲੈਂਦੇ ਹਾਂ ਕਿ ਪ੍ਰਮਾਤਮਾ ਮੇਰੇ ਅੰਦਰ ਹੀ ਹੈ ਤੇ ਇਹ ਸਰੀਰ ਮੇਰਾ ਨਹੀਂ ਹੈ, ਮਨ ਦੀ ਸਮਝ ਮੇਰੀ ਨਹੀਂ ਹੈ ਭਾਵ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਫਿਰ ਇਹ ਸੱਚ ਹੈ ਭਾਵ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨ ਲਿਆ ਹੈ ਭਾਵ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਆ ਗਿਆ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਆਪਣੇ ਜਿਸ ਰੂਪ ਵਿੱਚ ਉਹ ਮੇਰੇ ਅੰਦਰ ਹੈ ਤੇ ਆਪਣੇ ਇਸੇ ਰੂਪ ਵਿੱਚ ਹੀ ਉਹ ਸਭ ਦੇ ਵਿੱਚ ਹੈ ਤੇ ਜੇਕਰ ਸਾਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਮੈਂ ਸੱਚਮੁੱਚ ਪ੍ਰਮਾਤਮਾ ਦਾ ਹੀ ਰੂਪ ਹਾਂ ਫਿਰ ਮੇਰੇ ਅੰਦਰ ਗੁਰੂ ਦੀ ਸੱਚੀ ਸਮਝ ਨਹੀਂ ਹੈ ਭਾਵ ਮੇਰੇ ਅੰਦਰ ਦਾ ਭਰਮ ਨਹੀਂ ਨਿਕਲਿਆ, ਮੇਰੇ ਮਨ ਦੀ ਅਗਿਆਨਤਾ ਨਹੀਂ ਨਿਕਲੀ, ਮੇਰੇ ਅੰਦਰ ਦੀ ਹਉਮੈ ਨਹੀਂ ਨਿਕਲੀ, ਮੇਰੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਨਹੀਂ ਨਿਕਲੀ, ਮੇਰੇ ਅੰਦਰੋਂ ਮਾਇਆ ਦੀ ਜੁਗਤਿ ਵਾਲੀ ਸਮਝ ਨਹੀਂ ਨਿਕਲੀ ਜਿਸ ਸਮਝ ਦੁਆਰਾ ਮੈਨੂੰ ਇਹ ਲੱਗਦਾ ਹੈ ਕਿ ਇਹ ਸਰੀਰ ਮੇਰਾ ਹੈ। ਇਹੀ ਸਾਡੇ ਅੰਦਰ ਦਾ ਸਭ ਤੋਂ ਵੱਡਾ ਝੂਠ ਹੈ। ਪ੍ਰਮਾਤਮਾ ਨੂੰ ਜਾਨਣ ਜਾਂ ਨਾ ਜਾਨਣ ਵਿੱਚ ਸੱਚ ਝੂਠ ਦਾ ਹੀ ਫਰਕ ਹੈ ਤੇ ਹੋਰ ਕੁਝ ਵੀ ਨਹੀਂ। ਉਹ ਆਪ ਸੱਚ ਦੇ ਰੂਪ ਵਿੱਚ ਹੈ ਤੇ ਉਸ ਸੱਚ ਰੂਪ ਨੇ ਆਪ ਹੀ ਸਭ ਨੂੰ ਝੂਠ ਵਿੱਚ ਰੱਖਿਆ ਹੋਇਆ ਹੈ। ਮਨ ਦੇ ਝੂਠ ਵਿੱਚੋਂ ਨਿਕਲੇ ਬਿਨਾਂ ਭਾਵ ਮਨ ਦੀ ਝੂਠੀ ਸਮਝ ਵਿੱਚੋਂ, ਝੂਠੀ ਮਤਿ ਵਿੱਚੋਂ ਨਿਕਲੇ ਬਿਨਾਂ ਉਸ ਸੱਚ ਰੂਪ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਜਾਣ ਸਕੇ, ਉਸ ਸੱਚੇ ਗਿਆਨ ਦੇ ਮਾਲਕ ਨੂੰ ਜਾਣ ਸਕੇ ਨਾ ਹੀ ਅੱਜ ਤੱਕ ਹੋਇਆ ਹੈ ਤੇ ਨਾ ਹੀ ਰਹਿੰਦੀ ਦੁਨੀਆਂ ਤੱਕ ਹੋ ਸਕਦਾ ਹੈ।

ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਭਾਵ ਆਪਣੀ ਝੂਠੀ ਸਮਝ ਵਿੱਚੋਂ ਨਿਕਲੇ ਬਿਨਾਂ ਨਾ ਹੀ ਪ੍ਰਮਾਤਮਾ ਦੀ ਸਹੀ ਭਗਤੀ ਦੇ ਮਾਰਗ ਨੂੰ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਝੂਠੀ ਭਗਤੀ ਦੇ ਮਾਰਗ ਤੇ ਚੱਲਕੇ ਉਸਨੂੰ ਪਾਇਆ ਜਾ ਸਕਦਾ ਹੈ। ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਗੁਰੂ ਸਾਨੂੰ ਸੱਚ ਹੀ ਸਮਝਾ ਰਿਹਾ ਹੈ ਤੇ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨੇ ਬਿਨਾਂ ਭਾਵ ਉਸਤੇ ਚੱਲੇ ਬਿਨਾਂ ਅਸੀਂ ਜੋ ਵੀ

50/7007

ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਉਨ੍ਹਾਂ ਤਰੀਕਿਆਂ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਕੇਵਲ ਸਾਡਾ ਪਾਖੰਡ ਦੱਸਿਆ ਹੈ ਤੇ ਪਾਖੰਡ ਵਾਲੀ ਭਗਤੀ ਦੇ ਕਰਨ ਨਾਲ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਦੇ ਉਲਟ ਚੱਲ ਕੇ ਕੀ ਕਦੇ ਕੋਈ ਸੱਚ ਰੂਪ ਪ੍ਰਮਾਤਮਾ ਨੂੰ ਪਾ ਸਕਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ, ਗੁਰੂ ਦੇ ਸਮਝਾਏ ਹੋਏ ਸੱਚ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਤੇ ਸੱਚ ਤੇ ਝੂਠ ਵਿੱਚ ਕੀ ਫਰਕ ਹੈ ਇਸ ਗੱਲ ਨੂੰ ਵੀ ਸਮਝਿਆ ਜਾ ਸਕਦਾ ਹੈ ਜਿਸਨੂੰ ਸਮਝਣ ਲਈ ਕੇਵਲ ਮਨ ਦੇ ਅੰਦਰ ਸੱਚੀ ਇੱਛਾ ਧਾਰਨ ਕਰਨ ਦੀ ਲੋੜ ਹੈ ਕਿ ਮੈਂ ਗੁਰੂ ਕੋਲੋਂ ਸੱਚ ਸਮਝਣਾ ਹੈ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲਣਾ ਹੈ ਜੋ ਸਾਨੂੰ ਸੱਚ ਦੇ ਉਲਟ ਚੱਲਣ ਵਾਲਾ ਮਾਰਗ ਸਮਝਾਉਂਦੇ ਹਨ ਭਾਵ ਸਾਨੂੰ ਭਗਤੀ ਦੇ ਪਾਖੰਡ ਨਾਲ ਜੋੜਦੇ ਹਨ।

ਪ੍ਰਭਾਤੀ ਮਹਲਾ ੧ ॥

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥ ਖਟੁ ਕਰਮ ਨਾਮੁ ਨਿਰੰਜਨੁ ਸੋਈ ॥
ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥ ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥
ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥ ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥
ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥ ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥
ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥ ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥
ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥ ਏ ਭ੍ਰਮਿ ਭੂਲੇ ਮਰਹੁ ਨ ਕੋਈ ॥
ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥
ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

ਭਰਮ ਵਿੱਚ ਰਹਿੰਦੇ ਹੋਏ ਭਾਵ ਮਨ ਦੀ ਨਾਸਮਝੀ ਵਿੱਚ ਰਹਿੰਦੇ ਹੋਏ ਅਸੀਂ ਜਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਦੇ ਹਾਂ ਉਸਨੂੰ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਰਾਹੀਂ ਹਰ ਕੋਈ ਸਮਝ ਸਕਦਾ ਹੈ। ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝਿਆ ਹੀ ਹੈ। ਜਿਸਨੂੰ ਵੀ ਭਗਤੀ ਦਾ ਸੱਚਾ ਮਾਰਗ ਸਮਝ ਆਉਂਦਾ ਹੈ ਉਸਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਆਉਂਦਾ ਹੈ। ਭਗਤੀ ਦਾ ਮਾਰਗ ਨਿਰਾਲਾ ਹੈ ਜਿਸ ਮਾਰਗ ਨੂੰ ਕੋਈ ਵਿਰਲਾ ਹੀ ਸਮਝ ਸਕਦਾ ਹੈ। ਹਰ ਕਿਸੇ ਦੀ ਸਮਝ ਨੂੰ ਪ੍ਰਮਾਤਮਾ ਨੇ ਭਰਮ ਰੂਪ ਸੰਗਲ ਦੇ ਨਾਲ ਬੰਨਿਆ ਹੋਇਆ ਹੈ ਤੇ ਜਿਸਦਾ ਪ੍ਰਮਾਤਮਾ ਇਹ ਭਰਮ ਰੂਪ ਸੰਗਲ ਤੋੜ ਦਿੰਦਾ ਹੈ ਉਸਨੂੰ ਹੀ ਸੱਚੀ ਭਗਤੀ ਦੀ ਸਮਝ ਆਉਂਦੀ ਹੈ ਕਿ ਸੱਚੀ ਭਗਤੀ ਦਾ ਮਾਰਗ ਕੀ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਔਗੁਣਾਂ ਵਿੱਚੋਂ ਨਿਕਲਕੇ ਗੁਣਾਂ ਦੁਆਰਾ ਵਿਚਰਨ ਦਾ ਹੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਸਮਝਦੇ ਹਾਂ ਤਾਂ ਜੋ ਅਸੀਂ ਸ੍ਰਿਸ਼ਟੀ ਦੇ ਕਰਤੇ ਦੀ ਉਹੋ ਜਿਹੀ ਭਗਤੀ ਦੇ ਨਾਲ ਜੁੜੀਏ ਜਿਸ ਭਗਤੀ ਦੇ ਮਾਰਗ ਤੇ ਚੱਲ ਕੇ ਉਸਨੂੰ ਕੋਈ ਵੀ ਮਨੁੱਖ ਪਾ ਸਕਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਆਉ ਧਿਆਨ ਨਾਲ ਸਮਝੀਏ।

50/7008

“ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥
ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥
ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥ ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥

ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥ ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥"

(ਅੰਗ ੧੦੪੧)

ਉਪਰ ਵਾਲੀਆਂ ਪਹਿਲੀਆਂ ਪੰਗਤੀਆਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਉਹ ਕਿਹੜਾ ਤਰੀਕਾ ਹੈ ਜਿਸ ਦੁਆਰਾ ਕੋਈ ਵੀ ਮਨੁੱਖ ਨਿਸਚਿੰਤ ਹੋ ਕੇ ਭਾਵ ਬੇਫਿਕਰ ਹੋ ਕੇ ਆਪਣਾ ਜੀਵਨ ਜੀਅ ਸਕਦਾ ਹੈ। ਮਨੁੱਖ ਦਾ ਚਿੰਤਾਵਾਂ ਵਿੱਚ ਰਹਿਣਾ ਜਾਂ ਚਿੰਤਾਵਾਂ ਵਿੱਚੋਂ ਨਿਕਲਣਾ ਮਨ ਦੀਆਂ ਇੱਛਾਵਾਂ ਨਾਲ ਹੀ ਜੁੜਿਆ ਹੋਇਆ ਹੈ। ਹਰ ਕਿਸੇ ਨੂੰ ਸ੍ਰਿਸ਼ਟੀ ਦੇ ਮਾਲਕ ਨੇ ਤ੍ਰਿਸ਼ਨਾਵਾਂ ਵਿੱਚ ਹੀ ਰੱਖਿਆ ਹੋਇਆ ਹੈ ਤੇ ਮਨੁੱਖ ਨੂੰ ਜੋ ਹਰ ਵੇਲੇ ਪ੍ਰੇਸ਼ਾਨ ਕਰਦੀਆਂ ਰਹਿੰਦੀਆਂ ਹਨ ਭਾਵ ਜੋ ਮਨੁੱਖ ਨੂੰ ਹਰ ਵੇਲੇ ਚਿੰਤਾ ਵਿੱਚ ਰੱਖਦੀਆਂ ਹਨ ਉਹ ਮਨ ਦੀਆਂ ਇੱਛਾਵਾਂ ਹੀ ਹਨ। ਜਦੋਂ ਮਨੁੱਖ ਦੀ ਕੋਈ ਇੱਛਾ ਪੂਰੀ ਹੋ ਜਾਂਦੀ ਹੈ ਉਸ ਨਾਲ ਮਨੁੱਖ ਨੂੰ ਖੁਸ਼ੀ ਮਿਲਦੀ ਹੈ ਤੇ ਇੱਛਾ ਨਾ ਪੂਰੀ ਹੋਣ ਨਾਲ ਮਨੁੱਖ ਚਿੰਤਾ ਵਿੱਚ ਰਹਿੰਦਾ ਹੈ। ਮਨੁੱਖ ਦੀਆਂ ਇੱਛਾਵਾਂ ਕਦੇ ਖਤਮ ਨਹੀਂ ਹੁੰਦੀਆਂ ਤੇ ਉਲਟਾ ਵੱਧਦੀਆਂ ਹੀ ਰਹਿੰਦੀਆਂ ਹਨ। ਉਪਰ ਪੰਗਤੀਆਂ ਰਾਹੀਂ ਮਨੁੱਖ ਦੇ ਔਗੁਣ ਹੀ ਗਿਣਾਏ ਹੋਏ ਹਨ ਜੋ ਔਗੁਣ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਕਰਦਾ ਹੈ ਜਿਨ੍ਹਾਂ ਦੀ ਪੂਰਤੀ ਕਰਨ ਵਿੱਚ ਮਨੁੱਖ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਤੇ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਵਿੱਚ ਮਨੁੱਖ ਨੂੰ ਚਿੰਤਾ ਲੱਗੀ ਰਹਿੰਦੀ ਹੈ। ਬਾਣੀ ਰਾਹੀਂ ਬਾਰ-ਬਾਰ ਸਾਨੂੰ ਤ੍ਰਿਸ਼ਨਾਵਾਂ ਛੱਡਣ ਲਈ ਸਮਝਾਇਆ ਹੋਇਆ ਹੈ, ਔਗੁਣ ਛੱਡਣ ਲਈ ਸਮਝਾਇਆ ਹੋਇਆ ਹੈ। ਗੱਲ ਇੱਕੋ ਹੀ ਹੈ ਭਾਵ ਗੁਰੂ ਦਾ ਮਕਸਦ ਸਾਨੂੰ ਸਮਝਾਉਣ ਲਈ ਇੱਕੋ ਹੀ ਹੈ ਤਾਂ ਜੋ ਕੋਈ ਮਨੁੱਖ ਭਾਵ ਪੂਰੀ ਸ੍ਰਿਸ਼ਟੀ ਦਾ ਹਰ ਮਨੁੱਖ ਕੋਈ ਮਾੜਾ ਕਰਮ ਨਾ ਕਰੇ, ਕਿਸੇ ਦਾ ਮਾੜਾ ਨਾ ਕਰੇ ਤਾਂ ਜੋ ਸ੍ਰਿਸ਼ਟੀ ਵਿੱਚ ਸਭ ਦਾ ਜੀਵਨ ਸੁਚਾਰੂ ਢੰਗ ਨਾਲ ਚੱਲੇ ਭਾਵ ਕੋਈ ਕਿਸੇ ਦਾ ਮਾੜਾ ਨਾ ਕਰੇ। ਸਾਨੂੰ ਪ੍ਰਮਾਤਮਾ ਦੇ ਦਰ ਤੋਂ ਜੋ ਸਜਾਵਾਂ ਮਿਲਦੀਆਂ ਹਨ ਉਹ ਔਗੁਣ ਕਰਨ ਦੀਆਂ ਹੀ ਮਿਲਦੀਆਂ ਹਨ, ਮਾੜੇ ਕਰਮ ਕਰਨ ਦੀਆਂ ਹੀ ਮਿਲਦੀਆਂ ਹਨ। ਜੋ ਮਨੁੱਖ ਹਰ ਮਾੜਾ ਕਰਮ ਛੱਡ ਦਿੰਦਾ ਹੈ ਉਹੀ ਪ੍ਰਮਾਤਮਾ ਦੇ ਦਰ ਦੀਆਂ ਸਜਾਵਾਂ ਤੋਂ ਬੱਚ ਸਕਦਾ ਹੈ ਤੇ ਆਪਣਾ ਜੀਵਨ ਨਿਸ਼ਚਿੰਤ ਹੋ ਕੇ ਬਿਤਾ ਸਕਦਾ ਹੈ, ਚਿੰਤਾ ਮੁਕਤ ਹੋ ਕੇ ਬਿਤਾ ਸਕਦਾ ਹੈ। ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਗੱਲ ਹੀ

ਸਮਝਾਈ ਹੋਈ ਹੈ ਜੋ ਸੰਸਾਰ ਦੇ ਹਰ ਮਨੁੱਖ ਤੇ ਇੱਕੋ ਜਿਹੀ ਹੀ ਲਾਗੂ ਹੁੰਦੀ ਹੈ। **(ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥)**

ਹੁਣ ਇਸ ਗੱਲ ਵਿੱਚ ਤਾਂ ਕਿਸੇ ਨੂੰ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਭਾਵ ਭਰਮ ਨਹੀਂ ਹੋਣਾ ਚਾਹੀਦਾ ਕਿ ਇਨ੍ਹਾਂ ਉਪਰ ਵਾਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਾਨੂੰ, ਪੂਰੇ ਸੰਸਾਰ ਨੂੰ ਸੱਚੀ ਸਿੱਖਿਆ ਹੀ ਦਿੱਤੀ ਹੈ ਭਾਵ ਸੱਚ ਹੀ ਸਮਝਾਇਆ ਹੈ ਤੇ ਜੋ ਗੁਰੂ ਸਾਹਿਬ ਦੇ ਸਮਝਾਏ ਹੋਏ ਸੱਚ ਨੂੰ ਮੰਨ ਲੈਂਦਾ ਹੈ ਉਹ ਗੁਰੂ ਦੇ ਸੱਚ ਦੇ ਨਾਲ ਜੁੜ ਜਾਂਦਾ ਹੈ ਭਾਵ ਉਸਨੂੰ ਜੇਕਰ ਗੁਰੂ ਦੀ ਸਿੱਖਿਆ ਸੱਚੀ ਲੱਗੀ ਹੈ ਉਹ ਤਾਂ ਹੀ ਉਸਦੀ ਸਿੱਖਿਆ ਨੂੰ ਮੰਨੇਗਾ ਤੇ ਜੇਕਰ ਉਸਨੇ ਗੁਰੂ ਦੀ ਸੱਚੀ ਸਿੱਖਿਆ ਨੂੰ ਨਹੀਂ ਮੰਨਿਆ ਭਾਵ ਗੁਰੂ ਦੀ ਸਮਝ ਨੂੰ ਨਹੀਂ ਮੰਨਿਆ ਭਾਵ ਗੁਰੂ ਦੀ ਸਮਝ ਨੂੰ ਉੱਚਾ ਨਹੀਂ ਮੰਨਿਆ ਤਾਂ ਫਿਰ ਉਹ ਆਪਣੀ ਸਮਝ ਦੇ ਨਾਲ ਹੀ ਜੁੜਿਆ ਰਹੇਗਾ ਭਾਵ ਉਸਨੂੰ ਗੁਰੂ ਦੀ ਸਮਝ ਨਾਲੋਂ ਆਪਣੀ ਸਮਝ ਜਿਆਦਾ ਉੱਚੀ ਤੇ ਸੁੱਚੀ ਲੱਗੀ ਭਾਵ ਆਪਣੀ ਸਮਝ ਨੂੰ ਹੀ ਠੀਕ ਸਮਝਿਆ ਜਿਸ ਸਮਝ ਦੁਆਰਾ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਾੜੇ ਕਰਮ ਕਰੀ ਗਿਆ ਭਾਵ ਔਗੁਣ ਹੀ ਕਰੀ ਗਿਆ ਭਾਵ ਗੁਰਮਤਿ ਦੇ ਉਲਟ ਹੀ ਚੱਲੀ ਗਿਆ ਭਾਵ ਮਨਮਤਿ ਵਿੱਚ ਹੀ ਰਿਹਾ। ਭਰਮ ਦਾ ਤੇ ਸੱਚ ਦਾ ਭੇਦ ਇੱਥੇ ਹੀ ਛੁੱਪਿਆ ਹੋਇਆ ਹੈ। ਸੱਚ ਕੇਵਲ ਉਹ ਹੈ ਜੋ ਗੁਰੂ ਦੀ ਸਮਝਾਈ ਹੋਈ ਮਤਿ ਤੇ ਪੂਰਾ ਉਤਰਦਾ ਹੈ ਤੇ ਜੋ ਵੀ ਗੱਲ ਭਾਵ ਸੰਸਾਰ ਦੀ ਕੋਈ ਵੀ ਗੱਲ, ਕੋਈ ਵੀ ਸਮਝ, ਕਿਸੇ ਦੀ ਵੀ ਸਮਝ ਜੋ ਸਮਝ ਗੁਰੂ ਦੀ ਸਮਝ ਤੇ ਪੂਰੀ ਨਹੀਂ ਉਤਰਦੀ ਉਹ ਭਰਮ ਹੈ। ਭਰਮ ਕੀ ਹੈ ਇਸਨੂੰ ਅਸੀਂ ਬਾਰ-ਬਾਰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਜਿਸਨੂੰ ਕਿ ਹੋਰ ਵਿਆਖਿਆ ਦੀ ਲੋੜ ਨਹੀਂ ਹੈ। ਮਨ ਦੀ ਇਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨਾਂ ਨਾਂ ਹੀ ਕੋਈ ਪੂਰੇ ਸੰਸਾਰ ਵਿੱਚ ਉਸ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਨੂੰ ਕੋਈ ਸਮਝ ਸਕਦਾ ਹੈ ਤੇ ਨਾ ਹੀ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ ਕਿਉਂਕਿ ਉਸ ਪ੍ਰਮਾਤਮਾ ਦੇ ਨਾਲ, ਅਲ੍ਹਾ ਦੇ ਨਾਲ, ਗਾੱਡ ਦੇ ਨਾਲ, ਵਾਹਿਗੁਰੂ ਦੇ ਨਾਲ ਪੜਦਾ ਹੀ ਭਰਮ ਦਾ ਹੈ ਜੋ ਭਰਮ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਵਿੱਚ ਉਸ ਸ੍ਰਿਸ਼ਟੀ ਦੇ ਮਾਲਕ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਮਨ ਦੇ ਪੜਦੇ ਦੁਆਰਾ ਉਹ ਆਪਣੀ ਸ੍ਰਿਸ਼ਟੀ ਦੀ ਖੇਡ ਨੂੰ ਚਲਾ ਰਿਹਾ ਹੈ ਜਿਸ ਉਸਦੀ ਖੇਡ ਦੀ ਸਮਝ ਹੀ ਉਦੋਂ ਪੈਂਦੀ ਹੈ ਜਦੋਂ ਉਹ ਕਿਸੇ ਤੇ ਆਪਣੀ ਕ੍ਰਿਪਾ ਕਰਨ ਦੁਆਰਾ ਭਰਮ ਦਾ ਸੰਗਲ ਤੋੜ ਦਿੰਦਾ ਹੈ। ਇਹ ਭਰਮ ਦਾ

ਸੰਗਲ ਸਭ ਦੇ ਅੰਦਰ ਸ੍ਰਿਸ਼ਟੀ ਦੇ

50/7010

ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ ਤੇ ਉਹ ਆਪ ਹੀ ਕਿਸੇ ਦੀ ਸਮਝ ਦੇ ਅੰਦਰੋਂ ਇਹ ਸੰਗਲ ਤੋੜ ਸਕਦਾ ਹੈ ਤੇ ਇਹੀ ਗੱਲ ਸਾਨੂੰ ਪਹਿਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥"

ਪਿੱਛੇ ਸ਼ਬਦਾਂ ਰਾਹੀਂ ਅਸੀਂ ਇਸੇ ਗੱਲ ਨੂੰ ਭਰਮ ਦੀ ਬੇੜੀ ਦੇ ਰੂਪ ਵਿੱਚ ਸਮਝਿਆ ਹੈ ਭਾਵ ਭਰਮ ਦੇ ਬੰਧਨ ਦੇ ਰੂਪ ਵਿੱਚ ਸਮਝਿਆ ਹੈ ਜਿਸ ਭਰਮ ਦੇ ਬੰਧਨ ਵਿੱਚੋਂ ਨਿਕਲੇ ਬਿਨਾਂ ਕੋਈ ਪ੍ਰਮਾਤਮਾ ਨੂੰ ਸਮਝ ਲਵੇ ਇਹ ਨਾਮੁਮਕਿਨ ਹੈ। ਇਹ ਭਰਮ ਰੂਪ ਸੰਗਲ ਪ੍ਰਮਾਤਮਾ ਨੇ ਸਭ ਦੇ ਅੰਦਰ ਆਪਣੇ ਆਪ ਤੋਂ ਦੂਰੀ ਰੱਖਣ ਲਈ ਪਾਇਆ ਹੋਇਆ ਹੈ ਤੇ ਜਿਸ ਮਨੁੱਖ ਨੂੰ ਉਹ ਆਪਣੇ ਨਾਲ ਮਿਲਾਉਂਦਾ ਹੈ ਉਸਦੀ ਪ੍ਰਮਾਤਮਾ ਇਹ ਦੂਰੀ ਮਿਟਾ ਦਿੰਦਾ ਹੈ ਜੋ ਉਸਦੇ ਨਾਲ ਦੂਰੀ ਸਾਡੀ ਮਨ ਦੀ ਸਮਝ ਦੇ ਵਿੱਚ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਹੈ। ਜਿਸਦੇ ਮਨ ਦੇ ਅੰਦਰੋਂ ਪ੍ਰਮਾਤਮਾ ਇਹ ਭਰਮ ਰੂਪ ਸੰਗਲ ਤੋੜਦਾ ਹੈ ਉਸਨੂੰ ਫਿਰ ਭਰਮਾਂ ਵਾਲੀ ਸਮਝ ਤੋਂ **"ਨਿਰਾਲਾ"** ਕਰ ਦਿੰਦਾ ਹੈ ਭਾਵ ਵੱਖਰਾ ਕਰ ਦਿੰਦਾ ਹੈ ਭਾਵ ਉਸਦੇ ਨਾਲ ਆਪਣੀ ਭਰਮ ਰੂਪ ਦੂਰੀ ਮਿਟਾ ਦਿੰਦਾ ਹੈ। ਉਹ **"ਹਰਿ"** ਸਾਡੇ ਅੰਦਰ ਹੀ ਹੈ ਭਾਵ ਮਨ ਦੇ ਅੰਦਰ ਹੀ ਹੈ ਭਾਵ ਮਨ ਦੀ ਸਮਝ ਦੇ ਅੰਦਰ ਹੀ ਹੈ ਤੇ ਜਿਸਦੇ ਅੰਦਰੋਂ ਪ੍ਰਮਾਤਮਾ ਇਹ ਭਰਮ ਗੜ ਤੋੜਦਾ ਹੈ ਉਸਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਆਪਣਾ **"ਹਰਿ ਰਸੁ"** ਹੀ ਪਾਉਂਦਾ ਹੈ ਭਾਵ ਆਪਣਾ ਨਾਮ ਰਸ ਹੀ ਪਾਉਂਦਾ ਹੈ ਭਾਵ ਆਪਣੀ ਬ੍ਰਹਮ ਗਿਆਨ ਰੂਪ ਚੌਥੇ ਪਦ ਵਾਲੀ ਸਮਝ ਹੀ ਪਾਉਂਦਾ ਹੈ। ਹਰਿ ਰੱਸ ਕੀ ਹੈ, ਹਰਿ ਰਸੁ ਦੀ ਪ੍ਰਾਪਤੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜਿਸਨੂੰ ਪ੍ਰਮਾਤਮਾ ਨਿਸਚਿੰਤ ਕਰਦਾ ਹੈ ਉਸਨੂੰ ਮਨ ਦੇ ਵਿੱਚ ਆਪਣੀ ਸੱਚੀ ਸਮਝ ਪਾਉਣ ਦੁਆਰਾ ਹੀ ਕਰਦਾ ਹੈ ਭਾਵ ਆਪਣੇ ਨਾਲ ਮੇਲ ਕਰਨ ਦੁਆਰਾ ਹੀ ਕਰਦਾ ਹੈ। ਮਨ ਦੇ ਵਿੱਚ ਆਪਣਾ ਹਰਿ ਰੱਸ ਪਾਉਣ ਦੁਆਰਾ ਪ੍ਰਮਾਤਮਾ ਭਗਤੀ ਦੇ ਮਾਰਗ ਦੀ ਸੱਚੀ ਸਮਝ ਹੀ ਪਾਉਂਦਾ ਹੈ ਜਿਸ ਸੱਚੀ ਸਮਝ ਦੁਆਰਾ ਮਨੁੱਖ ਹਰ ਔਗੁਣ ਨੂੰ ਤਿਆਗ ਦਿੰਦਾ ਹੈ ਭਾਵ ਉਹ ਮਨੁੱਖ ਫਿਰ

50/7011

ਕੋਈ ਮਾੜਾ ਕਰਮ ਨਹੀਂ ਕਰਦਾ ਤੇ ਆਪਣਾ ਜੀਵਨ ਨਿਸਚਿੰਤ ਹੋ ਕੇ ਜਿਉਂਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਮਨੁੱਖ ਦੀ ਇੱਕ ਵੱਡੀ ਚਿੰਤਾ ਇਹ ਹੁੰਦੀ ਹੈ ਕਿ ਉਸਦੇ ਸਰੀਰ ਨੇ ਬਿਨਸਨਾ ਹੈ ਤੇ ਉਸ ਤੋਂ ਬਾਅਦ ਫਿਰ ਪਤਾ ਨਹੀਂ ਕਿੱਥੇ ਜਾਣਾ ਹੈ, ਕਿੱਥੇ ਜਾ ਕੇ ਸਜਾਵਾਂ ਭੁਗਤਣੀਆਂ ਹਨ। ਇਹੋ ਜਿਹੀਆਂ ਗੱਲਾਂ ਕਰਨੀਆਂ ਜਾਂ ਸਮਝਣੀਆਂ ਕੇਵਲ ਮਨੁੱਖ ਦਾ ਭਰਮ ਹੈ ਜਿਸ ਭਰਮ ਵਿੱਚ ਹਰ ਮਨੁੱਖ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਰੱਖਿਆ ਹੋਇਆ ਹੈ। ਜਦੋਂ ਮਨੁੱਖ ਦੀ ਸਮਝ ਦੇ ਅੰਦਰੋਂ ਇਹ ਭਰਮ ਦੀ ਜੰਜੀਰ ਤੋੜ ਦਿੰਦਾ ਹੈ ਫਿਰ ਤਾਂ ਹੀ ਕੋਈ ਇਸ ਗੱਲ ਦੀ ਕਿਸੇ ਨੂੰ ਸਮਝ ਪੈ ਸਕਦੀ ਹੈ ਕਿ ਹਰ ਰੂਪ ਵਿੱਚ ਅਕਾਲ ਪੁਰਖ ਆਪ ਹੀ ਹੈ ਤੇ ਮਨੁੱਖ ਜੋ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ ਇਸ ਵਿੱਚ ਸੱਚ ਨਹੀਂ ਹੈ ਭਾਵ ਭਰਮ ਹੈ। ਮਨੁੱਖ ਫਿਰ ਜਨਮ ਮਰਨ ਦੇ ਗੇੜ ਦੀ ਚਿੰਤਾ ਤੋਂ ਮੁਕਤ ਹੋ ਜਾਂਦਾ ਹੈ ਭਾਵ ਨਿਸਚਿੰਤ ਹੋ ਕੇ ਜੀਵਨ ਜਿਉਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਅੰਦਰੋਂ ਅਕਾਲ ਪੁਰਖ ਨੂੰ ਜਾਣ ਕੇ ਨਿਸਚਿੰਤ ਹੋ ਕੇ ਜੀਵਨ ਜੀਵਿਆ ਹੈ ਭਾਵ ਮਨ ਦੇ ਭਰਮ ਵਿੱਚੋਂ ਨਿਕਲਕੇ ਜੀਵਿਆ ਹੈ ਜਦੋਂ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ। ਇਹ ਵਿਸ਼ਵਾਸ ਪ੍ਰਮਾਤਮਾ ਕਿਸੇ ਨੂੰ ਮਨ ਦੇ ਵਿੱਚ ਆਪਣਾ ਹਰਿ ਰੱਸ, ਨਾਮ ਰੱਸ, ਅੰਮ੍ਰਿਤ ਰੱਸ ਪਿਆਉਣ ਦੁਆਰਾ ਹੀ ਦਿਵਾਉਂਦਾ ਹੈ ਜਿਸ ਆਪਣੇ ਹਰਿ ਰੱਸ ਦੁਆਰਾ ਉਹ ਮਨ ਦੇ ਅੰਦਰ ਦਾ ਭਰਮ ਰੂਪ ਸੰਗਲ ਹੀ ਤੋੜਦਾ ਹੈ ਭਾਵ ਮਨ ਦੀ ਸਮਝ ਦੇ ਅੰਦਰ ਮਨੁੱਖੀ ਸਮਝ ਦੇ ਨਾਲੋਂ ਆਪਣਾ ਭਰਮ ਰੂਪ ਪੜਦਾ, ਹਉਮੈ ਰੂਪ ਪੜਦਾ, ਤ੍ਰੈ ਗੁਣਾਂ ਰੂਪ ਪੜਦਾ ਖੋਲ ਦਿੰਦਾ ਹੈ ਭਾਵ ਮਨੁੱਖੀ ਸਮਝ ਨੂੰ ਆਪਣੀ ਚੌਥੇ ਪਦ ਵਾਲੀ ਗਿਆਨ ਦੀ ਸਮਝ ਦੇ ਨਾਲ ਮਿਲਾ ਲੈਂਦਾ ਹੈ। **(ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥ ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥)**

ਮਨ ਦੇ ਵਿੱਚੋਂ ਪ੍ਰਮਾਤਮਾ ਭਰਮ ਦਾ ਸੰਗਲ ਕਿਸ ਤਰੀਕੇ ਤੋੜਦਾ ਹੈ, ਆਪਣਾ ਹਰਿ ਰੱਸ ਮਨ ਦੇ ਵਿੱਚ ਕਿਸ ਤਰੀਕੇ ਪਾਉਂਦਾ ਹੈ ਇਸ ਗੱਲ ਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਹੋਰ ਸਪਸ਼ਟ ਕੀਤਾ ਹੋਇਆ ਹੈ, ਗਹਿਰੇ ਢੰਗ ਨਾਲ ਸਪਸ਼ਟ ਕੀਤਾ ਹੋਇਆ ਹੈ, ਧਿਆਨ ਨਾਲ ਸਮਝਣ ਦੀ ਲੋੜ ਹੈ।

50/7012

“ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥

ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥”

ਉਪਰ ਸ਼ਬਦ ਰਾਹੀਂ ਸਾਨੂੰ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋਣਾ ਹੀ ਸਮਝਾਇਆ ਹੋਇਆ ਹੈ ਜਿਸ ਗਿਆਨ ਦੇ ਪ੍ਰਕਾਸ਼ ਦੁਆਰਾ ਮਨੁੱਖ ਮਨ ਦੀ ਅਗਿਆਨਤਾ ਦੇ ਹਨੇਰੇ ਵਿੱਚੋਂ ਨਿਕਲਦਾ ਹੈ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਦਾ ਹੋਣਾ ਜਾਂ ਭਰਮਾਂ ਵਾਲੀ ਸਮਝ ਦਾ ਹੋਣਾ ਇੱਕੋ ਹੀ ਗੱਲ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਵਾਲੀ ਪ੍ਰਮਾਤਮਾ ਦੀ ਜੋਤਿ ਹੈ ਜਿਸ ਜੋਤਿ ਰੂਪ ਵਿੱਚ ਹੀ ਪ੍ਰਮਾਤਮਾ ਸਭ ਦੇ ਅੰਦਰ ਵੱਸਿਆ ਹੋਇਆ ਹੈ ਤੇ ਮਨੁੱਖ ਨੂੰ ਜੋ ਵੀ ਸਮਝ ਪੈਂਦੀ ਹੈ ਉਹ ਮਨ ਦੀ ਜੋਤਿ ਰਾਹੀਂ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਸਭ ਨੂੰ ਆਪ ਹੀ ਪਾਉਂਦਾ ਹੈ। ਸਾਡੇ ਅੰਦਰ ਜੋ ਭਰਮਾਂ ਵਾਲੀ ਸਮਝ ਉਪਜਦੀ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਉਪਜਦੀ ਹੈ, ਹਉਮੈ ਵਾਲੀ ਸਮਝ ਉਪਜਦੀ ਹੈ, ਮਾਇਆ ਦੀ ਜੁਗਤਿ ਵਾਲੀ ਸਮਝ ਉਪਜਦੀ ਹੈ, ਮਨੁੱਖ ਨੂੰ ਦੁਬਿਧਾ ਵਿੱਚ ਰੱਖਣ ਵਾਲੀ ਜੋ ਸਮਝ ਉਪਜਦੀ ਹੈ, ਮਨ ਨੂੰ ਪੁੱਠੇ ਕਮਲ ਵਿੱਚ ਰੱਖਣ ਵਾਲੀ ਜੋ ਸਮਝ ਉਪਜਦੀ ਹੈ ਉਹ ਸਭ ਮਨ ਦੀ ਜੋਤਿ ਰਾਹੀਂ ਹੀ ਉਪਜਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੀ ਹੈ। ਜਿਵੇਂ ਰਾਤ ਦੇ ਹਨੇਰੇ ਦੇ ਵਕਤ ਜਦੋਂ ਆਕਾਸ਼ ਵਿੱਚ ਬਿਜਲੀ ਚਮਕਦੀ ਹੈ ਉਸ ਚਮਕ ਦੇ ਨਾਲ ਰਾਤ ਦਾ ਹਨੇਰਾ ਦੂਰ ਹੋ ਜਾਂਦਾ ਹੈ ਤੇ ਸਭ ਪਾਸੇ ਚਾਨਣਾ ਹੋ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਪ੍ਰਮਾਤਮਾ ਕਿਸੇ ਦੀ ਭਰਮਾਂ ਵਾਲੀ ਸਮਝ ਦਾ ਤਾਲਾ ਤੋੜਕੇ ਜੋ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਉਹ ਆਪਣਾ ਜੋ ਹਰਿ ਰੱਸ ਪਿਆਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਦਾ ਰੱਸ ਪਿਆਉਂਦਾ ਹੈ ਉਹ ਮਨ ਦੇ ਵਿੱਚ ਆਪਣੀ ਜੋਤਿ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਹੀ ਕਰਦਾ ਹੈ। ਮਨ ਦੀ ਅਗਿਆਨਤਾ ਵਿੱਚੋਂ ਨਿਕਲਕੇ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਦੀ ਜੋਤਿ ਨੂੰ ਜਾਣ ਸਕਦਾ ਹੈ ਤੇ ਉਸਨੂੰ ਸਮਝ ਪੈਂਦੀ ਹੈ ਕਿ ਮਨੁੱਖ ਨੂੰ ਜੋ ਵੀ ਗਿਆਨ ਮਿਲਦਾ ਹੈ ਉਹ ਮਨ ਰੂਪ ਜੋਤਿ ਰਾਹੀਂ ਹੀ ਮਿਲਦਾ ਹੈ। ਮਨ ਦੀ ਜੋਤਿ ਰਾਹੀਂ ਫਿਰ ਮਨੁੱਖ ਦਿਨ ਰਾਤ ਮਨ ਦੇ ਅੰਦਰ ਸੱਚੇ ਗਿਆਨ ਦੀ ਪ੍ਰਾਪਤੀ ਕਰਦਾ ਰਹਿੰਦਾ ਹੈ ਭਾਵ ਆਪਣੇ ਅੰਦਰੋਂ

50/7013

ਪ੍ਰਮਾਤਮਾ ਨੂੰ ਹਰ ਵੇਲੇ ਦੇਖਦਾ ਰਹਿੰਦਾ ਹੈ ਭਾਵ ਉਸਦੇ ਸੱਚੇ ਗਿਆਨ ਵਾਲੀ ਸਮਝ ਦੇ ਨਾਲ ਹਰ ਵੇਲੇ ਜੁੜਿਆ ਰਹਿੰਦਾ ਹੈ ਜੋ ਉਸਦੀ ਸੱਚੀ ਤੇ ਉੱਚੀ ਸਮਝ ਹੈ, ਹਰ ਭਰਮ ਤੋਂ ਰਹਿਤ ਹੁੰਦੀ ਹੈ ਭਾਵ ਉਸ ਸਮਝ ਦੁਆਰਾ ਮਨੁੱਖ ਨੂੰ ਪੂਰਨ ਸੱਚ ਦੀ ਸਮਝ ਹੀ ਪੈਂਦੀ ਹੈ ਕਿ ਪ੍ਰਮਾਤਮਾ ਦਾ ਸੱਚ ਰੂਪ ਕੀ ਹੈ, ਇਸ ਸ੍ਰਿਸ਼ਟੀ ਦਾ ਸੱਚ ਕੀ ਹੈ, ਮਨੁੱਖ ਦਾ ਸੱਚ ਕੀ ਹੈ ਭਾਵ ਮਨੁੱਖ ਨੂੰ ਸਮਝ ਲੱਗ ਜਾਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜੋ ਕਿ ਅਨੰਦ ਰੂਪ ਹੈ, ਅਨੂਪ ਸਰੂਪ ਹੈ ਤੇ ਉਹ ਆਪ ਹੀ ਪੂਰਾ ਗੁਰੂ ਹੈ ਤੇ ਆਪ ਹੀ ਆਪਣੇ ਆਪ ਦੇ ਮਨ ਦੀ ਸਮਝ ਵਿੱਚੋਂ ਦਰਸ਼ਨ ਕਰਵਾਉਂਦਾ ਹੈ, ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦੁਆਰਾ ਕਰਵਾਉਂਦਾ ਹੈ ਤੇ ਆਪਣੀ ਸੱਚੀ ਭਗਤੀ ਦਾ ਮਾਰਗ ਆਪ ਹੀ ਸਮਝਾਉਂਦਾ ਹੈ ਜੋ ਮਾਰਗ ਮਨ ਦੇ ਵਿਕਾਰਾਂ ਵਿੱਚੋਂ ਨਿਕਲਕੇ ਸੱਚੇ ਸੁੱਚੇ ਕਰਮ ਕਰਾਉਂਦਾ ਹੈ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਿਆ ਹੈ। **(ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥ ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥ ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥ ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥)**

ਸ਼ਬਦ ਦੇ ਅਗਲੇ ਪਦੇ ਰਾਹੀਂ ਵੀ ਇਹੀ ਗੱਲ ਸਮਝਾਈ ਹੋਈ ਹੈ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਅਗਿਆਨਤਾ ਵਾਲੀ ਸਮਝ ਨਿਕਲਣ ਦੁਆਰਾ ਹੀ ਹੁੰਦਾ ਹੈ ਜੋ ਮਨ ਦੀ ਅਗਿਆਨਤਾ ਵਿੱਚੋਂ ਉਹ ਆਪ ਹੀ ਕੱਢਦਾ ਹੈ ਤਾਂ ਹੀ ਮਨੁੱਖ ਨੂੰ ਸਭ ਜਗ੍ਹਾ ਇੱਕੋ ਇੱਕ ਪ੍ਰਮਾਤਮਾ ਹੀ ਨਜਰ ਆਉਂਦਾ ਹੈ। ਆਉ ਧਿਆਨ ਨਾਲ ਸਮਝੀਏ।

“ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥

ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥”

ਉਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਜਿਸਨੂੰ ਵੀ ਤਾਰਦਾ ਹੈ ਉਹ ਕਿਸ ਤਰੀਕੇ ਤਾਰਦਾ ਹੈ

ਤੇ ਤਰਨ ਲਈ ਤਰੀਕਾ ਕੀ ਹੈ। ਇਸ ਸੰਸਾਰ ਦੇ ਵਿੱਚ ਮਨੁੱਖੀ ਜੀਵਨ ਮਿਲਣ ਤੋਂ ਬਾਅਦ ਤਰਦਾ ਉਹੀ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਭਾਵ ਜਿਸ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਜਿਸ ਰੂਪ ਵਿੱਚ ਉਹ ਮੇਰੇ ਅੰਦਰ ਹੈ ਆਪਣੇ ਉਸੇ ਰੂਪ ਵਿੱਚ ਹੀ ਉਹ ਹਰ ਆਕਾਰ ਰੂਪ ਵਿੱਚ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ

50/7014

ਹੀ ਹੈ। ਪ੍ਰਮਾਤਮਾ ਜਿਸਨੂੰ ਵੀ ਤਾਰਦਾ ਹੈ ਉਸਨੂੰ ਪਹਿਲਾਂ ਮਨ ਦੀ ਅਗਿਆਨਤਾ ਤੋਂ ਹੀ ਤਾਰਦਾ ਹੈ ਭਾਵ ਮਨ ਦੀ ਅਗਿਆਨਤਾ ਤੋਂ ਹੀ ਮੁਕਤ ਕਰਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ ਜਿਸ ਤਰੀਕੇ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ, ਪੂਰੇ ਗਿਆਨ ਦਾ ਮਾਲਕ ਉਹ ਪ੍ਰਮਾਤਮਾ ਆਪ ਹੀ ਹੈ। ਬਸ ਇਸੇ ਗੱਲ ਨੂੰ ਬਰੀਕੀ ਨਾਲ ਸਮਝਣ ਤੇ ਵਿਚਾਰਨ ਦੀ ਲੋੜ ਹੈ ਕਿ ਜੇਕਰ ਅਸੀਂ ਇਹ ਚਾਹੁੰਦੇ ਹਾਂ ਕਿ ਅਕਾਲ ਪੁਰਖ ਸਾਨੂੰ ਤਾਰ ਲਵੇ, ਵਾਹਿਗੁਰੂ ਸਾਨੂੰ ਤਾਰ ਲਵੇ ਫਿਰ ਉਸ ਲਈ ਇੱਕੋ ਇੱਕ ਤਰੀਕਾ ਇਹੀ ਹੈ ਜੋ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਉਹ ਤਰੀਕਾ ਸਤਿਗੁਰ ਨੂੰ ਮਿਲਣ ਦਾ ਹੈ ਭਾਵ ਗੁਰੂ ਨੂੰ ਮਿਲਣ ਦਾ ਹੈ। ਪੂਰੀ ਗੁਰਬਾਣੀ ਸਤਿਗੁਰ ਰੂਪ ਹੈ ਤੇ ਉਸ ਸਤਿਗੁਰ ਰੂਪ ਨਾਲ ਅਸੀਂ ਮੇਲ ਕਿਵੇਂ ਕਰਨਾ ਹੈ ਇਸੇ ਗੱਲ ਨੂੰ ਸਮਝਣ ਦੀ ਲੋੜ ਹੈ। ਪੂਰੀ ਗੁਰਬਾਣੀ ਸ਼ਬਦ ਰੂਪ ਵਿੱਚ ਗੁਰੂ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਗੁਰੂ ਹੈ, ਸ਼ਬਦਾਂ ਦੀ ਉੱਚੀ ਤੇ ਸੁੱਚੀ ਸਮਝ ਦੇ ਰੂਪ ਵਿੱਚ ਗੁਰੂ ਹੈ, ਸ਼ਬਦਾਂ ਦੇ ਉੱਚੇ ਤੇ ਸੁੱਚੇ ਗਿਆਨ ਦੇ ਰੂਪ ਵਿੱਚ ਗੁਰੂ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਗੁਰੂ ਹੈ, ਆਪਣੇ ਨਾਮ ਦੇ ਰੂਪ ਵਿੱਚ ਗੁਰੂ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਵਾਰੀ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਆਪਣੇ ਸ਼ਬਦ ਰੂਪ ਵਿੱਚ ਗੁਰੂ ਸਾਨੂੰ ਸੱਚੀ ਸਿੱਖਿਆ ਹੀ ਦਿੰਦਾ ਹੈ ਤੇ ਗੁਰੂ ਦੀ ਸਿੱਖਿਆ ਦੇ ਨਾਲ ਭਾਵ ਗੁਰੂ ਦੇ ਬਚਨਾਂ ਦੇ ਨਾਲ ਮੇਲ ਕਰਨਾ ਹੀ ਸਤਿਗੁਰ ਦੇ ਨਾਲ ਮਿਲਣ ਦਾ ਉੱਦਮ ਕਰਨਾ ਹੈ ਜੋ ਮੇਲ ਗੁਰੂ ਦੀ ਸੱਚੀ ਮਤਿ ਨੂੰ ਮੰਨ ਕੇ ਭਾਵ ਆਪਣੀ ਭਰਮਾਂ ਵਾਲੀ ਮਤਿ ਨੂੰ ਛੱਡ ਕੇ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਗੁਰੂ ਦੇ ਸ਼ਬਦਾਂ ਦੁਆਰਾ ਸਮਝਿਆ ਹੈ। ਸਤਿਗੁਰ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਪ੍ਰਮਾਤਮਾ ਉਸਨੂੰ ਹੀ ਤਾਰਦਾ ਹੈ ਜੋ ਪਹਿਲੇ ਗੁਰੂ ਦੀ ਮਤਿ ਨਾਲ ਮਿਲਣ ਦਾ ਉੱਦਮ ਕਰਦਾ ਹੈ ਭਾਵ ਆਪਣੀ ਨਾਸਮਝ ਮਤਿ ਨੂੰ, ਭਰਮਾਂ ਵਾਲੀ ਮਤਿ ਨੂੰ ਤਿਆਗਣ ਦਾ ਉੱਦਮ ਕਰਦਾ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਗਤੀ ਦੇ ਸਹੀ ਮਾਰਗ ਦੀ ਸਮਝ ਹੀ ਨਹੀਂ ਪੈਂਦੀ, ਨਾਮ ਜਪਣਾ ਕੀ ਹੈ ਇਸ ਗੱਲ ਦੀ ਸਮਝ ਹੀ ਨਹੀਂ ਪੈਂਦੀ, ਸਤਿਗੁਰ ਦੇ ਨਾਲ ਮਿਲਣ ਦਾ ਸੱਚਾ ਉੱਦਮ ਉਹੀ ਕਰਦਾ ਹੈ ਜੋ ਆਪਣੇ ਔਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨ ਦਾ ਉੱਦਮ ਕਰਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਪਰ ਵਾਲੇ ਮੁੱਖ ਸ਼ਬਦ ਦੇ

50/7015

ਪਹਿਲੇ ਪਦੇ ਰਾਹੀਂ ਸਾਨੂੰ ਗੁਰੂ ਦੀ ਸੱਚੀ ਸਿੱਖਿਆ ਨੂੰ ਅਪਨਾਉਂਣ ਦਾ ਇਹੀ ਤਰੀਕਾ ਸਮਝਾਇਆ ਹੈ। ਸਾਰੀ ਗੱਲ ਆਪਣੀ ਮਤਿ ਨੂੰ ਛੱਡ ਕੇ ਗੁਰੂ ਦੀ ਮਤਿ ਅਨੁਸਾਰ ਵਿਚਰਨ ਦੀ ਹੈ ਜਿਸ ਦੁਆਰਾ ਅਸੀਂ ਸਤਿਗੁਰ ਨਾਲ ਮੇਲ ਕਰ ਸਕਦੇ ਹਾਂ ਤੇ ਉਸਤੇ ਹੀ ਪ੍ਰਮਾਤਮਾ ਆਪਣੀ ਕ੍ਰਿਪਾ ਕਰਨ ਦੁਆਰਾ ਕਿਸੇ ਨੂੰ ਤਾਰਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਕੇ ਉਸਨੂੰ ਆਪਣੇ ਨਾਮ ਦੁਆਰਾ ਤਾਰਦਾ ਹੈ, ਬ੍ਰਹਮ ਗਿਆਨ ਵਾਲੀ ਸਮਝ ਬਖਸ਼ਕੇ ਤਾਰਦਾ ਹੈ। **(ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥)**

ਪ੍ਰਮਾਤਮਾ ਕਿਸੇ ਨੂੰ ਮਨ ਦੀ ਅਗਿਆਨਤਾ ਤੋਂ, ਭਰਮਾਂ ਵਾਲੀ ਸਮਝ ਤੋਂ ਕਿਵੇਂ ਤਾਰਦਾ ਹੈ ਭਾਵ ਉਸਦੇ ਅੰਦਰ ਦਾ ਭਰਮ ਰੂਪ ਸੰਗਲ ਕਿਵੇਂ ਤੋੜਦਾ ਹੈ ਤੇ ਉਸ ਦੁਆਰਾ ਮਨੁੱਖ ਨੂੰ ਪ੍ਰਾਪਤੀ ਕੀ ਹੁੰਦੀ ਹੈ ਇਹੀ ਗੱਲ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਸ ਗੱਲ ਨੂੰ ਕੋਈ ਆਪਣੇ ਆਪ ਸਮਝ ਲਵੇ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਮਝ ਲਵੇ, ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਮਝ ਲਵੇ ਇਹ ਮੁਮਕਿਨ ਹੀ ਨਹੀਂ ਹੈ। ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜਿਸਦੇ ਅੰਦਰ ਦਾ ਭਰਮ ਰੂਪ ਸੰਗਲ ਪ੍ਰਮਾਤਮਾ ਤੋੜ ਦਿੰਦਾ ਹੈ ਭਾਵ ਜਿਸਨੂੰ ਆਪਣੇ ਅੰਦਰੋਂ ਆਪਣੇ ਆਪ ਦੇ ਦਰਸ਼ਨ ਕਰਵਾ ਦਿੰਦਾ ਹੈ।

"ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥ ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ॥੩॥"

ਉਪਰ ਪਹਿਲੀ ਪੰਗਤੀ ਵਿੱਚ **"ਸਸਿ"** ਦੀ, **"ਸੂਰੁ"** ਦੀ, **"ਦੀਪਕੁ"** ਦੀ ਗੱਲ ਕੀਤੀ ਹੋਈ ਹੈ ਇਨ੍ਹਾਂ ਨੂੰ ਆਕਾਸ਼ ਦੇ ਵਿੱਚ

ਹਰ ਕੋਈ ਦੇਖ ਸਕਦਾ ਹੈ। ਇਹ ਸਭ ਆਕਾਸ਼ ਦੇ ਵਿੱਚ ਚਾਨਣ ਹੀ ਦਿੰਦੇ ਹਨ ਭਾਵ ਪੂਰੀ ਸ੍ਰਿਸ਼ਟੀ ਵਿੱਚ ਪ੍ਰਕਾਸ਼ ਕਰਦੇ ਹਨ, ਰੋਸ਼ਨੀ ਕਰਦੇ ਹਨ ਜਿਸ ਪ੍ਰਕਾਸ਼ ਦੁਆਰਾ ਉਹ ਧਰਤੀ ਦੇ ਉੱਤੇ ਹਨੇਰਾ ਦੂਰ ਕਰਦੇ ਹਨ। ਹਨੇਰੇ ਵਿੱਚ ਰਹਿੰਦਿਆਂ ਸਾਨੂੰ ਕੁਝ ਵੀ ਨਜਰ ਨਹੀਂ ਆਉਂਦਾ। ਜੇਕਰ ਕਿਤੇ ਪ੍ਰਕਾਸ਼ ਨਾ ਹੋਵੇ ਉੱਥੇ ਹਨੇਰਾ ਹੀ ਰਹਿੰਦਾ ਹੈ ਇਹ ਕੁਝ ਹੀ ਸਾਡੇ ਮਨ ਦੀ ਅਵਸਥਾ ਹੈ। ਸਾਡੇ ਅੰਦਰ ਹਰ ਵੇਲੇ ਗਿਆਨ ਵਰਤਦਾ ਹੈ, ਮਨ ਦੀ ਸਮਝ ਦੁਆਰਾ ਵਰਤਦਾ ਹੈ ਜੋ ਹਰ ਵੇਲੇ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਸਾਨੂੰ ਹਰ ਵੇਲੇ ਸਮਝ ਪਾਉਂਦਾ ਰਹਿੰਦਾ ਹੈ।

50/7016

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਹਰ ਮਨੁੱਖ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਨੇ ਤ੍ਰੈ ਗੁਣਾਂ ਵਾਲੀ ਸਮਝ ਪਾਈ ਹੋਈ ਹੈ ਭਾਵ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਦੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਜੋ ਗਿਆਨ ਦਾ ਪ੍ਰਕਾਸ਼ ਸਭ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪ ਹੀ ਕਰ ਰਿਹਾ ਹੈ ਜਿਸ ਤਰੀਕੇ ਮਨੁੱਖ ਨੂੰ ਆਪਣੇ ਆਪ ਸਮਝ ਨਹੀਂ ਪੈਂਦੀ ਕਿ ਮੇਰੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਕੌਣ ਹੈ ਭਾਵ ਮੇਰੀ ਸਮਝ ਦਾ ਮਾਲਕ ਕੌਣ ਹੈ। ਮਨੁੱਖੀ ਸਮਝ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਿੱਚ ਰੱਖ ਕੇ ਆਪਣੇ ਆਪ ਨੂੰ ਚੌਥੇ ਪਦ ਵਾਲੀ ਸਮਝ ਦੇ ਰੂਪ ਵਿੱਚ ਰੱਖਿਆ ਹੋਇਆ ਹੈ ਭਾਵ ਬ੍ਰਹਮ ਗਿਆਨ ਵਾਲੀ ਉੱਚੀ ਸਮਝ ਵਿੱਚ ਰੱਖਿਆ ਹੋਇਆ ਹੈ। ਤ੍ਰੈ ਗੁਣਾਂ ਵਾਲੀ ਸਮਝ ਚੌਥੇ ਪਦ ਵਾਲੀ ਸਮਝ ਦੇ ਸਾਹਮਣੇ ਇਸ ਤਰ੍ਹਾਂ ਨੀਵੀਂ ਹੈ ਜਿਵੇਂ ਕਿ **"ਸਸਿ"** ਦੀ ਭਾਵ ਚੰਦਰਮੇ ਦੀ ਰੋਸ਼ਨੀ **"ਸੂਰੁ"** ਦੇ ਅੱਗੇ ਭਾਵ ਸੂਰਜ ਦੀ ਰੋਸ਼ਨੀ ਦੇ ਅੱਗੇ ਨੀਵੀਂ ਹੈ। ਜਦ ਤੱਕ ਅਸੀਂ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹਾਂ ਤਦ ਤੱਕ ਅਸੀਂ **"ਸਸਿ"** ਦੇ ਘਰ ਵਿੱਚ ਹਾਂ ਭਾਵ ਚੰਦਰਮੇ ਵਰਗੀ ਮੱਧਮ ਰੋਸ਼ਨੀ ਦੇ ਵਿੱਚ ਹਾਂ ਭਾਵ ਭਰਮਾਂ ਵਾਲੀ ਸਮਝ ਦੇ ਘਰ ਵਿੱਚ ਹਾਂ ਜੋ ਸਮਝ ਸੂਰਜ ਵਾਲੀ ਸਮਝ ਨਾਲੋਂ ਭਾਵ ਚੌਥੇ ਪਦ ਵਾਲੀ ਸਮਝ ਨਾਲੋਂ ਬਹੁਤ ਨੀਵੀਂ ਹੈ ਭਾਵ ਬਹੁਤ ਮੱਧਮ ਹੈ। ਜਦੋਂ ਪ੍ਰਮਾਤਮਾ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਭਾਵ ਕਿਸੇ ਦੇ ਅੰਦਰ ਦਾ ਭਰਮ ਰੂਪ ਸੰਗਲ ਤੋੜਕੇ ਉਸਨੂੰ ਤਾਰਦਾ ਹੈ ਉਹ ਸੂਰਜ ਰੂਪ ਪ੍ਰਮਾਤਮਾ ਭਾਵ ਬ੍ਰਹਮ ਗਿਆਨ ਰੂਪ ਪ੍ਰਮਾਤਮਾ **"ਸਸਿ"** ਦੇ ਘਰ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਜਿਸ ਪ੍ਰਵੇਸ਼ ਦੁਆਰਾ ਉਹ ਸਸਿ ਵਾਲੀ ਸਮਝ ਨੂੰ ਆਪਣੀ ਸੂਰਜ ਰੂਪ ਸਮਝ ਬਣਾ ਦਿੰਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਨੂੰ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ। **(ਸਸਿ ਘਰਿ ਸੂਰੁ)**

ਜਦੋਂ ਸਸਿ ਦੇ ਘਰ ਵਿੱਚ ਸੂਰੁ ਆ ਜਾਂਦਾ ਹੈ ਉਸਤੋਂ ਬਾਅਦ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਮਨੁੱਖ ਕਿਤਨੇ ਕੂ ਭਰਮਾਂ ਵਾਲੇ ਵਿਚਾਰਾਂ ਨਾਲ ਭਰਿਆ ਹੋਇਆ ਹੈ ਤੇ ਸੰਸਾਰ ਦਾ ਹਰ ਮਨੁੱਖ ਪ੍ਰਮਾਤਮਾ ਨੂੰ ਸਮਝਣ ਬਾਰੇ ਅਨੇਕਾਂ ਹੀ ਅਨੇਕਾਂ ਭਰਮਾਂ ਵਿੱਚ ਹੈ ਭਾਵ ਉਨ੍ਹਾਂ ਦੇ ਵਿਚਾਰ ਇਤਨੇ ਜਿਆਦਾ ਨੀਵੇਂ ਹਨ ਭਾਵ ਘੱਟ ਸਮਝ ਵਾਲੇ ਹਨ ਜਿਵੇਂ ਆਕਾਸ਼ ਦੇ ਵਿੱਚ ਦੀਪਕ ਦਾ ਚਾਨਣ ਸੂਰਜ ਦੇ ਸਾਹਮਣੇ ਬਹੁਤ ਛੋਟਾ ਹੈ। **(ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥)** ਜਦੋਂ ਸਸਿ ਦੇ ਘਰ ਵਿੱਚ ਸੂਰਜ ਪ੍ਰਵੇਸ਼ ਕਰ ਜਾਂਦਾ ਹੈ ਭਾਵ ਜਦੋਂ ਗਿਆਨ ਦਾ ਮਾਲਕ ਪ੍ਰਮਾਤਮਾ ਸਾਡੀ ਸਮਝ ਦੇ ਵਿੱਚ ਪ੍ਰਵੇਸ਼ ਕਰ ਜਾਂਦਾ

50/7017

ਹੈ ਇਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਦੇਖਣਾ ਹੈ ਭਾਵ ਉਸਦੇ ਆਪਣੇ ਅੰਦਰੋਂ ਦਰਸ਼ਨ ਕਰਨੇ ਹਨ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥"

ਉਪਰ ਪੰਗਤੀ ਵਿੱਚ **"ਅਦਿਸਟੁ"** ਨੂੰ ਦੇਖਣ ਦੀ ਗੱਲ ਕੀਤੀ ਹੋਈ ਹੈ। ਜੋ ਚੀਜ ਹੈ ਹੀ ਅਦਿਸਟੁ ਉਸਨੂੰ ਫਿਰ ਤਨ ਦੀਆਂ ਅੱਖਾਂ ਨਾਲ ਵੇਖਿਆ ਹੀ ਕਿਵੇਂ ਜਾ ਸਕਦਾ ਹੈ। ਅਦਿਸਟੁ ਰੂਪ ਕੇਵਲ ਪ੍ਰਮਾਤਮਾ ਦਾ ਹੀ ਹੈ ਜਿਸਨੂੰ ਕਿ ਹਰ ਕੋਈ ਮੰਨਦਾ ਵੀ ਹੈ ਕਿਉਂਕਿ ਗੁਰਬਾਣੀ ਰਾਹੀਂ ਪ੍ਰਮਾਤਮਾ ਨੂੰ ਸ਼ਬਦਾਂ ਰਾਹੀਂ ਅਦਿਸਟੁ ਰੂਪ ਲਿਖਿਆ ਹੋਇਆ ਹੈ। ਪ੍ਰਮਾਤਮਾ ਨੂੰ ਦੇਖਣ ਦੀਆਂ ਗੱਲਾਂ ਤਾਂ ਅਨੇਕਾਂ ਨੇ ਹੀ ਕੀਤੀਆਂ ਹਨ ਕਿ ਅਸੀਂ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਦੇਖਿਆ ਹੈ ਭਾਵ ਆਪਣੀਆਂ ਤਨ ਦੀਆਂ ਅੱਖਾਂ ਨਾਲ ਵੇਖਿਆ ਹੈ। ਕੋਈ ਖੰਡਾਂ ਬ੍ਰਹਮੰਡਾਂ ਵਿੱਚੋਂ ਦੇਖਣ ਦੀਆਂ ਗੱਲਾਂ ਕਰਦਾ ਹੈ, ਕੋਈ ਪਹਾੜਾ ਦੀਆਂ ਚੋਟੀਆਂ ਤੇ ਦੇਖਣ ਦੀ ਗੱਲ ਕਰਦਾ ਹੈ, ਕੋਈ ਆਕਾਸ਼ ਪਾਤਾਲ ਵਿੱਚੋਂ ਦੇਖਣ ਦੀਆਂ ਗੱਲਾਂ ਕਰਦਾ ਹੈ ਭਾਵ ਇਹੋ ਜਿਹੇ ਸਭ ਪ੍ਰਮਾਤਮਾ ਨੂੰ ਕਿਸੇ ਆਕਾਰ ਰੂਪ ਵਿੱਚ ਦੇਖਣ ਦੀਆਂ ਗੱਲਾਂ ਕਰਦੇ ਹਨ। ਜੋ ਹੈ ਹੀ **"ਅਦਿਸਟੁ"** ਫਿਰ ਉਸਨੂੰ ਤਨ ਦੀਆਂ ਅੱਖਾਂ ਨਾਲ ਦੇਖਣ ਦੀ ਗੱਲ ਉਹ ਹੀ ਕਰ ਸਕਦਾ ਹੈ ਜੋ ਵੱਡੇ ਭਰਮ ਵਿੱਚ ਹੈ ਭਾਵ ਜਿਸਦਾ ਪ੍ਰਮਾਤਮਾ ਨੇ ਭਰਮ ਰੂਪ ਸੰਗਲ ਨਹੀਂ ਤੋੜਿਆ, ਜਿਸਨੂੰ ਮਨ ਦੀ ਭਰਮਾਂ ਵਾਲੀ

ਸਮਝ ਤੋਂ ਮੁਕਤ ਨਹੀਂ ਕੀਤਾ। ਪ੍ਰਮਾਤਮਾ ਅਦਿਸਟੁ ਹੈ ਪਰ ਫਿਰ ਵੀ ਦਿਸਦਾ ਹੈ, ਪ੍ਰਮਾਤਮਾ ਦੇ ਅਦਿਸਟੁ ਰੂਪ ਨੂੰ ਸਮਝੇ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਪ੍ਰਮਾਤਮਾ ਬਿਨਾਂ ਤਨ ਦੀਆਂ ਅੱਖਾਂ ਤੋਂ ਵੀ ਦਿਸਦਾ ਹੈ। ਪ੍ਰਮਾਤਮਾ ਦਾ ਅਦਿਸਟੁ ਰੂਪ ਉਸਦਾ ਨਿਰੰਕਾਰ ਰੂਪ ਹੈ, ਨਿਰਗੁਣ ਰੂਪ ਹੈ ਜੋ ਕਿ ਉਸਦਾ ਗਿਆਨ ਰੂਪ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਪੂਰੀ ਬਰੀਕੀ ਨਾਲ ਸਮਝਿਆ ਹੈ, ਪੂਰੀ ਗਹਿਰਾਈ ਰਾਹੀਂ ਸਮਝਿਆ ਹੈ। ਪ੍ਰਮਾਤਮਾ ਦਾ ਸ਼ਬਦ ਰੂਪ, ਉਸਦਾ ਗੁਰੂ ਰੂਪ, ਉਸਦਾ ਨਿਰੰਕਾਰ ਰੂਪ ਹੈ। ਹਰ ਸ਼ਬਦ ਦੀ ਵਿਚਾਰ ਦੁਆਰਾ ਭਾਵ ਸਮਝ ਦੁਆਰਾ ਸਾਨੂੰ ਜੋ ਵੀ ਗਿਆਨ ਮਿਲਦਾ ਹੈ ਉਹ ਗੁਰੂ ਦਾ ਸੱਚਾ ਗਿਆਨ ਹੀ ਹੈ। ਗੁਰੂ ਪ੍ਰਮਾਤਮਾ ਦਾ ਨਿਰੰਕਾਰ ਰੂਪ ਹੈ। ਪੂਰੇ ਸੰਸਾਰ ਲਈ ਇੱਕੋ ਇੱਕ ਗਿਆਨ ਹੀ ਹੈ ਜਿਸਦਾ ਕੋਈ ਆਕਾਰ ਨਹੀਂ ਹੈ ਭਾਵ ਕੇਵਲ ਗਿਆਨ ਹੀ

50/7018

ਨਿਰੰਕਾਰ ਰੂਪ ਹੈ। ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਹੀ ਅਦਿਸਟੁ ਹੈ ਜਿਸ ਅਦਿਸਟੁ ਰੂਪ ਨੂੰ ਤਨ ਦੀਆਂ ਅੱਖਾਂ ਨਾਲ ਤਾਂ ਨਹੀਂ ਦੇਖਿਆ ਜਾ ਸਕਦਾ ਕੇਵਲ ਮਨ ਦੀਆਂ ਅੱਖਾਂ ਨਾਲ ਹੀ ਦੇਖਿਆ ਜਾ ਸਕਦਾ ਹੈ ਭਾਵ ਸਮਝਿਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਆਪਣੇ ਮਨ ਦੀਆਂ ਅੱਖਾਂ ਨਾਲ ਵੇਖ ਸਕਣਾ ਜਾਂ ਨਾ ਵੇਖ ਸਕਣਾ ਭਾਵ ਸਮਝ ਸਕਣਾ ਜਾਂ ਨਾ ਸਮਝ ਸਕਣਾ ਇਸ ਗੱਲ ਤੇ ਨਿਰਭਰ ਹੈ ਕਿ ਸਾਡੇ ਅੰਦਰ ਦੀ ਸਮਝ ਕਿਹੋ ਜਿਹੀ ਹੈ ਭਾਵ ਸਾਡੇ ਅੰਦਰ ਗਿਆਨ ਕਿਹੋ ਜਿਹਾ ਹੈ। ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ, ਮਾਇਆ ਮੋਹ ਵਾਲੀ ਸਮਝ, ਪੁੱਠੇ ਕਮਲ ਵਾਲੀ ਸਮਝ ਵੀ ਸਾਡੇ ਅੰਦਰ ਦਾ ਗਿਆਨ ਹੀ ਹੈ ਪਰ ਇਹ ਗਿਆਨ ਭਰਮ ਵਾਲੇ ਵਿਚਾਰਾਂ ਦਾ ਭਰਿਆ ਹੋਇਆ ਹੈ ਤੇ ਇਹ ਭਰਮ ਵਾਲੇ ਵਿਚਾਰਾਂ ਵਾਲਾ ਗਿਆਨ ਹੀ ਸਾਡਾ ਮਨ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਸਾਡਾ ਪ੍ਰਮਾਤਮਾ ਨਾਲੋਂ ਪੜਦਾ ਹੈ। ਜਦ ਤੱਕ ਮਨ ਦੇ ਵਿੱਚੋਂ ਇਹ ਭਰਮਾਂ ਵਾਲੇ ਵਿਚਾਰਾਂ ਦਾ ਪੜਦਾ ਪ੍ਰਮਾਤਮਾ ਕਿਸੇ ਦਾ ਦੂਰ ਨਹੀਂ ਕਰਦਾ ਭਾਵ ਜਦ ਤੱਕ ਕਿਸੇ ਦੇ ਅੰਦਰ ਦਾ ਭਰਮ ਰੂਪ ਸੰਗਲ ਨਹੀਂ ਤੋੜਦਾ ਤਦ ਤੱਕ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਦੇ ਅਦਿਸਟੁ ਰੂਪ ਨੂੰ ਭਾਵ ਉਸਦੇ ਨਿਰੰਕਾਰ ਰੂਪ ਨੂੰ ਭਾਵ ਉਸਦੇ ਗਿਆਨ ਰੂਪ ਨੂੰ ਆਪਣੇ ਅੰਦਰੋਂ ਨਹੀਂ ਦੇਖ ਸਕਦਾ ਭਾਵ ਨਹੀਂ ਜਾਣ ਸਕਦਾ। ਪ੍ਰਮਾਤਮਾ ਦੇ ਅਦਿਸਟੁ ਰੂਪ ਨੂੰ ਕੇਵਲ ਤੇ ਕੇਵਲ ਆਪਣੇ ਅੰਦਰੋਂ ਉਸਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਹੀ ਦੇਖਿਆ ਜਾ ਸਕਦਾ ਹੈ। ਸਾਡੇ ਅੰਦਰੋਂ ਤ੍ਰੈ ਗੁਣਾਂ ਵਾਲੀ ਸਮਝ ਦਾ ਪੜਦਾ ਕੇਵਲ ਤੇ ਕੇਵਲ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੀ ਖੋਲ ਸਕਦੀ ਹੈ, ਨਾਮ ਵਾਲੀ ਸਮਝ ਹੀ ਖੋਲ ਸਕਦੀ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਹੀ ਖੋਲ ਸਕਦੀ ਹੈ। ਸਾਨੂੰ ਜੋ ਗੁਰਮਤਿ ਦੀ ਮਨ ਦੇ ਵਿੱਚ ਜੋ ਸੱਚੀ ਸਮਝ ਪੈਂਦੀ ਹੈ ਉਹ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਪੈਂਦੀ ਹੈ ਭਾਵ ਚੌਥੇ ਪਦ ਦੇ ਵਿੱਚ ਪਹੁੰਚਕੇ ਹੀ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਉਹ **"ਅਦਿਸਟੁ"** ਰੂਪ ਪ੍ਰਮਾਤਮਾ, ਨਿਰੰਕਾਰ ਰੂਪ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਮੇਲ ਦੁਆਰਾ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਪ੍ਰਮਾਤਮਾ ਮਨ ਦੇ ਵਿੱਚੋਂ ਗੁਰਮਤਿ ਵਾਲੀ ਸੱਚੀ ਸਮਝ ਦੀਆਂ ਅੱਖਾਂ

50/7019

ਦੁਆਰਾ ਹੀ ਦਿਸਦਾ ਹੈ ਭਾਵ ਗੁਰਮਤਿ ਦੇ ਸੱਚੇ ਗਿਆਨ ਵਾਲੀਆਂ ਅੱਖਾਂ ਦੁਆਰਾ ਹੀ ਦਿਸਦਾ ਹੈ ਜੋ ਪ੍ਰਮਾਤਮਾ ਦਾ ਅਦਿਸਟੁ ਰੂਪ ਭਾਵ ਉਸਦਾ ਨਿਰੰਕਾਰ ਰੂਪ ਅੱਠੇ ਪਹਿਰ, ਹਰ ਵੇਲੇ ਦਿਸਦਾ ਹੀ ਰਹਿੰਦਾ ਹੈ ਭਾਵ ਉਸਦੇ ਨਾਲ ਫਿਰ ਹਰ ਵੇਲੇ ਮਨ ਦੀ ਸਮਝ ਰਾਹੀਂ ਲਿਵ ਲੱਗੀ ਹੀ ਰਹਿੰਦੀ ਹੈ ਭਾਵ ਹਰ ਵੇਲੇ ਮਨੁੱਖੀ ਸਮਝ ਮਨ ਦੇ ਵਿੱਚ ਚੌਥੇ ਪਦ ਦੀ ਸਮਝ ਦੇ ਨਾਲ ਜੁੜੀ ਰਹਿੰਦੀ ਹੈ। ਜਦੋਂ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਦੇ ਅਦਿਸਟ ਰੂਪ ਨੂੰ ਦੇਖ ਲੈਂਦਾ ਹੈ ਤਾਂ ਫਿਰ ਸਭ ਪਾਸੇ ਤੇ ਸਭ ਵਿੱਚ ਪ੍ਰਮਾਤਮਾ ਹੀ ਨਜਰ ਆਉਂਦਾ ਹੈ ਭਾਵ ਉਸਦਾ ਅਦਿਸਟ ਰੂਪ, ਨਿਰੰਕਾਰ ਰੂਪ ਭਾਵ ਨਾਮ ਰੂਪ ਭਾਵ ਬ੍ਰਹਮ ਗਿਆਨ ਰੂਪ ਹੀ ਨਜਰ ਆਉਂਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਕਰਨ ਦਾ ਤਰੀਕਾ ਕੀ ਹੈ ਇਸ ਗੱਲ ਦੀ ਸਮਝ ਮਨ ਦੀ ਇਸ ਅਵਸਥਾ ਵਿੱਚ ਪਹੁੰਚਕੇ ਹੀ ਪੈਂਦੀ ਹੈ ਜੋ ਉਸਦੀ ਭਗਤੀ ਦਾ ਤਰੀਕਾ, ਉਸਨੂੰ ਪਾਉਣ ਦਾ ਤਰੀਕਾ ਅਸੀਂ ਬਾਰ-ਬਾਰ ਪੂਰੀ ਗੁਰਬਾਣੀ ਰਾਹੀਂ ਸਮਝਦੇ ਆ ਰਹੇ ਹਾਂ ਤੇ ਉਹੀ ਭਗਤੀ ਦਾ ਤਰੀਕਾ ਅਸੀਂ ਇਸ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ। ਸਾਰੀ ਗੱਲ ਮਨ ਦੇ ਭਰਮਾਂ ਵਿੱਚੋਂ ਨਿਕਲਕੇ ਤੇ ਗੁਰਮਤਿ ਅਨੁਸਾਰ ਵਿਚਰਨ ਦੀ ਹੈ ਜਿਸ ਤਰੀਕੇ ਪ੍ਰਮਾਤਮਾ ਨੂੰ ਪਾਉਣ ਦਾ, ਉਸਦੇ ਅਦਿਸਟੁ ਰੂਪ ਨੂੰ ਦੇਖਣ ਦਾ ਕੋਈ ਸੱਚਾ ਉਪਰਾਲਾ ਕਰ ਸਕਦਾ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। **(ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥ ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥ ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥ ਆਨੰਦ ਰੂਪੁ**

ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥ ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ॥ ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥)

ਪ੍ਰਮਾਤਮਾ ਸਭ ਜਗ੍ਹਾ ਆਪਣੇ ਅਦਿਸਟੁ ਰੂਪ ਵਿੱਚ ਹੀ ਵਿੱਚਰ ਰਿਹਾ ਹੈ, ਨਿਰੰਕਾਰ ਰੂਪ ਵਿੱਚ ਹੀ ਵਿੱਚਰ ਰਿਹਾ ਹੈ ਤੇ ਉਸਨੂੰ ਕੇਵਲ ਆਪਣੇ ਮਨ ਦੇ ਅੰਦਰੋਂ ਗੁਰਮਤਿ ਦੀਆਂ ਅੱਖਾਂ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਮਿਲਣ ਦੁਆਰਾ, ਪੈਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਹੈ ਤੇ ਇਸੇ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਟਿਕਾਉਣ ਦੀ ਲੋੜ ਹੈ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲਣ ਦੀ ਲੋੜ ਹੈ ਜਿਨ੍ਹਾਂ ਨੇ ਸਾਨੂੰ ਸ੍ਰਿਸ਼ਟੀ ਦੇ ਕਰਤੇ ਨੂੰ ਵੱਖਰੇ ਵੱਖਰੇ ਆਕਾਰ ਰੂਪਾਂ ਨਾਲ ਜੋੜ ਕੇ ਭਰਮਾਂ ਵਿੱਚ ਪਾਇਆ ਹੈ।

50/7020

{ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥
ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥
ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ ੧੦੪੧)

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

ਜਦ ਦੀ ਇਸ ਸੰਸਾਰ ਦੀ ਰਚਨਾ ਹੋਈ ਹੈ ਮਨ ਦੇ ਭਰਮ ਵਿੱਚ ਰਹਿੰਦਿਆਂ ਨਾ ਅੱਜ ਤੱਕ ਕਿਸੇ ਨੇ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਹੈ ਤੇ ਨਾ ਹੀ ਮਨ ਦੇ ਭਰਮ ਵਿੱਚ ਰਹਿੰਦਿਆਂ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦਿਆਂ ਕਦੇ ਕੋਈ ਉਸਨੂੰ ਜਾਣ ਸਕੇਗਾ ਕਿਉਂਕਿ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਤਰੀਕਾ ਕੇਵਲ ਤੇ ਕੇਵਲ ਉਹੀ ਹੈ ਜੋ ਅਕਾਲ ਪੁਰਖ ਦਾ ਗੁਰੂ ਰੂਪ ਭਾਵ ਗੁਰਬਾਣੀ ਜੋ ਸਾਰੇ ਸੰਸਾਰ ਨੂੰ ਪ੍ਰਮਾਤਮਾ ਨੂੰ ਪਾਉਂਣ ਦਾ ਇੱਕੋ ਜਿਹਾ ਤਰੀਕਾ ਹੀ ਸਮਝਾ ਰਹੀ ਹੈ। ਜਿਸਨੇ ਵੀ ਅੱਜ ਤੱਕ ਪ੍ਰਮਾਤਮਾ ਦੇ ਸੱਚ ਰੂਪ ਨੂੰ ਜਾਣਿਆ ਹੈ ਉਸਨੇ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਹੀ ਜਾਣਿਆ ਹੈ। ਜਿਸਨੂੰ ਇਸ ਮਨ ਦੀ ਸਮਝ ਨਹੀਂ ਲੱਗੀ ਭਾਵ ਮਨ ਦੀ ਸਮਝ ਕਿੱਥੋਂ ਆਉਂਦੀ ਹੈ ਇਸ ਗੱਲ ਦੀ ਸਮਝ ਨਹੀਂ ਲੱਗੀ ਭਾਵ ਆਪਣੇ ਅੰਦਰ ਦੀ **"ਜੋਤਿ"** ਦੀ ਸਮਝ ਨਹੀਂ ਲੱਗੀ ਤੇ ਜੇਕਰ ਫਿਰ ਵੀ ਉਹ ਪ੍ਰਮਾਤਮਾ ਨੂੰ ਜਾਨਣ ਦੀ ਗੱਲ ਕਰੇ ਫਿਰ ਇਹ ਕੇਵਲ ਉਸ ਮਨੁੱਖ ਦਾ ਭਰਮ ਹੈ ਜਿਸ ਭਰਮ ਵਿੱਚ ਸਭ ਨੂੰ ਪ੍ਰਮਾਤਮਾ ਨੇ ਆਪ ਹੀ ਰੱਖਿਆ ਹੋਇਆ ਹੈ। ਮਨ ਦੇ ਭਰਮ ਨੂੰ ਨਾ ਸਮਝ ਸਕਣਾ ਵੀ ਕਿ ਇਹ ਭਰਮ ਕੀ ਹੈ ਇਹੀ ਮਨੁੱਖ ਦਾ ਸਭ ਤੋਂ ਵੱਡਾ ਭਰਮ ਹੈ। ਮਨ ਦੇ ਭਰਮ ਨੂੰ ਸਮਝੇ ਬਿਨਾਂ ਕੋਈ ਸੱਚ ਰੂਪ ਨੂੰ ਸਮਝ ਸਕੇ ਭਾਵ ਇਸ ਸ੍ਰਿਸ਼ਟੀ ਦੇ ਕਰਤੇ ਦੇ **"ਸਚੁ ਰੂਪ"** ਨੂੰ ਸਮਝ ਸਕੇ ਇਹ ਨਾ ਹੀ ਕਦੇ ਅੱਜ ਤੱਕ ਹੋਇਆ ਹੈ ਤੇ ਨਾ ਹੀ ਕਦੇ ਹੋ ਸਕਦਾ ਹੈ ਕਿਉਂਕਿ ਇਹ ਗੁਰੂ ਗੁਰਬਾਣੀ

ਦਾ ਆਪਣਾ ਫੁਰਮਾਨ ਹੈ ਤੇ ਗੁਰੂ ਗੁਰਬਾਣੀ ਦਾ ਆਪਣਾ ਫੁਰਮਾਨ ਕਦੇ ਸੱਚ ਤੋਂ ਬਾਹਰ ਨਹੀਂ ਹੋ ਸਕਦਾ ਕਿਉਂਕਿ ਗੁਰੂ ਗੁਰਬਾਣੀ ਸੱਚ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ।

50/7021

ਆਪਣੇ ਹਰ ਸ਼ਬਦ ਰਾਹੀਂ ਗੁਰੂ ਰੂਪ ਪ੍ਰਮਾਤਮਾ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਹੀ ਸਮਝਾਇਆ ਹੋਇਆ ਹੈ ਤੇ ਸੱਚ ਦਾ ਮਕਸਦ ਕੇਵਲ ਤੇ ਕੇਵਲ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਭਗਤੀ ਦੇ ਸੱਚੇ ਮਾਰਗ ਨਾਲ ਜੁੜ ਸਕੀਏ ਜੋ ਸੱਚਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਸੱਚੇ ਮਾਰਗ ਤੇ ਚੱਲ ਕੇ ਸੰਸਾਰ ਦਾ ਕੋਈ ਵੀ ਮਨੁੱਖ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ। ਇਸ ਗੱਲ ਨੂੰ ਅਸੀਂ ਹੁਣ ਤੱਕ ਲੇਖ ਵਿੱਚ ਲਿਖੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕੀਤਾ ਜਾ ਸਕਦਾ ਹੈ ਜੋ ਸੱਚਾ ਉਪਰਾਲਾ ਕੀਤੇ ਬਿਨਾਂ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਭਾਵ ਉਸਦੇ ਅਦਿਸਟ ਰੂਪ ਸੱਚ ਨੂੰ ਕੋਈ ਆਪਣੇ ਅੰਦਰੋਂ ਜਾਣ ਸਕੇ ਇਹ ਫਿਰ ਕੇਵਲ ਇੱਕ ਮਨੁੱਖ ਦੀ ਝੂਠੀ ਉਮੀਦ ਹੈ ਜਿਸ ਝੂਠੀ ਉਮੀਦ ਵਿੱਚ ਰਹਿ ਕੇ ਅਨੇਕਾਂ ਹੀ ਅਨੇਕਾਂ ਇਸ ਸੰਸਾਰ ਵਿੱਚ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਕੇ ਚੱਲੇ ਗਏ ਹਨ ਪਰ ਉਨ੍ਹਾਂ ਨੇ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਰੱਤੀ ਭਰ ਵੀ ਨਹੀਂ ਜਾਣਿਆ ਭਾਵ ਭਰਮ ਵਿੱਚ ਹੀ ਸੰਸਾਰ ਤੋਂ ਗਏ ਹਨ ਤੇ ਆਪਣੇ ਪਿੱਛੇ ਲੱਗਣ ਵਾਲੇ ਅਨੇਕਾਂ ਨੂੰ ਭਰਮਾਂ ਵਿੱਚ ਹੀ ਪਾ ਕੇ ਗਏ ਹਨ ਤੇ ਅੱਜ ਵੀ ਸੰਸਾਰ ਵਿੱਚ ਜਗ੍ਹਾ ਜਗ੍ਹਾ ਇਹੋ ਜਿਹੇ ਅਨੇਕਾਂ ਹੀ ਹਨ ਜੋ ਪ੍ਰਮਾਤਮਾ ਨੂੰ ਪਾਉਣ ਦੇ ਭਾਵ ਉਸਦੀ ਸੱਚੀ ਭਗਤੀ ਨੂੰ ਸਮਝਣ ਵਿੱਚ ਵੱਡੇ ਭਰਮਾਂ ਵਿੱਚ ਹੀ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾ ਰਹੇ ਹਨ। ਸਿੱਖ ਜਗਤ ਵਿੱਚ ਇਹੋ ਜਿਹਿਆਂ ਦੀ ਕਮੀ ਨਹੀਂ ਹੈ ਜੋ ਗੁਰੂ ਦੇ ਸ਼ਬਦਾਂ ਦੀ ਗਲਤ ਵਿਆਖਿਆ ਕਰਨ ਦੁਆਰਾ ਆਪ ਤਾਂ ਮਾਣ ਲੈ ਰਹੇ ਹਨ ਪਰ ਦੂਸਰਿਆਂ ਨੂੰ ਕਿਤਨੇ ਵੱਡੇ ਭਰਮਾਂ ਵਿੱਚ ਪਾ ਰਹੇ ਹਨ ਇਸ ਗੱਲ ਦੀ ਉਨ੍ਹਾਂ ਨੂੰ ਸਮਝ ਹੀ ਨਹੀਂ ਹੈ। ਉਹ ਆਪਣੇ ਵੱਲੋਂ ਤਾਂ ਸਭ ਨੂੰ ਸੱਚ ਹੀ ਸਮਝਾਉਂਦੇ ਹਨ ਭਾਵ ਉਹ ਇਹ ਸਮਝਦੇ ਹਨ ਕਿ ਉਨ੍ਹਾਂ ਨੂੰ ਸੱਚ ਦੀ ਸਮਝ ਹੈ। ਸੱਚ ਰੂਪ ਹੀ ਪ੍ਰਮਾਤਮਾ ਆਪ ਹੈ ਜੋ ਪੂਰੀ ਗੁਰਬਾਣੀ ਦੇ ਵਿਚ ਸ਼ਬਦਾਂ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜੇਕਰ ਕੋਈ ਸ਼ਬਦਾਂ ਦੀ ਵਿਆਖਿਆ ਕਰਨ ਵਾਲਾ ਇਹ ਕਹੇ ਕਿ ਉਸਨੂੰ ਹਰ ਸ਼ਬਦ ਦੇ ਅੰਦਰ ਦੇ

50/7022

ਗੁਰੂ ਦੇ ਸਮਝਾਏ ਹੋਏ ਸੱਚ ਦੀ ਸਮਝ ਹੈ ਫਿਰ ਉਸਨੂੰ ਸੱਚ ਰੂਪ ਪ੍ਰਮਾਤਮਾ ਦੀ ਸਮਝ ਹੋਣੀ ਵੀ ਜਰੂਰੀ ਹੈ ਕਿ ਪ੍ਰਮਾਤਮਾ ਦਾ ਸੱਚ ਰੂਪ ਕੀ ਹੈ ਤੇ ਜੇਕਰ ਉਹ ਪ੍ਰਮਾਤਮਾ ਨੂੰ ਨਹੀਂ ਜਾਣਦਾ ਫਿਰ ਉਹ ਸ਼ਬਦਾਂ ਦੇ ਅੰਦਰ ਸੱਚ ਰੂਪ ਨੂੰ ਵੀ ਨਹੀਂ ਜਾਣਦਾ ਜਿਸ ਸੱਚ ਰੂਪ ਵਿੱਚ ਉਹ ਆਪ ਹੈ ਭਾਵ ਜੋ ਪ੍ਰਮਾਤਮਾ ਨੂੰ ਜਾਣਦਾ ਹੈ ਉਸਨੂੰ ਫਿਰ ਇਹ ਸਮਝ ਵੀ ਹੁੰਦੀ ਹੈ ਕਿ ਪ੍ਰਮਾਤਮਾ ਦਾ ਸੱਚ ਰੂਪ ਕੀ ਹੈ ਜੋ ਉਸਦਾ ਸੱਚ ਰੂਪ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਰੂਪ ਵਿੱਚ ਹੈ ਭਾਵ ਨਾਮ ਰੂਪ ਵਿੱਚ ਹੈ। ਜਿਸਨੂੰ ਨਾਮ ਦੀ ਸਮਝ ਹੀ ਨਹੀਂ ਉਹ ਕੀ ਜਾਣੇ ਕਿ ਸੱਚ ਕੀ ਹੈ, ਇਹ ਸ੍ਰਿਸ਼ਟੀ ਦਾ ਕਰਤਾ ਕੀ ਹੈ। ਸੱਚ ਦੀ ਸਮਝ ਨਾ ਹੋਣ ਕਰਕੇ ਬਰਮਾ, ਬਿਸ਼ਨ, ਮਹੇਸ਼ ਆਦਿ ਨੇ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਕਰਤਾ ਅਖਵਾਇਆ ਹੈ ਜਿਸ ਕਰਕੇ ਉਨ੍ਹਾਂ ਨੂੰ ਗੁਰੂ ਗੁਰਬਾਣੀ ਨੇ ਭਾਵ ਆਪ ਪ੍ਰਮਾਤਮਾ ਨੇ ਉਨ੍ਹਾਂ ਨੂੰ ਭਰਮ ਵਾਲੀ ਸਮਝ ਵਿੱਚ ਦੱਸਿਆ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਦੱਸਿਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਹ ਸਭ ਮਨ ਦਾ ਭਰਮ ਹੀ ਹੈ ਜੋ ਸਾਨੂੰ ਆਪਣੇ ਅੰਦਰੋਂ ਸੱਚ ਦੀ ਸਮਝ ਹੀ ਨਹੀਂ ਪੈਣ ਦਿੰਦਾ ਕਿ ਉਹ ਸੱਚ ਰੂਪ ਪ੍ਰਮਾਤਮਾ ਕੀ ਹੈ ਤੇ ਧਰਮ ਗ੍ਰੰਥਾਂ ਦੇ ਅੰਦਰ ਦਾ ਸੱਚ ਕੀ ਹੈ ਜਿਸ ਸੱਚ ਤੇ ਚੱਲ ਕੇ ਭਾਵ ਸੱਚ ਨੂੰ ਜਪ ਕੇ ਭਾਵ ਸੱਚ ਨੂੰ ਮੰਨ ਕੇ ਭਾਵ ਸੱਚ ਤੇ ਅਮਲ ਕਰਕੇ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਸੱਚਾ ਉੱਦਮ ਕੀਤਾ ਜਾ ਸਕਦਾ ਹੈ। ਵੱਡੇ ਵੱਡੇ ਅਖਵਾਉਣ ਵਾਲੇ ਸਿਧ ਸਾਧਿਕ ਆਦਿ ਭਾਵ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਡੇ ਵੱਡੇ ਧਰਮ ਦੇ ਗਿਆਤਾ ਅਖਵਾਉਣ ਵਾਲੇ ਇਸ ਸੰਸਾਰ ਤੋਂ ਸਰੀਰ ਛੱਡਕੇ ਬਿਨਸ ਗਏ ਹਨ ਪਰ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ, ਉਸ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ, ਉਸ ਸ੍ਰਿਸ਼ਟੀ ਦੇ ਰਚਨਹਾਰ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ, ਪੂਰੀ ਸਾਇੰਸ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ, ਨਾਮ ਦੇ ਮਾਲਕ, ਬ੍ਰਹਮ ਗਿਆਨ ਦੇ ਮਾਲਕ, ਹਰ ਸੱਚਾ ਧਰਮ ਗ੍ਰੰਥ ਰਚਣ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਵੱਡਾ ਅਖਵਾ ਲਵੇ, ਸੰਤ, ਬ੍ਰਹਮ ਗਿਆਨੀ ਆਦਿ ਅਖਵਾ ਲਵੇ ਇਹ ਕੇਵਲ ਤੇ ਕੇਵਲ ਉਸਦੇ ਅੰਦਰ ਦਾ ਭਰਮ ਹੈ ਜਿਸ ਵਿੱਚ ਰੱਤੀ ਭਰ ਵੀ ਸੱਚ ਨਹੀਂ ਭਾਵ ਉਸਦੇ ਅੰਦਰ ਬਿਲਕੁੱਲ ਵੀ ਗੁਰਮਤਿ ਦੀ ਸੱਚੀ ਸਮਝ

51/7023

ਨਹੀਂ ਹੈ। ਜਿੱਥੇ ਗੁਰਮਤਿ ਦੀ ਸੱਚੀ ਸਮਝ ਨਹੀਂ ਉੱਥੇ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਕੇਵਲ ਭਰਮ ਹੈ ਜਿਸ ਮਨ ਦੇ ਭਰਮ ਵਿੱਚੋਂ ਨਿਕਲੇ ਬਿਨਾਂ ਕੋਈ ਉਸ ਸੱਚ ਦੇ ਮਾਲਕ ਨੂੰ ਜਾਨਣ ਦਾ ਸੱਚਾ ਉੱਦਮ ਕਰ ਸਕੇ ਇਹ ਹੋ ਹੀ ਨਹੀਂ ਸਕਦਾ। ਸਾਰੀ ਗੱਲ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੀ ਹੈ ਭਾਵ ਮਨਮਤਿ ਵਿੱਚੋਂ ਨਿਕਲਣ ਦੀ ਹੈ ਭਾਵ ਗੁਰਮਤਿ ਨੂੰ ਮੰਨਣ ਦੀ ਹੀ ਹੈ ਕਿਉਂਕਿ ਗੁਰਮਤਿ ਹੀ ਸਾਨੂੰ ਸੱਚ ਸਮਝਾਉਂਦੀ ਹੈ ਤੇ ਜਿਸਦੀ ਵੀ ਸਮਝ ਗੁਰਮਤਿ ਦੇ ਨਾਲ ਭਾਵ ਸੱਚੀ ਗੁਰਮਤਿ ਦੀ ਸਮਝ ਦੇ ਨਾਲ ਮੇਲ ਨਹੀਂ ਖਾਂਦੀ ਉਸਦੀ ਸਮਝ ਭਰਮਾਂ ਵਾਲੀ ਸਮਝ ਹੈ। ਗੁਰਮਤਿ ਨੂੰ ਸਮਝਣਾ ਬਹੁਤ ਹੀ ਔਖਾ ਹੈ ਕਿਉਂਕਿ ਗੁਰਮਤਿ ਦਾ ਗਿਆਨ ਚੌਥੇ ਪਦ ਦਾ ਗਿਆਨ ਹੈ ਤੇ ਮਨੁੱਖੀ ਸਮਝ ਨੂੰ ਅਕਾਲ ਪੁਰਖ ਨੇ ਆਪ ਹੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਭਾਵੇਂ ਪੂਰੀ ਗੁਰਬਾਣੀ ਚੌਥੇ ਪਦ ਵਿੱਚ ਹੈ ਪਰ ਗੁਰਬਾਣੀ ਰਾਹੀਂ ਅਕਾਲ ਪੁਰਖ ਨੇ ਅਨੇਕਾਂ ਹੀ ਸ਼ਬਦ ਇਸ ਤਰੀਕੇ ਲਿਖਵਾਏ ਹੋਏ ਹਨ ਜਿਨ੍ਹਾਂ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਵੀ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਬਾਣੀ ਰਾਹੀਂ ਸਾਡੇ ਔਗੁਣ ਗਿਣਵਾਏ ਹੋਏ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਲਈ ਸਮਝਾਇਆ ਹੋਇਆ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਔਗੁਣਾਂ ਨੂੰ ਛੱਡਣਾ ਹੀ ਗੁਰੂ ਦਾ ਨਾਮ ਜਪਣਾ ਸਮਝਾਇਆ ਹੋਇਆ ਹੈ ਜਿਸਨੂੰ ਕਿ ਅਸੀਂ ਅਨੇਕਾਂ ਸ਼ਬਦਾਂ ਰਾਹੀਂ ਬੜੀ ਵਾਰੀ ਸਮਝਿਆ ਹੈ ਤੇ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਦੁਆਰਾ ਅਸੀਂ ਗੁਰੂ ਦੀ ਗੱਲ ਨੂੰ ਮੰਨ ਕੇ ਮਨ ਦੇ ਭਰਮ ਵਿੱਚੋਂ ਨਿਕਲ ਸਕਦੇ ਹਾਂ ਤੇ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਸਮਝ ਕੇ ਵੀ ਉਸਨੂੰ ਨਹੀਂ ਮੰਨਦੇ ਇਸਦਾ ਮਤਲਬ ਇਹ ਹੋਇਆ ਕਿ ਅਸੀਂ ਭਰਮ ਵਿੱਚੋਂ ਨਿਕਲਣਾ ਹੀ ਨਹੀਂ ਚਾਹੁੰਦੇ ਕਿਉਂਕਿ ਜੋ ਕੁਝ ਗੁਰੂ ਸਾਨੂੰ ਛੱਡਣ ਲਈ, ਤਿਆਗਣ ਲਈ ਸਮਝਾਉਂਦਾ ਹੈ ਉਸਨੂੰ ਮੰਨਣ ਲਈ ਸਾਨੂੰ ਆਪਣੇ ਦੁਨਿਆਵੀ ਸੁੱਖ ਤਿਆਗਣੇ ਪੈਂਦੇ ਹਨ, ਤ੍ਰਿਸ਼ਨਾਵਾਂ ਤਿਆਗਣੀਆਂ ਪੈਂਦੀ ਹਨ, ਮਾਇਆ ਮੋਹ ਛੱਡਣਾ ਪੈਂਦਾ ਹੈ ਜਿਸਨੂੰ ਛੱਡਣਾ ਸਭ ਨੂੰ ਔਖਾ ਲੱਗਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣਾ ਸਭ ਨੂੰ ਔਖਾ ਲੱਗਦਾ ਹੈ ਭਾਵ ਗੁਰੂ ਦਾ ਨਾਮ ਜਪਣਾ ਸਭ ਨੂੰ ਔਖਾ ਲੱਗਦਾ ਹੈ ਭਾਵੇਂ ਉਹ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਹੈ, ਸ੍ਰਿਸ਼ਟੀ ਦੇ ਸੁੱਖਾਂ ਨੂੰ ਤਿਆਗਣਾ ਸਭ ਲਈ ਇੱਕੋ ਜਿਹਾ ਹੀ ਔਖਾ ਹੈ ਭਾਵ ਗੁਰੂ ਪ੍ਰਮਾਤਮਾ ਦਾ ਨਾਮ ਜਪਣਾ, ਸੱਚੇ ਧਰਮ ਗ੍ਰੰਥਾਂ ਦੀ ਗੱਲ ਤੇ ਅਮਲ ਕਰਨਾ ਸਭ ਲਈ ਇੱਕੋ ਜਿਹਾ ਹੀ ਔਖਾ ਹੈ ਕਿਉਂਕਿ ਸਭ ਨੂੰ ਸੰਸਾਰਿਕ ਸੁੱਖ ਹੀ ਭਾਉਂਦੇ ਹਨ। ਕਿਉਂਕਿ ਗੁਰੂ ਦੇ ਸਮਝਾਏ

51/7024

ਹੋਏ ਸੱਚ ਨੂੰ ਅਪਨਾਉਣਾ ਭਾਵ ਗੁਰੂ ਦੀ ਸੱਚੀ ਮਤਿ ਤੇ ਅਮਲ ਕਰਨਾ ਸਭ ਲਈ ਔਖਾ ਹੈ ਇਸੇ ਲਈ ਸੱਚ ਰੂਪ ਪ੍ਰਮਾਤਮਾ ਨੂੰ ਪਾਉਣਾ ਭਾਵ ਉਸਦੇ ਨਾਲ ਮੇਲ ਕਰਨਾ ਸਾਰੇ ਸੰਸਾਰ ਲਈ ਇੱਕੋ ਜਿਹਾ ਔਖਾ ਹੀ ਹੈ। ਬਹੁਤ ਔਖਾ ਹੈ ਮਨ ਦੀ ਨਾਸਮਝੀ ਵਿੱਚ ਭਾਵ ਬਹੁਤ ਔਖਾ ਹੈ ਗੁਰੂ ਦੀ ਸਮਝ ਨੂੰ ਅਪਨਾਉਣਾ ਭਾਵ ਅਸੀਂ ਜੋ ਵੀ ਕਰਮ ਗੁਰਮਤਿ ਵਾਲੀ ਸਮਝ ਦੇ ਉਲਟ ਕਰਦੇ ਹਾਂ ਉਸਦਾ ਕਾਰਨ ਸਾਡੀ ਭਰਮਾਂ ਵਾਲੀ ਸਮਝ ਹੀ ਹੈ ਜਿਸ ਭਰਮਾਂ ਵਾਲੀ ਸਮਝ ਨੂੰ ਛੱਡੇ ਬਿਨਾਂ ਗੁਰੂ ਦੇ ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲ ਸਕੀਏ ਇਹ ਨਹੀਂ ਹੋ ਸਕਦਾ। ਸੰਸਾਰ ਦੇ ਹਰ ਮਨੁੱਖ ਦਾ ਸਭ ਤੋਂ ਵੱਡਾ ਭਰਮ ਇਹ ਹੈ ਕਿ ਇਹ ਸਰੀਰ ਮੇਰਾ ਹੈ, ਇਹ ਮੇਰੇ ਅੰਦਰ ਦੀ ਸਮਝ ਮੇਰੀ ਹੈ ਭਾਵ ਮੈਂ ਕੁਝ ਹੋਰ ਹਾਂ, ਪ੍ਰਮਾਤਮਾ ਕੁਝ ਹੋਰ ਹੈ ਜਦ ਕਿ ਸੰਸਾਰ ਦਾ ਸਭ ਤੋਂ ਵੱਡਾ ਸੱਚ ਇਹ ਹੈ ਕਿ ਸਭ ਕੁਝ ਆਪ ਪ੍ਰਮਾਤਮਾ ਹੀ ਹੈ, ਹਰ ਆਕਾਰ ਰੂਪ ਦਾ ਮਾਲਕ ਤੇ ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਮਨ ਦੇ ਇਸ ਵੱਡੇ ਭਰਮ ਵਿੱਚੋਂ ਉਹ ਸੱਚ ਰੂਪ ਅਕਾਲ ਪੁਰਖ ਕਿਸੇ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਕੱਢਦਾ ਹੈ ਤੇ ਤਾਂ ਹੀ ਕੋਈ ਪ੍ਰਮਾਤਮਾ ਦੇ ਸੱਚ ਰੂਪ ਨੂੰ ਜਾਣ ਸਕਦਾ ਹੈ। ਮਨੁੱਖੀ ਸਮਝ ਅਨੇਕਾਂ ਹੀ ਛੋਟੇ ਛੋਟੇ ਭਰਮਾਂ ਦੀ ਭਰੀ ਹੋਈ ਹੈ ਤੇ ਬਾਣੀ ਰਾਹੀਂ ਸਾਡੇ ਇਹ ਸਾਰੇ ਭਰਮ ਕੱਢੇ ਹੋਏ ਹਨ ਤੇ ਜਿਉਂ ਜਿਉਂ ਅਸੀਂ ਪਹਿਲੇ ਛੋਟੇ ਛੋਟੇ ਭਰਮਾਂ ਵਿੱਚੋਂ ਆਪਣੇ ਆਪ ਨੂੰ ਕੱਢਦੇ ਜਾਵਾਂਗੇ ਤਾਂ ਹੀ ਫਿਰ ਉਹ ਸੱਚ ਦਾ ਮਾਲਕ ਉਸ ਵੱਡੇ ਭਰਮ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਮਨੁੱਖ ਨੂੰ ਉਹ ਪੂਰਨ ਸੱਚ ਦੀ ਸਮਝ ਪਾਉਂਦਾ ਹੈ ਤੇ ਮਨੁੱਖ ਨੂੰ ਫਿਰ ਉਹ ਇਸ ਵੱਡੇ ਭਰਮ ਵਿੱਚੋਂ ਕੱਢ ਲੈਂਦਾ ਹੈ ਕਿ ਇਹ ਸਰੀਰ ਕਿਸਦਾ ਹੈ, ਸਾਡੇ ਅੰਦਰ ਦੀ ਸਮਝ ਕਿਸਦੀ ਹੈ ਭਾਵ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਉਹ ਅਕਾਲ ਪੁਰਖ ਆਪ ਹੀ ਹੈ ਤੇ ਜਿਸ ਤਰੀਕੇ ਉਹ ਮੇਰੇ ਅੰਦਰ ਵਰਤ ਰਿਹਾ ਹੈ ਉਸੇ ਤਰੀਕੇ ਹੀ ਉਹ ਸਭ ਦੇ ਅੰਦਰ ਵਰਤ ਰਿਹਾ ਹੈ ਤੇ ਇਸ ਗੱਲ ਦੀ ਸਮਝ ਵੀ ਫਿਰ ਤਾਂ ਹੀ ਪੈਂਦੀ ਹੈ ਕਿ ਉਸਨੇ ਆਪ ਹੀ ਸਭ ਨੂੰ ਭਰਮਾਂ ਵਿੱਚ ਕਿਸ ਤਰੀਕੇ ਤੇ ਕਿਸ ਮਕਸਦ ਲਈ ਪਾਇਆ ਹੋਇਆ ਹੈ। ਇਸ ਸ੍ਰਿਸ਼ਟੀ ਦੀ ਖੇਡ ਨੂੰ ਪ੍ਰਮਾਤਮਾ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਹੀ ਚਲਾ ਰਿਹਾ ਹੈ ਤੇ ਮਨ ਦਾ ਭਰਮ ਨਿਕਲੇ ਬਿਨਾਂ ਜੋ ਭਰਮ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਕੱਢ ਸਕਦਾ ਹੈ ਤਦ ਤਕ ਇਸ ਸ੍ਰਿਸ਼ਟੀ ਦੀ ਖੇਡ ਨੂੰ ਕੋਈ ਆਪਣੇ ਆਪ ਸਮਝ

ਲਵੇ ਇਹ ਨਾਮੁਮਕਿਨ ਹੈ। ਇਸ ਨਿਮਾਣੇ ਜਿਹੇ ਦਾਸ ਦੀ ਸਭ ਦੇ ਅੱਗੇ ਤਹਿ ਦਿਲੋਂ ਬੇਨਤੀ ਹੈ ਕਿ ਮਨ ਦੇ ਭਰਮਾਂ ਵਿੱਚੋਂ ਨਿਕਲਣ ਦਾ ਉੱਦਮ ਕਰੋ ਕਿਉਂਕਿ ਸਾਡੇ ਅੰਦਰ ਦੀ ਸਮਝ ਦੇ ਵਿੱਚ ਜੋ ਵੀ ਵਿਚਾਰ ਗੁਰੂ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੇ ਉਹ ਸਭ ਵਿਚਾਰ ਸਾਡੇ ਭਰਮ ਹਨ। ਜਿਉਂ ਜਿਉਂ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਦੇ ਜਾਉਗੇ ਤਿਉਂ ਤਿਉਂ

51/7025

ਗੁਰੂ ਰੂਪ ਪ੍ਰਮਾਤਮਾ ਦੇ ਭਾਵ ਸੱਚ ਰੂਪ ਪ੍ਰਮਾਤਮਾ ਦੇ ਨੇੜੇ ਲੱਗਦੇ ਜਾਉਂਗੇ ਤੇ ਉਸਦੇ ਨਾਲ ਨੇੜਤਾ ਪਾਉਣ ਦਾ ਹੋਰ ਕੋਈ ਤਰੀਕਾ ਨਹੀਂ ਹੈ, ਜੋ ਜੋ ਵਿਚਾਰ ਅਸੀਂ ਮਨ ਦੇ ਛੱਡਾਂਗੇ ਭਾਵ ਜੋ ਜੋ ਵਿਚਾਰ ਅਸੀਂ ਗੁਰੂ ਦੇ ਅਪਨਾਵਾਂਗੇ ਉਹ ਗੁਰੂ ਦੀ ਮਤਿ ਤੇ ਅਮਲ ਕਰਨ ਲਈ ਹੀ ਅਪਨਾਵਾਂਗੇ। ਜਿਨ੍ਹਾਂ ਗੁਰੂ ਦੇ ਵਿਚਾਰਾਂ ਤੇ ਅਸੀਂ ਅਮਲ ਹੀ ਨਾ ਕੀਤਾ ਇਸਦਾ ਸਾਫ ਮਤਲਬ ਇਹ ਹੈ ਕਿ ਅਸੀਂ ਉਨ੍ਹਾਂ ਵਿਚਾਰਾਂ ਨੂੰ ਮੰਨਿਆ ਹੀ ਨਹੀਂ। ਹੇਠ ਦਿੱਤੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸੇ ਗੱਲ ਨੂੰ ਹੀ ਸਮਝਣਾ ਹੈ ਕਿ ਗੁਰੂ ਸਾਨੂੰ ਆਪਣੇ ਵਿਚਾਰ ਕਿਸ ਮਕਸਦ ਲਈ ਦੇ ਰਿਹਾ ਹੈ ਭਾਵ ਆਪਣਾ ਸੱਚ ਕਿਸ ਮਕਸਦ ਲਈ ਸਮਝਾ ਰਿਹਾ ਹੈ ਭਾਵ ਸਾਨੂੰ ਭਰਮਾਂ ਵਾਲੀ ਸਮਝ ਛੱਡਣ ਲਈ ਹੀ ਸਮਝਾ ਰਿਹਾ ਹੈ ਤਾਂ ਜੋ ਅਸੀਂ ਗੁਰੂ ਦੀ ਸੱਚੀ ਸਮਝ ਨੂੰ ਮੰਨ ਕੇ ਉਸ ਤੇ ਅਮਲ ਕਰੀਏ ਤੇ ਸੱਚ ਰੂਪ ਪ੍ਰਮਾਤਮਾ ਦੇ ਨੇੜੇ ਲੱਗਣ ਦਾ ਸੱਚਾ ਉੱਦਮ ਕਰੀਏ।

ਘਰੁ ੨ ॥

{ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥ ਨੈਨ ਰਹੇ ਰੰਗੁ ਲਾਈ ॥
ਅਬ ਬੇ ਗਲ ਕਹਨੁ ਨ ਜਾਈ ॥੧॥ ਹਮਰਾ ਭਰਮੁ ਗਇਆ ਭਉ ਭਾਗਾ ॥
ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥ ਬਾਜੀਗਰ ਡੰਕ ਬਜਾਈ ॥
ਸਭ ਖਲਕ ਤਮਾਸੇ ਆਈ ॥ ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥੨॥
ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥
ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ ੬੫੫)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

ਗਉੜੀ ਕਬੀਰ ਜੀ ॥

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

ਰਾਮਕਲੀ ਮਹਲਾ ੫ ॥

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥
ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੮੮੫)

ਸੂਹੀ ਮਹਲਾ ੫ ॥

{ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥
ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥੧॥
ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥੧॥ ਰਹਾਉ ॥
ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥
ਧਨ ਜਾਗੈ ਜੇ ਪਿਰੁ ਬੋਲੰਤਾ ॥੨॥ ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥
ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥
ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥
ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥੫॥}

(ਅੰਗ ੭੩੭-੭੩੮)

51/7026

ਸਿਰੀਰਾਗੁ ਮਹਲਾ ੫ ॥

{ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥

ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥ ਜਪਿ ਮਨ ਨਾਮੁ ਏਕੁ ਅਪਾਰੁ ॥
ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ ॥੧॥ ਰਹਾਉ ॥
ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥ ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥
ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥
ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ ੫੧)

ਰਾਗੁ ਗਉੜੀ ਚੇਤੀ ॥

{ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ ੩੩੧-੩੩੨)

ਗਉੜੀ ਮਹਲਾ ੫ ॥

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥ ਜੋ ਇਸੁ ਮਾਰੇ ਤਿਸ ਕਾ ਆਇਆ ਗਨੀ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥ ਇਸੁ ਮਾਰੀ ਬਿਨੁ ਥਾਇ ਨ ਪਰੈ॥
ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ॥
ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥ ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥
ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥ ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੭-੨੩੮)

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥

ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ ੭੮)

ਭੈਰਉ ਮਹਲਾ ੩ ॥

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ ੧੧੨੮-੧੧੨੯)

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੯॥}

(ਅੰਗ ੧੪੬-੧੪੭)

{ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ ੪੦)

ਸਿਰੀਰਾਗੁ ਮਹਲ ੧ ॥

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥ ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥ ਮਨ ਰੇ ਸਬਦਿ ਤਰਹੁ ਚਿਤੁ ਲਾਇ ॥
ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ ਰਹਾਉ ॥
ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥ ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥
ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥੨॥ ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩॥
ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥
ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥੪॥੧੫॥}

(ਅੰਗ ੧੯-੨੦)

51/7027

ਸਿਰੀਰਾਗੁ ਮਹਲਾ ੧ ॥

{ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥ ਮਨ ਰੇ ਹਉਮੈ ਛੋਡਿ ਗੁਮਾਨੁ ॥
ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥
ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥}

(ਅੰਗ ੨੧)

ਸਿਰੀਰਾਗੁ ਮਹਲਾ ੧ ॥

{ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥
ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥
ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥
ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥
ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥

ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥
ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥
ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥}

(ਅੰਗ ੨੨)

{ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥}

(ਅੰਗ ੨੩)

{ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥}

(ਅੰਗ ੨੬)

{ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੩॥}

(ਅੰਗ ੨੭)

ਸਿਰੀਰਾਗੁ ਮਹਲਾ ੧ ॥

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੦-੬੧)

ੴ ਸਤਿਗੁਰ ਪ੍ਰਸਾਦਿ ॥

ਸਿਰੀਰਾਗੁ ਕਬੀਰ ਜੀਉ ਕਾ ॥ ਏਕੁ ਸੁਆਨੁ ਕੈ ਘਰਿ ਗਾਵਣਾ

{ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥ ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੧-੯੨)

51/7028

{ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥}

(ਅੰਗ ੧੧੬)

{ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ ॥
ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ ॥੪॥
ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥
ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦ ਰਮਣੰ ॥੫॥
ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥}

(ਅੰਗ ੫੦੫)

ਪਉੜੀ ॥

{ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ ॥ ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ ॥
ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ ॥ ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥
ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ ॥੪॥}

(ਅੰਗ ੫੧੦)

ਸਵਯੇ ਸ੍ਰੀ ਮੁਖਬਾਕ੍ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ ॥
ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥
ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ ॥
ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ ॥
ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ ॥

ਸੀਲ ਧਰਮ ਦਯਾ ਸੁਚ ਨਾਸ੍ਰਿ ਆਇਓ ਸਰਨਿ ਜੀਅ ਕੇ ਦਾਨੀ ॥
ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ ॥੧॥
ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ ॥
ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ ॥
ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧੰਉ ॥
ਮੂਰਤ ਘਰੀ ਚਸਾ ਪਲੁ ਸਿਮਰਨ ਰਾਮ ਨਾਮੁ ਰਸਨਾ ਸੰਗਿ ਲਉ ॥
ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ ॥
ਸਿਖ੍ਹਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰੰਉ ॥੨॥}

(ਅੰਗ ੧੩੯੭)

{ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥}

(ਅੰਗ ੧੨੬)

{ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥}

(ਅੰਗ ੨੧)

{ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥
ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥੩॥}

(ਅੰਗ ੨੦੭)

51/7029

ਪਉੜੀ ॥

{ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥
ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ ॥
ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ ॥
ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤ੍ਰੂਟੈ ਤਾਪ ॥ ਪਾਰਬ੍ਰਹਮ ਪੂਰਨ ਧਨੀ ਨਹ ਬ੍ਰੂਝੈ ਪਰਤਾਪ ॥
ਮੋਹ ਭਰਮ ਬ੍ਰੂਡਤ ਘਣੋ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥੩॥}

(ਅੰਗ ੨੯੭)

ਮਃ ੪ ॥

{ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ ॥
ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ॥
ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ ॥
ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ ॥

ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥
ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥
ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ ॥
ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ ॥
ਜਨ ਨਾਨਕ ਅਨਦਿਨੁ ਨਾਮੁ ਧਿਆਇਆ ਹਰਿ ਸਿਮਰਤ ਕਿਲਵਿਖ ਪਾਪ ਗਇਆ ॥੨॥}

(ਅੰਗ ੩੦੭)

{ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ ॥੨॥}

(ਅੰਗ ੩੩੬)

{ਚਖਿ ਛੋਡੀ ਸਹਸਾ ਨਹੀ ਕੋਇ ॥ ਬਾਪੁ ਦਿਸੈ ਵੇਜਾਤਿ ਨ ਹੋਇ ॥
ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥੩॥}

(ਅੰਗ ੭੯੬)

ਸਲੋਕੁ ਮਃ ੩ ॥

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

{ਗਣਤ ਗਣੈ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥
ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥੯॥}

(ਅੰਗ ੧੦੬੨)

{ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥ ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥ ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਊਪਜੈ ਇਹੁ ਸਹਸਾ ਇਵ ਜਾਇ ॥੧੮॥}

(ਅੰਗ ੯੧੯)

51/7030

{ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥}

(ਅੰਗ ੧੦੫੬)

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥}

(ਅੰਗ ੧੨੪)

{ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥
ਗੁਰਮੁਖਿ ਹਰਿ ਪੜੀਐ ਗੁਰਮੁਖਿ ਹਰਿ ਸੁਣੀਐ ਹਰਿ ਜਪਤ ਸੁਣਤ ਦੁਖੁ ਜਾਇ ਜੀਉ ॥
ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥
ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਹਰਿ ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਧੁਰਿ ਲਿਖਿ ਪਾਇ ਜੀਉ ॥
ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥੨॥}

(ਅੰਗ ੪੪੪)

ਪਉੜੀ ॥

{ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥ ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਣਿ॥
ਹੁਕਮੇ ਹੀ ਸਭ ਸਾਜੀਅਨੁ ਰਵਿਆ ਸਭ ਵਣਿ ਤ੍ਰਿਣਿ ॥ ਸਭੁ ਕਿਛੁ ਆਪੇ ਆਪਿ ਹੈ ਗੁਰਮੁਖਿ ਸਦਾ ਹਰਿ ਭਣਿ॥
ਸਬਦੇ ਹੀ ਸੋਝੀ ਪਈ ਸਚੈ ਆਪਿ ਬੁਝਾਈ ॥੫॥}

(ਅੰਗ ੯੪੮)

ਪਉੜੀ ॥

{ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥ ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥ ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥}

(ਅੰਗ ੧੨੪੦)

{ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥
ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥}

(ਅੰਗ ੭੯੬)

{ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}

(ਅੰਗ ੩੯)

51/7031

{ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥}

(ਅੰਗ ੨੦੪)

ੴ ਸਤਿਗੁਰ ਪ੍ਰਸਾਦਿ ॥
ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥

{ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥
ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥
ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥
ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥
ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥
ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥
ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥
ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥
ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥
ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥੪॥੧॥੪॥}

(ਅੰਗ ੭੬੫-੭੬੬)

{ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥}

(ਅੰਗ ੩੯੪)

{ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥
ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥
ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥
ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥
ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥੧॥੧੧॥}

(ਅੰਗ ੧੪੦੩)

ਪਉੜੀ ॥

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ ੫੦੯)

{ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥}

(ਅੰਗ ੭੩੫)

{ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ ॥ ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ ॥
ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ ॥
ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ ॥
ਕੋਟਿ ਇੰਦ੍ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ ॥
ਅਨਾਥ ਨਾਥ ਦਇਆਲ ਨਾਨਕ ਸਾਧਸੰਗਤਿ ਮਿਲਿ ਉਧਾਰ ॥੨॥
ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ ॥
ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ ॥
ਨਖਿਅਤ੍ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ ॥ ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ॥
ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ ਜਾ ਕਉ ਜਪਾਤਿ ॥
ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ ॥੩॥}

(ਅੰਗ ੪੫੫-੪੫੬)

{ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥੫॥੧॥੧੧॥}

(ਅੰਗ ੧੧੩੦)

51/7032

{ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸਿਰਿ ਸਿਰਿ ਧੰਧੈ ਆਪੇ ਲਾਏ ॥
ਜਿਸੁ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾ ਹੇ ॥੨॥}

(ਅੰਗ ੧੦੫੧)

{ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥}

(ਅੰਗ ੧੧੫੩)

{ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥

ਐਸੋ ਧਣੀ ਗੁਵਿੰਦੁ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ ਰਹਾਉ ॥}

(ਅੰਗ ੧੧੫੬)

{ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥}

(ਅੰਗ ੧੨੫੭)

ਪਉੜੀ ॥

{ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥}

(ਅੰਗ ੧੨੭੯-੧੨੮੦)

{ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥ ਜੋਤੀ ਜਾਤੀ ਗਣਤ ਨ ਆਵੈ ॥
ਜਿਨਿ ਸਾਜੀ ਸੋ ਕੀਮਤਿ ਪਾਵੈ ॥ ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥}

(ਅੰਗ ੮੩੯)

{ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥}

(ਅੰਗ ੯੦੮)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥}

(ਅੰਗ ੯੦੯)

{ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥}

(ਅੰਗ ੧੦੩੬)

51/7033

ਪਉੜੀ ॥

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ॥੧॥}

(ਅੰਗ ੧੦੯੪)

{ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥
ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ ॥੧੦॥}

(ਅੰਗ ੧੦੫੩)

{ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥
ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥੩॥}

(ਅੰਗ ੧੦੭੯)

{ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥ ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥}

(ਅੰਗ ੧੮)

{ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥}

(ਅੰਗ ੨੬)

{ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ ॥ ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥
ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥੧॥ ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ ॥
ਨਾਮੁ ਨਿਧਾਨੁ ਸਦ ਮਨਿ ਵਸੈ ਮਹਲੀ ਪਾਵੈ ਥਾਉ ॥੧॥ ਰਹਾਉ ॥}

(ਅੰਗ ੩੦)

{ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥
ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥੧॥}

(ਅੰਗ ੪੪)

51/7034

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥
ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥ ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥
ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥੨॥}

(ਅੰਗ ੬੬)

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

{ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥
ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥੧॥}

(ਅੰਗ ੩੧)

{ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥}

(ਅੰਗ ੫੭)

{ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥
ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥ ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥}

(ਅੰਗ ੩੦)

ਪਉੜੀ ॥

{ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ ॥ ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥
ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ ॥ ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥
ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥ ਕੂੜੈ ਲਾਲਚਿ ਲਗਿ ਮਹਲੁ ਖੁਆਈਐ ॥
ਸਭੁ ਜਗੁ ਠਗਿਓ ਠਗਿ ਆਈਐ ਜਾਈਐ ॥ ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ॥੧੯॥}

(ਅੰਗ ੧੪੭)

{ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥}

(ਅੰਗ ੨੦੫)

51/7035

{ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥}

(ਅੰਗ ੨੬)

{ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥
ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥}

(ਅੰਗ ੧੮੨)

{ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥ ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥
ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥}

(ਅੰਗ ੩੦)

ਸਿਰੀਰਾਗੁ ਮਹਲਾ ੧ ॥

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥

ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥
ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥
ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥}

(ਅੰਗ ੧੫-੧੬)

ਸਿਰੀਰਾਗੁ ਮਹਲਾ ੧ ॥

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥ ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥
ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥ ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥
ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥}

(ਅੰਗ ੨੦)

{ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥}

(ਅੰਗ ੨੨)

{ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥ ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥
ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥
ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥ ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ॥}

(ਅੰਗ ੨੭)

51/7036

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ ੧੧੩)

{ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥}

(ਅੰਗ ੩੫)

{ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥ ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥
ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ ॥੪॥੧੬॥੮੬॥}

(ਅੰਗ ੪੮)

{ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥
ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥
ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥੪॥੫॥੭੫॥}

(ਅੰਗ ੪੪)

{ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ ॥ ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ ॥
ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥੨॥}

(ਅੰਗ ੫੩)

51/7037

{ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥}

(ਅੰਗ ੫੫)

ਪ੍ਰਮਾਤਮਾ ਦੀ ਭਗਤੀ ਦਾ ਮਾਰਗ ਕੀ ਹੈ ਭਾਵ ਸੱਚੀ ਭਗਤੀ ਦਾ ਮਾਰਗ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਸਮਝਦੇ ਆ ਰਹੇ ਹਾਂ ਜੋ ਮਾਰਗ ਗੁਰੂ ਦੀ ਮਤਿ ਨੂੰ ਮੰਨਣ ਦਾ ਹੈ ਤੇ ਆਪਣੀ ਮਤਿ ਨੂੰ ਛੱਡਣ ਦਾ ਹੈ। ਉਪਰ ਵਾਲੇ ਸਾਰੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਅਸੀਂ ਪੂਰੇ ਸੰਸਾਰ ਵਿੱਚ ਆਪਣੀ ਆਪਣੀ ਮਤਿ ਦੁਆਰਾ ਅਨੇਕਾਂ ਹੀ ਭਗਤੀ ਦੇ ਤਰੀਕੇ ਅਪਨਾਏ ਹੋਏ ਹਨ ਜੋ ਕਿ ਸਭ ਨੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਬਣਾਏ ਹੋਏ ਹਨ ਤੇ ਸਾਡੇ ਇਹੋ ਜਿਹੇ ਹਰ ਤਰੀਕੇ ਦਾ ਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਵਾਰੀ ਸਮਝਿਆ ਹੈ। ਹਰ ਕੋਈ ਆਪਣੇ ਆਪਣੇ ਬਣਾਏ ਹੋਏ ਭਗਤੀ ਦੇ ਤਰੀਕੇ ਨੂੰ ਸੱਚਾ ਹੀ ਤਰੀਕਾ ਸਮਝਦਾ ਹੈ ਭਾਵ ਉਹ ਆਪਣਾ ਇਹ ਤਰੀਕਾ ਛੱਡਣ ਨੂੰ ਤਿਆਰ ਨਹੀਂ ਹੁੰਦਾ ਭਾਵੇਂ ਕੋਈ ਉਸਨੂੰ ਜਿਤਨਾ ਮਰਜੀ ਸਮਝਾ ਲਵੇ ਕਿ ਤੇਰਾ ਇਹ ਤਰੀਕਾ ਗੁਰੂ ਦੀ ਮਤਿ ਅਨੁਸਾਰ ਨਹੀਂ ਹੈ ਭਾਵ ਇਹ ਤੇਰਾ ਭਰਮ ਹੈ ਪਰ ਇਸ ਗੱਲ ਨੂੰ ਕੋਈ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿ ਮੈਂ ਸੱਚੀ ਭਗਤੀ ਨੂੰ ਸਮਝਣ ਵਿੱਚ ਭਰਮ ਵਿੱਚ ਹਾਂ। ਇਹ ਭਰਮ ਸਭ ਦੇ ਅੰਦਰ ਬਹੁਤ ਹੀ ਪ੍ਰਬਲ ਹੈ ਜਿਸ ਭਰਮ ਵਿੱਚੋਂ ਨਿਕਲੇ ਬਿਨਾਂ ਨਾ ਕੋਈ ਪ੍ਰਮਾਤਮਾ ਦੀ ਸੱਚੀ ਭਗਤੀ ਨਾਲ ਜੁੜ ਸਕਦਾ ਹੈ ਤੇ ਨਾ ਹੀ ਸੱਚ ਰੂਪ ਪ੍ਰਮਾਤਮਾ ਨੂੰ ਪਾਉਣ ਦੇ ਪਾਸੇ ਤੁਰ ਸਕਦਾ ਹੈ।

ਹੇਠ ਦਿੱਤੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਜਿਸ ਰਾਹੀਂ ਹਰ ਕਿਸੇ ਦੀ ਮਨਮਤਿ ਹੀ ਸਮਝਾਈ ਹੋਈ ਹੈ ਜਿਹੋ ਜਿਹੀ ਭਗਤੀ ਦੇ ਮਾਰਗ ਤੇ ਉਹ ਚੱਲਦੇ ਹਨ ਪਰ ਜੇਕਰ ਕੋਈ ਉਨ੍ਹਾਂ ਨੂੰ ਇਹੋ ਜਿਹੀ ਭਗਤੀ ਛੱਡਣ ਲਈ ਕਹੇ ਉਹ ਛੱਡਣ ਦੀ ਬਜਾਏ ਉਲਟਾ ਛਡਾਉਣ ਵਾਲੇ ਨੂੰ ਹੀ ਮਾੜਾ ਕਹਿੰਦੇ ਹਨ ਭਾਵ ਆਪਣੇ ਆਪ ਨੂੰ ਠੀਕ ਸਮਝਦੇ ਹਨ ਤੇ ਸੱਚ ਸਮਝਾਉਣ ਵਾਲੇ ਨੂੰ ਭਰਮ ਵਿੱਚ ਸਮਝਦੇ ਹਨ। ਗੁਰੂ ਦੀਆਂ ਨਜਰਾਂ ਵਿੱਚ ਭਰਮ ਵਿੱਚ ਕੌਣ ਹੈ ਤੇ ਸੱਚ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥

ਵਿਆਪਿਆ ਦੁਰਮਤਿ ਕੁਬੁਧਿ ਕੁਮੁੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁੜੁ ਸੜੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

51/7038

ਪਉੜੀ ॥

{ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ ॥
ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ ੯੬੧)

ਮਾਰੂ ਮਹਲਾ ੧ ॥

{ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥
ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥
ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥੨॥
ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥
ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥
ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥
ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥
ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥ ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥
ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥
ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥}

(ਅੰਗ ੧੦੧੨-੧੦੧੩)

ਜੋ ਕੁਝ ਸਾਨੂੰ ਭਾਵ ਪੂਰੇ ਸੰਸਾਰ ਨੂੰ ਉਪਰ ਵਾਲੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਇਹ ਕੁਝ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਭਗਤੀ ਦਾ ਮਾਰਗ ਤਾਂ ਸਾਰੇ ਸੰਸ਼ਾਰ ਲਈ ਇੱਕੋ ਜਿਹਾ ਹੀ ਹੈ ਤੇ ਹਰ ਕਿਸੇ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦਾ ਮਾਰਗ ਚੰਗਾ ਲੱਗਦਾ ਹੈ ਤੇ ਦੂਸਰਿਆਂ ਦੀ ਭਗਤੀ ਦਾ ਮਾਰਗ ਗਲਤ ਲੱਗਦਾ ਹੈ। ਸਿੱਖ ਜਗਤ ਵਿੱਚ ਵੀ ਇਹੋ ਕੁਝ ਹੀ ਹੋ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰਬਾਣੀ ਦੀ ਰਚਨਾ ਕਿਸੇ ਇੱਕ ਸਰੀਰ ਰਾਹੀਂ ਨਹੀਂ ਹੋਈ, ਅਨੇਕਾਂ ਸਰੀਰਾਂ ਰਾਹੀਂ ਹੋਈ ਹੈ। ਜਿਨ੍ਹਾਂ ਭਗਤਾਂ ਦੀ ਬਾਣੀ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਦਰਜ ਹੈ ਉਹ ਮਨੁੱਖੀ ਜੀਵਨ ਵਿੱਚ ਪਹਿਲੇ ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਣ ਵਾਲੇ ਸਮਾਜ ਵਿੱਚੋਂ ਭਗਤੀ ਦੇ ਸੱਚੇ ਮਾਰਗ ਨਾਲ ਜੁੜੇ ਹਨ। ਹਰ ਮਨੁੱਖੀ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਕੋਈ ਮਨੁੱਖੀ ਰੂਪ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ। ਜਿਨ੍ਹਾਂ ਭਗਤਾਂ ਨੇ ਬਾਣੀ ਉਚਾਰੀ ਹੈ ਭਾਵੇਂ ਉਨ੍ਹਾਂ ਨੂੰ ਮੁਸਲਿਮ ਭਾਈਚਾਰੇ ਨਾਲ ਜੋੜਿਆ ਜਾਵੇ, ਹਿੰਦੂ ਭਾਈਚਾਰੇ ਨਾਲ ਜੋੜਿਆ ਜਾਵੇ ਜਾਂ ਕਿਸੇ ਹੋਰ ਨੀਵੀਂ ਜਾਤਿ ਵਾਲੇ ਭਾਈਚਾਰੇ ਨਾਲ ਜੋੜਿਆ ਜਾਵੇ ਇਸ ਗੱਲ ਦਾ ਫਰਕ ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਣ ਵਾਲਿਆਂ ਨੂੰ ਭਾਵੇਂ ਪੈਂਦਾ ਹੋਵੇ ਪਰ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਉਹ ਸਭ ਇੱਕੋ ਰੂਪ ਹੀ ਹਨ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਰੂਪ ਹੀ ਹਨ। ਸਾਰੀ ਬਾਣੀ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਉਚਾਰੀ ਹੋਈ ਹੈ, ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਚਾਰੀ ਹੋਈ ਹੈ ਤੇ ਇਸ ਲਈ ਹਰ ਇੱਕ ਮਨੁੱਖੀ ਸਰੀਰ ਨੂੰ ਜੋ ਗੁਰਬਾਣੀ ਰਾਹੀਂ ਸਾਨੂੰ ਧਰਮ ਦਾ ਮਾਰਗ ਸਮਝਾਇਆ ਹੈ ਉਹ ਸਭ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਇਆ ਹੈ ਜੋ ਮਾਰਗ ਕੇਵਲ ਤੇ ਕੇਵਲ ਸੱਚ ਤੇ ਚੱਲਣ ਦਾ ਹੈ ਤੇ ਸੱਚ ਤੇ ਚੱਲਣ ਤੋਂ ਇਲਾਵਾ ਅਸੀਂ ਜੋ ਕੁਝ ਵੀ

ਕਰਦੇ ਹਾਂ ਭਾਵ ਜਿਹੋ ਜਿਹੇ ਆਪਣੇ ਵੱਲੋਂ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਉਨ੍ਹਾਂ ਨੂੰ ਕੇਵਲ ਸਾਡੇ ਮਨ ਦੇ ਭਰਮਾਂ ਦਾ ਭਾਵ ਮਨ ਦੀ ਨਾਸਮਝੀ ਦਾ ਨਤੀਜਾ ਦੱਸਿਆ ਹੈ ਜਿਨ੍ਹਾਂ ਤਰੀਕਿਆਂ ਨੂੰ ਬਾਣੀ ਰਾਹੀਂ ਕੇਵਲ ਸਾਡੀ ਭਗਤੀ ਦੇ ਦਿਖਾਵੇ ਤੇ ਪਾਖੰਡ ਹੀ ਦੱਸਿਆ ਹੈ ਭਾਵੇਂ ਉਨ੍ਹਾਂ ਸ਼ਬਦਾਂ ਨੂੰ ਭਗਤਾਂ ਨੇ ਉਚਾਰਿਆ ਹੈ, ਚਾਹੇ ਗੁਰੂ ਸਾਹਿਬਾਨ ਨੇ ਉਚਾਰਿਆ ਹੈ। ਭਾਰਤ ਵਰਸ਼ ਵਿੱਚ ਸਦੀਆਂ ਤੋਂ ਹੀ ਭਰਮਾਂ ਵਾਲੀ ਭਗਤੀ ਦਾ ਪ੍ਰਚਾਰ ਹੁੰਦਾ ਆ ਰਿਹਾ ਹੈ ਜਿਵੇਂ ਕਿ ਬਾਣੀ ਰਾਹੀਂ ਤੇ ਹੋਰ ਸੱਚੇ ਧਰਮ ਗ੍ਰੰਥਾਂ ਰਾਹੀਂ ਹਰ ਕੋਈ ਸਮਝ ਸਕਦਾ ਹੈ। ਸਿੱਖ ਸਮਾਜ ਵੀ ਉਸੇ ਸਮਾਜ ਵਿੱਚੋਂ ਆਇਆ ਹੈ ਜਿਸ ਸਮਾਜ ਵਿੱਚ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਲਈ ਸਦੀਆਂ ਤੋਂ ਹੀ ਭਰਮਾਂ ਦੀ ਭਾਵ ਭਰਮ ਵਾਲੇ ਵਿਚਾਰਾਂ ਦੀ ਭਰਮਾਰ ਰਹੀ ਹੈ। ਭਾਵੇਂ ਗੁਰਬਾਣੀ ਰਾਹੀਂ ਸਾਨੂੰ ਇਨ੍ਹਾਂ ਭਰਮਾਂ ਵਿੱਚੋਂ ਨਿਕਲਣ ਲਈ ਬਾਰ-ਬਾਰ ਸਮਝਾਇਆ ਹੈ ਪਰ ਸਦੀਆਂ ਤੋਂ ਚੱਲਦੀ ਆ ਰਹੀ ਪੁਰਾਣੀ ਮਤਿ ਵਿੱਚੋਂ ਨਿਕਲਣਾ ਸਭ ਨੂੰ ਹੀ ਬੜਾ ਔਖਾ ਲੱਗਦਾ ਹੈ ਜਿਸ ਭਰਮ ਵਿੱਚ ਇੱਕ ਵੱਡਾ ਭਰਮ ਗੁਰੂ ਪ੍ਰਮਾਤਮਾ ਦਾ ਨਾਮ ਜਪਣ ਵਿੱਚ ਹੈ ਭਾਵ ਨਾਮ ਨੂੰ ਸਮਝਣ ਵਿੱਚ ਹੈ। ਸਦੀਆਂ ਤੋਂ ਕਿਸੇ ਅੱਖਰ ਨੂੰ ਰੱਟੀ ਜਾਣਾ ਹੀ, ਸਮਾਧੀਆਂ ਲਗਾ ਕੇ ਰੱਟੀ ਜਾਣਾ ਹੀ ਨਾਮ ਜਪਣਾ ਸਮਝਿਆ ਜਾਂਦਾ ਰਿਹਾ ਹੈ ਤੇ ਅੱਜ ਵੀ ਉਹ ਭਰਮ ਉਸੇ ਤਰ੍ਹਾਂ ਚੱਲੀ ਜਾ ਰਿਹਾ ਹੈ ਜਿਸ ਭਰਮ ਵਿੱਚੋਂ ਸਿੱਖ ਜਗਤ ਵੀ ਨਹੀਂ ਨਿਕਲ ਪਾਇਆ ਤੇ ਨਾਮ ਨੂੰ ਇੱਕ ਵੱਖਰਾ ਅੱਖਰ ਬਣਾਕੇ ਭਾਵ ਸਮਝਕੇ ਉਸਨੂੰ ਬੋਲੀ ਜਾਣਾ ਹੀ ਨਾਮ ਜਪਣਾ ਸਮਝ ਲਿਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਦੇ ਵਿੱਚ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਬਹੁਤ ਹੀ ਬਰੀਕੀ ਨਾਲ ਸਮਝਿਆ ਹੈ। ਬਾਣੀ ਸਾਨੂੰ ਅਨੇਕਾਂ ਸ਼ਬਦਾਂ ਰਾਹੀਂ ਹਰਿ ਹਰਿ ਜਪਣ ਲਈ ਸਮਝਾਉਂਦੀ ਹੈ ਭਾਵ ਹਰਿ ਹਰਿ ਨਾਮ ਜਪਣ ਲਈ ਸਮਝਾਉਂਦੀ ਹੈ, ਰਾਮ ਨਾਮ ਜਪਣ ਲਈ ਸਮਝਾਉਂਦੀ ਹੈ, ਰਾਮ ਨਾਮ ਕਰਨ ਲਈ ਸਮਝਾਉਂਦੀ ਹੈ ਤੇ ਨਾਲ ਹੀ ਦੂਸਰੇ ਸ਼ਬਦਾਂ ਰਾਹੀਂ ਇਹ ਵੀ ਸਮਝਾਉਂਦੀ ਹੈ ਕਿ ਹਰਿ ਹਰਿ ਕਰਨ ਦਾ ਕੋਈ ਲਾਭ ਨਹੀਂ, ਰਾਮ ਨਾਮ ਬੋਲੀ ਜਾਣ ਦਾ ਕੋਈ ਲਾਭ ਨਹੀਂ ਹੈ। ਸਿੱਖ ਜਗਤ ਵਿੱਚ ਇਸ ਗੱਲ ਨੂੰ ਸਮਝਣ ਦੀ ਬਜਾਏ ਕਿ ਅਸਲ ਵਿੱਚ ਹਰਿ ਹਰਿ ਕਰਨਾ ਕੀ ਹੈ, ਰਾਮ ਨਾਮ ਕਰਨਾ ਕੀ ਹੈ ਆਪਣੇ ਅੱਖਰ ਨੂੰ ਹੀ ਬਦਲ ਲਿਆ ਹੈ ਜਿਸ ਅੱਖਰ ਨੂੰ ਭਰਮਾਂ ਦੇ ਭਰੇ ਹੋਏ ਧਾਰਮਿਕ ਆਗੂਆਂ ਨੇ ਉਸ ਅੱਖਰ ਨੂੰ ਵਾਹਿਗੁਰੂ ਨਾਮ ਦੇ ਦਿੱਤਾ ਹੈ। ਧੰਨ ਗੁਰਬਾਣੀ ਦੇ ਰਚਨਹਾਰ ਜਿਨ੍ਹਾਂ ਨੇ ਆਪ ਹੀ ਆਪਣੇ ਜੀਵਨ ਵਿੱਚ ਰਹਿੰਦਿਆਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਖੇ ਗੁਰਬਾਣੀ ਦਾ ਪ੍ਰਕਾਸ਼ ਕੀਤਾ ਸੀ ਤੇ ਜਿਹੋ ਜਿਹੀ ਪ੍ਰਥਾ ਧੰਨ ਧੰਨ ਧੰਨ ਪੰਜਵੀ ਪਾਤਸ਼ਾਹੀ ਜੀ ਨੇ ਆਪਣੇ ਜੀਵਨ ਵਿੱਚ ਦਰਬਾਰ ਸਾਹਿਬ

51/7040

ਵਿੱਖੇ ਚਲਾਈ ਸੀ ਸ਼ੁਕਰ ਹੈ ਉਹ ਪ੍ਰਥਾ ਅੱਜ ਵੀ ਕਾਇਮ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿੱਖੇ ਪ੍ਰਕਾਸ਼ ਹੋਣ ਤੋਂ ਬਾਅਦ ਸਿੱਧਾ ਕੀਰਤਨ ਸ਼ੁਰੂ ਹੋ ਜਾਂਦਾ ਹੈ ਤੇ ਸਵੇਰ ਤੋਂ ਲੈ ਕੇ ਰਾਤ ਨੂੰ ਭੋਗ ਪੈਣ ਤੱਕ ਉੱਥੇ ਕੇਵਲ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਹੀ ਕੀਤਾ ਜਾਂਦਾ ਹੈ। ਉੱਥੇ ਕਿਸੇ ਅੱਖਰ ਦਾ ਜਪ ਨਹੀਂ ਕੀਤਾ ਜਾਂਦਾ। ਅਗਰ ਕੋਈ ਕੀਰਤਨੀਆਂ ਦਰਬਾਰ ਸਾਹਿਬ ਵਿੱਖੇ ਕਿਸੇ ਅੱਖਰ ਦਾ ਜਪ ਕਰਦਾ ਹੈ ਭਾਵ ਆਪਣੇ ਵੱਲੋਂ ਨਾਮ ਜਪਣਾ ਸਮਝਕੇ ਕਿਸੇ ਅੱਖਰ ਨੂੰ ਜਪਦਾ ਹੈ ਤੇ ਉਸਨੂੰ ਇਸ ਗੱਲ ਤੋਂ ਉੱਥੋਂ ਦੀ ਕਮੇਟੀ ਦੁਆਰਾ ਮਨ੍ਹਾਂ ਕੀਤਾ ਜਾਂਦਾ ਹੈ ਤੇ ਫਿਰ ਵੀ ਜੇਕਰ ਕੋਈ ਕੀਰਤਨੀਆਂ ਇਸ ਗੱਲ ਤੋਂ ਨਾ ਹਟੇ ਫਿਰ ਉਸਨੂੰ ਧੰਨ ਧੰਨ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਖੇ ਕੀਰਤਨ ਹੀ ਨਹੀਂ ਕਰਨ ਦਿੱਤਾ ਜਾਂਦਾ ਭਾਵ ਉਸਨੂੰ ਗੁਰੂ ਸਾਹਿਬ ਦੀ ਬਣਾਈ ਹੋਈ ਮਰਿਯਾਦਾ ਨੂੰ ਤੋੜਨ ਨਹੀਂ ਦਿੱਤਾ ਜਾਂਦਾ। ਦਰਬਾਰ ਸਾਹਿਬ ਤੋਂ ਬਾਹਰ ਜਦੋਂ ਇਹੋ ਜਿਹੇ ਕੀਰਤਨੀਏ ਕਿਸੇ ਸਮਾਗਮਾਂ ਤੇ ਕੀਰਤਨ ਕਰਦੇ ਹਨ, ਜਾਂ ਘਰਾਂ ਵਿੱਚ ਕੀਰਤਨ ਕਰਦੇ ਹਨ ਉੱਥੇ ਫਿਰ ਖੁੱਲ ਕੇ ਮੁੱਖੋਂ ਕਿਸੇ ਅੱਖਰ ਨੂੰ ਬੋਲ ਬੋਲ ਕੇ ਜਪਦੇ ਹਨ ਤੇ ਇਹੀ ਕੁਝ ਕੀਰਤਨ ਸੁਣਨ ਵਾਲਿਆਂ ਨੂੰ ਸਮਝਾਉਂਦੇ ਹਨ ਕਿ ਅਸੀਂ ਗੁਰੂ ਦਾ ਨਾਮ ਜਪ ਰਹੇ ਹਾਂ ਤੇ ਤੁਸੀਂ ਵੀ ਇਹੋ ਜਿਹਾ ਨਾਮ ਜਪਿਆ ਕਰੋ, ਵੱਧ ਤੋਂ ਵੱਧ ਜਪਿਆ ਕਰੋ, ਸਮਾਧੀਆਂ ਲਗਾ ਕੇ ਜਪਿਆ ਕਰੋ ਤੇ ਇਨ੍ਹਾਂ ਗੱਲਾਂ ਨਾਲ ਹੀ ਉਹ ਆਪਣੀ ਸ਼ੋਭਾ ਸਮਾਜ ਵਿੱਚ ਖੱਟਦੇ ਹਨ। ਜੋ ਸ਼ਬਦਾਂ ਦਾ ਕੀਰਤਨ ਕਰਦੇ ਹਨ ਉਨ੍ਹਾਂ ਸ਼ਬਦਾਂ ਵਿੱਚ ਗੁਰੂ ਨੇ ਕੀ ਸਿੱਖਿਆ ਦਿੱਤੀ ਹੋਈ ਹੈ ਇਸ ਗੱਲ ਦੀ ਸਮਝ ਉਨ੍ਹਾਂ ਨੂੰ ਆਪ ਵੀ ਨਹੀਂ ਹੁੰਦੀ ਤੇ ਦੂਸਰਿਆਂ ਨੂੰ ਉਨ੍ਹਾਂ ਨੇ ਕੀ ਸਮਝਾਉਣਾ ਹੈ। ਉਨ੍ਹਾਂ ਨੂੰ ਆਪਣੀ ਮਾਇਆ ਦੀ ਕਮਾਈ ਦੇ ਨਾਲ ਹੀ ਮਤਲਬ ਹੁੰਦਾ ਹੈ, ਆਪਣੀ ਸ਼ੋਭਾ ਦੇ ਨਾਲ ਹੀ ਹੁੰਦਾ ਹੈ ਨਾ ਕਿ ਗੁਰੂ ਦੀ ਸ਼ੋਭਾ ਦੇ ਨਾਲ। ਗੁਰੂ ਦੀ ਸ਼ੋਭਾ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਸਮਝਕੇ ਤੇ ਉਸ ਤੇ ਅਮਲ ਕਰਨ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਦਾ ਕੀਰਤਨੀਆਂ ਬਣਨਾ ਭਾਵ ਗੁਰੂ ਦਾ ਜੱਸ ਗਾਉਣ ਵਾਲਾ ਬਣਨਾ ਬਹੁਤ ਹੀ ਔਖਾ ਹੈ ਜਿਵੇਂ ਕਿ ਅਸੀਂ ਲੇਖ ਦੇ ਵਿੱਚ ਬਹੁਤ ਪਿੱਛੇ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਤੇ ਦ੍ਰਿੜ ਕੀਤਾ ਜਾ ਸਕਦਾ ਹੈ ਜਿਸ ਸ਼ਬਦ ਦੀ ਵਿਆਖਿਆ ਅਸੀਂ ਪਿੱਛੇ ਜਾਣੀ ਹੀ ਹੈ।

ਰਾਮਕਲੀ ਮਹਲਾ ੫ ॥

{ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥ ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥ ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ ਬਾਜਾ ਮਾਨੁ ਤਾਨੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥ ਨਾਰਦੀ ਨਰਹਰ ਜਾਣਿ ਹਦੂਰੇ ॥
ਘੂੰਘਰ ਖੜਕੁ ਤਿਆਗਿ ਵਿਸੂਰੇ ॥ ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥
ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥
ਸਾਧਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੮॥}

(ਅੰਗ ੮੮੫)

51/7041

ਗੁਰੂ ਪ੍ਰਮਾਤਮਾ ਦਾ ਕੀਰਤਨ ਕਰਨਾ ਭਾਵ ਉਸਦਾ ਜੱਸ ਗਾਉਣਾ ਬਹੁਤ ਔਖਾ ਹੈ ਜੋ ਉਸਦਾ ਜੱਸ ਗਾਉਣਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਮੁੱਖੋਂ ਤਾਂ ਬੋਲ ਬੋਲ ਕੇ ਉਸਦਾ ਕੀਰਤਨ ਕੋਈ ਵੀ ਕਰ ਸਕਦਾ ਹੈ ਪਰ ਉਸਦਾ ਅਸਲ ਕੀਰਤਨ ਕਰਨਾ ਸਾਡੀ ਦੁਨਿਆਵੀ ਵਿਚਰਨ ਹੈ ਭਾਵ ਸਾਡੀ ਚੰਗੀ ਦੁਨਿਆਵੀ ਵਿਚਰਨ ਹੈ ਜੋ ਕੀਰਤਨ ਕਰਨ ਲਈ ਸਾਨੂੰ ਮਾਇਆ ਮੋਹ ਛੱਡਣਾ ਪੈਂਦਾ ਹੈ, ਸਾਰੇ ਔਗੁਣ ਛੱਡਣੇ ਪੈਂਦੇ ਹਨ ਜਿਵੇਂ ਕਿ ਉਪਰਲੇ ਸ਼ਬਦ ਰਾਹੀਂ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਆਪਣੇ ਜੀਵਨ ਵਿੱਚ ਉਸਦਾ ਕੀਰਤਨੀਆ ਬਣਨਾ ਬਹੁਤ ਔਖਾ ਹੈ ਜੋ ਔਖਾਪਨ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਾਨੂੰ ਧਰਮ ਦਾ ਮਾਰਗ ਸਮਝਾਉਣ ਵਾਲੇ ਕਿਹੋ ਜਿਹੇ ਹੁੰਦੇ ਹਨ ਭਾਵ ਕਿਹੋ ਜਿਹੇ ਹਨ ਇਹ ਗੱਲ ਸਾਡੇ ਜੀਵਨ ਵਿੱਚ ਭਾਵ ਸਾਡੇ ਸਭ ਦੇ ਜੀਵਨ ਵਿੱਚ ਬਹੁਤ ਵੱਡੀ ਮਹਤੱਤਾ ਰੱਖਦੀ ਹੈ ਕਿਉਂਕਿ ਅਸੀਂ ਆਪਣੀ ਸਮਝ ਨੂੰ ਧਰਮ ਦਾ ਮਾਰਗ ਸਮਝਣ ਵਿੱਚ ਉਨ੍ਹਾਂ ਦੀ ਮਤਿ ਦੇ ਅੱਗੇ ਬਹੁਤ ਛੋਟਾ ਸਮਝਦੇ ਹਾਂ ਕਿਉਂਕਿ ਸਾਨੂੰ ਇਹੋ ਜਿਹਿਆਂ ਦੀ ਮਤਿ ਦੇ ਉੱਤੇ ਇਨ੍ਹਾਂ ਜਿਆਦਾ ਵਿਸ਼ਵਾਸ ਹੁੰਦਾ ਹੈ ਜਿਸ ਵਿਸ਼ਵਾਸ ਦੇ ਸਾਹਮਣੇ ਅਸੀਂ ਗੁਰੂ ਦੀ ਗੱਲ ਤੇ ਵਿਸ਼ਵਾਸ ਵੀ ਨਹੀਂ ਕਰਦੇ। ਧਰਮ ਦਾ ਮਾਰਗ ਮਨ ਦੇ ਵਿਸ਼ਵਾਸ ਦਾ ਮੁੱਦਾ ਹੈ ਤੇ ਜਿੱਥੇ ਕਿੱਥੇ ਵਿਸ਼ਵਾਸ ਟਿੱਕ ਜਾਵੇ ਉਸ ਵਿਸ਼ਵਾਸ ਵਿੱਚੋਂ ਨਿਕਲਣਾ ਬਹੁਤ ਔਖਾ ਹੁੰਦਾ ਹੈ। ਸਾਡੇ ਮਨ ਦਾ ਭਰਮ ਇਹੋ ਜਿਹੇ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ ਜਿਸ ਭਰਮ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਕਿਉਂਕਿ ਇਹ ਭਰਮ ਸਾਡੇ ਅੰਦਰ ਉਸ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ ਭਾਵ ਹਰ ਮਨੁੱਖੀ ਸਮਝ ਦੇ ਵਿੱਚ ਭਰਮ ਪਾਉਣ ਵਾਲਾ ਉਹ ਆਪ ਹੀ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਜਿਸ ਤਰੀਕੇ ਅਸੀਂ ਗੁਰੂ ਦੇ ਕੀਰਤਨੀਏ ਅਖਵਾਉਣ ਵਾਲਿਆਂ ਦੀ ਮਤਿ ਪਿੱਛੇ ਲੱਗਦੇ ਹਾਂ ਭਾਵ ਉਨ੍ਹਾਂ ਦੀ ਭਰਮ ਵਾਲੀ ਸਮਝ ਦੇ ਪਿੱਛੇ ਲੱਗਦੇ ਹਾਂ ਇਸੇ ਤਰ੍ਹਾਂ ਹੀ ਅਸੀਂ ਅਨੇਕਾਂ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਦੀ ਮਤਿ ਦੇ ਪਿੱਛੇ ਲੱਗਦੇ ਹਾਂ ਕਿਉਂਕਿ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਪਾਉਣ ਵਾਲਾ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਸਭ ਦੀ ਸਮਝ ਦਾ ਆਪ ਹੀ ਮਾਲਕ ਹੈ ਜਿਸ ਗੱਲ ਦੀ ਸਮਝ ਕੇਵਲ ਤੇ ਕੇਵਲ ਸੰਸਾਰ ਦੇ ਕਿਸੇ ਵੀ ਮਨੁੱਖ ਨੂੰ ਉਸ ਸ੍ਰਿਸ਼ਟੀ ਦੀ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਜੋ ਆਪਣੇ ਆਪ ਦੀ ਸਮਝ ਉਹ ਕਿਸੇ ਵਿਰਲੇ ਨੂੰ ਭਾਵ ਸ੍ਰਿਸ਼ਟੀ ਦੇ ਵਿੱਚ ਅਰਬਾਂ ਖਰਬਾਂ ਦੇ ਵਿੱਚੋਂ ਉਹ ਕਦੇ ਕਿਸੇ ਵਿਰਲੇ

51/7042

ਨੂੰ ਹੀ ਪਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸ ਅਕਾਲ ਪੁਰਖ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾੱਡ ਨੂੰ, ਰਾਮ ਨੂੰ ਆਪਣੇ ਅੰਦਰੋਂ ਪ੍ਰਤੱਖ ਰੂਪ ਵਿੱਚ ਜਾਣੇ ਬਿਨਾਂ ਨਾ ਕੋਈ ਉਸਦੀ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸਮਝਿਆ ਹੈ ਤੇ ਨਾ ਹੀ ਕੋਈ ਕਿਸੇ ਨੂੰ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਮਾਰਗ ਭਾਵ ਸੱਚੀ ਭਗਤੀ ਦਾ ਮਾਰਗ ਸਮਝਾ ਸਕਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਆਪਣੇ ਆਪ ਨੂੰ ਧਰਮ ਦੇ ਪੰਡਿਤ ਭਾਵ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਕਿਹੋ ਜਿਹਾ ਭਗਤੀ ਦਾ ਮਾਰਗ ਸਮਝਾਉਂਦੇ ਹਨ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਮਾਰਗ ਸਮਝਾਉਂਦੇ ਹਨ। ਸਿੱਖ ਜਗਤ ਵਿੱਚ ਵੀ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਬਹੁਤ ਹਨ ਪਰ ਜੋ ਕੁਝ ਉਹ ਸਮਝਾਉਂਦੇ ਹਨ ਭਾਵ ਜਿਹੋ ਜਿਹੇ ਤਰੀਕੇ ਉਹ ਸਮਝਾਉਂਦੇ ਹਨ ਉਨ੍ਹਾਂ ਦੇ ਤਰੀਕਿਆਂ ਦਾ ਬਾਣੀ ਦੇ ਸ਼ਬਦਾਂ ਰਾਹੀਂ ਭਾਵੇਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਪਰ ਉਹ ਫਿਰ ਵੀ ਉਹੋ ਜਿਹੇ ਤਰੀਕੇ ਹੀ ਸਮਝਾਉਂਦੇ ਹਨ ਭਾਵ ਉਹ ਆਪ ਭਰਮਾਂ ਵਿੱਚੋਂ ਨਹੀਂ ਨਿਕਲੇ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ। ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਹੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ ਤੇ ਜੋ ਖੁੱਦ ਭਰਮਾਂ ਵਿੱਚ ਹਨ ਉਹ ਦੂਸਰਿਆਂ ਨੂੰ ਭਰਮਾਂ ਵਿੱਚੋਂ ਕੀ ਕੱਢਣਗੇ। ਆਉ ਇਸ ਗੱਲ ਨੂੰ ਸਮਝੀਏ ਕਿ ਇਹੋ ਜਿਹੇ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਸਾਨੂੰ ਜਿਹੋ ਜਿਹੇ ਭਰਮਾਂ ਵਿੱਚ ਪਾਉਂਦੇ ਹਨ ਜਿਨ੍ਹਾਂ ਭਰਮਾਂ ਵਿੱਚੋਂ ਧੰਨ ਧੰਨ ਗੁਰੂ ਸਾਹਿਬ ਜੀ ਨੇ ਸਾਨੂੰ ਨਿਕਲਣ ਲਈ ਸਮਝਾਇਆ ਹੋਇਆ ਹੈ ਭਾਵ ਸੱਚ ਰੂਪ ਗੁਰੂ ਪ੍ਰਮਾਤਮਾ ਦੇ ਨਾਲ ਜੁੜਨ ਦਾ ਤਰੀਕਾ ਸਮਝਾਇਆ ਹੋਇਆ ਹੈ ਜਿਸਦੇ ਨਾਲ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰਨ ਦੁਆਰਾ ਹੀ ਜੁੜਿਆ ਜਾ ਸਕਦਾ ਹੈ। ਆਉ ਗੁਰੂ ਦੀ ਮਤਿ ਤੇ ਆਪਣਾ ਵਿਸ਼ਵਾਸ ਟਿਕਾਉਣ ਦੁਆਰਾ ਸਮਝੀਏ ਕਿ ਗੁਰੂ ਸਾਨੂੰ ਸੱਚ ਸਮਝਾਉਂਦਾ ਹੈ, ਠੀਕ ਸਮਝਾਉਂਦਾ ਹੈ ਭਾਵ ਸਾਡੇ ਭਲੇ ਲਈ ਸਮਝਾਉਂਦਾ ਹੈ ਤੇ ਜੋ ਸਾਨੂੰ ਗੁਰੂ ਦੀ ਮਤਿ ਦੇ ਉਲਟ ਸਮਝਾਉਂਦੇ ਹਨ ਭਾਵ ਸੱਚ ਦੇ ਉਲਟ ਸਮਝਾਉਂਦੇ ਹਨ ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗਕੇ ਭਾਵ ਗੁਰੂ ਦੀ ਮਤਿ ਦੇ ਉਲਟ ਚੱਲ ਕੇ ਅਸੀਂ ਆਪਣਾ ਮਾੜਾ ਹੀ ਕਰਦੇ ਹਾਂ। ਆਉ ਆਪ ਹੀ ਅਸੀਂ ਆਪਣਾ

ਮਾੜਾ ਕਰਨ ਤੋਂ ਬਚੀਏ। ਅਸੀਂ ਆਪਣੇ ਜੀਵਨ ਵਿੱਚ ਆਪਣੇ ਵੱਲੋਂ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਜਿਹੋ ਜਿਹੇ ਕਰਮ ਕਰਨ ਤੋਂ ਗੁਰੂ ਸਾਹਿਬ ਨੇ ਸਾਨੂੰ ਬੜੇ ਹੀ ਸਪਸ਼ਟ ਤਰੀਕੇ ਨਾਲ ਮਨ੍ਹਾਂ ਕੀਤਾ ਹੋਇਆ ਹੈ। ਜਿਹੜੇ ਤਰੀਕਿਆਂ ਨੂੰ ਅਸੀਂ

51/7043

ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਦੇ ਤਰੀਕੇ ਸਮਝਦੇ ਹਾਂ ਤੇ ਜੇਕਰ ਭਗਤੀ ਦੇ ਮਾਲਕ ਪ੍ਰਮਾਤਮਾ ਨੇ ਸਾਨੂੰ ਆਪ ਹੀ ਗੁਰਬਾਣੀ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਇਹੋ ਜਿਹੇ ਤਰੀਕੇ ਮੇਰੀ ਭਗਤੀ ਦੇ ਤਰੀਕੇ ਨਹੀਂ ਹਨ ਫਿਰ ਉਨ੍ਹਾਂ ਤਰੀਕਿਆਂ ਦੁਆਰਾ ਕੀ ਉਸ ਭਗਤੀ ਦੇ ਮਾਲਕ ਪ੍ਰਮਾਤਮਾ ਨੂੰ ਪਾ ਸਕਦੇ ਹਾਂ ਭਾਵ ਜਾਣ ਸਕਦੇ ਹਾਂ ਭਾਵ ਬਿਲਕੁੱਲ ਵੀ ਨਹੀਂ। ਇਹੋ ਜਿਹੇ ਤਰੀਕੇ ਸਾਨੂੰ ਉਨ੍ਹਾਂ ਨੇ ਹੀ ਸਿਖਾਏ ਹਨ ਜਿਨ੍ਹਾਂ ਨੇ ਉਸ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ, ਉਸਦੇ ਨਿਰੰਕਾਰ ਰੂਪ, ਨਾਮ ਰੂਪ, ਬ੍ਰਹਮ ਗਿਆਨ ਰੂਪ ਨੂੰ ਨਹੀਂ ਜਾਣਿਆ। ਇਹੋ ਜਿਹੇ ਤਰੀਕੇ ਸਮਝਾਉਣ ਵਾਲੇ ਸਾਨੂੰ ਜਗ੍ਹਾ ਜਗ੍ਹਾ ਬੈਠੇ ਹਨ ਭਾਵ ਆਪ ਭਰਮਾਂ ਵਿੱਚ ਹਨ ਤੇ ਸਭ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ। ਕਿਸੇ ਅੱਖਰ ਦਾ ਜਪ ਕਰਨਾ ਜਿਸਨੂੰ ਕਿ ਉਹ ਨਾਮ ਦਾ ਜਪ ਕਹਿੰਦੇ ਹਨ ਇਹ ਸਭ ਸਰੀਰਕ ਜਪ ਤਪ ਹਨ ਜਿਸ ਜਪ ਦਾ ਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। **{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ॥ ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ॥ ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥ ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ ਕਲਤ੍ ਲਗਿ ਨਾਮੁ ਵਿਸਾਰੀ ॥ ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥੩॥ ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥ ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥ ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥ ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥ ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥ ਨਦਰਿ ਕਰੇ ਰਾਖੈ ਰਖਵਾਲਾ ॥੭॥ ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥ ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}** ਅੰਗ ੪੧੨ **{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥ ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥ ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥ ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥ ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥ ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥ ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥ ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥ ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥ ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥ ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥ ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}** ਅੰਗ ੫੬-੫੭ ਇਹੋ ਜਿਹੇ ਨਾਮ ਦੇ ਜਪ ਨੂੰ ਛੱਡੇ ਬਿਨਾਂ ਫਿਰ ਕੀ ਅਸੀਂ ਗੁਰੂ ਦੀ ਮਤਿ ਤੇ ਪੂਰਾ ਉਤਰ ਸਕਦੇ ਹਾਂ ਭਾਵ ਕਿ ਅਸੀਂ ਗੁਰੂ ਦੇ ਸਮਝਾਏ ਹੋਏ ਸੱਚ ਨਾਲ ਜੁੜ ਸਕਦੇ ਹਾਂ ਤੇ ਉਸ ਸੱਚ ਰੂਪ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ ਭਾਵ ਬਿਲਕੁੱਲ ਨਹੀਂ। ਗੁਰੂ ਦੇ ਸਮਝਾਏ ਹੋਏ ਸੱਚ ਨੂੰ ਅਪਨਾਉਣਾ ਬਹੁਤ ਔਖਾ ਹੈ ਤੇ ਇਹੀ ਅਸਲ ਵਿੱਚ ਗੁਰੂ ਦਾ ਨਾਮ ਜਪਣਾ ਹੈ ਜਿਸ ਕਰਕੇ ਨਾਮ ਜਪਣਾ ਬਹੁਤ ਔਖਾ ਹੈ ਭਾਵ ਆਪਣੀ ਮਤਿ ਛੱਡਣੀ ਬਹੁਤ ਔਖੀ ਹੈ ਭਾਵ ਹਉਮੈ ਛੱਡਣੀ ਬਹੁਤ ਔਖੀ ਹੈ। ਨਾਮ ਜਪਣ ਦਾ ਭਰਮ ਸਭ ਦੇ ਅੰਦਰ ਹੈ ਤੇ ਸਿੱਖ

ਜਗਤ ਵਿੱਚ ਇੱਕ ਵੱਡਾ ਭਰਮ ਅੰਮ੍ਰਿਤ ਵੇਲੇ ਨੂੰ ਲੈ ਕੇ ਜੋ ਕਿ ਇੱਕ ਖਾਸ ਵੇਲੇ ਨੂੰ ਭਾਵ ਪ੍ਰਭਾਤ ਵੇਲੇ ਨੂੰ ਉਨ੍ਹਾਂ ਨੇ ਆਪ ਹੀ ਆਪਣੀ ਮਤਿ ਦੁਆਰਾ ਅੰਮ੍ਰਿਤ ਵੇਲਾ ਬਣਾਇਆ ਹੋਇਆ ਹੈ ਜਿਸ ਗੱਲ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ। ਪ੍ਰਮਾਤਮਾ ਦਾ ਨਾਮ ਜਪਣ ਲਈ ਭਾਵ ਉਸਦੀ ਸਿੱਖਿਆ ਤੇ ਅਮਲ ਕਰਨ ਲਈ ਹਰ ਵੇਲਾ ਇੱਕੋ ਜਿਹਾ ਹੀ ਹੈ ਤੇ ਵੇਲੇ ਵੇਲੇ ਵਿੱਚ ਫਰਕ ਕਰਨਾ ਬਾਣੀ ਰਾਹੀਂ ਸਾਡੀ ਅਗਿਆਨਤਾ ਦੱਸੀ ਹੋਈ ਹੈ। **{ਆਪੁ ਵੰਞਾਏ ਤਾ ਸਭ ਕਿਛੁ ਪਾਏ ॥ ਗੁਰ ਸਬਦੀ ਸਚੀ ਲਿਵ ਲਾਏ ॥ ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ॥੧॥ ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ ਗਾਵਣਿਆ॥ ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ ਦੇਵਣਿਆ॥੧॥ ਰਹਾਉ ॥ ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥ ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥ ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥ ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥ ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥ ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ ॥੪॥ ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥ ਨਿਰਮਲ ਬਾਣੀ ਸਬਦਿ ਵਖਾਣਹਿ ॥ ਸਚੇ ਸੇਵਿ ਸਦਾ ਸੁਖੁ ਪਾਇਨਿ ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥ ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ ਸਤਸੰਗਤਿ ਬਹਿ ਹਰਿ ਗੁਣ ਗਾਇਆ ॥ ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥ ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ॥ ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥ ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ ॥ ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥}** ਅੰਗ ੧੧੫-੧੧੬ **{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥ ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥ ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥ ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥ ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥ ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥ ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥ ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥ ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥ ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥ ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}** ਅੰਗ ੩੫ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਅੰਮ੍ਰਿਤ ਵੇਲਾ ਕੀ ਹੈ ਇਸ ਗੱਲ ਨੂੰ ਵੀ ਪਿੱਛੇ ਬਰੀਕੀ ਨਾਲ ਸਮਝਿਆ ਹੈ। ਜਦ ਤੱਕ ਅੰਮ੍ਰਿਤ ਦੀ ਸਮਝ ਹੀ ਨਹੀਂ ਤਦ ਤੱਕ ਅੰਮ੍ਰਿਤ ਵੇਲਾ ਕੀ ਹੈ ਇਸਦੀ ਸਮਝ ਪੈ ਵੀ ਕਿਵੇਂ ਸਕਦੀ ਹੈ। ਜਦ ਤੱਕ ਅੰਮ੍ਰਿਤ ਦਾ ਮਾਲਕ ਅਕਾਲ ਪੁਰਖ ਕਿਸੇ ਦੀ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪਣਾ ਅੰਮ੍ਰਿਤ ਜਲ ਨਹੀਂ ਪਿਆਉਂਦਾ ਤਦ ਤੱਕ ਕੋਈ ਕੀ ਜਾਣੇ ਕਿ ਅੰਮ੍ਰਿਤ ਵੇਲਾ ਕੀ ਹੈ। ਅੰਮ੍ਰਿਤ ਦੀ ਪ੍ਰਾਪਤੀ ਦਾ ਵੇਲਾ ਕੋਈ ਦੁਨਿਆਵੀ ਵੇਲਾ ਨਹੀਂ ਹੈ ਕਿ ਅੰਮ੍ਰਿਤ ਦੀ ਪ੍ਰਾਪਤੀ ਦਿਨ ਦੇ ਜਾਂ ਰਾਤ ਦੇ ਕਿਸ ਵੇਲੇ ਹੋਣੀ ਹੈ। ਅੰਮ੍ਰਿਤ ਦੀ ਪ੍ਰਾਪਤੀ ਕਰਨ ਦਾ ਵੇਲਾ ਸਾਡਾ ਪੂਰਾ ਜੀਵਨ ਹੀ ਹੈ ਕਿਉਂਕਿ ਸਾਡੇ ਜੀਵਨ ਵਿੱਚ ਪ੍ਰਮਾਤਮਾ ਕਿਸ ਵੇਲੇ

ਕਿਸੇ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਕ੍ਰਿਪਾ ਕਰਨ ਦੁਆਰਾ ਆਪਣਾ ਅੰਮ੍ਰਿਤ ਪਿਆ ਦੇਵੇ ਇਹ ਉਹ ਆਪ ਹੀ ਜਾਣਦਾ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਆਪਣਾ ਪਾਇਆ ਹੋਇਆ ਅੰਮ੍ਰਿਤ ਹੀ ਹੈ ਜਿਸ ਕਰਕੇ ਪੂਰੀ ਬਾਣੀ ਅੰਮ੍ਰਿਤ ਬਾਣੀ ਹੈ। ਬਾਣੀ ਦੇ ਵਿੱਚੋਂ ਇਹ ਅੰਮ੍ਰਿਤ ਪ੍ਰਾਪਤੀ ਕਰਨ ਦਾ ਸੱਚਾ ਉੱਦਮ ਹੀ ਕਰਨਾ ਹੈ। ਬਾਣੀ ਸਾਨੂੰ ਹਰ ਵੇਲੇ, ਅੱਠੇ ਪਹਿਰ ਇੱਕੋ ਜਿਹਾ ਅੰਮ੍ਰਿਤ ਹੀ ਪਿਆ ਰਹੀ ਹੈ ਭਾਵ ਹਰ ਵੇਲੇ ਇੱਕੋ ਜਿਹੀ ਸੱਚੀ ਸਿੱਖਿਆ ਹੀ ਸਮਝਾ ਰਹੀ ਹੈ। ਹਰ ਸ਼ਬਦ ਦੀ ਵਿਚਾਰ ਦੇ ਅੰਦਰ ਗੁਰੂ ਦਾ ਅੰਮ੍ਰਿਤ ਹੀ ਹੈ ਜੋ ਗੁਰੂ ਦਾ ਅੰਮ੍ਰਿਤ ਛੱਕਣ ਦੇ ਨਾਲ ਅਸੀਂ ਭਰਮਾਂ ਵਾਲੀ ਸਮਝ ਦੇ ਵਿੱਚੋਂ ਹੀ ਨਿਕਲਦੇ ਹਾਂ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਦੇ ਨਾਲ ਹੀ ਜੁੜਦੇ ਹਾਂ। ਉਸ ਅੰਮ੍ਰਿਤ ਵੇਲੇ ਦੀ ਪ੍ਰਾਪਤੀ ਕਰਨ ਲਈ ਜਿਸ ਵੇਲੇ ਅੰਮ੍ਰਿਤ ਦਾ ਮਾਲਕ, ਨਾਮ ਦਾ ਮਾਲਕ

ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਨਾਮ ਰੂਪ ਅੰਮ੍ਰਿਤ ਪਿਆਉਂਦਾ ਹੈ ਉਸ ਲਈ ਸਾਡਾ ਸੱਚਾ ਉੱਦਮ ਇਹੀ ਹੈ ਕਿ ਅਸੀਂ ਸ਼ਬਦਾਂ ਦੇ ਵਿਚਾਰ ਰੂਪ ਅੰਮ੍ਰਿਤ ਨੂੰ ਪੀਵੀਏ ਤੇ ਆਪਣੀ ਭਰਮਾਂ ਵਾਲੀ ਸਮਝ ਦੇ ਵਿੱਚੋਂ ਨਿਕਲੀਏ ਤੇ ਭਗਤੀ ਦੇ ਉਹੋ ਜਿਹੇ ਮਾਰਗ ਨਾਲ ਜੁੜੀਏ ਜੋ ਮਾਰਗ ਸਾਨੂੰ ਪੂਰੀ ਅੰਮ੍ਰਿਤ ਬਾਣੀ ਸਮਝਾ ਰਹੀ ਹੈ, ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦੁਆਰਾ ਸਮਝਾ ਰਹੀ ਹੈ। ਪ੍ਰਮਾਤਮਾ ਦੀ ਭਗਤੀ ਦੇ ਮਾਰਗ ਨੂੰ ਲੈ ਕੇ ਸਾਡੇ ਸਮਾਜ ਦੇ ਅੰਦਰ ਅਨੇਕਾਂ ਹੀ ਭਰਮ ਹਨ ਜਿਨ੍ਹਾਂ ਵਿੱਚੋਂ ਇੱਕ ਵੱਡਾ ਭਰਮ ਮਨੁੱਖ ਦੇ ਖਾਣੇ ਪੀਣੇ ਨਾਲ ਜੁੜਿਆ ਹੋਇਆ ਹੈ ਕਿ ਧਰਮ ਦੇ ਮਾਰਗ ਤੇ ਚੱਲਣ ਲਈ ਕਿਹੋ ਜਿਹਾ ਖਾਣਾ ਪੀਣਾ ਚੰਗਾ ਹੈ ਤੇ ਕਿਹੋ ਜਿਹਾ ਖਾਣਾ ਪੀਣਾ ਮਾੜਾ ਹੈ। ਖਾਣਾ ਪੀਣਾ ਮਨੁੱਖ ਦੀ ਸਰੀਰਕ ਲੋੜ ਦਾ ਹਿੱਸਾ ਹੈ ਤੇ ਪੂਰੇ ਸੰਸਾਰ ਵਿੱਚ ਸਰੀਰਕ ਲੋੜ ਸਭ ਦੀ ਵੱਖਰੀ ਵੱਖਰੀ ਹੁੰਦੀ ਹੈ। ਗਰਮ ਮੌਸਮ ਵਿੱਚ ਰਹਿਣ ਵਾਲਿਆਂ ਦੇ ਖਾਣ ਪੀਣ ਦੀ ਸਰੀਰਕ ਲੋੜ ਹੋਰ ਤਰੀਕੇ ਦੀ ਹੁੰਦੀ ਹੈ ਤੇ ਠੰਢੇ ਮੌਸਮ ਵਿੱਚ ਰਹਿਣ ਵਾਲਿਆਂ ਦੀ ਲੋੜ ਹੋਰ ਤਰੀਕੇ ਦੀ ਹੁੰਦੀ ਹੈ। ਭਾਰਤੀ ਸਮਾਜ ਵਿੱਚ ਆਮ ਕਰਕੇ ਤੇ ਸਿੱਖ ਜਗਤ ਵਿੱਚ ਵੀ ਧਾਰਮਿਕ ਆਗੂਆਂ ਦੁਆਰਾ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਮਾਸਾਹਾਰੀ ਖਾਣਾ ਧਰਮ ਦੇ ਮਾਰਗ ਤੇ ਉਲਟ ਹੈ ਭਾਵ ਮਾਸ ਨਹੀਂ ਖਾਣਾ ਚਾਹੀਦਾ। ਮਾਸ ਖਾਣ ਬਾਰੇ ਗੁਰੂ ਗੁਰਬਾਣੀ ਦਾ ਕੀ ਫੁਰਮਾਨ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ ਜਿਸ ਰਾਹੀਂ ਗੁਰੂ ਸਾਹਿਬ ਨੇ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ, ਮਾਸ ਖਾਣ ਦਾ ਧਰਮ ਦੇ ਮਾਰਗ ਨਾਲ ਕੋਈ ਸੰਬੰਧ ਨਹੀਂ ਹੈ ਭਾਵ ਜਿਸਦੀ ਇੱਛਾ ਹੈ ਉਹ ਮਾਸ ਖਾ ਲਵੇ ਤੇ ਜਿਸਦੀ ਇੱਛਾ ਨਹੀਂ ਹੈ ਉਹ ਨਾ ਖਾਵੇ। ਅਨੇਕਾਂ ਹੀ ਧਰਮ ਦਾ ਪ੍ਰਚਾਰ ਕਰਨ ਵਾਲੇ ਉਨ੍ਹਾਂ ਨੂੰ ਮਾੜਾ ਕਹਿੰਦੇ ਹਨ, ਉਨ੍ਹਾਂ ਨੂੰ ਮੰਦੇ ਇਨਸਾਨ ਕਹਿੰਦੇ ਹਨ ਜੋ ਮਾਸ ਦਾ ਸੇਵਨ ਕਰਦੇ ਹਨ। ਗੁਰੂ ਸਾਹਿਬ ਨੇ ਸ਼ਬਦ

51/7045

ਰਾਹੀਂ ਇਹੋ ਜਿਹੇ ਝਗੜੇ ਪਾਉਣ ਵਾਲਿਆਂ ਨੂੰ ਤਾੜਨਾ ਕੀਤੀ ਹੋਈ ਹੈ ਕਿ ਕਿਸੇ ਨਾਲ ਇਸ ਗੱਲ ਲਈ ਝਗੜਾ ਨਾ ਕਰੋ ਕਿ ਉਹ ਮਾਸ ਦਾ ਸੇਵਨ ਕਰਦਾ ਹੈ। ਇਹ ਗੱਲ ਗੁਰੂ ਸਾਹਿਬ ਨੇ ਸ਼ਬਦ ਰਾਹੀਂ ਬੜੀ ਸਪਸ਼ਟ ਕਰਕੇ ਸਮਝਾਈ ਹੋਈ ਹੈ ਤਾਂ ਜੋ ਇਸ ਗੱਲ ਕਰਕੇ ਸਮਾਜ ਵਿੱਚ ਕੋਈ ਝਗੜਾ ਨਾ ਪਵੇ। **ਭਗਤ ਸਧਨਾ ਜੀ** ਜਿਨ੍ਹਾਂ ਨੇ ਗੁਰਬਾਣੀ ਦੀ ਰਚਨਾ ਕੀਤੀ ਹੈ ਭਾਵ ਜਿਨ੍ਹਾਂ ਦੇ ਅੰਦਰ ਖੁੱਦ ਅਕਾਲ ਪੁਰਖ ਪ੍ਰਗਟ ਹਨ ਉਨ੍ਹਾਂ ਦਾ ਮਾਸ ਕੱਟਣ ਤੇ ਵੇਚਣ ਦਾ ਹੀ ਕੰਮ ਸੀ ਜਿਵੇਂ ਇਸ ਗੱਲ ਦੀ ਅਨੇਕਾਂ ਨੂੰ ਸਮਝ ਹੈ। ਮਾਸ ਮੱਛੀ ਦਾ ਸੇਵਨ ਤਾਂ ਸਾਰੇ ਸੰਸਾਰ ਵਿੱਚ ਕੀਤਾ ਜਾਂਦਾ ਹੈ ਜੋ ਕਿ ਸਾਰੇ ਸੰਸਾਰ ਲਈ ਭੋਜਨ ਦਾ ਇੱਕ ਬਹੁਤ ਵੱਡਾ ਸਾਧਨ ਹੈ ਤੇ ਭੋਜਨ ਦਾ ਹਰ ਸਾਧਨ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਬਣਾਇਆ ਹੋਇਆ ਹੈ ਜਿਸ ਤਰੀਕੇ ਉਹ ਸ੍ਰਿਸ਼ਟੀ ਦੀ ਵੱਡੀ ਲੋੜ ਨੂੰ ਆਪ ਹੀ ਪੂਰਾ ਕਰ ਰਿਹਾ ਹੈ। ਮਾਸ ਖਾਣ ਦਾ ਜਾਂ ਨਾ ਖਾਣ ਦਾ ਧਰਮ ਦੇ ਮਾਰਗ ਨਾਲ ਕੋਈ ਸੰਬੰਧ ਨਹੀਂ ਹੈ। ਧਰਮ ਦਾ ਸੰਬੰਧ ਸੱਚ ਜਾਂ ਝੂਠ ਦੇ ਨਾਲ ਹੈ। ਇੱਕ ਮਾਸ ਖਾਣ ਵਾਲਾ ਮਨੁੱਖ ਅਗਰ ਮਾਸ ਖਾ ਕੇ ਸੱਚ ਬੋਲਦਾ ਹੈ ਤੇ ਮਾਸ ਨਾ ਖਾਣ ਵਾਲਾ ਜੇਕਰ ਦਾਲ, ਸਬਜੀ, ਖਿਚੜੀ ਖਾ ਕੇ ਝੂਠ ਬੋਲਦਾ ਹੈ ਫਿਰ ਅਕਾਲ ਪੁਰਖ ਦੀਆਂ ਨਜਰਾਂ ਵਿੱਚ ਸੱਚ ਬੋਲਣ ਵਾਲਾ ਚੰਗਾ ਹੈ ਤੇ ਝੂਠ ਬੋਲਣ ਵਾਲਾ ਮਾੜਾ ਹੈ। **{ਸਲੋਕੁ ਮਃ ੧ ॥ ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥}** ਅੰਗ ੧੩੯-੧੪੦ **{ਮਃ ੧ ॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥}** ਅੰਗ ੧੪੧ **{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥ ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ**

ਮਾਸਹੁ ਪਾਤਿਸਾਹ ਸੁਲਤਾਨਾਂ ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਕ੍ਹਾਣਾ ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥ ਤੋਆ ਆਥੈ ਹਉ ਬਹੁ ਬਿਧਿ ਹਢਾ ਤੋਐ ਬਹੁਤੁ ਬਿਕਾਰਾ ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥} ਅੰਗ ੧੨੮੯ **{ਪਉੜੀ ॥ ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥ ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥ ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥ ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥ ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥ ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ ॥ ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}** ਅੰਗ ੧੨੯੦ ਜਿਵੇਂ ਮਾਸ ਨੂੰ ਖਾਣ ਜਾਂ ਨਾ ਖਾਣ ਵਿੱਚ ਭਰਮ ਹੈ ਸਿੱਖ ਧਾਰਮਿਕ ਜਗਤ ਵਿੱਚ ਇਸ ਤੋਂ ਕੋਈ ਵੱਡਾ ਭਰਮ ਦਾਰੂ ਦੇ ਸੇਵਨ ਨੂੰ ਲੈ ਕੇ ਹੈ ਜਿਸਨੂੰ ਸ਼ਰਾਬ ਵੀ ਕਿਹਾ ਜਾਂਦਾ ਹੈ, ਦਾਰੂ ਦੇ ਸੇਵਨ ਨੂੰ ਹਰ ਕੋਈ ਧਰਮੀ ਅਖਵਾਉਣ ਵਾਲਾ ਮਾੜਾ ਹੀ ਕਹਿੰਦਾ ਹੈ। ਸ਼ਰਾਬ ਕੋਈ ਚੰਗੀ ਵਸਤੂ ਨਹੀਂ ਹੈ ਤੇ ਇਸਨੂੰ ਮਾੜਾ ਕਹਿਣਾ ਕੋਈ ਗਲਤ ਗੱਲ ਵੀ ਨਹੀਂ ਹੈ। ਪੂਰੀ ਗੁਰਬਾਣੀ ਵਿੱਚ ਦਾਰੂ ਦੇ ਭਾਵ ਸ਼ਰਾਬ ਦੇ ਸੇਵਨ ਦੀ ਕੋਈ ਗੱਲ ਨਹੀਂ ਕੀਤੀ। ਇੱਕ ਸ਼ਬਦ ਨੂੰ ਲੈ ਕੇ ਜੋ ਅਨੇਕਾਂ ਦੇ ਵਿੱਚ ਭੁਲੇਖਾ ਹੈ ਕਿ ਇਸ ਸ਼ਬਦ ਰਾਹੀਂ ਸ਼ਰਾਬ ਨੂੰ ਮਾੜਾ ਕਿਹਾ ਹੋਇਆ ਹੈ ਉਹ ਕੇਵਲ ਸ਼ਬਦ ਨੂੰ ਸਮਝਣ ਵਿੱਚ ਭੁਲੇਖਾ ਹੀ ਹੈ ਕਿਉਂਕਿ ਉਸ ਸ਼ਬਦ ਬਾਰੇ ਸਾਡੀ ਹਉਮੈ ਦੀ ਗੱਲ ਕੀਤੀ ਹੋਈ ਹੈ ਨਾ ਕਿ ਸ਼ਰਾਬ ਬਾਰੇ। ਇਸ ਸ਼ਬਦ ਵਿੱਚ ਜੋ ਕਿ ਅਸੀਂ ਪਿੱਛੇ ਸਮਝਿਆ ਵੀ ਹੈ। **{ਸਲੋਕ ਮਃ ੩ ॥ ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥ ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥੧॥}** ਅੰਗ ੫੫੪ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਬਰੀਕੀ ਨਾਲ ਸਮਝੇ ਹੀ ਹਨ। ਜਿਸ ਰਾਹੀਂ ਸ਼ਰਾਬ ਪੀਣ ਜਾਂ ਨਾ ਪੀਣ ਦੀ ਗੱਲ ਨਹੀਂ ਕੀਤੀ। ਸ਼ਰਾਬ ਰੂਪ ਦਾਰੂ ਵੀ ਪ੍ਰਮਾਤਮਾ ਦਾ ਆਪਣਾ ਹੀ ਬਣਾਇਆ ਹੋਇਆ ਹੈ ਜੋ ਕਿ ਉਸਨੇ ਕਿਸੇ ਮਕਸਦ ਲਈ ਹੀ ਬਣਾਇਆ ਹੋਇਆ ਹੈ। ਸਾਰੀ ਗੱਲ ਦਾਰੂ ਦੇ ਸੇਵਨ ਤੇ ਮੁੱਕਦੀ ਹੈ। ਹਰ ਚੀਜ ਨੂੰ ਬਨਾਉਣ ਵਾਲਾ ਪ੍ਰਮਾਤਮਾ ਆਪ ਹੈ। ਦਾਰੂ ਭਾਵ ਸ਼ਰਾਬ ਦੇ ਵਿੱਚ ਅਨੇਕਾਂ ਗੁਣ ਵੀ ਹਨ ਤੇ ਅਨੇਕਾਂ ਬੁਰਿਆਈਆਂ ਵੀ ਹਨ। ਇਹ ਦਾਰੂ ਸਰੀਰ ਦੇ ਰੋਗਾਂ ਨੂੰ ਦੂਰ ਵੀ ਕਰਦਾ ਹੈ ਤੇ ਸਰੀਰ ਦੇ ਅੰਗਾਂ ਨੂੰ ਖਰਾਬ ਵੀ ਕਰਦਾ ਹੈ। ਠੰਢ ਦੇ ਮੌਸਮ ਵਿੱਚ ਅਗਰ ਇਸਦਾ ਥੋੜੀ ਮਾਤਰਾ ਵਿੱਚ ਸੇਵਨ ਕੀਤਾ ਜਾਵੇ ਤਾਂ ਇਸ ਨਾਲ ਸਰੀਰ ਨੂੰ ਲਾਭ ਮਿਲਦਾ ਹੈ। ਛੋਟੇ ਬੱਚਿਆਂ ਨੂੰ ਠੰਢ ਤੋਂ

ਬਚਾਉਣ ਲਈ ਅਕਸਰ ਬਰਾਂਡੀ ਦਿੱਤੀ ਜਾਂਦੀ ਹੈ ਭਾਵ ਦਾਰੂ ਦਾ ਚਮਚ ਪਿਆਇਆ ਜਾਂਦਾ ਹੈ। ਜੋ ਮਨੁੱਖ ਬਹੁਤ ਠੰਢੀ ਜਗ੍ਹਾ ਤੇ ਰਹਿੰਦੇ ਹਨ, ਪਹਾੜਾਂ ਦੀਆਂ ਚੋਟੀਆਂ ਤੇ ਰਹਿੰਦੇ ਹਨ ਉਨ੍ਹਾਂ ਨੂੰ ਉੱਥੇ ਦਾਰੂ ਦਾ ਸੇਵਨ ਠੰਢ ਤੋਂ ਬਚਣ ਲਈ ਕਰਨਾ ਹੀ ਪੈਂਦਾ ਹੈ ਵਰਨਾ ਉਨ੍ਹਾਂ ਦਾ ਉੱਥੇ ਰਹਿਣਾ ਹੀ ਮੁਸ਼ਕਿਲ ਹੋ ਜਾਵੇ। ਇਸੇ ਲਈ ਪਹਾੜੀ ਦੀ ਚੋਟੀਆਂ ਤੇ ਜੋ ਫੌਜੀ ਜਵਾਨ ਰਹਿੰਦੇ ਹਨ ਉਨ੍ਹਾਂ ਨੂੰ ਸਰਕਾਰ ਆਪ ਹੀ ਦਾਰੂ ਦਾ ਇੰਤਜਾਮ ਕਰਦੀ ਹੈ ਜੋ ਉਨ੍ਹਾਂ ਲਈ ਦਵਾਈ ਦਾ ਕੰਮ ਕਰਦਾ ਹੈ। ਦਵਾਈ ਦੇ ਤੌਰ ਤੇ ਇਸਦਾ ਸੇਵਨ ਕਰਨ ਨਾਲ ਕੋਈ ਅਪਰਾਧੀ ਨਹੀਂ ਬਣ ਜਾਂਦਾ ਜਿਵੇਂ ਕਿ ਇਸਦੇ ਸੇਵਨ ਨੂੰ ਅਨੇਕਾਂ ਹੀ ਮਨੁੱਖ ਇਸਨੂੰ ਧਰਮ ਦੇ ਮਾਰਗ ਨਾਲ ਜੋੜਦੇ ਹਨ। ਸ਼ਰਾਬ ਅਨੇਕਾਂ ਹੀ ਦਵਾਈਆਂ ਵਿੱਚ ਪੈਂਦੀ ਹੈ ਜਿਨ੍ਹਾਂ ਨੂੰ ਹਰ ਕੋਈ ਵਰਤਦਾ ਹੈ। ਅਧਰਮੀ ਅਸੀਂ ਮਾੜੇ ਕਰਮਾਂ ਕਰਕੇ ਬਣਦੇ ਹਾਂ। ਸ੍ਰਿਸ਼ਟੀ ਦੇ ਹਰ ਕੋਨੇ ਤੇ ਜੋ ਵੀ ਕੋਈ ਮਨੁੱਖ ਰਹਿੰਦਾ ਹੈ ਉਹ ਹਰ ਕੋਈ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਹਰ ਕਿਸੇ ਦੀ ਜੋ ਵੀ ਜਰੂਰਤ ਹੈ ਉਸ ਜਰੂਰਤ ਦੀ ਪੂਰਤੀ ਦਾ ਸਾਧਨ ਵੀ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਬਣਾਇਆ ਹੋਇਆ ਹੈ। ਸੰਸਾਰ ਵਿੱਚ ਜੋ ਵੀ ਵਸਤੂ ਬਣਦੀ ਹੈ ਉਹ ਪ੍ਰਮਾਤਮਾ ਦੇ ਦਿੱਤੇ ਹੋਏ ਗਿਆਨ ਦੁਆਰਾ ਹੀ ਬਣਦੀ ਹੈ। ਪ੍ਰਮਾਤਮਾ ਦੀ ਬਣਾਈ ਹੋਈ ਹਰ ਚੀਜ ਪਵਿੱਤਰ ਹੈ ਤੇ ਉਸਦੀ ਪਵਿੱਤਰ ਵਸਤੂ ਨੂੰ ਅਸੀਂ ਕਿਸ ਤਰੀਕੇ ਵਰਤਣਾ ਹੈ ਇਹ ਸਮਝ ਵੀ ਉਹ ਆਪ ਹੀ ਪਾਉਂਦਾ ਹੈ। ਸਾਰੀ ਗੱਲ ਦਾਰੂ ਦੇ ਸੇਵਨ ਦੀ ਇਸ ਗੱਲ ਤੇ ਨਿਬੜਦੀ ਹੈ ਕਿ ਕੋਈ ਉਸ ਵਸਤੂ ਦਾ ਸੇਵਨ ਕਿਸ ਮਕਸਦ ਲਈ ਕਰਦਾ ਹੈ। ਜੇਕਰ ਸੇਵਨ ਸਰੀਰ ਦੇ ਰੋਗ ਦੂਰ ਕਰਨ ਲਈ ਕੀਤਾ ਜਾਵੇ ਤਾਂ ਇਸ ਵਿੱਚ ਕੋਈ ਦੋਸ਼ ਨਹੀਂ ਹੈ ਤੇ ਜੇਕਰ ਸੇਵਨ ਆਪਣੀ ਮਸਤੀ ਲਈ ਹੀ ਕੀਤਾ

ਜਾਵੇ, ਕਿਸੇ ਦਾ ਬੁਰਾ ਕਰਨ ਲਈ ਕੀਤਾ ਜਾਵੇ, ਮਾੜੇ ਕਰਮ ਕਰਨ ਲਈ ਕੀਤਾ ਜਾਵੇ, ਆਪਣੇ ਸਰੀਰ ਨੂੰ ਖਰਾਬ ਕਰਨ ਲਈ ਕੀਤਾ ਜਾਵੇ ਤਾਂ ਫਿਰ ਇਸਦਾ ਸੇਵਨ ਮਾੜਾ ਹੈ। ਕਈ ਇਹੋ ਜਿਹੇ ਦਾਰੂ ਦੇ ਨਸ਼ੇ ਵਿੱਚ ਸਾਡੀਆਂ ਧੀਆਂ, ਭੈਣਾਂ ਨੂੰ ਛੇੜਦੇ ਵੀ ਹਨ ਭਾਵ ਪਰੇਸ਼ਾਨ ਵੀ ਕਰਦੇ ਹਨ ਜੋ ਕਿ ਮਾੜਾ ਕਰਮ ਹੈ ਭਾਵ ਸੱਚ ਦੇ ਉਲਟ ਹੈ, ਗੁਰਮਤਿ ਦੇ ਉਲਟ ਹੈ ਭਾਵ ਧਰਮ ਦੇ ਮਾਰਗ ਤੇ ਉਲਟ ਹੈ ਤੇ ਇਹੋ ਜਿਹਾ ਮਾੜਾ ਕਰਮ ਜੇਕਰ ਕੋਈ ਦਾਰੂ ਨਾ ਪੀਣ ਵਾਲਾ ਕਰਦਾ ਹੈ ਭਾਵ ਦੁੱਧ ਪੀਣ ਵਾਲਾ, ਸ਼ਰਬਤ ਆਦਿ ਪੀਣ ਵਾਲਾ, ਲੱਸੀ ਪੀਣ ਵਾਲਾ ਭਾਵੇਂ ਕੇਵਲ ਪਾਣੀ ਪੀਣ ਵਾਲਾ ਕਰਦਾ ਹੈ। ਮਾੜੇ ਕਰਮਾਂ ਦੀਆਂ ਸਜਾਵਾਂ ਪ੍ਰਮਾਤਮਾ ਦੇ ਦਰ ਤੋਂ ਸਭ ਨੂੰ ਇੱਕੋ ਜਿਹੀਆਂ ਹੀ ਮਿਲਦੀਆਂ ਹਨ, ਇੱਕੋ ਤਰੀਕੇ ਹੀ ਮਿਲਦੀਆਂ ਹਨ ਭਾਵੇਂ ਉਸਦਾ ਖਾਣ ਪੀਣ ਕਿਹੋ ਜਿਹਾ ਵੀ ਹੋਵੇ। ਸਜਾਵਾਂ ਤਾਂ ਮਾੜੇ ਕਰਮਾਂ ਦੀਆਂ ਹੀ ਮਿਲਦੀਆਂ ਹਨ ਭਾਵ ਮਾੜੀ ਸੰਸਾਰਿਕ ਵਿਚਰਨ ਦੀਆਂ ਹੀ ਮਿਲਦੀਆਂ ਹਨ, ਤ੍ਰਿਸ਼ਨਾਵਾਂ ਨਾ ਛੱਡਣ ਦੀਆਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨਾ ਛੱਡਣ ਦੀਆਂ ਹੀ ਮਿਲਦੀਆਂ ਹਨ ਭਾਵ ਔਗੁਣ ਨਾ ਛੱਡਣ ਦੀਆਂ ਹੀ ਮਿਲਦੀਆਂ ਹਨ ਫਿਰ ਅਸੀਂ ਜੋ ਵੀ ਕਰਮ ਗੁਰਮਤਿ ਦੇ ਉਲਟ ਚੱਲਕੇ ਕਰਦੇ ਹਾਂ ਭਾਵ ਮਨਮਤਿ ਵਿੱਚ ਰਹਿ ਕੇ ਕਰਦੇ ਹਾਂ ਉਹ ਹਰ ਕਰਮ ਸਾਡਾ ਔਗੁਣ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਹੋ ਜਿਹਾ ਮਨੁੱਖ ਫਿਰ ਧਰਮ ਦੇ ਮਾਰਗ ਤੋਂ ਉਲਟ ਹੀ ਚੱਲਦਾ ਹੈ ਭਾਵ ਸਚ ਦੇ ਮਾਰਗ ਤੋਂ ਉਲਟ ਹੀ ਚੱਲਦਾ ਹੈ, ਧਰਮ ਦਾ ਮਾਰਗ ਸਾਡੇ ਕਰਮਾਂ ਨਾਲ ਜੁੜਿਆ ਹੋਇਆ ਹੈ ਭਾਵ ਸਾਡੀ ਸੰਸਾਰਿਕ ਵਿਚਰਨ ਨਾਲ ਜੁੜਿਆ ਹੋਇਆ ਹੈ ਕੀ ਸਾਡੀ ਸੰਸਾਰਿਕ ਵਿਚਰਨ ਸੰਸਾਰ ਦੇ ਭਲੇ ਲਈ ਹੈ ਜਾਂ ਦੂਸਰਿਆਂ ਨੂੰ ਦੁੱਖ ਦੇਣ ਲਈ। ਇਹ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਵੱਸ ਵਿੱਚ ਰੱਖਣ ਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਵੱਸ ਵਿੱਚ ਰੱਖਣ ਦਾ ਹੈ ਜੋ ਮਾਰਗ ਸਾਰੇ ਸੰਸਾਰ ਲਈ ਭਾਵ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜਿਸ ਮਾਰਗ ਦਾ ਸੰਬੰਧ ਇਸ ਗੱਲ ਨਾਲ ਨਹੀਂ ਹੈ ਕਿ ਕਿਹੜਾ ਮਨੁੱਖ ਕਿਹੋ ਜਿਹਾ ਭੋਜਨ ਖਾਂਦਾ ਹੈ ਜਾਂ ਕਿਹੋ ਜਿਹਾ ਪਦਾਰਥ ਉਹ ਪੀਂਦਾ ਹੈ। ਸਾਰੀ ਗੱਲ ਆਪਣੇ ਮਨ ਨੂੰ ਸਮਝਾਉਣ ਦੇ ਨਾਲ ਹੈ ਭਾਵ ਗੁਰੂ ਦੀ ਮਤਿ ਨੂੰ ਮੰਨ ਕੇ ਆਪਣੀ ਮਤਿ ਦੇ ਵਿੱਚੋਂ ਨਿਕਲਣ ਦੇ ਨਾਲ ਹੈ। ਸਾਨੂੰ ਗੁਰਮਤਿ ਸਮਝਾਉਣ ਵਾਲਾ ਆਪ ਗੁਰੂ ਰੂਪ ਪ੍ਰਮਾਤਮਾ ਹੀ ਹੈ। ਗੁਰੂ ਸਾਹਿਬ ਸਾਨੂੰ ਖੁੱਦ ਇਹ ਸਮਝਾ ਰਹੇ ਹਨ ਕਿ ਅਕਾਲ ਪੁਰਖ ਨੇ ਜੋ ਕੁਝ ਵੀ ਬਣਾਇਆ ਹੈ ਉਹ ਸਭ ਕੁਝ ਪਵਿੱਤਰ ਹੈ ਭਾਵੇਂ ਉਹ ਖਾਣ ਦੀ ਵਸਤੂ ਹੈ ਤੇ ਭਾਵੇਂ ਉਹ ਪੀਣ ਦੀ ਵਸਤੂ ਹੈ। ਇਹ ਸਭ ਕੁਝ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਰਿਜਕ ਹੀ ਹੈ। **{ਮਃ ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥}** ਅੰਗ ੪੭੨

ਹਰ ਖਾਣ-ਪੀਣ ਦੀ ਵਸਤੂ ਜੋ ਵੀ ਮਨੁੱਖ ਵਰਤਦਾ ਹੈ ਇਹ ਸਭ ਪ੍ਰਮਾਤਮਾ ਦਾ ਆਪਣਾ ਦਿੱਤਾ ਹੋਇਆ ਰਿਜਕ ਹੀ ਹੈ। ਹਰ ਰਿਜਕ ਪੈਦਾ ਕਰਨ ਵਾਲਾ ਵੀ ਉਹ ਆਪ ਹੈ ਤੇ ਆਪਣੇ ਹਰ ਰਿਜਕ ਨੂੰ ਵਰਤਣ ਵਾਲਾ ਵੀ ਉਹ ਆਪ ਹੈ ਤੇ ਹਰ ਰਿਜਕ ਨੂੰ ਕੋਈ ਕਿਸ ਤਰੀਕੇ ਵਰਤਦਾ ਹੈ ਉਸਦੀ ਸਮਝ ਪਾਉਣ ਵਾਲਾ ਵੀ ਆਪ ਹੈ ਜੋ ਕਿ ਸਭ ਕੁਝ ਉਹ ਆਪ ਹੀ ਹੈ ਇਸ ਗੱਲ ਦੀ ਸਮਝ ਮਨ ਦਾ ਭਰਮ ਨਿਕਲਣ ਦੁਆਰਾ ਹੀ ਪੈਂਦੀ ਹੈ ਜੋ ਭਰਮ ਉਹ ਕਿਸੇ ਦਾ ਆਪ ਹੀ ਕੱਢ ਸਕਦਾ ਹੈ। ਅਸੀਂ ਕੀ ਖਾ-ਪੀ ਕੇ ਸੱਚ ਬੋਲਦੇ ਹਾਂ ਤੇ ਕੀ ਖਾ-ਪੀ ਕੇ ਝੂਠ ਬੋਲਦੇ ਹਾਂ ਧਰਮ ਦੇ ਮਾਰਗ ਦਾ ਸੰਬੰਧ ਇਸ ਗੱਲ ਦੇ

ਨਾਲ ਹੀ ਹੈ। ਅੰਗਰੇਜ ਲੋਕ ਵੀ ਸੱਚ ਨੂੰ ਧਰਮ ਦਾ ਮਾਰਗ ਮੰਨਦੇ ਹਨ ਭਾਵ ਸੱਚ ਤੇ ਚੱਲਣ ਨੂੰ ਧਰਮ ਦਾ ਮਾਰਗ ਮੰਨਦੇ ਹਨ ਕਿਉਂਕਿ ਉਹ ਸੱਚ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਸਮਝਦੇ ਹਨ ਜੋ ਕਿ ਸੱਚਾਈ ਹੈ। ਅੰਗਰੇਜ ਲੋਕ ਆਪਣੇ ਧਰਮ ਅਸਥਾਨਾਂ ਤੇ ਬੈਠ ਕੇ ਵੀ ਦਾਰੂ ਦਾ ਇਸਤੇਮਾਲ ਕਰਦੇ ਹਨ ਭਾਵ ਆਪਣੀ ਸਮਝ ਅਨੁਸਾਰ ਭਾਵ ਆਪਣੀ ਆਪਣੀ ਲੋੜ ਅਨੁਸਾਰ ਦਾਰੂ ਪੀਂਦੇ ਹਨ ਤੇ ਨਾਲ ਸੱਚ ਵੀ ਬੋਲਦੇ ਹਨ ਭਾਵ ਸੱਚ ਤੇ ਚੱਲਣ ਨੂੰ ਉੱਚਾ ਮੰਨਦੇ ਹਨ ਤੇ ਸੱਚ ਤੇ ਚੱਲਣ ਦਾ ਪ੍ਰਚਾਰ ਵੀ ਕਰਦੇ ਹਨ। ਪੂਰਨ ਸੱਚ ਕੀ ਹੈ ਇਸ ਗੱਲ ਦੀ ਸਮਝ ਤਾਂ ਉਨ੍ਹਾਂ ਨੂੰ ਵੀ ਨਹੀਂ ਹੈ ਕਿ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਤੇ ਸਭ ਜਗ੍ਹਾ ਕਿਸ ਰੂਪ ਵਿੱਚ ਹੈ, ਪਰ ਪ੍ਰਮਾਤਮਾ ਦੇ ਦਿੱਤੇ ਹੋਏ ਰਿਜਕ ਦੀ ਵਰਤੋਂ ਕਿਵੇਂ ਕਰਨੀ ਹੈ ਉਹ ਇਸ ਗੱਲ ਨੂੰ ਪੜਿਆਂ ਨਾਲੋਂ ਜਿਆਦਾ ਸਮਝਦੇ ਹਨ। ਸੱਚ ਤੇ ਝੂਠ ਵਿੱਚ ਫਰਕ ਕੀ ਹੈ ਇਸ ਗੱਲ ਨੂੰ ਉਹ ਜਿਆਦਾ ਸਮਝਦੇ ਹਨ ਭਾਵ ਧਰਮ ਦੇ ਮਾਰਗ ਦਾ ਮਕਸਦ ਸੱਚ, ਝੂਠ ਦੇ ਨਾਲ ਹੈ ਨਾ ਕਿ ਮਨੁੱਖ ਦੇ ਖਾਣ-ਪੀਣ ਦੇ ਤਰੀਕੇ ਨਾਲ, ਨਾ ਕਿ ਸਰੀਰ ਦੀਆਂ ਲੋੜਾਂ ਦੇ ਨਾਲ ਜਿਨ੍ਹਾਂ ਲੋੜਾਂ ਦੀ ਪੂਰਤੀ ਲਈ ਅਸੀਂ ਪ੍ਰਮਾਤਮਾ ਦੇ ਬਣਾਏ ਹੋਏ ਰਿਜਕ ਨੂੰ ਵਰਤਦੇ ਹਾਂ। ਅਸੀਂ ਕਿਹੋ ਜਿਹਾ ਖਾਣ-ਪੀਣ ਦੇ ਨਾਲ ਸੱਚ ਬੋਲਦੇ ਹਾਂ ਜਾਂ ਕਿਹੋ ਜਿਹਾ ਖਾਣ-ਪੀਣ ਨਾਲ ਝੂਠ ਬੋਲਦੇ ਹਾਂ ਇਹ ਸਾਡੇ ਖਾਣ-ਪੀਣ ਦੇ ਨਾਲ ਨਹੀਂ ਬਲਕਿ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਇਸ ਸਮਝ

ਨੂੰ ਆਪਣੇ ਖਾਣ-ਪੀਣ ਨਾਲ ਨਹੀਂ ਬਦਲਿਆ ਜਾ ਸਕਦਾ ਬਲਕਿ ਗੁਰੂ ਦੀ ਮਤਿ ਦੇ ਨਾਲ ਬਦਲਿਆ ਜਾ ਸਕਦਾ ਹੈ ਜੋ ਗੁਰੂ ਦੀ ਮਤਿ ਸਾਨੂੰ ਝੂਠ ਵਿੱਚੋਂ ਕੱਢਣ ਦਾ ਤੇ ਸੱਚ ਨਾਲ ਜੋੜਨ ਦਾ ਕੰਮ ਕਰਦੀ ਹੈ। ਇਸੇ ਤਰ੍ਹਾਂ ਸਾਡੇ ਸਰੀਰ ਦਾ ਪਹਿਰਾਵਾ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਸੀਂ ਇਸ ਗੱਲ ਨੂੰ ਧਰਮ ਦੇ ਮਾਰਗ ਨਾਲ ਜੋੜਦੇ ਹਾਂ। ਅਸੀਂ ਪਹਿਰਾਵਾ ਕਿਹੋ ਜਿਹਾ ਰੱਖਦੇ ਹਾਂ ਜਿਸਦਾ ਸ੍ਰਿਸ਼ਟੀ ਦੇ ਕਰਤੇ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ। ਪੂਰੀ ਸ੍ਰਿਸ਼ਟੀ ਵਿੱਚ ਵੱਖਰੇ ਵੱਖਰੇ ਮੌਸਮ ਹਨ ਤੇ ਮੌਸਮ ਅਨੁਸਾਰ ਸਰੀਰ ਦੇ ਪਹਿਰਾਵੇ ਨੂੰ ਵੀ ਬਦਲਣਾ ਪੈਂਦਾ ਹੈ। ਕਿਸੇ ਦਾ ਪਹਿਰਾਵਾ ਕਿਹੋ ਜਿਹਾ ਹੈ ਇਸ ਨਾਲ ਧਰਮ ਦਾ ਸੰਬੰਧ ਨਹੀਂ ਹੈ ਕਿਉਂਕਿ ਧਰਮ ਦਾ ਮਾਰਗ ਤਾਂ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਪੂਰੀ ਸ੍ਰਿਸ਼ਟੀ ਦੇ ਕਿਸੇ ਕੋਨੇ ਤੇ ਰਹਿ ਰਿਹਾ ਹੈ। ਇਸੇ ਲਈ ਬਾਣੀ ਰਾਹੀਂ ਸਾਨੂੰ ਇਹ ਸਮਝਾਇਆ ਹੈ ਕਿ ਕੋਈ ਮਨੁੱਖ ਕਿਹੋ ਜਿਹਾ ਪਹਿਨਦਾ ਹੈ ਤੇ ਕਿਹੋ ਜਿਹਾ ਖਾਂਦਾ ਹੈ ਪ੍ਰਮਾਤਮਾ ਇਸ ਗੱਲ ਨੂੰ ਨਹੀਂ ਵਿਚਾਰਦਾ ਜਿਵੇਂ ਕਿ ਅਸੀਂ ਪਿੱਛੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੀ ਹੈ।

ਪ੍ਰਭਾਤੀ ਮਹਲਾ ੧ ॥

{ਗੀਤ ਨਾਦ ਹਰਖ ਚਤੁਰਾਈ ॥ ਰਹਸ ਰੰਗ ਫੁਰਮਾਇਸਿ ਕਾਈ ॥ ਪੈਨ੍ਹਣੁ ਖਾਣਾ ਚੀਤਿ ਨ ਪਾਈ ॥
ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥ ਕਿਆ ਜਾਨਾਂ ਕਿਆ ਕਰੈ ਕਰਾਵੈ ॥
ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥੧॥ ਰਹਾਉ ॥ ਜੋਗ ਬਿਨੋਦ ਸ੍ਵਾਦ ਆਨੰਦਾ ॥
ਮਤਿ ਸਤ ਭਾਇ ਭਗਤਿ ਗੋਬਿੰਦਾ ॥ ਕੀਰਤਿ ਕਰਮ ਕਾਰ ਨਿਜ ਸੰਦਾ ॥ ਅੰਤਰਿ ਰਵਤੋਂ ਰਾਜ ਰਵਿੰਦਾ ॥੨॥
ਪ੍ਰਿਉ ਪ੍ਰਿਉ ਪ੍ਰੀਤਿ ਪ੍ਰੇਮਿ ਉਰ ਧਾਰੀ ॥ ਦੀਨਾ ਨਾਥੁ ਪੀਉ ਬਨਵਾਰੀ ॥ ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥
ਤ੍ਰਿਪਤਿ ਤਰੰਗ ਤਤੁ ਬੀਚਾਰੀ ॥੩॥ ਅਕਥੌ ਕਥਉ ਕਿਆ ਮੈ ਜੋਰੁ ॥ ਭਗਤਿ ਕਰੀ ਕਰਾਇਹਿ ਮੋਰ ॥
ਅੰਤਰਿ ਵਸੈ ਚੂਕੈ ਮੈ ਮੋਰ ॥ ਕਿਸੁ ਸੇਵੀ ਦੂਜਾ ਨਹੀ ਹੋਰੁ ॥੪॥ ਗੁਰ ਕਾ ਸਬਦੁ ਮਹਾ ਰਸੁ ਮੀਠਾ ॥
ਐਸਾ ਅੰਮ੍ਰਿਤੁ ਅੰਤਰਿ ਡੀਠਾ ॥ ਜਿਨਿ ਚਾਖਿਆ ਪੂਰਾ ਪਦੁ ਹੋਇ ॥ ਨਾਨਕ ਧ੍ਰਾਪਿਓ ਤਨਿ ਸੁਖੁ ਹੋਇ॥੫॥੧੪॥}

(ਅੰਗ ੧੩੩੧)

ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਜੋ ਸਭ ਦੇ ਅੰਦਰ ਅਨੇਕਾਂ ਹੀ ਭਰਮ ਹਨ ਉਨ੍ਹਾਂ ਭਰਮਾਂ ਵਿੱਚੋਂ ਇੱਕ ਵੱਡਾ ਭਰਮ ਥਿਤਾਂ, ਵਾਰਾਂ ਨੂੰ ਪੂਜਣ ਦਾ ਹੈ, ਥਿਤਾਂ, ਵਾਰਾਂ ਨੂੰ ਉੱਚਾ ਸਮਝਣ ਦਾ ਹੈ ਇਸ ਕਰਕੇ ਥਿਤਾਂ, ਵਾਰਾਂ ਨੂੰ ਮੰਨਣ ਕਰਕੇ ਧਰਮ ਅਸਥਾਨਾਂ ਉੱਤੇ ਜਿਆਦਾ ਭੀੜ ਇਕੱਠੀ ਹੁੰਦੀ ਹੈ। ਸਿੱਖ ਜਗਤ

51/7048

ਵਿੱਚ ਵੀ ਇਹ ਭਰਮ ਕੋਈ ਘੱਟ ਨਹੀਂ ਹੈ। ਭਾਵੇਂ ਗੁਰੂ ਸਾਹਿਬ ਗੁਰਬਾਣੀ ਰਾਹੀਂ ਸਾਡਾ ਇਹ ਭਰਮ ਬੜਾ ਸਵਾਰ ਕੇ ਕੱਢਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੀ ਹੈ ਪਰ ਫਿਰ ਵੀ ਇਹ ਭਰਮ ਅਨੇਕਾਂ ਦੇ ਅੰਦਰ ਇਸੇ ਤਰ੍ਹਾਂ ਬਣਿਆ ਹੋਇਆ ਹੈ, ਜਿਵੇਂ ਕਿ ਇਹ ਭਰਮ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਧਰਮ ਦੇ ਮਾਰਗ ਤੇ ਚੱਲਣ ਲਈ ਅਸੀਂ ਪੂਜਣਾ ਤਾਂ ਸੱਚ ਨੂੰ ਹੈ ਭਾਵ ਗੁਰੂ ਦੀ ਮਤਿ ਨੂੰ ਹੈ ਤੇ ਪੂਜਦੇ ਅਸੀਂ ਥਿਤਾਂ ਵਾਰਾਂ ਨੂੰ ਹਾ ਜਿਨ੍ਹਾਂ ਨੂੰ ਪੂਜਣਾ ਹੈ ਹੀ ਸੱਚ ਦੇ ਉਲਟ ਭਾਵ ਗੁਰਮਤਿ ਦੇ ਉਲਟ। ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਥਿਤਾਂ, ਵਾਰ ਵੱਡੇ ਨਹੀਂ ਹਨ ਬਲਕਿ ਥਿਤਾਂ, ਵਾਰ ਬਨਾਉਣ ਵਾਲਾ ਉਹ ਸੱਚ ਰੂਪ ਪ੍ਰਮਾਤਮਾ ਆਪ ਵੱਡਾ ਹੈ ਜਿਸ ਸੱਚ ਨੂੰ ਪੂਜਣ ਨਾਲ ਭਾਵ ਸੱਚੀ ਗੁਰਮਤਿ ਦੁਆਰਾ ਸਮਝਾਏ ਹੋਏ ਗੁਣਾਂ ਨੂੰ ਪੂਜਣ ਨਾਲ ਭਾਵ ਗੁਣਾਂ ਨੂੰ ਅਪਨਾਉਣ ਦੇ ਨਾਲ ਮਨੁੱਖ ਦੀ ਪੂਜਾ ਪੂਰੀ ਹੁੰਦੀ ਹੈ।

{ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥
ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥
ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ॥੧੦॥੨॥}

(ਅੰਗ ੮੪੩)

{ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥ ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥}

(ਅੰਗ ੪-੫)

ਗਉੜੀ ਮਃ ੫ ॥

{ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥੧॥ ਕਵਨ ਗੁਨੁ ਜੋ ਤੁਝੁ ਲੈ ਗਾਵਉ ॥
ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥ ਕਵਨ ਸੁ ਪੂਜਾ ਤੇਰੀ ਕਰਉ ॥
ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥ ਕਵਨ ਤਪੁ ਜਿਤੁ ਤਪੀਆ ਹੋਇ ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥ ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥
ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ ੧੮੬-੧੮੭)

ਸਾਡੇ ਜੀਵਨ ਦਾ ਮਕਸਦ ਤਾਂ ਆਪਣੇ ਅੰਦਰੋਂ ਉਸ ਸਚੁ ਰੂਪ ਪ੍ਰਮਾਤਮਾ ਨੂੰ ਜਾਨਣ ਦਾ ਹੈ ਤੇ ਉਹ ਸੱਚ ਰੂਪ ਸਾਨੂੰ ਆਪਣੀ ਰਚੀ ਹੋਈ ਗੁਰਬਾਣੀ ਰਾਹੀਂ ਜੋ ਸੱਚ ਸਮਝਾ ਰਿਹਾ ਹੈ ਉਸ ਸੱਚ ਅਨੁਸਾਰ ਚੱਲਣਾ ਹੀ ਇੱਕੋ ਇੱਕ ਭਗਤੀ ਦਾ ਮਾਰਗ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਸ ਸ੍ਰਿਸ਼ਟੀ ਦੇ ਕਰਤੇ ਨਾਲ ਪਰਦਾ ਤਾਂ ਹਰ ਮਨੁੱਖ ਦਾ ਮਨ ਦੀ ਭਰਮਾਂ ਵਾਲੀ ਸਮਝ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ। ਸੰਸਾਰ ਵਿੱਚ ਅਨੇਕਾਂ ਹੀ ਤੀਰਥ ਅਸਥਾਨ ਹਨ ਤੇ ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਤੀਰਥ ਅਸਥਾਨ ਤੇ ਜਾਂਦਾ ਹੈ ਤੇ ਉੱਥੇ ਜਾ ਕੇ ਅਨੇਕਾਂ ਰਹਿੰਦੇ ਵੀ ਹਨ, ਲੰਬੇ ਸਮੇਂ ਤੱਕ ਵੀ

51/7049

ਰਹਿੰਦੇ ਹਨ ਭਾਵ ਤੀਰਥਾਂ ਦੇ ਦਰਸ਼ਨ ਨੂੰ ਹੀ ਜਾਂ ਤੀਰਥਾਂ ਦੇ ਇਸ਼ਨਾਨ ਨੂੰ ਹੀ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਿਆ ਜਾਂਦਾ ਹੈ ਪਰ ਬਾਣੀ ਰਾਹੀਂ ਇਸਨੂੰ ਸਾਡਾ ਭਰਮ ਹੀ ਦੱਸਿਆ ਹੋਇਆ ਹੈ ਤੇ ਸਾਡਾ ਇਹ ਭਰਮ ਅਨੇਕਾਂ ਹੀ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ। ਤੀਰਥ ਅਸਥਾਨਾਂ ਤੇ ਜਾਣਾ ਕੋਈ ਮਾੜੀ ਗੱਲ ਨਹੀਂ ਹੈ ਪਰ ਅਸੀਂ ਉੱਥੇ ਕਿਸ ਮਕਸਦ ਲਈ ਜਾਣਾ ਹੈ ਇਸ ਗੱਲ ਨੂੰ ਸਮਝਣਾ ਸਭ ਲਈ ਜਿਆਦਾ ਜਰੂਰੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ। ਤੀਰਥ ਅਸਥਾਨਾਂ ਉੱਤੇ ਧਰਮ ਗ੍ਰੰਥਾਂ ਦਾ ਪ੍ਰਕਾਸ਼ ਕੀਤਾ ਹੁੰਦਾ ਹੈ। ਧਰਮ ਗ੍ਰੰਥਾਂ ਦੇ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਹੈ ਜਿਸ ਰਾਹੀਂ ਸਾਨੂੰ ਧਰਮ ਗ੍ਰੰਥਾਂ ਦੀ ਸੱਚੀ ਸਿੱਖਿਆ ਸੁਣਾਈ ਜਾਂਦੀ ਹੈ ਕਿ ਸਾਨੂੰ ਕਿਹੋ ਜਿਹੇ ਕਰਮ ਕਰਨੇ ਚਾਹੀਦੇ ਹਨ ਭਾਵ ਸਾਡੇ ਲਈ ਕਿਹੋ ਜਿਹੇ ਕਰਮ ਕਰਨੇ ਮਾੜੇ ਹਨ ਤੇ ਕਿਹੋ ਜਿਹੇ ਕਰਮ ਕਰਨੇ ਚੰਗੇ ਹਨ। ਹਰ ਸੱਚਾ ਧਰਮ ਗ੍ਰੰਥ ਸਾਨੂੰ ਆਪਣੀ ਸੱਚੀ ਸਿੱਖਿਆ ਰਾਹੀਂ ਸੱਚ ਤੇ ਚੱਲਣਾ ਹੀ ਸਮਝਾਉਂਦਾ ਹੈ ਭਾਵ ਮਾੜੇ ਕਰਮ ਛੱਡਣ ਲਈ ਸਮਝਾਉਂਦਾ ਹੈ ਤੇ ਚੰਗੇ ਕਰਮ ਕਰਨ ਲਈ ਸਮਝਾਉਂਦਾ ਹੈ ਤੇ ਇਹੀ ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਜਪਣ ਦਾ ਤਰੀਕਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਹੋ ਜਿਹਾ ਨਾਮ ਜਪਣਾ ਸਾਨੂੰ ਗੁਰਬਾਣੀ ਸਮਝਾਉਂਦੀ ਹੈ ਉਹੋ ਜਿਹਾ ਨਾਮ ਜਪਣਾ ਸਾਨੂੰ ਵੇਦ ਸਮਝਾਉਂਦੇ ਹਨ, ਸ੍ਰਿਮ੍ਰਿਤ, ਸ਼ਾਸਤਰ ਸਮਝਾਉਂਦੇ ਹਨ, ਕੁਰਾਣ ਸਮਝਾਉਂਦੇ ਹਨ। ਅਸੀਂ ਭਾਵੇਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਜਿਹੋ ਜਿਹੇ ਮਰਜੀ ਤੀਰਥ ਅਸਥਾਨ ਤੇ ਜਾਈਏ ਤੇ ਜੇਕਰ ਤੀਰਥ ਅਸਥਾਨਾਂ ਤੇ ਜਾਣ ਦਾ ਸਾਡਾ ਮਕਸਦ ਸੱਚਾ ਹੈ ਫਿਰ ਉਸ ਨਾਲ ਕੀ ਫਰਕ ਪੈਂਦਾ ਹੈ ਕਿ ਕੌਣ ਕਿਹੜੇ ਤੀਰਥ ਅਸਥਾਨ ਤੇ ਜਾਂਦਾ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਆਪਣਾ ਉੱਚਾ ਗਿਆਨ ਦੇਣ ਦੁਆਰਾ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਸੱਚਾ ਉਪਰਾਲਾ ਹੀ ਕਰਦਾ ਹੈ ਤੇ ਜੇਕਰ ਅਸੀਂ ਤੀਰਥਾਂ ਤੇ ਜਾਣ ਦਾ ਮਕਸਦ ਹੀ ਇਹ ਸਮਝਿਆ ਹੋਇਆ ਹੈ ਕਿ ਤੀਰਥਾਂ ਤੇ ਜਾਣਾ ਤੇ ਉੱਥੇ ਜਾਕੇ ਸਰੀਰਕ ਇਸ਼ਨਾਨ ਕਰਨ ਵਿੱਚ ਹੀ ਭਗਤੀ ਹੈ ਤਾਂ ਫਿਰ ਇਹ ਸਾਡਾ ਭਰਮ ਹੈ। ਜੇਕਰ ਅਸੀਂ ਘਰ ਵਿੱਚ ਰਹਿੰਦੇ ਹੋਏ, ਘਰ ਵਿੱਚ ਬੈਠੇ ਹੋਏ ਗੁਰੂ ਦੀ ਸਿੱਖਿਆ ਨੂੰ ਨਹੀਂ ਮੰਨਦੇ ਤੇ ਤੀਰਥਾਂ ਤੇ ਜਾਣ ਤੋਂ ਬਾਅਦ ਵੀ ਨਹੀਂ ਮੰਨਦੇ ਫਿਰ ਘਰ ਬੈਠੇ ਰਹਿਣ ਵਿੱਚ ਤੇ ਤੀਰਥਾਂ ਤੇ ਬੈਠੇ ਰਹਿਣ ਵਿੱਚ ਕੀ ਫਰਕ ਰਹਿ ਗਿਆ। ਸਾਰੀ ਗੱਲ ਤਾਂ ਗੁਰੂ ਦੀ ਗੱਲ ਨੂੰ ਮੰਨਣ ਦੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਨਾਉਣ ਦੀ ਹੈ ਉਹ ਭਾਵੇਂ ਜਿੱਥੇ ਮਰਜੀ ਬੈਠ ਕੇ ਅਪਨਾ ਲਈਏ। ਇਨ੍ਹਾਂ ਗੱਲਾਂ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝ ਸਕਦੇ ਹਾਂ ਤੇ ਮਨ ਦੇ ਭਰਮ ਵਿੱਚੋਂ ਨਿਕਲ ਸਕਦੇ ਹਾਂ।

51/7050

ਸਿਰੀਰਾਗੁ ਮਹਲਾ ੧ ॥

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥

ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ ੫੬-੫੭)

ਮਃ ੩ ॥

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੮੩)

{ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ੍ ਫੁਰਮਾਈ ਗਾਇ ॥੧੯੭॥}

(ਅੰਗ ੧੩੭੫)

{ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥ ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥੧੩੫॥}

(ਅੰਗ ੧੩੭੧)

ਕਾਨੜਾ ਮਹਲਾ ੫ ॥

{ਰੰਗਾ ਰੰਗ ਰੰਗਨ ਕੇ ਰੰਗਾ ॥ ਕੀਟ ਹਸਤ ਪੂਰਨ ਸਭ ਸੰਗਾ ॥੧॥ ਰਹਾਉ ॥
ਬਰਤ ਨੇਮ ਤੀਰਥ ਸਹਿਤ ਗੰਗਾ ॥ ਜਲੁ ਹੇਵਤ ਭੂਖ ਅਰੁ ਨੰਗਾ ॥ ਪੂਜਾਚਾਰ ਕਰਤ ਮੇਲੰਗਾ ॥
ਚਕ੍ਰ ਕਰਮ ਤਿਲਕ ਖਾਟੰਗਾ ॥ ਦਰਸਨੁ ਭੇਟੇ ਬਿਨੁ ਸਤਸੰਗਾ ॥੧॥ ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥
ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥ ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥
ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥}

(ਅੰਗ ੧੩੦੫)

{ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥}

(ਅੰਗ ੧੪੨੯)

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ ॥

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥
ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥
ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥}

(ਅੰਗ ੬੮੭-੬੮੮)

51/7051

{ਹੋਮ ਜਗ ਸਭਿ ਤੀਰਥਾ ਪੜਿ੍ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥
ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ ॥
ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ ॥੩੭॥}

(ਅੰਗ ੧੪੧੭)

{ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥
ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ ॥
ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥
ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ ॥੨॥੧੧॥੨੦॥}

(ਅੰਗ ੧੩੮੯)

{ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥

ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥
ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥}

(ਅੰਗ ੧੦੧੩)

ਸਿਰੀਰਾਗੁ ਮਹਲਾ ੧ ॥

{ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ॥ ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ ॥
ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ ॥੧॥ ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥
ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥੧॥ ਰਹਾਉ ॥ ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ॥
ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ॥ ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ॥੨॥
ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥ ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥
ਜੇ ਤਿਸੁ ਭਾਵੈ ਊਜਲੀ ਸਤ ਸਰਿ ਨਾਵਣ ਜਾਉ ॥੩॥ ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥
ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥ ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ ॥੪॥੯॥}

(ਅੰਗ ੧੭)

ਜਿਸ ਤੀਰਥ ਦਾ ਇਸ਼ਨਾਨ ਕਰਕੇ ਅਸੀਂ ਸਚੁ ਰੂਪ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉੱਦਮ ਕਰ ਸਕਦੇ ਹਾਂ ਉਹ ਤੀਰਥ ਆਪ ਗੁਰੂ ਹੈ, ਪੂਰੀ ਗੁਰਬਾਣੀ ਹੈ, ਗੁਰੂ ਦਾ ਨਾਮ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝ ਸਕਦੇ ਹਾਂ। ਗੁਰੂ ਦੇ ਤੀਰਥ ਤੇ ਇਸ਼ਨਾਨ ਕਰਨ ਦਾ ਮਕਸਦ ਮਨ ਦੀ ਮੈਲ ਧੋਣ ਦੇ ਨਾਲ ਹੈ। ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੀ, ਅਗਿਆਨਤਾ ਵਾਲੀ ਸਮਝ ਹੀ, ਹਉਮੈ ਵਾਲੀ ਸਮਝ ਹੀ ਸਾਡੇ ਅੰਦਰ ਦੀ ਮੈਲ ਹੈ ਜਿਸ ਮਨ ਦੀ ਮੈਲ ਨੂੰ ਅਸੀਂ ਗੁਰੂ ਦੇ ਨਾਮ ਦਾ ਇਸ਼ਨਾਨ ਕਰਕੇ ਧੋਣਾ ਹੈ। ਤੀਰਥਾਂ ਤੇ ਜਾ ਕੇ ਅਸੀਂ ਜੋ ਤਨ ਦਾ ਇਸ਼ਨਾਨ ਕਰਦੇ ਹਾਂ ਉਸ ਨਾਲ ਸਾਡੇ ਤਨ ਦੀ ਮੈਲ ਹੀ ਉਤਰਦੀ ਹੈ ਜੋ ਤਨ ਦੀ ਮੈਲ ਅਸੀਂ ਕਿਸੇ ਵੀ ਪਾਣੀ ਦੇ ਸਰੋਵਰ ਵਿੱਚੋਂ ਧੋ ਸਕਦੇ ਹਾਂ ਭਾਵ ਦੁਨਿਆਵੀ ਜਲ ਨਾਲ ਧੋ ਸਕਦੇ ਹਾਂ ਪਰ ਜਿਸ ਜਲ ਨੇ ਸਾਡੇ ਮਨ ਦੀ ਮੈਲ ਨੂੰ ਧੋਣਾ ਹੈ ਉਹ ਨਾਮ ਦਾ ਜਲ ਕੇਵਲ ਗੁਰੂ ਦੇ ਕੋਲ ਹੈ। ਪੂਰੀ ਗੁਰਬਾਣੀ ਵਿੱਚ ਨਾਮ ਜਲ ਹੈ, ਅੰਮ੍ਰਿਤ ਜਲ ਹੈ ਜਿਸ ਜਲ ਦਾ ਇਸ਼ਨਾਨ ਸਾਡੇ ਮਨ ਦੀ ਭਰਮਾਂ ਵਾਲੀ ਸਮਝ ਨੇ ਕਰਨਾ ਹੈ, ਤ੍ਰੈ ਗੁਣਾਂ ਵਾਲੀ ਸਮਝ ਨੇ ਕਰਨਾ ਹੈ ਜੋ ਇਸ਼ਨਾਨ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਸਮਝ ਨੂੰ ਭਾਵ ਨਾਮ ਵਾਲੀ ਸਮਝ ਨੂੰ, ਸੱਚੇ ਗਿਆਨ ਵਾਲੀ ਸਮਝ ਨੂੰ, ਬ੍ਰਹਮ ਗਿਆਨ ਵਾਲੀ ਸਮਝ ਨੂੰ ਮੰਨਣ ਦੁਆਰਾ ਹੀ ਕੀਤਾ ਜਾ ਸਕਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ

ਨਿਕਲਣਾ ਹੀ ਗੁਰੂ ਦੇ ਤੀਰਥ ਤੇ ਇਸ਼ਨਾਨ ਕਰਨਾ ਹੈ, ਗੁਰੂ ਦੇ ਨਾਮ ਦਾ ਇਸ਼ਨਾਨ ਕਰਨਾ ਹੈ। ਅਸਲ ਵਿੱਚ ਤੀਰਥਾਂ ਤੇ ਜਾਣ ਦਾ, ਗੁਰੂ ਦੇ ਦੁਆਰਿਆਂ ਤੇ ਜਾਣ ਦਾ ਸੱਚਾ ਮਕਸਦ ਇਹੀ ਹੈ ਕਿ ਅਸੀਂ ਗੁਰੂ ਦੇ ਦੁਆਰੇ ਤੋਂ ਸੱਚੀ ਸਿੱਖਿਆ ਲੈ ਕੇ ਉਸ ਸਿੱਖਿਆ

ਨੂੰ ਮੰਨਣ ਦੁਆਰਾ ਆਪਣੀ ਭਰਮਾਂ ਵਾਲੀ ਸਮਝ ਨੂੰ ਗੁਰੂ ਦੀ ਸੱਚੀ ਸਿੱਖਿਆ ਦਾ ਇਸ਼ਨਾਨ ਕਰਾਈਏ ਭਾਵ ਆਪਣੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੀਏ। ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਾਨੂੰ ਇਹੋ ਜਿਹਾ ਹੀ ਇਸ਼ਨਾਨ ਕਰਨਾ ਸਮਝਾਇਆ ਹੋਇਆ ਹੈ ਤੇ ਇਹੋ ਜਿਹਾ ਗੁਰੂ ਦੇ ਨਾਮ ਦਾ ਇਸ਼ਨਾਨ ਕਰਨਾ ਅਸੀਂ ਲੇਖ ਵਿੱਚ ਸ਼ੁਰੂ ਤੋਂ ਲੈ ਕੇ ਸਮਝਦੇ ਆ ਰਹੇ ਹਾਂ। ਜਿਸ ਤਰੀਕੇ ਸਾਨੂੰ ਤੀਰਥਾਂ ਤੇ ਜਾਣ ਦਾ ਮਕਸਦ ਕੀ ਹੈ ਇਸ ਗੱਲ ਦਾ ਭਰਮ ਹੈ ਉਹੀ ਭਰਮ ਭਾਵ ਮਨ ਦਾ ਭਰਮ ਹੀ ਸਾਨੂੰ ਉਨ੍ਹਾਂ ਦੇ ਕੋਲ ਲੈ ਕੇ ਜਾਂਦਾ ਹੈ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਥਾਪ ਲੈਂਦੇ ਹਾਂ, ਬਾਬੇ, ਸੰਤ ਆਦਿ ਥਾਪ ਲੈਂਦੇ ਹਾਂ ਜੋ ਜਗ੍ਹਾ ਜਗ੍ਹਾ ਆਪਣੇ ਡੇਰੇ ਬਣਾ ਕੇ ਬੈਠ ਜਾਂਦੇ ਹਨ। ਅਸੀਂ ਮਨ ਦੇ ਭਰਮ ਕਰਕੇ ਹੀ ਉਨ੍ਹਾਂ ਦੀ ਮਹਿਮਾ ਕਰਦੇ ਹਾਂ, ਉਨ੍ਹਾਂ ਨੂੰ ਵਡਿਆਈਆਂ ਦਿੰਦੇ ਹਾਂ ਕਿ ਇਹ ਧਰਮ ਦੇ ਮਾਰਗ ਤੇ ਬਹੁਤ ਉੱਚੇ ਪਹੁੰਚੇ ਹੋਏ ਹਨ, ਬੜਾ ਨਾਮ ਜਪਣ ਵਾਲੇ ਹਨ ਪਰ ਇਹੋ ਜਿਹਾ ਉੱਚਾ ਅਖਵਾਉਣ ਵਾਲਿਆਂ ਦੀ ਬਾਣੀ ਰਾਹੀਂ ਨਿਖੇਧੀ ਹੀ ਕੀਤੀ ਹੋਈ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਧਰਮ ਦਾ ਵਿਦਵਾਨ, ਧਰਮ ਦਾ ਪੰਡਿਤ ਆਪਣੇ ਆਪ ਨੂੰ ਉਹ ਹੀ ਅਖਵਾ ਸਕਦਾ ਹੈ ਜੋ ਤ੍ਰੈ ਗੁਣਾਂ ਵਿੱਚ ਹੀ ਹੈ, ਹਉਮੈ ਵਿੱਚ ਹੀ ਹੈ ਭਾਵ ਮਨਮਤਿ ਵਿੱਚ ਹੀ ਹੈ, ਅਗਿਆਨਤਾ ਵਿੱਚ ਹੀ ਹੈ ਕਿਉਂਕਿ ਜੋ ਆਪਣੇ ਅੰਦਰੋਂ ਗਿਆਨ ਦੇ ਮਾਲਕ, ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਫਿਰ ਆਪਣੇ ਆਪ ਨੂੰ ਧਰਮ ਦਾ ਗਿਆਨੀ, ਧਰਮ ਦਾ ਪੰਡਿਤ ਕਹਿ ਲਵੇ, ਸਾਧ, ਸੰਤ ਆਦਿ ਕਹਿ ਲਵੇ ਤੇ ਅਖਵਾ ਲਵੇ ਇਹ ਹੋ ਹੀ ਨਹੀਂ ਸਕਦਾ। ਬਾਣੀ ਰਾਹੀਂ ਇਹ ਸਭ ਕੁਝ ਸ਼ਬਦਾਂ ਰਾਹੀਂ ਭਾਵੇਂ ਬਰੀਕੀ ਨਾਲ ਸਪਸ਼ਟ ਕੀਤਾ ਹੋਇਆ ਹੈ ਤੇ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਲੇਖ ਵਿੱਚ ਸਮਝਿਆ ਵੀ ਹੈ ਪਰ ਫਿਰ ਵੀ ਸਾਡੇ ਅੰਦਰ ਦੇ ਭਰਮ ਦਾ ਨਿਕਲਣਾ ਬਹੁਤ ਔਖਾ ਹੈ ਕਿਉਂਕਿ ਇਹ ਭਰਮ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ। ਭਰਮਾਂ ਵਿੱਚੋਂ ਨਿਕਲਣ ਦੀ ਸਮਝ ਵੀ ਬਾਣੀ ਰਾਹੀਂ ਉਸਨੇ ਸਾਨੂੰ ਆਪ ਹੀ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪਾਈ ਹੈ। ਜੋ ਸਾਨੂੰ ਗੁਰੂ ਸਮਝਾ ਰਿਹਾ ਹੈ ਉਹ ਕੇਵਲ ਤੇ ਕੇਵਲ ਸੱਚ ਹੈ ਤੇ ਫਿਰ ਦੁਨੀਆ ਦੀ ਜੋ ਵੀ ਮਤਿ ਧਰਮ ਦਾ ਮਾਰਗ ਸਮਝਾਉਣ ਲਈ ਜੇਕਰ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੀ ਤੇ ਫਿਰ ਉਹ ਭਰਮ ਹੈ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੀ ਹੈ। ਜੇਕਰ ਗੁਰੂ ਆਪਣੇ ਸ਼ਬਦਾਂ

51/7053

ਰਾਹੀਂ ਸਾਨੂੰ ਇਹ ਸਮਝਾਉਂਦਾ ਹੈ ਕਿ ਆਪਣੇ ਆਪ ਸੰਤ, ਬਾਬੇ ਆਦਿ ਅਖਵਾਉਣ ਵਾਲਿਆਂ ਦੀ ਮਹਿਮਾ ਝੂਠੀ ਹੈ ਤੇ ਫਿਰ ਇਸ ਗੱਲ ਵਿੱਚ ਸੱਚ ਹੈ ਤੇ ਜੇਕਰ ਅਸੀਂ ਗੁਰੂ ਦੇ ਸੱਚ ਨੂੰ ਭਾਵ ਉਸਦੀ ਸੱਚੀ ਸਿੱਖਿਆ ਨੂੰ ਮੰਨਦੇ ਹਾਂ ਫਿਰ ਸਾਨੂੰ ਇਹੋ ਜਿਹੇ ਸੰਤਾਂ, ਬਾਬਿਆਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਜਾਂ ਉਨ੍ਹਾਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ ਜਿਨ੍ਹਾਂ ਨੂੰ ਅਸੀਂ ਆਪਣੀ ਆਪਣੀ ਆਸਥਾ ਅਨੁਸਾਰ ਧਰਮ ਦੇ ਮਾਰਗ ਦੇ ਉੱਚੇ ਗਿਆਨਵਾਨ ਮੰਨ ਚੁਕੇ ਹਾਂ ਤੇ ਉਨ੍ਹਾਂ ਦੀ ਉਹੋ ਜਿਹੀ ਮਤਿ ਨੂੰ ਮੰਨਦੇ ਹਾਂ ਜੋ ਉਨ੍ਹਾਂ ਦੀ ਮਤਿ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੀ। ਸਾਨੂੰ ਸਭ ਤੋਂ ਜਿਆਦਾ ਧਰਮ ਦੇ ਮਾਰਗ ਦੇ ਭਰਮਾਂ ਵਿੱਚ ਪਾਉਣ ਵਾਲੇ ਇਹੋ ਜਿਹੇ ਹੀ ਹੁੰਦੇ ਹਨ। ਸਾਨੂੰ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਨ ਵਾਲੇ ਇਹੋ ਜਿਹੇ ਹੀ ਹਨ। ਧਰਮ ਦੇ ਮਾਰਗ ਤੇ ਚੱਲਣ ਲਈ ਸਾਨੂੰ ਗਿਣਤੀਆਂ ਮਿਣਤੀਆਂ ਵਿੱਚ ਪਾਉਣ ਵਾਲੇ ਇਹੋ ਜਿਹੇ ਹੀ ਹਨ ਜੋ ਸਾਨੂੰ ਇਹ ਸਮਝਾਉਂਦੇ ਹਨ ਕਿ ਰੋਜ ਵੱਧ ਤੋਂ ਵੱਧ ਬਾਣੀਆਂ ਦੇ ਪਾਠ ਕਰੀ ਜਾਉ ਭਾਵ ਸਾਨੂੰ ਕੇਵਲ ਸ਼ਬਦਾਂ ਦੀ ਵੱਧ ਤੋਂ ਵੱਧ ਕੇਵਲ ਕਥਨੀ ਕਰਨ ਨਾਲ ਹੀ ਜੋੜਦੇ ਹਨ ਜਿਸ ਕੇਵਲ ਕਥਨੀ ਕਰੀ ਜਾਣ ਨਾਲ ਕੋਈ ਸ਼ਬਦ ਦੇ ਅੰਦਰ ਦੇ ਭਾਵ ਨੂੰ ਨਹੀਂ ਸਮਝ ਸਕਦਾ ਜਿਸ ਭਾਵ ਨੂੰ ਸਮਝ ਕੇ ਤੇ ਉਸਨੂੰ ਮੰਨ ਕੇ ਹੀ ਕਿਸੇ ਦਾ ਭਰਮ ਨਿਕਲ ਸਕਦਾ ਹੈ। ਜੋ ਆਪ ਬਾਣੀ ਨੂੰ ਸਮਝਣ ਵਿੱਚ, ਬਾਣੀ ਦੇ ਮਕਸਦ ਨੂੰ ਸਮਝਣ ਵਿੱਚ ਪੂਰਾ ਜੀਵਨ ਭਰਮਾਂ ਵਿੱਚ ਰਹੇ ਹਨ ਤੇ ਉਨ੍ਹਾਂ ਨੇ ਦੂਸਰਿਆਂ ਨੂੰ ਇਹੋ ਜਿਹੇ ਭਰਮਾਂ ਵਿੱਚ ਹੀ ਪਾਇਆ ਹੈ। ਇਹੋ ਜਿਹੇ ਭਰਮਾਂ ਵਿੱਚ ਪਾਉਣ ਵਾਲੇ ਸਾਨੂੰ ਵੱਖਰੀਆਂ ਵੱਖਰੀਆਂ ਬਾਣੀਆਂ ਪੜਨ ਲਈ ਵੱਖਰੀ ਵੱਖਰੀ ਮਹਤੱਤਾ ਸਮਝਾਉਂਦੇ ਹਨ ਜੋ ਕਿ ਬਹੁਤ ਹੀ ਵੱਡਾ ਭਰਮ ਹੈ। ਗੁਰੂ ਦੀ ਹਰ ਬਾਣੀ ਦਾ ਮਕਸਦ ਸਾਨੂੰ ਆਪਣੇ ਸੱਚੇ ਵਿਚਾਰ ਦੇ ਕੇ ਇੱਕੋ ਜਿਹਾ ਸੱਚ ਸਮਝਾਉਣ ਦੇ ਨਾਲ ਹੀ ਹੈ ਭਾਵ ਧਰਮ ਦਾ ਇੱਕੋ ਜਿਹਾ ਸੱਚਾ ਮਾਰਗ ਸਮਝਾਉਣ ਦੇ ਨਾਲ ਹੀ ਹੈ। ਹਰ ਬਾਣੀ ਦੀ ਮਹਤੱਤਾ ਇੱਕੋ ਜਿਹੀ ਹੀ ਹੈ ਭਾਵ ਬਾਣੀ-ਬਾਣੀ ਵਿੱਚ ਸਾਨੂੰ ਫਰਕ ਨਹੀਂ ਸਮਝਣਾ ਚਾਹੀਦਾ। ਬਾਣੀਆਂ ਦੇ ਵਿੱਚ ਫਰਕ ਸਮਝਣ ਕਰਕੇ ਹੀ ਸਾਨੂੰ ਇਹੋ ਜਿਹੇ ਦੁਪਿਹਰੇ ਦੇ ਜਪ ਨਾਲ ਜੋੜਦੇ ਹਨ ਜੋ ਕਿ ਇਹੋ ਜਿਹਿਆਂ ਦਾ ਫੈਲਾਇਆ ਹੋਇਆ ਇੱਕ ਵੱਡਾ ਭਰਮ ਹੈ ਜਿਸ ਨਾਲ ਉਹ ਸਮਾਜ ਵਿੱਚ ਆਪਣੀ ਮਹਤੱਤਾ ਵਧਾਉਂਦੇ ਹਨ ਤੇ ਗੁਰੂ ਦੀ ਮਹਤੱਤਾ ਘਟਾਉਂਦੇ ਹਨ ਭਾਵ ਭਰਮ ਦੀ ਮਹਤੱਤਾ ਵਧਾਉਂਦੇ ਹਨ ਤੇ ਸੱਚ ਦੀ ਮਹਤੱਤਾ ਘਟਾਉਂਦੇ ਹਨ। ਇਸੇ ਤਰ੍ਹਾਂ ਸ਼ਹੀਦਾਂ ਦੇ ਗੁਰਦੁਆਰਿਆਂ ਵਿੱਚ ਜਾਣ ਨੂੰ ਵੱਖਰੀ ਮਹਤੱਤਾ ਦਿੱਤੀ ਜਾਂਦੀ ਹੈ ਜੋ ਕਿ ਇਹੋ ਜਿਹਿਆਂ ਬਾਬਿਆਂ ਆਦਿ ਦਾ ਫੈਲਾਇਆ ਹੋਇਆ

ਭਰਮ ਹੀ ਹੈ। ਹਰ ਗੁਰਦੁਆਰਿਆਂ ਦੀ ਮਹਾਨਤਾ ਇੱਕੋ ਜਿਹੀ ਹੀ ਹੈ। ਗੁਰਦੁਆਰਿਆਂ ਦੀ ਮਹਾਨਤਾ ਉਨ੍ਹਾਂ ਦੇ ਅੰਦਰ ਧੰਨ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋਣ ਦੇ ਨਾਲ ਹੈ। ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਆਪਣੇ ਉੱਚੇ ਗਿਆਨ ਦੁਆਰਾ ਹੈ, ਆਪਣੇ ਅੰਦਰ ਦੇ ਸੱਚ ਦੁਆਰਾ ਹੈ ਭਾਵ ਉੱਚੀ ਸ਼ਬਦਾਂ ਦੀ ਵਿਚਾਰ ਦੁਆਰਾ ਹੈ

51/7054

ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਹੈ। ਆਕਾਰ ਰੂਪ ਤਾਂ ਕੇਵਲ ਆਪਣੇ ਅੰਦਰ ਨਿਰੰਕਾਰ ਰੂਪ ਨੂੰ ਟਿਕਾਉਣ ਵਾਲਾ ਹੈ। ਆਕਾਰ ਰੂਪ ਬਿਨਸਨਹਾਰ ਹੈ ਤੇ ਨਿਰੰਕਾਰ ਰੂਪ ਸਦਾ ਰਹਿਣ ਵਾਲਾ ਹੈ। ਜਿਨ੍ਹਾਂ ਸ਼ਹੀਦਾਂ ਨੇ ਧਰਮ ਦੇ ਮਾਰਗ ਤੇ ਚੱਲਣ ਲਈ, ਧਰਮ ਦੇ ਮਾਰਗ ਨੂੰ ਉੱਚਾ ਕਰਨ ਲਈ ਸਰੀਰਕ ਕੁਰਬਾਨੀਆਂ ਦਿੱਤੀਆਂ ਹਨ, ਆਪਣੇ ਆਕਾਰ ਰੂਪ ਦੀਆਂ ਕੁਰਬਾਨੀਆਂ ਦਿੱਤੀਆਂ ਹਨ ਉਨ੍ਹਾਂ ਕੋਲੋਂ ਕੁਰਬਾਨੀਆਂ ਦਿਵਾਉਣ ਵਾਲਾ ਉਨ੍ਹਾਂ ਦੇ ਅੰਦਰ ਦਾ ਨਿਰੰਕਾਰ ਰੂਪ ਹੀ ਹੈ ਜਿਸ ਆਪਣੇ ਨਿਰੰਕਾਰ ਰੂਪ ਵਿੱਚ ਹੀ ਅਕਾਲ ਪੁਰਖ ਹਰ ਆਕਾਰ ਰੂਪ ਦੇ ਅੰਦਰ ਵੱਸਿਆ ਹੋਇਆ ਹੈ। ਪੂਰੀ ਗੁਰਬਾਣੀ ਵਿੱਚ ਵੀ ਅਕਾਲ ਪੁਰਖ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਵੱਸਿਆ ਹੋਇਆ ਹੈ ਭਾਵ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ, ਆਪਣੇ ਨਾਮ ਦੇ ਰੂਪ ਵਿੱਚ ਵੱਸਿਆ ਹੋਇਆ ਹੈ ਜਿੱਥੇ ਉਹ ਹਰ ਵੇਲੇ ਪ੍ਰਗਟ ਹੈ, ਆਪਣੇ ਸੱਚ ਰੂਪ ਵਿੱਚ ਪ੍ਰਗਟ ਹੈ। ਉਸਦਾ ਸੱਚ ਰੂਪ ਸਭ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਜਿਨ੍ਹਾਂ ਨੇ ਧਰਮ ਦੇ ਸੱਚੇ ਮਾਰਗ ਤੇ ਚੱਲਕੇ ਸੱਚ ਦੀ ਰੱਖਿਆ ਕਰਨ ਲਈ ਆਪਣੇ ਸਰੀਰਾਂ ਦੀਆਂ ਸ਼ਹੀਦੀਆਂ ਦਿੱਤੀਆਂ ਹਨ, ਕੁਰਬਾਨੀਆਂ ਦਿੱਤੀਆਂ ਹਨ ਉਨ੍ਹਾਂ ਨੇ ਅਸਲ ਵਿੱਚ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਹੀ ਉੱਚਾ ਕੀਤਾ ਹੈ, ਗੁਰੂ ਨੂੰ ਹੀ ਭਾਵ ਗੁਰੂ ਦੀ ਮਤਿ ਦੀ, ਗੁਰੂ ਦੇ ਬਚਨਾਂ ਨੂੰ ਹੀ ਉੱਚਾ ਕੀਤਾ ਹੈ ਭਾਵ ਗੁਰੂ ਦੀ ਮਹਿਮਾ ਨੂੰ ਹੀ ਵਧਾਇਆ ਹੈ। ਹੁਣ ਧਿਆਨ ਨਾਲ ਸੋਚੋ ਤੇ ਸਮਝੋ ਕਿ ਕਿਸੇ ਗੁਰਦੁਆਰੇ-ਗੁਰਦੁਆਰੇ ਵਿੱਚ ਵੀ ਫਰਕ ਹੋ ਸਕਦਾ ਹੈ ਭਾਵ ਕਿਸੇ ਆਮ ਗੁਰਦੁਆਰੇ ਵਿੱਚ ਤੇ ਸ਼ਹੀਦਾਂ ਦੇ ਗੁਰਦੁਆਰੇ ਵਿੱਚ ਫਰਕ ਹੋ ਸਕਦਾ ਹੈ। ਇਹ ਫਰਕ ਸਮਝਣਾ ਬਹੁਤ ਵੱਡਾ ਭਰਮ ਹੈ ਤੇ ਇਹੋ ਜਿਹੇ ਭਰਮ ਪਾਉਣ ਵਾਲਿਆਂ ਦੀ ਮਤਿ ਵਿੱਚੋਂ ਨਿਕਲਣ ਦੀ ਲੋੜ ਹੈ। ਸਾਨੂੰ ਇਹੋ ਜਿਹੇ ਭਰਮਾਂ ਵਿੱਚ ਪਾਉਣ ਵਾਲੇ ਅਨੇਕਾਂ ਹੀ ਹੋਏ ਹਨ ਤੇ ਅੱਜ ਵੀ ਅਨੇਕਾਂ ਹੀ ਹਨ ਜਿਨ੍ਹਾਂ ਨੂੰ ਅਸੀਂ ਸੰਤ, ਬਾਬੇ ਆਦਿ ਮੰਨ ਕੇ ਭਾਵ ਧਰਮ ਦੇ ਉੱਚੇ ਗਿਆਨ ਵਾਲੇ ਮੰਨ ਕੇ ਪੂਜਦੇ ਹਾਂ, ਉਨ੍ਹਾਂ ਦੀ ਉੱਚੀ ਸ਼ੋਭਾ ਸਮਝਦੇ ਹਾਂ ਤੇ ਉਨ੍ਹਾਂ ਦੇ ਜਨਮ ਦਿਹਾੜੇ ਤੇ ਉਨ੍ਹਾਂ ਦੇ ਸਰੀਰ ਬਿਨਸਨ ਤੋਂ ਬਾਅਦ ਉਨ੍ਹਾਂ ਦੀਆਂ ਬਰਸੀਆਂ ਵੀ ਮਨਾਉਂਦੇ ਹਾਂ ਜੋ ਕਿ ਭਰਮਾਂ ਨੂੰ ਵਧਾਉਣ ਵਾਲੀ ਹੀ ਗੱਲ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਨੀਵਾਂ ਕਰਨ ਵਾਲੀ ਗੱਲ ਹੀ ਹੈ। ਜਿਹੜੇ ਆਪਣੇ ਡੇਰੇ ਆਦਿ ਬਣਾਕੇ ਬੈਠੇ ਹਨ ਉਨ੍ਹਾਂ ਵਿੱਚੋਂ ਅਨੇਕਾਂ ਸਾਨੂੰ ਧਾਗੇ ਤਵੀਤਾਂ ਆਦਿ ਨਾਲ ਵੀ ਜੋੜਦੇ ਹਨ ਕਿ ਇਨ੍ਹਾਂ ਨੂੰ ਪਾਉਣ ਦੁਆਰਾ ਸਾਡੇ ਸਰੀਰ ਦੇ ਦੁੱਖ ਕੱਟੇ ਜਾਣਗੇ, ਸਾਡੀਆਂ ਮਨ ਦੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ। ਇਹੋ ਜਿਹੀਆਂ ਗੱਲਾਂ ਉਹੀ ਕਰ ਸਕਦੇ ਹਨ ਜਿਨ੍ਹਾਂ ਨੂੰ ਗੁਰਮਤਿ ਦੀ ਰੱਤੀ ਭਰ ਵੀ ਸਮਝ ਨਹੀਂ ਹੈ ਜੋ ਕਿ ਗੁਰੂ ਦੇ ਸਮਝਾਏ ਹੋਏ ਸੱਚ ਦੇ ਬਿਲਕੁੱਲ ਉਲਟ ਚੱਲਣ ਵਾਲੀ ਗੱਲ ਹੈ ਭਾਵ ਇਹੋ ਜਿਹੇ ਬਾਬੇ ਆਪ ਗੁਰਮਤਿ ਨੂੰ ਸਮਝਣ ਵਿੱਚ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦੇ ਹਨ ਭਾਵ ਆਪ

51/7055

ਸੱਚ ਰੂਪ ਪ੍ਰਮਾਤਮਾ ਨੂੰ ਸਮਝਣ ਵਿੱਚ ਦੂਰ ਹਨ ਤੇ ਦੂਸਰਿਆਂ ਨੂੰ ਸਚੁ ਰੂਪ ਗੁਰੂ ਪ੍ਰਮਾਤਮਾ ਨੂੰ ਸਮਝਣ ਵਿੱਚ ਭਾਵ ਉਸਦੇ ਨੇੜੇ ਲੱਗਣ ਤੋਂ ਦੂਰ ਕਰਦੇ ਹਨ। ਜੋ ਗੁਰਮਤਿ ਦੇ ਸੱਚ ਤੋਂ ਦੂਰ ਹੈ ਉਹ ਪ੍ਰਮਾਤਮਾ ਨੂੰ ਸਮਝਣ ਤੋਂ ਦੂਰ ਹੈ। ਜਿਤਨਾ ਕੋਈ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝਣ ਤੇ ਮੰਨਣ ਤੋਂ ਦੂਰ ਹੈ ਉਹ ਉਤਨਾ ਹੀ ਹਕੀਕਤ ਵਿੱਚ ਗੁਰੂ ਪ੍ਰਮਾਤਮਾ ਤੋਂ ਦੂਰ ਹੈ ਭਾਵ ਆਪਣੀ ਜਿੰਦਗੀ ਦੇ ਮਕਸਦ ਨੂੰ ਪੂਰਾ ਕਰਨ ਤੋਂ ਦੂਰ ਹੈ ਜੋ ਮਕਸਦ ਆਪਣੇ ਅੰਦਰੋਂ ਸਚੁ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਭਾਵ ਇਹ ਸਮਝਣ ਦਾ ਕਿ ਸਭ ਕੁਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਹਰ ਆਕਾਰ ਰੂਪ ਨੂੰ ਆਪਣੇ ਨਾਮ ਦੁਆਰਾ ਬਣਾ ਕੇ ਉਸਨੂੰ ਆਪ ਹੀ ਆਪਣੇ ਨਾਮ ਦੁਆਰਾ ਚਲਾ ਰਿਹਾ ਹੈ ਭਾਵ ਸਭ ਜਗ੍ਹਾ ਤੇ ਸਭ ਵਿੱਚ ਆਪਣੀ ਸੱਚੀ ਸਾਇੰਸ ਦੇ ਰੂਪ ਵਿੱਚ, ਸੱਚੇ ਗਿਆਨ ਦੇ ਰੂਪ ਵਿੱਚ ਵਰਤ ਰਿਹਾ ਹੈ ਜਿਸ ਆਪਣੇ ਸੱਚੇ ਗਿਆਨ ਦੁਆਰਾ ਭਾਵ ਆਪਣੀ ਸੱਚੀ ਸਾਇੰਸ ਦੇ ਗਿਆਨ ਦੁਆਰਾ ਭਾਵ ਆਪਣੇ ਨਾਮ ਦੁਆਰਾ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਉਸਨੇ ਆਪਣੀ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ। ਇਹ ਭਰਮੇ ਹੋਏ, ਉਸ ਅਕਾਲ ਪੁਰਖ ਦੇ ਆਪਣੇ ਹੀ ਬਣਾਏ ਹੋਏ ਮਨੁੱਖ ਜੋ ਆਪਣੇ ਆਪ ਨੂੰ ਸੰਤ, ਬ੍ਰਹਮ ਗਿਆਨੀ ਆਦਿ ਅਖਵਾਉਂਦੇ ਹਨ ਉਹ ਕੀ ਜਾਨਣ ਕਿ ਇਸ ਸੰਸਾਰ ਦੀ ਰਚਨਾ ਕਿਸ ਨਾਮ ਦੁਆਰਾ ਹੋਈ ਹੈ ਤੇ ਕਿਸ ਨਾਮ ਦੁਆਰਾ ਇਹ ਸ੍ਰਿਸ਼ਟੀ ਚੱਲ ਰਹੀ ਹੈ। ਜਿਤਨੇ ਵੀ ਇਹ ਸੰਤ, ਬਾਬੇ ਆਦਿ ਅਖਵਾਉਣ ਵਾਲੇ ਹਨ, ਧਰਮ ਦੇ ਵਿਦਵਾਨ ਅਖਵਾਉਣ ਵਾਲੇ ਹਨ ਭਾਵੇਂ ਕੋਈ

ਕਿਹੋ ਜਿਹੀ ਵੀ ਧਾਰਮਿਕ ਆਸਥਾ ਦੇ ਨਾਲ ਜੁੜਿਆ ਹੋਇਆ ਹੈ ਉਹ ਕੀ ਜਾਨਣ ਕਿ ਸਾਰੇ ਸੰਸਾਰ ਲਈ ਨਾਮ ਇੱਕੋ ਹੀ ਹੈ ਜਿਸ ਨਾਮ ਦੇ ਰੂਪ ਵਿੱਚ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਉਹ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਜਿਹੜੇ ਮਰਜੀ ਨਾਮ ਨਾਲ ਪੁਕਾਰੇ ਭਾਵ ਉਸਨੂੰ ਜਿਹੜੇ ਮਰਜੀ ਅੱਖਰ ਰੂਪ ਨਾਮ ਨਾਲ ਪੁਕਾਰੇ। ਗੁਰਬਾਣੀ ਦਾ ਗਿਆਨ ਬਹੁਤ ਹੀ ਜਿਆਦਾ ਉੱਚਾ ਹੈ, ਬਹੁਤ ਹੀ ਜਿਆਦਾ ਉੱਚਾ ਹੈ, ਬਹੁਤ ਹੀ ਜਿਆਦਾ ਉੱਚਾ ਹੈ ਜੋ ਸਭ ਤੋਂ ਉੱਚਾ ਤੇ ਸਭ ਤੋਂ ਸੱਚਾ ਗਿਆਨ ਸ੍ਰਿਸ਼ਟੀ ਦੇ ਕਰਤੇ ਬਾਰੇ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਇੱਕੋ ਜਿਹਾ ਸੱਚਾ ਗਿਆਨ ਹੀ ਸਮਝਾਉਂਦਾ ਹੈ ਜੋ ਉਸਦਾ ਸੱਚਾ ਗਿਆਨ ਕਿਸੇ ਦੇ ਨਾਲ ਵੀ ਕੋਈ ਭੇਦ ਭਾਵ ਨਹੀਂ ਕਰਦਾ। ਪ੍ਰਮਾਤਮਾ ਨੂੰ ਜਾਨਣ ਦਾ ਇੱਕੋ ਇੱਕ ਭੇਦ ਹੈ ਜੋ ਭੇਦ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਭਾਵ ਹਰ ਮਨੁੱਖ ਦੀ ਸਮਝ ਦੇ ਅੰਦਰ ਇੱਕੋ ਤਰੀਕਾ ਹੀ ਵਰਤਦਾ ਹੈ। ਉਹ ਭੇਦ ਹਰ ਮਨੁੱਖ ਦੀ ਸਮਝ ਨੂੰ ਧਰਮ ਦਾ ਮਾਰਗ ਸਮਝਣ ਵਿੱਚ, ਸ੍ਰਿਸ਼ਟੀ ਦੇ ਕਰਤੇ ਦੀ ਅਸਲੀਅਤ ਨੂੰ ਸਮਝਣ ਵਿੱਚ, ਸ੍ਰਿਸ਼ਟੀ ਦੀ ਰਚਨਾ ਨੂੰ ਸਮਝਣ ਵਿੱਚ ਕਿ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ ਹੈ ਤੇ ਸ੍ਰਿਸ਼ਟੀ ਦੀ ਪੂਰੀ ਰਚਨਾ ਕਿਸ ਤਰੀਕੇ ਚੱਲ ਰਹੀ ਹੈ ਭਾਵ ਸਾਰੀ ਸ੍ਰਿਸ਼ਟੀ ਵਿੱਚ ਹਰ ਆਕਾਰ ਰੂਪ ਕਿਸ ਤਰੀਕੇ ਬਣਿਆ ਹੈ ਤੇ ਕਿਸ ਮਕਸਦ ਲਈ ਬਣਿਆ ਹੈ ਉਹ ਭੇਦ ਇਸ ਗੱਲ ਵਿੱਚ ਹੈ ਕਿ ਮਨੁੱਖ ਦੀ ਸਮਝ ਭਰਮਾਂ ਵਾਲੇ ਭੇਦ ਨਾਲ ਭਰੀ ਹੋਈ ਹੈ

51/7056

ਜਿਸ ਸਮਝ ਦਾ ਮਕਸਦ ਹੀ ਮਨੁੱਖ ਨੂੰ, ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਤਾਂ ਜੋ ਕੋਈ ਸ੍ਰਿਸ਼ਟੀ ਦੇ ਕਰਤੇ ਦੀ ਇਸ ਖੇਡ ਨੂੰ ਨਾ ਸਮਝ ਸਕੇ, ਜੋ ਆਪਣੀ ਉਹ ਖੇਡ ਹਰ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਚਲਾ ਰਿਹਾ ਹੈ। ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਤੇ ਜੇਕਰ ਕੋਈ ਆਪਣੇ ਆਪ ਨੂੰ ਧਰਮ ਦਾ ਗਿਆਨਵਾਨ ਅਖਵਾਉਂਦਾ ਹੈ, ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲਾ ਅਖਵਾਉਂਦਾ ਹੈ ਉਹ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਮੰਨ ਕੇ, ਭਰਮ ਕਰਕੇ ਹੀ ਅਖਵਾਉਂਦਾ ਹੈ ਤੇ ਇਹੋ ਜਿਹਿਆਂ ਨੂੰ ਉੱਚਾ ਸਮਝਣ ਵਾਲੇ ਵੀ ਮਨ ਦੇ ਭਰਮ ਕਰਕੇ ਹੀ ਸਮਝਦੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਵਿੱਚ ਆ ਜਾਂਦੇ ਹਨ। ਧਰਮ ਦੇ ਮਾਰਗ ਤੇ ਉੱਚਾ ਕੇਵਲ ਤੇ ਕੇਵਲ ਗੁਰੂ ਆਪ ਹੈ ਜੋ ਕਿ ਗਿਆਨ ਦੇ ਮਾਲਕ, ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ। ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ ਤੇ ਇਸੇ ਲਈ ਉਹ ਗੁਰਬਾਣੀ ਰਾਹੀਂ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਧਰਮ ਦਾ ਮਾਰਗ ਹੀ ਭਾਵ ਨਾਮ ਜਪਣ ਦਾ ਇੱਕੋ ਜਿਹਾ ਮਾਰਗ ਹੀ ਸਮਝਾ ਰਿਹਾ ਹੈ ਭਾਵ ਸਭ ਲਈ ਇੱਕੋ ਜਿਹਾ ਸੱਚ ਤੇ ਚੱਲਣ ਦਾ ਮਾਰਗ ਸਮਝਾ ਰਿਹਾ ਹੈ ਤੇ ਇਸ ਸੱਚ ਦੇ ਮਾਰਗ ਤੇ ਚੱਲ ਕੇ ਹੀ ਕੋਈ ਉਸ ਸਚੁ ਰੂਪ ਅਕਾਲ ਪੁਰਖ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾੱਡ ਨੂੰ ਜਾਣ ਸਕਦਾ ਹੈ ਜੋ ਸੰਸਾਰ ਦੇ ਹਰ ਮਨੁੱਖ ਦੀ ਸਮਝ ਦੇ ਵਿੱਚ ਆਪਣੇ ਗਿਆਨ ਰੂਪ ਵਿੱਚ ਹੀ ਵਿਚਰ ਰਿਹਾ ਹੈ ਜਿਸਨੂੰ ਕੇਵਲ ਤੇ ਕੇਵਲ ਕੋਈ ਤਾਂ ਹੀ ਜਾਣ ਸਕਦਾ ਹੈ ਜਦੋਂ ਉਹ ਆਪਣੇ ਆਪ ਨੂੰ ਕਿਸੇ ਆਪਣੇ ਮਨੁੱਖੀ ਰੂਪ ਵਿੱਚ ਪ੍ਰਗਟ ਕਰ ਦਿੰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਭਗਤਾਂ ਦੇ ਸਰੀਰਾਂ ਰਾਹੀਂ ਤੇ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਕੀਤਾ ਹੈ ਜਿਨ੍ਹਾਂ ਸਰੀਰਾਂ ਰਾਹੀਂ ਉਸਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਦਾ ਮਾਰਗ ਸਮਝਾਇਆ ਹੈ, ਇੱਕੋ ਜਿਹੀ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ, ਇੱਕੋ ਜਿਹਾ ਨਾਮ ਜਪਣ ਦਾ ਮਾਰਗ ਸਮਝਾਇਆ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਹਰ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੀ ਹੈ ਭਾਵ ਮਾਇਆ ਮੋਹ ਛੱਡ ਕੇ, ਮਨ ਦੀਆਂ ਤ੍ਰਿਸ਼ਨਾਵਾਂ ਛੱਡ ਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡ ਕੇ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਹੀ ਹੈ ਭਾਵ ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਜਪਣ ਦਾ ਹੀ ਹੈ ਜੋ ਉਸਦਾ ਨਾਮ ਜਪਣ ਦਾ ਸੱਚਾ ਉੱਦਮ ਕਰਨ ਦੁਆਰਾ ਹੀ ਉਸਦੇ ਨਾਲ ਮੇਲ ਕਰਨ ਦਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਕੋਈ ਸੱਚਾ ਉੱਦਮ ਕਰ ਸਕਦਾ ਹੈ। ਇਹੋ ਜਿਹਾ ਸੱਚਾ ਉੱਦਮ ਕਰਨ ਤੋਂ ਬਿਨਾਂ ਜੇਕਰ ਕੋਈ ਵੀ ਸਾਨੂੰ ਉਸ ਸ੍ਰਿਸ਼ਟੀ ਦੇ ਕਰਤੇ ਨੂੰ, ਅਕਾਲ ਪੁਰਖ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾੱਡ ਨੂੰ ਪਾਉਣ ਦਾ ਕੋਈ ਮਾਰਗ ਸਮਝਾਉਂਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਉਹ ਕੇਵਲ ਤੇ ਕੇਵਲ ਉਸਦੇ ਅੰਦਰ ਦਾ ਭਰਮ ਹੈ ਜਿਸ ਦੁਆਰਾ ਉਹ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦਾ ਹੈ।

51/7057

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਣ ਸੱਕਣ ਦਾ ਭੇਦ ਹੀ ਹੈ ਭਾਵ ਸਾਡੇ ਅੰਦਰ ਦਾ ਭਰਮ ਹੈ ਤੇ ਮਨ ਦੇ ਭਰਮਾਂ ਵਿੱਚੋਂ ਨਿਕਲੇ ਬਿਨਾਂ ਭਾਵ ਮਨ ਦਾ ਭਰਮ ਰੂਪ ਬੰਧਨ ਟੁੱਟੇ ਬਿਨਾਂ ਉਸ ਸੱਚ ਦੇ ਮਾਲਕ ਨੂੰ ਭਾਵ ਸੱਚ ਰੂਪ ਪ੍ਰਮਾਤਮਾ ਨੂੰ ਕੋਈ ਆਪਣੇ ਅੰਦਰੋਂ ਜਾਣ ਸਕੇ ਇਹ ਨਾਮੁਮਕਿਨ ਹੈ। ਵੱਡੇ ਵੱਡੇ ਧਰਮ ਦੇ ਗਿਆਤਾ ਅਖਵਾਉਣ ਵਾਲੇ ਜੋ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਖੁੱਦ ਭਰਮਾਂ

ਨਾਲ ਭਰੇ ਹੋਏ ਹਨ ਉਹ ਦੂਸਰਿਆਂ ਨੂੰ ਭਰਮਾਂ ਵਿੱਚੋਂ ਕੀ ਕੱਢਣਗੇ। ਉਹ ਸਾਨੂੰ ਕਿਹੋ ਜਿਹੇ ਭਰਮਾਂ ਵਿੱਚ ਪਾਉਂਦੇ ਹਨ ਇਸ ਗੱਲ ਨੂੰ ਅਸੀਂ ਕੁਝ ਪਿੱਛੇ ਸਮਝਿਆ ਹੀ ਹੈ ਤੇ ਪੂਰੇ ਲੇਖ ਵਿੱਚ ਵੀ ਅਨੇਕਾਂ ਵਾਰੀ ਸਮਝਿਆ ਹੈ। ਭਰਮ ਪਾਉਣ ਵਾਲਿਆਂ ਦੀ ਸਮਝ ਵਿੱਚੋਂ ਨਿਕਲੇ ਬਿਨਾਂ ਤੇ ਗੁਰੂ ਦੀ ਸਮਝ ਦੇ ਨਾਲ ਜੁੜੇ ਬਿਨਾਂ ਭਾਵ ਸੱਚੇ ਗੁਰੂ ਦੀ ਸੱਚ ਰੂਪ ਸਮਝ ਦੇ ਨਾਲ ਜੁੜੇ ਬਿਨਾਂ ਉਸ ਸੱਚ ਰੂਪ ਪ੍ਰਮਾਤਮਾ ਨੂੰ ਪਾਉਣ ਦਾ ਸੱਚਾ ਉਪਰਾਲਾ ਨਹੀਂ ਕੀਤਾ ਜਾ ਸਕਦਾ। ਇਹ ਭਰਮਾਂ ਦੇ ਭਰੇ ਹੋਏ ਜੋ ਆਪਣੇ ਆਪ ਨੂੰ ਮਨ ਦੇ ਭਰਮ ਕਰਕੇ ਹੀ ਸੰਤ, ਬਾਬੇ ਅਖਵਾਉਂਦੇ ਹਨ, ਧਰਮ ਦੇ ਵਿਦਵਾਨ ਅਖਵਾਉਂਦੇ ਹਨ ਇਹ ਸਾਨੂੰ ਹੋਰ ਵੀ ਕਿਹੋ ਜਿਹੇ ਧਾਰਮਿਕ ਭਰਮਾਂ ਵਿੱਚ ਪਾਉਂਦੇ ਹਨ ਹੁਣ ਇਸ ਗੱਲ ਨੂੰ ਸਮਝਦੇ ਹਾਂ।

ਗੁਰਪੂਰਬ ਆਦਿ ਮਨਾਉਣ ਲਈ ਵੀ ਅਸੀਂ ਭਰਮਾਂ ਵਿੱਚ ਪੈਂਦੇ ਹਾਂ ਤੇ ਕੋਈ ਗੁਰਪੂਰਬ ਮਨਾਉਣ ਲਈ ਅਸੀਂ ਸੜਕਾਂ ਦੇ ਉੱਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੈ ਕੇ ਗੱਡੀਆਂ ਉੱਤੇ ਰੱਖਕੇ, ਸਿਰਾਂ ਉਪਰ ਰੱਖਕੇ ਸੜਕਾਂ ਉਤੇ ਆਪਣੇ ਵੱਲੋਂ ਨਗਰ ਕੀਰਤਨ ਕੱਢਦੇ ਹਾਂ, ਪ੍ਰਭਾਤ ਫੇਰੀਆਂ ਆਦਿ ਕੱਢਦੇ ਹਾਂ ਤੇ ਜਿੱਥੋਂ ਨਗਰ ਕੀਰਤਨ ਨਿਕਲਣਾ ਹੁੰਦਾ ਹੈ ਕਈ ਉਸ ਜਗ੍ਹਾ ਸੜਕਾਂ ਉਤੇ ਦੁੱਧ ਆਦਿ ਡੋਲਕੇ ਆਪਣੇ ਵੱਲੋਂ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਾਂ, ਗੁਰੂ ਦੇ ਨਾਲ ਆਪਣੀ ਸ਼ਰਧਾ ਵਿਖਾਉਂਦੇ ਹਾਂ। ਗੁਰੂ ਦੇ ਨਾਲ ਆਪਣੀ ਸ਼ਰਧਾ ਤਾਂ ਉਹੀ ਦਿਖਾਉਂਦਾ ਹੈ ਜੋ ਗੁਰੂ ਦੀ ਮਤਿ ਨੂੰ ਮੰਨਦਾ ਹੈ, ਗੁਰੂ ਦੀ ਸਿੱਖਿਆ ਨੂੰ ਮੰਨਦਾ ਹੈ ਤੇ ਉਸ ਤੇ ਅਮਲ ਵੀ ਕਰਦਾ ਹੈ। ਗੁਰੂ ਦੀ ਮਤਿ ਸਾਨੂੰ ਇਹ ਨਹੀਂ ਸਮਝਾਉਂਦੀ ਕਿ ਗੁਰੂ ਨੂੰ ਅਸੀਂ ਇਸ ਤਰੀਕੇ ਘੁਮਾਈਏ, ਸੜਕਾਂ ਤੇ ਘੁਮਾਈਏ, ਇਹ ਕੁਝ ਕਰਨਾ ਸਾਡਾ ਭਰਮ ਹੈ ਤੇ ਸਾਨੂੰ ਇਹੋ ਜਿਹੇ ਭਰਮਾਂ ਵਿੱਚ ਪਾਉਣ ਵਾਲੇ ਉਹੀ ਹਨ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਦੀ ਉੱਚੀ ਸਮਝ ਰੱਖਣ ਵਾਲੇ ਸਮਝਦੇ ਹਾਂ।

ਇਸੇ ਤਰ੍ਹਾਂ ਕਈਆਂ ਗੁਰਦੁਆਰਿਆਂ ਅਤੇ ਡੇਰਿਆਂ ਤੇ ਗੁਰ ਸਾਹਿਬਾਨ ਦੇ ਸ਼ਰਾਧ ਵੀ ਮਨਾਏ ਜਾਂਦੇ ਹਨ ਜੋ ਕਿ ਅਤਿ ਦਾ ਭਰਮ ਹੈ ਤੇ ਇਹੋ ਜਿਹਿਆਂ ਦੀ ਕਾਢ ਹੈ ਜੋ ਇਹੋ ਜਿਹੀਆਂ ਗੱਲਾਂ ਸਮਝਾਉਣ ਵਿੱਚ ਹੀ ਆਪਣੀ ਵਡਿਆਈ ਸਮਝਦੇ ਹਨ। ਕਈ ਡੇਰਿਆਂ ਆਦਿ ਤੇ ਡੇਰਿਆਂ ਦੇ ਮੁੱਖੀ ਆਪਣੇ ਚੇਲਿਆਂ ਨੂੰ ਚਰਨ ਪਾਹੁਲ ਵੀ ਪਿਆਉਂਦੇ ਹਨ ਜੋ ਕਿ ਅਤਿ ਦੀ ਬੁਰਿਆਈ ਹੈ, ਗੁਰੂ ਦੇ ਅੰਮ੍ਰਿਤ ਦੀ ਬੁਰਿਆਈ ਹੈ ਜਿਸ ਨਾਲ ਇਹ ਬੁਰਿਆਈ ਕਰਨ ਵਾਲਿਆਂ ਨੂੰ

51/7058

ਵਡਿਆਈ ਮਿਲਦੀ ਹੈ ਕਿ ਉਨ੍ਹਾਂ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਹੈ ਭਾਵ ਉਹ ਆਪ ਗੁਰਮਤਿ ਨੂੰ ਸਮਝਣ ਵਿੱਚ ਭਰਮਾਂ ਵਿੱਚ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦੇ ਹਨ। ਇਹੋ ਜਿਹੇ ਭਰਮੇ ਹੋਏ ਆਪਣੇ ਚੇਲਿਆਂ ਨੂੰ ਗੁਰਮੰਤ੍ਰ ਵੀ ਦਿੰਦੇ ਹਨ ਜੋ ਕਿ ਹੋਰ ਵੀ ਵੱਡਾ ਭਰਮ ਹੈ। ਪੂਰੀ ਗੁਰਬਾਣੀ ਸਾਨੂੰ ਆਪਣਾ ਗੁਰਮੰਤ੍ਰ ਹੀ ਦੇ ਰਹੀ ਹੈ। ਗੁਰੂ ਦੀ ਸੱਚੀ ਮਤਿ ਗੁਰੂ ਦਾ ਮੰਤ੍ਰ ਹੈ ਭਾਵ ਗੁਰੂ ਦੇ ਨਾਮ ਦਾ ਮੰਤ੍ਰ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜੋ ਪੁਸਤਕ ਆਪ ਜੀ ਪੜ ਰਹੇ ਹੋ ਇਸ ਪੂਰੀ ਪੁਸਤਕ ਦੇ ਵਿੱਚ ਗੁਰਮੰਤ੍ਰ ਹੀ ਹੈ ਭਾਵ ਗੁਰਬਾਣੀ ਰਾਹੀਂ ਸਮਝਾਈ ਹੋਈ ਗੁਰੂ ਦੀ ਸੱਚੀ ਸਿੱਖਿਆ ਦੀ ਵਿਆਖਿਆ ਹੀ ਹੈ। ਕਿਸੇ ਨੂੰ ਕੋਈ ਗੁਰਮੰਤ੍ਰ ਉਹੀ ਦੇ ਸਕਦਾ ਹੈ ਜਿਸਨੂੰ ਗੁਰੂ ਦੀ ਸੱਚੀ ਸਿੱਖਿਆ ਦੀ ਸਮਝ ਹੁੰਦੀ ਹੈ ਜੋ ਸੱਚੀ ਸਿੱਖਿਆ ਦੀ ਸਮਝ ਅਕਾਲ ਪੁਰਖ ਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਨ੍ਹਾਂ ਦੀ ਸਮਝ ਵਿੱਚ ਪਾਈ ਹੈ ਜੋ ਸੱਚੀ ਸਮਝ ਉਨ੍ਹਾਂ ਨੇ ਪੂਰੀ ਗੁਰਬਾਣੀ ਰਾਹੀਂ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪਾਈ ਹੈ ਭਾਵ ਗੁਰਮਤਿ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਪਾਈ ਹੈ ਜੋ ਗੁਰਮੰਤ੍ਰ ਭਾਵ ਗੁਰੂ ਦੀ ਸੱਚੀ ਸਿੱਖਿਆ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦੀ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦੀ ਹੈ। ਜਿਸਨੂੰ ਗੁਰੂ ਦੀ ਸੱਚੀ ਸਿੱਖਿਆ ਦੀ ਸਮਝ ਹੈ ਭਾਵ ਗੁਰਮੰਤ੍ਰ ਦੀ ਸਮਝ ਹੈ ਉਸਨੂੰ ਫਿਰ ਇਹ ਸਮਝ ਵੀ ਹੁੰਦੀ ਹੈ ਕਿ ਗੁਰਮੰਤ੍ਰ ਦਾ ਮਾਲਕ ਕੌਣ ਹੈ ਭਾਵ ਪੂਰੀ ਗੁਰਬਾਣੀ ਵਿੱਚ ਸੱਚਾ ਗਿਆਨ ਪਾਉਣ ਵਾਲਾ ਕੌਣ ਹੈ। ਗੁਰਮੰਤ੍ਰ ਦਾ ਮਾਲਕ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਹੈ ਤੇ ਜਿਸਨੂੰ ਉਹ ਆਪਣਾ ਗੁਰਮੰਤ੍ਰ ਦਿੰਦਾ ਹੈ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤਾ ਹੈ ਤੇ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਦੇ ਵਿੱਚ ਇਹ ਪ੍ਰਮਾਤਮਾ ਦਾ ਦਿੱਤਾ ਹੋਇਆ ਨਾਮ ਮੰਤ੍ਰ ਪਾਇਆ ਹੈ ਇਸ ਕਰਕੇ ਉਨ੍ਹਾਂ ਨੇ ਪ੍ਰਮਾਤਮਾ ਨੂੰ ਹੀ ਨਾਮ ਦਾ ਮਾਲਕ ਕਿਹਾ ਹੈ, ਸੱਚੇ ਗਿਆਨ ਦਾ ਮਾਲਕ ਕਿਹਾ ਹੈ ਜਿਸ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਅਕਾਲ ਪੁਰਖ ਆਪ ਗੁਰੂ ਹੈ, ਸ਼ਬਦ ਰੂਪ ਵਿੱਚ ਗੁਰੂ ਹੈ, ਨਾਮ ਮੰਤ੍ਰ ਦੇ ਰੂਪ ਵਿੱਚ ਗੁਰੂ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਅਕਾਲ ਪੁਰਖ ਨੂੰ ਹੀ ਵਡਿਆਈ ਦਿੱਤੀ ਹੈ ਤੇ ਆਪਣੇ ਆਪ ਨੂੰ ਵੱਡਾ ਨਹੀਂ ਆਖਿਆ ਤੇ ਇਹ ਡੇਰਿਆਂ ਆਦਿ ਤੇ ਬੈਠੇ ਹੋਏ ਉਹ ਨਾਮ ਮੰਤ੍ਰ ਵੰਡਦੇ ਹਨ ਤੇ ਆਪਣੀਆਂ ਝੂਠੀਆਂ ਵਡਿਆਈਆਂ ਲੈਂਦੇ ਹਨ ਇਹ ਕੀ ਜਾਨਣ ਕਿ ਪੂਰੀ ਗੁਰਬਾਣੀ ਵਿੱਚ ਨਾਮ ਮੰਤ੍ਰ ਹੀ ਹੈ ਜੋ ਕਿ ਨਾਮ ਦੇ

ਮਾਲਕ ਅਕਾਲ ਪੁਰਖ ਦੇ ਕੋਲੋਂ ਹੀ ਆਇਆ ਹੈ।

ਇਸੇ ਤਰ੍ਹਾਂ ਇਹੋ ਜਿਹੇ ਭਰਮਾਂ ਦੇ ਭਰੇ ਹੋਏ ਅਨੇਕਾਂ ਨੂੰ ਦਸਮ ਦੁਆਰ ਖੋਲਣੇ ਸਿਖਾਉਂਦੇ ਹਨ। ਇਹੋ ਜਿਹੀਆਂ ਗੱਲਾਂ ਉਹੀ ਕਰ ਸਕਦਾ ਹੈ ਜਿਸਨੂੰ ਦਸਮ ਦੁਆਰ ਦਾ ਖੁੱਲਣਾ ਕੀ ਹੁੰਦਾ ਹੈ ਇਸਦੀ ਰੱਤੀ ਭਰ ਵੀ ਸਮਝ ਨਹੀਂ ਹੈ। ਦਸਮ ਦੁਆਰ ਸਾਡਾ ਮਨ ਹੈ ਤੇ ਜਦੋਂ ਅਕਾਲ ਪੁਰਖ ਕਿਸੇ ਦੇ ਮਨ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ ਇਹੀ ਉਸਦੇ ਅੰਦਰ ਦਸਮ ਦੁਆਰ ਦਾ ਖੁੱਲਣਾ ਹੈ, ਇਸ ਦਸਮ ਦੁਆਰ ਰਾਹੀਂ ਹੀ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾਉਂਦਾ ਹੈ, ਸਹਜ ਗਿਆਨ ਵਾਲੀ ਸਮਝ ਪਾਉਂਦਾ ਹੈ, ਬ੍ਰਹਮ ਗਿਆਨ ਵਾਲੀ ਸਮਝ ਪਾਉਂਦਾ ਹੈ,

51/7059

ਆਪਣੇ ਨਾਮ ਵਾਲੀ ਸਮਝ ਪਾਉਂਦਾ ਹੈ, ਆਪਣਾ ਅੰਮ੍ਰਿਤ ਰੱਸ ਪਿਆਉਂਦਾ ਹੈ ਜੋ ਆਪਣਾ ਅੰਮ੍ਰਿਤ ਰੱਸ ਉਸਦੇ ਭਗਤਾਂ ਦੇ ਸਰੀਰ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਉਨ੍ਹਾਂ ਦੇ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਪਿਆਇਆ ਹੈ ਜਿਸ ਗਿਆਨ ਰੱਸ ਵਾਲੀ ਸਮਝ ਰਾਹੀਂ ਉਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਸੱਚਾ ਗਿਆਨ ਰੱਸ ਪਾਇਆ ਹੈ, ਨਾਮ ਰੱਸ ਪਾਇਆ ਹੈ। ਦਸਮ ਦੁਆਰ ਉਹ ਸੱਚੇ ਗਿਆਨ ਦਾ ਦੁਆਰ ਹੈ ਜਿਸ ਮਨ ਦੇ ਦੁਆਰ ਰਾਹੀਂ ਮਨ ਦੇ ਵਿੱਚ ਸੱਚੀ ਸਮਝ ਪੈਂਦੀ ਹੈ ਜੋ ਸੱਚੀ ਸਮਝ ਪੈਣ ਦੁਆਰਾ ਮਨੁੱਖ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ। ਨੌਂ ਦੁਆਰ ਕੀ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਤੇ ਅਸੀਂ ਇਸ ਗੱਲ ਨੂੰ ਪਿੱਛੇ ਸਮਝਿਆ ਵੀ ਹੈ। ਇਹ ਨੌਂ ਦੁਆਰ ਸਾਡੇ ਸਰੀਰ ਦੇ ਦੁਆਰ ਹਨ ਇਨ੍ਹਾਂ ਨੂੰ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਪਰ ਦਸਵਾਂ ਦੁਆਰ ਉਹ ਦੁਆਰ ਹੈ ਜਿਸ ਨੂੰ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ। ਨੌਂ ਦੁਆਰੇ ਆਕਾਰ ਰੂਪ ਵਿੱਚ ਹਨ ਜੋ ਕਿ ਸਾਡੇ ਸਰੀਰ ਦੇ ਅੰਗ ਹੀ ਹਨ। ਦਸਵਾਂ ਦੁਆਰ ਨਿਰੰਕਾਰ ਰੂਪ ਦੁਆਰ ਹੈ ਭਾਵ ਗਿਆਨ ਰੂਪ ਦੁਆਰ ਹੈ ਉਸਨੂੰ ਅੱਖਾਂ ਦੇ ਨਾਲ ਨਹੀਂ ਦੇਖਿਆ ਜਾ ਸਕਦਾ ਤੇ ਕੇਵਲ ਸਮਝਿਆ ਜਾ ਸਕਦਾ ਹੈ। ਜਿਸਦੇ ਵੱਸ ਸਾਡੀ ਸਮਝ ਹੈ ਉਹੀ ਸਾਨੂੰ ਮਨ ਦੇ ਵਿੱਚੋਂ ਆਪਣੇ ਦਸਵੇਂ ਦੁਆਰ ਦੇ ਦਰਸ਼ਨ ਕਰਵਾ ਸਕਦਾ ਹੈ ਭਾਵ ਦਸਮ ਦੁਆਰ ਦੀ ਸੋਝੀ ਪਾ ਸਕਦਾ ਹੈ ਕਿ ਦਸਮ ਦੁਆਰ ਕੀ ਹੈ।

ਦਸਮ ਦੁਆਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਪਹਿਲੇ ਵੀ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ ਭਾਵ ਮਨ ਦੇ ਭਰਮ ਵਿੱਚੋਂ ਨਿਕਲਣ ਦਾ ਫਿਰ ਤੋਂ ਸੱਚਾ ਉੱਦਮ ਕਰ ਸਕਦੇ ਹਾਂ ਤਾਂ ਜੋ ਸਾਨੂੰ ਦਸਮ ਦੁਆਰ ਸਮਝਣ ਵਿੱਚ ਕੋਈ ਭਰਮ ਨਾ ਰਹੇ ਤੇ ਅਸੀਂ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਨਾ ਲੱਗੀਏ ਜੋ ਸਾਨੂੰ ਆਪਣੀ ਨਾ ਸਮਝ ਮਤਿ ਦੁਆਰਾ ਦਸਵਾਂ ਦੁਆਰ ਖੋਲਣਾ ਸਮਝਾਉਂਦੇ ਹਨ, ਸਰੀਰ ਨੂੰ ਕਸ਼ਟਾਂ ਵਿੱਚ ਪਾਉਣ ਦੁਆਰਾ ਸਮਝਾਉਂਦੇ ਹਨ, ਪੁੱਠੇ ਸਿੱਧੇ ਆਸਨ ਕਰਨ ਨਾਲ ਦਸਮ ਦੁਆਰ ਦਾ ਖੁੱਲਣਾ ਸਮਝਾਉਂਦੇ ਹਨ ਜਿਸ ਰਾਹੀਂ ਅਸੀਂ ਕੇਵਲ ਆਪਣੇ ਸਰੀਰ ਨੂੰ ਕਸ਼ਟਾਂ ਵਿੱਚ ਹੀ ਪਾਉਂਦੇ ਹਾਂ ਤੇ ਹਾਸਿਲ ਕੁਝ ਨਹੀਂ ਹੁੰਦਾ। ਹਾਸਿਲ ਕਿਵੇਂ ਹੋਣਾ ਹੈ ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਦੇ ਹਾਂ, ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਰੱਖਕੇ ਸਮਝੀਏ ਤੇ ਗੁਰੂ ਸਾਨੂੰ ਕਦੇ ਭਰਮਾਂ ਵਿੱਚ ਨਹੀਂ ਪਾਉਂਦਾ ਤੇ ਸਾਨੂੰ ਭਰਮਾਂ ਵਿੱਚੋਂ ਕੱਢਦਾ ਹੀ ਹੈ ਕਿਉਂਕਿ ਗੁਰੂ ਸੱਚ ਰੂਪ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜੋ ਹਰ ਭਰਮ ਤੋਂ ਰਹਿਤ ਹੈ।

ਮਾਰੂ ਸੋਲਹੇ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

{ਸਚਾ ਆਪਿ ਸਵਾਰਣਹਾਰਾ ॥ ਅਵਰ ਨ ਸੂਝਸਿ ਬੀਜੀ ਕਾਰਾ ॥
ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥ ਸਭਨਾ ਸਚੁ ਵਸੈ ਮਨ ਮਾਹੀ ॥
ਗੁਰ ਪਰਸਾਦੀ ਸਹਜਿ ਸਮਾਹੀ ॥ ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥
ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥
ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥
ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥ ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥ ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥ ਗੁਰਮੁਖਿ ਨਾਮੁ ਪਰਾਪਤਿ ਹੋਵੈ ॥
ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥

ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ ੧੦੬੯-੧੦੭੦)

51/7060

ਰਾਮਕਲੀ ਬਾਣੀ ਬੇਣੀ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥ ਸੰਤਹੁ ਤਹਾ ਨਿਰੰਜਨ ਰਾਮੁ ਹੈ ॥
ਗੁਰ ਗਮਿ ਚੀਨੈ ਬਿਰਲਾ ਕੋਇ ॥ ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥ ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥
ਸਾਖੀ ਜਾਗੀ ਗੁਰਮੁਖਿ ਜਾਣੀ ॥੨॥ ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥ ਜਾਗਤੁ ਰਹੈ ਸੁ ਕਬਹੁ ਨ ਸੋਵੈ ॥
ਤੀਨਿ ਤਿਲੋਕ ਸਮਾਧਿ ਪਲੋਵੈ ॥ ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥ਗੁਰ ਕੀ ਸਾਖੀ ਰਾਖੈ ਚੀਤਿ ॥
ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥ ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥
ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥ ਅਜਰੁ ਜਰੈ ਸੁ ਨਿਝਰੁ ਝਰੈ ॥
ਜਗੰਨਾਥ ਸਿਉ ਗੋਸਟਿ ਕਰੈ ॥੭॥ ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥
ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥ ਮਸਤਕਿ ਪਦਮੁ ਦੁਆਲੈ ਮਣੀ ॥
ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥ ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥}

(ਅੰਗ ੯੭੪)

ਮਾਰੂ ਮਹਲਾ ੫ ॥

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥

ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

ਮਹਲਾ ੩ ॥

{ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥੨॥}

(ਅੰਗ ੧੨੪੫)

ਮਾਝ ਮਹਲਾ ੩ ਘਰੁ ੧ ॥

{ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥
ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥ ਤਨੁ ਮਨੁ ਖੋਜੇ ਤਾ ਨਾਉ ਪਾਏ॥
ਧਾਵਤੁ ਰਾਖੈ ਠਾਕਿ ਰਹਾਏ ॥ ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥
ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥ ਸਚਾ ਸਾਹਿਬੁ ਸਚੀ ਨਾਈ ॥
ਗੁਰ ਪਰਸਾਦੀ ਮੰਨਿ ਵਸਾਈ ॥ ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ ॥੪॥
ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥ ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥
ਹਉਮੈ ਮੇਰਾ ਠਾਕਿ ਰਹਾਇਆ ॥ ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥
ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥
ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥ ਜੀਵਣੁ ਮਰਣਾ ਸਭੁ ਤੁਧੈ ਤਾਈ ॥
ਜਿਸੁ ਬਖਸੇ ਤਿਸੁ ਦੇ ਵਡਿਆਈ ॥ ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥}

(ਅੰਗ ੧੦੯-੧੧੦)

ਮਾਝ ਮਹਲਾ ੩ ॥

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥੪॥ ਗੁਰ ਪਰਸਾਦੀ ਸਚਾ ਹਰਿ ਪਾਏ॥
ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥ ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥ ਬਿਨੁ ਸਬਦੈ ਅੰਤਰਿ ਆਨੇਰਾ ॥
ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ ੧੨੪)

ਮਃ ੧ ॥

{ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥
ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥
ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥
ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰੁ ॥੨॥}

(ਅੰਗ ੧੩੭-੧੩੮)

ਗਉੜੀ ॥

{ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥
ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥ ਅਬ ਮਨ ਜਾਗਤ ਰਹੁ ਰੇ ਭਾਈ ॥
ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥
ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥
ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥

ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥}

(ਅੰਗ ੩੩੯)

51/7061

{ਦਦਾ ਦੇਖਿ ਜੁ ਬਿਨਸਨਹਾਰਾ ॥ ਜਸ ਅਦੇਖਿ ਤਸ ਰਾਖਿ ਬਿਚਾਰਾ ॥
ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥੨੪॥}

(ਅੰਗ ੩੪੧)

ਗੂਜਰੀ ਮਹਲਾ ੩ ॥

{ਜੁਗ ਮਾਹਿ ਨਾਮੁ ਦੁਲੰਭੁ ਹੈ ਗੁਰਮੁਖਿ ਪਾਇਆ ਜਾਇ ॥
ਬਿਨੁ ਨਾਵੈ ਮੁਕਤਿ ਨ ਹੋਵਈ ਵੇਖਹੁ ਕੋ ਵਿਉਪਾਇ ॥੧॥ ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥
ਸਤਿਗੁਰ ਮਿਲਿਐ ਹਰਿ ਮਨਿ ਵਸੈ ਸਹਜੇ ਰਹੈ ਸਮਾਇ ॥੧॥ ਰਹਾਉ ॥
ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥ ਬੈਰਾਗੀ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੨॥
ਸੋਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥ ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥੩॥੫॥}

(ਅੰਗ ੪੯੦-੪੯੧)

ਸਲੋਕੁ ॥

{ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ ॥
ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੧॥}

(ਅੰਗ ੫੦੯)

{ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥ ਸਾਚੈ ਰਾਚੇ ਦੇਖਿ ਹਜੂਰੇ ॥
ਘਟਿ ਘਟਿ ਸਾਚੁ ਰਹਿਆ ਭਰਪੂਰੇ ॥ ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥}

(ਅੰਗ ੯੪੩-੯੪੪)

ਪਉੜੀ ॥

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ ੯੫੪)

ਮਾਰੂ ਮਹਲਾ ੧ ਦਖਣੀ ॥

{ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥

ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥੧॥ ਅੰਦਰਿ ਕੋਟ ਛਜੇ ਹਟਨਾਲੇ ॥
ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥
ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥ ਪਉਣ ਪਾਣੀ ਅਗਨੀ ਇਕ ਵਾਸਾ ॥
ਆਪੇ ਕੀਤੋ ਖੇਲੁ ਤਮਾਸਾ ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥
ਧਰਤਿ ਉਪਾਇ ਧਰੀ ਧਰਮ ਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ ॥
ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥੫॥ ਭਾਰ ਅਠਾਰਹ ਮਾਲਣਿ ਤੇਰੀ ॥
ਚਉਰੁ ਢੁਲੈ ਪਵਣੈ ਲੈ ਫੇਰੀ ॥ ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥
ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥ ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥
ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥ ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥
ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥ ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥
ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥ ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥
ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥ ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥
ਅਵਰੁ ਨ ਜਾਣਾ ਦੂਆ ਤੀਆ ॥ ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥
ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥ ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥
ਵੇਪਰਵਾਹ ਅਖੁਟ ਭੰਡਾਰੈ ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥੧੪॥
ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥
ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥੧੫॥ ਜੇਤੀ ਹੈ ਤੇਤੀ ਤੁਧੁ ਅੰਦਰਿ ॥
ਦੇਖਹਿ ਆਪਿ ਬੈਸਿ ਬਿਜ ਮੰਦਰਿ ॥ ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥}

(ਅੰਗ ੧੦੩੩-੧੦੩੪)

ਮਾਰੂ ਮਹਲਾ ੧ ॥

{ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥
ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥ ਨਉ ਘਰ ਥਾਪੇ ਥਾਪਣਹਾਰੈ ॥
ਦਸਵੈ ਵਾਸਾ ਅਲਖ ਅਪਾਰੈ ॥ ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥
ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥
ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ ਗੜ ਮਹਿ ਹਾਟ ਪਟਣ ਵਾਪਾਰਾ ॥
ਪੂਰੈ ਤੋਲਿ ਤੋਲੈ ਵਣਜਾਰਾ ॥ ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥

ਕੀਮਤਿ ਪਾਈ ਪਾਵਣਹਾਰੈ ॥ ਵੇਪਰਵਾਹ ਪੂਰੇ ਭੰਡਾਰੈ ॥
ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥੫॥ ਨਦਰਿ ਕਰੇ ਪੂਰਾ ਗੁਰੁ ਭੇਟੈ ॥
ਜਮ ਜੰਦਾਰੁ ਨ ਮਾਰੈ ਫੇਟੈ ॥ ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ ॥੬॥
ਆਪੇ ਵਰਖੈ ਅੰਮ੍ਰਿਤ ਧਾਰਾ ॥ ਰਤਨ ਜਵੇਹਰ ਲਾਲ ਅਪਾਰਾ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ ॥੭॥ ਪ੍ਰੇਮ ਪਦਾਰਥੁ ਲਹੈ ਅਮੋਲੋ ॥
ਕਬ ਹੀ ਨ ਘਾਟਸਿ ਪੂਰਾ ਤੋਲੋ ॥ ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥
ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥ ਹੁਕਮੇ ਆਇਆ ਹੁਕਮਿ ਸਮਾਇਆ ॥
ਹੁਕਮੇ ਦੀਸੈ ਜਗਤੁ ਉਪਾਇਆ ॥ ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥ ਹੁਕਮੇ ਆਡਾਣੇ ਆਗਾਸੀ ॥
ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥
ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥ ਹੁਕਮੇ ਜੁਗ ਛਤੀਹ ਗੁਦਾਰੇ ॥
ਹੁਕਮੇ ਸਿਧ ਸਾਧਿਕ ਵੀਚਾਰੇ ॥ ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥
ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥ ਸਤੁ ਸੰਤੋਖੁ ਨਗਰ ਮਹਿ ਕਾਰੀ ॥
ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥ ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥}

(ਅੰਗ ੧੦੩੬-੧੦੩੭)

51/7062

ਮਾਰੂ ਮਹਲਾ ੧ ॥

{ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥
ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥
ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥
ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥
ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ॥੬॥

ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥
ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥ ਉਪਜਹਿ ਬਿਨਸਹਿ ਬੰਧਨ ਬੰਧੇ ॥
ਹਉਮੈ ਮਾਇਆ ਕੇ ਗਲਿ ਫੰਧੇ ॥ ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥
ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥
ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥
ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥
ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥
ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥ ਗੁਰਮੁਖਿ ਬੂਝੈ ਸਬਦਿ ਪਤੀਜੈ ॥
ਉਸਤਤਿ ਨਿੰਦਾ ਕਿਸ ਕੀ ਕੀਜੈ ॥ ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥
ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥
ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥
ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ ੧੦੪੦-੧੦੪੧)

ਬਸੰਤੁ ਮਹਲਾ ੩ ਤੀਜਾ ॥

{ਬਸਤ੍ਰ ਉਤਾਰਿ ਦਿਗੰਬਰੁ ਹੋਗੁ ॥ ਜਟਾਧਾਰਿ ਕਿਆ ਕਮਾਵੈ ਜੋਗੁ ॥ ਮਨੁ ਨਿਰਮਲੁ ਨਹੀ ਦਸਵੈ ਦੁਆਰ ॥
ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ ॥੧॥ ਏਕੁ ਧਿਆਵਹੁ ਮੂੜ੍ ਮਨਾ ॥
ਪਾਰਿ ਉਤਰਿ ਜਾਹਿ ਇਕ ਖਿਨਾਂ ॥੧॥ ਰਹਾਉ ॥ ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥
ਨਾਦੀ ਬੇਦੀ ਪੜ੍ਹਹਿ ਪੁਰਾਣ ॥ ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ ਨੇੜਿ ਨਾਹਿ ॥੨॥
ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ ਕਰੇਇ ॥ ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥
ਓਇ ਨਿਰੰਜਨੁ ਕੈਸੇ ਪਾਹਿ ॥੩॥ ਕੀਤਾ ਹੋਆ ਕਰੇ ਕਿਆ ਹੋਇ ॥ ਜਿਸ ਨੋ ਆਪਿ ਚਲਾਏ ਸੋਇ ॥
ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥ ਜਿਸੁ ਜੀਉ ਅੰਤਰੁ ਮੈਲਾ ਹੋਇ ॥
ਤੀਰਥ ਭਵੈ ਦਿਸੰਤਰ ਲੋਇ ॥ ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤ੍ਰੁਟਸਿ ਬੰਧ ॥੫॥੪॥}

(ਅੰਗ ੧੧੬੯)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥}

(ਅੰਗ ੧੪੧੪)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਦਸਮ ਦੁਆਰ ਸਾਡਾ ਮਨ ਹੈ ਤੇ ਮਨ ਦੇ ਵਿੱਚੋਂ ਕੇਵਲ ਸਮਝ ਹੀ ਉਪਜਦੀ ਹੈ ਨਾ ਕਿ ਕੁਝ ਹੋਰ। ਜੋ ਸਮਝ ਨਿਰੰਕਾਰ ਰੂਪ ਹੈ ਜਿਸ ਨਿਰੰਕਾਰ ਰੂਪ ਸਮਝ ਨੂੰ ਅਸੀਂ ਆਪਣੇ ਵੱਸ ਵਿੱਚ ਕਿਵੇਂ ਕਰ ਸਕਦੇ ਹਾਂ ਭਾਵ ਇਸ ਮਨ ਦੇ ਦਰਵਾਜੇ ਆਪਣੇ ਆਪ ਕਿਵੇਂ ਖੋਲ ਸਕਦੇ ਹਾਂ ਜੋ ਮਨ ਦੇ ਦਰਵਾਜੇ ਭਰਮ ਰੂਪ

ਸਮਝ ਦੇ ਨਾਲ, ਹਉਮੈ ਰੂਪ ਸਮਝ ਦੇ ਨਾਲ, ਤ੍ਰੈ ਗੁਣਾਂ ਵਾਲੀ ਸਮਝ ਦੇ ਨਾਲ ਪ੍ਰਮਾਤਮਾ ਨੇ ਆਪ ਹੀ ਬੰਦ ਕੀਤੇ ਹੋਏ ਹਨ। ਇਨਾਂ ਭਰਮ ਰੂਪ ਦਰਵਾਜਿਆਂ ਨੂੰ ਖੋਲਣ ਦੀ ਕੁੰਜੀ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਆਪਣੇ ਕੋਲ ਹੈ ਤੇ ਆਪਣੀ ਇਹ ਕੁੰਜੀ ਪ੍ਰਮਾਤਮਾ ਨੇ ਆਪਣੇ ਗੁਰੂ ਰੂਪ ਨੂੰ ਸੌਂਪੀ ਹੋਈ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਡੇ ਅੰਦਰੋਂ ਭਰਮ ਰੂਪ ਦਰਵਾਜਾ ਖੁੱਲਣਾ ਜਾਂ ਦਸਮ ਦੁਆਰ ਖੁੱਲਣਾ ਇੱਕੋ ਹੀ ਗੱਲ ਹੈ। ਜੇਕਰ ਅਸੀਂ ਆਪਣਾ ਦਸਮ ਦੁਆਰ ਖੁੱਲਵਾਉਣਾ ਚਾਹੁੰਦੇ ਹਾਂ ਤਾਂ ਫਿਰ ਉਸਦੇ ਲਈ ਸਾਡੇ ਕੋਲ ਗੁਰੂ ਗੁਰਬਾਣੀ ਦਾ ਸੱਚਾ ਗਿਆਨ ਹੀ ਹੈ। ਜਿਉਂ ਜਿਉਂ ਅਸੀਂ ਗੁਰੂ ਦੇ ਸੱਚੇ ਗਿਆਨ ਨੂੰ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਸਮਝਕੇ ਸ਼ਬਦਾਂ ਦੀ ਵਿਚਾਰ ਨੂੰ ਮੰਨਦੇ ਜਾਵਾਂਗੇ ਭਾਵ ਜਿਉਂ ਜਿਉਂ ਅਸੀਂ ਆਪਣੇ ਭਰਮਾਂ ਵਾਲੇ ਵਿਚਾਰਾਂ ਨੂੰ ਛੱਡਦੇ ਜਾਵਾਂਗੇ ਤਿਉਂ ਤਿਉਂ ਸਾਡੇ ਅੰਦਰ ਦਾ ਭਰਮਾਂ ਵਾਲਾ ਦਰਵਾਜਾ ਖੁੱਲਦਾ ਜਾਵੇਗਾ ਤੇ ਸਾਡੇ ਅੰਦਰ ਗੁਰੂ ਦੀ ਸਮਝਾਈ ਹੋਈ

51/7063

ਸੱਚੀ ਮਤਿ ਵੱਸਦੀ ਜਾਵੇਗੀ ਭਾਵ ਭਰਮ ਬਾਹਰ ਨਿਕਲਦਾ ਜਾਵੇਗਾ ਭਾਵ ਭਰਮ ਦਰਵਾਜੇ ਤੋਂ ਬਾਹਰ ਨਿਕਲਦਾ ਜਾਵੇਗਾ ਤੇ ਸੱਚ ਦਰਵਾਜੇ ਦੇ ਅੰਦਰ ਵੜਦਾ ਜਾਵੇਗਾ। ਇਹ ਦਰਵਾਜਾ ਤਾਂ ਪ੍ਰਮਾਤਮਾ ਕਿਸੇ ਦੇ ਮਨ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਖੋਲਦਾ ਹੈ ਪਰ ਉਸ ਲਈ ਸੱਚਾ ਉੱਦਮ ਸਭ ਲਈ, ਸਾਰੇ ਸੰਸਾਰ ਲਈ ਇਹੋ ਹੀ ਹੈ ਕਿ ਅਸੀਂ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਉੱਦਮ ਕਰੀਏ। ਆਪਣੇ ਆਪ ਨੂੰ ਭਰਮਾਂ ਵਾਲੀ ਸਮਝ ਵਿੱਚ ਨਾ ਸਮਝਣਾ ਹੀ ਇੱਕ ਬਹੁਤ ਵੱਡਾ ਭਰਮ ਹੈ ਤੇ ਇਸੇ ਲਈ ਕੋਈ ਭਰਮਾਂ ਵਿੱਚੋਂ ਨਿਕਲਣਾ ਹੀ ਨਹੀਂ ਚਾਹੁੰਦਾ। ਗੁਰੂ ਸਾਨੂੰ ਬਾਰ-ਬਾਰ ਸਮਝਾਉਂਦਾ ਹੈ ਕਿ ਕਿਸੇ ਅੱਖਰ ਦਾ ਜਪ ਕਰਨਾ ਨਾਮ ਜਪਣਾ ਨਹੀਂ ਹੈ ਭਾਵ ਮਨੁੱਖ ਦਾ ਭਰਮ ਹੈ ਪਰ ਕੋਈ ਇਸ ਗੱਲ ਨੂੰ ਮੰਨਣਾ ਹੀ ਨਹੀਂ ਚਾਹੁੰਦਾ ਕਿ ਮੈਂ ਨਾਮ ਜਪਣ ਵਾਲਾ ਨਹੀਂ ਹਾਂ ਭਾਵ ਮੈਂ ਨਾਮ ਨੂੰ ਸਮਝਣ ਵਿੱਚ ਭਰਮ ਵਿੱਚ ਹਾਂ। ਇਹੀ ਗੱਲ ਅੰਮ੍ਰਿਤ ਵੇਲੇ ਨੂੰ ਲੈ ਕੇ ਹੈ ਤੇ ਹੋਰ ਅਨੇਕਾਂ ਗੱਲਾਂ ਦੀ ਹੈ ਜਿਨ੍ਹਾਂ ਦਾ ਜਿਕਰ ਅਸੀਂ ਉਪਰ ਵਿਸਥਾਰ ਨਾਲ ਕੀਤਾ ਹੈ। ਭਰਮਾਂ ਵਾਲੀ ਸਮਝ ਨੂੰ ਨਾ ਛੱਡਣ ਦਾ ਕਾਰਣ ਕੀ ਹੈ ਇਸ ਗੱਲ ਦਾ ਜਿਕਰ ਅਸੀਂ ਲੇਖ ਵਿੱਚ ਬਾਰ-ਬਾਰ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਕੀਤਾ ਹੈ। ਸਾਨੂੰ ਭਰਮਾਂ ਵਿੱਚ ਪਾਉਣ ਵਾਲੇ ਉਹ ਹਨ ਜਿਨ੍ਹਾਂ ਨੂੰ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ ਤੇ ਸਦੀਆਂ ਤੋਂ ਹੀ ਇਹੋ ਜਿਹਿਆਂ ਨੂੰ ਹਰ ਕੋਈ ਉੱਚਾ ਸਮਝਦਾ ਆ ਰਿਹਾ ਹੈ ਜਿਵੇਂ ਕਿ ਭਗਤਾਂ ਨੇ ਸਮੇਂ ਸਮੇਂ ਅਨੁਸਾਰ ਇਹੋ ਜਿਹਿਆਂ ਨੂੰ ਭਰਮਾਂ ਵਿੱਚ ਦੱਸਿਆ ਹੈ ਤੇ ਗੁਰੂ ਸਾਹਿਬਾਨ ਨੇ ਵੀ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਇਹੋ ਜਿਹਿਆਂ ਦੀ ਮਤਿ ਦਾ ਖੰਡਨ ਕੀਤਾ ਹੈ। ਭਾਵੇਂ ਬਾਣੀ ਰਾਹੀਂ ਇਹੋ ਜਿਹਿਆਂ ਦੀ ਮਤਿ ਨੂੰ ਬੜਾ ਸਪਸ਼ਟ ਕਰਕੇ ਖੰਡਿਆ ਹੋਇਆ ਹੈ ਪਰ ਫਿਰ ਵੀ ਬਾਣੀ ਪੜਣ ਵਾਲਿਆਂ ਦਾ ਵਿਸ਼ਵਾਸ ਉਨ੍ਹਾਂ ਦੀ ਮਤਿ ਤੇ ਹੀ ਟਿਕਿਆ ਹੋਇਆ ਹੈ ਜਿਨ੍ਹਾਂ ਨੂੰ ਗੁਰੂ ਸਾਹਿਬ ਭਰਮਾਂ ਵਿੱਚ ਕਹਿ ਰਹੇ ਹਨ। ਅਸਲ ਵਿੱਚ ਇਹ ਪ੍ਰਮਾਤਮਾ ਦੀ ਸਭ ਦੇ ਅੰਦਰ ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਕਿ ਬਹੁਤ ਹੀ ਪ੍ਰਬਲ ਹੈ। ਇਸ ਮਾਇਆ ਦੇ ਛੱਲ ਵਿੱਚੋਂ ਨਿਕਲਣਾ ਬਹੁਤ ਹੀ ਕਠਿਨ ਹੈ ਜਿਵੇਂ ਕਿ ਅਸੀਂ ਲੇਖ ਦੇ ਵਿੱਚ ਪਿੱਛੇ ਮਾਇਆ ਦੇ ਛੱਲ ਨੂੰ ਸ਼ਬਦਾਂ ਦੁਆਰਾ ਗਹਿਰਾਈ ਨਾਲ ਸਮਝਿਆ ਹੈ। ਜਿਹੜੇ ਸਾਨੂੰ ਧਰਮ ਦਾ ਸਹੀ ਮਾਰਗ ਸਮਝਾਉਣ ਵਿੱਚ ਤੇ ਉਸਤੇ ਚੱਲਣ ਵਿੱਚ ਭਰਮਾਂ ਵਿੱਚ ਪਾਉਂਦੇ ਹਨ ਇਹ ਅਸਲ ਵਿੱਚ ਉਨ੍ਹਾਂ ਦੇ ਅੰਦਰ ਮਾਇਆ ਦਾ ਛੱਲ ਹੈ। ਇਸ ਮਾਇਆ ਦੇ ਛੱਲ ਵਿੱਚੋਂ ਨਿਕਲਣਾ ਬਹੁਤ ਹੀ ਜਿਆਦਾ ਔਖਾ ਹੈ। ਮਾਇਆ ਦੇ ਛੱਲ ਤੋਂ ਅਗਰ ਕੋਈ ਬਾਹਰ ਹੈ ਉਹ ਕੇਵਲ ਸੱਚ ਹੈ, ਨਾਮ ਹੈ ਭਾਵ ਬ੍ਰਹਮ ਗਿਆਨ ਹੈ ਭਾਵ ਗੁਰਬਾਣੀ ਦਾ ਪੂਰਾ ਸੱਚਾ ਗਿਆਨ ਹੈ ਜਿਸ ਰੂਪ ਵਿੱਚ ਗੁਰੂ ਪ੍ਰਮਾਤਮਾ ਆਪ ਹੈ।

51/7064

ਮੇਲ ਤਾਂ ਹਰ ਕੋਈ ਗੁਰੂ ਪ੍ਰਮਾਤਮਾ ਦੇ ਨਾਲ ਕਰਨਾ ਚਾਹੁੰਦਾ ਹੈ ਤੇ ਜੇਕਰ ਧਰਮ ਦੇ ਮਾਰਗ ਨੂੰ ਸਮਝਣ ਲਈ ਤੇ ਉਸ ਅਨੁਸਾਰ ਚੱਲਣ ਲਈ ਗੱਲਾਂ ਉਨ੍ਹਾਂ ਦੀਆਂ ਮੰਨਦਾ ਹੈ ਜਿਨ੍ਹਾਂ ਨੂੰ ਇਹ ਵੀ ਸਮਝ ਨਹੀਂ ਕਿ ਮਾਇਆ ਦਾ ਛੱਲ ਕੀ ਹੈ, ਸਾਡੇ ਅੰਦਰ ਮਾਇਆ ਦੀ ਜੁਗਤਿ ਕੀ ਹੈ, ਤ੍ਰੈ ਗੁਣਾਂ ਵਾਲੀ ਅਵਸਥਾ ਕੀ ਹੈ, ਹਉਮੈ ਕੀ ਹੈ, ਪੁੱਠਾ ਕਮਲ ਕੀ ਹੈ ਭਾਵ ਜਿਨ੍ਹਾਂ ਨੂੰ ਹਉਮੈ ਤੇ ਨਾਮ ਵਿੱਚ ਫਰਕ ਕੀ ਹੈ, ਮਨ ਦੇ ਪੁੱਠੇ ਕਮਲ ਤੇ ਸਿੱਧੇ ਕਮਲ ਵਿੱਚ ਫਰਕ ਕੀ ਹੈ, ਮਨ ਦੇ ਤ੍ਰੈ ਗੁਣਾਂ ਵਿੱਚ ਤੇ ਚੌਥੇ ਪਦ ਦੇ ਵਿੱਚ ਫਰਕ ਕੀ ਹੈ ਉਨ੍ਹਾਂ ਨੇ ਫਿਰ ਆਪਣੇ ਅੰਦਰੋਂ ਕਦੇ ਪ੍ਰਮਾਤਮਾ ਨੂੰ ਸਮਝਿਆ ਹੋਵੇ ਇਹ ਮੁਮਕਿਨ ਹੀ ਨਹੀਂ ਤੇ ਇਹੋ ਜਿਹੇ ਹੋਰਨਾਂ ਨੂੰ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਮਾਰਗ ਸਮਝਾਉਂਦੇ ਹਨ ਇਹ ਵੀ ਮੁਮਕਿਨ ਨਹੀਂ। ਜੇਕਰ ਅਸੀਂ ਤਹਿ ਦਿਲੋਂ ਇਸ ਸ੍ਰਿਸ਼ਟੀ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣਾ ਚਾਹੁੰਦੇ ਹਾਂ ਤਾਂ ਫਿਰ ਯਕੀਨ ਕਰਕੇ ਜਾਣੋ ਉਹੋ ਜਿਹਿਆਂ ਦੀ ਸਮਝ ਵਿੱਚੋਂ ਨਿਕਲਣਾ ਹੀ ਪਵੇਗਾ ਜੋ ਸਾਨੂੰ ਸਦੀਆਂ

ਤੋਂ ਭਰਮਾਂ ਵਿੱਚ ਪਾਉਂਦੇ ਆ ਰਹੇ ਹਨ ਤੇ ਅੱਜ ਵੀ ਇਹੋ ਜਿਹਿਆਂ ਦਾ ਪ੍ਰਚਾਰ ਸਭ ਪਾਸੇ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ, ਸਿੱਖ ਜਗਤ ਵਿੱਚ ਵੀ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ। ਸਭ ਪਾਸੇ ਸੰਤ, ਬਾਬੇ ਆਦਿ ਅਖਵਾਉਣ ਵਾਲਿਆਂ ਦੀ ਭਰਮਾਰ ਹੈ, ਡੇਰਾਵਾਦ ਦੀ ਭਰਮਾਰ ਹੈ, ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚੇ ਗਿਆਨਵਾਨ ਅਖਵਾਉਣ ਵਾਲਿਆਂ ਦੀ ਭਰਮਾਰ ਹੈ। ਭਾਵੇਂ ਧੰਨ ਧੰਨ ਧੰਨ ਗੁਰੂ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਏ ਸੈਂਕੜੇ ਸਾਲ ਹੋ ਗਏ ਹਨ ਪਰ ਫਿਰ ਵੀ ਸਾਨੂੰ ਭਰਮਾਂ ਵਿੱਚ ਪਾਉਣ ਵਾਲੇ ਉਸੇ ਤਰ੍ਹਾਂ ਹੀ ਭਰਮਾਂ ਵਿੱਚ ਪਾਈ ਜਾਂਦੇ ਹਨ। ਜਾਂ ਤਾਂ ਉਨ੍ਹਾਂ ਨੂੰ ਗੁਰੂ ਦੀ ਗੱਲ ਬਿਲਕੁੱਲ ਸਮਝ ਹੀ ਨਹੀਂ ਆਈ ਤੇ ਜਾਂ ਫਿਰ ਉਹ ਸਮਝਕੇ ਵੀ ਨਹੀਂ ਸਮਝਣਾ ਚਾਹੁੰਦੇ ਤਾਂ ਕਿ ਉਸ ਨਾਲ ਆਪਣਾ ਮਾਨ ਅਭਿਮਾਨ ਛੱਡਣਾ ਪੈਂਦਾ ਹੈ ਜਿਸਨੂੰ ਛੱਡਣਾ ਸਭ ਨੂੰ ਹੀ ਔਖਾ ਲੱਗਦਾ ਹੈ ਤੇ ਨਾਲ ਮਾਇਆ ਵੀ ਛੱਡਣੀ ਪੈਂਦੀ ਹੈ ਜਿਸਨੂੰ ਛੱਡਣਾ ਹੋਰ ਵੀ ਔਖਾ ਲੱਗਦਾ ਹੈ। ਇਹੋ ਜਿਹੇ ਬਹੁਤ ਹਨ ਜੋ ਹਕੀਕਤ ਵਿੱਚ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝਣਾ ਵੀ ਚਾਹੁੰਦੇ ਹਨ ਤੇ ਮੰਨਣਾ ਵੀ ਚਾਹੁੰਦੇ ਹਨ ਪਰ ਭਰਮਾਂ ਵਾਲਿਆਂ ਦੀ ਮਤਿ ਅੱਗੇ ਉਨ੍ਹਾਂ ਦਾ ਕੋਈ ਵੱਸ ਨਹੀਂ ਚੱਲਦਾ। ਗੁਰੂ ਦੇ ਘਰ ਸੰਸਾਰ ਵਿੱਚ ਬਹੁਤ ਹਨ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਮਾਨ ਹਨ। ਗੁਰੂ ਘਰ ਨੂੰ ਚਲਾਉਣ ਵਾਲੀਆਂ ਅਨੇਕਾਂ ਜੱਥੇਬੰਦੀਆਂ ਵੀ ਹਨ, ਕਮੇਟੀਆਂ ਵੀ ਹਨ, ਸੰਸਥਾਵਾਂ ਵੀ ਹਨ ਜੋ ਗੁਰੂ ਘਰ ਦੀ ਸੰਭਾਲ ਦਾ ਕੰਮ ਕਰਦੀਆਂ ਹਨ ਜੋ ਕਿ ਚੰਗੀ ਗੱਲ ਹੈ ਭਾਵ ਜਰੂਰੀ ਹੈ। ਜਦ ਤੱਕ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਰੂਪ ਦੀ ਸੰਭਾਲ ਨੂੰ ਹੀ ਉਸਦੀ ਸੰਭਾਲ ਕਰਨੀ ਹੀ ਸਮਝਾਂਗੇ ਤਦ ਤੱਕ ਫਿਰ ਅਸੀਂ ਗੁਰੂ ਦੀ ਅਸਲ ਸੰਭਾਲ ਕਰਨ ਤੋਂ ਭੁੱਲੇ ਹੀ ਰਹਾਂਗੇ। ਗੁਰੂ ਤਾਂ ਅਸਲ ਵਿੱਚ ਪੂਰੇ ਗੁਰੂ ਗ੍ਰੰਥ

51/7065

ਸਾਹਿਬ ਜੀ ਦੇ ਆਕਾਰ ਰੂਪ ਦੇ ਅੰਦਰ ਨਿਰੰਕਾਰ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਤਾਂ ਅਸਲ ਵਿੱਚ ਗੁਰੂ ਦੇ ਬਚਨ ਹਨ ਭਾਵ ਗੁਰੂ ਦੇ ਬੋਲ ਹਨ ਭਾਵ ਗੁਰੂ ਦੇ ਵਿਚਾਰ ਹਨ ਭਾਵ ਗੁਰੂ ਦੀ ਸਿੱਖਿਆ ਹੈ ਭਾਵ ਗੁਰੂ ਦੀ ਮਤਿ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ, ਗੁਰੂ ਦਾ ਬ੍ਰਹਮ ਗਿਆਨ ਹੈ ਜੋ ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਨਿਰੰਕਾਰ ਰੂਪ ਵਿੱਚ ਹੈ। ਗੁਰੂ ਦੇ ਆਕਾਰ ਰੂਪ ਦਾ ਹੋਣਾ ਵੀ ਜਰੂਰੀ ਹੈ ਤੇ ਆਕਾਰ ਰੂਪ ਦੀ ਸੰਭਾਲ ਕਰਨਾ ਵੀ ਸਾਡਾ ਫਰਜ ਹੈ ਜੋ ਕਿ ਬਹੁਤ ਵੱਡਾ ਫਰਜ ਹੈ ਕਿਉਂਕਿ ਨਿਰੰਕਾਰ ਰੂਪ ਆਕਾਰ ਰੂਪ ਦੇ ਅੰਦਰੋਂ ਹੀ ਪ੍ਰਗਟ ਹੁੰਦਾ ਹੈ। ਜਿਵੇਂ ਕਿ ਸਾਡਾ ਸਰੀਰ ਆਕਾਰ ਰੂਪ ਹੈ ਤੇ ਸਾਡੇ ਅੰਦਰ ਜੋ ਸਮਝ ਉਪਜਦੀ ਹੈ, ਗਿਆਨ ਉਪਜਦਾ ਹੈ ਉਹ ਨਿਰੰਕਾਰ ਰੂਪ ਹੈ ਭਾਵ ਨਿਰੰਕਾਰ ਰੂਪ ਦੇ ਉਪਜਣ ਲਈ ਉਸਦੇ ਆਕਾਰ ਰੂਪ ਦੀ ਸੰਭਾਲ ਕਰਨੀ ਵੀ ਜਰੂਰੀ ਹੈ। ਜਦ ਤੱਕ ਅਸੀਂ ਕੇਵਲ ਗੁਰੂ ਦੇ ਆਕਾਰ ਰੂਪ ਦੀ ਸੰਭਾਲ ਨੂੰ ਹੀ ਗੁਰੂ ਦੀ ਸੰਭਾਲ ਕਰਨੀ ਸਮਝਾਂਗੇ ਫਿਰ ਉਸਦੇ ਅੰਦਰ ਦੇ ਨਿਰੰਕਾਰ ਰੂਪ ਦੀ ਸੰਭਾਲ ਕੌਣ ਕਰੇਗਾ। ਜਦੋਂ ਅਸੀਂ ਗੁਰੂ ਦੇ ਨਿਰੰਕਾਰ ਰੂਪ ਦੀ ਸੰਭਾਲ ਨੂੰ ਮਹਤੱਤਾ ਦੇਵਾਂਗੇ ਤੇ ਤਾਂ ਹੀ ਅਸੀਂ ਉਹੋ ਜਿਹਿਆਂ ਕੋਲੋਂ ਗੁਰਮਤਿ ਨੂੰ ਬਚਾ ਸਕਾਂਗੇ ਜੋ ਸਾਨੂੰ ਗੁਰਮਤਿ ਦੇ ਉਲਟ ਸਮਝਾਉਂਦੇ ਹਨ ਭਾਵ ਸਾਨੂੰ ਭਰਮਾਂ ਵਿੱਚ ਪਾ ਕੇ ਭਗਤੀ ਦੇ ਉਹੋ ਜਿਹੇ ਮਾਰਗ ਨਾਲ ਜੋੜਦੇ ਹਨ ਜੋ ਮਾਰਗ ਗੁਰਮਤਿ ਦੇ ਬਹੁਤ ਹੀ ਉਲਟ ਹੈ ਭਾਵ ਗੁਰੂ ਦੇ ਬਚਨਾਂ ਦੇ ਬਿਲਕੁੱਲ ਉਲਟ ਹੈ। ਗੁਰੂ ਘਰ ਦੀ ਸੰਭਾਲ ਕਰਨੀ ਬਹੁਤ ਔਖੀ ਹੈ ਭਾਵ ਗੁਰਮਤਿ ਦੀ ਸੰਭਾਲ ਕਰਨੀ ਬਹੁਤ ਔਖੀ ਹੈ। ਪਹਿਲੇ ਖੁੱਦ ਗੁਰਮਤਿ ਨੂੰ ਬਰੀਕੀ ਨਾਲ ਸਮਝੀਏ, ਉਸਤੇ ਆਪ ਚੱਲਾਂਗੇ ਤੇ ਤਾਂ ਹੀ ਦੂਸਰਿਆਂ ਨੂੰ ਸਮਝਾ ਸਕਾਂਗੇ ਕਿ ਗੁਰਮਤਿ ਅਨੁਸਾਰ ਚੱਲਣਾ ਕੀ ਹੈ ਭਾਵ ਸੱਚ ਕਿਸ ਗੱਲ ਵਿੱਚ ਹੈ ਭਾਵ ਸੱਚ ਕੀ ਹੈ ਤੇ ਭਰਮ ਕੀ ਹੈ। ਗੁਰੂ ਸਾਨੂੰ ਸੱਚ ਹੀ ਸਮਝਾਉਂਦਾ ਹੈ ਤੇ ਜੋ ਕਿਸੇ ਦੀ ਸਮਝ ਸੱਚ ਤੇ ਪੂਰੀ ਨਹੀਂ ਉਤਰਦੀ ਉਹ ਝੂਠ ਹੈ ਭਾਵ ਉਹ ਭਰਮ ਵਾਲੀ ਸਮਝ ਹੈ। ਨਾਮ ਨੂੰ ਸਮਝਣ ਵਿੱਚ ਸਭ ਦੇ ਅੰਦਰ ਹੀ ਭਰਮ ਹੈ। ਹੁਣ ਧਿਆਨ ਨਾਲ ਸਮਝੋ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕਿਸੇ ਵੀ ਕੀਰਤਨੀਏ ਨੂੰ ਅੱਖਰ ਰੂਪ ਨਾਮ ਕਿਉਂ ਨਹੀਂ ਜਪਣ ਦਿੱਤਾ ਜਾਂਦਾ। ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਦਰਬਾਰ ਸਾਹਿਬ ਵਿਖੇ ਕੀਰਤਨ ਦੀ ਮਰਿਯਾਦਾ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਵੇਲੇ ਤੋਂ ਚੱਲਦੀ ਆ ਰਹੀ ਹੈ। ਸ਼ੁਕਰ ਹੈ ਤੇ ਦਰਬਾਰ ਸਾਹਿਬ ਧਾਰਮਿਕ ਕਮੇਟੀ ਦਾ ਧੰਨਵਾਦ ਹੈ, ਉਨ੍ਹਾਂ ਨੂੰ ਇਸ ਗੱਲ ਦੀ ਸ਼ਾਬਾਸ਼ੀ ਹੈ ਕਿ ਉਨ੍ਹਾਂ ਨੇ ਪੰਜਵੀਂ ਪਾਤਸ਼ਾਹੀ ਦੀ ਚਲਾਈ ਹੋਈ ਮਰਿਯਾਦਾ ਨੂੰ ਭੰਗ ਨਹੀਂ ਹੋਣ ਦਿੱਤਾ। ਦਰਬਾਰ ਸਾਹਿਬ ਵਿਖੇ ਅਗਰ ਕੋਈ ਕੀਰਤਨੀਆ ਆਪਣੇ ਵੱਲੋਂ ਕਿਸੇ ਅੱਖਰ ਨੂੰ ਨਾਮ ਸਮਝਕੇ ਉਸਨੂੰ ਜਪਣ ਦਾ ਭਾਵ ਮੁੱਖੋਂ ਵਾਹਿਗੁਰੂ ਵਾਹਿਗੁਰੂ ਬੋਲਣ ਦੀ ਕੋਸ਼ਿਸ਼ ਕਰਦਾ ਹੈ ਉਸਨੂੰ ਉੱਥੋਂ ਦੀ ਕਮੇਟੀ ਵੱਲੋਂ ਤੁਰੰਤ ਹੀ ਮਨ੍ਹਾਂ ਕਰ ਦਿੱਤਾ ਜਾਂਦਾ ਹੈ ਤੇ ਜੇਕਰ ਕੋਈ ਕੀਰਤਨੀਆ ਫਿਰ ਦੁਬਾਰਾ ਇਹੋ ਜਿਹੀ ਗਲਤੀ ਕਰਦਾ ਹੈ ਤਾਂ ਉਸਨੂੰ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਤੋਂ ਹੀ ਮਨ੍ਹਾਂ ਕਰ ਦਿੱਤਾ ਜਾਂਦਾ ਹੈ। ਇਹੋ ਜਿਹੇ ਅੱਖਰ ਦਾ ਨਾਮ ਜਪਣ ਵਾਲੇ, ਕਿਸੇ ਅੱਖਰ ਦੇ ਬੋਲੀ ਜਾਣ ਨੂੰ

51/7066

ਨਾਮ ਜਪਣਾ ਕਹਿਣ ਵਾਲੇ ਕੀ ਆਪਣੇ ਆਪ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਨਾਲੋਂ ਵੀ ਸਿਆਣਾ ਸਮਝਦੇ ਹਨ ਕਿ ਸਾਨੂੰ ਪੰਜਵੀਂ ਪਾਤਸ਼ਾਹੀ ਨਾਲੋਂ ਨਾਮ ਜਪਣ ਦੀ ਜਿਆਦਾ ਸਮਝ ਹੈ। ਪੰਜਵੀ ਪਾਤਸ਼ਾਹੀ ਅਕਾਲ ਪੁਰਖ ਦਾ ਆਪਣਾ ਹੀ ਗੁਰੂ ਰੂਪ ਹਨ। ਪੂਰੀ ਗੁਰਬਾਣੀ ਸਾਨੂੰ ਬਾਰ-ਬਾਰ ਇਹ ਸਮਝਾ ਰਹੀ ਹੈ ਕਿ ਕਿਸੇ ਅੱਖਰ ਨੂੰ ਮੁੱਖੋਂ ਬੋਲੀ ਜਾਣਾ ਨਾਮ ਜਪਣਾ ਨਹੀਂ ਹੈ ਪਰ ਫਿਰ ਵੀ ਜੇਕਰ ਅਸੀਂ ਕਿਸੇ ਅੱਖਰ ਨੂੰ ਹੀ ਆਪਣੀ ਆਪਣੀ ਮਤਿ ਅਨੁਸਾਰ ਨਾਮ ਜਪਣਾ ਸਮਝਦੇ ਹਾਂ ਤਾਂ ਫਿਰ ਇਸ ਵਿੱਚ ਕਸੂਰ ਕਿਸਦਾ ਹੈ। ਕਸੂਰ ਉਨ੍ਹਾਂ ਦਾ ਹੈ ਜੋ ਸਾਨੂੰ ਅੱਖਰ ਦੇ ਜਪ ਨਾਲ ਹੀ ਜੋੜਦੇ ਹਨ। ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ, ਆਪਣੇ ਧਰਮ ਦੇ ਮਾਰਗ ਦਾ ਸਿਰਮੋਰ ਮੰਨਿਆ ਹੋਇਆ ਹੈ ਉਨ੍ਹਾਂ ਸਭ ਨੇ ਸਾਨੂੰ ਇਹੋ ਜਿਹਾ ਨਾਮ ਜਪਣ ਦੁਆਰਾ ਜੋੜਿਆ ਹੋਇਆ ਹੈ। ਨਾਮ ਦੇ ਰੂਪ ਵਿੱਚ ਗੁਰੂ ਪ੍ਰਮਾਤਮਾ ਆਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਪਿੱਛੇ ਸਮਝਿਆ ਹੈ। ਨਾਮ ਦਾ ਮਿਲਣਾ ਜਾਂ ਪ੍ਰਮਾਤਮਾ ਦਾ ਮਿਲਣਾ ਇੱਕੋ ਹੀ ਗੱਲ ਹੈ। ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਤੇ ਸਿਰਮੋਰ ਮੰਨਿਆ ਹੋਇਆ ਹੈ ਉਨ੍ਹਾਂ ਵਿੱਚੋਂ ਅਨੇਕਾਂ ਇਹੋ ਜਿਹੇ ਵੀ ਹਨ ਜੋ ਕਹਿੰਦੇ ਹਨ ਕਿ ਅਸੀਂ ਪ੍ਰਮਾਤਮਾ ਨੂੰ ਪਾਇਆ ਹੋਇਆ ਹੈ ਭਾਵ ਅਸੀਂ ਉਸਦੇ ਆਕਾਰ ਰੂਪ ਨਾਲ ਮੇਲ ਕੀਤਾ ਹੋਇਆ ਹੈ। ਕੋਈ ਉਸਨੂੰ ਖੰਡਾਂ ਬ੍ਰਹਮੰਡਾਂ ਵਿੱਚੋਂ ਖੋਜਣ ਦੀਆਂ ਗੱਲਾਂ ਕਰਦਾ ਹੈ, ਕੋਈ ਆਕਾਸ਼ ਵਿੱਚੋਂ ਖੋਜਣ ਦੀਆਂ ਗੱਲਾਂ ਕਰਦਾ ਹੈ, ਕੋਈ ਸਰੀਰ ਰੂਪ ਮੂਰਤ ਦੇ ਦਰਸ਼ਨ ਕਰਨ ਦੀਆਂ ਗੱਲਾਂ ਕਰਦਾ ਹੈ। ਇਹੋ ਜਿਹੀਆਂ ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨਾ ਗੁਰਮਤਿ ਦੇ ਘੋਰ ਉਲਟ ਹੈ ਜਿਵੇਂ ਕਿ ਸਾਨੂੰ ਗੁਰਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਲੇਕਿਨ ਅਸੀਂ ਫਿਰ ਵੀ ਇਹੋ ਜਿਹਿਆਂ ਦੀਆਂ ਗੱਲਾਂ ਵਿੱਚ ਆਉਂਦੇ ਹਾਂ ਤੇ ਫਿਰ ਅਸੀਂ ਗੁਰਮਤਿ ਦੇ ਉਲਟ ਚੱਲਦੇ ਹਾਂ। ਅਕਾਲ ਪੁਰਖ ਦਾ ਇਤਨੀ ਵੱਡੀ ਗੁਰਬਾਣੀ ਰਚਨ ਦਾ ਫਿਰ ਮਕਸਦ ਹੀ ਕੀ ਰਹਿ ਗਿਆ ਜੇਕਰ ਅਸੀਂ ਫਿਰ ਵੀ ਇਹੋ ਜਿਹਿਆਂ ਦੀ ਮਤਿ ਨੂੰ ਨਾ ਛੱਡੀਏ ਜੋ ਪ੍ਰਮਾਤਮਾ ਨੂੰ ਸਮਝਣ ਵਿੱਚ ਆਪ ਭਰਮ ਵਿੱਚ ਰਹੇ ਹਨ ਤੇ ਦੂਜਿਆਂ ਨੂੰ ਵੀ ਭਰਮ ਵਿੱਚ ਪਾ ਰਹੇ ਹਨ। ਇਹੋ ਜਿਹੇ ਬਾਬੇ ਹੀ ਹਨ ਜੋ ਸਾਨੂੰ ਇਹ ਸਮਝਾਉਂਦੇ ਹਨ ਕਿ ਪ੍ਰਮਾਤਮਾ ਦੀ ਭਗਤੀ ਲਈ ਘਰ ਬਾਰ ਛੱਡਕੇ ਭਾਵ ਗ੍ਰਹਿਸਥ ਦਾ ਜੀਵਨ ਤਿਆਗਕੇ ਤੇ ਬਾਹਰ ਕਿਤੇ ਜਾ ਕੇ, ਜੰਗਲਾਂ ਆਦਿ ਵਿੱਚ ਜਾ ਕੇ, ਕਿਸੇ ਡੇਰੇ ਆਦਿ ਉੱਤੇ ਜਾ ਕੇ, ਇਕਾਂਤ ਵਿੱਚ ਬੈਠ ਕੇ, ਸਮਾਧੀ ਲਗਾਕੇ ਭਗਤੀ ਕਰਨੀ ਚਾਹੀਦੀ ਹੈ ਇਸ ਗੱਲ ਦਾ ਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਪਰ ਫਿਰ ਵੀ ਸਿੱਖ ਜਗਤ ਵਿੱਚ ਇਹੋ ਜਿਹਿਆਂ ਦੀ ਕਮੀ ਨਹੀਂ ਹੈ ਜੋ ਸਾਨੂੰ ਘਰ ਬਾਰ ਛੱਡਕੇ, ਕਿਤੇ ਬਾਹਰ ਜਾ ਕੇ, ਕਿਤੇ ਬੈਠ ਕੇ ਕਿਸੇ ਅੱਖਰ ਨੂੰ ਜਪਣਾ ਭਗਤੀ ਦਾ ਮਾਰਗ ਸਮਝਾਉਂਦੇ ਹਨ। ਇਹੋ ਜਿਹਿਆਂ ਨੇ ਗੁਰੂ ਸਾਹਿਬਾਨ ਨੂੰ ਵੀ ਨਹੀਂ ਛੱਡਿਆ ਤੇ ਕੁਝ ਗੁਰੂਆਂ ਦਾ ਨਾਮ ਵੀ ਇਸ ਗੱਲ ਨਾਲ ਜੋੜਿਆ ਹੋਇਆ ਹੈ ਕਿ ਉਨ੍ਹਾਂ ਨੇ ਕਿਸੇ ਖਾਸ ਅਸਥਾਨ ਤੇ ਬੈਠ

ਕੇ ਭਗਤੀ ਕੀਤੀ ਹੈ, ਕਿਸੇ ਪਹਾੜ ਦੀ ਚੋਟੀ ਤੇ ਬੈਠ ਕੇ ਤੱਪ ਕੀਤਾ ਹੈ, ਭਗਤੀ ਕੀਤੀ ਹੈ। ਇਹ ਅਗਿਆਨਤਾ ਦੀ ਅੱਤ ਹੈ। ਹੁਣ ਧਿਆਨ ਨਾਲ ਸੋਚੋ ਕਿ ਗੁਰੂ ਸਾਹਿਬਾਨ ਨੇ ਕੀ ਅਜੇ ਪ੍ਰਮਾਤਮਾ ਨੂੰ ਨਹੀਂ ਸੀ ਪਾਇਆ, ਉਸਨੂੰ ਆਪਣੇ ਅੰਦਰੋਂ ਨਹੀਂ ਸੀ ਜਾਣਿਆ ਜਿਸ ਕਰਕੇ ਉਨ੍ਹਾਂ ਨੂੰ ਜਪ ਤਪ ਕਰਨ ਦੀ ਲੋੜ ਪਈ। ਜਪ ਤਪ ਤਾਂ ਉਹੀ ਕਰਦਾ ਹੈ ਜੋ ਪ੍ਰਮਾਤਮਾ ਦੇ ਨਾਲ ਮੇਲ ਕਰਨਾ ਚਾਹੁੰਦਾ ਹੈ। ਅਸਲ ਜਪ ਤਪ ਕੀ ਹੈ ਇਸ ਗੱਲ ਦੀ ਤਾਂ ਸਮਝ ਹੀ ਪ੍ਰਮਾਤਮਾ ਦੇ ਨਾਲ ਮੇਲ ਤੋਂ ਬਾਅਦ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ। ਜਿਨ੍ਹਾਂ ਨੂੰ ਸੱਚੇ ਜਪ ਤਪ ਦੀ ਸਮਝ ਪਈ ਹੈ ਉਹ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਹੀ ਪਈ ਹੈ ਜਿਨ੍ਹਾਂ ਨੇ ਸਾਨੂੰ ਸ਼ਬਦਾਂ ਰਾਹੀਂ ਬਾਰ-ਬਾਰ ਸਰੀਰਕ ਜਪ ਤਪ ਕਰਨ ਤੋਂ ਮਨ੍ਹਾਂ ਕੀਤਾ ਹੈ ਕਿਉਂਕਿ ਅਸਲ ਜਪ ਤਪ ਹੈ ਹੀ ਗੁਰੂ ਦੀ ਮਤਿ ਤੇ ਅਮਲ ਕਰਨ ਦਾ ਭਾਵ ਔਗੁਣ ਛੱਡਕੇ ਗੁਣਾਂ ਦੁਆਰਾ ਵਿਚਰਨ ਦਾ। ਆਪਣਾ ਨਾਮ ਪ੍ਰਮਾਤਮਾ, ਉਹ ਨਾਮ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋ ਕੇ ਕਿਸੇ ਨੂੰ ਆਪ ਹੀ ਜਪਾਉਂਦਾ ਹੈ ਭਾਵ ਕਿਸੇ ਨੂੰ ਔਗੁਣਾਂ ਤੋਂ ਮੁਕਤ ਕਰਕੇ ਆਪ ਹੀ ਗੁਣਾਂ ਦੁਆਰਾ ਚਲਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਗੁਣੀ ਬਣਾ ਕੇ ਸੰਸਾਰ ਵਿੱਚ ਉਨ੍ਹਾਂ ਦੇ ਜੀਵਨ ਨੂੰ ਚੰਗਾ ਬਣਾਇਆ ਹੈ। ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ ਤਾਂ ਜੋ ਅਸੀਂ ਉਨ੍ਹਾਂ ਭਰਮਾਂ ਵਾਲਿਆਂ ਦੀ ਸਮਝ ਵਿੱਚੋਂ ਨਿਕਲਣ ਲਈ ਕੋਈ ਸੰਕੋਚ ਨਾ ਕਰੀਏ ਜੋ ਸਾਨੂੰ ਗਲਤ ਨਾਮ ਜਪਣਾ ਸਮਝਾਉਂਦੇ ਹਨ।

“ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥”

(ਅੰਗ ੧੧੯੩)

ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਇਹ ਸ਼ਬਦ ਧੰਨ ਧੰਨ ਪੰਜਵੀ ਪਾਤਸ਼ਾਹੀ ਦੇ ਮੁੱਖੋਂ ਉਚਾਰਿਆ ਹੋਇਆ ਹੈ। ਸ਼ਬਦ ਦੇ ਉਪਰਲੇ ਪਦੇ ਰਾਹੀਂ ਪੰਜਵੀ ਪਾਤਸ਼ਾਹੀ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਦੁਆਰਾ ਪੂਰੇ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਅਕਾਲ ਪੁਰਖ ਨੇ ਮੇਰੇ ਉਤੇ ਕਿਸ ਤਰੀਕੇ ਆਪਣੀ ਕ੍ਰਿਪਾ ਕੀਤੀ ਹੈ, ਕਿਸ ਤਰੀਕੇ ਆਪਣੇ ਆਪ ਨਾਲ ਮਿਲਾਇਆ ਹੈ ਜਿਸ ਤਰੀਕੇ ਉਸਨੇ ਮੈਨੂੰ ਆਪਣਾ ਨਾਮ ਜਪਣਾ ਸਿਖਾਇਆ ਹੈ, ਕਿਸ ਤਰੀਕੇ ਨਾਮ ਜਪਣਾ ਸਮਝਾਇਆ ਹੈ। ਜਿਸਨੂੰ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਸਮਝ ਹੈ ਉਹ ਹੀ ਇਸ ਗੱਲ ਨੂੰ ਵਿਸ਼ਵਾਸ ਨਾਲ ਸਮਝ ਸਕਦਾ ਹੈ ਤੇ ਕਿਸੇ ਨੂੰ ਨਾਮ ਬਾਰੇ ਸੱਚ ਸਮਝਾ ਸਕਦਾ ਹੈ ਕਿ ਨਾਮ ਜਪਣਾ ਕੀ ਹੈ। ਸਾਨੂੰ ਨਾਮ ਸਮਝਾਉਣ ਵਾਲੇ ਤਾਂ ਬਹੁਤ ਹਨ ਪਰ ਉਹ ਉਪਰ ਵਾਲੇ ਸ਼ਬਦ ਦੇ ਪਦੇ ਨੂੰ ਬਾਹਰੀ ਤੌਰ ਤੇ ਸਮਝ ਸਕਦੇ ਹਨ ਤੇ ਸ਼ਬਦ ਦੇ ਅੰਦਰ ਦੀ ਅਸਲੀਅਤ ਤੇ ਵਿਸ਼ਵਾਸ ਨਹੀਂ ਕਰਦੇ। ਸ਼ਬਦ ਰਾਹੀਂ

51/7068

ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਕਿਸੇ ਨੂੰ ਆਪਣਾ ਨਾਮ ਕਿਸ ਤਰੀਕੇ ਜਪਾਉਂਦਾ ਹੈ। ਪ੍ਰਮਾਤਮਾ ਦੇ ਗੁਰੂ ਰੂਪ ਚਰਨਾਂ ਨੂੰ ਜਪਣਾ ਜਾਂ ਉਸਦੇ ਨਾਮ ਨੂੰ ਜਪਣਾ ਇੱਕੋ ਹੀ ਗੱਲ ਹੈ। ਉਪਰ ਵਾਲੇ ਸ਼ਬਦ ਰਾਹੀਂ ਪੰਜਵੀਂ ਪਾਤਸ਼ਾਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਪ੍ਰਮਾਤਮਾ ਨੇ ਮੈਨੂੰ ਆਪਣੇ ਚਰਨ ਕਿਸ ਤਰੀਕੇ ਜਪਾਏ ਹਨ। ਉਸਨੇ ਮੈਨੂੰ ਆਪਣੇ ਚਰਨ ਮੇਰੇ ਅੰਦਰ ਆਪ ਖਲੋ ਕੇ ਜਪਾਏ ਹੋਏ ਹਨ ਭਾਵ ਮੇਰੇ ਮਨ ਦੇ ਅੰਦਰ ਭਾਵ ਮੇਰੀ ਮਨ ਦੀ ਸਮਝ ਅੰਦਰ ਪ੍ਰਗਟ ਹੋ ਕੇ ਜਪਾਏ ਹਨ ਭਾਵ ਮੇਰੇ ਨਾਲ ਮੇਲ ਕਰਨ ਦੁਆਰਾ ਜਪਾਏ ਹਨ, ਮੇਰੇ ਤੇ ਆਪਣੀ ਸੱਚੀ ਕ੍ਰਿਪਾ ਕਰਨ ਦੁਆਰਾ ਜਪਾਏ ਹੋਏ ਹਨ ਜੋ ਆਪਣਾ ਨਾਮ ਜਪਾਉਣ ਲਈ ਉਸਨੇ ਮੇਰੇ ਅੰਦਰ ਦੇ ਪੰਜੇ ਮਹਾਬਲੀ ਬੰਨ ਦਿੱਤੇ ਹਨ ਭਾਵ ਉਨ੍ਹਾਂ ਉੱਤੇ ਰੋਕ ਲਗਾ ਦਿੱਤੀ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਮਾੜੇ ਵਿਚਾਰ ਭਾਵ ਮੇਰੇ ਅੰਦਰ ਦੇ ਵਿਚਾਰ ਜੋ ਮੈਨੂੰ ਵਿਕਾਰਾਂ ਵਾਲੀ ਸਮਝ ਪਾਉਂਦੇ ਸਨ ਭਾਵ ਮਾੜੇ ਕਰਮ ਕਰਨ ਲਈ ਪ੍ਰੇਰਦੇ ਸਨ ਉਨ੍ਹਾਂ ਮਾੜੇ ਵਿਚਾਰਾਂ ਤੇ ਪ੍ਰਮਾਤਮਾ ਨੇ ਰੋਕ ਲਗਾ ਦਿੱਤੀ ਹੈ ਜੋ ਮੇਰੇ ਵਿਚਾਰਾਂ ਦਾ ਮਾਲਕ ਹੈ ਤੇ ਇਸ ਤਰੀਕੇ ਉਸਨੇ ਮੇਰੇ ਕੋਲੋਂ ਆਪਣੇ ਚਰਨ ਜਪਾਏ ਹਨ ਭਾਵ ਆਪਣਾ ਨਾਮ ਜਪਣਾ ਸਿਖਾਇਆ ਹੈ। **(ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥)**

ਪ੍ਰਮਾਤਮਾ ਦਾ ਨਾਮ ਕੋਈ ਮਨੁੱਖ ਤਾਂ ਹੀ ਜਪ ਸਕਦਾ ਹੈ ਜਦੋਂ ਪ੍ਰਮਾਤਮਾ ਦੇ ਨਾਲ ਕਿਸੇ ਦਾ ਮੇਲ ਹੋ ਜਾਂਦਾ ਹੈ ਫਿਰ ਮਨੁੱਖ ਨੂੰ ਆਪਣਾ ਨਾਮ ਜਪਾਉਣ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਆਪ ਹੀ ਸਮਝਾਉਂਦਾ ਹੈ। ਇਹੀ ਗੱਲ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਉਹੀ ਸੱਚ ਹੈ ਜੋ ਸਾਨੂੰ ਗੁਰੂ ਸਮਝਾਉਂਦਾ ਹੈ, ਜੋ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਆਉ ਅਗਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੀਏ।

“ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥”

ਉਪਰ ਵਾਲੀਆਂ ਪੰਗਤੀਆਂ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਇਹ ਸਮਝਾਇਆ ਹੈ ਕਿ ਅਕਾਲ ਪੁਰਖ ਨੇ ਮੇਰੇ ਅੰਦਰ ਦੇ ਪੰਜੇ ਮਹਾਬਲੀ ਬੰਨ ਦਿੱਤੇ ਹਨ ਭਾਵ ਮੈਨੂੰ ਮਨ ਦੀ ਵਿਚਾਰਾਂ ਵਾਲੀ ਸਮਝ ਤੋਂ ਛੁਡਾ ਲਿਆ ਹੈ, ਆਪਣੇ ਚਰਨ ਜਪਾਉਣ ਦੁਆਰਾ ਛੁਡਾ ਲਿਆ ਹੈ। ਉਪਰਲੀ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਮੇਰੇ ਅੰਦਰ ਦੇ ਸਭ ਰੋਗ ਸੋਗ ਮਿੱਟ ਗਏ ਹਨ। ਉਪਰ ਪੰਗਤੀ ਰਾਹੀਂ ਸਾਡੇ ਮਨ ਦੇ ਰੋਗਾਂ ਦੀ ਗੱਲ

51/7069

ਹੀ ਕੀਤੀ ਹੋਈ ਹੈ ਜੋ ਸਾਡੇ ਮਨ ਦੇ ਰੋਗ ਨਾਮ ਜਪਣ ਦੁਆਰਾ ਹੀ ਦੂਰ ਹੁੰਦੇ ਹਨ ਭਾਵ ਪੰਜੇ ਬਲੀ ਬੰਨਣ ਦੁਆਰਾ ਹੀ ਦੂਰ ਹੁੰਦੇ ਹਨ। ਇਹ ਰੋਗ ਸਾਡੇ ਮਨ ਦੇ ਮਾੜੇ ਵਿਚਾਰ ਹੀ ਹਨ, ਔਗੁਣਾਂ ਵਾਲੇ ਵਿਚਾਰ ਹੀ ਹਨ ਜੋ ਵਿਚਾਰ ਸਾਨੂੰ ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰੱਖ ਕੇ ਉਨ੍ਹਾਂ ਦੀ ਪੂਰਤੀ ਲਈ ਸਾਡੇ ਕੋਲੋਂ ਅਨੇਕਾਂ ਮਾੜੇ ਕਰਮ ਕਰਾਉਂਦੇ ਹਨ, ਸਾਨੂੰ ਮਾਇਆ ਮੋਹ ਵਾਲੇ ਵਿਚਾਰ ਨਾਲ ਜੋੜ ਕੇ ਰੱਖਦੇ ਹਨ, ਗੁਰਮਤਿ ਦੀ ਸੱਚੀ ਸਮਝ ਨੂੰ ਮੰਨਣ ਤੋਂ ਤੇ ਉਸ ਅਨੁਸਾਰ ਚੱਲਣ ਤੋਂ ਦੂਰ ਰੱਖਦੇ ਹਨ ਭਾਵ ਮਨ ਦੀ ਮਾੜੀ ਸਮਝ ਵਿੱਚ

ਰੱਖਦੇ ਹਨ, ਮਨਮਤਿ ਵਿੱਚ ਰੱਖਦੇ ਹਨ ਭਾਵ ਸਾਨੂੰ ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਣ ਨਹੀਂ ਦਿੰਦੇ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਨਿਕਲਣ ਨਹੀਂ ਦਿੰਦੇ। ਬਾਣੀ ਵਿੱਚ ਇਨ੍ਹਾਂ ਮਨ ਦੇ ਰੋਗਾਂ ਨੂੰ ਤ੍ਰੈ ਗੁਣ ਰੋਗ ਵੀ ਕਿਹਾ ਹੈ, ਹਉਮੈ ਰੋਗ ਵੀ ਕਿਹਾ ਹੈ, ਤ੍ਰਿਸ਼ਨਾ ਰੋਗ ਵੀ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹੀ ਸਾਡੇ ਅੰਦਰ ਦਾ ਮਾਇਆ ਰੋਗ ਹੈ ਜਿਸ ਰੋਗ ਵਿੱਚੋਂ ਨਿਕਲਣਾ ਬਹੁਤ ਮੁਸ਼ਕਿਲ ਹੈ। ਮਨ ਦੇ ਇਸ ਰੋਗ ਵਿੱਚ ਰਹਿੰਦੇ ਹੋਏ ਕੋਈ ਨਾਮ ਜਪਣ ਵਾਲਾ ਹੋ ਹੀ ਨਹੀਂ ਸਕਦਾ। ਗੁਰੂ ਦੇ ਨਾਮ ਦਾ ਮਕਸਦ ਹੀ ਸਾਨੂੰ, ਪੂਰੇ ਸੰਸਾਰ ਨੂੰ ਮਨ ਦੇ ਇਸ ਰੋਗ ਵਿੱਚੋਂ ਕੱਢਣ ਦਾ ਹੈ ਜੋ ਰੋਗ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਜਿਹਾ ਹੀ ਹੈ ਜਿਸ ਰੋਗ ਦੇ ਰਹਿੰਦੇ ਹੋਏ ਗੁਰੂ ਦਾ ਨਾਮ ਨਹੀਂ ਜਪਿਆ ਜਾ ਸਕਦਾ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਤੇ, ਧਰਮ ਗ੍ਰੰਥਾਂ ਦੇ ਅੰਦਰ ਦੇ ਸਮਝਾਏ ਹੋਏ ਸੱਚ ਤੇ ਅਮਲ ਨਹੀਂ ਕੀਤਾ ਜਾ ਸਕਦਾ। ਮਨ ਦਾ ਇਹ ਰੋਗ ਹੀ ਸਾਡੇ ਅੰਦਰ ਦਾ ਸੋਗ ਹੈ ਭਾਵ ਸਾਡੇ ਅੰਦਰ ਦਾ ਅਫਸੋਸ ਹੈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਾ ਜਾਣ ਸੱਕਣ ਦਾ ਅਫਸੋਸ ਹੈ। ਇਹ ਮਨ ਦੇ ਰੋਗ ਹੀ ਸਾਨੂੰ ਸੋਗ ਵਿੱਚ ਰੱਖਦੇ ਹਨ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਖੁਸ਼ੀ ਤੋਂ ਦੂਰ ਰੱਖਦੇ ਹਨ। ਜਿਸਦੇ ਮਨ ਦੇ ਅੰਦਰੋਂ ਇਹ ਰੋਗ ਸੋਗ ਪ੍ਰਮਾਤਮਾ ਆਪਣੇ ਮੇਲ ਦੁਆਰਾ ਮਿਟਾ ਦਿੰਦਾ ਹੈ ਉਸਦਾ ਮਨ ਫਿਰ ਭਾਵ ਉਸਦੇ ਮਨ ਦੀ ਸਮਝ ਫਿਰ ਨਿੱਤ ਨਵੀਂ ਨਰੋਈ ਹੋ ਜਾਂਦੀ ਹੈ। ਸਾਡੀ ਮਤਿ ਨੂੰ ਨਵੀਂ ਨਰੋਈ ਪ੍ਰਮਾਤਮਾ ਆਪ ਹੀ ਕਰਦਾ ਹੈ ਜੋ ਨਵੀਂ ਮਤਿ ਪੂਰੀ ਤਰ੍ਹਾਂ ਰੋਗ ਤੋਂ ਰਹਿਤ ਹੁੰਦੀ ਹੈ ਭਾਵ ਨਰੋਈ ਹੁੰਦੀ ਹੈ। ਪੁਰਾਣੀ ਮਤਿ ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਦੀ ਹੈ ਤੇ ਮਨ ਦੇ ਵਿੱਚ ਪ੍ਰਮਾਤਮਾ ਆਪਣੀ ਨਵੀਂ ਮਤਿ ਦਿੰਦਾ ਹੈ, ਰੋਗ ਰਹਿਤ ਮਤਿ ਦਿੰਦਾ ਹੈ ਉਹ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੁੰਦੀ ਹੈ, ਨਾਮ ਵਾਲੀ ਸਮਝ ਹੁੰਦੀ ਹੈ, ਬ੍ਰਹਮ ਗਿਆਨ ਵਾਲੀ ਸਮਝ ਹੁੰਦੀ ਹੈ ਭਾਵ ਗੁਰਮਤਿ ਦੇ ਸੱਚੇ ਗਿਆਨ ਵਾਲੀ ਸਮਝ ਹੁੰਦੀ ਹੈ ਜੋ ਸਮਝ ਨਿਤ ਭਾਵ ਹਰ ਰੋਜ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਮਿਲਦੀ ਹੀ ਰਹਿੰਦੀ ਹੈ ਜਿਸ ਸਮਝ ਦੁਆਰਾ ਪ੍ਰਮਾਤਮਾ ਮਨੁੱਖ ਨੂੰ ਪੂਰਨ ਸੱਚ ਦੁਆਰਾ ਚਲਾਉਂਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚਲਾਉਂਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਪੂਰੀ ਤਰ੍ਹਾਂ ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨ ਦਾ ਹੈ

51/7070

ਤੇ ਇਹੀ **"ਦਿਨੁ ਰੈਣਿ"** ਭਾਵ ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਧਿਆਉਣ ਦਾ ਤਰੀਕਾ ਹੈ। ਜਦ ਤੱਕ ਮਨੁੱਖ ਦੀ ਸਮਝ ਦੇ ਅੰਦਰ ਪੂਰਨ ਸੱਚ ਵਾਲਾ ਗਿਆਨ ਨਹੀਂ ਆਉਂਦਾ ਤਦ ਤੱਕ ਮਨੁੱਖੀ ਸਮਝ ਨੂੰ ਇੱਕ ਆਤਮਿਕ ਤੌਰ ਤੇ ਮਰੀ ਹੋਈ ਸਮਝ ਕਿਹਾ ਗਿਆ ਹੈ, ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦ ਦੁਆਰਾ ਸਮਝਿਆ ਹੀ ਹੈ। ਜਦੋਂ ਮਨੁੱਖ ਦੇ ਅੰਦਰ ਪ੍ਰਮਾਤਮਾ ਆਪਣੇ ਨਾਮ ਵਾਲਾ ਸੱਚਾ ਗਿਆਨ ਪਾ ਦਿੰਦਾ ਹੈ ਫਿਰ ਉਸਦੀ ਮਤਿ ਨੂੰ ਮਰਨ ਵਿੱਚੋਂ ਕੱਢ ਲੈਂਦਾ ਹੈ। ਜਦੋਂ ਮਨ ਦੀ ਸਮਝ ਦਾ ਅਗਿਆਨਤਾ ਰੂਪ ਮਰਨ ਖਤਮ ਹੋ ਜਾਂਦਾ ਹੈ ਤਾਂ ਹੀ ਫਿਰ ਮਨੁੱਖ ਦਿਨ ਰਾਤ ਭਾਵ ਅੱਠੇ ਪਹਿਰ ਪ੍ਰਮਾਤਮਾ ਦਾ ਨਾਮ ਧਿਆਉਂਦਾ ਹੈ ਭਾਵ ਉਸਦੀ ਸਮਝ ਦੇ ਵਿੱਚ ਸੁੱਤੇ, ਜਾਗਦੇ, ਅੱਠੇ ਪਹਿਰ ਗੁਰਮਤਿ ਦੀ ਸੱਚੀ ਸਮਝ ਵੱਸੀ ਰਹਿੰਦੀ ਹੈ। ਜਦੋਂ ਮਨੁੱਖ ਦਿਨ ਰਾਤ ਨਾਮ ਧਿਆਉਣ ਵਾਲਾ ਬਣ ਜਾਂਦਾ ਹੈ ਉਸਨੂੰ ਮਨ ਦੀ ਇਸ ਉੱਚੀ ਸਮਝ ਦੁਆਰਾ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਹੀ ਮਨ ਦੇ ਵਿੱਚੋਂ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੇ ਮਨ ਦੀ ਸਮਝ ਦਾ ਮਾਲਕ ਪ੍ਰਮਾਤਮਾ ਆਪ ਹੈ ਜੋ ਇਸ ਸਰੀਰ ਨੂੰ ਬਣਾ ਕੇ ਮਨ ਦੀ ਸਮਝ ਦੁਆਰਾ ਆਪ ਹੀ ਚਲਾ ਰਿਹਾ ਹੈ। ਇਸ ਗੱਲ ਦੀ ਸਮਝ ਮਨ ਦੇ ਵਿੱਚ ਪ੍ਰਮਾਤਮਾ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਪਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਪਾਈ ਹੈ ਜਿਸ ਕਰਕੇ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਪੂਰਨ ਵਿਸ਼ਵਾਸ ਨਾਲ ਇਹ ਸਮਝਾਇਆ ਹੈ ਕਿ ਪੂਰੀ ਸ੍ਰਿਸ਼ਟੀ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ, ਹਰ ਆਕਾਰ ਰੂਪ ਵਿੱਚ ਉਹ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਪਰ ਆਪਣੇ ਅੰਦਰੋਂ ਉਸਦੇ ਨਿਰੰਕਾਰ ਰੂਪ ਨੂੰ ਜਾਣੇ ਬਿਨਾਂ, ਉਸਦੇ ਗਿਆਨ ਰੂਪ ਨੂੰ ਜਾਣੇ ਬਿਨਾਂ ਨਾ ਕੋਈ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਨਾਮ ਨੂੰ ਜਾਣ ਸਕਦਾ ਹੈ ਜਿਸ ਨਾਮ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਤੇ ਜਿਸਦੇ ਅੰਦਰ ਵੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਨਾਮ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਮਨ ਦੀ ਸਮਝ ਦੇ ਵਿੱਚ ਆਪਣਾ ਨਾਮ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਆਪਣਾ ਨਾਮ ਜਪਾਉਂਦਾ ਹੈ। **(ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥)**

ਮਾਰੂ ਮਹਲਾ ੧ ॥

{ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥
ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥
ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥
ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥
ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥
ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥
ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥
ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥
ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥
ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥
ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥
ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥
ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥
ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੇਲੀ ਕੋਈ ॥
ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥
ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥
ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੧-੧੦੩੨)

51/7071

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥

ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਰਾਮਕਲੀ ਬਾਣੀ ਬੇਣੀ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਬਾਈ ॥੧॥ ਸੰਤਹੁ ਤਹਾ ਨਿਰੰਜਨ ਰਾਮੁ ਹੈ ॥
ਗੁਰ ਗਮਿ ਚੀਨੈ ਬਿਰਲਾ ਕੋਇ ॥ ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥ ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥
ਸਾਖੀ ਜਾਗੀ ਗੁਰਮੁਖਿ ਜਾਣੀ ॥੨॥ ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥ ਜਾਗਤੁ ਰਹੈ ਸੁ ਕਬਹੁ ਨ ਸੋਵੈ ॥
ਤੀਨਿ ਤਿਲੋਕ ਸਮਾਧਿ ਪਲੋਵੈ ॥ ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥ ਗੁਰ ਕੀ ਸਾਖੀ ਰਾਖੈ ਚੀਤਿ ॥
ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥ ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥
ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥ ਅਜਰੁ ਜਰੈ ਸੁ ਨਿਝਰੁ ਝਰੈ ॥
ਜਗੰਨਾਥ ਸਿਉ ਗੋਸਟਿ ਕਰੈ ॥੭॥ ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥
ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥ ਮਸਤਕਿ ਪਦਮੁ ਦੁਆਲੈ ਮਣੀ ॥
ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥ ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥}

(ਅੰਗ ੯੭੪)

ਮਾਰੂ ਸੋਲਹੇ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

{ਸਚਾ ਆਪਿ ਸਵਾਰਣਹਾਰਾ ॥ ਅਵਰ ਨ ਸੂਝਸਿ ਬੀਜੀ ਕਾਰਾ ॥
ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥ ਸਭਨਾ ਸਚੁ ਵਸੈ ਮਨ ਮਾਹੀ ॥
ਗੁਰ ਪਰਸਾਦੀ ਸਹਜਿ ਸਮਾਹੀ ॥ ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥

ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥
ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ॥੪॥
ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥
ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥ ਜਿਨ ਕਉ ਕਰਤੈ ਧੁਰਿ ਲਿਖਿ ਪਾਈ॥
ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥ ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥ ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥ ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥ ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥ ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥ ਜਿਨ ਕਉ ਆਦਿ ਮਿਲੀ ਵਡਿਆਈ ॥
ਸਤਿਗੁਰੁ ਮਨਿ ਵਸਿਆ ਲਿਵ ਲਾਈ ॥ ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ॥੧੬॥੧॥}

(ਅੰਗ ੧੦੬੯-੧੦੭੦)

ਸਾਰਗ ਮਹਲਾ ੫ ॥

{ਹਰਿ ਜਨ ਛੋਡਿਆ ਸਗਲਾ ਆਪੁ ॥ ਜਿਉ ਜਾਨਹੁ ਤਿਉ ਰਖਹੁ ਗੁਸਾਈ ਪੇਖਿ ਜੀਵਾਂ ਪਰਤਾਪੁ ॥੧॥ ਰਹਾਉ॥
ਗੁਰ ਉਪਦੇਸਿ ਸਾਧ ਕੀ ਸੰਗਤਿ ਬਿਨਸਿਓ ਸਗਲ ਸੰਤਾਪੁ ॥
ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ ਸਗਲ ਸੰਭਾਖਨ ਜਾਪੁ ॥੧॥
ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥
ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥੨॥੪੬॥੬੯॥}

(ਅੰਗ ੧੨੧੭)

{ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ ਧਾਤੂ ਪੰਜਿ ਰਲਾਇ ਕੂੜਾ ਪਾਜਿਆ ॥

ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥
ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥
ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ ੧੪੧੧)

ਰਾਮਕਲੀ ਮਹਲਾ ੫ ॥

{ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥ ਕਾਰਣ ਕਰਣ ਕਰੀਮ ॥
ਕਿਰਪਾ ਧਾਰਿ ਰਹੀਮ ॥੧॥ ਰਹਾਉ ॥ ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥ ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥}

(ਅੰਗ ੮੮੫)

ਰਾਗੁ ਬਸੰਤੁ ਮਹਲਾ ੪ ਘਰੁ ੧ ਇਕ ਤੁਕੇ

ੴ ਸਤਿਗੁਰ ਪ੍ਰਸਾਦਿ ॥

{ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥
ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥
ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥ ਏਕੋ ਏਕੁ ਰਹਿਆ ਭਰਪੂਰਿ॥
ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥ ਏਕੋ ਏਕੁ ਵਰਤੈ ਹਰਿ ਲੋਇ ॥ ਨਾਨਕ ਹਰਿ ਏਕੋ ਕਰੇ ਸੁ ਹੋਇ ॥੪॥੧॥}

(ਅੰਗ ੧੧੭੭)

51/7072

ਮਾਰੂ ਮਹਲਾ ੧ ॥

{ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥
ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥
ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥
ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥
ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥

ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥ ਝੂਠੀ ਜਗ ਹਿਤ ਕੀ ਚਤੁਰਾਈ ॥
ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥
ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥
ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥
ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥
ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ ॥
ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ॥੧੨॥
ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥
ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥ ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥
ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥
ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ ੧੦੪੦-੧੦੪੧)

ਉਪਰ ਵਾਲੇ ਸ਼ਬਦਾਂ ਵਿੱਚੋਂ ਅਸੀਂ ਪਿੱਛੇ ਲੇਖ ਵਿੱਚ ਕੁਝ ਸ਼ਬਦਾਂ ਨੂੰ ਸਮਝਿਆ ਹੀ ਹੈ ਹਰ ਸ਼ਬਦ ਦਾ ਮਕਸਦ ਸੰਸਾਰ ਨੂੰ ਸੱਚ ਸਮਝਾਉਣ ਦੇ ਨਾਲ ਹੀ ਹੈ ਕਿ ਸੱਚ ਕੀ ਹੈ ਤਾਂ ਜੋ ਅਸੀਂ ਉਹੋ ਜਿਹੇ ਸੱਚ ਦੁਆਰਾ ਵਿਚਰੀਏ ਜੋ ਸੱਚ ਸਾਨੂੰ ਗੁਰੂ ਸਮਝਾਉਂਦਾ ਹੈ। ਗੁਰੂ ਸਾਨੂੰ ਜਿਹੋ ਜਿਹਾ ਨਾਮ ਜਪਣਾ ਸਮਝਾਉਂਦਾ ਹੈ ਉਹੋ ਜਿਹਾ ਨਾਮ ਸਮਝਾਉਣ ਵਿੱਚ ਗੁਰੂ ਵੱਲੋਂ ਤਾਂ ਕੋਈ ਕਮੀ ਨਹੀਂ ਹੈ। ਹਰ ਸ਼ਬਦ ਰਾਹੀਂ ਗੁਰੂ ਸਾਨੂੰ ਇੱਕੋ ਜਿਹਾ ਨਾਮ ਜਪਣਾ ਹੀ ਸਮਝਾ ਰਿਹਾ ਹੈ ਜੋ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਜੇਕਰ ਫਿਰ ਵੀ ਅਸੀਂ ਕਿਸੇ ਅੱਖਰ ਨੂੰ ਬੋਲੀ ਜਾਣ ਨੂੰ ਨਾਮ ਜਪਣਾ ਸਮਝੀ ਜਾਵਾਂਗੇ ਫਿਰ ਇਹ ਗੁਰੂ ਤੇ ਬੇਵਿਸ਼ਵਾਸੀ ਹੈ, ਗੁਰੂ ਦੇ ਸ਼ਬਦਾਂ ਨਾਲ ਬੇਵਿਸ਼ਵਾਸੀ ਹੈ। ਇਸ ਬੇਵਿਸ਼ਵਾਸੀ ਦਾ ਕਾਰਣ ਕੀ ਹੈ ਇਸ ਗੱਲ ਨੂੰ ਵੀ ਅਸੀਂ ਬਾਰ-ਬਾਰ ਸਮਝਿਆ ਹੈ ਜੋ ਕਿ ਅਸੀਂ ਆਪਣਾ ਵਿਸ਼ਵਾਸ ਆਪਣੀ ਧਾਰਮਿਕ ਆਸਥਾ ਅਨੁਸਾਰ ਹੋਰਨਾਂ ਦੇ ਨਾਲ ਜੋੜਿਆ ਹੋਇਆ ਹੈ ਭਾਵ ਉਨ੍ਹਾਂ ਨੂੰ ਅਸੀਂ ਗੁਰੂ ਨਾਲੋਂ ਜਿਆਦਾ ਸਿਆਣਾ ਮੰਨਿਆ ਹੋਇਆ ਹੈ। ਹੇਠ ਦਿੱਤੇ ਕੁਝ ਸ਼ਬਦਾਂ ਦੇ ਛੋਟੇ ਛੋਟੇ ਪ੍ਰਮਾਣ ਦੁਆਰਾ ਗੁਰੂ ਦੀ ਗੱਲ ਤੇ ਵਿਸ਼ਵਾਸ ਟਿਕਾਉਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ।

{ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥}

(ਅੰਗ ੫੯੦)

{ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥}

(ਅੰਗ ੧੧੯੦)

{ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥

ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥}

(ਅੰਗ ੩੧)

51/7073

{ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥
ਜਨ ਨਾਨਕ ਹਉਮੈ ਮਾਰਿ ਸਮਾਇਆ ॥੪॥}

(ਅੰਗ ੧੭੬)

{ਸਤਿਗੁਰੁ ਮਿਲੈ ਤ ਦੁਬਿਧਾ ਭਾਗੈ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ॥੨॥}

(ਅੰਗ ੧੫੩)

ਸਲੋਕ ਮਃ ੪ ॥

{ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ ॥
ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ ॥
ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ ॥
ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥
ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ ॥
ਧਨੁ ਧੰਨੁ ਗੁਰੂ ਗੁਣ ਗਾਵਦਾ ਤਿਸ ਨੋ ਸਦਾ ਸਦਾ ਨਮਸਕਾਰੁ ॥
ਜਨ ਨਾਨਕ ਤਿਨ ਕਉ ਵਾਰਿਆ ਜਿਨ ਜਪਿਆ ਸਿਰਜਣਹਾਰੁ ॥੧॥}

(ਅੰਗ ੩੦੨)

{ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥
ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ ॥੧॥ ਰਹਾਉ ॥
ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥ ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ॥
ਤੁਰੀਆ ਗੁਣੁ ਮਿਲਿ ਸਾਧ ਪਛਾਨੇ॥੨॥ ਸਹਜ ਗੁਫਾ ਮਹਿ ਆਸਣੁ ਬਾਧਿਆ॥ ਜੋਤਿ ਸਰੂਪ ਅਨਾਹਦੁ ਵਾਜਿਆ॥
ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ ॥੩॥
ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥ ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥
ਜਨਮਿ ਨ ਮਰੈ ਨ ਆਵੈ ਨ ਜਾਇ ॥ ਹਰਿ ਸੇਤੀ ਓਹੁ ਰਹੈ ਸਮਾਇ ॥੪॥੨॥}

(ਅੰਗ ੩੭੦)

{ਜਗੁ ਕਊਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ ਮਨੂਆ ਡੋਲੈ ਚੀਤਿ ਅਨੀਤਿ ॥
ਜਗ ਸਿਉ ਤੂਟੀ ਝੂਠ ਪਰੀਤਿ ॥੧॥ ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥੧॥ਰਹਾਉ॥}

(ਅੰਗ ੧੧੮੭)

{ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥}

(ਅੰਗ ੬੭)

ਸਿਰੀਰਾਗੁ ਮਹਲਾ ੩ ॥

{ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥
ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥ ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥ ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

51/7074

ਸਿਰੀਰਾਗੁ ਮਹਲਾ ੧ ॥

{ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥
ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥ ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥
ਬਾਬਾ ਹੋਰ ਮਤਿ ਹੋਰ ਹੋਰ ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥
ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥ ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥
ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥੨॥ ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥
ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥ ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥
ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥ ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥
ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥੪॥੮॥}

(ਅੰਗ ੧੭)

ਗੂਜਰੀ ਮਹਲਾ ੫ ਤਿਪਦੇ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਦੁਖ ਬਿਨਸੇ ਸੁਖ ਕੀਆ ਨਿਵਾਸਾ ਤ੍ਰਿਸਨਾ ਜਲਨਿ ਬੁਝਾਈ ॥
ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ ਬਿਨਸਿ ਨ ਆਵੈ ਜਾਈ ॥੧॥ ਹਰਿ ਜਪਿ ਮਾਇਆ ਬੰਧਨ ਤੂਟੇ ॥
ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ ਸਾਧਸੰਗਤਿ ਮਿਲਿ ਛੂਟੇ ॥੧॥ ਰਹਾਉ ॥
ਆਠ ਪਹਰ ਹਰਿ ਕੇ ਗੁਨ ਗਾਵੈ ਭਗਤਿ ਪ੍ਰੇਮ ਰਸਿ ਮਾਤਾ ॥
ਹਰਖ ਸੋਗ ਦੁਹੁ ਮਾਹਿ ਨਿਰਾਲਾ ਕਰਣੈਹਾਰੁ ਪਛਾਤਾ ॥੨॥
ਜਿਸ ਕਾ ਸਾ ਤਿਨ ਹੀ ਰਖਿ ਲੀਆ ਸਗਲ ਜੁਗਤਿ ਬਣਿ ਆਈ ॥
ਕਹੁ ਨਾਨਕ ਪ੍ਰਭ ਪੁਰਖ ਦਇਆਲਾ ਕੀਮਤਿ ਕਹਣੁ ਨ ਜਾਈ ॥੩॥੧॥੯॥}

(ਅੰਗ ੪੯੭-੪੯੮)

{ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥
ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥
ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥
ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥}

(ਅੰਗ ੪੫੧)

{ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥
ਅਨਿਕ ਰੰਗ ਨਾਨਾ ਦ੍ਰਿਸਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥}

(ਅੰਗ ੨੯੩)

{ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥ ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ ॥
ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ ॥ ਕਿਰਪਾ ਕਰਿ ਕੈ ਆਪਣੀ ਦਿਤੋਨੁ ਭਗਤਿ ਭੰਡਾਰੁ ॥੧॥
ਮਨ ਰੇ ਸਦਾ ਅਨੰਦੁ ਗੁਣ ਗਾਇ ॥ ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੧॥ ਰਹਾਉ ॥}

(ਅੰਗ ੩੬)

{ਇਸੁ ਜੁਗ ਮਹਿ ਵਡਿਆਈ ਪਾਈ ॥ ਪੂਰੇ ਗੁਰ ਤੇ ਨਾਮੁ ਧਿਆਈ ॥
ਜਹ ਦੇਖਾ ਤਹ ਰਹਿਆ ਸਮਾਈ ॥ ਸਦਾ ਸੁਖਦਾਤਾ ਕੀਮਤਿ ਨਹੀ ਪਾਈ ॥੪॥}

(ਅੰਗ ੭੯੮)

ਗੂਜਰੀ ਮਹਲਾ ੩ ॥

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ॥੧॥ਰਹਾਉ॥
ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥

ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥}

(ਅੰਗ ੪੯੧)

{ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥
ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥੧੫॥}

(ਅੰਗ ੭੨੬)

51/7075

{ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥
ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥ ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ॥}

(ਅੰਗ ੮੧੪)

ਮਾਝ ਮਹਲਾ ੩ ॥

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥
ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥
ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥੨॥ ਏਕੋ ਵੇਖਾ ਅਵਰੁ ਨ ਬੀਆ ॥
ਗੁਰ ਪਰਸਾਦੀ ਅੰਮ੍ਰਿਤੁ ਪੀਆ ॥ ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥੩॥
ਰਤਨੁ ਪਦਾਰਥੁ ਪਲਰਿ ਤਿਆਗੈ ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥
ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥ ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥
ਗੁਰ ਕਾ ਸਬਦੁ ਮੰਨਿ ਵਸਾਏ ॥ ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥
ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥ ਸਿਮ੍ਰਿਤਿ ਸਾਸਤ ਬੇਦ ਵਖਾਣੈ ॥
ਭਰਮੇ ਭੂਲਾ ਤਤੁ ਨ ਜਾਣੈ ॥ ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥੭॥
ਆਪਿ ਕਰੇ ਕਿਸੁ ਆਖੈ ਕੋਈ ॥ ਆਖਣਿ ਜਾਈਐ ਜੇ ਭੂਲਾ ਹੋਈ ॥
ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ ॥੮॥੭॥੮॥}

(ਅੰਗ ੧੧੩-੧੧੪)

{ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥
ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥

ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥}

(ਅੰਗ ੬੩੪)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥
ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥
ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥}

(ਅੰਗ ੪੮੯)

ਮਾਰੂ ਮਹਲਾ ੧ ॥

{ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥
ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥
ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥
ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥
ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ॥੬॥ ਝੂਠੀ ਜਗ ਹਿਤ ਕੀ ਚਤੁਰਾਈ ॥
ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥
ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥
ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥
ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥
ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ ॥
ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ॥੧੨॥

ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥
ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥ ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥
ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥
ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ ੧੦੪੦-੧੦੪੧)

ਉਪਰ ਵਾਲੇ ਸ਼ਬਦ ਦੀਆਂ ਕੁਝ ਪੰਗਤੀਆਂ ਦੇ ਅਰਥ ਪਿੱਛੇ ਲੇਖ ਵਿੱਚ ਸਮਝੇ ਹੀ ਹਨ ਜਿਸ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਨਾਮ ਵਾਲਾ ਮਨੁੱਖ ਉਹੀ ਹੁੰਦਾ ਹੈ ਜਿਸਦੇ ਅੰਦਰ ਗੁਰਮਤਿ ਵਾਲੀ ਸਮਝ ਭਾਵ ਸੱਚੀ ਸਮਝ ਵੱਸੀ ਹੁੰਦੀ ਹੈ ਤੇ ਉਹ ਮਨੁੱਖ ਆਪਣੇ ਜੀਵਨ ਵਿੱਚ ਗੁਰਮਤਿ ਅਨੁਸਾਰ ਹੀ ਚੱਲਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਅਨੁਸਾਰ

51/7076

ਭਾਵ ਨਾਮ ਅਨੁਸਾਰ ਹੀ ਵਿਚਰਦਾ ਹੈ ਭਾਵ ਆਪਣੇ ਜੀਵਨ ਵਿੱਚ ਉਹ **"ਹਰਿ ਜਪਿ"** ਕਰਦਾ ਹੈ ਜੋ ਹਰਿ ਜਪ ਕਰਨ ਦੁਆਰਾ ਉਹ ਭਵਜਲ ਤੋਂ ਤਰਦਾ ਹੈ ਭਾਵ ਮਨ ਦੇ ਮਾਇਆ ਮੋਹ ਦੇ ਸਾਗਰ ਵਿੱਚੋਂ ਤਰਦਾ ਹੈ। ਇਹੋ ਜਿਹੇ ਨਾਮ ਜਪਣ ਵਾਲੇ ਮਨ ਦੀ ਹਉਮੈ ਤੋਂ, ਮਾਇਆ ਮਮਤਾ ਤੋਂ, ਮਨ ਦੇ ਲੋਭ ਲਾਲਚ ਤੋਂ ਨਿਕਲ ਜਾਂਦੇ ਹਨ ਭਾਵ ਫਿਰ ਉਹ ਆਪਣੇ ਸਰੀਰ ਦੇ ਨੌ ਦਰਵਾਜਿਆਂ ਤੋਂ ਮੁਕਤ ਹੋ ਜਾਂਦੇ ਹਨ। ਮਨੁੱਖ ਜੋ ਵੀ ਮਾੜਾ ਕਰਮ ਕਰਦਾ ਹੈ ਉਹ ਸਰੀਰ ਦੇ ਅੰਗਾਂ ਦੁਆਰਾ ਹੀ ਕਰਦਾ ਹੈ ਤੇ ਸਰੀਰ ਦੇ ਨੌ ਅੰਗਾਂ ਤੋਂ ਮੁਕਤ ਹੋਣਾ, ਨੌ ਦਰਵਾਜਿਆਂ ਤੋਂ ਮੁਕਤ ਹੋਣਾ ਮਨ ਦੇ ਵਿਕਾਰਾਂ ਤੋਂ ਮੁਕਤ ਹੋਣਾ ਹੀ ਹੈ ਜੋ ਮਨ ਦੇ ਵਿਕਾਰ ਸਾਡੇ ਸਰੀਰ ਕੋਲੋਂ ਮਾੜੇ ਕਰਮ ਕਰਾਉਂਦੇ ਹਨ। ਸਾਡੇ ਅੰਦਰ ਸਾਡਾ ਮਨ ਸਾਡਾ ਦਸਵਾਂ ਅੰਗ ਹੈ ਭਾਵ ਦਸਵਾਂ ਦਰ ਹੈ ਜਿਸ ਦਰ ਤੋਂ ਮਨੁੱਖ ਨੂੰ ਸਾਰੀ ਸੋਝੀ ਪੈਂਦੀ ਹੈ ਜਿਸ ਦਰ ਦਾ ਕੋਈ ਆਕਾਰ ਰੂਪ ਨਹੀਂ ਹੈ। ਇਹ ਸਾਡੇ ਅੰਦਰ ਗਿਆਨ ਦਾ ਦਰ ਹੈ ਜਿਸ ਦਰ ਤੇ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਆਸਨ ਹੈ, ਉਸਦਾ ਟਿਕਾਣਾ ਹੈ। ਪ੍ਰਮਾਤਮਾ ਦੇ ਦਸਵੇਂ ਦਰ ਨੂੰ ਆਪਣੇ ਅੰਦਰੋਂ ਜਾਨਣ ਲਈ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਭਾਵ ਉਸਦੇ ਨਾਲ ਮੇਲ ਕਰਨ ਲਈ ਜੋ ਸਾਡੇ ਕੋਲ ਇੱਕੋ ਇੱਕ ਸੱਚਾ ਸਾਧਨ ਹੈ, ਸੱਚਾ ਉਪਰਾਲਾ ਹੈ ਉਹ ਪ੍ਰਮਾਤਮਾ ਦਾ ਨਾਮ ਜਪਣ ਦਾ ਹੈ ਜਿਸ ਨਾਮ ਜਪਣ ਦਾ ਮਕਸਦ ਤੇ ਨਾਮ ਜਪਣ ਦਾ ਤਰੀਕਾ ਹੀ ਉਪਰ ਸ਼ਬਦ ਦੇ ਪਹਿਲੇ ਦੋ ਪਦਿਆਂ ਦੁਆਰਾ ਸਮਝਾਇਆ ਹੋਇਆ ਹੈ। ਨਾਮ ਸੱਚ ਹੈ ਤੇ ਸੱਚ ਉਹ ਹੈ ਜੋ ਗੁਰੂ ਸਾਨੂੰ ਸਮਝਾਉਂਦਾ ਹੈ। ਸੱਚ ਰੂਪ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ। ਸੱਚੇ ਦੇ ਘਰ ਵਿੱਚ ਰਹਿਣ ਲਈ ਭਾਵ ਪ੍ਰਮਾਤਮਾ ਦੇ ਘਰ ਵਿੱਚ ਰਹਿਣ ਲਈ ਪਹਿਲੇ ਸਾਨੂੰ **"ਸਚੁ"** ਨੂੰ ਅਪਨਾਉਣਾ ਹੀ ਪਵੇਗਾ ਭਾਵ ਪੂਰੀ ਗੁਰਬਾਣੀ ਰਾਹੀਂ ਜੋ ਸੱਚ ਸਾਨੂੰ ਸਮਝਾਇਆ ਹੋਇਆ ਹੈ ਉਸ ਸੱਚ ਨੂੰ ਮੰਨਣਾ ਹੀ ਪਵੇਗਾ। ਸੱਚ ਨੂੰ ਮੰਨਣਾ ਹੀ ਭਾਵ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਨੂੰ ਮੰਨਣਾ ਹੀ ਤੇ ਉਸਨੂੰ ਮੰਨ ਕੇ ਆਪਣੀ ਮਾਇਆ ਮੋਹ ਵਾਲੀ ਨਾਮਸਝ ਮਤਿ ਨੂੰ ਛੱਡਣਾ ਹੀ **"ਜੀਵਤ ਮਰਨਾ"** ਹੈ ਭਾਵ ਆਪਣੇ ਜੀਵਨ ਵਿੱਚ ਆਪਣੀ ਨਾਸਮਝ ਮਤਿ ਨੂੰ ਮਾਰਨਾ ਹੈ ਜੋ ਜਗ ਦੇ ਹਰ ਮਨੁੱਖ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਵਿੱਚੋਂ ਨਿਕਲਣਾ ਭਾਵ ਉਸ ਤੋਂ ਤਰਨਾ ਸਾਰੇ ਜਗ ਲਈ ਇੱਕੋ ਜਿਹਾ ਔਖਾ ਹੈ ਜੋ ਕਿ ਪੂਰੇ ਜਗ ਨੂੰ ਤਰਨ ਦੇ ਬਰਾਬਰ ਹੈ ਭਾਵ ਜਗ ਦੇ ਹਰ ਮਨੁੱਖ ਦੀ ਭਰਮਾਂ ਵਾਲੀ ਸਮਝ ਤੋਂ ਉਪਰ ਉੱਠਣ ਵਾਲੀ ਗੱਲ ਹੈ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਇੱਕ ਹੋਣ ਵਾਲੀ ਗੱਲ ਹੈ ਜੋ ਕਿ ਸੰਸਾਰ ਦੇ ਕਿਸੇ ਮਨੁੱਖ ਦੇ ਲਈ ਵੀ ਬਹੁਤ ਔਖਾ ਹੈ ਕਿਉਂਕਿ ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ। ਜੋ ਮਨੁੱਖ ਮਾਇਆ ਮੋਹ ਦੇ ਸਾਗਰ ਤੋਂ ਤਰ ਜਾਂਦਾ ਹੈ ਭਾਵ ਗੁਰੂ ਦੀ ਸੱਚੀ ਸਮਝ ਨੂੰ ਅਪਨਾ ਲੈਂਦਾ ਹੈ ਉਹੋ ਜਿਹੀ ਸਮਝ ਵਾਲਾ ਹੀ ਮਨੁੱਖ ਫਿਰ ਮਨ ਦੇ ਮਾਇਆ ਮੋਹ ਵਾਲੇ ਘਰ ਨੂੰ ਛੱਡ ਕੇ ਭਾਵ ਮਨਮਤਿ ਵਾਲੇ ਵਿਚਾਰਾਂ ਨੂੰ ਛੱਡ ਕੇ ਮਨ ਦੇ ਗੁਰਮਤਿ ਵਾਲੀ ਸਮਝ ਦੇ ਸੱਚੇ ਘਰ ਵਿੱਚ ਰਹਿੰਦਾ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦਾ, ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਸਚੁ ਰੂਪ ਘਰ ਭਾਵ ਸੱਚੇ ਗਿਆਨ ਦੀ ਸਮਝ ਵਾਲਾ ਘਰ ਹੈ ਜਿਸ ਆਪਣੇ ਸੱਚੇ ਘਰ ਵਿੱਚੋਂ ਪ੍ਰਮਾਤਮਾ ਆਪ ਹੀ ਆਪਣੀ ਸੱਚੀ ਗੁਰਮਤਿ ਦੀ ਸਮਝ ਪਾਉਣ ਦੁਆਰਾ ਤੇ ਉਸ ਤੇ ਅਮਲ ਕਰਵਾਉਣ ਦੁਆਰਾ ਆਪ ਹੀ ਕਿਸੇ ਨੂੰ ਮਾਇਆ ਮੋਹ ਵਾਲੇ ਘਰ ਵਿੱਚੋਂ ਕੱਢ ਕੇ ਆਪਣੇ ਘਰ ਵਿੱਚ ਨਿਵਾਸ ਬਖਸ਼ਦਾ ਹੈ, ਆਪਣੇ ਸੱਚ ਰੂਪ ਘਰ ਵਿੱਚ ਨਿਵਾਸ ਬਖਸ਼ਦਾ ਹੈ, ਆਪਣੇ ਬ੍ਰਹਮ ਗਿਆਨ ਰੂਪ ਘਰ ਵਿੱਚ, ਨਾਮ ਰੂਪ ਘਰ ਵਿੱਚ ਭਾਵ ਚੌਥੇ ਪਦ ਦੇ ਗਿਆਨ ਰੂਪ ਘਰ ਵਿੱਚ ਨਿਵਾਸ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਉਨ੍ਹਾਂ ਦੀ ਸਮਝ ਅੰਦਰ ਆਪਣੇ ਆਪ ਨੂੰ ਪ੍ਰਗਟ

ਕਰਨ ਦੁਆਰਾ ਸੱਚੇ ਗਿਆਨ ਰੂਪ ਘਰ ਵਿੱਚ ਜੋ ਸੱਚੀ ਸਮਝ ਉਨ੍ਹਾਂ ਨੂੰ ਆਪ ਸ੍ਰਿਸ਼ਟੀ ਦੇ ਕਰਤੇ ਨੇ ਬਖਸ਼ੀ ਹੈ ਉਸ ਸੱਚੀ ਸਮਝ ਵਿੱਚ ਆਪ ਬਖਸ਼ਿਆ ਹੈ ਜਿਸ ਮਨ ਦੀ ਸੱਚੀ ਸਮਝ ਦੁਆਰਾ ਉਨ੍ਹਾਂ ਨੇ ਸਾਰੇ ਸੰਸਾਰ ਨੂੰ, ਸਾਰੇ ਜਗ ਨੂੰ ਭਵਜਲ ਸਾਗਰ ਤਰਨ ਦਾ ਇੱਕੋ ਜਿਹਾ ਤਰੀਕਾ ਹੀ ਸਮਝਾਇਆ ਹੈ ਜੋ ਕਿ ਮਨ ਦੇ ਮਾਇਆ ਮੋਹ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦਾ ਹੈ ਜਿਨ੍ਹਾਂ ਵਿਚਾਰਾਂ ਵਿੱਚੋਂ ਨਿਕਲਣ ਦਾ ਤਰੀਕਾ ਆਪਣੀ ਮਾਇਆ ਮੋਹ ਵਾਲੀ ਸਮਝ ਨੂੰ ਛੱਡਣ ਦਾ ਹੈ ਜਿਸਨੂੰ ਛੱਡਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਔਖਾ ਹੈ ਭਾਵ ਮਾਇਆ ਦੇ ਸੁੱਖਾਂ ਨੂੰ ਤਿਆਗਣਾ ਸਭ ਲਈ ਇੱਕੋ ਜਿਹਾ ਔਖਾ ਹੀ ਹੈ। ਜੀਵਤ ਮਰਨਾ ਕੀ ਹੈ, ਭਵਜਲ ਤਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਆਪਣੀ ਉਸ ਮਤਿ ਨੂੰ ਛੱਡਣਾ ਜੋ ਮਤਿ ਗੁਰੂ ਦੀ ਸਮਝਾਈ ਹੋਈ ਸੱਚੀ ਮਤਿ ਦੇ ਉਲਟ ਹੈ ਭਾਵ ਸੱਚ ਦੇ ਉਲਟ ਹੈ ਇਹੀ **"ਜੀਵਤ ਮਰਨਾ"** ਹੈ, ਭਵਜਲ ਜਗ ਤਰਨਾ ਹੈ ਭਾਵ ਆਪਣੀ ਮਤਿ ਨੂੰ ਗੁਰਮਤਿ ਅਨੁਸਾਰ ਢਾਲਣਾ ਹੈ। ਗੁਰੂ ਦਾ ਸੱਚ ਸਾਨੂੰ ਬਾਰ-ਬਾਰ ਇਹ ਸਮਝਾਉਂਦਾ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਦਾ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ, ਆਪਣੀ ਵੱਖਰੀ ਹੋਂਦ ਸਮਝਣਾ ਝੂਠ ਹੈ। ਜਦੋਂ ਅਸੀਂ ਗੁਰੂ ਦੇ ਸੱਚ ਨੂੰ ਮੰਨ ਕੇ ਆਪਣੀ ਇਸ ਝੂਠੀ ਮਤਿ ਵਿੱਚੋਂ ਨਿਕਲ ਜਾਵਾਂਗੇ ਜੋ ਸਾਡੀ ਮਤਿ ਸਾਨੂੰ ਝੂਠ ਸਮਝਾਉਂਦੀ ਹੈ ਭਾਵ ਸੱਚ ਦੇ ਉਲਟ ਸਮਝਾਉਂਦੀ ਹੈ ਫਿਰ ਅਸੀਂ ਮੁੱਖੋਂ ਇਹ ਸੱਚ ਹੀ ਕਹਾਂਗੇ ਕਿ ਮੈਂ ਆਪਣੇ ਆਪ ਨੂੰ ਇਸ ਸਰੀਰ ਦੇ ਜਿਉਂਦੇ ਹੋਏ ਹੀ ਮਾਰ ਲਿਆ ਹੈ ਭਾਵ ਮੈਂ ਜਿਉਂਦੇ ਹੋਏ ਹੀ ਮਰ ਗਿਆ ਹਾਂ ਤੇ ਮੈਂ ਇਹ ਭਵਜਲ ਜਗ ਤਰ ਲਿਆ

ਹੈ ਭਾਵ ਮਨ ਦੀ ਅਗਿਆਨਤਾ ਵਾਲੀ ਝੂਠੀ ਮਤਿ ਨੂੰ, ਮਨ ਦੀ ਝੂਠੀ ਸਮਝ ਨੂੰ, ਮਨ ਦੀ ਮਾਇਆ ਨੂੰ ਤਰ ਲਿਆ ਹੈ ਜਿਸ ਨਾਸਮਝ ਮਤਿ ਨਾਲ ਸਾਰਾ ਜਗ ਹੀ ਜੁੜਿਆ ਹੋਇਆ ਹੈ ਭਾਵ ਜਗ ਵਿੱਚ ਇਹ ਸੱਚ ਕਿਸੇ ਵਿਰਲੇ ਕੋਲ ਹੀ ਹੁੰਦਾ ਹੈ ਜੋ ਇਹ ਕਹਿ ਸਕੇ ਕਿ ਪ੍ਰਮਾਤਮਾ ਸਭ ਕੁਝ ਆਪ ਹੀ ਹੈ ਤੇ ਆਪਣੀ ਮਨੁੱਖੀ ਹੋਂਦ ਸਮਝਣਾ ਝੂਠ ਹੈ। **(ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥)**

ਉਪਰ ਵਾਲੀਆਂ ਪੰਗਤੀਆਂ ਰਾਹੀਂ ਧੰਨ ਧੰਨ ਪਹਿਲੀ ਪਾਤਸ਼ਾਹੀ ਨੇ ਸਾਨੂੰ ਸੱਚ ਕਹਿ ਕੇ ਹੀ ਸਮਝਾਇਆ ਹੈ ਜੋ ਸੱਚ ਉਨ੍ਹਾਂ ਨੇ ਸੱਚੇ ਦੇ ਘਰ ਵਿੱਚ ਭਾਵ ਪ੍ਰਮਾਤਮਾ ਦੇ ਘਰ ਵਿੱਚ ਰਹਿ ਕੇ ਸਮਝਾਇਆ ਹੈ ਜੋ ਉਸ ਸੱਚੇ ਦਾ ਘਰ ਸਾਡੇ ਅੰਦਰ ਹੀ ਹੈ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ। ਜਦੋਂ ਸਾਡੇ ਮਨ ਦੀ ਸਮਝ **"ਸਚੁ"** ਦੇ ਵਿੱਚ ਬਦਲ ਜਾਂਦੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਕੇ ਸੱਚੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ, ਬ੍ਰਹਮ ਗਿਆਨ ਵਾਲੀ ਸਮਝ ਬਣ ਜਾਂਦੀ ਹੈ ਤੇ ਫਿਰ ਸਾਡੇ ਅੰਦਰ ਸੱਚ ਰੂਪ ਪ੍ਰਮਾਤਮਾ ਦਾ ਘਰ ਬਣ ਜਾਂਦੀ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦੇ ਇਸ ਸੱਚ ਰੂਪ ਘਰ ਵਿੱਚੋਂ ਹੀ ਆਈ ਹੈ ਜਿਸ ਕਰਕੇ ਉਹ ਹਰ ਸ਼ਬਦ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਹੀ ਸਮਝਾ ਰਹੀ ਹੈ, ਇੱਕੋ ਜਿਹਾ ਜੀਵਤ ਮਰਨਾ, ਇੱਕੋ ਜਿਹਾ ਭਵਜਲ ਜਗ ਤਰਨਾ ਸਮਝਾ ਰਹੀ ਹੈ, ਇੱਕੋ ਜਿਹਾ ਨਾਮ ਜਪਣਾ ਸਮਝਾ ਰਹੀ ਹੈ। ਮਨ ਦੇ ਇਸ ਭਵਜਲ ਨੂੰ ਤਰਨਾ ਸਾਰੇ ਜਗ ਨੂੰ ਇੱਕੋ ਜਿਹਾ ਹੀ ਹੈ ਜੋ ਕਿ ਗੁਰੂ ਦਾ ਨਾਮ ਜਪਣ ਦੁਆਰਾ ਹੀ ਭਾਵ ਹਰਿ ਜਪ ਕਰਨ ਦੁਆਰਾ ਹੀ ਤਰਿਆ ਜਾ ਸਕਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥"

ਹੁਣ ਸਮਝੋ ਉਪਰ ਹਰਿ ਜਪਿ ਦਾ ਮਕਸਦ ਕੀ ਹੈ ਇਹ ਸਮਝਾਇਆ ਹੋਇਆ ਹੈ। ਜੋ **"ਹਰਿ ਜਪਿ"** ਕਰਦਾ ਹੈ ਉਸਨੂੰ ਗੁਰੂ ਭਵਜਲ ਸਾਗਰ ਤੋਂ ਪਾਰ ਲੰਘਾ ਦਿੰਦਾ ਹੈ ਕਿਉਂਕਿ ਕੇਵਲ ਇੱਕ ਗੁਰੂ ਹੀ ਹੈ ਜੋ ਸਾਨੂੰ ਇਸ ਮਨ ਦੇ ਮਾਇਆ ਮੋਹ ਰੂਪ ਸਾਗਰ ਤੋਂ, ਮਨ ਦੇ ਅਗਿਆਨਤਾ ਰੂਪ ਸਾਗਰ ਤੋਂ ਪਾਰ ਲੰਘਾ ਸਕਦਾ ਹੈ। ਇਸ ਸਾਗਰ ਵਿੱਚੋਂ ਪਾਰ ਲੰਘਣ ਲਈ ਬੋਹਿਥ ਵੀ ਗੁਰੂ ਹੈ, ਬੇੜੀ ਵੀ ਗੁਰੂ ਹੈ ਤੇ ਬੇੜੀ ਨੂੰ ਚਲਾਉਣ ਵਾਲਾ ਤੁਲਹਾ ਵੀ ਗੁਰੂ ਹੈ। ਸਾਰੀ ਗੱਲ ਇਸ ਬੇੜੀ ਨੂੰ ਸਮਝਣ ਦੀ ਹੈ ਜਿਸ ਬੇੜੀ ਤੇ ਬੈਠ ਕੇ ਅਸੀਂ ਮਨ ਦੇ ਇਸ ਭਵਜਲ ਸਾਗਰ ਤੋਂ ਪਾਰ ਉਤਰਨਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਪੂਰੀ ਧੰਨ ਧੰਨ ਗੁਰਬਾਣੀ, ਪੂਰੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਉਹ ਜਹਾਜ ਹਨ ਜਿਸ ਜਹਾਜ ਤੇ ਅਸੀਂ ਬੈਠਣਾ ਹੈ। ਇਸ ਜਹਾਜ ਦੇ ਅੰਦਰ

ਜਿਤਨੇ ਵੀ ਗੁਰੂ ਦੇ ਸ਼ਬਦ ਹਨ ਉਹ ਹਰ ਸ਼ਬਦ ਗੁਰੂ ਦੀ ਬੇੜੀ ਹੈ। ਅਸੀਂ ਹਰ ਸ਼ਬਦ ਰੂਪ ਬੇੜੀ ਤੇ ਬੈਠ ਕੇ ਉਸ ਜਹਾਜ ਤੱਕ ਪਹੁੰਚਣਾ ਹੈ ਜੋ ਜਹਾਜ ਸਦਾ ਤੋਂ ਇੱਕੋ ਜਗ੍ਹਾ ਥਿਰ ਹੈ ਜਿਸ ਜਗ੍ਹਾ ਤੋਂ ਨਾ ਉਹ ਅੱਜ ਤੱਕ ਹਿਲਿਆ ਹੈ ਤੇ ਨਾ ਹੀ ਕਦੇ ਹਿਲ ਸਕਦਾ ਹੈ। ਇਸ

ਜਹਾਜ ਦੇ ਰੂਪ ਵਿੱਚ ਉਹ ਧੰਨ ਧੰਨ ਸ੍ਰਿਸ਼ਟੀ ਦਾ ਮਾਲਕ ਅਕਾਲ ਪੁਰਖ ਆਪ ਹੀ ਹੈ। ਜੋ ਜੋ ਵੀ ਉਸਦੇ ਇਸ ਜਹਾਜ ਤੇ ਬੈਠਿਆ ਹੈ ਉਨ੍ਹਾਂ ਨੇ ਹੀ ਗੁਰੂ ਗ੍ਰੰਥ ਸਾਹਿਬ ਜਹਾਜ ਦੀ ਰਚਨਾ ਕੀਤੀ ਹੈ। ਆਪਣੇ ਇਸ ਉੱਚੇ ਜਹਾਜ ਤੇ ਜੋ ਕਿ ਉਸਦਾ ਨਾਮ ਰੂਪ ਜਹਾਜ ਹੈ ਉਹ ਆਪ ਹੀ ਕਿਸੇ ਨੂੰ ਬੈਠਾ ਸਕਦਾ ਹੈ ਜੋ ਇਸ ਜਹਾਜ ਦਾ ਮਾਲਕ ਹੈ। ਪ੍ਰਮਾਤਮਾ ਆਪ ਬ੍ਰਹਮ ਗਿਆਨ ਰੂਪ ਹੈ ਜੋ ਕਿ ਉਸਦਾ ਸੱਚ ਰੂਪ ਹੈ, ਨਾਮ ਰੂਪ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪੂਰੇ ਲੇਖ ਰਾਹੀਂ ਸਮਝਿਆ ਹੀ ਹੈ। ਪੂਰੀ ਗੁਰਬਾਣੀ ਸ਼ਬਦਾਂ ਨਾਲ ਭਰਪੂਰ ਹੈ ਤੇ ਹਰ ਸ਼ਬਦ ਗੁਰੂ ਦੀ ਬੇੜੀ ਹੈ ਜਿਸ ਬੇੜੀ ਤੇ ਬੈਠਣ ਦੁਆਰਾ ਹੀ ਅਸੀਂ ਉਸ ਜਹਾਜ ਤੱਕ ਪਹੁੰਚ ਸਕਦੇ ਹਾਂ। ਗੁਰੂ ਦੀ ਹਰ ਬੇੜੀ ਤੇ ਬੈਠਣ ਦੁਆਰਾ ਹੀ ਅਸੀਂ ਉਸ ਜਹਾਜ ਤੱਕ ਪਹੁੰਚ ਸਕਦੇ ਹਾਂ। ਗੁਰੂ ਦੀ ਹਰ ਬੇੜੀ ਆਪਣੀ ਸ਼ਬਦ ਦੀ ਵਿਚਾਰ ਦੁਆਰਾ ਸਾਨੂੰ ਕੁਝ ਸਮਝਾਉਂਦੀ ਹੀ ਹੈ ਤੇ ਜੇਕਰ ਅਸੀਂ ਸ਼ਬਦ ਦੀ ਉਸ ਵਿਚਾਰ ਨੂੰ ਮੰਨ ਲੈਂਦੇ ਹਾਂ ਤਾਂ ਫਿਰ ਅਸੀਂ ਉਸ ਬੇੜੀ ਤੇ ਬੈਠ ਜਾਂਦੇ ਹਾਂ। ਗੁਰੂ ਦੀ ਬੇੜੀ ਤੇ ਬੈਠਣਾ ਬਹੁਤ ਔਖਾ ਹੈ ਜਿਸ ਤੇ ਬੈਠਣ ਲਈ ਪਹਿਲੇ ਆਪਣੀ ਮਤਿ ਛੱਡਣੀ ਪੈਂਦੀ ਹੈ, ਆਪਣੀ ਭਰਮਾਂ ਵਾਲੀ ਨਾਸਮਝ ਮਤਿ ਛੱਡਣੀ ਪੈਂਦੀ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ, ਹਉਮੈ ਛੱਡਣੀ ਪੈਂਦੀ ਹੈ, ਸਾਰੇ ਵਿਕਾਰ ਛੱਡਣੇ ਪੈਂਦੇ ਹਨ। ਸਾਰੀ ਗੱਲ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਜੁੜੀ ਹੋਈ ਹੈ। ਗੁਰੂ ਦੀ ਇਹ ਬੇੜੀ ਵਿਚਾਰਾਂ ਦੀ ਬੇੜੀ ਹੈ ਜੋ ਕਿ ਸੱਚੇ ਵਿਚਾਰਾਂ ਦੀ ਬੇੜੀ ਹੈ। ਸੱਚੇ ਵਿਚਾਰਾਂ ਦੀ ਬੇੜੀ ਤੇ ਬੈਠਣ ਲਈ ਝੂਠੇ ਵਿਚਾਰਾਂ ਦੀ ਬੇੜੀ ਤੋਂ ਉਤਰਨਾ ਪੈਂਦਾ ਹੈ ਜਿਸ ਬੇੜੀ ਤੇ ਅਸੀਂ ਹਰ ਵੇਲੇ ਬੈਠੇ ਹੋਏ ਹਾਂ। ਇਸ ਬੇੜੀ ਨੂੰ ਚਲਾਉਣ ਵਾਲਾ ਤੁਲਹਾ ਗੁਰੂ ਪ੍ਰਮਾਤਮਾ ਆਪ ਹੀ ਹੈ ਜੋ ਸਾਡਾ ਵਿਚਾਰਾਂ ਦਾ ਮਾਲਕ ਹੈ, ਸਾਡੀ ਸਮਝ ਦਾ ਮਾਲਕ ਹੈ ਇਸ ਗੱਲ ਦੀ ਸਮਝ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਪੈਂਦੀ ਹੈ, ਭਵਜਲ ਸਾਗਰ ਤੋਂ ਪਾਰ ਹੋਣ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ, ਮਾਇਆ ਮੋਹ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਪੈਂਦੀ ਹੈ ਜਿਸ ਵਿੱਚੋਂ ਕੇਵਲ ਤੇ ਕੇਵਲ ਉਸਦੀ ਕ੍ਰਿਪਾ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਉਸਦੀ ਕ੍ਰਿਪਾ ਉਸਤੇ ਹੀ ਹੁੰਦੀ ਹੈ ਜੋ ਗੁਰੂ ਦੀ ਬੇੜੀ ਤੇ ਬੈਠਣ ਦਾ ਉੱਦਮ ਕਰਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਦਾ ਉੱਦਮ ਕਰਦਾ ਹੈ ਭਾਵ ਗੁਰੂ ਦਾ ਨਾਮ ਜਪਣ ਦਾ ਉੱਦਮ ਕਰਦਾ ਹੈ ਤੇ ਜੋ ਗੁਰੂ ਦੀ ਮਤਿ ਨੂੰ ਛੱਡਕੇ ਹੋਰਨਾਂ ਦੀ ਮਤਿ ਨਾਲ ਜੁੜੇ ਹੋਏ ਹਨ, ਜਿਨ੍ਹਾਂ ਨੂੰ ਨਾਮ ਦੀ ਸਮਝ ਹੀ ਨਹੀਂ, ਭਗਤੀ ਦੇ ਸਹੀ ਮਾਰਗ ਦੀ ਸਮਝ ਹੀ ਨਹੀਂ, ਸੱਚ ਦੀ ਸਮਝ ਹੀ ਨਹੀਂ ਭਾਵ ਜਿਨ੍ਹਾਂ ਨੇ ਸੱਚ ਦਾ ਘਰ ਵੇਖਿਆ, ਜਾਣਿਆ ਹੀ ਨਹੀਂ ਉਹੋ ਜਿਹਿਆਂ ਦੀ ਮਤਿ ਦੇ ਨਾਲ ਜੁੜਕੇ ਅਸੀਂ ਗੁਰੂ ਦੀ ਬੇੜੀ ਤੇ ਬੈਠਣ ਦਾ ਉੱਦਮ ਵੀ ਨਹੀਂ ਕਰ ਸਕਦੇ। ਗੁਰੂ ਦੀ ਬੇੜੀ ਤੇ ਬੈਠਣ ਲਈ ਤੇ ਭਉਜਲ ਸਾਗਰ

51/7079

ਤੋਂ ਪਾਰ ਉਤਰਨ ਲਈ ਭਾਵ ਗੁਰੂ ਦੇ ਜਹਾਜ ਤੇ ਚੜਨ ਲਈ ਸਾਨੂੰ ਪਹਿਲਾਂ ਉਹੋ ਜਿਹਿਆਂ ਦੀ ਮਤਿ ਨੂੰ ਛੱਡਣਾ ਪਵੇਗਾ ਜਿਹੋ ਜਿਹਿਆਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਤੇ ਉੱਚੇ ਸਮਝਿਆ ਹੋਇਆ ਹੈ, ਧਰਮ ਦੇ ਮਾਰਗ ਦੇ ਵਿਦਵਾਨ ਸਮਝਿਆ ਹੋਇਆ ਹੈ। ਧਰਮ ਦਾ ਵਿਦਵਾਨ ਕੇਵਲ ਤੇ ਕੇਵਲ ਗੁਰੂ ਹੈ ਜੋ ਸਾਨੂੰ ਸੱਚ ਹੀ ਸਮਝਾਉਂਦਾ ਹੈ ਕਿਉਂਕਿ ਉਹ ਸੱਚ ਦੇ ਘਰ ਵਿੱਚ ਬੈਠਕੇ ਹੀ ਸਮਝਾਉਂਦਾ ਹੈ। **(ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥ ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥)**

ਜੋ ਗੁਰੂ ਦੇ ਜਹਾਜ ਤੇ ਬੈਠ ਕੇ, ਨਾਮ ਰੂਪ ਜਹਾਜ ਤੇ ਬੈਠ ਕੇ ਭਵਸਾਗਰ ਤੋਂ ਪਾਰ ਉਤਰਦਾ ਹੈ ਭਾਵ ਉਹ ਗੁਰੂ ਦਾ ਨਾਮ ਕਿਸ ਤਰੀਕੇ ਜਪਦਾ ਹੈ ਤੇ ਕਿਸ ਮਕਸਦ ਲਈ ਜਪਦਾ ਹੈ ਤੇ ਉਸਨੂੰ ਕੀ ਪ੍ਰਾਪਤੀ ਹੁੰਦੀ ਹੈ ਭਾਵ ਉਹ ਗੁਰੂ ਦੇ ਨਾਮ ਵਾਲਾ ਕਿਸ ਰੂਪ ਵਿੱਚ ਬਣਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥

ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥”

ਹੁਣ ਧਿਆਨ ਨਾਲ ਸਮਝੋ ਕਿ ਭਉਜਲ ਪਾਰ ਕਰਨਾ ਕੀ ਹੈ। ਤਰਨਾਂ ਤਾਂ ਅਸੀਂ ਆਪਣੀ ਮਾੜੀ ਮਤਿ ਤੋਂ ਹੀ ਹੈ ਜੋ ਮਤਿ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੀ ਹੈ। ਮਾੜੇ ਕਰਮ ਉਹੀ ਮਨੁੱਖ ਕਰਦਾ ਹੈ ਜਿਸ ਮਨੁੱਖ ਦੇ ਅੰਦਰ ਨਾਮ ਨਹੀਂ ਹੈ ਭਾਵ ਗੁਰੂ ਦੀ ਮਤਿ ਨਹੀਂ ਹੈ। ਜਿੱਥੇ ਨਾਮ ਨਹੀਂ ਹੈ ਉਸ ਮਨ ਵਿੱਚ ਹਉਮੈ ਹੁੰਦੀ ਹੈ ਭਾਵ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਅਗਿਆਨਤਾ ਹੁੰਦੀ ਹੈ ਭਾਵ ਮਨਮਤਿ ਹੁੰਦੀ ਹੈ ਜਿਸ ਕਰਕੇ ਉਹ ਮਮਤਾ ਵਿੱਚ ਰਹਿੰਦਾ ਹੈ ਭਾਵ ਆਪਣੇਪਨ ਵਿੱਚ ਰਹਿੰਦਾ ਹੈ ਤੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਭਾਵ ਆਪਣੀ ਮੈਂ ਵਿੱਚ ਰਹਿੰਦਾ ਹੈ। ਆਪਣੀ ਹਉਮੈ ਕਰਕੇ ਹੀ ਮਨੁੱਖ ਲੋਭ, ਲਾਲਚ ਵਿੱਚ ਰਹਿੰਦਾ ਹੈ ਜਿਸ ਲੋਭ ਦੀ ਪੂਰਤੀ ਲਈ ਉਹ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ ਭਾਵ ਆਪਣੇ ਸਰੀਰ ਦੀਆਂ ਇੰਦ੍ਰੀਆਂ ਰਾਹੀਂ ਮਾੜੇ ਕਰਮ ਕਰਦਾ ਹੈ। ਜਦ ਤੱਕ ਅਸੀਂ ਮਾੜੇ ਕਰਮ ਕਰਨ ਤੋਂ ਮੁਕਤ ਨਹੀਂ ਹੁੰਦੇ ਤਦ ਤੱਕ ਅਸੀਂ **“ਨਉ ਦਰ ਮੁਕਤੇ”** ਨਹੀਂ ਬਣ ਸਕਦੇ ਜਿਵੇਂ ਕਿ ਕੁੱਝ ਪਿੱਛੇ ਇਸ ਸ਼ਬਦ ਦੇ ਸ਼ੁਰੂ ਵਿੱਚ ਅਸੀਂ ਇਸ ਗੱਲ ਨੂੰ ਸਮਝਿਆ ਹੀ ਹੈ। ਇਨ੍ਹਾਂ ਔਗੁਣਾਂ ਤੋਂ ਮੁਕਤ ਹੋਏ ਬਿਨਾਂ, ਹਉਮੈ ਤੋਂ ਮੁਕਤ ਹੋਏ ਬਿਨਾਂ ਸਾਡੇ ਅੰਦਰ ਦਾ ਦਸਮ ਦੁਆਰ ਬੰਦ ਹੀ ਰਹਿੰਦਾ ਹੈ ਭਾਵ ਸਾਨੂੰ ਆਪਣੇ ਅੰਦਰੋਂ ਪ੍ਰਮਾਤਮਾ ਦੇ ਹੁੰਦੇ ਹੋਏ ਵੀ ਉਸਦੇ ਦਰਸ਼ਨ

ਨਹੀਂ ਹੋ ਸਕਦੇ। ਮਨ ਦੇ ਵਿੱਚੋਂ ਉਸਦੇ ਦਰਸ਼ਨ ਦਸਮ ਦੁਆਰ ਖੁੱਲਣ ਦੁਆਰਾ ਹੀ ਹੁੰਦੇ ਹਨ ਜੋ ਆਪਣਾ ਦਸਮ ਦੁਆਰ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਖੋਲਦਾ ਹੈ ਜੋ ਦੁਆਰ ਖੋਲਣ ਦੁਆਰਾ ਹੀ ਉਹ ਕਿਸੇ ਨੂੰ ਆਪਣਾ ਨਾਮ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਸਮਝਾਇਆ ਹੈ ਜਿਸ ਉੱਚੀ ਸਮਝ ਰਾਹੀਂ ਉਸਨੇ ਉਨ੍ਹਾਂ ਨੂੰ ਆਪਣੇ ਨਾਮ ਰੂਪ ਜਹਾਜ ਤੇ ਬੈਠਾ ਕੇ ਮਨ ਦੇ ਅਗਿਆਨਤਾ ਰੂਪ ਸਾਗਰ ਤੋਂ ਪਾਰ ਲੰਘਾਇਆ ਹੈ, ਉਨ੍ਹਾਂ ਦੀ ਹਉਮੈ ਦੂਰ ਕੀਤੀ ਹੈ ਤੇ ਉਨ੍ਹਾਂ ਦਾ ਹਰ ਮਾੜਾ ਵਿਚਾਰ ਦੂਰ ਕੀਤਾ ਹੈ ਜਿਸ ਰਾਹੀਂ ਉਨ੍ਹਾਂ ਕੋਲੋਂ ਜੋ ਕੁਝ ਵੀ ਕਰਵਾਇਆ ਹੈ ਉਹ ਚੰਗਾ ਕਰਮ ਹੀ ਕਰਵਾਇਆ ਹੈ। ਆਪਣੇ ਆਪ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਸਮ ਦੁਆਰ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਜਿਸਨੇ ਸਾਨੂੰ ਉਪਾਇਆ ਹੈ ਭਾਵ ਜਿਸਨੇ ਸਾਡੇ ਸਰੀਰ ਦੀ ਰਚਨਾ ਕੀਤੀ ਹੈ ਉਸਨੇ ਹੀ ਸਾਡੇ ਅੰਦਰ ਮਨ ਰੂਪ ਦੁਆਰ ਪਾਇਆ ਹੈ ਭਾਵ ਜਿਸਨੇ ਸਾਡੇ ਸਰੀਰ ਵਿੱਚ ਨੌਂ ਦਰਵਾਜੇ ਪਾਏ ਹਨ ਉਸਨੇ ਹੀ ਸਾਡੇ ਅੰਦਰ ਦਸਵਾਂ ਦੁਆਰ ਪਾਇਆ ਹੈ ਜੋ ਦਸਵਾਂ ਦੁਆਰ ਖੁੱਲਣ ਦੁਆਰਾ ਉਸ ਸ੍ਰਿਸ਼ਟੀ ਦੇ ਮਾਲਕ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ। ਆਪਣਾ ਦਸਮ ਦੁਆਰ ਖੁੱਲਵਾਉਣ ਦਾ ਤਰੀਕਾ ਕੇਵਲ ਤੇ ਕੇਵਲ ਗੁਰੂ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਭਾਵ ਗੁਰੂ ਦਾ ਨਾਮ ਹੈ ਜਿਸ ਨਾਮ ਨੂੰ ਜਪਣ ਦੁਆਰਾ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਅਸੀਂ ਹਉਮੈ, ਮਮਤਾ ਤੋਂ ਮੁਕਤ ਹੋਣ ਦਾ, ਮਨ ਦੇ ਵਿਕਾਰਾਂ ਤੋਂ ਮੁਕਤ ਹੋਣ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ, ਗੁਰੂ ਦੇ ਬੋਹਿਥ ਤੇ ਬੈਠਣ ਦਾ ਤੇ ਭਵਜਲ ਸਾਗਰ ਨੂੰ ਪਾਰ ਕਰਨ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ। **(ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥ ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥)**

ਗੁਰੂ ਕਿਸ ਰੂਪ ਵਿੱਚ ਬੋਹਿਥ ਹੈ ਤੇ ਉਸ ਬੋਹਿਥ ਤੇ ਕਿਵੇਂ ਚੜਿਆ ਜਾ ਸਕਦਾ ਹੈ, ਕਿਵੇਂ ਬੈਠਿਆ ਜਾ ਸਕਦਾ ਹੈ ਤੇ ਮਨ ਦੇ ਭਵਜਲ ਸਾਗਰ ਤੋਂ ਪਾਰ ਉਤਰਿਆ ਜਾ ਸਕਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਗੁਰੂ ਦੇ ਬੋਹਿਥ ਤੇ ਚੜਨ ਦਾ ਸੱਚਾ ਉੱਦਮ ਕਰੀਏ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰੀਏ। ਉਸਦਾ ਬੋਹਿਥ ਸਾਡੇ ਅੰਦਰ ਹੀ ਹੈ ਤੇ ਉਸ ਬੋਹਿਥ ਤੱਕ ਪਹੁੰਚਣ ਲਈ ਸਾਡੇ ਕੋਲ ਗੁਰੂ ਰੂਪ ਬੋਹਿਥ ਹੈ ਜੋ ਬੋਹਿਥ ਸਾਰੇ ਸੰਸਾਰ ਨੂੰ ਉਸ ਬੋਹਿਥ ਤੇ ਚੜਨ ਦਾ ਇੱਕੋ ਜਿਹਾ ਮਾਰਗ ਹੀ ਸਮਝਾਉਂਦਾ ਹੈ। ਪੂਰੀ ਗੁਰਬਾਣੀ ਪ੍ਰਮਾਤਮਾ ਦਾ ਨਾਮ

51/7081

ਰੂਪ ਬੋਹਿਥ ਹੈ ਜਿਸ ਬੋਹਿਥ ਤੇ ਗੁਰੂ ਦਾ ਨਾਮ ਜਪਣ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਚੜਿਆ ਜਾ ਸਕਦਾ ਹੈ ਤੇ ਉਸਦੇ ਉਪਰ ਚੜਕੇ ਹੀ ਪ੍ਰਮਾਤਮਾ ਦਾ ਨਾਮ ਹਰ ਵੇਲੇ ਜੱਪਿਆ ਜਾ ਸਕਦਾ ਹੈ ਭਾਵ ਹਰ ਵੇਲੇ ਗੁਰਮਤਿ ਅਨੁਸਾਰ ਚੱਲਿਆ ਜਾ ਸਕਦਾ ਹੈ। ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਆਉ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਬੋਹਿਥ ਨੂੰ ਸਮਝੀਏ ਤੇ ਬੋਹਿਥ ਤੇ ਚੜਨਾ ਸਮਝੀਏ, ਬੋਹਿਥ ਤੇ ਚੜਨਾ ਕੀ ਹੈ, ਬੇੜੀ ਤੇ ਚੜਨਾ ਕੀ ਹੈ।

ਸਿਰੀਰਾਗੁ ਮਹਲਾ ੧ ॥

{ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ ॥ ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ ॥
ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ ॥੧॥ ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥
ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥੧॥ ਰਹਾਉ ॥ ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ॥
ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ॥ ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ ॥੨॥
ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥ ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥
ਜੇ ਤਿਸੁ ਭਾਵੈ ਊਜਲੀ ਸਤ ਸਰਿ ਨਾਵਣ ਜਾਉ ॥੩॥ ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥
ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥ ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ ॥੪॥੯॥}

(ਅੰਗ ੧੭)

ਸਿਰੀਰਾਗੁ ਮਹਲਾ ੪ ॥

{ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ ॥
ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ ॥
ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥੧॥ ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥
ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥
ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥
ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ ੪੦)

{ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥
ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥ ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥
ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥}

(ਅੰਗ ੫੪)

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥
ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥ ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥੪॥}

(ਅੰਗ ੫੯)

{ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ ॥
ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ॥ ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ॥੬॥}

(ਅੰਗ ੭੦)

{ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ॥ ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ ॥
ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਏ ॥
ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥
ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥੧॥
ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ ॥ ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ ॥
ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ ॥ ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ॥
ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ ॥੨॥}

(ਅੰਗ ੭੯)

ਮਾਝ ਮਹਲਾ ੫ ॥

{ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ ਕਰਿ ਕਿਰਪਾ ਭਗਤੰਹੀ ਪ੍ਰਗਟਾਇਆ ॥
ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥ ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ॥
ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥ ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥
ਖਿਨ ਮਹਿ ਥਾਪਿ ਉਥਾਪਨਹਾਰਾ ॥ ਆਪਿ ਇਕੰਤੀ ਆਪਿ ਪਸਾਰਾ ॥
ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥ ਅੰਚਲਿ ਲਾਇ ਸਭ ਸਿਸਟਿ ਤਰਾਈ॥
ਆਪਣਾ ਨਾਉ ਆਪਿ ਜਪਾਈ ॥ ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥੪॥੪੧॥੪੮॥}

(ਅੰਗ ੧੦੮)

51/7082

ਗਉੜੀ ਮਹਲਾ ੧ ॥

{ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥ ਪੂੰਜੀ ਪਾਪ ਲੋਭ ਕੀ ਕੀਤੁ ॥
ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥ ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥
ਹਉ ਪਾਪੀ ਤੂੰ ਨਿਰਮਲੁ ਏਕ ॥੧॥ ਰਹਾਉ ॥ ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥
ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥ ਸਬਦਿ ਮਰੈ ਫਿਰਿ ਮਰਣੁ ਨ ਹੋਇ ॥
ਬਿਨੁ ਮੂਏ ਕਿਉ ਪੂਰਾ ਹੋਇ ॥ ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥
ਬੋਹਿਥਿ ਚੜਉ ਜਾ ਆਵੈ ਵਾਰੁ ॥ ਠਾਕੇ ਬੋਹਿਥ ਦਰਗਹ ਮਾਰ ॥ ਸਚੁ ਸਾਲਾਹੀ ਧੰਨੁ ਗੁਰਦੁਆਰੁ ॥
ਨਾਨਕ ਦਰਿ ਘਰਿ ਏਕੰਕਾਰੁ ॥੪॥੭॥}

(ਅੰਗ ੧੫੩)

ਗਉੜੀ ਗੁਆਰੇਰੀ ਮਹਲਾ ੫ ॥

{ਅਨਿਕ ਜਤਨ ਨਹੀ ਹੋਤ ਛੁਟਾਰਾ ॥ ਬਹੁਤੁ ਸਿਆਣਪ ਆਗਲ ਭਾਰਾ ॥ ਹਰਿ ਕੀ ਸੇਵਾ ਨਿਰਮਲ ਹੇਤ ॥
ਪ੍ਰਭ ਕੀ ਦਰਗਹ ਸੋਭਾ ਸੇਤ ॥੧॥ ਮਨ ਮੇਰੇ ਗਹੁ ਹਰਿ ਨਾਮ ਕਾ ਓਲਾ॥ ਤੁਝੈ ਨ ਲਾਗੈ ਤਾਤਾ ਝੋਲਾ ॥੧॥ਰਹਾਉ॥
ਜਿਉ ਬੋਹਿਥੁ ਭੈ ਸਾਗਰ ਮਾਹਿ ॥ ਅੰਧਕਾਰ ਦੀਪਕ ਦੀਪਾਹਿ ॥ ਅਗਨਿ ਸੀਤ ਕਾ ਲਾਹਸਿ ਦੂਖ ॥
ਨਾਮੁ ਜਪਤ ਮਨਿ ਹੋਵਤ ਸੂਖ ॥੨॥ ਉਤਰਿ ਜਾਇ ਤੇਰੇ ਮਨ ਕੀ ਪਿਆਸ ॥ ਪੂਰਨ ਹੋਵੈ ਸਗਲੀ ਆਸ ॥
ਡੋਲੈ ਨਾਹੀ ਤੁਮਰਾ ਚੀਤੁ ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ ॥੩॥ ਨਾਮੁ ਅਉਖਧੁ ਸੋਈ ਜਨੁ ਪਾਵੈ ॥
ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥ ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ ॥
ਦੂਖੁ ਦਰਦੁ ਤਿਹ ਨਾਨਕ ਨਸੈ ॥੪॥੧੦॥੭੯॥}

(ਅੰਗ ੧੭੮-੧੭੯)

ਗਉੜੀ ਮਹਲਾ ੫ ॥

{ਅਨੂਪ ਪਦਾਰਥੁ ਨਾਮੁ ਸੁਨਹੁ ਸਗਲ ਧਿਆਇਲੇ ਮੀਤਾ ॥
ਹਰਿ ਅਉਖਧੁ ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ ॥੧॥ ਰਹਾਉ ॥
ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ॥੧॥
ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ ॥ ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿ ਰੰਗਾ ॥੨॥
ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ ॥
ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥}

(ਅੰਗ ੨੦੮)

ਗਉੜੀ ਮਹਲਾ ੫ ॥

{ਤੁਮ ਹਰਿ ਸੇਤੀ ਰਾਤੇ ਸੰਤਹੁ ॥ ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ ॥੧॥ ਰਹਾਉ ॥
ਤੁਮਰਾ ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ ॥
ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ ॥੧॥
ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ ॥

ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ॥੨॥ ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ॥
ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ ॥੩॥
ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ ॥
ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ ॥੪॥੧੪॥੧੩੫॥}

(ਅੰਗ ੨੦੯)

ਗਉੜੀ ਮਹਲਾ ੫ ॥

{ਮਨ ਧਰ ਤਰਬੇ ਹਰਿ ਨਾਮ ਨੋ ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥
ਕਲਿ ਕਾਲਖ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥ ਬਿਖੁ ਬਿਖਿਆ ਪਸਰੀ ਅਤਿ ਘਨੀ॥
ਉਬਰੇ ਜਪਿ ਜਪਿ ਹਰਿ ਗੁਨੀ ॥੨॥ ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥
ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥}

(ਅੰਗ ੨੧੦)

ਗਉੜੀ ਮਹਲਾ ੧ ॥

{ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥ ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥
ਤੂੰ ਮਨਿ ਹਰਿ ਜੀਉ ਤੂੰ ਮਨਿ ਸੁਖ ॥ ਨਾਮੁ ਬਿਸਾਰਿ ਸਹਹਿ ਜਮ ਦੁਖ ॥੧॥ ਰਹਾਉ ॥
ਚੋਆ ਚੰਦਨ ਅਗਰ ਕਪੂਰਿ ॥ ਮਾਇਆ ਮਗਨੁ ਪਰਮ ਪਦੁ ਦੂਰਿ ॥ ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥
ਨੇਜੇ ਵਾਜੇ ਤਖਤਿ ਸਲਾਮੁ ॥ ਅਧਕੀ ਤ੍ਰਿਸਨਾ ਵਿਆਪੈ ਕਾਮੁ ॥ ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥
ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ ॥ ਦੂਜੈ ਭਾਇ ਅਗਿਆਨੁ ਦੁਹੇਲਾ ॥੪॥
ਬਿਨੁ ਦਮ ਕੇ ਸਉਦਾ ਨਹੀ ਹਾਟ ॥ ਬਿਨੁ ਬੋਹਿਥ ਸਾਗਰ ਨਹੀ ਵਾਟ ॥ ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥
ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥
ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥ ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥
ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ ਨਾਮ ਵਡਾਈ ਤੁਧੁ ਭਾਣੈ ਦੀਉ ॥੭॥ ਨਾਮ ਬਿਨਾ ਕਿਉ ਜੀਵਾ ਮਾਇ ॥
ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥ ਨਾਨਕ ਨਾਮਿ ਰਤੇ ਪਤਿ ਪਾਇ ॥੮॥੧੨॥}

(ਅੰਗ ੨੨੬)

ਗਉੜੀ ਮਹਲਾ ੩ ॥

{ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ ॥
ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ ॥
ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ ਇਨ ਬਿਧਿ ਦੁਤਰੁ ਤਰੀਐ ॥
ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ ॥
ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ ਭਏ ਪਵਿਤੁ ਸਰੀਰਾ ॥
ਨਾਨਕ ਰਾਮ ਨਾਮਿ ਨਿਸਤਾਰਾ ਕੰਚਨ ਭਏ ਮਨੂਰਾ ॥੧॥
ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ ॥

ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ ॥
ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ ॥
ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ ॥ ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ ਆਪਿ ਤਰੈ ਕੁਲ ਤਾਰੇ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤਿ ਮਿਲੇ ਪਿਆਰੇ ॥੨॥
ਰਾਮ ਨਾਮ ਬਿਨੁ ਕੋ ਥਿਰੁ ਨਾਹੀ ਜੀਉ ਬਾਜੀ ਹੈ ਸੰਸਾਰਾ ॥ ਦ੍ਰਿੜੁ ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ ॥
ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ ॥
ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥
ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ ॥
ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ ॥੩॥
ਆਪਿ ਕਰਾਏ ਕਰੇ ਆਪਿ ਜੀਉ ਆਪੇ ਸਬਦਿ ਸਵਾਰੇ ॥
ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ ਭਗਤ ਪਿਆਰੇ ॥
ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ ਆਪੇ ਭਗਤੀ ਲਾਏ ॥
ਆਪੇ ਦਾਨਾ ਆਪੇ ਬੀਨਾ ਆਪੇ ਸੇਵ ਕਰਾਏ ॥ ਆਪੇ ਗੁਣਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ ॥
ਨਾਨਕ ਸਦ ਬਲਿਹਾਰੀ ਸਚੇ ਵਿਟਹੁ ਆਪੇ ਕਰੇ ਕਰਾਏ ॥੪॥੪॥}

(ਅੰਗ ੨੪੫-੨੪੬)

ਆਸਾ ਮਹਲਾ ੫ ॥
{ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥ ਐਸੀ ਗੁਰਮਤਿ ਪਾਈਅਲੇ ॥
ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥੧॥ ਰਹਾਉ ॥
ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥
ਦੁਤਰ ਅੰਧ ਬਿਖਮ ਇਹ ਮਾਇਆ ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥
ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੋਰੀ ॥੪॥੨੬॥}

(ਅੰਗ ੩੭੭)

ਆਸਾ ਮਹਲਾ ੫ ॥
{ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ ॥ ਕਿਤੰਾ ਇਤੁ ਦਰੀਆਇ ਵੰਞਨ੍ਹਿ ਵਹਦਿਆ ॥੧॥
ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥ ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥੧॥ ਰਹਾਉ ॥
ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਵਿਆ ॥ ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥੨॥
ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ ॥ ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥੩॥
ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ ॥ ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ ॥੪॥੮॥੧੧੦॥}

(ਅੰਗ ੩੯੮)

51/7083

ਆਸਾ ਮਹਲਾ ੧ ॥

{ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥ ਸਮਝਿ ਸੂਝਿ ਸਹਜ ਘਰਿ ਹੋਵਹਿ ॥
ਬਿਨੁ ਬੂਝੇ ਸਗਲੀ ਪਤਿ ਖੋਵਹਿ ॥੧॥ ਕਉਣੁ ਮਰੈ ਕਉਣੁ ਰੋਵੈ ਓਹੀ ॥
ਕਰਣ ਕਾਰਣ ਸਭਸੈ ਸਿਰਿ ਤੋਹੀ ॥੧॥ ਰਹਾਉ ॥ ਮੂਏ ਕਉ ਰੋਵੈ ਦੁਖੁ ਕੋਇ ॥ ਸੋ ਰੋਵੈ ਜਿਸੁ ਬੇਦਨ ਹੋਇ ॥
ਜਿਸੁ ਬੀਤੀ ਜਾਣੈ ਪ੍ਰਭ ਸੋਇ ॥ ਆਪੇ ਕਰਤਾ ਕਰੇ ਸੁ ਹੋਇ ॥੨॥ ਜੀਵਤ ਮਰਣਾ ਤਾਰੇ ਤਰਣਾ ॥
ਜੈ ਜਗਦੀਸ ਪਰਮ ਗਤਿ ਸਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥ ਗੁਰੁ ਬੋਹਿਥੁ ਸਬਦਿ ਭੈ ਤਰਣਾ ॥੩॥
ਨਿਰਭਉ ਆਪਿ ਨਿਰੰਤਰਿ ਜੋਤਿ ॥ ਬਿਨੁ ਨਾਵੈ ਸੂਤਕੁ ਜਗਿ ਛੋਤਿ ॥ ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥
ਜਨਮਿ ਮੂਏ ਬਿਨੁ ਭਗਤਿ ਸਰੋਤਿ ॥੪॥ ਮੂਏ ਕਉ ਸਚੁ ਰੋਵਹਿ ਮੀਤ ॥ ਤ੍ਰੈ ਗੁਣ ਰੋਵਹਿ ਨੀਤਾ ਨੀਤ ॥
ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥ ਤਨੁ ਮਨੁ ਸਉਪਉ ਕ੍ਰਿਸਨ ਪਰੀਤਿ ॥੫॥ ਭੀਤਰਿ ਏਕੁ ਅਨੇਕ ਅਸੰਖ ॥
ਕਰਮ ਧਰਮ ਬਹੁ ਸੰਖ ਅਸੰਖ ॥ ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥
ਆਪਿ ਮਰੈ ਮਾਰੇ ਭੀ ਆਪਿ ॥ ਆਪਿ ਉਪਾਏ ਥਾਪਿ ਉਥਾਪਿ ॥ ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥
ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਤਿ॥੭॥ ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ॥
ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥੮॥੪॥}

(ਅੰਗ ੪੧੩)

{ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ ॥ ਭੇਟਿਓ ਪੂਰਾ ਸਤਿਗੁਰੂ ਸਾਚਾ ਪ੍ਰਭ ਸਿਉ ਨੇਹ ॥੬॥}

(ਅੰਗ ੪੩੧)

ਪਉੜੀ ॥

{ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥੧੩॥}

(ਅੰਗ ੪੭੦)

ਮਃ ੩ ॥

{ਆਸਾ ਮਨਸਾ ਮਰਿ ਜਾਇਸੀ ਜਿਨਿ ਕੀਤੀ ਸੋ ਲੈ ਜਾਇ ॥
ਨਾਨਕ ਨਿਹਚਲੁ ਕੋ ਨਹੀ ਬਾਝਹੁ ਹਰਿ ਕੈ ਨਾਇ ॥੨॥}

(ਅੰਗ ੫੧੭)

ਪਉੜੀ ॥

{ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ ॥ ਆਪੇ ਸਾਹੁ ਆਪੇ ਵਣਜਾਰਾ ਆਪੇ ਹੀ ਹਰਿ ਹਾਟੁ ॥
ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ ॥ ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥
ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਾਟੁ ॥੨੨॥੧॥ ਸੁਧੁ}

(ਅੰਗ ੫੧੭)

ਮਃ ੩ ॥

{ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥ ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥੨॥}

(ਅੰਗ ੫੫੨)

ਪਉੜੀ ॥

{ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ ॥
ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ ॥
ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ ॥
ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ ॥
ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ ॥੯॥}

(ਅੰਗ ੫੫੨)

ਮਃ ੩ ॥

{ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ॥ ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ ॥
ਨਾਮੁ ਸਮ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥ ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ ॥੨॥}

(ਅੰਗ ੫੫੨)

ਪਉੜੀ ॥

{ਆਪੇ ਪਾਰਸੁ ਆਪਿ ਧਾਤੁ ਹੈ ਆਪਿ ਕੀਤੋਨੁ ਕੰਚਨੁ ॥ ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖੰਡਨੁ ॥
ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ॥ ਆਪਿ ਬਿਬੇਕੁ ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ॥
ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂ ਹਰਿ ਸੁਖਦਾਤਾ ਵਡਨੁ ॥੧੦॥}

(ਅੰਗ ੫੫੨)

51/7084

ਛੰਤੁ ॥

{ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥
ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥
ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ ॥ ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ ॥
ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥
ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥}

(ਅੰਗ ੫੭੭)

ਸੋਰਠਿ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ ॥ ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ॥

ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ ॥੧॥ ਜਪਿ ਮਨ ਹਰਿ ਹਰਿ ਨਾਮੁ ਸਲਾਹ ॥
ਗੁਰ ਕਿਰਪਾ ਤੇ ਪਾਈਐ ਪਿਆਰਾ ਅੰਮ੍ਰਿਤੁ ਅਗਮ ਅਥਾਹ ॥ ਰਹਾਉ ॥
ਆਪੇ ਸੁਣਿ ਸਭ ਵੇਖਦਾ ਪਿਆਰਾ ਮੁਖਿ ਬੋਲੇ ਆਪਿ ਮੁਹਾਹੁ ॥
ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ॥ ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਵੇਪਰਵਾਹੁ॥੨॥
ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ ॥
ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ ॥
ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ ॥੩॥
ਆਪੇ ਸਾਗਰੁ ਬੋਹਿਥਾ ਪਿਆਰਾ ਗੁਰੁ ਖੇਵਟੁ ਆਪਿ ਚਲਾਹੁ ॥
ਆਪੇ ਹੀ ਚੜਿ ਲੰਘਦਾ ਪਿਆਰਾ ਕਰਿ ਚੋਜ ਵੇਖੈ ਪਾਤਿਸਾਹੁ ॥
ਆਪੇ ਆਪਿ ਦਇਆਲੁ ਹੈ ਪਿਆਰਾ ਜਨ ਨਾਨਕ ਬਖਸਿ ਮਿਲਾਹੁ ॥੪॥੧॥}

(ਅੰਗ ੬੦੪)

ਸੋਰਠਿ ਮਹਲਾ ੫ ॥
{ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ ॥
ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥੧॥ ਹਰਿ ਕੇ ਚਰਨ ਕਮਲ ਆਧਾਰ ॥
ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ਚੜਿ ਲੰਘਉ ਬਿਖੁ ਸੰਸਾਰ ॥੧॥ ਰਹਾਉ ॥
ਭਏ ਕ੍ਰਿਪਾਲ ਪੂਰਨ ਅਬਿਨਾਸੀ ਆਪਹਿ ਕੀਨੀ ਸਾਰ ॥
ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਾਹੀ ਸੁਮਾਰ ॥੨॥੧੦॥੩੮॥}

(ਅੰਗ ੬੧੮)

{ਜਿਨ੍ੀ ਸਤਿਗੁਰੁ ਸੇਵਿਆ ਪਿਆਰੇ ਤਿਨ੍ ਕੇ ਸਾਥ ਤਰੇ ॥ ਤਿਨ੍ਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ॥
ਬੂਡੇ ਭਾਰੇ ਭੈ ਬਿਨਾ ਪਿਆਰੇ ਤਾਰੇ ਨਦਰਿ ਕਰੇ ॥੧॥ ਭੀ ਤੂਹੈ ਸਾਲਾਹਣਾ ਪਿਆਰੇ ਭੀ ਤੇਰੀ ਸਾਲਾਹ ॥
ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ ॥੧॥ ਰਹਾਉ ॥}

(ਅੰਗ ੬੩੬)

ਧਨਾਸਰੀ ਮਹਲਾ ੫ ਘਰੁ ੮ ਦੁਪਦੇ
ੴ ਸਤਿਗੁਰ ਪ੍ਰਸਾਦਿ ॥
{ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥ ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥
ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥
ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥}

(ਅੰਗ ੬੭੯)

ਸਲੋਕ ॥

{ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥
ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥੧॥
ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ ॥ ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ ॥੨॥}

(ਅੰਗ ੭੧੦)

ਪਉੜੀ ॥

{ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ ॥ ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ ॥
ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ ॥ ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ ਅਪ ਦਸੇ ॥
ਗੁਣ ਗਾਏ ਬੇਅੰਤ ਰਸਨਾ ਹਰਿ ਜਸੇ ॥੧੯॥}

(ਅੰਗ ੭੧੦)

ਟੋਡੀ ਮਃ ੫ ॥

{ਕਿਰਪਨ ਤਨ ਮਨ ਕਿਲਵਿਖ ਭਰੇ ॥ ਸਾਧਸੰਗਿ ਭਜਨੁ ਕਰਿ ਸੁਆਮੀ ਢਾਕਨ ਕਉ ਇਕੁ ਹਰੇ ॥੧॥ ਰਹਾਉ॥
ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ ॥ ਜਿਸ ਕਾ ਬੋਹਿਥੁ ਤਿਸੁ ਆਰਾਧੇ ਖੋਟੇ ਸੰਗਿ ਖਰੇ ॥੧॥
ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ ॥
ਜੋਰੁ ਸਕਤਿ ਨਾਨਕ ਕਿਛੁ ਨਾਹੀ ਪ੍ਰਭ ਰਾਖਹੁ ਸਰਣਿ ਪਰੇ ॥੨॥੭॥੧੨॥}

(ਅੰਗ ੭੧੪)

51/7085

ਸੂਹੀ ਮਹਲਾ ੫ ॥

{ਭੈ ਸਾਗਰੋ ਭੈ ਸਾਗਰੁ ਤਰਿਆ ਹਰਿ ਹਰਿ ਨਾਮੁ ਧਿਆਏ ਰਾਮ ॥
ਬੋਹਿਥੜਾ ਹਰਿ ਚਰਣ ਅਰਾਧੇ ਮਿਲਿ ਸਤਿਗੁਰ ਪਾਰਿ ਲਘਾਏ ਰਾਮ ॥
ਗੁਰ ਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ ॥
ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥
ਦੂਖ ਨ ਭੂਖ ਨ ਰੋਗੁ ਨ ਬਿਆਪੈ ਸੁਖ ਸਾਗਰ ਸਰਣੀ ਪਾਏ ॥
ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ ਮਨ ਕੀ ਚਿੰਤ ਮਿਟਾਏ ॥੧॥
ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥
ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥
ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥
ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ ॥
ਸਾ ਵਡਭਾਗਣਿ ਸਦਾ ਸੋਹਾਗਣਿ ਰਾਮ ਨਾਮ ਗੁਣ ਚੀਨੇ ॥
ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾ ਰਸਿ ਭੀਨੇ ॥੨॥
ਅਨਦ ਬਿਨੋਦ ਭਏ ਨਿਤ ਸਖੀਏ ਮੰਗਲ ਸਦਾ ਹਮਾਰੈ ਰਾਮ ॥
ਆਪਨੜੈ ਪ੍ਰਭਿ ਆਪਿ ਸੀਗਾਰੀ ਸੋਭਾਵੰਤੀ ਨਾਰੇ ਰਾਮ ॥

ਸਹਜ ਸੁਭਾਇ ਭਏ ਕਿਰਪਾਲਾ ਗੁਣ ਅਵਗਣ ਨ ਬੀਚਾਰਿਆ ॥
ਕੰਠਿ ਲਗਾਇ ਲੀਏ ਜਨ ਅਪੁਨੇ ਰਾਮ ਨਾਮ ਉਰਿ ਧਾਰਿਆ ॥
ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ ॥
ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ ॥੩॥
ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥
ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥
ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਲਿ ਛਾਇਆ ॥
ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ॥
ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥
ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥੪॥੫॥੮॥}

(ਅੰਗ ੭੮੨-੭੮੩)

ਬਿਲਾਵਲੁ ਮਹਲਾ ੪ ॥
{ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥
ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥੧॥ ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥
ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥੧॥ ਰਹਾਉ ॥
ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥
ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥੨॥
ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥
ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥੩॥
ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥
ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥੪॥੪॥}

(ਅੰਗ ੭੯੯-੮੦੦)

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧
ੴ ਸਤਿਗੁਰ ਪ੍ਰਸਾਦਿ ॥
{ਨਦਰੀ ਆਵੈ ਤਿਸੁ ਸਿਉ ਮੋਹੁ ॥ ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥
ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥ ਸਾਧਸੰਗਤਿ ਕੈ ਅੰਚਲਿ ਲਾਵਹੁ ॥੧॥
ਕਿਉ ਤਰੀਐ ਬਿਖਿਆ ਸੰਸਾਰੁ ॥ ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ ਰਹਾਉ ॥
ਪਵਨ ਝੁਲਾਰੇ ਮਾਇਆ ਦੇਇ ॥ ਹਰਿ ਕੇ ਭਗਤ ਸਦਾ ਥਿਰੁ ਸੇਇ ॥
ਹਰਖ ਸੋਗ ਤੇ ਰਹਹਿ ਨਿਰਾਰਾ ॥ ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨॥
ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥ ਹਉਮੈ ਪਚੇ ਦੀਪਕ ਦੇਖਿ ਪਤੰਗਾ ॥
ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੩॥

ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥
ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥
ਆਨਦ ਰੂਪੁ ਸਭੁ ਨਦਰੀ ਆਇਆ ॥ ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥}

(ਅੰਗ ੮੦੧)

ਬਿਲਾਵਲੁ ਮਹਲਾ ੫ ॥

{ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥ ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥
ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥ ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ॥੧॥ਰਹਾਉ॥
ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥
ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥
ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥ ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥੯॥੩੯॥}

(ਅੰਗ ੮੧੦)

ਬਿਲਾਵਲੁ ਮਹਲਾ ੪ ਅਸਟਪਦੀਆ ਘਰੁ ੧੧

ੴ ਸਤਿਗੁਰ ਪ੍ਰਸਾਦਿ ॥

{ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ॥੧॥ ਮੈ ਹਰਿ ਹਰਿ ਨਾਮੁ ਅਧਾਰੁ ਰਮਈਆ॥
ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਈਆ ॥੧॥ ਰਹਾਉ ॥
ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥
ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥
ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥੪॥
ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥
ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋਪਾਲ ਨੀਸਾਨੁ ਬਜਈਆ ॥੫॥
ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥
ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥੬॥
ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥}

(ਅੰਗ ੮੩੩)

ਗੋਂਡ ਮਹਲਾ ੫ ॥

{ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥ ਗੁਰੁ ਮੇਰਾ ਦੇਉ ਅਲਖ ਅਭੇਉ ॥
ਸਰਬ ਪੂਜ ਚਰਨ ਗੁਰ ਸੇਉ ॥੧॥ ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥
ਅਨਦਿਨੁ ਜਪਉ ਗੁਰੂ ਗੁਰ ਨਾਉ ॥੧॥ ਰਹਾਉ ॥ ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥

ਗੁਰੁ ਗੋਪਾਲੁ ਪੁਰਖੁ ਭਗਵਾਨੁ ॥ ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥
ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥
ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥ ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥
ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥}

(ਅੰਗ ੮੬੪)

ਗੋਂਡ ਮਹਲਾ ੫ ॥

{ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥ ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥
ਗੁਰ ਸੁਪ੍ਰਸੰਨ ਭਏ ਵਡ ਭਾਗਿ ॥੧॥ ਆਠ ਪਹਰ ਗਾਈਐ ਗੋਬਿੰਦੁ ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥੧॥ ਰਹਾਉ ॥ ਹਰਿ ਗੁਣ ਰਮਤ ਭਏ ਆਨੰਦ ॥
ਪਾਰਬ੍ਰਹਮ ਪੂਰਨ ਬਖਸੰਦ ॥ ਕਰਿ ਕਿਰਪਾ ਜਨ ਸੇਵਾ ਲਾਏ ॥ ਜਨਮ ਮਰਣ ਦੁਖ ਮੇਟਿ ਮਿਲਾਏ ॥੨॥
ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧਸੰਗਿ ਜਪੀਐ ਹਰਿ ਨਾਮੁ ॥ ਸਾਗਰ ਤਰਿ ਬੋਹਿਥ ਪ੍ਰਭ ਚਰਣ ॥
ਅੰਤਰਜਾਮੀ ਪ੍ਰਭ ਕਾਰਣ ਕਰਣ ॥੩॥ ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥
ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥੧੨॥੧੪॥}

(ਅੰਗ ੮੬੬)

ਗੋਂਡ ਮਹਲਾ ੫ ॥

{ਭਵ ਸਾਗਰ ਬੋਹਿਥ ਹਰਿ ਚਰਣ ॥ ਸਿਮਰਤ ਨਾਮੁ ਨਾਹੀ ਫਿਰਿ ਮਰਣ ॥
ਹਰਿ ਗੁਣ ਰਮਤ ਨਾਹੀ ਜਮ ਪੰਥ ॥ ਮਹਾ ਬੀਚਾਰ ਪੰਚ ਦੂਤਹ ਮੰਥ ॥੧॥ }

(ਅੰਗ ੮੬੭)

51/7086

ਗੋਂਡ ਮਹਲਾ ੫ ॥

{ਨਾਮੁ ਨਿਰੰਜਨੁ ਨੀਰਿ ਨਰਾਇਣ ॥ ਰਸਨਾ ਸਿਮਰਤ ਪਾਪ ਬਿਲਾਇਣ ॥੧॥ ਰਹਾਉ ॥
ਨਾਰਾਇਣ ਸਭ ਮਾਹਿ ਨਿਵਾਸ ॥ ਨਾਰਾਇਣ ਘਟਿ ਘਟਿ ਪਰਗਾਸ ॥ ਨਾਰਾਇਣ ਕਹਤੇ ਨਰਕਿ ਨ ਜਾਹਿ ॥
ਨਾਰਾਇਣ ਸੇਵਿ ਸਗਲ ਫਲ ਪਾਹਿ ॥੧॥ ਨਾਰਾਇਣ ਮਨ ਮਾਹਿ ਅਧਾਰ ॥ ਨਾਰਾਇਣ ਬੋਹਿਥ ਸੰਸਾਰ ॥
ਨਾਰਾਇਣ ਕਹਤ ਜਮੁ ਭਾਗਿ ਪਲਾਇਣ ॥ ਨਾਰਾਇਣ ਦੰਤ ਭਾਨੇ ਡਾਇਣ ॥੨॥
ਨਾਰਾਇਣ ਸਦ ਸਦ ਬਖਸਿੰਦ ॥ ਨਾਰਾਇਣ ਕੀਨੇ ਸੂਖ ਅਨੰਦ ॥ ਨਾਰਾਇਣ ਪ੍ਰਗਟ ਕੀਨੋ ਪਰਤਾਪ ॥
ਨਾਰਾਇਣ ਸੰਤ ਕੋ ਮਾਈ ਬਾਪ ॥੩॥ ਨਾਰਾਇਣ ਸਾਧਸੰਗਿ ਨਰਾਇਣ ॥ ਬਾਰੰ ਬਾਰ ਨਰਾਇਣ ਗਾਇਣ ॥
ਬਸਤੁ ਅਗੋਚਰ ਗੁਰ ਮਿਲਿ ਲਹੀ ॥ ਨਾਰਾਇਣ ਓਟ ਨਾਨਕ ਦਾਸ ਗਹੀ ॥੪॥੧੭॥੧੯॥}

(ਅੰਗ ੮੬੭-੮੬੮)

{ਈਹਾ ਊਹਾ ਏਕੈ ਓਹੀ ॥ ਜਤ ਕਤ ਦੇਖੀਐ ਤਤ ਤਤ ਤੋਹੀ ॥ ਤਿਸੁ ਸੇਵਤ ਮਨਿ ਆਲਸੁ ਕਰੈ ॥
ਜਿਸੁ ਵਿਸਰਿਐ ਇਕ ਨਿਮਖ ਨ ਸਰੈ ॥੭॥ ਹਮ ਅਪਰਾਧੀ ਨਿਰਗੁਨੀਆਰੇ ॥ ਨਾ ਕਿਛੁ ਸੇਵਾ ਨਾ ਕਰਮਾਰੇ ॥
ਗੁਰੁ ਬੋਹਿਥੁ ਵਡਭਾਗੀ ਮਿਲਿਆ ॥ ਨਾਨਕ ਦਾਸ ਸੰਗਿ ਪਾਥਰ ਤਰਿਆ ॥੮॥੨॥}

(ਅੰਗ ੯੧੩)

ਮਾਰੂ ਮਹਲਾ ੧ ॥

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥
ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥੨॥
ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥
ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੂਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

ਮਾਰੂ ਮਹਲਾ ੪ ਘਰੁ ੫

ੴ ਸਤਿਗੁਰ ਪ੍ਰਸਾਦਿ ॥

{ਹਰਿ ਹਰਿ ਭਗਤਿ ਭਰੇ ਭੰਡਾਰਾ ॥ ਗੁਰਮੁਖਿ ਰਾਮੁ ਕਰੇ ਨਿਸਤਾਰਾ ॥
ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਸੋ ਹਰਿ ਕੇ ਗੁਣ ਗਾਵੈ ਜੀਉ ॥੧॥
ਹਰਿ ਹਰਿ ਕ੍ਰਿਪਾ ਕਰੇ ਬਨਵਾਲੀ ॥ ਹਰਿ ਹਿਰਦੈ ਸਦਾ ਸਦਾ ਸਮਾਲੀ ॥
ਹਰਿ ਹਰਿ ਨਾਮੁ ਜਪਹੁ ਮੇਰੇ ਜੀਅੜੇ ਜਪਿ ਹਰਿ ਹਰਿ ਨਾਮੁ ਛਡਾਵੈ ਜੀਉ ॥੧॥ ਰਹਾਉ ॥
ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ ॥ ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ ॥
ਹਰਿ ਸਤਿ ਸਤਿ ਸਦਾ ਹਰਿ ਸਤਿ ਹਰਿ ਸਤਿ ਮੇਰੈ ਮਨਿ ਭਾਵੈ ਜੀਉ ॥੨॥
ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ ॥ ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ ॥
ਜੇ ਹਰਿ ਸੁਪ੍ਰਸੰਨੁ ਹੋਵੈ ਮੇਰਾ ਸੁਆਮੀ ਹਰਿ ਸਿਮਰਤ ਮਲੁ ਲਹਿ ਜਾਵੈ ਜੀਉ ॥੩॥
ਮਾਇਆ ਮੋਹੁ ਬਿਖਮੁ ਹੈ ਭਾਰੀ ॥ ਕਿਉ ਤਰੀਐ ਦੁਤਰੁ ਸੰਸਾਰੀ ॥
ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ ॥੪॥
ਤੂ ਸਰਬਤ੍ਰ ਤੇਰਾ ਸਭੁ ਕੋਈ ॥ ਜੋ ਤੂ ਕਰਹਿ ਸੋਈ ਪ੍ਰਭ ਹੋਈ ॥
ਜਨੁ ਨਾਨਕੁ ਗੁਣ ਗਾਵੈ ਬੇਚਾਰਾ ਹਰਿ ਭਾਵੈ ਹਰਿ ਥਾਇ ਪਾਵੈ ਜੀਉ ॥੫॥੧॥੭॥}

(ਅੰਗ ੯੯੭-੯੯੮)

ਮਾਰੂ ਮਹਲਾ ੧ ॥

{ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ ॥ ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ ॥
ਵੰਞੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ ॥੧॥ ਬਾਬਾ ਜਗੁ ਫਾਥਾ ਮਹਾ ਜਾਲਿ ॥

ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥੧॥ ਰਹਾਉ ॥ ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥
ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ ॥ ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ ॥੨॥
ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ ॥ ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥
ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥੩॥ ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥
ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥ ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸੁ ॥੪॥
ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥ ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥
ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥੫॥
ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥ ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥ ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥
ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥ ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥
ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥ ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥
ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥੮॥੨॥}

(ਅੰਗ ੧੦੦੯-੧੦੧੦)

ਮਾਰੂ ਮਹਲਾ ੧ ॥

{ਅਸੁਰ ਸਘਾਰਣ ਰਾਮੁ ਹਮਾਰਾ ॥ ਘਟਿ ਘਟਿ ਰਮਈਆ ਰਾਮੁ ਪਿਆਰਾ ॥
ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ ॥੧॥ ਗੁਰਮੁਖਿ ਸਾਧੂ ਸਰਣਿ ਤੁਮਾਰੀ ॥
ਕਰਿ ਕਿਰਪਾ ਪ੍ਰਭਿ ਪਾਰਿ ਉਤਾਰੀ॥ ਅਗਨਿ ਪਾਣੀ ਸਾਗਰੁ ਅਤਿ ਗਹਰਾ ਗੁਰੁ ਸਤਿਗੁਰੁ ਪਾਰਿ ਉਤਾਰਾ ਹੇ॥੨॥
ਮਨਮੁਖ ਅੰਧੁਲੇ ਸੋਝੀ ਨਾਹੀ ॥ ਆਵਹਿ ਜਾਹਿ ਮਰਹਿ ਮਰਿ ਜਾਹੀ ॥
ਪੂਰਬਿ ਲਿਖਿਆ ਲੇਖੁ ਨ ਮਿਟਈ ਜਮ ਦਰਿ ਅੰਧੁ ਖੁਆਰਾ ਹੇ ॥੩॥
ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ ॥ ਕਿਰਤ ਕੇ ਬਾਧੇ ਪਾਪ ਕਮਾਵਹਿ ॥
ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ ॥੪॥ ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥
ਪਰ ਪਿਰ ਰਾਤੀ ਖਸਮੁ ਵਿਸਾਰਾ ॥ ਜਿਉ ਬੇਸੁਆ ਪੂਤ ਬਾਪੁ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ ॥੫॥
ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥
ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥੬॥ ਸੂਰਜੁ ਤਪੈ ਅਗਨਿ ਬਿਖੁ ਝਾਲਾ ॥
ਅਪਤੁ ਪਸੂ ਮਨਮੁਖੁ ਬੇਤਾਲਾ ॥ ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ ਬੁਰਿਆਰਾ ਹੇ ॥੭॥
ਮਸਤਕਿ ਭਾਰੁ ਕਲਰ ਸਿਰਿ ਭਾਰਾ ॥ ਕਿਉ ਕਰਿ ਭਵਜਲੁ ਲੰਘਸਿ ਪਾਰਾ ॥
ਸਤਿਗੁਰੁ ਬੋਹਿਥੁ ਆਦਿ ਜੁਗਾਦੀ ਰਾਮ ਨਾਮਿ ਨਿਸਤਾਰਾ ਹੇ ॥੮॥ ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥
ਮਾਇਆ ਮੋਹੁ ਪਸਰਿਆ ਪਾਸਾਰਾ ॥ ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ ॥੯॥
ਕੂੜਿ ਮੁਠੀ ਚਾਲੈ ਬਹੁ ਰਾਹੀ ॥ ਮਨਮੁਖੁ ਦਾਝੈ ਪੜਿ ਪੜਿ ਭਾਹੀ ॥
ਅੰਮ੍ਰਿਤ ਨਾਮੁ ਗੁਰੂ ਵਡ ਦਾਣਾ ਨਾਮੁ ਜਪਹੁ ਸੁਖ ਸਾਰਾ ਹੇ ॥੧੦॥ ਸਤਿਗੁਰੁ ਤੁਠਾ ਸਚੁ ਦ੍ਰਿੜਾਏ ॥
ਸਭਿ ਦੁਖ ਮੇਟੇ ਮਾਰਗਿ ਪਾਏ ॥ ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੇ ॥੧੧॥

ਖੇਹੂ ਖੇਹ ਰਲੈ ਤਨੁ ਛੀਜੈ ॥ ਮਨਮੁਖੁ ਪਾਥਰੁ ਸੈਲੁ ਨ ਭੀਜੈ ॥
ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ ॥੧੨॥ ਮਾਇਆ ਬਿਖੁ ਭੁਇਅੰਗਮ ਨਾਲੇ ॥
ਇਨਿ ਦੁਬਿਧਾ ਘਰ ਬਹੁਤੇ ਗਾਲੇ ॥ ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥
ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥ ਕੂਕਰ ਸੂਕਰ ਕਹੀਅਹਿ ਕੂੜਿਆਰਾ ॥
ਭਉਕਿ ਮਰਹਿ ਭਉ ਭਉ ਭਉ ਹਾਰਾ ॥ ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥
ਸਤਿਗੁਰੁ ਮਿਲੈ ਤ ਮਨੂਆ ਟੇਕੈ ॥ ਰਾਮ ਨਾਮੁ ਦੇ ਸਰਣਿ ਪਰੇਕੈ ॥
ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ ॥੧੬॥ ਰਾਮ ਨਾਮੁ ਸਾਧੂ ਸਰਣਾਈ ॥
ਸਤਿਗੁਰ ਬਚਨੀ ਗਤਿ ਮਿਤਿ ਪਾਈ ॥ ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ॥੧੭॥੩॥੯॥}

(ਅੰਗ ੧੦੨੮-੧੦੩੦)

ਮਃ ੪ ॥

{ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ ॥ ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ ॥
ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ ॥ ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ ॥੩॥}

(ਅੰਗ ੧੦੮੭)

ਪਉੜੀ ॥

{ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ ॥
ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ ॥
ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿ ਆਈ ॥ ਐਥੈ ਸੁਖਦਾਤਾ ਮਨਿ ਵਸੈ ਅੰਤਿ ਹੋਇ ਸਖਾਈ ॥
ਹਰਿ ਸਿਉ ਪ੍ਰੀਤਿ ਊਪਜੀ ਗੁਰਿ ਸੋਝੀ ਪਾਈ ॥੨॥}

(ਅੰਗ ੧੦੮੭)

ਪਉੜੀ ॥

{ਕਾਰਣੁ ਕਰਤੈ ਜੋ ਕੀਆ ਸੋਈ ਹੈ ਕਰਣਾ ॥ ਜੇ ਸਉ ਧਾਵਹਿ ਪ੍ਰਾਣੀਆ ਪਾਵਹਿ ਧੁਰਿ ਲਹਣਾ ॥
ਬਿਨੁ ਕਰਮਾ ਕਿਛੁ ਨ ਲਭਈ ਜੇ ਫਿਰਹਿ ਸਭ ਧਰਣਾ ॥ ਗੁਰ ਮਿਲਿ ਭਉ ਗੋਵਿੰਦ ਕਾ ਭੈ ਡਰੁ ਦੂਰਿ ਕਰਣਾ ॥
ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ ॥ ਖੋਜਤ ਖੋਜਤ ਸਹਜੁ ਉਪਜਿਆ ਫਿਰਿ ਜਨਮਿ ਨ ਮਰਣਾ ॥
ਹਿਆਇ ਕਮਾਇ ਧਿਆਇਆ ਪਾਇਆ ਸਾਧ ਸਰਣਾ ॥
ਬੋਹਿਥੁ ਨਾਨਕ ਦੇਉ ਗੁਰੁ ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ ॥੨੨॥}

(ਅੰਗ ੧੧੦੨)

51/7087

ਸਾਰਗ ਮਹਲਾ ੫ ॥

{ਬਿਨਸੇ ਕਾਚ ਕੇ ਬਿਉਹਾਰ ॥ ਰਾਮ ਭਜੁ ਮਿਲਿ ਸਾਧਸੰਗਤਿ ਇਹੈ ਜਗ ਮਹਿ ਸਾਰ ॥੧॥ ਰਹਾਉ ॥
ਈਤ ਊਤ ਨ ਡੋਲਿ ਕਤਹੂ ਨਾਮੁ ਹਿਰਦੈ ਧਾਰਿ ॥ ਗੁਰ ਚਰਨ ਬੋਹਿਥ ਮਿਲਿਓ ਭਾਗੀ ਉਤਰਿਓ ਸੰਸਾਰ ॥੧॥

ਜਲਿ ਥਲਿ ਮਹੀਅਲਿ ਪੂਰਿ ਰਹਿਓ ਸਰਬ ਨਾਥ ਅਪਾਰ ॥
ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ ਆਨ ਰਸ ਸਭਿ ਖਾਰ ॥੨॥੯੬॥੧੧੯॥}

(ਅੰਗ ੧੨੨੭)

ਮਲਾਰ ਮਹਲਾ ੪ ॥

{ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥
ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ ॥
ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗੁ ਜੀਵਣੁ ਧ੍ਰਿਗੁ ਖਾਈ ॥੧॥ ਪ੍ਰਾਣੀ ਗੁਰਮੁਖਿ ਨਾਮੁ ਧਿਆਈ ॥
ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ ॥੧॥ ਰਹਾਉ ॥
ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥
ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥
ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ ॥
ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ ॥੨॥
ਹਰਿ ਕਾ ਨਾਮੁ ਅਗੋਚਰੁ ਪਾਇਆ ਗੁਰਮੁਖਿ ਸਹਜਿ ਸੁਭਾਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ ॥
ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥੩॥
ਸਤਿਗੁਰ ਤੇ ਹਰਿ ਹਰਿ ਮਨਿ ਵਸਿਆ ਸਤਿਗੁਰ ਕਉ ਸਦ ਬਲਿ ਜਾਈ ॥
ਮਨੁ ਤਨੁ ਅਰਪਿ ਰਖਉ ਸਭੁ ਆਗੈ ਗੁਰ ਚਰਣੀ ਚਿਤੁ ਲਾਈ ॥
ਅਪਣੀ ਕ੍ਰਿਪਾ ਕਰਹੁ ਗੁਰ ਪੂਰੇ ਆਪੇ ਲੈਹੁ ਮਿਲਾਈ ॥
ਹਮ ਲੋਹ ਗੁਰ ਨਾਵ ਬੋਹਿਥਾ ਨਾਨਕ ਪਾਰਿ ਲੰਘਾਈ ॥੪॥੭॥}

(ਅੰਗ ੧੨੯੫)

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥ ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥ ਗੁਰਮੁਖਿ ਨਾਦ ਬੇਦ ਬੀਚਾਰੁ ॥
ਬਿਨੁ ਗੁਰ ਪੂਰੇ ਘੋਰ ਅੰਧਾਰੁ ॥੧॥ ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥
ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥੧॥ ਰਹਾਉ ॥
ਗੁਰ ਕੇ ਚਰਣ ਵਿਟਹੁ ਬਲਿ ਜਾਉ ॥ ਗੁਰ ਕੇ ਗੁਣ ਅਨਦਿਨੁ ਨਿਤ ਗਾਉ ॥ ਗੁਰ ਕੀ ਧੂੜਿ ਕਰਉ ਇਸਨਾਨੁ ॥
ਸਾਚੀ ਦਰਗਹ ਪਾਈਐ ਮਾਨੁ॥੨॥ ਗੁਰੁ ਬੋਹਿਥੁ ਭਵਜਲ ਤਾਰਣਹਾਰੁ ॥ ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ॥
ਗੁਰ ਕੀ ਸੇਵਾ ਸੋ ਜਨੁ ਪਾਏ ॥ ਜਾ ਕਉ ਕਰਮਿ ਲਿਖਿਆ ਧੁਰਿ ਆਏ ॥੩॥
ਗੁਰੁ ਮੇਰੀ ਜੀਵਨਿ ਗੁਰੁ ਆਧਾਰੁ ॥ ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ ॥

ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ ॥ ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ ॥੪॥੧॥੧੯॥}

(ਅੰਗ ੧੨੭੦)

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਹਲਾ ੩ ॥

{ਗੁਰਿ ਮਿਲਿਐ ਮਨੁ ਰਹਸੀਐ ਜਿਉ ਢੂਠੈ ਧਰਣਿ ਸੀਗਾਰੁ ॥ ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ ॥
ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥ ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥
ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥ ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥
ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥
ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥ ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥}

(ਅੰਗ ੧੨੭੮-੧੨੭੯)

ਮਃ ੨ ॥

{ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥}

(ਅੰਗ ੧੨੯੦)

ਪਉੜੀ ॥

{ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ ॥ ਤੇਰੈ ਹਥਿ ਨਿਬੇੜੁ ਤੂਹੈ ਮਨਿ ਭਾਇਆ ॥
ਕਾਲੁ ਚਲਾਏ ਬੰਨਿ ਕੋਇ ਨ ਰਖਸੀ ॥ ਜਰੁ ਜਰਵਾਣਾ ਕੰਨ੍ਹਿ ਚੜਿਆ ਨਚਸੀ ॥
ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ ॥ ਅਗਨਿ ਭਖੈ ਭੜਹਾੜੁ ਅਨਦਿਨੁ ਭਖਸੀ ॥
ਫਾਥਾ ਚੁਗੈ ਚੋਗ ਹੁਕਮੀ ਛੁਟਸੀ ॥ ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ ॥੨੯॥}

(ਅੰਗ ੧੨੯੦)

ਕਾਨੜਾ ਅਸਟਪਦੀਆ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥ ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ ਰਹਾਉ॥
ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥
ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥
ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥
ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥
ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥
ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥

ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥੪॥
ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥
ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ ॥੫॥
ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ ॥
ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ॥ ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ॥
ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ ॥
ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥
ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ ॥
ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿ ਧਾਰਿ॥ ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ॥
ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ ॥੩੫॥
ਬਿਨੁ ਸਬਦੈ ਜਗਤੁ ਬਰਲਿਆ ਕਹਣਾ ਕਛੂ ਨ ਜਾਇ ॥ ਹਰਿ ਰਖੇ ਸੇ ਉਬਰੇ ਸਬਦਿ ਰਹੇ ਲਿਵ ਲਾਇ ॥
ਨਾਨਕ ਕਰਤਾ ਸਭ ਕਿਛੁ ਜਾਣਦਾ ਜਿਨਿ ਰਖੀ ਬਣਤ ਬਣਾਇ ॥੩੬॥
ਹੋਮ ਜਗ ਸਭਿ ਤੀਰਥਾ ਪੜਿ੍ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥
ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ ॥
ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ ॥੩੭॥
ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ ॥
ਵਡ ਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ ॥
ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ ॥੩੮॥
ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥
ਜਨ ਨਾਨਕ ਨਾਮੁ ਅਰਾਧਿਆ ਗੁਰ ਕੈ ਹੇਤਿ ਪਿਆਰਿ ॥੩੯॥ ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥ ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥

ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ ॥ ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ॥
ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ ਗਾਇ ॥੪੦॥}

(ਅੰਗ ੧੪੧੭)

51/7088

{ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥ ਗੁਰਮਤੀ ਨਾਮੁ ਨਿਰਮਲੁੋ ਨਿਰਮਲ ਨਾਮੁ ਧਿਆਇ॥
ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥
ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥ ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥
ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥
ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥੨੬॥
ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥
ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ ॥
ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥
ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥
ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥੨੭॥
ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ॥ ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥
ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥ ਗੁਰਮਤੀ ਹਰਿ ਹਰਿ ਬੋਲੇ ॥
ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥
ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥
ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ ॥
ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥}

(ਅੰਗ ੧੪੨੪)

ਸਿਰੀਰਾਗੁ ਮਹਲਾ ੧ ॥

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥ ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥ ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥
ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥ ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥ ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥
ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥ ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥
ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥}

(ਅੰਗ ੨੦)

ਗਉੜੀ ਗੁਆਰੇਰੀ ਮਹਲਾ ੪ ॥

{ਹਰਿ ਆਪੇ ਜੋਗੀ ਡੰਡਾਧਾਰੀ ॥ ਹਰਿ ਆਪੇ ਰਵਿ ਰਹਿਆ ਬਨਵਾਰੀ ॥
ਹਰਿ ਆਪੇ ਤਪੁ ਤਾਪੈ ਲਾਇ ਤਾਰੀ ॥੧॥ ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥
ਨਿਕਟਿ ਵਸੈ ਨਾਹੀ ਹਰਿ ਦੂਰਿ ॥੧॥ ਰਹਾਉ ॥ ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥
ਹਰਿ ਆਪੇ ਵੇਖੈ ਵਿਗਸੈ ਆਪੇ ॥ ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥੨॥
ਹਰਿ ਆਪੇ ਸਾਰਿੰਗ ਅੰਮ੍ਰਿਤਧਾਰਾ ॥ ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥
ਹਰਿ ਆਪਿ ਕਰੇ ਆਪੇ ਨਿਸਤਾਰਾ ॥੩॥ ਹਰਿ ਆਪੇ ਬੇੜੀ ਤੁਲਹਾ ਤਾਰਾ ॥
ਹਰਿ ਆਪੇ ਗੁਰਮਤੀ ਨਿਸਤਾਰਾ ॥ ਹਰਿ ਆਪੇ ਨਾਨਕ ਪਾਵੈ ਪਾਰਾ ॥੪॥੬॥੪੪॥}

(ਅੰਗ ੧੬੫)

ਗਉੜੀ ॥

{ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥
ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥
ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥}

(ਅੰਗ ੩੩੭)

ਆਸਾ ਮਹਲਾ ੧ ॥

{ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ ॥ ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ ॥੧॥
ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ ॥ ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥੧॥ ਰਹਾਉ ॥
ਆਪਿ ਮਿਲਾਵੈ ਸਚੁ ਤਾ ਮਨਿ ਭਾਵਈ ॥ ਚਲੈ ਸਦਾ ਰਜਾਇ ਅੰਕਿ ਸਮਾਵਈ ॥੨॥
ਸਚਾ ਸਾਹਿਬੁ ਮਨਿ ਵਸੈ ਵਸਿਆ ਮਨਿ ਸੋਈ ॥ ਆਪੇ ਦੇ ਵਡਿਆਈਆ ਦੇ ਤੋਟਿ ਨ ਹੋਈ ॥੩॥

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥ ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥੪॥
ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥ ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥
ਜੰਮਣ ਮਰਣਾ ਆਖੀਐ ਤਿਨਿ ਕਰਤੈ ਕੀਆ ॥ ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ ॥੬॥
ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ ॥ ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ ॥੭॥
ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ ॥ ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥੮॥੧੭॥}

(ਅੰਗ ੪੨੦)

ਗੂਜਰੀ ਮਹਲਾ ੫ ॥

{ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥੧॥ ਮਾਈ ਖਾਟਿ ਆਇਓ ਘਰਿ ਪੂਤਾ॥
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥
ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥
ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥
ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥
ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥}

(ਅੰਗ ੪੯੫-੪੯੬)

ਸਲੋਕ ਮਃ ੫ ॥

{ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ॥
ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ ॥੧॥}

(ਅੰਗ ੫੨੦)

ਸੋਰਠਿ ਮਹਲਾ ੩ ਘਰੁ ੧ ॥

{ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ ॥
ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ ॥੧॥ ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ॥
ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥
ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥
ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥੨॥
ਗੁਰਮੁਖਿ ਜਾਗੇ ਸੇ ਉਬਰੇ ਭਾਈ ਭਵਜਲੁ ਪਾਰਿ ਉਤਾਰਿ ॥
ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ ਹਿਰਦੈ ਰਖਿਆ ਉਰ ਧਾਰਿ ॥੩॥
ਗੁਰ ਸਰਣਾਈ ਉਬਰੇ ਭਾਈ ਰਾਮ ਨਾਮਿ ਲਿਵ ਲਾਇ ॥
ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ ॥੪॥੯॥}

(ਅੰਗ ੬੦੩)

51/7089

ਸੋਰਠਿ ਮਹਲਾ ੩ ਦੁਤੁਕੀ ॥

{ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥ ਹਰਿ ਜੀਉ ਆਪੇ ਬਖਸਿ ਮਿਲਾਇ ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ ॥ ਰਹਾਉ ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ ॥੨॥
ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ ॥੪॥
ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥੫॥
ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ॥ ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ ॥੬॥
ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥
ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥}

(ਅੰਗ ੬੩੮)

ਸੂਹੀ ਮਹਲਾ ੧ ॥

{ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥
ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥ ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥੨॥੪॥}

(ਅੰਗ ੭੨੯)

ਰਾਮਕਲੀ ਮਹਲਾ ੧ ॥

{ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥
ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥ ਗੁਰ ਤਾਰਿ ਤਾਰਣਹਾਰਿਆ ॥
ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥੧॥ ਰਹਾਉ ॥
ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥
ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥
ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬॥}

(ਅੰਗ ੮੭੮)

{ਅਪਣੇ ਜੀਅ ਤੈ ਆਪਿ ਸਮ੍ਹਾਲੇ ਆਪਿ ਲੀਏ ਲੜਿ ਲਾਈ ॥੧੫॥
ਸਾਚ ਧਰਮ ਕਾ ਬੇੜਾ ਬਾਂਧਿਆ ਭਵਜਲੁ ਪਾਰਿ ਪਵਾਈ ॥੧੬॥
ਬੇਸੁਮਾਰ ਬੇਅੰਤ ਸੁਆਮੀ ਨਾਨਕ ਬਲਿ ਬਲਿ ਜਾਈ ॥੧੭॥
ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ ॥੧੮॥
ਅੰਤਰਜਾਮੀ ਜੀਅਨ ਕਾ ਦਾਤਾ ਦੇਖਤ ਤ੍ਰਿਪਤਿ ਅਘਾਈ ॥੧੯॥
ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ ॥੨੦॥
ਭਗਤਿ ਦਾਨੁ ਭਗਤਾ ਕਉ ਦੀਨਾ ਹਰਿ ਨਾਨਕੁ ਜਾਚੈ ਮਾਈ ॥੨੧॥੧॥੬॥}

(ਅੰਗ ੯੧੬)

ਤੁਖਾਰੀ ਮਹਲਾ ੧ ॥

{ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ॥ ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ॥
ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥
ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥
ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥
ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੧॥ ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ॥
ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥
ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥
ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥
ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥
ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥੨॥ ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ॥
ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥
ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥

ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥
ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥
ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥
ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥
ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥
ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥
ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥
ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥
ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ॥
ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥
ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥
ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥
ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥੫॥੬॥}

(ਅੰਗ ੧੧੧੨-੧੧੧੩)

ਮਃ ੧ ॥

{ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥
ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੨॥}

(ਅੰਗ ੧੨੮੭)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਆਪਣੇ ਬੋਹਿਥ ਤੇ ਪ੍ਰਮਾਤਮਾ ਕਿਸੇ ਨੂੰ ਕਿਵੇਂ ਚੜਾਉਂਦਾ ਹੈ ਭਾਵ ਕਿਸ ਤਰੀਕੇ ਬਿਠਾਉਂਦਾ ਹੈ। ਗੁਰੂ ਦੀ ਗੱਲ ਨੂੰ ਮੰਨਣ ਦੇ ਲਈ ਭਾਵ ਗੁਰੂ ਦੀ ਗੱਲ ਤੇ ਅਮਲ ਕਰਨ ਦੇ ਲਈ ਕੇਵਲ ਤੇ ਕੇਵਲ ਜਿਸ ਗੱਲ ਦੀ ਲੋੜ ਹੈ ਉਹ ਗੱਲ ਗੁਰੂ ਦੀ ਮਤਿ ਤੇ ਭਾਵ ਗੁਰੂ ਦੀ ਸਮਝ ਤੇ ਆਪਣਾ ਵਿਸ਼ਵਾਸ ਟਿਕਾਉਣ ਦੀ ਹੈ। ਆਉ ਉਪਰ ਵਾਲੇ ਸ਼ਬਦਾਂ ਵਿੱਚੋਂ ਕੁਝ ਸ਼ਬਦਾਂ ਦੀਆਂ ਪੰਗਤੀਆਂ ਨੂੰ ਸਮਝੀਏ ਤਾਂ ਜੋ ਸਾਡਾ ਇਸ ਗੱਲ ਤੇ ਵਿਸ਼ਵਾਸ ਟਿੱਕ ਜਾਵੇ ਕਿ ਗੁਰੂ ਦੀ ਬੇੜੀ ਤੇ ਬੈਠਣਾ, ਗੁਰੂ ਦੇ ਬੋਹਿਥ ਤੇ ਬੈਠਣਾ ਕੀ ਹੈ।

51/7090

“ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥”

(ਅੰਗ ੩੩੭)

ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਅਸੀਂ ਲੇਖ ਦੇ ਵਿੱਚ ਪਿੱਛੇ ਸਮਝੇ ਹੀ ਹਨ ਤੇ ਉਪਰ ਵਾਲੀਆਂ ਪੰਗਤੀਆਂ ਨੂੰ ਫਿਰ ਤੋਂ ਸਮਝਦੇ ਹਾਂ ਤਾਂ ਜੋ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਵੇ ਕਿ ਗੁਰੂ ਦੇ ਬੇੜੇ ਤੇ ਬੈਠ ਕੇ ਸਾਨੂੰ ਕੀ ਪ੍ਰਾਪਤੀ ਹੁੰਦੀ ਹੈ। ਸਾਰੀ ਗੱਲ ਗੁਰੂ ਦੇ ਹੁਕਮ ਨੂੰ ਮੰਨਣ ਦੀ ਹੀ ਹੈ। ਪੂਰੀ ਗੁਰਬਾਣੀ ਦੇ ਵਿੱਚ ਗੁਰੂ ਨੇ ਆਪਣਾ ਹੁਕਮ ਹੀ ਸੁਣਾਇਆ ਹੋਇਆ ਹੈ ਜੋ ਉਸਦਾ ਹੁਕਮ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਗੁਰੂ ਦਾ ਇਹ ਹੁਕਮ ਉਸਦੇ ਨਾਮ ਦੇ ਰੂਪ ਵਿੱਚ ਹੈ, ਗੁਰਮਤਿ ਦੇ ਰੂਪ ਵਿੱਚ ਹੈ, ਉਸਦੀ ਸਿੱਖਿਆ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਰੀ ਗੱਲ ਗੁਰੂ ਦੇ ਹੁਕਮ ਨੂੰ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਣ ਦੀ ਹੈ ਜਿਸਨੂੰ ਮੰਨਣਾ ਬਹੁਤ ਔਖਾ ਹੈ। ਗੁਰੂ ਦੇ ਹੁਕਮ ਨੂੰ ਮੰਨਣ ਦੇ ਲਈ ਸਾਨੂੰ ਉਹ ਸਭ ਕੁਝ ਛੱਡਣਾ ਪੈਂਦਾ

ਹੈ, ਤਿਆਗਣਾ ਪੈਂਦਾ ਹੈ ਜੋ ਕੰਮ ਕਰਨ ਤੋਂ ਸਾਨੂੰ ਗੁਰੂ ਮਨ੍ਹਾ ਕਰਦਾ ਹੈ। ਗੁਰੂ ਸਾਨੂੰ ਅਨੇਕਾਂ ਹੀ ਕਰਮ ਕਰਨ ਤੋਂ ਮਨ੍ਹਾ ਕਰਦਾ ਹੈ ਜੋ ਸਾਡੇ ਕਰਮ ਗੁਰਮਤਿ ਅਨੁਸਾਰ ਨਹੀਂ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਵਾਰੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਸਾਨੂੰ ਸਰੀਰਕ ਜਪ ਤਪ ਕਰਨ ਤੋਂ ਵੀ ਮਨ੍ਹਾ ਕਰਦਾ ਹੈ ਤੇ ਉਨ੍ਹਾਂ ਦੀਆਂ ਗੱਲਾਂ ਮੰਨਣ ਤੋਂ ਵੀ ਮਨ੍ਹਾ ਕਰਦਾ ਹੈ ਜੋ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਦਾ ਜਪ ਕਰਨ ਨਾਲ ਜੋੜਦੇ ਹਨ ਭਾਵ ਸਾਨੂੰ ਭਰਮਾਂ ਵਿੱਚ ਪਾਉਂਦੇ ਹਨ, ਕਿਸੇ ਖਾਸ ਵੇਲੇ ਨੂੰ ਉੱਚਾ ਸਮਝ ਕੇ ਉਸਨੂੰ ਅੰਮ੍ਰਿਤ ਵੇਲਾ ਕਹਿੰਦੇ ਹਨ। ਗੁਰੂ ਦਾ ਹੁਕਮ ਮੰਨਣਾ ਬਹੁਤ ਔਖਾ ਹੈ ਜਿਸ ਲਈ ਮਨ ਦਾ ਹਰ ਭਰਮ ਛੱਡਣਾ ਪੈਂਦਾ ਹੈ ਭਾਵ ਆਪਣੀ ਮਤਿ ਨੂੰ ਪੂਰੀ ਤਰ੍ਹਾਂ ਛੱਡਣਾ ਪੈਂਦਾ ਹੈ ਤੇ ਉਹ ਕੁਝ ਕਰਨਾ ਪੈਂਦਾ ਹੈ ਜੋ ਕਰਮ ਸਾਡਾ ਪੂਰੀ ਤਰ੍ਹਾਂ ਗੁਰਮਤਿ ਅਨੁਸਾਰ ਹੁੰਦਾ ਹੈ, ਮਾਇਆ ਮੋਹ ਪੂਰੀ ਤਰ੍ਹਾਂ ਛੱਡਣਾ ਪੈਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣੇ ਪੈਂਦੇ ਹਨ ਭਾਵ ਹਰ ਔਗੁਣ ਛੱਡਣਾ ਪੈਂਦਾ ਹੈ ਤੇ ਗੁਰੂ ਦੇ ਸਮਝਾਏ ਹੋਏ ਹਰ ਗੁਣ ਨੂੰ ਮੰਨਣਾ ਪੈਂਦਾ ਹੈ। ਗੁਰੂ ਦਾ ਸਮਝਾਇਆ ਹੋਇਆ, ਬਾਰ-ਬਾਰ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਸਭ ਤੋਂ ਵੱਡਾ ਗੁਣ ਇਹ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਜਿਸ ਵਿੱਚ ਅਸੀਂ ਵੀ ਆਉਂਦੇ ਹਾਂ ਤੇ ਸ੍ਰਿਸ਼ਟੀ ਦਾ ਹਰ ਆਕਾਰ ਰੂਪ ਆਉਂਦਾ ਹੈ ਭਾਵ ਸਭ ਕੁਝ ਹੀ ਆਉਂਦਾ ਹੈ। ਇਹ ਗੁਣ ਮਨੁੱਖ ਵਿੱਚ ਤਾਂ ਹੀ ਆ ਸਕਦਾ ਹੈ ਜਦੋਂ ਉਹ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਕਿ ਮਨੁੱਖ ਦੀ ਭਰਮਾਂ ਵਾਲੀ ਸਮਝ ਨੂੰ ਬਦਲ ਕੇ ਸੱਚੇ ਗਿਆਨ ਵਾਲੀ ਬੁਧਿ ਬਣਾ ਦਿੰਦਾ ਹੈ। ਇਹ ਕੇਵਲ ਤੇ ਕੇਵਲ ਗੁਰ ਪ੍ਰਸਾਦਿ ਹੈ ਭਾਵ

51/7091

ਪ੍ਰਮਾਤਮਾ ਦੀ ਆਪਣੀ ਕ੍ਰਿਪਾ ਹੈ ਜੋ ਆਪਣੀ ਕ੍ਰਿਪਾ ਕਿਸੇ ਤੇ ਉਹ ਆਪ ਹੀ ਕਰ ਸਕਦਾ ਹੈ ਜੋ ਸਾਡੀ ਬੁਧਿ ਦਾ ਮਾਲਕ ਹੈ। ਜਦ ਤੱਕ ਉਹ ਸਾਡੀ ਬੁਧਿ ਨੂੰ ਨਹੀਂ ਬਦਲਦਾ ਤਦ ਤੱਕ ਸਾਡੀ ਬੁਧਿ ਅਨੇਕਾਂ ਹੀ ਭਰਮਾਂ ਨਾਲ ਭਰੀ ਹੁੰਦੀ ਹੈ ਤੇ ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦੇ ਹਾਂ, ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਾਂ ਜਿਸ ਕਰਕੇ ਆਪਣੇ ਆਪ ਨੂੰ ਅਸੀਂ ਆਵਾਗਉਣ ਵਿੱਚ ਸਮਝਦੇ ਹਾਂ, ਜਨਮ ਮਰਨ ਵਿੱਚ ਸਮਝਦੇ ਹਾਂ। ਮਨ ਦੀ ਇਹ ਸਮਝ ਉਦੋਂ ਹੀ ਪੈਂਦੀ ਹੈ ਜਦੋਂ ਉਹ ਸਾਡੇ ਬੇੜੇ ਨੂੰ ਪਾਰ ਲੰਘਾ ਦਿੰਦਾ ਹੈ ਭਾਵ ਭਵਜਲ ਸਾਗਰ ਤੋਂ ਪਾਰ ਲਗਾ ਦਿੰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਇਹ ਭਵਜਲ ਸਾਗਰ ਫਿਰ ਕੀ ਹੋਇਆ ਜਿਸ ਤੋਂ ਅਸੀਂ ਪਾਰ ਲੰਘਣਾ ਹੈ। ਇਹ ਭਵਜਲ ਸਾਗਰ ਸਾਡੇ ਅੰਦਰ ਅਗਿਆਨਤਾ ਵਾਲੀ ਸਮਝ ਹੀ ਹੈ, ਭਰਮਾਂ ਵਾਲੀ, ਮਾਇਆ ਮੋਹ ਵਾਲੀ, ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ, ਮਨ ਦੇ ਪੁੱਠੇ ਕਮਲ ਵਾਲੀ, ਮਨ ਦੀ ਸਹਿਸਾ ਵਾਲੀ ਸਮਝ ਹੀ ਹੈ ਜਿਸ ਸਮਝ ਨੂੰ ਆਪਣੇ ਆਪ ਨਾ ਗੁਰਮਤਿ ਦੀ ਸੱਚੀ ਸਮਝ ਪੈ ਸਕਦੀ ਹੈ, ਨਾ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈ ਸਕਦੀ ਹੈ ਤੇ ਨਾ ਹੀ ਨਾਮ ਜਪਣ ਦੀ ਸਮਝ ਪੈ ਸਕਦੀ ਹੈ ਭਾਵ ਉਸਨੂੰ ਨਾ ਗੁਰੂ ਦੇ ਹੁਕਮ ਦੀ ਸਮਝ ਪੈਂਦੀ ਹੈ ਤੇ ਨਾ ਹੀ ਗੁਰੂ ਦੇ ਹੁਕਮ ਨੂੰ ਮੰਨਣਾ ਆਉਂਦਾ ਹੈ। ਗੁਰੂ ਦਾ ਬੇੜਾ ਸੱਚ ਦਾ ਬੇੜਾ ਹੈ ਭਾਵ ਸੱਚੇ ਗਿਆਨ ਦਾ ਬੇੜਾ ਹੈ, ਨਾਮ ਦਾ ਬੇੜਾ ਹੈ, ਬ੍ਰਹਮ ਗਿਆਨ ਦਾ ਬੇੜਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦਾ ਬੇੜਾ ਹੈ ਤੇ ਆਪਣੇ ਇਸ ਬੇੜੇ ਤੇ ਕਿਸੇ ਨੂੰ ਉਹ ਆਪਣੀ ਕ੍ਰਿਪਾ ਦੁਆਰਾ ਆਪ ਹੀ ਬਿਠਾਉਂਦਾ ਹੈ ਜੋ ਇਸ ਬੇੜੇ ਦਾ, ਬੋਹਿਥ ਦਾ ਮਾਲਕ ਹੈ ਭਾਵ ਪ੍ਰਮਾਤਮਾ ਕਿਸੇ ਦੀ ਨਾਸਮਝ ਮਤਿ ਨੂੰ ਬਦਲਕੇ ਉਸਨੂੰ ਆਪਣੀ ਸੱਚੀ ਮਤਿ ਵਾਲਾ ਬਣਾ ਸਕਦਾ ਹੈ, ਨਾਮ ਵਾਲੀ ਸਮਝ ਵਾਲਾ ਬਣਾ ਸਕਦਾ ਹੈ, ਮਨ ਦੀ ਸਮਝ ਰਾਹੀਂ ਮਨ ਦੇ ਵਿੱਚੋਂ ਉਸਨੂੰ ਆਪਣੇ ਦਰਸ਼ਨ ਕਰਵਾ ਸਕਦਾ ਹੈ ਜਿਸ ਮਨ ਦੀ ਸਮਝ ਰਾਹੀਂ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਤੇ ਮਨੁੱਖ ਮਨ ਦੇ ਭਰਮ ਕਰਕੇ ਹੀ ਆਪਣੇ ਆਪ ਨੂੰ ਸੰਸਾਰਿਕ ਆਵਾਗਉਣ ਵਿੱਚ ਸਮਝਦਾ ਹੈ। **(ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥ ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ॥੩॥)**

{ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥ ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥}

(ਅੰਗ ੯੯੫)

ੴ ਸਤਿਗੁਰ ਪ੍ਰਸਾਦਿ ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ ੪੮੫)

51/7092

ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਵੀ ਸਮਝਿਆ ਜਾ ਸਕਦਾ ਹੈ ਕਿ ਜਿਸਨੂੰ ਗੁਰੂ ਆਪਣੇ ਬੋਹਿਥ ਤੇ ਚੜਾ ਕੇ ਮਨ ਦੇ ਭਵਸਾਗਰ ਤੋਂ ਪਾਰ ਉਤਾਰਦਾ ਹੈ ਉਸਨੂੰ ਆਪਣਾ ਸੱਚਾ ਗਿਆਨ ਬਖਸ਼ ਕੇ ਮਨ ਦੀ ਅਗਿਆਨਤਾ ਵਿੱਚੋਂ ਹੀ ਕੱਢਦਾ ਹੈ।

“ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥”

(ਅੰਗ ੯੬੪)

ਗੁਰੂ ਰੂਪ ਬੋਹਿਥ ਦਾ ਮਕਸਦ ਸਾਨੂੰ ਭਵਸਾਗਰ ਤੋਂ ਪਾਰ ਉਤਾਰਨ ਦਾ ਹੀ ਹੈ ਤੇ ਭਵਸਾਗਰ ਤੋਂ ਪਾਰ ਉਤਰਨ ਲਈ ਸਾਨੂੰ ਜਿਸ ਗੱਲ ਦੀ ਲੋੜ ਹੈ ਉਹ ਗੁਰੂ ਦੀ ਸੇਵਾ ਕਰਨੀ ਹੈ। ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਸੇਵਾ ਕਰਨਾ ਜਾਂ ਗੁਰੂ ਦਾ ਨਾਮ ਜਪਣਾ ਜਾਂ ਗੁਰੂ ਦੀ ਭਗਤੀ ਕਰਨਾ ਜਾਂ ਧਰਮ ਦੇ ਮਾਰਗ ਤੇ ਪੂਰਾ ਉਤਰਨਾ ਇੱਕੋ ਹੀ ਗੱਲ ਹੈ। ਸਾਰੀ ਗੱਲ ਗੁਰੂ ਦੀ ਸਮਝਾਈ ਹੋਈ ਮਤਿ ਨੂੰ ਮੰਨ ਕੇ ਤੇ ਹਰ ਔਗੁਣ ਤਿਆਗ ਕੇ ਸੱਚੇ ਸੁੱਚੇ ਕਰਮ ਕਰਨ ਦੀ ਹੈ, ਸੱਚੀ ਸੁੱਚੀ ਕਿਰਤ ਕਰਨ ਦੀ ਹੈ ਭਾਵ ਮਨੁੱਖ ਦੀ ਸੁਕ੍ਰਿਤ ਕਰਨੀ ਹੈ ਜੋ ਸੁਕ੍ਰਿਤ ਕਰਨੀ ਮਾਇਆ ਮੋਹ ਵਿੱਚੋਂ ਨਿਕਲਕੇ ਹੀ ਹੁੰਦੀ ਹੈ ਤਾਂ ਜੋ ਮਨੁੱਖ ਕੋਈ ਮਾੜਾ ਕਰਮ ਨਾ ਕਰੇ। ਗੁਰੂ ਦੀ ਸੇਵਾ ਮਨ ਦੇ ਵਿੱਚ ਸੰਤੋਖ ਆਉਣ ਦੁਆਰਾ ਹੀ ਹੁੰਦੀ ਹੈ ਤੇ ਜਿਸਦੇ ਮਨ ਦੇ ਵਿੱਚ ਸੰਤੋਖ ਆਉਂਦਾ ਹੈ ਉਹ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਹੀ ਆਉਂਦਾ ਹੈ ਕਿਉਂਕਿ ਮਨੁੱਖ ਜੋ ਵੀ ਮਾੜਾ ਕਰਮ ਕਰਦਾ ਹੈ ਉਹ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਹੀ ਕਰਦਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਵਿਚਾਰਾਂ ਰਾਹੀਂ ਕਰਦਾ ਹੈ। ਮਨ ਦਾ ਸੰਤੋਖ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣ ਦੁਆਰਾ ਭਾਵ ਗੁਰੂ ਦੇ ਨਾਮ ਨੂੰ ਧਿਆਉਣ ਦੁਆਰਾ ਹੀ ਆਉਂਦਾ ਹੈ ਤੇ ਤਾਂ ਹੀ ਮਨ ਦੇ ਸੰਤੋਖ ਦੁਆਰਾ ਹੀ ਗੁਰੂ ਦੀ ਸੇਵਾ ਕੀਤੀ ਜਾ ਸਕਦੀ ਹੈ ਭਾਵ ਗੁਰਮਤਿ ਦੀ ਭਾਵ ਗੁਰੂ ਦੇ ਬਚਨਾਂ ਦੀ ਸੇਵਾ ਕੀਤੀ ਜਾ ਸਕਦੀ ਹੈ ਕਿਉਂਕਿ ਗੁਰੂ ਆਪਣੇ ਬਚਨਾਂ ਦੇ ਰੂਪ ਵਿੱਚ ਗੁਰੂ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਪਉੜੀ ॥

{ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

51/7093

ਮਃ ੩ ॥

{ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥
ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ ॥ ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ॥੨॥}

(ਅੰਗ ੯੦)

{ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥ ਹਉਮੈ ਮਾਰਿ ਮੰਨਿ ਵਸਾਇਆ ॥
ਗੁਰ ਚਰਣੀ ਸਦਾ ਚਿਤੁ ਲਾਇਆ ॥ ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥
ਜੀਵਣੁ ਮਰਣਾ ਸਭੁ ਤੁਧੈ ਤਾਈ ॥ ਜਿਸੁ ਬਖਸੇ ਤਿਸੁ ਦੇ ਵਡਿਆਈ ॥
ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥}

(ਅੰਗ ੧੧੦)

ਮਾਝ ਮਹਲਾ ੩ ॥

{ਤੇਰੀਆ ਖਾਣੀ ਤੇਰੀਆ ਬਾਣੀ ॥ ਬਿਨੁ ਨਾਵੈ ਸਭ ਭਰਮਿ ਭੁਲਾਣੀ ॥
ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥
ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ॥੧॥ ਰਹਾਉ ॥
ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥ ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥
ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥੨॥
ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥੩॥
ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥
ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥
ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥
ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥ ਮੁਕਤੇ ਸੇਵੇ ਮੁਕਤਾ ਹੋਵੈ ॥
ਹਉਮੈ ਮਮਤਾ ਸਬਦੇ ਖੋਵੈ ॥ ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥੬॥
ਆਪੇ ਬਖਸੇ ਮੇਲਿ ਮਿਲਾਏ ॥ ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥
ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥੭॥ ਸਦਾ ਹਜੂਰਿ ਦੂਰਿ ਨ ਜਾਣਹੁ ॥
ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥ ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥}

(ਅੰਗ ੧੧੬)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥

ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥
ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥ ਅਕਥੋ ਕਥੀਐ ਸਬਦਿ ਸੁਹਾਵੈ ॥
ਗੁਰਮਤੀ ਮਨਿ ਸਚੋ ਭਾਵੈ ॥ ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥੩॥}

(ਅੰਗ ੧੨੯)

{ਗੁਰ ਸੇਵਾ ਤੇ ਨਾਮੇ ਲਾਗਾ ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥
ਤਿਸ ਕੈ ਹਿਰਦੈ ਰਵਿਆ ਸੋਇ ॥ ਮਨੁ ਤਨੁ ਸੀਤਲੁ ਨਿਹਚਲੁ ਹੋਇ ॥੧॥}

(ਅੰਗ ੨੩੬)

ਆਸਾ ਮਹਲਾ ੫ ॥

{ਮਿਟੀ ਤਿਆਸ ਅਗਿਆਨ ਅੰਧੇਰੇ ॥ ਸਾਧ ਸੇਵਾ ਅਘ ਕਟੇ ਘਨੇਰੇ ॥੧॥ ਸੂਖ ਸਹਜ ਆਨੰਦੁ ਘਨਾ ॥
ਗੁਰ ਸੇਵਾ ਤੇ ਭਏ ਮਨ ਨਿਰਮਲ ਹਰਿ ਹਰਿ ਹਰਿ ਹਰਿ ਨਾਮੁ ਸੁਨਾ ॥੧॥ ਰਹਾਉ ॥
ਬਿਨਸਿਓ ਮਨ ਕਾ ਮੂਰਖੁ ਢੀਠਾ ॥ ਪ੍ਰਭ ਕਾ ਭਾਣਾ ਲਾਗਾ ਮੀਠਾ ॥੨॥ ਗੁਰ ਪੂਰੇ ਕੇ ਚਰਣ ਗਹੇ ॥
ਕੋਟਿ ਜਨਮ ਕੇ ਪਾਪ ਲਹੇ ॥੩॥ ਰਤਨ ਜਨਮੁ ਇਹੁ ਸਫਲ ਭਇਆ ॥
ਕਹੁ ਨਾਨਕ ਪ੍ਰਭ ਕਰੀ ਮਇਆ ॥੪॥੧੫॥੬੬॥}

(ਅੰਗ ੩੮੭)

{ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥}

(ਅੰਗ ੪੧੫)

ਆਸਾ ਮਹਲਾ ੩ ॥

{ਸਤਿਗੁਰ ਹਮਰਾ ਭਰਮੁ ਗਵਾਇਆ ॥ ਹਰਿ ਨਾਮੁ ਨਿਰੰਜਨੁ ਮੰਨਿ ਵਸਾਇਆ ॥
ਸਬਦੁ ਚੀਨਿ ਸਦਾ ਸੁਖੁ ਪਾਇਆ ॥੧॥ ਸੁਣਿ ਮਨ ਮੇਰੇ ਤਤੁ ਗਿਆਨੁ ॥
ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥ ਸਤਿਗੁਰ ਭੇਟੇ ਕੀ ਵਡਿਆਈ॥
ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ ॥ ਸਹਜੇ ਮਾਤਾ ਹਰਿ ਗੁਣ ਗਾਈ॥੨॥ ਵਿਣੁ ਗੁਰ ਪੂਰੇ ਕੋਇ ਨ ਜਾਣੀ॥
ਮਾਇਆ ਮੋਹਿ ਦੂਜੈ ਲੋਭਾਣੀ ॥ ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥੩॥ ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥
ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥ ਦਰਿ ਸਾਚੈ ਦੀਸੈ ਸਚਿਆਰੁ ॥੪॥
ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ॥ ਆਪੁ ਪਛਾਣਿ ਹਰਿ ਪਾਵੈ ਸੋਇ॥ ਸਾਚੀ ਬਾਣੀ ਮਹਲੁ ਪਰਾਪਤਿ ਹੋਇ॥੫॥
ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਨਿਰਮਲ ਨਾਮੁ ਰਖੈ ਉਰਿ ਧਾਰੇ ॥ ਸਾਚੀ ਸੋਭਾ ਸਾਚਿ ਦੁਆਰੇ ॥੬॥
ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥ ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ ॥ ਨਾਮੇ ਉਧਰੇ ਕੁਲ ਸਬਾਏ ॥੭॥
ਨਾਨਕੁ ਸਾਚੁ ਕਹੈ ਵੀਚਾਰੁ ॥ ਹਰਿ ਕਾ ਨਾਮੁ ਰਖਹੁ ਉਰਿ ਧਾਰਿ ॥ ਹਰਿ ਭਗਤੀ ਰਾਤੇ ਮੋਖ ਦੁਆਰੁ॥੮॥੨॥੨੪॥}

(ਅੰਗ ੪੨੩)

51/7094

{ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥ ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ॥੩॥
ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥
ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ॥ ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ॥੫॥
ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥੬॥
ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥
ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥੭॥ ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥
ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥੮॥੯॥੩੧॥}

(ਅੰਗ ੪੨੭)

ਆਸਾ ਮਹਲਾ ੩ ॥

{ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ ॥ ਬਿਨੁ ਨਾਵੈ ਸਭੁ ਦੁਖੁ ਹੈ ਸੁਖੁ ਤਿਸੁ ਜਿਸੁ ਮੰਨਿ ਵਸਾਏ ॥੧॥
ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ ॥ ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥੧॥ ਰਹਾਉ ॥
ਅੰਤਰਿ ਬਾਹਰਿ ਏਕੁ ਹੈ ਬਹੁ ਬਿਧਿ ਸ੍ਰਿਸਟਿ ਉਪਾਈ ॥ ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥੨॥
ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ ॥
ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ ॥੩॥
ਇਕਿ ਧੁਰਿ ਪਵਿਤ ਪਾਵਨ ਹਹਿ ਤੁਧੁ ਨਾਮੇ ਲਾਏ ॥ ਗੁਰ ਸੇਵਾ ਤੇ ਸੁਖੁ ਊਪਜੈ ਸਚੈ ਸਬਦਿ ਬੁਝਾਏ ॥੪॥
ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ ॥
ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ ॥੫॥
ਨਦਰਿ ਕਰੇ ਜਿਸੁ ਆਪਣੀ ਤਿਸ ਨੋ ਭਾਵਨੀ ਲਾਏ ॥ ਸਤੁ ਸੰਤੋਖੁ ਇਹ ਸੰਜਮੀ ਮਨੁ ਨਿਰਮਲੁ ਸਬਦੁ ਸੁਣਾਏ॥੬॥
ਲੇਖਾ ਪੜਿ ਨ ਪਹੁਚੀਐ ਕਥਿ ਕਹਣੈ ਅੰਤੁ ਨ ਪਾਇ ॥ ਗੁਰ ਤੇ ਕੀਮਤਿ ਪਾਈਐ ਸਚਿ ਸਬਦਿ ਸੋਝੀ ਪਾਇ॥੭॥
ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ॥
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ ਪਾਈਐ ਗੁਰ ਕੈ ਹੇਤਿ ਅਪਾਰਿ ॥੮॥੧੦॥੩੨॥}

(ਅੰਗ ੪੨੭)

ਬਿਹਾਗੜੇ ਕੀ ਵਾਰ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੩ ॥

{ਗੁਰ ਸੇਵਾ ਤੇ ਸੁਖੁ ਪਾਈਐ ਹੋਰ ਥੈ ਸੁਖੁ ਨ ਭਾਲਿ ॥ ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ ॥
ਨਾਨਕ ਨਾਮੁ ਤਿਨਾ ਕਉ ਮਿਲੈ ਜਿਨ ਹਰਿ ਵੇਖੈ ਨਦਰਿ ਨਿਹਾਲਿ ॥੧॥}

(ਅੰਗ ੫੪੮)

ਸਲੋਕੁ ਮਃ ੩ ॥

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥ ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ ੫੯੩)

ਸਲੋਕੁ ਮਃ ੩ ॥

{ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥
ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥
ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥
ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥੧॥}

(ਅੰਗ ੬੫੧)

ਧਨਾਸਰੀ ਮਹਲਾ ੩ ॥

{ਸਦਾ ਧਨੁ ਅੰਤਰਿ ਨਾਮੁ ਸਮਾਲੇ ॥ ਜੀਅ ਜੰਤ ਜਿਨਹਿ ਪ੍ਰਤਿਪਾਲੇ ॥ ਮੁਕਤਿ ਪਦਾਰਥੁ ਤਿਨ ਕਉ ਪਾਏ ॥
ਹਰਿ ਕੈ ਨਾਮਿ ਰਤੇ ਲਿਵ ਲਾਏ ॥੧॥ ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ ॥
ਅੰਤਰਿ ਪਰਗਾਸੁ ਹਰਿ ਨਾਮੁ ਧਿਆਵੈ ॥ ਰਹਾਉ ॥ ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ ॥
ਸਾਂਤਿ ਸੀਗਾਰੁ ਰਾਵੇ ਪ੍ਰਭੁ ਸੋਇ ॥ ਹਉਮੈ ਵਿਚਿ ਪ੍ਰਭੁ ਕੋਇ ਨ ਪਾਏ ॥ ਮੂਲਹੁ ਭੁਲਾ ਜਨਮੁ ਗਵਾਏ ॥੨॥
ਗੁਰ ਤੇ ਸਾਤਿ ਸਹਜ ਸੁਖੁ ਬਾਣੀ ॥ ਸੇਵਾ ਸਾਚੀ ਨਾਮਿ ਸਮਾਣੀ ॥ ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ ॥
ਸਾਚ ਨਾਮਿ ਵਡਿਆਈ ਪਾਏ ॥੩॥ ਆਪੇ ਕਰਤਾ ਜੁਗਿ ਜੁਗਿ ਸੋਇ ॥ ਨਦਰਿ ਕਰੇ ਮੇਲਾਵਾ ਹੋਇ ॥
ਗੁਰਬਾਣੀ ਤੇ ਹਰਿ ਮੰਨਿ ਵਸਾਏ ॥ ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ ॥੪॥੩॥}

(ਅੰਗ ੬੬੪)

ਧਨਾਸਰੀ ਮਹਲਾ ੩ ਤੀਜਾ ॥

{ਜਗੁ ਮੈਲਾ ਮੈਲੋ ਹੋਇ ਜਾਇ ॥ ਆਵੈ ਜਾਇ ਦੂਜੈ ਲੋਭਾਇ ॥ ਦੂਜੈ ਭਾਇ ਸਭ ਪਰਜ ਵਿਗੋਈ ॥
ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ ॥੧॥ ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥
ਅੰਤਰਿ ਨਾਮੁ ਵਸੈ ਪਤਿ ਊਤਮ ਹੋਇ ॥ ਰਹਾਉ ॥ ਗੁਰਮੁਖਿ ਉਬਰੇ ਹਰਿ ਸਰਣਾਈ ॥
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥ ਭਗਤਿ ਕਰੇ ਜਨੁ ਵਡਿਆਈ ਪਾਏ ॥
ਸਾਚਿ ਰਤੇ ਸੁਖ ਸਹਜਿ ਸਮਾਏ ॥੨॥ ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ ਗੁਰ ਕੈ ਸਬਦਿ ਆਪੁ ਪਛਾਣੁ ॥
ਸਾਚੀ ਰਾਸਿ ਸਾਚਾ ਵਾਪਾਰੁ ॥ ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥ ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ॥
ਊਤਮ ਬਾਣੀ ਸਬਦੁ ਸੁਣਾਏ ॥ ਪ੍ਰਭ ਸਾਚੇ ਕੀ ਸਾਚੀ ਕਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੪॥}

(ਅੰਗ ੬੬੪-੬੬੫)

ਧਨਾਸਰੀ ਮਹਲਾ ੪ ॥

{ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥

ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ ॥
ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ ਹਰਿ ਕਥਾ ਜਿਨ ਜਨਹੁ ਜਾਨੀ ॥ ਰਹਾਉ ॥
ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥
ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ ਅਵਰ ਸਭ ਤਿਆਗਿ ਓਹਾ ਹਰਿ ਭਾਨੀ ॥੨॥੫॥੧੧॥}

(ਅੰਗ ੬੬੯)

ਤਿਲੰਗ ਮਹਲਾ ੪ ॥

{ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥ ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥੧॥
ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥
ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥
ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥
ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥੩॥ ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥
ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥੪॥ ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥
ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥੫॥ ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥
ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥੬॥ ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ॥
ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥੭॥
ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥
ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥੮॥
ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥ ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥੯॥}

(ਅੰਗ ੭੨੫)

51/7095

ਬਿਲਾਵਲੁ ਮਹਲਾ ੧ ॥

{ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥
ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥
ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥
ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥
ਛੂਟੈ ਗੁਰਮੁਖਿ ਦਾਰੂ ਗੁਣ ਗਾਇ॥੩॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥
ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥

ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥
ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥
ਨਾਨਕ ਸਾਚੇ ਸਾਚਿ ਸਮਾਇ ॥੮॥੨॥}

(ਅੰਗ ੮੩੨)

ਮਃ ੩ ॥

{ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥
ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ ॥ ਨਾਨਕ ਸਹਜੇ ਮਿਲਿ ਰਹੇ ਨਾਮੁ ਵਡਿਆਈ ਦੇਇ ॥੨॥}

(ਅੰਗ ੮੫੦)

ਪਉੜੀ ॥

{ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ ਹਰਿ ਕਰਤੈ ਆਪਿ ਵਧਾਈ ॥
ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨ੍ਹਿ ਓਨ੍ਹਾ ਅੰਦਰਿ ਹਿਰਦੈ ਭਾਈ ॥
ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਹਾ ਪਰਾਇਆ ਭਲਾ ਨ ਸੁਖਾਈ ॥
ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ ॥
ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ ਸਭ ਝਖਿ ਝਖਿ ਮਰੈ ਲੋਕਾਈ ॥੪॥}

(ਅੰਗ ੮੫੦)

ਰਾਮਕਲੀ ਮਹਲਾ ੧ ॥

{ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ ॥੧॥
ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ ॥੧॥ ਰਹਾਉ॥ ਮਮਤਾ ਮਾਰਿ ਹਉਮੈ ਸੋਖੈ ਤ੍ਰਿਭਵਣਿ ਜੋਤਿ ਤੁਮਾਰੀ ॥੨॥
ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ ॥੩॥
ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ ॥੪॥
ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ ॥੫॥
ਪੰਚ ਤਤੁ ਮਿਲਿ ਅਹਿਨਿਸਿ ਦੀਪਕੁ ਨਿਰਮਲ ਜੋਤਿ ਅਪਾਰੀ ॥੬॥
ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ ਵਾਜੈ ਸਬਦੁ ਨਿਰਾਰੀ ॥੭॥
ਸਿਵ ਨਗਰੀ ਮਹਿ ਆਸਣੁ ਅਉਧੂ ਅਲਖੁ ਅਗੰਮੁ ਅਪਾਰੀ ॥੮॥
ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ ॥੯॥
ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ ॥੧੦॥
ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ ॥੧੧॥
ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥
ਕਾਇਆ ਸੋਧਿ ਤਰੈ ਭਵ ਸਾਗਰੁ ਆਤਮ ਤਤੁ ਵੀਚਾਰੀ ॥੧੩॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥
ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥

ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥
ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥
ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ ॥੧੮॥
ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖਿ ਸਬਦਿ ਬੀਚਾਰੀ ॥੧੯॥
ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ ॥੨੦॥
ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ ॥੨੧॥
ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥੨੨॥
ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥੨੩॥
ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥੨੪॥
ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ ॥੨੫॥੯॥}

(ਅੰਗ ੯੦੭-੯੦੮)

ਮਃ ੨ ॥

{ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥}

(ਅੰਗ ੯੫੪)

ਪਉੜੀ ॥

{ਕਾਇਆ ਅੰਦਰਿ ਗੜੁ ਕੋਟੁ ਹੈ ਸਭਿ ਦਿਸੰਤਰ ਦੇਸਾ ॥ ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ ॥
ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥ ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ॥
ਸਭੁ ਕਿਛੁ ਸਚੋ ਸਚੁ ਹੈ ਗੁਰਿ ਸੋਝੀ ਪਾਈ ॥੧੬॥}

(ਅੰਗ ੯੫੫)

{ਜਗਜੀਵਨੁ ਸਾਚਾ ਏਕੋ ਦਾਤਾ ॥ ਗੁਰ ਸੇਵਾ ਤੇ ਸਬਦਿ ਪਛਾਤਾ ॥
ਏਕੋ ਅਮਰੁ ਏਕਾ ਪਤਿਸਾਹੀ ਜੁਗੁ ਜੁਗੁ ਸਿਰਿ ਕਾਰ ਬਣਾਈ ਹੇ ॥੧॥ ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ॥
ਆਪੇ ਆਇ ਮਿਲਿਆ ਸੁਖਦਾਤਾ ॥ ਰਸਨਾ ਸਬਦਿ ਰਤੀ ਗੁਣ ਗਾਵੈ ਦਰਿ ਸਾਚੈ ਪਤਿ ਪਾਈ ਹੇ ॥੨॥}

(ਅੰਗ ੧੦੪੫-੧੦੪੬)

ਮਾਰੂ ਮਹਲਾ ੩ ॥

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੇ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥ ਅਪਣੀ ਗਹਣ ਗਤਿ ਆਪੇ ਜਾਣੈ ॥
ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥ ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥

ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥ ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥ ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥ ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥ ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥
ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥ ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥ ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥
ਸੇਵਕ ਸੇਵਹਿ ਸਬਦਿ ਸਲਾਹਹਿ ॥ ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥
ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ ॥੧੧॥ ਸਬਦੇ ਅਕਥੁ ਕਥੇ ਸਾਲਾਹੇ ॥
ਮੇਰੇ ਪ੍ਰਭ ਸਾਚੇ ਵੇਪਰਵਾਹੇ ॥ ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ ॥੧੨॥
ਮਨਮੁਖੁ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥ ਆਪੇ ਆਪਿ ਆਪਿ ਸਾਲਾਹੇ ॥
ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥ ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ ॥੧੪॥
ਬਿਨੁ ਗੁਰ ਦਾਤੇ ਕੋਇ ਨ ਪਾਏ ॥ ਲਖ ਕੋਟੀ ਜੇ ਕਰਮ ਕਮਾਏ ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥ ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥
ਸਾਚੀ ਬਾਣੀ ਸਬਦਿ ਸੁਹਾਏ ॥ ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥੪॥੧੩॥}

(ਅੰਗ ੧੦੫੬-੧੦੫੭)

ਮਾਰੂ ਮਹਲਾ ੩ ॥

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ॥੧॥ ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥ ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥ ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥
ਨਾਮੁ ਨ ਚੇਤੈ ਬਧਾ ਜਮਕਾਲੇ ॥ ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥
ਗੁਰਮੁਖਿ ਏਕਸੁ ਸਿਉ ਲਿਵ ਲਾਏ ॥ ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥ ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥
ਗੁਰ ਪਰਸਾਦੀ ਸਹਜੇ ਮਾਤੇ ॥ ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥
ਮਾਇਆ ਮੋਹਿ ਭਰਮਿ ਨ ਪਾਏ ॥ ਦੂਜੈ ਭਾਇ ਲਗਾ ਦੁਖੁ ਪਾਏ ॥
ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥ ਏਹੁ ਮਨੁ ਭੈ ਭਾਇ ਰੰਗਾਏ ॥
ਇਤੁ ਰੰਗਿ ਸਾਚੇ ਮਾਹਿ ਸਮਾਏ ॥ ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥
ਮਨਮੁਖੁ ਬਹੁਤੁ ਕਰੇ ਅਭਿਮਾਨੁ ॥ ਦਰਗਹ ਕਬ ਹੀ ਨ ਪਾਵੈ ਮਾਨੁ ॥
ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥ ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥
ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥ ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥
ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥ ਮੇਰੈ ਠਾਕੁਰਿ ਇਹ ਬਣਤ ਬਣਾਈ ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥ ਸਚਾ ਮਹਲੁ ਸਚੇ ਭੰਡਾਰਾ ॥
ਆਪੇ ਦੇਵੈ ਦੇਵਣਹਾਰਾ ॥ ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥ ਹਰਿ ਜੀਉ ਸਭ ਮਹਿ ਰਹਿਆ ਸਮਾਈ॥
ਗੁਰ ਪਰਸਾਦੀ ਪਾਇਆ ਜਾਈ ॥ ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥
ਆਪੇ ਸਚਾ ਸਬਦਿ ਮਿਲਾਏ ॥ ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ ੧੦੬੬-੧੦੬੭)

ਭੈਰਉ ਮਹਲਾ ੩ ॥

{ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥
ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ ॥੧॥ ਹਰਿ ਜੀਉ ਕ੍ਰਿਪਾ ਕਰਹੁ ਮੇਰੇ ਪਿਆਰੇ ॥
ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ ਗੁਰ ਕੈ ਸਬਦਿ ਉਧਾਰੇ ॥੧॥ ਰਹਾਉ ॥

ਸੰਤ ਜਨਾ ਕਉ ਜਮੁ ਜੋਹਿ ਨ ਸਾਕੈ ਰਤੀ ਅੰਚ ਦੂਖ ਨ ਲਾਈ ॥
ਆਪਿ ਤਰਹਿ ਸਗਲੇ ਕੁਲ ਤਾਰਹਿ ਜੋ ਤੇਰੀ ਸਰਣਾਈ ॥੨॥
ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥
ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥੩॥
ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ ਤੂ ਆਪੇ ਦੇਹਿ ਬੁਝਾਈ ॥
ਜੋ ਤੁਧੁ ਭਾਵੈ ਸੋਈ ਕਰਸੀ ਅਵਰੁ ਨ ਕਰਣਾ ਜਾਈ ॥੪॥
ਜਗਤੁ ਉਪਾਇ ਤੁਧੁ ਧੰਧੈ ਲਾਇਆ ਭੁੰਡੀ ਕਾਰ ਕਮਾਈ ॥
ਜਨਮੁ ਪਦਾਰਥੁ ਜੂਐ ਹਾਰਿਆ ਸਬਦੈ ਸੁਰਤਿ ਨ ਪਾਈ ॥੫॥
ਮਨਮੁਖਿ ਮਰਹਿ ਤਿਨ ਕਿਛੁ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ ॥
ਭਵਜਲੁ ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ ॥੬॥
ਸਾਚੈ ਸਬਦਿ ਰਤੇ ਜਨ ਸਾਚੇ ਹਰਿ ਪ੍ਰਭਿ ਆਪਿ ਮਿਲਾਏ ॥
ਗੁਰ ਕੀ ਬਾਣੀ ਸਬਦਿ ਪਛਾਤੀ ਸਾਚਿ ਰਹੇ ਲਿਵ ਲਾਏ ॥੭॥
ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ ਗੁਰ ਕੈ ਸਬਦਿ ਵੀਚਾਰੇ ॥
ਨਾਨਕੁ ਤਿਨ ਕੈ ਸਦ ਬਲਿਹਾਰੈ ਰਾਮ ਨਾਮੁ ਉਰਿ ਧਾਰੇ ॥੮॥੨॥੩॥}

(ਅੰਗ ੧੧੫੫)

51/7096

ਬਸੰਤੁ ਮਹਲਾ ੧ ॥

{ਆਪੇ ਕੁਦਰਤਿ ਕਰੇ ਸਾਜਿ ॥ ਸਚੁ ਆਪਿ ਨਿਬੇੜੇ ਰਾਜੁ ਰਾਜਿ ॥ ਗੁਰਮਤਿ ਊਤਮ ਸੰਗਿ ਸਾਥਿ ॥
ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥ ਮਤ ਬਿਸਰਸਿ ਰੇ ਮਨ ਰਾਮ ਬੋਲਿ ॥
ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥
ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ ਗੁਰ ਸੇਵ ਤਰੇ ਤਜਿ ਮੇਰ ਤੋਰ ॥ ਨਰ ਨਿੰਦਕ ਲੋਭੀ ਮਨਿ ਕਠੋਰ ॥
ਗੁਰ ਸੇਵ ਨ ਭਾਈ ਸਿ ਚੋਰ ਚੋਰ॥੨॥ ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ ੧੧੭੦)

ਪ੍ਰਭਾਤੀ ਮਹਲਾ ੧ ॥

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ ॥੧॥ ਗੁਰ ਸਮਾਨਿ ਤੀਰਥੁ ਨਹੀ ਕੋਇ ॥
ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥ ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥

ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ ॥
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ॥੩॥
ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ ॥
ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜ ਪਦੁ ਪਾਈਐ ॥੪॥੬॥}

(ਅੰਗ ੧੩੨੮-੧੩੨੯)

ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਬਰੀਕੀ ਨਾਲ ਸਮਝ ਸਕਦਾ ਹੈ। ਜੋ ਗੁਰੂ ਦੀ ਸੇਵਾ ਕਰਨੀ ਹੈ ਉਹੀ ਗੁਰੂ ਦਾ ਨਾਮ ਜਪਣਾ ਹੈ, ਉਹੀ ਗੁਰੂ ਦੀ ਭਗਤੀ ਕਰਨ ਦਾ ਤਰੀਕਾ ਹੈ ਤੇ ਉਹੀ ਸਾਰੇ ਸੰਸਾਰ ਲਈ ਧਰਮ ਤੇ ਚੱਲਣ ਦਾ ਮਾਰਗ ਹੈ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਹੈ ਭਾਵ ਧਰਮ ਗ੍ਰੰਥਾਂ ਅੰਦਰ ਸਮਝਾਏ ਹੋਏ ਸੱਚ ਤੇ ਚੱਲਣ ਦਾ ਮਾਰਗ ਹੈ। ਸੱਚ ਦੇ ਮਾਰਗ ਤੇ ਚੱਲਣ ਦੁਆਰਾ ਹੀ ਭਾਵ ਚੰਗੇ ਕਰਮ ਕਰਨ ਦੁਆਰਾ ਹੀ ਅਸੀਂ ਸੰਸਾਰ ਵਿੱਚ ਸੇਵਾ ਭਾਵਨਾ ਨਾਲ ਵਿਚਰਦੇ ਹਾਂ। ਅਸਲ ਵਿੱਚ ਮਨੁੱਖਤਾ ਦੀ ਸੇਵਾ ਹੀ ਗੁਰੂ ਦੀ ਸੇਵਾ ਹੈ ਭਾਵ ਗੁਰਮਤਿ ਨੂੰ ਮੰਨਣ ਦੀ ਸੇਵਾ ਹੈ। ਅਸੀਂ ਧਰਮ ਅਸਥਾਨਾਂ ਤੇ ਜਾ ਕੇ ਕਈ ਤਰੀਕਿਆਂ ਦੁਆਰਾ ਸੇਵਾ ਕਰਦੇ ਹਾਂ, ਜਲ ਦੀ ਸੇਵਾ ਕਰਦੇ ਹਾਂ, ਲੰਗਰ ਦੀ ਸੇਵਾ ਕਰਦੇ ਹਾਂ, ਸਫਾਈ ਦੀ ਸੇਵਾ ਕਰਦੇ ਹਾਂ ਤੇ ਹੋਰਾਂ ਤਰੀਕਿਆਂ ਦੁਆਰਾ ਵੀ ਸੇਵਾ ਕਰਦੇ ਹਾਂ। ਇਹ ਮਨੁੱਖਤਾ ਦੀ ਸੇਵਾ ਹੀ ਹੈ ਭਾਵ ਇਹ ਸਾਡੇ ਚੰਗੇ ਕਰਮ ਹੀ ਹਨ ਤੇ ਜੇਕਰ ਇਹੋ ਜਿਹੀ ਭਾਵਨਾ ਲੈ ਕੇ ਧਰਮ ਅਸਥਾਨਾਂ ਤੋਂ ਬਾਹਰ ਵੀ ਮਨੁੱਖਤਾ ਦੇ ਭਲੇ ਲਈ ਵਿਚਰਾਂਗੇ ਫਿਰ ਕੋਈ ਮਾੜਾ ਕਰਮ ਨਹੀਂ ਕਰਾਂਗੇ, ਅਉਗੁਣਾਂ ਤੋਂ ਰਹਿਤ ਹੋ ਕੇ ਵਿਚਰਾਂਗੇ ਫਿਰ ਇਸ ਵਿੱਚ ਹੀ ਗੁਰੂ ਪ੍ਰਮਾਤਮਾ ਦੀ ਸੱਚੀ ਸੇਵਾ ਹੈ, ਉਸਦੇ ਨਾਮ ਨੂੰ ਜਪਣਾ ਹੈ ਭਾਵ ਉਸਦੀ ਮਤਿ ਨੂੰ ਮੰਨਣਾ ਹੈ ਤੇ ਇਹੀ ਸਾਰੇ ਸੰਸਾਰ ਲਈ ਇੱਕੋ ਜਿਹਾ ਧਰਮ ਤੇ ਚੱਲਣ ਦਾ ਮਾਰਗ ਹੈ, ਉਸ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਦਾ ਮਾਰਗ ਹੈ। ਇਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਨ ਦੁਆਰਾ ਹੀ ਕੋਈ ਗੁਰੂ ਦੀ ਬੇੜੀ ਤੇ, ਗੁਰੂ ਪ੍ਰਮਾਤਮਾ ਦੇ ਬੋਹਿਥ ਤੇ ਚੜਨ ਦਾ ਸੱਚਾ ਉੱਦਮ ਕਰ ਸਕਦਾ ਹੈ ਤੇ ਮਨ ਦੀ ਅਉਗੁਣਾਂ ਨਾਲ ਭਰੀ ਹੋਈ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰ ਸਕਦਾ ਹੈ ਭਾਵ ਮਾਇਆ ਮੋਹ ਰੂਪ ਮਾੜੇ ਵਿਚਾਰਾਂ ਦੇ ਸਾਗਰ ਵਿੱਚੋਂ ਭਾਵ ਭਵਜਲ ਸਾਗਰ ਵਿੱਚੋਂ ਪਾਰ ਉਤਰਨ ਦਾ ਸੱਚਾ ਉਪਰਾਲਾ ਕਰ ਸਕਦਾ ਹੈ। ਅਸੀਂ ਕੇਵਲ ਉੱਦਮ ਹੀ ਕਰ ਸਕਦੇ ਹਾਂ ਜੋ ਕਿ ਸਾਡਾ ਫਰਜ ਹੈ ਤੇ ਬਾਕੀ ਕੇਵਲ ਉਸਦੀ ਕ੍ਰਿਪਾ ਹੈ ਕਿ ਉਹ ਕਿਸਨੂੰ ਆਪਣੇ ਸੱਚੇ ਵਿਚਾਰਾਂ ਨਾਲ ਜੋੜਦਾ ਹੈ ਜੋ ਸਾਰੇ ਸੰਸਾਰ ਦੇ ਹਰ ਮਨੁੱਖ ਦੇ ਵਿਚਾਰਾਂ ਦਾ ਮਾਲਕ ਹੈ। ਭਵਸਾਗਰ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਉਸਨੂੰ ਪਾਰ ਕਰਨ ਦਾ ਮਾਰਗ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਜਿਸ ਸ਼ਬਦ ਨੂੰ ਸਮਝਣ ਲਈ ਅਸੀਂ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸੇਵਾ ਦਾ ਮਾਰਗ ਸਮਝਿਆ ਹੈ ਉਸ ਸ਼ਬਦ ਨੂੰ ਹੁਣ ਧਿਆਨ ਨਾਲ ਵਿਚਾਰਦੇ ਹਾਂ ਤਾਂ ਜੋ ਸਾਡੇ ਸਮਝਣ ਵਿੱਚ ਕੋਈ ਫਰਕ ਨਾ ਰਹੇ।

51/7097

“ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥”

(ਅੰਗ ੮੬੪)

ਉਪਰ ਵਾਲੇ ਸ਼ਬਦ ਰਾਹੀਂ ਅਸੀਂ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਭਾਵ ਬਰੀਕੀ ਨਾਲ ਸਮਝਿਆ ਹੈ ਕਿ ਗੁਰੂ ਦਾ ਬੋਹਿਥ ਕੀ ਹੈ ਤੇ ਗੁਰੂ ਦਾ ਬੋਹਿਥ ਸਾਨੂੰ ਕਿਸ ਤਰੀਕੇ ਭਵਸਾਗਰ ਤੋਂ ਪਾਰ ਉਤਾਰਦਾ ਹੈ। ਉਪਰ ਵਾਲੇ ਪਦੇ ਦੀ ਦੂਸਰੀ ਪੰਗਤੀ ਰਾਹੀਂ ਜਮਾਂ ਤੋਂ ਛੁਟਕਾਰੇ ਦੀ ਗੱਲ ਕੀਤੀ ਹੋਈ ਹੈ ਜੋ ਜਮਾਂ ਤੋਂ ਛੁਟਕਾਰਾ ਗੁਰੂ ਦੀ ਸੇਵਾ ਕਰਨ ਦੁਆਰਾ ਹੁੰਦਾ ਹੈ ਤੇ ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਵੀ ਅਸੀਂ ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਬਰੀਕੀ ਨਾਲ ਸਮਝਿਆ ਹੈ। ਗੁਰੂ ਦੀ ਸੇਵਾ ਗੁਰਮਤਿ ਦੀ ਸੇਵਾ ਹੈ, ਗੁਰੂ ਦੀ ਮਤਿ ਦੀ ਸੇਵਾ ਹੈ, ਗੁਰੂ ਦੀ ਸਿੱਖਿਆ ਦੀ ਸੇਵਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਦੀ ਸੇਵਾ ਹੈ ਜੋ ਗੁਰੂ ਦੀ ਸੇਵਾ ਗੁਰੂ ਦੀ ਮਤਿ ਅਨੁਸਾਰ ਵਿਚਰਨ ਦੁਆਰਾ ਹੀ ਹੋ ਸਕਦੀ ਹੈ। ਹੁਣ ਧਿਆਨ ਨਾਲ ਸਮਝੋ ਕਿ ਉਹ ਸਾਡੇ ਜਮ ਕੀ ਹਨ ਜਿਨ੍ਹਾਂ ਤੋਂ ਛੁਟਕਾਰਾ ਗੁਰੂ ਦੀ ਸੇਵਾ ਦੁਆਰਾ ਹੁੰਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਨੂੰ ਅਪਨਾਉਣ ਦੁਆਰਾ ਤੇ ਉਸਤੇ ਚੱਲਣ ਦੁਆਰਾ ਹੁੰਦਾ ਹੈ। ਗੁਰੂ ਦੀ ਸੇਵਾ ਸਾਡੇ ਅੰਦਰ ਭਗਤੀ ਦੇ ਮਾਰਗ ਦੀ ਸੱਚੀ ਸਮਝ ਹੈ, ਗੁਰੂ ਦੇ ਨਾਮ ਦੀ ਸੱਚੀ ਸਮਝ ਦਾ ਹੋਣਾ ਹੈ ਜਿਸ ਸਮਝ ਦੁਆਰਾ ਅਸੀਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਮਨ ਦੇ ਸੰਤੋਖ ਦੁਆਰਾ ਵਿਚਰਦੇ

ਹਾਂ ਜਿਸ ਵਿੱਚ ਮਨੁੱਖ ਨੂੰ ਸੱਚਾ ਸੁੱਖ ਮਹਿਸੂਸ ਹੁੰਦਾ ਹੈ ਤੇ ਉਸਦੇ ਅੰਦਰ ਫਿਰ ਮਾਇਆ ਦਾ ਭਉ ਨਹੀਂ ਰਹਿੰਦਾ ਜਿਸ ਕਰਕੇ ਫਿਰ ਉਹ ਕੋਈ ਮਾੜਾ ਕਰਮ ਨਹੀਂ ਕਰਦਾ। ਸਾਨੂੰ ਪ੍ਰਮਾਤਮਾ ਦੇ ਦਰ ਤੋਂ ਸਜਾਵਾਂ ਸਾਡੇ ਮਾੜੇ ਕਰਮਾਂ ਦੀਆਂ ਹੀ ਮਿਲਦੀਆਂ ਹਨ। ਪ੍ਰਮਾਤਮਾ ਦਾ ਦਰ ਸਾਡੇ ਸਭ ਦੇ ਅੰਦਰ ਹੀ ਹੈ ਭਾਵ ਸਾਡਾ ਮਨ ਹੀ ਹੈ ਜਿੱਥੋਂ ਸਾਰੇ ਵਿਚਾਰ ਉਪਜਦੇ ਹਨ। ਚੰਗੇ ਵਿਚਾਰ ਵੀ ਮਨ ਦੇ ਵਿੱਚੋਂ ਉਪਜਦੇ ਹਨ ਤੇ ਮਾੜੇ ਵਿਚਾਰ ਵੀ ਮਨ ਦੇ ਵਿੱਚੋਂ ਹੀ ਉਪਜਦੇ ਹਨ ਭਾਵ ਮਾਇਆ ਮੋਹ ਵਾਲੇ ਵਿਚਾਰ, ਭਗਤੀ ਦੀ ਨਾਸਮਝੀ ਵਾਲੇ ਵਿਚਾਰ, ਨਾਮ ਦੀ ਨਾਸਮਝੀ ਵਾਲੇ ਵਿਚਾਰ, ਸਾਨੂੰ ਤ੍ਰੈ ਗੁਣਾਂ ਵਿੱਚ ਰੱਖਣ ਵਾਲੇ ਵਿਚਾਰ ਭਾਵ ਹਉਮੈ ਵਿੱਚ ਰੱਖਣ ਵਾਲੇ ਵਿਚਾਰ ਵੀ ਮਨ ਦੇ ਵਿੱਚੋਂ ਉਪਜਦੇ ਹਨ ਜੋ ਕਿ ਸਾਡੇ ਮਨਮਤਿ ਵਾਲੇ ਵਿਚਾਰ ਹਨ ਜਿਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਤੇ ਸੱਚੀ ਭਗਤੀ ਦੇ ਮਾਰਗ ਤੋਂ ਉਲਟ ਚੱਲਦੇ ਹਾਂ। ਸਾਡਾ ਜੋ ਵੀ ਕਰਮ ਗੁਰਮਤਿ ਦੇ ਉਲਟ

51/7098

ਹੁੰਦਾ ਹੈ ਉਹ ਸਾਡੀਆਂ ਸਜਾਵਾਂ ਦਾ ਕਾਰਣ ਬਣਦਾ ਹੈ ਜਿਸਦੀ ਮਨੁੱਖ ਨੂੰ ਸਮਝ ਨਹੀਂ ਹੁੰਦੀ ਪਰ ਉਨ੍ਹਾਂ ਦੀਆਂ ਸਜਾਵਾਂ ਸਾਨੂੰ ਸੰਸਾਰ ਵਿੱਚ ਰਹਿੰਦੇ ਹੋਏ ਕਿਸੇ ਨਾ ਕਿਸੇ ਰੂਪ ਵਿੱਚ ਭੁਗਤਣੀਆਂ ਹੀ ਪੈਂਦੀਆਂ ਹਨ। ਪ੍ਰਮਾਤਮਾ ਦੇ ਸਜਾਵਾਂ ਦੇਣ ਦੇ ਅਨੇਕਾਂ ਹੀ ਤਰੀਕੇ ਹਨ, ਮਨੁੱਖ ਨੂੰ ਦੁੱਖ ਵਿੱਚ ਪਾ ਕੇ ਰੱਖਣ ਦੇ ਅਨੇਕਾਂ ਹੀ ਤਰੀਕੇ ਹਨ। ਅਸੀਂ ਆਪਣੇ ਵੱਲੋਂ ਆਪਣੀਆਂ ਸਰੀਰਕ ਕਿਰਿਆਵਾਂ ਨੂੰ ਜੋ ਕਿ ਭਗਤੀ ਦਾ ਮਾਰਗ ਸਮਝਦੇ ਹਾਂ ਭਾਵ ਜੋ ਸਰੀਰਕ ਜਪ ਤਪ ਆਦਿ ਕਰਦੇ ਹਾਂ ਉਹ ਕੇਵਲ ਸਾਡੇ ਮਨ ਦੀ ਨਾਸਮਝੀ ਹੈ ਜਿਸ ਕਰਕੇ ਅਸੀਂ ਆਪਣੇ ਆਪ ਨੂੰ ਖੁਆਰ ਹੀ ਕਰਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ। ਕਈ ਭਰਮਾਂ ਵਾਲੀ ਭਗਤੀ ਕਰਕੇ ਸਾਰੀ ਸਾਰੀ ਰਾਤ ਜਾਗਣ ਦੁਆਰਾ ਸਰੀਰ ਨੂੰ ਕਸ਼ਟ ਦਿੰਦੇ ਹਨ। ਕਈ ਜੰਗਲਾਂ ਆਦਿ ਦੇ ਭਰਮਣ ਕਰਨ ਦੁਆਰਾ ਆਪਣੇ ਆਪ ਨੂੰ ਕਸ਼ਟ ਦਿੰਦੇ ਹਨ ਭਾਵ ਗ੍ਰਹਿਸਥ ਦਾ ਸੁੱਖ ਛੱਡ ਕੇ ਬੇਕਾਰ ਹੀ ਆਪਣੇ ਆਪ ਨੂੰ ਦੁੱਖ ਵਿੱਚ ਪਾਉਂਦੇ ਹਨ ਭਾਵ ਉਹ ਆਪਣੇ ਮਨ ਨੂੰ ਵੀ ਦੁੱਖੀ ਕਰਦੇ ਹਨ ਭਾਵ ਪ੍ਰਮਾਤਮਾ ਨੂੰ ਪਾਉਣ ਦੀ ਤ੍ਰਿਸ਼ਨਾ ਦੀ ਪੂਰੀ ਕਰਨ ਲਈ ਦੁੱਖੀ ਹੁੰਦੇ ਹਨ ਤੇ ਸਰੀਰ ਨੂੰ ਦੁੱਖ ਦਿੰਦੇ ਹਨ। ਇਨ੍ਹਾਂ ਸਾਰੇ ਦੁੱਖਾਂ ਦਾ ਕਾਰਣ ਧਰਮ ਦੇ ਸੱਚੇ ਮਾਰਗ ਦੀ ਸਮਝ ਦਾ ਨਾ ਹੋਣਾ ਹੈ, ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ ਭਾਵ ਨਾਮ ਦੀ ਸੱਚੀ ਸਮਝ ਦਾ ਨਾ ਹੋਣਾ ਹੈ ਭਾਵ ਮਨ ਦੇ ਅੰਦਰ ਸੱਚੇ ਗਿਆਨ ਵਾਲੀ ਸਮਝ ਦਾ ਨਾ ਹੋਣਾ ਹੈ ਜਿਸ ਸੱਚੀ ਸਮਝ ਦੁਆਰਾ ਹੀ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਸਕਦਾ ਹੈ, ਆਪਣੇ ਮਨ ਦੇ ਮਾਲਕ ਨੂੰ ਜਾਣ ਸਕਦਾ ਹੈ, ਆਪਣੇ ਅੰਦਰ ਦੀ ਜੋਤਿ ਨੂੰ ਜਾਣ ਸਕਦਾ ਹੈ ਜਿਸ ਜੋਤਿ ਰਾਹੀਂ ਹੀ ਸਭ ਨੂੰ ਮਨ ਦੇ ਵਿੱਚੋਂ ਸਮਝ ਮਿਲਦੀ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਇਹ ਉਸ ਮਨ ਦੇ ਵਿੱਚ ਬੈਠੇ ਹੋਏ ਗਿਆਨ ਦੇ ਮਾਲਕ ਦੀ ਮਰਜੀ ਹੈ ਕਿ ਉਹ ਕਿਸਨੂੰ ਮਨ ਦੇ ਵਿੱਚੋਂ ਕਿਹੋ ਜਿਹੀ ਸਮਝ ਪਾਉਣਾ ਚਾਹੁੰਦਾ ਹੈ। ਭਰਮਾਂ ਵਾਲੀ ਸਮਝ ਵਿੱਚ ਉਸਨੇ ਸਭ ਨੂੰ ਆਪ ਹੀ ਰੱਖਿਆ ਹੋਇਆ ਹੈ ਤੇ ਇਹ ਉਸਦੀ ਮਰਜੀ ਹੈ ਕਿ ਉਹ ਕਿਸ ਮਨੁੱਖ ਨੂੰ ਕਿਹੋ ਜਿਹੇ ਤੇ ਕਿਤਨੇ ਕੂ ਭਰਮਾਂ ਵਿੱਚ ਰੱਖਣਾ ਚਾਹੁੰਦਾ ਹੈ ਭਾਵ ਕਿਸਨੂੰ ਉਹ ਘੱਟ ਭਰਮਾਂ ਵਿੱਚ ਤੇ ਕਿਸਨੂੰ ਉਹ ਜਿਆਦਾ ਭਰਮਾਂ ਵਿੱਚ ਰੱਖਣਾ ਚਾਹੁੰਦਾ ਹੈ। ਕਿਸਨੂੰ ਉਹ ਕਿਤਨੇ ਕੂ ਚੰਗੇ ਵਿਚਾਰਾਂ ਵਿੱਚ ਤੇ ਕਿਤਨੇ ਕੂ ਮਾੜੇ ਵਿਚਾਰਾਂ ਵਿੱਚ ਰੱਖਣਾ ਚਾਹੁੰਦਾ ਹੈ। ਸਾਡੇ ਅੰਦਰ ਦੇ ਚੰਗੇ ਵਿਚਾਰ ਸਾਡੇ ਕੋਲੋਂ ਚੰਗੇ ਕਰਮ ਕਰਾਉਂਦੇ ਹਨ ਤੇ ਮਾੜੇ ਵਿਚਾਰ ਮਾੜੇ ਕਰਮ ਕਰਾਉਂਦੇ ਹਨ। ਸਾਡੇ ਕਰਮ ਧਰਮ ਸਾਡੇ ਵਿਚਾਰਾਂ ਦੀ ਉਪਜ ਹੀ ਹੈ ਭਾਵ ਸਾਡੀ ਸਮਝ ਦੀ ਉਪਜ ਹੀ ਹੈ। ਇਹ ਜਰੂਰੀ ਨਹੀਂ ਕਿ ਜੋ ਮਨੁੱਖ ਆਪਣੇ ਆਪ ਨੂੰ ਧਰਮੀ ਅਖਵਾਉਂਦਾ ਹੈ ਉਹ ਚੰਗੇ ਕਰਮ ਹੀ ਕਰਦਾ ਹੈ ਬਲਕਿ ਧਰਮ ਦੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਹੀ

51/7099

ਉਹ ਕਰਦਾ ਹੈ ਜੋ ਕਰਮ ਚੰਗੇ ਕਰਦਾ ਹੈ ਭਾਵ ਜੋ ਕਿਸੇ ਮਨੁੱਖ ਦਾ ਮਾੜਾ ਨਹੀਂ ਕਰਦਾ। ਪੂਰਨ ਰੂਪ ਵਿੱਚ ਚੰਗੇ ਕਰਮ ਕੇਵਲ ਉਹ ਮਨੁੱਖ ਹੀ ਕਰ ਸਕਦਾ ਹੈ ਜੋ ਪੂਰੀ ਤਰ੍ਹਾਂ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਮੁਕਤ ਹੋ ਜਾਵੇ, ਮਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਜਾਵੇ ਜੋ ਕਿ ਕਿਸੇ ਮਨੁੱਖ ਲਈ ਇਹ ਆਪਣੇ ਆਪ ਸੰਭਵ ਨਹੀਂ ਕਿ ਉਸਨੂੰ ਹਰ ਚੰਗੇ-ਮੰਦੇ ਕਰਮ ਦੇ ਵਿੱਚ ਫਰਕ ਦੀ ਸਮਝ ਪੈ ਜਾਵੇ। ਮਨੁੱਖ ਆਪਣੇ ਵੱਲੋਂ ਅਨੇਕਾਂ ਉਹੋ ਜਿਹੇ ਕਰਮ ਕਰਦਾ ਹੈ ਜਿਨ੍ਹਾਂ ਕਰਮਾਂ ਨੂੰ ਉਹ ਚੰਗੇ ਕਰਮ ਸਮਝਦਾ ਹੈ ਪਰ ਮਨੁੱਖ ਦਾ ਜੋ ਵੀ ਕਰਮ ਪੂਰੀ ਤਰ੍ਹਾਂ ਸੱਚ ਤੇ ਪੂਰਾ ਨਹੀਂ ਉਤਰਦਾ ਉਹ ਉਸਦਾ ਚੰਗਾ ਕਰਮ ਨਹੀਂ ਹੈ ਭਾਵ ਮਾੜਾ ਕਰਮ ਹੈ। ਆਪਣੇ ਵੱਲੋਂ ਜੇਕਰ ਕੋਈ ਕਿਸੇ ਦੀ ਮਦਦ ਕਰਦਾ ਹੈ ਪਰ ਉਹ ਮਨੁੱਖ ਜਿਸਦੀ ਉਹ ਮਦਦ ਕਰਦਾ ਹੈ ਭਾਵ ਝੂਠਾ ਮਨੁੱਖ ਹੁੰਦਾ ਹੈ ਇਸ ਗੱਲ ਨੂੰ ਜਾਣਦੇ ਹੋਏ ਵੀ ਝੂਠੇ ਮਨੁੱਖ ਦੀ ਮਦਦ ਕਰਨ ਨਾਲ ਸੱਚੇ ਮਨੁੱਖ ਦਾ ਨੁਕਸਾਨ ਕਰਨਾ ਮਾੜਾ ਕਰਮ ਹੈ ਜਿਸ ਮਨੁੱਖ ਦੇ ਅੰਦਰ ਸੱਚ ਹੈ ਉਸ ਮਨੁੱਖ ਦੀ ਸੇਵਾ ਕਰਨਾ ਸੱਚ ਦੀ ਸੇਵਾ ਹੈ, ਗੁਰੂ ਪ੍ਰਮਾਤਮਾ ਦੀ ਸੇਵਾ ਹੈ ਭਾਵ ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵ

ਭਗਤੀ ਦੇ ਮਾਰਗ ਤੇ ਚੱਲਣ ਦਾ ਤਰੀਕਾ ਹੈ ਜੋ ਕਿ ਸਾਡਾ ਸੱਚਾ ਧਰਮ ਹੈ। ਸਾਡਾ ਸੱਚਾ ਕਰਮ ਕਿਸ ਵਿੱਚ ਹੈ ਤੇ ਮਾੜਾ ਕਰਮ ਕਿਸ ਵਿੱਚ ਹੈ, ਪ੍ਰਮਾਤਮਾ ਤੋਂ ਕੁਝ ਵੀ ਛੁੱਪਿਆ ਹੋਇਆ ਨਹੀਂ ਹੈ ਉਹ ਸਭ ਕੁਝ ਜਾਣਦਾ ਹੈ। ਮਨੁੱਖ ਦਾ ਜੋ ਵੀ ਕਰਮ ਮਾੜਾ ਕਰਮ ਹੁੰਦਾ ਹੈ ਪ੍ਰਮਾਤਮਾ ਉਸੇ ਗੱਲ ਦੀ ਹੀ ਸਜਾ ਦਿੰਦਾ ਹੈ। ਪ੍ਰਮਾਤਮਾ ਦੀਆਂ ਸਜਾਵਾਂ ਦਾ ਕਾਰਣ ਸਾਡੇ ਮਨ ਦੇ ਉਹ ਨਾਸਮਝ ਵਿਚਾਰ ਹੀ ਹਨ ਜਿਨ੍ਹਾਂ ਨਾਸਮਝ ਮਾੜੇ ਵਿਚਾਰਾਂ ਕਰਕੇ ਭਾਵ ਮਾੜੇ ਵਿਚਾਰਾਂ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਮਨ ਦੇ ਇਹ ਮਾੜੇ ਕਰਮ ਸਾਡੇ ਕੋਲੋਂ ਕਰਵਾਉਣ ਵਾਲੇ ਮਾੜੇ ਵਿਚਾਰ ਹੀ ਹਨ, ਸਾਡੇ ਅੰਦਰ ਦੇ ਜਮ ਹਨ ਜਿਨ੍ਹਾਂ ਕਰਕੇ ਮਨੁੱਖ ਨੂੰ ਇਸ ਸਰੀਰ ਵਿੱਚ ਰਹਿੰਦੇ ਹੋਏ ਅਨੇਕਾਂ ਦੁੱਖ ਸਹਿਣੇ ਪੈਂਦੇ ਹਨ। ਮਨੁੱਖ ਨਾ ਕਿਤੋਂ ਆਉਂਦਾ ਹੈ ਤੇ ਨਾ ਹੀ ਕਿਤੇ ਜਾਂਦਾ ਹੈ ਭਾਵ ਇਨ੍ਹਾਂ ਪੰਜਾਂ ਤੱਤਾਂ ਦੁਆਰਾ ਬਣਦਾ ਹੈ ਤੇ ਸਰੀਰ ਦੇ ਬਿਨਸਨ ਤੋਂ ਬਾਅਦ ਇਨ੍ਹਾਂ ਪੰਜਾਂ ਤੱਤਾਂ ਵਿੱਚ ਹੀ ਰੱਲ ਜਾਂਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਪੂਰੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਆਪਣੀ ਨਾਸਮਝੀ ਕਰਕੇ ਭਾਵ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਕਰਕੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ, ਆਪਣਾ ਵੱਖਰਾ ਮਨੁੱਖੀ ਰੂਪ ਸਮਝਦਾ ਹੈ ਤੇ ਮਨ ਦੇ ਭਰਮ ਕਰਕੇ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ। ਮਨ ਦੇ ਭਰਮ ਕਰਕੇ ਹੀ ਹਰ ਕੋਈ ਇਹ ਸਮਝਦਾ ਹੈ ਕਿ ਜਮਾਂ ਦੀ ਮਾਰ ਕਿਧਰੇ ਅੱਗੇ ਜਾ ਕੇ ਸਹਿਣੀ ਪੈਂਦੀ ਹੈ ਭਾਵ ਸਰੀਰ ਦੇ ਬਿਨਸਨ ਤੋਂ ਬਾਅਦ ਕਿਤੇ ਅੱਗੇ ਜਾ ਕੇ ਸਹਿਣੀ ਪੈਂਦੀ ਹੈ, ਧਰਮਰਾਜ ਕੋਲ ਜਾ ਕੇ ਸਹਿਣੀ ਪੈਂਦੀ ਹੈ। ਧੰਨ ਧੰਨ ਧੰਨ ਉੱਚੀ ਤੇ ਸੁੱਚੀ ਗੁਰਬਾਣੀ ਨੇ ਮਨੁੱਖ ਦਾ ਇਹ ਭਰਮ ਅਨੇਕਾਂ ਹੀ ਸ਼ਬਦਾਂ ਦੁਆਰਾ ਕੱਢਿਆ ਹੋਇਆ ਹੈ। ਧਰਮਰਾਜ ਪ੍ਰਮਾਤਮਾ ਆਪ ਹੀ ਹੈ ਜੋ ਸਾਡੇ ਸਭ ਦੇ ਅੰਦਰ ਹੀ ਹੈ ਤੇ ਸਾਨੂੰ ਜਮਾਂ ਦੀਆਂ ਸਜਾਵਾਂ ਦੇਣ ਵਾਲਾ ਉਹ ਆਪ ਹੀ ਹੈ ਭਾਵ ਮਾੜੇ ਕਰਮਾਂ ਕਰਕੇ ਸਾਨੂੰ ਕਸ਼ਟਾਂ ਵਿੱਚ ਪਾਉਣ ਵਾਲਾ ਉਹ ਆਪ ਹੀ

ਹੈ। ਸਾਨੂੰ ਕਸ਼ਟਾਂ ਵਿੱਚ ਪਾਉਣ ਵਾਲੀ ਭਾਵ ਜਮਾਂ ਦੀ ਮਾਰ ਪਾਉਣ ਵਾਲੀ ਸਾਡੇ ਅੰਦਰ ਅਗਿਆਨਤਾ ਵਾਲੀ ਸਮਝ ਹੀ ਹੈ ਜੋ ਸਾਨੂੰ ਗੁਰੂ ਦੇ ਸਮਝਾਏ ਹੋਏ ਸੱਚ ਦੇ ਮਾਰਗ ਤੋਂ ਉਲਟ ਚਲਾਉਂਦੀ ਹੈ ਭਾਵ ਸਾਡੇ ਅੰਦਰ ਦੀ ਪੁੱਠੀ ਮਤਿ ਸਾਨੂੰ ਪੁੱਠੇ ਮਾਰਗ ਤੇ ਚਲਾਉਂਦੀ ਹੈ ਜਿਸ ਪੁੱਠੀ ਮਤਿ ਨੂੰ ਭਾਵ ਮਨਮਤਿ ਨੂੰ ਭਾਵ ਅਉਗੁਣਾਂ ਵਾਲੀ ਮਤਿ ਨੂੰ ਛੱਡੇ ਬਿਨਾਂ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਅਪਨਾਏ ਬਿਨਾਂ ਅਸੀਂ ਜਮਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਭਾਵ ਗੁਰੂ ਦੀ ਸੇਵਾ ਤੇ ਸਹੀ ਮਾਰਗ ਤੇ ਚੱਲੇ ਬਿਨਾਂ ਮਨ ਦੇ ਜਮਾਂ ਤੋਂ ਭਾਵ ਮਾੜੇ ਵਿਚਾਰਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ। ਸਾਡੇ ਅੰਦਰ ਦੇ ਇਹ ਜਮ ਕੀ ਹਨ ਇਨ੍ਹਾਂ ਨੂੰ ਹੇਠ ਦਿੱਤੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਸਾਨੂੰ ਆਪਣੇ ਜਮ ਸਮਝਣ ਵਿੱਚ, ਜਮਾਂ ਦੀ ਮਾਰ ਸਮਝਣ ਵਿੱਚ ਕੋਈ ਭਰਮ ਨਾ ਰਹੇ ਜੋ ਭਰਮ ਸਭ ਦੇ ਅੰਦਰ ਹੈ, ਪ੍ਰਬਲ ਭਰਮ ਹੈ। ਆਉ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਬਹੁਤ ਵੱਡੇ ਭਰਮ ਵਿੱਚੋਂ ਨਿਕਲੀਏ ਤੇ ਉਸ ਬੇਵਜਾ ਡਰ ਵਿੱਚੋਂ ਨਿਕਲੀਏ ਜੋ ਡਰ ਸਭ ਦੇ ਅੰਦਰ ਮਨ ਦੀ ਨਾਸਮਝੀ ਕਰਕੇ ਹੀ ਹੈ। ਗੁਰੂ ਨੇ ਸਾਨੂੰ ਸਭ ਕੁਝ ਬੜੇ ਹੀ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ, ਜਿਸ ਲਈ ਕੇਵਲ ਤੇ ਕੇਵਲ ਗੁਰੂ ਦੀ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਉਸਦੀ ਉੱਚੀ ਤੇ ਸੱਚੀ ਸਮਝ ਤੇ ਵਿਸ਼ਵਾਸ ਟਿਕਾਉਣ ਦੀ ਲੋੜ ਹੈ ਤੇ ਉਨ੍ਹਾਂ ਦੀ ਸਮਝ ਤੋਂ ਵਿਸ਼ਵਾਸ ਤੋੜਨ ਦੀ ਲੋੜ ਹੈ ਜੋ ਸਾਨੂੰ ਸਦੀਆਂ ਤੋਂ ਇਹ ਸਮਝਾਉਂਦੇ ਆ ਰਹੇ ਹਨ ਕਿ ਅੱਗੇ ਜਾ ਕੇ ਜਮਾਂ ਦੀ ਮਾਰ ਸਹਿਣੀ ਪੈਂਦੀ ਹੈ। ਇਹੋ ਜਿਹੀਆਂ ਗੱਲਾਂ ਉਹੀ ਕਰ ਸਕਦੇ ਹਨ ਜਿਨ੍ਹਾਂ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੇ ਦਰ ਨੂੰ ਨਹੀਂ ਜਾਣਿਆ ਤੇ ਉਨ੍ਹਾਂ ਨੂੰ ਇਸ ਗੱਲ ਤੇ ਬਿਲਕੁੱਲ ਹੀ ਵਿਸ਼ਵਾਸ ਨਹੀਂ ਹੈ ਕਿ ਸਭ ਕੁਝ ਪ੍ਰਮਾਤਮਾ ਆਪ ਹੀ ਹੈ ਭਾਵ ਨਾ ਮਨੁੱਖ ਕਿਤੋਂ ਆਉਂਦਾ ਹੈ ਤੇ ਨਾ ਕਿਤੇ ਜਾਂਦਾ ਹੈ ਭਾਵ ਅੱਗੇ ਜਾ ਕੇ ਜਮਾਂ ਦਾ ਡਰ ਸਮਝਣਾ ਇੱਕ ਵੱਡਾ ਭਰਮ ਹੈ। ਹੇਠ ਦਿੱਤੇ ਸ਼ਬਦਾਂ ਦੁਆਰਾ ਸਾਰੀ ਮਨੁੱਖਤਾ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਤੇ ਆਉ ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਆਪਣੇ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਨਿਕਲੀਏ।

ਮਃ ੩ ॥

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥

ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬-੮੭)

{ਮਾਇਆ ਮੋਹਿ ਹਰਿ ਚੇਤੈ ਨਾਹੀ ॥ ਜਮਪੁਰਿ ਬਧਾ ਦੁਖ ਸਹਾਹੀ ॥
ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ ॥੪॥}

(ਅੰਗ ੧੧੧)

51/7101

{ਊਚਾ ਕੂਕੇ ਤਨਹਿ ਪਛਾੜੇ ॥ ਮਾਇਆ ਮੋਹਿ ਜੋਹਿਆ ਜਮਕਾਲੇ ॥
ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥}

(ਅੰਗ ੧੨੧-੧੨੨)

ਮਃ ੧ ॥

{ਵਸਤ੍ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ॥ ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ॥
ਅੰਧਾ ਭੂਲਿ ਪਇਆ ਜਮ ਜਾਲੇ ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥
ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥ ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ॥੨॥}

(ਅੰਗ ੧੩੯)

{ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥ ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥}

(ਅੰਗ ੧੪੦)

{ਜਾ ਕੈ ਬਿਨਸਿਓ ਮਨ ਤੇ ਭਰਮਾ ॥ ਤਾ ਕੈ ਕਛੂ ਨਾਹੀ ਡਰੁ ਜਮਾ ॥੩॥ ਜਾ ਕੈ ਹਿਰਦੈ ਦੀਓ ਗੁਰਿ ਨਾਮਾ ॥
ਕਹੁ ਨਾਨਕ ਤਾ ਕੈ ਸਗਲ ਨਿਧਾਨਾ ॥੪॥੩੪॥੧੦੩॥}

(ਅੰਗ ੧੮੬)

{ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥੩॥
ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥}

(ਅੰਗ ੧੯੦)

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥ ਤ੍ਰਿਕੁਟੀ ਛੂਟੀ ਬਿਮਲ ਮਝਾਰਿ॥
ਗੁਰ ਕੀ ਮਤਿ ਜੀਇ ਆਈ ਕਾਰਿ ॥੧॥ ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥
ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥}

(ਅੰਗ ੨੨੦-੨੨੧)

{ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥੨॥
ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥
ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥}

(ਅੰਗ ੨੨੭)

{ਹਉਮੈ ਮੈਲਾ ਇਹੁ ਸੰਸਾਰਾ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ॥੩॥

ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ ੨੩੦)

{ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥ ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥
ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥}

(ਅੰਗ ੨੩੧)

51/7102

{ਬਿਨੁ ਗੁਰ ਸਾਚੇ ਭਰਮਿ ਭੁਲਾਏ ॥ ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥
ਜਮੂਆ ਨ ਜੋਹੈ ਹਰਿ ਕੀ ਸਰਣਾਈ ॥ ਹਉਮੈ ਮਾਰਿ ਸਚਿ ਲਿਵ ਲਾਈ ॥
ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥}

(ਅੰਗ ੨੩੧)

{ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥
ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥}

(ਅੰਗ ੨੩੪)

{ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ ੨੩੫)

ਗਉੜੀ ਮਹਲਾ ੫ ॥

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥ ਜੋ ਇਸੁ ਮਾਰੇ ਤਿਸ ਕਾ ਆਇਆ ਗਨੀ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥

ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥ ਇਸੁ ਮਾਰੀ ਬਿਨੁ ਥਾਇ ਨ ਪਰੈ॥
ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ॥
ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥ ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥
ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥ ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ॥੮॥੫॥}

(ਅੰਗ ੨੩੭-੨੩੮)

ਗਉੜੀ ਮਹਲਾ ੫ ॥

{ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ ॥ ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥
ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥੧॥ ਰਹਾਉ ॥
ਗੁਰ ਕੈ ਬਚਨਿ ਸੁਣਿ ਰਸਨ ਵਖਾਣੀ ॥ ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥੨॥
ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥੩॥
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥੫॥
ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥ ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥੬॥
ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥੭॥
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥੮॥੮॥}

(ਅੰਗ ੨੩੯)

{ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ ॥੬॥
ਲਾਖ ਅਡੰਬਰ ਬਹੁਤੁ ਬਿਸਥਾਰਾ ॥ ਨਾਮ ਬਿਨਾ ਝੂਠੇ ਪਾਸਾਰਾ ॥੭॥
ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥}

(ਅੰਗ ੨੪੦)

{ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥ ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥
ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥ ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ ॥
ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥ ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥੯॥}

(ਅੰਗ ੨੫੨)

ਸਲੋਕੁ ॥

{ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੁ ਮਿਲਾਵੈ ਮੋਹਿ ॥ ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ ॥੧॥}

(ਅੰਗ ੨੫੬)

ਪਉੜੀ ੫ ॥

{ਤੁਸਿ ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ ॥ ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ ॥

ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥
ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ ॥੨੯॥}

(ਅੰਗ ੩੧੫)

51/7103

ਪਉੜੀ ॥

{ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥ ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥
ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥ ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥
ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥੯॥}

(ਅੰਗ ੩੨੦)

ਆਸਾ ਮਹਲਾ ੧ ਪੰਚਪਦੇ ॥

{ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥ ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥
ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥ ਸਚੁ ਨਾਮੁ ਜਾ ਨਵ ਨਿਧਿ ਪਾਈ ॥
ਰੋਵੈ ਪੂਤੁ ਨ ਕਲਪੈ ਮਾਈ ॥੨॥ ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥ ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥
ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥ ਨਦਰਿ ਕਰੇ ਤਾ ਏਹੁ ਮੋਹੁ ਜਾਇ॥ ਨਾਨਕ ਹਰਿ ਸਿਉ ਰਹੈ ਸਮਾਇ॥੬॥੨੩॥}

(ਅੰਗ ੩੫੬)

ਆਸਾ ਮਹਲਾ ੧ ਚਉਪਦੇ ॥

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥ ਘੁੰਘਰੂ ਵਾਜੈ ਜੇ ਮਨੁ ਲਾਗੈ॥
ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥ ਆਸ ਨਿਰਾਸੀ ਤਉ ਸੰਨਿਆਸੀ ॥
ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥ ਦਇਆ ਦਿਗੰਬਰੁ ਦੇਹ ਬੀਚਾਰੀ ॥
ਆਪਿ ਮਰੈ ਅਵਰਾ ਨਹ ਮਾਰੀ ॥੩॥ ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥੪॥੨੫॥}

(ਅੰਗ ੩੫੬)

{ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥}

(ਅੰਗ ੩੫੮)

{ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ ॥੨॥}

(ਅੰਗ ੩੬੫)

{ਗੁਰਮੁਖਿ ਹਰਿ ਹਰਿ ਵੇਲਿ ਵਧਾਈ ॥ ਫਲ ਲਾਗੇ ਹਰਿ ਰਸਕ ਰਸਾਈ ॥੧॥
ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥
ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮਕੰਕਰ ਭੁਇਅੰਗਾ ॥੧॥ ਰਹਾਉ ॥}

(ਅੰਗ ੩੬੭)

{ਹਰਿ ਸੇਵਾ ਮਹਿ ਪਰਮ ਨਿਧਾਨੁ ॥ ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ ॥੧॥ ਹਰਿ ਮੇਰਾ ਸਾਥੀ ਸੰਗਿ ਸਖਾਈ ॥
ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋ ਕਉ ਕਹਾ ਡਰਾਈ ॥੧॥ ਰਹਾਉ ॥}

(ਅੰਗ ੩੭੫)

{ਚਰਨ ਕਮਲ ਕੀ ਆਸ ਪਿਆਰੇ ॥ ਜਮਕੰਕਰ ਨਸਿ ਗਏ ਵਿਚਾਰੇ ॥੧॥}

(ਅੰਗ ੩੯੯)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥ ਬਿਨੁ ਬੂਝੇ ਕੋ ਥਾਇ ਨ ਪਾਈ ॥
ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ ॥
ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥ ਜਗੁ ਮੋਹਿ ਬਾਧਾ ਬਹੁਤੀ ਆਸਾ ॥
ਗੁਰਮਤੀ ਇਕਿ ਭਏ ਉਦਾਸਾ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥}

(ਅੰਗ ੪੧੨)

{ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥ ਕਥਨੀ ਬਦਨੀ ਪੜਿ ਪੜਿ ਭਾਰੁ ॥
ਲੇਖ ਅਸੰਖ ਅਲੇਖੁ ਅਪਾਰੁ ॥੧॥ ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ ॥੧॥ ਰਹਾਉ ॥
ਮਾਇਆ ਮੋਹਿ ਜਗੁ ਬਾਧਾ ਜਮਕਾਲਿ ॥ ਬਾਂਧਾ ਛੂਟੈ ਨਾਮੁ ਸਮ੍ਾਲਿ ॥ ਗੁਰੁ ਸੁਖਦਾਤਾ ਅਵਰੁ ਨ ਭਾਲਿ ॥
ਹਲਤਿ ਪਲਤਿ ਨਿਬਹੀ ਤੁਧੁ ਨਾਲਿ ॥੨॥ ਸਬਦਿ ਮਰੈ ਤਾਂ ਏਕ ਲਿਵ ਲਾਏ ॥ ਅਚਰੁ ਚਰੈ ਤਾਂ ਭਰਮੁ ਚੁਕਾਏ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥ ਗੁਰਮੁਖਿ ਹੋਇ ਤ ਸਚਿ ਸਮਾਏ ॥੩॥}

(ਅੰਗ ੪੧੨)

{ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥
ਆਪੇ ਬਖਸੇ ਸਤਿਗੁਰੁ ਮੇਲੈ ॥ ਕਾਲੁ ਕੰਟਕੁ ਮਾਰੇ ਸਚੁ ਪੇਲੈ ॥੨॥}

(ਅੰਗ ੪੧੫)

51/7104

{ਨਾ ਜਮਦੂਤ ਦੂਖੁ ਤਿਸੁ ਲਾਗੈ ॥ ਜੋ ਜਨੁ ਰਾਮ ਨਾਮਿ ਲਿਵ ਜਾਗੈ ॥
ਭਗਤਿ ਵਛਲੁ ਭਗਤਾ ਹਰਿ ਸੰਗਿ ॥ ਨਾਨਕ ਮੁਕਤਿ ਭਏ ਹਰਿ ਰੰਗਿ ॥੮॥੯॥}

(ਅੰਗ ੪੧੬)

{ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ ॥
ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ ॥੬॥}

(ਅੰਗ ੪੨੬)

{ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥
ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥੪॥}

(ਅੰਗ ੪੪੩)

{ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥
ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥}

(ਅੰਗ ੪੫੧)

{ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥}

(ਅੰਗ ੪੬੫)

{ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥
ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ ॥੭॥}

(ਅੰਗ ੫੦੪)

{ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ॥
ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥}

(ਅੰਗ ੫੦੪-੫੦੫)

ਪਉੜੀ ॥

{ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥ ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ॥
ਮਨਮੁਖ ਜਮ ਮਗਿ ਪਾਈਅਨ੍ਹਿ ਜਿਨ੍ ਦੂਜਾ ਭਾਉ ਪਿਆਰਾ ॥ ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ ॥੧੨॥}

(ਅੰਗ ੫੧੩)

ਸਲੋਕੁ ਮਃ ੧ ॥

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥}

(ਅੰਗ ੪੬੮)

ਉਪਰ ਵਾਲੇ ਅਨੇਕਾਂ ਸ਼ਬਦਾਂ ਵਿੱਚੋਂ ਭਾਵੇਂ ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਉ ਕਿ ਜਮ ਸਾਡੇ ਅੰਦਰ ਹੀ ਹਨ ਜੋ ਕਿ ਸਾਡੇ ਅੰਦਰ ਮਾੜੇ ਵਿਚਾਰਾਂ ਦੇ ਰੂਪ ਵਿੱਚ ਹਨ, ਮਨ ਦੀਆਂ ਤ੍ਰਿਸ਼ਨਾਵਾਂ ਦੇ ਰੂਪ ਵਿੱਚ ਹਨ ਜੋ ਸਾਨੂੰ ਤ੍ਰਿਸ਼ਨਾਵਾਂ ਦੀ

ਪੂਰਤੀ ਨਾ ਹੋਣ ਕਰਕੇ ਸਤਾਉਂਦੇ ਰਹਿੰਦੇ ਹਨ, ਦੁੱਖ ਦਿੰਦੇ ਰਹਿੰਦੇ ਹਨ। ਸਾਡੇ ਅੰਦਰ ਇਹ ਮਾੜੇ ਵਿਚਾਰਾਂ ਦਾ ਵੱਸਿਆ ਰਹਿਣਾ ਭਾਵ ਮਾੜੇ ਵਿਚਾਰ ਨਾ ਨਿਕਲਣ ਦਾ ਕਾਰਣ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਭਾਵ ਉਹ ਸਮਝ ਹੈ ਜੋ ਗੁਰੂ ਦੀ ਗਿਆਨ ਵਾਲੀ ਸਮਝ ਨੂੰ ਨਹੀਂ ਅਪਨਾਉਂਦੀ।

ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਨੂੰ ਮੰਨਣ ਦੁਆਰਾ ਭਾਵ ਗੁਰੂ ਦੇ ਨਾਮ ਨੂੰ ਮੰਨਣ ਦੁਆਰਾ ਸਾਡੇ ਅੰਦਰ ਦੇ ਮਾੜੇ ਵਿਚਾਰਾਂ ਵਾਲੀ ਸਮਝ ਨਿਕਲ ਜਾਂਦੀ ਹੈ ਜਿਸ ਦੁਆਰਾ ਸਾਡਾ ਮਨ ਦੇ ਜਮਾਂ ਤੋਂ ਛੁਟਕਾਰਾ ਹੁੰਦਾ ਹੈ। ਇਸ ਗੱਲ ਨੂੰ ਅਸੀਂ ਉਪਰ ਵਾਲੇ ਸ਼ਬਦਾਂ ਵਿੱਚੋਂ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਆਸਾਨੀ ਨਾਲ ਸਮਝ ਸਕਦੇ ਹਾਂ, ਆਪਣੇ ਅੰਦਰ ਦੇ ਜਮਾਂ ਬਾਰੇ ਬਰੀਕੀ ਨਾਲ ਸਮਝ ਸਕਦੇ ਹਾਂ।

“ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥
ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥
ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਝੂਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥”

(ਅੰਗ ੨੩੫)

ਉਪਰ ਵਾਲੀਆਂ ਸਾਰੀਆਂ ਪੰਗਤੀਆਂ ਨੂੰ ਧਿਆਨ ਨਾਲ ਪੜੋ ਕਿ ਅਕਾਲ ਪੁਰਖ ਨੇ ਧੰਨ ਧੰਨ ਚੌਥੀ ਪਾਤਸ਼ਾਹੀ ਦੇ ਸਰੀਰ ਰਾਹੀਂ ਆਪਣੇ ਆਪ ਨੂੰ ਉਨ੍ਹਾਂ ਦੀ ਜੋਤਿ ਦੇ ਅੰਦਰ ਪ੍ਰਗਟ ਕਰਕੇ ਸੰਸਾਰ ਨੂੰ ਕਿਤਨੇ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਸਾਡੇ ਅੰਦਰ ਦੇ ਜਮ ਕੀ ਹਨ ਤੇ ਇਹ ਮਰਦੇ ਕਿਵੇਂ ਹਨ। ਪਹਿਲਾਂ ਉਪਰ ਵਾਲੇ ਪਹਿਲੇ ਪਦੇ ਨੂੰ ਸਮਝੋ ਕਿ ਸਾਡੇ ਅੰਦਰ ਨਾਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਜਿਸ ਨਾਮ ਦੀ ਪ੍ਰਾਪਤੀ ਦੇ ਨਾਲ ਹੀ ਆਪਣੇ ਅੰਦਰੋਂ **“ਜਮਕਾਲਿ”** ਨੂੰ ਮਾਰਿਆ ਜਾ ਸਕਦਾ ਹੈ।

“ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥
ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥”

ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਕਿ ਧੰਨ ਧੰਨ ਚੌਥੀ ਪਾਤਸ਼ਾਹੀ ਨੂੰ ਨਾਮ ਦੀ ਦਾਤਿ ਕਿਸ ਕੋਲੋਂ ਮਿਲੀ ਹੈ ਤੇ ਉਸ ਨਾਮ ਦੀ ਸੰਭਾਲ ਫਿਰ ਉਹ ਮਨੁੱਖੀ ਰੂਪ ਆਪਣੇ ਅੰਦਰ ਕਿਸ ਜਗ੍ਹਾ ਤੇ ਕਰਦਾ ਹੈ। ਚੌਥੀ ਪਾਤਸ਼ਾਹੀ ਨੇ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਨਾਮ ਦੀ ਦਾਤਿ ਉਨ੍ਹਾਂ ਨੂੰ ਅਕਾਲ ਪੁਰਖ ਦੇ ਕੋਲੋਂ ਮਿਲੀ ਹੈ। ਇਹ ਨਾਮ ਉਨ੍ਹਾਂ ਨੂੰ ਪ੍ਰਮਾਤਮਾ ਨੇ ਉਨ੍ਹਾਂ ਦੀ ਜੋਤਿ ਦੇ ਅੰਦਰ ਦਿਖਾਇਆ ਹੈ ਭਾਵ ਉਨ੍ਹਾਂ ਨੂੰ ਨਾਮ ਦੀ ਪ੍ਰਾਪਤੀ, **“ਨਉ ਨਿਧਿ ਨਾਮੁ”** ਦੀ ਪ੍ਰਾਪਤੀ ਮਨ ਦੇ ਵਿੱਚ ਹੋਈ ਹੈ ਭਾਵ ਜੋਤਿ ਰੂਪ ਮਨ ਦੇ ਵਿੱਚ ਹੋਈ ਹੈ। ਆਪਣਾ ਨਾਮ ਬਖਸ਼ਣ ਰਾਹੀਂ ਪ੍ਰਮਾਤਮਾ ਮਨ ਦੇ ਵਿੱਚ ਆਪਣਾ ਆਪ ਹੀ ਵਿਖਾਉਂਦਾ ਹੈ ਕਿ ਉਹ ਕੀ ਹੈ। ਪ੍ਰਮਾਤਮਾ ਆਪਣੇ ਨਾਮ ਦੇ ਰੂਪ ਵਿੱਚ ਹੀ ਮਨੁੱਖ ਦੇ ਅੰਦਰ ਪ੍ਰਗਟ ਹੁੰਦਾ ਹੈ। ਪ੍ਰਮਾਤਮਾ ਦਾ ਨਾਮ ਨਉ ਨਿਧੀਆਂ ਹਨ ਭਾਵ ਸੰਸਾਰ ਦਾ ਸਭ ਤੋਂ ਵੱਡਾ ਖਜਾਨਾ ਹੈ ਜੋ ਉਸਦਾ ਖਜਾਨਾ ਸੱਚੇ ਗਿਆਨ ਦੀ ਸਮਝ ਦੇ ਰੂਪ ਵਿੱਚ

ਹੈ, ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਪ੍ਰਮਾਤਮਾ ਦਾ ਇਹ ਨਾਮ ਰੂਪ ਖਜਾਨਾ ਹੀ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਆਪਣੇ ਇਸ ਖਜਾਨੇ ਵਿੱਚ ਰਲਾਇਆ ਹੈ ਭਾਵ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਰਲਾਇਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਨਾਮ ਨਉ ਨਿਧਿ ਪਾਈ ਹੈ। ਇਹ ਪ੍ਰਮਾਤਮਾ ਦਾ ਸਤਿ ਰੂਪ ਖਜਾਨਾ ਹੈ, ਇਸ ਖਜਾਨੇ ਵਿੱਚ ਕੇਵਲ ਸੱਚੇ ਵਿਚਾਰ ਹੀ ਹੁੰਦੇ ਹਨ ਜਿਨ੍ਹਾਂ ਵਿਚਾਰਾਂ ਦਾ ਮਕਸਦ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਸਮਝਾਉਣ ਨਾਲ ਹੀ ਹੈ, ਇੱਕੋ ਜਿਹਾ ਨਾਮ ਸਮਝਾਉਣ ਲਈ ਹੀ ਹੈ, ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਉਣ ਦਾ ਹੀ ਹੈ, ਇੱਕੋ ਜਿਹਾ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਸਮਝਾਉਣ ਲਈ ਹੀ ਹੈ ਤੇ ਉਸਨੂੰ ਪਾਉਣ ਦਾ ਭਾਵ ਜਾਨਣ ਦਾ ਇੱਕੋ ਜਿਹਾ ਤਰੀਕਾ ਸਮਝਾਉਣ ਦਾ ਹੀ ਹੈ। ਜਿਸਨੂੰ ਵੀ ਪ੍ਰਮਾਤਮਾ ਇਹ ਆਪਣਾ ਨਾਮ ਰੂਪ ਖਜਾਨਾ ਬਖਸ਼ਦਾ ਹੈ ਉਹ ਜੋਤਿ ਰਾਹੀਂ ਹੀ ਬਖਸ਼ਦਾ ਹੈ ਜਿਸ ਜੋਤਿ ਦਾ ਮਕਸਦ ਮਨ ਦੇ ਵਿੱਚ ਵਿਚਾਰ ਪਾਉਣ ਦੇ ਨਾਲ ਹੀ ਹੈ, ਸਮਝ ਪਾਉਣ ਦੇ ਨਾਲ ਹੀ ਹੈ। ਹਰ ਕਿਸੇ ਨੂੰ ਪ੍ਰਮਾਤਮਾ ਨੇ ਤ੍ਰੈ

ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜੋ ਕਿ ਉਸਨੇ ਆਪਣੀ ਜੋਤਿ ਰਾਹੀਂ ਹੀ ਰੱਖਿਆ ਹੋਇਆ ਹੈ। ਉਸਦੀ ਜੋਤਿ ਸਭ ਦੇ ਅੰਦਰ ਇੱਕੋ ਜਿਹੇ ਤਰੀਕੇ ਨਾਲ ਹੀ ਵਰਤਦੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਾਨੂੰ ਵੱਖਰੀ ਵੱਖਰੀ ਧਾਰਮਿਕ ਆਸਥਾ ਦੇ ਨਾਲ ਜੋੜਨ ਵਾਲੀ ਸਾਡੇ ਅੰਦਰ ਦੀ ਜੋਤਿ ਹੀ ਹੈ ਜੋ ਸਾਨੂੰ ਭਰਮਾਂ ਵਾਲੇ ਵਿਚਾਰਾਂ ਵਿੱਚ ਪਾ ਕੇ ਰੱਖਦੀ ਹੈ, ਹਉਮੈ ਵਿੱਚ, ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਭਾਵ ਮਨ ਦੀ ਪੁੱਠੀ ਸਮਝ ਵਾਲੇ ਵਿਚਾਰਾਂ ਵਿੱਚ ਰੱਖਦੀ ਹੈ, ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਦੀ ਹੈ। ਆਪਣੇ ਅੰਦਰ ਦੀ ਜੋਤਿ ਤੇ ਕਿਸੇ ਦਾ ਕੋਈ ਵੱਸ ਨਹੀਂ ਹੈ ਕਿ ਕੋਈ ਆਪਣੇ ਆਪ ਆਪਣੇ ਵਿਚਾਰਾਂ ਨੂੰ ਬਦਲ ਲਵੇ, ਆਪਣੀ ਤ੍ਰੈ ਗੁਣਾਂ ਵਾਲੀ ਸਮਝ ਦੇ ਵਿਚਾਰਾਂ ਨੂੰ ਚੌਥੇ ਪਦ ਦੇ ਗਿਆਨ ਵਾਲੇ ਵਿਚਾਰਾਂ ਵਿੱਚ ਬਦਲ ਲਵੇ ਭਾਵ ਆਪਣੇ ਹਉਮੈ ਵਾਲੇ ਵਿਚਾਰਾਂ ਨੂੰ ਗੁਰੂ ਦੇ ਨਾਮ ਵਾਲੇ ਵਿਚਾਰਾਂ ਵਿੱਚ ਬਦਲ ਲਵੇ ਭਾਵ ਆਪਣੇ ਮਨਮਤਿ ਵਾਲੇ ਵਿਚਾਰਾਂ ਨੂੰ ਗੁਰਮਤਿ ਦੀ ਸੱਚੀ ਸਮਝ ਵਾਲੇ ਵਿਚਾਰਾਂ ਵਿੱਚ ਬਦਲ ਲਵੇ। ਜਿਸਨੂੰ ਪ੍ਰਮਾਤਮਾ ਆਪਣਾ ਨਾਮ ਬਖਸ਼ਦਾ ਹੈ ਉਹ ਮਨ ਦੀ ਜੋਤਿ ਰਾਹੀਂ ਪ੍ਰਗਟ ਹੋ ਕੇ ਹੀ ਬਖਸ਼ਦਾ ਹੈ ਜਿਵੇਂ ਕਿ ਪਿੱਛੇ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਭਾਵ ਆਪਣਾ ਨਾਮ ਪ੍ਰਮਾਤਮਾ ਮਨ ਦੇ ਵਿੱਚ ਆਪਣੀ ਜੋਤਿ ਦੁਆਰਾ ਬਖਸ਼ਕੇ ਭਾਵ ਆਪਣੀ ਦਾਤਿ ਬਖਸ਼ ਕੇ ਉਹ ਸਾਡੇ ਅੰਦਰ ਦੀ ਜੋਤਿ ਦੇ ਵਿਚਾਰਾਂ ਨੂੰ ਬਦਲ ਕੇ ਨਵੇਂ ਵਿਚਾਰ ਬਖਸ਼ਦਾ ਹੈ ਭਾਵ ਤ੍ਰੈ ਗੁਣਾਂ ਵਾਲੇ ਵਿਚਾਰਾਂ ਵਿੱਚੋਂ ਕੱਢ ਕੇ ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਬਖਸ਼ਦਾ ਹੈ ਜਿਨ੍ਹਾਂ ਵਿਚਾਰਾਂ ਰਾਹੀਂ ਉਹ ਆਪਣੇ ਆਪ ਦਾ ਸੱਚ

51/7107

ਸਮਝਾਉਂਦਾ ਹੈ, ਇਸ ਮਨੁੱਖੀ ਦੇਹ ਦੇ ਰੂਪ ਦਾ ਸੱਚ ਸਮਝਾਉਂਦਾ ਹੈ, ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦਾ ਸੱਚ ਸਮਝਾਉਂਦਾ ਹੈ ਕਿ ਹਰ ਆਕਾਰ ਰੂਪ ਕਿਵੇਂ ਬਣਿਆ ਹੈ, ਕਿਸਨੇ ਬਣਾਇਆ ਹੈ, ਕਿਸ ਮਕਸਦ ਲਈ ਬਣਾਇਆ ਹੈ ਤੇ ਹਰ ਆਕਾਰ ਰੂਪ ਕਿਸ ਤਰੀਕੇ ਕੰਮ ਕਰ ਰਿਹਾ ਹੈ, ਕਿਸ ਤਰੀਕੇ ਟਿਕਿਆ ਹੋਇਆ ਹੈ ਤੇ ਕਿਸ ਤਰੀਕੇ ਆਕਾਰ ਰੂਪ ਬਿਨਸ ਜਾਂਦਾ ਹੈ। ਇਹ ਸਾਰੀ ਸਮਝ ਸਾਡੇ ਅੰਦਰ ਦੀ ਜੋਤਿ ਰਾਹੀਂ ਹੀ ਪੈਂਦੀ ਹੈ। ਸਾਡੇ ਅੰਦਰ ਦੀ ਜੋਤਿ ਨਿਰੰਕਾਰ ਰੂਪ ਹੈ ਇਸਦਾ ਆਪਣਾ ਕੋਈ ਆਕਾਰ ਰੂਪ ਨਹੀਂ ਹੈ ਪਰ ਉਸ ਨਿਰੰਕਾਰ ਰੂਪ ਦੁਆਰਾ ਹੀ ਹਰ ਆਕਾਰ ਰੂਪ ਬਣਿਆ ਹੈ ਤੇ ਨਿਰੰਕਾਰ ਰੂਪ ਦੁਆਰਾ ਹੀ ਹਰ ਆਕਾਰ ਰੂਪ ਚੱਲ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੀ ਹੈ। ਬਾਣੀ ਦੇ ਸ਼ਬਦਾਂ ਰਾਹੀਂ ਸਾਨੂੰ ਨਾਮ ਦੀ ਸੰਭਾਲ ਕਰਨੀ ਸਮਝਾਈ ਹੋਈ ਹੈ। ਉਪਰ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸਾਨੂੰ **"ਜੋਤਿ"** ਦੀ ਸੰਭਾਲ ਕਰਨ ਲਈ ਸਮਝਾਇਆ ਹੋਇਆ ਹੈ ਜਿਸਦੀ ਸੰਭਾਲ ਮਨ ਦੇ ਵਿੱਚ ਹੀ ਹੋਣੀ ਹੈ, ਸੋਹਣੇ ਮਨ ਦੇ ਵਿੱਚ ਹੋਣੀ ਹੈ, ਗੁਰੂ ਦੇ ਪਿਆਰ ਵਾਲਾ ਬਣ ਕੇ ਹੋਣੀ ਹੈ ਭਾਵ ਗੁਰੂ ਦੀ ਸਿੱਖਿਆ ਦੇ ਨਾਲ ਪਿਆਰ ਪਾਉਣ ਨਾਲ ਹੋਣੀ ਹੈ। ਭਗਤੀ ਦਾ ਸੱਚਾ ਮਾਰਗ ਸਾਡੀ ਜੋਤਿ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜਦੋਂ ਸਾਡੀ ਸਮਝ ਨਾਮ ਵਾਲੀ ਬਣ ਜਾਂਦੀ ਹੈ ਭਾਵ ਜਦੋਂ ਪ੍ਰਮਾਤਮਾ ਕਿਸੇ ਤੇ ਕ੍ਰਿਪਾ ਕਰਕੇ ਉਸਨੂੰ ਨਾਮ ਦੀ ਦਾਤਿ ਬਖਸ਼ ਦਿੰਦਾ ਹੈ ਉਸ ਆਪਣੇ ਨਾਮ ਦੁਆਰਾ ਪ੍ਰਮਾਤਮਾ ਆਪਣੀ ਸੱਚੀ ਸਿੱਖਿਆ ਦੀ ਦਾਤਿ ਹੀ ਬਖਸ਼ਦਾ ਹੈ ਜਿਸ ਸੱਚੀ ਸਿੱਖਿਆ ਦੀ ਸੰਭਾਲ ਕਰਨ ਦੁਆਰਾ ਹੀ ਭਗਤੀ ਦੇ ਸਹੀ ਮਾਰਗ ਤੇ ਚੱਲਿਆਂ ਜਾ ਸਕਦਾ ਹੈ, ਗੁਰੂ ਦਾ ਨਾਮ ਬਖਸ਼ਿਆ ਜਾ ਸਕਦਾ ਹੈ ਜਿਸ ਨਾਮ ਦੀ ਸੰਭਾਲ, ਗੁਰੂ ਦੀ ਸਿੱਖਿਆ ਦੀ ਸੰਭਾਲ ਸਾਡੇ ਮਨ ਦੀ ਸਮਝ ਨੇ ਹੀ ਕਰਨੀ ਹੈ ਜੋ ਸਮਝ ਮਨ ਰੂਪ ਜੋਤਿ ਰਾਹੀਂ ਪ੍ਰਮਾਤਮਾ ਦੇ ਕੋਲੋਂ ਮਨ ਦੇ ਵਿੱਚ ਹੀ ਮਿਲਦੀ ਹੈ, ਉਸਦੇ ਕੋਲੋਂ ਹੀ ਮਿਲਦੀ ਹੈ। ਆਪਣੇ ਅੰਦਰ ਦੀ ਜੋਤਿ ਦੀ ਸੰਭਾਲ ਕਰਨਾ ਜਾਂ ਨਾਮ ਦੀ ਸੰਭਾਲ ਕਰਨਾ ਇੱਕੋ ਹੀ ਗੱਲ ਹੈ ਜੋ ਕਿ ਚੌਥੇ ਪਦ ਦੇ ਗਿਆਨ ਵਾਲੀ ਸੱਚੀ ਸਮਝ ਦੀ ਸੰਭਾਲ ਕਰਨਾ ਹੈ ਭਾਵ ਉਸ ਸਮਝ ਅਨੁਸਾਰ ਵਿਚਰਨਾ ਹੈ। ਆਪਣੇ ਅੰਦਰ ਦੇ **"ਜੋਤਿ"** ਦੀ ਸਮਝ ਹੀ ਮਨ ਦੇ ਵਿੱਚ ਪ੍ਰਮਾਤਮਾ ਕੋਲੋਂ ਉਸਦੇ ਨਾਮ ਦੇ ਦਾਤਿ ਦੀ ਪ੍ਰਾਪਤੀ ਦੁਆਰਾ ਪੈਂਦੀ ਹੈ, ਉਸਦੀ ਕ੍ਰਿਪਾ ਦੁਆਰਾ ਪੈਂਦੀ ਹੈ ਜੋ ਸਮਝ ਉਹ ਜੋਤਿ ਰਾਹੀਂ ਪ੍ਰਗਟ ਹੋ ਕੇ ਉਹ ਆਪ ਹੀ ਦਿੰਦਾ ਹੈ। **(ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥ ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥)**

51/7108

ਉਪਰ ਵਾਲੇ ਪਦੇ ਰਾਹੀਂ ਅਸੀਂ ਆਪਣੇ ਅੰਦਰ ਜੋਤਿ ਦੀ ਸੰਭਾਲ ਕਰਨ ਲਈ ਸਮਝਿਆ ਹੈ ਭਾਵ ਸਾਨੂੰ ਆਪਣੇ ਅੰਦਰ ਜੋਤਿ ਦੀ ਸੰਭਾਲ ਕਰਨ ਲਈ ਕਿਹਾ ਗਿਆ ਹੈ। ਹੁਣ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਨੂੰ **"ਹਰਿ ਹਰਿ ਨਾਮੁ"** ਦੀ ਸੰਭਾਲ ਕਰਨ ਲਈ ਸਮਝਾਇਆ ਹੋਇਆ ਹੈ। ਆਪਣੇ ਅੰਦਰ **"ਜੋਤਿ"** ਦੀ ਸੰਭਾਲ ਕਰਨਾ ਜਾਂ **"ਹਰਿ ਹਰਿ ਨਾਮੁ"** ਦੀ ਸੰਭਾਲ ਕਰਨਾ ਇੱਕੋ ਹੀ ਗੱਲ ਹੈ ਜਿਸ ਲਈ ਕੇਵਲ ਮਨ ਦੀ ਸੱਚੀ ਸਮਝ ਦੀ ਲੋੜ ਹੈ ਤੇ ਸੱਚੀ ਸਮਝ ਨਾਲ ਅਸੀਂ ਤਾਂ ਹੀ ਜੁੜ

ਸਕਦੇ ਹਾਂ ਜੇਕਰ ਪਹਿਲਾਂ ਆਪਣੀ ਨਾਸਮਝ ਮਤਿ ਛੱਡਾਂਗੇ। ਇਹੀ ਗੱਲ ਸਾਨੂੰ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

"ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥

ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥"

ਉਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਹਰਿ ਹਰਿ ਨਾਮੁ ਦੀ ਸੰਭਾਲ ਕਰਨ ਲਈ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਲਈ ਤੇ ਉਸਦੀ ਆਪਣੇ ਅਦਰ ਸੰਭਾਲ ਕਰਨ ਦੇ ਲਈ ਭਾਵ ਨਾਮ ਨੂੰ ਆਪਣੇ ਅੰਦਰ ਟਿਕਾਉਣ ਦੇ ਲਈ ਭਾਵ ਗੁਰੂ ਦੇ ਨਾਮ ਨੂੰ ਆਪਣੇ ਅੰਦਰ ਦ੍ਰਿੜ ਕਰਨ ਦੇ ਲਈ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਪੱਕਾ ਕਰਨ ਦੇ ਲਈ ਸਾਨੂੰ ਕਿਸ ਗੱਲ ਦੀ ਲੋੜ ਹੈ, ਕੀ ਕਰਨ ਦੀ ਲੋੜ ਹੈ ਜਿਸ ਤਰੀਕੇ ਅਸੀਂ ਗੁਰੂ ਦੇ ਨਾਮ ਨੂੰ ਆਪਣੇ ਅੰਦਰ ਸੰਭਾਲ ਕੇ ਰੱਖ ਸਕਦੇ ਹਾਂ। ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਅਸੀਂ ਆਪਣੇ ਅੰਦਰ ਹਰਿ ਹਰਿ ਨਾਮ ਦੀ ਸੰਭਾਲ ਕਿਵੇਂ ਕਰਨੀ ਹੈ ਭਾਵ ਹਰਿ ਹਰਿ ਨਾਮ ਕਿਵੇਂ ਜਪਣਾ ਹੈ। ਗੁਰੂ ਦਾ ਨਾਮ ਜਪਣ ਦਾ, ਉਸਦੀ ਆਪਣੇ ਅੰਦਰ ਸੰਭਾਲ ਕਰਨ ਦਾ ਇੱਕੋ ਇੱਕ ਤਰੀਕਾ ਹੀ ਹੈ ਜੋ ਤਰੀਕਾ ਅਸੀਂ ਪੂਰੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹੀ ਤਰੀਕਾ ਸਾਨੂੰ ਉਪਰ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। ਸਾਰੀ ਗੱਲ ਆਪਣੀ ਮਤਿ ਨੂੰ ਭਾਵ ਨਾਸਮਝ ਮਤਿ ਨੂੰ ਛੱਡਣ ਦੀ ਹੈ ਜਿਸਦੇ ਰਹਿੰਦਿਆਂ ਸਾਨੂੰ ਨਾ ਨਾਮ ਦੀ ਸਮਝ ਪੈਂਦੀ ਹੈ ਤੇ ਨਾ ਹੀ ਨਾਮ ਜੱਪਿਆ ਜਾ ਸਕਦਾ ਹੈ। ਗੁਰੂ ਆਪਣੇ ਸ਼ਬਦਾਂ ਰਾਹੀਂ ਜੋ ਵੀ ਵਿਚਾਰ ਦਿੰਦਾ ਹੈ ਉਹ ਨਾਮ ਹੈ। ਸਾਡੇ ਜੋ ਵਿਚਾਰ ਸ਼ਬਦਾਂ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੇ ਉਹ ਸਾਡੇ ਵਿਚਾਰ ਨਾਮ ਵਾਲੇ ਨਹੀਂ ਹੋ ਸਕਦੇ ਪਰ ਫਿਰ ਵੀ ਅਸੀਂ ਇਹ ਸਮਝਦੇ ਹਾਂ ਕਿ ਅਸੀਂ ਨਾਮ ਜਪਣ ਵਾਲੇ ਮਨੁੱਖ ਹਾਂ ਜਿਵੇਂ ਕਿ ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਬੋਲੀ ਜਾਣ ਵਿੱਚ ਹੀ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਸਮਝਦੇ ਹਾਂ। ਇਹੋ ਜਿਹੇ ਕਿਸੇ ਅੱਖਰ ਦੇ ਜਪ ਨੂੰ ਨਾਮ ਜਪਣਾ ਸਮਝਣਾ ਸਾਡੀ ਚਤੁਰਾਈ ਦੱਸਿਆ ਗਿਆ ਹੈ ਜਿਸ ਚਤੁਰਾਈ ਦਾ

ਕਾਰਣ ਸਾਡੇ ਅੰਦਰ ਦੀ ਚੰਚਲ ਮਤਿ ਹੈ। ਜੋ ਸਾਡੇ ਅੰਦਰ ਦੀ ਮਤਿ ਗੁਰੂ ਦੀ ਮਤਿ ਤੇ ਨਹੀਂ ਟਿੱਕਦੀ ਉਹ ਚੰਚਲ ਮਤਿ ਹੈ। ਸਾਡੇ ਅੰਦਰ ਦੀ ਇਸ ਚੰਚਲ ਮਤਿ ਦਾ ਕਾਰਣ, ਸਾਡੇ ਕੋਲੋਂ ਚਤੁਰਾਈਆਂ ਕਰਾਉਣ ਦਾ ਕਾਰਣ ਸਾਡੇ ਅੰਦਰ ਦੀ ਵੱਡੀ ਅਗਿਆਨਤਾ ਹੈ ਜਿਸਨੂੰ ਕਿ ਉਪਰ ਵਾਲੇ ਸ਼ਬਦ ਦੀ ਪੰਗਤੀ ਵਿੱਚ **"ਵਿਕਰਾਲਿ"** ਕਹਿ ਕੇ ਸਮਝਾਇਆ ਹੋਇਆ ਹੈ ਭਾਵ ਹਨੇਰਾ ਖੂਹ ਕਹਿ ਕੇ ਸਮਝਾਇਆ ਹੈ। ਇਹ ਸਾਡੇ ਅੰਦਰ ਅਗਿਆਨਤਾ ਵਾਲੀ ਸਮਝ ਦਾ ਖੂਹ ਹੈ ਜਿਸ ਅਗਿਆਨਤਾ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਅਸੀਂ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਤੋਂ ਦੂਰ ਰਹਿੰਦੇ ਹਾਂ। ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਮਨੁੱਖੀ ਸਮਝ ਨੂੰ ਅਗਿਆਨਤਾ ਵਾਲੀ ਸਮਝ ਵਿੱਚ, ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਹਨੇਰੀ ਕੋਠਰੀ ਵਿੱਚ ਰੱਖਿਆ ਹੋਇਆ ਹੈ ਜਿਸ ਅਗਿਆਨਤਾ ਵਾਲੀ ਸਮਝ ਨੂੰ ਬਾਣੀ ਰਾਹੀਂ ਸਾਡੀ ਤ੍ਰੈ ਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ, ਮਾਇਆ ਮੋਹ ਵਾਲੀ ਸਮਝ, ਪੁੱਠੇ ਕਮਲ ਵਾਲੀ ਸਮਝ ਕਿਹਾ ਗਿਆ ਹੈ, ਸਾਡੀ ਮਨਮਤਿ ਕਿਹਾ ਗਿਆ ਹੈ, ਸਾਡੀ ਦੁਰਮਤਿ ਕਿਹਾ ਗਿਆ ਹੈ। ਗੁਰੂ ਦੇ ਨਾਮ ਨੂੰ ਆਪਣੇ ਅੰਦਰ ਕੋਈ ਤਾਂ ਹੀ ਸੰਭਾਲ ਸਕਦਾ ਹੈ ਜਦੋਂ ਪਹਿਲੇ ਕੋਈ ਆਪਣੀ ਨਾਸਮਝ ਮਤਿ ਨੂੰ ਛੱਡੇ ਭਾਵ ਅਗਿਆਨਤਾ ਵਾਲੀ ਸਮਝ ਨੂੰ ਛੱਡੇ ਜੋ ਸਾਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਪੈਣ ਦਿੰਦੀ, ਨਾਮ ਜਪਣ ਦੀ ਸੱਚੀ ਸਮਝ ਨਹੀਂ ਪੈਣ ਦਿੰਦੀ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਅਸੀਂ ਕੇਵਲ ਸੱਚਾ ਉੱਦਮ ਹੀ ਕਰਨਾ ਹੈ ਕਿ ਅਸੀਂ ਗੁਰੂ ਨਾਲ ਚਤੁਰਾਈਆਂ ਕਰਨੀਆਂ ਛੱਡੀਏ ਭਾਵ ਕਥਨੀ ਕਰਨ ਦੇ ਨਾਲ ਇਸ ਗੱਲ ਨੂੰ ਸਮਝੀਏ ਕਿ ਗੁਰੂ ਨੇ ਸਾਨੂੰ ਸ਼ਬਦਾਂ ਰਾਹੀਂ ਕਰਨੀ ਕਿਹੋ ਜਿਹੀ ਕਰਨ ਲਈ ਸਮਝਾਇਆ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨੀਏ ਕਿਉਂਕਿ ਅਸੀਂ ਜੋ ਵੀ ਕਰਮ ਸ਼ਬਦਾਂ ਦੀ ਵਿਚਾਰ ਤੋਂ ਉਲਟ ਕਰਦੇ ਹਾਂ ਤੇ ਫਿਰ ਵੀ ਆਪਣੇ ਆਪ ਨੂੰ ਅਸੀਂ ਭਗਤੀ ਵਾਲਾ, ਨਾਮ ਜਪਣ ਵਾਲਾ ਸਮਝਦੇ ਹਾਂ ਉਹ ਸਾਡੀ ਚਤੁਰਾਈ ਹੈ। ਜਿਸ ਚਤੁਰਾਈ ਨੂੰ ਛੱਡਣ ਦੇ ਲਈ ਆਪਣੀ ਨਾਸਮਝ ਮਤਿ ਨੂੰ ਛੱਡਣ ਦੀ ਲੋੜ ਹੈ। ਅਸੀਂ ਜੋ ਸੱਚਾ ਉੱਦਮ ਕਰਨਾ ਹੈ ਉਹ ਗੁਰੂ ਦੀ ਮਤਿ ਨੂੰ ਸਮਝ ਕੇ ਉਸਨੂੰ ਮੰਨਣ ਦਾ ਹੀ ਕਰਨਾ ਹੈ ਤੇ ਫਿਰ ਆਪਣਾ ਨਾਮ ਜਪਾਉਣ ਦੀ ਕ੍ਰਿਪਾ ਪ੍ਰਮਾਤਮਾ ਮਨ ਦੇ ਵਿੱਚ ਆਪ ਹੀ ਕਰਦਾ ਹੈ ਜਿਵੇਂ ਕਿ ਉਪਰ ਦੂਸਰੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥ ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥)**

ਪ੍ਰਮਾਤਮਾ ਆਪਣੇ ਨਾਮ ਦੀ ਸੰਭਾਲ ਕਰਾਉਣ ਦੀ ਕ੍ਰਿਪਾ ਕਿਵੇਂ ਕਰਦਾ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦ ਦੀਆਂ ਇਨ੍ਹਾਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

51/7110

“ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥”

ਜਿਸਤੇ ਪ੍ਰਮਾਤਮਾ ਆਪਣੀ ਕ੍ਰਿਪਾ ਕਰਦਾ ਹੈ ਉਸਨੂੰ ਮਨ ਦੇ ਬੰਧਨ ਤੋਂ ਹੀ ਮੁਕਤ ਕਰਦਾ ਹੈ। ਸਾਡੇ ਅੰਦਰ ਦਾ ਬੰਧਨ ਕੀ ਹੈ ਤੇ ਬੰਧਨ ਤੋਂ ਮੁਕਤ ਹੋਣਾ ਕੀ ਹੈ ਭਾਵ ਬੰਧਨ ਤੋਂ ਮੁਕਤੀ ਮਿਲਣੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਵੀ ਮਨੁੱਖ ਸੰਸਾਰ ਵਿੱਚ ਆਉਂਦਾ ਹੈ ਭਾਵ ਮਨੁੱਖੀ ਸਰੀਰ ਦੇ ਰੂਪ ਵਿੱਚ ਪੈਦਾ ਹੁੰਦਾ ਹੈ ਉਹ ਮਨ ਦੇ ਬੰਧਨ ਦੇ ਨਾਲ ਹੀ ਪੈਦਾ ਹੁੰਦਾ ਹੈ। ਇਸ ਬੰਧਨ ਨੂੰ ਬਾਣੀ ਰਾਹੀਂ ਹਉਮੈ ਰੂਪ ਬੰਧਨ ਕਿਹਾ ਗਿਆ ਹੈ ਭਾਵ ਤ੍ਰੈ ਗੁਣ ਰੂਪ ਬੰਧਨ ਕਿਹਾ ਗਿਆ ਹੈ, ਮਾਇਆ ਮੋਹ ਰੂਪ ਬੰਧਨ ਕਿਹਾ ਗਿਆ ਹੈ, ਭਰਮ ਦਾ ਬੰਧਨ ਕਿਹਾ ਗਿਆ ਹੈ। ਸਭ ਦੇ ਵਿੱਚ ਇਹ ਬੰਧਨ ਅਗਿਆਨਤਾ ਵਾਲੀ ਸਮਝ ਦੇ ਰੂਪ ਵਿੱਚ ਹੈ ਤੇ ਇਸ ਬੰਧਨ ਤੋਂ ਮੁਕਤ ਹੋਏ ਬਿਨਾਂ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਜਿਸਨੇ ਸਭ ਦੇ ਅੰਦਰ ਇਹ ਬੰਧਨ ਪਾਇਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਇਹ ਮਨ ਦੀ ਸਮਝ ਰੂਪ ਬੰਧਨ ਤੋਂ ਮੁਕਤ ਕਰ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ, ਪੂਰੀ ਸ੍ਰਿਸ਼ਟੀ ਦੇ ਗਿਆਨ ਦਾ ਮਾਲਕ ਹੈ। ਜਿਸਨੂੰ ਵੀ ਅਕਾਲ ਪੁਰਖ ਇਸ ਬੰਧਨ ਤੋਂ ਮੁਕਤ ਕਰਦਾ ਹੈ ਉਸਨੂੰ ਮਨ ਦੀ ਸਮਝ ਦੇ ਅੰਦਰ ਆਪਣਾ ਨਾਮ ਬਖਸ਼ਣ ਦੁਆਰਾ ਹੀ ਕਰਦਾ ਹੈ, ਆਪਣਾ ਬ੍ਰਹਮ ਗਿਆਨ ਭਾਵ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਹੀ ਕਰਦਾ ਹੈ ਜੋ ਉਸਦਾ ਸੱਚਾ ਗਿਆਨ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਪੂਰੀ ਤਰ੍ਹਾਂ ਮੁਕਤ ਕਰ ਦਿੰਦਾ ਹੈ ਜਿਸ ਰਾਹੀਂ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਦੀ, ਭਗਤੀ ਦੇ ਸੱਚੇ ਮਾਰਗ ਦੀ, ਨਾਮ ਜਪਣ ਦੇ ਸੱਚੇ ਮਾਰਗ ਦੀ ਸਮਝ ਪੈ ਜਾਂਦੀ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਪਰ ਵਾਲੇ ਸ਼ਬਦ ਦੀ ਇਸ ਹੇਠ ਦਿੱਤੀ ਪੰਗਤੀ ਨੂੰ ਸਮਝੋ ਕਿ ਪ੍ਰਮਾਤਮਾ ਸਾਨੂੰ ਕਿਸ ਤਰੀਕੇ ਮਨ ਦੇ ਬੰਧਨ ਤੋਂ ਮੁਕਤ ਕਰਦਾ ਹੈ।

“ਹਰਿ ਮੁਕਤਿ ਕਰੇ ਅੰਤ ਕਾਲਿ ॥੬॥”

ਇਸ ਗੱਲ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ **“ਅੰਤ ਕਾਲਿ”** ਕਿਸਨੂੰ ਕਿਹਾ ਹੈ। ਅੰਤ ਕਾਲਿ ਦੀ ਗੱਲ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਕੀਤੀ ਹੋਈ ਹੈ। ਸਭ ਤੋਂ ਪਹਿਲੇ **“ਕਾਲਿ”** ਨੂੰ ਸਮਝਣ ਦੀ ਲੋੜ ਹੈ ਕਿਉਂਕਿ ਕਾਲਿ ਨੂੰ ਸਮਝੇ ਬਿਨਾਂ ਅੰਤਕਾਲਿ ਤੋਂ ਕੀ ਭਾਵ ਹੈ ਇਸਨੂੰ ਨਹੀਂ ਸਮਝਿਆ ਜਾ ਸਕਦਾ। **“ਕਾਲਿ”** ਮੌਤ ਨੂੰ ਕਹਿੰਦੇ ਹਨ। ਇਸ ਕਾਲਿ ਤੋਂ ਭਾਵ ਸਾਡੀ ਆਤਮਿਕ ਸਮਝ ਦੇ ਨਾਲ ਹੈ ਜਿਸ ਆਤਮਿਕ ਸਮਝ ਨੂੰ ਪ੍ਰਮਾਤਮਾ ਨੇ ਸਭ ਦੇ ਅੰਦਰ ਅਗਿਆਨਤਾ ਵਾਲੀ ਸਮਝ ਪਾ ਕੇ ਮਾਰਿਆ ਹੋਇਆ ਹੈ। ਜਦ ਤੱਕ ਕਿਸੇ ਦੇ ਅੰਦਰ ਪ੍ਰਮਾਤਮਾ ਆਪਣਾ

51/7111

ਗਿਆਨ ਰੂਪ ਪ੍ਰਗਟ ਨਹੀਂ ਕਰਦਾ ਤਦ ਤੱਕ ਹਰ ਕੋਈ ਮਨ ਦੀ ਸਮਝ ਦੇ ਵਿੱਚ ਅਗਿਆਨਤਾ ਰੂਪ ਸਮਝ ਦਾ ਮਰਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਸਾਨੂੰ ਮਿਰਤਕ ਸਮਝ ਵਿੱਚੋਂ ਭਾਵ ਸਾਡੇ ਮਿਰਤਕ ਰੂਪ ਵਿੱਚੋਂ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਸਾਡੇ ਕਾਲਿ ਰੂਪ ਵਿੱਚੋਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਜੋ ਗੁਰੂ ਦਾ ਸੱਚਾ ਗਿਆਨ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੇ ਸੱਚੇ ਗਿਆਨ ਤੇ ਭਰੋਸਾ ਕਰਕੇ ਆਪਣੀ ਅਗਿਆਨਤਾ ਵਾਲੀ ਸਮਝ ਤੋਂ ਭਰੋਸਾ ਤੋੜਨ ਦੀ ਲੋੜ ਹੈ। ਜੇਕਰ ਸਾਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਭਾਵ ਵਿਸ਼ਵਾਸ ਆ ਜਾਂਦਾ ਹੈ ਕਿ **"ਕਾਲਿ"** ਕਿਸਨੂੰ ਕਿਹਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਨੂੰ ਕਿਹਾ ਹੈ ਜਿਸ ਅਗਿਆਨਤਾ ਵਾਲੀ ਸਮਝ ਵਿੱਚ ਸ੍ਰਿਸ਼ਟੀ ਦੇ ਕਰਤੇ ਨੇ ਸਭ ਨੂੰ ਆਪ ਹੀ ਰੱਖਿਆ ਹੋਇਆ ਹੈ ਫਿਰ ਸਾਨੂੰ ਇਸ ਗੱਲ ਦੀ ਸਮਝ ਵੀ ਲੱਗ ਜਾਵੇਗੀ ਕਿ ਅੰਤ ਕਾਲਿ ਤੋਂ ਕੀ ਭਾਵ ਹੈ। ਅੰਤ ਤੋਂ ਭਾਵ ਹੁੰਦਾ ਹੈ ਕਿਸੇ ਚੀਜ ਦਾ ਖਤਮ ਹੋ ਜਾਣਾ ਤੇ ਅੰਤ ਕਾਲਿ ਤੋਂ ਭਾਵ ਹੈ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਦਾ ਅੰਤ ਹੋ ਜਾਣਾ ਭਾਵ ਖਤਮ ਹੋ ਜਾਣਾ। ਸਾਡੇ ਅੰਦਰ ਦੀ ਅਗਿਆਨਤਾ ਦਾ ਅੰਤ ਭਾਵ ਸਾਨੂੰ ਅਗਿਆਨਤਾ ਦੀ ਮੌਤ ਮਾਰਨ ਵਾਲੀ ਸਮਝ ਦਾ ਅੰਤ ਉਹੀ ਕਰ ਸਕਦਾ ਹੈ ਜਿਸਨੇ ਸਾਡੇ ਅੰਦਰ ਇਹ ਅਗਿਆਨਤਾ ਵਾਲੀ ਸਮਝ ਪਾਈ ਹੋਈ ਹੈ। ਪ੍ਰਮਾਤਮਾ ਸਾਨੂੰ ਮਨ ਦੀ ਅਗਿਆਨਤਾ ਤੋਂ ਹੀ ਮੁਕਤ ਕਰਦਾ ਹੈ ਤੇ ਮਨ ਦੀ ਅਗਿਆਨਤਾ ਤੋਂ ਮੁਕਤ ਹੋਣਾ ਹੀ ਮਨ ਦੇ ਕਾਲਿ ਤੋਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਹੋਣਾ ਹੈ। ਮਨ ਦੇ ਵਿੱਚ ਅਗਿਆਨਤਾ ਵਾਲੀ ਸਮਝ ਦਾ ਅੰਤ ਹੋਏ ਬਿਨਾਂ ਭਾਵ ਅਗਿਆਨਤਾ ਤੋਂ ਮੁਕਤ ਹੋਏ ਬਿਨਾਂ ਕੋਈ ਆਪਣੇ ਅੰਦਰ ਨਾਮ ਦੀ ਸੰਭਾਲ ਨਹੀਂ ਕਰ ਸਕਦਾ ਤੇ ਮਨ ਦੀ ਅਗਿਆਨਤਾ ਦੇ ਕਾਰਣ ਪ੍ਰਮਾਤਮਾ ਦਾ ਨਾਮ ਜਪਣ ਦੀਆਂ, ਭਗਤੀ ਦੇ ਮਾਰਗ ਤੇ ਚੱਲਣ ਦੀਆਂ ਚਤੁਰਾਈਆਂ ਹੀ ਕਰਦਾ ਰਹਿੰਦਾ ਹੈ। ਇਹ ਚਤੁਰਾਈਆਂ ਛੱਡੇ ਬਿਨਾਂ ਕੋਈ ਨਾਮ ਜਪਣ ਦੇ ਮਾਰਗ ਤੇ ਚੱਲ ਹੀ ਨਹੀਂ ਸਕਦਾ। **(ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥ ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥)**

51/7112

ਸਾਡੇ ਅੰਦਰੋਂ ਕਾਲਿ ਦਾ ਅੰਤ ਕਿਸ ਤਰੀਕੇ ਹੁੰਦਾ ਹੈ, ਬੰਧਨ ਤੋਂ ਮੁਕਤੀ ਕਿਵੇਂ ਮਿਲਦੀ ਹੈ ਜਿਸ ਦੁਆਰਾ ਅਸੀਂ ਮਨ ਦੀਆਂ ਚਤੁਰਾਈਆਂ ਵਿੱਚੋਂ ਨਿਕਲਕੇ ਨਾਮ ਦੀ ਸੰਭਾਲ ਕਰ ਸਕਦੇ ਹਾਂ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤੇ ਹਰ ਕੋਈ ਆਸਾਨੀ ਨਾਲ ਹੀ ਸਮਝ ਸਕਦਾ ਹੈ।

"ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥

ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥"

ਅਸੀਂ ਆਪਣੇ ਅੰਦਰ ਸੰਭਾਲ ਕਿਸ ਚੀਜ ਦੀ ਕਰਨੀ ਹੈ ਇਸਨੂੰ ਸਮਝੇ ਬਿਨਾਂ ਨਾ ਸਾਨੂੰ ਮਨ ਦੀ ਜੋਤਿ ਦੀ ਸਮਝ ਲੱਗ ਸਕਦੀ ਹੈ, ਨਾ ਨਾਮ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਗਿਆਨ ਰਤਨ ਦੀ ਸਮਝ ਲੱਗ ਸਕਦੀ ਹੈ। ਉਪਰ ਵਾਲੇ ਸ਼ਬਦ ਦੇ ਪੰਜਵੇਂ ਪਦੇ ਰਾਹੀਂ ਜੋਤਿ ਦੀ ਸੰਭਾਲ ਕਰਨ ਲਈ ਸਮਝਾਇਆ ਹੋਇਆ ਹੈ ਤੇ ਛੇਵੇਂ ਪਦੇ ਰਾਹੀਂ ਹਰਿ ਹਰਿ ਨਾਮ ਦੀ ਸੰਭਾਲ ਕਰਨਾ ਸਮਝਾਇਆ ਹੋਇਆ ਹੈ। ਜੋ ਸੰਭਾਲ ਕਰਨੀ ਕੀ ਹੈ ਉਹ ਅਸੀਂ ਉਪਰ ਬਰੀਕੀ ਨਾਲ ਸਮਝਿਆ ਹੈ। ਆਪਣੇ ਅੰਦਰ ਦੀ ਜੋਤਿ ਦੀ ਸੰਭਾਲ ਕਰਨਾ ਜਾਂ ਨਾਮ ਦੀ ਸੰਭਾਲ ਕਰਨਾ ਇੱਕੋ ਹੀ ਗੱਲ ਹੈ ਭਾਵ ਸਾਰੀ ਗੱਲ ਗੁਰੂ ਦੀ ਮਤਿ ਨੂੰ ਭਾਵ ਗੁਰੂ ਦੀ ਸੱਚੀ ਸਮਝ ਨੂੰ ਭਾਵ ਗੁਰੂ ਦੇ ਗਿਆਨ ਨੂੰ ਆਪਣੇ ਮਨ ਦੀ ਸਮਝ ਦੇ ਵਿੱਚ ਸੰਭਾਲਣ ਦੀ ਹੈ ਜਿਸ ਗੁਰੂ ਦੇ ਸੱਚੇ ਗਿਆਨ ਨੂੰ ਆਪਣੇ ਅੰਦਰ ਸੰਭਾਲਣ ਦੁਆਰਾ ਹੀ ਭਾਵ ਉਸਨੂੰ ਆਪਣੇ ਅੰਦਰ ਟਿਕਾਉਣ ਦੁਆਰਾ ਹੀ ਅਸੀਂ ਆਪਣੇ ਅੰਦਰੋਂ ਭਰਮਾਂ ਵਾਲੀ ਸਮਝ ਤੋਂ, ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਹੋ ਸਕਦੇ ਹਾਂ ਭਾਵ ਆਪਣੇ ਅੰਦਰ ਦੇ ਕਾਲਿ ਤੋਂ ਮੁਕਤ ਹੋ ਸਕਦੇ ਹਾਂ ਜਿਸ ਮਨ ਦੇ ਕਾਲਿ ਨੇ ਸਾਡੀ ਮਤਿ ਨੂੰ, ਸਾਡੇ ਮਨ ਦੀ ਸਮਝ ਨੂੰ ਅਗਿਆਨਤਾ ਰੂਪ ਕਾਲ ਦੇ ਨਾਲ ਹਰ ਵੇਲੇ ਮਾਰਿਆ ਹੋਇਆ ਹੈ। ਉਪਰ ਵਾਲੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ **"ਗਿਆਨੁ ਰਤਨ"** ਦੀ ਸੰਭਾਲ ਕਰਨ ਲਈ ਸਮਝਾਇਆ ਹੋਇਆ ਹੈ ਜਿਸ ਗਿਆਨ ਰਤਨ ਦੀ ਸੰਭਾਲ ਕਰਨ ਦੁਆਰਾ ਸਾਡੇ ਅੰਦਰ ਦਾ ਕਾਲ ਮਰ ਜਾਂਦਾ ਹੈ ਭਾਵ ਉਸਦਾ ਅੰਤ ਹੋ ਜਾਂਦਾ ਹੈ ਭਾਵ ਸਾਨੂੰ ਕਾਲ ਤੋਂ ਮੁਕਤੀ ਹੋ ਜਾਂਦੀ ਹੈ। ਉਪਰ ਵਾਲੀਆਂ ਪੰਗਤੀਆਂ ਵਿੱਚ **"ਕਾਲਿ"** ਨੂੰ ਸਾਡਾ ਜਮਕਾਲਿ ਕਹਿ ਕੇ ਸਮਝਾਇਆ ਹੋਇਆ ਹੈ। ਸਾਡੇ ਅੰਦਰ ਦੇ ਕਾਲ ਦਾ ਕਾਰਣ ਭਾਵ ਸਾਡੀ ਸਮਝ ਨੂੰ ਮਾਰਨ ਦਾ ਕਾਰਣ ਸਾਡੇ ਅੰਦਰ ਦੇ ਜਮ ਹੀ ਹਨ। ਉਪਰ ਵਾਲੇ ਸ਼ਬਦ ਨੂੰ ਸਮਝਣ ਦਾ ਮਕਸਦ ਆਪਣੇ ਅੰਦਰ ਦੇ ਜਮਾਂ ਨੂੰ ਹੀ ਹੈ। ਜਿਨ੍ਹਾਂ ਜਮਾਂ ਨੂੰ

51/7113

ਸਮਝਣ ਲਈ ਅਸੀਂ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਭਾਵ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ। ਆਪਣੇ ਅੰਦਰ ਦੇ **"ਜਮੁ"** ਨੂੰ ਮਾਰਨਾ ਜਾਂ **"ਜਮਕਾਲਿ"** ਨੂੰ ਮਾਰਨਾ ਇੱਕੋ ਹੀ ਗੱਲ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੀ ਪੰਗਤੀ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। **"ਜਮੁ"** ਦੀ ਹਕੀਕਤ ਨੂੰ ਸਮਝਣ ਲਈ **"ਕਾਲਿ"** ਦੀ ਹਕੀਕਤ ਨੂੰ ਸਮਝਣਾ ਜਰੂਰੀ ਹੈ ਤੇ ਇਸੇ ਲਈ ਅਸੀਂ ਉਪਰਲੇ ਸ਼ਬਦ ਰਾਹੀਂ **"ਕਾਲਿ"** ਨੂੰ ਸਮਝਣ ਦਾ ਉਪਰਾਲਾ ਕੀਤਾ ਹੈ। ਜੋ ਅਸੀਂ ਉਪਰ ਸ਼ਬਦ ਵਿੱਚ **"ਕਾਲਿ"** ਬਾਰੇ ਸਮਝਿਆ ਹੈ ਉਹੀ ਕੁਝ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਜਮਾਂ ਬਾਰੇ ਸਮਝਿਆ ਹੈ ਕਿ ਸਾਡੇ ਇਹ ਜਮ ਕੀ ਹਨ ਜੋ ਸਾਨੂੰ ਹਰ ਵੇਲੇ ਦੁੱਖ ਦਿੰਦੇ ਰਹਿੰਦੇ ਹਨ ਭਾਵ ਆਪਣੀ ਮਾਰ ਮਾਰਦੇ ਰਹਿੰਦੇ ਹਨ। ਇਨ੍ਹਾਂ ਦੀ ਮਾਰ ਦਾ ਕਾਰਣ ਸਾਡੇ ਉਹ ਵਿਚਾਰ ਹਨ ਜੋ ਸਾਨੂੰ ਹਰ ਵੇਲੇ ਮਾਇਆ ਮੋਹ ਵਿੱਚ ਰੱਖਦੇ ਹਨ, ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਕਰਨ ਵਿੱਚ ਰੱਖਦੇ ਹਨ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਵਿੱਚ ਰੱਖਦੇ ਹਨ ਜਿਸਦਾ ਕਾਰਣ ਸਾਡੇ ਅੰਦਰ ਗੁਰੂ ਦੇ ਨਾਮ ਦਾ ਨਾ ਹੋਣਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਦੀ ਸਮਝ ਦਾ ਨਾ ਹੋਣਾ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਜੋ ਗੁਰੂ ਸਾਨੂੰ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੁਆਰਾ ਸੱਚਾ ਗਿਆਨ ਹੀ ਦਿੰਦਾ ਹੈ ਤੇ ਜੋ ਮਨੁੱਖ ਗੁਰੂ ਦੇ ਸੱਚੇ ਗਿਆਨ ਦੀ ਤਲਵਾਰ ਆਪਣੇ ਮਨ ਦੀ ਮਾਇਆ ਮੋਹ ਵਾਲੇ ਵਿਚਾਰਾਂ ਤੇ, ਤ੍ਰਿਸ਼ਨਾਵਾਂ ਵਾਲੇ ਵਿਚਾਰਾਂ ਤੇ ਚਲਾ ਦਿੰਦਾ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਨਿਕਲ ਜਾਂਦਾ ਹੈ ਭਾਵ ਮਨ ਦੇ ਨਾਸਮਝ ਵਿਚਾਰਾਂ ਵਿੱਚੋਂ, ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਵਿੱਚੋਂ ਨਿਕਲ ਜਾਂਦਾ ਹੈ ਉਹ ਆਪਣੇ ਅੰਦਰ ਦੇ ਜਮ ਨੂੰ ਭਾਵ ਜਮਕਾਲਿ ਨੂੰ ਭਾਵ ਦੁੱਖ ਦੇਣ ਵਾਲੇ ਵਿਚਾਰਾਂ ਨੂੰ ਆਪਣੇ ਅੰਦਰੋਂ ਮਾਰ ਦਿੰਦਾ ਹੈ। ਆਪਣੇ ਅੰਦਰ ਗੁਰੂ ਦੇ ਗਿਆਨ ਰਤਨ ਨੂੰ ਸੰਭਾਲਣ ਦਾ ਮਕਸਦ ਭਾਵ ਗੁਰੂ ਦੇ ਨਾਮ ਨੂੰ ਆਪਣੇ ਅੰਦਰ ਸੰਭਾਲਣ ਦਾ ਮਕਸਦ ਇਹੀ ਹੈ ਕਿ ਅਸੀਂ ਆਪਣੇ ਅੰਦਰੋਂ ਜਮਾਂ ਦਾ ਖਾਤਮਾ ਕਰੀਏ ਭਾਵ ਤ੍ਰਿਸ਼ਨਾਵਾਂ ਵਾਲੇ ਵਿਚਾਰਾਂ ਦਾ ਖਾਤਮਾ ਕਰੀਏ, ਮਾਇਆ ਮੋਹ ਵਾਲੇ ਵਿਚਾਰਾਂ ਦਾ ਖਾਤਮਾ ਕਰੀਏ ਜਿਨ੍ਹਾਂ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਤੇ ਮਾੜੇ ਕਰਮਾਂ ਨੂੰ ਛੱਡ ਕੇ ਉਹੋ ਜਿਹੇ ਸੱਚੇ ਸੁੱਚੇ ਕਰਮ ਕਰੀਏ ਜਿਹੋ ਜਿਹੇ ਕਰਮ ਕਰਨੇ ਸਾਨੂੰ ਗੁਰੂ ਦਾ ਸੱਚਾ ਗਿਆਨ ਭਾਵ ਗੁਰੂ ਦਾ ਗਿਆਨ ਰਤਨ ਭਾਵ ਗੁਰੂ ਦਾ ਨਾਮ ਸਾਨੂੰ ਸਮਝਾਉਂਦਾ ਹੈ, ਆਪਣੇ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਕਿਉਂਕਿ ਗੁਰੂ ਦਾ ਸ਼ਬਦ ਹੀ ਉਸਦਾ ਰਤਨ ਹੈ ਭਾਵ ਹਰ ਸ਼ਬਦ ਦੇ ਅੰਦਰ ਦੀ ਵਿਚਾਰ, ਹਰ ਸ਼ਬਦ ਦੇ ਅੰਦਰ ਦੀ ਸੱਚੀ ਸਮਝ ਗੁਰੂ ਦਾ ਰਤਨ ਹੈ, ਗੁਰੂ ਦਾ ਗਿਆਨ ਰਤਨ ਹੈ ਭਾਵ ਉਸਦਾ ਨਾਮ ਰਤਨ ਹੈ ਜਿਸਨੂੰ ਅਸੀਂ ਹਰ ਵੇਲੇ, ਅੱਠੇ ਪਹਿਰ

51/7114

ਭਾਵ ਪੂਰਾ ਜੀਵਨ ਆਪਣੇ ਅੰਦਰ ਸੰਭਾਲ ਕੇ ਰੱਖਣਾ ਹੈ ਭਾਵ ਉਸ ਅਨੁਸਾਰ ਹੀ ਵਿਚਰਨਾ ਹੈ ਤਾਂ ਜੋ ਅਸੀਂ ਪੂਰਾ ਜੀਵਨ ਪੂਰੀ ਗੁਰਬਾਣੀ ਰਾਹੀਂ ਦਿੱਤੇ ਹੋਏ ਗੁਰੂ ਦੇ ਗਿਆਨ ਰਾਹੀਂ ਹੀ ਵਿਚਰੀਏ ਭਾਵ ਗੁਰੂ ਦੇ ਗਿਆਨ ਨੂੰ ਛੱਡ ਕੇ ਕਿਸੇ ਹੋਰ ਦੇ ਦਿੱਤੇ ਹੋਏ ਗਿਆਨ ਦੇ ਮਗਰ ਨਾ ਲੱਗੀਏ ਜਿਨ੍ਹਾਂ ਦੇ ਗਿਆਨ ਨੂੰ ਅਸੀਂ ਗੁਰੂ ਦੇ ਗਿਆਨ ਵਾਲਾ ਉੱਚਾ ਮੰਨਿਆ ਹੋਇਆ ਹੈ। ਗੁਰੂ ਦੇ ਗਿਆਨ ਵਰਗੀ ਭਾਵ ਗੁਰਮਤਿ ਦੀ ਉੱਚੀ ਸਮਝ ਵਰਗੀ ਸਮਝ ਹੋਰ ਕੌਣ ਰੱਖ ਸਕਦਾ ਹੈ। ਗੁਰੂ ਦੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ ਭਾਵ **"ਗਿਆਨੁ ਰਤਨੁ"** ਵਾਲੀ ਸਮਝ ਹੈ ਤੇ ਤ੍ਰੈ ਗੁਣਾਂ ਵਾਲੀ ਸਮਝ ਵਾਲਾ ਮਨੁੱਖ ਚੌਥੇ ਪਦ ਦੇ ਗਿਆਨ ਵਾਲੀ ਸਮਝ ਦਾ ਪ੍ਰਗਟਾਵਾ ਕਿਵੇਂ ਕਰ ਸਕਦਾ ਹੈ ਜਿਸਨੂੰ ਤ੍ਰੈ ਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਫਰਕ ਕੀ ਹੈ, ਇਸ ਗੱਲ ਦੀ ਸਮਝ ਹੀ ਨਹੀਂ। **"ਗਿਆਨੁ ਰਤਨੁ"** ਵਾਲੀ ਸਮਝ ਵਿੱਚ ਪਹੁੰਚਕੇ ਭਾਵ ਨਾਮ ਵਾਲੀ ਸਮਝ ਵਿੱਚ ਪਹੁੰਚਕੇ ਕੋਈ ਇਹ ਗੱਲ ਕਹਿ ਹੀ ਨਹੀਂ ਸਕਦਾ ਕਿ ਮੇਰੇ ਅੰਦਰ ਦੀ ਸਮਝ ਮੇਰੀ ਹੈ, ਇਹ ਸਰੀਰ ਮੇਰਾ ਹੈ ਭਾਵ ਉਸ ਮਨੁੱਖੀ ਰੂਪ ਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਪ੍ਰਮਾਤਮਾ ਆਪ ਹੀ ਹੈ, ਸਾਡੇ ਅੰਦਰ ਦੀ ਸਮਝ ਦੇ ਰੂਪ ਵਿੱਚ ਉਹ ਆਪ ਹੀ ਹੈ ਜਿਸਨੇ ਸਭ ਨੂੰ ਭਾਵ ਹਰ ਮਨੁੱਖੀ ਰੂਪ ਨੂੰ ਭਰਮਾਂ ਵਾਲੀ ਸਮਝ ਵਿੱਚ, ਮਾਇਆ ਮੋਹ ਵਾਲੀ ਸਮਝ ਵਿੱਚ, ਮਨ ਦੀਆਂ ਤ੍ਰਿਸ਼ਨਾਵਾਂ ਵਾਲੀ ਸਮਝ ਵਿੱਚ ਆਪ ਹੀ ਰੱਖਿਆ ਹੋਇਆ ਹੈ ਜੋ ਹਰ ਮਨੁੱਖ ਦੀ ਸਮਝ ਦਾ ਇੱਕੋ ਇੱਕ ਆਪ ਹੀ ਮਾਲਕ ਹੈ ਤੇ ਮਨ ਦੀਆਂ ਤ੍ਰਿਸ਼ਨਾਵਾਂ ਵਾਲੀ ਸਮਝ ਵਿੱਚੋਂ ਉਹ ਆਪ ਹੀ ਕਿਸੇ ਨੂੰ ਕੱਢ ਸਕਦਾ ਹੈ ਤੇ ਆਪ ਹੀ ਕਿਸੇ ਦੇ ਅੰਦਰ ਦੇ ਜਮਕਾਲਿ ਨੂੰ ਮਾਰ ਸਕਦਾ ਹੈ ਭਾਵ ਜਮਾਂ ਤੋਂ ਛੁਟਕਾਰਾ ਪਾ ਸਕਦਾ ਹੈ ਜੋ ਜਮਾਂ ਤੋਂ ਛੁਟਕਾਰਾ ਉਹ ਇਸ ਸਰੀਰ ਦੇ ਰਹਿੰਦੇ ਹੋਏ ਹੀ ਕਰਦਾ ਹੈ, ਆਪਣਾ ਗਿਆਨ ਰਤਨ ਰੂਪ ਨਾਮ ਬਖਸ਼ਣ ਦੁਆਰਾ ਹੀ ਕਰਦਾ ਹੈ ਜਿਵੇਂ ਕਿ ਉਸਨੇ ਇਹ ਛੁਟਕਾਰਾ ਭਗਤਾਂ ਦਾ, ਗੁਰੂ ਸਾਹਿਬਾਨ ਦਾ ਉਨ੍ਹਾਂ ਦਾ ਮਨੁੱਖੀ ਸਰੀਰ ਰਹਿੰਦੇ ਹੋਏ ਵਿੱਚ ਹੀ ਕੀਤਾ ਹੈ ਤੇ ਤਾਂ ਹੀ ਉਨ੍ਹਾਂ ਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਪੂਰੇ ਸੰਸਾਰ ਨੂੰ ਆਪਣੇ ਅੰਦਰ ਦੇ ਜਮਾਂ ਤੋਂ ਛੁਟਕਾਰਾ ਕਰਨ ਦਾ ਭਾਵ ਆਪਣੇ

ਅੰਦਰੋਂ ਜਮਕਾਲਿ ਨੂੰ ਮਾਰਨ ਦਾ ਤਰੀਕਾ ਸਮਝਾਇਆ ਹੈ ਜੋ ਆਪਣੇ ਅੰਦਰੋਂ ਜਮਕਾਲਿ ਨੂੰ ਮਾਰਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਜਮ ਵੀ ਸਭ ਦੇ ਅੰਦਰ ਇੱਕੋ ਰੂਪ ਵਿੱਚ ਹੀ ਹਨ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਦੇ ਰੂਪ ਵਿੱਚ ਹਨ ਜਿਨ੍ਹਾਂ ਦਾ ਕਾਰਣ ਧਰਮ ਦੇ ਸੱਚੇ ਮਾਰਗ ਦੀ ਸਮਝ ਦਾ ਨਾ ਹੋਣਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਹੈ ਤੇ

51/7115

ਆਪਣੇ ਅੰਦਰੋਂ ਜਮਾਂ ਵਾਲੀ ਸਮਝ ਨੂੰ ਮਾਰਨ ਦਾ ਤਰੀਕਾ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਮਾਰਨ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਇਨ੍ਹਾਂ ਨੂੰ ਗੁਰੂ ਦੇ ਗਿਆਨ ਦੀ ਖੜਗ ਦੁਆਰਾ ਮਾਰਨ ਦਾ ਹੈ। ਮਨ ਦੀ ਅਗਿਆਨਤਾ ਕੇਵਲ ਭਾਵ ਧਰਮ ਦੇ ਮਾਰਗ ਵਾਲੀ ਅਗਿਆਨਤਾ ਵਾਲੀ ਸਮਝ ਕੇਵਲ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਦੀ ਤਲਵਾਰ ਦੁਆਰਾ ਹੀ ਮਰ ਸਕਦੀ ਹੈ ਭਾਵ ਸਾਡੇ ਅੰਦਰੋਂ ਨਿਕਲ ਸਕਦੀ ਹੈ। ਗੁਰੂ ਦੀ ਇਹ ਗਿਆਨ ਰੂਪ ਖੜਗ ਸਾਡੇ ਅੰਦਰ ਤਾਂ ਹੀ ਚੱਲੇਗੀ ਜਦੋਂ ਅਸੀਂ ਗੁਰੂ ਦੇ ਗਿਆਨ ਨੂੰ ਮੰਨਾਂਗੇ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਾਂਗੇ ਭਾਵ ਆਪਣੇ ਭਰਮਾਂ ਵਾਲੇ ਵਿਚਾਰਾਂ ਨੂੰ ਛੱਡਾਂਗੇ। ਇਹੋ ਜਿਹੇ ਅਨੇਕਾਂ ਹੀ ਹਨ ਜਿਨ੍ਹਾਂ ਨੂੰ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਦੀ ਸਿੱਖਿਆ ਦੇਣ ਵਾਲੇ ਸਮਝਿਆ ਹੋਇਆ ਹੈ, ਧਰਮ ਦੇ ਉੱਚੇ ਗਿਆਨ ਵਾਲੇ ਸਮਝਿਆ ਹੋਇਆ ਹੈ ਤੇ ਉਨ੍ਹਾਂ ਦੀਆਂ ਸਮਝਾਈਆਂ ਹੋਈਆਂ ਗੱਲਾਂ ਨੂੰ ਮੰਨਿਆ ਹੋਇਆ ਹੈ ਭਾਵ ਸਾਡੇ ਮਨ ਦੀ ਸਮਝ ਤੇ ਤਲਵਾਰ ਉਨ੍ਹਾਂ ਨੇ ਚਲਾਈ ਹੋਈ ਹੈ ਜਿਨ੍ਹਾਂ ਨੂੰ ਗਿਆਨ ਰਤਨ ਦੀ ਸਮਝ ਹੀ ਨਹੀਂ, ਨਾਮ ਰਤਨ ਦੀ ਸਮਝ ਹੀ ਨਹੀਂ, ਸਾਡੇ ਤੇ ਆਪਣੇ ਅੰਦਰ ਦੇ ਜਮਾਂ ਦੀ ਸਮਝ ਹੀ ਨਹੀਂ ਹੈ, ਜਮਕਾਲਿ ਦੀ ਸਮਝ ਹੀ ਨਹੀਂ ਹੈ ਤੇ ਜਮਾਂ ਤੋਂ ਛੁਟਕਾਰਾ ਪਾਉਣਾ ਕੀ ਹੈ ਇਸ ਗੱਲ ਦੀ ਸਮਝ ਹੀ ਨਹੀਂ ਹੈ। ਜਮਾਂ ਦੀ ਮਾਰ ਤੋਂ ਸਾਨੂੰ ਕੇਵਲ ਤੇ ਕੇਵਲ ਭਾਵ ਜਮਕਾਲਿ ਤੋਂ ਸਾਨੂੰ ਕੇਵਲ ਤੇ ਕੇਵਲ ਗੁਰੂ ਦਾ ਗਿਆਨ ਹੀ ਬਚਾ ਸਕਦਾ ਹੈ ਤੇ ਜਮਾਂ ਦੀ ਮਾਰ ਤੋਂ ਅਸੀਂ ਤਾਂ ਹੀ ਬੱਚ ਸਕਦੇ ਹਾਂ ਜੇਕਰ ਅਸੀਂ ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਨੂੰ ਗੁਰੂ ਦੇ ਸੱਚੇ ਗਿਆਨ ਵਾਲੇ ਵਿਚਾਰਾਂ ਨਾਲ ਮਾਰਾਂਗੇ ਭਾਵ ਕੇਵਲ ਤੇ ਕੇਵਲ ਗੁਰੂ ਦੇ ਵਿਚਾਰਾਂ ਨਾਲ, ਸ਼ਬਦ ਦੇ ਵਿਚਾਰਾਂ ਨਾਲ ਭਾਵ ਗੁਰੂ ਦੇ ਵਿਚਾਰਾਂ ਤੇ ਅਮਲ ਕਰਾਂਗੇ ਤੇ ਮਨ ਦੇ ਨਾਮਸਝ ਵਿਚਾਰਾਂ ਨੂੰ ਛੱਡਾਂਗੇ। **(ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥ ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥)**

ਜਦ ਤੱਕ ਸਾਡੇ ਅੰਦਰ ਦਾ ਜਮਕਾਲਿ ਨਹੀਂ ਮਰਦਾ, ਕਾਲਿ ਦਾ ਅੰਤ ਨਹੀਂ ਹੁੰਦਾ ਭਾਵ ਅਗਿਆਨਤਾ ਵਾਲੀ ਸਮਝ ਦਾ ਅੰਤ ਨਹੀਂ ਹੁੰਦਾ ਭਾਵ ਜਦ ਤੱਕ ਅਸੀਂ ਸੱਚੇ ਗਿਆਨ ਵਾਲੀ ਸਮਝ ਦੇ ਨਾਲ ਨਹੀਂ ਜੁੜਦੇ, ਗਿਆਨ ਰਤਨ ਵਾਲੀ ਸਮਝ ਦੇ ਨਾਲ ਨਹੀਂ ਜੁੜਦੇ ਤਦ ਤੱਕ ਅਸੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ ਜਿਸਦੇ ਨਾਲ ਸਾਡਾ ਪੜਦਾ ਹੀ ਅਗਿਆਨਤਾ ਵਾਲੀ ਸਮਝ ਦਾ ਹੈ, ਭਰਮਾਂ ਵਾਲੀ ਸਮਝ ਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

51/7116

“ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥

ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥”

ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ, ਉਸਦੇ ਨਾਲ ਪੜਦਾ ਵੀ ਸਭ ਨਾਲ ਇੱਕੋ ਜਿਹਾ ਹੀ ਹੈ, ਉਸਨੂੰ ਪਾਉਣ ਦਾ ਤਰੀਕਾ ਵੀ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ ਤੇ ਜਿਸ ਜਗ੍ਹਾ ਤੇ ਉਹ ਮਿਲਦਾ ਹੈ ਭਾਵ ਜਿਸ ਜਗ੍ਹਾ ਤੇ ਉਸਦੇ ਨਾਲ ਮੇਲ ਹੁੰਦਾ ਹੈ ਉਹ ਜਗ੍ਹਾ ਵੀ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹੀ ਹੀ ਹੈ, ਜੋ ਪ੍ਰਮਾਤਮਾ ਨੂੰ ਪਾਉਣ ਦਾ ਤਰੀਕਾ ਇਸ ਲੇਖ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਉਹੀ ਤਰੀਕਾ ਸਾਨੂੰ ਇਸ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਜਗ੍ਹਾ ਇੱਕੋ ਹੀ ਹੈ ਜੋ ਕਿ ਮਨੁੱਖ ਦਾ ਮਨ ਹੈ ਜੋ ਮਨ ਸਭ ਦੇ ਅੰਦਰ ਪ੍ਰਮਾਤਮਾ ਦਾ **“ਜੋਤਿ”** ਰੂਪ ਹੈ ਜਿਸ ਜੋਤਿ ਰਾਹੀਂ ਮਨੁੱਖ ਨੂੰ ਮਨ ਦੇ ਵਿੱਚੋਂ ਗਿਆਨ ਹੀ ਮਿਲਦਾ ਹੈ। ਸਭ ਦੇ ਮਨ ਦੇ ਅੰਦਰ ਪੜਦਾ ਸ੍ਰਿਸ਼ਟੀ ਦੇ ਕਰਤੇ ਨੇ ਮਨ ਦੇ ਵਿੱਚ ਹੀ ਪਾਇਆ ਹੋਇਆ ਹੈ ਜੋ ਪੜਦਾ ਉਸਨੇ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖ ਕੇ, ਹਉਮੈ ਵਾਲੀ ਸਮਝ ਵਿੱਚ ਰੱਖ ਕੇ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖ ਕੇ ਪਾਇਆ ਹੋਇਆ ਹੈ ਭਾਵ ਆਪਣੀ ਨਾਮ ਵਾਲੀ ਸਮਝ ਤੋਂ ਦੂਰ ਰੱਖ ਕੇ ਪਾਇਆ ਹੋਇਆ ਹੈ ਭਾਵ ਆਪਣੀ ਬ੍ਰਹਮ ਗਿਆਨ ਵਾਲੀ ਸਮਝ ਤੋਂ ਦੂਰ

ਰੱਖ ਕੇ ਪਾਇਆ ਹੋਇਆ ਹੈ। ਹਰ ਕੋਈ ਪ੍ਰਮਾਤਮਾ ਨੂੰ ਕਿਤੇ ਬਾਹਰੋਂ ਲੱਭਣ ਦੀ ਗੱਲ ਕਰਦਾ ਹੈ ਤੇ ਇਸ ਗੱਲ ਨੂੰ ਕੋਈ ਨਹੀਂ ਮੰਨਦਾ ਕਿ ਪ੍ਰਮਾਤਮਾ ਸੱਚਮੁੱਚ ਸਾਡੇ ਅੰਦਰ ਹੀ ਹੈ। ਪੂਰੇ ਸੰਸਾਰ ਵਿੱਚ ਕੋਈ ਵਿਰਲਾ ਹੀ ਇਸ ਗੱਲ ਨੂੰ ਮੰਨ ਸਕਦਾ ਹੈ ਤੇ ਉਹੀ ਸੱਚੇ ਦਿਲੋਂ ਮੰਨਦਾ ਹੈ ਜਿਸਦੇ ਅੰਦਰ ਪ੍ਰਮਾਤਮਾ ਆਪ ਪ੍ਰਗਟ ਹੋ ਕੇ ਮਨਾਉਂਦਾ ਹੈ ਭਾਵ ਪੱਕਾ ਵਿਸ਼ਵਾਸ ਦਿਵਾਉਂਦਾ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਉਨ੍ਹਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਦਿਵਾਇਆ ਹੈ ਜੋ ਉਨ੍ਹਾਂ ਦਾ ਪੱਕਾ ਵਿਸ਼ਵਾਸ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਰਜ ਹੈ। ਪੱਕਾ ਵਿਸ਼ਵਾਸ ਕੇਵਲ ਤੇ ਕੇਵਲ ਉਸਨੂੰ ਹੀ ਆ ਸਕਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਅੰਦਰ ਜੋ ਸਮਝ ਉਪਜਦੀ ਹੈ ਉਹ ਸਮਝ ਮੇਰੀ ਨਹੀਂ ਹੈ ਭਾਵ ਸਭ ਦੇ ਅੰਦਰ ਸਮਝ ਪ੍ਰਮਾਤਮਾ ਦੀ ਹੀ ਹੈ ਤੇ ਉਸਨੇ ਆਪ ਹੀ ਹਰ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚ, ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਦਾ ਹੈ ਉੱਥੇ ਉਹ ਆਪਣਾ ਨਾਮ ਰੂਪ ਹੀ ਪ੍ਰਗਟ ਕਰਦਾ ਹੈ ਤੇ ਆਪਣੇ ਨਾਮ ਦਾ ਖਜਾਨਾ ਹੀ ਬਖਸ਼ਦਾ ਹੈ ਭਾਵ ਸੱਚੀ ਗੁਰਮਤਿ ਵਾਲੀ ਸਮਝ ਹੀ ਬਖਸ਼ਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਉਸਨੇ ਆਪਣੀ ਸੱਚੀ ਗੁਰਮਤਿ ਵਾਲੀ

51/7117

ਸਮਝ ਬਖਸ਼ੀ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਤੱਤ ਗਿਆਨ ਵਾਲੀ ਸਮਝ ਪਾਈ ਹੈ ਭਾਵ ਬ੍ਰਹਮ ਗਿਆਨ ਵਾਲੀ, ਨਾਮ ਵਾਲੀ ਸਮਝ ਪਾਈ ਹੈ। ਜਦ ਤੱਕ ਕਿਸੇ ਦੇ ਅੰਦਰੋਂ ਭਰਮ ਨਹੀਂ ਨਿਕਲਦਾ ਕਿ ਪ੍ਰਮਾਤਮਾ ਕੀ ਹੈ ਤੇ ਉਸਨੂੰ ਕਿੱਥੋਂ ਖੋਜਿਆ ਜਾ ਸਕਦਾ ਹੈ ਤਦ ਤੱਕ ਉਹ ਮਨ ਦੇ ਭਰਮ ਕਰਕੇ ਹੀ ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਲੱਭਣ ਲਈ ਇੱਧਰ ਉੱਧਰ ਭਉਂਦਾ ਹੈ, ਭਟਕਦਾ ਹੈ। ਪ੍ਰਮਾਤਮਾ ਨੂੰ ਬਾਹਰੋਂ ਖੋਜਣ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ ਤੇ ਉਨ੍ਹਾਂ ਨੇ ਪ੍ਰਮਾਤਮਾ ਨੂੰ ਕਿਤੋਂ ਬਾਹਰੋਂ ਖੋਜਿਆ ਹੈ ਉਹ ਮਨ ਦਾ ਭਰਮ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜੋ ਉਸਨੂੰ ਆਪਣੇ ਅੰਦਰੋਂ ਖੋਜ ਲੈਂਦਾ ਹੈ ਭਾਵ ਜਾਣ ਲੈਂਦਾ ਹੈ ਤੇ ਉਸਨੂੰ ਹੀ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਗੁਰੂ ਕੋਈ ਮਨੁੱਖੀ ਦੇਹ ਨਹੀਂ ਹੈ ਬਲਕਿ ਉਹ ਪੂਰਾ ਪੁਰਖ ਹੈ ਜੋ ਹਰ ਗੱਲ ਵਿੱਚ ਪੂਰਾ ਹੈ ਭਾਵ ਪ੍ਰਮਾਤਮਾ ਆਪ ਹੀ ਗੁਰੂ ਹੈ ਜੋ ਪੂਰੇ ਗਿਆਨ ਦਾ ਮਾਲਕ ਹੈ। ਹਰ ਸੱਚੇ ਧਰਮ ਗ੍ਰੰਥ ਵਿੱਚ ਗਿਆਨ ਦੇਣ ਵਾਲਾ ਉਹ ਆਪ ਹੀ ਹੈ ਪਰ ਇਸ ਗੱਲ ਦੀ ਸਮਝ ਉਸਨੂੰ ਹੀ ਲੱਗਦੀ ਹੈ ਜਿਸਨੂੰ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਆਪ ਜਣਾ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਜਣਾਇਆ ਹੈ ਤੇ ਇਸ ਲਈ ਉਨ੍ਹਾਂ ਨੇ ਸ਼ਬਦ ਨੂੰ ਗੁਰੂ ਕਿਹਾ ਹੈ ਨਾ ਕਿ ਆਪਣੀ ਦੇਹ ਨੂੰ। ਹਰ ਦੇਹ ਦੇ ਰੂਪ ਵਿੱਚ ਵੀ ਪ੍ਰਮਾਤਮਾ ਆਪ ਹੀ ਹੈ ਕਿਉਂਕਿ ਹਰ ਦੇਹ ਨੂੰ ਰਚਨ ਵਾਲਾ ਤੇ ਉਸਨੂੰ ਚਲਾਉਣ ਵਾਲਾ ਉਹ ਆਪ ਹੀ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ। ਪ੍ਰਮਾਤਮਾ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੀ ਗੁਰੂ ਹੈ, ਨਾਮ ਰੂਪ ਵਿੱਚ ਹੀ ਗੁਰੂ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਉਹ ਪ੍ਰਮਾਤਮਾ ਹਰ ਵੇਲੇ ਸਾਡੇ ਨਾਲ ਹੀ ਹੈ, ਜੋ ਸਾਡਾ ਸੱਚਾ ਸੱਜਣ ਹੈ ਇਸ ਗੱਲ ਦੀ ਸਮਝ ਕਿਸੇ ਨੂੰ ਤਾਂ ਹੀ ਪੈਂਦੀ ਹੈ ਜਦੋਂ ਕੋਈ ਪ੍ਰਮਾਤਮਾ ਨੂੰ ਭੇਂਟ ਲੈਂਦਾ ਹੈ ਭਾਵ ਆਪਣੇ ਅੰਦਰੋਂ ਜਾਣ ਲੈਂਦਾ ਹੈ। **(ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥ ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥)**

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ॥
ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ ੧੦੬੯)

51/7118

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ ੧੨੪੩)

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ ਜਨਮ ਜਨਮ ਕਾ ਵਿਛੁੜਿਆ ਮਿਲਿਆ ॥
ਸਾਧ ਕ੍ਰਿਪਾ ਤੇ ਸੂਕਾ ਹਰਿਆ ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

ਪ੍ਰਮਾਤਮਾ ਗਿਆਨ ਰੂਪ ਵਿੱਚ ਹੈ ਭਾਵ ਨਾਮ ਰੂਪ ਵਿੱਚ ਹੈ ਤੇ ਉਸਦੇ ਨਾਲ ਮੇਲ ਕੇਵਲ ਤੇ ਕੇਵਲ ਮਨ ਦੇ ਵਿੱਚ ਹੀ ਹੋ ਸਕਦਾ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੀ ਹੋ ਸਕਦਾ ਹੈ ਤੇ ਮਨ ਦੇ ਗਿਆਨ ਰੂਪ ਰਾਹੀਂ ਹੀ ਭਾਵ ਸੱਚੇ ਗਿਆਨ ਦੀ ਸਮਝ ਪੈਣ ਦੁਆਰਾ ਹੀ ਪੂਰੀ ਗੁਰਬਾਣੀ ਦੀ ਰਚਨਾ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਇਹ ਸਭ ਕੁਝ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਉਪਰ ਦਿੱਤੇ ਹੋਏ ਕੁਝ ਸ਼ਬਦਾਂ ਦੁਆਰਾ ਫਿਰ ਤੋਂ ਇਹ ਸਭ ਕੁਝ ਦ੍ਰਿੜ ਕੀਤਾ ਜਾ ਸਕਦਾ ਹੈ। ਜੋ ਗੁਰੂ ਦੀ ਸਮਝਾਈ ਹੋਈ ਗੱਲ ਨੂੰ ਦ੍ਰਿੜ ਹੋ ਕੇ ਮੰਨਦਾ ਹੈ ਭਾਵ ਪੂਰੇ ਵਿਸ਼ਵਾਸ ਨਾਲ ਮੰਨਦਾ ਹੈ ਇਹੀ ਉਸਦੇ ਅੰਦਰ ਗੁਰੂ ਦੇ ਨਾਮ ਦਾ ਦ੍ਰਿੜ ਹੋਣਾ ਹੈ। ਗੁਰੂ ਦਾ ਨਾਮ ਉਸਦੇ ਅੰਦਰ ਹੀ ਦ੍ਰਿੜ ਹੁੰਦਾ ਹੈ ਜੋ ਆਪਣੀ ਮਤਿ ਨੂੰ ਤਿਆਗ ਕੇ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਮੰਨ ਲੈਂਦਾ ਹੈ। ਹੁਣ ਧਿਆਨ ਨਾਲ ਸੋਚੋ ਜਿਨ੍ਹਾਂ ਨੇ ਸਾਨੂੰ ਇਹ ਕਿਹਾ ਹੈ ਕਿ ਉਨ੍ਹਾਂ ਨੇ ਪ੍ਰਮਾਤਮਾ ਦੇ ਦਰਸ਼ਨ ਕਿਤੋਂ ਬਾਹਰੋਂ ਕੀਤੇ ਹਨ, ਕਿਸੇ ਆਕਾਰ ਰੂਪ ਵਿੱਚ ਉਸਨੇ ਦਰਸ਼ਨ ਕੀਤੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਨੂੰ ਮੰਨ ਕੇ ਅਸੀਂ ਉਨ੍ਹਾਂ ਨੂੰ ਰੱਬ ਦੇ ਨਾਲ ਮਿਲਿਆ ਹੋਇਆ ਮੰਨਿਆ ਹੋਇਆ ਹੈ ਫਿਰ ਕੀ ਉਨ੍ਹਾਂ ਨੇ ਗੁਰੂ ਦੀ ਮਤਿ ਨੂੰ ਉੱਚਾ ਕੀਤਾ ਜਾ ਨੀਵਾਂ ਕੀਤਾ ਹੈ, ਗੁਰੂ ਦੀ ਮਤਿ ਨੂੰ ਸੱਚਾ ਸਾਬਿਤ ਕੀਤਾ ਹੈ ਜਾਂ ਝੂਠਾ ਸਾਬਿਤ ਕੀਤਾ ਹੈ। ਕੀ ਕਦੇ ਗੁਰੂ ਵੀ ਝੂਠਾ ਹੋ ਸਕਦਾ ਹੈ ਜਿਸਨੇ ਆਪਣੇ

ਸ਼ਬਦਾਂ ਰਾਹੀਂ ਸੈਂਕੜੇ ਵਾਰੀ ਇਹ ਸਮਝਾਇਆ ਹੈ ਕਿ ਪ੍ਰਮਾਤਮਾ ਮਨ ਦੇ ਅੰਦਰ ਹੀ ਮਿਲਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਹੀ ਮਿਲਦਾ ਹੈ। ਗੁਰੂ ਨੇ ਬਾਰ-ਬਾਰ ਇਹ ਵੀ ਸਮਝਾਇਆ ਹੈ ਕਿ ਆਪਣਾ ਨਾਮ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਤੇ ਆਪਣੇ ਨਾਮ ਦੇ ਰੂਪ ਵਿੱਚ ਹੀ ਉਹ ਸਭ ਦੇ ਅੰਦਰ ਵਰਤਦਾ ਹੈ ਤੇ ਸਭ ਜਗ੍ਹਾ ਵਰਤਦਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਜਿਸਨੂੰ ਤਨ ਦੀਆਂ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਤੇ ਉਸਨੂੰ ਕੇਵਲ ਤੇ ਕੇਵਲ ਮਨ ਦੀਆਂ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ ਭਾਵ ਮਨ ਦੇ ਅੰਦਰ ਗੁਰਮਤਿ ਦੀ ਸੱਚੀ ਸਮਝ ਵਾਲੀਆਂ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਜੋ ਸੱਚੀ ਗੁਰਮਤਿ ਵਾਲੀਆਂ ਗਿਆਨ ਰੂਪ ਅੱਖਾਂ ਉਹ ਮਨ ਦੀ ਸਮਝ ਦੇ ਵਿੱਚ ਆਪ ਹੀ ਬਖਸ਼ਦਾ ਹੈ, ਆਪਣੇ ਦੁਆਰਾ ਮੇਲ ਕਰਨ ਦੁਆਰਾ ਬਖਸ਼ਦਾ ਹੈ ਤੇ ਤਾਂ ਹੀ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਦੇਖ ਸਕਦਾ ਹੈ ਭਾਵ ਜਾਣ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ ੧੦੪੧)

ਸਲੋਕੁ ॥

{ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥ ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥}

(ਅੰਗ ੫੭੭)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਕਿ ਪ੍ਰਮਾਤਮਾ ਕਿਹੋ ਜਿਹੀਆਂ ਅੱਖਾਂ ਨਾਲ ਦਿਸਦਾ ਹੈ ਭਾਵ ਗੁਰਮਤਿ ਵਾਲੀ ਸੱਚੀ ਸਮਝ ਦੀਆਂ ਅੱਖਾਂ ਦੁਆਰਾ ਦਿਸਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਜਗ੍ਹਾ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ, ਜੋ ਜਗ੍ਹਾ ਸਭ ਦੇ ਅੰਦਰ ਮਨ ਦੀ ਸਮਝ ਹੀ ਹੈ। ਸੱਚੇ ਧਰਮ ਗ੍ਰੰਥ ਸਾਨੂੰ ਗੁਰਮਤਿ ਹੀ ਸਮਝਾਉਂਦੇ ਹਨ ਜੋ ਗੁਰਮਤਿ ਉਹ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਕਿਉਂਕਿ ਹਰ ਧਰਮ ਗ੍ਰੰਥ ਦੇ ਵਿੱਚ ਗੁਰਮਤਿ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ। ਸਾਰੀ ਗੱਲ ਉਸਦੀ ਸੱਚੀ ਮਤਿ ਨੂੰ ਮੰਨਣ ਦੀ ਹੀ ਹੈ ਭਾਵ ਉਸਦੀ ਸੱਚੀ ਮਤਿ ਨੂੰ ਸਮਝ ਕੇ ਉਸ ਤੇ ਅਮਲ ਕਰਨ ਦੀ ਹੈ ਭਾਵ ਆਪਣੇ ਜੀਵਨ ਨੂੰ ਸੱਚਾ ਸੁੱਚਾ

ਬਨਾਉਣ ਦੀ ਹੈ ਜੋ ਕਿ ਇੱਕੋ ਇੱਕ ਤਰੀਕਾ ਹੀ ਸਭ ਦੇ ਲਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਹੈ ਭਾਵ ਉਸਦੇ ਨਾਲ ਮੇਲ ਕਰਨ ਦਾ ਤਰੀਕਾ ਹੈ। ਜਿਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਨੂੰ ਕਿਤੋਂ ਬਾਹਰੋਂ ਲੱਭਣ ਦੀਆਂ ਗੱਲਾਂ ਕੀਤੀਆਂ ਹਨ ਉਨ੍ਹਾਂ ਨੇ ਇਹ ਆਪਣੇ ਆਪ ਨੂੰ ਉੱਚਾ ਕਰਨ ਦੇ ਲਈ ਗੁਰਮਤਿ ਨੂੰ ਨੀਵਾਂ ਕੀਤਾ ਹੀ ਹੈ ਭਾਵ ਸੱਚੇ ਗੁਰੂ ਨੂੰ ਝੂਠਾ ਸਾਬਿਤ ਕੀਤਾ ਹੀ ਹੈ ਫਿਰ ਉਹ ਲੱਖਾਂ

ਲੋਗ ਜਿਨ੍ਹਾਂ ਨੇ ਉਨ੍ਹਾਂ ਨੂੰ ਰੱਬ ਦੇ ਨਾਲ ਮਿਲੇ ਹੋਏ ਸਮਝਕੇ ਉਨ੍ਹਾਂ ਨੂੰ ਉੱਚਾ ਮੰਨਿਆ ਹੋਇਆ ਹੈ ਕੀ ਉਨ੍ਹਾਂ ਨੂੰ ਗੁਰਬਾਣੀ ਦੀ ਬਿਲਕੁੱਲ ਹੀ ਨਹੀਂ ਸਮਝ ਆਈ ਜੋ ਗੁਰਬਾਣੀ ਬਾਰ-ਬਾਰ ਸ਼ਬਦਾਂ ਰਾਹੀਂ ਇਹ ਸਮਝਾ ਰਹੀ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕੇਵਲ ਮਨ ਦੀ ਸਮਝ ਰਾਹੀਂ ਹੀ ਹੁੰਦਾ ਹੈ ਤੇ ਆਪਣੇ ਨਾਲ ਮੇਲ ਹੋਣ ਤੋਂ ਬਾਅਦ ਮਨੁੱਖੀ ਸਮਝ ਨੂੰ ਪੂਰੀ ਤਰ੍ਹਾਂ ਬਦਲ ਦਿੰਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਨੂੰ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਬਦਲ ਦਿੰਦਾ ਹੈ, ਮਨ ਦੀ ਭਰਮਾਂ ਵਾਲੀ ਸਮਝ ਨੂੰ ਬਿਬੇਕ ਬੁਧਿ ਵਾਲੀ ਸਮਝ ਵਿੱਚ ਬਦਲ ਦਿੰਦਾ ਹੈ। ਜਿਨ੍ਹਾਂ ਦੀ ਮਤਿ ਦੇ ਪਿੱਛੇ ਅਸੀਂ ਲੱਗ ਜਾਂਦੇ ਹਾਂ, ਉਨ੍ਹਾਂ ਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲੇ ਮੰਨ ਕੇ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਾਂ ਫਿਰ ਉਹੋ ਜਿਹਿਆਂ ਦੀਆਂ ਗੱਲਾਂ ਗੁਰੂ ਦੀ ਗੱਲ ਦੇ ਨਾਲ ਮੇਲ ਖਾਣੀਆਂ ਚਾਹੀਦੀਆਂ ਹਨ। ਜੇਕਰ ਗੱਲਾਂ ਮੇਲ ਨਹੀਂ ਖਾਂਦੀਆਂ ਤਾਂ ਫਿਰ ਦੋਨਾਂ ਵਿੱਚੋਂ ਇੱਕ ਨੂੰ ਸੱਚਾ ਮੰਨਿਆ ਜਾ ਸਕਦਾ ਹੈ ਤੇ ਦੂਸਰੇ ਨੂੰ ਝੂਠਾ ਮੰਨਣਾ ਪਵੇਗਾ। ਗੁਰੂ ਤਾਂ ਕਦੇ ਝੂਠਾ ਹੋ ਨਹੀਂ ਸਕਦਾ। ਇਹੋ ਜਿਹੇ ਜੋ ਦੂਸਰਿਆਂ ਦੀ ਮਤਿ ਪਿੱਛੇ ਲੱਗ ਜਾਂਦੇ ਹਨ ਆਪਣੇ ਮੁੱਖੋਂ ਤਾਂ ਉਹ ਗੁਰੂ ਨੂੰ ਹੀ ਸੱਚਾ ਕਹਿੰਦੇ ਹਨ ਪਰ ਸਿੱਖਿਆ ਉਨ੍ਹਾਂ ਦੀ ਮੰਨਦੇ ਹਨ, ਗੁਣ ਉਨ੍ਹਾਂ ਦੇ ਗਾਉਂਦੇ ਹਨ, ਪੂਜਾ ਉਨ੍ਹਾਂ ਦੀ ਕਰਦੇ ਹਨ ਤੇ ਨਾਲ ਉਹੋ ਜਿਹਿਆਂ ਦੀਆਂ ਬਰਸੀਆਂ ਵੀ ਮਨਾਉਂਦੇ ਹਨ ਭਾਵ ਉਨ੍ਹਾਂ ਨਾਲ ਅਥਾਹ ਮੋਹ ਦਿਖਾਉਂਦੇ ਹਨ ਜਿਨ੍ਹਾਂ ਨੇ ਸਾਨੂੰ ਪ੍ਰਮਾਤਮਾ ਦੇ ਨਾਲ ਝੂਠਾ ਮੇਲ ਸਮਝਾਇਆ ਹੈ, ਉਹੋ ਜਿਹਿਆਂ ਦੇ ਪਿੱਛੇ ਲੱਗ ਕੇ ਕੋਈ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨ ਦਾ ਸੱਚਾ ਉਪਰਾਲਾ ਕਿਵੇਂ ਕਰ ਸਕਦਾ ਹੈ ਤੇ ਸੱਚੀ ਗੁਰਮਤਿ ਦੇ ਨਾਲ ਜੁੜੇ ਬਿਨਾਂ ਪ੍ਰਮਾਤਮਾ ਨੂੰ ਜਾਨਣ ਦਾ ਸੱਚਾ ਉਪਰਾਲਾ ਕੀਤਾ ਹੀ ਨਹੀਂ ਜਾ ਸਕਦਾ ਕਿਉਂਕਿ ਉਹ ਕੇਵਲ ਦਿਸਦਾ ਹੀ ਗੁਰਮਤਿ ਦੀਆਂ ਸੱਚੀਆਂ ਅੱਖਾਂ ਵਾਲੀ ਸਮਝ ਦੇ ਨਾਲ ਹੀ ਹੈ ਜਿਵੇਂ ਕਿ ਅਸੀਂ ਪਹਿਲੇ ਜਾਣਿਆ ਹੀ ਹੈ। ਸਭ ਦੇ ਅੰਦਰ ਮਨ ਦਾ ਭਰਮ ਬਹੁਤ ਹੀ ਪ੍ਰਬਲ ਹੈ ਜਿਸ ਵਿੱਚੋਂ ਨਿਕਲਣਾ ਬਹੁਤ ਹੀ ਔਖਾ ਹੈ। ਕੇਵਲ ਤੇ ਕੇਵਲ ਇੱਕ ਗੁਰੂ ਹੀ ਹੈ ਭਾਵ ਗੁਰੂ ਦੀ ਮਤਿ ਹੀ ਹੈ, ਗੁਰੂ ਦੀ ਸਮਝ ਹੀ ਹੈ ਜੋ ਹਰ ਭਰਮ ਤੋਂ ਰਹਿਤ ਹੈ। ਭਰਮ ਵਾਲੀ ਸਮਝ ਹੀ ਸਾਡੇ ਸਭ ਦੇ ਅੰਦਰ ਸਾਡਾ ਪ੍ਰਮਾਤਮਾ ਦੇ ਨਾਲ

51/7121

ਪੜਦੇ ਦਾ ਕਾਰਣ ਹੈ ਭਾਵ ਪ੍ਰਮਾਤਮਾ ਨਾਲੋਂ ਦੂਰੀ ਦਾ ਕਾਰਣ ਹੈ ਤੇ ਜੇਕਰ ਅਸੀਂ ਉਨ੍ਹਾਂ ਦੀ ਮਤਿ ਦੇ ਨਾਲ ਜੁੜਾਂਗੇ ਜਿਨ੍ਹਾਂ ਦਾ ਆਪਣਾ ਭਰਮ ਰੂਪ ਪੜਦਾ ਨਹੀਂ ਨਿਕਲਿਆ ਉਹ ਦੂਸਰਿਆਂ ਦਾ ਭਰਮ ਕੀ ਕੱਢਣਗੇ ਭਾਵ ਉਹ ਸਾਡੀ ਭਰਮਾਂ ਵਾਲੀ ਸਮਝ ਨੂੰ ਹੋਰ ਭਰਮਾਂ ਵਾਲੀ ਬਨਾਉਣਗੇ ਭਾਵ ਸਾਡੇ ਅੰਦਰ ਦੇ ਭਰਮ ਨੂੰ ਹੋਰ ਦ੍ਰਿੜ ਕਰਨਗੇ। ਭਰਮ ਨਾਮ ਦਾ ਦੂਸਰਾ ਪਾਸਾ ਹੈ। ਨਾਮ ਸਾਨੂੰ ਸੱਚ ਸਮਝਾਉਂਦਾ ਹੈ ਤੇ ਭਰਮ ਝੂਠ ਸਮਝਾਉਂਦਾ ਹੈ ਭਾਵ ਸਾਡੀ ਹਉਮੈ ਵਧਾਉਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਨਾਮ ਦੇ ਦਾਤੇ ਗੁਰੂ ਨੂੰ ਛੱਡ ਕੇ ਜੇਕਰ ਅਸੀਂ ਉਨ੍ਹਾਂ ਦੀ ਮਤਿ ਨਾਲ ਜੁੜਾਂਗੇ ਜੋ ਹਉਮੈ ਵਾਲੀ ਸਮਝਦੇ ਦੇ ਨਾਲ ਭਰੇ ਹੋਏ ਹਨ ਭਾਵ ਪ੍ਰਮਾਤਮਾ ਨੂੰ ਜਾਨਣ ਲਈ ਅਗਿਆਨਤਾ ਵਾਲੀ ਸਮਝ ਵਿੱਚ ਰਹੇ ਹਨ ਤੇ ਅੱਜ ਵੀ ਉਹੋ ਜਿਹੇ ਅਨੇਕਾਂ ਹੀ ਆਪਣੇ ਵੱਖਰੇ ਵੱਖਰੇ ਡੇਰੇ ਬਣਾਈ ਬੈਠੇ ਹਨ, ਸੰਤ, ਸਾਧ ਆਦਿ ਅਖਵਾਉਂਦੇ ਹਨ ਉਹ ਕਿਸੇ ਦਾ ਕੀ ਭਰਮ ਕੱਢਣਗੇ, ਕਿਸੇ ਨੂੰ ਕੀ ਸੱਚ ਸਮਝਾਉਣਗੇ, ਕਿਸੇ ਨੂੰ ਕੀ ਨਾਮ ਜਪਣਾ ਸਮਝਾਉਣਗੇ ਜਿਨ੍ਹਾਂ ਨੂੰ ਖੁੱਦ ਨਾਮ ਦੀ ਸਮਝ ਨਹੀਂ। ਇਸ ਨਿਮਾਣੇ ਜਿਹੇ ਦਾਸ ਦੀ ਇਸ ਪੁਸਤਕ ਰਾਹੀਂ ਸਭ ਦੇ ਅੱਗੇ ਤਹਿ ਦਿਲੋਂ ਬੇਨਤੀ ਹੈ ਕਿ ਕੇਵਲ ਤੇ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜੋ ਭਾਵ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨੋ ਭਾਵ ਕੇਵਲ ਤੇ ਕੇਵਲ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨੋ। ਕੇਵਲ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਕੇਵਲ ਨਾਮ ਜਪਣਾ ਹੈ ਤੇ ਸਭ ਨੂੰ ਕੇਵਲ ਨਾਮ ਜਪਣਾ ਚਾਹੀਦਾ ਹੈ ਤੇ ਉਹ ਤਾਂ ਹੀ ਜਪਿਆ ਜਾ ਸਕਦਾ ਹੈ ਜੇਕਰ ਪਹਿਲੇ ਉਨ੍ਹਾਂ ਦੀ ਮਤਿ ਨੂੰ ਛੱਡਾਂਗੇ ਜਿਨ੍ਹਾਂ ਕੋਲੋਂ ਸਭ ਨੇ ਨਾਮ ਜਪਣਾ ਸਿੱਖਿਆ ਹੈ। ਆਉ ਗੁਰੂ ਦੇ ਨਾਮ ਨਾਲ ਜੁੜੀਏ ਤੇ ਆਪਣੇ ਜੀਵਨ ਨੂੰ ਸਫਲ ਕਰਨ ਦਾ ਸੱਚਾ ਉੱਦਮ ਕਰੀਏ।

ਪੂਰੀ ਗੁਰਬਾਣੀ ਪ੍ਰਮਾਤਮਾ ਦਾ ਆਪਣਾ ਘਰ ਹੈ ਤੇ ਜਿਸ ਮਨੁੱਖੀ ਸਰੀਰ ਦੇ ਵਿੱਚ ਵੀ ਪ੍ਰਮਾਤਮਾ ਨੇ ਆਪਣਾ ਘਰ ਪ੍ਰਗਟ ਕੀਤਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਸ ਘਰ ਵਿੱਚ ਫਿਰ ਕੇਵਲ ਨਾਮ ਹੀ ਹੁੰਦਾ ਹੈ ਭਾਵ ਕੇਵਲ ਸੱਚਾ ਗਿਆਨ ਹੀ ਹੁੰਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਹੀ ਹੁੰਦੀ ਹੈ ਜੋ ਸਮਝ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ। ਬਾਬੇ ਨਾਨਕ ਦੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਜੋ ਆਪਣਾ ਘਰ ਪਾਇਆ ਹੈ ਉਸ ਘਰ ਵਿੱਚ ਕੇਵਲ ਨਾਮ ਹੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਭੈਰਉ ਮਹਲਾ ੫ ॥

{ਦਸ ਮਿਰਗੀ ਸਹਜੇ ਬੰਧਿ ਆਨੀ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥ ਸੰਤਸੰਗਿ ਲੇ ਚੜਿਓ ਸਿਕਾਰ ॥

ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥ ਆਖੇਰ ਬਿਰਤਿ ਬਾਹਰਿ ਆਇਓ ਧਾਇ ॥
ਅਹੇਰਾ ਪਾਇਓ ਘਰ ਕੈ ਗਾਂਇ ॥੨॥ ਮ੍ਰਿਗ ਪਕਰੇ ਘਰਿ ਆਣੇ ਹਾਟਿ ॥ ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥
ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥}

(ਅੰਗ ੧੧੩੬)

51/7122

ਉਪਰ ਵਾਲੇ ਸ਼ਬਦ ਦੀ ਆਖਰੀ ਪੰਗਤੀ ਨੂੰ ਪੜੋ ਤੇ ਸਮਝੋ ਕਿ ਧੰਨ ਧੰਨ ਬਾਬਾ ਨਾਨਕ ਜੀ ਦੇ ਘਰ ਵਿੱਚ ਕੀ ਹੈ ਭਾਵ ਉਨ੍ਹਾਂ ਦੇ ਮਨ ਰੂਪ ਘਰ ਵਿੱਚ ਕੀ ਹੈ। ਉਨ੍ਹਾਂ ਦੇ ਮਨ ਦੀ ਸਮਝ ਰੂਪ ਘਰ ਦੇ ਵਿੱਚ **"ਕੇਵਲ ਨਾਮੁ"** ਹੈ ਭਾਵ ਉਨ੍ਹਾਂ ਦੀ ਪੂਰੀ ਸਮਝ ਨਾਮ ਵਾਲੀ ਸਮਝ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਹੈ, ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ ਭਾਵ ਪੂਰਨ ਸੱਚ ਵਾਲੀ ਸਮਝ ਹੈ ਜੋ ਸੱਚੀ ਸਮਝ ਮਨ ਦੇ ਹਰ ਭਰਮ ਤੋਂ ਰਹਿਤ ਹੈ। ਬਾਬੇ ਨਾਨਕ ਨੇ ਜੋ ਸਮਝ ਬਾਣੀ ਰਾਹੀਂ ਪਾਈ ਹੈ ਉਹ ਨਾਮ ਵਾਲੀ ਸਮਝ ਹੀ ਪਾਈ ਹੈ ਫਿਰ ਅਸੀਂ ਬਾਬੇ ਨਾਨਕ ਦੀ ਸਮਝ ਨੂੰ ਛੱਡ ਕੇ ਭਾਵ ਬਾਬੇ ਨਾਨਕ ਦੇ ਘਰ ਨੂੰ ਛੱਡ ਕੇ ਕਿਸੇ ਹੋਰ ਦੇ ਘਰ ਵਿੱਚੋਂ ਨਾਮ ਸਿੱਖਣ ਜਾਈਏ ਫਿਰ ਕੀ ਅਸੀਂ ਬਾਬੇ ਨਾਨਕ ਨੂੰ ਚੰਗੇ ਲਗਾਂਗੇ। ਧਿਆਨ ਨਾਲ ਸਮਝੋ ਕਿ ਪੂਰੀ ਗੁਰਬਾਣੀ ਸਾਨੂੰ ਕਿਹੋ ਜਿਹਾ ਨਾਮ ਜਪਣਾ ਸਮਝਾ ਰਹੀ ਹੈ, ਜੋ ਨਾਮ ਜਪਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਪੜ ਕੇ, ਸਮਝ ਕੇ, ਉਸਨੂੰ ਮੰਨ ਕੇ ਤੇ ਉਸ ਤੇ ਅਮਲ ਕਰਨ ਦੀ ਹੈ ਜਿਸ ਤਰੀਕੇ ਕੋਈ ਵੀ ਪ੍ਰਮਾਤਮਾ ਦੇ ਦਰਬਾਰ ਵਿੱਚ ਪਹੁੰਚਣ ਦਾ ਸੱਚਾ ਉੱਦਮ ਕਰ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

ਬਸੰਤੁ ਮਹਲਾ ੧ ॥

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ ਬੇਦ ਵਖਾਣਿ ਕਹਹਿ ਇਕੁ ਕਹੀਐ ॥
ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ ਏਕੋ ਤਖਤੁ ਏਕੋ ਪਾਤਿਸਾਹੁ ॥
ਸਰਬੀ ਥਾਈ ਵੇਪਰਵਾਹੁ ॥ ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥

ਇਤ ਉਤ ਦੇਖਉ ਸਹਜੇ ਰਾਵਉ ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}

(ਅੰਗ ੧੧੮੮-੧੧੮੯)

ਸਿਰੀਰਾਗੁ ਮਹਲਾ ੧ ॥

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ਰਹਾਉ ॥ ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ॥
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥ ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥ ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥ ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥
ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥ ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥
ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥ ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥ ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥
ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥ ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥
ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥ ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥
ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥ ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ॥੮॥੬॥}

(ਅੰਗ ੫੬-੫੭)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਗੁਰੂ ਪ੍ਰਮਾਤਮਾ ਆਪ ਸੱਚ ਰੂਪ ਹੈ ਤੇ ਉਸਨੂੰ ਉਸਦੇ ਸੱਚ ਰੂਪ ਨਾਲ ਜੁੜਕੇ ਹੀ ਪਾਇਆ ਜਾ ਸਕਦਾ ਹੈ ਭਾਵ ਉਸਨੂੰ ਆਪਣੇ ਅੰਦਰੋਂ

ਸਮਝਿਆ ਜਾ ਸਕਦਾ ਹੈ। ਪੂਰੀ ਗੁਰਬਾਣੀ ਦੇ ਅੰਦਰ ਗੁਰੂ ਪ੍ਰਮਾਤਮਾ ਦਾ ਸੱਚ ਰੂਪ ਹੀ ਹੈ ਭਾਵ ਗੁਰੂ ਦੇ ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ ਜਿਸ ਸੱਚੀ ਸਮਝ ਦੇ ਨਾਲ ਜੁੜਨ ਦਾ ਸੱਚਾ ਉੱਦਮ ਕਰਨ ਦੁਆਰਾ ਹੀ ਉਸ ਸੱਚੀ ਸਮਝ ਦੇ ਮਾਲਕ ਦੇ ਨਾਲ ਜੁੜਨ ਦਾ ਸਾਡਾ ਸੱਚਾ ਉੱਦਮ ਹੈ। ਗੁਰੂ ਤੋਂ ਉੱਚਾ ਸੱਚ ਸਾਨੂੰ ਹੋਰ ਕੌਣ ਸਮਝਾ ਸਕਦਾ ਹੈ। ਗੁਰੂ ਦੀ ਸੱਚੀ ਸਮਝ ਹੀ ਉਸਦਾ ਨਾਮ ਹੈ ਜਿਸ ਵਿੱਚ ਉਹ ਆਪ ਹੈ। ਨਾਮ ਦੇ ਮਾਲਕ ਦੀ ਸਮਝ ਦੇ ਨਾਲ ਜੁੜਨ ਦਾ ਉੱਦਮ ਕੀਤੇ ਬਿਨਾਂ ਸਾਡਾ ਉਹ ਹਰ ਉੱਦਮ ਵਿਅਰਥ ਹੈ ਜੋ ਉੱਦਮ ਗੁਰੂ ਦੇ ਸਮਝਾਏ ਹੋਏ ਸੱਚ ਤੇ ਖਰਾ ਨਹੀਂ ਉਤਰਦਾ। ਆਉ ਕੇਵਲ ਤੇ ਕੇਵਲ ਸੱਚ ਦੇ ਨਾਲ ਜੁੜਨ ਦਾ ਉੱਦਮ ਕਰੀਏ ਭਾਵ ਗੁਰੂ ਦਾ ਸੱਚ ਰੂਪ ਨਾਮ ਜਪਣ ਦਾ ਉੱਦਮ ਕਰੀਏ।

ਹੁਣ ਅਸੀਂ ਉਸ ਸ਼ਬਦ ਨੂੰ ਸਮਝਦੇ ਹਾਂ ਜਿਸਨੂੰ ਸਮਝਣ ਦੇ ਲਈ ਅਸੀਂ ਉਪਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਜਮ ਕੀ ਹਨ, ਜਮਕਾਲਿ ਕੀ ਹੈ। ਹੁਣ ਅਸੀਂ ਉਸ ਸ਼ਬਦ ਦੀ ਗਹਿਰਾਈ ਨੂੰ ਪੂਰੀ ਤਰ੍ਹਾਂ ਸਮਝ ਸਕਾਂਗੇ।

“ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥
ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥”

(ਅੰਗ ੮੬੪)

ਉਪਰ ਵਾਲੇ ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਬੜੀ ਬਰੀਕੀ ਨਾਲ ਸਮਝਿਆ ਹੈ ਭਾਵ ਗੁਰੂ ਨੇ ਜਿਸ ਮਕਸਦ

ਲਈ ਸਾਨੂੰ ਗੁਰਬਾਣੀ ਬਖਸ਼ੀ ਹੈ ਉਸ ਮਕਸਦ ਨੂੰ ਅਸੀਂ ਪੂਰਾ ਕਰ ਸਕੀਏ ਕਿਉਂਕਿ ਗੁਰੂ ਦਾ ਮਕਸਦ ਹਰ ਸ਼ਬਦ ਰਾਹੀਂ ਸਾਨੂੰ ਕੁਝ ਸਮਝਾਉਣ ਦਾ ਹੈ ਤਾਂ ਜੋ ਅਸੀਂ ਉਸ ਸਮਝ ਨੂੰ ਅਪਨਾ ਕੇ ਉਸ ਅਨੁਸਾਰ ਵਿਚਰ ਸਕੀਏ। ਗੁਰੂ ਦੀਆਂ ਗੱਲਾਂ ਗਹਿਰਾਈ ਵਿੱਚ ਹੁੰਦੀਆਂ ਹਨ ਤੇ ਆਪਣੀਆਂ ਗੱਲਾਂ ਦੀ ਗਹਿਰਾਈ ਉਹ ਆਪ ਹੀ ਸਮਝਾਉਂਦਾ ਹੈ ਕਿਉਂਕਿ ਉਹ ਆਪ ਚੌਥੇ ਪਦ ਵਿੱਚ ਹੈ ਤੇ ਸੰਸਾਰੀਆਂ ਨੂੰ ਉਸਨੇ ਤ੍ਰੈ ਗੁਣਾਂ ਵਿੱਚ ਰੱਖਿਆ ਹੋਇਆ ਹੈ। ਚੌਥੇ ਪਦ ਦੇ ਗਿਆਨ ਵਾਲੀ ਗਹਿਰਾਈ ਨੂੰ ਚੌਥੇ ਪਦ ਵਿੱਚ ਪਹੁੰਚ ਕੇ ਹੀ ਸਮਝਿਆ ਜਾ ਸਕਦਾ ਹੈ ਜੋ ਚੌਥੇ ਪਦ ਦਾ ਗਿਆਨ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਭਾਵ ਜਿਸਨੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਹ ਆਪ ਹੀ ਉਸਦੇ ਅਸਲ ਅਰਥ ਸਮਝਾ ਸਕਦਾ ਹੈ। ਉਪਰ ਵਾਲੇ ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਰਾਹੀਂ ਅਸੀਂ ਜੋ ਕੁਝ ਸਮਝਿਆ ਹੈ ਉਸਦਾ ਸੰਬੰਧ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਦੇ ਨਾਲ ਜੁੜਿਆ ਹੋਇਆ ਹੈ ਕਿ ਅਸੀਂ

51/7124

ਅਗਿਆਨਤਾ ਰੂਪ ਭਵਸਾਗਰ ਤੋਂ ਕਿਵੇਂ ਪਾਰ ਉਤਰਨਾ ਹੈ, ਮਨ ਦੀ ਅਗਿਆਨਤਾ ਰੂਪ ਜਮਾਂ ਵਾਲੇ ਵਿਚਾਰਾਂ ਤੋਂ ਕਿਵੇਂ ਛੁਟਕਾਰਾ ਪਾਉਣਾ ਹੈ। ਅਗਿਆਨਤਾ ਵਾਲੇ ਵਿਚਾਰਾਂ ਤੋਂ ਛੁਟਕਾਰਾ ਗੁਰੂ ਦੇ ਸੱਚੇ ਗਿਆਨ ਵਾਲੇ ਵਿਚਾਰਾਂ ਨੂੰ ਸਮਝ ਕੇ ਤੇ ਉਨ੍ਹਾਂ ਨੂੰ ਮੰਨਣ ਦੁਆਰਾ ਹੀ ਹੁੰਦਾ ਹੈ। ਅਗਿਆਨਤਾ ਵਾਲੀ ਸਮਝ ਤੋਂ ਸਾਡਾ ਛੁਟਕਾਰਾ ਕਿਵੇਂ ਹੋਣਾ ਹੈ ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥”

ਸਭ ਤੋਂ ਪਹਿਲੇ ਤਾਂ ਉਪਰ ਵਾਲੀ ਪੰਗਤੀ ਦੁਆਰਾ ਇਸ ਗੱਲ ਨੂੰ ਸਮਝੋ ਕਿ **“ਗੁਰਮੰਤ੍ਰ”** ਕੀ ਹੈ ਕਿਉਂਕਿ ਗੁਰਮੰਤ੍ਰ ਨੂੰ ਸਮਝਣ ਵਿੱਚ ਸਭ ਦੇ ਅੰਦਰ ਵੱਡਾ ਭੁਲੇਖਾ ਹੈ। ਗੁਰਮੰਤ੍ਰ ਦਾ ਮਕਸਦ ਮਨ ਦੇ ਹਨੇਰੇ ਵਿੱਚੋਂ ਕੱਢਣ ਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਜੋ ਮਨ ਦੀ ਅਗਿਆਨਤਾ ਮਨ ਦੀ ਸਮਝ ਦੇ ਅੰਦਰ ਗੁਰੂ ਦੇ ਸੱਚੇ ਗਿਆਨ ਦਾ ਪ੍ਰਕਾਸ਼, ਉਜਾਲਾ ਪਾਉਣ ਦੁਆਰਾ ਹੀ ਨਿਕਲਦੀ ਹੈ। ਹੁਣ ਧਿਆਨ ਨਾਲ ਸਮਝੋ ਪੂਰੀ ਗੁਰਬਾਣੀ ਵਿੱਚੋਂ ਸਾਨੂੰ ਕੀ ਮਿਲਦਾ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ ਤੇ ਗੁਰੂ ਦੇ ਹਰ ਸ਼ਬਦ ਰਾਹੀਂ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਮਿਲਦਾ ਹੈ। ਪੂਰੀ ਗੁਰਬਾਣੀ **“ਗੁਰਮੰਤ੍ਰ”** ਹੈ ਜਿਸ ਗੁਰੂ ਦੇ ਸੱਚੇ ਗਿਆਨ ਦਾ ਮਕਸਦ ਭਾਵ ਗੁਰਮੰਤ੍ਰ ਦਾ ਮਕਸਦ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ, ਮਾਇਆ ਮੋਹ ਵਾਲੀ ਸਮਝ ਵਿੱਚੋਂ, ਮਾਇਆ ਦੇ ਛੱਲ ਵਿੱਚੋਂ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ। **(ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥)** ਹੁਣ ਅਗਲੀ ਪੰਗਤੀ ਨੂੰ ਵੀ ਧਿਆਨ ਨਾਲ ਸਮਝੋ।

“ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥”

ਗੁਰੂ ਦਾ ਸੰਗਿ ਕਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਦੇ ਜੋ ਬਚਨ ਹਨ ਉਹ ਬਚਨ ਹੀ ਸਾਡਾ ਗੁਰੂ ਹੈ। ਗੁਰੂ ਦਾ ਹਰ ਬਚਨ ਉਸਦਾ ਸ਼ਬਦ ਹੈ ਤੇ ਇਸੇ ਲਈ ਸ਼ਬਦ ਹੀ ਸਾਡਾ ਗੁਰੂ ਹੈ। ਹਰ ਸ਼ਬਦ ਦਾ ਮਕਸਦ ਸਾਨੂੰ ਸੱਚੀ ਮਤਿ ਦੇਣ ਦਾ ਹੀ ਹੈ ਭਾਵ ਗੁਰਮਤਿ ਸਮਝਾਉਣ ਦਾ ਹੀ ਹੈ ਤੇ ਪੂਰੀ ਗੁਰਮਤਿ ਦਾ ਮਕਸਦ ਸਾਨੂੰ ਮਨਮਤਿ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ। ਪੂਰੀ ਗੁਰਮਤਿ ਦੀ ਸਮਝ ਵਿੱਚ ਸੱਚਾ ਗਿਆਨ ਹੀ ਹੈ ਜਿਸ ਸੱਚੇ ਗਿਆਨ ਦਾ ਮਕਸਦ ਸਾਡੇ ਅੰਦਰੋਂ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਭਾਵ ਮਨ ਦਾ ਹਨੇਰਾ ਦੂਰ ਕਰਨ ਦਾ ਹੀ ਹੈ ਭਾਵ ਜੋ ਗੁਰਮੰਤ੍ਰ ਦਾ

51/7125

ਮਕਸਦ ਹੈ ਉਹੀ ਗੁਰਮਤਿ ਦਾ ਮਕਸਦ ਹੈ, ਉਹ ਹਰ ਸ਼ਬਦ ਦੀ ਵਿਚਾਰ ਦਾ ਮਕਸਦ ਹੈ। ਗੁਰਮੰਤ੍ਰ ਨੂੰ ਮੰਨਣਾ ਜਾਂ ਗੁਰੂ ਦੇ ਨਾਲ ਸੰਗ ਕਰਨਾ ਇੱਕੋ ਹੀ ਗੱਲ ਹੈ। ਸਾਡਾ ਨਿਸਤਾਰਾ ਤਾਂ ਮਨ ਦੇ ਹਨੇਰੇ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਹੋਣਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਹੋਣਾ ਹੈ ਜਿਸ ਨਾਲ ਸਗਲ ਦਾ ਨਿਸਤਾਰਾ ਹੋ ਸਕਦਾ ਹੈ ਭਾਵ ਹਰ ਮਨੁੱਖ ਦਾ ਨਿਸਤਾਰਾ ਹੋ ਸਕਦਾ ਹੈ, ਭਵਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ ਕਿਉਂਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਹੋਣਾ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਦਾ ਮਕਸਦ ਭਾਵ ਗੁਰਮੰਤ੍ਰ ਦਾ ਮਕਸਦ ਸਾਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੈ ਜਿਸ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਜੇਕਰ ਅਸੀਂ

ਪੂਰੇ ਦਿਲ ਨਾਲ ਕਰਾਂਗੇ ਭਾਵ ਆਪਣੀ ਮਤਿ ਛੱਡਾਂਗੇ, ਭਰਮਾਂ ਵਾਲੀ ਸਮਝ ਛੱਡਾਂਗੇ ਭਾਵ ਹਉਮੈ ਛੱਡਾਂਗੇ ਤੇ ਤਾਂ ਹੀ ਅਕਾਲ ਪੁਰਖ ਆਪਣੀ ਕ੍ਰਿਪਾ ਕਰਨ ਦੁਆਰਾ ਸਾਨੂੰ ਅਗਿਆਨਤਾ ਰੂਪ ਭਵਸਾਗਰ ਤੋਂ ਪਾਰ ਉਤਾਰੇਗਾ, ਸਾਡਾ ਨਿਸਤਾਰਾ ਹੋਏਗਾ ਭਾਵ ਸਾਡਾ ਜੀਵਨ ਸਫਲ ਹੋਵੇਗਾ, ਸਾਡੇ ਜੀਵਨ ਦਾ ਮਨੋਰਥ ਪੂਰਾ ਹੋਵੇਗਾ। **(ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥)**

ਅਸੀਂ ਇਸ ਗੱਲ ਨੂੰ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਜੋ ਸ੍ਰਿਸ਼ਟੀ ਦਾ ਕਰਤਾ **"ਗਿਆਨੁ"** ਰੂਪ ਵਿੱਚ ਹੈ ਤੇ ਪ੍ਰਮਾਤਮਾ ਆਪ ਹੀ ਗੁਰੂ ਹੈ ਤੇ ਗਿਆਨ ਰੂਪ ਗੁਰੂ ਪ੍ਰਮਾਤਮਾ ਸਾਡੇ ਅੰਦਰ ਕਿਸ ਤਰੀਕੇ ਵੱਸਦਾ ਹੈ, ਕਿਸ ਜਗ੍ਹਾ ਤੇ ਵੱਸਦਾ ਹੈ ਇਸ ਗੱਲ ਨੂੰ ਪਹਿਲੇ ਵਾਲੇ ਸ਼ਬਦ ਦੇ ਜਿਸਨੂੰ ਅਸੀਂ ਸਮਝਿਆ ਹੈ ਉਸਦੇ ਦੂਸਰੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ। ਆਉ ਸਮਝੀਏ।

"ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥
ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥"

ਉਪਰ ਵਾਲੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਧਿਆਨ ਨਾਲ ਪੜੋ ਤੇ ਸਮਝੋ ਕਿ ਧੰਨ ਧੰਨ ਪੰਜਵੀਂ ਪਾਤਸ਼ਾਹੀ ਨੇ ਕੀ ਸਾਨੂੰ ਸਮਝਾਉਣ ਵਿੱਚ ਕੋਈ ਕਸਰ ਛੱਡੀ ਹੈ ਕਿ ਗੁਰੂ ਅਸਲ ਵਿੱਚ ਕੌਣ ਹੈ ਤੇ ਉਹ ਮਨੁੱਖ ਦੇ ਅੰਦਰ ਕਿਸ ਜਗ੍ਹਾ ਤੇ ਵੱਸ ਕੇ ਉਸ ਮਨੁੱਖੀ ਰੂਪ ਨੂੰ ਆਪਣਾ ਗੁਰੂ ਰੂਪ ਮੰਨਦਾ ਹੈ। ਪੰਜਵੀਂ ਪਾਤਸ਼ਾਹੀ ਸਾਨੂੰ ਬੜਾ ਸਪਸ਼ਟ ਕਰਕੇ ਸਮਝਾ ਰਹੇ ਹਨ ਕਿ ਮੇਰਾ ਗੁਰੂ **"ਗਿਆਨੁ"** ਹੈ ਜੋ ਗਿਆਨ ਰੂਪ ਮੇਰੇ ਅੰਦਰ ਮੇਰੇ ਮਨ ਦੇ

51/7126

"ਧਿਆਨੁ" ਦੇ ਰੂਪ ਵਿੱਚ ਹੈ। ਸਾਡੇ ਅੰਦਰ ਦਾ ਧਿਆਨ ਸਾਡੀ ਅੰਦਰ ਦੀ ਸਮਝ ਹੀ ਹੁੰਦੀ ਹੈ ਭਾਵ ਸਾਡੇ ਅੰਦਰ ਦੇ ਵਿਚਾਰ ਹੀ ਹੁੰਦੇ ਹਨ, ਸਾਡਾ ਦਿਮਾਗ ਹੀ ਹੁੰਦਾ ਹੈ। **(ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥)** ਉਨ੍ਹਾਂ ਦੇ ਧਿਆਨ ਦੇ ਅੰਦਰ ਗਿਆਨ ਰੂਪ ਗੁਰੂ ਕੌਣ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਗੁਰੁ ਗੋਪਾਲੁ ਪੁਰਖੁ ਭਗਵਾਨੁ ॥"

ਉਪਰ ਵਾਲੀ ਪੰਗਤੀ ਨੂੰ ਕੌਣ ਨਹੀਂ ਸਮਝ ਸਕਦਾ ਕਿ ਸਾਰੇ ਸੰਸਾਰ ਦਾ ਗੁਰੂ ਕੌਣ ਹੈ ਭਾਵ ਇੱਕੋ ਇੱਕ ਪ੍ਰਮਾਤਮਾ ਹੀ ਹੈ ਜੋ ਕਿ ਸਾਰੇ ਸੰਸਾਰ ਦਾ ਪਾਲਣ ਪੋਸ਼ਣਹਾਰ ਹੈ ਤੇ ਸਰਬ ਸ਼ਕਤੀਵਾਨ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਅਕਾਲ ਪੁਰਖ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਉਹ ਜਿਸਦੇ ਅੰਦਰ ਵੀ ਪ੍ਰਗਟ ਹੁੰਦਾ ਹੈ ਉਹ ਮਨ ਦੇ ਅੰਦਰ ਧਿਆਨ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਤੇ ਮਨੁੱਖ ਨੂੰ ਜੋ ਵੀ ਗਿਆਨ ਮਿਲਦਾ ਹੈ ਉਹ ਮਨ ਦੇ ਧਿਆਨ ਰਾਹੀਂ ਹੀ ਮਿਲਦਾ ਹੈ। ਜਦ ਤਕ ਪ੍ਰਮਾਤਮਾ ਕਿਸੇ ਦੇ ਧਿਆਨ ਦੇ ਅੰਦਰ ਪ੍ਰਗਟ ਨਹੀਂ ਹੁੰਦਾ ਤਦ ਤਕ ਜੋ ਗਿਆਨ ਮਨੁੱਖ ਨੂੰ ਆਪਣੇ ਅੰਦਰੋਂ ਮਿਲਦਾ ਹੈ ਉਹ ਤ੍ਰੈ ਗੁਣਾਂ ਵਾਲਾ ਗਿਆਨ ਹੀ ਹੁੰਦਾ ਹੈ। ਜਿਸ ਮਨੁੱਖ ਨੂੰ ਪ੍ਰਮਾਤਮਾ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਉਸਦੇ ਧਿਆਨ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਕੇ ਹੀ ਕੱਢਦਾ ਹੈ। ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਪ੍ਰਮਾਤਮਾ ਨੇ ਆਪ ਹੀ ਕਰਵਾਈ ਹੈ ਪਰ ਜਦ ਤਕ ਕਿਸੇ ਦੇ ਧਿਆਨ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤਕ ਉਹ ਧਰਮ ਗ੍ਰੰਥ ਨੂੰ ਲਿਖਣ ਵਾਲਾ, ਉਸ ਗਿਆਨ ਨੂੰ ਆਪਣਾ ਗਿਆਨ ਸਮਝਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਬ੍ਰਹਮਾ ਨੂੰ ਵੇਦ ਲਿਖਵਾਉਣ ਵਾਲਾ ਪ੍ਰਮਾਤਮਾ ਆਪ ਹੀ ਹੈ ਪਰ ਬ੍ਰਹਮਾ ਨੇ ਉਸ ਗਿਆਨ ਨੂੰ ਆਪਣਾ ਗਿਆਨ ਆਖਿਆ ਹੈ ਜਿਸ ਕਰਕੇ ਗੁਰਬਾਣੀ ਰਾਹੀਂ ਬ੍ਰਹਮਾ ਨੂੰ ਤ੍ਰੈ ਗੁਣਾਂ ਵਿੱਚ ਹੀ ਦੱਸਿਆ ਗਿਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੀ ਹੈ। ਇਹੀ ਗੱਲ ਉਨ੍ਹਾਂ ਤੇ ਲਾਗੂ ਹੁੰਦੀ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਇਆ ਹੈ ਤੇ ਅੱਜ ਵੀ ਅਨੇਕਾਂ ਹੀ ਹਨ ਜੋ ਆਪਣੇ ਆਪ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦਾ ਵਿਦਵਾਨ ਅਖਵਾਉਂਦੇ ਹਨ, ਸੰਤ ਆਦਿ ਅਖਵਾਉਂਦੇ ਹਨ। ਆਪਣੇ ਆਪ ਨੂੰ ਕੋਈ ਧਰਮ ਦੇ ਮਾਰਗ ਤੇ ਉੱਚਾ ਤਦ ਤੱਕ ਹੀ ਅਖਵਾ ਸਕਦਾ ਹੈ ਜਦ ਤੱਕ ਉਹ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੈ ਜਿਸ ਸਮਝ ਦਾ ਮਕਸਦ ਮਨੁੱਖ ਨੂੰ ਮੈਂ ਵਿੱਚ ਰੱਖਣ ਦਾ ਹੈ, ਹਉਮੈ ਵਿੱਚ ਰੱਖਣ ਦਾ ਹੈ ਕਿ ਇਹ ਸਰੀਰ ਮੇਰਾ ਹੈ, ਮੇਰੇ ਅੰਦਰ ਜੋ ਸਮਝ ਉਪਜਦੀ ਹੈ ਉਹ ਮੇਰੀ ਹੈ। ਇਹੋ ਜਿਹੀ ਗੱਲ ਉਹੀ

51/7127

ਕਹਿ ਸਕਦੇ ਹਨ ਜਿਨ੍ਹਾਂ ਦਾ ਧਿਆਨ ਗੁਰੂ ਦੇ ਗਿਆਨ ਨਾਲ ਨਹੀਂ ਜੁੜਿਆ ਹੁੰਦਾ, ਗੁਰੂ ਦੇ ਨਾਮ ਨਾਲ ਨਹੀਂ ਜੁੜਿਆ ਹੁੰਦਾ ਭਾਵ

ਉਨ੍ਹਾਂ ਦੇ ਅੰਦਰ ਗੁਰਮਤਿ ਦੀ ਸੱਚੀ ਸਮਝ ਨਹੀਂ ਹੁੰਦੀ, ਧਰਮ ਦੇ ਸੱਚ ਦੀ ਸਮਝ ਨਹੀਂ ਹੁੰਦੀ ਭਾਵ ਜਿਨ੍ਹਾਂ ਨੂੰ ਪ੍ਰਮਾਤਮਾ ਦੀ ਰੱਤੀ ਭਰ ਵੀ ਸਮਝ ਨਹੀਂ ਹੁੰਦੀ ਕਿ ਪ੍ਰਮਾਤਮਾ ਕਿਸ ਰੂਪ ਵਿੱਚ ਹੈ ਤੇ ਉਹ ਪੂਰੀ ਗੁਰਬਾਣੀ ਵਿੱਚ ਕਿਸ ਰੂਪ ਵਿੱਚ ਹੈ। **(ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥)**

ਗੁਰੂ ਪ੍ਰਮਾਤਮਾ ਮਨੁੱਖ ਦੇ ਧਿਆਨ ਵਿੱਚ ਹੀ ਵੱਸਦਾ ਹੈ, ਗਿਆਨ ਦੇ ਰੂਪ ਵਿੱਚ ਵੱਸਦਾ ਹੈ। ਜਿਵੇਂ ਕਿ ਉਪਰ ਵਾਲੀਆਂ ਪੰਗਤੀਆਂ ਰਾਹੀਂ ਬੜੇ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ। ਹੁਣ ਧਿਆਨ ਨਾਲ ਸੋਚੋ ਤੇ ਸਮਝੋ ਕਿ ਪੂਰੀ ਗੁਰਬਾਣੀ ਕਿੱਥੋਂ ਆਈ ਹੈ, ਕਿਸ ਜਗ੍ਹਾ ਤੋਂ ਆਈ ਹੈ ਜਿਸਦਾ ਰਚਨਹਾਰ ਆਪ ਪ੍ਰਮਾਤਮਾ ਹੈ ਜੋ ਗੁਰਬਾਣੀ ਉਸਨੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਭਾਵ ਭਗਤਾਂ ਤੇ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਉਨ੍ਹਾਂ ਦੇ ਮਨ ਦੇ ਅੰਦਰ ਭਾਵ ਉਨ੍ਹਾਂ ਦੇ ਧਿਆਨ ਦੇ ਅੰਦਰ ਆਪਣਾ ਗਿਆਨ ਰੂਪ ਗੁਰੂ ਧਾਰ ਕੇ ਰਚੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਫਿਰ ਤੋਂ ਸਮਝ ਸਕਦੇ ਹਾਂ।

“ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥”

(ਅੰਗ ੧੨੪੩)

ਉਪਰ ਵਾਲੀਆਂ ਪੰਗਤੀਆਂ ਨੂੰ ਪਹਿਲੇ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਅੰਮ੍ਰਿਤ ਰੂਪ ਬਾਣੀ ਭਾਵ ਨਾਮ ਰੂਪ ਗੁਰਬਾਣੀ ਮਨ ਦੀ ਸਮਝ ਰਾਹੀਂ ਹੀ ਆਈ ਹੈ ਜੋ ਸਮਝ ਮਨ ਦੇ ਅੰਦਰ ਪ੍ਰਗਟ ਹੋ ਕੇ ਮਨੁੱਖ ਦੇ ਧਿਆਨ ਵਿੱਚ ਉਸਦੇ ਅੰਦਰ ਆਪਣਾ ਸੱਚਾ ਗਿਆਨ ਉਹ ਆਪ ਹੀ ਪਾਉਂਦਾ ਹੈ। ਉਪਰ ਵਾਲੀ ਦੂਸਰੀ ਪੰਗਤੀ ਰਾਹੀਂ ਇਸ ਗੱਲ ਨੂੰ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਪੂਰੀ ਗੁਰਬਾਣੀ ਵਿੱਚ **“ਗੁਰਮੁਖਿ”** ਕਿਸਨੂੰ ਕਿਹਾ ਹੈ। ਗੁਰਮੁੱਖ ਰੂਪ ਅਕਾਲ ਪੁਰਖ ਦਾ ਆਪਣਾ ਗੁਰੂ ਰੂਪ ਹੈ ਤੇ ਜਿਸਦੇ ਮਨ ਦੇ ਵਿੱਚ, ਧਿਆਨ ਦੇ ਵਿੱਚ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਮਨੁੱਖ ਦੀ ਸਮਝ ਨੂੰ ਫਿਰ ਉਹ ਆਪਣਾ ਸੱਚਾ ਗਿਆਨ ਬਖਸ਼ਕੇ, ਆਪਣਾ ਨਾਮ ਰੂਪ ਗਿਆਨ ਬਖਸ਼ਕੇ ਭਾਵ ਬ੍ਰਹਮ ਗਿਆਨ ਬਖਸ਼ਕੇ ਆਪਣਾ ਹੀ ਰੂਪ ਬਣਾ ਲੈਂਦਾ ਹੈ ਭਾਵ ਉਹ ਆਪ ਗੁਰਮੁੱਖ ਹੈ ਤੇ ਜਿਨ੍ਹਾਂ ਸਰੀਰਾਂ ਰਾਹੀਂ ਉਸਨੇ

ਉਨ੍ਹਾਂ ਦੇ ਮਨ ਵਿੱਚ ਬਾਣੀ ਸੁਣਾਈ ਹੈ ਉਨ੍ਹਾਂ ਨੂੰ ਉਸਨੇ ਆਪਣਾ ਗੁਰਮੁੱਖ ਰੂਪ ਬਣਾਇਆ ਹੈ। ਉਪਰ ਵਾਲੀ ਦੂਸਰੀ ਪੰਗਤੀ ਰਾਹੀਂ ਹੁਣ ਇਹ ਵੀ ਧਿਆਨ ਨਾਲ ਸਮਝੋ ਕਿ ਬਾਣੀ ਨੂੰ ਧਿਆਉਣਾ ਕੀ ਹੈ। ਜਿਨ੍ਹਾਂ ਨੂੰ ਪ੍ਰਮਾਤਮਾ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਗੁਰਬਾਣੀ ਦੇ ਸ਼ਬਦਾਂ ਦੀ ਸੋਝੀ ਪਾਈ ਹੈ, ਆਪਣਾ ਸੱਚਾ ਗਿਆਨ ਪਾਇਆ ਹੈ ਉਨ੍ਹਾਂ ਨੇ ਹੀ ਉਸਦੀ ਬਾਣੀ ਨੂੰ ਧਿਆਇਆ ਹੈ, ਉਸਦੀ ਕ੍ਰਿਪਾ ਦੁਆਰਾ ਧਿਆਇਆ ਹੈ ਜੋ ਕਿ ਉਨ੍ਹਾਂ ਨੇ ਬਾਣੀ ਨੂੰ ਆਪਣੀ ਸੁਰਤਿ ਦੇ ਅੰਦਰ ਧਿਆਇਆ ਹੈ ਭਾਵ ਮਨ ਦੀ ਸਮਝ ਰਾਹੀਂ ਧਿਆਇਆ ਹੈ ਭਾਵ ਮਨ ਦੀ ਸਮਝ ਰਾਹੀਂ ਪ੍ਰਮਾਤਮਾ ਦੇ ਕੋਲੋਂ ਗੁਰਬਾਣੀ ਨੂੰ ਸਮਝਿਆ ਹੈ, ਸ਼ਬਦਾਂ ਦੀ ਵਿਚਾਰ ਨੂੰ ਸਮਝਿਆ ਹੈ, ਸ਼ਬਦਾਂ ਦੇ ਅੰਦਰ ਦੇ ਤੱਤ ਨੂੰ ਸਮਝਿਆ ਹੈ ਭਾਵ ਗੁਰਬਾਣੀ ਦੀ ਅਸਲੀਅਤ ਨੂੰ ਸਮਝਿਆ ਹੈ ਕਿ ਗੁਰਬਾਣੀ ਸੰਸਾਰ ਨੂੰ ਪ੍ਰਮਾਤਮਾ ਵੱਲੋਂ ਕਿਹੜੀ ਗੱਲ ਸਮਝਾਉਣ ਲਈ ਰਚੀ ਗਈ ਹੈ, ਕਿਸ ਮਕਸਦ ਲਈ ਰਚੀ ਗਈ ਹੈ। ਗੁਰੂ ਦੇ ਗਿਆਨ ਦਾ ਮਕਸਦ ਸਾਰੇ ਸੰਸਾਰ ਨੂੰ ਧਰਮ ਦਾ ਮਾਰਗ ਸਮਝਾਉਣ ਲਈ ਹੀ ਹੈ, ਨਾਮ ਜਪਣ ਦਾ ਮਾਰਗ ਸਮਝਾਉਣ ਲਈ ਹੀ ਹੈ ਭਾਵ ਉਹ ਸੱਚਾ ਮਾਰਗ ਸਮਝਾਉਣ ਲਈ ਹੀ ਹੈ ਜਿਸ ਸੱਚੇ ਮਾਰਗ ਤੇ ਚੱਲਣ ਦਾ ਉੱਦਮ ਕਰਨ ਦੁਆਰਾ ਉਸ ਸੱਚ ਦੇ ਮਾਲਕ ਸੱਚ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਕਿ ਸਭ ਦੇ ਅੰਦਰ ਹੀ ਵਰਤ ਰਿਹਾ ਹੈ, ਮਨ ਦੀ ਸਮਝ ਦੇ ਵਿੱਚ ਹੀ ਵਰਤ ਰਿਹਾ ਹੈ ਪਰ ਉਸਨੂੰ ਕੋਈ ਗੁਰੂ ਦੀ ਸੱਚੀ ਸਿੱਖਿਆ ਦੇ ਨਾਲ ਜੁੜੇ ਬਿਨਾਂ ਨਹੀਂ ਪਾ ਸਕਦਾ। ਇਹ ਮਨੁੱਖ ਦੇ ਉਪਰ ਅਕਾਲ ਪੁਰਖ ਦੀ ਸਭ ਤੋਂ ਵੱਡੀ ਕ੍ਰਿਪਾ ਇਹੀ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਮਨੁੱਖੀ ਸਰੀਰ ਦੇ ਅੰਦਰ ਪ੍ਰਗਟ ਕਰ ਦੇਵੇ। **(ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥)**

{ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥
ਸਰ ਭਰਿ ਸੋਧੈ ਭੀ ਭਰਿ ਪੋਧੈ ਸਮਰਥ ਵੇਪਰਵਾਹੈ॥ ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥

ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥
ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨ੍ਹੈ ਜੀਵਤਿਆ ਇਵ ਮਰੀਐ ॥੪੧॥}

(ਅੰਗ ੯੩੫)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥
ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥}

(ਅੰਗ ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ ੧੨੦)

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

51/7129

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥}

(ਅੰਗ ੬੮)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥ ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥ ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥ ਮੂਲ ਦੁਆਰੈ ਬੰਧਿਆ ਬੰਧੁ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥ ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥}

(ਅੰਗ ੧੧੫੯)

{ਰਾਮ ਹਮ ਪਾਥਰ ਨਿਰਗੁਨੀਆਰੇ ॥
ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ ਹਮ ਪਾਹਨ ਸਬਦਿ ਗੁਰ ਤਾਰੇ ॥੧॥ ਰਹਾਉ ॥
ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ ਮੈਲਾਗਰੁ ਮਲਗਾਰੇ ॥
ਨਾਮੈ ਸੁਰਤਿ ਵਜੀ ਹੈ ਦਹ ਦਿਸਿ ਹਰਿ ਮੁਸਕੀ ਮੁਸਕ ਗੰਧਾਰੇ ॥੧॥
ਤੇਰੀ ਨਿਰਗੁਣ ਕਥਾ ਕਥਾ ਹੈ ਮੀਠੀ ਗੁਰਿ ਨੀਕੇ ਬਚਨ ਸਮਾਰੇ ॥
ਗਾਵਤ ਗਾਵਤ ਹਰਿ ਗੁਨ ਗਾਏ ਗੁਨ ਗਾਵਤ ਗੁਰਿ ਨਿਸਤਾਰੇ ॥੨॥
ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥}

(ਅੰਗ ੯੮੧)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਨ੍ਹਾਂ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਗਿਆਨ ਰੂਪ ਵਿੱਚ ਹੈ ਤੇ ਆਪਣੇ ਗਿਆਨ ਰੂਪ ਵਿੱਚ ਹੀ ਉਹ ਭਾਵ ਜਦੋਂ ਉਸ ਨਾਲ ਕਿਸੇ ਦਾ ਮੇਲ ਹੁੰਦਾ ਹੈ ਉਹ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ ਤੇ ਉਸਦੇ ਨਾਲ ਮੇਲ ਤੋਂ ਬਾਅਦ ਹੀ ਉਸ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਤ੍ਰੈ ਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਕੀ ਫਰਕ ਹੈ, ਹਉਮੈ ਤੇ ਨਾਮ ਵਿੱਚ ਕੀ ਫਰਕ ਹੈ, ਮਨਮਤਿ ਤੇ ਗੁਰਮਤਿ ਵਿੱਚ ਕੀ ਫਰਕ ਹੈ, ਭਰਮਾਂ ਵਾਲੀ ਸਮਝ ਵਿੱਚ ਤੇ ਭਰਮਾਂ ਤੋਂ ਰਹਿਤ ਸਮਝ ਵਿੱਚ ਕੀ ਫਰਕ ਹੈ, ਗੁਣਾਂ ਵਾਲੀ ਸਮਝ ਵਿੱਚ ਤੇ ਔਗੁਣਾਂ ਵਾਲੀ ਸਮਝ ਵਿੱਚ ਕੀ ਫਰਕ ਹੈ, ਸੱਚੀ ਭਗਤੀ ਦੀ ਸਮਝ ਵਿੱਚ ਤੇ ਝੂਠੀ ਭਗਤੀ ਵਾਲੀ ਸਮਝ ਵਿੱਚ ਕੀ ਫਰਕ ਹੈ ਕਿਉਂਕਿ ਇਹ ਸਮਝ ਮਨ ਦੇ ਵਿੱਚ ਗਿਆਨ ਰੂਪ ਗੁਰੂ ਭਾਵ ਪ੍ਰਮਾਤਮਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਪਾਈ ਹੈ ਤੇ ਇਸੇ ਲਈ ਉਨ੍ਹਾਂ ਸਭ ਸਰੀਰਾਂ ਨੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਜਪਣਾ ਸਿਖਾਇਆ ਹੈ, ਸਭ ਨੇ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਨਾਮ ਸਮਝਾਇਆ ਹੈ ਤੇ ਉਸਦੇ ਨਾਲ ਮੇਲ ਕਰਨ ਦਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸਾਰੇ ਸੰਸਾਰ ਨੂੰ ਇੱਕੋ ਜਿਹਾ ਤਰੀਕਾ ਸਮਝਾਇਆ ਹੈ। ਜਦ ਤੱਕ ਕਿਸੇ ਨੂੰ ਇਸ ਗੱਲ ਤੇ

ਵਿਸ਼ਵਾਸ ਨਹੀਂ ਆਉਂਦਾ ਕਿ ਸਾਰੇ ਸੰਸਾਰ ਦਾ ਗੁਰੂ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ, ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤਦ ਤੱਕ ਮਨ ਦੇ ਭਰਮ ਕਰਕੇ ਅਨੇਕਾਂ ਹੀ ਆਪਣੇ ਆਪਣੇ ਗੁਰੂ ਧਾਰ ਲੈਂਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਜੇਕਰ

ਕੋਈ ਇਸ ਗੱਲ ਨੂੰ ਸਮਝ ਲਵੇ ਕਿ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਜੋ ਸੱਚਾ ਗਿਆਨ ਹੈ ਉਹੀ ਅਸਲ ਵਿੱਚ ਗੁਰੂ ਹੈ ਫਿਰ ਧਾਰਮਿਕ ਝਗੜੇ ਹੀ ਨਿਬੜ ਜਾਣ। ਇਸ ਗੱਲ ਤੇ ਵਿਸ਼ਵਾਸ ਉਹ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਆਪ ਹੀ ਕਿਸੇ ਦੇ ਧਿਆਨ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਦਿਵਾ ਸਕਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿਵਾਇਆ ਹੈ।

ਹੁਣ ਅਸੀਂ ਉਸ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਜੋ ਆਪਣੇ ਧਿਆਨ ਦੇ ਅੰਦਰੋਂ ਗਿਆਨ ਰੂਪ ਗੁਰੂ ਨੂੰ ਵੇਖ ਲੈਂਦਾ ਹੈ ਉਸਨੂੰ ਹੀ ਇਹ ਸਮਝ ਲੱਗਦੀ ਹੈ ਕਿ ਸਭ ਦੇ ਅੰਦਰ ਉਹ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਕੋਈ ਹਉਮੈ ਵਾਲੀ ਸਮਝ ਵਿੱਚੋਂ ਨਹੀਂ ਨਿਕਲ ਸਕਦਾ।

“ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥”

ਉਪਰ ਵਾਲੀਆਂ ਪੰਗਤੀਆਂ ਰਾਹੀਂ ਉਨ੍ਹਾਂ ਸਰੀਰਾਂ ਦੀ ਗੱਲ ਕੀਤੀ ਹੋਈ ਹੈ ਜਿਨ੍ਹਾਂ ਦੇ ਗਿਆਨ ਧਿਆਨ ਵਿੱਚ ਬਾਣੀ ਆਈ ਹੈ ਭਾਵ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਆਪਣਾ ਗੁਰਮੁੱਖ ਰੂਪ ਬਣਾਇਆ ਹੈ। ਗੁਰੂ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਦਾ ਹੁਕਮ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ। ਸ਼ਬਦਾਂ ਦੀ ਵਿਚਾਰ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਉਹ ਆਪਣੇ ਗੁਰਮੁੱਖ ਰੂਪ ਦੀ ਸਮਝ ਨੂੰ ਆਪਣੇ ਹੁਕਮ ਨਾਲ ਰਲਾਉਂਦਾ ਹੈ ਭਾਵ ਆਪਣੀ ਸੱਚੀ ਗੁਰਮਤਿ ਰੂਪ ਸਮਝ ਨਾਲ ਰਲਾਉਂਦਾ ਹੈ ਤੇ ਉਸਨੂੰ ਹਰ ਵੇਲੇ ਆਪਣੇ ਹੁਕਮ ਵਿੱਚ ਹੀ ਰੱਖਦਾ ਹੈ ਭਾਵ ਫਿਰ ਉਸ ਮਨੁੱਖ ਦੀ ਸਮਝ ਉਸਦੇ ਹੁਕਮ ਤੋਂ ਬਾਹਰ ਨਹੀਂ ਜਾਂਦੀ ਭਾਵ ਉਹ ਮਨੁੱਖ ਫਿਰ ਉਸਦੇ ਹੁਕਮ ਅਨੁਸਾਰ ਹੀ ਵਿਚਰਦਾ ਹੈ ਕਿਉਂਕਿ ਉਸਦੇ ਹੁਕਮ ਦੇ ਰੂਪ ਵਿੱਚ ਹੀ ਉਹ ਮਨੁੱਖੀ ਸਰੀਰ ਉਸ ਹੁਕਮ ਦੇ ਮਾਲਕ ਨੂੰ ਆਪਣੇ ਅੰਦਰੋਂ ਵੇਖਦਾ ਹੈ ਭਾਵ ਉਸ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਜੋ ਪ੍ਰਮਾਤਮਾ ਮੈਨੂੰ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਦੇ ਰਿਹਾ ਹੈ ਉਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਉਹ ਆਪ ਗੁਰੂ ਹੀ ਹੈ। **(ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥)**

51/7131

ਜਦੋਂ ਕੋਈ ਮਨੁੱਖ ਆਪਣੇ ਧਿਆਨ ਦੇ ਅੰਦਰੋਂ ਗਿਆਨ ਦੇ ਮਾਲਕ ਗੁਰੂ ਨੂੰ ਦੇਖ ਲੈਂਦਾ ਹੈ, ਉਸਦੇ ਹੁਕਮ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਭਾਵ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਨੂੰ ਜਾਣ ਲੈਂਦਾ ਹੈ ਜੋ ਆਪਣੇ ਸ਼ਬਦਾਂ ਦੀ ਸੱਚੀ ਸਮਝ ਮਨ ਦੇ ਵਿੱਚ ਅਕਾਲ ਪੁਰਖ ਆਪ ਹੀ ਪਾਉਂਦਾ ਹੈ ਉਸ ਸੱਚੇ ਗਿਆਨ ਦੁਆਰਾ ਹੀ ਕੋਈ ਮਨੁੱਖੀ ਸਮਝ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲ ਸਕਦੀ ਹੈ ਭਾਵ ਉਸਦੇ ਅੰਦਰ ਦੀ ਹਉਮੈ ਮਿੱਟ ਸਕਦੀ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥”

ਹੁਣ ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਮਨੁੱਖ ਦੀ ਹਉਮੈ ਕਿਵੇਂ ਦੂਰ ਹੁੰਦੀ ਹੈ ਤੇ ਕੌਣ ਦੂਰ ਕਰਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਹਉਮੈ ਹਰ ਮਨੁੱਖ ਦੇ ਅੰਦਰ ਉਸਦੇ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਮਨੁੱਖੀ ਸਮਝ ਦੀ ਰਚਨਾ ਇਸ ਤਰੀਕੇ ਨਾਲ ਕੀਤੀ ਹੋਈ ਹੈ ਕਿ ਉਸਨੇ ਸਭ ਨੂੰ ਹੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ ਭਾਵ ਮਾਇਆ ਦੀ ਜੁਗਤਿ ਵਿੱਚ ਰੱਖਿਆ ਹੋਇਆ ਹੈ ਜਿਸਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਣ ਦਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਕੋਈ ਚੌਥੇ ਪਦ ਦੇ ਗਿਆਨ ਵਾਲੀ ਸਮਝ ਤੱਕ ਪਹੁੰਚ ਨਹੀਂ ਕਰ ਸਕਦਾ, ਨਾਮ ਵਾਲੀ, ਬ੍ਰਹਮ ਗਿਆਨ ਵਾਲੀ ਸਮਝ ਤੱਕ ਪਹੁੰਚ ਨਹੀਂ ਕਰ ਸਕਦਾ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਵਾਲੀ ਸਮਝ ਤੱਕ ਪਹੁੰਚ ਨਹੀਂ ਕਰ ਸਕਦਾ, ਜੋ ਸਾਡੀ ਸਮਝ ਦਾ ਮਾਲਕ ਹੈ ਉਸਨੂੰ ਆਪਣੇ ਅੰਦਰੋਂ ਜਾਨਣਾ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣਾ ਹੈ। ਜਿਸਨੂੰ ਵੀ ਉਹ ਆਪਣਾ ਆਪ ਜਣਾਉਂਦਾ ਹੈ ਉਸਦੀ ਸਮਝ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਜਣਾਉਂਦਾ ਹੈ। ਜਿੱਥੋਂ ਮਨੁੱਖੀ ਸਮਝ ਦੇ ਵਿੱਚ ਹਉਮੈ ਪੈ ਕੇ ਆਉਂਦੀ ਹੈ ਉੱਥੋਂ ਹੀ ਹਉਮੈ ਤੁੱਟ ਸਕਦੀ ਹੈ ਭਾਵ ਨਿਕਲ ਸਕਦੀ ਹੈ ਭਾਵ **“ਅਗਹੁ”** ਹੀ ਤੁੱਟ ਸਕਦੀ ਹੈ ਭਾਵ ਪ੍ਰਮਾਤਮਾ ਦੇ ਦਰ ਤੋਂ ਹੀ ਤੁੱਟ ਸਕਦੀ ਹੈ ਜੋ ਉਸਦਾ ਦਰ ਸਾਡੇ ਅੰਦਰ ਸਾਡਾ ਮਨ ਹੈ, ਉਸਦਾ ਜੋਤਿ ਰੂਪ ਹੈ ਜਿਸ ਜੋਤਿ ਰਾਹੀਂ ਹੀ ਮਨੁੱਖ ਨੂੰ ਸਾਰੀ ਸਮਝ ਪੈਂਦੀ ਹੈ ਭਾਵ ਮਨ ਦੇ ਵਿੱਚ ਗਿਆਨ ਮਿਲਦਾ ਹੈ। ਪ੍ਰਮਾਤਮਾ

ਦੇ ਦਰ ਤੇ ਉਹੀ ਪ੍ਰਵਾਨ ਹੁੰਦਾ ਹੈ ਜਿਸ ਮਨੁੱਖ ਦੀ ਹਉਮੈ ਦੀ ਮੈਲ ਭਾਵ ਅਗਿਆਨਤਾ ਦੀ ਮੈਲ ਪ੍ਰਮਾਤਮਾ ਜਿਸਦੇ ਮਨ ਦੀ ਸਮਝ ਦੇ ਅੰਦਰੋਂ ਕੱਢ ਦਿੰਦਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਅੰਮ੍ਰਿਤ ਬਾਣੀ ਆਈ ਹੈ, ਜਿਨ੍ਹਾਂ ਦੇ ਗਿਆਨ ਧਿਆਨ ਵਿੱਚ ਆਈ ਹੈ ਉਨ੍ਹਾਂ ਦੀ ਹੀ ਪ੍ਰਮਾਤਮਾ ਨੇ ਹਉਮੈ ਤੋੜੀ ਹੈ ਭਾਵ ਉਨ੍ਹਾਂ ਨੂੰ ਭਰਮਾਂ ਵਾਲੀ ਸਮਝ

51/7132

ਵਿੱਚੋਂ ਕੱਢਿਆ ਹੈ ਤੇ ਆਪਣੀ ਸੱਚੀ ਗਿਆਨ ਵਾਲੀ ਸਮਝ ਦੇ ਨਾਲ ਜੋੜਿਆ ਹੈ ਜਿਸ ਰਾਹੀਂ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਸਨੇ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਸੋਝੀ ਪਾਈ ਹੈ, ਗੁਰਮਤਿ ਦੀ ਸੱਚੀ ਸੋਝੀ ਪਾਈ ਹੈ ਭਾਵ ਆਪਣੇ ਨਾਮ ਦੀ ਸੱਚੀ ਸੋਝੀ ਪਾਈ ਹੈ। ਸੱਚੇ ਨਾਮ ਦੀ ਸੋਝੀ ਪੈਣ ਦੁਆਰਾ ਹੀ, ਅੰਮ੍ਰਿਤ ਬਾਣੀ ਦੀ ਸੱਚੀ ਸੋਝੀ ਪੈਣ ਦੁਆਰਾ ਹੀ ਕਿਸੇ ਦੀ ਹਉਮੈ ਨਿਕਲ ਸਕਦੀ ਹੈ ਤੇ ਕੋਈ ਆਪਣੇ ਅੰਦਰੋਂ ਗਿਆਨ ਰੂਪ ਗੁਰੂ ਦੇ ਭਾਵ ਅਕਾਲ ਪੁਰਖ ਦੇ ਆਪਣੇ ਅੰਦਰੋਂ ਦਰਸ਼ਨ ਕਰ ਸਕਦਾ ਹੈ ਜੋ ਆਪਣੇ ਦਰਸ਼ਨ ਕਰਵਾਉਣੇ ਕੇਵਲ ਤੇ ਕੇਵਲ ਉਸਦੇ ਆਪਣੇ ਹੱਥ ਹੈ ਜੋ ਸਾਡੀ ਸਮਝ ਦਾ ਮਾਲਕ ਹੈ, ਪੂਰੀ ਸ੍ਰਿਸ਼ਟੀ ਦੇ ਗਿਆਨ ਦਾ ਮਾਲਕ ਹੈ। **(ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥)**

ਹੁਣ ਅਸੀਂ ਉਸ ਸ਼ਬਦ ਨੂੰ ਸਮਝਦੇ ਹਾਂ ਜਿਸਦੀ ਵਿਆਖਿਆ ਦੀ ਬਰੀਕੀ ਨੂੰ ਸਮਝਣ ਲਈ ਅਸੀਂ ਉਪਰ ਵਾਲੇ ਸ਼ਬਦ ਨੂੰ ਸਮਝਿਆ ਹੈ।

"ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥
ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥"

ਉਪਰ ਵਾਲੇ ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਪਹਿਲੇ ਸਮਝਿਆ ਹੀ ਹੈ ਤੇ ਇਨ੍ਹਾਂ ਪੰਗਤੀਆਂ ਦੇ ਅੰਦਰੂਨੀ ਭਾਵ ਨੂੰ ਸਮਝਣ ਲਈ ਹੋਰ ਵੀ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਤਾਂ ਜੋ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਵੇ ਕਿ ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਹੀ ਗੁਰੂ ਹੈ। ਗੁਰੂ ਆਪ ਪ੍ਰਮਾਤਮਾ ਹੈ ਤੇ ਗੁਰੂ ਦੀ ਸ਼ਰਨ ਵਿੱਚ ਉਹੀ ਆ ਸਕਦਾ ਹੈ ਜੋ ਉਸਦੇ ਗਿਆਨ ਰੂਪ ਨੂੰ ਆਪਣੇ ਧਿਆਨ ਦੇ ਰਾਹੀਂ ਭਾਵ ਮਨ ਦੀ ਸਮਝ ਰਾਹੀਂ ਜਾਣ ਲੈਂਦਾ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ। ਆਉ ਸਮਝੀਏ ਧੰਨ ਧੰਨ ਪੰਜਵੀਂ ਪਾਤਸ਼ਾਹੀ ਕੀ ਸਮਝਾ ਰਹੇ ਹਨ।

"ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥"

ਉਪਰ ਪੰਗਤੀ ਰਾਹੀਂ ਪੰਜਵੀ ਪਾਤਸ਼ਾਹੀ ਇਹ ਕਹਿ ਰਹੇ ਹਨ ਕਿ ਮੈਂ ਗੁਰੂ ਦੀ ਸ਼ਰਨ ਵਿੱਚ ਰਹਿੰਦਾ ਹਾਂ, ਆਪਣੇ ਹੱਥ ਜੋੜਕੇ ਰਹਿੰਦਾ ਹਾਂ।

51/7133

ਗੁਰੂ ਤਾਂ ਆਪ ਪ੍ਰਮਾਤਮਾ ਹੈ ਜੋ ਕਿ ਪੰਜਵੀ ਪਾਤਸ਼ਾਹੀ ਦੀ ਸਮਝ ਦੇ ਅੰਦਰ ਗਿਆਨ ਦੇ ਰੂਪ ਵਿੱਚ ਪ੍ਰਗਟ ਹੈ। **"ਗਿਆਨੁ"** ਦਾ ਕੋਈ ਆਕਾਰ ਰੂਪ ਨਹੀਂ ਹੁੰਦਾ ਭਾਵ ਗਿਆਨ ਨਿਰੰਕਾਰ ਰੂਪ ਹੈ। ਗਿਆਨ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਆਪਣੇ ਬਣਾਏ ਹੋਏ ਆਕਾਰ ਰੂਪ ਨੂੰ ਚਲਾ ਰਿਹਾ ਹੈ, ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਦੇ ਆ ਰਹੇ ਹਾਂ। ਹੁਣ ਧਿਆਨ ਨਾਲ ਸਮਝੋ ਗੁਰੂ ਰੂਪ ਪ੍ਰਮਾਤਮਾ ਤਾਂ ਨਿਰੰਕਾਰ ਰੂਪ ਹੈ ਭਾਵ ਗਿਆਨ ਰੂਪ ਹੈ ਤੇ ਫਿਰ ਗੁਰੂ ਦੀ ਸ਼ਰਣ ਵਿੱਚ ਰਹਿਣਾ ਕੀ ਹੋਇਆ। ਗੁਰੂ ਆਪਣੇ ਗਿਆਨ ਦੁਆਰਾ ਸੋਝੀ ਹੀ ਪਾਉਂਦਾ ਹੈ, ਆਪਣੀ ਸੱਚੀ ਸਿੱਖਿਆ ਹੀ ਦਿੰਦਾ ਹੈ, ਧਰਮ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ, ਨਾਮ ਜਪਣ ਦਾ ਮਾਰਗ ਹੀ ਸਮਝਾਉਂਦਾ ਹੈ ਭਾਵ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ। ਗੁਰਮਤਿ ਦੀ ਸ਼ਰਨ ਵਿੱਚ ਰਹਿਣਾ ਹੀ ਭਾਵ ਗੁਰੂ ਦੀ ਸਿੱਖਿਆ ਨੂੰ ਮੰਨਕੇ ਉਸ ਅਨੁਸਾਰ ਚੱਲਣਾ ਹੀ ਗੁਰੂ ਦੀ ਸ਼ਰਨ ਵਿੱਚ ਰਹਿਣਾ ਹੈ, ਗਿਆਨ ਰੂਪ ਪ੍ਰਮਾਤਮਾ ਦੀ ਸ਼ਰਨ ਵਿੱਚ ਰਹਿਣਾ ਹੈ ਕਿਉਂਕਿ ਆਪ ਹੀ ਗਿਆਨ ਰੂਪ ਵਿੱਚ ਗੁਰੂ ਹੈ। ਹੁਣ ਧਿਆਨ ਨਾਲ ਸਮਝੋ ਗੁਰੂ ਦੀ ਸ਼ਰਨ ਵਿੱਚ ਹੱਥ ਜੋੜਕੇ ਰਹਿਣਾ ਕੀ ਹੋਇਆ ਭਾਵ ਜੋ ਮਨੁੱਖੀ ਸਰੀਰ ਉਸ ਗਿਆਨ ਰੂਪ ਗੁਰੂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਉਸਦੀ ਗੁਰਮਤਿ ਦੀ ਸ਼ਰਨ ਵਿੱਚ ਰਹਿੰਦਾ ਹੈ ਉਸਨੇ ਫਿਰ ਹੱਥ ਕਿਸਨੂੰ ਜੋੜੇ ਭਾਵ ਗੁਰਮਤਿ ਨੂੰ ਹੀ ਜੋੜੇ ਭਾਵ ਉਸਨੇ ਗੁਰਮਤਿ ਦੀ ਇੱਜਤ ਕੀਤੀ ਭਾਵ ਉਸਨੇ ਫਿਰ ਸੱਚ ਦੀ ਇੱਜਤ ਕੀਤੀ ਭਾਵ ਨਾਮ ਦੀ ਇੱਜਤ ਕੀਤੀ। ਇਹੋ ਜਿਹੀ ਸਮਝ ਵਾਲਾ ਮਨੁੱਖ ਫਿਰ ਭਰਮਾਂ ਵਾਲੀ ਸਮਝ ਦੀ ਇੱਜਤ ਨਹੀਂ ਕਰਦਾ ਕਿਉਂਕਿ ਭਰਮਾਂ ਵਾਲੀ ਸਮਝ ਉਹ ਹੁੰਦੀ ਹੈ ਜੋ ਮਨੁੱਖ ਨੂੰ ਗੁਰਮਤਿ ਵਾਲੀ ਸਮਝ ਤੋਂ ਉਲਟ ਚਲਾਉਂਦੀ ਹੈ। ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪ੍ਰਮਾਤਮਾ ਦੇ ਕੋਲੋਂ ਧਰਮ ਦੇ ਮਾਰਗ ਦੀ ਸੱਚੀ ਮਤਿ ਮਿਲਣ ਤੋਂ ਬਾਅਦ ਉਹੋ ਜਿਹਿਆਂ ਦੀ ਮਤਿ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਖੰਡਿਆਂ ਹੈ ਜੋ ਧਰਮ ਦੇ ਮਾਰਗ ਤੋਂ ਉਲਟ ਸਮਝਾਉਂਦੇ ਹਨ, ਅਨੇਕਾਂ ਹੀ ਇਹੋ ਜਿਹੇ ਤਰੀਕੇ ਸਮਝਾਉਂਦੇ ਹਨ, ਸਰੀਰਕ ਜਪ ਤਪ ਆਦਿ ਸਮਝਾਉਂਦੇ ਹਨ ਤੇ ਆਪਣੀ ਆਪਣੀ ਨਾਸਮਝੀ ਦੁਆਰਾ ਅਨੇਕਾਂ ਹੀ ਉਹੋ ਜਿਹੇ ਮਾਰਗ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਬਹੁਤ ਔਖਾ ਹੈ ਗੁਰੂ ਦੀ ਸ਼ਰਨ ਵਿੱਚ ਆਉਣਾ, ਬਹੁਤ ਔਖਾ ਹੈ ਨਾਮ ਜਪਣਾ, ਬਹੁਤ ਔਖਾ ਹੈ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਅਪਨਾਉਣਾ, ਬਹੁਤ ਔਖਾ ਹੈ ਹਰ ਵੇਲੇ ਗੁਰਮਤਿ ਨੂੰ ਹੱਥ ਜੋੜਕੇ ਰੱਖਣਾ, ਬਹੁਤ ਔਖਾ ਹੈ ਗੁਰੂ ਦੇ ਪੈਰੀਂ ਪੈਣਾ। ਉਸਦੀ ਕ੍ਰਿਪਾ ਹੋਏ ਬਿਨਾਂ ਉਸ ਗੁਰੂ ਰੂਪ ਪ੍ਰਮਾਤਮਾ ਦੀ ਸ਼ਰਨ ਵਿੱਚ ਆਪਣੇ ਆਪ ਕੋਈ ਨਹੀਂ ਆ ਸਕਦਾ ਕਿਉਂਕਿ ਉਸਦੀ ਸ਼ਰਨ ਵਿੱਚ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਹੀ ਆਇਆ ਜਾ ਸਕਦਾ ਹੈ,

51/7134

ਜੋ ਆਪਣੀ ਬ੍ਰਹਮ ਗਿਆਨ ਵਾਲੀ ਸਮਝ ਉਹ ਗਿਆਨ ਰੂਪ ਗੁਰੂ ਪ੍ਰਮਾਤਮਾ ਮਨ ਦੇ ਧਿਆਨ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਦਿੰਦਾ

ਹੈ ਤੇ ਕਿਸੇ ਨੂੰ ਧਰਮ ਦੇ ਮਾਰਗ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ। **(ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥ ਗੁਰ ਕੀ ਸਰਣਿ ਰਹਉ ਕਰ ਜੋਰਿ ॥)**

ਹੁਣ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਪੰਜਵੀਂ ਪਾਤਸ਼ਾਹੀ ਸਾਨੂੰ ਕੀ ਸਮਝਾ ਰਹੇ ਹਨ।

“ਗੁਰੂ ਬਿਨਾ ਮੈ ਨਾਹੀ ਹੋਰੁ ॥੨॥”

ਉਪਰ ਵਾਲੀ ਪੰਗਤੀ ਦੇ ਅਰਥ ਕੁਝ ਗਹਿਰੇ ਹਨ, ਧਿਆਨ ਨਾਲ ਸਮਝਣ ਦੀ ਲੋੜ ਹੈ। ਪੰਜਵੀਂ ਪਾਤਸ਼ਾਹੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਂ ਉਸ ਗੁਰੂ ਭਾਵ ਪ੍ਰਮਾਤਮਾ ਤੋਂ ਬਿਨਾਂ ਕੋਈ **“ਹੋਰੁ”** ਨਹੀਂ ਹਾਂ ਭਾਵ ਮੈਂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹਾਂ ਤੇ ਉਸਦਾ ਰੂਪ ਹੋ ਜਾਣ ਨਾਲ ਮੈਂ ਆਪ ਹੀ ਗੁਰੂ ਹਾਂ ਭਾਵ ਗੁਰੂ ਰੂਪ ਪ੍ਰਮਾਤਮਾ ਵਿੱਚ ਤੇ ਮੇਰੇ ਵਿੱਚ ਕੋਈ ਭੇਦ ਨਹੀਂ ਹੈ ਭਾਵ ਅਸੀਂ ਇੱਕ ਹੀ ਹਾਂ। ਇਸ ਗੱਲ ਨੂੰ ਸਮਝਣਾ ਬਹੁਤ ਔਖਾ ਹੈ ਕਿਉਂਕਿ ਮਨੁੱਖ ਦੇ ਅੰਦਰ ਜਦੋਂ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਤਾਂ ਹੀ ਉਸ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਅਸਲ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਹਰ ਮਨੁੱਖੀ ਸਰੀਰ ਦੇ ਵਿੱਚ ਉਹ ਆਪ ਹੀ ਹੈ ਤੇ ਮਨ ਦੇ ਭਰਮਾਂ ਵਾਲੀ ਸਮਝ ਕਰਕੇ ਹੀ, ਹਉਮੈ ਕਰਕੇ ਹੀ, ਤ੍ਰੈ ਗੁਣਾਂ ਵਾਲੀ ਸਮਝ ਕਰਕੇ ਹੀ, ਮਾਇਆ ਦੀ ਜੁਗਤਿ ਕਰਕੇ ਹੀ, ਮਨ ਦੇ ਵਿੱਚ ਪੁੱਠੇ ਕਮਲ ਵਾਲੀ ਸਮਝ ਕਰਕੇ ਹੀ ਭਾਵ ਮਨ ਦੀ ਅਗਿਆਨਤਾ ਕਰਕੇ ਹੀ ਹਰ ਕੋਈ ਆਪਣੀ ਵੱਖਰੀ ਹੋਂਦ ਸਮਝਦਾ ਹੈ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਜਦ ਕਿ ਇਹ ਅਸਲੀਅਤ ਨਹੀਂ ਹੈ ਭਾਵ ਮਨੁੱਖ ਦੀ ਸਮਝ ਦੇ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਹਉਮੈ ਰੂਪ ਪੜਦਾ ਹੈ ਭਾਵ ਮਨ ਦੀ ਅਗਿਆਨਤਾ ਰੂਪ ਪੜਦਾ ਹੈ ਤੇ ਜਦੋਂ ਗਿਆਨ ਦਾ ਮਾਲਕ ਗੁਰੂ ਰੂਪ ਪ੍ਰਮਾਤਮਾ ਪ੍ਰਗਟ ਹੋ ਜਾਂਦਾ ਹੈ ਉਹ ਮਨੁੱਖੀ ਸਮਝ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਪੂਰੀ ਤਰ੍ਹਾਂ ਕੱਢ ਦਿੰਦਾ ਹੈ ਤੇ ਮਨੁੱਖ ਨੂੰ ਆਪਣੇ ਅੰਦਰ ਹੋਣ ਦਾ ਵਿਸ਼ਵਾਸ ਉਹ ਅਨੇਕਾਂ ਹੀ ਤਰੀਕਿਆਂ ਦੁਆਰਾ ਦਿਵਾਉਂਦਾ ਹੈ ਤੇ ਦਾਸ ਨੂੰ ਉਸਨੇ ਦਾਸ ਦੇ ਅੰਦਰ ਹੋਣ ਦਾ ਵਿਸ਼ਵਾਸ ਕਿਸ ਤਰੀਕੇ ਦਿਵਾਇਆ ਸੀ ਜੋ ਕਿ ਕਾਫੀ ਸਾਲ ਪਹਿਲੇ ਦਿਵਾਇਆ ਸੀ ਇਹ ਲੇਖ ਦੇ ਸ਼ੁਰੂ ਵਿੱਚ ਦਾਸ ਨੇ ਪਹਿਲੇ ਹੀ ਜਿਕਰ ਕੀਤਾ ਹੋਇਆ ਹੈ। ਉਹ ਉਸ ਮਨੁੱਖੀ ਸਰੀਰ ਨੂੰ ਪੂਰੀ ਤਰ੍ਹਾਂ ਬੇਵੱਸ ਕਰਕੇ ਦਿਖਾਉਂਦਾ ਹੈ ਕਿ ਦੇਖ ਮਨੁੱਖ! ਇਹ ਸਰੀਰ ਤੇਰੇ ਵੱਸ ਨਹੀਂ ਹੈ। ਮਨੁੱਖੀ ਸਮਝ ਉਸਦੇ ਹੱਥ ਹੈ ਤੇ ਜੋ ਕੁਝ ਵੀ ਅਸੀਂ ਕਰਨਾ ਚਾਹੁੰਦੇ ਹਾਂ ਉਹ ਮਨ ਦੀ ਸਮਝ ਅਨੁਸਾਰ ਹੀ ਕਰਦੇ ਹਾਂ ਤੇ ਉਹ ਮਨੁੱਖ ਨੂੰ ਉਸਦੀ ਸਮਝ ਰਾਹੀਂ ਬਿਲਕੁੱਲ ਬੇਵੱਸ ਕਰ ਦਿੰਦਾ ਹੈ ਭਾਵ ਜੋ ਕੁਝ ਵੀ ਮਨੁੱਖ ਕਰਨਾ ਚਾਹੇ ਉਹ ਕਰਨ ਹੀ ਨਹੀਂ ਦਿੰਦਾ। ਉਸਦੀ ਮਰਜੀ ਤੋਂ ਬਿਨਾਂ ਇਹ ਸਰੀਰ ਹਿਲ ਵੀ ਨਹੀਂ ਸਕਦਾ, ਮਨੁੱਖ ਉਠ ਬੈਠ ਵੀ ਨਹੀਂ ਸਕਦਾ। ਜੇਕਰ ਮਨੁੱਖ ਸੱਜਾ ਹੱਥ ਹਿਲਾਉਣਾ ਚਾਹੇ ਤਾਂ ਉਹ ਖੱਬਾ ਹੱਥ ਹਿਲਾਉਂਦਾ ਹੈ। ਜੇਕਰ ਮਨੁੱਖ ਅੱਗੇ ਨੂੰ ਤੁਰਨਾ ਚਾਹੇ ਤੇ ਉਲਟਾ ਪਿੱਛੇ ਨੂੰ ਤੁਰੀ ਜਾਂਦਾ ਹੈ। ਦਾਸ ਨਾਲ ਇਹ ਸਭ ਕੁਝ ਬੀਤਿਆ ਹੋਇਆ ਹੈ ਤੇ ਹੋਰ ਵੀ ਬਹੁਤ ਕੁਝ ਬੀਤਿਆ ਹੋਇਆ ਹੈ ਤੇ ਹਰ ਗੱਲ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਿਨਾਂ ਵਿੱਚ ਜਦੋਂ ਦਾਸ ਬਾਣੀ ਪੜ ਰਿਹਾ ਸੀ ਤਾਂ ਇੱਕ ਸ਼ਬਦ ਤੇ ਆ ਕੇ ਦਾਸ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਦਾਸ ਦੇ ਚਾਹੁਣ ਤੇ ਵੀ ਅੱਖਾਂ ਨਹੀਂ ਸਨ ਖੁੱਲ ਰਹੀਆਂ। ਜਦੋਂ ਉਸਦੇ ਹੁਕਮ ਨਾਲ ਅੱਖਾਂ ਖੁੱਲੀਆਂ ਤਾਂ ਬਾਣੀ ਦੇ ਉਸ ਸ਼ਬਦ ਵਿੱਚ ਇਹ ਲਿਖਿਆ ਹੋਇਆ ਸੀ ਕਿ ਇਹ ਮਨੁੱਖੀ ਸਰੀਰ ਹਰਿ ਦੇ ਵੱਸ ਹੈ। ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਪੜਿਆ ਜਾ ਸਕਦਾ ਹੈ।

{ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥ ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥੧॥ ਰਹਾਉ ॥}

(ਅੰਗ ੪੯੪)

ਸ਼ਬਦ ਨੂੰ ਪੜਨਾ ਤਾਂ ਕੋਈ ਔਖਾ ਨਹੀਂ, ਹਰ ਕੋਈ ਪੜਦਾ ਹੈ ਪਰ ਮੰਨਣਾ ਹੀ ਔਖਾ ਹੈ। ਦਾਸ ਨੂੰ ਅੰਦਰੋਂ ਇਹ ਸਮਝਾਇਆ ਗਿਆ ਕਿ ਦੱਸ ਤੇਰੇ ਕੁੱਝ ਵੱਸ ਹੈ, ਕੀ ਇਹ ਸਰੀਰ ਤੇਰੇ ਵੱਸ ਵਿੱਚ ਹੈ ਤੇ ਦਾਸ ਦੇ ਕਿਤਨੀ ਹੀ ਦੇਰ ਅੱਥਰੂ ਨਹੀਂ ਰੁੱਕ ਸਕੇ। ਜਿਸਨੂੰ ਉਹ ਮਨਾਉਂਦਾ ਹੈ ਕਿ ਇਸ ਮਨੁੱਖੀ ਸਰੀਰ ਵਿੱਚ ਉਹ ਆਪ ਹੀ ਹੈ ਤਾਂ ਹੀ ਕੋਈ ਇਸ ਗੱਲ ਤੇ ਵਿਸ਼ਵਾਸ ਕਰ ਸਕਦਾ ਹੈ ਕਿ ਉਹ ਆਪ ਹੀ ਹਰ ਸਮਝ ਦਾ ਮਾਲਕ ਹੈ, ਸ੍ਰਿਸ਼ਟੀ ਦੇ ਪੂਰੇ ਗਿਆਨ ਦਾ ਮਾਲਕ ਹੈ ਤੇ ਸਭ ਦੇ ਵਿੱਚ ਉਹ ਆਪ ਹੀ ਵਰਤ ਰਿਹਾ ਹੈ। ਉਸ ਤੋਂ ਬਾਅਦ ਹੀ ਮਨੁੱਖ ਨੂੰ ਇਹ ਵਿਸ਼ਵਾਸ ਆਉਂਦਾ ਹੈ ਕਿ ਮਨੁੱਖੀ ਦੇਹ ਨੂੰ ਆਪਣੀ ਦੇਹ ਸਮਝਣਾ ਝੂਠ ਹੈ ਤੇ ਜਿਸ ਦੇਹ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਦੇਹ ਦੇ ਅੰਦਰ ਆਪਣਾ ਗੁਰੂ ਰੂਪ ਗਿਆਨ ਪਾਉਣ ਵਾਲਾ ਉਹ ਆਪ ਹੀ ਹੋ ਸਕਦਾ ਹੈ, ਹੋਰ ਕੋਈ ਨਹੀਂ ਹੋ ਸਕਦਾ। ਸਭ ਕੁੱਝ ਉਹ ਆਪ ਹੀ ਹੈ, ਉਹ ਆਪ ਹੀ ਇਸ ਸਰੀਰ ਦਾ ਮਾਲਕ ਹੈ ਤੇ ਆਪ ਹੀ ਗੁਰੂ ਹੈ ਜੋ ਕਿ ਪੂਰੇ ਗਿਆਨ ਦਾ ਮਾਲਕ ਹੈ। **(ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ॥**

ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥)

ਉਪਰ ਵਾਲੇ ਪੂਰੇ ਸ਼ਬਦ ਵਿੱਚ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਗੁਰੂ ਆਪ ਪ੍ਰਮਾਤਮਾ ਹੀ ਹੈ। ਜਿਵੇਂ ਕਿ

51/7135

ਅਸੀਂ ਉਪਰ ਪਦੇ ਰਾਹੀਂ ਸਮਝਿਆ ਹੈ ਕਿ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਇਸੇ ਗੱਲ ਨੂੰ ਉਪਰ ਵਾਲੇ ਸ਼ਬਦ ਦੇ ਆਖਰੀ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਸਾਨੂੰ ਸਮਝਣ ਤੇ ਮੰਨਣ ਵਿੱਚ ਕੋਈ ਭਰਮ ਨਾ ਰਹੇ ਕਿ ਮਨੁੱਖੀ ਸਰੀਰ ਆਪਣੇ ਕਿਸ ਰੂਪ ਵਿੱਚ ਗੁਰੂ ਰੂਪ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ, ਉਸਦਾ ਨਿਰੰਕਾਰ ਰੂਪ ਹੈ ਭਾਵ ਉਸਦਾ ਗਿਆਨ ਰੂਪ ਹੈ ਜਿਸ ਗਿਆਨ ਰੂਪ ਕਰਕੇ ਹੀ ਹਰ ਮਨੁੱਖੀ ਸਰੀਰ ਨੂੰ ਜਿਨ੍ਹਾਂ ਜਿਨ੍ਹਾਂ ਸਰੀਰਾਂ ਅੰਦਰ ਅਕਾਲ ਪੁਰਖ ਨੇ ਆਪਣਾ ਗੁਰੂ ਰੂਪ ਧਾਰਿਆ ਹੈ, ਆਪਣਾ ਸੱਚਾ ਗਿਆਨ ਰੂਪ ਧਾਰਿਆ ਹੈ ਉਨ੍ਹਾਂ ਸਾਰੇ ਸਰੀਰਾਂ ਨੇ ਭਾਵ ਭਗਤਾਂ ਨੇ, ਗੁਰੂ ਸਾਹਿਬਾਨ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਗਿਆਨ ਦਿੱਤਾ ਹੈ ਭਾਵ ਸਭ ਨੇ ਇੱਕੋ ਜਿਹਾ ਨਾਮ ਜਪਣਾ ਸਿਖਾਇਆ ਹੈ, ਪ੍ਰਮਾਤਮਾ ਨੂੰ ਪਾਉਣ ਦਾ ਸਾਰੇ ਸੰਸਾਰ ਨੂੰ ਇੱਕੋ ਜਿਹਾ ਤਰੀਕਾ ਹੀ ਸਮਝਾਇਆ ਹੈ। ਸ਼ਬਦ ਦਾ ਅਗਲਾ ਪਦਾ ਭਾਵੇਂ ਪੰਜਵੀਂ ਪਾਤਸ਼ਾਹੀ ਦੇ ਸ਼ਬਦ ਵਿੱਚੋਂ ਹੈ ਪਰ ਉਸ ਵਿੱਚ ਉਨ੍ਹਾਂ ਨੇ ਇਸ ਸ਼ਬਦ ਵਿੱਚ ਧੰਨ ਧੰਨ ਬਾਬਾ ਨਾਨਕ ਜੀ ਨੂੰ ਗੁਰੂ ਕਿਹਾ ਹੋਇਆ ਹੈ ਜਿਵੇਂ ਕਿ ਹਰ ਗੁਰੂ ਸਾਹਿਬਾਨ ਦੇ ਮੁੱਖੋਂ ਉਚਾਰੀ ਹੋਈ ਬਾਣੀ ਵਿੱਚ ਬਾਬਾ ਨਾਨਕ ਜੀ ਨੂੰ ਗੁਰੂ ਕਿਹਾ ਗਿਆ ਹੈ। ਆਉ ਹੇਠ ਦਿੱਤੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝੀਏ ਕਿ ਹਰ ਸ਼ਬਦ ਵਿੱਚ ਗੁਰੂ ਸਾਹਿਬਾਨ ਨੇ ਬਾਬਾ ਨਾਨਕ ਜੀ ਦਾ ਨਾਮ ਹੀ ਕਿਸ ਕਰਕੇ ਵਰਤਿਆ ਹੈ, ਕਿਸ ਵਜ੍ਹਾ ਕਰਕੇ ਵਰਤਿਆ ਹੈ।

“ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥
ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥”

(ਅੰਗ ੮੬੪)

ਜਦੋਂ ਸਾਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਵੇਗਾ ਫਿਰ ਗੁਰੂ ਰੂਪ ਵਿੱਚ ਕੇਵਲ ਤੇ ਕੇਵਲ ਭਾਵ ਪ੍ਰਮਾਤਮਾ ਹੀ ਹੈ ਤੇ ਹਰ ਮਨੁੱਖੀ ਸਰੂਪ ਉਸਦਾ ਆਪਣਾ ਹੀ ਰੂਪ ਹੈ ਤੇ ਤਾਂ ਹੀ ਅਸੀਂ ਇਸ ਗੱਲ ਨੂੰ ਸਮਝ ਸਕਾਂਗੇ ਕਿ ਜਿਸ ਰੂਪ ਵਿੱਚ ਅਕਾਲ ਪੁਰਖ ਬਾਬਾ ਨਾਨਕ ਜੀ ਦੇ ਰੂਪ ਵਿੱਚ ਪ੍ਰਗਟ ਹੋਏ ਹਨ ਉਸੇ ਰੂਪ ਵਿੱਚ ਹੀ ਉਹ ਹਰ ਗੁਰੂ ਸਾਹਿਬਾਨ ਦੇ ਸਰੀਰ ਰਾਹੀਂ ਪ੍ਰਗਟ ਹੋਏ ਹਨ। ਕਹਿਣ ਨੂੰ ਭਾਵੇਂ ਉਹ ਸਰੀਰ ਬਾਬਾ ਨਾਨਕ ਜੀ ਦਾ ਹੈ, ਗੁਰੂ ਅੰਗਦ ਦੇਵ ਜੀ ਦਾ ਹੈ, ਗੁਰੂ ਅਮਰਦਾਸ ਜੀ ਦਾ ਹੈ, ਗੁਰੂ ਰਾਮਦਾਸ ਜੀ ਦਾ ਹੈ, ਗੁਰੂ ਅਰਜਨ ਦੇਵ ਜੀ ਦਾ ਹੈ, ਗੁਰੂ ਹਰਗੋਬਿੰਦ ਜੀ ਦਾ ਹੈ, ਗੁਰੂ ਹਰਿ ਰਾਇ ਜੀ ਦਾ ਹੈ, ਗੁਰੂ ਹਰਿਕ੍ਰਿਸ਼ਨ ਜੀ ਦਾ ਹੈ, ਗੁਰੂ ਤੇਗ ਬਹਾਦੁਰ ਜੀ ਦਾ ਹੈ, ਫਿਰ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਪਰ ਅਸਲ ਵਿੱਚ ਹਰ ਸਰੀਰ ਇੱਕੋ ਇੱਕ ਅਕਾਲ ਪੁਰਖ ਦਾ ਆਪਣਾ ਰੂਪ ਹੀ ਹੈ ਜੋ ਸਭ ਦੇ ਅੰਦਰ ਆਪਣੇ ਇੱਕੋ ਰੂਪ ਵਿੱਚ ਪ੍ਰਗਟ ਹੈ, ਸਦਾ ਲਈ ਹੀ ਪ੍ਰਗਟ ਹੈ ਭਾਵ ਆਪਣੇ ਗੁਰੂ ਰੂਪ ਵਿੱਚ ਹੀ ਪ੍ਰਗਟ ਹੈ, ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪ੍ਰਗਟ ਹੈ ਭਾਵ ਬ੍ਰਹਮ ਗਿਆਨ ਰੂਪ ਵਿੱਚ ਪ੍ਰਗਟ ਹੈ

51/7136

ਜੋ ਕਿ ਇੱਕੋ ਇੱਕ ਗਿਆਨ ਦਾ ਮਾਲਕ ਆਪ ਹੈ। ਗੁਰਬਾਣੀ ਦੀ ਰਚਨਾ ਕਰਨ ਲਈ ਅਕਾਲ ਪੁਰਖ ਨੇ ਸਭ ਤੋਂ ਪਹਿਲੇ ਬਾਬਾ ਨਾਨਕ ਜੀ ਦੇ ਸਰੀਰ ਨੂੰ ਚੁਣਿਆ ਹੈ ਤੇ ਉਸ ਤੋਂ ਬਾਅਦ ਸਮੇਂ ਅਨੁਸਾਰ, ਆਪਣੀ ਕ੍ਰਿਪਾ ਅਨੁਸਾਰ ਭਾਵ ਆਪਣੀ ਉੱਚੀ ਸਮਝ ਅਨੁਸਾਰ ਦੂਸਰੇ ਸਰੀਰਾਂ ਨੂੰ ਚੁਣਿਆ ਹੈ ਜਿਨ੍ਹਾਂ ਰਾਹੀਂ ਉਸਨੇ ਆਪਣਾ ਗੁਰੂ ਰੂਪ ਪ੍ਰਗਟ ਕੀਤਾ ਹੈ। ਕੁਝ ਸਰੀਰਾਂ ਰਾਹੀਂ ਉਸਨੇ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਨਹੀਂ ਕਰਵਾਈ ਪਰ ਉਨ੍ਹਾਂ ਸਰੀਰਾਂ ਰਾਹੀਂ, ਉਨ੍ਹਾਂ ਦੇ ਅੰਦਰ ਗੁਰਮਤਿ ਦੀ ਸੱਚੀ ਸਮਝ ਰਾਹੀਂ ਗੁਰਬਾਣੀ ਦੇ ਵਿਚਾਰਾਂ ਨੂੰ ਸਮੇਂ ਅਨੁਸਾਰ ਸੰਸਾਰੀਆਂ ਤੱਕ ਪਹੁੰਚਾਉਣ ਦਾ ਕੰਮ ਕੀਤਾ ਹੈ, ਗੁਰੂ ਦੀ ਸੱਚੀ ਸਿੱਖਿਆ ਸਮਝਾਉਣ ਦਾ ਕੰਮ ਕੀਤਾ ਹੈ, ਪ੍ਰਚਾਰ ਕਰਨ ਦਾ ਕੰਮ ਕੀਤਾ ਹੈ ਜਿਵੇਂ ਕਿ ਗੁਰੂ ਸਾਹਿਬਾਨ ਦੇ ਜੀਵਨ ਦੇ ਇਤਿਹਾਸ ਦੁਆਰਾ ਸਮਝਿਆ ਜਾ ਸਕਦਾ ਹੈ। ਗੁਰੂ ਦਾ ਮਕਸਦ ਸੱਚ ਨੂੰ ਅੱਗੇ ਵਧਾਉਣ ਦਾ ਹੀ ਹੈ ਭਾਵ ਨਾਮ ਦਾ ਪ੍ਰਚਾਰ ਕਰਨ ਦਾ ਹੀ ਹੈ ਜੋ ਨਾਮ ਦਾ ਪ੍ਰਚਾਰ ਕਰਨ ਲਈ ਗੁਰੂ ਸਾਹਿਬਾਨ ਨੇ ਕਿਤੇ ਬੈਠਕੇ ਸਮਾਧੀਆਂ ਨਹੀਂ ਲਗਾਈਆਂ ਬਲਕਿ ਆਪਣੇ ਪ੍ਰਚਾਰ ਦੁਆਰਾ ਸੰਸਾਰ ਨੂੰ ਇਨ੍ਹਾਂ ਭਰਮਾਂ ਵਿੱਚੋਂ ਕੱਢਿਆ ਹੈ ਤੇ ਗੁਰੂ ਦੇ ਸਮਝਾਏ ਹੋਏ ਸੱਚ ਦੀ ਸੰਭਾਲ ਕਰਨ ਲਈ ਭਾਵ ਗੁਰੂ ਦੇ ਸੱਚ ਨੂੰ ਉੱਚਾ ਕਰਨ ਦੇ ਲਈ ਗੁਰੂ ਸਾਹਿਬਾਨਾਂ ਨੇ ਆਪਣਾ ਜੀਵਨ ਵੀ ਵਾਰਿਆ ਹੈ, ਖਾਨਦਾਨ ਤੱਕ ਵਾਰੇ ਹਨ ਭਾਵ ਇਹ ਸਭ ਕੁਝ ਕਰਨ ਵਾਲਾ ਪ੍ਰਮਾਤਮਾ ਆਪ ਹੀ ਹੈ ਜੋ ਹਰ ਸਰੀਰ ਦਾ ਮਾਲਕ ਹੈ ਭਾਵ ਇਹ ਸਾਬਿਤ ਕੀਤਾ ਹੈ ਕਿ ਗੁਰੂ ਜੋ ਕਹਿੰਦਾ ਹੈ ਉਸਤੇ ਪੂਰਾ ਉਤਰਕੇ ਵੀ ਦਿਖਾਉਂਦਾ ਹੈ। ਹਰ ਸਰੀਰ

ਜਿਸ ਰਾਹੀਂ ਅਕਾਲ ਪੁਰਖ ਨੇ ਆਪਣਾ ਗੁਰੂ ਰੂਪ ਪ੍ਰਗਟ ਕੀਤਾ ਹੈ ਉਸ ਰਾਹੀਂ ਉਸਨੇ ਸੰਸਾਰ ਨੂੰ ਸੱਚ ਹੀ ਸਮਝਾਇਆ ਹੈ ਤੇ ਆਪਣੇ ਸਮਝਾਏ ਹੋਏ ਸੱਚ ਨੂੰ ਉੱਚਾ ਕਰਕੇ ਦਿਖਾਇਆ ਹੈ। ਇਹ ਸਭ ਕੁਝ ਤਾਂ ਹੀ ਹੋ ਸਕਿਆ ਹੈ ਕਿਉਂਕਿ ਇਹ ਸਭ ਕੁਝ ਕਰਨ ਕਰਾਉਣ ਵਾਲਾ ਇੱਕੋ ਇੱਕ ਉਹ ਆਪ ਸ੍ਰਿਸ਼ਟੀ ਦਾ ਕਰਤਾ ਹੀ ਹੈ ਜੋ ਕਿ ਇੱਕੋ ਇੱਕ ਉਹ ਆਪ ਹੀ ਗੁਰੂ ਹੈ ਤੇ ਇਸ ਗੱਲ ਨੂੰ ਪੂਰਨ ਵਿਸ਼ਵਾਸ ਨਾਲ ਇੱਕੋ ਇੱਕ ਉਹੀ ਕਹਿ ਸਕਦਾ ਹੈ ਜੋ ਉਸ ਗੁਰੂ ਰੂਪ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ। ਜਿਸ ਰੂਪ ਵਿੱਚ ਬਾਬਾ ਨਾਨਕ ਜੀ ਨੇ ਪ੍ਰਮਾਤਮਾ ਦੇ ਗੁਰੂ ਰੂਪ ਨੂੰ ਜਾਣਿਆ ਹੈ ਉਸੇ ਤਰ੍ਹਾਂ ਹੀ ਨੌ ਸਰੀਰਾਂ ਨੇ ਆਪਣੇ ਅੰਦਰੋਂ ਅਕਾਲ ਪੁਰਖ ਦੇ ਗੁਰੂ ਰੂਪ ਨੂੰ ਜਾਣਿਆ ਹੈ ਤੇ ਸਮਝਿਆ ਹੈ ਕਿ ਗੁਰੂ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਤੇ ਹੋਰ ਕੋਈ ਨਹੀਂ। ਬਾਬਾ ਨਾਨਕ ਜੀ ਦੇ ਸਰੀਰ ਛੱਡਣ ਤੋਂ ਬਾਅਦ ਜੇਕਰ ਦੂਸਰੇ ਗੁਰੂ ਸਾਹਿਬਾਨ ਬਾਣੀ ਦੇ ਸ਼ਬਦਾਂ ਵਿੱਚ ਆਪਣਾ ਨਾਮ ਲਿਖਦੇ ਕਿ ਇਹ ਵਾਲੀ ਬਾਣੀ ਮੇਰੇ ਅੰਦਰੋਂ ਆਈ ਹੈ ਤੇ ਫਿਰ ਸੰਸਾਰ ਨੇ ਇਹ ਕੁਝ ਸਮਝਣਾ ਸੀ ਕਿ ਗੁਰੂ ਵੱਖਰੇ ਵੱਖਰੇ ਹਨ ਭਾਵ ਵੱਖਰੇ ਵੱਖਰੇ ਸਰੀਰ ਹਨ ਜੋ ਕਿ ਸੱਚਾਈ ਨਹੀਂ ਹੈ। ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਸਭ ਤੋਂ ਪਹਿਲੇ ਅਕਾਲ ਪੁਰਖ ਨੇ ਆਪਣੇ ਆਪ ਨੂੰ ਬਾਬੇ ਨਾਨਕ ਦੇ ਸਰੀਰ ਰਾਹੀਂ ਪ੍ਰਗਟ ਕੀਤਾ ਹੈ ਭਾਵ ਗੁਰੂ ਰੂਪ ਪ੍ਰਗਟ ਕੀਤਾ ਹੈ ਤੇ ਉਸਦਾ ਉਹੀ ਰੂਪ ਭਾਵ ਗੁਰੂ ਰੂਪ ਅਗਲੇ ਸਰੀਰਾਂ ਰਾਹੀਂ ਵਰਤ ਰਿਹਾ ਹੈ ਭਾਵ ਹਰ ਸਰੀਰ ਦੇ ਰੂਪ ਵਿੱਚ ਅਕਾਲ ਪੁਰਖ ਆਪਣੇ ਇੱਕੋ ਜਿਹੇ ਗੁਰੂ ਰੂਪ ਵਿੱਚ ਵਰਤ ਰਿਹਾ ਹੈ ਜੋ ਉਸਦਾ ਰੂਪ ਸਭ ਦੇ ਅੰਦਰ ਸ਼ਬਦ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਰੂਪ

51/7137

ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ ਜਿਸ ਆਪਣੇ ਰੂਪ ਰਾਹੀਂ ਉਹ ਸਭ ਦੇ ਅੰਦਰ ਇੱਕੋ ਜਿਹੀ ਨਾਮ ਦੀ ਸਮਝ ਹੀ ਪਾਉਂਦਾ ਹੈ ਭਾਵ ਇੱਕੋ ਜਿਹੀ ਗੁਰਮਤਿ ਹੀ ਸਮਝਾਉਂਦਾ ਹੈ, ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ, ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਸਭ ਨੂੰ ਇੱਕੋ ਜਿਹਾ ਤਰੀਕਾ ਹੀ ਸਮਝਾਉਂਦਾ ਹੈ ਤੇ ਸਭ ਨੂੰ ਆਪਣਾ ਇੱਕੋ ਜਿਹਾ ਰੂਪ ਹੀ ਸਮਝਾਉਂਦਾ ਹੈ। ਬਾਬਾ ਨਾਨਕ ਜੀ ਦੇ ਸਰੀਰ ਛੱਡਣ ਤੋਂ ਬਾਅਦ ਸਾਰੇ ਗੁਰੂ ਸਾਹਿਬਾਨ ਨੇ ਗੁਰਬਾਣੀ ਸਮਝਾਉਣ ਦੇ ਲਈ ਇਸੇ ਲਈ ਹੀ ਬਾਬਾ ਨਾਨਕ ਜੀ ਦਾ ਨਾਮ ਵਰਤਿਆ ਹੈ ਤਾਂ ਜੋ ਕੋਈ ਬਾਣੀ ਨੂੰ ਪੜਣ ਵਾਲਾ ਇਸ ਭਰਮ ਵਿੱਚ ਨਾ ਪਵੇ ਕਿ ਗੁਰੂ ਵੱਖਰੇ ਵੱਖਰੇ ਸਰੀਰ ਹਨ ਕਿਉਂਕਿ ਅਸਲੀਅਤ ਇਹ ਹੈ ਕਿ ਜਿਸ ਸਰੀਰ ਰਾਹੀਂ ਵੀ ਪ੍ਰਮਾਤਮਾ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਹ ਹਰ ਸਰੀਰ ਉਸਦਾ ਆਪਣਾ ਇੱਕੋ ਜਿਹਾ ਹੀ ਗੁਰੂ ਰੂਪ ਹੈ ਕਿਉਂਕਿ ਉਹ ਆਪ ਹੀ ਹਰ ਸਰੀਰ ਦਾ ਮਾਲਕ ਹੈ ਤੇ ਆਪ ਹੀ ਹਰ ਸਰੀਰ ਦੇ ਅੰਦਰ ਦੀ ਸਮਝ ਦਾ ਮਾਲਕ ਹੈ। ਸਰੀਰ ਭਾਵੇਂ ਸਾਨੂੰ ਵੱਖਰੇ ਵੱਖਰੇ ਨਜਰ ਆਉਂਦੇ ਹਨ ਪਰ ਉਨ੍ਹਾਂ ਦੇ ਅੰਦਰ ਗੁਰੂ ਰੂਪ ਵਿੱਚ ਕੇਵਲ ਤੇ ਕੇਵਲ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਹਰ ਆਕਾਰ ਰੂਪ ਵਿੱਚ ਉਹ ਆਪ ਹੀ ਹੈ ਪਰ ਇਸ ਗੱਲ ਤੇ ਵਿਸ਼ਵਾਸ ਭਾਵ ਪੂਰਨ ਵਿਸ਼ਵਾਸ ਉਹੀ ਕਰ ਸਕਦਾ ਹੈ ਜਿਸ ਮਨੁੱਖੀ ਸਮਝ ਦੇ ਅੰਦਰ ਉਹ ਆਪਣਾ ਗਿਆਨ ਰੂਪ ਪ੍ਰਗਟ ਕਰ ਦਿੰਦਾ ਹੈ, ਨਾਮ ਰੂਪ ਪ੍ਰਗਟ ਕਰ ਦਿੰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਭਗਤਾਂ ਦੀ ਬਾਣੀ ਵੀ ਹੈ ਜੋ ਉਨ੍ਹਾਂ ਦੀ ਬਾਣੀ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ ਭਾਵ ਉਨ੍ਹਾਂ ਨੇ ਸ਼ਬਦਾਂ ਰਾਹੀਂ ਜੋ ਵਿਚਾਰ ਸਮਝਾਈ ਹੋਈ ਹੈ ਉਨ੍ਹਾਂ ਦੀ ਸ਼ਬਦਾਂ ਦੀ ਵਿਚਾਰ ਗੁਰੂ ਸਾਹਿਬਾਨ ਦੇ ਸ਼ਬਦਾਂ ਦੀ ਵਿਚਾਰ ਦੇ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸ ਅਕਾਲ ਪੁਰਖ ਨੇ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਵਾਈ ਹੈ ਉਸ ਅਕਾਲ ਪੁਰਖ ਨੂੰ ਇਹ ਵੀ ਪਤਾ ਹੈ ਕਿ ਗੁਰੂ ਸਾਹਿਬਾਨ ਤੋਂ ਪਹਿਲਾਂ ਉਸਨੇ ਕਿਸ ਕਿਸ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣੀ ਸੱਚੀ ਬਾਣੀ ਦੀ ਰਚਨਾ ਕਰਵਾਈ ਹੋਈ ਹੈ। ਜਿਨ੍ਹਾਂ ਸੱਚੇ ਭਗਤਾਂ ਦੀ ਬਾਣੀ ਵੱਖਰੀ ਵੱਖਰੀ ਜਗ੍ਹਾ ਪਈ ਹੋਈ ਸੀ ਉਨ੍ਹਾਂ ਦੀ ਸੱਚੀ ਬਾਣੀ ਨੂੰ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਉਸਨੇ ਆਪ ਹੀ ਇਕੱਤਰ ਕਰਵਾਇਆ ਹੈ ਤੇ ਉਸ ਸੱਚੀ ਬਾਣੀ ਨੂੰ ਭਾਵ ਭਗਤਾਂ ਦੇ ਸਰੀਰਾਂ ਰਾਹੀਂ ਉਚਾਰੀ ਹੋਈ ਆਪਣੀ ਸੱਚੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਵਿੱਚ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਉਚਾਰੀ ਹੋਈ ਬਾਣੀ ਦੇ ਨਾਲ ਮਿਲਾਇਆ ਹੈ, ਰਲਾਇਆ ਹੈ ਭਾਵ ਇੱਕ ਕੀਤਾ ਹੈ। ਇਸੇ ਲਈ ਪੂਰੀ ਗੁਰਬਾਣੀ ਵਿੱਚੋਂ ਅਸੀਂ ਭਾਵੇਂ ਜਿਹੜੇ ਮਰਜੀ ਸ਼ਬਦ ਨੂੰ ਵਿਚਾਰ ਲਈਏ ਹਰ ਸ਼ਬਦ ਰਾਹੀਂ ਸਾਨੂੰ ਇੱਕੋ ਜਿਹਾ ਭਗਤੀ ਦਾ ਮਾਰਗ, ਧਰਮ ਦਾ ਮਾਰਗ ਸਮਝਾਇਆ ਹੁੰਦਾ ਹੈ ਭਾਵ ਇੱਕੋ ਜਿਹਾ ਨਾਮ ਜਪਣਾ ਸਮਝਾਇਆ ਹੁੰਦਾ ਹੈ। ਜਿਸ ਸਰੀਰ ਰਾਹੀਂ ਵੀ ਪ੍ਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਆਪਣਾ ਗੁਰੂ ਰੂਪ ਪ੍ਰਗਟ

51/7138

ਕਰਦਾ ਹੈ ਉਸ ਸਰੀਰ ਰਾਹੀਂ ਉਹ ਆਪਣਾ ਬ੍ਰਹਮ ਗਿਆਨ ਰੂਪ ਹੀ ਪ੍ਰਗਟ ਕਰਦਾ ਹੈ ਭਾਵ ਨਾਮ ਰੂਪ ਹੀ ਪ੍ਰਗਟ ਕਰਦਾ ਹੈ ਜਿਸ ਮਨ ਦੇ ਗਿਆਨ ਰਾਹੀਂ ਹੀ ਉਸ ਮਨੁੱਖੀ ਰੂਪ ਨੂੰ ਸਮਝ ਪੈਂਦੀ ਹੈ ਕਿ ਗੁਰੂ ਰੂਪ ਵਿੱਚ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਬ੍ਰਹਮ ਗਿਆਨ ਦੀ ਸਮਝ ਦੇ ਰੂਪ ਵਿੱਚ ਆਪ ਹੀ ਗੁਰੂ ਹੈ ਤੇ ਉਹ ਆਪ ਹੀ ਹਰ ਸਰੀਰ ਦਾ ਮਾਲਕ ਹੈ ਜਿਵੇਂ ਕਿ ਅਸੀਂ ਹੁਣ ਤੱਕ ਸਮਝਿਆ ਹੀ ਹੈ ਕਿ ਉਪਰ ਵਾਲੇ ਮੁੱਖ ਸ਼ਬਦ ਦੇ ਜਿਸ ਪਦੇ ਨੂੰ ਅਸੀਂ ਸਮਝ ਰਹੇ ਹਾਂ ਉਸ ਸ਼ਬਦ ਨੂੰ ਹੁਣ ਅਸੀਂ ਪੂਰੀ ਵਿਸ਼ਵਾਸ ਨਾਲ ਸਮਝ ਸਕਦੇ ਹਾਂ ਕਿ ਗੁਰੂ ਰੂਪ ਵਿੱਚ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਹੈ ਭਾਵੇਂ ਉਹ ਜਿਹੜੇ ਮਰਜੀ ਸਰੀਰ ਨੂੰ ਵਰਤਣਾ ਚਾਹੇ ਜੋ ਕਿ ਉਸਦੀ ਕੇਵਲ ਤੇ ਕੇਵਲ ਆਪਣੀ ਰਜਾ ਹੈ। ਆਉ ਧਿਆਨ ਨਾਲ ਸਮਝੀਏ।

“ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥

ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥”

ਉਪਰ ਵਾਲੇ ਪੂਰੇ ਸ਼ਬਦ ਵਿੱਚ ਹੀ ਅਸੀਂ ਪਹਿਲੇ ਸ਼ਬਦ ਦੇ ਦੂਸਰੇ ਪਦੇ ਨੂੰ ਸਮਝਿਆ ਹੈ ਜਿਸ ਰਾਹੀਂ ਪੰਜਵੀਂ ਪਾਤਸ਼ਾਹੀ ਨੇ ਸੰਸਾਰ ਨੂੰ ਇਹ ਸਮਝਾਇਆ ਹੋਇਆ ਹੈ ਕਿ ਮੇਰੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਗੁਰੂ ਹੈ ਜੋ ਉਸਦਾ ਗੁਰੂ ਰੂਪ ਮੇਰੇ ਅੰਦਰ ਦਾ ਗਿਆਨ ਹੈ ਭਾਵ ਮੇਰੇ ਧਿਆਨ ਦੇ ਅੰਦਰ ਜੋ ਗਿਆਨ ਹੈ ਉਸ ਗਿਆਨ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੈ ਜਿਸ ਕਰਕੇ ਮੇਰੇ ਸਰੀਰ ਦੇ ਰਾਹੀਂ ਉਹ ਆਪ ਹੀ ਗੁਰੂ ਹੈ ਜੋ ਇਸ ਸਰੀਰ ਦਾ ਮਾਲਕ ਵੀ ਹੈ ਤੇ ਇਸ ਸਰੀਰ ਦੇ ਅੰਦਰ ਦੀ ਸਮਝ ਦਾ ਮਾਲਕ ਵੀ ਆਪ ਹੀ ਹੈ ਜਿਸ ਮਨ ਦੀ ਸਮਝ ਰਾਹੀਂ ਉਹ ਸ਼ਬਦਾਂ ਦੀ ਰਚਨਾ ਕਰਨ ਲਈ ਸੱਚਾ ਗਿਆਨ ਦੇ ਰਿਹਾ ਹੈ, ਸ਼ਬਦਾਂ ਦੇ ਅੰਦਰ ਦੀ ਵਿਚਾਰ ਦੇ ਰਿਹਾ ਹੈ। ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਪ੍ਰਮਾਤਮਾ ਆਪ ਹੀ ਗੁਰੂ ਹੈ। ਉਸ ਪੂਰੇ ਗੁਰੂ ਨੂੰ ਭਾਵ ਪ੍ਰਮਾਤਮਾ ਨੂੰ ਜੋ ਮਨੁੱਖੀ ਰੂਪ ਪਾ ਲੈਂਦਾ ਹੈ ਭਾਵ ਜਿਸਦਾ ਉਸਦੇ ਨਾਲ ਮਨ ਦੀ ਸਮਝ ਰਾਹੀਂ ਮੇਲ ਹੋ ਜਾਂਦਾ ਹੈ ਉਹੀ ਮਨੁੱਖ ਵਡਭਾਗੀ ਬਣਦਾ ਹੈ ਭਾਵ ਵੱਡੇ ਭਾਗਾਂ ਵਾਲਾ ਬਣਦਾ ਹੈ। ਪ੍ਰਮਾਤਮਾ ਪੂਰਾ ਗੁਰੂ ਹੈ ਭਾਵ ਜੋ ਇੱਕ ਗੁਰੂ ਦੀ ਸਮਝ ਹੋਣੀ ਚਾਹੀਦੀ ਹੈ ਉਸਦੇ ਕੋਲ ਉਹ ਪੂਰੀ ਸਮਝ ਹੈ ਭਾਵ ਉਹ ਸਮਝ ਇਤਨੀ ਉੱਚੀ ਹੁੰਦੀ ਹੈ ਜਿਸ ਸਮਝ ਵਿੱਚ ਕੋਈ ਕਮੀ ਹੋ ਹੀ ਨਹੀਂ ਸਕਦੀ। ਜਿਸ ਸਰੀਰ ਦੇ ਰਾਹੀਂ ਵੀ ਪ੍ਰਮਾਤਮਾ ਆਪਣਾ ਗੁਰੂ ਰੂਪ ਪ੍ਰਗਟ ਕਰਦਾ ਹੈ ਉਸਦੀ ਸਮਝ ਦੇ ਅੰਦਰ ਉਹ ਆਪਣਾ ਬ੍ਰਹਮ ਗਿਆਨ ਹੀ ਪਾਉਂਦਾ ਹੈ, ਆਪਣਾ ਨਾਮ ਹੀ ਪਾਉਂਦਾ ਹੈ ਭਾਵ ਆਪਣਾ ਚੌਥੇ ਪਦ ਦਾ ਗਿਆਨ ਹੀ ਪਾਉਂਦਾ ਹੈ। ਚੌਥੇ ਪਦ ਦੇ ਗਿਆਨ

51/7139

ਦੀ ਸਮਝ ਬਿਨਾਂ ਕੋਈ ਪੂਰੀ ਸਮਝ ਵਾਲਾ ਨਹੀਂ ਬਣ ਸਕਦਾ ਭਾਵ ਉਸਦਾ ਪੂਰਾ ਗੁਰੂ ਰੂਪ ਨਹੀਂ ਬਣ ਸਕਦਾ। ਜਿਸ ਸਰੀਰ ਰਾਹੀਂ ਪ੍ਰਮਾਤਮਾ ਆਪਣਾ ਪੂਰਾ ਗੁਰੂ ਰੂਪ ਪ੍ਰਗਟ ਕਰਦਾ ਹੈ ਭਾਵ ਆਪਣਾ ਬ੍ਰਹਮ ਗਿਆਨ ਰੂਪ, ਨਾਮ ਰੂਪ ਪ੍ਰਗਟ ਕਰਦਾ ਹੈ, ਉਨ੍ਹਾਂ ਨੂੰ ਹੀ ਉਸਨੇ ਵਡਭਾਗੀ ਬਣਾਇਆ ਹੈ ਜਿਵੇਂ ਕਿ ਉਸਨੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਵਡਭਾਗੀ ਬਨਾਉਣ ਦੁਆਰਾ ਬਾਣੀ ਦੀ ਰਚਨਾ ਕਰਵਾਈ ਹੈ। **(ਗੁਰੁ ਪੂਰਾ ਪਾਈਐ ਵਡਭਾਗੀ ॥)**

ਜਿਨ੍ਹਾਂ ਨੂੰ ਅੱਲ੍ਹਾ, ਅਕਾਲ ਪੁਰਖ ਵਡਭਾਗੀ ਬਣਾਉਂਦਾ ਹੈ ਉਨ੍ਹਾਂ ਨੂੰ ਮਨ ਦੀ ਸਮਝ ਰਾਹੀਂ ਧਰਮ ਦੇ ਸੱਚੇ ਮਾਰਗ ਦਾ ਗਿਆਨ ਹੀ ਦਿੰਦਾ ਹੈ ਭਾਵ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ ਤੇ ਉਸਦਾ ਗੁਰੂ ਰੂਪ ਬਣਨ ਵਾਲੇ ਜੋ ਭਗਤੀ ਦਾ ਮਾਰਗ ਸਾਰੇ ਸੰਸਾਰ ਨੂੰ ਸਮਝਾਉਂਦੇ ਹਨ ਉਸ ਮਾਰਗ ਤੇ ਪਹਿਲੇ ਆਪ ਹੀ ਚੱਲਕੇ ਦਿਖਾਉਂਦੇ ਹਨ ਭਾਵ ਜੋ ਨਾਮ ਜਪਣਾ ਸੰਸਾਰ ਨੂੰ ਸਮਝਾਉਂਦੇ ਹਨ ਉਹੋ ਜਿਹਾ ਨਾਮ ਹੀ ਉਹ ਆਪ ਆਪਣੇ ਜੀਵਨ ਵਿੱਚ ਜਪਦੇ ਹਨ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗੁਰ ਕੀ ਸੇਵਾ ਦੂਖੁ ਨ ਲਾਗੀ ॥”

ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੈ। ਗੁਰੂ ਦੀ ਸੇਵਾ ਕਰਨੀ ਜਾਂ ਭਗਤੀ ਕਰਨੀ ਜਾਂ ਉਸਦਾ ਨਾਮ ਜਪਣਾ ਇੱਕੋ ਹੀ ਗੱਲ ਹੈ। ਗੁਰੂ ਦੀ ਸੇਵਾ ਸ਼ਬਦਾਂ ਦੇ ਵਿਚਾਰਾਂ ਨੂੰ ਸਮਝ ਕੇ ਉਨ੍ਹਾਂ ਤੇ ਅਮਲ ਕਰਨਾ ਹੈ। ਜਿਸਦੇ ਲਈ ਆਪਣੇ ਉਹ ਸਾਰੇ ਵਿਚਾਰ ਤਿਆਗਣੇ ਪੈਂਦੇ ਹਨ ਜੋ ਵਿਚਾਰ ਸ਼ਬਦਾਂ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੇ ਭਾਵ ਆਪਣੀ ਮਤਿ ਛੱਡ ਕੇ ਗੁਰੂ ਦੀ ਪੂਰੀ ਮਤਿ ਨੂੰ ਮੰਨ ਕੇ ਉਸ ਅਨੁਸਾਰ ਵਿਚਰਨਾ ਪੈਂਦਾ ਹੈ ਜਿਸ ਲਈ ਕੋਈ ਸਰੀਰਕ ਜਪ ਤਪ ਆਦਿ ਦੀ ਲੋੜ ਨਹੀਂ ਹੁੰਦੀ ਤੇ ਕੇਵਲ ਸੱਚੇ ਸੁੱਚੇ ਕੰਮ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਕੋਈ ਮਾੜਾ ਕਰਮ ਨਾ ਕਰੀਏ ਤੇ ਸਭ ਦੇ ਭਲੇ ਲਈ ਵਿਚਰੀਏ। ਜਿਨ੍ਹਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਗੁਰੂ ਰੂਪ ਪ੍ਰਗਟ ਕੀਤਾ

ਹੈ ਉਹ ਆਪਣੇ ਜੀਵਨ ਕਾਲ ਵਿੱਚ ਸੰਸਾਰ ਦੇ ਵਿੱਚ ਸਭ ਦੇ ਭਲੇ ਲਈ ਹੀ ਵਿਚਰੇ ਹਨ। ਮਨੁੱਖਤਾ ਦੀ ਸੇਵਾ ਹੀ ਗੁਰੂ ਪ੍ਰਮਾਤਮਾ ਦੀ ਸੇਵਾ ਹੈ ਕਿਉਂਕਿ ਹਰ ਜੀਵ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਗੁਰੂ ਦੀ ਸੇਵਾ ਕਰਨੀ ਔਖੀ ਹੈ, ਗੁਰੂ ਦਾ ਨਾਮ ਜਪਣਾ ਔਖਾ ਹੈ ਜਿਸ ਲਈ ਮਾਇਆ ਮੋਹ ਛੱਡਣਾ ਪੈਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣੀਆਂ ਪੈਂਦੀਆਂ ਹਨ, ਸੰਸਾਰਿਕ ਮਾਨ ਛੱਡਣਾ ਪੈਂਦਾ ਹੈ, ਆਪਣੀ ਮੈਂ ਛੱਡਣੀ ਪੈਂਦੀ ਹੈ ਜਿਸਨੂੰ ਛੱਡਣ ਵਿੱਚ ਆਮ ਮਨੁੱਖੀ ਰੂਪ ਦੁੱਖ ਮਹਿਸੂਸ ਕਰਦਾ

51/7140

ਹੈ ਪਰ ਜਿਨ੍ਹਾਂ ਨੂੰ ਅਕਾਲ ਪੁਰਖ ਆਪਣਾ ਗੁਰੂ ਰੂਪ ਬਣਾ ਲੈਂਦਾ ਹੈ ਉਹ ਫਿਰ ਇਹ ਸਭ ਕੁੱਝ ਛੱਡਣ ਵਿੱਚ ਦੁੱਖ ਮਹਿਸੂਸ ਨਹੀਂ ਕਰਦਾ ਭਾਵ ਖੁਸ਼ੀ ਨਾਲ ਆਪਣੀ ਸਮਝਾਈ ਹੋਈ ਗੁਰਮਤਿ ਤੇ ਪੂਰਾ ਉਤਰਨ ਵਿੱਚ ਸੁੱਖ ਮਹਿਸੂਸ ਕਰਦਾ ਹੈ। **(ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥)**

ਗੁਰੂ ਦੀ ਸੇਵਾ ਕਰਨੀ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਪਉੜੀ ॥

{ਸੇਵ ਕੀਤੀ ਸੰਤੋਖੀਣੀਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਗਉੜੀ ਮਹਲਾ ੧ ॥

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥ ਐਸਾ ਜੋਗੀ ਜੁਗਤਿ ਬੀਚਾਰੈ ॥
ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥ ਜਿਸ ਕੈ ਅੰਤਰਿ ਸਾਚੁ ਵਸਾਵੈ ॥
ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥ ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥ ਆਪੇ ਮੇਲੇ ਭਰਮੁ ਚੁਕਾਏ ॥
ਗੁਰ ਪਰਸਾਦਿ ਪਰਮ ਪਦੁ ਪਾਏ ॥੬॥ ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

ਸਲੋਕ ਮਃ ੩ ॥

{ਅਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ ॥ ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ ॥
ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ ॥ ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ ॥੧॥}

(ਅੰਗ ੮੫੪)

ਆਸਾ ਮਹਲਾ ੫ ॥

{ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥
ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥}

(ਅੰਗ ੪੦੦)

{ਗੁਰ ਕੀ ਸੇਵਾ ਸਦਾ ਸੁਖੁ ਪਾਏ ॥ ਸੰਤਸੰਗਤਿ ਮਿਲਿ ਹਰਿ ਗੁਣ ਗਾਏ ॥
ਨਾਮੇ ਨਾਮਿ ਕਰੇ ਵੀਚਾਰੁ ॥ ਆਪਿ ਤਰੈ ਕੁਲ ਉਧਰਣਹਾਰੁ ॥੩॥}

(ਅੰਗ ੩੬੨)

{ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ ॥ ਤਾ ਕੀ ਕੀਮਤਿ ਨਾ ਪਵੈ ਬਿਨੁ ਗੁਰ ਕੀ ਸੇਵੈ ॥੬॥
ਜੇਹੀ ਸੇਵ ਕਰਾਈਐ ਕਰਣੀ ਭੀ ਸਾਈ ॥ ਆਪਿ ਕਰੇ ਕਿਸੁ ਆਖੀਐ ਵੇਖੈ ਵਡਿਆਈ ॥੭॥
ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥ ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ ॥੮॥੧੮॥}

(ਅੰਗ ੪੨੦-੪੨੧)

{ਜਿਨ੍ੀ ਏਕੋ ਸੇਵਿਆ ਪੂਰੀ ਮਤਿ ਭਾਈ ॥ ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ ॥੨॥}

(ਅੰਗ ੪੨੦)

51/7141

{ਸਤਿਗੁਰੁ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ ॥
ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ ॥
ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥੧॥}

(ਅੰਗ ੮੦੨)

{ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥
ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥੧੩॥
ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥ ਓਹੁ ਆਪੇ ਤਖਤਿ ਬਹੈ ਸਚਿਆਰਾ ॥
ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ ॥੧੪॥
ਗੁਰ ਕੇ ਸੇਵਕ ਸਤਿਗੁਰ ਪਿਆਰੇ ॥ ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥
ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ ॥੧੫॥
ਆਪਿ ਤਰੈ ਜਨੁ ਪਿਤਰਾ ਤਾਰੇ ॥ ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥
ਨਾਨਕੁ ਤਿਸ ਕਾ ਲਾਲਾ ਗੋਲਾ ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ ॥੧੬॥੬॥}

(ਅੰਗ ੧੦੨੬)

ਉਪਰ ਵਾਲੇ ਸ਼ਬਦਾਂ ਦੁਆਰਾ ਹਰ ਕੋਈ ਇਸ ਗੱਲ ਨੂੰ ਬਰੀਕੀ ਨਾਲ ਸਮਝ ਸਕਦਾ ਹੈ ਕਿ ਗੁਰੂ ਦੀ ਸੇਵਾ ਕਰਨੀ ਕੀ ਹੈ ਤੇ ਸੇਵਾ ਦੇ ਮਾਰਗ ਤੇ ਉਹੀ ਪੂਰਾ ਉਤਰ ਸਕਦਾ ਹੈ ਜੋ ਗੁਰਮਤਿ ਦੀ ਸਮਝ ਤੇ ਪੂਰਾ ਉਤਰ ਸਕਦਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਦੁਆਰਾ ਸਮਝਿਆ ਹੈ। ਗੁਰੂ ਦੀ ਸੇਵਾ ਦੇ ਮਾਰਗ ਤੇ ਪੂਰਾ ਹੋਣਾ, ਭਗਤੀ ਦੇ ਮਾਰਗ ਤੇ ਪੂਰਾ ਉਤਰਨਾ ਹੈ ਭਾਵ ਨਾਮ ਜਪਣ ਦੇ ਮਾਰਗ ਤੇ ਪੂਰਾ ਹੋਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

{ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥
ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥}

(ਅੰਗ ੧੦੧੨)

{ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥
ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥}

(ਅੰਗ ੧੦੧੨)

ਹੁਣ ਮੁੱਖ ਸ਼ਬਦ ਦੇ ਪਦੇ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ।

"ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥"

ਉਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਉਹ ਕਿਹੜੀ ਚੀਜ ਹੈ ਜਿਸਨੂੰ ਕੋਈ ਨਹੀਂ ਮੇਟ ਸਕਦਾ ਭਾਵ ਪੂਰੇ ਸੰਸਾਰ ਵਿੱਚ ਜਿਸਨੂੰ ਕੋਈ ਵੀ ਨਹੀਂ ਮੇਟ ਸਕਦਾ। ਉਹ ਕਦੇ ਨਾ ਮਿਟਣ ਵਾਲੀ ਚੀਜ ਭਾਵ ਕਦੇ ਨਾ ਬਿਨਸਨ ਵਾਲੀ ਚੀਜ **"ਗੁਰ ਕਾ ਸਬਦੁ"** ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਸ਼ਬਦ ਹੀ ਹਨ ਤੇ ਗੁਰੂ ਦਾ ਹਰ ਸ਼ਬਦ ਸਾਨੂੰ ਸੱਚਾ ਗਿਆਨ ਹੀ ਦਿੰਦਾ ਹੈ, ਬ੍ਰਹਮ ਗਿਆਨ ਹੀ ਦਿੰਦਾ ਹੈ ਭਾਵ ਉਹ ਉੱਚਾ ਗਿਆਨ ਦਿੰਦਾ ਹੈ ਜਿਸ ਵਿੱਚ ਤੱਤ ਗਿਆਨ ਹੁੰਦਾ ਹੈ ਜਿਸ ਤੋਂ ਉੱਚਾ ਤੇ ਸੱਚਾ ਕੋਈ ਹੋਰ ਗਿਆਨ ਹੋ ਹੀ ਨਹੀਂ ਸਕਦਾ। ਸਾਡੇ ਅੰਦਰ ਭਾਵ ਪੂਰੇ ਸੰਸਾਰ ਦੇ ਮਨੁੱਖਾਂ ਦੇ ਅੰਦਰ ਅਕਾਲ ਪੁਰਖ ਜੋ ਵੀ ਸਮਝ ਪਾਉਂਦਾ ਹੈ ਉਹ ਤ੍ਰੈ ਗੁਣਾਂ ਵਾਲੀ ਸਮਝ ਪਾਉਂਦਾ ਹੈ ਭਾਵ ਹਉਮੈ ਵਾਲੀ, ਮਾਇਆ ਦੀ ਜੁਗਤਿ ਵਾਲੀ, ਪੁੱਠੇ ਕਮਲ ਵਾਲੀ ਸਮਝ ਪਾਉਂਦਾ ਹੈ ਜੋ ਸਮਝ ਗੁਰੂ ਦੇ ਸ਼ਬਦਾਂ ਦੀ ਸਮਝ ਦੇ ਅੱਗੇ ਬਹੁਤ ਨੀਵੀਂ ਸਮਝ ਹੈ ਭਾਵ ਅਨੇਕਾਂ ਹੀ ਭਰਮਾਂ ਦੀ ਭਰੀ ਹੋਈ ਸਮਝ ਹੈ, ਅਗਿਆਨਤਾ ਦੇ ਵਿਚਾਰਾਂ ਵਾਲੀ ਸਮਝ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪੂਰੇ ਲੇਖ ਵਿੱਚ ਬਾਰ-ਬਾਰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਉੱਚੀ ਸਮਝ ਨੀਵੀਂ ਸਮਝ ਨੂੰ ਮੇਟ ਸਕਦੀ ਹੈ ਭਾਵ ਉਸਨੂੰ ਬਦਲ ਸਕਦੀ ਹੈ ਪਰ ਨੀਵੀਂ ਸਮਝ ਉੱਚੀ ਸਮਝ ਨੂੰ ਨਹੀਂ ਬਦਲ ਸਕਦੀ ਭਾਵ ਸੱਚ ਝੂਠ ਨੂੰ ਬਦਲ ਸਕਦਾ ਹੈ, ਮੇਟ ਸਕਦਾ ਹੈ ਪਰ ਝੂਠ ਸੱਚ ਨੂੰ ਨਹੀਂ ਮੇਟ ਸਕਦਾ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਗੁਰੂ ਦੇ ਸ਼ਬਦਾਂ ਦੇ ਉੱਚੇ ਗਿਆਨ ਵਾਲੀ ਸਮਝ ਨੂੰ ਨਹੀਂ ਬਦਲ ਸਕਦੀ ਭਾਵ ਨਹੀਂ ਮੇਟ ਸਕਦੀ ਭਾਵ ਸਾਡੀ ਹਉਮੈ ਵਾਲੀ ਸਮਝ ਗੁਰੂ ਦੇ ਨਾਮ ਵਾਲੀ ਸਮਝ ਨੂੰ ਨਹੀਂ ਮੇਟ ਸਕਦੀ ਪਰ ਗੁਰੂ ਦੇ ਨਾਮ ਵਾਲੀ ਸਮਝ ਸਾਡੀ ਹਉਮੈ ਵਾਲੀ ਸਮਝ ਨੂੰ ਮੇਟ ਸਕਦੀ ਹੈ। ਪੂਰੇ ਸੰਸਾਰ ਵਿੱਚ ਜੋ ਵੀ ਕਿਸੇ ਦੇ ਅੰਦਰ ਦੀ ਸਮਝ ਹੈ ਉਸ ਸਮਝ ਦਾ ਮਾਲਕ ਕੇਵਲ ਤੇ ਕੇਵਲ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੈ ਜਿਸਨੇ ਆਪ ਹੀ ਮਨ ਦੀ ਸਮਝ ਦੁਆਰਾ ਭਾਵ ਭਰਮਾਂ ਵਾਲੀ ਸਮਝ ਪਾਉਣ ਦੁਆਰਾ ਸਭ ਨਾਲ ਆਪਣਾ

ਪੜਦਾ ਬਣਾਇਆ ਹੋਇਆ ਹੈ ਤੇ ਜਿਸਦੇ ਅੰਦਰ ਦਾ ਪੜਦਾ ਉਹ ਖੋਲ ਦਿੰਦਾ ਹੈ ਉਸਦਾ ਭਰਮ ਰੂਪ ਪੜਦਾ ਉਹ ਮਨ ਦੇ ਵਿੱਚ ਆਪਣਾ ਸੱਚਾ ਗਿਆਨ ਭਾਵ ਚੌਥੇ ਪਦ ਦਾ ਗਿਆਨ ਭਾਵ ਨਾਮ ਰੂਪ ਗਿਆਨ ਭਾਵ ਬ੍ਰਹਮ ਗਿਆਨ ਬਖਸ਼ਣ ਦੁਆਰਾ ਹੀ ਉਹ ਖੋਲਦਾ ਹੈ ਤੇ ਜਿਨ੍ਹਾਂ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਉਨ੍ਹਾਂ ਦਾ ਆਪਣੇ ਨਾਲੋਂ ਪੜਦਾ ਖੋਲਿਆ ਹੈ ਭਾਵ ਦੂਰ ਕੀਤਾ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਸ਼ਬਦਾਂ ਦੀ ਵਿਚਾਰ ਪਾਈ ਹੈ ਜਿਸ ਸੱਚੀ ਵਿਚਾਰ ਦੀ ਕੋਈ ਹੋਰ ਵਿਚਾਰ ਬਰਾਬਰੀ ਕਰ ਸਕੇ ਇਹ ਹੋ ਹੀ ਨਹੀਂ ਸਕਦਾ ਤੇ ਇਸੇ ਲਈ ਪੂਰੇ ਸੰਸਾਰ ਵਿੱਚ ਕੋਈ ਗੁਰੂ ਦੇ ਸ਼ਬਦ ਨੂੰ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਕੋਈ ਮਿਟਾ ਹੀ ਨਹੀਂ ਸਕਦਾ। ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ ਹੀ ਪ੍ਰਮਾਤਮਾ ਆਪ ਹੈ ਭਾਵ ਸ਼ਬਦ ਰੂਪ ਵਿੱਚ ਉਹ ਆਪ ਹੈ ਜਿਸ ਆਪਣੇ ਸਬਦੁ ਰੂਪ ਵਿੱਚ ਹੀ ਉਹ ਗੁਰੂ ਹੈ ਫਿਰ ਕੀ ਕੋਈ ਪੂਰੇ ਸੰਸਾਰ ਵਿੱਚ ਗੁਰੂ ਦੇ ਸ਼ਬਦ ਨੂੰ ਮੇਟ ਸਕਦਾ ਹੈ ਜਿਸਨੂੰ ਮੇਟਣਾ ਗੁਰੂ ਰੂਪ ਪ੍ਰਮਾਤਮਾ ਨੂੰ ਮੇਟਣ ਦੇ ਬਰਾਬਰ ਹੈ ਭਾਵ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ। ਗੁਰੂ ਦੇ ਸ਼ਬਦ ਨੂੰ ਮੇਟਣਾ ਕਿਸ ਲਈ ਨਾਮੁਮਕਿਨ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥"

ਆਪਣੇ ਮੁੱਖੋਂ ਸ਼ਬਦਾਂ ਨੂੰ ਉਚਾਰਨ ਵਾਲੇ ਉਹ ਸਰੀਰ ਹੀ ਹਨ ਜਿਨ੍ਹਾਂ ਸਰੀਰਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਪ੍ਰਗਟ ਹੋ ਕੇ ਸਾਰੇ

ਸ਼ਬਦ ਲਿਖਵਾਏ ਹਨ, ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾਉਣ ਦੁਆਰਾ ਲਿਖਵਾਏ ਹਨ ਜਿਸ ਕਰਕੇ ਅਕਾਲ ਪੁਰਖ ਆਪ ਹੀ ਗੁਰੂ ਹੈ ਤੇ ਕੀ ਕੋਈ ਅਕਾਲ ਪੁਰਖ ਤੋਂ ਉੱਚੀ ਸਮਝ ਵਾਲਾ ਹੋ ਸਕਦਾ ਹੈ ਜੋ ਉਸਦੀ ਆਪਣੀ ਦਿੱਤੀ ਹੋਈ, ਪੂਰੀ ਗੁਰਬਾਣੀ ਵਿੱਚ ਲਿਖਵਾਈ ਹੋਈ ਸ਼ਬਦਾਂ ਦੀ ਵਿਚਾਰ ਨੂੰ ਬਦਲ ਸਕੇ ਭਾਵ ਆਪਣੀ ਨਾਸਮਝੀ ਦੁਆਰਾ ਗੁਰੂ ਪ੍ਰਮਾਤਮਾ ਦੀ ਸੱਚੇ ਗਿਆਨ ਵਾਲੀ ਸਮਝ ਨੂੰ ਬਦਲ ਸਕੇ। ਭਾਵੇਂ ਇਹ ਨਾਮੁਮਕਿਨ ਹੈ ਪਰ ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਵਿਆਖਿਆ ਕਰਨ ਵਾਲੇ ਅਨੇਕਾਂ ਹੀ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਤੇ ਸ਼ਬਦਾਂ ਦੀ ਵਿਆਖਿਆ ਕਰਨ ਵਾਲਾ ਕੋਈ ਵੀ ਇਹ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿ ਉਸਨੂੰ ਸ਼ਬਦਾਂ ਦੀ ਵਿਚਾਰ ਦੀ ਸਮਝ ਨਹੀਂ ਹੈ ਤੇ ਹਰ ਕੋਈ

51/7143

ਆਪਣੇ ਆਪ ਨੂੰ ਠੀਕ ਹੀ ਸਮਝਦਾ ਹੈ। ਕਿਸੇ ਇੱਕ ਸ਼ਬਦ ਦੀ ਵਿਆਖਿਆ ਅਨੇਕਾਂ ਹੀ ਵੱਖਰੇ ਵੱਖਰੇ ਢੰਗ ਨਾਲ ਕਰਦੇ ਹਨ ਭਾਵ ਉਨ੍ਹਾਂ ਦੇ ਵਿਚਾਰ ਇੱਕੋ ਸ਼ਬਦ ਦੀ ਵਿਆਖਿਆ ਕਰਨ ਨੂੰ ਵੱਖਰੇ ਵੱਖਰੇ ਹੁੰਦੇ ਹਨ ਪਰ ਫਿਰ ਵੀ ਸਾਰੇ ਆਪਣੇ ਆਪ ਨੂੰ ਠੀਕ ਅਰਥ ਕਰਨ ਵਾਲੇ ਸਮਝਦੇ ਹਨ। ਇੱਕ ਸ਼ਬਦ ਦੇ ਇੱਕ ਅਰਥ ਹੀ ਸਹੀ ਹੋ ਸਕਦੇ ਹਨ, ਇੱਕ ਤੋਂ ਜਿਆਦਾ ਨਹੀਂ। ਇਹੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਗੁਰੂ ਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਫਰਕ ਹੈ, ਮਨੁੱਖ ਦੀ ਹਉਮੈ ਵਾਲੀ ਸਮਝ ਵਿੱਚ ਤੇ ਗੁਰੂ ਦੇ ਨਾਮ ਵਾਲੀ ਸਮਝ ਵਿੱਚ ਫਰਕ ਹੈ, ਮਨੁੱਖ ਦੀ ਪੁੱਠੇ ਕਮਲ ਵਾਲੀ ਸਮਝ ਵਿੱਚ ਤੇ ਗੁਰੂ ਦੇ ਸਿੱਧੇ ਕਮਲ ਵਾਲੀ ਸਮਝ ਵਿੱਚ ਫਰਕ ਹੈ ਭਾਵ ਕੋਈ ਵੀ ਅਕਾਲ ਪੁਰਖ ਦੀ ਸਭ ਦੇ ਅੰਦਰ ਪਾਈ ਹੋਈ ਮਾਇਆ ਦੀ ਜੁਗਤਿ ਤੋਂ ਬਾਹਰ ਨਹੀਂ ਹੈ ਭਾਵ ਕੋਈ ਵੀ ਮਾਇਆ ਦੇ ਛੱਲ ਤੋਂ ਬਾਹਰ ਨਹੀਂ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਹੀ ਸ਼ਬਦਾਂ ਦੁਆਰਾ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੁਆਰਾ ਸਮਝਿਆ ਹੈ, ਸ਼ਬਦਾਂ ਦੇ ਅੰਦਰ ਦੇ ਸੱਚੇ ਵਿਚਾਰਾਂ ਵਾਲੀ ਸਮਝ ਦੁਆਰਾ ਸਮਝਿਆ ਹੈ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਪੂਰੀ ਗੁਰਬਾਣੀ ਵਿੱਚ ਚੌਥੇ ਪਦ ਦੇ ਗਿਆਨ ਵਾਲੇ ਸੱਚੇ ਵਿਚਾਰ ਪਾਏ ਹੋਏ ਹਨ ਉਹ ਆਪ ਹੀ ਇਸ ਨਿਮਾਣੇ ਜਿਹੇ ਦਾਸ ਨੂੰ ਸਮਝ ਰਾਹੀਂ ਪ੍ਰਗਟ ਹੋ ਕੇ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਸਮਝਾ ਰਿਹਾ ਹੈ ਵਰਨਾ ਦਾਸ ਦੀ ਕੀ ਔਕਾਤ ਕਿ ਉਹ ਪੂਰੀ ਗੁਰਬਾਣੀ ਵਿੱਚੋਂ ਕਿਸੇ ਇੱਕ ਸ਼ਬਦ ਦੀ ਸਹੀ ਵਿਆਖਿਆ ਕਰ ਸਕੇ। ਜਦੋਂ ਇਹ ਗੁਰਬਾਣੀ ਦੇ ਸ਼ਬਦਾਂ ਦੇ ਅਰਥਾਂ ਦੀ ਪੁਸਤਕ ਸਾਰੇ ਸੰਸਾਰ ਦੇ ਸਾਹਮਣੇ ਆ ਜਾਵੇਗੀ ਫਿਰ ਇਨ੍ਹਾਂ ਅਰਥਾਂ ਨੂੰ ਪੜਕੇ, ਜਿਵੇਂ ਕਿ ਅਨੇਕਾਂ ਨੂੰ ਖੁਸ਼ੀ ਹੋਵੇਗੀ, ਸੱਚ ਨੂੰ ਜਾਨਣ ਦੀ ਖੁਸ਼ੀ ਹੋਵੇਗੀ ਇਸੇ ਤਰ੍ਹਾਂ ਅਨੇਕਾਂ ਉਹ ਵੀ ਹੋਣਗੇ ਜਿਨ੍ਹਾਂ ਕੋਲੋਂ ਹੋ ਸਕਦਾ ਹੈ ਇਹ ਕੁੱਝ ਬਰਦਾਸ਼ਤ ਨਾ ਹੋਵੇ ਜੋ ਮਨ ਦੀ ਨਾਸਮਝੀ ਕਰਕੇ ਹੀ ਆਪਣੇ ਆਪ ਨੂੰ ਧਰਮ ਦੇ ਉੱਚੇ ਵਿਦਵਾਨ ਥਾਪੀ ਬੈਠੇ ਹਨ, ਸੰਤ ਆਦਿ ਬਣੇ ਬੈਠੇ ਹਨ, ਵੱਡੇ ਵੱਡੇ ਧਰਮ ਦੇ ਪ੍ਰਚਾਰਕ ਬਣੀ ਬੈਠੇ ਹਨ ਤੇ ਇਹੋ ਜਿਹਿਆਂ ਦੇ ਪਿੱਛੇ ਲੱਗਣ ਵਾਲੇ ਵੀ ਅਨੇਕਾਂ ਹਨ ਜਿਸਦਾ ਕਾਰਣ ਮਨ ਦੇ ਭਰਮਾਂ ਵਾਲੀ ਸਮਝ ਹੀ ਹੈ ਜੋ ਭਰਮਾਂ ਵਾਲੀ ਸਮਝ ਸਾਨੂੰ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝਣ ਤੋਂ ਦੂਰ ਰੱਖਦੇ ਹਨ। ਇਸ ਪੁਸਤਕ ਰਾਹੀਂ ਸਾਰੇ ਸੰਸ਼ਾਰ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਹੀ ਸਮਝਾਇਆ ਜਾ ਰਿਹਾ ਹੈ ਜਿਸ ਆਪਣੇ ਸੱਚ ਨੂੰ ਉਹ ਸੱਚ ਰੂਪ ਅਕਾਲ ਪੁਰਖ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਮਝਾ ਰਿਹਾ ਹੈ, ਲਿਖਵਾ ਰਿਹਾ ਹੈ ਜਿਸਨੇ ਆਪ ਹੀ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੀ ਸੱਚੀ ਵਿਚਾਰ ਦੁਆਰਾ ਸਮਝਿਆ ਹੀ ਹੈ। ਇਸ ਪੁਸਤਕ ਦੇ ਵਿੱਚ

51/7144

ਲਿਖੇ ਹੋਏ ਸੱਚ ਨੂੰ ਭਾਵੇਂ ਕੋਈ ਜਿਤਨੀ ਮਰਜੀ ਸਿਆਣਪ ਵਰਤ ਲਵੇ ਉਹ ਬਦਲ ਨਹੀਂ ਸਕੇਗਾ ਭਾਵ ਸੱਚੇ ਗਿਆਨ ਵਾਲੀ ਸਮਝ ਨੂੰ ਮੇਟ ਨਹੀਂ ਸਕੇਗਾ, ਸ਼ਬਦਾਂ ਦੀ ਸੱਚੀ ਵਿਚਾਰ ਨੂੰ ਆਪਣੀ ਤ੍ਰੈ ਗੁਣਾਂ ਵਾਲੀ ਸਮਝ ਨਾਲ ਬਦਲ ਨਹੀਂ ਸਕੇਗਾ। ਧੰਨ ਧੰਨ ਧੰਨ ਗੁਰਬਾਣੀ ਵਿੱਚ ਸਮਝਾਈ ਹੋਈ ਹਰ ਗੱਲ ਹੂ ਬ ਹੂ ਸੱਚ ਹੈ, ਪੂਰਨ ਸੱਚ ਹੈ। ਗੁਰਬਾਣੀ ਰਾਹੀਂ ਜੋ ਸਭ ਤੋਂ ਵੱਡਾ ਸੱਚ ਸਮਝਾਇਆ ਹੋਇਆ ਹੈ, ਬਾਰ-ਬਾਰ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਉਹ ਇਹ ਹੈ ਕਿ ਸਭ ਕੁਝ ਇੱਕੋ ਇੱਕ ਪ੍ਰਮਾਤਮਾ ਆਪ ਹੈ। ਸੱਚ ਕਰਕੇ ਜਾਣੋ ਉਹ ਸਭ ਕੁਝ ਹਕੀਕਤ ਵਿੱਚ ਆਪ ਹੀ ਹੈ, ਆਪ ਹੀ ਹੈ, ਆਪ ਹੀ ਹੈ। ਇਹ ਗੱਲ ਸਾਨੂੰ ਗੁਰੂ ਦੇ ਸ਼ਬਦਾਂ ਦੀ ਵਿਚਾਰ ਹੀ ਸਮਝਾਉਂਦੀ ਹੈ ਕਿ ਹਰ ਮਨੁੱਖ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਮਨ ਦੀ ਸਮਝ ਦਾ ਮਾਲਕ ਕੇਵਲ ਤੇ ਕੇਵਲ ਉਹ ਆਪ ਹੀ ਹੈ ਤੇ ਜੋ ਵੀ ਆਪਣੇ ਆਪ ਨੂੰ ਵੱਡੇ ਵੱਡੇ ਗਿਆਨਵਾਨ ਅਖਵਾ ਕੇ ਚਲੇ ਗਏ ਹਨ ਤੇ ਹੁਣ ਵੀ ਜਗ੍ਹਾ ਜਗ੍ਹਾ ਤੇ ਆਪਣੇ ਆਪ ਨੂੰ ਅਨੇਕਾਂ ਹੀ ਧਰਮ ਦੇ ਗਿਆਨਵਾਨ ਅਖਵਾਉਣ ਵਾਲੇ ਬੈਠੇ ਹਨ ਕੀ ਉਨ੍ਹਾਂ ਵਿੱਚੋਂ ਕਦੇ ਕਿਸੇ ਇੱਕ ਨੇ ਵੀ ਇਹ ਕਿਹਾ ਹੈ ਕਿ ਮਨੁੱਖ ਦਾ ਹੋਣਾ ਹੀ ਝੂਠ ਹੈ, ਮਨੁੱਖ ਦਾ ਜੰਮਣਾ ਮਰਣਾ ਹੀ ਝੂਠ ਹੈ ਭਾਵ ਨਾ ਮਨੁੱਖ ਕਿਤੋਂ ਆਉਂਦਾ ਹੈ ਤੇ ਨਾ ਹੀ ਕਿਤੇ ਜਾਂਦਾ ਹੈ ਪਰ ਗੁਰੂ ਦੇ ਸ਼ਬਦਾਂ ਦੀ ਵਿਚਾਰ ਤਾਂ ਸਾਨੂੰ ਇਹੀ ਸਮਝਾਉਂਦੀ ਹੈ ਤੇ ਜੇਕਰ ਸਾਡੀ ਵਿਚਾਰ ਗੁਰੂ ਦੇ ਸ਼ਬਦਾਂ ਦੀ ਵਿਚਾਰ ਤੇ ਪੂਰੀ

ਨਹੀਂ ਉਤਰਦੀ ਤਾਂ ਫਿਰ ਸਾਡੀ ਵਿਚਾਰ ਸੱਚੀ ਕਿਵੇਂ ਹੋ ਸਕਦੀ ਹੈ ਕਿਉਂਕਿ ਗੁਰੂ ਦੇ ਸ਼ਬਦਾਂ ਦੀ ਵਿਚਾਰ ਕਦੇ ਝੂਠ ਹੋ ਹੀ ਨਹੀਂ ਸਕਦੀ ਜੋ ਕਿ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਵਿਚਾਰ ਹੈ। ਮਨੁੱਖ ਆਪਣੀਆਂ ਅੱਖਾਂ ਨਾਲ ਜੋ ਕੁਝ ਵੀ ਦੇਖਦਾ ਹੈ ਭਾਵੇਂ ਆਪਣੇ ਪਰਿਵਾਰ ਨੂੰ ਦੇਖਦਾ ਹੈ ਉਸਨੂੰ ਉਹ ਪ੍ਰਮਾਤਮਾ ਤੋਂ ਵੱਖਰਾ ਹੀ ਸਮਝਦਾ ਹੈ ਪਰ ਸਾਡੀ ਇਹ ਵਿਚਾਰ ਗੁਰੂ ਦੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੀ। ਸਾਡੇ ਅਨੇਕਾਂ ਹੀ ਅਨੇਕਾਂ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ ਫਿਰ ਉਹ ਸਾਡੇ ਵਿਚਾਰ ਸੱਚੇ ਕਿਵੇਂ ਹੋ ਸਕਦੇ ਹਨ ਕਿਉਂਕਿ ਗੁਰੂ ਦੇ ਵਿਚਾਰਾਂ ਨੂੰ ਬਦਲਿਆ ਹੀ ਨਹੀਂ ਜਾ ਸਕਦਾ। ਗੁਰੂ ਦੇ ਅਨੇਕਾਂ ਹੀ ਸ਼ਬਦਾਂ ਦੀ ਵਿਚਾਰ ਇਤਨੀ ਜਿਆਦਾ ਗਹਿਰਾਈ ਵਿੱਚ ਹੁੰਦੀ ਹੈ ਜਿਸਨੂੰ ਕਿ ਤ੍ਰੈ ਗੁਣਾਂ ਵਾਲੀ ਨੀਵੀਂ ਸਮਝ ਗੁਰੂ ਦੀ ਉੱਚੀ ਸਮਝ ਨੂੰ ਜਾਣ ਹੀ ਨਹੀਂ ਸਕਦੀ ਪਰ ਫਿਰ ਵੀ ਜੋ ਆਪਣੇ ਆਪ ਨੂੰ ਧਰਮ ਦੇ ਗਿਆਨਵਾਨ ਅਖਵਾਉਂਦੇ ਹਨ ਉਹ ਗੁਰੂ ਦੇ ਹਰ ਸ਼ਬਦ ਦਾ ਆਪਣੀ ਆਪਣੀ ਸਮਝ ਅਨੁਸਾਰ ਕੋਈ ਨਾ ਕੋਈ ਅਰਥ ਬਣਾ ਹੀ ਲੈਂਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਸਮਾਜ ਵਿੱਚੋਂ

51/7145

ਵਡਿਆਈਆਂ ਮਿਲਦੀਆਂ ਹਨ, ਮਾਇਆ ਦੇ ਗੱਫੇ ਵੀ ਮਿਲਦੇ ਹਨ ਤੇ ਇਸੇ ਲਈ ਇਹੋ ਜਿਹਿਆਂ ਲਈ ਇਹ ਮੰਨਣਾ ਬਹੁਤ ਔਖਾ ਹੁੰਦਾ ਹੈ ਕਿ ਉਨ੍ਹਾਂ ਨੂੰ ਸ਼ਬਦਾਂ ਦੀ ਸੱਚੀ ਸਮਝ ਨਹੀਂ ਹੈ। ਭਾਵੇਂ ਇਹ ਉਨ੍ਹਾਂ ਦੀ ਗੁਰੂ ਦੇ ਨਾਲ ਚਤੁਰਾਈ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਪਰ ਫਿਰ ਵੀ ਕੋਈ ਇਹ ਚਤੁਰਾਈ ਛੱਡਣ ਨੂੰ ਤਿਆਰ ਹੀ ਨਹੀਂ ਹੁੰਦਾ ਕਿਉਂਕਿ ਇਹ ਚਤੁਰਾਈ ਸਭ ਨੂੰ ਚੰਗੀ ਲੱਗਦੀ ਹੈ ਜਿਸ ਨਾਲ ਸਮਾਜ ਵਿੱਚ ਰੁਤਬਾ ਉੱਚਾ ਹੁੰਦਾ ਹੈ। ਗੁਰੂ ਨਾਲ ਚਤੁਰਾਈ ਕਰਕੇ ਉਸ ਗੁਰੂ ਰੂਪ ਪ੍ਰਮਾਤਮਾ ਦੇ ਨੇੜੇ ਲੱਗ ਸਕੇ ਇਹ ਨਾਮੁਮਕਿਨ ਹੈ। ਗੁਰੂ ਦੇ ਸ਼ਬਦ ਨੂੰ ਭਾਵੇਂ ਕੋਈ ਵੇਖ ਨਹੀਂ ਸਕਦਾ ਭਾਵ ਉਸਦੀ ਉੱਚੀ ਸਮਝ ਨੂੰ ਕੋਈ ਬਦਲ ਨਹੀਂ ਸਕਦਾ ਪਰ ਫਿਰ ਵੀ ਆਪਣੀ ਨਾਮਸਝ ਮਤਿ ਨੂੰ ਆਪ ਹੀ ਕੋਈ ਉੱਚੀ ਕਰਨ ਵਿੱਚ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਿੱਚ ਕੋਈ ਕਸਰ ਨਹੀਂ ਛੱਡਦਾ। ਇਹੋ ਜਿਹੇ ਸਾਰਿਆਂ ਦੇ ਚਰਨਾਂ ਵਿੱਚ ਦਾਸ ਦੀ ਦਿਲ ਤੋਂ ਤਹਿ ਦਿਲੋਂ ਬੇਨਤੀ ਹੈ ਕਿ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਆਪਣੀ ਵਿਚਾਰ ਨਾਲ ਬਦਲਣ ਦੀ ਕੋਸ਼ਿਸ਼ ਨਾ ਕਰੋ ਭਾਵ ਮਨਮਤਿ ਦੇ ਨਾਲ ਸੱਚੀ ਗੁਰਮਤਿ ਨੂੰ ਬਦਲਣ ਦੀ ਕੋਸ਼ਿਸ਼ ਨਾ ਕਰੋ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝਣ ਦਾ ਤੇ ਮੰਨਣ ਦਾ ਤਹਿ ਦਿਲੋਂ ਸੱਚਾ ਉੱਦਮ ਕਰੋ ਭਾਵ ਤਹਿ ਦਿਲੋਂ ਗੁਰੂ ਦਾ ਸੱਚਾ ਨਾਮ ਜਪਣ ਦਾ ਉੱਦਮ ਕਰੋ ਤਾਂ ਜੋ ਅਸੀਂ ਗੁਰੂ ਪ੍ਰਮਾਤਮਾ ਦੇ ਚਰਨਾਂ ਨਾਲ ਜੁੜਨ ਦਾ ਸੱਚਾ ਉਦੱਮ ਕਰ ਸਕੀਏ। **(ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥ ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥)**

ਜੋ ਗੱਲ ਅਸੀਂ ਉਪਰ ਵਾਲੇ ਸ਼ਬਦ ਰਾਹੀਂ ਸਮਝੀ ਹੈ ਕਿ ਗੁਰੂ ਦੇ ਸ਼ਬਦ ਨੂੰ ਮੇਟਿਆ ਨਹੀਂ ਜਾ ਸਕਦਾ ਉਹੀ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਗੁਰ ਕਾ ਬਚਨੁ ਅਟਲ ਅਛੇਦ ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥
ਗੁਰ ਕਾ ਬਚਨੁ ਕਤਹੁ ਨ ਜਾਇ ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ ॥੨॥”

(ਅੰਗ ੧੨੨)

ਜੋ ਗੁਰੂ ਦਾ ਸ਼ਬਦ ਹੈ ਉਹੀ ਗੁਰੂ ਦਾ ਬਚਨ ਹੈ। ਪੂਰੀ ਗੁਰਬਾਣੀ ਵਿੱਚ ਗੁਰੂ ਦੇ ਸ਼ਬਦ ਹੀ ਹਨ ਜੋ ਕਿ ਗੁਰੂ ਦੇ ਬਚਨਾਂ

51/7146

ਦੇ ਰੂਪ ਵਿੱਚ ਹਨ। ਗੁਰੂ ਦਾ ਹਰ ਬਚਨ ਭਾਵ ਗੁਰੂ ਦਾ ਹਰ ਬੋਲ ਅਟੱਲ ਹੈ ਭਾਵ ਜੋ ਗੱਲ ਆਪਣੇ ਮੁੱਖੋਂ ਬੋਲ ਦਿੰਦਾ ਹੈ ਉਹ ਗੱਲ ਫਿਰ ਸਦਾ ਲਈ ਅਟੱਲ ਹੀ ਰਹਿੰਦੀ ਹੈ ਭਾਵ ਟੱਲ ਨਹੀਂ ਸਕਦੀ ਭਾਵ ਉਹ ਗੱਲ ਹੋ ਕੇ ਹੀ ਰਹਿੰਦੀ ਹੈ ਭਾਵ ਗੁਰੂ ਦੇ ਬੋਲ ਸਦਾ ਲਈ ਥਿਰ ਹੀ ਰਹਿੰਦੇ ਹਨ ਤੇ ਗੁਰੂ ਦੇ ਬੋਲਾਂ ਨੂੰ ਕੋਈ ਛੇਦ ਨਹੀਂ ਸਕਦਾ ਭਾਵ ਉਨ੍ਹਾਂ ਦੇ ਵਿੱਚ ਕੋਈ ਛੇੜਖਾਨੀ ਨਹੀਂ ਕਰ ਸਕਦਾ ਭਾਵ ਗੁਰੂ ਦੇ ਬੋਲਾਂ ਵਿੱਚ ਕੋਈ ਆਪਣੀ ਮਤਿ ਨਹੀਂ ਵਾੜ ਸਕਦਾ ਕਿਉਂਕਿ ਗੁਰੂ ਦੇ ਬੋਲਾਂ ਵਿੱਚ ਪੂਰਨ ਸੱਚ ਹੁੰਦਾ ਹੈ ਜੋ ਸੱਚ ਰੂਪ ਬੋਲ ਪ੍ਰਮਾਤਮਾ ਦੇ ਆਪਣੇ ਹੀ ਬੋਲ ਹੁੰਦੇ ਹਨ ਕਿਉਂਕਿ ਉਹ ਅਸਲ ਵਿੱਚ ਆਪ ਹੀ ਗੁਰੂ ਹੈ। **(ਗੁਰ ਕਾ ਬਚਨੁ ਅਟਲ ਅਛੇਦ॥)**

ਉਪਰ ਵਾਲੀ ਪੰਗਤੀ ਨੂੰ ਹੋਰ ਵੀ ਬਰੀਕੀ ਨਾਲ ਸਮਝਣ ਲਈ ਇਸ ਤਰੀਕੇ ਸਮਝਦੇ ਹਾਂ। ਗੁਰੂ ਦੇ ਬਚਨਾਂ ਰਾਹੀਂ ਗੁਰਬਾਣੀ ਵਿੱਚ ਸੈਂਕੜੇ ਸਾਲ ਪਹਿਲਾਂ ਇਹ ਸਮਝਾਇਆ ਗਿਆ ਸੀ ਕਿ ਅਨੇਕਾਂ ਹੀ ਸੂਰਜ ਹਨ, ਅਨੇਕਾਂ ਹੀ ਖੰਡ ਬ੍ਰਹਿਮੰਡ ਹਨ ਤੇ ਸਭ ਕੁਝ ਘੁੰਮ ਰਿਹਾ ਹੈ, ਜਿਸ ਧਰਤੀ ਤੇ ਅਸੀਂ ਰਹਿੰਦੇ ਹਾਂ ਉਹ ਵੀ ਘੁੰਮ ਰਹੀ ਹੈ ਪਰ ਸੈਂਕੜੇ ਸਾਲ ਪਹਿਲੇ ਕਿਸੇ ਨੂੰ ਇਸ ਗੱਲ ਤੇ ਯਕੀਨ ਨਹੀਂ ਸੀ ਆਉਂਦਾ ਪਰ ਹੁਣ ਸਾਇੰਸ ਨੇ ਇਹ ਸਭ ਕੁੱਝ ਸੱਚ ਕਰਕੇ ਦਿਖਾ ਦਿੱਤਾ ਹੈ ਭਾਵ ਗੁਰੂ ਦੇ ਬਚਨ ਸਾਨੂੰ ਸੱਚ ਹੀ ਸਮਝਾਉਂਦੇ ਹਨ ਪਰ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਸੱਚ ਨੂੰ ਮੰਨਣਾ ਔਖਾ ਹੁੰਦਾ ਹੈ। ਗੁਰੂ ਦਾ ਹਰ ਬਚਨ ਸੱਚ ਹੀ ਹੈ। ਗੁਰੂ ਆਪਣੇ ਬਚਨਾਂ ਰਾਹੀਂ ਸਾਨੂੰ ਇਹ ਬਾਰ-ਬਾਰ ਸਮਝਾਉਂਦਾ ਹੈ ਕਿ ਹਰ ਆਕਾਰ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਸਦੀ ਹੋਂਦ ਤੋਂ ਬਿਨਾਂ ਕਿਸੇ ਦੀ ਵੀ ਹੋਂਦ ਨੂੰ ਹੋਂਦ ਸਮਝਣਾ ਝੂਠ ਹੈ ਜਿਸ ਵਿੱਚ ਮਨੁੱਖ ਆਪ ਵੀ ਆਉਂਦਾ ਹੈ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਦਾ ਹੈ ਪਰ ਗੁਰੂ ਦੇ ਬਚਨ ਤਾਂ ਅਟੱਲ ਹਨ ਜੋ ਕਦੇ ਗਲਤ ਨਹੀਂ ਹੋ ਸਕਦੇ ਇਸ ਲਈ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਣਾ ਗਲਤ ਹੈ ਭਾਵ ਸਾਡਾ ਭਰਮ ਹੈ। ਗੁਰੂ ਦੇ ਬਚਨਾਂ ਦਾ ਮਕਸਦ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤਾਂ ਜੋ ਅਸੀਂ ਸੱਚ ਨੂੰ ਸਮਝ ਸਕੀਏ ਤੇ ਗੁਰੂ ਦੀ ਗੱਲ ਤੇ ਵਿਸ਼ਵਾਸ ਕਰ ਸਕੀਏ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਗੁਰੂ ਦੇ ਬਚਨਾਂ ਦਾ ਮਕਸਦ ਕੀ ਹੈ।

“ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥”

ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਹਰ ਮਨੁੱਖੀ ਸਮਝ ਨੂੰ ਪ੍ਰਮਾਤਮਾ ਨੇ ਆਪ ਹੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਅਕਾਲ ਪੁਰਖ ਦੇ ਸੱਚ ਨੂੰ ਨਹੀਂ ਸਮਝ ਸਕਦੇ ਜੋ ਸਾਡੇ ਸਭ ਦੇ ਅੰਦਰ ਹੀ ਹੈ।

51/7147

ਪ੍ਰਮਾਤਮਾ ਦੇ ਨਾਲ ਜੋ ਸਾਡਾ ਭੇਦ ਹੈ ਭਾਵ ਪੜਦਾ ਹੈ ਉਹ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਹੀ ਹੈ। ਜਦੋਂ ਗੁਰੂ ਦੇ ਬਚਨਾਂ ਦਾ ਸੱਚਾ ਗਿਆਨ ਕਿਸੇ ਵੀ ਸਮਝ ਦੇ ਅੰਦਰ ਵੱਸ ਜਾਂਦਾ ਹੈ ਉਸਦੀ ਫਿਰ ਭਰਮਾਂ ਵਾਲੀ ਸਮਝ ਦੂਰ ਹੋਣ ਨਾਲ ਪ੍ਰਮਾਤਮਾ ਦੇ ਨਾਲ ਭੇਦ ਵੀ ਕੱਟਿਆ ਜਾਂਦਾ ਹੈ, ਦੂਰ ਹੋ ਜਾਂਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਭੇਦ ਮਿੱਟ ਜਾਂਦਾ ਹੈ ਭਾਵ ਉਹ ਆਪਣੇ ਮਨ ਦੀ ਸੱਚੀ ਸਮਝ ਰਾਹੀਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ। **(ਗੁਰ ਕਾ ਬਚਨੁ ਅਟਲ ਅਛੇਦ ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥)**

ਜੋ ਮਨ ਦਾ ਭਰਮ ਮਿਟਣ ਦੁਆਰਾ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਉਹੀ ਫਿਰ ਉਸਦੇ ਗੁਣ ਗਾ ਸਕਦਾ ਹੈ ਭਾਵ ਉਸਦੀ ਸੱਚੀ ਸਿਫਤ ਸਾਲਾਹ ਕਰ ਸਕਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਗੁਰ ਕਾ ਬਚਨੁ ਕਤਹੁ ਨ ਜਾਇ ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ ॥੨॥”

ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਦੇ ਬਚਨਾਂ ਨੂੰ ਮੰਨਣ ਵਾਲੇ ਕਿਹੜੇ ਹੁੰਦੇ ਹਨ ਭਾਵ ਜਿਨ੍ਹਾਂ ਦਾ ਪ੍ਰਮਾਤਮਾ ਨਾਲੋਂ ਭੇਦ ਦੂਰ ਹੋ ਜਾਂਦਾ ਹੈ ਉਹ ਫਿਰ ਗੁਰੂ ਦੇ ਬਚਨਾਂ ਨੂੰ ਆਪਣੇ ਅੰਦਰ ਕਿਸ ਤਰ੍ਹਾਂ ਸੰਭਾਲ ਕੇ ਰੱਖਦੇ ਹਨ ਇਹੀ ਗੱਲ ਸਮਝਾਈ ਹੋਈ ਹੈ। ਉਨ੍ਹਾਂ ਲਈ ਗੁਰੂ ਦਾ ਬਚਨ ਅੱਟਲ ਹੁੰਦਾ ਹੈ ਭਾਵ ਆਪਣੇ ਬਚਨਾਂ ਰਾਹੀਂ ਗੁਰੂ ਜੋ ਆਪਣੀ ਸਿੱਖਿਆ ਸਮਝਾਉਂਦਾ ਹੈ ਉਹ ਫਿਰ ਉਸਦੀ ਸਿੱਖਿਆ ਤੋਂ ਬਾਹਰ ਕਦੇ ਵੀ ਨਹੀਂ ਜਾਂਦਾ ਭਾਵ ਫਿਰ ਉਹ ਕਿਸੇ ਹੋਰ ਦੀ ਮਤਿ ਨਾਲ ਨਹੀਂ ਜੁੜਦਾ ਕਿਉਂਕਿ ਉਨ੍ਹਾਂ ਨੂੰ ਸਮਝ ਲੱਗ ਜਾਂਦੀ ਹੈ ਕਿ ਗੁਰੂ ਦੇ ਬਚਨਾਂ ਤੋਂ ਉੱਚੀ ਸਿੱਖਿਆ ਕਿਸੇ ਹੋਰ ਦੇ ਕੋਲ ਹੋ ਹੀ ਨਹੀਂ ਸਕਦੀ। ਇਹੋ ਜਿਹੇ ਮਨੁੱਖ ਫਿਰ ਜੋ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ ਉਹ ਕੇਵਲ ਗੁਰੂ ਦੇ ਬਚਨਾਂ ਨੂੰ ਮੰਨਣ ਦੁਆਰਾ ਹੀ ਗਾਉਂਦੇ ਹਨ। ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜੋ ਕੁਝ ਸਾਨੂੰ ਗੁਰੂ ਦੇ ਬਚਨ ਸਿਖਾਉਂਦੇ ਹਨ ਭਾਵ ਜਿਹੋ ਜਿਹੀ ਸੱਚੀ ਸਿੱਖਿਆ ਗੁਰੂ ਸਮਝਾਉਂਦਾ ਹੈ, ਆਪਣਾ ਨਾਮ ਜਪਣਾ ਸਮਝਾਉਂਦਾ ਹੈ ਭਾਵ ਆਪਣੀ ਸੱਚੀ ਗੁਰਮਤਿ ਸਮਝਾਉਂਦਾ ਹੈ ਉਸ ਗੁਰਮਤਿ ਤੇ ਪੂਰਾ ਉਤਰਨਾ ਹੀ ਭਾਵ ਗੁਰਮਤਿ ਅਨੁਸਾਰ ਵਿਚਰਨਾ ਹੀ ਗੁਰੂ ਪ੍ਰਮਾਤਮਾ ਦੇ ਗੁਣ ਗਾਉਣੇ ਹਨ ਤੇ ਗੁਰਮਤਿ ਤੇ ਉਹ ਹੀ ਪੂਰਾ ਉਤਰ ਸਕਦਾ ਹੈ ਜੋ ਆਪਣੀ ਮਤਿ ਪੂਰੀ ਤਰ੍ਹਾਂ ਤਿਆਗ ਦਿੰਦਾ ਹੈ, ਆਪਣੇ ਅਉਗੁਣ ਪੂਰੀ ਤਰ੍ਹਾਂ ਤਿਆਗ ਦਿੰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਪੂਰੀ ਤਰ੍ਹਾਂ ਤਿਆਗ ਦਿੰਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਪੂਰੀ ਤਰ੍ਹਾਂ ਤਿਆਗ ਦਿੰਦਾ ਹੈ, ਮਾਇਆ ਮੋਹ ਪੂਰੀ ਤਰ੍ਹਾਂ ਤਿਆਗ

51/7148

ਦਿੰਦਾ ਹੈ ਭਾਵ ਆਪਣੀ ਹਉਮੈ ਵਾਲੀ ਨਾਸਮਝ ਮਤਿ ਨੂੰ ਗੁਰੂ ਦੇ ਬਚਨਾਂ ਨੂੰ ਮੰਨ ਕੇ ਪੂਰੀ ਤਰ੍ਹਾਂ ਤਿਆਗ ਦਿੰਦਾ ਹੈ ਤੇ ਆਪਣੇ ਪੂਰੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਕਰਦਾ ਹੈ। ਆਪਣੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਕਰਨਾ ਹੀ ਤੇ ਮਨੁੱਖਤਾ ਦੇ ਭਲੇ ਲਈ ਵਿਚਰਨਾ ਹੀ ਹਰਿ ਦੇ ਗੁਣ ਗਾਉਣੇ ਹਨ ਜੋ ਹਰਿ ਸਭ ਜਗ੍ਹਾ ਤੇ ਸਭ ਵਿੱਚ ਆਪ ਹੀ ਵਿਆਪਕ ਹੈ। **(ਗੁਰ ਕਾ ਬਚਨੁ ਅਟਲ ਅਛੇਦ ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥ ਗੁਰ ਕਾ ਬਚਨੁ ਕਤਹੁ ਨ ਜਾਇ ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ॥੨॥)**

ਕਿਸੇ ਦੇ ਲਈ ਵੀ ਪ੍ਰਮਾਤਮਾ ਦੇ ਗੁਣ ਗਾਉਣ ਲਈ ਉਸਦੇ ਅੰਦਰ ਇਹੋ ਜਿਹੀ ਸਮਝ ਦਾ ਹੋਣਾ ਜਰੂਰੀ ਹੈ ਜਿਸ ਸਮਝ ਰਾਹੀਂ ਉਹ ਮਨੁੱਖ ਇਹ ਕਹਿ ਸਕੇ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਪੂਰੀ ਸ੍ਰਿਸ਼ਟੀ ਵਿੱਚ ਉਸ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੈ ਭਾਵ ਸਾਰੀ ਸ੍ਰਿਸ਼ਟੀ ਵਿੱਚ ਹਰ ਰੂਪ ਉਸਦਾ ਆਪਣਾ ਰੂਪ ਹੀ ਹੈ। ਇਹੋ ਜਿਹੀ ਸਮਝ ਤੋਂ ਬਿਨਾਂ ਪ੍ਰਮਾਤਮਾ ਦੇ ਗੁਣ ਨਹੀਂ ਗਾਏ ਜਾ ਸਕਦੇ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੀ ਪੰਗਤੀ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ ੯)

ਜਦ ਤੱਕ ਕੋਈ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਤਦ ਤੱਕ ਕੋਈ ਉਪਰਲੇ ਮਨੋ ਤਾਂ ਕਹਿ ਦਿੰਦਾ ਹੈ ਕਿ ਸਭ ਕੁਝ ਪ੍ਰਮਾਤਮਾ ਹੀ ਹੈ ਪਰ ਪੂਰਨ ਵਿਸ਼ਵਾਸ ਕਿਸੇ ਨੂੰ ਤਾਂ ਹੀ ਆ ਸਕਦਾ ਹੈ ਜਦੋਂ ਕੋਈ ਆਪਣੇ ਅੰਦਰੋਂ ਉਸਦੇ ਗਿਆਨ ਰੂਪ ਨੂੰ ਜਾਣ ਲੈਂਦਾ ਹੈ, ਉਸਦੇ ਨਾਮ ਰੂਪ ਨੂੰ ਜਾਣ ਲੈਂਦਾ ਹੈ, ਉਸਦੇ ਗੁਰੂ ਰੂਪ ਨੂੰ ਜਾਣ ਲੈਂਦਾ ਹੈ ਭਾਵ ਉਸਦੇ ਨਿਰੰਕਾਰ ਰੂਪ ਨੂੰ ਜਾਣ ਲੈਂਦਾ ਹੈ। ਆਪਣੇ ਗੁਣ ਗਵਾਉਣੇ ਉਹ ਮਨ ਦੀ ਸਮਝ ਰਾਹੀਂ ਉਹ ਆਪ ਹੀ ਸਿਖਾਉਂਦਾ ਹੈ, ਆਪਣੀ ਸੱਚੀ ਗੁਰਮਤਿ ਆਪ ਹੀ ਸਿਖਾਉਂਦਾ ਹੈ ਤੇ ਆਪ ਹੀ ਆਪਣੀ ਗੁਰਮਤਿ ਅਨੁਸਾਰ ਚਲਾਉਂਦਾ ਹੈ ਤੇ ਇਸੇ ਲਈ ਉਸਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਉਸਦੇ ਸੱਚੇ ਗੁਣ ਨਹੀਂ ਗਾਏ ਜਾ ਸਕਦੇ। ਉਸਦੇ ਗੁਣ ਗਾਉਣ ਵਾਲੇ ਤਾਂ ਅਨੇਕਾਂ ਹਨ ਪਰ ਗੁਰੂ ਦੇ ਸ਼ਬਦਾਂ ਤੇ ਕੋਈ ਆਪਣੇ ਆਪ ਪੂਰਾ ਉਤਰ ਲਏ ਤੇ ਸ਼ਬਦਾਂ ਦੀ ਸੱਚੀ ਸਮਝ ਅਨੁਸਾਰ, ਗੁਰੂ ਦੇ ਬਚਨਾਂ ਅਨੁਸਾਰ ਕੋਈ ਉਸਦੇ ਗੁਣ ਗਾ ਸਕੇ ਭਾਵ ਸੱਚੇ ਗੁਣ ਗਾ ਸਕੇ ਇਹ ਨਹੀਂ ਹੋ ਸਕਦਾ ਕਿਉਂਕਿ ਇਹ

51/7149

ਗੁਰੂ ਦਾ ਆਪਣਾ ਫੁਰਮਾਨ ਹੈ ਜੋ ਕਦੇ ਬਦਲ ਨਹੀਂ ਸਕਦਾ। ਜੇਕਰ ਗੁਰੂ ਇਹ ਕਹਿੰਦਾ ਹੈ ਕਿ ਉਸਨੇ ਆਪ ਹੀ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਪਰ ਇਹ ਫਿਰ ਸੱਚ ਹੈ ਕਿਉਂਕਿ ਗੁਰੂ ਦੇ ਬਚਨ

ਕਦੇ ਗਲਤ ਹੋ ਹੀ ਨਹੀਂ ਸਕਦੇ। ਉਸਦੇ ਬਚਨ ਅਟੱਲ ਹਨ। ਗੁਰੂ ਦੇ ਅਟੱਲ ਬਚਨਾਂ ਰਾਹੀਂ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਕਿ ਹਉਮੈ ਕੀ ਹੈ ਤੇ ਹਉਮੈ ਵਾਲੀ ਸਮਝ ਵਿੱਚ ਰਹਿੰਦਿਆਂ ਕੋਈ ਨਾਮ ਵਾਲਾ ਬਣ ਹੀ ਨਹੀਂ ਸਕਦਾ। ਗੁਰੂ ਦੇ ਬੋਲ ਅਟੱਲ ਹਨ। ਸਾਡੇ ਅੰਦਰ ਦੀ ਹਉਮੈ ਕੀ ਹੈ ਜੋ ਸਾਨੂੰ ਮੈਂ ਸਿਖਾਉਂਦੀ ਹੈ ਭਾਵ ਭਰਮ ਵਿੱਚ ਪਾ ਕੇ ਰੱਖਦੀ ਹੈ ਕਿ ਇਹ ਸਰੀਰ ਮੇਰਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੩ ॥

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

ਉਪਰ ਵਾਲੇ ਪੂਰੇ ਸ਼ਬਦ ਰਾਹੀਂ ਸਾਨੂੰ ਹਉਮੈ ਵੀ ਸਮਝਾਈ ਹੋਈ ਹੈ ਕਿ ਹਉਮੈ ਕੀ ਹੈ ਤੇ ਹਉਮੈ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ, ਇਸ ਪੂਰੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਸਮਝਿਆ ਹੀ ਹੈ। ਪੂਰੇ ਸੰਸਾਰ ਵਿੱਚ ਜੋ ਵੀ ਮਨੁੱਖ ਆਉਂਦਾ ਹੈ ਭਾਵ ਪੈਦਾ ਹੁੰਦਾ ਹੈ ਉਸਦੇ ਅੰਦਰ ਹਉਮੈ ਵਾਲੀ ਸਮਝ ਆਪਣੇ ਆਪ ਪੈ ਜਾਂਦੀ ਹੈ, ਸ੍ਰਿਸ਼ਟੀ ਦੇ ਕਰਤੇ ਦੇ ਆਪਣੇ ਬਣਾਏ ਹੋਏ ਅਸੂਲ ਦੁਆਰਾ ਪੈ ਜਾਂਦੀ ਹੈ ਜੋ ਮਨੁੱਖੀ ਰੂਪ ਨੂੰ ਬਨਾਉਣ ਦਾ ਅਸੂਲ ਆਪਣੀ ਰਚੀ ਹੋਈ ਸਾਇੰਸ ਦੁਆਰਾ ਉਸਨੇ ਆਪ ਹੀ ਬਣਾਇਆ ਹੋਇਆ ਹੈ। ਜਿਸਨੇ ਸਾਡਾ ਸਰੀਰ ਬਣਨ ਦਾ, ਉਪਜਣ ਦਾ ਤਰੀਕਾ ਬਣਾਇਆ ਹੈ ਉਸਨੇ ਹੀ ਮਨੁੱਖੀ ਮਨ ਦੇ ਅੰਦਰ ਸਮਝ ਪਾਉਣ ਦਾ ਭਾਵ ਸਮਝ ਉਪਜਣ ਦਾ ਤਰੀਕਾ ਬਣਾਇਆ ਹੈ ਜੋ ਉਸਦਾ ਤਰੀਕਾ ਉਹ ਪੂਰੀ ਸਾਇੰਸ ਦਾ ਮਾਲਕ, ਨਾਮ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ, ਹਰ ਗਿਆਨ ਦਾ ਮਾਲਕ ਕੇਵਲ ਤੇ ਕੇਵਲ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਜਾਣਦਾ ਹੈ ਜਿਸਨੇ ਇਸ ਸ੍ਰਿਸ਼ਟੀ ਨੂੰ ਰਚਿਆ ਹੈ ਜੋ ਕਿ ਆਪਣੇ ਉੱਚੇ ਗਿਆਨ ਦੁਆਰਾ, ਨਾਮ ਦੁਆਰਾ ਰਚਿਆ ਹੈ। ਜਦੋਂ ਮਨੁੱਖ ਮਾਂ ਦੇ ਪੇਟ ਵਿੱਚੋਂ ਉਪਜਦਾ ਹੈ ਉਸ ਵੇਲੇ ਤਨ ਦੀ ਤੇ ਮਨੁੱਖੀ ਮਨ ਦੀ ਰਚਨਾ ਨਾਲ ਹੀ ਹੋ ਜਾਂਦੀ ਹੈ। ਜਦੋਂ ਮਨੁੱਖੀ ਰੂਪ ਪੈਦਾ ਹੁੰਦਾ ਹੈ ਉਸਦੀ ਸਮਝ ਉਸਦੇ ਬਚਪਨ ਅਨੁਸਾਰ ਹੁੰਦੀ ਹੈ ਤੇ ਉਮਰ ਦੇ ਨਾਲ ਸਮਝ ਵੀ ਵੱਧਦੀ ਰਹਿੰਦੀ ਹੈ। ਆਪਣੇ ਬਚਪਨ ਤੋਂ ਹੀ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਇਹ ਸਰੀਰ ਮੇਰਾ ਹੈ ਭਾਵ ਇਹ ਮੈਂ ਹਾਂ। ਬਸ ਇਹ ਹੀ ਹਉਮੈ

ਹੈ ਜੋ ਸਾਡੇ ਅੰਦਰ ਦੀ ਸਮਝ ਹੈ ਜੋ ਸਮਝ ਸੰਸਾਰਿਕ ਪਦਾਰਥਾਂ ਨੂੰ ਸਮਝਣ ਵਿੱਚ, ਜਾਨਣ ਵਿੱਚ ਤੇ ਪੜਾਈ ਲਿਖਾਈ ਕਰਨ ਦੁਆਰਾ ਵੱਧਦੀ ਰਹਿੰਦੀ ਹੈ, ਉੱਚੀ ਹੁੰਦੀ ਰਹਿੰਦੀ ਹੈ, ਅਨੇਕਾਂ ਹੀ ਅਨੇਕਾਂ ਗੱਲਾਂ ਨੂੰ ਸਮਝਣ ਤੇ ਜਾਨਣ ਵਿੱਚ ਵੱਧਦੀ ਰਹਿੰਦੀ ਹੈ, ਸਾਇੰਸ ਦੀਆਂ ਗੱਲਾਂ ਨੂੰ ਵੀ ਸਮਝ ਸਕਦੀ ਹੈ ਪਰ ਇੱਕੋ ਗੱਲ ਉਹ ਕਦੇ ਕੋਈ ਆਪਣੇ ਆਪ ਨਹੀਂ ਸਮਝ ਸਕਦਾ ਉਹ ਆਪਣੇ ਆਪ ਨੂੰ ਸਮਝਣਾ ਕਿ ਮੈਂ ਕੌਣ ਹਾਂ। ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਇਹ ਸਾਡੇ ਅੰਦਰ ਦੀ ਮੈਂ ਹੈ ਜੋ ਸਮਝ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ, ਇਹ ਸਰੀਰ ਮੇਰੀ ਮਾਂ ਦਾ ਹੈ, ਇਹ ਸਰੀਰ ਮੇਰੇ ਪਿਉ ਦਾ ਹੈ, ਇਹ ਸਰੀਰ ਮੇਰੇ ਭੈਣਾਂ,

ਭਰਾਵਾਂ ਦੇ ਹਨ, ਇਹ ਸਰੀਰ ਮੇਰੇ ਰਿਸ਼ਤੇਦਾਰਾਂ ਦੇ ਹਨ, ਇਹ ਸਰੀਰ ਮੇਰੇ ਯਾਰਾਂ ਦੋਸਤਾਂ ਦੇ ਹਨ, ਇਹ ਸਰੀਰ ਚੰਗੇ ਹਨ ਤੇ ਇਹ ਸਰੀਰ ਮਾੜੇ ਹਨ ਤੇ ਇਸੇ ਤਰ੍ਹਾਂ ਉਸਨੂੰ ਹਰ ਚੀਜ, ਹਰ ਆਕਾਰ ਰੂਪ ਵੱਖਰਾ ਵੱਖਰਾ ਰੂਪ ਨਜਰ ਆਉਂਦਾ ਹੈ ਭਾਵੇਂ ਉਹ ਰੂਪ ਪੇੜਾਂ ਦਾ ਹੈ, ਪੌਦਿਆਂ ਦਾ ਹੈ ਭਾਵ ਬਨਸਪਤੀ ਦੇ ਵੱਖਰੇ ਵੱਖਰੇ ਰੂਪ ਨਜਰ ਆਉਂਦੇ ਹਨ ਪਰ ਉਸਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਹਰ ਆਕਾਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਜਿਸ ਗੱਲ ਦੀ ਸਮਝ ਕੇਵਲ ਤੇ ਕੇਵਲ ਤਾਂ ਲੱਗ ਸਕਦੀ ਹੈ ਜਦੋਂ ਮਨੁੱਖ ਦੀ ਸਮਝ ਹਉਮੈ ਵਾਲੀ ਸਮਝ ਤੋਂ ਵੱਖਰੀ ਸਮਝ ਹੋ ਜਾਵੇ ਭਾਵ ਨਾਮ ਵਾਲੀ ਸਮਝ ਹੋ ਜਾਵੇ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੋ ਜਾਵੇ ਤੇ ਉਹ ਸਮਝ ਕੇਵਲ ਤੇ ਕੇਵਲ ਸ੍ਰਿਸ਼ਟੀ ਦਾ ਕਰਤਾ ਕਿਸੇ ਦੇ ਅੰਦਰ ਆਪ ਪ੍ਰਗਟ ਹੋ ਕੇ ਹੀ ਬਖਸ਼ਦਾ ਹੈ ਜਿਸ ਸਮਝ ਦੁਆਰਾ ਉਸ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਆਪ ਸਭ ਜਗ੍ਹਾ ਆਪਣੇ ਨਾਮ ਰੂਪ ਵਿੱਚ ਵਿਚਰ ਰਿਹਾ ਹੈ ਭਾਵ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਵਿਚਰ ਰਿਹਾ ਹੈ ਤੇ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੀ ਉਹ ਪੂਰੀ ਗੁਰਬਾਣੀ ਵਿੱਚ ਗੁਰੂ ਰੂਪ ਹੈ ਜੋ ਉਸਦਾ ਨਿਰੰਕਾਰ ਰੂਪ ਹੈ ਭਾਵ ਜਿਸ ਰੂਪ ਦਾ ਕੋਈ ਆਪਣਾ ਆਕਾਰ ਨਹੀਂ ਹੈ ਤੇ ਹਰ ਆਕਾਰ ਰੂਪ ਨੂੰ ਉਸਨੇ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਭਾਵ ਆਪਣੇ ਨਾਮ ਦੇ ਨਾਲ ਬਣਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੀ ਹੈ। ਸਾਡੀ ਹਉਮੈ ਵਾਲੀ ਸਮਝ ਹੀ ਸਾਡੇ ਅੰਦਰ ਦੀ ਮੈਲ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਇਹ ਮੈਲ ਮਨ ਦੀ ਅਗਿਆਨਤਾ ਰੂਪ ਮੈਲ ਹੈ ਜੋ ਮਨ ਦੀ ਮੈਲ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਧੁੱਪ ਸਕਦੀ ਹੈ ਭਾਵ ਚੌਥੇ ਪਦ ਦੇ ਗਿਆਨ ਦੁਆਰਾ ਹੀ ਧੁੱਪ ਸਕਦੀ ਹੈ ਭਾਵ ਗੁਰੂ ਦੇ ਨਾਮ ਵਾਲੀ ਸਮਝ ਨੂੰ ਮੰਨਣ ਦੁਆਰਾ ਹੀ ਧੁੱਪ ਸਕਦੀ ਹੈ ਭਾਵ ਅਗਿਆਨਤਾ ਵਾਲੀ, ਭਰਮਾਂ ਵਾਲੀ ਸਮਝ, ਹਉਮੈ ਵਾਲੀ ਸਮਝ ਛੱਡਣ ਦੁਆਰਾ

51/7151

ਹੀ ਧੁੱਪ ਸਕਦੀ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਤੇ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਉਪਰ ਵਾਲੇ ਸ਼ਬਦ ਦੇ ਤੀਜੇ ਪਦੇ ਨੂੰ ਧਿਆਨ ਨਾਲ ਸਮਝੋ ਕਿ ਮੂਰਖ, ਗਾਵਾਰ ਕਿਸਨੂੰ ਕਿਹਾ ਹੈ ਭਾਵ ਉਨ੍ਹਾਂ ਨੂੰ ਕਿਹਾ ਹੈ ਕਿ ਮੈਂ ਇਹ ਕੰਮ ਕੀਤਾ ਹੈ, ਕਿ ਮੈਂ ਹੀ ਅੱਗੇ ਕਰਨਾ ਹੈ ਭਾਵ ਇਹ ਸਰੀਰ ਮੇਰਾ ਹੈ। ਜੇਕਰ ਕੋਈ ਇਹ ਕਹੇ ਮੈਂ ਖਾਣਾ ਬਣਾਇਆ ਹੈ ਤੇ ਮੈਂ ਹੀ ਸਭ ਨੂੰ ਖਵਾਇਆ ਹੈ, ਇਹ ਮੈਂ ਹਾਂ ਭਾਵ ਹਉਮੈ ਹੈ। ਅਸੀਂ ਇਹੋ ਕੁਝ ਹੀ ਕਹਿੰਦੇ ਹਾਂ ਕਿ ਇਹ ਦੁਕਾਨ ਮੇਰੀ ਹੈ, ਇੱਥੇ ਬੈਠ ਕੇ ਕਮਾਈ ਮੈਂ ਹੀ ਕਰਦਾ ਹਾਂ ਤੇ ਜੇਕਰ ਕਿਸੇ ਦਾ ਭਰਮ ਨਿਕਲ ਜਾਵੇ ਕਿ ਇਹ ਸਰੀਰ ਮੇਰਾ ਹੈ ਹੀ ਨਹੀਂ ਭਾਵ ਮੇਰੀ ਆਪਣੀ ਕੋਈ ਹੋਂਦ ਹੈ ਹੀ ਨਹੀਂ ਭਾਵ ਮੇਰੇ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਹੀ ਹੈ ਇਹੀ ਆਪਣੇ ਅੰਦਰੋਂ ਹਉਮੈ ਦਾ ਨਿਕਲਣਾ ਹੈ। ਮਨ ਦੀ ਹਉਮੈ ਵਿੱਚੋਂ ਸਾਨੂੰ ਗੁਰੂ ਦੇ ਨਾਮ ਨੇ ਹੀ ਕੱਢਣਾ ਹੈ ਤੇ ਹੋਰ ਕੋਈ ਨਹੀਂ ਕੱਢ ਸਕਦਾ ਤੇ ਜੇਕਰ ਪਹਿਲੇ ਹੀ ਸਾਰੇ ਨਾਮ ਵਾਲੇ ਬਣੀ ਬੈਠੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਨਾਮ ਸਮਝੀ ਬੈਠੇ ਹਨ ਤੇ ਫਿਰ ਕੀ ਕਦੀ ਉਹ ਹਉਮੈ ਵਿੱਚੋਂ ਨਿਕਲ ਸਕਦੇ ਹਨ ਤੇ ਸੱਚੇ ਨਾਮ ਦੀ ਸਮਝ ਵਾਲੇ ਬਣ ਸਕਦੇ ਹਨ ਜਿਸ ਉੱਚੀ ਤੇ ਸੱਚੀ ਸਮਝ ਦੁਆਰਾ ਹੀ ਆਪਣੇ ਅੰਦਰੋਂ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਉਪਰਾਲਾ ਕੀਤਾ ਜਾ ਸਕਦਾ ਹੈ, ਮਨ ਦੀ ਅਗਿਆਨਤਾ ਵਿੱਚੋਂ, ਭਰਮਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਹਉਮੈ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕੀਤਾ ਜਾ ਸਕਦਾ ਹੈ ਜਿਸ ਹਉਮੈ ਵਾਲੀ ਸਮਝ ਦਾ ਮਕਸਦ ਹੀ ਸਾਨੂੰ ਮੈਂ ਵਿੱਚ ਰੱਖਣ ਦਾ ਹੈ। ਸਾਡੇ ਅੰਦਰ ਦੀ ਮੈਂ ਹੀ ਸਾਡਾ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਪੜਦਾ ਹੈ, ਹਉਮੈ ਰੂਪ ਪੜਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਇਸ ਹਉਮੈ ਰੂਪ ਪੜਦੇ ਵਿੱਚੋਂ ਨਿਕਲੇ ਬਿਨਾਂ ਨਾ ਹੀ ਕੋਈ ਆਪਣੀ ਮੈਂ ਛੱਡ ਸਕਦਾ ਹੈ ਤੇ ਨਾ ਹੀ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਜੋ ਕਿ ਸਭ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਹੈ। ਸਾਨੂੰ ਭਰਮਾਂ ਵਿੱਚ ਵੀ ਪਾਉਣ ਵਾਲੀ ਮਨ ਦੀ ਜੋਤਿ ਹੈ ਤੇ ਭਰਮਾਂ ਵਿੱਚੋਂ ਕੱਢਣ ਵਾਲੀ ਵੀ ਮਨ ਦੀ ਜੋਤਿ ਹੈ। ਜਿਨ੍ਹਾਂ ਸਰੀਰਾਂ ਰਾਹੀਂ ਵੀ ਪ੍ਰਮਾਤਮਾ ਨੇ ਆਪਣਾ ਗੁਰੂ ਰੂਪ ਪ੍ਰਗਟ ਕੀਤਾ ਹੈ ਉਹ ਆਪਣਾ ਜੋਤਿ ਰੂਪ ਪ੍ਰਕਾਸ਼ ਦੁਆਰਾ ਹੀ ਕੀਤਾ ਹੈ ਜਿਸ ਆਪਣੀ ਜੋਤਿ ਦੇ ਪ੍ਰਕਾਸ਼ ਦੁਆਰਾ ਭਾਵ ਸੱਚੇ ਗਿਆਨ ਦੇ ਪ੍ਰਕਾਸ਼ ਦੁਆਰਾ ਉਹ ਆਪਣੀ ਸੱਚੀ ਸਿੱਖਿਆ ਹੀ ਸਮਝਾਉਂਦਾ ਹੈ, ਆਪਣੇ ਆਪ ਦਾ ਪੂਰਨ ਸੱਚ ਹੀ ਸਮਝਾਉਂਦਾ ਹੈ, ਸ੍ਰਿਸ਼ਟੀ ਦਾ ਸੱਚ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਦਿੱਤੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

51/7152

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥}

(ਅੰਗ ੧੩)

ਪੂਰੀ ਗੁਰਬਾਣੀ ਦੀ ਰਚਨਾ ਉਨ੍ਹਾਂ ਸਰੀਰਾਂ ਰਾਹੀਂ ਹੀ ਹੋਈ ਹੈ ਜਿਨ੍ਹਾਂ ਸਰੀਰਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਜੋਤਿ ਰੂਪ ਪ੍ਰਗਟ ਕੀਤਾ ਹੈ ਤੇ ਉਨ੍ਹਾਂ ਦੇ ਅੰਦਰ ਆਪਣਾ ਜੋਤਿ ਰੂਪ ਪ੍ਰਗਟ ਕਰਨ ਦੁਆਰਾ ਆਪਣੀ ਸੱਚੀ ਸਿੱਖਿਆ ਹੀ ਸਮਝਾਈ ਹੈ ਜੋ ਉਸਦੀ ਸੱਚੀ ਸਿੱਖਿਆ ਪੂਰੀ ਗੁਰਬਾਣੀ ਵਿੱਚ ਦਰਜ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਦਰਜ ਹੈ ਭਾਵ ਨਾਮ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਦਰਜ ਹੈ। ਪ੍ਰਮਾਤਮਾ ਆਪਣੇ ਸੱਚੇ ਗਿਆਨ ਦੀ ਸਮਝ ਦੇ ਰੂਪ ਵਿੱਚ ਹੀ ਮਨ ਦੇ ਵਿੱਚ ਆਪਣਾ ਜੋਤਿ ਰੂਪ ਪ੍ਰਗਟ ਕਰਦਾ ਹੈ ਭਾਵ ਆਪਣੇ ਜੋਤਿ ਰੂਪ ਵਿੱਚ ਹੀ ਪ੍ਰਮਾਤਮਾ ਪੂਰੀ ਗੁਰਬਾਣੀ ਰਾਹੀਂ ਗੁਰੂ ਹੈ ਭਾਵ ਪੂਰੀ ਗੁਰਬਾਣੀ ਦੇ ਵਿੱਚ ਅਕਾਲ ਪੁਰਖ ਆਪਣੇ ਜੋਤਿ ਰੂਪ ਵਿੱਚ ਹੀ ਹੈ। ਜੋ ਵੀ ਮਨੁੱਖ ਆਪਣੇ ਅੰਦਰੋਂ ਅਕਾਲ ਪੁਰਖ ਦੇ ਜੋਤਿ ਰੂਪ ਨੂੰ ਜਾਨਣਾ ਚਾਹੁੰਦਾ ਹੈ ਉਸਦੇ ਲਈ ਸੱਚਾ ਤਰੀਕਾ ਇਹੀ ਹੈ ਕਿ ਉਹ ਗੁਰਬਾਣੀ ਦੇ ਜੋਤਿ ਰੂਪ ਨਾਲ ਜੁੜੇ ਭਾਵ ਸੱਚੇ ਗਿਆਨ ਦੇ ਰੂਪ ਨਾਲ ਜੁੜੇ ਜੋ ਗੁਰੂ ਦਾ ਸੱਚਾ ਗਿਆਨ ਹੀ ਮਨੁੱਖ ਨੂੰ ਹਉਮੈ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢ ਸਕਦਾ ਹੈ। ਹੁਣ ਧਿਆਨ ਨਾਲ ਸਮਝੋ ਜਿਨ੍ਹਾਂ ਨੂੰ ਅਸੀਂ ਧਰਮ ਦੇ ਮਾਰਗ ਦਾ ਸਿਰਮੋਰ ਮੰਨਿਆ ਹੋਇਆ ਹੈ ਜੋ ਕਿ ਅਨੇਕਾਂ ਹੀ ਹਨ ਤੇ ਉਨ੍ਹਾਂ ਵਿੱਚੋਂ ਇਹੋ ਜਿਹੇ ਵੀ ਕਾਫੀ ਹਨ ਜੋ ਕਹਿੰਦੇ ਹਨ ਅਸੀਂ ਪ੍ਰਮਾਤਮਾ ਨੂੰ ਜਾਣ ਲਿਆ ਹੈ ਤੇ ਉਸਨੂੰ ਜਾਨਣ ਦੀਆਂ ਵੱਖਰੀਆਂ ਵੱਖਰੀਆਂ ਗੱਲਾਂ ਕਰਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਇਹੋ ਜਿਹਾ ਕਹਿਣ ਵਾਲਿਆਂ ਦੀ ਬਾਣੀ ਦੇ ਸ਼ਬਦਾਂ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ। ਇਹੋ ਜਿਹਾ ਕਹਿਣ ਵਾਲਿਆਂ ਵਿੱਚੋਂ ਕਿਸੇ ਨੇ ਵੀ ਇਹ ਨਹੀਂ ਕਿਹਾ ਕਿ ਉਨ੍ਹਾਂ ਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੇ ਜੋਤਿ ਰੂਪ ਨੂੰ ਜਾਣਿਆ ਹੈ ਭਾਵ ਉਸਦੇ ਗਿਆਨ ਰੂਪ ਨੂੰ ਜਾਣਿਆ ਹੈ ਜਿਸ ਆਪਣੇ ਗਿਆਨ ਰੂਪ ਵਿੱਚ ਹੀ ਅਕਾਲ ਪੁਰਖ ਸਾਰੇ ਸੰਸਾਰ ਦਾ ਇੱਕੋ ਜਿਹਾ ਗੁਰੂ ਹੈ। ਉਸਨੂੰ ਜਿਸਨੇ ਵੀ ਜਾਣਿਆ ਹੈ ਉਸਨੂੰ ਜਾਨਣ ਦੁਆਰਾ ਸੱਚਾ ਗਿਆਨ ਹੀ ਮਿਲਿਆ ਹੈ ਜਿਸ ਸੱਚੇ ਗਿਆਨ ਵਾਲੀ ਸਮਝ ਦੁਆਰਾ ਬਾਣੀ ਦੇ ਹਰ ਸ਼ਬਦ ਦੇ ਅਰਥ ਦੀ ਅਸਲੀਅਤ ਨੂੰ ਨਾਸਮਝ ਸਕੇ ਇਹ ਨਹੀਂ ਹੋ ਸਕਦਾ। ਪ੍ਰਮਾਤਮਾ ਨੂੰ ਕੇਵਲ ਤੇ ਕੇਵਲ ਉਸਦੇ ਨਿਰੰਕਾਰ ਰੂਪ ਵਿੱਚ ਹੀ ਜਾਣਿਆ ਜਾ ਸਕਦਾ ਹੈ, ਮਨ ਦੀ ਜੋਤਿ ਰਾਹੀਂ ਜਾਣਿਆ ਜਾ ਸਕਦਾ ਹੈ ਜਿਸ ਆਪਣੀ ਜੋਤਿ ਰਾਹੀਂ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋਣ ਦੁਆਰਾ ਉਹ ਆਪਣਾ ਗੁਰਮਤਿ ਰੂਪ ਸੱਚਾ ਗਿਆਨ ਹੀ ਬਖਸ਼ਦਾ ਹੈ, ਆਪਣੇ ਨਾਮ ਦੇ ਰੂਪ ਵਿੱਚ

51/7153

ਬਖਸ਼ਦਾ ਹੈ ਜਿਸ ਸੱਚੇ ਗਿਆਨ ਵਾਲੀ ਉਹ ਮਨੁੱਖੀ ਸਮਝ ਨੂੰ ਹਉਮੈ ਵਾਲੀ ਸਮਝ ਵਿੱਚੋਂ ਕੱਢਦਾ ਹੈ ਜਿਸ ਦੁਆਰਾ ਮਨੁੱਖ ਮੈਂ ਵਿੱਚੋਂ ਨਿਕਲਦਾ ਹੈ ਤੇ ਉਸਨੂੰ ਸਭ ਵਿੱਚ ਤੂੰ ਹੀ ਤੂੰ ਨਜਰ ਆਉਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪ੍ਰਮਾਤਮਾ ਨੂੰ ਪਾਉਣ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ, ਸ਼ਬਦਾਂ ਦੇ ਅਰਥ ਸਮਝਾਉਣ ਵਾਲੇ ਵੀ ਬਹੁਤ ਹਨ ਜਿਨ੍ਹਾਂ ਨੂੰ ਇਸ ਗੱਲ ਦੀ ਵੀ ਸਮਝ ਨਹੀਂ ਕਿ ਹਉਮੈ ਵਿੱਚ ਤੇ ਨਾਮ ਵਿੱਚ ਫਰਕ ਕੀ ਹੈ, ਤ੍ਰੈ ਗੁਣਾਂ ਵਿੱਚ ਤੇ ਚੌਥੇ ਪਦ ਦੇ ਗਿਆਨ ਵਿੱਚ ਫਰਕ ਕੀ ਹੈ, ਮਨ ਦੇ ਪੁੱਠੇ ਤੇ ਸਿੱਧੇ ਕਮਲ ਵਿੱਚ ਫਰਕ ਕੀ ਹੈ ਤੇ ਪੂਰੀ ਗੁਰਬਾਣੀ ਦੇ ਵਿੱਚ ਗੁਰੂ ਰੂਪ ਵਿੱਚ ਕੌਣ ਹੈ ਭਾਵ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਪ੍ਰਮਾਤਮਾ ਪੂਰੀ ਗੁਰਬਾਣੀ ਵਿੱਚ ਆਪਣੇ ਸੱਚੇ ਗਿਆਨ ਵਿੱਚ ਹੀ ਗੁਰੂ ਹੈ ਜਿਵੇਂ ਕਿ ਅਸੀਂ ਪਿੱਛਲੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਿਨ੍ਹਾਂ ਨੂੰ ਇਹ ਕੁਝ ਸਮਝ ਨਹੀਂ ਹੈ ਇਸ ਤੋਂ ਇੱਕੋ ਭਾਵ ਹੈ ਕਿ ਇਹੋ ਜਿਹੇ ਸਾਰੇ ਹੀ ਭਰਮਾਂ ਵਾਲੀ ਸਮਝ ਵਿੱਚ ਹਨ। ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੀ ਸਾਡੇ ਮਨ ਦੇ ਅੰਦਰ ਪ੍ਰਮਾਤਮਾ ਦੇ ਨਾਲ ਪੜਦਾ ਹੈ ਤੇ ਮਨ ਦੀ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦਾ ਬੰਧਨ ਹੈ, ਮਾਇਆ ਰੂਪ ਬੰਧਨ ਹੈ, ਹਉਮੈ ਰੂਪ ਬੰਧਨ ਹੈ ਜਿਸ ਬੰਧਨ ਤੋਂ ਮੁਕਤ ਹੋਏ ਬਿਨਾਂ ਕੋਈ ਆਪਣੇ ਅੰਦਰੋਂ ਅਕਾਲ ਪੁਰਖ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਹੁਣ ਧਿਆਨ ਨਾਲ ਸਮਝੋ ਜਿਨ੍ਹਾਂ ਨੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਇਆ ਹੈ ਉਨ੍ਹਾਂ ਦੇ ਅੰਦਰ ਕਿਤਨੀ ਕੁ ਮੈਂ ਹੈ, ਕਿਤਨੀ ਜਿਆਦਾ ਹਉਮੈ ਹੈ ਭਾਵ ਪ੍ਰਮਾਤਮਾ ਨੂੰ ਸਮਝਣ ਵਿੱਚ ਕਿਤਨੀ ਵੱਡੀ ਅਗਿਆਨਤਾ ਹੈ ਭਾਵ ਜੋ ਖੁੱਦ ਮਾਇਆ ਦੇ ਬੰਧਨ ਤੋਂ ਮੁਕਤ ਨਹੀਂ ਹੋਏ ਉਹ ਦੂਸਰਿਆਂ ਨੂੰ ਬੰਧਨ ਵਿੱਚੋਂ ਕੀ ਕੱਢਣਗੇ, ਜਿਨ੍ਹਾਂ ਨੂੰ ਖੁੱਦ ਨਾਮ ਦੀ ਸਮਝ ਨਹੀਂ ਹੈ ਉਹ ਦੂਸਰਿਆਂ ਨੂੰ ਕੀ ਨਾਮ ਸਮਝਾਉਣਗੇ, ਜਿਨ੍ਹਾਂ ਨੂੰ ਖੁੱਦ ਭਗਤੀ ਦੀ ਸਮਝ ਨਹੀਂ ਹੈ ਉਹ ਦੂਸਰਿਆਂ ਨੂੰ ਭਗਤੀ ਦਾ ਮਾਰਗ ਕੀ ਸਮਝਾਉਣਗੇ, ਜੋ ਖੁੱਦ ਪ੍ਰਮਾਤਮਾ ਦੇ ਸੱਚ ਰੂਪ ਨੂੰ ਨਹੀਂ ਜਾਣਦੇ

ਉਹ ਦੂਸਰਿਆਂ ਨੂੰ ਕੀ ਸੱਚ ਸਮਝਾਉਣਗੇ, ਜੋ ਖੁੱਦ ਆਪਣੇ ਅੰਦਰ ਦੇ ਜੋਤਿ ਰੂਪ ਨੂੰ ਜਾਣਦੇ ਨਹੀਂ ਉਹ ਦੂਸਰਿਆਂ ਨੂੰ ਪ੍ਰਮਾਤਮਾ ਦਾ ਕੀ ਜੋਤਿ ਰੂਪ ਸਮਝਾਉਣਗੇ ਜਿਸ ਆਪਣੇ ਜੋਤਿ ਰੂਪ ਵਿੱਚ ਉਹ ਹਰ ਮਨੁੱਖੀ ਸਮਝ ਦੇ ਵਿੱਚ ਵਰਤ ਰਿਹਾ ਹੈ। ਜਿਨ੍ਹਾਂ ਸਰੀਰਾਂ ਰਾਹੀਂ ਅਕਾਲ ਪੁਰਖ ਨੇ ਆਪਣਾ ਗੁਰੂ ਰੂਪ ਧਾਰਿਆ ਹੈ ਉਹ ਉਨ੍ਹਾਂ ਦੇ ਅੰਦਰ ਆਪਣੀ ਜੋਤਿ ਰੂਪ ਦੁਆਰਾ ਪ੍ਰਗਟ ਹੋ ਕੇ ਹੀ ਧਾਰਿਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

51/7154

{ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥ ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥ ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ॥
ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥ ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥
ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਰਿ ਲਗਿ ਬਿਤਰਹੁ ॥੨॥
ਤਿਹ ਜਨ ਜਾਚਹੁ ਜਗਤ੍ ਪਰ ਜਾਨੀਅਤੁ ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ ॥
ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗ੍ਯੋ ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥
ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗ੍ਯੋ ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥
ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥
ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ ਮਹਾ ਸਿਵ ਜੋਗ ਕਰੀ ॥
ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡ੍ਰਿਉ ਏਕ ਘਰੀ ॥
ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਰਿ ਨਿਹਾਲੁ ਕਰੀ ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥
ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥
ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥
ਕਲਿ ਘੋਰ ਸਮੁਦ੍ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥
ਕਲਿ ਸਮੁਦ੍ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ ॥ ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ ਨਿਵਾਰਨੁ ॥
ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥ ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ॥
ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ ॥੭॥੧੯॥}

(ਅੰਗ ੧੪੦੮-੧੪੦੯)

ਸਭ ਤੋਂ ਪਹਿਲਾਂ ਤਾਂ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਇਸ ਗੱਲ ਨੂੰ ਸਮਝੋ ਕਿ ਪ੍ਰਮਾਤਮਾ ਜੋ ਕਿ ਆਪ ਹੀ ਗੁਰੂ ਹੈ ਉਹ ਕਿਸ ਰੂਪ ਵਿੱਚ ਗੁਰੂ ਹੈ। ਪ੍ਰਮਾਤਮਾ ਨੇ ਬਾਬਾ ਨਾਨਕ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣਾ ਗੁਰੂ ਰੂਪ ਪ੍ਰਗਟ ਕੀਤਾ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਇੱਥੇ ਵੀ ਉਹੀ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਸਭ ਦੇ ਅੰਦਰ ਆਪਣੀ ਜੋਤਿ ਦੇ ਰੂਪ ਵਿੱਚ ਹੀ ਵਰਤਦਾ ਹੈ ਜਿਸ ਆਪਣੀ ਜੋਤਿ ਰਾਹੀਂ ਉਹ ਆਪਣੇ ਮਨੁੱਖੀ ਰੂਪ ਨੂੰ ਸਾਰੀ ਸਮਝ ਪਾਉਂਦਾ ਹੈ। ਮਨੁੱਖ ਦੇ ਅੰਦਰ ਜੋ ਵੀ ਸਮਝ ਉਪਜਦੀ ਹੈ ਉਹ ਮਨ ਦੀ ਜੋਤਿ ਰਾਹੀਂ ਹੀ ਉਪਜਦੀ ਹੈ ਭਾਵੇਂ ਉਹ ਸਮਝ ਜਿਹੋ ਜਿਹੀ ਮਰਜੀ ਹੋਵੇ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਭਾਵ ਮਨੁੱਖ ਦੇ ਮਨ ਦੇ ਅੰਦਰ ਜੋ ਵੀ ਸਮਝ ਉਪਜਦੀ ਹੈ ਉਹ ਸਮਝ ਉਪਜਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵ ਮਨੁੱਖ ਦਾ ਆਪਣੀ ਸਮਝ ਦੇ ਉੱਤੇ ਕੋਈ ਜੋਰ ਨਹੀਂ ਚੱਲਦਾ ਤੇ ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ ਭਾਵ ਮਨੁੱਖੀ ਰੂਪ ਕੋਲੋਂ ਸਭ ਕੁਝ ਕਰਵਾਉਣ ਵਾਲਾ, ਮਨੁੱਖੀ ਸਰੀਰ ਨੂੰ ਚਲਾਉਣ ਵਾਲਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਸਾਰੀ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਜੋ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ, ਮਾਇਆ ਦੀ ਜੁਗਤਿ ਵਿੱਚ ਜੋ ਰੱਖਿਆ ਹੋਇਆ ਹੈ ਉਹ ਮਨ ਦੀ ਜੋਤਿ ਰਾਹੀਂ ਹੀ ਰੱਖਿਆ ਹੋਇਆ ਹੈ ਤੇ ਜਦੋਂ ਅਕਾਲ ਪੁਰਖ ਕਿਸੇ ਦੇ ਮਨ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਜੋਤਿ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ। ਜੋਤਿ ਰੂਪ ਵਿੱਚ ਪ੍ਰਗਟ ਹੋਣ ਦੁਆਰਾ ਉਸ ਮਨੁੱਖੀ ਸਮਝ ਦੇ ਅੰਦਰ ਫਿਰ ਅਕਾਲ ਪੁਰਖ ਜੋ ਸਮਝ ਪਾਉਂਦਾ ਹੈ ਉਹ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾਉਂਦਾ ਹੈ, ਸਹਜ ਗਿਆਨ ਵਾਲੀ ਸਮਝ ਪਾਉਂਦਾ ਹੈ ਭਾਵ ਨਾਮ ਵਾਲੀ ਸਮਝ ਪਾਉਂਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਪਾਉਂਦਾ ਹੈ ਜਿਸ ਮਨ ਦੀ ਸੱਚੀ ਸਮਝ ਦੁਆਰਾ ਮਨੁੱਖ ਫਿਰ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ, ਮਾਇਆ ਮੋਹ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਭਾਵ ਮਨ ਦੇ ਭਰਮਾਂ ਵਾਲੀ ਸਮਝ ਵਿੱਚੋਂ ਪੂਰੀ ਤਰ੍ਹਾਂ ਨਿਕਲ ਜਾਂਦਾ ਹੈ ਤੇ ਤਾਂ ਹੀ ਕਿਸੇ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਆਪ ਪ੍ਰਮਾਤਮਾ ਹੀ ਵਰਤ ਰਿਹਾ ਹੈ ਜਿਸ ਗੱਲ ਦੀ ਮੈਨੂੰ ਹੁਣ ਤੱਕ ਸਮਝ ਹੀ ਨਹੀਂ ਸੀ ਭਾਵ ਪ੍ਰਮਾਤਮਾ ਨੂੰ ਜਾਨਣ ਵਿੱਚ ਮੈਂ ਹੁਣ ਤੱਕ ਮਨ ਦੀ

ਅਗਿਆਨਤਾ ਵਿੱਚ ਹੀ ਸੀ ਜਿਸ ਮਨ ਦੀ ਅਗਿਆਨਤਾ ਵਿੱਚ ਸ੍ਰਿਸ਼ਟੀ ਦੇ ਕਰਤੇ ਨੇ ਸਭ ਨੂੰ ਆਪ ਹੀ ਰੱਖਿਆ ਹੋਇਆ ਹੈ, ਆਪਣੀ ਜੋਤਿ ਰਾਹੀਂ ਰੱਖਿਆ ਹੋਇਆ ਹੈ ਤੇ ਸਾਰੇ ਸੰਸਾਰ ਨੂੰ ਉਸੇ ਤਰ੍ਹਾਂ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਉਸਨੇ ਹੁਣ ਤੱਕ ਮੈਨੂੰ ਰੱਖਿਆ ਹੋਇਆ ਸੀ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ, ਆਪਣੀ ਮਰਜੀ ਹੈ ਕਿ ਉਹ ਕਿਸ ਮਨੁੱਖੀ ਸਰੀਰ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਆਪਣੀ ਜੋਤਿ ਰਾਹੀਂ ਪ੍ਰਗਟ ਕਰਦਾ ਹੈ ਤੇ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਇਸ ਸੰਸਾਰ ਦਾ, ਪੂਰੀ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ ਕਿ ਪੂਰੀ ਸ੍ਰਿਸ਼ਟੀ ਕਿਸ ਰੂਪ, ਤਰੀਕੇ ਹੋਂਦ ਵਿੱਚ ਆਈ ਹੈ, ਕਿਸ ਤਰੀਕੇ ਚੱਲ ਰਹੀ ਹੈ, ਇਸਨੂੰ ਕੌਣ ਚਲਾ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ ਕਿ ਸਭ ਕੁਝ ਪ੍ਰਮਾਤਮਾ ਦੇ ਨਾਮ ਨਾਲ ਬਣਿਆ ਹੈ ਭਾਵ ਉਸਦੇ ਬ੍ਰਹਮ ਗਿਆਨ ਦੁਆਰਾ ਬਣਿਆ ਹੈ ਭਾਵ ਉਸਦੀ ਉੱਚੀ ਸਾਇੰਸ ਦੇ ਗਿਆਨ ਦੁਆਰਾ ਬਣਿਆ ਹੈ ਇਹ ਉਸਦੀ ਰਚੀ ਹੋਈ ਉੱਚੀ ਸਾਇੰਸ ਦੁਆਰਾ ਹੀ ਸਭ ਕੁਝ ਚੱਲ ਰਿਹਾ ਹੈ। ਉਹ ਸਾਰੇ ਗਿਆਨ ਦਾ ਕੇਵਲ ਤੇ ਕੇਵਲ ਇੱਕੋ ਇੱਕ ਆਪ ਹੀ ਮਾਲਕ ਹੈ ਤੇ ਪੂਰੀ ਗੁਰਬਾਣੀ ਦੀ ਰਚਨਾ ਵੀ ਉਸਦੇ ਸੱਚੇ ਗਿਆਨ ਦੁਆਰਾ ਹੀ ਹੋਈ ਹੈ। ਜਿਸਦੇ ਅੰਦਰ ਉਹ ਆਪਣਾ ਜੋਤਿ ਰੂਪ ਪ੍ਰਗਟ ਕਰਦਾ ਹੈ ਭਾਵ ਗੁਰੂ ਰੂਪ ਪ੍ਰਗਟ ਕਰਦਾ ਹੈ ਉਸ ਮਨੁੱਖੀ ਸਰੀਰ ਵਿੱਚ ਗੁਰਬਾਣੀ ਦੀ ਰਚਨਾ ਕਰਨ ਲਈ ਸਾਰਾ ਗਿਆਨ ਉਹ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ, ਸਭ ਦੇ ਅੰਦਰ ਇੱਕੋ ਜਿਹਾ ਸੱਚਾ ਗਿਆਨ ਹੀ ਪਾਉਂਦਾ ਹੈ ਭਾਵ ਚੌਥੇ ਪਦ ਵਾਲੀ ਸਮਝ ਵਾਲਾ ਗਿਆਨ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਪਾਇਆ ਹੈ ਭਾਵ ਸਭ ਦੇ ਅੰਦਰ ਆਪਣਾ ਗੁਰੂ ਰੂਪ ਧਾਰ ਕੇ ਪਾਇਆ ਹੈ।

ਇਸ ਗੱਲ ਨੂੰ ਤਾਂ ਹਰ ਕੋਈ ਸਮਝਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਆਪਣੀ ਜੋਤਿ ਰੂਪ ਵਿੱਚ ਵਰਤਦਾ ਹੈ ਜਿਵੇਂ ਕਿ ਬਾਣੀ ਰਾਹੀਂ ਸ਼ਬਦਾਂ ਦੁਆਰਾ ਬੜਾ ਸਪਸ਼ਟ ਕਰਕੇ ਸਮਝਾਇਆ ਹੈ। ਜੋਤਿ ਰੂਪ ਪ੍ਰਮਾਤਮਾ ਦਾ ਸੱਚੇ ਗਿਆਨ ਦਾ ਰੂਪ ਹੈ ਜਿਸ ਆਪਣੇ ਰੂਪ ਦੁਆਰਾ ਉਹ ਹਰ ਆਕਾਰ ਰੂਪ ਦੇ ਵਿੱਚ ਵਰਤ ਰਿਹਾ ਹੈ ਜਿਸ ਗੱਲ ਦੀ ਸਮਝ ਕਿਸੇ ਮਨੁੱਖੀ ਰੂਪ ਨੂੰ ਤਾਂ ਹੀ ਪੈਂਦੀ

ਹੈ ਜਦੋਂ ਉਹ ਆਪਣਾ ਜੋਤਿ ਰੂਪ ਕਿਸੇ ਦੇ ਅੰਦਰ ਪ੍ਰਗਟ ਕਰ ਦਿੰਦਾ ਹੈ ਤੇ ਜਿਸ ਸਰੀਰ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਡੇ ਅੰਦਰ ਜੋ ਵੀ ਗਿਆਨ ਆਉਂਦਾ ਹੈ ਭਾਵ ਜੋ ਵਿਚਾਰ ਉਪਜਦੇ

51/7156

ਹਨ, ਜੋ ਵੀ ਮਨ ਦੇ ਵਿੱਚ ਸਮਝ ਪੈਂਦੀ ਹੈ ਉਹ ਕਿਵੇਂ ਪੈਂਦੀ ਹੈ ਤੇ ਕੌਣ ਪਾਉਂਦਾ ਹੈ ਭਾਵ ਉਸ ਮਨੁੱਖੀ ਰੂਪ ਨੂੰ ਇਸ ਗੱਲ ਤੇ ਪੂਰਾ ਵਿਸ਼ਵਾਸ ਆ ਜਾਂਦਾ ਹੈ ਕਿ ਮੇਰੇ ਮਨ ਦੇ ਅੰਦਰ ਭਾਵ ਜੋਤਿ ਰੂਪ ਮਨ ਦੇ ਅੰਦਰ ਜੋ ਵੀ ਗਿਆਨ ਉਪਜਦਾ ਹੈ ਉਹ ਗਿਆਨ ਪਾਉਣ ਵਾਲਾ ਕੇਵਲ ਤੇ ਕੇਵਲ ਸ੍ਰਿਸ਼ਟੀ ਦਾ ਕਰਤਾ ਆਪ ਹੈ ਤੇ ਇਸ ਸਰੀਰ ਦਾ ਮਾਲਕ ਵੀ ਉਹ ਆਪ ਹੀ ਹੈ ਤੇ ਉਸਨੇ ਆਪ ਹੀ ਮਨ ਦੇ ਵਿੱਚ ਭਰਮਾਂ ਵਾਲੀ ਸਮਝ ਉਪਜਾਉਣ ਦੁਆਰਾ ਸਭ ਨੂੰ ਆਪਣੇ ਆਪ ਦੀ ਅਸਲੀਅਤ ਜਾਨਣ ਤੋਂ, ਪ੍ਰਮਾਤਮਾ ਦੀ ਅਸਲੀਅਤ ਜਾਨਣ ਤੋਂ, ਇਸ ਸ੍ਰਿਸ਼ਟੀ ਦੀ ਅਸਲੀਅਤ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਜਿਸਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਕੇਵਲ ਉਹੀ ਸਰੀਰ ਇਹ ਪੂਰਨ ਵਿਸ਼ਵਾਸ ਕਰ ਸਕਦਾ ਹੈ ਕਿ ਜੋ ਮੇਰੇ ਅੰਦਰ ਮੈਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਮੇਰੀ ਸਮਝ ਦੇ ਅੰਦਰ ਚੌਥੇ ਪਦ ਦਾ ਗਿਆਨ ਪਾ ਰਿਹਾ ਹੈ, ਬ੍ਰਹਮ ਗਿਆਨ ਪਾ ਰਿਹਾ ਹੈ ਉਹ ਆਪ ਹੀ ਗੁਰੂ ਹੈ ਤੇ ਆਪ ਹੀ ਇਸ ਸਰੀਰ ਦਾ ਮਾਲਕ ਹੈ। ਬਾਬਾ ਨਾਨਕ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਪ੍ਰਮਾਤਮਾ ਨੇ ਆਪ ਹੀ ਉਨ੍ਹਾਂ ਦੇ ਸਰੀਰ ਰਾਹੀਂ ਆਪਣਾ ਗੁਰੂ ਰੂਪ ਧਾਰਿਆ ਹੈ। **(ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥)**

ਸ਼ਬਦ ਦੀਆਂ ਅਗਲੀਆਂ ਸਾਰੀਆਂ ਪੰਗਤੀਆਂ ਰਾਹੀਂ ਵੀ ਸੰਸਾਰ ਨੂੰ ਇਹੀ ਕੁਝ ਸਮਝਾਇਆ ਹੋਇਆ ਹੈ ਕਿ ਬਾਬਾ ਨਾਨਕ ਜੀ ਤੋਂ ਬਾਅਦ ਜੋ ਅਗਲੇ ਰੂਪ ਬਣੇ ਹਨ ਉਨ੍ਹਾਂ ਦੇ ਸਰੀਰਾਂ ਰਾਹੀਂ ਵੀ ਗੁਰੂ ਰੂਪ ਧਾਰਨ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ। ਗੁਰੂ ਅਸਲ ਵਿੱਚ ਜੋਤਿ ਰੂਪ ਹੈ ਜੋ ਪ੍ਰਮਾਤਮਾ ਦਾ ਆਪਣਾ ਰੂਪ ਹੈ। ਬਾਬਾ ਨਾਨਕ ਜੀ ਤੋਂ ਬਾਅਦ ਅੱਗੇ ਤੋਂ ਅੱਗੇ ਸਰੀਰ ਹੀ ਬਦਲੇ ਹਨ ਪਰ ਅੰਦਰ ਦੀ ਜੋਤਿ ਨਹੀਂ ਬਦਲੀ ਕਿਉਂਕਿ ਉਨ੍ਹਾਂ ਸਭ ਦੇ ਅੰਦਰ ਅਕਾਲ ਪੁਰਖ ਨੇ ਆਪਣਾ ਜੋਤਿ ਰੂਪ ਪ੍ਰਗਟ ਕਰਨ ਦੁਆਰਾ ਹੀ ਉਨ੍ਹਾਂ ਦੀ ਸਮਝ ਦੇ ਅੰਦਰ ਆਪਣਾ ਸੱਚਾ ਗਿਆਨ ਪਾਇਆ ਹੈ, ਤੱਤ ਗਿਆਨ ਪਾਇਆ ਹੈ, ਅੰਮ੍ਰਿਤ ਨਾਮ ਪਾਇਆ ਹੈ, ਆਪਣੇ ਆਪ ਦਾ ਸੱਚ ਪਾਇਆ ਹੈ, ਸ੍ਰਿਸ਼ਟੀ ਦਾ ਸੱਚ ਪਾਇਆ ਹੈ, ਭਗਤੀ ਦੇ ਮਾਰਗ ਦਾ ਸੱਚ ਸਮਝਾਇਆ ਹੈ, ਪ੍ਰਮਾਤਮਾ ਨੂੰ ਜਾਨਣ ਦਾ ਸੱਚ ਸਮਝਾਇਆ ਹੈ ਕਿ ਉਸਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ। ਇਸੇ ਲਈ ਪੂਰੀ ਬਾਣੀ ਰਾਹੀਂ ਸਾਰੇ ਸੰਸਾਰ ਲਈ ਪ੍ਰਮਾਤਮਾ ਦੀ ਭਗਤੀ ਦਾ ਹਰ ਸਰੀਰ ਰਾਹੀਂ ਇੱਕੋ ਜਿਹਾ ਤਰੀਕਾ ਹੀ ਸਮਝਾਇਆ ਹੈ, ਪ੍ਰਮਾਤਮਾ ਦਾ ਇੱਕੋ ਜਿਹਾ ਰੂਪ ਸਮਝਾਇਆ ਹੈ ਜੋ ਕਿ ਸਭ ਦੇ ਅੰਦਰ ਆਪਣੇ ਜੋਤਿ ਰੂਪ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਨੇ ਆਪ ਹੀ ਸਮਝਾਇਆ ਹੈ, ਸਭ ਦੇ ਅੰਦਰ ਆਪਣਾ ਗੁਰੂ ਰੂਪ ਧਾਰ ਕੇ ਸਮਝਾਇਆ ਹੈ ਤੇ ਇਸੇ ਲਈ ਸਾਰੀ ਗੁਰਬਾਣੀ ਆਪਣੇ ਹਰ ਸ਼ਬਦ ਰਾਹੀਂ ਸਭ ਨੂੰ

51/7157

ਇੱਕੋ ਜਿਹੀ ਸੱਚੀ ਸਿੱਖਿਆ ਹੀ ਸਮਝਾ ਰਹੀ ਹੈ ਜਿਸ ਸੱਚੀ ਸਿੱਖਿਆ ਤੇ ਚੱਲਣ ਦਾ ਉੱਦਮ ਕਰਕੇ ਸੰਸਾਰ ਦਾ ਕੋਈ ਵੀ ਮਨੁੱਖ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ, ਆਪਣੇ ਅੰਦਰੋਂ ਉਸਦੇ ਜੋਤਿ ਰੂਪ ਨੂੰ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ, ਆਪਣੇ ਮਨ ਦੇ ਅੰਦਰ ਉਸ ਸੱਚੇ ਗਿਆਨ ਦੇ ਮਾਲਕ ਨਾਲ ਮੇਲ ਕਰਨ ਦਾ ਭਾਵ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ।

ਜਦ ਦੀ ਇਸ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਜੁਗਾਂ ਜੁਗਾਂ ਤੋਂ ਗੁਰੂ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਕਿਉਂਕਿ ਪੂਰੇ ਗਿਆਨ ਦਾ ਸ੍ਰੋਤ ਕੇਵਲ ਤੇ ਕੇਵਲ ਉਹ ਆਪ ਹੀ ਹੈ। ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ ਰਹਹੁ ਨਿਰਾਲੇ ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥
ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥੪੪॥}

(ਅੰਗ ੯੪੨)

ਇਸ ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝੇ ਹੀ ਹਨ। ਭਗਤੀ ਦੇ ਮਾਰਗ ਨੂੰ ਸਮਝਣ ਲਈ ਆਮ ਮਨੁੱਖਾਂ ਦੀ ਸਮਝ ਵਿੱਚ ਤੇ ਉਨ੍ਹਾਂ ਦੀ ਸਮਝ ਵਿੱਚ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਲੈਂਦੇ ਹਨ ਉਨ੍ਹਾਂ ਦੀ ਸਮਝ ਵਿੱਚ ਕੀ ਫਰਕ ਹੁੰਦਾ ਹੈ ਇਹੀ ਗੱਲ ਉਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਸੱਚੀ ਭਗਤੀ ਦਾ ਮਾਰਗ ਕੇਵਲ ਉਸਨੂੰ ਹੀ ਸਮਝ ਆ ਸਕਦਾ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ, ਗਿਆਨ ਦੇ ਮਾਲਕ ਨੂੰ ਬੁੱਝ ਲੈਂਦਾ ਹੈ, ਆਪਣੇ ਅੰਦਰ ਦੇ ਗੁਰੂ ਰੂਪ ਨੂੰ ਬੁੱਝ ਲੈਂਦਾ ਹੈ ਜੋ ਭਗਤੀ ਦਾ ਮਾਰਗ ਮਨ ਦੀ ਸਮਝ ਰਾਹੀਂ ਭਾਵ ਮਨ ਦੀ ਜੋਤਿ ਰਾਹੀਂ ਆਪ ਹੀ ਸਮਝਾਉਂਦਾ ਹੈ। ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਬੁੱਝ ਲੈਂਦਾ ਹੈ ਉਸਨੂੰ ਫਿਰ ਮਨ ਦੇ ਅੰਦਰ ਅਕਾਲ ਪੁਰਖ ਜੋ ਆਪਣੀ ਭਗਤੀ ਦੀ, ਆਪਣਾ ਨਾਮ ਜਪਾਉਣ ਦੀ ਜੋ ਸਮਝ ਪਾਉਂਦਾ ਹੈ ਉਹ ਸਮਝ ਆਮ ਮਨੁੱਖਾਂ ਦੀ ਸਮਝ ਨਾਲੋਂ ਨਿਰਾਲੀ ਹੁੰਦੀ ਹੈ ਭਾਵ ਵੱਖਰੀ ਹੁੰਦੀ ਹੈ। ਉਪਰ ਸ਼ਬਦ ਰਾਹੀਂ ਬਾਬਾ ਨਾਨਕ ਜੀ ਨੇ ਸਿਧਾਂ ਨੂੰ ਇਹੀ ਗੱਲ ਸਮਝਾਈ ਹੋਈ ਹੈ ਕਿ ਮੈਂ ਤੁਹਾਡੇ ਨਾਲੋਂ ਕਿਸ ਲਈ ਨਿਰਾਲੀ ਗੱਲ ਕਰਦਾ ਹਾਂ। ਬਾਬਾ ਨਾਨਕ ਜੀ ਉਨ੍ਹਾਂ ਨੂੰ ਇਹ ਦੱਸ ਰਹੇ ਹਨ ਮੈਨੂੰ ਕਥਾ ਸਿਖਾਉਣ ਵਾਲਾ ਉਹ ਹੈ ਜੋ ਕਿ ਆਪ ਅਕਥ ਹੈ ਭਾਵ ਆਪ ਸ੍ਰਿਸ਼ਟੀ ਦਾ ਕਰਤਾ ਹੈ ਜੋ ਸਭ ਦੇ ਕਥਨ ਤੋਂ ਬਾਹਰ ਹੈ ਤੇ ਉਹ ਆਪ ਹੀ ਮੇਰਾ ਗੁਰੂ ਹੈ ਤੇ ਉਹ ਜੁਗਾਂ ਜੁਗਾਂ ਤੋਂ ਕੇਵਲ ਆਪ ਹੀ ਗੁਰੂ ਹੈ ਪਰ ਆਮ ਮਨੁੱਖ ਇਸ ਗੱਲ ਨੂੰ ਸਮਝ ਨਹੀਂ ਸਕਦਾ ਕਿ ਸ੍ਰਿਸ਼ਟੀ ਦਾ ਕਰਤਾ ਆਪ ਹੀ ਗੁਰੂ ਹੈ। ਉਸਦੇ ਗੁਰੂ ਰੂਪ ਨੂੰ ਕੇਵਲ ਉਹੀ ਜਾਣ ਸਕਦਾ ਹੈ ਜਿਸਦੇ ਅੰਦਰ ਉਹ ਆਪਣੇ ਆਪ ਨੂੰ

51/7158

ਪ੍ਰਗਟ ਕਰਨ ਦੁਆਰਾ ਆਪ ਹੀ ਸੱਚੇ ਧਰਮ ਦੇ ਮਾਰਗ ਦੀ ਸੋਝੀ ਪਾਉਂਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਉਸਨੇ ਇਹ ਸੱਚਾ ਮਾਰਗ ਗੁਰੂ ਸਾਹਿਬਾਨ ਦੇ, ਭਗਤਾਂ ਦੇ ਸਰੀਰਾਂ ਰਾਹੀਂ ਆਪਣਾ ਗੁਰੂ ਰੂਪ ਪ੍ਰਗਟ ਕਰਨ ਦੁਆਰਾ ਸਮਝਾਇਆ ਹੈ। ਉਹ ਅਕਾਲ ਪੁਰਖ **"ਸਬਦੁ"** ਰੂਪ ਵਿੱਚ ਹੈ ਭਾਵ ਇੱਕੋ ਇੱਕ ਆਪ ਹੀ ਹਰ ਸ਼ਬਦ ਦਾ ਮਾਲਕ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ। ਉਹ ਆਪਣੀ ਕਥਾ ਦਾ ਵਿਚਾਰ ਮਨ ਦੇ ਵਿੱਚ ਸ਼ਬਦ ਰੂਪ ਵਿੱਚ ਹੀ ਦਿੰਦਾ ਹੈ ਜੋ ਉਸਦੀ ਕਥਾ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਉਸਦੀ ਦਿੱਤੀ ਹੋਈ ਕਥਾ ਨੂੰ ਆਪਣੇ ਅੰਦਰ ਵਿਚਾਰਨ ਦੁਆਰਾ ਹੀ ਮਨੁੱਖ ਦੀ ਹਉਮੈ ਰੂਪ ਅਗਨ ਦੂਰ ਹੁੰਦੀ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦੂਰ ਹੁੰਦੀ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਨਾ ਕੋਈ ਆਪਣੇ ਅੰਦਰੋਂ ਗੁਰੂ ਰੂਪ ਗੋਪਾਲ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕਦਾ ਹੈ, ਨਾਮ ਜਪਣ ਦੇ ਮਾਰਗ ਨੂੰ ਸਮਝ ਸਕਦਾ ਹੈ ਕਿਉਂਕਿ ਨਾਮ ਦੀ ਪ੍ਰਾਪਤੀ ਹਉਮੈ ਵਾਲੀ ਸਮਝ ਨਿਕਲਣ ਦੁਆਰਾ ਹੀ ਹੁੰਦੀ ਹੈ ਜੋ ਕਿਸੇ ਦੀ ਹਉਮੈ ਗੁਰੂ ਰੂਪ ਪ੍ਰਮਾਤਮਾ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਕੱਢਦਾ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੇ ਸ਼ਬਦ ਦੀ ਵਿਚਾਰ ਤੇ ਭਰੋਸਾ ਰੱਖਣ ਦੀ ਲੋੜ ਹੈ ਤੇ ਉਹੋ ਜਿਹਿਆਂ ਦੀ ਵਿਚਾਰ ਦੇ ਨਾਲੋਂ ਭਰੋਸਾ ਤੋੜਨ ਦੀ ਲੋੜ ਹੈ ਜਿਨ੍ਹਾਂ ਨੂੰ ਨਾ ਹਉਮੈ ਦੀ ਸਮਝ ਹੈ ਤੇ ਨਾ ਹੀ ਨਾਮ ਦੀ ਸਮਝ ਹੈ, ਨਾ ਭਗਤੀ ਦੇ ਸੱਚੇ ਮਾਰਗ ਦੀ ਸਮਝ ਹੈ, ਨਾ ਅੰਦਰ ਦੀ ਜੋਤਿ ਦੀ ਸਮਝ ਹੈ ਜਿਸ ਰਾਹੀਂ ਮਨੁੱਖ ਨੂੰ ਸਾਰਾ ਗਿਆਨ ਮਿਲਦਾ ਹੈ ਤੇ ਸਮਝ ਪੈਂਦੀ ਹੈ ਕਿ ਸਦਾ ਤੋਂ ਭਾਵ ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਗੁਰੂ ਰੂਪ ਕੇਵਲ ਤੇ ਕੇਵਲ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਕਿ ਪੂਰੇ ਗਿਆਨ ਦਾ ਮੂਲ ਹੈ। ਗੁਰਬਾਣੀ ਆਪਣੇ ਸ਼ਬਦਾਂ ਰਾਹੀਂ ਬਾਰ-ਬਾਰ ਸਾਨੂੰ ਇਹ ਕੁਝ ਹੀ ਸਮਝਾ ਰਹੀ ਹੈ ਕਿ ਗੁਰੂ ਦਾ ਸ਼ਬਦ ਸਦਾ ਅਟੱਲ ਰਹਿਣ ਵਾਲਾ ਹੈ ਭਾਵ ਸਾਨੂੰ ਅਟੱਲ ਰੂਪ ਸਮਝ ਤੇ ਭਰੋਸਾ ਕਰਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਦੀ ਸਮਝ ਤੇ ਜਿਨ੍ਹਾਂ ਨੂੰ ਇਹ ਵੀ ਸਮਝ ਨਹੀਂ ਕਿ ਗੁਰੂ ਦਾ ਅਟੱਲ ਰੂਪ ਕੀ ਹੈ, ਸ਼ਬਦ ਦਾ ਅਟੱਲ ਰੂਪ ਕੀ ਹੈ। **(ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥ ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥)**

ਜਿਵੇਂ ਕਿ ਅਸੀਂ ਉਪਰ ਕਿਤਨੇ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਰੂਪ ਵਿੱਚ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਹੋਰ ਕੋਈ ਨਹੀਂ ਹੋ ਸਕਦਾ। ਅਸੀਂ ਸ਼ਬਦਾਂ ਰਾਹੀਂ ਇਸ ਗੱਲ ਨੂੰ ਵੀ ਸਮਝਿਆ ਹੈ ਕਿ ਪ੍ਰਮਾਤਮਾ ਆਪਣੇ ਗਿਆਨ ਰੂਪ ਵਿੱਚ ਗੁਰੂ ਹੈ ਜੋ ਗਿਆਨ ਮਨ ਦੇ ਵਿੱਚ ਭਾਵ ਮਨ ਰੂਪ ਜੋਤਿ ਰਾਹੀਂ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਤੇ ਉਸ ਤੋਂ ਬਾਅਦ ਹੀ

51/7159

ਉਸ ਮਨੁੱਖੀ ਰੂਪ ਨੂੰ ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਹੈ। ਆਉ ਇਸ ਗੱਲ ਨੂੰ ਅਕਾਲ ਪੁਰਖ ਰੂਪ ਭਗਤ ਧੰਨਾ ਜੀ ਦੇ ਮੁੱਖੋਂ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਨ੍ਹਾਂ ਨੇ ਅਕਾਲ ਪੁਰਖ ਨੂੰ ਕਿਸ ਰੂਪ ਵਿੱਚ ਪਾਇਆ ਹੈ ਤੇ ਉਨ੍ਹਾਂ ਨੂੰ ਅਕਾਲ ਪੁਰਖ ਨੇ ਕਿਹੋ ਜਿਹੀ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ, ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ, ਜੋ ਮਾਰਗ ਅਸੀਂ ਬਾਣੀ ਦੇ ਅਨੇਕਾਂ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਭਾਵੇਂ ਉਹ ਸ਼ਬਦ ਅਕਾਲ ਪੁਰਖ ਨੇ ਜਿਹੜੇ ਵੀ ਸਰੀਰ ਰਾਹੀਂ ਪ੍ਰਗਟ ਹੋ ਕੇ ਉਚਾਰੇ ਹਨ ਭਾਵ ਉਨ੍ਹਾਂ ਦੇ ਅੰਦਰ ਆਪਣਾ ਗੁਰੂ ਰੂਪ ਪਾ ਕੇ ਉਚਾਰੇ ਹਨ।

ਆਸਾ ਬਾਣੀ ਭਗਤ ਧੰਨੇ ਜੀ ਕੀ

ੴ ਸਤਿਗੁਰ ਪ੍ਰਸਾਦਿ ॥

“ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥
ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥
ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥”

(ਅੰਗ ੪੮੭)

ਸਭ ਤੋਂ ਪਹਿਲਾਂ ਉਪਰਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਹੀ ਭਗਤੀ ਦਾ ਮਾਰਗ ਸਪਸ਼ਟ ਕੀਤਾ ਹੋਇਆ ਹੈ ਤੇ ਮਾਰਗ ਉਹੀ ਹੈ ਜੋ ਭਗਤੀ ਦਾ ਮਾਰਗ ਬਾਣੀ ਦੇ ਹਰ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ ਭਾਵੇਂ ਗੁਰੂ ਸਾਹਿਬਾਨ ਦੀ ਬਾਣੀ ਰਾਹੀਂ ਸਮਝਾਇਆ ਹੋਇਆ ਹੈ ਜਾਂ ਭਗਤਾਂ ਦੀ ਬਾਣੀ ਰਾਹੀਂ ਸਮਝਾਇਆ ਹੋਇਆ ਹੈ ਕਿਉਂਕਿ ਸਮਝਾਉਣ ਵਾਲਾ ਗੁਰੂ ਅਸਲ ਵਿੱਚ ਉਹ ਇੱਕੋ ਇੱਕ ਆਪ ਹੀ ਹੈ। ਉਹ ਸਭ ਦੇ ਅੰਦਰ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਵਿੱਚ ਆਪਣੀ ਜੋਤਿ ਰਾਹੀਂ ਵਰਤ ਰਿਹਾ ਹੈ ਤੇ ਉਸਦੇ ਜੋਤਿ ਰੂਪ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸੰਸਾਰ ਵਿੱਚ ਮਾੜੇ ਕਰਮ ਕਰਨੇ ਸਾਰੀ ਮਨੁੱਖਤਾ ਲਈ ਮਾੜੇ ਹਨ ਤੇ ਚੰਗੇ ਕਰਮ ਕਰਨੇ ਸਾਰੀ ਮਨੁੱਖਤਾ ਲਈ ਚੰਗੇ ਹਨ ਤੇ ਇਸੇ ਲਈ ਹਰ ਸੱਚਾ ਧਰਮ ਗ੍ਰੰਥ ਸਾਨੂੰ ਮਾੜੇ ਕਰਮ ਕਰਨ ਤੋਂ ਮਨ੍ਹਾ ਕਰਦਾ ਹੈ ਤੇ ਚੰਗੇ ਕਰਮ ਕਰਨ ਲਈ ਪ੍ਰੇਰਦਾ ਹੈ। ਇਹੀ ਭਗਤੀ ਦਾ ਮਾਰਗ ਸਾਨੂੰ ਉਪਰ ਸ਼ਬਦ ਰਾਹੀਂ ਧੰਨ ਧੰਨ ਭਗਤ ਧੰਨਾ ਜੀ ਸਮਝਾ ਰਹੇ ਹਨ, ਅਕਾਲ ਪੁਰਖ ਦੇ ਸੱਚੇ ਗਿਆਨ ਰਾਹੀਂ ਸਮਝਾ ਰਹੇ ਹਨ। ਆਉ ਸਮਝੀਏ।

“ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥”

(ਅੰਗ ੪੮੭)

ਉਪਰ ਵਾਲੀ ਪਹਿਲੀ ਪੰਗਤੀ ਨੂੰ ਸਮਝਣ ਲਈ ਪਹਿਲੇ ਇਸ ਗੱਲ ਦੀ ਸਮਝ ਹੋਣਾ ਜਰੂਰੀ ਹੈ ਕਿ ਮਨੁੱਖ ਦਾ ਜਨਮ ਹੋਣਾ ਕੀ

51/7160

ਹੈ ਜਿਵੇਂ ਕਿ ਇਸ ਗੱਲ ਨੂੰ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਮਨੁੱਖ ਦਾ ਜਨਮ ਮਨੁੱਖ ਦੀ ਭਰਮਾਂ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ ਜੋ ਮਨੁੱਖ ਨੂੰ ਮੈਂ ਸਿਖਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ ਭਾਵ ਮੇਰੀ ਆਪਣੀ ਇੱਕ ਹੋਂਦ ਹੈ ਭਾਵ ਪ੍ਰਮਾਤਮਾ ਨਾਲੋਂ ਵੱਖਰੀ ਹੋਂਦ ਹੈ। ਜਿਤਨੇ ਵੀ ਸਾਡੇ ਅੰਦਰ ਇਹੋ ਜਿਹੇ ਭਰਮਾਂ ਵਾਲੇ ਵਿਚਾਰ ਉਪਜਦੇ ਹਨ ਜੋ ਕਿ ਹਰ ਰੋਜ, ਸਾਰਾ ਜੀਵਨ ਉਪਜਦੇ ਰਹਿੰਦੇ ਹਨ ਇਹ ਸਾਡਾ **"ਬਹੁ ਜਨਮ"** ਹਨ। ਮਨੁੱਖ ਇਹੋ ਜਿਹੇ ਨਾਸਮਝ ਵਿਚਾਰਾਂ ਦੁਆਰਾ ਪ੍ਰਮਾਤਮਾ ਨੂੰ ਜਾਨਣ ਲਈ ਜਗ੍ਹਾ ਜਗ੍ਹਾ ਤੇ ਭਟਕਦਾ ਹੈ, ਫਿਰਦਾ ਰਹਿੰਦਾ ਹੈ ਕਿ ਮੈਨੂੰ ਪ੍ਰਮਾਤਮਾ ਕਿਤੋਂ ਬਾਹਰੋਂ ਮਿਲਣਾ ਹੈ ਤੇ ਮਨੁੱਖ ਦਾ ਜੀਵਨ ਇਸੇ ਤਰ੍ਹਾਂ ਹੀ ਗੁਜਰਦਾ ਰਹਿੰਦਾ ਹੈ ਜਿਸ ਤਰੀਕੇ ਮਨੁੱਖ ਦਾ ਮਨ ਨਹੀਂ ਟਿਕਦਾ ਭਾਵ ਧੀਰਜ ਵਿੱਚ ਨਹੀਂ ਆਉਂਦਾ ਤੇ ਆਪਣੇ ਤਨ ਨੂੰ ਵੀ ਉਹ ਇਸ ਤਰੀਕੇ ਵਿਅਰਥ ਵਿੱਚ ਰੋਲਦਾ ਹੈ ਭਾਵ ਇਸ ਤਰੀਕੇ ਨਾ ਤਨ ਦਾ ਕੁਝ ਸਵਰਦਾ ਹੈ ਤੇ ਨਾ ਹੀ ਮਨ ਦਾ ਕੁਝ ਸਵਰਦਾ ਹੈ ਤੇ ਇਸ ਤਰੀਕੇ ਪ੍ਰਮਾਤਮਾ ਨੂੰ ਕਿਤੇ ਬਾਹਰੋਂ ਖੋਜਣ ਦੀ ਵਿਧੀ ਕਰਕੇ ਉਸਦਾ ਧਨ ਵੀ ਨਹੀਂ ਟਿਕਦਾ ਭਾਵ ਆਪਣੀ ਸੰਸਾਰਿਕ ਮਾਇਆ ਵੀ ਖਰਾਬ ਕਰਦਾ ਹੈ ਕਿਉਂਕਿ ਇਹ ਤਰੀਕਾ ਪ੍ਰਮਾਤਮਾ ਨੂੰ ਖੋਜਣ ਦਾ ਹੈ ਹੀ ਨਹੀਂ ਭਾਵ ਇਹ ਭਗਤੀ ਦਾ ਮਾਰਗ ਹੀ ਨਹੀਂ ਜਿਸ ਤਰੀਕੇ ਪ੍ਰਮਾਤਮਾ ਨੂੰ, ਸ੍ਰਿਸ਼ਟੀ ਦੇ ਕਰਤੇ ਨੂੰ ਪਾਇਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ ਭਾਵ ਉਸਦੇ ਨਾਲ ਮੇਲ ਕੀਤਾ ਜਾ ਸਕਦਾ ਹੈ। **(ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥)**

ਉਪਰ ਵਾਲੀ ਪੰਗਤੀ ਰਾਹੀਂ ਅਸੀਂ ਜੋ ਭਗਤੀ ਦਾ ਮਾਰਗ ਸੰਸਾਰ ਵਿੱਚ ਅਨੇਕਾਂ ਹੀ ਦੁਆਰਾ ਅਪਨਾਇਆ ਜਾਂਦਾ ਹੈ ਉਸ ਮਾਰਗ ਨੂੰ ਜਾਣਿਆ ਹੈ ਜੋ ਮਾਰਗ ਸਿਸ਼੍ਰਟੀ ਦੇ ਕਰਤੇ ਨੂੰ ਜਾਨਣ ਦਾ ਹੈ ਹੀ ਨਹੀਂ। ਭਗਤੀ ਦਾ ਸੱਚਾ ਮਾਰਗ ਉਹੀ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਸੱਚਾ ਮਾਰਗ ਉਹੀ ਹੈ ਜੋ ਅਸੀਂ ਹੁਣ ਤੱਕ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਜਿਸ ਭਗਤੀ ਦੇ ਮਾਰਗ ਤੇ ਚੱਲਣ ਲਈ ਕਿਤੇ ਬਾਹਰ ਭਟਕਣ ਦੀ ਲੋੜ ਨਹੀਂ ਤੇ ਉਹੀ ਸੱਚਾ ਮਾਰਗ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ, ਭਗਤ ਧੰਨਾ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਨੇ ਆਪ ਹੀ ਸਮਝਾਇਆ ਹੋਇਆ ਹੈ ਜਿਸ ਮਾਰਗ ਨੂੰ ਸੰਸਾਰ ਦਾ ਹਰ ਮਨੁੱਖ ਆਸਾਨੀ ਨਾਲ ਸਮਝ ਸਕਦਾ ਹੈ।

"ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥"

ਉਪਰ ਵਾਲੀ ਪੰਗਤੀ ਰਾਹੀਂ ਸਾਡੇ ਅੰਦਰ ਦੇ ਵਿਚਾਰਾਂ ਦਾ ਹੀ ਜਿਕਰ ਕੀਤਾ ਹੋਇਆ ਹੈ ਜਿਨ੍ਹਾਂ ਵਿਚਾਰਾਂ ਨੂੰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਵਿਚਾਰਾਂ ਨੂੰ ਬਾਰ-ਬਾਰ ਗੁਰੂ ਦੇ ਸ਼ਬਦਾਂ ਦੁਆਰਾ ਸਾਡੇ ਮਾੜੇ ਵਿਚਾਰ ਕਿਹਾ ਹੈ ਭਾਵ ਸਾਡੇ ਅੰਦਰ ਦੇ ਅਉਗੁਣ ਕਿਹਾ ਹੈ ਜਿਨ੍ਹਾਂ ਔਗੁਣਾਂ ਕਰਕੇ ਅਸੀਂ ਸੰਸਾਰ ਵਿੱਚ ਵਿਚਰਦੇ ਹੋਏ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ

51/7161

ਮਾੜੇ ਕਰਮ ਕਰਦੇ ਹਾਂ ਭਾਵ ਆਪਣੇ ਸੰਸਾਰਿਕ ਸੁੱਖ ਲਈ ਦੂਸਰਿਆਂ ਦਾ ਸੁੱਖ ਖਰਾਬ ਕਰਦੇ ਹਾਂ ਭਾਵ ਆਪਣੇ ਸੁੱਖ ਲਈ ਦੂਸਰਿਆਂ ਨੂੰ ਦੁੱਖ ਦਿੰਦੇ ਹਾਂ। ਆਪਣੇ ਅੰਦਰ ਦੇ ਇਨ੍ਹਾਂ ਵਿਚਾਰਾਂ ਕਰਕੇ ਹੀ ਅਸੀਂ ਗੁਰੂ ਦੇ ਵਿਚਾਰਾਂ ਨੂੰ ਨਿੰਦਦੇ ਹਾਂ ਭਾਵ ਗੁਰੂ ਦੇ ਵਿਚਾਰਾਂ ਤੋਂ ਉਲਟ ਚੱਲਦੇ ਹਾਂ। ਇਹੋ ਜਿਹੇ ਵਿਚਾਰ ਸੰਸਾਰ ਵਿੱਚ ਸਭ ਦੇ ਅੰਦਰ ਹੀ ਹੁੰਦੇ ਹਨ ਤੇ ਅਨੇਕਾਂ ਇਹੋ ਜਿਹੇ ਮਾੜੇ ਵਿਚਾਰ ਸਭ ਦੇ ਅੰਦਰ ਉਪਜਦੇ ਹਨ ਪਰ ਉਹੋ ਜਿਹੇ ਵੀ ਅਨੇਕਾਂ ਹੁੰਦੇ ਹਨ ਜੋ ਮਾੜੇ ਵਿਚਾਰਾਂ ਵਿੱਚੋਂ ਨਿਕਲਣ ਦਾ ਉੱਦਮ ਕਰਦੇ ਹਨ ਤਾਂ ਜੋ ਉਹ ਕਿਸੇ ਦਾ ਮਾੜਾ ਨਾ ਕਰਨ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਨੇ ਇਹ ਸਮਝ ਸਭ ਦੇ ਅੰਦਰ ਪਾਈ ਹੋਈ ਹੈ ਕਿ ਮੈਂ ਕਿਸੇ ਦਾ ਮਾੜਾ ਕਰ ਰਿਹਾ ਹਾਂ ਜਾਂ ਚੰਗਾ ਕਰ ਰਿਹਾ ਹਾਂ ਪਰ ਫਿਰ ਵੀ ਮਨ ਦੇ ਮਾਇਆ ਮੋਹ ਦੇ ਕਾਰਣ ਆਪਣੇ ਮਨ ਦੇ ਵਿਚਾਰਾਂ ਤੇ ਕੋਈ ਪੂਰੀ ਤਰ੍ਹਾਂ ਕਾਬੂ ਨਹੀਂ ਪਾ ਸਕਦਾ ਤੇ ਅਉਗੁਣਾਂ ਤੋਂ ਰਹਿਤ ਨਹੀਂ ਹੋ ਸਕਦਾ। ਮਨੁੱਖ ਦਾ ਹਰ ਅਉਗੁਣ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਮਤਿ ਦੇ ਉਲਟ ਹੈ ਤੇ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਸੱਚੀ ਮਤਿ ਪਾਉਣ ਦੁਆਰਾ ਇੱਕੋ ਇੱਕ ਗਿਆਨ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਜਿਸਨੂੰ ਵੀ ਧਰਮ ਗ੍ਰੰਥਾਂ ਦੀ ਮਤਿ ਵਿਸਰੀ ਹੁੰਦੀ ਹੈ ਉਹੀ ਮਨੁੱਖ ਫਿਰ ਅਉਗੁਣ ਕਰਦਾ ਹੈ ਭਾਵ **"ਲਾਲਚ ਬਿਖੁ ਕਾਮ ਲੁਬਧ"** ਵਿੱਚ ਰਚਿਆ ਹੋਇਆ ਹੁੰਦਾ ਹੈ ਭਾਵ ਇਹੋ ਜਿਹਾ ਮਨੁੱਖ ਗੁਰਮਤਿ ਦਾ ਰੱਤਿਆ ਹੋਇਆ ਨਹੀਂ ਹੁੰਦਾ ਭਾਵ ਗੁਰੂ ਪ੍ਰਮਾਤਮਾ ਦੇ ਨਾਮ ਨਾਲ ਰੱਤਿਆ ਹੋਇਆ ਨਹੀਂ ਹੁੰਦਾ ਭਾਵ ਇਹੋ ਜਿਹੇ ਮਨੁੱਖ ਨੂੰ ਪ੍ਰਮਾਤਮਾ ਵਿਸਰਿਆ ਹੋਇਆ ਹੁੰਦਾ ਹੈ ਭਾਵ

ਉਹ ਹੀਰਾ ਵਿਸਰਿਆ ਹੋਇਆ ਹੈ ਜਿਸ ਹੀਰੇ ਰੂਪ ਪ੍ਰਮਾਤਮਾ ਨੂੰ ਹਰ ਕੋਈ ਪਾਉਣਾ ਚਾਹੁੰਦਾ ਹੈ। ਉਸ ਸ੍ਰਿਸ਼ਟੀ ਦੇ ਮਾਲਕ **"ਪ੍ਰਭ ਹੀਰੇ"** ਨੂੰ ਭਾਵ ਸ੍ਰਿਸ਼ਟੀ ਦੇ ਮਾਲਕ ਨੂੰ ਪਾਉਣ ਦਾ ਤਰੀਕਾ ਕੇਵਲ ਤੇ ਕੇਵਲ ਅਉਗੁਣ ਤਿਆਗ ਕੇ ਸੰਸਾਰ ਵਿੱਚ ਗੁਣਾਂ ਦੁਆਰਾ ਵਿਚਰਨ ਦਾ ਹੈ ਨਾ ਕਿ ਘਰ ਬਾਰ ਤਿਆਗ ਕੇ, ਗ੍ਰਹਿਸਥ ਤਿਆਗ ਕੇ ਜਗ੍ਹਾ ਜਗ੍ਹਾ ਭਟਕਣ ਦਾ ਹੈ ਜਿਸ ਭਟਕਣ ਦੁਆਰਾ ਮਨੁੱਖ ਆਪਣੇ ਤਨ ਨੂੰ ਹੀ ਦੁੱਖ ਦਿੰਦਾ ਹੈ, ਆਪਣੇ ਮਨ ਨੂੰ ਹੀ ਪ੍ਰੇਸ਼ਾਨ ਕਰਦਾ ਹੈ ਤੇ ਆਪਣਾ ਧਨ ਵੀ ਗਵਾਉਂਦਾ ਹੈ ਭਾਵ ਇਸ ਤਰੀਕੇ ਨਾ ਉਹ ਹੋਰ ਧਨ ਕਮਾ ਸਕਦਾ ਹੈ ਤੇ ਆਪਣਾ ਪਿਛਲਾ ਕਮਾਇਆ ਹੋਇਆ ਧਨ ਵੀ ਖਰਾਬ ਕਰ ਲੈਂਦਾ ਹੈ ਤੇ ਆਪਣੇ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੂਸਰਿਆਂ ਦੇ ਘਰ ਤੇ ਨਿਰਭਰ ਹੁੰਦਾ ਹੈ ਭਾਵ ਦੂਸਰਿਆਂ ਦਾ ਧਨ ਵੀ ਵਿਅਰਥ ਕਰਦਾ ਹੈ। **(ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥)**

ਮਃ ੩ ॥

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੮੩)

51/7162

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥}

(ਅੰਗ ੧੩੭੬)

ਗੁਰੂ ਆਪਣੀ ਮਤਿ ਰਾਹੀਂ ਜੋ ਵਿਚਾਰ ਦਿੰਦਾ ਹੈ ਉਸਦੇ ਵਿਚਾਰਾਂ ਦੇ ਉਲਟ ਚੱਲ ਕੇ ਕੋਈ ਮਨ ਦੇ ਆਵਾਗਉਣ ਤੋਂ ਭਾਵ ਭਰਮਾਂ ਵਾਲੇ ਵਿਚਾਰਾਂ ਤੋਂ ਮੁਕਤੀ ਲੈ ਲਵੇ ਭਾਵ ਆਪਣੇ ਅੰਦਰੋਂ ਇਸ ਸਰੀਰ ਦੇ ਮਾਲਕ ਨੂੰ ਜਾਣ ਸਕੇ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕੇ ਇਹ ਨਹੀਂ ਹੋ ਸਕਦਾ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

"ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥"

ਉਪਰ ਵਾਲੀ ਪਹਿਲੀ ਪੰਗਤੀ ਰਾਹੀਂ ਇਸ ਗੱਲ ਨੂੰ ਸਮਝੋ ਕਿ ਬਉਰੇ ਮਨੁੱਖ ਭਾਵ ਝੱਲੇ ਮਨੁੱਖ ਗੁਰੂ ਸਾਹਿਬ ਨੇ ਕਿਨ੍ਹਾਂ ਨੂੰ ਕਿਹਾ ਹੈ ਭਾਵ ਉਨ੍ਹਾਂ ਨੂੰ ਕਿਹਾ ਹੈ ਜਿਨ੍ਹਾਂ ਨੂੰ ਬਿੱਖ ਫਲ ਮਿੱਠੇ ਲੱਗਦੇ ਹਨ। ਸਾਡੇ ਅੰਦਰ ਦੀ ਬਿੱਖ ਕੀ ਹੈ ਭਾਵ ਸਾਡੇ ਅੰਦਰ ਦਾ ਜਹਿਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਕਿ ਸਾਡੇ ਅੰਦਰ ਦੀ ਮਾਇਆ ਭਾਵ ਮਾਇਆ ਮੋਹ ਵਾਲੀ ਸਮਝ ਸਾਡੇ ਅੰਦਰ ਦੀ ਬਿੱਖ ਹੈ। **"ਬਿਖੁ ਫਲ"** ਉਹ ਹੁੰਦੇ ਹਨ ਜਿਨ੍ਹਾਂ ਫਲਾਂ ਦੀ ਪ੍ਰਾਪਤੀ ਅਸੀਂ ਮਾਇਆ ਮੋਹ ਵਾਲੇ ਵਿਚਾਰਾਂ ਦੁਆਰਾ ਪ੍ਰਾਪਤ ਕਰਦੇ ਹਾਂ। ਆਪਣੇ ਮਾਇਆ ਮੋਹ ਵਾਲੇ ਵਿਚਾਰਾਂ ਦੁਆਰਾ ਅਸੀਂ ਜੋ ਧਨ ਕਮਾਉਂਦੇ ਹਾਂ ਤੇ ਉਨ੍ਹਾਂ ਦੁਆਰਾ ਅਸੀਂ ਜਿਨ੍ਹਾਂ ਸੁੱਖਾਂ ਦੀ ਪ੍ਰਾਪਤੀ ਕਰਦੇ ਹਾਂ ਉਹ ਸਭ ਸਾਡੇ ਲਈ ਬਿੱਖ ਫਲ ਹਨ ਭਾਵੇਂ ਉਨ੍ਹਾਂ ਫਲਾਂ ਦੇ ਨਾਲ ਅਸੀਂ ਆਪਣੇ ਤਨ ਨੂੰ ਸੁੱਖ ਦਿੰਦੇ ਹਾਂ ਜਾਂ ਮਨ ਨੂੰ ਸੁੱਖ ਦਿੰਦੇ ਹਾਂ ਭਾਵ ਮਨ ਦੀ ਤ੍ਰਿਸ਼ਨਾ ਪੂਰੀ ਹੋਣ ਦੁਆਰਾ ਅਸੀਂ ਸੁੱਖ ਮਹਿਸੂਸ ਕਰਦੇ ਹਾਂ। ਸਾਡੇ ਅੰਦਰ ਦੇ ਜੋ ਵੀ ਮਾੜੇ ਵਿਚਾਰ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਹਨ ਇਹ ਵਿਚਾਰ ਸਾਡੇ ਮਾਇਆ ਮੋਹ ਵਾਲੇ ਵਿਚਾਰ ਹੀ ਹਨ ਭਾਵ ਬਿੱਖ ਫਲ ਦੀ ਪ੍ਰਾਪਤੀ ਕਰਨ ਵਾਲੇ ਵਿਚਾਰ ਹਨ। ਇਨ੍ਹਾਂ ਵਿਚਾਰਾਂ ਪਿੱਛੇ ਲੱਗ ਕੇ ਅਸੀਂ ਗੁਰੂ ਦੀਆਂ ਨਜਰਾਂ ਵਿੱਚ ਬਉਰੇ ਬਣਦੇ ਹਾਂ ਤੇ ਇਹੋ ਜਿਹੇ ਮਨੁੱਖ ਉਹੀ ਹੁੰਦੇ ਹਨ ਜੋ ਗੁਰੂ ਦੇ **"ਚਾਰ ਬਿਚਾਰ"** ਨੂੰ ਨਹੀਂ ਜਾਣਦੇ ਭਾਵ ਗੁਰੂ ਦੇ ਚੰਗੇ ਵਿਚਾਰਾਂ ਨੂੰ ਨਹੀਂ ਮੰਨਦੇ ਜੋ ਗੁਰੂ ਦੇ ਵਿਚਾਰ ਸਾਨੂੰ ਮਾਇਆ ਮੋਹ ਛੱਡਣ ਲਈ ਸਮਝਾਉਂਦੇ ਹਨ, ਅਉਗੁਣਾਂ ਵਾਲੇ ਵਿਚਾਰ ਛੱਡਣ ਨੂੰ ਸਮਝਾਉਂਦੇ ਹਨ ਭਾਵ ਮਾੜੇ ਕਰਮ ਛੱਡਣ ਲਈ ਸਮਝਾਉਂਦੇ ਹਨ ਭਾਵ ਬਿੱਖ ਫਲ ਨਾ ਖਾਣ ਲਈ ਸਮਝਾਉਂਦੇ ਹਨ। **(ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥)**

ਗੁਰੂ ਦੇ ਚੰਗੇ ਵਿਚਾਰ ਭਾਵ ਸੱਚੇ ਵਿਚਾਰ ਸਾਨੂੰ ਗੁਣਾਂ ਨਾਲ ਜੋੜਦੇ ਹਨ ਤੇ ਗੁਰੂ ਦੇ ਸਮਝਾਏ ਹੋਏ ਗੁਣਾਂ ਦੇ ਨਾਲ ਪ੍ਰੀਤ ਕੀਤੇ ਬਿਨਾਂ ਜੇਕਰ ਅਸੀਂ ਮਨੁੱਖੀ ਵਿਚਾਰਾਂ ਨਾਲ ਪ੍ਰੀਤ ਕਰਦੇ ਹਾਂ ਭਾਵ ਗੁਰੂ ਨਾਲੋਂ ਦੂਸਰੇ ਵਿਚਾਰਾਂ

51/7163

ਨੂੰ ਮੰਨਦੇ ਹਾਂ ਫਿਰ ਅਸੀਂ ਮਨ ਦੇ ਜਨਮ ਮਰਨ ਦੇ ਗੇੜ ਵਿੱਚੋਂ ਨਹੀਂ ਨਿਕਲ ਸਕਦੇ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥”

ਸਾਡਾ ਜਨਮ ਮਰਨ ਕੀ ਹੈ ਇਸ ਗੱਲ ਨੂੰ ਅਸੀਂ ਬਾਰ-ਬਾਰ ਲੇਖ ਵਿੱਚ ਸਮਝਿਆ ਹੀ ਹੈ ਤੇ ਮਨ ਦੇ ਇਸ ਝੂਠੇ ਜਨਮ-ਮਰਨ ਵਿੱਚੋਂ ਨਿਕਲਣਾ ਹੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣਾ ਹੈ, ਮਨ ਦੀ ਸਮਝ ਦੇ ਮਾਲਕ ਨੂੰ ਜਾਨਣਾ ਹੈ, ਮਨ ਦੇ ਵਿਚਾਰਾਂ ਦੇ ਮਾਲਕ ਨੂੰ ਜਾਨਣਾ ਹੈ। ਸੱਚੇ ਧਰਮ ਗ੍ਰੰਥਾਂ ਦੇ ਅੰਦਰ ਜੋ ਵਿਚਾਰ ਹਨ ਉਹ ਵਿਚਾਰਾਂ ਦੇ ਮਾਲਕ ਦੇ ਭਾਵ ਜਗਤ ਗੁਰੂ ਅਕਾਲ ਪੁਰਖ ਦੇ ਆਪਣੇ ਹੀ ਪਾਏ ਹੋਏ ਹਨ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਉਸ ਵਿਚਾਰਾਂ ਦੇ ਮਾਲਕ ਤੱਕ ਪਹੁੰਚਣ ਦਾ ਤਰੀਕਾ ਭਾਵ ਮਨ ਦੇ ਵਿਚਾਰਾਂ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਇਹੀ ਹੈ ਕਿ ਅਸੀਂ ਸੱਚੇ ਧਰਮ ਗ੍ਰੰਥਾਂ ਦੇ ਸੱਚੇ ਵਿਚਾਰਾਂ ਨੂੰ ਅਪਨਾਈਏ ਭਾਵ ਉਨ੍ਹਾਂ ਦੇ ਚਾਰ ਵਿਚਾਰ ਮੰਨੀਏ ਜੋ ਚੰਗੇ ਵਿਚਾਰ ਸਾਨੂੰ ਔਗੁਣਾਂ ਨਾਲ ਪ੍ਰੀਤ ਛੱਡ ਕੇ ਗੁਣਾਂ ਵਾਲੇ ਵਿਚਾਰਾਂ ਨਾਲ ਪ੍ਰੀਤ ਕਰਨੀ ਸਿਖਾਉਂਦੇ ਹਨ ਭਾਵ ਹਰ ਅਉਗੁਣ ਛੱਡਣ ਲਈ ਸਮਝਾਉਂਦੇ ਹਨ ਭਾਵ ਸੰਸਾਰ ਵਿੱਚ ਗੁਣੀ ਬਣਕੇ ਵਿਚਰਨਾ ਸਮਝਾਉਂਦੇ ਹਨ ਤੇ ਜੇਕਰ ਅਸੀਂ ਉਨ੍ਹਾਂ ਵਿਚਾਰਾਂ ਨਾਲ ਪ੍ਰੀਤ ਵਧਾਵਾਂਗੇ ਜਿਨ੍ਹਾਂ ਮਾੜੇ ਵਿਚਾਰਾਂ ਨੂੰ ਗੁਰੂ ਰੂਪ ਪ੍ਰਮਾਤਮਾ ਸਾਨੂੰ ਛੱਡਣ ਲਈ ਸਮਝਾਉਂਦਾ ਹੈ ਫਿਰ ਸਾਡੇ ਅੰਦਰ ਭਾਵ ਸਾਡੀ ਸਮਝ ਦੇ ਅੰਦਰ ਜਨਮ ਮਰਨ ਵਾਲੇ ਭਾਵ ਗੁਰਮਤਿ ਤੋਂ ਪੁੱਠੇ ਅਗਿਆਨਤਾ ਵਾਲੇ ਵਿਚਾਰਾਂ ਨੇ ਸਾਡੀ ਸਮਝ ਦੇ ਅੰਦਰ ਆਪਣੇ ਆਪ ਨੂੰ ਤਾਣਿਆ ਹੀ ਹੋਇਆ ਹੈ ਭਾਵ ਸਾਡੇ ਅੰਦਰ ਤਾਣ ਭਾਵ ਜੋਰ ਅਗਿਆਨਤਾ ਵਾਲੇ ਨਾਸਮਝ ਵਿਚਾਰਾਂ ਦਾ ਹੀ ਚੱਲਦਾ ਹੈ ਜਿਨ੍ਹਾਂ ਨਾਸਮਝ ਵਿਚਾਰਾਂ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਜਨਮ ਮਰਨ ਵਾਲੇ ਵਿਚਾਰਾਂ ਵਿੱਚੋਂ ਨਹੀਂ ਨਿਕਲ ਸਕਦੇ। ਸਾਡਾ ਉਹ ਹਰ ਵਿਚਾਰ ਨਾਸਮਝ ਵਿਚਾਰ ਹੈ, ਅਗਿਆਨਤਾ ਵਾਲਾ ਵਿਚਾਰ ਹੈ ਜਿਸ ਵਿਚਾਰ ਦੇ ਅੰਦਰ ਗੁਰੂ ਰੂਪ ਪ੍ਰਮਾਤਮਾ ਦਾ ਸਮਝਾਇਆ ਹੋਇਆ ਚਾਰ ਬਿਚਾਰ ਨਹੀਂ ਹੈ। **(ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥ ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥)**

ਭਗਤੀ ਦੇ ਮਾਰਗ ਤੇ ਚੱਲਣ ਲਈ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਜੋ ਇੱਕੋ ਇੱਕ ਜੁਗਤਿ ਹੈ ਉਹ ਗੁਰੂ ਦੀ ਮਤਿ ਨੂੰ ਸਮਝ ਕੇ ਉਸਨੂੰ ਮੰਨਣ ਦਾ ਹੈ ਭਾਵ ਮਨੁੱਖ ਦੀ ਕਰਨੀ ਦਾ ਹੈ ਨਾ ਕਿ ਸਾਡੀ ਕਥਨੀ ਦਾ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੀ ਵਿਆਖਿਆ ਦੁਆਰਾ ਸਮਝਿਆ ਹੈ ਤੇ ਉਹੀ ਭਗਤੀ ਦਾ ਮਾਰਗ ਸਾਨੂੰ ਉਪਰ ਵਾਲੇ ਸ਼ਬਦ ਦੇ ਅਗਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ।

“ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥”

51/7164

ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਆਪਣੇ ਸ਼ਬਦਾਂ ਰਾਹੀਂ ਗੁਰੂ ਸਾਹਿਬ ਜੋ ਕੁਝ ਸਾਨੂੰ ਸਮਝਾਉਂਦੇ ਹਨ ਉਹ ਕਿਸ ਮਕਸਦ ਲਈ ਸਮਝਾਉਂਦੇ ਹਨ ਭਾਵ ਗੁਰਬਾਣੀ ਨੂੰ ਰਚਨ ਦਾ ਉਹ ਕਿਹੜਾ ਮਕਸਦ ਹੈ ਜਿਸ ਮਕਸਦ ਲਈ ਗੁਰਬਾਣੀ ਦੀ ਜਾਂ ਹੋਰ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਆਪਣੇ ਸ਼ਬਦਾਂ ਰਾਹੀਂ ਜੁਗਤਿ ਹੀ ਸਮਝਾਉਂਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦੀ ਜੁਗਤਿ ਹੀ ਸਮਝਾਉਂਦਾ ਹੈ ਕਿ ਉਸਨੂੰ ਕਿਸ ਤਰੀਕੇ ਪਾਇਆ ਜਾ ਸਕਦਾ ਹੈ, ਕਿਹੋ ਜਿਹਾ ਭਗਤੀ ਦਾ ਤਰੀਕਾ ਅਪਨਾਉਣ ਦੁਆਰਾ ਪਾਇਆ ਜਾ ਸਕਦਾ ਹੈ। ਹਰ ਧਰਮ ਗ੍ਰੰਥ ਸਾਨੂੰ ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਲਈ ਸਮਝਾਉਂਦਾ ਹੈ ਜਿਨ੍ਹਾਂ ਮਾੜੇ ਵਿਚਾਰਾਂ ਨੂੰ ਸਾਡੇ ਦੁਸ਼ਮਨ ਵੀ ਕਿਹਾ ਹੈ, ਬਾਣੀ ਦੇ ਸ਼ਬਦਾਂ ਰਾਹੀਂ ਨਾਮ ਦੇ ਚੋਰ ਵੀ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਜਦ ਤੱਕ ਮਨੁੱਖ ਦੇ ਅੰਦਰ ਇਹ ਔਗੁਣਾਂ ਵਾਲੇ ਵਿਚਾਰ ਵੱਸੇ ਰਹਿੰਦੇ ਹਨ ਤਦ ਤੱਕ ਮਨੁੱਖ ਕੋਈ ਨਾ ਕੋਈ ਮਾੜਾ ਕਰਮ ਕਰਦਾ ਹੀ ਰਹਿੰਦਾ ਹੈ ਤੇ ਜਿਨ੍ਹਾਂ ਮਾੜੇ ਵਿਚਾਰਾਂ ਦੇ ਰਹਿੰਦਿਆਂ ਮਨੁੱਖ ਉਸ ਸੱਚੀ ਭਗਤੀ ਦੇ ਮਾਰਗ ਤੇ ਚੱਲ ਹੀ ਨਹੀਂ ਸਕਦਾ ਜੋ ਸੱਚੀ ਭਗਤੀ ਦਾ ਮਾਰਗ ਭਾਵ ਜੋ ਭਗਤੀ ਦੀ ਸੱਚੀ ਜੁਗਤਿ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਸੱਚੀ ਜੁਗਤਿ ਸਾਨੂੰ ਹਰ ਸੱਚਾ ਧਰਮ

ਗ੍ਰੰਥ ਸਮਝਾਉਂਦਾ ਹੈ ਭਾਵ ਮਾੜੇ ਕਰਮ ਕਰਨ ਤੋਂ ਸਾਨੂੰ ਗੁਰੂ ਦੇ ਸ਼ਬਦ ਬਾਰ-ਬਾਰ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਧਰਮ ਗ੍ਰੰਥਾਂ ਨੂੰ ਪੜਨ ਤੋਂ ਬਾਅਦ ਹਰ ਕਿਸੇ ਨੂੰ ਗੁਰੂ ਦੀ ਸਮਝਾਈ ਹੋਈ ਇਹ ਜੁਗਤਿ ਸਮਝ ਆ ਜਾਂਦੀ ਹੈ ਕਿ ਮਨ ਦੇ ਵਿਕਾਰ ਛੱਡੇ ਬਿਨਾਂ ਗੁਰੂ ਦੀ ਭਗਤੀ ਨਹੀਂ ਹੋ ਸਕਦੀ ਭਾਵ ਮਾਇਆ ਮੋਹ ਛੱਡੇ ਬਿਨਾਂ ਪ੍ਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਗੁਰੂ ਨੇ ਆਪਣੇ ਸ਼ਬਦਾਂ ਰਾਹੀਂ ਸਾਨੂੰ ਬਾਰ-ਬਾਰ ਸਮਝਾਇਆ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡੋ, ਝੂਠ ਬੋਲਣਾ ਛੱਡੋ, ਮਾੜੇ ਕਰਮ ਕਰਨੇ ਛੱਡੋ ਭਾਵ ਗੁਰੂ ਦੀ ਜੁਗਤਿ ਨੂੰ ਹਰ ਕੋਈ ਜਾਣ ਵੀ ਲੈਂਦਾ ਹੈ ਭਾਵ ਸਮਝ ਵੀ ਲੈਂਦਾ ਹੈ ਪਰ ਕਿਸੇ ਨੂੰ ਆਪਣੀਆਂ ਤ੍ਰਿਸ਼ਨਾਵਾਂ ਛੱਡਣੀਆਂ ਚੰਗੀਆਂ ਨਹੀਂ ਲੱਗਦੀਆਂ, ਮਾਇਆ ਮੋਹ ਤਿਆਗਣਾ ਚੰਗਾ ਨਹੀਂ ਲੱਗਦਾ ਭਾਵ ਸੰਸਾਰਿਕ ਸੁੱਖ ਤਿਆਗਣੇ ਚੰਗੇ ਨਹੀਂ ਲੱਗਦੇ ਭਾਵ ਗੁਰੂ ਦੀ ਸਮਝਾਈ ਹੋਈ ਜੁਗਤਿ ਨੂੰ ਸਮਝ ਕੇ ਵੀ ਉਸਨੂੰ ਮੰਨਣਾ ਸਭ ਨੂੰ ਔਖਾ ਹੀ ਲੱਗਦਾ ਹੈ ਤੇ ਇਸੇ ਲਈ ਗੁਰੂ ਦੀ ਜੁਗਤਿ ਨੂੰ ਕੋਈ ਆਪਣੇ ਮਨ ਦੇ ਅੰਦਰ ਭਾਵ ਆਪਣੀ ਸਮਝ ਦੇ ਅੰਦਰ ਨਿਵਾਸ ਨਹੀਂ ਦਿੰਦਾ ਭਾਵ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਟਿਕਣ ਨਹੀਂ ਦਿੰਦਾ। **(ਜੁਗਤਿ ਜਾਨਿ ਨਹੀ ਰਿਦੈ ਨਿਵਾਸੀ)**

ਗੁਰੂ ਦੀ ਜੁਗਤਿ ਨੂੰ ਨਾ ਮੰਨਣ ਕਰਕੇ ਸਾਡੇ ਮਨ ਦੀ ਸਮਝ ਦੇ ਅੰਦਰ ਇਹੋ ਜਿਹੇ ਵਿਚਾਰ ਟਿਕੇ ਰਹਿੰਦੇ ਹਨ। ਇਹ ਗੱਲ ਨਾਲ ਹੀ ਸਮਝਾਈ ਹੋਈ ਹੈ।

“ਜਲਤ ਜਾਲ ਜਮ ਫੰਧ ਪਰੇ ॥”

ਜਮ ਕੀ ਹੁੰਦੇ ਹਨ ਤੇ ਫੰਧਾ ਕੀ ਹੁੰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਇਹ ਜਮ ਹਰ ਵੇਲੇ ਸਾਡੀ ਸਮਝ ਦੇ ਵਿੱਚ ਹੀ ਆਪਣਾ ਜਾਲ ਲੈ ਕੇ ਬੈਠੇ ਹੁੰਦੇ ਹਨ ਤੇ ਮਨ ਦੀ ਸਮਝ ਦੇ ਵਿੱਚ ਹੀ ਆਪਣਾ ਜਾਲ ਰੂਪ

51/7165

ਫੰਧਾ ਸਾਡੇ ਉੱਤੇ ਪਾਈ ਰੱਖਦੇ ਹਨ। ਜਮਾਂ ਦਾ ਫੰਧਾ ਸਾਡੇ ਅੰਦਰ ਮਾਇਆ ਮੋਹ ਵਾਲੇ ਵਿਚਾਰਾਂ ਦਾ ਹੈ ਜਿਸ ਫੰਧੇ ਵਿੱਚ ਮਨੁੱਖ ਹਰ ਵੇਲੇ ਫੱਸਿਆ ਰਹਿੰਦਾ ਹੈ। ਇਹ ਮਾਇਆ ਮੋਹ ਰੂਪ ਫੰਧਾ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ ਜਿਸ ਕਰਕੇ ਇਸ ਵਿੱਚੋਂ ਆਪਣੇ ਆਪ ਪੂਰੀ ਤਰ੍ਹਾਂ ਨਿਕਲ ਪੈਣਾ ਹਰ ਕਿਸੇ ਲਈ ਨਾਮੁਮਕਿਨ ਹੈ। ਜਮਾਂ ਦੇ ਫੰਧੇ ਵਿੱਚੋਂ ਨਿਕਲਣ ਦਾ ਇੱਕੋ ਇੱਕ ਸਾਧਨ ਗੁਰੂ ਦੇ ਸੱਚੇ ਵਿਚਾਰ ਹੀ ਹਨ ਭਾਵ ਗੁਰੂ ਦਾ ਨਾਮ ਹੀ ਹੈ ਜਿਨ੍ਹਾਂ ਨੂੰ ਮੰਨਣਾ ਹੀ ਭਾਵ ਔਗੁਣ ਤਿਆਗਣ ਦਾ ਸੱਚਾ ਉੱਦਮ ਕਰਨਾ ਹੀ ਜਮਾਂ ਦੇ ਫੰਧੇ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕਰਨਾ ਹੈ। ਜਿਸ ਮਨੁੱਖ ਕੋਲੋਂ ਅਕਾਲ ਪੁਰਖ ਇਹ ਸੱਚਾ ਉੱਦਮ ਕਰਾਉਂਦਾ ਹੈ ਉਸ ਤੋਂ ਇਹ ਭਾਵ ਸਮਝੋ ਕਿ ਅਕਾਲ ਪੁਰਖ ਆਪ ਹੀ ਤੁਹਾਡੀ ਮਦਦ ਕਰ ਰਿਹਾ ਹੈ ਜੋ ਤੁਹਾਡੇ ਕੋਲੋਂ ਮਾਇਆ ਮੋਹ ਵਿੱਚੋਂ ਨਿਕਲਣ ਦਾ ਉੱਦਮ ਕਰਵਾ ਰਿਹਾ ਹੈ ਭਾਵ ਆਪਣੀ ਸਮਝਾਈ ਹੋਈ ਜੁਗਤਿ ਤੇ ਚਲਾਉਣ ਦਾ ਸੱਚਾ ਉੱਦਮ ਕਰਵਾ ਰਿਹਾ ਹੈ। ਗੁਰੂ ਤਾਂ ਸਾਨੂੰ ਇਹੋ ਜਿਹੀ ਜੁਗਤਿ ਹੀ ਸਮਝਾਉਂਦਾ ਹੈ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਨਿਕਲਣ ਦਾ, ਜਮਾਂ ਦੇ ਫੰਧੇ ਵਿੱਚੋਂ ਨਿਕਲਣ ਦਾ ਉੱਦਮ ਹੀ ਸਮਝਾਉਂਦਾ ਹੈ ਤੇ ਗੁਰੂ ਦੀ ਜੁਗਤਿ ਪਿੱਛੇ ਉਹੀ ਲੱਗਦਾ ਹੈ ਜਿਸ ਤੇ ਗੁਰੂ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਤੇ ਜਿਨ੍ਹਾਂ ਨੂੰ ਗੁਰੂ ਪ੍ਰਮਾਤਮਾ ਭਗਤੀ ਦਾ ਸੱਚਾ ਮਾਰਗ ਸਮਝਣ ਤੋਂ ਦੂਰ ਰੱਖਣਾ ਚਾਹੁੰਦਾ ਹੈ ਭਾਵ ਜਿਨ੍ਹਾਂ ਨੂੰ ਉਹ ਆਪਣੇ ਨੇੜੇ ਨਹੀਂ ਲਗਾਉਣਾ ਚਾਹੁੰਦਾ ਉਨ੍ਹਾਂ ਨੂੰ ਫਿਰ ਉਹ ਭਰਮਾਂ ਵਿੱਚ ਪਾ ਕੇ ਹੀ ਉਲਝਾਈ ਰੱਖਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਸਾਨੂੰ ਭਗਤੀ ਦਾ ਮਾਰਗ ਸਮਝਾਉਂਣ ਵਾਲੇ ਅਨੇਕਾਂ ਹੀ ਹਨ ਜਿਨ੍ਹਾਂ ਤੋਂ ਬਹੁਤੇ ਸਾਨੂੰ ਸਰੀਰਕ ਜਪਾਂ ਤਪਾਂ ਆਦਿ ਦੇ ਨਾਲ ਹੀ ਜੋੜਦੇ ਹਨ, ਵੱਧ ਤੋਂ ਵੱਧ ਸ਼ਬਦਾਂ ਦੀ ਕਥਨੀ ਕਰਨ ਨਾਲ ਹੀ ਜੋੜਦੇ ਹਨ, ਥਿਤਾਂ ਵਾਰਾਂ ਨਾਲ ਜੋੜਦੇ ਹਨ, ਕਿਸੇ ਖਾਸ ਵੇਲੇ ਦੀ ਭਗਤੀ ਦੇ ਨਾਲ ਜੋੜਦੇ ਹਨ, ਖਾਣ-ਪਾਣ ਦੇ ਫਰਕ ਨਾਲ ਜੋੜਦੇ ਹਨ, ਖਾਸ ਤੀਰਥਾਂ ਦੀ ਮਹਾਨਤਾ ਨਾਲ ਜੋੜਦੇ ਹਨ ਤੇ ਹੋਰ ਵੀ ਅਨੇਕਾਂ ਹੀ ਆਪਣੀ ਆਪਣੀ ਸਮਝ ਦੁਆਰਾ ਬਣਾਏ ਹੋਏ ਤਰੀਕਿਆਂ ਨਾਲ ਜੋੜਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੀ ਹੈ ਤੇ ਇਹੋ ਜਿਹਾ ਸਮਝਾਉਣ ਵਾਲੇ ਆਪਣੇ ਇਨ੍ਹਾਂ ਤਰੀਕਿਆਂ ਨੂੰ ਪ੍ਰਮਾਤਮਾ ਨੂੰ ਪਾਉਣ ਦੀ ਜੁਗਤਿ ਹੀ ਕਹਿੰਦੇ ਹਨ ਭਾਵ ਉਹ ਭਗਤੀ ਦਾ ਸੱਚਾ ਮਾਰਗ ਸਮਝਣ ਵਿੱਚ, ਸੱਚੀ ਜੁਗਤਿ ਸਮਝਣ ਵਿੱਚ ਭਰਮਾਂ ਵਿੱਚ ਹੁੰਦੇ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਹੀ ਪਾਉਂਦੇ ਹਨ ਭਾਵ ਜਿਨ੍ਹਾਂ ਦੀ ਆਪਣੀ ਮਤਿ ਜਮਾਂ ਦੇ ਫੰਧੇ ਵਿੱਚ ਹੁੰਦੀ ਹੈ ਉਹ ਦੂਸਰਿਆਂ ਨੂੰ ਜਮਾਂ ਦੇ ਫੰਧੇ ਤੋਂ ਕੀ ਬਚਾਉਣਗੇ। **(ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥)**

ਜੋ ਗੁਰੂ ਦੀ ਸਮਝਾਈ ਹੋਈ ਜੁਗਤਿ ਨੂੰ ਆਪਣੇ ਅੰਦਰ ਨਹੀਂ ਵਸਾਉਂਦੇ ਉਹ ਫਿਰ ਕਿਹੋ ਜਿਹੀ ਸਮਝ ਵਾਲੇ ਹੁੰਦੇ ਹਨ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥”

51/7166

ਮਨੁੱਖ ਲਈ ਬਿਖੁ ਫਲ ਕੀ ਹਨ ਇਸ ਗੱਲ ਨੂੰ ਅਸੀਂ ਸ਼ਬਦ ਦੇ ਉਪਰ ਵਾਲੇ ਪਦੇ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੀ ਹੈ। ਗੁਰੂ ਦੀ ਜੁਗਤਿ ਸਾਨੂੰ ਬਿੱਖ ਫਲ ਛੱਡਣ ਤੋਂ ਸਮਝਾਉਂਦੀ ਹੈ ਭਾਵ ਮਨ ਦਾ ਮਾਇਆ ਮੋਹ ਛੱਡਣ ਲਈ ਸਮਝਾਉਂਦੀ ਹੈ, ਅਉਗੁਣ ਛੱਡਣ ਲਈ ਸਮਝਾਉਂਦੀ ਹੈ ਜਿਨ੍ਹਾਂ ਨੂੰ ਨਾ ਛੱਡਣ ਕਰਕੇ ਆਪਣੇ ਦੁਨਿਆਵੀ ਸੁੱਖਾਂ ਲਈ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਤੇ ਮਾੜੇ ਕਰਮ ਕਰਨ ਦੁਆਰਾ ਸਾਨੂੰ ਜੋ ਵੀ ਸੁੱਖ ਮਹਿਸੂਸ ਹੁੰਦਾ ਹੈ ਉਹ ਸਾਡੇ ਲਈ ਬਿੱਖ ਫਲ ਹੈ ਭਾਵ ਬਿੱਖ ਫਲ ਖਾਣ ਦਾ ਮੂਲ ਸਾਡੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰ ਹਨ ਤੇ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਅਸੀਂ ਛੱਡਣ ਦੀ ਬਜਾਏ ਆਪਣੇ ਅੰਦਰ ਹੋਰ ਸੰਚਦੇ ਹਾਂ, ਭਰਦੇ ਹਾਂ ਕਿਉਂਕਿ ਮਾਇਆ ਮੋਹ ਸਭ ਨੂੰ ਚੰਗਾ ਲੱਗਦਾ ਹੈ ਭਾਵ ਦੁਨਿਆਵੀ ਸੁੱਖ, ਦੁਨਿਆਵੀ ਮਾਨ ਭਾਵੇਂ ਉਹ ਝੂਠੀ ਭਗਤੀ ਦਾ ਮਾਨ ਹੋਵੇ ਉਹ ਸਭ ਨੂੰ ਚੰਗਾ ਲੱਗਦਾ ਹੈ ਜਿਸ ਕਰਕੇ ਬਿੱਖ ਫਲ ਨੂੰ ਹਰ ਕੋਈ ਵਧਾਉਣਾ ਹੀ ਚਾਹੁੰਦਾ ਹੈ ਤੇ ਇਹੋ ਜਿਹੇ ਮਨੁੱਖ ਨੂੰ ਫਿਰ ਪ੍ਰਮਾਤਮਾ ਵਿਸਰਿਆ ਹੁੰਦਾ ਹੈ ਭਾਵ ਗੁਰੂ ਪ੍ਰਮਾਤਮਾ ਦੀ ਸੱਚੀ ਸਿੱਖਿਆ ਵਿਸਰੀ ਹੁੰਦੀ ਹੈ ਭਾਵ ਗੁਰੂ ਪ੍ਰਮਾਤਮਾ ਦੀ ਸਮਝਾਈ ਹੋਈ ਜੁਗਤਿ ਵਿਸਰੀ ਹੁੰਦੀ ਹੈ ਭਾਵ ਇਹੋ ਜਿਹੇ ਮਨੁੱਖ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣ ਵਾਲੇ ਨਹੀਂ ਹੁੰਦੇ ਭਾਵ ਗੁਰਮਤਿ ਦੀ ਬਜਾਏ ਮਨਮਤਿ ਦੇ ਪਿੱਛੇ ਲੱਗਦੇ ਹਨ ਜਿਸ ਕਰਕੇ ਉਸ ਪਰਮ ਪੁਰਖ ਨੂੰ ਆਪਣੇ ਅੰਦਰੋਂ ਕੋਈ ਨਹੀਂ ਜਾਣ ਸਕਦਾ ਭਾਵ ਉਸਨੂੰ ਜਾਨਣ ਦਾ ਤਰੀਕਾ, ਉਸਦੀ ਭਗਤੀ ਦਾ ਤਰੀਕਾ ਗੁਰੂ ਦੀ ਸਮਝ ਨੂੰ ਪੂਰਨ ਰੂਪ ਵਿੱਚ ਮੰਨ ਕੇ ਉਸਤੇ ਚੱਲਣ ਦਾ ਹੀ ਹੈ ਭਾਵ ਹਰ ਮਾੜਾ ਕਰਮ ਛੱਡ ਕੇ ਚੰਗੇ ਕਰਮ ਕਰਨ ਦਾ ਹੀ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। **(ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥ ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥ ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥ ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥)**

ਪ੍ਰਮਾਤਮਾ ਦੇ ਨਾਲ ਜੋਗ ਕਰਨ ਦੀ ਜੁਗਤਿ ਕੀ ਹੈ ਭਾਵ ਉਸਦੇ ਨਾਲ ਮਨ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਮੇਲ ਕਰਨ ਦੀ ਜੁਗਤਿ ਕੀ ਹੈ ਭਾਵ ਆਪਣੀ ਸੁਰਤਿ ਦੀ ਸਮਝ ਦਾ ਮੇਲ ਸ਼ਬਦ ਦੀ ਸਮਝ ਦੇ ਨਾਲ ਮੇਲ ਕਰਨ ਦੀ ਜੁਗਤਿ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਬਾਰ-ਬਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥}

(ਅੰਗ ੧੧੮੯)

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਸ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਨਾਲ ਮੇਲ ਕਰਨ ਦੀ ਨੀਂਹ ਰੱਖਣਾ ਹੀ ਭਾਵ ਸ਼ੁਰੂਆਤ ਕਰਨਾ ਹੀ ਇਹ ਹੈ ਕਿ ਅਸੀਂ ਆਪਣੇ ਅੰਦਰ ਦੇ ਪੰਜੇ ਵੱਡੇ ਔਗੁਣਾਂ ਨੂੰ ਮਾਰੀਏ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀ ਸਮਝ ਨੂੰ ਛੱਡੀਏ ਭਾਵ ਕੋਈ ਵੀ ਮਾੜਾ ਕਰਮ ਕਰਨ ਤੋਂ ਬੱਚੀਏ ਜਿਨ੍ਹਾਂ ਨੂੰ ਨਾ ਛੱਡ ਸੱਕਣ ਦਾ ਕਾਰਣ ਸਾਡੇ ਅੰਦਰ ਦਾ ਹਉਮੈ ਰੂਪ ਬੰਧਨ ਹੀ ਹੈ ਭਾਵ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਦਾ ਬੰਧਨ ਹੀ ਹੈ ਜਿਸ ਭਰਮਾਂ ਵਾਲੀ ਸਮਝ ਕਰਕੇ ਹੀ ਅਸੀਂ ਗੁਰੂ ਦੇ ਵਿਚਾਰਾਂ ਦੇ ਨਾਲ ਜੁੜਨ ਦੀ ਬਜਾਏ ਮਾਇਆ ਮੋਹ ਵਾਲੇ ਵਿਚਾਰਾਂ ਨਾਲ ਜੁੜੇ ਰਹਿੰਦੇ ਹਾਂ ਭਾਵ ਆਪਣੇ ਸੰਸਾਰਿਕ ਸੁੱਖਾਂ ਨਾਲ ਜੁੜੇ ਰਹਿੰਦੇ ਹਾਂ ਜੋ ਸੰਸਾਰਿਕ ਸੁੱਖ ਸਾਨੂੰ ਮਾਇਆ ਮੋਹ ਦੇ ਸੁੱਖਾਂ ਵਿੱਚੋਂ ਨਿਕਲਣ ਨਹੀਂ ਦਿੰਦੇ ਤੇ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਭਾਵ ਮਨ ਦੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀ ਸਮਝ ਵਿੱਚ ਰਹਿੰਦੇ ਹਾਂ ਭਾਵ ਵਿਕਾਰਾਂ ਵਿੱਚ ਹੀ ਰਹਿੰਦੇ ਹਾਂ, ਔਗੁਣਾਂ ਵਿੱਚ ਰਹਿੰਦੇ ਹਾਂ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਨਹੀਂ ਅਪਨਾਉਂਦੇ ਜੋ ਗੁਣ ਸਾਡੇ ਅੰਦਰ ਔਗੁਣਾਂ ਨੂੰ ਤਿਆਗਕੇ ਹੀ ਆਉਂਦੇ ਹਨ। ਪ੍ਰਮਾਤਮਾ ਦੀ ਭਗਤੀ ਦੀ ਨੀਂਹ ਹੀ ਔਗੁਣਾਂ ਨੂੰ ਤਿਆਗਕੇ ਰੱਖੀ ਜਾ ਸਕਦੀ ਹੈ ਜਿਸ ਦੁਆਰਾ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਲ ਨੂੰ ਜਾਨਣ ਦਾ ਭਾਵ ਉਸਦੇ ਮਹਲ ਵਿੱਚ ਪਹੁੰਚਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ। ਉਸਦਾ ਬ੍ਰਹਮ ਗਿਆਨ ਰੂਪ ਮਹਲ ਸਾਡੇ ਸਭ ਦੇ ਅੰਦਰ ਹੀ ਹੈ ਜਿਵੇਂ

ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੈ। ਉਸਦੇ ਬ੍ਰਹਮ ਗਿਆਨ ਰੂਪ ਮਹਲ ਵਿੱਚ ਉਸਦੇ ਬ੍ਰਹਮ ਗਿਆਨ ਵਾਲੇ ਵਿਚਾਰਾਂ ਨੂੰ ਭਾਵ ਉਸਦੇ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ ਜਿਸ ਜੁਗਤਿ ਦੁਆਰਾ ਹੀ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਭਾਵ ਉਸਦੇ ਨਾਲ ਜੋਗ ਕੀਤਾ ਜਾ ਸਕਦਾ ਹੈ। **(ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥)**

ਸੱਚੇ ਧਰਮ ਗ੍ਰੰਥਾਂ ਰਾਹੀਂ ਗੁਰੂ ਰੂਪ ਪ੍ਰਮਾਤਮਾ ਜੋ ਸੰਸਾਰ ਨੂੰ ਭਗਤੀ ਦੇ ਮਾਰਗ ਤੇ ਚੱਲਣ ਦੀ ਇੱਕੋ ਜਿਹੀ ਜੁਗਤਿ ਸਮਝਾਉਂਦਾ ਹੈ ਉਹ ਆਪਣੀ ਜੁਗਤਿ ਰਾਹੀਂ ਸਭ ਨੂੰ ਇੱਕੋ ਜਿਹਾ ਸੱਚਾ ਗਿਆਨ ਹੀ ਦਿੰਦਾ ਹੈ ਤੇ ਉਸਦੇ ਸੱਚੇ ਗਿਆਨ ਨੂੰ ਮੰਨਣਾ ਹੀ ਭਾਵ ਉਸਤੇ ਅਮਲ ਕਰਨਾ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਹੈ ਕਿਉਂਕਿ ਪ੍ਰਮਾਤਮਾ ਦੀ ਆਪਣੇ ਅੰਦਰੋਂ ਪ੍ਰਾਪਤੀ ਉਸਦੇ ਗਿਆਨ ਰੂਪ ਰਾਹੀਂ ਹੀ ਹੁੰਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਭਾਵ ਧਰਮ ਗ੍ਰੰਥਾਂ ਦੇ ਅੰਦਰ ਦੀ ਜੁਗਤਿ ਨੂੰ ਅਸੀਂ ਜਿਉਂ ਜਿਉਂ ਆਪਣੇ ਅੰਦਰ ਵਸਾਈ ਜਾਵਾਂਗੇ ਤਿਉਂ ਤਿਉਂ ਅਸੀਂ ਗਿਆਨ ਰੂਪ ਸ੍ਰਿਸ਼ਟੀ ਦੇ ਮਾਲਕ ਦੇ ਨੇੜੇ ਲੱਗੀ ਜਾਵਾਂਗੇ

51/7167

ਭਾਵ ਜਿਉਂ ਜਿਉਂ ਸਾਡੀ ਸਮਝ ਸੱਚੇ ਗਿਆਨ ਵਾਲੀ ਬਣਦੀ ਜਾਵੇਗੀ ਤਿਉਂ ਤਿਉਂ ਅਸੀਂ ਗੁਰੂ ਪ੍ਰਮਾਤਮਾ ਦੀ ਚੌਥੇ ਪਦ ਵਾਲੀ ਸਮਝ, ਬ੍ਰਹਮ ਗਿਆਨ ਵਾਲੀ ਸਮਝ ਭਾਵ ਨਾਮ ਵਾਲੀ ਸਮਝ ਦੇ ਨੇੜੇ ਲੱਗਦੇ ਜਾਵਾਂਗੇ ਜੋ ਕਿ ਸਾਰੇ ਸੰਸਾਰ ਦਾ ਸੱਚਾ ਉੱਦਮ ਹੋਣਾ ਚਾਹੀਦਾ ਹੈ ਜੋ ਸੱਚਾ ਉੱਦਮ ਕਰਨ ਦੁਆਰਾ ਹੀ ਉਹ ਸ੍ਰਿਸ਼ਟੀ ਦਾ ਕਰਤਾ ਕਿਸੇ ਦੇ ਮਨ ਦੇ ਅੰਦਰ ਆਪਣਾ ਗਿਆਨ ਰੂਪ ਪ੍ਰਗਟ ਕਰਦਾ ਹੈ ਜਿਸ ਦੁਆਰਾ ਕੋਈ ਉਸਦੇ ਆਪਣੇ ਅੰਦਰੋਂ ਦਰਸ਼ਨ ਕਰ ਸਕਦਾ ਹੈ ਭਾਵ ਉਸਨੂੰ ਜਾਣ ਸਕਦਾ ਹੈ ਜਿਸ ਤਰੀਕੇ ਉਸਨੂੰ ਸਾਰੇ ਸੱਚੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਉਸਨੂੰ ਆਪਣੇ ਅੰਦਰੋਂ ਜਾਣਿਆ ਹੈ ਤੇ ਉਸ ਕੋਲੋਂ ਉਸਦੀ ਉੱਚੀ ਸਮਝ ਲੈ ਕੇ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕੀਤੀ ਹੈ। ਭਗਤ ਧੰਨਾ ਜੀ ਨੇ ਸ੍ਰਿਸ਼ਟੀ ਦੇ ਕਰਤੇ ਦੇ ਆਪਣੇ ਅੰਦਰੋਂ ਕਿਸ ਰੂਪ ਵਿੱਚ ਦਰਸ਼ਨ ਕੀਤੇ ਹਨ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਅਸੀਂ ਵੀ ਜਾਣੀਏ ਕਿ ਭਗਤ ਧੰਨਾ ਜੀ ਨੂੰ ਅਕਾਲ ਪੁਰਖ ਨੇ ਕਿਸ ਰੂਪ ਵਿੱਚ ਆਪਣਾ ਆਪ ਜਣਾਇਆ ਹੈ।

“ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥”

ਉਪਰ ਵਾਲੇ ਪਦੇ ਰਾਹੀਂ ਭਗਤ ਧੰਨਾ ਜੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਉਨ੍ਹਾਂ ਨੂੰ ਗੁਰੂ ਰੂਪ ਅਕਾਲ ਪੁਰਖ ਕੋਲੋਂ ਉਹ ਕਿਹੜੀ ਚੀਜ ਮਿਲੀ ਹੈ ਜਿਸ ਦੁਆਰਾ ਉਹ ਪ੍ਰਮਾਤਮਾ ਨਾਲ ਇੱਕ ਹੋਏ ਹਨ ਤੇ ਉਨ੍ਹਾਂ ਨੂੰ ਪ੍ਰਮਾਤਮਾ ਕੋਲੋਂ ਕਿਸ ਰੂਪ ਵਿੱਚ ਮੁਕਤੀ ਮਿਲੀ ਹੈ। ਉਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਭਗਤ ਧੰਨਾ ਜੀ ਦੇ ਅੰਦਰ ਉਹ ਕਿਹੜੀ ਚੀਜ ਪ੍ਰਵੇਸ਼ ਹੋਈ ਹੈ ਜੋ ਚੀਜ ਉਨ੍ਹਾਂ ਦੇ ਅੰਦਰ ਪ੍ਰਵੇਸ਼ ਹੋਣ ਨਾਲ ਭਾਵ ਉਨ੍ਹਾਂ ਦੇ ਅੰਦਰ ਆਉਣ ਨਾਲ ਉਹ ਧਨ ਮਿਲਿਆ ਹੈ ਜੋ ਧਨ ਉਨ੍ਹਾਂ ਨੂੰ ਉਨ੍ਹਾਂ ਦੇ ਗੁਰੂ ਕੋਲੋਂ ਮਿਲਿਆ ਹੈ। ਇਹ ਧਨ ਉਹ ਹੈ ਜੋ ਮਨੁੱਖ ਦੀ ਨਾਸਮਝ ਮਤਿ ਨੂੰ ਉੱਚੇ ਗਿਆਨ ਵਾਲੀ ਮਤਿ ਬਣਾਉਂਦਾ ਹੈ ਬੜਾ ਸਪਸ਼ਟ ਹੈ ਕਿ ਇਹ ਗੁਰੂ ਦੇ ਗਿਆਨ ਦਾ ਧਨ ਹੈ ਭਾਵ ਗੁਰੂ ਦਾ ਨਾਮ ਧਨ ਹੈ ਜੋ ਗੁਰੂ ਰੂਪ ਪ੍ਰਮਾਤਮਾ ਮਨੁੱਖੀ ਮਨ ਦੀ ਸਮਝ ਦੇ ਵਿੱਚ **“ਪ੍ਰਵੇਸੁ”** ਹੋ ਕੇ ਭਾਵ ਪ੍ਰਗਟ ਹੋ ਕੇ ਕਿਸੇ ਨੂੰ ਆਪਣੇ ਉੱਚੇ ਗਿਆਨ ਦਾ ਧਨ ਦਿੰਦਾ ਹੈ ਭਾਵ ਆਪਣਾ ਬ੍ਰਹਮ ਗਿਆਨ ਰੂਪ ਧਨ ਦਿੰਦਾ ਹੈ ਜਿਸ ਧਨ ਦੀ ਪ੍ਰਾਪਤੀ ਰਾਹੀਂ ਮਨੁੱਖ ਦੀ ਸਮਝ ਹੀ ਉੱਚੀ ਹੁੰਦੀ ਹੈ ਭਾਵ ਫਿਰ ਉਹ ਮਨੁੱਖੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ, ਮਾਇਆ ਦੀ ਛੱਲ ਵਾਲੀ ਸਮਝ ਵਿੱਚੋਂ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਨਿਕਲ ਜਾਂਦੀ ਹੈ ਭਾਵ ਮਨੁੱਖ ਭਰਮਾਂ ਵਾਲੀ ਸਮਝ ਵਿੱਚੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਮੁਕਤ ਹੋ ਜਾਂਦਾ ਹੈ ਜਿਸ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਨਾ ਹੀ ਆਪਣੇ ਅੰਦਰੋਂ

51/7168

ਗਿਆਨ ਰੂਪ ਪ੍ਰਮਾਤਮਾ ਨੂੰ ਜਾਣ ਸਕਦਾ ਹੈ ਤੇ ਨਾ ਹੀ ਧਰਮ ਦੇ ਮਾਰਗ ਦੀ ਅਸਲੀਅਤ ਨੂ ਸਮਝ ਸਕਦਾ ਹੈ ਜਿਵੇਂ ਕਿ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਗਿਆਨ ਧਨ ਦਾ ਮਾਲਕ ਕੇਵਲ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਤੇ ਆਪਣਾ ਧਨ ਉਹ ਆਪ ਹੀ ਕਿਸੇ ਦੇ ਮਨ ਦੇ ਅੰਦਰ ਪ੍ਰਵੇਸ਼ ਹੋ ਕੇ ਦਿੰਦਾ ਹੈ। **(ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ)**

ਹੁਣ ਉਪਰ ਵਾਲੀ ਪੰਗਤੀ ਦੀ ਨਾਲ ਹੀ ਜੁੜੀ ਹੋਈ ਅਗਲੀ ਗੱਲ ਨੂੰ ਸਮਝੋ ਕਿ ਭਗਤ ਧੰਨਾ ਜੀ ਸਾਨੂੰ ਕੀ ਸਮਝਾ ਰਹੇ ਹਨ।

"ਧਿਆਨੁ ਮਾਨੁ ਮਨ ਏਕ ਮਏ ॥"

ਉਪਰ ਪੰਗਤੀ ਰਾਹੀਂ ਭਗਤ ਧੰਨਾ ਜੀ ਸਾਨੂੰ ਇਹ ਦੱਸ ਰਹੇ ਹਨ ਕਿ ਉਨ੍ਹਾਂ ਨੇ ਅਕਾਲ ਪੁਰਖ ਨੂੰ ਆਪਣੇ ਅੰਦਰ ਕਿਸ ਰੂਪ ਵਿੱਚ ਮੰਨਿਆ ਹੈ, ਕਿਸ ਰੂਪ ਵਿੱਚ ਜਾਣਿਆ ਹੈ ਜਿਸ ਰੂਪ ਵਿੱਚ ਅਕਾਲ ਪੁਰਖ ਨੂੰ ਆਪਣੇ ਅੰਦਰ ਮੰਨਣ ਨਾਲ ਉਹ ਪ੍ਰਮਾਤਮਾ ਦੇ ਨਾਲ ਇੱਕ ਹੋ ਗਏ ਹਨ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਉਨ੍ਹਾਂ ਦਾ ਮੇਲ ਹੋਇਆ ਹੈ। ਉਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰ ਦੇ **"ਧਿਆਨੁ"** ਦੇ ਰੂਪ ਵਿੱਚ ਮੰਨਿਆ ਹੈ ਭਾਵ ਆਪਣੇ ਅੰਦਰ ਦੇ ਧਿਆਨ ਨੂੰ ਹੀ ਅਕਾਲ ਪੁਰਖ ਕਿਹਾ ਹੈ। ਸਭ ਦੇ ਧਿਆਨ ਦੇ ਅੰਦਰ ਕੇਵਲ ਗਿਆਨ ਹੀ ਹੁੰਦਾ ਹੈ। ਆਪਣਾ ਗਿਆਨ ਰੂਪ ਅਕਾਲ ਪੁਰਖ ਮਨੁੱਖ ਦੇ ਧਿਆਨ ਵਿੱਚ ਹੀ ਪ੍ਰਵੇਸ਼ ਕਰਦਾ ਹੈ ਜਿਸ ਦੁਆਰਾ ਉਹ ਜੋ ਵੀ ਆਪਣਾ ਸੱਚਾ ਗਿਆਨ ਦਿੰਦਾ ਹੈ ਉਹੋ ਜਿਹਾ ਹੀ ਮਨੁੱਖ ਦਾ ਧਿਆਨ ਬਣ ਜਾਂਦਾ ਹੈ ਭਾਵ ਮਨੁੱਖ ਦੀ ਸਮਝ ਪ੍ਰਮਾਤਮਾ ਦੇ ਸੱਚੇ ਗਿਆਨ ਵਾਲੀ ਬਣ ਜਾਂਦੀ ਹੈ ਭਾਵ ਗੁਰੂ ਪ੍ਰਮਾਤਮਾ ਦੇ ਸੱਚੇ ਗਿਆਨ ਨਾਲ ਇੱਕ ਹੋ ਜਾਂਦੇ ਹਨ। ਮਨੁੱਖ ਦੀ ਭਰਮਾਂ ਵਾਲੀ ਸਮਝ ਦਾ ਪ੍ਰਮਾਤਮਾ ਦੇ ਸੱਚੇ ਗਿਆਨ ਵਾਲੀ ਸਮਝ ਦੇ ਨਾਲ ਇੱਕ ਹੋ ਜਾਣਾ ਹੀ ਭਾਵ ਸਾਡੀ ਸੁਰਤ ਦੇ ਵਿਚਾਰਾਂ ਦਾ ਸ਼ਬਦ ਰੂਪ ਗੁਰੂ ਪ੍ਰਮਾਤਮਾ ਦੇ ਵਿਚਾਰਾਂ ਨਾਲ ਇੱਕ ਹੋ ਜਾਣਾ ਹੀ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਇੱਕ ਹੋਣਾ ਹੈ ਜੋ ਕਿ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਹੈ ਭਾਵ ਮਨ ਦੀ ਉੱਚੀ ਸਮਝ ਰਾਹੀਂ ਉਸ ਉੱਚੀ ਸਮਝ ਦੇ ਮਾਲਕ ਨੂੰ ਜਾਨਣਾ ਹੈ ਤੇ ਇਹ ਜਾਨਣ ਤੋਂ ਬਾਅਦ ਹੀ ਉਸਦੇ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਸਭ ਜਗ੍ਹਾ ਇਸ ਗਿਆਨ ਰੂਪ ਵਿੱਚ ਹੀ ਵਿਚਰ ਰਿਹਾ ਹੈ ਤੇ ਉਸਦਾ ਇਹ ਉੱਚਾ ਗਿਆਨ ਰੂਪ ਹੀ ਭਾਵ ਉਸਦਾ ਬ੍ਰਹਮ ਗਿਆਨ ਰੂਪ ਹੀ ਜਿਸ ਆਪਣੇ ਉੱਚੇ ਨਾਮ ਦੁਆਰਾ ਉਸਨੇ ਆਪਣੀ ਉੱਚੀ ਸਾਇੰਸ ਦੀ ਰਚਨਾ ਕੀਤੀ ਹੈ ਜਿਸ ਦੁਆਰਾ ਉਸਨੇ ਪੂਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਨਾਮ ਦੁਆਰਾ ਹੀ ਭਾਵ ਆਪਣੇ ਉੱਚੇ ਗਿਆਨ ਦੁਆਰਾ ਹੀ ਉਹ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਸਾਡਾ ਸਰੀਰ ਵੀ ਉਸਦੇ ਨਾਮ ਦੁਆਰਾ ਬਣਿਆ ਹੈ ਫਿਰ ਉਸਦੇ ਨਾਮ ਦੁਆਰਾ ਹੀ ਚੱਲ ਰਿਹਾ ਹੈ ਭਾਵ ਸਭ ਕੁਝ ਪ੍ਰਮਾਤਮਾ ਦੇ ਉੱਚੇ ਗਿਆਨ ਦੁਆਰਾ ਰਚੀ ਹੋਈ ਸਾਇੰਸ ਦੁਆਰਾ ਹੀ ਬਣਿਆ ਹੈ ਤੇ ਸਭ ਕੁਝ ਉਸਦੀ ਉੱਚੀ ਸਾਇੰਸ ਦੁਆਰਾ ਹੀ ਚੱਲ ਰਿਹਾ ਹੈ। ਸਾਡੇ ਅੰਦਰ ਜੋ ਸਮਝ ਉਪਜਦੀ ਹੈ ਉਹ ਵੀ ਪ੍ਰਮਾਤਮਾ ਦੀ ਰਚੀ ਹੋਈ ਸਾਇੰਸ ਦੁਆਰਾ ਹੀ ਉਪਜਦੀ ਹੈ ਭਾਵ ਜੋ ਕੁਝ ਵੀ ਸੰਸਾਰ ਵਿੱਚ

ਹੁੰਦਾ ਹੈ ਉਹ ਸਭ ਕੁਝ ਇਸ ਉੱਚੇ ਗਿਆਨ ਦੁਆਰਾ ਹੀ ਹੁੰਦਾ ਹੈ ਭਾਵ ਬ੍ਰਹਮ ਗਿਆਨ ਦੁਆਰਾ ਹੀ ਹੁੰਦਾ ਹੈ ਜਿਸ ਸੱਚੇ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਨਿਰੰਕਾਰ ਹੈ। ਜਿਸਦੇ ਅੰਦਰ ਵੀ ਉਹ ਆਪਣਾ ਨਿਰੰਕਾਰ ਰੂਪ ਭਾਵ ਗਿਆਨ ਰੂਪ ਪ੍ਰਗਟ ਕਰਦਾ ਹੈ ਉਹੀ ਫਿਰ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਗਿਆਨ ਰੂਪ ਹੈ। ਆਪਣੇ ਗਿਆਨ ਰੂਪ ਦੁਆਰਾ ਹੀ ਉਹ ਗੁਰੂ ਹੈ ਜਿਸ ਆਪਣੇ ਗੁਰੂ ਰੂਪ ਦੁਆਰਾ ਕਿਸੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਆਪਣਾ ਗਿਆਨ ਰੂਪ ਪ੍ਰਗਟ ਕਰਨ ਦੁਆਰਾ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਵਾਈ ਹੈ ਤੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਵਾਈ ਹੈ। ਇਸੇ ਲਈ ਜਿਨ੍ਹਾਂ ਨੇ ਉਸਦਾ ਗੁਰੂ ਰੂਪ ਜਾਣਿਆ ਹੈ ਉਨ੍ਹਾਂ ਨੇ ਸ਼ਬਦ ਨੂੰ ਗੁਰੂ ਕਿਹਾ ਹੈ ਭਾਵ ਸ਼ਬਦ ਦੇ ਅੰਦਰ ਦਾ ਜੋ ਗਿਆਨ ਹੈ ਉਸਨੂੰ ਗੁਰੂ ਕਿਹਾ ਹੈ ਨਾ ਕਿ ਆਪਣੀ ਦੇਹ ਨੂੰ ਗੁਰੂ ਕਿਹਾ ਹੈ। ਇਸੇ ਲਈ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਸ਼ਬਦ ਨੂੰ ਗੁਰੂ ਕਿਹਾ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਮਾਲਕ ਨੂੰ ਗੁਰੂ ਕਿਹਾ ਹੈ। ਸ਼ਬਦਾਂ ਦੇ ਅੰਦਰ ਦੀ ਸਮਝ ਦੇ ਮਾਲਕ ਦੀ ਸਮਝ ਦੇ ਨਾਲ ਮਨੁੱਖੀ ਸਮਝ ਦਾ ਇੱਕ ਹੋ ਜਾਣਾ ਹੀ ਭਾਵ ਤ੍ਰੈ ਗੁਣਾਂ ਵਾਲੀ ਸਮਝ ਦਾ ਚੌਥੇ ਪਦ ਵਾਲੀ ਸਮਝ ਦੇ ਨਾਲ ਮਨ ਦੇ ਧਿਆਨ ਵਿੱਚ ਮੇਲ ਹੋ ਜਾਣਾ ਹੀ ਮਨੁੱਖ ਦਾ ਪ੍ਰਮਾਤਮਾ ਦੇ ਨਾਲ ਮੇਲ ਹੋਣਾ ਹੈ ਤੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਇਹੋ ਜਿਹਾ ਮੇਲ ਹੀ ਹੋਇਆ ਹੈ ਜਿਸ ਕਰਕੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਾਰੇ ਸਰੀਰਾਂ ਦੀ ਸਮਝ ਇੱਕ ਦੂਸਰੇ ਦੀ ਸਮਝ ਦੇ ਨਾਲ ਮੇਲ ਖਾਂਦੀ ਹੈ ਜੋ ਸਮਝ ਉਨ੍ਹਾਂ ਨੇ ਵੱਖਰੇ ਵੱਖਰੇ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਪੂਰੀ ਗੁਰਬਾਣੀ ਵਿੱਚ ਪਾਈ ਹੋਈ ਹੈ। **(ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥)**

ਜੋ ਗੁਰੂ ਪ੍ਰਮਾਤਮਾ ਦਾ ਰੂਪ ਸਾਨੂੰ ਉਪਰਲੀ ਪੰਗਤੀ ਰਾਹੀਂ ਭਗਤ ਧੰਨਾ ਜੀ ਨੇ ਸਮਝਾਇਆ ਹੈ ਉਹੀ ਗੁਰੂ ਪ੍ਰਮਾਤਮਾ ਦਾ ਰੂਪ ਸਾਨੂੰ ਪਿਛਲੇ ਸ਼ਬਦ ਰਾਹੀਂ ਪੰਜਵੀਂ ਪਾਤਸ਼ਾਹੀ ਨੇ ਆਪਣੇ ਸ਼ਬਦ ਦੁਆਰਾ ਸਮਝਾਇਆ ਹੈ ਤੇ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ।

{ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥}

(ਅੰਗ ੮੬੪)

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ ੪੫੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ ੧੨੦)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ ੧੦੩੨)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥
ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}

(ਅੰਗ ੭੫੯)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥ ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥}

(ਅੰਗ ੧੧੫੨)

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥}

(ਅੰਗ ੭੨੨)

ਗਉੜੀ ਮਹਲਾ ੩ ॥

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥
ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥
ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥
ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥ ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥
ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥ ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ ਬਿਨੁ ਗੁਰ ਸਾਚੇ ਭਰਮਿ ਭੁਲਾਏ ॥
ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥ ਜਮੂਆ ਨ ਜੋਹੈ ਹਰਿ ਕੀ ਸਰਣਾਈ॥
ਹਉਮੈ ਮਾਰਿ ਸਚਿ ਲਿਵ ਲਾਈ ॥ ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥
ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥ ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥
ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥ ਸਤਿਗੁਰੂ ਸੇਵੇ ਸੋ ਫਲੁ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ॥
ਅਨਹਦ ਬਾਣੀ ਸਬਦੁ ਵਜਾਏ ॥੭॥ ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥
ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥੮॥੫॥}

(ਅੰਗ ੨੩੧)

ਜੋ ਪ੍ਰਮਾਤਮਾ ਦਾ ਮਨੁੱਖੀ ਰੂਪ ਉਸਦੇ ਗਿਆਨ ਰੂਪ ਨੂੰ ਆਪਣੇ ਧਿਆਨ ਰਾਹੀਂ ਭਾਵ ਮਨ ਦੀ ਸਮਝ ਰਾਹੀਂ ਜਾਣ ਲੈਂਦਾ ਹੈ ਉਸਨੂੰ ਹੀ ਫਿਰ ਅਕਾਲ ਪੁਰਖ ਮੁਕਤ ਕਰਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥”

51/7170

ਮਨੁੱਖ ਦੀ ਸਮਝ ਦੇ ਅੰਦਰ ਜਦੋਂ ਅਕਾਲ ਪੁਰਖ ਆਪਣਾ ਗਿਆਨ ਰੂਪ ਪ੍ਰਵੇਸ਼ ਕਰਦਾ ਹੈ ਆਪਣੇ ਉੱਚੇ ਗਿਆਨ ਰਾਹੀਂ ਹੀ ਉਹ ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦੀ ਸਮਝ ਹੀ ਪਾਉਂਦਾ ਹੈ ਜੋ ਉਸਦੀ ਭਗਤੀ ਗੁਰਮਤਿ ਦੀ ਸੱਚੀ ਸਿੱਖਿਆ ਅਨੁਸਾਰ ਚੱਲਣ ਨਾਲ ਹੀ ਹੁੰਦੀ ਹੈ ਫਿਰ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਉਹ ਭਾਵ ਮਨ ਦੇ ਵਿੱਚ ਆਪਣਾ ਗੁਰੂ ਰੂਪ ਪ੍ਰਗਟ ਕਰਨ ਦੁਆਰਾ ਉਹ ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਹੀ ਸਮਝਾਉਂਦਾ ਹੈ ਜੋ ਉਸਦੀ ਸੱਚੀ ਸਿੱਖਿਆ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਦਰਜ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਰੂਪ ਵਿੱਚ ਦਰਜ ਹੈ। ਜਿਸਦੇ ਮਨ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਭਗਤੀ ਕਰਨੀ ਸਮਝਾਉਂਦਾ ਹੈ, ਸੱਚੀ ਸਿੱਖਿਆ ਸਮਝਾਉਂਦਾ ਹੈ ਉਹ ਫਿਰ ਉਸਦੀ ਸੱਚੀ ਸਮਝਾਈ ਹੋਈ ਭਗਤੀ ਨਾਲ ਆਪਣਾ ਪ੍ਰੇਮ ਵੀ ਦਿਖਾਉਂਦੇ ਹਨ ਭਾਵ ਉਸਦੀ ਸੱਚੀ ਸਿੱਖਿਆ ਨੂੰ ਮੰਨਣ ਦੁਆਰਾ ਭਾਵ ਉਸਤੇ ਅਮਲ ਕਰਨ ਦੁਆਰਾ ਆਪਣਾ ਪ੍ਰੇਮ ਦਿਖਾਉਂਦੇ ਹਨ ਭਾਵ ਉਸਨੂੰ ਮੰਨਣ ਵਿੱਚ ਹੀ ਉਨ੍ਹਾਂ ਨੂੰ ਸੁੱਖ ਮਹਿਸੂਸ ਹੁੰਦਾ ਹੈ ਕਿਉਂਕਿ ਸੱਚੀ ਸਿੱਖਿਆ ਦੇ ਰੂਪ ਵਿੱਚ ਹੀ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੀ ਉਹ **“ਸੁਖੁ ਰੂਪ ”** ਪ੍ਰਮਾਤਮਾ ਆਪ ਹੈ ਭਾਵ ਸੁੱਖ ਰੂਪ ਪ੍ਰਮਾਤਮਾ ਆਪਣੇ ਭਗਤੀ ਦੇ ਮਾਰਗ ਤੇ ਚਲਾ ਕੇ ਆਪਣੇ ਗੁਰੂ ਰੂਪ ਸਰੀਰ ਨੂੰ ਆਪ ਹੀ ਸੁੱਖ ਵਿੱਚ ਰੱਖਦਾ ਹੈ ਭਾਵ ਉਹ ਹਰ ਗੱਲ ਵਿੱਚ ਸੁੱਖ ਮਹਿਸੂਸ ਕਰਦੇ ਹਨ, ਹਰ ਗੱਲ ਵਿੱਚ ਅਕਾਲ ਪੁਰਖ ਦਾ ਭਾਣਾ ਸਮਝ ਕੇ ਸੁੱਖ ਮਹਿਸੂਸ ਕਰਦੇ ਹਨ। ਮਨੁਖੀ ਸਰੀਰ ਨੂੰ ਕਸ਼ਟ ਵੀ ਆਉਂਦੇ ਹਨ ਪਰ ਉਹ ਫਿਰ ਵੀ ਮਨ ਦੇ ਖਿੜਾਅ ਵਿੱਚ ਰਹਿੰਦੇ ਹਨ ਕਿਉਂਕਿ ਉਹ ਜਾਣ ਲੈਂਦੇ ਹਨ ਕਿ ਸਭ ਕੁਝ ਅਕਾਲ ਪੁਰਖ ਦੀ ਰਜਾ ਵਿੱਚ ਹੁੰਦਾ ਹੈ ਤੇ ਆਪਣੀ ਰਜਾ ਮਨਾਉਣ ਦਾ ਬੱਲ ਉਹ ਮਨ ਦੀ ਸਮਝ ਰਾਹੀਂ ਆਪ ਹੀ ਬਖਸ਼ਦਾ ਹੈ ਭਾਵ ਉਹ ਮਨ ਨੂੰ ਦੁੱਖੀ ਨਹੀਂ ਕਰਦਾ ਤੇ ਸੁੱਖ ਹੀ ਮਹਿਸੂਸ ਕਰਵਾਉਂਦਾ ਹੈ ਕਿਉਂਕਿ ਉਹ ਆਪ ਹੀ ਮਨ ਦਾ ਮਾਲਕ ਹੈ। ਜਿਸ ਮਨੁੱਖ ਦੀ ਸਮਝ ਦੇ ਅੰਦਰ ਉਹ ਪ੍ਰਗਟ ਹੁੰਦਾ ਹੈ ਉਹ ਸੱਚੀ ਭਗਤੀ ਦੇ ਮਾਰਗ ਤੇ ਤਾਂ ਹੀ ਚੱਲ ਸਕਦਾ ਹੈ ਜੇਕਰ ਉਹ ਮਨ ਦੀਆਂ ਤ੍ਰਿਸ਼ਨਾਵਾਂ ਤੋਂ ਤ੍ਰਿਪਤ ਹੋ ਜਾਂਦਾ ਹੈ ਭਾਵ ਰੱਜ ਜਾਂਦਾ ਹੈ ਭਾਵ ਉਸਦੇ ਅੰਦਰ ਦੀ ਹਰ ਤ੍ਰਿਸ਼ਨਾ ਮੁੱਕ ਜਾਂਦੀ ਹੈ। ਮਨੁੱਖ ਨੂੰ ਤ੍ਰਿਸ਼ਨਾਵਾਂ ਵਿੱਚ ਰੱਖਣ ਵਾਲੀ ਮਨੁੱਖ ਦੀ ਸਮਝ ਹੀ ਹੈ ਜਿਸਦਾ ਕਾਰਣ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਹੀ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਭਗਤੀ ਦੇ ਸੱਚੇ

ਮਾਰਗ ਤੇ ਨਹੀਂ ਚੱਲ ਸਕਦਾ। ਜਿਸਦੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣਾ ਗਿਆਨ ਰੂਪ ਪ੍ਰਗਟ ਕਰਦਾ ਹੈ ਉਸ ਮਨੁੱਖੀ ਸਮਝ ਨੂੰ ਫਿਰ ਉਹ ਮਾਇਆ ਮੋਹ ਵਾਲੀ ਸਮਝ ਤੋਂ, ਭਗਤੀ ਦੀ ਨਾਸਮਝ ਮਤਿ ਤੋਂ ਭਾਵ ਉਸ ਭਰਮਾਂ ਵਾਲੀ ਸਮਝ ਤੋਂ ਮੁਕਤ ਕਰ ਦਿੰਦਾ ਹੈ ਜੋ ਮਨ ਦੀ ਸਮਝ ਸਾਨੂੰ ਮਾਇਆ ਮੋਹ ਛੱਡਣ ਨਹੀਂ ਦਿੰਦੀ ਭਾਵ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਤੇ ਉਸਤੇ ਚੱਲਣ ਨਹੀਂ ਦਿੰਦੀ। ਉਸਦੀ ਕ੍ਰਿਪਾ ਤੋਂ ਬਿਨਾਂ ਭਾਵ ਉਸਦੇ ਮਨ ਦੇ ਅੰਦਰ ਪ੍ਰਗਟ ਹੋਣ ਤੋਂ ਬਿਨਾਂ ਨਾ ਹੀ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਉਸ ਅਨੁਸਾਰ ਚੱਲ ਸਕਦਾ ਹੈ ਜੋ ਉਸਦੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਸੱਚਾ ਮਾਰਗ ਪੂਰੀ ਗੁਰਬਾਣੀ ਸਾਰੇ ਸੰਸਾਰ ਨੂੰ ਇੱਕੋ ਜਿਹਾ ਹੀ ਸਮਝਾ ਰਹੀ ਹੈ ਕਿਉਂਕਿ ਉਹ ਮਾਰਗ ਸੰਸਾਰ ਦੇ ਮਾਲਕ ਨੇ ਵੱਖਰੇ ਵੱਖਰੇ ਸਰੀਰਾਂ

51/7171

ਰਾਹੀਂ ਪ੍ਰਗਟ ਹੋ ਕੇ ਭਾਵ ਉਨ੍ਹਾਂ ਦੀ ਸਮਝ ਦੇ ਅੰਦਰ ਆਪਣਾ ਗਿਆਨ ਰੂਪ ਪ੍ਰਵੇਸ਼ ਕਰਨ ਦੁਆਰਾ ਆਪ ਹੀ ਸਮਝਾਇਆ ਹੈ ਤੇ ਉਨ੍ਹਾਂ ਨੂੰ ਮਨ ਦੀ ਨਾਸਮਝ ਮਤਿ ਤੋਂ ਆਪ ਹੀ ਮੁਕਤ ਕੀਤਾ ਹੈ ਜਿਸ ਤੋਂ ਮੁਕਤ ਹੋਏ ਬਿਨਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਆਪਣੇ ਗਿਆਨ ਰੂਪ ਵਿੱਚ ਹੀ ਵਿਚਰ ਰਿਹਾ ਹੈ ਭਾਵ ਆਪਣੇ ਨਾਮ ਰੂਪ ਦੁਆਰਾ ਸਭ ਜਗ੍ਹਾ ਤੇ ਸਭ ਵਿੱਚ ਵਿਚਰ ਰਿਹਾ ਹੈ। **(ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥ ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥)**

{ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥}

(ਅੰਗ ੧੦੩੨)

ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਹਰ ਕੋਈ ਆਸਾਨੀ ਨਾਲ ਇਸ ਗੱਲ ਨੂੰ ਸਮਝ ਸਕਦਾ ਹੈ, ਆਪਣੇ ਆਪ ਨੂੰ ਵੱਡੇ ਵੱਡੇ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਵੀ ਸਮਝ ਸਕਦੇ ਹਨ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਕੋਈ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਨੂੰ ਜਾਣ ਹੀ ਨਹੀਂ ਸਕਦਾ ਜਿਵੇਂ ਕਿ ਬ੍ਰਹਮਾ, ਇੰਦ੍ਰ, ਮਹੇਸ਼ ਆਦਿ ਨੇ ਵੀ ਨਹੀਂ ਜਾਣਿਆ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਭਾਵ ਉਨ੍ਹਾਂ ਨੂੰ ਉਨ੍ਹਾਂ ਦੇ ਅੰਦਰ ਵਰਤ ਰਹੀ ਜੋਤਿ ਦੀ ਸਮਝ ਹੀ ਸ੍ਰਿਸ਼ਟੀ ਦੇ ਕਰਤੇ ਨੇ ਨਹੀਂ ਪਾਈ। ਸਾਡੇ ਅੰਦਰ ਗਿਆਨ ਦਾ ਸ੍ਰੋਤ ਅਕਾਲ ਪੁਰਖ ਦੀ ਜੋਤਿ ਹੈ ਤੇ ਆਪਣੇ ਅੰਦਰ ਦੀ ਜੋਤਿ ਨੂੰ ਜਾਣੇ ਬਿਨਾਂ ਕਿਸੇ ਦੀ ਮੈਂ ਨਹੀਂ ਮੁੱਕ ਸਕਦੀ, ਆਪਣੇ ਆਪ ਦਾ ਵੱਡਾਪਨ ਨਹੀਂ ਮਿੱਟ ਸਕਦਾ ਤੇ ਭਗਤੀ ਦਾ ਅਸਲੀ ਮਾਰਗ ਹੀ ਇੱਥੋਂ ਸ਼ੁਰੂ ਹੁੰਦਾ ਹੈ ਕਿ ਇਹ ਸਰੀਰ ਮੇਰਾ ਨਹੀਂ ਹੈ ਭਾਵ ਮੇਰੇ ਸਰੀਰ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਜਿਸ ਰੂਪ ਵਿੱਚ ਉਹ ਭਾਵ ਆਪਣੀ ਜੋਤਿ ਰੂਪ ਵਿੱਚ ਹੀ ਉਹ ਸਭ ਦੇ ਅੰਦਰ ਵੱਸਿਆ ਹੋਇਆ ਹੈ।

ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹ ਗੱਲ ਸਮਝਾਈ ਹੋਈ ਹੈ ਕਿ ਆਪਣੇ ਅੰਦਰ ਦੀ ਜੋਤਿ ਨੂੰ ਜਾਣੇ ਬਿਨਾਂ ਕੋਈ ਵੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਪਹਿਚਾਣ ਸਕਦਾ।

“ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥”

ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਜੋਤਿ ਨਾਲ ਜੋਤਿ ਦਾ ਰੱਲਣਾ ਕੀ ਹੈ ਇਹ ਸਮਝਾਇਆ ਹੋਇਆ ਹੈ। ਜੋਤਿ ਵਿੱਚ ਜੋਤਿ ਦਾ ਸਮਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੀ ਹੈ ਤੇ

51/7172

ਉਹੀ ਗੱਲ ਉਪਰ ਵਾਲੀ ਪੰਗਤੀ ਰਾਹੀਂ ਸਾਨੂੰ ਭਗਤ ਧੰਨਾ ਜੀ ਸਮਝਾ ਰਹੇ ਹਨ ਕਿ ਉਨ੍ਹਾਂ ਨੇ ਮਨ ਨੂੰ ਜੋਤਿ ਰਾਹੀਂ ਹੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਪਹਿਚਾਨਿਆ ਹੈ। ਉਪਰ ਵਾਲੇ ਪਦੇ ਤੋਂ ਪਹਿਲੇ ਪਦੇ ਰਾਹੀਂ ਭਗਤ ਧੰਨਾ ਜੀ ਨੇ ਆਪਣੇ ਅੰਦਰ ਗਿਆਨ ਦੇ ਪ੍ਰਵੇਸ਼ ਦੀ ਗੱਲ ਕੀਤੀ ਹੈ। ਜਦੋਂ ਵੀ ਬ੍ਰਹਮ ਗਿਆਨ ਰੂਪ ਅਕਾਲ ਪੁਰਖ ਕਿਸੇ ਦੇ ਮਨ ਦੇ ਅੰਦਰ ਪ੍ਰਵੇਸ਼ ਕਰਦਾ ਹੈ ਉਹ ਸਾਡੇ ਅੰਦਰ ਦੀ ਜੋਤਿ ਰਾਹੀਂ ਹੀ ਕਰਦਾ ਹੈ ਭਾਵ ਜੋਤਿ ਰਾਹੀਂ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਉਸਦੀ ਜੋਤਿ ਤਾਂ ਹਰ ਵੇਲੇ ਸਭ ਦੇ ਅੰਦਰ ਵਰਤ ਰਹੀ ਹੈ, ਹਰ ਮਨੁੱਖੀ ਰੂਪ ਦੇ ਅੰਦਰ ਹਰ ਵੇਲੇ ਵਰਤ ਰਹੀ ਹੈ ਭਾਵੇਂ ਕੋਈ ਮਨੁੱਖ ਜਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸੰਸਾਰ ਦਾ ਹਰ ਮਨੁੱਖ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਹੈ, ਹਉਮੈ ਵਾਲੀ ਅਵਸਥਾ ਵਿੱਚ ਹੀ ਹੈ, ਮਾਇਆ ਦੀ ਜੁਗਤਿ ਵਾਲੀ ਅਵਸਥਾ ਵਿੱਚ ਹੀ ਹੈ, ਮਨ ਦੇ ਪੁੱਠੇ ਕਮਲ ਵਾਲੀ ਅਵਸਥਾ ਵਿੱਚ ਹੀ ਹੈ ਤੇ ਇਹੋ ਜਿਹੀ ਅਵਸਥਾ ਵਿੱਚ ਰਹਿੰਦੇ ਹੋਏ ਹਰ ਮਨੁੱਖ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਦੂਰ ਹੀ ਰਹਿੰਦਾ ਹੈ ਜਿਸ ਦੂਰੀ ਵਿੱਚ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਰੱਖਿਆ ਹੋਇਆ ਹੈ ਪਰ ਉਸਨੇ ਆਪ ਹੀ ਹਰ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਿਆ ਹੋਇਆ ਹੈ। ਹਰ ਭਰਮ ਮਨੁੱਖੀ ਸਮਝ ਦੇ ਅੰਦਰ ਸਾਡੇ ਅੰਦਰ ਦੀ ਜੋਤਿ ਰਾਹੀਂ ਹੀ ਆਉਂਦਾ ਹੈ। ਜਦੋਂ ਜੋਤਿ ਦਾ ਮਾਲਕ ਅਕਾਲ ਪੁਰਖ ਕਿਸੇ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਸਾਡੇ ਅੰਦਰ ਦੀ ਜੋਤਿ ਰਾਹੀਂ ਹੀ ਕਰਦਾ ਹੈ ਜਿਸ ਦੁਆਰਾ ਸਾਡੇ ਅੰਦਰ ਵਰਤ ਰਹੀ ਉਸਦੀ ਜੋਤਿ ਦਾ ਰੂਪ ਬਦਲ ਜਾਂਦਾ ਹੈ ਭਾਵ ਜਿਸ ਮਨ ਰੂਪ ਜੋਤਿ ਰਾਹੀਂ ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਪਾਉਣ ਵਾਲਾ ਗਿਆਨ ਮਿਲਦਾ ਸੀ ਉਸੇ ਜੋਤਿ ਰਾਹੀਂ ਫਿਰ ਚੌਥੇ ਪਦ ਦੀ ਸਮਝ ਵਾਲਾ ਗਿਆਨ ਮਿਲਣਾ ਸ਼ੁਰੂ ਹੋ ਜਾਂਦਾ ਹੈ। ਸਾਡੇ ਅੰਦਰ ਦੀ ਭਰਮਾਂ ਨਾਲ ਭਰੀ ਹੋਈ, ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ ਸਮਝ ਦਾ ਚੌਥੇ ਪਦ ਵਾਲੀ ਸਮਝ ਦੇ ਨਾਲ ਇੱਕ ਹੋ ਜਾਣਾ ਇਹੀ ਸਾਡੇ ਅੰਦਰ ਜੋਤਿ ਦਾ ਜੋਤਿ ਨਾਲ ਰੱਲਣਾ ਹੈ, ਜੋਤਿ ਦਾ ਜੋਤਿ ਵਿੱਚ ਸਮਾਉਣਾ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਦਾ ਚੌਥੇ ਪਦ ਵਾਲੀ ਸਮਝ ਦੇ ਸਮਾਨ ਹੋ ਜਾਣਾ ਹੈ, ਬਰਾਬਰ ਹੋ ਜਾਣਾ ਹੈ। ਜਿਸ ਮਨ ਦੀ ਉੱਚੀ ਸਮਝ ਦੁਆਰਾ ਮਨੁੱਖ ਆਪਣੇ ਅੰਦਰੋਂ **“ਅਛਲੀ ਪ੍ਰਭੁ”** ਨੂੰ ਪਹਿਚਾਣ ਲੈਂਦਾ ਹੈ। ਅਕਾਲ ਪੁਰਖ ਅਛਲੀ ਕਿਸ ਕਰਕੇ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਪ੍ਰਮਾਤਮਾ ਆਪ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੈ ਭਾਵ ਨਾਮ ਵਾਲੀ, ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੈ ਜੋ ਆਪਣੀ ਉੱਚੀ

ਸਮਝ ਦੇਣ ਦੁਆਰਾ ਫਿਰ ਉਹ ਉਸ ਮਨੁੱਖੀ ਸਮਝ ਨੂੰ ਛੱਲਦਾ ਨਹੀਂ ਭਾਵ ਉਸਨੂੰ ਜੋ ਕੁਝ ਵੀ ਸਮਝਾਉਂਦਾ ਹੈ ਪੂਰਨ ਸੱਚ ਹੀ ਸਮਝਾਉਂਦਾ ਹੈ ਜੋ ਸੱਚੀ ਸਮਝ ਅਟੱਲ ਹੁੰਦੀ ਹੈ ਜਿਸ ਸੱਚੀ ਸਮਝ ਨੂੰ ਕੋਈ ਛੱਲ ਨਹੀਂ ਸਕਦਾ, ਬਦਲ ਨਹੀਂ ਸਕਦਾ ਭਾਵ ਉਹ ਸਮਝ ਸਦਾ ਰਹਿਣ ਵਾਲੀ ਹੁੰਦੀ ਹੈ। ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਨ੍ਹਾਂ ਦੇ ਅੰਦਰ ਆਪਣੀ ਅਛਲ ਮਤਿ ਪਾ ਕੇ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾ ਕੇ, ਬ੍ਰਹਮ ਗਿਆਨ ਵਾਲੀ ਸਮਝ ਪਾ ਕੇ ਕਰਵਾਈ ਹੈ। ਜਦ ਤੱਕ ਪ੍ਰਮਾਤਮਾ ਕਿਸੇ ਦੇ ਅੰਦਰ ਆਪਣੀ ਅਛਲ ਮਤਿ ਨਹੀਂ ਪਾਉਂਦਾ ਤਦ ਤੱਕ ਹਰ ਕੋਈ ਮਾਇਆ ਦੇ ਛੱਲ ਵਿੱਚ ਹੁੰਦਾ ਹੈ ਭਾਵ ਉਸ ਸਮਝ ਵਿੱਚ ਹੁੰਦਾ ਹੈ ਜੋ ਸਾਡੇ ਅੰਦਰ ਅਕਾਲ ਪੁਰਖ ਆਪ ਹੀ ਆਪਣੀ ਮਾਇਆ ਦੀ ਜੁਗਤਿ ਦੁਆਰਾ ਪਾਉਂਦਾ ਹੈ।

ਮਾਇਆ ਸਾਨੂੰ ਸਭ ਨੂੰ ਛੱਲਦੀ ਹੈ ਜਿਵੇਂ ਕਿ ਸਾਨੂੰ ਬਾਣੀ ਰਾਹੀਂ ਸਮਝਾਇਆ ਹੀ ਹੋਇਆ ਹੈ।

{ਮਾਈ ਮਾਇਆ ਛਲੁ ॥}

(ਅੰਗ ੭੧੭)

ਮਾਇਆ ਦਾ ਛੱਲ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ

51/7173

ਸਮਝਿਆ ਹੀ ਹੈ। ਮਾਇਆ ਦੀ ਜੁਗਤਿ ਸਭ ਦੇ ਅੰਦਰ ਹੀ ਵਰਤਦੀ ਹੈ ਜਿਸ ਮਾਇਆ ਦੀ ਜੁਗਤਿ ਦਾ ਮਕਸਦ ਸੰਸਾਰ ਦੇ ਹਰ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਣ ਦਾ ਹੀ ਹੈ ਤੇ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦਾ ਉਹ ਪਰਦਾ ਹੈ ਜਿਸ ਪਰਦੇ ਵਿੱਚ ਰਹਿੰਦਿਆਂ ਅਸੀਂ ਸੱਚ ਰੂਪ, ਬ੍ਰਹਮ ਗਿਆਨ ਰੂਪ, ਨਾਮ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦੇ। ਆਪਣੇ ਅੰਦਰ ਹੁੰਦੇ ਹੋਏ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਾ ਜਾਨਣ ਦੇਣਾ ਭਾਵ ਪਰਦੇ ਵਿੱਚ ਰੱਖਣਾ ਇਹ ਮਾਇਆ ਦਾ ਪੂਰੀ ਮਨੁੱਖਤਾ ਲਈ ਸਭ ਤੋਂ ਵੱਡਾ ਛੱਲ ਹੈ ਭਾਵ ਧੋਖਾ ਹੈ ਜੋ ਸਭ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਹੀ ਵਰਤਦਾ ਹੈ ਜੋ ਮਨ ਦੀ ਸਮਝ ਹਰ ਕਿਸੇ ਨੂੰ ਭਰਮਾਂ ਦੇ ਵਿੱਚ ਹੀ ਪਾ ਕੇ ਰੱਖਦੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਕੌਣ ਹੈ, ਮੈਂ ਕੀ ਹਾਂ ਤੇ ਪੂਰੀ ਸ੍ਰਿਸ਼ਟੀ ਦਾ ਸੱਚ ਕੀ ਹੈ। ਮਾਇਆ ਦੇ ਛੱਲ ਕਰਕੇ ਹੀ ਭਾਵ ਭਰਮਾਂ ਵਾਲੀ ਸਮਝ ਕਰਕੇ ਹੀ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਨਹੀਂ ਸਮਝ ਸਕਦੇ, ਨਾਮ ਜਪਣ ਦੇ ਸਹੀ ਮਾਰਗ ਨੂੰ ਨਹੀਂ ਸਮਝ ਸਕਦੇ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੇ, ਉਸਦੇ ਨਾਲ ਮੇਲ ਕਰਨ ਦੇ ਸਹੀ ਤਰੀਕੇ ਨੂੰ ਨਹੀਂ ਸਮਝ ਸਕਦੇ। ਅਸੀਂ ਭਗਤੀ ਦੇ ਮਾਰਗ ਤੇ ਚੱਲਣ ਲਈ ਪੂਰੇ ਸੰਸਾਰ ਵਿੱਚ ਅਨੇਕਾਂ ਹੀ ਉਹੋ ਜਿਹੇ ਕਰਮ ਕਰਦੇ ਹਾਂ, ਉਹੋ ਜਿਹੇ ਤਰੀਕੇ ਅਪਨਾਉਂਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ, ਗ੍ਰਹਿਸਥ ਦਾ ਮਾਰਗ ਛੱਡ ਕੇ ਜੰਗਲਾਂ ਆਦਿ ਵਿੱਚ ਚਲੇ ਜਾਂਦੇ ਹਾਂ ਇਹੋ ਜਿਹੇ ਅਨੇਕਾਂ ਹੀ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਵਾਰੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਸਾਡੇ ਕੋਲੋਂ ਇਹ ਸਭ ਕੁਝ ਮਾਇਆ ਦਾ ਛੱਲ ਹੀ ਕਰਾਉਂਦਾ ਹੈ ਕਿਉਂਕਿ ਮਾਇਆ ਦੀ ਜੁਗਤਿ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਨੇ ਇਸੇ ਮਕਸਦ ਲਈ ਹੀ ਪਾਈ ਹੋਈ ਹੈ ਜਿਸਦਾ ਮਕਸਦ ਹੀ ਪ੍ਰਮਾਤਮਾ ਨਾਲੋਂ ਦੂਰੀ ਬਣਾਕੇ ਰੱਖਣਾ ਹੈ। ਮਾਇਆ ਦੇ ਛੱਲ ਵਿੱਚੋਂ ਕੇਵਲ ਉਹੀ ਮਨੁੱਖ ਨਿਕਲ ਸਕਦਾ ਹੈ ਜਿਸਦੇ ਅੰਦਰ ਅਛਲੀ ਰੂਪ ਪ੍ਰਭ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਤੇ ਆਪਣੀ ਅਛਲ ਮਤਿ ਦੇਣ ਦੁਆਰਾ ਉਸ ਮਨੁੱਖੀ ਸਮਝ ਨੂੰ ਮਾਇਆ ਦੀ ਛੱਲ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਤੇ ਉਸ ਮਨੁੱਖ ਦੇ ਅੰਦਰ ਫਿਰ ਆਪਣੀ ਸੱਚੀ ਭਗਤੀ ਵਾਲੀ ਸਮਝ, ਸੱਚਾ ਨਾਮ ਜਪਣ ਵਾਲੀ ਸਮਝ ਪਾ ਦਿੰਦਾ ਹੈ ਜਿਸ ਸੱਚੀ ਸਮਝ ਦੁਆਰਾ ਉਹ ਆਪਣੀ ਸੱਚੀ ਗੁਰਮਤਿ ਹੀ ਸਮਝਾਉਂਦਾ ਹੈ ਤੇ ਫਿਰ ਉਸ ਮਨੁੱਖੀ ਸਰੀਰ ਨੂੰ ਗੁਰਮਤਿ ਰਾਹੀਂ ਹੀ ਚਲਾਉਂਦਾ ਹੈ ਭਾਵ ਫਿਰ ਉਹ ਮਨੁੱਖ ਜੋ ਵੀ ਕਰਮ ਕਰਦਾ ਹੈ ਸੱਚੀ ਗੁਰਮਤਿ ਅਨੁਸਾਰ ਹੀ ਕਰਦਾ ਹੈ ਭਾਵ ਹਰ ਅਉਗੁਣ ਤੋਂ ਰਹਿਤ ਹੋ ਕੇ ਸੱਚੇ ਸੁੱਚੇ ਕਰਮ ਕਰਨ ਵਿੱਚ ਹੀ ਸੱਚੀ ਭਗਤੀ ਦਾ ਮਾਰਗ ਸਮਝਦਾ ਹੈ ਭਾਵ ਇਸੇ ਨੂੰ ਹੀ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਸਮਝਦਾ ਹੈ ਜੋ ਉਸਦਾ ਨਾਮ ਜਪਣ ਦਾ ਤਰੀਕਾ ਭਾਵ ਉਸਦੀ ਭਗਤੀ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। **(ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥)**

ਆਉ ਹੁਣ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਸਮਝੀਏ ਜਿਵੇਂ ਕਿ ਭਗਤ ਧੰਨਾ ਜੀ ਨੇ ਅਛਲੀ ਪ੍ਰਭ ਕੋਲੋਂ ਕਿਸ ਚੀਜ ਦੀ ਪ੍ਰਾਪਤੀ ਕੀਤੀ ਹੈ।

“ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥”

51/7174

ਉਪਰ ਵਾਲੀ ਪੰਗਤੀ ਰਾਹੀਂ ਬੜਾ ਸਪਸ਼ਟ ਹੈ ਕਿ ਭਗਤ ਧੰਨਾ ਜੀ ਨੇ **"ਧਰਣੀਧਰੁ"** ਨੂੰ, ਸਾਰੀ ਸ੍ਰਿਸ਼ਟੀ ਦੇ ਮਾਲਕ ਅਕਾਲ ਪੁਰਖ ਨੂੰ ਧਨ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਉਨ੍ਹਾਂ ਦੇ ਅੰਦਰ ਅਕਾਲ ਪੁਰਖ ਨੇ ਗਿਆਨ ਰੂਪ ਵਿੱਚ ਪ੍ਰਗਟ ਕੀਤਾ ਹੈ, ਉਨ੍ਹਾਂ ਦੇ ਅੰਦਰ ਦੀ ਜੋਤਿ ਰਾਹੀਂ ਪ੍ਰਵੇਸ਼ ਕੀਤਾ ਹੈ ਭਾਵ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਜਿਸ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਨੇ ਜੋ ਧਨ ਦਿੱਤਾ ਹੈ ਭਾਵ ਬ੍ਰਹਮ ਗਿਆਨ ਦਿੱਤਾ ਹੈ ਭਾਵ ਨਾਮ ਧਨ ਦਿੱਤਾ ਹੈ ਉਸ ਧਨ ਦੇ ਰੂਪ ਵਿੱਚ ਹੀ ਧਰਣੀਧਰ ਆਪ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਬ੍ਰਹਮ ਗਿਆਨ ਦਾ ਮਾਲਕ ਹੈ, ਹਰ ਗਿਆਨ ਦਾ ਮਾਲਕ ਹੈ ਜਿਸ ਰੂਪ ਵਿੱਚ ਉਹ ਸਭ ਜਗ੍ਹਾ ਵੱਸਿਆ ਹੋਇਆ ਹੈ। ਸਾਰੀ ਸ੍ਰਿਸ਼ਟੀ ਅਕਾਲ ਪੁਰਖ ਨੇ ਇਸ ਨਾਮ ਧਨ ਦੁਆਰਾ ਹੀ ਬਣਾਈ ਹੈ ਤੇ ਸਭ ਕੁਝ ਉਸਦੇ ਨਾਮ ਧਨ ਦੀ ਬਖਸ਼ਿਸ਼ ਦੁਆਰਾ ਹੀ ਚੱਲ ਰਿਹਾ ਹੈ। ਜਿਨ੍ਹਾਂ ਸਰੀਰਾਂ ਦੇ ਅੰਦਰ ਪ੍ਰਗਟ ਹੋਣ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਨੂੰ ਆਪਣੇ ਨਾਮ ਧਨ ਨਾਲ ਜੋੜਿਆ ਹੈ ਉਨ੍ਹਾਂ ਨੇ ਪੂਰੀ ਗੁਰਬਾਣੀ ਦੇ ਵਿੱਚ ਨਾਮ ਧਨ ਪਾਇਆ ਹੈ, ਸੰਸਾਰ ਦਾ ਸਭ ਤੋਂ ਉੱਚਾ ਧਨ ਪਾਇਆ ਹੈ ਭਾਵ ਬ੍ਰਹਮ ਗਿਆਨ ਰੂਪ ਧਨ ਪਾਇਆ ਹੈ ਤੇ ਮਨ ਦੇ ਵਿੱਚ ਇਸ ਧਨ ਦੀ ਪ੍ਰਾਪਤੀ ਦੁਆਰਾ ਹੀ ਮਨ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੁੰਦਾ ਹੈ ਜਿਸ ਮੇਲ ਦੁਆਰਾ ਉਹ ਕਿਸੇ ਮਨੁੱਖੀ ਰੂਪ ਨੂੰ ਆਪਣਾ ਜਨ ਬਣਾਉਂਦਾ ਹੈ ਤੇ ਆਪਣੇ ਸੰਤ ਰੂਪ ਭਾਵ ਗੁਰੂ ਰੂਪ ਵਾਲੀ ਸਮਝ ਦੇ ਨਾਲ ਮਿਲਾ ਲੈਂਦਾ ਹੈ ਭਾਵ ਆਪਣੇ ਜਨ ਦੀ ਸਮਝ ਨੂੰ ਆਪਣੀ ਸਮਝ ਦੇ ਸਮਾਨ ਬਣਾ ਦਿੰਦਾ ਹੈ ਭਾਵ ਇੱਕੋ ਜਿਹੀ ਸਮਝ ਵਾਲੇ ਬਣਾ ਦਿੰਦਾ ਹੈ ਭਾਵ ਸੰਤ ਰੂਪ ਗੁਰੂ ਪ੍ਰਮਾਤਮਾ ਦੀ ਸਮਝ ਵਿੱਚ ਤੇ ਉਸਦੇ ਜਨ ਦੀ ਸਮਝ ਦੇ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ ਭਾਵ ਉਸਦੇ ਜਨ ਦੀ ਸਮਝ ਫਿਰ ਮਾਇਆ ਦੇ ਛੱਲ ਵਿੱਚੋਂ ਨਿਕਲ ਕੇ ਅਛਲੀ ਸਮਝ ਬਣ ਜਾਂਦੀ ਹੈ। **(ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥ ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥)**

ਟੋਡੀ ਮਹਲਾ ੫ ॥

{ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥
ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥
ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥
ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥}

(ਅੰਗ ੭੧੭)

{ਮਾਇਆ ਛਲੀਆ ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥੪॥੪॥੫੫॥}

(ਅੰਗ ੩੯੫)

{ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥ ਬਿਨੁ ਤੇਲ ਦੀਵਾ ਕਿਉ ਜਲੈ ॥੧॥ਰਹਾਉ॥}

(ਅੰਗ ੨੫)

ਗਉੜੀ ਮਹਲਾ ੫ ॥

{ਹਰਿ ਸੰਗਿ ਰਾਤੇ ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥ ਹਰਿ ਸੰਗਿ ਰਾਤੇ ਨਹੀ ਡੂਬੈ ਜਲਾ॥
ਹਰਿ ਸੰਗਿ ਰਾਤੇ ਸੁਫਲ ਫਲਾ ॥੧॥ ਸਭ ਭੈ ਮਿਟਹਿ ਤੁਮਾਰੈ ਨਾਇ ॥
ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥ ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥
ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥ ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥
ਹਰਿ ਸੰਗਿ ਰਾਤੇ ਪੂਰਨ ਆਸ ॥੨॥ ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥
ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥੩॥

ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ ॥
ਕਹੁ ਨਾਨਕ ਤਿਨ ਕਉ ਬਲਿ ਜਾਈ ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥੪॥੧੦੯॥}

(ਅੰਗ ੨੦੧)

51/7175

{ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥
ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥}

(ਅੰਗ ੩੯੨)

ਆਸਾ ਇਕਤੁਕੇ ੪ ॥

{ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥
ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥ ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥
ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥
ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥ ਬਲੁ ਅਬਲੁ ਕਿਆ ਇਸ ਤੇ ਹੋਈ ॥੪॥
ਇਹ ਬਸਤੀ ਤਾ ਬਸਤ ਸਰੀਰਾ ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥}

(ਅੰਗ ੪੮੦)

{ਆਪ ਹੀ ਮਸਟਿ ਆਪ ਹੀ ਬੁਲਨਾ ॥ ਆਪ ਹੀ ਅਛਲੁ ਨ ਜਾਈ ਛਲਨਾ ॥੨॥
ਆਪ ਹੀ ਗੁਪਤ ਆਪਿ ਪਰਗਟਨਾ ॥ ਆਪ ਹੀ ਘਟਿ ਘਟਿ ਆਪਿ ਅਲਿਪਨਾ ॥੩॥
ਆਪੇ ਅਵਿਗਤੁ ਆਪ ਸੰਗਿ ਰਚਨਾ ॥ ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥੪॥੨॥੭॥}

(ਅੰਗ ੮੦੩)

{ਧਰਤ ਧੋਹ ਅਨਿਕ ਛਲ ਜਾਨੈ ॥ ਕਉਡੀ ਕਉਡੀ ਕਉ ਖਾਕੁ ਸਿਰਿ ਛਾਨੈ ॥
ਜਿਨਿ ਦੀਆ ਤਿਸੈ ਨ ਚੇਤੈ ਮੂਲਿ ॥ ਮਿਥਿਆ ਲੋਭੁ ਨ ਉਤਰੈ ਸੂਲੁ ॥੩॥}

(ਅੰਗ ੮੯੯)

ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਮਾਤ ਪਿਤਾ ਭਾਈ ਸੁਤੁ ਬਨਿਤਾ ॥ ਚੂਗਹਿ ਚੋਗ ਅਨੰਦ ਸਿਉ ਜੁਗਤਾ ॥ ਉਰਝਿ ਪਰਿਓ ਮਨ ਮੀਠ ਮੋਹਾਰਾ॥
ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥ ਏਕੁ ਹਮਾਰਾ ਅੰਤਰਜਾਮੀ ॥
ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧॥ ਰਹਾਉ ॥
ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥ ਮੁਖਿ ਮੀਠੀ ਖਾਈ ਕਉਰਾਇ ॥
ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ॥੨॥ ਲੋਭ ਮੋਹ ਸਿਉ ਗਈ ਵਿਖੋਟਿ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ॥
ਇਹ ਠਗਵਾਰੀ ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥ ਕਾਮ ਕ੍ਰੋਧ ਸਿਉ ਠਾਟੁ ਨ ਬਨਿਆ॥
ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥ ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥

ਦਸ ਨਾਰੀ ਮੈ ਕਰੀ ਦੁਹਾਗਨਿ॥ ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥ ਇਨ ਸਨਬੰਧੀ ਰਸਾਤਲਿ ਜਾਇ ॥
ਹਮ ਗੁਰਿ ਰਾਖੇ ਹਰਿ ਲਿਵ ਲਾਇ ॥੫॥ ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥
ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥
ਇਨ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥ ਆਏ ਪ੍ਰਭ ਪਹਿ ਅੰਚਰਿ ਲਾਗਿ॥
ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥ ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥ ਸਗਲ ਦੂਤ ਮੇਰੀ ਸੇਵਾ ਲਾਏ ॥
ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥}

(ਅੰਗ ੧੩੪੭)

{ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥
ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥
ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥
ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੩॥}

(ਅੰਗ ੧੩੯੯)

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥}

(ਅੰਗ ੧੧੨੩)

ਮਾਇਆ ਦਾ ਛੱਲ ਕੀ ਹੈ ਇਸ ਗੱਲ ਨੂੰ ਉਪਰ ਵਾਲੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਗੁਰੂ ਦੀ

ਸਮਝਾਈ ਹੋਈ ਬਿਲਕੁੱਲ ਸਪਸ਼ਟ ਗੱਲ ਨੂੰ ਵੀ ਨਾ ਮੰਨ ਸਕਣਾ ਸਾਡੇ ਅੰਦਰ ਦਾ ਮਾਇਆ ਛੱਲ ਹੀ ਹੈ। ਗੁਰੂ ਸਾਨੂੰ ਸ਼ਬਦਾਂ ਰਾਹੀਂ ਸਪਸ਼ਟ ਤੌਰ ਤੇ ਸਮਝਾਉਂਦਾ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਕੇਵਲ ਆਪ ਹੀ ਹੈ ਤੇ ਉਸ ਤੋਂ ਬਿਨਾਂ ਕੋਈ ਵੀ ਹੋਰ ਹੋਂਦ ਸਮਝਣਾ ਝੂਠ ਹੈ, ਆਪਣੀ ਮਨੁੱਖੀ ਹੋਂਦ ਨੂੰ ਵੀ ਪ੍ਰਮਾਤਮਾ ਤੋਂ ਵੱਖਰੀ ਹੋਂਦ ਸਮਝਣਾ ਝੂਠ ਹੈ। ਇਹੀ ਮਾਇਆ ਦਾ ਛੱਲ ਹੈ ਜੋ ਸਾਨੂੰ ਸੱਚ ਨੂੰ ਮੰਨਣ ਨਹੀਂ ਦਿੰਦੀ। ਇਸੇ ਕਰਕੇ ਮਾਇਆ ਨੂੰ ਬੜੀ ਪ੍ਰਬਲ ਕਿਹਾ ਗਿਆ ਹੈ ਕਿਉਂਕਿ ਇਹ ਮਨੁੱਖ ਨੂੰ ਇਤਨੇ ਵੱਡੇ ਭਰਮ ਵਿੱਚ ਪਾ ਕੇ ਰੱਖਦੀ ਹੈ ਤੇ ਮਨ ਦਾ ਭਰਮ ਹੀ ਸਾਨੂੰ ਸੱਚ ਲੱਗਦਾ ਹੈ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਸਭ ਦੇ ਵਿੱਚ ਮਾਇਆ ਦਾ ਛੱਲ ਪਾਇਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਇਸ ਛੱਲ ਵਿੱਚੋਂ ਕੱਢ ਸਕਦਾ ਹੈ। ਜਿਸ ਮਨੁੱਖੀ ਸਮਝ ਨੂੰ ਵੀ ਉਸਨੇ ਇਸ ਮਾਇਆ ਛੱਲ ਵਿੱਚੋਂ ਕੱਢਿਆ ਹੈ ਉਸਦੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਹੀ ਕੱਢਿਆ ਹੈ ਜਿਵੇਂ ਕਿ ਉਸਨੇ ਆਪਣੇ ਹਰ ਭਗਤ ਰੂਪ ਨੂੰ, ਗੁਰੂ ਰੂਪ ਨੂੰ ਇਸ ਮਾਇਆ ਦੇ ਛੱਲ ਵਿੱਚੋਂ ਕੱਢਿਆ ਹੈ ਤੇ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਉਨ੍ਹਾਂ ਨੇ ਮਾਇਆ ਦੇ ਛੱਲ ਵਿੱਚੋਂ ਨਿਕਲਕੇ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਕੀਤੀ ਹੈ ਜਿਸ ਕਰਕੇ ਪੂਰੀ ਗੁਰਬਾਣੀ ਵਿੱਚ ਪੂਰਨ ਸੱਚ ਹੀ ਭਰਿਆ ਹੋਇਆ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਗੁਰੂ ਪ੍ਰਮਾਤਮਾ ਦੇ ਨਾਮ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਮਾਇਆ ਦੇ ਛੱਲ ਵਿੱਚੋਂ ਸਾਨੂੰ ਕੇਵਲ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ। ਨਾਮ ਦੀ ਸਮਝ ਹੀ ਅਸਲ ਵਿੱਚ ਮਾਇਆ ਦੇ ਛੱਲ ਵਿੱਚੋਂ ਨਿਕਲਕੇ ਹੀ ਪੈਂਦੀ ਹੈ। ਕਿਸੇ ਅੱਖਰ ਨੂੰ ਕੋਈ ਨਾਮ ਜਪਣਾ ਭਾਵ ਕਿਸੇ ਅੱਖਰ ਨੂੰ ਬੋਲੀ ਜਾਣ ਨੂੰ ਨਾਮ ਸਮਝਣਾ ਮਾਇਆ ਦਾ ਛੱਲ ਹੀ ਹੈ ਭਾਵ ਮਨ ਦੀ ਅਗਿਆਨਤਾ ਹੀ ਹੈ। ਆਪਣੇ ਆਪ ਨੂੰ ਸੰਤ, ਸਾਧ ਆਦਿ ਉਹੀ ਅਖਵਾਉਂਦੇ ਹਨ, ਆਪਣੇ ਆਪ ਨੂੰ ਧਰਮ ਦੇ ਗਿਆਨਵਾਨ ਉਹੀ ਅਖਵਾਉਂਦੇ ਹਨ ਜੋ ਇਸ ਮਨੁੱਖੀ ਸਰੀਰ ਨੂੰ ਆਪਣਾ ਸਮਝਦੇ ਹਨ, ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਸਮਝਦੇ ਹਨ ਤੇ ਕਿਸੇ ਅੱਖਰ ਨੂੰ ਨਾਮ ਸਮਝਾ ਕੇ ਜੋ ਵਡਿਆਈਆਂ ਲੈਂਦੇ ਹਨ ਇਹ ਸਭ ਉਨ੍ਹਾਂ

ਦੇ ਅੰਦਰ ਦਾ ਮਾਇਆ ਛੱਲ ਹੀ ਹੈ। ਬਹੁਤ ਔਖਾ ਹੈ ਮਾਇਆ ਦੇ ਛੱਲ ਵਿੱਚੋਂ ਨਿਕਲਣਾ ਤੇ ਇਸੇ ਲਈ ਬਹੁਤ ਔਖਾ ਹੈ ਉਸ ਅਕਾਲ ਪੁਰਖ ਦਾ ਜਨ ਰੂਪ ਬਣਨਾ ਜੋ ਕਿ ਕੋਈ ਵਿਰਲਾ ਹੀ ਬਣ ਸਕਦਾ ਹੈ ਤੇ ਉਸਦਾ ਜਨ ਬਣਨ ਲਈ ਮਾਇਆ ਮੋਹ ਵਿੱਚੋਂ ਪੂਰੀ ਤਰ੍ਹਾਂ ਨਿਕਲਣਾ ਪੈਂਦਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਨੂੰ ਪੂਰੀ ਤਰ੍ਹਾਂ ਛੱਡਣਾ ਪੈਂਦਾ ਹੈ ਭਾਵ ਗੁਰਮਤਿ ਰੂਪ ਨੂੰ ਪੂਰਨ ਰੂਪ ਵਿੱਚ ਮੰਨਣਾ ਪੈਂਦਾ ਹੈ ਭਾਵ ਆਪਣੀ ਸਮਝ, ਭਰਮਾਂ ਵਾਲੀ ਸਮਝ, ਮਾਇਆ ਦੀ ਜੁਗਤਿ ਵਾਲੀ ਸਮਝ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਅਕਾਲ ਪੁਰਖ ਦਾ ਜਨ ਬਣਨਾ ਕੀ ਹੈ ਜੋ ਉਸਦਾ ਜਨ ਬਣਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਮਾਇਆ ਦਾ ਛੱਲ ਵੀ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਤਰੀਕੇ ਹੀ ਵਰਤਦਾ ਹੈ ਤੇ ਮਾਇਆ ਦੇ ਛੱਲ ਵਿੱਚੋਂ

51/7177

ਨਿਕਲਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਤਰੀਕਾ ਗੁਰੂ ਰੂਪ ਅਕਾਲ ਪੁਰਖ ਦਾ ਨਾਮ ਜਪਣ ਦਾ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦਾ ਹੈ ਭਾਵੇਂ ਉਹ ਨਾਮ ਜਪਣਾ ਗੁਰਬਾਣੀ ਗੁਰੂ ਕੋਲੋਂ ਸਮਝ ਲਈਏ, ਵੇਦਾਂ ਸ਼ਾਸਤਰਾਂ ਵਿੱਚੋਂ ਸਮਝ ਲਈਏ, ਕੁਰਾਣ ਗ੍ਰੰਥ ਵਿੱਚੋਂ ਸਮਝ ਲਈਏ, ਭਾਵੇਂ ਬਾਈਬਲ ਵਿੱਚੋਂ ਸਮਝ ਲਈਏ। ਗੱਲ ਤਾਂ ਕੇਵਲ ਧਰਮ ਗ੍ਰੰਥਾਂ ਦੇ ਅੰਦਰ ਦੇ ਸਮਝਾਏ ਹੋਏ ਸੱਚ ਦੀ ਅਸਲੀਅਤ ਨੂੰ ਸਮਝਣ ਦੀ ਹੈ ਤੇ ਉਸ ਅਸਲੀਅਤ ਨੂੰ ਮੰਨਣ ਦੀ ਹੈ ਜਿਸ ਤਰੀਕੇ ਮਾਇਆ ਦੇ ਛੱਲ ਵਿੱਚੋਂ ਨਿਕਲਣ ਦਾ ਸੱਚਾ ਉੱਦਮ ਕੀਤਾ ਜਾ ਸਕਦਾ ਹੈ ਤੇ ਜੇਕਰ ਕੇਵਲ ਧਰਮ ਗ੍ਰੰਥਾਂ ਦੀ ਕਥਨੀ ਦੇ ਨਾਲ ਹੀ ਜੁੜੇ ਰਹਾਂਗੇ ਫਿਰ ਅਸੀਂ ਮਾਇਆ ਦੇ ਛੱਲ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲ ਵੀ ਕਿਵੇਂ ਸਕਦੇ ਹਾਂ। ਅਸਲ ਵਿੱਚ ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣ ਨੂੰ ਹੀ ਭਗਤੀ ਦਾ ਮਾਰਗ ਸਮਝਣਾ ਵੀ ਸਾਡੇ ਅੰਦਰ ਦਾ ਮਾਇਆ ਛੱਲ ਹੈ ਜਿਸ ਮਾਇਆ ਛੱਲ ਦਾ ਮਕਸਦ ਹੀ ਸਾਨੂੰ ਸੱਚ ਜਾਨਣ ਤੋਂ ਧੋਖੇ ਵਿੱਚ ਰੱਖਣ ਦਾ ਹੈ। ਬਹੁਤ ਔਖਾ ਹੈ ਮਾਇਆ ਦੇ ਧੋਖੇ ਵਿੱਚੋਂ ਨਿਕਲਣਾ। ਇਹ ਮਾਇਆ ਦਾ ਧੋਖਾ ਸਭ ਦੇ ਅੰਦਰ ਮਨ ਦੇ ਵਿਚਾਰਾਂ ਰਾਹੀਂ ਹੀ ਉਪਜਦਾ ਹੈ ਤੇ ਇਨ੍ਹਾਂ ਵਿਚਾਰਾਂ ਤੇ ਮਨੁੱਖ ਦਾ ਆਪਣਾ ਕੋਈ ਵੱਸ ਹੀ ਨਹੀਂ ਹੈ। ਜੇਕਰ ਮਨ ਦੇ ਵਿਚਾਰ ਸਾਡੇ ਵੱਸ ਹੋਣ ਤਾਂ ਫਿਰ ਸਾਡੇ ਅੰਦਰ ਮਾਇਆ ਦਾ ਛੱਲ ਕਿਉਂ ਉਪਜੇ ਭਾਵ ਅਸੀਂ ਧੋਖੇ ਵਿੱਚ ਕਿਉਂ ਆਈਏ ਭਾਵ ਅਸੀਂ ਗੁਰੂ ਦੀ ਗੱਲ ਨੂੰ ਉਸੇ ਰੂਪ ਵਿੱਚ ਮੰਨ ਲਈਏ, ਜਿਸ ਰੂਪ ਵਿੱਚ ਸ਼ਬਦਾਂ ਦੇ ਵਿਚਾਰ ਸਾਨੂੰ ਜਿਸ ਤਰੀਕੇ ਵੀ ਸਮਝਾਉਂਦੇ ਹਨ ਉਨ੍ਹਾਂ ਨੂੰ ਹੀ ਸੱਚ ਜਾਣਕੇ ਮੰਨ ਲਈਏ। ਇਹ ਮਾਇਆ ਵਾਲੇ ਵਿਚਾਰ ਨਾ ਹੀ ਸਾਨੂੰ ਗੁਰੂ ਦਾ ਸਮਝਾਇਆ ਹੋਇਆ ਸੱਚ ਸਮਝਣ ਦਿੰਦੇ ਹਨ ਤੇ ਨਾ ਹੀ ਪੂਰੀ ਤਰ੍ਹਾਂ ਵਿਸ਼ਵਾਸ ਆਉਣ ਦਿੰਦੇ ਹਨ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਸਭ ਦੇ ਅੰਦਰ ਪਾਈ ਹੋਈ ਜੁਗਤਿ ਬਹੁਤ ਪ੍ਰਬਲ ਹੈ ਜੋ ਪੂਰੇ ਗਿਆਨ ਦਾ ਆਪ ਹੀ ਮਾਲਕ ਹੈ ਤੇ ਜਿਸ ਤਰੀਕੇ ਚਾਹੇ ਉਸੇ ਤਰੀਕੇ ਮਨੁੱਖ ਦੀ ਸਮਝ ਨੂੰ ਚਲਾ ਸਕਦਾ ਹੈ ਭਾਵ ਉਸਦੇ ਅੰਦਰ ਵਿਚਾਰ ਪਾ ਸਕਦਾ ਹੈ। ਜਿਸਨੇ ਮਨੁੱਖੀ ਸਰੀਰ ਦੀ ਰਚਨਾ ਕੀਤੀ ਹੈ ਉਸਦੇ ਹੱਥ ਹੀ ਮਨੁੱਖ ਦੀ ਸਮਝ ਹੈ ਭਾਵ ਗਿਆਨ ਰੂਪ ਨੱਥ ਉਸਦੇ ਹੱਥ ਹੈ ਤੇ ਜਿਸ ਪਾਸੇ ਵੀ ਚਾਹੇ ਉਹ ਉਸ ਪਾਸੇ ਹੀ ਮਨੁੱਖੀ ਸਮਝ ਨੂੰ ਮੋੜ ਸਕਦਾ ਹੈ। ਜਿਸਨੂੰ ਵੀ ਪ੍ਰਮਾਤਮਾ ਮਾਇਆ ਦੀ ਛੱਲ ਵਿੱਚੋਂ ਕੱਢਦਾ ਹੈ ਉਸ ਮਨੁੱਖੀ ਰੂਪ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਹੀ ਕੱਢਦਾ ਹੈ ਭਾਵ ਉਸ ਮਨੁੱਖੀ ਸਮਝ ਨੂੰ ਆਪਣਾ ਗੁਰੂ ਰੂਪ, ਸੰਤ ਰੂਪ ਬਨਾਉਣ ਦੁਆਰਾ ਹੀ ਕੱਢਦਾ ਹੈ ਤੇ ਜਿਸਨੂੰ ਉਹ ਆਪਣਾ ਸੰਤ ਰੂਪ ਬਣਾਉਂਦਾ ਹੈ ਉਸ ਮਨੁੱਖੀ ਸਮਝ ਦੇ ਵਿਚਾਰ ਹੀ ਬਦਲਦਾ ਹੈ ਭਾਵ ਉਸ ਮਨੁੱਖੀ ਸਮਝ ਨੂੰ ਮਾਇਆ ਦੀ ਜੁਗਤਿ ਵਿੱਚੋਂ ਕੱਢ ਦਿੰਦਾ ਹੈ ਭਾਵ ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ, ਪੁੱਠੇ ਕਮਲ ਵਾਲੀ ਸਮਝ ਵਿੱਚੋਂ ਕੱਢ ਕੇ ਆਪਣੇ ਚੌਥੇ ਪਦ ਦੇ ਗਿਆਨ ਵਾਲੀ, ਨਾਮ ਵਾਲੀ ਭਾਵ ਬ੍ਰਹਮ ਗਿਆਨ ਵਾਲੀ ਸਮਝ ਨਾਲ ਜੋੜ ਲੈਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਤਾਂ ਹੀ ਇਹ ਸਮਝ ਪੈਂਦੀ ਹੈ ਕਿ ਸਭ ਦੇ ਵਿਚਾਰਾਂ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵ ਇਸ ਗੱਲ ਦੀ ਸਮਝ ਉਸਦੇ ਸੰਤ ਰੂਪ ਨੂੰ ਪੈਂਦੀ ਹੈ, ਉਸਦੇ ਗੁਰੂ ਰੂਪ ਨੂੰ ਪੈਂਦੀ ਹੈ ਕਿ ਇਹ ਮਾਇਆ ਦਾ ਛੱਲ ਕੀ ਹੈ। ਉਸਦੇ ਸੰਤ ਰੂਪ ਨੂੰ ਫਿਰ ਮਾਇਆ ਨੇ ਕੀ ਛੱਲਣਾ ਹੈ ਬਲਕਿ ਉਸਦਾ ਸੰਤ ਰੂਪ ਫਿਰ ਮਨ ਦੀ ਮਾਇਆ ਨੂੰ ਹੀ ਛੱਲਦਾ ਹੇ। ਪਹਿਲੇ ਉਸ

51/7178

ਦੇ ਅੰਦਰ ਮਾਇਆ ਦੇ ਵਿਚਾਰਾਂ ਦਾ ਜੋ ਰਾਜ ਚੱਲਦਾ ਸੀ ਉਹ ਉਸਦਾ ਰਾਜ ਫਿਰ ਖੁੱਸ ਜਾਂਦਾ ਹੈ, ਉਸਦੇ ਅੰਦਰੋਂ ਖਤਮ ਹੋ ਜਾਂਦਾ ਹੈ ਭਾਵ ਮਾਇਆ ਦਾ ਪਰਦਾ ਫਾਸ਼ ਹੋ ਜਾਂਦਾ ਹੈ ਭਾਵ ਮਾਇਆ ਦੇ ਆਪਣੇ ਨਾਲ ਹੀ ਠੱਗੀ ਹੋ ਜਾਂਦੀ ਹੈ ਭਾਵ ਮਾਇਆ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੈਂ ਝੂਠੀ ਸੀ ਤੇ ਸੱਚ ਨੇ ਮੇਰਾ ਝੂਠ ਜਾਹਿਰ ਕਰ ਦਿੱਤਾ ਹੈ ਤੇ ਸੰਤ ਰੂਪ ਮਾਇਆ ਦਾ ਪਰਦਾ ਫਿਰ ਦੂਸਰਿਆਂ ਨੂੰ ਵੀ ਜਾਹਿਰ ਕਰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੇ ਭਾਵ ਅਕਾਲ ਪੁਰਖ ਦੇ ਸੰਤਾਂ ਨੇ ਮਾਇਆ

ਦਾ ਪਰਦਾ ਸਾਰੇ ਸੰਸਾਰ ਨੂੰ ਗੁਰਬਾਣੀ ਦੇ ਸ਼ਬਦਾਂ ਰਾਹੀਂ ਜਾਹਿਰ ਕੀਤਾ ਹੈ ਕਿ ਮਾਇਆ ਝੂਠੀ ਹੈ ਜਿਸਤੋਂ ਸਭ ਨੂੰ ਬਚਣ ਦੀ ਲੋੜ ਹੈ ਤੇ ਉਨ੍ਹਾਂ ਨੇ ਮਾਇਆ ਦਾ ਛੱਲ ਸਭ ਨੂੰ ਸਮਝਾਇਆ ਹੈ। ਇਸ ਗੱਲ ਨੂੰ ਅਸੀਂ ਉਪਰ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਹੀ ਹੈ।

ਆਸਾ ਮਹਲਾ ੫ ॥

{ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥ ਏਕੁ ਨਾਮੁ ਸੰਤਨ ਆਧਾਰੁ ॥
ਹੋਇ ਰਹੇ ਸਭ ਕੀ ਪਗ ਛਾਰੁ ॥੧॥ ਸੰਤ ਰਹਤ ਸੁਨਹੁ ਮੇਰੇ ਭਾਈ ॥
ਉਆ ਕੀ ਮਹਿਮਾ ਕਥਨੁ ਨ ਜਾਈ ॥੧॥ ਰਹਾਉ ॥ ਵਰਤਣਿ ਜਾ ਕੈ ਕੇਵਲ ਨਾਮ ॥
ਅਨਦ ਰੂਪ ਕੀਰਤਨੁ ਬਿਸ੍ਰਾਮ ॥ ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥
ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥ ਸੂਰਬੀਰ ਬਚਨ ਕੇ ਬਲੀ ॥
ਕਉਲਾ ਬਪੁਰੀ ਸੰਤੀ ਛਲੀ ॥੩॥ ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥
ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥੩੭॥੯੮॥}

(ਅੰਗ ੩੯੨)

ਸਾਨੂੰ ਮਾਇਆ ਦੇ ਛੱਲ ਵਿੱਚੋਂ ਕੇਵਲ ਤੇ ਕੇਵਲ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਹੀ ਕੱਢ ਸਕਦੀ ਹੈ ਭਾਵ ਸਾਡੇ ਅੰਦਰ ਦੀ ਝੂਠੀ ਮਤਿ ਦੇ ਵਿੱਚੋਂ ਸਾਨੂੰ ਧਰਮ ਗ੍ਰੰਥਾਂ ਦੀ ਸੱਚੀ ਮਤਿ ਹੀ ਕੱਢ ਸਕਦੀ ਹੈ ਤੇ ਇਸੇ ਮਕਸਦ ਲਈ ਹੀ ਸ੍ਰਿਸ਼ਟੀ ਦੇ ਕਰਤੇ ਨੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੋਈ ਹੈ ਜਿਨ੍ਹਾਂ ਧਰਮ ਗ੍ਰੰਥਾਂ ਦੇ ਗਿਆਨ ਨੂੰ ਬਰੀਕੀ ਨਾਲ ਸਮਝਕੇ ਹੀ ਭਾਵ ਉਨ੍ਹਾਂ ਦੀ ਮਤਿ ਤੇ ਪੂਰਨ ਵਿਸ਼ਵਾਸ ਕਰਕੇ ਉਨ੍ਹਾਂ ਦੇ ਸੱਚੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਮਨ ਦੇ ਝੂਠੇ ਵਿਚਾਰਾਂ ਵਿੱਚੋਂ ਨਿਕਲਿਆ ਜਾ ਸਕਦਾ ਹੈ ਭਾਵ ਮਾਇਆ ਦੇ ਛੱਲ ਤੋਂ ਬਚਿਆ ਜਾ ਸਕਦਾ ਹੈ ਜਿਸ ਤਰੀਕੇ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕੀਤਾ ਜਾ ਸਕਦਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦ ਦੁਆਰਾ ਸਮਝੀਏ ਜਿਸ ਰਾਹੀਂ ਮਾਇਆ ਦਾ ਛੱਲ ਕੀ ਹੈ ਇਹ ਵੀ ਸਮਝਾਇਆ ਹੋਇਆ ਹੈ ਤੇ ਮਾਇਆ ਦੇ ਛੱਲ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਮਝਾਇਆ ਹੋਇਆ ਹੈ ਜੋ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਮਾਇਆ ਦੀ ਜੁਗਤਿ ਵੀ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਜਿਹੇ ਤਰੀਕੇ ਹੀ ਵਰਤਦੀ ਹੈ ਫਿਰ ਉਸ ਜੁਗਤਿ ਵਿੱਚੋਂ ਨਿਕਲਣ ਦਾ ਤਰੀਕਾ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਆਉ ਧਿਆਨ ਨਾਲ ਸਮਝੀਏ।

ਟੋਡੀ ਮਹਲਾ ੫ ॥

“ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ॥ ਰਹਾਉ ॥
ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥
ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥
ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥”

(ਅੰਗ ੭੧੭)

ਆਉ ਸਭ ਤੋਂ ਪਹਿਲਾਂ ਰਹਾਉ ਵਾਲੀ ਪੰਗਤੀ ਦੁਆਰਾ ਇਸ ਗੱਲ ਨੂੰ ਸਮਝੀਏ, ਗੁਰੂ ਪ੍ਰਮਾਤਮਾ ਦੀ ਗੱਲ ਤੇ ਪੂਰਨ ਵਿਸ਼ਵਾਸ ਕਰਕੇ ਸਮਝੀਏ ਕਿ ਮਾਇਆ ਦਾ ਛੱਲ

ਕੀ ਹੈ ਜਿਸ ਮਾਇਆ ਦੇ ਛੱਲ ਨੂੰ ਬੜੇ ਹੀ ਸੋਹਣੇ ਢੰਗ ਨਾਲ ਸਮਝਾਇਆ ਹੋਇਆ ਹੈ।

“ਮਾਈ ਮਾਇਆ ਛਲੁ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹਤ ਕਾ ਜਲੁ ॥ ਰਹਾਉ ॥”

ਮਾਇਆ ਦਾ ਛੱਲ ਕੀ ਹੈ ਜਿਵੇਂ ਕਿ ਅਸੀਂ ਪਿੱਛੇ ਚਰਚਾ ਕੀਤਾ ਹੈ ਕਿ ਇਹ ਸੱਚ ਨੂੰ ਝੂਠ ਸਮਝਾਉਂਦੀ ਹੈ ਤੇ ਝੂਠ ਨੂੰ ਸੱਚ ਸਮਝਾਉਂਦੀ ਹੈ ਭਾਵ ਸਾਨੂੰ ਹਕੀਕਤ ਦੇ ਉਲਟ ਸਮਝਾਉਂਦੀ ਹੈ ਭਾਵ ਸਾਨੂੰ ਭਰਮਾਂ ਵਿੱਚ ਪਾਉਂਦੀ ਹੈ ਭਾਵ ਅਸੀਂ ਮਨ ਦੇ ਭਰਮਾਂ ਵਾਲੀ ਸਮਝ ਨੂੰ ਹੀ ਆਪਣੀ ਸੱਚੀ ਸਮਝ ਮੰਨਦੇ ਹਾਂ। ਇਹੀ ਗੱਲ ਸਾਨੂੰ ਉਪਰ ਵਾਲੀ ਪੰਗਤੀ ਦੁਆਰਾ ਸਾਡੇ ਅੰਦਰ ਦਾ ਮਾਇਆ ਦਾ ਛੱਲ ਸਮਝਾਇਆ ਹੋਇਆ ਹੈ। ਤ੍ਰਿਣ ਦੀ ਅਗਨਿ ਕੀ ਹੁੰਦੀ ਹੈ ਤੇ ਮੇਘ ਕੀ ਛਾਇਆ ਕੀ ਹੁੰਦੀ ਹੈ ਭਾਵ ਇੱਕ ਤਿਨਕੇ ਨੂੰ ਅੱਗ ਲੱਗੀ ਹੋਵੇ ਤਾਂ ਹਰ ਕਿਸੇ ਨੂੰ ਬੜਾ ਸਪਸ਼ਟ ਪਤਾ ਹੁੰਦਾ ਹੈ ਕਿ ਤਿਨਕੇ ਨੂੰ ਅੱਗ ਲੱਗੀ ਹੋਈ ਹੈ ਜੋ ਇੱਕ ਸੱਚੀ ਗੱਲ ਹੈ, ਜਿਸਨੂੰ ਸਮਝਣ ਵਿੱਚ ਕਿਸੇ ਨੂੰ ਕੋਈ ਭਰਮ ਨਹੀਂ ਹੁੰਦਾ। ਇਸੇ ਤਰ੍ਹਾਂ ਮੇਘ ਦੀ ਭਾਵ ਬੱਦਲ ਦੀ ਛਾਂ ਕੀ ਹੁੰਦੀ ਹੈ ਇਸ ਗੱਲ ਨੂੰ ਹਰ ਕੋਈ ਦੇਖ ਕੇ ਸਮਝ ਜਾਂਦਾ ਹੈ ਤੇ ਉਸਦੇ ਅੰਦਰ ਇਸ ਗੱਲ ਦਾ ਕੋਈ ਭਰਮ ਨਹੀਂ ਹੁੰਦਾ ਕਿ ਇਹ ਬੱਦਲ ਦੀ ਛਾਂ ਨਹੀਂ ਹੈ ਭਾਵ ਬੱਦਲ ਦੀ ਛਾਂ ਹੀ ਹੈ। ਇਸੇ ਤਰ੍ਹਾਂ ਪੂਰੀ ਗੁਰਬਾਣੀ ਵਿੱਚ ਅਨੇਕਾਂ ਹੀ ਸ਼ਬਦ ਹਨ ਜਿਨ੍ਹਾਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਇਨ੍ਹਾਂ ਸ਼ਬਦਾਂ ਦਾ ਸਹੀ ਅਰਥ ਕੀ ਹੈ ਭਾਵ ਗੁਰੂ ਜੀ ਨੇ ਕੀ ਸਮਝਾਇਆ ਹੈ ਤੇ ਜੇਕਰ ਅਸੀਂ ਸੱਚੀ ਗੱਲ ਨੂੰ ਸਮਝਦੇ ਹੋਏ ਵੀ ਉਸ ਗੱਲ ਤੇ ਵਿਸ਼ਵਾਸ ਨਾ ਕਰੀਏ ਤਾਂ ਫਿਰ ਇਹ ਸਾਡੇ ਅੰਦਰ ਦਾ ਮਾਇਆ ਛੱਲ ਹੈ ਭਾਵ ਇਸ ਤਰੀਕੇ ਦਾ ਛੱਲ ਹੈ ਜਿਵੇਂ ਕਿ ਅਸੀਂ ਤ੍ਰਿਣ ਦੀ ਅਗਨਿ ਨੂੰ ਤੇ ਮੇਘ ਦੀ ਛਾਇਆ ਨੂੰ ਇੱਕ ਹੜ ਦਾ ਜਲ ਸਮਝੀਏ ਭਾਵ ਬਿਲਕੁੱਲ ਹੀ ਉਲਟ ਸਮਝੀਏ। ਗੁਰਬਾਣੀ ਦੇ ਸ਼ਬਦਾਂ ਦੇ ਅਰਥਾਂ ਨੂੰ ਜੇਕਰ ਅਸੀਂ **“ਗੋਬਿਦ ਭਜਨ”** ਦੁਆਰਾ ਸਮਝੀਏ ਭਾਵ ਨਾਮ ਜਪਣ ਦੁਆਰਾ ਸਮਝੀਏ ਭਾਵ ਸ਼ਬਦਾਂ ਦੇ ਅੰਦਰ ਦੀ ਅਸਲੀਅਤ ਨੂੰ ਮੰਨਣ ਦੁਆਰਾ ਸਮਝੀਏ ਫਿਰ ਸਾਡੀ ਉਹੋ ਜਿਹੀ ਸਮਝ ਦੇ ਵਿੱਚ ਮਾਇਆ ਦਾ ਛੱਲ ਨਹੀਂ ਹੋ ਸਕਦਾ ਭਾਵ ਅਸੀਂ ਕਿਸੇ ਭਰਮ ਵਿੱਚ ਨਹੀਂ ਆ ਸਕਦੇ। ਜੋ ਸਾਡੇ ਅੰਦਰ ਦੀ ਸਮਝ ਗੁਰੂ ਦੀ ਸਮਝ ਦੇ ਨਾਲ ਮੇਲ ਨਹੀਂ ਖਾਂਦੀ ਉਹ ਸਾਡੇ ਅੰਦਰ ਮਾਇਆ ਦਾ ਛੱਲ ਹੈ। ਜਿਵੇਂ ਕਿ ਗੁਰੂ ਦੇ ਸ਼ਬਦ ਸਾਨੂੰ ਬਾਰ-ਬਾਰ ਇਹ ਸਮਝਾਉਂਦੇ ਹਨ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਪਰ ਕਿਸੇ ਨੂੰ ਇਸ ਗੱਲ ਦਾ ਵਿਸ਼ਵਾਸ ਨਹੀਂ ਆਉਂਦਾ ਕਿ ਮੈਂ ਪ੍ਰਮਾਤਮਾ ਦਾ ਹੀ ਰੂਪ ਹਾਂ। ਸਾਡੇ ਅੰਦਰ ਦੀ ਇਹ ਬੇਵਿਸ਼ਵਾਸੀ ਹੀ ਮਾਇਆ ਦਾ ਛੱਲ ਹੈ। ਬਾਣੀ ਦੇ ਸ਼ਬਦ ਸਾਨੂੰ ਬੜਾ ਸਪਸ਼ਟ ਸਮਝਾਉਂਦੇ ਹਨ ਕਿ ਗੁਰੂ ਪ੍ਰਮਾਤਮਾ ਦੇ ਵਿੱਚ ਭੇਦ ਨਹੀਂ ਹੈ ਪਰ ਅਸੀਂ ਫਿਰ ਵੀ ਗੁਰੂ ਨੂੰ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਸਮਝਦੇ ਹਾਂ ਭਾਵ ਮਨੁੱਖੀ ਦੇਹ ਨੂੰ ਗੁਰੂ ਸਮਝਦੇ ਹਾਂ ਤੇ ਦੇਹ ਨੂੰ ਅਸੀਂ ਉੱਚਾ ਮੰਨ ਕੇ ਪੂਜਦੇ ਹਾਂ, ਪੂਰੇ ਸੰਸਾਰ ਵਿੱਚ ਹੀ ਇਹ ਪ੍ਰਥਾ ਚੱਲਦੀ ਹੈ, ਸਿੱਖ ਜਗਤ ਵਿੱਚ ਵੀ ਚੱਲਦੀ ਹੈ ਪਰ ਅਸੀਂ ਫਿਰ ਵੀ ਆਪਣੇ ਆਪ ਨੂੰ ਠੀਕ ਸਮਝਦੇ ਹਾਂ ਭਾਵ ਸਾਨੂੰ ਗੁਰੂ ਦੀ ਸਮਝਾਈ ਹੋਈ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ

52/7180

ਸਾਨੂੰ ਵਿਸ਼ਵਾਸ ਨਾ ਆਉਣ ਦੇਣ ਵਾਲੀ ਸਾਡੇ ਅੰਦਰ ਦੀ ਸਮਝ ਹੀ ਹੈ ਤੇ ਸਾਡੇ ਅੰਦਰ ਦੀ ਸਮਝ ਨੂੰ ਨਾਸਮਝੀ ਵਾਲੀ ਸਮਝ ਬਣਾਕੇ ਰੱਖਣ ਵਾਲੀ ਸਾਡੇ ਅੰਦਰ ਦੀ ਮਾਇਆ ਹੀ ਹੈ ਜੋ ਮਨ ਦੀ ਨਾ ਸਮਝੀ ਦੁਆਰਾ ਹੀ ਸੰਸਾਰ ਦੇ ਹਰ ਮਨੁੱਖ ਦੀ ਸਮਝ ਨੂੰ ਠੱਗਦੀ ਹੈ। ਬਾਣੀ ਦੇ ਸ਼ਬਦ ਸਾਨੂੰ ਬਾਰ-ਬਾਰ ਸਮਝਾਉਂਦੇ ਹਨ ਕਿ ਮਨੁੱਖ ਦੀ ਸਮਝ ਆਪਣੀ ਨਹੀਂ ਹੈ ਭਾਵ ਮਨੁੱਖ ਦੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ, ਜੋ ਵੀ ਗਿਆਨ ਉਪਜਦਾ ਹੈ ਉਹ ਗਿਆਨ ਮਨੁੱਖ ਦਾ ਆਪਣਾ ਨਹੀਂ ਹੈ ਪਰ ਫਿਰ ਵੀ ਕੌਣ ਇਸ ਗੱਲ ਨੂੰ ਮੰਨਦਾ ਹੈ ਕਿ ਮੇਰੇ ਅੰਦਰ ਦੀ ਸਮਝ ਮੇਰੀ ਨਹੀਂ ਹੈ, ਮੇਰੇ ਅੰਦਰ ਦਾ ਗਿਆਨ ਮੇਰਾ ਨਹੀਂ ਹੈ। ਆਪੇ ਹੀ ਸਮਝੋ ਕਿ ਧਰਮ ਦੇ ਵੱਡੇ ਵੱਡੇ ਗਿਆਨੀ, ਵਿਦਵਾਨ ਅਖਵਾਉਣ ਵਾਲੇ ਤੇ ਕਿਤਨੇ ਕੁ ਇਹੋ ਜਿਹੇ ਆਪਣੇ ਆਪ ਨੂੰ ਧਰਮ ਦੇ ਉੱਚੇ ਵਿਦਵਾਨ ਅਖਵਾਉਣ ਵਾਲਿਆਂ ਦੇ ਸਰੀਰ ਬਿਨਸ ਚੁੱਕੇ ਹਨ ਤੇ ਕਿਤਨੇ ਕੁ ਜਗ੍ਹਾ ਜਗ੍ਹਾ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਵਿਦਵਾਨ ਅਖਵਾ ਰਹੇ ਹਨ, ਆਪਣੇ ਆਪ ਨੂੰ ਉੱਚਾ ਥਾਪਕੇ ਮਾਨ ਲੈ ਰਹੇ ਹਨ, ਆਪਣੇ ਉੱਚੇ ਗਿਆਨ ਦਾ ਮਾਨ ਲੈ ਰਹੇ ਹਨ ਤੇ ਇਹੋ ਜਿਹਾ ਮਾਨ ਉਹੀ ਲੈ ਸਕਦਾ ਹੈ, ਆਪਣੇ ਗਿਆਨ ਦਾ, ਆਪਣੀ ਸਮਝ ਦਾ ਮਾਨ ਉਹੀ ਲੈ ਸਕਦਾ ਹੈ ਜਿਸਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੀ ਨਹੀਂ ਆਉਂਦਾ ਕਿ ਮੇਰੇ ਅੰਦਰ ਦੀ ਸਮਝ ਮੇਰੀ ਨਹੀਂ ਹੈ ਭਾਵ ਮਨੁੱਖ ਦਾ ਇਹ ਝੂਠਾ ਵਿਸ਼ਵਾਸ ਹੈ ਕਿ ਮੇਰੇ ਅੰਦਰ ਦੀ ਸਮਝ ਦਾ ਮਾਲਕ ਮੈਂ ਆਪ ਹੀ ਹਾਂ। ਸਾਨੂੰ ਇਹ ਝੂਠਾ ਵਿਸ਼ਵਾਸ ਦਿਵਾਉਣ ਵਾਲੀ ਇਹ ਸਾਡੇ ਅੰਦਰ ਦੀ ਪ੍ਰਮਾਤਮਾ ਦੀ ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਹੈ ਜੋ ਕਿ ਮਾਇਆ ਦੇ ਛੱਲ ਦੇ ਰੂਪ ਵਿੱਚ ਹੈ ਜੋ ਮਨੁੱਖੀ ਸਮਝ ਨੂੰ ਸੱਚ ਸਮਝਣ ਤੋਂ ਭਾਵ ਸੱਚ ਤੇ ਵਿਸ਼ਵਾਸ ਆਉਣ ਤੇ ਧੋਖੇ ਵਿੱਚ ਰੱਖਦੀ ਹੈ ਤੇ ਨਾ ਹੀ ਆਪਣੇ ਆਪ ਮਨੁੱਖ ਇਸ ਧੋਖੇ ਵਿੱਚੋਂ ਨਿਕਲ ਸਕਦਾ ਹੈ ਕਿਉਂਕਿ ਧੋਖੇ ਵਿੱਚੋਂ ਨਿਕਲਣ ਲਈ ਵੀ ਮਨ ਦੀ ਸਮਝ

ਦੀ ਹੀ ਲੋੜ ਹੈ ਜੋ ਸਮਝ ਮਨੁੱਖ ਦੇ ਵੱਸ ਵਿੱਚ ਹੀ ਨਹੀਂ ਹੈ ਭਾਵ ਜਿਸ ਸਮਝ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਉਹ ਆਪਣਾ ਮਕਸਦ ਛੱਡ ਵੀ ਕਿਵੇਂ ਸਕਦੀ ਹੈ ਜਿਸ ਮਕਸਦ ਨੂੰ ਪੂਰਾ ਕਰਾਉਣ ਵਾਲਾ ਹੀ ਸ੍ਰਿਸ਼ਟੀ ਦਾ ਕਰਤਾ ਆਪ ਹੈ, ਜੋ ਕਿ ਕੇਵਲ ਤੇ ਕੇਵਲ ਉਹ ਇੱਕੋ ਇੱਕ ਆਪ ਹੀ ਹੈ ਤੇ ਸਭ ਦੇ ਅੰਦਰ ਆਪਣੀ ਇਸ ਮਾਇਆ ਦੀ ਜੁਗਤਿ ਦੁਆਰਾ ਹੀ ਉਸਨੇ ਸਭ ਨੂੰ ਆਪਣੇ ਆਪ ਤੋਂ ਵੱਖਰਾ ਕਰਕੇ ਇਸ ਸੰਸਾਰ ਨੂੰ ਆਪਣੀ ਇੱਕ ਖੇਡ ਬਣਾਇਆ ਹੋਇਆ ਹੈ। ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਸਭ ਦੇ ਅੰਦਰ, ਹਰ ਜੀਵ ਜੰਤੂ ਦੇ ਅੰਦਰ ਇਹ ਮੈਂ ਪੈਣ ਦੁਆਰਾ ਹੀ ਚੱਲਦੀ ਹੈ ਕਿ ਇਹ ਸਰੀਰ ਮੇਰਾ ਹੈ ਜੋ ਕਿ ਸਭ ਦੇ ਅੰਦਰ ਕੇਵਲ ਮਾਇਆ ਦਾ ਛੱਲ ਹੀ ਹੈ। ਸੱਚ ਜਾਣੋ ਸ੍ਰਿਸ਼ਟੀ ਦਾ ਕਰਤਾ ਬਹੁਤ ਹੀ ਉੱਚੇ ਗਿਆਨ ਵਾਲਾ ਹੈ। ਜਿਸਨੇ ਇਤਨੀ ਵੱਡੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਪੰਜਾਂ ਤੱਤਾਂ ਦੀ, ਅਣਗਿਣਤ ਖੰਡਾਂ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ ਫਿਰ ਆਪੇ ਹੀ ਸਮਝੋ, ਵਿਸ਼ਵਾਸ ਕਰਕੇ ਸਮਝੋ ਕਿ ਮਨੁੱਖ ਦੇ ਅੰਦਰ ਮਾਇਆ ਦਾ ਛੱਲ ਪਾਉਣਾ ਉਸਦੇ ਲਈ ਕਿਤਨੀ ਕੁ ਵੱਡੀ ਗੱਲ ਹੋ ਸਕਦੀ ਹੈ ਭਾਵ ਉਸਦੇ ਲਈ ਇਹ ਮਾਮੂਲੀ ਜਿਹੀ ਗੱਲ ਹੈ। ਇਸ ਮਾਇਆ ਦੇ ਮਾਲਕ ਨੂੰ ਭਾਵ ਆਪਣੇ ਅੰਦਰ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਕੋਈ ਮਾਇਆ ਦੇ ਛੱਲ ਨੂੰ ਸਮਝ ਸਕੇ

52/7181

ਇਹ ਨਾਮੁਮਕਿਨ ਹੈ। ਹਰ ਕੋਈ ਤ੍ਰੈਗੁਣਾਂ ਵਾਲੀ ਸਮਝ ਦਾ ਬੱਝਾ ਹੋਇਆ ਹੈ ਤੇ ਤ੍ਰੈਗੁਣਾਂ ਵਾਲੀ ਸਮਝ ਵੀ ਸਭ ਦੇ ਅੰਦਰ ਦੀ ਮਾਇਆ ਹੀ ਹੈ ਜਿਵੇਂ ਕਿ ਅਸੀਂ ਪਿਛਲੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥
ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ - ੧੧੨੩)

ਉਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਸਾਡੀ ਤ੍ਰੈਗੁਣਾਂ ਵਾਲੀ ਅਵਸਥਾ ਤੋਂ ਭਾਵ ਜਾਂ ਮਨ ਦੀ ਮਾਇਆ ਤੋਂ ਭਾਵ ਇੱਕੋ ਹੀ ਹੈ, ਮਕਸਦ ਇੱਕੋ ਹੀ ਹੈ ਭਾਵ ਸਾਡੇ ਅੰਦਰ ਦੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੀ ਹੈ ਤਾਂ ਜੋ ਅਸੀਂ ਆਪਣੇ ਅੰਦਰੋਂ ਨਾ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕੀਏ ਤੇ ਨਾ ਹੀ ਉਸਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕੀਏ, ਸੰਸਾਰ ਦੇ ਇੱਕੋ ਇੱਕ ਧਰਮ ਦੇ ਮਾਰਗ ਨੂੰ ਸਮਝ ਸਕੀਏ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਨਾ ਹੀ ਉਸਦੇ ਸੱਚੇ ਨਾਮ ਨੂੰ ਸਮਝ ਸਕੀਏ ਜੋ ਉਸਦਾ ਨਾਮ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਸਮਝਕੇ ਤੇ ਉਸ ਨੂੰ ਮੰਨ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਭਾਵ ਸੱਚੀ ਸੁੱਚੀ ਕਰਨੀ ਕਰਨ ਦਾ ਹੀ ਹੈ ਪਰ ਮਨ ਦੀ ਮਾਇਆ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਇੱਕੋ ਜਿਹੇ ਤਰੀਕੇ ਦੁਆਰਾ ਵਰਤਦੀ ਹੈ ਜਿਸਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਵੱਖਰੀ ਵੱਖਰੀ ਧਾਰਮਿਕ ਆਸਥਾ ਦੇ ਨਾਲ ਜੋੜਣ ਦਾ ਹੈ, ਵੱਖਰੀ ਵੱਖਰੀ ਵਿਚਾਰਧਾਰਾ

ਨਾਲ ਜੋੜਣ ਦਾ ਹੈ, ਸ੍ਰਿਸ਼ਟੀ ਦੇ ਕਰਤੇ ਨੇ ਵੱਖਰੇ ਵੱਖਰੇ ਰੂਪ ਤੇ ਵੱਖਰੇ ਵੱਖਰੇ ਟਿਕਾਣੇ ਸਮਝਾਉਣ ਦੇ ਨਾਲ ਹੈ ਜੋ ਉਸਦਾ ਟਿਕਾਣਾ ਸਭ ਜਗ੍ਹਾ ਉਸ ਦਾ ਬ੍ਰਹਮ ਗਿਆਨ ਰੂਪ ਟਿਕਾਣਾ ਹੈ ਤੇ ਹਰ ਮਨੁੱਖ ਦੇ ਅੰਦਰ ਉਸਦਾ ਟਿਕਾਣਾ ਮਨੁੱਖੀ ਮਨ ਹੈ ਭਾਵ ਉਸਦੀ ਜੋਤਿ ਹੈ ਤੇ ਉਸਦੀ ਜੋਤਿ ਰਾਹੀਂ ਹੀ ਸਭ ਦੇ ਅੰਦਰ ਜੋ ਸਮਝ ਉਪਜਦੀ ਹੈ ਉਹ ਉਸਦੀ ਮਾਇਆ ਹੈ ਜਿਸ ਮਾਇਆ ਦਾ ਮਕਸਦ ਹੀ ਮਨੁੱਖੀ ਰੂਪ ਨੂੰ ਵੱਖਰੇ ਵੱਖਰੇ ਤਰੀਕਿਆਂ ਨਾਲ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ, ਵੱਖਰੀਆਂ ਵੱਖਰੀਆਂ ਧਾਰਮਿਕ ਅਵਸਥਾਵਾਂ ਨਾਲ ਜੋੜ ਕੇ ਰੱਖਣ ਦਾ ਹੈ ਤੇ ਜਿਸ ਮਨੁੱਖ ਦੇ ਅੰਦਰ ਇਹ ਮਨ ਦੀ ਮਾਇਆ ਭਾਵ ਮਨ ਦੀ ਭਰਮਾਂ ਵਾਲੀ ਸਮਝ ਜਿਹੋ ਜਿਹੀ ਹਰ ਮਨੁੱਖ ਦੇ ਅੰਦਰ ਧਾਰਮਿਕ ਮਾਰਗ ਸਮਝਾਉਂਦੀ ਹੈ ਉਸਨੂੰ ਉਹੋ ਜਿਹਾ ਧਾਰਮਿਕ ਮਾਰਗ ਹੀ ਚੰਗਾ ਲਗਦਾ ਹੈ। ਸ੍ਰਿਸ਼ਟੀ ਦੇ ਕਰਤੇ ਦੀ ਇਹ ਆਪਣੀ ਬਣਾਈ ਹੋਈ ਬਹੁਤ ਹੀ ਵੱਡੀ ਖੇਡ ਹੈ ਜਿਸ ਖੇਡ ਨੂੰ ਆਪਣੇ ਆਪ ਸਮਝ ਲੈਣਾ ਕਿਸੇ ਲਈ ਵੀ ਮੁਮਕਿਨ ਨਹੀਂ ਹੈ। ਜਿੰਨ੍ਹਾਂ ਮਹਾਪੁਰਸ਼ਾਂ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਉਹ ਉਨ੍ਹਾਂ ਨੇ ਮਨ ਦੀ ਮਾਇਆ ਵਿੱਚੋਂ ਨਿਕਲਕੇ ਹੀ ਸਮਝਾਇਆ ਹੈ ਜਿਸ ਮਾਇਆ ਦੀ ਜੁਗਤਿ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਮਹਾਂਪੁਰਖਾਂ ਨੂੰ ਉਨ੍ਹਾਂ ਦੇ ਮਨ ਦੇ ਅੰਦਰ

ਪ੍ਰਗਟ ਹੋ ਕੇ ਆਪ ਹੀ ਮਨ ਦੀ ਮਾਇਆ ਵਿੱਚੋਂ ਭਾਵ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਹਉਮੈ ਵਿੱਚੋਂ ਕੱਢਿਆ ਹੈ। ਸਾਰੀ ਸ੍ਰਿਸ਼ਟੀ ਲਈ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਇਆ ਹੈ ਤੇ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਨਿਰੰਕਾਰ ਰੂਪ ਹੀ ਸਮਝਾਇਆ ਹੈ ਜਿਸ ਨਿਰੰਕਾਰ ਰੂਪ ਦਾ ਕੋਈ ਰੂਪ ਰੇਖ ਨਹੀਂ ਹੁੰਦਾ ਜਿਸਨੂੰ ਸਰੀਰ ਦੀਆਂ ਅੱਖਾਂ ਨਾਲ ਦੇਖਿਆ ਜਾ ਸਕੇ। ਉਹ ਹਰ ਆਕਾਰ ਰੂਪ ਦੇ ਵਿੱਚ, ਕਣ ਕਣ ਦੇ ਵਿੱਚ ਆਪਣੇ ਨਿਰੰਕਾਰ ਰੂਪ ਵਿੱਚ ਹੀ ਸਮਾਇਆ ਹੋਇਆ ਹੈ ਤੇ ਹਰ ਮਨੁੱਖ ਦੀ ਸਮਝ ਦੇ ਅੰਦਰ ਉਹ ਨਿਰੰਕਾਰ ਰੂਪ ਵਿੱਚ ਹੀ ਹੈ ਭਾਵ ਮਨ ਦੀ ਜੋਤਿ ਰੂਪ ਵਿੱਚ ਹੀ ਹੈ। ਜਿਸ ਮਨ ਦੇ ਜੋਤਿ ਰੂਪ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਸਭ ਦੇ ਅੰਦਰ ਇਹ ਮਾਇਆ ਪਾਈ ਹੋਈ ਹੈ ਭਾਵ ਤ੍ਰੈਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ ਪਾਈ ਹੋਈ ਹੈ, ਆਪਣੀ ਉਸ ਜੋਤਿ ਰਾਹੀਂ ਹੀ ਉਹ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਕਿਸੇ ਨੂੰ ਸਭ ਦੇ ਅੰਦਰ ਆਪਣੀ ਹੀ ਪਾਈ ਹੋਈ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ। ਉਸਦੀ ਮਾਇਆ ਹੀ ਭਾਵ ਮਨ ਦੇ ਭਰਮਾਂ ਵਾਲੀ ਸਮਝ ਹੀ ਸਾਡੇ ਅੰਦਰ ਦੀ ਹਉਮੈ ਹੈ ਜਿਸ ਹਉਮੈ ਤੋਂ ਬਾਹਰ ਸੰਸਾਰ ਦਾ ਕੋਈ ਵੀ ਮਨੁੱਖ ਨਹੀਂ ਹੈ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਜਿਸ ਤਰੀਕੇ ਮਾਇਆ ਦੀ ਜੁਗਤਿ ਤੋਂ ਬਾਹਰ ਕੋਈ ਨਹੀਂ ਹੈ ਇਸੇ ਤਰੀਕੇ ਹੀ ਕੋਈ ਹਉਮੈ ਤੋਂ ਬਾਹਰ ਨਹੀਂ ਹੈ ਭਾਵ ਇੱਕੋ ਹੀ ਗੱਲ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ - ੬੭)

ਮਾਇਆ ਦੇ ਛੱਲ ਵਿੱਚੋਂ ਨਿਕਲੇ ਬਿਨਾਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨਾਂ, ਹਉਮੈ ਵਾਲੀ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਨਾ ਹੀ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਨਾਮ ਦੀ ਪ੍ਰਾਪਤੀ ਕਰ ਸਕਦਾ ਹੈ ਜੋ ਆਪਣਾ ਨਾਮ ਸ੍ਰਿਸ਼ਟੀ ਦਾ ਕਰਤਾ ਭਾਵ ਨਾਮ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣਾ ਨਾਮ ਕਿਸੇ ਨੂੰ ਦਿੰਦਾ ਹੈ ਤੇ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਜਿਸ ਰਾਹੀਂ ਕੋਈ ਸ੍ਰਿਸ਼ਟੀ ਦੇ ਕਰਤੇ ਦੇ ਨਿਰੰਕਾਰ ਰੂਪ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਨਾਮ ਰੂਪ ਦੁਆਰਾ, ਬ੍ਰਹਮ ਗਿਆਨ ਰੂਪ ਦੁਆਰਾ ਭਾਵ ਆਪਣੀ ਉੱਚੀ ਸਮਝ ਦੁਆਰਾ, ਉੱਚੀ ਸਾਇੰਸ ਵਾਲੀ ਸਮਝ ਦੁਆਰਾ ਇਸ ਆਪਣੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ

ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਮਾਰੂ ਮਹਲਾ ੩ ॥

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥
ਗੁਰਮੁਖਿ ਏਕਸੁ ਸਿਉ ਲਿਵ ਲਾਏ ॥ ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥
ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ ਗੁਰ ਪਰਸਾਦੀ ਸਹਜੇ ਮਾਤੇ ॥
ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥
ਮਾਇਆ ਮੋਹਿ ਭਰਮਿ ਨ ਪਾਏ ॥ ਦੂਜੈ ਭਾਇ ਲਗਾ ਦੁਖੁ ਪਾਏ ॥
ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥
ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥
ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥
ਮਨਮੁਖੁ ਬਹੁਤੁ ਕਰੇ ਅਭਿਮਾਨੁ ॥ ਦਰਗਹ ਕਬ ਹੀ ਨ ਪਾਵੈ ਮਾਨੁ ॥
ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥
ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥
ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥ ਮੇਰੈ ਠਾਕੁਰਿ ਇਹ ਬਣਤ ਬਣਾਈ ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥
ਸਚਾ ਮਹਲੁ ਸਚੇ ਭੰਡਾਰਾ ॥ ਆਪੇ ਦੇਵੈ ਦੇਵਣਹਾਰਾ ॥
ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥

ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥
ਆਪੇ ਸਚਾ ਸਬਦਿ ਮਿਲਾਏ ॥ ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ - ੧੦੬੬-੧੦੬੭)

ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਸਮਝੇ ਹੀ ਹਨ। ਬੜਾ ਸਪਸ਼ਟ ਹੈ ਜਿਵੇਂ ਕਿ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਸ਼ਬਦ ਰਾਹੀਂ ਵੀ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਸਾਡੇ ਸਭ ਦੇ ਅੰਦਰ ਹੀ ਹੈ ਤੇ ਜਿਸਨੂੰ ਵੀ ਉਹ ਆਪਣਾ ਨਾਮ ਦਿੰਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਪਰ ਮਾਇਆ ਦਾ ਛੱਲ ਵੀ ਸਭ ਦੇ ਅੰਦਰ ਹੀ ਮਨ ਦੀ ਸਮਝ ਦੇ ਵਿੱਚ ਹੀ ਹੈ ਜੋ ਆਪਣੇ ਛੱਲ ਦੁਆਰਾ ਸਾਨੂੰ ਇਹ ਨਹੀਂ ਮੰਨਣ ਦਿੰਦੀ ਭਾਵ ਇਸ ਗੱਲ ਤੇ ਵਿਸ਼ਵਾਸ ਨਹੀਂ ਹੋਣ ਦਿੰਦੀ ਕਿ ਸ੍ਰਿਸ਼ਟੀ ਦਾ ਕਰਤਾ ਸਾਡੇ ਸਭ ਦੇ ਅੰਦਰ ਹੀ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਮਾਇਆ ਦੇ ਛੱਲ ਵਿੱਚੋਂ ਸਾਨੂੰ ਸ੍ਰਿਸ਼ਟੀ ਦਾ ਕਰਤਾ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕੱਢ ਸਕਦਾ ਹੈ ਜਿਸਨੇ ਸਾਡੇ ਅੰਦਰ ਆਪ ਹੀ ਇਹ ਮਾਇਆ ਦਾ ਛੱਲ ਪਾਇਆ ਹੋਇਆ ਹੈ, ਮੋਹ ਠਗਉਰੀ ਪਾਈ ਹੋਈ ਹੈ। ਮਾਇਆ ਦੀ ਛੱਲ ਦਾ ਮਕਸਦ ਹੀ ਸਾਨੂੰ ਪੁੱਠੀ ਸਮਝ ਦੇ ਨਾਲ ਜੋੜ ਕੇ ਰੱਖਣ ਦਾ ਹੈ ਜਿਸ ਰਾਹੀਂ ਸਾਨੂੰ ਗੁਰੂ ਦੀ ਸੱਚੀ ਗੱਲ ਝੂਠੀ ਲਗਦੀ ਹੈ ਤੇ ਆਪਣੀ ਝੂਠੀ ਗੱਲ ਸੱਚੀ ਲਗਦੀ ਹੈ ਜਿਵੇਂ ਕਿ ਗੁਰੂ ਸਾਨੂੰ ਸਮਝਾਉਂਦਾ ਹੈ ਕਿ ਸ਼ਬਦਾਂ ਦੇ ਅੰਦਰ ਦਾ ਜੋ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਉਹ ਗੁਰੂ ਦਾ ਨਾਮ ਹੈ ਪਰ ਸਾਨੂੰ ਗੁਰੂ ਦੀ ਸੱਚੀ ਗੱਲ ਝੂਠੀ ਲਗਦੀ ਹੈ ਤੇ ਆਪਣੀ ਝੂਠੀ ਗੱਲ ਕਿ ਨਾਮ ਕੋਈ ਅੱਖਰ ਹੈ ਤੇ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਨਾਮ ਜਪਣਾ ਸਾਨੂੰ ਸੱਚਾ ਲਗਦਾ ਹੈ ਜਦ ਕਿ ਗੁਰੂ ਇਹੋ ਜਿਹੇ ਕਿਸੇ ਅੱਖਰ ਦੇ ਜਪ ਨੂੰ ਝੂਠਾ ਨਾਮ ਜਪਣਾ ਦਸਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਮਾਇਆ ਦਾ ਛੱਲ ਸਾਨੂੰ ਗੁਰੂ ਦੀ ਸੱਚੀ ਮਤਿ ਦੇ ਨਾਲ ਨਹੀਂ ਜੁੜਣ ਦਿੰਦਾ ਤੇ ਆਪਣੀ ਝੂਠੀ ਮਤਿ ਦੇ ਨਾਲ ਹੀ ਜੋੜਕੇ ਰੱਖਦਾ ਹੈ। ਮਨੁੱਖ ਨੇ ਆਪਣੀ ਆਪਣੀ ਸਮਝ ਦੁਆਰਾ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਹੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿੰਨ੍ਹਾਂ ਸਾਰੇ ਤਰੀਕਿਆਂ ਦਾ ਅਨੇਕਾਂ ਹੀ ਸ਼ਬਦਾਂ ਦੁਆਰਾ ਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਦੁਆਰਾ ਇਸ ਗੱਲ ਨੂੰ ਪੂਰੇ ਲੇਖ ਵਿੱਚ ਸਮਝਿਆ ਹੀ ਹੈ। ਜੋ ਵੀ ਮਨੁੱਖ ਇਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਜੁੜਿਆ ਹੋਇਆ ਹੈ ਉਹ ਕਦੇ ਵੀ ਆਪਣੇ ਆਪ ਨੂੰ ਗਲਤ ਨਹੀਂ ਮੰਨਦਾ ਭਾਵ ਆਪਣੇ ਤਰੀਕਿਆਂ ਨੂੰ ਸੱਚ ਹੀ ਸਮਝਦਾ ਹੈ ਭਾਵ ਉਹ ਗੁਰੂ ਦੀ ਸਮਝ ਨੂੰ ਝੂਠਾ ਸਾਬਿਤ ਕਰਦਾ ਹੈ ਤੇ ਆਪਣੀ ਸਮਝ ਨੂੰ ਸੱਚ ਸਾਬਿਤ ਕਰਦਾ ਹੈ। ਇਹੀ ਮਾਇਆ ਦਾ ਛੱਲ ਹੈ ਜੋ ਹਰ ਵੇਲੇ ਸਾਡੀ ਸਮਝ ਨੂੰ ਠੱਗ ਰਹੀ ਹੈ ਪਰ ਮਨੁੱਖ ਨੂੰ ਇਹ ਵਿਸ਼ਵਾਸ ਹੀ ਨਹੀਂ ਆਉਣ ਦਿੰਦੀ ਕਿ ਤੂੰ ਠੱਗਿਆ ਜਾ ਰਿਹਾ ਹੈਂ। ਜੇਕਰ ਕਿਸੇ ਨੂੰ ਵਿਸ਼ਵਾਸ ਆ ਜਾਵੇ ਕਿ ਮੈਂ ਠੱਗਿਆ ਜਾ ਰਿਹਾ

ਹਾਂ ਫਿਰ ਮਾਇਆ ਦੇ ਛੱਲ ਦੀ ਬੁਕਤ ਹੀ ਕੀ ਰਹਿ ਗਈ, ਉਸਦੀ ਆਪਣੀ ਇੱਜਤ ਹੀ ਕੀ ਰਹਿ ਗਈ। ਮਾਇਆ ਦੇ ਛੱਲ ਦੀ ਇੱਜਤ ਮਾਇਆ ਦੇ ਮਾਲਕ ਭਾਵ ਮਨ ਦੀ ਸਮਝ ਦੇ ਮਾਲਕ, ਤ੍ਰੈਗੁਣਾਂ ਵਾਲੀ ਸਮਝ ਦੇ ਮਾਲਕ, ਹਉਮੈ ਵਾਲੀ ਸਮਝ ਦੇ ਮਾਲਕ, ਪੁੱਠੇ ਕਮਲ ਵਾਲੀ ਸਮਝ ਦੇ ਮਾਲਕ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਬਣਾਈ ਹੋਈ ਹੈ ਭਾਵ ਮਨ ਦੀ ਮਾਇਆ ਨੂੰ ਉਸਨੇ ਆਪ ਹੀ ਪ੍ਰਬਲ ਬਣਾਇਆ ਹੋਇਆ ਹੈ ਜਿਸ ਮਾਇਆ ਦੀ ਜੁਗਤਿ ਰਾਹੀਂ ਉਹ ਮਨ ਦੇ ਵਿੱਚ ਆਪਣਾ ਪੜਦਾ ਰੱਖਣ ਦੁਆਰਾ ਆਪਣੀ ਇਸ ਸੰਸਾਰਿਕ ਖੇਡ ਨੂੰ ਚਲਾ ਰਿਹਾ ਹੈ। ਹੁਣ ਤੁਸੀਂ ਮੁੱਖ ਸ਼ਬਦ ਦੀ ਪਹਿਲੀ ਤੇ ਰਹਾਉ ਵਾਲੀ ਪੰਗਤੀ ਨੂੰ ਵਿਸ਼ਵਾਸ ਨਾਲ ਸਮਝ ਸਕੋਗੇ ਕਿ ਸਾਡੇ ਅੰਦਰ ਦੇ ਮਾਇਆ ਦੇ ਛੱਲ ਨੂੰ ਕਿਹੋ ਜਿਹਾ ਛੱਲ ਸਮਝਾਇਆ ਹੋਇਆ ਹੈ ਭਾਵ ਮਨ ਦੀ ਸਮਝ ਦਾ ਇਹੋ ਜਿਹਾ ਧੋਖਾ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਕਿਸੇ ਤਿਣਕੇ ਦੀ ਅੱਗ ਨੂੰ ਦੇਖਕੇ ਜਾਂ ਬਦਲ ਦੀ ਛਾਂ ਨੂੰ ਦੇਖਕੇ ਇਤਨਾ ਜਿਆਦਾ ਸਮਝਣ ਵਿੱਚ ਧੋਖਾ ਖਾ ਜਾਈਏ ਕਿ ਅਸੀਂ ਉਸਨੂੰ ਹੜ ਦਾ ਜਲ ਸਮਝ ਲਈਏ। ਪੂਰੀ ਗੁਰਬਾਣੀ ਨੂੰ ਸਮਝਣ ਵਿੱਚ ਸਾਡੇ ਅੰਦਰ ਇਹ ਮਾਇਆ ਦਾ ਛੱਲ ਹੀ ਹੈ ਇਸ ਕਰਕੇ ਅਸੀਂ ਗਲਤ ਅਰਥਾਂ ਨੂੰ ਸਹੀ ਅਰਥ ਸਮਝ ਲੈਂਦੇ ਹਾਂ ਤੇ ਸਹੀ ਅਰਥਾਂ ਨੂੰ ਗਲਤ ਅਰਥ ਸਮਝ ਲੈਂਦੇ ਹਾਂ ਭਾਵ ਬਾਣੀ ਦੇ ਸਹੀ ਅਰਥ ਸਮਝਣ ਵਿੱਚ ਧੋਖਾ ਖਾਂਦੇ ਹਾਂ। ਗੋਬਿੰਦ ਭਜਨ ਦਾ ਮਕਸਦ ਭਾਵ ਗੁਰੂ ਦਾ ਨਾਮ, ਭਜਨ ਦਾ ਮਕਸਦ ਸਾਨੂੰ ਇਸ ਮਨ ਦੀ ਧੋਖਾ ਦੇਣ ਵਾਲੀ ਸਮਝ ਦੇ

ਵਿੱਚੋਂ ਕੱਢਣ ਦਾ ਹੀ ਹੈ ਭਾਵ ਮਾਇਆ ਦੇ ਛੱਲ ਵਿੱਚੋਂ ਬਚਾਉਣ ਦਾ ਹੀ ਹੈ ਜੋ ਮਾਇਆ ਦਾ ਛੱਲ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਜਿਹੇ ਤਰੀਕੇ ਨਾਲ ਹੀ ਵਰਤ ਰਿਹਾ ਹੈ ਤੇ ਮਾਇਆ ਦੇ ਛੱਲ ਵਿੱਚੋਂ ਨਿਕਲਣ ਦਾ ਤਰੀਕਾ ਵੀ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ ਜੋ ਕਿ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਦਾ ਹੈ ਭਾਵ ਸੱਚੇ ਧਰਮ ਗ੍ਰੰਥਾਂ ਦੇ ਵਿੱਚ ਦਿੱਤੀ ਹੋਈ ਸੱਚੀ ਮਤਿ ਦੀ ਸੱਚਾਈ ਨੂੰ ਸਮਝਕੇ ਉਸਨੂੰ ਮੰਨਣ ਦੀ ਹੈ ਭਾਵ ਆਪਣੀ ਸਮਝ ਤੇ ਵਿਸ਼ਵਾਸ ਨਾ ਕਰਨ ਦੀ ਹੈ ਤੇ ਉਨ੍ਹਾਂ ਦੀ ਮਤਿ ਨਾਲੋਂ ਵਿਸ਼ਵਾਸ ਤੋੜਣ ਦੀ ਹੈ ਜਿੰਨ੍ਹਾਂ ਦੀ ਮਤਿ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੀ। ਮਾਇਆ ਦੇ ਛੱਲ ਤੋਂ ਬਾਹਰ ਕੇਵਲ ਗੁਰੂ ਦੀ ਮਤਿ ਹੀ ਹੁੰਦੀ ਹੈ ਤੇ ਇਸੇ ਲਈ ਸਾਨੂੰ ਕੇਵਲ ਗੁਰੂ ਦੀ ਮਤਿ ਹੀ ਮੰਨਣੀ ਚਾਹੀਦੀ ਹੈ ਭਾਵ ਕੇਵਲ ਇੱਕੋ ਨਾਮ ਹੀ ਜਪਣਾ ਚਾਹੀਦਾ ਹੈ। ਹਰ ਸੱਚੇ ਧਰਮ ਗ੍ਰੰਥ ਵਿੱਚ ਸੱਚਾ ਨਾਮ ਪਾਉਣ ਵਾਲਾ ਭਾਵ ਸੱਚਾ ਗਿਆਨ ਪਾਉਣ ਵਾਲਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਕੇਵਲ ਤੇ ਕੇਵਲ ਇੱਕੋ ਇੱਕ ਆਪ ਹੀ ਸਾਰੇ ਸੰਸਾਰ ਦਾ ਸੱਚਾ ਗੁਰੂ ਹੈ। (**ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹਤ ਕਾ ਜਲੁ ॥ ਰਹਾਉ ॥**)

ਮਾਝ ਮਹਲਾ ੩ ॥

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥
ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥
ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥
ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥
ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥
ਪੇਈਅੜੈ ਧਨ ਕੰਤੁ ਸਮਾਲੇ ॥ ਗੁਰ ਪਰਸਾਦੀ ਵੇਖੈ ਨਾਲੇ ॥
ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥੫॥
ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ ਦੂਜਾ ਭਾਉ ਗੁਰ ਸਬਦਿ ਜਲਾਇਆ ॥
ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥
ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥
ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥
ਜਿਨਿ ਸਿਸਟਿ ਸਾਜੀ ਸੋਈ ਜਾਣੈ ॥ ਆਪੇ ਮੇਲੈ ਸਬਦਿ ਪਛਾਣੈ ॥
ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥}

(ਅੰਗ - ੧੨੯)

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ - ੧੩੮-੧੩੯)

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਆਪਿ ਖੇਲੁ ਰਚਾਇਆ ॥
ਤ੍ਰੈ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ ॥
ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥
ਜਿਨਾ ਹਰਿ ਆਪਿ ਕ੍ਰਿਪਾ ਕਰੇ ਸੇ ਗੁਰਿ ਸਮਝਾਇਆ ॥
ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਾਇਆ ॥੩॥}

(ਅੰਗ - ੬੪੩)

ਸਲੋਕੁ ਮਃ ੩ ॥

{ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥
ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥
ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥
ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ ॥
ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥
ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥
ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥
ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥੧॥}

(ਅੰਗ - ੬੪੩)

{ਕਾਇਆ ਸੋਧਹਿ ਸਬਦੁ ਵੀਚਾਰਹਿ ॥ ਮੋਹ ਠਗਉਰੀ ਭਰਮੁ ਨਿਵਾਰਹਿ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ ॥੧੪॥}

(ਅੰਗ - ੧੦੬੮)

ਸਲੋਕ ਮਃ ੩ ॥

{ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥
ਮੋਹ ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ ॥
ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥
ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥੧॥}

(ਅੰਗ - ੧੨੪੮)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}

(ਅੰਗ - ੨੨੫)

{ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥

ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ - ੧੧੬੧-੧੧੬੨)

ਭੈਰਉ ਮਹਲਾ ੩ ॥

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁੋਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ - ੧੧੨੮-੧੧੨੯)

ਮਾਇਆ ਦਾ ਛੱਲ ਕੀ ਹੈ, ਮਾਇਆ ਦੀ ਠੱਗੀ ਕੀ ਹੈ ਜਿਸਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਉਪਰ ਵਾਲੇ ਸ਼ਬਦ ਰਾਹੀਂ ਮਾਇਆ ਨੂੰ ਬੜੀ ਪ੍ਰਬਲ ਸਮਝਾਇਆ ਹੋਇਆ ਹੈ ਭਾਵ ਬੜੇ ਬਲ ਵਾਲੀ ਸਮਝਾਇਆ ਹੋਇਆ ਹੈ ਜਿਸਨੇ ਸਾਡੀ ਸਮਝ ਦੇ ਅੰਦਰ ਆਪਣਾ ਗੜ ਬਣਾਇਆ ਹੋਇਆ ਹੈ, ਇੱਕ ਕਿਲ੍ਹਾ ਬਣਾਇਆ ਹੋਇਆ ਹੈ। ਮਾਇਆ ਦਾ ਇਹ ਗੜ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਭਰਮਾਂ ਵਾਲੀ ਸਮਝ ਦਾ ਗੜ ਹੈ, ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਦਾ ਗੜ ਹੈ ਜਿਸ ਗੜ ਨੂੰ ਮਨ ਦੇ ਵਿੱਚ ਗੁਰੂ ਦੇ ਗਿਆਨ ਵਾਲੇ ਵਿਚਾਰਾਂ ਦਾ ਗੋਲਾ ਚਲਾਉਣ ਦੁਆਰਾ ਤੋੜਿਆ ਜਾ ਸਕਦਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਰਾਹੀਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਪਿੱਛੇ ਲੇਖ ਵਿੱਚ ਸਮਝੇ ਹੀ ਹਨ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਹਰ ਮਨੁੱਖੀ ਸਮਝ ਦੇ ਅੰਦਰ ਇਹ ਭਰਮ ਗੜ ਪਾਇਆ ਹੋਇਆ ਹੈ ਉਸੇ ਕਰਤੇ ਨੇ ਸਾਡੇ ਅੰਦਰ ਦਾ ਭਰਮ ਗੜ ਤੋੜਣ ਦੇ ਲਈ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਵਾਈ ਹੋਈ ਹੈ ਜਿੰਨ੍ਹਾਂ ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਕੱਢਣ ਦਾ ਹੀ ਹੈ ਭਾਵ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਅਸੀਂ ਆਪਣੇ ਅੰਦਰ ਦੇ ਭਰਮਾਂ ਵਾਲੇ ਵਿਚਾਰਾਂ ਦੇ ਗੜ ਵਿੱਚੋਂ, ਮਾਇਆ ਮੋਹ ਦੇ ਵਿਚਾਰਾਂ ਵਾਲੇ ਗੜ ਵਿੱਚੋਂ ਨਿਕਲਣ

52/7186

ਦਾ ਸੱਚਾ ਉਦਮ ਕਰ ਸਕਦੇ ਹਾਂ ਤੇ ਜੇਕਰ ਅਸੀਂ ਧਰਮ ਗ੍ਰੰਥਾਂ ਦੀ ਕੇਵਲ ਕਥਨੀ ਹੀ ਕਰੀ ਜਾਈਏ ਭਾਵ ਕੇਵਲ ਪੜੀ ਸੁਣੀ ਜਾਈਏ ਤੇ ਗੁਰੂ ਦੇ ਵਿਚਾਰਾਂ ਤੇ ਅਮਲ ਨਾ ਕਰੀਏ ਫਿਰ ਸਾਡੇ ਅੰਦਰ ਮਾਇਆ ਦਾ ਗੜ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਦਾ ਗੜ ਉਸੇ ਤਰ੍ਹਾਂ ਹੀ ਬਣਿਆ ਰਹੇਗਾ ਤੇ ਗੜ ਟੁੱਟਣ ਦੀ ਬਜਾਇ ਹੋਰ ਵੀ ਮਜਬੂਤ ਹੋ ਜਾਵੇਗਾ ਜੇਕਰ ਅਸੀਂ ਉਹੋ ਜਿਹਿਆਂ ਦੀ ਮਤਿ ਪਿੱਛੇ ਲਗਾਂਗੇ ਜੋ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਾਉਣ ਦੀ ਬਜਾਇ ਪੁੱਠੇ ਮਾਰਗ ਨਾਲ ਹੀ ਜੋੜਦੇ ਹਨ। ਸੱਚੇ ਧਰਮ ਗ੍ਰੰਥਾਂ ਦਾ ਮਨੋਰਥ ਇਹੀ ਹੈ ਕਿ ਉਨ੍ਹਾਂ ਦੀ ਸੱਚੀ ਮਤਿ ਦੇ ਨਾਲ ਜੁੜਿਆ ਜਾਵੇ। ਸੱਚੇ ਧਰਮ ਗ੍ਰੰਥਾਂ ਦੀ ਰਚਨਾ ਹੀ ਸ਼੍ਰਿਸ਼ਟੀ ਦੇ ਕਰਤੇ ਨੇ ਇਸ ਲਈ ਕੀਤੀ ਹੈ ਕਿਉਂਕਿ ਉਸਨੂੰ ਪਤਾ ਹੈ ਕਿ ਮੈਂ ਆਪ ਹੀ ਸਾਰੇ ਸੰਸਾਰ ਦੇ ਮਨੁੱਖਾਂ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਮੈਂ ਆਪ ਹੀ ਆਪਣੇ ਗੁਰੂ ਰੂਪ ਦੁਆਰਾ ਭਾਵ ਧਰਮ ਗ੍ਰੰਥਾਂ ਦੇ ਸੱਚੇ ਗਿਆਨ ਦੁਆਰਾ ਸੰਸਾਰੀਆਂ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਕੇ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਸਕਦਾ ਹਾਂ। ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਛੱਡਕੇ ਕਿਸੇ ਹੋਰ ਦੀ ਮਤਿ ਪਿੱਛੇ ਲੱਗ ਕੇ ਅਸੀਂ ਮਨ ਦੀ ਅਨੇਕਾਂ ਹੀ ਭਰਮਾਂ ਨਾਲ ਭਰੀ ਹੋਈ ਸਮਝ ਵਿੱਚੋਂ ਨਹੀਂ ਨਿਕਲ ਸਕਦੇ। ਧੰਨ ਗੁਰਬਾਣੀ, ਧੰਨ ਗੁਰਬਾਣੀ, ਧੰਨ ਗੁਰਬਾਣੀ ਜੋ ਸਾਰੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਕੇ, ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਉਣ ਦੁਆਰਾ, ਸਭ ਨੂੰ ਇੱਕੋ ਜਿਹਾ ਨਾਮ ਜਪਣਾ ਸਿਖਾਉਣ ਦੁਆਰਾ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਇੱਕੋ ਜਿਹਾ ਮਾਰਗ ਸਮਝਾ ਰਹੀ ਹੈ। ਦਾਸ ਦੀ ਫਿਰ ਤੋਂ ਸਭਦੇ ਚਰਨਾਂ ਵਿੱਚ ਤਹਿ ਦਿਲੋਂ ਬੇਨਤੀ ਹੈ ਕਿ ਅਕਾਲ ਪੁਰਖ ਦੀ ਆਪਣੀ ਬਾਣੀ ਦੇ ਸੱਚੇ ਵਿਚਾਰਾਂ ਨੂੰ ਛੱਡਕੇ ਉਹੋ ਜਿਹਿਆਂ ਦੇ ਵਿਚਾਰਾਂ ਪਿੱਛੇ ਨਾ ਲਗੋ ਜੋ ਜਗ੍ਹਾ ਜਗ੍ਹਾ ਸਾਨੂੰ ਭਰਮਾਂ ਵਿੱਚ ਪਾਉਣ ਲਈ ਲੱਗੇ ਹੋਏ ਹਨ। ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਪੜਦਾ ਤਾਂ ਹਰ ਮਨੁੱਖ ਦਾ ਮਨ ਦੀ ਮਾਇਆ ਕਰਕੇ ਹੈ ਭਾਵ ਮਾਇਆ ਦੇ ਛੱਲ ਕਰਕੇ ਹੈ ਤੇ ਮਾਇਆ ਦੇ ਛੱਲ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਗੁਰੂ ਦਾ ਨਾਮ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਤੇ ਜਿੰਨ੍ਹਾਂ ਨੂੰ ਨਾਮ ਦੀ ਸਮਝ ਹੀ ਨਹੀਂ ਭਾਵ ਜੋ ਆਪ ਮਾਇਆ ਦੇ ਛੱਲ ਵਿੱਚ ਹਨ ਉਹ ਕਿਸੇ ਦਾ ਛੱਲ ਕੀ ਦੂਰ ਕਰਨਗੇ, ਕਿਸੇ ਦਾ ਮਨ ਦਾ ਭਰਮ ਕੀ ਦੂਰ ਕਰਨਗੇ। ਸਾਡੇ ਅੰਦਰ ਦਾ ਭਰਮ ਗੜ "**ਸਤਿਗੁਰੁ**" ਆਪ ਹੀ ਤੋੜ ਸਕਦਾ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਤੋੜ ਸਕਦਾ ਹੈ, ਹੋਰ ਕੋਈ ਨਹੀਂ ਤੋੜ ਸਕਦਾ, ਆਪਣਾ ਨਾਮ ਬਖਸ਼ਣ ਦੁਆਰਾ ਤੋੜ ਸਕਦਾ ਹੈ ਜੋ ਆਪਣਾ ਨਾਮ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਮੇਲ ਦੁਆਰਾ ਆਪ ਹੀ ਬਖਸ਼ਦਾ ਹੈ ਤੇ ਉਸਦੇ ਲਈ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਪਹਿਲੇ ਉਸਦੇ ਆਪਣੇ ਰਚੇ ਹੋਏ ਸੱਚੇ ਧਰਮ ਗ੍ਰੰਥਾਂ ਦੀ ਮਤਿ ਦੇ ਨਾਲ ਜੁੜੀਏ ਭਾਵ ਉਨ੍ਹਾਂ ਦੇ ਅੰਦਰ ਸਮਝਾਈ ਹੋਈ ਨਾਮ ਰੂਪ ਸੱਚੀ ਸਮਝ ਦੇ ਨਾਲ ਜੁੜੀਏ ਤੇ ਉਨ੍ਹਾਂ ਦੀ ਮਤਿ ਨੂੰ ਛੱਡੀਏ ਜੋ ਸਾਨੂੰ ਉਹੋ ਜਿਹੇ ਨਾਮ ਦੇ ਨਾਲ ਜੋੜਦੇ ਹਨ ਜੋ ਨਾਮ ਗੁਰਮਤਿ ਤੇ ਪੂਰਾ ਨਹੀਂ ਉਤਰਦਾ। ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜੇ ਬਿਨ੍ਹਾਂ ਕੋਈ ਮਨ ਦੇ ਭਰਮ ਗੜ ਵਿੱਚੋਂ ਨਿਕਲ ਸਕੇ ਇਹ ਨਹੀਂ ਹੋ ਸਕਦਾ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ, ਸਮਝਕੇ ਤੇ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਉਸਦਾ ਲਾਹਾ ਲੈ ਸਕਦੇ ਹਨ।

52/7187

ਪਉੜੀ ॥

{ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥
ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥
ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥
ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥

ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥}

(ਅੰਗ - ੫੨੨)

ਮਃ ੩ ॥

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ - ੬੫੦)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

ਭੈਰਉ ਮਹਲਾ ੩ ॥

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ - ੧੧੨੮-੧੧੨੯)

ਆਸਾ ਮਹਲਾ ੩ ॥

{ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥੧॥
ਇਹੁ ਮਨੂਆ ਕਿਉ ਕਰਿ ਵਸਿ ਆਵੈ ॥
ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥
ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ ॥
ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ ॥੨॥
ਸਦਾ ਰਾਵਹਿ ਪਿਰੁ ਆਪਣਾ ਸਚੀ ਸੇਜ ਸੁਭਾਇ ॥
ਪਿਰ ਕੈ ਪ੍ਰੇਮਿ ਮੋਹੀਆ ਮਿਲਿ ਪ੍ਰੀਤਮ ਸੁਖੁ ਪਾਇ ॥੩॥
ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥
ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ ॥੪॥
ਸੋਹਾਗਣੀ ਵਿਚਿ ਰੰਗੁ ਰਖਿਓਨੁ ਸਚੈ ਅਲਖਿ ਅਪਾਰਿ ॥
ਸਤਿਗੁਰੁ ਸੇਵਨਿ ਆਪਣਾ ਸਚੈ ਭਾਇ ਪਿਆਰਿ ॥੫॥
ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥
ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥
ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥੭॥
ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥
ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥੮॥੮॥੩੦॥}

(ਅੰਗ - ੪੨੬)

ਗਉੜੀ ਕਬੀਰ ਜੀ ॥

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ - ੩੨੭)

ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਮਨੁੱਖੀ ਮਨ ਦੇ ਰੂਪ ਵਿੱਚ ਭਾਵ ਮਨੁੱਖੀ ਸਮਝ ਦੇ ਰੂਪ ਵਿੱਚ ਹੀ ਹੈ ਪਰ ਫਿਰ ਵੀ ਉਸਨੂੰ ਬਾਹਰੋਂ ਖੋਜਣ ਵਾਲਿਆਂ ਦੀ ਕਮੀ ਨਹੀਂ ਹੈ ਜਿਸਦਾ ਮੂਲ ਕਾਰਨ ਮਨ ਦੀ ਨਾ ਸਮਝੀ ਹੀ ਹੈ ਭਾਵ ਮਨਮਤਿ ਹੀ ਹੈ ਭਾਵ ਮਨ ਦੀ ਮਾਇਆ ਹੀ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਹੀ ਹੈ। ਜਿਸਨੂੰ ਸ੍ਰਿਸ਼ਟੀ ਦਾ ਕਰਤਾ ਖੁਆਰ ਕਰਦਾ ਹੈ ਭਾਵ ਧਰਮ ਦੇ ਮਾਰਗ ਤੇ ਖੁਆਰ ਕਰਦਾ ਹੈ ਉਸਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਣ ਦੁਆਰਾ ਹੀ ਖੁਆਰ ਕਰਦਾ ਹੈ ਪਰ ਉਹ ਆਪਣੀ ਖੁਆਰੀ ਨੂੰ ਨਹੀਂ ਸਮਝਦਾ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਾਰੀਕੀ ਨਾਲ ਸਮਝਿਆ ਹੀ ਹੈ। ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨੇ

ਬਿਨ੍ਹਾਂ ਨਾ ਕੋਈ ਭਗਤੀ ਦੇ ਸਹੀ ਮਾਰਗ ਤੇ ਚੱਲ ਸਕਦਾ ਹੈ ਤੇ ਨਾ ਹੀ ਉਸ ਫਲ ਦੀ ਪ੍ਰਾਪਤੀ ਕਰ ਸਕਦਾ ਹੈ ਜੋ ਸਭ ਤੋਂ ਉੱਚਾ ਫਲ ਮਨ ਦੇ ਅੰਦਰੋਂ ਅਕਾਲ ਪੁਰਖ ਨੂੰ ਜਾਨਣ ਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

52/7188

“ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥”

ਸਾਡੇ ਅੰਦਰ ਦੀ ਸਿਆਣਪ ਕੀ ਹੈ, ਚਤੁਰਾਈ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਬਾਰ ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਅਸੀਂ ਭਗਤੀ ਦੇ ਜੋ ਤਰੀਕੇ ਅਪਨਾਉਂਦੇ ਹਾਂ ਜੇਕਰ ਉਹ ਸਾਡੇ ਤਰੀਕੇ ਗੁਰੂ ਦੀ ਮਤਿ ਦੇ ਨਾਲ ਮੇਲ ਨਹੀਂ ਖਾਂਦੇ ਫਿਰ ਸਾਡਾ ਉਹ ਹਰ ਤਰੀਕਾ ਗੁਰੂ ਦੇ ਨਾਲ ਸਾਡੀ ਸਿਆਣਪ ਹੈ, ਸਾਡੀ ਚਤੁਰਾਈ ਹੈ ਜੋ ਚਤੁਰਾਈਆਂ ਸਾਨੂੰ ਉਪਰ ਵਾਲੀ ਪੰਗਤੀ ਰਾਹੀਂ ਛੱਡਣ ਲਈ ਸਮਝਾਇਆ ਹੋਇਆ ਹੈ ਤੇ ਇਨ੍ਹਾਂ ਚਤੁਰਾਈਆਂ ਨੂੰ ਛੱਡਕੇ ਸਾਧ ਭਾਵ ਗੁਰੂ ਦੇ ਸਮਝਾਏ ਹੋਏ ਭਗਤੀ ਦੇ ਮਾਰਗ ਤੇ ਚੱਲਣ ਲਈ ਸਮਝਾਇਆ ਹੋਇਆ ਹੈ, ਆਪਣੇ ਦੋਵੇਂ ਹੱਥ ਜੋੜਕੇ ਚੱਲਣ ਲਈ ਸਮਝਾਇਆ ਹੋਇਆ ਹੈ ਭਾਵ ਗੁਰੂ ਦੇ ਸਮਝਾਏ ਹੋਏ ਮਾਰਗ ਨੂੰ ਪੂਰੀ ਇੱਜਤ ਦੇਣ ਲਈ ਸਮਝਾਇਆ ਹੋਇਆ ਹੈ ਭਾਵ ਗੁਰਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਲਈ ਸਮਝਾਇਆ ਹੋਇਆ ਹੈ। ਗੁਰਮਤਿ ਦੀ ਇੱਜਤ ਅਸੀਂ ਤਾਂ ਹੀ ਕਰ ਸਕਾਂਗੇ ਜੇਕਰ ਪਹਿਲੇ ਆਪਣੇ ਮਨਮਤਿ ਵਾਲੇ ਤਰੀਕੇ ਛੱਡਾਂਗੇ ਭਾਵ ਆਪਣੀਆਂ ਸਿਆਣਪਾਂ, ਚਤੁਰਾਈਆਂ ਛਡਾਂਗੇ। (**ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥**)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥
ਸਾਚ ਧਣੀ ਜਗੁ ਆਇ ਬਿਨਾਸਾ ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥}

(ਅੰਗ - ੪੧੨)

ਕਬੀਰ ਜੀ ਗਉੜੀ ॥

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥}

(ਅੰਗ - ੩੨੪)

{ਮਨੁ ਕੁੰਚਰੁ ਕਾਇਆ ਉਦਿਆਨੈ ॥
ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥
ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥
ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥
ਨੀਲ ਅਨੀਲ ਅਗਨਿ ਇਕ ਠਾਈ ॥

ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥}

(ਅੰਗ - ੨੨੧)

ਅਸੀਂ ਆਪਣੀਆਂ ਚਤੁਰਾਈਆਂ ਵਿੱਚੋਂ ਕਿਵੇਂ ਨਿਕਲਣਾ ਹੈ ਤੇ ਸਾਧ ਰੂਪ ਗੁਰੂ ਦੇ ਸਮਝਾਏ ਹੋਏ ਮਾਰਗ ਤੇ ਕਿਵੇਂ ਚੱਲਣਾ ਹੈ ਭਾਵ ਕਿਸ ਤਰੀਕੇ ਚੱਲਿਆ ਜਾ ਸਕਦਾ ਹੈ ਜਿਸ ਤਰੀਕੇ ਸਾਨੂੰ ਆਪਣੇ ਜੀਵਨ ਵਿੱਚ ਸਭ ਤੋਂ ਉੱਚੇ ਫਲ ਦੀ ਪ੍ਰਾਪਤੀ ਹੋ ਸਕੇ ਇਹੀ ਗੱਲ ਮੁੱਖ ਸ਼ਬਦ ਦੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥"

ਗੁਰੂ ਪ੍ਰਮਾਤਮਾ ਨੂੰ ਸਿਮਰਨਾ ਕੀ ਹੈ ਇਹ ਗੱਲ ਅਸੀਂ ਲੇਖ ਦੇ ਸ਼ੁਰੂ ਤੋਂ ਹੀ ਸਮਝਦੇ ਆ ਰਹੇ ਹਾਂ। ਗੁਰੂ ਦੇ ਸਮਝਾਏ ਹੋਏ ਭਗਤੀ ਦੇ ਮਾਰਗ ਤੇ ਚੱਲਣਾ ਹੀ ਭਾਵ ਉਸਤੇ ਅਮਲ ਕਰਨਾ ਹੀ ਆਪਣੇ ਸੁਆਮੀ ਨੂੰ

ਭਾਵ ਸ੍ਰਿਸ਼ਟੀ ਦੇ ਕਰਤੇ ਅੰਤਰਜਾਮੀ ਨੂੰ ਸਿਮਰਨਾ ਹੈ ਜਿਸ ਰਾਹੀਂ ਮਨੁੱਖ ਨੂੰ ਆਪਣੇ ਜੀਵਨ ਵਿੱਚ ਸਭ ਤੋਂ ਉਤਮ ਫਲ ਦੀ ਪ੍ਰਾਪਤੀ ਹੁੰਦੀ ਹੈ ਭਾਵ ਮਨ ਦੀ ਸਮਝ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੁੰਦਾ ਹੈ ਤੇ ਮਨ ਦੇ ਵਿੱਚ ਆਪਣੇ ਸੱਚੇ ਮਾਰਗ ਦੀ ਸਮਝ ਉਹ ਆਪ ਹੀ ਪਾਉਂਦਾ ਹੈ ਤੇ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ, ਮਾਇਆ ਦੇ ਛੱਲ ਵਿੱਚੋਂ ਕੱਢਦਾ ਹੈ ਇਸ ਮਾਇਆ ਦੇ ਛੱਲ ਕਰਕੇ ਹੀ ਮਨੁੱਖ ਭਗਤੀ ਦੇ ਮਾਰਗ ਤੇ ਚੱਲਣ ਲਈ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਦਾ ਭਗਤ ਅਖਵਾਉਣ ਲਈ ਅਨੇਕਾਂ ਸਿਆਣਪਾਂ, ਚਤੁਰਾਈਆਂ ਕਰਦਾ ਹੈ। ਇਸ ਫਲ ਦੀ ਪ੍ਰਾਪਤੀ ਬਹੁਤ ਔਖੀ ਹੈ ਜੋ ਕਿ ਕੇਵਲ ਤੇ ਕੇਵਲ ਸ੍ਰਿਸ਼ਟੀ ਦੇ ਕਰਤੇ ਦੀ ਕ੍ਰਿਪਾ ਦੁਆਰਾ ਹੀ ਹੁੰਦੀ ਹੈ ਤੇ ਉਸਦੀ ਕ੍ਰਿਪਾ ਦਾ ਪਾਤਰ ਬਣਨ ਲਈ ਸਾਡਾ ਸੱਚਾ ਉਦਮ ਇਹੀ ਹੈ ਕਿ ਅਸੀਂ ਆਪਣੀਆਂ ਸਿਆਣਪਾਂ, ਚਤੁਰਾਈਆਂ ਛੱਡਕੇ ਗੁਰੂ ਦੇ ਸਮਝਾਏ ਹੋਏ ਸਹੀ ਭਗਤੀ ਦੇ ਮਾਰਗ ਤੇ ਚੱਲੀਏ ਭਾਵ ਉਸਦਾ ਉਸ ਰੂਪ ਵਿੱਚ ਨਾਮ ਜਪੀਏ ਜੋ ਉਸਦਾ ਨਾਮ ਸੱਚੇ ਧਰਮ ਗ੍ਰੰਥਾਂ ਰਾਹੀਂ ਸਮਝਾਏ ਹੋਏ ਮਾਰਗ ਤੇ ਚੱਲਣ ਦੁਆਰਾ ਹੀ ਜਪਿਆ ਜਾ ਸਕਦਾ ਹੈ ਭਾਵ ਹਰ ਔਗੁਣ ਤਿਆਗਕੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਜਪਿਆ ਜਾ ਸਕਦਾ ਹੈ। ਜੋ ਸਿਆਣਪਾਂ, ਚਤੁਰਾਈਆਂ ਅਸੀਂ ਵਰਤਦੇ ਹਾਂ ਭਾਵ ਸਰੀਰਕ ਜਪ ਤਪ ਆਦਿ ਕਰਦੇ ਹਾਂ ਤੇ ਹੋਰ ਅਨੇਕਾਂ ਹੀ ਭਗਤੀ ਦੇ ਤਰੀਕੇ ਅਸੀਂ ਅਪਨਾਉਂਦੇ ਹਾਂ ਉਨ੍ਹਾਂ ਤਰੀਕਿਆਂ ਦਾ ਬਾਣੀ ਰਾਹੀਂ ਬਾਰ ਬਾਰ ਖੰਡਨ ਕੀਤਾ ਹੋਇਆ ਹੈ, ਉਨ੍ਹਾਂ ਸਾਰੇ ਤਰੀਕਿਆਂ ਨੂੰ ਅਸੀਂ ਆਪਣੇ ਵੱਲੋਂ ਭਗਤੀ ਦੇ ਗੁਣ ਹੀ ਸਮਝਦੇ ਹਾਂ ਪਰ ਗੁਰੂ ਦੀਆਂ ਨਜਰਾਂ ਵਿੱਚ ਇਹ ਸਾਡੇ ਔਗੁਣ ਹੀ ਹਨ ਜਿਸ ਕਰਕੇ ਇਨ੍ਹਾਂ ਤਰੀਕਿਆਂ ਨੂੰ ਗੁਰੂ ਨੇ ਆਪਣੇ ਸ਼ਬਦਾਂ ਰਾਹੀਂ ਬਾਰ ਬਾਰ ਖੰਡਿਆ ਹੋਇਆ ਹੈ। ਆਪਣੇ ਇਹੋ ਜਿਹੇ ਔਗੁਣਾਂ ਨੂੰ ਅਸੀਂ ਆਪਣੇ ਗੁਣ ਸਮਝਦੇ ਹਾਂ ਜੋ ਕਿ ਸਾਡੇ ਅੰਦਰ ਦਾ ਮਾਇਆ ਛੱਲ ਹੀ ਹੈ ਜਿਸ ਛੱਲ ਦਾ ਮਕਸਦ ਹੀ ਸਾਨੂੰ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਤੋਂ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਬਹੁਤ ਔਖਾ ਹੈ ਇਸ ਮਾਇਆ ਦੇ ਛੱਲ ਵਿੱਚੋਂ ਨਿਕਲਣਾ ਤੇ ਇਸ ਛੱਲ ਦੇ ਵਿੱਚੋਂ ਨਿਕਲੇ ਬਿਨਾਂ ਭਾਵ ਇਸ ਛੱਲ ਵਿੱਚੋਂ ਨਿਕਲਣ ਦਾ ਸੱਚਾ ਉਦਮ ਕੀਤੇ ਬਿਨਾਂ ਅਸੀਂ ਇਸ ਸੰਸਾਰ ਦੇ ਸਭ ਤੋਂ ਉੱਤਮ ਫਲ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਫਲ ਸਾਡੇ ਸਭ ਦੇ ਅੰਦਰ ਹੀ ਹੈ, ਨਾਮ ਰੂਪ ਫਲ ਹੈ ਭਾਵ ਬ੍ਰਹਮ ਗਿਆਨ ਰੂਪ ਫਲ ਹੈ ਤੇ ਜਿੰਨ੍ਹਾਂ ਸਰੀਰਾਂ ਨੂੰ ਇਸ ਸਭ ਤੋਂ ਉੱਤਮ ਫਲ ਦੀ ਪ੍ਰਾਪਤੀ ਹੋਈ ਹੈ ਉਨ੍ਹਾਂ ਸਰੀਰਾਂ ਨੇ ਹੀ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕੀਤੀ ਹੈ ਤੇ ਸਾਰੇ ਸੰਸਾਰ ਨੂੰ ਮਾਇਆ ਦੇ ਛੱਲ ਵਿੱਚੋਂ ਨਿਕਲਣ ਦਾ ਤਰੀਕਾ ਸਮਝਾਇਆ ਹੈ। (**ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥ ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥ ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥1॥**)

ਸੱਚੇ ਧਰਮ ਗ੍ਰੰਥਾਂ ਦੀ ਰਚਨਾ ਸ੍ਰਿਸ਼ਟੀ ਦੇ ਕਰਤੇ ਨੇ ਇਸੇ ਲਈ ਹੀ ਕਰਵਾਈ ਹੋਈ ਹੈ ਤਾਂ ਜੋ ਅਸੀਂ ਮਾਇਆ ਦੇ ਛੱਲ ਵਿੱਚੋਂ ਨਿਕਲਣ ਦਾ ਸੱਚਾ ਉਦਮ ਕਰੀਏ, ਉਹ ਸੱਚਾ ਉਦਮ ਕਿਸ ਤਰੀਕੇ ਕਰੀਏ ਭਾਵ ਸਾਨੂੰ ਕਿਸ

ਤਰੀਕੇ ਕਰਨਾ ਚਾਹੀਦਾ ਹੈ ਇਹੀ ਗੱਲ ਸੰਸਾਰ ਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥

ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥”

ਜਿੰਨ੍ਹਾਂ ਨੂੰ ਅਕਾਲ ਪੁਰਖ ਆਪਣੇ ਸਾਧੂ ਜਨ ਬਣਾਉਂਦਾ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲੇ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਬਣਾਇਆ ਹੈ ਭਾਵ ਉਨ੍ਹਾਂ ਨੂੰ ਆਪਣਾ ਹੀ ਰੂਪ ਬਣਾਇਆ ਹੈ, ਆਪਣਾ ਸਾਧ ਰੂਪ, ਸੰਤ ਰੂਪ, ਗੁਰੂ ਰੂਪ ਬਣਾਇਆ ਹੈ ਉਨ੍ਹਾਂ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚਾਈ ਕੀ ਹੈ ਭਾਵ ਉਨ੍ਹਾਂ ਦੇ ਅੰਦਰ ਦੀ ਸੱਚੀ ਸਿੱਖਿਆ ਕੀ ਹੈ ਜਿਸ ਸਿੱਖਿਆ ਨੂੰ ਮੰਨਣ ਦੁਆਰਾ ਸੰਸਾਰ ਦਾ ਕੋਈ ਵੀ ਮਨੁੱਖ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਜੋ ਧਰਮ ਦੇ ਮਾਰਗ ਤੇ ਚੱਲਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਇਸ ਗੱਲ ਨੂੰ ਗੁਰਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਪਸ਼ਟ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਰੀ ਗੱਲ ਨਾਮ ਨੂੰ ਨਾ ਸਮਝਣ ਦੀ ਹੈ ਕਿ ਹਰ ਧਰਮ ਗ੍ਰੰਥ ਵਿੱਚ ਨਾਮ ਕਿਸ ਨੂੰ ਕਿਹਾ ਹੈ। ਸਾਨੂੰ ਬਾਣੀ ਦੇ ਸ਼ਬਦਾਂ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਵੇਦਾਂ ਵਿੱਚ ਵੀ ਨਾਮ ਹੈ, ਸਿਮ੍ਰਿਤ ਸ਼ਾਸਤਰਾਂ ਵਿੱਚ ਵੀ ਨਾਮ ਹੈ, ਕੁਰਾਨ ਵਿੱਚ ਵੀ ਨਾਮ ਹੈ। ਸੱਚੇ ਧਰਮ ਗ੍ਰੰਥਾਂ ਦੇ ਵਿੱਚ ਸ਼ਬਦਾਂ ਰਾਹੀਂ ਜੋ ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਦਿੱਤੀ ਹੁੰਦੀ ਹੈ ਉਹੀ ਗੁਰੂ ਪ੍ਰਮਾਤਮਾ ਦਾ ਨਾਮ ਹੁੰਦਾ ਹੈ ਤੇ ਸੱਚੀ ਸਿੱਖਿਆ ਨੂੰ ਮੰਨਣਾ ਹੀ ਗੁਰੂ ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵੇਂ ਗੁਰੂ ਦੀ ਉਹ ਸੱਚੀ ਸਿੱਖਿਆ ਵੇਦਾਂ ਸ਼ਾਸਤਰਾਂ ਵਿੱਚੋਂ ਲੈ ਲਈਏ, ਕੁਰਾਨ ਧਰਮ ਗ੍ਰੰਥ ਵਿੱਚੋਂ ਲੈ ਲਈਏ, ਬਾਈਬਲ ਧਰਮ ਗ੍ਰੰਥ ਵਿੱਚੋਂ ਲੈ ਲਈਏ ਤੇ ਭਾਵੇਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਲੈ ਲਈਏ। ਸਾਰੇ ਧਰਮ ਗ੍ਰੰਥ ਸਾਨੂੰ ਸੱਚ ਦੇ ਮਾਰਗ ਤੇ ਚੱਲਣਾ ਹੀ ਸਮਝਾਉਂਦੇ ਹਨ ਭਾਵ ਆਪਣੀ ਮਤਿ ਛੱਡ ਕੇ ਧਰਮ ਗ੍ਰੰਥਾਂ ਦੀ ਸੱਚੀ ਮਤਿ ਅਨੁਸਾਰ ਸੰਸਾਰ ਵਿੱਚ ਵਿਚਰਨਾ ਸਿਖਾਉਂਦੇ ਹਨ, ਔਗੁਣਾਂ ਨੂੰ ਤਿਆਗ ਕੇ ਗੁਣਾਂ ਅਨੁਸਾਰ ਵਿਚਰਨਾ ਸਿਖਾਉਂਦੇ ਹਨ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਤਿਆਗ ਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗ ਕੇ ਸੱਚੇ ਸੁੱਚੇ ਕਰਮ ਕਰਨ ਲਈ ਸਮਝਾਉਂਦੇ ਹਨ ਤਾਂ ਜੋ ਸੰਸਾਰ ਵਿੱਚ ਕੋਈ ਕਿਸੇ ਦਾ ਮਾੜਾ ਨਾ ਕਰੇ ਭਾਵ ਹਰ ਕੋਈ ਸੁਖੀ ਜੀਵਨ ਬਤੀਤ ਕਰੇ। ਉਹ ਜੋ ਧਰਮ ਗ੍ਰੰਥਾਂ ਦੀ ਸੱਚੀ ਸਿੱਖਿਆ ਨੂੰ ਸਿਮਰ ਲੈਂਦੇ ਹਨ ਭਾਵ ਮੰਨ ਲੈਂਦੇ ਹਨ ਉਨ੍ਹਾਂ ਦੇ ਅੰਦਰ ਦੇ “ਮਲ” ਭਾਵ ਬਲੀ ਵਿਚਾਰ ਭਾਵ ਮਾਇਆ ਮੋਹ ਵਾਲੇ ਵਿਚਾਰ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਵਾਲੇ ਵਿਚਾਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਬਲੀ ਵਿਚਾਰ ਜੋ ਮਨੁੱਖ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਉਹ ਮਾੜੇ ਵਿਚਾਰ

ਦਹਨ ਹੋ ਜਾਂਦੇ ਹਨ ਭਾਵ ਸੜ ਜਾਂਦੇ ਹਨ ਭਾਵ ਖਤਮ ਹੋ ਜਾਂਦੇ ਹਨ। ਗੁਰੂ ਦੀ ਮਤਿ ਦੇ ਨਾਲ ਇਹੋ ਜਿਹਾ ਪ੍ਰੇਮ ਕਰਨਾ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਭਾਵ ਉਸਦਾ ਨਾਮ ਸਿਮਰਨ ਦੁਆਰਾ ਆਪਣੇ ਅੰਦਰੋਂ ਸਾਰੇ ਔਗੁਣ ਖਤਮ ਕਰਨਾ ਹੀ ਉਸਦੀ ਭਗਤੀ ਨਾਲ ਰਚਨਾ ਹੈ। ਜਿੰਨ੍ਹਾਂ ਨੇ ਬਾਣੀ ਰਾਹੀਂ ਸਾਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ ਉਨ੍ਹਾਂ ਨੇ ਆਪਣੀ ਇਹੋ ਜਿਹੀ ਭਗਤੀ ਰਾਹੀਂ ਭਗਤੀ ਦਾ ਪ੍ਰੇਮ ਦਿਖਾਇਆ ਹੈ ਤੇ ਜੋ ਇਹੋ ਜਿਹੀ ਭਗਤੀ ਦਾ ਸੱਚਾ ਮਾਰਗ ਨਹੀਂ ਸਮਝਦੇ ਭਾਵ ਜੋ ਆਪਣੇ ਅੰਦਰ ਦੇ ਔਗੁਣਾਂ ਨੂੰ ਨਹੀਂ ਤਿਆਗਦੇ ਉਨ੍ਹਾਂ ਨੂੰ ਭਾਗਹੀਨ ਤੇ “ਖਲੁ” ਕਿਹਾ ਹੈ ਭਾਵ ਮੂਰਖ ਕਿਹਾ ਹੈ। ਗੁਰੂ ਦਾ ਨਾਮ ਮਨ ਦੀ ਇਹੋ ਜਿਹੀ ਮੂਰਖਤਾ ਵਿੱਚੋਂ ਨਿਕਲਕੇ ਹੀ ਸਿਮਰਿਆ ਜਾ ਸਕਦਾ ਹੈ, ਜਪਿਆ ਜਾ ਸਕਦਾ ਹੈ। ਭਗਤੀ ਦੇ ਸੱਚੇ ਮਾਰਗ ਨੂੰ ਸਮਝੇ ਬਿਨ੍ਹਾਂ, ਨਾਮ ਜਪਣ ਦੇ ਸਹੀ ਮਾਰਗ ਨੂੰ ਜਾਣੇ ਬਿਨ੍ਹਾਂ ਫਿਰ ਵੀ ਜੋ ਆਪਣੇ ਆਪ ਨੂੰ ਭਗਤੀ ਵਾਲੇ ਅਖਵਾਉਂਦੇ ਹਨ, ਨਾਮ ਜਪਣ ਵਾਲੇ ਅਖਵਾਉਂਦੇ ਹਨ ਉਨ੍ਹਾਂ ਦੀ ਮੂਰਖਤਾ ਦਾ ਕਾਰਨ ਮਾਇਆ ਦਾ ਛੱਲ ਹੀ ਹੈ ਜਿਸ ਮਾਇਆ ਦੇ ਛੱਲ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਭਾਵ ਮਾਇਆ ਦੇ ਛੱਲ ਨੇ ਸੰਸਾਰ ਦੇ ਹਰ ਮਨੁੱਖ ਨੂੰ ਹੀ ਧਰਮ ਦੀ ਅਸਲੀਅਤ ਨੂੰ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਆਪਣੇ ਵੱਖਰੇ-ਵੱਖਰੇ ਧਰਮ ਸਮਝਣਾ, ਵੱਖਰੇ-ਵੱਖਰੇ ਸ੍ਰਿਸ਼ਟੀ ਦੇ ਕਰਤੇ ਦੇ ਰੂਪ ਸਮਝਣਾ ਤੇ ਉਸਨੂੰ ਜਾਨਣ ਦੇ, ਖੋਜਣ ਦੇ ਵੱਖਰੇ ਵੱਖਰੇ ਤਰੀਕੇ ਅਪਨਾਉਣਾ ਸਭ ਦੇ ਅੰਦਰ ਦਾ ਮਾਇਆ ਛੱਲ ਹੀ ਹੈ। (**ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥ ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥ ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥1॥ ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥ ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥2॥7॥26॥**)

ਪ੍ਰਭਾਤੀ ॥

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥}

(ਅੰਗ - ੧੩੫੦)

{ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ - ੯੧੯)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ - ੮੩੧)

ਮਃ ੧ ॥

{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥}

(ਅੰਗ - ੧੪੧)

ਗੋਂਡ ॥

{ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥}

(ਅੰਗ - ੮੭੪)

52/7192

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥}

(ਅੰਗ - ੧੧੯੩)

{ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥}

(ਅੰਗ - ੧੦੬੬)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ - ੧੧੮੮)

{ਰਾਜੇ ਧਰਮੁ ਕਰਹਿ ਪਰਥਾਏ ॥ ਆਸਾ ਬੰਧੇ ਦਾਨੁ ਕਰਾਏ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ ॥੯॥
ਕਰਮ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ ॥੧੦॥
ਮਾਇਆ ਮਮਤਾ ਛੋਡੀ ਨ ਜਾਈ ॥ ਸੇ ਛੂਟੇ ਸਚੁ ਕਾਰ ਕਮਾਈ ॥
ਅਹਿਨਿਸਿ ਭਗਤਿ ਰਤੇ ਵੀਚਾਰੀ ਠਾਕੁਰ ਸਿਉ ਬਣਿ ਆਈ ਹੇ ॥੧੧॥
ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ॥
ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ ॥੧੨॥
ਕਲੀ ਕਾਲ ਮਹਿ ਇਕ ਕਲ ਰਾਖੀ ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥
ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ ॥੧੩॥}

(ਅੰਗ - ੧੦੨੪)

ਹਰ ਕੋਈ ਧਰਮ ਗ੍ਰੰਥਾਂ ਦੀ ਕਥਨੀ ਨੂੰ ਹੀ ਭਾਵ ਧਰਮ ਗ੍ਰੰਥਾਂ ਨੂੰ ਪੜਣ-ਸੁਣਨ ਵਿੱਚ ਹੀ ਆਪਣੀ ਰੁਚੀ ਦਿਖਾਉਂਦਾ ਹੈ ਕਿਉਂਕਿ ਜਿੰਨ੍ਹਾਂ ਕੋਲੋਂ ਉਹ ਧਰਮ ਦਾ ਮਾਰਗ ਸਿੱਖਦੇ ਹਨ ਉਹ ਸਭ ਵੱਧ ਤੋਂ ਵੱਧ ਸਾਨੂੰ ਧਰਮ ਗ੍ਰੰਥਾਂ ਦੀ ਕਥਨੀ ਕਰਨ ਨਾਲ ਹੀ ਜੋੜਦੇ ਹਨ। ਇਹੋ ਜਿਹੇ ਧਰਮ ਦੇ ਮਾਰਗ ਨਾਲ ਜੋੜਣਾ ਮਾਇਆ ਦਾ ਵਪਾਰ ਕਰਨਾ ਹੀ ਹੈ ਭਾਵ ਦੂਸਰਿਆਂ ਨੂੰ ਭਰਮ ਵਾਲੀ ਸਮਝ ਦੇ ਨਾਲ ਜੋੜਣਾ ਉਨ੍ਹਾਂ ਨੂੰ ਆਪਣੀ ਮਾਇਆ ਵਾਲੀ ਸਮਝ ਦੇ ਨਾਲ ਜੋੜਣ ਵਾਲੀ ਗੱਲ ਹੈ। ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਕਿਸੇ ਨੂੰ ਧਰਮ ਦੇ ਨਾ ਸਮਝ ਵਿਚਾਰਾਂ ਭਾਵ ਆਪਣੀ ਮਤਿ ਨਾਲ ਨਾ ਜੋੜੀਏ।

“ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥”

(ਅੰਗ – ੫੬)

ਉਪਰ ਵਾਲੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਸਮਝਿਆ ਹੀ ਹੈ ਤੇ ਹੁਣ ਸ਼ਬਦ ਦੇ ਭਾਵ ਨੂੰ ਕੁਝ ਹੋਰ ਬਾਰੀਕੀ ਨਾਲ ਸਮਝਦੇ ਹਾਂ ਕਿ ਸ਼ਬਦ ਦੇ ਅੰਦਰ ਸਾਨੂੰ ਮਾਇਆ ਦਾ ਵਾਪਾਰ ਕਰਨਾ ਕੀ ਹੈ ਇਸ ਗੱਲ ਨੂੰ ਅਸੀਂ ਧਿਆਨ ਨਾਲ ਸਮਝ ਸਕੀਏ ਕਿਉਂਕਿ ਹੁਣ ਅਸੀਂ ਪਿਛਲੇ ਸ਼ਬਦਾਂ ਦੁਆਰਾ ਮਨ ਦੇ ਅੰਦਰ ਵਰਤ ਰਹੀ ਮਾਇਆ ਨੂੰ ਬਾਰੀਕੀ ਨਾਲ ਸਮਝਿਆ ਹੈ, ਮਾਇਆ ਦੇ

52/7193

ਛੱਲ ਦੁਆਰਾ ਸਮਝਿਆ ਹੈ। ਧਿਆਨ ਨਾਲ ਸਮਝੋਗੇ ਕਿ ਉਪਰ ਸ਼ਬਦ ਰਾਹੀਂ ਸਾਨੂੰ ਸਾਡੇ ਅੰਦਰ ਦਾ ਮਾਇਆ ਛੱਲ ਹੀ ਸਮਝਾਇਆ ਹੋਇਆ ਹੈ। ਉਪਰ ਵਾਲੇ ਪਹਿਲੇ ਪਦੇ ਨੂੰ ਧਿਆਨ ਨਾਲ ਸਮਝੋ ਕਿ ਸਾਡੇ ਅੰਦਰ ਮਾਇਆ ਦਾ ਛੱਲ ਸਾਡੀ ਮਤਿ ਨੂੰ ਕਿਸ ਤਰੀਕੇ ਛੱਲਦਾ ਹੈ। ਧਰਮ ਗ੍ਰੰਥਾਂ ਦੀ ਰਚਨਾ ਅਕਾਲ ਪੁਰਖ ਨੇ ਸੰਸਾਰੀਆਂ ਨੂੰ ਮਾਇਆ ਦੇ ਛੱਲ ਵਿੱਚੋਂ ਕੱਢਣ ਲਈ ਹੀ ਕਰਵਾਈ ਹੋਈ ਹੈ ਤਾਂ ਜੋ ਅਸੀਂ ਆਪਣੇ ਜੀਵਨ ਦੇ ਸੱਚੇ ਮਾਰਗ ਨੂੰ ਸਮਝ ਸਕੀਏ, ਧਰਮ ਦੇ ਸੱਚੇ ਮਾਰਗ ਨੂੰ ਸਮਝ ਸਕੀਏ। ਹਰ ਸੱਚਾ ਧਰਮ ਗ੍ਰੰਥ ਸਾਨੂੰ ਇੱਕੋ ਜਿਹਾ ਧਰਮ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ। ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਵਿਚਾਰਿਆ ਹੀ ਹੈ। ਪੰਡਿਤ ਉਹ ਹੁੰਦੇ ਹਨ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਵਿਦਵਾਨ ਸਮਝਦੇ ਹਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਧਰਮ ਦੇ ਵਿਦਵਾਨ ਅਖਵਾਉਣ ਵਾਲੇ ਧਾਰਮਿਕ ਪੋਥੀਆਂ ਭਾਵ ਧਾਰਮਿਕ ਗ੍ਰੰਥ ਪੜਦੇ ਹਨ ਪਰ ਪੋਥੀਆਂ ਨੂੰ ਪੜਣ ਦੇ ਮਕਸਦ ਨੂੰ ਨਹੀਂ ਸਮਝਦੇ। ਹਰ ਧਾਰਮਿਕ ਗ੍ਰੰਥ ਸਾਨੂੰ ਆਪਣੇ ਵਿਚਾਰ ਦੇਣ ਲਈ ਹੀ ਲਿਖਿਆ ਗਿਆ ਹੈ, ਆਪਣੀ ਮਤਿ ਸਮਝਾਉਣ ਲਈ ਹੀ ਰਚਿਆ ਗਿਆ ਹੈ ਪਰ ਜੋ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਸਾਨੂੰ ਧਰਮ ਗ੍ਰੰਥਾਂ ਦੀ ਵਿਚਾਰ ਦੇ ਨਾਲ ਜੋੜਣ ਦੀ ਬਜਾਇ ਭਾਵ ਧਰਮ ਗ੍ਰੰਥਾਂ ਦੀ ਸਹੀ ਵਿਚਾਰ ਨਾ ਸਮਝਾਕੇ ਆਪਣੀ ਮਤਿ ਦੇ ਨਾਲ ਹੀ ਜੋੜਦੇ ਹਨ ਭਾਵ ਭਗਤੀ ਦਾ ਉਹੋ ਜਿਹਾ ਮਾਰਗ ਸਮਝਾਉਂਦੇ ਹਨ, ਉਹੋ ਜਿਹਾ ਨਾਮ ਜਪਣਾ ਸਮਝਾਉਂਦੇ ਹਨ ਜੋ ਧਰਮ ਗ੍ਰੰਥਾਂ ਦੀ ਵਿਚਾਰ ਅਨੁਸਾਰ ਨਹੀਂ ਹੁੰਦਾ ਇਹੋ ਜਿਹੇ ਆਪਣੇ ਵਿਚਾਰ ਦੂਸਰਿਆਂ ਨੂੰ ਮੰਨਣ ਲਈ ਸਮਝਾਉਣਾ ਇਹ ਮਾਇਆ ਦਾ ਵਾਪਾਰ ਹੈ ਭਾਵ ਆਪਣੀ ਨਾਸਮਝ ਮਤਿ ਦਾ ਵਾਪਾਰ ਹੈ ਭਾਵ ਉਹ ਆਪਣੀ ਝੂਠੀ ਮਤਿ ਦੂਸਰਿਆਂ ਨੂੰ ਦਿੰਦੇ ਹਨ ਭਾਵ ਸੰਸਾਰ ਵਿੱਚ ਝੂਠ ਵੰਡਦੇ ਹਨ। (**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥**)

ਇਹੋ ਜਿਹੀ ਨਾ ਸਮਝ ਮੱਤਾਂ ਦੇਣ ਵਾਲੇ ਮਾਇਆ ਦਾ ਵਾਪਾਰ ਕਿਸ ਤਰੀਕੇ ਕਰਦੇ ਹਨ ਇਹ ਨਾਲ ਹੀ ਗੁਰੂ ਸਾਹਿਬ ਨੇ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥”

ਇਹ ਮਾਇਆ ਦੇ ਵਪਾਰੀ ਸਾਨੂੰ ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਕਥਨੀ ਕਰਨ ਨਾਲ ਜੋੜਦੇ ਹਨ ਕਿ ਵੱਧ ਤੋਂ ਵੱਧ ਸ਼ਬਦਾਂ ਦੀ ਕਥਨੀ ਕਰੋ, ਸਵੇਰ ਸ਼ਾਮ ਪਾਠ ਕਰੋ ਭਾਵ ਵੱਧ ਤੋਂ ਵੱਧ ਸਮਾਂ ਧਰਮ ਗ੍ਰੰਥਾਂ ਦੇ ਪੜਣ-ਸੁਣਨ ਵਿੱਚ ਲਗਾਉ ਜਿਵੇਂ ਕਿ ਅਸੀਂ

ਸਭ ਪਾਸੇ ਵੇਖਦੇ ਹੀ ਹਾਂ ਕਿ ਸੰਸਾਰ ਨੇ ਇਹੋ ਜਿਹਿਆਂ ਦੇ ਪਿੱਛੇ ਲੱਗ ਕੇ ਆਪਣੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਿਆ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਕਿਸੇ ਅੱਖਰ ਨੂੰ ਨਾਮ ਸਮਝ ਕੇ ਉਸਦੀ ਕਥਨੀ ਕਰੀ ਜਾਣ ਨੂੰ ਹੀ ਨਾਮ ਜਪਣਾ ਸਮਝਣਾ ਇਹੋ ਜਿਹੇ ਧਰਮ ਦੇ

52/7194

ਵਿਦਵਾਨ ਅਖਵਾਉਣ ਵਾਲਿਆਂ ਕਰਕੇ ਹੀ ਭਾਵ ਉਨ੍ਹਾਂ ਦੇ ਮਾਇਆ ਦੇ ਵਾਪਾਰ ਕਰਕੇ ਹੀ ਹੈ। ਇਸੇ ਤਰ੍ਹਾਂ ਇਹੋ ਜਿਹੇ ਨਾਸਮਝ ਵਿਦਵਾਨਾਂ ਨੇ ਹੀ ਅਨੇਕਾਂ ਉਹੋ ਜਿਹੇ ਭਗਤੀ ਦੇ ਮਾਰਗ ਸਮਝਾਏ ਹੋਏ ਹਨ ਜਿੰਨ੍ਹਾਂ ਸਾਰਿਆਂ ਤਰੀਕਿਆਂ ਦਾ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਇਸ ਗੱਲ ਨੂੰ ਵਿਚਾਰਿਆ ਹੀ ਹੈ। ਅਸਲ ਭਗਤੀ ਦਾ ਮਾਰਗ ਇਹ ਹੈ ਕਿ ਸੰਸਾਰ ਵਿੱਚ ਸਾਡੀ "**ਰਹਿਣੀ**" ਕਿਸ ਤਰੀਕੇ ਦੀ ਹੋਵੇ ਭਾਵ ਸੰਸਾਰ ਵਿੱਚ ਸਾਡੀ ਵਿਚਰਨ ਸੱਚੀ ਸੁੱਚੀ ਹੋਵੇ ਜੋ ਮਾਰਗ ਗੁਰੂ ਦੇ ਹਰ ਸ਼ਬਦ ਦਾ "**ਸਾਰ**" ਹੈ ਭਾਵ ਤੱਤ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚੀ ਸੁੱਚੀ ਕਿਰਤ ਕਰਨੀ ਹੀ ਸਿਖਾਉਂਦਾ ਹੈ, ਮਾਇਆ ਮੋਹ ਛੱਡਣ ਲਈ ਸਮਝਾਉਂਦਾ ਹੈ, ਤ੍ਰਿਸ਼ਨਾਵਾਂ ਛੱਡਣ ਲਈ ਸਮਝਾਉਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਲਈ ਸਮਝਾਉਂਦਾ ਹੈ ਭਾਵ ਹਰ ਔਗੁਣ ਤਿਆਗ ਕੇ ਸੰਸਾਰ ਵਿੱਚ ਗੁਣੀ ਬਣਕੇ ਵਿਚਰਨ ਲਈ ਸਮਝਾਉਂਦਾ ਹੈ ਤਾਂ ਜੋ ਸਾਡੀ ਸੰਸਾਰ ਵਿੱਚ ਰਹਿਣੀ ਚੰਗੀ ਹੋਵੇ ਭਾਵ ਸਾਡੀ ਕਰਨੀ ਚੰਗੀ ਹੋਵੇ ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਰਾਹੀਂ ਇਹੀ ਸਾਰੇ ਸੰਸਾਰ ਲਈ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਿਆ ਹੈ ਤੇ ਉਹੀ ਭਗਤੀ ਦਾ ਮਾਰਗ ਸਾਨੂੰ ਸ਼ਬਦ ਦੇ ਉਪਰਲੇ ਪਦੇ ਦੁਆਰਾ ਸਮਝਾਇਆ ਹੋਇਆ ਹੈ ਤੇ ਇਸ ਭਗਤੀ ਦੇ ਸੱਚੇ ਮਾਰਗ ਤੇ ਅਸੀਂ ਤਾਂ ਹੀ ਚੱਲ ਸਕਾਂਗੇ ਜਦੋਂ ਸ਼ਬਦਾਂ ਦੀ ਕਥਨੀ ਵਿੱਚੋਂ ਨਿਕਲ ਕੇ ਸ਼ਬਦਾਂ ਦੁਆਰਾ ਸਮਝਾਈ ਹੋਈ ਕਰਨੀ ਨਾਲ ਜੁੜਾਂਗੇ ਤੇ ਉਹੋ ਜਿਹੇ ਧਰਮ ਦੇ ਵਿਦਵਾਨ ਹੋਣ ਵਾਲਿਆਂ ਦੀ ਮਤਿ ਨੂੰ ਛੱਡਾਂਗੇ ਭਾਵ ਮਾਇਆ ਦੇ ਵਪਾਰੀਆਂ ਦੇ ਵਪਾਰ ਤੋਂ ਬਚਾਂਗੇ ਜੋ ਸਾਨੂੰ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਹੀ ਜੋੜਦੇ ਹਨ, ਕਿਸੇ ਅੱਖਰ ਨੂੰ ਨਾਮ ਸਮਝਾਕੇ ਉਸਦੀ ਕਥਨੀ ਕਰੀ ਜਾਣ ਨੂੰ ਹੀ ਨਾਮ ਜਪਣਾ ਸਮਝਾਉਂਦੇ ਹਨ ਭਾਵ ਭਗਤੀ ਦਾ ਸਹੀ ਮਾਰਗ ਸਮਝਣ ਵਿੱਚ ਆਪ ਭਰਮਾਂ ਵਿੱਚ ਹੁੰਦੇ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ ਭਾਵ ਆਪ ਮਾਇਆ ਦੇ ਛੱਲ ਵਿੱਚ ਹਨ ਤੇ ਦੂਸਰਿਆਂ ਦੇ ਅੰਦਰ ਦਾ ਮਾਇਆ ਛੱਲ ਕੱਢਣ ਦੀ ਬਜਾਇ ਉਲਟਾ ਉਨ੍ਹਾਂ ਦੀ ਸਮਝ ਦੇ ਅੰਦਰ ਮਾਇਆ ਦਾ ਛੱਲ ਹੋਰ ਵਧਾਉਂਦੇ ਹਨ। (**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥6॥**)

ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਲਈ ਨਿਕਲਣਾ ਤਾਂ ਅਸੀਂ ਮਨ ਦੀ ਮਾਇਆ ਵਿੱਚੋਂ ਹੈ ਭਾਵ ਭਰਮਾਂ ਵਾਲੀ ਸਮਝ ਦੇ ਵਿੱਚੋਂ ਹੈ ਜੋ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਨਿਕਲ ਸਕਦੀ ਹੈ ਕਿਉਂਕਿ ਕੇਵਲ ਗੁਰੂ ਦੀ ਮਤਿ ਹੀ ਮਾਇਆ ਦੀ ਜੁਗਤਿ ਤੋਂ ਰਹਿਤ ਹੈ, ਮਾਇਆ ਦੇ ਛੱਲ ਤੋਂ ਰਹਿਤ ਹੈ, ਤ੍ਰੈ ਗੁਣਾਂ ਤੋਂ, ਹਉਮੈ ਤੋਂ ਰਹਿਤ ਹੈ ਭਾਵ ਕੇਵਲ ਗੁਰੂ ਦੀ ਮਤਿ ਹੀ ਮਨ ਦੇ ਸਿੱਧੇ ਕਮਲ ਵਾਲੀ ਮਤਿ ਹੈ ਤੇ ਗੁਰੂ ਦੀ ਮਤਿ ਤੋਂ ਬਿਨ੍ਹਾਂ ਹਰ ਕਿਸੇ ਦੀ ਸਮਝ ਮਨ ਦੇ ਪੁੱਠੇ ਕਮਲ ਵਾਲੀ ਸਮਝ ਹੈ ਜਿਵੇਂ ਕਿ ਗੁਰੂ ਸਾਹਿਬ ਨੇ ਆਪਣੀ ਸੱਚੀ ਬਾਣੀ ਰਾਹੀਂ ਇਹ

52/7195

ਸਾਰੀਆਂ ਗੱਲਾਂ ਸਾਨੂੰ ਆਪਣੇ ਸ਼ਬਦਾਂ ਰਾਹੀਂ ਬਾਰ ਬਾਰ ਸਮਝਾਈਆਂ ਹੋਈਆਂ ਹਨ ਤਾਂ ਜੋ ਅਸੀਂ ਆਪਣੀ ਅਗਿਆਨਤਾ ਵਿੱਚ ਤੇ ਗੁਰੂ ਦੇ ਸੱਚੇ ਗਿਆਨ ਦੇ ਵਿੱਚ ਜੋ ਫਰਕ ਹੈ ਉਸ ਗੱਲ ਨੂੰ ਅਹਿਮੀਅਤ ਦੇਈਏ ਤੇ ਸਾਰਾ ਸੱਚਾ ਉਦਮ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲਣ ਦਾ ਕਰੀਏ ਜੋ ਸਾਡਾ ਸੱਚਾ ਉਦਮ ਕੇਵਲ ਸ਼ਬਦਾਂ ਦੀ ਕਥਨੀ ਕਰਨ ਦੁਆਰਾ ਕਦੇ ਵੀ ਪੂਰਾ ਨਹੀਂ ਹੋ ਸਕਦਾ ਕਿਉਂਕਿ ਪ੍ਰਮਾਤਮਾ ਦੇ ਨੇੜੇ ਲੱਗਣ ਲਈ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦੀ ਲੋੜ ਹੈ ਕਿਉਂਕਿ ਭਰਮਾਂ ਵਾਲੀ ਸਮਝ ਹੀ ਸਭ ਨੂੰ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਤੇ ਉਸਤੇ ਚੱਲਣ ਤੋਂ ਦੂਰ ਰੱਖਦੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਚੌਥੇ ਪਦ ਦੇ ਗਿਆਨ ਵਿੱਚ ਪਹੁੰਚਣ ਲਈ ਸਾਨੂੰ ਚੌਥੇ ਪਦ ਦੀ ਹੀ ਲੋੜ ਹੈ ਜੋ ਗਿਆਨ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੀ ਹੈ ਜੋ ਸਾਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ। ਮਨ ਦੇ ਭਰਮਾਂ ਕਰਕੇ ਹੀ ਸਾਡਾ ਮਨ ਅਪਵਿੱਤਰ ਹੈ ਜੋ ਮਨ ਦੀ ਅਪਵਿੱਤਰਤਾ ਮਨ ਦੇ ਅੰਦਰ ਗੁਰੂ ਦਾ ਸੱਚਾ ਗਿਆਨ ਵੱਸਣ ਦੁਆਰਾ ਹੀ ਨਿਕਲ ਸਕਦੀ ਹੈ ਭਾਵ ਗੁਰੂ ਦੀ ਮਤਿ ਤੇ ਅਮਲ ਕਰਨ ਦੁਆਰਾ ਹੀ ਨਿਕਲ ਸਕਦੀ ਹੈ ਭਾਵ ਗੁਰੂ ਦਾ ਸੱਚਾ ਨਾਮ ਜਪਣ ਦੁਆਰਾ ਹੀ ਨਿਕਲ

ਸਕਦੀ ਹੈ ਭਾਵ ਗੁਰੂ ਦਾ ਬ੍ਰਹਮ ਗਿਆਨ ਆਪਣੇ ਅੰਦਰ ਵਸਾਉਣ ਦਾ ਉਦਮ ਕਰਨ ਦੁਆਰਾ ਹੀ ਨਿਕਲ ਸਕਦੀ ਹੈ ਜਿਵੇਂਕਿ ਅਸੀਂ ਬਾਰ ਬਾਰ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ।

ਘਰੁ ੨ ॥

{ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥
ਨੈਨ ਰਹੇ ਰੰਗੁ ਲਾਈ ॥ ਅਬ ਬੇ ਗਲ ਕਹਨੁ ਨ ਜਾਈ ॥੧॥
ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥
ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥
ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥੨॥
ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥
ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥
ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ - ੬੫੫)

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੯॥}

(ਅੰਗ - ੧੪੬-੧੪੭)

ਸਲੋਕੁ ਮਃ ੧ ॥

{ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

(ਅੰਗ - ੪੭੨)

ਮਃ ੧ ॥

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥}

(ਅੰਗ - ੪੭੨)

ਮਃ ੧ ॥

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥}

(ਅੰਗ - ੪੭੨)

52/7196

ਪਉੜੀ ॥
{ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥
ਸਹਿ ਮੇਲੇ ਤਾ ਨਦਰੀ ਆਈਆ ॥ ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥
ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥
ਸਹਿ ਤੁਠੈ ਨਉ ਨਿਧਿ ਪਾਈਆ ॥੧੮॥}

(ਅੰਗ - ੪੭੩)

ਵਡਹੰਸੁ ਮਹਲਾ ੩ ਘਰੁ ੧
ੴ ਸਤਿਗੁਰ ਪ੍ਰਸਾਦਿ ॥
{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥
ਜਪਿ ਮਨ ਮੇਰੇ ਤੂ ਏਕੋ ਨਾਮੁ ॥ ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੁ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ - ੫੫੯)

ਮਹਲਾ ੨ ॥
{ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥}

(ਅੰਗ - ੪੬੩)

ਮਾਰੂ ਮਹਲਾ ੫ ॥
{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥

ਜਿਸ ਕੀ ਅਟਕ ਤਿਸ ਤੇ ਛੂਟੀ ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥}

(ਅੰਗ - ੧੦੦੨)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਵੇਂ ਕਿ ਹਰ ਸ਼ਬਦ ਰਾਹੀਂ ਸਾਨੂੰ ਮੁੱਖ ਤੌਰ ਤੇ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਲਈ ਹੀ ਸਮਝਾਇਆ ਹੋਇਆ ਹੈ ਜਿਸ ਵਿੱਚੋਂ ਗੁਰੂ ਦਾ ਨਾਮ ਜਪਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਸਮਝਕੇ ਤੇ ਉਸ ਤੇ ਅਮਲ ਕਰਨ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ ਜਿਸ ਦੁਆਰਾ ਅਕਾਲ ਪੁਰਖ ਦੇ ਬ੍ਰਹਮ ਗਿਆਨ ਰੂਪ ਘਰ ਭਾਵ ਨਾਮ ਰੂਪ ਘਰ ਵਿੱਚ ਪਹੁੰਚਿਆ ਜਾ ਸਕਦਾ ਹੈ ਜੋ ਉਸਦਾ ਸੱਚ ਰੂਪ ਘਰ ਸਾਡੇ ਸਭ ਦੇ ਅੰਦਰ ਹੀ ਹੈ ਭਾਵ ਉਸਦੀ ਜੋਤਿ ਰੂਪ ਵਿੱਚ ਹੀ ਹੈ। ਪੂਰੀ ਗੁਰਬਾਣੀ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਜੋਤਿ ਰੂਪ ਘਰ ਹੀ ਹੈ ਭਾਵ ਆਪਣਾ ਬ੍ਰਹਮ ਗਿਆਨ ਰੂਪ, ਨਾਮ ਰੂਪ ਘਰ ਹੀ ਹੈ ਜਿਸ ਵਿੱਚੋਂ ਉਸਦਾ ਸੱਚਾ ਗਿਆਨ ਲੈ ਕੇ ਤੇ ਉਸਤੇ ਅਮਲ ਕਰਕੇ ਹੀ ਉਸਦੇ ਸੱਚ ਰੂਪ ਘਰ ਵਿੱਚ ਅਸੀਂ ਪਹੁੰਚ ਸਕਦੇ ਹਾਂ ਭਾਵ ਮਨ ਦੀ ਸਮਝ ਵਿੱਚ ਹੀ ਉਸਦੀ ਬ੍ਰਹਮ ਗਿਆਨ ਵਾਲੀ ਸਮਝ ਦੇ ਨਾਲ ਮੇਲ ਕਰ ਸਕਦੇ ਹਾਂ ਜਿਵੇਂ ਕਿ ਅਸੀਂ ਬਾਰ ਬਾਰ ਅਨੇਕਾਂ ਹੀ ਸ਼ਬਦਾਂ ਦੀ ਵਿਆਖਿਆ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਗੁਰੂ ਨਾਮ ਦਾ ਵਾਪਾਰ ਕਰਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਦਾ ਵਾਪਾਰ ਕਰਦਾ ਹੈ ਤੇ ਗੁਰੂ ਦੇ ਵਾਪਾਰ ਨਾਲ ਅਸੀਂ ਤਾਂ ਹੀ ਜੁੜ ਸਕਾਂਗੇ ਭਾਵ ਗੁਰੂ ਦੀ ਵਸਤੂ ਤਾਂ ਹੀ ਖਰੀਦ ਸਕਾਂਗੇ ਜੇਕਰ ਪਹਿਲੇ ਉਨ੍ਹਾਂ ਕੋਲੋਂ ਵਸਤੂ ਲੈਣੀ ਬੰਦ ਕਰਾਂਗੇ ਜੋ ਮਾਇਆ ਦਾ ਵਾਪਾਰ ਕਰਦੇ ਹਨ ਜਿਵੇਂ ਕਿ ਅਸੀਂ ਪਿਛਲੇ ਸ਼ਬਦ ਰਾਹੀਂ ਬਾਰੀਕੀ ਨਾਲ ਸਮਝਿਆ

ਹੀ ਹੈ। ਗੁਰੂ ਕੋਲੋਂ ਨਾਮ ਰੂਪ ਵਸਤੂ ਲੈਣ ਲਈ ਕੇਵਲ ਤੇ ਕੇਵਲ ਆਪਣੀ ਮਤਿ ਛੱਡਣ ਦੀ ਲੋੜ ਹੈ ਭਾਵ ਆਪਣੀ ਨਾਸਮਝ ਮਤਿ ਤਿਆਗਣ ਦੀ ਲੋੜ ਹੁੰਦੀ ਹੈ ਜਿਸ ਨਾਸਮਝ ਮਤਿ ਕਰਕੇ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹਾਂ ਤੇ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ ਭਾਵ ਗੁਰੂ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਚੱਲਣ ਤੋਂ ਦੂਰ ਰਹਿੰਦੇ ਹਾਂ। ਮਾਇਆ ਮੋਹ ਕਰਕੇ ਹੀ ਭਾਵ ਦੁਨਿਆਵੀ ਸੁੱਖਾਂ ਦੀ ਪੂਰਤੀ ਕਰਨ ਲਈ ਹੀ ਅਸੀਂ ਗੁਰੂ ਦੀ ਮਤਿ ਨੂੰ ਮੰਨਣ ਤੋਂ ਦੂਰ ਰਹਿੰਦੇ ਹਾਂ ਕਿਉਂਕਿ ਮਾਇਆ ਦੇ ਸੁੱਖ ਸਭ ਨੂੰ ਭਾਉਂਦੇ ਹਨ ਤੇ ਇਸੇ ਲਈ ਗੁਰੂ ਨਾਲ ਵਾਪਾਰ ਕਰਨਾ ਔਖਾ ਹੈ, ਨਾਮ ਦਾ ਵਾਪਾਰ ਔਖਾ ਹੈ ਭਾਵ ਆਪਣੀ ਮਤਿ ਤਿਆਗਣੀ ਬਹੁਤ ਔਖੀ ਹੈ ਭਾਵ ਸੱਚਾ ਨਾਮ ਜਪਣਾ ਸਭ ਲਈ ਬਹੁਤ ਔਖਾ ਹੈ।

ਗਉੜੀ ਮਹਲਾ ਪ ॥

{ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ ॥
ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥੧॥ ਰਹਾਉ ॥
ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥
ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥
ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥੨॥
ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥
ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥੩॥

ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥
ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥}

(ਅੰਗ - ੨੦੯)

ਨਾਮ ਦਾ ਵਾਪਾਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਨਾਮ ਦਾ ਵਾਪਾਰ ਕੀ ਹੈ ਤੇ ਨਾਮ ਦਾ ਵਾਪਾਰੀ ਕਿਹੋ ਜਿਹਾ ਹੁੰਦਾ ਹੈ।

{ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥
ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥}

(ਅੰਗ - ੨੯)

{ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥
ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥੧॥ ਰਹਾਉ ॥
ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥
ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥
ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥
ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥੩॥
ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥}

(ਅੰਗ - ੧੧੨੩)

{ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ ॥
ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥
ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸ ਹੀ ਕਾ ਸੋ ਹੋਵੈ ॥
ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥
ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥
ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥
ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥
ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥
ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ ॥
ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ ॥
ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥

ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥੨॥}

(ਅੰਗ - ੨੪੩)

ਜੈਤਸਰੀ ਮਹਲਾ ੫ ॥

{ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥
ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥
ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥
ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥}

(ਅੰਗ - ੭੦੧)

ਮਾਰੂ ਮਹਲਾ ੩ ॥

{ਹਰਿ ਜੀਉ ਦਾਤਾ ਅਗਮ ਅਥਾਹਾ ॥ ਓਸੁ ਤਿਲੁ ਨ ਤਮਾਇ ਵੇਪਰਵਾਹਾ ॥
ਤਿਸ ਨੋ ਅਪੜਿ ਨ ਸਕੈ ਕੋਈ ਆਪੇ ਮੇਲਿ ਮਿਲਾਇਦਾ ॥੧॥
ਜੋ ਕਿਛੁ ਕਰੈ ਸੁ ਨਿਹਚਉ ਹੋਈ ॥ ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥
ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ ॥੨॥
ਚਉਦਹ ਭਵਣ ਤੇਰੇ ਹਟਨਾਲੇ ॥ ਸਤਿਗੁਰਿ ਦਿਖਾਏ ਅੰਤਰਿ ਨਾਲੇ ॥
ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥੩॥
ਸਤਿਗੁਰਿ ਸੇਵਿਐ ਸਹਜ ਅਨੰਦਾ ॥ ਹਿਰਦੈ ਆਇ ਵੁਠਾ ਗੋਵਿੰਦਾ ॥
ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥੪॥}

(ਅੰਗ - ੧੦੬੨-੧੦੬੩)

52/7198

{ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥
ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥
ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥}

(ਅੰਗ - ੨੩੫)

{ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ ॥
ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ ॥੬॥}

(ਅੰਗ - ੫੯)

ੴ ਸਤਿਗੁਰ ਪ੍ਰਸਾਦਿ ॥
ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥
{ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥
ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥
ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥
ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥ ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥
ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥}

(ਅੰਗ - ੪੧੮)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਨਾਮ ਦਾ ਵਾਪਾਰੀ ਭਾਵ ਸੱਚੇ ਗਿਆਨ ਦਾ ਵਾਪਾਰੀ, ਬ੍ਰਹਮ ਗਿਆਨ ਦਾ ਵਾਪਾਰੀ ਭਾਵ ਗੁਰਮਤਿ ਦੀ ਸੱਚੀ ਸਮਝ ਪਾਉਣ ਵਾਲਾ ਵਾਪਾਰੀ ਕੇਵਲ ਤੇ ਕੇਵਲ ਧੰਨ ਧੰਨ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਜਿਸ ਜਿਸ ਸਰੀਰ ਰਾਹੀਂ ਵੀ ਉਸਨੇ ਆਪਣੇ ਆਪ ਨੂੰ ਗੁਰੂ ਰੂਪ ਵਿੱਚ ਪ੍ਰਗਟ ਕੀਤਾ ਹੈ ਉਸ ਹਰ ਸਰੀਰ ਰਾਹੀਂ ਉਸਨੇ ਆਪਣੇ ਨਾਮ ਦਾ ਵਾਪਾਰ ਕਰਨਾ ਹੀ ਸਮਝਾਇਆ ਹੈ ਭਾਵ ਉਨ੍ਹਾਂ ਨੂੰ ਨਾਮ ਦਾ ਵਾਪਾਰੀ ਬਣਾਇਆ ਹੈ ਤੇ ਉਨ੍ਹਾਂ ਸਰੀਰਾਂ ਦੀ ਨਾਮ ਵਾਲੀ ਸਮਝ ਰਾਹੀਂ ਹੀ ਪੂਰੀ ਗੁਰਬਾਣੀ ਦੁਆਰਾ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਦਾ ਵਾਪਾਰ ਕਰਨ ਲਈ ਸਮਝਾਇਆ ਹੈ ਜੋ ਨਾਮ ਦਾ ਵਾਪਾਰ ਕੋਈ ਤਾਂ ਹੀ ਕਰ ਸਕਦਾ ਹੈ ਜਦੋਂ ਉਸ ਦੇ ਅੰਦਰੋਂ ਸਾਡੇ ਕੋਲੋਂ ਮਾਇਆ ਦਾ ਵਾਪਾਰ ਕਰਨ ਵਾਲੀ ਸਮਝ ਨਿਕਲ ਜਾਵੇ। ਜਿਸਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਕੇਵਲ ਉਹੀ ਮਨ ਦੀ ਭਰਮਾਂ ਵਾਲੀ ਸਮਝ ਤੋਂ ਭਾਵ ਮਾਇਆ ਦੀ ਜੁਗਤਿ ਤੋਂ ਮੁਕਤਿ ਹੋ ਸਕਦਾ ਹੈ ਤੇ ਮਨ ਦੀ ਸੱਚੀ ਸਮਝ ਦੁਆਰਾ ਭਾਵ ਨਾਮ ਵਾਲੀ ਸਮਝ ਦੁਆਰਾ ਭਾਵ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸਮਝ ਦੁਆਰਾ ਉਹੀ ਨਾਮ ਦਾ ਵਾਪਾਰ ਕਰ ਸਕਦਾ ਹੈ ਜੋ ਵਾਪਾਰ ਉਸ ਮਨੁੱਖੀ ਸਰੀਰ ਰਾਹੀਂ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇਣ ਦੁਆਰਾ ਉਹ ਸ੍ਰਿਸ਼ਟੀ ਦਾ ਕਰਤਾ, ਗਾਡ, ਭਗਵਾਨ, ਅੱਲ੍ਹਾ, ਅਕਾਲਪੁਰਖ ਭਾਵ ਹਰ ਮਨੁੱਖੀ ਸਮਝ ਦਾ ਮਾਲਕ ਆਪ ਹੀ ਕਰਵਾਉਂਦਾ ਹੈ ਭਾਵੇਂ ਕੋਈ ਉਸ ਨੂੰ ਕਿਹੋ ਜਿਹੇ ਨਾਮ ਨਾਲ ਵੀ ਪੁਕਾਰਦਾ ਹੈ ਜਾਂ ਆਪਣੀ ਸਮਝ ਦੁਆਰਾ ਉਸਨੂੰ ਸਮਝਦਾ ਹੈ ਜਾਂ ਸਮਝਣਾ ਚਾਹੁੰਦਾ ਹੈ। ਮਨ ਦੇ ਵਿੱਚ ਆਪਣੀ ਭਗਤੀ ਦੀ ਸੱਚੀ ਸਮਝ ਦੇਣ ਦੁਆਰਾ ਭਾਵ ਆਪਣੇ ਨਾਮ ਦਾ ਵਾਪਾਰ ਕਰਨਾ ਸਮਝਾਉਣ ਦੁਆਰਾ ਉਸ ਨੇ ਨਾਮ ਦਾ ਵਾਪਾਰ ਕਰਨਾ ਸਮਝਾਇਆ ਹੈ ਭਾਵ ਉਸਨੇ ਆਪਣੇ ਭਗਤਾਂ ਰਾਹੀਂ, ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਨ੍ਹਾਂ ਕੋਲੋਂ ਉਨ੍ਹਾਂ ਦੇ ਜੀਵਨ ਵਿੱਚ ਨਾਮ ਦਾ ਵਾਪਾਰ ਕਰਵਾਇਆ ਹੈ ਭਾਵ ਉਨ੍ਹਾਂ

ਨੂੰ ਮਾਇਆ ਦੀ ਜੁਗਤਿ ਵਿੱਚੋਂ ਕੱਢਕੇ, ਭਰਮਾਂ ਵਾਲੀ ਸਮਝ ਵਿੱਚੋਂ ਪੂਰੀ ਤਰ੍ਹਾਂ ਕੱਢਕੇ ਪੂਰਨ ਸੱਚ ਦੇ ਮਾਰਗ ਤੇ ਚਲਾਇਆ ਹੈ ਤੇ ਪੂਰੀ ਗੁਰਬਾਣੀ ਵਿੱਚ ਉਨ੍ਹਾਂ ਸਰੀਰਾਂ ਰਾਹੀਂ ਭਾਵ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਦਾ ਵਾਪਾਰ ਕਰਨਾ ਸਿਖਾਇਆ ਹੈ ਜੋ ਸੱਚਾ ਵਾਪਾਰ ਹਰ ਔਗੁਣ ਤੋਂ ਮੁਕਤ ਹੋ ਕੇ ਸੰਸਾਰ ਵਿੱਚ ਗੁਣੀ

52/7199

ਬਣਕੇ ਵਿਚਰਨ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

ਗੁਰੂ ਦਾ ਨਾਮ ਜਪਣਾ ਜਾਂ ਨਾਮ ਦਾ ਵਾਪਾਰ ਕਰਨਾ ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੀ ਵਿਆਖਿਆ ਦੁਆਰਾ ਪੂਰੇ ਲੇਖ ਵਿੱਚ ਸਮਝਦੇ ਹੀ ਆ ਰਹੇ ਹਾਂ। ਨਾਮ ਦਾ ਵਾਪਾਰ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਸਾਡੀ ਕਥਨੀ ਦਾ ਜਿਵੇਂ ਕਿ ਹਰ ਕੋਈ ਕਿਸੇ ਅੱਖਰ ਦੀ ਕਥਨੀ ਵਿੱਚ ਨਾਮ ਜਪਣਾ ਸਮਝਦਾ ਹੈ, ਨਾਮ ਦਾ ਵਾਪਾਰ ਕਰਨਾ ਸਮਝਦਾ ਹੈ। ਜੋ ਦੂਸਰਿਆਂ ਨੂੰ ਇਹੋ ਜਿਹੇ ਕਥਨੀ ਦੇ ਮਾਰਗ ਤੇ ਚੱਲਣ ਲਈ ਪ੍ਰੇਰਦੇ ਹਨ ਉਹ ਆਪਣੇ ਵੱਲੋਂ ਇਸਨੂੰ ਨਾਮ ਦਾ ਵਾਪਾਰ ਕਰਨਾ ਹੀ ਸਮਝਦੇ ਹਨ ਭਾਵ ਆਪਣੀ ਭਰਮਾਂ ਵਾਲੀ ਸਮਝ ਦੇ ਨਾਲ ਹੋਰਾਂ ਨੂੰ ਵੀ ਜੋੜਣਾ ਉਹ ਨਾਮ ਦਾ ਵਾਪਾਰ ਹੀ ਸਮਝਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਧਰਮ ਦੇ ਵਿਦਵਾਨ ਅਖਵਾਉਣ ਵਾਲੇ ਇਸ ਵਿੱਚ ਵੱਧ ਚੜਕੇ ਹਿੱਸਾ ਲੈਂਦੇ ਹਨ ਕਿ ਉਹ ਵੱਧ ਤੋਂ ਵੱਧ ਮਨੁੱਖਾਂ ਨੂੰ ਨਾਮ ਦੇ ਨਾਲ ਜੋੜਣ ਭਾਵ ਕਿਸੇ ਅੱਖਰ ਦੇ ਜਪ ਦੇ ਨਾਲ ਜੋੜਣ ਭਾਵ ਵੱਧ ਤੋਂ ਵੱਧ ਨਾਮ ਦਾ ਵਾਪਾਰ ਕਰਨ ਜਿਹੋ ਜਿਹਾ ਨਾਮਸਝ ਪ੍ਰਚਾਰ ਕਰਨ ਨਾਲ ਉਨ੍ਹਾਂ ਨੂੰ ਸਮਾਜ ਵਿੱਚੋਂ ਵਡਿਆਈਆਂ ਮਿਲਦੀਆਂ ਹਨ ਜਿਹੋ ਜਿਹੀਆਂ ਵਡਿਆਈਆਂ ਨੂੰ ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਝੂਠੀਆਂ ਵਡਿਆਈਆਂ ਕਿਹਾ ਹੋਇਆ ਹੈ ਜਿਵੇਂ ਕਿ ਲੇਖ ਵਿੱਚ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਝੂਠੀਆਂ ਵਡਿਆਈਆਂ ਇਹੋ ਜਿਹੇ ਮਨੁੱਖ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਹੀ ਲੈਂਦੇ ਹਨ ਭਾਵ ਮਨ ਦੀ ਮਾਇਆ ਵਾਲੀ ਜੁਗਤਿ ਕਰਕੇ ਹੀ ਲੈਂਦੇ ਹਨ ਭਾਵ ਮਨ ਦੀ ਅਗਿਆਨਤਾ ਕਰਕੇ ਲੈਂਦੇ ਹਨ। ਇਹ ਝੂਠੀਆਂ ਵਡਿਆਈਆਂ ਦੀ ਗੱਲ ਧੰਨ ਧੰਨ ਭਗਤ ਕਬੀਰ ਜੀ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਸ੍ਰਿਸ਼ਟੀ ਦੇ ਕਰਤੇ ਨੇ ਕਿਸ ਅਨੋਖੇ ਢੰਗ ਨਾਲ ਸਮਝਾਈ ਹੋਈ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥

“ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥
ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥
ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥
ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥
ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥”

(ਅੰਗ - ੩੨੬)

ਜੋ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਕੇਵਲ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਤੇ ਸਾਰੇ ਸੰਸਾਰ ਲਈ ਅਸਲ ਭਗਤੀ ਦਾ ਮਾਰਗ ਕੀ ਹੈ ਜੋ ਮਾਰਗ ਸਭ ਲਈ ਇੱਕੋ ਜਿਹਾ ਹੀ ਹੈ ਜੋ ਭਗਤੀ ਦਾ ਮਾਰਗ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਉਹ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਇਹ ਮਾਰਗ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਮਝਾਇਆ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਬਾਰੀਕੀ ਨਾਲ ਸਮਝਿਆ ਹੈ। ਜੋ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਨੂੰ ਫਿਰ ਇਸ ਗੱਲ ਤੇ ਬਹੁਤ ਅਸਚਰਜਤਾ ਹੁੰਦੀ ਹੈ ਭਾਵ ਹੈਰਾਨਗੀ ਹੁੰਦੀ ਹੈ ਕਿ ਹਰ ਮਨੁੱਖ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਹੀ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਸ਼੍ਰਿਸ਼ਟੀ ਦੇ ਕਰਤੇ ਨੇ ਆਪ ਹੀ ਰੱਖਿਆ ਹੋਇਆ ਹੈ ਤੇ ਆਪਣੀ ਭਰਮਾਂ ਵਾਲੀ ਭਗਤੀ ਨੂੰ ਹੀ ਉਹ ਆਪਣੀ ਸੱਚੀ ਭਗਤੀ ਸਮਝਦੇ ਹਨ ਤੇ ਇਹ ਵਿਸ਼ਵਾਸ ਰੱਖਦੇ ਹਨ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਇਹੀ ਤਰੀਕਾ ਹੈ। ਜਿਵੇਂ ਕਿ ਹਰ ਕੋਈ ਪੂਰੀ ਸ੍ਰਿਸ਼ਟੀ ਵਿੱਚ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਤਰੀਕਿਆਂ ਨੂੰ ਭਗਤੀ ਦਾ ਸੱਚਾ ਮਾਰਗ ਸਮਝਦੇ ਹਨ ਜਿੰਨ੍ਹਾਂ

ਸਾਰਿਆਂ ਤਰੀਕਿਆਂ ਦਾ ਸ਼ਬਦਾਂ ਰਾਹੀਂ ਬਾਰ ਬਾਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਦੇ ਹੀ ਆ ਰਹੇ ਹਾਂ। ਸਿੱਖ ਜਗਤ ਜੋ ਗੁਰਬਾਣੀ ਨਾਲ ਜੁੜਿਆ ਹੋਇਆ ਹੈ ਉਨ੍ਹਾਂ ਦੇ ਵੀ ਅਨੇਕਾਂ ਹੀ ਉਨ੍ਹਾਂ ਦੇ ਤਰੀਕਿਆਂ ਨੂੰ ਖੰਡਿਆ ਹੋਇਆ ਹੈ ਜਿੰਨ੍ਹਾਂ ਤਰੀਕਿਆਂ ਨੂੰ ਉਹ ਸੱਚੀ ਭਗਤੀ ਦਾ ਮਾਰਗ ਹੀ ਸਮਝਦੇ ਹਨ ਭਾਵ ਗੁਰੂ ਗੁਰਬਾਣੀ ਦੇ ਸਮਝਾਉਣ ਦੁਆਰਾ ਵੀ ਉਨ੍ਹਾਂ ਤੇ ਅਸਰ ਨਹੀਂ ਹੁੰਦਾ ਜਿਸ ਦਾ ਕਾਰਣ ਮਨ ਦੀ ਮਾਇਆ ਹੈ, ਮਾਇਆ ਦਾ ਛੱਲ ਹੈ ਜੋ ਸਾਰੇ ਸੰਸਾਰੀਆਂ

ਦੀ ਸਮਝ ਨੂੰ ਹੀ ਛੱਲਦੀ ਹੈ ਤੇ ਉਸਦੇ ਛੱਲ ਤੋਂ ਬਾਹਰ ਕੋਈ ਵੀ ਨਹੀਂ ਹੈ। ਮਾਇਆ ਦੇ ਛੱਲ ਦਾ ਮਕਸਦ ਹੀ ਇਹ ਹੈ ਕਿ ਕੋਈ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਹੀ ਨਾ ਸਕੇ ਭਾਵ ਸ੍ਰਿਸ਼ਟੀ ਦੇ ਕਰਤੇ ਨਾਲ ਸਭ ਦਾ ਮਨ ਦੇ ਵਿੱਚ ਪੜਦਾ ਬਣਿਆ ਰਹੇ ਤੇ ਇਸੇ ਕਰਕੇ ਮਨ ਦੀ ਮਾਇਆ ਸਭ ਨੂੰ ਉਹੋ ਜਿਹੇ ਤਰੀਕਿਆਂ ਨਾਲ ਜੋੜਦੀ ਹੈ ਜਿੰਨ੍ਹਾਂ ਤਰੀਕਿਆਂ ਤੇ ਚੱਲਕੇ ਆਪਣੇ ਅਦਰੋਂ ਕਦੇ ਪ੍ਰਮਾਤਮਾ ਨੂੰ ਜਾਣਿਆ ਹੀ ਨਹੀਂ ਜਾ ਸਕਦਾ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਵਿੱਚ "**ਰਹਾਉ**" ਵਾਲੀ ਪੰਗਤੀ ਦੁਆਰਾ ਸਮਝਾਈ ਹੋਈ ਹੈ ਕਿ ਜੇਕਰ ਅਸੀਂ ਮੱਖਣ ਦੀ ਪ੍ਰਾਪਤੀ ਕਰਨੀ ਚਾਹੀਏ ਤੇ ਫਿਰ ਉਹ ਪ੍ਰਾਪਤੀ ਤਾਂ ਹੀ ਹੋਵੇਗੀ ਜੇਕਰ ਅਸੀਂ ਦੁੱਧ ਨੂੰ ਰਿੜਕਾਂਗੇ ਤੇ ਜੇਕਰ ਅਸੀਂ ਮਨ ਦੇ ਭੁਲੇਖੇ ਨਾਲ ਭਾਵ ਮਨ ਦੀ ਨਾਸਮਝੀ ਕਰਕੇ ਪਾਣੀ ਨੂੰ ਹੀ ਦੁੱਧ ਸਮਝਕੇ ਰਿੜਕੀ ਜਾਈਏ ਤੇ ਫਿਰ ਕੀ ਕਦੇ ਪਾਣੀ ਨੂੰ ਰਿੜਕ ਕੇ ਮੱਖਣ ਦੀ ਪ੍ਰਾਪਤੀ ਕਰ ਸਕਦੇ ਹਾਂ ਭਾਵ ਕਦੇ ਵੀ ਨਹੀਂ ਕਰ ਸਕਦੇ। ਸਾਡੀ ਭਗਤੀ ਦਾ ਮਕਸਦ ਤਾਂ ਪ੍ਰਮਾਤਮਾ ਨੂੰ ਜਾਨਣ ਦਾ ਹੈ ਜੋ ਭਗਤੀ ਦਾ ਮਾਰਗ ਕੇਵਲ ਗੁਰਮਤਿ ਅਨੁਸਾਰ ਚੱਲਣ ਦਾ ਹੈ ਭਾਵ ਜੋ ਤੱਤ ਦੀ ਪ੍ਰਾਪਤੀ ਹਰ ਕੋਈ ਕਰਨਾ ਚਾਹੁੰਦਾ ਹੈ ਉਹ ਗੁਰਮਤਿ ਵਾਲੇ ਵਿਚਾਰਾਂ ਨੂੰ ਰਿੜਕਣ ਦੁਆਰਾ ਹੀ ਹੋ ਸਕਦੀ ਹੈ, ਜਿੰਨ੍ਹਾਂ ਗੁਰੂ ਦੇ ਸੱਚੇ ਵਿਚਾਰਾਂ ਨੂੰ ਅਸੀਂ ਮਨ ਦੀ ਸਮਝ ਦੇ ਵਿੱਚ ਹੀ ਰਿੜਕਣਾ ਹੈ ਤੇ ਉਨ੍ਹਾਂ ਨੂੰ ਰਿੜਕਣ ਦੁਆਰਾ ਜੋ ਤੱਤ ਨਿਕਲਦਾ ਹੈ ਉਹ ਤੱਤ ਸੱਚੇ ਗਿਆਨ ਦੇ ਰੂਪ ਵਿੱਚ ਹੁੰਦਾ ਹੈ ਤੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਪੂਰੀ ਸ੍ਰਿਸ਼ਟੀ ਦਾ ਕਰਤਾ ਆਪ ਹੈ ਤੇ ਗੁਰਮਤਿ ਵਾਲੇ ਵਿਚਾਰਾਂ ਨੂੰ ਨਾ ਅਪਨਾ ਕੇ ਜਿਹੋ ਜਿਹੀ ਭਗਤੀ ਦੇ ਮਾਰਗ ਤੇ ਹਰ ਕੋਈ ਲੱਗਾ ਹੋਇਆ ਹੈ ਉਹ ਆਪਣੇ ਮਨਮਤਿ ਵਾਲੇ ਵਿਚਾਰਾਂ ਨੂੰ ਹੀ ਆਪਣੇ ਅੰਦਰ ਰਿੜਕਦਾ ਰਹਿੰਦਾ ਹੈ ਭਾਵ ਜੁੜਿਆ ਰਹਿੰਦਾ ਹੈ ਜੋ ਕਿ ਪਾਣੀ ਰਿੜਕਣ ਦੇ ਬਰਾਬਰ ਹੈ ਜਿੰਨ੍ਹਾਂ ਨੂੰ ਰਿੜਕ ਕੇ ਸਾਨੂੰ ਉਸ ਤੱਤ ਦੀ ਪ੍ਰਾਪਤੀ ਨਹੀਂ ਹੋ ਸਕਦੀ ਜੋ ਪ੍ਰਾਪਤੀ ਅਸੀਂ ਕਰਨੀ ਚਾਹੁੰਦੇ ਹਾਂ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣਾ ਚਾਹੁੰਦੇ ਹਾਂ। ਉਸ ਤੱਤ ਦੀ ਪ੍ਰਾਪਤੀ ਕਰਨ ਲਈ ਸਾਨੂੰ ਆਪਣੀ ਸਮਝ ਦੇ ਅੰਦਰ ਦੁੱਧ ਹੀ ਰਿੜਕਣਾ ਪਵੇਗਾ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਪੂਰੀ ਬਾਰੀਕੀ ਨਾਲ ਸਮਝਕੇ ਉਨ੍ਹਾਂ ਤੇ ਅਮਲ ਕਰਨਾ ਪਵੇਗਾ। ਗੁਰੂ ਦੇ ਵਿਚਾਰਾਂ ਨੇ ਸਾਨੂੰ ਭਰਮਾਂ ਵਿੱਚੋਂ ਕੱਢਣਾ ਹੈ ਤੇ ਆਪਣੀ ਮਤਿ ਦੇ ਵਿਚਾਰਾਂ ਨੂੰ ਰਿੜਕਣ ਦੇ ਨਾਲ ਅਸੀਂ ਹੋਰ ਭਰਮਾਂ ਵਿੱਚ ਪੈਂਦੇ ਹਾਂ ਭਾਵ ਅਕਾਲ ਪੁਰਖ ਨਾਲ ਆਪਣੀ ਦੂਰੀ ਹੋਰ ਵਧਾਉਂਦੇ ਹਾਂ। ਇਹ ਹਕੀਕਤ ਵਿੱਚ ਹੀ ਬਹੁਤ ਵੱਡਾ ਅਸਚਰਜ ਹੈ ਇਸ ਗੱਲ ਦੀ ਸਮਝ ਮਨ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ ਤੇ ਤਾਂ ਹੀ ਇਹ ਸਮਝ

ਪੈਂਦੀ ਹੈ ਕਿ ਹਰ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚ ਉਸਨੇ ਆਪ ਹੀ ਰੱਖਿਆ ਹੋਇਆ ਹੈ ਜਿਸ ਤਰੀਕੇ ਉਹ ਸਭ ਨਾਲੋਂ ਆਪਣਾ ਪੜਦਾ ਰੱਖਕੇ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। (**ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥1॥ ਰਹਾਉ ॥**)

ਪਾਣੀ ਰਿੜਕਣ ਦੇ ਨਾਲ ਅਸਲ ਤੱਤ ਦੀ ਪ੍ਰਾਪਤੀ ਤਾਂ ਨਹੀਂ ਹੁੰਦੀ ਪਰ ਫਿਰ ਵੀ ਸਭ ਨੂੰ ਪਾਣੀ ਰਿੜਕਣਾ ਇਸ ਲਈ ਚੰਗਾ ਲਗਦਾ ਹੈ ਭਾਵ ਗੁਰੂ ਦੀ ਮਤਿ ਨੂੰ ਨਾ ਮੰਨਕੇ ਆਪਣੀ ਮਤਿ ਤੇ ਹੀ ਚੱਲਣਾ ਕਿਸ ਲਈ ਚੰਗਾ ਲਗਦਾ ਹੈ ਭਾਵ ਉਸ ਨਾਲ ਕਿਹੋ ਜਿਹੀ ਪ੍ਰਾਪਤੀ ਹੁੰਦੀ ਹੈ ਜੋ ਪ੍ਰਾਪਤੀ ਮਨੁੱਖ ਨੂੰ ਚੰਗੀ ਲਗਦੀ ਹੈ, ਜਿਸ ਪ੍ਰਾਪਤੀ ਨਾਲ ਮਨੁੱਖ ਨੂੰ ਪਾਣੀ ਰਿੜਕਣ ਲਈ ਹੋਰ ਉਤਸ਼ਾਹ ਮਿਲਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਜੋ ਸਮਝ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪ ਹੀ ਪਾ ਰਿਹਾ ਹੈ ਜਿਸਨੇ ਆਪ ਹੀ ਸਾਰੀ ਬਾਣੀ ਦੀ ਰਚਨਾ ਕਰਵਾਈ ਹੋਈ ਹੈ, ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਕਰਵਾਈ ਹੋਈ ਹੈ ਤੇ ਆਪਣੀ ਸੱਚੀ ਬਾਣੀ ਦੇ ਸੱਚੇ ਅਰਥ ਉਹ ਸੱਚ ਰੂਪ ਅਕਾਲਪੁਰਖ ਆਪ ਹੀ ਜਾਣਦਾ ਹੈ।

"ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥"

ਮਨੁੱਖ ਉਹੋ ਜਿਹਾ ਕੰਮ ਕਰਨਾ ਪਸੰਦ ਕਰਦਾ ਹੈ ਜੋ ਕੰਮ ਕਰਨ ਵਿੱਚ ਉਸਨੂੰ ਜਿਆਦਾ ਔਖਾ ਵੀ ਨਾ ਹੋਣਾ ਪਵੇ ਤੇ ਉਸਨੂੰ ਪ੍ਰਾਪਤੀ ਚੰਗੀ ਹੋਵੇ। ਉਪਰ ਵਾਲੇ ਪਦੇ ਰਾਹੀਂ ਜਿਹੋ ਜਿਹੀ ਭਗਤੀ ਕਰਨ ਵਿੱਚ ਹਰ ਕੋਈ ਪ੍ਰਸੰਨਤਾ ਮਹਿਸੂਸ ਕਰਦਾ ਹੈ ਉਸ ਪ੍ਰਸੰਨਤਾ ਦੀ ਤੁਲਨਾ ਇੱਕ ਗੱਧੇ ਦੀ ਪ੍ਰਸੰਨਤਾ ਨਾਲ ਕਰਕੇ ਸਮਝਾਈ ਹੋਈ ਹੈ। ਗੱਧਾ ਘਾਹ ਖਾਂਦਾ ਹੈ ਤੇ ਜਿਹੋ ਜਿਹਾ ਵੀ ਘਾਹ ਉਸਨੂੰ ਮਿਲੇ ਉਸਨੂੰ ਖਾਣਾ ਪੈਂਦਾ ਹੈ ਤੇ ਹਰ ਗੱਧਾ ਉਹੋ ਜਿਹਾ ਘਾਹ ਖਾਣਾ ਚਾਹੁੰਦਾ ਹੈ ਜੋ ਘਾਹ ਖਾਣ ਵਿੱਚ ਉਸਨੂੰ ਆਨੰਦ ਆਵੇ ਭਾਵ ਖੁਸ਼ੀ ਮਿਲੇ। ਗੱਧੇ ਨੂੰ ਹਰੀ ਅੰਗੂਰੀ ਭਾਵ ਹਰੀ ਹਰੀ ਤਾਜੀ ਘਾਹ ਖਾਣੀ ਚੰਗੀ ਲਗਦੀ ਹੈ ਜੋ ਹਰੀ ਘਾਹ ਘੱਟ ਹੀ ਮਿਲਦੀ ਹੈ ਤੇ ਜਦੋਂ ਕਿਸੇ ਗੱਧੇ ਨੂੰ ਹਰ ਰੋਜ ਭਾਵ ਨਿਤ ਉਠਕੇ ਇਹੋ ਜਿਹੀ ਸਵਾਦ ਘਾਹ ਖਾਣ ਨੂੰ ਮਿਲ ਜਾਵੇ ਫਿਰ ਉਸਦੀ

ਖੁਸ਼ੀ ਦਾ ਟਿਕਾਣਾ ਨਹੀਂ ਰਹਿੰਦਾ ਭਾਵ ਉਹ ਖੁਸ਼ੀ ਨਾਲ ਜੋਰ ਜੋਰ ਦੀ ਹੀਂਗਦੇ ਹਨ ਜੋ ਹੀਂਗਣਾ ਉਨ੍ਹਾਂ ਲਈ ਮਾੜਾ ਦੱਸਿਆ ਹੋਇਆ ਹੈ ਜਿਸ ਹਿੰਗਣ ਦੁਆਰਾ ਉਹ ਆਪਣੇ ਜੀਵਨ ਨੂੰ ਮਾਰਦੇ ਹਨ ਭਾਵ ਮਾੜਾ ਬਣਾਉਂਦੇ ਹਨ। ਇਸੇ ਤਰ੍ਹਾਂ ਇਨ੍ਹਾਂ ਨੂੰ ਅਕਾਲਪੁਰਖ ਦੀ ਸੱਚੀ ਭਗਤੀ ਦੀ ਸਮਝ ਨਹੀਂ ਹੁੰਦੀ ਭਾਵ ਜੋ ਦੁੱਧ ਦੇ ਭੁਲੇਖੇ ਨੀਰ ਨੂੰ ਰਿੜਕਦੇ ਹਨ ਉਨ੍ਹਾਂ ਨੂੰ ਸਮਾਜ ਵਿੱਚੋਂ ਜੋ ਮਾਣ ਮਿਲਦਾ ਹੈ, ਇੱਜਤ ਮਿਲਦੀ ਹੈ ਉਹ ਉਨ੍ਹਾਂ ਦੇ ਲਈ ਇਹੋ ਜਿਹੀ ਸਵਾਦ ਵਾਲੀ ਹੁੰਦੀ ਹੈ ਜਿਵੇਂ ਕਿ ਖੋਤੇ ਨੂੰ ਹਰੀ ਅੰਗੂਰੀ ਸਵਾਦ ਲਗਦੀ ਹੈ। ਇਹੋ ਜਿਹੀ ਨਾ ਸਮਝ ਭਗਤੀ ਕਰਨ ਵਾਲੇ ਰੋਜ ਉਠਕੇ

52/7202

ਜੋ ਆਪਣੇ ਵੱਲੋਂ ਨਾਮ ਜਪਦੇ ਹਨ ਉਹ ਆਪਣੀ ਆਪਣੀ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਨਾਮ ਮੰਨਕੇ ਉਸ ਅੱਖਰ ਨੂੰ ਬੋਲ ਬੋਲ ਕੇ ਨਾਮ ਜਪਣਾ ਸਮਝਦੇ ਹਨ ਜਿਹੋ ਜਿਹੇ ਜਪ ਦੀ ਉਨ੍ਹਾਂ ਨੂੰ ਸਮਾਜ ਵਿੱਚੋਂ ਇੱਜਤ ਮਿਲਦੀ ਹੈ। ਜਿਤਨਾ ਕੋਈ ਉੱਚੀ ਉੱਚੀ ਬੋਲਕੇ ਨਾਮ ਜਪਦਾ ਹੈ ਉਸਨੂੰ ਉਤਨਾ ਹੀ ਜਿਆਦਾ ਭਗਤੀ ਵਾਲਾ ਸਮਝਦੇ ਹਨ, ਸਮਾਜ ਵਿੱਚੋਂ ਜਿਆਦਾ ਮਾਨ ਮਿਲਦਾ ਹੈ। ਜਿਵੇਂ ਇੱਕ ਗੱਧਾ ਉੱਚੀ ਉੱਚੀ ਹੀਂਗਕੇ ਆਪਣੀ ਖੁਸ਼ੀ ਜਾਹਿਰ ਕਰਦਾ ਹੈ ਇਸੇ ਤਰ੍ਹਾਂ ਕਿਸੇ ਅੱਖਰ ਦਾ ਜਪ ਕਰਨ ਵਾਲੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਅੱਖਰ ਨੂੰ ਉੱਚੀ ਉੱਚੀ ਬੋਲਕੇ ਕਰਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਹੋ ਜਿਹੇ ਸਰੀਰਕ ਜਪ ਤਪ ਦਾ ਬਾਣੀ ਰਾਹੀਂ ਬਾਰ ਬਾਰ ਖੰਡਨ ਕੀਤਾ ਹੋਇਆ ਹੈ ਤੇ ਮਨੁੱਖ ਦੇ ਇਹੋ ਜਿਹੇ ਝੂਠੇ ਮਾਣ ਨੂੰ ਵੀ ਮਾੜਾ ਦੱਸਿਆ ਹੋਇਆ ਹੈ ਜੋ ਝੂਠਾ ਮਾਣ ਮਨੁੱਖ ਦੇ ਅੰਦਰ ਗੁਰਮਤਿ ਵਾਲੀ ਸੱਚੀ ਸਮਝ ਨੂੰ ਮਾਰਦਾ ਹੈ ਭਾਵ ਭਗਤੀ ਦੀ ਅਸਲੀਅਤ ਨੂੰ ਮਾਰਦਾ ਹੈ ਭਾਵ ਪ੍ਰਮਾਤਮਾ ਨਾਲ ਮੇਲ ਕਰਨ ਵਾਲੀ ਸਮਝ ਨੂੰ ਮਾਰਦਾ ਹੈ ਭਾਵ ਆਤਮਿਕ ਮੌਤ ਮਾਰਦਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਲੇਖ ਦੇ ਸ਼ੁਰੂ ਤੋਂ ਲੈ ਕੇ ਸਮਝਦੇ ਹੀ ਆ ਰਹੇ ਹਾਂ। ਅਕਾਲਪੁਰਖ ਦੀ ਝੂਠੀ ਭਗਤੀ ਕੇਵਲ ਪਾਣੀ ਵਿੱਚ ਮਧਾਣੀ ਮਾਰਨ ਵਾਲੀ ਗੱਲ ਹੈ, ਸਮਾਜ ਵਿੱਚੋਂ ਝੂਠਾ ਮਾਣ ਲੈਣ ਵਾਲੀ ਗੱਲ ਹੈ ਜਿਸ ਝੂਠੇ ਮਾਣ ਨਾਲ ਅਸੀਂ ਮਨਮਤਿ ਦਾ ਮਾਣ ਉੱਚਾ ਕਰਦੇ ਹਾਂ ਤੇ ਗੁਰਮਤਿ ਦਾ ਮਾਣ ਨੀਵਾਂ ਕਰਦੇ ਹਾਂ ਜਿਸ ਕਰਕੇ ਇਹੋ ਜਿਹਿਆਂ ਦੀ ਤੁਲਨਾ ਗੱਧੇ ਦੇ ਨਾਲ ਕੀਤੀ ਹੈ। ਅਸੀਂ ਆਪਣੀ ਨਾਸਮਝੀ ਕਰਕੇ ਆਪਣੀ ਔਗੁਣਾਂ ਵਾਲੀ ਭਗਤੀ ਨੂੰ ਹੀ ਆਪਣਾ ਗੁਣ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦ ਦੁਆਰਾ ਸਮਝਿਆ ਹੀ ਹੈ ਕਿ ਮਨੁੱਖ ਨੂੰ ਅਸਲ ਖਰ ਕਿਸ ਲਈ ਕਿਹਾ ਹੈ। (**ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥1॥ ਰਹਾਉ ॥ ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥1॥**)

ਮਃ ੧ ॥

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥
ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥}

(ਅੰਗ - ੧੨੪੬)

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਕਿ ਮਨੁੱਖ ਨੂੰ ਗੁਰੂ ਸਾਹਿਬ ਨੇ ਅਸਲ ਖਰ ਕਿਸ ਲਈ ਕਿਹਾ ਹੈ ਜਿਸਦਾ ਭੇਦ ਸਾਡੀ ਕਥਨੀ ਕਰਨੀ ਦਾ ਹੀ ਹੈ। ਜਦ ਤਕ ਅਸੀਂ ਆਪਣੀ ਸੱਚੀ ਕਰਣੀ ਨੂੰ ਹੀ ਭਗਤੀ ਦਾ ਮਾਰਗ ਨਹੀਂ ਮੰਨਦੇ ਤੇ ਸ਼ਬਦਾਂ ਦੀ ਕੇਵਲ ਕਥਨੀ ਨੂੰ ਹੀ ਭਗਤੀ ਸਮਝਣ ਕਰਕੇ ਸਾਨੂੰ ਅਸਲ ਖਰ ਕਿਹਾ ਗਿਆ ਹੈ। ਕੇਵਲ ਕਥਨੀ ਨੂੰ ਹੀ ਆਪਣੀ ਭਗਤੀ ਸਮਝਣ ਵਾਲਿਆਂ ਨੂੰ ਤੇ ਆਪਣੀ ਕਥਨੀ ਦੀ ਵਡਿਆਈ ਲੈਣ ਵਾਲਿਆਂ ਨੂੰ ਜੇਕਰ ਕੋਈ ਇਹ ਸਮਝਾਣਾ ਚਾਹੇ ਕਿ ਕੇਵਲ ਕਥਨੀ ਕਰੀ ਜਾਣਾ ਭਗਤੀ ਦਾ ਸੱਚਾ ਮਾਰਗ ਨਹੀਂ ਹੈ ਤੇ ਕੇਵਲ ਕਥਨੀ ਕਰੀ ਜਾਣ ਨਾਲ ਜੋ ਸਮਾਜ ਵਿੱਚੋਂ ਵਡਿਆਈ ਮਿਲਦੀ ਹੈ ਉਹ ਝੂਠੀ ਵਡਿਆਈ ਮਿਲਦੀ ਹੈ ਪਰ ਉਸਦਾ ਇਹੋ ਜਿਹੀ ਝੂਠੀ ਵਡਿਆਈ ਲੈਣ

ਵਾਲਿਆਂ ਤੇ ਕੋਈ ਅਸਰ ਨਹੀਂ ਹੁੰਦਾ ਤੇ ਉਲਟਾ ਉਹ ਰੋਸ ਦਿਖਾਉਂਦੇ ਹਨ ਕਿ ਸਾਨੂੰ ਇਹ ਕੁਝ ਸਮਝਾਉਣ ਵਾਲਾ ਆਪ ਗਲਤ ਹੈ। ਇਹੀ

52/7203

ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਓ ਧਿਆਨ ਨਾਲ ਸਮਝੀਏ ਕਿ ਉਨ੍ਹਾਂ ਦੀ ਝੂਠੀ ਮਤਿ ਦੀ, ਭਗਤੀ ਦੀ ਝੂਠੀ ਸਮਝ ਦੀ ਤੁਲਨਾ ਕਿਸ ਦੇ ਨਾਲ ਕੀਤੀ ਹੋਈ ਹੈ।

“ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥”

ਇਹੋ ਜਿਹਿਆਂ ਦੀ ਤੁਲਨਾ ਮਸਤੇ ਹੋਏ ਭੈਂਸੇ ਨਾਲ ਕੀਤੀ ਹੋਈ ਹੈ ਤੇ ਜਦੋਂ ਭੈਂਸਾ ਮਸਤ ਜਾਂਦਾ ਹੈ ਉਸਨੂੰ ਮਸਤੀ ਵਿੱਚੋਂ ਕੱਢਣਾ ਬਹੁਤ ਔਖਾ ਹੁੰਦਾ ਹੈ ਭਾਵ ਉਹ “**ਅੰਮ੍ਰਹਾ**” ਬਣ ਜਾਂਦਾ ਹੈ ਭਾਵ ਅਮੋੜ ਬਣ ਜਾਂਦਾ ਹੈ ਜਿਸਨੂੰ ਮਸਤੀ ਕਰਨ ਤੋਂ ਮੋੜਿਆ ਨਹੀਂ ਜਾਂ ਸਕਦਾ ਭਾਵ ਉਸ ਨੂੰ ਉਸਦੇ ਜਿੱਦੀਪਣ ਤੋਂ ਮੋੜਿਆ ਨਹੀਂ ਜਾ ਸਕਦਾ, ਹਰੀ ਅੰਗੂਰੀ ਖਾਣ ਤੋਂ ਭਾਵ ਝੂਠੀ ਵਡਿਆਈ ਲੈਣ ਤੋਂ ਮੋੜਿਆ ਨਹੀਂ ਜਾ ਸਕਦਾ ਕਿਉਂਕਿ ਉਸਨੂੰ ਹਰੀ ਅੰਗੂਰੀ ਖਾਣੀ ਚੰਗੀ ਲਗਦੀ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੈ। ਜਿੰਨ੍ਹਾਂ ਨੂੰ ਇਹੋ ਜਿਹੀਆਂ ਝੂਠੀਆਂ ਵਡਿਆਈਆਂ ਮਿਲਣ ਲੱਗ ਜਾਂਦੀਆਂ ਹਨ ਉਹ ਫਿਰ ਕੁਦ ਕੁਦ ਕੇ ਭਾਵ ਖੁਸ਼ ਹੋ ਕੇ ਭਗਤੀ ਦੇ ਨਾਸਮਝ ਕਥਨੀ ਵਾਲੇ ਮਾਰਗ ਤੇ ਚਲਦੇ ਹਨ ਤਾਂ ਕਿ ਹੋਰ ਵਡਿਆਈ ਮਿਲੇ ਪਰ ਅਸਲ ਵਿੱਚ ਉਨ੍ਹਾਂ ਨੂੰ ਇਹੋ ਜਿਹੀਆਂ ਝੂਠੀਆਂ ਵਡਿਆਈਆਂ “**ਰਸਾਤਲਿ**” ਵਿੱਚ ਹੀ ਪਾਉਂਦੀਆਂ ਹਨ ਭਾਵ ਮਨ ਦੇ ਨਰਕ ਵਿੱਚ ਹੀ ਪਾਉਂਦੀਆਂ ਹਨ। ਮਨ ਦਾ ਨਰਕ ਸਾਡੇ ਉਹ ਅਗਿਆਨਤਾ ਵਾਲੇ ਵਿਚਾਰ ਹਨ ਜਿੰਨ੍ਹਾਂ ਵਿਚਾਰਾਂ ਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਹੁੰਦੀ ਤੇ ਸਾਡੇ ਕੋਲੋਂ ਗੁਰਮਤਿ ਤੋਂ ਉਲਟ ਕੰਮ ਕਰਾਉਂਦੇ ਹਨ ਭਾਵ ਸਾਡੇ ਕੋਲੋਂ ਔਗੁਣਾਂ ਵਾਲੇ ਕਰਮ ਕਰਵਾਉਂਦੇ ਹਨ ਭਾਵ ਮਾੜੇ ਕਰਮ ਕਰਵਾਉਂਦੇ ਹਨ ਜਿੰਨ੍ਹਾਂ ਮਾੜੇ ਕਰਮਾਂ ਦੀਆਂ ਸਜਾਵਾਂ ਸਾਡੇ ਸਰੀਰ ਦਾ ਮਾਲਕ ਗੁਰੂ ਪ੍ਰਮਾਤਮਾ ਇਸ ਸਰੀਰ ਵਿੱਚ ਰਹਿੰਦੇ ਹੋਏ ਦਿੰਦਾ ਹੈ। ਸਾਡੇ ਅੰਦਰ ਦਾ ਨਰਕ ਸਵਰਗ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਅੱਗੇ ਚਲਕੇ ਸ਼ਬਦਾਂ ਰਾਹੀਂ ਹੋਰ ਵੀ ਸਮਝਾਂਗੇ। ਜਿਹੋ ਜਿਹੇ ਭਗਤੀ ਦੇ ਮਾਰਗ ਤੋਂ ਗੁਰੂ ਸਾਨੂੰ ਬਾਰ ਬਾਰ ਸ਼ਬਦਾਂ ਰਾਹੀਂ ਮਨਾ ਕਰਦਾ ਹੈ ਉਹ ਕਦੇ ਸੱਚੀ ਭਗਤੀ ਦਾ ਮਾਰਗ ਨਹੀਂ ਹੋ ਸਕਦਾ ਤੇ ਜਿਸਨੂੰ ਆਪਣੇ ਵੱਲੋਂ ਅਸੀਂ ਸੱਚੀ ਭਗਤੀ ਦਾ ਮਾਰਗ ਸਮਝਦੇ ਹਾਂ, ਆਪਣਾ ਗੁਣ ਸਮਝਦੇ ਹਾਂ ਉਹ ਗੁਰੂ ਦੀਆਂ ਨਜਰਾਂ ਵਿੱਚ ਇੱਕ ਝੂਠੀ ਭਗਤੀ ਹੈ ਭਾਵ ਸਾਡਾ ਔਗੁਣ ਹੈ ਤੇ ਔਗੁਣਾਂ ਦੀਆਂ ਸਜਾਵਾਂ ਅਕਾਲਪੁਰਖ ਸਭ ਨੂੰ ਆਪ ਹੀ ਦਿੰਦਾ ਹੈ ਜੋ ਆਪ ਹੀ ਗੁਰਮਤਿ ਦਾ ਮਾਲਕ ਹੈ। ਗੁਰਮਤਿ ਦੇ ਉਲਟ ਚੱਲ ਕੇ ਕੋਈ ਗੁਰਮਤਿ ਦੇ ਮਾਲਕ ਦੀਆਂ ਸਜਾਵਾਂ ਤੋਂ ਨਹੀਂ ਬਚ ਸਕਦਾ। ਜਿਹੋ ਜਿਹੇ ਮਾਰਗ ਤੇ ਚੱਲਣ ਤੋਂ ਭਾਵ ਸੱਚੀ ਭਗਤੀ ਦੇ ਮਾਰਗ ਤੋਂ ਉਲਟ ਚੱਲਣ ਤੋਂ ਗੁਰੂ ਸਾਨੂੰ ਸ਼ਬਦਾਂ ਰਾਹੀਂ ਬਾਰ ਬਾਰ ਸਮਝਾ ਰਿਹਾ ਹੈ, ਝੂਠੀ ਭਗਤੀ ਦਾ ਮਾਣ ਲੈਣ ਤੋਂ ਮਨ੍ਹਾਂ ਕਰ ਰਿਹਾ ਹੈ ਤੇ ਫਿਰ ਵੀ ਜੇਕਰ ਅਸੀਂ ਗੁਰੂ ਦੀ ਗੱਲ ਨੂੰ ਨਾ ਮੰਨਕੇ ਆਪਣੀ ਝੂਠੀ ਭਗਤੀ ਦੀ ਜਿੱਦ ਤੇ ਅੜੇ ਰਹਿੰਦੇ ਹਾਂ, ਇਸੇ ਲਈ ਸਾਨੂੰ ਇੱਕ ਅਮੋੜ ਭੈਂਸੇ ਦੀ ਤਰ੍ਹਾਂ ਦੱਸਿਆ ਹੈ ਜਿਸ ਨੂੰ ਸਮਝਾਉਣ ਨਾਲ ਕੋਈ ਫਰਕ ਨਹੀਂ ਪੈਂਦਾ ਤੇ ਉਹ ਆਪਣੀ ਜਿੱਦ ਤੇ ਅੜਿਆ ਰਹਿੰਦਾ ਹੈ ਭਾਵ ਉਸਨੂੰ ਗੁਰੂ ਦੀ ਮਤਿ ਦੇ ਮੁਕਾਬਲੇ ਆਪਣੀ ਮਤਿ ਸੱਚੀ ਲਗਦੀ ਹੈ।

52/7204

(ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥1॥ ਰਹਾਉ ॥ ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥1॥ ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥2॥)

ਇਹੋ ਜਿਹੇ ਭਰਮੇ ਹੋਇਆਂ ਨੂੰ ਜੋ ਆਪਣੇ ਆਪ ਨੂੰ ਉੱਚੀ ਧਾਰਮਿਕ ਸਿੱਖਿਆ ਵਾਲਾ ਸਮਝਦੇ ਹਨ ਭਾਵ ਧਰਮ ਦੇ ਵਿਦਵਾਨ ਸਮਝਦੇ ਹਨ ਉਨ੍ਹਾਂ ਨੂੰ ਕੋਈ ਸੱਚਾ ਮਾਰਗ ਸਮਝਾਣਾ ਚਾਹੇ ਉਹ ਸਮਝਣ ਦੀ ਬਜਾਇ ਉਲਟਾ ਉਸਦੇ ਨਾਲ ਰੋਸ ਪ੍ਰਗਟ ਕਰਦੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣਾਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤੇ ਗੁਰੂ ਦੀਆਂ ਨਜਰਾਂ ਵਿੱਚ ਇਹੋ ਜਿਹਿਆਂ ਦੀ ਕਿਤਨੀ ਕੁ ਇੱਜਤ ਹੈ ਜੋ ਬਾਹਰੋਂ ਸਮਾਜ ਦੀ ਇੱਜਤ ਲੈਣ ਲਈ ਇਸ ਗੱਲ ਦੀ ਪ੍ਰਵਾਹ ਨਹੀਂ ਕਰਦੇ ਕਿ ਉਹ ਗੁਰੂ ਦੀ ਸਿੱਖਿਆ ਦੇ ਉਲਟ ਚੱਲ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਹਰੀ ਅੰਗੂਰੀ ਖਾਣ ਵਿੱਚ ਹੀ ਸੰਤੁਸ਼ਟੀ ਮਿਲਦੀ ਹੈ। ਭਗਤਾਂ ਦੇ ਤੇ ਗੁਰੂ ਸਾਹਿਬਾਨ ਦੇ ਜੀਵਨ ਵਿੱਚ ਇਹ ਸਭ ਕੁਝ ਉਨ੍ਹਾਂ ਦੇ ਨਾਲ ਬੀਤਿਆ ਹੀ ਹੈ ਜਿਸ ਕਰਕੇ ਉਹੋ ਜਿਹਿਆਂ ਅਨੇਕਾਂ ਨੇ ਉਨ੍ਹਾਂ ਦੀ ਸੱਚੀ ਮਤਿ ਦੀ ਮੁਖਾਲਫਤ ਭਾਵ ਨਿੰਦਿਆ ਵੀ

ਕੀਤੀ ਹੈ ਭਾਵ ਉਨ੍ਹਾਂ ਦੀ ਸਮਝਾਈ ਹੋਈ ਮਤਿ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ ਭਾਵ ਆਪਣੀ ਮਤਿ ਨੂੰ ਹੀ ਮੰਨਿਆ ਹੈ ਤੇ ਸੰਸਾਰ ਵਿੱਚੋਂ ਆਪਣੀ ਝੂਠੀ ਮਤਿ ਦਾ ਮਾਣ ਹੀ ਲਿਆ ਹੈ ਜਿਸ ਕਰਕੇ ਇਹੋ ਜਿਹਿਆਂ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਇਹ ਕੁਝ ਹੀ ਸਮਝਾਇਆ ਹੋਇਆ ਹੈ।

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥
ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਤੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ - ੯੬੦-੯੬੧)

ਪਉੜੀ ॥

{ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ ॥
ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ - ੯੬੧)

ਉਪਰ ਵਾਲੇ ਸ਼ਬਦ ਦੇ ਅਰਥ ਅਸੀਂ ਲੇਖ ਵਿੱਚ ਪਿੱਛੇ ਸਮਝੇ ਹੀ ਹਨ ਤੇ ਇਸਦੇ ਨਾਲ ਮਿਲਦੇ ਜੁਲਦੇ ਹੋਰ ਵੀ ਅਨੇਕ ਸ਼ਬਦ ਸਮਝੇ ਹਨ ਜਿਨ੍ਹਾਂ ਰਾਹੀਂ ਇਹੋ ਜਿਹਿਆਂ ਦੀ ਮਤਿ ਦਾ ਖੰਡਨ ਕੀਤਾ ਹੋਇਆ ਹੈ ਜੋ ਆਪ ਗੁਰੂ ਦੀ ਸਮਝਾਈ ਹੋਈ ਮਤਿ ਦੇ ਉਲਟ ਚੱਲਦੇ ਹਨ ਤੇ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਥਾਪ ਕੇ ਦੂਸਰਿਆਂ ਨੂੰ ਵੀ ਉਹੋ ਜਿਹੇ ਮਾਰਗ ਤੇ ਚੱਲਣਾ ਸਿਖਾਉਂਦੇ ਹਨ ਤੇ ਅਨੇਕਾਂ ਹੀ ਉਹੋ ਜਿਹੇ ਭਗਤੀ ਦੇ ਮਾਰਗ ਦੂਸਰਿਆਂ ਨੂੰ ਸਮਝਾਉਂਦੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਮਝਾਉਂਦੇ ਹਨ ਜਿਹੋ ਜਿਹੇ ਸਾਰੇ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਧਰਮ ਦੇ ਮਾਰਗ ਦਾ ਝੂਠ ਸਮਝਾ ਕੇ ਝੂਠੀਆਂ ਵਡਿਆਈਆਂ ਲੈਣੀਆਂ ਬਹੁਤ ਹੀ ਗਲਤ ਗੱਲ ਹੈ ਭਾਵ ਇਹੋ ਜਿਹੇ ਗੁਰੂ ਪ੍ਰਮਾਤਮਾ ਦੀਆਂ ਨਜਰਾਂ ਵਿੱਚ ਮਾੜੇ ਬਣਦੇ ਹਨ ਤੇ ਇਹੋ ਜਿਹਿਆਂ ਦੇ ਪਿੱਛੇ ਲੱਗ ਕੇ ਉਨ੍ਹਾਂ ਨੂੰ ਵਡਿਆਈਆਂ ਦੇਣ ਵਾਲੇ ਵੀ ਗੁਰੂ ਦੀਆਂ ਨਜਰਾਂ ਵਿੱਚ ਮਾੜੇ ਬਣਦੇ

52/7205

ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਇਹੋ ਜਿਹਿਆਂ ਦੇ ਪਿੱਛੇ ਲੱਗਕੇ ਇਨ੍ਹਾਂ ਨੂੰ ਝੂਠੀਆਂ ਵਡਿਆਈਆਂ ਦੇਣ ਤੋਂ ਬਚੀਏ। ਸੱਚੀ ਵਡਿਆਈ ਕੇਵਲ ਗੁਰੂ ਦੀ ਹੈ ਤੇ ਗੁਰੂ ਦੀ ਸੱਚੀ ਵਡਿਆਈ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਮੰਨਕੇ ਹੀ ਕੀਤੀ ਜਾ ਸਕਦੀ ਹੈ। ਆਓ ਕੇਵਲ ਤੇ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਟਿਕਾਈਏ ਨਾ ਕਿ ਉਹੋ ਜਿਹਿਆਂ ਦੀ ਮਤਿ ਤੇ ਜਿੰਨ੍ਹਾਂ ਦੀ ਮਤਿ ਦਾ ਹੇਠ ਦਿੱਤੇ ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ।

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ - ੧੨੮੬)

ਰਾਗੁ ਆਸਾ ਮਹਲਾ ੩ ਪਟੀ
ੴ ਸਤਿਗੁਰ ਪ੍ਰਸਾਦਿ ॥

{ਅਯੋ ਅੰਕੈ ਸਭੁ ਜਗੁ ਆਇਆ ਕਾਧੈ ਘੰਕੈ ਕਾਲੁ ਭਇਆ ॥
ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥੧॥
ਮਨ ਐਸਾ ਲੇਖਾ ਤੂੰ ਕੀ ਪੜਿਆ ॥ ਲੇਖਾ ਦੇਣਾ ਤੇਰੈ ਸਿਰਿ ਰਹਿਆ ॥੧॥ ਰਹਾਉ ॥
ਸਿਧੰਕਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ ॥
ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ ॥੨॥
ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥
ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥
ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥੫॥
ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥
ਸਾਈ ਪੁੜੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥
ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥
ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥
ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ ॥

ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ ॥੯॥
ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ ॥
ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ ॥੧੦॥
ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥
ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥੧੧॥
ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ ॥
ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥
ਝਝੈ ਕਦੇ ਨ ਝੁਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥
ਧਧੈ ਧਾਵਤ ਵਰਜਿ ਰਖੁ ਮੂੜੇ ਅੰਤਰਿ ਤੇਰੈ ਨਿਧਾਨੁ ਪਇਆ ॥
ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ ਜੁਗਾ ਜੁਗੰਤਰਿ ਖਾਹਿ ਪਇਆ ॥੧੪॥
ਗਗੈ ਗੋਬਿਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ ਪਾਇਆ ॥
ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ ॥੧੫॥
ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ ॥
ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ ॥੧੬॥
ਰਾਰੈ ਰਾਮੁ ਚਿਤਿ ਕਰਿ ਮੂੜੇ ਹਿਰਦੈ ਜਿਨ੍ ਕੈ ਰਵਿ ਰਹਿਆ ॥
ਗੁਰ ਪਰਸਾਦੀ ਜਿਨ੍ੀ ਰਾਮੁ ਪਛਾਤਾ ਨਿਰਗੁਣ ਰਾਮੁ ਤਿਨ੍ੀ ਬੂਝਿ ਲਹਿਆ ॥੧੭॥
ਤੇਰਾ ਅੰਤੁ ਨ ਜਾਈ ਲਖਿਆ ਅਕਥੁ ਨ ਜਾਈ ਹਰਿ ਕਥਿਆ ॥
ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ ॥੧੮॥੧॥੨॥}

(ਅੰਗ - ੪੩੪-੪੩੫)

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ - ੧੨੮੮)

{ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ ॥
ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ ॥੮੯॥
ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ ॥
ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ ॥੯੦॥
ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥
ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥੯੧॥
ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ ॥

ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ ॥੯੨॥
ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥੯੩॥
ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ ॥
ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ ॥੯੪॥
ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ ॥
ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ ॥੯੫॥
ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥}

(ਅੰਗ - ੧੩੬੯)

ੴ ਸਤਿਗੁਰ ਪ੍ਰਸਾਦਿ ॥
ਸਲੋਕ ਮਃ ੩ ॥
{ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥
ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥
ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥੧॥}

(ਅੰਗ - ੫੮੫)

ਮਃ ੩ ॥
{ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥ ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥੨॥}

(ਅੰਗ - ੫੮੫)

ਮਃ ੩ ॥
{ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੩॥}

(ਅੰਗ - ੫੮੫)

ਪਉੜੀ ॥
{ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ॥ ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ॥
ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ ॥ ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥
ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥}

(ਅੰਗ - ੫੮੫)

{ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥

ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥}

(ਅੰਗ - ੧੧੪੦)

{ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥
ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥
ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥}

(ਅੰਗ - ੮੩੯)

ਸੋਰਠਿ ਮਹਲਾ ੫ ॥
{ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥
ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥
ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥
ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥
ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥
ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥
ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥
ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥
ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥}

(ਅੰਗ - ੬੨੪-੬੨੫)

52/7206

ਮਃ ੫ ॥
{ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥
ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥੩॥}

(ਅੰਗ - ੧੦੯੬)

ਪਉੜੀ ॥
{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥

ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ - ੧੦੯੬)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥
ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥
ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥
ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ - ੫੮)

ਮਃ ੩ ॥

{ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥ ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥
ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥
ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥੨॥}

(ਅੰਗ - ੭੮੫)

ਪਉੜੀ ॥

{ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥
ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥
ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥
ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥
ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥}

(ਅੰਗ - ੭੮੬)

ਮਃ ੧ ॥

{ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥
ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥
ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥੨॥}

(ਅੰਗ - ੭੮੬)

ਪਉੜੀ ॥

{ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥
ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥
ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥
ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥
ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥੪॥}

(ਅੰਗ - ੭੮੬)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥}

(ਅੰਗ - ੫੬)

ਸਿਰੀਰਾਗੁ ਮਹਲਾ ੧ ॥

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥
ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥
ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥ ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ॥
ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥
ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥ ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥
ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥
ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ॥ ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ - ੬੦-੬੧)

ਆਸਾ ਮਹਲਾ ੧ ॥

{ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥
ਇਤ ਉਤ ਜਾਹਿ ਕਾਲ ਕੇ ਚਾਪੇ ॥ ਗੁਰਮੁਖਿ ਖੋਜਿ ਲਹੈ ਘਰੁ ਆਪੇ ॥੧॥
ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥
ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥੧॥ ਰਹਾਉ ॥
ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥
ਆਪੇ ਬਖਸੇ ਸਤਿਗੁਰੁ ਮੇਲੈ ॥ ਕਾਲੁ ਕੰਟਕੁ ਮਾਰੇ ਸਚੁ ਪੇਲੈ ॥੨॥
ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥
ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥
ਗੁਰਮੁਖਿ ਮਨੁ ਅਸਥਾਨੇ ਸੋਈ ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ ॥
ਇਹੁ ਮਨੁ ਜੋਗੀ ਭੋਗੀ ਤਪੁ ਤਾਪੈ ॥ ਗੁਰਮੁਖਿ ਚੀਨ੍ਹੈ ਹਰਿ ਪ੍ਰਭੁ ਆਪੈ ॥੪॥
ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥

ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥੫॥
ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥
ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥
ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨ੍ਹਿ ਭਏ ਨਿਰੰਕਾਰੀ ॥੭॥
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥
ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ ॥
ਭਗਤਿ ਹੇਤੁ ਗੁਰ ਚਰਣ ਨਿਵਾਸਾ ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥੯॥੮॥}

(ਅੰਗ - ੪੧੫)

ਸਿਰੀਰਾਗੁ ਮਹਲਾ ੩ ॥
{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥
ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥
ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ - ੩੯)

{ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥
ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥
ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥
ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥
ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥
ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥
ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥
ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥
ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥
ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥}

(ਅੰਗ - ੯੪੬)

{ਮਿਰਤਕ ਕਉ ਜੀਵਾਲਨਹਾਰ ॥ ਭੂਖੇ ਕਉ ਦੇਵਤ ਅਧਾਰ ॥
ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥ ਪੂਰਬ ਲਿਖੇ ਕਾ ਲਹਣਾ ਪਾਹਿ ॥
ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥
ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ ॥

ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥ ਨਾਨਕ ਸੋ ਜਨੁ ਨਿਰਮਲੁ ਥੀਆ ॥੭॥
ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਭਗਤੁ ਭਗਤੁ ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ ਏਕੋ ਹੋਇ ॥
ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥
ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥}

(ਅੰਗ - ੨੮੩)

52/7207

ਸੋਰਠਿ ਮਹਲਾ ੫ ॥
{ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥
ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥}

(ਅੰਗ - ੬੧੨)

ਭੈਰਉ ਮਹਲਾ ੫ ॥
{ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥
ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ ਡਰੁ ਸਗਲ ਚੁਕਾਇਆ ॥੧॥
ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥
ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥
ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥
ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥
ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥ ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥
ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥੪੩॥੫੬॥}

(ਅੰਗ - ੧੧੫੨)

ਸਲੋਕ ਮਹਲਾ ੧ ॥

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥
ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥
ਧਰਤੀ ਪਾਣੀ ਪਰਬਤ ਭਾਰੁ ॥ ਕਿਉ ਕੰਡੈ ਤੋਲੈ ਸੁਨਿਆਰੁ ॥
ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ - ੧੨੩੯)

{ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ - ੫-੬)

ਕਾਨੜਾ ਮਹਲਾ ੫ ॥

{ਆਰਾਧਉ ਤੁਝਹਿ ਸੁਆਮੀ ਅਪਨੇ ॥
ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥੧॥ ਰਹਾਉ ॥
ਤਾ ਕੈ ਹਿਰਦੈ ਬਸਿਓ ਨਾਮੁ ॥ ਜਾ ਕਉ ਸੁਆਮੀ ਕੀਨੋ ਦਾਨੁ ॥੧॥
ਤਾ ਕੈ ਹਿਰਦੈ ਆਈ ਸਾਂਤਿ ॥ ਠਾਕੁਰ ਭੇਟੇ ਗੁਰ ਬਚਨਾਂਤਿ ॥੨॥
ਸਰਬ ਕਲਾ ਸੋਈ ਪਰਬੀਨ ॥ ਨਾਮ ਮੰਤ੍ਰੁ ਜਾ ਕਉ ਗੁਰਿ ਦੀਨ ॥੩॥
ਕਹੁ ਨਾਨਕ ਤਾ ਕੈ ਬਲਿ ਜਾਉ ॥ ਕਲਿਜੁਗ ਮਹਿ ਪਾਇਆ ਜਿਨਿ ਨਾਉ ॥੪॥੨॥}

(ਅੰਗ - ੧੨੯੮)

ਭੈਰਉ ਮਹਲਾ ੩ ॥

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁਲਾਇਆ ॥੨॥
ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥
ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥੬॥੫॥}

(ਅੰਗ - ੧੧੨੮-੧੧੨੯)

ਗਉੜੀ ਮਃ ੫ ॥
{ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥੧॥
ਕਵਨ ਗੁਨੁ ਜੋ ਤੁਝੁ ਲੈ ਗਾਵਉ ॥ ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥
ਕਵਨ ਸੁ ਪੂਜਾ ਤੇਰੀ ਕਰਉ ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥
ਕਵਨ ਤਪੁ ਜਿਤੁ ਤਪੀਆ ਹੋਇ ॥ ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥
ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥
ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥
ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ - ੧੮੬-੧੮੭)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ
ੴ ਸਤਿਗੁਰ ਪ੍ਰਸਾਦਿ ॥
{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ - ੨੦੪-੨੦੫)

ਵਡਹੰਸੁ ਮਹਲਾ ੩ ॥

{ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥
ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ ॥
ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ ॥
ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ ॥
ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ ॥
ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥
ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ ॥
ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ ॥
ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥
ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ ॥
ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ ॥
ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ ॥੨॥
ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥
ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ॥
ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ॥
ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ॥

ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ॥
ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥
ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ ॥
ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ॥
ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ ॥
ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ ॥
ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ ॥
ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥}

(ਅੰਗ - ੫੮੩-੫੮੪)

52/7208

ਸਿਰੀਰਾਗੁ ਮਹਲਾ ੪ ਘਰੁ ੨ ਛੰਤ
ੴ ਸਤਿਗੁਰ ਪ੍ਰਸਾਦਿ ॥
{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੁਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥

ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥}

(ਅੰਗ - ੭੮-੭੯)

{ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ ॥
ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ ॥
ਨਾ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ ॥
ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ ॥
ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰੁ ॥
ਨਾ ਸਾਜਨ ਸੇ ਰੰਗੁਲੇ ਕਿਸੁ ਪਹਿ ਕਰੀ ਪੁਕਾਰ ॥
ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ ॥
ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ ॥੩੭॥
ਪਾਪੁ ਬੁਰਾ ਪਾਪੀ ਕਉ ਪਿਆਰਾ ॥ ਪਾਪਿ ਲਦੇ ਪਾਪੇ ਪਾਸਾਰਾ ॥
ਪਰਹਰਿ ਪਾਪੁ ਪਛਾਣੈ ਆਪੁ ॥ ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥
ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥
ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈ ਕਾਲੁ ॥
ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥
ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥੩੮॥}

(ਅੰਗ - ੯੩੪-੯੩੫)

ਮਃ ੩ ॥

{ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ ॥
ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ ॥
ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ ॥੨॥}

(ਅੰਗ - ੧੨੮੫)

ਮਾਝ ਮਹਲਾ ੫ ॥

{ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥ ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥
ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥੧॥
ਉਦਮੁ ਕਰਤ ਮਨੁ ਨਿਰਮਲੁ ਹੋਆ ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥੨॥
ਅੰਤਰਿ ਬਾਹਰਿ ਤੇਰੀ ਬਾਣੀ ॥ ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥
ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥੩॥
ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ ਹਰਿ ਪੈਨਣੁ ਨਾਮੁ ਭੋਜਨੁ ਥੀਆ ॥
ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥}

(ਅੰਗ - ੯੯)

ਮਾਝ ਮਹਲਾ ੩ ॥

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥
ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥
ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥
ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥
ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥
ਪੇਈਅੜੈ ਧਨ ਕੰਤੁ ਸਮਾਲੇ ॥ ਗੁਰ ਪਰਸਾਦੀ ਵੇਖੈ ਨਾਲੇ ॥
ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥੫॥
ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ ਦੂਜਾ ਭਾਉ ਗੁਰ ਸਬਦਿ ਜਲਾਇਆ ॥
ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥
ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥
ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥
ਜਿਨਿ ਸਿਸਟਿ ਸਾਜੀ ਸੋਈ ਜਾਣੈ ॥ ਆਪੇ ਮੇਲੈ ਸਬਦਿ ਪਛਾਣੈ ॥
ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥}

(ਅੰਗ - ੧੨੯)

{ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥}

(ਅੰਗ - ੧੩੪)

ਮਾਰੂ ਮਹਲਾ ੩ ॥
{ਹਰਿ ਜੀਉ ਦਾਤਾ ਅਗਮ ਅਥਾਹਾ ॥ ਓਸੁ ਤਿਲੁ ਨ ਤਮਾਇ ਵੇਪਰਵਾਹਾ ॥
ਤਿਸ ਨੋ ਅਪੜਿ ਨ ਸਕੈ ਕੋਈ ਆਪੇ ਮੇਲਿ ਮਿਲਾਇਦਾ ॥੧॥
ਜੋ ਕਿਛੁ ਕਰੈ ਸੁ ਨਿਹਚਉ ਹੋਈ ॥ ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥
ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ ॥੨॥
ਚਉਦਹ ਭਵਣ ਤੇਰੇ ਹਟਨਾਲੇ ॥ ਸਤਿਗੁਰਿ ਦਿਖਾਏ ਅੰਤਰਿ ਨਾਲੇ ॥
ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥੩॥
ਸਤਿਗੁਰਿ ਸੇਵਿਐ ਸਹਜ ਅਨੰਦਾ ॥ ਹਿਰਦੈ ਆਇ ਵੁਠਾ ਗੋਵਿੰਦਾ ॥
ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥੪॥
ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ ॥ ਅਨਦਿਨੁ ਮਾਰੀਅਹਿ ਦੁਖੁ ਸਬਾਇਆ ॥
ਮਥੇ ਕਾਲੇ ਮਹਲੁ ਨ ਪਾਵਹਿ ਦੁਖ ਹੀ ਵਿਚਿ ਦੁਖੁ ਪਾਇਦਾ ॥੫॥
ਸਤਿਗੁਰੁ ਸੇਵਹਿ ਸੇ ਵਡਭਾਗੀ ॥ ਸਹਜ ਭਾਇ ਸਚੀ ਲਿਵ ਲਾਗੀ ॥
ਸਚੋ ਸਚੁ ਕਮਾਵਹਿ ਸਦ ਹੀ ਸਚੈ ਮੇਲਿ ਮਿਲਾਇਦਾ ॥੬॥
ਜਿਸ ਨੋ ਸਚਾ ਦੇਇ ਸੁ ਪਾਏ ॥ ਅੰਤਰਿ ਸਾਚੁ ਭਰਮੁ ਚੁਕਾਏ ॥
ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ ॥੭॥
ਆਪੇ ਕਰਤਾ ਸਭਨਾ ਕਾ ਸੋਈ ॥ ਜਿਸ ਨੋ ਆਪਿ ਬੁਝਾਏ ਬੂਝੈ ਕੋਈ ॥
ਆਪੇ ਬਖਸੇ ਦੇ ਵਡਿਆਈ ਆਪੇ ਮੇਲਿ ਮਿਲਾਇਦਾ ॥੮॥
ਹਉਮੈ ਕਰਦਿਆ ਜਨਮੁ ਗਵਾਇਆ ॥ ਆਗੈ ਮੋਹੁ ਨ ਚੂਕੈ ਮਾਇਆ ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥
ਪੂਰੈ ਭਾਗਿ ਗੁਰ ਸੇਵਾ ਹੋਈ ॥ ਨਦਰਿ ਕਰੇ ਤਾ ਸੇਵੇ ਕੋਈ ॥
ਜਮਕਾਲੁ ਤਿਸੁ ਨੇੜਿ ਨ ਆਵੈ ਮਹਲਿ ਸਚੈ ਸੁਖੁ ਪਾਇਦਾ ॥੧੦॥

ਤਿਨ ਸੁਖੁ ਪਾਇਆ ਜੋ ਤੁਧੁ ਭਾਏ ॥ ਪੂਰੈ ਭਾਗਿ ਗੁਰ ਸੇਵਾ ਲਾਏ ॥
ਤੇਰੈ ਹਥਿ ਹੈ ਸਭ ਵਡਿਆਈ ਜਿਸੁ ਦੇਵਹਿ ਸੋ ਪਾਇਦਾ ॥੧੧॥
ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥
ਅਗਿਆਨੀ ਅੰਧੇ ਦੂਜੈ ਲਾਗੇ ॥ ਬਿਨੁ ਪਾਣੀ ਡੁਬਿ ਮੂਏ ਅਭਾਗੇ ॥
ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ ॥੧੩॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗਿਆਨੀ ਧਿਆਨੀ ਪੂਛਹੁ ਕੋਈ ॥
ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ ਦਰਿ ਸਚੈ ਸੋਭਾ ਪਾਇਦਾ ॥੧੪॥
ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥ ਮਮਤਾ ਕਾਟਿ ਸਚਿ ਲਿਵ ਲਾਏ ॥
ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ ॥੧੫॥
ਆਪੇ ਕਰੇ ਕਰਾਏ ਕਰਤਾ ॥ ਸਬਦਿ ਮਰੈ ਸੋਈ ਜਨੁ ਮੁਕਤਾ ॥
ਨਾਨਕ ਨਾਮੁ ਵਸੈ ਮਨ ਅੰਤਰਿ ਨਾਮੋ ਨਾਮੁ ਧਿਆਇਦਾ ॥੧੬॥੫॥੧੯॥}

(ਅੰਗ - ੧੦੬੨-੧੦੬੩)

ਧਨਾਸਰੀ ਮਹਲਾ ੧ ॥

{ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥
ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥
ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥
ਹਰਿ ਕੇ ਲੋਗ ਅਵਰ ਨਹੀ ਕਾਰਾ ॥ ਸਾਚਉ ਠਾਕੁਰੁ ਸਾਚੁ ਪਿਆਰਾ ॥੨॥
ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥
ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥
ਆਪਿ ਦਿਖਾਵੈ ਆਪੇ ਦੇਖੈ ॥ ਹਠਿ ਨ ਪਤੀਜੈ ਨਾ ਬਹੁ ਭੇਖੈ ॥
ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥ ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥
ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥
ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥੫॥
ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥
ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥੬॥
ਆਚਾਰਾ ਵੀਚਾਰੁ ਸਰੀਰਿ ॥ ਆਦਿ ਜੁਗਾਦਿ ਸਹਜਿ ਮਨੁ ਧੀਰਿ ॥
ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥
ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥
ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥ ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥}

(ਅੰਗ - ੬੮੬)

ਜੈਤਸਰੀ ਮਹਲਾ ੫ ॥

{ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥
ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥
ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥
ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥}

(ਅੰਗ - ੭੦੧)

52/7209

ਗਉੜੀ ਛੰਤ ਮਹਲਾ ੧ ॥

{ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥
ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥
ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥
ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥
ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥
ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥੧॥
ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥ ਰਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ ॥
ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥
ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥
ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ ॥
ਨਾਨਕ ਸਾ ਧਨ ਤਾ ਪਿਰੁ ਰਾਵੇ ਜਾ ਤਿਸ ਕੈ ਮਨਿ ਭਾਣੀ ॥੨॥
ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ ॥
ਕਿਉ ਖੁਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥
ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸ ਹੀ ਕਾ ਸੋ ਹੋਵੈ ॥
ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥
ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥
ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥
ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥
ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥
ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ ॥

ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ ॥
ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥੨॥}

(ਅੰਗ - ੨੪੩)

ਵਡਹੰਸੁ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥
ਜਪਿ ਮਨ ਮੇਰੇ ਤੂ ਏਕੋ ਨਾਮੁ ॥ ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ - ੫੫੮)

ਗਉੜੀ ਗੁਆਰੇਰੀ ਮਹਲਾ ੧ ॥

{ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥
ਰਾਜ ਦੁਆਰੈ ਸੋਭ ਸੁ ਮਾਨੈ ॥੧॥
ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥
ਰਾਖੈ ਆਪਿ ਵਡਿਆਈ ਦੇਈ ॥੨॥
ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥
ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥
ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥
ਸਾਗਰਿ ਡੂਗਰਿ ਨਿਰਭਉ ਐਸਾ ॥੪॥
ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥
ਸਬਦਿ ਪਛਾਨੈ ਤੀਨੇ ਭਉਨ ॥੫॥
ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥
ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥
ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥
ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥
ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥
ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥}

(ਅੰਗ - ੨੨੧-੨੨੨)

ਸਾਰਗ ਮਹਲਾ ੫ ॥

{ਸਿਮਰਤ ਨਾਮੁ ਪ੍ਰਾਨ ਗਤਿ ਪਾਵੈ ॥
ਮਿਟਹਿ ਕਲੇਸ ਤ੍ਰਾਸ ਸਭ ਨਾਸੈ ਸਾਧਸੰਗਿ ਹਿਤੁ ਲਾਵੈ ॥੧॥ ਰਹਾਉ ॥
ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ ॥
ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥੧॥
ਦਾਮੋਦਰ ਦਇਆਲ ਆਰਾਧਹੁ ਗੋਬਿੰਦ ਕਰਤ ਸੋਹਾਵੈ ॥
ਕਹੁ ਨਾਨਕ ਸਭ ਕੀ ਹੋਇ ਰੇਨਾ ਹਰਿ ਹਰਿ ਦਰਸਿ ਸਮਾਵੈ ॥੨॥੪੮॥੭੧॥}

(ਅੰਗ - ੧੨੧੮)

ਸੂਹੀ ਲਲਿਤ ਕਬੀਰ ਜੀਉ ॥

{ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥
ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥੨॥
ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥
ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥੩॥
ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥}

(ਅੰਗ - ੭੯੩)

ਬਸੰਤੁ ਮਹਲਾ ੧ ਇਕ ਤੁਕੀਆ ॥

{ਮਤੁ ਭਸਮ ਅੰਧੂਲੇ ਗਰਬਿ ਜਾਹਿ ॥ ਇਨ ਬਿਧਿ ਨਾਗੇ ਜੋਗੁ ਨਾਹਿ ॥੧॥
ਮੂੜੇ ਕਾਹੇ ਬਿਸਾਰਿਓ ਤੈ ਰਾਮ ਨਾਮ ॥ ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥
ਗੁਰ ਪੂਛਿ ਤੁਮ ਕਰਹੁ ਬੀਚਾਰੁ ॥ ਜਹ ਦੇਖਉ ਤਹ ਸਾਰਿਗਪਾਣਿ ॥੨॥
ਕਿਆ ਹਉ ਆਖਾ ਜਾਂ ਕਛੂ ਨਾਹਿ ॥ ਜਾਤਿ ਪਤਿ ਸਭ ਤੇਰੈ ਨਾਇ ॥੩॥
ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥ ਚਲਤੀ ਬਾਰ ਤੇਰੋ ਕਛੂ ਨਾਹਿ ॥੪॥
ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥
ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥
ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ ਅੰਤ ਕਾਲਿ ਮੂੜੇ ਚੋਟ ਖਾਹਿ ॥੭॥
ਗੁਰ ਸਬਦੁ ਬੀਚਾਰਹਿ ਆਪੁ ਜਾਇ ॥ ਸਾਚ ਜੋਗੁ ਮਨਿ ਵਸੈ ਆਇ ॥੮॥
ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥ ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥

ਗੁਣ ਨਾਨਕੁ ਬੋਲੈ ਭਲੀ ਬਾਣਿ ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥}

(ਅੰਗ - ੧੧੮੯-੧੧੯੦)

ਪਉੜੀ ॥

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥
ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ - ੧੦੯੬)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ - ੧੦੬੯-੧੦੭੦)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥

ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ - ੧੦੩੨)

52/7210

{ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਣਿਆ ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਣਿਆ ॥
ਬ੍ਰਹਮ ਗਿਆਨੀ ਸਦਾ ਸਮਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥}

(ਅੰਗ - ੨੭੨-੨੭੩)

{ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥}

(ਅੰਗ - ੨੭੩)

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥
ਮੂਲ ਦੁਆਰੈ ਬੰਧਿਆ ਬੰਧੁ ॥ ਰਵਿ ਊਪਰਿ ਗਹਿ ਰਾਖਿਆ ਚੰਦੁ ॥
ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥}

(ਅੰਗ - ੧੧੫੯)

ਸਿਰੀਰਾਗੁ ਮਹਲਾ ੪ ॥

{ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ ॥
ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ ॥
ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥੧॥
ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥
ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥

ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥
ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}

(ਅੰਗ - ੪੦)

ਟੋਡੀ ਬਾਣੀ ਭਗਤਾਂ ਕੀ
ੴ ਸਤਿਗੁਰ ਪ੍ਰਸਾਦਿ ॥
{ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥ ਜਲ ਕੀ ਮਾਛੁਲੀ ਚਰੈ ਖਜੂਰਿ ॥੧॥
ਕਾਂਇ ਰੇ ਬਕਬਾਦੁ ਲਾਇਓ ॥ ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥
ਪੰਡਿਤੁ ਹੋਇ ਕੈ ਬੇਦੁ ਬਖਾਨੈ ॥ ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥}

(ਅੰਗ - ੭੧੮)

ਆਸਾ ਮਹਲਾ ੧ ਤਿਤੁਕਾ ॥
{ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥ ਕਿਸ ਹੀ ਮਾਨੁ ਕਿਸੈ ਅਪਮਾਨੁ ॥
ਢਾਹਿ ਉਸਾਰੇ ਧਰੇ ਧਿਆਨੁ ॥ ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥
ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥
ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥
ਖੀਨ ਖਰਾਬੁ ਹੋਵੈ ਨਿਤ ਕੰਧੁ ॥ ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥
ਅਹਿਨਿਸਿ ਅੰਧੁਲੇ ਦੀਪਕੁ ਦੇਇ ॥ ਭਉਜਲ ਡੂਬਤ ਚਿੰਤ ਕਰੇਇ ॥ ਕਹਹਿ ਸੁਣਹਿ ਜੋ ਮਾਨਹਿ ਨਾਉ ॥
ਹਉ ਬਲਿਹਾਰੈ ਤਾ ਕੈ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥
ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥ ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ - ੩੫੪)

ਪਉੜੀ ॥
{ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥
ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥

ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥
ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥
ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧ}

(ਅੰਗ - ੧੨੯੧)

{ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥
ਅਗਿਆਨੀ ਅੰਧੇ ਦੂਜੈ ਲਾਗੇ ॥
ਬਿਨੁ ਪਾਣੀ ਡੁਬਿ ਮੂਏ ਅਭਾਗੇ ॥
ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ ॥੧੩॥}

(ਅੰਗ - ੧੦੬੩)

ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦
ੴ ਸਤਿਗੁਰ ਪ੍ਰਸਾਦਿ ॥
{ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥
ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥
ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ ਰਹਾਉ ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥
ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥
ਹਰਿ ਜੀਉ ਸੇਵੀਐ ਅੰਤਰਜਾਮੀ ॥ ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥
ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥
ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥
ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥
ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥
ਸਤਿਗੁਰਿ ਮਿਲਿਐ ਵਡੀ ਵਡਿਆਈ ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥
ਨਾਮਿ ਰਤੇ ਸਦਾ ਸੁਖੁ ਪਾਈ ॥੭॥

ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥}

(ਅੰਗ - ੮੩੨-੮੩੩)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥
ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ ॥
ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ ॥੯॥
ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ ॥
ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥੧੦॥੨॥}

(ਅੰਗ - ੨੩੫)

52/7211

ਗਉੜੀ ਮਹਲਾ ੧ ॥

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ - ੨੨੩)

ਜੈਤਸਰੀ ਮਹਲਾ ੪ ਘਰੁ ੧ ਚਉਪਦੇ

ੴ ਸਤਿਗੁਰ ਪ੍ਰਸਾਦਿ ॥

{ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥
ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥

ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥
ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥
ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥੩॥
ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥੪॥੧॥}

(ਅੰਗ - ੬੯੬)

ਮਃ ੩ ॥

{ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥}

(ਅੰਗ - ੧੪੫)

ਪਉੜੀ ॥

{ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥}

(ਅੰਗ - ੧੪੫)

ਸਿਰੀਰਾਗੁ ਮਹਲਾ ੧ ॥

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥
ਮੁੰਧੇ ਗੁਣਹੀਣੀ ਸੁਖੁ ਕੇਹਿ ॥ ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥
ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥
ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥ ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥
ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥
ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥
ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥
ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥ ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥

ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥
ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥}

(ਅੰਗ - ੫੫-੫੬)

{ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥}

(ਅੰਗ - ੭)

ਸ੍ਰਿਸ਼ਟੀ ਦੇ ਕਰਤੇ ਦੀ ਅਸਲ ਭਗਤੀ ਕਰਨ ਦਾ ਕੀ ਮਾਰਗ ਹੈ, ਉਸਦਾ ਨਾਮ ਜਪਣ ਦਾ ਕੀ ਮਾਰਗ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਾਨੂੰ ਇਹੋ ਕੁਝ ਹੀ ਸਮਝਾਇਆ ਹੋਇਆ ਹੈ। ਇਨ੍ਹਾਂ ਸ਼ਬਦਾਂ ਨੂੰ ਅਗਰ ਥੋੜਾ ਜਿਹਾ ਵੀ ਧਿਆਨ ਨਾਲ ਸਮਝੀਏ ਤਾਂ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਦਾ ਮਾਰਗ, ਉਸਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪਣੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਨੂੰ ਛੱਡਣ ਦਾ ਮਾਰਗ ਹੈ ਭਾਵ ਗੁਰੂ ਦੀ ਸੱਚੀ ਸਮਝ ਨੂੰ ਮੰਨਣ ਦਾ ਮਾਰਗ ਹੈ ਤਾਂ ਜੋ ਅਸੀਂ ਉਹੋ ਜਿਹੇ ਕਰਮ ਕਰੀਏ ਭਾਵ ਆਪਣੇ ਕਾਰ ਵਿਹਾਰ ਵਿੱਚ, ਸੰਸਾਰਿਕ ਜੀਵਨ ਵਿੱਚ ਸੱਚੇ ਸੁੱਚੇ ਕਰਮ ਕਰੀਏ ਜਿਹੋ ਜਿਹੇ ਕਰਮ ਕਰਨੇ ਗੁਰੂ ਸਭ ਨੂੰ ਇੱਕੋ ਜਿਹੇ ਤਰੀਕੇ ਨਾਲ ਹੀ ਸਮਝਾਉਂਦਾ ਹੈ ਜੋ ਤਰੀਕਾ ਔਗੁਣ ਤਿਆਗਕੇ ਗੁਣੀ ਬਣਕੇ ਵਿਚਰਨ ਦਾ ਹੈ ਜਿਸ ਤਰੀਕੇ ਸੰਸਾਰ ਦਾ ਹਰ ਮਨੁੱਖ ਉਸ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਨਾਮ ਜਪਣ ਦਾ ਸੱਚਾ ਉਦਮ ਕਰ ਸਕਦਾ ਹੈ ਜਿਸ ਸੱਚੇ ਉਦਮ ਦੁਆਰਾ ਹੀ ਸੱਚ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਉਸਦਾ ਸੱਚ ਰੂਪ ਜਾਨਣ ਲਈ ਜਿਸ ਆਪਣੇ ਸੱਚ ਰੂਪ ਵਿੱਚ ਹੀ ਉਹ ਸਭ ਦੇ ਅੰਦਰ ਵਰਤ ਰਿਹਾ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਵਿਚਰ

ਰਿਹਾ ਹੈ ਤੇ ਉਸਦੇ ਸੱਚ ਰੂਪ ਨੂੰ ਆਪਣੇ ਅੰਦਰੋਂ ਜਾਨਣ ਲਈ ਆਪਣੀ ਝੂਠੀ ਸਮਝ ਨੂੰ ਛੱਡਣਾ ਹੀ ਪਵੇਗਾ ਜਿਸ ਝੂਠੀ ਮਤਿ ਨੂੰ ਛੱਡੇ ਬਿਨ੍ਹਾਂ ਸਾਡਾ ਸੱਚ ਰੂਪ ਪ੍ਰਮਾਤਮਾ ਦੇ ਨਾਲੋਂ ਪੜਦਾ ਦੂਰ ਨਹੀਂ ਹੋ ਸਕਦਾ। ਹਰ ਸੱਚੇ ਧਰਮ ਗ੍ਰੰਥ ਦਾ ਮਕਸਦ ਸਾਨੂੰ ਮਨ ਦੀ ਝੂਠੀ ਮਤਿ ਦੇ ਵਿੱਚੋਂ ਕੱਢਣ ਦਾ ਹੀ ਹੈ ਤੇ ਉਸ ਸੱਚ ਰੂਪ, ਨਾਮ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਮਤਿ ਦੇ ਨਾਲ ਜੋੜਣ ਦਾ ਹੈ ਜਿਸ ਉਸਦੀ ਸੱਚੀ ਮਤਿ ਨੂੰ ਅਸੀਂ ਜਿਉਂ ਜਿਉਂ ਆਪਣੇ ਅੰਦਰ ਵਸਾਉਂਦੇ ਜਾਵਾਂਗੇ ਤਿਉਂ ਤਿਉਂ ਸਾਡਾ ਪ੍ਰਮਾਤਮਾ ਨਾਲੋਂ ਭਰਮ ਰੂਪ ਪੜਦਾ ਹੌਲੀ ਹੌਲੀ ਉਤਰਦਾ ਜਾਵੇਗਾ ਤੇ ਉਸਨੂੰ ਅਸੀਂ ਆਪਣੇ ਅੰਦਰੋਂ ਜਾਨਣ ਦੇ ਨੇੜੇ ਲਗਦੇ ਜਾਵਾਂਗੇ। ਹਰ ਮਨੁੱਖੀ ਮਤਿ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ, ਨਾਮ ਜਪਣ ਦੇ ਮਾਰਗ ਨੂੰ ਸਮਝਣ ਵਿੱਚ ਭਰਮਾਂ ਨਾਲ ਭਰੀ ਹੋਈ ਹੈ ਜੋ ਸਾਡੇ ਅਨੇਕਾਂ ਭਰਮ ਗੁਰਬਾਣੀ ਦੇ ਸ਼ਬਦਾਂ ਰਾਹੀਂ ਉਜਾਗਰ ਕੀਤੇ ਹੋਏ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਬਾਰੀਕੀ ਨਾਲ ਸਮਝਿਆ ਹੀ ਹੈ। ਭਗਤੀ ਦੇ ਮਾਰਗ ਤੇ ਆਪਣੀ ਵਡਿਆਈ ਕਰਾਉਣੀ ਮਨੁੱਖ ਦਾ ਵੱਡਾ ਭਰਮ ਹੈ

ਜੋ ਵਡਿਆਈ ਮਨੁੱਖ ਭਗਤੀ ਦੇ ਉਹੋ ਜਿਹੇ ਦਿਖਾਵੇ ਕਰਨ ਦੁਆਰਾ ਲੈਂਦਾ ਹੈ ਜੋ ਦਿਖਾਵੇ ਕਰਨੇ ਗੁਰੂ ਦੀਆਂ ਨਜਰਾਂ ਵਿੱਚ ਸਾਡੇ ਔਗੁਣ ਹਨ ਜਿਨ੍ਹਾਂ ਨੂੰ ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਗੁਣ ਸਮਝਦੇ ਹਾਂ ਤੇ ਗੁਰੂ ਭਾਵੇਂ ਸਾਨੂੰ ਬਾਰ ਬਾਰ ਦਿਖਾਵੇ ਵਾਲੀ ਭਗਤੀ ਛੱਡਣ ਲਈ ਸਮਝਾਉਂਦਾ ਹੈ ਪਰ ਅਸੀਂ ਉਸਨੂੰ ਇਸ ਲਈ ਨਹੀਂ ਛੱਡਦੇ ਕਿਉਂਕਿ ਉਸਦੇ ਛੱਡਣ ਨਾਲ ਸਮਾਜ ਵਿੱਚੋਂ ਇੱਜਤ ਨਹੀਂ ਮਿਲਦੀ ਭਾਵ ਸਾਨੂੰ ਭਗਤੀ ਵਾਲਾ ਹੀ ਨਹੀਂ ਸਮਝਦਾ ਜਿਸ ਕਰਕੇ ਅਸੀਂ ਆਪਣੀ ਮਨਹਠਿ ਤੇ ਅੜੇ ਰਹਿੰਦੇ ਹਾਂ ਕਿ ਅਸੀਂ ਸਹੀ ਭਗਤੀ ਦੇ ਮਾਰਗ ਤੇ ਚੱਲ ਰਹੇ ਹਾਂ ਭਾਵ ਕਿਸੇ ਦੇ ਉੱਤੇ ਇਸ ਗੱਲ ਦਾ ਅਸਰ ਹੀ ਨਹੀਂ ਪੈਂਦਾ ਕਿ ਗੁਰੂ ਸਾਨੂੰ ਕੀ ਸਮਝਾ ਰਿਹਾ ਹੈ ਤੇ ਇਸੇ ਕਰਕੇ ਹੀ ਮੁੱਖ ਸ਼ਬਦ ਦੇ ਵਿੱਚ ਦਿਖਾਵੇ ਵਾਲੀ ਭਗਤੀ ਕਰਨ ਵਾਲਿਆਂ ਦੀ ਤੁਲਨਾ, ਝੂਠਾ ਨਾਮ ਜਪਣ ਵਾਲਿਆਂ ਦੀ ਤੁਲਨਾ ਗੁਰੂ ਸਾਹਿਬ ਨੇ ਭਾਵ ਆਪ ਪ੍ਰਮਾਤਮਾ ਨੇ ਉਨ੍ਹਾਂ ਦੀ ਤੁਲਨਾ ਗੱਧੇ ਦੇ ਨਾਲ, ਅਮੋੜ ਭੈਂਸੇ ਨਾਲ ਕੀਤੀ ਹੈ ਕਿਉਂਕਿ ਇਹੋ ਜਿਹੀ ਭਗਤੀ ਦੇ ਦਿਖਾਵੇ ਦੁਆਰਾ ਕੇਵਲ ਉਹ ਪਾਣੀ ਨੂੰ ਹੀ ਦੁੱਧ ਸਮਝਕੇ ਰਿੜਕਦੇ ਹਨ ਜਿਸ ਵਿੱਚੋਂ ਅਸਲ ਪ੍ਰਾਪਤੀ ਨਹੀਂ ਹੋ ਸਕਦੀ ਜੋ ਪ੍ਰਾਪਤੀ ਆਪਣੇ ਅੰਦਰੋਂ ਅਕਾਲ ਪੁਰਖ ਨੂੰ ਜਾਨਣ ਦੀ ਹੈ ਭਾਵ ਮਨ ਦੇ ਵਿੱਚ ਉਸਦੀ ਉੱਚੀ ਸਮਝ ਦੇ ਨਾਲ ਭਾਵ ਉਸਦੀ ਬ੍ਰਹਮ ਗਿਆਨ ਵਾਲੀ, ਨਾਮ ਵਾਲੀ ਸਮਝ ਦੇ ਨਾਲ ਮੇਲ ਕਰਨ ਵਾਲੀ ਹੈ ਜੋ ਮੇਲ ਮਨ ਦੀ ਝੂਠੀ ਸਮਝ ਵਿੱਚੋਂ ਨਿਕਲਕੇ ਹੀ ਹੁੰਦਾ ਹੈ ਭਾਵ ਮਨਮਤਿ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਗੁਰਮਤਿ ਦੀ ਸਮਝ ਦੇ ਮਾਲਕ ਨਾਲ ਹੁੰਦਾ ਹੈ। ਬਾਣੀ ਦੇ ਹਰ ਸ਼ਬਦ ਰਾਹੀਂ ਸਾਡਾ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਹੈ, ਉਸਦੇ ਨਾਲ ਮੇਲ ਹੋਣ ਦਾ ਇਹੋ ਤਰੀਕਾ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੀ ਵਿਆਖਿਆ ਦੁਆਰਾ ਲੇਖ ਵਿੱਚ ਸਮਝਦੇ ਆ ਰਹੇ ਹਾਂ।

ਪ੍ਰਮਾਤਮਾ ਦੇ ਨਾਲ ਮੇਲ ਨਾ ਹੋਣ ਦਾ ਕਾਰਨ ਸਾਡੀ ਭਰਮਾਂ ਵਾਲੀ ਸਮਝ ਹੀ ਹੈ ਜੋ ਭਰਮਾਂ ਵਾਲੀ ਸਮਝ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ ਜਿਸ ਤਰੀਕੇ ਉਹ ਆਪਣੀ ਇਸ ਸੰਸਾਰ ਦੀ ਖੇਡ

ਨੂੰ ਚਲਾ ਰਿਹਾ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਸਮਝੀਏ ਕਿ ਸੰਸਾਰ ਦੀ ਖੇਡ ਕਿਸ ਤਰੀਕੇ ਚੱਲ ਰਹੀ ਹੈ।

“ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥”

ਅਕਾਲ ਪੁਰਖ ਦੀ ਖੇਡ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਸਭ ਕੁਝ ਆਪ ਹੀ ਹੈ ਪਰ ਹਰ ਕਿਸੇ ਦੇ ਅੰਦਰ ਭਰਮ ਵਾਲੀ ਸਮਝ ਪਾਉਣ ਵਾਲਾ ਹੈ ਤੇ ਸਭ ਨੂੰ ਮੈਂ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਜੋ ਮਨ ਦੀ ਭਰਮ ਵਾਲੀ ਸਮਝ ਸਭ ਨੂੰ ਇਹ ਸਮਝਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ, ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਮੈਂ ਹਾਂ, ਮੇਰੇ ਅੰਦਰ ਦੀ ਸਮਝ ਮੇਰੀ ਹੈ ਤੇ ਜੋ ਕੁਝ ਵੀ ਆਪਣੇ ਜੀਵਨ ਵਿੱਚ ਮੈਂ ਕਰ ਰਿਹਾ ਹਾਂ ਉਹ ਆਪਣੀ ਸਮਝ ਨਾਲ ਹੀ ਕਰ ਰਿਹਾ ਹਾਂ। ਅਕਾਲ ਪੁਰਖ ਆਪਣੀ ਇਹ ਖੇਡ ਸੰਸਾਰ ਵਿੱਚ ਕਦੇ ਹੀ ਕਿਸੇ ਵਿਰਲੇ ਨੂੰ ਉਸਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਸਮਝਾਉਂਦਾ ਹੈ, ਮਨੁੱਖੀ ਤ੍ਰੈਗੁਣਾਂ ਵਾਲੀ ਸਮਝ ਦਾ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਮੇਲ ਕਰਨ ਦੁਆਰਾ ਸਮਝਾਉਂਦਾ ਹੈ, ਮਨ ਦੇ ਅੰਦਰ ਦੀ ਹਉਮੈ ਵਾਲੀ ਸਮਝ ਦਾ ਆਪਣੇ ਨਾਮ ਵਾਲੀ, ਬ੍ਰਹਮਗਿਆਨ ਵਾਲੀ ਸਮਝ ਦੇ ਨਾਲ ਮੇਲ ਕਰਨ ਦੁਆਰਾ ਸਮਝਾਉਂਦਾ ਹੈ, ਸ਼ਬਦ ਸੁਰਤਿ ਦਾ ਮੇਲ ਕਰਨ ਦੁਆਰਾ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ, ਉਨ੍ਹਾਂ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਸਮਝਾਇਆ ਹੈ ਜਿਸ ਉੱਚੀ ਸਮਝ ਰਾਹੀਂ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਪਾਈ ਹੈ ਕਿ ਸਭ ਕੁਝ ਅਸਲ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਹ ਆਪ ਹੀ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਪਾਉਣ ਦੁਆਰਾ ਸਭ ਦੇ ਨਾਲ ਆਪਣਾ ਪੜਦਾ ਰੱਖ ਕੇ ਆਪਣੀ ਸ੍ਰਿਸ਼ਟੀ ਦੀ ਖੇਡ ਨੂੰ ਚਲਾ ਰਿਹਾ ਹੈ। ਜੇਕਰ ਸਭ ਨੂੰ ਇਸ ਗੱਲ ਤੇ ਵਿਸ਼ਵਾਸ ਆ ਜਾਵੇ ਕਿ ਮੇਰੀ ਆਪਣੀ ਕੋਈ ਹੋਂਦ ਹੀ ਨਹੀਂ ਹੈ ਤੇ ਹਰ ਰੂਪ ਵਿੱਚ ਇੱਕੋ ਇੱਕ ਆਪ ਹੀ ਹੈ ਫਿਰ ਇਹ ਖੇਡ ਹੀ ਕੀ ਰਹਿ ਗਈ। ਇੱਕੋ ਇੱਕ ਇਕੱਲਾ ਕੀ ਖੇਡ ਖੇਡੇਗਾ। ਇਹ ਸੰਸਾਰਿਕ ਰਚਨਾ ਬਹੁਤ ਉੱਚੀ ਖੇਡ ਹੈ ਅਕਾਲ ਪੁਰਖ ਦੀ ਜਿਸ ਰਾਹੀਂ ਉਸਨੇ ਆਪਣੇ ਅਣਗਿਣਤ ਹੀ ਰੂਪ ਬਣਾਏ ਹੋਏ ਹਨ ਤੇ ਹਰ ਕੋਈ ਆਪਣੇ ਆਪ ਨੂੰ ਇੱਕ ਦੂਜੇ ਤੋਂ ਵੱਖਰਾ ਰੂਪ ਸਮਝਦਾ ਹੈ। ਇਹ ਕਿਤਨੀ ਕੁ ਵੱਡੀ ਕਮਾਲ ਹੈ ਸ੍ਰਿਸ਼ਟੀ ਦੇ ਕਰਤੇ ਦੀ ਇਸ ਗੱਲ ਦੀ ਸਮਝ ਤਾਂ ਹੀ ਲੱਗ ਸਕਦੀ ਹੈ ਤੇ ਇਸ ਗੱਲ ਦੀ ਪੱਕੀ ਸਮਝ ਤਾਂ ਹੀ ਲਗ ਸਕਦੀ ਹੈ ਭਾਵ ਪੱਕਾ ਵਿਸ਼ਵਾਸ ਤਾਂ ਹੀ ਆ ਸਕਦਾ ਹੈ ਜਦੋਂ ਅਕਾਲ ਪੁਰਖ ਕਿਸੇ ਦੇ ਅੰਦਰ

ਆਪਣਾ ਆਪ ਪ੍ਰਗਟ ਕਰ ਦਿੰਦਾ ਹੈ ਤੇ ਮਨੁੱਖ ਨੂੰ ਉਸਦੀ ਅਸਲੀਅਤ ਦੀ ਸਮਝ ਤਾਂ ਹੀ ਪੈਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ, ਹਕੀਕਤ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਵਰਤ ਰਿਹਾ ਹੈ ਤੇ ਮਨ ਦੀ ਅਗਿਆਨਤਾ ਵਾਲੀ ਸਮਝ ਦੁਆਰਾ ਉਸਨੇ ਆਪ ਹੀ ਸਭ ਨੂੰ, ਆਪ ਹੀ ਹਰ ਜੀਵ ਜੰਤ ਨੂੰ ਇਸ ਭਰਮ ਵਿੱਚ ਰੱਖਿਆ ਹੋਇਆ ਹੈ ਕਿ ਇਹ ਸਰੀਰ

52/7214

ਦੇ ਰੂਪ ਵਿੱਚ ਮੈਂ ਹਾਂ। ਜਦੋਂ ਕਿਸੇ ਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਪ੍ਰਮਾਤਮਾ ਕਿਤਨਾ ਕੂ ਵੱਡਾ ਹੈ, ਉਹ ਕਿੰਨੀਆਂ ਕੂ ਵਡਿਆਈਆਂ ਦਾ ਮਾਲਕ ਹੈ ਜਿਸਨੇ ਹਰ ਆਕਾਰ ਰੂਪ ਨੂੰ ਅਨੇਕਾਂ ਹੀ ਅਨੇਕਾਂ ਗੁਣਾਂ ਨਾਲ ਭਰਿਆ ਹੋਇਆ ਹੈ। ਇਸੇ ਲਈ ਬਾਣੀ ਵਿੱਚ ਸਾਨੂੰ ਸ਼ਬਦ ਰਾਹੀਂ ਇਹ ਕਹਿ ਕੇ ਸਮਝਾਇਆ ਹੋਇਆ ਹੈ ਕਿ ਪ੍ਰਮਾਤਮਾ ਦੇ ਗੁਣ ਉਦੋਂ ਹੀ ਗਾਏ ਜਾ ਸਕਦੇ ਹਨ ਜਦੋਂ ਮਨੁੱਖ ਨੂੰ ਇਸ ਗੱਲ ਦੀ ਸਮਝ ਲੱਗ ਜਾਵੇ ਕਿ ਸਭ ਕੁਝ ਅਕਾਲ ਪੁਰਖ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਵੀ ਨਹੀਂ ਹੈ, ਨਾ ਹੀ ਉਸ ਤੋਂ ਬਿਨ੍ਹਾਂ ਕੋਈ ਹੋਇਆ ਹੈ ਤੇ ਨਾ ਹੀ ਕੋਈ ਹੋ ਸਕਦਾ ਹੈ। ਸ੍ਰਿਸ਼ਟੀ ਦੇ ਕਰਤੇ ਦਾ ਵੱਡਾਪਣ ਜਾਣੇ ਬਿਨਾਂ ਉਸਦੀ ਰੱਤੀ ਭਰ ਵੀ ਵਡਿਆਈ ਨਹੀਂ ਕੀਤੀ ਜਾ ਸਕਦੀ ਤੇ ਉਸਦੀ ਵਡਿਆਈ ਜਾਣੇ ਬਿਨਾਂ ਹੀ ਕੋਈ ਆਪਣੀ ਵਡਿਆਈ ਸਮਝ ਸਕਦਾ ਹੈ, ਕਰਵਾ ਸਕਦਾ ਹੈ। ਇਸ ਵਡਿਆਈ ਦਾ ਕਾਰਣ ਕੇਵਲ ਮਨ ਦਾ ਭਰਮ ਹੈ ਹੋਰ ਕੁਝ ਵੀ ਨਹੀਂ ਤੇ ਕੇਵਲ ਉਸਦੀ ਸੰਸਾਰਿਕ ਖੇਡ ਨੂੰ ਚਲਾਉਣ ਦਾ ਉਸਦਾ ਆਪਣਾ ਬਣਾਇਆ ਹੋਇਆ ਤਰੀਕਾ ਹੈ, ਸੰਸਾਰੀਆਂ ਨੂੰ ਸੰਸਾਰ ਵਿੱਚ ਝੂਠੀ ਖੁਸ਼ੀ ਦੇਣ ਦਾ ਤਰੀਕਾ ਹੈ ਭਾਵ ਇਹ ਸਭ ਉਸਦੀ ਖੇਡ ਹੀ ਵਰਤ ਰਹੀ ਹੈ ਜਿਸ ਖੇਡ ਦਾ ਹਰ ਕੋਈ ਆਨੰਦ ਲੈ ਰਿਹਾ ਹੈ। ਇਸ ਸੰਸਾਰਿਕ ਖੇਡ ਵਿੱਚ ਅਕਾਲ ਪੁਰਖ ਨੇ ਸੰਸਾਰੀਆਂ ਨੂੰ ਖੁਸ਼ੀ ਦੇਣ ਲਈ ਅਨੇਕਾਂ ਹੀ ਸਾਧਨ ਬਣਾਏ ਹੋਏ ਹਨ। ਅਨੇਕਾਂ ਹੀ ਖਾਣੇ ਪੀਣੇ ਦੇ ਸਾਧਨ, ਇਸਤਰੀ ਪੁਰਖ ਦੇ ਮੇਲ ਦੇ ਸਾਧਨ ਹਨ ਜਿਨ੍ਹਾਂ ਵਿੱਚ ਮਨੁੱਖ ਨੂੰ ਖੁਸ਼ੀ ਮਿਲਦੀ ਹੈ। ਜਗ੍ਹਾ ਜਗ੍ਹਾ ਹਰਿਆਵਲ ਹੈ, ਉੱਚੇ ਉੱਚੇ ਪਹਾੜ ਹਨ, ਬਰਫ ਦੀਆਂ ਚੋਟੀਆਂ ਹਨ, ਨਦੀਆਂ ਨਾਲਿਆਂ ਨੂੰ ਦੇਖਣ ਦੇ ਨਜਾਰੇ ਹਨ ਭਾਵ ਸੈਰ ਸਪਾਟੇ ਕਰਨ ਦੇ ਨਜਾਰੇ ਹਨ, ਵੱਡੇ ਵੱਡੇ ਸਮੁੰਦਰ, ਬਹੁਤ ਵੱਡਾ ਆਕਾਸ਼ ਹੈ ਜਿੱਥੇ ਉਡਦੇ ਹੋਏ ਪੰਛੀਆਂ ਨੂੰ ਵੇਖਣ ਦੇ ਨਜਾਰੇ ਹਨ, ਸੂਰਜ ਹੈ, ਚੰਦਰਮਾ ਹੈ, ਅਣਗਿਣਤ ਤਾਰੇ ਹਨ ਜੋ ਮਨੁੱਖ ਨੂੰ ਸੁੱਖ ਵੀ ਦਿੰਦੇ ਹਨ ਤੇ ਮੋਂਹਦੇ ਵੀ ਹਨ। ਸਰੀਰਕ ਪਹਿਰਾਵੇ ਲਈ ਵੱਡੇ ਸਾਧਨ ਹਨ ਤੇ ਇਸੇ ਤਰ੍ਹਾਂ ਅਨੇਕਾਂ ਹੀ ਅਨੇਕਾਂ ਉਸਦੇ ਬਣਾਏ ਹੋਏ ਜੋ ਸਾਧਨ ਹਨ ਸਾਰੇ ਜੀਵ ਇਸ ਖੇਡ ਦਾ ਉਨ੍ਹਾਂ ਰਾਹੀਂ ਆਨੰਦ ਮਾਣਦੇ ਹਨ ਭਾਵ ਸਭ ਨੂੰ ਸੰਸਾਰ ਵਿੱਚ ਰਹਿਣਾ ਚੰਗਾ ਲਗਦਾ ਹੈ। ਜਿੱਥੇ ਸੁੱਖ ਹੁੰਦਾ ਹੈ ਉੱਥੇ ਉਸਦਾ ਦੂਸਰਾ ਪਾਸਾ ਵੀ ਹੁੰਦਾ ਹੈ ਜੋ ਕਿ ਦੁੱਖ ਹੈ ਕਿਉਂਕਿ ਸੁੱਖ ਦੁੱਖ ਹਰ ਸਰੀਰ ਦੇ ਨਾਲ ਪੈ ਕੇ ਹੀ ਆਉਂਦਾ ਹੈ ਤੇ ਦੁੱਖਾਂ ਵਿੱਚੋਂ ਨਿਕਲਣ ਦੇ ਸਾਧਨ ਵੀ ਉਸਨੇ ਆਪ ਹੀ ਬਣਾਏ ਹੋਏ ਹਨ ਜੋ ਪੂਰਨ ਗਿਆਨ ਦਾ ਮਾਲਕ ਹੈ, ਪੂਰੀ ਸਾਇੰਸ ਦਾ ਰਚਨਹਾਰ ਹੈ। ਮਨੁੱਖ ਆਪਣੀ ਨਾਸਮਝੀ ਕਰਕੇ ਹੀ ਇਹ ਸਮਝਦਾ ਹੈ ਕਿ ਮੈਂ ਆਪਣੀ ਸਮਝ ਦੇ ਨਾਲ ਆਪਣੇ ਸੁੱਖ ਬਣਾਏ ਹਨ। ਨਾ ਇਹ ਮਾਇਆ ਕਿਸੇ ਦੀ ਆਪਣੀ ਹੈ ਤੇ ਨਾ ਹੀ ਇਹ ਸਮਝ ਕਿਸੇ ਦੀ ਆਪਣੀ ਹੈ। ਜੇਕਰ ਕੋਈ ਡਾਕਟਰ ਇਹ ਸਮਝੇ, ਦਵਾਈਆਂ ਬਣਾਉਣ ਵਾਲਾ ਹੀ ਇਹ ਸਮਝੇ ਕਿ ਸੰਸਾਰੀਆਂ ਦੇ ਦੁੱਖ ਦੂਰ ਕਰਨ ਦੇ ਲਈ ਮੈਂ ਦੁੱਖ ਦੀ ਦਵਾਈ ਬਣਾਈ ਹੈ ਇਹ ਕੇਵਲ ਉਸਦਾ ਭਰਮ ਹੈ ਕਿਉਂਕਿ ਅਸਲ ਵਿੱਚ ਉਹ ਸਭ ਕੁਝ ਆਪ ਹੀ ਹੈ ਤੇ ਸਭ ਦੇ ਨਾਲ ਆਪਣਾ ਪੜਦਾ ਰੱਖ ਕੇ ਆਪ ਹੀ ਆਪਣੀ ਸ੍ਰਿਸ਼ਟੀ ਦੀ ਖੇਡ ਨੂੰ ਚਲਾ ਰਿਹਾ ਹੈ। ਸਾਇੰਸ ਵਾਲੀ ਸਮਝ ਜਿਉਂ ਜਿਉਂ ਕਿਸੇ ਦੇ ਅੰਦਰ ਵੱਧਦੀ ਹੈ ਤਿਉਂ ਤਿਉਂ

52/7215

ਉਸ ਰਾਹੀਂ ਨਵੀਆਂ ਨਵੀਆਂ ਖੋਜਾਂ ਹੁੰਦੀਆਂ ਹਨ ਜਿਨ੍ਹਾਂ ਖੋਜਾਂ ਕਰਕੇ ਮਨੁੱਖ ਚੰਦਰਮੇ ਤੱਕ ਵੀ ਪਹੁੰਚੇ ਹਨ ਤੇ ਉਸ ਤੋਂ ਅੱਗੇ ਜਾਣ ਦੀਆਂ ਖੋਜਾਂ ਹੋ ਰਹੀਆਂ ਹਨ। ਇਹ ਸਭ ਕੁਝ ਉਹ ਅੰਦਰ ਬੈਠ ਕੇ ਸਭ ਕੁਝ ਕਰਵਾ ਰਿਹਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਤੇ ਇਸ ਗੱਲ ਦੀ ਵਡਿਆਈ ਉਨ੍ਹਾਂ ਨੂੰ ਹੀ ਮਿਲਦੀ ਹੈ ਜਿਨ੍ਹਾਂ ਨੂੰ ਖੋਜੀ ਸਮਝਿਆ ਜਾਂਦਾ ਹੈ। ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਜੇਕਰ ਕੋਈ ਕੰਮ ਕਰਨ ਦਾ ਲਾਭ ਹੀ ਨਾ ਮਿਲੇ, ਉਹ ਕੰਮ ਕਰਨ ਨਾਲ ਮਨੁੱਖ ਦੀ ਤ੍ਰਿਸ਼ਨਾ ਹੀ ਨਾ ਮੁੱਕੇ ਜੋ ਤ੍ਰਿਸ਼ਨਾਵਾਂ ਸਭ ਦੇ ਅੰਦਰ ਹੀ ਹੁੰਦੀਆਂ ਹਨ ਫਿਰ ਉਹ ਕੰਮ ਕਰਨ ਵਿੱਚ ਮਨੁੱਖ ਦੀ ਕੋਈ ਦਿਲਚਸਪੀ ਹੀ ਨਹੀਂ ਰਹਿ ਜਾਂਦੀ। ਧੰਨ ਧੰਨ ਧੰਨ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਸੰਸਾਰਿਕ ਖੇਡ ਚਲਾਉਣ ਲਈ ਹੀ ਸਭ ਦੇ ਅੰਦਰ ਤ੍ਰਿਸ਼ਨਾਵਾਂ ਪਾਈਆਂ ਹੋਈਆਂ ਹਨ ਜਿਨ੍ਹਾਂ ਤ੍ਰਿਸ਼ਨਾਵਾਂ ਵਿੱਚ ਮਨੁੱਖ ਦੀ ਸਭ ਤੋਂ ਵੱਡੀ ਤ੍ਰਿਸ਼ਨਾ ਮਾਇਆ ਮੋਹ ਹੀ ਹੈ ਜਿਸ ਤੋਂ ਬਾਹਰ ਕੋਈ ਵੀ ਨਹੀਂ। ਮਨੁੱਖ ਜੋ ਵੀ ਕਰਮ ਕਰਦਾ ਹੈ ਉਸ ਵਿੱਚ ਮਨੁੱਖ ਦੀ ਕੋਈ ਨਾ ਕੋਈ ਤਾਂ ਇੱਛਾ ਹੁੰਦੀ ਹੀ ਹੈ ਤੇ ਜੇਕਰ ਕਿਸੇ ਦੇ

ਅੰਦਰ ਕੋਈ ਇੱਛਾ ਹੀ ਨਾ ਉਪਜੇ ਫਿਰ ਉਹ ਕੁਝ ਕਰਨ ਲਈ ਤਿਆਰ ਹੀ ਨਹੀਂ ਹੁੰਦਾ। ਆਪਣੇ ਸਰੀਰ ਨੂੰ, ਪਰਿਵਾਰ ਨੂੰ ਪਾਲਣ ਦੀ ਇੱਛਾ ਸਭ ਦੇ ਅੰਦਰ ਹੁੰਦੀ ਹੈ ਜੋ ਇੱਛਾ ਪੂਰੀ ਕਰਨ ਲਈ ਸੰਸਾਰਿਕ ਮਾਇਆ ਦੀ ਲੋੜ ਹੁੰਦੀ ਹੈ ਜਿਸ ਮਾਇਆ ਦੀ ਪ੍ਰਾਪਤੀ ਲਈ ਸ੍ਰਿਸ਼ਟੀ ਦੇ ਕਰਤੇ ਨੇ ਅਨੇਕਾਂ ਹੀ ਅਨੇਕਾਂ ਸਾਧਨ ਬਣਾਏ ਹੋਏ ਹਨ ਤਾਂ ਜੋ ਹਰ ਮਨੁੱਖ ਆਪਣੇ ਸਰੀਰ ਦੀ ਪਾਲਣਾ ਕਰ ਸਕੇ, ਬੱਚਿਆਂ ਦੀ, ਪਰਿਵਾਰ ਦੀ, ਬਜੁਰਗਾਂ ਦੀ ਪਾਲਨਾ ਕਰ ਸਕੇ ਤੇ ਕਿਸੇ ਜਰੂਰਤ ਮੰਦ ਦੀ ਲੋੜ ਵੀ ਪੂਰੀ ਕਰ ਸਕੇ ਜੋ ਆਪਣੇ ਆਪ ਵਿੱਚ ਆਪਣੀ ਲੋੜ ਪੂਰੀ ਕਰਨ ਵਿੱਚ ਸਮਰਥ ਨਾ ਹੋਵੇ। ਇਹ ਬਹੁਤ ਵੱਡੀ ਖੇਡ ਹੈ, ਬਹੁਤ ਵੱਡੀ ਖੇਡ ਹੈ, ਬਹੁਤ ਵੱਡੀ ਖੇਡ ਹੈ ਜਿਸ ਖੇਡ ਨੂੰ ਸਮਝਣ ਦੀ ਸਮਰਥਾ ਸ੍ਰਿਸ਼ਟੀ ਦੇ ਕਰਤੇ ਨੇ ਕਿਸੇ ਨੂੰ ਵੀ ਨਹੀਂ ਬਖਸ਼ੀ ਜਿਸ ਖੇਡ ਦੀ ਸਮਝ ਕੇਵਲ ਉਸਦੇ ਆਪਣੇ ਸਮਝਾਉਣ ਦੁਆਰਾ ਹੀ ਲੱਗ ਸਕਦੀ ਹੈ ਤੇ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਦੋ ਪਦਿਆਂ ਰਾਹੀਂ ਸਮਝਾਈ ਹੋਈ ਹੈ ਜਿਨ੍ਹਾਂ ਦੋਨਾਂ ਪਦਿਆਂ ਨੂੰ ਇਕੱਠਾ ਮਿਲਾ ਕੇ ਸਮਝਾਂਗੇ ਤੇ ਤਾਂ ਹੀ ਇਸ ਸੰਸਾਰਿਕ ਖੇਡ ਨੂੰ ਸਮਝ ਸਕਾਂਗੇ ਜੋ ਖੇਡ ਸ੍ਰਿਸ਼ਟੀ ਦਾ ਕਰਤਾ ਹਰ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖ ਕੇ ਹੀ ਚਲਾ ਰਿਹਾ ਹੈ ਤੇ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਇਸ ਖੇਡ ਦੀ ਸਮਝ ਪੈਂਦੀ ਹੈ ਤੇ ਭਰਮਾਂ ਵਾਲੀ ਸਮਝ ਵਿੱਚੋਂ ਉਹ ਕਿਸੇ ਨੂੰ ਆਪ ਹੀ ਕੱਢ ਸਕਦਾ ਹੈ, ਆਪਣਾ ਨਾਮ ਬਖਸ਼ਣ ਦੁਆਰਾ ਕੱਢ ਸਕਦਾ ਹੈ ਜਿਸਨੇ ਆਪ ਹੀ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ, ਤ੍ਰੈਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ ਭਾਵ ਮਨ ਦੀ ਮਾਇਆ ਦੀ ਜੁਗਤਿ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਸ਼ਬਦ ਦੇ ਅਰਥ ਕੁਝ ਗਹਿਰੇ ਹਨ ਜਿਸਨੂੰ ਸੰਸਾਰ ਦਾ ਕੋਈ ਵੀ ਮਨੁੱਖ ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਆਪਣੇ ਆਪ ਨਹੀਂ ਸਮਝ ਸਕਦਾ। ਆਉ ਧਿਆਨ ਨਾਲ ਸਮਝੀਏ ਤੇ ਉਸ ਸਮਝ ਦੁਆਰਾ ਸਮਝੀਏ ਜੋ ਸਮਝ ਮਨ ਦੇ ਵਿੱਚ ਬੈਠਾ ਆਪਣੀ ਜੋਤਿ ਰਾਹੀਂ

ਸ੍ਰਿਸ਼ਟੀ ਦੀ ਖੇਡ ਦਾ ਮਾਲਕ ਧੰਨ ਧੰਨ ਵਾਹਿਗੁਰੂ, ਅੱਲ੍ਹਾ, ਪ੍ਰਮਾਤਮਾ ਆਪ ਹੀ ਪਾ ਰਿਹਾ ਹੈ ਤੇ ਸਾਰੇ ਸੰਸਾਰ ਨੂੰ ਆਪਣੀ ਇਹ ਖੇਡ ਖੇਡਣ ਦਾ ਇੱਕੋ ਜਿਹਾ ਤਰੀਕਾ ਸਮਝਾ ਰਿਹਾ ਹੈ।

“ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥

ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥”

ਪ੍ਰਮਾਤਮਾ ਦੀ ਇਸ ਖੇਡ ਨੂੰ ਕੇਵਲ ਤੇ ਕੇਵਲ ਮਨ ਦੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਸ ਖੇਡ ਨੂੰ ਖੇਡ ਦਾ ਮਾਲਕ ਆਪ ਹੀ ਪ੍ਰਗਟ ਕਰ ਸਕਦਾ ਹੈ ਭਾਵ ਆਪਣੀ ਖੇਡ ਉਹ ਆਪ ਹੀ ਕਿਸੇ ਨੂੰ ਦਿਖਾ ਸਕਦਾ ਹੈ ਭਾਵ ਮਨ ਦੀ ਸਮਝ ਰਾਹੀਂ ਦਿਖਾ ਸਕਦਾ ਹੈ ਜਿਵੇਂ ਕਿ ਉਸਨੇ ਆਪਣੀ ਇਹ ਖੇਡ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਸਮਝ ਦੇ ਅੰਦਰ ਪ੍ਰਗਟ ਕਰਕੇ ਦਿਖਾਈ ਹੈ। ਭਗਤ ਕਬੀਰ ਜੀ ਉਪਰ ਵਾਲੇ ਪਦੇ ਰਾਹੀਂ ਸਾਨੂੰ ਇਹ ਸਮਝਾ ਰਹੇ ਹਨ ਕਿ ਉਨ੍ਹਾਂ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਕਿਸ ਤਰੀਕੇ ਪ੍ਰਗਟ ਹੋਈ ਹੈ ਭਾਵ ਉਨ੍ਹਾਂ ਨੇ ਅਕਾਲ ਪੁਰਖ ਦੀ ਖੇਡ ਨੂੰ ਕਿਸ ਰੂਪ ਵਿੱਚ ਜਾਣਿਆ ਹੈ। ਭਗਤ ਕਬੀਰ ਜੀ ਨੇ ਸੰਸਾਰ ਨੂੰ ਇਹ ਖੇਡ ਇਸ ਤਰੀਕੇ ਬਿਆਨ ਕੀਤੀ ਹੈ ਜਿਵੇਂ ਕਿ ਕਿਸੇ ਲੇਲੇ ਨੂੰ ਹਰ ਰੋਜ ਭੇਡ ਚੁੰਘੇ ਜੋ ਕਿ ਅਸਲੀਅਤ ਦੇ ਉਲਟ ਹੈ ਕਿਉਂਕਿ ਅਸਲ ਵਿੱਚ ਲੇਲਾ ਭੇਡ ਨੂੰ ਚੁੰਘਦਾ ਹੈ ਜੋ ਭੇਡ ਲੇਲੇ ਨੂੰ ਜਨਮ ਦੇਂਦੀ ਹੈ। ਪ੍ਰਮਾਤਮਾ ਦੀ ਇਹ ਖੇਡ ਹਰ ਮਨੁੱਖ ਦੀ ਸਮਝ ਦੇ ਅੰਦਰ ਇਸੇ ਤਰੀਕੇ ਹੀ ਪਾਈ ਹੋਈ ਹੈ। ਹਰ ਕੋਈ ਅਸਲ ਵਿੱਚ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਤੇ ਸਭ ਦੇ ਅੰਦਰ ਝੂਠੀ ਸਮਝ ਪਾਉਣ ਦੁਆਰਾ ਪ੍ਰਮਾਤਮਾ ਨੇ ਸਭ ਦੇ ਕੋਲੋਂ ਇਹ ਖੇਡ ਛੁਪਾਈ ਹੋਈ ਹੈ ਭਾਵ ਆਪਣੀ ਖੇਡ ਨੂੰ ਸਭਦੇ ਕੋਲੋਂ ਪੜਦੇ ਵਿੱਚ ਰੱਖਿਆ ਹੋਇਆ ਹੈ। ਭੇਡ ਰੂਪ ਉਸਦਾ ਆਪਣਾ ਉੱਚਾ ਰੂਪ ਹੈ ਜਿਸ ਆਪਣੇ ਰੂਪ ਵਿੱਚ ਉਹ ਆਪ ਹੀ ਸਭ ਦੇ ਅੰਦਰ ਹੈ ਜੋ ਉਸਦਾ ਭੇਡ ਰੂਪ ਸਭ ਦੇ ਅੰਦਰ ਬ੍ਰਹਮਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੈ ਪਰ ਉਸਨੇ ਆਪਣੇ ਭੇਡ ਰੂਪ ਨੂੰ ਭਾਵ ਆਪਣੇ ਬ੍ਰਹਮਗਿਆਨ ਰੂਪ ਨੂੰ ਆਪ ਹੀ ਸਭ ਨੂੰ ਲੇਲਾ ਰੂਪ ਬਣਾਇਆ ਹੈ ਭਾਵ ਛੋਟੀ ਸਮਝ ਵਾਲਾ ਰੂਪ ਬਣਾਇਆ ਹੋਇਆ ਹੈ, ਅਗਿਆਨਤਾ ਵਾਲੀ, ਭਰਮਾਂ ਵਾਲੀ, ਹਉਮੈ ਵਾਲੀ, ਤ੍ਰੈਗੁਣਾਂ ਵਾਲੀ ਸਮਝ ਨੂੰ, ਪੁੱਠੇ ਕਮਲ ਵਾਲੀ ਸਮਝ ਨੂੰ ਬਣਾਇਆ ਹੋਇਆ ਹੈ ਭਾਵ ਸਭਦੇ ਅੰਦਰ ਉਸਨੇ ਆਪ ਹੀ ਆਪਣੀ ਉੱਚੀ ਸਮਝ ਨੂੰ ਨੀਵੀਂ ਸਮਝ ਬਣਾਇਆ ਹੋਇਆ ਹੈ ਜਿਸ ਮਨ ਦੀ ਨਾਸਮਝੀ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਅਕਾਲਪੁਰਖ ਤੋਂ ਵੱਖਰਾ ਰੂਪ ਸਮਝਦਾ ਹੈ, ਜਦਕਿ ਹਕੀਕਤ ਇਹ ਹੈ ਕਿ ਹਰ ਰੂਪ ਵਿੱਚ ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ ਉਹ ਆਪ ਹੀ ਵਰਤ ਰਿਹਾ ਹੈ ਤੇ ਸਭ ਨੂੰ ਭਰਮਾਂ ਵਿੱਚ ਰੱਖਕੇ ਹੀ ਸੰਸਾਰ ਵਿੱਚ

ਆਪਣੀ ਬਣਾਈ ਹੋਈ ਖੇਡ ਨੂੰ ਚਲਾ ਰਿਹਾ

52/7217

ਹੈ ਜਿਸ ਖੇਡ ਨੂੰ ਤਦ ਤਕ ਕੋਈ ਨਹੀਂ ਜਾਣ ਸਕਦਾ ਜਦ ਤਕ ਉਹ ਆਪਣੀ ਖੇਡ ਕਿਸੇ ਦੇ ਅੰਦਰ ਪ੍ਰਗਟ ਕਰਕੇ ਦਿਖਾਉਂਦਾ ਨਹੀਂ। (**ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥3॥**)

ਕਿਸੇ ਦੇ ਅੰਦਰ ਅਕਾਲਪੁਰਖ ਆਪਣੀ ਇਹ ਖੇਡ ਕਿਸ ਤਰੀਕੇ ਪ੍ਰਗਟ ਕਰਦਾ ਹੈ ਭਾਵ ਉਸਦੀ ਇਸ ਖੇਡ ਦੀ ਸਮਝ ਮਨੁੱਖ ਨੂੰ ਕਿਸ ਤਰੀਕੇ ਪੈਂਦੀ ਹੈ ਇਹ ਨਾਲ ਹੀ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਤਾਂ ਜੋ ਅਸੀਂ ਉਸਦੀ ਖੇਡ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ। ਆਉ ਧਿਆਨ ਨਾਲ ਸਮਝੀਏ।

“ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥”

ਹੁਣ ਉਪਰਲੀ ਪੰਗਤੀ ਰਾਹੀਂ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਆਪਣੀ ਖੇਡ ਕਿਸੇ ਦੇ ਅੰਦਰ ਕਿਸ ਤਰੀਕੇ ਪ੍ਰਗਟ ਕਰਦਾ ਹੈ, ਉਸਦੀ ਇਹ ਖੇਡ ਮਨੁੱਖ ਦੀ ਮਤਿ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ ਹੀ ਪ੍ਰਗਟ ਹੁੰਦੀ ਹੈ। ਸਾਡੇ ਅੰਦਰ ਪ੍ਰਮਾਤਮਾ ਦਾ ਆਪ ਪ੍ਰਗਟ ਹੋਣਾ ਜਾਂ ਉਸਦੀ ਖੇਡ ਦਾ ਪ੍ਰਗਟ ਹੋਣਾ ਇੱਕੋ ਹੀ ਗੱਲ ਹੈ । ਉਹ ਮਨ ਦੇ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਭਾਵ ਆਪਣੇ ਨਾਮ ਦੇ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਸਦੇ ਸੱਚੇ ਗਿਆਨ ਰੂਪ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਦ ਹੀ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਹਰ ਕੋਈ ਤ੍ਰੈਗੁਣਾਂ ਵਿੱਚ ਕਿਸ ਲਈ ਹੈ, ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਦੇ ਵਿੱਚ ਕਿਸ ਲਈ ਹੈ ਤੇ ਮਨੁੱਖ ਨੂੰ ਇਹ ਸਮਝ ਲਗਦੀ ਹੈ ਕਿ ਹਰ ਆਪਣੇ ਰੂਪ ਨੂੰ ਭਰਮ ਵਿੱਚ ਰੱਖਕੇ ਵੀ ਉਹ ਆਪ ਹੀ ਵਿਚਰ ਰਿਹਾ ਹੈ ਭਾਵ ਖੁਦ ਭੇਡ ਰੂਪ ਹੁੰਦੇ ਹੋਏ ਵੀ ਉਸਨੇ ਆਪ ਹੀ ਆਪਣੇ ਆਪ ਨੂੰ ਲੇਲਾ ਰੂਪ ਬਣਾਇਆ ਹੋਇਆ ਹੈ ਤੇ ਆਪ ਹੀ ਆਪਣੇ ਭੇਡ ਰੂਪ ਵਿੱਚ ਲੇਲਾ ਮਤਿ ਨਾਲ ਜੁੜਿਆ ਹੋਇਆ ਹੈ ਭਾਵ ਇਤਨੇ ਉੱਚੇ ਗਿਆਨ ਵਾਲਾ ਹੁੰਦੇ ਹੋਏ ਵੀ ਉਸਨੇ ਆਪਣੇ ਆਪ ਨੂੰ ਨੀਵਾਂ ਬਣਾਇਆ ਹੋਇਆ ਹੈ ਭਾਵ ਆਪ ਹੀ ਸੰਸਾਰ ਵਿੱਚ ਹਰ ਭਰਮ ਫੈਲਾਇਆ ਹੋਇਆ ਹੈ ਤੇ ਸੰਸਾਰ ਨੂੰ ਭਰਮਾਂ ਵਿੱਚ ਰੱਖਕੇ ਹੀ ਉਹ ਆਪਣੀ ਸੰਸਾਰਿਕ ਖੇਡ ਨੂੰ ਚਲਾ ਰਿਹਾ ਹੈ। ਉਸਦੀ ਖੇਡ ਦੀ ਸਮਝ ਉਸਦੇ ਨਾਮ ਦੀ ਸਮਝ ਪੈਣ ਦੁਆਰਾ ਹੀ ਪੈਂਦੀ ਹੈ, “**ਰਾਮ ਰਮਤ**” ਦੁਆਰਾ ਹੀ ਪੈਂਦੀ ਹੈ ਭਾਵ ਉਸਦਾ ਨਾਮ ਜਪਣ ਦੁਆਰਾ ਹੀ ਪੈਂਦੀ ਹੈ ਜੋ ਆਪਣਾ ਨਾਮ ਉਹ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਜਪਾਉਂਦਾ ਹੈ ਜਿਸ ਤਰੀਕੇ ਉਹ ਆਪ ਹੀ ਆਪਣੇ ਆਪ ਦੀ ਤੇ ਸੰਸਾਰ ਦੀ ਖੇਡ ਦੀ ਸਮਝ ਪਾਉਂਦਾ ਹੈ ਜਿਵੇਂ ਕਿ ਉਪਰ ਵਾਲੇ ਪਦੇ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਨਾ ਹੀ ਕਿਸੇ ਨੂੰ ਨਾਮ ਦੀ ਸੋਝੀ ਪੈਂਦੀ ਹੈ ਤੇ ਨਾ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਨਾਮ ਜਪਣਾ ਕੀ ਹੈ ਤੇ ਭਗਤੀ ਦਾ ਅਸਲ ਮਾਰਗ ਕੀ ਹੈ ਜਿਸ ਅਸਲ ਮਾਰਗ

52/7218

ਤੇ ਚੱਲੇ ਬਿਨ੍ਹਾਂ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦਮ ਨਹੀਂ ਕੀਤਾ ਜਾ ਸਕਦਾ ਤੇ ਮਨ ਦੇ ਭਰਮਾਂ ਕਰਕੇ ਹੀ ਆਪਣੀ ਆਪਣੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਆਪਣੇ ਵੱਲੋਂ ਜਿਹੋ ਜਿਹੇ ਕੋਈ ਭਗਤੀ ਵਾਲੇ ਕਰਮ ਕਰਦਾ ਹੈ, ਸਮਾਧੀਆਂ ਲਗਾ ਕੇ ਕਿਸੇ ਅੱਖਰ ਦਾ ਜਪ ਕਰੀ ਜਾਂਦਾ ਹੈ ਉਨ੍ਹਾਂ ਤਰੀਕਿਆਂ ਨਾਲ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ, ਉਸਦੀ ਖੇਡ ਨੂੰ ਨਹੀਂ ਸਮਝਿਆ ਜਾ ਸਕਦਾ। ਸਾਡੀ ਨਾਸਮਝੀ ਵਾਲੀ ਭਗਤੀ ਕਰਕੇ ਹੀ ਸਾਨੂੰ ਸ਼ਬਦ ਦੇ ਪਹਿਲੇ ਪਦੇ ਰਾਹੀਂ ਦੁੱਧ ਦੇ ਭੁਲੇਖੇ ਪਾਣੀ ਨੂੰ ਰਿੜਕੀ ਜਾਣਾ ਕਿਹਾ ਗਿਆ ਹੈ, ਜਿਨ੍ਹਾਂ ਜਪਾਂ ਤਪਾਂ ਕਰਕੇ ਜੋ ਸਾਨੂੰ ਵਡਿਆਈਆਂ ਮਿਲਦੀਆਂ ਹਨ ਉਨ੍ਹਾਂ ਨੂੰ ਖੰਡਿਆ ਹੋਇਆ ਹੈ ਤੇ ਸਾਨੂੰ ਸਾਡੀ ਗਲਤੀ ਸਮਝਾਉਣ ਲਈ ਸਾਡੀ ਤੁਲਨਾ ਗੱਧੇ ਤੇ ਭੈਂਸੇ ਨਾਲ ਕੀਤੀ ਹੋਈ ਹੈ ਜਿਵੇਂ ਕਿ ਅਸੀਂ ਉਪਰ ਸਮਝਿਆ ਹੀ ਹੈ। ਪੂਰੇ ਸ਼ਬਦ ਵਿੱਚ ਸਾਡੇ ਸੱਚੀ ਭਗਤੀ ਦੀ ਨਾਸਮਝੀ ਵਾਲੇ ਭਰਮ ਹੀ ਕੱਢੇ ਹੋਏ ਹਨ ਤਾਂ ਜੋ ਅਸੀਂ ਭਰਮਾਂ ਨੂੰ ਛੱਡਣ ਦਾ ਸੱਚਾ ਉਦਮ ਕਰੀਏ ਤੇ ਗੁਰੂ ਦੀ ਸੱਚੀ ਮਤਿ ਤੇ ਚੱਲਣ ਦਾ ਉਦਮ ਕਰੀਏ ਜਿਸ ਸੱਚੇ ਉਦਮ ਦੁਆਰਾ ਹੀ ਪ੍ਰਮਾਤਮਾ ਦੇ ਨਾਲ ਮੇਲ ਦਾ ਸੱਚਾ ਉਦਮ ਕੀਤਾ ਜਾ ਸਕਦਾ ਹੈ ਜੋ ਹਰ ਵੇਲੇ, ਸਦਾ ਤੋਂ, ਸਭ ਜਗ੍ਹਾ ਤੇ ਸਭ ਵਿੱਚ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਵੀ ਨਹੀਂ ਹੈ। ਸਾਰੀ ਗੱਲ ਮਨ ਦੇ ਭਰਮਾਂ ਵਿੱਚੋਂ ਨਿਕਲਣ ਦੀ ਹੈ ਤੇ ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਤੇ ਭਰਮਾਂ ਵਿੱਚੋਂ

ਤਾਂ ਹੀ ਨਿਕਲ ਸਕਾਂਗੇ ਜੇਕਰ ਆਪਣੀ ਮਤਿ ਛੱਡਾਂਗੇ ਜਿਸ ਭਰਮਾਂ ਵਾਲੀ ਮਤਿ ਕਰਕੇ ਸਾਡਾ, ਹਰ ਕਿਸੇ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਇੱਕੋ ਜਿਹਾ ਪੜਦਾ ਹੈ ਜੋ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਆਪਣੇ ਇੱਕੋ ਜਿਹੇ ਰੂਪ ਵਿੱਚ ਹੀ ਵਰਤ ਰਿਹਾ ਹੈ ਜੋ ਕਿ ਉਸਦਾ ਨਾਮ ਰੂਪ ਹੈ ਭਾਵ ਬ੍ਰਹਮਗਿਆਨ ਰੂਪ ਹੈ ਤੇ ਆਪਣੇ ਉਸੇ ਰੂਪ ਵਿੱਚ ਹੀ ਉਹ ਪੂਰੀ ਗੁਰਬਾਣੀ ਦੇ ਵਿੱਚ ਵੱਸਿਆ ਹੋਇਆ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ। ਜੇਕਰ ਕੋਈ ਉਸ ਗਿਆਨ ਰੂਪ ਪ੍ਰਮਾਤਮਾ ਨੂੰ ਜਾਨਣਾ ਚਾਹੁੰਦਾ ਹੈ ਤੇ ਫਿਰ ਉਸ ਲਈ, ਸਾਰੇ ਸੰਸਾਰ ਲਈ ਇੱਕੋ ਇੱਕ ਮਾਰਗ ਇਹੀ ਹੈ ਕਿ ਅਸੀਂ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਸਿੱਖਿਆ ਦੇ ਨਾਲ ਜੁੜੀਏ ਜੋ ਸੱਚੀ ਸਿੱਖਿਆ ਹਰ ਕਿਸੇ ਨੂੰ ਸੱਚੇ ਸੁੱਚੇ ਕਰਮ ਕਰਨੇ ਸਮਝਾਉਂਦੀ ਹੈ, ਨਾ ਕਿ ਝੂਠੇ ਸਰੀਰਕ ਜਪ ਤਪ ਤੇ ਹੋਰ ਵੀ ਅਨੇਕਾਂ ਉਹੋ ਜਿਹੇ ਕਰਮ ਜਿਨ੍ਹਾਂ ਨੂੰ ਸਾਡੇ ਪਾਖੰਡ ਦੱਸਿਆ ਹੋਇਆ ਹੈ ਜਿਸ ਕਰਕੇ ਸਾਡੇ ਲਈ ਮਾੜੇ ਲਫਜ ਵਰਤੇ ਗਏ ਹਨ। (**ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥1॥ ਰਹਾਉ ॥ ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥1॥ ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥2॥ ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥3॥ ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥4॥1॥14॥**)

ਸ੍ਰਿਸ਼ਟੀ ਦੇ ਕਰਤੇ ਨੇ ਜੋ ਖੇਡ ਬਣਾਈ ਹੋਈ ਹੈ ਤੇ ਆਪਣੀ ਖੇਡ ਜਿਸ ਨੂੰ ਉਹ ਜਿਸ ਤਰੀਕੇ ਖਿਡਾਉਣੀ ਚਾਹੁੰਦਾ ਹੈ ਉਹ ਉਸੇ ਤਰੀਕੇ ਹੀ ਖੇਲ ਰਿਹਾ ਹੈ ਪਰ ਅਸਲੀਅਤ ਇਹ ਹੈ ਕਿ ਉਹ ਆਪ ਹੀ ਖੇਲ ਨੂੰ ਰਚਣ ਵਾਲਾ ਹੈ, ਆਪ ਹੀ ਇਸ ਖੇਲ ਨੂੰ ਖਿਡਾਉਣ ਵਾਲਾ ਹੈ ਤੇ ਆਪ ਹੀ ਇਸ ਖੇਡ ਨੂੰ ਖੇਡਣ ਵਾਲਾ ਹੈ ਕਿਉਂਕਿ ਅਸਲ ਵਿੱਚ ਉਹ ਸਭ ਕੁਝ ਆਪ ਹੀ ਹੈ।

52/7219

ਹਰ ਆਕਾਰ ਰੂਪ ਉਸੇ ਦਾ ਹੀ ਹੈ ਤੇ ਆਪਣੇ ਹਰ ਆਕਾਰ ਰੂਪ ਵਿੱਚ ਉਹ ਆਪ ਹੀ ਆਪਣੇ ਨਿਰੰਕਾਰ ਰੂਪ ਵਿੱਚ ਹੈ ਜਿਸ ਉਸਦੇ ਨਿਰੰਕਾਰ ਰੂਪ ਦੁਆਰਾ ਭਾਵ ਨਾਮ ਰੂਪ ਦੁਆਰਾ ਭਾਵ ਬ੍ਰਹਮਗਿਆਨ ਰੂਪ ਦੁਆਰਾ ਹਰ ਆਕਾਰ ਰੂਪ ਕੰਮ ਕਰ ਰਿਹਾ ਹੈ, ਵਰਤ ਰਿਹਾ ਹੈ ਜਾਂ ਟਿਕਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਉਸਦੀ ਇਸ ਖੇਡ ਨੂੰ ਮਨ ਦੇ ਵਿੱਚੋਂ ਹੀ ਬੁੱਝਿਆ ਜਾ ਸਕਦਾ ਹੈ ਜਿੱਥੇ ਸਾਡੇ ਸਭ ਦੇ ਅੰਦਰ ਉਸਦੀ ਖੇਡ ਸਾਡੀ ਸਮਝ ਦੇ ਵਿੱਚ ਵਰਤ ਰਹੀ ਹੈ। ਉਸਦੀ ਖੇਡ ਨੂੰ ਕਿਹੋ ਜਿਹੀ ਖੇਡ ਖੇਡਣ ਦੁਆਰਾ ਜਿੱਤਿਆ ਜਾ ਸਕਦਾ ਹੈ ਭਾਵ ਉਸਦੀ ਖੇਡ ਨੂੰ ਸਮਝਿਆ ਜਾ ਸਕਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਹੇਠ ਦਿੱਤੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਪ੍ਰਮਾਤਮਾ ਦੀ ਇਹ ਖੇਡ ਪੂਰੇ ਸੰਸਾਰ ਵਿੱਚ ਕਿਸ ਤਰੀਕੇ ਵਰਤ ਰਹੀ ਹੈ ਤੇ ਉਸਦੀ ਖੇਡ ਨੂੰ ਕਿਸ ਤਰੀਕੇ ਸਮਝਿਆ ਜਾ ਸਕਦਾ ਹੈ ਜੋ ਤਰੀਕਾ ਭਗਤੀ ਦੇ ਸਹੀ ਮਾਰਗ ਨੂੰ ਅਪਨਾਉਣ ਦਾ ਹੈ, ਨਾਮ ਜਪਣ ਦੇ ਸਹੀ ਮਾਰਗ ਨੂੰ ਸਮਝਕੇ ਉਸ ਅਨੁਸਾਰ ਚੱਲਣ ਦਾ ਹੈ ਭਾਵ ਆਪਣੀ ਮਤਿ ਤਿਆਗਕੇ ਗੁਰਮਤਿ ਅਨੁਸਾਰ ਚੱਲਣ ਦਾ ਹੈ। ਹੇਠ ਦਿੱਤੇ ਹਰ ਸ਼ਬਦ ਨੂੰ ਧਿਆਨ ਨਾਲ ਪੜੋ ਤੇ ਸਮਝਣ ਦਾ ਉਦਮ ਕਰੋ ਕਿ ਪ੍ਰਮਾਤਮਾ ਦੀ ਇਹ ਖੇਡ ਕੀ ਹੈ ਜਿਸ ਪੂਰੀ ਖੇਡ ਵਿੱਚ ਕੇਵਲ ਉਹ ਇੱਕੋ ਇੱਕ ਆਪ ਹੀ ਹੈ ਤੇ ਉਸਨੇ ਆਪ ਹੀ ਆਪਣੇ ਅਨੇਕਾਂ ਰੂਪ ਧਾਰਨ ਦੁਆਰਾ ਇਸ ਸੰਸਾਰ ਦੀ ਖੇਡ ਨੂੰ ਬੜੀ ਦਿਲਚਸਪ ਖੇਡ ਬਣਾਇਆ ਹੋਇਆ ਹੈ ਕਿਉਂਕਿ ਹਰ ਮਨੁੱਖ, ਜੀਵ ਜੰਤ ਮਨ ਦੀ ਮਾਇਆ ਕਰਕੇ ਹੀ ਆਪਣੇ ਆਪ ਨੂੰ ਅਕਾਲਪੁਰਖ ਤੋਂ ਵੱਖਰਾ ਸਮਝਦਾ ਹੈ। ਕਿਆ ਹੀ ਕਮਾਲ ਦੀ ਖੇਡ ਹੈ।

ਆਸਾ ਮਹਲਾ ੪ ॥

{ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥
ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥
ਸਭ ਤੇਰੀ ਤੂੰ ਸਭਨੀ ਧਿਆਇਆ ॥
ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥
ਤੂੰ ਦਰੀਆਉ ਸਭ ਤੁਝ ਹੀ ਮਾਹਿ ॥
ਤੁਝ ਬਿਨੁ ਦੂਜਾ ਕੋਈ ਨਾਹਿ ॥ ਜੀਅ ਜੰਤ ਸਭਿ ਤੇਰਾ ਖੇਲੁ ॥
ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥
ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥
ਹਰਿ ਗੁਣ ਸਦ ਹੀ ਆਖਿ ਵਖਾਣੈ ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥
ਸਹਜੇ ਹੀ ਹਰਿ ਨਾਮਿ ਸਮਾਇਆ ॥੩॥
ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥
ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥

ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥}

(ਅੰਗ - ੧੧-੧੨)

ਪਉੜੀ ॥

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥
ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ - ੧੦੯੬)

{ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ ਖੇਲਾਇਆ ॥ ਬਿਨੁ ਸ੍ਰਵਣਾ ਖੀਰੁ ਪਿਲਾਇਆ ॥੧॥
ਦੇਖਹੁ ਲੋਗਾ ਕਲਿ ਕੋ ਭਾਉ ॥ ਸੁਤਿ ਮੁਕਲਾਈ ਅਪਨੀ ਮਾਉ ॥੧॥ ਰਹਾਉ ॥
ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥
ਨਿਦ੍ਰਾ ਬਿਨੁ ਨਰੁ ਪੈ ਸੋਵੈ ॥ ਬਿਨੁ ਬਾਸਨ ਖੀਰੁ ਬਿਲੋਵੈ ॥੨॥
ਬਿਨੁ ਅਸਥਨ ਗਊ ਲਵੇਰੀ ॥ ਪੈਡੇ ਬਿਨੁ ਬਾਟ ਘਨੇਰੀ ॥
ਬਿਨੁ ਸਤਿਗੁਰ ਬਾਟ ਨ ਪਾਈ ॥ ਕਹੁ ਕਬੀਰ ਸਮਝਾਈ ॥੩॥੩॥}

(ਅੰਗ - ੧੧੯੪)

ਸਲੋਕੁ ॥

{ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥}

(ਅੰਗ - ੮)

{ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥
ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥ ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ ॥੩॥}

(ਅੰਗ - ੧੮)

{ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ ॥ ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ ॥
ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ ॥੮॥}

(ਅੰਗ - ੬੦)

52/7220

{ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥
ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥
ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥}

(ਅੰਗ - ੬੩)

{ਤੁਧੁ ਆਪੇ ਆਪੁ ਉਪਾਇਆ ॥ ਦੂਜਾ ਖੇਲੁ ਕਰਿ ਦਿਖਲਾਇਆ ॥
ਸਭੁ ਸਚੋ ਸਚੁ ਵਰਤਦਾ ਜਿਸੁ ਭਾਵੈ ਤਿਸੈ ਬੁਝਾਇ ਜੀਉ ॥੨੦॥}

(ਅੰਗ - ੭੩)

{ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥ ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥
ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥੪॥੨॥੯॥}

(ਅੰਗ - ੯੭)

{ਤੂੰ ਸੰਤਨ ਕੀ ਕਰਹਿ ਪ੍ਰਤਿਪਾਲਾ ॥ ਸੰਤ ਖੇਲਹਿ ਤੁਮ ਸੰਗਿ ਗੋਪਾਲਾ ॥
ਅਪੁਨੇ ਸੰਤ ਤੁਧੁ ਖਰੇ ਪਿਆਰੇ ਤੂ ਸੰਤਨ ਕੇ ਪ੍ਰਾਨਾ ਜੀਉ ॥੩॥}

(ਅੰਗ - ੧੦੦)

ਮਾਝ ਮਹਲਾ ੫ ॥

{ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥
ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥
ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥
ਨਾਮੁ ਧਿਆਇ ਮਹਾ ਸੁਖੁ ਪਾਇਆ ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥
ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥}

(ਅੰਗ - ੧੦੩)

ਮਾਝ ਮਹਲਾ ੩ ॥

{ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥
ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥
ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ ਰਹਾਉ ॥

ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥ ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥
ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥
ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥
ਸਚਾ ਸਾਹੁ ਸਚੇ ਵਣਜਾਰੇ ॥ ਸਚੁ ਵਣੰਜਹਿ ਗੁਰ ਹੇਤਿ ਅਪਾਰੇ ॥
ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੪॥
ਬਿਨੁ ਰਾਸੀ ਕੋ ਵਥੁ ਕਿਉ ਪਾਏ ॥ ਮਨਮੁਖ ਭੂਲੇ ਲੋਕ ਸਬਾਏ ॥
ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥੫॥
ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ ਆਪਿ ਤਰਹਿ ਸਗਲੇ ਕੁਲ ਤਾਰੇ ॥
ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥
ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥
ਆਪੇ ਦੇਵੈ ਸਬਦਿ ਬੁਲਾਏ ॥ ਮਹਲੀ ਮਹਲਿ ਸਹਜ ਸੁਖੁ ਪਾਏ ॥
ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥}

(ਅੰਗ - ੧੧੭)

ਪਉੜੀ ॥

{ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥
ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥
ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥
ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥
ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥
ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ ॥੧॥}

(ਅੰਗ - ੧੩੮)

ਮਃ ੨ ॥

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ - ੧੩੮)

ਮਃ ੨ ॥
{ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥
ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥
ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥੨॥}

(ਅੰਗ - ੧੩੯)

ਪਉੜੀ ॥
{ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥
ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥
ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥
ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ ॥
ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥
ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥
ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥
ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ ॥੩॥}

(ਅੰਗ - ੧੩੯)

52/7221

ਗਉੜੀ ਮਹਲਾ ੧ ॥
{ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥
ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ - ੧੫੨)

ਗਉੜੀ ਬੈਰਾਗਣਿ ਮਹਲਾ ੪ ॥

{ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ ॥
ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ ॥
ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ ॥੧॥
ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥
ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥੧॥ ਰਹਾਉ ॥
ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥
ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥
ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ॥੨॥
ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ ॥
ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ ॥
ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ ॥੩॥
ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ ॥
ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ ॥
ਜਨ ਨਾਨਕੁ ਹਾਟਿ ਵਿਹਾਝਿਆ ਹਰਿ ਗੁਲਮ ਗੁਲਾਮੀ ॥੪॥੬॥੧੨॥੫੦॥}

(ਅੰਗ - ੧੬੭)

{ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਆਪਿ ਖੇਲੈ ਬਹੁ ਰੰਗੀ ਜੀਉ ॥
ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ ਨੰਗੀ ਜੀਉ ॥
ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥
ਭਗਤਾ ਨਾਮੁ ਆਧਾਰੁ ਹੈ ਮੇਰੇ ਗੋਵਿੰਦਾ ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥੨॥}

(ਅੰਗ - ੧੨੪)

ਗਉੜੀ ਮਹਲਾ ੫ ॥

{ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥
ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ - ੨੦੯)

ੴ ਸਤਿਗੁਰ ਪ੍ਰਸਾਦਿ ॥
ਰਾਗੁ ਗਉੜੀ ਮਹਲਾ ੯ ॥
{ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥}

(ਅੰਗ - ੨੧੯)

ਪਵੜੀ ॥
{ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ ॥
ਨਹੀ ਹੋਤ ਕਛੁ ਦੋਊ ਬਾਰਾ ॥ ਕਰਨੈਹਾਰੁ ਨ ਭੂਲਨਹਾਰਾ ॥
ਕਾਹੂ ਪੰਥੁ ਦਿਖਾਰੈ ਆਪੈ ॥ ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥
ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥}

(ਅੰਗ - ੨੫੩)

ਪਉੜੀ ॥
{ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ ॥
ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥
ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥
ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ ॥
ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ ॥
ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥
ਖੇਦੁ ਨ ਦੂਖੁ ਨ ਭਾਨੁ ਤਿਹ ਜਾ ਕਉ ਨਦਰਿ ਕਰੀ ॥
ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥੧੮॥}

(ਅੰਗ - ੨੫੩)

ਪਉੜੀ ॥
{ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥
ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥
ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥

ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥
ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥
ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥
ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥
ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥}

(ਅੰਗ - ੨੬੧)

{ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥
ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ ਆਪਨ ਬੀਚਾਰੈ ॥
ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥
ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥}

(ਅੰਗ - ੨੭੭)

{ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥ ਸਦਾ ਸਦਾ ਤਿਸ ਕਉ ਨਮਸਕਾਰੁ ॥
ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ ਸਾਸਿ ਗਿਰਾਸਿ ॥
ਸਭੁ ਕਛੁ ਵਰਤੈ ਤਿਸ ਕਾ ਕੀਆ ॥ ਜੈਸਾ ਕਰੇ ਤੈਸਾ ਕੋ ਥੀਆ ॥
ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ ਕਹੈ ਬੀਚਾਰੁ ॥
ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥ ਬਡਭਾਗੀ ਨਾਨਕ ਜਨ ਸੇਇ ॥੮॥੧੩॥}

(ਅੰਗ - ੨੮੦-੨੮੧)

52/7222

{ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥
ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥
ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥
ਜਬ ਆਪਨ ਆਪ ਆਪਿ ਪਾਰਬ੍ਰਹਮ ॥ ਤਬ ਮੋਹ ਕਹਾ ਕਿਸੁ ਹੋਵਤ ਭਰਮ ॥
ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥੧॥}

(ਅੰਗ - ੨੯੦-੨੯੧)

{ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥
ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥
ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥}

(ਅੰਗ - ੨੯੧-੨੯੨)

{ਜਹ ਅਬਿਗਤੁ ਭਗਤੁ ਤਹ ਆਪਿ ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥
ਦੁਹੂ ਪਾਖ ਕਾ ਆਪਹਿ ਧਨੀ ॥ ਉਨ ਕੀ ਸੋਭਾ ਉਨਹੂ ਬਨੀ ॥
ਆਪਹਿ ਕਉਤਕ ਕਰੈ ਅਨਦ ਚੋਜ ॥ ਆਪਹਿ ਰਸ ਭੋਗਨ ਨਿਰਜੋਗ ॥
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥
ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥}

(ਅੰਗ - ੨੯੨)

{ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥
ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥}

(ਅੰਗ - ੨੯੪)

{ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥
ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥
ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥
ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥
ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥}

(ਅੰਗ - ੨੯੪)

ਮਃ ੪ ॥

{ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ ॥
ਰਾਤੀ ਊਘੈ ਦਬਿਆ ਨਵੇ ਸੋਤ ਸਭਿ ਢਿਲਾ ॥
ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥
ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥
ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ ॥
ਜੋਰਾ ਪੁਰਖ ਸਭਿ ਆਪਿ ਉਪਾਇਅਨੁ ਹਰਿ ਖੇਲ ਸਭਿ ਖਿਲਾ ॥
ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ ॥੨॥}

(ਅੰਗ - ੩੦੪)

ਸਲੋਕ ਮਃ ੪ ॥

{ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥
ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥
ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ ॥
ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ ॥
ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ ॥
ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ ॥
ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ ॥
ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ ॥੧॥}

(ਅੰਗ - ੩੧੨)

{ਪਰਿਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥
ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥੨॥}

(ਅੰਗ - ੩੪੩)

ਆਸਾ ਮਹਲਾ ੧ ॥

{ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥
ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥
ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥
ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥
ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥}

(ਅੰਗ - ੩੫੧)

ਆਸਾ ਮਹਲਾ ੫ ॥

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥
ਜਨਮ ਮਰਨ ਚੂਕੇ ਸਭਿ ਭਾਰੇ ॥
ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥
ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥੨॥
ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ ॥
ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥੩॥

ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ ॥
ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ ॥੪॥੩੬॥}

(ਅੰਗ - ੩੭੬)

ਆਸਾ ਮਹਲਾ ੫ ॥
{ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ ॥੧॥ ਰਹਾਉ ॥
ਖਿਨਹੂੰ ਭੈ ਨਿਰਭੈ ਖਿਨਹੂੰ ਖਿਨਹੂੰ ਉਠਿ ਧਾਇਓ ॥
ਖਿਨਹੂੰ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ ॥੧॥
ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ ॥
ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥੨॥੫॥੧੫੬॥}

(ਅੰਗ - ੪੦੬)

52/7223

ਆਸਾ ਮਹਲਾ ੧ ॥
{ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥
ਇਹੁ ਜਗੁ ਤੇਰਾ ਤੂ ਗੋਸਾਈ ॥
ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥
ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਹਾ ਮਰਣਾ ਭਾਈ ॥੫॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥
ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ ॥

ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥੬॥
ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥
ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥}

(ਅੰਗ - ੪੧੭-੪੧੮)

ਆਸਾ ਮਹਲਾ ੧ ॥
{ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ ॥
ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥੧॥
ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥
ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥੧॥ ਰਹਾਉ ॥
ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ ॥
ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਭ੍ਰਮੁ ਕੂਰਾ ॥੨॥
ਸੰਤ ਜਨਾ ਕਉ ਮਿਲਿ ਰਹੈ ਧਨੁ ਧਨੁ ਜਸੁ ਗਾਏ ॥
ਆਦਿ ਪੁਰਖੁ ਅਪਰੰਪਰਾ ਗੁਰਮੁਖਿ ਹਰਿ ਪਾਏ ॥੩॥
ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ ॥
ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ ॥੪॥
ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ॥
ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ ॥੫॥
ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ ॥
ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ ॥੬॥
ਜਿਉ ਤੂੰ ਰਾਖਹਿ ਤਿਉ ਰਹਾ ਹਰਿ ਨਾਮ ਅਧਾਰਾ ॥
ਅੰਤਿ ਸਖਾਈ ਪਾਇਆ ਜਨ ਮੁਕਤਿ ਦੁਆਰਾ ॥੭॥
ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ॥
ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ ॥੮॥੨੨॥}

(ਅੰਗ - ੪੨੨)

{ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ ॥
ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ ॥੭॥}

(ਅੰਗ - ੫੦੭)

ਵਡਹੰਸੁ ਮਹਲਾ ੫ ਘਰੁ ੨
ੴ ਸਤਿਗੁਰ ਪ੍ਰਸਾਦਿ ॥
{ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ ॥

ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ ॥
ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ ॥
ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ ॥੧॥
ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰੁ ਸੁਖਦਾਤਾ ॥
ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ ॥
ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ ॥
ਹਉ ਕਿਆ ਗੁਣ ਤੇਰੇ ਸਾਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ ॥੨॥
ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ ॥
ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ ॥
ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ ॥
ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ ॥੩॥
ਮੈ ਸਭਿ ਸੀਗਾਰ ਬਣਾਇਆ ਅੰਮਾਲੀ ਬਿਨੁ ਪਿਰ ਕਾਮਿ ਨ ਆਏ ॥
ਜਾ ਸਹਿ ਬਾਤ ਨ ਪੁਛੀਆ ਅੰਮਾਲੀ ਤਾ ਬਿਰਥਾ ਜੋਬਨੁ ਸਭੁ ਜਾਏ ॥
ਧਨੁ ਧਨੁ ਤੇ ਸੋਹਾਗਣੀ ਅੰਮਾਲੀ ਜਿਨ ਸਹੁ ਰਹਿਆ ਸਮਾਏ ॥
ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ ਤਿਨ ਕੇ ਧੋਵਾ ਸਦ ਪਾਏ ॥੪॥
ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥
ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ ਤਾ ਆਸਾ ਮਨਸਾ ਸਭ ਪੂਰੇ ॥
ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ ਪਿਰੁ ਸਰਬ ਰਹਿਆ ਭਰਪੂਰੇ ॥
ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ ਗੁਰ ਸਤਿਗੁਰ ਕੈ ਲਗਿ ਪੈਰੇ ॥੫॥੧॥੯॥}

(ਅੰਗ - ੫੬੪)

ਸੋਰਠਿ ਮਹਲਾ ੪ ਚਉਥਾ ॥

{ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ ॥
ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ ॥
ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ ॥੧॥
ਮੇਰੇ ਮਨ ਮੈ ਹਰਿ ਬਿਨੁ ਅਵਰੁ ਨ ਕੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥ ਰਹਾਉ ॥
ਆਪੇ ਜਲ ਥਲਿ ਸਭਤੁ ਹੈ ਪਿਆਰਾ ਪ੍ਰਭੁ ਆਪੇ ਕਰੇ ਸੁ ਹੋਇ ॥
ਸਭਨਾ ਰਿਜਕੁ ਸਮਾਹਦਾ ਪਿਆਰਾ ਦੂਜਾ ਅਵਰੁ ਨ ਕੋਇ ॥
ਆਪੇ ਖੇਲ ਖੇਲਾਇਦਾ ਪਿਆਰਾ ਆਪੇ ਕਰੇ ਸੁ ਹੋਇ ॥੨॥
ਆਪੇ ਹੀ ਆਪਿ ਨਿਰਮਲਾ ਪਿਆਰਾ ਆਪੇ ਨਿਰਮਲ ਸੋਇ ॥
ਆਪੇ ਕੀਮਤਿ ਪਾਇਦਾ ਪਿਆਰਾ ਆਪੇ ਕਰੇ ਸੁ ਹੋਇ ॥

ਆਪੇ ਅਲਖੁ ਨ ਲਖੀਐ ਪਿਆਰਾ ਆਪਿ ਲਖਾਵੈ ਸੋਇ ॥੩॥
ਆਪੇ ਗਹਿਰ ਗੰਭੀਰੁ ਹੈ ਪਿਆਰਾ ਤਿਸੁ ਜੇਵਡੁ ਅਵਰੁ ਨ ਕੋਇ ॥
ਸਭਿ ਘਟ ਆਪੇ ਭੋਗਵੈ ਪਿਆਰਾ ਵਿਚਿ ਨਾਰੀ ਪੁਰਖ ਸਭੁ ਸੋਇ ॥
ਨਾਨਕ ਗੁਪਤੁ ਵਰਤਦਾ ਪਿਆਰਾ ਗੁਰਮੁਖਿ ਪਰਗਟੁ ਹੋਇ ॥੪॥੨॥}

(ਅੰਗ - ੬੦੪-੬੦੫)

ਧਨਾਸਰੀ ਮਹਲਾ ੫ ॥
{ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ ॥
ਸਰਬ ਸੂਖ ਭੋਗ ਰਸ ਦੇਵੈ ਮਨ ਹੀ ਨਾਲਿ ਸਮਾਵੈ ॥੧॥
ਹਮਰੇ ਪਿਤਾ ਗੋਪਾਲ ਦਇਆਲ ॥
ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ ॥੧॥ ਰਹਾਉ ॥
ਮੀਤ ਸਾਜਨ ਸਰਬ ਗੁਣ ਨਾਇਕ ਸਦਾ ਸਲਾਮਤਿ ਦੇਵਾ ॥
ਈਤ ਊਤ ਜਤ ਕਤ ਤਤ ਤੁਮ ਹੀ ਮਿਲੈ ਨਾਨਕ ਸੰਤ ਸੇਵਾ ॥੨॥੮॥੩੯॥}

(ਅੰਗ - ੬੮੦)

{ਤੀਨਿ ਛੰਦੇ ਖੇਲੁ ਆਛੈ ॥੧॥ ਰਹਾਉ ॥
ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ ॥
ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ ॥੧॥
ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ ॥
ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ ॥੨॥
ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ ॥
ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ ॥੩॥
ਸੰਤਾਂ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ ॥
ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦ ਗੋ ॥੪॥੩॥}

(ਅੰਗ - ੭੧੮)

ਸੂਹੀ ਮਹਲਾ ੫ ॥
{ਰਾਸਿ ਮੰਡਲੁ ਕੀਨੋ ਆਖਾਰਾ ॥ ਸਗਲੋ ਸਾਜਿ ਰਖਿਓ ਪਾਸਾਰਾ ॥੧॥ ਰਹਾਉ ॥
ਬਹੁ ਬਿਧਿ ਰੂਪ ਰੰਗ ਆਪਾਰਾ ॥ ਪੇਖੈ ਖੁਸੀ ਭੋਗ ਨਹੀ ਹਾਰਾ ॥ ਸਭਿ ਰਸ ਲੈਤ ਬਸਤ ਨਿਰਾਰਾ ॥੧॥
ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ ॥ ਕਹਨੁ ਨ ਜਾਈ ਖੇਲੁ ਤੁਹਾਰਾ ॥
ਨਾਨਕ ਰੇਣ ਸੰਤ ਚਰਨਾਰਾ ॥੨॥੨॥੪੫॥}

(ਅੰਗ - ੭੪੬)

ਸੂਹੀ ਮਹਲਾ ੫ ॥

{ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ ॥
ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥੧॥
ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ ॥
ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ ॥੧॥ ਰਹਾਉ ॥
ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ ॥
ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ ॥੨॥
ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ ॥
ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ ॥੩॥
ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥
ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥੪॥੬॥੫੩॥}

(ਅੰਗ - ੭੪੮)

52/7224

{ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ ॥
ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ ॥
ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ॥੭॥}

(ਅੰਗ - ੭੫੪)

{ਆਤਮ ਰਾਮੁ ਸੰਸਾਰਾ ॥ ਸਾਚਾ ਖੇਲੁ ਤੁਮ੍ਹਾਰਾ ॥
ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥
ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥
ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥}

(ਅੰਗ - ੭੬੪)

ਪਉੜੀ ॥

{ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥
ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥
ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥
ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥
ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥੧੩॥}

(ਅੰਗ - ੭੮੯)

ਸੂਹੀ ਕਬੀਰ ਜੀਉ ਲਲਿਤ ॥
{ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥
ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥੧॥
ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥
ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥
ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥
ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥੨॥
ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥
ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥
ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥੪॥੪॥}

(ਅੰਗ - ੭੯੩)

ਬਿਲਾਵਲੁ ਮਹਲਾ ੩ ॥
{ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ ॥
ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ ॥੧॥
ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥
ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ ਅਨਦਿਨੁ ਲਾਗੈ ਸਹਜ ਧਿਆਨਾ ॥੧॥ ਰਹਾਉ ॥
ਕਿਆ ਕੋਈ ਤੇਰੀ ਸੇਵਾ ਕਰੇ ਕਿਆ ਕੋ ਕਰੇ ਅਭਿਮਾਨਾ ॥
ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ ਵਖਿਆਨਾ ॥੨॥
ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥
ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ ॥੩॥
ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਨੁ ਜਾਣੈ ਤੇਰੇ ਕਾਮਾਂ ॥
ਇਕਨਾ ਘਰ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ ॥੪॥੩॥}

(ਅੰਗ - ੭੯੭)

{ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥
ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥
ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥}

(ਅੰਗ - ੮੬੫)

{ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ ॥
ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ ॥੩॥

ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ ॥
ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ ॥੪॥੬॥}

(ਅੰਗ - ੮੮੪)

ਰਾਮਕਲੀ ਮਹਲਾ ੧ ਅਸਟਪਦੀਆ
ੴ ਸਤਿਗੁਰ ਪ੍ਰਸਾਦਿ ॥
{ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥
ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ - ੯੦੨-੯੦੩)

{ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥
ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥
ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥
ਜਿਹਵਾ ਇੰਦ੍ਰੀ ਸਾਦਿ ਲੁੋਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥੬॥
ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥

ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥
ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥ ਥਾਪਿ ਉਥਾਪੇ ਕਰੇ ਸੁ ਹੋਗੁ ॥
ਜਤੁ ਸਤੁ ਸੰਜਮੁ ਸਚੁ ਸੁਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥}

(ਅੰਗ - ੯੦੩)

{ਕਾਹੂ ਬਿਹਾਵੈ ਰੰਗ ਰਸ ਰੂਪ ॥ ਕਾਹੂ ਬਿਹਾਵੈ ਮਾਇ ਬਾਪ ਪੂਤ ॥
ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ ॥ ਸੰਤ ਬਿਹਾਵੈ ਹਰਿ ਨਾਮ ਅਧਾਰਾ ॥੧॥
ਰਚਨਾ ਸਾਚੁ ਬਨੀ ॥ ਸਭ ਕਾ ਏਕੁ ਧਨੀ ॥੧॥ ਰਹਾਉ ॥
ਕਾਹੂ ਬਿਹਾਵੈ ਬੇਦ ਅਰੁ ਬਾਦਿ ॥ ਕਾਹੂ ਬਿਹਾਵੈ ਰਸਨਾ ਸਾਦਿ ॥
ਕਾਹੂ ਬਿਹਾਵੈ ਲਪਟਿ ਸੰਗਿ ਨਾਰੀ ॥ ਸੰਤ ਰਚੇ ਕੇਵਲ ਨਾਮ ਮੁਰਾਰੀ ॥੨॥
ਕਾਹੂ ਬਿਹਾਵੈ ਖੇਲਤ ਜੂਆ ॥ ਕਾਹੂ ਬਿਹਾਵੈ ਅਮਲੀ ਹੂਆ ॥
ਕਾਹੂ ਬਿਹਾਵੈ ਪਰ ਦਰਬ ਚੁਰਾਏ ॥ ਹਰਿ ਜਨ ਬਿਹਾਵੈ ਨਾਮ ਧਿਆਏ ॥੩॥
ਕਾਹੂ ਬਿਹਾਵੈ ਜੋਗ ਤਪ ਪੂਜਾ ॥ ਕਾਹੂ ਰੋਗ ਸੋਗ ਭਰਮੀਜਾ ॥
ਕਾਹੂ ਪਵਨ ਧਾਰ ਜਾਤ ਬਿਹਾਏ ॥ ਸੰਤ ਬਿਹਾਵੈ ਕੀਰਤਨੁ ਗਾਏ ॥੪॥
ਕਾਹੂ ਬਿਹਾਵੈ ਦਿਨੁ ਰੈਨਿ ਚਾਲਤ ॥ ਕਾਹੂ ਬਿਹਾਵੈ ਸੋ ਪਿੜੁ ਮਾਲਤ ॥
ਕਾਹੂ ਬਿਹਾਵੈ ਬਾਲ ਪੜਾਵਤ ॥ ਸੰਤ ਬਿਹਾਵੈ ਹਰਿ ਜਸੁ ਗਾਵਤ ॥੫॥
ਕਾਹੂ ਬਿਹਾਵੈ ਨਟ ਨਾਟਿਕ ਨਿਰਤੇ ॥ ਕਾਹੂ ਬਿਹਾਵੈ ਜੀਆਇਹ ਹਿਰਤੇ ॥
ਕਾਹੂ ਬਿਹਾਵੈ ਰਾਜ ਮਹਿ ਡਰਤੇ ॥ ਸੰਤ ਬਿਹਾਵੈ ਹਰਿ ਜਸੁ ਕਰਤੇ ॥੬॥
ਕਾਹੂ ਬਿਹਾਵੈ ਮਤਾ ਮਸੂਰਤਿ ॥
ਕਾਹੂ ਬਿਹਾਵੈ ਸੇਵਾ ਜਰੂਰਤਿ ॥
ਕਾਹੂ ਬਿਹਾਵੈ ਸੋਧਤ ਜੀਵਤ ॥ ਸੰਤ ਬਿਹਾਵੈ ਹਰਿ ਰਸੁ ਪੀਵਤ ॥੭॥
ਜਿਤੁ ਕੋ ਲਾਇਆ ਤਿਤ ਹੀ ਲਗਾਨਾ ॥ ਨਾ ਕੋ ਮੂੜੁ ਨਹੀ ਕੋ ਸਿਆਨਾ ॥
ਕਰਿ ਕਿਰਪਾ ਜਿਸੁ ਦੇਵੈ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੮॥੩॥}

(ਅੰਗ - ੯੧੩-੯੧੪)

{ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥
ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥
ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥
ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥}

(ਅੰਗ - ੯੧੮)

52/7225

{ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥

ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥}

(ਅੰਗ - ੯੨੧)

{ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥
ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥
ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥
ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥
ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥
ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥੫੮॥}

(ਅੰਗ - ੯੪੪)

{ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥
ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥
ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥}

(ਅੰਗ - ੯੪੬)

ਪਉੜੀ ॥

{ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥
ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥
ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥}

(ਅੰਗ - ੯੪੮)

ਪਉੜੀ ॥

{ਹਰਿ ਕਾ ਸਭੁ ਸਰੀਰੁ ਹੈ ਹਰਿ ਰਵਿ ਰਹਿਆ ਸਭੁ ਆਪੈ ॥
ਹਰਿ ਕੀ ਕੀਮਤਿ ਨ ਪਵੈ ਕਿਛੁ ਕਹਣੁ ਨ ਜਾਪੈ ॥

ਗੁਰ ਪਰਸਾਦੀ ਸਾਲਾਹੀਐ ਹਰਿ ਭਗਤੀ ਰਾਪੈ ॥
ਸਭੁ ਮਨੁ ਤਨੁ ਹਰਿਆ ਹੋਇਆ ਅਹੰਕਾਰੁ ਗਵਾਪੈ ॥
ਸਭੁ ਕਿਛੁ ਹਰਿ ਕਾ ਖੇਲੁ ਹੈ ਗੁਰਮੁਖਿ ਕਿਸੈ ਬੁਝਾਈ ॥੧੩॥}

(ਅੰਗ - ੯੫੩)

{ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ ॥
ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ ॥੩॥
ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥
ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ ॥
ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ ॥੫॥੧॥}

(ਅੰਗ - ੯੯੩)

ਮਾਰੂ ਮਹਲਾ ੫ ॥
{ਕਵਨ ਥਾਨ ਧੀਰਿਓ ਹੈ ਨਾਮਾ ਕਵਨ ਬਸਤੁ ਅਹੰਕਾਰਾ ॥
ਕਵਨ ਚਿਹਨ ਸੁਨਿ ਊਪਰਿ ਛੋਹਿਓ ਮੁਖ ਤੇ ਸੁਨਿ ਕਰਿ ਗਾਰਾ ॥੧॥
ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥
ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥੧॥ ਰਹਾਉ ॥
ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ ॥
ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ ॥੨॥
ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥
ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥
ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥}

(ਅੰਗ - ੯੯੯)

ਮਾਰੂ ਮਹਲਾ ੫ ॥
ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥

ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ - ੧੦੦੨)

{ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥
ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥
ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥
ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥
ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥
ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥}

(ਅੰਗ - ੧੦੧੫-੧੦੧੬)

{ਖਾਲਕ ਥਾਵਹੁ ਭੁਲਾ ਮੁਠਾ ॥ ਦੁਨੀਆ ਖੇਲੁ ਬੁਰਾ ਰੁਠ ਤੁਠਾ ॥
ਸਿਦਕੁ ਸਬੂਰੀ ਸੰਤੁ ਨ ਮਿਲਿਓ ਵਤੈ ਆਪਣ ਭਾਣੀਆ ॥੬॥
ਮਉਲਾ ਖੇਲ ਕਰੇ ਸਭਿ ਆਪੇ ॥ ਇਕਿ ਕਢੇ ਇਕਿ ਲਹਰਿ ਵਿਆਪੇ ॥
ਜਿਉ ਨਚਾਏ ਤਿਉ ਤਿਉ ਨਚਨਿ ਸਿਰਿ ਸਿਰਿ ਕਿਰਤ ਵਿਹਾਣੀਆ ॥੭॥
ਮਿਹਰ ਕਰੇ ਤਾ ਖਸਮੁ ਧਿਆਈ ॥
ਸੰਤਾ ਸੰਗਤਿ ਨਰਕਿ ਨ ਪਾਈ ॥
ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ ॥੮॥੨॥੮॥੧੨॥੨੦॥}

(ਅੰਗ - ੧੦੨੦)

52/7226

ਮਾਰੂ ਸੋਲਹੇ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

{ਸਾਚਾ ਸਚੁ ਸੋਈ ਅਵਰੁ ਨ ਕੋਈ ॥ ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥
ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ ॥੧॥
ਆਪਿ ਉਪਾਏ ਆਪਿ ਖਪਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥
ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ ॥੨॥
ਆਪੇ ਦਾਨਾ ਆਪੇ ਬੀਨਾ ॥ ਆਪੇ ਆਪੁ ਉਪਾਇ ਪਤੀਨਾ ॥
ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ ॥੩॥
ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥
ਆਪੇ ਪੁਰਖੁ ਆਪੇ ਹੀ ਨਾਰੀ ॥ ਆਪੇ ਪਾਸਾ ਆਪੇ ਸਾਰੀ ॥
ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ ॥੫॥
ਆਪੇ ਭਵਰੁ ਫੁਲੁ ਫਲੁ ਤਰਵਰੁ ॥ ਆਪੇ ਜਲੁ ਥਲੁ ਸਾਗਰੁ ਸਰਵਰੁ ॥
ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥
ਆਪੇ ਦਿਨਸੁ ਆਪੇ ਹੀ ਰੈਣੀ ॥ ਆਪਿ ਪਤੀਜੈ ਗੁਰ ਕੀ ਬੈਣੀ ॥
ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ ॥੭॥
ਆਪੇ ਰਤਨੁ ਅਨੂਪੁ ਅਮੋਲੋ ॥ ਆਪੇ ਪਰਖੇ ਪੂਰਾ ਤੋਲੋ ॥
ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੮॥
ਆਪੇ ਧਨਖੁ ਆਪੇ ਸਰਬਾਣਾ ॥ ਆਪੇ ਸੁਘੜੁ ਸਰੂਪੁ ਸਿਆਣਾ ॥
ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ ॥੯॥
ਪਉਣੁ ਗੁਰੂ ਪਾਣੀ ਪਿਤ ਜਾਤਾ ॥ ਉਦਰ ਸੰਜੋਗੀ ਧਰਤੀ ਮਾਤਾ ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ ॥੧੦॥
ਆਪੇ ਮਛੁਲੀ ਆਪੇ ਜਾਲਾ ॥ ਆਪੇ ਗਊ ਆਪੇ ਰਖਵਾਲਾ ॥
ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥੧੧॥
ਆਪੇ ਜੋਗੀ ਆਪੇ ਭੋਗੀ ॥ ਆਪੇ ਰਸੀਆ ਪਰਮ ਸੰਜੋਗੀ ॥
ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ ॥੧੨॥
ਖਾਣੀ ਬਾਣੀ ਤੁਝਹਿ ਸਮਾਣੀ ॥ ਜੋ ਦੀਸੈ ਸਭ ਆਵਣ ਜਾਣੀ ॥
ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ ॥੧੩॥
ਸਬਦੁ ਬੁਝਾਏ ਸਤਿਗੁਰੁ ਪੂਰਾ ॥ ਸਰਬ ਕਲਾ ਸਾਚੇ ਭਰਪੂਰਾ ॥
ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ ਹੇ ॥੧੪॥
ਕਾਲੁ ਬਿਕਾਲੁ ਭਏ ਦੇਵਾਨੇ ॥ ਸਬਦੁ ਸਹਜ ਰਸੁ ਅੰਤਰਿ ਮਾਨੇ ॥
ਆਪੇ ਮੁਕਤਿ ਤ੍ਰਿਪਤਿ ਵਰਦਾਤਾ ਭਗਤਿ ਭਾਇ ਮਨਿ ਭਾਈ ਹੇ ॥੧੫॥
ਆਪਿ ਨਿਰਾਲਮੁ ਗੁਰ ਗਮ ਗਿਆਨਾ ॥ ਜੋ ਦੀਸੈ ਤੁਝ ਮਾਹਿ ਸਮਾਨਾ ॥
ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥}

(ਅੰਗ - ੧੦੨੦-੧੦੨੧)

{ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥
ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥
ਤਿਨ ਕਉ ਤਖਤਿ ਮਿਲੀ ਵਡਿਆਈ ॥ ਨਿਰਭਉ ਮਨਿ ਵਸਿਆ ਲਿਵ ਲਾਈ ॥
ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥
ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥

ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥
ਗਣਤ ਗਣੀਐ ਸਹਸਾ ਜੀਐ ॥ ਕਿਉ ਸੁਖੁ ਪਾਵੈ ਦੂਐ ਤੀਐ ॥
ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥
ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥
ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥
ਜੀਭ ਰਸਾਇਣਿ ਸਾਚੈ ਰਾਤੀ ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥
ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥
ਰਖਿ ਰਖਿ ਪੈਰ ਧਰੇ ਪਉ ਧਰਣਾ ॥ ਜਤ ਕਤ ਦੇਖਉ ਤੇਰੀ ਸਰਣਾ ॥
ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥
ਅੰਤ ਕਾਲਿ ਕੋ ਬੇਲੀ ਨਾਹੀ ॥ ਗੁਰਮੁਖਿ ਜਾਤਾ ਤੁਧੁ ਸਾਲਾਹੀ ॥
ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥}

(ਅੰਗ - ੧੦੨੩)

ਮਾਰੂ ਮਹਲਾ ੧ ॥
{ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥
ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥
ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥ ਘਟਿ ਘਟਿ ਰੂਪੁ ਅਨੂਪੁ ਦਇਆਲਾ ॥
ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥
ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥
ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥
ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥
ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥
ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥
ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥
ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥
ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥
ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥
ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥
ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥
ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥

ਜਮ ਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥
ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥
ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥
ਸਤਿਗੁਰ ਬਾਝੁ ਨ ਬੇਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥
ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥
ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥
ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ - ੧੦੩੧-੧੦੩੨)

ਮਾਰੂ ਮਹਲਾ ੧ ਦਖਣੀ ॥
{ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥੧॥
ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥
ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥
ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥
ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥
ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥
ਧਰਤਿ ਉਪਾਇ ਧਰੀ ਧਰਮ ਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ ॥
ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥੫॥
ਭਾਰ ਅਠਾਰਹ ਮਾਲਣਿ ਤੇਰੀ ॥ ਚਉਰੁ ਢੁਲੈ ਪਵਣੈ ਲੈ ਫੇਰੀ ॥
ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥
ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥

ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥
ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥
ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥
ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥
ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥
ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥
ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥
ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥
ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥
ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥
ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥ ਵੇਪਰਵਾਹ ਅਖੁਟ ਭੰਡਾਰੈ ॥
ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥੧੪॥
ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥
ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥੧੫॥
ਜੇਤੀ ਹੈ ਤੇਤੀ ਤੁਧੁ ਅੰਦਰਿ ॥ ਦੇਖਹਿ ਆਪਿ ਬੈਸਿ ਬਿਜ ਮੰਦਰਿ ॥
ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥}

(ਅੰਗ - ੧੦੩੩-੧੦੩੪)

{ਹੁਕਮੇ ਧਰਤੀ ਥਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥
ਹੁਕਮੇ ਆਡਾਣੇ ਆਗਾਸੀ ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥
ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥
ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥
ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ ॥
ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥
ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥
ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥

ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥}

(ਅੰਗ - ੧੦੩੭)

ਮਾਰੂ ਸੋਲਹੇ ਮਹਲਾ ੩

ੴ ਸਤਿਗੁਰ ਪ੍ਰਸਾਦਿ ॥

{ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥
ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥
ਮਾਇਆ ਮੋਹੁ ਜਗਤੁ ਗੁਬਾਰਾ ॥ ਗੁਰਮੁਖਿ ਬੂਝੈ ਕੋ ਵੀਚਾਰਾ ॥
ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥
ਆਪੇ ਮੇਲੇ ਦੇ ਵਡਿਆਈ ॥ ਗੁਰ ਪਰਸਾਦੀ ਕੀਮਤਿ ਪਾਈ ॥
ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ ॥੩॥
ਹਉਮੈ ਮਾਇਆ ਵਿਚੇ ਪਾਈ ॥ ਮਨਮੁਖ ਭੂਲੇ ਪਤਿ ਗਵਾਈ ॥
ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥
ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥
ਸਤਿਗੁਰੁ ਸੇਵੇ ਆਪੁ ਗਵਾਏ ॥ ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥
ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ ॥੬॥
ਦੂਖ ਨਿਵਾਰਣੁ ਗੁਰ ਤੇ ਜਾਤਾ ॥ ਆਪਿ ਮਿਲਿਆ ਜਗਜੀਵਨੁ ਦਾਤਾ ॥
ਜਿਸ ਨੋ ਲਾਏ ਸੋਈ ਬੂਝੈ ਭਉ ਭਰਮੁ ਸਰੀਰਹੁ ਜਾਈ ਹੇ ॥੭॥
ਆਪੇ ਗੁਰਮੁਖਿ ਆਪੇ ਦੇਵੈ ॥ ਸਚੈ ਸਬਦਿ ਸਤਿਗੁਰੁ ਸੇਵੈ ॥
ਜਰਾ ਜਮੁ ਤਿਸੁ ਜੋਹਿ ਨ ਸਾਕੈ ਸਾਚੇ ਸਿਉ ਬਣਿ ਆਈ ਹੇ ॥੮॥
ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥
ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ ॥੯॥
ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਾਚੈ ਨਾਮਿ ਸਦਾ ਲਿਵ ਲਾਗੀ ॥
ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥
ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਵਿਰਲੈ ਕਿਨੈ ਪਛਾਣੀ ॥
ਸਚੇ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ ॥੧੧॥
ਸਬਦੁ ਬੁਝੈ ਸੋ ਮੈਲੁ ਚੁਕਾਏ ॥ ਨਿਰਮਲ ਨਾਮੁ ਵਸੈ ਮਨਿ ਆਏ ॥
ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ ॥੧੨॥
ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ ॥
ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ ॥੧੩॥
ਆਪੇ ਆਪਿ ਮਿਲੈ ਤਾ ਬੂਝੈ ॥ ਗਿਆਨ ਵਿਹੂਣਾ ਕਿਛੂ ਨ ਸੂਝੈ ॥

ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ ॥੧੪॥
ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥ ਕੋਇ ਨ ਮੇਟੈ ਧੁਰਿ ਫੁਰਮਾਇਆ ॥
ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ ॥੧੫॥
ਅਪਣੀ ਨਦਰਿ ਕਰੇ ਸੋ ਪਾਏ ॥ ਸਚੈ ਸਬਦਿ ਤਾੜੀ ਚਿਤੁ ਲਾਏ ॥
ਨਾਨਕ ਦਾਸੁ ਕਹੈ ਬੇਨੰਤੀ ਭੀਖਿਆ ਨਾਮੁ ਦਰਿ ਪਾਈ ਹੇ ॥੧੬॥੧॥}

(ਅੰਗ - ੧੦੪੩-੧੦੪੪)

ਮਾਰੂ ਮਹਲਾ ੩ ॥

{ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥
ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥
ਅਪਣੀ ਗਹਣ ਗਤਿ ਆਪੇ ਜਾਣੈ ॥ ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥
ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥
ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥
ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥
ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥
ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥
ਸੇਵਕ ਸੇਵਹਿ ਸਬਦਿ ਸਲਾਹਹਿ ॥ ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥
ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ ॥੧੧॥
ਸਬਦੇ ਅਕਥੁ ਕਥੇ ਸਾਲਾਹੇ ॥ ਮੇਰੇ ਪ੍ਰਭ ਸਾਚੇ ਵੇਪਰਵਾਹੇ ॥
ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ ॥੧੨॥

ਮਨਮੁਖੁ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥
ਆਪੇ ਆਪਿ ਆਪਿ ਸਾਲਾਹੇ ॥ ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥
ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ ॥੧੪॥
ਬਿਨੁ ਗੁਰ ਦਾਤੇ ਕੋਇ ਨ ਪਾਏ ॥ ਲਖ ਕੋਟੀ ਜੇ ਕਰਮ ਕਮਾਏ ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥
ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥ ਸਾਚੀ ਬਾਣੀ ਸਬਦਿ ਸੁਹਾਏ ॥
ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥੪॥੧੩॥}

(ਅੰਗ - ੧੦੫੬-੧੦੫੭)

ਤੁਖਾਰੀ ਮਹਲਾ ੧ ॥
{ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥
ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥
ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥
ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥
ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥
ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੧॥
ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ ॥
ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥
ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥
ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥
ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥
ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥੨॥
ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥
ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥
ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥
ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥
ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥
ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥
ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥
ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥

ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥
ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥
ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥
ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥
ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥
ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥
ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥
ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥
ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥੫॥੬॥}

(ਅੰਗ - ੧੧੧੨-੧੧੧੩)

ਮਾਰੂ ਮਹਲਾ ੩ ॥

{ਆਪੇ ਸ੍ਰਿਸਟਿ ਹੁਕਮਿ ਸਭ ਸਾਜੀ ॥ ਆਪੇ ਥਾਪਿ ਉਥਾਪਿ ਨਿਵਾਜੀ ॥
ਆਪੇ ਨਿਆਉ ਕਰੇ ਸਭੁ ਸਾਚਾ ਸਾਚੇ ਸਾਚਿ ਮਿਲਾਇਦਾ ॥੧॥
ਕਾਇਆ ਕੋਟੁ ਹੈ ਆਕਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ ॥੨॥
ਕਾਇਆ ਕੰਚਨ ਕੋਟੁ ਅਪਾਰਾ ॥ ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥
ਗੁਰਮੁਖਿ ਗਾਵੈ ਸਦਾ ਗੁਣ ਸਾਚੇ ਮਿਲਿ ਪ੍ਰੀਤਮ ਸੁਖੁ ਪਾਇਦਾ ॥੩॥
ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥੪॥
ਸੋ ਸੂਚਾ ਜਿ ਕਰੋਧੁ ਨਿਵਾਰੇ ॥ ਸਬਦੇ ਬੂਝੈ ਆਪੁ ਸਵਾਰੇ ॥
ਆਪੇ ਕਰੇ ਕਰਾਏ ਕਰਤਾ ਆਪੇ ਮੰਨਿ ਵਸਾਇਦਾ ॥੫॥
ਨਿਰਮਲ ਭਗਤਿ ਹੈ ਨਿਰਾਲੀ ॥ ਮਨੁ ਤਨੁ ਧੋਵਹਿ ਸਬਦਿ ਵੀਚਾਰੀ ॥
ਅਨਦਿਨੁ ਸਦਾ ਰਹੈ ਰੰਗਿ ਰਾਤਾ ਕਰਿ ਕਿਰਪਾ ਭਗਤਿ ਕਰਾਇਦਾ ॥੬॥
ਇਸੁ ਮਨ ਮੰਦਰ ਮਹਿ ਮਨੂਆ ਧਾਵੈ ॥ ਸੁਖੁ ਪਲਰਿ ਤਿਆਗਿ ਮਹਾ ਦੁਖੁ ਪਾਵੈ ॥
ਬਿਨੁ ਸਤਿਗੁਰ ਭੇਟੇ ਠਉਰ ਨ ਪਾਵੈ ਆਪੇ ਖੇਲੁ ਕਰਾਇਦਾ ॥੭॥
ਆਪਿ ਅਪਰੰਪਰੁ ਆਪਿ ਵੀਚਾਰੀ ॥ ਆਪੇ ਮੇਲੇ ਕਰਣੀ ਸਾਰੀ ॥
ਕਿਆ ਕੋ ਕਾਰ ਕਰੇ ਵੇਚਾਰਾ ਆਪੇ ਬਖਸਿ ਮਿਲਾਇਦਾ ॥੮॥
ਆਪੇ ਸਤਿਗੁਰੁ ਮੇਲੇ ਪੂਰਾ ॥ ਸਚੈ ਸਬਦਿ ਮਹਾਬਲ ਸੂਰਾ ॥
ਆਪੇ ਮੇਲੇ ਦੇ ਵਡਿਆਈ ਸਚੇ ਸਿਉ ਚਿਤੁ ਲਾਇਦਾ ॥੯॥
ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥੧੦॥
ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥
ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥੧੧॥
ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥੧੨॥
ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥
ਸਤਿਗੁਰ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥੧੩॥
ਪਉਣੁ ਪਾਣੀ ਹੈ ਬੈਸੰਤਰੁ ॥ ਮਾਇਆ ਮੋਹੁ ਵਰਤੈ ਸਭ ਅੰਤਰਿ ॥
ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥
ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥
ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥

ਜਿਨਿ ਉਪਾਏ ਸੋ ਬਿਧਿ ਜਾਣੈ ॥ ਗੁਰਮੁਖਿ ਦੇਵੈ ਸਬਦੁ ਪਛਾਣੈ ॥
ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥}

(ਅੰਗ - ੧੦੫੯-੧੦੬੦)

52/7227

ਮਾਰੂ ਮਹਲਾ ੩ ॥

{ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥
ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥
ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥
ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥
ਬਾਜੀਗਰਿ ਇਕ ਬਾਜੀ ਪਾਈ ॥ ਪੂਰੇ ਗੁਰ ਤੇ ਨਦਰੀ ਆਈ ॥
ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ ॥੩॥
ਬਾਜਹਿ ਬਾਜੇ ਧੁਨਿ ਆਕਾਰਾ ॥ ਆਪਿ ਵਜਾਏ ਵਜਾਵਣਹਾਰਾ ॥
ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ ॥੪॥
ਕਰਤਾ ਕਰੇ ਸੁ ਨਿਹਚਉ ਹੋਵੈ ॥ ਗੁਰ ਕੈ ਸਬਦੇ ਹਉਮੈ ਖੋਵੈ ॥
ਗੁਰ ਪਰਸਾਦੀ ਕਿਸੈ ਦੇ ਵਡਿਆਈ ਨਾਮੋ ਨਾਮੁ ਧਿਆਇਦਾ ॥੫॥
ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ॥ ਨਾਮੁ ਮੰਨਿ ਵਸੈ ਨਾਮੋ ਸਾਲਾਹੀ ॥
ਨਾਮੋ ਨਾਮੁ ਸਦਾ ਸੁਖਦਾਤਾ ਨਾਮੋ ਲਾਹਾ ਪਾਇਦਾ ॥੬॥
ਬਿਨੁ ਨਾਵੈ ਸਭ ਦੁਖੁ ਸੰਸਾਰਾ ॥ ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥
ਨਾਮੁ ਨ ਸੇਵਹਿ ਕਿਉ ਸੁਖੁ ਪਾਈਐ ਬਿਨੁ ਨਾਵੈ ਦੁਖੁ ਪਾਇਦਾ ॥੭॥
ਆਪਿ ਕਰੇ ਤੈ ਆਪਿ ਕਰਾਏ ॥ ਗੁਰ ਪਰਸਾਦੀ ਕਿਸੈ ਬੁਝਾਏ ॥
ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥੮॥
ਗਣਤ ਗਣੈ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥
ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥੯॥
ਜੇ ਸਚੁ ਦੇਇ ਤ ਪਾਏ ਕੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਸਚੁ ਨਾਮੁ ਸਾਲਾਹੇ ਰੰਗਿ ਰਾਤਾ ਗੁਰ ਕਿਰਪਾ ਤੇ ਸੁਖੁ ਪਾਇਦਾ ॥੧੦॥
ਜਪੁ ਤਪੁ ਸੰਜਮੁ ਨਾਮੁ ਪਿਆਰਾ ॥ ਕਿਲਵਿਖ ਕਾਟੇ ਕਾਟਣਹਾਰਾ ॥
ਹਰਿ ਕੈ ਨਾਮਿ ਤਨੁ ਮਨੁ ਸੀਤਲੁ ਹੋਆ ਸਹਜੇ ਸਹਜਿ ਸਮਾਇਦਾ ॥੧੧॥
ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥
ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥੧੨॥
ਨਿਰਮਲ ਬਾਣੀ ਕੋ ਮੰਨਿ ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥

ਆਪਿ ਸਿਰੰਦਾ ਸਚਾ ਸੋਈ ॥ ਆਪਿ ਉਪਾਇ ਖਪਾਏ ਸੋਈ ॥
ਗੁਰਮੁਖਿ ਹੋਵੈ ਸੁ ਸਦਾ ਸਲਾਹੇ ਮਿਲਿ ਸਾਚੇ ਸੁਖੁ ਪਾਇਦਾ ॥੧੪॥
ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥ ਕਾਮਿ ਕਰੋਧਿ ਜਲੈ ਸਭੁ ਕੋਈ ॥
ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ ॥੧੫॥
ਮੇਰਾ ਤੇਰਾ ਤੁਧੁ ਆਪੇ ਕੀਆ ॥ ਸਭਿ ਤੇਰੇ ਜੰਤ ਤੇਰੇ ਸਭਿ ਜੀਆ ॥
ਨਾਨਕ ਨਾਮੁ ਸਮਾਲਿ ਸਦਾ ਤੂ ਗੁਰਮਤੀ ਮੰਨਿ ਵਸਾਇਦਾ ॥੧੬॥੪॥੧੮॥}

(ਅੰਗ - ੧੦੬੧-੧੦੬੨)

ਮਾਰੂ ਮਹਲਾ ੩ ॥
{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥
ਗੁਰਮੁਖਿ ਏਕਸੁ ਸਿਉ ਲਿਵ ਲਾਏ ॥ ਤ੍ਰਿਬਿਧਿ ਮਨਸਾ ਮਨਹਿ ਸਮਾਏ ॥
ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥
ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ ਗੁਰ ਪਰਸਾਦੀ ਸਹਜੇ ਮਾਤੇ ॥
ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥
ਮਾਇਆ ਮੋਹਿ ਭਰਮਿ ਨ ਪਾਏ ॥ ਦੂਜੈ ਭਾਇ ਲਗਾ ਦੁਖੁ ਪਾਏ ॥
ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥
ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥
ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥
ਮਨਮੁਖੁ ਬਹੁਤੁ ਕਰੇ ਅਭਿਮਾਨੁ ॥ ਦਰਗਹ ਕਬ ਹੀ ਨ ਪਾਵੈ ਮਾਨੁ ॥
ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥
ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥
ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥ ਮੇਰੈ ਠਾਕੁਰਿ ਇਹ ਬਣਤ ਬਣਾਈ ॥
ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥

ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥
ਸਚਾ ਮਹਲੁ ਸਚੇ ਭੰਡਾਰਾ ॥ ਆਪੇ ਦੇਵੈ ਦੇਵਣਹਾਰਾ ॥
ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥
ਆਪੇ ਸਚਾ ਸਬਦਿ ਮਿਲਾਏ ॥ ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ - ੧੦੬੬-੧੦੬੭)

ਮਾਰੂ ਸੋਲਹੇ ਮਹਲਾ ੫
ੴ ਸਤਿਗੁਰ ਪ੍ਰਸਾਦਿ ॥
ਕਰੈ ਅਨੰਦੁ ਅਨੰਦੀ ਮੇਰਾ ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥
ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ ॥੧॥
ਹਰਖਵੰਤ ਆਨੰਤ ਦਇਆਲਾ ॥ ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥
ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ ॥੨॥
ਆਪੇ ਕੁਦਰਤਿ ਕਰੇ ਵੀਚਾਰਾ ॥ ਆਪੇ ਹੀ ਸਚੁ ਕਰੇ ਪਸਾਰਾ ॥
ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ ॥੩॥
ਸਾਚਾ ਤਖਤੁ ਸਚੀ ਪਾਤਿਸਾਹੀ ॥ ਸਚੁ ਖਜੀਨਾ ਸਾਚਾ ਸਾਹੀ ॥
ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ ॥੪॥
ਸਚੁ ਤਪਾਵਸੁ ਸਚੇ ਕੇਰਾ ॥ ਸਾਚਾ ਥਾਨੁ ਸਦਾ ਪ੍ਰਭ ਤੇਰਾ ॥
ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ ॥੫॥
ਏਕੋ ਆਪਿ ਤੂਹੈ ਵਡ ਰਾਜਾ ॥ ਹੁਕਮਿ ਸਚੇ ਕੈ ਪੂਰੇ ਕਾਜਾ ॥
ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ ॥੬॥
ਤੂ ਵਡ ਰਸੀਆ ਤੂ ਵਡ ਭੋਗੀ ॥ ਤੂ ਨਿਰਬਾਣੁ ਤੂਹੈ ਹੀ ਜੋਗੀ ॥
ਸਰਬ ਸੂਖ ਸਹਜ ਘਰਿ ਤੇਰੈ ਅਮਿਉ ਤੇਰੀ ਦ੍ਰਿਸਟੀਜਾ ਹੇ ॥੭॥
ਤੇਰੀ ਦਾਤਿ ਤੁਝੈ ਤੇ ਹੋਵੈ ॥ ਦੇਹਿ ਦਾਨੁ ਸਭਸੈ ਜੰਤ ਲੋਐ ॥
ਤੋਟਿ ਨ ਆਵੈ ਪੂਰ ਭੰਡਾਰੈ ਤ੍ਰਿਪਤਿ ਰਹੇ ਆਘੀਜਾ ਹੇ ॥੮॥
ਜਾਚਹਿ ਸਿਧ ਸਾਧਿਕ ਬਨਵਾਸੀ ॥ ਜਾਚਹਿ ਜਤੀ ਸਤੀ ਸੁਖਵਾਸੀ ॥
ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥
ਕਰਹਿ ਭਗਤਿ ਅਰੁ ਰੰਗ ਅਪਾਰਾ ॥ ਖਿਨ ਮਹਿ ਥਾਪਿ ਉਥਾਪਨਹਾਰਾ ॥

ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ ਭਗਤੀਜਾ ਹੇ ॥੧੦॥
ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥ ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥
ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ ॥੧੧॥
ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ॥ ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ॥
ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ ਅਵਰੁ ਕਹਾ ਕਿਛੁ ਕੀਜਾ ਹੇ ॥੧੨॥
ਤ੍ਰਿਸਨਾ ਬੂਝੀ ਅੰਤਰੁ ਠੰਢਾ ॥ ਗੁਰਿ ਪੂਰੈ ਲੈ ਤੂਟਾ ਗੰਢਾ ॥
ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥
ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥
ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੫॥
ਬਾਰਹਾ ਕੰਚਨੁ ਸੁਧੁ ਕਰਾਇਆ ॥ ਨਦਰਿ ਸਰਾਫ ਵੰਨੀ ਸਚੜਾਇਆ ॥
ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ ॥੧੬॥
ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥ ਨਾਨਕ ਦਾਸ ਸਦਾ ਕੁਰਬਾਨੀ ॥
ਸੰਤਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥}

(ਅੰਗ - ੧੦੭੩-੧੦੭੪)

ਮਾਰੂ ਸੋਲਹੇ ਮਹਲਾ ੫
ੴ ਸਤਿਗੁਰ ਪ੍ਰਸਾਦਿ ॥
{ਜੋ ਦੀਸੈ ਸੋ ਏਕੋ ਤੂਹੈ ॥ ਬਾਣੀ ਤੇਰੀ ਸ੍ਰਵਣਿ ਸੁਣੀਐ ॥
ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ ਧਾਰਣਾ ॥੧॥
ਆਪਿ ਚਿਤਾਰੇ ਅਪਣਾ ਕੀਆ ॥ ਆਪੇ ਆਪਿ ਆਪਿ ਪ੍ਰਭੁ ਥੀਆ ॥
ਆਪਿ ਉਪਾਇ ਰਚਿਓਨੁ ਪਸਾਰਾ ਆਪੇ ਘਟਿ ਘਟਿ ਸਾਰਣਾ ॥੨॥
ਇਕਿ ਉਪਾਏ ਵਡ ਦਰਵਾਰੀ ॥ ਇਕਿ ਉਦਾਸੀ ਇਕਿ ਘਰ ਬਾਰੀ ॥
ਇਕਿ ਭੂਖੇ ਇਕਿ ਤ੍ਰਿਪਤਿ ਅਘਾਏ ਸਭਸੈ ਤੇਰਾ ਪਾਰਣਾ ॥੩॥
ਆਪੇ ਸਤਿ ਸਤਿ ਸਤਿ ਸਾਚਾ ॥ ਓਤਿ ਪੋਤਿ ਭਗਤਨ ਸੰਗਿ ਰਾਚਾ ॥
ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ ਪਸਾਰਣਾ ॥੪॥
ਸਦਾ ਸਦਾ ਸਦ ਹੋਵਣਹਾਰਾ ॥ ਊਚਾ ਅਗਮੁ ਅਥਾਹੁ ਅਪਾਰਾ ॥
ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥
ਮੁਖਿ ਸਾਲਾਹੀ ਸਚੇ ਸਾਹਾ ॥ ਨੈਣੀ ਪੇਖਾ ਅਗਮ ਅਥਾਹਾ ॥
ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ ॥੬॥
ਕਰਿ ਕਰਿ ਵੇਖਹਿ ਕੀਤਾ ਅਪਣਾ ॥ ਜੀਅ ਜੰਤ ਸੋਈ ਹੈ ਜਪਣਾ ॥

ਅਪਣੀ ਕੁਦਰਤਿ ਆਪੇ ਜਾਣੈ ਨਦਰੀ ਨਦਰਿ ਨਿਹਾਲਣਾ ॥੭॥
ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥
ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥੮॥
ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥ ਕਰਿ ਕਰਿ ਦੇਖੈ ਖੇਲੁ ਅਪਾਰਾ ॥
ਆਪਿ ਉਪਾਏ ਉਪਾਵਣਹਾਰਾ ਅਪਣਾ ਕੀਆ ਪਾਲਣਾ ॥੯॥
ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਸਦਾ ਸਦਾ ਜਾਈ ਬਲਿਹਾਰੀ ॥
ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ ਮੇਰੇ ਸੁਆਮੀ ਅਗਮ ਅਪਾਰਣਾ ॥੧੦॥
ਤੁਧੁ ਬਿਨੁ ਦੂਜੇ ਕਿਸੁ ਸਾਲਾਹੀ ॥ ਏਕੋ ਏਕੁ ਜਪੀ ਮਨ ਮਾਹੀ ॥
ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ ॥੧੧॥
ਗੁਰ ਉਪਦੇਸਿ ਜਪੀਐ ਮਨਿ ਸਾਚਾ ॥ ਗੁਰ ਉਪਦੇਸਿ ਰਾਮ ਰੰਗਿ ਰਾਚਾ ॥
ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥
ਜਹ ਰਾਖੈ ਸੋਈ ਸੁਖ ਥਾਨਾ ॥ ਸਹਜੇ ਹੋਇ ਸੋਈ ਭਲ ਮਾਨਾ ॥
ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ ॥੧੩॥
ਡਰ ਚੂਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥
ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ ॥੧੪॥
ਐਸਾ ਕੋ ਵਡਭਾਗੀ ਆਇਆ ॥ ਆਠ ਪਹਰ ਜਿਨਿ ਖਸਮੁ ਧਿਆਇਆ ॥
ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ ॥੧੫॥
ਇਹ ਬਖਸੀਸ ਖਸਮ ਤੇ ਪਾਵਾ ॥ ਆਠ ਪਹਰ ਕਰ ਜੋੜਿ ਧਿਆਵਾ ॥
ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥}

(ਅੰਗ - ੧੦੭੬-੧੦੭੭)

ਮਾਰੂ ਸੋਲਹੇ ਮਹਲਾ ੫
ੴ ਸਤਿਗੁਰ ਪ੍ਰਸਾਦਿ ॥
{ਤੂ ਸਾਹਿਬੁ ਹਉ ਸੇਵਕੁ ਕੀਤਾ ॥ ਜੀਉ ਪਿੰਡੁ ਸਭੁ ਤੇਰਾ ਦੀਤਾ ॥
ਕਰਨ ਕਰਾਵਨ ਸਭੁ ਤੂਹੈ ਤੂਹੈ ਹੈ ਨਾਹੀ ਕਿਛੁ ਅਸਾੜਾ ॥੧॥
ਤੁਮਹਿ ਪਠਾਏ ਤਾ ਜਗ ਮਹਿ ਆਏ ॥ ਜੋ ਤੁਧੁ ਭਾਣਾ ਸੇ ਕਰਮ ਕਮਾਏ ॥
ਤੁਝ ਤੇ ਬਾਹਰਿ ਕਿਛੂ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ ॥੨॥
ਊਹਾ ਹੁਕਮੁ ਤੁਮਾਰਾ ਸੁਣੀਐ ॥ ਈਹਾ ਹਰਿ ਜਸੁ ਤੇਰਾ ਭਣੀਐ ॥
ਆਪੇ ਲੇਖ ਅਲੇਖੈ ਆਪੇ ਤੁਮ ਸਿਉ ਨਾਹੀ ਕਿਛੁ ਝਾੜਾ ॥੩॥
ਤੂ ਪਿਤਾ ਸਭਿ ਬਾਰਿਕ ਥਾਰੇ ॥ ਜਿਉ ਖੇਲਾਵਹਿ ਤਿਉ ਖੇਲਣਹਾਰੇ ॥
ਉਝੜ ਮਾਰਗੁ ਸਭੁ ਤੁਮ ਹੀ ਕੀਨਾ ਚਲੈ ਨਾਹੀ ਕੋ ਵੇਪਾੜਾ ॥੪॥
ਇਕਿ ਬੈਸਾਇ ਰਖੇ ਗ੍ਰਿਹ ਅੰਤਰਿ ॥ ਇਕਿ ਪਠਾਏ ਦੇਸ ਦਿਸੰਤਰਿ ॥

ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ ਇਨ ਮਹਿ ਕਹੀਐ ਕਿਆ ਕੂੜਾ ॥੫॥
ਕਵਨ ਸੁ ਮੁਕਤੀ ਕਵਨ ਸੁ ਨਰਕਾ ॥ ਕਵਨੁ ਸੈਸਾਰੀ ਕਵਨੁ ਸੁ ਭਗਤਾ ॥
ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ ॥੬॥
ਹੁਕਮੇ ਮੁਕਤੀ ਹੁਕਮੇ ਨਰਕਾ ॥ ਹੁਕਮਿ ਸੈਸਾਰੀ ਹੁਕਮੇ ਭਗਤਾ ॥
ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ ॥੭॥
ਸਾਗਰੁ ਕੀਨਾ ਅਤਿ ਤੁਮ ਭਾਰਾ ॥ ਇਕਿ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ ॥
ਇਕਨਾ ਪਾਰਿ ਲੰਘਾਵਹਿ ਆਪੇ ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥
ਕਉਤਕੁ ਕਾਲੁ ਇਹੁ ਹੁਕਮਿ ਪਠਾਇਆ ॥ ਜੀਅ ਜੰਤ ਓਪਾਇ ਸਮਾਇਆ ॥
ਵੇਖੈ ਵਿਗਸੈ ਸਭਿ ਰੰਗ ਮਾਣੇ ਰਚਨੁ ਕੀਨਾ ਇਕੁ ਆਖਾੜਾ ॥੯॥
ਵਡਾ ਸਾਹਿਬੁ ਵਡੀ ਨਾਈ ॥ ਵਡ ਦਾਤਾਰੁ ਵਡੀ ਜਿਸੁ ਜਾਈ ॥
ਅਗਮ ਅਗੋਚਰੁ ਬੇਅੰਤ ਅਤੋਲਾ ਹੈ ਨਾਹੀ ਕਿਛੁ ਆਹਾੜਾ ॥੧੦॥
ਕੀਮਤਿ ਕੋਇ ਨ ਜਾਣੈ ਦੂਜਾ ॥ ਆਪੇ ਆਪਿ ਨਿਰੰਜਨ ਪੂਜਾ ॥
ਆਪਿ ਸੁ ਗਿਆਨੀ ਆਪਿ ਧਿਆਨੀ ਆਪਿ ਸਤਵੰਤਾ ਅਤਿ ਗਾੜਾ ॥੧੧॥
ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥
ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥
ਆਪੇ ਸਕਤੀ ਸਬਲੁ ਕਹਾਇਆ ॥ ਆਪੇ ਸੂਰਾ ਅਮਰੁ ਚਲਾਇਆ ॥
ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ ॥੧੩॥
ਜਿਸਹਿ ਨਿਵਾਜੇ ਗੁਰਮੁਖਿ ਸਾਜੇ ॥ ਨਾਮੁ ਵਸੈ ਤਿਸੁ ਅਨਹਦ ਵਾਜੇ ॥
ਤਿਸ ਹੀ ਸੁਖੁ ਤਿਸ ਹੀ ਠਕੁਰਾਈ ਤਿਸਹਿ ਨ ਆਵੈ ਜਮੁ ਨੇੜਾ ॥੧੪॥
ਕੀਮਤਿ ਕਾਗਦ ਕਹੀ ਨ ਜਾਈ ॥ ਕਹੁ ਨਾਨਕ ਬੇਅੰਤ ਗੁਸਾਈ ॥
ਆਦਿ ਮਧਿ ਅੰਤਿ ਪ੍ਰਭੁ ਸੋਈ ਹਾਥਿ ਤਿਸੈ ਕੈ ਨੇਬੇੜਾ ॥੧੫॥
ਤਿਸਹਿ ਸਰੀਕੁ ਨਾਹੀ ਰੇ ਕੋਈ ॥ ਕਿਸ ਹੀ ਬੁਤੈ ਜਬਾਬੁ ਨ ਹੋਈ ॥
ਨਾਨਕ ਕਾ ਪ੍ਰਭੁ ਆਪੇ ਆਪੇ ਕਰਿ ਕਰਿ ਵੇਖੈ ਚੋਜ ਖੜਾ ॥੧੬॥੧॥੧੦॥}

(ਅੰਗ - ੧੦੮੧-੧੦੮੨)

ਮਾਰੂ ਮਹਲਾ ੫ ॥

{ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ ॥ ਮਧੁਸੂਦਨ ਦਾਮੋਦਰ ਸੁਆਮੀ ॥
ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ ॥੧॥
ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥
ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ ॥੨॥
ਧਰਣੀਧਰ ਈਸ ਨਰਸਿੰਘ ਨਾਰਾਇਣ ॥ ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥
ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ ॥੩॥

ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥
ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ ॥੪॥
ਭਗਤਿ ਵਛਲੁ ਅਨਾਥਹ ਨਾਥੇ ॥ ਗੋਪੀ ਨਾਥੁ ਸਗਲ ਹੈ ਸਾਥੇ ॥
ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ ॥੫॥
ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥
ਕਮਲਾਕੰਤ ਕਰਹਿ ਕੰਤ੍ਰੁਹਲ ਅਨਦ ਬਿਨੋਦੀ ਨਿਹਸੰਗਾ ॥੬॥
ਅਮੋਘ ਦਰਸਨ ਆਜੂਨੀ ਸੰਭਉ ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥
ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ ॥੭॥
ਸ੍ਰੀਰੰਗ ਬੈਕੁੰਠ ਕੇ ਵਾਸੀ ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥
ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥੮॥
ਨਿਰਾਹਾਰੀ ਨਿਰਵੈਰੁ ਸਮਾਇਆ ॥ ਧਾਰਿ ਖੇਲੁ ਚਤੁਰਭੁਜੁ ਕਹਾਇਆ ॥
ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ ॥੯॥
ਬਨਮਾਲਾ ਬਿਭੂਖਨ ਕਮਲ ਨੈਨ ॥ ਸੁੰਦਰ ਕੁੰਡਲ ਮੁਕਟ ਬੈਨ ॥
ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ ॥੧੦॥
ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥੁ ਗੋਪਾਲੁ ਮੁਖਿ ਭਣੀ ॥
ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ ॥੧੧॥
ਨਿਹਕੰਟਕੁ ਨਿਹਕੇਵਲੁ ਕਹੀਐ ॥ ਧਨੰਜੈ ਜਲਿ ਥਲਿ ਹੈ ਮਹੀਐ ॥
ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ ॥੧੨॥
ਪਤਿਤ ਪਾਵਨ ਦੁਖ ਭੈ ਭੰਜਨੁ ॥ ਅਹੰਕਾਰ ਨਿਵਾਰਣੁ ਹੈ ਭਵ ਖੰਡਨੁ ॥
ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ ॥੧੩॥
ਨਿਰੰਕਾਰੁ ਅਛਲ ਅਡੋਲੋ ॥ ਜੋਤਿ ਸਰੂਪੀ ਸਭੁ ਜਗੁ ਮਉਲੋ ॥
ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ ਕੋਇ ਨ ਪਾਵੈਗਾ ॥੧੪॥
ਆਪੇ ਗੋਪੀ ਆਪੇ ਕਾਨਾ ॥ ਆਪੇ ਗਊ ਚਰਾਵੈ ਬਾਨਾ ॥
ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ ॥੧੫॥
ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥
ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥
ਓਟ ਗਹੀ ਜਗਤ ਪਿਤ ਸਰਣਾਇਆ ॥ ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥
ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ ਸਾਧ ਸੰਤਨ ਕੈ ਸੰਗਿ ਸੰਗਾ ॥੧੭॥
ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ ॥
ਮਸਤਕਿ ਲਾਇ ਪਰਮ ਪਦੁ ਪਾਵਉ ਜਿਸੁ ਪ੍ਰਾਪਤਿ ਸੋ ਪਾਵੈਗਾ ॥੧੮॥
ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥ ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥

ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ ਵਾਜੰਗਾ ॥੧੯॥
ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥
ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥
ਤੇਰੀ ਗਤਿ ਮਿਤਿ ਤੂਹੈ ਜਾਣਹਿ ॥ ਤੂ ਆਪੇ ਕਥਹਿ ਤੈ ਆਪਿ ਵਖਾਣਹਿ ॥
ਨਾਨਕ ਦਾਸੁ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ ॥੨੧॥੨॥੧੧॥}

(ਅੰਗ - ੧੦੮੨-੧੦੮੩)

ਪਉੜੀ ॥
{ਸੁਘੜੁ ਸੁਜਾਣੁ ਸਰੂਪੁ ਤੂ ਸਭ ਮਹਿ ਵਰਤੰਤਾ ॥
ਤੂ ਆਪੇ ਠਾਕੁਰੁ ਸੇਵਕੋ ਆਪੇ ਪੂਜੰਤਾ ॥
ਦਾਨਾ ਬੀਨਾ ਆਪਿ ਤੂ ਆਪੇ ਸਤਵੰਤਾ ॥
ਜਤੀ ਸਤੀ ਪ੍ਰਭੁ ਨਿਰਮਲਾ ਮੇਰੇ ਹਰਿ ਭਗਵੰਤਾ ॥
ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ ॥
ਇਹੁ ਆਵਾ ਗਵਣੁ ਰਚਾਇਓ ਕਰਿ ਚੋਜ ਦੇਖੰਤਾ ॥
ਤਿਸੁ ਬਾਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ ਗੁਰ ਮੰਤਾ ॥
ਜਿਉ ਆਪਿ ਚਲਾਵਹਿ ਤਿਉ ਚਲਦੇ ਕਿਛੁ ਵਸਿ ਨ ਜੰਤਾ ॥੪॥}

(ਅੰਗ - ੧੦੯੫)

ਭੈਰਉ ਮਹਲਾ ੩ ॥
{ਜਾ ਕਉ ਰਾਖੈ ਅਪਣੀ ਸਰਣਾਈ ॥ ਸਾਚੇ ਲਾਗੈ ਸਾਚਾ ਫਲੁ ਪਾਈ ॥੧॥
ਰੇ ਜਨ ਕੈ ਸਿਉ ਕਰਹੁ ਪੁਕਾਰਾ ॥ ਹੁਕਮੇ ਹੋਆ ਹੁਕਮੇ ਵਰਤਾਰਾ ॥੧॥ ਰਹਾਉ ॥
ਏਹੁ ਆਕਾਰੁ ਤੇਰਾ ਹੈ ਧਾਰਾ ॥ ਖਿਨ ਮਹਿ ਬਿਨਸੈ ਕਰਤ ਨ ਲਾਗੈ ਬਾਰਾ ॥੨॥
ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ ॥ ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥੩॥
ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥੪॥੩॥}

(ਅੰਗ - ੧੧੨੮)

52/7228

{ਜਲ ਮਹਿ ਮੀਨ ਮਾਇਆ ਕੇ ਬੇਧੇ ॥ ਦੀਪਕ ਪਤੰਗ ਮਾਇਆ ਕੇ ਛੇਦੇ ॥
ਕਾਮ ਮਾਇਆ ਕੁੰਚਰ ਕਉ ਬਿਆਪੈ ॥ ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥
ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥੧॥ ਰਹਾਉ ॥
ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥ ਸਾਕਰ ਮਾਖੀ ਅਧਿਕ ਸੰਤਾਪੇ ॥
ਤੁਰੇ ਉਸਟ ਮਾਇਆ ਮਹਿ ਭੇਲਾ ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥੨॥
ਛਿਅ ਜਤੀ ਮਾਇਆ ਕੇ ਬੰਦਾ ॥ ਨਵੈ ਨਾਥ ਸੂਰਜ ਅਰੁ ਚੰਦਾ ॥
ਤਪੇ ਰਖੀਸਰ ਮਾਇਆ ਮਹਿ ਸੂਤਾ ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥

ਸੁਆਨ ਸਿਆਲ ਮਾਇਆ ਮਹਿ ਰਾਤਾ ॥ ਬੰਤਰ ਚੀਤੇ ਅਰੁ ਸਿੰਘਾਤਾ ॥
ਮਾਂਜਾਰ ਗਾਡਰ ਅਰੁ ਲੂਬਰਾ ॥ ਬਿਰਖ ਮੂਲ ਮਾਇਆ ਮਹਿ ਪਰਾ ॥੪॥
ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥ ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥}

(ਅੰਗ - ੧੧੬੦)

{ਸਤਰਿ ਸੈਇ ਸਲਾਰ ਹੈ ਜਾ ਕੇ ॥ ਸਵਾ ਲਾਖੁ ਪੈਕਾਬਰ ਤਾ ਕੇ ॥
ਸੇਖ ਜੁ ਕਹੀਅਹਿ ਕੋਟਿ ਅਠਾਸੀ ॥ ਛਪਨ ਕੋਟਿ ਜਾ ਕੇ ਖੇਲ ਖਾਸੀ ॥੧॥
ਮੋ ਗਰੀਬ ਕੀ ਕੋ ਗੁਜਰਾਵੈ ॥ ਮਜਲਸਿ ਦੂਰਿ ਮਹਲੁ ਕੋ ਪਾਵੈ ॥੧॥ ਰਹਾਉ ॥
ਤੇਤੀਸ ਕਰੋੜੀ ਹੈ ਖੇਲ ਖਾਨਾ ॥ ਚਉਰਾਸੀ ਲਖ ਫਿਰੈ ਦਿਵਾਨਾਂ ॥
ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥ ਉਨਿ ਭੀ ਭਿਸਤਿ ਘਨੇਰੀ ਪਾਈ ॥੨॥
ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ ॥ ਛੋਡਿ ਕਤੇਬ ਕਰੈ ਸੈਤਾਨੀ ॥
ਦੁਨੀਆ ਦੋਸੁ ਰੋਸੁ ਹੈ ਲੋਈ ॥ ਅਪਨਾ ਕੀਆ ਪਾਵੈ ਸੋਈ ॥੩॥
ਤੁਮ ਦਾਤੇ ਹਮ ਸਦਾ ਭਿਖਾਰੀ ॥ ਦੇਉ ਜਬਾਬੁ ਹੋਇ ਬਜਗਾਰੀ ॥
ਦਾਸੁ ਕਬੀਰੁ ਤੇਰੀ ਪਨਹ ਸਮਾਨਾਂ ॥ ਭਿਸਤੁ ਨਜੀਕਿ ਰਾਖੁ ਰਹਮਾਨਾ ॥੪॥੭॥੧੫॥}

(ਅੰਗ - ੧੧੬੧)

{ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥
ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥੧॥ ਰਹਾਉ ॥
ਕੋਟਿ ਚੰਦ੍ਰਮੇ ਕਰਹਿ ਚਰਾਕ ॥ ਸੁਰ ਤੇਤੀਸਉ ਜੇਵਹਿ ਪਾਕ ॥
ਨਵ ਗ੍ਰਹ ਕੋਟਿ ਠਾਢੇ ਦਰਬਾਰ ॥ ਧਰਮ ਕੋਟਿ ਜਾ ਕੈ ਪ੍ਰਤਿਹਾਰ ॥੨॥
ਪਵਨ ਕੋਟਿ ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ ॥
ਸਮੁੰਦ ਕੋਟਿ ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ ਅਠਾਰਹ ਭਾਰ ॥੩॥
ਕੋਟਿ ਕਮੇਰ ਭਰਹਿ ਭੰਡਾਰ ॥ ਕੋਟਿਕ ਲਖਮੀ ਕਰੈ ਸੀਗਾਰ ॥
ਕੋਟਿਕ ਪਾਪ ਪੁੰਨ ਬਹੁ ਹਿਰਹਿ ॥ ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ ॥੪॥
ਛਪਨ ਕੋਟਿ ਜਾ ਕੈ ਪ੍ਰਤਿਹਾਰ ॥ ਨਗਰੀ ਨਗਰੀ ਖਿਅਤ ਅਪਾਰ ॥
ਲਟ ਛੂਟੀ ਵਰਤੈ ਬਿਕਰਾਲ ॥ ਕੋਟਿ ਕਲਾ ਖੇਲੈ ਗੋਪਾਲ ॥੫॥
ਕੋਟਿ ਜਗ ਜਾ ਕੈ ਦਰਬਾਰ ॥ ਗੰਧ੍ਰਬ ਕੋਟਿ ਕਰਹਿ ਜੈਕਾਰ ॥
ਬਿਦਿਆ ਕੋਟਿ ਸਭੈ ਗੁਨ ਕਹੈ ॥ ਤਊ ਪਾਰਬ੍ਰਹਮ ਕਾ ਅੰਤੁ ਨ ਲਹੈ ॥੬॥
ਬਾਵਨ ਕੋਟਿ ਜਾ ਕੈ ਰੋਮਾਵਲੀ ॥ ਰਾਵਨ ਸੈਨਾ ਜਹ ਤੇ ਛਲੀ ॥
ਸਹਸ ਕੋਟਿ ਬਹੁ ਕਹਤ ਪੁਰਾਨ ॥ ਦੁਰਜੋਧਨ ਕਾ ਮਥਿਆ ਮਾਨੁ ॥੭॥
ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥ ਅੰਤਰ ਅੰਤਰਿ ਮਨਸਾ ਹਰਹਿ ॥

ਕਹਿ ਕਬੀਰ ਸੁਨਿ ਸਾਰਿਗਪਾਨ ॥ ਦੇਹਿ ਅਭੈ ਪਦੁ ਮਾਂਗਉ ਦਾਨ ॥੮॥੨॥੧੮॥੨੦॥}

(ਅੰਗ - ੧੧੬੨-੧੧੬੩)

ਬਸੰਤੁ ਮਹਲਾ ੧ ॥

{ਮੇਰੀ ਸਖੀ ਸਹੇਲੀ ਸੁਨਹੁ ਭਾਇ ॥ ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥
ਓਹੁ ਅਲਖੁ ਨ ਲਖੀਐ ਕਹਹੁ ਕਾਇ ॥ ਗੁਰਿ ਸੰਗਿ ਦਿਖਾਇਓ ਰਾਮ ਰਾਇ ॥੧॥
ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥
ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥
ਮਨਮੁਖੀ ਦੁਹਾਗਣਿ ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥
ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥ ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥
ਬਿਨੁ ਗੁਰ ਭਗਤਿ ਨ ਭਾਉ ਹੋਇ ॥ ਬਿਨੁ ਗੁਰ ਸੰਤ ਨ ਸੰਗੁ ਦੇਇ ॥
ਬਿਨੁ ਗੁਰ ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥
ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥
ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥}

(ਅੰਗ - ੧੧੬੯-੧੧੭੦)

ਬਸੰਤੁ ਮਹਲਾ ੫ ਘਰੁ ੧ ਦੁਤੁਕੇ

ੴ ਸਤਿਗੁਰ ਪ੍ਰਸਾਦਿ ॥

{ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥
ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥
ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥}

(ਅੰਗ - ੧੧੮੦)

ਬਸੰਤੁ ਮਹਲਾ ੫ ॥

{ਜੀਅ ਪ੍ਰਾਣ ਤੁਮ੍ ਪਿੰਡ ਦੀਨ੍ ॥ ਮੁਗਧ ਸੁੰਦਰ ਧਾਰਿ ਜੋਤਿ ਕੀਨ੍ ॥
ਸਭਿ ਜਾਚਿਕ ਪ੍ਰਭ ਤੁਮ੍ ਦਇਆਲ ॥ ਨਾਮੁ ਜਪਤ ਹੋਵਤ ਨਿਹਾਲ ॥੧॥
ਮੇਰੇ ਪ੍ਰੀਤਮ ਕਾਰਣ ਕਰਣ ਜੋਗ ॥ ਹਉ ਪਾਵਉ ਤੁਮ ਤੇ ਸਗਲ ਥੋਕ ॥੧॥ ਰਹਾਉ ॥
ਨਾਮੁ ਜਪਤ ਹੋਵਤ ਉਧਾਰ ॥ ਨਾਮੁ ਜਪਤ ਸੁਖ ਸਹਜ ਸਾਰ ॥

ਨਾਮੁ ਜਪਤ ਪਤਿ ਸੋਭਾ ਹੋਇ ॥ ਨਾਮੁ ਜਪਤ ਬਿਘਨੁ ਨਾਹੀ ਕੋਇ ॥੨॥
ਜਾ ਕਾਰਣਿ ਇਹ ਦੁਲਭ ਦੇਹ ॥ ਸੋ ਬੋਲੁ ਮੇਰੇ ਪ੍ਰਭੂ ਦੇਹਿ ॥
ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥ ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥
ਤੁਝ ਬਿਨੁ ਦੂਜਾ ਕੋਇ ਨਾਹਿ ॥ ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥
ਜਿਉ ਭਾਵੈ ਤਿਉ ਰਾਖਿ ਲੇ ॥ ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥}

(ਅੰਗ - ੧੧੮੧)

ਬਸੰਤੁ ਮਹਲਾ ੫ ਘਰੁ ੨ ਹਿੰਡੋਲ
ੴ ਸਤਿਗੁਰ ਪ੍ਰਸਾਦਿ ॥
{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥
ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥}

(ਅੰਗ - ੧੧੮੫)

ਸਾਰਗ ਮਹਲਾ ੫ ॥
{ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥
ਨਿਸਿ ਬਾਸੁਰ ਨਖਿਅਤ੍ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥}

(ਅੰਗ - ੧੨੦੪)

{ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥ ਅਨਿਕ ਕਲਾ ਖੇਲੈ ਹਰਿ ਰਾਇ ॥
ਅਨਿਕ ਧੁਨਿਤ ਲਲਿਤ ਸੰਗੀਤ ॥ ਅਨਿਕ ਗੁਪਤ ਪ੍ਰਗਟੇ ਤਹ ਚੀਤ ॥੧੦॥
ਸਭ ਤੇ ਊਚ ਭਗਤ ਜਾ ਕੈ ਸੰਗਿ ॥ ਆਠ ਪਹਰ ਗੁਨ ਗਾਵਹਿ ਰੰਗਿ ॥
ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥੧੧॥
ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥
ਅਪੁਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥
ਕ੍ਰਿਪਾ ਨਿਧਾਨ ਨਾਨਕ ਦਇਆਲ ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥}

(ਅੰਗ - ੧੨੩੬)

ਪਉੜੀ ॥

{ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ॥
ਆਪੇ ਖੇਲੁ ਰਚਾਇਓਨੁ ਸਭੁ ਜਗਤੁ ਸਬਾਇਆ ॥
ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥
ਗੁਰ ਪਰਸਾਦੀ ਉਬਰੇ ਜਿਨ ਭਾਣਾ ਭਾਇਆ ॥
ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥}

(ਅੰਗ - ੧੨੩੭)

ਮਃ ੧ ॥

{ਕਾਪੜੁ ਕਾਠੁ ਰੰਗਾਇਆ ਰਾਂਗਿ ॥ ਘਰ ਗਚ ਕੀਤੇ ਬਾਗੇ ਬਾਗ ॥
ਸਾਦ ਸਹਜ ਕਰਿ ਮਨੁ ਖੇਲਾਇਆ ॥ ਤੈ ਸਹ ਪਾਸਹੁ ਕਹਣੁ ਕਹਾਇਆ ॥
ਮਿਠਾ ਕਰਿ ਕੈ ਕਉੜਾ ਖਾਇਆ ॥ ਤਿਨਿ ਕਉੜੈ ਤਨਿ ਰੋਗੁ ਜਮਾਇਆ ॥
ਜੇ ਫਿਰਿ ਮਿਠਾ ਪੇੜੈ ਪਾਇ ॥ ਤਉ ਕਉੜਤਣੁ ਚੂਕਸਿ ਮਾਇ ॥
ਨਾਨਕ ਗੁਰਮੁਖਿ ਪਾਵੈ ਸੋਇ ॥ ਜਿਸ ਨੋ ਪ੍ਰਾਪਤਿ ਲਿਖਿਆ ਹੋਇ ॥੨॥}

(ਅੰਗ - ੧੨੪੩)

52/7229

{ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥
ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ ॥੧॥ ਰਹਾਉ ॥
ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥
ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥੧॥
ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥
ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂ ਪੂਰਾ ॥੨॥੨॥}

(ਅੰਗ - ੧੨੫੨)

ਮਲਾਰ ਮਹਲਾ ੩ ਦੁਤੁਕੇ ॥

{ਸਤਿਗੁਰ ਤੇ ਪਾਵੈ ਘਰੁ ਦਰੁ ਮਹਲੁ ਸੁ ਥਾਨੁ ॥
ਗੁਰ ਸਬਦੀ ਚੂਕੈ ਅਭਿਮਾਨੁ ॥੧॥
ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ ॥
ਅਨਦਿਨੁ ਨਾਮੁ ਸਦਾ ਸਦਾ ਧਿਆਵਹਿ ਸਾਚੀ ਦਰਗਹ ਪਾਵਹਿ ਮਾਨੁ ॥੧॥ ਰਹਾਉ ॥
ਮਨ ਕੀ ਬਿਧਿ ਸਤਿਗੁਰ ਤੇ ਜਾਣੈ ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ ॥
ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥
ਇਹੁ ਮਨੁ ਖੇਲੈ ਹੁਕਮ ਕਾ ਬਾਧਾ ਇਕ ਖਿਨ ਮਹਿ ਦਹ ਦਿਸ ਫਿਰਿ ਆਵੈ ॥
ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ ਤਾਂ ਇਹੁ ਮਨੁ ਗੁਰਮੁਖਿ ਤਤਕਾਲ ਵਸਿ ਆਵੈ ॥੩॥
ਇਸੁ ਮਨ ਕੀ ਬਿਧਿ ਮਨ ਹੂ ਜਾਣੈ ਬੂਝੈ ਸਬਦਿ ਵੀਚਾਰਿ ॥
ਨਾਨਕ ਨਾਮੁ ਧਿਆਇ ਸਦਾ ਤੂ ਭਵ ਸਾਗਰੁ ਜਿਤੁ ਪਾਵਹਿ ਪਾਰਿ ॥੪॥੬॥}

(ਅੰਗ - ੧੨੫੯-੧੨੬੦)

ਮਃ ੩ ॥

{ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ ॥
ਜਿਤੁ ਵੁਠੈ ਅਨੁ ਧਨੁ ਬਹੁਤੁ ਊਪਜੈ ਜਾਂ ਸਹੁ ਕਰੇ ਰਜਾਇ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਜੀਆਂ ਜੁਗਤਿ ਸਮਾਇ ॥
ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥
ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥
ਨਾਨਕ ਜਿਨ ਕਉ ਨਦਰਿ ਕਰੇ ਤਾਂ ਇਹੁ ਧਨੁ ਪਲੈ ਪਾਇ ॥੨॥}

(ਅੰਗ - ੧੨੮੨)

ਪਉੜੀ ॥

{ਪੜੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ ॥ ਬਿਨੁ ਸਚੇ ਵਾਪਾਰ ਜਨਮੁ ਬਿਰਥਿਆ ॥
ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥
ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥
ਆਇਆ ਉਠੀ ਖੇਲੁ ਫਿਰੈ ਉਵਤਿਆ ॥ ਨਾਨਕ ਸਚੈ ਮੇਲੁ ਸਚੈ ਰਤਿਆ ॥੨੪॥}

(ਅੰਗ - ੧੨੮੯)

ਕਾਨੜਾ ਮਹਲਾ ੪ ॥

{ਮਨ ਗੁਰਮਤਿ ਚਾਲ ਚਲਾਵੈਗੋ ॥
ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ ॥੧॥ ਰਹਾਉ ॥
ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ॥
ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ ॥੧॥

ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥
ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥੨॥
ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥
ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥੩॥
ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥
ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ ॥੪॥
ਸੁਪਨੰਤਰੁ ਸੰਸਾਰੁ ਸਭੁ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ ॥
ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ ॥੫॥
ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ ॥
ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ ॥੬॥
ਸੰਤਹੁ ਰਾਮ ਨਾਮੁ ਧਨੁ ਸੰਚਹੁ ਲੈ ਖਰਚੁ ਚਲੇ ਪਤਿ ਪਾਵੈਗੋ ॥
ਖਾਇ ਖਰਚਿ ਦੇਵਹਿ ਬਹੁਤੇਰਾ ਹਰਿ ਦੇਦੇ ਤੋਟਿ ਨ ਆਵੈਗੋ ॥੭॥
ਰਾਮ ਨਾਮ ਧਨੁ ਹੈ ਰਿਦ ਅੰਤਰਿ ਧਨੁ ਗੁਰ ਸਰਣਾਈ ਪਾਵੈਗੋ ॥
ਨਾਨਕ ਦਇਆ ਦਇਆ ਕਰਿ ਦੀਨੀ ਦੁਖੁ ਦਾਲਦੁ ਭੰਜਿ ਸਮਾਵੈਗੋ ॥੮॥੫॥}

(ਅੰਗ - ੧੩੧੦-੧੩੧੧)

ਪਉੜੀ ॥

{ਰਾਮ ਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ ॥
ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ ॥
ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ ॥
ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ ॥
ਸਭਿ ਚਵਹੁ ਮੁਖਹੁ ਜਗੰਨਾਥੁ ਜਗੰਨਾਥੁ ਜਗਜੀਵਨੋ ਜਿਤੁ ਭਵਜਲ ਪਾਰਿ ਉਤਾਰਾ ॥੪॥}

(ਅੰਗ - ੧੩੧੪)

ਸਲੋਕ ਮਃ ੪ ॥

{ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ ॥
ਘਟਿ ਘਟਿ ਆਤਮ ਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ ਰੀਤਿ ॥
ਹਰਿ ਨਿਕਟਿ ਵਸੈ ਜਗਜੀਵਨਾ ਪਰਗਾਸੁ ਕੀਓ ਗੁਰ ਮੀਤਿ ॥
ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥
ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥੧॥}

(ਅੰਗ - ੧੩੧੬-੧੩੧੭)

ਪ੍ਰਭਾਤੀ ਮਹਲਾ ੧ ॥

{ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥
ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥੧॥
ਤੂਹੈ ਹੈ ਵਾਹੁ ਤੇਰੀ ਰਜਾਇ ॥
ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ ॥੧॥ ਰਹਾਉ ॥
ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ ॥
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥੨॥
ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥
ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੮॥}

(ਅੰਗ - ੧੩੨੯)

ਪ੍ਰਭਾਤੀ ਮਹਲਾ ੧ ॥

{ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ ॥
ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ ॥੧॥
ਬੋਲਹੁ ਸਚੁ ਨਾਮੁ ਕਰਤਾਰ ॥ ਫੁਨਿ ਬਹੁੜਿ ਨ ਆਵਣ ਵਾਰ ॥੧॥ ਰਹਾਉ ॥
ਊਚਾ ਤੇ ਫੁਨਿ ਨੀਚੁ ਕਰਤੁ ਹੈ ਨੀਚ ਕਰੈ ਸੁਲਤਾਨੁ ॥
ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ ॥੨॥
ਤਾ ਕਉ ਸਮਝਾਵਣ ਜਾਈਐ ਜੇ ਕੋ ਭੂਲਾ ਹੋਈ ॥
ਆਪੇ ਖੇਲ ਕਰੇ ਸਭ ਕਰਤਾ ਐਸਾ ਬੂਝੈ ਕੋਈ ॥੩॥
ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥੪॥੯॥}

(ਅੰਗ - ੧੩੨੯-੧੩੩੦)

ਪ੍ਰਭਾਤੀ ਮਹਲਾ ੩ ॥

{ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥
ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥
ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥
ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥
ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥
ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥
ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥}

(ਅੰਗ - ੧੩੩੪)

{ਕਬੀਰ ਚਤੁਰਾਈ ਅਤਿ ਘਨੀ ਹਰਿ ਜਪਿ ਹਿਰਦੈ ਮਾਹਿ ॥
ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ ॥੧੦੯॥}

(ਅੰਗ - ੧੩੭੦)

{ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥
ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ॥੨੪੦॥}

(ਅੰਗ - ੧੩੭੭)

ਸਵਈਏ ਮਹਲੇ ਦੂਜੇ ਕੇ ੨

ੴ ਸਤਿਗੁਰ ਪ੍ਰਸਾਦਿ ॥

{ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ ॥
ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ ॥
ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ ਸੁਰ�ि ਨਰ ਗਣ ਮੁਨਿ ਬੋਹਿਯ ਅਗਾਜਿ ॥
ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥
ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ ਗੁਰੁ ਪਰਸਿ ਮੁਰਾਰਿ ॥੧॥}

(ਅੰਗ - ੧੩੯੧)

{ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥
ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮ੍ਹ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧॥੬॥}

(ਅੰਗ - ੧੪੦੨)

{ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥
ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ ਖੇਲੁ ਕੀਆ ਆਪਣੈ ਉਛਾਹਿ ਜੀਉ ॥
ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ
ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥੮॥}

(ਅੰਗ - ੧੪੦੨-੧੪੦੩)

{ਸਤਿਗੁਰੂ ਸਤਿਗੁਰੂ ਸਤਿਗੁਰੁ ਗੁਬਿੰਦ ਜੀਉ ॥
ਬਲਿਹਿ ਛਲਨ ਸਬਲ ਮਲਨ ਭਗ੍ਰਿ ਫਲਨ ਕਾਨ੍ ਕੁਅਰ ਨਿਹਕਲੰਕ ਬਜੀ ਡੰਕ ਚਕ੍ਰ ਦਲ ਰਵਿੰਦ ਜੀਉ ॥
ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ
ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ ॥
ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥
ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥੯॥}

(ਅੰਗ - ੧੪੦੩)

{ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥
ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥
ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ ॥
ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ ॥
ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥੪੨॥}

(ਅੰਗ - ੧੪੦੩-੧੪੦੪)

{ਖੇਲੁ ਗੂੜ੍ਹਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਯਿਓ ਬਿਮਲ ਬੁਧਿ ਸਤਿਗੁਰਿ ਸਮਾਣਉ ॥
ਆਜੋਨੀ ਸੰਭਵਿਅਉ ਸੁਜਸੁ ਕਲ੍ ਕਵੀਅਣਿ ਬਖਾਣਿਅਉ ॥
ਗੁਰਿ ਨਾਨਕਿ ਅੰਗਦੁ ਵਰ੍ਯਉ ਗੁਰਿ ਅੰਗਦਿ ਅਮਰ ਨਿਧਾਨੁ ॥
ਗੁਰਿ ਰਾਮਦਾਸ ਅਰਜੁਨੁ ਵਰ੍ਯਉ ਪਾਰਸੁ ਪਰਸੁ ਪ੍ਰਮਾਣੁ ॥੪॥}

(ਅੰਗ - ੧੪੦੭)

{ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥
ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥}

(ਅੰਗ - ੧੪੧੨)

52/7231

ਜੋ ਕੁਝ ਸਾਨੂੰ ਉਪਰ ਵਾਲੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਭਾਵ ਸਭ ਕੁਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਸਨੇ ਆਪ ਹੀ ਅਨੇਕਾਂ ਰੂਪ ਧਾਰੇ ਹੋਏ ਹਨ ਤੇ ਇਹ ਕੁਝ ਹੀ ਅਸੀਂ ਪਿੱਛੇ ਲੇਖ ਵਿੱਚ ਹਰ ਸ਼ਬਦ ਰਾਹੀਂ ਸਮਝਦੇ ਆ ਰਹੇ ਹਾਂ। ਗੱਲ ਕੇਵਲ ਇੱਥੇ ਆ ਕੇ ਮੁਕਦੀ ਹੈ ਕਿ ਅਸੀਂ ਉਹ ਵਿਸ਼ਵਾਸ ਕਿੱਥੋਂ ਲੈ ਕੇ ਆਈਏ ਜਿਸ ਮਨ ਦੇ ਵਿਸ਼ਵਾਸ ਨਾਲ ਅਸੀਂ ਇਹ ਕਹਿ ਸਕੀਏ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸ ਵਿੱਚ ਅਸੀਂ ਆਪ ਵੀ ਆਉਂਦੇ ਹਾਂ, ਹਰ ਕੋਈ ਆਉਂਦਾ ਹੈ। ਇਹ ਪੂਰਨ ਵਿਸ਼ਵਾਸ ਕੇਵਲ ਤੇ ਕੇਵਲ ਉਸਨੂੰ ਹੀ ਆ ਸਕਦਾ ਹੈ ਜਿਸਨੂੰ ਮਨ ਦੇ ਵਿੱਚ ਆਪਣੀ ਜੋਤਿ ਰਾਹੀਂ ਸ੍ਰਿਸ਼ਟੀ ਦਾ ਕਰਤਾ ਆਪ ਪ੍ਰਗਟ ਹੋ ਕੇ ਦਿਵਾਉਂਦਾ ਹੈ ਜਿਵੇਂ ਕਿ ਉਸਨੇ ਇਹ ਵਿਸ਼ਵਾਸ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿਵਾਇਆ ਹੈ ਤੇ ਉਨ੍ਹਾਂ ਨੇ ਫਿਰ ਤਾਂ ਹੀ ਪੂਰਨ ਵਿਸ਼ਵਾਸ ਨਾਲ ਬਾਰ ਬਾਰ ਅਨੇਕਾਂ ਸ਼ਬਦਾਂ ਰਾਹੀਂ ਇਹ ਦੁਹਰਾਇਆ ਹੈ ਕਿ ਸਭ ਦੇ ਅੰਦਰ, ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਰਾਮ ਕਹਿ ਕੇ, ਭਗਵਾਨ ਕਹਿ ਕੇ ਜਾਣੇ, ਅੱਲਾ ਕਹਿ ਕੇ ਜਾਣੇ, ਖੁਦਾ ਕਹਿ ਕੇ ਜਾਣੇ, ਗਾਡ ਕਹਿ ਕੇ ਜਾਣੇ, ਵਾਹਿਗੁਰੂ ਕਹਿ ਕੇ ਜਾਣੇ, ਅਕਾਲਪੁਰਖ ਕਹਿ ਕੇ ਜਾਣੇ ਜਾਂ ਕੋਈ ਹੋਰ ਨਾਮ ਪੁਕਾਰਣ ਦੁਆਰਾ ਜਾਣੇ ਇਸ ਨਾਲ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਇਹ ਉਸਦਾ ਆਪਣਾ ਹੀ ਬਣਾਇਆ ਹੋਇਆ ਸੰਸਾਰਿਕ ਖੇਡ ਖੇਡਣ ਦਾ ਤਰੀਕਾ ਹੈ ਜੋ ਆਪਣੀ ਖੇਡ ਉਹ ਹਰ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਕੇ ਹੀ ਚਲਾ ਰਿਹਾ ਹੈ, ਸਭ ਨੂੰ ਆਪਣੀ ਮਾਇਆ ਵਾਲੀ ਜੁਗਤਿ ਵਿੱਚ ਰੱਖਕੇ, ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਕੇ, ਹਉਮੈ ਵਾਲੀ ਸਮਝ ਵਿੱਚ ਰੱਖਕੇ, ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਕੇ ਚਲਾ ਰਿਹਾ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਭਾਵ ਚੌਥੇ ਪਦ ਵਾਲੀ ਸਮਝ ਵਿੱਚ ਪਹੁੰਚੇ ਬਿਨ੍ਹਾਂ ਕੋਈ ਵੀ ਮਨੁੱਖ ਉਸਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਾਮੁਮਕਿਨ ਹੈ ਕਿਉਂਕਿ ਉਸਦੀ ਜੋਤਿ ਸਭ ਦੇ ਅੰਦਰ ਇੱਕੋ ਜਿਹੇ ਤਰੀਕੇ ਦੁਆਰਾ ਹੀ ਵਰਤ ਰਹੀ ਹੈ। ਆਪਣੇ ਆਪ ਨੂੰ ਕੋਈ ਕਿਸੇ ਖਾਸ ਧਰਮ ਵਾਲਾ ਤਦ ਤਕ ਹੀ ਸਮਝ ਸਕਦਾ ਹੈ ਜਦ ਤਕ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਜਿਵੇਂ ਕਿ ਧੰਨ ਧੰਨ ਸ਼ੇਖ ਫਰੀਦ ਜੀ ਦਾ ਜਨਮ ਇੱਕ ਮੁਸਲਮਾਨ ਪਰਿਵਾਰ ਵਿੱਚ ਹੋਇਆ ਸੀ ਤੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਤੋਂ ਬਾਅਦ ਗੁਰਬਾਣੀ ਦੇ ਸ਼ਬਦਾਂ ਰਾਹੀਂ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਸੱਚ ਦੇ ਮਾਰਗ ਤੇ ਚੱਲਣ ਦਾ ਹੈ। ਇਸੇ ਤਰ੍ਹਾਂ ਜਿੰਨ੍ਹਾਂ ਭਗਤਾਂ ਦਾ ਭਾਵੇਂ ਹਿੰਦੂ ਪਰਿਵਾਰਾਂ ਵਿੱਚ ਜਨਮ ਹੋਇਆ ਹੈ ਉਨ੍ਹਾਂ ਨੇ ਵੀ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਜੋ ਮਾਰਗ ਸੱਚ ਤੇ ਚੱਲਣ ਦਾ ਹੈ ਭਾਵ ਗੁਰੂ ਦੀ ਸਿੱਖਿਆ ਦੇ ਅਨੁਸਾਰ ਚੱਲਣ ਦਾ ਹੈ ਜੋ ਸਿੱਖਿਆ ਗੁਰੂ ਸਾਰੇ ਸੰਸਾਰ ਨੂੰ ਇੱਕੋ ਜਿਹੀ ਹੀ ਦਿੰਦਾ ਹੈ ਜਿਵੇਂ ਕਿ ਹਰ ਸ਼ਬਦ ਦੀ ਵਿਚਾਰ ਦੁਆਰਾ ਇਸ ਗੱਲ ਨੂੰ ਅਸੀਂ ਸਮਝ ਸਕਦੇ ਹਾਂ। ਗੁਰੂ ਸਾਰੇ ਸੰਸਾਰ ਦੇ ਹਰ ਮਨੁੱਖ ਨੂੰ ਉਹੋ ਜਿਹਾ ਧਰਮ ਦਾ ਮਾਰਗ

52/7232

ਸਮਝਾਉਂਦਾ ਹੈ ਜੋ ਸਭ ਦੇ ਲਈ ਇੱਕੋ ਜਿਹਾ ਹੀ ਹੈ ਜਿਸ ਧਰਮ ਦੇ ਮਾਰਗ ਤੇ ਚੱਲਕੇ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਦਾ ਮਾੜਾ ਨਹੀਂ ਕਰ ਸਕਦਾ ਕਿਉਂਕਿ ਇਹ ਧਰਮ ਦਾ ਮਾਰਗ ਹਰ ਔਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਜੋ ਔਗੁਣ ਤਿਆਗਣ ਦਾ ਤੇ ਗੁਣੀ ਬਣਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗਣਾ ਸਾਰੇ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜਿਸ ਤਰੀਕੇ ਸੰਸਾਰ ਦਾ ਹਰ ਮਨੁੱਖ ਇੱਕੋ ਜਿਹਾ ਗੁਣੀ ਬਣਕੇ ਸੰਸਾਰ ਵਿੱਚ ਵਿਚਰ ਸਕਦਾ ਹੈ। ਔਗੁਣ ਤਿਆਗ ਕੇ ਗੁਣੀ ਬਣਨਾ ਹੀ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਦਾ ਮਾਰਗ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ, ਲੇਖ ਦੇ ਸ਼ੁਰੂ ਤੋਂ ਲੈ ਕੇ ਸਮਝਦੇ ਆ ਰਹੇ ਹਾਂ। ਸ੍ਰਿਸ਼ਟੀ ਦਾ ਕਰਤਾ ਕੇਵਲ ਤੇ ਕੇਵਲ ਆਪ ਹੀ ਗੁਰੂ ਹੈ ਜੋ ਕਿ ਆਪ ਹੀ ਸਭ ਕੁਝ ਹੈ। ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਉਸਨੇ ਆਪ ਹੀ ਕੀਤੀ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਹਰ ਸੱਚਾ ਧਰਮ ਗ੍ਰੰਥ

ਸਾਨੂੰ ਸੱਚੇ ਸੁੱਚੇ ਕਰਮ ਕਰਨੇ ਹੀ ਸਮਝਾਉਂਦਾ ਹੈ ਜੋ ਸੱਚੇ ਸੁੱਚੇ ਕਰਮ ਔਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨ ਦੁਆਰਾ ਹੀ ਕੀਤੇ ਜਾ ਸਕਦੇ ਹਨ ਜਿਹੋ ਜਿਹਾ ਗੁਣੀ ਬਣਨ ਲਈ ਨਾ ਕਿਸੇ ਸਰੀਰਕ ਜਪ ਤਪ ਦੀ ਲੋੜ ਹੈ ਨਾ ਹੀ ਕਿਸੇ ਖਾਸ ਕਿਸਮ ਦੇ ਬਾਣੇ ਪਾਉਣ ਦੀ ਲੋੜ ਹੈ, ਨਾ ਵੱਖਰਾ ਅਖਵਾਉਣ ਦੀ ਲੋੜ ਹੈ। ਗੁਰੂ ਵੀ ਉਹ ਆਪ ਹੈ ਤੇ ਹਰ ਮਨੁੱਖ ਦੇ ਰੂਪ ਵਿੱਚ ਵੀ ਉਹ ਆਪ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਵੀ ਸਭ ਲਈ ਇੱਕੋ ਜਿਹਾ ਹੀ ਹੈ ਜੋ ਕਿ ਚੰਗਾ ਇਨਸਾਨ ਬਣਨ ਦਾ ਉਦਮ ਕਰਕੇ ਵਿਚਰਨ ਦਾ ਹੈ। ਜੇਕਰ ਸਭ ਦੇ ਅੰਦਰ ਉਹ ਆਪ ਹੀ ਹੈ ਭਾਵ ਜੇਕਰ ਸਾਨੂੰ ਗੁਰੂ ਦੀ ਗੱਲ ਤੇ ਵਿਸ਼ਵਾਸ ਹੈ ਕਿ ਸਭ ਦੇ ਅੰਦਰ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤਾਂ ਫਿਰ ਅਸੀਂ ਮਨੁੱਖਾਂ ਦੀਆਂ ਜੋ ਵੱਖਰੀਆਂ ਵੱਖਰੀਆਂ ਜਾਤੀਆਂ ਸਮਝਦੇ ਹਾਂ ਫਿਰ ਕੀ ਇਹ ਗੱਲ ਕਰਨੀ ਠੀਕ ਲਗਦੀ ਹੈ ਕਿ ਕੋਈ ਨੀਵੀਂ ਜਾਤਿ ਹੈ ਤੇ ਕੋਈ ਉੱਚੀ ਜਾਤਿ ਹੈ, ਕੋਈ ਮਾੜੀ ਜਾਤਿ ਹੈ ਤੇ ਕੋਈ ਚੰਗੀ ਜਾਤਿ ਹੈ। ਆਪਸ ਵਿੱਚ ਮਨੁੱਖਾਂ ਦੇ ਜਾਨਣ ਲਈ ਕਿਸੇ ਜਾਤਿ ਦੀ ਵਰਤੋਂ ਕਰਨਾ ਕੋਈ ਮਾੜੀ ਗੱਲ ਨਹੀਂ ਹੈ ਪਰ ਕਿਸੇ ਦੀ ਜਾਤਿ ਕਰਕੇ ਕਿਸੇ ਨੂੰ ਉੱਚਾ ਨੀਵਾਂ ਸਮਝਣਾ ਬਹੁਤ ਮਾੜੀ ਗੱਲ ਹੈ ਜਿਵੇਂ ਕਿ ਅਸੀਂ ਸ਼ਬਦਾਂ ਵਿੱਚ ਇਸ ਗੱਲ ਨੂੰ ਸਮਝਿਆ ਹੀ ਹੈ। ਕਿਸੇ ਨੂੰ ਕਿਸੇ ਦੀ ਜਾਤਿ ਕਰਕੇ ਨੀਵਾਂ ਸਮਝਣਾ ਸ੍ਰਿਸ਼ਟੀ ਦੇ ਕਰਤੇ ਨੂੰ ਨੀਵਾਂ ਆਖਣ ਵਾਲੀ ਗੱਲ ਹੈ ਕਿਉਂਕਿ ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ। ਗੁਰੂ ਗੁਰਬਾਣੀ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਮਨੁੱਖ ਦੀਆਂ ਕੇਵਲ ਦੋ ਹੀ ਜਾਤਾਂ ਸਮਝਾਈਆਂ ਹੋਈਆਂ ਹਨ ਜੋ ਕਿ ਇੱਕ ਹਉਮੈ ਦੀ ਜਾਤਿ ਹੈ ਤੇ ਦੂਜੀ ਨਾਮ ਦੀ ਜਾਤਿ ਹੈ ਭਾਵ ਇੱਕ ਮਨ ਦੀ ਅਗਿਆਨਤਾ ਵਾਲੀ ਸਮਝ ਦੀ ਜਾਤਿ ਹੈ ਜੋ ਸਾਡੀ ਜਾਤਿ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ, ਇਹ ਮੇਰੇ ਅੰਦਰ ਦੀ ਸਮਝ ਮੇਰੀ ਹੈ ਜਿਸ ਜਾਤਿ ਵਿੱਚ ਰਹਿੰਦਿਆਂ ਸਾਨੂੰ ਕਿਸੇ ਵਿੱਚ ਵੀ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਨਜਰ ਨਹੀਂ ਆਉਂਦਾ। ਇਹ ਸਾਡੀ ਹਉਮੈ ਵਾਲੀ ਜਾਤਿ ਹੈ ਜੋ ਜਾਤਿ ਸਭ ਦੇ ਅੰਦਰ, ਸ੍ਰਿਸ਼ਟੀ ਦੇ ਹਰ ਮਨੁੱਖ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ

ਹੀ ਪਾਈ ਹੋਈ ਹੈ। ਦੂਸਰੀ ਜਾਤਿ ਨਾਮ ਦੀ ਜਾਤਿ ਹੈ ਜੋ ਕਿ ਬ੍ਰਹਮਗਿਆਨ ਵਾਲੀ ਸਮਝ ਦੀ ਜਾਤਿ ਹੈ ਜੋ ਕਿ ਸ੍ਰਿਸ਼ਟੀ ਦੇ ਕਰਤੇ ਦੀ ਅਸਲ ਵਿੱਚ ਆਪਣੀ ਜਾਤਿ ਹੈ ਤੇ ਸ੍ਰਿਸ਼ਟੀ ਦਾ ਕਰਤਾ ਜਿਸਨੂੰ ਆਪਣੇ ਨਾਮ ਦੀ ਜਾਤਿ ਬਖਸ਼ਦਾ ਹੈ ਉਸਨੂੰ ਹੀ ਉਹ ਆਪਣੀ ਜਾਤਿ ਵਾਲਾ ਬਣਾਉਂਦਾ ਹੈ ਤੇ ਤਾਂ ਹੀ ਕਿਸੇ ਨੂੰ ਇਹ ਸਮਝ ਪੈਂਦੀ ਹੈ ਤੇ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ ਜਿਸ ਆਪਣੇ ਹਰ ਆਕਾਰ ਰੂਪ ਨੂੰ ਉਸਨੇ ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ ਤੇ ਆਪਣੇ ਨਾਮ ਰੂਪ ਦੁਆਰਾ ਹੀ ਉਹ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਪੂਰੀ ਸ੍ਰਿਸ਼ਟੀ ਵਿੱਚ ਉਸਦਾ ਨਾਮ ਹੀ ਵਰਤ ਰਿਹਾ ਹੈ, ਉਸਦਾ ਉੱਚਾ ਗਿਆਨ, ਬ੍ਰਹਮਗਿਆਨ ਹੀ ਵਰਤ ਰਿਹਾ ਹੈ ਜੋ ਕਿ ਉਸਦੀ ਉੱਚੀ ਸਾਇੰਸ ਦੇ ਰੂਪ ਵਿੱਚ ਵਰਤ ਰਿਹਾ ਹੈ ਜੋ ਉਸਦੀ ਉੱਚੀ ਸਾਇੰਸ ਹਰ ਆਕਾਰ ਰੂਪ ਨਾਲ ਇੱਕੋ ਜਿਹਾ ਵਿਉਹਾਰ ਹੀ ਕਰਦੀ ਹੈ, ਸਭ ਨਾਲ ਇੱਕੋ ਜਿਹਾ ਹੀ ਵਰਤਦੀ ਹੈ, ਹਰ ਮਨੁੱਖੀ ਰੂਪ ਦੇ ਨਾਲ ਉਹ ਇੱਕੋ ਜਿਹਾ ਸਲੂਕ ਹੀ ਕਰਦੀ ਹੈ ਜੋ ਇਸ ਗੱਲ ਨੂੰ ਨਹੀਂ ਦੇਖਦੀ ਕਿ ਕੋਈ ਕਿਹੋ ਜਿਹੀ ਦੁਨਿਆਵੀ ਧਾਰਮਿਕ ਆਸਥਾ ਰੱਖਦਾ ਹੈ। ਹਰ ਆਕਾਰ ਰੂਪ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਹੁਕਮ ਵਿੱਚ ਹੀ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਜੋ ਵੀ ਉਸਦੇ ਹੁਕਮ ਵਿੱਚ ਚਲਦਾ ਹੈ ਇਹੀ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਕਿ ਪਉਣ, ਪਾਣੀ, ਬੈਸੰਤਰ ਵੀ ਉਸਦੀ ਭਗਤੀ ਕਰਦੇ ਹਨ ਭਾਵ ਜਿਸ ਮਕਸਦ ਦੇ ਲਈ ਸ੍ਰਿਸ਼ਟੀ ਦੇ ਕਰਤੇ ਨੇ ਕਿਸੇ ਆਕਾਰ ਰੂਪ ਨੂੰ ਬਣਾਇਆ ਹੈ ਉਸ ਮਕਸਦ ਦੀ ਪੂਰਤੀ ਕਰਨੀ ਹੀ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਹੈ। ਹਰ ਆਕਾਰ ਰੂਪ ਦਾ ਆਪਣੇ ਮਕਸਦ ਤੇ ਪੂਰਾ ਉਤਰਨਾ ਹੀ ਸ੍ਰਿਸ਼ਟੀ ਦੇ ਕਰਤੇ ਦੇ ਹੁਕਮ ਨੂੰ ਮੰਨਣਾ ਹੈ। ਜਿਹੋ ਜਿਹਾ ਹੁਕਮ ਉਸਨੇ ਪਉਣ, ਪਾਣੀ, ਬੈਸੰਤਰ ਵਿੱਚ ਪਾਇਆ ਹੋਇਆ ਹੈ ਉਹ ਉਸੇ ਤਰ੍ਹਾਂ ਹੀ ਉਸਦੇ ਹੁਕਮ ਅਨੁਸਾਰ ਸੰਸਾਰ ਵਿੱਚ ਵਰਤ ਰਿਹਾ ਹੈ ਤੇ ਉਸਦੇ ਹੁਕਮ ਅਨੁਸਾਰ ਚਲਣਾ ਹੀ ਉਸਦੀ ਭਗਤੀ ਹੈ, ਉਸਦਾ ਨਾਮ ਜਪਣਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀ ਪਉੜੀ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਪਉੜੀ ॥

“ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥

ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥

ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥"

(ਅੰਗ - ੯੪੮)

ਸ੍ਰਿਸ਼ਟੀ ਦੇ ਹਰ ਮਨੁੱਖ ਲਈ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਕਰਨ ਦਾ ਤਰੀਕਾ ਉਹੀ ਹੈ ਜੋ ਭਗਤੀ ਦਾ ਤਰੀਕਾ ਸਾਨੂੰ ਪਉਣ, ਪਾਣੀ, ਬੈਸੰਤਰ ਦੀ ਤਰ੍ਹਾਂ ਭਗਤੀ ਕਰਨਾ ਸਿਖਾਇਆ ਹੋਇਆ ਹੈ। ਉਸਦੀ ਭਗਤੀ ਉਸਦੇ ਹੁਕਮ ਨੂੰ ਮੰਨਣਾ ਹੈ ਜੋ ਹੁਕਮ ਉਸਨੇ ਸੰਸਾਰੀਆਂ ਲਈ ਸੱਚੇ ਧਰਮ ਗ੍ਰੰਥਾਂ ਰਾਹੀਂ ਸਮਝਾਇਆ ਹੋਇਆ ਹੈ, ਆਪਣੀ ਮਤਿ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ।

52/7234

ਧਰਮ ਗ੍ਰੰਥਾਂ ਦੇ ਅੰਦਰ ਦੀ ਜੋ ਸੱਚੀ ਮਤਿ ਹੈ ਉਹੀ ਉਸਦਾ ਨਾਮ ਹੈ ਜੋ ਕਿ ਉਸਦੇ ਹੁਕਮ ਦੇ ਰੂਪ ਵਿੱਚ ਹੈ। ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਮੰਨਣਾ ਉਸਦੇ ਨਾਮ ਨੂੰ ਜਪਣਾ ਹੈ, ਉਸਦੀ ਭਗਤੀ ਕਰਨਾ ਹੈ ਜੋ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਉਸਦੇ ਹੁਕਮ ਨੂੰ ਨਾ ਮੋੜਨ ਨਾਲ ਭਾਵ ਹਰ ਵੇਲੇ ਉਸਦੇ ਹੁਕਮ ਨੂੰ ਮੰਨਣਾ ਹੀ ਭਾਵ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਮੰਨਣਾ ਹੀ ਉਸਦੀ ਉਹੋ ਜਿਹੀ ਭਗਤੀ ਕਰਨ ਦਾ ਤਰੀਕਾ ਹੈ ਜਿਵੇਂ ਕਿ ਹਵਾ, ਪਾਣੀ ਤੇ ਅੱਗ ਹਰ ਵੇਲੇ ਉਸਦੇ ਹੁਕਮ ਅਨੁਸਾਰ ਵਿਚਰ ਰਹੇ ਹਨ ਜੋ ਕਿ ਕਦੇ ਕਿਸੇ ਨਾਲ ਵਿਤਕਰਾ ਨਹੀਂ ਕਰਦੇ ਭਾਵ ਸਭ ਨਾਲ ਇੱਕੋ ਜਿਹਾ ਵਰਤਾਵ ਕਰਦੇ ਹਨ। ਜੇਕਰ ਸੰਸਾਰ ਦਾ ਹਰ ਮਨੁੱਖ ਵੀ ਇਹੋ ਜਿਹੀ ਬਿਰਤੀ ਵਾਲਾ ਬਣ ਜਾਵੇ ਕਿ ਮੈਂ ਸੰਸਾਰ ਦੇ ਹਰ ਮਨੁੱਖ ਨਾਲ ਇੱਕੋ ਜਿਹਾ ਵਰਤਾਵ ਕਰਾਂਗਾ ਭਾਵ ਕਿਸੇ ਦਾ ਮਾੜਾ ਨਹੀਂ ਕਰਾਂਗਾ ਭਾਵ ਪਉਣ ਪਾਣੀ ਬੈਸੰਤਰ ਵਾਂਗ ਗੁਣੀ ਬਣਕੇ ਵਰਤਾਂਗਾ ਫਿਰ ਇਸ ਵਿੱਚ ਹੀ ਹਰ ਮਨੁੱਖ ਦੀ ਸੱਚੀ ਭਗਤੀ ਹੈ ਜਿਹੋ ਜਿਹੀ ਭਗਤੀ ਦੇ ਮਾਰਗ ਤੇ ਚੱਲਣ ਦਾ ਸੱਚਾ ਉਦਮ ਕਰਕੇ ਸੰਸਾਰ ਦਾ ਕੋਈ ਵੀ ਮਨੁੱਖ "ਸੁਖੁ" ਦੀ ਪ੍ਰਾਪਤੀ ਕਰ ਸਕਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਸਨੂੰ ਇਸ ਗੱਲ ਦੀ ਸਮਝ ਪੈ ਸਕਦੀ ਹੈ ਕਿ ਸਭ ਵਿੱਚ ਤੇ ਸਭ ਜਗ੍ਹਾ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਹੁਕਮ ਹੀ ਵਰਤ ਰਿਹਾ ਹੈ। ਭਗਤੀ ਦੇ ਮਾਰਗ ਤੇ ਸੱਚ ਤੇ ਚੱਲਣ ਦਾ ਭਉ ਕਬੂਲ ਕਰਨਾ ਪੈਂਦਾ ਹੈ ਜੋ ਭਉ ਸਭ ਦੇ ਅੰਦਰ ਹੀ ਹੈ, ਜੋ ਭਉ ਮਾਇਆ ਮੋਹ ਤਿਆਗਣ ਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਤਿਆਗਣ ਦਾ ਹੈ ਜਿਨ੍ਹਾਂ ਨੂੰ ਤਿਆਗਣਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਔਖਾ ਹੈ ਤੇ ਇਸੇ ਲਈ ਸੰਸਾਰ ਦੇ ਹਰ ਮਨੁੱਖ ਲਈ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਇੱਕੋ ਜਿਹਾ ਔਖਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਗੁਰਬਾਣੀ ਪੂਰੇ ਸੰਸਾਰ ਲਈ ਸਾਂਝੀ ਹੈ ਤੇ ਗੁਰੂ ਦਾ ਉਪਦੇਸ਼ ਵੀ ਪੂਰੀ ਮਨੁੱਖਤਾ ਲਈ ਸਾਂਝਾ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਉਂਦੀ ਹੈ, ਇੱਕੋ ਜਿਹਾ ਸੱਚ ਦਾ ਮਾਰਗ ਸਮਝਾਉਂਦੀ ਹੈ, ਇੱਕੋ ਜਿਹੀ ਭਗਤੀ ਦਾ, ਇੱਕੋ ਜਿਹਾ ਨਾਮ ਜਪਣ ਦਾ ਮਾਰਗ ਸਮਝਾਉਂਦੀ ਹੈ। (**ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥ ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥ ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥3॥**)

ਗੁਰੂ ਦੀ ਬਾਣੀ ਵਿੱਚ ਬਾਰ ਬਾਰ ਲੇਖਾ ਦੇਣ ਦੀ ਗੱਲ ਆਉਂਦੀ ਹੈ ਕਿ ਉਹ ਲੇਖਾ ਮਨੁੱਖ ਨੂੰ ਕਿਸ ਗੱਲ ਦਾ ਦੇਣਾ ਪੈਂਦਾ ਹੈ ਤੇ ਕਿਸ ਜਗ੍ਹਾ ਤੇ ਦੇਣਾ ਪੈਂਦਾ ਹੈ, ਕਿਸਦੇ ਦਰ ਤੇ ਦੇਣਾ ਪੈਂਦਾ ਹੈ। ਲੇਖਾ ਮਾੜੇ ਕਰਮਾਂ ਦਾ ਹੀ ਦੇਣਾ ਪੈਂਦਾ ਹੈ ਜੋ ਕਿ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਸਭ ਨੂੰ ਦੇਣਾ ਪੈਂਦਾ ਹੈ ਕਿਉਂਕਿ ਨਾ ਹੀ ਕੋਈ ਕਿਤੋਂ ਆਉਂਦਾ ਹੈ ਤੇ ਨਾ ਹੀ ਕੋਈ ਕਿਤੇ ਜਾਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਜੇਕਰ ਹਰ ਮਨੁੱਖੀ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਫਿਰ ਜਨਮ ਮਰਨ ਕਿਸਦਾ ਹੋਇਆ ਭਾਵ ਆਵਾਗਉਣ ਕਿਸ ਦਾ ਹੋਇਆ ਭਾਵ ਕਿਸੇ ਦਾ ਵੀ ਨਹੀਂ ਹੋਇਆ ਤੇ ਆਪਣੇ ਆਪ ਨੂੰ ਆਵਾਗਉਣ

52/7235

ਵਿੱਚ ਸਮਝਣਾ ਹਰ ਮਨੁੱਖ ਦਾ ਇੱਕੋ ਜਿਹਾ ਭਰਮ ਹੈ ਜੋ ਭਰਮ ਆਪਣੀ ਖੇਡ ਚਲਾਉਣ ਲਈ ਸ੍ਰਿਸ਼ਟੀ ਦੇ ਕਰਤੇ ਨੇ ਸਭਦੇ ਅੰਦਰ ਆਪ ਹੀ ਪਾਇਆ ਹੋਇਆ ਹੈ। ਉਸਦਾ ਦਰ ਸਭਦੇ ਅੰਦਰ ਹੀ ਹੈ ਜੋ ਕਿ ਸਭ ਦੇ ਅੰਦਰ ਉਸਦਾ ਜੋਤਿ ਰੂਪ ਟਿਕਾਣਾ ਹੈ ਜਿਸ ਜੋਤਿ ਰਾਹੀਂ ਮਨੁੱਖ ਨੂੰ ਹਰ ਸਮਝ ਪੈਂਦੀ ਹੈ ਜੋ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਤੇ ਜਦੋਂ ਮਨੁੱਖ ਨੂੰ ਮਨ ਰੂਪ ਜੋਤਿ ਰਾਹੀਂ ਸ੍ਰਿਸ਼ਟੀ ਦਾ ਕਰਤਾ ਆਪ ਪ੍ਰਗਟ ਹੋ ਕੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾਉਂਦਾ ਹੈ ਤਾਂ ਹੀ ਕਿਸੇ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦਾ ਦਰ ਕੀ ਹੈ, ਇਸ ਦਰ ਤੇ ਹਰ ਮਨੁੱਖ ਨੂੰ ਲੇਖਾ ਦੇਣਾ ਪੈਂਦਾ ਹੈ ਭਾਵੇਂ ਉਹ ਮਨੁੱਖ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ। ਲੇਖਾ ਕਿੱਥੇ ਦੇਣਾ ਪੈਂਦਾ ਹੈ ਜੋ ਕਿ ਲੇਖਾ ਸਭ ਨੂੰ ਇੱਕੋ ਜਿਹਾ ਹੀ ਦੇਣਾ ਪੈਂਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਸੱਚਾਈ ਨੂੰ ਸਮਝਕੇ ਆਪਣੀ ਵੱਖਰੀ-ਵੱਖਰੀ ਧਾਰਮਿਕ ਆਸਥਾ ਕਰਕੇ ਭਗਤੀ ਦੇ ਵੱਖਰੇ ਵੱਖਰੇ ਤਰੀਕੇ ਨਾ ਸਮਝੀਏ ਤੇ ਮਨ ਦੇ ਭਰਮ ਕਰਕੇ ਇੱਕ ਦੂਜੇ ਨੂੰ ਮਾੜਾ ਨਾ ਸਮਝੀਏ। ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਇੱਕੋ ਜਿਹੇ ਤਰੀਕੇ ਦੁਆਰਾ ਹੀ ਵਰਤ ਰਿਹਾ ਹੈ ਭਾਵ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਕੇ ਸਮਝੀਏ ਕਿ ਸ੍ਰਿਸ਼ਟੀ ਦਾ ਕਰਤਾ ਕਿਸੇ ਨਾਲ ਕੋਈ ਫਰਕ ਨਹੀਂ ਕਰਦਾ ਕਿਉਂਕਿ ਹਰ ਕੋਈ ਉਸਦਾ ਆਪਣਾ ਹੀ ਰੂਪ ਹੈ।

ਮਃ ੧ ॥

{ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤੁ ਜਨੇਊ ਪੜਿ ਗਲਿ ਪਾਵੈ ॥
ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥
ਮੁਸਲਮਾਨੁ ਕਰੇ ਵਡਿਆਈ ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥
ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥
ਜੋਗੀ ਕੈ ਘਰਿ ਜੁਗਤਿ ਦਸਾਈ ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥
ਮੁੰਦ੍ਰਾ ਪਾਇ ਫਿਰੈ ਸੰਸਾਰਿ ॥ ਜਿਥੈ ਕਿਥੈ ਸਿਰਜਣਹਾਰੁ ॥
ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥
ਏਥੈ ਜਾਣੈ ਸੁ ਜਾਇ ਸਿਵਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥
ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥
ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥}

(ਅੰਗ - ੯੫੧-੯੫੨)

ਪਉੜੀ ॥

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥}

(ਅੰਗ - ੯੫੨)

ਉਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਕਿਤਨਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਉਸਦਾ ਲੇਖਾ ਦੇਣ ਤੋਂ ਉਹੀ ਬੱਚ ਸਕਦਾ ਹੈ ਜਿਸ ਮਨੁੱਖ ਦੀ ਕਰਨੀ ਚੰਗੀ ਹੈ, ਭਾਵੇਂ ਉਹ ਮਨੁੱਖ ਆਪਣੇ ਆਪ ਨੂੰ ਹਿੰਦੂ ਆਸਥਾ ਵਾਲਾ ਸਮਝਦਾ ਹੈ, ਭਾਵੇਂ ਉਹ ਮੁਸਲਮਾਨ ਆਸਥਾ ਵਾਲਾ ਹੈ। ਲੇਖਾ ਦੇਣ ਤੋਂ ਉਹੀ ਬਚਦਾ ਹੈ ਜੋ ਸੱਚ ਤੇ ਅਮਲ

ਕਰਦਾ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵੇਂ ਉਹ ਸੱਚ ਜਿਹੜੇ ਮਰਜੀ ਧਰਮ ਗ੍ਰੰਥ ਤੋਂ ਸਮਝ ਲਵੋ, ਆਪਣੀ ਆਪਣੀ ਆਸਥਾ ਅਨੁਸਾਰ ਸਮਝ ਲਵੋ ਤੇ ਸ਼ਬਦ ਦੀ ਪਉੜੀ ਨੂੰ ਵੀ ਧਿਆਨ ਨਾਲ ਵਿਚਾਰੋ ਕਿ ਸ੍ਰਿਸ਼ਟੀ ਦੇ ਕਰਤੇ ਦਾ ਮੰਦਰ ਭਾਵ ਜਿਸ ਆਪਣੇ ਮੰਦਰ ਵਿੱਚੋਂ ਉਹ ਆਪਣਾ ਨਾਮ ਸਮਝਾਉਂਦਾ ਹੈ ਭਾਵ ਭਗਤੀ ਦੇ ਮਾਰਗ ਦਾ ਸੱਚ ਸਮਝਾਉਂਦਾ ਹੈ ਉਹ ਮੰਦਰ ਕਿਹੜਾ ਹੈ ਜੋ ਉਸਦਾ ਮੰਦਰ ਕਿਲੇ ਦੀ ਤਰ੍ਹਾਂ ਹੈ ਜਿਸ ਵਿੱਚ ਉਹ ਹਰ ਵੇਲੇ ਸਭ ਦੇ ਅੰਦਰ ਹੀ ਬੈਠਾ ਹੈ, ਉਸਦਾ ਉਹ "ਕੋਟੁ ਗੜੁ" ਮਨੁੱਖ ਦੀ ਕਾਇਆ ਹੈ। ਹਰ ਮਨੁੱਖ ਦਾ ਕਾਇਆ ਰੂਪ ਇੱਕੋ ਜਿਹੇ ਤਰੀਕੇ ਨਾਲ ਹੀ ਬਣਿਆ ਹੋਇਆ ਹੈ, ਇੱਕੋ ਜਿਹੇ ਅੰਗਾਂ ਨਾਲ ਹੀ ਬਣਿਆ ਹੋਇਆ ਹੈ ਭਾਵ ਇੱਕੋ ਜਿਹੇ ਤਰੀਕੇ ਨਾਲ ਹੀ ਕੰਮ ਕਰਦਾ ਹੈ ਭਾਵੇਂ ਉਹ ਸਰੀਰ ਆਪਣੇ ਆਪ ਨੂੰ ਹਿੰਦੂ ਅਖਵਾਉਣ ਵਾਲੇ ਦਾ ਹੈ, ਮੁਸਲਮਾਨ ਅਖਵਾਉਣ ਵਾਲੇ ਦਾ ਹੈ, ਇਸਾਈ ਅਖਵਾਉਣ ਵਾਲੇ ਦਾ ਹੈ, ਸਿੱਖ ਅਖਵਾਉਣ ਵਾਲੇ ਦਾ ਹੈ ਜਾਂ ਕਿਸੇ ਵੀ ਧਾਰਮਿਕ ਆਸਥਾ ਨੂੰ ਮੰਨਣ ਵਾਲਾ ਹੈ ਤੇ ਭਾਵੇਂ ਕੋਈ ਵੀ

52/7236

ਮਨੁੱਖੀ ਜਾਤਿ ਅਖਵਾਉਣ ਵਾਲੇ ਦਾ ਹੈ। ਸਰੀਰ ਦੇ ਅੰਗ ਤਾਂ ਆਪਣਾ ਸਭ ਦੇ ਵਿੱਚ ਇੱਕੋ ਜਿਹੇ ਤਰੀਕੇ ਨਾਲ ਹੀ ਕੰਮ ਕਰਦੇ ਹਨ ਪਰ ਜੋ ਮਨੁੱਖ ਨੂੰ ਭਰਮਾਂ ਵਿੱਚ ਪਾਉਂਦੇ ਹਨ ਕਿ ਮੈਂ ਕਿਸੇ ਹੋਰ ਧਰਮ ਵਾਲਾ ਹਾਂ ਤੇ ਦੂਸਰੇ ਕਿਸੇ ਹੋਰ ਧਰਮ ਵਾਲੇ ਹਨ ਇਹ ਮਨੁੱਖੀ ਮਨ ਦੇ ਵਿਚਾਰ ਹਨ ਜੋ ਮਨ ਦੇ ਵਿਚਾਰ ਮਨੁੱਖ ਦੇ ਹੱਥ ਵੱਸ ਨਹੀਂ ਹਨ ਜਿਵੇਂ ਕਿ ਬਾਣੀ ਰਾਹੀਂ ਸਾਨੂੰ ਇਹ ਗੱਲ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ ਤੇ ਅਸੀਂ ਬਾਰ ਬਾਰ ਸਮਝਿਆ ਹੀ ਹੈ। ਸਾਡੇ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਖੇਡ ਮਨ ਦੇ ਵਿਚਾਰਾਂ ਰਾਹੀਂ ਹੀ ਵਰਤ ਰਹੀ ਹੈ ਕਿਉਂਕਿ ਮਨ ਦੇ ਵਿਚਾਰਾਂ ਰਾਹੀਂ ਹੀ ਸ੍ਰਿਸ਼ਟੀ ਦੇ ਕਰਤੇ ਨੇ ਹਰ ਕਿਸੇ ਨੂੰ ਗੁਰੂ ਦੀ ਮਤਿ ਨਾਲੋਂ ਪੁੱਠੀ ਮਤਿ ਵਿੱਚ ਰੱਖਿਆ ਹੋਇਆ ਹੈ ਭਾਵ ਮਨਮਤਿ ਵਿੱਚ ਰੱਖਿਆ ਹੋਇਆ ਹੈ ਜਿਸ ਮਨਮਤਿ ਵਿੱਚ ਰਹਿੰਦਿਆਂ ਸਾਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਪੈਂਦੀ, ਭਾਵੇਂ ਉਹ ਸੱਚੀ ਸਮਝ ਅਸੀਂ ਜਿਹੜੇ ਮਰਜੀ ਗੁਰੂ ਰੂਪ ਸੱਚੇ ਧਰਮ ਗ੍ਰੰਥ ਵਿੱਚੋਂ ਲਈਏ। ਹਰ ਸੱਚੇ ਧਰਮ ਗ੍ਰੰਥ ਵਿੱਚ ਸੱਚੀ ਸਮਝ ਪਾਉਣ ਵਾਲਾ ਉਹ ਪੂਰੇ ਸੰਸਾਰ ਦਾ ਗੁਰੂ, ਗਿਆਨ ਰੂਪ ਗੁਰੂ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਸੱਚੇ ਧਰਮ ਗ੍ਰੰਥ ਸਾਨੂੰ ਸੱਚ ਹੀ ਸਮਝਾਉਂਦੇ ਹਨ ਪਰ ਅਸੀਂ ਉਸਦੀ ਸੱਚੀ ਮਤਿ ਨੂੰ ਵਿਚਾਰਦੇ ਨਹੀਂ ਜਿਸ ਕਰਕੇ ਅਸੀਂ ਭਰਮਾਂ ਵਿੱਚ ਪੈ ਕੇ ਆਪਣਾ ਵੱਖਰਾ ਵੱਖਰਾ ਧਰਮ ਦਾ ਮਾਰਗ ਸਮਝਦੇ ਹਾਂ। ਅਸਲ ਵਿੱਚ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਵਿਚਾਰਨਾ, ਪੂਰੇ ਸੱਚ ਨੂੰ ਵਿਚਾਰਨਾ ਹੈ ਹੀ ਮਨੁੱਖੀ ਸਮਰਥਾ ਤੋਂ ਬਾਹਰ। ਹਰ ਧਰਮ ਗ੍ਰੰਥ ਸਾਨੂੰ ਨਾਮ ਹੀ ਸਮਝਾਉਂਦਾ ਹੈ ਤੇ ਨਾਮ ਨੂੰ ਹਉਮੈ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਮਝਿਆ ਹੀ ਨਹੀਂ ਜਾ ਸਕਦਾ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਸਭ ਦੇ ਅੰਦਰ ਸੱਚੇ ਧਰਮ ਦੇ ਮਾਰਗ ਦੀ ਸੋਝੀ ਨਾ ਪੈਣ ਦਾ ਕਾਰਣ ਨਾਮ ਨੂੰ ਨਾ ਸਮਝ ਸਕਣ ਦਾ ਹੀ ਹੈ ਕਿਉਂਕਿ ਜਿਸਨੂੰ ਨਾਮ ਦੀ ਸਮਝ ਲੱਗ ਜਾਵੇ ਉਸਨੂੰ ਨਾਮ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੀ ਸਮਝ ਵੀ ਲੱਗ ਜਾਂਦੀ ਹੈ ਜੋ ਆਪ ਹੀ ਸਮਝ ਦਾ ਤੇ ਸਮਝਣ ਦਾ ਮਾਲਕ ਭਾਵ ਹਰ ਮਨੁੱਖੀ ਸਮਝ ਦਾ ਮਾਲਕ ਆਪਣੇ ਨਾਮ ਰੂਪ ਵਿੱਚ ਹੀ ਵਰਤਦਾ ਹੈ ਤਾਂ ਜੋ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਆਪਣੇ ਆਪ ਨਾ ਸਮਝ ਸਕੇ ਇਸੇ ਲਈ ਉਸਨੇ ਸੰਸਾਰ ਦੇ ਹਰ ਮਨੁੱਖ ਨੂੰ ਹਉਮੈ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜੋ ਮਨ ਦੀ ਅਗਿਆਨਤਾ ਹੀ ਹਰ ਮਨੁੱਖ ਦਾ ਉਹ ਰੋਗ ਹੈ ਜੋ ਰੋਗ ਨਾਮ ਦੀ ਸੋਝੀ ਪੈਣ ਦੁਆਰਾ ਹੀ ਨਿਕਲਦਾ ਹੈ, ਜੋ ਆਪਣੇ ਨਾਮ ਦੀ ਸੋਝੀ ਭਾਵ ਗੁਰਮਤਿ ਤੇ ਚੱਲਣ ਦੀ ਸੱਚੀ ਸੋਝੀ ਉਹ ਕਿਸੇ ਦੇ ਮਨ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਧੰਨ ਧੰਨ ਗੁਰਬਾਣੀ ਦੇ ਹਰ ਸ਼ਬਦ ਦੀ ਰਚਨਾ ਕਰਨ ਵਾਲਿਆਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਪਾਈ ਹੈ ਜਿਸ ਸੱਚੀ ਸੋਝੀ ਦੁਆਰਾ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਨਾਮ ਹੀ ਹੈ ਜਿਸ ਨਾਮ ਰਾਹੀਂ ਹਰ ਸੱਚਾ ਧਰਮ ਗ੍ਰੰਥ ਸਾਨੂੰ ਭਗਤੀ ਦੇ ਸੱਚੇ ਮਾਰਗ ਦੀ ਇੱਕੋ ਜਿਹੀ ਸੱਚੀ ਸਮਝ ਹੀ ਪਾਉਂਦਾ ਹੈ ਪਰ ਮਨ ਦੇ

52/7237

ਭਰਮਾਂ ਵਾਲੀ ਸਮਝ ਕਰਕੇ ਅਸੀਂ ਉਨ੍ਹਾਂ ਦੇ ਅੰਦਰ ਦੇ ਸੱਚ ਨੂੰ ਭਾਵ ਨਾਮ ਨੂੰ ਸਮਝ ਨਹੀਂ ਸਕਦੇ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੁਆਰਾ ਗੁਰੂ ਦੀ ਗੱਲ ਤੇ ਵਿਸ਼ਵਾਸ ਟਿਕਾਕੇ ਫਿਰ ਤੋਂ ਸਮਝ ਸਕਦੇ ਹਾਂ ਤਾਂ ਜੋ ਅਸੀਂ ਨਾਮ ਨੂੰ ਸਮਝਣ ਵਿੱਚ ਕੋਈ ਭੁੱਲ ਨਾ ਕਰੀਏ ਤੇ ਜੋ ਨਾਮ ਜਪਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ।

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}

(ਅੰਗ - ੧੩੫੦)

{ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ - ੯੧੯)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ - ੮੩੧)

ਮਃ ੧ ॥

{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥}

(ਅੰਗ - ੧੪੧)

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥
ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ - ੯੦੨-੯੦੩)

ਉਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਮਨੁੱਖ ਜੋ ਵੀ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਆਪਣੇ ਧਰਮ ਦੇ ਮਾਰਗ ਨੂੰ ਚੰਗਾ ਸਮਝਦਾ ਹੈ ਤੇ ਦੂਸਰੇ ਧਰਮ ਦੇ ਮਾਰਗ ਨੂੰ ਮਾੜਾ ਸਮਝਦਾ ਹੈ ਉਸਦਾ ਕਾਰਣ ਕੇਵਲ ਮਨ ਦੀ ‘‘ਕਲਿ’’ ਹੈ ਭਾਵ ਮਨ ਦੀ ਅਗਿਆਨਤਾ ਹੈ ਤੇ ਜਿਸਦੇ ਮਨ ਦੀ ਅਗਿਆਨਤਾ ਸ੍ਰਿਸ਼ਟੀ ਦਾ ਕਰਤਾ ਕੱਢਦਾ ਹੈ ਉਹ ਉਸਨੂੰ ਉਸਦੀ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪਣਾ ਨਾਮ ਬਖਸ਼ਣ ਦੁਆਰਾ ਹੀ ਕੱਢਦਾ ਹੈ, ਜੋ ਨਾਮ ਮਿਲਣ ਤੋਂ ਬਾਦ ਫਿਰ ਉਹ ਮਨੁੱਖ ਦੂਸਰੇ ਮਨੁੱਖ ਨਾਲ ਕੋਈ ਭੇਦ ਨਹੀਂ ਕਰਦਾ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਜਿਸ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਮੇਰੇ ਅੰਦਰ ਹੈ ਉਸੇ ਰੂਪ ਵਿੱਚ ਹੀ ਉਹ ਸਭ ਦੇ ਅੰਦਰ ਹੈ ਤੇ ਹਰ ਕਿਸੇ ਨੂੰ ਭਰਮਾਂ ਵਾਲੀ ਸਮਝ ਵਿੱਚ ਭਾਵ ਆਪਣੀ ਮਾਇਆ ਦੀ ਜੁਗਤਿ ਵਿੱਚ, ਤ੍ਰੈਗੁਣਾਂ ਵਿੱਚ, ਹਉਮੈ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਦੇ ਵਿੱਚ ਉਸਨੇ ਆਪ ਹੀ ਰੱਖਿਆ ਹੋਇਆ ਹੈ ਜਿਸ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਉਸਨੇ ਆਪ ਹੀ ਸੰਸਾਰ ਦੇ ਹਰ ਮਨੁੱਖ ਕੋਲੋਂ ਆਪਣਾ ਪੜਦਾ ਰੱਖਿਆ ਹੋਇਆ ਹੈ ਤੇ

ਮਨ ਦੇ ਇਸ ਪੜਦੇ ਕਰਕੇ ਹੀ ਹਰ ਕੋਈ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਸਮਝਦਾ ਹੈ ਤੇ ਮਨ ਦੇ ਭਰਮਾਂ ਕਰਕੇ ਹੀ ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ ਵੱਖਰੇ ਰੂਪ ਸਮਝਦਾ ਹੈ, ਉਸਦੇ ਵੱਖਰੇ ਵੱਖਰੇ ਟਿਕਾਣੇ ਸਮਝਦਾ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ ਤੇ ਮਨ ਦੇ ਭਰਮਾਂ ਕਰਕੇ ਹੀ ਕੋਈ ਵੱਖਰੀ ਵੱਖਰੀ ਧਾਰਮਿਕ ਆਸਥਾ ਨਾਲ ਜੁੜਦਾ ਹੈ ਤੇ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦੇ ਵੱਖਰੇ ਵੱਖਰੇ ਤਰੀਕੇ ਅਪਨਾਉਂਦਾ ਹੈ ਜਿਨ੍ਹਾਂ ਤਰੀਕਿਆਂ ਦਾ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਸਾਰੀ ਗੱਲ ਨਾਮ ਨੂੰ ਨਾ ਸਮਝਣ ਦੀ ਹੈ। ਜਿਸ ਤਰੀਕੇ ਸੰਸਾਰ ਦੂਸਰੇ ਸੱਚੇ ਧਰਮ ਗ੍ਰੰਥ ਰਾਹੀਂ ਉਨ੍ਹਾਂ ਦੇ ਅੰਦਰ ਦੇ ਨਾਮ ਨੂੰ ਨਹੀਂ ਸਮਝ ਸਕਿਆ ਉਹੀ ਗੱਲ ਗੁਰਬਾਣੀ ਗ੍ਰੰਥ ਪੜਣ ਵਾਲਿਆਂ ਤੇ ਲਾਗੂ ਹੁੰਦੀ ਹੈ। ਸ੍ਰਿਸ਼ਟੀ ਦੇ ਕਰਤੇ ਨੇ ਸਭ ਦੇ ਅੰਦਰ ਪਾਈ ਹੋਈ ਹਉਮੈ ਭਾਵ ਮਨ ਦੀ ਅਗਿਆਨਤਾ ਇੱਕੋ ਜਿਹੇ ਤਰੀਕੇ ਨਾਲ ਹੀ ਵਰਤਦੀ ਹੈ। ਪੂਰੀ ਗੁਰਬਾਣੀ ਵਿੱਚ ਨਾਮ ਹੀ ਹੈ ਇਸਨੂੰ ਸਦੀਆਂ ਤੋਂ ਅੱਜ ਤੱਕ ਕੋਈ ਸਮਝ ਨਹੀਂ ਸਕਿਆ ਕਿਉਂਕਿ ਗੁਰਬਾਣੀ ਦੀ ਰਚਨਾ ਹੋਣ ਤੋਂ ਬਾਦ ਸ੍ਰਿਸ਼ਟੀ ਦੇ ਕਰਤੇ ਨੇ ਹੁਣ ਤਕ ਕਿਸੇ ਦੇ ਅੰਦਰ ਆਪ ਪ੍ਰਗਟ ਹੋ ਕੇ ਆਪਣਾ ਨਾਮ ਸਮਝਾਇਆ ਹੀ ਨਹੀਂ ਭਾਵ ਆਪਣੀ ਗੁਰਮਤਿ ਦੀ ਸੱਚੀ ਸਮਝ ਪਾਈ ਹੀ ਨਹੀਂ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦੀ ਸਮਝ ਪਾਈ ਹੀ ਨਹੀਂ ਕਿਉਂਕਿ ਉਸਨੇ ਹੁਣ ਤਕ ਗੁਰਬਾਣੀ ਦੇ ਅੰਦਰ ਆਪਣੀ ਪਾਈ ਹੋਈ ਮੁੰਦਾਵਣੀ ਭਾਵ ਬੁਝਾਰਤ ਕਿਸੇ ਨੂੰ ਸਮਝਾਈ ਹੀ ਨਹੀਂ। ਉਹ ਬੁਝਾਰਤ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ। ਉਹ ਆਪਣੀ ਬੁਝਾਰਤ ਭਾਵ ਗੁਰਬਾਣੀ ਦੇ ਅੰਦਰ ਦਾ ਸੱਚ ਕਿਸ ਸਰੀਰ ਰਾਹੀਂ ਪ੍ਰਗਟ ਹੋ ਕੇ ਸਮਝਾਵੇਗਾ ਤੇ ਕਿਸ ਸਮੇਂ ਸਮਝਾਵੇਗਾ, ਕਿਸ ਵੇਲੇ ਸਮਝਾਵੇਗਾ ਇਹ ਗੱਲ ਵੀ ਗੁਰਬਾਣੀ ਦੇ ਸ਼ਬਦ ਰਾਹੀਂ ਸਪਸ਼ਟ ਕੀਤੀ ਹੋਈ ਹੈ ਜਿਸ ਸ਼ਬਦ ਦੀ ਵਿਆਖਿਆ ਨੂੰ ਅਸੀਂ ਕੁਝ ਅੱਗੇ ਚੱਲਕੇ ਸਮਝਾਗੇ ਤੇ ਤਾਂ ਹੀ ਸੰਸਾਰ ਨੂੰ ਇਸ ਗੱਲ ਦੀ ਸਮਝ ਲੱਗ ਸਕੇਗੀ ਕਿ ਹੁਣ ਤਕ ਕਿਸੇ ਨੂੰ ਵੀ ਗੁਰਬਾਣੀ ਦੇ ਅੰਦਰ ਦੀ, ਸ਼ਬਦਾਂ ਦੇ ਸੱਚੇ ਅਰਥਾਂ ਦੀ ਸਮਝ ਸ੍ਰਿਸ਼ਟੀ ਦੇ ਕਰਤੇ ਨੇ ਕਿਸ ਲਈ ਨਹੀਂ ਪੈਣ ਦਿੱਤੀ ਜਿਸਨੇ ਆਪ ਹੀ ਸਾਰੀ ਗੁਰਬਾਣੀ ਦੀ ਰਚਨਾ ਕਰਵਾਈ ਹੈ ਜੋ ਕਿ ਉਸਨੇ ਕਿਸੇ ਆਪਣੇ ਖਾਸ ਮਕਸਦ ਲਈ ਹੀ ਕਰਵਾਈ ਹੈ। ਉਹ ਮਕਸਦ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਭਰਮਾਂ ਵਿੱਚੋਂ ਕੱਢਣ ਦਾ ਹੀ ਹੈ ਜੋ ਅਨੇਕਾਂ ਹੀ ਅਨੇਕਾਂ ਭਰਮ ਸਭ ਦੇ ਅੰਦਰ ਉਸਦੇ ਆਪਣੇ ਹੀ ਪਾਏ ਹੋਏ ਹਨ। ਮਨੁੱਖ ਮਨ ਦੇ ਭਰਮਾਂ ਕਰਕੇ ਹੀ ਵੱਖਰੀ ਵੱਖਰੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਇਸ ਗੱਲ ਨੂੰ ਅਸੀਂ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ ਜਿਨ੍ਹਾਂ ਸ਼ਬਦਾਂ ਨੂੰ ਅਸੀਂ ਪਿੱਛੇ ਵੀ ਸਮਝਿਆ ਹੋਇਆ ਹੈ ਤੇ ਮਨ ਦੇ ਭਰਮਾਂ ਵਿੱਚੋਂ ਨਿਕਲਣ ਲਈ ਕੇਵਲ ਤੇ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਟਿਕਾਉਣ ਦੀ ਲੋੜ ਹੈ ਤੇ ਉਨ੍ਹਾਂ ਨਾਲੋਂ ਆਪਣਾ ਵਿਸ਼ਵਾਸ ਤੋੜਣ ਦੀ ਹੈ ਜੋ ਸਾਨੂੰ ਆਪਣੀ ਆਪਣੀ ਭਰਮਾਂ ਨਾਲ ਭਰੀ ਹੋਈ ਮਤਿ ਦੁਆਰਾ ਵੱਖਰੇ ਵੱਖਰੇ ਧਰਮ ਦੇ ਮਾਰਗ ਨਾਲ ਜੋੜਦੇ ਹਨ, ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ

ਵੱਖਰੇ ਰੂਪ ਸਮਝਾਉਂਦੇ ਹਨ ਤੇ ਸੰਸਾਰ ਵਿੱਚ ਸਾਡੀ ਇੱਕ ਦੂਜੇ ਨਾਲ ਫਿਕ ਪਵਾਉਂਦੇ ਹਨ, ਧਰਮ ਦੇ ਨਾਮ ਤੇ ਝਗੜੇ ਕਰਵਾਉਂਦੇ ਹਨ। ਆਉ ਸਮਝੀਏ ਕਿ ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਹੀ ਹੈ ਭਾਵੇਂ ਉਸਨੂੰ ਕਿਸੇ ਵੀ ਨਾਮ ਨਾਲ ਜਾਣੀਏ ਫਿਰ ਆਪਸ ਵਿੱਚ ਨਫਰਤ ਕਿਸ ਗੱਲ ਦੀ ਹੈ, ਝਗੜੇ ਕਿਸ ਗੱਲ ਦੇ ਭਾਵ ਇਹ ਸਭ ਮਨ ਦੀ ਨਾਸਮਝੀ ਹੀ ਹੈ, ਮਨ ਦੀ ਅਗਿਆਨਤਾ ਹੀ ਹੈ। ਆਉ ਸਮਝੀਏ।

ਪ੍ਰਭਾਤੀ ॥

{ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥

ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥}

(ਅੰਗ - ੧੩੪੯-੧੩੫੦)

ਮਃ ੧ ॥

{ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥}

(ਅੰਗ - ੪੬੪)

ਪਉੜੀ ॥

{ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥
ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥
ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥}

(ਅੰਗ - ੧੪੩)

ਮਃ ੨ ॥

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ - ੧੩੮)

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ - ੧੩੮-੧੩੯)

ਉਪਰ ਵਾਲੇ ਪਹਿਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਉਪਰ ਸ਼ਬਦ ਰਾਹੀਂ ਬੜਾ ਸਪਸ਼ਟ ਹੈ ਕਿ ਸਾਰੀ ਕੁਦਰਤਿ ਨੂੰ ਬਨਾਉਣ ਵਾਲਾ, ਸਾਰੀ ਸ੍ਰਿਸ਼ਟੀ ਨੂੰ ਬਨਾਉਣ ਵਾਲਾ ਅੱਲ੍ਹਾ ਹੈ ਤੇ ਅੱਲ੍ਹਾ ਆਪਣੇ ਨੂਰ ਦੁਆਰਾ, ਆਪਣੀ ਜੋਤਿ ਦੁਆਰਾ ਸਭ ਵਿੱਚ ਸਮਾਇਆ ਹੋਇਆ ਹੈ। ਉਸਦਾ ਨੂਰ ਉਸਦਾ ਜੋਤਿ ਰੂਪ ਹੈ ਭਾਵ ਉਸਦਾ ਨਾਮ ਰੂਪ ਹੈ ਭਾਵ ਉਸਦਾ ਬ੍ਰਹਮ ਗਿਆਨ ਰੂਪ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ। ਪਿੱਛੇ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਸਭ ਕੁਝ ਅਕਾਲ ਪੁਰਖ ਨੇ, ਪ੍ਰਮਾਤਮਾ ਨੇ ਆਪਣੇ ਨਾਮ ਦੁਆਰਾ ਬਣਾਇਆ ਹੈ, ਆਪਣੇ ਨਿਰੰਕਾਰ ਰੂਪ ਦੁਆਰਾ ਬਣਾਇਆ ਹੈ। ਬਣਾਇਆ ਤਾਂ ਸਭ ਕੁਝ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੇ ਹੈ ਫਿਰ ਸ੍ਰਿਸ਼ਟੀ ਦੇ ਕਰਤੇ ਵਿੱਚ, ਅੱਲ੍ਹਾ ਵਿੱਚ, ਪ੍ਰਮਾਤਮਾ ਵਿੱਚ, ਰਾਮ ਵਿੱਚ, ਭਗਵਾਨ ਵਿੱਚ, ਅਕਾਲਪੁਰਖ ਵਿੱਚ ਕੀ ਫਰਕ ਹੋਇਆ ਭਾਵ ਅਸੀਂ ਸ੍ਰਿਸ਼ਟੀ ਦੇ ਕਰਤੇ ਨੂੰ ਭਾਵੇਂ ਜਿਹੜੇ ਮਰਜੀ ਨਾਮ ਨਾਲ ਪੁਕਾਰ ਲਈਏ ਇਸ ਵਿੱਚ ਕੀ ਫਰਕ ਹੈ ਭਾਵ ਕੋਈ ਫਰਕ ਨਹੀਂ। ਜੇਕਰ ਕੋਈ ਫਰਕ ਹੈ ਉਹ ਫਰਕ ਸਾਡੇ ਸਭ ਦੇ ਅੰਦਰ ਦੀ ਸਮਝ ਦਾ ਹੈ। ਉਸ ਸ੍ਰਿਸ਼ਟੀ ਦੇ ਕਰਤੇ ਨੂੰ ਗਾਡ ਕਹਿਣ ਵਾਲੇ ਆਪਣੇ ਆਪ ਨੂੰ ਵੱਖਰੇ ਧਰਮ ਵਾਲੇ

ਸਮਝਦੇ ਹਨ, ਅੱਲ੍ਹਾ ਕਹਿਣ ਵਾਲੇ ਆਪਣੇ ਆਪ ਨੂੰ ਵੱਖਰਾ ਧਰਮ ਵਾਲੇ ਸਮਝਦੇ ਹਨ, ਭਗਵਾਨ, ਪ੍ਰਮਾਤਮਾ ਕਹਿਣ ਵਾਲੇ ਆਪਣੇ ਆਪ ਨੂੰ ਵੱਖਰਾ ਧਰਮ ਵਾਲੇ ਸਮਝਦੇ ਹਨ, ਅਕਾਲਪੁਰਖ, ਵਾਹਿਗੁਰੂ ਕਹਿਣ ਵਾਲੇ ਆਪਣੇ ਆਪ ਨੂੰ ਵੱਖਰਾ ਧਰਮ ਵਾਲੇ ਸਮਝਦੇ ਹਨ ਤੇ ਇਸੇ ਤਰ੍ਹਾਂ ਹੀ ਅਨੇਕਾਂ ਹੀ ਅਨੇਕਾਂ ਧਰਮ ਬਣੇ ਹੋਏ ਹਨ ਜੋ ਆਪਣੀ ਆਪਣੀ ਮਤਿ ਅਨੁਸਾਰ ਸ੍ਰਿਸ਼ਟੀ ਦੇ ਕਰਤੇ ਨੂੰ ਵੱਖਰੇ ਵੱਖਰੇ ਨਾਮ ਦੁਆਰਾ ਪੁਕਾਰਦੇ ਹਨ। ਜੋ ਸ੍ਰਿਸ਼ਟੀ ਦੇ ਕਰਤੇ ਨੂੰ ਜਿਹੋ ਜਿਹੇ ਨਾਮ ਦੁਆਰਾ ਪੁਕਾਰਦਾ ਹੈ ਉਸਨੂੰ ਉਹੋ ਜਿਹਾ ਪੁਕਾਰਨਾ ਹੀ ਚੰਗਾ ਲਗਦਾ ਹੈ, ਦੂਸਰਿਆਂ ਨਾਲੋਂ ਸ੍ਰੇਸ਼ਟ ਲਗਦਾ ਹੈ। ਹਰ ਕਿਸੇ ਨੇ ਕਿਸੇ ਨਾ ਕਿਸੇ ਅੱਖਰ ਨੂੰ ਉੱਚਾ ਮੰਨਿਆ ਹੋਇਆ ਹੈ। ਕੋਈ ਅੱਖਰ ਉੱਚਾ ਨਹੀਂ ਹੈ ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਸਾਰੀ ਗੱਲ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੇ ਸਮਝਾਏ ਹੋਏ ਸੱਚ ਨੂੰ ਸਮਝਣ ਦੀ ਹੈ ਤੇ ਉਸ ਤੇ ਅਮਲ ਕਰਨ ਦੀ ਹੈ। ਧਰਮ ਗ੍ਰੰਥਾਂ ਦਾ ਮਕਸਦ ਸੱਚਾ ਗਿਆਨ ਦੇਣ ਲਈ ਹੀ ਹੁੰਦਾ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਅਨੇਕਾਂ ਹੀ ਅਨੇਕਾਂ ਅੱਖਰ ਹੁੰਦੇ ਹਨ ਜੋ ਅੱਖਰ ਇੱਕ ਦੁਸਰੇ ਦੇ ਨਾਲ ਜੁੜੇ ਹੁੰਦੇ ਹਨ ਭਾਵ ਸਾਨੂੰ ਕੁਝ ਸਮਝਾਉਣ ਲਈ ਹੀ ਹੁੰਦੇ ਹਨ ਤੇ ਜਿਸ ਅੱਖਰ ਨੂੰ ਬੋਲਣ ਦੁਆਰਾ ਕਿਸੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਧਰਮ ਗ੍ਰੰਥਾਂ ਦੇ ਅੰਦਰ ਸਮਝਾਏ ਹੋਏ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ ਭਾਵ ਸੱਚੀ ਮਤਿ ਦੀ ਪ੍ਰਾਪਤੀ ਨਹੀਂ ਹੁੰਦੀ ਉਸ ਅੱਖਰ ਨੂੰ ਬੋਲਣ ਦਾ ਫਿਰ ਮਕਸਦ ਹੀ ਕੀ ਰਹਿ ਗਿਆ ਤੇ ਇਸੇ ਲਈ

ਕਿਸੇ ਅੱਖਰ ਨੂੰ ਬੋਲੀ ਜਾਣ ਨੂੰ ਹੀ ਜੋ ਨਾਮ ਜਪਣਾ ਸਮਝਿਆ ਜਾਂਦਾ ਹੈ ਬਾਣੀ ਰਾਹੀਂ ਇਸ ਗੱਲ ਦਾ ਘੋਰ ਖੰਡਨ ਕੀਤਾ ਹੋਇਆ ਹੈ। ਗਿਆਨ ਰਹਿਤ ਅੱਖਰ ਨੂੰ ਅੰਧਾ ਅੱਖਰ ਕਹਿ ਕੇ ਵੀ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੀ ਹੈ। ਉਪਰ ਸ਼ਬਦ ਵਿੱਚ ਸਪਸ਼ਟ ਹੈ ਕਿ ਅੱਲ੍ਹਾ ਨੇ ਸਾਰੀ ਸ੍ਰਿਸ਼ਟੀ ਬਣਾਈ ਹੈ ਤੇ ਬਾਣੀ ਰਾਹੀਂ ਇਹ ਵੀ ਸਮਝਾਇਆ ਹੋਇਆ ਹੈ ਕਿ ਜਿਸਨੇ ਸਾਰੀ ਸ੍ਰਿਸ਼ਟੀ ਬਣਾਈ ਹੈ ਉਸੇ ਨੇ ਹੀ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕੀਤੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗਿਆਨ ਦਾ ਮਾਲਕ ਉਹ ਇੱਕੋ ਇੱਕ ਆਪ ਹੀ ਹੈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਸਾਰੀ ਕੁਦਰਤਿ ਬਣਾਈ ਹੈ। ਉਪਰ ਪਹਿਲੇ ਸ਼ਬਦ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਸਾਰੀ ਕੁਦਰਤਿ ਅੱਲ੍ਹਾ ਨੇ ਬਣਾਈ ਹੈ ਤੇ ਆਪਣੀ ਪੂਰੀ ਕੁਦਰਤਿ ਵਿੱਚ ਉਹ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ। (**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥1॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥1॥ ਰਹਾਉ ॥ ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥2॥ ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥3॥ ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥ ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥4॥3॥**)

ਆਉ ਹੁਣ ਉਪਰ ਵਾਲੇ ਸ਼ਬਦਾਂ ਵਿੱਚੋਂ ਅਗਲੇ ਸ਼ਬਦ ਨੂੰ ਸਮਝਦੇ ਹਾਂ ਕਿ ਅੱਲ੍ਹਾ ਦੀ ਕੁਦਰਤਿ ਸਭ ਜਗ੍ਹਾ ਕਿਸ ਤਰੀਕੇ ਵਰਤ ਰਹੀ ਹੈ।

ਮਃ ੧ ॥

{ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥}

(ਅੰਗ - ੪੬੪)

52/7241

ਬੜਾ ਸਪਸ਼ਟ ਹੈ ਕਿ ਸਾਰੀ ਕੁਦਰਤਿ ਇੱਕੋ ਜਿਹੀ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਉਪਰ ਵਾਲੇ ਸ਼ਬਦ ਵਿੱਚੋਂ ਹੇਠ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸੱਚੇ ਧਰਮ ਗ੍ਰੰਥਾਂ ਵਿੱਚ ਕੌਣ ਹੈ।

"ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥"

ਹੁਣ ਬੜੇ ਧਿਆਨ ਨਾਲ ਸਮਝੋ ਕਿ ਸੰਸਾਰ ਦੀਆਂ ਸਾਰੀਆਂ ਧਾਰਮਿਕ ਪੁਸਤਕਾਂ ਦੇ ਅੰਦਰ ਕੌਣ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਅੱਲ੍ਹਾ ਦੀ ਕੁਦਰਤਿ ਹੀ ਵਰਤ ਰਹੀ ਹੈ ਜਿਸ ਅੱਲ੍ਹਾ ਨੇ ਆਪਣੀ ਕੁਦਰਤਿ ਰਾਹੀਂ ਸਾਰੀ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ। ਜੇਕਰ ਸ੍ਰਿਸ਼ਟੀ ਦਾ ਕਰਤਾ ਇੱਕੋ ਹੀ ਹੈ, ਅੱਲ੍ਹਾ ਆਪ ਹੀ ਹੈ ਫਿਰ ਉਹ ਵੱਖਰੇ ਵੱਖਰੇ ਧਰਮ ਗ੍ਰੰਥਾਂ ਵਿੱਚ ਵੱਖਰਾ ਵੱਖਰਾ ਧਾਰਮਿਕ ਗਿਆਨ ਕਿਉਂ ਪਾਵੇਗਾ ਭਾਵ ਆਪਣਾ ਆਪ ਸਮਝਾਉਣ ਲਈ ਵੱਖਰੀ ਵੱਖਰੀ

ਮਤਿ ਕਿਸ ਲਈ ਦੇਵੇਗਾ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਇੱਕੋ ਜਿਹਾ ਸੱਚਾ ਨਾਮ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਕਿਉਂਕਿ ਹਰ ਸੱਚੇ ਧਰਮ ਗ੍ਰੰਥ ਦਾ ਰਚਨਹਾਰ ਇੱਕੋ ਇੱਕ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਆਪ ਹੀ ਹੈ ਭਾਵੇਂ ਉਸਨੂੰ ਅੱਲ੍ਹਾ ਦੇ ਨਾਮ ਦੁਆਰਾ ਪੁਕਾਰੀਏ ਜਾਂ ਆਪਣੀ ਆਪਣੀ ਸ਼ਰਧਾ ਅਨੁਸਾਰ ਕਿਸੇ ਵੀ ਹੋਰ ਨਾਮ ਨਾਲ ਪੁਕਾਰੀਏ। ਧਰਮ ਗ੍ਰੰਥਾਂ ਦਾ ਰਚਨਹਾਰ ਵੀ ਉਹ ਆਪ ਹੀ ਹੈ ਤੇ ਹਰ ਮਨੁੱਖੀ ਸਰੀਰ ਦੇ ਅੰਦਰ ਵੀ ਉਹ ਇੱਕੋ ਇੱਕ ਆਪ ਹੈ ਕਿਉਂਕਿ ਉਸ ਤੋਂ ਬਿਨ੍ਹਾਂ ਦੂਜਾ ਨਾ ਕਦੇ ਹੋਇਆ ਹੈ, ਨਾ ਹੈ ਤੇ ਨਾ ਹੀ ਕਦੇ ਹੋ ਸਕਦਾ ਹੈ। ਸਦਾ ਤੋਂ ਉਹ ਇੱਕੋ ਇੱਕ ਆਪ ਹੀ ਹੈ ਤੇ ਜੋ ਕੁਝ ਵੀ ਉਸਦਾ ਵੱਖਰਾ ਵੱਖਰਾ ਰੂਪ ਸਮਝਦਾ ਹੈ ਜਾਂ ਵੱਖਰਾ ਵੱਖਰਾ ਧਰਮ ਦਾ ਮਾਰਗ ਸਮਝਦਾ ਹੈ ਇਹ ਕੇਵਲ ਮਨੁੱਖ ਦਾ ਭਰਮ ਹੈ ਹੋਰ ਕੁਝ ਵੀ ਨਹੀਂ। ਹਰ ਕਿਸੇ ਨੂੰ ਭਰਮ ਵਿੱਚ ਉਸਨੇ ਆਪ ਹੀ ਰੱਖਿਆ ਹੋਇਆ ਹੈ ਜਿਸ ਭਰਮ ਦੁਆਰਾ ਉਹ ਆਪਣੀ ਇਸ ਸੰਸਾਰਿਕ ਖੇਡ ਨੂੰ ਚਲਾਕੇ ਆਪ ਹੀ ਵੇਖ ਰਿਹਾ ਹੈ।

ਸਭ ਦੇ ਅੰਦਰ ਸਮਝ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੀ ਵਰਤਦੀ ਹੈ ਜਿਸ ਸਮਝ ਦੁਆਰਾ ਉਹ ਸਭ ਦੇ ਅੰਦਰ ਆਪਣੀ ਕਲਾ ਵਰਤਾ ਰਿਹਾ ਹੈ ਜਿਸ ਕਲਾ ਨੂੰ ਕੋਈ ਆਪਣੇ ਆਪ ਨਹੀਂ ਸਮਝ ਸਕਦਾ। ਸਭ ਦੇ ਅੰਦਰ ਕਰਮ ਕਮਾਉਣ ਵਾਲਾ ਉਹ ਇੱਕੋ ਇੱਕ ਆਪ ਹੀ ਹੈ ਤੇ ਇਹ ਕੇਵਲ ਉਸਦੀ ਆਪਣੀ ਰਜਾ ਹੈ ਕਿ ਉਹ ਕਿਸ ਸਰੀਰ ਰਾਹੀਂ ਧਰਮ ਵਾਲੇ ਕਰਮ ਕਰਾਉਂਦਾ ਹੈ ਤੇ ਕਿਸ ਸਰੀਰ ਰਾਹੀਂ ਮਾੜੇ ਕਰਮ ਕਰਵਾਕੇ ਉਸ ਨੂੰ ਪਾਧੀ ਬਣਾਉਂਦਾ ਹੈ। ਇਹ ਕੇਵਲ ਉਸਦੀ ਬਣਾਈ ਹੋਈ ਇੱਕ ਖੇਡ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਇਸ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਹੀ ਸਮਝ ਚੁੱਕੇ ਹਾਂ।

ਮਃ ੨ ॥

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ - ੧੩੮)

52/7242

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ - ੧੩੮-੧੩੯)

ਉਪਰ ਸ਼ਬਦ ਰਾਹੀਂ ਸਾਰੇ ਜਗਤ ਲਈ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੋਇਆ ਹੈ ਜੋ ਸਭ ਦੇ ਅੰਦਰ ਭਾਵ ਸਾਰੇ ਜਗਤ ਦੇ ਮਨੁੱਖੀ ਸਰੀਰਾਂ ਦੇ ਅੰਦਰ ਉਹ ਇੱਕੋ ਇੱਕ ਆਪ ਹੀ ਵਰਤ ਰਿਹਾ ਹੈ। ਸਭ ਦੇ ਅੰਦਰ ਉਸਨੇ ਮੋਹ ਠਗਉਰੀ ਭਾਵ ਮਾਇਆ ਦਾ ਛੱਲ ਇੱਕੋ ਜਿਹਾ ਹੀ ਪਾਇਆ ਹੋਇਆ ਹੈ ਜਿਸ ਆਪਣੀ ਠਗਉਰੀ ਦੁਆਰਾ ਉਸਨੇ ਸਾਰੇ ਜਗਤ ਨੂੰ ਇੱਕੋ ਤਰੀਕੇ ਹੀ ਭੁਲਾਇਆ ਹੋਇਆ ਹੈ। ਸਾਰੇ ਜਗਤ ਦੇ ਮਨੁੱਖਾਂ ਦੇ ਅੰਦਰ ਉਸਨੇ ਇੱਕੋ ਜਿਹੀ ਤ੍ਰਿਸ਼ਨਾ ਦੀ ਅਗਨਿ ਪਾਈ ਹੋਈ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਦੀ ਭੁੱਖ ਸਭ ਦੇ ਅੰਦਰ ਬਣੀ ਰਹਿੰਦੀ ਹੈ। ਸਾਰੇ ਸੰਸਾਰ ਨੂੰ ਸਹਿਸਾ ਵਿੱਚ ਰੱਖਣ ਵਾਲਾ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਉਹ ਆਪ ਹੀ ਹੈ ਜਿਸ ਮਨ ਦੀ ਸਹਿਸਾ ਦੇ ਕਾਰਣ ਹਰ ਕੋਈ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ। ਮਨੁੱਖ ਦਾ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਣਾ ਭਾਵ ਆਵਾਗਉਣ ਵਿੱਚ ਸਮਝਣਾ ਇਸ ਲਈ ਭਰਮ ਹੈ, ਸਹਸਾ ਹੈ ਕਿਉਂਕਿ ਉਹ ਆਪਣੇ ਮਨੁੱਖੀ ਸਰੀਰ ਨੂੰ ਆਪਣਾ ਸਮਝਦਾ ਹੈ ਜਦ ਕਿ ਹਰ ਮਨੁੱਖੀ ਸਰੀਰ ਦੇ ਰੂਪ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ। ਜਿਸਨੇ ਸਾਡੇ ਅੰਦਰ ਇਹ ਭਰਮ ਮੋਹ ਪਾਇਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਇਸ ਮਾਇਆ ਮੋਹ ਵਿੱਚੋਂ ਕੱਢ ਸਕਦਾ ਹੈ, ਆਪਣੇ ਸਰੀਰ ਦੇ ਮੋਹ ਵਿੱਚੋਂ ਕੱਢ ਸਕਦਾ ਹੈ ਜਿਸ ਵਿੱਚੋਂ ਨਿਕਲਣ ਲਈ ਸਾਡੀ ਆਪਣੀ ਮਤਿ ਦੁਆਰਾ ਕੀਤੇ ਕਰਮ ਕੰਮ ਨਹੀਂ ਆਉਂਦੇ। ਮਨ ਦੇ ਇਸ ਮੋਹ ਵਿੱਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਗੁਰੂ ਦੀ ਮਤਿ ਨੂੰ ਭਾਵ ਗੁਰੂ ਦੇ ਨਾਮ ਨੂੰ ਧਿਆਉਣ ਦਾ ਹੈ ਭਾਵ ਮੰਨਣ ਦਾ ਹੈ ਜਿਸ ਨਾਲ ਸਾਨੂੰ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ ਜੇਕਰ ਉਸਦੀ ਕਿਸੇ ਤੇ ਕ੍ਰਿਪਾ ਹੋ ਜਾਵੇ। ਜਦ ਤਕ ਮਨੁੱਖ ਆਪਣੀ ਮਤਿ ਅਨੁਸਾਰ ਵਿਚਰਦਾ ਹੈ ਤਦ ਤਕ ਉਹ ਆਪਣੇ "ਕੁਲੁ" ਵਿੱਚ ਰਹਿੰਦਾ ਹੈ ਜੋ ਸਾਡਾ ਕੁਲ ਅਗਿਆਨਤਾ ਵਾਲੀ ਸਮਝ ਵਾਲਾ ਕੁਲ ਹੈ ਭਾਵ ਹਉਮੈ ਵਾਲੀ ਸਮਝ ਵਾਲਾ ਕੁਲ ਹੈ। ਇਸ ਕੁਲ ਵਿੱਚ ਰਹਿੰਦੇ ਹੋਏ ਮਨੁੱਖ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਸਮਝਦਾ ਹੈ ਤੇ ਜਦੋਂ ਕੋਈ ਅਕਾਲਪੁਰਖ ਦੀ ਕਿਰਪਾ ਨਾਲ ਗੁਰਮਤਿ, ਨਾਮ ਨੂੰ ਆਪਣੀ ਸਮਝ ਵਿੱਚ ਧਿਆ ਲੈਂਦਾ ਹੈ ਤਾਂ ਉਸਦਾ ਫਿਰ ਨਾਮ ਦੀ "ਕੁਲੁ" ਵਿੱਚ ਜਨਮ ਹੋ ਜਾਂਦਾ ਹੈ ਭਾਵ ਬ੍ਰਹਮਗਿਆਨ ਵਾਲੀ ਸਮਝ ਦੇ "ਕੁਲੁ" ਵਿੱਚ ਪਹੁੰਚ ਜਾਂਦਾ ਹੈ, ਚੌਥੇ ਪਦ ਦੇ ਘਰ ਵਿੱਚ ਪਹੁੰਚ ਜਾਂਦਾ ਹੈ। ਇਸ ਘਰ ਵਿੱਚ ਜੋ ਸਾਨੂੰ ਲੈ ਕੇ ਜਾਂਦੀ ਹੈ ਉਸਨੂੰ ਉਪਰ ਪਉੜੀ ਵਿੱਚ ਸਾਡੀ ਮਾਂ ਕਿਹਾ ਗਿਆ ਹੈ। ਇਹ ਮਾਂ ਸਾਡੀ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ ਜੋ ਸਾਡੀ ਤ੍ਰੈਗੁਣਾਂ ਵਾਲੀ ਸਮਝ ਨੂੰ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਬਦਲ ਦਿੰਦੀ ਹੈ ਭਾਵ ਸਾਡੀ ਹਉਮੈ

ਵਾਲੀ ਸਮਝ ਨੂੰ ਨਾਮ ਵਾਲੀ ਸਮਝ ਬਣਾ ਦੇਂਦੀ ਹੈ। ਸਾਡੀ ਮਨ ਦੀ ਸਮਝ ਦਾ ਜਨਮ ਹੀ ਸਾਡਾ ਪ੍ਰਮਾਤਮਾ ਦੇ ਘਰ ਵਿੱਚ, ਅੱਲ੍ਹਾ ਦੇ ਘਰ ਵਿੱਚ, ਅਕਾਲਪੁਰਖ ਦੇ ਘਰ ਵਿੱਚ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਘਰ ਵਿੱਚ ਜਨਮ ਹੈ ਜੋ ਜਨਮ ਹੋਣ ਦੁਆਰਾ ਹੀ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਤੇ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹੈ ਕਿ ਇੱਕੋ ਇੱਕ ਉਹ ਸਭ ਕੁਝ ਆਪ ਹੀ ਹੈ। ਉਸਦੇ ਘਰ ਇਹੋ ਜਿਹਾ ਜਨਮ ਹੋਣ ਦੁਆਰਾ ਹੀ ਮਨੁੱਖ ਨੂੰ ਭਾਵ ਉਸਦੇ ਮਨੁੱਖੀ ਰੂਪ ਨੂੰ ਜੋ ਸ਼ੋਭਾ ਮਿਲਦੀ ਹੈ ਉਹ ਮਨੁੱਖ ਨੂੰ ਆਪਣੀ ਸੁਰਤਿ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਸੁਹਾਵਨੀ ਲਗਦੀ ਹੈ ਤੇ ਉਸਨੂੰ ਸਭ ਪਾਸੇ ਸ੍ਰਿਸ਼ਟੀ ਦੇ ਕਰਤੇ ਦੀ ਸ਼ੋਭਾ ਹੀ ਨਜਰ ਆਉਂਦੀ ਹੈ ਤੇ ਜਿਨ੍ਹਾਂ ਦਾ ਸ੍ਰਿਸ਼ਟੀ ਦੇ ਕਰਤੇ ਨਾਲ ਚਿੱਤ ਜੁੜਦਾ ਹੈ ਭਾਵ ਹਰਿ ਦੇ ਨਾਲ ਚਿੱਤ ਜੁੜਦਾ ਹੈ ਉਹ ਇਸ ਤਰੀਕੇ ਹੀ ਜੁੜਦਾ ਹੈ ਭਾਵ ਹਰਿ ਦੇ ਘਰ ਵਿੱਚ ਜਨਮ ਹੋਣ ਦੁਆਰਾ ਹੀ ਜੁੜਦਾ ਹੈ, ਉਸਦੇ ਕੁਲ ਵਾਲਾ ਬਨਣ ਦੁਆਰਾ ਹੀ ਜੁੜਦਾ ਹੈ। ਉਪਰ ਵਾਲੇ ਪੂਰੇ ਸ਼ਬਦ ਨੂੰ ਫਿਰ ਤੋਂ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਸਭ ਕੁਝ ਇੱਕੋ ਇੱਕ ਅਕਾਲਪੁਰਖ ਆਪ ਹੀ ਹੈ ਜੋ ਸਭ ਦੇ ਅੰਦਰ ਆਪਣੀ ਜੋਤਿ ਦੁਆਰਾ ਆਪ ਹੀ ਬੋਲ ਰਿਹਾ ਹੈ, ਗਿਆਨ ਰੂਪ ਵਿੱਚ ਬੋਲ ਰਿਹਾ ਹੈ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਬੋਲ ਰਿਹਾ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ ਕਿ ਉਹ ਮਨੁੱਖੀ ਸਮਝ ਨੂੰ ਭਾਵੇਂ ਜਿਤਨਾ ਮਰਜੀ ਭਰਮਾਂ ਵਿੱਚ ਪਾ ਕੇ ਰੱਖੇ ਜਿਸ ਭਰਮਾਂ ਵਾਲੀ ਸਮਝ ਦੇ ਵਿਚੋਂ ਉਸਦੀ ਕਿਰਪਾ ਤੋਂ ਬਿਨ੍ਹਾਂ ਕੋਈ ਵੀ ਨਹੀਂ ਨਿਕਲ ਸਕਦਾ ਭਾਵ ਉਸਦੇ ਕੁਲ ਵਾਲਾ ਆਪਣੇ ਆਪ ਕੋਈ ਨਹੀਂ ਬਣ ਸਕਦਾ ਭਾਵ ਹਉਮੈ ਵਾਲੀ ਜਾਤ ਵਿੱਚੋਂ ਨਿਕਲਕੇ ਆਪਣੇ ਆਪ ਕੋਈ ਵੀ ਨਾਮ ਵਾਲੀ ਜਾਤ ਵਾਲਾ ਨਹੀਂ ਬਣ ਸਕਦਾ। (**ਮਃ 2 ॥ ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥ ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥ ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥ ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ**

ਕਮਾਣੈ ਪਾਪੀ ਜਾਣੀਐ ॥ ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥ ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥2॥) (ਪਉੜੀ ॥ ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥ ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥ ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥ ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥2॥)

ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਸ੍ਰਿਸ਼ਟੀ ਦਾ ਕਰਤਾ ਆਪਣੇ ਸੱਚ ਰੂਪ ਵਿੱਚ ਵਰਤਦਾ ਹੈ ਜੋ ਸੱਚ ਰੂਪ ਉਸਦਾ ਸੱਚੇ ਗਿਆਨ ਦਾ ਰੂਪ ਹੈ ਭਾਵ ਨਾਮ ਰੂਪ ਹੈ। ਆਪਣੇ ਸੱਚ ਰੂਪ ਦੁਆਰਾ ਹੀ ਸ੍ਰਿਸ਼ਟੀ ਦੇ ਕਰਤੇ ਨੇ ਹਰ ਸੱਚੇ ਧਰਮ ਗ੍ਰੰਥ ਵਿੱਚ ਆਪਣਾ ਸੱਚ ਰੂਪ ਗਿਆਨ ਪਾਇਆ ਹੋਇਆ ਹੈ, ਨਾਮ ਪਾਇਆ ਹੋਇਆ ਹੈ। ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸਮਝਾਏ ਹੋਏ ਸੱਚ ਨੂੰ ਪੂਰੀ ਤਰ੍ਹਾਂ ਸਮਝਕੇ ਉਸ ਸੱਚ ਤੇ ਚੱਲਣ ਦਾ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਸ੍ਰਿਸ਼ਟੀ ਦੇ ਕਰਤੇ ਦਾ ਇਹੋ ਜਿਹਾ ਨਾਮ ਜਪਣਾ ਸਮਝਾਉਂਦਾ ਹੈ ਭਾਵ ਸੱਚ ਦੇ ਮਾਰਗ ਤੇ ਚੱਲਣ ਲਈ ਸਮਝਾਉਂਦਾ ਹੈ। ਇਸ ਤਰੀਕੇ ਹੀ ਅਸੀਂ ਸੰਸਾਰ ਵਿੱਚ ਹਰ ਕਿਸੇ ਦੇ ਭਲੇ ਲਈ ਵਿਚਰ ਸਕਦੇ ਹਾਂ ਤੇ ਕਿਸੇ ਨਾਲ ਕੋਈ ਈਰਖਾ ਨਹੀਂ ਕਰਾਂਗੇ। ਜੇਕਰ ਹਰ

ਮਨੁੱਖੀ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਫਿਰ ਅਸੀਂ ਜਿਸ ਮਨੁੱਖ ਨਾਲ ਵੀ ਈਰਖਾ ਕਰਦੇ ਹਾਂ, ਵੱਖਰੀ ਧਾਰਮਿਕ ਆਸਥਾ ਰੱਖਣ ਕਰਕੇ ਈਰਖਾ ਕਰਦੇ ਹਾਂ ਫਿਰ ਅਸੀਂ ਈਰਖਾ ਕਿਸ ਨਾਲ ਕੀਤੀ ਭਾਵ ਸ੍ਰਿਸ਼ਟੀ ਦੇ ਕਰਤੇ ਨਾਲ ਹੀ ਕੀਤੀ ਤੇ ਇਹੋ ਜਿਹੀ ਈਰਖਾ ਰੱਖਣ ਨਾਲ ਕੀ ਕਦੇ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦਮ ਕਰ ਸਕਦਾ ਹੈ ਭਾਵ ਨਹੀਂ ਕਰ ਸਕਦਾ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਣਾ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕ ਇਮਤਿਹਾਨ ਦੀ ਤਰ੍ਹਾਂ ਹੈ ਜਿਸ ਇਮਤਿਹਾਨ ਵਿੱਚੋਂ ਉਹੀ ਨਿਕਲ ਸਕਦਾ ਹੈ ਜੋ ਸੱਚੇ ਧਰਮ ਗ੍ਰੰਥਾਂ ਵਿੱਚ ਦਿੱਤੀ ਹੋਈ ਸ੍ਰਿਸ਼ਟੀ ਦੇ ਕਰਤੇ ਦੀ ਮਤਿ ਤੇ ਜੋ ਕਿ ਅਸਲ ਵਿੱਚ ਆਪ ਹੀ ਗੁਰੂ ਹੈ ਉਸਦੀ ਮਤਿ ਤੇ ਭਾਵ ਗੁਰਮਤਿ ਤੇ ਭਾਵ ਉਸਦਾ ਸੱਚਾ ਨਾਮ ਜਪਣ ਤੇ ਪੂਰਾ ਉਤਰਦਾ ਹੈ। ਆਪਣੇ ਆਪ ਤਾਂ ਪੂਰਾ ਕੋਈ ਵੀ ਨਹੀਂ ਉਤਰ ਸਕਦਾ ਪਰ ਉਸ ਤੇ ਪੂਰਾ ਉਤਰਣ ਦਾ ਉਦਮ ਮਨੁੱਖ ਦੇ ਜਿੰਮੇ ਹੀ ਹੈ ਜਿਵੇਂ ਕਿ ਅਸੀ ਬਾਰ ਬਾਰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਧਰਮ ਦਾ ਮਾਰਗ ਸਾਰੇ ਸੰਸਾਰ ਲਈ ਕਿਸ ਰੂਪ ਵਿੱਚ ਸਾਂਝਾ ਹੈ ਇਸ ਗੱਲ ਨੂੰ ਹੇਠ ਦਿੱਤੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਜੋ ਮਨੁੱਖ ਦੇ ਝਗੜੇ ਦੁਨਿਆਵੀ ਜਾਤ ਪਾਤ ਕਰਕੇ ਹੁੰਦੇ ਹਨ, ਕਿਸੇ ਨੂੰ ਉੱਚੀ ਨੀਵੀਂ ਜਾਤ ਕਰਕੇ ਸਮਝਣ ਨਾਲ ਹੁੰਦੇ ਹਨ ਇਸ ਗੱਲ ਨੂੰ ਨਾਲ ਹੀ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਦੀਆਂ ਨਜਰਾਂ ਵਿੱਚ ਉੱਚੀ ਜਾਤ ਕੀ ਹੈ ਤੇ ਨੀਵੀਂ ਜਾਤ ਕੀ ਹੈ ਜਿਵੇਂ ਕਿ ਅਸੀਂ ਕੁਝ ਪਿੱਛੇ ਇਸ ਗੱਲ ਦੀ ਚਰਚਾ ਕੀਤੀ ਹੀ ਹੈ। ਹੇਠ ਦਿੱਤੇ ਸਾਰੇ ਸ਼ਬਦਾਂ ਨੂੰ ਬੜੇ ਹੀ ਧਿਆਨ ਨਾਲ ਵਿਚਾਰੋ ਕਿ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਇੱਕ ਧਰਮ ਦਾ ਮਾਰਗ ਕੀ ਹੈ ਤੇ ਇੱਕੋ ਇੱਕ ਜਾਤ ਕੀ ਹੈ। ਗੁਰਬਾਣੀ ਸਾਰੇ ਸੰਸਾਰ ਲਈ ਸਾਂਝੀ ਹੈ ਤੇ ਆਪਣੇ ਹਰ ਸ਼ਬਦ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹੀ ਗੱਲ ਹੀ ਸਮਝਾਉਂਦੀ ਹੈ ਜੋ ਕਿ ਅਸਲ ਵਿੱਚ ਸਮਝਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵ ਅੱਲ੍ਹਾ, ਪਰਮਾਤਮਾ, ਅਕਾਲਪੁਰਖ, ਗਾਡ ਆਪ ਹੀ ਹੈ। ਆਉ ਧਿਆਨ ਨਾਲ ਸਮਝੀਏ।

ਬਸੰਤੁ ਮਹਲਾ ੧ ॥

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥

ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ ਬੂਝੈ ਏਕ ਸਮਾਇ ॥੧॥

ਤੇਰੇ ਦਰਸਨ ਕਉ ਕੇਤੀ ਬਿਲਲਾਇ ॥ ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥

ਬੇਦ ਵਖਾਣਿ ਕਹਹਿ ਇਕੁ ਕਹੀਐ ॥ ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥

ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥
ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥
ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥
ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥
ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੬॥
ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥
ਇਤ ਉਤ ਦੇਖਉ ਸਹਜੇ ਰਾਵਉ ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}

(ਅੰਗ - ੧੧੯੮-੧੧੯੯)

ਗਉੜੀ ਮਹਲਾ ੧ ॥
{ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥
ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥੧॥
ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥
ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥
ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥
ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥ ਜਿਉ ਭਾਵੀ ਤਿਉ ਨਾਮੁ ਜਪਾਇ ॥
ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥੩॥
ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥
ਤੇਰਾ ਤਾਣੁ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥}

(ਅੰਗ - ੧੫੪)

ਸਲੋਕੁ ॥
{ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥}

(ਅੰਗ - ੮)

52/7245

ਸਲੋਕ ਮਃ ੧ ॥

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥
ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥}

(ਅੰਗ - ੧੪੭)

ਗਉੜੀ ਗੁਆਰੇਰੀ ਮਹਲਾ ੩ ॥

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥
ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥
ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥
ਅੰਧੁ ਅਗਿਆਨੀ ਕਦੇ ਨ ਸੀਝੈ ॥੨॥
ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥
ਆਪਿ ਤਰੈ ਸਗਲੇ ਕੁਲ ਉਧਾਰਾ ॥੩॥
ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥}

(ਅੰਗ - ੧੬੦-੧੬੧)

ਪਉੜੀ ॥

{ਸੇਵ ਕੀਤੀ ਸੰਤੋਖੀਏਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ - ੪੬੬-੪੬੭)

ਮਃ ੧ ॥

{ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥

ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥}

(ਅੰਗ - ੪੭੧-੪੭੨)

ਆਸਾ ॥
{ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥ ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥
ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥
ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥ ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥
ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥ ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥
ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥ ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥
ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥ ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥
ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥ ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥
ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥ ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥}

(ਅੰਗ - ੪੮੮)

ਸੋਰਠਿ ਮਹਲਾ ੫ ॥
{ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥
ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥੧॥
ਸੰਤਹੁ ਰਾਮ ਨਾਮਿ ਨਿਸਤਰੀਐ ॥
ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥
ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥}

(ਅੰਗ - ੬੨੧-੬੨੨)

ਸੋਰਠਿ ਮਹਲਾ ੫ ॥
{ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥
ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥

ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥
ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥
ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥
ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥
ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥
ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥
ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥
ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥}

(ਅੰਗ - ੬੨੪-੬੨੫)

ਬਿਲਾਵਲੁ ਮਹਲਾ ੫ ॥

{ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥
ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥
ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥
ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ ਰਹਾਉ ॥
ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥
ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ ॥੨॥
ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥
ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥
ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥}

(ਅੰਗ - ੮੧੨)

{ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥}

(ਅੰਗ - ੧੩੭੨)

52/7246

{ਪ੍ਰਭ ਦਾਤਉ ਦਾਤਾਰ ਪਰਿਉ ਜਾਚਕੁ ਇਕੁ ਸਰਨਾ ॥
ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥
ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥
ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥
ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥}

(ਅੰਗ - ੧੩੮੬)

{ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥
ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥
ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥

ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥}

(ਅੰਗ - ੩)

{ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥
ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥
ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ - ੫-੬)

{ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥}

(ਅੰਗ - ੬)

{ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥}

(ਅੰਗ - ੭)

{ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧ੍ਰੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥}

(ਅੰਗ - ੭)

ਸੋ ਦਰੁ ਰਾਗੁ ਆਸਾ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

{ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥
ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥}

(ਅੰਗ - ੮-੯)

ਆਸਾ ਮਹਲਾ ੫ ॥
{ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥}

(ਅੰਗ - ੧੨)

ਸਿਰੀਰਾਗੁ ਮਹਲਾ ੩ ॥
{ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥

ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥
ਮਨ ਰੇ ਸਦਾ ਭਜਹੁ ਹਰਿ ਸਰਣਾਈ ॥
ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥
ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥
ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥
ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥
ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥੩॥
ਜੋ ਸਤਗੁਰ ਕੀ ਸਰਣਾਗਤੀ ਹਉ ਤਿਨ ਕੈ ਬਲਿ ਜਾਉ ॥
ਦਰਿ ਸਚੈ ਸਚੀ ਵਡਿਆਈ ਸਹਜੇ ਸਚਿ ਸਮਾਉ ॥
ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ ਮਿਲਾਉ ॥੪॥੧੨॥੪੫॥}

(ਅੰਗ - ੩੧)

ਸਿਰੀਰਾਗੁ ਮਹਲਾ ੩ ॥
{ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ ॥
ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ ॥
ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥
ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥੧॥
ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥
ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ ਰਹਾਉ ॥
ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥੨॥
ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥
ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥
ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥
ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥
ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥

ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥
ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥}

(ਅੰਗ - ੩੮-੩੯)

{ਮੈ ਬਧੀ ਸਚੁ ਧਰਮ ਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥}

(ਅੰਗ - ੭੩)

{ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥}

(ਅੰਗ - ੭੫)

52/7247

{ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ ॥
ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥
ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥
ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥੨॥}

(ਅੰਗ - ੭੫)

ਪਉੜੀ ॥

{ਹਰਿ ਜਲਿ ਥਲਿ ਮਹੀਅਲਿ ਭਰਪੂਰਿ ਦੂਜਾ ਨਾਹਿ ਕੋਇ ॥
ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ ॥
ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ ॥
ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ ॥
ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ ॥੧੬॥}

(ਅੰਗ - ੮੯)

ਸਲੋਕੁ ਮਃ ੧ ॥

{ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥}

(ਅੰਗ - ੧੪੫)

ਗਉੜੀ ਗੁਆਰੇਰੀ ਮਹਲਾ ੫ ॥
{ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥
ਜਿਹ ਧੰਧੇ ਮਹਿ ਓਇ ਲਪਟਾਏ ॥ ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥
ਓਹ ਬੇਲਾ ਕਛੁ ਚੀਤਿ ਨ ਆਵੈ ॥ ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥
ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥
ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਨੁ ਘਾਲੈ ਪੈਰੁ ॥
ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥੩॥
ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥੪॥
ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥
ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂ ਨ ਵਿਸਰੈ ਨਾਨਕ ਨਾਮੁ ॥੫॥੯॥੭੮॥}

(ਅੰਗ - ੧੭੮)

{ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥ ਸਾਧ ਰੇਣ ਮਜਨ ਸਭਿ ਧਰਮ ॥
ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥ ਸਾਧਾ ਮਹਿ ਇਹ ਹਮਰੀ ਜਿੰਦੁ ॥੩॥}

(ਅੰਗ - ੧੮੩)

ਗਉੜੀ ਮਹਲਾ ੫ ॥
{ਖਾਦਾ ਪੈਨਦਾ ਮੂਕਰਿ ਪਾਇ ॥ ਤਿਸ ਨੋ ਜੋਹਹਿ ਦੂਤ ਧਰਮਰਾਇ ॥੧॥
ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥
ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥
ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥ ਸੋਈ ਠਾਕੁਰੁ ਮਨਹੁ ਬਿਸਾਰਿਆ ॥੩॥
ਬਧੇ ਬਿਕਾਰ ਲਿਖੇ ਬਹੁ ਕਾਗਰ ॥ ਨਾਨਕ ਉਧਰੁ ਕ੍ਰਿਪਾ ਸੁਖ ਸਾਗਰ ॥੪॥
ਪਾਰਬ੍ਰਹਮ ਤੇਰੀ ਸਰਣਾਇ ॥ ਬੰਧਨ ਕਾਟਿ ਤਰੈ ਹਰਿ ਨਾਇ ॥੧॥ ਰਹਾਉ ਦੂਜਾ ॥੭੮॥੧੪੭॥}

(ਅੰਗ - ੧੯੫)

ਗਉੜੀ ਮਹਲਾ ੫ ॥
{ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥

ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥੧॥ ਰਹਾਉ ॥
ਏਕੋ ਸਿਮਰਿ ਨ ਦੂਜਾ ਭਾਉ ॥ ਸੰਤਸੰਗਿ ਜਪਿ ਕੇਵਲ ਨਾਉ ॥੧॥
ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥
ਤਾ ਕੀ ਪੂਰਨ ਹੋਈ ਘਾਲ ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥੩॥
ਸੋ ਬੈਸਨੋ ਹੈ ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥}

(ਅੰਗ - ੧੯੯)

ਪਉੜੀ ॥

{ਝਾੜਾ ਝਾੜਿ ਮਿਟੈ ਸੰਗਿ ਸਾਧੂ ॥ ਕਰਮ ਧਰਮ ਤਤੁ ਨਾਮ ਅਰਾਧੂ ॥
ਰੂੜੋ ਜਿਹ ਬਸਿਓ ਰਿਦ ਮਾਹੀ ॥ ਉਆ ਕੀ ਝਾੜਿ ਮਿਟਤ ਬਿਨਸਾਹੀ ॥
ਝਾੜਿ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥
ਝਾੜਾ ਗੁਰਮੁਖਿ ਝਾੜਿ ਮਿਟਾਈ ॥ ਨਿਮਖ ਮਾਹਿ ਨਾਨਕ ਸਮਝਾਈ ॥੪੭॥}

(ਅੰਗ - ੨੬੦)

{ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧਸੰਗਿ ਦੁਰਮਤਿ ਮਲੁ ਹਿਰਿਆ ॥
ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
ਸਗਲ ਥਾਨ ਤੇ ਓਹੁ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥}

(ਅੰਗ - ੨੬੬)

{ਧਨਵੰਤਾ ਹੋਇ ਕਰਿ ਗਰਬਾਵੈ ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾ ਕਾ ਹੋਇ ਬਿਨਾਸ ॥
ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ ਹੋਇ ਜਾਇ ਭਸਮੰਤੁ ॥
ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮ ਰਾਇ ਤਿਸੁ ਕਰੇ ਖੁਆਰੀ ॥
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥}

(ਅੰਗ - ੨੭੮)

{ਸੰਤ ਕਾ ਦੋਖੀ ਇਉ ਬਿਲਲਾਇ ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥
ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥
ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬ੍ਰੂਆੜੁ ਤਿਲੁ ਖੇਤ ਮਾਹਿ ਦੁਹੇਲਾ ॥
ਸੰਤ ਕਾ ਦੋਖੀ ਧਰਮ ਤੇ ਰਹਤ ॥ ਸੰਤ ਕਾ ਦੋਖੀ ਸਦ ਮਿਥਿਆ ਕਹਤ ॥
ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥ ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥}

(ਅੰਗ - ੨੮੦)

52/7248

ਸਲੋਕ ਮਃ ੪ ॥

{ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥
ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥
ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨਾਏ ॥
ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥
ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ ॥
ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ ਵਜਾਏ ॥
ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿ ਕਰਿ ਦੇਖੈ ਚਲਤ ਸਬਾਏ ॥੧॥}

(ਅੰਗ - ੩੦੨-੩੦੩)

ਪਉੜੀ ॥

{ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥
ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥
ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥
ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥
ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥}

(ਅੰਗ - ੩੦੬)

ਪਉੜੀ ॥

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ - ੩੦੯-੩੧੦)

ਗਉੜੀ ਕਬੀਰ ਜੀ ॥

{ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥ ਜਿਉ ਭਏ ਦਾਦੁਰ ਪਾਨੀ ਮਾਹੀ ॥੧॥

ਜਉ ਪੈ ਰਾਮ ਰਾਮ ਰਤਿ ਨਾਹੀ ॥ ਤੇ ਸਭਿ ਧਰਮ ਰਾਇ ਕੈ ਜਾਹੀ ॥੧॥ ਰਹਾਉ ॥
ਕਾਇਆ ਰਤਿ ਬਹੁ ਰੂਪ ਰਚਾਹੀ ॥ ਤਿਨ ਕਉ ਦਇਆ ਸੁਪਨੈ ਭੀ ਨਾਹੀ ॥੨॥
ਚਾਰਿ ਚਰਨ ਕਹਹਿ ਬਹੁ ਆਗਰ ॥ ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥
ਕਹੁ ਕਬੀਰ ਬਹੁ ਕਾਇ ਕਰੀਜੈ ॥ ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥}

(ਅੰਗ - ੩੨੪)

{ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥ ਬਿਨੁ ਪਰਚੈ ਨਹੀ ਥਿਰਾ ਰਹਾਇ ॥
ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥੭॥}

(ਅੰਗ - ੩੪੩)

{ਕਰਮ ਧਰਮ ਸਚੁ ਸਾਚਾ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥
ਜੋ ਹਰਿ ਰਾਤੇ ਸੇ ਜਨ ਪਰਵਾਨੁ ॥ ਤਿਨ ਕੀ ਸੰਗਤਿ ਪਰਮ ਨਿਧਾਨੁ ॥੨॥
ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥ ਹਰਿ ਸਿਉ ਰਾਤੀ ਸਬਦੁ ਵੀਚਾਰੀ ॥
ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥
ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥
ਨਾਨਕ ਬਖਸੇ ਪੂਛ ਨ ਹੋਇ ॥ ਦੂਜਾ ਮੇਟੇ ਏਕੋ ਸੋਇ ॥੪॥੧੪॥}

(ਅੰਗ - ੩੫੩)

ੴ ਸਤਿਗੁਰ ਪ੍ਰਸਾਦਿ ॥
ਰਾਗੁ ਆਸਾ ਘਰੁ ੨ ਮਹਲਾ ੪ ॥

{ਕਿਸ ਹੀ ਧੜਾ ਕੀਆ ਮਿਤ੍ ਸੁਤ ਨਾਲਿ ਭਾਈ ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥
ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥
ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ ॥
ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥
ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥
ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥
ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥
ਮਾਇਆ ਕਉ ਲੂਝਹਿ ਗਾਵਾਰੀ ॥ ਜਨਮਿ ਮਰਹਿ ਜੂਐ ਬਾਜੀ ਹਾਰੀ ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥ ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥

ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥
ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ ॥ ਜੈਸਾ ਬੀਜੈ ਤੈਸਾ ਖਾਵੈ ॥
ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥}

(ਅੰਗ - ੩੬੬)

ਆਸਾ ਮਹਲਾ ੫ ॥
{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥
ਜਨਮ ਮਰਨ ਚੂਕੇ ਸਭਿ ਭਾਰੇ ॥
ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥
ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥੨॥
ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ ॥
ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥੩॥
ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ ॥
ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ ॥੪॥੩੬॥}

(ਅੰਗ - ੩੭੬)

{ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥
ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥}

(ਅੰਗ - ੪੧੫)

{ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ - ੪੧੮)

52/7249

ਆਸਾ ਮਹਲਾ ੪ ॥
{ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥
ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥
ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥
ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥
ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥੧॥

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥
ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥
ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥
ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥੨॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥
ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥
ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥
ਮਹਾ ਜੁਧ ਜੋਧ ਬਹੁ ਕੀਨੇ ਵਿਚਿ ਹਉਮੈ ਪਚੈ ਪਚਾਇ ਜੀਉ ॥
ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥੩॥
ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥
ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥
ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥
ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥
ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥
ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥੪॥੪॥੧੧॥}

(ਅੰਗ - ੪੪੫-੪੪੬)

ਪਉੜੀ ॥
{ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮੁ ਬਹਾਲਿਆ ॥੨॥}

(ਅੰਗ - ੪੬੩)

ਸਲੋਕੁ ਮਃ ੧ ॥
{ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥}

(ਅੰਗ - ੪੭੦)

ਸੋਰਠਿ ਮਹਲਾ ੫ ॥
{ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥
ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥
ਇਹੁ ਮਨੁ ਤੇਰਾ ਭਾਈ ॥ ਰਹਾਉ ॥
ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥੮॥੧੯॥}

(ਅੰਗ - ੬੧੪)

ਜੈਤਸਰੀ ਮਹਲਾ ੪ ॥
{ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥੧॥
ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥
ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥
ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥
ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥
ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥੩॥
ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥
ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥}

(ਅੰਗ - ੬੯੭-੬੯੮)

ਤਿਲੰਗ ਮਹਲਾ ੧ ॥
{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥

ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥}

(ਅੰਗ - ੭੨੨-੭੨੩)

ਸੂਹੀ ਮਹਲਾ ੫ ॥
{ਦੀਨੁ ਛਡਾਇ ਦੁਨੀ ਜੋ ਲਾਏ ॥ ਦੁਹੀ ਸਰਾਈ ਖੁਨਾਮੀ ਕਹਾਏ ॥੧॥
ਜੋ ਤਿਸੁ ਭਾਵੈ ਸੋ ਪਰਵਾਣੁ ॥ ਆਪਣੀ ਕੁਦਰਤਿ ਆਪੇ ਜਾਣੁ ॥੧॥ ਰਹਾਉ ॥
ਸਚਾ ਧਰਮੁ ਪੁੰਨੁ ਭਲਾ ਕਰਾਏ ॥ ਦੀਨ ਕੈ ਤੋਸੈ ਦੁਨੀ ਨ ਜਾਏ ॥੨॥
ਸਰਬ ਨਿਰੰਤਰਿ ਏਕੋ ਜਾਗੈ ॥ ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ॥੩॥
ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥ ਨਾਨਕੁ ਬੋਲੈ ਬੋਲਾਇਆ ਤੇਰਾ ॥੪॥੨੩॥੨੯॥}

(ਅੰਗ - ੭੪੩)

ਸੂਹੀ ਮਹਲਾ ੫ ॥
{ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥}

(ਅੰਗ - ੭੪੭)

ਸਲੋਕ ਮਃ ੧ ॥
{ਦੁਇ ਦੀਵੇ ਚਉਦਹ ਹਟਨਾਲੇ ॥ ਜੇਤੇ ਜੀਅ ਤੇਤੇ ਵਣਜਾਰੇ ॥
ਖੁਲ੍ਹੇ ਹਟ ਹੋਆ ਵਾਪਾਰੁ ॥ ਜੋ ਪਹੁਚੈ ਸੋ ਚਲਣਹਾਰੁ ॥

ਧਰਮੁ ਦਲਾਲੁ ਪਾਏ ਨੀਸਾਣੁ ॥ ਨਾਨਕ ਨਾਮੁ ਲਾਹਾ ਪਰਵਾਣੁ ॥
ਘਰਿ ਆਏ ਵਜੀ ਵਾਧਾਈ ॥ ਸਚ ਨਾਮ ਕੀ ਮਿਲੀ ਵਡਿਆਈ ॥੧॥}

(ਅੰਗ - ੭੮੯)

52/7250

ਸੂਹੀ ਲਲਿਤ ਕਬੀਰ ਜੀਉ ॥
{ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥
ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥੨॥
ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥
ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥੩॥
ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥੪॥੫॥}

(ਅੰਗ - ੭੯੩)

ੴ ਸਤਿਗੁਰ ਪ੍ਰਸਾਦਿ ॥

ਰਾਮਕਲੀ ਮਹਲਾ ੩ ਘਰੁ ੧ ॥

{ਸਤਜੁਗਿ ਸਚੁ ਕਹੈ ਸਭੁ ਕੋਈ ॥ ਘਰਿ ਘਰਿ ਭਗਤਿ ਗੁਰਮੁਖਿ ਹੋਈ ॥
ਸਤਜੁਗਿ ਧਰਮੁ ਪੈਰ ਹੈ ਚਾਰਿ ॥ ਗੁਰਮੁਖਿ ਬੂਝੈ ਕੋ ਬੀਚਾਰਿ ॥੧॥
ਜੁਗ ਚਾਰੇ ਨਾਮਿ ਵਡਿਆਈ ਹੋਈ ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥੧॥ ਰਹਾਉ ॥
ਤ੍ਰੈਤੈ ਇਕ ਕਲ ਕੀਨੀ ਦੂਰਿ ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥
ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਹੋਈ ॥੨॥
ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥
ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥੩॥
ਕਲਜੁਗਿ ਧਰਮ ਕਲਾ ਇਕ ਰਹਾਏ ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥
ਮਾਇਆ ਮੋਹੁ ਅਤਿ ਗੁਬਾਰੁ ॥ ਸਤਗੁਰੁ ਭੇਟੈ ਨਾਮਿ ਉਧਾਰੁ ॥੪॥
ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥
ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥੫॥
ਸਭ ਜੁਗ ਮਹਿ ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥ ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬॥੧॥}

(ਅੰਗ - ੮੮੦)

ਸਲੋਕੁ ॥

{ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ ॥
ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ ॥੧॥}

(ਅੰਗ - ੯੨੭)

{ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ ਕਾ ਕਰਹੁ ਬੀਚਾਰੁ ਰੇ ॥
ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ ॥੧॥
ਐਸਾ ਜੋਗੁ ਕਮਾਵਹੁ ਜੋਗੀ ॥ ਜਪ ਤਪ ਸੰਜਮੁ ਗੁਰਮੁਖਿ ਭੋਗੀ ॥੧॥ ਰਹਾਉ ॥
ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ ॥
ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ ॥੨॥
ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ ॥੩॥੭॥}

(ਅੰਗ - ੯੭੦)

ਪਉੜੀ ॥

{ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥

ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥
ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥
ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥
ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥
ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥
ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥੧੫॥}

(ਅੰਗ - ੧੦੯੯)

ਕਬੀਰੁ ॥ ਮਾਰੂ ॥
{ਰਾਮੁ ਸਿਮਰੁ ਪਛੁਤਾਹਿਗਾ ਮਨ ॥
ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ ॥੧॥ ਰਹਾਉ ॥
ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ ॥
ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥੧॥
ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥
ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥੨॥
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥੩॥੧॥}

(ਅੰਗ - ੧੧੦੬)

ਬਸੰਤੁ ਮਹਲਾ ੫ ਘਰੁ ੨ ਹਿੰਡੋਲ
ੴ ਸਤਿਗੁਰ ਪ੍ਰਸਾਦਿ ॥
{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥
ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥}

(ਅੰਗ - ੧੧੮੫)

ਸਲੋਕ ਮਃ ੧ ॥

{ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥
ਸੋ ਧਨੁ ਮਿਤ੍ਰ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥
ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥
ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥}

(ਅੰਗ - ੧੨੮੭)

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥}

(ਅੰਗ - ੧੩੨੫)

52/7251

{ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥
ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ ਸਬਦ ਸਾਰੁ ਏਕ ਲਿਵ ਲਾਈ ਹੈ ॥
ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥
ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧ੍ਰਾਈ ਹੈ ॥
ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥੨॥}

(ਅੰਗ - ੧੩੯੮)

{ਸਿਰੀ ਗੁਰੂ ਸਾਹਿਬੁ ਸਭ ਊਪਰਿ ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥
ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥ ਹਸ੍ਤ ਕਮਲ ਮਾਥੇ ਪਰ ਧਰੀਅੰ ॥
ਅਲਖ ਰੂਪ ਜੀਅ ਲਖ੍ਯਾ ਨ ਜਾਈ ॥ ਸਾਧਿਕ ਸਿਧ ਸਗਲ ਸਰਣਾਈ ॥
ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਤਾਰਹੁ ॥
ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥
ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥
ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ ॥
ਅਪ੍ਯਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ ॥
ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ ॥
ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੧॥}

(ਅੰਗ - ੧੪੦੧)

{ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥
ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥੨॥}

(ਅੰਗ - ੪੨੯)

{ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥}

(ਅੰਗ - ੧੫)

{ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥
ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥}

(ਅੰਗ - ੨੩)

ਸੂਹੀ ਮਹਲਾ ੪ ਘਰੁ ੬
ੴ ਸਤਿਗੁਰ ਪ੍ਰਸਾਦਿ ॥

{ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥
ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥੧॥ ਰਹਾਉ ॥
ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ॥੨॥
ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥੩॥
ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ ॥
ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੇ ਕ੍ਰਿਪਾ ਕਰੇ ਹਰਿ ਰਾਇ ॥੪॥੧॥੮॥}

(ਅੰਗ - ੭੩੩)

ੴ ਸਤਿਗੁਰ ਪ੍ਰਸਾਦਿ ॥
ਰਾਗੁ ਸੂਹੀ ਮਹਲਾ ੩ ਘਰੁ ੩ ॥

{ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥
ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥
ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥
ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥
ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥

ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥
ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥
ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥
ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਹਾਲੇ ॥੨॥
ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥
ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩॥
ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ ॥
ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥
ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ ॥
ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ ॥
ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ ॥
ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥}

(ਅੰਗ - ੭੬੮-੭੬੯)

{ਨਾਮਾ ਛੀਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥੩॥}

(ਅੰਗ - ੬੭)

{ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥}

(ਅੰਗ - ੧੫੪)

52/7252

{ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥
ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥
ਹਮ ਪਾਪੀ ਸੰਗਿ ਗੁਰ ਉਬਰੇ ਪ੍ਰੁੰਨੁ ਸਤਿਗੁਰ ਕੇਰਾ ॥੨॥}

(ਅੰਗ - ੧੬੭)

{ਦੇਹੀ ਜਾਤਿ ਨ ਆਗੈ ਜਾਏ ॥ ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥
ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ ॥੩॥}

(ਅੰਗ - ੧੧੨)

{ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥
ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥
ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ ਸਹਜਿ ਸਮਾਤਿ ॥੫॥}

(ਅੰਗ - ੨੬੭)

ਗਉੜੀ ਕਬੀਰ ਜੀ ॥

{ਜੋਤਿ ਕੀ ਜਾਤਿ ਜਾਤਿ ਕੀ ਜੋਤੀ ॥ ਤਿਤੁ ਲਾਗੇ ਕੰਚੁਆ ਫਲ ਮੋਤੀ ॥੧॥
ਕਵਨੁ ਸੁ ਘਰੁ ਜੋ ਨਿਰਭਉ ਕਹੀਐ ॥ ਭਉ ਭਜਿ ਜਾਇ ਅਭੈ ਹੋਇ ਰਹੀਐ ॥੧॥ ਰਹਾਉ ॥
ਤਟਿ ਤੀਰਥਿ ਨਹੀ ਮਨੁ ਪਤੀਆਇ ॥ ਚਾਰ ਅਚਾਰ ਰਹੇ ਉਰਝਾਇ ॥੨॥
ਪਾਪ ਪੁੰਨ ਦੁਇ ਏਕ ਸਮਾਨ ॥ ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥੩॥
ਕਬੀਰ ਨਿਰਗੁਣ ਨਾਮ ਨ ਰੋਸੁ ॥ ਇਸੁ ਪਰਚਾਇ ਪਰਚਿ ਰਹੁ ਏਸੁ ॥੪॥੯॥}

(ਅੰਗ - ੩੨੫)

{ਲਾਲੈ ਆਪਣੀ ਜਾਤਿ ਗਵਾਈ ॥ ਤਨੁ ਮਨੁ ਅਰਪੇ ਸਤਿਗੁਰ ਸਰਣਾਈ ॥
ਹਿਰਦੈ ਨਾਮੁ ਵਡੀ ਵਡਿਆਈ ॥ ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥੧॥
ਸੋ ਲਾਲਾ ਜੀਵਤੁ ਮਰੈ ॥ ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰ ਪਰਸਾਦੀ ਸਬਦਿ ਉਧਰੈ ॥੧॥ ਰਹਾਉ ॥}

(ਅੰਗ - ੩੬੨-੩੬੩)

{ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥੭॥}

(ਅੰਗ - ੪੨੬)

ਪਉੜੀ ॥

{ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥}

(ਅੰਗ - ੪੬੮)

ਪਉੜੀ ॥

{ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ ॥
ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ ॥
ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ॥
ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ ॥
ਜਿਨਾ ਗੁਰਮੁਖਿ ਅੰਮ੍ਰਿਤੁ ਚਾਖਿਆ ਸੇ ਜਨ ਤ੍ਰਿਪਤਾਤਾ ॥੧੫॥}

(ਅੰਗ - ੫੧੪)

{ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥}

(ਅੰਗ - ੫੨੪)

ਧਨਾਸਰੀ ਮਹਲਾ ੪ ॥

{ਹਰਿ ਕੇ ਸੰਤ ਜਨਾ ਹਰਿ ਜਪਿਓ ਤਿਨ ਕਾ ਦੂਖੁ ਭਰਮੁ ਭਉ ਭਾਗੀ ॥
ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ ॥੧॥
ਹਰਿ ਕੈ ਨਾਮਿ ਰਤਾ ਬੈਰਾਗੀ ॥
ਹਰਿ ਹਰਿ ਕਥਾ ਸੁਣੀ ਮਨਿ ਭਾਈ ਗੁਰਮਤਿ ਹਰਿ ਲਿਵ ਲਾਗੀ ॥੧॥ ਰਹਾਉ ॥
ਸੰਤ ਜਨਾ ਕੀ ਜਾਤਿ ਹਰਿ ਸੁਆਮੀ ਤੁਮ੍ ਠਾਕੁਰ ਹਮ ਸਾਂਗੀ ॥
ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ ॥੨॥
ਕਿਆ ਹਮ ਕਿਰਮ ਨਾਨ੍ ਨਿਕ ਕੀਰੇ ਤੁਮ੍ ਵਡ ਪੁਰਖ ਵਡਾਗੀ ॥
ਤੁਮ੍ਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ ਹਮ ਕਿਉ ਕਰਿ ਮਿਲਹ ਅਭਾਗੀ ॥੩॥
ਹਰਿ ਪ੍ਰਭ ਸੁਆਮੀ ਕਿਰਪਾ ਧਾਰਹੁ ਹਮ ਹਰਿ ਹਰਿ ਸੇਵਾ ਲਾਗੀ ॥
ਨਾਨਕ ਦਾਸਨਿ ਦਾਸੁ ਕਰਹੁ ਪ੍ਰਭ ਹਮ ਹਰਿ ਕਥਾ ਕਥਾਗੀ ॥੪॥੨॥}

(ਅੰਗ - ੬੬੭)

52/7253

{ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥}

(ਅੰਗ - ੭੩੧)

{ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥੪॥੧॥}

(ਅੰਗ - ੭੩੧)

ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥ ਹਰਿ ਕੋ ਨਾਮੁ ਲੈ ਊਤਮ ਧਰਮਾ ॥
ਹਰਿ ਹਰਿ ਕਰਤ ਜਾਤਿ ਕੁਲ ਹਰੀ ॥ ਸੋ ਹਰਿ ਅੰਧੁਲੇ ਕੀ ਲਾਕਰੀ ॥੧॥
ਹਰਏ ਨਮਸਤੇ ਹਰਏ ਨਮਹ ॥ ਹਰਿ ਹਰਿ ਕਰਤ ਨਹੀ ਦੁਖੁ ਜਮਹ ॥੧॥ ਰਹਾਉ ॥
ਹਰਿ ਹਰਨਾਖਸ ਹਰੇ ਪਰਾਨ ॥ ਅਜੈਮਲ ਕੀਓ ਬੈਕੁੰਠਹਿ ਥਾਨ ॥
ਸੂਆ ਪੜਾਵਤ ਗਨਿਕਾ ਤਰੀ ॥ ਸੋ ਹਰਿ ਨੈਨਹੁ ਕੀ ਪੂਤਰੀ ॥੨॥
ਹਰਿ ਹਰਿ ਕਰਤ ਪੂਤਨਾ ਤਰੀ ॥ ਬਾਲ ਘਾਤਨੀ ਕਪਟਹਿ ਭਰੀ ॥
ਸਿਮਰਨ ਦ੍ਰੋਪਦ ਸੁਤ ਉਧਰੀ ॥ ਗਊਤਮ ਸਤੀ ਸਿਲਾ ਨਿਸਤਰੀ ॥੩॥
ਕੇਸੀ ਕੰਸ ਮਥਨੁ ਜਿਨਿ ਕੀਆ ॥ ਜੀਅ ਦਾਨੁ ਕਾਲੀ ਕਉ ਦੀਆ ॥
ਪ੍ਰਣਵੈ ਨਾਮਾ ਐਸੋ ਹਰੀ ॥ ਜਾਸੁ ਜਪਤ ਭੈ ਅਪਦਾ ਟਰੀ ॥੪॥੧॥੫॥}

(ਅੰਗ - ੮੭੪)

{ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ ॥
ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ ॥੧॥
ਏਕੈ ਏਕੈ ਏਕ ਤੂਹੀ ॥ ਏਕੈ ਏਕੈ ਤੂ ਰਾਇਆ ॥ ਤਉ ਕਿਰਪਾ ਤੇ ਸੁਖੁ ਪਾਇਆ ॥੧॥ ਰਹਾਉ ॥}

(ਅੰਗ - ੮੮੪)

{ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ ॥
ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥੧॥ ਰਹਾਉ ॥
ਨੰਨੀਬੁ ਭਇਓ ਆਂਬੁ ਆਂਬੁ ਭਇਓ ਨੰਨੀਬਾ ਕੇਲਾ ਪਾਕਾ ਝਾਰਿ ॥
ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ ॥੧॥
ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੰਹੀ ਚੁਨਿਓ ਨ ਜਾਈ ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ ॥੨॥੩॥੧੨॥}

(ਅੰਗ - ੯੭੨)

{ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥
ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥੨॥}

(ਅੰਗ - ੯੯੪)

{ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥}

(ਅੰਗ - ੧੦੩੫)

{ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥}

(ਅੰਗ - ੧੦੩੫)

{ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥ ਸਭ ਮਹਿ ਵਰਤੈ ਆਪਿ ਨਿਰਾਰਾ ॥
ਵਰਨੁ ਜਾਤਿ ਚਿਹਨੁ ਨਹੀ ਕੋਈ ਸਭ ਹੁਕਮੇ ਸ੍ਰਿਸਟਿ ਉਪਾਇਦਾ ॥੧॥
ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥}

(ਅੰਗ - ੧੦੭੫)

ਮਃ ੩ ॥
{ਮਨ ਕੀ ਪਟ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥
ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥
ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥
ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥
ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥
ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ ॥
ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ ॥
ਨਾਨਕ ਨਾਮਿ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ ॥੨॥}

(ਅੰਗ - ੧੦੯੩-੧੦੯੪)

52/7254

{ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥}

(ਅੰਗ - ੧੩੪੬)

{ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥}

(ਅੰਗ - ੧੩੬੪)

{ਕਬੀਰ ਨਾ ਮੋਹਿ ਛਾਨਿ ਨ ਛਾਪਰੀ ਨਾ ਮੋਹਿ ਘਰੁ ਨਹੀ ਗਾਉ ॥
ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ ॥੬੦॥}

(ਅੰਗ - ੧੩੬੭)

{ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥੮੨॥}

(ਅੰਗ - ੧੩੬੮)

ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧
ੴ ਸਤਿਗੁਰ ਪ੍ਰਸਾਦਿ ॥
{ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥
ਚਾਰੇ ਵਰਨ ਆਖੈ ਸਭੁ ਕੋਈ ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥੨॥
ਮਾਟੀ ਏਕ ਸਗਲ ਸੰਸਾਰਾ ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ ਘਟਿ ਵਧਿ ਕੋ ਕਰੈ ਬੀਚਾਰਾ ॥੪॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥੫॥੧॥}

(ਅੰਗ - ੧੧੨੭-੧੧੨੮)

{ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥
ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥
ਬੁਨਿ ਬੁਨਿ ਆਪ ਆਪੁ ਪਹਿਰਾਵਉ ॥ ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥
ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥}

(ਅੰਗ - ੧੧੫੮-੧੧੫੯)

ਸਾਰਗ ਮਹਲਾ ੫ ॥

{ਐਸੀ ਹੋਇ ਪਰੀ ॥ ਜਾਨਤੇ ਦਇਆਰ ॥੧॥ ਰਹਾਉ ॥
ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ ॥
ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ ॥੧॥
ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ ॥
ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥੨॥੮॥੧੩੭॥}

(ਅੰਗ - ੧੨੩੦)

{ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
ਕਹਿ ਰਵਿਦਾਸ ਜੁ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥}

(ਅੰਗ - ੧੧੯੬)

ਪਉੜੀ ॥

{ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥ ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥
ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥ ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥
ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵ ਲਾਈ ॥੬॥}

(ਅੰਗ - ੧੨੪੦)

ਸਲੋਕ ਮਃ ੧ ॥

{ਗਿਆਨ ਵਿਹੂਣਾ ਗਾਵੈ ਗੀਤ ॥ ਭੂਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥

ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥}

(ਅੰਗ - ੧੨੪੫)

ਮਲਾਰ ਮਹਲਾ ੧ ਘਰੁ ੨
ੴ ਸਤਿਗੁਰ ਪ੍ਰਸਾਦਿ ॥
{ਪਵਣੈ ਪਾਣੀ ਜਾਣੈ ਜਾਤਿ ॥ ਕਾਇਆਂ ਅਗਨਿ ਕਰੇ ਨਿਭਰਾਂਤਿ ॥
ਜੰਮਹਿ ਜੀਅ ਜਾਣੈ ਜੇ ਥਾਉ ॥ ਸੁਰਤਾ ਪੰਡਿਤੁ ਤਾ ਕਾ ਨਾਉ ॥੧॥
ਗੁਣ ਗੋਬਿੰਦ ਨ ਜਾਣੀਅਹਿ ਮਾਇ ॥ ਅਣਡੀਠਾ ਕਿਛੁ ਕਹਣੁ ਨ ਜਾਇ ॥
ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥
ਊਪਰਿ ਦਰਿ ਅਸਮਾਨਿ ਪਇਆਲਿ ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥
ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥
ਕਥਨੀ ਬਦਨੀ ਰਹੈ ਨਿਭਰਾਂਤਿ ॥ ਸੋ ਬੂਝੈ ਹੋਵੈ ਜਿਸੁ ਦਾਤਿ ॥
ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥ ਸੋਈ ਪੁਰਖੁ ਜਿ ਸਚਿ ਸਮਾਇ ॥੩॥
ਜਾਤਿ ਕੁਲੀਨੁ ਸੇਵਕੁ ਜੇ ਹੋਇ ॥ ਤਾ ਕਾ ਕਹਣਾ ਕਹਹੁ ਨ ਕੋਇ ॥
ਵਿਚਿ ਸਨਾਤੰਤੀ ਸੇਵਕੁ ਹੋਇ ॥ ਨਾਨਕ ਪਨ੍ਹੀਆ ਪਹਿਰੈ ਸੋਇ ॥੪॥੧॥੬॥}

(ਅੰਗ - ੧੨੫੬)

52/7255

{ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥
ਦੇਹ ਨ ਨਾਉ ਨ ਹੋਵੈ ਜਾਤਿ ॥ ਓਥੈ ਦਿਹੁ ਐਥੈ ਸਭ ਰਾਤਿ ॥੨॥}

(ਅੰਗ - ੧੨੫੭)

{ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥
ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥੪॥੧੦॥}

(ਅੰਗ - ੧੩੩੦)

{ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ ॥ ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥
ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ ॥੩॥}

(ਅੰਗ - ੨੮)

ਸਲੋਕ ਮਃ ੩ ॥
{ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥
ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ ॥ ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥

ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥ ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥
ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥ ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥੧॥}

(ਅੰਗ - ੮੬)

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ - ੧੩੮-੧੩੯)

ਗਉੜੀ ਮਹਲਾ ੫ ॥

{ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥੧॥
ਏਕ ਨਿਮਖ ਜੋ ਸਿਮਰਨ ਮਹਿ ਜੀਆ ॥ ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥੧॥ ਰਹਾਉ ॥
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥੨॥
ਬਿਨੁ ਸਿਮਰਨ ਭਏ ਕੂਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ ॥੩॥
ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥੪॥
ਬਿਨੁ ਸਿਮਰਨ ਗਰਧਭ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥੫॥
ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥੬॥
ਬਿਨੁ ਸਿਮਰਨ ਹੈ ਆਤਮ ਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥
ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥
ਕਹੁ ਨਾਨਕ ਗੁਰਿ ਜਗਤੁ ਤਰਾਇਆ ॥੮॥੭॥}

(ਅੰਗ - ੨੩੪)

ਮਃ ੪ ॥

{ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ ॥੨॥}

(ਅੰਗ - ੩੧੦)

ਪਉੜੀ ॥

{ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥
ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥
ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ ॥
ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ ॥ ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥੧੭॥}

(ਅੰਗ - ੩੧੦)

ਗਉੜੀ ਕਬੀਰ ਜੀ ॥

{ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥੩॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥}

(ਅੰਗ - ੩੨੪)

{ਮਾਇਆ ਕੇ ਸਨਬੰਧ ਸੈਨ ਸਾਕ ਕਿਤ ਹੀ ਕਾਮਿ ਨ ਆਇਆ ॥
ਹਰਿ ਕਾ ਦਾਸੁ ਨੀਚ ਕੁਲੁ ਊਚਾ ਤਿਸੁ ਸੰਗਿ ਮਨ ਬਾਂਛਤ ਫਲ ਪਾਇਆ ॥੨॥}

(ਅੰਗ - ੪੯੭)

52/7256

ਸਲੋਕੁ ਮਃ ੩ ॥

{ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ ॥
ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ ਸਚੈ ਸਬਦਿ ਸਮਾਹਿ ॥
ਕੁਲੁ ਉਧਾਰਹਿ ਆਪਣਾ ਮੋਖ ਪਦਵੀ ਆਪੇ ਪਾਹਿ ॥
ਪਾਰਬ੍ਰਹਮੁ ਤਿਨ ਕੰਉ ਸੰਤੁਸਟੁ ਭਇਆ ਜੋ ਗੁਰ ਚਰਨੀ ਜਨ ਪਾਹਿ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਕਰਿ ਕਿਰਪਾ ਹਰਿ ਲਾਜ ਰਖਾਹਿ ॥੧॥}

(ਅੰਗ - ੫੯੨)

ਸੋਰਠਿ ਮਹਲਾ ੫ ॥

{ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥
ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥
ਸੰਤਹੁ ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥
ਜੈ ਜੈ ਕਾਰੁ ਜਗੁ ਗਾਵੈ ॥ ਮਨ ਚਿੰਦਿਅੜੇ ਫਲ ਪਾਵੈ ॥

ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੂ ਧਿਆਏ ॥੨॥
ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥
ਮਰੈ ਨ ਆਵੈ ਜਾਈ ॥ ਹਰਿ ਹਰਿ ਨਾਮੁ ਧਿਆਈ ॥੩॥
ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥ ਜਿਸੁ ਦਇਆਲੁ ਹੋਇ ਭਗਵਾਨੈ ॥
ਬਾਬਾ ਨਾਨਕ ਪ੍ਰਭ ਸਰਣਾਈ ॥ ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥}

(ਅੰਗ - ੬੨੩)

ਮਃ ੩ ॥

{ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ ॥
ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ ॥
ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ ॥
ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ ॥
ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ ॥੨॥}

(ਅੰਗ - ੬੪੩)

ਪਉੜੀ ॥

{ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥
ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥ ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ ॥
ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥ ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ ॥੨॥}

(ਅੰਗ - ੬੪੩)

ਮਃ ੩ ॥

{ਸੁਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਹਾਲਿ ॥
ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ ॥੨॥}

(ਅੰਗ - ੭੮੫)

ਪਉੜੀ ॥

{ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥ ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ ॥
ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥ ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ ॥
ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥੧॥}

(ਅੰਗ - ੭੮੫)

{ਜਿਸੁ ਰੂਪੁ ਨ ਰੇਖਿਆ ਕੁਲੁ ਨਹੀ ਜਾਤੀ ॥ ਪੂਰਨ ਪੂਰਿ ਰਹਿਆ ਦਿਨੁ ਰਾਤੀ ॥
ਜੋ ਜੋ ਜਪੈ ਸੋਈ ਵਡਭਾਗੀ ਬਹੁੜਿ ਨ ਜੋਨੀ ਪਾਵਣਾ ॥੬॥
ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥ ਜਲਤਾ ਫਿਰੈ ਰਹੈ ਨਿਤ ਤਾਤਾ ॥
ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ ॥੭॥
ਜੀਉ ਪ੍ਰਾਣ ਤਨੁ ਧਨੁ ਜਿਨਿ ਸਾਜਿਆ ॥ ਮਾਤ ਗਰਭ ਮਹਿ ਰਾਖਿ ਨਿਵਾਜਿਆ ॥
ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ ਕਾਹੂ ਸਿਰੈ ਨ ਲਾਵਣਾ ॥੮॥
ਧਾਰਿ ਅਨੁਗ੍ਰਹੁ ਸੁਆਮੀ ਮੇਰੇ ॥ ਘਟਿ ਘਟਿ ਵਸਹਿ ਸਭਨ ਕੈ ਨੇਰੇ ॥
ਹਾਥਿ ਹਮਾਰੈ ਕਛੂਐ ਨਾਹੀ ਜਿਸੁ ਜਣਾਇਹਿ ਤਿਸੈ ਜਣਾਵਣਾ ॥੯॥
ਜਾ ਕੈ ਮਸਤਕਿ ਧੁਰਿ ਲਿਖਿ ਪਾਇਆ ॥ ਤਿਸ ਹੀ ਪੁਰਖ ਨ ਵਿਆਪੈ ਮਾਇਆ ॥
ਨਾਨਕ ਦਾਸ ਸਦਾ ਸਰਣਾਈ ਦੂਸਰ ਲਵੈ ਨ ਲਾਵਣਾ ॥੧੦॥
ਆਗਿਆ ਦੂਖ ਸੂਖ ਸਭਿ ਕੀਨੇ ॥ ਅੰਮ੍ਰਿਤ ਨਾਮੁ ਬਿਰਲੈ ਹੀ ਚੀਨੇ ॥
ਤਾ ਕੀ ਕੀਮਤਿ ਕਹਣੁ ਨ ਜਾਈ ਜਤ ਕਤ ਓਹੀ ਸਮਾਵਣਾ ॥੧੧॥
ਸੋਈ ਭਗਤੁ ਸੋਈ ਵਡ ਦਾਤਾ ॥ ਸੋਈ ਪੂਰਨ ਪੁਰਖੁ ਬਿਧਾਤਾ ॥
ਬਾਲ ਸਹਾਈ ਸੋਈ ਤੇਰਾ ਜੋ ਤੇਰੈ ਮਨਿ ਭਾਵਣਾ ॥੧੨॥
ਮਿਰਤੁ ਦੂਖ ਸੂਖ ਲਿਖਿ ਪਾਏ ॥ ਤਿਲੁ ਨਹੀ ਬਧਹਿ ਘਟਹਿ ਨ ਘਟਾਏ ॥
ਸੋਈ ਹੋਇ ਜਿ ਕਰਤੇ ਭਾਵੈ ਕਹਿ ਕੈ ਆਪੁ ਵਞਾਵਣਾ ॥੧੩॥
ਅੰਧ ਕੂਪ ਤੇ ਸੇਈ ਕਾਢੇ ॥ ਜਨਮ ਜਨਮ ਕੇ ਟੂਟੇ ਗਾਂਢੇ ॥
ਕਿਰਪਾ ਧਾਰਿ ਰਖੇ ਕਰਿ ਅਪੁਨੇ ਮਿਲਿ ਸਾਧੂ ਗੋਬਿੰਦੁ ਧਿਆਵਣਾ ॥੧੪॥
ਤੇਰੀ ਕੀਮਤਿ ਕਹਣੁ ਨ ਜਾਈ ॥ ਅਚਰਜ ਰੂਪੁ ਵਡੀ ਵਡਿਆਈ ॥
ਭਗਤਿ ਦਾਨੁ ਮੰਗੈ ਜਨੁ ਤੇਰਾ ਨਾਨਕ ਬਲਿ ਬਲਿ ਜਾਵਣਾ ॥੧੫॥੧॥੧੪॥੨੨॥੨੪॥੨॥੧੪॥੬੨॥}

(ਅੰਗ - ੧੦੮੬)

ਮਃ ੧ ॥

{ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ ॥ ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ ॥
ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ ॥ ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ ॥੨॥}

(ਅੰਗ - ੧੨੪੧)

ਪਉੜੀ ॥

{ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ ॥
ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ ॥
ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ ॥
ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ ॥
ਨਾਨਕ ਨਾਮੁ ਤਿਨੀ ਸਾਲਾਹਿਆ ਜਿਨ ਗੁਰੂ ਮਿਲਾਇਆ ॥੧੦॥}

(ਅੰਗ - ੧੨੪੧)

{ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ ॥
ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ ॥੧੬੬॥}

(ਅੰਗ - ੧੩੭੩)

ਸਾਰੇ ਸੰਸਾਰ ਲਈ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਦਾ ਮਾਰਗ ਜਾਂ ਉਸਦਾ ਨਾਮ ਜਪਣ ਦਾ ਮਾਰਗ ਇੱਕੋ ਜਿਹਾ ਹੀ ਹੈ ਜਿਵੇਂ ਕਿ ਅਸੀਂ ਪੂਰੇ ਲੇਖ ਵਿੱਚ ਬਾਰ ਬਾਰ ਸਮਝਿਆ ਹੈ ਤੇ ਉਸੇ ਮਾਰਗ ਨੂੰ ਹੀ ਉਪਰ ਵਾਲੇ ਸ਼ਬਦਾਂ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿੱਚੋਂ ਅਨੇਕਾਂ ਸ਼ਬਦਾਂ ਨੂੰ ਅਸੀਂ ਪਹਿਲੇ ਸਮਝਿਆ ਵੀ ਹੈ। ਜੋ ਗੁਰੂ ਦਾ ਨਾਮ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਹੈ ਉਹੀ ਗੁਰੂ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਅੰਮ੍ਰਿਤ ਹੈ ਜੋ ਅੰਮ੍ਰਿਤ ਪਾਣ ਕਰਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਗੁਰੂ ਦਾ ਸੱਚਾ ਗਿਆਨ ਉਸਦਾ ਅੰਮ੍ਰਿਤ ਹੈ ਜਿਵੇਂ ਕਿ

52/7257

ਅਸੀਂ ਸ਼ਬਦਾਂ ਦੁਆਰਾ ਬਾਰ ਬਾਰ ਸਮਝਿਆ ਹੀ ਹੈ। ਗੁਰੂ ਦਾ ਸੱਚਾ ਗਿਆਨ ਗੁਰੂ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਹੈ ਤੇ ਗੁਰੂ ਦੀ ਸੱਚੀ ਵਿਚਾਰ ਨੂੰ ਆਪਣੇ ਮਨ ਦੀ ਸਮਝ ਦੇ ਅੰਦਰ ਮੰਨਣਾ ਗੁਰੂ ਦਾ ਅੰਮ੍ਰਿਤ ਪੀਣਾ ਹੈ। ਇਹ ਅੰਮ੍ਰਿਤ ਸਾਡੀ ਸਮਝ ਹੀ ਪੀਂਦੀ ਹੈ ਜੋ ਅੰਮ੍ਰਿਤ ਪੀਣਾ ਸਾਰੇ ਸੰਸਾਰ ਲਈ ਇੱਕੋ ਜਿਹੀ ਗੱਲ ਹੀ ਹੈ। ਗੁਰੂ ਦੇ ਅੰਮ੍ਰਿਤ ਨੂੰ ਪੀਣ ਦਾ ਮਕਸਦ ਆਪਣੀ ਉਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਹਰ ਕੋਈ ਹੈ ਕਿਉਂਕਿ ਪੂਰੇ ਸੰਸਾਰ ਵਿੱਚ ਤ੍ਰੈਗੁਣਾਂ ਵਾਲੀ ਸਮਝ ਤੋਂ ਬਾਹਰ, ਹਉਮੈ ਤੋਂ ਬਾਹਰ, ਮਾਇਆ ਦੀ ਛੱਲ ਤੋਂ ਬਾਹਰ, ਮਨ ਦੇ ਪੁੱਠੇ ਕਮਲ ਵਾਲੀ ਸਮਝ ਤੋਂ ਬਾਹਰ ਕੋਈ ਵੀ ਨਹੀਂ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਸ੍ਰਿਸ਼ਟੀ ਦੇ ਕਰਤੇ ਨੇ ਹਰ ਮਨੁੱਖ ਨੂੰ ਆਪ ਹੀ ਰੱਖਿਆ ਹੋਇਆ ਹੈ ਜਿਸ ਭਰਮ ਵਾਲੀ ਸਮਝ ਦੇ ਨਾਲ ਹੀ ਉਸਨੇ ਹਰ ਕਿਸੇ ਦੇ ਨਾਲ ਆਪਣਾ ਪੜਦਾ ਪਾਇਆ ਹੋਇਆ ਹੈ ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਦੇ ਅੰਮ੍ਰਿਤ ਦਾ ਮਕਸਦ ਭਾਵ ਉਸਦੇ ਸੱਚੇ ਗਿਆਨ ਦਾ ਮਕਸਦ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਸੱਚਾ ਉਦਮ ਕਰਕੇ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਉਦਮ ਕਰ ਸਕਦਾ ਹੈ ਜੋ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਇੱਕੋ ਜਿਹੇ ਤਰੀਕੇ ਦੁਆਰਾ ਹੀ ਵਰਤ ਰਿਹਾ ਹੈ, ਮਨ ਦੀ ਸਮਝ ਰਾਹੀਂ ਹੀ ਵਰਤ ਰਿਹਾ ਹੈ। ਮਨ ਦੇ ਅੰਦਰ ਦੀ ਅਗਿਆਨਤਾ ਹੀ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਦੀ ਉਹ ਜੇਵਰੀ ਹੈ ਭਾਵ ਬੰਧਨ ਹੈ ਜਿਸ ਬੰਧਨ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦੇ ਅੰਮ੍ਰਿਤ ਨਾਮ ਨੂੰ ਪੀਣਾ ਹੀ ਹੈ, ਜਿਸ ਅੰਮ੍ਰਿਤ ਨੂੰ ਸੰਸਾਰ ਦਾ ਕੋਈ ਵੀ ਮਨੁੱਖ ਪੀ ਸਕਦਾ ਹੈ ਤੇ ਬੰਧਨ ਟੁੱਟਣ ਦੁਆਰਾ ਹੀ ਮਨ ਦੇ ਅੰਦਰੋਂ ਚੌਥੇ ਪਦ ਦੇ ਗਿਆਨ ਦੇ ਮਾਲਕ, ਨਾਮ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਜੋ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ ਉਹੀ ਮਨ ਦੇ ਅੰਦਰ ਸਹਜ ਦੀ ਅਵਸਥਾ ਦੀ ਪ੍ਰਾਪਤੀ ਕਰਦਾ ਹੈ ਭਾਵ ਚੌਥੇ ਪਦੇ ਦੇ ਗਿਆਨ ਵਾਲੀ ਸਮਝ ਦੀ ਪ੍ਰਾਪਤੀ ਕਰਦਾ ਹੈ ਜਿਸ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਵਿੱਚ ਹੀ ਭਾਵ ਬ੍ਰਹਮਗਿਆਨ ਵਾਲੀ ਸਮਝ ਦੇ ਵਿੱਚ ਹੀ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਤੇ ਸ੍ਰਿਸ਼ਟੀ ਦੀ ਹਰ ਵਸਤੂ ਦੇ ਵਿੱਚ ਹਰ ਵੇਲੇ ਮੌਜੂਦ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਤਰੀਕਾ ਸਾਰੇ ਸੰਸਾਰ ਲਈ ਗੁਰੂ ਦਾ ਅੰਮ੍ਰਿਤ ਪੀਣ ਦਾ ਹੀ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੀ ਹੈ ਭਾਵ ਆਪਣੀ ਸਮਝ ਛੱਡਣ ਦਾ ਹੀ ਹੈ ਭਾਵ ਸੰਸਾਰ ਵਿੱਚ ਉਸ ਤਰੀਕੇ ਨਾਲ ਵਿਚਰਣ ਦਾ ਹੈ ਜਿਸ ਤਰੀਕੇ ਸਾਨੂੰ ਗੁਰੂ ਸਮਝਾਉਂਦਾ ਹੈ ਤੇ ਗੁਰੂ ਹਰ ਸੰਸਾਰੀ ਮਨੁੱਖ ਲਈ ਸੱਚੇ ਸੁੱਚੇ ਕਰਮ ਕਰਨ ਲਈ ਹੀ ਸਮਝਾਉਂਦਾ ਹੈ। ਇਹ ਸੰਸਾਰ ਸ੍ਰਿਸ਼ਟੀ ਦੇ ਕਰਤੇ ਦੀ ਬਣਾਈ ਹੋਈ ਖੇਡ ਹੀ ਹੈ ਜਿਸਦੀ ਸਮਝ ਉਸ ਗੁਰੂ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਤਿਆਰ ਕੀਤਾ ਹੋਇਆ ਅੰਮ੍ਰਿਤ ਪੀਣ ਦੁਆਰਾ ਹੀ ਪੈਂਦੀ ਹੈ ਜੋ ਉਸਦਾ ਤਿਆਰ ਕੀਤਾ ਹੋਇਆ ਅੰਮ੍ਰਿਤ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਇਸੇ

52/7258

ਲਈ ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ। ਗੁਰਬਾਣੀ ਵਿੱਚੋਂ ਉਸਦਾ ਅੰਮ੍ਰਿਤ ਕਿਸ ਰੂਪ ਵਿੱਚ ਹੈ ਤੇ ਉਸਦਾ ਅੰਮ੍ਰਿਤ ਪੀਣ ਨਾਲ

ਕਿਸੇ ਵੀ ਸੰਸਾਰੀ ਮਨੁੱਖ ਨੂੰ ਕਿਹੋ ਜਿਹੀ ਪ੍ਰਾਪਤੀ ਹੁੰਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸੰਸਾਰ ਦਾ ਕੋਈ ਵੀ ਮਨੁੱਖ ਆਸਾਨੀ ਨਾਲ ਸਮਝ ਸਕਦਾ ਹੈ ਕਿਉਂਕਿ ਗੱਲ ਉਹੀ ਹੈ ਜੋ ਅਸੀਂ ਹੁਣ ਤਕ ਗੁਰੂ ਦੇ ਨਾਮ ਬਾਰੇ, ਗੁਰੂ ਦਾ ਅੰਮ੍ਰਿਤ ਪੀਣ ਬਾਰੇ ਹੁਣ ਤਕ ਪਹਿਲੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝੀ ਹੈ। ਗੁਰੂ ਦੇ ਸ਼ਬਦਾਂ ਦੀ ਵਿਚਾਰ ਕਦੇ ਬਦਲ ਨਹੀਂ ਸਕਦੀ ਭਾਵੇਂ ਜਿਹੜੇ ਮਰਜੀ ਸ਼ਬਦ ਦੁਆਰਾ ਸਮਝ ਲਈਏ ਸਿਰਫ ਸਮਝਾਉਣ ਦਾ ਤਰੀਕਾ ਵੱਖਰਾ ਵੱਖਰਾ ਹੁੰਦਾ ਹੈ। ਆਉ ਸਮਝੋ ਗੁਰੂ ਦਾ ਅੰਮ੍ਰਿਤ ਪੀਣਾ ਕੀ ਹੈ ਜੋ ਅੰਮ੍ਰਿਤ ਪੀਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਅਸੀਂ ਉਪਰ ਚਰਚਾ ਕੀਤੀ ਹੈ।

ਗਉੜੀ ਮਹਲਾ ੫ ॥

{ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥
ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ - ੨੦੬)

ਉਪਰ ਵਾਲੇ ਸ਼ਬਦ ਰਾਹੀਂ ਕੀ ਸਮਝਾਇਆ ਹੋਇਆ ਹੈ ਇਸ ਦਾ ਜਿਕਰ ਅਸੀਂ ਸ਼ਬਦ ਲਿਖਣ ਤੋਂ ਪਹਿਲਾਂ ਕੀਤਾ ਹੀ ਹੈ। ਜਿਸਦੇ ਅੰਦਰ ਭਾਵ ਜਿਸਦੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਚੌਥੇ ਪਦ ਦੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਉਸ ਚੌਥੇ ਪਦ ਦੇ ਗਿਆਨ ਦੀ ਸਮਝ ਪੈਣਾ ਹੀ ਉਸਦੇ ਅੰਮ੍ਰਿਤ ਨਾਮ ਨੂੰ ਪੀਣਾ ਹੈ ਜੋ ਅੰਮ੍ਰਿਤ ਨਾਮ ਪੀਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਜਿਸ ਮਨੁੱਖ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਅੰਮ੍ਰਿਤ ਨਾਮ ਦਾ ਪ੍ਰਕਾਸ਼ ਕਰਦਾ ਹੈ ਉਹੀ ਇਸ ਸੰਸਾਰ ਦੀ ਖੇਡ ਨੂੰ ਸਮਝ ਸਕਦਾ ਹੈ ਜਿਵੇਂ ਕਿ ਉਪਰ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ। ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਨਾ ਕੋਈ ਸੰਸਾਰ ਵਿੱਚ ਆਉਂਦਾ ਹੈ ਤੇ ਨਾ ਕੋਈ ਸੰਸਾਰ ਤੋਂ ਜਾਂਦਾ ਹੈ ਭਾਵ ਸਭ ਕੁਝ ਸੰਸਾਰ ਵਿੱਚ ਐਥੇ ਪੰਜਾਂ ਤੱਤਾਂ ਤੋਂ ਹੀ ਹਰ ਕੋਈ ਉਪਜਦਾ ਹੈ ਤੇ ਬਿਨਸਨ ਦੁਆਰਾ ਪੰਜਾਂ ਤੱਤਾਂ ਵਿੱਚ ਰੱਲ ਕੇ ਐਥੇ ਸੰਸਾਰ ਵਿੱਚ ਰਹਿ ਜਾਂਦਾ ਹੈ। ਇਹ ਸ੍ਰਿਸ਼ਟੀ ਦੇ ਕਰਤੇ ਦੀ ਬਣਾਈ ਹੋਈ ਖੇਡ ਹੀ ਹੈ ਤੇ ਹਰ ਮਨੁੱਖ ਭਰਮ ਵਿੱਚ ਹੀ ਸਰੀਰ ਨੂੰ ਆਪਣਾ ਸਮਝਦਾ ਹੈ ਤੇ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ। ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਣਾ ਸ੍ਰਿਸ਼ਟੀ ਦੇ ਹਰ ਮਨੁੱਖ ਦਾ ਭਰਮ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਤੇ ਉਹੀ ਗੱਲ ਉਪਰ ਸ਼ਬਦ ਰਾਹੀਂ ਸਮਝਾਈ ਹੋਈ ਹੈ। ਸ੍ਰਿਸ਼ਟੀ ਦੇ ਕਰਤੇ ਦੀ ਇਸ ਖੇਡ ਦੀ ਸਮਝ ਮਨ ਦੇ ਵਿੱਚ ਉਸਦਾ ਅੰਮ੍ਰਿਤ ਨਾਮ ਪੀਣ ਦੁਆਰਾ ਪੈਂਦੀ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਪ੍ਰਕਾਸ਼ ਹੋਣ ਦੁਆਰਾ ਪੈਂਦੀ ਹੈ ਭਾਵ ਬ੍ਰਹਮਗਿਆਨ ਵਾਲੀ ਸਮਝ ਦਾ, ਸਹਜਿ ਗਿਆਨ ਵਾਲੀ ਸਮਝ ਦਾ ਪ੍ਰਕਾਸ਼ ਹੋਣ ਦੁਆਰਾ ਪੈਂਦੀ ਹੈ ਜੋ ਪ੍ਰਕਾਸ਼ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਪ੍ਰਗਟ ਹੋ ਕੇ ਕਰਦਾ ਹੈ ਜਿਵੇਂ ਕਿ ਉਸਨੇ ਭਗਤਾਂ ਦੇ, ਗੁਰੂ ਸਾਹਿਬਾਨ ਦੇ ਮਨ ਦੀ ਸਮਝ ਵਿੱਚ ਪ੍ਰਗਟ

ਹੋ ਕੇ ਉਨ੍ਹਾਂ ਨੂੰ ਆਪਣੇ ਨਾਮ ਦੀ ਦਾਤਿ ਬਖਸ਼ੀ ਹੈ ਜਿਸ ਮਨ ਦੀ ਉੱਚੀ ਸਮਝ ਦੁਆਰਾ ਉਨ੍ਹਾਂ ਨੂੰ ਇਸ ਸੰਸਾਰ ਦੀ ਖੇਡ ਸਮਝ ਆਈ ਹੈ ਤੇ ਪੂਰੀ ਗੁਰਬਾਣੀ ਰਾਹੀਂ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਸਮਝਾਈ ਹੈ। ਉਹ ਸ੍ਰਿਸ਼ਟੀ ਦਾ ਕਰਤਾ ਹਰ ਮਨੁੱਖ ਲਈ ਇੱਕੋ ਜਿਹਾ ਅਗਮ ਹੈ ਭਾਵ ਹਰ ਮਨੁੱਖੀ ਸਮਝ ਦੀ ਪਹੁੰਚ ਤੋਂ ਬਾਹਰ ਹੈ, ਇਹ ਕੇਵਲ ਤੇ ਕੇਵਲ

ਉਸਦੀ ਰਜਾ ਹੈ ਕਿ ਉਹ ਆਪਣੇ ਰਚੇ ਹੋਏ ਸੰਸਾਰ ਦੀ ਰਚਨਾ ਵਿੱਚੋਂ ਕਿਸ ਮਨੁੱਖੀ ਸਰੀਰ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਤੇ ਉਸਨੂੰ ਆਪਣਾ ਨਾਮ ਬਖਸ਼ਕੇ ਭਾਵ ਚੌਥੇ ਪਦ ਦਾ ਗਿਆਨ ਬਖਸ਼ਕੇ ਆਪਣੇ ਆਪ ਦੀ ਸਮਝ ਪਾਉਂਦਾ ਹੈ ਤੇ ਇਸ ਸੰਸਾਰ ਦੀ ਉਸਨੇ ਰਚਨਾ ਕਿਵੇਂ ਕੀਤੀ ਹੈ ਤੇ ਕਿਸ ਮਕਸਦ ਲਈ ਕੀਤੀ ਹੈ ਇਹ ਸਭ ਕੁਝ ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ ਜੋ ਮਨ ਦੀ ਸਮਝ ਵਿੱਚ ਬੈਠਾ ਆਪਣੇ ਉਸ ਮਨੁੱਖੀ ਰੂਪ ਨਾਲ ਹਰ ਵੇਲੇ ਮਨ ਦੇ ਵਿੱਚ ਹੀ ਗੱਲਾਂ ਕਰਦਾ ਰਹਿੰਦਾ ਹੈ ਤੇ ਆਪਣੀ ਰਚੀ ਹੋਈ ਬਾਣੀ ਦੇ ਸ਼ਬਦਾਂ ਦੀ ਆਪਣੀ ਰਜਾ ਅਨੁਸਾਰ ਸੋਝੀ ਪਾਉਂਦਾ ਹੀ ਰਹਿੰਦਾ ਹੈ ਤੇ ਆਪਣੀ ਖੇਡ ਦੀ ਸੋਝੀ ਆਪ ਹੀ ਪਾਉਂਦਾ ਹੈ ਜਿਸ ਆਪਣੀ ਖੇਡ ਦੁਆਰਾ ਹਰ ਕਿਸੇ ਦੇ ਅੰਦਰ ਹੀ ਵਰਤ ਰਿਹਾ ਹੈ ਪਰ ਉਹ ਆਪਣੀ ਖੇਡ ਕਿਸੇ ਨੂੰ ਸਮਝ ਨਹੀਂ ਆਉਣ ਦਿੰਦਾ ਕਿਉਂਕਿ ਮਨ ਦੀ ਸਮਝ ਦਾ ਮਾਲਕ ਉਹ ਆਪ ਹੀ ਹੈ। ਸਭ ਦੇ ਅੰਦਰ ਜੋਤਿ ਦੇ ਰੂਪ ਵਿੱਚ ਉਹ ਆਪ ਹੀ ਹੈ ਜਿਸ ਜੋਤਿ ਦਾ ਮਕਸਦ ਹੀ ਮਨ ਦੇ ਵਿੱਚ ਸਮਝ ਪਾਉਣ ਦਾ ਹੈ। ਸਭ ਦੇ ਅੰਦਰ ਜੋਤਿ ਉਸੇ ਦੀ ਹੀ ਵਰਤਦੀ ਹੈ ਤੇ ਇਹ ਉਸ ਦੀ ਮਰਜੀ ਹੈ ਕਿ ਆਪਣੀ ਜੋਤਿ ਰਾਹੀਂ ਭਾਵੇਂ ਕਿਸੇ ਨੂੰ ਭਰਮਾਂ ਵਿੱਚ ਪਾ ਕੇ ਰੱਖੇ ਤੇ ਭਾਵੇਂ ਕਿਸੇ ਤੇ ਕਿਰਪਾ ਕਰਕੇ ਉਸਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਲਵੇ ਭਾਵ ਮਨ ਦੇ ਬੰਧਨ ਵਿੱਚੋਂ ਕੱਢ ਲਵੇ, ਆਪਣਾ ਨਾਮ ਬਖਸ਼ਣ ਦੁਆਰਾ ਕੱਢ ਲਵੇ। (**ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥1॥ ਰਹਾਉ ॥ ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥ ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥1॥ ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥ ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥2॥ ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥ ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥3॥ ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥ ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥4॥15॥136॥**)

ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਕਰਨ ਦਾ ਤਰੀਕਾ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਹੀ ਹੈ ਜੋ ਕਿ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੈ ਜਿਸ ਮਨ ਦੀ ਅਗਿਆਨਤਾ ਵਿੱਚੋਂ ਕੇਵਲ ਤੇ ਕੇਵਲ ਸਾਨੂੰ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਚੌਥੇ ਪਦ ਵਾਲਾ ਗਿਆਨ ਹੀ ਕੱਢ ਸਕਦਾ ਹੈ ਤੇ ਹੋਰ ਕੋਈ ਵੀ ਮਨੁੱਖੀ ਗਿਆਨ ਨਹੀਂ ਕੱਢ ਸਕਦਾ ਭਾਵੇਂ ਕੋਈ ਆਪਣੇ ਆਪ ਨੂੰ ਪੂਰੇ ਸੰਸਾਰ ਵਿੱਚ ਜਿਤਨਾ ਮਰਜੀ ਧਰਮ ਦਾ ਗਿਆਨਵਾਨ ਅਖਵਾਉਂਦਾ ਹੋਵੇ। ਵੱਖਰੇ ਵੱਖਰੇ ਧਰਮ ਦੇ ਮਾਰਗ ਤੇ ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ ਵੱਖਰੇ ਰੂਪ ਸਾਨੂੰ ਇਹੋ ਜਿਹੇ ਗਿਆਨਵਾਨ ਅਖਵਾਉਣ ਵਾਲੇ ਹੀ ਸਮਝਾਉਂਦੇ ਹਨ ਜੋ ਕਿ ਪੂਰੇ ਸੰਸਾਰ ਵਿੱਚ ਅਨੇਕਾਂ ਹੀ ਹਨ ਤੇ ਉਨ੍ਹਾਂ ਦੇ ਪਿੱਛੇ ਲਗਣ ਵਾਲੇ ਵੀ ਬੇਸ਼ੁਮਾਰ ਹਨ। ਉਸ ਸ੍ਰਿਸ਼ਟੀ ਦੇ ਕਰਤੇ ਨੂੰ ਕੇਵਲ ਤੇ ਕੇਵਲ ਮਨ ਦੀ ਸੱਚੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਉਸਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ ਹੈ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉਹੀ ਸ੍ਰਿਸ਼ਟੀ

ਦੇ ਕਰਤੇ ਨੂੰ ਜਾਨਣ ਦਾ ਤਰੀਕਾ ਅਸੀਂ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਹੈ। ਇਹੀ ਗੱਲ ਅਸੀਂ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰ ਸਕਦੇ ਹਾਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸ੍ਰਿਸ਼ਟੀ ਦਾ ਕਰਤਾ ਕਿਸ ਰੂਪ ਵਿੱਚ ਮਿਲਿਆ ਹੈ ਤੇ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦਾ ਸੱਚ ਕਿਹੋ ਜਿਹੀ ਸਮਝ ਦੁਆਰਾ ਬਿਆਨ ਕੀਤਾ ਹੈ।

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ - ੨੦੪-੨੦੫)

ਉਪਰ ਵਾਲੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ। ਅਕਾਲਪੁਰਖ ਵਲੋਂ ਸਮਝਾਉਣ ਵਿੱਚ ਤਾਂ ਕੋਈ ਕਮੀ ਨਹੀਂ ਹੈ। ਉਪਰ ਸ਼ਬਦ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਅਕਾਲਪੁਰਖ ਦੇ ਨਾਲ ਮਨੁੱਖ ਦਾ ਪੜਦਾ ਕੇਵਲ ਮਨ ਦੀ ਹਉਮੈ ਕਰਕੇ ਹੈ ਤੇ ਜਿਸਦੀ ਹਉਮੈ ਨਿਕਲ ਜਾਂਦੀ ਹੈ ਉਹ ਆਪਣੇ ਅੰਦਰੋਂ ਅਲਖ ਨੂੰ ਦੇਖ ਲੈਂਦਾ ਹੈ ਭਾਵ ਮਨ ਦੀ ਸਮਝ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ ਜੋ ਉਸਨੂੰ ਜਾਨਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਹਉਮੈ ਰੂਪ ਪੜਦਾ ਵੀ ਸਭ ਦੇ ਅੰਦਰ ਭਾਵ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਉਸ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ ਤੇ ਉਸ ਪੜਦੇ ਵਿੱਚੋਂ ਕਿਸੇ ਨੂੰ ਕੱਢ ਵੀ ਉਹ ਆਪ ਹੀ ਸਕਦਾ ਹੈ ਜੋ ਕਿ ਉਹ ਕਿਸੇ ਨੂੰ ਆਪਣਾ ਸਹਜ ਗਿਆਨ ਭਾਵ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਕੱਢਦਾ ਹੈ। ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਸਮਝਦੇ ਆ ਰਹੇ ਹਾਂ ਕਿ ਪੂਰੇ ਸੰਸਾਰ ਵਿੱਚ ਸਭ ਤੋਂ ਜਰੂਰੀ ਗੱਲ ਹਉਮੈ ਤੇ ਨਾਮ ਦੇ ਵਿੱਚ ਫਰਕ ਸਮਝਣ ਦੀ ਹੈ ਜਿਸਨੂੰ ਸਮਝੇ ਬਿਨ੍ਹਾਂ ਅਸੀਂ ਨਾਮ ਦੇ ਮਾਲਕ, ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਸੱਚਾ ਉਦਮ ਹੀ ਨਹੀਂ ਕਰ ਸਕਦੇ। ਜਿਤਨੇ ਵੀ ਆਪਣੇ ਆਪ ਨੂੰ ਨਾਮ ਜਪਣ ਵਾਲੇ ਸਮਝਦੇ ਹਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ, ਹਉਮੈ ਤੋਂ ਬਿਨਾਂ ਤਾਂ ਕੋਈ ਵੀ ਨਹੀਂ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਅਸਲੀਅਤ ਨੂੰ ਜਾਨਣ ਵਾਲਾ ਤਾਂ ਕੋਈ ਵੀ ਨਹੀਂ ਹੈ। ਜੋ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਦਾ ਹੈ ਉਹੀ ਕੇਵਲ ਹਉਮੈ ਤੋਂ ਰਹਿਤ ਹੁੰਦਾ ਹੈ ਜਿਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਸ੍ਰਿਸ਼ਟੀ ਦਾ ਕਰਤਾ ਆਪ ਹੀ ਆਪਣੀ ਖੇਡ ਸਮਝਾਉਂਦਾ ਹੈ ਫਿਰ ਉਹ ਮਨੁੱਖ ਇਹ ਨਹੀਂ ਕਹਿ ਸਕਦਾ ਕਿ ਇਹ ਸਰੀਰ ਮੇਰਾ ਹੈ, ਇਹ ਸਮਝ ਮੇਰੀ ਹੈ ਭਾਵ ਜਿਸਦੀ ਹਉਮੈ ਨਿਕਲ ਜਾਂਦੀ ਹੈ ਉਸਨੂੰ ਸਭ ਵਿੱਚ ਤੇ ਸਭ ਜਗ੍ਹਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਹੀ ਨਜਰ ਆਉਂਦਾ ਹੈ ਭਾਵ ਹਰ ਆਕਾਰ ਰੂਪ ਵਿੱਚ ਉਸਦੇ ਨਿਰੰਕਾਰ ਰੂਪ ਦੇ ਹੋਣ ਦਾ ਪਤਾ ਲੱਗ ਜਾਂਦਾ ਹੈ ਭਾਵ ਉਸਦਾ ਨਾਮ ਸਭ ਜਗ੍ਹਾ ਤੇ ਸਭ ਵਿੱਚ ਜਿਸ ਤਰੀਕੇ ਵਰਤ ਰਿਹਾ ਹੈ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ। ਆਪਣੇ ਆਪ ਨੂੰ ਨਾਮ ਰਸੀਆ

ਅਖਵਾਉਣ ਵਾਲੇ ਕਿਤਨੇ ਕੁ ਵੱਡੇ ਭਰਮ ਵਿੱਚ ਹਨ ਇਸ ਦੀ ਸਮਝ ਉਨ੍ਹਾਂ ਨੂੰ ਹੁਣ ਤਕ ਜਰੂਰ ਲੱਗ ਚੁੱਕੀ ਹੋਵੇਗੀ ਤੇ ਜਿਸਨੂੰ ਨਹੀਂ ਲੱਗੀ ਉਹ ਫਿਰ ਭਰਮ ਛੱਡਣਾ ਹੀ ਨਹੀਂ ਚਾਹੁੰਦਾ ਭਾਵ ਗੁਰੂ ਦੀ ਸਮਝ ਨੂੰ ਆਪਣੀ ਸਮਝ ਨਾਲੋਂ ਨੀਵਾਂ ਹੀ ਸਮਝਦਾ ਹੈ। ਇਹੀ ਹਉਮੈ ਹੈ ਜੋ ਮਨੁੱਖ ਨੂੰ ਮਨ ਦੀ ਅਗਿਆਨਤਾ ਨਾਲ ਬੰਨਕੇ ਰੱਖਦੀ ਹੈ ਭਾਵ ਅਗਿਆਨਤਾ ਨੂੰ ਛੱਡਣ ਹੀ ਨਹੀਂ ਦਿੰਦੀ। ਜਿਸਨੇ ਸਾਡੇ ਅੰਦਰ ਇਤਨੀ ਵੱਡੀ ਅਗਿਆਨਤਾ ਪਾਈ ਹੋਈ ਹੈ ਉਹ ਆਪ ਹੀ ਕਿਸੇ ਨੂੰ ਚਾਹੇਗਾ ਤੇ ਉਸਦੀ ਅਗਿਆਨਤਾ ਕੱਢਕੇ ਆਪਣੇ ਸੱਚ ਨਾਲ ਜੋੜਣ ਦਾ ਉਸ ਕੋਲੋਂ ਉਦਮ ਕਰਵਾਏਗਾ। ਸਭ ਕੁਝ ਮਨੁੱਖ ਕੋਲੋਂ ਉਸਦੇ ਅੰਦਰ ਦੀ ਜੋਤ ਹੀ ਕਰਵਾਉਂਦੀ ਹੈ ਜਿਸ ਜੋਤ ਤੋਂ ਰਹਿਤ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਸਾਨੂੰ ਭਰਮਾਂ ਵਿੱਚ ਪਾਉਣ ਵਾਲੀ ਵੀ ਸਾਡੀ ਜੋਤ ਹੈ, ਸਾਡੇ ਅੰਦਰ ਦੀ ਜੋਤ ਹੈ ਤੇ ਭਰਮਾਂ ਵਿੱਚੋਂ ਕੱਢਣ ਵਾਲੀ ਵੀ ਸਾਡੇ ਅੰਦਰ ਦੀ ਜੋਤ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ, ਆਪਣੇ ਅੰਦਰ ਦੀ ਜੋਤ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਹਰ ਕੋਈ ਦ੍ਰਿੜ ਕਰ ਸਕਦਾ ਹੈ ਤੇ ਸਾਨੂੰ ਮੈਂ ਸਿਖਾਉਣ ਵਾਲੀ ਭਾਵ ਸਾਡੇ ਅੰਦਰ ਹਉਮੈ ਪਾਉਣ ਵਾਲੀ ਸਾਡੇ ਅੰਦਰ ਦੀ ਜੋਤ ਹੀ ਹੈ ਜਿਸ ਜੋਤ ਤੇ ਮਨੁੱਖ ਦਾ ਵੱਸ ਹੀ ਕੀ ਚੱਲ ਸਕਦਾ ਹੈ।

ਪ੍ਰਭਾਤੀ ॥

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ - ੧੩੫੧)

ਇਸ ਗੱਲ ਨੂੰ ਤਾਂ ਹਰ ਕੋਈ ਮੰਨਦਾ ਹੈ ਕਿ ਸਭ ਦੇ ਅੰਦਰ, ਸਭ ਜਗ੍ਹਾ ਸ੍ਰਿਸ਼ਟੀ ਦੇ ਕਰਤੇ ਦੀ ਜੋਤਿ ਹੀ ਵਰਤਦੀ ਹੈ ਪਰ ਉਹ ਜੋਤਿ ਕੀ ਹੈ ਤੇ ਸਭ ਦੇ ਅੰਦਰ ਕਿਸ ਤਰੀਕੇ ਵਰਤਦੀ ਹੈ ਇਸ ਗੱਲ ਦੀ ਸਮਝ ਆਪਣੇ ਅੰਦਰੋਂ ਜੋਤਿ ਦੇ ਮਾਲਕ ਨੂੰ ਉਸਦੀ ਜੋਤਿ ਰਾਹੀਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ। ਪੂਰੀ ਗੁਰਬਾਣੀ ਦੀ ਰਚਨਾ ਜੋਤਿ ਦੇ ਮਾਲਕ ਜੋਤਿ ਰੂਪ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪ ਹੀ ਕਰਵਾਈ ਹੈ। ਅਸੀਂ ਲੇਖ ਵਿੱਚ ਪਿੱਛੇ ਜਪੁਜੀ ਬਾਣੀ ਦੇ ਅਰਥ ਸਮਝੇ ਹਨ ਜਿਨ੍ਹਾਂ ਸ਼ਬਦਾਂ ਨੂੰ ਜਿਆਦਾ ਪੜਿਆ ਜਾਂਦਾ ਹੈ ਤੇ ਹਰ ਕੋਈ ਉਨ੍ਹਾਂ ਨੂੰ ਸਮਝਣਾ ਚਾਹੁੰਦਾ ਹੈ। ਗੁਰੂ ਗੁਰਬਾਣੀ ਦੇ ਸ਼ਬਦਾਂ ਵਿੱਚ ਕਿਤੇ ਕੋਈ ਅਕਾਲਪੁਰਖ ਦੇ ਨਾਲ ਮੇਲ ਕਰਨ ਲਈ, ਉਸਨੂੰ ਜਾਨਣ ਲਈ ਕੋਈ ਵੱਖਰੀ ਗੱਲ ਨਹੀਂ ਸਮਝਾਈ ਹੋਈ ਭਾਵੇਂ ਪੂਰੀ ਗੁਰਬਾਣੀ ਦੇ ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਈਏ। ਗੁਰੂ ਦਾ ਹਰ ਸ਼ਬਦ ਇੱਕੋ ਜਿਤਨਾ ਹੀ ਉੱਚਾ ਹੈ ਕਿਉਂਕਿ ਗੁਰਬਾਣੀ ਦੇ ਹਰ ਸ਼ਬਦ ਵਿੱਚ ਗੁਰੂ ਦਾ ਨਾਮ ਹੀ ਹੈ ਜਿਸ ਤੋਂ ਉੱਚੀ ਸਮਝ ਕਿਸੇ ਦੀ ਹੋ ਹੀ ਨਹੀਂ ਸਕਦੀ ਕਿਉਂਕਿ ਨਾਮ ਰੂਪ ਗਿਆਨ ਦੇ ਵਿੱਚ ਹੀ ਅਕਾਲਪੁਰਖ ਆਪ ਹੈ ਤੇ ਪੂਰੀ ਗੁਰਬਾਣੀ ਵਿੱਚ ਅਕਾਲਪੁਰਖ ਦਾ ਆਪਣਾ ਹੀ ਪਾਇਆ ਹੋਇਆ ਗਿਆਨ ਹੈ ਜੋ ਉਸਦਾ ਗਿਆਨ ਕਿਸੇ ਸ਼ਬਦ ਰਾਹੀਂ

ਉੱਚਾ ਜਾਂ ਨੀਵਾਂ ਕਿਵੇਂ ਹੋ ਸਕਦਾ ਹੈ ਭਾਵ ਹਰ ਸ਼ਬਦ ਦੀ ਵਿਚਾਰ ਇੱਕੋ ਜਿਹੀ ਉੱਚੀ ਹੈ ਭਾਵ ਉੱਚੇ ਗਿਆਨ ਵਾਲੀ ਹੈ ਜਿਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਰਾਮਕਲੀ ਮਹਲਾ ੧ ॥

{ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥
ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥
ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥
ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥
ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥
ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥
ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥
ਗਣਤ ਗਣੀਐ ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥
ਕਰਿ ਅਪਰਾਧ ਸਰਣਿ ਹਮ ਆਇਆ ॥ ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥
ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥

ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥
ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥
ਏਕੁ ਬੁਰਾ ਭਲਾ ਸਚੁ ਏਕੈ ॥ ਬੂਝੁ ਗਿਆਨੀ ਸਤਗੁਰ ਕੀ ਟੇਕੈ ॥
ਗੁਰਮੁਖਿ ਵਿਰਲੀ ਏਕੋ ਜਾਣਿਆ ॥ ਆਵਣੁ ਜਾਣਾ ਮੇਟਿ ਸਮਾਣਿਆ ॥੮॥
ਜਿਨ ਕੈ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥
ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥੯॥੪॥}

(ਅੰਗ - ੯੦੪-੯੦੫)

ਆਸਾ ਮਹਲਾ ੧ ॥

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥
ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥
ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥
ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥
ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥
ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥
ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥}

(ਅੰਗ - ੩੫੫)

{ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥
ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥
ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥
ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ - ੫)

ਮਾਝ ਮਹਲਾ ੩ ॥

{ਸੇ ਸਚਿ ਲਾਗੇ ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ ਸਹਜ ਸੁਭਾਏ ॥

ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥
ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥੧॥ ਰਹਾਉ ॥
ਜਹ ਦੇਖਾ ਸਚੁ ਸਭਨੀ ਥਾਈ ॥ ਗੁਰ ਪਰਸਾਦੀ ਮੰਨਿ ਵਸਾਈ ॥
ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥੨॥
ਮਨਸਾ ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥
ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥
ਗੁਰ ਕੈ ਸਬਦਿ ਰਿਦੈ ਦਿਖਾਇਆ ॥ ਮਾਇਆ ਮੋਹੁ ਸਬਦਿ ਜਲਾਇਆ ॥
ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥
ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥ ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥
ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥੫॥
ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ - ੧੧੯-੧੨੦)

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਕਿ ਅਕਾਲਪੁਰਖ ਸ਼ਬਦਾਂ ਦੀ ਵਿਚਾਰ ਦੇ ਵਿੱਚ ਹੀ ਪੂਰੀ ਗੁਰਬਾਣੀ ਵਿੱਚ ਆਪ ਸਮਾਇਆ ਹੋਇਆ ਹੈ ਤੇ ਸ਼ਬਦਾਂ ਦੇ ਅੰਦਰ ਦੀ ਵਿਚਾਰ ਹੀ ਉਸਦਾ ਨਾਮ ਹੈ ਤੇ ਸ਼ਬਦਾਂ ਦੀ ਵਿਚਾਰ ਤੋਂ ਉਪਰ ਸੰਸਾਰ ਦੀ ਹੋਰ ਕੋਈ ਵਿਚਾਰ ਨਹੀਂ ਹੋ ਸਕਦੀ ਜਿਵੇਂ ਕਿ ਉਪਰਲੇ ਸ਼ਬਦਾਂ ਰਾਹੀਂ ਹਰ ਕੋਈ ਸਮਝ ਸਕਦਾ ਹੈ। ਸਾਰੀ ਗੱਲ ਇੱਥੇ ਮੁਕਦੀ ਹੈ ਕਿ ਅਸੀਂ ਅਕਾਲਪੁਰਖ ਨੂੰ ਜਾਨਣ ਲਈ ਜਾਂ ਉਸਦਾ ਨਾਮ ਜਪਣ ਲਈ ਵਿਚਾਰ ਕਿੱਥੋਂ ਲੈਂਦੇ ਹਾਂ ਭਾਵ ਕਿਸਦੇ ਵਿਚਾਰਾਂ ਨਾਲ ਜੁੜਦੇ ਹਾਂ। ਜਾਨਣਾ ਤਾਂ ਅਸੀਂ ਅਕਾਲਪੁਰਖ ਨੂੰ ਚਾਹੁੰਦੇ ਹਾਂ ਜੋ ਹੈ ਹੀ ਸ਼ਬਦਾਂ ਦੇ ਵਿਚਾਰ ਦੇ ਵਿਚਾਰ ਦੇ ਰੂਪ ਵਿੱਚ ਪਰ ਮੰਨਦੇ ਉਨ੍ਹਾਂ ਦੇ ਵਿਚਾਰਾਂ ਨੂੰ ਹਾਂ ਜਿਨ੍ਹਾਂ ਦੇ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਬਿਲਕੁਲ ਹੀ ਨਹੀਂ ਰਲਦੇ ਭਾਵ ਇਹੋ ਜਿਹੇ ਭਗਤੀ ਦੇ ਮਾਰਗ ਸਮਝਾਉਣ ਵਾਲੇ ਜੋ ਖੁਦ ਭਰਮ ਵਿੱਚ ਹਨ, ਖੁਦ ਹਉਮੈ ਵਿੱਚ ਹਨ ਉਹ ਕਿਸੇ ਨੂੰ ਹਉਮੈ ਵਾਲੀ ਸਮਝ ਵਿੱਚੋਂ ਕੀ ਕਢਣਗੇ ਜਿਨ੍ਹਾਂ ਨੂੰ ਹਉਮੈ ਤੇ ਨਾਮ ਵਿੱਚ ਫਰਕ ਕੀ ਹੈ ਇਸ ਗੱਲ ਦੀ ਸਮਝ ਤਕ ਨਹੀਂ ਹੈ। ਇਹੋ ਜਿਹੇ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਹੀ ਸਾਨੂੰ ਸ਼ਬਦਾਂ ਦੀ ਵੱਧ ਤੋਂ ਵੱਧ ਕਥਨੀ ਦੇ ਨਾਲ ਜੋੜਦੇ ਹਨ, ਬਾਣੀ ਬਾਣੀ ਵਿੱਚ ਵੀ ਫਰਕ ਸਮਝਾਉਂਦੇ ਹਨ ਕਿ ਇਸ ਵੇਲੇ ਇਹ ਬਾਣੀ ਪੜਣ ਦਾ ਫਾਇਦਾ ਹੈ ਤੇ ਇਸ ਵੇਲੇ ਇਹ ਬਾਣੀ ਪੜਣ ਦਾ ਜਿਆਦਾ

ਫਾਇਦਾ ਹੈ। ਕੋਈ ਇਹ ਸਮਝਾਉਂਦਾ ਹੈ ਕਿ ਜਪੁਜੀ ਬਾਣੀ ਦਾ ਪਾਠ ਜਿਆਦਾ ਉੱਚਾ ਹੈ, ਕੋਈ ਸਮਝਾਉਂਦਾ ਹੈ ਸੁਖਮਨੀ ਬਾਣੀ ਦਾ ਪਾਠ ਜਿਆਦਾ ਉੱਚਾ ਹੈ ਤੇ ਕੋਈ ਅਨੰਦ ਸਾਹਿਬ ਬਾਣੀ ਦੀ ਮਹੱਤਤਾ ਸਮਝਾਉਂਦੇ ਹਨ ਭਾਵ ਹਰ ਕੋਈ ਸ਼ਬਦਾਂ ਦੀ ਕਥਨੀ ਦੇ ਨਾਲ ਜੋੜਦਾ ਹੈ ਜਦ ਕਿ ਸਾਰੀ ਗੱਲ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੀ ਹੈ ਤੇ ਬਾਣੀ ਦਾ ਹਰ ਸ਼ਬਦ ਸਾਨੂੰ ਇੱਕੋ ਜਿਹੀ ਉੱਚੀ ਵਿਚਾਰ ਹੀ ਦਿੰਦਾ ਹੈ ਜੋ ਗੁਰੂ ਦੀ ਹਰ ਵਿਚਾਰ ਦਾ ਮਕਸਦ ਸਾਨੂੰ ਭਰਮ ਦੇ ਪੜਦੇ ਵਿੱਚੋਂ ਕੱਢਣ ਦਾ ਹੈ, ਮਨ ਦੀ ਹਉਮੈ

ਵਿੱਚੋਂ ਕੱਢਣ ਦਾ ਹੈ ਕਿਉਂਕਿ ਗੁਰੂ ਦੇ ਹਰ ਸ਼ਬਦ ਦੀ ਵੀਚਾਰ ਦੇ ਅੰਦਰ ਕੇਵਲ ਨਾਮ ਰੂਪ ਗਿਆਨ ਹੈ, ਉਸਦਾ ਮਕਸਦ ਹੀ ਸਾਨੂੰ ਹਉਮੈ ਰੂਪ ਪੜਦੇ ਵਿੱਚੋਂ ਕੱਢਣ ਦਾ ਹੈ ਭਾਵੇਂ ਉਹ ਨਾਮ ਰੂਪ ਗਿਆਨ ਗੁਰਬਾਣੀ ਦੇ ਜਿਹੜੇ ਮਰਜੀ ਸ਼ਬਦ ਵਿੱਚੋਂ ਲੈ ਲਈਏ, ਜਿਹੜੇ ਵੇਲੇ ਮਰਜੀ ਲੈ ਲਈਏ ਗੁਰੂ ਨੂੰ ਇਸ ਗੱਲ ਦਾ ਕੀ ਫਰਕ ਪੈਂਦਾ ਹੈ ਕਿਉਂਕਿ ਗੁਰੂ ਦੀ ਪੂਰੀ ਬਾਣੀ ਵਿੱਚ ਨਾਮ ਹੀ ਹੈ ਭਾਵੇਂ ਉਸ ਬਾਣੀ ਦੇ ਸ਼ਬਦਾਂ ਨੂੰ ਅਸੀਂ ਜਪੁਜੀ ਬਾਣੀ ਦੇ ਨਾਮ ਨਾਲ ਜਾਣੀਏ, ਸੁਖਮਨੀ ਬਾਣੀ ਦੇ ਨਾਮ ਦੁਆਰਾ ਜਾਣੀਏ, ਅਨੰਦ ਸਾਹਿਬ ਬਾਣੀ ਦੇ ਨਾਮ ਨਾਲ ਜਾਣੀਏ, ਆਸਾ ਦੀ ਵਾਰ ਦੀ ਬਾਣੀ ਦੇ ਨਾਮ ਨਾਲ ਜਾਣੀਏ। ਸਾਰੀ ਗੱਲ ਤਾਂ ਸ਼ਬਦਾਂ ਦੀ ਵਿਚਾਰ ਨੂੰ ਜਾਨਣ ਦੀ ਹੈ ਜਿਸ ਦੁਆਰਾ ਅਸੀਂ ਮਨ ਦੇ ਭਰਮ ਰੂਪ ਪੜਦੇ ਦੇ ਵਿੱਚੋਂ, ਹਉਮੈ ਰੂਪ ਪੜਦੇ ਦੇ ਵਿੱਚੋਂ ਨਿਕਲਣ ਦਾ ਸੱਚਾ ਉਦਮ ਕਰ ਸਕਦੇ ਹਾਂ ਤੇ ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਉਹੋ ਜਿਹੇ ਸੱਚੇ ਕਰਮ ਕਰਨ ਦਾ ਸੱਚਾ ਉਦਮ ਕਰ ਸਕਦੇ ਹਾਂ ਜਿਸ ਸੱਚੇ ਉਦਮ ਦੁਆਰਾ ਸੰਸਾਰ ਦਾ ਕੋਈ ਵੀ ਮਨੁੱਖ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਅਸਲ ਉਦਮ ਕਰ ਸਕਦਾ ਹੈ। ਸ੍ਰਿਸ਼ਟੀ ਦੇ ਕਰਤੇ ਦਾ ਰਚਿਆ ਹੋਇਆ ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚੇ ਸੁੱਚੇ ਕਰਮ ਕਰਨ ਲਈ ਪ੍ਰੇਰਦਾ ਹੈ ਪਰ ਹਰ ਕੋਈ ਕੇਵਲ ਧਰਮ ਗ੍ਰੰਥਾਂ ਦੀ ਕਥਨੀ ਕਰੀ ਜਾਣ ਨੂੰ ਹੀ ਧਰਮ ਦਾ ਮਾਰਗ ਸਮਝਦਾ ਹੈ, ਇਹ ਕੇਵਲ ਉਸ ਦਾ ਭਰਮ ਹੈ ਤੇ ਭਰਮਾਂ ਵਾਲੀ ਸਮਝ ਨੂੰ ਛੱਡੇ ਬਿਨ੍ਹਾਂ ਕੋਈ ਉਸ ਪੜਦੇ ਵਿੱਚੋਂ ਨਹੀਂ ਨਿਕਲ ਸਕਦਾ ਜਿਸ ਭਰਮ ਰੂਪ ਪੜਦੇ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦਾ ਜੋ ਸਭ ਦੇ ਅੰਦਰ ਆਪਣੀ ਜੋਤਿ ਰਾਹੀਂ ਇੱਕੋ ਜਿਹੇ ਤਰੀਕੇ ਨਾਲ ਵਰਤ ਰਿਹਾ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵ ਉਸਨੂੰ ਆਪਣੇ ਅੰਦਰ ਦੀ ਜੋਤਿ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਜਿਸ ਮਨ ਦੀ ਜੋਤਿ ਰਾਹੀਂ ਹੀ ਸਭ ਨੂੰ ਮਨ ਦੇ ਵਿੱਚੋਂ ਸੋਝੀ ਪੈਂਦੀ ਹੈ। ਜਿਨ੍ਹਾਂ ਨੂੰ ਮਨ ਦੀ ਜੋਤਿ ਰਾਹੀਂ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੀ ਸੋਝੀ ਪਈ ਹੈ ਉਨ੍ਹਾਂ ਨੇ ਸ਼ਬਦਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਇੱਕੋ ਜਿਹੀ ਸੋਝੀ ਪਾਈ ਹੈ ਭਾਵੇਂ ਉਹ ਸੋਝੀ ਭਗਤਾਂ ਦੁਆਰਾ ਉਚਾਰੀ ਹੋਈ ਬਾਣੀ ਰਾਹੀਂ ਲੈ ਲਈਏ ਇਸ ਨਾਲ ਸ੍ਰਿਸ਼ਟੀ ਦੇ ਕਰਤੇ ਨੂੰ ਕੀ ਫਰਕ ਪੈਂਦਾ ਹੈ ਕਿਉਂਕਿ ਪੂਰੀ ਗੁਰਬਾਣੀ ਦਾ ਰਚਨਹਾਰ

52/7264

ਕੇਵਲ ਤੇ ਕੇਵਲ ਉਹ ਆਪ ਹੀ ਹੈ। ਪਿੱਛੇ ਲੇਖ ਵਿੱਚ ਅਸੀਂ ਜਪੁਜੀ ਬਾਣੀ ਵਿੱਚ ਉਚਾਰੇ ਹੋਏ ਸ਼ਬਦਾਂ ਰਾਹੀਂ ਭਗਤੀ ਦੇ ਮਾਰਗ ਨੂੰ ਸਮਝਿਆ ਹੈ, ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਮਾਰਗ ਸਮਝਿਆ ਹੈ। ਪ੍ਰਮਾਤਮਾ ਦੀ ਭਗਤੀ ਦਾ ਮਾਰਗ ਅਸੀਂ ਜਪੁਜੀ ਬਾਣੀ ਦੇ ਅਰਥ ਜਾਨਣ ਤੋਂ ਪਹਿਲਾਂ ਵੀ ਸਮਝਿਆ ਹੈ ਤੇ ਜਪੁਜੀ ਬਾਣੀ ਦੇ ਜਿਸ ਸ਼ਬਦ ਤਕ ਸਮਝਿਆ ਹੈ ਉਸ ਤੋਂ ਬਾਦ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਕੀ ਹੁਣ ਤਕ ਕਿਸੇ ਨੂੰ ਇਹ ਮਹਿਸੂਸ ਹੋਇਆ ਹੈ ਕਿ ਜਪੁਜੀ ਬਾਣੀ ਰਾਹੀਂ ਭਗਤੀ ਦਾ ਮਾਰਗ ਸਮਝਣ ਵਿੱਚ ਜਾਂ ਕਿਸੇ ਹੋਰ ਸ਼ਬਦਾਂ ਰਾਹੀਂ ਭਗਤੀ ਦਾ ਮਾਰਗ ਸਮਝਣ ਵਿੱਚ ਕੋਈ ਫਰਕ ਹੈ। ਅਗਰ ਕਿਸੇ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਗੁਰਬਾਣੀ ਦੇ ਅੰਦਰ ਦੀਆਂ ਬਾਣੀਆਂ ਵਿੱਚ ਵੀ ਕੋਈ ਫਰਕ ਹੋ ਸਕਦਾ ਹੈ ਭਾਵ ਕਿਸੇ ਖਾਸ ਬਾਣੀ ਨੂੰ ਕਿਸੇ ਖਾਸ ਵੇਲੇ ਪੜਣ ਦੀ ਜਿਆਦਾ ਮਹੱਤਤਾ ਹੈ ਇਹ ਉਸ ਮਨੁੱਖ ਦਾ ਵੱਡਾ ਭਰਮ ਹੈ। ਸਾਨੂੰ ਇਹ ਕੁਝ ਸਿਖਾਉਣ ਵਾਲੇ ਬਹੁਤ ਬੈਠੇ ਹਨ ਜਿਹੋ ਜਿਹੀਆਂ ਗੱਲਾਂ ਕਰਨ ਨਾਲ ਉਹ ਕੇਵਲ ਆਪਣੀ ਮਹੱਤਤਾ ਹੀ ਵਧਾਉਂਦੇ ਹਨ ਤੇ ਗੁਰੂ ਦੇ ਸਮਝਾਏ ਹੋਏ ਸੱਚ ਦੀ ਮਹੱਤਤਾ ਨੂੰ ਘਟਾਉਂਦੇ ਹਨ। ਗੁਰੂ ਦੇ ਹਰ ਸ਼ਬਦ ਦੀ ਮਹੱਤਤਾ ਇੱਕੋ ਜਿੰਨੀ ਹੀ ਹੈ ਭਾਵੇਂ ਜਿਹੜੇ ਮਰਜੀ ਸ਼ਬਦ ਰਾਹੀਂ ਵੀ ਉਸਦੀ ਮਹੱਤਤਾ ਨੂੰ ਸਮਝ ਲਈਏ ਜਿਸ ਲਈ ਕੇਵਲ ਮਨ ਦੀ ਸੱਚੀ ਸਮਝ ਦੀ ਹੀ ਲੋੜ ਹੈ ਜੋ ਸੱਚੀ ਸਮਝ ਧੰਨ ਧੰਨ ਧੰਨ ਸ੍ਰਿਸ਼ਟੀ ਦਾ ਕਰਤਾ ਕਿਸੇ ਦੇ ਅੰਦਰ ਆਪਣੀ ਮਨ ਰੂਪ ਜੋਤਿ ਰਾਹੀਂ ਪ੍ਰਗਟ ਹੋ ਕੇ ਆਪ ਹੀ ਕਿਸੇ ਮਨੁੱਖ ਦੇ ਅੰਦਰ ਪਾਉਂਦਾ ਹੈ। ਹੁਣ ਜਪੁਜੀ ਬਾਣੀ ਦੇ ਉਨ੍ਹਾਂ ਅਗਲੇ ਸ਼ਬਦਾਂ ਨੂੰ ਸਮਝਦੇ ਹਾਂ ਜਿਨ੍ਹਾਂ ਨੂੰ ਅਸੀਂ ਪਿੱਛੇ ਇਸੇ ਕਰਕੇ ਹੀ ਨਹੀਂ ਸਮਝਿਆ ਤਾਂ ਜੋ ਹਰ ਕੋਈ ਇਸ ਗੱਲ ਨੂੰ ਸਮਝ ਸਕੇ ਕਿ ਗੁਰਬਾਣੀ ਦਾ ਹਰ ਸ਼ਬਦ ਸਾਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾ ਰਿਹਾ ਹੈ, ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚਾ ਮਾਰਗ ਹੀ ਸਮਝਾ ਰਿਹਾ ਹੈ। ਆਉ ਹੁਣ ਜਪੁਜੀ ਬਾਣੀ ਦੇ ਅਗਲੇ ਸ਼ਬਦਾਂ ਨੂੰ ਸਮਝੀਏ ਜਿੰਨ੍ਹਾਂ ਨੂੰ ਅਸੀਂ ਪਿੱਛੇ ਨਹੀਂ ਸਮਝਿਆ।

“ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥"

(ਅੰਗ - ੭)

ਉਪਰ ਸ਼ਬਦ ਰਾਹੀਂ ਸਾਰੇ ਸੰਸਾਰ ਨੂੰ ਭਾਵ ਸੰਸਾਰ ਦੇ ਹਰ ਮਨੁੱਖ ਨੂੰ ਇਹੀ ਸਮਝਾਇਆ ਹੋਇਆ ਹੈ ਕਿ ਸਾਡੇ ਸਭ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪ ਹੀ ਵਰਤ ਰਿਹਾ ਹੈ। ਸਾਡਾ ਮਨ ਕੀ ਹੈ, ਪ੍ਰਮਾਤਮਾ ਕੀ ਹੈ, ਮਨ ਰੂਪ ਜੋਤਿ ਕੀ ਹੈ ਇਸ ਗੱਲ ਨੂੰ ਅਸੀਂ ਪੂਰੀ ਬਾਣੀ ਵਿੱਚੋਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਕਿ ਸ੍ਰਿਸ਼ਟੀ ਦਾ ਕਰਤਾ ਸਾਡੇ ਸਭ ਦੇ ਅੰਦਰ ਸਾਡੇ ਮਨ ਦੀ ਸਮਝ ਦੇ ਰੂਪ ਵਿੱਚ ਵਰਤ ਰਿਹਾ ਹੈ। ਅਸੀਂ ਜੋ ਕੁਝ ਵੀ ਆਖਦੇ ਹਾਂ ਭਾਵ ਮੁੱਖੋਂ ਬੋਲਦੇ ਹਾਂ ਉਹ ਮਨ ਦੀ ਸਮਝ ਰਾਹੀਂ ਹੀ ਬੋਲਦੇ ਹਾਂ ਤੇ ਜੇਕਰ ਅਸੀਂ ਕਿਸੇ ਵਜ੍ਹਾ ਕਰਕੇ ਚੁਪ ਰਹਿਣਾ ਚਾਹੁੰਦੇ ਹਾਂ ਉਸ ਵਜ੍ਹਾ ਦੀ ਸਮਝ

52/7265

ਸਾਨੂੰ ਮਨ ਦੇ ਵਿੱਚੋਂ ਹੀ ਪੈਂਦੀ ਹੈ ਤੇ ਉਪਰ ਪਹਿਲੀ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਇਹੀ ਸਮਝਾ ਰਹੇ ਹਨ ਕਿ ਕੁਝ ਵੀ ਆਖਣ ਵਿੱਚ ਜਾਂ ਨਾ ਆਖਣ ਵਿੱਚ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਚਲਦਾ ਭਾਵ ਮਨੁੱਖ ਦੀ ਸਮਝ, ਮਨੁੱਖ ਦੇ ਵਿਚਾਰ ਉਸਦੇ ਵੱਸ ਨਹੀਂ ਹਨ ਭਾਵ ਆਪਣੇ ਵਿਚਾਰਾਂ ਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਚਲਦਾ। (**ਆਖਣਿ ਜੋਰੁ ਚੁਪੈ ਨਹ ਜੋਰੁ ॥**) ਇਸੇ ਤਰ੍ਹਾਂ ਜਦੋਂ ਮਨੁੱਖ ਕਿਸੇ ਕੋਲੋਂ ਕੁਝ ਮੰਗਦਾ ਹੈ ਜਾਂ ਕਿਸੇ ਨੂੰ ਕੁਝ ਦਿੰਦਾ ਹੈ ਉਸ ਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਚਲਦਾ ਕਿਉਂਕਿ ਇਹ ਕੁਝ ਮਨੁੱਖ ਮਨ ਦੇ ਵਿਚਾਰਾਂ ਦੁਆਰਾ ਹੀ ਕਰਦਾ ਹੈ ਭਾਵ ਮਨੁੱਖ ਦੇ ਵਿਚਾਰ ਮਨੁੱਖ ਦੇ ਵੱਸ ਨਹੀਂ ਹਨ। (**ਜੋਰੁ ਨ ਮੰਗਣਿ ਦੇਣਿ ਨ ਜੋਰੁ ॥**) ਇਸੇ ਤਰ੍ਹਾਂ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਕਦ ਤੱਕ ਸਰੀਰਕ ਤੌਰ ਤੇ ਜਿਉਣਾ ਚਾਹੁੰਦਾ ਹੈ ਤੇ ਕਦੋਂ ਸਰੀਰਕ ਤੌਰ ਤੇ ਮਰਨਾ ਚਾਹੁੰਦਾ ਹੈ, ਕਿਸ ਤਰੀਕੇ ਸਰੀਰਕ ਤੌਰ ਤੇ ਮਰਨਾ ਚਾਹੁੰਦਾ ਹੈ ਇਸ ਤੇ ਵੀ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਚਲਦਾ ਭਾਵ ਮਨ ਦੀਆਂ ਇਛਾਵਾਂ ਮਨੁੱਖ ਦੇ ਵੱਸ ਨਹੀਂ ਹਨ। (**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥**) ਹਰ ਮਨੁੱਖੀ ਮਨ ਇਛਾਵਾਂ ਦਾ, ਤ੍ਰਿਸ਼ਨਾਵਾਂ ਦਾ ਭਰਿਆ ਹੁੰਦਾ ਹੈ ਤੇ ਮਨ ਦੀਆਂ ਇਛਾਵਾਂ ਮਨ ਦੇ ਵਿੱਚ ਸ਼ੋਰ ਪਾਉਂਦੀਆਂ ਰਹਿੰਦੀਆਂ ਹਨ ਕਿ ਮੈਂ ਦੂਸਰਿਆਂ ਤੇ ਰਾਜ ਕਰਾਂ ਭਾਵ ਮੇਰਾ ਉੱਚਾ ਰੁਤਬਾ ਹੋਵੇ ਤੇ ਮੇਰੇ ਕੋਲ ਬਹੁਤ ਜਿਆਦਾ ਮਾਲ ਧਨ ਹੋਵੇ। ਇਹ ਸਭ ਮਨ ਦੀਆਂ ਤ੍ਰਿਸ਼ਨਾਵਾਂ ਹੀ ਹਨ, ਸਾਡੇ ਅੰਦਰ ਦਾ ਮਾਇਆ ਮੋਹ ਹੀ ਹੈ ਜਿਨ੍ਹਾਂ ਮਨ ਦੀਆਂ ਇਛਾਵਾਂ ਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਚਲਦਾ, ਆਪਣਾ ਕੋਈ ਵੱਸ ਨਹੀਂ ਚਲਦਾ। (**ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥**)

ਮਨ ਦੀਆਂ ਇਛਾਵਾਂ ਤੇ ਕਿਸੇ ਮਨੁੱਖ ਦਾ ਜੋਰ ਕਿਸ ਕਰਕੇ ਨਹੀਂ ਚੱਲਦਾ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਨੇ ਸਾਰੀ ਮਨੁੱਖਤਾ ਨੂੰ ਇੱਕੋ ਜਿਹਾ ਸੱਚ ਹੀ ਸਮਝਾਇਆ ਹੋਇਆ ਹੈ।

"ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥"

ਸੁਰਤਿ ਕਿਸਨੂੰ ਕਹਿੰਦੇ ਹਨ ਇਸ ਗੱਲ ਨੂੰ ਹਰ ਕੋਈ ਸਮਝਦਾ ਹੈ। ਸੁਰਤਿ ਸਾਡਾ ਮਨ ਹੀ ਹੈ ਭਾਵ ਸਾਡੇ ਮਨ ਦੇ ਅੰਦਰ ਜੋ ਸਮਝ ਉਪਜਦੀ ਹੈ ਉਹ ਸਾਡੀ ਸੁਰਤੀ ਹੈ। ਸਾਡੇ ਸੁਰਤਿ ਦੇ ਅੰਦਰ ਗਿਆਨ ਹੀ ਉਪਜਦਾ ਹੈ ਭਾਵ ਵਿਚਾਰ ਹੀ ਉਪਜਦੇ ਹਨ ਜਿਨ੍ਹਾਂ ਵਿਚਾਰਾਂ ਰਾਹੀਂ ਮਨੁੱਖ ਨੂੰ ਮਨ ਦੇ ਵਿੱਚੋਂ ਗਿਆਨ ਮਿਲਦਾ ਹੈ ਭਾਵ ਸਮਝ ਮਿਲਦੀ ਹੈ ਜਿਸ ਸਮਝ ਦੁਆਰਾ ਮਨੁੱਖ ਵਿਚਰਦਾ ਹੈ। ਮਨੁੱਖ ਦੇ ਅੰਦਰ ਜੋ ਵੀ ਇਛਾਵਾਂ ਉਪਜਦੀਆਂ ਹਨ ਉਹ ਸਾਡੇ ਮਨ ਦੇ ਅੰਦਰ ਦੇ ਵਿਚਾਰ ਹੀ ਹੁੰਦੇ ਹਨ। ਗੁਰੂ ਰੂਪ ਅਕਾਲਪੁਰਖ ਸਾਨੂੰ ਸਮਝਾ ਰਹੇ ਹਨ ਕਿ ਮਨੁੱਖੀ ਸਮਝ ਦੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਭਾਵ ਜੋ ਵੀ ਸੋਚ ਉਪਜਦੀ ਹੈ, ਜੋ ਵੀ ਗਿਆਨ ਉਪਜਦਾ ਹੈ ਉਸ ਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਚਲਦਾ ਭਾਵ ਮਨੁੱਖ ਦੇ ਅੰਦਰ ਦੀਆਂ ਸੋਚਾਂ ਮਨੁੱਖ ਦੇ ਵੱਸ ਵਿੱਚ ਨਹੀਂ

52/7266

ਹਨ। (**ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥**) ਕਿਉਂਕਿ ਆਪਣੇ ਮਨ ਦੇ ਵਿਚਾਰਾਂ ਤੇ ਮਨੁੱਖ ਦਾ ਆਪਣਾ ਕੋਈ ਜੋਰ ਨਹੀਂ ਚੱਲਦਾ ਤੇ ਇਸੇ ਲਈ ਜੇਕਰ ਕੋਈ ਇਸ ਸੰਸਾਰ ਦੇ ਜੀਵਨ ਮਰਨ ਤੋਂ ਕੋਈ ਵੀ ਮਨੁੱਖ ਛੁਟਕਾਰਾ ਪਾਉਣਾ ਚਾਹੁੰਦਾ ਹੈ

ਭਾਵ ਆਵਾਗਉਣ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਭਾਵ ਪ੍ਰਮਾਤਮਾ ਨਾਲ ਆਪਣਾ ਮੇਲ ਕਰਨਾ ਚਾਹੁੰਦਾ ਹੈ ਉਸ ਲਈ ਮਨੁੱਖ ਅਨੇਕਾਂ ਹੀ ਜੁਗਤੀਆਂ ਲਗਾਉਂਦਾ ਹੈ ਭਾਵ ਭਗਤੀ ਦੇ ਤਰੀਕੇ ਅਪਨਾਉਂਦਾ ਹੈ ਜਿਨ੍ਹਾਂ ਜੁਗਤੀਆਂ ਉੱਤੇ ਉਸਦਾ ਆਪਣਾ ਕੋਈ ਜੋਰ ਨਹੀਂ ਚੱਲਦਾ ਕਿਉਂਕਿ ਉਹ ਭਰਮ ਵਿੱਚ ਹੀ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਸਮਝਦਾ ਹੈ ਜਿਸ ਕਰਕੇ ਉਹ ਭਰਮ ਵਿੱਚ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ ਤੇ ਉਸ ਤੋਂ ਛੁਟਕਾਰਾ ਪਾਉਣ ਲਈ ਅਨੇਕਾਂ ਜੁਗਤੀਆਂ ਅਪਨਾਉਂਦਾ ਹੈ। ਇਨ੍ਹਾਂ ਜੁਗਤੀਆਂ ਤੇ ਉਸਦਾ ਆਪਣਾ ਕੋਈ ਵੱਸ ਨਹੀਂ ਹੁੰਦਾ। (**ਜੋਰੁ ਨ ਜੁਗਤੀ ਛੁਟੈ ਸੰਸਾਰੁ ॥**)

ਜੇਕਰ ਮਨੁੱਖ ਦਾ ਆਪਣੇ ਅੰਦਰ ਦੇ ਵਿਚਾਰਾਂ ਤੇ ਆਪਣਾ ਕੋਈ ਜੋਰ ਨਹੀਂ ਚੱਲਦਾ ਫਿਰ ਕਿਸਦਾ ਜੋਰ ਚੱਲਦਾ ਹੈ ਭਾਵ ਸਾਡੇ ਮਨ ਦੇ ਵਿਚਾਰਾਂ ਦਾ ਮਾਲਕ ਕੌਣ ਹੈ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥”

ਪੂਰੀ ਸ੍ਰਿਸ਼ਟੀ ਵਿੱਚ ਜੋਰ ਉਸੇ ਦਾ ਹੀ ਚੱਲਦਾ ਹੈ ਜਿਸਨੇ ਪੂਰੀ ਸ੍ਰਿਸ਼ਟੀ ਬਣਾਈ ਹੈ ਭਾਵ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ ਜੋ ਕਿ ਕੇਵਲ ਤੇ ਕੇਵਲ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਹੈ ਜੋ ਪੰਜਾਂ ਤੱਤਾਂ ਨੂੰ ਬਨਾਉਣ ਵਾਲਾ ਹੈ। ਜਿਸਨੇ ਇਹ ਸ੍ਰਿਸ਼ਟੀ ਬਣਾਈ ਹੈ ਉਹ ਇਸ ਸ੍ਰਿਸ਼ਟੀ ਨੂੰ ਬਣਾਕੇ ਵੇਖ ਵੀ ਆਪ ਹੀ ਰਿਹਾ ਹੈ ਭਾਵ ਉਸਨੂੰ ਚਲਾ ਵੀ ਆਪ ਹੀ ਰਿਹਾ ਹੈ ਭਾਵ ਉਸਦੀ ਸੰਭਾਲ ਵੀ ਆਪ ਹੀ ਕਰ ਰਿਹਾ ਹੈ। ਮਨੁੱਖੀ ਸਰੀਰ ਪੰਜਾਂ ਤੱਤਾਂ ਦੇ ਨਾਲ ਹੀ ਬਣਿਆ ਹੈ ਜਿਵੇਂ ਹਰ ਆਕਾਰ ਰੁਪ ਬਣਿਆ ਹੈ। ਸਾਰੀ ਗੱਲ ਸ੍ਰਿਸ਼ਟੀ ਦੇ ਕਰਤੇ ਦੇ ਨਿਰੰਕਾਰ ਰੂਪ ਨੂੰ ਸਮਝਣ ਦੀ ਹੈ ਜਿਸ ਨਿਰੰਕਾਰ ਰੂਪ ਰਾਹੀਂ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਆਪਣੇ ਨਿਰੰਕਾਰ ਰੂਪ ਰਾਹੀਂ ਹੀ ਉਹ ਆਪ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਉਸਦਾ ਨਿਰੰਕਾਰ ਰੂਪ ਹੀ ਉਸਦਾ ਨਾਮ ਰੂਪ ਹੈ ਜੋ ਕਿ ਉਸਦਾ ਬ੍ਰਹਮਗਿਆਨ ਰੂਪ ਹੈ ਜਿਸ ਆਪਣੇ ਨਾਮ ਰੂਪ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਨਾਮ ਰੂਪ ਦੁਆਰਾ ਹੀ ਉਹ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪ੍ਰਮਾਤਮਾ ਦਾ ਜੋਰ ਭਾਵ ਉਸਦੀ ਤਾਕਤ ਉਸਦਾ ਨਾਮ ਹੈ ਭਾਵ ਉਸ ਦਾ ਬ੍ਰਹਮਗਿਆਨ ਹੈ। ਆਪਣੇ ਬ੍ਰਹਮਗਿਆਨ ਦੀ ਤਾਕਤ ਦੁਆਰਾ ਹੀ ਉਸਨੇ ਮਨੁੱਖੀ ਸਮਝ ਨੂੰ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ, ਤ੍ਰੈਗੁਣਾਂ ਵਾਲੀ ਸਮਝ ਵਿੱਚ ਰੱਖਕੇ,

52/7267

ਹਉਮੈ ਵਾਲੀ ਸਮਝ ਵਿੱਚ ਰੱਖਕੇ, ਮਾਇਆ ਦੀ ਜੁਗਤਿ ਵਿੱਚ ਰਖਕੇ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਕੇ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ ਭਾਵ ਆਪਣੇ ਉੱਚੇ ਗਿਆਨ ਦੀ ਤਾਕਤ ਦੇ ਵੱਸ ਵਿੱਚ ਰੱਖਿਆ ਹੋਇਆ ਹੈ ਭਾਵ ਮਨੁੱਖੀ ਸਮਝ ਨੂੰ ਅਗਿਆਨਤਾ ਵਾਲੀ ਸਮਝ ਵਿੱਚ ਰੱਖਕੇ ਆਪਣੇ ਸੱਚੇ ਗਿਆਨ ਦੇ ਵੱਸ ਵਿੱਚ ਰੱਖਿਆ ਹੋਇਆ ਹੈ। ਮਨ ਦੀ ਅਗਿਆਨਤਾ ਵਿੱਚ ਰੱਖਕੇ ਉਸਨੇ ਸਾਰਿਆਂ ਕੋਲੋਂ ਆਪਣੇ ਆਪ ਨਾਲੋਂ ਪੜਦਾ ਰੱਖਿਆ ਹੋਇਆ ਹੈ। ਜਿਸਨੇ ਆਪਣੇ ਉੱਚੇ ਗਿਆਨ ਦੇ ਨਾਲ ਸਾਡੇ ਸਰੀਰ ਨੂੰ ਬਣਾਇਆ ਹੈ ਉਸੇ ਨੇ ਆਪ ਹੀ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਪਾਈ ਹੋਈ ਹੈ ਜਿਸ ਭਰਮਾਂ ਵਾਲੀ ਸਮਝ ਕਰਕੇ ਹੀ ਮਨੁੱਖ ਇਸ ਸਰੀਰ ਨੂੰ ਆਪਣਾ ਸਰੀਰ ਸਮਝਦਾ ਹੈ ਤੇ ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਸਮਝਦਾ ਹੈ ਪਰ ਅਸਲ ਵਿੱਚ ਇਹ ਸੱਚਾਈ ਨਹੀਂ ਹੈ ਜਿਵੇ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਸੱਚਾਈ ਇਹ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਇਸੇ ਲਈ ਉਪਰ ਸ਼ਬਦ ਵਿੱਚ ਆਖਰੀ ਪੰਗਤੀ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਨਾ ਹੀ ਕੋਈ ਮਨੁੱਖ ਉੱਤਮ ਹੈ ਤੇ ਨਾ ਹੀ ਕੋਈ ਨੀਚ ਹੈ ਕਿਉਂਕਿ ਹਰ ਮਨੁੱਖੀ ਸਰੀਰ ਦੇ ਰੂਪ ਵਿੱਚ ਉਹ ਆਪ ਹੀ ਹੈ। ਉਹ ਆਪਣੇ ਹਰ ਮਨੁੱਖੀ ਸਰੀਰ ਰਾਹੀਂ ਆਪਣੀ ਸੰਸਾਰਿਕ ਖੇਡ ਨੂੰ ਚਲਾਉਣ ਲਈ ਜੋ ਕੁਝ ਵੀ ਕਰਮ ਕਿਸੇ ਮਨੁੱਖੀ ਸਰੀਰ ਕੋਲੋਂ ਕਰਵਾਉਂਦਾ ਹੈ ਉਹ ਆਪ ਹੀ ਕਰਵਾਉਂਦਾ ਹੈ, ਜਿਵੇਂ ਉਸਨੂੰ ਭਾਉਂਦਾ ਹੈ ਉਹ ਕੁਝ ਹੀ ਕਰਵਾਉਂਦਾ ਹੈ ਜੋ ਸਮਝ ਦਾ ਮਾਲਕ ਹੈ। (**ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥33॥**)

ਮਃ ੨ ॥

{ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥}

(ਅੰਗ - ੬੫੩)

ਪਉੜੀ ॥

{ਸਭੇ ਗਲਾ ਆਪਿ ਥਾਟਿ ਬਹਾਲੀਓਨੁ ॥ ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ ॥
ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਓਨੁ ॥ ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ ॥
ਨਾਨਕ ਭਗਤਾ ਸਦਾ ਅਨੰਦੁ ਭਾਉ ਦੂਜਾ ਜਾਲਿਓਨੁ ॥੨੯॥}

(ਅੰਗ - ੬੫੩)

{ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥
ਸਰ ਭਰਿ ਸੋਧੈ ਭੀ ਭਰਿ ਪੋਧੈ ਸਮਰਥ ਵੇਪਰਵਾਹੈ ॥
ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥
ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ ॥੪੧॥}

(ਅੰਗ - ੯੩੫)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਮਨੁੱਖੀ ਸਮਝ ਦਾ ਮਾਲਕ ਅਕਾਲਪੁਰਖ ਆਪ ਹੀ ਹੈ ਜਿਵੇਂ ਕਿ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ।

ਹੁਣ ਅਸੀਂ ਜਪੁਜੀ ਬਾਣੀ ਦੇ ਅਗਲੇ ਸ਼ਬਦ ਨੂੰ ਪੜਦੇ ਹਾਂ।

"ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥"

(ਅੰਗ - ੭)

ਉਪਰ ਸ਼ਬਦ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਸ੍ਰਿਸ਼ਟੀ ਨੂੰ ਬਣਾਕੇ ਉਸ ਵਿੱਚ ਉਸਨੇ ਆਪਣੇ ਮਨੁੱਖੀ ਰੂਪ ਨੂੰ ਧਰਮ ਦੇ ਮਾਰਗ ਤੇ

ਚੱਲਣ ਲਈ ਬਣਾਇਆ ਹੈ ਜਿਸ ਮਾਰਗ ਤੇ ਚੱਲ ਕੇ ਹੀ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ। ਸ੍ਰਿਸ਼ਟੀ ਦੇ ਕਰਤੇ

ਨੇ ਰਾਤਾਂ, ਰੁੱਤਾਂ, ਥਿੱਤਾਂ, ਵਾਰ ਆਦਿ ਇਸ ਸ੍ਰਿਸ਼ਟੀ ਉੱਤੇ ਵਿਚਰਨ ਕਰਨ ਲਈ ਹੀ ਬਣਾਈਆਂ ਹੋਈਆਂ ਹਨ ਤਾਂ ਜੋ ਅਸੀਂ ਸਮੇਂ ਅਨੁਸਾਰ ਆਪਣੇ ਆਪ ਨੂੰ ਬਦਲਕੇ ਉਸ ਅਨੁਸਾਰ ਚੱਲ ਸਕੀਏ। ਪਉਣ, ਪਾਣੀ, ਅਗਨੀ ਆਦਿ ਜੀਵਾਂ ਦੀਆਂ ਇਸ ਧਰਤੀ ਤੇ ਲੋੜਾਂ ਪੂਰੀਆਂ ਕਰਨ ਦਾ ਸਾਧਨ ਹੀ ਹਨ। ਧਰਤੀ ਨੂੰ ਆਪਣੇ ਘੁੰਮਣ ਲਈ ਪਾਤਾਲ, ਆਕਾਸ਼ ਦੀ ਲੋੜ ਹੈ ਭਾਵ ਬਹੁਤ ਖੁੱਲੀ ਥਾਂ ਦੀ ਲੋੜ ਹੈ ਜੋ ਲੋੜ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਪੂਰੀ ਕੀਤੀ ਹੋਈ ਹੈ ਭਾਵ ਉਸਨੇ ਸ੍ਰਿਸ਼ਟੀ ਬਣਾ ਕੇ ਉਸਤੇ ਰਹਿਣ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਆਪ ਹੀ ਕੀਤੀ ਹੋਈ ਹੈ ਤਾਂ ਜੋ ਧਰਤੀ ਤੇ ਸਭ ਜੀਵਾਂ ਦਾ ਜੀਵਨ ਸੁਚਾਰੂ ਢੰਗ ਨਾਲ ਚੱਲ ਸਕੇ। ਉਸਨੇ ਇਸ ਧਰਤੀ ਨੂੰ ਜਿੱਥੇ ਮਨੁੱਖ ਦੇ ਰਹਿਣ ਦੀ ਜਗ੍ਹਾ ਹੈ ਉਸ ਜਗ੍ਹਾ ਤੇ ਮਨੁੱਖੀ ਜੀਵਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਆਪਣੀ ਧਰਮਸਾਲ ਬਣਾਇਆ ਹੋਇਆ ਹੈ ਕਿਉਂਕਿ ਸੁਚਾਰੂ ਢੰਗ ਨਾਲ ਮਨੁੱਖ ਧਰਮ ਦੇ ਸੱਚੇ ਮਾਰਗ ਨੂੰ ਅਪਨਾ ਕੇ ਹੀ ਚੱਲ ਸਕਦਾ ਹੈ ਤਾਂ ਜੋ ਅਸੀਂ ਧਰਤੀ ਉਪਰ ਸਭ ਦੇ ਭਲੇ ਲਈ ਵਿਚਰੀਏ ਜਿਸ ਲਈ ਸਭ ਤੋਂ ਉੱਚਾ ਗਿਆਨ ਸ੍ਰਿਸ਼ਟੀ ਦੇ ਕਰਤੇ ਨੇ ਮਨੁੱਖੀ ਸਮਝ ਵਿੱਚ ਹੀ ਪਾਇਆ ਹੈ ਤੇ ਮਨੁੱਖੀ ਸਮਝ ਰਾਹੀਂ ਹੀ ਧਰਮ ਦੇ ਮਾਰਗ ਨੂੰ ਸਮਝਿਆ ਜਾ ਸਕਦਾ ਹੈ ਤੇ ਧਰਮ ਦੇ ਮਾਰਗ ਤੇ ਚੱਲਣ ਦਾ ਫਲ ਵੀ ਸ੍ਰਿਸ਼ਟੀ ਦੇ ਕਰਤੇ ਨੇ ਬਹੁਤ ਉੱਚਾ ਰੱਖਿਆ ਹੋਇਆ ਹੈ ਜੋ ਫਲ ਉਸਦੇ ਨਾਲ ਮੇਲ ਦਾ ਫਲ ਹੈ। ਹਰ ਜੀਵ ਦੇ ਵਿੱਚ ਜੁਗਤਿ ਸ੍ਰਿਸ਼ਟੀ ਦੇ ਕਰਤੇ ਦੀ ਵਰਤਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਭ ਦੇ ਅੰਦਰ ਉਸ ਦੀ ਮਾਇਆ ਦੀ ਜੁਗਤਿ ਵਰਤਦੀ ਹੈ ਜਿਸ ਜੁਗਤਿ ਦੁਆਰਾ ਹਰ ਕੋਈ ਆਪਣੀ ਵੱਖਰੀ ਹੋਂਦ ਸਮਝਦਾ ਹੈ ਤੇ ਸਾਰੇ ਜੀਵਾਂ ਨੂੰ ਵੱਖਰੇ ਵੱਖਰੇ ਨਾਵਾਂ ਨਾਲ ਭਾਵ ਅਨੇਕਾਂ ਨਾਵਾਂ ਨਾਲ ਜਾਣਿਆ ਜਾ ਸਕਦਾ ਹੈ ਜੋ ਅਨੰਤ ਸਮੇਂ ਤੋਂ ਇਸੇ ਤਰ੍ਹਾਂ ਹੀ ਹੋ ਰਿਹਾ ਹੈ। (**ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥**) ਧਰਤੀ ਤੇ ਰਹਿੰਦੇ ਹੋਏ ਮਨੁੱਖ ਲਈ ਧਰਮ ਦਾ ਮਾਰਗ ਕੀ ਹੈ ਜੋ ਕਿ ਸਾਰੇ ਸੰਸਾਰ ਦੇ ਮਨੁੱਖਾਂ ਦਾ ਇੱਕੋ ਜਿਹਾ ਹੀ ਹੈ ਤੇ ਉਸ ਤੇ ਚੱਲਣ ਦਾ ਫਲ ਕੀ ਹੈ ਭਾਵ ਫਲ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥”

52/7269

ਹਰ ਮਨੁੱਖ ਜੋ ਵੀ ਇਸ ਧਰਤੀ ਉਪਰ ਰਹਿ ਰਿਹਾ ਹੈ ਉਨ੍ਹਾਂ ਸਾਰਿਆਂ ਲਈ ਸੱਚਾ ਧਰਮ ਦਾ ਮਾਰਗ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਬਾਰ ਬਾਰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ। ਧਰਮ ਦਾ ਮਾਰਗ ਸਭ ਲਈ ਸੱਚ ਤੇ ਚੱਲਣ ਦਾ ਹੀ ਹੈ ਤੇ ਸੰਸਾਰ ਦਾ ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣਾ ਹੀ ਸਿਖਾਉਂਦਾ ਹੈ। ਹਰ ਮਨੁੱਖ ਦਾ ਜਨਮ ਸੰਸਾਰ ਵਿੱਚ ਕਰਮ ਕਰਨ ਲਈ ਹੀ ਹੁੰਦਾ ਹੈ। ਕਰਮ ਅਸੀਂ ਮਾੜੇ ਵੀ ਕਰਦੇ ਹਾਂ ਤੇ ਚੰਗੇ ਵੀ ਕਰਦੇ ਹਾਂ। ਜੇਕਰ ਅਸੀਂ ਧਰਮ ਗ੍ਰੰਥਾਂ ਦੀ ਸੱਚੀ ਮਤਿ ਨਹੀਂ ਲੈਂਦੇ ਤਾਂ ਫਿਰ ਅਸੀਂ ਮਾੜੇ ਕਰਮ ਕਰਦੇ ਹਾਂ। ਮਾੜੇ ਕਰਮ ਕਰਨਾ ਸੱਚ ਤੇ ਚੱਲਣ ਦਾ ਮਾਰਗ ਨਹੀਂ ਹੈ। ਸੱਚ ਦੇ ਮਾਰਗ ਤੇ ਚੱਲਣ ਲਈ ਸਾਨੂੰ ਮਾੜੇ ਕਰਮ ਛੱਡਣੇ ਪੈਂਦੇ ਹਨ ਭਾਵ ਕੇਵਲ ਚੰਗੇ ਕਰਮ ਕਰਨਾ ਹੀ ਸੱਚ ਤੇ ਚੱਲਣ ਦਾ ਮਾਰਗ ਹੈ, ਸਭ ਲਈ ਇੱਕੋ ਜਿਹਾ ਧਰਮ ਦਾ ਮਾਰਗ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚਾ ਸੁੱਚਾ ਜੀਵਨ ਬਤੀਤ ਕਰਨ ਲਈ ਹੀ ਪ੍ਰੇਰਦਾ ਹੈ ਤਾਂ ਜੋ ਅਸੀਂ ਸਾਰੀ ਮਨੁੱਖਤਾ ਦੇ ਭਲੇ ਲਈ ਸੰਸਾਰ ਵਿੱਚ ਵਿਚਰੀਏ। ਸ੍ਰਿਸ਼ਟੀ ਦਾ ਕਰਤਾ ਆਪ ਸੱਚਾ ਹੈ ਤੇ ਉਸ ਦਾ ਆਪਣਾ ਦਰਬਾਰ ਜਿੱਥੇ ਉਸਦਾ ਟਿਕਾਣਾ ਹੈ ਉਹ ਵੀ ਉਸਦਾ ਸੱਚਾ ਟਿਕਾਣਾ ਹੈ। ਹਰ ਮਨੁੱਖੀ ਸਰੀਰ ਦੇ ਅੰਦਰ ਉਸਦਾ ਟਿਕਾਣਾ ਭਾਵ ਉਸਦਾ ਦਰਬਾਰ ਮਨੁੱਖ ਦਾ ਮਨ ਹੀ ਹੈ ਜਿਸ ਜਗ੍ਹਾ ਉਹ ਆਪਣੀ ਜੋਤਿ ਦੁਆਰਾ ਹਰ ਵੇਲੇ ਸਭ ਦੇ ਅੰਦਰ ਹੀ ਹੈ ਤੇ ਆਪਣੇ ਅੰਦਰੋਂ ਉਸਦੇ ਦਰਬਾਰ ਨੂੰ ਜਾਨਣਾ ਹੀ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣਾ ਹੈ। ਉਸਨੂੰ ਆਪਣੇ ਅੰਦਰੋਂ ਜਾਨਣ ਲਈ ਸੰਸਾਰ ਦੇ ਹਰ ਮਨੁੱਖ ਲਈ ਸੱਚਾ ਉਦਮ ਇਹੀ ਹੈ ਕਿ ਉਹ ਸੰਸਾਰ ਵਿੱਚ ਰਹਿੰਦੇ ਹੋਏ ਸੱਚੇ ਸੁੱਚੇ ਕਰਮ ਕਰੇ ਕਿਉਂਕਿ ਉਹ ਮਨ ਦੇ ਵਿੱਚ ਆਪਣਾ ਦਰਬਾਰ ਦਿਖਾਉਣ ਲਈ ਭਾਵ ਮਨ ਦੇ ਵਿੱਚ ਆਪਣਾ ਆਪ ਪ੍ਰਗਟ ਕਰਨ ਦੇ ਲਈ ਉਹ ਕੇਵਲ ਮਨੁੱਖ ਦੇ ਕਰਮਾਂ ਨੂੰ ਹੀ ਵਿਚਾਰਦਾ ਹੈ ਕਿ ਮਨੁੱਖ ਕਿਹੋ ਜਿਹੇ ਕਰਮ ਕਰਨ ਵਾਲਾ ਹੈ ਭਾਵ ਮਾੜੇ ਕਰਮ ਕਰਨ ਵਾਲਾ ਹੈ ਜਾਂ ਚੰਗੇ ਕਰਮ ਕਰਨ ਵਾਲਾ ਹੈ ਕਿਉਂਕਿ ਉਸਦੀਆਂ ਨਜਰਾਂ ਵਿੱਚ ਧਰਤੀ ਤੇ

ਰਹਿਣ ਵਾਲਾ ਹਰ ਮਨੁੱਖ ਦਾ ਧਰਮ ਉਸਦੇ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ। (**ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥**)

ਅਕਾਲਪੁਰਖ ਨੂੰ, ਪ੍ਰਮਾਤਮਾ ਨੂੰ, ਭਗਵਾਨ ਨੂੰ, ਅੱਲ੍ਹਾ ਨੂੰ, ਗਾਡ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਦਰਬਾਰ ਵਿੱਚ ਭਾਵ ਮਨ ਦੀ ਉੱਚੀ ਸਮਝ ਰੂਪ ਦਰਬਾਰ ਵਿੱਚ ਕਿਹੋ ਜਿਹੇ ਮਨੁੱਖ ਪ੍ਰਵਾਨ ਹੁੰਦੇ ਹਨ ਤੇ ਕਿਹੋ ਜਿਹੇ ਮਨੁੱਖਾਂ ਤੇ ਉਹ ਆਪਣਾ "ਨੀਸਾਣੁ" ਲਗਾਉਂਦਾ ਹੈ ਕਿ ਇਹ ਮਨੁੱਖ ਮੈਨੂੰ ਜਾਨਣ ਵਾਲਾ ਹੈ, ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥"

ਪ੍ਰਮਾਤਮਾ ਦੇ ਦਰ ਤੇ ਉਹੀ ਸੁਹਾਉਂਦੇ ਹਨ ਭਾਵ ਅਕਾਲਪੁਰਖ ਨੂੰ ਉਹੋ ਜਿਹੇ ਮਨੁੱਖ ਭਾਉਂਦੇ ਹਨ ਜੋ ਉਸਨੂੰ ਪ੍ਰਵਾਨ ਹੁੰਦੇ ਹਨ, ਜੋ ਉਸ ਦਾ "ਪੰਚ" ਰੂਪ ਬਣ ਜਾਂਦੇ ਹਨ। ਅਕਾਲਪੁਰਖ ਦਾ ਪੰਚ ਬਣਨਾ ਕੀ

ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਅਕਾਲਪੁਰਖ ਦਾ ਪੰਚ ਉਹੀ ਬਣਦਾ ਹੈ ਜੋ ਉਸਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਉਸਨੂੰ ਇਸ ਗੱਲ ਤੇ ਪੂਰਨ ਵਿਸ਼ਵਾਸ ਆ ਜਾਂਦਾ ਹੈ ਕਿ ਸਭ ਕੁਝ ਭਾਵ ਹਰ ਆਕਾਰ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਧਰਮ ਦਾ ਸੱਚਾ ਮਾਰਗ ਮਨ ਦੇ ਵਿੱਚ ਸਮਝਾਉਣ ਵਾਲਾ ਉਹ ਆਪ ਹੀ ਹੈ ਤੇ ਉਸ ਧਰਮ ਦੇ ਸੱਚੇ ਮਾਰਗ ਤੇ ਚਲਾਉਣ ਵਾਲਾ ਵੀ ਉਹ ਆਪ ਹੈ। ਉਸਦੀ ਕ੍ਰਿਪਾ ਦੁਆਰਾ ਹੀ, ਉਸਦੇ ਉੱਚੇ ਕਰਮ ਦੁਆਰਾ ਹੀ ਕਿਸੇ ਤੇ ਉਸਦਾ ਪੰਚ ਬਣਨ ਦਾ ਨੀਸਾਣ ਲਗਦਾ ਹੈ ਜੋ ਆਪਣਾ ਨੀਸਾਣ ਮਨ ਦੀ ਸਮਝ ਦੇ ਵਿੱਚ ਉਹ ਆਪ ਹੀ ਲਗਾਉਂਦਾ ਹੈ ਕਿ ਇਸ ਮਨੁੱਖੀ ਰੂਪ ਦੇ ਵਿੱਚ ਮੈਂ ਆਪ ਹੀ ਹਾਂ। ਉਸ ਪ੍ਰਮਾਤਮਾ ਦਾ ਇਹ ਨੀਸਾਣ ਲੱਗਣ ਦੁਆਰਾ ਫਿਰ ਕੋਈ ਆਪਣੇ ਆਪ ਨੂੰ ਅੱਲ੍ਹਾ ਤੋਂ ਵੱਖਰਾ ਨਹੀਂ ਕਹਿ ਸਕਦਾ ਭਾਵ ਪ੍ਰਮਾਤਮਾ ਤੋਂ ਵੱਖਰਾ ਨਹੀਂ ਕਹਿ ਸਕਦਾ ਭਾਵ ਸ੍ਰਿਸ਼ਟੀ ਦੇ ਕਰਤੇ ਨਾਲੋਂ ਆਪਣੀ ਵੱਖਰੀ ਹੋਂਦ ਨਹੀਂ ਸਮਝਦਾ। (**ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥**) ਜਿੰਨ੍ਹਾਂ ਸਰੀਰਾਂ ਤੇ ਅਕਾਲਪੁਰਖ ਨੇ ਆਪਣੀ ਕਿਰਪਾ ਕਰਨ ਦੁਆਰਾ ਉਨ੍ਹਾਂ ਤੇ ਆਪਣੇ ਆਪ ਦਾ ਨੀਸਾਣ ਲਗਾਇਆ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਤੇ ਲਗਾਇਆ ਹੈ ਤੇ ਉਨ੍ਹਾਂ ਨੂੰ ਆਪਣਾ ਪੰਚ ਬਨਾਉਣ ਦੁਆਰਾ ਆਪਣੇ ਦਰਬਾਰ ਵਿੱਚ ਪਰਵਾਨ ਕੀਤਾ ਹੈ, ਉਨ੍ਹਾਂ ਨੂੰ ਉਸਨੇ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ ਕੱਢਕੇ ਚੌਥੇ ਪਦ ਵਾਲਾ ਗਿਆਨ ਹੀ ਬਖਸ਼ਿਆ ਹੈ, ਬ੍ਰਹਮਗਿਆਨ ਹੀ ਬਖਸ਼ਿਆ ਹੈ ਭਾਵ ਆਪਣਾ ਨਾਮ ਬਖਸ਼ਿਆ ਹੈ ਤੇ ਜਿਸਨੂੰ ਉਹ ਆਪਣਾ ਨਾਮ ਬਖਸ਼ਦਾ ਹੈ ਭਾਵ ਭਗਤੀ ਦੇ ਮਾਰਗ ਦੀ ਸੱਚੀ ਸਮਝ ਬਖਸ਼ਦਾ ਹੈ ਉਹੀ ਉਸਦਾ ਨਾਮ ਜਪ ਸਕਦਾ ਹੈ ਤੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਸਮਝਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਧਰਤੀ ਤੇ ਰਹਿਣ ਵਾਲੇ ਸਾਰੇ ਮਨੁੱਖਾਂ ਨੂੰ ਇੱਕੋ ਜਿਹਾ ਨਾਮ ਜਪਣਾ ਸਮਝਾਇਆ ਹੈ, ਇੱਕੋ ਜਿਹਾ ਭਗਤੀ ਦਾ ਮਾਰਗ, ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ। ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਨਾਮ ਜਪਣ ਦੀ ਸੱਚੀ ਸਮਝ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੇ ਪਹੁੰਚ ਕੇ ਹੀ ਪੈਂਦੀ ਹੈ ਭਾਵ ਉਸਦੇ ਨਾਲ ਮਨ ਦੀ ਸਮਝ ਰਾਹੀਂ ਮੇਲ ਹੋਣ ਦੁਆਰਾ ਹੀ ਪੈਂਦੀ ਹੈ। ਆਉ ਧਿਆਨ ਨਾਲ ਸਮਝੀਏ।

"ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥"

ਪ੍ਰਮਾਤਮਾ ਦੇ ਨਾਲ ਮੇਲ ਹੋਣ ਤੋਂ ਪਹਿਲੇ ਹਰ ਕੋਈ ਮਨ ਦੀ ਕੱਚੀ ਮਤਿ ਵਿੱਚ ਹੀ ਹੁੰਦਾ ਹੈ, ਕੱਚੀ ਸਮਝ ਵਿੱਚ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸੰਸਾਰ ਦੇ ਹਰ ਮਨੁੱਖ ਨੂੰ ਕੱਚੀ ਸਮਝ ਵਿੱਚ ਰੱਖਣ ਵਾਲਾ ਸ੍ਰਿਸ਼ਟੀ ਦਾ ਕਰਤਾ ਉਹ ਆਪ ਹੀ ਹੈ

ਜਿਸ ਕੱਚੀ ਸਮਝ ਵਿੱਚ ਰਹਿੰਦੇ ਹੋਏ ਕੋਈ ਮਨੁੱਖ ਇਸ ਗੱਲ ਨੂੰ ਨਹੀਂ ਸਮਝ ਸਕਦਾ, ਮੰਨ ਸਕਦਾ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਉਹ ਆਪ ਹੀ ਹੈ ਤੇ ਹਰ ਮਨੁੱਖੀ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ। ਸ੍ਰਿਸ਼ਟੀ ਦੇ ਕਰਤੇ ਨੇ ਜੋ ਹਰ ਮਨੁੱਖ ਦੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਪਾਈ ਹੋਈ ਹੈ, ਮਾਇਆ ਦੀ ਛੱਲ ਵਾਲੀ ਸਮਝ ਪਾਈ ਹੋਈ ਹੈ, ਹਉਮੈ ਵਾਲੀ ਸਮਝ

ਪਾਈ ਹੋਈ ਹੈ, ਪੁੱਠੇ ਕਮਲ ਵਾਲੀ ਸਮਝ ਪਾਈ ਹੋਈ ਹੈ ਇਹ ਮਨ ਦੇ ਭਰਮਾਂ ਵਾਲੀ ਸਮਝ ਹੀ ਮਨੁੱਖ ਦੀ ਕੱਚੀ ਸਮਝ ਹੈ ਜਿਸ ਕੱਚੀ ਸਮਝ ਵਿੱਚ ਰਹਿੰਦਿਆਂ ਕੋਈ ਵੀ ਸ੍ਰਿਸ਼ਟੀ ਦੇ ਸੱਚ ਨੂੰ ਨਹੀਂ ਜਾਣ ਸਕਦਾ ਕਿ ਪੂਰੀ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ ਹੈ, ਕਿਸਨੇ ਕੀਤੀ ਹੈ ਤੇ ਕਿਸ ਤਰੀਕੇ ਕੀਤੀ ਹੈ। ਇਸ ਗੱਲ ਦੀ ਸਮਝ ਕਿਸੇ ਵੀ ਮਨੁੱਖ ਨੂੰ ਤਾਂ ਹੀ ਪੈ ਸਕਦੀ ਹੈ ਜਦੋਂ ਕਿਸੇ ਦੀ ਕੱਚੀ ਮਤਿ ਨੂੰ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋ ਕੇ ਪਕਾ ਦਿੰਦਾ ਹੈ ਭਾਵ ਪੱਕੇ ਵਿਸ਼ਵਾਸ ਵਾਲੀ ਬਣਾ ਦਿੰਦਾ ਹੈ ਕਿ ਸਭ ਕੁਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਕਿ ਸਭ ਦੇ ਅੰਦਰ ਉਹ ਆਪਣੇ ਗਿਆਨ ਰੂਪ ਵਿੱਚ ਹੀ ਵਿਚਰ ਰਿਹਾ ਹੈ, ਬ੍ਰਹਮਗਿਆਨ ਰੂਪ ਵਿੱਚ ਵਿਚਰ ਰਿਹਾ ਹੈ, ਨਾਮ ਰੂਪ ਵਿੱਚ ਵਿਚਰ ਰਿਹਾ ਹੈ। ਮਨੁੱਖ ਦੀ ਕੱਚੀ ਮਤਿ ਪੱਕੀ ਮਤਿ ਵਿੱਚ ਉਦੋਂ ਹੀ ਬਦਲਦੀ ਹੈ ਜਦੋਂ ਉਹ ਅਕਾਲਪੁਰਖ ਮਨ ਦੇ ਵਿੱਚ ਆਪਣੀ ਉੱਚੀ ਸਮਝ ਦੇਣ ਦੁਆਰਾ ਉਸ ਮਨੁੱਖੀ ਸਮਝ ਨੂੰ ਨਾਮ ਵਾਲੀ ਸਮਝ ਵਿੱਚ ਬਦਲ ਦਿੰਦਾ ਹੈ ਤੇ ਇਸ ਪੱਕੀ ਮਤਿ ਦੁਆਰਾ ਹੀ ਮਨੁੱਖ ਜਿਸ ਜਗ੍ਹਾ ਤੇ ਮਨੁੱਖ ਦੀ ਮਤਿ ਪੱਕੀ ਹੁੰਦੀ ਹੈ ਉੱਥੇ ਹੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਪਾ ਲੈਂਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਸਮਝ ਦੇ ਮਾਲਕ ਨੂੰ ਪਾ ਲੈਂਦਾ ਹੈ ਭਾਵ ਮਨ ਦੇ ਵਿੱਚ ਉਸਦੇ ਨਾਲ ਮੇਲ ਹੋ ਜਾਂਦਾ ਹੈ ਤੇ ਇਸੇ ਤਰੀਕੇ ਹੀ ਕੋਈ ਜੋ ਉਸਦੇ ਦਰ ਤੇ ਜਾਂਦਾ ਹੈ, ਪਹੁੰਚਦਾ ਹੈ ਭਾਵ ਮਨ ਦੇ ਵਿੱਚ ਉਸਦੀ ਉੱਚੀ ਸਮਝ ਦੇ ਦਰ ਤੇ ਭਾਵ ਚੌਥੇ ਪਦ ਵਾਲੀ ਸਮਝ ਦੇ ਦਰ ਤੇ ਜਾ ਕੇ ਭਾਵ ਪਹੁੰਚ ਕੇ ਹੀ ਕੋਈ ਉਸ ਅਕਾਲਪੁਰਖ ਨੂੰ ਜਪਦਾ ਹੈ ਭਾਵ ਉਸਦਾ ਨਾਮ ਜਪਦਾ ਹੈ ਜੋ ਆਪਣਾ ਨਾਮ ਉਹ ਮਨ ਦੀ ਸਮਝ ਦੇ ਵਿੱਚ ਕੱਚੀ ਮਤਿ ਨੂੰ ਪੱਕੀ ਬਨਾਉਣ ਦੁਆਰਾ ਆਪ ਹੀ ਬਖਸ਼ਦਾ ਹੈ। ਨਾਮ ਜਪਣ ਵਾਲਾ ਇਹੋ ਜਿਹਾ ਮਨੁੱਖ ਫਿਰ ਮਨ ਦੀ ਸੱਚੀ ਸਮਝ ਦੁਆਰਾ ਵਿਚਰਦਾ ਹੈ ਭਾਵ ਗੁਰਮਤਿ ਤੇ ਅਡੋਲ ਹੋ ਕੇ ਵਿਚਰਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਪੰਚ ਬਣ ਕੇ ਵਿਚਰਦਾ ਹੈ, ਉਸਦੇ ਨੀਸਾਣ ਵਾਲਾ ਬਣਕੇ ਵਿਚਰਦਾ ਹੈ ਭਾਵ ਉਸੇ ਦਾ ਰੂਪ ਬਣਕੇ ਹੀ ਵਿਚਰਦਾ ਹੈ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਉਸਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਮਨੁੱਖ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਹੈ। (**ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥34॥**)

52/7272

ਅਗਲੇ ਸ਼ਬਦ ਰਾਹੀਂ ਸਾਨੂੰ ਧਰਮ ਦਾ ਸੱਚਾ ਮਾਰਗ ਸਮਝਾਇਆ ਹੋਇਆ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਪਰ ਧਰਮ ਦੇ ਮਾਰਗ ਦੀ ਸੱਚੀ ਸਮਝ ਨਾ ਹੋਣ ਕਰਕੇ ਅਨੇਕਾਂ ਉਹੋ ਜਿਹੇ ਮਾਰਗਾਂ ਤੇ ਚੱਲਦੇ ਹਾਂ ਤੇ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਲਗਦੇ ਹਾਂ ਜਿਸ ਕਰਕੇ ਅਸੀਂ ਉਸ ਧਰਮ ਦੇ ਸੱਚੇ ਮਾਰਗ ਨੂੰ ਨਹੀਂ ਸਮਝ ਸਕਦੇ ਜੋ ਧਰਮ ਦਾ ਸੱਚਾ ਮਾਰਗ, ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਦਾ ਮਾਰਗ, ਉਸਦੀ ਸੱਚੀ ਭਗਤੀ ਦਾ ਮਾਰਗ ਹਰ ਸੱਚਾ ਧਰਮ ਗ੍ਰੰਥ ਸਮਝਾਉਂਦਾ ਹੈ ਤੇ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਇੱਕੋ ਜਿਹਾ ਮਾਰਗ ਹੀ ਸਮਝਾਉਂਦਾ ਹੈ ਕਿਉਂਕਿ ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ ਤੇ ਉਸਨੂੰ ਜਾਨਣ ਦਾ ਤਰੀਕਾ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਆਉ ਸਮਝਦੇ ਹਾਂ।

“ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧ੍ਰੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥”

ਧਰਮ ਦੇ ਮਾਰਗ ਦੀ ਸਾਨੂੰ ਸਮਝ ਮਨ ਦੇ ਵਿੱਚੋਂ ਹੀ ਪੈਂਦੀ ਹੈ। ਖੰਡ ਤੋਂ ਭਾਵ ਹੈ ਜਗ੍ਹਾ। ਸਾਨੂੰ ਜਿਸ ਜਗ੍ਹਾ ਤੋਂ ਸੋਝੀ ਪੈਂਦੀ

ਹੈ ਉਹ ਸਾਡਾ ਮਨ ਹੀ ਹੈ ਭਾਵ ਮਨ ਦੇ ਵਿਚਾਰ ਹੀ ਹਨ। ਮਨੁੱਖ ਜੋ ਕੁਝ ਵੀ ਸਮਝਦਾ ਹੈ ਉਹ ਮਨ ਦੇ ਵਿਚਾਰਾਂ ਰਾਹੀਂ ਹੀ ਸਮਝਦਾ ਹੈ। ਸਾਡੇ ਅੰਦਰ ਦੇ ਮਨ ਦੇ ਵਿਚਾਰ ਹੀ ਉਹ ਖੰਡ ਹੈ ਭਾਵ ਜਗ੍ਹਾ ਹੈ ਜਿੱਥੋਂ ਮਨੁੱਖ ਨੂੰ ਸਾਰੀ ਸਮਝ ਪੈਂਦੀ ਹੈ। ਸਾਡੇ ਅੰਦਰ ਦੇ ਧਰਮ ਖੰਡ ਦਾ ਇਹੀ ਧਰਮ ਹੈ ਕਿ ਉਹ ਸਾਨੂੰ ਸੱਚਾ ਧਰਮ ਦਾ ਮਾਰਗ ਸਮਝਾਵੇ। ਧਰਮ ਦੇ ਸੱਚੇ ਮਾਰਗ ਨੂੰ ਸਮਝਣ ਲਈ ਸੱਚੇ ਗਿਆਨ ਦੀ ਲੋੜ ਹੁੰਦੀ ਹੈ ਤੇ ਮਨੁੱਖ ਨੂੰ ਜੋ ਵੀ ਗਿਆਨ ਮਿਲਦਾ ਹੈ ਉਹ ਮਨ ਦੇ ਵਿੱਚੋਂ ਹੀ ਉਪਜਦਾ ਹੈ ਭਾਵ ਸਾਡਾ ਮਨ ਹੀ ਗਿਆਨ ਖੰਡ ਹੈ। ਸਾਨੂੰ ਧਰਮ ਦੇ ਮਾਰਗ ਦੀ ਨਾਮਸਝੀ ਵਾਲਾ ਗਿਆਨ ਵੀ ਮਨ ਦੇ ਗਿਆਨ ਖੰਡ ਰਾਹੀਂ ਹੀ ਮਿਲਦਾ ਹੈ ਤੇ ਧਰਮ ਦੀ ਸੱਚੀ ਸਮਝ ਵਾਲਾ ਗਿਆਨ ਵੀ ਮਨ ਦੇ ਗਿਆਨ ਰੂਪ ਖੰਡ ਵਿੱਚੋਂ ਹੀ ਮਿਲਦਾ ਹੈ। ਸੱਚੇ ਧਰਮ ਗ੍ਰੰਥਾਂ ਦੀ ਰਚਨਾ ਵੀ ਮਨ ਦੇ ਗਿਆਨ ਖੰਡ ਰਾਹੀਂ ਹੀ ਹੋਈ ਹੈ ਜਿਸ ਗਿਆਨ ਖੰਡ ਵਿੱਚ ਸਮਝ ਪਾਉਣ ਵਾਲਾ ਗਿਆਨ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਹਰ ਸੱਚੇ ਗ੍ਰੰਥ ਦੀ ਰਚਨਾ ਉਸਨੇ ਆਪ ਹੀ ਕਰਵਾਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਹੜੇ ਧਰਮ ਗ੍ਰੰਥ ਲਿਖਵਾਉਣ ਲਈ ਉਸਨੇ ਆਪਣੇ ਆਪ ਨੂੰ ਮਨੁੱਖੀ ਮਨ ਦੀ ਸਮਝ ਵਿੱਚ ਪ੍ਰਗਟ ਨਹੀਂ ਕੀਤਾ ਉੱਥੇ ਉਨਾਂ ਸਰੀਰਾਂ ਨੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਵਾਲੇ ਆਪਣੇ ਆਪ ਨੂੰ ਸਮਝਿਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਆਪਣੇ ਅੰਦਰੋਂ ਗਿਆਨ ਖੰਡ ਦੇ ਮਾਲਕ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਉਹੀ ਜਾਣ ਸਕਦਾ ਹੈ ਜਿਸਦੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਗੁਰਬਾਣੀ ਦੀ ਰਚਨਾ ਲਈ ਸਾਰਾ ਗਿਆਨ ਦਿੱਤਾ ਹੈ। ਸ੍ਰਿਸ਼ਟੀ ਦਾ ਕਰਤਾ ਇਹ ਗਿਆਨ ਮਨ ਦੇ ਵਿੱਚ ਧਰਮ ਦਾ ਮਾਰਗ ਸਮਝਾਉਣ ਲਈ ਹੀ ਦਿੰਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵੇਂ ਉਹ ਧਰਮ ਦਾ ਮਾਰਗ ਜਿਹੜੇ ਮਰਜੀ ਸੱਚੇ ਧਰਮ ਗ੍ਰੰਥ ਵਿੱਚੋਂ ਸਮਝ ਲਈਏ ਜੋ ਧਰਮ ਦੇ ਮਾਰਗ ਤੇ ਚੱਲਣ ਦੀ ਸਮਝ ਆਪਣੀ ਸਮਝਦੇ ਹਨ ਜਾਂ ਕਿਸੇ ਮਨੁੱਖੀ ਮਤਿ ਦੀ

ਸਮਝਦੇ ਹਨ, ਇਹ ਕੁਝ ਉਹੀ ਸਮਝ ਸਕਦੇ ਹਨ ਜਿੰਨ੍ਹਾਂ ਨੂੰ ਗਿਆਨ ਖੰਡ ਦੀ ਸਮਝ ਨਹੀਂ ਹੈ। ਸਾਰੇ ਸੱਚੇ ਧਰਮ ਗ੍ਰੰਥ ਪੂਰੀ ਪ੍ਰਿਥਵੀ ਤੇ ਗਿਆਨ ਖੰਡ ਹੀ ਹਨ ਜਿੰਨ੍ਹਾਂ ਵਿੱਚ ਸੱਚਾ ਗਿਆਨ ਮਨ ਦੀ ਸਮਝ ਦੇ ਸੱਚੇ ਗਿਆਨ ਖੰਡ ਤੋਂ ਆਇਆ ਹੈ। ਸਾਡੇ ਅੰਦਰ ਦੇ ਧਰਮ ਖੰਡ ਦਾ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਪੈਣ ਵਾਲੇ ਖੰਡ ਦਾ ਇਹ ਧਰਮ ਹੈ ਕਿ ਉਸਨੂੰ ਇਸ ਗੱਲ ਦੀ ਸਮਝ ਹੋਵੇ ਕਿ ਮੇਰੇ ਅੰਦਰ ਇਹ ਸਮਝ ਕਿਸਨੇ ਪਾਈ ਹੈ ਭਾਵ ਮੇਰੇ ਅੰਦਰ ਦਾ ਗਿਆਨ ਖੰਡ ਕੀ ਹੈ ਭਾਵ ਇਹ ਸਾਰਾ ਗਿਆਨ ਕਿੱਥੋਂ ਆਉਂਦਾ ਹੈ ਭਾਵ ਮੈਨੂੰ ਜੋ ਧਰਮ ਦੇ ਮਾਰਗ ਦੀ ਸੋਝੀ ਪਈ ਹੈ ਉਹ ਮੇਰੇ ਤੇ ਕਿਸਦੀ ਕਿਰਪਾ ਹੋਈ ਹੈ ਭਾਵ ਕਿਸਨੇ ਇਹ ਮੇਰੇ ਤੇ ਕਰਮ ਕੀਤਾ ਹੈ। ਜਿਨ੍ਹਾਂ ਸਰੀਰਾਂ ਨੂੰ ਧਰਮ ਦੇ ਮਾਰਗ ਦੀ ਸੱਚੀ ਸੋਝੀ ਪਈ ਹੈ ਉਹ ਇਹੀ ਆਖਦੇ ਹਨ ਕਿ ਮੇਰੇ ਤੇ ਇਹ ਕਰਮ ਗਿਆਨ ਖੰਡ ਦੇ ਵਿੱਚੋਂ ਹੋਇਆ ਹੈ ਭਾਵ ਗਿਆਨ ਖੰਡ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੇ ਮੇਰੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਸੱਚੇ ਧਰਮ ਦੇ ਮਾਰਗ ਦੀ ਸੋਝੀ ਉਸਨੇ ਆਪ ਹੀ ਪਾਈ ਹੈ ਭਾਵ ਇਸ ਧਰਮ ਦੀ ਸਮਝ ਦਾ ਮਾਲਕ ਮੈਂ ਆਪ ਨਹੀਂ ਬਲਕਿ ਆਪ ਪ੍ਰਮਾਤਮਾ ਹੈ। ਇਸ ਕਰਕੇ ਉਨ੍ਹਾਂ ਨੇ ਸ਼ਬਦ ਨੂੰ ਹੀ ਗੁਰੂ ਕਿਹਾ ਹੈ, ਸ਼ਬਦ ਦੇ ਮਾਲਕ, ਗਿਆਨ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਹੀ ਗੁਰੂ ਕਿਹਾ ਹੈ। (**ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥**)

ਜੋ ਆਪਣੇ ਅੰਦਰੋਂ ਗਿਆਨ ਦਾ ਮਾਲਕ, ਧਰਮ ਦੀ ਸਮਝ ਦੇ ਮਾਲਕ ਅਕਾਲਪੁਰਖ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹ ਤਾਂ ਫਿਰ ਆਪਣੇ ਜੀਵਨ ਵਿੱਚ ਵੀ ਉਹੋ ਜਿਹੇ ਸੱਚੇ ਧਰਮ ਦੇ ਮਾਰਗ ਤੇ ਚੱਲਦਾ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਭਗਤ ਜਨ ਤੇ ਗੁਰੂ ਸਾਹਿਬਾਨ ਵਿਚਰੇ ਹਨ ਤੇ ਸਾਰੇ ਸੰਸਾਰ ਨੂੰ ਵੀ ਗੁਰਬਾਣੀ ਦੀ ਸਿੱਖਿਆ ਰਾਹੀਂ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਭਾਵ ਸੱਚ ਤੇ ਚੱਲਣ ਦਾ ਮਾਰਗ ਸਮਝਾਇਆ ਹੈ ਭਾਵੇਂ ਕੋਈ ਆਪਣੀ ਆਪਣੀ ਸਮਝ ਦੇ ਅਨੁਸਾਰ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਗੁਰਬਾਣੀ ਦੇ ਰਚਨਕਾਰਾਂ ਵਿੱਚੋਂ ਹਿੰਦੂ ਧਾਰਮਿਕ ਆਸਥਾ ਰੱਖਣ ਵਾਲੇ ਵੀ ਸਨ ਤੇ ਸ਼ੇਖ ਫਰੀਦ ਜੀ ਮੁਸਲਮਾਨ ਪਰਿਵਾਰ ਵਿੱਚੋਂ ਸਨ ਪਰ ਸਭ ਨੇ ਆਪਣੇ ਜੀਵਨ ਵਿੱਚ ਇੱਕੋ ਜਿਹਾ ਧਾਰਮਿਕ ਮਾਰਗ ਅਪਣਾਇਆ ਹੈ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਅਪਨਾਇਆ ਹੈ, ਸੱਚੇ ਸੁੱਚੇ ਕਰਮ ਕਰਨ ਦਾ ਧਰਮ ਨਿਭਾਇਆ ਹੈ ਤੇ ਇਹੀ ਧਰਮ ਦਾ ਮਾਰਗ ਉਨ੍ਹਾਂ ਨੇ ਆਪਣੇ ਸ਼ਬਦਾਂ ਰਾਹੀਂ ਭਾਵ ਅਕਾਲਪੁਰਖ ਦੇ ਸ਼ਬਦਾਂ ਰਾਹੀਂ , ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦਾਂ ਰਾਹੀਂ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਸਮਝਾਇਆ

ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸ੍ਰਿਸ਼ਟੀ ਉਪਰ ਹਰ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਤੇ ਸਭ ਨੂੰ ਭਰਮਾਂ ਵਿੱਚ ਪਾਉਣ ਵਾਲਾ ਵੀ ਉਹ ਆਪ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਤੇ ਸੰਸਾਰ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਕੇ ਹੀ ਉਹ ਆਪਣੀ ਖੇਡ ਚਲਾ ਰਿਹਾ ਹੈ। ਆਪਣੀ ਆਪਣੀ ਆਸਥਾ ਅਨੁਸਾਰ ਭਾਵ ਵੱਖਰੀ ਵੱਖਰੀ ਧਾਰਮਿਕ ਸਮਝ ਅਨੁਸਾਰ ਸੰਸਾਰੀ ਮਨੁੱਖ ਆਪਣਾ ਧਰਮ ਦਾ ਮਾਰਗ ਕਿਸ ਤਰ੍ਹਾਂ ਨਿਭਾਉਣਾ ਸਮਝਦੇ ਹਨ ਤੇ ਕਿਸ ਕਰਕੇ ਸਮਝਦੇ ਹਨ, ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

52/7274

“ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧ੍ਰੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥”

ਉਸ ਅਕਾਲਪੁਰਖ ਦੀ ਭਗਤੀ ਤਦ ਤਕ ਨਹੀਂ ਹੋ ਸਕਦੀ ਜਦ ਤਕ ਕੋਈ ਉਸਦੇ ਵੱਡੇਪਣ ਨੂੰ ਭਾਵ ਉਸਦੀ ਵਡਿਆਈ ਕਰਨ ਦੇ ਤਰੀਕੇ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਭਾਵ ਜਦ ਤਕ ਉਸਨੂ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਉਸ ਦੀ ਰਚਨਾ ਵੱਡੀ ਹੈ ਜਾਂ ਰਚਨਹਾਰ ਵੱਡਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸਦੀ ਰਚੀ ਹੋਈ ਰਚਨਾ ਨੂੰ ਪੂਜਣਾ ਰਚਨਹਾਰ ਨੂੰ ਪੂਜਣਾ ਨਹੀਂ ਹੈ ਭਾਵ ਆਕਾਰ ਰੂਪ ਨੂੰ ਪੂਜਣਾ ਭਾਵ ਆਕਾਰ ਰੂਪ ਦੀ ਵਡਿਆਈ ਕਰਨਾ ਨਿਰੰਕਾਰ ਦੀ ਵਡਿਆਈ ਕਰਨਾ ਨਹੀਂ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ। ਉਸਦੇ ਨਿਰੰਕਾਰ ਰੂਪ ਨੂੰ ਜਾਣੇ ਬਿਨ੍ਹਾਂ ਉਸਦੇ ਆਕਾਰ ਰੂਪ ਦੀ ਵਡਿਆਈ ਕਰਨਾ, ਆਕਾਰ ਰੂਪ ਨੂੰ ਪੂਜਣਾ ਮਨੁੱਖ ਦਾ ਭਰਮ ਹੀ ਹੈ। ਮਨ ਦੇ ਭਰਮ ਵਿੱਚ ਰਹਿੰਦੇ ਹੋਏ ਸੰਸਾਰੀ ਮਨੁੱਖ ਆਕਾਰ ਰੂਪ ਨੂੰ ਪੂਜਣ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਪੂਜਾ ਸਮਝਦੇ ਹਨ ਤੇ ਇਹੀ ਕੁਝ ਸਾਨੂੰ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

ਅਨੇਕਾਂ ਹੀ ਮਨੁੱਖ ਹਵਾ ਨੂੰ, ਪਾਣੀ ਨੂੰ, ਅਗਨੀ ਨੂੰ ਪੂਜਦੇ ਹਨ ਭਾਵ ਉਨ੍ਹਾਂ ਨੂੰ ਦੇਵਤਾ ਰੂਪ ਮੰਨ ਕੇ ਪੂਜਦੇ ਹਨ। ਅਨੇਕਾਂ ਹੀ ਮਨੁੱਖ ਕਿਸੇ ਮਨੁੱਖੀ ਰੂਪ ਨੂੰ ਪ੍ਰਮਾਤਮਾ ਸਮਝ ਕੇ ਪੂਜਦੇ ਹਨ, ਸ੍ਰਿਸ਼ਟੀ ਦਾ ਕਰਤਾ ਸਮਝ ਕੇ ਪੂਜਦੇ ਹਨ ਜਿਵੇਂ ਕਿ “ਕਾਨ” ਨੂੰ ਭਾਵ ਕ੍ਰਿਸ਼ਨ ਨੂੰ ਪ੍ਰਮਾਤਮਾ ਸਮਝ ਕੇ ਪੂਜਿਆ ਜਾਂਦਾ ਹੈ ਤੇ ਅਨੇਕਾਂ ਹੀ “ਮਹੇਸ” ਦੇ ਆਕਾਰ ਰੂਪ ਦੀ ਪੂਜਾ ਕਰਦੇ ਹਨ, ਉਸਨੂੰ ਪ੍ਰਮਾਤਮਾ ਦਾ ਰੂਪ ਸਮਝਕੇ ਭਾਵ ਵੱਖਰੇ ਵੱਖਰੇ ਮਨੁੱਖੀ ਸਰੀਰਾਂ ਨੂੰ ਪ੍ਰਮਾਤਮਾ ਦੇ ਰੂਪ ਸਮਝਕੇ ਪੂਜਦੇ ਹਨ ਜਦਕਿ ਪ੍ਰਮਾਤਮਾ ਇੱਕੋ ਹੀ ਹੈ, ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਹੀ ਹੋ ਸਕਦਾ ਹੈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਜਿਸਨੇ ਸਭ ਕੁਝ ਪੰਜਾਂ ਤੱਤਾਂ ਦੁਆਰਾ ਬਣਾਇਆ ਹੈ, ਪਉਣ, ਪਾਣੀ, ਬੈਸੰਤਰ ਆਦਿ ਬਣਾਏ ਹਨ ਤੇ ਹਰ ਮਨੁੱਖੀ ਸਰੀਰ ਦਾ ਰਚਨਹਾਰ ਵੀ ਇੱਕੋ ਹੀ ਹੈ ਤੇ ਉਸ ਇੱਕੋ ਇੱਕ ਰਚਨਹਾਰ ਦੀ ਪੂਜਾ ਕਰਨ ਦਾ ਤਰੀਕਾ ਵੀ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਪਰ ਮਨ ਦੇ ਭਰਮ ਕਰਕੇ ਹੀ ਉਸ ਸ੍ਰਿਸ਼ਟੀ ਦੇ ਕਰਤੇ ਦੀ ਵਡਿਆਈ ਕਰਨ ਦੇ ਭਾਵ ਉਸ ਦੀ ਪੂਜਾ ਦੇ ਸੰਸਾਰੀਆਂ ਨੇ ਅਨੇਕਾਂ ਹੀ ਵੱਖਰੇ ਵੱਖਰੇ ਤਰੀਕੇ ਬਣਾਏ ਹੋਏ ਹਨ। (**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥**)

ਇਸੇ ਤਰ੍ਹਾਂ ਅਨੇਕਾਂ ਹੀ ਬਰਮਾ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਦੇ ਹਨ, ਸ੍ਰਿਸ਼ਟੀ ਦੀ ਘਾੜਤ ਘੜਣ ਵਾਲਾ ਮੰਨਦੇ ਹਨ, ਉਸਨੂੰ ਸੰਸਾਰ ਵਿੱਚ ਸਭ ਰੂਪ ਬਣਾਉਣ ਵਾਲਾ ਮੰਨਦੇ ਹਨ ਕਿ ਸਭ ਕੁਝ ਉਸਨੇ ਬਣਾਇਆ ਹੈ ਜਿਸ ਕਰਕੇ ਉਸਦੀ ਪੂਜਾ ਕੀਤੀ ਜਾਂਦੀ ਹੈ, ਉਸ ਦੇ ਆਕਾਰ ਰੂਪ ਨੂੰ ਸ੍ਰਿਸ਼ਟੀ ਦਾ ਕਰਤਾ ਸਮਝ ਕੇ ਪੂਜਦੇ ਹਨ। (**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ**

ਰੰਗ ਕੇ ਵੇਸ ॥)

52/7275

ਇਸੇ ਤਰ੍ਹਾਂ ਅਨੇਕਾਂ ਹੀ ਮਨੁੱਖ ਧਰਤੀ ਨੂੰ, ਪਹਾੜਾਂ ਨੂੰ ਦੇਵੀ ਦੇਵਤਿਆਂ ਦੇ ਰੂਪ ਮੰਨ ਕੇ ਉਸਦੀ ਪੂਜਾ ਕਰਨ ਵਿੱਚ ਧਰਮ ਦਾ ਕਰਮ ਸਮਝਦੇ ਹਨ ਤੇ ਇਸੇ ਤਰ੍ਹਾਂ ਅਨੇਕਾਂ ਹੀ "ਧ੍ਰੂ" ਭਗਤ ਨੂੰ ਪ੍ਰਮਾਤਮਾ ਦਾ ਰੂਪ ਮੰਨ ਕੇ ਉਸਦੇ ਉਪਦੇਸ਼ਾਂ ਨੂੰ ਮੰਨਣ ਵਿੱਚ ਹੀ ਧਰਮ ਦਾ ਕਰਮ ਸਮਝਦੇ ਹਨ। (**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧ੍ਰੂ ਉਪਦੇਸ ॥**)

ਇਸੇ ਤਰ੍ਹਾਂ ਹੀ ਧਰਤੀ ਤੇ ਅਨੇਕਾਂ ਮਨੁੱਖ ਇੰਦਰ ਨੂੰ ਦੇਵਤਾ ਰੂਪ ਸਮਝ ਕੇ ਪੂਜਦੇ ਹਨ ਤੇ ਅਨੇਕਾਂ ਹੀ ਚੰਦਰਮੇ ਤੇ ਸੂਰਜ ਨੂੰ ਦੇਵਤਿਆਂ ਦਾ ਰੂਪ ਸਮਝਕੇ ਪੂਜਦੇ ਹਨ ਤੇ ਉਸ ਵਿੱਚ ਪ੍ਰਮਾਤਮਾ ਦੀ ਭਗਤੀ ਸਮਝਦੇ ਹਨ। ਇਸੇ ਤਰ੍ਹਾਂ ਹੀ ਅਨੇਕਾਂ ਮਨੁੱਖ ਅਨੇਕਾਂ ਦੇਸ਼ਾਂ ਦਾ ਭਰਮਨ ਕਰਕੇ ਭਾਵ ਜਗ੍ਹਾ ਜਗ੍ਹਾ ਤੇ ਤੀਰਥ ਅਸਥਾਨਾਂ ਆਦਿ ਤੇ ਜਾ ਕੇ ਉਨ੍ਹਾਂ ਦੇ ਦਰਸ਼ਨ ਕਰਨ ਵਿੱਚ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਮਝਦੇ ਹਨ ਭਾਵ ਇਨ੍ਹਾਂ ਤਰੀਕਿਆਂ ਦੁਆਰਾ ਦੇਵੀ ਦੇਵਤਿਆਂ ਆਦਿ ਨੂੰ ਖੁਸ਼ ਕਰਨ ਦਾ ਤਰੀਕਾ ਸਮਝਦੇ ਹਨ, ਜਿਹੜੇ ਆਕਾਰ ਰੂਪਾਂ ਨੂੰ ਉਨ੍ਹਾਂ ਨੇ ਦੇਵਤਾ ਰੂਪ ਮੰਨਿਆ ਹੋਇਆ ਹੈ। (**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**)

ਇਸੇ ਤਰ੍ਹਾਂ ਹੀ ਅਨੇਕਾਂ ਮਨੁੱਖ ਉਨ੍ਹਾਂ ਨੂੰ ਪੂਜਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਸਿੱਧ, ਬੁੱਧ, ਨਾਥ ਮੰਨਿਆ ਹੁੰਦਾ ਹੈ ਭਾਵ ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲੇ ਮੰਨਿਆ ਹੁੰਦਾ ਹੈ, ਪ੍ਰਮਾਤਮਾ ਦਾ ਰੂਪ ਮੰਨਿਆ ਹੁੰਦਾ ਹੈ। ਇਸੇ ਤਰ੍ਹਾਂ ਅਨੇਕਾਂ ਮਨੁੱਖ ਦੇਵੀਆਂ ਦੀਆਂ ਮੂਰਤੀਆਂ ਦੀਆਂ ਪੂਜਾ ਕਰਦੇ ਹਨ ਜਿਸ ਵਿੱਚ ਉਹ ਆਪਣੇ ਧਰਮ ਦੇ ਮਾਰਗ ਤੇ ਚੱਲਣਾ ਸਮਝਦੇ ਹਨ ਭਾਵ ਹਰ ਕੋਈ ਆਪਣੀ ਆਪਣੀ ਸਮਝ ਅਨੁਸਾਰ ਆਕਾਰ ਰੂਪ ਦੀ ਪੂਜਾ ਕਰਨ ਵਿੱਚ ਹੀ ਪ੍ਰਮਾਤਮਾ ਦੀ ਭਗਤੀ ਕਰਨਾ ਸਮਝਦੇ ਹਨ। (**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥**)

ਇਸੇ ਤਰ੍ਹਾਂ ਹੀ ਅਨੇਕਾਂ ਮਨੁੱਖ ਦੇਵਤਿਆਂ ਨੂੰ ਪੂਜਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੀ ਆਪਣੀ ਸਮਝ ਅਨੁਸਾਰ ਦੇਵਤਾ ਮੰਨਿਆ ਹੁੰਦਾ ਹੈ। ਇਸੇ ਤਰ੍ਹਾਂ ਅਨੇਕਾਂ ਰਾਖਸ਼ਾਂ ਨੂੰ ਵੀ ਉੱਚਾ ਮੰਨ ਕੇ ਪੂਜਦੇ ਹਨ ਕਿ ਇਨ੍ਹਾਂ ਦੀ ਪੂਜਾ ਕਰਨ ਨਾਲ ਰਾਖਸ਼ ਤੰਗ ਨਹੀਂ ਕਰਦੇ। ਇਸੇ ਤਰ੍ਹਾਂ ਹੀ ਅਨੇਕਾਂ ਉਨ੍ਹਾਂ ਨੂੰ ਪੂਜਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਮੁਨੀ ਮੰਨਿਆ ਹੁੰਦਾ ਹੈ ਜੋ ਆਪਣਾ ਘਰ ਬਾਰ ਛੱਡ ਕੇ ਇਧਰ ਉਧਰ ਜਾ ਕੇ ਆਪਣੇ ਡੇਰੇ ਬਣਾ ਲੈਂਦੇ ਹਨ ਤੇ ਆਪਣੀ ਆਪਣੀ ਮਤਿ ਅਨੁਸਾਰ ਧਰਮ ਦਾ ਮਾਰਗ ਸਮਝਾਉਂਦੇ ਹਨ। ਅਨੇਕਾਂ ਮਨੁੱਖ ਰਤਨ ਦੀ ਪ੍ਰਾਪਤੀ ਕਰਨ ਵਿੱਚ ਭਗਤੀ ਦਾ ਮਾਰਗ ਸਮਝਦੇ ਹਨ, ਪ੍ਰਮਾਤਮਾ ਨੂੰ ਖੁਸ਼ ਕਰਨ ਦਾ ਮਾਰਗ ਸਮਝਦੇ ਹਨ ਜਿਸ ਰਤਨ ਦੀ ਪ੍ਰਾਪਤੀ ਕਰਨ ਲਈ ਉਹ ਸਮੁੰਦਰਾਂ ਵਿੱਚ ਜਾਂਦੇ ਹਨ ਤੇ ਉਨ੍ਹਾਂ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਜੋ ਰਤਨ ਸਮੁੰਦਰਾਂ ਵਿੱਚੋਂ ਮਿਲਦਾ ਹੈ ਉਹੀ ਨਾਮ ਰਤਨ ਹੁੰਦਾ ਹੈ ਭਾਵ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਉਹ ਨਾਮ ਰਤਨ ਤਾਂ ਸਾਡੇ ਅੰਦਰ ਹੀ ਹੈ ਜਿਸ ਮਨ ਰੂਪ ਸਰੋਵਰ ਵਿੱਚੋਂ ਉਸਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। (**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**)

52/7277

ਇਹੋ ਜਿਹੀ ਨਾਸਮਝ ਭਗਤੀ ਕਰਨ ਵਾਲੇ ਤੇ ਆਪਣੇ ਆਪ ਨੂੰ ਗੁਰੂ ਪ੍ਰਮਾਤਮਾ ਦੇ ਸੇਵਕ ਅਖਵਾਉਣ ਵਾਲਿਆਂ ਦਾ ਪੂਰੇ ਸੰਸਾਰ ਵਿੱਚ ਕੋਈ ਅੰਤ ਹੀ ਨਹੀਂ ਭਾਵ ਪੂਰੇ ਸੰਸਾਰ ਵਿੱਚ ਸੱਚੀ ਭਗਤੀ ਨੂੰ ਸਮਝਣ ਵਾਲਾ, ਉਸਦੇ ਨਾਮ ਨੂੰ ਸਮਝਣ ਵਾਲਾ, ਉਸਦੇ ਨਾਮ ਨੂੰ ਜਪਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ਜਿਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਸ੍ਰਿਸ਼ਟੀ ਦਾ ਕਰਤਾ ਆਪਣਾ ਨਾਮ ਬਖਸ਼ਣ ਦੁਅਰਾ ਆਪਣੀ ਸੱਚੀ ਭਗਤੀ ਦਾ ਮਾਰਗ ਆਪ ਹੀ ਸਮਝਾਉਂਦਾ ਹੈ ਜੋ ਉਸਦੀ ਭਗਤੀ ਦਾ ਮਾਰਗ, ਉਸਦਾ ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਮਾਰਗ ਸੱਚ ਤੇ ਚੱਲਣ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੈ ਜੋ ਇੱਕੋ ਜਿਹਾ ਮਾਰਗ ਉਸ ਨੇ ਭਗਤਾਂ ਤੇ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਸਮਝਾਇਆ ਹੈ, ਮਨ ਦੇ ਗਿਆਨ ਖੰਡ ਰਾਹੀਂ ਪ੍ਰਗਟ ਹੋ ਕੇ ਸਮਝਾਇਆ ਹੈ। (**ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧ੍ਰੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ ਕੇਤੀਆ**

ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥35॥)

ਸ੍ਰਿਸ਼ਟੀ ਦਾ ਕਰਤਾ ਅਕਾਲਪੁਰਖ, ਪ੍ਰਮਾਤਮਾ, ਅੱਲ੍ਹਾ, ਗਾਡ ਮਨੁੱਖੀ ਗਿਆਨ ਖੰਡ ਦੇ ਅੰਦਰ ਪ੍ਰਗਟ ਹੋ ਕੇ ਮਨੁੱਖ ਦੀ ਸੁਰਤਿ ਨੂੰ ਹੀ ਘੜਦਾ ਹੈ ਭਾਵ ਮਨੁੱਖ ਦੀ ਨਾਸਮਝ ਮਤਿ ਨੂੰ ਹੀ ਘੜ ਕੇ ਸੱਚੀ ਸਮਝ ਵਾਲੀ ਮਤਿ ਬਣਾਉਂਦਾ ਹੈ ਜਿਸ ਦੁਆਰਾ ਉਹ ਧਰਮ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ। ਇਹੀ ਗੱਲ ਜਪੁਜੀ ਬਾਣੀ ਦੇ ਅਗਲੇ ਸ਼ਬਦ ਵਿੱਚ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

"ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥"

ਗਿਆਨ ਦਾ ਖੰਡ ਸਾਡਾ ਮਨ ਹੀ ਹੈ ਜਿੱਥੋਂ ਹਰ ਮਨੁੱਖ ਨੂੰ ਗਿਆਨ ਮਿਲਦਾ ਹੈ ਜੋ ਗਿਆਨ ਮਨੁੱਖ ਦੇ ਆਪਣੇ ਹੱਥ ਨਹੀਂ ਬਲਕਿ ਸ੍ਰਿਸ਼ਟੀ ਦੇ ਕਰਤੇ ਦੇ ਹੱਥ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪ੍ਰਮਾਤਮਾ ਨੂੰ ਆਪਣੇ ਅਦਰੋਂ ਜਾਨਣ ਦੀ ਗੱਲ ਜਾਂ ਉਸਨੂੰ ਨਾ ਜਾਣ ਸਕਣ ਦੀ ਗੱਲ ਸਾਡੇ ਮਨ ਦੇ ਗਿਆਨ ਨਾਲ ਹੀ ਜੁੜੀ ਹੋਈ ਹੈ। ਸਾਰਾ ਭੇਦ ਤ੍ਰੈਗੁਣੀ ਗਿਆਨ ਤੇ ਚੌਥੇ ਪਦ ਦੇ ਗਿਆਨ ਦੇ ਫਰਕ ਵਿੱਚ ਹੀ ਹੈ। ਤ੍ਰੈਗੁਣੀ ਅਵਸਥਾ ਵਾਲਾ ਗਿਆਨ ਭਾਵ ਹਉਮੈ ਵਾਲੀ ਅਵਸਥਾ ਵਾਲਾ ਗਿਆਨ ਚੌਥੇ ਪਦ ਵਾਲੇ ਗਿਆਨ ਦੇ ਸਾਹਮਣੇ ਬਹੁਤ ਨੀਵਾਂ ਗਿਆਨ ਹੈ। ਚੌਥੇ ਪਦ ਵਾਲਾ ਗਿਆਨ ਪ੍ਰਚੰਡ ਗਿਆਨ ਹੈ ਭਾਵ ਬਹੁਤ ਪ੍ਰਬਲ, ਉੱਚਾ ਗਿਆਨ ਹੈ। ਜਿਸ ਦੇ ਮਨ ਦੇ ਵਿੱਚ ਵੀ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਆਪਣਾ ਪ੍ਰਚੰਡ ਗਿਆਨ ਹੀ ਪਾਉਂਦਾ ਹੈ

52/7278

ਜਿਸ ਪ੍ਰਚੰਡ ਗਿਆਨ ਵਾਲੀ ਸਮਝ ਦੁਆਰਾ ਮਨੁੱਖੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣ ਜਾਂਦੀ ਹੈ ਜੋ ਉੱਚੀ ਸਮਝ ਪਾਉਣ ਦੁਆਰਾ ਸ੍ਰਿਸ਼ਟੀ ਦਾ ਕਰਤਾ ਉਸ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਪੂਰੀ ਤਰ੍ਹਾਂ ਕੱਢ ਲੈਂਦਾ ਹੈ ਭਾਵ ਉਸ ਮਨੁੱਖੀ ਸਮਝ ਨੂੰ ਮਾਇਆ ਦੀ ਜੁਗਤਿ ਵਾਲੀ ਸਮਝ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ, ਪੁੱਠੇ ਕਮਲ ਵਾਲੀ ਸਮਝ ਵਿੱਚੋਂ ਪੂਰੀ ਤਰ੍ਹਾਂ ਕੱਢ ਲੈਂਦਾ ਹੈ। (**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥**)

ਮਨ ਦੇ ਵਿੱਚ ਆਪਣਾ ਉੱਚਾ ਗਿਆਨ ਬਖਸ਼ਣ ਦੁਆਰਾ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੪ ਘਰੁ ੨ ਛੰਤ

ੴ ਸਤਿਗੁਰ ਪ੍ਰਸਾਦਿ ॥

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥

ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥

ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥

ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥

ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥

ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥}

(ਅੰਗ - ੭੮-੭੯)

ਰਾਗੁ ਗਉੜੀ ਚੇਤੀ ॥

{ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ - ੩੩੧-੩੩੨)

ੴ ਸਤਿਗੁਰ ਪ੍ਰਸਾਦਿ ॥

ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥

{ਗੁਰਮੁਖਿ ਹਰਿ ਗੁਣ ਗਾਏ ॥ ਹਿਰਦੈ ਰਸਨ ਰਸਾਏ ॥
ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥
ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥
ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥
ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥
ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥
ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥
ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥
ਹਰਿ ਪ੍ਰਭਿ ਕਾਜੁ ਰਚਾਇਆ ॥ ਗੁਰਮੁਖਿ ਵੀਆਹਣਿ ਆਇਆ ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥੧॥੩॥}

(ਅੰਗ - ੨੨੪-੨੨੫)

ਗਉੜੀ ਮਹਲਾ ੫ ॥

{ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥
ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥

ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ - ੨੦੯)

ਮਾਰੂ ਸੋਲਹੇ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

{ਸਚਾ ਆਪਿ ਸਵਾਰਣਹਾਰਾ ॥ ਅਵਰ ਨ ਸੂਝਸਿ ਬੀਜੀ ਕਾਰਾ ॥
ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥
ਸਭਨਾ ਸਚੁ ਵਸੈ ਮਨ ਮਾਹੀ ॥ ਗੁਰ ਪਰਸਾਦੀ ਸਹਜਿ ਸਮਾਹੀ ॥
ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥
ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥
ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥
ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥

ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ - ੧੦੬੯-੧੦੭੦)

52/7279

ਮਾਰੂ ਮਹਲਾ ੩ ॥

{ਹਰਿ ਜੀਉ ਦਾਤਾ ਅਗਮ ਅਥਾਹਾ ॥ ਓਸੁ ਤਿਲੁ ਨ ਤਮਾਇ ਵੇਪਰਵਾਹਾ ॥
ਤਿਸ ਨੋ ਅਪੜਿ ਨ ਸਕੈ ਕੋਈ ਆਪੇ ਮੇਲਿ ਮਿਲਾਇਦਾ ॥੧॥
ਜੋ ਕਿਛੁ ਕਰੈ ਸੁ ਨਿਹਚਉ ਹੋਈ ॥ ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥
ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ ॥੨॥
ਚਉਦਹ ਭਵਣ ਤੇਰੇ ਹਟਨਾਲੇ ॥ ਸਤਿਗੁਰਿ ਦਿਖਾਏ ਅੰਤਰਿ ਨਾਲੇ ॥
ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥੩॥
ਸਤਿਗੁਰਿ ਸੇਵਿਐ ਸਹਜ ਅਨੰਦਾ ॥ ਹਿਰਦੈ ਆਇ ਵੁਠਾ ਗੋਵਿੰਦਾ ॥
ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥੪॥
ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ ॥ ਅਨਦਿਨੁ ਮਾਰੀਅਹਿ ਦੁਖੁ ਸਬਾਇਆ ॥
ਮਥੇ ਕਾਲੇ ਮਹਲੁ ਨ ਪਾਵਹਿ ਦੁਖ ਹੀ ਵਿਚਿ ਦੁਖੁ ਪਾਇਦਾ ॥੫॥
ਸਤਿਗੁਰੁ ਸੇਵਹਿ ਸੇ ਵਡਭਾਗੀ ॥ ਸਹਜ ਭਾਇ ਸਚੀ ਲਿਵ ਲਾਗੀ ॥
ਸਚੋ ਸਚੁ ਕਮਾਵਹਿ ਸਦ ਹੀ ਸਚੈ ਮੇਲਿ ਮਿਲਾਇਦਾ ॥੬॥
ਜਿਸ ਨੋ ਸਚਾ ਦੇਇ ਸੁ ਪਾਏ ॥ ਅੰਤਰਿ ਸਾਚੁ ਭਰਮੁ ਚੁਕਾਏ ॥
ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ ॥੭॥
ਆਪੇ ਕਰਤਾ ਸਭਨਾ ਕਾ ਸੋਈ ॥ ਜਿਸ ਨੋ ਆਪਿ ਬੁਝਾਏ ਬੂਝੈ ਕੋਈ ॥
ਆਪੇ ਬਖਸੇ ਦੇ ਵਡਿਆਈ ਆਪੇ ਮੇਲਿ ਮਿਲਾਇਦਾ ॥੮॥
ਹਉਮੈ ਕਰਦਿਆ ਜਨਮੁ ਗਵਾਇਆ ॥ ਆਗੈ ਮੋਹੁ ਨ ਚੂਕੈ ਮਾਇਆ ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥
ਪੂਰੈ ਭਾਗਿ ਗੁਰ ਸੇਵਾ ਹੋਈ ॥ ਨਦਰਿ ਕਰੇ ਤਾ ਸੇਵੇ ਕੋਈ ॥
ਜਮਕਾਲੁ ਤਿਸੁ ਨੇੜਿ ਨ ਆਵੈ ਮਹਲਿ ਸਚੈ ਸੁਖੁ ਪਾਇਦਾ ॥੧੦॥
ਤਿਨ ਸੁਖੁ ਪਾਇਆ ਜੋ ਤੁਧੁ ਭਾਏ ॥ ਪੂਰੈ ਭਾਗਿ ਗੁਰ ਸੇਵਾ ਲਾਏ ॥
ਤੇਰੈ ਹਥਿ ਹੈ ਸਭ ਵਡਿਆਈ ਜਿਸੁ ਦੇਵਹਿ ਸੋ ਪਾਇਦਾ ॥੧੧॥
ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥
ਅਗਿਆਨੀ ਅੰਧੇ ਦੂਜੈ ਲਾਗੇ ॥ ਬਿਨੁ ਪਾਣੀ ਡੁਬਿ ਮੂਏ ਅਭਾਗੇ ॥
ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ ॥੧੩॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗਿਆਨੀ ਧਿਆਨੀ ਪੂਛਹੁ ਕੋਈ ॥
ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ ਦਰਿ ਸਚੈ ਸੋਭਾ ਪਾਇਦਾ ॥੧੪॥
ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥ ਮਮਤਾ ਕਾਟਿ ਸਚਿ ਲਿਵ ਲਾਏ ॥
ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ ॥੧੫॥
ਆਪੇ ਕਰੇ ਕਰਾਏ ਕਰਤਾ ॥ ਸਬਦਿ ਮਰੈ ਸੋਈ ਜਨੁ ਮੁਕਤਾ ॥
ਨਾਨਕ ਨਾਮੁ ਵਸੈ ਮਨ ਅੰਤਰਿ ਨਾਮੋ ਨਾਮੁ ਧਿਆਇਦਾ ॥੧੬॥੫॥੧੯॥}

(ਅੰਗ - ੧੦੬੨-੧੦੬੩)

ਪੂਰੀ ਗੁਰਬਾਣੀ ਰਾਹੀਂ ਧੰਨ ਧੰਨ ਧੰਨ ਗੁਰੂ ਅਕਾਲਪੁਰਖ ਨੇ ਸਾਨੂੰ ਸਮਝਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਕਿ ਉਹ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਕਿਸ ਰੂਪ ਵਿੱਚ ਵੱਸਿਆ ਹੋਇਆ ਹੈ ਤੇ ਕਿਸ ਤਰੀਕੇ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਤੇ ਲੇਖ ਵਿੱਚ ਸਮਝਾਏ ਗਏ ਅਨੇਕਾਂ ਹੀ ਸ਼ਬਦਾਂ ਦੁਆਰਾ ਹਰ ਕੋਈ ਗੁਰੂ ਗੁਰਬਾਣੀ ਜੀ ਦੀ ਗੱਲ ਨੂੰ ਸਪਸ਼ਟ ਤਰੀਕੇ ਨਾਲ ਸਮਝ ਸਕਦਾ ਹੈ ਕਿ ਨਾਮ ਕੀ ਹੈ ਤੇ ਨਾਮ ਕਿਵੇਂ ਮਿਲਦਾ ਹੈ ਤੇ ਕਿਸ ਕੋਲੋਂ ਮਿਲਦਾ ਹੈ ਜੋ ਨਾਮ ਅਕਾਲਪੁਰਖ ਦਾ ਸੱਚਾ ਗਿਆਨ ਹੈ ਜਿਸ ਉੱਚੇ ਗਿਆਨ ਦਾ ਇੱਕੋ ਇੱਕ ਮਕਸਦ ਸੰਸਾਰ ਨੂੰ ਅਗਿਆਨਤਾ ਵਿੱਚੋਂ ਕੱਢਣ ਦਾ ਹੈ ਭਾਵ ਹਉਮੈ ਰੂਪ ਪੜਦੇ ਵਿੱਚੋਂ ਕੱਢਣ ਦਾ ਹੈ ਜਿਸ ਪੜਦੇ ਵਿੱਚੋਂ ਨਿਕਲੇ ਬਿਨ੍ਹਾਂ ਨਾ ਕੋਈ ਨਾਮ ਦੀ ਪ੍ਰਾਪਤੀ ਕਰ ਸਕਦਾ ਹੈ ਤੇ ਨਾ ਹੀ ਕੋਈ ਉਸਦੇ ਨਾਮ ਨੂੰ ਜਪ ਸਕਦਾ ਹੈ। ਜਿਉਂ ਜਿਉਂ ਅਸੀਂ ਗੁਰੂ ਦੇ ਸਮਝਾਏ ਹੋਏ ਨਾਮ ਨੂੰ ਜਪਦੇ ਜਾਵਾਂਗੇ ਭਾਵ ਸ਼ਬਦਾਂ ਦੀ ਵਿਚਾਰ ਨੂੰ ਸਮਝਕੇ ਉਨ੍ਹਾਂ ਤੇ ਅਮਲ ਕਰਦੇ ਜਾਵਾਂਗੇ ਤਿਉਂ ਤਿਉਂ ਅਸੀਂ ਹਉਮੈ ਵਿੱਚੋਂ ਨਿਕਲਦੇ ਜਾਵਾਂਗੇ ਤੇ ਨਾਮ ਦੇ ਮਾਲਕ ਦੇ ਨੇੜੇ ਲਗਦੇ ਜਾਵਾਂਗੇ ਬਾਕੀ ਕਿਰਪਾ ਤਾਂ ਉਸੇ ਦੀ ਹੀ ਹੈ ਤੇ ਉਹ ਕਦੇ ਕਿਸ ਵੇਲੇ ਕਿਸੇ ਤੇ ਖੁਸ਼ ਹੋ ਕੇ ਕਿਸੇ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪਣਾ ਪ੍ਰਚੰਡ ਗਿਆਨ ਪਾ ਦੇਵੇ ਭਾਵ ਆਪਣੀ ਉੱਚੇ ਨਾਮ ਵਾਲੀ ਸਮਝ ਦੇ ਨਾਲ ਜੋੜ ਦੇਵੇ। ਉਸਦੀ ਉੱਚੀ ਸਮਝ ਵਾਲਾ ਬਣਕੇ ਹੀ ਕੋਈ ਉਸ ਉੱਚੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਜਾਣਿਆ ਹੀ ਹੈ।

{ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ - ੫)

ਹੁਣ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਮਨ ਦੇ ਵਿੱਚ ਭਾਵ ਮਨ ਰੂਪ ਖੰਡ ਦੇ ਵਿੱਚ ਆਪਣਾ ਪ੍ਰਚੰਡ ਗਿਆਨ ਬਖਸ਼ਣ ਦੁਆਰਾ ਭਾਵ ਆਪਣੇ ਨਾਮ ਦੀ ਦਾਤਿ ਬਖਸ਼ਣ ਦੁਆਰਾ ਮਨੁੱਖ ਨੂੰ ਆਪਣੇ ਅੰਦਰੋਂ ਕਿਤਨੇ ਕੁ ਵੱਡੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਜੋ ਕਿਸੇ ਵੀ ਮਨੁੱਖ ਦੇ ਜੀਵਨ ਦਾ ਸਭ ਤੋਂ ਵੱਡਾ ਸੁੱਖ ਹੁੰਦਾ ਹੈ, ਜਿਸ ਸੁੱਖ ਦੀ ਪ੍ਰਾਪਤੀ ਲਈ ਹਰ ਮਨੁੱਖ ਤਰਸਦਾ ਹੈ।

"ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥"

ਇਹ ਗਿਆਨ ਖੰਡ ਦੇ ਵਿੱਚ ਭਾਵ ਮਨ ਦੀ ਸਮਝ ਦੇ ਵਿੱਚ, ਮਨ ਦੇ ਵਿਚਾਰਾਂ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦਾ ਸੁੱਖ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੁੱਖ ਹੈ ਜਿਸਨੂੰ ਆਪਣੇ ਉੱਚੇ ਗਿਆਨ ਵਾਲੀ ਸਮਝ ਦੁਆਰਾ, ਆਪਣੇ ਪ੍ਰਚੰਡ ਗਿਆਨ ਦੁਆਰਾ ਭਾਵ ਆਪਣੇ ਬ੍ਰਹਮਗਿਆਨ ਦੁਆਰਾ

ਭਾਵ ਆਪਣੇ ਨਾਮ ਦੁਆਰਾ ਪੂਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਅਣਗਿਣਤ ਖੰਡਾਂ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ, ਇਸ ਸੰਸਾਰ ਨੂੰ ਬਨਾਉਣ ਤੇ ਚਲਾਉਣ ਲਈ ਪੰਜਾਂ ਤੱਤਾਂ ਦੀ ਰਚਨਾ ਕੀਤੀ ਹੈ, ਇਤਨੀ ਉੱਚੀ ਸਾਇੰਸ ਦੀ ਰਚਨਾ ਕੀਤੀ ਹੈ ਜਿਸ

ਉਸਦੀ ਉੱਚੀ ਸਾਇੰਸ ਨਾਲ ਭਾਵ ਉਸਦੇ ਉੱਚੇ ਗਿਆਨ ਨਾਲ ਭਾਵ ਉਸਦੇ ਨਾਮ ਨਾਲ ਹਰ ਆਕਾਰ ਰੂਪ ਉਸਦੇ ਹੁਕਮ ਅਨੁਸਾਰ ਚੱਲ ਰਿਹਾ ਹੈ। ਸੰਸਾਰ ਵਿੱਚ ਕਦੇ ਕੋਈ ਵਿਰਲਾ ਹੀ ਉਸਦੀ ਕਿਰਪਾ ਦੁਆਰਾ ਆਪਣੇ ਅੰਦਰ ਦੇ ਗਿਆਨ ਖੰਡ ਨੂੰ ਜਾਣ ਸਕਦਾ ਹੈ ਭਾਵ ਆਪਣੇ ਮਨ ਨੂੰ ਬੁਝ ਸਕਦਾ ਹੈ ਭਾਵ ਆਪਣੇ ਅੰਦਰ ਦੀ ਜੋਤਿ ਨੂੰ ਜਾਣ ਸਕਦਾ ਹੈ ਜਿਸ ਆਪਣੀ ਜੋਤਿ ਰਾਹੀਂ ਸ੍ਰਿਸ਼ਟੀ ਦਾ ਕਰਤਾ ਸਭ ਮਨੁੱਖੀ ਸਰੀਰਾਂ ਨੂੰ ਚਲਾ ਰਿਹਾ ਹੈ, ਸਭ ਦੇ ਅੰਦਰ ਆਪ ਹੀ ਸਮਝ ਪਾ ਕੇ ਚਲਾ ਰਿਹਾ ਹੈ ਤੇ ਮਨ ਦੀ ਸਮਝ ਦੇ ਵਿੱਚ ਹੀ ਉਸਨੇ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਪਾ ਕੇ ਭਾਵ ਹਉਮੈ ਪਾ ਕੇ ਸਭ ਕੋਲੋਂ ਆਪਣਾ ਪੜਦਾ ਰੱਖਿਆ ਹੋਇਆ ਹੈ ਜਿਸ ਪੜਦੇ ਵਿੱਚ ਰਹਿੰਦਿਆਂ ਪੂਰੇ ਸੰਸਾਰ ਵਿੱਚ ਕੋਈ ਨਹੀਂ ਬੁਝ ਸਕਦਾ ਕਿ ਨਾਮ ਕੀ ਹੈ ਤੇ ਆਪਣਾ ਨਾਮ ਉਹ ਕਿਸੇ ਮਨੁੱਖ ਦੇ ਅੰਦਰ ਪ੍ਰਗਟ ਹੋ ਕੇ ਕਿਸ ਤਰੀਕੇ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਗਿਆਨ ਖੰਡ ਦੇ ਅੰਦਰ ਆਪਣਾ ਗਿਆਨ ਪ੍ਰਚੰਡ ਕਰਨ ਦੁਆਰਾ ਕੀਤਾ ਹੈ ਜੋ ਉੱਚਾ ਗਿਆਨ ਉਨ੍ਹਾਂ ਸਰੀਰਾਂ ਨੇ ਪੂਰੀ ਗੁਰਬਾਣੀ ਵਿੱਚ ਪਾਇਆ ਹੈ ਜਿਸ ਗੁਰਬਾਣੀ ਦੇ ਉੱਚੇ ਗਿਆਨ ਦੁਆਰਾ ਸੰਸਾਰ ਦਾ ਕੋਈ ਵੀ ਮਨੁੱਖ ਗੁਰਬਾਣੀ ਦੇ ਗਿਆਨ ਨਾਲ ਜੁੜਕੇ ਗੁਰਬਾਣੀ ਦਾ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਭਾਵ ਆਪਣੇ ਅੰਦਰ ਦੇ ਗਿਆਨ ਖੰਡ ਨੂੰ ਜਾਨਣ ਦਾ ਸੱਚਾ ਉਦਮ ਕਰ ਸਕਦਾ ਹੈ। ਆਪਣੇ ਅੰਦਰ ਦੇ ਗਿਆਨ ਖੰਡ ਨੂੰ ਜਾਨਣ ਤੋਂ ਬਾਅਦ ਮਨੁੱਖ ਆਪਣੀ ਸਮਝ ਦੇ ਵਿੱਚ ਇਹੋ ਜਿਹੀ ਖੁਸ਼ੀ ਮਹਿਸੂਸ ਕਰਦਾ ਹੈ ਇਹੀ ਗੱਲ ਸਾਨੂੰ ਉਪਰ ਵਾਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਗੱਲ ਤੇ ਪੂਰਨ ਵਿਸ਼ਵਾਸ ਕਿਸੇ ਮਨੁੱਖ ਨੂੰ ਤਾਂ ਹੀ ਆ ਸਕਦਾ ਹੈ ਜਦੋਂ ਕੋਈ ਆਪਣੇ ਅੰਦਰ ਪ੍ਰਚੰਡ ਗਿਆਨ ਦੀ ਪ੍ਰਾਪਤੀ ਦੁਆਰਾ ਆਪਣੇ ਅੰਦਰ ਦੇ ਉਸ ਗਿਆਨ ਖੰਡ ਨੂੰ ਜਾਣ ਲੈਂਦਾ ਹੈ ਜਿਸ ਗਿਆਨ ਖੰਡ ਵਿੱਚੋਂ ਮਨੁੱਖ ਨੂੰ ਸ੍ਰਿਸ਼ਟੀ ਦੇ ਕਰਤੇ ਕੋਲੋਂ ਉਸਦਾ ਨਾਮ ਮਿਲਦਾ ਹੈ ਭਾਵ ਉਸਦਾ ਸੱਚਾ ਗਿਆਨ ਮਿਲਦਾ ਹੈ ਭਾਵ ਬ੍ਰਹਮ ਗਿਆਨ ਮਿਲਦਾ ਹੈ ਭਾਵ ਚੌਥੇ ਪਦ ਦਾ ਗਿਆਨ ਮਿਲਦਾ ਹੈ। "ਨਾਦ" ਰਾਗ ਨੂੰ, ਸੰਗੀਤ ਨੂੰ ਕਹਿੰਦੇ ਹਨ, "ਬਿਨੋਦ" ਤਮਾਸ਼ੇ ਨੂੰ ਕਹਿੰਦੇ ਹਨ, "ਕੋਡ" ਕੌਤਕ ਨੂੰ ਕਹਿੰਦੇ ਹਨ ਤੇ "ਅਨੰਦੁ" ਸਭ ਤੋਂ ਉੱਚੀ ਖੁਸ਼ੀ ਨੂੰ ਕਹਿੰਦੇ ਹਨ, ਸਭ ਤੋਂ ਉੱਚੇ ਸੁੱਖ ਨੂੰ ਕਹਿੰਦੇ ਹਨ।

ਜਦੋਂ ਕਿਸੇ ਵਿਰਲੇ ਮਨੁੱਖ ਦੇ ਅੰਦਰ ਉਸਦੇ ਗਿਆਨ ਖੰਡ ਦੇ ਵਿੱਚ ਨਾਦ, ਬਿਨੋਦ, ਕੋਡ, ਅਨੰਦ ਵਾਲੀ ਸਮਝ ਪੈਂਦੀ ਹੈ ਉਹ ਮਨ ਦੇ ਵਿੱਚ ਅਕਾਲਪੁਰਖ ਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ ਜਿਸ ਗੱਲ ਨੂੰ ਸਮਝਣਾ ਪਹਿਲੇ ਸਾਡੇ ਲਈ ਜਰੂਰੀ ਹੈ ਜਿਸਨੂੰ ਕਿ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

52/7281

ਸਲੋਕ ॥

"ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥
ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥੧॥
ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥
ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ॥੨॥"

(ਅੰਗ - ੯੨੯)

ਉਪਰ ਵਾਲੇ ਸਲੋਕ ਰਾਹੀਂ ਸਾਨੂੰ ਬੜੇ ਸਪਸ਼ਟ ਤਰੀਕੇ ਨਾਲ ਸਮਝਾਇਆ ਹੋਇਆ ਹੈ ਕਿ ਮਨੁੱਖ ਨੂੰ ਨਾਦ, ਬਿਨੋਦ, ਅਨੰਦ, ਕੋਡ ਵਾਲੀ ਸਮਝ ਦੀ ਪ੍ਰਾਪਤੀ ਆਪਣੇ ਪਿਆਰੇ ਪ੍ਰੀਤਮ ਭਾਵ ਪ੍ਰਮਾਤਮਾ ਦੇ ਨਾਲ ਸੰਗ ਹੋਣ ਦੁਆਰਾ ਹੀ ਬਣਦੀ ਹੈ ਜਿਸ ਪ੍ਰਾਪਤੀ ਦੁਆਰਾ ਮਨੁੱਖ ਨੂੰ ਉਸ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਫਲ ਦੀ ਪ੍ਰਾਪਤੀ ਸੰਸਾਰ ਦਾ ਹਰ ਮਨੁੱਖ ਮੰਗਦਾ ਹੈ। ਇਹ ਆਪਣਾ ਫਲ ਪ੍ਰਮਾਤਮਾ ਜਿਸਨੂੰ ਵੀ ਦਿੰਦਾ ਹੈ ਆਪਣੇ ਨਾਮ ਦੇ ਰੂਪ ਵਿੱਚ ਹੀ ਦਿੰਦਾ ਹੈ ਤੇ ਇਸ ਫਲ ਦੀ ਪ੍ਰਾਪਤੀ ਤੋਂ ਬਾਦ ਹੀ ਕੋਈ ਉਸਦਾ ਨਾਮ ਉਚਾਰ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉਪਰ ਵਾਲੇ ਸਲੋਕ ਦੇ ਦੂਸਰੇ ਪਦੇ ਰਾਹੀਂ ਸਮਝਾਈ ਹੋਈ ਹੈ। (**ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥ ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ॥2॥**) ਜੋ ਨਾਮ ਦਾ ਫਲ ਹੈ ਉਹੀ ਹਰਿ ਧਨ ਹੈ ਭਾਵ ਉਸਦੇ ਸੱਚੇ ਗਿਆਨ ਦਾ ਧਨ ਹੈ ਜਿਸ ਹਰਿ ਧਨ ਦੀ ਪ੍ਰਾਪਤੀ ਦੁਆਰਾ ਹੀ ਕੋਈ ਉਸ ਸ੍ਰਿਸ਼ਟੀ ਦੇ ਕਰਤੇ ਦੀ ਸੁਹਾਗਣ ਬਣਦਾ ਹੈ ਤੇ ਉਸ ਮਨੁੱਖ ਦਾ ਚਿੱਤ ਫਿਰ ਮਾਇਆ ਮੋਹ ਵਿੱਚ ਨਹੀਂ ਡੋਲਦਾ, ਭਰਮਾਂ ਵਿੱਚ ਨਹੀਂ ਡੋਲਦਾ ਭਾਵ ਗੁਰਮਤਿ ਤੇ ਅਡੋਲ ਹੋ

ਜਾਂਦਾ ਹੈ ਕਿਉਂਕਿ ਅਕਾਲਪੁਰਖ ਦੀ ਸੁਹਾਗਣ ਬਣਨ ਦੁਆਰਾ ਜੋ ਉਸ ਕੋਲੋਂ ਉਸਦਾ ਹਰਿ ਧਨ ਮਿਲਦਾ ਹੈ ਉਹ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਮਿਲਦਾ ਹੈ। ਜੋ ਇਸ ਹਰਿ ਧਨ ਦੀ ਪ੍ਰਾਪਤੀ ਕਰਦਾ ਹੈ ਉਹ ਇਹ ਪ੍ਰਾਪਤੀ ਮਨ ਦੇ ਵਿੱਚ ਭਾਵ ਆਪਣੇ ਮਨ ਰੂਪ ਘਰ ਦੇ ਵਿੱਚ ਆਪਣੇ ਸੱਚੇ ਮੀਤ ਦੇ ਭਾਵ ਅਕਾਲਪੁਰਖ ਦੇ ਪ੍ਰਗਟ ਹੋਣ ਦੁਆਰਾ ਹੀ ਕਰਦਾ ਹੈ ਭਾਵ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਕਰਦਾ ਹੈ ਜਿਸ ਤਰੀਕੇ ਆਪਣਾ ਹਰਿ ਧਨ ਭਾਵ ਆਪਣੇ ਸੱਚੇ ਗਿਆਨ ਦਾ ਧਨ ਭਾਵ ਆਪਣਾ ਨਾਮ ਧਨ ਸ੍ਰਿਸ਼ਟੀ ਦਾ ਕਰਤਾ ਆਪ ਹੀ ਕਿਸੇ ਨੂੰ ਦਿੰਦਾ ਹੈ ਜੋ ਹਰਿ ਧਨ ਦਾ ਮਾਲਕ ਹੈ। ਮਨ ਦੇ ਵਿੱਚ ਉਸਦੇ ਪ੍ਰਗਟ ਹੋਣ ਦੁਆਰਾ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸੰਤ ਰੂਪ ਵਿੱਚ ਅਕਾਲਪੁਰਖ ਆਪ ਹੀ ਹੈ ਤੇ ਜਿਸਦੇ ਗ੍ਰਿਹ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਨੂੰ ਹੀ ਉਹ ਆਪਣਾ ਸੰਤ ਸੰਜੋਗੀ ਬਣਾਉਂਦਾ ਹੈ ਭਾਵ ਆਪਣਾ ਸੰਤ ਰੂਪ ਬਣਾਉਂਦਾ ਹੈ, ਆਪਣਾ ਗੁਰੂ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਨਾਲ ਮਨ ਦੀ ਸਮਝ ਦੇ ਵਿੱਚ ਉਨ੍ਹਾਂ ਨਾਲ ਸੰਜੋਗ ਕਰਕੇ ਆਪਣਾ ਸੰਤ ਰੂਪ ਬਣਾਇਆ ਹੈ, ਆਪਣਾ ਨਾਮ ਰੂਪ ਫਲ ਬਖਸ਼ਣ ਦੁਆਰਾ ਬਣਾਇਆ ਹੈ ਤੇ ਉਸ ਤੋਂ ਬਾਦ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਨਾਦ, ਬਿਨੋਦ, ਅਨੰਦ, ਕੋਡ ਕੀ ਹੈ। (**ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥ ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥1॥ ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥ ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ॥2॥**)

ਨਾਦ, ਬਿਨੋਦ, ਕੋਡ, ਆਨੰਦਾ ਵਾਲੀ ਅਵਸਥਾ ਦੀ ਪ੍ਰਾਪਤੀ

52/7282

ਕਿਵੇਂ ਹੁੰਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

ਸਾਰਗ ਮਹਲਾ ੫ ॥

{ਮਨ ਤੇ ਭੈ ਭਉ ਦੂਰਿ ਪਰਾਇਓ ॥
ਲਾਲ ਦਇਆਲ ਗੁਲਾਲ ਲਾਡਿਲੇ ਸਹਜਿ ਸਹਜਿ ਗੁਨ ਗਾਇਓ ॥੧॥ ਰਹਾਉ ॥
ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ ॥
ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ ॥੧॥
ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ ॥
ਕਰਨਾ ਆਪਿ ਕਰਾਵਨ ਆਪੇ ਕਹੁ ਨਾਨਕ ਆਪਿ ਆਪਾਇਓ ॥੨॥੩੦॥੫੩॥}

(ਅੰਗ - ੧੨੧੪)

ਉਪਰ ਵਾਲੇ ਸ਼ਬਦ ਵਿੱਚ ਭਾਵ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜੋ ਕਿ ਮਨ ਦੇ ਸਹਜ ਵਾਲੀ ਅਵਸਥਾ ਦੀ ਪ੍ਰਾਪਤੀ ਦੁਆਰਾ ਸਮਝਾਇਆ ਹੋਇਆ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਪ੍ਰਾਪਤੀ ਦੁਆਰਾ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਕਿ ਸਹਜ ਵਾਲੀ ਅਵਸਥਾ ਦੀ ਪ੍ਰਾਪਤੀ ਹੋਣਾ ਜਾਂ ਮਨ ਦੇ ਵਿੱਚ ਅਕਾਲਪੁਰਖ ਦੇ ਨਾਲ ਮੇਲ ਹੋਣਾ ਇੱਕੋ ਹੀ ਗੱਲ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਕਰਨ ਕਰਾਉਣ ਵਾਲਾ ਉਹ ਆਪ ਹੀ ਹੈ ਤੇ ਹਰ ਆਕਾਰ ਰੂਪ ਵਿੱਚ ਵੀ ਕੇਵਲ ਉਹ ਆਪ ਹੀ ਹੈ। (**ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ ॥ ਕਰਨਾ ਆਪਿ ਕਰਾਵਨ ਆਪੇ ਕਹੁ ਨਾਨਕ ਆਪਿ ਆਪਾਇਓ ॥2॥30॥53॥**)

ਸਾਰੀ ਗੱਲ ਆਪਣੇ ਮਨ ਦੇ ਗਿਆਨ ਖੰਡ ਨੂੰ ਜਾਨਣ ਦੀ ਹੈ ਜਿਸਨੂੰ ਕੇਵਲ ਤਾਂ ਹੀ ਜਾਣਿਆ ਜਾ ਸਕਦਾ ਹੈ ਜਦੋਂ ਅੱਲ੍ਹਾ ਮਨ ਦੇ ਵਿੱਚ ਗਿਆਨ ਪ੍ਰਚੰਡ ਕਰਨ ਦੁਆਰਾ ਉਸ ਵਿੱਚ ਪ੍ਰਗਟ ਹੋ ਜਾਂਦਾ ਹੈ। ਹੁਣ ਅਸੀਂ ਜਪੁਜੀ ਬਾਣੀ ਦੇ ਮੁੱਖ ਸ਼ਬਦ ਨੂੰ ਕੁਝ ਆਸਾਨੀ ਨਾਲ ਸਮਝ ਸਕਾਂਗੇ ਤੇ ਵਿਸ਼ਵਾਸ ਨਾਲ ਕਹਿ ਸਕਾਂਗੇ ਕਿ ਨਾਦ, ਬਿਨੋਦ, ਕੋਡ, ਅਨੰਦ ਵਾਲੀ ਅਵਸਥਾ ਕੀ ਹੈ।

“ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥”

ਨਾਦ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹ ਨਾਦ ਸਾਡੇ ਮਨ ਦੇ ਅੰਦਰ ਵੱਜਣ ਵਾਲਾ ਨਾਦ ਹੈ ਜੋ ਆਪਣਾ ਨਾਦ ਸ੍ਰਿਸ਼ਟੀ ਦਾ ਕਰਤਾ ਕਿਸੇ ਦੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਵਜਾਉਂਦਾ ਹੈ। ਬਾਣੀ ਵਿੱਚ ਅਨਹਦ ਨਾਦ ਦੀ ਗੱਲ ਵੀ ਆਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਮਨ ਦੇ ਵਿੱਚ ਇਹ ਆਪਣਾ ਨਾਦ ਵਜਾਉਣ ਦੁਆਰਾ ਹੀ ਮਨ ਦੀ ਸਮਝ ਦੇ ਵਿੱਚ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾਉਂਦਾ ਹੈ ਭਾਵ ਜਦੋਂ ਉਹ ਕਿਸੇ ਦੇ ਅੰਦਰ ਗਿਆਨ ਪ੍ਰਚੰਡ ਕਰਦਾ ਹੈ ਉਹ ਮਨ ਦੀ ਸਮਝ ਦੇ ਵਿੱਚ ਨਾਦ ਵਜਾਉਣ ਦੁਆਰਾ ਹੀ ਕਰਦਾ ਹੈ। ਮਨ ਦੇ ਵਿੱਚੋਂ ਉਸਦਾ ਨਾਦ ਸੁਣੇ ਬਿਨ੍ਹਾਂ ਭਾਵ ਸਮਝੇ ਬਿਨ੍ਹਾਂ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਅੰਦਰ ਨਾਦ ਦਾ ਵੱਜਣਾ ਕੀ ਹੈ, ਇਹ ਨਾਦ ਸੁਨਣ ਤੋਂ ਬਾਦ ਕਿਸੇ ਨੂੰ “**ਅਨੰਦੁ**” ਦੀ ਪ੍ਰਾਪਤੀ ਹੁੰਦੀ ਹੈ ਜਿਸ ਦੁਆਰਾ ਉਹ ਕਿਸੇ ਮਨੁੱਖ ਦੀ ਸਮਝ ਨੂੰ ਪੂਰਨ ਕਰਦਾ ਹੈ ਤੇ ਮਨੁੱਖ ਨੂੰ ਉਹ ਆਪਣੀ ਉੱਚੀ

ਸਮਝ ਦੇਣ ਦੁਆਰਾ ਪੂਰਨ ਬਣਾਉਂਦਾ ਹੈ। ਇਹ ਸੰਸਾਰ ਦੇ ਕਿਸੇ ਵੀ ਮਨੁੱਖ ਲਈ ਸਭ ਤੋਂ ਜਿਆਦਾ ਹੈਰਾਨਗੀ ਵਾਲੀ ਗੱਲ ਹੁੰਦੀ ਹੈ ਜਦੋਂ ਮਨੁੱਖ ਨੂੰ ਮਨ ਦੀ ਸਮਝ ਰਾਹੀਂ ਇਹ ਪਤਾ ਲਗਦਾ ਹੈ ਕਿ ਮੇਰੇ ਅੰਦਰ ਪ੍ਰਮਾਤਮਾ ਆਪ ਹੀ ਹੈ ਤੇ ਸ੍ਰਿਸ਼ਟੀ ਦੇ ਹਰ ਰੂਪ ਵਿੱਚ ਉਹ ਆਪ ਹੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥
ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥੨॥੪੬॥੬੯॥}

(ਅੰਗ - ੧੨੧੭)

ਹੋਰ ਵੀ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਮਨ ਦੇ ਵਿੱਚ ਨਾਦ ਵਜਣਾ ਸਮਝਿਆ ਜਾ ਸਕਦਾ ਹੈ।

{ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ ਸਤਸੰਗਤਿ ਬਹਿ ਹਰਿ ਗੁਣ ਗਾਇਆ ॥
ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥
ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥
ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ ॥
ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥}

(ਅੰਗ - ੧੧੫-੧੧੬)

{ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥
ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥
ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥
ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥}

(ਅੰਗ - ੧੨੧)

{ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥

ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥
ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥
ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥
ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥
ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥
ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥
ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥
ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥ ਸੰਤ ਜਨਾ ਕੈ ਹਿਰਦੈ ਸਭਿ ਧਰਮ ॥
ਸੰਤ ਜਨਾ ਸੁਨਹਿ ਸੁਭ ਬਚਨ ॥ ਸਰਬ ਬਿਆਪੀ ਰਾਮ ਸੰਗਿ ਰਚਨ ॥
ਜਿਨਿ ਜਾਤਾ ਤਿਸ ਕੀ ਇਹ ਰਹਤ ॥ ਸਤਿ ਬਚਨ ਸਾਧੂ ਸਭਿ ਕਹਤ ॥
ਜੋ ਜੋ ਹੋਇ ਸੋਈ ਸੁਖੁ ਮਾਨੈ ॥ ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥
ਅੰਤਰਿ ਬਸੇ ਬਾਹਰਿ ਭੀ ਓਹੀ ॥ ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥
ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥
ਅਨਿਕ ਕਲਾ ਲਖੀ ਨਹ ਜਾਇ ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥
ਕਵਨ ਨਿਕਟਿ ਕਵਨ ਕਹੀਐ ਦੂਰਿ ॥ ਆਪੇ ਆਪਿ ਆਪ ਭਰਪੂਰਿ ॥
ਅੰਤਰਗਤਿ ਜਿਸੁ ਆਪਿ ਜਨਾਏ ॥ ਨਾਨਕ ਤਿਸੁ ਜਨ ਆਪਿ ਬੁਝਾਏ ॥੫॥
ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥
ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥
ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥
ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥
ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥
ਇਸ ਤੇ ਹੋਇ ਸੁ ਨਾਹੀ ਬੁਰਾ ॥ ਓਰੈ ਕਹਹੁ ਕਿਨੈ ਕਛੁ ਕਰਾ ॥
ਆਪਿ ਭਲਾ ਕਰਤੂਤਿ ਅਤਿ ਨੀਕੀ ॥ ਆਪੇ ਜਾਨੈ ਅਪਨੇ ਜੀ ਕੀ ॥
ਆਪਿ ਸਾਚੁ ਧਾਰੀ ਸਭ ਸਾਚੁ ॥ ਓਤਿ ਪੋਤਿ ਆਪਨ ਸੰਗਿ ਰਾਚੁ ॥

ਤਾ ਕੀ ਗਤਿ ਮਿਤਿ ਕਹੀ ਨ ਜਾਇ ॥ ਦੂਸਰ ਹੋਇ ਤ ਸੋਝੀ ਪਾਇ ॥
ਤਿਸ ਕਾ ਕੀਆ ਸਭੁ ਪਰਵਾਨੁ ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥
ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥}

(ਅੰਗ - ੨੯੩-੨੯੫)

ਆਸਾ ਮਹਲਾ ੫ ॥

{ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ ਲਾਈ ॥ ਸਤਿਗੁਰੁ ਸੇਵਿ ਸਭੈ ਫਲ ਪਾਈ ॥੧॥
ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥
ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤ ਸਰਿ ਸਦ ਹੀ ਭਰਪੂਰਾ ॥੧॥ ਰਹਾਉ ॥
ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥
ਪੰਚ ਸਖੀ ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦੁ ਵਜਾਇਆ ॥੩॥
ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ॥ ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ ॥੪॥੧੭॥}

(ਅੰਗ - ੩੭੫)

{ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ ॥
ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥੪॥
ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥
ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥
ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥
ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥}

(ਅੰਗ - ੪੧੧)

{ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥
ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥
ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥
ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ ॥
ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥

ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥}

(ਅੰਗ - ੧੪੨੩-੧੪੨੪)

{ਗੁਰਮੁਖਿ ਗਾਵੈ ਗੁਰਮੁਖਿ ਬੋਲੈ ॥ ਗੁਰਮੁਖਿ ਤੋਲਿ ਤੁਲਾਵੈ ਤੋਲੈ ॥
ਗੁਰਮੁਖਿ ਆਵੈ ਜਾਇ ਨਿਸੰਗੁ ॥ ਪਰਹਰਿ ਮੈਲੁ ਜਲਾਇ ਕਲੰਕੁ ॥
ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਮਜਨੁ ਚਜੁ ਅਚਾਰੁ ॥
ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥ ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥
ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥
ਚਰਨ ਕਮਲ ਉਰ ਧਾਰੇ ਚੀਤ ॥ ਚਿਰੁ ਜੀਵਨੁ ਚੇਤਨੁ ਨਿਤ ਨੀਤ ॥
ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥
ਚਿਤਿ ਵਸੈ ਰਾਚੈ ਹਰਿ ਨਾਇ ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥}

(ਅੰਗ - ੯੩੨)

{ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥ ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥
ਗੁਰਮੁਖਿ ਨਾਦ ਬੇਦ ਬੀਚਾਰੁ ॥ ਬਿਨੁ ਗੁਰ ਪੂਰੇ ਘੋਰ ਅੰਧਾਰੁ ॥੧॥
ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥
ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥੧॥ ਰਹਾਉ ॥}

(ਅੰਗ - ੧੨੭੦)

ਮਃ ੩ ॥
{ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥
ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥
ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥}

(ਅੰਗ - ੮੪੯)

52/7284

{ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦ ॥
ਸੂਖ ਸਹਜ ਨਾਨਕ ਅਨੰਦ ਤਾ ਕੈ ਪੂਰਨ ਨਾਦ ॥੪॥੮॥੩੮॥}

(ਅੰਗ - ੮੧੦)

ਸ੍ਰਿਸ਼ਟੀ ਦੇ ਕਰਤੇ ਦਾ ਇਹ ਨਾਦ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਤੇ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਸ੍ਰਿਸ਼ਟੀ ਦੇ ਕਰਤੇ ਦਾ ਇਹ ਨਾਦ ਹਰ ਵੇਲੇ ਹਰ ਮਨੁੱਖ ਦੀ ਸਮਝ ਵਿੱਚ ਵਜਦਾ ਹੀ ਰਹਿੰਦਾ ਹੈ। ਹਰ ਮਨੁੱਖ ਨੂੰ ਤ੍ਰੈਗੁਣਾਂ ਵਾਲੀ ਸਮਝ ਵਿੱਚ ਉਸਨੇ ਮਨ ਦੇ ਇਸ ਨਾਦ ਦੁਆਰਾ ਹੀ ਨਥਿਆ ਹੋਇਆ ਹੈ ਭਾਵ ਮਨੁੱਖੀ ਸਮਝ ਨੂੰ ਬੰਨਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੀ

ਹੈ।

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥
ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥}

(ਅੰਗ - ੬-੭)

ਜਦੋਂ ਪ੍ਰਮਾਤਮਾ ਕਿਸੇ ਦੇ ਨਾਲ ਮਨ ਦੇ ਵਿੱਚ ਮੇਲ ਕਰਦਾ ਹੈ ਉਸ ਦੇ ਅੰਦਰ ਉਹ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਾਲਾ ਨਾਦ ਵਜਾਉਂਦਾ ਹੈ ਜੋ ਉੱਚੀ ਸਮਝ ਵਾਲਾ ਨਾਦ ਮਨੁੱਖ ਨੂੰ ਉਸਦੀ ਨੀਵੀਂ ਸਮਝ ਵਿੱਚੋਂ ਭਾਵ ਤ੍ਰੈਗੁਣਾਂ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਤੇ ਉਸ ਮਨੁੱਖੀ ਸਮਝ ਨੂੰ ਆਪਣੀ ਨਾਮ ਵਾਲੀ ਸੱਚੀ ਸਮਝ ਦੇ ਨਾਲ ਜੋੜ ਲੈਂਦਾ ਹੈ।

{ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥
ਸਰ ਭਰਿ ਸੋਧੈ ਭੀ ਭਰਿ ਪੋਧੈ ਸਮਰਥ ਵੇਪਰਵਾਹੈ ॥
ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੇ ਤਿਨ ਜਾਈਐ ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥
ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥
ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ ॥੪੧॥}

(ਅੰਗ - ੯੩੫)

ਮਨ ਦੇ ਵਿੱਚ ਉਸਦਾ ਨਾਦ ਵੱਜਣ ਤੋਂ ਬਾਦ ਹੀ ਇਹ ਸਮਝ ਪੈਂਦੀ ਹੈ ਕਿ ਪ੍ਰਮਾਤਮਾ ਦਾ ਬਿਨੋਦ ਕੀ ਹੈ, ਕੋਡ ਕੀ ਹੈ, ਅਨੰਦ ਕੀ ਹੈ।

ਮਨ ਦੇ ਗਿਆਨ ਖੰਡ ਵਿੱਚ ਨਾਦ ਵੱਜਦਾ ਹੈ ਜੋ ਕਿ ਬਿਨ੍ਹਾਂ ਆਵਾਜ ਤੋਂ ਵੱਜਦਾ ਹੈ ਤੇ ਮਨ ਦੇ ਵਿੱਚ ਇਹ ਨਾਦ ਵੱਜਣ ਦੇ ਨਾਲ ਜੋ ਉੱਚੀ ਸਮਝ ਪੈਂਦੀ ਹੈ ਉਸ ਉੱਚੀ ਸਮਝ ਦੁਆਰਾ ਹੀ ਇਹ ਸਮਝ ਪੈਂਦੀ ਹੈ ਕਿ ਸੰਸਾਰ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦਾ "ਬਿਨੋਦ" ਕਿਸ ਤਰੀਕੇ ਵਰਤ ਰਿਹਾ ਹੈ ਭਾਵ ਇਸ ਸ੍ਰਿਸ਼ਟੀ ਨੂੰ ਚਲਾਉਣ ਲਈ ਉਸਦਾ ਖੇਲ ਤਮਾਸ਼ਾ ਪੂਰੇ ਸੰਸਾਰ ਵਿੱਚ ਕਿਸ ਤਰੀਕੇ ਵਰਤ ਰਿਹਾ ਹੈ। ਉਸਦੀ ਖੇਡ ਕਿਸ ਤਰੀਕੇ ਵਰਤਦੀ ਹੈ ਇਸ ਗੱਲ ਨੂੰ ਅਸੀਂ ਕੁਝ ਪਿੱਛੇ ਬਾਰੀਕੀ ਨਾਲ ਸਮਝਿਆ ਹੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਸਭ ਕੁਝ ਅਸਲ ਵਿੱਚ ਉਹ ਆਪ ਹੀ ਹੈ ਪਰ ਉਸਨੇ ਆਪ ਹੀ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਪਾਈ ਹੋਈ ਹੈ ਜਿਸ ਭਰਮਾਂ ਵਾਲੀ ਸਮਝ ਕਰਕੇ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਮਨੁੱਖੀ ਸਰੀਰ ਦੇ ਰੂਪ ਵਿੱਚ ਤੇ ਹਰ ਆਕਾਰ ਦੇ ਰੂਪ ਵਿੱਚ ਕੇਵਲ ਤੇ ਕੇਵਲ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਆਪਣੀ ਖੇਡ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਭਾਵ ਮਨ ਦੇ ਗਿਆਨ ਖੰਡ ਵਿੱਚ ਆਪਣਾ ਗਿਆਨ ਪ੍ਰਚੰਡ ਕਰਨ ਦੁਆਰਾ ਹੀ ਸਮਝਾਉਂਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਮਾਤਮਾ, ਅੱਲ੍ਹਾ, ਗਾਡ, ਅਕਾਲਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੀ ਹੈ। ਇਸੇ ਤਰੀਕੇ ਮਨ ਦੀ ਖੇਡ

ਜਾਨਣ ਦੁਆਰਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪ੍ਰਮਾਤਮਾ ਦਾ ਕੌਤਕ ਕੀ ਹੈ ਭਾਵ ਉਸਦੀ ਕਰਾਮਾਤ ਕੀ ਹੈ।

ਪ੍ਰਮਾਤਮਾ ਆਪਣੀ ਕਰਾਮਾਤ ਭਾਵ ਆਪਣਾ ਕੌਤਕ ਕਿਸੇ ਮਨੁੱਖੀ ਸਰੀਰ ਨੂੰ ਕਿਸ ਤਰੀਕੇ ਦਿਖਾਉਂਦਾ ਹੈ, ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਪੂਰੀ ਸ੍ਰਿਸ਼ਟੀ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਰੱਚੀ ਹੋਈ ਸਾਇੰਸ ਵਰਤਦੀ ਹੈ ਇਹ ਸਭ ਕੁਝ ਉਸਦੀ ਰੱਚੀ ਹੋਈ ਸਾਇੰਸ ਦੁਆਰਾ ਹੀ ਹੁੰਦਾ ਹੈ। ਅਸੀਂ ਮਨ ਦੀ ਨਾਸਮਝੀ ਕਰਕੇ ਅਨੇਕਾਂ ਹੀ ਗੱਲਾਂ ਵਿੱਚ ਕੋਈ ਕਰਾਮਾਤ ਦਾ ਹੋਣਾ ਸਮਝਦੇ ਹਾਂ ਪਰ ਜਦੋਂ ਸਾਇੰਸ ਵਾਲੀ ਸਮਝ ਉੱਚੀ ਹੋ ਜਾਂਦੀ ਹੈ ਫਿਰ ਉਹ ਗੱਲ ਕਰਾਮਾਤ ਨਹੀਂ ਰਹਿੰਦੀ ਭਾਵ ਮਨ ਦਾ ਭਰਮ ਸਾਹਮਣੇ ਆ ਜਾਂਦਾ ਹੈ ਜਿਵੇਂ ਕਿ ਪਹਿਲੇ ਹਰ ਕੋਈ ਇਹ ਸਮਝਦਾ ਸੀ ਕਿ ਧਰਤੀ ਖੜੀ ਹੈ ਤੇ ਸੂਰਜ ਘੁੰਮਦਾ ਹੈ ਇਹ ਕੁਝ ਪੜਾਈ ਕਰਾਉਣ ਵਾਲੀਆਂ ਪੁਸਤਕਾਂ ਵਿੱਚ ਵੀ ਲਿਖਿਆ ਹੁੰਦਾ ਸੀ ਜਿਵੇਂ ਕਿ ਅਨੇਕਾਂ ਨੇ ਛੋਟੇ ਹੁੰਦਿਆਂ ਪੜਿਆ ਹੋਵੇਗਾ। ਇਹ ਵੀ ਕਿਹਾ ਜਾਂਦਾ ਸੀ ਤੇ ਸਮਝਿਆ ਜਾਂਦਾ ਸੀ ਕਿ ਪੂਰੀ ਧਰਤੀ ਇੱਕ ਬਲਦ ਦੇ ਸਿੰਘਾਂ ਦੇ ਉਪਰ ਟਿੱਕੀ ਹੋਈ ਹੈ ਜਿਸ ਗੱਲ ਨੂੰ ਬਹੁਤ ਵੱਡੀ ਕਰਾਮਾਤ ਭਾਵ ਕੌਤਕ ਸਮਝਿਆ ਜਾਂਦਾ ਸੀ। ਇਹੋ ਜਿਹਾ ਕਹਿਣ ਵਾਲਿਆਂ ਨੇ ਕਦੇ ਇਸ ਗੱਲ ਦਾ ਜਵਾਬ ਨਹੀਂ ਸੀ ਦਿੱਤਾ ਜਾਂ ਸਮਝਾਇਆ ਕਿ ਜੇਕਰ ਪੂਰੀ ਧਰਤੀ ਇੱਕ ਬਲਦ ਦੇ ਸਿੰਘਾਂ ਤੇ ਖੜੀ ਹੋਈ ਹੈ ਫਿਰ ਬਲਦ ਆਪ ਕਿਸਦੇ ਆਸਰੇ ਖੜਾ ਹੈ ਭਾਵ ਇਹ ਸਭ ਕੁਝ ਭਰਮ ਹੀ ਸੀ ਜੋ ਭਰਮ ਸਾਇੰਸ ਦੀ ਸੱਚੀ ਸਮਝ ਪੈਣ ਦੁਆਰਾ ਹੀ ਨਿਕਲਿਆ ਹੈ ਤੇ ਸਮਝ ਲੱਗੀ ਹੈ ਕਿ ਧਰਤੀ ਵੀ ਘੁੰਮ ਰਹੀ ਹੈ ਤੇ ਸਭ ਖੰਡ, ਬ੍ਰਹਿਮੰਡ ਵੀ ਘੁੰਮ ਰਹੇ ਹਨ। ਜਿਉਂ ਜਿਉਂ ਸਾਇੰਸ ਦੀ ਉੱਚੀ ਸਮਝ ਪੈਂਦੀ ਜਾਂਦੀ ਹੈ ਉਹ ਮਨੁੱਖ ਨੂੰ ਅਨੇਕਾਂ ਹੀ ਉਹੋ ਜਿਹੇ ਭਰਮਾਂ ਵਿੱਚੋਂ ਕੱਢੀ ਜਾਂਦੀ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਅਸੀਂ ਕਰਾਮਾਤਾਂ, ਕੌਤਕ ਮੰਨਿਆ ਹੋਇਆ ਸੀ। ਧੰਨ ਧੰਨ ਗੁਰਬਾਣੀ ਦੀ ਰਚਨਾ ਸਦੀਆਂ ਪਹਿਲੇ ਹੋਈ ਹੈ ਜਿਸ ਰਾਹੀਂ ਸਾਡਾ ਉਹ ਹਰ ਭਰਮ ਕੱਢਿਆ ਹੋਇਆ ਹੈ ਜੋ ਭਰਮ ਮਨੁੱਖਾਂ ਦੇ ਅੰਦਰ ਸਦੀਆਂ ਤੋਂ ਚੱਲਦੇ ਆ ਰਹੇ ਸਨ। ਗੁਰਬਾਣੀ ਵਿੱਚ ਸਦੀਆਂ ਪਹਿਲੇ ਇਹ ਲਿਖਿਆ ਹੋਇਆ ਹੈ ਕਿ ਸਭ ਕੁਝ ਘੁੰਮਣ ਵਿੱਚ ਹੈ ਭਾਵ ਕਿਸੇ ਵੀ ਆਕਾਰ ਰੂਪ ਦਾ, ਧਰਤੀ ਦਾ, ਖੰਡਾਂ ਬ੍ਰਹਿਮੰਡਾਂ ਦਾ ਆਪਣਾ ਕੋਈ ਇੱਕ ਜਗ੍ਹਾ ਟਿੱਕੇ ਰਹਿਣ ਦਾ ਟਿਕਾਣਾ ਨਹੀਂ ਹੈ। ਇਸ ਗੱਲ ਦੀ ਇੱਕੋ ਇੱਕ ਵਜ੍ਹਾ ਇਹ ਹੈ ਕਿ ਜਿਨ੍ਹਾਂ ਸਰੀਰਾਂ ਰਾਹੀਂ ਵੀ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਹੋਈ ਹੈ ਉਹ ਧੰਨ ਧੰਨ ਧੰਨ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਦੀ ਸਮਝ ਦੇ ਅੰਦਰ ਆਪ ਪ੍ਰਗਟ ਹੋ ਕੇ ਕਰਵਾਈ ਹੈ ਜੋ ਇੱਕੋ ਇੱਕ ਕੇਵਲ ਆਪ ਹੀ ਹੈ, ਜੋ ਸਭ ਕੁਝ ਜਾਣਦਾ ਹੈ ਤੇ ਹਰ ਕਿਸੇ ਨੂੰ ਉਸਨੇ ਆਪ ਹੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਆਪਣੀ ਇਸ ਸੰਸਾਰ ਦੀ ਖੇਡ ਨੂੰ ਚਲਾ ਰਿਹਾ ਹੈ। ਪੂਰੀ ਸ੍ਰਿਸ਼ਟੀ ਵਿੱਚ ਜੋ ਕੁਝ ਵੀ ਵਰਤਦਾ ਹੈ ਉਸ ਹਰ ਗੱਲ ਨੂੰ ਸਮੇਂ ਅਨੁਸਾਰ ਸਾਇੰਸ ਦੀ ਉੱਚੀ ਸਮਝ ਪੈਣ ਦੁਆਰਾ ਸਮਝਿਆ ਜਾ ਸਕਦਾ ਹੈ ਪਰ ਇੱਕੋ ਇੱਕ ਗੱਲ ਐਸੀ ਹੈ ਜਿਸਨੂੰ ਸਾਇੰਸ ਦੇ ਗਿਆਨ

ਦੁਆਰਾ ਵੀ ਕਦੇ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਉਸ ਗੱਲ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਾਇੰਸ ਦੀ ਸਮਝ ਤੋਂ ਬਾਹਰ ਰੱਖਿਆ ਹੋਇਆ ਹੈ ਜੋ ਪੂਰੀ ਸਾਇੰਸ ਦਾ ਮਾਲਕ ਹੈ ਭਾਵ ਬ੍ਰਹਮਗਿਆਨ ਦਾ ਮਾਲਕ ਹੈ ਜਿਸ ਆਪਣੇ ਬ੍ਰਹਮਗਿਆਨ ਦੁਆਰਾ ਉਸਨੇ ਪੂਰੀ ਸਾਇੰਸ ਦੀ ਰਚਨਾ ਕੀਤੀ ਹੈ। ਬ੍ਰਹਮਗਿਆਨ ਹੀ ਉਸਦਾ ਨਾਮ ਹੈ ਤੇ ਆਪਣੇ ਨਾਮ ਦੁਆਰਾ ਹੀ ਉਸਨੇ ਪੂਰੀ ਸਾਇੰਸ ਦੀ ਰਚਨਾ ਕਰਨ ਨਾਲ ਪੂਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਜਿਸ ਮਨੁੱਖੀ ਸਰੀਰ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣਾ ਨਾਮ ਬਖਸ਼ਣ ਦੁਆਰਾ ਭਾਵ ਆਪਣਾ ਗਿਆਨ ਪ੍ਰਚੰਡ ਕਰਨ ਦੁਆਰਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਕੇਵਲ ਤੇ ਕੇਵਲ ਉਹੀ ਮਨੁੱਖ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਇਸ ਸ੍ਰਿਸ਼ਟੀ ਦਾ ਇੱਕੋ ਇੱਕ ਕੌਤਕ ਭਾਵ ਕਰਾਮਾਤ ਇਹੀ ਹੈ ਕਿ ਉਹ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਕਿਸ ਤਰੀਕੇ ਪ੍ਰਗਟ ਕਰਦਾ ਹੈ, ਕਿਸ ਤਰੀਕੇ ਆਪਣਾ ਗਿਆਨ ਪ੍ਰਚੰਡ ਕਰਦਾ ਹੈ, ਕਿਸ ਤਰੀਕੇ ਮਨੁੱਖ ਨੂੰ ਇਹ ਸਮਝ ਪਾਉਂਦਾ ਹੈ ਕਿ ਉਸ ਮਨੁੱਖੀ ਸਰੀਰ ਦਾ ਤਾਂ ਅਸਲ ਵਿੱਚ ਮਾਲਕ ਉਹ ਆਪ ਹੀ ਹੈ ਤੇ ਉਸਨੇ ਆਪ ਹੀ ਹਰ ਮਨੁੱਖੀ ਸਮਝ ਦੇ ਅੰਦਰ ਭਰਮ ਰੂਪ ਪੜਦਾ ਪਾ ਕੇ, ਹਉਮੈ ਰੂਪ, ਮਾਇਆ ਰੂਪ, ਤ੍ਰੈ ਗੁਣ ਰੂਪ, ਪੁੱਠਾ ਕਮਲ ਰੂਪ ਪੜਦਾ ਪਾ ਕੇ ਸਭ ਨੂੰ ਆਪਣੀ ਅਸਲੀਅਤ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ, ਮਨ ਦੇ ਵਿੱਚ ਪ੍ਰਗਟ ਹੋ ਕੇ ਉਸਦੇ ਆਪ ਸਮਝਾਏ ਬਿਨ੍ਹਾਂ ਕੋਈ ਵੀ ਉਸਦੇ ਕੌਤਕ ਨੂੰ ਨਹੀਂ ਸਮਝ ਸਕਦਾ, ਪੂਰੀ ਸਾਇੰਸ ਦੀ ਸੋਝੀ ਪੈਣ ਨਾਲ ਵੀ ਨਹੀਂ ਸਮਝ ਸਕਦਾ।

ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਾਨੂੰ ਜੋ ਵੀ ਮਨ ਦੇ ਵਿੱਚੋਂ ਗਿਆਨ ਮਿਲਦਾ ਹੈ, ਜੋ ਵੀ ਸਮਝ ਪੈਂਦੀ ਹੈ ਉਹ ਸਮਝ ਸਾਇੰਟਿਫਿਕ ਤਰੀਕੇ ਨਾਲ ਹੀ ਪੈਂਦੀ ਹੈ ਭਾਵ ਜਿਸ ਤਰੀਕੇ ਦਿਮਾਗ ਦੀ ਰਚਨਾ ਅਕਾਲਪੁਰਖ ਨੇ ਆਪਣੀ ਸਾਇੰਸ ਰਾਹੀਂ ਕੀਤੀ ਹੋਈ ਹੈ ਉਸੇ ਤਰੀਕੇ ਹੀ ਦਿਮਾਗ ਕੰਮ ਕਰਦਾ ਹੈ। ਸਾਡੇ ਦਿਮਾਗ ਨੂੰ ਵੀ ਭੋਜਨ ਦੀ ਲੋੜ ਹੁੰਦੀ ਹੈ ਭਾਵ ਵਿਟਾਮਿਨ ਵਗੈਰਾ ਸਾਡੇ ਮਨ ਦੀਆਂ ਨਾੜੀਆਂ ਨੂੰ ਕੰਟਰੋਲ ਕਰਦੇ ਹਨ ਜਿੰਨ੍ਹਾਂ ਨੂੰ ਸਾਇੰਸ ਸਮਝ ਸਕਦੀ ਹੈ। ਜਦੋਂ ਕਿਸੇ ਮਨੁੱਖ ਦੀ ਸੋਚਣ ਦੀ ਸ਼ਕਤੀ ਕਮਜੋਰ ਹੋ ਜਾਂਦੀ ਹੈ ਉਸ ਕਮਜੋਰੀ ਦਾ ਕਾਰਣ ਸਾਇੰਸ ਦੀ ਸਮਝ ਨਾਲ ਡਾਕਟਰ ਲੋਗ ਜਾਣ ਲੈਂਦੇ ਹਨ ਤੇ ਉਸਦੀ ਦਵਾਈ ਵੀ ਦਿੰਦੇ ਹਨ ਜਿਸ ਨਾਲ ਸੋਚਣ ਦੀ ਤਾਕਤ ਵੱਧ ਜਾਂਦੀ ਹੈ। ਮਨੁੱਖ ਦੀ ਉਮਰ ਜਿਉਂ ਜਿਉਂ ਵੱਧਦੀ ਹੈ ਭਾਵ ਜਿਉਂ ਜਿਉਂ ਸਰੀਰ ਕਮਜੋਰ ਹੋਈ ਜਾਂਦਾ ਹੈ ਹੌਲੀ ਹੌਲੀ ਦਿਮਾਗ ਦੀ ਸਮਝ ਵੀ ਕਮਜੋਰ ਹੁੰਦੀ ਜਾਂਦੀ ਹੈ ਭਾਵ ਉਸ ਮਨੁੱਖ ਦੀ ਯਾਦਆਸ਼ਤ ਘੱਟਦੀ ਜਾਂਦੀ ਹੈ। ਕਰੀਬ ਸੱਤਰ ਸਾਲ ਦੀ ਉਮਰ ਤੋਂ ਬਾਦ ਅਨੇਕਾਂ ਦੀ ਯਾਦਆਸ਼ਤ ਘੱਟਣੀ ਸ਼ੁਰੂ ਹੋ ਜਾਂਦੀ ਹੈ ਜਿਵੇਂ ਕਿ ਆਮ ਤੌਰ ਤੇ ਦੇਖਿਆ ਜਾ ਸਕਦਾ ਹੈ। ਦਾਸ ਵੀ ਇਹੋ ਜਿਹਿਆਂ ਦੇ ਵਿੱਚ ਆਉਂਦਾ ਹੈ ਕਿਉਂਕਿ ਦਾਸ ਦੀ ਉਮਰ ਹੁਣ ਸੱਤਰ ਸਾਲ ਤੋਂ ਉਪਰ ਹੈ ਤੇ ਬੜਾ ਕੁਝ ਭੁੱਲ ਵੀ ਜਾਂਦਾ ਹੈ। ਦਾਸ ਇਸ ਲਈ ਖੁਦ ਵੀ ਦਵਾਈ ਖਾਂਦਾ ਹੈ ਪਰ ਸਭ ਤੋਂ ਹੈਰਾਨਗੀ ਵਾਲੀ ਗੱਲ ਇਹ ਹੈ

52/7287

ਭਾਵ ਪ੍ਰਮਾਤਮਾ ਦੇ ਕੌਤਕ ਵਾਲੀ ਗੱਲ ਇਹ ਹੈ ਕਿ ਜੋ ਸਮਝ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਪਾਉਂਦਾ ਹੈ ਉਹ ਗੱਲ ਕਦੇ ਨਹੀਂ ਭੁੱਲਦੀ। ਦਾਸ ਤੇ ਅਕਾਲਪੁਰਖ ਦੀ ਕ੍ਰਿਪਾ ਸਤਾਰਾਂ ਅਪ੍ਰੈਲ ਦੋ ਹਜਾਰ ਦਸ ਨੂੰ ਹੋਈ ਸੀ ਤੇ ਉਸ ਤੋਂ ਬਾਦ ਮਨ ਦੀ ਸਮਝ ਦੇ ਵਿੱਚ ਜੋ ਕੁਝ ਵੀ ਸਮਝਾਇਆ ਹੈ ਜੋ ਕਿ ਉਹ ਹਰ ਰੋਜ ਸਮਝਾਉਂਦਾ ਹੈ, ਉਹ ਗੱਲ ਕਦੇ ਨਹੀਂ ਭੁੱਲਦੀ ਭਾਵ ਉਮਰ ਦੇ ਵੱਧਣ ਨਾਲ ਚੌਥੇ ਪਦ ਵਾਲੇ ਗਿਆਨ ਉੱਤੇ ਭਾਵ ਨਾਮ ਦੇ ਗਿਆਨ ਵਾਲੀ ਸਮਝ ਉੱਤੇ ਭਾਵ ਗੁਰਮਤਿ ਵਾਲੀ ਸੱਚੀ ਸਮਝ ਉੱਤੇ ਉਮਰ ਵੱਧਣ ਨਾਲ ਕੋਈ ਫਰਕ ਨਹੀਂ ਪੈਂਦਾ। ਅਨੇਕਾਂ ਹੀ ਐਸੀਆਂ ਗੱਲਾਂ ਹਨ ਜੋ ਪਿਛਲੇ ਕੁਝ ਸਾਲਾਂ ਵਿੱਚ ਦਾਸ ਨਾਲ ਹੋਈਆਂ ਹਨ ਪਰ ਉਹ ਭੁਲ ਜਾਂਦੀਆਂ ਹਨ ਕਿਉਂਕਿ ਉਹ ਚੌਥੇ ਪਦ ਦੇ ਗਿਆਨ ਵਾਲੀਆਂ ਨਹੀਂ ਹੁੰਦੀਆਂ ਭਾਵ ਗੁਰਬਾਣੀ ਦੇ ਸ਼ਬਦਾਂ ਦੇ ਅਰਥਾਂ ਵਾਲੀਆਂ ਗੱਲਾਂ ਨਹੀਂ ਹੁੰਦੀਆਂ। ਤ੍ਰੈਗੁਣਾਂ ਵਾਲੀ ਸਮਝ ਦੀਆਂ ਗੱਲਾਂ ਭੁੱਲ ਜਾਂਦੀਆਂ ਹਨ ਪਰ ਚੌਥੇ ਪਦ ਵਾਲੀ ਗੱਲ ਨਹੀਂ ਭੁੱਲਦੀ ਕਿਉਂਕਿ ਉਹ ਗੱਲ ਮਨ ਦੇ ਵਿੱਚ ਪ੍ਰਗਟ ਹੋ ਕੇ ਸ੍ਰਿਸ਼ਟੀ ਦਾ ਕਰਤਾ ਆਪ ਹੀ ਸਮਝਾਉਂਦਾ ਹੈ। ਸਾਡੇ ਅੰਦਰ ਦੇ ਦਿਮਾਗ ਦੀ ਰਚਨਾ ਉਸਨੇ ਆਪ ਹੀ ਕੀਤੀ ਹੋਈ ਹੈ ਤੇ ਮਨ ਦੀ ਸਮਝ ਦੱ ਵਿੱਚ ਪ੍ਰਗਟ ਹੋਣ ਦਾ ਤਰੀਕਾ ਵੀ ਉਸਨੇ ਆਪ ਹੀ ਬਣਾਇਆ ਹੋਇਆ ਹੈ ਜਿਸ ਆਪਣੇ ਤਰੀਕੇ ਨੂੰ ਉਸਨੇ ਸਾਇੰਸ ਦੀ ਸਮਝ ਤੋਂ ਬਾਹਰ ਰੱਖਿਆ ਹੋਇਆ ਹੈ, ਜਿਸਨੇ ਆਪ ਹੀ ਆਪਣੀ ਪੂਰੀ ਸਾਇੰਸ ਦੀ ਰਚਨਾ ਕੀਤੀ ਹੋਈ ਹੈ, ਆਪਣੇ ਬਹੁਤ ਹੀ ਉੱਚੇ ਗਿਆਨ ਨਾਲ ਭਾਵ ਬ੍ਰਹਮਗਿਆਨ ਨਾਲ ਭਾਵ ਆਪਣੇ ਨਾਮ ਨਾਲ ਕੀਤੀ ਹੋਈ ਹੈ। ਉਹ ਜੋ ਚਾਹੇ ਕਰ ਸਕਦਾ ਹੈ, ਉਹ ਪੂਰੀ ਸ੍ਰਿਸ਼ਟੀ ਦਾ ਮਾਲਕ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਵੀ ਨਹੀਂ ਹੈ, ਉਹ ਇੱਕੋ ਇੱਕ ਆਪ ਹੀ ਹੈ। ਇਹ ਕੇਵਲ ਤੇ ਕੇਵਲ ਉਸ ਦੀ ਆਪਣੀ ਰਜਾ ਹੈ ਕਿ ਪੂਰੇ ਸੰਸਾਰ ਵਿੱਚ ਕਿਸੇ ਨੂੰ ਆਪਣਾ ਆਪ ਜਣਾਏ ਜਾਂ ਨਾ ਜਣਾਏ। ਪੂਰੇ ਸੰਸਾਰ ਵਿੱਚ ਜਿਸਨੂੰ ਉਹ ਆਪਣਾ ਆਪ ਜਣਾਉਂਦਾ ਹੈ ਉਸੇ ਮਨੁੱਖੀ ਸਮਝ ਦੇ ਵਿੱਚ ਹੀ ਉਹ ਆਪਣਾ ਕੌਤਕ ਦਿਖਾਉਂਦਾ ਹੈ, ਚਮਤਕਾਰ ਦਿਖਾਉਂਦਾ ਹੈ ਜਿਸਨੂੰ ਕੋਈ ਵੀ ਸੰਸਾਰ ਦਾ ਮਨੁੱਖ ਤ੍ਰੈਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਮਝ ਲਵੇ ਇਹ ਬਿਲਕੁਲ ਨਾਮੁਮਕਿਨ ਹੈ। ਪੂਰੇ ਸੰਸਾਰ ਵਿੱਚ ਇੱਕੋ ਇੱਕ ਇਹੀ ਚਮਤਕਾਰ ਹੈ ਜੋ ਉਸਨੇ ਕੇਵਲ ਤੇ ਕੇਵਲ ਆਪਣੇ ਕੋਲ ਰੱਖਿਆ ਹੋਇਆ ਹੈ। ਜਿਸ ਮਨੁੱਖੀ ਸਰੀਰ ਨੂੰ ਉਹ ਮਨ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਇਹ ਚਮਤਕਾਰ ਦਿਖਾਉਂਦਾ ਹੈ ਉਸਨੂੰ ਹੀ ਉਹ ਸਿੱਧੀ ਬਖਸ਼ਦਾ ਹੈ ਜਿਸ ਸਿੱਧੀ ਦੁਆਰਾ ਭਾਵ ਉੱਚੀ ਸਮਝ ਦੁਆਰਾ ਭਾਵ ਨਾਮ ਵਾਲੀ ਸਮਝ ਦੁਆਰਾ ਕੋਈ ਆਪਣੇ ਆਪ ਦੀ ਅਸਲੀਅਤ ਨੂੰ ਜਾਣ ਸਕਦਾ ਹੈ, ਇਸ ਸ੍ਰਿਸ਼ਟੀ ਦੀ ਰਚਨਾ ਦੇ ਪਿੱਛੇ ਕੌਣ ਹੈ ਉਸਨੂੰ ਜਾਣ ਸਕਦਾ ਹੈ, ਸ੍ਰਿਸ਼ਟੀ ਦੇ ਰਚਨਹਾਰ ਨੂੰ ਜਾਣ ਸਕਦਾ ਹੈ ਜੋ ਸਭ ਦੇ ਅੰਦਰ ਆਪ ਹੀ ਆਪਣਾ ਗਿਆਨ ਦੇਣ ਦੁਆਰਾ ਵਰਤ ਰਿਹਾ ਹੈ ਤੇ ਜਦ ਤਕ ਉਹ ਕਿਸੇ ਨੂੰ ਆਪਣਾ ਇਹ ਚਮਤਕਾਰ ਨਹੀਂ ਦਿਖਾਉਂਦਾ ਤਦ ਤਕ ਉਸਨੂੰ ਕੋਈ ਵੀ ਨਹੀਂ ਸਮਝ ਸਕਦਾ। ਇਸ ਗੱਲ ਨੂੰ ਧੰਨ ਧੰਨ ਤੀਜੀ

52/7288

ਪਾਤਸ਼ਾਹੀ ਦੀ ਸਮਝ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਇਹ ਗੱਲ ਸਮਝਾਈ ਹੋਈ ਹੈ ਕਿ ਸੰਸਾਰ ਦੀ ਇੱਕੋ ਇੱਕ

ਸਿਧੀ ਤੇ ਇੱਕੋ ਇੱਕ ਚਮਤਕਾਰ ਕੀ ਹੈ।

ਮਃ ੩ ॥

"ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥"

(ਅੰਗ - ੬੫੦)

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਕੁਝ ਸਮਝਿਆ ਹੀ ਹੈ। ਉਪਰ ਸਲੋਕ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਸਿਧ, ਸਾਧਿਕ ਆਦਿ ਭਾਵ ਜੋ ਆਪਣੇ ਆਪ ਨੂੰ ਆਪਣੇ ਵੱਲੋਂ ਪ੍ਰਮਾਤਮਾ ਦੀ ਭਗਤੀ ਵਾਲੇ ਸਮਝਦੇ ਹਨ ਉਹ ਆਖਰ ਖੋਜਦੇ ਕਿਸਨੂੰ ਹਨ ਭਾਵ ਭਗਤੀ ਕਿਸ ਮਕਸਦ ਦੀ ਪੂਰਤੀ ਲਈ ਸਮਝਦੇ ਹਨ ਭਾਵ ਹਰ ਕੋਈ ਆਪਣੇ ਵੱਲੋਂ ਪ੍ਰਮਾਤਮਾ ਨੂੰ ਹੀ ਖੋਜਣਾ ਚਾਹੁੰਦਾ ਹੈ ਜਿਸਨੂੰ ਖੋਜਣ ਲਈ ਸਮਾਧੀਆਂ ਆਦਿ ਲਗਾ ਕੇ ਬੈਠਦੇ ਹਨ, ਜਿਸ ਨੂੰ ਉਹ ਪ੍ਰਮਾਤਮਾ ਦੇ ਨਾਲ ਆਪਣੀ ਲਿਵ ਜੋੜਣੀ ਸਮਝਦੇ ਹਨ। ਉਪਰ ਪੰਗਤੀ ਰਾਹੀਂ ਇਹ ਲਿਖਿਆ ਹੈ ਕਿ ਸਿਧ, ਸਾਧਿਕ ਆਦਿ ਸਭ ਨਾਮ ਨੂੰ ਖੋਜਦੇ ਹਨ ਫਿਰ ਨਾਮ ਵਿੱਚ ਤੇ ਪ੍ਰਮਾਤਮਾ ਵਿੱਚ ਕੀ ਫਰਕ ਹੋਇਆ ਭਾਵ ਇੱਕ ਹੀ ਗੱਲ ਹੈ ਭਾਵ ਨਾਮ ਦਾ ਮਿਲਣਾ ਜਾਂ ਪ੍ਰਮਾਤਮਾ ਦਾ ਮਿਲਣਾ, ਅੱਲ੍ਹਾ ਦਾ ਮਿਲਣਾ, ਅਕਾਲਪੁਰਖ ਦਾ ਮਿਲਣਾ ਇੱਕੋ ਹੀ ਗੱਲ ਹੈ ਭਾਵ ਹਰ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਹੀ ਜਾਨਣਾ ਚਾਹੁੰਦਾ ਹੈ ਜਿਸਨੂੰ ਜਾਨਣ ਦੀ ਸਮਝ ਕੇਵਲ ਗੁਰੂ ਦੇ ਕੋਲ ਹੈ ਜੋ ਉਸਨੂੰ ਜਾਨਣ ਦਾ ਤਰੀਕਾ ਸਮਾਧੀਆਂ ਲਗਾ ਕੇ ਬੈਠਣ ਦਾ ਨਹੀਂ ਹੈ ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਤੇ ਉਹੀ ਗੱਲ ਸਾਨੂੰ ਉਪਰਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਇਹੋ ਜਿਹੇ ਤਰੀਕੇ ਨਾਲ ਥੱਕ ਜਾਵੋਗੇ ਪਰ ਨਾਮ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਨਹੀਂ ਸਕੋਗੇ। (**ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥**)

ਅਗਲੀ ਪੰਗਤੀ ਰਾਹੀਂ ਇਹੀ ਸਮਝਾਇਆ ਹੋਇਆ ਹੈ ਕਿ ਨਾਮ ਨੂੰ ਕਿਸਨੇ ਪਾਇਆ ਹੋਇਆ ਹੈ ਭਾਵ ਪ੍ਰਮਾਤਮਾ ਨੂੰ ਕਿਸਨੇ ਪਾਇਆ ਹੋਇਆ ਹੈ ਜੋ ਸਾਨੂੰ ਪ੍ਰਮਾਤਮਾ ਦੇ ਨਾਲ ਮਿਲਾ ਸਕਦਾ ਹੈ।

"ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥"

ਕਿਤਨਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸਤਿਗੁਰ ਤੋਂ ਬਿਨ੍ਹਾਂ ਕਿਸੇ ਨੇ ਵੀ ਪ੍ਰਮਾਤਮਾ ਨੂੰ ਨਹੀਂ ਪਾਇਆ ਭਾਵ ਕਿਸੇ ਨੇ ਨਾਮ ਨੂੰ ਨਹੀਂ ਜਾਣਿਆ। ਪੂਰੀ ਗੁਰਬਾਣੀ ਸਤਿਗੁਰ ਰੂਪ ਹੈ ਜਿਸਦੇ ਵਿੱਚ ਸ਼ਬਦਾਂ ਦਾ ਭੰਡਾਰ ਹੈ ਤੇ ਹਰ ਸ਼ਬਦ ਦੀ ਵਿਚਾਰ ਸਤਿਗੁਰ ਰੂਪ ਹੈ। ਜਿਨ੍ਹਾਂ ਸਰੀਰਾਂ ਰਾਹੀਂ ਵੀ ਪੂਰੀ ਗੁਰਬਾਣੀ ਦੇ ਅੰਦਰ ਸ਼ਬਦਾਂ ਦੀ ਵਿਚਾਰ ਪਾਈ ਗਈ ਹੈ ਉਨ੍ਹਾਂ ਸਰੀਰਾਂ ਦੀ ਸਮਝ ਦੇ ਅੰਦਰ ਭਾਵ ਗਿਆਨ ਖੰਡ ਦੇ ਅੰਦਰ ਆਪਣਾ ਗਿਆਨ ਪ੍ਰਚੰਡ ਕੀਤਾ ਹੈ, ਉਨ੍ਹਾਂ ਨੂੰ ਹੀ ਉਸਨੇ ਆਪਣਾ ਪਹਿਲੇ ਸਤਿਗੁਰ ਰੂਪ ਬਣਾਇਆ ਹੈ ਤੇ ਉਨ੍ਹਾਂ ਨੇ ਆਪਣੇ

ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਪਾਇਆ ਹੈ ਭਾਵ ਖੋਜਿਆ ਹੈ। ਜਿਸਨੂੰ ਅਕਾਲਪੁਰਖ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਉਹ ਇਸੇ ਤਰੀਕੇ ਹੀ ਬਣਾਉਂਦਾ ਹੈ ਜਿਸ ਆਪਣੇ ਗੁਰਮੁਖਿ ਰੂਪ ਦੁਆਰਾ ਉਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਸੱਚਾ ਗਿਆਨ ਪਾਇਆ ਹੈ ਤੇ ਸੰਸਾਰ ਨੂੰ ਪ੍ਰਮਾਤਮਾ ਦੇ ਨਾਲ ਮਿਲਣ ਦਾ ਤਰੀਕਾ ਸਮਝਾਇਆ ਹੈ ਭਾਵ ਨਾਮ ਨੂੰ ਖੋਜਣ ਦਾ ਅਸਲ ਤਰੀਕਾ ਸਮਝਾਇਆ ਹੈ ਜਿਸਨੂੰ ਖੋਜਣ ਦਾ ਤਰੀਕਾ ਆਪਣੇ ਮਨ ਨੂੰ ਖੋਜਣ ਦਾ ਹੀ ਹੈ, ਨਾ ਕਿ ਅਭਿਆਸੀ ਬਣਨ ਦਾ ਭਾਵ ਸਮਾਧੀਆਂ ਲਗਾਕੇ ਬੈਠੇ ਰਹਿਣ ਦਾ। (**ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥**)

ਪੂਰੀ ਸਤਿਗੁਰ ਰੂਪ ਗੁਰਬਾਣੀ ਵਿੱਚ ਨਾਮ ਹੀ ਹੈ ਤੇ ਉਸ ਨਾਮ ਦਾ ਕੀ ਮਕਸਦ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ

ਨਾਮ ਨੂੰ ਖੋਜ ਸਕਦੇ ਹਾਂ ਇਹੀ ਗੱਲ ਸਾਨੂੰ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥"

ਸਭ ਤੋਂ ਪਹਿਲਾਂ ਉਪਰ ਵਾਲੀ ਪੰਗਤੀ ਰਾਹੀਂ ਇਸ ਗੱਲ ਨੂੰ ਸਮਝੋ ਕਿ ਨਾਮ ਦਾ ਸਾਡੇ ਜੀਵਨ ਵਿੱਚ ਮਕਸਦ ਕੀ ਹੈ। ਨਾਮ ਨੂੰ ਤਾਂ ਅਸੀਂ ਜਪਣਾ ਹੀ ਹੈ ਤੇ ਉਪਰ ਨਾਮ ਨੂੰ ਸਾਡੇ ਪੈਨਣ ਖਾਣ ਨਾਲ ਜੋੜਿਆ ਹੋਇਆ ਹੈ ਜੇਕਰ ਗੁਰੂ ਦੇ ਨਾਮ ਨੂੰ ਅਸੀਂ ਆਪਣੇ ਪੈਨਣ ਖਾਣ ਵਿੱਚ ਨਹੀਂ ਲਿਆਉਂਦੇ ਫਿਰ ਨਾਮ ਦਾ ਜਪਣਾ ਸਾਡੇ ਲਈ ਵਿਅਰਥ ਹੈ। (**ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ**) ਪੈਨਣ ਖਾਣ ਤਾਂ ਸਾਡੇ ਜੀਵਨ ਦੀ ਵਿਚਰਨ ਦਾ ਹਿੱਸਾ ਹੈ। ਹਰ ਮਨੁੱਖ ਨੂੰ ਸਰੀਰ ਤੇ ਕੁਝ ਪਹਿਨਣ ਦੀ ਵੀ ਲੋੜ ਹੁੰਦੀ ਹੈ ਤੇ ਸਰੀਰ ਨੂੰ ਚਲਾਉਣ ਲਈ ਭੋਜਨ ਖਾਣ ਦੀ ਵੀ ਲੋੜ ਹੁੰਦੀ ਹੈ। ਸਾਡੇ ਪਹਿਨਣ ਖਾਣ ਨੂੰ ਨਾਮ ਦੇ ਨਾਲ ਕਿਸ ਲਈ ਜੋੜਿਆ ਹੋਇਆ ਹੈ ਇਸ ਗੱਲ ਨੂੰ ਵੀ ਸਮਝਣ ਦੀ ਲੋੜ ਹੈ। ਨਾਮ ਜਪਣ ਦਾ ਮਕਸਦ ਸਾਨੂੰ ਸਾਡੀ ਜੀਵਨ ਜਾਚ ਸਮਝਾਉਣ ਲਈ ਹੀ ਹੈ ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ ਤੇ ਉਹੋ ਕੁਝ ਨਾਮ ਬਾਰੇ ਇੱਥੇ ਸਮਝਾਇਆ ਹੋਇਆ ਹੈ ਭਾਵ ਅਸੀਂ ਸੰਸਾਰ ਵਿੱਚ ਰਹਿੰਦੇ ਹੋਏ ਆਪਣਾ ਜੀਵਨ ਜਿਉਣ ਲਈ ਭਾਵ ਆਪਣੀਆਂ ਜਰੂਰਤਾਂ ਪੂਰੀਆਂ ਕਰਨ ਲਈ ਗੁਰੂ ਦੀ ਸੱਚੀ ਸਮਝ ਅਨੁਸਾਰ ਵਿਚਰੀਏ ਭਾਵ ਆਪਣੀ ਹਰ ਜਰੂਰਤ ਸੱਚੀ ਸੁੱਚੀ ਕਮਾਈ ਰਾਹੀਂ ਪੂਰੀ ਕਰੀਏ ਤੇ ਜੇਕਰ ਅਸੀਂ ਇਸ ਤਰੀਕੇ ਨਹੀਂ ਕਰਦੇ ਤੇ ਆਪਣੀਆਂ ਜਰੂਰਤਾਂ ਗਲਤ ਤਰੀਕੇ ਨਾਲ ਪੂਰੀਆਂ ਕਰਦੇ ਹਾਂ ਫਿਰ ਅਸੀਂ ਆਪਣਾ ਜੀਵਨ ਵਿਅਰਥ ਹੀ ਗਵਾਉਂਦੇ ਹਾਂ ਜਿਸ ਤਰੀਕੇ ਅਸੀਂ ਆਪਣੇ ਅੰਦਰੋਂ ਨਾਮ ਦੇ ਮਾਲਕ ਨੂੰ ਭਾਵ ਗੁਰਮਤਿ ਦੇ ਮਾਲਕ ਨੂੰ ਭਾਵ ਬ੍ਰਹਮਗਿਆਨ ਦੇ ਮਾਲਕ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਖੋਜ ਸਕਦੇ, ਉਸਦੇ ਨਾਲ ਮੇਲ ਨਹੀਂ ਕਰ ਸਕਦੇ। ਜਿਹੋ ਜਿਹਾ ਹਰ ਕੋਈ ਨਾਮ ਜਪਣ ਲੱਗਾ ਹੋਇਆ ਹੈ ਭਾਵ ਆਪਣੀ

ਆਪਣੀ ਮਤਿ ਅਨੁਸਾਰ ਕਿਸੇ ਅੱਖਰ ਦਾ ਜਪ ਕਰਨ ਵਿੱਚ ਲੱਗਾ ਹੋਇਆ ਹੈ ਉਸਦਾ ਕਾਰਣ ਉਪਰ ਵਾਲੀ ਪੰਗਤੀ ਦੇ ਵਿੱਚ ਨਾਲ ਹੀ ਸਮਝਾਇਆ ਹੋਇਆ ਹੈ। ਆਉ ਸਮਝੀਏ।

"ਧਿਗੁ ਸਿਧੀ ਧਿਗੁ ਕਰਮਾਤਿ ॥"

ਸਾਨੂੰ ਨਾਮ ਨਾ ਸਮਝ ਆਉਣ ਦਾ ਕਾਰਣ ਉਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਲੇਖ ਵਿੱਚ ਅਨੇਕਾਂ ਵਾਰੀ ਸਮਝਿਆ ਹੈ। ਨਾਮ ਨੂੰ ਸਿੱਖਣ ਲਈ ਅਸੀਂ ਗੁਰੂ ਨੂੰ ਛੱਡਕੇ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਾਂ ਜਿਨ੍ਹਾਂ ਨੂੰ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਦੇ ਉੱਚੇ ਵਿਦਵਾਨ ਸਮਝਿਆ ਹੋਇਆ ਹੈ, ਆਪਣੇ ਸਿਰਮੌਰ ਸਮਝਿਆ ਹੋਇਆ ਹੈ, ਮਹਾਪੁਰਸ਼ ਸਮਝਿਆ ਹੋਇਆ ਹੈ, ਸੰਤ, ਬਾਬੇ ਆਦਿ ਸਮਝਿਆ ਹੋਇਆ ਹੈ। ਜਿਨ੍ਹਾਂ ਨੂੰ ਅਸੀਂ ਇਹੋ ਜਿਹੇ ਉੱਚੇ ਮੰਨਦੇ ਹਾਂ ਅਸੀਂ ਉਨ੍ਹਾਂ ਨੂੰ ਇਹ ਸਮਝਕੇ ਮੰਨਦੇ ਹਾਂ ਕਿ ਇਸ ਮਨੁੱਖੀ ਦੇਹ ਨੂੰ ਕਿਸੀ ਰਿਧੀ ਸਿੱਧੀ ਦੀ ਪ੍ਰਾਪਤੀ ਹੋਈ ਹੋਈ ਹੈ, ਇਹ ਮਨੁੱਖ ਕੋਈ ਕਰਾਮਾਤੀ ਮਨੁੱਖ ਹੈ। ਇਹੋ ਜਿਹੀਆਂ ਗੱਲਾਂ ਹਰ ਕੋਈ ਕਰਦੇ ਹਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੋਵੇ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਇਹੋ ਜਿਹੇ ਕਰਾਮਾਤੀ ਮਨੁੱਖਾਂ ਤੇ ਅਨੇਕਾਂ ਨੇ ਇਨ੍ਹਾਂ ਦੀਆਂ ਜੀਵਨੀਆਂ ਵੀ ਲਿਖੀਆਂ ਹੋਈਆਂ ਹਨ, ਇਨ੍ਹਾਂ ਦੇ ਕੌਤਕ ਵੀ ਲਿਖੇ ਹੋਏ ਹਨ ਜਿਨ੍ਹਾਂ ਨੂੰ ਪੜਕੇ ਅਨੇਕਾਂ ਹੀ ਇਹੋ ਜਿਹਿਆਂ ਦੇ ਪਿੱਛੇ ਲੱਗ ਜਾਂਦੇ ਹਨ ਤੇ ਉਹੋ ਜਿਹਾ ਭਗਤੀ ਦਾ ਮਾਰਗ ਅਪਨਾਉਂਦੇ ਹਨ ਜਿਹੋ ਜਿਹਾ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਅਪਨਾਇਆ ਹੁੰਦਾ ਹੈ। ਸਿੱਖ ਜਗਤ ਵੀ ਇਸ ਗੱਲ ਵਿੱਚ ਪਿੱਛੇ ਨਹੀਂ ਹੈ ਤੇ ਅਨੇਕਾਂ ਹੀ ਸਿੱਧੀਆਂ ਤੇ ਕਰਾਮਾਤਾਂ ਦੀਆਂ ਗੱਲਾਂ ਕਰਦੇ ਹਨ। ਆਪਣੇ ਅੰਦਰੋਂ ਬਾਬੇ ਨਾਨਕ ਦੇ ਦਰਸ਼ਨ ਕਰਨ ਨੂੰ ਹੀ ਕਰਾਮਾਤ ਸਮਝਦੇ ਹਨ ਤੇ ਇਸੇ ਲਈ ਅੱਜ ਅਨੇਕਾਂ ਹੀ ਉਨ੍ਹਾਂ ਦੇ ਪਿੱਛੇ ਲੱਗੇ ਹੋਏ ਹਨ ਤੇ ਉਹੋ ਜਿਹਾ ਹੀ ਸੱਚੀ ਭਗਤੀ ਦਾ ਮਾਰਗ ਸਮਝਦੇ ਹਨ, ਸੱਚਾ ਨਾਮ ਜਪਣਾ ਸਮਝਦੇ ਹਨ ਜਿਹੋ ਜਿਹਾ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਅਪਨਾਇਆ ਹੈ। ਇਸੇ ਤਰ੍ਹਾਂ ਕਈਆਂ ਨੇ ਕਿਸੇ ਨੂੰ ਕਰਾਮਾਤੀ ਮਨੁੱਖ ਸਮਝਕੇ ਉਨ੍ਹਾਂ ਨੂੰ ਗੁਰੂ ਦੇ ਦਰਜੇ ਦਿੱਤੇ ਹੋਏ ਹਨ ਤੇ ਦਸਵੀਂ ਪਾਤਸ਼ਾਹੀ ਤੋਂ ਬਾਦ ਵੀ ਅੱਗੇ ਤੋਂ ਅੱਗੇ ਗੁਰਗੱਦੀ ਚਲਾਈ ਜਾ ਰਹੇ ਹਨ ਜਿਵੇਂ ਕਿ ਸਪਸ਼ਟ ਤੌਰ ਤੇ ਵੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਅਨੇਕਾਂ ਨੇ ਕਿਸੇ ਨੂੰ ਕਰਾਮਾਤੀ ਮਨੁੱਖ ਸਮਝਕੇ ਉਸਦੇ ਨਾਮ ਤੇ ਆਪਣੀ ਜਥੇਬੰਦੀ ਬਣਾਈ ਹੋਈ ਹੈ ਤੇ ਉਨ੍ਹਾਂ ਨੂੰ ਪੂਰੇ ਸਿੱਖ ਜਗਤ ਵਿੱਚੋਂ ਸਭ ਤੋਂ ਜਿਆਦਾ ਭਗਤੀ ਦੀ ਸਮਝ ਹੈ, ਸਭ ਤੋਂ ਜਿਆਦਾ ਨਾਮ ਜਪਣ ਦੀ ਸਮਝ ਹੈ, ਸਭ ਤੋਂ ਜਿਆਦਾ ਵੇਲੇ ਦੀ ਸੰਭਾਲ ਕਰਨ ਦੀ ਸਮਝ ਹੈ ਤੇ ਇਸੇ

ਕਰਕੇ ਉਨ੍ਹਾਂ ਨੇ ਆਪਣਾ ਪਹਿਰਾਵਾ ਵੀ ਦੂਸਰਿਆਂ ਨਾਲੋਂ ਵੱਖਰਾ ਰੱਖਿਆ ਹੋਇਆ ਹੈ ਤੇ

52/7291

ਖਾਣਾ ਖਾਣ, ਬਨਾਉਣ ਤੇ ਵਰਤਾਉਣ ਦਾ ਤਰੀਕਾ ਵੀ ਵੱਖਰਾ ਰੱਖਿਆ ਹੋਇਆ ਹੈ, ਬਰਤਨ ਵੀ ਸਮਾਜ ਨਾਲੋਂ ਵੱਖਰੇ ਤਰੀਕੇ ਦੇ ਰੱਖੇ ਹੋਏ ਹਨ। ਇਸੇ ਤਰ੍ਹਾਂ ਕਈਆਂ ਨੇ ਧੰਨ ਧੰਨ ਗੁਰੂ ਗੁਰਬਾਣੀ ਦੇ ਅਰਥਾਂ ਦੀ ਸਹੀ ਵਿਆਖਿਆ ਬਦਲ ਕੇ ਆਪਣੇ ਆਪ ਨੂੰ ਵੱਖਰਾ ਕੀਤਾ ਹੋਇਆ ਹੈ ਤੇ ਜਿਨ੍ਹਾਂ ਨੇ ਇਹ ਕੁਝ ਕਰਨ ਲਈ ਸਮਝਾਇਆ ਹੈ ਉਨ੍ਹਾਂ ਨੂੰ ਰਿਧੀਆਂ ਸਿੱਧੀਆਂ ਵਾਲੇ ਕਰਾਮਾਤੀ ਪੁਰਸ਼ ਸਮਝਿਆ ਹੋਇਆ ਹੈ। ਅਕਾਲਪੁਰਖ ਦੀ ਬਣਾਈ ਇਸ ਸ੍ਰਿਸ਼ਟੀ ਵਿੱਚ ਸਭ ਕੁਝ ਉਸਦੀ ਰੱਚੀ ਹੋਈ ਸਾਇੰਸ ਦੁਆਰਾ ਹੀ ਹੁੰਦਾ ਹੈ ਜੋ ਕੇਵਲ ਤੇ ਕੇਵਲ ਆਪ ਹੀ ਸਭ ਵਿੱਚ ਤੇ ਸਭ ਜਗ੍ਹਾ ਵਰਤ ਰਿਹਾ ਹੈ ਤੇ ਉਸਨੇ ਆਪ ਹੀ ਸੰਸਾਰ ਨੂੰ ਆਪਣੀ ਇੱਕ ਖੇਡ ਬਣਾਇਆ ਹੋਇਆ ਹੈ ਜੋ ਆਪਣੀ ਖੇਡ ਉਹ ਹਰ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਹੀ ਖੇਲ ਰਿਹਾ ਹੈ ਜਿਸ ਖੇਡ ਨੂੰ ਉਸਦੇ ਸਮਝਾਏ ਬਿਨ੍ਹਾਂ ਕੋਈ ਆਪਣੇ ਆਪ ਸਮਝ ਲਵੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ। ਜਿਨ੍ਹਾਂ ਨੂੰ ਅਸੀਂ ਕਰਾਮਾਤੀ ਮਨੁੱਖ ਸਮਝਦੇ ਹਾਂ ਉਹ ਕੀ ਜਾਨਣ ਕੀ ਉਨ੍ਹਾਂ ਕੋਲੋਂ ਇਹ ਸਭ ਕੁਝ ਕੌਣ ਕਰਵਾ ਰਿਹਾ ਹੈ ਤੇ ਕਿਸ ਮਕਸਦ ਲਈ ਕਰਵਾ ਰਿਹਾ ਹੈ। ਇਸੇ ਲਈ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਿੱਧੀਆਂ, ਕਰਾਮਾਤਾਂ ਦਾ ਅਨੇਕਾਂ ਸ਼ਬਦਾਂ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ। ਜਿਨ੍ਹਾਂ ਨੂੰ ਅਸੀਂ ਕਰਾਮਾਤੀ ਸਮਝਦੇ ਹਾਂ ਉਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਕਦੇ ਵੀ ਗੁਰੂ ਦਾ ਸੱਚਾ ਨਾਮ ਜਪਣ ਵਾਲੇ ਨਹੀਂ ਬਣ ਸਕਦੇ ਤੇ ਨਾ ਹੀ ਇਸ ਤਰੀਕੇ ਸ੍ਰਿਸ਼ਟੀ ਦੇ ਕਰਤੇ ਨੂੰ, ਅਕਾਲਪੁਰਖ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ। (**ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥ ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥**)

ਪੂਰੇ ਸੰਸਾਰ ਵਿੱਚ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਹੀ ਸਿੱਧੀ ਦੀ ਦਾਤਿ ਹੈ ਤੇ ਇੱਕੋ ਇੱਕ ਹੀ ਕਰਾਮਾਤਿ ਹੈ ਜਿਵੇਂ ਕਿ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥

ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥”

ਬੜੇ ਧਿਆਨ ਨਾਲ ਸਮਝੋ ਕਿ ਉਹ ਕਿਹੜੀ ਸਿੱਧੀ ਹੈ ਤੇ ਉਹ ਕਿਹੜੀ ਇੱਕੋ ਇੱਕ ਅਕਾਲਪੁਰਖ ਦੀ ਕਰਾਮਾਤਿ ਹੈ ਜੋ ਮਨੁੱਖ ਨੂੰ ਸ੍ਰਿਸ਼ਟੀ ਦੇ ਕਰਤੇ ਕੋਲੋਂ ਉਸਦੀ ਦਾਤਿ ਦੇ ਰੂਪ ਵਿੱਚ ਮਿਲਦੀ ਹੈ। ਦਾਤਿ ਉਹੀ ਦੇ ਸਕਦਾ ਹੈ ਜੋ ਆਪ ਦਾਤਾ ਹੋਵੇ ਤੇ ਦਾਤਾ ਤਾਂ ਸਾਰੇ ਸੰਸਾਰ ਦਾ ਇੱਕੋ ਹੀ ਹੈ ਤੇ ਇੱਕ ਤੋਂ ਜਿਆਦਾ ਨਹੀਂ ਹੋ ਸਕਦੇ। ਦਾਤਾ ਆਪਣੀ ਇਹ ਦਾਤਿ ਜਿਸਨੂੰ ਵੀ ਦਿੰਦਾ ਹੈ ਉਹ ਅਚਿੰਤੇ ਹੀ ਦਿੰਦਾ ਹੈ ਭਾਵ ਅਚਾਨਕ ਹੀ ਦਿੰਦਾ ਹੈ ਜਿਸ ਤੋਂ ਪਹਿਲੇ ਮਨੁੱਖ ਨੂੰ ਉਸ ਦਾਤਿ ਬਾਰੇ ਕੋਈ ਸਮਝ ਹੀ ਨਹੀਂ ਹੁੰਦੀ। ਆਪਣੀ ਇਹ ਦਾਤਿ ਸ੍ਰਿਸ਼ਟੀ ਦਾ ਦਾਤਾ ਆਪਣੇ ਨਾਮ ਦੇ ਰੂਪ ਵਿੱਚ ਦਿੰਦਾ ਹੈ ਜੋ

52/7292

ਆਪਣਾ ਨਾਮ ਉਹ ਕਿਸੇ ਮਨੁੱਖੀ ਸਰੀਰ ਦੇ ਅੰਦਰ ਆਪ ਪ੍ਰਗਟ ਹੋ ਕੇ ਦਿੰਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਭਾਵ ਆਪਣਾ ਗੁਰਮੁਖਿ ਰੂਪ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਉਹ ਆਪਣਾ ਕਿਸੇ ਨੂੰ ਗੁਰਮੁਖਿ ਰੂਪ ਬਣਾਉਂਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਕਿਸੇ ਮਨੁੱਖੀ ਮਨ ਦੇ ਅੰਦਰ ਅਕਾਲਪੁਰਖ ਦਾ ਪ੍ਰਗਟ ਹੋਣਾ ਹੀ ਸੰਸਾਰ ਦੇ ਵਿੱਚ ਇੱਕੋ ਇੱਕ ਕਰਾਮਾਤਿ ਹੈ ਤੇ ਇਸ ਤੋਂ ਬਿਨ੍ਹਾਂ ਕਿਸੇ ਵੀ ਵਜ੍ਹਾ ਕਰਕੇ ਕਿਸੇ ਮਨੁੱਖ ਨੂੰ ਕਰਾਮਾਤੀ ਮਨੁੱਖ ਸਮਝਣਾ ਵੱਡਾ ਭਰਮ ਹੈ ਤੇ ਗੁਰਮਤਿ ਦੇ ਬਿਲਕੁਲ ਹੀ ਉਲਟ ਹੈ। ਜਿਸਦੇ ਅੰਦਰ ਪ੍ਰਮਾਤਮਾ ਇਹ ਕਰਾਮਾਤਿ ਵਰਤਾਂਦਾ ਹੈ ਉਹ ਫਿਰ ਆਪਣੇ ਆਪ ਨੂੰ ਕਰਾਮਾਤੀ ਸਮਝ ਲਵੇ ਇਸ ਤੋਂ ਵੱਡੀ ਉਹ ਭੁਲ ਨਹੀਂ ਕਰ ਸਕਦਾ। ਆਪਣੀ ਇਹ ਕਰਾਮਾਤਿ ਕਰਨ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਉਹ ਮਨੁੱਖ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਪਾਈ ਹੈ। ਮਨ ਦੇ ਵਿੱਚ ਇਹ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੀ, ਬ੍ਰਹਮਗਿਆਨ ਵਾਲੀ ਸਮਝ ਹੀ ਭਾਵ ਨਾਮ ਵਾਲੀ ਸਮਝ ਹੀ ਪੂਰੇ ਸੰਸਾਰ ਵਿੱਚ ਇੱਕੋ ਇੱਕ ਸਿੱਧੀ ਹੈ ਜਿਸ ਮਨ ਦੀ ਸਿੱਧੀ ਦੁਆਰਾ ਪ੍ਰਮਾਤਮਾ ਕਿਸੇ ਨੂੰ ਆਪਣਾ ਅਸਲ ਸਿੱਧ ਰੂਪ ਬਣਾਉਂਦਾ ਹੈ। ਆਪਣੇ ਆਪ

ਨੂੰ ਸਿੱਧ ਕਹਿਣ ਵਾਲੇ ਤਾਂ ਬਹੁਤ ਹਨ, ਕਰਾਮਾਤੀ ਕਹਿਣ ਵਾਲੇ ਵੀ ਬਹੁਤ ਹਨ ਜਿਨ੍ਹਾਂ ਦੇ ਪਿੱਛੇ ਲੱਗ ਕੇ ਅਸੀਂ ਉਨ੍ਹਾਂ ਕੋਲੋਂ ਧਰਮ ਦਾ ਮਾਰਗ ਸਿੱਖਣ ਜਾਂਦੇ ਹਾਂ ਜੋ ਕਿ ਬਿਲਕੁਲ ਹੀ ਗੁਰਮਤਿ ਦੇ ਉਲਟ ਹੈ। ਇਹੋ ਜਿਹਿਆਂ ਨੂੰ ਇਹ ਫੈਸਲਾ ਤਾਂ ਕਰਨਾ ਹੀ ਪਵੇਗਾ ਕਿ ਅਸੀਂ ਗੁਰੂ ਦੀ ਮਤਿ ਦੇ ਨਾਲ ਜੁੜਣਾ ਚਾਹੁੰਦੇ ਹਾਂ ਜਾਂ ਉਨ੍ਹਾਂ ਦੀ ਮਤਿ ਦੇ ਨਾਲ ਜੁੜੇ ਰਹਿਣਾ ਚਾਹੁੰਦੇ ਹਾਂ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਕਰਾਮਾਤੀ ਪੁਰਖ ਸਮਝਿਆ ਹੋਇਆ ਹੈ। ਉਪਰ ਸ਼ਬਦ ਵਿੱਚ ਨਾਮ ਦੀ ਪ੍ਰਾਪਤੀ ਨੂੰ ਕੇਵਲ ਇੱਕੋ ਇੱਕ ਕਰਾਮਾਤਿ ਦੱਸਿਆ ਹੋਇਆ ਹੈ ਪਰ ਨਾਮ ਤਾਂ ਹਰ ਕੋਈ ਲਈ ਬੈਠਾ ਹੈ, ਪਰ ਹਰ ਕੋਈ ਆਪਣੇ ਆਪ ਨੂੰ ਨਾਮ ਜਪਣ ਵਾਲਾ ਸਮਝਦਾ ਹੈ ਫਿਰ ਕੀ ਉਹ ਸਾਰੇ ਮਨੁੱਖ ਹੀ ਕਰਾਮਾਤੀ ਹਨ ਜੋ ਆਪਣੇ ਆਪ ਨੂੰ ਨਾਮ ਵਾਲਾ ਸਮਝਦੇ ਹਨ। ਦਾਸ ਦੀ ਸੰਸਾਰ ਦੇ ਹਰ ਮਨੁੱਖ ਅੱਗੇ ਫਿਰ ਤੋਂ ਤਹਿ ਦਿਲੋਂ ਬੇਨਤੀ ਹੈ ਕਿ ਜੇਕਰ ਤਨੋ ਮਨੋ ਸ੍ਰਿਸ਼ਟੀ ਦੇ ਕਰਤੇ ਨਾਲ ਜੁੜਣ ਦੀ ਇੱਛਾ ਰੱਖਦੇ ਹੋ ਤਾਂ ਫਿਰ ਉਨ੍ਹਾਂ ਦੀ ਮਤਿ ਨੂੰ ਛੱਡੋ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਧਰਮ ਦੇ ਵਿਦਵਾਨ ਮੰਨਿਆ ਹੋਇਆ ਹੈ। ਧਰਮ ਦਾ ਸੱਚਾ ਵਿਦਵਾਨ ਕੇਵਲ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ, ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ। ਹਰ ਸੱਚੇ ਧਰਮ ਗ੍ਰੰਥ ਵਿੱਚ ਉਸ ਸੱਚੇ ਗੁਰੂ ਪ੍ਰਮਾਤਮਾ ਦਾ, ਅੱਲ੍ਹਾ ਦਾ, ਗਾਡ ਦਾ, ਅਕਾਲਪੁਰਖ ਦਾ ਆਪਣਾ ਹੀ ਪਾਇਆ ਹੋਇਆ ਸੱਚਾ ਗਿਆਨ ਹੈ ਤੇ ਕੇਵਲ ਧਰਮ ਗ੍ਰੰਥਾਂ ਦੇ ਸੱਚੇ ਗਿਆਨ ਨੂੰ ਬਾਰੀਕੀ ਨਾਲ ਸਮਝਣ ਦਾ ਉਦਮ ਕਰੋ ਤੇ ਉਨ੍ਹਾਂ ਦੀ ਮਤਿ ਪਿੱਛੇ ਨਾ ਲੱਗੋ ਜੋ ਸਾਨੂੰ ਧਰਮ ਦੇ ਮਾਰਗ ਤੇ ਚੱਲਣ ਦੇ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਹੀ ਵੱਖਰੇ ਵੱਖਰੇ ਤਰੀਕੇ ਸਮਝਾਉਂਦੇ ਹਨ ਜਿਨ੍ਹਾਂ ਤਰੀਕਿਆਂ ਦਾ ਸ੍ਰਿਸ਼ਟੀ ਦੇ ਕਰਤੇ ਦੀ ਬਾਣੀ ਗੁਰਬਾਣੀ

52/7293

ਵਿੱਚ ਅਨੇਕਾਂ ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਇੱਕੋ ਜਿਹੇ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਉਂਦਾ ਹੈ, ਇੱਕੋ ਜਿਹਾ ਨਾਮ ਜਪਣ ਦਾ ਮਾਰਗ ਹੀ ਸਮਝਾਉਂਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨੇ ਹੀ ਸਮਝਾਉਂਦਾ ਹੈ, ਸਾਰੀ ਮਨੁੱਖਤਾ ਦੇ ਭਲੇ ਲਈ ਵਿਚਰਨਾ ਹੀ ਸਮਝਾਉਂਦਾ ਹੈ ਤੇ ਜਦੋਂ ਅਸੀਂ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਛੱਡਕੇ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਲੱਗ ਜਾਂਦੇ ਹਾਂ ਜਿਨ੍ਹਾਂ ਨੂੰ ਸੱਚੇ ਮਾਰਗ ਦੀ ਸਮਝ ਨਹੀਂ ਹੁੰਦੀ ਉਹ ਫਿਰ ਆਪਣੀ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਧਰਮ ਵੀ ਵੱਖਰੇ ਵੱਖਰੇ ਸਮਝਦੇ ਹਨ ਤੇ ਸਮਝਾਉਂਦੇ ਹਨ, ਇਹੋ ਜਿਹਿਆਂ ਦੀਆਂ ਗੱਲਾਂ ਵਿੱਚ ਆ ਕੇ ਹਰ ਕੋਈ ਆਪਣਾ ਵੱਖਰਾ ਵੱਖਰਾ ਧਰਮ ਸਮਝਦਾ ਹੈ ਜਿਸ ਕਰਕੇ ਭਾਵ ਜਿਸ ਮਨ ਦੇ ਭਰਮ ਕਰਕੇ ਸੰਸਾਰ ਵਿੱਚ ਵੱਖਰੇ ਵੱਖਰੇ ਧਰਮ ਬਣੇ ਹੋਏ ਹਨ। ਹਰ ਕੋਈ ਆਪਣੇ ਧਰਮ ਨੂੰ ਉੱਚਾ ਸਮਝਦਾ ਹੈ ਤੇ ਦੂਸਰਿਆਂ ਦੇ ਧਰਮ ਨੂੰ ਨੀਵਾਂ ਆਖਦਾ ਹੈ। ਪੂਰੇ ਸੰਸਾਰ ਵਿੱਚ ਸਭ ਤੋਂ ਵੱਡੇ ਝਗੜੇ ਦਾ ਕਾਰਣ ਇਹ ਧਰਮ ਹੀ ਹੈ ਜੋ ਭਰਮ ਸਾਡੇ ਅੰਦਰ ਉਨ੍ਹਾਂ ਨੇ ਪਾਏ ਹੋਏ ਹਨ ਜਿਨ੍ਹਾਂ ਨੂੰ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੇ ਪਾਏ ਹੋਏ ਸੱਚ ਦੀ ਸਮਝ ਨਹੀਂ ਹੈ। ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ ਜੋ ਕਿ ਸੱਚ ਰੂਪ ਹੈ ਤੇ ਉਸਨੂੰ ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਹੀ ਹੈ ਜੋ ਕਿ ਉਸਦੇ ਸੱਚੇ ਧਰਮ ਗ੍ਰੰਥਾਂ ਰਾਹੀਂ ਸਮਝਾਏ ਹੋਏ ਸੱਚ ਨਾਲ ਜੁੜਣ ਦਾ ਹੈ ਭਾਵ ਸੱਚ ਤੇ ਅਮਲ ਕਰਨ ਦਾ ਹੈ। ਸੱਚ ਦੇ ਨਾਲ ਜੁੜਣ ਲਈ ਸਾਨੂੰ ਉਨ੍ਹਾਂ ਦੀ ਮਤਿ ਛੱਡਣੀ ਹੀ ਪਵੇਗੀ ਜੋ ਸਾਨੂੰ ਸੱਚ ਦੇ ਉਲਟ ਸਮਝਾਉਂਦੇ ਹਨ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਕਰਾਮਾਤੀ ਸਮਝਿਆ ਹੋਇਆ ਹੈ, ਧਰਮ ਦੇ ਵਿਦਵਾਨ ਸਮਝਿਆ ਹੋਇਆ ਹੈ ਜਿਹੋ ਜਿਹੇ ਵਿਦਵਾਨ ਅਖਵਾਉਣ ਵਾਲਿਆਂ ਦਾ ਉਪਰ ਵਾਲੇ ਸ਼ਬਦ ਦੁਆਰਾ ਖੰਡਨ ਕੀਤਾ ਹੋਇਆ ਹੈ। (**ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥ ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥ ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥ ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥2॥**)

ਸਲੋਕੁ ਮਃ ੩ ॥

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥

ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥

ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥

ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ - ੫੯੩)

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਇਸ ਸ਼ਬਦ ਰਾਹੀਂ ਵੀ ਰਿਧੀਆਂ-ਸਿੱਧੀਆਂ ਨੂੰ ਮਾਇਆ ਮੋਹ ਨਾਲ ਭਾਵ ਮਨ ਦੀ ਅਗਿਆਨਤਾ ਨਾਲ ਜੋੜਿਆ ਹੋਇਆ ਹੈ ਭਾਵ ਜੋ ਆਪਣੇ ਆਪ ਨੂੰ ਰਿਧੀਆਂ ਸਿਧੀਆਂ ਵਾਲੇ ਸਮਝਦੇ ਹਨ ਉਹ ਮਨ ਦੀ ਅਗਿਆਨਤਾ ਕਰਕੇ ਹੀ ਸਮਝਦੇ ਹਨ ਤੇ ਇਹੋ ਜਿਹੇ ਮਨੁੱਖ ਕਦੇ ਨਾਮ ਦੀ ਸਮਝ ਵਾਲੇ ਨਹੀਂ ਹੋ ਸਕਦੇ। ਆਪਣਾ ਨਾਮ ਰਤਨ ਸ੍ਰਿਸ਼ਟੀ ਦਾ ਕਰਤਾ ਸਾਡੇ ਮਨ ਰੂਪ ਘਰ ਵਿੱਚ ਪ੍ਰਗਟ ਹੋ ਕੇ ਹੀ ਦਿੰਦਾ ਹੈ ਜਿਸ ਦੁਆਰਾ ਮਨ ਦੀ ਅਗਿਆਨਤਾ ਰੂਪ ਅੰਧੇਰਾ ਦੂਰ ਹੁੰਦਾ ਹੈ ਤੇ ਮਨੁੱਖ ਸਹਜ ਗਿਆਨ ਵਾਲੀ ਅਵਸਥਾ ਵਾਲਾ ਬਣਕੇ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਾਲਾ ਬਣਕੇ ਅਕਾਲਪੁਰਖ ਦੇ ਵਿੱਚ ਸਮਾ ਜਾਂਦਾ ਹੈ ਭਾਵ ਉਸਦੇ ਮਨ ਦੀ ਸਮਝ ਪ੍ਰਮਾਤਮਾ ਦੀ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਵਿੱਚ ਸਮਾ ਜਾਂਦੀ ਹੈ ਭਾਵ ਉਸ ਨਾਲ ਇੱਕ ਹੋ ਜਾਂਦੀ ਹੈ ਭਾਵ ਨਾਮ ਵਾਲੀ ਸਮਝ ਬਣ ਜਾਂਦੀ ਹੈ। ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਜੋ ਵੀ ਮਨੁੱਖ ਆਪਣੇ ਵੱਲੋਂ ਨਾਮ ਜਪਣ ਦੇ ਤਰੀਕੇ ਅਪਨਾਉਂਦਾ ਹੈ ਉਸ ਵਿੱਚ ਕੇਵਲ ਉਸਦੀ ਮਨਹਠਿ ਹੁੰਦੀ ਹੈ, ਕੇਵਲ ਭੇਖ ਹੁੰਦਾ ਹੈ ਭਾਵ ਭਗਤੀ ਦਾ ਦਿਖਾਵਾ ਹੁੰਦਾ ਹੈ ਤੇ ਜਿਸ ਕਰਕੇ ਉਹ ਭਟਕਦੇ ਹੀ ਹਨ ਤੇ ਉਹੋ ਜਿਹੇ ਕਰਮ ਕਮਾਉਂਦੇ ਹਨ ਜਿਹੋ ਜਿਹੇ ਕਰਮ ਕਰਨ ਵਾਲੇ ਮਨੁੱਖ ਥੱਕ ਜਾਂਦੇ ਹਨ ਪਰ ਉਸ ਪ੍ਰਮਾਤਮਾ ਨੂੰ ਪਾ ਨਹੀਂ ਸਕਦੇ ਕਿਉਂਕਿ ਇਹ ਗੁਰਮਤਿ ਤੋਂ ਉਲਟ ਮਾਰਗ ਹੈ ਜਿਸ ਨਾਲ ਅਸੀਂ ਮਨ ਦੇ ਦੁੱਖ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਸੁੱਖ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਹ ਰਿਧੀਆਂ-ਸਿੱਧੀਆਂ ਸਾਨੂੰ ਭਰਮਾਂ ਵਿੱਚ ਹੀ ਪਾਉਂਦੀਆਂ ਹਨ ਜਿਨ੍ਹਾਂ ਨਾਲ ਕਦੇ ਕੋਈ ਮਨੁੱਖ ਨਾਮ ਵਾਲਾ ਨਹੀਂ ਬਣ ਸਕਦਾ। ਨਾਮ ਵਾਲਾ ਬਣਨ ਲਈ ਆਪਣੇ ਮਨ ਨੂੰ ਨਿਰਮਲ ਬਨਾਉਣਾ ਪੈਂਦਾ ਹੈ ਭਾਵ ਗੁਰਮਤਿ ਵਾਲੀ ਸਮਝ ਵਾਲਾ ਬਣਨਾ ਪੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਮਨ ਗੁਰੂ ਦੀ ਸੇਵਾ ਕਰਨ ਨਾਲ ਨਿਰਮਲ ਬਣਦਾ ਹੈ ਤੇ ਗੁਰੂ ਦੀ ਸੇਵਾ ਗੁਰਮਤਿ ਅਨੁਸਾਰ ਚੱਲਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਰਿਧੀਆਂ-ਸਿੱਧੀਆਂ ਕੇਵਲ ਮਨ ਦਾ ਭਰਮ ਹੀ ਹਨ ਹੋਰ ਕੁਝ ਵੀ ਨਹੀਂ ਜਿਵੇਂ ਕਿ ਉਪਰ ਸ਼ਬਦ ਵਿੱਚ ਗੁਰੂ ਸਾਹਿਬ ਨੇ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ।

ਅਕਾਲਪੁਰਖ ਦੀ ਇਸ ਕਰਾਮਾਤਿ ਦੀ ਸਮਝ, ਇਸ ਕੌਤਕ ਦੀ ਸਮਝ ਮਨ ਦੇ ਗਿਆਨ ਖੰਡ ਵਿੱਚ ਅਕਾਲਪੁਰਖ ਦੁਆਰਾ ਗਿਆਨ ਪ੍ਰਚੰਡ ਕਰਨ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲੇ ਜਪੁਜੀ ਬਾਣੀ ਦੇ ਸ਼ਬਦ ਰਾਹੀਂ ਸਮਝਿਆ ਹੀ ਹੈ ਤੇ ਉਸ ਸ਼ਬਦ ਨੂੰ ਹੁਣ ਅੱਗੇ ਵੀ ਸਮਝਦੇ ਹਾਂ।

"ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥"

ਨਾਦ ਕੀ ਹੈ, ਬਿਨੋਦ ਕੀ ਹੈ, ਕੋਡ ਕੀ ਹੈ ਇਨ੍ਹਾਂ ਗੱਲਾਂ ਨੂੰ ਅਸੀਂ ਪਹਿਲੇ ਸਮਝਿਆ ਹੀ ਹੈ। "ਅਨੰਦੁ" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਸਮਝਿਆ ਹੀ ਹੈ। ਇਹ ਉਹ ਅਨੰਦ ਹੈ ਜੋ ਮਨੁੱਖ ਦੇ ਲਈ

ਇਸ ਸੰਸਾਰ ਵਿੱਚ ਰਹਿੰਦੇ ਹੋਏ ਸਭ ਤੋਂ ਵੱਡੀ ਖੁਸ਼ੀ ਹੁੰਦੀ ਹੈ। ਇਹ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦਾ ਅਨੰਦ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦੀ ਖੁਸ਼ੀ ਹੈ ਜਦੋਂ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਅਕਾਲਪੁਰਖ ਆਪ ਹੀ ਹੈ ਤੇ ਸਭ ਦੇ ਵਿੱਚ ਉਹ ਆਪ ਹੀ ਹੈ, ਸਭ ਕੁਝ ਉਹ ਆਪ ਹੀ ਹੈ ਜਿਸਨੂੰ ਜਾਨਣ ਦੀ ਇਹ ਖੁਸ਼ੀ ਪੂਰੇ ਸੰਸਾਰ ਵਿੱਚ ਅਰਬਾਂ ਖਰਬਾਂ ਵਿੱਚੋਂ ਕਦੇ ਹੀ ਕਿਸੇ ਵਿਰਲੇ ਦੇ ਨਸੀਬ ਵਿੱਚ ਆਉਂਦੀ ਹੈ। ਅਕਾਲਪੁਰਖ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਦ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਮਨੁੱਖ ਦਾ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਣਾ ਕੇਵਲ ਮਨ ਦਾ ਭਰਮ ਹੀ ਹੈ, ਜੂਨਾਂ ਦਾ ਡਰ, ਜਮਾਂ ਦੀ ਮਾਰ ਦਾ ਡਰ, ਨਰਕ ਦਾ ਡਰ ਸਭ ਕੁਝ ਮਨ ਦਾ ਭਰਮ ਹੀ ਹੈ। ਇਹ ਨਰਕ

ਸਵਰਗ ਸਭ ਕੁਝ ਇੱਥੇ ਹੀ ਹੈ ਭਾਵ ਮਨ ਦਾ ਔਖਾਪਣ ਜਾਂ ਸੌਖਾਪਣ, ਖੁਸ਼ੀ ਗਮੀ, ਹਸਣਾ ਰੋਣਾ ਸਭ ਕੁਝ ਮਨੁੱਖ ਦਾ ਸੰਸਾਰ ਵਿੱਚ ਰਹਿੰਦੇ ਹੋਏ ਹੀ ਹੈ ਕਿਉਂਕਿ ਸਰੀਰ ਛੱਡਣ ਤੋਂ ਬਾਦ ਮਨੁੱਖ ਕਿਤੇ ਨਹੀਂ ਜਾਂਦਾ। ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਤੋਂ ਪਹਿਲੇ ਮਨੁੱਖ ਸੱਚ ਤੇ ਚੱਲਣ ਤੋਂ ਘਬਰਾਉਂਦਾ ਹੈ ਭਾਵ ਮਾਇਆ ਮੋਹ ਛੱਡਣ ਤੋਂ ਘਬਰਾਉਂਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਤੋਂ ਘਬਰਾਉਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਛੱਡਣ ਤੋਂ ਘਬਰਾਉਂਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਤੋਂ ਡਰਦਾ ਹੈ, ਉਸਦਾ ਭਾਣਾ ਮੰਨਣ ਤੋਂ ਡਰਦਾ ਹੈ ਪਰ ਅੱਲ੍ਹਾ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਮਨੁੱਖ ਦਾ ਇਹ ਹਰ ਡਰ ਨਿਕਲ ਜਾਂਦਾ ਹੈ ਤੇ ਉਹ ਗੁਰੂ ਦੀ ਸਮਝਾਈ ਹੋਈ ਮਤਿ ਨੂੰ ਖੁਸ਼ ਹੋ ਕੇ ਮੰਨਦਾ ਹੈ, ਉਸ ਵਿੱਚ ਅਨੰਦ ਮਹਿਸੂਸ ਕਰਦਾ ਹੈ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਦਾਤਾਂ ਦੇਣ ਵਾਲਾ ਅਕਾਲਪੁਰਖ ਆਪ ਹੀ ਹੈ ਜੋ ਸੱਚ ਤੇ ਚਲਣ ਨਾਲ ਹੀ ਮਨੁੱਖ ਦੀ ਹਰ ਲੋੜ ਪੂਰੀ ਕਰ ਦਿੰਦਾ ਹੈ। ਸਾਰੀ ਗੱਲ ਇਸ ਮਨ ਨੂੰ ਸਮਝਾਉਣ ਦੀ ਹੀ ਹੈ ਤੇ ਜਦੋਂ ਮਨ ਦੀ ਸਮਝ ਦਾ ਮਾਲਕ ਹੀ ਮਨ ਦੇ ਵਿੱਚ ਪ੍ਰਗਟ ਹੋ ਜਾਵੇ ਫਿਰ ਡਰ ਕਿਸ ਗੱਲ ਦਾ ਭਾਵ ਫਿਰ ਮਨੁੱਖ ਹਰ ਵੇਲੇ, ਅੱਠੇ ਪਹਿਰ ਉਸਦਾ ਨਾਮ ਹੀ ਜਪਦਾ ਹੈ ਭਾਵ ਗੁਰਮਤਿ ਰੂਪ ਸੱਚੇ ਗਿਆਨ ਵਾਲੀ ਸਮਝ ਦੁਆਰਾ ਹੀ ਵਿਚਰਦਾ ਹੈ ਤੇ ਉਸੇ ਵਿੱਚ ਹੀ ਅਨੰਦ ਮਹਿਸੂਸ ਕਰਦਾ ਹੈ। ਅਨੰਦ ਨੂੰ ਸਮਝਣ ਲਈ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥}

(ਅੰਗ - ੯੧੭)

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ - ੯੧੭)

52/7295

{ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥}

(ਅੰਗ - ੯੧੭)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਨ੍ਹਾਂ ਰਾਹੀਂ ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਅਨੰਦ ਕੀ ਹੈ, ਸੁੱਖ ਕੀ ਹੈ ਤੇ ਨਾਮ ਜਪਣਾ ਕੀ ਹੈ ਜੋ ਗੁਰੂ ਦਾ ਨਾਮ ਸਾਰੇ ਔਗੁਣ ਤਿਆਗ ਕੇ ਹੀ ਜਪਿਆ ਜਾ ਸਕਦਾ

ਹੈ, ਅਕਾਲਪੁਰਖ ਦੇ ਨਾਲ ਮੇਲ ਹੋਣ ਦੁਆਰਾ ਹੀ ਜਪਿਆ ਜਾ ਸਕਦਾ ਹੈ ਜੋ ਮਨ ਦੀ ਸਮਝ ਦੁਆਰਾ ਆਪ ਮਨੁੱਖ ਨੂੰ ਔਗੁਣਾਂ ਵਿੱਚੋਂ ਕੱਢਦਾ ਹੈ ਤੇ ਉਸ ਵਿੱਚ ਹੀ ਮਨੁੱਖ ਨੂੰ ਸੁੱਖ ਮਹਿਸੂਸ ਕਰਾਉਂਦਾ ਹੈ, ਅਨੰਦ ਮਹਿਸੂਸ ਕਰਾਉਂਦਾ ਹੈ। ਅਨੰਦ ਕੀ ਹੈ, ਸੁੱਖ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਰੀ ਗੱਲ ਮਨ ਦੇ ਅੰਦਰੋਂ ਅਕਾਲਪੁਰਖ ਨੂੰ ਜਾਨਣ ਦੀ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਤੇ ਉਹ ਆਪ ਹੀ ਕਿਸੇ ਦੀ ਸਮਝ ਨੂੰ ਬਦਲ ਸਕਦਾ ਹੈ ਤੇ ਮਨ ਦੀ ਨਾਸਮਝੀ ਵਿੱਚੋਂ ਕੱਢ ਸਕਦਾ ਹੈ ਤੇ ਆਪਣੀ ਸੱਚੀ ਭਗਤੀ ਦਾ ਅਨੰਦ ਬਖਸ਼ ਸਕਦਾ ਹੈ। ਇਸ ਸੁੱਖ ਦੀ ਪ੍ਰਾਪਤੀ ਬਹੁਤ ਹੀ ਔਖੀ ਹੈ ਜੋ ਸੱਚੇ ਸੁੱਖ ਦੀ ਪ੍ਰਾਪਤੀ ਸ਼ਿਵਜੀ, ਬ੍ਰਹਮਾ ਨੂੰ ਵੀ ਨਹੀਂ ਹੋਈ, ਵੱਡੇ ਵੱਡੇ ਰਿਸ਼ੀ ਮੁਨੀ, ਸ਼ੇਖ ਆਦਿ ਅਖਵਾਉਣ ਵਾਲਿਆਂ ਨੂੰ ਵੀ ਨਹੀਂ ਹੋਈ ਕਿਉਂਕਿ ਸੱਚੇ ਸੁੱਖ ਦੀ ਪ੍ਰਾਪਤੀ ਆਪਣੇ ਮਨ ਨੂੰ ਭਾਵ ਮਨ ਦੇ ਮਾਲਕ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਦ ਹੀ ਹੁੰਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥

ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥

ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥

ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥

ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥

ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥

ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥

ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

ਉਪਰ ਵਾਲੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ। ਸਾਰੀ ਗੱਲ ਆਪਣੇ ਮਨ ਨੂੰ ਜਾਨਣ ਦੀ ਹੈ ਭਾਵ ਮਨ ਦੀ ਸਮਝ ਨੂੰ ਜਾਨਣ ਦੀ ਹੈ ਕਿ ਸਾਡੀ ਸਮਝ ਦਾ ਮਾਲਕ ਕੌਣ ਹੈ। ਸੰਸਾਰ ਦੇ ਹਰ ਮਨੁੱਖ ਦੀ ਸਮਝ ਦਾ ਮਾਲਕ, ਹਰ ਜੀਵ ਦੀ ਸਮਝ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਇਸੇ ਲਈ ਸਾਰੇ ਸੰਸਾਰ ਲਈ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਇੱਕੋ ਇੱਕ ਤਰੀਕਾ ਆਪਣੇ ਮਨ ਦੀ ਸਮਝ ਦੇ ਮਾਲਕ ਨੂੰ ਜਾਨਣ ਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸ਼ਬਦ ਦੇ ਆਖਰੀ ਪਦੇ ਰਾਹੀਂ ਧੰਨ ਧੰਨ ਅਕਾਲਪੁਰਖ ਰੂਪ ਭਗਤ ਕਬੀਰ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਉਹ ਆਪਣੇ ਮਨ ਨੂੰ ਸਿਮਰ ਰਹੇ ਹਨ ਭਾਵ ਜਪ ਰਹੇ ਹਨ। ਜਪਣਾ ਤਾਂ ਹਰ ਕਿਸੇ ਨੇ ਪ੍ਰਮਾਤਮਾ ਦੇ ਨਾਮ ਨੂੰ ਹੀ ਹੈ ਤੇ ਮਨ ਦੇ ਵਿੱਚੋਂ ਅਕਾਲਪੁਰਖ ਕੋਲੋਂ ਉਸਦੇ ਪ੍ਰਗਟ ਹੋਣ ਤੋਂ ਬਾਦ ਜੋ ਸੱਚਾ ਗਿਆਨ ਮਿਲਦਾ ਹੈ ਉਸ ਸੱਚੇ ਗਿਆਨ ਨੂੰ ਮੰਨਣਾ ਹੀ ਵਾਹਿਗੁਰੂ ਦਾ ਨਾਮ ਜਪਣਾ ਹੈ, ਅੱਲ੍ਹਾ ਦਾ ਨਾਮ ਜਪਣਾ ਹੈ, ਪ੍ਰਮਾਤਮਾ ਦਾ ਨਾਮ ਜਪਣਾ ਹੈ ਭਾਵ ਇਸ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲੇ ਸਾਰੇ ਸਰੀਰਾਂ ਨੇ ਇਸੇ ਤਰੀਕੇ ਹੀ ਆਪਣੇ ਜੀਵਨ ਵਿੱਚ ਅਕਾਲਪੁਰਖ ਦਾ ਨਾਮ ਜਪਿਆ ਹੈ ਤੇ ਪੂਰੀ ਗੁਰਬਾਣੀ ਰਾਹੀਂ ਸੰਸਾਰ ਦੇ ਹਰ ਮਨੁੱਖ ਨੂੰ ਇੱਕੋ ਜਿਹਾ ਨਾਮ ਜਪਣਾ ਸਮਝਾਇਆ ਹੈ। ਜਿਹੋ ਜਿਹਾ ਨਾਮ ਜਪਣ ਦੁਆਰਾ ਹੀ ਸੁੱਖ ਦੀ ਪ੍ਰਾਪਤੀ ਕਰ ਸਕਦਾ ਹੈ, ਸੁੱਖ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ, ਸੱਚ ਰੂਪ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। (**ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥8॥ ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥9॥1॥36॥**) ਗਿਆਨ ਦਾ ਖੰਡ ਕੇਵਲ ਤੇ ਕੇਵਲ ਸਾਡਾ ਮਨ ਹੀ ਹੈ ਤੇ ਜਦ ਤਕ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਰਜਾ

ਨਾ ਹੋਵੇ ਉਹ ਆਪਣਾ ਆਪ ਕਿਸੇ ਨੂੰ ਵੀ ਨਹੀਂ ਜਣਾਉਂਦਾ ਭਾਵ ਕਿਸੇ ਦੀ ਮਨ ਦੀ ਸਮਝ ਵਿੱਚ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤੇ ਜਿਸਦੇ ਅੰਦਰ ਵੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਉਹ ਆਪਣਾ ਗਿਆਨ ਪ੍ਰਚੰਡ ਕਰਨ ਦੁਆਰਾ ਹੀ ਭਾਵ ਆਪਣਾ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਹੀ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਹੀ ਪ੍ਰਗਟ ਕਰਦਾ ਹੈ। (**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥**)

ਸ਼ਬਦ ਦੀਆਂ ਉਪਰ ਵਾਲੀਆਂ ਪੰਗਤੀਆਂ ਵਿੱਚ ਅਸੀਂ ਪਹਿਲੇ ਸਾਡੇ ਮਨ ਦੇ ਗਿਆਨ ਖੰਡ ਵਿੱਚ ਗਿਆਨ ਪ੍ਰਚੰਡ ਹੋਣਾ ਸਮਝਿਆ ਹੈ। ਮਨ ਦੇ ਵਿੱਚ ਪ੍ਰਚੰਡ ਗਿਆਨ ਹੋਣ ਦਾ ਮਕਸਦ ਕੀ ਹੁੰਦਾ ਹੈ ਭਾਵ ਅਕਾਲਪੁਰਖ ਸਾਨੂੰ ਆਪਣਾ ਪ੍ਰਚੰਡ ਗਿਆਨ ਬਖਸ਼ਣ ਦੁਆਰਾ ਸਾਡੀ ਸਮਝ ਨੂੰ ਕਿਸ ਤਰੀਕੇ ਬਦਲਦਾ ਹੈ ਭਾਵ ਕਿਸ ਤਰੀਕੇ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ, ਕਿਸ ਤਰੀਕੇ ਆਪਣਾ ਨਾਮ ਜਪਣਾ ਸਮਝਾਉਂਦਾ ਹੈ ਇਹੀ ਸਮਝਾਇਆ ਹੋਇਆ ਹੈ।

“ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥”

ਮਨੁੱਖ ਆਪਣੇ ਜੀਵਨ ਵਿੱਚ ਜੋ ਕੁਝ ਵੀ ਸਰਮ ਕਰਦਾ ਹੈ ਭਾਵ ਆਪਣੇ ਜੀਵਨ ਵਿੱਚ ਵਿਚਰਨ ਲਈ ਮਿਹਨਤ ਕਰਦਾ ਹੈ, ਕਾਰ ਵਿਹਾਰ ਕਰਦਾ ਹੈ ਇਸ ਦੀ ਸਮਝ ਮਨੁੱਖ ਨੂੰ ਮਨ ਦੇ ਗਿਆਨ ਖੰਡ ਵਿੱਚੋਂ ਹੀ ਪੈਂਦੀ ਹੈ ਕਿ ਉਸਨੇ ਆਪਣਾ ਜੀਵਨ ਜਿਉਣ ਲਈ ਕੀ ਕੁਝ ਕਰਨਾ ਹੈ ਤੇ ਕਿਸ ਤਰੀਕੇ ਕਰਨਾ ਹੈ ਭਾਵ ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ। ਉਸਦੇ ਮਨ ਦੇ ਅੰਦਰ ਜੋ ਬਾਣੀ ਹੈ ਭਾਵ ਜੋ ਮਨ ਦੇ ਵਿੱਚੋਂ ਜੋ ਬੋਲ ਉਪਜਦੇ ਹਨ ਉਹ ਉਸਦੇ ਬੋਲ ਤਾਂ ਹੀ ਚੰਗੇ ਬਣਦੇ ਹਨ ਭਾਵ ਸੁੰਦਰ ਰੂਪ ਵਾਲੇ ਬਣਦੇ ਹਨ ਭਾਵ ਚੰਗੇ ਵਿਚਾਰਾਂ ਵਾਲੇ ਬਣਦੇ ਹਨ ਜਦੋਂ ਸਾਡੇ ਗਿਆਨ ਖੰਡ ਦੇ ਅੰਦਰ ਅਕਾਲਪੁਰਖ ਗਿਆਨ ਪ੍ਰਚੰਡ ਕਰ ਦਿੰਦਾ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਸਾਡੇ ਮਨ ਦੀ ਬਾਣੀ ਨੂੰ

ਭਾਵ ਸਾਡੇ ਮਨ ਦੀ ਸਮਝ ਨੂੰ ਬਹੁਤ ਅਨੂਪ ਬਣਾਉਣ ਲਈ ਉਹ ਮਨ ਦੇ ਵਿੱਚ ਸਾਡੀ ਸਮਝ ਨੂੰ ਆਪਣੀ ਉੱਚੀ ਸਮਝ ਦੇ ਨਾਲ ਆਪ ਹੀ ਘੜਦਾ ਹੈ ਭਾਵ ਸਾਡੇ ਨਾਸਮਝ ਵਿਚਾਰਾਂ ਨੂੰ ਜਿਨ੍ਹਾਂ ਨੂੰ ਸੱਚੀ ਭਗਤੀ ਦੀ ਸਮਝ ਨਹੀਂ ਹੁੰਦੀ ਉਨ੍ਹਾਂ ਨੂੰ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਘੜ ਕੇ ਭਾਵ ਉਨ੍ਹਾਂ ਨੂੰ ਬਦਲ ਕੇ ਸੁੰਦਰ ਵੀਚਾਰ ਬਣਾ ਦਿੰਦਾ ਹੈ ਜਿਨ੍ਹਾਂ ਵਿਚਾਰਾਂ ਨੂੰ ਭਗਤੀ ਦੇ ਮਾਰਗ ਦੀ, ਨਾਮ ਜਪਣ ਦੇ ਮਾਰਗ ਦੀ ਸੱਚੀ ਸਮਝ ਉਹ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਪਾਈ ਹੈ ਤੇ ਉਨ੍ਹਾਂ ਨੂੰ ਆਪਣੀ ਸੱਚੀ ਬਾਣੀ ਸਮਝਾਈ ਹੈ ਜੋ ਉੱਚੀ ਤੇ ਸੱਚੀ ਬਾਣੀ ਉਨ੍ਹਾਂ ਨੇ ਪੂਰੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਈ ਹੈ। ਬਿਲਕੁਲ ਹੂ ਬ ਹੂ ਜਿਹੋ ਜਿਹੀ ਬਾਣੀ ਉਨ੍ਹਾਂ ਨੇ ਮਨ ਦੇ ਵਿੱਚ ਅਕਾਲਪੁਰਖ ਕੋਲੋਂ ਆਪਣੀ ਮਨ ਦੀ ਸਮਝ ਵਿੱਚ ਸੁਣੀ ਹੈ, ਗੁਰੂ ਰੂਪ ਪ੍ਰਮਾਤਮਾ ਕੋਲੋਂ ਸੁਣੀ ਹੈ ਬਿਲਕੁਲ ਉਹੀ ਬਾਣੀ ਉਨ੍ਹਾਂ ਨੇ ਗੁਰਬਾਣੀ ਰਾਹੀਂ ਸੁਣਾਈ ਹੈ ਜਿਸ ਕਰਕੇ ਪੂਰੀ ਪੁਸਤਕ ਦਾ ਨਾਮ ਗੁਰਬਾਣੀ ਹੈ ਜੋ ਸਾਰੇ ਜਗਤ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਸਮਝਾਉਂਦੀ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦੀ ਹੈ। (**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥**)

ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਦੁਆਰਾ ਵੀ ਸਮਝ ਸਕਦੇ ਹਾਂ ਕਿ ਪੂਰੀ ਬਾਣੀ ਕਿਸ ਗੁਰੂ ਕੋਲੋਂ ਆਈ ਹੈ ਤੇ ਕਿਸ ਤਰੀਕੇ ਆਈ ਹੈ।

{**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**}

(ਅੰਗ - ੭੨੨)

ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਸਾਰੀ ਸ੍ਰਿਸ਼ਟੀ ਦਾ ਗੁਰੂ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵ ਪ੍ਰਮਾਤਮਾ, ਅੱਲ੍ਹਾ, ਅਕਾਲਪੁਰਖ, ਗਾਡ ਆਪ ਹੀ ਹੈ ਭਾਵੇਂ ਅਸੀਂ ਉਸਨੂੰ ਜਿਸ ਨਾਮ ਨਾਲ ਵੀ ਪੁਕਾਰੀਏ। ਹਰ ਸੱਚੇ ਧਰਮ ਗ੍ਰੰਥ ਦਾ ਰਚਨਹਾਰ ਉਹ ਆਪ ਹੀ ਹੈ ਪਰ ਉਸਦੇ ਗੁਰੂ ਰੂਪ ਨੂੰ ਸਮਝਿਆ ਤਾਂ ਹੀ ਜਾ ਸਕਦਾ ਹੈ ਜਦੋਂ ਉਹ ਕਿਸੇ ਦੇ ਮਨ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਬਾਣੀ ਲਿਖਾਵੇ। ਹਰ ਸੱਚੇ ਧਰਮ ਗ੍ਰੰਥ ਵਿੱਚ ਉਸਦੀ ਸੱਚੀ ਬਾਣੀ ਹੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਸੱਚੇ ਬੋਲ ਹੀ ਹਨ।

ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਜਦੋਂ ਉਹ ਸਾਡੀ ਸਮਝ ਨੂੰ ਘੜਦਾ ਹੈ ਉਹ ਕਿਸ ਤਰੀਕੇ ਘੜਦਾ ਹੈ।

“ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥”

ਉਪਰ ਵਾਲੀ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ

52/7297

ਸਮਝੋ ਕਿ ਕਿਸ ਦੀਆਂ ਗੱਲਾਂ ਕਰਨ ਦੀ ਗੱਲ ਕੀਤੀ ਗਈ ਹੈ ਜਿਸ ਦੀਆਂ ਗੱਲਾਂ ਨੂੰ ਕਥਿਆ ਨਹੀਂ ਜਾ ਸਕਦਾ, ਜਦੋਂ ਗਿਆਨ ਖੰਡ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣਾ ਗਿਆਨ ਪ੍ਰਚੰਡ ਕਰਦਾ ਹੈ ਉਹ ਆਪਣੀ ਬਾਣੀ ਲਿਖਵਾਉਣ ਲਈ ਤੇ ਸਮਝਾਉਣ ਲਈ ਮਨੁੱਖ ਦੇ ਮਨ ਵਿੱਚ ਹੀ ਗੱਲਾਂ ਕਰਦਾ ਹੈ ਜੋ ਗੱਲਾਂ ਕੰਨਾਂ ਦੇ ਨਾਲ ਨਹੀਂ ਸੁਣਦੀਆਂ, ਉਨ੍ਹਾਂ ਗੱਲਾਂ ਨੂੰ ਮਨ ਹੀ ਸੁਣਦਾ ਹੈ ਤੇ ਉਸਦਾ ਗੱਲਾਂ ਸੁਣਾਉਣ ਦਾ ਤਰੀਕਾ ਕੀ ਹੈ ਇਸਨੂੰ ਕੇਵਲ ਤੇ ਕੇਵਲ ਉਹੀ ਮਨੁੱਖ ਜਾਣ ਸਕਦਾ ਹੈ ਜਿਸਦੇ ਮਨ ਦੇ ਵਿੱਚ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਸਮਝ ਦੇ ਅੰਦਰ ਪ੍ਰਗਟ ਕੀਤਾ ਹੈ। ਇਹ ਇਤਨਾ ਕੂ ਵੱਡਾ ਕਮਾਲ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਇੱਕ ਵਾਰੀ ਤਾਂ ਮਨੁੱਖ ਨੂੰ ਕਰੀਬ ਕਰੀਬ ਪਾਗਲ ਵਰਗਾ ਬਣਾ ਦਿੰਦਾ ਹੈ ਕਿਉਂਕਿ ਉਹ ਜਿਸਦੇ ਨਾਲ ਵੀ ਇਹ ਗੱਲ ਕਰਦਾ ਹੈ ਕਿ ਮੇਰੀਆਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਗੱਲਾਂ ਹੁੰਦੀਆਂ ਹਨ ਇਹੋ ਜਿਹੀ ਗੱਲ ਨੂੰ ਕੋਈ ਮੰਨਣ ਨੂੰ ਤਿਆਰ ਹੀ ਨਹੀਂ ਹੁੰਦਾ ਬਲਕਿ ਉਲਟਾ ਇਹ ਕਹਿ ਦਿੰਦੇ ਹਨ ਕਿ ਇਸ ਦੀ ਸਮਝ ਨੂੰ ਕੁਝ ਹੋ ਗਿਆ ਹੈ। ਦਾਸ ਨਾਲ ਇਹ ਸਭ ਕੁਝ ਬੀਤਿਆ ਹੋਇਆ ਹੈ ਜਿਸ ਦਾ ਕੁਝ ਜਿਕਰ ਪਿੱਛੇ ਲੇਖ ਵਿੱਚ ਵੀ ਕੀਤਾ ਹੋਇਆ ਹੈ। ਉਹ ਮਨ ਦੇ ਵਿੱਚ ਗੱਲਾਂ ਕਰਨ ਨਾਲ ਉਹ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ ਤੇ ਸੱਚ ਹੀ ਸਮਝਾਉਂਦਾ ਹੈ ਕਿ ਨਾਮ ਕੀ ਹੈ, ਹਉਮੈ ਕੀ ਹੈ, ਮਾਇਆ ਦੀ ਜੁਗਤਿ ਕੀ ਹੈ, ਮਨ ਦਾ ਪੁੱਠਾ ਕਮਲ ਕੀ ਹੈ, ਤ੍ਰੈਗੁਣ ਕੀ ਹੈ, ਚੌਥਾ ਪਦ ਕੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਮਨੁੱਖ ਦੇ ਨਾਲ ਵਿਛੋੜਾ ਕੀ ਹੈ ਤੇ ਉਸਦੇ ਨਾਲ ਮੇਲ ਕੀ ਹੈ। ਉਹ ਮਨ ਦੇ ਵਿੱਚ ਇਹ ਗੱਲਾਂ ਕਰਨ ਨਾਲ ਹੀ ਭਾਵ ਸਭ ਕੁਝ ਸਮਝਾਉਣ ਨਾਲ ਹੀ, ਭਗਤੀ ਦਾ, ਨਾਮ ਜਪਣ ਦਾ ਸੱਚਾ ਮਾਰਗ ਸਮਝਾਉਣ ਨਾਲ ਹੀ ਸਾਡੀ ਨਾਸਮਝ ਮਤਿ ਨੂੰ ਆਪਣੀ ਉੱਚੀ ਮਤਿ ਦੁਆਰਾ ਘੜਦਾ ਹੈ। ਸਾਡੀ ਸੁਰਤਿ ਦਾ ਘੜੇ ਜਾਣਾ ਜਾਂ ਮਤਿ ਦਾ ਘੜੇ ਜਾਣਾ ਜਾਂ ਮਨ ਦਾ ਘੜੇ ਜਾਣਾ ਜਾਂ ਬੁਧਿ ਦਾ ਘੜੇ ਜਾਣਾ ਇੱਕੋ ਹੀ ਗੱਲ ਹੈ। ਘੜੀ ਤਾਂ ਸਾਡੇ ਅੰਦਰ ਦੀ ਭਰਮਾਂ ਵਾਲੀ, ਅਗਿਆਨਤਾ ਵਾਲੀ ਸਮਝ ਹੀ ਜਾਂਦੀ ਹੈ ਜਿਸਨੂੰ ਅਕਾਲਪੁਰਖ ਆਪਣੇ ਨਾਮ ਵਾਲੀ ਸਮਝ ਨਾਲ ਭਾਵ ਬ੍ਰਹਮਗਿਆਨ ਵਾਲੀ ਸਮਝ ਦੇ ਨਾਲ ਘੜਦਾ ਹੈ ਤੇ ਇਸ ਤਰੀਕੇ ਸਾਡੀ ਮਤਿ ਘੜੀ ਜਾਣ ਨਾਲ ਪ੍ਰਮਾਤਮਾ ਦੀ ਉੱਚੀ ਮਤਿ ਦੇ ਨਾਲ ਇੱਕ ਹੋ ਜਾਂਦੀ ਹੈ ਤੇ ਇਹੀ ਮਨ ਦੇ ਵਿੱਚ ਅਕਾਲਪੁਰਖ ਦੇ ਨਾਲ ਮੇਲ ਹੈ ਜਿਸ ਰਾਹੀਂ ਉਸ ਮਨੁੱਖੀ ਰੂਪ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੇ ਮਨੁੱਖੀ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਜਿਸ ਰੂਪ ਵਿੱਚ ਉਹ ਮੇਰੇ ਅੰਦਰ ਹੈ ਉਸੇ ਰੂਪ ਵਿੱਚ ਉਹ ਹਰ ਮਨੁੱਖ ਦੇ ਅੰਦਰ ਹੈ ਤੇ ਉਸਨੇ ਆਪ ਹੀ ਸਭ ਦੇ ਅੰਦਰ ਹਉਮੈ ਵਾਲੀ ਸਮਝ ਪਾ ਕੇ ਸਭ ਕੋਲੋਂ ਆਪਣਾ ਪੜਦਾ ਬਣਾਇਆ ਹੋਇਆ ਹੈ। ਜਦੋਂ ਅਕਾਲਪੁਰਖ ਇਸ ਤਰੀਕੇ ਕਿਸੇ ਦੀ ਸਮਝ ਨੂੰ ਘੜਦਾ ਹੈ ਉਸਨੂੰ ਹੀ ਆਪਣਾ ਦੇਵਤਾ ਰੂਪ, ਸਿਧ ਰੂਪ ਬਣਾਉਂਦਾ ਹੈ। ਭਗਤੀ ਦੇ ਮਾਰਗ ਦੀ ਪੂਰਨ ਸੁਧਿ ਬਖਸ਼ਣ ਦੁਆਰਾ ਬਣਾਉਂਦਾ ਹੈ, ਆਪਣੇ ਨਾਲ ਮੇਲ ਕਰਨ ਦੁਆਰਾ ਬਣਾਉਂਦਾ ਹੈ। ਪੂਰੀ

52/7298

ਗੁਰਬਾਣੀ ਸਾਨੂੰ ਪ੍ਰਮਾਤਮਾ ਦੀਆਂ ਗੱਲਾਂ ਹੀ ਸੁਣਾ ਰਹੀ ਹੈ ਜੋ ਕਿ ਉਨ੍ਹਾਂ ਨੇ ਲਿਖੀਆਂ ਹਨ ਜਿਨ੍ਹਾਂ ਦੀ ਸਮਝ ਨੂੰ ਪਹਿਲੇ ਅਕਾਲਪੁਰਖ ਨੇ ਉਨ੍ਹਾਂ ਦੇ ਮਨ ਦੇ ਅੰਦਰ ਪ੍ਰਗਟ ਹੋ ਕੇ ਉਨ੍ਹਾਂ ਦੀ ਸਮਝ ਨੂੰ ਘੜਿਆ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣਾਇਆ ਹੈ। ਪ੍ਰਮਾਤਮਾ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ ਜਿਨ੍ਹਾਂ ਨੂੰ ਇਸ ਗੱਲ ਦੀ ਬਿਲਕੁਲ ਵੀ ਸਮਝ ਨਹੀਂ ਹੁੰਦੀ ਕਿ ਪ੍ਰਮਾਤਮਾ ਸਾਡੇ ਅੰਦਰ ਹੀ ਹੈ ਤੇ ਉਹ ਆਪਣੀ ਆਪਣੀ ਤ੍ਰੈਗੁਣਾਂ ਵਾਲੀ ਸਮਝ ਦੇ ਨਾਲ ਹੀ ਪ੍ਰਮਾਤਮਾ ਦੀਆਂ ਗੱਲਾਂ ਕਰਦੇ ਹਨ ਤੇ ਉਸਨੂੰ ਪਾਉਣ ਦੇ ਤਰੀਕੇ ਸਮਝਾਉਂਦੇ ਹਨ, ਉਸਦੇ ਵੱਖਰੇ ਵੱਖਰੇ ਨਾਮ ਜਪਣ ਦੇ ਤਰੀਕੇ ਸਮਝਾਉਂਦੇ ਹਨ, ਸਰੀਰਕ ਕਿਰਿਆਵਾਂ ਆਦਿ ਨਾਲ ਭਗਤੀ ਕਰਨਾ ਸਮਝਾਉਂਦੇ ਹਨ ਤੇ ਹੋਰ ਅਨੇਕਾਂ ਹੀ ਤਰੀਕੇ ਸਮਝਾਉਂਦੇ ਹਨ ਜਿਨ੍ਹਾਂ

ਸਾਰਿਆਂ ਤਰੀਕਿਆਂ ਦਾ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਭਾਵ ਇਹ ਆਪਣੇ ਆਪ ਨੂੰ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਤੇ ਦੂਸਰਿਆਂ ਨੂੰ ਉਲਝਾਉਂਦੇ ਹਨ। ਉਪਰ ਸ਼ਬਦ ਵਿੱਚ ਇਹੋ ਜਿਹਿਆਂ ਦੀ ਗੱਲ ਹੀ ਕੀਤੀ ਹੋਈ ਹੈ ਕਿ ਇਹੋ ਜਿਹਿਆਂ ਨੂੰ ਬਾਦ ਵਿੱਚ ਪਛਤਾਉਣਾ ਹੀ ਪੈਂਦਾ ਹੈ ਕਿਉਂਕਿ ਜਦੋਂ ਸੱਚ ਸਾਹਮਣੇ ਆ ਜਾਵੇ ਫਿਰ ਝੂਠੀ ਸਮਝ ਵਾਲੇ ਨੂੰ ਪਛਤਾਉਣਾ ਹੀ ਪੈਂਦਾ ਹੈ। (**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥36॥**)

ਸਲੋਕ ਮਃ ੫ ॥

{ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥
ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥
ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥
ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥
ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥
ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥
ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥੧॥}

(ਅੰਗ - ੯੫੮-੯੫੯)

ਧਨਾਸਿਰੀ ਮਹਲਾ ੫ ॥

{ਅਬ ਹਰਿ ਰਾਖਨਹਾਰੁ ਚਿਤਾਰਿਆ ॥
ਪਤਿਤ ਪੁਨੀਤ ਕੀਏ ਖਿਨ ਭੀਤਰਿ ਸਗਲਾ ਰੋਗੁ ਬਿਦਾਰਿਆ ॥੧॥ ਰਹਾਉ ॥
ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥
ਸਿਮਰਿ ਸਿਮਰਿ ਪੂਰਨ ਨਾਰਾਇਨ ਸੰਗੀ ਸਗਲੇ ਤਾਰਿਆ ॥੧॥
ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥
ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ ਬਲਿਹਾਰਿਆ ॥੨॥੧੬॥}

(ਅੰਗ - ੬੭੪-੬੭੫)

ਗਉੜੀ ਮਹਲਾ ੫ ॥

{ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ ਰਹਾਉ ॥
ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥੧॥
ਸੰਤਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥੨॥
ਸਿਮਰਹਿ ਸਾਧ ਕਰਹਿ ਆਨੰਦੁ ॥ ਮਨਿ ਤਨਿ ਰਵਿਆ ਪਰਮਾਨੰਦੁ ॥੩॥
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥੪॥੯੫॥੧੬੪॥}

(ਅੰਗ - ੧੯੮-੧੯੯)

ਪਉੜੀ ॥

{ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ ॥
ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ ॥

ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ ॥
ਆਪੈ ਨਾਲਿ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪੁ ਸਿਆਣੀ ॥
ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ ॥੧੨॥}

(ਅੰਗ - ੫੫੩)

52/7299

{ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ ॥
ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ ॥
ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥
ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥
ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥
ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥
ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥
ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥}

(ਅੰਗ - ੫੬੨)

ਸੋਰਠਿ ਮਹਲਾ ੫ ॥
{ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ ॥
ਸਗਲੇ ਜੀਅ ਕੀਏ ਦਇਆਲਾ ਸੋ ਪ੍ਰਭੁ ਅੰਤਰਜਾਮੀ ॥੧॥
ਮੇਰਾ ਗੁਰੁ ਹੋਆ ਆਪਿ ਸਹਾਈ ॥
ਸੂਖ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ ॥ ਰਹਾਉ ॥
ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥
ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥
ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ ॥
ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ ॥੩॥
ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥੧੩॥੨੪॥}

(ਅੰਗ - ੬੧੫)

ਟੋਡੀ ਮਹਲਾ ੫ ਘਰੁ ੨ ਚਉਪਦੇ
ੴ ਸਤਿਗੁਰ ਪ੍ਰਸਾਦਿ ॥
{ਧਾਇਓ ਰੇ ਮਨ ਦਹ ਦਿਸ ਧਾਇਓ ॥
ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ ॥ ਰਹਾਉ ॥
ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ ਇਕੁ ਮੁਹਤੁ ਨ ਇਹੁ ਮਨੁ ਲਾਇਓ ॥

ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ ॥੧॥
ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ ਮਨਾਇਓ ॥
ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ ॥੨॥
ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ ॥
ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ ॥੩॥
ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥
ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥੪॥
ਕਰਉ ਬੇਨਤੀ ਸਾਧਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ ॥੫॥੧॥੩॥}

(ਅੰਗ - ੭੧੨)

ਸੂਹੀ ਮਹਲਾ ੫ ॥
{ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥
ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥
ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥
ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥
ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥
ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥
ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥
ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥
ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥
ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ ॥
ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥
ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥
ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥
ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥੩॥
ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥

ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥}

(ਅੰਗ - ੭੮੩)

ਰਾਮਕਲੀ ਮਹਲਾ ੫ ॥
{ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥
ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥
ਮੇਰੇ ਰਾਮ ਕੋ ਭੰਡਾਰੁ ॥ ਖਾਤ ਖਰਚਿ ਕਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰੁ ॥੧॥ ਰਹਾਉ ॥
ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥
ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥
ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥
ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥ ਤਹ ਹਰਖ ਨ ਸੋਗ ਨ ਜਨਮ ਨ ਮਰਤ ॥੩॥
ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥ਸਾਧਸੰਗਿ ਤਿਨਿ ਹਰਿ ਧਨੁ ਪਾਇਆ ॥
ਦਇਆਲ ਪੁਰਖ ਨਾਨਕ ਅਰਦਾਸਿ ॥ ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ ॥੪॥੨੪॥੩੫॥}

(ਅੰਗ - ੮੯੩-੮੯੪)

{ਨਾਮੇ ਰਾਤੇ ਹਉਮੈ ਜਾਇ ॥ ਨਾਮਿ ਰਤੇ ਸਚਿ ਰਹੇ ਸਮਾਇ ॥
ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ ਪਾਵਹਿ ਮੋਖ ਦੁਆਰੁ ॥
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥
ਨਾਮਿ ਰਤੇ ਸਿਧ ਗੋਸਟਿ ਹੋਇ ॥ ਨਾਮਿ ਰਤੇ ਸਦਾ ਤਪੁ ਹੋਇ ॥
ਨਾਮਿ ਰਤੇ ਸਚੁ ਕਰਣੀ ਸਾਰੁ ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥
ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੩੩॥
ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ਜੋਗ ਜੁਗਤਿ ਸਚਿ ਰਹੈ ਸਮਾਇ ॥
ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥
ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥
ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥}

(ਅੰਗ - ੯੪੧-੯੪੨)

ਰਾਮਕਲੀ ਬਾਣੀ ਬੇਣੀ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥
{ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥
ਸੰਤਹੁ ਤਹਾ ਨਿਰੰਜਨ ਰਾਮੁ ਹੈ ॥
ਗੁਰ ਗਮਿ ਚੀਨੈ ਬਿਰਲਾ ਕੋਇ ॥ ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥
ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥
ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥
ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥
ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥
ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥
ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥
ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥
ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥
ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥
ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥
ਮਸਤਕਿ ਪਦਮੁ ਦੁਆਲੈ ਮਣੀ ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥
ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥}

(ਅੰਗ - ੯੭੪)

ਕੇਦਾਰਾ ਮਹਲਾ ੪ ਘਰੁ ੧
ੴ ਸਤਿਗੁਰ ਪ੍ਰਸਾਦਿ ॥

{ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥
ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥
ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ
ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥
ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ ਇਹੁ ਦੂਰਿ ਕਰਹੁ ਆਪਨ ਗਹੁ ਰੇ ॥
ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥}

(ਅੰਗ - ੧੧੧੮-੧੧੧੯)

ਉਪਰ ਵਾਲੇ ਸਾਰੇ ਸ਼ਬਦਾਂ ਨੂੰ ਧਿਆਨ ਨਾਲ ਸਮਝੋ ਜਿਨ੍ਹਾਂ ਸ਼ਬਦਾਂ ਰਾਹੀਂ ਅਕਾਲਪੁਰਖ ਦੇ ਨਾਲ ਉਸਦੇ ਭਗਤਾਂ ਦੀ, ਗੁਰੂ ਸਾਹਿਬਾਨ ਦੀ ਗੋਸ਼ਟ ਹੀ ਸਮਝਾਈ ਹੋਈ ਹੈ ਤੇ ਧੰਨ ਧੰਨ ਅਕਾਲਪੁਰਖ ਰੂਪ ਬਾਬਾ ਨਾਨਕ ਜੀ ਦੀ ਸਿੱਧਾਂ ਦੇ

52/7300

ਨਾਲ ਗੋਸ਼ਟ ਵੀ ਸਮਝਾਈ ਹੋਈ ਹੈ। ਆਪਣੇ ਨਾਲ ਗੋਸ਼ਟ ਕਰਨ ਦੁਆਰਾ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਆਪਣੀ ਸੱਚੀ ਭਗਤੀ ਦੀ, ਆਪਣਾ ਨਾਮ ਜਪਣ ਦੀ ਭਾਵ ਆਪਣਾ ਆਪ ਜਨਾਉਣ ਲਈ ਸੱਚੀ ਸਮਝ ਹੀ ਪਾਉਂਦਾ ਹੈ ਜਿਸ ਸੱਚੀ ਸਮਝ ਨੂੰ ਅਪਨਾਉਣ ਦੁਆਰਾ ਭਾਵ ਉਸਦਾ ਸੱਚਾ ਨਾਮ ਜਪਣ ਦਾ ਉਦਮ ਕਰਨ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਉਸਦਾ ਨਾਮ ਜਪਣ ਦਾ ਤਰੀਕਾ ਭਾਵ ਉਸਦੀ ਭਗਤੀ ਕਰਨ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਤਰੀਕਾ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਸਮਝਦੇ ਆ ਰਹੇ ਹਾਂ ਤੇ ਉਹੀ ਤਰੀਕਾ ਉਪਰ ਵਾਲੇ ਸ਼ਬਦਾਂ ਰਾਹੀਂ ਅਕਾਲਪੁਰਖ ਨੇ ਉਨ੍ਹਾਂ ਸਰੀਰਾਂ ਨਾਲ ਗੋਸਟਿ ਕਰਨ ਦੁਆਰਾ ਸਮਝਾਇਆ ਹੋਇਆ ਹੈ ਤੇ ਉਹੀ ਤਰੀਕਾ ਬਾਬਾ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਗੋਸਟਿ ਕਰਨ ਦੁਆਰਾ ਉਨ੍ਹਾਂ ਨੂੰ ਸਮਝਾਇਆ ਹੋਇਆ ਹੈ। ਸਾਰੀ ਗੱਲ ਔਗੁਣਾਂ ਨੂੰ ਤਿਆਗ ਕੇ ਸੰਸਾਰ ਵਿੱਚ ਗੁਣਾਂ ਦੁਆਰਾ ਵਿਚਰਨ ਦੀ ਹੈ ਇਸ ਲਈ ਨਾ ਕਿਸੇ ਸਮਾਧੀ ਲਗਾਉਣ ਦੀ ਲੋੜ ਹੈ ਤੇ ਨਾ ਹੀ ਕਿਸੇ ਹੋਰ ਉਹੋ ਜਿਹੇ ਭਗਤੀ ਦੇ ਤਰੀਕਿਆਂ ਨੂੰ ਅਪਨਾਉਣ ਦੀ ਲੋੜ ਹੈ ਜਿਨ੍ਹਾਂ ਸਾਰਿਆਂ ਤਰੀਕਿਆਂ ਦਾ ਧੰਨ ਧੰਨ ਗੁਰਬਾਣੀ ਰਾਹੀਂ ਬਾਰ ਬਾਰ ਖੰਡਨ ਕੀਤਾ ਹੋਇਆ ਹੈ ਤੇ ਸਾਰੇ ਸੰਸਾਰ ਨੂੰ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਇੱਕੋ ਜਿਹਾ ਤਰੀਕਾ ਹੀ ਸਮਝਾਇਆ ਹੋਇਆ ਹੈ ਭਾਵ ਸੱਚ ਤੇ ਚਲਣ ਦਾ ਮਾਰਗ ਸਮਝਾਇਆ ਹੋਇਆ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਸੱਚ ਤੇ ਚੱਲਕੇ ਹੀ ਪਾਇਆ ਜਾ ਸਕਦਾ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚ ਦਾ ਮਾਰਗ ਹੀ ਸਮਝਾਉਂਦਾ ਹੈ। ਸੱਚ ਦੇ ਮਾਰਗ ਤੇ ਚੱਲਣ ਵਾਲਾ ਮਨੁੱਖ ਕਦੇ ਕਿਸੇ ਮਨੁੱਖ ਨਾਲ ਇਸ ਗੱਲੋਂ ਨਫਰਤ ਨਹੀਂ ਕਰ ਸਕਦਾ ਕਿ ਉਸਦੀ ਧਾਰਮਿਕ ਆਸਥਾ ਮੇਰੇ ਨਾਲੋਂ ਵੱਖਰੀ ਹੈ। ਸਾਰੀ ਸ੍ਰਿਸ਼ਟੀ ਲਈ ਧਰਮ ਦਾ ਮਾਰਗ ਕੇਵਲ ਸੱਚ ਹੀ ਹੈ ਜਿਸ ਸੱਚ ਨੂੰ ਅਪਨਾਉਣਾ ਬਹੁਤ ਔਖਾ ਹੈ ਤੇ ਇਸੇ ਲਈ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਬਹੁਤ ਔਖਾ ਹੈ ਕਿਉਂਕਿ ਸੱਚ ਨੂੰ ਅਪਨਾਉਣਾ ਸਭ ਲਈ ਔਖਾ ਹੈ। ਧੰਨ ਹਨ ਉਹ ਸਰੀਰ ਜਿਨ੍ਹਾਂ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਵਿੱਚ ਪ੍ਰਗਟ ਹੋ ਕੇ ਮਨ ਦੇ ਵਿੱਚ ਉਨ੍ਹਾਂ ਦੇ ਨਾਲ ਗੋਸਟਿ ਕਰਨ ਦੁਆਰਾ ਸੱਚ ਸਮਝਾਇਆ ਹੈ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਸੱਚ ਤੇ ਚਲਾਇਆ ਹੈ ਤੇ ਉਨ੍ਹਾਂ ਰਾਹੀਂ ਗੁਰਬਾਣੀ ਦੀ ਰਚਨਾ ਕਰਨ ਦੁਆਰਾ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਸਮਝਾਇਆ ਹੈ ਭਾਵ ਇੱਕੋ ਜਿਹਾ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਸਮਝਾਇਆ ਹੈ ਜਿਸ ਸਮਝ ਤੇ ਚੱਲਕੇ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਸ੍ਰਿਸ਼ਟੀ ਦੇ ਇੱਕੋ ਇੱਕ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਉਸਦੇ ਨਾਲ ਮੇਲ ਕਰ ਸਕਦਾ ਹੈ ਤੇ ਆਪਣਾ ਮਨੁੱਖਾ ਜੀਵਨ ਸਫਲ ਕਰ ਸਕਦਾ ਹੈ।

ਪੂਰਨ ਸੱਚ ਦੇ ਮਾਰਗ ਤੇ ਕੇਵਲ ਸ੍ਰਿਸ਼ਟੀ ਦੇ ਕਰਤੇ ਦੀ ਕਿਰਪਾ ਦੁਆਰਾ ਹੀ ਚੱਲਿਆ ਜਾ ਸਕਦਾ ਹੈ ਜਦੋਂ ਉਹ ਕਿਸੀ ਮਨੁੱਖੀ ਸਰੀਰ ਰਾਹੀਂ ਪ੍ਰਗਟ ਹੋ ਕੇ ਭਾਵ ਉਸਦੇ ਗਿਆਨ ਖੰਡ ਵਿੱਚ ਪ੍ਰਗਟ ਹੋ ਕੇ ਸੱਚ ਦਾ ਮਾਲਕ ਆਪਣਾ ਪੂਰਨ ਸੱਚ ਸਮਝਾਉਂਦਾ ਹੈ। ਇਹੀ ਗੱਲ ਸਾਨੂੰ ਜਪੁਜੀ ਬਾਣੀ ਦੇ ਅਗਲੇ ਸ਼ਬਦ

52/7301

ਰਾਹੀਂ ਸਮਝਾਈ ਹੋਈ ਹੈ।

“ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥

ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥

ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥

ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥"

ਮਨੁੱਖ ਦਾ ਜੋ ਮਨ ਹੈ ਇਹ ਅਸਲ ਵਿੱਚ ਅਕਾਲਪੁਰਖ ਦਾ ਆਪਣਾ ਖੰਡ ਹੈ ਜਿਸ ਖੰਡ ਵਿੱਚ ਉਹ ਹਰ ਮਨੁੱਖ ਦੇ ਅੰਦਰ ਵਰਤ ਰਿਹਾ ਹੈ ਜਿਸ ਗੱਲ ਦੀ ਸਮਝ ਮਨੁੱਖ ਨੂੰ ਕਦੇ ਆਪਣੇ ਆਪ ਨਹੀਂ ਪੈ ਸਕਦੀ। ਆਪਣੇ ਅੰਦਰ ਦੇ ਮਨ ਰੂਪ ਖੰਡ ਨੂੰ ਕੇਵਲ ਤੇ ਕੇਵਲ ਸ੍ਰਿਸ਼ਟੀ ਦੇ ਕਰਤੇ ਦੀ ਕਿਰਪਾ ਦੁਆਰਾ, ਬਖਸ਼ਿਸ਼ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜੋ ਇਸ ਖੰਡ ਦਾ ਮਾਲਕ ਹੈ। ਜਦੋਂ ਪ੍ਰਮਾਤਮਾ ਕਿਸੇ ਤੇ ਆਪਣੀ ਕਿਰਪਾ ਕਰ ਦਿੰਦਾ ਹੈ ਉਸ ਮਨੁੱਖ ਦੇ ਖੰਡ ਦੇ ਅੰਦਰ ਦੀ ਬਾਣੀ ਭਾਵ ਉਸ ਦੇ ਅੰਦਰ ਦੇ ਮਨ ਦੀ ਸਮਝ ਭਾਵ ਉਸ ਦੇ ਅੰਦਰ ਮਨ ਦੇ ਬੋਲ ਬਹੁਤ ਉੱਚੇ ਹੋ ਜਾਂਦੇ ਹਨ ਜਿਸ ਉਸਦੀ ਉੱਚੀ ਬਾਣੀ ਰਾਹੀਂ ਪੂਰੀ ਗੁਰਬਾਣੀ ਦੀ ਰਚਨਾ ਹੋਈ ਹੈ ਭਾਵ ਉਨ੍ਹਾਂ ਦੀ ਬਾਣੀ ਦੇ ਅੰਦਰ ਭਗਤੀ ਦੇ ਮਾਰਗ ਦਾ ਪੂਰਨ ਸੱਚ, ਸੰਸਾਰ ਦਾ ਸਭ ਤੋਂ ਉੱਚਾ ਸੱਚ ਸਮਝਾਇਆ ਹੁੰਦਾ ਹੈ। (**ਕਰਮ ਖੰਡ ਕੀ ਬਾਣੀ ਜੋਰੁ ॥**)

ਜਦੋਂ ਕਿਸੇ ਮਨੁੱਖ ਤੇ ਅਕਾਲਪੁਰਖ ਦੀ ਕਿਰਪਾ ਹੋ ਜਾਂਦੀ ਹੈ ਭਾਵ ਜਦੋਂ ਉਹ ਆਪਣੇ ਅੰਦਰੋਂ ਅੱਲ੍ਹਾ ਦੇ ਖੰਡ ਨੂੰ ਜਾਣ ਲੈਂਦਾ ਹੈ ਫਿਰ ਤਾਂ ਹੀ ਉਸ ਗੱਲ ਦੀ ਸਮਝ ਪੈਂਦੀ ਹੈ ਕਿ ਸਭ ਦੀ ਮਨ ਦੀ ਸਮਝ ਦੇ ਅੰਦਰ ਕੇਵਲ ਤੇ ਕੇਵਲ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਪੂਰੀ ਸ੍ਰਿਸ਼ਟੀ ਵਿੱਚ ਕੋਈ ਹੋਰ ਹੈ ਹੀ ਨਹੀਂ। (**ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥**)

ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਹੋਰ ਵੀ ਸਪਸ਼ਟ ਕੀਤੀ ਹੋਈ ਹੈ।

"ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥"

ਉਪਰ ਪਹਿਲੀ ਪੰਗਤੀ ਰਾਹੀਂ ਸਾਨੂੰ ਸ੍ਰਿਸ਼ਟੀ ਦੇ ਕਰਤੇ ਦੀ ਤਾਕਤ ਹੀ ਸਮਝਾਈ ਹੋਈ ਹੈ, ਅਕਾਲਪੁਰਖ ਦਾ ਮਹਾਬਲ ਹੀ ਸਮਝਾਇਆ ਹੋਇਆ ਹੈ, ਅਕਾਲਪੁਰਖ ਦੀ ਸੂਰਬੀਰਤਾ ਹੀ ਸਮਝਾਈ ਹੋਈ ਹੈ ਜਿਸ ਦੁਆਰਾ ਸ੍ਰਿਸ਼ਟੀ ਦਾ ਕਰਤਾ ਪੂਰੀ ਸ੍ਰਿਸ਼ਟੀ ਤੇ ਰਾਜ ਕਰ ਰਿਹਾ ਹੈ। ਇਹ ਉੱਚੇ ਗਿਆਨ ਦੀ ਤਾਕਤ ਹੈ, ਉਸਦੇ ਬ੍ਰਹਮਗਿਆਨ ਦੀ ਤਾਕਤ ਹੈ ਭਾਵ ਉਸਦੇ ਨਾਮ ਦੀ ਤਾਕਤ ਹੈ ਜਿਸ ਆਪਣੀ ਉੱਚੀ ਸਮਝ ਦੁਆਰਾ ਉਸਨੇ ਸਾਰੀ ਸਾਇੰਸ ਦੀ ਰਚਨਾ ਕੀਤੀ ਹੈ ਤੇ ਆਪਣੀ ਉੱਚੀ ਸਾਇੰਸ ਦੀ ਸਮਝ ਦੁਆਰਾ ਭਾਵ ਆਪਣੀ ਨਾਮ ਵਾਲੀ ਸਮਝ ਦੁਆਰਾ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਹੀ ਭਾਵ ਆਪਣੇ ਨਾਮ ਦੁਆਰਾ ਹੀ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਉਹ ਸ੍ਰਿਸ਼ਟੀ ਦਾ ਕਰਤਾ ਭਾਵ ਰਾਮ ਆਪਣੇ ਹਰ ਆਕਾਰ ਰੂਪ ਨੂੰ ਬਣਾਕੇ ਆਪ ਹੀ ਸਭ ਦੇ ਅੰਦਰ ਭਰਪੂਰ ਹੈ। ਇਸ ਗੱਲ ਦੀ ਸਮਝ ਆਪਣੇ ਅੰਦਰੋਂ ਉਸ ਅਕਾਲਪੁਰਖ ਦੀ ਉੱਚੀ ਸਮਝ ਦੀ ਤਾਕਤ ਜਾਨਣ ਦੁਆਰਾ ਹੀ ਪੈਂਦੀ ਹੈ ਜਦੋਂ ਉਹ ਮਨੁੱਖ ਨੂੰ ਆਪਣੀ ਕਠਪੁਤਲੀ ਬਣਾਕੇ ਦਿਖਾਉਂਦਾ ਹੈ ਫਿਰ ਉਸਦੀ ਤਾਕਤ ਤੇ ਵਿਸ਼ਵਾਸ ਆਉਂਦਾ

ਹੈ ਕਿ ਉਹ ਕਿਤਨੇ ਕੁ ਉੱਚੇ ਗਿਆਨ ਵਾਲਾ ਹੈ। (**ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥**)

ਅਕਾਲਪੁਰਖ ਦੀ ਮਹਿਮਾ ਉਸਦਾ ਬਲ ਆਪਣੇ ਅੰਦਰੋਂ ਜਾਨਣ ਤੇ ਹੀ ਪੈਂਦੀ ਹੈ।

"ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥"

ਆਪਣੇ ਮਨ ਰੂਪ ਖੰਡ ਨੂੰ ਜਾਣੇ ਬਿਨ੍ਹਾਂ ਭਾਵ ਆਪਣੇ ਅੰਦਰੋਂ ਪ੍ਰਮਾਤਮਾ ਦੇ ਟਿਕਾਣੇ ਨੂੰ ਜਾਣੇ ਬਿਨ੍ਹਾਂ ਕੋਈ ਉਸ ਅੱਲ੍ਹਾ ਦੀ, ਵਾਹਿਗੁਰੂ ਦੀ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਵਡਿਆਈ ਨੂੰ, ਉਸਦੀ ਮਹਿਮਾ ਨੂੰ ਨਹੀਂ ਸਮਝ ਸਕਦਾ। ਆਪਣੀ ਵਡਿਆਈ ਮਨ ਦੇ ਵਿੱਚ ਅਕਾਲਪੁਰਖ ਆਪ ਹੀ ਸਮਝਾਉਂਦਾ ਹੈ, ਸਾਡੀ ਨਾਸਮਝ ਮਤਿ ਨੂੰ ਆਪਣੀ ਉੱਚੀ ਸਮਝ ਦੇ ਨਾਲ ਸਿਉਣ ਦੁਆਰਾ, ਜੋੜਣ ਦੁਆਰਾ ਭਾਵ ਇੱਕ ਕਰਨ ਦੁਆਰਾ ਸਮਝਾਉਂਦਾ ਹੈ ਭਾਵ ਸਾਡੀ ਤ੍ਰੈਗੁਣਾਂ ਵਾਲੀ ਸਮਝ ਨੂੰ, ਹਉਮੈ ਵਾਲੀ ਸਮਝ ਨੂੰ,

ਮਾਇਆ ਮੋਹ ਵਾਲੀ ਸਮਝ ਨੂੰ, ਪੁੱਠੇ ਕਮਲ ਵਾਲੀ ਸਮਝ ਨੂੰ ਆਪਣੇ ਚੌਥੇ ਪਦ ਵਾਲੀ, ਨਾਮ ਵਾਲੀ ਉੱਚੀ ਸਮਝ ਦੇ ਨਾਲ ਸਿਉਣ ਦੁਆਰਾ ਭਾਵ ਮਿਲਾਉਣ ਦੁਆਰਾ ਸਮਝਾਉਂਦਾ ਹੈ ਭਾਵ ਆਪਣੇ ਨਾਲ ਮੇਲਣ ਦੁਆਰਾ ਸਮਝਾਉਂਦਾ ਹੈ ਜਿਸ ਉੱਚੀ ਸਮਝ ਦੁਆਰਾ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਜੋ ਕੁਝ ਵੀ ਅਸੀਂ ਸ੍ਰਿਸ਼ਟੀ ਦੇ ਵਿੱਚ ਦੇਖਦੇ ਹਾਂ ਭਾਵ ਜਿਤਨੇ ਵੀ ਆਕਾਰ ਰੂਪ ਦੇਖਦੇ ਹਾਂ, ਜੋ ਵੀ ਕ੍ਰੋੜਾਂ ਰੂਪ ਹਨ, ਖੰਡ ਬ੍ਰਹਿਮੰਡ ਹਨ ਉਹ ਹਰ ਰੂਪ ਅਕਾਲਪੁਰਖ ਦਾ ਆਪਣਾ ਹੀ ਰੂਪ ਹੈ ਜੋ ਉਸਦੇ ਰੂਪ ਸਾਡੀ ਕਥਨੀ ਤੋਂ ਵੀ ਬਾਹਰ ਹਨ ਭਾਵ ਉਸ ਦੀ ਵਡਿਆਈ, ਉਸ ਦੀ ਮਹਿਮਾ ਇਤਨੀ ਵੱਡੀ ਹੈ ਜੋ ਮਨੁੱਖ ਦੀ ਕਥਨੀ ਤੋਂ ਵੀ ਬਾਹਰ ਹੈ ਭਾਵ ਉਹ ਸਭ ਕੁਝ ਇੱਕੋ ਇੱਕ ਆਪ ਹੀ ਹੈ। ਇਸ ਗੱਲ ਦੀ ਸਮਝ ਕੇਵਲ ਤੇ ਕੇਵਲ ਤਾਂ ਹੀ ਪੈ ਸਕਦੀ ਹੈ ਜਦੋਂ ਉਹ ਕਿਸੇ ਦੀ ਅਗਿਆਨਤਾ ਵਾਲੀ ਮਤਿ ਨੂੰ ਆਪਣੇ ਸੱਚੇ ਗਿਆਨ ਦੀ ਮਤਿ ਦੇ ਨਾਲ ਸੀਅ ਲੈਂਦਾ ਹੈ ਭਾਵ ਜੋੜ ਲੈਂਦਾ ਹੈ। (**ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥**)

ਹੁਣ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਜਿਸ ਮਨੁੱਖ ਦੀ ਸਮਝ ਅਕਾਲਪੁਰਖ ਦੀ ਸਮਝ ਦੇ ਨਾਲ ਸੀਤੀ ਜਾਂਦੀ ਹੈ ਭਾਵ ਜਿਸ ਦੀ ਸਮਝ ਦੇ ਅੰਦਰ ਰਾਮ ਵੱਸ ਜਾਂਦਾ ਹੈ ਉਸਨੂੰ ਆਪਣੀ ਉੱਚੀ ਸਮਝ ਰਾਹੀਂ ਕਿਹੋ ਜਿਹੀ ਪ੍ਰਾਪਤੀ ਹੁੰਦੀ ਹੈ।

“ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥”

ਉਪਰ ਵਾਲੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਜਿਨ੍ਹਾਂ ਦੇ ਮਨ ਵਿੱਚ ਰਾਮ ਵੱਸ ਜਾਂਦਾ ਹੈ ਭਾਵ ਜੋ ਆਪਣੇ ਗਿਆਨ ਖੰਡ ਦੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦੇ ਹਨ ਉਹ ਫਿਰ ਨਾ ਹੀ ਕਦੇ ਮਰਦੇ ਹਨ ਤੇ ਨਾ ਹੀ ਕਦੇ ਠੱਗੇ ਜਾਂਦੇ ਹਨ। ਸਾਡਾ ਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਹਰ ਕੋਈ ਆਪਣੀ ਨਾਸਮਝੀ ਦੁਆਰਾ ਭਾਵ ਮਨ ਦੀ ਅਗਿਆਨਤਾ ਕਰਕੇ ਹਰ ਕੋਈ ਮ੍ਰਿਤਕ ਹੈ ਭਾਵ ਮਨੁੱਖੀ ਸਮਝ ਸੱਚ ਨੂੰ ਸਮਝਣ ਵਿੱਚ ਮ੍ਰਿਤਕ ਹੈ, ਚੌਥੇ ਪਦ ਦੇ ਗਿਆਨ ਨੂੰ ਸਮਝਣ ਵਿੱਚ ਮ੍ਰਿਤਕ ਹੈ ਭਾਵ ਉਸ ਤਰੀਕੇ ਮ੍ਰਿਤਕ ਹੈ ਜਿਵੇਂ

52/7303

ਕਿਸੇ ਮ੍ਰਿਤਕ ਦੇਹ ਨੂੰ ਕੁਝ ਸਮਝਾਇਆ ਨਹੀਂ ਜਾ ਸਕਦਾ ਕਿਉਂਕਿ ਉਸ ਵਿੱਚ ਸਮਝਣ ਦੀ ਸਮਰਥਾ ਹੀ ਨਹੀਂ ਹੁੰਦੀ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ।

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ - ੮੮)

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥

ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

ਇਹ ਸਾਡੇ ਅੰਦਰ ਆਤਮਿਕ ਸਮਝ ਵਾਲੀ ਮੌਤ ਹੈ ਜੋ ਮਰੀ ਹੋਈ ਸਮਝ ਆਪਣੇ ਆਪ ਕਦੇ ਨਹੀਂ ਜਾਣ ਸਕਦੀ ਕਿ ਸ੍ਰਿਸ਼ਟੀ ਦਾ ਕਰਤਾ ਕੌਣ ਹੈ, ਮਨੁੱਖ ਆਪ ਕੀ ਹੈ ਤੇ ਸਾਰੀ ਸ੍ਰਿਸ਼ਟੀ ਦਾ ਸੱਚ ਕੀ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਮਾਰਗ ਕੀ ਹੈ ਭਾਵ ਧਰਮ ਗ੍ਰੰਥਾਂ ਦੇ ਅੰਦਰ ਦਾ ਸੱਚ ਕੀ ਹੈ, ਧਰਮ ਗ੍ਰੰਥਾਂ ਦੇ ਅੰਦਰ ਨਾਮ ਕੀ ਹੈ ਤੇ ਨਾਮ ਦਾ ਮਾਲਕ ਕੌਣ ਹੈ। ਜਿਸਨੇ ਧਰਮ ਗ੍ਰੰਥਾਂ ਵਿੱਚ ਆਪ ਮਨੁੱਖੀ ਸਮਝ ਦੁਆਰਾ ਨਾਮ ਪਾਇਆ ਹੈ ਭਾਵ ਆਪਣਾ ਬ੍ਰਹਮਗਿਆਨ ਪਾਇਆ ਹੈ, ਇਸ ਗੱਲ ਦੀ ਸਾਡੇ ਅੰਦਰ ਇਹ ਨਾਸਮਝੀ ਦਾ ਕਾਰਣ ਸਭ ਦੇ ਅੰਦਰ ਚੱਲ ਰਿਹਾ ਮਾਇਆ ਦਾ ਛੱਲ ਹੈ ਭਾਵ ਮਾਇਆ ਦੀ ਠੱਗੀ ਹੈ ਜੋ ਮਾਇਆ ਦੀ ਠੱਗੀ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਡੇ ਸਭ ਦੇ ਅੰਦਰ ਭਾਵ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਤ੍ਰੈਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ, ਪੁੱਠੇ ਕਮਲ ਵਾਲੀ ਸਮਝ ਇਹ ਸਭ ਮਾਇਆ ਦੀ ਜੁਗਤਿ ਹੈ ਜੋ ਕਿ ਮਾਇਆ ਦੇ ਛੱਲ ਦੇ ਰੂਪ ਵਿੱਚ, ਮਾਇਆ ਦੀ ਠੱਗੀ ਦੇ ਰੂਪ ਵਿੱਚ ਹੈ ਜੋ ਮਾਇਆ ਦੀ ਠੱਗੀ ਸਾਨੂੰ ਚੌਥੇ ਪਦ ਦੇ ਸੱਚ ਨੂੰ ਸਮਝਣ ਤੋਂ ਦੂਰ ਰੱਖਦੀ ਹੈ। ਗੁਰੂ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਸੱਚ ਹੀ ਸਮਝਾਉਂਦਾ ਹੈ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਲੇਕਿਨ ਸਾਡੇ ਅੰਦਰ ਮਾਇਆ ਦੀ ਠੱਗੀ ਸਾਨੂੰ ਇਹ ਗੱਲ ਮੰਨਣ ਨਹੀਂ ਦਿੰਦੀ ਭਾਵ ਇਸ ਮਨ ਦੀ ਠੱਗੀ ਦੁਆਰਾ ਅਸੀਂ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਮਝਦੇ ਹਾਂ ਭਾਵ ਇਹ ਸਾਨੂੰ ਗੁਰੂ ਦੀ ਸੱਚੀ ਗੱਲ ਤੇ ਵਿਸ਼ਵਾਸ ਨਹੀਂ ਆਉਣ ਦਿੰਦੀ ਤੇ ਸਾਨੂੰ ਝੂਠੀ ਗੱਲ ਤੇ ਹੀ ਵਿਸ਼ਵਾਸ ਆਉਂਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹਤ ਕਾ ਜਲੁ ॥ ਰਹਾਉ ॥}

(ਅੰਗ - ੭੧੭)

ਉਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਕਿ ਮਾਇਆ ਦਾ ਛਲ ਕੀ ਹੈ। ਇਹ ਮਾਇਆ ਦਾ ਛੱਲ ਕਿਸੇ ਦਾ ਤਾਂ ਹੀ ਨਿਕਲ ਸਕਦਾ ਹੈ ਜੇਕਰ ਕੋਈ ਗੋਬਿੰਦ ਦਾ ਭਜਨ ਕਰੇ ਭਾਵ ਗੁਰੂ ਦਾ ਨਾਮ ਜਪੇ ਕਿਉਂਕਿ ਗੁਰੂ

ਦਾ ਨਾਮ ਜਪਣ ਦਾ ਮਕਸਦ ਗੁਰੂ ਦੇ ਸੱਚੇ ਗਿਆਨ ਨੂੰ ਮੰਨ ਕੇ ਆਪਣੀ ਅਗਿਆਨਤਾ ਵਾਲੀ ਨਾਸਮਝ ਮਤਿ ਨੂੰ ਛੱਡਣ ਦਾ ਹੀ ਹੈ। ਉਪਰ ਸ਼ਬਦ ਵਿੱਚ ਮਾਇਆ ਦਾ ਛੱਲ ਸਾਨੂੰ ਮਨ ਦੀ ਅਤਿ ਦੀ ਅਗਿਆਨਤਾ ਦੇ ਰੂਪ ਵਿੱਚ ਸਮਝਾਇਆ ਹੋਇਆ ਹੈ ਜਿਵੇਂ ਕਿ ਇੱਕ ਤੀਲੇ ਨੂੰ ਲੱਗੀ ਹੋਈ ਅੱਗ ਨੂੰ, ਬੱਦਲ ਦੀ ਛਾਂ ਨੂੰ ਇਹ ਸਮਝੇ ਕਿ ਇਹ ਹੜ ਦਾ ਪਾਣੀ ਹੈ ਜੋ ਕਿ ਬਹੁਤ ਹੀ ਬੇਤੁੱਕੀ ਗੱਲ ਹੈ ਭਾਵ ਮਾਇਆ ਦੇ ਛੱਲ ਦਾ ਮਕਸਦ ਹੀ ਸਾਰੇ ਸੰਸਾਰ ਨੂੰ ਇੱਕ ਤੋਂ ਇੱਕ ਵੱਡੇ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਦਾ ਤਰੀਕਾ, ਉਸਦੀ ਭਗਤੀ ਦਾ ਤਰੀਕਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਹਰ ਸੱਚਾ ਧਰਮ ਗ੍ਰੰਥ ਇੱਕੋ ਜਿਹਾ ਤਰੀਕਾ ਹੀ ਸਮਝਾਉਂਦਾ ਹੈ ਪਰ ਪੂਰੇ ਸੰਸਾਰ ਵਿੱਚ ਕਿਤਨੇ ਕੂ ਭਗਤੀ ਦੇ ਤਰੀਕੇ ਬਣੇ ਹੋਏ ਹਨ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਜੋ ਤਰੀਕੇ ਗਿਣੇ ਵੀ ਨਹੀਂ ਜਾ ਸਕਦੇ ਤੇ ਅਨੇਕਾਂ ਇਹੋ ਜਿਹੇ ਤਰੀਕਿਆਂ ਦਾ ਸ਼ਬਦਾਂ ਰਾਹੀਂ ਖੰਡਨ ਵੀ ਕੀਤਾ ਹੋਇਆ ਹੈ ਪਰ ਕੀ ਕੋਈ ਮਨੁੱਖ ਇਹ ਮੰਨਣ ਨੂੰ ਤਿਆਰ ਹੁੰਦਾ ਹੈ ਕਿ ਉਸਦਾ ਤਰੀਕਾ ਗਲਤ ਹੈ ਭਾਵ ਉਸ ਨੂੰ ਭਗਤੀ ਦੀ ਸਮਝ ਨਹੀਂ ਹੈ, ਉਸਨੂੰ ਨਾਮ ਜਪਣ ਦੀ ਸਮਝ ਨਹੀਂ ਹੈ। ਮੰਨਣਾ ਤਾਂ ਦੂਰ ਦੀ ਗੱਲ ਉਲਟਾ ਬਹਿਸ ਕਰਦੇ ਹਨ, ਗੁੱਸਾ ਦਿਖਾਉਂਦੇ ਹਨ ਕਿ ਉਹ ਗਲਤ ਨਹੀਂ ਹਨ ਬਲਕਿ ਉਨ੍ਹਾਂ ਨੂੰ ਸਮਝਾਉਣ ਵਾਲਾ ਗਲਤ ਹੈ। ਇਹ ਸਭ ਮਾਇਆ ਦਾ ਛੱਲ ਹੀ ਹੈ, ਸਾਡੇ ਅੰਦਰ ਦੀ ਮੋਹ ਠਗਉਰੀ ਹੀ ਹੈ ਜੋ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਪਾਈ ਹੋਈ ਹੈ ਜਿਸ ਤਰੀਕੇ ਉਹ ਆਪਣੀ ਬਣਾਈ ਹੋਈ ਸ੍ਰਿਸ਼ਟੀ ਦੀ ਖੇਡ

ਨੂੰ ਚਲਾ ਰਿਹਾ ਹੈ। ਸਾਨੂੰ ਸੰਸਾਰ ਵਿੱਚ ਧਰਮ ਦੇ ਨਾਮ ਤੇ ਅਨੇਕਾਂ ਹੀ ਤਰੀਕਿਆਂ ਨਾਲ ਠੱਗਿਆ ਜਾਂਦਾ ਹੈ, ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਸਿਆਣੇ ਬਣ ਕੇ ਠੱਗਿਆ ਜਾਂਦਾ ਹੈ ਕਿਉਂਕਿ ਜੋ ਉਨ੍ਹਾਂ ਕੋਲ ਠੱਗੇ ਜਾਂਦੇ ਹਨ ਉਹ ਉਨ੍ਹਾਂ ਨੂੰ ਧਰਮ ਦੇ ਮਾਰਗ ਦੇ ਸਿਆਣੇ ਸਮਝਕੇ ਹੀ ਸਦੀਆਂ ਤੋਂ ਠੱਗੇ ਜਾਂਦੇ ਰਹੇ ਹਨ ਤੇ ਹੁਣ ਵੀ ਠੱਗੇ ਜਾ ਰਹੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਠੱਗੇ ਜਾ ਰਹੇ ਹਨ। ਨਾ ਠੱਗਣ ਵਾਲਿਆਂ ਦੀ ਕਮੀ ਹੈ ਤੇ ਨਾ ਆਪਣੇ ਆਪ ਨੂੰ ਠਗਾਉਣ ਵਾਲਿਆਂ ਦੀ ਕਮੀ ਹੈ ਕਿਉਂਕਿ ਮਾਇਆ ਦੀ ਠੱਗੀ ਸਭ ਦੇ ਅੰਦਰ ਵਰਤ ਰਹੀ ਹੈ, ਸਦੀਆਂ ਤੋਂ ਵਰਤ ਰਹੀ ਹੈ ਭਾਵ ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤਦ ਤੋਂ ਹੀ ਵਰਤ ਰਹੀ ਹੈ। ਤੀਰਥ ਅਸਥਾਨਾਂ ਤੇ ਇਹ ਠੱਗੀ ਜਿਆਦਾ ਵਰਤਦੀ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ ਤੇ ਬਾਣੀ ਵਿੱਚ ਸ਼ਬਦਾਂ ਰਾਹੀਂ ਇਸਦਾ ਜਿਕਰ ਵੀ ਕੀਤਾ ਹੋਇਆ ਹੈ। ਕਈ ਹੱਥਾਂ ਦੀਆਂ ਰੇਖਾਵਾਂ ਪੜਣ ਦੁਆਰਾ ਠੱਗਦੇ ਹਨ, ਕਈ ਮਾਇਆ ਦੀ ਕਮਾਈ ਕਮਾਉਣ ਦੇ ਤਰੀਕੇ ਸਮਝਾਉਣ ਦੁਆਰਾ ਠੱਗਦੇ ਹਨ। ਕਈ ਕੁੰਡਲੀਆਂ ਮਿਲਾਉਣ ਦੁਆਰਾ ਠੱਗਦੇ ਹਨ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਭਨੇ ਅਨੇਕਾਂ ਹੀ ਤਰੀਕੇ ਬਣਾਏ ਹੋਏ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਸਿੱਖ ਜਗਤ ਵਿੱਚ ਵੀ ਇਹੋ ਜਿਹਿਆਂ ਦੀ ਕਮੀ ਨਹੀਂ ਹੈ ਜਿਨ੍ਹਾਂ ਨੇ ਆਪਣੇ ਆਪਣੇ ਧਾਰਮਿਕ ਡੇਰੇ ਬਣਾਏ ਹੋਏ ਹਨ ਜੋ ਆਪਣੇ ਆਪ ਨੂੰ ਧਰਮ

ਦੇ ਮਾਰਗ ਦੀ ਉੱਚੀ ਸਮਝ ਵਾਲੇ ਅਖਵਾਉਂਦੇ ਹਨ, ਸੰਤ, ਸਾਧ ਆਦਿ ਅਖਵਾਉਂਦੇ ਹਨ ਤੇ ਉਨ੍ਹਾਂ ਵਿੱਚੋਂ ਕਈ ਆਪਣੀਆਂ ਮੌਜਾਂ ਕਰਨ ਲਈ ਅਨੇਕਾਂ ਮਾੜੇ ਕਰਮ ਵੀ ਕਰਦੇ ਹਨ ਤੇ ਜਿਨ੍ਹਾਂ ਦੇ ਮਾੜੇ ਕਰਮ ਸਾਹਮਣੇ ਆ ਜਾਂਦੇ ਹਨ ਫਿਰ ਤਾਂ ਹੀ ਉਨ੍ਹਾਂ ਦੇ ਚੇਲਿਆਂ ਨੂੰ, ਉਨ੍ਹਾਂ ਨੂੰ ਮਾਇਆ ਦੇਣ ਵਾਲਿਆਂ ਨੂੰ ਭਾਵ ਉਨ੍ਹਾਂ ਕੋਲੋਂ ਠੱਗੇ ਜਾਣ ਵਾਲਿਆਂ ਨੂੰ ਇਹ ਸਮਝ ਪੈਂਦੀ ਹੈ ਕਿ ਇਹ ਤਾਂ ਠੱਗ ਹੀ ਸੀ ਜੋ ਕਿ ਆਪਣੇ ਆਪ ਨੂੰ ਝੂਠਾ ਧਰਮੀ ਹੀ ਅਖਵਾ ਰਿਹਾ ਸੀ। ਇਹੋ ਜਿਹਿਆਂ ਦੇ ਚੇਲੇ ਸਾਨੂੰ ਸਾਡੇ ਅੰਦਰ ਦੀ ਮਾਇਆ ਦੀ ਠੱਗੀ ਹੀ ਬਣਾਉਂਦੀ ਹੈ ਭਾਵ ਮਨ ਦੀ ਨਾਸਮਝੀ ਹੀ ਬਣਾਉਂਦੀ ਹੈ ਜੋ ਮਾਇਆ ਦੀ ਠੱਗੀ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਹੀ ਵਰਤ ਰਹੀ ਹੈ ਜਿਸ ਠੱਗੀ ਤੋਂ ਬਾਹਰ ਕੇਵਲ ਤੇ ਕੇਵਲ ਗੁਰੂ ਆਪ ਹੈ ਜਿਸ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਨੇ ਆਪ ਪ੍ਰਗਟ ਹੋ ਕੇ ਆਪਣਾ ਰੂਪ ਧਾਰਿਆ ਹੋਇਆ ਹੈ। ਇਸ ਮਾਇਆ ਦੀ ਠੱਗੀ ਤੋਂ ਬਾਹਰ ਕੇਵਲ ਤੇ ਕੇਵਲ ਉਹੀ ਮਨੁੱਖੀ ਸਰੀਰ ਨਿਕਲ ਸਕਦਾ ਹੈ ਜਿਸਦੇ ਅੰਦਰ ਰਾਮ ਵੱਸ ਜਾਂਦਾ ਹੈ ਭਾਵ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ। ਇਹੀ ਗੱਲ ਸਾਨੂੰ ਉਪਰ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ ਤੇ ਜੋ ਉਸ ਅਕਾਲਪੁਰਖ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਨ ਉਨ੍ਹਾਂ ਨੂੰ ਫਿਰ ਸੰਸਾਰ ਵਿੱਚ ਕੋਈ ਠੱਗ ਨਹੀਂ ਸਕਦਾ ਭਾਵ ਸੰਸਾਰੀਆਂ ਦੀ ਤ੍ਰੈਗੁਣਾਂ ਵਾਲੀ ਭਗਤੀ ਵਾਲੀ ਸਮਝ ਦਾ ਉਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ ਭਾਵ ਉਨ੍ਹਾਂ ਨੂੰ ਆਪਣੀ ਆਪਣੀ ਮਤਿ ਅਨੁਸਾਰ ਭਗਤੀ ਦਾ ਮਾਰਗ ਸਮਝਾਉਣ ਲਈ ਕੋਈ ਭਰਮਾਂ ਵਿੱਚ ਨਹੀਂ ਪਾ ਸਕਦਾ ਕਿਉਂਕਿ ਉਨਾਂ ਨੂੰ ਆਪਣੀ ਸੱਚੀ ਭਗਤੀ ਦੀ ਸਮਝ, ਆਪਣਾ ਸੱਚਾ ਨਾਮ ਜਪਾਉਣ ਦੀ ਸਮਝ ਰਾਮ ਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਦੇ ਅੰਦਰ ਵੱਸਕੇ ਆਪ ਪਾਈ ਹੁੰਦੀ ਹੈ ਜਿਸ ਉੱਚੀ ਤੇ ਸੱਚੀ ਸਮਝ ਤੋਂ ਉੱਚੀ ਕੋਈ ਹੋਰ ਸਮਝ ਹੋ ਹੀ ਨਹੀਂ ਸਕਦੀ ਤੇ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਮਾਇਆ ਦਾ ਛੱਲ ਕੀ ਹੈ ਜੋ ਸਭ ਦੇ ਅੰਦਰ ਵਰਤ ਰਿਹਾ ਹੈ ਜਿਸ ਦੀ ਕਿਸੇ ਨੂੰ ਆਪਣੇ ਆਪ ਸਮਝ ਪੈ ਹੀ ਨਹੀਂ ਸਕਦੀ ਤੇ ਹਰ ਕੋਈ ਵਿਅਰਥ ਹੀ ਆਪਣੇ ਆਪ ਨੂੰ ਭਗਤੀ ਦੇ ਮਾਰਗ ਦੀ ਉੱਚੀ ਸਮਝ ਵਾਲਾ ਸਮਝਦਾ ਹੈ, ਮਾਇਆ ਦੇ ਛੱਲ ਕਰਕੇ ਹੀ ਆਪਣੇ ਆਪ ਨੂੰ ਸਾਧ ਸਮਝਦਾ ਹੈ, ਸੰਤ ਸਮਝਦਾ ਹੈ। (**ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹਰ ਕਾ ਜਲੁ ॥ ਰਹਾਉ ॥**)

ਮਨ ਦੀ ਸਮਝ ਦਾ ਇਹ ਛੱਲ, ਹਰ ਮਨੁੱਖ ਦੇ ਅੰਦਰ ਮਨ ਦੇ ਵਿੱਚ ਚੱਲ ਰਹੀ ਇਹ ਠੱਗੀ ਤਦ ਤਕ ਕੋਈ ਵੀ ਨਹੀਂ ਜਾਣ ਸਕਦਾ ਜਦ ਤਕ ਕੋਈ ਆਪਣੇ ਅੰਦਰੋਂ ਇਸ ਠੱਗੀ ਦੇ ਮਾਲਕ ਭਾਵ ਸਾਡੇ ਅੰਦਰ ਇਸ ਠੱਗੀ ਪਾਉਣ ਵਾਲੇ ਨੂੰ ਕੋਈ ਜਾਣ ਨਹੀਂ ਲੈਂਦਾ ਕਿ ਸਾਡੇ ਅੰਦਰ ਇਹ ਠੱਗੀ ਕਿਸਦੇ ਹੁਕਮ ਦੁਆਰਾ ਚੱਲ ਰਹੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਨਹੀਂ ਲੈਂਦਾ ਜਿਸਨੇ ਆਪ ਹੀ ਸਭ ਕੋਲੋਂ ਆਪਣਾ ਪੜਦਾ ਰੱਖਣ ਲਈ ਸਭ ਦੀ ਸਮਝ ਦੇ ਅੰਦਰ ਇਹ ਮੋਹ ਠਗਉਰੀ ਪਾਈ ਹੋਈ ਹੈ ਜਿਸਦੇ ਰਹਿੰਦਿਆਂ ਕੋਈ ਇਸ ਗੱਲ ਨੂੰ ਨਹੀਂ ਜਾਣ ਸਕਦਾ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਭਾਵ ਅੱਲ੍ਹਾ, ਗਾਡ,

52/7306

ਪ੍ਰਮਾਤਮਾ, ਅਕਾਲਪੁਰਖ ਭਾਵ ਸਭ ਕੁਝ ਭਾਵ ਹਰ ਆਕਾਰ ਰੂਪ ਉਹ ਆਪ ਹੀ ਹੈ ਤੇ ਹਰ ਕੋਈ ਭਾਵ ਸ੍ਰਿਸ਼ਟੀ ਦਾ ਹਰ ਮਨੁੱਖ ਉਸਨੂੰ ਜਾਣੇ ਬਿਨ੍ਹਾਂ ਆਪਣੇ ਆਪ ਨੂੰ ਉਸ ਤੋਂ ਵੱਖਰਾ ਰੂਪ ਸਮਝਦਾ ਹੈ, ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ। ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਬੁਲਵਾਏ ਹੋਏ ਅਕਾਲਪੁਰਖ ਦੇ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ, ਗੁਰੂ ਦੇ ਸੱਚੇ ਬਚਨਾਂ ਤੇ ਪੂਰਨ ਵਿਸ਼ਵਾਸ ਕਰਨ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਮਨ ਦੀ ਮਾਇਆ ਰੂਪ ਠੱਗੀ ਦੇ ਵਿੱਚ ਰੱਖਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਮਾਇਆ ਦਾ ਮਾਲਕ ਹੈ ਭਾਵ ਜੋ ਹਰ ਮਨੁੱਖ ਦੀ ਸਮਝ ਦਾ ਮਾਲਕ ਹੈ ਜਿਸ ਮਨ ਦੀ ਨਾਸਮਝੀ ਦੁਆਰਾ ਹੀ ਉਹ ਆਪਣੇ ਆਪ ਨੂੰ ਸੱਚਾ ਸਮਝਦਾ ਹੈ ਭਾਵ ਆਪਣੀ ਝੂਠੀ ਮਤਿ ਨੂੰ ਸੱਚੀ ਮਤਿ ਸਮਝਦਾ ਹੈ ਤੇ ਉਸਨੂੰ ਆਪਣੀ ਮਤਿ ਹੀ ਸੱਚੀ ਲੱਗਦੀ ਹੈ ਤੇ ਗੁਰੂ ਦੀ ਮਤਿ ਉਸਨੂੰ ਸੱਚੀ ਨਹੀਂ ਲਗਦੀ। ਸਾਨੂੰ ਝੂਠੀ ਮਤਿ ਵਿੱਚ ਰੱਖਣ ਵਾਲਾ ਕੌਣ ਹੈ ਭਾਵ ਸਾਡੇ ਕੋਲੋਂ ਮਨ ਦੀ ਸਮਝ ਰਾਹੀਂ ਗੁਰਮਤਿ ਦੀ ਠੱਗੀ ਕਰਵਾਉਣ ਵਾਲਾ ਕੌਣ ਹੈ ਭਾਵ ਗੁਰਮਤਿ ਤੋਂ ਮਨਮਤਿ ਨੂੰ ਉੱਚਾ ਸਮਝਾਉਣ ਵਾਲਾ ਕੌਣ ਹੈ, ਸੱਚ ਤੋਂ ਝੂਠ ਨੂੰ ਉੱਚਾ ਸਮਝਾਉਣ ਵਾਲਾ ਕੌਣ ਹੈ ਭਾਵ ਸੱਚ ਦੇ ਨਾਲ ਠੱਗੀ ਕਰਾਉਣ ਵਾਲਾ ਭਾਵ ਸਾਨੂੰ ਧਰਮ ਦੇ ਮਾਰਗ ਦਾ ਠੱਗ ਬਣਾਉਣ ਵਾਲਾ ਕੌਣ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਪੂਰੇ ਸ਼ਬਦ ਦੀ ਸਮਝ ਤੇ ਵਿਸ਼ਵਾਸ ਕਰਨ ਦੁਆਰਾ ਹੀ ਅਸੀਂ ਮਾਇਆ ਦੀ ਠੱਗੀ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ ਤੇ ਉਸ ਠੱਗ ਨੂੰ ਭਾਵ ਸਾਡੇ ਅੰਦਰ ਮਾਇਆ ਮੋਹ ਵਾਲੀ ਸਮਝ ਪਾਉਣ ਵਾਲੇ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ, ਸੱਚਾ ਉਦਮ ਕਰ ਸਕਦੇ ਹਾਂ ਜੋ ਸਾਡੇ ਸਭ ਦੇ ਅੰਦਰ ਭਾਵ ਸ੍ਰਿਸ਼ਟੀ ਦੇ ਹਰ ਮਨੁੱਖ ਦੀ ਸਮਝ ਦੇ ਅੰਦਰ ਆਪ ਹੀ ਆਪਣੀ ਮਾਇਆ ਦੀ ਜੁਗਤਿ ਦੇ ਰੂਪ ਵਿੱਚ ਵਿਚਰ ਰਿਹਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਵੀ ਸਮਝਦੇ ਹਾਂ ਤੇ ਮਨ ਦੀ ਮਾਇਆ ਰੂਪ ਠੱਗੀ ਵਿੱਚੋਂ ਨਿਕਲਣ ਦਾ ਸੱਚਾ ਉਦਮ ਕਰਦੇ ਹਾਂ ਭਾਵ ਮਨਮਤਿ ਛੱਡਕੇ ਗੁਰਮਤਿ ਨੂੰ ਅਪਨਾਉਣ ਦਾ ਉਦਮ ਕਰਦੇ ਹਾਂ ਕਿਉਂਕਿ ਕੇਵਲ ਤੇ ਕੇਵਲ ਗੁਰੂ ਦੀ ਮਤਿ ਹੀ ਮਾਇਆ ਦੀ ਠੱਗੀ ਤੋਂ ਬਾਹਰ ਹੈ, ਮਨਮਤਿ ਤੋਂ ਬਾਹਰ ਹੈ ਤੇ ਹਰ ਕੋਈ ਜਿਨ੍ਹਾਂ ਨੂੰ ਭਾਵੇਂ ਅਸੀਂ ਆਪਣੀ ਨਾਸਮਝੀ ਕਰਕੇ ਭਾਵ ਮਾਇਆ ਦੇ ਛਲ ਕਰਕੇ ਭਾਵੇਂ ਜਿਤਨਾ ਮਰਜੀ ਧਰਮ ਦਾ ਵਿਦਵਾਨ ਸਮਝਿਆ ਹੋਵੇ, ਸੰਤ, ਬ੍ਰਹਮਗਿਆਨੀ ਆਦਿ ਸਮਝਿਆ ਹੋਵੇ ਉਨ੍ਹਾਂ ਦੇ ਅੰਦਰ ਮਾਇਆ ਦਾ ਛੱਲ ਹੀ ਵਰਤਦਾ ਹੈ। ਜਿਸ ਦੇ ਅੰਦਰੋਂ ਮਾਇਆ ਦਾ ਛੱਲ ਦੂਰ ਹੋ ਜਾਂਦਾ ਹੈ ਉਹ ਫਿਰ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾ ਲਵੇ, ਬ੍ਰਹਮਗਿਆਨੀ, ਸਾਧ, ਸੰਤ ਆਦਿ ਅਖਵਾ ਲਵੇ ਇਹ ਹੋ ਹੀ ਨਹੀਂ ਸਕਦਾ ਕਿਉਂਕਿ ਉਹ ਆਪਣੇ ਅੰਦਰੋਂ ਅਸਲ ਧਰਮ ਦੇ ਵਿਦਵਾਨ ਨੂੰ, ਸਾਧ ਨੂੰ, ਸੰਤ ਨੂੰ, ਬ੍ਰਹਮਗਿਆਨੀ ਨੂੰ ਪਹਿਚਾਣ ਲੈਂਦਾ ਹੈ ਭਾਵ ਜਾਣ ਲੈਂਦਾ ਹੈ ਕਿ ਪੂਰੀ ਸ੍ਰਿਸ਼ਟੀ ਵਿੱਚ ਗਿਆਨ ਦਾ ਮਾਲਕ ਭਾਵ ਗਿਆਨ ਦਾ ਸ੍ਰੋਤ

52/7307

ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੇ ਆਪ ਹੀ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਮਨ ਦੇ ਵਿੱਚ ਸਮਝ ਪਾਉਣ ਦੁਆਰਾ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਤ੍ਰੈਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ, ਪੁੱਠੇ ਕਮਲ ਵਾਲੀ ਸਮਝ ਵਿੱਚ, ਆਪਣੀ ਮਾਇਆ ਦੀ ਜੁਗਤਿ ਵਿੱਚ ਭਾਵ ਮਾਇਆ ਦੇ ਛੱਲ ਵਿੱਚ ਰੱਖਿਆ ਹੋਇਆ ਹੈ। ਮਾਇਆ ਦੇ ਛੱਲ ਵਿੱਚ ਰਹਿੰਦੇ ਹੋਏ ਸਾਨੂੰ ਝੂਠੀ ਗੱਲ ਸੱਚੀ ਕਿਸ ਤਰੀਕੇ ਲਗਦੀ ਹੈ ਇਹੀ ਗੱਲ ਹੇਠ ਦਿੱਤੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਆਉ ਗੁਰਮਤਿ ਤੇ ਵਿਸ਼ਵਾਸ ਰੱਖਕੇ ਸਮਝੀਏ।

“ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ ॥੧॥

ਹਰਿ ਠਗ ਜਗ ਕਉ ਠਗਉਰੀ ਲਾਈ ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥

ਕਉਨ ਕੋ ਪੁਰਖੁ ਕਉਨ ਕੀ ਨਾਰੀ ॥ ਇਆ ਤਤ ਲੇਹੁ ਸਰੀਰ ਬਿਚਾਰੀ ॥੨॥
ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥"

(ਅੰਗ - ੩੩੧)

ਉਪਰ ਸ਼ਬਦ ਵਿੱਚ ਮਾਇਆ ਦੀ ਠੱਗੀ ਮਨੁੱਖ ਦੇ ਜੀਵਨ ਵਿੱਚ ਕਿਸ ਤਰੀਕੇ ਵਰਤਦੀ ਹੈ ਭਾਵ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਕਿਸ ਤਰੀਕੇ ਸਮਝਦੇ ਹਾਂ, ਕਿਸ ਵਜ੍ਹਾ ਕਰਕੇ ਸਮਝਦੇ ਹਾਂ ਇਸ ਗੱਲ ਨੂੰ ਅਕਾਲਪੁਰਖ ਨੇ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਇਸ ਸ਼ਬਦ ਦੁਆਰਾ ਬੜੇ ਹੀ ਗਹਿਰੇ ਢੰਗ ਨਾਲ ਸਮਝਾਇਆ ਹੋਇਆ ਹੈ ਜਿਸ ਗੱਲ ਨੂੰ ਸਮਝ ਤਾਂ ਹਰ ਕੋਈ ਸਕਦਾ ਹੈ ਪਰ ਵਿਸ਼ਵਾਸ ਨਹੀਂ ਕਰ ਸਕਦਾ ਭਾਵ ਮਨ ਦੇ ਵਿੱਚ ਮਾਇਆ ਦੀ ਠੱਗੀ ਕਰਕੇ ਹੀ ਨਹੀਂ ਵਿਸ਼ਵਾਸ ਕਰ ਸਕਦਾ ਕਿਉਂਕਿ ਮਾਇਆ ਦੀ ਠੱਗੀ ਦਾ ਮਕਸਦ ਹੀ ਅਸਲੀਅਤ ਤੋਂ ਉਲਟ ਸਮਝਾਉਣਾ ਹੈ। ਉਪਰ ਵਾਲੇ ਪਹਿਲੇ ਪਦੇ ਨੂੰ ਹੀ ਧਿਆਨ ਨਾਲ ਸਮਝੋ ਤੇ ਸੰਸਾਰ ਵਿੱਚ ਰਹਿੰਦੇ ਹੋਏ ਕੀ ਕੋਈ ਪਿਤਾ ਇਹ ਕਹਿ ਸਕਦਾ ਹੈ ਕਿ ਜਿਸ ਪੂਤ ਨੂੰ ਮੈਂ ਜੰਮਿਆ ਹੈ ਉਹ ਮੇਰਾ ਪੂਤ ਨਹੀਂ ਹੈ ਤੇ ਇਸੇ ਤਰ੍ਹਾਂ ਕੀ ਕੋਈ ਪੂਤ ਇਹ ਕਹਿ ਸਕਦਾ ਹੈ ਕਿ ਜਿਸ ਨੂੰ ਮੈਂ ਆਪਣੇ ਜਨਮ ਤੋਂ ਪਿਤਾ ਦੇ ਰੂਪ ਵਿੱਚ ਦੇਖ ਰਿਹਾ ਹਾਂ ਉਹ ਮੇਰਾ ਪਿਤਾ ਹੀ ਨਹੀਂ ਭਾਵ ਇਹ ਗੱਲ ਕੋਈ ਵੀ ਨਹੀਂ ਕਹਿ ਸਕਦਾ ਭਾਵ ਇਹ ਕਹਿਣਾ ਉਸ ਲਈ ਝੂਠੀ ਗੱਲ ਹੈ ਪਰ ਅਸਲ ਵਿੱਚ ਇਹ ਸੱਚ ਹੀ ਹੈ ਕਿਉਂਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਪਿਤਾ ਦੇ ਰੂਪ ਵਿੱਚ ਵੀ ਉਹ ਆਪ ਹੈ ਤੇ ਪੁੱਤਰ ਦੇ ਰੂਪ ਵਿੱਚ ਵੀ ਉਹ ਆਪ ਹੈ ਤੇ ਕਿਸੇ ਵੀ ਰੂਪ ਨੂੰ ਪ੍ਰਮਾਤਮਾ ਤੋਂ ਵੱਖਰਾ ਰੂਪ ਸਮਝਣਾ ਝੂਠ ਹੈ। ਅਗਰ ਕੋਈ ਇਸ ਗੱਲ ਤੇ ਵਿਸ਼ਵਾਸ ਨਾ ਕਰੇ ਕਿ ਕੇਵਲ ਪ੍ਰਮਾਤਮਾ ਦਾ ਹੋਣਾ ਹੀ ਸੱਚ ਹੈ ਭਾਵ ਜੇਕਰ ਪਿਉ ਇਹ ਗੱਲ ਮੰਨਦਾ ਰਹੇ ਕਿ ਇਹ ਮੇਰਾ ਪੂਤ ਹੈ ਤੇ ਪੂਤ ਇਸ ਗੱਲ ਤੇ ਅੜਿਆ ਰਹੇ ਕਿ ਇਹ ਮੇਰਾ ਪਿਤਾ ਹੈ ਫਿਰ ਇਹ ਬਿਲਕੁਲ ਝੂਠ ਹੈ ਭਾਵ ਇਸ ਵਿੱਚ ਸੱਚ ਨਹੀਂ ਹੈ। ਇਸੇ ਤਰ੍ਹਾਂ ਜਦੋਂ ਕਿਸੇ ਦਾ ਸਰੀਰ ਬਿਨਸਦਾ ਹੈ ਭਾਵ ਕਿਸੇ ਦਾ ਸਰੀਰਕ ਮਰਨ ਹੁੰਦਾ ਹੈ ਉਸਦੇ ਮਰਨ ਦਾ ਦੂਸਰਿਆਂ ਨੂੰ ਦੁੱਖ ਵੀ ਹੁੰਦਾ ਹੈ ਕਿ ਕੋਈ ਮਰ ਗਿਆ ਹੈ ਪਰ ਅਸਲ ਵਿੱਚ ਮਰਦਾ ਤਾਂ ਕੋਈ ਵੀ ਨਹੀਂ ਕਿਉਂਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਹਰ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਹਰ ਸਰੀਰ ਦੇ ਰੂਪ ਵਿੱਚ ਵੀ ਉਹ ਆਪ ਹੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਆਪਣੇ ਦੁਨਿਆਵੀ ਜੀਵਨ ਵਿੱਚ ਸਾਨੂੰ ਇਹ ਬਿਲਕੁਲ ਝੂਠੀ ਗੱਲ ਲਗਦੀ ਹੈ ਭਾਵ ਇਸ ਵਿੱਚ ਸੰਸਾਰਿਕ ਸੱਚਾਈ ਨਹੀਂ ਲਗਦੀ। (**ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ ॥1॥**)

ਸੱਚ ਨੂੰ ਝੂਠ ਸਮਝਣਾ ਹੀ ਭਾਵ ਸੱਚ ਤੋਂ ਉਲਟ ਚਲਣਾ ਹੀ ਸਾਡੇ ਅੰਦਰ ਦੀ ਮਾਇਆ ਰੂਪ ਠਗਉਰੀ ਹੈ ਭਾਵ ਮਾਇਆ ਦਾ ਛੱਲ ਹੈ ਜਿਵੇਂ ਕਿ ਨਾਲ ਹੀ ਸ਼ਬਦਾਂ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

52/7308

"ਹਰਿ ਠਗ ਜਗ ਕਉ ਠਗਉਰੀ ਲਾਈ ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥"

ਆਪਣੀ ਪੂਰੀ ਬਾਣੀ ਲਿਖਵਾਉਣ ਵਾਲਾ "ਹਰਿ" ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੈ ਤੇ ਆਪਣੇ ਆਪ ਨੂੰ ਆਪਣੇ ਭਗਤ ਰੂਪ ਦੇ ਮੁੱਖੋਂ ਆਪ ਹੀ ਉਪਰਲੀ ਪੰਗਤੀ ਰਾਹੀਂ ਆਪਣੇ ਆਪ ਨੂੰ ਠੱਗ ਕਹਿ ਰਿਹਾ ਹੈ। ਸ੍ਰਿਸ਼ਟੀ ਦਾ ਕਰਤਾ ਅਕਾਲਪੁਰਖ, ਅੱਲ੍ਹਾ, ਪ੍ਰਮਾਤਮਾ, ਗਾਡ ਤਾਂ ਕਦੇ ਝੂਠ ਬੋਲ ਨਹੀਂ ਸਕਦਾ ਕਿਉਂਕਿ ਉਹ ਹੈ ਹੀ ਸੱਚ ਰੂਪ। ਉਹ ਆਪਣੇ ਆਪ ਨੂੰ ਠੱਗ ਕਹਿ ਕੇ ਸੱਚ ਹੀ ਬੋਲ ਰਿਹਾ ਹੈ ਕਿ ਮੈਂ ਸੰਸਾਰ ਦੇ ਹਰ ਮਨੁੱਖ ਨੂੰ ਠੱਗੀ ਮਾਰ ਰਿਹਾ ਹਾਂ, ਠੱਗ ਰਿਹਾ ਹਾਂ ਕਿਉਂਕਿ ਸਭ ਦੇ ਅੰਦਰ ਭਾਵ ਸੰਸਾਰ ਦੇ ਹਰ ਮਨੁੱਖ ਦੀ ਸਮਝ ਦੇ ਅੰਦਰ ਮਾਇਆ ਛੱਲ ਪਾਉਣ ਵਾਲਾ ਉਹ ਆਪ ਹੀ ਹੈ ਜੋ ਮਾਇਆ ਦਾ ਛੱਲ ਪਾਉਣ ਦੁਆਰਾ ਹੀ ਉਸਨੇ ਸਭ ਕੋਲੋਂ ਆਪਣਾ ਪੜਦਾ ਰੱਖਿਆ ਹੋਇਆ ਹੈ ਭਾਵ ਉਸਨੇ ਸਭ ਨੂੰ ਆਪਣੇ ਆਪ ਨਾਲੋਂ ਵਿਛੋੜਿਆ ਹੋਇਆ ਹੈ। ਜਦ ਤਕ ਮਨੁੱਖ ਦੇ ਅੰਦਰ ਇਹ ਮਾਇਆ ਦਾ ਛੱਲ ਵਰਤਦਾ ਹੈ ਤਦ ਤਕ ਸੰਸਾਰ ਦਾ ਕੋਈ ਵੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਤੇ ਆਪਣੇ ਆਪ ਨੂੰ ਅੱਲ੍ਹਾ ਤੋਂ ਭਾਵ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਹੀ ਸਮਝਦਾ ਹੈ ਭਾਵ ਆਪਣੀ ਮਨੁੱਖੀ ਹੋਂਦ ਸਮਝਦਾ ਹੈ ਜਿਸ ਆਪਣੀ ਮਨੁੱਖੀ ਹੋਂਦ ਨੂੰ ਸਮਝਣ ਦੁਆਰਾ ਆਪਣੇ ਜੀਵਨ ਨੂੰ ਵਿਅਰਥ ਗਵਾਉਣ ਵਾਲੀ ਗੱਲ ਹੈ ਜਿਸ ਦਾ ਕਾਰਣ ਮਨ ਦੀ ਮੋਹ ਠਗਉਰੀ ਭਾਵ ਮਾਇਆ ਦਾ ਛੱਲ ਹੈ ਭਾਵ ਮਨ ਦੀ ਅਗਿਆਨਤਾ

ਵਾਲੀ ਸਮਝ ਹੈ ਜੋ ਸਾਨੂੰ ਅਕਾਲਪੁਰਖ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਰੂਪ ਹੁੰਦੇ ਹੋਏ ਵੀ ਇਹ ਸਮਝਾਉਂਦੀ ਹੈ ਕਿ ਮੈਂ ਇੱਕ ਮਨੁੱਖੀ ਰੂਪ ਹਾਂ ਭਾਵ ਸਾਨੂੰ ਝੂਠ ਸਮਝਾਉਂਦੀ ਹੈ, ਸੱਚ ਦੇ ਉਲਟ ਸਮਝਾਉਂਦੀ ਹੈ। (**ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ ॥1॥ ਹਰਿ ਠਗ ਜਗ ਕਉ ਠਗਉਰੀ ਲਾਈ ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥1॥ ਰਹਾਉ ॥**)

ਜਦੋਂ ਸ੍ਰਿਸ਼ਟੀ ਦਾ ਕਰਤਾ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਅਸਲੀਅਤ ਸਮਝਾ ਦਿੰਦਾ ਹੈ ਕਿ ਸਭ ਕੁਝ ਉਹ ਆਪ ਹੀ ਹੈ ਤਾਂ ਹੀ ਕਿਸੇ ਨੂੰ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਭ ਦੇ ਅੰਦਰ ਇਹ ਆਪਣੀ ਮਾਇਆ ਦੀ ਜੁਗਤਿ ਪਾਈ ਹੋਈ ਹੈ ਭਾਵ ਮਾਇਆ ਦਾ ਛੱਲ ਪਾਇਆ ਹੋਇਆ ਹੈ ਜਿਸ ਮਾਇਆ ਦੇ ਛੱਲ ਦੁਆਰਾ ਹੀ ਸ੍ਰਿਸ਼ਟੀ ਦਾ ਹਰ ਮਨੁੱਖ ਇਸ ਸ੍ਰਿਸ਼ਟੀ ਦੇ ਮਾਲਕ ਤੋਂ ਆਪਣੀ ਵੱਖਰੀ ਹੋਂਦ ਸਮਝਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ। ਆਉ ਸ੍ਰਿਸ਼ਟੀ ਦੇ ਕਰਤੇ ਦੀ ਭਾਵ ਗੁਰੂ ਦੀ ਗੱਲ ਤੇ ਆਪਣਾ ਵਿਸ਼ਵਾਸ ਟਿਕਾਉਣ ਦੁਆਰਾ ਸਮਝੀਏ ਜਿਸਨੇ ਸਾਨੂੰ ਸਭ ਨੂੰ ਬਣਾਇਆ ਹੈ ਤੇ ਆਪ ਹੀ ਸਭ ਕੁਝ ਕਰਵਾ ਰਿਹਾ ਹੈ।

“ਕਉਨ ਕੋ ਪੁਰਖੁ ਕਉਨ ਕੀ ਨਾਰੀ ॥ ਇਆ ਤਤ ਲੇਹੁ ਸਰੀਰ ਬਿਚਾਰੀ ॥੨॥

ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥”

52/7309

ਉਪਰ ਵਾਲੇ ਦੂਸਰੇ ਪਦੇ ਰਾਹੀਂ ਭਗਤ ਕਬੀਰ ਜੀ ਸਾਰੇ ਸੰਸਾਰ ਨੂੰ ਇਸ ਸਰੀਰ ਦੀ ਅਸਲੀਅਤ ਹੀ ਸਮਝਾ ਰਹੇ ਹਨ, ਤੱਤ ਹੀ ਸਮਝਾ ਰਹੇ ਹਨ। ਸੰਸਾਰ ਦਾ ਤੱਤ ਕਿਸੇ ਨੂੰ ਸ੍ਰਿਸ਼ਟੀ ਦਾ ਕਰਤਾ ਆਪ ਹੀ ਸਮਝਾ ਸਕਦਾ ਹੈ ਜੋ ਸ੍ਰਿਸ਼ਟੀ ਦਾ ਕਰਤਾ ਹੈ ਜੋ ਆਪਣਾ ਤੱਤ, ਸਾਰ ਉਹ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣਾ ਤੱਤ ਸਮਝਾਇਆ ਹੈ। ਇਹ ਉਸਦਾ ਤੱਤ ਗਿਆਨ ਹੈ ਜੋ ਉਸਦਾ ਤੱਤ ਗਿਆਨ ਪੂਰੀ ਗੁਰਬਾਣੀ ਵਿੱਚ ਨਾਮ ਦੇ ਰੂਪ ਵਿੱਚ ਹੈ ਜੋ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਤੇ ਉਸਦੀ ਸ੍ਰਿਸ਼ਟੀ ਦੀ ਰਚਨਾ ਦੀ ਸੱਚਾਈ ਸਮਝਾ ਰਹੀ ਹੈ। ਉਪਰ ਸ਼ਬਦ ਵਿੱਚ ਭਗਤ ਕਬੀਰ ਜੀ ਸੰਸਾਰ ਨੂੰ ਇਹੀ ਸਮਝਾ ਰਹੇ ਹਨ ਕਿ ਉਹ ਸ੍ਰਿਸ਼ਟੀ ਦੇ ਕਰਤੇ ਕੋਲੋਂ ਤੱਤ ਲੈ ਕੇ ਉਨ੍ਹਾਂ ਨੇ ਇਸ ਸੰਸਾਰ ਨੂੰ ਵਿਚਾਰਿਆ ਹੈ ਭਾਵ ਜਾਣਿਆ ਹੈ ਕਿ ਇਹ ਸਰੀਰ ਕੀ ਹੈ। ਜਦੋਂ ਆਪਣੇ ਸਰੀਰ ਦੀ ਸਮਝ ਲੱਗ ਜਾਂਦੀ ਹੈ ਕਿ ਇਹ ਸਰੀਰ ਮੇਰਾ ਨਹੀਂ ਹੈ ਭਾਵ ਮੇਰੇ ਸਰੀਰ ਦੇ ਰੂਪ ਵਿੱਚ ਅਕਾਲਪੁਰਖ ਆਪ ਹੀ ਹੈ, ਫਿਰ ਤਾਂ ਹੀ ਕੋਈ ਇਹ ਗੱਲ ਕਹਿ ਸਕਦਾ ਹੈ। **“ਕਉਨ ਕੋ ਪੁਰਖੁ ਕਉਨ ਕੀ ਨਾਰੀ ॥”** ਕੋਈ ਪੁਰਸ਼ ਤੇ ਉਸਦੀ ਨਾਰ ਇੱਕ ਦੂਜੇ ਨੂੰ ਇਹੀ ਕਹਿੰਦੇ ਹਨ ਕਿ ਅਸੀਂ ਇੱਕ ਦੂਜੇ ਤੋਂ ਵੱਖਰੇ ਰੂਪ ਹਾਂ। ਇਸਤਰੀ ਕਹਿੰਦੀ ਹੈ ਇਹ ਮੇਰਾ ਮਰਦ ਹੈ, ਖਸਮ ਹੈ ਤੇ ਖਸਮ ਕਹਿੰਦਾ ਹੈ ਇਹ ਮੇਰੀ ਨਾਰ ਹੈ, ਮੇਰੀ ਇਸਤਰੀ ਹੈ, ਮੇਰੀ ਪਤਨੀ ਹੈ। ਇਹ ਸਭ ਮੈਂ ਹੈ ਜੋ ਮੈਂ ਸਾਨੂੰ ਸਾਡੇ ਅੰਦਰ ਦੀ ਸਮਝ ਹੀ ਸਿਖਾਉਂਦੀ ਹੈ ਜੋ ਸਮਝ ਸਾਡੇ ਅੰਦਰ ਮਨ ਦੀ ਜੋਤਿ ਰਾਹੀਂ ਹੀ ਪੈਂਦੀ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਪਾਉਂਦਾ ਹੈ ਤੇ ਮਨ ਦੀ ਇਸ ਸਮਝ ਦੁਆਰਾ ਹੀ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਮਾਇਆ ਦਾ ਛਲ ਪਾਉਂਦਾ ਹੈ ਭਾਵ ਆਪਣੀ ਮਾਇਆ ਦੀ ਜੁਗਤਿ ਵਰਤਾਉਂਦਾ ਹੈ ਜੋ ਆਪਣੀ ਇਹ ਜੁਗਤਿ ਹਰ ਮਨੁੱਖੀ ਸਮਝ ਦੇ ਅੰਦਰ ਤ੍ਰੈਗੁਣਾਂ ਦੀ ਸਮਝ ਦੇ ਰੂਪ ਵਿੱਚ ਹੈ, ਹਉਮੈ ਵਾਲੀ ਸਮਝ ਦੇ ਰੂਪ ਵਿੱਚ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਦੇ ਰੂਪ ਵਿੱਚ ਵਰਤਾਉਂਦਾ ਹੈ ਜੋ ਸਮਝ ਮਨੁੱਖ ਨੂੰ ਮੈਂ ਸਿਖਾਉਂਦੀ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ ਜਿਸ ਮੈਂ ਰਾਹੀਂ ਇਸਤਰੀ ਕਹਿੰਦੀ ਹੈ ਕਿ ਇਸਤਰੀ ਰੂਪ ਵਿੱਚ ਮੈਂ ਹਾਂ ਤੇ ਇਹ ਪਤੀ ਮੇਰਾ ਹੈ ਤੇ ਇਸੇ ਤਰ੍ਹਾਂ ਪਤੀ ਕਹਿੰਦਾ ਹੈ ਇਹ ਮੈਂ ਹਾਂ ਤੇ ਇਹ ਮੇਰੀ ਪਤਨੀ ਹੈ ਪਰ ਅਸਲ ਵਿੱਚ ਸੱਚਾਈ ਇਹ ਹੈ ਕਿ ਕੌਣ ਪਤੀ ਤੇ ਕੌਣ ਨਾਰ ਭਾਵ ਸਭ ਮਨ ਦਾ ਭਰਮ ਹੈ ਕਿਉਂਕਿ ਅਸਲ ਵਿੱਚ ਸ੍ਰਿਸ਼ਟੀ ਦਾ ਕਰਤਾ ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਤੇ ਆਪਣੀ ਸੰਸਾਰਿਕ ਖੇਡ ਚਲਾਉਣ ਲਈ ਉਸਨੇ ਆਪ ਹੀ ਆਪਣੇ ਵੱਖਰੇ ਵੱਖਰੇ ਰੂਪ ਧਾਰੇ ਹੋਏ ਹਨ ਜਿਸਦੀ ਉਹ ਕਿਸੇ ਨੂੰ ਸਮਝ ਨਹੀਂ ਪੈਣ ਦਿੰਦਾ, ਆਪਣੇ ਮਾਇਆ ਦੇ ਛੱਲ ਦੁਆਰਾ ਕਿਸੇ ਨੂੰ ਸਮਝ ਨਹੀ ਪੈਣ ਦਿੰਦਾ। ਜਦ ਤਕ ਉਹ ਕਿਸੇ ਦੇ ਮਨ ਦੇ ਅੰਦਰ ਪ੍ਰਗਟ ਹੋ ਕੇ ਤੱਤ ਨਹੀਂ ਸਮਝਾਉਂਦਾ ਤਦ ਤਕ ਕੋਈ ਵੀ ਨਹੀਂ ਜਾਣ ਸਕਦਾ ਤੇ ਕਿਸੇ ਨੂੰ ਵਿਸ਼ਵਾਸ ਨਹੀਂ ਆ ਸਕਦਾ ਕਿ ਹਰ ਰੂਪ ਵਿੱਚ

52/7310

ਅਕਾਲਪੁਰਖ ਆਪ ਹੀ ਹੈ, ਪ੍ਰਮਾਤਮਾ ਆਪ ਹੀ ਹੈ, ਅੱਲ੍ਹਾ ਆਪ ਹੀ ਹੈ, ਗਾਡ ਆਪ ਹੀ ਹੈ ਭਾਵ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। {**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥**} ਅੰਗ - 285 (**ਕਉਨ ਕੋ ਪੁਰਖੁ ਕਉਨ ਕੀ ਨਾਰੀ ॥ ਇਆ ਤਤ ਲੇਹੁ ਸਰੀਰ ਬਿਚਾਰੀ ॥2॥**)

ਮਨੁੱਖ ਦੇ ਅੰਦਰੋਂ ਇਹ ਮਾਇਆ ਦੀ ਠੱਗੀ ਭਾਵ ਮਾਇਆ ਰੂਪ ਠਗਉਰੀ ਕਿਵੇਂ ਦੂਰ ਹੁੰਦੀ ਹੈ ਤੇ ਮਨੁੱਖ ਨੂੰ ਕਿਸ ਤਰੀਕੇ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਇਹ ਮਾਇਆ ਦੀ ਠੱਗੀ ਕਿਸਨੇ ਪਾਈ ਹੋਈ ਹੈ ਭਾਵ ਸਾਨੂੰ ਭਰਮਾਂ ਦੀ ਸਮਝ ਵਿੱਚ ਰੱਖਣ ਵਾਲਾ ਕੌਣ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥”

ਪੂਰੀ ਗੁਰਬਾਣੀ ਮਨ ਦੀ ਸਮਝ ਰਾਹੀਂ ਹੀ ਆਈ ਹੈ ਤੇ ਉਸ ਸਮਝ ਰਾਹੀਂ ਆਈ ਹੈ ਜੋ ਸਮਝ ਮਾਇਆ ਦੀ ਠੱਗੀ ਤੋਂ ਪੂਰੀ ਤਰ੍ਹਾਂ ਬਾਹਰ ਹੈ ਜਿਸ ਕਰਕੇ ਪੂਰੀ ਗੁਰਬਾਣੀ ਵਿੱਚ ਚੌਥੇ ਪਦ ਦਾ ਗਿਆਨ ਹੈ। ਜਦ ਤਕ ਮਨੁੱਖ ਤ੍ਰੈਗੁਣਾਂ ਦੀ ਸਮਝ ਵਿੱਚ ਹੈ ਉਹ ਗਿਆਨ ਸਾਡੇ ਅੰਦਰ ਪਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸ ਕਰਕੇ ਉਸਨੇ ਆਪਣੇ ਆਪ ਨੂੰ ਸ਼ਬਦ ਰਾਹੀਂ ਠੱਗ ਕਿਹਾ ਹੈ। ਜਦੋਂ ਮਾਇਆ ਰੂਪ ਠੱਗ ਭਾਵ ਤ੍ਰੈਗੁਣਾਂ ਵਾਲੀ ਸਮਝ ਦੇ ਗਿਆਨ ਦਾ ਮਾਲਕ ਆਪਣੇ ਆਪ ਨੂੰ ਕਿਸੇ ਦੇ ਮਨ ਦੀ ਸਮਝ ਦੇ ਅੰਦਰ ਪ੍ਰਗਟ ਕਰਦਾ ਹੈ ਉਹ ਉਸ ਮਨ ਦੇ ਅੰਦਰ ਆਪਣੇ ਚੌਥੇ ਪਦ ਦਾ ਗਿਆਨ, ਬ੍ਰਹਮਗਿਆਨ ਭਾਵ ਆਪਣਾ ਨਾਮ ਰੂਪ ਸੱਚਾ ਗਿਆਨ ਦੇਣ ਲਈ ਹੀ ਪ੍ਰਗਟ ਕਰਦਾ ਹੈ ਜਿਸ ਆਪਣੇ ਮਕਸਦ ਲਈ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਤੇ ਉਨ੍ਹਾਂ ਸਰੀਰਾਂ ਰਾਹੀਂ ਪੂਰੇ ਸੰਸਾਰ ਨੂੰ ਭਗਤੀ ਦਾ ਸੱਚਾ ਮਾਰਗ, ਉਸਦਾ ਸੱਚਾ ਨਾਮ ਜਪਣ ਦਾ ਮਾਰਗ ਤੇ ਸ੍ਰਿਸ਼ਟੀ ਦੇ ਕਰਤੇ ਨੂੰ ਸਮਝਣ ਦਾ, ਜਾਨਣ ਦਾ ਮਕਸਦ ਪੂਰਾ ਕੀਤਾ ਹੈ। ਜਿਸਨੂੰ ਵੀ ਉਹ ਆਪਣਾ ਇਸ ਤਰੀਕੇ ਮਨ ਦੇ ਵਿੱਚ ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਉਸੇ ਮਨੁੱਖ ਦਾ ਹੀ ਫਿਰ ਉਸਦੀ ਸੱਚੀ ਸਿੱਖਿਆ ਨੂੰ ਮੰਨਣ ਲਈ ਮਨ ਮੰਨਦਾ ਹੈ ਭਾਵ ਫਿਰ ਉਹ ਉਸਦਾ ਮਨੁੱਖੀ ਰੂਪ ਫਿਰ ਪੂਰੀ ਤਰ੍ਹਾਂ ਆਪਣੇ ਜੀਵਨ ਵਿੱਚ ਗੁਰਮਤਿ ਦੀ ਉਹੋ ਜਿਹੀ ਸੱਚੀ ਸਿੱਖਿਆ ਦੁਆਰਾ ਹੀ ਵਿਚਰਦਾ ਹੈ ਜੋ ਸਿੱਖਿਆ ਉਹ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਰੇ ਸੰਸਾਰ ਨੂੰ ਸਮਝਾਉਂਦਾ ਹੈ। ਅਕਾਲਪੁਰਖ ਦੁਆਰਾ ਦਿੱਤੀ ਹੋਈ ਭਾਵ ਮਨ ਦੇ ਵਿੱਚ ਸਮਝਾਈ ਹੋਈ ਉਸਦੀ ਸੱਚੀ ਸਿੱਖਿਆ ਨੂੰ ਮੰਨਣਾ ਹੀ ਉਸ ਠੱਗ ਦੇ ਨਾਲ ਮਨ ਦਾ ਮੰਨਣਾ ਹੈ ਜਿਸ ਮਾਇਆ ਪਾਉਣ ਵਾਲੇ ਠੱਗ ਨੂੰ ਉਹ ਆਪਣੇ ਮਨ ਦੇ ਵਿੱਚੋਂ ਪਹਿਚਾਣ ਲੈਂਦਾ ਹੈ ਤੇ ਮਨ ਦੇ ਵਿੱਚ ਸੱਚੀ ਸਮਝ ਪੈਣ ਦੁਆਰਾ ਉਸਦੇ ਅੰਦਰੋਂ ਮਾਇਆ ਦੀ ਠਗਉਰੀ ਨਿਕਲ ਜਾਂਦੀ ਹੈ। (**ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥3॥39॥**)

ਸਾਡੇ ਅੰਦਰ ਇਹ ਠੱਗੀ ਕਿਸ ਰੂਪ ਵਿੱਚ ਵਰਤਦੀ ਹੈ ਜੋ ਸਾਨੂੰ ਸੱਚ ਦੀ ਸਮਝ ਭਾਵ ਗੁਰਮਤਿ ਦੀ ਸੱਚੀ ਸਮਝ ਨਹੀਂ ਪੈਣ ਦਿੰਦੀ, ਭਗਤੀ ਦੇ ਸਹੀ ਮਾਰਗ ਦੀ ਸਮਝ ਨਹੀਂ ਪੈਣ ਦਿੰਦੀ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਜਾਣਿਆ ਜਾ ਸਕਦਾ ਹੈ।

52/7311

ਮਃ ੪ ॥

{ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ ॥
ਕੋਈ ਗਲਾ ਕਰੇ ਘਨੇਰੀਆ ਜਿ ਘਰਿ ਵਥੁ ਹੋਵੈ ਸਾਈ ਖਾਇ ॥
ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ ॥
ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ ॥
ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ ॥
ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥
ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥
ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ ॥੨॥}

(ਅੰਗ - ੩੦੩)

ਪਉੜੀ ॥

{ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਏ ॥
ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ ॥
ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ ॥
ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥
ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥੭॥}

(ਅੰਗ - ੩੦੩)

ਸਿਰੀਰਾਗੁ ਮਹਲਾ ੧ ॥

{ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥
ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥
ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥
ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥
ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥
ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥੨॥
ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥
ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥
ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥
ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥
ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥
ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥
ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥
ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥
ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥
ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥
ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥
ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥
ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥
ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥
ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ ॥
ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥
ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ ॥੯॥੧੩॥}

(ਅੰਗ - ੬੧-੬੨)

ਪਉੜੀ ॥
{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ - ੧੩੮-੧੩੯)

ਗਉੜੀ ਗੁਆਰੇਰੀ ਮਹਲਾ ੫ ॥
{ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥੨॥
ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੮੯॥}

(ਅੰਗ - ੧੮੨)

{ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥ ਕਾਹੂ ਕਾਜ ਨ ਆਵਤ ਬਿਖਿਆ ॥੧॥ ਰਹਾਉ ॥

ਬਿਖੈ ਠਗਉਰੀ ਜਿਨਿ ਜਿਨਿ ਖਾਈ ॥ ਤਾ ਕੀ ਤ੍ਰਿਸਨਾ ਕਬਹੂੰ ਨ ਜਾਈ ॥੨॥}

(ਅੰਗ - ੧੯੯)

{ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥
ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥੬॥
ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥
ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥
ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥
ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥੮॥੧॥੯॥}

(ਅੰਗ - ੨੩੩-੨੩੪)

{ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥
ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ ॥
ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥
ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ ॥੧॥}

(ਅੰਗ - ੨੪੯)

{ਠਠਾ ਇਹੈ ਦੂਰਿ ਠਗ ਨੀਰਾ ॥ ਨੀਠਿ ਨੀਠਿ ਮਨੁ ਕੀਆ ਧੀਰਾ ॥
ਜਿਨਿ ਠਗਿ ਠਗਿਆ ਸਗਲ ਜਗੁ ਖਾਵਾ ॥ ਸੋ ਠਗੁ ਠਗਿਆ ਠਉਰ ਮਨੁ ਆਵਾ ॥੧੮॥}

(ਅੰਗ - ੩੪੧)

ਆਸਾ ਮਹਲਾ ੫ ॥

{ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥
ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥
ਐਸੀ ਇਸਤ੍ਰੀ ਇਕ ਰਾਮਿ ਉਪਾਈ ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥
ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥
ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥ ਤਟ ਤੀਰਥ ਭਵੇ ਸਭ ਧਰਨਾ ॥
ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥੩॥
ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥}

(ਅੰਗ - ੩੯੪)

ਸੋਰਠਿ ਮਹਲਾ ੫ ॥

{ਸਤਿਗੁਰ ਪੂਰੇ ਭਾਣਾ ॥ ਤਾ ਜਪਿਆ ਨਾਮੁ ਰਮਾਣਾ ॥

ਗੋਬਿੰਦ ਕਿਰਪਾ ਧਾਰੀ ॥ ਪ੍ਰਭਿ ਰਾਖੀ ਪੈਜ ਹਮਾਰੀ ॥੧॥
ਹਰਿ ਕੇ ਚਰਨ ਸਦਾ ਸੁਖਦਾਈ ॥ ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ ਜਾਈ ॥੧॥ ਰਹਾਉ ॥
ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ ਸੋਈ ਸੰਤੁ ਗੁਣ ਗਾਵੈ ॥
ਪ੍ਰੇਮ ਭਗਤਿ ਤਾ ਕਾ ਮਨੁ ਲੀਣਾ ਪਾਰਬ੍ਰਹਮ ਮਨਿ ਭਾਵੈ ॥੨॥
ਆਠ ਪਹਰ ਹਰਿ ਕਾ ਜਸੁ ਰਵਣਾ ਬਿਖੈ ਠਗਉਰੀ ਲਾਥੀ ॥
ਸੰਗਿ ਮਿਲਾਇ ਲੀਆ ਮੇਰੈ ਕਰਤੈ ਸੰਤ ਸਾਧ ਭਏ ਸਾਥੀ ॥੩॥
ਕਰੁ ਗਹਿ ਲੀਨੇ ਸਰਬਸੁ ਦੀਨੇ ਆਪਹਿ ਆਪੁ ਮਿਲਾਇਆ ॥
ਕਹੁ ਨਾਨਕ ਸਰਬ ਥੋਕ ਪੂਰਨ ਪੂਰਾ ਸਤਿਗੁਰੁ ਪਾਇਆ ॥੪॥੧੫॥੭੯॥}

(ਅੰਗ - ੬੭੯)

52/7312

ਸਲੋਕੁ ਮਃ ੩ ॥
{ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥
ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥
ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥
ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ ॥
ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥
ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥
ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥
ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥੧॥}

(ਅੰਗ - ੬੪੩)

ਧਨਾਸਰੀ ਮਹਲਾ ੫ ॥
{ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ ॥
ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ ॥੧॥
ਮਾਇਆ ਮੋਹ ਭੂਲੋ ਅਵਰੈ ਹੀਤ ॥
ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ ॥੧॥ ਰਹਾਉ ॥
ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥੨॥
ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ ॥
ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ ॥੩॥
ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥
ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥੪॥੯॥}

(ਅੰਗ - ੬੭੩)

ਧਨਾਸਰੀ ਮਹਲਾ ੫ ॥

{ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥
ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥੧॥
ਪ੍ਰਭ ਕੀ ਓਟ ਗਹੀ ਤਉ ਛੂਟੋ ॥
ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ ॥੧॥ ਰਹਾਉ ॥
ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥
ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥੨॥
ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥
ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥੩॥
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥
ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥੪॥
ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ ॥
ਹਰਿ ਹਰਿ ਨਾਮੁ ਨਾਨਕ ਧਨੁ ਪਾਇਆ ਅਪੁਨੈ ਘਰਿ ਲੈ ਆਇਆ ਖਾਟੇ ॥੫॥੧੧॥}

(ਅੰਗ - ੬੭੩)

ਬਿਲਾਵਲੁ ਮਹਲਾ ੫ ॥

{ਬਿਨੁ ਹਰਿ ਕਾਮਿ ਨ ਆਵਤ ਹੇ ॥
ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ ਓਹ ਮੋਹਨੀ ਮੋਹਾਵਤ ਹੇ ॥੧॥ ਰਹਾਉ ॥
ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥
ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥੧॥
ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥
ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥੨॥
ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥
ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥੩॥
ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥
ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥੨॥੯੮॥}

(ਅੰਗ - ੮੨੧-੮੨੨)

ਰਾਮਕਲੀ ਮਹਲਾ ੫ ॥

{ਈਂਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥
ਊਪਰਿ ਚਰਨ ਤਲੈ ਆਕਾਸੁ ॥ ਘਟ ਮਹਿ ਸਿੰਧੁ ਕੀਓ ਪਰਗਾਸੁ ॥੧॥
ਐਸਾ ਸੰਮ੍ਰਥੁ ਹਰਿ ਜੀਉ ਆਪਿ ॥

ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ ॥੧॥ ਰਹਾਉ ॥
ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥
ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਣਹੋਂਦੀ ਹਿਰੈ ॥੨॥
ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥
ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥
ਸੰਤ ਸਭਾ ਮਿਲਿ ਕਰਹੁ ਬਖਿਆਣ ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥
ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥੫੪॥}

(ਅੰਗ - ੯੦੦)

ਰਾਮਕਲੀ ਮਹਲਾ ੫ ॥

{ਜੋ ਤਿਸੁ ਭਾਵੈ ਸੋ ਥੀਆ ॥
ਸਦਾ ਸਦਾ ਹਰਿ ਕੀ ਸਰਣਾਈ ਪ੍ਰਭ ਬਿਨੁ ਨਾਹੀ ਆਨ ਬੀਆ ॥੧॥ ਰਹਾਉ ॥
ਪੁਤੁ ਕਲਤ੍ਰ ਲਖਿਮੀ ਦੀਸੈ ਇਨ ਮਹਿ ਕਿਛੂ ਨ ਸੰਗਿ ਲੀਆ ॥
ਬਿਖੈ ਠਗਉਰੀ ਖਾਇ ਭੁਲਾਨਾ ਮਾਇਆ ਮੰਦਰੁ ਤਿਆਗਿ ਗਇਆ ॥੧॥
ਨਿੰਦਾ ਕਰਿ ਕਰਿ ਬਹੁਤੁ ਵਿਗੂਤਾ ਗਰਭ ਜੋਨਿ ਮਹਿ ਕਿਰਤਿ ਪਇਆ ॥
ਪੁਰਬ ਕਮਾਣੇ ਛੋਡਹਿ ਨਾਹੀ ਜਮਦੂਤਿ ਗ੍ਰਾਸਿਓ ਮਹਾ ਭਇਆ ॥੨॥
ਬੋਲੈ ਝੂਠੁ ਕਮਾਵੈ ਅਵਰਾ ਤ੍ਰਿਸਨ ਨ ਬੂਝੈ ਬਹੁਤੁ ਹਇਆ ॥
ਅਸਾਧ ਰੋਗੁ ਉਪਜਿਆ ਸੰਤ ਦੂਖਨਿ ਦੇਹ ਬਿਨਾਸੀ ਮਹਾ ਖਇਆ ॥੩॥
ਜਿਨਹਿ ਨਿਵਾਜੇ ਤਿਨ ਹੀ ਸਾਜੇ ਆਪੇ ਕੀਨੇ ਸੰਤ ਜਇਆ ॥
ਨਾਨਕ ਦਾਸ ਕੰਠਿ ਲਾਇ ਰਾਖੇ ਕਰਿ ਕਿਰਪਾ ਪਾਰਬ੍ਰਹਮ ਮਇਆ ॥੪॥੪੪॥੫੫॥}

(ਅੰਗ - ੯੦੦)

{ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥}

(ਅੰਗ - ੯੧੮)

{ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥

ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ ॥
ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ ॥
ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ ॥
ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ ॥੬॥}

(ਅੰਗ - ੯੩੦)

{ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥
ਲਾੜੀ ਚਾੜੀ ਲਾਇਤਬਾਰੁ ॥ ਮਨਮੁਖੁ ਅੰਧਾ ਮੁਗਧੁ ਗਵਾਰੁ ॥
ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ ਗਇਆ ਠਗਾਇ ਠਗਿ ॥
ਲਾਹਾ ਨਾਮੁ ਪੂੰਜੀ ਵੇਸਾਹੁ ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥}

(ਅੰਗ - ੯੩੧)

ਮਃ ੫ ॥
{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥
ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ - ੯੬੦-੯੬੧)

52/7313

{ਮਿਥਿਆ ਵਸਤੁ ਸਤਿ ਕਰਿ ਮਾਨੀ ॥ ਹਿਤੁ ਲਾਇਓ ਸਠ ਮੂੜ ਅਗਿਆਨੀ ॥
ਕਾਮ ਕ੍ਰੋਧ ਲੋਭ ਮਦ ਮਾਤਾ ॥ ਕਉਡੀ ਬਦਲੈ ਜਨਮੁ ਗਵਾਤਾ ॥
ਅਪਨਾ ਛੋਡਿ ਪਰਾਇਐ ਰਾਤਾ ॥ ਮਾਇਆ ਮਦ ਮਨ ਤਨ ਸੰਗਿ ਜਾਤਾ ॥
ਤ੍ਰਿਸਨ ਨ ਬੂਝੈ ਕਰਤ ਕਲੋਲਾ ॥ ਊਣੀ ਆਸ ਮਿਥਿਆ ਸਭਿ ਬੋਲਾ ॥
ਆਵਤ ਇਕੇਲਾ ਜਾਤ ਇਕੇਲਾ ॥ ਹਮ ਤੁਮ ਸੰਗਿ ਝੂਠੇ ਸਭਿ ਬੋਲਾ ॥

ਪਾਇ ਠਗਉਰੀ ਆਪਿ ਭੁਲਾਇਓ ॥ ਨਾਨਕ ਕਿਰਤੁ ਨ ਜਾਇ ਮਿਟਾਇਓ ॥੨॥}

(ਅੰਗ - ੧੦੦੪-੧੦੦੫)

{ਕੂੜੇ ਆਵੈ ਕੂੜੇ ਜਾਵੈ ॥ ਕੂੜੇ ਰਾਤੀ ਕੂੜੁ ਕਮਾਵੈ ॥
ਸਬਦਿ ਮਿਲੇ ਸੇ ਦਰਗਹ ਪੈਧੇ ਗੁਰਮੁਖਿ ਸੁਰਤਿ ਸਮਾਈ ਹੇ ॥੫॥
ਕੂੜਿ ਮੁਠੀ ਠਗੀ ਠਗਵਾੜੀ ॥ ਜਿਉ ਵਾੜੀ ਓਜਾੜਿ ਉਜਾੜੀ ॥
ਨਾਮ ਬਿਨਾ ਕਿਛੁ ਸਾਦਿ ਨ ਲਾਗੈ ਹਰਿ ਬਿਸਰਿਐ ਦੁਖੁ ਪਾਈ ਹੇ ॥੬॥
ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥
ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥}

(ਅੰਗ - ੧੦੨੪)

{ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥੧੧॥
ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥
ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥੧੨॥
ਕਾਇਆ ਬਿਰਖੁ ਪੰਖੀ ਵਿਚਿ ਵਾਸਾ ॥ ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ॥
ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ ॥੧੩॥
ਕਾਇਆ ਸੋਧਹਿ ਸਬਦੁ ਵੀਚਾਰਹਿ ॥ ਮੋਹ ਠਗਉਰੀ ਭਰਮੁ ਨਿਵਾਰਹਿ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ ॥੧੪॥
ਸਦ ਹੀ ਨੇੜੈ ਦੂਰਿ ਨ ਜਾਣਹੁ ॥ ਗੁਰ ਕੈ ਸਬਦਿ ਨਜੀਕਿ ਪਛਾਣਹੁ ॥
ਬਿਗਸੈ ਕਮਲੁ ਕਿਰਣਿ ਪਰਗਾਸੈ ਪਰਗਟੁ ਕਰਿ ਦੇਖਾਇਆ ॥੧੫॥
ਆਪੇ ਕਰਤਾ ਸਚਾ ਸੋਈ ॥ ਆਪੇ ਮਾਰਿ ਜੀਵਾਲੇ ਅਵਰੁ ਨ ਕੋਈ ॥
ਨਾਨਕ ਨਾਮੁ ਮਿਲੈ ਵਡਿਆਈ ਆਪੁ ਗਵਾਇ ਸੁਖੁ ਪਾਇਆ ॥੧੬॥੨॥੨੪॥}

(ਅੰਗ - ੧੦੬੮-੧੦੬੯)

ਪਵੜੀ ॥

{ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ ਤਾ ਕਿਆ ਮੈ ਕਾੜਾ ॥
ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ ॥
ਗੁਰਿ ਭਉਜਲੁ ਪਾਰਿ ਲੰਘਾਇਆ ਜਿਤਾ ਪਾਵਾੜਾ ॥
ਗੁਰਮਤੀ ਸਭਿ ਰਸ ਭੋਗਦਾ ਵਡਾ ਆਖਾੜਾ ॥
ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ ॥
ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ ॥
ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ ॥
ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ ॥੧੦॥}

(ਅੰਗ - ੧੦੬੭-੧੦੬੮)

ਭੈਰਉ ਮਹਲਾ ੫ ॥

{ਨਿਕਟਿ ਬੂਝੈ ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥
ਹੈ ਨਿਕਟੇ ਅਰੁ ਭੇਦੁ ਨ ਪਾਇਆ ॥ ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥
ਨੇੜੈ ਨੇੜੈ ਸਭੁ ਕੋ ਕਹੈ ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ ਰਹਾਉ ॥
ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ ॥ ਦਰਬੁ ਹਿਰੈ ਮਿਥਿਆ ਕਰਿ ਖਾਇ ॥
ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥
ਨਿਕਟਿ ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥
ਅੰਤਰਿ ਵਸਤੁ ਦਿਸੰਤਰਿ ਜਾਇ ॥ ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥
ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥
ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥}

(ਅੰਗ - ੧੧੩੯)

ਸਾਰਗ ਮਹਲਾ ੫ ॥

{ਰੇ ਮੂੜੇ ਆਨ ਕਾਹੇ ਕਤ ਜਾਈ ॥ ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ ਭੂਲਿ ਭੂਲਿ ਬਿਖੁ ਖਾਈ ॥੧॥ ਰਹਾਉ ॥
ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ ਤਿਸ ਸਿਉ ਰੁਚ ਨਹੀ ਰਾਈ ॥
ਮੋਹਨਿ ਸਿਉ ਬਾਵਰ ਮਨੁ ਮੋਹਿਓ ਝੂਠਿ ਠਗਉਰੀ ਪਾਈ ॥੧॥
ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ ਸੰਤਨ ਸਿਉ ਬਨਿ ਆਈ ॥
ਸਗਲ ਨਿਧਾਨ ਘਰੈ ਮਹਿ ਪਾਏ ਕਹੁ ਨਾਨਕ ਜੋਤਿ ਸਮਾਈ ॥੨॥੨੧॥੪੪॥}

(ਅੰਗ - ੧੨੧੩)

ਸਾਰਗ ਮਹਲਾ ੫ ॥

{ਜਾ ਕੀ ਰਾਮ ਨਾਮ ਲਿਵ ਲਾਗੀ ॥ ਸਜਨੁ ਸੁਰਿਦਾ ਸੁਹੇਲਾ ਸਹਜੇ ਸੋ ਕਹੀਐ ਬਡਭਾਗੀ ॥੧॥ ਰਹਾਉ ॥
ਰਹਿਤ ਬਿਕਾਰ ਅਲਪ ਮਾਇਆ ਤੇ ਅਹੰਬੁਧਿ ਬਿਖੁ ਤਿਆਗੀ ॥
ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ ॥੧॥
ਅਚਿੰਤ ਸੋਇ ਜਾਗਨੁ ਉਠਿ ਬੈਸਨੁ ਅਚਿੰਤ ਹਸਤ ਬੈਰਾਗੀ ॥
ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ ॥੨॥੪੪॥੬੭॥}

(ਅੰਗ - ੧੨੧੭)

ਸਾਰਗ ਮਹਲਾ ੫ ॥

{ਆਤੁਰੁ ਨਾਮ ਬਿਨੁ ਸੰਸਾਰ ॥
ਝ੍ਰਿਪਤਿ ਨ ਹੋਵਤ ਕੂਕਰੀ ਆਸਾ ਇਤੁ ਲਾਗੋ ਬਿਖਿਆ ਛਾਰ ॥੧॥ ਰਹਾਉ ॥
ਪਾਇ ਠਗਉਰੀ ਆਪਿ ਭੁਲਾਇਓ ਜਨਮਤ ਬਾਰੋ ਬਾਰ ॥
ਹਰਿ ਕਾ ਸਿਮਰਨੁ ਨਿਮਖ ਨ ਸਿਮਰਿਓ ਜਮਕੰਕਰ ਕਰਤ ਖੁਆਰ ॥੧॥
ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਤੇਰਿਆ ਸੰਤਹ ਕੀ ਰਾਵਾਰ ॥

ਨਾਨਕ ਦਾਸੁ ਦਰਸੁ ਪ੍ਰਭ ਜਾਚੈ ਮਨ ਤਨ ਕੋ ਆਧਾਰ ॥੨॥੭੮॥੧੦੧॥}

(ਅੰਗ - ੧੨੨੩)

ਸਾਰਗ ਮਹਲਾ ੫ ॥

{ਮੈਲਾ ਹਰਿ ਕੇ ਨਾਮ ਬਿਨੁ ਜੀਉ ॥
ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ ॥੧॥ ਰਹਾਉ ॥
ਕੋਟਿ ਜਨਮ ਭ੍ਰਮਤੌ ਬਹੁ ਭਾਂਤੀ ਥਿਤਿ ਨਹੀ ਕਤਹੂ ਪਾਈ ॥
ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥੧॥
ਰਾਖਿ ਲੇਹੁ ਪ੍ਰਭ ਸੰਮ੍ਰਿਥ ਦਾਤੇ ਤੁਮ ਪ੍ਰਭ ਅਗਮ ਅਪਾਰ ॥
ਨਾਨਕ ਦਾਸ ਤੇਰੀ ਸਰਣਾਈ ਭਵਜਲੁ ਉਤਰਿਓ ਪਾਰ ॥੨॥੭੯॥੧੦੨॥}

(ਅੰਗ - ੧੨੨੪)

ਸਾਰੰਗ ਮਹਲਾ ੫ ਚਉਪਦੇ ਘਰੁ ੫

ੴ ਸਤਿਗੁਰ ਪ੍ਰਸਾਦਿ ॥

{ਹਰਿ ਭਜਿ ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ ॥੧॥ ਰਹਾਉ ॥
ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ ॥
ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ ॥੧॥
ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ ॥
ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ ਮਹਾਂ ਅੰਧਾਰ ॥੨॥
ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ ॥
ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥੩॥
ਕਰਿ ਕ੍ਰਿਪਾ ਪ੍ਰਭ ਸੰਤ ਰਾਖੇ ਚਰਨ ਕਮਲ ਅਧਾਰ ॥
ਕਰ ਜੋਰਿ ਨਾਨਕੁ ਸਰਨਿ ਆਇਓ ਗੋਪਾਲ ਪੁਰਖ ਅਪਾਰ ॥੪॥੧॥੧੨੯॥}

(ਅੰਗ - ੧੨੨੯)

52/7314

ਸਲੋਕ ਮਃ ੩ ॥

{ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥
ਮੋਹ ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ ॥
ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥
ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥੧॥}

(ਅੰਗ - ੧੨੪੯)

ਸਾਰੰਗ ਬਾਣੀ ਨਾਮਦੇਉ ਜੀ ਕੀ ॥

ੴ ਸਤਿਗੁਰ ਪ੍ਰਸਾਦਿ ॥

{ਕਾਏਂ ਰੇ ਮਨ ਬਿਖਿਆ ਬਨ ਜਾਇ ॥ ਭੂਲੌ ਰੇ ਠਗਮੂਰੀ ਖਾਇ ॥੧॥ ਰਹਾਉ ॥
ਜੈਸੇ ਮੀਨੁ ਪਾਨੀ ਮਹਿ ਰਹੈ ॥ ਕਾਲ ਜਾਲ ਕੀ ਸੁਧਿ ਨਹੀ ਲਹੈ ॥
ਜਿਹਬਾ ਸੁਆਦੀ ਲੀਲਿਤ ਲੋਹ ॥ ਐਸੇ ਕਨਿਕ ਕਾਮਨੀ ਬਾਧਿਓ ਮੋਹ ॥੧॥
ਜਿਉ ਮਧੁ ਮਾਖੀ ਸੰਚੈ ਅਪਾਰ ॥ ਮਧੁ ਲੀਨੋ ਮੁਖਿ ਦੀਨੀ ਛਾਰੁ ॥
ਗਊ ਬਾਛ ਕਉ ਸੰਚੈ ਖੀਰੁ ॥ ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥
ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥ ਸੋ ਮਾਇਆ ਲੈ ਗਾਡੈ ਧਰੈ ॥
ਅਤਿ ਸੰਚੈ ਸਮਝੈ ਨਹੀ ਮੂੜ੍ ॥ ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥
ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ ਸਾਧਸੰਗਤਿ ਕਬਹੂ ਨਹੀ ਕਰੈ ॥
ਕਹਤ ਨਾਮਦੇਉ ਤਾ ਚੀ ਆਣਿ ॥ ਨਿਰਭੈ ਹੋਇ ਭਜੀਐ ਭਗਵਾਨ ॥੪॥੧॥}

(ਅੰਗ - ੧੨੫੨)

ਮਃ ੧ ॥

{ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥}

(ਅੰਗ - ੧੨੮੮)

ਪਉੜੀ ॥

{ਪੜਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥
ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥ ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥
ਗਹਿਰ ਗਭੀਰ ਅਥਾਹੁ ਹਾਥ ਨ ਲਭਈ ॥ ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥
ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥ ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥}

(ਅੰਗ - ੧੨੮੮)

ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਮਾਤ ਪਿਤਾ ਭਾਈ ਸੁਤੁ ਬਨਿਤਾ ॥ ਚੂਗਹਿ ਚੋਗ ਅਨੰਦ ਸਿਉ ਜੁਗਤਾ ॥
ਉਰਝਿ ਪਰਿਓ ਮਨ ਮੀਠ ਮੋਹਾਰਾ ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥
ਏਕੁ ਹਮਾਰਾ ਅੰਤਰਜਾਮੀ ॥
ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧॥ ਰਹਾਉ ॥
ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥
ਮੁਖਿ ਮੀਠੀ ਖਾਈ ਕਉਰਾਇ ॥ ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥
ਲੋਭ ਮੋਹ ਸਿਉ ਗਈ ਵਿਖੋਟਿ ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥
ਇਹ ਠਗਵਾਰੀ ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥

ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥
ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥
ਦਸ ਨਾਰੀ ਮੈ ਕਰੀ ਦੁਹਾਗਨਿ ॥ ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥
ਇਨ ਸਨਬੰਧੀ ਰਸਾਤਲਿ ਜਾਇ ॥ ਹਮ ਗੁਰਿ ਰਾਖੇ ਹਰਿ ਲਿਵ ਲਾਇ ॥੫॥
ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥
ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥
ਇਨ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥
ਆਏ ਪ੍ਰਭ ਪਹਿ ਅੰਚਰਿ ਲਾਗਿ ॥ ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥
ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥ ਸਗਲ ਦੂਤ ਮੇਰੀ ਸੇਵਾ ਲਾਏ ॥
ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥}

(ਅੰਗ - ੧੩੪੭)

{ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ ॥
ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ ॥੧॥
ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ ਹੋਇ ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੨॥
ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥
ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ ॥੩॥
ਬ੍ਰਹਮਣ ਕੈਲੀ ਘਾਤੁ ਕੰਵਕਾ ਅਣਚਾਰੀ ਕਾ ਧਾਨੁ ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥
ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ ॥੪॥
ਮਾਥੈ ਜੋ ਧੁਰਿ ਲਿਖਿਆ ਸੁ ਮੇਟਿ ਨ ਸਕੈ ਕੋਇ ॥
ਨਾਨਕ ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸ ਨੋ ਨਦਰਿ ਹੋਇ ॥੫॥
ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ ॥
ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ ॥
ਜਿਨ੍ਹਾ ਵੇਲਿ ਨ ਤੁੰਬੜੀ ਮਾਇਆ ਠਗੇ ਠਗਿ ॥
ਮਨਮੁਖਿ ਬੰਨ੍ਹਿ ਚਲਾਈਅਹਿ ਨਾ ਮਿਲਹੀ ਵਗਿ ਸਗਿ ॥
ਆਪਿ ਭੁਲਾਏ ਭੁਲੀਐ ਆਪੇ ਮੇਲਿ ਮਿਲਾਇ ॥
ਨਾਨਕ ਗੁਰਮੁਖਿ ਛੁਟੀਐ ਜੇ ਚਲੈ ਸਤਿਗੁਰ ਭਾਇ ॥੬॥
ਸਾਲਾਹੀ ਸਾਲਾਹਣਾ ਭੀ ਸਚਾ ਸਾਲਾਹਿ ॥
ਨਾਨਕ ਸਚਾ ਏਕੁ ਦਰੁ ਬੀਭਾ ਪਰਹਰਿ ਆਹਿ ॥੭॥

ਨਾਨਕ ਜਹ ਜਹ ਮੈ ਫਿਰਉ ਤਹ ਤਹ ਸਾਚਾ ਸੋਇ ॥
ਜਹ ਦੇਖਾ ਤਹ ਏਕੁ ਹੈ ਗੁਰਮੁਖਿ ਪਰਗਟੁ ਹੋਇ ॥੮॥
ਦੂਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ ॥
ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ ॥੯॥
ਨਾਨਕ ਹਉ ਹਉ ਕਰਤੇ ਖਪਿ ਮੁਏ ਖੂਹਣਿ ਲਖ ਅਸੰਖ ॥
ਸਤਿਗੁਰ ਮਿਲੇ ਸੁ ਉਬਰੇ ਸਾਚੈ ਸਬਦਿ ਅਲੰਖ ॥੧੦॥
ਜਿਨਾ ਸਤਿਗੁਰੁ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ ॥
ਗੁਰ ਸਬਦੀ ਹਰਿ ਮਨਿ ਵਸੈ ਮਾਇਆ ਕੀ ਭੁਖ ਜਾਇ ॥
ਸੇ ਜਨ ਨਿਰਮਲ ਊਜਲੇ ਜਿ ਗੁਰਮੁਖਿ ਨਾਮਿ ਸਮਾਇ ॥
ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥੧੧॥
ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ ॥
ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ ॥
ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ ॥
ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ ॥
ਭੈ ਭਗਤੀ ਭਗਤ ਬਹੁ ਲੋਚਦੇ ਪ੍ਰਭ ਲੋਚਾ ਪੂਰਿ ਮਿਲਾਇ ॥
ਹਰਿ ਪ੍ਰਭੁ ਵੇਪਰਵਾਹੁ ਹੈ ਕਿਤੁ ਖਾਧੈ ਤਿਪਤਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ ॥
ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ ॥੧੨॥
ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥
ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥
ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ ॥
ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ ॥੧੩॥
ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥
ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ - ੧੪੧੩-੧੪੧੪)

{ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੭॥

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥}

(ਅੰਗ - ੧੪੨੯)

ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇਹ ਮਾਇਆ ਦੀ ਠੱਗੀ ਕੀ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿਉਂਕਿ ਕੇਵਲ ਤੇ ਕੇਵਲ ਪੂਰੇ ਸੰਸਾਰ ਵਿੱਚ ਕੇਵਲ ਇੱਕ ਗੁਰੂ ਦੀ ਮਤਿ ਹੀ ਹੈ ਜੋ ਮਾਇਆ ਦੀ ਠੱਗੀ ਤੋਂ ਬਾਹਰ ਹੈ ਭਾਵ ਭਰਮਾਂ ਵਾਲੀ ਸਮਝ ਤੋਂ ਬਾਹਰ ਹੈ। ਮਨ ਦੀ ਇਹ ਮਾਇਆ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਹੀ ਠੱਗਦੀ ਹੈ ਜੇਕਰ ਅਸੀਂ ਗੁਰੂ ਦੀ ਸੱਚੀ ਗੱਲ ਤੇ ਵਿਸ਼ਵਾਸ ਨਹੀਂ ਕਰਦੇ ਤਾਂ ਫਿਰ ਸਾਡੇ ਵਿਸ਼ਵਾਸ਼ ਨਾ ਕਰਨ ਦਾ ਕਾਰਣ ਸਾਡੇ ਅੰਦਰ ਦੀ ਮਾਇਆ ਦੀ ਠੱਗੀ ਹੀ ਹੈ ਜਿਸ ਠੱਗੀ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਜਿਨ੍ਹਾਂ ਨੂੰ ਅਸੀਂ ਗੁਰੂ ਤੋਂ ਬਿਨ੍ਹਾਂ ਹੋਰ ਅਨੇਕਾਂ ਨੂੰ ਧਰਮ ਦੇ ਵਿਦਵਾਨ ਮੰਨਿਆ ਹੋਇਆ ਹੈ ਜੋ ਸਾਨੂੰ ਵੱਖਰੇ ਵੱਖਰੇ ਧਰਮ ਦੇ ਮਾਰਗ ਸਮਝਾਉਂਦੇ ਹਨ, ਭਗਤੀ ਦੇ ਮਾਰਗ ਸਮਝਾਉਂਦੇ ਹਨ, ਕਿਸੇ ਅੱਖਰ ਨੂੰ ਨਾਮ ਜਪਣ ਦਾ ਮਾਰਗ

52/7315

ਸਮਝਾਉਂਦੇ ਹਨ ਤੇ ਅਨੇਕਾਂ ਹੀ ਪੂਰੇ ਸੰਸਾਰ ਵਿੱਚ ਆਪਣੀ ਧਾਰਮਿਕ ਆਸਥਾ ਅਨੁਸਾਰ ਉਹੋ ਜਿਹੇ ਭਗਤੀ ਦੇ ਤਰੀਕੇ ਸਮਝਾਉਂਦੇ ਹਨ ਉਹ ਮਾਇਆ ਦੀ ਠੱਗੀ ਵਾਲੀ ਸਮਝ ਦੇ ਕਾਰਣ ਹੀ ਸਮਝਾਉਂਦੇ ਹਨ ਤੇ ਮਾਇਆ ਦੀ ਠੱਗੀ ਵਾਲੀ ਸਮਝ ਦੇ ਕਾਰਣ ਵੀ ਹਰ ਕੋਈ ਉਨ੍ਹਾਂ ਦੇ ਪਿੱਛੇ ਲਗਦਾ ਹੈ ਤੇ ਗੁਰੂ ਜੋ ਕਿ ਮਾਇਆ ਦੀ ਠੱਗੀ ਤੋਂ ਬਾਹਰ ਹੈ ਉਹ ਇਸੇ ਲਈ ਇਹੋ ਜਿਹਿਆਂ ਦੇ ਸਮਝਾਏ ਹੋਏ ਹਰ ਤਰੀਕੇ ਨੂੰ ਗਲਤ ਕਹਿੰਦਾ ਹੈ ਭਾਵ ਇਹੋ ਜਿਹਿਆਂ ਦੀ ਸਮਝ ਨੂੰ ਨਕਾਰਦਾ ਹੈ ਕਿ ਇਹ ਸੱਚੀ ਭਗਤੀ ਦੇ ਮਾਰਗ ਤੋਂ ਉਲਟ ਸਮਝਾਉਂਦੇ ਹਨ ਤੇ ਸਭ ਨੂੰ ਭਰਮਾਂ ਵਿੱਚ ਪਾ ਕੇ ਝੂਠਾ ਮਾਣ ਲੈਂਦੇ ਹਨ ਤੇ ਗੁਰੂ ਦੀ ਸੱਚੀ ਮਤਿ ਦਾ ਮਾਣ ਘਟਾਉਂਦੇ ਹਨ ਭਾਵ ਮਨਮਤਿ ਨੂੰ ਉੱਚਾ ਕਰਨ ਦੁਆਰਾ ਸੱਚੀ ਗੁਰਮਤਿ ਨੂੰ ਨੀਵਾਂ ਕਰਦੇ ਹਨ ਭਾਵ ਆਪਣੀ ਹਉਮੈ ਨੂੰ ਉੱਚਾ ਕਰਦੇ ਹਨ ਤੇ ਗੁਰੂ ਦੇ ਨਾਮ ਨੂੰ ਨੀਵਾਂ ਕਰਦੇ ਹਨ ਭਾਵ ਤ੍ਰੈਗੁਣਾਂ ਨੂੰ ਉੱਚਾ ਕਰਦੇ ਹਨ ਤੇ ਚੌਥੇ ਪਦ ਨੂੰ ਨੀਵਾਂ ਕਰਦੇ ਹਨ ਭਾਵ ਮਾਇਆ ਰੂਪ ਠੱਗ ਨੂੰ ਉੱਚਾ ਕਰਦੇ ਹਨ ਤੇ ਮਾਇਆ ਦੀ ਠੱਗੀ ਵਿੱਚੋਂ ਕੱਢਣ ਵਾਲੀ ਗੁਰੂ ਦੀ ਸਮਝ ਨੂੰ ਨੀਵਾਂ ਦਿਖਾਉਂਦੇ ਹਨ। ਕਮਾਲ ਹੈ ਸ੍ਰਿਸ਼ਟੀ ਦੇ ਕਰਤੇ ਦੀ ਇਹ ਪਾਈ ਹੋਈ ਮਾਇਆ ਜੁਗਤਿ ਜਿਸ ਜੁਗਤਿ ਵਿੱਚ ਰਹਿੰਦੇ ਹੋਏ ਭਾਵ ਜਿਸ ਮਾਇਆ ਦੀ ਠੱਗੀ ਵਿੱਚ ਰਹਿੰਦੇ ਹੋਏ ਕੋਈ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ। ਇਹ ਮਾਇਆ ਦੀ ਠੱਗੀ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਪਾਇਆ ਹੋਇਆ ਪੜਦਾ ਹੈ, ਹਉਮੈ ਰੂਪ ਪੜਦਾ ਹੈ ਜੋ ਪੜਦਾ ਕੇਵਲ ਤੇ ਕੇਵਲ ਮਨ ਦੀ ਸਮਝ ਦਾ ਮਾਲਕ ਆਪ ਹੀ ਹਟਾ ਸਕਦਾ ਹੈ ਤੇ ਮਨ ਦੇ ਵਿੱਚੋਂ ਆਪਣੇ ਆਪ ਦੇ ਦਰਸ਼ਨ ਕਰਵਾ ਸਕਦਾ ਹੈ ਤੇ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾ ਸਕਦਾ ਹੈ ਜੋ ਆਪਣੀ ਸੱਚੀ ਭਗਤੀ ਦਾ ਮਾਰਗ ਉਸਨੇ ਮਨ ਦਾ ਪੜਦਾ ਦੂਰ ਕਰਨ ਦੁਆਰਾ ਹੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਜਿਸਦੀ ਸਮਝ ਦੇ ਵਿੱਚੋਂ ਸ੍ਰਿਸ਼ਟੀ ਦਾ ਕਰਤਾ ਆਪਣੀ ਮਾਇਆ ਦੀ ਠੱਗੀ ਦੂਰ ਕਰ ਦਿੰਦਾ ਹੈ ਉਸਨੂੰ ਫਿਰ ਕਦੇ ਮਾਇਆ ਠੱਗ ਨਹੀਂ ਸਕਦੀ। ਇਹ ਮਾਇਆ ਦੀ ਠੱਗੀ ਕੀ ਹੈ ਇਹ ਅਸੀਂ ਜਪੁਜੀ ਬਾਣੀ ਦੇ ਸ਼ਬਦ ਦੇ ਅਰਥ ਸਹੀ ਤਰੀਕੇ ਨਾਲ ਭਾਵ ਪੂਰੀ ਗਹਿਰਾਈ ਨਾਲ ਸਮਝਣ ਲਈ ਹੀ ਵਿਸਥਾਰ ਵਿੱਚ ਸਮਝੇ ਹਨ ਭਾਵ ਸਾਨੂੰ ਪੂਰੀ ਬਾਣੀ ਦਾ ਕੋਈ ਵੀ ਸ਼ਬਦ ਪੂਰਨ ਰੂਪ ਵਿੱਚ ਸਮਝਣ ਵਿੱਚ ਕੋਈ ਭਰਮ ਨਾ ਰਹੇ। ਹੁਣ ਜਪੁਜੀ ਬਾਣੀ ਦੇ ਮੁੱਖ ਸ਼ਬਦ ਵੱਲ ਵਾਪਿਸ ਆਉਂਦੇ ਹਾਂ ਤੇ ਸ਼ਬਦ ਦੀਆਂ ਅੱਗੇ ਵਾਲੀਆਂ ਪੰਗਤੀਆਂ ਨੂੰ ਸਮਝਦੇ ਹਾਂ।

"ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥

ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥

ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥

ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥

ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥"

ਅਸੀਂ ਉਪਰ ਵਾਲੇ ਸ਼ਬਦ ਨੂੰ ਇੱਥੋਂ ਤੱਕ ਵਾਲੀਆਂ ਪੰਗਤੀਆਂ ਤੱਕ ਸਮਝਿਆ ਹੈ ਕਿ ਅਕਾਲਪੁਰਖ ਜਿਨ੍ਹਾਂ ਦੇ ਮਨ ਦੇ ਅੰਦਰ ਵੱਸ ਜਾਂਦਾ ਹੈ ਭਾਵ ਜਿਨ੍ਹਾਂ ਦੀ ਸਮਝ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਉਹ ਫਿਰ ਮਨ ਰੂਪ ਮਾਇਆ ਦੀ ਠੱਗੀ ਤੋਂ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ

ਪੂਰੀ ਤਰ੍ਹਾਂ ਨਿਕਲ ਜਾਂਦੇ ਹਨ। (**ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥**)

ਜਿਸਦੇ ਮਨ ਦੇ ਅੰਦਰ ਅਕਾਲਪੁਰਖ ਵੱਸ ਜਾਂਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ ਭਾਵ ਜਿਸਦੀ ਸਮਝ ਮਾਇਆ ਦੀ ਠੱਗੀ ਵਿੱਚੋਂ ਨਿਕਲ ਜਾਂਦੀ ਹੈ ਉਹੀ ਪ੍ਰਮਾਤਮਾ ਦੇ "ਸਚਖੰਡਿ" ਨੂੰ ਜਾਣ ਸਕਦਾ ਹੈ ਤੇ ਹੋਰ ਕੋਈ ਆਪਣੇ ਆਪ ਨਹੀਂ ਜਾਣ ਸਕਦਾ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥

ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥"

ਮਨ ਦੀ ਜਿਸ ਉੱਚੀ ਸਮਝ ਦੇ ਰਾਹੀਂ ਨਾਮ ਸਾਡੇ ਅੰਦਰ ਵੱਸਦਾ ਹੈ ਭਾਵ ਪ੍ਰਗਟ ਹੁੰਦਾ ਹੈ ਉਹ ਉੱਥੇ ਆਪਣੇ ਭਗਤ ਰੂਪ ਵਿੱਚ ਪ੍ਰਗਟ ਹੋ ਕੇ ਹੀ ਵੱਸਦਾ ਹੈ ਕਿਉਂਕਿ ਉਸਦੇ ਭਗਤ ਵਿੱਚ ਤੇ ਉਸਦੇ ਆਪਣੇ ਵਿੱਚ ਕੋਈ ਫਰਕ ਨਹੀਂ ਹੁੰਦਾ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਆਪਣੇ ਭਗਤ ਰੂਪ ਵਿੱਚ ਅਕਾਲਪੁਰਖ ਆਪ ਹੀ ਸਾਰੀ ਸ੍ਰਿਸ਼ਟੀ ਦਾ ਗੁਰੂ ਹੈ। ਜਿਸ ਮਨੁੱਖ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣਾ ਭਗਤ ਰੂਪ ਪ੍ਰਗਟ ਕਰਦਾ ਹੈ ਉਹ ਫਿਰ ਆਪਣੇ ਅੰਦਰੋਂ ਆਪਣੇ ਅੰਦਰ ਦੀ "**ਲੋਅ**" ਨੂੰ ਭਾਵ ਆਪਣੇ ਅੰਦਰ ਦੀ ਜੋਤਿ ਨੂੰ ਸਮਝ ਸਕਦਾ ਹੈ ਕਿ ਸਾਡੇ ਅੰਦਰ ਚਾਨਣ ਕਿੱਥੋਂ ਆਉਂਦਾ ਹੈ ਭਾਵ ਮਨ ਦੇ ਵਿੱਚ ਗਿਆਨ ਦਾ ਪ੍ਰਕਾਸ਼ ਕੌਣ ਕਰਦਾ ਹੈ ਤੇ ਕਿਵੇਂ ਕਰਦਾ ਹੈ। ਜਿਨ੍ਹਾਂ ਨੇ ਆਪਣੇ ਅੰਦਰ ਦੀ ਜੋਤਿ ਨੂੰ ਭਾਵ ਲੋਅ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਇਸ ਗੱਲ ਨੂੰ ਸਮਝਿਆ ਹੈ ਕਿ ਗੁਰਬਾਣੀ ਦੀ ਰਚਨਾ ਕਰਨ ਲਈ ਉਨ੍ਹਾਂ ਨੂੰ ਸਾਰਾ ਗਿਆਨ ਮਨ ਦੇ ਵਿੱਚ ਅਕਾਲਪੁਰਖ ਨੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਹੀ ਕੀਤਾ ਹੈ, ਮਨ ਦੀ ਜੋਤਿ ਰਾਹੀਂ ਹੀ ਕੀਤਾ ਹੈ। ਮਨ ਦੀ "**ਜੋਤਿ**" ਜਾਂ "**ਲੋਅ**" ਇੱਕੋ ਹੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੀ ਹੈ। ਮਨ ਦੇ ਵਿੱਚ ਇਹ ਉੱਚੀ ਸਮਝ ਪੈਣ ਦੁਆਰਾ ਹੀ ਭਾਵ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਜੋ ਸਮਝ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਪਾਉਂਦਾ ਹੈ ਤੇ ਤਾਂ ਹੀ ਫਿਰ ਕੋਈ ਇਸ ਸੰਸਾਰ ਵਿੱਚ ਉਹ "**ਅਨੰਦੁ**" ਕਰ ਸਕਦਾ ਹੈ ਜਿਸ ਅਨੰਦ ਨੂੰ ਸ੍ਰਿਸ਼ਟੀ ਦਾ ਹਰ ਮਨੁੱਖ ਤਰਸਦਾ ਹੈ। ਇਹ ਅਨੰਦ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਇਹ ਅਨੰਦ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਹੈ, ਆਪਣੇ ਆਪ ਨੂੰ ਜਾਨਣ ਦਾ ਹੈ, ਸ੍ਰਿਸ਼ਟੀ ਦੀ ਰਚਨਾ ਨੂੰ ਤੇ ਸ੍ਰਿਸ਼ਟੀ ਦੇ ਰਚਨਹਾਰ ਨੂੰ ਜਾਨਣ ਦਾ ਹੈ, ਪੂਰੀ ਸ੍ਰਿਸ਼ਟੀ ਦੀ ਅਸਲੀਅਤ ਨੂੰ ਸਮਝਣ ਦਾ ਹੈ ਤੇ ਉਸ ਹਰ ਭਰਮ ਦੇ ਵਿੱਚੋਂ ਨਿਕਲਣ ਦਾ ਅਨੰਦੁ ਹੈ ਜਿਨ੍ਹਾਂ ਮਨ ਦੇ ਭਰਮਾਂ ਕਰਕੇ ਹੀ ਮਨੁੱਖ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ ਭਾਵ ਜਨਮ ਮਰਨ ਵਿੱਚ ਸਮਝਦਾ ਹੈ, ਜੂਨਾਂ ਵਿੱਚ ਪੈਣ ਦਾ ਡਰ ਸਮਝਦਾ ਹੈ, ਨਰਕ ਵਿੱਚ ਜਾਣ ਦਾ ਡਰ ਸਮਝਦਾ ਹੈ, ਜਮਾਂ ਦੀ ਮਾਰ ਦਾ ਡਰ ਸਮਝਦਾ ਹੈ ਜਿਹੋ ਜਿਹੇ ਤੇ ਇਹੋ ਜਿਹੇ ਅਨੇਕਾਂ ਡਰ ਜੋ ਹਰ ਕਿਸੇ ਦੇ ਵਿੱਚ ਉਸਨੂੰ ਸਤਾਉਂਦੇ ਰਹਿੰਦੇ ਹਨ ਫਿਰ ਇਹੋ ਜਿਹਾ ਕੋਈ ਵੀ ਡਰ ਉਸ ਮਨੁੱਖ ਦੇ ਅੰਦਰ ਨਹੀਂ ਰਹਿ ਜਾਂਦਾ ਜਿਸਨੂੰ ਅਕਾਲਪੁਰਖ ਮਨ ਦੇ ਵਿੱਚ ਪ੍ਰਗਟ ਹੋ ਕੇ ਭਰਮਾਂ ਵਿੱਚੋਂ ਪੂਰੀ ਤਰ੍ਹਾਂ ਕੱਢ ਲੈਂਦਾ ਹੈ ਤੇ ਉਸਨੂੰ ਇਸ ਗੱਲ ਦੀ ਪੂਰੀ

ਤਰ੍ਹਾਂ ਸਮਝ ਲੱਗ ਜਾਂਦੀ ਹੈ ਤੇ ਪੂਰਨ ਵਿਸ਼ਵਾਸ ਆ ਜਾਂਦਾ ਹੈ ਕਿ ਸਭ ਕੁਝ ਅੱਲ੍ਹਾ ਆਪ ਹੀ ਹੈ, ਹਰ ਆਕਾਰ ਰੂਪ, ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਜੋ ਕਿ ਜਨਮ ਮਰਨ ਤੋਂ ਰਹਿਤ ਹੈ ਤੇ ਹਰ ਮਨੁੱਖ ਮਨ ਦੇ ਭਰਮ ਕਰਕੇ ਹੀ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ ਤੇ ਵਿਅਰਥ ਹੀ ਡਰਦਾ ਰਹਿੰਦਾ ਹੈ ਜੋ ਡਰ ਸਭ ਦੇ ਅੰਦਰ ਪਾਉਣ ਦੁਆਰਾ ਸ੍ਰਿਸ਼ਟੀ ਦਾ ਕਰਤਾ ਆਪਣੀ ਸ੍ਰਿਸ਼ਟੀ ਦੀ ਖੇਡ ਚਲਾ ਰਿਹਾ ਹੈ ਤੇ ਆਪਣੀ ਇਸ ਖੇਡ ਨੂੰ ਵੇਖਣ ਦਾ ਅਨੰਦ ਮਾਣ ਰਿਹਾ ਹੈ। ਜੋ ਆਪਣੇ ਅੰਦਰੋਂ ਇਸ ਅਨੰਦ ਵਾਲੀ ਅਵਸਥਾ ਦੀ ਪ੍ਰਾਪਤੀ ਕਰ ਲੈਂਦਾ ਹੈ ਉਹ ਫਿਰ ਆਪਣੀ ਸੰਸਾਰਿਕ ਵਿਚਰਨ ਵਿੱਚ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਵਿੱਚ ਵੀ ਅਨੰਦ ਮਹਿਸੂਸ ਕਰਦਾ ਹੈ ਭਾਵ ਮਾਇਆ ਮੋਹ ਤਿਆਗਣ ਵਿੱਚ ਤੇ ਹਰ ਅਉਗਣ ਤਿਆਗਣ ਵਿੱਚ ਵੀ ਫਿਰ ਕੋਈ ਡਰ ਮਹਿਸੂਸ ਨਹੀਂ ਕਰਦਾ ਤੇ ਭਗਤੀ ਦੇ ਸੱਚੇ ਮਾਰਗ ਨੂੰ ਖੁਸ਼ੀ ਦੇ ਨਾਲ ਅਪਨਾਉਂਦਾ ਹੈ ਕਿਉਂਕਿ ਉਸਨੂੰ ਇਸ ਗੱਲ ਤੇ ਪੂਰਨ ਵਿਸ਼ਵਾਸ ਹੁੰਦਾ ਹੈ ਕਿ ਸਮੇਂ ਅਨੁਸਾਰ ਉਸਦੀ ਸੱਚੀ ਜਰੂਰਤ ਪੂਰੀ ਕਰਨ ਦਾ ਸਾਧਨ ਅਕਾਲਪੁਰਖ ਆਪ ਹੀ ਬਣਾ ਦਿੰਦਾ ਹੈ ਜੋ ਸੱਚਾ ਪਾਤਸ਼ਾਹ ਮਨ ਦੇ ਵਿੱਚ ਹੀ ਹੈ, ਜੋ ਇਸ ਮਨੁੱਖੀ ਸਰੀਰ ਨੂੰ ਚਲਾ ਰਿਹਾ ਹੈ। (**ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥**)

ਜਿਸ ਮਨੁੱਖੀ ਮਨ ਦੇ ਅੰਦਰ ਉਹ ਸੱਚਾ ਭਾਵ ਅਕਲਪੁਰਖ ਜੋ ਇੱਕੋ ਇੱਕ ਪੂਰੀ ਸ੍ਰਿਸ਼ਟੀ ਦਾ ''ਸਚੁ'' ਰੂਪ ਸੱਚਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਉਹ ਕਿਸੇ ਮਨੁੱਖ ਦੀ ਸਮਝ ਦੇ ਅੰਦਰ ਜਿਸ ਜਗ੍ਹਾ ਤੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਪ੍ਰਗਟ ਹੋਣ ਦੁਆਰਾ ਆਪਣੀ ਸੱਚੀ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਸਦੇ ਰਹਿਣ ਦੀ ਉਹ ਜਗ੍ਹਾ ਭਾਵ ਉਸਦਾ ਉਹ ਖੰਡ ਹਰ ਮਨੁੱਖ ਦੇ ਅੰਦਰ ਹੈ, ਉਸਦਾ ਉਹੀ ਖੰਡ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥”

ਇਸ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਇਹ ਸਮਝਿਆ ਹੈ ਕਿ ਉਹ ਸੱਚਾ ਅਕਾਲਪੁਰਖ ਮਨ ਦੇ ਵਿੱਚ ਹੀ ਹੈ। (**ਸਚਾ ਮਨਿ ਸੋਇ ॥**) ਅਸੀਂ ਬਾਰ ਬਾਰ ਪੂਰੇ ਲੇਖ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਅਕਾਲਪੁਰਖ ਹਰ ਮਨੁੱਖ ਦੇ ਅੰਦਰ ਕਿਸ ਰੂਪ ਵਿੱਚ ਵਰਤ ਰਿਹਾ ਹੈ ਭਾਵ ਮਨ ਦੀ ਸਮਝ ਦੇ ਰਾਹੀਂ ਵਰਤ ਰਿਹਾ ਹੈ ਭਾਵ ਉਸ ਦਾ ਖੰਡ ਜਿੱਥੋਂ ਕੋਈ ਮਨੁੱਖ ਉਸਨੂੰ ਜਾਣ ਸਕਦਾ ਹੈ ਉਹ ਉਸਦਾ ਮਨ ਰੂਪ ਖੰਡ ਹੀ ਹੈ ਭਾਵ ਮਨ ਦੀ ਸਮਝ ਰੂਪ ਖੰਡ ਹੀ ਹੈ ਤੇ ਜਦੋਂ ਵੀ ਉਹ ਕਿਸੇ ਮਨੁੱਖੀ ਸਮਝ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਉੱਥੇ ਆਪਣਾ ਸੱਚ ਰੂਪ ਹੀ ਪ੍ਰਗਟ ਕਰਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲਾ, ਬ੍ਰਹਮਗਿਆਨ ਵਾਲਾ ਭਾਵ ਆਪਣਾ ਨਾਮ ਵਾਲਾ ਰੂਪ ਹੀ ਪ੍ਰਗਟ ਕਰਦਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੀ ਹੈ ਜਿਸ ਆਪਣੇ ਉੱਚੇ ਗਿਆਨ ਵਾਲੇ ਰੂਪ ਦੁਆਰਾ ਉਹ ਉਸ ਮਨੁੱਖੀ ਸਮਝ ਨੂੰ ਮਾਇਆ ਦੀ ਜੁਗਤਿ ਵਾਲੀ ਸਮਝ ਵਿੱਚੋਂ ਕੱਢਦਾ ਹੈ, ਮਾਇਆ ਦੀ ਠੱਗੀ ਵਿੱਚੋਂ, ਤ੍ਰੈਗੁਣਾਂ ਵਾਲੀ ਸਮਝ ਵਿੱਚੋਂ, ਹਉਮੈ ਵਾਲੀ ਸਮਝ ਵਿੱਚੋਂ, ਪੁੱਠੇ ਕਮਲ ਵਾਲੀ ਸਮਝ ਵਿੱਚੋਂ ਕੱਢਦਾ ਹੈ ਤੇ ਆਪਣੀ ਭਗਤੀ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ ਜਿਸ ਸੱਚੀ ਸਮਝ ਦੁਆਰਾ ਪੂਰੀ ਗੁਰਬਾਣੀ ਮਨ ਦੇ ਸਚਖੰਡਿ ਵਿੱਚੋਂ ਹੀ ਆਈ ਹੈ। ਜਿਸ ਮਨੁੱਖੀ ਸਮਝ ਦੇ ਅੰਦਰ ਨਿਰੰਕਾਰ ਵੱਸ ਜਾਂਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਮਨੁੱਖੀ ਸਰੀਰ ਰਾਹੀਂ ਸਭ ਕੁਝ ਕਰਨ ਵਾਲਾ ਵੀ

ਉਹ ਆਪ ਹੈ ਤੇ ਆਪਣੇ ਕੀਤੇ ਹੋਏ ਨੂੰ ਵੇਖਣ ਵਾਲਾ ਵੀ ਉਹ ਆਪ ਹੈ। ਜਿਸਨੂੰ ਪ੍ਰਮਾਤਮਾ ਆਪਣੀ ਕਿਰਪਾ ਦੁਆਰਾ ਨਿਹਾਲ ਕਰਦਾ ਹੈ ਭਾਵ ਜਿਸਤੇ ਆਪਣੀ ਕਿਰਪਾ ਦ੍ਰਿਸ਼ਟੀ ਦਿਖਾਉਂਦਾ ਹੈ ਉਸਦੇ ਮਨ ਦੇ ਅੰਦਰ ਆਪਣਾ ਨਿਰੰਕਾਰ ਰੂਪ ਪ੍ਰਗਟ ਕਰਨ ਦੁਆਰਾ ਹੀ ਦਿਖਾਉਂਦਾ ਹੈ ਭਾਵ ਮਨ ਦੇ ਵਿੱਚ ਆਪਣਾ ਦਰਸ਼ਨ ਕਰਨ ਦੁਆਰਾ ਹੀ ਦਿਖਾਉਂਦਾ ਹੈ। (**ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥**)

ਸ੍ਰਿਸ਼ਟੀ ਦਾ ਕਰਤਾ ਕਿਤਨਾ ਕੁ ਵੱਡਾ ਹੈ ਭਾਵ ਉਸਦੀ ਵਡਿਆਈ ਕਿਤਨੀ ਕੁ ਉੱਚੀ ਹੈ ਇਸ ਗੱਲ ਦੀ ਸਮਝ ਕਿਸੇ ਮਨੁੱਖ ਨੂੰ ਮਨ ਦੇ ਸਚਖੰਡ ਵਿੱਚੋਂ ਹੀ ਪੈਂਦੀ ਹੈ ਜੋ ਸਮਝ ਸਚਖੰਡ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥

ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥"

ਇਸ ਸ੍ਰਿਸ਼ਟੀ ਦੀ ਰਚਨਾ ਕਿਤਨੀ ਕੁ ਵੱਡੀ ਹੈ ਇਹ ਸਾਇੰਸ ਦੀ ਉੱਚੀ ਸਮਝ ਰਾਹੀਂ ਹੁਣ ਸਮਝ ਲਗ ਰਹੀ ਹੈ ਕਿ ਅਕਾਲਪੁਰਖ ਦੀ ਰਚੀ ਹੋਈ ਸ੍ਰਿਸ਼ਟੀ ਕਿਤਨੀ ਕੁ ਵੱਡੀ ਹੈ ਭਾਵ ਸ੍ਰਿਸ਼ਟੀ ਦੇ ਕਿਤਨੇ ਕੁ ਖੰਡ ਹਨ, ਮੰਡਲ ਹਨ, ਬ੍ਰਹਿਮੰਡ ਹਨ, ਕਿਤਨੇ ਕੁ ਪਲੈਨਿਟ ਹਨ, ਕਿਤਨੇ ਕੁ ਸੋਲਰ ਸਿਸਟਮ, ਕਿਤਨੀਆਂ ਕੁ ਗਲੈਕਸੀਆਂ ਹਨ, ਕਿਤਨੇ ਕੁ ਸੂਰਜ ਹਨ, ਕਿਤਨੇ ਕੁ ਤਾਰੇ ਹਨ ਜੋ ਮਨੁੱਖ ਦੀ ਗਿਣਤੀ ਤੋਂ ਬਾਹਰ ਹਨ ਜਿਨ੍ਹਾਂ ਨੂੰ ਕਥਿਆ ਵੀ ਨਹੀਂ ਜਾ ਸਕਦਾ। ਇਹ ਆਪਣੀ ਉੱਚੀ ਸਮਝ ਸ੍ਰਿਸ਼ਟੀ ਦੇ ਕਰਤੇ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਦੀਆਂ ਪਹਿਲੇ ਹੀ ਪਾਈ ਹੋਈ ਹੈ ਭਾਵ ਆਪਣਾ ਸੱਚ ਸਮਝਾਇਆ ਹੋਇਆ ਹੈ ਜਦੋਂ ਮਨੁੱਖੀ ਸਮਝ ਇਹੋ ਜਿਹੀ ਸੱਚਾਈ ਸਮਝਣ ਵਿੱਚ ਬਹੁਤ ਨੀਵੀਂ ਹੁੰਦੀ ਸੀ। (**ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥**)

ਸ੍ਰਿਸ਼ਟੀ ਦੇ ਉੱਤੇ ਆਪਣੇ ਹਰ ਆਕਾਰ ਰੂਪ ਦੀ ਰਚਨਾ ਕਿਸ ਤਰੀਕੇ ਕੀਤੀ ਹੈ ਤੇ ਕਿਸ ਤਰੀਕੇ ਹਰ ਆਕਾਰ ਰੂਪ ਕੰਮ ਕਰ ਰਿਹਾ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥"

"**ਲੋਅ**" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਇਹ ਗਿਆਨ ਰੂਪ ਲੋਅ ਹੈ ਜਿਸ ਲੋਅ ਨੂੰ ਪੈਦਾ ਕਰਨ ਵਾਲਾ ਭਾਵ ਜਿਸ ਲੋਅ ਨੂੰ ਜਗਾਉਣ ਵਾਲਾ ਕੇਵਲ ਤੇ ਕੇਵਲ ਸਿਸ਼੍ਟੀ ਦਾ ਕਰਤਾ ਇੱਕੋ ਇੱਕ ਆਪ ਹੀ ਹੈ। ਪੂਰੀ ਸ੍ਰਿਸ਼ਟੀ ਵਿੱਚ ਉਸਦੀ ਲੋਅ ਦਾ ਚਾਨਣ ਹੀ ਹੋ ਰਿਹਾ ਹੈ ਭਾਵ ਉਸਦੇ ਗਿਆਨ ਦਾ ਪ੍ਰਕਾਸ਼ ਹੀ ਹੋ ਰਿਹਾ ਹੈ ਜੋ ਉਸਦੇ ਗਿਆਨ ਦਾ ਪ੍ਰਕਾਸ਼ ਹਰ ਆਕਾਰ ਦੇ ਰੂਪ ਵਿੱਚ ਹੋ ਰਿਹਾ ਹੈ ਭਾਵ ਪੂਰੀ ਸ੍ਰਿਸ਼ਟੀ ਵਿੱਚ ਜੋ ਵੀ ਆਕਾਰ ਹੈ ਭਾਵ ਜਿਸ ਰੂਪ ਨੂੰ ਵੀ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ ਉਹ ਹਰ ਰੂਪ ਆਕਾਰ ਰੂਪ ਹੈ ਭਾਵੇਂ ਉਹ

ਆਕਾਰ ਰੂਪ ਧਰਤੀ ਦੇ ਉਪਰ ਹਨ ਤੇ ਭਾਵੇਂ ਉਹ ਆਕਾਰ ਖੰਡ, ਮੰਡਲ ਤੇ ਵਰਭੰਡਾਂ ਦੇ ਰੂਪ ਵਿੱਚ ਹਨ। ਹਰ ਆਕਾਰ ਰੂਪ ਦੀ ਰਚਨਾ ਨਿਰੰਕਾਰ ਰੂਪ ਦੁਆਰਾ ਹੋਈ ਹੈ, ਪ੍ਰਮਾਤਮਾ ਦੇ ਨਾਮ ਦੁਆਰਾ ਹੋਈ ਹੈ ਭਾਵ ਅਕਾਲਪੁਰਖ ਦੀ ਰਚੀ ਹੋਈ ਉੱਚੀ ਸਾਇੰਸ ਦੇ ਗਿਆਨ ਦੁਆਰਾ ਭਾਵ ਬ੍ਰਹਮਗਿਆਨ ਦੁਆਰਾ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਅਕਾਲਪੁਰਖ ਦਾ ਲੋਅ ਰੂਪ ਜਾਂ ਬ੍ਰਹਮਗਿਆਨ ਰੂਪ ਇੱਕੋ ਹੀ ਗੱਲ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਸਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਹਰ ਆਕਾਰ ਰੂਪ ਦੇ ਵਿੱਚ ਉਸਨੇ ਜਿਹੋ ਜਿਹਾ ਗਿਆਨ ਪਾਇਆ ਹੈ ਭਾਵ ਜਿਹੋ ਜਿਹੀ ਸਾਇੰਸ ਵਾਲਾ ਗਿਆਨ ਪਾਇਆ ਹੈ ਉਹ ਆਕਾਰ ਰੂਪ ਉਸੇ ਤਰੀਕੇ ਹੀ ਕੰਮ ਕਰਦਾ ਹੈ ਤੇ ਹਰ ਆਕਾਰ ਰੂਪ ਦੇ ਅੰਦਰ ਜਿਹੋ ਜਿਹਾ ਗਿਆਨ ਹੁੰਦਾ ਹੈ ਉਹ ਉਸ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਪਾਇਆ ਹੋਇਆ ਉਸਦਾ ਹੁਕਮ ਹੀ ਹੁੰਦਾ ਹੈ ਜਿਸ ਹੁਕਮ ਵਿੱਚ ਰਹਿਕੇ ਹਰ ਆਕਾਰ ਰੂਪ ਆਪਣੀ ਕਾਰ ਕਰਦਾ ਹੈ। ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ ਕਿ ਮਨੁੱਖੀ ਆਕਾਰ ਰੂਪ ਦੇ ਅੰਦਰ ਅਕਾਲਪੁਰਖ ਦਾ ਹੁਕਮ ਮਨ ਦੀ ਸਮਝ ਦੇ ਰੂਪ ਵਿੱਚ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਵਰਤਦਾ ਹੈ ਜੋ ਉਸਦਾ ਹੁਕਮ ਸਾਡੇ ਅੰਦਰ ਦੀ ਜੋਤਿ ਰਾਹੀਂ ਆਉਂਦਾ ਹੈ। ਮਨੁੱਖੀ ਸਰੀਰ ਉਹੀ ਕੁਝ ਕਰਦਾ ਹੈ ਜਿਹੋ ਜਿਹੀ ਸਮਝ ਉਸਨੂੰ ਮਨ ਦੇ ਵਿੱਚੋਂ ਸ੍ਰਿਸ਼ਟੀ ਦਾ ਕਰਤਾ ਪਾਉਂਦਾ ਹੈ ਭਾਵ ਮਨੁੱਖੀ ਸਰੀਰ ਇਸ ਤਰੀਕੇ ਉਸਦੇ ਹੁਕਮ ਵਿੱਚ ਚਲਦਾ ਹੈ। ਇਸੇ ਤਰ੍ਹਾ ਹਰ ਆਕਾਰ ਰੂਪ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਕਿਸੇ ਨਾ ਕਿਸੇ ਮਕਸਦ ਲਈ ਬਣਾਇਆ ਹੈ ਤੇ ਹਰ ਆਕਾਰ ਰੂਪ ਨੂੰ ਜਿਸ ਮਕਸਦ ਲਈ ਬਣਾਇਆ ਹੈ ਉਹ ਆਪਣਾ ਮਕਸਦ ਪੂਰਾ ਕਰਨ ਦੁਆਰਾ ਸ੍ਰਿਸ਼ਟੀ ਦੇ ਕਰਤੇ ਦੇ ਹੁਕਮ ਨੂੰ ਮੰਨ ਰਿਹਾ ਹੈ। ਹਰ ਆਕਾਰ ਰੂਪ ਵਿੱਚ ਸਾਇੰਸ ਰੂਪ ਗਿਆਨ ਹੀ ਵਰਤਦਾ ਹੈ ਜੋ ਗਿਆਨ ਸਭ ਦੇ ਅੰਦਰ ਉਸਨੇ ਹੀ ਪਾਇਆ ਹੋਇਆ ਹੈ ਜਿਸਨੇ ਆਪਣੇ ਉੱਚੇ ਗਿਆਨ ਦੁਆਰਾ ਪਹਿਲੇ ਪੰਜਾਂ ਤੱਤਾਂ ਦੀ ਰਚਨਾ ਕੀਤੀ ਹੈ ਤੇ ਹਰ ਰਚਨਾ ਆਪਣਾ ਆਪਣਾ ਮਕਸਦ ਪੂਰਾ ਕਰ ਰਹੀ ਹੈ। ਧਰਤੀ ਆਪਣਾ ਮਕਸਦ ਪੂਰਾ ਕਰ ਰਹੀ ਹੈ, ਪਾਣੀ ਆਪਣਾ ਮਕਸਦ ਪੂਰਾ ਕਰ ਰਿਹਾ ਹੈ, ਪਉਣ ਆਪਣਾ ਮਕਸਦ ਪੂਰਾ ਕਰ ਰਹੀ ਹੈ, ਅਗਨੀ ਆਪਣਾ ਮਕਸਦ ਪੂਰਾ ਕਰ ਰਹੀ ਹੈ, ਆਕਾਸ਼ ਪਾਤਾਲ ਆਪਣਾ ਮਕਸਦ ਪੂਰਾ ਕਰ ਰਹੇ ਹਨ, ਸੂਰਜ, ਚੰਦਰਮਾ, ਤਾਰੇ ਆਪਣਾ ਮਕਸਦ ਪੂਰਾ ਕਰ ਰਹੇ ਹਨ, ਖੰਡ ਵਰਭੰਡ

ਉਸਨੇ ਜਿਸ ਮਕਸਦ ਲਈ ਵੀ ਬਣਾਏ ਹਨ ਉਹ ਆਪਣਾ ਮਕਸਦ ਪੂਰਾ ਕਰ ਰਹੇ ਹਨ ਭਾਵ ਹਰ ਆਕਾਰ ਰੂਪ ਦੇ ਅੰਦਰ ਉਸਨੇ ਜਿਹੋ ਜਿਹਾ ਸਾਇੰਸ ਦੇ ਸੱਚੇ ਗਿਆਨ ਵਾਲਾ ਹੁਕਮ ਪਾਇਆ ਹੋਇਆ ਹੈ ਉਹ ਹਰ ਆਕਾਰ ਰੂਪ, ਉਹ ਉਸੇ ਤਰੀਕੇ ਹੀ ਉਸਦੇ ਹੁਕਮ ਅਨੁਸਾਰ ਕਾਰ ਕਰ ਰਿਹਾ ਹੈ। (**ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**)

ਇਤਨੀ ਵੱਡੀ ਸ੍ਰਿਸ਼ਟੀ ਦੀ ਰਚਨਾ ਸ੍ਰਿਸ਼ਟੀ ਦੇ ਕਰਤੇ ਨੇ

52/7320

ਜਿਸ ਮਕਸਦ ਲਈ ਕੀਤੀ ਹੈ ਇਹ ਨਾਲ ਹੀ ਅਗਲ਼ੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥”

ਪੂਰੀ ਸ੍ਰਿਸ਼ਟੀ ਦੀ ਰਚਨਾ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਖੁਸ਼ੀ ਲਈ ਹੀ ਕੀਤੀ ਹੋਈ ਹੈ। ਆਪਣੀ ਸ੍ਰਿਸ਼ਟੀ ਦੀ ਰਚਨਾ ਨੂੰ ਵੇਖਕੇ ਉਸਨੂੰ ਖੁਸ਼ੀ ਮਿਲਦੀ ਹੈ। ਸਾਰੀ ਸ੍ਰਿਸ਼ਟੀ ਦੀ ਰਚਨਾ ਉਸਨੇ ਆਪਣੇ ਵਿਚਾਰਾਂ ਨਾਲ ਹੀ ਕੀਤੀ ਹੈ ਭਾਵ ਆਪਣੀ ਉੱਚੀ ਸਮਝ ਨਾਲ ਹੀ ਕੀਤੀ ਹੈ, ਹਰ ਗੱਲ ਨੂੰ ਪੂਰੀ ਤਰ੍ਹਾਂ ਵਿਚਾਰਨ ਨਾਲ ਕੀਤੀ ਹੈ ਤਾਂ ਜੋ ਉਸਦੀ ਕੀਤੀ ਹੋਈ ਰਚਨਾ ਵਿੱਚ ਕੋਈ ਕਮੀ ਨਾ ਰਹਿ ਜਾਵੇ ਤੇ ਜਦੋਂ ਉਹ ਵੇਖਦਾ ਹੈ ਤੇ ਵਿਚਾਰਦਾ ਹੈ ਕਿ ਮੇਰੀ ਰਚਨਾ ਵਿੱਚ ਕੋਈ ਕਮੀ ਨਹੀਂ ਹੈ ਭਾਵ ਹਰ ਆਕਾਰ ਰੂਪ ਉਸੇ ਤਰੀਕੇ ਹੀ ਕੰਮ ਕਰ ਰਿਹਾ ਹੈ ਜਿਸ ਮਕਸਦ ਲਈ ਮੈਂ ਉਸਨੂੰ ਬਣਾਇਆ ਹੈ ਇਹ ਵੇਖ ਕੇ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ, ਆਪਣੇ ਉੱਚੇ ਗਿਆਨ ਦੀ ਪੂਰਨਤਾ ਤੇ ਭਾਵ ਆਪਣੇ ਬ੍ਰਹਮਗਿਆਨ ਦੀ ਪੂਰਨਤਾ ਤੇ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਮੇਰੇ ਗਿਆਨ ਵਿੱਚ ਕੋਈ ਕਮੀ ਨਹੀਂ ਹੈ, ਮੇਰੇ ਨਾਮ ਵਿੱਚ ਕੋਈ ਕਮੀ ਨਹੀਂ ਹੈ। ਉਸ ਅਕਾਲਪੁਰਖ ਦੀ ਰਚਨਾ ਨੂੰ ਕਥਨਾ ਭਾਵ ਬਿਆਨ ਕਰਨਾ ਕਿ ਇਹ ਰਚਨ ਵਾਲਾ ਕੌਣ ਹੈ ਭਾਵ ਪੂਰੀ ਸ੍ਰਿਸ਼ਟੀ ਦੀ ਰਚਨਾ ਕਿਸ ਤਰੀਕੇ ਹੋਈ ਹੈ ਭਾਵ ਕਿਸਨੇ ਕੀਤੀ ਹੈ ਤੇ ਕਿਸ ਮਕਸਦ ਲਈ ਕੀਤੀ ਹੈ ਇਸ ਗੱਲ ਨੂੰ ਕਿਸੇ ਮਨੁੱਖੀ ਸਮਝ ਲਈ ਕਥਨਾ ਭਾਵ ਜਾਨਣਾ ਇਤਨਾ ਔਖਾ ਹੈ ਜੋ ਕਿ ਕਿਸੇ ਲੋਹੇ ਨੂੰ ਚਬਾ ਕੇ ਖਾਣ ਦੇ ਬਰਾਬਰ ਹੈ ਭਾਂਵ ਨਾਮੁਮਕਿਨ ਹੈ ਭਾਵ ਉਸਦੇ ਆਪਣੇ ਸਮਝਾਏ ਬਿਨ੍ਹਾਂ ਕੋਈ ਉਸਨੂੰ ਸਮਝ ਲਵੇ ਇਹ ਨਾਮੁਮਕਿਨ ਹੈ। ਜਿਸਨੂੰ ਵੀ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਆਪ ਸਮਝਾਇਆ ਹੈ ਉਨ੍ਹਾਂ ਨੂੰ ਉਨ੍ਹਾਂ ਦੀ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਹੀ ਸਮਝਾਇਆ ਹੈ ਜਿਵੇਂ ਕਿ ਅਸੀਂ ਬਾਰ ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਇਹੀ ਗੱਲ ਅਸੀਂ ਉਪਰ ਵਾਲੇ ਸ਼ਬਦ ਰਾਹੀਂ ਸਮਝੀ ਹੈ ਕਿ ਉਹ ਸਭ ਕੁਝ ਆਪ ਹੀ ਹੈ। ਮਨ ਦਾ ਭਰਮ ਨਿਕਲੇ ਬਿਨ੍ਹਾਂ ਉਸ ਨੂੰ ਕੋਈ ਨਹੀਂ ਜਾਣ ਸਕਦਾ ਤੇ ਮਨ ਦੇ ਇਸ ਭਰਮ ਵਿੱਚੋਂ ਸਾਨੂੰ ਉਹ ਆਪ ਹੀ ਕੱਢ ਸਕਦਾ ਹੈ, ਮਨ ਦੀ ਅਗਿਆਨਤਾ ਵਿੱਚੋਂ ਉਹ ਆਪ ਹੀ ਕੱਢ ਸਕਦਾ ਹੈ ਜੋ ਗਿਆਨ ਦਾ ਮਾਲਕ ਹੈ ਜਿਸ ਗਿਆਨ ਦੇ ਮਾਲਕ ਨੇ ਆਪਣੇ ਉੱਚੇ ਗਿਆਨ ਦੁਆਰਾ ਪੂਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਤਨੇ ਉੱਚੇ ਗਿਆਨ ਦੇ ਮਾਲਕ ਲਈ ਮਨੁੱਖੀ ਸਮਝ ਨੂੰ ਅਗਿਆਨਤਾ ਵਿੱਚ ਰੱਖਣਾ ਕਿਹੜੀ ਵੱਡੀ ਗੱਲ ਹੈ ਭਾਵ ਇਹ ਕੇਵਲ ਉਸਦੀ ਬਣਾਈ ਹੋਈ ਇੱਕ ਖੇਡ ਹੀ ਹੈ ਤੇ ਜਦ ਤਕ ਉਹ ਆਪਣੀ ਇਹ ਖੇਡ ਕਿਸੇ ਨੂੰ ਦਿਖਾਉਣੀ ਨਹੀਂ ਚਾਹੁੰਦਾ ਕਿਸੇ ਲਈ ਵੀ ਉਸਦੀ ਇਸ ਖੇਡ ਨੂੰ ਸਮਝਣਾ ਨਾਮੁਮਕਿਨ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਨਣਾ ਨਾਮੁਮਕਿਨ ਹੈ ਭਾਵ ਆਪਣੇ ਆਪ ਕੋਈ ਉਸਦੀ ਮਾਇਆ ਰੂਪ ਠੱਗੀ ਵਿੱਚੋਂ ਨਿਕਲ ਜਾਵੇ ਇਹ ਨਹੀਂ ਹੋ ਸਕਦਾ ਜਿਸ ਲਈ ਮਨੁੱਖ ਕੋਲ ਕੇਵਲ ਤੇ ਕੇਵਲ ਸੱਚਾ ਉਦਮ ਇਹੀ ਹੈ ਕਿ ਉਹ ਉਨ੍ਹਾਂ ਦੀ ਮਤਿ ਨੂੰ ਛੱਡਣ ਭਾਵ ਉਨ੍ਹਾਂ ਦੇ ਕੋਲੋਂ ਧਰਮ ਦੀ ਸਿੱਖਿਆ ਦਾ ਮਾਰਗ ਸਮਝਣਾ ਛੱਡਣ ਜੋ ਆਪ ਮਾਇਆ ਦੀ ਠੱਗੀ ਵਿੱਚ ਹਨ ਭਾਵ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਨਾਲ ਜੁੜਣ ਦਾ ਸੱਚਾ ਉਦਮ

52/7321

ਕਰਨ ਭਾਵ ਗੁਰੂ ਦਾ ਸੱਚਾ ਨਾਮ ਜਪਣ ਦਾ ਉਦਮ ਕਰਨ ਤੇ ਆਪਣੀ ਹਉਮੈ ਛੱਡਣ ਦਾ ਭਾਵ ਆਪਣੀ ਨਾਸਮਝ ਮਤਿ ਛੱਡਣ ਦਾ ਸੱਚਾ ਉਦਮ ਕਰਨ। (**ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ**

ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥37॥)

ਸ੍ਰਿਸ਼ਟੀ ਦੇ ਹਰ ਆਕਾਰ ਰੂਪ ਵਿੱਚ ਹੁਕਮ ਸ੍ਰਿਸ਼ਟੀ ਦੇ ਕਰਤੇ ਦਾ ਹੀ ਵਰਤ ਰਿਹਾ ਹੈ ਭਾਵ ਸਭ ਕੁਝ ਉਸਦੇ ਹੁਕਮ ਦੁਆਰਾ ਹੀ ਹੋ ਰਿਹਾ ਹੈ ਤੇ ਹਰ ਆਕਾਰ ਰੂਪ ਦਾ ਉਸਦੇ ਹੁਕਮ ਵਿੱਚ ਰਹਿਣਾ ਹੀ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਸਿਮਰਨਾ ਹੈ ਭਾਵ ਉਸਦੀ ਭਗਤੀ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਦਿੱਤੇ ਉਨ੍ਹਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਅਕਾਲਪੁਰਖ ਨੂੰ ਸਿਮਰਨਾ ਕੀ ਹੈ ਜੋ ਕਿ ਪੂਰੀ ਸ੍ਰਿਸ਼ਟੀ ਦੇ ਵਿੱਚ ਹਰ ਆਕਾਰ ਰੂਪ ਲਈ ਇੱਕੋ ਜਿਹਾ ਹੀ ਹੈ।

ਮਾਰੂ ਸੋਲਹੇ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥
ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥
ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥
ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥੩॥
ਸਿਮਰਹਿ ਪਸੁ ਪੰਖੀ ਸਭਿ ਭੂਤਾ ॥ ਸਿਮਰਹਿ ਬਨ ਪਰਬਤ ਅਉਧੂਤਾ ॥
ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥੪॥
ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥
ਸਿਮਰਹਿ ਨਰ ਨਾਰੀ ਆਸਰਮਾ ॥ ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥
ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥੬॥
ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥
ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥੭॥
ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥
ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥੁ ਸੋ ਜਿਨਾ ॥੮॥
ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥
ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥੯॥
ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥
ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥੧੦॥
ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥
ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ ॥੧੧॥
ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥
ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥੧੨॥
ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥

ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥੧੩॥
ਤੂ ਕਰਤਾ ਤੇਰਾ ਸਭੁ ਕੀਆ ॥ ਤੁਝੁ ਬਿਨੁ ਅਵਰੁ ਨ ਕੋਈ ਬੀਆ ॥
ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ ॥੧੪॥
ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧਸੰਗਿ ਹਰਿ ਕੀਰਤਨੁ ਗਾਵੈ ॥
ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥
ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥
ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥}

(ਅੰਗ - ੧੦੭੮-੧੦੮੦)

{ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥}

(ਅੰਗ - ੨੯੩)

ਪਉੜੀ ॥
{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥
ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥
ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥
ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ - ੯੪੮)

ਹੁਕਮ ਤਾਂ ਸਭ ਦੇ ਅੰਦਰ ਤੇ ਸਭ ਜਗ੍ਹਾ ਉਸੇ ਦਾ ਹੀ ਵਰਤ ਰਿਹਾ ਹੈ, ਮਨੁੱਖ ਦੀ ਸਮਝ ਦੇ ਅੰਦਰ ਵੀ ਉਸੇ ਦਾ ਹੀ ਵਰਤ ਰਿਹਾ ਹੈ ਜੋ ਉਸਦਾ ਹੁਕਮ ਸਭ ਦੇ ਅੰਦਰ ਤ੍ਰੈਗੁਣਾਂ ਵਾਲੀ ਸਮਝ ਦੇ ਰੂਪ ਵਿੱਚ ਹੈ, ਹਉਮੈ ਵਾਲੀ ਸਮਝ ਦੇ ਰੂਪ ਵਿੱਚ ਭਾਵ ਮਾਇਆ ਵਾਲੀ ਜੁਗਤਿ ਦੇ ਰੂਪ ਵਿੱਚ ਵਰਤ ਰਿਹਾ ਹੈ ਤੇ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁਝੇ ਬਿਨ੍ਹਾਂ ਕੋਈ ਉਸ ਹੁਕਮ ਦੇ ਮਾਲਕ ਨੂੰ ਨਹੀਂ ਜਾਣ ਸਕਦਾ ਜਿਸਦਾ ਹੁਕਮ ਸਭ ਦੇ ਅੰਦਰ ਵਰਤ ਰਿਹਾ ਹੈ, ਅੱਠੇ ਪਹਿਰ ਵਰਤ ਰਿਹਾ ਹੈ, ਸਦਾ ਤੋਂ ਵਰਤ ਰਿਹਾ ਹੈ। ਇੱਕੋ ਇੱਕ ਮਨੁੱਖੀ ਸਰੀਰ ਹੀ ਹੈ ਜਿਸ ਸਮਝ ਰਾਹੀ ਸ੍ਰਿਸ਼ਟੀ ਦੇ ਕਰਤੇ ਨੂੰ ਭਾਵ ਹੁਕਮ ਦੇ ਮਾਲਕ ਨੂੰ ਆਪਣੇ ਅੰਦਰੋਂ ਬੁਝਿਆ ਜਾ ਸਕਦਾ ਹੈ। ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁਝਣ ਲਈ ਅਸੀਂ ਕੀ ਕਰਨਾ ਹੈ ਭਾਵ ਕਿਸ ਤਰੀਕੇ ਬੁਝਿਆ ਜਾ ਸਕਦਾ ਹੈ ਉਸੇ ਲਈ ਹੀ ਸ੍ਰਿਸ਼ਟੀ ਦੇ ਕਰਤੇ ਨੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਵਾਈ ਹੋਈ ਹੈ। ਆਪਣੇ ਸੱਚੇ ਧਰਮ ਗ੍ਰੰਥਾਂ ਰਾਹੀਂ ਜੋ ਉਸਨੇ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਸਿੱਖਿਆ ਦਿੱਤੀ ਹੋਈ ਹੈ ਉਸ ਸੱਚੀ ਸਿੱਖਿਆ ਨੂੰ ਮੰਨਣਾ ਹੀ ਉਸਦੇ ਹੁਕਮ ਨੂੰ ਮੰਨਣਾ ਹੈ, ਜਿਸ ਉਸਦੇ ਹੁਕਮ ਨੂੰ ਮੰਨਣ ਦਾ ਸੱਚਾ ਉਦਮ ਕਰਨਾ ਹੀ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁਝਣ ਦਾ ਸੱਚਾ ਉਦਮ ਕਰਨਾ ਹੈ। ਧਰਮ

ਗ੍ਰੰਥਾਂ ਦੇ ਵਿੱਚ ਉਸਦੀ ਸੱਚੀ ਸਿੱਖਿਆ ਰੂਪ ਹੁਕਮ ਉਸਦੇ ਨਾਮ ਦੇ ਰੂਪ ਵਿੱਚ ਹੀ ਹੈ ਤੇ ਉਸਦੀ ਸੱਚੀ ਸਿੱਖਿਆ ਰੂਪ ਹੁਕਮ ਨੂੰ ਮੰਨਣਾ ਹੀ ਉਸਦਾ ਨਾਮ ਜਪਣਾ ਹੈ ਜਿਹੋ ਜਿਹਾ ਨਾਮ ਜਪਣ ਦੁਆਰਾ ਅਸੀਂ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁਝ ਸਕਦੇ ਹਾਂ ਭਾਵ ਉਸ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਤੇ ਮਨ ਦੀ ਅਗਿਆਨਤਾ ਵਾਲੀ ਭਾਵ ਹਉਮੈ ਵਾਲੀ ਸਮਝ ਵਿੱਚੋਂ ਨਿਕਲ ਸਕਦੇ ਹਾਂ ਭਾਵ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਹੁਕਮ ਕਿਸ ਤਰੀਕੇ ਵਰਤ ਰਿਹਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ - ੧)

ਆਪਣੇ ਅੰਦਰੋਂ ਚੱਲ ਰਹੇ ਸ੍ਰਿਸ਼ਟੀ ਦੇ ਕਰਤੇ ਦੇ ਹੁਕਮ ਨੂੰ ਬੁਝੇ ਬਿਨ੍ਹਾਂ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲਵੇ ਤੇ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਸਕੇ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਸਦੇ ਗੁਣ ਗਾਉਣੇ ਆ ਸਕਣ, ਉਸਦਾ ਨਾਮ ਜਪਣਾ ਸਮਝ ਆ ਸਕੇ, ਉਸਦੀ ਭਗਤੀ ਦਾ ਸੱਚਾ ਮਾਰਗ ਸਮਝ ਆ ਸਕੇ ਇਹ ਹੋ ਹੀ ਨਹੀਂ ਸਕਦਾ। ਇਹ ਪੂਰਨ ਸਮਝ ਮਨ ਦੇ ਵਿੱਚ ਪਰਮ ਪਦ ਦੀ ਭਾਵ ਮਨ ਦੇ ਸਮਝ ਦੀ ਸਭ ਤੋਂ ਉੱਚੇ ਪਦ ਦੀ ਪ੍ਰਾਪਤੀ ਦੁਆਰਾ ਹੀ ਹੁੰਦੀ ਹੈ ਜੋ ਇਹ ਸੰਸਾਰ ਦੇ ਵਿੱਚ ਸਭ ਤੋਂ ਵੱਡੀ ਪ੍ਰਾਪਤੀ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਉਸਦੇ ਨਾਲ ਮੇਲ ਦੀ ਪ੍ਰਾਪਤੀ ਮਨ ਦੇ ਵਿੱਚੋਂ ਉਸਦਾ ਹੁਕਮ ਬੁਝਣ ਦੁਆਰਾ ਹੀ ਪੈਂਦੀ ਹੈ ਜੋ ਆਪਣਾ ਹੁਕਮ ਉਹ ਕਿਸੇ ਦੇ ਮਨ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਬੁਝਾ ਸਕਦਾ ਹੈ ਤੇ ਆਪਣੀ ਸ੍ਰਿਸ਼ਟੀ ਦੀ ਰਚਨਾ ਦੀ ਸੱਚੀ ਸੋਝੀ ਪਾ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਸਮਝ ਸਕਦਾ ਹੈ। ਕੇਵਲ ਗੁਰੂ ਦੇ ਸ਼ਬਦਾਂ ਨੂੰ ਧਿਆਨ ਨਾਲ ਸਮਝਣ ਦੀ ਤੇ ਵਿਸ਼ਵਾਸ ਨਾਲ ਮੰਨਣ ਦੀ ਲੋੜ ਹੁੰਦੀ ਹੈ।

ਸਲੋਕੁ ॥

{ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥ ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥੧॥}

(ਅੰਗ - ੨੯੨)

ਅਸਟਪਦੀ ॥

{ਆਪਿ ਕਥੈ ਆਪਿ ਸੁਨਨੈਹਾਰੁ ॥ ਆਪਹਿ ਏਕੁ ਆਪਿ ਬਿਸਥਾਰੁ ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥
ਤੁਮ ਤੇ ਭਿੰਨ ਨਹੀ ਕਿਛੁ ਹੋਇ ॥ ਆਪਨ ਸੂਤਿ ਸਭੁ ਜਗਤੁ ਪਰੋਇ ॥
ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥ ਸਚੁ ਨਾਮੁ ਸੋਈ ਜਨੁ ਪਾਏ ॥
ਸੋ ਸਮਦਰਸੀ ਤਤ ਕਾ ਬੇਤਾ ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥੧॥
ਜੀਅ ਜੰਤ੍ਰ ਸਭ ਤਾ ਕੈ ਹਾਥ ॥ ਦੀਨ ਦਇਆਲ ਅਨਾਥ ਕੋ ਨਾਥੁ ॥
ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥ ਸੋ ਮੂਆ ਜਿਸੁ ਮਨਹੁ ਬਿਸਾਰੈ ॥
ਤਿਸੁ ਤਜਿ ਅਵਰ ਕਹਾ ਕੋ ਜਾਇ ॥ ਸਭ ਸਿਰਿ ਏਕੁ ਨਿਰੰਜਨ ਰਾਇ ॥

ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥ ਅੰਤਰਿ ਬਾਹਰਿ ਜਾਨਹੁ ਸਾਥਿ ॥
ਗੁਨ ਨਿਧਾਨ ਬੇਅੰਤ ਅਪਾਰ ॥ ਨਾਨਕ ਦਾਸ ਸਦਾ ਬਲਿਹਾਰ ॥੨॥
ਪੂਰਨ ਪੂਰਿ ਰਹੇ ਦਇਆਲ ॥ ਸਭ ਊਪਰਿ ਹੋਵਤ ਕਿਰਪਾਲ ॥
ਅਪਨੇ ਕਰਤਬ ਜਾਨੈ ਆਪਿ ॥ ਅੰਤਰਜਾਮੀ ਰਹਿਓ ਬਿਆਪਿ ॥
ਪ੍ਰਤਿਪਾਲੈ ਜੀਅਨ ਬਹੁ ਭਾਤਿ ॥ ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥
ਜਿਸੁ ਭਾਵੈ ਤਿਸੁ ਲਏ ਮਿਲਾਇ ॥ ਭਗਤਿ ਕਰਹਿ ਹਰਿ ਕੇ ਗੁਣ ਗਾਇ ॥
ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ ਨਾਨਕ ਇਕੁ ਜਾਨਿਆ ॥੩॥
ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥
ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥
ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥
ਸਾਧਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥
ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦੁਲਭ ਦੇਹ ਕਾ ਕਰਹੁ ਉਧਾਰੁ ॥
ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ॥
ਆਠ ਪਹਰ ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥
ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥੫॥
ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿ ਧਾਰਿ ॥
ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥
ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥ ਦੂਖੁ ਦਰਦੁ ਮਨ ਤੇ ਭਉ ਜਾਇ ॥
ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥
ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥
ਤਿਸ ਤੇ ਦੂਰਿ ਕਹਾ ਕੋ ਜਾਇ ॥ ਉਬਰੈ ਰਾਖਨਹਾਰੁ ਧਿਆਇ ॥
ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥
ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ ॥
ਚਿੰਤਾ ਜਾਇ ਮਿਟੈ ਅਹੰਕਾਰੁ ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥
ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥
ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥ ਦਰਸਨੁ ਪੇਖਤ ਉਧਰਤ ਸ੍ਰਿਸਟਿ ॥
ਚਰਨ ਕਮਲ ਜਾ ਕੇ ਅਨੂਪ ॥ ਸਫਲ ਦਰਸਨੁ ਸੁੰਦਰ ਹਰਿ ਰੂਪ ॥
ਧੰਨੁ ਸੇਵਾ ਸੇਵਕੁ ਪਰਵਾਨੁ ॥ ਅੰਤਰਜਾਮੀ ਪੁਰਖੁ ਪ੍ਰਧਾਨੁ ॥
ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ ਨ ਆਵਤ ਕਾਲੁ ॥
ਅਮਰ ਭਏ ਅਮਰਾ ਪਦੁ ਪਾਇਆ ॥ ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥}

(ਅੰਗ - ੨੯੨-੨੯੩)

ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁਝੇ ਬਿਨ੍ਹਾਂ ਹਰ ਕੋਈ ਹਉਮੈ ਵਿੱਚ ਹੈ ਭਾਵ ਮੈਂ ਵਿੱਚ ਹੈ ਕਿ ਇਹ ਸਰੀਰ ਮੇਰਾ ਹੈ। ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਦੋਂ ਮਨੁੱਖ ਉਸਦੇ ਹੁਕਮ ਨੂੰ ਆਪਣੇ ਅੰਦਰੋਂ ਬੁਝ ਲੈਂਦਾ ਹੈ ਭਾਵ ਅਕਾਲਪੁਰਖ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤਾਂ ਹੀ ਉਹ ਮਨੁੱਖ ਹਉਮੈ ਵਿੱਚੋਂ ਨਿਕਲਦਾ ਹੈ ਭਾਵ

52/7323

ਉਸਨੂੰ ਸਮਝ ਪੈਂਦੀ ਹੈ ਕਿ ਇਹ ਸਰੀਰ ਦੇ ਰੂਪ ਵਿੱਚ ਮੈਂ ਨਹੀਂ ਹਾਂ ਭਾਵ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਹਉਮੈ ਵਿੱਚ ਕੇਵਲ ਉਹੀ ਨਹੀਂ ਹੈ ਜੋ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ ਤੇ ਪ੍ਰਮਾਤਮਾ ਦਾ ਹੁਕਮ ਬੁਝਣ ਦੁਆਰਾ ਪਰਮ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਜਿਸ ਮਨ ਦੇ ਵਿੱਚ ਹਉਮੈ ਹੁੰਦੀ ਹੈ ਉੱਥੇ ਤਾਂ ਕਦੇ ਨਾਮ ਹੋ ਹੀ ਨਹੀਂ ਸਕਦਾ ਤੇ ਜਦ ਤਕ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਉਹ ਹਉਮੈ ਵਿੱਚੋਂ ਨਿਕਲ ਹੀ ਨਹੀਂ ਸਕਦਾ। ਇਸ ਗੱਲ ਨੂੰ ਦ੍ਰਿੜਤਾ ਨਾਲ ਵਿਚਾਰੋ, ਗੁਰਮਤਿ ਤੇ ਵਿਸ਼ਵਾਸ ਰੱਖਣ ਦੁਆਰਾ ਵਿਚਾਰੋ ਤੇ ਜੋ ਇਹ ਕਹਿੰਦੇ ਹਨ ਕਿ ਉਨ੍ਹਾਂ ਦੇ ਅੰਦਰ ਹਉਮੈ ਨਹੀਂ ਹੈ ਤੇ ਉਹ ਨਾਮ ਜਪਣ ਵਾਲੇ ਹਨ ਕੀ ਉਨ੍ਹਾਂ ਦੀ ਗੱਲ ਵਿੱਚ ਸੱਚਾਈ ਹੈ? ਜੇਕਰ ਉਨ੍ਹਾਂ ਦੀ ਗੱਲ ਵਿੱਚ ਸੱਚਾਈ ਹੈ ਫਿਰ ਗੁਰੂ ਦੀ ਗੱਲ ਝੂਠ ਹੈ। ਜੇਕਰ ਅਸੀਂ ਗੁਰਬਾਣੀ ਦੀ ਸਮਝ ਨਾਲ ਭਾਵ ਗੁਰੂ ਦੀ ਸਮਝ ਨਾਲ ਜੁੜਣਾ ਚਾਹੁੰਦੇ ਹਾਂ ਤਾਂ ਫਿਰ ਸਾਨੂੰ ਉਹੋ ਜਿਹਿਆਂ ਦੀ ਮਤਿ ਛੱਡਣੀ ਪਵੇਗੀ ਜੋ ਸਾਨੂੰ ਗੁਰਮਤਿ ਦੇ ਉਲਟ ਨਾਮ ਜਪਣਾ ਸਿਖਾਉਂਦੇ ਹਨ, ਭਗਤੀ ਕਰਨ ਦੇ ਅਨੇਕਾਂ ਹੀ ਝੂਠੇ ਤਰੀਕੇ ਸਮਝਾਉਂਦੇ ਹਨ। ਉਪਰ ਵਾਲੇ ਸ਼ਬਦ ਦੇ ਇੱਕ ਪਦੇ ਨੂੰ ਹੀ ਅਗਰ ਧਿਆਨ ਨਾਲ ਸਮਝ ਲਵੋ ਤਾਂ ਸਮਝ ਲੱਗ ਜਾਵੇਗੀ ਕਿ ਅਕਾਲਪੁਰਖ ਦਾ ਨਾਮ ਜਪਣ ਵਾਲੇ ਕਿਹੋ ਜਿਹੇ ਹੁੰਦੇ ਹਨ।

{ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥
ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥
ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥}

(ਅੰਗ - ੨੯੨-੨੯੩)

ਸ਼ਬਦ ਦੇ ਉਪਰ ਵਾਲੇ ਪਦੇ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਨਾਮ ਜਪਣ ਵਾਲੇ ਕਿਹੋ ਜਿਹੇ ਹੁੰਦੇ ਹਨ ਭਾਵ ਉਹੀ ਹੁੰਦੇ ਹਨ ਜੋ ਆਪਣੇ ਅੰਦਰੋਂ ਅਕਾਲਪੁਰਖ ਨੂੰ ਜਾਣ ਲੈਂਦੇ ਹਨ ਭਾਵ ਜਿਨ੍ਹਾਂ ਦਾ ਉਸਦੇ ਨਾਲ ਮੇਲ ਹੋ ਜਾਂਦਾ ਹੈ ਜਿਵੇਂ ਕਿ ਉਸਦੇ ਭਗਤਾਂ ਦਾ, ਗੁਰੂ ਸਾਹਿਬਾਨ ਦਾ ਹੋਇਆ ਹੈ। ਅਸੀਂ ਨਾਮ ਨੂੰ ਸਮਝਣ ਵਿੱਚ ਤੇ ਹਉਮੈ ਨੂੰ ਸਮਝਣ ਵਿੱਚ ਕਿਤਨੇ ਕੁ ਵੱਡੇ ਭਰਮ ਵਿੱਚ ਹਾਂ ਜਿਸ ਤੋਂ ਵੱਡਾ ਭਰਮ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਕੋਈ ਦੂਜਾ ਭਰਮ ਨਹੀਂ ਹੈ ਭਾਵੇਂ ਭਰਮ ਅਨੇਕਾਂ ਹੀ ਹਨ ਜਿਨ੍ਹਾਂ ਭਰਮਾਂ ਦਾ ਜਿਕਰ ਬਾਣੀ ਵਿੱਚ ਬਾਰ ਬਾਰ ਆਉਂਦਾ ਹੈ। ਗੁਰੂ ਦੀ ਗੱਲ ਭਾਵੇਂ ਸਾਨੂੰ ਸਪਸ਼ਟ ਸਮਝ ਆ ਰਹੀ ਹੋਵੇ ਜਿਵੇਂ ਕਿ ਉਪਰ ਵਾਲੇ ਪਦੇ ਰਾਹੀਂ ਆ ਰਹੀ ਹੈ ਕਿ ਨਾਮ ਨਾਲ ਜੁੜੇ ਹੋਏ ਮਨੁੱਖ ਕਿਹੋ ਜਿਹੇ ਹੁੰਦੇ ਹਨ ਪਰ ਫਿਰ ਵੀ ਅਸੀਂ ਯਕੀਨ ਉਨ੍ਹਾਂ ਦੀ ਗੱਲ ਤੇ ਹੀ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਉਹੋ ਜਿਹਾ ਨਾਮ ਜਪਣਾ ਸਿਖਾਇਆ ਹੋਇਆ ਹੈ ਜਿਹੋ ਜਿਹਾ ਨਾਮ ਜਪਣ ਦਾ ਗੁਰੂ ਆਪਣੇ ਸ਼ਬਦਾਂ ਰਾਹੀਂ ਬਾਰ ਬਾਰ ਖੰਡਨ ਕਰਦਾ ਹੈ। ਇਹੀ ਮਾਇਆ ਦੀ ਠੱਗੀ ਹੈ ਜਿਸ ਵਿੱਚੋਂ ਨਿਕਲੇ ਬਿਨ੍ਹਾਂ ਅਸੀਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਭਾਵ ਆਪਣੇ ਅੰਦਰੋਂ ਉਸ ਦੇ ਹਰ ਵੇਲੇ ਚੱਲ ਰਹੇ ਹੁਕਮ ਨੂੰ ਬੁਝਣ ਦਾ ਸੱਚਾ ਉਦਮ ਨਹੀਂ ਕਰ ਸਕਦੇ। ਸਾਰੀ ਗੱਲ ਆਪਣੀ ਹਉਮੈ ਛੱਡਣ ਦੀ ਹੈ ਭਾਵ ਆਪਣੀ ਨਾਸਮਝ ਮਤਿ ਛੱਡਣ ਦੀ ਹੈ ਜਿਸ ਦੁਆਰਾ ਸੰਸਾਰ ਦਾ ਕੋਈ

52/7324

ਵੀ ਮਨੁੱਖ ਨਾਮ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ। ਉਸਦੇ ਹੁਕਮ ਨੂੰ ਮਨ

ਦੀ ਹਉਮੈ ਨਿਕਲਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਸ਼ੁਰੂ ਤੋਂ ਲੈ ਕੇ ਅਨੇਕਾਂ ਹੀ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਆਪਣੇ ਆਪ ਨੂੰ ਵਿਸ਼ਵਾਸ ਦੁਆਇਆ ਜਾ ਸਕਦਾ ਹੈ ਕਿ ਹਉਮੈ ਤੋਂ ਮੁਕਤ ਹੋਏ ਬਿਨਾਂ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ।

ਸਲੋਕ ਮਃ ੧ ॥

{ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥}

(ਅੰਗ ੪੬੬)

ਸਲੋਕ ਮਃ ੨ ॥

{ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ ੧੨੪੩)

ਮਨੁੱਖ ਦੇ ਅੰਦਰ ਦੀ ਹਉਮੈ ਉਹੀ ਤੋੜ ਸਕਦਾ ਹੈ ਭਾਵ ਉਹੀ ਕੱਢ ਸਕਦਾ ਹੈ ਜਿਸਨੇ ਇਹ ਹਉਮੈ ਵਾਲੀ ਸਮਝ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਪਾਈ ਹੋਈ ਹੈ। ਹਉਮੈ ਉਸਦੀ ਹੀ ਨਿਕਲਦੀ ਹੈ ਜਿਸ ਮਨੁੱਖ ਨੂੰ ਸ੍ਰਿਸ਼ਟੀ ਦਾ ਕਰਤਾ ਭਾਵ ਨਾਮ ਦਾ ਮਾਲਕ ਮਨ ਦੇ ਵਿੱਚ ਆਪ ਹੀ ਆਪਣਾ ਨਾਮ ਰੂਪ ਅੰਮ੍ਰਿਤ ਪਿਲਾਉਂਦਾ ਹੈ ਜੋ ਮਨ ਦੇ ਵਿੱਚ ਉਸਦਾ ਅੰਮ੍ਰਿਤ ਪੀਣਾ ਬਹੁਤ ਔਖਾ ਹੈ ਭਾਵ ਮਨ ਦੇ ਭਰਮਾਂ ਵਾਲੀ ਸਮਝ ਨੂੰ, ਮਾਇਆ ਮੋਹ ਵਾਲੀ ਸਮਝ ਨੂੰ ਛੱਡਣਾ ਬਹੁਤ ਹੀ ਔਖਾ ਹੈ ਇਸ ਕਰਕੇ ਅਕਾਲ ਪੁਰਖ ਦੇ ਨਾਮ ਨੂੰ ਜਪਣਾ ਭਾਵ ਆਪਣੇ ਮਾਇਆ ਵਾਲੇ ਸੁੱਖਾਂ ਨੂੰ ਛੱਡਣਾ ਸੰਸਾਰ ਵਿੱਚ ਸਭ ਲਈ ਹੀ ਔਖਾ ਹੈ ਜੋ ਔਖਾਪਨ ਸਹਿਣ ਤੋਂ ਬਾਅਦ ਹੀ ਅਸਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਭਾਵ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੀ ਪ੍ਰਾਪਤੀ ਹੁੰਦੀ ਹੈ। ਇਸ ਗੱਲ ਨੂੰ ਹੁਣ ਅਸੀਂ ਜਪੁਜੀ ਬਾਣੀ ਦੇ ਅਗਲੇ ਸ਼ਬਦ ਰਾਹੀਂ ਸਮਝਦੇ ਹਾਂ।

“ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥”

ਉਪਰ ਵਾਲੇ ਸ਼ਬਦ ਰਾਹੀਂ ਸਾਨੂੰ ਸਾਡੇ ਮਨ ਦੀ ਸਮਝ ਵਿੱਚ ਨਾਮ ਰੂਪ ਅੰਮ੍ਰਿਤ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ਤੇ ਉਸ ਪ੍ਰਾਪਤੀ

ਤੋਂ ਪਹਿਲੇ ਮਨੁੱਖ ਨੂੰ ਕਿਹੋ ਜਿਹਾ ਔਖਾਪਨ ਸਹਿਣਾ ਪੈਂਦਾ ਹੈ ਭਾਵ ਨਾਮ ਜਪਣਾ ਸਾਰੇ ਸੰਸਾਰ ਲਈ ਕਿਤਨਾ ਔਖਾ ਹੈ ਇਸ ਔਖੇਪਨ ਨੂੰ ਸੁਨਿਆਰੇ ਦੀ ਉਸ ਘਾੜਤ ਦੁਆਰਾ ਸਮਝਾਇਆ ਹੋਇਆ ਹੈ ਜਿਸ ਘਾੜਤ ਦੁਆਰਾ ਉਹ ਪਹਿਲੇ ਸੋਨੇ ਨੂੰ ਸ਼ੁੱਧ ਕਰਨ ਲਈ ਅੱਗ ਦੀ ਭੱਠੀ ਵਿੱਚ ਤਪਾਉਂਦਾ ਹੈ ਤੇ ਫਿਰ ਉਸ ਤੋਂ ਬਾਅਦ ਉਸ ਸੋਨੇ ਨੂੰ ਅਹਿਰਣ ਤੇ ਰੱਖ ਕੇ

52/7325

ਉਸਤੇ ਹਥੋੜੀ ਚਲਾਉਣ ਦੁਆਰਾ ਤਿਆਰ ਕਰਦਾ ਹੈ ਭਾਵ ਸੋਨੇ ਨੂੰ ਆਪਣਾ ਅਸਲ ਰੂਪ ਧਾਰਨ ਕਰਨ ਵਿੱਚ ਭਾਵ ਪੂਰੀ ਸ਼ੁੱਧੀ ਵਾਲਾ ਰੂਪ ਧਾਰਨ ਕਰਨ ਵਿੱਚ ਬਹੁਤ ਔਖਾ ਹੋਣਾ ਪੈਂਦਾ ਹੈ। ਉਸ ਪ੍ਰਮਾਤਮਾ ਦੀ ਭਗਤੀ ਭਾਵ ਉਸਦਾ ਨਾਮ ਮਨ ਦੀ ਪੂਰਨ ਸ਼ੁੱਧੀ ਦੁਆਰਾ ਹੀ ਜਪਿਆ ਜਾ ਸਕਦਾ ਹੈ ਜੋ ਮਨ ਦੀ ਸ਼ੁੱਧੀ ਮਨ ਦੀ ਪੂਰੀ ਖੋਟ ਨਿਕਲਣ ਦੁਆਰਾ ਹੀ ਆ ਸਕਦੀ ਹੈ। ਖੋਟ ਸਾਡੀ ਮਤਿ ਦੇ ਵਿੱਚ ਹੈ ਜੋ ਖੋਟ ਸਾਡੇ ਅੰਦਰ ਵਿਕਾਰਾਂ ਵਾਲੀ ਸਮਝ ਦੇ ਰੂਪ ਵਿੱਚ ਹੈ ਜਿਸ ਮਾੜੀ ਸਮਝ ਕਰਕੇ ਅਸੀਂ ਮਾੜੇ ਕਰਮ ਕਰਦੇ ਹਾਂ। ਸਾਡੇ ਅੰਦਰ ਦੇ ਮਾਇਆ ਮੋਹ ਵਾਲੇ ਵਿਚਾਰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਮਨੁੱਖ ਕੋਲੋਂ ਮਾੜੇ ਕੰਮ ਕਰਾਉਂਦੇ ਹਨ ਭਾਵ ਗੁਰੂ ਦੇ ਸਮਝਾਏ ਹੋਏ ਸੱਚੇ ਵਿਚਾਰਾਂ ਤੇ ਨਹੀਂ ਚੱਲਣ ਦਿੰਦੇ। ਮਨ ਦੇ ਇਹ ਮਾੜੇ ਵਿਚਾਰ ਹੀ ਸਾਡੇ ਅੰਦਰ ਦੀ ਖੋਟ ਹੈ ਜੋ ਸਾਡੀ ਸਮਝ ਨੂੰ ਖੋਟੀ ਬਣਾਉਂਦੇ ਹਨ ਤੇ ਗੁਰੂ ਦੀ ਮਤਿ, ਧਰਮ ਗ੍ਰੰਥਾਂ ਦੀ ਸੱਚੀ ਮਤਿ ਇਸ ਖੋਟ ਤੋਂ ਪੂਰੀ ਤਰ੍ਹਾਂ ਰਹਿਤ ਹੈ। ਜਿਸ ਮਤਿ ਨੂੰ ਅਪਨਾਉਣਾ ਬਹੁਤ ਔਖਾ ਹੈ। ਉਪਰ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਇਹੀ ਸਮਝਾਇਆ ਹੋਇਆ ਹੈ ਕਿ ਖਰੀ ਮਤਿ ਉਹ ਹੁੰਦੀ ਹੈ ਜੋ ਜਤ ਵਾਲੀ ਸਮਝ ਹੁੰਦੀ ਹੈ ਭਾਵ ਜੋ ਸਮਝ ਸਾਨੂੰ ਵਿਕਾਰਾਂ ਵੱਲ ਨਹੀਂ ਜਾਣ ਦਿੰਦੀ ਭਾਵ ਸਾਨੂੰ ਮਨ ਦੇ ਧੀਰਜ ਵਿੱਚ ਰੱਖਦੀ ਹੈ ਭਾਵ ਮਨ ਦੇ ਸੰਤੋਖ ਵਿੱਚ ਰੱਖਦੀ ਹੈ ਤਾਂ ਜੋ ਮਨੁੱਖ ਕੋਈ ਮਾੜਾ ਕਰਮ ਨਾ ਕਰੇ। ਉਪਰ ਪੰਗਤੀਆਂ ਵਿੱਚ ਸਾਡੇ ਜਤ ਵਾਲੇ ਵਿਚਾਰਾਂ ਨੂੰ ਸੁਨਿਆਰੇ ਦੇ ਪਹਾਰਾ ਨਾਲ ਜੋੜਿਆ ਹੋਇਆ ਹੈ ਭਾਵ ਸੁਨਿਆਰ ਦੀ ਭੱਠੀ ਨਾਲ ਜੋੜਿਆ ਹੋਇਆ ਹੈ ਜਿਸ ਭੱਠੀ ਵਿੱਚ ਉਹ ਸੋਨੇ ਦੀ ਖੋਟ ਕੱਢਣ ਲਈ ਸੋਨੇ ਨੂੰ ਢਾਲਦਾ ਹੈ। ਜਿਸ ਤਰ੍ਹਾਂ ਸੋਨੇ ਨੂੰ ਆਪਣੇ ਵਿੱਚੋਂ ਖੋਟ ਕੱਢਣ ਲਈ ਤਪਣਾ ਪੈਂਦਾ ਹੈ ਭਾਵ ਬਹੁਤ ਔਖਾ ਹੋਣਾ ਪੈਂਦਾ ਹੈ ਇਸੇ ਤਰ੍ਹਾਂ ਹੀ ਮਨੁੱਖ ਨੂੰ ਗੁਰੂ ਦੀ ਮਤਿ ਵਾਲੇ ਵਿਚਾਰ ਅਪਨਾਉਣ ਲਈ ਤੇ ਆਪਣੀ ਮਤਿ ਵਾਲੇ ਮਾੜੇ ਵਿਚਾਰ ਭਾਵ ਮਾਇਆ ਮੋਹ ਵਾਲੇ ਖੋਟੇ ਵਿਚਾਰ ਛੱਡਣ ਲਈ ਬਹੁਤ ਔਖਾ ਹੋਣਾ ਪੈਂਦਾ ਹੈ ਭਾਵ ਸਾਡੇ ਮਨ ਨੂੰ ਤਪਣਾ ਪੈਂਦਾ ਹੈ, ਇਹ ਸੇਕ ਸਹਿਣਾ ਪੈਂਦਾ ਹੈ। ਇਹ ਸੇਕ ਸਹਿਣ ਲਈ ਮਨ ਦਾ ਧੀਰਜ ਜਰੂਰੀ ਹੈ ਤੇ ਮਨ ਦੇ ਧੀਰਜ ਨੂੰ ਸੁਨਿਆਰ ਦੀ ਕਿਰਿਆ ਨਾਲ ਜੋੜਕੇ ਸਮਝਾਇਆ ਹੋਇਆ ਹੈ। ਭੱਠੀ ਵਿੱਚ ਸੋਨੇ ਨੂੰ ਢਾਲਣ ਲਈ ਸੁਨਿਆਰ ਨੂੰ ਧੀਰਜ ਦੀ ਲੋੜ ਹੁੰਦੀ ਹੈ ਭਾਵ ਪੂਰਾ ਧਿਆਨ ਰੱਖਣ ਦੀ ਲੋੜ ਹੁੰਦੀ ਹੈ ਕਿ ਸੋਨੇ ਦੇ ਅੰਦਰ ਕੋਈ ਖੋਟ ਰਹਿ ਨਾ ਜਾਵੇ, ਕੋਈ ਕਮੀ ਰਹਿ ਨਾ ਜਾਵੇ ਭਾਵ ਸੋਨਾ ਪੂਰੀ ਤਰ੍ਹਾਂ ਸ਼ੁੱਧ ਹੋ ਕੇ ਨਿਕਲੇ। **(ਜਤੁ ਪਾਹਾਰਾ ਧੀਰਜੁ ਸੁਨਿਆਰੁ ॥)**

ਜਿਵੇਂ ਸੋਨੇ ਦੀ ਸ਼ੁੱਧੀ ਹੁੰਦੀ ਹੈ ਉਹੋ ਜਿਹੀ ਸ਼ੁੱਧੀ ਸਾਡੀ ਧਰਮ ਗ੍ਰੰਥਾਂ ਦੀ ਸੱਚੀ ਮਤਿ ਲੈਣ ਦੁਆਰਾ ਹੀ ਹੋ ਸਕਦੀ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਅਹਰਣਿ ਮਤਿ ਵੇਦੁ ਹਥੀਆਰੁ ॥”

ਸੋਨੇ ਨੂੰ ਭੱਠੀ ਵਿੱਚੋਂ ਕੱਢਣ ਤੋਂ ਬਾਅਦ ਫਿਰ ਉਸਨੂੰ ਅਹਿਰਣ ਤੇ ਰੱਖ ਕੇ ਸੁਨਿਆਰ ਉਸਦਾ ਆਕਾਰ ਬਣਾਉਂਦਾ ਹੈ ਜੋ ਉਸਦਾ ਸਹੀ ਆਕਾਰ ਬਣਾਉਣ ਲਈ ਕਿਸੇ ਹਥਿਆਰ ਦੀ ਵਰਤੋ ਕਰਦਾ ਹੈ, ਹਥੋੜੀ ਦੀ ਵਰਤੋ ਕਰਦਾ ਹੈ

52/7326

ਭਾਵ ਸੋਨੇ ਨੂੰ ਹੋਰ ਵੀ ਔਖਾ ਹੋਣਾ ਪੈਂਦਾ ਹੈ। ਸੁਨਿਆਰ ਦੀ ਅਹਿਰਣ ਦੀ ਤੁਲਨਾ ਮਨੁੱਖ ਦੀ ਮਤਿ ਦੇ ਨਾਲ ਕੀਤੀ ਹੋਈ ਹੈ ਤੇ ਉਸਦੇ ਹਥਿਆਰ ਦੀ ਤੁਲਨਾ ਧਰਮ ਗ੍ਰੰਥ ਦੇ ਗਿਆਨ ਨਾਲ ਕੀਤੀ ਹੋਈ ਹੈ। ਧਰਮ ਗ੍ਰੰਥਾਂ ਦਾ ਸੱਚਾ ਗਿਆਨ ਸਾਨੂੰ ਜਤ ਵਾਲੇ ਵਿਚਾਰ ਮੰਨਣ ਲਈ ਸਮਝਾਉਂਦਾ ਹੈ ਜੋ ਵਿਚਾਰ ਮੰਨਣੇ ਸਭ ਨੂੰ ਔਖੇ ਲੱਗਦੇ ਹਨ ਭਾਵ ਮਾਇਆ ਮੋਹ ਵਾਲੇ ਵਿਚਾਰ, ਝੂਠੇ ਸੁੱਖ ਤਿਆਗਣ ਵਾਲੇ ਵਿਚਾਰ ਸਭ ਨੂੰ ਔਖੇ ਲੱਗਦੇ ਹਨ ਭਾਵ ਜਤ ਵਾਲੇ ਵਿਚਾਰਾਂ ਨੂੰ ਮੰਨਣ ਲਈ ਮਨੁੱਖ ਨੂੰ ਆਪਣੇ ਜੀਵਨ ਵਿੱਚ ਅਨੇਕਾਂ ਵਾਰੀ ਔਖਾ ਹੋਣਾ ਹੀ ਪੈਂਦਾ ਹੈ ਭਾਵ ਇਸ ਤਰੀਕੇ ਔਖਾ ਹੋਣਾ ਪੈਂਦਾ ਹੈ ਜਿਵੇਂ ਸੁਨਿਆਰੇ ਦੇ ਅਹਿਰਣ ਤੇ ਪਏ ਸੋਨੇ ਨੂੰ ਸਿੱਧਾ ਹੋਣ ਲਈ ਸੁਨਿਆਰੇ ਦੀ ਹਥੋੜੀ ਦੀ ਚੋਟ ਸਹਿਣੀ ਹੀ ਪੈਂਦੀ ਹੈ। **(ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ॥)**

ਸੋਨੇ ਦਾ ਸਹੀ ਆਕਾਰ ਬਨਾਉਣ ਲਈ ਸੋਨੇ ਨੂੰ ਹੋਰ ਵੀ ਅੱਗ ਦਾ ਸੇਕ ਸਹਿਣਾ ਪੈਂਦਾ ਹੈ ਜੋ ਸੇਕ ਉਸਨੂੰ ਸੁਨਿਆਰ ਆਪਣੀ ਧੌਂਕਣੀ ਰਾਹੀਂ ਫੂਕਾਂ ਮਾਰ ਕੇ ਉਸਨੂੰ ਅੱਗ ਦਾ ਸੇਕ ਲਗਾਉਂਦਾ ਹੈ ਜਿਸ ਦੁਆਰਾ ਉਹ ਸਹੀ ਆਕਾਰ ਵਿੱਚ ਆ ਕੇ ਪੂਰੀ ਕੀਮਤ

ਵਾਲਾ ਬਣਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥"

ਸੁਨਿਆਰੇ ਦੀ ਖਲਾ ਨੂੰ ਭਾਵ ਧੌਂਕਣੀ ਨੂੰ ਮਨੁੱਖ ਦੇ **"ਭਉ"** ਨਾਲ ਜੋੜਿਆ ਹੋਇਆ ਹੈ ਤੇ ਧੌਂਕਣੀ ਦੇ ਅੰਦਰੋਂ ਜੋ ਅਗਨਿ ਨਿਕਲਦੀ ਹੈ ਉਸਨੂੰ ਮਨੁੱਖ ਦੇ "**ਤਪ ਤਾਉ**" ਭਾਵ ਉਸਦੀ ਤਪਸਿਆ ਨਾਲ ਜੋੜਿਆ ਹੋਇਆ ਹੈ ਭਾਵ ਭਗਤੀ ਦੇ ਮਾਰਗ ਦੀ ਤਪਸਿਆ ਨਾਲ ਜੋੜਿਆ ਹੋਇਆ ਹੈ। ਜਿਸ ਭਾਂਡੇ ਵਿੱਚ ਭਾਵ ਕੁਠਾਲੀ ਵਿੱਚ ਸੁਨਿਆਰ ਆਪਣਾ ਸੋਨਾ ਢਾਲਕੇ ਪਾਉਂਦਾ ਹੈ ਉਸ ਭਾਂਡੇ ਨੂੰ ਮਨੁੱਖ ਦੇ **"ਭਾਉ"** ਨਾਲ ਜੋੜਿਆ ਹੋਇਆ ਹੈ ਤੇ ਆਪਣੀ ਕੁਠਾਲੀ ਵਿੱਚ ਜੋ ਸੋਨਾ ਢਾਲਕੇ ਸੁਨਿਆਰ ਪਾਉਂਦਾ ਹੈ ਉਸਨੂੰ **"ਅੰਮ੍ਰਿਤੁ"** ਦੇ ਨਾਲ ਜੋੜਿਆ ਹੋਇਆ ਹੈ।

ਭਉ ਸਾਡੇ ਅੰਦਰ ਦਾ ਡਰ ਹੈ ਤੇ ਸਾਡੇ ਅੰਦਰ ਦਾ ਇਹ ਡਰ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਵਿੱਚ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੈ। ਇਹ ਭਉ ਸਾਡੇ ਸਭ ਦੇ ਅੰਦਰ ਮਾਇਆ ਮੋਹ ਦੇ ਵਿਚਾਰਾਂ ਨੂੰ ਤਿਆਗਨ ਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਵਿਚਾਰਾਂ ਨੂੰ ਤਿਆਗਣ ਦਾ ਹੈ, ਝੂਠੇ ਸੰਸਾਰਿਕ ਸੁੱਖਾਂ ਨੂੰ ਤਿਆਗਣ ਦਾ ਹੈ, ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਤਿਆਗਣ ਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਨੂੰ ਅਪਨਾਉਣ ਦਾ ਹੈ, ਗੁਰੂ ਦਾ ਸੱਚਾ ਨਾਮ ਜਪਣ ਦਾ ਹੈ ਤੇ ਭਗਤੀ ਦੇ ਉਹੋ ਜਿਹੇ ਸਾਰੇ ਤਰੀਕੇ ਛੱਡਣ ਦਾ ਹੈ ਜਿਨ੍ਹਾਂ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਤੇ ਮਨ ਦੇ ਭਰਮਾਂ ਕਰਕੇ ਭਗਤੀ ਦੇ ਸਹੀ ਤਰੀਕੇ ਮੰਨਿਆ ਹੋਇਆ ਹੈ, ਉਹੋ ਜਿਹਿਆਂ ਦੇ ਪਿੱਛੇ ਲੱਗਕੇ ਮੰਨਿਆ ਹੋਇਆ ਹੈ ਜਿਨ੍ਹਾਂ ਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣਿਆ ਤੇ ਜਿਨ੍ਹਾਂ ਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਹੈ ਭਾਵ ਜਿਨ੍ਹਾਂ ਨੂੰ

ਸ੍ਰਿਸ਼ਟੀ ਦੇ ਕਰਤੇ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾਇਆ ਹੈ, ਆਪਣਾ ਨਾਮ ਜਪਾਉਣ ਦਾ ਸਹੀ ਤਰੀਕਾ ਆਪ ਹੀ ਸਮਝਾਇਆ ਹੈ ਉਨ੍ਹਾਂ ਨੇ ਗੁਰਬਾਣੀ ਦੀ ਰਚਨਾ ਕਰਨ ਦੁਆਰਾ ਉਹੋ ਜਿਹੇ ਸਭ ਤਰੀਕਿਆਂ ਦਾ ਖੰਡਨ ਕੀਤਾ ਹੋਇਆ ਹੈ ਜਿਨ੍ਹਾਂ ਨੂੰ ਸੰਸਾਰੀਆਂ ਨੇ ਮਨ ਦੇ ਭਰਮ ਕਰਕੇ ਹੀ ਕਿਸੇ ਦੇ ਪਿੱਛੇ ਲੱਗਕੇ ਭਗਤੀ ਦੇ ਤਰੀਕੇ ਸਮਝਿਆ ਹੋਇਆ ਹੈ। ਇਹੋ ਜਿਹੇ ਨਾਸਮਝੀ ਵਾਲੇ ਭਗਤੀ ਦੇ ਤਰੀਕੇ ਛੱਡਣ ਦਾ ਭਉ ਸਭ ਦੇ ਅੰਦਰ ਹੀ ਇੱਕ ਵੱਡਾ ਭਉ ਹੈ ਜਿਸ ਭਉ ਵਿੱਚੋਂ ਨਿਕਲਣਾ ਬਹੁਤ ਔਖਾ ਹੈ ਤੇ ਇਸੇ ਲਈ ਸਾਡੇ ਅੰਦਰ ਦੇ ਇਸ ਭਉ ਨੂੰ ਉਪਰ ਪੰਗਤੀ ਰਾਹੀਂ ਸੁਨਿਆਰੇ ਦੀ ਖਲਾ ਨਾਲ ਜੋੜ ਕੇ ਸਮਝਾਇਆ ਹੋਇਆ ਹੈ ਜਿਸ ਖਲਾ ਦੇ ਵਿੱਚੋਂ ਅਗਨ ਨਿਕਲਦੀ ਹੈ। ਜਦ ਤਕ ਅਸੀਂ ਇਸ ਭਉ ਨੂੰ ਕਬੂਲ ਨਹੀਂ ਕਰਦੇ ਭਾਵ ਵਿਅਰਥ ਦੇ ਭਉ ਨੂੰ ਨਹੀਂ ਛੱਡਦੇ ਤਦ ਤਕ ਅਸੀਂ ਗੁਰੂ ਦੇ ਸੱਚੇ ਭਉ ਨਾਲ ਨਹੀਂ ਜੁੜ ਸਕਦੇ ਜੋ ਭਉ ਗੁਰੂ ਦੀ ਮਤਿ ਤੇ ਪੂਰੀ ਤਰ੍ਹਾਂ ਅਮਲ ਕਰਨ ਦਾ ਹੈ। ਗੁਰਮਤਿ ਦੇ ਭਉ ਵਿੱਚ ਰਹਿਣਾ ਭਾਵ ਗੁਰੂ ਦੀ ਮਤਿ ਨੂੰ ਪੂਰੀ ਤਰ੍ਹਾਂ ਕਬੂਲ ਕਰਨਾ ਬਹੁਤ ਔਖਾ ਹੈ ਭਾਵ ਮੋਹ ਮਾਇਆ ਵਾਲੇ ਵਿਚਾਰਾਂ ਨੂੰ ਛੱਡਣਾ ਬਹੁਤ ਔਖਾ ਹੈ, ਭਰਮਾਂ ਵਾਲੇ ਵਿਚਾਰਾਂ ਨੂੰ ਛੱਡਣਾ ਬਹੁਤ ਔਖਾ ਹੈ ਤੇ ਇਸੇ ਲਈ ਗੁਰੂ ਦਾ ਨਾਮ ਜਪਣਾ ਬਹੁਤ ਔਖਾ ਹੈ ਜਿਸ ਲਈ ਇਤਨਾ ਔਖਾ ਹੋਣਾ ਪੈਂਦਾ ਹੈ ਜਿਵੇਂ ਸੁਨਿਆਰੇ ਦੀ ਖਲਾ ਨੂੰ ਭਾਵ ਉਸਦੀ ਧੌਂਕਣੀ ਨੂੰ ਅੱਗ ਦਾ ਸੇਕ ਸਹਿਣਾ ਪੈਂਦਾ ਹੈ। ਗੁਰੂ ਦਾ ਇਹ ਸੱਚਾ ਭਉ ਕਬੂਲ ਕੀਤੇ ਬਿਨਾਂ ਭਾਵ ਔਖਾਪਨ ਸਹੇ ਬਿਨਾਂ, ਖਲਾ ਦੀ ਅਗਨ ਦਾ ਸੇਕ ਸਹੇ ਬਿਨਾਂ ਅਕਾਲ ਪੁਰਖ ਦਾ ਤਪ ਤਾਉ ਵੀ ਨਹੀਂ ਕੀਤਾ ਜਾ ਸਕਦਾ ਭਾਵ ਉਸਦੀ ਭਗਤੀ ਨਹੀਂ ਕੀਤੀ ਜਾ ਸਕਦੀ। ਇਸੇ ਲਈ ਬਾਣੀ ਰਾਹੀਂ ਸਾਨੂੰ ਸਰੀਰਕ ਤਪ ਕਰਨ ਤੋਂ ਮਨ੍ਹਾਂ ਕੀਤਾ ਹੋਇਆ ਹੈ ਭਾਵ ਆਪਣੇ ਸਰੀਰ ਨੂੰ ਦੁੱਖਾਂ ਵਿੱਚ ਪਾਉਣ ਤੋਂ ਮਨ੍ਹਾਂ ਕੀਤਾ ਹੋਇਆ ਹੇ ਕਿਉਂਕਿ ਭਗਤੀ ਦਾ ਮਾਰਗ ਭਾਵ ਜਪ ਤਪ ਦਾ ਮਾਰਗ ਆਪਣੇ ਮਨ ਨੂੰ ਔਖਾ ਕਰਨ ਦਾ ਹੈ, ਮਾਇਆ ਮੋਹ ਛੱਡਣ ਦੁਆਰਾ ਔਖਾ ਕਰਨ ਦਾ ਹੈ, ਨਾ ਕਿ ਸਰੀਰਕ ਜਪਾਂ ਤਪਾਂ ਦੁਆਰਾ ਸਰੀਰ ਨੂੰ ਦੁੱਖ ਦੇਣ ਦਾ ਹੈ, ਘਰ ਬਾਹਰ ਤਿਆਗਕੇ ਸਰੀਰ ਨੂੰ ਦੁੱਖ ਦੇਣ ਦਾ ਹੈ, ਪਹਾੜਾ ਦੀਆਂ ਚੋਟੀਆਂ ਦੀ ਠੰਡ ਨੂੰ ਸਹਿ ਕੇ ਸਰੀਰ ਨੂੰ ਦੁੱਖ ਦੇਣ ਦਾ ਹੈ, ਜੰਗਲਾਂ ਵਿੱਚ ਜਾ ਕੇ ਤੇ ਕੰਧ ਮੂਲ ਖਾ ਕੇ ਸਰੀਰ ਨੂੰ ਦੁੱਖ ਦੇਣ ਦਾ ਹੈ, ਵਰਤ ਰੱਖ ਕੇ ਸਰੀਰ ਨੂੰ ਦੁੱਖ ਦੇਣ ਦਾ ਹੈ ਤੇ ਇਹੋ ਜਿਹੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਮਨ ਦੇ ਭਰਮਾਂ ਕਰਕੇ ਸ੍ਰਿਸ਼ਟੀ ਦੇ ਸੰਸਾਰੀਆਂ ਨੇ ਹੋਰ ਵੀ ਅਨੇਕਾਂ ਹੀ ਆਪਣੇ ਵੱਲੋਂ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਜਿਨ੍ਹਾਂ ਰਾਹੀਂ ਉਹ ਵਿਅਰਥ ਵਿੱਚ ਹੀ ਆਪਣੇ ਸਰੀਰ ਨੂੰ ਕਸ਼ਟਾਂ ਵਿੱਚ ਪਾਉਂਦੇ ਹਨ। ਆਪਣੀ ਸਮਝ ਨੂੰ ਕੋਈ ਕਸ਼ਟ ਨਹੀਂ ਦਿੰਦਾ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਛੱਡਣ ਦਾ ਕਸ਼ਟ ਨਹੀਂ ਦਿੰਦਾ, ਮਾਇਆ ਮੋਹ ਤਿਆਗਣ ਦਾ ਕਸ਼ਟ ਨਹੀਂ ਦਿੰਦਾ, ਆਪਣੀ ਝੂਠੀ ਮਤਿ ਛੱਡਕੇ ਗੁਰੂ ਦੀ ਸੱਚੀ ਮਤਿ ਅਨੁਸਾਰ ਛੱਡਣ ਦਾ ਕਸ਼ਟ ਨਹੀਂ ਦਿੰਦਾ, ਹਰ ਔਗੁਣ ਤਿਆਗਕੇ ਗੁਰੂ ਦੇ ਸਮਝਾਏ ਹੋਏ ਸੱਚੇ ਗੁਣਾਂ ਦੁਆਰਾ ਵਿਚਰਨ ਦਾ ਕਸ਼ਟ ਨਹੀਂ ਦਿੰਦਾ ਭਾਵ ਆਪਣੀ ਸੰਸਾਰਿਕ ਵਿਚਰਨ ਸੱਚੀ ਸੁੱਚੀ ਨਹੀਂ

ਬਣਾਉਂਦਾ ਜੋ

52/7328

ਮਾਰਗ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਭਗਤੀ ਦਾ ਮਾਰਗ ਹੈ, ਤਪ ਤਾਉ ਦਾ ਮਾਰਗ ਹੈ ਜੋ ਕਿ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਔਖਾ ਮਾਰਗ ਹੈ। **(ਭਉ ਖਲਾ ਅਗਨਿ ਤਪ ਤਾਉ ॥)**

ਅੰਮ੍ਰਿਤ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦੀ ਪ੍ਰਾਪਤੀ ਮਨ ਦਾ ਇਹੋ ਜਿਹਾ ਔਖਾਪਨ ਸਹਿਣ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੇ ਵਿਚਾਰਾਂ ਦੇ ਤੱਤ ਦੁਆਰਾ ਹੁੰਦੀ ਹੈ ਜਿਵੇਂ ਕਿ ਗੁਰੂ ਸਾਹਿਬ ਨੇ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ। ਸੁਨਿਆਰੇ ਦੇ ਭਾਂਡੇ ਨੂੰ ਭਾਵ ਉਸਦੀ ਕੁਟਾਲੀ ਨੂੰ ਜਿਸਦੇ ਵਿੱਚ ਉਹ ਸੋਨਾ ਢਾਲਕੇ ਪਾਉਂਦਾ ਹੈ ਉਸ ਭਾਂਡੇ ਨੂੰ ਸਾਡੇ ਭਾਉ ਦੇ ਨਾਲ ਜੋੜਿਆ ਹੋਇਆ ਹੈ ਭਾਵ ਗੁਰੂ ਦੇ ਨਾਲ ਸਾਡਾ ਪਿਆਰ ਕਹਿ ਕੇ ਸਮਝਾਇਆ ਹੋਇਆ ਹੈ ਤੇ ਉਸ ਭਾਂਡੇ ਵਿੱਚ ਜਿਸ ਚੀਜ ਨੂੰ ਉਹ ਢਾਲਕੇ ਪਾਉਂਦਾ ਹੈ ਭਾਵ ਢਾਲਣ ਤੋਂ ਬਾਅਦ ਉਸ ਵਿੱਚ ਜੋ ਸ਼ੁੱਧ ਸੋਨੇ ਨੂੰ ਪਾਉਂਦਾ ਹੈ, ਉਸ ਸ਼ੁੱਧ ਸੋਨੇ ਨੂੰ **"ਅੰਮ੍ਰਿਤੁ"** ਕਹਿ ਕੇ ਸਮਝਾਇਆ ਹੋਇਆ ਹੈ। ਗੁਰੂ ਦੇ ਨਾਲ ਸਾਡਾ ਭਾਉ ਪੈਣਾ ਭਾਵ ਸਾਡਾ ਪਿਆਰ ਪੈਣਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੀ ਹੈ। ਗੁਰਮਤਿ ਦੇ ਨਾਲ ਪਿਆਰ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਦੇ ਨਾਲ ਪਿਆਰ ਸਾਡਾ ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਹੈ ਜੋ ਪਿਆਰ ਉਸਦੀ ਗੁਰਮਤਿ ਨੂੰ ਸਮਝਕੇ ਪੂਰੀ ਤਰ੍ਹਾਂ ਉਸਤੇ ਚੱਲਣ ਦੇ ਨਾਲ ਹੀ ਪੈਂਦਾ ਹੈ। ਜਿਵੇਂ ਸੁਨਿਆਰੇ ਨੂੰ ਜਿਸ ਭਾਂਡੇ ਵਿੱਚ ਉਸਦਾ ਸ਼ੁੱਧ ਸੋਨਾ ਪਿਆ ਹੋਣ ਕਰਕੇ ਪਿਆਰ ਹੁੰਦਾ ਹੈ, ਉਸਨੂੰ ਉਹ ਭਾਂਡਾ ਬਹੁਤ ਪਿਆਰਾ ਲੱਗਦਾ ਹੈ, ਬੜਾ ਕੀਮਤੀ ਲੱਗਦਾ ਹੈ ਇਸੇ ਤਰ੍ਹਾਂ ਸ੍ਰਿਸ਼ਟੀ ਦੇ ਕਰਤੇ ਨੂੰ ਆਪਣਾ ਉਹ ਭਾਂਡਾ ਚੰਗਾ ਲੱਗਦਾ ਹੈ ਭਾਵ ਉਹ ਮਨੁੱਖੀ ਮਨ ਚੰਗਾ ਲੱਗਦਾ ਹੈ, ਉਹ ਮਨੁੱਖੀ ਸਮਝ ਪਿਆਰੀ ਲੱਗਦੀ ਹੈ ਜੋ ਮਨੁੱਖੀ ਸਮਝ ਉਸਦੇ ਭਉ ਨੂੰ ਮੰਨਣ ਦਾ ਔਖਾਪਨ ਸਹਿ ਲੈਂਦੀ ਹੈ, ਅਗਨ ਦੀ ਤਪਸ਼ ਸਹਿ ਲੈਂਦੀ ਹੈ ਤੇ ਫਿਰ ਉਹ ਆਪਣੇ ਇਹੋ ਜਿਹੇ ਭਾਂਡੇ ਵਿੱਚ ਜੋ ਉੱਚੀ ਸਮਝ, ਸ਼ੁੱਧ ਸਮਝ ਬਣਦੀ ਹੈ ਉਹ ਪੂਰਨ ਸ਼ੁੱਧੀ ਵਾਲੀ ਸਮਝ ਹੁੰਦੀ ਹੈ ਜਿਵੇਂ ਕਿ ਸੁਨਿਆਰ ਦਾ ਢਾਲਿਆ ਹੋਇਆ ਸੋਨਾ ਹੁੰਦਾ ਹੈ ਜਿਸਨੂੰ ਉਹ ਆਪਣੇ ਦੁਨਿਆਵੀ ਭਾਂਡੇ ਵਿੱਚ ਪਾ ਕੇ ਰੱਖਦਾ ਹੈ ਭਾਵ ਆਪਣੀ ਕੁਠਾਲੀ ਵਿੱਚ ਪਾ ਕੇ ਰੱਖਦਾ ਹੈ। ਸੁਨਿਆਰੇ ਦੇ ਉਸ ਸ਼ੁੱਧ ਸੋਨੇ ਨੂੰ ਗੁਰੂ ਦੇ ਅੰਮ੍ਰਿਤ ਦੇ ਬਰਾਬਰ ਕਿਹਾ ਹੈ ਭਾਵ ਗੁਰੂ ਦੇ ਨਾਮ ਦੇ ਬਰਾਬਰ ਕਿਹਾ ਹੈ ਭਾਵ ਗੁਰੂ ਦੀ ਉਸ ਉੱਚੀ ਸਮਝ ਦੇ ਬਰਾਬਰ ਕਿਹਾ ਹੈ ਜੋ ਗੁਰੂ ਦੀ ਉੱਚੀ ਸਮਝ ਹਰ ਖੋਟ ਤੋਂ ਰਹਿਤ ਹੈ ਭਾਵ ਖਰੇ ਸੋਨੇ ਦੀ ਤਰ੍ਹਾਂ ਖਰੀ ਹੈ ਭਾਵ ਪੂਰੀ ਤਰ੍ਹਾਂ ਭਰਮਾਂ ਦੀ ਮੈਲ ਤੋਂ ਰਹਿਤ ਹੈ, ਮਨ ਦੀ ਖੋਟੇ ਵਿਚਾਰਾਂ ਦੀ ਮੈਲ ਤੋਂ ਰਹਿਤ ਹੈ, ਹਉਮੈ ਦੀ ਮੈਲ ਤੋਂ ਰਹਿਤ ਹੈ। ਮਨ ਦੀ ਮੈਲ ਤੋਂ ਰਹਿਤ ਹੋਣਾ ਕੀ ਹੈ ਭਾਵ ਮਨੁੱਖ ਦਾ ਖਰਾ-ਖੋਟਾ ਹੋਣਾ ਕੀ ਹੈ, ਮਨ ਦੀ ਸ਼ੁੱਧੀ-ਅਸ਼ੁੱਧੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਰਾ ਭੇਦ ਮਨਮਤਿ ਤੇ ਗੁਰਮਤਿ ਵਾਲੀ ਸਮਝ ਦੇ ਵਿੱਚ ਹੈ, ਹਉਮੈ ਵਾਲੀ ਤੇ ਨਾਮ ਵਾਲੀ ਸਮਝ ਦੇ ਵਿੱਚ ਹੈ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ

52/7329

ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਤੇ ਸਿੱਧੇ ਕਮਲ ਵਾਲੀ ਸਮਝ ਵਿੱਚ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਬਹੁਤ ਔਖਾ ਹੈ ਮਨ ਦੀ ਮਾਇਆ ਵਾਲੀ ਜੁਗਤਿ ਵਿੱਚੋਂ ਨਿਕਲਣਾ ਜਿਸ ਵਿੱਚ ਮਨੁੱਖ ਦਾ ਆਪਣਾ ਕੋਈ ਵੱਸ ਨਹੀਂ ਹੈ ਤੇ ਇਸੇ ਲਈ ਕੋਈ ਆਪਣੇ ਆਪ ਅੰਮ੍ਰਿਤ ਦੀ ਪ੍ਰਾਪਤੀ ਕਰ ਲਵੇ ਭਾਵ ਨਾਮ ਦੀ ਪ੍ਰਾਪਤੀ ਕਰ ਲਵੇ ਭਾਵ ਆਪਣੇ ਆਪ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਆਪਣੇ ਅੰਦਰੋਂ ਜਾਣ ਲਵੇ ਇਹ ਨਹੀਂ ਹੋ ਸਕਦਾ। ਜਿਵੇਂ ਸੁਨਿਆਰਾ ਸੋਨੇ ਨੂੰ ਘੜਦਾ ਹੈ ਇਸੇ ਤਰੀਕੇ ਹੀ ਜੋ ਸ੍ਰਿਸ਼ਟੀ ਦਾ ਕਰਤਾ ਕਿਸੇ ਦੀ ਮਤਿ ਨੂੰ ਘੜਦਾ ਹੈ ਤਾਂ ਹੀ ਕੋਈ ਉਸਦੀ ਕ੍ਰਿਪਾ ਦੁਆਰਾ ਉਸਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥"

ਅੰਮ੍ਰਿਤ ਦਾ ਮਾਲਕ ਇੱਕੋ ਇੱਕ ਅਕਾਲ ਪੁਰਖ ਆਪ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੈ ਤੇ ਜਿਸ ਮਨੁੱਖ ਨੂੰ ਵੀ ਉਹ ਇਹ ਆਪਣਾ ਅੰਮ੍ਰਿਤ ਪਿਲਾਉਂਦਾ ਹੈ ਉਸ ਮਨੁੱਖੀ ਰੂਪ ਨੂੰ ਮਨ ਦੇ ਵਿੱਚ ਆਪਣਾ ਦਰਸ਼ਨ ਦੇਣ ਦੁਆਰਾ ਹੀ ਦਿੰਦਾ ਹੈ ਭਾਵ ਪਿਲਾਉਂਦਾ ਹੈ ਕਿਉਂਕਿ ਉਹ ਆਪ ਹੀ ਅੰਮ੍ਰਿਤ ਰੂਪ ਹੈ ਭਾਵ ਨਾਮ ਰੂਪ ਹੈ ਜਿਸ ਆਪਣੇ ਰੂਪ ਦੁਆਰਾ ਉਸਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ

ਹੈ ਤੇ ਰਚਨਾ ਕਰਕੇ ਆਪਣੇ ਨਾਮ ਦੁਆਰਾ ਹੀ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿਸਨੂੰ ਵੀ ਅਕਾਲ ਪੁਰਖ, ਅੱਲ੍ਹਾ ਆਪਣਾ ਨਾਮ ਰੂਪ ਅੰਮ੍ਰਿਤ ਬਖਸ਼ਦਾ ਹੈ ਉਸਦੀ ਭਰਮਾਂ ਵਾਲੀ ਮਤਿ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਘੜਦਾ ਹੈ ਭਾਵ ਉਸਨੂੰ ਸੌਂਪਦਾ ਹੈ ਤੇ ਉਸਦੀ ਨਾਸਮਝ ਮਤਿ ਨੂੰ ਘੜ ਕੇ **"ਸਬਦੁ ਰੂਪ"** ਮਤਿ ਬਣਾ ਦਿੰਦਾ ਹੈ। ਸਾਡੇ ਅੰਦਰ ਜੋ ਵੀ ਵਿਚਾਰ ਉਪਜਦੇ ਹਨ ਭਾਵੇਂ ਉਹ ਤ੍ਰੈ ਗੁਣਾਂ ਵਾਲੀ ਸਮਝ ਦੇ ਰੂਪ ਵਿੱਚ ਹੁੰਦੇ ਹਨ ਉਹ ਸਾਡੇ ਅੰਦਰ ਦੇ ਸ਼ਬਦ ਹੀ ਹੁੰਦੇ ਹਨ ਜਿਨ੍ਹਾਂ ਸ਼ਬਦਾਂ ਨੂੰ ਅਸੀਂ ਆਪਣੇ ਮੁੱਖੋਂ ਬੋਲਦੇ ਹਾਂ। ਜਦੋਂ ਸਾਡੇ ਅੰਦਰ ਦੇ ਉਪਜਣ ਵਾਲੇ ਵਿਚਾਰ ਅਕਾਲ ਪੁਰਖ ਦੀ ਉੱਚੀ ਸਮਝ ਦੁਆਰਾ, ਸੱਚੀ ਸਮਝ ਦੁਆਰਾ ਭਾਵ ਨਾਮ ਵਾਲੀ ਸਮਝ ਦੁਆਰਾ ਘੜੇ ਜਾਂਦੇ ਹਨ ਤਾਂ ਫਿਰ ਸਾਡੇ ਅੰਦਰ ਦੇ ਸ਼ਬਦ ਚੌਥੇ ਪਦ ਦੀ ਸਮਝ ਵਾਲੇ ਬਣ ਜਾਂਦੇ ਹਨ। ਪੂਰੀ ਗੁਰਬਾਣੀ ਵਿੱਚ ਚੌਥੇ ਪਦ ਦੇ ਗਿਆਨ ਵਾਲੇ ਸ਼ਬਦ ਹੀ ਹਨ ਜੋ ਸ਼ਬਦ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੇ ਅੰਦਰ ਪ੍ਰਗਟ ਹੋ ਕੇ ਅਕਾਲ ਪੁਰਖ ਨੇ ਆਪ ਹੀ ਘੜੇ ਹੋਏ ਹਨ ਜਿਸ ਕਰਕੇ ਗੁਰੂ ਗੁਰਬਾਣੀ ਦਾ ਹਰ ਸ਼ਬਦ ਸਾਨੂੰ ਪੂਰਨ ਸੱਚ ਹੀ ਸਮਝਾਉਂਦਾ ਹੈ। ਪ੍ਰਮਾਤਮਾ ਜਿੱਥੇ ਸਾਡੇ ਅੰਦਰ ਦੇ ਵਿਚਾਰਾਂ ਨੂੰ ਘੜਦਾ ਹੈ ਉਹੀ ਉਸਦੀ

ਟਕਸਾਲ ਹੈ ਜਿਸ ਟਕਸਾਲ ਵਿੱਚ ਉਹ ਆਪਣਾ ਪੂਰਨ ਸੱਚ ਹੀ ਸਮਝਾਉਂਦਾ ਹੈ ਜਿਸ ਕਰਕੇ ਇਹ ਮਨੁੱਖੀ ਮਨ ਉਸਦੀ ਸੱਚੀ ਟਕਸਾਲ ਹੈ। ਆਪਣੀ ਮਨ ਰੂਪ ਸੱਚੀ ਟਕਸਾਲ ਦੇ ਅੰਦਰ ਉਹ ਆਪ ਪ੍ਰਗਟ ਹੋ ਕੇ ਸਾਡੇ ਮਨ ਦੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਅਨੁਸਾਰ ਹੀ ਘੜਦਾ ਹੈ ਭਾਵ ਮਨੁੱਖ ਦੇ ਮਨਮਤਿ ਵਾਲੇ ਵਿਚਾਰਾਂ ਨੂੰ ਸ਼ਬਦ ਦੇ ਵਿਚਾਰਾਂ ਅਨੁਸਾਰ ਘੜਦਾ ਹੈ ਭਾਵ ਸਾਡੇ ਤ੍ਰੈ ਗੁਣਾਂ ਵਾਲੇ ਵਿਚਾਰਾਂ ਨੂੰ ਚੌਥੇ ਪਦ ਦੇ ਗਿਆਨ ਵਾਲੇ ਵਿਚਾਰਾਂ ਅਨੁਸਾਰ ਘੜਦਾ ਹੈ ਭਾਵ ਨਾਮ ਵਾਲੇ, ਬ੍ਰਹਮ ਗਿਆਨ ਵਾਲੇ ਸੱਚੇ ਵਿਚਾਰਾਂ ਅਨੁਸਾਰ ਘੜਦਾ ਹੈ ਜਿਨ੍ਹਾਂ ਵਿਚਾਰਾਂ ਦੁਆਰਾ ਉਹ ਪੂਰਨ ਸੱਚ ਦੀ ਸਮਝ ਪਾਉਂਦਾ ਹੈ ਤੇ ਮਨੁੱਖ ਨੂੰ ਭਰਮਾਂ ਵਾਲੇ ਵਿਚਾਰਾਂ ਦੀ ਸਮਝ ਵਿੱਚੋਂ ਪੂਰੀ ਤਰ੍ਹਾਂ ਕੱਢ ਲੈਂਦਾ ਹੈ ਜੋ ਸ਼ਬਦ ਦੇ ਵਿਚਾਰ ਸ੍ਰਿਸ਼ਟੀ ਦੇ ਕਰਤੇ ਦੀ ਪੂਰਨ ਸੱਚਾਈ ਸਮਝਾਉਂਦੇ ਹਨ, ਉਸਦੀ ਸ੍ਰਿਸ਼ਟੀ ਦਾ ਸੱਚ ਸਮਝਾਉਂਦੇ ਹਨ, ਉਸਦੀ ਭਗਤੀ ਦਾ ਸੱਚਾ ਮਾਰਗ ਸਮਝਾਉਂਦੇ ਹਨ, ਉਸਦਾ ਨਾਮ ਜਪਣ ਦਾ ਸੱਚਾ ਮਾਰਗ ਸਮਝਾਉਂਦੇ ਹਨ ਭਾਵ ਪੂਰੇ ਸੰਸਾਰ ਨੂੰ ਸੱਚੀ ਸਿੱਖਿਆ ਸਮਝਾਉਂਦੇ ਹਨ ਜਿਸ ਸੱਚੀ ਸਿੱਖਿਆ ਤੇ ਚੱਲਣ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਵੀ ਸੰਸਾਰੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜੋ ਕਿ ਸਭ ਦੇ ਅੰਦਰ ਹੀ ਹੈ। ਸਾਰੀ ਸੋਝੀ ਸਾਨੂੰ ਸ਼ਬਦਾਂ ਦੁਆਰਾ ਪੈਂਦੀ ਹੈ ਤੇ ਸ਼ਬਦਾਂ ਦੇ ਅੰਦਰ ਦੀ ਸੋਝੀ ਦਾ ਮਾਲਕ ਭਾਵ ਗਿਆਨ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਕਿ ਸ਼ਬਦਾਂ ਦੇ ਅੰਦਰ ਦੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਤੇ ਇਸੇ ਲਈ ਸ਼ਬਦ ਹੀ ਗੁਰੂ ਹੈ ਤੇ ਇਸ ਗੱਲ ਤੇ ਪੂਰਨ ਵਿਸ਼ਵਾਸ ਉਸਨੂੰ ਹੀ ਆ ਸਕਦਾ ਹੈ ਜੋ ਆਪਣੇ ਅੰਦਰੋਂ ਅਕਾਲ ਪੁਰਖ ਦੀ ਸੱਚੀ ਟਕਸਾਲ ਨੂੰ ਜਾਣ ਲੈਂਦਾ ਹੈ ਜਿਸ ਟਕਸਾਲ ਵਿੱਚ ਉਹ ਮਨੁੱਖੀ ਵਿਚਾਰਾਂ ਨੂੰ ਘੜ ਕੇ ਉਨ੍ਹਾਂ ਨੂੰ ਆਪਣਾ ਸ਼ਬਦ ਰੂਪ ਦਿੰਦਾ ਹੈ ਭਾਵ ਆਪਣਾ ਗੁਰੂ ਰੂਪ ਦਿੰਦਾ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ ਜੋ ਕਿ ਕੇਵਲ ਤੇ ਕੇਵਲ ਉਹ ਆਪ ਹੀ ਸਾਰੇ ਗਿਆਨ ਦਾ ਮਾਲਕ ਹੈ। **(ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥)**

ਜਿਸ ਮਨੁੱਖੀ ਮਨ ਦੇ ਵਿੱਚ ਪ੍ਰਮਾਤਮਾ ਆਪਣਾ ਸ਼ਬਦ ਰੂਪ ਅੰਮ੍ਰਿਤ ਪਿਲਾਉਂਦਾ ਹੈ ਭਾਵ ਆਪਣਾ ਚੌਥੇ ਪਦ ਦਾ ਗਿਆਨ ਬਖਸ਼ਦਾ ਹੈ ਇਹੀ ਉਸਦੀ ਕਿਸੇ ਮਨੁੱਖ ਤੇ ਆਪਣੀ ਸਭ ਤੋਂ ਵੱਡੀ ਕ੍ਰਿਪਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥"

ਜਿਨ੍ਹਾਂ ਮਨੁੱਖੀ ਸਰੀਰਾਂ ਨੂੰ ਆਪਣਾ ਅੰਮ੍ਰਿਤ ਨਾਮ ਬਖਸ਼ਣ ਦੁਆਰਾ ਜੋ ਉਨ੍ਹਾਂ ਮਨੁੱਖਾਂ ਤੇ ਆਪਣੀ ਇਤਨੀ ਵੱਡੀ ਕ੍ਰਿਪਾ ਕਰਦਾ ਹੈ, ਇਤਨਾ ਵੱਡਾ ਕਰਮ ਕਰਦਾ ਹੈ, ਕਿਸੇ ਮਨੁੱਖ ਨੂੰ ਆਪਣੀ ਮਿਹਰ ਦੇ ਨਾਲ ਨਿਹਾਲ ਕਰਦਾ ਹੈ ਉਹ ਕਿਸ ਮਕਸਦ ਲਈ ਕਰਦਾ ਹੈ ਉਪਰ ਵਾਲੀਆਂ ਪੰਗਤੀਆਂ ਰਾਹੀਂ ਇਹੀ ਸਪਸ਼ਟ ਕੀਤਾ ਹੋਇਆ ਹੈ। ਉਨ੍ਹਾਂ ਸਰੀਰਾਂ ਨੂੰ ਉਹ ਉਹੋ ਜਿਹੀ ਕਾਰ ਕਰਨੀ ਸਮਝਾਉਂਦਾ ਹੈ ਜਿਹੋ ਜਿਹੀ ਕਾਰ ਕਰਨੀ ਭਾਵ ਜਿਹੋ ਜਿਹੀ ਉਨ੍ਹਾਂ ਦੀ ਸੰਸਾਰਿਕ ਵਿਚਰਨ ਹੋਣੀ ਚਾਹੀਦੀ ਹੈ, ਉਹ ਮਨ ਦੀ ਸਮਝ ਰਾਹੀਂ ਹੀ ਇਹ ਸਮਝਾਉਂਦਾ ਹੈ ਭਾਵ ਉਨ੍ਹਾਂ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਆਪਣਾ ਨਾਮ ਜਪਣਾ ਹੀ ਸਮਝਾਉਂਦਾ ਹੈ। ਜਿਹੋ ਜਿਹਾ ਨਾਮ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸਮਝਾਇਆ ਹੈ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਜਿਹੋ ਜਿਹੀ ਕਾਰ ਆਪਣੇ ਜੀਵਨ ਵਿੱਚ ਕੀਤੀ ਹੈ ਉਹੋ ਜਿਹੀ ਕਰਨੀ ਹੀ ਉਨ੍ਹਾਂ ਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਪੂਰੇ ਸੰਸਾਰ ਨੂੰ

ਸਮਝਾਈ ਹੈ ਭਾਵ ਜਿਹੋ ਜਿਹਾ ਅਕਾਲ ਪੁਰਖ ਦਾ ਨਾਮ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਜਪਿਆ ਹੈ ਉਹੋ ਜਿਹਾ

52/7331

ਨਾਮ ਜਪਣਾ ਹੀ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸਮਝਾਇਆ ਹੈ ਭਾਵ ਜਿਹੋ ਜਿਹੇ ਸੱਚੇ ਸੁੱਚੇ ਕਰਮ ਉਨ੍ਹਾਂ ਨੇ ਆਪਣੇ ਜੀਵਨ ਦੀ ਵਿਚਰਨ ਵਿੱਚ ਕੀਤੇ ਹਨ ਉਹੋ ਜਿਹੇ ਸੱਚੇ ਸੁੱਚੇ ਕਰਮ ਕਰਨੇ ਹੀ ਸਾਰੇ ਸੰਸਾਰ ਨੂੰ ਸਮਝਾਏ ਹਨ, ਜਿਹੋ ਜਿਹੇ ਭਗਤੀ ਦੇ ਝੂਠੇ ਤਰੀਕਿਆਂ ਨੂੰ ਉਨ੍ਹਾਂ ਨੇ ਆਪ ਨਹੀਂ ਅਪਨਾਇਆ ਉਹੋ ਜਿਹੇ ਭਗਤੀ ਦੇ ਝੂਠੇ ਤਰੀਕੇ ਛੱਡਣ ਲਈ ਹੀ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸਮਝਾਇਆ ਹੈ ਭਾਵ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਕੋਲੋਂ ਜੋ ਕੁਝ ਸੁਣਿਆ ਹੈ ਉਹੀ ਪੂਰੀ ਗੁਰਬਾਣੀ ਰਾਹੀਂ ਉਨ੍ਹਾਂ ਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਰੇ ਸੰਸਾਰ ਨੂੰ ਸੁਣਾਇਆ ਹੈ, ਜਿਸ ਤਰੀਕੇ ਸ੍ਰਿਸ਼ਟੀ ਦੇ ਕਰਤੇ ਨੂੰ ਉਨ੍ਹਾਂ ਨੇ ਆਪ ਆਪਣੇ ਅੰਦਰੋਂ ਜਾਣਿਆ ਹੈ ਉਸੇ ਤਰੀਕੇ ਹੀ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਸਮਝਾਇਆ ਹੈ। ਜਿਸ ਤਰੀਕੇ ਉਨ੍ਹਾਂ ਨੂੰ ਆਪ ਸ੍ਰਿਸ਼ਟੀ ਦੇ ਕਰਤੇ ਨੇ ਮਨ ਦੇ ਹਰ ਭਰਮ ਵਿੱਚੋਂ ਕੱਢਿਆ ਹੈ, ਮਾਇਆ ਦੀ ਜੁਗਤਿ ਵਿੱਚੋਂ ਕੱਢਿਆ ਹੈ, ਹਉਮੈ ਵਾਲੀ ਸਮਝ ਵਿੱਚੋਂ ਕੱਢਿਆ ਹੈ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਿਆ ਹੈ, ਪੁੱਠੇ ਕਮਲ ਵਾਲੀ ਸਮਝ ਵਿੱਚੋਂ ਕੱਢਿਆ ਹੈ ਭਾਵ ਮਨ ਦੀ ਨਾਸਮਝ ਮਤਿ ਵਿੱਚੋਂ, ਮਨਮਤਿ ਵਿੱਚੋਂ ਕੱਢਿਆ ਹੈ ਜੋ ਕਿ ਅਕਾਲ ਪੁਰਖ ਨੇ ਮਨ ਦੇ ਵਿੱਚ ਆਪਣੀ ਸੱਚੀ ਗੁਰਮਤਿ ਸਮਝਾਉਣ ਦੁਆਰਾ ਕੱਢਿਆ ਹੈ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਕੱਢਿਆ ਹੈ ਭਾਵ ਚੌਥੇ ਪਦ ਵਾਲਾ ਗਿਆਨ ਬਖਸ਼ਣ ਦੁਆਰਾ ਕੱਢਿਆ ਹੈ ਉਹ ਚੌਥੇ ਪਦ ਵਾਲਾ ਗਿਆਨ ਹੀ ਉਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਪਾਇਆ ਹੈ ਜਿਸ ਚੌਥੇ ਪਦ ਦੇ ਗਿਆਨ ਵਾਲੀ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਸੰਸਾਰ ਦਾ ਕੋਈ ਵੀ ਮਨੁੱਖ ਆਪਣੀ ਭਰਮਾਂ ਨਾਲ ਭਰੀ ਹੋਈ ਨਾਸਮਝ ਮਤਿ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਭਾਵ ਸੱਚਾ ਉੱਦਮ ਕਰ ਸਕਦਾ ਹੈ ਤੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ। ਪੂਰੀ ਗੁਰਬਾਣੀ ਸਾਰੇ ਸੰਸਾਰ ਨੂੰ ਇਹ ਨਾਮ ਜਪਣਾ ਹੀ ਸਿਖਾ ਰਹੀ ਹੈ ਕਿ ਅਸੀਂ ਮਨ ਦੀ ਨਾਸਮਝ ਮਤਿ ਨੂੰ ਛੱਡਕੇ ਉਹੋ ਜਿਹੇ ਕਰਮ ਕਰੀਏ, ਉਹੋ ਜਿਹੇ ਚੰਗੇ ਕੰਮ ਕਰੀਏ, ਉਹੋ ਜਿਹੀ ਚੰਗੀ ਕਾਰ ਕਰੀਏ ਜਿਸ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਉਨ੍ਹਾਂ ਦੀ ਮਤਿ ਪਿੱਛੇ ਨਾ ਲੱਗੀਏ ਜੋ ਸਾਨੂੰ ਗੁਰੂ ਦੀ ਮਤਿ ਤੋਂ ਉਲਟ ਭਗਤੀ ਦਾ ਮਾਰਗ ਸਮਝਾਉਂਦੇ ਹਨ, ਕਿਸੇ ਅੱਖਰ ਦੇ ਬੋਲੀ ਜਾਣ ਨੂੰ ਹੀ ਨਾਮ ਜਪਣਾ ਸਮਝਾਉਂਦੇ ਹਨ। **(ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥)**

ਉਪਰ ਸ਼ਬਦ ਵਿੱਚ ਮਨ ਦੇ **"ਭਉ"** ਦੀ ਗੱਲ ਵੀ ਆਈ ਹੈ, ਮਨ ਦੇ ਭਾਉ ਦੀ ਭਾਵ ਪਿਆਰ ਦੀ ਗੱਲ ਵੀ ਆਈ ਹੈ, ਮਨ ਰੂਪ ਭਾਂਡੇ ਦੀ ਗੱਲ ਵੀ ਆਈ ਹੈ, ਮਨ ਦੇ ਵਿਚਾਰਾਂ ਦੀ ਘਾੜਤ ਦੀ ਵੀ ਗੱਲ ਆਈ ਹੈ ਜੋ ਸਾਰੀਆਂ ਗੱਲਾਂ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜੀਆਂ ਹੋਈਆਂ ਹਨ, ਮਨ ਦੇ ਗਿਆਨ ਦੇ ਨਾਲ ਹੀ ਜੁੜੀਆਂ ਹੋਈਆਂ ਹਨ। ਕਿਸੇ ਦੇ ਮਨ ਦੀ ਸਮਝ ਕਿਹੋ ਜਿਹੀ ਹੈ

52/7332

ਸਾਰੀ ਗੱਲ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਤੇ ਭਗਤੀ ਦੇ ਮਾਰਗ ਤੇ ਚੱਲਣ ਵਿੱਚ ਮਨ ਦੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ। ਸ੍ਰਿਸ਼ਟੀ ਦਾ ਕਰਤਾ ਸਾਡੇ ਸਭ ਦੇ ਅੰਦਰ ਹੀ ਹੈ ਜਿਸ ਗੱਲ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਰਚੀ ਹੋਈ ਗੁਰਬਾਣੀ ਦੁਆਰਾ ਸਮਝਾਉਣ ਵਿੱਚ ਕੋਈ ਕਸਰ ਨਹੀਂ ਹੈ ਭਾਵ ਅਗਰ ਕੋਈ ਵੀ ਮਨੁੱਖ ਪੂਰੀ ਸ੍ਰਿਸ਼ਟੀ ਵਿੱਚ ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾੱਡ ਨੂੰ, ਵਾਹਿਗੁਰੂ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਆਪਣੇ ਅੰਦਰੋਂ ਜਾਨਣਾ ਚਾਹੁੰਦਾ ਹੈ ਫਿਰ ਉਸਨੂੰ ਕੇਵਲ ਤੇ ਕੇਵਲ ਆਪਣੀ ਉਹ ਸਮਝ ਛੱਡਣ ਦੀ ਲੋੜ ਹੈ ਭਾਵ ਭਰਮਾਂ ਵਾਲੀ ਸਮਝ ਛੱਡਣ ਦੀ ਲੋੜ ਹੈ ਜਿਸਨੂੰ ਛੱਡੇ ਬਿਨਾਂ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਉੱਦਮ ਸਮਝੇ ਭਾਵ ਉਹੋ ਜਿਹੇ ਭਗਤੀ ਦੇ ਤਰੀਕਿਆਂ ਨਾਲ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲਵੇ ਜਿਨ੍ਹਾਂ ਭਗਤੀ ਦੇ ਤਰੀਕਿਆਂ ਦਾ ਗੁਰਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਇਹ ਵੀ ਉਹੋ ਜਿਹੇ ਤਰੀਕੇ ਅਪਨਾਉਣ ਵਾਲਿਆਂ ਦਾ ਇੱਕ ਵੱਡਾ ਭਰਮ ਹੈ ਤੇ ਇਸ ਭਰਮ ਨੂੰ ਸਭ ਦੇ ਲਈ ਭਾਵ ਸੰਸਾਰ ਦੇ ਹਰ ਮਨੁੱਖ ਲਈ ਛੱਡਣ ਦੀ ਸਭ ਤੋਂ ਪਹਿਲੀ ਲੋੜ ਹੈ। ਇਹੋ ਜਿਹੇ ਭਰਮਾਂ ਵਿੱਚ ਪੈ ਕੇ ਭਾਵ ਭਗਤੀ ਵਿੱਚ ਝੂਠੇ ਤਰੀਕੇ ਅਪਨਾ ਕੇ ਇੱਕ ਤਾਂ ਅਸੀਂ ਆਪਣੇ ਸਰੀਰ ਨੂੰ ਦੁੱਖੀ ਕਰਦੇ ਹਾਂ ਉਲਟਾ ਸ੍ਰਿਸ਼ਟੀ ਦੇ ਕਰਤੇ ਨੂੰ ਨਾਰਾਜ ਕਰਦੇ ਹਾਂ ਭਾਵ ਕੇਵਲ ਆਪਣੀ ਖੁਆਰੀ ਕਰਦੇ ਹਾਂ। ਜੇਕਰ ਕੇਵਲ ਤੇ ਕੇਵਲ ਸੱਚੇ ਸੁੱਚੇ ਕਰਮ ਕਰਨ ਦੁਆਰਾ, ਸਰੀਰ ਨੂੰ ਕੋਈ ਕਸ਼ਟ ਦਿੱਤੇ ਬਿਨਾਂ ਭਾਵ ਕੇਵਲ ਮਨ ਨੂੰ ਸਮਝਾਉਣ ਦੇ ਨਾਲ, ਬਿਨਾਂ ਕਿਸੇ ਦਾ ਮਾੜਾ ਕੀਤੇ ਭਾਵ ਕੇਵਲ ਔਗੁਣ ਛੱਡਣ ਨਾਲ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣ ਨਾਲ ਅਸੀਂ ਭਾਵ ਸ੍ਰਿਸ਼ਟੀ ਦਾ ਹਰ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਕਹੇ ਮੁਤਾਬਿਕ ਉਸਨੂੰ ਕੋਈ ਵੀ ਜਾਣ ਸਕਦਾ ਹੈ ਫਿਰ ਕੀ ਲੋੜ ਹੈ ਕਿ ਅਸੀਂ ਉਹੋ ਜਿਹੇ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਦੇ ਤਰੀਕੇ ਅਪਨਾਈਏ ਜਿਹੋ ਜਿਹੇ ਤਰੀਕੇ ਉਸਨੇ ਆਪਣੀ ਗੁਰਬਾਣੀ ਰਾਹੀਂ ਆਪ ਹੀ ਅਪਨਾਉਣ ਤੋਂ ਮਨ੍ਹਾਂ ਕੀਤਾ ਹੋਇਆ ਹੈ। ਅਸੀਂ ਵਿਅਰਥ ਵਿੱਚ ਹੀ ਆਪਣੇ ਅੰਦਰ ਇਹੋ ਜਿਹੇ ਭਉ ਪਾਲੇ ਹੋਏ ਹਨ। ਸਾਡਾ ਅਸਲ ਭਉ ਗੁਰੂ ਨਾਲ ਕੀ ਹੋਣਾ ਚਾਹੀਦਾ ਹੈ, ਜਿਸ ਭਉ ਨੂੰ ਮੰਨਣ ਦੇ ਨਾਲ ਸਾਡਾ ਅੱਲ੍ਹਾ, ਪ੍ਰਮਾਤਮਾ ਦੇ ਨਾਲ ਪਿਆਰ ਭਾਵ ਭਾਉ ਜੁੜਦਾ ਹੈ ਇਸ ਗੱਲ ਲਈ ਕੇਵਲ ਆਪਣੇ ਮਨ ਰੂਪ ਭਾਂਡੇ ਦੀ ਸਮਝ ਨੂੰ ਗੁਰੂ ਦੇ ਸ਼ਬਦਾਂ ਦੀ ਸਮਝ ਦੇ ਨਾਲ ਘੜਨ ਦੀ ਲੋੜ ਹੈ ਜਿਸ ਘਾੜਤ ਨਾਲ ਅਸੀਂ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰ ਸਕਦੇ ਹਾਂ ਇਸ ਤੋਂ ਬਿਨਾਂ ਪੂਰੇ ਸੰਸਾਰ ਵਿੱਚ ਕੋਈ ਹੋਰ ਐਸਾ ਉੱਦਮ ਨਹੀਂ ਹੈ ਭਾਵ ਉਸਦੀ ਭਗਤੀ ਦਾ ਸੱਚਾ ਮਾਰਗ ਨਹੀਂ ਹੈ ਜਿਸ ਦੁਆਰਾ ਉਸਨੂੰ ਕੋਈ ਆਪਣੇ ਅੰਦਰੋਂ ਜਾਣ ਸਕੇ।

ਮਨ ਦੇ ਭਉ ਨੂੰ, ਭਾਉ ਨੂੰ, ਮਨ ਰੂਪ ਭਾਂਡੇ ਨੂੰ ਤੇ ਮਨ ਦੀ ਘਾੜਤ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਆਪਣੇ ਹੀ ਲਿਖਵਾਏ ਹੋਏ ਸ਼ਬਦਾਂ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਕੋਈ ਵੀ ਗੱਲ ਸਮਝਣ ਵਿੱਚ ਕੋਈ ਭਰਮ ਨਾ ਰਹੇ ਕਿਉਂਕਿ ਇਹ ਮਨ ਦਾ ਭਰਮ ਹੀ ਸਾਡਾ ਮਨ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਸਾਡਾ ਸ੍ਰਿਸ਼ਟੀ ਦੇ ਕਰਤੇ ਨਾਲੋਂ ਵਿਛੋੜੇ ਦਾ ਕਾਰਣ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਆਪਣੇ

52/7333

ਨਾਲੋਂ ਵਿਛੋੜਾ ਦੂਰ ਕਰਨ ਦਾ ਸਾਧਨ ਵੀ ਸ੍ਰਿਸ਼ਟੀ ਦੇ ਕਰਤੇ ਨੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਆਪ ਹੀ ਬਣਾਇਆ ਹੋਇਆ ਹੈ ਜੋ ਸਾਡਾ ਵਿਛੋੜਾ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਸਮਝ ਕੇ ਤੇ ਉਸਨੂੰ ਮੰਨਕੇ ਭਾਵ ਉਸਤੇ ਅਮਲ ਕਰਕੇ ਹੀ ਦੂਰ ਹੋ ਸਕਦਾ ਹੈ ਨਾ ਕਿ ਧਰਮ ਗ੍ਰੰਥਾਂ ਦੀ ਕੇਵਲ ਕਥਨੀ ਕਰਨ ਦੁਆਰਾ ਜਿਵੇਂ ਕਿ ਹਰ ਪਾਸੇ ਕਥਨੀ ਦਾ ਹੀ ਪ੍ਰਚਾਰ ਕੀਤਾ ਜਾਂਦਾ ਹੈ ਨਾ ਕਿ ਅਮਲ ਕਰਨ ਦਾ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹਾ ਭਗਤੀ ਦਾ ਮਾਰਗ ਹੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਝੂਠੇ ਭਉ ਨੂੰ ਛੱਡ ਕੇ ਸੱਚੇ ਭਉ ਨਾਲ ਜੁੜੀਏ ਜਿਸ ਗੁਰੂ ਦੇ ਭਉ ਨੂੰ ਮੰਨਣ ਨਾਲ ਸਾਡਾ ਗੁਰੂ ਦੇ ਨਾਲ ਭਾਉ ਜੁੜਦਾ ਹੈ ਜਿਸ ਲਈ ਅਸੀਂ ਆਪਣੇ ਮਨ ਰੂਪ ਭਾਂਡੇ ਦੀ ਸਮਝ ਨੂੰ ਗੁਰੂ ਦੇ ਸ਼ਬਦਾਂ ਦੀ ਸੱਚੀ ਸਮਝ ਦੇ ਨਾਲ ਘੜੀਏ।

ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥
ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

ਪਉੜੀ ॥

{ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥ ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥ ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥}

(ਅੰਗ ੧੨੯੯)

ਗਉੜੀ ਗੁਆਰੇਰੀ ਮਹਲਾ ੫ ॥

{ਤਿਸ ਕੀ ਸਰਣਿ ਨਾਹੀ ਭਉ ਸੋਗੁ ॥ ਉਸ ਤੇ ਬਾਹਰਿ ਕਛੂ ਨ ਹੋਗੁ ॥ ਤਜੀ ਸਿਆਣਪ ਬਲ ਬੁਧਿ ਬਿਕਾਰ ॥
ਦਾਸ ਅਪਨੇ ਕੀ ਰਾਖਨਹਾਰ ॥੧॥ ਜਪਿ ਮਨ ਮੇਰੇ ਰਾਮ ਰਾਮ ਰੰਗਿ ॥
ਘਰਿ ਬਾਹਰਿ ਤੇਰੈ ਸਦ ਸੰਗਿ ॥੧॥ ਰਹਾਉ ॥ ਤਿਸ ਕੀ ਟੇਕ ਮਨੈ ਮਹਿ ਰਾਖੁ ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥ ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥੨॥
ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ ॥ ਕਰਣ ਕਰਾਵਨਹਾਰ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ ॥੩॥ ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥
ਜਾ ਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥੪॥੭॥੭੬॥}

(ਅੰਗ ੧੭੭)

ਰਾਮਕਲੀ ਮਹਲਾ ੩ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ ॥
ਆਵਣੁ ਜਾਣੁ ਬਿਭੂਤਿ ਲਾਇ ਜੋਗੀ ਤਾ ਤੀਨਿ ਭਵਣ ਜਿਣਿ ਲਇਆ ॥੧॥ ਐਸੀ ਕਿੰਗੁਰੀ ਵਜਾਇ ਜੋਗੀ ॥
ਜਿਤੁ ਕਿੰਗੁਰੀ ਅਨਹਦੁ ਵਾਜੈ ਹਰਿ ਸਿਉ ਰਹੈ ਲਿਵ ਲਾਇ ॥੧॥ ਰਹਾਉ ॥
ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ ॥
ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ ॥੨॥

ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ ॥
ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ ॥੩॥
ਇਤੁ ਕਿੰਗੁਰੀ ਧਿਆਨੁ ਨ ਲਾਗੈ ਜੋਗੀ ਨਾ ਸਚੁ ਪਲੈ ਪਾਇ ॥
ਇਤੁ ਕਿੰਗੁਰੀ ਸਾਂਤਿ ਨ ਆਵੈ ਜੋਗੀ ਅਭਿਮਾਨੁ ਨ ਵਿਚਹੁ ਜਾਇ ॥੪॥
ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ ॥
ਗੁਰਮੁਖਿ ਹੋਵਹਿ ਤਾ ਤੰਤੀ ਵਾਜੈ ਇਨ ਬਿਧਿ ਤ੍ਰਿਸਨਾ ਖੰਡੀ ॥੫॥
ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ॥ ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ ॥੬॥
ਨਦਰੀ ਆਵਦਾ ਸਭੁ ਕਿਛੁ ਬਿਨਸੈ ਹਰਿ ਸੇਤੀ ਚਿਤੁ ਲਾਇ ॥
ਸਤਿਗੁਰ ਨਾਲਿ ਤੇਰੀ ਭਾਵਨੀ ਲਾਗੈ ਤਾ ਇਹ ਸੋਝੀ ਪਾਇ ॥੭॥
ਏਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ ਪਰਭਵਣੁ ਕਰਹਿ ॥
ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ ॥੮॥
ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ ॥
ਅਨੇਕ ਜਤਨ ਭੇਖ ਕਰੇ ਜੋਗੀ ਰੋਗੁ ਨ ਜਾਇ ਗਵਾਇਆ ॥੯॥
ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ ॥ ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ ॥੧੦॥
ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ ॥
ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ॥੧੧॥ ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ॥
ਕਹੈ ਨਾਨਕੁ ਮੁਕਤਿ ਹੋਵਹਿ ਜੋਗੀ ਸਾਚੇ ਰਹਹਿ ਸਮਾਇ ॥੧੨॥੧॥੧੦॥}

(ਅੰਗ ੯੦੮-੯੦੯)

ਮਾਰੂ ਮਹਲਾ ੧ ॥

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥ ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥
ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥
ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥
ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥ ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ॥
ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥ ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥
ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥ ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥
ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥੬॥ ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥
ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥
ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥

ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥੮॥੩॥}

(ਅੰਗ ੧੦੧੦)

ਮਾਰੂ ਮਹਲਾ ੩ ॥

{ਸਤਿਗੁਰੁ ਸੇਵਨਿ ਸੇ ਵਡਭਾਗੀ ॥ ਅਨਦਿਨੁ ਸਾਚਿ ਨਾਮਿ ਲਿਵ ਲਾਗੀ ॥
ਸਦਾ ਸੁਖਦਾਤਾ ਰਵਿਆ ਘਟ ਅੰਤਰਿ ਸਬਦਿ ਸਚੈ ਓਮਾਹਾ ਹੇ ॥੧॥ ਨਦਰਿ ਕਰੇ ਤਾ ਗੁਰੂ ਮਿਲਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਹਰਿ ਮਨਿ ਵਸਿਆ ਸਦਾ ਸੁਖਦਾਤਾ ਸਬਦੇ ਮਨਿ ਓਮਾਹਾ ਹੇ ॥੨॥
ਕ੍ਰਿਪਾ ਕਰੇ ਤਾ ਮੇਲਿ ਮਿਲਾਏ ॥ ਹਉਮੈ ਮਮਤਾ ਸਬਦਿ ਜਲਾਏ ॥
ਸਦਾ ਮੁਕਤੁ ਰਹੈ ਇਕ ਰੰਗੀ ਨਾਹੀ ਕਿਸੈ ਨਾਲਿ ਕਾਹਾ ਹੇ ॥੩॥ ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ ॥
ਬਿਨੁ ਸਬਦੈ ਕੋਇ ਨ ਪਾਵੈ ਪਾਰਾ ॥ ਜੋ ਸਬਦਿ ਰਾਤੇ ਮਹਾ ਬੈਰਾਗੀ ਸੋ ਸਚੁ ਸਬਦੇ ਲਾਹਾ ਹੇ ॥੪॥
ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ ॥ ਦੂਜਾ ਭਾਉ ਆਪਿ ਵਰਤਾਇਆ ॥
ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ ਮਨਮੁਖ ਕਾ ਕਿਆ ਵੇਸਾਹਾ ਹੇ ॥੫॥ ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥
ਗੁਰ ਕੇ ਭੈ ਕੀ ਸਾਰ ਨ ਜਾਣਹਿ ॥ ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ ॥੬॥
ਅਫਰਿਓ ਜਮੁ ਮਾਰਿਆ ਨ ਜਾਈ ॥ ਗੁਰ ਕੈ ਸਬਦੇ ਨੇੜਿ ਨ ਆਈ ॥
ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥ ਹਰਿ ਜੀਉ ਕੀ ਹੈ ਸਭ ਸਿਰਕਾਰਾ ॥
ਏਹੁ ਜਮੁ ਕਿਆ ਕਰੇ ਵਿਚਾਰਾ ॥ ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ ॥੮॥
ਗੁਰਮੁਖਿ ਸਾਚੈ ਕੀਆ ਅਕਾਰਾ ॥ ਗੁਰਮੁਖਿ ਪਸਰਿਆ ਸਭੁ ਪਾਸਾਰਾ ॥
ਗੁਰਮੁਖਿ ਹੋਵੈ ਸੋ ਸਚੁ ਬੂਝੈ ਸਬਦਿ ਸਚੈ ਸੁਖੁ ਤਾਹਾ ਹੇ ॥੯॥ ਗੁਰਮੁਖਿ ਜਾਤਾ ਕਰਮਿ ਬਿਧਾਤਾ ॥
ਜੁਗ ਚਾਰੇ ਗੁਰ ਸਬਦਿ ਪਛਾਤਾ ॥ ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ ॥੧੦॥
ਗੁਰਮੁਖਿ ਨਾਮਿ ਸਬਦਿ ਸਾਲਾਹੇ ॥ ਅਗਮ ਅਗੋਚਰ ਵੇਪਰਵਾਹੇ ॥
ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ ॥੧੧॥ ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥
ਗੁਰਮੁਖਿ ਹਿਰਦੈ ਨਾਮੁ ਵਸਾਏ ॥ ਗੁਰਮੁਖਿ ਹੋਵੈ ਸੋ ਨਾਮੁ ਬੂਝੈ ਕਾਟੇ ਦੁਰਮਤਿ ਫਾਹਾ ਹੇ ॥੧੨॥
ਗੁਰਮੁਖਿ ਉਪਜੈ ਸਾਚਿ ਸਮਾਵੈ ॥ ਨਾ ਮਰਿ ਜੰਮੈ ਨ ਜੂਨੀ ਪਾਵੈ ॥
ਗੁਰਮੁਖਿ ਸਦਾ ਰਹਹਿ ਰੰਗਿ ਰਾਤੇ ਅਨਦਿਨੁ ਲੈਦੇ ਲਾਹਾ ਹੇ ॥੧੩॥ ਗੁਰਮੁਖਿ ਭਗਤ ਸੋਹਹਿ ਦਰਬਾਰੇ ॥
ਸਚੀ ਬਾਣੀ ਸਬਦਿ ਸਵਾਰੇ ॥ ਅਨਦਿਨੁ ਗੁਣ ਗਾਵੈ ਦਿਨੁ ਰਾਤੀ ਸਹਜ ਸੇਤੀ ਘਰਿ ਜਾਹਾ ਹੇ ॥੧੪॥
ਸਤਿਗੁਰੁ ਪੂਰਾ ਸਬਦੁ ਸੁਣਾਏ ॥ ਅਨਦਿਨੁ ਭਗਤਿ ਕਰਹੁ ਲਿਵ ਲਾਏ ॥
ਹਰਿ ਗੁਣ ਗਾਵਹਿ ਸਦ ਹੀ ਨਿਰਮਲ ਨਿਰਮਲ ਗੁਣ ਪਾਤਿਸਾਹਾ ਹੇ ॥੧੫॥ ਗੁਣ ਕਾ ਦਾਤਾ ਸਚਾ ਸੋਈ ॥
ਗੁਰਮੁਖਿ ਵਿਰਲਾ ਬੂਝੈ ਕੋਈ ॥ ਨਾਨਕ ਜਨੁ ਨਾਮੁ ਸਲਾਹੇ ਬਿਗਸੈ ਸੋ ਨਾਮੁ ਬੇਪਰਵਾਹਾ ਹੇ ॥੧੬॥੨॥੧੧॥}

(ਅੰਗ ੧੦੫੪-੧੦੫੫)

52/7334

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ॥

ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

ਸਲੋਕੁ ਮਃ ੩ ॥

{ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥
ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥
ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥ ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ॥
ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥ ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ॥
ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥ ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥
ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥}

(ਅੰਗ ੫੧੬)

ਰਾਮਕਲੀ ਮਹਲਾ ੫ ॥

{ਈਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥ ਊਪਰਿ ਚਰਨ ਤਲੈ ਆਕਾਸੁ ॥
ਘਟ ਮਹਿ ਸਿੰਧੁ ਕੀਓ ਪਰਗਾਸੁ ॥੧॥ ਐਸਾ ਸੰਮ੍ਰਥੁ ਹਰਿ ਜੀਉ ਆਪਿ ॥
ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ ॥੧॥ ਰਹਾਉ ॥
ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥ ਭੈ ਤੇ ਨਿਰਭਉ ਡਰਤਾ ਫਿਰੈ ॥
ਹੋਂਦੀ ਕਉ ਅਣਹੋਂਦੀ ਹਿਰੈ ॥੨॥ ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥
ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥
ਸੰਤ ਸਭਾ ਮਿਲਿ ਕਰਹੁ ਬਖਿਆਣ ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥ ਬ੍ਰਹਮ ਬੀਚਾਰੁ ਬੀਚਾਰੇ ਕੋਇ ॥
ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥੫੪॥}

(ਅੰਗ ੯੦੦)

ਤਿਲੰਗ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥
ਮੈ ਦਰਿ ਮਾਗਉ ਨੀਤਾ ਨੀਤ ॥੧॥ ਤਉ ਦਰਸਨ ਕੀ ਕਰਉ ਸਮਾਇ ॥
ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥ ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥ ਘਿਅ ਪਟ ਭਾਂਡਾ ਕਹੈ ਨ ਕੋਇ ॥
ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥
ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥}

(ਅੰਗ ੭੨੧)

ਸਿਰੀਰਾਗੁ ਮਹਲਾ ੩ ॥

{ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥

ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ ਮਨ ਰੇ ਗੁਰਮੁਖਿ ਨਾਮੁ ਧਿਆਇ ॥
ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥
ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥
ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥
ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥
ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ॥
ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥
ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}

(ਅੰਗ ੬੫)

ਬਿਲਾਵਲੁ ਮਹਲਾ ੫ ॥

{ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥ ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥
ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥
ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ ਰਹਾਉ ॥ ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ॥
ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ ॥੨॥ ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥
ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥ ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥}

(ਅੰਗ ੮੧੨)

ਗਉੜੀ ਗੁਆਰੇਰੀ ਮਹਲਾ ੪ ॥

{ਸਤਿਗੁਰ ਸੇਵਾ ਸਫਲ ਹੈ ਬਣੀ ॥ ਜਿਤੁ ਮਿਲਿ ਹਰਿ ਨਾਮੁ ਧਿਆਇਆ ਹਰਿ ਧਣੀ ॥
ਜਿਨ ਹਰਿ ਜਪਿਆ ਤਿਨ ਪੀਛੈ ਛੂਟੀ ਘਣੀ ॥੧॥ ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥
ਹਰਿ ਬੋਲਤ ਸਭ ਪਾਪ ਲਹਿ ਜਾਈ ॥੧॥ ਰਹਾਉ ॥ ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥
ਧਾਵਤ ਪੰਚ ਰਹੇ ਹਰਿ ਧਿਆਇਆ ॥ ਅਨਦਿਨੁ ਨਗਰੀ ਹਰਿ ਗੁਣ ਗਾਇਆ ॥੨॥
ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥ ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥
ਤੇ ਹਰਿ ਦਰਗਹ ਮੁਖ ਊਜਲ ਭਾਈ ॥੩॥ ਗੁਰ ਸੇਵਾ ਆਪਿ ਹਰਿ ਭਾਵੈ ॥
ਕ੍ਰਿਸਨੁ ਬਲਭਦ੍ਰ ਗੁਰ ਪਗ ਲਗਿ ਧਿਆਵੈ ॥ ਨਾਨਕ ਗੁਰਮੁਖਿ ਹਰਿ ਆਪਿ ਤਰਾਵੈ ॥੪॥੫॥੪੩॥}

(ਅੰਗ ੧੬੫)

ਬਸੰਤੁ ਮਹਲਾ ੩ ॥

{ਮਾਇਆ ਮੋਹੁ ਸਬਦਿ ਜਲਾਏ ॥ ਮਨੁ ਤਨੁ ਹਰਿਆ ਸਤਿਗੁਰ ਭਾਏ ॥ ਸਫਲਿਓ ਬਿਰਖੁ ਹਰਿ ਕੈ ਦੁਆਰਿ ॥
ਸਾਚੀ ਬਾਣੀ ਨਾਮ ਪਿਆਰਿ ॥੧॥ ਏ ਮਨ ਹਰਿਆ ਸਹਜ ਸੁਭਾਇ ॥
ਸਚ ਫਲੁ ਲਾਗੈ ਸਤਿਗੁਰ ਭਾਇ ॥੧॥ ਰਹਾਉ ॥ ਆਪੇ ਨੇੜੈ ਆਪੇ ਦੂਰਿ ॥ ਗੁਰ ਕੈ ਸਬਦਿ ਵੇਖੈ ਸਦ ਹਜੂਰਿ॥
ਛਾਵ ਘਣੀ ਫੂਲੀ ਬਨਰਾਇ ॥ ਗੁਰਮੁਖਿ ਬਿਗਸੈ ਸਹਜਿ ਸੁਭਾਇ ॥੨॥
ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ ॥ ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ ॥
ਪਰਪੰਚ ਵੇਖਿ ਰਹਿਆ ਵਿਸਮਾਦੁ ॥ ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥੩॥ ਆਪੇ ਕਰਤਾ ਸਭਿ ਰਸ ਭੋਗ ॥
ਜੋ ਕਿਛੁ ਕਰੇ ਸੋਈ ਪਰੁ ਹੋਗ ॥ ਵਡਾ ਦਾਤਾ ਤਿਲੁ ਨ ਤਮਾਇ ॥ ਨਾਨਕ ਮਿਲੀਐ ਸਬਦੁ ਕਮਾਇ ॥੪॥੬॥}

(ਅੰਗ ੧੧੭੩-੧੧੭੪)

ਪ੍ਰਭਾਤੀ ਮਹਲਾ ੧ ॥

{ਮਾਇਆ ਮੋਹਿ ਸਗਲ ਜਗੁ ਛਾਇਆ ॥ ਕਾਮਣਿ ਦੇਖਿ ਕਾਮਿ ਲੋਭਾਇਆ ॥
ਸੁਤ ਕੰਚਨ ਸਿਉ ਹੇਤੁ ਵਧਾਇਆ ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥
ਐਸਾ ਜਾਪੁ ਜਪਉ ਜਪਮਾਲੀ ॥ ਦੁਖ ਸੁਖ ਪਰਹਰਿ ਭਗਤਿ ਨਿਰਾਲੀ ॥੧॥ ਰਹਾਉ ॥
ਗੁਣ ਨਿਧਾਨ ਤੇਰਾ ਅੰਤੁ ਨ ਪਾਇਆ ॥ ਸਾਚ ਸਬਦਿ ਤੁਝ ਮਾਹਿ ਸਮਾਇਆ ॥
ਆਵਾ ਗਉਣੁ ਤੁਧੁ ਆਪਿ ਰਚਾਇਆ ॥ ਸੇਈ ਭਗਤ ਜਿਨ ਸਚਿ ਚਿਤੁ ਲਾਇਆ ॥੨॥
ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥ ਸਗਲ ਸਰੋਵਰ ਜੋਤਿ ਸਮਾਣੀ॥
ਆਨਦ ਰੂਪ ਵਿਟਹੁ ਕੁਰਬਾਣੀ ॥੩॥ ਭਾਉ ਭਗਤਿ ਗੁਰਮਤੀ ਪਾਏ ॥ ਹਉਮੈ ਵਿਚਹੁ ਸਬਦਿ ਜਲਾਏ ॥
ਧਾਵਤੁ ਰਾਖੈ ਠਾਕਿ ਰਹਾਏ ॥ ਸਚਾ ਨਾਮੁ ਮੰਨਿ ਵਸਾਏ ॥੪॥ ਬਿਸਮ ਬਿਨੋਦ ਰਹੇ ਪਰਮਾਦੀ ॥
ਗੁਰਮਤਿ ਮਾਨਿਆ ਏਕ ਲਿਵ ਲਾਗੀ ॥ ਦੇਖਿ ਨਿਵਾਰਿਆ ਜਲ ਮਹਿ ਆਗੀ ॥
ਸੋ ਬੂਝੈ ਹੋਵੈ ਵਡਭਾਗੀ ॥੫॥ ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥
ਏਕੋ ਜਾਣੈ ਅਵਰੁ ਨ ਕੋਇ ॥ ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥ ਸੇਵਾ ਸੁਰਤਿ ਸਬਦਿ ਵੀਚਾਰਿ ॥
ਜਪੁ ਤਪੁ ਸੰਜਮੁ ਹਉਮੈ ਮਾਰਿ ॥ ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥
ਸੁਖਦਾਤਾ ਦੁਖੁ ਮੇਟਣਹਾਰਾ ॥ ਅਵਰੁ ਨ ਸੂਝਸਿ ਬੀਜੀ ਕਾਰਾ ॥ ਤਨੁ ਮਨੁ ਧਨੁ ਹਰਿ ਆਗੈ ਰਾਖਿਆ ॥
ਨਾਨਕੁ ਕਹੈ ਮਹਾ ਰਸੁ ਚਾਖਿਆ ॥੮॥੨॥}

(ਅੰਗ ੧੩੪੨-੧੩੪੩)

52/7335

ਸਿਰੀਰਾਗੁ ਮਹਲਾ ੧ ॥

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥

ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥}

(ਅੰਗ ੧੪-੧੫)

ਸੂਹੀ ਮਹਲਾ ੧ ॥

{ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥
ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥
ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥੪॥੬॥}

(ਅੰਗ ੭੩੦)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

{ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥
ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇੜ੍ਹਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥
ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥}

(ਅੰਗ ੭੨੯)

ਧਨਾਸਰੀ ਮਹਲਾ ੧ ॥

{ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥ ਠਾਕੁਰ ਮਹਿ ਦਾਸੁ ਦਾਸ ਮਹਿ ਸੋਇ॥
ਜਹ ਦੇਖਾ ਤਹ ਅਵਰੁ ਨ ਕੋਇ ॥੧॥ ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥
ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥ ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥
ਅਕਥੁ ਕਥਾਵੈ ਸਬਦਿ ਮਿਲਾਵੈ ॥ ਹਰਿ ਕੇ ਲੋਗ ਅਵਰ ਨਹੀ ਕਾਰਾ ॥ ਸਾਚਉ ਠਾਕੁਰੁ ਸਾਚੁ ਪਿਆਰਾ ॥੨॥
ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥ ਸੇਵਕੁ ਪ੍ਰਭ ਕੈ ਲਾਗੈ ਪਾਇ ॥
ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥ ਆਪਿ ਦਿਖਾਵੈ ਆਪੇ ਦੇਖੈ ॥ ਹਠਿ ਨ ਪਤੀਜੈ ਨਾ ਬਹੁ ਭੇਖੈ ॥
ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥ ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥
ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥ ਨਾਮੁ ਜਪੈ ਭਉ ਭੋਜਨੁ ਖਾਇ ॥

ਗੁਰਮੁਖਿ ਸੇਵਕ ਰਹੇ ਸਮਾਇ ॥੫॥ ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥
ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥੬॥ ਆਚਾਰਾ ਵੀਚਾਰੁ ਸਰੀਰਿ ॥
ਆਦਿ ਜੁਗਾਦਿ ਸਹਜਿ ਮਨੁ ਧੀਰਿ ॥ ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥
ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥ ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥
ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥}

(ਅੰਗ ੬੮੬)

ਰਾਮਕਲੀ ਮਹਲਾ ੧ ॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥੧॥ ਨਾਨਕ ਬਿਰਥਾ ਕੋਇ ਨ ਹੋਇ ॥ ਐਸੀ ਦਰਗਹ ਸਾਚਾ ਸੋਇ॥੧॥ ਰਹਾਉ॥
ਪ੍ਰਾਪਤਿ ਪੋਤਾ ਕਰਮੁ ਪਸਾਉ ॥ ਤੂ ਦੇਵਹਿ ਮੰਗਤ ਜਨ ਚਾਉ ॥ ਭਾਡੈ ਭਾਉ ਪਵੈ ਤਿਤੁ ਆਇ ॥
ਧੁਰਿ ਤੈ ਛੋਡੀ ਕੀਮਤਿ ਪਾਇ ॥੨॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥
ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ ਨਾ ਕੋ ਜਾਇ ॥੩॥
ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥੪॥੮॥}

(ਅੰਗ ੮੭੮)

ਰਾਗੁ ਰਾਮਕਲੀ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥੧॥ ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ ॥
ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥੧॥ ਰਹਾਉ ॥
ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥
ਜੈਸਾ ਲਿਖਤੁ ਲਿਖਿਆ ਧੁਰਿ ਕਰਤੈ ਹਮ ਤੈਸੀ ਕਿਰਤਿ ਕਮਾਈ ॥੨॥
ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ ॥
ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ ॥੩॥
ਜਿਨਿ ਕੀਆ ਸੋਈ ਪ੍ਰਭੁ ਜਾਣੈ ਹਰਿ ਕਾ ਮਹਲੁ ਅਪਾਰਾ ॥
ਭਗਤਿ ਕਰੀ ਹਰਿ ਕੇ ਗੁਣ ਗਾਵਾ ਨਾਨਕ ਦਾਸੁ ਤੁਮਾਰਾ ॥੪॥੧॥}

(ਅੰਗ ੮੮੨-੮੮੩)

ਸੋਰਠਿ ਮਹਲਾ ੧ ॥

{ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥

ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥
ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥
ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥
ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥}

(ਅੰਗ ੫੯੭)

ਗਉੜੀ ਗੁਆਰੇਰੀ ਮਹਲਾ ੩ ॥
{ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥ ਸਚੀ ਬਾਣੀ ਜੁਗ ਚਾਰੇ ਜਾਪੈ ॥
ਸਭੁ ਕਿਛੁ ਸਾਚਾ ਆਪੇ ਆਪੈ ॥੧॥ ਕਰਮੁ ਹੋਵੈ ਸਤਸੰਗਿ ਮਿਲਾਏ ॥
ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ ਰਹਾਉ ॥ ਜਲਉ ਇਹ ਜਿਹਵਾ ਦੂਜੈ ਭਾਇ ॥
ਹਰਿ ਰਸੁ ਨ ਚਾਖੈ ਫੀਕਾ ਆਲਾਇ ॥ ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥
ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥ ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥
ਗੁਰ ਕਿਰਪਾ ਤੇ ਸਚਿ ਸਮਾਇ ॥ ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥
ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥ ਗੁਰ ਸਬਦੀ ਮਨਿ ਨਾਮਿ ਨਿਵਾਸੁ ॥
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥}

(ਅੰਗ ੧੫੯)

52/7336

ਸਿਰੀਰਾਗੁ ਮਹਲਾ ੩ ॥
{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥ ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥
ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥
ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥
ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥ ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ॥
ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥੪॥ ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥

ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥}

(ਅੰਗ ੨੭-੨੮)

ਗਉੜੀ ਮਹਲਾ ੫ ॥

{ਜਨ ਕੀ ਧੂਰਿ ਮਨ ਮੀਠ ਖਟਾਨੀ ॥ ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥੧॥ ਰਹਾਉ ॥
ਅਹੰਬੁਧਿ ਮਨ ਪੂਰਿ ਬਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥੧॥
ਅਨਿਕ ਜਲਾ ਜੇ ਧੋਵੈ ਦੇਹੀ ॥ ਮੈਲੁ ਨ ਉਤਰੈ ਸੁਧੁ ਨ ਤੇਹੀ ॥੨॥ ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥
ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥੩॥ ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥
ਪ੍ਰੇਮ ਭਗਤਿ ਨਾਨਕ ਗੁਣ ਗਾਉ ॥੪॥੧੦੦॥੧੬੯॥}

(ਅੰਗ ੧੯੯-੨੦੦)

ਗਉੜੀ ਮਹਲਾ ੫ ॥

{ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟਿ ॥੧॥ ਬਿਨੁ ਕਰਤੂਤੀ ਮੁਕਤਿ ਨ ਪਾਈਐ ॥
ਮੁਕਤਿ ਪਦਾਰਥੁ ਨਾਮੁ ਧਿਆਈਐ ॥੧॥ ਰਹਾਉ ॥ ਪੂਜਾ ਤਿਲਕ ਕਰਤ ਇਸਨਾਨਾਂ ॥
ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥ ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥੩॥
ਕਹੁ ਨਾਨਕ ਜਿਸੁ ਕਿਰਪਾ ਧਾਰੈ ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥੪॥੧੦੭॥}

(ਅੰਗ ੨੦੧)

ਗਉੜੀ ॥

{ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥ ਨਿੰਦਾ ਹੋਇ ਤ ਬੈਕੁੰਠਿ ਜਾਈਐ ॥
ਨਾਮੁ ਪਦਾਰਥੁ ਮਨਹਿ ਬਸਾਈਐ ॥ ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥੧॥
ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥ ਨਿੰਦਕੁ ਸੋ ਜੋ ਨਿੰਦਾ ਹੋਰੈ ॥
ਹਮਰਾ ਜੀਵਨੁ ਨਿੰਦਕੁ ਲੋਰੈ ॥੨॥ ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥
ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥}

(ਅੰਗ ੩੩੯)

ਆਸਾ ਮਹਲਾ ੫ ॥

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥ ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥

ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥}

(ਅੰਗ ੩੭੭)

ਆਸਾ ਮਹਲਾ ੪ ॥

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥
ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥
ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥੨॥ ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮ ਰਾਜੇ ॥
ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ ॥
ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ ॥
ਜਨ ਨਾਨਕ ਸਤਿਗੁਰੁ ਭੇਟਿਆ ਹਰਿ ਨਾਮਿ ਤਰਾਏ ॥੩॥
ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥}

(ਅੰਗ ੪੫੦)

ਆਸਾ ॥

{ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥
ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥੨॥
ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥ ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥}

(ਅੰਗ ੪੮੫-੪੮੬)

ਬਿਹਾਗੜਾ ਮਹਲਾ ੪ ॥

{ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ ਤੇ ਮਨਮੁਖ ਮੂੜ ਇਆਣੇ ਰਾਮ ॥
ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਅੰਤਿ ਗਏ ਪਛੁਤਾਣੇ ਰਾਮ ॥
ਹਰਿ ਦਰਗਹ ਢੋਈ ਨਾ ਲਹਨ੍ਹਿ ਮੇਰੀ ਜਿੰਦੁੜੀਏ ਜੋ ਮਨਮੁਖ ਪਾਪਿ ਲੁਭਾਣੇ ਰਾਮ ॥
ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ ਹਰਿ ਜਪਿ ਹਰਿ ਨਾਮਿ ਸਮਾਣੇ ਰਾਮ ॥੧॥
ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥
ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥
ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ ਜਮਕੰਕਰੁ ਨੇੜਿ ਨ ਆਵੈ ਰਾਮ ॥੨॥
ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ ਸੋ ਡਰੈ ਜਿਨਿ ਪਾਪ ਕਮਤੇ ਰਾਮ ॥
ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥
ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ ॥
ਗੁਰੁ ਪੂਰਾ ਨਾਨਕਿ ਸੇਵਿਆ ਮੇਰੀ ਜਿੰਦੁੜੀਏ ਜਿਨਿ ਪੈਰੀ ਆਣਿ ਸਭਿ ਘਤੇ ਰਾਮ ॥੩॥
ਸੋ ਐਸਾ ਹਰਿ ਨਿਤ ਸੇਵੀਐ ਮੇਰੀ ਜਿੰਦੁੜੀਏ ਜੋ ਸਭ ਦੂ ਸਾਹਿਬੁ ਵਡਾ ਰਾਮ ॥
ਜਿਨ੍ੀ ਇਕ ਮਨਿ ਇਕੁ ਅਰਾਧਿਆ ਮੇਰੀ ਜਿੰਦੁੜੀਏ ਤਿਨਾ ਨਾਹੀ ਕਿਸੈ ਦੀ ਕਿਛੁ ਚਡਾ ਰਾਮ ॥
ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ ਝਖ ਮਾਰਨੁ ਸਭਿ ਨਿੰਦਕ ਘੰਡਾ ਰਾਮ ॥
ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ ਧੁਰਿ ਮਸਤਕਿ ਹਰਿ ਲਿਖਿ ਛਡਾ ਰਾਮ ॥੪॥੫॥}

(ਅੰਗ ੫੪੦-੫੪੧)

ਮਃ ੩ ॥

{ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥
ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ ॥ ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥੨॥}

(ਅੰਗ ੫੮੯)

ਪਉੜੀ ॥

{ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥
ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥
ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥ ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ॥
ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥}

(ਅੰਗ ੫੮੯)

52/7337

ਮਃ ੩ ॥

{ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥ ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥
ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥}

(ਅੰਗ ੬੫੧)

ਪਉੜੀ ॥

{ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥ ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ॥
ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ ॥
ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ ॥
ਹਉ ਵਾਰਿਆ ਅਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥}

(ਅੰਗ ੬੫੨)

ਸੂਹੀ ਮਹਲਾ ੪ ॥

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥
ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}

(ਅੰਗ ੭੩੨)

ੴ ਸਤਿਗੁਰ ਪ੍ਰਸਾਦਿ ॥

ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥

ਸਲੋਕੁ ਮਃ ੩ ॥

{ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥ ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥
ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥ ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ॥
ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥
ਸਹਜਿ ਸਚੁ ਪਿਰੁ ਰਾਵਿਆ ਹਰਿ ਨਾਮਾ ਉਰ ਧਾਰਿ ॥ ਆਗਿਆਕਾਰੀ ਸਦਾ ਸੋਹਾਗਣਿ ਆਪਿ ਮੇਲੀ ਕਰਤਾਰਿ॥
ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋਹਾਗਣਿ ਨਾਰਿ ॥੧॥}

(ਅੰਗ ੭੮੫)

ਪਉੜੀ ॥

{ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥ ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ ॥

ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ ॥
ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥੧੭॥}

(ਅੰਗ ੭੯੧)

ਬਿਲਾਵਲੁ ਮਹਲਾ ੫ ॥

{ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ ॥ ਦੀਨ ਦਇਆਲ ਪ੍ਰਭ ਪਾਰਬ੍ਰਹਮ ਤਾ ਕੀ ਨਦਰਿ ਨਿਹਾਲ ॥੧॥
ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ ॥
ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ ॥੧॥ ਰਹਾਉ ॥
ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ ॥ ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ ॥੨॥
ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ ॥ ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥੩॥
ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ ॥
ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥੪॥੨੩॥੫੩॥}

(ਅੰਗ ੮੧੪)

ਬਿਲਾਵਲੁ ਮਹਲਾ ੫ ॥

{ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥ ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥
ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥ ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ॥
ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥
ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥੧॥
ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ ॥ ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ ॥
ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ ॥
ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ ॥
ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ ॥
ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ ਪਾਵਹ ॥੨॥
ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥ ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ ॥
ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ ॥
ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥ ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ॥
ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥੩॥ ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥}

(ਅੰਗ ੮੪੬)

ਰਾਮਕਲੀ ਮਹਲਾ ੫ ॥

{ਇਹ ਲੋਕੇ ਸੁਖੁ ਪਾਇਆ ॥ ਨਹੀ ਭੇਟਤ ਧਰਮ ਰਾਇਆ ॥ ਹਰਿ ਦਰਗਹ ਸੋਭਾਵੰਤ ॥

ਫੁਨਿ ਗਰਭਿ ਨਾਹੀ ਬਸੰਤ ॥੧॥ ਜਾਨੀ ਸੰਤ ਕੀ ਮਿੜਾਈ ॥
ਕਰਿ ਕਿਰਪਾ ਦੀਨੋ ਹਰਿ ਨਾਮਾ ਪੂਰਬਿ ਸੰਜੋਗਿ ਮਿਲਾਈ ॥੧॥ ਰਹਾਉ ॥ ਗੁਰ ਕੈ ਚਰਣਿ ਚਿਤੁ ਲਾਗਾ ॥
ਧੰਨਿ ਧੰਨਿ ਸੰਜੋਗੁ ਸਭਾਗਾ ॥ ਸੰਤ ਕੀ ਧੂਰਿ ਲਾਗੀ ਮੇਰੈ ਮਾਥੇ ॥ ਕਿਲਵਿਖ ਦੁਖ ਸਗਲੇ ਮੇਰੇ ਲਾਥੇ ॥੨॥
ਸਾਧ ਕੀ ਸਚੁ ਟਹਲ ਕਮਾਨੀ ॥ ਤਬ ਹੋਏ ਮਨ ਸੁਧ ਪਰਾਨੀ ॥ ਜਨ ਕਾ ਸਫਲ ਦਰਸੁ ਡੀਠਾ ॥
ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ ॥੩॥ ਮਿਟਾਨੇ ਸਭਿ ਕਲਿ ਕਲੇਸ ॥ ਜਿਸ ਤੇ ਉਪਜੇ ਤਿਸੁ ਮਹਿ ਪਰਵੇਸ ॥
ਪ੍ਰਗਟੇ ਆਨੂਪ ਗੋਵਿੰਦ ॥ ਪ੍ਰਭ ਪੂਰੇ ਨਾਨਕ ਬਖਸਿੰਦ ॥੪॥੩੮॥੪੯॥}

(ਅੰਗ ੮੯੮)

{ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥
ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥
ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥
ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥
ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥
ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਨੁ ਭਇਆ ॥
ਆਵਾ ਗਉਨੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥
ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਨੁ ਵੀਸਰਿਆ ॥
ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥
ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥੨੫॥ ਮਨਮੁਖਿ ਭੂਲੈ ਜਮ ਕੀ ਕਾਣਿ ॥
ਪਰ ਘਰੁ ਜੋਹੈ ਹਾਣੇ ਹਾਣਿ ॥ ਮਨਮੁਖਿ ਭਰਮਿ ਭਵੈ ਬੇਬਾਣਿ ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥
ਸਬਦੁ ਨ ਚੀਨੈ ਲਵੈ ਕੁਬਾਣਿ ॥ ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥ ਗੁਰਮੁਖਿ ਸਾਚੇ ਕਾ ਭਉ ਪਾਵੈ ॥
ਗੁਰਮੁਖਿ ਬਾਣੀ ਅਘੜੁ ਘੜਾਵੈ ॥ ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥ ਗੁਰਮੁਖਿ ਪਰਚੈ ਬੇਦ ਬੀਚਾਰੀ॥
ਗੁਰਮੁਖਿ ਪਰਚੈ ਤਰੀਐ ਤਾਰੀ ॥ ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ॥
ਗੁਰਮੁਖਿ ਪਾਈਐ ਅਲਖ ਅਪਾਰੁ ॥ ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥ ਗੁਰਮੁਖਿ ਅਕਥੁ ਕਥੈ ਬੀਚਾਰਿ॥
ਗੁਰਮੁਖਿ ਨਿਬਹੈ ਸਪਰਵਾਰਿ ॥ ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰਿ ॥
ਸਬਦਿ ਭੇਦਿ ਜਾਣੈ ਜਾਣਾਈ ॥ ਨਾਨਕ ਹਉਮੈ ਜਾਲਿ ਸਮਾਈ ॥੨੯॥ ਗੁਰਮੁਖਿ ਧਰਤੀ ਸਾਚੈ ਸਾਜੀ ॥
ਤਿਸ ਮਹਿ ਓਪਤਿ ਖਪਤਿ ਸੁ ਬਾਜੀ॥ ਗੁਰ ਕੈ ਸਬਦਿ ਰਪੈ ਰੰਗੁ ਲਾਇ॥ ਸਾਚਿ ਰਤਉ ਪਤਿ ਸਿਉ ਘਰਿ ਜਾਇ॥
ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥ ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥੩੦॥
ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥
ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥

ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥ ਨਾਮੇ ਰਾਤੇ ਹਉਮੈ ਜਾਇ ॥
ਨਾਮਿ ਰਤੇ ਸਚਿ ਰਹੇ ਸਮਾਇ ॥ ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ ਪਾਵਹਿ ਮੋਖ ਦੁਆਰੁ ॥
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥ ਨਾਮਿ ਰਤੇ ਸਿਧ ਗੋਸਟਿ ਹੋਇ॥
ਨਾਮਿ ਰਤੇ ਸਦਾ ਤਪੁ ਹੋਇ ॥ ਨਾਮਿ ਰਤੇ ਸਚੁ ਕਰਣੀ ਸਾਰੁ ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥
ਬਿਨੁ ਨਾਵੈ ਬੋਲੈ ਸਭੁ ਵੇਕਾਰੁ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ॥੩੩॥ ਪੂਰੇ ਗੁਰ ਤੇ ਨਾਮੁ ਪਾਇਆ ਜਾਇ॥
ਜੋਗ ਜੁਗਤਿ ਸਚਿ ਰਹੈ ਸਮਾਇ ॥ ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥
ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥ ਗੁਰਮੁਖਿ ਰਤਨੁ ਲਹੈ ਲਿਵ ਲਾਇ ॥
ਗੁਰਮੁਖਿ ਪਰਖੈ ਰਤਨੁ ਸੁਭਾਇ ॥ ਗੁਰਮੁਖਿ ਸਾਚੀ ਕਾਰ ਕਮਾਇ ॥ ਗੁਰਮੁਖਿ ਸਾਚੇ ਮਨੁ ਪਤੀਆਇ ॥
ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥ ਗੁਰਮੁਖਿ ਨਾਮੁ ਦਾਨੁ ਇਸਨਾਨੁ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਪਾਵੈ ਦਰਗਹ ਮਾਨੁ ॥ ਗੁਰਮੁਖਿ ਭਉ ਭੰਜਨੁ ਪਰਧਾਨੁ ॥
ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥ ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥
ਗੁਰਮੁਖਿ ਪਾਵੈ ਘਟਿ ਘਟਿ ਭੇਦ ॥ ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥ ਬਿਨੁ ਗੁਰ ਭਰਮੈ ਆਵੈ ਜਾਇ ॥
ਬਿਨੁ ਗੁਰ ਘਾਲ ਨ ਪਵਈ ਥਾਇ ॥ ਬਿਨੁ ਗੁਰ ਮਨੂਆ ਅਤਿ ਡੋਲਾਇ ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥
ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥
ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ॥ ਅਵਗਣ ਮੇਟੈ ਗੁਣਿ ਨਿਸਤਾਰੈ॥ ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ॥
ਗੁਰਮੁਖਿ ਕਦੇ ਨ ਆਵੈ ਹਾਰਿ ॥ ਤਨੁ ਹਟੜੀ ਇਹੁ ਮਨੁ ਵਣਜਾਰਾ ॥ ਨਾਨਕ ਸਹਜੇ ਸਚੁ ਵਾਪਾਰਾ ॥੩੯॥
ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਲੰਕਾ ਲੂਟੀ ਦੈਤ ਸੰਤਾਪੈ ॥ ਰਾਮਚੰਦਿ ਮਾਰਿਓ ਅਹਿ ਰਾਵਣੁ ॥
ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥ ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ॥੪੦॥
ਗੁਰਮੁਖਿ ਚੂਕੈ ਆਵਣ ਜਾਣੁ ॥ ਗੁਰਮੁਖਿ ਦਰਗਹ ਪਾਵੈ ਮਾਣੁ ॥ ਗੁਰਮੁਖਿ ਖੋਟੇ ਖਰੇ ਪਛਾਣੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ ਬੰਧੁ ਨ ਪਾਇ॥੪੧॥
ਗੁਰਮੁਖਿ ਨਾਮੁ ਨਿਰੰਜਨ ਪਾਏ ॥ ਗੁਰਮੁਖਿ ਹਉਮੈ ਸਬਦਿ ਜਲਾਏ ॥ ਗੁਰਮੁਖਿ ਸਾਚੇ ਕੇ ਗੁਣ ਗਾਏ ॥
ਗੁਰਮੁਖਿ ਸਾਚੈ ਰਹੈ ਸਮਾਏ ॥ ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥
ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥ ਕਵਣ ਮੂਲੁ ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥ ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥ ਮੈਣ ਕੇ ਦੰਤ ਕਿਉ ਖਾਈਐ ਸਾਰੁ॥
ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥ ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥
ਕਵਨ ਗੁਫਾ ਜਿਤੁ ਰਹੈ ਅਵਾਹਨੁ ॥ ਇਤ ਉਤ ਕਿਸ ਕਉ ਜਾਣਿ ਸਮਾਵੈ ॥
ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥ ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥

ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥ ਅੰਤਰਿ ਬਾਹਰਿ ਏਕੋ ਜਾਣੈ ॥
ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥ ਸਚ ਭੈ ਰਾਤਾ ਗਰਬੁ ਨਿਵਾਰੈ ॥ ਏਕੋ ਜਾਤਾ ਸਬਦੁ ਵੀਚਾਰੈ ॥
ਸਬਦੁ ਵਸੈ ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ਰੰਗਿ ਰੰਗੀਆ ॥ ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥
ਨਾਨਕ ਨਦਰੀ ਨਦਰਿ ਪਿਆਰੇ ॥੪੭॥ ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥
ਕਵਨ ਮੁਖਿ ਸੂਰਜੁ ਤਪੈ ਤਪਾਇਆ ॥ ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥ ਕਵਨ ਬੁਧਿ ਗੁਰਮੁਖਿ ਪਤਿ ਰਹੈ॥
ਕਵਨੁ ਜੋਧੁ ਜੋ ਕਾਲੁ ਸੰਘਾਰੈ ॥ ਬੋਲੈ ਬਾਣੀ ਨਾਨਕੁ ਬੀਚਾਰੈ ॥੪੮॥ ਸਬਦੁ ਭਾਖਤ ਸਸਿ ਜੋਤਿ ਅਪਾਰਾ ॥
ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ ਆਪੇ ਪਾਰਿ ਉਤਾਰਣਹਾਰਾ ॥
ਗੁਰ ਪਰਚੈ ਮਨੁ ਸਾਚਿ ਸਮਾਇ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥ ਨਾਮ ਤਤੁ ਸਭ ਹੀ ਸਿਰਿ ਜਾਪੈ ॥
ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ਤਤੋ ਤਤੁ ਮਿਲੈ ਮਨੁ ਮਾਨੈ ॥ ਦੂਜਾ ਜਾਇ ਇਕਤੁ ਘਰਿ ਆਨੈ ॥
ਬੋਲੈ ਪਵਨਾ ਗਗਨੁ ਗਰਜੈ ॥ ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥
ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥
ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥ ਜੋ ਜਨੁ ਨਾਮ ਨਿਰੰਜਨ ਰਾਤਾ ॥
ਨਾਨਕ ਸੋਈ ਪੁਰਖੁ ਬਿਧਾਤਾ ॥੫੧॥ ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥ ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥
ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥ ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥ ਗੁਪਤੀ ਬਾਣੀ ਪਰਗਟੁ ਹੋਇ ॥
ਨਾਨਕ ਪਰਖਿ ਲਏ ਸਚੁ ਸੋਇ ॥੫੩॥ ਸਹਜ ਭਾਇ ਮਿਲੀਐ ਸੁਖੁ ਹੋਵੈ ॥ ਗੁਰਮੁਖਿ ਜਾਗੈ ਨੀਦ ਨ ਸੋਵੈ ॥
ਸੁੰਨ ਸਬਦੁ ਅਪਰੰਪਰਿ ਧਾਰੈ ॥ ਕਹਤੇ ਮੁਕਤੁ ਸਬਦਿ ਨਿਸਤਾਰੈ ॥ ਗੁਰ ਕੀ ਦੀਖਿਆ ਸੇ ਸਚਿ ਰਾਤੇ ॥
ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥ ਕੁਬੁਧਿ ਚਵਾਵੈ ਸੋ ਕਿਤੁ ਠਾਇ ॥
ਕਿਉ ਤਤੁ ਨ ਬੂਝੈ ਚੋਟਾ ਖਾਇ ॥ ਜਮ ਦਰਿ ਬਾਧੇ ਕੋਇ ਨ ਰਾਖੈ ॥ ਬਿਨੁ ਸਬਦੈ ਨਾਹੀ ਪਤਿ ਸਾਖੈ ॥
ਕਿਉ ਕਰਿ ਬੂਝੈ ਪਾਵੈ ਪਾਰੁ ॥ ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥ ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥
ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥ ਸਾਚੁ ਵਖਰੁ ਧਨੁ ਪਲੈ ਹੋਇ ॥
ਆਪਿ ਤਰੈ ਤਾਰੇ ਭੀ ਸੋਇ ॥ ਸਹਜਿ ਰਤਾ ਬੂਝੈ ਪਤਿ ਹੋਇ ॥ ਤਾ ਕੀ ਕੀਮਤਿ ਕਰੈ ਨ ਕੋਇ ॥
ਜਹ ਦੇਖਾ ਤਹ ਰਹਿਆ ਸਮਾਇ ॥ ਨਾਨਕ ਪਾਰਿ ਪਰੈ ਸਚ ਭਾਇ ॥੫੭॥
ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥
ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥ ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ॥
ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥
ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥
ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥੫੮॥
ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥
ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥

ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੁ ਮੰਨਿ ਵਸਾਏ॥ ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥
ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥ ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ॥
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥
ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥
ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥
ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥
ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥
ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥
ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥ ਰੰਗਿ ਨ ਰਾਤਾ ਰਸਿ ਨਹੀ ਮਾਤਾ ॥
ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥ ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥
ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥ ਅਕਥ ਕਥਾ ਲੇ ਸਮ ਕਰਿ ਰਹੈ ॥
ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥ ਗੁਰ ਪਰਸਾਦੀ ਰੰਗੇ ਰਾਤਾ ॥ ਅੰਮ੍ਰਿਤੁ ਪੀਆ ਸਾਚੇ ਮਾਤਾ ॥
ਗੁਰ ਵੀਚਾਰੀ ਅਗਨਿ ਨਿਵਾਰੀ ॥ ਅਪਿਉ ਪੀਓ ਆਤਮ ਸੁਖੁ ਧਾਰੀ ॥ ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ॥
ਨਾਨਕ ਬੂਝੈ ਕੋ ਵੀਚਾਰੀ ॥੬੩॥ ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥
ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥
ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥
ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥
ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥
ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥
ਸੁ ਸਬਦੁ ਨਿਰੰਤਰਿ ਨਿਜ ਘਰਿ ਆਢੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥
ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥ ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥
ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥
ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥
ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥
ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥

ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥
ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥
ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥
ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥
ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥
ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥
ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥ ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥
ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥ ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥
ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥
ਗੁਰਮੁਖਿ ਨਿਜ ਘਰਿ ਵਾਸਾ ਹੋਇ ॥ ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥
ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥
ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥
ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥
ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥
ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥ ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ॥
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥}

(ਅੰਗ ੯੪੦ ਤੋਂ ੯੪੬)

ਸਲੋਕ ਮਃ ੩ ॥

{ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ ਜੋ ਸਹਿ ਰਤੇ ਆਪਣੈ ਤਿਨ ਤਨਿ ਲੋਭ ਰਤੁ ਨ ਹੋਇ ॥
ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥੧॥}

(ਅੰਗ ੯੪੯-੯੫੦)

ਮਃ ੧ ॥

{ਸਾਹਿਬੁ ਮੇਰਾ ਉਜਲਾ ਜੇ ਕੋ ਚਿਤਿ ਕਰੇਇ ॥ ਨਾਨਕ ਸੋਈ ਸੇਵੀਐ ਸਦਾ ਸਦਾ ਜੋ ਦੇਇ ॥
ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ ॥ ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ ॥੨॥}

(ਅੰਗ ੯੫੬)

ਪਉੜੀ ॥

{ਆਪੇ ਆਪਿ ਵਰਤਦਾ ਆਪਿ ਤਾੜੀ ਲਾਈਅਨੁ ॥ ਆਪੇ ਹੀ ਉਪਦੇਸਦਾ ਗੁਰਮੁਖਿ ਪਤੀਆਈਅਨੁ ॥
ਇਕਿ ਆਪੇ ਉਝੜਿ ਪਾਇਅਨੁ ਇਕਿ ਭਗਤੀ ਲਾਇਅਨੁ ॥
ਜਿਸੁ ਆਪਿ ਬੁਝਾਏ ਸੋ ਬੁਝਸੀ ਆਪੇ ਨਾਇ ਲਾਈਅਨੁ ॥
ਨਾਨਕ ਨਾਮੁ ਧਿਆਈਐ ਸਚੀ ਵਡਿਆਈ ॥੨੧॥੧॥ ਸੁਧੁ ॥}

(ਅੰਗ ੯੫੬)

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁੜੁ ਸੜੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਪਉੜੀ ॥

{ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ ॥

ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ ੯੬੧)

ਮਹਲਾ ੫ ॥

{ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥੨॥}

(ਅੰਗ ੯੬੫)

ਪਉੜੀ ॥

{ਆਪੇ ਹੀ ਵਡ ਪਰਵਾਰੁ ਆਪਿ ਇਕਾਤੀਆ ॥ ਆਪਣੀ ਕੀਮਤਿ ਆਪਿ ਆਪੇ ਹੀ ਜਾਤੀਆ ॥
ਸਭੁ ਕਿਛੁ ਆਪੇ ਆਪਿ ਆਪਿ ਉਪੰਨਿਆ ॥ ਆਪਣਾ ਕੀਤਾ ਆਪਿ ਆਪਿ ਵਰੰਨਿਆ ॥
ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ ॥ ਧੰਨੁ ਸੁ ਤੇਰੇ ਭਗਤ ਜਿਨ੍ੀ ਸਚੁ ਤੂੰ ਡਿਠਾ ॥
ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ ॥ ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ ॥੨੦॥}

(ਅੰਗ ੯੬੫-੯੬੬)

ਮਃ ੫ ॥

{ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ ॥
ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥}

(ਅੰਗ ੯੬੬)

ਪਉੜੀ ॥

{ਆਪੇ ਕੀਤੋ ਰਚਨੁ ਆਪੇ ਹੀ ਰਤਿਆ ॥ ਆਪੇ ਹੋਇਓ ਇਕੁ ਆਪੇ ਬਹੁ ਭਤਿਆ ॥
ਆਪੇ ਸਭਨਾ ਮੰਝਿ ਆਪੇ ਬਾਹਰਾ ॥ ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ ॥
ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥ ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥
ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥ ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥੨੨॥੧॥੨॥ ਸੁਧੁ ॥}

(ਅੰਗ ੯੬੬)

ਰਾਮਕਲੀ ਬਾਣੀ ਭਗਤਾ ਕੀ ॥

ਕਬੀਰ ਜੀਉ

ੴ ਸਤਿਗੁਰ ਪ੍ਰਸਾਦਿ ॥

{ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ॥
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥੧॥
ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾ ਕਉ ਜਪੁ ਤਪੁ ਦੇਉ ਦਲਾਲੀ ਰੇ ॥
ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ ॥੧॥ ਰਹਾਉ ॥
ਭਵਨ ਚਤੁਰ ਦਸ ਭਾਠੀ ਕੀਨ੍ੀ ਬ੍ਰਹਮ ਅਗਨਿ ਤਨਿ ਜਾਰੀ ਰੇ ॥

ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ ॥
ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ ॥੩॥
ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ ॥
ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ ॥੪॥੧॥}

(ਅੰਗ ੯੬੮-੯੬੯)

ਮਾਰੂ ਸੋਲਹੇ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਰੈ ਅਨੰਦੁ ਅਨੰਦੀ ਮੇਰਾ ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥
ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ ॥੧॥ ਹਰਖਵੰਤ ਆਨੰਤ ਦਇਆਲਾ ॥
ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥ ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ ॥੨॥
ਆਪੇ ਕੁਦਰਤਿ ਕਰੇ ਵੀਚਾਰਾ ॥ ਆਪੇ ਹੀ ਸਚੁ ਕਰੇ ਪਸਾਰਾ ॥
ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ ॥੩॥ ਸਾਚਾ ਤਖਤੁ ਸਚੀ ਪਾਤਿਸਾਹੀ ॥
ਸਚੁ ਖਜੀਨਾ ਸਾਚਾ ਸਾਹੀ ॥ ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ ॥੪॥
ਸਚੁ ਤਪਾਵਸੁ ਸਚੇ ਕੇਰਾ ॥ ਸਾਚਾ ਥਾਨੁ ਸਦਾ ਪ੍ਰਭ ਤੇਰਾ ॥
ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ ॥੫॥ ਏਕੋ ਆਪਿ ਤੂਹੈ ਵਡ ਰਾਜਾ ॥
ਹੁਕਮਿ ਸਚੇ ਕੈ ਪੂਰੇ ਕਾਜਾ ॥ ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ ॥੬॥
ਤੂ ਵਡ ਰਸੀਆ ਤੂ ਵਡ ਭੋਗੀ ॥ ਤੂ ਨਿਰਬਾਣੁ ਤੂਹੈ ਹੀ ਜੋਗੀ ॥
ਸਰਬ ਸੂਖ ਸਹਜ ਘਰਿ ਤੇਰੈ ਅਮਿਉ ਤੇਰੀ ਦ੍ਰਿਸਟੀਜਾ ਹੇ ॥੭॥ ਤੇਰੀ ਦਾਤਿ ਤੁਝੈ ਤੇ ਹੋਵੈ ॥
ਦੇਹਿ ਦਾਨੁ ਸਭਸੈ ਜੰਤ ਲੋਐ ॥ ਤੋਟਿ ਨ ਆਵੈ ਪੂਰ ਭੰਡਾਰੈ ਤ੍ਰਿਪਤਿ ਰਹੇ ਆਘੀਜਾ ਹੇ ॥੮॥
ਜਾਚਹਿ ਸਿਧ ਸਾਧਿਕ ਬਨਵਾਸੀ ॥ ਜਾਚਹਿ ਜਤੀ ਸਤੀ ਸੁਖਵਾਸੀ ॥
ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥ ਕਰਹਿ ਭਗਤਿ ਅਰੁ ਰੰਗ ਅਪਾਰਾ ॥
ਖਿਨ ਮਹਿ ਥਾਪਿ ਉਥਾਪਨਹਾਰਾ ॥ ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ ਭਗਤੀਜਾ ਹੇ ॥੧੦॥
ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥ ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥
ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ ॥੧੧॥
ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ॥ ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ॥
ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ ਅਵਰੁ ਕਹਾ ਕਿਛੁ ਕੀਜਾ ਹੇ॥੧੨॥ ਤ੍ਰਿਸਨਾ ਬੂਝੀ ਅੰਤਰੁ ਠੰਢਾ ॥
ਗੁਰਿ ਪੂਰੈ ਲੈ ਤੂਟਾ ਗੰਢਾ ॥ ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥
ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥ ਪੂਰੇ ਗੁਰ ਕੀ ਪੂਰੀ ਬਾਣੀ ॥
ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੫॥
ਬਾਰਹਾ ਕੰਚਨੁ ਸੁਧੁ ਕਰਾਇਆ ॥ ਨਦਰਿ ਸਰਾਫ ਵੰਨੀ ਸਚੜਾਇਆ ॥

ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ ॥੧੬॥ ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥
ਨਾਨਕ ਦਾਸ ਸਦਾ ਕੁਰਬਾਨੀ ॥ ਸੰਤਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥}

(ਅੰਗ ੧੦੭੩-੧੦੭੪)

ਮਃ ੩ ॥

{ਮਨ ਕੀ ਪਟ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥ ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥
ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥ ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥
ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥ ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ ॥
ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ ॥ ਨਾਨਕ ਨਾਮਿ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ ॥੨॥}

(ਅੰਗ ੧੦੯੩-੧੦੯੪)

ਪਉੜੀ ॥

{ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥ ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥
ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ॥ ਸਭਨਾ ਕਾ ਸਾਹਿਬੁ ਏਕੁ ਹੈ ਗੁਰ ਸਬਦੀ ਰਚਾ ॥
ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ ॥
ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ॥੨੨॥੧॥ ਸੁਧੁ ॥}

(ਅੰਗ ੧੦੯੩-੧੦੯੪)

52/7339

ਬਸੰਤੁ ਮਹਲਾ ੧ ॥

{ਸਗਲ ਭਵਨ ਤੇਰੀ ਮਾਇਆ ਮੋਹ ॥ ਮੈ ਅਵਰੁ ਨ ਦੀਸੈ ਸਰਬ ਤੋਹ ॥ ਤੂ ਸੁਰਿ ਨਾਥਾ ਦੇਵਾ ਦੇਵ ॥
ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥੧॥ ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥
ਗੁਰਮੁਖਿ ਰਾਮ ਨਾਮ ਗੁਨ ਗਾਏ ਤੂ ਅਪਰੰਪਰੁ ਸਰਬ ਪਾਲ ॥੧॥ ਰਹਾਉ ॥
ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ ਬਿਨੁ ਗੁਰ ਮੈਲ ਮਲੀਨ ਅੰਗੁ ॥ ਬਿਨੁ ਹਰਿ ਨਾਮ ਨ ਸੁਧੁ ਹੋਇ ॥
ਗੁਰ ਸਬਦਿ ਸਲਾਹੇ ਸਾਚੁ ਸੋਇ ॥੨॥ ਜਾ ਕਉ ਤੂ ਰਾਖਹਿ ਰਖਨਹਾਰ ॥ ਸਤਿਗੁਰੂ ਮਿਲਾਵਹਿ ਕਰਹਿ ਸਾਰ ॥
ਬਿਖੁ ਹਉਮੈ ਮਮਤਾ ਪਰਹਰਾਇ ॥ ਸਭਿ ਦੂਖ ਬਿਨਾਸੇ ਰਾਮ ਰਾਇ ॥੩॥
ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥
ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥ ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥੪॥੫॥}

(ਅੰਗ ੧੧੬੯)

ਸਾਰਗ ਮਹਲਾ ੫ ॥

{ਅਬ ਮੋਰੋ ਨਾਚਨੋ ਰਹੋ ॥ ਲਾਲੁ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ ॥੧॥ ਰਹਾਉ ॥
ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ ॥
ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ ਤਬ ਮੁਖੁ ਕਾਜਿ ਲਜੋ ॥੧॥
ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ॥ ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ॥੨॥
ਜਉ ਦਿਨੁ ਰੈਨਿ ਤਊ ਲਉ ਬਜਿਓ ਮੂਰਤ ਘਰੀ ਪਲੋ ॥

ਬਜਾਵਨਹਾਰੋ ਊਠਿ ਸਿਧਾਰਿਓ ਤਬ ਫਿਰਿ ਬਾਜੁ ਨ ਭਇਓ ॥੩॥
ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ ॥
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ ॥੪॥੩॥}

(ਅੰਗ ੧੨੦੩)

ਸਾਰਗ ਮਹਲਾ ੫ ॥

{ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ॥
ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ ॥੧॥ ਰਹਾਉ ॥
ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ॥
ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥੧॥
ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ ਤੁਟੈ ਨਾਹੀ ਅਭਿਮਾਨੈ ॥੨॥
ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥ ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥੩॥
ਖੋਜਤ ਖੋਜਤ ਇਹੈ ਬੀਚਾਰਿਓ ਸਰਬ ਸੁਖਾ ਹਰਿ ਨਾਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ ॥੪॥੧੧॥}

(ਅੰਗ ੧੨੦੫-੧੨੦੬)

ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥
ਜੈ ਜਗਦੀਸ ਤੇਰਾ ਜਸੁ ਜਾਚਉ ਮੈ ਹਰਿ ਬਿਨੁ ਰਹਨੁ ਨ ਜਾਈ ॥੧॥ ਰਹਾਉ ॥
ਹਰਿ ਕੀ ਪਿਆਸ ਪਿਆਸੀ ਕਾਮਨਿ ਦੇਖਉ ਰੈਨਿ ਸਬਾਈ ॥
ਸ੍ਰੀਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ ॥੧॥
ਗਣਤ ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ ॥
ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ ਹਰਿ ਸਿਉ ਰਹਾਂ ਸਮਾਈ ॥੨॥
ਐਸੀ ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ ॥
ਬਿਸਮ ਭਏ ਗੁਣ ਗਾਇ ਮਨੋਹਰ ਨਿਰਭਉ ਸਹਜਿ ਸਮਾਈ ॥੩॥
ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥
ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥
ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ ॥
ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥੫॥
ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥
ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ ॥

ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥੭॥
ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ ॥
ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ ॥੮॥੧॥}

(ਅੰਗ ੧੨੩੨)

ਮਃ ੪ ॥

{ਸਭਨਾ ਦਾਤਾ ਆਪਿ ਹੈ ਆਪੇ ਮੇਲਣਹਾਰੁ ॥
ਨਾਨਕ ਸਬਦਿ ਮਿਲੇ ਨ ਵਿਛੁੜਹਿ ਜਿਨਾ ਸੇਵਿਆ ਹਰਿ ਦਾਤਾਰੁ ॥੨॥}

(ਅੰਗ ੧੨੪੪)

ਪਉੜੀ ॥

{ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ ॥ ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ ॥
ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ ॥ ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ ॥
ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ ॥੧੮॥}

(ਅੰਗ ੧੨੪੪)

ਪਉੜੀ ॥

{ਵਡਾ ਆਪਿ ਅਗੰਮੁ ਹੈ ਵਡੀ ਵਡਿਆਈ ॥ ਗੁਰ ਸਬਦੀ ਵੇਖਿ ਵਿਗਸਿਆ ਅੰਤਰਿ ਸਾਂਤਿ ਆਈ ॥
ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ ॥ ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ ॥
ਨਾਨਕ ਹਰਿ ਭਾਵੈ ਸੋ ਕਰੇ ਸਭ ਚਲੈ ਰਜਾਈ ॥੩੬॥੧॥ ਸੁਧੁ ॥}

(ਅੰਗ ੧੨੫੧)

ਮਃ ੧ ॥

{ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥}

(ਅੰਗ ੧੨੯੧)

ਪਉੜੀ ॥

{ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧੁ}

(ਅੰਗ ੧੨੯੧)

ਕਾਨੜਾ ਮਹਲਾ ੪ ॥

{ਜਪਿ ਮਨ ਗੋਬਿਦ ਮਾਧੋ ॥ ਹਰਿ ਹਰਿ ਅਗਮ ਅਗਾਧੋ ॥
ਮਤਿ ਗੁਰਮਤਿ ਹਰਿ ਪ੍ਰਭੁ ਲਾਧੋ ॥ ਧੁਰਿ ਹੋ ਹੋ ਲਿਖੇ ਲਿਲਾਧੋ ॥੧॥ ਰਹਾਉ ॥

ਬਿਖੁ ਮਾਇਆ ਸੰਚਿ ਬਹੁ ਚਿਤੈ ਬਿਕਾਰ ਸੁਖੁ ਪਾਈਐ ਹਰਿ ਭਜੁ ਸੰਤ ਸੰਤ ਸੰਗਤੀ ਮਿਲਿ ਸਤਿਗੁਰੂ ਗੁਰੁ ਸਾਧੋ॥
ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ ॥੧॥
ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ ॥
ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ ॥੨॥੫॥੧੧॥}
(ਅੰਗ ੧੨੯੭)

52/7340

ਕਲਿਆਨ ਮਹਲਾ ੪ ॥

{ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ ॥
ਅਉਰੁ ਕੋਈ ਨਿੰਦ ਕਰੈ ਹਰਿ ਜਨ ਕੀ ਪ੍ਰਭੁ ਤਾ ਕਾ ਕਹਿਆ ਇਕੁ ਤਿਲੁ ਨਹੀ ਮਾਨੈ ॥੧॥ ਰਹਾਉ ॥
ਅਉਰ ਸਭ ਤਿਆਗਿ ਸੇਵਾ ਕਰਿ ਅਚੁਤ ਜੋ ਸਭ ਤੇ ਊਚ ਠਾਕੁਰੁ ਭਗਵਾਨੈ ॥
ਹਰਿ ਸੇਵਾ ਤੇ ਕਾਲੁ ਜੋਹਿ ਨ ਸਾਕੈ ਚਰਨੀ ਆਇ ਪਵੈ ਹਰਿ ਜਾਨੈ ॥੧॥
ਜਾ ਕਉ ਰਾਖਿ ਲੇਇ ਮੇਰਾ ਸੁਆਮੀ ਤਾ ਕਉ ਸੁਮਤਿ ਦੇਇ ਪੈ ਕਾਨੈ ॥
ਤਾ ਕਉ ਕੋਈ ਅਪਰਿ ਨ ਸਾਕੈ ਜਾ ਕੀ ਭਗਤਿ ਮੇਰਾ ਪ੍ਰਭੁ ਮਾਨੈ ॥੨॥
ਹਰਿ ਕੇ ਚੋਜ ਵਿਡਾਨ ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ ਪਛਾਨੈ ॥
ਤਾ ਤੇ ਜਨ ਕਉ ਅਨਦੁ ਭਇਆ ਹੈ ਰਿਦ ਸੁਧ ਮਿਲੇ ਖੋਟੇ ਪਛੁਤਾਨੈ ॥੩॥
ਤੁਮ ਹਰਿ ਦਾਤੇ ਸਮਰਥ ਸੁਆਮੀ ਇਕੁ ਮਾਗਉ ਤੁਝ ਪਾਸਹੁ ਹਰਿ ਦਾਨੈ ॥
ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਦੀਜੈ ਸਦ ਬਸਹਿ ਰਿਦੈ ਮੋਹਿ ਹਰਿ ਚਰਾਨੈ ॥੪॥੫॥}

(ਅੰਗ ੧੩੨੦)

{ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥ ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥੫੩॥}

(ਅੰਗ ੧੩੮੦)

ਉਪਰ ਵਾਲੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਅਕਾਲ ਪੁਰਖ ਦੀ ਭਗਤੀ ਦੀ ਭਾਵ ਉਸਦਾ ਨਾਮ ਜਪਣ ਦੀ ਸੱਚਾਈ ਸਮਝਣ ਦਾ ਉਪਰਾਲਾ ਹੀ ਕੀਤਾ ਹੈ ਜਿਨ੍ਹਾਂ ਵਿੱਚੋਂ ਕਾਫੀ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਪ੍ਰਮਾਤਮਾ ਦਾ ਨਾਮ ਜਪਣ ਦਾ ਮਾਰਗ ਮਨ ਦੀ ਸ਼ੁੱਧੀ ਦੇ ਨਾਲ ਹੀ ਜੁੜਿਆ ਹੋਇਆ ਹੈ ਭਾਵ ਮਨ ਦੀ ਅਸ਼ੁੱਧੀ ਕੱਢਣ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਉਪਰ ਵਾਲੇ ਅਨੇਕਾਂ ਹੀ ਸ਼ਬਦਾਂ ਦੁਆਰਾ ਗੁਰੂ ਸਾਹਿਬ ਨੇ ਸਮਝਾਇਆ ਹੋਇਆ ਹੈ ਭਾਵੇਂ ਜਿਹੜੇ ਮਰਜੀ ਸ਼ਬਦ ਰਾਹੀਂ ਧਿਆਨ ਨਾਲ ਸਮਝ ਲਈਏ ਤੇ ਗੁਰੂ ਦੀ ਸਮਝ ਤੇ ਪੂਰਨ ਵਿਸ਼ਵਾਸ ਟਿਕਾ ਕੇ ਸਮਝ ਲਈਏ। ਗੁਰੂ ਦੀ ਸਮਝ ਸ਼ੁੱਧ ਸਮਝ ਹੈ ਕਿਉਂਕਿ ਉਹ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਸਮਝ ਹੈ ਤੇ ਮਨੁੱਖੀ ਸਮਝ ਨੂੰ ਉਸਨੇ ਆਪ ਹੀ ਹਉਮੈ ਵਾਲੀ ਸਮਝ ਵਿੱਚ ਰੱਖ ਕੇ, ਮਨਮਤਿ ਵਾਲੀ ਸਮਝ ਵਿੱਚ ਰੱਖਕੇ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖ ਕੇ ਮਨ ਦੀ ਅਸ਼ੁੱਧੀ ਵਿੱਚ ਰੱਖਿਆ ਹੋਇਆ ਹੈ। ਗੁਰੂ ਦੇ ਨਾਮ ਦਾ ਮਕਸਦ ਸਾਡੇ ਮਨ ਦੀ ਅਸ਼ੁੱਧੀ ਕੱਢਣ ਦੇ ਨਾਲ ਹੀ ਹੈ ਭਾਵ ਸਾਡੀ ਭਰਮਾਂ ਵਾਲੀ ਮਤਿ ਦੇ ਵਿੱਚੋਂ ਕੱਢਣ ਦੇ ਨਾਲ ਹੀ ਹੈ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜਨ ਦਾ ਹੀ ਹੈ ਜਿਸ ਗੁਰੂ ਦੀ ਸੱਚੀ ਮਤਿ ਦੇ ਨਾਲ ਗੁਰੂ ਦੀ ਮਤਿ ਨੂੰ ਭਾਵ ਸ਼ਬਦ ਦੇ ਵਿਚਾਰਾਂ ਨੂੰ ਮੰਨਣ ਦੇ ਨਾਲ ਹੀ ਜੁੜਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਇਹੀ ਇੱਕੋ ਇੱਕ ਸੱਚਾ ਤਰੀਕਾ ਹੈ ਤੇ ਪੂਰੇ ਸੰਸਾਰ ਵਿੱਚ ਜੋ ਵੀ ਹੋਰ ਤਰੀਕੇ ਅਸੀਂ ਬਣਾਏ ਹੋਏ ਹਨ ਉਹ ਕੇਵਲ ਮਨ ਦੀ ਅਸ਼ੁੱਧੀ ਦੀ ਹੀ ਉਪਜ ਹਨ, ਹੋਰ ਕੁਝ ਵੀ ਨਹੀਂ। ਪੂਰੀ ਗੁਰਬਾਣੀ ਵਿੱਚ ਤਾਂ ਹੋਰ ਕੋਈ ਤਰੀਕਾ ਨਹੀਂ ਸਮਝਾਇਆ ਹੋਇਆ। ਪੂਰੀ ਗੁਰਬਾਣੀ ਵਿੱਚ ਸੱਚ ਹੀ ਸਮਝਾਇਆ ਹੋਇਆ ਹੈ ਤੇ ਸੱਚ ਰੂਪ ਵਿੱਚ ਹੀ ਸ੍ਰਿਸ਼ਟੀ ਦਾ ਕਰਤਾ ਆਪ ਹੈ। ਹਰ ਸ਼ਬਦ ਦੀ ਵਿਚਾਰ ਵਿੱਚ ਸੱਚ ਹੈ ਤੇ ਸ਼ਬਦਾਂ ਦੀ ਵਿਚਾਰ ਦੀ ਸਮਝ ਨਾਲੋਂ ਦੂਰੀ ਸਾਡੀ ਸੱਚ ਨਾਲੋਂ ਦੂਰੀ ਹੈ ਭਾਵ ਗੁਰੂ ਪ੍ਰਮਾਤਮਾ ਨਾਲੋਂ ਦੂਰੀ ਹੈ ਤੇ ਇਹੀ ਸਾਡੀ ਨਾਮ ਨਾਲੋਂ ਦੂਰੀ ਹੈ। ਸ਼ਬਦਾਂ ਦੀ ਵਿਚਾਰ ਹੀ ਨਾਮ ਹੈ ਤੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਸਾਰੇ ਸੰਸਾਰ ਲਈ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਨਾਮ ਜਪਣ ਦਾ ਤਰੀਕਾ ਹੈ ਭਾਵ ਉਸਦੀ ਇੱਕੋ ਜਿਹੀ ਭਗਤੀ ਕਰਨ ਦਾ ਤਰੀਕਾ ਹੈ ਜੋ ਤਰੀਕਾ ਸੱਚੇ ਸੁੱਚੇ ਇਨਸਾਨ ਬਣਕੇ ਆਪਣੇ ਜੀਵਨ ਵਿੱਚ ਵਿਚਰਨ ਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੀ

52/7341

ਵਿਚਾਰ ਰਾਹੀਂ ਸਮਝਿਆ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਕੇਵਲ ਸੱਚੇ ਸੁੱਚੇ ਕਰਮ ਕਰਨ ਦੀ ਜਰੂਰਤ ਹੈ ਭਾਵ ਪਹਿਲੇ ਆਪਣੀ

ਨੀਯਤ ਨੂੰ ਰਾਸ ਕਰਨ ਦੀ ਜਰੂਰਤ ਹੈ ਤੇ ਤਾਂ ਹੀ ਅਸੀਂ ਸੱਚੇ ਸੁੱਚੇ ਕਰਮ ਕਰ ਸਕਦੇ ਹਾਂ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਅਨੁਸਾਰ ਆਪਣਾ ਜੀਵਨ ਬਤੀਤ ਕਰ ਸਕਦੇ ਹਾਂ ਭਾਵ ਆਪਣੀ ਸੱਚੀ ਕਰਨੀ ਦੁਆਰਾ ਸ੍ਰਿਸ਼ਟੀ ਦੇ ਕਰਤੇ, ਇੱਕੋ ਇੱਕ ਸੱਚੇ ਗੁਰੂ ਦਾ ਨਾਮ ਜਪ ਸਕਦੇ ਹਾਂ। ਇਸ ਗੱਲ ਨੂੰ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁਝ ਪੰਗਤੀਆਂ ਨੂੰ ਅਗਰ ਵਿਸ਼ਵਾਸ ਨਾਲ ਮੰਨ ਕੇ ਚਲਾਂਗੇ ਤੇ ਗੁਰੂ ਕਦੇ ਗਲਤ ਨਹੀਂ ਹੋ ਸਕਦਾ ਫਿਰ ਅਸੀਂ ਸਰੀਰ ਨੂੰ ਕਸ਼ਟ ਦਿੱਤੇ ਬਿਨਾਂ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਕਿਉਂਕਿ ਇਹ ਗੁਰੂ ਪ੍ਰਮਾਤਮਾ ਦਾ ਆਪਣਾ ਹੀ ਫੁਰਮਾਨ ਹੈ।

ਮਃ ੩ ॥

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੮੩)

ਉਪਰ ਸ਼ਬਦ ਵਿੱਚ ਧੰਨ ਧੰਨ ਤੀਜੀ ਪਾਤਸ਼ਾਹੀ ਨੇ ਉਹੀ ਕੁਝ ਲਿਖਿਆ ਹੈ ਜੋ ਉਨ੍ਹਾਂ ਦੇ ਮਨ ਦੇ ਅੰਦਰ ਪ੍ਰਗਟ ਹੋ ਕੇ ਸ੍ਰਿਸ਼ਟੀ ਦੇ ਕਰਤੇ ਨੇ ਭਾਵ ਸਾਰੇ ਸੰਸਾਰ ਦੇ ਗੁਰੂ ਨੇ ਆਪ ਹੀ ਲਿਖਵਾਇਆ ਹੈ। ਸਾਰੀ ਗੱਲ ਗੁਰੂ ਦੀ ਸੱਚੀ ਸਮਝ ਤੇ ਵਿਸ਼ਵਾਸ ਟਿਕਾਉਣ ਦੀ ਹੈ ਜੇਕਰ ਗੁਰੂ ਸਾਨੂੰ ਆਪ ਹੀ ਇਸ ਗੱਲ ਦੀ ਗਰੰਟੀ ਦੇ ਰਿਹਾ ਹੈ ਕਿ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਨਣ ਲਈ ਕੇਵਲ ਤੇ ਕੇਵਲ ਆਪਣੀ ਨੀਯਤ ਸਾਫ ਕਰਨ ਦੀ ਹੈ, ਚੰਗੀ ਨੀਯਤ ਵਾਲਾ ਮਨੁੱਖ ਬਣਨ ਦੀ ਹੈ ਤੇ ਚੰਗੀ ਨੀਯਤ ਵਾਲਾ ਮਨੁੱਖ ਕਿਹੋ ਜਿਹਾ ਹੁੰਦਾ ਹੈ ਇਸਨੂੰ ਸੰਸਾਰ ਦਾ ਹਰ ਮਨੁੱਖ ਸਮਝਦਾ ਹੈ ਕਿ ਚੰਗੀ ਨੀਯਤ ਵਾਲੇ ਮਨੁੱਖ ਵਿੱਚ ਤੇ ਮਾੜੀ ਨੀਯਤ ਵਾਲੇ ਮਨੁੱਖ ਵਿੱਚ ਕੀ ਫਰਕ ਹੁੰਦਾ ਹੈ। ਫਰਕ ਸੱਚ ਤੇ ਝੂਠ ਦਾ ਹੀ ਹੈ ਭਾਵ ਚੰਗੇ ਮਾੜੇ ਕਰਮ ਕਰਨ ਦਾ ਹੀ ਹੈ ਤੇ ਚੰਗੇ ਕਰਮ ਕਿਹੋ ਜਿਹੇ ਹੁੰਦੇ ਹਨ ਤੇ ਮਾੜੇ ਕਰਮ ਕਿਹੋ ਜਿਹੇ ਹੁੰਦੇ ਹਨ ਇਹੀ ਗੱਲ ਤਾਂ ਗੁਰੂ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਸਮਝਾਉਂਦਾ ਹੈ ਕਿ ਅਉਗੁਣ ਛੱਡੋ ਤੇ ਸੰਸਾਰ ਵਿੱਚ ਗੁਣੀ ਬਣਕੇ ਵਿਚਰੋ ਜਿਸ ਤਰੀਕੇ ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ, ਇਸ ਜੀਵਨ ਦੇ ਵਿੱਚ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਲਾਹਾ ਲਿਆ ਜਾ ਸਕਦਾ ਹੈ।

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ ੪੧੮)

ਸਾਰੀ ਗੱਲ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨ ਕੇ ਉਸਤੇ ਅਮਲ ਕਰਨ ਦੀ ਹੈ ਜਿਸ ਗੁਰੂ ਦੇ ਸੱਚ ਤੇ ਆਪਣੇ ਭਰਮਾਂ ਵਾਲੀ ਮਤਿ ਛੱਡ ਕੇ ਹੀ

ਭਾਵ ਮਨ ਦੀ ਦੁਬਿਧਾ ਵਿੱਚੋਂ ਨਿਕਲਕੇ ਹੀ ਚੱਲਿਆ ਜਾ ਸਕਦਾ ਹੈ ਤੇ ਗੁਰੂ ਦੇ ਸਮਝਾਏ ਹੋਏ ਸੱਚ ਤੋਂ ਬਿਨਾਂ ਅਸੀਂ ਜੋ ਵੀ ਅਨੇਕਾਂ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਉਨ੍ਹਾਂ ਨੂੰ ਸਾਡਾ ਪਾਖੰਡ ਹੀ ਦੱਸਿਆ ਹੋਇਆ ਹੈ, ਸਾਡੀ ਖੁਆਰੀ ਦੱਸਿਆ ਹੋਇਆ ਹੈ। ਮਨੁੱਖ ਦੀ ਚੰਗੀ ਕਰਨੀ ਗੁਰੂ ਦੇ ਸਮਝਾਏ ਹੋਏ ਸੱਚ ਤੇ ਚੱਲ ਕੇ ਹੀ ਹੁੰਦੀ ਹੈ।

{ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ ਇਸ ਨੋ ਵਿਆਪੈ ਸੋਗ ਸੰਤਾਪੁ ॥ ਸੋ ਸੇਵਹੁ ਜਿਸੁ ਮਾਈ ਨ ਬਾਪੁ ॥
ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ ਜਹ ਜਹ ਦੇਖਾ ਤਹ ਤਹ ਸੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥
ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥ ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥
ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ ੧੩੪੩)

ਪ੍ਰਮਾਤਮਾ ਨੂੰ ਹਰ ਕੋਈ ਪੂਜਣਾ ਚਾਹੁੰਦਾ ਹੈ, ਉਸਦੀ ਭਗਤੀ ਕਰਨਾ ਚਾਹੁੰਦਾ ਹੈ, ਉਸਦਾ ਜਪ ਤਪ ਕਰਨਾ ਚਾਹੁੰਦਾ ਹੈ, ਉਸਦੇ ਨਾਲ ਧਿਆਨ ਜੋੜਨਾ ਚਾਹੁੰਦਾ ਹੈ ਇਹ ਸਭ ਕੁਝ ਕਰਨ ਦਾ ਤਰੀਕਾ ਕੇਵਲ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਪੂਜਣਾ ਹੀ ਹੈ ਜਿਨ੍ਹਾਂ ਗੁਣਾਂ ਦੀ ਪੂਜਾ ਵਿੱਚ ਸਭ ਕੁਝ ਆ ਜਾਂਦਾ ਹੈ ਜਿਹੋ ਜਿਹੀ ਪੂਜਾ ਦੁਆਰਾ ਹੀ ਸ੍ਰਿਸ਼ਟੀ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਗੁਣਾਂ ਦੀ ਪੂਜਾ ਗੁਣੀ ਬਣ ਕੇ ਵਿਚਰਨ ਦੁਆਰਾ ਹੀ ਹੋ ਸਕਦੀ ਹੈ ਤੇ ਗੁਣੀ ਬਣਨ ਲਈ ਇੱਕੋ ਜਰੂਰੀ ਗੱਲ ਔਗੁਣ ਤਿਆਗਣ ਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗਣ ਦੀ ਹੈ ਜੋ ਔਗੁਣਾਂ ਨੂੰ ਤਿਆਗਣ ਲਈ ਗੁਰੂ ਸਾਨੂੰ ਬਾਰ-ਬਾਰ ਸਮਝਾਉਂਦਾ ਹੈ ਤਾਂ ਜੋ ਅਸੀਂ ਗੁਣੀ ਬਣ ਕੇ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਪੂਜ ਸਕੀਏ ਤੇ ਉਸਨੂੰ ਆਪਣੇ ਅੰਦਰੋਂ ਜਾਣ ਸਕੀਏ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਨ੍ਹਾਂ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ।

ਗਉੜੀ ਮਃ ੫ ॥

{ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥੧॥ ਕਵਨ ਗੁਨੁ ਜੋ ਤੁਝੁ ਲੈ ਗਾਵਉ ॥
ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥ ਕਵਨ ਸੁ ਪੂਜਾ ਤੇਰੀ ਕਰਉ ॥
ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥ ਕਵਨ ਤਪੁ ਜਿਤੁ ਤਪੀਆ ਹੋਇ ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥ ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥
ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ ੧੮੬-੧੮੭)

ਸਿਰੀਰਾਗੁ ਮਹਲਾ ੫ ਘਰੁ ੫ ॥

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

ਉਪਰ ਵਾਲੇ ਸ਼ਬਦਾਂ ਨੂੰ ਤੇ ਇਸਦੇ ਨਾਲ ਮਿਲੇ ਜੁਲੇ ਹੋਰ ਅਨੇਕਾਂ ਸ਼ਬਦਾਂ ਨੂੰ ਵੀ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਸੰਸਾਰ ਦੇ ਵਿੱਚ ਕੋਈ ਐਸਾ ਭਰਮ ਨਹੀਂ ਹੈ ਜਿਸ ਭਰਮ ਨੂੰ ਧੰਨ ਧੰਨ ਗੁਰੂ ਗੁਰਬਾਣੀ ਨੇ ਕੱਢਿਆ ਨਾ ਹੋਵੇ ਕਿਉਂਕਿ ਭਰਮਾਂ ਵਾਲੀ ਭਗਤੀ ਦੇ ਵਿੱਚ ਰਹਿੰਦੇ ਹੋਏ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦਾ। ਸ੍ਰਿਸ਼ਟੀ ਦੇ ਕਰਤੇ ਨੂੰ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸਮਝਾਏ ਹੋਏ ਸੱਚ ਨੂੰ ਅਪਨਾਉਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਗੁਣੀ ਬਣ ਕੇ ਵਿਚਰਨਾ ਹੀ ਸਮਝਾਉਂਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨਾ ਹੀ ਸਿਖਾਉਂਦਾ ਹੈ ਤੇ ਇਹੀ ਸਾਰੇ ਸੰਸਾਰ ਲਈ ਇੱਕੋ ਇੱਕ ਭਗਤੀ ਦਾ ਤਰੀਕਾ ਹੈ, ਉਸਦਾ ਇੱਕੋ ਇੱਕ ਨਾਮ ਜਪਣ ਦਾ ਤਰੀਕਾ ਹੈ ਜਿਵੇਂ ਕਿ

53/7343

ਅਸੀਂ ਹੁਣ ਤੱਕ ਅਨੇਕਾਂ ਹੀ ਗੁਰਬਾਣੀ ਗੁਰੂ ਦੇ ਸ਼ਬਦਾਂ ਰਾਹੀਂ ਸਮਝਿਆ ਹੈ। ਜਪੁਜੀ ਬਾਣੀ ਦੇ ਸਾਰੇ ਸ਼ਬਦਾਂ ਰਾਹੀਂ ਵੀ ਅਸੀਂ ਇਹੀ ਤਰੀਕਾ ਸਮਝਿਆ ਹੈ ਕਿਉਂਕਿ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਨਣ ਦਾ ਕੋਈ ਹੋਰ ਤਰੀਕਾ ਹੈ ਹੀ ਨਹੀਂ। ਹੁਣ ਜਪੁਜੀ ਬਾਣੀ ਦੇ ਸਲੋਕ ਨੂੰ ਸਮਝਦੇ ਹਾਂ ਤੇ ਸਲੋਕ ਰਾਹੀਂ ਵੀ ਸਾਨੂੰ ਇਹੀ ਤਰੀਕਾ ਸਮਝਾਇਆ ਹੋਇਆ ਹੈ ਤੇ ਸ੍ਰਿਸ਼ਟੀ ਦਾ ਕਰਤਾ ਆਪਣੀ ਇਹ ਸੰਸਾਰ ਦੀ ਖੇਡ ਕਿਸ ਤਰੀਕੇ ਚਲਾ ਰਿਹਾ ਹੈ ਇਹੀ ਨਾਲ ਹੀ ਸਮਝਾਇਆ ਹੋਇਆ ਹੈ। ਆਉ ਸਮਝੀਏ।

ਸਲੋਕੁ ॥

“ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥”

ਸ਼ਬਦ ਦੇ ਅਰਥ ਗਹਿਰਾਈ ਵਿੱਚ ਹਨ ਧਿਆਨ ਨਾਲ ਸਮਝਣ ਦੀ ਲੋੜ ਹੈ। ਉਪਰ ਸਲੋਕ ਰਾਹੀਂ ਸਾਨੂੰ ਇਸ ਸੰਸਾਰ ਦੀ ਖੇਡ ਹੀ ਸਮਝਾਈ ਹੋਈ ਹੈ ਕਿ ਉਹ ਖੇਡ ਕੀ ਹੈ ਤੇ ਉਸ ਖੇਡ ਨੂੰ ਜਾਨਣ ਦਾ ਤਰੀਕਾ ਕੀ ਹੈ ਇਹ ਵੀ ਨਾਲ ਹੀ ਸਮਝਾਇਆ ਹੈ। ਪਹਿਲੇ ਪਹਿਲੀਆਂ ਪੰਗਤੀਆਂ ਰਾਹੀਂ ਸਾਨੂੰ ਖੇਡ ਕੀ ਹੈ ਇਹ ਸਮਝਾਇਆ ਹੋਇਆ ਹੈ। ਆਉ ਸਮਝੀਏ।

“ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥”

ਸ੍ਰਿਸ਼ਟੀ ਦੇ ਕਰਤੇ ਦੀ ਖੇਡ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੀ ਹੈ। ਅਸਲ ਵਿੱਚ ਸ੍ਰਿਸ਼ਟੀ ਦਾ ਕਰਤਾ ਸਭ ਕੁਝ ਆਪ ਹੀ ਹੈ ਤੇ ਸ੍ਰਿਸ਼ਟੀ ਦੇ ਉਪਰ ਜੋ ਵੀ ਆਕਾਰ ਰੂਪ ਹੈ ਉਸਨੇ ਆਪ ਹੀ ਬਣਾਇਆ ਹੋਇਆ ਹੈ ਤੇ ਹਰ ਆਕਾਰ ਰੂਪ ਨੂੰ ਉਹ ਆਪ ਹੀ ਚਲਾ ਰਿਹਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸ੍ਰਿਸ਼ਟੀ ਦਾ ਕਰਤਾ ਸਭ ਕੁਝ ਆਪ ਹੁੰਦੇ ਹੋਏ ਵੀ ਕਿਸੇ ਨੂੰ ਆਪਣਾ ਆਪ ਜਨਾਉਣਾ ਨਹੀਂ ਚਾਹੁੰਦਾ ਜਿਸ ਲਈ ਉਸਨੇ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖ ਕੇ, ਮੈਂ ਵਿੱਚ ਭਾਵ ਮਨ ਦੀ ਹਉਮੈ ਵਿੱਚ ਰੱਖਿਆ ਹੋਇਆ ਹੈ ਜਿਸ ਮਨ ਦੀ ਨਾਸਮਝੀ ਕਰਕੇ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦਾ ਜਿਸ ਕਰਕੇ ਇਹ ਸਾਰੇ ਸੰਸਾਰ ਦੀ ਰਚਨਾ ਇੱਕ ਖੇਡ ਬਣਾਈ ਹੋਈ ਹੈ ਜੋ ਉਸਦੀ ਖੇਡ ਪੂਰੀ ਤਰ੍ਹਾਂ ਉਸਦੀ ਮਰਜੀ ਨਾਲ ਚੱਲਦੀ ਹੈ। ਉਸਦੀ ਮਰਜੀ ਬਿਨਾਂ ਕੋਈ ਉਸਦੀ ਖੇਡ ਨੂੰ

53/7344

ਸਮਝ ਹੀ ਨਹੀਂ ਸਕਦਾ। ਜਦ ਤੱਕ ਉਸਦੀ ਖੇਡ ਸਮਝ ਹੀ ਨਹੀਂ ਪੈਂਦੀ ਤਦ ਤੱਕ ਇਸ ਖੇਡ ਦੇ ਮਾਲਕ ਨੂੰ ਵੀ ਕੋਈ ਨਹੀਂ ਜਾਣ ਸਕਦਾ। ਉਸਦੀ ਖੇਡ ਨੂੰ ਜਾਣੇ ਬਿਨਾਂ ਅਸੀਂ ਉਸ ਸ੍ਰਿਸ਼ਟੀ ਦੇ ਕਰਤੇ ਦੀਆਂ ਵਡਿਆਈਆਂ ਨੂੰ ਭਾਵ ਉਸਦੇ ਵੱਡੇਪਨ ਨੂੰ ਸਮਝ ਹੀ ਨਹੀਂ ਸਕਦੇ ਤੇ ਉਸਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਅਸੀਂ ਆਕਾਰ ਰੂਪ ਨੂੰ ਹੀ ਵੱਡਾ ਸਮਝਦੇ ਹਾਂ ਭਾਵ ਆਕਾਰ ਰੂਪ ਨੂੰ ਮਹਤੱਤਾ ਦਿੰਦੇ ਹਾਂ ਕਿਉਂਕਿ ਆਕਾਰ ਰੂਪ ਹੀ ਸਾਡਾ ਜੀਵਨ ਜਿਉਣ ਵਿੱਚ ਸਾਡੇ ਕੰਮ ਆਉਂਦੇ ਹਨ। ਇਹੀ ਗੱਲ ਸਾਨੂੰ ਉਪਰ ਸਲੋਕ ਵਿੱਚ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਅਸੀਂ ਕਿਸਨੂੰ ਮਹੱਤਵ ਦਿੰਦੇ ਹਾਂ ਭਾਵ ਕਿਸਨੂੰ ਵਡਿਆਈ ਦਿੰਦੇ ਹਾਂ। ਪਵਣੁ ਭਾਵ ਹਵਾ ਸਾਡਾ ਜੀਵਨ ਜਿਉਣ ਲਈ ਸਭ ਲਈ ਜਰੂਰੀ ਹੈ ਜਿਸ ਕਰਕੇ ਅਸੀਂ ਪਵਣ ਨੂੰ ਮਹਤੱਤਾ ਦਿੰਦੇ ਹਾਂ। ਗੁਰੂ ਸਾਨੂੰ ਸਾਡਾ ਜੀਵਨ ਜਿਉਣ ਦਾ ਮਾਰਗ ਸਮਝਾਉਂਦਾ ਹੈ ਜਿਸ ਕਰਕੇ ਗੁਰੂ ਦੀ ਪਦਵੀ ਬਹੁਤ ਉੱਚੀ ਮੰਨੀ ਜਾਂਦੀ ਹੈ ਤੇ ਉਸਨੂੰ ਮਹੱਤਵ ਦਿੱਤਾ ਜਾਂਦਾ ਹੈ। ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਜਿਸਨੂੰ ਕੋਈ ਗੁਰੂ ਰੂਪ ਮੰਨਦਾ ਹੈ, ਕਿਸੇ ਆਕਾਰ ਰੂਪ ਨੂੰ, ਕਿਸੇ ਦੇਹ ਰੂਪ ਨੂੰ ਗੁਰੂ ਮੰਨਦਾ ਹੈ ਉਸਨੂੰ ਉਹ ਉੱਚਾ ਮਹੱਤਵ ਦਿੰਦਾ ਹੈ। ਇਸੇ ਤਰ੍ਹਾਂ ਪਾਣੀ ਦਾ ਰੁਤਬਾ ਬਹੁਤ ਉੱਚਾ ਹੈ। ਪਾਣੀ ਹਰ ਇੱਕ ਦੇ ਜੀਵਨ ਵਿੱਚ ਜਰੂਰੀ ਹੈ ਜਿਸ ਤੋਂ ਬਿਨਾਂ ਨਾ ਕੋਈ ਬਨਸਪਤੀ ਉੱਗ ਸਕਦੀ ਹੈ ਤੇ ਨਾ ਹੀ ਕਿਸੇ ਮਨੁੱਖ ਦਾ, ਜੀਵ-ਜੰਤੂ ਦਾ ਜੀਵਨ ਚੱਲ ਸਕਦਾ ਹੈ। ਪਾਣੀ ਨੂੰ ਹਰ ਕੋਈ ਮਹਤੱਤਾ ਦਿੰਦਾ ਹੈ। ਇਸੇ ਤਰ੍ਹਾਂ ਸੰਸਾਰ ਵਿੱਚ ਪਿਤਾ ਦੀ ਤੇ ਮਾਤਾ ਦੀ ਮਹਤੱਤਾ ਬਹੁਤ ਉੱਚੀ ਹੈ ਕਿਉਂਕਿ ਇਨ੍ਹਾਂ ਦੇ ਸੰਜੋਗ ਬਿਨਾਂ ਮਨੁੱਖੀ ਜੀਵ ਪੈਦਾ ਹੀ ਨਹੀਂ ਹੋ ਸਕਦਾ ਭਾਵ ਸੰਸਾਰ ਵਿੱਚ ਆ ਹੀ ਨਹੀਂ ਸਕਦਾ ਤੇ ਮਾਂ ਦੇ ਪੇਟ ਤੋਂ ਜਨਮ ਲੈਣ ਤੋਂ ਬਾਅਦ ਉਸਦੀ ਪਾਲਣਾ ਵੀ ਮਾਤਾ ਪਿਤਾ ਹੀ ਕਰਦੇ ਹਨ। ਜਿਸ ਕਰਕੇ ਪੂਰੇ ਸੰਸਾਰ ਵਿੱਚ ਉਨ੍ਹਾਂ ਦੀ ਮਹਤੱਤਾ ਬਹੁਤ ਹੀ ਉੱਚੀ ਹੈ। ਇਸੇ ਤਰ੍ਹਾਂ ਧਰਤੀ ਦੀ ਮਹਤੱਤਾ ਕਿੰਨੀ ਕੁ ਉੱਚੀ ਹੈ ਇਹ ਹਰ ਕੋਈ ਜਾਣਦਾ ਹੈ। ਧਰਤੀ ਤੋਂ ਬਿਨਾਂ ਕਿਸੇ ਜੀਵ-ਜੰਤੂ ਦਾ ਜੀਵਨ ਬਣਨਾ ਹੀ ਨਾਮੁਮਕਿਨ ਹੈ। ਇਸ ਪੰਗਤੀ ਰਾਹੀਂ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਜੇਕਰ ਅਸੀਂ ਆਕਾਰ

ਰੂਪ ਦੀ ਮਹਤੱਤਾ ਹੀ ਸਮਝਾਂਗੇ ਫਿਰ ਉਸਦੀ ਮਹਤੱਤਾ ਕਿੱਥੇ ਗਈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਪਵਣੁ ਨੇ ਆਪਣੇ ਆਪ ਨੂੰ ਨਹੀਂ ਬਣਾਇਆ। ਆਪਣਾ ਮਨੁੱਖੀ ਗੁਰੂ ਰੂਪ ਕਿਸੇ ਨੇ ਆਪਣੇ ਆਪ ਨਹੀਂ ਬਣਾਇਆ। ਇਸੇ ਤਰ੍ਹਾਂ ਪਾਣੀ ਨੇ ਖੁਦ ਆਪਣੇ ਆਪ ਨੂੰ ਨਹੀਂ ਬਣਾਇਆ ਤੇ ਇਹੀ ਗੱਲ ਪਿਤਾ-ਮਾਤਾ ਤੇ ਲਾਗੂ ਹੁੰਦੀ ਹੈ ਜਿਨ੍ਹਾਂ ਨੇ ਆਪਣਾ ਆਪਣਾ ਮਨੁੱਖੀ ਰੂਪ ਆਪਣੇ ਆਪ ਨਹੀਂ ਬਣਾਇਆ। ਇਸੇ ਤਰ੍ਹਾਂ ਧਰਤੀ ਨੇ ਵੀ ਖੁਦ ਆਪਣੇ ਆਪ ਨੂੰ ਨਹੀਂ ਬਣਾਇਆ। ਬਣਾਇਆ ਤਾਂ ਸਭ ਕੁਝ ਉਸਨੇ ਹੈ ਜਿਸਨੇ ਪਹਿਲੇ ਸ੍ਰਿਸ਼ਟੀ ਨੂੰ ਬਨਾਉਣ ਲਈ ਤੇ ਉਸਨੂੰ ਚਲਾਉਣ ਲਈ ਪੰਜ ਤੱਤਾਂ ਦੀ ਰਚਨਾ ਕੀਤੀ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਭਾਵ ਆਪਣੇ ਨਾਮ ਦੁਆਰਾ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਭਾਵ ਆਪਣੀ ਉੱਚੀ ਸਾਇੰਸ ਦੁਆਰਾ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਆਪਣੀ ਉੱਚੀ ਸਾਇੰਸ ਦੇ ਗਿਆਨ

ਦੁਆਰਾ ਹੀ ਆਪਣੀ ਹਰ ਰਚਨਾ ਨੂੰ ਚਲਾ ਰਿਹਾ ਹੈ, ਸ੍ਰਿਸ਼ਟੀ ਦੇ ਜੀਵਨ ਜਿਉਣ ਦਾ ਤਰੀਕਾ ਉਸਨੇ ਆਪ ਹੀ ਬਣਾਇਆ ਹੋਇਆ ਹੈ, ਜੀਵਨ ਜਿਉਣ ਲਈ ਹਰ ਲੋੜ ਪੂਰੀ ਕਰਨ ਦਾ ਸਾਧਨ ਉਸਨੇ ਆਪ ਹੀ ਬਣਾਇਆ ਹੋਇਆ ਹੈ ਜਿਸ ਤਰੀਕੇ ਉਹ ਆਪਣੀ ਸੰਸਾਰਿਕ ਖੇਡ ਚਲਾ ਰਿਹਾ ਹੈ। ਉਸ ਖੇਡ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨਾਂ ਅਸੀਂ ਉਸਦੀ ਮਹਤੱਤਾ ਨੂੰ ਨਹੀਂ ਜਾਣ ਸਕਦੇ ਤੇ ਉਨ੍ਹਾਂ ਨੂੰ ਮਹਤੱਤਾ ਦਿੰਦੇ ਹਾਂ ਜਿਨ੍ਹਾਂ ਨਾਲ ਸਾਡਾ ਜੀਵਨ ਚੱਲਦਾ ਹੈ ਜਿਵੇਂ ਕਿ ਸਲੋਕ ਦੀ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। **(ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥)**

ਪ੍ਰਮਾਤਮਾ ਸਾਡੇ ਨਾਲ ਇਹ ਆਪਣੀ ਖੇਲ ਕਿਸ ਤਰੀਕੇ ਖੇਲ ਰਿਹਾ ਹੈ ਤੇ ਸਾਨੂੰ ਉਸਦੀ ਖੇਡ ਸਮਝ ਕਿਸ ਕਰਕੇ ਨਹੀਂ ਆਉਂਦੀ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥"

ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਡੇ ਮਨ ਦੀ ਉਹ ਅਵਸਥਾ ਹੀ ਸਮਝਾਈ ਹੋਈ ਹੈ ਜਿਸ ਅਵਸਥਾ ਦੀ ਸਮਝ ਪੈਣ ਦੁਆਰਾ ਹੀ ਆਪਣੇ ਅੰਦਰ ਚੱਲ ਰਹੀ ਅਕਾਲ ਪੁਰਖ ਦੀ ਖੇਡ ਦੀ ਸਮਝ ਪੈਂਦੀ ਹੈ ਕਿ ਹਰ ਮਨੁੱਖ ਦੇ ਅੰਦਰ ਉਸਦੀ ਖੇਡ ਕਿਸ ਤਰੀਕੇ ਵਰਤ ਰਹੀ ਹੈ। ਮਨ ਦੇ ਅੰਦਰ ਦੀ ਇਸ ਖੇਡ ਨੂੰ ਉਸ ਤਰੀਕੇ ਸਮਝਾਇਆ ਹੈ ਜਿਵੇਂ ਕਿ ਧਰਤੀ ਦੇ ਉਪਰ ਦਿਨ ਰਾਤ ਬਣਦੇ ਹਨ। ਧਰਤੀ ਦੋ ਤਰੀਕੇ ਨਾਲ ਚੱਕਰ ਲਗਾਉਂਦੀ ਹੈ। ਇੱਕ ਚੱਕਰ ਧਰਤੀ ਆਪ ਹੀ ਆਪਣਾ ਲਗਾਉਂਦੀ ਹੈ ਭਾਵ ਆਪਣੇ ਧੁਰੇ ਤੇ ਘੁੰਮਦੀ ਹੈ ਜੋ ਆਪਣੇ ਆਪ ਦਾ ਚੱਕਰ ਉਹ ਹਰ ਚੌਵੀ ਘੰਟੇ ਦੇ ਅੰਦਰ ਪੂਰਾ ਕਰਦੀ ਹੈ ਜਿਸ ਨਾਲ ਧਰਤੀ ਦੇ ਉਪਰ ਦਿਨ ਰਾਤ ਬਣਦੇ ਹਨ। ਦੂਸਰੇ ਤਰੀਕੇ ਦਾ ਚੱਕਰ ਧਰਤੀ ਸੂਰਜ ਦੇ ਦੁਆਲੇ ਲਗਾਉਂਦੀ ਹੈ ਜੋ ਉਸਦਾ ਚੱਕਰ ਇੱਕ ਸਾਲ ਵਿੱਚ ਪੂਰਾ ਹੁੰਦਾ ਹੈ ਜਿਸ ਤਰੀਕੇ ਧਰਤੀ ਦੇ ਉੱਤੇ ਹਨੇਰਾ ਚਾਨਣ ਹੋਣ ਦੁਆਰਾ ਦਿਨ ਰਾਤ ਬਣਦੇ ਹਨ। ਇੱਥੇ ਵੱਡੀ ਗੱਲ **"ਦੁਇ ਦਾਈ ਦਾਇਆ"** ਨੂੰ ਸਮਝਣ ਦੀ ਹੈ। **"ਦਾਇਆ"** ਚੱਕਰ ਲਗਾਉਣ ਦੇ ਦਾਇਰੇ ਨੂੰ ਕਹਿੰਦੇ ਹਨ। **"ਦੁਇ ਦਾਈ"** ਤੋਂ ਭਾਵ ਦੋ ਤਰੀਕਿਆਂ ਦੇ ਨਾਲ ਹੈ। **"ਦਾਈ"** ਠੇਠ ਪੰਜਾਬੀ ਲਫਜ ਹੈ ਜੋ ਕਿ ਪੰਜਾਬ ਦੇ ਮਾਝਾ ਇਲਾਕਿਆਂ ਦੀ ਬੋਲੀ ਹੈ ਜੋ ਕੁਝ ਇਲਾਕੇ ਹੁਣ ਪਾਕਿਸਤਾਨ ਵਿੱਚ ਚਲੇ ਗਏ ਹਨ। ਉੱਥੇ ਅਗਰ ਕੋਈ ਕਿਸੇ ਕੰਮ ਨੂੰ ਕਰਨਾ ਚਾਹੁੰਦਾ ਹੈ ਤੇ ਉੱਥੇ ਇਹ ਕਿਹਾ ਜਾਂਦਾ ਹੈ ਕਿ ਇਹ ਕੰਮ ਕਿਸ ਦਾ ਕੀਤਾ ਜਾਵੇ ਭਾਵ ਕਿਹੜੇ ਤਰੀਕੇ ਨਾਲ ਕੀਤਾ ਜਾਵੇ। ਜਿਵੇਂ ਕਿ ਘਰ ਵਿੱਚ ਕੋਈ ਸੋਫਾ ਟਿਕਾਉਣਾ ਹੋਵੇ ਤਾਂ ਇਸ ਤਰ੍ਹਾਂ ਬੋਲਿਆ ਜਾਂਦਾ ਹੈ ਕਿ ਸੋਫੇ ਨੂੰ ਕਿਸ **"ਦਾ"** ਰੱਖੀਏ ਭਾਵ ਕਿਸ ਤਰੀਕੇ ਰੱਖੀਏ। ਉਪਰ ਵਾਲੀ ਪੰਗਤੀ ਤੋਂ ਭਾਵ ਹੈ ਕਿ ਧਰਤੀ ਦੇ ਉੱਤੇ ਦਿਨ ਰਾਤ ਦੋ ਤਰੀਕੇ ਨਾਲ ਦਾਇਆ ਕੱਟਣ ਨਾਲ ਭਾਵ ਚੱਕਰ ਲਗਾਉਣ ਦੇ ਨਾਲ ਬਣਦੇ ਹਨ। **(ਦਿਵਸੁ ਰਾਤਿ ਦੁਇ ਦਾਈ ਦਾਇਆ)** ਸਾਡੇ ਮਨ ਦੀ ਅਵਸਥਾ ਵੀ ਮਨ ਦੀ ਸਮਝ ਦੇ ਦੋ ਤਰੀਕਿਆਂ ਦੇ ਨਾਲ ਹੀ ਜੁੜੀ ਹੋਈ ਹੈ ਭਾਵ ਸਾਡੇ ਮਨ ਦੇ ਵਿੱਚ ਵੀ ਮਨ ਦੀ ਸਮਝ ਰਾਹੀਂ ਦਿਨ ਚੜਦਾ ਹੈ ਤੇ ਸਾਡੇ ਮਨ ਦੀ ਸਮਝ ਦੇ ਵਿੱਚ ਹੀ ਰਾਤ ਬਣਦੀ ਹੈ। ਸਾਡੇ ਮਨ ਦੇ ਅੰਦਰ ਦੀ ਇਹ ਖੇਡ ਸਾਡੇ ਮਨ ਦੇ

ਅੰਦਰ ਦੇ ਹਨੇਰੇ ਤੇ ਚਾਨਣ ਨਾਲ ਹੀ ਜੁੜੀ ਹੋਈ ਹੈ। ਸਾਡੇ ਮਨ ਦੀ ਸਮਝ ਨੂੰ ਹਨੇਰੇ ਵਾਲੇ ਪਾਸੇ ਘੁੰਮਾ ਕੇ ਸ੍ਰਿਸ਼ਟੀ ਦੇ ਕਰਤੇ ਨੇ ਸਭ ਨੂੰ ਆਪ ਹੀ ਮਨ ਦੀ ਅਗਿਆਨਤਾ ਦੇ ਹਨੇਰੇ ਵਾਲੀ ਰਾਤ ਵਿੱਚ ਰੱਖਿਆ ਹੋਇਆ ਹੈ ਜਿਸ ਅਗਿਆਨਤਾ ਦੇ ਹਨੇਰੇ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੀ ਖੇਡ ਨੂੰ ਨਹੀਂ ਜਾਣ ਸਕਦਾ ਤੇ ਜਦੋਂ ਮਨ ਦੇ ਅੰਦਰ ਦੀ ਸਮਝ ਨੂੰ ਘੁੰਮਾ ਕੇ, ਧਰਤੀ

ਦੀ ਤਰ੍ਹਾਂ ਘੁੰਮਾ ਕੇ ਸੂਰਜ ਦੇ ਚਾਨਣ ਵਾਲੇ ਪਾਸੇ ਲਿਆ ਦਿੰਦਾ ਹੈ ਭਾਵ ਮਨ ਦੀ ਸਮਝ ਨੂੰ ਘੁੰਮਾ ਕੇ ਉਸ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰ ਦਿੰਦਾ ਹੈ ਤੇ ਫਿਰ ਉਸ ਗਿਆਨ ਦੇ ਚਾਨਣ ਨਾਲ ਮਨ ਦੇ ਵਿੱਚ ਦਿਨ ਵਰਗਾ ਚਾਨਣ ਹੋ ਜਾਂਦਾ ਹੈ ਜਿਸ ਗਿਆਨ ਦੇ ਚਾਨਣ ਦੁਆਰਾ ਹੀ ਆਪਣੇ ਅੰਦਰ ਚੱਲ ਰਹੀ ਪ੍ਰਮਾਤਮਾ ਦੀ ਖੇਡ ਦੀ ਸਮਝ ਪੈਂਦੀ ਹੈ ਤੇ ਵਿਸ਼ਵਾਸ ਆਉਂਦਾ ਹੈ ਕਿ ਮਨੁੱਖ ਦੇ ਅੰਦਰ ਮਨੁੱਖੀ ਸਮਝ ਦੇ ਰੂਪ ਵਿੱਚ ਭਾਵ ਜੋਤਿ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਇਸੇ ਤਰੀਕੇ ਹੀ ਉਹ ਹਰ ਮਨੁੱਖੀ ਸਮਝ ਦੇ ਅੰਦਰ ਆਪ ਹੀ ਹੈ ਜੋ ਸਭ ਦੀ ਸਮਝ ਦਾ ਮਾਲਕ ਹੈ, ਪੂਰੇ ਗਿਆਨ ਦਾ ਮਾਲਕ ਹੈ। ਹਰ ਆਕਾਰ ਰੂਪ ਵਿੱਚ ਆਪਣੇ ਉੱਚੇ ਗਿਆਨ ਦੁਆਰਾ ਆਪ ਹੀ ਹੈ ਤੇ ਉਸਨੇ ਆਪ ਹੀ ਹਰ ਮਨੁੱਖੀ ਸਮਝ ਦੇ ਅੰਦਰ ਅਗਿਆਨਤਾ ਰੂਪ ਅੰਧੇਰਾ ਪਾ ਕੇ ਸਭ ਨੂੰ ਆਪਣੀ ਸੰਸਾਰਿਕ ਖੇਡ ਸਮਝਣ ਤੋਂ ਦੂਰ ਰੱਖਿਆ ਹੋਇਆ ਹੈ ਤੇ ਮਨ ਦੀ ਨਾਸਮਝੀ ਕਰਕੇ ਹੀ ਆਕਾਰ ਰੂਪ ਨੂੰ ਉੱਚਾ ਸਮਝਦਾ ਹੈ ਕਿਉਂਕਿ ਉਸਨੂੰ ਆਕਾਰ ਰੂਪ ਨੂੰ ਬਨਾਉਣ ਵਾਲੇ ਨਿਰੰਕਾਰ ਰੂਪ ਦੀ ਸਮਝ ਨਹੀਂ ਹੁੰਦੀ ਜੋ ਆਪਣੇ ਨਿਰੰਕਾਰ ਰੂਪ ਦੀ ਸਮਝ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਆਪ ਹੀ ਪਾਉਂਦਾ ਹੈ ਜੋ ਉਸਦਾ ਨਿਰੰਕਾਰ ਰੂਪ ਬ੍ਰਹਮ ਗਿਆਨ ਰੂਪ ਹੈ ਭਾਵ ਉਸਦਾ ਨਾਮ ਰੂਪ ਹੈ ਜਿਸ ਆਪਣੇ ਨਾਮ ਰੂਪ ਦੁਆਰਾ ਭਾਵ ਉੱਚੀ ਸਾਇੰਸ ਵਾਲੇ ਗਿਆਨ ਦੁਆਰਾ ਉਸਨੇ ਪੰਜਾਂ ਤੱਤਾਂ ਦੀ ਰਚਨਾ ਕੀਤੀ ਹੈ, ਸਾਰੀ ਸ੍ਰਿਸ਼ਟੀ ਦੇ ਉੱਤੇ ਜੀਵਨ ਦਾ ਤਰੀਕਾ ਬਣਾਇਆ ਹੈ ਤੇ ਸ੍ਰਿਸ਼ਟੀ ਦੇ ਉੱਤੇ ਜੀਵਨ ਨੂੰ ਚਲਾਉਣ ਦਾ ਤਰੀਕਾ ਬਣਾਇਆ ਹੈ ਭਾਵ ਆਪਣੀ ਖੇਡ ਬਣਾਈ ਹੈ। **(ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥)**

ਅਕਾਲ ਪੁਰਖ ਦੀ ਇਹ ਖੇਡ ਕੀ ਹੈ ਇਸ ਗੱਲ ਨੂੰ ਅਸੀਂ ਪਹਿਲੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਸਾਡੇ ਸਭ ਦੇ ਅੰਦਰ ਕਿਸ ਤਰੀਕੇ ਵਰਤ ਰਹੀ ਹੈ।

ਪਉੜੀ ॥

“ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥ ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥ ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥”

(ਅੰਗ ੧੦੯੬)

ਸਾਡੇ ਸਭ ਦੇ ਅੰਦਰ ਜੋ ਖੇਡ ਵਰਤ ਰਹੀ ਹੈ ਉਹ ਮਨ ਦੀ ਹਉਮੈ ਕਰਕੇ ਹੈ, ਮਨ ਦੀ ਮਾਇਆ ਕਰਕੇ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਹੈ ਜਿਸ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ

ਅੰਦਰ ਸਮਝ ਕਿੱਥੋਂ ਆਉਂਦੀ ਹੈ ਭਾਵ ਕੌਣ ਪਾਉਂਦਾ ਹੈ। ਸਾਡੇ ਅੰਦਰ ਸਾਡੇ ਮਨ ਦੀ ਸਮਝ ਦੋ ਤਰੀਕਿਆਂ ਨਾਲ ਭਾਵ ਦੋ ਪਾਸੇ ਵਰਤਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਤੇ ਉਹੀ ਗੱਲ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥”

“ਸਿਵ ਸਕਤਿ” ਦੋਵੇਂ ਸਾਡੇ ਮਨ ਦੀਆਂ ਸਮਝ ਦੇ ਨਾਲ ਜੁੜੀਆਂ ਹੋਈਆਂ ਗੱਲਾਂ ਹੀ ਹਨ ਭਾਵ ਸਾਡੀ ਸਮਝ ਦੇ ਦੋ ਵੱਖਰੇ ਵੱਖਰੇ ਪਾਸੇ ਹਨ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਵੀ ਇਸ ਗੱਲ ਨੂੰ ਸਮਝਿਆ ਹੈ। **“ਸਕਤਿ”** ਸਾਡੇ ਅੰਦਰ ਦੀ ਉਹ ਵਾਲੀ ਸਮਝ ਹੈ ਜੋ ਸਾਨੂੰ ਮਨ ਦੀ ਮਾਇਆ ਵਾਲੀ ਸਮਝ ਵਿੱਚ ਰੱਖਦੀ ਹੈ ਭਾਵ ਮਾਇਆ ਦੀ ਜੁਗਤਿ ਵਿੱਚ ਰੱਖਦੀ ਹੈ, ਹਉਮੈ ਵਾਲੀ ਸਮਝ ਵਿੱਚ, ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਦੀ ਹੈ ਭਾਵ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਕਿ ਇਹ ਸਰੀਰ ਮੇਰਾ ਹੈ, ਹਰ ਮਨੁੱਖੀ ਸਰੀਰ ਪ੍ਰਮਾਤਮਾ ਤੋਂ ਵੱਖਰਾ ਰੂਪ ਹੈ ਤੇ ਹਰ ਆਕਾਰ ਰੂਪ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਰੂਪ ਹੈ ਭਾਵ ਮਨ ਦੀ ਮਾਇਆ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸ੍ਰਿਸ਼ਟੀ ਦਾ ਕਰਤਾ ਕੀ ਹੈ ਤੇ ਇਸ

ਸ੍ਰਿਸ਼ਟੀ ਦਾ ਸੱਚ ਕੀ ਹੈ। ਮਨ ਦੀ **"ਸਕਤਿ"** ਦਾ ਦੂਸਰਾ ਪਾਸਾ **"ਸਿਵ"** ਹੈ ਭਾਵ ਪ੍ਰਮਾਤਮਾ ਆਪ ਹੈ ਜੋ ਕਿ ਸਾਡੀ ਸਮਝ ਦੇ ਅੰਦਰ ਹੀ ਹੈ ਜੋ ਕਿ ਆਪਣੇ ਸਿਵ ਰੂਪ ਦੇ ਵਿੱਚ ਸਭ ਦੇ ਅੰਦਰ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੈ। ਸਿਵ ਅੱਗੇ ਸ਼ਕਤੀ ਦੀ ਕੀ ਮਜਾਲ ਹੈ ਕਿ ਉਹ ਆਪਣੇ ਆਪ ਆਪਣੀ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਆਪਣੇ ਅੰਦਰੋਂ ਸਿਵ ਨੂੰ ਜਾਣ ਸਕੇ ਭਾਵ ਚੌਥੇ ਪਦ ਦੇ ਗਿਆਨ ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ ਜਾਣ ਸਕੇ ਕਿਉਂਕਿ ਸਾਡੇ ਅੰਦਰ ਮਾਇਆ ਦੀ ਜੁਗਤਿ ਪਾਉਣ ਵਾਲਾ ਉਹ ਸਿਵ ਆਪ ਹੀ ਹੈ ਤੇ ਉਸਦਾ ਮਕਸਦ ਹੀ ਮਨ ਦੇ ਵਿੱਚ ਆਪਣੀ ਖੇਡ ਚਲਾਉਣ ਦੇ ਨਾਲ ਹੈ ਤੇ ਆਪਣੀ ਖੇਡ ਉਹ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਦਿਖਾ ਸਕਦਾ ਹੈ ਜੋ ਕਿ ਉਹ ਮਾਇਆ ਰੂਪ ਸਕਤਿ ਨੂੰ ਮਨ ਦੇ ਵਿੱਚ ਹਰਾ ਕੇ ਹੀ ਦਿਖਾਉਂਦਾ ਹੈ। **(ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥)** ਉਹ ਸਾਡੇ ਅੰਦਰ ਦੀ ਸਕਤਿ ਨੂੰ ਕਿਵੇਂ ਹਰਾ ਕੇ ਦਿਖਾਉਂਦਾ ਹੈ ਤੇ ਮਨੁੱਖ ਨੂੰ ਆਪਣੇ ਆਪ ਨਾਲ ਮਿਲਾਉਂਦਾ ਹੈ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥

ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥"

53/7348

ਜਿਸਨੂੰ ਅਕਾਲ ਪੁਰਖ ਮਾਇਆ ਦੀ ਜੁਗਤਿ ਤੋਂ ਰੱਖ ਲੈਂਦਾ ਹੈ ਭਾਵ ਬਚਾ ਲੈਂਦਾ ਹੈ ਭਾਵ ਮਨ ਦੀ ਮਾਇਆ ਨੂੰ ਹਰਾਉਣ ਦੁਆਰਾ ਮਨੁੱਖੀ ਸਮਝ ਨੂੰ ਉਸ ਤੋਂ ਬਚਾ ਲੈਂਦਾ ਹੈ, ਉਸਨੂੰ ਸਤਸੰਗ ਨਾਲ ਜੋੜ ਲੈਂਦਾ ਹੈ ਭਾਵ ਸਤ ਦੀ ਸੰਗਤ ਨਾਲ, ਸੱਚ ਦੀ ਸੰਗਤ ਦੇ ਨਾਲ ਜੋੜ ਲੈਂਦਾ ਹੈ ਭਾਵ ਮਨ ਦੇ ਵਿੱਚ ਆਪਣੇ ਸੱਚੇ ਵਿਚਾਰਾਂ ਦੀ ਸੰਗਤ ਦੇ ਨਾਲ ਜੋੜ ਲੈਂਦਾ ਹੈ ਭਾਵ ਆਪਣੇ ਚੌਥੇ ਪਦ ਦੇ ਗਿਆਨ ਵਾਲੇ ਵਿਚਾਰਾਂ ਨਾਲ ਜੋੜ ਲੈਂਦਾ ਹੈ, ਨਾਮ ਵਾਲੇ ਵਿਚਾਰਾਂ ਨਾਲ ਜੋੜ ਲੈਂਦਾ ਹੈ ਜਿਨ੍ਹਾਂ ਆਪਣੇ ਸੱਚੇ ਵਿਚਾਰਾਂ ਦੁਆਰਾ ਉਹ ਮਨ ਦੇ ਵਿੱਚ ਆਪਣੇ ਆਪ ਦੀ ਸੱਚੀ ਸੋਝੀ ਪਾਉਂਦਾ ਹੈ, ਸੱਚੀ ਗੁਰਮਤਿ ਦੀ ਭਾਵ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪਾਉਂਦਾ ਹੈ। ਅਕਾਲ ਪੁਰਖ ਆਪ ਸਾਡੇ ਸਭ ਦੇ ਅੰਦਰ ਅੰਮ੍ਰਿਤ ਜਲ ਦੇ ਰੂਪ ਵਿੱਚ ਹੀ ਹੈ, ਨਾਮ ਦੇ ਰੂਪ ਵਿੱਚ ਹੀ ਹੈ ਤੇ ਸਾਡੇ ਅੰਦਰ ਜੋ ਮਾਇਆ ਵਾਲੇ ਵਿਚਾਰ ਉਪਜਦੇ ਹਨ ਉਹ ਇੱਕ ਬੁਲਬੁਲੇ ਦੀ ਤਰ੍ਹਾਂ ਹੁੰਦੇ ਹਨ ਜੋ ਵਿਚਾਰ ਸਾਡੇ ਅੰਦਰ ਉਹ ਜਲ ਦਾ ਮਾਲਕ ਭਾਵ ਨਾਮ ਦਾ ਮਾਲਕ ਭਾਵ ਬ੍ਰਹਮ ਗਿਆਨ ਦਾ ਮਾਲਕ ਭਾਵ ਚੌਥੇ ਪਦ ਦੇ ਗਿਆਨ ਦਾ ਮਾਲਕ ਆਪ ਹੀ ਉਪਜਾਉਂਦਾ ਹੈ ਤੇ ਜਦੋਂ ਸਾਡੀ ਸਮਝ ਦੇ ਅੰਦਰੋਂ ਬੁਲਬੁਲੇ ਵਾਲੇ ਵਿਚਾਰ ਚੁੱਕ ਲੈਂਦਾ ਹੈ ਭਾਵ ਮਾਇਆ ਵਾਲੇ ਵਿਚਾਰ ਉਪਜਾਉਣੇ ਬੰਦ ਕਰ ਦਿੰਦਾ ਹੈ ਫਿਰ ਉਸ ਮਨੁੱਖੀ ਸਮਝ ਦੇ ਵਿਚਾਰ ਉਸਦੇ ਜਲ ਵਾਲੇ ਵਿਚਾਰਾਂ ਦੇ ਨਾਲ ਇੱਕ ਹੋ ਜਾਂਦੇ ਹਨ ਭਾਵ ਉਨ੍ਹਾਂ ਵਿੱਚ ਸਮਾ ਜਾਂਦੇ ਹਨ ਭਾਵ ਭਰਮਾਂ ਵਾਲੇ ਵਿਚਾਰ ਪ੍ਰਮਾਤਮਾ ਦੇ ਸੱਚੇ ਵਿਚਾਰਾਂ ਵਾਲੇ ਬਣ ਜਾਂਦੇ ਹਨ ਭਾਵ ਉਸ ਦੀ ਸੱਚੀ ਮਤਿ ਦੇ ਵਿੱਚ ਸਮਾ ਜਾਂਦੇ ਹਨ ਭਾਵ ਤ੍ਰੈ ਗੁਣਾਂ ਵਾਲੇ ਵਿਚਾਰ ਚੌਥੇ ਪਦ ਦੇ ਗਿਆਨ ਵਾਲੇ ਬਣ ਜਾਂਦੇ ਹਨ, ਹਉਮੈ ਵਾਲੇ ਵਿਚਾਰ ਫਿਰ ਨਾਮ ਵਾਲੇ ਵਿਚਾਰ ਬਣ ਜਾਂਦੇ ਹਨ ਭਾਵ ਪੁੱਠੇ ਕਮਲ ਵਾਲੀ ਸਮਝ ਫਿਰ ਸਿੱਧੇ ਕਮਲ ਵਾਲੀ ਬਣ ਜਾਂਦੀ ਹੈ ਭਾਵ ਸਾਡੇ ਅੰਦਰ ਦੀ ਸਮਝ ਵਾਲਾ ਪਾਸਾ ਬਦਲ ਜਾਂਦਾ ਹੈ, ਸਕਤਿ ਵਾਲਾ ਪਾਸਾ ਬਦਲ ਕੇ ਸਿਵ ਵਾਲਾ ਪਾਸਾ ਬਣ ਜਾਂਦਾ ਹੈ। **(ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥ ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥ ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥)**

ਉਪਰ ਵਾਲੀ ਪਉੜੀ ਦੀਆਂ ਅਸੀਂ ਪਹਿਲੇ ਆਖੀਰ ਵਾਲੀਆਂ ਚਾਰ ਪੰਗਤੀਆਂ ਨੂੰ ਸਮਝਿਆ ਹੈ ਜਿਸ ਤਰੀਕੇ ਮਨ ਦੇ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਦੀ ਖੇਡ ਸਮਝ ਆਉਂਦੀ ਹੈ ਜੋ ਖੇਡ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚੋਂ ਕਿਸੇ ਨੂੰ ਆਪਣੀ ਕ੍ਰਿਪਾ ਦੁਆਰਾ ਉਹ ਮਾਇਆ ਦੀ ਜੁਗਤਿ ਵਿੱਚੋਂ ਕੱਢ ਕੇ ਆਪ ਹੀ ਦਿਖਾਉਂਦਾ ਹੈ ਜਿਸ ਖੇਡ ਨੂੰ ਕੋਈ ਆਪਣੇ ਆਪ ਨਹੀਂ ਸਮਝ ਸਕਦਾ ਤੇ ਉਸਦੀ ਖੇਡ ਨੂੰ ਕੋਈ ਕਿਸ ਕਰਕੇ ਨਹੀਂ ਸਮਝ ਸਕਦਾ ਇਹ ਗੱਲ ਉਪਰ ਵਾਲੀ ਪਉੜੀ ਦੀਆਂ ਪਹਿਲੀਆਂ ਚਾਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥

ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ॥

ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥"

53/7349

ਉਪਰ ਪਹਿਲੀ ਪੰਗਤੀ ਰਾਹੀਂ ਕਿਤਨਾ ਸਪਸ਼ਟ ਹੈ ਕਿ ਸਾਡੇ ਸਭ ਦੇ ਅੰਦਰ ਭਾਵ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਭਾਵ ਪੂਰੇ ਜਗ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਕਿਸ ਤਰੀਕੇ ਚੱਲ ਰਹੀ ਹੈ। ਇਹ ਖੇਡ ਸਭ ਦੇ ਅੰਦਰ ਮਨ ਦੀ ਸਮਝ ਦੁਆਰਾ ਹੀ ਚੱਲ ਰਹੀ ਹੈ ਭਾਵ ਹਉਮੈ ਵਾਲੀ ਸਮਝ ਦੇ ਰੂਪ ਵਿੱਚ ਚੱਲ ਰਹੀ ਹੈ ਜਿਸ ਹਉਮੈ ਤੋਂ ਬਿਨਾਂ ਸੰਸਾਰ ਵਿੱਚ ਕੋਈ ਵੀ ਮਨੁੱਖ ਪੈਦਾ ਨਹੀਂ ਹੁੰਦਾ। ਸਾਡੇ ਅੰਦਰ ਦੀ ਹਉਮੈ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ, ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ ਤੇ ਮੇਰੇ ਅੰਦਰ ਦੀ ਸਮਝ ਮੇਰੀ ਹੈ ਭਾਵ ਮੈਂ ਵਿੱਚ ਰਹਿੰਦੇ ਹੋਏ ਸਾਨੂੰ ਨਾ ਆਪਣੇ ਵਿੱਚ ਤੂੰ ਨਜਰ ਆਉਂਦਾ ਹੈ ਤੇ ਨਾ ਹੀ ਕਿਸੇ ਹੋਰ ਦੇ ਅੰਦਰ ਤੂੰ ਨਜਰ ਆਉਂਦਾ ਹੈ। ਇਹ ਖੇਡ ਹੈ ਹੀ ਮੈਂ ਤੇ ਤੂੰ ਦੀ। ਮਨੁੱਖ ਦੀ ਮੈਂ ਤਾਂ ਹੀ ਮੁੱਕਦੀ ਹੈ ਜਦੋਂ ਆਪਣੇ ਅੰਦਰੋਂ ਤੂੰ ਹੀ ਤੂੰ ਨਜਰ ਆ ਜਾਂਦਾ ਹੈ ਭਾਵ ਇਹ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਸਨੇ ਆਪ ਹੀ ਹਰ ਮਨੁੱਖ ਦੀ ਸਮਝ ਦੇ ਅੰਦਰ ਹਉਮੈ ਰੂਪ ਪੜਦਾ ਪਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮਨ ਦੇ ਵਿੱਚ ਇਸ ਭਰਮਾਂ ਵਾਲੀ ਸਮਝ ਪਾਉਣ ਦੇ ਨਾਲ ਹੀ ਉਸਨੇ ਸਭ ਕੋਲੋਂ ਆਪਣੇ ਖੇਡ ਨੂੰ ਜਾਨਣ ਦਾ ਪੜਦਾ ਰੱਖਿਆ ਹੋਇਆ ਹੈ। ਜੇਕਰ ਕੋਈ ਮਨੁੱਖ ਇਹ ਕਹੇ ਕਿ ਉਸਦੇ ਅੰਦਰ ਹਉਮੈ ਨਹੀਂ ਹੈ ਫਿਰ ਉਸ ਮਨੁੱਖ ਨੂੰ ਇਸ ਗੱਲ ਦੀ ਸਮਝ ਵੀ ਹੋਣੀ ਚਾਹੀਦੀ ਹੈ ਕਿ ਅਕਾਲ ਪੁਰਖ ਦੀ ਖੇਡ ਕੀ ਹੈ। ਇਸ ਖੇਡ ਦੀ ਸਮਝ ਹਉਮੈ ਨਿਕਲਣ ਦੁਆਰਾ ਹੀ ਪੈਂਦੀ ਹੈ ਭਾਵ ਨਾਮ ਦੀ ਪ੍ਰਾਪਤੀ ਹੋਣ ਦੁਆਰਾ ਹੀ ਪੈਂਦੀ ਹੈ ਜੋ ਆਪਣਾ ਨਾਮ ਸ੍ਰਿਸ਼ਟੀ ਦਾ ਕਰਤਾ ਕਿਸੇ ਦੀ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਭਾਵ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਪੂਰੀ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ, ਆਪਣੀ ਖੇਡ ਦਾ ਸੱਚ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਸਮਝਾਈ ਹੈ। **(ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥)** ਜਦ ਤੱਕ ਮਨੁੱਖ ਦੇ ਅੰਦਰ ਹਉਮੈ ਵਾਲੀ ਸਮਝ ਹੁੰਦੀ ਹੈ ਤਦ ਤੱਕ ਉਸਦੇ ਅੰਦਰ ਨਾਮ ਵਾਲੀ ਸਮਝ ਹੋ ਹੀ ਨਹੀਂ ਸਕਦੀ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਭਗਤੀ ਦੇ ਸੱਚੇ ਮਾਰਗ ਦੀ ਸਮਝ ਨਾਮ ਵਾਲੀ ਸਮਝ ਦੇ ਮਿਲਣ ਦੁਆਰਾ ਹੀ ਪੈਂਦੀ ਹੈ ਤੇ ਜਦ ਤੱਕ ਮਨੁੱਖ ਹਉਮੈ ਵਾਲੀ ਸਮਝ ਦੇ ਵਿੱਚ ਰਹਿੰਦਾ ਹੈ ਉਹ ਭਗਤੀ ਦੇ ਮਾਰਗ ਤੇ ਚੱਲਣ ਲਈ ਭਾਵ ਪ੍ਰਮਾਤਮਾ ਨੂੰ ਜਾਨਣ ਲਈ ਭਾਵ ਉਸਦੀ ਖੇਡ ਨੂੰ ਸਮਝਣ ਲਈ ਉਹੋ ਜਿਹੇ ਮਾਰਗ ਤੇ ਚੱਲਦਾ ਹੈ ਜੋ ਭਗਤੀ ਦਾ ਸੱਚਾ ਮਾਰਗ ਨਹੀਂ ਹੁੰਦਾ ਭਾਵ ਮਾੜੇ ਕਰਮ ਕਰਨੇ ਨਹੀਂ ਛੱਡਦਾ ਜੋ ਕਿ ਭਗਤੀ ਦਾ ਅਸਲ ਮਾਰਗ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥”

ਸਾਡਾ ਸਰੀਰ ਅਕਾਲ ਪੁਰਖ ਦਾ ਮੰਦਰ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਇਸ ਮੰਦਰ ਵਿੱਚ ਰਹਿੰਦਿਆਂ ਮਨੁੱਖ

53/7350

ਨੂੰ ਜੋ ਵੀ ਸਮਝ ਪੈਂਦੀ ਹੈ ਉਹ ਮਨ ਦੇ ਵਿੱਚੋਂ ਹੀ ਪੈਂਦੀ ਹੈ। ਪੰਜ ਚੋਰ ਸਾਡੇ ਮਨ ਦੀ ਸਮਝ ਦੇ ਵਿੱਚ ਹੀ ਹਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਸਾਡੇ ਮਨ ਦੀ ਸਮਝ ਦੇ ਵਿੱਚੋਂ ਹੀ ਉਪਜਦੇ ਹਨ ਤੇ ਇਹ ਚੋਰ ਸਾਡੇ ਅੰਦਰੋਂ ਨਾਮ ਧਨ ਚੁਰਾਉਂਦੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। **{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥ ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥}** ਅੰਗ ੧੧੭੯ ਮਨ ਦੇ ਵਿੱਚ ਇਨ੍ਹਾਂ ਚੋਰਾਂ ਨੂੰ ਗੁਰਮਤਿ ਦੀ ਸੱਚੀ ਸਮਝ ਪੈਣ ਦੁਆਰਾ ਹੀ ਸਾਡੇ ਅੰਦਰੋਂ ਨਾਮ ਧਨ ਚੁਰਾਉਣ ਤੋਂ ਰੋਕਿਆ ਜਾ ਸਕਦਾ ਹੈ ਭਾਵ ਗੁਰੂ ਦੇ ਨਾਮ ਨਾਲ ਜੁੜਿਆ ਜਾ ਸਕਦਾ ਹੈ। ਮਨੁੱਖ ਜੋ ਵੀ ਮਾੜੇ ਕਰਮ ਕਰਦਾ ਹੈ ਉਹ ਮਨ ਦੇ ਵਿੱਚ ਇਨ੍ਹਾਂ ਚੋਰਾਂ ਦੇ ਰਹਿੰਦੇ ਹੋਏ ਹੀ ਕਰਦਾ ਹੈ ਜੋ ਮਾੜੇ ਕਰਮ ਕਰਨ ਦੁਆਰਾ ਮਨੁੱਖ ਗੁਰਮਤਿ ਦੀ ਬੁਰਿਆਈ ਕਰਦਾ ਹੈ, ਗੁਰੂ ਦੇ ਨਾਮ ਦੀ ਬੁਰਿਆਈ ਕਰਦਾ ਹੈ ਭਾਵ ਗੁਰਮਤਿ ਦੇ ਉਲਟ ਚੱਲਦਾ ਹੈ। ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਭਾਵ ਨਾਮ ਦੇ ਰੂਪ ਵਿੱਚ ਹੀ ਸ੍ਰਿਸ਼ਟੀ ਦਾ ਕਰਤਾ ਆਪ ਹੈ ਜਿਸਦੀ ਇਹ ਸਾਰੀ ਖੇਡ ਹੈ ਤੇ ਉਸਦੀ ਸੱਚੀ ਸਮਝ ਦੇ ਉਲਟ ਚੱਲਣਾ ਗੁਰੂ ਪ੍ਰਮਾਤਮਾ ਦੀ ਬੁਰਿਆਈ ਕਰਨ ਵਾਲੀ ਗੱਲ ਹੈ ਤੇ ਉਸਦੀ ਬੁਰਿਆਈ ਕਰਨ ਦੁਆਰਾ ਕੀ ਅਸੀਂ ਉਸ ਖੇਡ ਦੇ ਮਾਲਕ ਨੂੰ ਜਾਣ ਸਕਦੇ ਹਾਂ, ਆਪਣੇ ਅੰਦਰ ਚੱਲ ਰਹੀ ਉਸਦੀ ਖੇਡ ਨੂੰ ਸਮਝ ਸਕਦੇ ਹਾਂ ਭਾਵ ਨਹੀਂ ਸਮਝ ਸਕਦੇ। **(ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥ ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥)**

ਮਨੁੱਖ ਮਾੜੇ ਕਰਮ ਕਿਸ ਲਈ ਕਰਦਾ ਹੈ ਜਿਸ ਕਰਕੇ ਮਨੁੱਖ ਗੁਰੂ ਦੀ ਮਤਿ ਤੋਂ ਉਲਟ ਚੱਲਦਾ ਹੈ ਉਸਦਾ ਕਾਰਣ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥

ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥"

ਦਸ ਨਾਰੀਆਂ ਕਿਸਨੂੰ ਕਿਹਾ ਹੈ ਤੇ ਇੱਕ ਪੁਰਖ ਕਿਸਨੂੰ ਕਿਹਾ ਹੈ ਪਹਿਲੇ ਇਸਨੂੰ ਸਮਝਣ ਦੀ ਲੋੜ ਹੈ। ਇੱਕ ਪੁਰਖ ਮਨੁੱਖੀ ਸਰੀਰ ਨੂੰ ਕਿਹਾ ਹੈ ਤੇ ਨਾਰੀਆਂ ਦਸ ਕੀ ਹਨ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਜੋ ਨਾਰੀਆਂ ਹਰ ਵੇਲੇ ਮਨੁੱਖ ਦੇ ਨਾਲ ਹੀ ਰਹਿੰਦੀਆਂ ਹਨ। ਬਾਣੀ ਵਿੱਚ ਸਰੀਰ ਦੇ ਨੋ ਦਰਵਾਜਿਆਂ ਦੀ ਗੱਲ ਕੀਤੀ ਹੋਈ ਹੈ ਜੋ ਕਿ ਸਾਡੇ ਸਰੀਰ ਦੇ ਅੰਗ ਹੀ ਹਨ ਜਿਵੇਂ ਕਿ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ। ਸਾਡੇ ਸਰੀਰ ਦੇ ਇਨ੍ਹਾਂ ਨੋ ਅੰਗਾਂ ਨੂੰ ਸਾਡੇ ਸਰੀਰ ਦੀਆਂ ਨਾਰੀਆਂ ਕਿਹਾ ਗਿਆ ਹੈ ਤੇ ਹਰ ਮਨੁੱਖ ਦੀ ਦਸਵੀਂ ਨਾਰ ਕਿਹੜੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਇਹ ਦਸਵੀਂ ਨਾਰ ਉਹ ਹੈ ਜੋ ਬਾਕੀ ਦੀਆਂ ਨਾਰੀਆਂ ਨੂੰ ਆਪਣੇ ਸੁਆਦਾਂ ਨਾਲ ਜੋੜਦੀ ਹੈ। ਉਹ ਨਾਰ ਕਿਹੜੀ ਹੈ ਉਹ ਬਾਣੀ ਦੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਤੇ ਸ਼ਬਦ ਦੀ ਹੇਠ ਦਿੱਤੀ ਪੰਗਤੀ ਦੁਆਰਾ ਸਮਝਿਆ ਜਾ ਸਕਦਾ ਹੈ।

53/7351

{ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥

ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥}

(ਅੰਗ ੭੯੬)

ਜਿਵੇਂ ਕਿ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਇਹ ਨਾਰ ਸਾਡੇ ਅੰਦਰ ਦੀ ਮਾਇਆ ਮੋਹ ਵਾਲੀ ਸਮਝ ਹੈ ਜੋ ਸਾਨੂੰ ਮਾਇਆ ਦੇ ਸੁਆਦਾਂ ਨਾਲ ਜੋੜਦੀ ਹੈ ਭਾਵ ਸਰੀਰ ਦੇ ਅੰਗਾਂ ਦੀਆਂ ਉਨ੍ਹਾਂ ਜਰੂਰਤਾਂ ਦੇ ਨਾਲ ਜੋੜਦੀ ਹੈ ਜਿਨ੍ਹਾਂ ਜਰੂਰਤਾਂ ਦੀ ਪੂਰਤੀ ਕਰਨ ਲਈ ਮਨੁੱਖ ਮਾੜੇ ਕਰਮ ਕਰਦਾ ਹੈ ਭਾਵ ਸਰੀਰਕ ਸੁੱਖਾਂ ਨੂੰ ਆਪਣੀ ਜਰੂਰਤ ਸਮਝਦਾ ਹੈ ਭਾਵੇਂ ਉਸਨੂੰ ਉਸ ਸੁੱਖ ਦੀ ਪ੍ਰਾਪਤੀ ਕਰਨ ਲਈ ਮਾੜੇ ਕਰਮ ਕਰਨੇ ਪੈਣ ਤਾਂ ਉਹ ਮਾੜੇ ਕਰਮ ਵੀ ਕਰਦਾ ਹੈ, ਆਪਣਾ ਲੋਭ ਪੂਰਾ ਕਰਨ ਲਈ ਕਰਦਾ ਹੈ।
(ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥)

ਸਾਡੇ ਅੰਦਰ ਦੀ ਮਾਇਆ ਹੀ ਸਾਡੇ ਅੰਦਰ ਦੀ ਦਸਵੀਂ ਨਾਰ ਹੈ ਜੋ ਮਨੁੱਖ ਨੂੰ ਲੋਭਾਉਂਦੀ ਹੈ ਭਾਵ ਲੋਭ ਲਾਲਚ ਵਿੱਚ ਪਾਉਂਦੀ ਹੈ, ਇਸੇ ਗੱਲ ਨੂੰ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥"

ਸੱਚੀ ਭਗਤੀ ਦੇ ਪੁੱਠੇ ਮਾਰਗ ਤੇ ਤੋਰਨ ਵਾਲੀ ਭਾਵ ਸੱਚੀ ਭਗਤੀ ਦੀ ਸਮਝ ਨਾ ਪੈਣ ਦੇਣ ਵਾਲੀ ਸਾਡੇ ਅੰਦਰ ਦੀ ਮਾਇਆ ਹੀ ਹੈ ਜੋ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ ਜਿਸਦਾ ਮਕਸਦ ਹੀ ਮਨੁੱਖੀ ਸਮਝ ਨੂੰ ਸੰਸਾਰੀ ਮਾਇਆ ਦੇ ਮੋਹ ਵਿੱਚ ਰੱਖਣ ਦਾ ਹੈ ਤੇ ਸ੍ਰਿਸ਼ਟੀ ਦੇ ਕਰਤੇ ਦੀ ਅਸਲ ਭਗਤੀ ਦੇ ਮਾਰਗ ਨੂੰ ਸਮਝਣ ਤੋਂ ਇਹ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਣ ਤੋਂ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਭਾਵ ਇਹ ਮਨ ਦੀ ਮਾਇਆ ਮਨੁੱਖ ਨੂੰ ਉਹੋ ਜਿਹੇ ਭਗਤੀ ਦੇ ਮਾਰਗਾਂ ਨਾਲ ਜੋੜਦੀ ਹੈ ਜੋ ਸੱਚੀ ਭਗਤੀ ਦਾ ਮਾਰਗ ਹੈ ਹੀ ਨਹੀਂ ਭਾਵ ਉਸਦਾ ਨਾਮ ਜਪਣ ਦਾ ਮਾਰਗ ਹੈ ਹੀ ਨਹੀਂ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਜਿਹੋ ਜਿਹੇ ਭਗਤੀ ਦੇ ਮਾਰਗਾਂ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਝੂਠ ਨੂੰ ਸੱਚ ਸਮਝਾਉਣਾ ਹੀ ਸਾਡੇ ਅੰਦਰ ਦੀ ਮਾਇਆ ਦਾ ਕੰਮ ਹੈ ਭਾਵ ਉਸਦਾ ਫਰਜ ਹੈ ਜੋ ਆਪਣਾ ਉਹ ਫਰਜ ਅਕਾਲ ਪੁਰਖ ਦੇ ਹੁਕਮ ਦੁਆਰਾ ਹਰ ਮਨੁੱਖ ਦੀ ਸਮਝ ਦੇ ਅੰਦਰ ਪੂਰੀ ਤਰ੍ਹਾਂ ਨਿਭਾ ਰਹੀ ਹੈ। ਗੁਰੂ ਸਾਨੂੰ ਆਪਣੇ ਹਰ ਸ਼ਬਦ ਰਾਹੀਂ ਸੱਚ ਹੀ ਸਮਝਾਉਂਦਾ ਹੈ ਕਿ ਹਰ ਆਕਾਰ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਤੇ ਹਰ ਮਨੁੱਖੀ ਰੂਪ ਵੀ ਉਸਦਾ ਆਪਣਾ ਹੀ ਰੂਪ ਹੈ ਪਰ ਮਨ ਦੀ ਮਾਇਆ ਸਾਨੂੰ ਇਹ ਗੱਲ ਮੰਨਣ ਨਹੀਂ ਦਿੰਦੀ ਕਿਉਂਕਿ ਅਕਾਲ ਪੁਰਖ ਦੀ ਮਾਇਆ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ। ਪ੍ਰਮਾਤਮਾ ਇਹ ਆਪਣੀ ਖੇਡ ਸਾਨੂੰ ਮਨ ਦੀ ਮਾਇਆ ਦੁਆਰਾ ਭਰਮ ਵਿੱਚ ਰੱਖਣ ਦੁਆਰਾ ਹੀ ਖੇਡ ਰਿਹਾ ਹੈ ਜਿਸ ਕਰਕੇ ਅਸੀਂ ਇਹ ਸਮਝਦੇ ਹਾਂ ਕਿ ਇਹ ਸਰੀਰ ਮੇਰਾ ਹੈ ਤੇ

53/7352

ਸ੍ਰਿਸ਼ਟੀ ਦਾ ਕਰਤਾ ਕੌਣ ਹੈ ਤੇ ਕਿਸ ਰੂਪ ਵਿੱਚ ਹੈ ਇਸ ਗੱਲ ਦੀ ਮਨੁੱਖ ਨੂੰ ਸਮਝ ਹੀ ਨਹੀਂ ਪੈਂਦੀ। **(ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥ ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥ ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥)**

ਪਉੜੀ ਦੀਆਂ ਇਸ ਤੋਂ ਅਗਲੀਆਂ ਪੰਗਤੀਆਂ ਨੂੰ ਅਸੀਂ ਉਪਰ ਵਾਲੀਆਂ ਪੰਗਤੀਆਂ ਤੋਂ ਪਹਿਲੇ ਹੀ ਸਮਝਿਆ ਹੈ ਜਿਨ੍ਹਾਂ ਪੰਗਤੀਆਂ ਰਾਹੀਂ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਆਪਣੇ ਅੰਦਰੋਂ ਕਿਸ ਤਰੀਕੇ ਸਮਝ ਆਉਂਦੀ ਹੈ ਜੋ ਖੇਡ ਉਹ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਸਮਝਾਉਂਦਾ ਹੈ, ਇਸ ਗੱਲ ਨੂੰ ਸਮਝਿਆ ਹੈ। ਹੁਣ ਅਸੀਂ ਪੂਰੇ ਸ਼ਬਦ ਦੁਆਰਾ ਗੁਰੂ ਦੀ ਉੱਚੀ ਸਮਝ ਤੇ ਵਿਸ਼ਵਾਸ ਰੱਖਣ ਦੁਆਰਾ ਇਹ ਗੱਲ ਪੂਰੀ ਤਰ੍ਹਾਂ ਸਮਝ ਸਕਦੇ ਹਾਂ ਕਿ ਅਕਾਲ ਪੁਰਖ ਦੀ ਇਹ ਖੇਡ ਕੀ ਹੈ ਤੇ ਉਸਦੀ ਇਸ ਖੇਡ ਨੂੰ ਕੋਈ ਸ੍ਰਿਸ਼ਟੀ ਦਾ ਮਨੁੱਖ ਸਮਝਦਾ ਕਿਸ ਤਰੀਕੇ ਨਾਲ ਹੈ। **(ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥ ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ ॥ ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥ ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥ ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥ ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥)** ਸਾਡੇ ਅੰਦਰ ਦੀ ਸਿਵ ਸਕਤਿ ਵਾਲੀ ਮਨ ਦੀ ਸਮਝ ਕਿਸ ਰੂਪ ਵਿੱਚ ਵਰਤਦੀ ਹੈ ਜਿਸ ਦੁਆਰਾ ਸ੍ਰਿਸ਼ਟੀ ਦਾ ਕਰਤਾ ਸਿਵ ਸਾਡੇ ਸਭ ਦੇ ਅੰਦਰ ਆਪਣੀ ਖੇਡ ਚਲਾ ਰਿਹਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ ਤਾਂ ਜੋ ਸਾਨੂੰ ਆਪਣੇ ਅੰਦਰ ਚੱਲ ਰਹੀ ਸਿਵ ਸਕਤਿ ਦੀ ਖੇਡ ਨੂੰ ਸਮਝਣ ਬਾਰੇ ਗੁਰੂ ਦੀ ਗੱਲ ਤੇ ਵਿਸ਼ਵਾਸ ਆ ਸਕੇ ਭਾਵ ਸਾਡੇ ਅੰਦਰ ਭਰਮ ਨਾ ਰਹੇ।

{ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥}

(ਅੰਗ ੨੧)

{ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥ ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥}

(ਅੰਗ ੯੨੦)

ਸ੍ਰਿਸ਼ਟੀ ਦੇ ਕਰਤੇ ਦੀ ਇਸ ਖੇਡ ਨੂੰ ਸਮਝਣ ਦਾ ਤਰੀਕਾ, ਉਸਨੂੰ ਆਪਣੇ ਅੰਦਰੋਂ ਜੋ ਜਾਨਣ ਦਾ ਤਰੀਕਾ ਉਹੀ ਹੈ ਭਾਵ ਭਗਤੀ ਦਾ ਸੱਚਾ ਮਾਰਗ ਅਪਨਾਉਣ ਦਾ ਹੀ ਹੈ, ਉਸਦਾ ਸੱਚਾ ਨਾਮ ਜਪਣ ਦਾ ਹੀ ਹੈ ਜੋ ਸੱਚਾ ਨਾਮ ਜਪਣਾ ਸਾਨੂੰ ਆਪਣੇ ਸ਼ਬਦਾਂ ਰਾਹੀਂ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਸਮਝਾ ਰਹੇ ਹਨ ਜੋ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਦਾ ਤਰੀਕਾ, ਉਸਦੀ ਭਗਤੀ ਦਾ ਤਰੀਕਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਉਸਦੀ ਖੇਡ ਆਪਣੇ ਅੰਦਰੋਂ ਜਾਨਣ ਲਈ ਪਹਿਲਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਭਾਵ ਆਪਣੇ ਜੀਵਨ ਦੀ ਵਿਚਰਨ ਵਿੱਚ ਉਹ ਕਿਹੋ ਜਿਹੀ ਖੇਡ ਹੈ ਜੋ ਖੇਡ ਖੇਡਣ ਲਈ ਸਾਨੂੰ ਗੁਰੂ ਸਾਹਿਬ ਨੇ ਸ਼ਬਦਾਂ ਰਾਹੀਂ ਸਮਝਾਈ ਹੋਈ ਹੈ। ਜੋ ਮਨੁੱਖ ਆਪਣੇ ਜੀਵਨ ਦੀ ਖੇਡ ਨੂੰ ਉਸ ਤਰੀਕੇ ਨਾਲ ਖੇਡਦਾ ਹੈ ਜਿਸ ਤਰੀਕੇ ਦੀ ਖੇਡ ਅਕਾਲ ਪੁਰਖ ਨੂੰ ਚੰਗੀ ਲੱਗਦੀ ਹੈ ਫਿਰ ਉਹੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ ਤੇ ਆਪਣੇ ਅੰਦਰ ਚੱਲ ਰਹੀ ਉਸਦੀ ਖੇਡ ਨੂੰ ਸਮਝ ਸਕਦਾ ਹੈ। ਸਾਰੀ ਗੱਲ ਆਪਣੀ ਨਾਸਮਝ ਮਤਿ ਨੂੰ ਛੱਡ ਕੇ ਤੇ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੀ ਹੈ ਭਾਵ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਦੀ ਹੈ ਭਾਵ ਅਕਾਲ ਪੁਰਖ ਦਾ ਸੱਚਾ ਨਾਮ ਜਪਣ ਦੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਮਨੁੱਖ ਦੀ ਕਿਸ ਤਰੀਕੇ ਦੀ ਖੇਡ ਖੇਡਨੀ ਚੰਗੀ ਲੱਗਦੀ ਹੈ ਭਾਵ ਉਸਦੀ ਕਿਹੋ ਜਿਹੀ ਸੰਸਾਰਿਕ ਵਿਚਰਨ ਚੰਗੀ ਲੱਗਦੀ ਹੈ।

53/7353

ਬਸੰਤੁ ਮਹਲਾ ੫ ਘਰੁ ੨ ਹਿੰਡੋਲ

ੴ ਸਤਿਗੁਰ ਪ੍ਰਸਾਦਿ ॥

{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥}

(ਅੰਗ ੧੧੮੫)

ਉਪਰ ਵਾਲੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ ਤੇ ਸ਼ਬਦ ਰਾਹੀਂ ਸਾਨੂੰ ਗੁਰੂ ਦਾ ਨਾਮ ਜਪਣਾ ਹੀ ਸਮਝਾਇਆ ਹੋਇਆ ਹੈ ਜਿਹੋ ਜਿਹਾ ਨਾਮ ਜਪਣ ਦਾ ਮਾਰਗ ਅਪਨਾਉਣ ਦੁਆਰਾ ਅਕਾਲ ਪੁਰਖ ਦੀ ਖੇਡ ਨੂੰ ਆਪਣੇ ਜੀਵਨ ਦੀ ਸੱਚੀ ਖੇਡ ਖੇਡਣ ਦੁਆਰਾ ਸਮਝਿਆ ਜਾ ਸਕਦਾ ਹੈ ਜੋ ਜੀਵਨ ਦੀ ਸੱਚੀ ਖੇਡ ਗੁਰੂ ਦੀ ਸੱਚੀ ਮਤਿ ਨੂੰ ਅਪਨਾਉਣ ਦੁਆਰਾ ਹੀ ਖੇਡੀ ਜਾ ਸਕਦੀ ਹੈ। ਸਾਡੇ ਜੀਵਨ ਦੀ ਖੇਡ ਖੇਡਣ ਦਾ ਤਰੀਕਾ ਚੌਪੜ ਵਾਲੀ ਖੇਡ ਖੇਡਣ ਦਾ ਪ੍ਰਮਾਣ ਦੇ ਕੇ ਸਮਝਾਇਆ ਹੋਇਆ ਹੈ ਜੋ ਖੇਡ ਅਸੀਂ ਆਪਣੇ ਜੀਵਨ ਵਿੱਚ ਧਰਮ ਵਾਲੇ ਕਰਮ ਕਰਨ ਦੁਆਰਾ ਖੇਡਣੀ ਹੈ ਜਿਸ ਦੁਆਰਾ ਸਾਡੇ ਜੀਵਨ ਦੀ ਖੇਡ ਨੂੰ ਜਿੱਤਿਆ ਜਾ ਸਕਦਾ ਹੈ ਭਾਵ ਸੰਸਾਰਿਕ ਖੇਡ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਆਪਣੇ ਜੀਵਨ ਵਿੱਚ ਇਸ ਕਰਮ ਧਰਮ ਦੀ ਖੇਡ ਨੂੰ ਅਸੀਂ ਤਾਂ ਹੀ ਜਿੱਤ ਸਕਦੇ ਹਾਂ ਜੇਕਰ ਉਹ ਸਾਡੀ ਖੇਡ ਸ੍ਰਿਸ਼ਟੀ ਦੇ ਕਰਤੇ ਨੂੰ ਚੰਗੀ ਲੱਗੇ, ਪਿਆਰੀ ਲੱਗੇ। ਅਕਾਲ ਪੁਰਖ ਨੂੰ ਸਾਡੀ ਜੀਵਨ ਜਿਉਣ ਦੀ ਇਹ ਖੇਡ ਤਾਂ ਹੀ ਚੰਗੀ ਲੱਗਦੀ ਹੈ ਜੇਕਰ ਅਸੀਂ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨੂੰ ਜਿੱਤੀਏ ਭਾਵ ਆਪਣੇ ਅੰਦਰ ਦੇ ਔਗੁਣਾਂ ਤੇ ਕਾਬੂ ਪਾਈਏ ਤਾਂ ਜੋ ਅਸੀਂ ਆਪਣੀ ਸੰਸਾਰਿਕ ਵਿਚਰਨ ਵਿੱਚ ਗੁਰੂ ਦੇ ਸਮਝਾਏ ਹੋਏ ਗੁਣਾਂ ਦੁਆਰਾ ਵਿਚਰੀਏ ਭਾਵ ਆਪਣੀ ਸੰਸਾਰਿਕ ਵਿਚਰਨ ਵਿੱਚ ਕੋਈ ਮਾੜਾ ਕਰਮ ਨਾ

ਕਰੀਏ। ਗੁਣਾਂ ਨੂੰ ਅਪਨਾਉਣ ਵਿੱਚ ਤੇ ਔਗੁਣ ਛੱਡਣ ਵਿੱਚ ਸਾਰੀ ਗੱਲ ਆਪਣੀ ਸਮਝ ਦੀ ਹੈ ਭਾਵ ਆਪਣੀ ਦੁਬਿਧਾ ਛੱਡਣ ਦੀ ਹੈ ਜੋ ਮਨ ਦੀ ਦੁਬਿਧਾ ਵਾਲੀ ਸਮਝ ਸਾਨੂੰ ਭਗਤੀ ਦਾ ਸਹੀ ਮਾਰਗ ਸਮਝਣ ਵਿੱਚ ਭਾਵ ਆਪਣੇ ਜੀਵਨ ਦੀ ਸਹੀ ਵਿਚਰਨ ਸਮਝਣ ਵਿੱਚ ਭਰਮਾਂ ਵਿੱਚ ਪਾ ਕੇ ਰੱਖਦੀ ਹੈ, ਜੋ ਭਰਮਾਂ ਵਾਲੀ ਸਮਝ ਛੱਡੇ ਬਿਨਾਂ ਭਾਵ ਮਨ ਦੀ ਦੁਬਿਧਾ ਛੱਡੇ ਬਿਨਾਂ ਭਾਵ ਮਨਮਤਿ ਛੱਡੇ ਬਿਨਾਂ ਅਸੀਂ ਗੁਰਮਤਿ ਦੇ ਸੱਚ ਨੂੰ ਨਹੀਂ ਅਪਨਾ ਸਕਦੇ ਤੇ ਨਾਮ ਜਪਣ ਦੇ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ ਜੋ ਨਾਮ ਜਪਣ ਦਾ ਸੱਚਾ ਮਾਰਗ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ, ਜੋ ਕਿ ਕਰਮ ਧਰਮ ਕਰਨ ਦਾ ਹੈ ਜੋ ਧਰਮ ਵਾਲੇ ਕਰਮ ਸਾਰੇ ਔਗੁਣ ਤਿਆਗਕੇ ਹੀ ਕੀਤੇ ਜਾ ਸਕਦੇ ਹਨ ਜਿਵੇਂ ਕਿ ਉਪਰ ਵਾਲੇ ਸ਼ਬਦ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਜਿਸ ਤਰੀਕੇ ਆਪਣੇ ਜੀਵਨ ਦੀ ਖੇਡ ਨੂੰ ਜਿੱਤਿਆ ਜਾ ਸਕਦਾ ਹੈ ਤੇ ਸਾਨੂੰ ਖੇਡ ਖਿਡਾਉਣ ਵਾਲੇ ਉਸਦੇ ਮਨ ਰੂਪ ਖੇਡ ਕਰਾਉਣ ਵਾਲੇ ਘਰ ਵਿੱਚ ਪਹੁੰਚਿਆ ਜਾ ਸਕਦਾ ਹੈ ਜੋ ਉਸ ਮਾਲਕ ਦਾ ਘਰ ਸਾਡੇ ਅੰਦਰ ਹੀ ਹੈ ਜਿਸ ਮਨ ਰੂਪ ਘਰ ਵਿੱਚ ਬੈਠ ਕੇ ਉਹ ਆਪਣੀ ਖੇਡ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਚਲਾ ਰਿਹਾ ਹੈ। **(ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ ਇਨ੍ ਬਿਧਿ ਪਾਸਾ ਢਾਲਹੁ ਬੀਰ ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥ ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥ ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥ ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥ ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥)**
53/7354

ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

ਮਾਰੂ ਮਹਲਾ ੩ ॥

“ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੈ ਪਉਣੁ ਤੈ ਆਪਿ ਵਜਾਏ ॥
ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥ ਅਪਣੀ ਗਹਣ ਗਤਿ ਆਪੇ ਜਾਣੈ ॥
ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥ ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥
ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥ ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰੁ ਸਬਦੁ ਬੁਝਾਏ ॥ ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥
ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥
ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥ ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥ ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥
ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥ ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥ ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥
ਸੇਵਕ ਸੇਵਹਿ ਸਬਦਿ ਸਲਾਹਹਿ ॥ ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥
ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ ॥੧੧॥ ਸਬਦੇ ਅਕਥੁ ਕਥੇ ਸਾਲਾਹੇ ॥

ਮੇਰੇ ਪ੍ਰਭ ਸਾਚੇ ਵੇਪਰਵਾਹੇ ॥ ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ ॥੧੨॥
ਮਨਮੁਖੁ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥ ਆਪੇ ਆਪਿ ਆਪਿ ਸਾਲਾਹੇ ॥
ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥ ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ ॥੧੪॥
ਬਿਨੁ ਗੁਰ ਦਾਤੇ ਕੋਇ ਨ ਪਾਏ ॥ ਲਖ ਕੋਟੀ ਜੇ ਕਰਮ ਕਮਾਏ ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥ ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥
ਸਾਚੀ ਬਾਣੀ ਸਬਦਿ ਸੁਹਾਏ ॥ ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥੪॥੧੩॥"

(ਅੰਗ ੧੦੫੬-੧੦੫੭)

ਆਪਣੀ ਇਹ ਖੇਡ ਸ੍ਰਿਸ਼ਟੀ ਦਾ ਕਰਤਾ ਹਰ ਮਨੁੱਖ ਦੇ ਅੰਦਰ ਨਾਸਮਝ ਮਤਿ ਪਾਉਣ ਦੁਆਰਾ ਹੀ ਖੇਡ ਰਿਹਾ ਹੈ ਜਿਸ ਮਨ ਦੀ ਸਮਝ ਦੁਆਰਾ ਹਰ ਕੋਈ ਆਪਣੇ ਆਪ ਨੂੰ ਅਕਾਲ ਪੁਰਖ ਤੋਂ ਆਪਣਾ ਵੱਖਰਾ ਰੂਪ ਸਮਝਦਾ ਹੈ ਜੋ ਕਿ ਮਨੁੱਖ ਦਾ ਭਰਮ ਹੈ ਤੇ ਅਸਲ ਵਿੱਚ ਉਹ ਸਭ ਕੁਝ ਆਪ ਹੀ ਹੈ। ਮਨ ਦੀ ਨਾਸਮਝੀ ਕਰਕੇ ਕੋਈ ਵੀ ਮਨੁੱਖ ਆਪਣੇ ਆਪ ਨੂੰ ਨਹੀਂ ਪਛਾਣ ਸਕਦਾ ਜਿਵੇਂ ਕਿ ਸ਼ਬਦ ਦੇ ਉਪਰ ਵਾਲੇ ਪਹਿਲੇ ਤਿੰਨ ਪਦਿਆਂ ਦੁਆਰਾ ਹੀ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਅਸੀਂ ਪਿੱਛੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਸੀ ਕਿ ਅਕਾਲ ਪੁਰਖ ਸਭ ਦੇ ਅੰਦਰ ਸਿਵ ਸਕਤੀ ਵਾਲੀ ਸਮਝ ਪਾਉਣ ਦੁਆਰਾ ਭਾਵ ਦੋ ਤਰੀਕੇ ਦੀ ਸਮਝ ਪਾਉਣ ਦੁਆਰਾ ਆਪਣੀ ਇਹ ਖੇਡ ਖੇਡ ਰਿਹਾ ਹੈ, ਇੱਕ ਸਮਝ ਸਕਤੀ ਵਾਲੀ ਭਾਵ ਮਾਇਆ ਦੀ ਜੁਗਤਿ ਵਾਲੀ ਸਮਝ ਹੈ ਜੋ ਮਨੁੱਖ ਨੂੰ ਭਰਮ ਵਾਲੀ ਸਮਝ ਵਿੱਚ ਰੱਖਦੀ ਹੈ ਤੇ ਦੂਜੀ ਸਮਝ ਸਿਵ ਵਾਲੀ ਸਮਝ ਹੈ ਜਿਸ ਆਪਣੀ ਉੱਚੀ ਸਮਝ ਰਾਹੀਂ ਮਨ ਦੇ ਵਿੱਚ ਪ੍ਰਗਟ ਹੋ ਕੇ ਮਨੁੱਖ ਨੂੰ ਮਾਇਆ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਭਾਵ ਉਸਦੀ ਮਤਿ ਨੂੰ ਆਪਣੀ ਕ੍ਰਿਪਾ ਦੁਆਰਾ ਉਲਟਾ ਦਿੰਦਾ ਹੈ ਭਾਵ ਉਸਦੀ ਪੁੱਠੀ ਮਤਿ ਨੂੰ ਸਿੱਧੀ ਕਰ ਦਿੰਦਾ ਹੈ, ਆਪਣੀ ਗਿਆਨ ਰੂਪ ਰਤਨ ਸ਼ਬਦ ਰੂਪ ਸਮਝ ਦੁਆਰਾ ਬਦਲ ਦਿੰਦਾ ਹੈ। ਸਾਡੇ ਅੰਦਰ ਦੀ ਜੋ ਸਮਝ ਹੈ ਉਸ ਸਮਝ ਨੂੰ ਵਜਾਉਣ ਵਾਲਾ ਉਹ ਆਪ ਹੈ ਭਾਵ ਉਸਨੂੰ ਸਾਡੇ ਅੰਦਰ ਚਲਾਉਣ ਵਾਲਾ ਉਹ ਆਪ ਹੈ ਜਿਵੇਂ ਕਿ ਸੰਸਾਰ ਵਿੱਚ ਪਉਣ ਚੱਲਦੀ ਹੈ ਉਸਦਾ ਰੁੱਖ ਬਦਲਣ ਦੇ ਨਾਲ ਹਵਾ ਆਪਣਾ ਪਾਸਾ ਬਦਲ ਲੈਂਦੀ ਹੈ ਪਰ ਉਸਦੀ ਆਵਾਜ ਨਹੀਂ ਬਦਲਦੀ ਪਰ ਹਰ ਕਿਸੇ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਹਵਾ ਉਲਟੀ ਚੱਲਣ ਲੱਗ ਗਈ ਹੈ ਇਸੇ ਤਰ੍ਹਾਂ ਹੀ ਇਹ ਗੱਲ ਮਨੁੱਖ ਦੀ ਸਮਝ ਦੇ ਨਾਲ ਜੁੜੀ ਹੋਈ ਹੈ। ਜਦੋਂ ਮਨੁੱਖ ਦੀ ਸਮਝ ਮਾੜੀ ਹੁੰਦੀ ਹੈ ਭਾਵ ਮਾਇਆ ਮੋਹ ਵਾਲੀ ਹੁੰਦੀ ਹੈ ਫਿਰ ਉਹ ਕਰਮ ਵੀ ਮਾੜੇ ਕਰਦਾ ਹੈ ਜਿਸ ਕਰਕੇ ਉਸ ਮਨੁੱਖ ਨੂੰ ਮਾੜਾ ਸਮਝਿਆ ਜਾਂਦਾ ਹੈ ਭਾਵ ਸੰਸਾਰ ਵਿੱਚ ਉਸ ਬਾਰੇ ਹਵਾ ਚੰਗੀ ਨਹੀਂ ਹੁੰਦੀ। ਇਹ ਗੱਲ ਮਨੁੱਖ ਦੀ ਕਥਨੀ ਵਿੱਚ ਆਮ ਤੌਰ ਤੇ ਵਰਤੀ ਜਾਂਦੀ ਹੈ ਕਿ ਫਲਾਣੇ ਮਨੁੱਖ ਦੀ ਹਵਾ ਚੰਗੀ ਨਹੀਂ ਹੈ ਤੇ ਜਦੋਂ ਮਾੜੇ ਕਰਮ ਛੱਡ ਕੇ ਭਾਵ ਮਾਇਆ ਮੋਹ ਛੱਡ ਕੇ, ਚੰਗੀ ਮਤਿ ਵਾਲਾ ਬਣ ਕੇ ਚੰਗੇ ਕਰਮ ਕਰਨ ਲੱਗ ਜਾਂਦਾ ਹੈ

53/7355

ਫਿਰ ਉਸ ਬਾਰੇ ਸੰਸਾਰੀਆਂ ਦੀ ਹਵਾ ਬਦਲ ਜਾਂਦੀ ਹੈ ਭਾਵ ਉਸਦੀ ਹਵਾ ਚੰਗੀ ਲੱਗਣ ਲੱਗ ਜਾਂਦੀ ਹੈ ਭਾਵ ਫਿਰ ਉਸਦੀ ਸਿਫਤ ਦੇ ਵਾਜੇ ਵੱਜਣ ਲੱਗ ਜਾਂਦੇ ਹਨ। ਮਨੁੱਖ ਜੋ ਵੀ ਚੰਗੇ ਮਾੜੇ ਕਰਮ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ ਤੇ ਆਪਣੀ ਸਮਝ ਦਾ ਮਾਲਕ ਮਨੁੱਖ ਆਪ ਨਹੀਂ ਹੈ। ਮਨ ਦੀ ਪੁੱਠੀ ਮਤਿ ਨਾਲ ਮਨੁੱਖ ਮਾੜੇ ਕਰਮ ਕਰਦਾ ਹੈ ਤੇ ਪ੍ਰਮਾਤਮਾ ਜਦੋਂ ਆਪਣੀ ਕ੍ਰਿਪਾ ਨਾਲ ਉਸਦੀ ਮਤਿ ਸਿੱਧੀ ਕਰ ਦਿੰਦਾ ਹੈ ਤਾਂ ਫਿਰ ਉਸਦੇ ਚੰਗੇ ਕਰਮ ਕਰਨ ਕਰਕੇ ਉਸਦੀ ਸਿਫਤ ਦੇ ਵਾਜੇ ਵੱਜਦੇ ਹਨ ਭਾਵ ਉਸ ਬਾਰੇ ਸੰਸਾਰੀਆਂ ਦੀ ਹਵਾ ਬਦਲ ਜਾਂਦੀ ਹੈ। **(ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥)**

ਸਾਡੇ ਅੰਦਰ ਸਿਵ ਸਕਤੀ ਵਾਲੀ ਅਵਸਥਾ ਸਾਡੇ ਅੰਦਰ ਮਨ ਦੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਿਆ ਜਾ ਸਕਦਾ ਹੈ।

"ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥"

ਅਕਾਲ ਪੁਰਖ ਆਪਣੀ ਇਹ ਖੇਡ ਸਭ ਨੂੰ ਮਨ ਦੇ ਅੰਧੇਰੇ ਵਿੱਚ ਰੱਖ ਕੇ ਹੀ ਚਲਾ ਰਿਹਾ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਰੱਖ ਕੇ ਚਲਾ ਰਿਹਾ ਹੈ ਜਿਸ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਭ ਜਗ੍ਹਾ ਤੇ ਸਭ ਵਿੱਚ ਇੱਕੋ ਇੱਕ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਵਰਤ ਰਿਹਾ ਹੈ ਤੇ ਉਸ ਤੋਂ ਬਿਨ੍ਹਾਂ ਹੋਰ ਕੋਈ ਦੂਸਰਾ ਹੈ ਹੀ ਨਹੀਂ, ਆਪਣੇ ਅੰਦਰੋਂ ਉਸਦੀ ਕ੍ਰਿਪਾ ਦੁਆਰਾ ਕੋਈ ਉਹ ਮਨੁੱਖ ਹੀ ਉਸਨੂੰ ਜਾਣ ਸਕਦਾ ਹੈ ਤੇ ਆਪਣੇ ਆਪ ਨੂੰ ਭਾਵ ਆਪਣੇ ਆਪ ਦੀ ਅਸਲੀਅਤ ਨੂੰ ਪਛਾਣ ਸਕਦਾ ਹੈ ਜਿਸਦਾ ਮਨ ਦਾ ਹਨੇਰਾ ਮਨ ਦੀ ਸਮਝ ਦਾ ਮਾਲਕ ਦੂਰ ਕਰ ਦਿੰਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢ ਕੇ ਉਸਦੇ ਅੰਦਰ ਆਪਣੇ ਸੱਚੇ ਗਿਆਨ ਵਾਲੀ ਸਮਝ ਦਾ ਪ੍ਰਕਾਸ਼ ਕਰ ਦਿੰਦਾ ਹੈ। ਸਾਡੇ ਅੰਦਰ ਸੱਚੇ ਗਿਆਨ ਦਾ ਪ੍ਰਕਾਸ਼ ਹੋਣਾ ਜਾਂ ਸਾਡੇ ਅੰਦਰ ਕਮਲ ਦਾ ਬਿਗਸਣਾ ਇੱਕੋ ਹੀ ਗੱਲ ਹੈ ਭਾਵ ਪੁੱਠੇ ਕਮਲ ਵਾਲੀ ਬੁਧਿ ਦਾ ਸਿੱਧਾ ਹੋਣਾ ਹੈ। **(ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ॥੨॥ ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥ ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥)**

ਇਸ ਸ਼ਬਦ ਦੇ ਪਹਿਲੇ ਪਦੇ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਅਕਾਲ ਪੁਰਖ ਨੇ ਸ੍ਰਿਸ਼ਟੀ ਤੇ ਆਪਣੀ ਇਹ ਖੇਡ ਰਚਾਈ ਹੋਈ ਹੈ ਜੋ ਆਪਣੀ ਖੇਡ ਖੇਡਣ ਲਈ ਉਸਨੇ ਸਭ ਵੱਖਰੇ ਵੱਖਰੇ ਰੂਪ

ਬਣਾਏ ਹੋਏ ਹਨ ਜਿਸ ਆਪਣੇ ਵੱਖਰੇ ਵੱਖਰੇ ਰੂਪ ਹੋਣ ਦੁਆਰਾ ਭਾਵ ਅਨੇਕਾਂ ਹੀ ਰੂਪ ਹੋਣ ਦੁਆਰਾ ਕੋਈ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦਾ ਕਿ ਹਰ ਰੂਪ ਪ੍ਰਮਾਤਮਾ ਦਾ ਆਪਣਾ ਰੂਪ ਹੈ ਭਾਵ ਉਸਨੇ ਆਪ ਹੀ ਸਭ ਕੋਲੋਂ ਆਪਣਾ ਫਰਕ ਬਣਾ ਕੇ ਰੱਖਿਆ ਹੋਇਆ ਹੈ ਜਿਸ ਦੁਆਰਾ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਭਾਵ ਆਪਣੀ ਖੇਡ ਖੇਡਣ ਵਿੱਚ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਤਾਂ ਜੋ ਉਸਦੀ ਖੇਡ ਖੇਡਣੀ ਹਰ ਕਿਸੇ ਲਈ ਚੰਗੀ ਲੱਗੇ। ਇਸ ਲਈ ਉਸਨੇ ਦੇਹੀ ਦਾ ਰੱਸ ਮਾਨਣ ਦੇ ਭਾਵ ਦੇਹੀ ਦੇ ਸੁੱਖ ਲੈਣ ਦੇ ਰੱਸ ਵੀ ਸਭ ਦੇ ਅੰਦਰ ਪਾਏ ਹੋਏ ਹਨ ਜੋ ਕਿ ਮਾਇਆ ਮੋਹ ਦਾ ਰੱਸ ਸਭ ਨੂੰ ਚੰਗਾ ਲੱਗਦਾ ਹੈ ਜਿਵੇਂ ਕਿ ਅਸੀਂ ਇਸ ਤੋਂ ਅਗਲੇ ਪਦੇ ਰਾਹੀਂ ਸਮਝਿਆ ਹੈ ਤੇ ਉਸਦੀ ਖੇਡ ਖੇਡਣ ਦੇ ਤਰੀਕੇ ਨੂੰ ਸਮਝਿਆ ਹੈ ਤੇ ਆਪਣੇ ਅੰਦਰ ਚੱਲ ਰਹੀ ਉਸਦੀ ਖੇਡ ਨੂੰ ਸਮਝਣ ਦਾ ਤਰੀਕਾ ਵੀ ਜਾਣਿਆ ਹੈ। ਸ਼ਬਦ ਦੇ ਪਹਿਲੇ ਤਿੰਨ ਪਦਿਆਂ ਰਾਹੀਂ ਹੀ ਉਸਦੀ ਖੇਡ ਸਮਝ ਆ ਜਾਂਦੀ ਹੈ ਜਿਸ ਲਈ ਕੇਵਲ ਗੁਰੂ ਦੀ ਸੱਚੀ ਸਮਝ ਤੇ ਵਿਸ਼ਵਾਸ ਟਿਕਾਉਣ ਦੀ ਲੋੜ ਹੈ ਜੋ ਅਕਾਲ ਪੁਰਖ ਦੀ ਖੇਡ ਨੂੰ ਜਾਣਦਾ ਹੈ। **(ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸ ਹੀ ਜੇਹਾ ਉਪਾਇਆ ॥ ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥ ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥ ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥ ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥)**

ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਸੰਸਾਰ ਦੇ ਹਰ ਮਨੁੱਖ ਦੀ ਸਮਝ ਦੇ ਅੰਦਰ ਹੀ ਵਰਤਦੀ ਹੈ ਤੇ ਇਸ ਖੇਡ ਦੀ ਸਮਝ ਸ੍ਰਿਸ਼ਟੀ ਦੇ ਕਿਸੇ ਵੀ ਮਨੁੱਖ ਨੂੰ ਤਾਂ ਹੀ ਪੈ ਸਕਦੀ ਹੈ ਜਦੋਂ ਉਹ ਆਪਣੇ ਅੰਦਰੋਂ ਆਪਣੇ ਅੰਦਰ ਦੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ ਭਾਵ ਆਪਣੇ ਅੰਦਰ ਵਰਤ ਰਹੀ ਸ੍ਰਿਸ਼ਟੀ ਦੇ ਕਰਤੇ ਦੀ ਜੋਤਿ ਨੂੰ ਜਾਣ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੇ ਜਾਣਿਆ ਹੈ ਉਹੀ ਫਿਰ ਆਪਣੇ ਅੰਦਰ ਚੱਲ ਰਹੀ ਸ੍ਰਿਸ਼ਟੀ ਦੇ ਕਰਤੇ ਅੱਲ੍ਹਾ ਦੀ, ਪ੍ਰਮਾਤਮਾ ਦੀ, ਵਾਹਿਗੁਰੂ ਦੀ, ਗਾਡ ਦੀ ਖੇਡ ਨੂੰ ਸਮਝ ਸਕਦਾ ਹੈ। ਅਕਾਲ ਪੁਰਖ ਰੂਪ ਧੰਨ ਧੰਨ ਭਗਤ ਨਾਮ ਦੇਵ ਜੀ ਨੇ ਆਪਣੇ ਅੰਦਰੋਂ ਪ੍ਰਮਾਤਮਾ ਦੀ ਇਸ ਖੇਡ ਨੂੰ ਆਪਣੇ ਅੰਦਰੋਂ ਕਿਸ ਰੂਪ ਵਿੱਚ ਸਮਝਿਆ ਹੈ ਇਸ ਗੱਲ ਨੂੰ ਅਸੀਂ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਆਸਾਨੀ ਨਾਲ ਸਮਝ ਸਕਦੇ ਹਾਂ।

ਪ੍ਰਭਾਤੀ ॥

{"ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥

ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥"}

(ਅੰਗ ੧੩੫੧)

ਉਪਰ ਵਾਲੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਸਮਝਿਆ ਹੀ ਹੈ ਜਿਸ ਸ਼ਬਦ ਰਾਹੀਂ ਸ੍ਰਿਸ਼ਟੀ ਦੇ **"ਚਲਿਤ੍ਰ"** ਭਾਵ ਉਸਦਾ ਖੇਲ ਤਮਾਸ਼ਾ ਸਮਝਾਇਆ ਹੋਇਆ ਹੈ ਜੋ ਉਸਦਾ ਤਮਾਸ਼ਾ ਭਾਵ ਉਸਦੀ ਖੇਡ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਇੱਕੋ ਜਿਹੇ ਤਰੀਕੇ ਨਾਲ ਹੀ ਵਰਤ ਰਹੀ ਹੈ ਭਾਵੇਂ ਕੋਈ ਉਸਦੀ ਬਣਾਈ ਹੋਈ ਸ੍ਰਿਸ਼ਟੀ ਦਾ ਮਨੁੱਖ ਕਿਹੋ ਜਿਹੀ

53/7357

ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਜਿਸਨੇ ਸ੍ਰਿਸ਼ਟੀ ਤੇ ਰਹਿਣ ਲਈ ਸਾਰੇ ਮਨੁੱਖੀ ਸਰੀਰ ਬਣਾਏ ਹਨ ਉਸਨੇ ਹੀ ਹਰ ਮਨੁੱਖ ਦੇ ਅੰਦਰ ਮਨ ਬਣਾਇਆ ਹੋਇਆ ਹੈ ਜਿਸ ਮਨ ਰਾਹੀਂ ਹਰ ਮਨੁੱਖ ਨੂੰ ਆਪਣੇ ਅੰਦਰੋਂ ਸਮਝ ਪੈਂਦੀ ਹੈ ਕਿ ਸਾਡੇ ਅੰਦਰ ਦਾ ਇਹ ਮਨ ਹੀ ਸਾਡੇ ਅੰਦਰ ਦੀ ਉਹ ਜੋਤਿ ਹੈ ਜਿਸ ਜੋਤਿ ਰਾਹੀਂ ਮਨੁੱਖ ਨੂੰ ਸਾਰੀ ਸਮਝ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੀ ਹੈ। ਹਰ ਮਨੁੱਖੀ ਜੀਵਨ ਮਨ ਦੀ ਜੋਤਿ ਰਾਹੀਂ ਹੀ ਜੁੜਿਆ ਹੋਇਆ ਹੈ। ਮਨੁੱਖ ਆਪਣੇ ਆਪ ਨੂੰ ਜਾਂ ਇਸ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਉਹੀ ਕੁਝ ਸਮਝਦਾ ਹੈ ਜੋ ਉਸਨੂੰ ਮਨ ਦੇ ਵਿੱਚੋਂ ਭਾਵ ਮਨ ਦੀ ਸਮਝ ਰਾਹੀਂ ਭਾਵ ਮਨ ਦੀ ਜੋਤਿ ਰਾਹੀਂ ਸਮਝ ਪੈਂਦੀ ਹੈ ਭਾਵ ਸਭ ਕੁਝ ਸਾਡੇ ਅੰਦਰ ਦੀ ਜੋਤਿ ਦੇ ਵੱਸ ਹੈ ਜੋ ਸਾਡੇ ਅੰਦਰ ਦੀ ਜੋਤਿ ਅਕਾਲ ਪੁਰਖ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਜਿਸ ਆਪਣੇ ਰੂਪ ਦੁਆਰਾ ਉਹ ਹਰ ਮਨੁੱਖੀ ਜੀਵ ਨੂੰ ਚਲਾ ਰਿਹਾ ਹੈ। ਹਰ ਮਨੁੱਖੀ ਰੂਪ ਉਹੀ ਕੁਝ ਸਮਝਦਾ ਹੈ ਤੇ ਉਸੇ ਸਮਝ ਨੂੰ ਹੀ ਭਾਵ ਉਸੇ ਗੱਲ ਨੂੰ ਹੀ ਠੀਕ ਸਮਝਦਾ ਹੈ ਭਾਵ ਸੱਚੀ ਸਮਝਦਾ ਹੈ ਜੋ ਗੱਲ ਉਸਨੂੰ ਉਸਦਾ ਮਨ ਸਮਝਾਉਂਦਾ ਹੈ। ਜੇਕਰ ਮਨੁੱਖ ਦੀ ਸਮਝ ਭਾਵ ਉਸਦੇ ਅੰਦਰ ਦੀ ਜੋਤਿ ਇਹ ਸਮਝਾਵੇ ਕਿ ਸਰੀਰ ਦੇ ਰੂਪ ਵਿੱਚ ਮੈਂ ਹਾਂ ਤੇ ਆਪਣੇ ਜੀਵਨ ਵਿੱਚ ਮੈਂ ਜੋ ਕੁਝ ਵੀ ਕਰਦਾ ਹਾਂ ਉਹ ਮੈਂ ਆਪ ਹੀ ਕਰਦਾ ਹਾਂ ਭਾਵ ਆਪਣੀ ਸਮਝ ਦੁਆਰਾ ਕਰਦਾ ਹਾਂ ਭਾਵ ਮੇਰੇ ਅੰਦਰ ਦੀ ਇਹ ਸਮਝ ਮੇਰੀ ਹੈ ਬਸ ਇੱਥੇ ਹੀ ਸ੍ਰਿਸ਼ਟੀ ਦੇ ਕਰਤੇ ਦੀ, ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਉਸ ਸ੍ਰਿਸ਼ਟੀ ਦੇ ਕਰਤੇ ਦੀ ਖੇਡ ਵਰਤ ਰਹੀ ਹੈ। ਘਟਿ ਘਟਿ ਦੇ ਅੰਦਰ ਭਾਵ ਹਰ ਮਨੁੱਖੀ ਸਮਝ ਦੇ ਅੰਦਰ ਭਾਵ ਹਰ ਮਨੁੱਖੀ ਰੂਪ ਦੇ ਅੰਦਰ ਉਹ **"ਬ੍ਰਹਮੁ"** ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਸਭ ਦੇ ਅੰਦਰ ਉਸਨੇ ਮਨ ਰੂਪ ਜੋਤਿ ਰਾਹੀਂ ਮੈਂ ਪਾਉਣ ਦੁਆਰਾ ਆਪਣੇ ਆਪ ਨੂੰ ਲੁਕਾਇਆ ਹੋਇਆ ਹੈ ਜਿਸ ਮਨ ਦੀ ਮੈਂ ਵਾਲੀ ਸਮਝ ਦੁਆਰਾ ਭਾਵ ਹਉਮੈ ਵਾਲੀ ਸਮਝ ਦੁਆਰਾ ਭਾਵ ਮਨ ਦੇ ਭਰਮ ਵਾਲੀ ਸਮਝ ਦੁਆਰਾ ਹਰ ਕੋਈ ਇਹ ਸਮਝਦਾ ਹੈ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ ਮੈਂ ਹਾਂ। ਆਪਣੇ ਆਪ ਨੂੰ ਮੈਂ ਵਿੱਚ ਸਮਝਣਾ ਇਹੀ ਉਸ ਸ੍ਰਿਸ਼ਟੀ ਦੇ ਕਰਤੇ ਦੀ ਖੇਡ ਹੈ ਜਿਸ ਉਸਦੀ ਖੇਡ ਨੂੰ ਕੋਈ ਤਾਂ ਹੀ ਸਮਝ ਸਕਦਾ ਹੈ ਜਦੋਂ ਕੋਈ ਉਸ ਖੇਡ ਦੇ ਮਾਲਕ ਨੂੰ ਆਪਣੇ ਅੰਦਰੋਂ ਬੁਝ ਲੈਂਦਾ ਹੈ ਜਿਸਨੇ ਆਪ ਹੀ ਜਾਣ ਬੁਝ ਕੇ ਸਭ ਕੋਲੋਂ ਆਪਣੇ ਆਪ ਤੋਂ ਮਨ ਦੀ ਸਮਝ ਰਾਹੀਂ ਛੁਪਾਇਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਰੂਪ ਹਨੇਰੇ ਵਿੱਚ ਰੱਖ ਕੇ ਛੁਪਾਇਆ ਹੋਇਆ ਹੈ ਭਾਵ ਆਪਣੇ ਆਪ ਨੂੰ ਹਉਮੈ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਸ ਪੜਦੇ ਵਿੱਚੋਂ ਉਹ ਕਦੇ ਕਿਸੇ ਆਪਣੇ ਮਨੁੱਖੀ ਰੂਪ ਨੂੰ ਆਪ ਹੀ ਕੱਢ ਸਕਦਾ ਹੈ ਜਿਸ ਭਰਮ ਰੂਪ ਪੜਦੇ ਵਿੱਚ ਉਸਨੇ ਸੰਸਾਰ ਦੇ ਹਰ ਮਨੁੱਖ ਨੂੰ ਆਪ ਹੀ ਆਪਣੀ ਮਨ ਰੂਪ ਜੋਤਿ ਰਾਹੀਂ ਰੱਖਿਆ ਹੋਇਆ ਹੈ। ਆਪਣੇ ਅੰਦਰੋਂ ਉਸਦੀ ਜੋਤਿ ਨੂੰ ਜਾਣੇ ਬਿਨ੍ਹਾਂ ਭਾਵ ਮਨ ਦੀ ਸਮਝ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਕੋਈ ਨਹੀਂ ਸਮਝ ਸਕਦਾ ਕਿ ਹਰ ਮਨੁੱਖੀ ਰੂਪ ਦੇ ਵਿੱਚ ਤੇ ਸੰਸਾਰ ਦੇ ਆਕਾਰ ਦੇ ਵਿੱਚ

53/7358

ਉਹ ਆਪ ਹੀ ਹੈ ਜਿਸਨੇ ਆਪ ਹੀ ਸਭ ਕੁਝ ਆਪਣੀ ਖੇਡ ਦੇ ਰੂਪ ਵਿੱਚ ਬਣਾਇਆ ਹੈ ਤੇ ਆਪ ਹੀ ਆਪਣੀ ਖੇਡ ਚੁੱਪ ਚਪੀਤੇ ਦੇਖ ਰਿਹਾ ਹੈ ਜਿਸ ਖੇਡ ਦੀ ਉਹ ਕਦੇ ਹੀ ਕਿਸੇ ਵਿਰਲੇ ਸਰੀਰ ਦੀ ਜੋਤਿ ਰਾਹੀਂ ਪ੍ਰਗਟ ਹੋ ਕੇ ਉਹ ਆਪਣੀ ਖੇਡ ਸਮਝਾਉਂਦਾ ਹੈ। **(ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥ ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥)**

ਸ੍ਰਿਸ਼ਟੀ ਦੇ ਕਰਤੇ ਦੀ ਇਹ ਖੇਡ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਤਰੀਕੇ ਹੀ ਵਰਤ ਰਹੀ ਹੈ ਤੇ ਜਦ ਤਕ ਉਹ ਕਿਸੇ ਦੇ ਅੰਦਰੋਂ ਆਪਣੀ ਇਹ ਖੇਡ ਸਮੇਟਦਾ ਨਹੀਂ ਭਾਵ ਕਿਸੇ ਦੀ ਸਮਝ ਦੇ ਅੰਦਰੋਂ ਆਪਣੀ ਇਹ ਖੇਡ ਮਿਟਾਉਂਦਾ ਨਹੀਂ ਤਦ ਤੱਕ ਕੋਈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਭ ਕੁਝ ਭਾਵ ਹਰ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਹਰ ਕੋਈ ਮਨ

ਦੀ ਨਾਸਮਝੀ ਕਰਕੇ ਹੀ ਆਪਣੀ ਮੈਂ ਵਿੱਚ ਰਹਿੰਦਾ ਹੈ, ਆਪਣੇ ਆਪ ਨੂੰ ਮਨ ਦੇ ਭਰਮ ਕਰਕੇ ਹੀ ਜਨਮ ਮਰਨ ਦੇ ਡਰ ਵਿੱਚ ਰਹਿੰਦਾ ਹੈ, ਨਰਕ ਜਾਣ ਦੇ ਡਰ ਵਿੱਚ ਤੇ ਸਵਰਗ ਜਾਣ ਦੀ ਇੱਛਾ ਵਿੱਚ ਰਹਿੰਦਾ ਹੈ। ਆਉ ਇਸ ਗੱਲ ਨੂੰ ਸੁਖਮਨੀ ਬਾਣੀ ਦੇ ਸ਼ਬਦ ਦੇ ਹੇਠ ਦਿੱਤੇ ਪਦੇ ਦੁਆਰਾ ਸਮਝਦੇ ਹਾਂ।

“ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥ ਆਲ ਜਾਲ ਮਾਇਆ ਜੰਜਾਲ ॥
ਹਉਮੈ ਮੋਹ ਭਰਮ ਭੈ ਭਾਰ ॥ ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥
ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥”

(ਅੰਗ ੨੯੧)

ਉਪਰ ਵਾਲੀਆਂ ਪਹਿਲੀਆਂ ਦੋਨਾਂ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝੋ ਤੇ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਸ੍ਰਿਸ਼ਟੀ ਦੇ ਵਿੱਚ ਜੋ ਕੁਝ ਵੀ ਆਕਾਰ ਰੂਪ ਵਿੱਚ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਰਚਨਾ ਕੀਤੀ ਹੋਈ ਹੈ ਉਸਦੀ ਮਨੁੱਖ ਨੂੰ ਸਮਝ ਕਿਉਂ ਨਹੀਂ ਪੈਂਦੀ ਤੇ ਸ੍ਰਿਸ਼ਟੀ ਦੇ ਕਿਸੇ ਵੀ ਜੀਵ ਨੂੰ ਆਪਣੇ ਆਪ ਦੀ ਅਸਲੀਅਤ ਦੀ ਸਮਝ ਕਿਉਂ ਨਹੀਂ ਪੈਂਦੀ। ਸ੍ਰਿਸ਼ਟੀ ਦਾ ਹਰ ਜੀਵ ਆਪਣੇ ਆਪ ਨੂੰ ਇੱਕ ਵੱਖਰਾ ਰੂਪ ਹੀ ਸਮਝਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਤੋਂ ਆਪਣਾ ਵੱਖਰਾ ਰੂਪ ਹੀ ਸਮਝਦਾ ਹੈ ਕਿ ਇਹ ਮੈਂ ਹਾਂ ਭਾਵੇਂ ਕੋਈ ਪੰਛੀ ਹੈ, ਜੰਗਲੀ ਜੀਵ ਹੈ ਜਾਂ ਪਾਣੀ ਵਿੱਚ ਰਹਿਣ ਵਾਲਾ ਜੀਵ ਹੈ ਜਾਂ ਭਾਵੇਂ ਉਹ ਮਨੁੱਖੀ ਜੀਵ ਹੈ। ਹਰ ਜੀਵ ਮਨ ਦੀ ਸਮਝ ਦੁਆਰਾ ਹੀ ਇਹ ਜਾਣਦਾ ਹੈ ਭਾਵ ਸਮਝਦਾ ਹੈ ਕਿ ਮੈਂ ਕੀ ਹਾਂ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਹਰ ਜੀਵ ਬਣਾਇਆ ਹੈ ਭਾਵ ਦ੍ਰਿਸ਼ਟਮਾਨ ਆਕਾਰ ਰੂਪ ਬਣਾਇਆ ਹੈ ਉਸਨੂੰ ਜੋ ਬਨਾਉਣ ਵਾਲਾ ਹੈ ਉਹੀ ਸ੍ਰਿਸ਼ਟੀ ਦਾ ਕਰਤਾ ਹਰ ਉਸ ਆਕਾਰ ਰੂਪ ਨੂੰ ਬਣਾਉਣ ਵਾਲਾ ਹੈ ਜੋ ਉਸਦਾ ਆਕਾਰ ਰੂਪ ਜੀਵ ਜੰਤੂ ਦੇ ਰੂਪ ਵਿੱਚ ਹੈ ਜੋ ਜੀਵ ਜੰਤੂ ਆਪਣੇ ਆਪ ਨੂੰ ਜਾਨਣ ਦੀ ਤੇ ਦੂਸਰਿਆਂ ਨੂੰ ਜਾਨਣ ਦੀ ਸਮਝ ਵੀ ਰੱਖਦਾ ਹੈ ਜਿਸ ਉਸਦੇ ਬਣਾਏ ਹੋਏ ਜੀਵਾਂ ਵਿੱਚੋਂ ਕੇਵਲ ਇੱਕ

ਮਨੁੱਖੀ ਜੀਵ ਹੀ ਹੈ ਜੋ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਮੇਰੇ ਆਕਾਰ ਰੂਪ ਨੂੰ ਤੇ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਬਣਾਉਣ ਵਾਲਾ ਕੌਣ ਹੈ। ਜਿਸਨੇ ਹਰ ਆਕਾਰ ਰੂਪ ਬਣਾਇਆ ਹੈ, ਮਨੁੱਖ ਦਾ ਆਕਾਰ ਰੂਪ ਸਰੀਰ ਵੀ ਬਣਾਇਆ ਹੈ ਫਿਰ ਇਹ ਸਪਸ਼ਟ ਹੈ ਕਿ ਉਹ ਹਰ ਆਕਾਰ ਰੂਪ ਜਿਸਦੇ ਅੰਦਰ ਸਮਝ ਹੈ ਭਾਵ ਜੋ ਆਪਣੀ ਸਮਝ ਦੁਆਰਾ ਵਿਚਰਦਾ ਹੈ ਜਿਵੇਂ ਕਿ ਹਰ ਜੀਵ ਜੰਤੂ ਵਿਚਰਦਾ ਹੈ ਉਸਦੇ ਸਰੀਰ ਰੂਪ ਆਕਾਰ ਦੇ ਅੰਦਰ ਸਮਝ ਪਾਉਣ ਵਾਲਾ ਵੀ ਉਹੀ ਹੈ ਜਿਸਨੇ ਉਸਦਾ ਆਕਾਰ ਰੂਪ ਬਣਾਇਆ ਹੈ। ਹਰ ਆਕਾਰ ਰੂਪ ਭਾਵ ਸ੍ਰਿਸ਼ਟੀ ਦਾ ਹਰ ਜੀਵ ਜੰਤੂ ਜੋ ਆਪਣੇ ਅੰਦਰ ਦੀ ਸਮਝ ਦੁਆਰਾ ਸ੍ਰਿਸ਼ਟੀ ਦੇ ਵਿਚ ਵਿਚਰਦਿਆਂ ਜਿਨ੍ਹਾਂ ਦੇ ਵਿੱਚ ਮਨੁੱਖ ਵੀ ਆਉਂਦਾ ਹੈ ਉਨ੍ਹਾਂ ਦੇ ਅੰਦਰ ਦੀ ਸਮਝ ਸ੍ਰਿਸ਼ਟੀ ਦੇ ਕਰਤੇ ਨੇ ਤ੍ਰੈ ਗੁਣਾਂ ਵਾਲੀ ਰੱਖੀ ਹੋਈ ਹੈ ਭਾਵ ਉਨ੍ਹਾਂ ਨੂੰ ਭਰਮ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਕਿ ਇਹ ਸਰੀਰ ਮੇਰਾ ਹੈ। ਕੇਵਲ ਤੇ ਕੇਵਲ ਇੱਕ ਮਨੁੱਖੀ ਸਰੀਰ ਭਾਵ ਕੇਵਲ ਤੇ ਕੇਵਲ ਇੱਕ ਮਨੁੱਖੀ ਜੀਵ ਪੂਰੀ ਸ੍ਰਿਸ਼ਟੀ ਤੇ ਇੱਕ ਐਸਾ ਜੀਵ ਹੈ ਜੋ ਆਪਣੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਣ ਦੀ ਸਮਰਥਾ ਰੱਖਦਾ ਹੈ ਭਾਵ ਚੌਥੇ ਪਦ ਵਾਲੀ ਅਵਸਥਾ ਵਿੱਚ ਪਹੁੰਚਣ ਦੀ ਸਮਰਥਾ ਰਖੱਦਾ ਹੈ ਜੋ ਸਮਰਥਾ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਬਖਸ਼ ਸਕਦਾ ਹੈ ਜਿਸ ਉੱਚੀ ਸਮਝ ਦੁਆਰਾ ਉਹ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਇਸ ਸ੍ਰਿਸ਼ਟੀ ਦੇ ਹਰ ਆਕਾਰ ਨੂੰ ਰੱਚਣ ਵਾਲਾ ਤੇ ਚਲਾਉਣ ਵਾਲਾ ਕੌਣ ਹੈ ਭਾਵ ਅਕਾਲ ਪੁਰਖ ਦਾ ਉਹ ਮਨੁੱਖੀ ਰੂਪ ਆਪਣੀ ਉਸ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਕਿਸ ਤਰੀਕੇ ਹੋਈ ਹੈ ਤੇ ਕਿਸਨੇ ਕੀਤੀ ਹੈ ਤੇ ਉਹ ਆਪ ਹੀ ਆਪਣੀ ਹਰ ਰਚਨਾ ਦੇ ਅੰਦਰ ਕਿਸ ਤਰੀਕੇ ਸਮਾਇਆ ਹੋਇਆ ਹੈ ਤੇ ਕਿਸ ਤਰੀਕੇ ਆਪਣੀ ਹਰ ਰਚਨਾ ਨੂੰ ਚਲਾ ਰਿਹਾ ਹੈ। **(ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥)**

ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਮਨੁੱਖ ਕਿਹੋ ਜਿਹੀਆਂ ਗੱਲਾਂ ਕਰਦੇ ਹਨ ਭਾਵ ਉਹ ਕਿਸ ਤਰੀਕੇ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਉੱਤੇ ਆਪਣਾ ਆਵਾਗਉਣ ਸਮਝਦੇ ਹਨ, ਮਾੜਾ ਚੰਗਾ ਸਮਝਦੇ ਹਨ ਤੇ ਆਵਾਗਉਣ ਤੋਂ ਬੱਚਣ ਦਾ ਤਰੀਕਾ ਸਮਝਦੇ ਹਨ ਭਾਵ ਆਪਣੀ ਕਿਹੋ ਜਿਹੀ ਨਾਸਮਝੀ ਵਿੱਚ ਰਹਿੰਦੇ ਹਨ, ਆਪਣੀ ਮੈਂ ਵਿੱਚ ਰਹਿੰਦੇ ਹਨ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਨਾ ਸਮਝ ਸਕਣ ਦੀਆਂ ਗੱਲਾਂ ਭਾਵ ਉਸਦੀ ਹੋਂਦ ਨੂੰ ਨਾ ਸਮਝ ਸਕਣ ਦੀਆਂ ਗੱਲਾਂ ਕਿਸ ਤਰੀਕੇ ਕਰਦੇ ਹਨ ਭਾਵ ਉਸਦੀ ਬਣਾਈ

ਹੋਈ ਖੇਡ ਨੂੰ ਕਿਸ ਤਰੀਕੇ ਖੇਡਦੇ ਹਨ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥”

ਮਨੁੱਖ ਆਪਣੀ ਸੰਸਾਰਿਕ ਵਿਚਰਨ ਵਿੱਚ ਕਿਸੇ ਗੱਲ ਵਿੱਚ ਪਾਪ ਸਮਝਦਾ ਹੈ ਤੇ ਕਿਸੇ ਗੱਲ ਵਿੱਚ ਪੁੰਨ ਸਮਝਦਾ ਹੈ ਭਾਵ ਆਪਣੇ ਕਿਸੇ ਕਰਮ ਨੂੰ ਚੰਗਾ ਕਰਮ ਸਕਝਦਾ ਹੈ ਤੇ ਕਿਸੇ ਕਰਮ ਨੂੰ ਮਾੜਾ ਕਰਮ ਸਮਝਦਾ

53/7360

ਹੈ ਜੋ ਕਿ ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਚੰਗੇ ਮਾੜੇ ਕਰਮ ਵਿੱਚ ਫਰਕ ਕਰਦਾ ਹੈ ਕਿ ਕਿਸ ਕਰਮ ਵਿੱਚ ਪਾਪ ਹੈ ਤੇ ਕਿਸ ਕਰਮ ਵਿੱਚ ਪੁੰਨ ਹੈ। ਜੋ ਇੱਕ ਧਾਰਮਿਕ ਆਸਥਾ ਰੱਖਣ ਵਾਲਾ ਉਸਨੂੰ ਚੰਗਾ ਕਰਮ ਸਮਝਦਾ ਹੈ ਤੇ ਦੂਸਰੀ ਧਾਰਮਿਕ ਆਸਥਾ ਰੱਖਣ ਵਾਲਾ ਉਸਨੂੰ ਮਾੜਾ ਕਰਮ ਸਮਝਦਾ ਹੈ। ਹਰ ਕਿਸੇ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਰੱਖਣ ਵਾਲੇ ਕਰਮ ਚੰਗੇ ਲੱਗਦੇ ਹਨ ਜਿਨ੍ਹਾਂ ਨੂੰ ਭਗਤੀ ਦੇ ਤਰੀਕੇ ਵੀ ਸਮਝਿਆ ਜਾਂਦਾ ਹੈ ਜਿਹੋ ਜਿਹੇ ਵੱਖਰੇ ਵੱਖਰੇ ਤਰੀਕਿਆਂ ਦੀ ਅਨੇਕਾਂ ਸ਼ਬਦਾਂ ਦੁਆਰਾ ਨਿਖੇਧੀ ਵੀ ਕੀਤੀ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝਿਆ ਹੀ ਹੈ ਭਾਵ ਮਨੁੱਖ ਦਾ ਪਾਪ ਕਿਸ ਵਿੱਚ ਹੈ ਤੇ ਪੁੰਨ ਕਿਸ ਵਿੱਚ ਹੈ। ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਉਸਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਤੇ ਆਪਣੀ ਨਾਸਮਝੀ ਕਰਕੇ ਹੀ ਮਨੁੱਖ ਨਰਕ-ਸਵਰਗ ਵਿੱਚ ਜਾਣ ਦੀਆਂ ਗੱਲਾਂ ਕਰਦਾ ਹੈ ਤੇ ਇਹ ਸਮਝਦਾ ਹੈ ਕਿ ਪਾਪ ਕਰਨ ਵਾਲਾ ਮਨੁੱਖ ਨਰਕ ਵਿੱਚ ਜਾਂਦਾ ਹੈ ਤੇ ਪੁੰਨ ਕਰਨ ਵਾਲਾ ਮਨੁੱਖ ਸਵਰਗ ਵਿੱਚ ਜਾਂਦਾ ਹੈ ਜਦਕਿ ਸੰਸਾਰ ਦੀ ਸੱਚਾਈ ਇਹ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਆਕਾਰ ਰੂਪ ਵਿੱਚ ਉਹ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ ਭਾਵ ਸੰਸਾਰਿਕ ਆਵਾਗਉਣ ਤੋਂ ਰਹਿਤ ਹੈ ਜਿਸਨੇ ਆਪ ਹੀ ਮਨੁੱਖੀ ਸਮਝ ਨੂੰ ਭਰਮਾਂ ਵਾਲੀ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖ ਕੇ ਆਪਣੀ ਇਹ ਸੰਸਾਰਿਕ ਖੇਡ ਖੇਡਣ ਲਈ ਭਰਮ ਵਿੱਚ ਰੱਖਿਆ ਹੋਇਆ ਹੈ ਕਿ ਕੋਈ ਮਨੁੱਖ ਸਰੀਰ ਛੱਡਣ ਤੋਂ ਬਾਅਦ ਨਰਕ ਵਿੱਚ ਜਾਂਦਾ ਹੈ ਤੇ ਕੋਈ ਸਵਰਗ ਵਿੱਚ ਜਾਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਨਰਕ-ਸਵਰਗ ਕੀ ਹਨ ਇਸ ਗੱਲ ਨੂੰ ਕੁੱਝ ਅੱਗੇ ਚੱਲ ਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ। ਅਸੀਂ ਸਵੇਰੇ ਉੱਠ ਕੇ ਜੋ ਆਪਣੇ ਵੱਲੋਂ ਕਿਸੇ ਅੱਖਰ ਨੂੰ ਬੋਲ ਬੋਲ ਕੇ ਨਾਮ ਜਪਣਾ ਸਮਝਦੇ ਹਾਂ ਤੇ ਉਹੋ ਜਿਹਾ ਨਾਮ ਜਪਾਉਣ ਲਈ ਅਨੇਕਾਂ ਨੂੰ ਇਕੱਠੇ ਕਰਨ ਵਿੱਚ ਪੁੰਨ ਸਮਝਦੇ ਹਾਂ, ਜਿਹੋ ਜਿਹੇ ਨਾਮ ਜਪਣ ਦੇ ਤਰੀਕੇ ਦਾ ਬਾਣੀ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ। ਜੋ ਵੀ ਸਾਡਾ ਆਪਣੇ ਵੱਲੋਂ ਭਗਤੀ ਕਰਨ ਦਾ ਤਰੀਕਾ ਸਮਝਿਆ ਜਾਂਦਾ ਹੈ ਜਿਸਨੂੰ ਅਸੀਂ ਆਪਣਾ ਗੁਣ ਸਮਝਦੇ ਹਾਂ ਤੇ ਜੇਕਰ ਉਹੋ ਜਿਹੇ ਤਰੀਕੇ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ ਭਾਵ ਫਿਰ ਉਹ ਸਾਡਾ ਗੁਣ ਨਹੀਂ ਔਗੁਣ ਹੈ ਕਿਉਂਕਿ ਸਾਡਾ ਕੋਈ ਵੀ ਕਰਮ ਜੋ ਗੁਰਮਤਿ ਦੇ ਉਲਟ ਹੈ ਉਸ ਵਿੱਚ ਪਾਪ ਹੈ, ਜੋ ਵੀ ਸਾਡਾ ਕਰਮ ਗੁਰਮਤਿ ਅਨੁਸਾਰ ਹੈ ਉਸ ਵਿੱਚ ਸਾਡਾ ਪੁੰਨ ਹੈ। ਹਰ ਕਿਸੇ ਨੇ ਆਪਣੀ ਆਪਣੀ ਮਤਿ ਅਨੁਸਾਰ ਕਿਸੇ ਗੱਲ ਨੂੰ ਪਾਪ ਬਣਾਇਆ ਹੋਇਆ ਹੈ ਤੇ ਕਿਸੇ ਗੱਲ ਨੂੰ ਪੁੰਨ ਬਣਾਇਆ ਹੋਇਆ ਹੈ। ਹਰ ਕਿਸੇ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਭਰਮ ਵਿੱਚ ਰੱਖਿਆ ਹੋਇਆ ਹੈ, ਸੰਸਾਰਿਕ ਖੇਡ ਖੇਡਣ ਲਈ ਭਰਮ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। **(ਜਹ ਆਪਿ ਰਚਿਓ ਪਰਪੰਚੁ ਅਕਾਰੁ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥)**

53/7361

ਸੰਸਾਰ ਦੇ ਹਰ ਮਨੁੱਖ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਤ੍ਰੈ ਗੁਣਾਂ ਵਿੱਚ ਕਿਸ ਤਰੀਕੇ ਰੱਖਿਆ ਹੋਇਆ ਹੈ ਭਾਵ ਮਨ ਦੇ ਵਿੱਚ ਸਭ ਦੇ ਅੰਦਰ ਕਿਹੋ ਜਿਹੀ ਸਮਝ ਪਾਉਣ ਦੁਆਰਾ ਰੱਖਿਆ ਹੋਇਆ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥”

ਸੰਸਾਰ ਵਿੱਚ ਜੋ ਵੀ ਮਨੁੱਖ ਆਕਾਰ ਰੂਪ ਵਿੱਚ ਪੈਦਾ ਹੁੰਦਾ ਹੈ ਉਸਨੂੰ ਆਪਣਾ ਸਰੀਰ ਪਾਲਣ ਲਈ ਮਾਇਆ ਦੀ ਵੀ ਲੋੜ ਹੁੰਦੀ ਹੈ ਜੋ ਲੋੜ ਪੂਰੀ ਕਰਨ ਲਈ ਮਨੁੱਖ ਅਨੇਕਾਂ ਹੀ ਧੰਧੇ ਅਪਨਾਉਂਦਾ ਹੈ ਭਾਵ ਅਨੇਕਾਂ ਹੀ ਤਰੀਕੇ ਅਪਨਾਉਂਦਾ ਹੈ। ਸਭ ਪਾਸੇ ਮਾਇਆ ਦਾ ਜੰਜਾਲ ਹੀ ਫੈਲਿਆ ਹੋਇਆ ਹੈ ਜੋ ਕਿ ਇਸ ਸੰਸਾਰ ਦੀ ਖੇਡ ਨੂੰ ਚਲਾਉਣ ਵਿੱਚ ਭਾਵ ਧਰਤੀ ਤੇ ਜੀਵਨ ਵਸਾਉਣ ਲਈ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਫੈਲਾਇਆ ਹੋਇਆ ਹੈ। ਹਰ ਕੋਈ ਮਾਇਆ ਦੇ ਸੁੱਖਾਂ ਦੇ ਨਾਲ ਹੀ ਜੁੜਨਾ ਚਾਹੁੰਦਾ ਹੈ ਕਿਉਂਕਿ ਸਭ ਦੇ ਅੰਦਰ ਮਾਇਆ ਮੋਹ ਅਕਾਲ ਪੁਰਖ ਨੇ ਆਪ ਹੀ ਪਾਇਆ ਹੋਇਆ ਹੈ। ਮਨ ਦੇ ਅੰਦਰ ਦਾ ਇਹ ਮਾਇਆ ਮੋਹ ਸਾਨੂੰ ਉਸ ਸੱਚ

ਦੇ ਮਾਰਗ ਤੇ ਨਹੀਂ ਚੱਲਣ ਦਿੰਦਾ ਭਾਵ ਸੱਚੇ ਧਰਮ ਦੇ ਮਾਰਗ ਤੇ ਨਹੀਂ ਚੱਲਣ ਦਿੰਦਾ ਜੋ ਧਰਮ ਦਾ ਮਾਰਗ ਸਾਨੂੰ ਸੱਚੇ ਧਰਮ ਗ੍ਰੰਥ ਰਚਨ ਰਾਹੀਂ ਉਸਨੇ ਆਪ ਹੀ ਸਮਝਾਇਆ ਹੋਇਆ ਹੈ ਤਾਂ ਜੋ ਉਨ੍ਹਾਂ ਦੀ ਸਿੱਖਿਆ ਨੂੰ ਮੰਨਣ ਦੇ ਨਾਲ ਸੰਸਾਰ ਵਿੱਚ ਸਭ ਸੋਹਣੇ ਢੰਗ ਨਾਲ ਜੀਵਨ ਜਿਉਣ ਜਿਸ ਲਈ ਮਨੁੱਖ ਨੂੰ ਆਪਣੇ ਅੰਦਰ ਦੀ ਹਉਮੈ ਛੱਡਣੀ ਪੈਂਦੀ ਹੈ ਭਾਵ ਨਾਸਮਝ, ਭੈੜੀ ਮਤਿ ਛੱਡਣੀ ਪੈਂਦੀ ਹੈ ਜੋ ਕਿ ਉਸਦੀ ਆਪਣੀ ਹੀ ਪਾਈ ਹੋਈ ਹੈ। ਆਪਣੀ ਹਉਮੈ ਛੱਡਣ ਦਾ, ਮਾਇਆ ਮੋਹ ਛੱਡਣ ਦਾ ਭਾਵ ਮਨ ਦੀ ਇਹ ਭਰਮਾਂ ਵਾਲੀ ਸਮਝ ਛੱਡਣ ਦਾ ਭੈ ਭਾਵ ਡਰ ਸਭ ਦੇ ਅੰਦਰ ਹੀ ਹੈ ਜੋ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ। ਇਹ ਭਾਰਾ ਡਰ ਭਾਵ ਵੱਡਾ ਡਰ ਸਭ ਦੇ ਅੰਦਰ ਇਸੇ ਲਈ ਹੈ ਕਿਉਂਕਿ ਇਹ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦਾ ਤੇ ਉਸਤੇ ਅਮਲ ਕਰਨ ਦਾ ਡਰ ਹੈ ਭਾਵ ਗੁਰੂ ਦੇ ਨਾਮ ਅਨੁਸਾਰ ਚੱਲਣ ਦਾ ਡਰ ਹੈ ਭਾਵ ਮਾਇਆ ਮੋਹ ਛੱਡਣ ਦਾ ਡਰ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਗੁਰੂ ਦੇ ਸ਼ਬਦ ਰਾਹੀਂ ਸਮਝਿਆ ਹੀ ਹੈ। **{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥ ਨਾਮ ਬਿਨਾ ਕੋ ਕਛੂ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥}** ਅੰਗ ੧੦੧੦ ਇਹ ਗੁਰੂ ਦਾ ਸੱਚਾ ਡਰ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਣ ਦਾ ਸੱਚਾ ਡਰ ਸੰਸਾਰ ਦੇ ਹਰ ਮਨੁੱਖ ਦੇ ਲਈ ਇੱਕੋ ਜਿਹਾ ਹੀ ਹੈ ਜਿਸ ਸੱਚੇ ਧਰਮ ਦੇ ਮਾਰਗ ਤੇ ਚੱਲਣ ਲਈ ਸੰਸਾਰ ਦੇ ਹਰ ਮਨੁੱਖ ਨੂੰ ਸਭ ਮਾਇਆ ਦੇ ਸੁੱਖ ਵੀ ਤਿਆਗਣੇ ਪੈਣਗੇ ਜੋ ਮਾਇਆ ਦੇ ਸੁੱਖ ਤਿਆਗਣੇ ਸਭ ਲਈ ਬਹੁਤ ਔਖੇ ਹਨ ਭਾਵ ਮਾਇਆ ਮੋਹ ਛੱਡਣ ਦਾ ਡਰ ਸਭ ਦੇ ਅੰਦਰ ਇੱਕ ਵੱਡਾ ਡਰ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। **(ਆਲ ਜਾਲ ਮਾਇਆ ਜੰਜਾਲ॥ ਹਉਮੈ ਮੋਹ ਭਰਮ ਭੈ ਭਾਰ ॥)**

ਮਨੁੱਖ ਆਪਣੀ ਹਉਮੈ ਭਾਵ ਨਾਸਮਝ ਮਤਿ ਕਿਸ ਲਈ ਨਹੀਂ ਛੱਡਦਾ ਭਾਵ ਮਾਇਆ ਦੇ ਸੁੱਖ ਤਿਆਗਣ ਲਈ ਭਾਵ ਗੁਰੂ ਦੀ ਗੱਲ ਤੇ ਅਮਲ ਕਰਨ ਲਈ ਕਿਸ ਲਈ ਨਹੀਂ ਛੱਡਦਾ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥”

53/7362

ਉਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਮਨੁੱਖ ਆਪਣੀ ਮੈਂ ਕਿਸ ਲਈ ਨਹੀਂ ਛੱਡਦਾ ਤੇ ਕਿਸ ਕਰਕੇ ਉਹ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੀ ਇਸ ਸੰਸਾਰਿਕ ਖੇਡ ਨੂੰ ਨਹੀਂ ਜਾਣ ਸਕਦਾ। ਇਸ ਅਕਾਲ ਪੁਰਖ ਦੀ ਬਣਾਈ ਹੋਈ ਸ੍ਰਿਸ਼ਟੀ ਵਿੱਚ ਰਹਿੰਦੇ ਹੋਏ ਅਕਾਲ ਪੁਰਖ ਨੇ ਦੁੱਖਾਂ ਵਾਲੀ ਜਿੰਦਗੀ ਵੀ ਆਪ ਬਣਾਈ ਹੋਈ ਹੈ ਤੇ ਸੱਖਾਂ ਵਾਲੀ ਜਿੰਦਗੀ ਵੀ ਆਪ ਹੀ ਬਣਾਈ ਹੋਈ ਹੈ ਜਿਸ ਦੁਆਰਾ ਮਨੁੱਖ ਨੂੰ ਇਸ ਸੰਸਾਰ ਵਿੱਚ ਰਹਿੰਦੇ ਹੋਏ ਕਿਸੇ ਗੱਲ ਵਿੱਚ ਦੁੱਖ ਮਹਿਸੂਸ ਹੁੰਦਾ ਹੈ ਤੇ ਕਿਸੇ ਗੱਲ ਵਿੱਚ ਸੁੱਖ ਮਹਿਸੂਸ ਹੁੰਦਾ ਹੈ। ਇਸੇ ਤਰ੍ਹਾਂ ਸ੍ਰਿਸ਼ਟੀ ਵਿੱਚ ਰਹਿੰਦੇ ਹੋਏ ਹਰ ਮਨੁੱਖ ਨੂੰ ਕਿਸੇ ਗੱਲ ਵਿੱਚ ਮਾਨ ਭਾਵ ਆਪਣੀ ਇੱਜਤ ਮਹਿਸੂਸ ਹੁੰਦੀ ਹੈ ਤੇ ਕਿਸੇ ਗੱਲ ਵਿੱਚ ਆਪਣਾ ਅਪਮਾਨ ਮਹਿਸੂਸ ਹੁੰਦਾ ਹੈ ਭਾਵ ਆਪਣੀ ਬੇਇੱਜਤੀ ਮਹਿਸੂਸ ਹੁੰਦੀ ਹੈ। ਇਹ ਗੱਲ ਪੂਰੀ ਸ੍ਰਿਸ਼ਟੀ ਦੇ ਮਨੁੱਖਾਂ ਤੇ ਇੱਕੋ ਜਿਹੀ ਲਾਗੂ ਹੁੰਦੀ ਹੈ ਜਿਸ ਸ੍ਰਿਸ਼ਟੀ ਦੇ ਕਰਤੇ ਨੇ ਪੂਰੀ ਸ੍ਰਿਸ਼ਟੀ ਦੇ ਮਨੁੱਖਾਂ ਦੀ ਰਚਨਾ ਕੀਤੀ ਹੈ ਜੋ ਉਸਦੀ ਸ੍ਰਿਸ਼ਟੀ ਦੇ ਉਤੇ ਵੱਸ ਰਹੇ ਹਨ। ਇਹ ਗੱਲ ਜਰੂਰੀ ਨਹੀਂ ਕਿ ਹਰ ਮਨੁੱਖ ਨੂੰ ਉਸੇ ਗੱਲ ਵਿੱਚ ਦੁੱਖ ਮਹਿਸੂਸ ਹੋਵੇ ਜਿਸ ਗੱਲ ਵਿੱਚ ਉਸਨੂੰ ਦੁੱਖ ਮਹਿਸੂਸ ਹੁੰਦਾ ਹੈ ਤੇ ਇਸੇ ਤਰ੍ਹਾਂ ਇਹ ਜਰੂਰੀ ਨਹੀਂ ਕਿ ਜਿਸ ਤਰੀਕੇ ਕਿਸੇ ਇੱਕ ਮਨੁੱਖ ਨੂੰ ਸੁੱਖ ਮਹਿਸੂਸ ਹੁੰਦਾ ਹੈ ਉਸੇ ਤਰ੍ਹਾਂ ਹੀ ਹਰ ਮਨੁੱਖ ਨੂੰ ਸੁੱਖ ਮਹਿਸੂਸ ਹੋਵੇ ਭਾਵ ਸੰਸਾਰਿਕ ਦੁੱਖ ਸੁੱਖ ਹਰ ਮਨੁੱਖ ਦੀ ਆਪਣੀ ਆਪਣੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਕਿ ਉਸਨੂੰ ਕਿਸ ਗੱਲ ਵਿੱਚ ਸੁੱਖ ਮਹਿਸੂਸ ਹੁੰਦਾ ਹੈ ਤੇ ਕਿਸ ਗੱਲ ਵਿੱਚ ਉਸਨੂੰ ਦੁੱਖ ਮਹਿਸੂਸ ਹੁੰਦਾ ਹੈ। ਸਰੀਰਕ ਸੁੱਖ ਦੁੱਖ ਤਾਂ ਸਭ ਲਈ ਇੱਕੋ ਜਿਹੇ ਹੀ ਹਨ ਪਰ ਅਨੇਕਾਂ ਹੀ ਸੁੱਖ ਦੁੱਖ ਵਾਲੇ ਵਿਚਾਰ ਮਨੁੱਖ ਦੇ ਅੰਦਰ ਉਹੋ ਜਿਹੇ ਉਪਜਦੇ ਹਨ ਜਿਨ੍ਹਾਂ ਵਿਚਾਰਾਂ ਰਾਹੀਂ ਭਾਵ ਜਿਨ੍ਹਾਂ ਵਿਚਾਰਾਂ ਦੇ ਪੂਰੇ ਹੋਣ ਦੁਆਰਾ ਉਸਨੂੰ ਸੁੱਖ ਮਿਲਦਾ ਹੈ ਤੇ ਨਾ ਪੂਰੇ ਹੋਣ ਦੁਆਰਾ ਉਸਨੂੰ ਦੁੱਖ ਪਹੁੰਚਦਾ ਹੈ। ਉਪਰ ਵਾਲੇ ਸ਼ਬਦ ਦੁਆਰਾ ਧੰਨ ਧੰਨ ਧੰਨ ਗੁਰੂ ਗੁਰਬਾਣੀ ਦੇ ਹਰ ਸ਼ਬਦ ਦੁਆਰਾ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਇਆ ਹੋਇਆ ਹੈ। ਦੁੱਖ ਸੁੱਖ ਹਰ ਮਨੁੱਖ ਦੇ ਮਨ ਦੀ ਅਵਸਥਾ ਹੀ ਹੈ ਭਾਵੇਂ ਕੋਈ ਪੂਰੇ ਸੰਸਾਰ ਵਿੱਚ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸ੍ਰਿਸ਼ਟੀ ਦਾ ਕਰਤਾ ਤਾਂ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸਨੇ ਹਰ ਮਨੁੱਖੀ ਸਰੀਰ ਨੂੰ ਆਪ ਹੀ ਬਣਾਇਆ ਹੈ, ਆਪ ਆਪਣੀ ਖੇਡ ਖੇਡਣ ਲਈ ਬਣਾਇਆ ਹੈ ਤੇ ਹਰ ਮਨੁੱਖੀ ਸਰੀਰ ਰਾਹੀਂ ਆਪ ਹੀ ਆਪਣੀ ਇਸ ਬਣਾਈ ਹੋਈ ਖੇਡ ਨੂੰ ਖੇਡ ਰਿਹਾ ਹੈ। ਜੋ ਸਾਡਾ ਸਰੀਰ ਦੁੱਖ ਸਹਿੰਦਾ ਹੈ ਜਾਂ ਸੁੱਖ ਸਹਿੰਦਾ ਹੈ ਉਸ ਵਿੱਚ ਉਹ ਆਪ ਹੀ ਹੈ ਪਰ ਸਾਰੀ ਗੱਲ ਮਨ ਦੇ ਦੁੱਖ ਸੁੱਖ ਨੂੰ ਸਮਝਣ ਦੀ ਹੈ ਜੋ ਮਨ ਦੇ ਦੁੱਖ ਸੁੱਖ ਨੂੰ ਸਮਝਣਾ ਹਰ ਮਨੁੱਖ ਦੀ ਸਮਝ ਦੇ

ਨਾਲ ਜੁੜਿਆ ਹੋਇਆ ਹੈ ਜਿਸ ਮਨ ਦੀ ਸਮਝ ਦੁਆਰਾ ਸਾਡੇ ਸੱਚੇ ਧਾਰਮਿਕ ਜੀਵਨ ਨੂੰ ਸਮਝਿਆ ਜਾ ਸਕਦਾ ਹੈ ਜੋ ਧਾਰਮਿਕ ਜੀਵਨ ਜਿਉਣ ਦਾ ਤਰੀਕਾ ਇਸ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਮਨ ਦੇ ਦੁੱਖ ਸੁੱਖ ਵਿੱਚੋਂ ਨਿਕਲਣ ਦਾ ਹੈ। ਮਨੁੱਖੀ ਮਨ ਹਰ

53/7363

ਤ੍ਰਿਸ਼ਨਾ ਦੀ ਪੂਰਤੀ ਹੋਣ ਵਿੱਚ ਸੁੱਖ ਮਹਿਸੂਸ ਕਰਦਾ ਹੈ ਤੇ ਕੋਈ ਤ੍ਰਿਸ਼ਨਾ ਦੀ ਪੂਰਤੀ ਤੇ ਕੋਈ ਤ੍ਰਿਸ਼ਨਾ ਦੀ ਪੂਰਤੀ ਨਾ ਹੋਣ ਵਿੱਚ ਦੁੱਖ ਮਹਿਸੂਸ ਕਰਦਾ ਹੈ ਭਾਵ ਸੰਸਾਰ ਦਾ ਹਰ ਮਨੁੱਖ ਆਪਣੀ ਆਪਣੀ ਤ੍ਰਿਸ਼ਨਾ ਦੀ ਪੂਰਤੀ ਹੀ ਚਾਹੁੰਦਾ ਹੈ ਜਿਸ ਵਿੱਚ ਉਹ ਸੁੱਖ ਮਹਿਸੂਸ ਕਰਦਾ ਹੈ ਤੇ ਉਸਦੀ ਨਾ ਪੂਰਤੀ ਵਿੱਚ ਉਹ ਦੁੱਖ ਮਹਿਸੂਸ ਕਰਦਾ ਹੈ। ਹੁਣ ਧਿਆਨ ਨਾਲ ਸਮਝੋ ਕਿ ਇਸ ਸ੍ਰਿਸ਼ਟੀ ਦੇ ਉਪਰ ਜੀਵਨ ਬਤੀਤ ਕਰਨ ਲਈ ਸ੍ਰਿਸ਼ਟੀ ਦੇ ਕਰਤੇ ਨੇ ਕਿਤਨੇ ਕੁ ਮਨੁੱਖ ਬਣਾਏ ਹੋਏ ਹਨ, ਕਿਤਨੀਆਂ ਕੁ ਜਗ੍ਹਾ ਬਣਾਈਆਂ ਹੋਈਆਂ ਹਨ, ਕਿਤਨੇ ਕੁ ਤਰੀਕੇ ਜੀਵਨ ਬਤੀਤ ਕਰਨ ਲਈ ਬਣਾਏ ਹੋਏ ਹਨ ਤੇ ਕਿਤਨੇ ਕੁ ਸਾਧਨ ਹਰ ਕਿਸੇ ਦਾ ਜੀਵਨ ਬਤੀਤ ਕਰਨ ਲਈ ਬਣਾਏ ਹੋਏ ਹਨ। ਅਨੇਕਾਂ ਹੀ ਅਨੇਕਾਂ ਜੀਵ ਆਪਣਾ ਜੀਵਨ ਵੱਖਰੇ ਵੱਖਰੇ ਢੰਗ ਨਾਲ ਜੀਵਨ ਵਿੱਚ ਆਪਣੀ ਆਪਣੀ ਸਮਝ ਅਨੁਸਾਰ ਜੀਵਨ ਜਿਉਣਾ ਚੰਗਾ ਸਮਝਦੇ ਹਨ ਜਿਹੋ ਜਿਹਾ ਜੀਵਨ ਜਿਉਣ ਵਿੱਚ ਉਨ੍ਹਾਂ ਨੂੰ ਸੁੱਖ ਮਹਿਸੂਸ ਹੁੰਦਾ ਹੈ ਭਾਵ ਖੁਸ਼ੀ ਮਹਿਸੂਸ ਹੁੰਦੀ ਹੈ। ਅਨੇਕਾਂ ਮਨੁੱਖ ਅਨੇਕਾਂ ਤਰੀਕਿਆਂ ਨਾਲ ਹੀ ਆਪਣੇ ਦੁੱਖ ਸੁੱਖ ਦਾ ਬਿਆਨ ਕਰਦੇ ਹਨ, ਮਾਨ ਅਪਮਾਨ ਦਾ ਬਿਆਨ ਕਰਦੇ ਹਨ। ਜਿਵੇਂ ਕੋਈ ਕਿਸੇ ਨੂੰ ਕੋਈ ਆਪਣੇ ਵੱਲੋਂ ਧਰਮ ਦਾ ਸੱਚਾ ਮਾਰਗ ਸਮਝਾਵੇ ਜੇਕਰ ਦੂਸਰਾ ਮਨੁੱਖ ਕੋਈ ਦੂਸਰੀ ਧਾਰਮਿਕ ਆਸਥਾ ਰੱਖਦਾ ਹੋਵੇ ਉਸਨੂੰ ਉਹ ਗੱਲ ਮੰਨਣ ਵਿੱਚ ਦੁੱਖ ਲੱਗਦਾ ਹੈ ਤੇ ਸਮਝਾਉਣ ਵਾਲੇ ਨੂੰ ਇਸ ਗੱਲ ਵਿੱਚ ਸੁੱਖ ਮਹਿਸੂਸ ਹੁੰਦਾ ਹੈ ਜੇਕਰ ਦੂਸਰਾ ਉਸਦੀ ਗੱਲ ਨੂੰ ਮੰਨ ਲਵੇ। ਇਹ ਸਭ ਸਾਡੇ ਮਨ ਦੀ ਸਮਝ ਦੀ ਖੇਡ ਹੈ ਜਿਸ ਮਨੁੱਖੀ ਸਮਝ ਦੁਆਰਾ ਸਮਝ ਦਾ ਮਾਲਕ ਆਪਣੀ ਇਸ ਸੰਸਾਰਿਕ ਖੇਡ ਨੂੰ ਖੇਡ ਰਿਹਾ ਹੈ ਜਿਸ ਉਸਦੀ ਖੇਡ ਦੀ ਕਿਸੇ ਨੂੰ ਆਪਣੇ ਆਪ ਸਮਝ ਨਹੀਂ ਲੱਗ ਸਕਦੀ।

(ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥)

ਉਪਰ ਵਾਲੇ ਸ਼ਬਦ ਦੀਆਂ ਵੱਖਰੀਆਂ ਵੱਖਰੀਆਂ ਪੰਗਤੀਆਂ ਦੁਆਰਾ ਅਸੀਂ ਆਪਣੇ ਮਨ ਦੀ ਵੱਖਰੀ ਵੱਖਰੀ ਅਵਸਥਾ ਨੂੰ ਵੀ ਸਮਝਿਆ ਹੈ, ਮਨ ਦੇ ਵੱਖਰੇ ਵੱਖਰੇ ਵਿਚਾਰਾਂ ਨੂੰ ਸਮਝਿਆ ਹੈ। ਸਾਡੇ ਇਨ੍ਹਾਂ ਮਨ ਦੇ ਵਿਚਾਰਾਂ ਰਾਹੀਂ ਹੀ ਸ੍ਰਿਸ਼ਟੀ ਦਾ ਕਰਤਾ ਪੂਰੀ ਸ੍ਰਿਸ਼ਟੀ ਵਿੱਚ ਆਪਣੇ ਇਸ ਮਨੁੱਖੀ ਸਰੀਰ ਰਾਹੀਂ ਆਪਣੀ ਰੱਚੀ ਹੋਈ ਸੰਸਾਰਿਕ ਖੇਡ ਹੀ ਖੇਡ ਰਿਹਾ ਹੈ ਜਿਸ ਆਪਣੀ ਖੇਡ ਦੀ ਸਮਝ ਉਹ ਆਪ ਹੀ ਕਿਸੇ ਨੂੰ ਪਾ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ।

“ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥”

ਗੁਰੂ ਸਾਹਿਬ ਵੱਲੋਂ ਭਾਵ ਸ੍ਰਿਸ਼ਟੀ ਦੇ ਕਰਤੇ ਵੱਲੋਂ ਸਮਝਾਉਣ ਵਿੱਚ ਤਾਂ ਕੋਈ ਕਸਰ ਨਹੀਂ ਹੈ। ਉਹ ਆਪ ਕਹਿ ਰਿਹਾ ਹੈ ਕਿ ਇਹ ਮੇਰੀ ਆਪਣੀ ਰੱਚੀ ਹੋਈ ਖੇਡ ਹੈ ਤੇ ਆਪਣੀ ਇਸ ਖੇਡ ਨੂੰ ਮੈਂ ਆਪ ਹੀ ਕਰ ਰਿਹਾ ਹਾਂ

53/7364

ਭਾਵ ਮੈਂ ਆਪ ਹੀ ਖੇਡ ਰਿਹਾ ਹਾਂ ਤੇ ਆਪ ਹੀ ਆਪਣੀ ਇਸ ਖੇਡ ਨੂੰ ਦੇਖ ਰਿਹਾ ਹਾਂ। ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ ਸ੍ਰਿਸ਼ਟੀ ਦਾ ਕਰਤਾ ਕੇਵਲ ਤੇ ਕੇਵਲ ਇੱਕੋ ਆਪ ਹੀ ਹੈ, ਹਰ ਦਿੱਸਣ ਵਾਲੇ ਰੂਪ ਵਿੱਚ ਉਹ ਆਪ ਹੈ ਤੇ ਇਸ ਆਪਣੇ ਹਰ ਆਕਾਰ ਰੂਪ ਨੂੰ ਉਹ ਆਪਣੇ ਨਿਰੰਕਾਰ ਰੂਪ ਦੁਆਰਾ ਬਣਾ ਕੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਉਹ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਸਾਡੇ ਅੰਦਰ ਦੀ ਸਮਝ ਅਕਾਲ ਪੁਰਖ ਦਾ ਸਾਡੇ ਸਭ ਦੇ ਅੰਦਰ ਉਸਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਹ ਸਾਡੇ ਸਰੀਰ ਰਾਹੀਂ ਆਪਣੀ ਖੇਡ ਖੇਡ ਰਿਹਾ ਹੈ। ਖੇਡ ਦਾ ਮਾਲਕ ਭਾਵ ਸਾਨੂੰ ਖੇਲ ਖਿਡਾਉਣ ਵਾਲਾ ਵਾਲਾ ਹਰ ਵੇਲੇ ਸਾਡੇ ਅੰਦਰ ਹੀ ਹੈ ਤੇ ਜਦ ਤੱਕ ਉਹ ਸਾਡੇ ਅੰਦਰ ਉਸਦੀ ਚੱਲ ਰਹੀ ਖੇਡ ਨੂੰ ਸਮੇਟਦਾ ਨਹੀਂ ਭਾਵ ਮੇਟਦਾ ਨਹੀਂ ਤਦ ਤੱਕ ਕੋਈ ਵੀ ਉਸਦੀ ਖੇਡ ਨੂੰ ਨਹੀਂ ਸਮਝ ਸਕਦਾ। ਹਰ ਮਨੁੱਖੀ ਸਰੀਰ ਦੇ ਅੰਦਰ ਉਸਦੀ ਖੇਡ ਤ੍ਰੈ ਗੁਣਾਂ ਵਾਲੀ ਸਮਝ ਦੇ ਰੂਪ ਵਿੱਚ ਚੱਲ ਰਹੀ ਹੈ, ਹਉਮੈ ਦੇ ਰੂਪ ਵਿੱਚ, ਉਸਦੀ ਮਾਇਆ ਦੀ ਜੁਗਤਿ ਦੇ ਰੂਪ ਵਿੱਚ ਭਾਵ ਭਰਮਾਂ ਵਾਲੀ ਪੁੱਠੀ ਸਮਝ ਦੇ ਰੂਪ ਵਿੱਚ ਚੱਲ ਰਹੀ ਹੈ ਤੇ ਜਿਸਦੇ ਅੰਦਰ ਵੀ ਚੱਲ ਰਹੀ ਉਹ ਆਪਣੀ ਖੇਡ ਨੂੰ ਸਮੇਟਦਾ ਹੈ ਭਾਵ ਬੰਦ ਕਰਦਾ ਹੈ ਉਸ ਮਨੁੱਖੀ ਸਮਝ ਦੇ ਅੰਦਰ ਉਹ ਆਪ ਪ੍ਰਗਟ ਹੋ ਕੇ ਹੀ ਕਰਦਾ ਹੈ ਭਾਵ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਭਾਵ ਨਾਮ ਵਾਲੀ

ਸਮਝ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਜੋ ਉਸਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਉਹ ਆਪ ਹੀ ਉਸ ਆਪਣੇ ਮਨੁੱਖੀ ਰੂਪ ਨੂੰ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਪੂਰੀ ਸ੍ਰਿਸ਼ਟੀ ਦੀ ਰਚਨਾ ਦਾ ਸੱਚ ਸਮਝਾਉਂਦਾ ਹੈ ਤੇ ਕਿਸੇ ਨੂੰ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਆਕਾਰ ਰੂਪ ਵਿੱਚ ਉਹ ਆਪ ਹੀ ਹੈ, ਇੱਕੋ ਇੱਕ ਉਹ ਆਪ ਹੀ ਹੈ ਤੇ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ, ਕੁਝ ਵੀ ਨਹੀਂ ਹੈ। **(ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥ ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥ ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯਾਨ ॥ ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥)**

ਉਪਰ ਸ਼ਬਦ ਵਿੱਚ ਅਸੀਂ ਇਸ ਗੱਲ ਨੂੰ ਵੀ ਸਮਝਿਆ ਹੈ ਕਿ ਮਨੁੱਖ ਦੇ ਅੰਦਰ ਉਹ ਭਾਰਾ ਡਰ ਭਾਵ ਵੱਡਾ ਡਰ ਕਿਸ ਗੱਲ ਦਾ ਹੈ ਜਿਸ ਕਰਕੇ ਉਹ ਨਾ ਭਗਤੀ ਦੇ ਸਹੀ ਮਾਰਗ ਤੇ ਚੱਲਦਾ ਹੈ ਤੇ ਨਾ ਹੀ ਉਹ ਭਉ ਕਬੂਲ ਕੀਤੇ ਬਿਨਾਂ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦੱਮ ਕਰ ਸਕਦਾ ਹੈ ਜਿਸ ਦੁਆਰਾ ਆਪਣੇ ਅੰਦਰੋਂ ਉਸਦੀ ਖੇਡ ਨੂੰ ਜਾਣ ਸਕੀਏ। ਅਸੀਂ ਪ੍ਰਮਾਤਮਾ ਦੀ ਅਸਲ ਭਗਤੀ ਦਾ ਭੈ ਕਿਸ ਲਈ ਕਬੂਲ ਨਹੀਂ ਕਰਦੇ ਤੇ ਕੇਵਲ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਪ੍ਰਮਾਤਮਾ ਦੀ ਭਗਤੀ ਸਮਝਦੇ ਹਾਂ, ਨਾਮ ਜਪਣਾ ਸਮਝਦੇ ਹਾਂ ਇਹ ਸਾਡੇ ਸਭ ਦੇ ਅੰਦਰ ਦਾ ਵੱਡਾ ਭਰਮ ਹੈ ਜਿਸ ਭਰਮ ਨੂੰ ਛੱਡੇ ਬਿਨਾਂ ਤੇ ਗੁਰੂ ਦੇ ਅਸਲ ਭਉ ਨੂੰ ਕਬੂਲ ਕੀਤੇ ਬਿਨਾਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਉੱਦਮ ਨਹੀਂ ਕੀਤਾ ਜਾ ਸਕਦਾ। ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ

ਸਕਦਾ ਹੈ। ਗੁਰਮਤਿ ਦਾ ਸੱਚਾ ਤੋਲ ਤੁਲਨ ਦਾ ਭਉ ਸਭ ਦੇ ਅੰਦਰ ਹੈ ਕਿਉਂਕਿ ਗੁਰਮਤਿ ਤੇ ਪੂਰਾ ਉਤਰਨਾ ਬਹੁਤ ਔਖਾ ਹੈ ਜਿਸ ਔਖੇਪਨ ਨੂੰ ਸਹਿਣ ਕਰਨ ਤੋਂ ਹਰ ਕੋਈ ਡਰਦਾ ਹੈ ਜੋ ਤੋਲ ਤੁਲਨ ਦਾ ਡਰ ਛੱਡੇ ਬਿਨ੍ਹਾਂ ਉਸਦਾ ਨਾਮ ਨਹੀਂ ਜਪਿਆ ਜਾ ਸਕਦਾ ਜਿਵੇਂ ਕਿ ਅਸੀਂ ਪਿੱਛੇ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ।

ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥
ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥
ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥
ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥
ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

ਸਲੋਕ ਮਹਲਾ ੧ ॥

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

ਮਾਰੂ ਮਹਲਾ ੧ ॥

{ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥
ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥
ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥
ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥
ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥ ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥
ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥
ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥
ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥ ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ॥
ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥ ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥
ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥ ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥
ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥੬॥ ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥
ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥
ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥
ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥੮॥੩॥}

(ਅੰਗ ੧੦੧੦)

ਸਲੋਕ ਮਃ ੩ ॥

{ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ ਜੋ ਸਹਿ ਰਤੇ ਆਪਣੈ ਤਿਨ ਤਨਿ ਲੋਭ ਰਤੁ ਨ ਹੋਇ ॥
ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥੧॥}

(ਅੰਗ ੯੪੯-੯੫੦)

ਅਸੀਂ ਪਿੱਛੇ ਕੁਝ ਸ਼ਬਦਾਂ ਦੁਆਰਾ ਸ੍ਰਿਸ਼ਟੀ ਦੇ ਕਰਤੇ ਦੀ ਖੇਡ ਨੂੰ ਸਮਝਿਆ ਹੈ ਜਿਸ ਖੇਡ ਨੂੰ ਅਸੀਂ ਪਿੱਛੇ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਵੀ ਸਮਝਿਆ ਹੈ।

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥

{ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥
ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥ ਮਾਤਾ ਭੈਸਾ ਅੰਮ੍ਰਹਾ ਜਾਇ ॥
ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥ ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥
ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥}

(ਅੰਗ ੩੨੬)

ਜਦ ਤਕ ਅਕਾਲ ਪੁਰਖ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਆਪਣੀ ਖੇਡ ਦੀ ਸੋਝੀ ਨਹੀਂ ਪਾਉਂਦਾ ਤਦ ਤੱਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ ਕਿ ਉਹ ਸਭ ਕੁਝ ਆਪ ਹੀ ਹੈ ਤੇ ਸੋਝੀ ਪਏ ਬਿਨ੍ਹਾਂ ਅਸੀਂ ਹਰ ਆਕਾਰ ਰੂਪ ਨੂੰ ਹੀ ਉੱਚਾ ਸਮਝਦੇ ਹਾਂ ਭਾਵ ਸੰਸਾਰ ਦੀ ਰਚਨਾ ਨੂੰ ਉੱਚਾ ਸਮਝਦੇ ਹਾਂ ਤੇ ਉਸ ਰਚਣਹਾਰ ਨੂੰ ਨਹੀਂ ਜਾਣ ਸਕਦੇ ਜੋ ਸਾਰੀ ਰਚਨਾ ਦਾ ਮਾਲਕ ਹੈ ਤੇ ਰਚਨਹਾਰ ਨੂੰ ਜਾਣੇ ਬਿਨ੍ਹਾਂ ਕੋਈ ਇਸ ਸੰਸਾਰਿਕ ਖੇਡ ਨੂੰ ਨਹੀਂ ਸਮਝ ਸਕਦਾ। ਹੁਣ ਅਸੀਂ ਉਸ ਸਲੋਕ ਦੀਆਂ

53/7366

ਪੰਗਤੀਆਂ ਨੂੰ ਆਸਾਨੀ ਨਾਲ ਸਮਝ ਸਕਾਂਗੇ ਜਿੱਥੇ ਉਸਦੀ ਖੇਡ ਦਾ ਵਰਨਣ ਕੀਤਾ ਹੋਇਆ ਹੈ।

ਸਲੋਕੁ ॥

“ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥”

(ਅੰਗ ੮)

ਉਪਰ ਵਾਲੀਆਂ ਦੋ ਪੰਗਤੀਆਂ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਜਗਤ ਦੀ ਇਸ ਖੇਡ ਨੂੰ ਸਮਝਣ ਲਈ ਅਸੀਂ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ ਕਿ ਸੰਸਾਰ ਦੀ ਇਹ ਖੇਡ ਕੀ ਹੈ। ਸੰਸਾਰ ਦੀ ਇਸ ਖੇਡ ਨੂੰ ਸਮਝਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਵੀ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੈ ਜੋ ਤਰੀਕਾ ਸੰਸਾਰ ਦੇ ਵਿੱਚ ਰਹਿੰਦੇ ਹੋਏ ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਵਾਲਾ ਜੀਵਨ ਜਿਉਣ ਦਾ ਹੈ ਜਿਨ੍ਹਾਂ ਚੰਗੇ ਕਰਮਾਂ ਦੁਆਰਾ ਹੀ ਗੁਰੂ ਦਾ ਨਾਮ ਧਿਆਇਆ ਜਾ ਸਕਦਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਿਆ ਜਾ ਸਕਦਾ ਹੈ ਜਿਸ ਸੱਚੇ ਉੱਦਮ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਭਾਵ ਸਾਡੇ ਅੰਦਰ ਚੱਲ ਰਹੀ ਉਸਦੀ ਖੇਡ ਨੂੰ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਉਪਰ ਵਾਲੇ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥”

ਜੋ ਮਨੁੱਖ ਇਸ ਧਰਤੀ ਤੇ ਰਹਿੰਦਾ ਹੈ ਉਸਨੂੰ ਆਪਣਾ ਜੀਵਨ ਚਲਾਉਣ ਲਈ ਕਰਮ ਵੀ ਕਰਨੇ ਪੈਂਦੇ ਹਨ ਤੇ ਸ੍ਰਿਸ਼ਟੀ ਦਾ ਕਰਤਾ ਜੋ ਹਰ ਵੇਲੇ ਸਾਡੇ ਅੰਦਰ ਹੀ ਬੈਠਾ ਹੈ ਉਹ ਆਪ ਹੀ ਸਾਡੀ ਖੇਡ ਨੂੰ ਦੇਖ ਰਿਹਾ ਹੈ ਜੋ ਆਪਣੇ ਜੀਵਨ ਵਿੱਚ ਅਸੀਂ ਇਸ ਖੇਡ ਨੂੰ ਆਪਣੇ ਕਰਮ ਕਰਨ ਦੁਆਰਾ ਖੇਡਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਮਨੁੱਖ ਚੰਗੇ ਕਰਮ ਵੀ ਕਰਦਾ ਹੈ ਤੇ ਮਾੜੇ ਕਰਮ ਵੀ ਕਰਦਾ ਹੈ। ਸ੍ਰਿਸ਼ਟੀ ਤੇ ਮਨੁੱਖ ਕੇਵਲ ਆਪਣਾ ਗੁਜਾਰਾ ਹੀ ਕਰਨਾ ਚਾਹੇ ਤੇ ਉਹ ਚੰਗੇ ਕਰਮ ਕਰਨ ਦੁਆਰਾ ਹੀ ਕਰ ਸਕਦਾ ਹੈ। ਹਰ ਮਨੁੱਖ ਵੱਧ ਤੋਂ ਵੱਧ ਸੁੱਖਾਂ ਦੀ ਪ੍ਰਾਪਤੀ ਕਰਨ ਲਈ ਮਾੜੇ ਕਰਮ ਵੀ ਕਰਦਾ ਹੈ ਕਿਉਂਕਿ ਆਪਣੀ ਇਸ ਖੇਡ ਨੂੰ ਚਲਾਉਣ ਲਈ ਮਾਇਆ ਮੋਹ ਵੀ ਸਭ ਦੇ ਅੰਦਰ ਉਸਨੇ ਆਪ ਹੀ ਪਾਇਆ ਹੋਇਆ ਹੈ, ਤ੍ਰਿਸ਼ਨਾਵਾਂ ਵੀ ਆਪ ਹੀ ਪਾਈਆਂ ਹੋਈਆਂ ਹਨ

ਜਿਨ੍ਹਾਂ ਦੀ ਪੂਰਤੀ ਲਈ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਕਰਮ ਕਰਦਾ ਹੈ ਭਾਵ ਗੁਰੂ ਦੀ ਸਮਝਾਈ ਹੋਈ ਮਤਿ ਤੋਂ ਉਲਟ ਕੰਮ ਕਰਦਾ ਹੈ। ਸ੍ਰਿਸ਼ਟੀ ਦਾ ਕਰਤਾ ਮਨੁੱਖ ਦੇ ਚੰਗੇ ਜਾਂ ਮਾੜੇ ਕਰਮਾਂ ਨਾਲ ਹੀ ਇਹ ਫੈਸਲਾ ਕਰਦਾ ਹੈ ਕਿ ਕਿਹੜਾ ਮਨੁੱਖ ਮੇਰੇ ਨੇੜੇ ਹੈ ਜਿਹੜਾ ਮੈਨੂੰ ਚੰਗਾ ਲੱਗਦਾ ਹੈ ਤੇ ਕਿਹੜਾ ਮਨੁੱਖ ਮੇਰੇ ਤੋਂ ਦੂਰ ਹੈ

53/7367

ਜਿਸਨੂੰ ਉਹ ਮਾੜਾ ਸਮਝਦਾ ਹੈ। ਗੁਰੂ ਦੀ ਸੱਚੀ ਮਤਿ ਭਾਵੇਂ ਜਿਹੜੇ ਮਰਜੀ ਸੱਚੇ ਧਰਮ ਗ੍ਰੰਥ ਤੋਂ ਲੈ ਲਈਏ ਉਹ ਸਭ ਸਾਨੂੰ ਚੰਗੇ ਕਰਮ ਕਰਨੇ ਹੀ ਸਿਖਾਉਂਦੇ ਹਨ ਭਾਵ ਉਸ ਦਾ ਨਾਮ ਜਪਣਾ ਹੀ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਜੋ ਮਨੁੱਖ ਆਪਣੇ ਜੀਵਨ ਵਿੱਚ ਚੰਗੇ ਕਰਮ ਕਰਦਾ ਹੈ ਭਾਵ ਉਸਦਾ ਨਾਮ ਧਿਆਉਂਦਾ ਹੈ ਉਹ ਮਨੁੱਖ ਫਿਰ ਆਪਣੇ ਜੀਵਨ ਵਿੱਚ ਗੁਰੂ ਦੀ ਸੇਵਾ ਦੀ ਘਾਲਣਾ ਘਾਲ ਲੈਂਦਾ ਹੈ ਭਾਵ ਆਪਣਾ ਜੀਵਨ ਸਫਲ ਕਰ ਲੈਂਦਾ ਹੈ। ਉਪਰ ਪੰਗਤੀਆਂ ਵਿੱਚ **“ਮਸਕਤਿ”** ਅੱਖਰ ਲਿਖਿਆ ਹੋਇਆ ਹੈ ਤੇ ਮਸਕਤਿ ਤੋਂ ਭਾਵ ਸੇਵਾ ਹੈ। **“ਸ”** ਭਾਵ ਸੱਸੇ ਅੱਖਰ ਹੇਠਾਂ ਕੋਈ ਬਿੰਦੀ ਨਹੀਂ ਲੱਗੀ ਹੋਈ ਜੋ ਕਿ ਆਪਣੇ ਆਪ ਹੀ ਬਿੰਦੀ ਲਗਾਉਣ ਨਾਲ ਅਰਥ ਬਦਲ ਜਾਂਦੇ ਹਨ ਜਿਵੇਂ ਕਿ ਹਰ ਕਿਸੇ ਨੇ ਮਨ ਦੇ ਭਰਮ ਕਰਕੇ ਹੀ ਬਦਲੇ ਹੋਏ ਹਨ। ਗੁਰੂ ਦੀ ਸੇਵਾ ਘਾਲਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰਮਤਿ ਅਨੁਸਾਰ ਆਪਣੇ ਜੀਵਨ ਵਿੱਚ ਵਿਚਰਨਾ ਹੀ ਭਾਵ ਆਪਣੇ ਜੀਵਨ ਵਿੱਚ ਚੰਗੇ ਕੰਮ ਕਰਨਾ ਹੀ ਗੁਰੂ ਦੀ ਸੇਵਾ ਘਾਲਣਾ ਹੈ ਤੇ ਜਿਸ ਮਨੁੱਖ ਦੀ ਸੇਵਾ ਘਾਲਣਾ ਕਰਤੇ ਨੂੰ ਚੰਗੀ ਲੱਗਦੀ ਹੈ ਜੋ ਕਿ ਉਹ ਆਪ ਹੀ ਧਰਮ ਰਾਇ ਹੈ ਭਾਵ ਜਿਸਦੇ ਕਰਮ ਉਸਨੂੰ ਚੰਗੇ ਲੱਗਦੇ ਹਨ ਉਸਦੀ ਸੇਵਾ ਘਾਲਣਾ ਹੀ ਸਫਲ ਹੁੰਦੀ ਹੈ ਤੇ ਉਸਦਾ ਮੁੱਖ ਹੀ ਉਸਦੇ ਦਰਬਾਰ ਵਿੱਚ ਉਜੱਲ ਹੁੰਦਾ ਹੈ ਜਿਸ ਆਪਣੇ ਦਰਬਾਰ ਵਿੱਚ ਉਹ ਉਸ ਮਨੁੱਖੀ ਸਮਝ ਨੂੰ ਆਪ ਹੀ ਆਪਣੇ ਆਪ ਦਾ ਤੇ ਸ੍ਰਿਸ਼ਟੀ ਦੀ ਰਚਨਾ ਦਾ ਸੱਚ ਸਮਝਾਉਂਦਾ ਹੈ, ਆਪਣੀ ਸੰਸਾਰਿਕ ਖੇਡ ਸਮਝਾਉਂਦਾ ਹੈ ਤੇ ਆਪਣੀ ਸੰਸਾਰਿਕ ਖੇਡ ਨੂੰ ਜਾਨਣ ਦਾ ਤਰੀਕਾ ਵੀ ਸਮਝਾਉਂਦਾ ਹੈ ਜੋ ਉਸਦਾ ਤਰੀਕਾ ਉਸਦੀ ਸੱਚੀ ਭਗਤੀ ਦਾ ਮਾਰਗ ਹੈ ਭਾਵ ਉਸਦਾ ਨਾਮ ਜਪਣ ਦਾ ਮਾਰਗ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਮਾਰਗ ਹੈ। ਜਿਨ੍ਹਾਂ ਨੇ ਉਸਦੇ ਦਰਬਾਰ ਵਿੱਚੋਂ ਉਸਦੀ ਸੱਚੀ ਭਗਤੀ ਦਾ ਮਾਰਗ ਸਿੱਖਿਆ ਹੈ, ਉਸਦਾ ਸੱਚਾ ਨਾਮ ਜਪਣ ਦਾ ਮਾਰਗ ਸਿੱਖਿਆ ਹੈ, ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਸਿੱਖਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਉਸਦਾ ਨਾਮ ਜਪਣ ਦਾ ਤਰੀਕਾ ਸਮਝਾਇਆ ਹੈ ਤੇ ਉਨ੍ਹਾਂ ਦੀ ਸੱਚੀ ਸਮਝ ਦੇ ਨਾਲ ਜੁੜਨ ਦੁਆਰਾ ਭਾਵ ਉਸਦਾ ਸੱਚਾ ਨਾਮ ਜਪਣ ਦੁਆਰਾ ਭਾਵ ਚੰਗੇ ਕਰਮ ਕਰਨ ਦੁਆਰਾ ਅਨੇਕਾਂ ਹੀ ਮਨ ਦੀ ਨਾਸਮਝ ਮਤਿ ਤੋਂ ਛੁੱਟ ਜਾਂਦੇ ਹਨ ਭਾਵ ਮੁਕਤ ਹੋ ਜਾਂਦੇ ਹਨ ਤੇ ਆਪਣੇ ਜੀਵਨ ਦੇ ਸਹੀ ਮਾਰਗ ਨੂੰ ਜਾਣ ਸਕਦੇ ਹਨ ਤੇ ਸ੍ਰਿਸ਼ਟੀ ਦੇ ਰਚਨਹਾਰ ਨੂੰ ਸਮਝ ਸਕਦੇ ਹਨ। **(ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥)**

ਪੂਰੀ ਗੁਰਬਾਣੀ ਵਿੱਚ ਜੋ ਵੀ ਬਾਣੀ ਹੈ ਉਹ ਬਾਣੀ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਸਰੀਰਾਂ ਦੇ ਰਾਹੀਂ ਲਿਖਵਾਈ ਹੈ ਜਿਨ੍ਹਾਂ ਨੂੰ ਉਸਨੇ ਪਹਿਲੇ ਆਪਣਾ ਭਗਤ ਰੂਪ ਭਾਵ ਗੁਰੂ ਰੂਪ ਬਣਾਇਆ ਹੈ, ਉਨ੍ਹਾਂ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਬਣਾਇਆ ਹੈ ਭਾਵ ਉਨ੍ਹਾਂ ਸਭ ਨੂੰ ਆਪਣਾ ਰੂਪ ਹੀ ਬਣਾਇਆ ਹੈ। ਜੋ ਉਸਦੇ ਭਗਤਾਂ ਦੀ ਸਮਝਾਈ ਹੋਈ ਸਿੱਖਿਆ ਦੇ ਨਾਲ ਬੱਝ ਜਾਂਦਾ ਹੈ ਉਸ ਸੱਚੀ ਸਿੱਖਿਆ ਦੇ ਨਾਲ ਬੱਝਣਾ ਹੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਬੱਝਣਾ ਹੈ ਭਾਵ

53/7368

ਅਕਾਲ ਪੁਰਖ ਦੇ ਵਿੱਚ ਤੇ ਉਸਦੇ ਭਗਤਾਂ ਵਿੱਚ ਤੇ ਸ੍ਰਿਸ਼ਟੀ ਦੇ ਕਰਤੇ ਵਿੱਚ ਪੂਰੀ ਤਰ੍ਹਾਂ ਭੇਦ ਮਿੱਟ ਜਾਂਦਾ ਹੈ ਭਾਵ ਅਕਾਲ ਪੁਰਖ ਦੀ ਕਹੀ ਗੱਲ ਜਾਂ ਉਸਦੇ ਭਗਤਾਂ ਦੀ ਕਹੀ ਹੋਈ ਗੱਲ ਇੱਕੋ ਹੀ ਗੱਲ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਕੇਵਲ ਤੇ ਕੇਵਲ ਗੁਰੂ ਦੀ ਸਮਝਾਈ ਹੋਈ ਸਿੱਖਿਆ ਨੂੰ ਮੰਨ ਕੇ ਹੀ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਪੂਰੀ ਸ੍ਰਿਸ਼ਟੀ ਵਿੱਚ ਜਾਨਣ ਦਾ ਇਹੀ ਤਰੀਕਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਨਾਮ ਦੇਵ ਜੀ ਦੇ ਅੰਦਰ ਪਾਈ ਹੋਈ ਸ੍ਰਿਸ਼ਟੀ ਦੇ ਕਰਤੇ ਦੀ ਸਿੱਖਿਆ ਦੁਆਰਾ ਹੇਠ ਦਿੱਤੇ ਸ਼ਬਦ ਰਾਹੀਂ ਸਮਝੀਏ।

“ਦਾਸ ਅਨਿੰਨ ਮੇਰੋ ਨਿਜ ਰੂਪ ॥

ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥
ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥
ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥"

(ਅੰਗ ੧੨੫੨-੧੨੫੩)

ਪਹਿਲੇ ਉਪਰ ਵਾਲੀਆਂ ਰਹਾਉ ਵਾਲੀਆਂ ਪੰਗਤੀਆਂ ਨੂੰ ਵਿਚਾਰੋ ਤੇ ਇਨ੍ਹਾਂ ਪੰਗਤੀਆਂ ਰਾਹੀਂ ਸਾਨੂੰ ਕੌਣ ਸੰਬੋਧਨ ਕਰ ਰਿਹਾ ਹੈ। ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਆਪ ਹੀ ਸਾਰੇ ਸੰਸਾਰ ਦੇ ਮਨੁੱਖਾਂ ਨੂੰ ਭਗਤ ਨਾਮ ਦੇਵ ਜੀ ਦੇ ਮੁੱਖੋਂ ਆਪਣੀ ਗੱਲ ਬੋਲ ਕੇ ਸੁਣਾ ਰਿਹਾ ਹੈ। ਉਹ ਭਗਤ ਨਾਮ ਦੇਵ ਜੀ ਨੂੰ ਦਾਸ ਕਹਿ ਰਹੇ ਹਨ ਤੇ ਨਾਲੇ ਇਹ ਵੀ ਸਮਝਾ ਰਹੇ ਹਨ ਜਿਸਨੂੰ ਮੈਂ ਆਪਣਾ ਦਾਸ ਬਣਾਉਂਦਾ ਹਾਂ ਉਹ ਕਿਸ ਤਰੀਕੇ ਬਣਾਉਂਦਾ ਹਾਂ। ਸਪਸ਼ਟ ਕਰਕੇ ਸਮਝਾ ਰਹੇ ਹਨ ਕਿ ਜੋ ਮੇਰਾ ਦਾਸ ਹੁੰਦਾ ਹੈ ਉਹ ਮੇਰਾ ਨਿਜ ਰੂਪ ਭਾਵ ਮੇਰਾ ਆਪਣਾ ਹੀ ਰੂਪ ਹੁੰਦਾ ਹੈ, ਜੋ ਦਾਸ ਕੇਵਲ ਮੈਨੂੰ ਹੀ ਪਿਆਰ ਕਰਦਾ ਹੈ ਭਾਵ ਉਹ ਭਗਤੀ ਦਾ ਮਾਰਗ ਸਿੱਖਣ ਲਈ ਕੇਵਲ ਮੇਰੀ ਦਿੱਤੀ ਹੋਈ ਸਿੱਖਿਆ ਨਾਲ ਹੀ ਪਿਆਰ ਕਰਦਾ ਹੈ ਤੇ ਭਗਤੀ ਦਾ ਮਾਰਗ ਸਿੱਖਣ ਲਈ ਕਿਸੇ ਹੋਰ ਦੀ ਸਿੱਖਿਆ ਦੇ ਨਾਲ ਨਹੀਂ ਜੁੜਦਾ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਦਿੱਤੀ ਹੋਈ ਸਮਝ ਤੋਂ ਉੱਚੀ ਸਮਝ ਕਿਸੇ ਹੋਰ ਦੀ ਸਮਝ ਹੋ ਹੀ ਨਹੀਂ ਸਕਦੀ ਜਿਸ ਸਮਝ ਨੂੰ ਮੰਨਣ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਜਾ ਸਕੇ ਭਾਵ ਭਗਤੀ ਦੇ ਸਹੀ ਮਾਰਗ ਤੇ ਚੱਲਿਆ ਜਾ ਸਕੇ ਜੋ ਸੱਚੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। **(ਦਾਸ ਅਨਿੰਨ ਮੇਰੋ ਨਿਜ ਰੂਪ ॥)**

ਅਕਾਲ ਪੁਰਖ, ਪ੍ਰਮਾਤਮਾ, ਅੱਲ੍ਹਾ, ਗਾਡ ਕਿਸੇ ਮਨੁੱਖ ਨੂੰ ਕਿਸ ਤਰੀਕੇ ਆਪਣਾ ਦਾਸ ਬਣਾਉਂਦਾ ਹੈ, ਨਿਜ ਰੂਪ ਬਣਾਉਂਦਾ ਹੈ, ਆਪਣੇ ਨਾਲ ਪੂਰਨ ਪਿਆਰ ਜੋੜਨ ਦੁਆਰਾ ਬਣਾਉਂਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥"

ਜਿਸ ਮਨੁੱਖੀ ਸਰੀਰ ਨੂੰ ਵੀ ਉਹ ਆਪਣਾ ਨਿਜ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਬਣਾਇਆ ਹੈ ਉਨ੍ਹਾਂ ਦੇ ਮਨ ਦੇ ਅੰਦਰ ਭਾਵ ਮਨ ਰੂਪ ਜੋਤਿ ਦੇ ਅੰਦਰ ਦਰਸ਼ਨ ਹੀ

ਕਰਵਾਉਂਦਾ ਹੈ ਜੋ ਆਪਣੇ ਦਰਸ਼ਨ ਉਹ ਕਿਸੇ ਵੀ ਮਨੁੱਖ ਨੂੰ ਇੱਕ ਨਿਮੱਖ ਵਿੱਚ ਪ੍ਰਗਟ ਹੋ ਕੇ ਕਰਵਾ ਦਿੰਦਾ ਹੈ। ਇਸ ਗੱਲ ਵਿੱਚ ਪੂਰਨ ਸੱਚਾਈ ਹੈ ਭਾਵ ਹੂ-ਬ-ਹੂ ਸੱਚ ਹੈ ਇਸ ਗੱਲ ਤੇ ਵਿਸ਼ਵਾਸ ਮਨ ਦੇ ਵਿੱਚੋਂ ਉਸਦੇ ਦਰਸ਼ਨ ਹੋਣ ਦੁਆਰਾ ਹੀ ਕਰਵਾਉਂਦਾ ਹੈ। ਉਹ ਜਿਸ ਮਨੁੱਖੀ ਸਮਝ ਦੇ ਅੰਦਰ ਵੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਆਪਣੇ ਉੱਚੇ ਗਿਆਨ ਦੇ ਰੂਪ ਵਿੱਚ ਹੀ ਭਾਵ ਚੌਥੇ ਪਦ ਦੇ ਗਿਆਨ ਵਾਲੇ ਰੂਪ ਵਿੱਚ ਹੀ ਭਾਵ ਆਪਣੇ ਨਾਮ ਵਾਲੇ ਗਿਆਨ ਰੂਪ ਵਿੱਚ ਹੀ ਭਾਵ ਬ੍ਰਹਮ ਗਿਆਨ ਵਾਲੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਸ ਆਪਣੀ ਉੱਚੀ ਸਮਝ ਦੁਆਰਾ ਉਹ ਮਨੁੱਖੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਤੋਂ ਮੁਕਤ ਕਰ ਦਿੰਦਾ ਹੈ, ਆਪਣੇ ਉੱਚੇ ਗਿਆਨ ਵਾਲੀ ਸਮਝ ਦੇ ਪਰਸਣ ਦੁਆਰਾ ਨੀਵੇਂ ਗਿਆਨ ਵਾਲੀ ਸਮਝ ਨੂੰ ਮੁਕਤ ਕਰ ਦਿੰਦਾ ਹੈ ਭਾਵ ਮਾਇਆ ਦੀ ਜੁਗਤਿ ਵਾਲੀ ਸਮਝ ਨੂੰ, ਹਉਮੈ ਵਾਲੀ ਸਮਝ ਨੂੰ, ਪੁੱਠੇ ਕਮਲ ਵਾਲੀ ਸਮਝ ਨੂੰ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ ਮੁਕਤ ਕਰ ਦਿੰਦਾ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸੰਸਾਰ ਦਾ ਕੋਈ ਵੀ ਮਨੁੱਖ ਆਪਣੇ ਅੰਦਰ ਦੀ ਸਮਝ ਦੇ ਮਾਲਕ ਨੂੰ ਨਹੀਂ ਜਾਣ ਸਕਦਾ ਕਿਉਂਕਿ ਅਸੀਂ ਮਨ ਦੇ ਜਿਸ ਗ੍ਰਿਹ ਵਿੱਚ ਭਾਵ ਘਰ ਵਿੱਚ ਰਹਿੰਦੇ ਹਾਂ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹਾਂ ਉਹ ਇੱਕ ਹਨੇਰੇ ਖੂਹ ਦੀ ਤਰ੍ਹਾਂ ਹੈ ਜੋ ਕਿ ਮਨ ਦਾ ਅਗਿਆਨਤਾ ਰੂਪ ਹਨੇਰਾ ਹੈ ਇਸ ਮਨ ਦੀ ਸਮਝ ਦੇ ਹਨੇਰੇ ਵਿੱਚ ਰਹਿੰਦੇ ਹੋਏ ਕੋਈ ਆਪਣੇ ਆਪ ਨੂੰ ਜਾਣ ਲਵੇ, ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲਵੇ, ਇਸ ਸ੍ਰਿਸ਼ਟੀ ਦੀ ਸੱਚਾਈ ਨੂੰ ਜਾਣ ਲਵੇ ਇਹ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਨਾਮੁਮਕਿਨ ਹੈ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਸਾਰੇ ਸੰਸਾਰ ਨੂੰ ਮਨ ਦੇ ਹਨੇਰੇ ਵਿੱਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ ਵਾਲੀ ਸਮਝ ਦੇ ਹਨੇਰੇ ਵਿੱਚ ਰੱਖਿਆ ਹੋਇਆ ਹੈ ਇਹ ਕਿਸੇ ਵੀ ਮਨੁੱਖ ਤੇ ਉਸਦੀ ਵੱਡੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਉਸਦੇ ਅੰਦਰ ਪ੍ਰਗਟ ਹੋ ਕੇ ਉਸਨੂੰ ਇਸ ਮਨ ਦੇ ਹਨੇਰੇ ਵਿੱਚੋਂ ਕੱਢ ਲਵੇ ਤੇ ਉਸਨੂੰ ਆਪਣੇ ਆਪ ਦੀ ਅਸਲੀਅਤ ਸਮਝਾ ਦੇਵੇ ਕਿ ਉਹ ਸਭ ਦੇ ਅੰਦਰ ਆਪ ਹੀ ਵਰਤ ਰਿਹਾ ਹੈ ਜਿਸ ਤਰੀਕੇ ਉਹ ਕਿਸੇ ਨੂੰ ਆਪਣਾ ਦਾਸ ਰੂਪ ਬਣਾਉਂਦਾ ਹੈ, ਨਿਜ ਰੂਪ ਬਣਾਉਂਦਾ ਹੈ ਭਾਵ ਆਪਣਾ ਭਗਤ

ਰੂਪ ਬਣਾਉਂਦਾ ਹੈ। **(ਦਾਸ ਅਨਿੰਨ ਮੇਰੋ ਨਿਜ ਰੂਪ ॥ ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥)**

ਸਾਡੇ ਅੰਦਰ ਦਾ ਬੰਧਨ ਕੀ ਹੈ ਜਿਸ ਬੰਧਨ ਤੋਂ ਅਸੀਂ ਮੁਕਤ ਹੋਣਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਹੀ ਬੰਧਨ ਤੋਂ ਮੁਕਤੀ ਅਸੀਂ ਉਪਰ ਰਹਾਉ ਵਾਲੀ ਪੰਗਤੀ ਦੁਆਰਾ ਸਮਝਿਆ ਹੈ ਜਿਸ ਬੰਧਨ ਤੋਂ ਮੁਕਤੀ ਸ੍ਰਿਸ਼ਟੀ ਦਾ ਕਰਤਾ ਆਪ ਹੀ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਭਾਵ ਆਪਣੇ ਬ੍ਰਹਮ ਗਿਆਨ ਰੂਪ ਦਰਸ਼ਨ ਦੇਣ ਦੁਆਰਾ ਮਨੁੱਖ ਨੂੰ ਭਰਮਾਂ ਵਾਲੀ ਸਮਝ ਤੋਂ ਮੁਕਤ ਕਰਦਾ ਹੈ। ਜਿਸ ਮਨੁੱਖੀ ਸਮਝ ਨੂੰ ਅਕਾਲ ਪੁਰਖ ਬੰਧਨ ਤੋਂ ਮੁਕਤ ਕਰ ਦਿੰਦਾ ਹੈ ਅਕਾਲ ਪੁਰਖ ਦਾ ਉਹ ਮਨੁੱਖੀ ਰੂਪ ਭਾਵ ਉਸਦਾ ਉਹ ਭਗਤ ਰੂਪ ਭਾਵ ਉਸਦਾ ਉਹ ਗੁਰੂ ਰੂਪ ਸੰਸਾਰ ਦੇ ਕਿਸੇ ਮਨੁੱਖੀ ਰੂਪ ਨੂੰ ਵੀ ਮਨ ਦੇ ਬੰਧਨ ਤੋਂ ਮੁਕਤ ਕਰ ਸਕਦਾ ਹੈ ਜੋ ਬੰਧਨ

ਅਕਾਲ ਪੁਰਖ ਨੇ ਹਰ ਮਨੁੱਖੀ ਸਮਝ ਦੇ ਅੰਦਰ ਆਪ ਹੀ ਪਾਇਆ ਹੋਇਆ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

“ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥”

ਇਹ ਮਨ ਦਾ ਬੰਧਨ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਹਉਮੈ ਰੂਪ ਬੰਧਨ ਹੈ, ਮਾਇਆ ਮੋਹ ਦਾ ਬੰਧਨ ਹੈ ਭਾਵ ਮਨ ਦੀ ਭਰਮ ਰੂਪ ਸਮਝ ਦਾ ਬੰਧਨ ਹੈ ਤੇ ਪੂਰੀ ਗੁਰਬਾਣੀ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਇਸ ਮਨ ਦੇ ਬੰਧਨ ਵਿੱਚੋਂ ਕੱਢਣ ਦਾ ਹੀ ਹੈ ਭਾਵ ਭਰਮਾਂ ਦੀ ਭਰੀ ਹੋਈ ਸਮਝ ਵਿੱਚੋਂ ਕੱਢਣ ਦਾ ਹੀ ਹੈ ਜਿਸ ਭਰਮਾਂ ਵਾਲੀ ਸਮਝ ਕਰਕੇ ਹੀ ਅਸੀਂ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਸਮਝਦੇ ਹਾਂ ਤੇ ਸ੍ਰਿਸ਼ਟੀ ਦੇ ਕਰਤੇ ਦੇ ਵੀ ਵੱਖਰੇ ਵੱਖਰੇ ਰੂਪ ਸਮਝਦੇ ਹਾਂ ਜਿਸ ਭਰਮਾਂ ਵਾਲੀ ਸਮਝ ਕਰਕੇ ਕੋਈ ਉਸਨੂੰ ਗਾਡ ਕਹਿੰਦਾ ਹੈ, ਕੋਈ ਪ੍ਰਮਾਤਮਾ ਕਹਿੰਦਾ ਹੈ, ਕੋਈ ਅੱਲ੍ਹਾ ਕਹਿੰਦਾ ਹੈ, ਕੋਈ ਵਾਹਿਗੁਰੂ ਕਹਿੰਦਾ ਹੈ ਜਿਸ ਕਰਕੇ ਹਰ ਕੋਈ ਆਪਣੀ ਵੱਖਰੀ ਵੱਖਰੀ ਧਾਰਮਿਕ ਆਸਥਾ ਸਮਝਦਾ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਦੇ ਅਨੇਕਾਂ ਹੀ ਵੱਖਰੇ ਵੱਖਰੇ ਰੂਪ ਸਮਝਦਾ ਹੈ ਪਰ ਸ੍ਰਿਸ਼ਟੀ ਦਾ ਕਰਤਾ ਤਾਂ ਇੱਕ ਤੋਂ ਜਿਆਦਾ ਨਹੀਂ ਹੋ ਸਕਦਾ ਜੋ ਕਿ ਕੇਵਲ ਇੱਕੋ ਇੱਕ ਆਪ ਹੀ ਹੈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਹਰ ਮਨੁੱਖੀ ਰੂਪ ਦੀ, ਹਰ ਆਕਾਰ ਰੂਪ ਦੀ, ਖੰਡਾਂ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ, ਪੰਜਾਂ ਤੱਤਾਂ ਦੀ ਰਚਨਾ ਕੀਤੀ ਹੈ। ਜਦ ਤਕ ਸਾਡੇ ਅੰਦਰ ਅਗਿਆਨਤਾ ਵਾਲੀ ਸਮਝ ਦਾ ਬੰਧਨ ਹੈ ਤਦ ਤਕ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਨਾ ਆਪਣੇ ਆਪ ਦੀ ਅਸਲੀਅਤ ਨੂੰ ਸਮਝ ਸਕਦਾ ਹੈ, ਨਾ ਇਸ ਸੰਸਾਰ ਦੀ ਰਚਨਾ ਦੀ ਅਸਲੀਅਤ ਨੂੰ ਸਮਝ ਸਕਦਾ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ ਹੈ ਤੇ ਕਿਸਨੇ ਕੀਤੀ ਹੈ ਜੋ ਸ੍ਰਿਸ਼ਟੀ ਦਾ ਕਰਤਾ ਹਰ ਆਕਾਰ ਰੂਪ ਬਣਾਕੇ ਆਪ ਹੀ ਚਲਾ ਰਿਹਾ ਹੈ। ਸ੍ਰਿਸ਼ਟੀ ਦਾ ਹਰ ਮਨੁੱਖ ਵੀ ਉਸਦਾ ਆਪਣਾ ਬਣਾਇਆ ਹੋਇਆ ਆਕਾਰ ਰੂਪ ਹੀ ਹੈ ਜਿਸ ਆਪਣੇ ਆਕਾਰ ਰੂਪ ਨੂੰ ਬਣਾ ਕੇ ਉਹ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਿਹਾ ਹੈ ਜਿਸ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਭਾਵ ਆਪਣੀ ਜੋਤਿ ਰੂਪ ਗਿਆਨ ਦੁਆਰਾ ਹੀ ਉਸਨੇ ਹਰ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚ ਪਾਇਆ ਹੋਇਆ ਹੈ ਭਾਵ ਮਨ ਦੇ ਬੰਧਨ ਵਿੱਚ ਪਾਇਆ ਹੋਇਆ ਹੈ ਜਿਸ ਮਨ ਦੇ ਬੰਧਨ ਵਿੱਚੋਂ ਉਹ ਜਿਸਨੂੰ ਵੀ ਕੱਢਦਾ ਹੈ ਉਸਨੂੰ ਫਿਰ ਮਨ ਦੇ ਵਿੱਚ ਸੱਚਾ ਗਿਆਨ ਹੀ ਬਖਸ਼ਦਾ ਹੈ ਜਿਸ ਉਸਦੇ ਉੱਚੇ ਗਿਆਨ ਵਾਲੀ ਸਮਝ ਨੂੰ ਮੰਨਣ ਦੁਆਰਾ ਸੰਸਾਰ ਦਾ ਕੋਈ ਮਨੁੱਖ ਵੀ ਆਪਣੇ ਆਪ ਨੂੰ ਮਨ ਦੇ ਬੰਧਨ ਤੋਂ ਮੁਕਤ ਕਰਨ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਕੇ, ਉਸਦਾ ਸੱਚਾ ਨਾਮ ਜਪਣ ਦੇ ਮਾਰਗ ਨੂੰ ਸਮਝ ਕੇ ਤੇ ਉਸਦੇ ਚੱਲਣ ਦਾ ਉੱਦਮ ਕਰਕੇ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ। ਸਾਡੇ

ਸਭ ਦੇ ਅੰਦਰ ਅਗਿਆਨਤਾ ਰੂਪ ਬੰਧਨ ਪਾਉਣ ਵਾਲਾ ਇੱਕੋ ਹੀ ਹੈ ਤੇ ਉਸ ਬੰਧਨ ਵਿੱਚੋਂ ਕੱਢਣ ਵਾਲਾ ਵੀ ਪੂਰੇ ਗਿਆਨ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਇੱਕੋ ਹੀ ਹੈ। ਉਸਦਾ ਭਗਤ ਰੂਪ ਭਾਵ ਗੁਰੂ ਰੂਪ ਮਨ ਦੀ ਉੱਚੀ ਸਮਝ ਦੁਆਰਾ ਪੂਰਨ ਤੌਰ ਤੇ ਉਸਦਾ ਆਪਣਾ ਹੀ ਰੂਪ ਹੁੰਦਾ ਹੈ ਤੇ ਜੋ ਉਸਦੇ ਸੱਚੇ ਭਗਤਾਂ ਦੀ ਗੱਲ ਮੰਨ ਲੈਂਦਾ ਹੈ ਭਾਵ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਗੱਲ ਨੂੰ ਮੰਨ ਲੈਂਦਾ ਹੈ ਉਹੀ

ਅਕਾਲ ਪੁਰਖ ਦੇ ਬੰਧਨ ਤੋਂ ਛੁੱਟ ਸਕਦਾ ਹੈ ਜਿਸ ਗੱਲ ਲਈ ਆਪਣੇ ਸ਼ਬਦਾਂ ਦੀ ਵਿਚਾਰ ਦੁਆਰਾ ਉਸਦਾ ਭਗਤ ਮਨੁੱਖੀ ਸਮਝ ਨੂੰ ਬੰਨਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਨਾਲ ਬੰਨਦਾ ਹੈ ਉਸ ਸਮਝ ਦੇ ਵਿੱਚ ਹੀ ਸ੍ਰਿਸ਼ਟੀ ਦਾ ਕਰਤਾ ਆਪ ਹੈ ਜੋ ਕਿ ਬ੍ਰਹਮ ਗਿਆਨ ਰੂਪ ਸਮਝ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਦੋਂ ਕੋਈ ਮਨੁੱਖ ਉਸਦੀ ਉੱਚੀ ਸਮਝ ਦੇ ਨਾਲ ਜੁੜ ਜਾਂਦਾ ਹੈ ਭਾਵ ਉਸਦੇ ਭਗਤਾਂ ਦੀ ਸਮਝਾਈ ਹੋਈ ਸਮਝ ਦੇ ਨਾਲ ਆਪਣੀ ਸਮਝ ਨੂੰ ਇੱਕ ਕਰ ਲੈਂਦਾ ਹੈ ਤਾਂ ਫਿਰ ਉਹ ਅਕਾਲ ਪੁਰਖ ਦਾ ਆਪਣਾ ਹੀ ਰੂਪ ਬਣ ਜਾਂਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਵਾਲਾ ਬਣ ਜਾਂਦਾ ਹੈ ਤੇ ਫਿਰ ਬ੍ਰਹਮ ਗਿਆਨ ਦਾ ਮਾਲਕ ਭਾਵ ਸ੍ਰਿਸ਼ਟੀ ਦਾ ਕਰਤਾ ਉਸ ਆਪਣੇ ਹੀ ਰੂਪ ਨੂੰ ਛੱਡਣਾ ਹੀ ਕਿਉਂ ਚਾਹੇਗਾ ਭਾਵ ਆਪਣੇ ਆਪ ਤੋਂ ਵੱਖਰਾ ਹੀ ਕਿਉਂ ਕਰਨਾ ਚਾਹੇਗਾ। ਜਿਸ ਮਨੁੱਖੀ ਮਨ ਦਾ ਵੀ ਉਸਦੇ ਨਾਲ ਮਨ ਦੀ ਸਮਝ ਦੁਆਰਾ ਮੇਲ ਹੋ ਜਾਂਦਾ ਹੈ ਉਹ ਫਿਰ ਸਦਾ ਲਈ ਹੀ ਉਸਦਾ ਰੂਪ ਹੋ ਜਾਂਦਾ ਹੈ ਭਾਵ ਮਨ ਦੇ ਨਿਰੰਕਾਰ ਰੂਪ ਦੁਆਰਾ ਸਦਾ ਹੀ ਉਸਦੇ ਨਿਰੰਕਾਰ ਰੂਪ ਵਿੱਚ ਸਮਾ ਜਾਂਦਾ ਹੈ ਜਿਵੇਂ ਕਿ ਹਰ ਮਨੁੱਖੀ ਸਰੀਰ ਦੀ ਸਮਝ ਜਿਨ੍ਹਾਂ ਰਾਹੀਂ ਪੂਰੀ ਗੁਰਬਾਣੀ ਦੀ ਰਚਨਾ ਹੋਈ ਹੈ ਉਨ੍ਹਾਂ ਦੀ ਸਮਝ ਹਰ ਸ਼ਬਦ ਦੇ ਵਿਚਾਰਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਵਿੱਚ ਹੀ ਸਮਾਈ ਹੋਈ ਹੈ ਜਿਸ ਕਰਕੇ ਪੂਰੀ ਗੁਰਬਾਣੀ ਰੂਪ ਪੋਥੀ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਅਸਥਾਨ ਹੈ ਜਿਸ ਪੋਥੀ ਦੇ ਸ਼ਬਦਾਂ ਦੀ ਸੱਚੀ ਵਿਚਾਰ ਰਾਹੀਂ ਸ੍ਰਿਸ਼ਟੀ ਦਾ ਕਰਤਾ ਹਰ ਵੇਲੇ, ਅੱਠੇ ਪਹਿਰ ਪ੍ਰਗਟ ਹੈ, ਆਪਣੇ ਭਗਤ ਰੂਪ ਵਿੱਚ ਪ੍ਰਗਟ ਹੈ ਜਿਨ੍ਹਾਂ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦੁਆਰਾ ਤੇ ਮਨ ਦੇ ਨਾਸਮਝ ਵਿਚਾਰਾਂ ਨੂੰ ਛੱਡਣ ਦੁਆਰਾ ਅਸੀਂ ਮਨ ਦੇ ਬੰਧਨ ਤੋਂ ਛੁੱਟਣ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ। **(ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥)**

ਅਕਾਲ ਪੁਰਖ ਨੇ ਜਿਸ ਮਨ ਦੀ ਸਮਝ ਦੁਆਰਾ ਸਾਰੇ ਸੰਸਾਰ ਨੂੰ ਬੰਧਨ ਵਿੱਚ ਪਾਇਆ ਹੋਇਆ ਹੈ ਭਾਵ ਮਨ ਦੇ ਬੰਧਨ ਰਾਹੀਂ ਬੰਨਿਆ ਹੋਇਆ ਹੈ ਉਸ ਭਰਮਾਂ ਵਾਲੀ ਨਾਸਮਝ ਮਤਿ ਤੋਂ ਛੁੱਟਣ ਲਈ ਤੇ ਭਗਤੀ ਦੇ ਸਹੀ ਮਾਰਗ ਤੇ ਚੱਲਣ ਲਈ ਫਿਰ ਉਸ ਮਨੁੱਖੀ ਸਮਝ ਨੂੰ ਗੁਰਮਤਿ ਦੀ ਸੱਚੀ ਸਮਝ ਦੇ ਨਾਲ ਬਝਣਾ ਹੀ ਪੈਂਦਾ ਹੈ ਫਿਰ ਤਾਂ ਹੀ ਭਗਤੀ ਦੇ ਸਹੀ ਮਾਰਗ ਤੇ ਚੱਲਿਆ ਜਾ ਸਕਦਾ ਹੈ। ਆਪਣੀ ਸਮਝ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਦੇ ਨਾਲ ਬੰਨਣ ਲਈ ਆਪਣੀ ਮਤਿ ਦੇ ਅੰਦਰ ਪ੍ਰਮਾਤਮਾ ਨੂੰ ਬੰਨਣ ਵਾਲੀ ਗੱਲ ਹੀ ਹੈ ਜੋ ਹੈ ਹੀ ਗੁਰਮਤਿ ਦੀ ਸੱਚੇ ਗਿਆਨ ਦੇ ਰੂਪ ਵਿੱਚ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਜਿਸ ਆਪਣੇ ਰੂਪ ਵਿੱਚ ਹੀ ਅਕਾਲ ਪੁਰਖ ਕਿਸੇ ਦੇ ਮਨ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਆਪਣੇ ਚੌਥੇ ਪਦ ਦੇ ਗਿਆਨ

ਵਾਲੀ ਸੱਚੀ ਸਮਝ ਆਪ ਹੀ ਬਖਸ਼ਦਾ ਹੈ ਤੇ ਉਸ ਮਨੁੱਖੀ ਰੂਪ ਨੂੰ ਉਸਦੇ ਜੀਵਨ ਵਿੱਚ ਉਸਨੂੰ ਇਸ ਉੱਚੀ ਸਮਝ ਦੁਆਰਾ ਵਿਚਰਨ ਕਰਵਾਉਣਾ ਹੀ ਚੰਗਾ ਲੱਗਦਾ ਹੈ, ਉਸਨੂੰ ਖੁਸ਼ੀ ਮਿਲਦੀ ਹੈ ਭਾਵ ਉਸ ਸਰੀਰ ਰਾਹੀਂ ਸੱਚੀ ਭਗਤੀ ਕਰਵਾਉਣੀ ਚੰਗੀ ਲੱਗਦੀ ਹੈ ਜਿਸ ਕਰਕੇ ਉਹ ਉਸ ਕੋਲੋਂ ਸੱਚੀ ਭਗਤੀ ਕਰਵਾਉਣ ਤੋਂ ਜਵਾਬ ਨਹੀਂ ਦਿੰਦਾ। ਹੁਣ ਅਸੀਂ ਉਪਰ ਵਾਲੇ ਪੂਰੇ ਪਦੇ ਦੇ ਗਹਿਰੇ ਭਾਵ ਨੂੰ ਆਸਾਨੀ ਨਾਲ ਸਮਝ ਲਵਾਂਗੇ ਜਿਸ ਭਾਵ ਨਾਲ ਅਕਾਲ ਪੁਰਖ ਨੇ ਆਪਣੇ ਹੀ ਰੂਪ ਭਗਤ ਨਾਮ ਦੇਵ ਜੀ ਦੇ ਮੁੱਖੋਂ ਇਹ ਸ਼ਬਦ ਉਚਾਰਿਆ ਹੋਇਆ ਹੈ। **(ਦਾਸ ਅਨਿੰਨ ਮੇਰੋ ਨਿਜ ਰੂਪ ॥ ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥ ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥)**

ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਆਪਣੇ ਭਗਤਾਂ ਦੇ ਨਾਲ ਕਿਸ ਤਰੀਕੇ ਬੰਨਦਾ ਹੈ ਤੇ ਕਿਹੋ ਜਿਹੀ ਭਗਤੀ ਤੇ ਚਲਾਉਣਾ ਉਸਨੂੰ ਚੰਗਾ ਲੱਗਦਾ ਹੈ, ਆਪਣੇ ਭਗਤਾਂ ਨਾਲ ਉਸਨੂੰ ਕਿਹੋ ਜਿਹਾ ਪ੍ਰੇਮ ਚੰਗਾ ਲੱਗਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

“ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥

ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥”

ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਅਕਾਲ ਪੁਰਖ ਨੂੰ ਮਨੁੱਖ ਦੇ ਅੰਦਰ ਦੇ ਗੁਣ ਹੀ ਭਾਉਂਦੇ ਹਨ ਜੋ ਗੁਣ ਮਨੁੱਖ ਦੇ ਅੰਦਰ ਹਰ ਔਗੁਣ ਨੂੰ ਤਿਆਗਣ ਦੁਆਰਾ ਹੀ ਆਉਂਦੇ ਹਨ। ਹਰ ਸੱਚੇ ਧਰਮ ਗ੍ਰੰਥ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਸਾਨੂੰ ਉਹ ਗੁਣ ਹੀ ਸਮਝਾਏ ਹੋਏ ਹਨ ਜੋ ਉਸਨੂੰ ਚੰਗੇ ਲੱਗਦੇ ਹਨ। ਗੁਰਬਾਣੀ ਦੇ ਅਨੇਕਾਂ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ

ਹੈ ਕਿ ਮਨੁੱਖ ਦੇ ਗੁਣ ਕੀ ਹਨ ਤੇ ਔਗੁਣ ਕੀ ਹਨ। ਮਨੁੱਖ ਦਾ ਜੋ ਵੀ ਕਰਮ ਗੁਰਮਤਿ ਅਨੁਸਾਰ ਹੁੰਦਾ ਹੈ ਉਸ ਵਿੱਚ ਮਨੁੱਖ ਦਾ ਗੁਣ ਹੈ ਤੇ ਆਪਣੇ ਜੀਵਨ ਵਿੱਚ ਜੋ ਵੀ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਭਾਵ ਆਪਣੀ ਮਤਿ ਵਰਤਦੇ ਹਾਂ ਉਹ ਸਾਡਾ ਔਗੁਣ ਹੈ। ਮਨੁੱਖ ਨੇ ਪੂਰੇ ਸੰਸਾਰ ਵਿੱਚ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਹੀ ਵੱਖਰੇ ਵੱਖਰੇ ਭਗਤੀ ਦੇ ਤਰੀਕੇ ਬਣਾਏ ਹੋਏ ਹਨ, ਵੱਖਰੇ ਵੱਖਰੇ ਨਾਮ ਜਪਣ ਦੇ ਤਰੀਕੇ ਬਣਾਏ ਹੋਏ ਹਨ, ਅਨੇਕਾਂ ਹੀ ਸਰੀਰਕ ਜਪ ਤਪ ਦੇ ਤਰੀਕੇ ਬਣਾਏ ਹੋਏ ਹਨ ਜਿਹੋ ਜਿਹੇ ਸਾਰੇ ਤਰੀਕਿਆਂ ਦਾ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਤੇ ਜੇਕਰ ਫਿਰ ਵੀ ਅਸੀਂ ਉਹੋ ਜਿਹੇ ਤਰੀਕਿਆਂ ਦੇ ਵਿੱਚ ਆਪਣੀ ਸੱਚੀ ਭਗਤੀ ਸਮਝਦੇ ਹਾਂ, ਥਿਤਾਂ, ਵਾਰਾਂ ਨੂੰ ਉੱਚਾ ਮੰਨਦੇ ਹਾਂ, ਕਿਸੇ ਖਾਸ ਵੇਲੇ ਦੀ ਭਗਤੀ ਨੂੰ ਉੱਚਾ ਮੰਨਦੇ ਹਾਂ ਫਿਰ ਇਨ੍ਹਾਂ ਨੂੰ ਅਸੀਂ ਗੁਣ ਕਿਵੇਂ ਕਹਿ ਸਕਦੇ ਹਾਂ ਕਿਉਂਕਿ ਗੁਰੂ ਸਾਨੂੰ ਇਸ ਕੰਮ ਲਈ ਮਨ੍ਹਾਂ ਕਰਦਾ ਹੈ ਉਹ ਇਸੇ ਲਈ ਮਨ੍ਹਾਂ ਕਰਦਾ ਹੈ ਕਿਉਂਕਿ ਉਹ ਕੁਝ ਕਰਨ ਵਿੱਚ ਗੁਣ ਨਹੀਂ ਹੁੰਦਾ ਭਾਵ ਉਸ ਰਾਹੀਂ ਗੁਰਮਤਿ ਉੱਚੀ ਨਹੀਂ ਹੁੰਦੀ ਭਾਵ ਮਨਮਤਿ ਉੱਚੀ ਹੁੰਦੀ ਹੈ ਤੇ ਗੁਰਮਤਿ ਦੇ ਮੁਕਾਬਲੇ ਮਨਮਤਿ ਨੂੰ ਉੱਚਾ ਕਰਨਾ ਸਾਡਾ ਔਗੁਣ ਹੈ। ਸ੍ਰਿਸ਼ਟੀ ਦਾ ਕਰਤਾ ਗੁਣਾਂ ਦਾ ਗਾਹਕ ਹੈ ਤੇ ਉਸਦੇ ਸਮਝਾਏ ਹੋਏ ਗੁਣਾਂ ਨੂੰ ਅਪਨਾ ਕੇ ਤੇ ਸਾਰੇ ਵਿਕਾਰ ਛੱਡਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡ ਕੇ ਗੁਣਾਂ ਨੂੰ ਅਪਨਾ ਸਕਦਾ ਹੈ ਤੇ

53/7373

ਗੁਣਾਂ ਦੇ ਮਾਲਕ ਗੁਰੂ ਅਕਾਲ ਪੁਰਖ ਨੂੰ ਆਪਣੇ ਨਾਲ ਬੰਨ ਸਕਦਾ ਹੈ। ਉਹ ਸੰਸਾਰ ਦੇ ਹਰ ਮਨੁੱਖ ਦੇ ਵਿੱਚ ਆਪਣੇ ਆਪ ਨੂੰ ਬੰਨ ਸਕਦਾ ਹੈ ਜੇਕਰ ਉਹ ਮਨੁੱਖ ਆਪਣੇ ਜੀਵਨ ਵਿੱਚ ਉਹੋ ਜਿਹਾ ਗੁਣੀ ਬਣਕੇ ਵਿਚਰੇ ਜਿਹੋ ਜਿਹੀ ਜੀਵਨ ਦੀ ਵਿਚਰਨ ਉਸਨੂੰ ਚੰਗੀ ਲੱਗਦੀ ਹੈ। ਇਹੋ ਜਿਹੀ ਚੰਗੀ ਵਿਚਰਨ ਵਾਲਾ ਮਨੁੱਖ ਹੀ ਉਸਦਾ ਦਾਸ ਬਣਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਉਨ੍ਹਾਂ ਦੇ ਜੀਵਨ ਵਿੱਚ ਆਪਣਾ ਦਾਸ ਬਣਾ ਕੇ ਉਨ੍ਹਾਂ ਕੋਲੋਂ ਗੁਣਾਂ ਵਾਲੀ ਸੱਚੀ ਵਿਚਰਨ ਕਰਵਾਈ ਹੈ ਤੇ ਇਹੋ ਜਿਹੀ ਜੀਵਨ ਵਿਚਰਨ ਨਾਲ ਹੀ ਉਸ ਮਨੁੱਖੀ ਰੂਪ ਦਾ ਪ੍ਰਮਾਤਮਾ ਦੇ ਨਾਲ ਸੱਚਾ ਪ੍ਰੇਮ ਜੁੜਦਾ ਹੈ ਜੋ ਪ੍ਰੇਮ ਉਨ੍ਹਾਂ ਦੇ ਅੰਦਰ ਸੱਚੀ ਗੁਰਮਤਿ ਦਾ ਪ੍ਰਕਾਸ਼ ਹੋਣ ਦੁਆਰਾ ਹੀ ਜੁੜਦਾ ਹੈ ਭਾਵ ਨਾਮ ਦਾ ਪ੍ਰਕਾਸ਼ ਹੋਣ ਦੁਆਰਾ ਹੀ ਜੁੜਦਾ ਹੈ ਜੋ ਪ੍ਰਕਾਸ਼ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਕਰਦਾ ਹੈ ਜਿਸ ਆਪਣੇ ਪ੍ਰਕਾਸ਼ ਦੁਆਰਾ ਉਹ ਆਪਣੀ ਸੱਚੀ ਭਗਤੀ ਦੀ ਸਮਝ ਆਪ ਹੀ ਪਾਉਂਦਾ ਹੈ ਤੇ ਭਰਮਾਂ ਵਾਲੀ ਸਮਝ ਵਿੱਚੋਂ, ਨਾਸਮਝੀ ਵਾਲੀ ਭਗਤੀ ਦੀ ਸਮਝ ਵਿੱਚੋਂ ਉਸ ਮਨੁੱਖੀ ਸਮਝ ਨੂੰ ਪੂਰੀ ਤਰ੍ਹਾਂ ਕੱਢ ਲੈਂਦਾ ਹੈ ਤੇ ਆਪਣੀ ਗੁਰਮਤਿ ਵਾਲੀ ਸਮਝ ਦੇ ਰੂਪ ਵਿੱਚ ਉਸ ਮਨੁੱਖ ਦੀ ਸਮਝ ਦੇ ਨਾਲ ਆਪਣੇ ਆਪ ਨੂੰ ਪੂਰੀ ਤਰ੍ਹਾਂ ਬੰਨ ਲੈਂਦਾ ਹੈ। ਉਸ ਅਕਾਲ ਪੁਰਖ ਦੇ ਗੁਣ ਗਾਏ ਤਾਂ ਹੀ ਜਾ ਸਕਦੇ ਹਨ ਜਦੋਂ ਮਨੁੱਖ ਨੂੰ ਇਹ ਸਮਝ ਲੱਗ ਜਾਵੇ ਕਿ ਸ੍ਰਿਸ਼ਟੀ ਦਾ ਕਰਤਾ ਸਭ ਕੁਝ ਆਪ ਹੀ ਹੈ ਤੇ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਵਿੱਚ ਜਿਤਨੇ ਵੀ ਗੁਣ ਹਨ ਉਹ ਸਾਰੇ ਗੁਣਾਂ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। **(ਦਾਸ ਅਨਿੰਨ ਮੇਰੋ ਨਿਜ ਰੂਪ ॥ ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥ ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥ ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥ ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥)**

ਆਸਾ ਮਹਲਾ ੧ ॥

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥
ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥
ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

ਗਉੜੀ ਮਃ ੫ ॥

{ਕਵਨ ਰੂਪੁ ਤੇਰਾ ਆਰਾਧਉ ॥ ਕਵਨ ਜੋਗ ਕਾਇਆ ਲੇ ਸਾਧਉ ॥੧॥ ਕਵਨ ਗੁਨੁ ਜੋ ਤੁਝੁ ਲੈ ਗਾਵਉ ॥
ਕਵਨ ਬੋਲ ਪਾਰਬ੍ਰਹਮ ਰੀਝਾਵਉ ॥੧॥ ਰਹਾਉ ॥ ਕਵਨ ਸੁ ਪੂਜਾ ਤੇਰੀ ਕਰਉ ॥
ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥ ਕਵਨ ਤਪੁ ਜਿਤੁ ਤਪੀਆ ਹੋਇ ॥
ਕਵਨੁ ਸੁ ਨਾਮੁ ਹਉਮੈ ਮਲੁ ਖੋਇ ॥੩॥ ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥
ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥ ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥
ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ ੧੮੬-੧੮੭)

ਮਾਝ ਮਹਲਾ ੩ ॥

{ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥
ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥
ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ ਰਹਾਉ ॥
ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥ ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥
ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥
ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥
ਸਚਾ ਸਾਹੁ ਸਚੇ ਵਣਜਾਰੇ ॥ ਸਚੁ ਵਣੰਜਹਿ ਗੁਰ ਹੇਤਿ ਅਪਾਰੇ ॥
ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੪॥ ਬਿਨੁ ਰਾਸੀ ਕੋ ਵਥੁ ਕਿਉ ਪਾਏ ॥
ਮਨਮੁਖ ਭੂਲੇ ਲੋਕ ਸਬਾਏ ॥ ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥੫॥
ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ ਆਪਿ ਤਰਹਿ ਸਗਲੇ ਕੁਲ ਤਾਰੇ ॥
ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥ ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥
ਮਨਮੁਖ ਅੰਧੇ ਫਿਰਹਿ ਬੇਤਾਲੇ ॥ ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥
ਆਪੇ ਦੇਵੈ ਸਬਦਿ ਬੁਲਾਏ ॥ ਮਹਲੀ ਮਹਲਿ ਸਹਜ ਸੁਖੁ ਪਾਏ ॥
ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥}

(ਅੰਗ ੧੧੭)

ੴ ਸਤਿਗੁਰ ਪ੍ਰਸਾਦਿ ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥

{ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥ ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥

ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥ ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥
ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥}

(ਅੰਗ ੪੧੮)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਜਿਨ੍ਹਾਂ ਸ਼ਬਦਾਂ ਰਾਹੀਂ ਅਕਾਲ ਪੁਰਖ ਦੇ ਗੁਣ ਗਾਉਣੇ ਹੀ ਸਮਝਾਏ ਹੋਏ ਹਨ ਜੋ ਉਸਦੇ ਗੁਣ ਗਾਉਣੇ ਸਾਡੀ ਕਥਨੀ ਦਾ ਨਹੀਂ ਸਾਡੀ ਕਰਨੀ ਦਾ ਮਾਰਗ ਹੈ ਭਾਵ ਚੰਗੀ ਕਰਨੀ ਦਾ ਮਾਰਗ ਹੈ, ਸੁਕ੍ਰਿਤ ਕਰਨੀ ਦਾ ਮਾਰਗ ਹੈ ਜੋ ਚੰਗੀ ਕਰਨੀ ਕਰਨ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਔਗੁਣਾਂ ਨੂੰ ਤਿਆਗਣ ਦੁਆਰਾ ਹੀ ਹੁੰਦੀ ਹੈ।

53/7374

ਨਾਮ ਜਪਣ ਦੀ ਸੱਚੀ ਸਮਝ ਪਏ ਬਿਨ੍ਹਾਂ ਅਕਾਲ ਪੁਰਖ ਦੇ ਕੋਈ ਗੁਣ ਗਾ ਸਕੇ ਇਹ ਹੋ ਹੀ ਨਹੀਂ ਸਕਦਾ। ਨਾਮ ਦੀ ਪ੍ਰਾਪਤੀ ਹੋਣੀ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੋਣੀ ਹੈ ਜਿਸ ਨਾਲ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਹੁੰਦੀ ਹੈ ਤੇ ਤਾਂ ਹੀ ਕੋਈ ਉਸਦੇ ਗੁਣ ਗਾ ਸਕਦਾ ਹੈ ਜੋ ਆਪਣੇ ਗੁਣ ਗਾਉਣੇ ਉਹ ਆਪ ਹੀ ਸਮਝਾਉਂਦਾ ਹੈ, ਆਪਣੇ ਨਾਮ ਦਾ ਦਾਤਿ ਬਖਸ਼ਣ ਦੁਆਰਾ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਭਗਤੀ ਦੇ ਸੱਚੇ ਮਾਰਗ ਤੇ ਚੱਲਣ ਲਈ ਸੰਸਾਰ ਦੇ ਵਿੱਚ ਸਭ ਤੋਂ ਵੱਡਾ ਭਰਮ ਹੀ ਨਾਮ ਨੂੰ ਸਮਝਣ ਦਾ ਹੈ। ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕਰੋ ਕਿ ਸ੍ਰਿਸ਼ਟੀ ਦੇ ਕਰਤੇ ਕੋਲੋਂ ਉਸਦੇ ਨਾਮ ਦੀ ਦਾਤਿ ਕਿਸ ਤਰੀਕੇ ਮਿਲਦੀ ਹੈ ਤੇ ਜਿਹੋ ਜਿਹਾ ਨਾਮ ਜਪਣਾ ਹਰ ਕੋਈ ਸਮਝਦਾ ਹੈ ਉਹ ਹਰ ਕੋਈ ਕਿਤਨੇ ਕੁ ਵੱਡੇ ਭਰਮ ਵਿੱਚ ਹੈ ਭਾਵ ਅਕਾਲ ਪੁਰਖ ਦੇ ਗੁਣ ਗਾਉਣ ਵਿੱਚ ਕਿਤਨੇ ਕੁ ਵੱਡੇ ਭਰਮ ਵਿੱਚ ਹੈ ਕਿਉਂਕਿ ਹਰ ਕੋਈ ਕਿਸੇ ਅੱਖਰ ਦੇ ਜਪ ਨੂੰ ਹੀ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਗਾਉਣੇ ਸਮਝਦਾ ਹੈ।

{"ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥"}

(ਅੰਗ ੨੮੪)

ਨਾਮ ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਅੱਖਰ ਨੂੰ ਹੀ ਸਮਝਦਾ ਹੈ ਤੇ ਉਸ ਅੱਖਰ ਨੂੰ ਮੁੱਖੋਂ ਬੋਲੀ ਜਾਣਾ ਹੀ ਨਾਮ ਜਪਣਾ ਸਮਝਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇਸ ਗੱਲ ਨੂੰ ਵੀ ਹਰ ਕੋਈ ਮੰਨਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਭਾਵ ਕਰਤਾ ਇੱਕੋ ਹੀ ਹੈ ਜਿਸਨੇ ਸਭ ਕੁਝ ਬਣਾਇਆ ਹੈ। ਉਪਰ ਵਾਲੇ ਸ਼ਬਦ ਸੁਖਮਨੀ ਬਾਣੀ ਵਿੱਚੋਂ ਹੈ ਇਸ ਬਾਣੀ ਨੂੰ ਕਾਫੀ ਜਿਆਦਾ ਪੜਿਆ ਜਾਂਦਾ ਹੈ ਤੇ ਹਰ ਰੋਜ ਪੜਨ ਵਾਲੇ ਵੀ ਬਹੁਤ ਹਨ। ਉਪਰ ਵਾਲੇ ਸ਼ਬਦ ਵਿੱਚ ਬਹੁਤ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸਭ ਕੁਝ ਨਾਮ ਦੇ ਆਸਰੇ ਨਾਲ ਬਣਕੇ ਹੀ ਟਿਕਿਆ ਹੋਇਆ ਹੈ ਜਿਸ ਵਿੱਚ ਸ੍ਰਿਸ਼ਟੀ ਦੇ ਸਾਰੇ ਹੀ ਜੰਤ ਆ ਜਾਂਦੇ ਹਨ, ਸਾਰੇ ਹੀ ਖੰਡ ਬ੍ਰਹਿਮੰਡ ਆ ਜਾਂਦੇ ਹਨ, ਸਾਰੇ ਹੀ ਸੱਚੇ ਧਰਮ ਗ੍ਰੰਥ ਆ ਜਾਂਦੇ ਹਨ ਤੇ ਸਾਰੇ ਹੀ ਉਨ੍ਹਾਂ ਨੂੰ ਸੁਣਨ ਵਾਲੇ ਤੇ ਉਨ੍ਹਾਂ ਦੇ ਗਿਆਨ ਨਾਲ ਧਿਆਨ ਜੋੜਨ ਵਾਲੇ ਆ ਜਾਂਦੇ ਹਨ ਤੇ ਸਾਰੇ ਹੀ ਆਕਾਸ਼ ਪਾਤਾਲ ਆ ਜਾਂਦੇ ਹਨ। ਸਾਰੇ ਹੀ ਆਕਾਰ ਨਾਮ ਦੇ ਆਸਰੇ ਵਿੱਚ ਟਿਕੇ ਹੋਏ ਹਨ, ਸਾਰੀਆਂ ਹੀ ਪੁਰੀਆਂ ਅਤੇ ਭਵਨ ਨਾਮ ਦੇ ਸਿਰ ਤੇ ਹੀ ਹਨ ਭਾਵ ਸਭ ਕੁਝ

ਨਾਮ ਨਾਲ ਹੀ ਬਣਿਆ ਹੈ ਤੇ ਨਾਮ ਨਾਲ ਹੀ ਹਰ ਆਕਾਰ ਰੂਪ ਟਿਕਿਆ ਹੋਇਆ ਹੈ ਤੇ ਆਪਣਾ ਕੰਮ ਕਰ ਰਿਹਾ ਹੈ। **(ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ ਸਭ ਭਵਨ ॥)**

ਹੁਣ ਧਿਆਨ ਨਾਲ ਦੇਖੋ ਕਿ ਸਭ ਕੁਝ ਇੱਕੋ ਨਾਮ ਨਾਲ ਬਣਿਆ ਹੈ ਜਾਂ ਇੱਕ ਤੋਂ ਜਿਆਦਾ ਨਾਮ ਨਾਲ ਬਣਿਆ ਹੈ। ਬਣਾਇਆ ਤਾਂ ਸਭ ਕੁਝ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੇ

53/7375

ਹੀ ਹੈ ਜਿਸਨੇ ਪੰਜੇ ਤੱਤ ਬਣਾਏ ਹਨ। ਪੰਜ ਤੱਤ ਕਿਸਨੇ ਬਣਾਏ ਹਨ ਭਾਵ ਕਿਸ ਨਾਮ ਨੇ ਬਣਾਏ ਹਨ ਭਾਵ ਭਗਵਾਨ ਨਾਮ ਨੇ ਬਣਾਏ ਹਨ, ਰਾਮ ਨਾਮ ਨੇ ਬਣਾਏ ਹਨ, ਹਰਿ ਹਰਿ ਨਾਮ ਨੇ ਬਣਾਏ ਹਨ, ਵਿਸ਼ਨੂੰ ਨਾਮ ਨੇ ਬਣਾਏ ਹਨ, ਅੱਲ੍ਹਾ ਨਾਮ ਨੇ ਬਣਾਏ ਹਨ, ਖੁਦਾ ਨਾਮ ਨੇ ਬਣਾਏ ਹਨ, ਗਾਡ ਨਾਮ ਨੇ ਬਣਾਏ ਹਨ, ਵਾਹਿਗੁਰੂ ਨਾਮ ਨੇ ਬਣਾਏ ਹਨ, ਸਤਿਨਾਮ ਨਾਮ ਨੇ ਬਣਾਏ ਹਨ ਜਾਂ ਕਿਸੇ ਹੋਰ ਨਾਮ ਨੇ ਬਣਾਏ ਹਨ ਜਿਹੋ ਜਿਹੇ ਨਾਮ ਸੰਸਾਰ ਵਿੱਚ ਅਨੇਕਾਂ ਹੀ ਜਪੇ ਜਾਂਦੇ ਹਨ। ਕੀ ਕੋਈ ਸਾਰੇ ਸੰਸਾਰ ਵਿੱਚ ਐਸਾ ਮਨੁੱਖ ਹੈ ਜੋ ਸ੍ਰਿਸ਼ਟੀ ਦੇ ਕਰਤੇ ਨੂੰ ਵੰਡ ਸਕਦਾ ਹੈ ਭਾਵ ਉਸ ਵਿੱਚ ਵੰਡੀਆਂ ਪਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਦਾ ਕਿਹੜਾ ਹਿੱਸਾ ਕਿਸ ਨਾਮ ਵਾਲੇ ਦਾ ਹੈ। ਸ੍ਰਿਸ਼ਟੀ ਦੀਆਂ ਵੰਡਾਂ ਤਾਂ ਅਸੀਂ ਪਾਈਆਂ ਹੋਈਆਂ ਹਨ, ਵੱਖਰੇ ਵੱਖਰੇ ਮੁਲਕਾਂ ਦੁਆਰਾ ਪਾਈਆਂ ਹੋਈਆਂ ਹਨ ਪਰ ਕੀ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਵੀ ਵੰਡ ਸਕਦਾ ਹੈ ਕਿ ਕਰਤੇ ਦਾ ਮੇਰਾ ਹਿੱਸਾ ਕਿਹੜਾ ਹੈ ਤੇ ਕਿਹੜਾ ਹਿੱਸਾ ਕਿਸੇ ਹੋਰ ਦਾ ਹੈ ਤੇ ਜੇਕਰ ਇਸ ਗੱਲ ਨੂੰ ਮੰਨ ਲਈਏ ਕਿ ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਹੀ ਹੈ ਜੋ ਆਪ ਹੀ ਨਾਮ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਆਪਣੀ ਰਚੀ ਹੋਈ ਉੱਚੀ ਸਾਇੰਸ ਦੇ ਰੂਪ ਵਿੱਚ ਹੈ ਜਿਸ ਸਾਇੰਸ ਨੂੰ ਵੰਡਿਆ ਨਹੀਂ ਜਾ ਸਕਦਾ ਫਿਰ ਅਸੀਂ ਨਾ ਹੀ ਨਾਮ ਵਿੱਚ ਵੰਡੀਆਂ ਪਾਵਾਂਗੇ ਤੇ ਨਾ ਹੀ ਮਨੁੱਖਾਂ ਦੇ ਵਿੱਚ ਵੰਡੀਆਂ ਪਾਵਾਂਗੇ ਭਾਵ ਆਪਣੀ ਧਾਰਮਿਕ ਆਸਥਾ ਵਾਲੇ ਮਨੁੱਖਾਂ ਨੂੰ ਉੱਚਾ ਸਮਝਾਂਗੇ ਤੇ ਦੂਸਰੀ ਧਾਰਮਿਕ ਆਸਥਾ ਵਾਲਿਆਂ ਨੂੰ ਨੀਵਾਂ ਸਮਝਾਂਗੇ ਜਿਸ ਮਨ ਦੀ ਨਾਸਮਝੀ ਕਰਕੇ ਹੀ ਅਸੀਂ ਸ੍ਰਿਸ਼ਟੀ ਦੇ ਕਰਤੇ ਦੀ ਬਣਾਈ ਹੋਈ ਇਤਨੀ ਸੁੰਦਰ ਧਰਤੀ ਤੇ ਇੱਕ ਦੂਸਰੇ ਨਾਲ ਝਗੜੇ ਪਾਉਂਦੇ ਹਾਂ, ਆਪਸ ਵਿੱਚ ਵੈਰ-ਵਿਰੋਧ ਪਾਉਂਦੇ ਹਾਂ ਜਿਸ ਨਾਸਮਝੀ ਦਾ ਕਾਰਣ ਧਰਮ ਦੇ ਸੱਚੇ ਮਾਰਗ ਦੀ ਸੱਚੀ ਸਮਝ ਦਾ ਨਾ ਪੈਣਾ ਹੀ ਹੈ ਜੋ ਸੱਚਾ ਧਰਮ ਸਾਰੇ ਸੰਸਾਰ ਲਈ ਇੱਕੋ ਹੀ ਹੈ ਭਾਵ ਸੱਚ ਤੇ ਚੱਲਣ ਦਾ ਮਾਰਗ ਹੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਨਾਮ ਜਪਣ ਦਾ ਮਾਰਗ ਹੀ ਹੈ ਜੋ ਕਿ ਔਗੁਣ ਤਿਆਗ ਕੇ ਗੁਣਾਂ ਦੁਆਰਾ ਵਿਚਰਨ ਦਾ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿਸਨੂੰ ਨਾਮ ਦੀ ਸਮਝ ਪੈਂਦੀ ਹੈ ਉਸਨੂੰ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਪੈਂਦੀ ਹੈ ਭਾਵ ਚੌਥੇ ਪਦ ਦੀ ਪ੍ਰਾਪਤੀ ਹੋਣ ਦੁਆਰਾ ਹੀ ਪੈਂਦੀ ਹੈ ਜੋ ਸ੍ਰਿਸ਼ਟੀ ਦੇ ਕਰਤੇ ਦੀ ਸੰਸਾਰ ਵਿੱਚ ਕਿਸੇ ਵੀ ਮਨੁੱਖ ਤੇ ਉਸਦੀ ਸਭ ਤੋਂ ਵੱਡੀ ਕ੍ਰਿਪਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥

ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥”

ਮਨੁੱਖ ਉਧਰਦਾ ਕਿਵੇਂ ਹੈ ਭਾਵ ਮਨੁੱਖ ਦਾ ਉਧਾਰ ਕਿਵੇਂ ਹੁੰਦਾ ਹੈ ਇਹੀ ਗੱਲ ਸਾਨੂੰ ਉਪਰ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਉਧਾਰ ਤਾਂ

53/7376

ਸਾਡਾ ਮਨ ਦੀ ਸਮਝ ਤੋਂ ਹੀ ਹੁੰਦਾ ਹੈ ਜਿਸ ਨਾਸਮਝ ਮਤਿ ਵਿੱਚ ਰਹਿੰਦੇ ਹੋਏ ਨਾ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਸਮਝ ਸਕਦੇ ਹਾਂ, ਨਾ ਹੀ ਅਸੀਂ ਉਸ ਅਨੁਸਾਰ ਚੱਲ ਸਕਦੇ ਹਾਂ ਤੇ ਨਾ ਹੀ ਆਪਣੇ ਅੰਦਰੋਂ ਚੌਥੇ ਪਦ ਦੇ ਮਾਲਕ ਅਕਾਲ ਪੁਰਖ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਕਿ ਆਪ ਹੀ ਆਪਣੇ ਨਾਮ ਦਾ ਮਾਲਕ ਹੈ ਭਾਵ ਬ੍ਰਹਮ ਗਿਆਨ ਦਾ ਮਾਲਕ ਹੈ ਭਾਵ ਆਪ ਹੀ ਬ੍ਰਹਮ ਗਿਆਨੀ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਹ ਕਿਸੇ ਨੂੰ ਆਪਣੇ ਨਾਮ ਦੇ ਨਾਲ ਜੋੜਦਾ ਹੈ ਭਾਵ ਆਪਣੇ ਨਾਮ ਦਾ ਸੰਗੀ ਬਣਾਉਂਦਾ ਹੈ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਜੋ ਆਪਣੇ ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਭਾਵ ਆਪਣੇ ਨਾਮ ਵਾਲੇ ਵਿਚਾਰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਸੁਣਾਉਂਦਾ ਹੈ ਜਿਨ੍ਹਾਂ ਵਿਚਾਰਾਂ ਦੀ ਉੱਚੀ ਸਮਝ

ਦੁਆਰਾ ਮਨੁੱਖ ਦਾ ਤ੍ਰੈ ਗੁਣਾਂ ਵਾਲੀ ਸਮਝ ਤੋਂ ਉਧਾਰ ਹੁੰਦਾ ਹੈ ਭਾਵ ਮਨੁੱਖ ਦਾ ਉਸ ਹਰ ਭਰਮ ਤੋਂ ਉਧਾਰ ਹੋ ਜਾਂਦਾ ਹੈ, ਹਰ ਔਗੁਣ ਤੋਂ ਉਧਾਰ ਹੋ ਜਾਂਦਾ ਹੈ ਜਿਨ੍ਹਾਂ ਵਿੱਚ ਰਹਿੰਦਿਆਂ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ। ਮਨ ਦੇ ਵਿੱਚ ਜੋ ਵਿਚਾਰ ਨਾਮ ਦਾ ਮਾਲਕ ਆਪ ਸੁਣਾਉਂਦਾ ਹੈ ਭਾਵ ਜੋ ਸੱਚੀ ਭਗਤੀ ਦਾ ਮਾਲਕ ਆਪ ਸਮਝਾਉਂਦਾ ਹੈ ਇਹੀ ਉਸਦੇ ਕੋਲੋਂ ਉਸਦੀ ਗੱਲ ਆਪਣੇ ਕੰਨਾਂ ਨਾਲ ਸੁਣਨ ਵਾਲੀ ਗੱਲ ਹੈ। ਉਪਰ ਪੰਗਤੀਆਂ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਅੱਲ੍ਹਾ, ਪ੍ਰਮਾਤਮਾ ਆਪਣੀ ਕ੍ਰਿਪਾ ਕਰਨ ਦੁਆਰਾ ਜਿਸਨੂੰ ਆਪਣੇ ਨਾਮ ਦੇ ਨਾਲ ਜੋੜ ਲੈਂਦਾ ਹੈ ਉਹ ਮਨੁੱਖੀ ਸਮਝ ਫਿਰ ਚੌਥੇ ਪਦ ਦੇ ਗਿਆਨ ਵਾਲੀ ਬਣ ਜਾਂਦੀ ਹੈ ਜਿਸ ਦੁਆਰਾ ਉਸ ਜਨ ਦੀ ਭਾਵ ਉਸ ਮਨੁੱਖੀ ਰੂਪ ਦੀ ਗਤੀ ਹੋ ਜਾਂਦੀ ਹੈ ਭਾਵ ਉਸ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਤੋਂ, ਮਾਇਆ ਮੋਹ ਵਾਲੀ ਸਮਝ ਤੋਂ, ਹਉਮੈ ਵਾਲੀ ਸਮਝ ਤੋਂ ਭਾਵ ਮਨ ਦੀ ਅਗਿਆਨਤਾ ਤੋਂ ਪੂਰੀ ਤਰ੍ਹਾਂ ਮੁਕਤੀ ਹੋ ਜਾਂਦੀ ਹੈ ਜਿਸ ਮਨ ਦੀ ਉੱਚੀ ਅਵਸਥਾ ਦੁਆਰਾ ਉਹ ਆਪਣੇ ਅੰਦਰੋਂ ਨਾਮ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ, ਬ੍ਰਹਮ ਗਿਆਨ ਦੇ ਮਾਲਕ, ਚੌਥੇ ਪਦ ਦੇ ਗਿਆਨ ਦੇ ਮਾਲਕ ਭਾਵ ਸੰਸਾਰ ਦੇ ਇੱਕੋ ਇੱਕ ਬ੍ਰਹਮ ਗਿਆਨੀ ਨੂੰ ਜਾਣ ਲੈਂਦਾ ਹੈ ਜਿਸ ਬ੍ਰਹਮ ਗਿਆਨੀ ਨੇ ਆਪਣੇ ਉੱਚੇ ਬ੍ਰਹਮ ਗਿਆਨ ਦੁਆਰਾ ਭਾਵ ਆਪਣੇ ਨਾਮ ਦੁਆਰਾ ਸਾਰੀ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ। ਹੁਣ ਧਿਆਨ ਨਾਲ ਸਮਝੋ ਕਿ ਜੋ ਨਾਮ ਵਾਲਾ ਮਨੁੱਖ ਹੁੰਦਾ ਹੈ ਉਹ ਤਾਂ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਵਾਲਾ ਮਨੁੱਖ ਹੁੰਦਾ ਹੈ, ਆਪਣੇ ਅੰਦਰੋਂ ਨਾਮ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਵਾਲਾ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਨੂੰ ਜਾਣਿਆ ਹੈ ਤੇ ਉਸ ਕੋਲੋਂ ਨਾਮ ਦੀ ਪ੍ਰਾਪਤੀ ਕਰਨ ਵਾਲਿਆਂ ਨੇ ਉਸਨੂੰ ਜਾਣਿਆ ਹੈ ਤੇ ਉਸ ਕੋਲੋਂ ਨਾਮ ਦੀ ਪ੍ਰਾਪਤੀ ਕਰਨ ਦੁਆਰਾ ਭਾਵ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਕਰਨ ਦੁਆਰਾ ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਚੌਥੇ ਪਦ ਦਾ ਗਿਆਨ ਪਾਇਆ ਹੈ ਜਿਸ ਕਰਕੇ ਪੂਰੀ ਗੁਰਬਾਣੀ ਦੇ ਅੰਦਰ ਨਾਮ ਹੀ ਹੈ ਜਿਸ ਕਰਕੇ ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ। ਹੁਣ ਪੂਰੇ ਸੰਸਾਰ ਵਿੱਚ ਜੋ ਵੀ ਮਨੁੱਖ ਆਪਣੇ ਆਪ ਨੂੰ ਨਾਮ ਵਾਲੇ ਸਮਝਦੇ ਹਨ ਕੀ ਉਹ ਸਾਰੇ ਚੌਥੇ ਪਦ ਦੀ ਗਿਆਨ ਦੀ ਸਮਝ ਵਾਲੇ ਹਨ ਭਾਵ ਕੀ ਉਨ੍ਹਾਂ ਕੋਲ ਇਸ ਗੱਲ ਦਾ ਜਵਾਬ ਹੈ ਕਿ ਚੌਥਾ ਪਦ ਕੀ ਹੁੰਦਾ ਹੈ ਤੇ ਤ੍ਰੈ ਗੁਣਾਂ ਵਿੱਚ ਤੇ ਚੌਥੇ ਪਦ ਵਿੱਚ ਕੀ ਫਰਕ ਹੁੰਦਾ ਹੈ ਭਾਵ ਸਭ ਭਰਮ ਹੀ ਹੈ, ਸਭ ਮਾਇਆ

ਦਾ ਛੱਲ ਹੀ ਹੈ ਜੋ ਮਾਇਆ ਦਾ ਛੱਲ ਸੰਸਾਰ ਦੇ ਹਰ ਮਨੁੱਖ ਦੀ ਸਮਝ ਦੇ ਅੰਦਰ ਉਸਦੇ ਸੰਸਾਰਿਕ ਪੈਦਾਇਸ਼ ਤੋਂ ਨਾਲ ਹੀ ਪੈ ਕੇ ਆਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਇਹੋ ਜਿਹੇ ਵੀ ਬਹੁਤ ਹਨ ਜੋ ਦੂਸਰਿਆਂ ਨੂੰ ਨਾਮ ਵੰਡਦੇ ਫਿਰਦੇ ਹਨ ਭਾਵ ਨਾਮ ਨੂੰ ਸਮਝਣ ਵਿੱਚ ਸਭ ਦੇ ਅੰਦਰ ਮਾਇਆ ਦਾ ਛੱਲ ਹੀ ਵਰਤ ਰਿਹਾ ਹੈ ਜਿਸ ਆਪਣੇ ਪਾਏ ਹੋਏ ਛੱਲ ਦੇ ਵਿੱਚੋਂ ਸ੍ਰਿਸ਼ਟੀ ਦਾ ਕਰਤਾ ਆਪ ਹੀ ਆਪਣੇ ਕਿਸੇ ਮਨੁੱਖੀ ਰੂਪ ਤੇ ਕ੍ਰਿਪਾ ਕਰਨ ਦੁਆਰਾ ਉਸਨੂੰ ਆਪਣਾ ਨਾਮ ਬਖਸ਼ ਕੇ ਕਿਸੇ ਨੂੰ ਇਸ ਵਿੱਚੋਂ ਕੱਢ ਸਕਦਾ ਹੈ ਤੇ ਕੋਈ ਵਿਰਲਾ ਹੀ ਉਸ ਨਾਮ ਦੇ ਮਾਲਕ ਨੂੰ ਜਾਣ ਸਕਦਾ ਹੈ ਤੇ ਉਸਦਾ ਨਾਮ ਜਪ ਸਕਦਾ ਹੈ ਤੇ ਸੰਸਾਰ ਨੂੰ ਉਸਦਾ ਨਾਮ ਜਪਣਾ ਸਿਖਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪ ਆਪਣੇ ਜੀਵਨ ਵਿੱਚ ਅੱਲ੍ਹਾ ਦਾ ਨਾਮ ਜਪਿਆ ਹੈ ਤੇ ਸਾਰੀ ਸ੍ਰਿਸ਼ਟੀ ਨੂੰ ਸ਼ਬਦਾਂ ਦੀ ਸੱਚੀ ਵਿਚਾਰ ਰਾਹੀਂ ਪ੍ਰਮਾਤਮਾ ਦਾ ਨਾਮ ਜਪਣਾ ਸਿਖਾਇਆ ਹੈ। **(ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥)**

ਮਨੁੱਖ ਦੇ ਉੱਤੇ ਸਭ ਤੋਂ ਵੱਡੀ ਕ੍ਰਿਪਾ ਹੀ ਸ੍ਰਿਸ਼ਟੀ ਦੇ ਕਰਤੇ ਦੀ ਇਹ ਹੈ ਕਿ ਉਹ ਕਿਸੇ ਨੂੰ ਆਪਣਾ ਨਾਮ ਬਖਸ਼ ਦੇਵੇ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਨਾਮ ਦਾ ਮਕਸਦ ਹੀ ਮਨੁੱਖ ਨੂੰ ਉਸਦੀ **"ਕਲਿ"** ਵਿੱਚੋਂ ਕੱਢਣ ਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੁਆਰਾ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ।

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥ ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥ ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥ ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥ ਕਲਿ ਪਰਵਾਣੁ ਕਤੇਬ ਕੁਰਾਣੁ ॥
ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ ੯੦੨-੯੦੩)

ਸੂਹੀ ਮਹਲਾ ੫ ॥

{ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥
ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥}

(ਅੰਗ ੭੪੯-੭੫੦)

ਉਪਰ ਵਾਲੇ ਸ਼ਬਦਾਂ ਵਿੱਚ ਸਾਡੇ ਅੰਦਰ ਦੀ ਨਾਸਮਝੀ ਦਾ ਕਾਰਣ ਭਾਵ ਭਗਤੀ ਦੀ ਸੱਚੀ ਸਮਝ ਨਾ ਹੋਣ ਦਾ ਕਾਰਣ, ਨਾਮ ਦੀ ਸਮਝ ਨਾ ਹੋਣ ਦਾ ਕਾਰਣ ਸਾਡੇ ਅੰਦਰ ਦੀ ਕਲਿ ਨੂੰ ਹੀ ਦੱਸਿਆ ਹੋਇਆ ਹੈ ਜਿਸ ਮਨ ਦੀ ਕਲਿ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਕਿਉਂਕਿ ਇਹ ਕਲਿ ਭਾਵ ਭਰਮਾਂ ਵਾਲੀ ਸਮਝ ਜਿਸਦੇ ਰਹਿੰਦਿਆਂ ਅਸੀਂ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦੇ, ਇਹ ਸਮਝ ਸਭ ਦੇ ਅੰਦਰ ਮਨੁੱਖ ਦੇ ਸੰਸਾਰਿਕ ਜਨਮ ਦੇ ਨਾਲ ਹੀ ਪੈ ਕੇ ਆਉਂਦੀ ਹੈ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਸਭ ਦੇ ਅੰਦਰ ਇਹ ਕਲਿ ਪਾਈ ਹੋਈ ਹੈ ਉਹ ਆਪ ਹੀ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸ ਮਨੁੱਖ ਦੀ ਸਮਝ ਨੂੰ ਆਪਣੀ ਪਾਈ ਹੋਈ ਕਲਿ ਦੇ ਵਿੱਚੋਂ ਆਪ ਹੀ ਕੱਢਦਾ ਹੈ।

ਗੁਰੂ ਸਾਹਿਬਾਨ ਜਿਨ੍ਹਾਂ ਦੀ ਸਮਝ ਰਾਹੀਂ ਸਤਿਗੁਰ ਨੇ ਭਾਵ ਅਕਾਲ ਪੁਰਖ ਨੇ ਆਪ ਪ੍ਰਗਟ ਹੋ ਕੇ ਗੁਰਬਾਣੀ ਦੀ ਰਚਨਾ ਕਰਵਾਈ ਹੈ ਉਨ੍ਹਾਂ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਆਪ ਹੀ ਉਨ੍ਹਾਂ ਦੀ **"ਕਲਿ"** ਤੋਂ ਰੱਖਿਆ ਕੀਤੀ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ ਰੱਖਿਆ ਕੀਤੀ ਹੈ ਭਾਵ ਬਚਾਇਆ ਹੈ ਤੇ ਤਾਂ ਹੀ ਉਨ੍ਹਾਂ ਨੂੰ ਆਪਣਾ ਸੰਤ ਰੂਪ, ਆਪਣਾ ਸੇਵਕ ਰੂਪ ਬਣਾਇਆ ਹੈ ਭਾਵ ਮਨ ਦੀ ਉੱਚੀ ਸਮਝ ਦੇਣ ਦੁਆਰਾ, ਆਪਣਾ ਨਾਮ ਦੇਣ ਦੁਆਰਾ, ਆਪਣਾ ਉੱਚਾ ਗਿਆਨ ਦੇਣ ਦੁਆਰਾ ਆਪਣਾ ਰੂਪ ਬਣਾਇਆ ਹੈ ਭਾਵ ਚੌਥੇ ਪਦ ਦੇ ਗਿਆਨ ਦੁਆਰਾ ਬਣਾਇਆ

53/7378

ਹੈ, ਭਗਤੀ ਦੀ ਪੂਰਨ ਸੱਚੀ ਸਮਝ ਵਾਲਾ ਬਣਾਇਆ ਹੈ ਜਿਸ ਉੱਚੀ ਸਮਝ ਦੁਆਰਾ ਉਨ੍ਹਾਂ ਨੂੰ ਮਨ ਦੇ ਹਰ ਭਉ ਤੋਂ, ਜਮਾਂ ਦੇ ਡਰ ਤੋਂ ਦੂਰ ਕੀਤਾ ਹੈ, ਹਰ ਦੁੱਖ ਤੋਂ ਦੂਰ ਕੀਤਾ ਹੈ। ਸਾਡੇ ਅੰਦਰ ਦੇ ਦੁੱਖ ਕੀ ਹਨ, ਭਉ ਕੀ ਹਨ, ਜਮਾਂ ਦਾ ਡਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਜਿਸ ਆਪਣੇ ਮਨੁੱਖੀ ਰੂਪ ਨੂੰ ਉਹ ਆਪਣਾ ਸੇਵਕ ਬਣਾਉਂਦਾ ਹੈ ਉਸਦੇ ਸਿਰ ਤੇ ਹਰ ਵੇਲੇ ਉਸ ਨਾਲ ਆਪਣਾ ਹੱਥ ਟਿਕਿਆ ਰਹਿੰਦਾ ਹੈ ਭਾਵ ਉਸ ਮਨੁੱਖ ਦੀ ਸਮਝ ਦੇ ਅੰਦਰ ਹਰ ਵੇਲੇ ਉਸਦੀ ਉੱਚੀ ਸਮਝ ਵੱਸੀ ਰਹਿੰਦੀ ਹੈ ਕਿਉਂਕਿ ਉਹ ਉਸਦੀ ਸਮਝ ਦੇ ਅੰਦਰ ਹਰ ਵੇਲੇ ਪ੍ਰਗਟ ਰਹਿੰਦਾ ਹੈ ਤੇ ਆਪਣੀ ਸੱਚੀ ਸਮਝ ਪਾਉਣ ਦੁਆਰਾ ਉਹ ਉਸ ਮਨੁੱਖੀ ਸਮਝ ਨੂੰ ਹਰ ਔਗੁਣ ਵਿੱਚੋਂ ਕੱਢ ਲੈਂਦਾ ਹੈ, ਵਿਕਾਰਾਂ ਵਾਲੇ ਵਿਚਾਰਾਂ ਵਿੱਚੋਂ ਪੂਰੀ ਤਰ੍ਹਾਂ ਕੱਢ ਲੈਂਦਾ ਹੈ ਭਾਵ ਆਪਣੀ ਸੱਚੀ ਭਗਤੀ ਦੇ ਵਿਚਾਰਾਂ ਦੇ ਨਾਲ ਜੋੜ ਕੇ ਉਸ ਮਨੁੱਖੀ ਸਮਝ ਦੀ ਹਰ ਵੇਲੇ ਪੂਰੀ ਰੱਖਿਆ ਕਰਦਾ ਹੈ ਭਾਵ ਉਸ ਮਨੁੱਖ ਨੂੰ ਆਪਣਾ ਨਾਮ ਬਖਸ਼ ਕੇ, ਉਸਨੂੰ ਉਸਦੀ ਕਲਿ ਵਿੱਚੋਂ ਕੱਢ ਕੇ ਉਸਦੇ ਪੂਰੇ ਜੀਵਨ ਵਿੱਚ ਉਸ ਕੋਲੋਂ ਆਪਣਾ ਨਾਮ ਜਪਵਾਉਂਦਾ ਹੈ ਭਾਵ ਉਸਨੂੰ ਪੂਰਾ ਜੀਵਨ ਸੱਚ ਦੇ ਮਾਰਗ ਤੇ ਹੀ ਚਲਾਉਂਦਾ ਹੈ, ਉਸ ਕੋਲੋਂ ਸੱਚੇ ਸੁੱਚੇ ਕਰਮ ਹੀ ਕਰਵਾਉਂਦਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਉਪਰ ਸ਼ਬਦ ਵਿੱਚ **"ਮਰਣਾ ਚੀਤਿ ਨ ਆਵੈ"** ਦੀ ਗੱਲ ਵੀ ਕੀਤੀ ਹੋਈ ਹੈ ਤੇ ਮਾਇਆ ਮਦਿ ਦੀ ਗੱਲ ਵੀ ਕੀਤੀ ਹੋਈ ਹੈ। ਮਾਇਆ ਮਦਿ ਵਿੱਚ ਰਹਿੰਦੇ ਹੋਏ ਕਿਸੇ ਨੂੰ ਸਾਡਾ ਅਸਲ ਮਰਨਾ ਕੀ ਹੈ ਇਹ ਚੀਤ ਆ ਵੀ ਨਹੀਂ ਸਕਦਾ ਤੇ ਉਸਨੂੰ ਉਹ ਬੋਲ ਬੋਲਣੇ ਵੀ ਨਹੀਂ ਆਉਂਦੇ ਜਿਹੜੇ ਬੋਲ ਬੋਲਣ ਦੁਆਰਾ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਕੀਤੀ ਜਾ ਸਕਦੀ ਹੈ ਭਾਵ ਉਸਨੂੰ ਖੁਸ਼ ਕੀਤਾ ਜਾ ਸਕਦਾ ਹੈ। ਮਨੁੱਖ ਦੇ ਚੰਗੇ ਬੋਲ ਕੀ ਹਨ ਤੇ ਮਾੜੇ ਬੋਲ ਕੀ ਹਨ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਮਨੁੱਖ ਦੇ ਚੰਗੇ ਕਰਮ ਉਸਦੇ ਜੀਵਨ ਦੇ ਚੰਗੇ ਬੋਲ ਹਨ ਤੇ ਉਸਦੇ ਮਾੜੇ ਕਰਮ ਉਸਦੇ ਮਾੜੇ ਬੋਲ ਹਨ। ਜਦ ਤਕ ਮਨੁੱਖ ਮਾਇਆ ਮਦਿ ਵਿੱਚ ਹੈ, ਮਾਇਆ ਦੇ ਨਸ਼ੇ ਵਿੱਚ ਹੈ ਭਾਵ ਮਾਇਆ ਦੇ ਛੱਲ ਵਿੱਚ ਉਹ ਮਾਇਆ ਦੇ ਸੁੱਖਾਂ ਦੇ ਨਸ਼ੇ ਵਿੱਚ ਰਹਿੰਦਾ ਹੈ ਜਿਨ੍ਹਾਂ ਸੁੱਖਾਂ ਦੀ ਪ੍ਰਾਪਤੀ ਲਈ ਉਹ, ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਉਹ ਅਨੇਕਾਂ ਮਾੜੇ ਕਰਮ ਕਰਦਾ ਹੈ, ਔਗੁਣ ਕਰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨਾਲ ਜੁੜਿਆ ਰਹਿੰਦਾ ਹੈ ਜਿਨ੍ਹਾਂ ਮਾੜੇ ਵਿਚਾਰਾਂ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਆਪਣਾ ਅਸਲ ਮਰਨਾ ਚਿੱਤ ਨਹੀਂ ਆਉਂਦਾ ਜੋ ਅਸਲ ਮਰਨਾ ਗੁਰੂ ਦੇ ਸ਼ਬਦਾਂ ਦੇ ਦੁਆਰਾ ਮਰਨਾ ਹੈ। ਗੁਰੂ ਦੇ ਸ਼ਬਦਾਂ ਦੁਆਰਾ ਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਹਰ ਗੁਰੂ ਦਾ ਸ਼ਬਦ ਸਾਨੂੰ ਆਪਣੀ ਸੱਚੀ ਸਿੱਖਿਆ ਹੀ ਸਮਝਾਉਂਦਾ ਹੈ, ਆਪਣੀ ਸੱਚੀ ਮਤਿ ਹੀ ਦਿੰਦਾ ਹੈ ਜੋ ਗੁਰੂ ਦੀ ਸੱਚੀ ਮਤਿ ਲੈ ਕੇ ਅਸੀਂ ਆਪਣੀ ਨਾਸਮਝ ਵਿਕਾਰਾਂ ਵਾਲੀ ਮਤਿ ਨੂੰ ਮਾਰਨਾ ਹੈ ਭਾਵ ਉਸਨੂੰ ਆਪਣੇ ਅੰਦਰੋਂ ਖਤਮ ਕਰਨਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨੂੰ ਖਤਮ ਕਰਨਾ ਹੈ ਤਾਂ ਜੋ ਅਸੀਂ ਆਪਣੇ ਜੀਵਨ ਵਿੱਚ ਕੋਈ ਮਾੜਾ ਕਰਮ ਨਾ ਕਰੀਏ ਭਾਵ ਗੁਰਮਤਿ ਅਨੁਸਾਰ ਸੱਚੇ ਸੁੱਚੇ ਕਰਮ

53/7379

ਕਰੀਏ ਭਾਵ ਸਾਡੇ ਜੀਵਨ ਵਿੱਚ ਸਾਡੇ ਬੋਲ ਉਹੋ ਜਿਹੇ ਹੋਣ ਜੋ ਸਾਡੇ ਬੋਲ ਭਾਵ ਸਾਡੇ ਕਰਮ ਗੁਰੂ ਦੀ ਭਗਤੀ ਵਾਲੇ ਸੱਚੇ ਕਰਮ ਹੋਣ, ਉਸਦੇ ਸੇਵਕ ਵਾਲੇ ਕਰਮ ਹੋਣ ਭਾਵ ਨਾਮ ਜਪਣ ਵਾਲੇ ਬੋਲ ਹੋਣ। ਉਪਰ ਵਾਲੇ ਪੂਰੇ ਸ਼ਬਦ ਰਾਹੀਂ ਸਾਨੂੰ ਇਹੋ ਜਿਹਾ ਭਗਤੀ ਵਾਲਾ ਮਾਰਗ ਭਾਵ ਨਾਮ ਜਪਣ ਵਾਲਾ ਮਾਰਗ ਸਮਝਾਇਆ ਹੈ ਜੋ ਉਸਦੇ ਸੇਵਕ ਦਾ, ਉਸਦੇ ਸੰਤ ਦਾ ਹੋਣਾ ਚਾਹੀਦਾ ਹੈ ਜੋ ਉਸਦਾ ਸੇਵਕ ਰੂਪ, ਉਸਦਾ ਸੰਤ ਰੂਪ ਉਸਦਾ ਆਪਣਾ ਰੂਪ ਬਣਨ ਦੁਆਰਾ ਹੀ ਬਣਿਆ ਜਾ ਸਕਦਾ ਹੈ ਜੋ ਆਪਣਾ ਰੂਪ ਉਹ ਕਿਸੇ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਹੀ ਬਣਾਉਂਦਾ ਹੈ ਜਿਸ ਦੁਆਰਾ ਉਹ ਕਿਸੀ ਮਨੁੱਖੀ ਸਮਝ ਨੂੰ ਉਸਦੀ ਕਲਿ ਵਾਲੀ ਸਮਝ ਵਿੱਚੋਂ ਕੱਢਦਾ ਹੈ। **(ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥ ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥ ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥ ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥)**

ਸਾਡੇ ਅੰਦਰ ਦੀ ਜੋ ਕਲਿ ਹੈ ਇਹੀ ਸਾਡੇ ਅੰਦਰ ਦਾ ਕਲਿਜੁਗ ਹੈ ਜੋ ਮਨ ਦੇ ਵਿੱਚ ਅਕਾਲ ਪੁਰਖ ਦੇ ਨਾਲ ਮੇਲ ਹੋਣ ਦੁਆਰਾ ਹੀ ਦੂਰ ਹੋ ਸਕਦਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਵੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

ਮਾਝ ਮਹਲਾ ੫ ਚਉਪਦੇ ਘਰੁ ੧ ॥

{ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥
ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥
ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥}

(ਅੰਗ ੯੬)

ਗਉੜੀ ਗੁਆਰੇਰੀ ਮਹਲਾ ੩ ॥

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥
ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥
ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥

ਆਪਿ ਤਰੈ ਸਗਲੇ ਕੁਲ ਉਧਾਰਾ ॥੩॥ ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥}

(ਅੰਗ ੧੬੦-੧੬੧)

ਗਉੜੀ ਗੁਆਰੇਰੀ ਮਹਲਾ ੫ ॥

{ਕਲਿਜੁਗ ਮਹਿ ਮਿਲਿ ਆਏ ਸੰਜੋਗ ॥ ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ॥੧॥
ਜਲੈ ਨ ਪਾਈਐ ਰਾਮ ਸਨੇਹੀ ॥ ਕਿਰਤਿ ਸੰਜੋਗਿ ਸਤੀ ਉਠਿ ਹੋਈ ॥੧॥ ਰਹਾਉ ॥
ਦੇਖਾ ਦੇਖੀ ਮਨਹਠਿ ਜਲਿ ਜਾਈਐ ॥ ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥੨॥
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥੩॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥ ਧੰਨੁ ਸਤੀ ਦਰਗਹ ਪਰਵਾਨਿਆ ॥੪॥੩੦॥੯੯॥}

(ਅੰਗ ੧੮੫)

ਸਲੋਕ ਮਃ ੪ ॥

{ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ ॥
ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥
ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ ॥
ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥
ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ ॥
ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥
ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥੧॥}

(ਅੰਗ ੩੦੮)

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਘਰੁ ੨ ਮਹਲਾ ੪ ॥

{ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥
ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥ ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ ॥
ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥
ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥
ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥ ਮਾਇਆ ਕਉ ਲੂਝਹਿ ਗਾਵਾਰੀ ॥
ਜਨਮਿ ਮਰਹਿ ਜੂਐ ਬਾਜੀ ਹਾਰੀ ॥ ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥

ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥ ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥
ਜੈਸਾ ਬੀਜੈ ਤੈਸਾ ਖਾਵੈ ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥}

(ਅੰਗ ੩੬੬)

53/7380

ਆਸਾ ਮਹਲਾ ੫ ॥

{ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥ ਦਰਸਨੁ ਪੇਖਤ ਮੈ ਜੀਓ ॥
ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥੧॥ ਰਹਾਉ ॥
ਤੁਮ੍ਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ ਆਪਿ ਕੀਓ ॥
ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ ॥੨॥
ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥
ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥
ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥
ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥੪॥੮॥੪੭॥}

(ਅੰਗ ੩੮੨)

ਆਸਾ ਮਹਲਾ ੫ ॥

{ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥
ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ ॥੧॥ ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ ਰਹਾਉ ॥
ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥
ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥੨॥
ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥੩॥
ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ ॥
ਕਰ ਜੋੜਿ ਨਾਨਕ ਦਾਨੁ ਮਾਗੈ ਅਪਣਿਆ ਸੰਤਾ ਦੇਹਿ ਹਰਿ ਦਰਸੁ ॥੪॥੫॥੧੪੦॥}

(ਅੰਗ ੪੦੬)

ਆਸਾ ਮਹਲਾ ੪ ॥

{ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ ॥ ਗੁਰਮੁਖੇ ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ ॥
ਰਾਮ ਨਾਮੁ ਪਿਆਰਾ ਜਗਤ ਨਿਸਤਾਰਾ ਰਾਮ ਨਾਮਿ ਵਡਿਆਈ ॥
ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ ॥
ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ ॥
ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ ॥੧॥

ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ ॥
ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ ਰਵਾਇਆ ਰਾਮ ॥
ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥
ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥
ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥
ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥
ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ ॥
ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ ॥
ਰਾਮ ਨਾਮੁ ਧਿਆਏ ਪਵਿਤੁ ਹੋਇ ਆਏ ਤਿਸੁ ਰੂਪੁ ਨ ਰੇਖਿਆ ਕਾਈ ॥
ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ ॥
ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ ਗੁਰਮਤਿ ਰਾਮੁ ਪ੍ਰਗਾਸਾ ॥
ਨਾਨਕ ਆਪਿ ਅਨੁਗ੍ਰਹੁ ਕੀਆ ਹਮ ਦਾਸਨਿ ਦਾਸਨਿ ਦਾਸਾ ॥੩॥
ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥
ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥
ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ ॥
ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ ॥
ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥
ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥੪॥
ਰਾਮੋ ਰਾਮ ਨਾਮੁ ਗੁਰੂ ਰਾਮੁ ਗੁਰਮੁਖੇ ਜਾਣੈ ਰਾਮ ॥
ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ ॥
ਮਨੁ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ ਹਰਿ ਰਾਮੋ ਨਾਮੁ ਰਸਾਏ ॥
ਜਨ ਕੀ ਪੈਜ ਰਖੈ ਰਾਮ ਨਾਮਾ ਪ੍ਰਹਿਲਾਦ ਉਧਾਰਿ ਤਰਾਏ ॥
ਰਾਮੋ ਰਾਮੁ ਰਮੋ ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ ॥
ਨਾਨਕ ਰਾਮ ਨਾਮੁ ਸੁਣਿ ਭੀਨੇ ਰਾਮੈ ਨਾਮਿ ਸਮਾਇਆ ॥੫॥
ਜਿਨ ਅੰਤਰੇ ਰਾਮ ਨਾਮੁ ਵਸੈ ਤਿਨ ਚਿੰਤਾ ਸਭ ਗਵਾਇਆ ਰਾਮ ॥
ਸਭਿ ਅਰਥਾ ਸਭਿ ਧਰਮ ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ ॥
ਮਨ ਚਿੰਦਿਆ ਫਲੁ ਪਾਇਆ ਰਾਮ ਨਾਮੁ ਧਿਆਇਆ ਰਾਮ ਨਾਮ ਗੁਣ ਗਾਏ ॥
ਦੁਰਮਤਿ ਕਬੁਧਿ ਗਈ ਸੁਧਿ ਹੋਈ ਰਾਮ ਨਾਮਿ ਮਨੁ ਲਾਏ ॥
ਸਫਲੁ ਜਨਮੁ ਸਰੀਰੁ ਸਭੁ ਹੋਆ ਜਿਤੁ ਰਾਮ ਨਾਮੁ ਪਰਗਾਸਿਆ ॥
ਨਾਨਕ ਹਰਿ ਭਜੁ ਸਦਾ ਦਿਨੁ ਰਾਤੀ ਗੁਰਮੁਖਿ ਨਿਜ ਘਰਿ ਵਾਸਿਆ ॥੬॥
ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥

ਰਾਮ ਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ ਅੰਤਿ ਚਲਦਿਆ ਨਾਲਿ ਸਖਾਈ ॥
ਰਾਮ ਨਾਮ ਧਨੁ ਪੂੰਜੀ ਸੰਚੀ ਨਾ ਡੂਬੈ ਨਾ ਜਾਈ ॥ ਰਾਮ ਨਾਮੁ ਇਸੁ ਜੁਗ ਮਹਿ ਤੁਲਹਾ ਜਮਕਾਲੁ ਨੇੜਿ ਨ ਆਵੈ॥
ਨਾਨਕ ਗੁਰਮੁਖਿ ਰਾਮੁ ਪਛਾਤਾ ਕਰਿ ਕਿਰਪਾ ਆਪਿ ਮਿਲਾਵੈ ॥੭॥
ਰਾਮੋ ਰਾਮ ਨਾਮੁ ਸਤੇ ਸਤਿ ਗੁਰਮੁਖਿ ਜਾਣਿਆ ਰਾਮ ॥
ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ ॥
ਮਨੁ ਤਨੁ ਅਰਪਿਆ ਬਹੁਤੁ ਮਨਿ ਸਰਧਿਆ ਗੁਰ ਸੇਵਕ ਭਾਇ ਮਿਲਾਏ ॥
ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ ॥ ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥}

(ਅੰਗ ੪੪੨-੪੪੪)

ਆਸਾ ਮਹਲਾ ੪ ॥

{ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥
ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥
ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥
ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥
ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥੧॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥
ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥
ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥
ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥
ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥੨॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥
ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥
ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥
ਮਹਾ ਜੁਧ ਜੋਧ ਬਹੁ ਕੀਨੇ ਵਿਚਿ ਹਉਮੈ ਪਚੈ ਪਚਾਇ ਜੀਉ ॥
ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥
ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ ॥੩॥
ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥
ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥
ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥
ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥

ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥
ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥੪॥੪॥੧੧॥}

(ਅੰਗ ੪੪੫-੪੪੬)

ਸਲੋਕੁ ਮਃ ੩ ॥

{ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ ਉਤਮ ਪਦੁ ਪਾਇਆ ॥
ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ ਅਨਦਿਨੁ ਨਾਮੁ ਧਿਆਇਆ ॥
ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ ॥
ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ ॥
ਐਸਾ ਸਤਿਗੁਰੁ ਸੋਈ ਪਾਏ ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ ॥
ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥੧॥}

(ਅੰਗ ੫੧੩)

ਮਃ ੩ ॥

{ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ॥ ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ ॥
ਨਾਮੁ ਸਮ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥ ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ ॥੨॥}

(ਅੰਗ ੫੫੨)

ਪਉੜੀ ॥

{ਆਪੇ ਪਾਰਸੁ ਆਪਿ ਧਾਤੁ ਹੈ ਆਪਿ ਕੀਤੋਨੁ ਕੰਚਨੁ ॥ ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖੰਡਨੁ ॥
ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ॥ ਆਪਿ ਬਿਬੇਕੁ ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ॥
ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂ ਹਰਿ ਸੁਖਦਾਤਾ ਵਡਨੁ ॥੧੦॥}

(ਅੰਗ ੫੫੨)

ਜੈਤਸਰੀ ਬਾਣੀ ਭਗਤਾ ਕੀ
ੴ ਸਤਿਗੁਰ ਪ੍ਰਸਾਦਿ ॥

{ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥ ਅਜੌਂ ਨ ਪਤ੍ਰਾਇ ਨਿਗਮ ਭਏ ਸਾਖੀ ॥੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥}

(ਅੰਗ ੭੧੦)

ਭੈਰਉ ਮਹਲਾ ੩ ॥

{ਕਲਜੁਗ ਮਹਿ ਬਹੁ ਕਰਮ ਕਮਾਹਿ ॥ ਨਾ ਰੁਤਿ ਨ ਕਰਮ ਥਾਇ ਪਾਹਿ ॥੧॥

ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥ ਗੁਰਮੁਖਿ ਸਾਚਾ ਲਗੈ ਪਿਆਰੁ ॥੧॥ ਰਹਾਉ ॥
ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥੨॥
ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥
ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ॥
ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ ॥੪॥੧੦॥}

(ਅੰਗ ੧੧੨੯-੧੧੩੦)

ਭੈਰਉ ਮਹਲਾ ੫ ॥

{ਸਾਚ ਪਦਾਰਥੁ ਗੁਰਮੁਖਿ ਲਹਹੁ ॥ ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥੧॥
ਜੀਵਤ ਜੀਵਤ ਜੀਵਤ ਰਹਹੁ ॥ ਰਾਮ ਰਸਾਇਣੁ ਨਿਤ ਉਠਿ ਪੀਵਹੁ ॥
ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥੧॥ ਰਹਾਉ ॥ ਕਲਿਜੁਗ ਮਹਿ ਇਕ ਨਾਮਿ ਉਧਾਰੁ ॥
ਨਾਨਕੁ ਬੋਲੈ ਬ੍ਰਹਮ ਬੀਚਾਰੁ ॥੨॥੧੧॥}

(ਅੰਗ ੧੧੩੮)

53/7381

ਸਲੋਕ ਮਃ ੩ ॥

{ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥
ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥ ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥
ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥ ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥
ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥}

(ਅੰਗ ੧੨੮੫)

ਕਾਨੜਾ ਮਹਲਾ ੫ ॥

{ਆਰਾਧਉ ਤੁਝਹਿ ਸੁਆਮੀ ਅਪਨੇ ॥
ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥੧॥ ਰਹਾਉ ॥
ਤਾ ਕੈ ਹਿਰਦੈ ਬਸਿਓ ਨਾਮੁ ॥ ਜਾ ਕਉ ਸੁਆਮੀ ਕੀਨੋ ਦਾਨੁ ॥੧॥ ਤਾ ਕੈ ਹਿਰਦੈ ਆਈ ਸਾਂਤਿ ॥
ਠਾਕੁਰ ਭੇਟੇ ਗੁਰ ਬਚਨਾਂਤਿ ॥੨॥ ਸਰਬ ਕਲਾ ਸੋਈ ਪਰਬੀਨ ॥ ਨਾਮ ਮੰਤ੍ਰੁ ਜਾ ਕਉ ਗੁਰਿ ਦੀਨ ॥੩॥
ਕਹੁ ਨਾਨਕ ਤਾ ਕੈ ਬਲਿ ਜਾਉ ॥ ਕਲਿਜੁਗ ਮਹਿ ਪਾਇਆ ਜਿਨਿ ਨਾਉ ॥੪॥੨॥}

(ਅੰਗ ੧੨੯੮)

ਮਃ ੪ ॥

{ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥
ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥
ਵਡਭਾਗੀ ਜਿਨ ਹਰਿ ਧਿਆਇਆ ਤਿਨ ਸਉਪਿਆ ਹਰਿ ਭੰਡਾਰੁ ॥
ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ ॥
ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ ॥

ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ ॥
ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ ॥੨॥}

(ਅੰਗ ੧੩੧੪)

ਪਉੜੀ ॥

{ਰਾਮ ਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ ॥
ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ ॥
ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ ॥
ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ ॥
ਸਭਿ ਚਵਹੁ ਮੁਖਹੁ ਜਗੰਨਾਥੁ ਜਗੰਨਾਥੁ ਜਗਜੀਵਨੋ ਜਿਤੁ ਭਵਜਲ ਪਾਰਿ ਉਤਾਰਾ ॥੪॥}

(ਅੰਗ ੧੩੧੪)

ਵੇਦਾਂ ਦੀ ਸਮਝ ਦੇ ਨਾਲ ਜੁੜਕੇ ਸਮੇਂ ਨੂੰ ਜੁਗਾਂ ਦੇ ਨਾਲ ਜੋੜਿਆ ਹੋਇਆ ਹੈ। ਚਾਰ ਵੇਦਾਂ ਨੂੰ ਚਾਰ ਜੁਗਾਂ ਦੇ ਨਾਲ ਜੋੜਿਆ ਹੋਇਆ ਹੈ। ਜੋ ਚਾਰ ਜੁਗ ਸਮਝੇ ਹੋਏ ਹਨ ਉਹ ਸਤਿਜੁਗ, ਤ੍ਰੈਤਾ, ਦੁਆਪਰ, ਕਲਿਜੁਗ ਦੇ ਸਮੇਂ ਬਣਾਏ ਹੋਏ ਹਨ। ਜੁਗਾਂ ਨੂੰ ਬਾਣੀ ਰਾਹੀਂ ਸਾਡੀ ਸਮਝ ਦੇ ਨਾਲ ਹੀ ਜੋੜਿਆ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ।

ਸਲੋਕੁ ਮਃ ੧ ॥

{ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥}

(ਅੰਗ ੪੭੦)

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਕਿ ਜੁਗਾਂ ਨੂੰ ਸਾਡੀ ਸਮਝ ਦੇ ਨਾਲ ਜੋੜਕੇ ਸਮਝਾਇਆ ਹੋਇਆ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਮਨ ਦੀ ਕਿਹੋ ਜਿਹੀ ਸਮਝ ਦੁਆਰਾ ਪਾਇਆ ਜਾ ਸਕਦਾ ਹੈ। ਜਦੋਂ ਸਾਡੇ ਮਨ ਦੇ ਅੰਦਰ ਸਤਿਜੁਗ ਵਾਲੀ ਅਵਸਥਾ ਬਣ ਜਾਂਦੀ ਹੈ ਤਾਂ ਹੀ ਮਨੁੱਖ ਮਨ ਦੇ ਸੰਤੋਖ ਦੁਆਰਾ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਤੇ ਜਿਸ ਮਨੁੱਖ ਦੇ ਮਨ ਦੀ ਅਵਸਥਾ ਇਹੋ ਜਿਹੀ ਸਮਝ ਵਾਲੀ ਬਣ ਜਾਂਦੀ ਹੈ ਉਸ ਮਨੁੱਖ ਨੂੰ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਾਡੇ ਮਨ ਰੂਪ ਰੱਥ ਨੂੰ ਇੱਕੋ ਇੱਕ ਰਥਵਾਹ ਕੌਣ ਹੈ ਜੋ ਸਾਡੇ ਮਨ ਦੀ ਸਮਝ ਨੂੰ ਇੱਕ ਰਥਵਾਹ ਦੀ ਤਰ੍ਹਾਂ ਘੁਮਾਉਂਦਾ ਰਹਿੰਦਾ ਹੈ, ਫੇਰਦਾ ਰਹਿੰਦਾ ਹੈ, ਬਦਲਦਾ ਰਹਿੰਦਾ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਅੱਜ ਤਕ ਜਿਸਨੇ ਵੀ ਜਾਣਿਆ ਹੈ ਮਨ ਦੀ ਸਮਝ ਰਾਹੀਂ ਹੀ ਜਾਣਿਆ ਹੈ। ਚਾਰੇ ਵੇਦ ਜੋ ਬਹੁਤ ਸਮਾਂ ਪਹਿਲੇ ਉਚਾਰੇ ਗਏ ਸਨ ਉਹ ਸਾਰੇ ਵੇਦ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਉਂਦੇ ਹਨ ਜਿਹੋ ਜਿਹਾ ਸੱਚਾ ਜੀਵਨ ਅਪਨਾਉਣ ਦੁਆਰਾ ਸੱਚ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਪਰ ਆਪਣੀ ਪੁਰਾਨੀ ਮਾਨਤਾ ਦੇ ਅਨੁਸਾਰ ਅਸੀਂ ਚਾਰੇ ਵੇਦਾਂ ਨੂੰ ਵੱਖਰੇ ਵੱਖਰੇ ਜੁਗਾਂ ਦੇ ਨਾਲ ਜੋੜਿਆ ਹੋਇਆ ਹੈ

53/7382

ਕਿ ਕਿਹੜੇ ਜੁਗ ਵਿੱਚ ਕਿਹੜਾ ਵੇਦ ਪੜਨ ਨਾਲ ਮਨੁੱਖ ਦਾ ਉਧਾਰ ਹੁੰਦਾ ਹੈ। ਅਕਾਲ ਪੁਰਖ ਦੀ ਭਗਤੀ ਦਾ ਮਾਰਗ ਜਦ ਤੋਂ ਵੀ ਮਨੁੱਖੀ ਹੋਂਦ ਦੀ ਰਚਨਾ ਹੋਈ ਹੈ ਉਹ ਮਾਰਗ ਸਭ ਲਈ ਇੱਕੋ ਜਿਹਾ ਹੀ ਹੈ ਜੋ ਕਿ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਚੰਗੇ ਕਰਮ ਕਰਨ ਦਾ ਹੀ ਹੈ। ਸੰਸਾਰ ਦੇ ਵਿੱਚ ਕਿਸੇ ਵੱਖਰੇ ਵੱਖਰੇ ਸਮੇਂ ਨੂੰ ਵੱਖਰਾ ਵੱਖਰਾ ਜੁਗ ਸਮਝਣਾ ਕੇਵਲ ਮਨੁੱਖੀ ਭਰਮ ਹੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਗਏ ਸ੍ਰਿਸ਼ਟੀ ਦੇ ਕਰਤੇ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਮਃ ੧ ॥

"ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥ ਸਭੁ ਕੋ ਸਚਿ ਸਮਾਵੈ ॥
ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥ ਨਾਇ ਲਇਐ ਪਰਾਛਤ ਜਾਹਿ ॥
ਨਾਨਕ ਤਉ ਮੋਖੰਤਰੁ ਪਾਹਿ ॥ ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥
ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥ ਚਾਰੇ ਵੇਦ ਹੋਏ ਸਚਿਆਰ ॥
ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥ ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥"

(ਅੰਗ ੪੭੦)

ਪਉੜੀ ॥

"ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੁ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥੧੩॥"

(ਅੰਗ ੪੭੦)

ਉਪਰ ਸ਼ਬਦ ਵਿੱਚ ਚਾਰੇ ਵੇਦਾਂ ਦਾ ਹਵਾਲਾ ਦਿੱਤਾ ਹੋਇਆ ਹੈ ਤੇ ਹਰ ਵੇਦ ਨੇ ਸਾਨੂੰ ਸੱਚ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਤੇ ਅਸੀਂ ਮਨ ਦੇ ਭਰਮ ਕਰਕੇ ਹੀ ਉਨ੍ਹਾਂ ਨੂੰ ਵੱਖਰੇ ਵੱਖਰੇ ਜੁਗਾਂ ਨਾਲ ਜੋੜਿਆ ਹੋਇਆ ਹੈ। ਪਹਿਲੀ ਪੰਗਤੀ ਰਾਹੀਂ **"ਸਾਮ"** ਵੇਦ ਦੀ ਗੱਲ ਕੀਤੀ ਹੋਈ ਹੈ ਜਿਸਨੂੰ ਕਿ ਤੀਜਾ ਵੇਦ ਸਮਝਿਆ ਜਾਂਦਾ ਹੈ। ਤੀਜੇ ਵੇਦ ਦੀ ਮਤਿ ਅਨੁਸਾਰ ਸੁਆਮੀ ਨੂੰ ਭਾਵ ਸ੍ਰਿਸ਼ਟੀ ਦੇ ਮਾਲਕ ਨੂੰ ਸੇਤੰਬਰੁ ਰੂਪ ਦੱਸਿਆ ਹੋਇਆ ਹੈ। ਸੇਤੰਬਰੁ ਬਿਲਕੁੱਲ ਚਿੱਟੇ ਸਾਫ ਬਿਸਤਰ ਨੂੰ ਕਿਹਾ ਜਾਂਦਾ ਹੈ। ਸ੍ਰਿਸ਼ਟੀ ਦੇ ਕਰਤੇ ਦਾ ਸੇਤੰਬਰ ਰੂਪ ਉਸਦੀ ਸਾਫ ਸੁਥਰੀ ਸਫੇਦ ਸਮਝ ਹੈ ਜਿਸ ਸਮਝ ਦੇ ਉਪਰ ਕੋਈ ਦਾਗ ਨਹੀਂ ਹੈ ਭਾਵ ਉਸਦੀ ਸਮਝ ਪੂਰਨ ਸੱਚ ਰੂਪ ਹੈ ਜਿਸਦੇ ਉਪਰ ਕੋਈ ਵੀ ਝੂਠ ਦਾ ਦਾਗ ਨਹੀ ਹੈ। ਉਹ ਸ੍ਰਿਸ਼ਟੀ ਦਾ ਕਰਤਾ ਸਭ ਜਗ੍ਹਾ ਆਪਣੇ ਸੱਚ ਰੂਪ ਵਿੱਚ ਹੀ ਟਿੱਕਿਆ ਹੋਇਆ ਹੈ ਜੋ ਉਸਦਾ ਸੱਚ ਰੂਪ ਕਦੇ ਬਦਲਦਾ ਨਹੀਂ ਤੇ ਸਭ ਕੁਝ ਭਾਵ ਹਰ ਆਕਾਰ ਰੂਪ ਜਦੋਂ ਬਿਨਸਦਾ ਹੈ ਉਹ ਉਸਦੇ ਸੱਚ ਰੂਪ ਵਿੱਚ ਹੀ ਸਮਾ ਜਾਂਦਾ ਹੈ। ਸੱਚ ਰੂਪ ਹੀ ਪ੍ਰਮਾਤਮਾ ਦਾ ਨਾਮ ਰੂਪ ਹੈ ਜਿਸ ਆਪਣੇ ਨਾਮ ਰੂਪ ਦੁਆਰਾ ਭਾਵ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਹਰ ਵਸਤੂ ਬਣਾ ਕੇ ਉਸ ਵਿੱਚ ਟਿੱਕਿਆ ਹੋਇਆ ਹੈ ਭਾਵ ਉਹ ਸਭ ਕੁਝ ਆਪ ਹੀ ਹੈ। ਜੋ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਸਾਨੂੰ ਧੰਨ ਧੰਨ ਅਕਾਲ ਪੁਰਖ ਰੂਪ ਗੁਰਬਾਣੀ ਸਮਝਾ ਰਹੀ ਹੈ ਭਾਵ ਉਸਦਾ ਸੱਚ ਰੂਪ ਸਮਝਾ ਰਹੀ ਹੈ ਉਸਦਾ ਉਹੀ ਰੂਪ **"ਸਾਮ"** ਵੇਦ ਸਮਝਾ ਰਿਹਾ ਹੈ। **(ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥ ਸਭੁ ਕੋ ਸਚਿ ਸਮਾਵੈ॥)**

ਸਾਮ ਵੇਦ ਨੂੰ ਸਤਿਜੁਗ ਦੇ ਸਮੇਂ ਦੇ ਨਾਲ ਜੋੜਿਆ ਹੋਇਆ ਹੈ ਜੋ ਕਿ ਕੇਵਲ ਮਨੁੱਖ ਦਾ ਭਰਮ ਹੈ। ਹਰ ਸਮੇਂ ਵਿੱਚ **"ਸਤਿ"** ਭਾਵ ਸੱਚ ਇੱਕੋ ਜਿਹਾ ਉੱਚਾ ਹੁੰਦਾ ਹੈ, ਚੰਗਾ ਹੁੰਦਾ ਹੈ ਤੇ ਝੂਠ ਹਰ ਸਮੇਂ ਵਿੱਚ ਨੀਵਾਂ ਹੁੰਦਾ ਹੈ ਭਾਵ ਮਾੜਾ ਹੁੰਦਾ ਹੈ। ਮਨੁੱਖ ਨੂੰ ਸੱਚਾ ਜਾਂ ਝੂਠਾ ਭਾਵ ਚੰਗਾ ਜਾਂ ਮਾੜਾ ਕੋਈ ਸਮਾਂ ਨਹੀਂ ਬਣਾਉਂਦਾ ਬਲਕਿ ਮਨ ਦੀ ਸਮਝ ਬਣਾਉਂਦੀ ਹੈ। ਇਹੀ ਗੱਲ ਸਾਨੂੰ

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਕਿ **"ਰਿਗੁ"** ਵੇਦ ਦਾ ਹਵਾਲਾ ਦੇਣ ਨਾਲ ਸਮਝਾਈ ਹੋਈ ਹੈ ਕਿ ਰਿਗੁ ਵੇਦ ਸਾਨੂੰ ਕਿਹੋ ਜਿਹੀ ਭਗਤੀ ਦਾ ਮਾਰਗ ਸਮਝਾਉਂਦਾ ਹੈ।

"ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥
ਨਾਇ ਲਇਐ ਪਰਾਛਤ ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥"

ਰਿਗੁ ਵੇਦ ਨੂੰ ਪਹਿਲਾ ਵੇਦ ਮੰਨਿਆ ਜਾਂਦਾ ਹੈ ਜਿਸ ਵੇਦ ਨੂੰ ਤ੍ਰੇਤੇ ਜੁਗ ਨਾਲ ਜੋੜਿਆ ਹੋਇਆ ਹੈ। ਉਪਰ ਰਿਗੁ ਵੇਦ ਰਾਹੀਂ ਸਾਨੂੰ ਸੱਚ ਨਾਲ ਜੁੜਨ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਭਾਵ ਵੇਦਾਂ ਵਿੱਚ ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲਣਾ ਹੀ ਸਮਝਾਇਆ ਹੋਇਆ ਹੈ ਜਿਸ ਰਾਹੀਂ ਸੱਚ ਦੇ ਸੁਆਮੀ ਨੂੰ ਭਾਵ ਸੇਤੰਬਰ ਸੁਆਮੀ ਨੂੰ ਜਾਣਿਆ ਜਾ ਸਕਦਾ ਹੈ। ਉਪਰ ਪਹਿਲੀ ਪੰਗਤੀ ਵਿੱਚ ਸਾਨੂੰ ਰਿਗ ਵੇਦ ਆਪਣੀ ਮਤਿ ਦੇਣ ਰਾਹੀਂ ਇਹ ਸਮਝਾ ਰਿਹਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਸਭ ਜਗ੍ਹਾ ਭਰਪੂਰ ਹੈ ਭਾਵ ਸਭ ਵਿੱਚ ਉਹ ਆਪ ਹੀ ਸਮਾਇਆ ਹੋਇਆ ਹੈ ਭਾਵ ਉਹ ਸਭ ਕੁਝ ਆਪ ਹੀ ਹੈ। **(ਰਿਗੁ ਕਹੈ ਰਹਿਆ ਭਰਪੂਰਿ ॥)**

ਜੋ ਗੱਲ ਸਾਨੂੰ ਉਪਰ ਵੇਦ ਰਾਹੀਂ ਸਮਝਾਈ ਹੋਈ ਹੈ ਕਿ ਸਭ ਵਿੱਚ ਆਪ ਪ੍ਰਮਾਤਮਾ ਹੀ ਹੈ ਇਹੀ ਗੱਲ ਸਾਨੂੰ ਗੁਰੂ ਗੁਰਬਾਣੀ ਦਾ ਹਰ ਸ਼ਬਦ ਸਮਝਾ ਰਿਹਾ ਹੈ। ਜੋ ਸ੍ਰਿਸ਼ਟੀ ਦਾ ਕਰਤਾ ਸਭ ਜਗ੍ਹਾ ਭਰਪੂਰ ਹੈ ਉਸਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਤੇ ਮੁਕਤੀ ਪਾਈ ਜਾ ਸਕਦੀ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜੋ ਕਿ ਰਿਗ ਵੇਦ ਰਾਹੀਂ ਸਮਝਾਈ ਹੋਈ ਹੈ।

"ਰਾਮ ਨਾਮੁ ਦੇਵਾ ਮਹਿ ਸੂਰੁ ॥ ਨਾਇ ਲਇਐ ਪਰਾਛਤ ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥"

ਅਸੀਂ ਪਿੱਛੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਜਾਣਿਆ ਹੀ ਹੈ ਕਿ ਵੇਦਾਂ ਵਿੱਚ ਵੀ ਨਾਮ ਹੈ ਤੇ ਉਹ ਵੇਦਾਂ ਵਿੱਚ ਨਾਮ ਕਿਸ ਰੂਪ ਵਿੱਚ ਹੈ ਤੇ ਕਿਸ ਮਕਸਦ ਲਈ ਹੈ ਇਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਬਾਣੀ ਦੇ ਸ਼ਬਦਾਂ ਵਿੱਚ ਰਾਮ ਨਾਮ ਦੀ ਗੱਲ ਆਉਂਦੀ ਹੈ ਤੇ ਰਾਮ ਨਾਮ ਦੀ ਗੱਲ ਹੀ ਵੇਦਾਂ ਵਿੱਚ ਕੀਤੀ ਹੋਈ ਹੈ। ਰਾਮ ਨਾਮ ਦਾ ਮਕਸਦ ਉਹੀ ਹੈ ਜਿਵੇਂ ਕਿ

ਅਸੀਂ ਬਾਣੀ ਦੇ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਰਾਮ ਨਾਮ ਤਾਂ ਕਿਸੇ ਨੂੰ ਸ੍ਰਿਸ਼ਟੀ ਦਾ ਕਰਤਾ ਆਪ ਹੀ ਦੇ ਸਕਦਾ ਹੈ ਤੇ ਜਿਸਨੂੰ ਉਹ ਆਪਣਾ ਰਾਮ ਨਾਮ ਬਖਸ਼ਦਾ ਹੈ ਉਸਨੂੰ ਹੀ ਉਹ ਆਪਣਾ ਦੇਵ ਰੂਪ ਬਣਾਉਂਦਾ ਹੈ ਭਾਵ ਦੇਵਤਾ ਰੂਪ ਸਮਾਨ ਬਣਾਉਂਦਾ ਹੈ ਭਾਵ ਆਪਣਾ ਗੁਰੂ ਰੂਪ ਬਣਾਉਂਦਾ ਹੈ। ਆਪਣਾ

53/7384

ਰਾਮ ਨਾਮ ਉਹ ਮਨ ਦੀ ਸਮਝ ਦੇ ਅੰਦਰ ਹੀ ਬਖਸ਼ਦਾ ਹੈ, ਮਨ ਦੇ ਅੰਦਰ ਉੱਚੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਹੀ ਬਖਸ਼ਦਾ ਹੈ ਭਾਵ ਉਸਦੇ ਮਨ ਨੂੰ ਸੂਰਜ ਦੇ ਪ੍ਰਕਾਸ਼ ਦੀ ਤਰ੍ਹਾਂ ਰੋਸ਼ਨ ਕਰ ਦਿੰਦਾ ਹੈ ਭਾਵ ਸਭ ਤੋਂ ਉੱਚੇ ਗਿਆਨ ਦੀ ਸਮਝ ਦੁਆਰਾ ਰੋਸ਼ਨ ਕਰ ਦਿੰਦਾ ਹੈ। **(ਰਾਮ ਨਾਮੁ ਦੇਵਾ ਮਹਿ ਸੂਰੁ ॥)**

ਜਿਨ੍ਹਾਂ ਨੂੰ ਅਕਾਲ ਪੁਰਖ ਨੇ ਆਪਣਾ ਦੇਵ ਰੂਪ ਬਣਾਇਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਨੂੰ ਰਾਮ ਨਾਮ ਦੇ ਉੱਚੇ ਗਿਆਨ ਨਾਲ ਰੋਸ਼ਨ ਕੀਤਾ ਹੈ। ਗੁਰੂ ਤੋਂ ਵੱਡਾ ਕੋਈ ਦੇਵ ਨਹੀਂ ਹੋ ਸਕਦਾ ਜੋ ਕਿ ਸ੍ਰਿਸ਼ਟੀ ਦੇ ਕਰਤੇ ਦਾ ਅਸਲ ਵਿੱਚ ਆਪਣਾ ਹੀ ਰੂਪ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

ਭੈਰਉ ਮਹਲਾ ੫ ॥

{ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥ ਸਤਿਗੁਰੁ ਮੇਰਾ ਸਭਸ ਕਾ ਦਾਤਾ ॥
ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥ ਗੁਰ ਜੈਸਾ ਨਾਹੀ ਕੋ ਦੇਵ ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ ਰਹਾਉ ॥ ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥੨॥
ਸਤਿਗੁਰੁ ਮੇਰਾ ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ ॥ ਸਤਿਗੁਰ ਕੈ ਹਉ ਸਦ ਬਲਿ ਜਾਇਆ ॥
ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥ ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥
ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥ ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥}

(ਅੰਗ ੧੧੪੨)

ਨਾਮ ਲੈਣ ਦਾ ਭਾਵ ਨਾਮ ਜਪਣ ਦਾ ਸਾਡੇ ਜੀਵਨ ਵਿੱਚ ਕੀ ਮਕਸਦ ਹੈ ਇਹੀ ਗੱਲ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਨਾਇ ਲਇਐ ਪਰਾਛਤ ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥”

ਬੜਾ ਸਪਸ਼ਟ ਹੈ ਕਿ ਨਾਮ ਜਪਣ ਦਾ ਮਕਸਦ ਆਪਣੇ ਪਾਪ ਕੱਢਣ ਲਈ ਹੈ ਤੇ ਪਾਪ ਮਨੁੱਖ ਕਿਉਂ ਕਰਦਾ ਹੈ ਤੇ ਕਿਸ ਲਈ ਕਰਦਾ ਹੈ ਭਾਵ ਮਾੜੇ ਕਰਮ ਕਿਸ ਲਈ ਕਰਦਾ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਤੇ ਬਾਣੀ ਵਿੱਚ ਸ਼ਬਦਾਂ ਰਾਹੀਂ ਇਹ ਗੱਲ ਬਾਰ-ਬਾਰ ਸਮਝਾਈ ਹੋਈ ਹੈ। ਮਾੜੇ ਕਰਮ ਉਹੀ ਕਰਦਾ ਹੈ ਜਿਸਦੇ ਅੰਦਰ ਗੁਰੂ ਦੀ ਸੱਚੀ ਸਮਝ ਨਹੀਂ ਹੈ ਜੋ ਗੁਰੂ ਦੀ ਸੱਚੀ ਸਮਝ ਸਾਨੂੰ ਵਿਕਾਰਾਂ ਵਾਲੀ ਸਮਝ ਛੱਡਣ ਲਈ ਸਮਝਾਉਂਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣ ਲਈ ਸਮਝਾਉਂਦੀ ਹੈ ਤੇ ਅਸੀਂ ਮਨ ਦੀ ਇਹੋ ਜਿਹੀ ਮਾੜੀ ਸਮਝ ਤੋਂ ਹੀ ਮੁਕਤੀ ਲੈਣੀ ਹੈ ਤੇ ਇਹੀ ਨਾਮ ਜਪਣ ਦਾ ਮਕਸਦ ਹੈ ਤਾਂ ਜੋ ਅਸੀਂ ਸੰਸਾਰ ਵਿੱਚ ਸੱਚੇ ਸੁੱਚੇ ਇਨਸਾਨ ਬਣਕੇ ਵਿਚਰੀਏ।। **(ਰਾਮ ਨਾਮੁ ਦੇਵਾ ਮਹਿ ਸੂਰੁ ॥ ਨਾਇ ਲਇਐ ਪਰਾਛਤ ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥)**

“ਯਜੁਰ ਵੇਦ” ਨੂੰ ਦੂਸਰਾ ਵੇਦ ਮੰਨਿਆ ਜਾਂਦਾ ਹੈ ਜਿਸਨੂੰ ਕਿ ਦੁਆਪਰ ਜੁਗ ਦੇ ਨਾਲ ਜੋੜਿਆ ਹੋਇਆ ਹੈ। ਉਸ ਸਮੇਂ ਵਿੱਚ ਕ੍ਰਿਸ਼ਨ ਦੇਵ ਜੀ ਨੂੰ ਵੱਡਾ ਮੰਨਿਆ ਜਾਂਦਾ ਸੀ ਭਾਵ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ, ਉਨ੍ਹਾਂ ਨੂੰ ਬਲੀ ਸਮਝ ਕੇ, ਸਿਆਣੀ ਸਮਝ ਵਾਲਾ ਮੰਨ ਕੇ ਪੂਜਿਆ ਜਾਂਦਾ ਸੀ, ਉਨ੍ਹਾਂ ਨੇ ਆਪਣੇ ਜੋਰ ਨਾਲ ਚੰਦਾਵਲਿ ਨੂੰ ਠੱਗਿਆ ਸੀ ਉਹ ਜਦ ਕੁਲ ਵਿੱਚ ਪੈਦਾ ਹੋਏ ਸਨ। ਉਨ੍ਹਾਂ ਨੂੰ ਇਸ ਲਈ ਵੀ ਉੱਚਾ ਮੰਨ ਕੇ ਪੂਜਿਆਂ ਜਾਂਦਾ ਸੀ ਕਿ ਉਹ ਆਪਣੀ ਗੋਪੀ ਲਈ ਪਾਰਜਾਤ ਨਾਂ ਦਾ ਰੁੱਖ ਲੈ ਕੇ ਆਏ ਸਨ

ਜਿਸ ਰੁੱਖ ਨੂੰ ਉਸ ਸਮੇਂ ਅਨੁਸਾਰ ਸਭ ਤੋਂ ਚੰਗਾ ਮੰਨਿਆ ਜਾਂਦਾ ਸੀ, ਦੇਵਤਿਆਂ

53/7385

ਦੇ ਦਰ ਦਾ ਰੁੱਖ ਮੰਨਿਆ ਜਾਂਦਾ ਸੀ। ਉਨ੍ਹਾਂ ਨੇ ਬਿੰਦ੍ਰਾਬਨ ਵਿੱਚ ਰਹਿ ਕੇ ਆਪਣਾ ਰੰਗ ਦਿਖਾਇਆ ਤੇ ਉਨ੍ਹਾਂ ਨੂੰ ਆਪਣੇ ਇਸ ਉੱਚੇਪਨ ਲਈ ਯਜੁਰਵੇਦ ਦਾ ਗਿਆਤਾ ਮੰਨਿਆ ਜਾਂਦਾ ਸੀ, ਉੱਚੀ ਸਮਝ ਵਾਲਾ ਮੰਨਿਆ ਜਾਂਦਾ ਸੀ ਜਿਸ ਉਨ੍ਹਾਂ ਦੇ ਉੱਚੇਪਨ ਕਰਕੇ ਪੂਜਾ ਹੋਈ। **(ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥)**

ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਚੌਥੇ ਵੇਦ ਦੀ ਗੱਲ ਕੀਤੀ ਹੋਈ ਹੈ ਜਿਸਨੂੰ ਕਲਿਜੁਗ ਦੇ ਨਾਲ ਜੋੜਿਆ ਹੋਇਆ ਹੈ ਭਾਵ ਮਾੜੇ ਸਮੇਂ ਨਾਲ ਜੋੜਿਆ ਹੋਇਆ ਹੈ ਤੇ ਕਿਸ ਕਰਕੇ ਜੋੜਿਆ ਹੋਇਆ ਹੈ ਆਉ ਇਸ ਗੱਲ ਨੂੰ ਸਮਝੀਏ।

“ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥

ਨੀਲ ਬਸਤ੍ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥”

ਅਥਰਬਣੁ ਵੇਦ ਨੂੰ ਭਾਵ ਚੌਥੇ ਵੇਦ ਨੂੰ ਕਲਿ ਵਾਲੇ ਸਮੇਂ ਨਾਲ ਜੋੜਿਆ ਹੋਇਆ ਹੈ ਭਾਵ ਕਲਿਜੁਗ ਵਾਲੇ ਸਮੇ ਨਾਲ ਜੋੜਿਆ ਹੋਇਆ ਹੈ ਜਿਸਨੂੰ ਕਿ ਕਾਲਾ ਸਮਾਂ ਭਾਵ ਮਾੜਾ ਸਮਾ ਸਮਝਿਆ ਜਾਂਦਾ ਹੈ। ਕਲਿ ਵਾਲਾ ਸਮਾਂ ਇਸ ਨੂੰ ਉਨ੍ਹਾਂ ਨੇ ਕਿਹਾ ਹੈ ਜੋ ਵੇਦਾਂ ਦੀ ਵਿਚਾਰਧਾਰਾ ਨਾਲ ਜੋੜੇ ਹੋਏ ਸੀ ਭਾਵ ਹਿੰਦੂ ਮਤਿ ਨਾਲ ਜੁੜੇ ਹੋਏ ਸੀ ਕਿਉਂਕਿ ਉਸ ਸਮੇਂ ਮੁਗਲ ਲੋਕ ਭਾਵ ਮੁਸਲਿਮ ਧਾਰਮਿਕ ਆਸਥਾ ਰੱਖਣ ਵਾਲੇ ਭਾਰਤ ਵਰਸ਼ ਵਿੱਚ ਆ ਗਏ ਸਨ ਤੇ ਅਨੇਕਾਂ ਹੀ ਭਾਰਤ ਵਾਸੀ ਕਿਸੇ ਨਾ ਕਿਸੇ ਕਾਰਣ ਵੱਸ ਮੁਸਲਮਾਨੀ ਧਾਰਮਿਕ ਆਸਥਾ ਨਾਲ ਜੁੜ ਗਏ ਸਨ ਤੇ ਫਿਰ ਉਹ ਰਾਮ ਦਾ ਨਾਮ ਛੱਡ ਕੇ ਖੁਦਾ ਦੇ ਨਾਲ ਨਾਲ ਜੁੜ ਗਏ ਸਨ ਭਾਵ ਫਿਰ ਅੱਲ੍ਹਾ ਦਾ ਨਾਮ ਵੱਜਣ ਲੱਗ ਗਿਆ ਜਿਸ ਕਰਕੇ ਉਸ ਸਮੇਂ ਨੂੰ ਮਾੜਾ ਸਮਾਂ ਭਾਵ ਕਲਿਜੁਗ ਦਾ ਸਮਾਂ ਕਿਹਾ ਗਿਆ ਹੈ। ਮੁਸਲਮਾਨ ਭਾਈਚਾਰਾ ਨੀਲੇ ਬਸਤਰ ਪਹਿਨਦੇ ਸਨ ਤੇ ਉਨ੍ਹਾਂ ਦੇ ਪਿੱਛੇ ਲੱਗ ਕੇ ਅਨੇਕਾਂ ਹਿੰਦੂ ਮਾਨਤਾ ਵਾਲੇ ਵੀ ਨੀਲੇ ਬਸਤਰ ਪਹਿਨਣ ਲੱਗ ਪਏ ਤੇ ਆਪਣੇ ਜੀਵਨ ਵਿੱਚ ਉਹੋ ਜਿਹੇ ਅਮਲ ਕਰਨ ਲੱਗ ਪਏ ਜਿਹੋ ਜਿਹੇ ਤੁਰਕ ਤੇ ਪਠਾਨ ਅਮਲ ਕਰਨਾ ਚੰਗਾ ਸਮਝਦੇ ਸਨ। **(ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥ ਨੀਲ ਬਸਤ੍ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥)**

ਚਾਰੇ ਵੇਦ ਕਿਸੇ ਸਮੇਂ ਦੇ ਬੱਝੇ ਹੋਏ ਨਹੀਂ ਹਨ। ਵੇਦਾਂ ਦਾ ਮਕਸਦ ਤਾਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਸਮਝਾਉਣ ਦਾ ਹੈ ਜੋ ਸੱਚ ਹਰ ਸਮੇਂ ਇੱਕੋ ਜਿਹਾ ਹੀ ਹੁੰਦਾ ਹੈ ਜਿਸ ਸੱਚ ਤੇ ਚੱਲਣ ਦੁਆਰਾ ਕੋਈ ਵੀ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਮੁਕਤੀ ਦੀ ਪ੍ਰਾਪਤੀ ਕਰ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥

ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥”

53/7386

ਉਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਚਾਰੇ ਵੇਦ **“ਸਚਿਆਰ”** ਕਿਵੇਂ ਹੋਏ ਭਾਵ ਇਨ੍ਹਾਂ ਦੇ ਅੰਦਰ ਉਹ ਸੱਚ ਕਿੱਥੋਂ ਆਇਆ ਹੈ ਜੋ ਸੱਚ ਚਾਰੇ ਵੇਦ ਸਾਨੂੰ ਸਭ ਨੂੰ ਸਮਝਾਉਂਦੇ ਹਨ, ਸਾਰੇ ਸੰਸਾਰ ਨੂੰ ਇੱਕੋ ਜਿਹੀ ਸੱਚੀ ਭਗਤੀ ਦਾ ਮਾਰਗ ਸਮਝਾਉਂਦੇ ਹਨ, ਸਭ ਨੂੰ ਇੱਕੋ ਜਿਹਾ ਨਾਮ ਜਪਣ ਦਾ ਮਾਰਗ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਸਮਝਿਆ ਹੈ। ਕਿਸੇ ਵੀ ਧਾਰਮਿਕ ਪੁਸਤਕ ਨੂੰ ਸੱਚੀ ਧਾਰਮਿਕ ਪੁਸਤਕ ਉਹੀ ਬਣਾ ਸਕਦਾ ਹੈ ਜੋ ਆਪ ਸੱਚ ਰੂਪ ਹੈ ਭਾਵ ਜੋ ਆਪ ਸੱਚ ਦਾ ਮਾਲਕ ਹੈ, ਨਾਮ ਦਾ ਮਾਲਕ ਹੈ, ਬ੍ਰਹਮ ਗਿਆਨ ਦਾ ਮਾਲਕ ਹੈ। ਵੇਦਾਂ ਦੀ ਰਚਨਾ ਕਿਵੇਂ ਹੋਈ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਵੇਦਾਂ ਦੀ ਰਚਨਾ ਬ੍ਰਹਮਾ ਦੇ ਸਰੀਰ ਰਾਹੀਂ ਹੋਈ ਹੈ ਤੇ ਬ੍ਰਹਮਾ ਨੇ ਵੇਦਾਂ ਨੂੰ ਆਪਣੀ ਰਚਨਾ ਦੱਸਿਆ ਹੈ ਜਿਸ ਕਰਕੇ ਬਾਣੀ ਰਾਹੀਂ ਬ੍ਰਹਮਾ ਨੂੰ ਤ੍ਰੈ ਗੁਣਾਂ ਵਿੱਚ ਦੱਸਿਆ ਹੈ। ਬ੍ਰਹਮਾ ਦੀ ਸਮਝ ਦੇ ਅੰਦਰ ਉੱਚੀ ਸਮਝ ਪਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਸੀ ਪਰ ਉਸਨੇ ਆਪਣੇ ਆਪ ਨੂੰ ਬ੍ਰਹਮਾ ਦੀ ਸਮਝ ਦੇ ਅੰਦਰ ਪ੍ਰਗਟ ਨਹੀਂ ਕੀਤਾ ਜਿਸ ਕਰਕੇ ਬ੍ਰਹਮਾ ਨੇ ਵੇਦਾਂ ਦੇ ਅੰਦਰ ਦੇ ਗਿਆਨ ਨੂੰ ਆਪਣਾ ਗਿਆਨ ਕਿਹਾ ਭਾਵ ਆਪਣੀ ਰਚਨਾ ਕਿਹਾ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ

ਜਾ ਸਕਦਾ ਹੈ।

ਮਾਰੂ ਮਹਲਾ ੩ ॥

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥ ਗੁਰ ਸੇਵਾ ਤੇ ਕਰਣੀ ਸਾਰ ॥
ਰਾਮ ਨਾਮੁ ਰਾਖਹੁ ਉਰਿ ਧਾਰ ॥ ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥ ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥ ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥
ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ ਗੁਰ ਪਰਸਾਦੀ ਸਹਜੇ ਮਾਤੇ ॥
ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥ ਮਾਇਆ ਮੋਹਿ ਭਰਮਿ ਨ ਪਾਏ ॥
ਦੂਜੈ ਭਾਇ ਲਗਾ ਦੁਖੁ ਪਾਏ ॥ ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥
ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥
ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥ ਮਨਮੁਖੁ ਬਹੁਤੁ ਕਰੇ ਅਭਿਮਾਨੁ ॥
ਦਰਗਹ ਕਬ ਹੀ ਨ ਪਾਵੈ ਮਾਨੁ ॥ ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥
ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥ ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥
ਮੇਰੈ ਠਾਕੁਰਿ ਇਹ ਬਣਤ ਬਣਾਈ ॥ ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥ ਸਚਾ ਮਹਲੁ ਸਚੇ ਭੰਡਾਰਾ ॥
ਆਪੇ ਦੇਵੈ ਦੇਵਣਹਾਰਾ ॥ ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥ ਆਪੇ ਸਚਾ ਸਬਦਿ ਮਿਲਾਏ ॥
ਸਬਦੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ ੧੦੬੬-੧੦੬੭)

ਗਉੜੀ ਮਹਲਾ ੩ ॥

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥
ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥
ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥

ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥ ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥
ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥ ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ ਬਿਨੁ ਗੁਰ ਸਾਚੇ ਭਰਮਿ ਭੁਲਾਏ ॥
ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥ ਜਮੂਆ ਨ ਜੋਹੈ ਹਰਿ ਕੀ ਸਰਣਾਈ॥
ਹਉਮੈ ਮਾਰਿ ਸਚਿ ਲਿਵ ਲਾਈ ॥ ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥
ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥ ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥
ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥ ਸਤਿਗੁਰੂ ਸੇਵੇ ਸੋ ਫਲੁ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ॥
ਅਨਹਦ ਬਾਣੀ ਸਬਦੁ ਵਜਾਏ ॥੭॥ ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥
ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥੮॥੫॥}

(ਅੰਗ ੨੩੧)

ਸਲੋਕ ਮਃ ੩ ॥

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

ਮਃ ੩ ॥

{ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਨੁ ਹੋਇ ਤਾ ਫਲੁ ਪਾਵੈ ਸਚੁ ॥
ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥੨॥}

(ਅੰਗ ੫੦੯)

ਪਉੜੀ ॥

{ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥
ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ ੫੦੯)

ਸੂਹੀ ਮਹਲਾ ੪ ॥

{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥

ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥
ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥}

(ਅੰਗ ੭੩੫-੭੩੬)

53/7387

ਪਉੜੀ ॥

{ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥
ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥
ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ॥੧॥}

(ਅੰਗ ੧੦੯੪)

ਮਾਰੂ ਮਹਲਾ ੧ ॥

{ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥
ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥
ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥
ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥
ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥
ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥
ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥
ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥
ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥
ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥
ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥
ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥

ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥
ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੇਲੀ ਕੋਈ ॥
ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥
ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥
ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੧-੧੦੩੨)

ਉਪਰ ਵਾਲੇ ਸ਼ਬਦਾਂ ਰਾਹੀਂ ਤੁਸੀਂ ਸਮਝ ਸਕਦੇ ਹੋ ਕਿ ਜਿਸ ਦਰ ਤੋਂ ਬਾਣੀ ਆਈ ਹੈ ਭਾਵ ਪ੍ਰਮਾਤਮਾ ਦੇ ਦਰ ਤੋਂ ਗੁਰਬਾਣੀ ਆਈ ਹੈ ਉਸੇ ਅਕਾਲ ਪੁਰਖ ਦੇ ਦਰ ਤੋਂ ਹੀ ਚਾਰੇ ਵੇਦ ਆਏ ਹਨ। ਜਿਸ ਤਰੀਕੇ ਪੂਰੀ ਗੁਰਬਾਣੀ ਰੂਪ ਪੋਥੀ ਪ੍ਰਮੇਸ਼ਰ ਦਾ ਥਾਨ ਹੈ ਭਾਵ ਉਸ ਸੱਚੇ ਦਾ, ਸਚਿਆਰ ਦਾ ਅਸਥਾਨ ਹੈ ਇਸੇ ਤਰੀਕੇ ਹੀ ਚਾਰੇ ਵੇਦ ਵੀ ਉਸ ਸਚਿਆਰ ਦਾ ਅਸਥਾਨ ਹੀ ਹਨ ਜਿਸ ਸਚਿਆਰ ਦੇ ਦਰ ਤੋਂ ਚਾਰੇ ਵੇਦ ਆਏ ਹਨ ਤੇ ਚਾਰੇ ਵੇਦਾਂ ਦੇ ਅੰਦਰ ਉਸਦਾ ਆਪਣਾ ਪਾਇਆ ਹੋਇਆ ਬ੍ਰਹਮ ਗਿਆਨ ਹੀ ਹੈ ਭਾਵ ਉਸਦਾ ਨਾਮ ਹੀ ਹੈ। **(ਚਾਰੇ ਵੇਦ ਹੋਏ ਸਚਿਆਰ ॥)**

ਸਾਰਗ ਮਹਲਾ ੫ ॥

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥
ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥
ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥
ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥੨॥੯੦॥੧੧੩॥}

(ਅੰਗ ੧੨੨੬)

ਜਿਸ ਮਕਸਦ ਲਈ ਸੰਸਾਰ ਵਿੱਚ ਗੁਰਬਾਣੀ ਆਈ ਹੈ ਭਾਵ ਭਗਤੀ ਦਾ ਸੱਚਾ ਮਾਰਗ ਸਿਖਾਉਣ ਲਈ ਆਈ ਹੈ, ਆਪਣੇ ਉੱਚੇ ਗਿਆਨ ਦੁਆਰਾ, ਆਪਣੇ ਸੱਚੇ ਨਾਮ ਦੁਆਰਾ ਮਨ ਦੀ ਹਉਮੈ ਤੋਂ, ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਮੁਕਤ ਕਰਨ ਲਈ ਹੈ ਇਸੇ ਮਕਸਦ ਲਈ ਹੀ ਚਾਰੇ ਵੇਦਾਂ ਦੀ ਰਚਨਾ ਹੋਈ ਹੈ ਜਿਵੇਂ ਕਿ ਹੁਣ ਮੁੱਖ ਸ਼ਬਦ ਦੀਆਂ ਪੰਗਤੀਆਂ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

“ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥
ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥”

ਜਿਸ ਤਰੀਕੇ ਸਾਡੇ ਲਈ ਗੁਰਬਾਣੀ ਦੀ ਸਿੱਖਿਆ ਹੈ ਉਸੇ ਤਰੀਕੇ ਹੀ ਵੇਦਾਂ ਦੀ ਸਿੱਖਿਆ ਹੈ। ਸਾਰੀ ਗੱਲ ਗੁਰੂ ਦੀ ਸਿੱਖਿਆ ਲੈ ਕੇ ਆਪਣੇ ਵਿਚਾਰਾਂ ਨੂੰ ਚੰਗਾ ਬਣਾਉਣ ਦੀ ਹੈ ਭਾਵ ਔਗੁਣਾਂ ਵਾਲੀ ਵਿਚਾਰ ਛੱਡ ਕੇ ਗੁਣਾਂ ਵਾਲੇ ਵਿਚਾਰ ਬਨਾਉਣ ਦੀ ਹੈ ਤਾਂ ਜੋ

ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਸਾਰੇ ਵੇਦ ਸਾਡੇ ਪੜਨ ਲਈ ਹਨ ਤੇ ਉਨ੍ਹਾਂ ਨੂੰ ਪੜਨ ਦਾ ਮਕਸਦ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਅਸੀਂ ਉਨ੍ਹਾਂ ਦੀ ਸ਼ਬਦਾਂ ਦੀ ਵਿਚਾਰ ਨੂੰ ਲੈ ਕੇ ਆਪਣੇ ਵਿਚਾਰਾਂ ਨੂੰ ਗੁਣਾਂ ਵਾਲੇ ਵਿਚਾਰ ਬਣਾਈਏ ਤੇ ਜੇਕਰ ਖਾਲੀ ਵੇਦਾਂ ਨੂੰ ਪੜੀ ਜਾਈਏ ਭਾਵ ਕੇਵਲ ਕਥਨੀ

53/7388

ਕਰੀ ਜਾਈਏ ਤੇ ਵਿਚਾਰਾਂ ਨੂੰ ਨਾ ਮੰਨੀਏ ਫਿਰ ਸਾਡੇ ਵਿਚਾਰ ਗੁਣਾਂ ਵਾਲੇ ਚੰਗੇ ਵਿਚਾਰ ਕਿਵੇਂ ਬਣ ਸਕਦੇ ਹਨ ਕਿਉਂਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਭ ਦੇ ਲਈ ਸੱਚੀ ਸੁੱਚੀ ਕਰਨੀ ਕਰਨ ਦਾ ਹੀ ਹੈ ਨਾ ਕਿ ਕੇਵਲ ਧਰਮ ਗ੍ਰੰਥਾਂ ਦੀ ਕਥਨੀ ਕਰੀ ਜਾਣ ਨਾਲ। ਪ੍ਰਮਾਤਮਾ ਦੇ ਨਾਲ ਆਪਣਾ ਭਾਉ ਪ੍ਰਗਟ ਕਰਨਾ ਕੀ ਹੈ, ਪ੍ਰੇਮ ਪ੍ਰਗਟ ਕਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜੋ ਕਿ ਆਪਣੇ ਵਿਕਾਰਾਂ ਵਾਲੇ ਵਿਚਾਰ ਤਿਆਗ ਕੇ, ਸ਼ਬਦਾਂ ਦੀ ਵਿਚਾਰ ਨੂੰ ਮੰਨ ਕੇ ਚੰਗੇ ਕਰਮ ਕਰਨਾ ਹੀ ਪ੍ਰਮਾਤਮਾ ਦੇ ਨਾਲ ਆਪਣਾ ਭਾਉ ਪ੍ਰਗਟ ਕਰਨਾ ਹੈ ਤੇ ਇਹੀ ਉਸਦੀ ਭਗਤੀ ਕਰਨ ਦਾ ਤਰੀਕਾ ਹੈ। ਗੁਰੂ ਦੇ ਵਿਚਾਰਾਂ ਨੂੰ ਮੰਨਣ ਨਾਲ ਆਪਣੀ ਸਮਝ ਨੂੰ ਨੀਵਾਂ ਕਰਨਾ ਹੀ ਪੈਂਦਾ ਹੈ, ਆਪਣੀ ਮਾੜੀ ਸਮਝ ਨੂੰ ਗੁਰੂ ਦੀ ਉੱਚੀ ਸਮਝ ਦੇ ਅੱਗੇ ਨੀਚ ਮੰਨਣਾ ਹੀ ਪੈਂਦਾ ਹੈ। ਜਦ ਤੱਕ ਮਨੁੱਖ ਆਪਣੇ ਆਪ ਨੂੰ ਨੀਚ ਨਹੀਂ ਮੰਨਦਾ ਤਦ ਤਕ ਉਹ ਆਪਣੀ ਨੀਚ ਮਤਿ ਤੋਂ ਮੁਕਤੀ ਵੀ ਨਹੀਂ ਪਾ ਸਕਦਾ। ਮੁਕਤੀ ਤਾਂ ਅਸੀਂ ਆਪਣੀ ਅਗਿਆਨਤਾ ਵਾਲੀ ਨਾਸਮਝ ਮਤਿ ਤੋਂ ਹੀ ਪਾਉਣੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਨਾਸਮਝ ਮਤਿ ਤੋਂ ਮੁਕਤ ਹੋ ਕੇ ਹੀ ਮਨੁੱਖ ਗੁਰੂ ਦੀ ਮਤਿ ਦੇ ਨਾਲ ਆਪਣਾ ਪਿਆਰ ਦਿਖਾਉਂਦਾ ਹੈ ਤੇ ਉਸਦੀ ਸੱਚੀ ਭਗਤੀ ਦੇ ਮਾਰਗ ਤੇ ਚੱਲਦਾ ਹੈ। **(ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥ ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥)**

ਗੁਰੂ ਦੇ ਨਾਮ ਦੇ ਨਾਲ ਭਾਵ ਗੁਰੂ ਦੇ ਨਾਲ ਉਸਦੀ ਭਗਤੀ ਕਰਨ ਲਈ ਉਸਦੇ ਨਾਲ ਪਿਆਰ ਪਾਉਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਇਸ ਗੱਲ ਤੇ ਦ੍ਰਿੜ ਹੋ ਕੇ ਚੱਲੀਏ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਸਾਡੀ ਕਥਨੀ ਜਾਂ ਸਰੀਰਕ ਕਿਰਿਆਵਾਂ ਦਾ ਨਹੀਂ ਹੈ ਬਲਕਿ ਸੱਚੀ ਸੁੱਚੀ ਕਿਰਤ ਕਰਨ ਦਾ ਮਾਰਗ ਹੈ ਭਾਵ ਗੁਰੂ ਦੀ ਮਤਿ ਅਨੁਸਾਰ ਵਿਚਰਨ ਦਾ ਮਾਰਗ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਇਹੋ ਜਿਹੀ ਭਗਤੀ ਦਾ ਮਾਰਗ, ਨਾਮ ਜਪਣ ਦਾ ਮਾਰਗ ਸਮਝਾਉਂਦਾ ਹੈ।

ਸਿਰੀਰਾਗੁ ਮਹਲਾ ੩ ॥

{ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥
ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ ਮਨ ਰੇ ਗੁਰਮੁਖਿ ਨਾਮੁ ਧਿਆਇ ॥
ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥
ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥
ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥
ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥
ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ॥

ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}

(ਅੰਗ ੬੫)

ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰੋ ਕਿ ਵੇਦਾਂ ਦੇ ਪੜਨ ਵਾਲਿਆਂ ਨੂੰ ਤੇ ਆਪਣੇ ਆਪ ਨੂੰ ਧਰਮ ਦੇ ਪੰਡਿਤ ਅਖਵਾਉਣ ਵਾਲਿਆਂ ਨੂੰ ਕਿਹੋ ਜਿਹੀ ਭਗਤੀ ਕਰਨ ਦਾ ਮਾਰਗ ਸਮਝਾਇਆ ਹੋਇਆ ਹੈ ਤੇ ਉਹ ਆਪਣੇ ਵੱਲੋਂ ਭਗਤੀ ਦਾ ਕਿਹੋ ਜਿਹਾ ਮਾਰਗ ਸਮਝਦੇ ਹਨ ਤੇ ਉਹੋ ਕੁਝ ਹੀ ਦੂਸਰਿਆਂ ਨੂੰ ਸਮਝਾਉਂਦੇ ਹਨ।

53/7389

ਸਿਰੀਰਾਗੁ ਮਹਲਾ ੧ ॥

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥
ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥ ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥
ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥ ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥
ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥
ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥ ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥
ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥ ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥
ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥}

(ਅੰਗ ੫੫-੫੬)

ਹੁਣ ਮੁੱਖ ਸ਼ਬਦ ਦੀ ਪਉੜੀ ਵਾਲੇ ਸ਼ਬਦ ਨੂੰ ਸਮਝਦੇ ਹਾਂ ਕਿ ਗੁਰੂ ਦਾ ਉਪਦੇਸ਼ ਮੰਨਣ ਨਾਲ ਹੀ ਉਸਦੀ ਭਗਤੀ ਹੁੰਦੀ ਹੈ ਜੋ ਆਪਣੀ ਸੱਚੀ ਭਗਤੀ ਦੀ ਸਮਝ ਕਿਸੇ ਸਰੀਰ ਦੇ ਅੰਦਰ ਪ੍ਰਗਟ ਹੋ ਕੇ ਉਹ ਆਪ ਹੀ ਪਾਉਂਦਾ ਹੈ।

ਪਉੜੀ ॥

“ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ੀ ਨੇਤ੍ੀ ਜਗਤੁ ਨਿਹਾਲਿਆ ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੁ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥੧੩॥”

(ਅੰਗ ੪੨੦)

ਉਪਰ ਪਉੜੀ ਰਾਹੀਂ ਅਕਾਲ ਪੁਰਖ ਰੂਪ ਧੰਨ ਧੰਨ ਬਾਬਾ ਨਾਨਕ ਜੀ ਜਗਤ ਨੂੰ ਇਹ ਸਮਝਾ ਰਹੇ ਹਨ ਕਿ ਉਨ੍ਹਾਂ ਨੂੰ ਸੱਚੀ ਭਗਤੀ ਦੀ ਸਮਝ ਕਿੰਨ੍ਹੇ ਪਾਈ ਹੈ ਤੇ ਉਹ ਮਨ ਦੇ ਮਾਇਆ ਮੋਹ ਰੂਪ ਸਾਗਰ ਤੋਂ ਕਿਵੇਂ ਪਾਰ ਉਤਰੇ ਹਨ। ਸਤਿਗੁਰ ਆਪ ਅਕਾਲ ਪੁਰਖ ਹੈ ਜਿਵੇਂ ਕਿ ਅਸੀਂ ਸ਼ਬਦ ਰਾਹੀਂ ਸਮਝਿਆ ਹੀ ਹੈ। ਬਾਬਾ ਨਾਨਕ ਜੀ ਕਹਿ ਰਹੇ ਹਨ ਕਿ ਮੈਂ ਆਪਣਾ ਆਪ ਸਤਿਗੁਰ ਤੋਂ ਵਾਰਿਆ ਹੈ ਭਾਵ ਮੈਂ ਆਪਣੀ ਸਮਝ ਸਤਿਗੁਰ ਦੀ ਸਮਝ ਤੋਂ ਵਾਰ ਦਿੱਤੀ ਹੈ ਕਿਉਂਕਿ ਮੇਰਾ ਸਤਿਗੁਰ ਰੂਪ ਖਸਮ ਨਾਲ ਮਨ ਦੀ ਸੱਚੀ ਸਮਝ ਰਾਹੀਂ ਉਸਦੇ ਨਾਲ ਮੇਲ ਹੋ ਗਿਆ ਹੈ। ਸਾਡਾ ਖਸਮ ਭਾਵ ਪ੍ਰਮਾਤਮਾ ਸਾਡੇ ਸਭ ਦੇ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ

ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜੋ ਕਿ ਉਹ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੈ। ਆਪਣੇ ਅੰਦਰ ਚੌਥੇ ਪਦ ਵਾਲੇ ਗਿਆਨ ਦੀ ਸੰਭਾਲ ਕਰਨਾ ਹੀ ਭਾਵ ਉਸ ਸਮਝ ਤੇ ਦ੍ਰਿੜ ਰਹਿਣਾ ਹੀ ਆਪਣੇ ਆਪ ਨੂੰ ਸਤਿਗੁਰ ਤੋਂ ਵਾਰਨਾ ਹੈ ਭਾਵ ਆਪਣੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਛੱਡ ਕੇ ਚੌਥੇ ਪਦ ਵਾਲੇ ਗਿਆਨ ਦੀ ਸਮਝ ਨੂੰ ਆਪਣੇ ਅੰਦਰ ਸੰਭਾਲ ਕੇ ਰੱਖਣਾ ਹੈ। ਇਹੀ ਆਪਣੇ ਅੰਦਰ ਨਾਮ ਦੀ ਸੰਭਾਲ ਕਰਨਾ ਹੈ ਜਿਸ ਨਾਮ ਦੇ ਰੂਪ ਵਿੱਚ ਖਸਮ ਭਾਵ ਅਕਾਲ ਪੁਰਖ ਆਪ ਹੈ। **(ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥)**

ਆਪਣੇ ਅੰਦਰ ਉਹ ਮਨੁੱਖ ਜਿਸਦਾ ਆਪਣੇ ਖਸਮ ਦੇ ਨਾਲ ਮੇਲ ਹੋ ਜਾਂਦਾ ਹੈ ਉਹ ਆਪਣੇ ਅੰਦਰ ਆਪਣੇ ਖਸਮ ਦੀ ਸੰਭਾਲ ਕਿਸ ਤਰੀਕੇ ਕਰਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਹੁਣ ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨੀ ਨੇਤ੍ਰੀ ਜਗਤੁ ਨਿਹਾਲਿਆ ॥”

53/7390

ਮਨ ਦੇ ਵਿੱਚ ਆਪਣੇ ਖਸਮ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੋਣ ਤੋਂ ਬਾਅਦ ਉਸਦੇ ਕੋਲੋਂ ਉਸਦਾ ਸੱਚਾ ਗਿਆਨ ਹੀ ਮਿਲਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਉਸਦੇ ਕੋਲੋਂ ਮਨ ਦੇ ਵਿੱਚ ਉਸਦਾ ਸੱਚਾ ਉਪਦੇਸ਼ ਹੀ ਮਿਲਦਾ ਹੈ, ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਹੀ ਮਿਲਦੀ ਹੈ ਜੋ ਕਿ ਉਹ ਆਪਣੇ ਸ਼ਬਦਾਂ ਦੇ ਰੂਪ ਵਿੱਚ ਦਿੰਦਾ ਹੈ, ਸੱਚੇ ਗਿਆਨ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਉਨ੍ਹਾਂ ਦੀ ਮਨ ਦੀ ਸਮਝ ਦੇ ਵਿੱਚ ਆਪਣਾ ਗਿਆਨ ਰੂਪ ਸੁਰਮਾ ਪਾਇਆ ਹੈ। ਮਨ ਦੀਆਂ ਜਿਹੋ ਜਿਹੀਆਂ ਉੱਚੀ ਸਮਝ ਵਾਲੀਆਂ ਅੱਖਾਂ ਦੁਆਰਾ, ਸੋਹਣੀਆਂ ਅੱਖਾਂ ਦੁਆਰਾ ਮਨ ਦੇ ਵਿੱਚੋਂ ਮਨ ਦੀ ਉੱਚੀ ਸਮਝ ਦੁਆਰਾ ਹੀ ਇਸ ਜਗਤ ਦੀ ਸਮਝ ਪੈਂਦੀ ਹੈ ਕਿ ਇਹ ਜਗਤ ਕੀ ਹੈ ਤੇ ਇਸ ਜਗਤ ਦਾ ਮਾਲਕ ਕੌਣ ਹੈ ਜੋ ਕਿ ਆਪ ਹੀ ਪੂਰੇ ਗਿਆਨ ਦਾ ਮਾਲਕ ਹੈ ਤੇ ਮਨ ਦੇ ਵਿੱਚ ਉਹ ਜੋ ਆਪਣਾ ਸੱਚਾ ਗਿਆਨ ਬਖਸ਼ਦਾ ਹੈ ਉਹੀ ਉਸਦਾ ਉਪਦੇਸ਼ ਹੁੰਦਾ ਹੈ ਜਿਸ ਆਪਣੇ ਉਪਦੇਸ਼ ਦੇ ਰੂਪ ਵਿੱਚ ਹੀ ਭਾਵ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੀ ਉਹ ਆਪ ਹੈ ਜੋ ਉਸਦਾ ਨਾਮ ਰੂਪ ਹੈ। ਉਸਦੇ ਉਪਦੇਸ਼ ਦੀ ਭਾਵ ਉਸਦੀ ਸੱਚੀ ਸਿੱਖਿਆ ਦੀ ਆਪਣੇ ਅੰਦਰ ਸੰਭਾਲ ਕਰਨਾ ਭਾਵ ਉਸਨੂੰ ਮੰਨ ਕੇ ਉਸਤੇ ਅਮਲ ਕਰਨਾ ਹੀ ਆਪਣੇ ਅੰਦਰ ਖਸਮ ਦੀ ਸੰਭਾਲ ਕਰਨਾ ਹੈ। **(ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨੀ ਨੇਤ੍ਰੀ ਜਗਤੁ ਨਿਹਾਲਿਆ ॥)**

ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਦੇ ਉਪਦੇਸ਼ ਨੂੰ ਛੱਡਕੇ ਭਾਵ ਗੁਰੂ ਦੀ ਮਤਿ ਨੂੰ ਛੱਡਕੇ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਛੱਡਕੇ ਜੇਕਰ ਅਸੀਂ ਕਿਸੇ ਹੋਰ ਕੋਲੋਂ ਮਤਿ ਲੈ ਕੇ ਭਗਤੀ ਦੇ ਮਾਰਗ ਨੂੰ ਸਮਝਦੇ ਹਾਂ, ਨਾਮ ਜਪਣ ਦਾ ਤਰੀਕਾ ਸਮਝਦੇ ਹਾਂ ਉਸ ਲਈ ਸਾਨੂੰ ਗੁਰੂ ਸਾਹਿਬ ਨੇ ਕਿਤਨਾ ਮਾੜਾ ਕਿਹਾ ਹੈ।

“ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥”

ਖਸਮ ਤਾਂ ਸਭ ਦਾ ਅਕਾਲ ਪੁਰਖ ਹੀ ਹੈ, ਹਰ ਮਨੁੱਖੀ ਰੂਪ ਉਸਦੀ ਨਾਰ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸ਼ਬਦ ਰਾਹੀਂ ਸਮਝਿਆ ਹੀ ਹੈ। ਸਾਡਾ ਖਸਮ ਪੂਰੀ ਗੁਰਬਾਣੀ ਵਿੱਚ ਆਪ ਹੀ ਹੈ ਜੋ ਕਿ ਸੱਚੇ ਗਿਆਨ ਦੇ ਰੂਪ ਵਿੱਚ ਹੈ, ਆਪਣੇ ਨਾਮ ਦੇ ਰੂਪ ਵਿੱਚ ਹੈ ਭਾਵ ਆਪਣੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੈ ਤੇ ਗੁਰੂ ਦੀ ਸੱਚੀ ਸਿੱਖਿਆ ਨੂੰ ਵਿਸਾਰਨਾ ਭਾਵ ਨਾ ਮੰਨਣਾ ਆਪਣੇ ਖਸਮ ਨੂੰ ਵਿਸਾਰਨਾ ਹੈ ਜਿਸ ਖਸਮ ਨੂੰ ਵਿਚਾਰਨ ਦੀ ਗੱਲ ਬਾਣੀ ਦੇ ਸ਼ਬਦਾਂ ਵਿੱਚ ਕੀਤੀ ਹੋਈ ਹੈ। ਉਪਰ ਸ਼ਬਦ ਦੀ ਪੰਗਤੀ ਵਿੱਚ ਖਸਮ ਨੂੰ ਛੱਡਣ ਦੀ ਗੱਲ ਕੀਤੀ ਹੋਈ ਹੈ ਭਾਵ ਆਪਣੇ ਖਸਮ ਨੂੰ ਤਿਆਗਣ ਦੀ ਗੱਲ ਕੀਤੀ ਹੋਈ ਹੈ ਤੇ ਦੂਸਰੇ ਖਸਮ ਨਾਲ ਲੱਗਣ ਦੀ ਗੱਲ ਕੀਤੀ ਹੋਈ ਹੈ। ਗੁਰੂ ਸਾਡਾ ਸੱਚਾ ਖਸਮ ਹੈ ਜੋ ਸਾਨੂੰ ਸੱਚੀ ਮਤਿ ਦਿੰਦਾ ਹੈ ਜਿਸ ਸੱਚੀ ਮਤਿ ਤੇ ਚੱਲ ਕੇ ਅਸੀਂ ਆਪਣੇ ਅੰਦਰੋਂ ਸੱਚੇ ਖਸਮ ਨੂੰ ਜਾਣ ਸਕਦੇ ਹਾਂ

53/7391

ਭਾਵ ਉਸਦੇ ਨਾਲ ਮੇਲ ਕਰ ਸਕਦੇ ਹਾਂ ਜਿਸਦੀ ਅਸੀਂ ਨਾਰ ਹਾਂ ਤੇ ਆਪਣੇ ਸੱਚੇ ਖਸਮ ਦੀ ਭਾਵ ਗੁਰੂ ਰੂਪ ਸੱਚੇ ਖਸਮ ਦੀ ਮਤਿ ਨੂੰ ਛੱਡਕੇ ਅਸੀਂ ਕਿਸੇ ਹੋਰ ਕੋਲੋਂ ਭਗਤੀ ਦਾ ਮਾਰਗ ਸਮਝਦੇ ਹਾਂ, ਨਾਮ ਜਪਣਾ ਸਮਝਦੇ ਹਾਂ ਤੇ ਅਸੀਂ ਉਹੋ ਜਿਹਿਆਂ ਨੂੰ ਆਪਣਾ ਖਸਮ ਮੰਨਿਆ ਹੋਇਆ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਅਨੇਕਾਂ ਹੀ ਸੰਤ, ਬਾਬੇ ਆਦਿ ਬਣਕੇ ਬੈਠੇ ਹੋਏ ਹਨ ਤੇ

ਅਨੇਕਾਂ ਹੀ ਇਹੋ ਜਿਹੇ ਭਾਵੇਂ ਸੰਸਾਰ ਨੂੰ ਸਰੀਰਕ ਤੌਰ ਤੇ ਛੱਡ ਵੀ ਚੁਕੇ ਹਨ ਪਰ ਅਸੀਂ ਉਹੋ ਜਿਹਿਆਂ ਨੂੰ ਫਿਰ ਵੀ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਆਪਣੇ ਸਿਰਮੋਰ ਮੰਨਿਆ ਹੋਇਆ ਹੈ ਤੇ ਉਹੋ ਜਿਹੇ ਭਗਤੀ ਦੇ ਮਾਰਗ ਤੇ ਹੀ ਚੱਲਦੇ ਹਾਂ, ਉਹੋ ਜਿਹਾ ਨਾਮ ਜਪਦੇ ਹਾਂ ਜਿਹੋ ਜਿਹਾ ਉਨ੍ਹਾਂ ਨੇ ਸਿਖਾਇਆ ਹੋਇਆ ਹੈ। ਕੋਈ ਸਰੀਰਕ ਜਪਾਂ ਤਪਾਂ ਵਿੱਚ ਲੱਗਾ ਹੋਇਆ ਹੈ, ਕੋਈ ਖਾਣੇ ਦੀ ਸੁੱਚ ਜੂਠ ਨਾਲ ਜੁੜਿਆ ਹੋਇਆ ਹੈ, ਕੋਈ ਵੱਡੇ ਤੀਰਥਾਂ ਦੇ ਇਸ਼ਨਾਨ ਨਾਲ ਜੁੜਿਆ ਹੋਇਆ ਹੈ, ਕੋਈ ਰਿਧੀਆਂ ਸਿੱਧੀਆਂ ਵਾਲੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ, ਕੋਈ ਥਿਤਾਂ ਵਾਰਾਂ ਨਾਲ ਜੁੜਿਆ ਹੋਇਆ ਹੈ, ਕੋਈ ਵਰਤ ਜਾਂ ਰੋਜੇ ਰੱਖਣ ਵਿੱਚ ਭਗਤੀ ਦਾ ਮਾਰਗ ਸਮਝਦਾ ਹੈ ਭਾਵ ਸਦੀਆਂ ਤੋਂ ਹੀ ਆਪਣੇ ਵੱਲੋਂ ਹਰ ਕੋਈ ਇਹੋ ਜਿਹੇ ਤਰੀਕਿਆਂ ਨਾਲ ਸ੍ਰਿਸ਼ਟੀ ਦੇ ਕਰਤੇ ਨੂੰ ਹੀ ਖੁਸ਼ ਕਰਨ ਲੱਗਾ ਹੋਇਆ ਹੈ ਭਾਵ ਉਸਦੇ ਵੱਖਰੇ ਵੱਖਰੇ ਰੂਪ ਸਮਝ ਕੇ ਆਪਣੀ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਤਰੀਕਿਆਂ ਨਾਲ ਖੁਸ਼ ਕਰਨਾ ਚਾਹੁੰਦਾ ਹੈ, ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਹੀ ਹੈ ਤੇ ਉਸਨੂੰ ਖੁਸ਼ ਕਰਨ ਦਾ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਕਿ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਤੇ ਇਸ ਤੋਂ ਬਿਨ੍ਹਾਂ ਪੂਰੇ ਸੰਸਾਰ ਵਿੱਚ ਜੋ ਜੋ ਵੀ ਕਿਸੇ ਨੇ ਆਪਣੇ ਵੱਲੋਂ ਭਗਤੀ ਦੇ ਤਰੀਕੇ ਬਣਾਏ ਹੋਏ ਹਨ ਉਹ ਕਿਸੇ ਨਾ ਕਿਸੇ ਦੇ ਸਮਝਾਉਣ ਤੇ ਹੀ ਬਣਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਭਗਤੀ ਦੇ ਮਾਰਗ ਦੇ ਵਿਦਵਾਨ ਸਮਝਿਆ ਹੋਇਆ ਹੈ ਤੇ ਉਨ੍ਹਾਂ ਦੀ ਮਤਿ ਦੇ ਨਾਲ ਲੱਗੇ ਹੋਏ ਹਾਂ। ਇਹੀ ਆਪਣੇ ਖਸਮ ਨੂੰ ਛੱਡ ਕੇ ਦੂਜੇ ਖਸਮ ਨਾਲ ਲੱਗਣ ਵਾਲੀ ਗੱਲ ਹੈ ਜਿਹੋ ਜਿਹੇ ਭਗਤੀ ਦੇ ਤਰੀਕਿਆਂ ਦਾ ਬਾਣੀ ਰਾਹੀਂ ਖੰਡਨ ਕੀਤਾ ਹੋਇਆ ਹੈ, ਉਨ੍ਹਾਂ ਨੂੰ ਆਪ ਸਾਡੇ ਸੱਚੇ ਖਸਮ ਨੇ ਹੀ ਖੰਡਿਆ ਹੋਇਆ ਹੈ। ਸਾਨੂੰ ਭਰਮਾਂ ਵਿੱਚ ਪਾਉਣ ਵਾਲਾ ਵੀ ਭਾਵ ਭਰਮਾਂ ਵਾਲੀ ਭਗਤੀ ਦੇ ਨਾਲ ਜੋੜਨ ਵਾਲਾ ਵੀ ਸਾਡਾ ਸੱਚਾ ਖਸਮ ਆਪ ਹੀ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਇੱਕੋ ਇੱਕ ਆਪ ਹੀ ਹੈ। ਉਪਰ ਪੰਗਤੀ ਰਾਹੀਂ ਸਾਨੂੰ ਆਪ ਹੀ ਸਮਝਾ ਰਿਹਾ ਹੈ ਕਿ ਗੁਰੂ ਦੀ ਮਤਿ ਨੂੰ ਛੱਡ ਕੇ ਜਿਹੜੇ ਦੂਸਰਿਆਂ ਦੀ ਮਤਿ ਨਾਲ ਲੱਗੇ ਹੋਏ ਹਨ ਉਹ ਡੁੱਬੇ ਹੋਏ ਹਨ ਭਾਵ ਮਾਇਆ ਮੋਹ ਦੇ ਸਾਗਰ ਵਿੱਚ ਡੁੱਬੇ ਹੋਏ ਹਨ ਭਾਵ ਮਨ ਦੀ ਅਗਿਆਨਤਾ ਦੇ ਮਾਰਗ ਵਿੱਚ ਡੁੱਬੇ ਹੋਏ ਹਨ ਜਿਸ ਅਗਿਆਨਤਾ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਕੋਈ ਵੀ ਸ੍ਰਿਸ਼ਟੀ ਦਾ ਮਨੁੱਖ ਉਹ ਵਣਜ ਨਹੀਂ ਕਰ ਸਕਦਾ ਜੋ ਵਣਜ ਹਰ ਕੋਈ ਕਰਨਾ ਚਾਹੁੰਦਾ ਹੈ ਭਾਵ ਜੋ ਵਣਜ ਕਰਨਾ ਸ੍ਰਿਸ਼ਟੀ ਦੇ ਹਰ ਮਨੁੱਖ ਦਾ ਮਕਸਦ ਹੈ। ਇਹ ਵਣਜ ਕਰਨੀ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੀ ਹੈ। ਇਹ ਨਾਮ ਦੀ ਵਣਜ ਹੈ ਜੋ ਵਣਜ ਲੈਣਾ, ਸੌਦਾ ਲੈਣਾ ਸਾਡੇ ਜੀਵਨ ਦਾ ਮਕਸਦ

53/7392

ਹੈ ਇਹ ਵਣਜ ਲੈਣ ਲਈ ਸਾਨੂੰ ਉਹੋ ਜਿਹਾ ਵਣਜਾਰਾ ਬਣਨਾ ਪੈਂਦਾ ਹੈ ਜਿਸ ਤਰੀਕੇ ਵਣਜ ਦਾ ਮਾਲਕ ਭਾਵ ਨਾਮ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਭਾਵ ਸਾਡਾ ਸੱਚਾ ਖਸਮ ਆਪ ਹੀ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਕਿਸੇ ਨੂੰ ਦਿੰਦਾ ਹੈ ਜਿਵੇਂ ਕਿ ਉਸਨੇ ਆਪਣੀ ਇਹ ਵਣਜ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਦਿੱਤੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਦਿੱਤੀ ਹੈ ਤੇ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਰਾਹੀਂ ਸ੍ਰਿਸ਼ਟੀ ਦੇ ਕਰਤੇ ਕੋਲੋਂ ਸਾਰੇ ਸੰਸਾਰ ਨੂੰ ਇਹ ਵਣਜ ਪ੍ਰਾਪਤ ਕਰਨ ਦਾ ਤਰੀਕਾ ਸਮਝਾਇਆ ਹੈ ਤੇ ਜੇਕਰ ਇਸ ਵਣਜ ਦੀ ਪ੍ਰਾਪਤੀ ਕਰਨ ਦਾ ਤਰੀਕਾ ਭਾਵ ਉਸਦੀ ਭਗਤੀ ਦਾ ਤਰੀਕਾ, ਉਸਦਾ ਨਾਮ ਜਪਣ ਦਾ ਤਰੀਕਾ ਉਨ੍ਹਾਂ ਕੋਲੋਂ ਸਿੱਖਾਂਗੇ ਜਿਨ੍ਹਾਂ ਨੂੰ ਇਸ ਵਣਜ ਦੀ ਸਮਝ ਹੀ ਨਹੀਂ ਫਿਰ ਅਸੀਂ ਇਸ ਵਣਜ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਾਂ ਭਾਵ ਨਹੀਂ ਕਰ ਸਕਦੇ।

(ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥)

ਇਸ ਵਣਜ ਦਾ ਵਪਾਰ ਕਿਸ ਤਰੀਕੇ ਹੁੰਦਾ ਹੈ ਤੇ ਕਿਸ ਤਰੀਕੇ ਲਾਹੇ ਦੀ ਪ੍ਰਾਪਤੀ ਹੁੰਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੀ ਹੈ ਤੇ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਇਸ ਵਣਜ ਦੀ ਪ੍ਰਾਪਤੀ ਕਰਨ ਲਈ ਕੋਈ ਭਰਮ ਨਾ ਰਹੇ ਤੇ ਇਸ ਵਣਜ ਦੀ ਪ੍ਰਾਪਤੀ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਭਾਵ ਆਪਣੇ ਖਸਮ ਦੀ ਮਤਿ ਨੂੰ ਮੰਨਣ ਦੁਆਰਾ ਹੀ ਹੋ ਸਕਦੀ ਹੈ ਜਿਸ ਲਈ ਪਹਿਲੇ ਸਾਨੂੰ ਉਨ੍ਹਾਂ ਦੀ ਮਤਿ ਛੱਡਣੀ ਹੀ ਪਵੇਗੀ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਖਸਮ ਮੰਨਿਆ ਹੋਇਆ ਹੈ।

ੴ ਸਤਿਗੁਰ ਪ੍ਰਸਾਦਿ ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥

{ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥

ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥ ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥
ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥ ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥ ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥
ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥ ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥
ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥ ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥
ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥ ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥ ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥
ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥ ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥
ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥}

(ਅੰਗ ੪੧੮)

{ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥ ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥੧॥ ਰਹਾਉ ॥
ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥
ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥ ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ॥੩॥
ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥}

(ਅੰਗ ੧੧੨੩)

{ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿ ਧਾਰਿ ॥ ਪੂਰੇ ਗੁਰ ਕੀ ਪੂਰੀ ਦੀਖਿਆ ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥ ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥
ਦੂਖੁ ਦਰਦੁ ਮਨ ਤੇ ਭਉ ਜਾਇ ॥ ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥
ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥}

(ਅੰਗ ੨੯੩)

{ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}

(ਅੰਗ ੯੨੨)

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥}

(ਅੰਗ ੭੨੨)

ਸਿਰੀਰਾਗੁ ਮਹਲੁ ੧ ॥

{ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥
ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ ਭਾਈ ਰੇ ਸੰਤ ਜਨਾ ਕੀ ਰੇਣੁ ॥
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥ ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥
ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥
ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥
ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥}

(ਅੰਗ ੧੮)

ਮਾਰੂ ਮਹਲਾ ੧ ॥

{ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥
ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥
ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥
ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥
ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥ ਝੂਠੀ ਜਗ ਹਿਤ ਕੀ ਚਤੁਰਾਈ ॥
ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥
ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥
ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥
ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥
ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ ॥
ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ॥੧੨॥
ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥

ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥ ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥
ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥
ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ ੧੦੪੦-੧੦੪੧)

ਉਪਰ ਵਾਲੇ ਕੁਝ ਸ਼ਬਦਾਂ ਨੂੰ ਧਿਆਨ ਨਾਲ ਵਿਚਾਰੋ ਕਿ ਸੱਚ ਕੀ ਹੈ ਜਿਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ, ਨਾਮ ਦੇ ਮਾਲਕ ਕਰਤੇ ਨੂੰ ਅਸੀਂ ਕਿਸ ਤਰੀਕੇ ਜਾਨਣਾ ਹੈ। ਜਾਨਣਾ ਤਾਂ ਅਸੀਂ ਸੱਚ ਨੂੰ ਚਾਹੁੰਦੇ ਹਾਂ ਭਾਵ ਮਿਲਣਾ ਤਾਂ ਅਸੀਂ ਪ੍ਰਮਾਤਮਾ ਨੂੰ ਚਾਹੁੰਦੇ ਹਾਂ ਪਰ ਮੰਨਦੇ ਅਸੀਂ ਉਹੋ ਜਿਹਿਆਂ ਦੀ ਮਤਿ ਨੂੰ ਹਾਂ ਜੋ ਸਾਨੂੰ ਭਗਤੀ ਦੇ ਝੂਠੇ ਮਾਰਗ ਨਾਲ ਜੋੜਦੇ ਹਨ। ਕੀ ਝੂਠ ਦਾ ਆਸਰਾ ਲੈ ਕੇ ਕੋਈ ਸੱਚ ਨੂੰ ਪਾ ਸਕਦਾ ਹੈ ਫਿਰ ਕਿਉਂ ਨਾ ਕੇਵਲ ਤੇ ਕੇਵਲ ਗੁਰੂ ਦੀ ਮਤਿ ਨਾਲ ਜੁੜੀਏ ਜਿਸਦੇ ਅੰਦਰ ਪੂਰਨ ਸੱਚ ਹੈ। ਸੱਚ ਦੇ ਮਾਲਕ ਦੇ ਭਾਵ ਸਾਡੇ ਖਸਮ ਦੇ ਜਿਸਨੂੰ ਵੀ ਅੱਜ ਤਕ ਦਰਸ਼ਨ ਹੋਏ ਹਨ ਉਨ੍ਹਾਂ ਨੂੰ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਹੋਏ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਹੋਏ ਹਨ ਤੇ ਜਿਸਨੂੰ ਵੀ ਉਸਦੇ ਦਰਸ਼ਨ ਹੋਣਗੇ ਗੁਰਮਤਿ ਦੀ ਸੱਚੀ ਸਮਝ ਦੁਆਰਾ ਹੀ ਹੋਣਗੇ ਕਿਉਂਕਿ ਆਪਣੇ ਅੰਦਰੋਂ ਆਪਣੇ ਸੱਚ ਰੂਪ ਖਸਮ ਦੇ ਦਰਸ਼ਨ ਕਰਨ ਦਾ ਕੋਈ ਹੋਰ ਤਰੀਕਾ ਹੈ ਹੀ ਨਹੀਂ ਜੋ ਆਪਣਾ ਇਹ ਤਰੀਕਾ ਸਾਡੇ ਖਸਮ ਦਾ ਆਪਣਾ ਹੀ ਬਣਾਇਆ ਹੋਇਆ ਹੈ ਜਿਸ ਤਰੀਕੇ ਨੂੰ ਰਹਿੰਦੀ ਦੁਨੀਆ ਤਕ ਕਦੇ ਬਦਲਿਆ ਜਾ ਹੀ ਨਹੀਂ ਸਕਦਾ ਤੇ ਇਸੇ ਲਈ ਉਹੋ ਜਿਹੇ ਸਾਰੇ ਤਰੀਕਿਆਂ ਦਾ ਬਾਣੀ ਰਾਹੀਂ ਘੋਰ ਖੰਡਨ ਕੀਤਾ ਹੋਇਆ ਹੈ ਜਿਹੋ ਜਿਹੇ ਤਰੀਕੇ ਅਸੀਂ ਉਨ੍ਹਾਂ ਕੋਲੋਂ ਸਿੱਖੇ ਹੋਏ ਹਨ ਜਿਹੜੇ ਆਪ ਭਗਤੀ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਭਰਮਾਂ ਵਿੱਚ ਰਹੇ ਹਨ ਤੇ ਸੰਸਾਰ ਨੂੰ ਉਨ੍ਹਾਂ ਨੇ ਸਦੀਆਂ ਤੋਂ ਭਰਮਾਂ ਵਿੱਚ ਹੀ ਪਾਇਆ ਹੈ ਤੇ ਹੁਣ ਵੀ ਜਗ੍ਹਾ ਜਗ੍ਹਾ ਸੰਤ, ਬਾਬੇ ਅਖਵਾ ਕੇ ਸਭ ਨੂੰ ਭਰਮਾਂ ਵਿੱਚ ਹੀ ਪਾ ਰਹੇ ਹਨ ਭਾਵ ਪ੍ਰਮਾਤਮਾ ਨੂੰ ਜਾਨਣ ਦੇ ਝੂਠੇ ਤਰੀਕੇ ਹੀ ਸਮਝਾ ਰਹੇ ਹਨ। ਝੂਠ ਨਾਲ ਜੁੜਕੇ ਸੱਚ ਨੂੰ ਕੌਣ ਜਾਣ ਸਕਦਾ ਹੈ, ਮਨਮਤਿ ਦੇ ਨਾਲ ਜੁੜਕੇ ਗੁਰਮਤਿ ਦੇ ਨਾਲ ਕਿਵੇਂ ਜੁੜਿਆ ਜਾ ਸਕਦਾ ਹੈ। ਸ੍ਰਿਸ਼ਟੀ ਦੇ ਕਰਤੇ ਦੇ ਦਰਸ਼ਨ ਭਾਵ ਸੱਚ ਦੇ ਮਾਲਕ ਦੇ ਦਰਸ਼ਨ ਗੁਰਮਤਿ ਰੂਪ ਅੱਖਾਂ ਨਾਲ ਹੁੰਦੇ ਹਨ ਭਾਵ ਗੁਰਮਤਿ ਵਾਲੀ ਸਮਝ ਦੁਆਰਾ ਹੁੰਦੇ ਹਨ ਜਿਵੇਂ ਕਿ ਉਪਰ ਵਾਲੇ ਸ਼ਬਦ ਰਾਹੀਂ ਸਮਝਾਇਆ ਹੋਇਆ ਹੈ ਕਿ ਜੇਕਰ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਦੇਖਣਾ ਚਾਹੁੰਦੇ ਹੋ ਤਾਂ ਫਿਰ ਆਪਣੇ ਮਨ ਦੀਆਂ ਅੱਖਾਂ ਨੂੰ ਗੁਰਮਤਿ ਵਾਲੀ ਸਮਝ ਦੀਆਂ ਅੱਖਾਂ ਬਣਾਉ। **(ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥)**

53/7394

ਹੁਣ ਅਸੀਂ ਮੁੱਖ ਸ਼ਬਦ ਦੀਆਂ ਪੰਗਤੀਆਂ ਨੂੰ ਹੋਰ ਵੀ ਬਰੀਕੀ ਨਾਲ ਸਮਝ ਸਕਾਂਗੇ ਕਿ ਜਿਨ੍ਹਾਂ ਨੇ ਅਕਾਲ ਪੁਰਖ ਖਸਮ ਨੂੰ ਆਪਣੇ ਅੰਦਰੋਂ ਦੇਖਿਆ ਹੈ ਉਨ੍ਹਾਂ ਨੇ ਕਿਹੋ ਜਿਹੇ ਨੇਤਰਾਂ ਨਾਲ ਦੇਖਿਆ ਹੈ। **(ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨੀ ਨੇਤ੍ਰੀ ਜਗਤੁ ਨਿਹਾਲਿਆ ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥)**

ਜਿਵੇਂ ਕਿ ਅਸੀਂ ਉਪਰ ਸਮਝਿਆ ਹੀ ਹੈ ਕਿ ਹਰ ਕੋਈ ਮਾਇਆ ਮੋਹ ਦੇ ਸਾਗਰ ਵਿੱਚ ਡੁੱਬਿਆ ਹੋਇਆ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਦਾ ਭਰਿਆ ਹੋਇਆ ਹੈ ਭਾਵ ਹਰ ਕੋਈ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਦਾ, ਹਉਮੈ ਵਾਲੀ ਸਮਝ ਦਾ, ਪੁੱਠੇ ਕਮਲ ਵਾਲੀ ਸਮਝ ਦਾ ਭਰਿਆ ਹੋਇਆ ਹੀ ਹੈ ਜੋ ਸਮਝ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਭਰੀ ਹੋਈ ਹੈ ਜਿਸ ਸਮਝ ਵਿੱਚ ਰਹਿੰਦਿਆਂ ਕੋਈ ਆਪਣੇ ਆਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਾਮੁਮਕਿਨ ਹੈ। ਸਾਡੇ ਅੰਦਰ ਇਹ ਜੋ ਮਾਇਆ ਮੋਹ ਦਾ ਸਾਗਰ ਹੈ ਅਸੀਂ ਇਸਦੇ ਵਿੱਚੋਂ ਹੀ ਪਾਰ ਪਾਉਣਾ ਹੈ ਭਾਵ ਇਸਦੇ ਵਿੱਚੋਂ ਨਿਕਲਣਾ ਹੈ ਜਿਸ ਸਾਗਰ ਵਿੱਚੋਂ ਨਿਕਲਣ ਦਾ ਸਮਝ ਰੂਪ ਜਹਾਜ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਤੇ ਗੁਰੂ ਦੇ ਜਹਾਜ ਤੇ ਬੈਠੇ ਬਿਨ੍ਹਾਂ ਕੋਈ ਇਸ ਮਨ ਦੀ ਮਾਇਆ ਦੇ ਸਾਗਰ ਤੋਂ ਪਾਰ ਨਹੀਂ ਪਾ ਸਕਦਾ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥੧੩॥”

ਮਨੁੱਖੀ ਸਮਝ ਮਾਇਆ ਦੀ ਸਮਝ ਵਾਲਾ ਸਾਗਰ ਭਾਵ ਅਗਿਆਨਤਾ ਵਾਲੀ ਸਮਝ ਦਾ ਸਾਗਰ ਹੈ ਜਿਸ ਸਾਗਰ ਦੇ ਵਿੱਚ ਉਹ ਆਪਣੀ ਨਾਸਮਝ ਮਤਿ ਦੁਆਰਾ ਭਾਵ ਨਾਸਮਝ ਵਿਚਾਰਾਂ ਦੁਆਰਾ ਹਰ ਵੇਲੇ ਡੁੱਬਿਆ ਰਹਿੰਦਾ ਹੈ ਜਿਸ ਡੁੱਬੀ ਹੋਈ ਸਮਝ ਦੁਆਰਾ ਨਾ ਹੀ ਕੋਈ ਆਪਣੇ ਅੰਦਰੋਂ ਆਪਣੀ ਸਮਝ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਸੱਚੀ ਭਗਤੀ ਦੇ ਮਾਲਕ ਨੂੰ ਜਾਣ ਸਕਦਾ ਹੈ ਜੋ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਤੇ ਮਨ ਦੀ ਨਾਸਮਝੀ ਕਰਕੇ ਹੀ ਮਨੁੱਖ ਉਹੋ ਜਿਹਿਆਂ ਦੀ ਮਤਿ ਦੇ ਨਾਲ ਜੁੜਦਾ ਹੈ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਵਾਲੀ ਸਮਝ ਕਰਕੇ ਹੀ ਉੱਚੇ ਗਿਆਨ ਦੀ ਸਮਝ ਵਾਲੇ ਮੰਨ ਲੈਂਦੇ ਹਾਂ ਭਾਵ ਆਪਣੇ ਸੱਚੇ ਖਸਮ ਨੂੰ ਛੱਡਕੇ ਝੂਠੇ ਖਸਮ ਬਣਾ ਲੈਂਦੇ ਹਾਂ। ਸਾਡਾ ਸੱਚਾ ਖਸਮ ਕੇਵਲ ਸਤਿਗੁਰੂ ਹੈ ਭਾਵ ਕੇਵਲ ਤੇ ਕੇਵਲ ਸ੍ਰਿਸ਼ਟੀ ਦਾ ਕਰਤਾ ਆਪ ਹੈ ਜੋ ਪੂਰੇ ਗਿਆਨ ਦਾ ਮਾਲਕ ਹੈ, ਨਾਮ ਦਾ ਮਾਲਕ ਹੈ। ਸਤਿਗੁਰੂ ਹਰ ਕਿਸੇ ਲਈ ਉਹ ਬੋਹਿਥ ਹੈ, ਬੇੜਾ ਹੈ, ਜਹਾਜ ਹੈ ਜਿਸ ਤੇ ਬੈਠੇ ਬਿਨ੍ਹਾਂ ਕੋਈ ਵੀ ਮਨ ਦੇ ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲ ਸਕੇ, ਤਰ ਸਕੇ ਭਾਵ ਪਾਰ ਪਾ ਸਕੇ ਇਹ ਮੁਮਕਿਨ ਹੀ ਨਹੀਂ ਹੈ। ਪੂਰੇ ਸੱਚੇ ਧਰਮ ਗ੍ਰੰਥਾਂ ਦੇ ਅੰਦਰ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜੋ ਉੱਚੀ ਤੇ ਸੁੱਚੀ

53/7395

ਸਮਝ ਹੈ, ਉੱਚਾ ਗਿਆਨ ਹੈ ਭਾਵ ਨਾਮ ਹੈ ਉਹ ਧਰਮ ਗ੍ਰੰਥਾਂ ਦੇ ਅੰਦਰ ਬ੍ਰਹਮ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਉੱਚਾ ਤੇ ਸੁੱਚਾ ਗਿਆਨ ਹੈ, ਉਸਦਾ ਬ੍ਰਹਮ ਗਿਆਨ ਹੈ ਭਾਵ ਚੌਥੇ ਪਦ ਦਾ ਗਿਆਨ ਹੈ। ਹਰ ਮਨੁੱਖੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਹੈ ਜਿਸ ਸਮਝ ਨੂੰ ਕੇਵਲ ਚੌਥੇ ਪਦ ਦਾ ਗਿਆਨ ਹੀ ਤਾਰ ਸਕਦਾ ਹੈ ਭਾਵ ਡੁੱਬੀ ਹੋਈ ਸਮਝ ਨੂੰ ਪਾਰ ਕਰ ਸਕਦਾ ਹੈ ਤੇ ਪਾਰ ਉਤਾਰ ਸਕਦਾ ਹੈ। ਗੁਰੂ ਪ੍ਰਮਾਤਮਾ ਦਾ ਬੋਹਿਥ ਸਾਡੇ ਵਿਚਾਰਨ ਦੇ ਲਈ ਹੈ ਭਾਵ ਧਰਮ ਗ੍ਰੰਥਾਂ ਦੇ ਅੰਦਰ ਦੇ ਸ਼ਬਦਾਂ ਨੂੰ ਵਿਚਾਰਨ ਦੇ ਲਈ ਹੈ ਤੇ ਗੁਰੂ ਪ੍ਰਮਾਤਮਾ ਦੇ ਸੱਚੇ ਸੁੱਚੇ ਵਿਚਾਰਾਂ ਨੂੰ ਆਪਣੇ ਮਨ ਦੇ ਅੰਦਰ ਤਾਂ ਹੀ ਵਿਚਾਰ ਸਕਦੇ ਹਾਂ ਜੇਕਰ ਪਹਿਲੇ ਆਪਣੀ ਤ੍ਰੈ ਗੁਣਾਂ ਵਾਲੀ ਸਮਝ ਦੇ ਵਿਚਾਰਾਂ ਨੂੰ ਛੱਡਾਂਗੇ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਛੱਡਾਂਗੇ, ਮਨ ਦੇ ਮਾੜੇ ਵਿਚਾਰਾਂ ਨੂੰ ਛੱਡਾਂਗੇ, ਮਨ ਦੀਆਂ ਤ੍ਰਿਸ਼ਨਾਵਾਂ ਛੱਡਾਂਗੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਾਂਗੇ ਭਾਵ ਹਰ ਸਾਰੇ ਔਗੁਣਾਂ ਵਾਲੇ ਵਿਚਾਰ ਛੱਡਾਂਗੇ ਜਿਨ੍ਹਾਂ ਨੂੰ ਛੱਡਣ ਲਈ ਸਾਰੇ ਹੀ ਸੱਚੇ ਧਰਮ ਗ੍ਰੰਥ ਸਮਝਾਉਂਦੇ ਹਨ ਭਾਵ ਮਾੜੇ ਕਰਮ ਛੱਡਣ ਲਈ ਸਮਝਾਉਂਦੇ ਹਨ ਭਾਵ ਸੰਸਾਰ ਵਿੱਚ ਗੁਣੀ ਬਣਕੇ ਵਿਚਰਨ ਲਈ ਸਮਝਾਉਂਦੇ ਹਨ ਤਾਂ ਜੋ ਕੋਈ ਵੀ ਮਨੁੱਖ ਕਿਸੇ ਦੂਸਰੇ ਮਨੁੱਖ ਦਾ ਮਾੜਾ ਨਾ ਕਰਨ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਅਸਲ ਧਰਮ ਤਾਂ ਹਰ ਕਿਸੇ ਲਈ ਸੱਚ ਤੇ ਚੱਲਣ ਦਾ ਮਾਰਗ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਤੇ ਆਪਣੇ ਆਪਣੀ ਆਸਥਾ ਅਨੁਸਾਰ ਭਾਵੇਂ ਕਿਸੇ ਵੀ ਸੱਚੇ ਧਰਮ ਗ੍ਰੰਥ ਦੀ ਸਮਝ ਦੇ ਨਾਲ ਜੁੜਿਆ ਹੋਵੇ ਭਾਵ ਭਾਵੇਂ ਕਿਸੇ ਵੀ ਸੱਚੇ ਧਰਮ ਗ੍ਰੰਥ ਦੀ ਵਿਚਾਰ ਨੂੰ ਮੰਨਦਾ ਹੋਵੇ। ਸਾਰੀ ਗੱਲ ਤਾਂ ਆਪਣੇ ਨਾਸਮਝ ਮਾੜੇ ਵਿਚਾਰਾਂ ਨੂੰ ਛੱਡਣ ਦੀ ਹੈ ਜੋ ਮਨ ਦੇ ਮਾੜੇ ਵਿਚਾਰ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ। ਗੁਰੂ ਗੁਰਬਾਣੀ ਧਰਮ ਗ੍ਰੰਥ ਰਾਹੀਂ ਸਾਨੂੰ ਇਹੋ ਜਿਹੇ ਅਨੇਕਾਂ ਹੀ ਉਹੋ ਜਿਹੇ ਭਗਤੀ ਦੇ ਤਰੀਕੇ ਛੱਡਣ ਲਈ ਸਮਝਾਏ ਹੋਏ ਹਨ ਜੋ ਅਸਲ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਅਸਲ ਭਗਤੀ ਦੇ ਤਰੀਕੇ ਹੈ ਹੀ ਨਹੀਂ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜੇਕਰ ਅਸੀਂ ਗੁਰੂ ਰੂਪ ਬੋਹਿਥ ਦੇ ਵਿਚਾਰੀ ਬਣਨਾ ਹੈ ਭਾਵ ਉਸਦੇ ਜਹਾਜ ਤੇ ਬੈਠਣ ਦਾ ਸੱਚਾ ਉਪਰਾਲਾ ਕਰਨਾ ਹੈ ਭਾਵ ਮਾਇਆ ਮੋਹ ਦੇ ਸਾਗਰ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕਰਨਾ ਹੈ ਫਿਰ ਗੁਰੂ ਦੇ ਹਰ ਸ਼ਬਦ ਦੀ ਵਿਚਾਰ ਨੂੰ ਮੰਨਣਾ ਹੀ ਪਵੇਗਾ ਤੇ ਆਪਣੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣਾ ਹੀ ਪਵੇਗਾ। ਜੋ ਇਹੋ ਜਿਹਾ ਸੱਚਾ ਉੱਦਮ ਕਰਦਾ ਹੈ ਫਿਰ ਸ੍ਰਿਸ਼ਟੀ ਦਾ ਕਰਤਾ ਉਸ ਮਨੁੱਖ ਤੇ ਹੀ ਆਪਣੀ ਕ੍ਰਿਪਾ ਕਰਦਾ ਹੈ ਤੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਸੱਚਾ ਉਪਦੇਸ਼ ਭਾਵ ਉਸ ਦੀਆਂ ਮਨ ਰੂਪ ਅੱਖਾਂ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਅੰਜਨ ਪਾ ਕੇ ਉਸਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਦੇ ਸਾਗਰ ਵਿੱਚੋਂ ਭਾਵ ਮਾਇਆ ਮੋਹ ਦੇ ਸਾਗਰ ਵਿੱਚੋਂ ਕੱਢ ਲੈਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਕੱਢਿਆ ਹੈ ਭਾਵ ਪਾਰ ਉਤਾਰਿਆ ਹੈ। **(ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੁ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥੧੩॥)**

53/7396

ਗੁਰੂ ਕਿਸ ਰੂਪ ਵਿੱਚ ਬੋਹਿਥ ਹੈ ਤੇ ਉਹ ਮਨੁੱਖੀ ਸਮਝ ਦੇ ਮਨ ਦੇ ਮਾਇਆ ਮੋਹ ਤੋਂ ਭਾਵ ਮਨ ਦੇ ਨਾਸਮਝ ਮਾੜੇ ਵਿਚਾਰਾਂ ਤੋਂ ਕਿਸ ਤਰੀਕੇ ਪਾਰ ਉਤਾਰਾ ਕਰਦਾ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਸਹੀ ਸੋਝੀ ਪਾ ਕੇ ਕਿਸ ਤਰੀਕੇ ਸੱਚੀ ਭਗਤੀ ਦੇ ਮਾਰਗ ਤੇ

ਚਲਾਉਂਦਾ ਹੈ, ਇਸ ਤਰੀਕੇ ਸ੍ਰਿਸ਼ਟੀ ਦਾ ਕਰਤਾ ਆਪਣਾ ਨਾਮ ਬਖਸ਼ ਕੇ ਨਾਮ ਦੇ ਮਾਰਗ ਤੇ ਚਲਾਉਂਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਦੁਆਰਾ ਸੱਚ ਦੇ ਮਾਰਗ ਨੂੰ ਸਮਝਿਆ ਜਾ ਸਕਦਾ ਹੈ ਜੋ ਸੱਚ ਤੇ ਚੱਲਣ ਦਾ ਮਾਰਗ ਹਰ ਸੰਸਾਰ ਦੇ ਮਨੁੱਖ ਲਈ ਇੱਕੋ ਜਿਹਾ ਹੀ ਹੈ। ਇਹ ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਕਥਨੀ ਦਾ ਨਹੀਂ ਬਲਕਿ ਸ਼ਬਦਾਂ ਦੁਆਰਾ ਸਮਝਾਈ ਹੋਈ ਸੱਚੀ ਕਰਨੀ ਦਾ ਮਾਰਗ ਹੈ।

ਗਉੜੀ ਗੁਆਰੇਰੀ ਮਹਲਾ ੫ ॥

{ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥ ਵਡੈ ਭਾਗਿ ਪਾਇਆ ਸਾਧਸੰਗੁ ॥
ਪਾਰਬ੍ਰਹਮ ਸਿਉ ਲਾਗੋ ਰੰਗੁ ॥੧॥ ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥
ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥੧॥ ਰਹਾਉ ॥ ਕਰਿ ਕੀਰਤਨੁ ਮਨ ਸੀਤਲ ਭਏ ॥
ਜਨਮ ਜਨਮ ਕੇ ਕਿਲਵਿਖ ਗਏ ॥ ਸਰਬ ਨਿਧਾਨ ਪੇਖੇ ਮਨ ਮਾਹਿ ॥ ਅਬ ਢੂਢਨ ਕਾਹੇ ਕਉ ਜਾਹਿ ॥੨॥
ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥ ਬੰਧਨ ਕਾਟਿ ਕੀਏ ਅਪਨੇ ਦਾਸ ॥
ਸਿਮਰਿ ਸਿਮਰਿ ਸਿਮਰਿ ਗੁਣਤਾਸ ॥੩॥ ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥
ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥}

(ਅੰਗ ੧੭੮)

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥ ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ ॥੧॥ ਰਹਾਉ ॥
ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥
ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥
ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥
ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥
ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ ਅਪਾਰੇ ॥
ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ ॥੩॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥
ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥੪॥੧॥੧੩੮॥}

(ਅੰਗ ੨੧੦)

ਸਲੋਕੁ ॥

{ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥}

(ਅੰਗ ੩੫੧)

ਪਉੜੀ ॥

{ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥

ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥}

(ਅੰਗ ੩੫੧)

ਸੋਰਠਿ ਮਹਲਾ ੩ ਦੁਤੁਕੀ ॥

{ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥ ਹਰਿ ਜੀਉ ਆਪੇ ਬਖਸਿ ਮਿਲਾਇ ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ ॥ ਰਹਾਉ ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ ॥੨॥
ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ ॥੪॥
ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥੫॥
ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ॥ ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ ॥੬॥
ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥
ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥}

(ਅੰਗ ੬੩੮)

ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ

ੴ ਸਤਿਗੁਰ ਪ੍ਰਸਾਦਿ ॥

{ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥
ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥੧॥ ਰਹਾਉ ॥
ਸਤਿਗੁਰੁ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ ॥
ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ ॥
ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥੧॥
ਸੁਣਿ ਸੁਣਿ ਜੀਵਾ ਸੋਇ ਤਿਨਾ ਕੀ ਜਿਨ੍ ਅਪੁਨਾ ਪ੍ਰਭੁ ਜਾਤਾ ॥
ਹਰਿ ਨਾਮੁ ਅਰਾਧਹਿ ਨਾਮੁ ਵਖਾਣਹਿ ਹਰਿ ਨਾਮੇ ਹੀ ਮਨੁ ਰਾਤਾ ॥
ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ ॥ ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ ॥੨॥

ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤਸੰਗਤਿ ਜਿਨਾ ਵਾਸੋ ॥
ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥
ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥
ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥੩॥
ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥ ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ॥
ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥੪॥੧॥੪॥}

(ਅੰਗ ੮੦੨)

{ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥
ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥
ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥}

(ਅੰਗ ੯੪੧)

53/7397

{ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥ ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨ੍ੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥ ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥ ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥}

(ਅੰਗ ੯੬੮)

ਭੈਰਉ ਮਹਲਾ ੩ ॥

{ਰਾਮ ਨਾਮੁ ਜਗਤ ਨਿਸਤਾਰਾ ॥ ਭਵਜਲੁ ਪਾਰਿ ਉਤਾਰਣਹਾਰਾ ॥੧॥
ਗੁਰ ਪਰਸਾਦੀ ਹਰਿ ਨਾਮੁ ਸਮ੍ਾਲਿ ॥ ਸਦ ਹੀ ਨਿਬਹੈ ਤੇਰੈ ਨਾਲਿ ॥੧॥ ਰਹਾਉ ॥
ਨਾਮੁ ਨ ਚੇਤਹਿ ਮਨਮੁਖ ਗਾਵਾਰਾ ॥ ਬਿਨੁ ਨਾਵੈ ਕੈਸੇ ਪਾਵਹਿ ਪਾਰਾ ॥੨॥ ਆਪੇ ਦਾਤਿ ਕਰੇ ਦਾਤਾਰੁ ॥
ਦੇਵਣਹਾਰੇ ਕਉ ਜੈਕਾਰੁ ॥੩॥ ਨਦਰਿ ਕਰੇ ਸਤਿਗੁਰੁ ਮਿਲਾਏ ॥ ਨਾਨਕ ਹਿਰਦੈ ਨਾਮੁ ਵਸਾਏ ॥੪॥੬॥}

(ਅੰਗ ੧੧੨੯)

{ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥ ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥
ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ ॥
ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ ॥੧੩॥}

(ਅੰਗ ੧੪੧੪)

ਮਾਰੂ ਮਹਲਾ ੧ ॥

{ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ ॥ ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ ॥

ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ ॥੧॥ ਬਾਬਾ ਜਗੁ ਫਾਥਾ ਮਹਾ ਜਾਲਿ ॥
ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥੧॥ ਰਹਾਉ ॥ ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥
ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ ॥ ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ ॥੨॥
ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ ॥ ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥
ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥੩॥ ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥
ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥ ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸੁ ॥੪॥
ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥ ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥
ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥੫॥
ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥ ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ॥
ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥ ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥
ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥ ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥
ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥ ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥
ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥੮॥੨॥}

(ਅੰਗ ੧੦੦੯-੧੦੧੦)

{ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥}

(ਅੰਗ ੧੪੦੮)

ਗੁਰੂ ਕਿਸ ਰੂਪ ਵਿੱਚ ਜਹਾਜ ਹੈ ਤੇ ਉਸ ਜਹਾਜ ਨੇ ਸਾਨੂੰ ਕਿਸ ਤਰੀਕੇ ਪਾਰ ਉਤਾਰਨਾ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੀ ਵਿਚਾਰ ਨੂੰ ਸਮਝਣ ਦੁਆਰਾ ਕੋਈ ਵੀ ਸਮਝ ਸਕਦਾ ਹੈ ਜਿਸ ਲਈ ਕੇਵਲ ਸ਼ਬਦਾਂ ਦੀ ਵਿਚਾਰ ਤੇ ਭਾਵ ਗੁਰੂ ਦੀ ਵਿਚਾਰ ਤੇ ਭਰੋਸਾ ਰੱਖਣ ਦੀ ਲੋੜ ਹੈ ਕਿ ਗੁਰੂ ਦੀ ਵਿਚਾਰ ਹਰ ਪੱਖੋਂ ਪੂਰੀ ਤਰ੍ਹਾਂ ਸੱਚ ਹੀ ਸਮਝਾਉਂਦੀ ਹੈ ਜੋ ਸੱਚ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਹੀ ਸਮਝਾਉਂਦਾ ਹੈ ਜਿਸ ਸੱਚ ਨੂੰ ਮੰਨਣ ਦੁਆਰਾ ਹੀ ਕੋਈ ਮਨ ਦੇ ਕੂੜ ਵਿੱਚੋਂ ਭਾਵ ਕੂੜੀ ਮਤਿ ਵਿੱਚੋਂ ਭਾਵ ਮਨ ਦੀ ਝੂਠੀ ਮਤਿ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲ ਸਕਦਾ ਹੈ ਜਿਸ ਮਨ ਦੀ ਕੂੜੀ ਮਤਿ ਕਰਕੇ ਹੀ ਹਰ ਕੋਈ ਮਨ ਦੀ ਕਲਿ ਵਿੱਚ ਹੈ ਭਾਵ ਮਨ ਦੇ ਕਲਿਜੁਗ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੀ ਹੈ ਕਿ ਸਾਡੇ ਅੰਦਰ ਦਾ ਕਲਿਜੁਗ ਕੀ ਹੈ। ਯੁਗ ਸਮੇਂ ਨੂੰ ਕਹਿੰਦੇ ਹਨ ਤੇ ਕਲਿਜੁਗ ਕੋਈ ਦੁਨਿਆਵੀ ਸਮਾਂ ਨਹੀਂ ਹੈ ਬਲਕਿ ਇਹ ਸਾਡੇ ਅੰਦਰ ਦਾ ਕਲਿਜੁਗ ਹੈ ਜੋ ਕਲਿ ਰੂਪ ਸਮਾਂ ਸਾਡੇ ਅੰਦਰ ਹਰ ਸਮੇਂ ਭਾਵ ਸਦਾ ਹੀ ਬਣਿਆ ਰਹਿੰਦਾ ਹੈ ਭਾਵੇਂ ਮਨੁੱਖ ਜਿਹੜੇ ਮਰਜੀ ਸਮੇਂ ਸੰਸਾਰ ਵਿੱਚ ਆਉਂਦਾ ਹੈ। ਸੰਸਾਰਿਕ ਸਮਾਂ ਉਸੇ ਤਰੀਕੇ ਹੀ ਚੱਲਦਾ ਹੈ ਜਿਸ ਤਰੀਕੇ ਸਦਾ ਤੋਂ ਚੱਲਦਾ ਆ ਰਿਹਾ ਹੈ। ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

53/7398

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥

ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥ ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥ ਕਲਿ ਪਰਵਾਣੁ ਕਤੇਬ ਕੁਰਾਣੁ ॥
ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ ੯੦੨-੯੦੩)

ਉਪਰ ਵਾਲੇ ਸ਼ਬਦ ਨੂੰ ਅਸੀਂ ਕਾਫੀ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਸ ਰਾਹੀਂ ਮਨ ਦੀ ਕਲਿ ਭਾਵ ਮਨ ਦਾ ਕਲਿਜੁਗ ਹੀ ਸਮਝਾਇਆ ਹੋਇਆ ਹੈ ਜਿਸ ਕਲਿਜੁਗ ਦਾ ਕਿਸੇ ਸੰਸਾਰਿਕ ਸਮੇਂ ਦੇ ਜੁਗ ਨਾਲ ਕੋਈ ਮੇਲ ਨਹੀਂ ਹੈ ਭਾਵ ਸੰਸਾਰਿਕ ਸਮੇਂ ਨਾਲ ਕੋਈ ਮੇਲ ਨਹੀਂ ਹੈ। ਸੰਸਾਰਿਕ ਸਮਾਂ ਹਰ ਵੇਲੇ ਇੱਕੋ ਜਿਹਾ ਹੀ ਰਹਿੰਦਾ ਹੈ ਜੋ ਸੰਸਾਰਿਕ ਸਮਾਂ ਦਿਨ ਰਾਤ ਦੇ ਨਾਲ ਬਣਨ ਦੁਆਰਾ ਜੁੜਿਆ ਹੋਇਆ ਹੈ, ਸਰਦੀ ਗਰਮੀ ਦੇ ਨਾਲ ਜੁੜਿਆ ਹੋਇਆ ਹੈ ਭਾਵ ਉਨ੍ਹਾਂ ਗੱਲਾਂ ਨਾਲ ਜੁੜਿਆ ਹੋਇਆ ਹੈ ਭਾਵ ਉਹੋ ਜਿਹੀਆਂ ਪ੍ਰਮਾਤਮਾ ਦੀਆਂ ਬਣਾਈਆਂ ਹੋਈਆਂ ਰਚਨਾਵਾਂ ਨਾਲ ਜੁੜਿਆ ਹੋਇਆ ਹੈ ਜੋ ਉਸ ਦੀਆਂ ਰਚਨਾਵਾਂ ਹਰ ਵੇਲੇ, ਹਰ ਸਮੇਂ ਇੱਕੋ ਜਿਹੇ ਤਰੀਕੇ ਨਾਲ ਹੀ ਆਪਣਾ ਫਰਜ ਪੂਰਾ ਕਰਦੀਆਂ ਹਨ ਜਿਸ ਮਕਸਦ ਲਈ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਨੂੰ ਆਪਣੀ ਸ੍ਰਿਸ਼ਟੀ ਚਲਾਉਣ ਲਈ ਰਚਿਆ ਹੈ ਭਾਵ ਬਣਾਇਆ ਹੈ। ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤਦ ਤੋਂ ਚੰਦਰਮਾ ਹਰ ਸਮੇਂ ਵਿੱਚ ਉਹੋ ਜਿਹੀ ਰੋਸ਼ਨੀ ਕਰਦਾ ਆ ਰਿਹਾ ਹੈ ਜੋ ਉਸਦੀ ਰੋਸ਼ਨੀ ਕਰਨ ਦਾ ਤਰੀਕਾ ਕਦੇ ਬਦਲ ਨਹੀਂ ਸਕਦਾ ਭਾਵੇਂ ਜਿਹੋ ਜਿਹਾ ਮਰਜੀ ਸਮਾਂ ਹੋਵੇ, ਇਹੀ ਗੱਲ ਤਾਰਿਆਂ ਦੀ ਹੈ ਤੇ ਇਹੀ ਗੱਲ ਸੂਰਜ ਦੀ ਹੈ ਜੋ ਕਿਸੇ ਖਾਸ ਸਮੇਂ ਦੇ ਬੱਝੇ ਹੋਏ ਨਹੀਂ ਹਨ ਭਾਵ ਉਹ ਹਰ ਵੇਲੇ ਇੱਕੋ ਜਿਹੇ ਤਰੀਕੇ ਨਾਲ ਹੀ ਪੂਰੀ ਸ੍ਰਿਸ਼ਟੀ ਵਿੱਚ ਵਰਤਦੇ ਹਨ ਭਾਵ ਉਹ ਹਰ ਸਮੇਂ ਸਭ ਦੇ ਨਾਲ, ਸਭ ਦੇ ਲਈ ਇੱਕੋ ਜਿਹੀ ਰੋਸ਼ਨੀ ਹੀ ਦਿੰਦੇ ਹਨ ਤੇ ਆਪਣੇ ਮਾਰਗ ਤੋਂ ਬਦਲਦੇ ਨਹੀਂ। ਇਹੀ ਗੱਲ ਹਵਾ ਦੀ ਹੈ ਜਿਸਦੇ ਲਈ ਹਰ ਸਮਾਂ ਇੱਕੋ ਜਿਹਾ ਹੀ ਹੈ ਭਾਵ ਉਹ ਕਿਸੇ ਵੀ ਸਮੇਂ ਆਪਣੇ ਆਪ ਨੂੰ ਨਹੀਂ ਬਦਲਦੀ ਜੇਕਰ ਉਸਨੂੰ ਸਰਦੀ ਦੇ ਮੌਸਮ ਵਿੱਚ ਠੰਡਾ ਬਣਨਾ ਪੈਂਦਾ ਹੈ ਤਾਂ ਉਹ ਠੰਡੀ ਬਣਕੇ ਵਰਤਦੀ ਹੈ ਤੇ ਜੇਕਰ ਸੂਰਜ ਦੀ ਗਰਮੀ ਕਰਕੇ ਉਸਨੂੰ ਗਰਮ ਬਣਕੇ ਵਰਤਣਾ ਪੈਂਦਾ ਹੈ ਤੇ ਉਹ ਗਰਮ ਬਣਕੇ ਵਰਤਦੀ ਹੈ ਭਾਵ ਉਸਨੂੰ ਇਸ ਗੱਲ ਨਾਲ ਕੋਈ ਮਕਸਦ ਨਹੀਂ ਹੁੰਦਾ ਕਿ ਮੈਂ ਕਿਹੜੇ ਜੁਗ ਵਿੱਚ ਭਾਵ ਕਿਹੜੇ ਸਮੇਂ ਵਿੱਚ ਕਿਸ ਤਰੀਕੇ ਦੀ ਬਣਕੇ ਵਰਤਣਾ ਹੈ ਭਾਵ ਉਸਦੇ ਲਈ ਸ੍ਰਿਸ਼ਟੀ ਦੇ ਉਤੇ ਹਰ ਸਮਾਂ ਇੱਕੋ ਜਿਹਾ ਹੀ ਹੈ। ਇਹ ਕੇਵਲ ਤੇ ਕੇਵਲ ਮਨੁੱਖ ਦੀ ਕਲਿ ਵਾਲੀ ਸਮਝ ਹੈ ਭਾਵ ਜੋ ਮਨੁੱਖ ਨੂੰ ਹਰ ਵੇਲੇ, ਹਰ ਸਮੇਂ ਕਲਿਜੁਗ ਵਿੱਚ ਰੱਖਦੀ ਆਈ ਹੈ, ਮਨੁੱਖ ਦੀ ਰਚਨਾ ਤੋਂ ਹੀ ਉਸਨੂੰ ਮਨ ਦੇ ਕਲਿਜੁਗ ਵਿੱਚ ਰੱਖਦੀ ਆਈ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਦੀ ਆਈ ਹੈ ਜੋ ਮਨ ਦੀ ਸਮਝ ਮਨੁੱਖ ਦੇ ਵੱਸ ਵਿੱਚ ਹੈ ਹੀ ਨਹੀਂ। ਜਿਸਨੇ ਚੰਦ, ਤਾਰੇ, ਸੂਰਜ, ਪਵਣ ਬਣਾਈ ਹੈ

53/7399

ਉਸਨੇ ਹੀ ਇਸ ਆਪਣੀ ਸ੍ਰਿਸ਼ਟੀ ਦੇ ਉਪਰ ਰਹਿਣ ਲਈ ਇਹ ਮਨੁੱਖੀ ਦੇਹ ਬਣਾਈ ਹੈ ਜਿਸ ਮਨੁੱਖੀ ਦੇਹ ਦੇ ਅੰਦਰ ਮਨ ਰੂਪ ਅੰਗ ਵੀ ਉਸਨੇ ਆਪ ਹੀ ਪਾਇਆ ਹੈ ਜਿਸ ਅੰਗ ਨੂੰ ਹੋਰ ਅੰਗਾਂ ਦੀ ਤਰ੍ਹਾਂ ਦੇਖਿਆ ਜਾ ਸਕਦਾ ਹੈ ਜੋ ਅੰਗ ਪੰਜਾਂ ਤੱਤਾਂ ਦੇ ਵਿੱਚੋਂ ਹੀ ਬਣਿਆ ਹੋਇਆ ਹੈ ਪਰ ਉਸ ਅੰਗ ਦੇ ਵਿੱਚੋਂ ਭਾਵ ਮਨ ਦੇ ਵਿੱਚੋਂ ਜੋ ਕੁਝ ਵੀ ਉਪਜਦਾ ਹੈ ਉਹ ਮਨ ਦੀ ਸਮਝ ਦੇ ਰੂਪ ਵਿੱਚ ਹੀ ਉਪਜਦਾ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੀ ਉਪਜਦਾ ਹੈ ਜਿਸ ਮਨ ਦੀ ਉਪਰ ਦੁਆਰਾ ਮਨੁੱਖ ਨੂੰ ਸੋਝੀ ਹੀ ਪੈਂਦੀ ਹੈ ਕਿ ਮੈਂ ਕੌਣ ਹਾਂ, ਮੇਰੇ ਮਾਂ-ਬਾਪ ਕੌਣ ਹਨ, ਮੇਰਾ ਭਰਾ-ਭੈਣ ਕੌਣ ਹਨ, ਇਹ ਸੰਸਾਰ ਕੀ ਹੈ, ਮੈਂ ਕਿਹੜੇ ਧਰਮ ਨਾਲ ਸੰਬੰਧ ਰੱਖਦਾ ਹਾਂ, ਮੈਨੂੰ ਕਿਸ ਗੱਲ ਵਿੱਚ ਦੁੱਖ ਮਹਿਸੂਸ ਹੁੰਦਾ ਹੈ ਤੇ ਕਿਸ ਗੱਲ ਵਿੱਚ ਸੁੱਖ ਮਹਿਸੂਸ ਹੁੰਦਾ ਹੈ। ਇਹ ਸਭ ਕੁਝ ਸਾਨੂੰ ਸਿਖਾਉਣ ਵਾਲਾ ਸਾਡਾ ਮਨ ਹੀ ਹੈ ਭਾਵ ਮਨ ਦੀ ਜੋਤਿ ਹੀ ਹੈ ਜਿਸ ਜੋਤਿ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੇ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਸਰੀਰ ਦੀ ਆਪ ਹੀ ਰਚਨਾ ਕੀਤੀ ਹੈ ਤੇ ਆਪ ਹੀ ਉਸਨੂੰ ਆਪਣੀ ਜੋਤਿ ਰਾਹੀਂ ਸਾਰੀ ਸਮਝ ਪਾ ਰਿਹਾ ਹੈ ਤੇ ਸ੍ਰਿਸ਼ਟੀ ਦਾ ਹਰ ਮਨੁੱਖ ਉਹੀ ਕੁਝ ਕਰਦਾ ਹੈ ਜਿਹੋ ਜਿਹੀ ਉਸਨੂੰ ਮਨ ਦੀ ਜੋਤਿ ਰਾਹੀਂ ਭਾਵ ਆਪਣੇ ਮਨ ਦੇ ਅੰਦਰੋਂ ਉਸਨੂੰ ਸਮਝ ਪੈਂਦੀ ਹੈ। ਮਨ ਦੀ ਇਹ ਸਮਝ ਹੀ ਸਾਨੂੰ ਆਪਣੇ ਅੰਦਰੋਂ ਇਹ ਸਮਝਣ ਤੋਂ ਦੂਰ ਰੱਖਦੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਕੌਣ ਹੈ ਤੇ ਅਸੀਂ ਆਪ ਕੌਣ ਹਾਂ ਤੇ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਮਾਰਗ ਕੀ ਹੈ। ਇਹੀ ਸਾਡੇ ਅੰਦਰ ਦੀ ਕਲਿ ਹੈ ਭਾਵ ਕਲਿਜੁਗ ਹੈ ਜਿਸ ਕਲਿਜੁਗ ਵਿੱਚ ਸ੍ਰਿਸ਼ਟੀ ਦਾ ਹਰ ਮਨੁੱਖ ਹਰ ਸਮੇਂ ਤੋਂ ਹੀ ਵਰਤਦਾ ਆ ਰਿਹਾ ਹੈ ਜਦ ਤੋਂ ਸ੍ਰਿਸ਼ਟੀ ਦੇ ਕਰਤੇ ਨੇ ਸ੍ਰਿਸ਼ਟੀ ਦੀ ਰਚਨਾ ਕਰਨਾ ਤੋਂ ਬਾਅਦ ਮਨੁੱਖੀ ਹੋਂਦ ਨੂੰ ਆਪਣੀ ਸ੍ਰਿਸ਼ਟੀ ਦੇ ਵਿੱਚ ਰਹਿਣ ਲਈ ਬਣਾਇਆ ਹੈ। ਉਪਰ ਵਾਲੇ ਸਾਰੇ ਸ਼ਬਦ ਰਾਹੀਂ ਸਾਡੇ ਅੰਦਰ ਦੀ ਕਲਿ ਭਾਵ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਦਾ ਕਲਿਜੁਗ ਹੀ ਸਮਝਾਇਆ ਹੋਇਆ ਹੈ ਜਿਸ ਮਨ ਦੇ ਕਲਿਜੁਗ ਵਿੱਚ ਰਹਿੰਦੇ ਹੋਏ ਅਸੀਂ ਉਹੋ ਜਿਹੇ ਭਗਤੀ ਦੇ ਮਾਰਗ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੇ ਮਾਰਗ ਅਪਨਾਉਂਦੇ ਹਾਂ ਜਿਹੋ ਜਿਹੇ ਮਾਰਗ ਅਪਨਾਉਣ ਦਾ ਉਪਰ ਵਾਲੇ ਸ਼ਬਦ ਰਾਹੀਂ ਖੰਡਨ ਕੀਤਾ ਹੋਇਆ ਹੈ ਤੇ ਉਹੋ ਜਿਹੀ ਧਾਰਮਿਕ ਆਸਥਾ ਦਾ ਵੀ ਖੰਡਨ ਕੀਤਾ ਹੋਇਆ ਹੈ ਜੋ ਅਸੀਂ ਕਿਸੇ ਦੂਸਰੀ ਧਾਰਮਿਕ ਆਸਥਾ ਰੱਖਣ ਵਾਲੇ ਦਾ ਵਿਰੋਧ ਮਨ ਦੀ ਅਗਿਆਨਤਾ ਕਰਕੇ ਕਰਦੇ ਹਾਂ ਭਾਵ ਮਨ ਦੀ ਕਲਿ ਕਰਕੇ ਭਾਵ ਮਨ ਦੇ ਕਲਿਜੁਗ ਕਰਕੇ ਕਰਦੇ ਹਾਂ ਜੋ ਮਨ ਦਾ ਕਲਿਜੁਗ ਸ੍ਰਿਸ਼ਟੀ ਦਾ ਕਰਤਾ ਕਦੇ ਹੀ ਦੂਰ ਕਰਦਾ ਹੈ ਜੋ ਕਲਿਜੁਗ ਉਹ ਕਿਸੇ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਹੀ ਦੂਰ ਕਰਦਾ ਹੈ, ਕਿਸੇ ਵਿਰਲੇ ਨੂੰ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਹੀ ਕਰਦਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦ ਦੁਆਰਾ ਸਮਝਾਇਆ ਹੋਇਆ ਹੈ।

53/7400

ਮਨ ਦੀ ਕਲਿ ਵਿੱਚੋਂ ਭਾਵ ਮਨ ਦੇ ਕਲਿਜੁਗ ਵਿੱਚੋਂ ਨਿਕਲਣ ਦਾ ਜਹਾਜ ਜਿਸ ਜਹਾਜ ਦੇ ਉੱਤੇ ਬੈਠ ਕੇ ਅਸੀਂ ਮਨ ਦੇ ਕਲਿਜੁਗ ਵਿੱਚੋਂ ਨਿਕਲ ਸਕਦੇ ਹਾਂ ਉਹ ਕਲਿਜੁਗ ਵਿੱਚੋਂ ਨਿਕਲਣ ਦਾ ਜਹਾਜ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੈ ਭਾਵ ਸ਼ਬਦ ਰੂਪ ਗੁਰੂ ਦੇ ਕੋਲ ਹੈ ਜਿਸ ਸ਼ਬਦ ਰੂਪ ਗੁਰੂ ਵਿੱਚ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਵਿਚਾਰ ਹੈ। ਪੂਰੀ ਗੁਰਬਾਣੀ ਵੱਖਰੇ ਵੱਖਰੇ ਸਰੀਰਾਂ ਰਾਹੀਂ ਉਚਾਰੀ ਹੋਈ ਹੈ ਜਿਸ ਰਾਹੀਂ ਗੁਰਬਾਣੀ ਰੂਪ ਸੱਚੇ ਜਹਾਜ ਦੀ ਰਚਨਾ ਹੋਈ ਹੈ ਜਿਸ ਸੱਚੇ ਜਹਾਜ ਤੇ ਸੱਚਾ ਉੱਦਮ ਕਰਨ ਦੁਆਰਾ ਕੋਈ ਉਸ ਜਹਾਜ ਤੇ ਚੜ ਸਕਦਾ ਹੈ ਜਿਸਤੇ ਚੜਨ ਨਾਲ ਅਸੀਂ ਮਨ ਦੇ ਕਲਿਜੁਗ ਵਿੱਚੋਂ ਨਿਕਲ ਸਕਦੇ ਹਾਂ।

“ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਹਿਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥”

(ਅੰਗ ੧੪੦੮)

ਉਪਰ ਸ਼ਬਦ ਵਿੱਚ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸ੍ਰਿਸ਼ਟੀ ਦਾ ਕਰਤਾ ਆਪਣੀ ਜੋਤਿ ਰੂਪ ਵਿੱਚ ਹੀ ਆਪ ਗੁਰੂ ਹੈ। ਜਿਸ ਆਪਣੀ ਜੋਤਿ ਰਾਹੀਂ ਉਹ ਬਾਬਾ ਨਾਨਕ ਜੀ ਦੇ ਸਰੀਰ ਰਾਹੀਂ ਸੰਸਾਰ ਦੇ ਵਿੱਚ ਵਿਚਰਿਆ ਤੇ ਉਨ੍ਹਾਂ ਦੇ ਮੁੱਖੋਂ ਬੁਲਵਾਏ ਹੋਏ ਸ਼ਬਦਾਂ ਦੇ ਦੁਆਰਾ ਸੰਸਾਰ ਨੂੰ ਸੱਚੀ ਭਗਤੀ ਦਾ ਗਿਆਨ ਵੰਡਿਆ ਉਹੀ ਆਪਣਾ ਜੋਤਿ ਰੂਪ ਅਕਾਲ ਪੁਰਖ ਨੇ ਆਪਣੇ ਅਗਲੇ ਤੋਂ ਅਗਲੇ ਸਰੀਰਾਂ ਰਾਹੀਂ ਪ੍ਰਗਟ ਕੀਤਾ ਹੈ ਭਾਵ ਦੂਜੀ, ਤੀਜੀ, ਚੌਥੀ ਤੇ ਪੰਜਵੀਂ ਪਾਤਸ਼ਾਹੀ ਰਾਹੀਂ ਆਪਣਾ ਜੋਤਿ ਰੂਪ ਭਾਵ ਗੁਰੂ ਰੂਪ ਪ੍ਰਗਟ ਕੀਤਾ। ਉਪਰ ਵਾਲਾ ਸ਼ਬਦ ਭਾਈ ਮਥੁਰਾ ਜੀ ਦਾ ਲਿਖਿਆ ਹੋਇਆ ਹੈ ਜੋ ਉਨ੍ਹਾਂ ਨੇ ਪੰਜਵੀਂ ਪਾਤਸ਼ਾਹੀ ਦੇ ਸਮੇਂ ਦਾ ਉਚਾਰਿਆ ਹੋਇਆ ਹੈ। ਉਨ੍ਹਾਂ ਨੇ ਕਲਿਜੁਗ ਜਹਾਜ ਭਾਵ ਜਿਸ ਜਹਾਜ ਤੇ ਚੜ੍ਹ ਕੇ ਮਨੁੱਖ ਮਨ ਦੀ ਕਲਿ ਦੇ ਵਿੱਚੋਂ ਤਰ ਸਕਦਾ ਹੈ ਉਹ ਜਹਾਜ ਪੰਜਵੀਂ ਪਾਤਸ਼ਾਹੀ ਜੀ ਦੇ ਜੀਵਨ ਤਕ ਉਚਾਰੀ ਹੋਈ ਬਾਣੀ ਨੂੰ ਕਿਹਾ ਹੋਇਆ ਹੈ। ਬਾਣੀ ਦਾ ਹਰ ਸ਼ਬਦ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵ ਸੱਚਾ ਗਿਆਨ ਹੀ ਦਿੰਦਾ ਹੈ ਜਿਸਦਾ ਮਕਸਦ ਸਾਨੂੰ ਮਨ ਦੀ ਕਲਿ ਵਿੱਚੋਂ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਣ ਦਾ ਹੀ ਹੁੰਦਾ ਹੈ। ਉਪਰ ਸ਼ਬਦ ਵਿੱਚ ਸਾਡੀ ਕਲਿ ਨੂੰ ਹੀ ਘੋਰ ਸਮੁੰਦਰ ਵਿੱਚ ਡੁੱਬਣਾ ਦੱਸਿਆ ਹੋਇਆ ਹੈ ਜਿਸ ਮਨ ਦੀ ਕਲਿ ਤੋਂ ਹੀ ਅਸੀਂ ਤਰਨਾ ਹੈ ਭਾਵ ਮਨ ਦੇ ਕਲਿਜੁਗ ਵਿੱਚੋਂ ਨਿਕਲਣਾ ਹੈ ਤੇ ਮਨ ਦੀ ਕਲਿ ਵਿੱਚੋਂ ਤਾਂ ਹੀ ਨਿਕਲਾਂਗੇ ਜੇਕਰ ਗੁਰੂ ਦੇ ਬਣਾਏ ਹੋਏ ਉਸ ਜਹਾਜ ਤੇ ਬੈਠਣ ਦਾ ਸੱਚਾ ਉੱਦਮ ਕਰਾਂਗੇ ਜੋ ਜਹਾਜ ਗੁਰੂ ਨੇ ਕਲਿਜੁਗ ਵਿੱਚੋਂ ਨਿਕਲਣ ਲਈ ਸਾਰੇ ਸੰਸਾਰ ਲਈ ਬਣਾਇਆ ਹੈ ਕਿਉਂਕਿ ਸੰਸਾਰ ਦਾ ਹਰ ਇੱਕ ਮਨੁੱਖ ਕਲਿਜੁਗ ਵਾਲੀ ਸਮਝ ਵਿੱਚ ਹੀ ਹੈ। ਗੁਰੂ ਦੇ ਸੱਚ ਨੂੰ ਮੰਨਣਾ ਹੀ ਉਸਦੇ ਬਣਾਏ ਹੋਏ ਜਹਾਜ ਤੇ ਚੜਨ ਦਾ ਸਭ ਲਈ ਇੱਕੋ ਜਿਹਾ ਸੱਚਾ ਉੱਦਮ ਹੈ। ਉਪਰ ਸ਼ਬਦ ਵਿੱਚ ਸਾਨੂੰ ਇਹ ਵੀ ਸਮਝਾਇਆ ਹੋਇਆ ਹੈ ਕਿ ਕਲਿ ਰੂਪ ਸਮੁੰਦਰ ਵਿੱਚੋਂ ਨਿਕਲਣ ਦਾ ਤਰੀਕਾ ਹਰਿ ਦਾ ਨਾਮ ਹੈ ਜਿਸ ਦੁਆਰਾ ਮਨੁੱਖ ਦਾ ਮਨ ਦੀ ਕਲਿ ਤੋਂ ਉਧਾਰ ਹੋ ਸਕਦਾ ਹੈ

53/7401

ਭਾਵ ਜਿਸ ਤਰੀਕੇ ਮਨੁੱਖ ਕਲਿ ਰੂਪ ਸਮੁੰਦਰ ਵਿੱਚੋਂ ਨਿਕਲ ਸਕਦਾ ਹੈ, ਮਨ ਦੀ ਅਗਿਆਨਤਾ ਨਾਲ ਭਰੇ ਹੋਏ ਵਿਚਾਰਾਂ ਦੇ ਸਮੁੰਦਰ ਵਿੱਚੋਂ ਨਿਕਲ ਸਕਦਾ ਹੈ, ਉਸ ਵਿੱਚੋਂ ਨਿਕਲਣ ਦਾ ਤਰੀਕਾ ਗੁਰੂ ਦਾ ਨਾਮ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਹੈ। ਬਹੁਤ ਔਖਾ ਹੈ ਇਸ ਮਨ ਦੀ ਕਲਿ ਵਿੱਚੋਂ ਨਿਕਲਣਾ। ਮਨ ਦੀ ਕਲਿ ਕਰਕੇ ਹੀ ਅਸੀਂ ਜੁਗਾਂ ਨੂੰ ਵੱਖਰੇ ਵੱਖਰੇ ਸਮੇਂ ਨਾਲ ਜੋੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਜੁਗ ਸਮੇਂ ਨੂੰ ਕਹਿੰਦੇ ਹਨ ਤੇ ਸੰਸਾਰਿਕ ਸਮਾਂ ਹਰ ਵੇਲੇ ਰਹਿੰਦਾ ਹੀ ਹੈ ਭਾਵ ਹਰ ਵੇਲੇ ਇੱਕੋ ਜੁਗ ਹੀ ਹੁੰਦਾ ਹੈ। ਬਾਣੀ ਵਿੱਚ ਜੁਗ ਜੁਗ ਦੀ ਗੱਲ ਆਉਂਦੀ ਹੈ ਜਿਸ ਤੋਂ ਭਾਵ ਹੁੰਦਾ ਹੈ ਹਰ ਸਮੇਂ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ ੧੧੮੮)

ਆਸਾ ਮਹਲਾ ੪ ॥

{ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥
ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥
ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥
ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥
ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥
ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥
ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ ॥
ਜਿਨ੍ਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ ॥੨॥
ਜਿਨ੍ਾ ਅੰਤਰਿ ਗੁਰਮੁਖਿ ਪ੍ਰੀਤਿ ਹੈ ਤਿਨ੍ ਹਰਿ ਰਖਣਹਾਰਾ ਰਾਮ ਰਾਜੇ ॥
ਤਿਨ੍ ਕੀ ਨਿੰਦਾ ਕੋਈ ਕਿਆ ਕਰੇ ਜਿਨ੍ ਹਰਿ ਨਾਮੁ ਪਿਆਰਾ ॥
ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ ॥
ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ ॥੩॥
ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥੧੩॥੨੦॥}

(ਅੰਗ ੪੫੧)

{ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥}

(ਅੰਗ ੯੪੩)

ਜੁਗ ਜੁਗ ਤੋਂ ਭਾਵ ਹੈ ਹਰ ਸਮੇਂ ਜੋ ਸਮਾਂ ਹਰ ਵੇਲੇ ਇੱਕੋ ਜਿਹੇ ਰੂਪ ਵਿੱਚ ਹੀ ਰਹਿੰਦਾ ਹੈ। ਸ੍ਰਿਸ਼ਟੀ ਦੇ ਉੱਤੇ ਆਉਣ ਵਾਲੇ ਮਨੁੱਖ ਕਿਸ ਸਮੇਂ ਕਿਹੋ ਜਿਹਾ ਜੀਵਨ ਬਤੀਤ ਕਰਦੇ ਹਨ ਉਹ ਉਸਨੂੰ ਚੰਗੇ ਮਾੜੇ ਸਮੇਂ ਨਾਲ ਜੋੜਦੇ ਹਨ ਜਦਕਿ ਸ੍ਰਿਸ਼ਟੀ ਦੇ ਉੱਤੇ ਸਮਾਂ ਹਰ ਵੇਲੇ ਇੱਕੋ ਜਿਹਾ ਹੀ ਵਰਤਦਾ ਹੈ ਭਾਵ ਨਾ ਕਦੇ ਚੰਨ, ਸੂਰਜ, ਤਾਰੇ ਬਦਲਦੇ ਹਨ ਤੇ ਨਾ ਹੀ ਕਦੇ ਦਿਨ ਰਾਤ ਬਣਨਾ ਬਦਲਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੀ ਹੈ। ਜੋ ਵੱਖਰੇ ਵੱਖਰੇ ਸਮੇਂ ਅਸੀਂ ਸਮਝਦੇ ਹਾਂ ਉਹ ਅਸੀਂ ਕੇਵਲ ਮਨ ਦੇ ਵੱਖਰੇ ਵੱਖਰੇ ਵਿਚਾਰਾਂ ਕਰਕੇ ਸਮਝਦੇ ਹਾਂ, ਮਨ ਦੀ ਭਗਤੀ ਦੇ ਮਾਰਗ ਨੂੰ ਸਮਝਣ ਦੇ ਵੱਖਰੇ ਵੱਖਰੇ ਤਰੀਕਿਆਂ ਨਾਲ ਜੋੜਨ ਦੁਆਰਾ ਸਮਝਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਦੁਆਰਾ ਸਮਝਿਆ ਹੀ ਹੈ। ਵੱਖਰੇ ਵੱਖਰੇ ਜੁਗ ਸਮਝਣਾ ਕੇਵਲ ਸਾਡੇ ਮਨ ਦੀ ਕਲਿ ਹੈ ਭਾਵ ਸਾਡੇ ਅੰਦਰ ਦਾ ਕਲਿਜੁਗ ਹੀ ਹੈ ਜਿਸ ਮਨ ਦੇ ਕਲਿਜੁਗ ਵਿੱਚ ਮਨੁੱਖ ਸਦਾ ਤੋਂ ਹੀ ਰਹਿੰਦਾ ਆ ਰਿਹਾ ਹੈ ਜੋ ਮਨ ਦਾ ਕਲਿਜੁਗ ਸਾਨੂੰ ਮਨ ਦੀ ਝੂਠੀ ਸਮਝ ਦੇ ਨਾਲ ਜੋੜਕੇ ਹੀ ਰੱਖਦਾ ਹੈ ਜਿਸ ਨਾਸਮਝ ਮਤਿ ਦੁਆਰਾ ਨਾ ਅਸੀਂ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਨੂੰ ਸਮਝ ਸਕਦੇ ਹਾਂ ਤੇ ਨਾ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਭਾਵ ਸ੍ਰਿਸ਼ਟੀ ਦੇ ਇੱਕੋ ਇੱਕ ਗੁਰੂ ਨੂੰ ਆਪਣੇ ਅੰਦਰੋਂ ਜਾਣ ਸਕਦੇ ਹਾਂ ਜੋ ਜੁਗਾਂ ਜੁਗਾਂ ਤੋਂ ਇੱਕੋ ਹੀ ਹੈ ਭਾਵ ਹਰ ਸਮੇਂ ਤੋਂ ਇੱਕੋ ਹੀ ਹੈ ਤੇ ਉਸਨੇ ਆਪ ਹੀ ਸਭ ਨੂੰ ਹਰ ਵੇਲੇ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਅਸੀਂ ਸਮੇਂ ਨੂੰ ਵੱਖਰੇ ਵੱਖਰੇ ਜੁਗਾਂ ਨਾਲ ਜੋੜਿਆ ਹੋਇਆ ਹੈ

53/7402

ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਦੁਨਿਆਵੀ ਸਮਾ ਸਦਾ ਇੱਕੋ ਜਿਹਾ ਹੀ ਰਹਿੰਦਾ ਹੈ ਤੇ ਸਾਡੇ ਅੰਦਰ ਦੀ ਸਮਝ ਬਦਲਦੀ ਰਹਿੰਦੀ ਹੈ ਭਾਵ ਸਾਡੇ ਅੰਦਰ ਦੀ ਸਮਝ ਦੇ ਜੁਗ ਬਦਲਦੇ ਰਹਿੰਦੇ ਹਨ ਭਾਵ ਸਾਨੂੰ ਭਰਮਾਂ ਵਿੱਚ ਪਾਈ ਰੱਖਦੇ ਹਨ ਜੋ ਭਰਮ ਸਾਡੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪ ਹੀ ਪਾਉਂਦਾ ਹੈ ਜੋ ਮਨੁੱਖੀ ਸਮਝ ਦਾ ਮਾਲਕ ਹੈ।

ਸਲੋਕੁ ਮਃ ੧ ॥

{ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥
ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥}

(ਅੰਗ ੪੭੦)

ਉਪਰ ਵਾਲੇ ਸ਼ਬਦ ਰਾਹੀਂ ਜੁਗਾਂ ਨੂੰ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੋੜਿਆ ਹੋਇਆ ਹੈ। ਸਾਡੇ ਅੰਦਰ ਦੀ ਜੋ ਧਰਮ ਦੇ ਸੱਚੇ ਮਾਰਗ ਵਾਲੀ ਸਮਝ ਹੁੰਦੀ ਹੈ ਭਾਵ ਜਿਸ ਸਮਝ ਦੁਆਰਾ ਮਨੁੱਖ ਤ੍ਰਿਸ਼ਨਾਵਾਂ ਵਿੱਚੋਂ ਨਿਕਲਕੇ ਭਾਵ ਹਰ ਔਗੁਣ ਤਿਆਗਕੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗਕੇ ਮਨ ਦੇ ਸੰਤੋਖ ਵਿੱਚ ਆ ਜਾਂਦਾ ਹੈ ਉਹ ਉਸ ਮਨ ਦੀ ਸਮਝ ਦੁਆਰਾ ਮਨੁੱਖ ਸਤਿਜੁਗ ਵਿੱਚ ਵੱਸਦਾ ਹੈ ਭਾਵੇਂ ਸੰਸਾਰ ਵਿੱਚ ਉਹ ਜਿਹੋ ਜਿਹਾ ਮਰਜੀ ਸਮਾ ਹੋਵੇ। ਜਦ ਤੋਂ ਸੰਸਾਰ ਦੀ ਰਚਨਾ ਹੋਈ ਹੈ ਮਨੁੱਖ ਲਈ ਧਰਮ ਦਾ ਮਾਰਗ ਵੀ ਇੱਕੋ ਜਿਹਾ ਹੀ ਹੈ ਤੇ ਸਤਿਜੁਗ ਵਿੱਚ ਵੱਸਣ ਦਾ ਭਾਵ ਰਹਿਣ ਦਾ ਮਾਰਗ ਵੀ ਉਹੀ ਹੈ ਜੋ ਕਦੇ ਬਦਲ ਨਹੀਂ ਸਕਦਾ। ਇਸੇ ਤਰ੍ਹਾਂ ਮਨੁੱਖ ਮਨ ਦੀ ਸਮਝ ਕਰਕੇ ਹੀ ਪ੍ਰਮਾਤਮਾ ਨੂੰ ਪਾਉਣ ਦਾ ਮਾਰਗ ਆਪਣੇ ਜਤ, ਤਪ ਦੇ ਮਾਰਗ ਦੁਆਰਾ ਸਮਝਦਾ ਹੈ ਜਿਹੋ ਜਿਹੇ ਮਾਰਗ ਦਾ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜੋ ਮਨੁੱਖ ਜਤ ਦੇ ਮਾਰਗ ਨੂੰ ਅਪਨਾਉਂਦਾ ਹੈ ਭਾਵੇਂ ਉਹ ਇਹ ਮਾਰਗ ਜਿਹੋ ਜਿਹੇ ਮਰਜੀ ਦੁਨਿਆਵੀ ਸਮੇਂ ਵਿੱਚ ਅਪਨਾਉਂਦਾ ਹੈ ਉਸ ਮਨੁੱਖ ਦੀ ਸਮਝ ਨੂੰ ਤ੍ਰੇਤੇ ਜੁਗ ਨਾਲ ਜੋੜਿਆ ਹੋਇਆ ਹੈ ਭਾਵ ਉਹ ਤ੍ਰੇਤੇ ਜੁਗ ਵਿੱਚ ਹੀ ਰਹਿੰਦਾ ਹੈ ਇਸੇ ਤਰ੍ਹਾਂ ਜੋ ਸਰੀਰਕ ਤਪ ਨਾਲ ਜੁੜੇ ਰਹਿੰਦੇ ਹਨ ਉਹ ਹਰ ਵੇਲੇ ਦੁਆਪਰ ਜੁਗ ਵਿੱਚ ਹੀ ਰਹਿੰਦੇ ਹਨ ਭਾਵੇਂ ਸੰਸਾਰ ਵਿੱਚ ਜਿਹੋ ਜਿਹਾ ਮਰਜੀ ਸਮਾਂ ਹੋਵੇ ਭਾਵ ਇਹ ਸਾਰੇ ਜੁਗ ਸਾਡੇ ਮਨ ਦੇ ਵਿਚਾਰਾਂ ਨਾਲ ਹੀ ਜੁੜੇ ਹੋਏ ਹਨ ਜਿਨ੍ਹਾਂ ਵਿਚਾਰਾਂ ਦਾ ਕਾਰਣ ਭਾਵ ਭਗਤੀ ਦੀ ਸੱਚੀ ਸਮਝ ਨਾ ਹੋਣ ਕਾਰਣ ਸਾਡੇ ਅੰਦਰ ਦਾ ਕਲਿਜੁਗ ਹੈ ਭਾਵ ਸਾਡੇ ਅੰਦਰ ਦੀ ਕਲਿ ਹੈ, ਸਾਡੇ ਅੰਦਰ ਦਾ ਕੂੜ ਹੈ ਜੋ ਸਾਨੂੰ ਹਰ ਵੇਲੇ ਭਗਤੀ ਦੀ ਨਾਸਮਝੀ ਕਰਕੇ ਤ੍ਰਿਸ਼ਨਾਵਾਂ ਦੀ ਅਗਨਿ ਵਿੱਚ ਰੱਖਦਾ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਵਿੱਚ ਰਹਿੰਦਿਆਂ ਅਸੀਂ ਭਗਤੀ ਦੇ ਸਹੀ ਮਾਰਗ ਤੇ ਚੱਲ ਹੀ ਨਹੀਂ ਸਕਦੇ ਤੇ ਵਿਅਰਥ ਵਿੱਚ ਹੀ ਉਹੋ ਜਿਹੇ ਭਗਤੀ ਦੇ ਮਾਰਗ ਅਪਨਾਉਂਦੇ ਹਾਂ ਜਿਹੋ ਜਿਹੇ ਮਾਰਗ ਤੇ ਚੱਲ ਕੇ ਭਾਵ ਜਪ ਤਪ ਆਦਿ ਦੇ ਮਾਰਗ ਤੇ ਚੱਲ ਕੇ ਨਾ ਹੀ ਭਗਤੀ ਦੇ ਅਸਲ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਨਾ ਹੀ ਭਗਤੀ ਦੇ ਸਤਿ ਨੂੰ ਜਾਣਿਆ ਜਾ ਸਕਦਾ ਹੈ ਜੋ ਭਗਤੀ ਦੇ ਮਾਰਗ

53/7403

ਦਾ ਸੱਚ ਹੀ ਮਨ ਦੇ ਸੰਤੋਖ ਵਾਲੀ ਅਵਸਥਾ ਵਿੱਚ ਪਹੁੰਚਾਉਦਾ ਹੈ ਜਿਸ ਦੁਆਰਾ ਮਨੁੱਖ ਫਿਰ ਸਦਾ ਹੀ ਆਪਣੇ ਜੀਵਨ ਕਾਲ ਵਿੱਚ ਮਨ ਦੇ ਸਤਿਜੁਗ ਵਿੱਚ ਰਹਿੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰ ਰਹੇ ਹਨ, ਹਰ ਦੁਨਿਆਵੀ ਸਮੇਂ ਵਿੱਚ ਰਹੇ ਹਨ ਭਾਵ ਜਿਸ ਦੁਨਿਆਵੀ ਸਮੇਂ ਨਾਲ ਕੋਈ ਮਤਲਬ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਅਕਾਲ ਪੁਰਖ ਨੇ ਮਨ ਦੇ ਕਲਿਜੁਗ ਵਿੱਚੋਂ ਕੱਢਿਆ ਹੈ, ਮਨ ਦੇ ਵਿੱਚ ਆਪਣੀ ਭਗਤੀ ਦੀ ਸਤਿ ਰੂਪ ਸੱਚੀ ਸਮਝ ਪਾਉਣ ਦੁਆਰਾ ਕੱਢਿਆ ਹੈ। **(ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥)**

{ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥

ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥
ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥
ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥}

(ਅੰਗ ੯੬-੯੭)

{ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥
ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥ ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ ॥
ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥
ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥ ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥
ਮਾਇਆ ਕਉ ਲੂਝਹਿ ਗਾਵਾਰੀ ॥ ਜਨਮਿ ਮਰਹਿ ਜੂਐ ਬਾਜੀ ਹਾਰੀ ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥ ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥ ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥ ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥
ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥ ਜੈਸਾ ਬੀਜੈ ਤੈਸਾ ਖਾਵੈ ॥
ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥}

(ਅੰਗ ੩੬੬)

ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥ ਮਨਮੁਖਿ ਸੂਤਕੁ ਕਬਹਿ ਨ ਜਾਇ ॥
ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥ ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥
ਮਰਿ ਮਰਿ ਜੰਮੈ ਵਾਰੋ ਵਾਰ ॥੨॥ ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥
ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥ ਸਤਿਗੁਰੁ ਸੇਵਿਐ ਸੂਤਕੁ ਜਾਇ ॥
ਮਰੈ ਨ ਜਨਮੈ ਕਾਲੁ ਨ ਖਾਇ ॥੫॥ ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥

ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

ਮਨ ਦੀ ਕਲਿ ਤੋਂ ਬਿਨ੍ਹਾਂ ਤਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੁੰਦਾ ਕਿਉਂਕਿ ਇਹ ਮਨੁੱਖ ਦੀ ਪੈਦਾਇਸ਼ ਤੋਂ ਹੀ ਮਨੁੱਖ ਦੇ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਨਾਲ ਹੀ ਪਾ ਦਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਨ੍ਹਾਂ ਸਰੀਰਾਂ ਨੂੰ ਪਹਿਲੇ ਸ੍ਰਿਸ਼ਟੀ ਦੇ ਕਰਤੇ ਨੇ ਮਨ ਦੀ ਕਲਿ ਵਿੱਚੋਂ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢਿਆ ਹੈ ਉਨ੍ਹਾਂ ਨੇ ਹੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਹੈ ਤੇ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਇੱਕੋ ਜਿਹਾ ਤਰੀਕਾ ਸਮਝਾਇਆ ਹੈ ਭਾਵੇਂ ਉਹ ਅਕਾਲ ਪੁਰਖ ਦੇ, ਅੱਲ੍ਹਾ ਦੇ, ਪ੍ਰਮਾਤਮਾ ਦੇ ਸੱਚੇ ਭਗਤ ਸ੍ਰਿਸ਼ਟੀ ਤੇ ਜਿਸ ਵੇਲੇ ਵੀ ਹੋਏ ਹਨ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਤਰੀਕਾ ਤੇ ਸਦਾ ਤੋਂ ਇੱਕੋ ਹੀ ਰਿਹਾ ਹੈ ਜੋ ਕਿ ਮਨ ਦੇ ਕਲਿਜੁਗ ਵਿੱਚੋਂ ਨਿਕਲਣ ਦਾ ਹੈ ਜੋ ਕਦੇ ਬਦਲ ਨਹੀਂ ਸਕਦਾ। ਮਨ ਦੇ ਇਸ ਕਲਿਜੁਗ ਰੂਪ ਸਮੇਂ ਵਿੱਚੋਂ ਨਿਕਲਣਾ ਹੀ ਉਹ ਸਭ ਤੋਂ ਉੱਤਮ ਸਮਾਂ ਹੈ ਜਿਸ ਸਮੇਂ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਕੇਵਲ ਮਨੁੱਖੀ ਸਰੀਰ ਰਾਹੀਂ ਹੀ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਮਨੁੱਖੀ ਸਰੀਰ ਹਰ ਵੇਲੇ ਤੋਂ ਭਾਵ ਸਦਾ ਤੋਂ ਹੀ ਮਨ ਦੇ ਕਲਿਜੁਗ ਵਿੱਚ ਵਿਚਰ ਰਿਹਾ ਹੈ। ਉਸਦੇ ਨਾਲ ਪੜਦਾ ਮਨ ਦੀ ਕਲਿ ਹੀ ਹੈ ਭਾਵ ਮਨ ਦਾ ਕਲਿਜੁਗ ਭਾਵ ਮਨ ਦੀ ਭਰਮਾਂ ਵਾਲੀ ਸਮਝ ਹੀ ਹੈ। ਜਿਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲੇ ਬਿਨ੍ਹਾਂ ਉਸਨੂੰ ਨਾ ਹੀ ਕਦੇ ਕਿਸੇ ਨੇ ਜਾਣਿਆ ਹੈ ਤੇ ਨਾ ਹੀ ਕਦੇ ਕੋਈ ਰਹਿੰਦੀ ਦੁਨੀਆ ਤਕ ਜਾਣ ਸਕਦਾ ਹੈ। ਧੰਨ ਧੰਨ ਭਗਤ ਰਵਿਦਾਸ ਜੀ ਨੇ ਉਨ੍ਹਾਂ ਦੇ ਦੁਨਿਆਵੀ ਸਮੇਂ ਦੇ ਵੇਲੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਕਿਸ ਤਰੀਕੇ ਜਾਣਿਆ ਹੈ ਇਹ ਉਨ੍ਹਾਂ ਦੇ ਮੁੱਖੋਂ ਉਚਾਰੇ ਹੋਏ ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

ਹੇਠ ਦਿੱਤੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਵੀ ਸਮਝਿਆ ਹੈ ਜਿਸ ਰਾਹੀਂ ਇਹ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਮਨ ਦੇ ਭਰਮ ਵਿੱਚ ਰਹਿੰਦੇ ਹੋਏ ਕੋਈ ਮੈਂ ਤੇ ਤੂੰ ਵਿੱਚ ਕੀ ਫਰਕ ਹੈ ਇਸ ਗੱਲ ਨੂੰ ਨਹੀਂ ਸਮਝ ਸਕਦਾ। ਹੇਠ ਦਿੱਤੇ ਸ਼ਬਦ ਨੂੰ ਅਸੀਂ ਹੁਣ ਹੋਰ ਵੀ ਬਰੀਕੀ ਨਾਲ ਸਮਝਦੇ ਹਾਂ ਤਾਂ ਜੋ ਅਸੀਂ ਜੇਕਰ ਸੱਚੇ ਦਿਲੋਂ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣਾ ਚਾਹੁੰਦੇ ਹਾਂ ਤਾਂ ਉਸ ਲਈ ਫਿਰ ਸਾਰਾ ਉੱਦਮ ਮਨ ਦੀ ਕਲਿ ਵਿੱਚੋਂ, ਮਨ ਦੇ ਕਲਿਜੁਗ ਵਿੱਚੋਂ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ, ਮਨ ਦੀ ਹਉਮੈ ਵਿੱਚੋਂ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਉੱਦਮ ਕਰੀਏ। ਪਹਿਲੇ ਅਸੀਂ ਲੇਖ ਵਿੱਚ ਹੇਠ ਦਿੱਤੇ ਭਗਤ ਰਵਿਦਾਸ ਜੀ ਦੇ ਪਹਿਲੇ ਸ਼ਬਦ ਨੂੰ ਹੀ ਸਮਝਿਆ ਹੈ ਤੇ ਹੁਣ ਪਹਿਲੇ ਸ਼ਬਦ ਦੇ ਨਾਲ ਦੂਸਰੇ ਸ਼ਬਦ ਨੂੰ ਵੀ ਮਿਲਾਕੇ ਸਮਝਦੇ ਹਾਂ ਤੇ ਭਗਤੀ ਦੇ ਸੱਚੇ ਮਾਰਗ ਨੂੰ ਸਮਝਦੇ ਹਾਂ ਜਿਸ ਮਾਰਗ ਤੇ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਚੱਲਿਆ ਜਾ ਸਕਦਾ ਹੈ ਤੇ ਸ੍ਰਿਸ਼ਟੀ ਦੇ ਕਰਤੇ ਦੇ ਨਾਲ, ਅੱਲ੍ਹਾ ਦੇ ਨਾਲ, ਰਾਮ ਦੇ ਨਾਲ, ਵਾਹਿਗੁਰੂ ਦੇ ਨਾਲ, ਗਾਡ ਦੇ ਨਾਲ ਆਪਣਾ ਪਿਆਰ ਜੋੜਿਆ ਜਾ ਸਕਦਾ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਉਸਨੂੰ ਜਾਨਣ ਦਾ ਤਰੀਕਾ ਸਦਾ ਸਦਾ ਤੋਂ ਇੱਕੋ ਹੀ ਹੈ, ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ।

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

“ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥ ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੂ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ॥ ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥ ਮਾਧਵੇ ਜਾਨਤ ਹਹੁ ਜੈਸੀ ਤੈਸੀ ॥
ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥ ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥
ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥
ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥"

(ਅੰਗ ੬੫੭-੬੫੮)

ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤੱਦ ਤੋਂ ਜਿਸਨੇ ਵੀ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਹੈ ਉਨ੍ਹਾਂ ਸਭਨਾਂ ਨੇ ਉਸਨੂੰ ਉਸਦੇ ਇੱਕੋ ਰੂਪ ਵਿੱਚ ਹੀ ਜਾਣਿਆ ਹੈ ਤੇ ਇੱਕੋ ਤਰੀਕੇ ਹੀ ਜਾਣਿਆ ਹੈ ਜਿਵੇਂ ਕਿ ਅਸੀਂ ਹੁਣ ਤਕ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉਹੀ ਤਰੀਕਾ

ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਭਗਤ ਰਵਿਦਾਸ ਜੀ ਨੇ ਉਪਰਲੇ ਸ਼ਬਦ ਰਾਹੀਂ ਸਾਰੇ ਸੰਸਾਰ ਨੂੰ ਸਮਝਾਇਆ ਹੋਇਆ ਹੈ। ਸ੍ਰਿਸ਼ਟੀ ਦੀ ਅਸਲੀਅਤ ਤਾਂ ਇਹੀ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਤੇ ਉਸਨੇ ਆਪ ਹੀ ਹਰ ਮਨੁੱਖ ਤੋਂ ਆਪਣਾ ਪੜਦਾ ਰੱਖਿਆ ਹੋਇਆ ਹੈ, ਮਨ ਦੀ ਸਮਝ ਰਾਹੀਂ ਪੜਦਾ ਰੱਖਿਆ ਹੋਇਆ ਹੈ। ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥"

ਉਪਰ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਮਨੁੱਖ ਵਿੱਚ ਤੇ ਸ੍ਰਿਸ਼ਟੀ ਦੇ ਕਰਤੇ ਵਿੱਚ ਕੀ ਭੇਦ ਹੈ। ਗੱਲ ਸਾਰੀ ਸਾਡੇ ਅੰਦਰ ਦੀ ਹਉਮੈ ਦੀ ਹੈ ਭਾਵ ਮਨ ਦੀ ਝੂਠੀ ਸਮਝ ਦੀ ਹੈ, ਹਉਮੈ ਰੂਪ ਪੜਦੇ ਦੀ ਹੈ ਜੋ ਸਾਡੇ ਅੰਦਰ ਦੀ ਸਮਝ ਸਾਨੂੰ ਮੈਂ ਸਿਖਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ ਤੇ ਜਦੋਂ ਅੰਦਰ ਦੀ ਮੈਂ ਖਤਮ ਹੋ ਜਾਂਦੀ ਹੈ ਫਿਰ ਆਪਣੇ ਅੰਦਰ ਵੀ ਤੇ ਸਭ ਦੇ ਅੰਦਰ ਵੀ ਤੂੰ ਹੀ ਨਜਰ ਆਉਂਦਾ ਹੈ ਭਾਵ ਮਨ ਦੀ ਮੈਂ ਦੂਰ ਹੋਣ ਨਾਲ, ਹਉਮੈ ਦੂਰ ਹੋਣ ਨਾਲ ਮਨੁੱਖ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਉਸਨੂੰ ਕੋਈ ਗਾਡ ਕਹਿੰਦਾ ਹੈ, ਪ੍ਰਮਾਤਮਾ ਕਹਿੰਦਾ ਹੈ, ਅੱਲ੍ਹਾ ਕਹਿੰਦਾ ਹੈ, ਰਾਮ ਕਹਿੰਦਾ ਹੈ, ਭਗਵਾਨ ਕਹਿੰਦਾ ਹੈ, ਵਾਹਿਗੁਰੂ ਕਹਿੰਦਾ ਹੈ, ਅਕਾਲ ਪੁਰਖ ਕਹਿੰਦਾ ਹੈ ਜਾਂ ਕਿਸੇ ਵੀ ਹੋਰ ਨਾਮ ਨਾਲ ਪੁਕਾਰਦਾ ਹੈ। **(ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥)** ਸਾਡੇ ਅੰਦਰ ਮੈਂ ਵਾਲੇ ਵਿਚਾਰ ਮਨ ਦੇ ਵਿੱਚੋਂ ਕਿਸ ਤਰੀਕੇ ਉਪਜਦੇ ਹਨ ਤੇ ਕਿਸ ਤਰੀਕੇ ਉਨ੍ਹਾਂ ਦੀ ਸਮਝ ਪੈਂਦੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥"

ਸਾਡਾ ਮਨ ਸਮੁੰਦਰ ਦੇ ਪਾਣੀ ਦੀ ਤਰ੍ਹਾਂ ਹੈ। ਜਿਸ ਤਰੀਕੇ ਸਮੁੰਦਰ ਵਿੱਚੋਂ ਲਹਿਰਾਂ ਉੱਠਦੀਆਂ ਰਹਿੰਦੀਆਂ ਹਨ ਇਸੇ ਤਰ੍ਹਾਂ ਹੀ ਸਾਡੇ ਮਨ ਰੂਪ ਸਮੁੰਦਰ ਵਿੱਚੋਂ ਵਿਚਾਰ ਉੱਠਦੇ ਰਹਿੰਦੇ ਹਨ ਜਿਨ੍ਹਾਂ ਵਿਚਾਰਾਂ ਰਾਹੀਂ ਮਨੁੱਖ ਨੂੰ ਆਪਣੇ ਅੰਦਰੋਂ ਸਾਰੀ ਸਮਝ ਪੈਂਦੀ ਹੈ। ਸਾਨੂੰ ਮੈਂ ਸਿਖਾਉਣ ਵਾਲੇ ਸਾਡੇ ਮਨ ਦੇ ਵਿਚਾਰ ਹੀ ਹਨ। ਜਿਵੇਂ ਸਮੁੰਦਰ ਦੇ ਵਿੱਚ ਵੱਡੀਆਂ ਵੱਡੀਆਂ ਲਹਿਰਾਂ ਉੱਠਦੀਆਂ ਹਨ ਉਨ੍ਹਾਂ ਲਹਿਰਾਂ ਦਾ ਆਪਣਾ ਕੋਈ ਵਜੂਦ ਨਹੀਂ ਹੁੰਦਾ ਭਾਵ ਉਹ ਸਮੁੰਦਰ ਦਾ ਹਿੱਸਾ ਹੀ ਹੁੰਦੀਆਂ ਹਨ। ਜਿਸਨੇ ਪਾਣੀ ਨੂੰ ਬਣਾਇਆ ਹੈ ਉਹ ਪਾਣੀ ਦਾ ਮਾਲਕ ਹੀ ਉਨ੍ਹਾਂ ਲਹਿਰਾਂ ਨੂੰ ਬਨਾਉਣ ਵਾਲਾ ਹੈ। ਇਸੇ ਤਰ੍ਹਾਂ ਜਿਸ ਸ੍ਰਿਸ਼ਟੀ ਦੇ ਕਰਤੇ ਨੇ ਸਾਡੇ ਮਨ ਦੀ ਰਚਨਾ ਕੀਤੀ ਹੈ ਉਹੀ ਸਾਡੇ ਅੰਦਰ ਵਿਚਾਰਾਂ ਨੂੰ ਉਪਜਾਉਣ ਵਾਲਾ ਹੈ, ਮੈਂ ਵਾਲੇ, ਹਉਮੈ ਵਾਲੇ ਵਿਚਾਰ ਉਪਜਾਉਣ ਵਾਲਾ ਹੈ। ਜਿਵੇਂ ਸਮੁੰਦਰ

ਦੇ ਵਿੱਚ ਹਨੇਰੀ ਆਉਣ ਤੋਂ ਬਾਅਦ ਇਹ ਛੱਲਾਂ ਹਨੇਰੀ ਦੇ ਰੁੱਖਣ ਤੇ ਸਮੁੰਦਰ ਦੇ ਵਿੱਚ ਹੀ ਸਮਾ ਜਾਂਦੀਆਂ ਹਨ

53/7405

ਇਸੇ ਤਰ੍ਹਾਂ ਸਾਡੇ ਮਨ ਦੇ ਵਿਚਾਰਾਂ ਦੇ ਅੰਦਰ ਜੋ ਹਉਮੈ ਦੀ ਹਨੇਰੀ ਚੱਲਦੀ ਰਹਿੰਦੀ ਹੈ ਉਹ ਸ੍ਰਿਸ਼ਟੀ ਦੇ ਕਰਤੇ ਦੀ ਮਰਜੀ ਨਾਲ ਹੀ ਚੱਲਦੀ ਹੈ ਜੋ ਸਾਡੇ ਮਨ ਦਾ ਮਾਲਕ ਹੈ, ਆਪਣੀ ਜੋਤਿ ਰੂਪ ਵਿੱਚ ਮਾਲਕ ਹੈ। ਜਦੋਂ ਉਹ ਹਉਮੈ ਵਾਲੇ ਵਿਚਾਰਾਂ ਦੀ ਹਨੇਰੀ ਰੋਕ ਦਿੰਦਾ ਹੈ ਫਿਰ ਮਨ ਦੇ ਵਿਚਾਰਾਂ ਰਾਹੀਂ ਮਨੁੱਖ ਨੂੰ ਉਹ ਇਹ ਸਮਝ ਪਾ ਦਿੰਦਾ ਹੈ ਕਿ ਮਨ ਦੇ ਵਿਚਾਰਾਂ ਦਾ ਮਾਲਕ ਭਾਵ ਮਨ ਰੂਪ ਸਮੁੰਦਰ ਦਾ ਮਾਲਕ ਉਹ ਆਪ ਹੀ ਹੈ, ਇਹ ਸਰੀਰ ਦਾ ਮਾਲਕ ਉਹ ਆਪ ਹੀ ਹੈ ਤੇ ਸਭ ਕੁਝ ਉਹ ਆਪ ਹੀ ਹੈ ਤੇ ਉਸਨੇ ਆਪ ਹੀ ਮਨ ਦੇ ਵਿਚਾਰਾਂ ਰਾਹੀਂ ਸਭ ਨੂੰ ਹਉਮੈ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ ਭਾਵ ਮੈਂ ਵਿੱਚ ਰੱਖਿਆ ਹੋਇਆ ਹੈ ਤੇ ਤੂੰ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ ਜੋ ਅਸਲ ਵਿੱਚ ਉਹ ਸਭ ਕੁਝ ਆਪ ਹੀ ਹੈ। **(ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥ ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥)**

ਸਾਡੇ ਅੰਦਰ ਦੀ ਹਉਮੈ ਦਾ ਮਕਸਦ ਮਨੁੱਖ ਨੂੰ ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਤਾਂ ਜੋ ਅਸੀਂ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਾ ਜਾਣ ਸਕੀਏ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਪਸ਼ਟ ਕੀਤਾ ਹੋਇਆ ਹੈ।

“ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥”

ਇਹ ਸਾਡੇ ਸਭ ਦੇ ਅੰਦਰ ਭਰਮਾਂ ਵਾਲੀ ਸਮਝ ਹੀ ਹੈ ਜਿਸ ਵਿੱਚ ਰਹਿੰਦਿਆਂ ਕੋਈ ਵੀ ਸ੍ਰਿਸ਼ਟੀ ਦੇ ਕਰਤੇ ਦੀ ਸੱਚਾਈ ਨੂੰ ਨਹੀਂ ਜਾਣ ਸਕਦਾ ਕਿ ਉਹ ਸਭ ਕੁਝ ਆਪ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜੇਕਰ ਮਨ ਦੀ ਸਮਝ ਸਾਡੇ ਵੱਸ ਹੋਵੇ ਤਾਂ ਫਿਰ ਕੌਣ ਭਰਮ ਵਿੱਚ ਰਹਿਣਾ ਚਾਹੇਗਾ ਤੇ ਸ੍ਰਿਸ਼ਟੀ ਦੇ ਕਰਤੇ ਨੂੰ ਨਾ ਜਾਨਣਾ ਚਾਹੇਗਾ ਭਾਵ ਮਨੁੱਖ ਦੀ ਸਮਝ ਮਨੁੱਖ ਦੀ ਆਪਣੀ ਨਹੀਂ ਭਾਵ ਸਾਡੇ ਅੰਦਰ ਭਰਮ ਪਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਇਹ ਨਹੀਂ ਚਾਹੁੰਦਾ ਕਿ ਕੋਈ ਉਸਨੂੰ ਆਪਣੇ ਆਪ ਹੀ ਜਾਣ ਲਵੇ ਕਿਉਂਕਿ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਆਪਣਾ ਆਪ ਜਣਾਏ ਕਿ ਮੈਂ ਕੀ ਹਾਂ ਤੇ ਇਸ ਸੰਸਾਰ ਦੀ ਅਸਲੀਅਤ ਕੀ ਹੈ। ਮਨ ਦੇ ਭਰਮ ਵਿੱਚ ਰਹਿੰਦੇ ਹੋਏ ਅਸੀਂ ਮਨੁੱਖੀ ਸਰੀਰ ਨੂੰ ਆਪਣਾ ਮੰਨਦੇ ਹਾਂ, ਮਨ ਦੀ ਸਮਝ ਨੂੰ ਵੀ ਆਪਣੀ ਸਮਝ ਮੰਨਦੇ ਹਾਂ, ਹਰ ਆਕਾਰ ਰੂਪ ਨੂੰ, ਜੀਵ-ਜੰਤੂ ਨੂੰ ਅੱਲ੍ਹਾ ਤੋਂ ਵੱਖਰਾ ਰੂਪ ਮੰਨਦੇ ਹਾਂ ਪਰ ਜੋ ਕੁਝ ਵੀ ਅਸੀਂ ਮੰਨਦੇ ਹਾਂ ਉਹ ਉਹੀ ਕੁਝ ਨਹੀਂ ਹੈ ਭਾਵ ਸਭ ਕੁਝ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਪਰ ਇਸ ਗੱਲ ਦੀ ਸਮਝ ਕੇਵਲ ਉਸਨੂੰ ਹੀ ਲੱਗ ਸਕਦੀ ਹੈ ਜਿਸਦਾ ਭਰਮ ਉਹ ਆਪ ਹੀ ਕਿਸੇ ਦਾ ਕੱਢਦਾ ਹੈ ਜਿਸਨੇ ਆਪ ਸਭ ਦੇ ਵਿੱਚ ਭਰਮ ਪਾਇਆ ਹੋਇਆ ਹੈ। **(ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥)**

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥

ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥

ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥

ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥

ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥

ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥

ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥

ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥

ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

53/7406

ਗਉੜੀ ਕਬੀਰ ਜੀ ॥

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

{ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}

(ਅੰਗ ੪੦)

ਪਉੜੀ ॥

{ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥
ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧੁ}

(ਅੰਗ ੧੨੯੧)

{ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥}

(ਅੰਗ ੫੧)

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ ੬੭)

{ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥
ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ ॥
ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥}

(ਅੰਗ ੬੭)

{ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥}

(ਅੰਗ ੭੨)

ਮਃ ੩ ॥

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥}

(ਅੰਗ ੮੬-੮੭)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

{ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥
ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥
ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥
ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥}

(ਅੰਗ ੧੦੭)

53/7407

{ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥
ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥
ਪ੍ਰਭੁ ਸਮਰਥੁ ਵਡ ਊਚ ਅਪਾਰਾ ॥ ਨਉ ਨਿਧਿ ਨਾਮੁ ਭਰੇ ਭੰਡਾਰਾ ॥
ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥੩॥}

(ਅੰਗ ੧੦੭)

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥
ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ ੧੧੨)

{ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥
ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥}

(ਅੰਗ ੧੧੪)

{ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥

ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥੭॥}

(ਅੰਗ ੧੧੪)

{ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥ ਦੂਜਾ ਭਰਮੁ ਗੁਰ ਸਬਦਿ ਜਲਾਏ ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥}

(ਅੰਗ ੧੧੫)

{ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥
ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥
ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥}

(ਅੰਗ ੧੨੬-੧੨੭)

ਪਉੜੀ ॥

{ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥ ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥
ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ ॥ ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥
ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ ॥ ਸਚੇ ਦੈ ਦਰਿ ਜਾਇ ਸਚੁ ਚਵਾਂਈਐ ॥
ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥ ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ ॥੧੫॥}

(ਅੰਗ ੧੪੫)

ਗਉੜੀ ਮਹਲਾ ੧ ॥

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥
ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ ੧੫੩)

ਗਉੜੀ ਮਹਲਾ ੩ ਗੁਆਰੇਰੀ ॥

{ਸਚਾ ਅਮਰੁ ਸਚਾ ਪਾਤਿਸਾਹੁ ॥ ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥ ਸਚੈ ਮਹਲਿ ਸਚਿ ਨਾਮਿ ਸਮਾਹੁ ॥੧॥
ਸੁਣਿ ਮਨ ਮੇਰੇ ਸਬਦੁ ਵੀਚਾਰਿ ॥ ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥੧॥ ਰਹਾਉ ॥
ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ ॥੨॥
ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥
ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥ ਕਿਰਪਾ ਕਰਿ ਸਤਿਗੁਰੂ ਮਿਲਾਏ ॥
ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥}

(ਅੰਗ ੧੬੧)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥੧੦॥੬॥੨੩॥}

(ਅੰਗ ੬੮)

ਉਪਰ ਵਾਲੇ ਸ਼ਬਦਾਂ ਰਾਹੀਂ ਸਾਡੇ ਅੰਦਰ ਦਾ ਭਰਮ ਕੀ ਹੈ ਤੇ ਕਿੱਥੋਂ ਆਉਂਦਾ ਹੈ ਇਹੀ ਸਮਝਾਇਆ ਹੋਇਆ ਹੈ। ਉਪਰ ਵਾਲੇ ਬਹੁਤੇ ਸ਼ਬਦਾਂ ਨੂੰ

53/7408

ਅਸੀਂ ਪਿੱਛੇ ਲੇਖ ਵਿੱਚ ਜਾਣਿਆ ਹੀ ਹੈ। ਇਸੇ ਤਰ੍ਹਾਂ ਪੂਰੀ ਬਾਣੀ ਦੇ ਸ਼ਬਦਾਂ ਰਾਹੀਂ ਭਰਮ ਦੀ ਗੱਲ ਆਉਂਦੀ ਹੈ ਜਿਸ ਮਨ ਦੇ ਭਰਮ ਵਿੱਚ ਰਹਿੰਦਿਆਂ ਭਾਵ ਭਰਮਾਂ ਵਾਲੀ ਸਮਝ ਵਿੱਚ ਰਹਿੰਦਿਆਂ ਨਾ ਹੀ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਉਸਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕਦਾ ਹੈ ਜੋ ਧਰਮ ਦਾ ਸੱਚਾ ਮਾਰਗ ਉਹ ਕਿਸੇ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਹੀ ਗੁਰਬਾਣੀ ਸਮਝਾਉਂਦਾ ਹੈ ਜਿਸ ਆਪਣੇ ਨਾਮ ਦੁਆਰਾ ਹੀ ਉਹ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ ਜਿਸਨੇ ਆਪ ਹੀ ਸਭ ਦੇ ਅੰਦਰ ਭਰਮ ਰੂਪ ਪੜਦਾ ਪਾਇਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਸ਼ਬਦਾਂ ਦੁਆਰਾ ਵੀ ਇੱਹੋ ਕੁਝ ਹੀ ਸਮਝਾਇਆ ਹੋਇਆ ਹੈ ਜਿਸਨੂੰ ਸਮਝਣ ਲਈ ਕੇਵਲ ਤੇ ਕੇਵਲ ਗੁਰੂ ਦੀ ਮਤਿ ਤੇ ਪੂਰਨ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਕੇਵਲ ਤੇ ਕੇਵਲ ਇੱਕੋ ਇੱਕ ਗੁਰੂ ਦੀ ਮਤਿ ਹੀ ਐਸੀ ਮਤਿ ਹੈ ਜਿਸ ਵਿੱਚ ਪੂਰਨ ਸੱਚ ਹੈ ਜੋ ਮਤਿ ਸੱਚ ਰੂਪ ਗੁਰੂ ਪ੍ਰਮਾਤਮਾ ਦੀ ਆਪਣੀ ਮਤਿ ਹੈ ਜੋ ਸੱਚੀ ਮਤਿ ਹਰ ਭਰਮ ਤੋਂ ਰਹਿਤ ਹੈ। ਸਾਡੇ ਅੰਦਰ ਜੋ ਮਾਇਆ ਦੀ ਜੁਗਤਿ ਹੈ, ਤ੍ਰੈ ਗੁਣਾਂ ਵਾਲੀ ਸਮਝ ਹੈ, ਹਉਮੈ ਹੈ, ਸਾਡੇ ਅੰਦਰ ਦਾ ਪੁੱਠਾ ਕਮਲ ਹੈ ਇਨ੍ਹਾਂ ਸਭ ਦਾ ਮਕਸਦ ਸਾਡੇ ਮਨ ਦੇ ਅੰਦਰ ਸਾਨੂੰ ਸਮਝ ਪਾਉਣ ਲਈ ਹੈ ਤੇ ਇਨ੍ਹਾਂ ਰਾਹੀਂ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਜੋ ਵੀ ਸਮਝ ਪੈਂਦੀ ਹੈ ਉਹ ਸਾਡੇ ਸਭ ਦੇ ਅੰਦਰ ਭਰਮਾਂ

ਵਾਲੀ ਸਮਝ ਹੈ, ਸਹਸਾ ਵਾਲੀ ਸਮਝ ਹੈ, ਦੁਬਿਧਾ ਵਾਲੀ ਸਮਝ ਹੈ, ਦੁਚਿੱਤੀ ਵਾਲੀ ਸਮਝ ਹੈ, ਮਨਮਤਿ ਵਾਲੀ ਸਮਝ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਹੈ ਜੋ ਗੁਰੂ ਦੇ ਉੱਚੇ ਤੇ ਸੱਚੇ ਗਿਆਨ ਦੇ ਅੱਗੇ ਬਹੁਤ ਨੀਵੀਂ ਸਮਝ ਹੈ ਭਾਵ ਗੁਰੂ ਦੇ ਚੌਥੇ ਪਦ ਦੇ ਗਿਆਨ ਦੀ ਸਮਝ ਦੇ ਅੱਗੇ ਬਹੁਤ ਨੀਵੀਂ ਸਮਝ ਹੈ। ਗੁਰੂ ਦੇ ਉੱਚੇ ਗਿਆਨ ਦਾ ਪਦ ਪਰਮ ਪਦ ਹੈ ਜਿਸ ਆਪਣੇ ਉੱਚੇ ਪਦ ਦੇ ਵਿੱਚ ਭਾਵ ਆਪਣੇ ਉੱਚੇ ਗਿਆਨ ਵਾਲੀ ਸਮਝ ਦੇ ਵਿੱਚ, ਬ੍ਰਹਮ ਗਿਆਨ ਵਾਲੀ ਸਮਝ ਦੇ ਵਿੱਚ ਭਾਵ ਆਪਣੀ ਨਾਮ ਵਾਲੀ ਸਮਝ ਦੇ ਵਿੱਚ ਕਦੇ ਹੀ ਕਿਸੀ ਵਿਰਲੀ ਮਨੁੱਖੀ ਸਮਝ ਨੂੰ ਰਲਾਉਂਦਾ ਹੈ ਤੇ ਉਸ ਮਨੁੱਖੀ ਸਮਝ ਨੂੰ ਹਰ ਭਰਮ ਤੋਂ ਮੁਕਤ ਕਰਦਾ ਹੈ ਭਾਵ ਮਨ ਦੇ ਬੰਧਨ ਤੋਂ ਮੁਕਤ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੇ ਭਰਮ ਤੋਂ ਮੁਕਤ ਕੀਤਾ ਹੈ ਤੇ ਤਾਂ ਹੀ ਉਨ੍ਹਾਂ ਨੇ ਇਸ ਗੱਲ ਨੂੰ ਜਾਣਿਆ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਹੁਣ ਅਸੀਂ ਭਗਤ ਰਵਿਦਾਸ ਜੀ ਦੇ ਸ਼ਬਦ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਾਂਗੇ ਜੋ ਅਸੀਂ ਪਹਿਲੇ ਸਮਝਿਆ ਹੈ। **(ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥)**

ਮਨ ਦੇ ਭਰਮ ਕਰਕੇ ਹੀ ਅਸੀਂ ਆਪਣੇ ਆਪ ਨੂੰ ਅੱਲ੍ਹਾ ਤੋਂ, ਪ੍ਰਮਾਤਮਾ ਤੋਂ ਵੱਖਰਾ ਸਮਝਦੇ ਹਾਂ ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਦੇ ਅਗਲੇ ਪਦੇ ਰਾਹੀਂ ਗਹਿਰੇ ਢੰਗ ਨਾਲ ਸਮਝਾਈ ਹੋਈ ਹੈ। ਆਉ ਸਮਝਦੇ ਹਾਂ।

“ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥”

53/7409

ਸੁਪਨਾ ਜਦੋਂ ਵੀ ਕੋਈ ਮਨੁੱਖ ਦੇਖਦਾ ਹੈ ਉਹ ਸੁੱਤੇ ਹੋਏ ਹੀ ਦੇਖਦਾ ਹੈ ਭਾਵ ਨੀਂਦ ਵਿੱਚ ਹੀ ਦੇਖਦਾ ਹੈ। ਸੁਪਨੇ ਦੇ ਵਿੱਚ ਮਨੁੱਖ ਜੋ ਕੁਝ ਵੀ ਦੇਖਦਾ ਹੈ ਉਸਨੂੰ ਉਹ ਸੱਚ ਹੀ ਸਮਝਦਾ ਹੈ ਤੇ ਜਦੋਂ ਮਨੁੱਖ ਦੀ ਨੀਂਦ ਖੁੱਲਦੀ ਹੈ ਭਾਵ ਜਦੋਂ ਉਹ ਨੀਂਦ ਤੋਂ ਜਾਗਦਾ ਹੈ ਫਿਰ ਉਸਨੂੰ ਇਹ ਮਹਿਸੂਸ ਹੁੰਦਾ ਹੈ ਕਿ ਜੋ ਕੁਝ ਮੈਂ ਸੁਪਨੇ ਵਿੱਚ ਦੇਖ ਕੇ ਸੱਚ ਸਮਝ ਰਿਹਾ ਸੀ ਅਸਲ ਵਿੱਚ ਉਹ ਝੂਠ ਸੀ ਭਾਵ ਮੈਂ ਮਨ ਦੇ ਭਰਮ ਕਰਕੇ ਹੀ, ਮਨ ਦੀ ਨਾਸਮਝੀ ਕਰਕੇ ਹੀ ਉਸਨੂੰ ਸੱਚ ਸਮਝੀ ਬੈਠਾ ਸੀ। ਮਨੁੱਖ ਦਾ ਪੂਰਾ ਜੀਵਨ ਜੋ ਉਹ ਜਾਗਦੇ ਹੋਏ ਵੀ ਜੀ ਰਿਹਾ ਹੈ ਉਹ ਸੁਪਨੇ ਦੀ ਤਰ੍ਹਾਂ ਝੂਠ ਹੀ ਹੈ ਜਿਸਨੂੰ ਮਨੁੱਖ ਸੱਚ ਹੀ ਸਮਝਦਾ ਹੈ। ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਵੱਖਰਾ ਸਮਝਦਾ ਹੈ ਜਿਸ ਵਿੱਚ ਉਸਨੂੰ ਸੱਚ ਹੀ ਲੱਗਦਾ ਹੈ। ਪੇੜ ਨੂੰ ਪੇੜ ਕਹਿਣਾ ਸਾਨੂੰ ਸੱਚ ਹੀ ਲੱਗਦਾ ਹੈ। ਹਰ ਜੀਵ-ਜੰਤੂ ਨੂੰ ਜੀਵ-ਜੰਤੂ ਹੀ ਕਹਿਣਾ ਭਾਵ ਅਕਾਲ ਪੁਰਖ ਤੋਂ ਵੱਖਰਾ ਸਮਝਣਾ, ਕਹਿਣਾ ਸਾਨੂੰ ਸੱਚ ਬੋਲਣਾ ਹੀ ਲੱਗਦਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੀ ਹੈ।

{ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥}

(ਅੰਗ ੧੪੨੭)

ਉਪਰ ਵਾਲੇ ਸ਼ਬਦ ਰਾਹੀਂ ਪ੍ਰਮਾਤਮਾ ਰੂਪ ਗੁਰੂ ਸਾਹਿਬ ਨੇ ਸਾਰੇ ਸੰਸਾਰ ਨੂੰ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਆਪਣੀਆਂ ਅੱਖਾਂ ਨਾਲ ਸੰਸਾਰ ਵਿੱਚ ਜੋ ਕੁਝ ਵੀ ਦੇਖਦੇ ਹਾਂ ਜੇਕਰ ਹਰ ਆਕਾਰ ਰੂਪ ਸਾਨੂੰ ਪ੍ਰਮਾਤਮਾ ਦਾ ਹੀ ਰੂਪ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਹੀ ਰੂਪ ਨਜਰ ਆ ਰਿਹਾ ਹੈ ਤਾਂ ਫਿਰ ਇਹ ਸੱਚ ਹੈ ਤੇ ਜੇਕਰ ਅਸੀਂ ਕਿਸੇ ਵੀ ਰੂਪ ਨੂੰ ਅਕਾਲ ਪੁਰਖ ਤੋਂ ਵੱਖਰਾ ਰੂਪ ਸਮਝਦੇ ਹਾਂ ਫਿਰ ਇਹ ਸੁਪਨੇ ਦੀ ਤਰ੍ਹਾਂ ਝੂਠ ਹੈ ਭਾਵ ਸੁਪਨਾ ਦੇਖਣ ਵਰਗਾ ਝੂਠ ਹੈ। ਉਪਰ ਵਾਲੇ ਮੁੱਖ ਸ਼ਬਦ ਵਿੱਚ ਸੁਪਨੇ ਦੀ ਗੱਲ ਹੀ ਕੀਤੀ ਹੋਈ ਹੈ ਜਿਸ ਸ਼ਬਦ ਦੀ ਅਸਲੀਅਤ ਨੂੰ ਅਸੀਂ ਤਾਂ ਹੀ ਸਮਝ ਪਾਵਾਂਗੇ ਜੇਕਰ ਸਾਨੂੰ ਪਹਿਲੇ ਇਸ ਗੱਲ ਦੀ ਸਮਝ ਪੈ ਜਾਵੇ ਕਿ ਸੁਪਨੇ ਵਿੱਚ ਅਸੀਂ ਜੋ ਕੁਝ ਦੇਖਦੇ ਹਾਂ ਉਹ ਅਸਲ ਵਿੱਚ ਝੂਠ ਹੁੰਦਾ ਹੈ, ਜਿਸ ਵਿੱਚ ਸੱਚ ਨਹੀਂ ਹੁੰਦਾ। ਮਨੁੱਖੀ ਸਮਝ ਨੂੰ ਉਸਦੇ ਜਾਗਦੇ ਹੋਏ ਵੀ ਭਾਵ ਆਪਣੇ ਜੀਵਨ ਵਿੱਚ ਵਿਚਰਦੇ ਹੋਏ ਵੀ ਇਕ ਸੁਪਨਾ ਵੇਖਣ ਦੀ ਤਰ੍ਹਾਂ ਝੂਠੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਪਾ ਕੇ ਰੱਖਿਆ ਹੋਇਆ ਹੈ ਭਾਵ ਜਿਸ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਤੋਂ, ਅੱਲ੍ਹਾ ਤੋਂ, ਵਾਹਿਗੁਰੂ ਤੋਂ, ਗਾਡ ਤੋਂ ਭਾਵ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਸਮਝਦਾ ਹੈ ਤੇ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਵੀ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਰੂਪ ਸਮਝਦਾ ਹੈ ਜਦ ਕਿ ਇਹ ਸੁਪਨੇ ਦੀ ਤਰ੍ਹਾਂ ਝੂਠੀ ਗੱਲ ਹੈ। ਉਪਰ ਵਾਲੇ ਸ਼ਬਦ ਵਿੱਚ ਸਾਨੂੰ ਇਹ ਗੱਲ ਨਰਪਤਿ ਦਾ ਭਾਵ ਇੱਕ ਦੁਨਿਆਵੀ ਰਾਜੇ ਦਾ ਪ੍ਰਮਾਣ ਦੇਣ ਦੁਆਰਾ ਸਮਝਾਈ ਹੈ। ਰਾਜੇ ਆਪਣੇ ਸਿੰਘਾਸਨ ਤੇ ਬੈਠਦੇ ਹਨ ਭਾਵ ਤਕਤ ਤੇ ਬੈਠਦੇ ਹਨ ਤੇ ਜੇਕਰ ਕੋਈ ਰਾਜਾ ਆਪਣੇ ਤਕਤ ਤੇ ਬੈਠਾ ਹੋਇਆ ਸੋ ਜਾਵੇ ਭਾਵ ਉਸਨੂੰ ਨੀਂਦ ਆ ਜਾਵੇ ਤੇ ਸੁੱਤੇ

53/7410

ਹੋਏ ਜੇਕਰ ਉਸਨੂੰ ਇਹ ਸੁਪਨਾ ਆ ਜਾਵੇ ਕਿ ਉਹ ਇੱਕ ਭੇਖਾਰੀ ਹੈ ਫਿਰ ਇਹ ਕਿਤਨੀ ਕੂ ਝੂਠੀ ਗੱਲ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਭਿਖਾਰੀ ਬਣਨਾ ਕਿਸੇ ਨੂੰ ਚੰਗਾ ਨਹੀਂ ਲੱਗਦਾ ਭਾਵ ਹਰ ਕੋਈ ਇਸ ਵਿੱਚ ਦੁੱਖ ਮਹਿਸੂਸ ਕਰਦਾ ਹੈ ਤੇ ਜੇਕਰ ਕੋਈ ਰਾਜਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਇਹ ਸਮਝ ਲਵੇ ਕਿ ਮੇਰਾ ਰਾਜ ਚਲਾ ਗਿਆ ਹੈ ਤੇ ਹੁਣ ਮੈਂ ਇੱਕ ਭੇਖਾਰੀ ਬਣ ਗਿਆ ਹਾਂ ਉਸਨੂੰ ਬਹੁਤ ਦੁੱਖ ਮਹਿਸੂਸ ਹੁੰਦਾ ਹੈ ਇਹੋ ਜਿਹੀ ਆਪਣੀ ਹਾਲਤ ਜੋ ਇੱਕ ਰਾਜਾ ਹੁੰਦੇ ਹੋਏ ਵੀ ਮਹਿਸੂਸ ਕਰਦਾ ਹੈ ਭਾਵ ਇੱਕ ਝੂਠਾ ਸੁਪਨਾ ਵੇਖਣ ਦੁਆਰਾ ਮਹਿਸੂਸ ਕਰਦਾ ਹੈ ਇਹੀ ਗੱਲ ਭਾਵ ਇਹੀ ਹਾਲਤ ਸੰਸਾਰ ਦੇ ਹਰ ਮਨੁੱਖ ਦੀ ਹੈ ਭਾਵ ਮਨ ਦੇ ਭਰਮ ਕਰਕੇ ਹੀ ਹਰ ਕੋਈ ਸ੍ਰਿਸ਼ਟੀ ਦੇ ਰਾਜੇ ਦਾ ਰੂਪ ਹੁੰਦੇ ਹੋਏ ਵੀ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਹੁੰਦੇ ਹੋਏ ਵੀ ਆਪਣੇ ਆਪ ਨੂੰ ਭਿਖਾਰੀ ਦੀ ਤਰ੍ਹਾਂ ਸਮਝਦਾ ਹੈ ਭਾਵ ਰਾਜੇ ਤੋਂ ਦੂਸਰਾ ਰੂਪ ਸਮਝਦਾ ਹੈ। ਸੰਸਾਰ ਦੀ ਹਕੀਕਤ ਇਹ ਹੈ ਕਿ ਅਸਲ ਵਿੱਚ ਸਭ ਕੁਝ ਸ੍ਰਿਸ਼ਟੀ

ਦਾ ਕਰਤਾ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਕਿ ਇਸ ਗੱਲ ਤੇ ਵਿਸ਼ਵਾਸ ਕੇਵਲ ਉਸਨੂੰ ਹੀ ਆਉਂਦਾ ਹੈ ਜਿਸਨੂੰ ਸ੍ਰਿਸ਼ਟੀ ਦਾ ਕਰਤਾ ਮਨ ਦੀ ਸੁਪਨੇ ਵਾਲੀ ਸਮਝ ਤੋਂ ਜਗਾ ਦਿੰਦਾ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਭਾਵ ਮਨ ਦੀ ਅਗਿਆਨਤਾ ਦੀ ਨੀਂਦ ਤੋਂ ਜਗਾ ਦਿੰਦਾ ਹੈ ਜਿਸ ਮਨ ਦੀ ਅਗਿਆਨਤਾ ਦੀ ਨੀਂਦ ਵਿੱਚ ਉਸਨੇ ਸਭ ਨੂੰ ਆਪ ਹੀ ਸੁਆਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। **(ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥ ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥)**

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥
ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥
ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥
ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥}

(ਅੰਗ ੩੬)

ਪਉੜੀ ॥

{ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥ ਭਰਮੇ ਸੁਰਿ ਨਰ ਦੇਵੀ ਦੇਵਾ ॥
ਭਰਮੇ ਸਿਧ ਸਾਧਿਕ ਬ੍ਰਹਮੇਵਾ ॥ ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥}

(ਅੰਗ ੨੫੮)

ਮਨ ਦੀ ਨੀਂਦ ਤੋਂ ਜਾਗੇ ਬਿਨ੍ਹਾਂ ਕੋਈ ਇਸ ਗੱਲ ਨੂੰ ਸਮਝ ਲਵੇ ਭਾਵ ਮਨ ਦੇ ਭਰਮ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਇਹ ਜਾਣ ਲਵੇ

53/7411

ਭਾਵ ਉਸਦੇ ਆਪ ਕੱਢੇ ਬਿਨ੍ਹਾਂ ਕੋਈ ਇਸ ਗੱਲ ਨੂੰ ਜਾਣ ਲਵੇ ਕਿ ਹਰ ਰੂਪ ਵਿੱਚ ਸਿਸ਼੍ਰਟੀ ਦਾ ਕਰਤਾ ਆਪ ਹੀ ਹੈ, ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥"

ਉਪਰ ਪਹਿਲੀ ਪੰਗਤੀ ਵਿੱਚ ਸਾਡੇ ਅੰਦਰ ਦੇ ਭਰਮ ਦੀ ਗੱਲ **"ਰਾਜ ਭੁਇਅੰਗ ਪ੍ਰਸੰਗ"** ਕਹਿ ਕੇ ਸਮਝਾਈ ਹੋਈ ਹੈ। **"ਰਾਜ"**ਰੱਸੀ ਨੂੰ ਕਹਿੰਦੇ ਹਨ, **"ਭੁਇਅੰਗ"** ਸੱਪ ਨੂੰ ਕਹਿੰਦੇ ਹਨ, **"ਪ੍ਰਸੰਗ"** ਕਿਸੇ ਗੱਲ ਦਾ ਦ੍ਰਿਸ਼ਟਾਂਤ ਦੇਣ ਨੂੰ, ਕਹਾਣੀ ਸਮਝਾਉਣ ਨੂੰ ਕਹਿੰਦੇ ਹਨ ਜਿਵੇਂ ਕਿ ਆਮਤੌਰ ਤੇ ਕਈ ਵਾਰੀ ਕਿਸੇ ਨੂੰ ਇਹ ਕਿਹਾ ਜਾਂਦਾ ਹੈ ਕਿ ਤੂੰ ਐਵੇਂ ਰੱਸੀ ਨੂੰ ਹੀ ਸੱਪ ਸਮਝੀ ਬੈਠਾ ਹੈ ਭਾਵ ਜੋ ਕੁਝ ਕਹਿ ਰਿਹਾ ਹੈ ਉਹ ਬਿਲਕੁਲ ਉਲਟ ਕਹਿ ਰਿਹਾ ਹੈ ਭਾਵ ਬੇਤੁਕੀ ਗੱਲ ਕਹਿ ਰਿਹਾ ਹੈ ਭਾਵ ਜੋ ਕੁਝ ਤੂੰ ਕਹਿ

ਰਿਹਾ ਹੈ ਉਹ ਗੱਲ ਵਿੱਚ ਸੱਚ ਨਹੀਂ ਹੈ, ਝੂਠ ਹੈ ਭਾਵ ਭਰਮ ਹੈ ਭਾਵ ਨਾਸਮਝੀ ਹੈ। ਇਸੇ ਤਰ੍ਹਾਂ ਹੀ ਅਸੀਂ ਜੋ ਕੁਝ ਵੀ ਆਪਣੇ ਆਪ ਨੂੰ ਸਮਝਦੇ ਹਾਂ ਜਾਂ ਕਿਸੇ ਆਕਾਰ ਰੂਪ ਨੂੰ ਸਮਝਦੇ ਹਾਂ ਉਹ ਇਹੋ ਜਿਹੀ ਗੱਲ ਹੈ ਜੋ ਕਿ ਰੱਸੀ ਨੂੰ ਸੱਪ ਸਮਝਣ ਵਾਲੀ ਗੱਲ ਹੈ। ਆਪਣੇ ਇਸ ਝੂਠ ਸੱਚ ਦੇ ਭੇਦ ਸ੍ਰਿਸ਼ਟੀ ਦਾ ਕਰਤਾ ਕਿਸੇ ਦੇ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਜਿਣਾਉਦਾ ਹੈ ਜਿਵੇਂ ਕਿ ਉਸਨੇ ਆਪਣਾ ਇਹ **"ਮਰਮੁ"** ਭਾਵ ਭੇਦ ਭਾਵ ਆਪਣਾ ਰਾਜ ਭਗਤਾਂ ਦੇ, ਗੁਰੂ ਸਾਹਿਬਾਨ ਦੇ ਅੰਦਰ ਪ੍ਰਗਟ ਹੋਣ ਦੁਆਰਾ ਜਿਣਾਇਆ ਹੈ ਭਾਵ ਆਪਣੇ ਆਪ ਦਾ ਤੇ ਸਾਰੀ ਸ੍ਰਿਸ਼ਟੀ ਦਾ ਸੱਚ ਸਮਝਾਇਆ ਹੈ। **(ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥)**

ਅਗਲੀ ਪੰਗਤੀ ਰਾਹੀਂ ਵੀ ਮਨ ਦੇ ਭਰਮ ਦੀ ਗੱਲ ਹੀ ਸਮਝਾਈ ਹੋਈ ਹੈ।

"ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥"

"ਕਟਕ" ਕੜੇ ਨੂੰ ਕਹਿੰਦੇ ਹਨ ਜੋ ਕੜੇ ਪਹਿਨੇ ਜਾਂਦੇ ਹਨ। ਕੜੇ ਅਨਿਕ ਭਾਵ ਅਨੇਕਾਂ ਪ੍ਰਕਾਰ ਦੇ ਹੁੰਦੇ ਹਨ। ਕੜੇ ਲੋਹੇ ਦੇ ਵੀ ਹੁੰਦੇ ਹਨ, ਲੱਕੜ ਦੇ ਵੀ ਬਣਾਏ ਜਾਂਦੇ ਹਨ, ਪਿੱਤਲ ਦੇ ਵੀ ਬਣਾਏ ਜਾਂਦੇ ਹਨ, ਚਾਂਦੀ ਦੇ ਵੀ ਬਣਦੇ ਹਨ, ਸੋਨੇ ਦੇ ਵੀ ਬਣਦੇ ਹਨ ਜਿਵੇਂ ਕਿ ਆਮਤੌਰ ਤੇ ਦੇਖਿਆ ਜਾ ਸਕਦਾ ਹੈ। ਕੜਿਆਂ ਦਾ ਵੱਖਰਾ ਵੱਖਰਾ ਰੂਪ ਅਸੀਂ ਤਦ ਤਕ ਹੀ ਕਹਿ ਸਕਦੇ ਹਾਂ, ਸਮਝ ਸਕਦੇ ਹਾਂ ਜਦ ਤਕ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਹਰ ਆਕਾਰ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ, ਪੂਰੀ ਸ੍ਰਿਸ਼ਟੀ ਵਿੱਚ ਹਰ ਆਕਾਰ ਦੇ ਰੂਪ ਵਿੱਚ ਉਹ ਆਪ ਹੀ ਹੈ ਤੇ ਮਨ ਦੇ ਭਰਮ ਕਰਕੇ ਹੀ ਅਸੀਂ ਹਰ ਰੂਪ ਨੂੰ ਅੱਲ੍ਹਾ ਤੋਂ, ਭਗਵਾਨ ਤੋਂ ਵੱਖਰਾ ਰੂਪ ਸਮਝਦੇ ਹਾਂ। ਕਿਸੇ ਦਾ

ਵੀ ਵੱਖਰਾ ਰੂਪ ਸਮਝਣਾ ਸਾਡੇ ਅੰਦਰ ਦੀ ਭੁੱਲ ਹੈ ਜਿਵੇਂ ਕਿ ਉਪਰ ਵਾਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ ਤੇ ਜਦੋਂ ਅਕਾਲ ਪੁਰਖ ਕਿਸੇ ਦੇ ਅੰਦਰ ਦੀ ਇਹ ਭੁੱਲ ਕੱਢ ਦਿੰਦਾ ਹੈ ਉਸਦਾ ਫਿਰ ਇਹ ਕਹਿਣਾ ਨਹੀਂ ਬਣਦਾ ਭਾਵ ਉਸਨੂੰ ਇਹ ਕਹਿਣਾ ਚੰਗਾ ਨਹੀਂ ਲੱਗਦਾ ਕਿ ਹਰ ਆਕਾਰ ਰੂਪ ਵਿੱਚ ਪ੍ਰਮਾਤਮਾ ਨਹੀਂ ਹੈ ਭਾਵ ਉਸਨੂੰ ਹਰ ਆਕਾਰ ਰੂਪ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਹੀ ਨਜਰ ਆਉਂਦਾ ਹੈ। **(ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥ ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥)**

ਜੋ ਗੱਲ ਅਸੀਂ ਉਪਰ ਵਾਲੇ ਪਦੇ ਰਾਹੀਂ ਸਮਝੀ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਸੁਆਮੀ ਆਪ ਹੀ ਹੈ ਉਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਹੋਰ ਸਪਸ਼ਟ ਕਰਕੇ ਸਮਝਾਈ ਹੋਈ ਹੈ।

"ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥"

ਸਮਝੋ ਉਪਰ ਵਾਲੀਆਂ ਪੰਗਤੀਆਂ ਰਾਹੀਂ ਅਕਾਲ ਪੁਰਖ ਰੂਪ ਭਗਤ ਰਵਿਦਾਸ ਜੀ ਕਿਤਨਾ ਸਪਸ਼ਟ ਤਰੀਕੇ ਨਾਲ ਸਮਝਾ ਰਹੇ ਹਨ ਕਿ ਸਭ ਜਗ੍ਹਾ ਅਨੇਕਾਂ ਰੂਪਾਂ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਸੁਆਮੀ ਭਾਵ ਸ੍ਰਿਸ਼ਟੀ ਦਾ ਮਾਲਕ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਹਰ ਘਟ ਨੂੰ ਭਾਵ ਹਰ ਆਕਾਰ ਰੂਪ ਨੂੰ ਆਪ ਹੀ ਭੋਗ ਰਿਹਾ ਹੈ ਭਾਵ ਸਭ ਦੇ ਅੰਦਰ ਆਪ ਹੀ ਮੌਜੂਦ ਹੈ ਭਾਵ ਆਪਣੇ ਹਰ ਰੂਪ ਨੂੰ ਆਪਣੇ ਗਿਆਨ ਦੁਆਰਾ ਭੋਗ ਰਿਹਾ ਹੈ ਜਿਸ ਉਸਦੇ ਗਿਆਨ ਦੇ ਭੋਗ ਦੁਆਰਾ ਹਰ ਆਕਾਰ ਰੂਪ ਚੱਲਦਾ ਹੈ ਭਾਵ ਆਪਣੇ ਬਣਨ ਦੇ ਮਕਸਦ ਨੂੰ ਪੂਰਾ ਕਰਦਾ ਹੈ। ਮਨੁੱਖ ਦੇ ਅੰਦਰ ਦੀ ਸਮਝ ਨੂੰ ਭੋਗਣ ਵਾਲਾ ਉਹ ਆਪ ਹੀ ਹੈ ਤੇ ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਉਹੀ ਕੁਝ ਕਰਦਾ ਹੈ ਜਿਸ ਤਰੀਕੇ ਉਹ ਸਾਡੀ ਸਮਝ ਨੂੰ ਭੋਗਦਾ ਹੈ ਭਾਵ ਜਿਹੋ ਜਿਹੀ ਸਮਝ ਉਹ ਸਾਡੇ ਅੰਦਰ ਪਾਉਂਦਾ ਹੈ। ਸਾਡੇ ਅੰਦਰ ਦੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਦੇ ਨਾਲ ਭੋਗਣ ਵਾਲਾ ਵੀ ਉਹ ਆਪ ਹੈ ਤੇ ਚੌਥੇ ਪਦ ਦੀ ਸਮਝ ਦੇ ਨਾਲ ਭਾਵ ਸਹਜ ਗਿਆਨ ਵਾਲੀ ਸਮਝ ਦੇ ਨਾਲ ਭੋਗਣ ਵਾਲਾ ਵੀ ਉਹ ਆਪ ਹੈ ਜੋ ਸਹਜ ਗਿਆਨ ਦਾ ਮਾਲਕ ਹੈ, ਚੌਥੇ ਪਦ ਦੇ ਗਿਆਨ ਦਾ ਮਾਲਕ ਹੈ ਭਾਵ ਬ੍ਰਹਮ ਗਿਆਨ ਵਾਲੀ ਸਮਝ ਦਾ ਮਾਲਕ ਹੈ। ਸਾਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਵੀ ਸਹਜ ਦਾ ਮਾਲਕ ਭਾਵ ਬ੍ਰਹਮ ਗਿਆਨ ਦਾ ਮਾਲਕ ਆਪ ਹੀ ਹੈ ਤੇ ਜਦੋਂ ਉਹ ਆਪਣੇ ਆਪ ਨੂੰ ਕਿਸੇ ਦੇ ਅੰਦਰ, ਆਪਣੇ ਆਪ ਨੂੰ ਕਿਸੇ ਦੀ ਸਮਝ ਦੇ ਅੰਦਰ ਪ੍ਰਗਟ ਕਰਦਾ ਹੈ ਉਹ ਆਪਣੇ ਸਹਜ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਭਾਵ ਆਪਣੇ ਚੌਥੇ ਪਦ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਸ ਸਮਝ ਦੁਆਰਾ ਮਨੁੱਖ

53/7413

ਨੂੰ ਇਹ ਸਮਝ ਪੈਂਦੀ ਹੈ ਕਿ ਮੇਰੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਸੁਆਮੀ ਆਪ ਹੀ ਹੈ ਜੋ ਕਿ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੈ, ਆਪਣੇ ਨਿਰੰਕਾਰ ਦੇ ਰੂਪ ਵਿੱਚ ਹੈ ਜਿਸ ਆਪਣੇ ਉੱਚੇ ਗਿਆਨ ਦੇ ਰੂਪ ਵਿੱਚ ਉਸਨੇ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਉਸਨੇ ਆਪ ਹੀ ਬਣਾਇਆ ਹੋਇਆ ਹੈ ਤੇ ਆਪਣੇ ਹਰ ਆਕਾਰ ਰੂਪ ਨੂੰ ਆਪ ਹੀ ਆਪਣੇ ਉੱਚੇ ਗਿਆਨ ਦੀ ਸਾਇੰਸ ਦੁਆਰਾ ਚਲਾ ਰਿਹਾ ਹੈ। ਉਹ ਉੱਚੇ ਗਿਆਨ ਦਾ ਮਾਲਕ ਸਾਡੇ ਅੰਦਰ ਹੀ ਹੈ ਭਾਵ ਮਨ ਦੇ ਵਿੱਚ ਆਪਣੀ ਜੋਤਿ ਰੂਪ ਵਿੱਚ ਹੀ ਹੈ ਜੋ ਕਿ ਸਾਡੇ ਹੱਥ ਨਾਲੋਂ ਵੀ ਨੇੜੇ ਹੈ ਜੋ ਹੱਥ ਮਨੁੱਖੀ ਸਰੀਰ ਦਾ ਆਪਣਾ ਹੀ ਅੰਗ ਹੈ। ਆਪਣੇ ਹੱਥ ਨੂੰ ਅਸੀਂ ਆਪਣੀਆਂ ਅੱਖਾਂ ਨਾਲ ਦੇਖਦੇ ਹਾਂ ਤੇ ਤਨ ਦੀਆਂ ਅੱਖਾਂ ਸਾਨੂੰ ਉਹ ਕੁਝ ਦਿਖਾਉਂਦੀਆਂ ਹਨ ਜੋ ਸਾਡਾ ਮਨ ਸਾਨੂੰ ਸਮਝਾਉਂਦਾ ਹੈ। ਮਨੁੱਖ ਦੇ ਸਭ ਤੋਂ ਨੇੜੇ ਮਨੁੱਖ ਦਾ ਮਨ ਹੀ ਹੈ ਭਾਵ ਪ੍ਰਮਾਤਮਾ ਆਪ ਹੀ ਹੈ ਜੋ ਇਸ ਤਨ ਦਾ ਸੁਆਮੀ ਹੈ ਤੇ ਹਰ ਆਕਾਰ ਰੂਪ ਦਾ ਸੁਆਮੀ ਹੈ। **(ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੰਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥)**

ਹੁਣ ਅਸੀਂ ਭਗਤ ਰਵਿਦਾਸ ਜੀ ਦੇ ਮੁੱਖੋਂ ਵਿਚਾਰੇ ਹੋਏ ਅੱਲ੍ਹਾ, ਅਕਾਲ ਪੁਰਖ ਦੇ ਅਗਲੇ ਸ਼ਬਦ ਨੂੰ ਸਮਝਦੇ ਹਾਂ ਜਿਸ ਸ਼ਬਦ ਰਾਹੀਂ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਵਾਲੀ ਅਵਸਥਾ ਸਮਝਾਈ ਹੋਈ ਹੈ।

“ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥ ਮਾਧਵੇ ਜਾਨਤ ਹਹੁ ਜੈਸੀ ਤੈਸੀ ॥
ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥ ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥
ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥
ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥”

(ਅੰਗ ੬੫੮)

ਪ੍ਰਮਾਤਮਾ ਤਾਂ ਸਾਡੇ ਸਭ ਦੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਉਸਦੇ ਨਾਲ ਸਾਡਾ ਵਿਛੋੜਾ ਕੀ ਹੈ ਤੇ ਮੇਲ ਕੀ ਹੈ ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

“ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥”

ਸਾਡੇ ਸਭ ਦੇ ਅੰਦਰ ਦਾ ਮਾਇਆ ਮੋਹ ਰੂਪ ਬੰਧਨ ਕੀ ਹੈ ਤੇ ਉਸ ਬੰਧਨ ਤੋਂ ਛੁਟਕਾਰਾ ਕਿਵੇਂ ਹੁੰਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਅਸੀਂ ਸਮਝਿਆ ਹੀ ਹੈ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸਾਡਾ ਵਿਛੋੜਾ ਮਾਇਆ ਮੋਹ ਦੇ ਬੰਧਨ ਕਰਕੇ ਹੀ ਹੈ ਤੇ ਉਸਦੇ ਨਾਲ ਮੇਲ ਮਨ ਦੇ ਮਾਇਆ ਵਾਲੇ ਬੰਧਨ ਵਿੱਚੋਂ ਨਿਕਲਕੇ ਹੀ ਹੁੰਦਾ ਹੈ ਜਿਸ ਮਾਇਆ ਮੋਹ ਦੇ ਬੰਧਨ ਵਿੱਚ ਉਸਨੇ ਆਪ ਹੀ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਰੱਖਿਆ ਹੋਇਆ ਹੈ ਤੇ ਜਿਸ ਮਾਇਆ ਵਾਲੀ ਨਾਸਮਝ ਦੇ ਬੰਧਨ ਵਿੱਚੋਂ ਆਪ ਹੀ ਕਿਸੇ ਨੂੰ ਕੱਢ ਸਕਦਾ ਹੈ। ਮਾਇਆ ਮੋਹ ਦੇ ਬੰਧਨ ਵਿੱਚੋਂ

53/7414

ਭਾਵ ਮਨ ਦੀ ਭਰਮਾਂ ਵਾਲੀ ਸਮਝ ਦੇ ਬੰਧਨ ਵਿੱਚੋਂ, ਹਉਮੈ ਵਾਲੀ ਸਮਝ ਦੇ ਬੰਧਨ ਵਿੱਚੋਂ ਨਿਕਲਣ ਦਾ ਤਰੀਕਾ ਵੀ ਉਸ ਬੰਧਨ ਦੇ ਮਾਲਕ ਨੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਦੁਆਰਾ ਆਪ ਹੀ ਧਰਮ ਗ੍ਰੰਥਾਂ ਦੇ ਵਿੱਚ ਆਪਣਾ ਨਾਮ ਪਾਉਣ ਦੁਆਰਾ ਸਮਝਾਇਆ

ਹੋਇਆ ਹੈ ਭਾਵ ਆਪਣਾ ਸੱਚਾ ਧਾਰਮਿਕ ਗਿਆਨ ਪਾਉਣ ਦੁਆਰਾ ਸਮਝਾਇਆ ਹੋਇਆ ਹੈ ਜਿਸ ਉਸਦੇ ਨਾਮ ਨੂੰ ਆਰਾਧਣ ਦੁਆਰਾ ਭਾਵ ਧਰਮ ਗ੍ਰੰਥਾਂ ਦੇ ਵਿੱਚ ਸਮਝਾਈ ਹੋਈ ਸੱਚੀ ਮਤਿ ਨੂੰ ਮੰਨਣ ਦੁਆਰਾ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੇ ਮਾਇਆ ਮੋਹ ਦੇ ਬੰਧਨ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕੀਤਾ ਜਾ ਸਕਦਾ ਹੈ ਤੇ ਜੋ ਮਨੁੱਖ ਇਹੋ ਜਿਹਾ ਸੱਚਾ ਉਪਰਾਲਾ ਕਰਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਸੱਚਾ ਨਾਮ ਜਪਣ ਦਾ ਉਪਰਾਲਾ ਕਰਦਾ ਹੈ ਉਸਨੂੰ ਫਿਰ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਆਪ ਹੀ ਮਨ ਦੇ ਇਸ ਬੰਧਨ ਤੋਂ ਮੁਕਤ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਕਿ ਇਸ ਮਨ ਦੇ ਬੰਧਨ ਤੋਂ ਛੁੱਟਣਾ ਭਾਵ ਮੁਕਤ ਹੋਣਾ ਕੀ ਹੈ ਤੇ ਉਹੀ ਗੱਲ ਉਪਰ ਵਾਲੇ ਸ਼ਬਦ ਵਿੱਚ ਧੰਨ ਧੰਨ ਅਕਾਲ ਪੁਰਖ ਰੂਪ ਭਗਤ ਰਵਿਦਾਸ ਜੀ ਨੇ ਆਪਣਾ ਅਥਾਹ ਪ੍ਰੇਮ ਪ੍ਰਮਾਤਮਾ ਦੇ ਨਾਲ ਜਤਾਉਣ ਦੁਆਰਾ ਸਮਝਾਈ ਹੋਈ ਹੈ ਭਾਵ ਪ੍ਰਮਾਤਮਾ ਦੇ ਨਾਲ ਉਨ੍ਹਾਂ ਨੇ ਉਹੋ ਜਿਹੀ ਗੱਲ ਕੀਤੀ ਹੋਈ ਹੈ ਜੋ ਉਸਦਾ ਆਪਣਾ ਬਣਕੇ ਹੀ ਕੀਤੀ ਜਾ ਸਕਦੀ ਹੈ ਭਾਵ ਉਸੇ ਦਾ ਰੂਪ ਬਣਕੇ ਹੀ ਕੀਤੀ ਜਾ ਸਕਦੀ ਹੈ ਜਦੋਂ ਕਿਸੇ ਮਨੁੱਖ ਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਮੇਰੇ ਸਰੀਰ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਮੇਰੀ ਸਮਝ ਦਾ ਮਾਲਕ ਹੈ ਤੇ ਉਸਨੇ ਆਪ ਹੀ ਮੈਨੂੰ ਮਨ ਦੇ ਮਾਇਆ ਮੋਹ ਦੇ ਬੰਧਨ ਵਿੱਚੋਂ ਮੁਕਤ ਕਰਕੇ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ ਜਿਸ ਸੱਚੀ ਭਗਤੀ ਦੇ ਮਾਰਗ ਤੇ ਭਾਵੇਂ ਚੱਲਣ ਨੂੰ ਮੇਰਾ ਸਰੀਰ ਹੈ ਪਰ ਅਸਲ ਵਿੱਚ ਉਹ ਆਪ ਹੀ ਮੇਰੇ ਸਰੀਰ ਰਾਹੀਂ ਚੱਲ ਰਿਹਾ ਹੈ ਤੇ ਹੁਣ ਮੇਰੇ ਤੋਂ ਕਦੇ ਵੱਖਰਾ ਹੋ ਹੀ ਨਹੀਂ ਸਕਦਾ ਕਿਉਂਕਿ ਹੁਣ ਮੈਂ ਜਿਹੋ ਜਿਹੇ ਮਨ ਦੇ ਪ੍ਰੇਮ ਦੇ ਨਾਲ ਉਸਦੇ ਨਾਲ ਬੱਝ ਗਿਆ ਹਾਂ ਉਹੋ ਜਿਹੇ ਪ੍ਰੇਮ ਦੇ ਨਾਲ ਉਸਨੇ ਮੈਨੂੰ ਆਪ ਹੀ ਬੰਨਿਆ ਹੈ। ਭਗਤ ਰਵਿਦਾਸ ਜੀ ਮਜਾਕ ਨਾਲ ਅਕਾਲ ਪੁਰਖ ਨੂੰ ਕਹਿ ਰਹੇ ਹਨ ਕਿ ਮੈਂ ਤਾਂ ਤੈਨੂੰ ਅਰਾਧਨ ਨਾਲ ਮਾਇਆ ਮੋਹ ਦੇ ਬੰਧਨ ਤੋਂ ਛੁੱਟ ਗਿਆ ਹਾਂ ਪਰ ਤੂੰ ਹੁਣ ਮੇਰੀ ਉਸ ਮਨ ਦੀ ਸੱਚੀ ਸਮਝ ਤੋਂ ਛੁੱਟ ਕੇ ਦਿਖਾ, ਭਗਤੀ ਵਾਲੀ ਸੱਚੀ ਸਮਝ ਤੋਂ ਛੁੱਟ ਕੇ ਦਿਖਾ ਜੋ ਮੇਰੇ ਅੰਦਰ ਸੱਚੀ ਸਮਝ ਪਾਉਣ ਦੁਆਰਾ ਤੂੰ ਆਪ ਹੀ ਆਪਣੀ ਸੱਚੀ ਭਗਤੀ ਦੇ ਨਾਲ, ਆਪਣੇ ਨਾਮ ਦੇ ਨਾਲ ਮੈਨੂੰ ਆਪਣੇ ਪ੍ਰੇਮ ਨਾਲ ਜੋੜਿਆ ਹੈ ਭਾਵ ਹੁਣ ਮੈਂ ਆਪਣੇ ਪ੍ਰੇਮ ਦੇ ਬੰਧਨ ਨਾਲ ਬੰਨ ਲਿਆ ਹੈ ਜਿਸ ਮੇਰੇ ਪ੍ਰੇਮ ਦੇ ਬੰਧਨ ਵਿੱਚੋਂ ਹੁਣ ਤੂੰ ਨਹੀਂ ਨਿਕਲ ਸਕਦਾ ਭਾਵ ਜੋ ਕੁਝ ਤੂੰ ਚਾਹੁੰਦਾ ਹੈ ਮੈਂ ਉਹੀ ਕੁਝ ਕਰ ਰਿਹਾ ਹਾਂ ਜਿਸ ਆਪਣੀ ਗੱਲ ਤੋਂ ਹੁਣ ਤੂੰ ਕਦੇ ਬਦਲ ਨਹੀਂ ਸਕਦਾ। **(ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥)**

ਭਗਤ ਰਵਿਦਾਸ ਜੀ ਨੇ ਜੋ ਗੱਲ ਉਪਰ ਵਾਲੇ ਪਦੇ ਰਾਹੀਂ ਕਹੀ ਹੈ ਉਹ ਉਨ੍ਹਾਂ ਨੇ ਕਿਸ ਲਈ ਕਹੀ ਹੈ ਉਹੀ ਗੱਲ ਉਹ ਹੇਠ ਦਿੱਤੀਆਂ ਰਹਾਉ

53/7415

ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਸਮਝਾ ਰਹੇ ਹਨ।

“ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥”

ਉਪਰ ਵਾਲੀਆਂ ਪੰਗਤੀਆਂ ਰਾਹੀਂ ਭਗਤ ਰਵਿਦਾਸ ਜੀ ਅਕਾਲ ਪੁਰਖ ਨੂੰ ਇਹ ਕਹਿ ਰਹੇ ਹਨ ਕਿ ਜਿਹੋ ਜਿਹੀ ਭਗਤੀ ਦੇ ਨਾਲ ਪ੍ਰੀਤ ਕਰਨੀ ਤੂੰ ਸਿਖਾਈ ਹੈ ਉਹੋ ਜਿਹੀ ਪ੍ਰੀਤ ਹੀ ਮੈਂ ਤੇਰੇ ਨਾਲ ਜੋੜੀ ਹੈ ਭਾਵ ਮੈਨੂੰ ਆਪਣੀ ਸੱਚੀ ਭਗਤੀ ਦਾ ਮਾਰਗ ਜਨਾਉਣ ਵਾਲਾ ਭਾਵ ਸਮਝਾਉਣ ਵਾਲਾ ਤੂੰ ਆਪ ਹੀ ਹੈ। **(ਮਾਧਵੇ ਜਾਨਤ ਹਹੁ ਜੈਸੀ ਤੈਸੀ ॥)** ਜਦੋਂ ਕੋਈ ਵੀ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਨੂੰ ਫਿਰ ਅੱਲ੍ਹਾ ਜੋ ਵੀ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਉਹ ਮਾਰਗ ਫਿਰ ਸਾਰੇ ਸੰਸਾਰੀ ਮਨੁੱਖਾਂ ਦੀ ਸਮਝ ਤੋਂ ਬਾਹਰ ਵਾਲਾ ਭਾਵ ਵੱਖਰਾ ਮਾਰਗ ਹੁੰਦਾ ਹੈ ਜੋ ਮਾਰਗ ਕਿਸੇ ਨੂੰ ਸਮਝਾਉਣਾ ਬਹੁਤ ਔਖਾ ਹੁੰਦਾ ਹੈ ਤੇ ਇਹੀ ਗੱਲ ਸਾਨੂੰ ਭਗਤ ਰਵਿਦਾਸ ਜੀ ਨੇ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਕਿ ਹੇ ਮਾਧਵੇ ਜਿਹੋ ਜਿਹੀ ਸਮਝ ਤੂੰ ਮੇਰੀ ਬਣਾਈ ਹੈ ਐਸੀ ਸਮਝ ਹੁਣ ਹੋਰ ਕਿਸਦੀ ਬਣਾਵੇਗਾ ਜੋ ਮੇਰੀ ਸਮਝਾਈ ਹੋਈ ਸੱਚੀ ਗੱਲ ਨੂੰ ਸਮਝ ਸਕੇ ਭਾਵ ਤੇਰੀ ਭਗਤੀ ਦੇ ਸੱਚੇ ਮਾਰਗ ਨੂੰ ਜਾਣ ਸਕੇ ਜੋ ਤੇਰੀ ਸੱਚੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਪਰ ਤੂੰ ਆਪ ਹੀ ਸਾਰੇ ਸੰਸਾਰ ਨੂੰ ਮਾਇਆ ਮੋਹ ਦੇ ਬੰਧਨ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਬੰਧਨ ਤੋਂ ਛੁੱਟੇ ਬਿਨ੍ਹਾਂ ਨਾ ਹੀ ਤੈਨੂੰ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਤੇਰੀ ਭਗਤੀ ਦੇ ਸੱਚੇ ਮਾਰਗ ਨੂੰ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਤੇਰੇ ਆਪ ਸਮਝਾਏ ਬਿਨ੍ਹਾਂ ਕਿਸੇ ਨੂੰ ਸਮਝਾਇਆ ਜਾ ਸਕਦਾ ਹੈ। **(ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥ ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥)**

ਆਪਣੇ ਭਗਤਾਂ ਨੂੰ ਅਕਾਲ ਪੁਰਖ ਭਗਤੀ ਦੇ ਨਾਲ ਕਿਹੋ ਜਿਹੀ ਪ੍ਰੀਤ ਕਰਨੀ ਸਿਖਾਉਂਦਾ ਹੈ, ਕਿਹੋ ਜਿਹੀ ਭਗਤੀ ਦੇ ਨਾਲ ਪ੍ਰੇਮ ਕਰਨ ਵਾਲੀ ਸਮਝ ਪਾਉਂਦਾ ਹੈ ਉਸ ਭਗਤੀ ਦੇ ਪ੍ਰੇਮ ਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ ਜਿਹੋ ਜਿਹਾ ਪ੍ਰੇਮ ਮੱਛੀ ਦਾ ਪਾਣੀ ਦੇ ਨਾਲ ਹੁੰਦਾ ਹੈ।

“ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥

ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥”

ਅੱਲ੍ਹਾ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਨਾਲ ਪ੍ਰੇਮ ਪਾਉਣਾ ਕਿਤਨਾ ਕੁ ਔਖਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਉਹੀ ਔਖਾਪਨ ਅਕਾਲ ਪੁਰਖ ਨੇ ਸਾਨੂੰ ਉਪਰਲੇ ਸ਼ਬਦ ਰਾਹੀਂ ਸਮਝਾਇਆ

53/7416

ਹੋਇਆ ਹੈ। ਮਨੁੱਖ ਮੱਛੀ ਨੂੰ ਪਕੜ ਕੇ ਲਿਆਉਂਦਾ ਹੈ ਤੇ ਉਸਨੂੰ ਖਾਣ ਲਈ ਭਾਵ ਆਪਣਾ ਭੋਜਨ ਬਣਾਉਣ ਲਈ ਉਸਨੂੰ ਵੱਖਰੇ ਵੱਖਰੇ ਤਰੀਕੇ ਨਾਲ ਕੱਟਦਾ-ਵੱਢਦਾ ਹੈ ਤੇ ਆਪਣੇ ਸੁਆਦ ਲਈ ਉਸਨੂੰ ਅਨੇਕਾਂ ਤਰੀਕਿਆਂ ਨਾਲ ਰਿੰਨਦਾ ਹੈ ਤੇ ਉਸਨੂੰ ਚਿੱਥ ਚਿੱਥ ਕੇ ਖਾਂਦਾ ਹੈ ਭਾਵ ਮੱਛੀ ਦੇ ਸਰੀਰ ਨੂੰ ਅਨੇਕਾਂ ਤਰੀਕਿਆਂ ਨਾਲ ਕਸ਼ਟ ਸਹਿਣੇ ਪੈਂਦੇ ਹਨ ਪਰ ਫਿਰ ਵੀ ਮੱਛੀ ਦੀ ਪ੍ਰੀਤ ਕਦੇ ਪਾਣੀ ਨਾਲ ਘੱਟ ਨਹੀਂ ਸਕਦੀ ਜਿਸ ਪਾਣੀ ਵਿੱਚੋਂ ਹਰ ਮੱਛੀ ਨੂੰ ਪਕੜਿਆ ਜਾਂਦਾ ਹੈ। ਪ੍ਰਮਾਤਮਾ ਦੀ ਸੱਚੀ ਭਗਤੀ ਦੇ ਨਾਲ ਮਨੁੱਖ ਦਾ ਪ੍ਰੇਮ ਕੁਝ ਇਹੋ ਜਿਹੇ ਕਸ਼ਟ ਸਹਿਣ ਵਾਲਾ ਹੁੰਦਾ ਹੈ ਜੋ ਕਸ਼ਟ ਸਾਡੇ ਮਨ ਦੀ ਸਮਝ ਨੂੰ ਸਹਿਣੇ ਪੈਂਦੇ ਹਨ। ਮਾਇਆ ਮੋਹ ਛੱਡਣਾ ਬਹੁਤ ਔਖਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣੀਆਂ ਬਹੁਤ ਔਖੀਆਂ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣੇ ਬਹੁਤ ਔਖੇ ਹਨ ਤੇ ਗੁਰੂ ਦੀ ਮਤਿ ਜੋ ਕੁਝ ਸਾਨੂੰ ਸਮਝਾਉਂਦੀ ਹੈ ਉਸਨੂੰ ਪੂਰੀ ਤਰ੍ਹਾਂ ਮੰਨਣਾ ਬਹੁਤ ਔਖਾ ਹੈ ਜਿਸਨੂੰ ਮੰਨਣ ਲਈ ਆਪਣੀ ਮਤਿ ਪੂਰੀ ਤਰ੍ਹਾਂ ਤਿਆਗਣੀ ਪੈਂਦੀ ਹੈ ਜੋ ਸਾਡੀ ਮਤਿ ਅਨੇਕਾਂ ਹੀ ਭਰਮਾਂ ਨਾਲ ਭਰੀ ਹੋਈ ਹੈ ਜਿਨ੍ਹਾਂ ਭਰਮਾਂ ਕਰਕੇ ਹੀ ਅਸੀਂ ਉਹੋ ਜਿਹੇ ਭਗਤੀ ਦੇ ਮਾਰਗ ਤੇ ਚੱਲਦੇ ਹਾਂ, ਸਰੀਰਕ ਜਪ ਤਪ ਆਦਿ ਕਰਦੇ ਹਾਂ ਤੇ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਲੱਗਦੇ ਹਾਂ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਭਗਤੀ ਦੇ ਮਾਰਗ ਦਾ ਵਿਦਵਾਨ ਸਮਝਿਆ ਹੋਇਆ ਹੈ ਤੇ ਜਿਨ੍ਹਾਂ ਦੀ ਮਤਿ ਦਾ ਬਾਣੀ ਰਾਹੀਂ ਗੁਰੂ ਦੀ ਮਤਿ ਨੇ ਬਾਰ-ਬਾਰ ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਰਾਹੀਂ ਸਮਝਿਆ ਹੈ। ਜੋ ਕੁਝ ਵੀ ਅਸੀਂ ਗੁਰੂ ਦੀ ਮਤਿ ਦੇ ਉਲਟ ਕਰਦੇ ਹਾਂ ਭਾਵੇਂ ਜੋ ਕੁਝ ਵੀ ਕਰਦੇ ਹਾਂ ਉਹ ਸਾਡਾ ਔਗੁਣ ਹੈ ਜਿਨ੍ਹਾਂ ਨੂੰ ਛੱਡੇ ਬਿਨ੍ਹਾਂ ਗੁਰੂ ਦੀ ਮਤਿ ਦੇ ਨਾਲ ਪਿਆਰ ਨਹੀਂ ਪੈ ਸਕਦਾ। ਬਹੁਤ ਔਖਾ ਹੈ ਗੁਰੂ ਦੀ ਮਤਿ ਦੇ ਨਾਲ ਪਿਆਰ ਜੋੜਨਾ, ਬਹੁਤ ਔਖਾ ਹੈ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦੇ ਨਾਲ ਪਿਆਰ ਜੋੜਨਾ, ਬਹੁਤ ਔਖਾ ਹੈ ਵਾਹਿਗੁਰੂ ਦਾ, ਅੱਲ੍ਹਾ ਦਾ, ਪ੍ਰਮਾਤਮਾ ਦਾ ਨਾਮ ਜਪਣਾ ਜੋ ਉਸਦਾ ਨਾਮ ਜਪਣ ਦਾ ਤਰੀਕਾ ਸਾਰੇ ਸੰਸਾਰ ਲਈ ਭਾਵ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਔਖਾ ਹੀ ਹੈ। ਬਹੁਤ ਔਖਾ ਹੈ ਆਪਣੇ ਅੰਦਰੋਂ ਗੁਰੂ ਦੀ ਮਤਿ ਨੂੰ ਨਾ ਵਿਸਾਰਨਾ ਭਾਵ ਹਰ ਵੇਲੇ ਗੁਰੂ ਦੀ ਮਤਿ ਨੂੰ ਚੇਤੇ ਰੱਖਣਾ ਭਾਵੇਂ ਉਸ ਲਈ ਜਿਤਨਾ ਮਰਜੀ ਔਖਾਪਨ ਸਹਿਣਾ ਪਵੇ ਜਿਵੇਂ ਮੱਛੀ ਨੂੰ ਇਤਨਾ ਔਖਾਪਨ ਸਹਿ ਕੇ ਵੀ ਪਾਣੀ ਨਾ ਵਿਸਰਨਾ। ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੇ ਨਾਲ ਮਨੁੱਖ ਨੂੰ ਕਿਤਨੇ ਵੱਡੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਉਸ ਸੁੱਖ ਦੀ ਪ੍ਰਾਪਤੀ ਹੋਣ ਤੋਂ ਬਾਅਦ ਫਿਰ ਮਨੁੱਖ ਨੂੰ ਇਹ ਔਖਾਪਨ ਮਹਿਸੂਸ ਨਹੀਂ ਹੁੰਦਾ ਭਾਵ ਫਿਰ ਉਹ ਮਨੁੱਖ ਗੁਰਮਤਿ ਤੇ ਚੱਲਣ ਵਿੱਚ ਹੀ ਉਲਟਾ ਖੁਸ਼ੀ ਮਹਿਸੂਸ ਕਰਦਾ ਹੈ ਕਿਉਂਕਿ ਉਸਦੀ ਖੁਸ਼ੀ ਫਿਰ ਗੁਰੂ ਦੀ ਖੁਸ਼ੀ ਦੇ ਨਾਲ ਇੱਕ ਹੋ ਜਾਂਦੀ ਹੈ ਭਾਵ ਜਿਸ ਗੱਲ ਵਿੱਚ ਗੁਰੂ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਉਸੇ ਗੱਲ ਵਿੱਚ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਭਾਵ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਮੇਰੇ ਰੂਪ ਵਿੱਚ ਅਸਲ ਵਿੱਚ ਸਿਸ਼੍ਰਟੀ ਦਾ ਕਰਤਾ ਆਪ ਹੀ ਹੈ ਜੋ ਉਹ ਆਪਣੇ ਮਨੁੱਖੀ ਰੂਪ ਨੂੰ ਆਪ ਬਣਾ ਕੇ ਆਪ ਹੀ ਆਪਣੀ ਸਮਝ ਰਾਹੀਂ ਚਲਾ ਰਿਹਾ ਹੈ ਤੇ ਸਭ ਨੂੰ ਉਸਨੇ ਆਪ ਹੀ ਭਗਤੀ ਦੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ

53/7417

ਤੇ ਆਪਣੇ ਸ਼ਬਦਾਂ ਦੀ ਸਮਝ ਪਾਉਣ ਦੁਆਰਾ ਸੰਸਾਰ ਨੂੰ ਆਪ ਹੀ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਰਿਹਾ ਹੈ। ਇਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਤਰੀਕਾ, ਭਗਤੀ ਦੇ ਮਾਰਗ ਤੇ ਚੱਲਣ ਦਾ ਤਰੀਕਾ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਪਿਆਰ ਪਾਉਣ ਦਾ ਤਰੀਕਾ ਉਸਨੇ ਆਪ ਹੀ ਬਹੁਤ ਔਖਾ ਬਣਾਇਆ ਹੋਇਆ ਹੈ ਤੇ ਇਸੇ ਲਈ ਹੀ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਨਣਾ ਸੰਸਾਰ ਦਾ ਸਭ ਤੋਂ ਔਖਾ ਕੰਮ ਹੈ, ਉਸਦੀ ਖੇਡ ਨੂੰ ਸਮਝਣਾ ਬਹੁਤ ਔਖਾ ਕੰਮ ਹੈ ਜੋ ਖੇਡ ਉਹ ਸਭ ਦੇ ਮਨ ਦੇ ਵਿੱਚ ਬੈਠਾ ਉਹ ਆਪ ਹੀ

ਸਭ ਨੂੰ ਖਿਡਾ ਰਿਹਾ ਹੈ। ਬਹੁਤ ਔਖਾ ਹੈ ਉਸਦੇ ਨਾਲ ਪਿਆਰ ਪਾਉਣਾ ਤੇ ਜਦ ਤਕ ਉਹ ਆਪ ਨਾ ਚਾਹੇ ਉਸਦੇ ਨਾਲ ਪਿਆਰ ਨਹੀਂ ਜੋੜਿਆ ਜਾ ਸਕਦਾ। **(ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥ ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥)**

ਆਸਾ ਮਹਲਾ ੫ ॥

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੯॥}

(ਅੰਗ ੩੭੭)

ਸਿਰੀਰਾਗੁ ਮਹਲਾ ੩ ॥

{ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥
ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ ਮਨ ਰੇ ਗੁਰਮੁਖਿ ਨਾਮੁ ਧਿਆਇ ॥
ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥
ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥
ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥
ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥
ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੁਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ॥
ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥
ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}

(ਅੰਗ ੬੫)

ਆਸਾ ਮਹਲਾ ੧ ॥

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ ਸੋ ਕਿਉ ਵਿਸਰੈ ਮੇਰੀ ਮਾਇ ॥

ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ ਸਾਚੇ ਨਾਮ ਕੀ ਤਿਲੁ ਵਡਿਆਈ ॥
ਆਖਿ ਥਕੇ ਕੀਮਤਿ ਨਹੀ ਪਾਈ ॥ ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥ ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥
ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥
ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥੫॥}

(ਅੰਗ ੮੦੦)

ਸਿਰੀਰਾਗੁ ਮਹਲਾ ੫ ॥

{ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ ॥ ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥
ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ ॥੧॥ ਮਨ ਮੇਰੇ ਸਗਲ ਉਪਾਵ ਤਿਆਗੁ ॥
ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥੧॥ ਰਹਾਉ ॥ ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥
ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ॥
ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ ॥੨॥ ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ॥
ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ ॥ ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ ॥੩॥
ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥ ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥
ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ॥੪॥੯॥੭੯॥}

(ਅੰਗ ੪੫)

ਗਉੜੀ ਗੁਆਰੇਰੀ ਮਹਲਾ ੫ ॥

{ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥ ਫਲ ਪਾਵਹਿ ਮਿਟੈ ਜਮ ਤ੍ਰਾਸ ॥
ਨਿਤ ਗਾਵਹਿ ਹਰਿ ਹਰਿ ਗੁਣ ਜਾਸ ॥੧॥ ਹਰਿ ਹਰਿ ਨਾਮੁ ਅੰਤਰਿ ਉਰਿ ਧਾਰਿ ॥
ਸੀਘਰ ਕਾਰਜੁ ਲੇਹੁ ਸਵਾਰਿ ॥੧॥ ਰਹਾਉ ॥ ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ ॥
ਤਾ ਤੂੰ ਦਰਗਹ ਪਾਵਹਿ ਮਾਨੁ ॥ ਉਕਤਿ ਸਿਆਣਪ ਸਗਲੀ ਤਿਆਗੁ ॥ ਸੰਤ ਜਨਾ ਕੀ ਚਰਣੀ ਲਾਗੁ ॥੨॥
ਸਰਬ ਜੀਅ ਹਹਿ ਜਾ ਕੈ ਹਾਥਿ ॥ ਕਦੇ ਨ ਵਿਛੁੜੈ ਸਭ ਕੈ ਸਾਥਿ ॥ ਉਪਾਵ ਛੋਡਿ ਗਹੁ ਤਿਸ ਕੀ ਓਟ ॥
ਨਿਮਖ ਮਾਹਿ ਹੋਵੈ ਤੇਰੀ ਛੋਟਿ॥੩॥ ਸਦਾ ਨਿਕਟਿ ਕਰਿ ਤਿਸ ਨੋ ਜਾਨੁ ॥ ਪ੍ਰਭ ਕੀ ਆਗਿਆ ਸਤਿ ਕਰਿ ਮਾਨੁ॥
ਗੁਰ ਕੈ ਬਚਨਿ ਮਿਟਾਵਹੁ ਆਪੁ ॥ ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥੪॥੪॥੭੩॥}

(ਅੰਗ ੧੭੬-੧੭੭)

{ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥

ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥੨॥}

(ਅੰਗ ੩੭੦)

ਭੈਰਉ ਮਹਲਾ ੫ ॥

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥
ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥ ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ ੧੧੪੭)

53/7418

ਬਸੰਤੁ ਮਹਲਾ ੫ ਘਰੁ ੨ ਹਿੰਡੋਲ

ੴ ਸਤਿਗੁਰ ਪ੍ਰਸਾਦਿ ॥

{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥}

(ਅੰਗ ੧੧੮੫)

ਸੂਹੀ ਮਹਲਾ ੫ ਗੁਣਵੰਤੀ ॥

{ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥}

(ਅੰਗ ੭੬੩)

ਸਿਰੀਰਾਗੁ ਮਹਲਾ ੫ ॥

{ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥
ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥ ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥
ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ ॥
ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥
ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥ ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥
ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥ ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥
ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥ ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥
ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥
ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥੪॥੧੧॥੯੧॥}

(ਅੰਗ ੪੬)

ਗਉੜੀ ਗੁਆਰੇਰੀ ਮਹਲਾ ੫ ॥

{ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥ ਜਿਹ ਧੰਧੇ ਮਹਿ ਓਇ ਲਪਟਾਏ ॥
ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥ ਓਹ ਬੇਲਾ ਕਛੁ ਚੀਤਿ ਨ ਆਵੈ ॥
ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥ ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥ ਹਉ ਬੰਧਉ ਹਉ ਸਾਧਉ ਬੈਰੁ ॥
ਹਮਰੀ ਭੂਮਿ ਕਉਨੁ ਘਾਲੈ ਪੈਰੁ ॥ ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥੩॥
ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥
ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥੪॥
ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥ ਦਾਸ ਅਪਨੇ ਕਉ ਦੀਜੈ ਦਾਨੁ ॥
ਕਬਹੂ ਨ ਵਿਸਰੈ ਨਾਨਕ ਨਾਮੁ ॥੫॥੯॥੭੮॥}

(ਅੰਗ ੧੭੯)

ਗਉੜੀ ਮਹਲਾ ੫ ॥

{ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ ਰਹਾਉ ॥
ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥ ਕਾਮ ਕ੍ਰੋਧ ਲੋਭ ਮਦ ਖੋਏ ॥
ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥
ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੪॥}

(ਅੰਗ ੧੯੪)

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥ ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ ॥੧॥ ਰਹਾਉ ॥
ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥
ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥
ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥
ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥
ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ ਅਪਾਰੇ ॥
ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ ॥੩॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥
ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥੪॥੧॥੧੩੮॥}

(ਅੰਗ ੨੧੦)

ਗਉੜੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਨਾਰਾਇਣ ਹਰਿ ਰੰਗ ਰੰਗੋ ॥ ਜਪਿ ਜਿਹਵਾ ਹਰਿ ਏਕ ਮੰਗੋ ॥੧॥ ਰਹਾਉ ॥ ਤਜਿ ਹਉਮੈ ਗੁਰ ਗਿਆਨ ਭਜੋ॥
ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥ ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥
ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥ ਹਰਿ ਸੰਤਨ ਕਰਿ ਨਮੋ ਨਮੋ ॥
ਨਉ ਨਿਧਿ ਪਾਵਹਿ ਅਤੁਲੁ ਸੁਖੋ ॥੪॥ ਨੈਨ ਅਲੋਵਉ ਸਾਧ ਜਨੋ ॥ ਹਿਰਦੈ ਗਾਵਹੁ ਨਾਮ ਨਿਧੋ ॥੫॥
ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥ ਦੂਖੁ ਅੰਧੇਰਾ ਘਰ ਤੇ ਮਿਟਿਓ ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥ ਜਿਨਿ ਸੇਵਿਆ ਸੋ ਪਾਰਿ ਪਰਿਓ ॥
ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥}

(ਅੰਗ ੨੪੧)

ਪਉੜੀ ॥

{ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥ ਮੁਹਿ ਡਿਠੈ ਤਿਨ ਕੈ ਜੀਵੀਐ ਹਰਿ ਅੰਮ੍ਰਿਤੁ ਚਖੇ ॥
ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥ ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ ॥
ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ ॥੨॥}

(ਅੰਗ ੩੧੮)

53/7419

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਘਰੁ ੨ ਮਹਲਾ ੪ ॥

{ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥
ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥ ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ ॥
ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥
ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥ ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥
ਮਾਇਆ ਕਉ ਲੂਝਹਿ ਗਾਵਾਰੀ ॥ ਜਨਮਿ ਮਰਹਿ ਜੂਐ ਬਾਜੀ ਹਾਰੀ ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥ ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥ ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥ ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥
ਪਰਾਇਆ ਛਿਦ੍ ਅਟਕਲੈ ਆਪਣਾ ਅਹੰਕਾਰੁ ਵਧਾਵੈ ॥ ਜੈਸਾ ਬੀਜੈ ਤੈਸਾ ਖਾਵੈ ॥
ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥}

(ਅੰਗ ੩੬੬)

ਆਸਾ ਮਹਲਾ ੫ ॥

{ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥ ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥
ਅਨਦਿਨੋ ਪ੍ਰਭ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥}

(ਅੰਗ ੪੦੮)

ਆਸਾ ਮਹਲਾ ੫ ॥

{ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥ ਹਰਿ ਭਜਨ ਸਫਲ ਕਾਮ ॥੧॥ ਰਹਾਉ ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥ ਮਨ ਸੰਤਨਾ ਕੈ ਚਰਨਿ ਲਾਗੁ ॥੧॥
ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ ॥
ਕਰਿ ਭਗਤਿ ਨਾਨਕ ਪੂਰਨ ਭਾਗੁ ॥੨॥੪॥੧੫੫॥}

(ਅੰਗ ੪੦੮-੪੦੯)

{ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥੪॥
ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥੫॥
ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ ॥੬॥}

(ਅੰਗ ੪੩੧)

ਗੂਜਰੀ ਮਹਲਾ ੫ ॥

{ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥
ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥੧॥ ਮਨਿ ਤਨਿ ਬਾਛੀਐ ਜਨ ਧੂਰਿ ॥
ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ ॥੧॥ ਰਹਾਉ ॥
ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ ॥੨॥
ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥
ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ ਤੀਨਿ ਤਾਪ ਜਲੰਤ ॥ ਜਪਿ ਰਾਮ ਰਾਮਾ ਦੁਖ ਨਿਵਾਰੇ ਮਿਲੈ ਹਰਿ ਜਨ ਸੰਤ ॥੪॥
ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ ॥
ਹਰਿ ਚਰਣ ਸਰਣ ਅਪਾਰ ਪ੍ਰਭ ਕੇ ਦ੍ਰਿੜੁ ਗਹੀ ਨਾਨਕ ਓਟ ॥੫॥੪॥੩੦॥}

(ਅੰਗ ੫੦੨)

ਸਲੋਕ ਮਃ ੫ ॥

{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥ ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥}

(ਅੰਗ ੫੧੯)

ਦੇਵਗੰਧਾਰੀ ॥

{ਪ੍ਰਭ ਜੀ ਤਉ ਪ੍ਰਸਾਦਿ ਭ੍ਰਮੁ ਡਾਰਿਓ ॥
ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ ਮਨ ਮਹਿ ਇਹੈ ਬੀਚਾਰਿਓ ॥੧॥ ਰਹਾਉ ॥
ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ ॥
ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ ॥੧॥
ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਸਾਰਿਓ ॥
ਮਾਇਆ ਬੰਧ ਕਾਟੇ ਕਿਰਪਾ ਨਿਧਿ ਨਾਨਕ ਆਪਿ ਉਧਾਰਿਓ ॥੨॥੬॥}

(ਅੰਗ ੫੨੬)

ਸੂਹੀ ਮਹਲਾ ੫ ॥

{ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ ਰਸਨਾ ਜਾਪੁ ਜਪਉ ਬਨਵਾਰੀ ॥੧॥
ਸਫਲ ਮੂਰਤਿ ਦਰਸਨ ਬਲਿਹਾਰੀ ॥ ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ ਰਹਾਉ ॥
ਸਾਧਸੰਗਿ ਜਨਮ ਮਰਣ ਨਿਵਾਰੀ ॥ ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥
ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥
ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥}

(ਅੰਗ ੭੪੦)

ਸੂਹੀ ਮਹਲਾ ੫ ॥

{ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥
ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥੧॥ ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥

ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥੧॥ ਰਹਾਉ ॥ ਘੋਰ ਮਹਲ ਸਦਾ ਰੰਗਿ ਰਾਤਾ ॥
ਸੰਗਿ ਤੁਮ੍ਹਾਰੈ ਕਛੂ ਨ ਜਾਤਾ ॥੨॥ ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥ ਅਤਿ ਕੁਚੀਲ ਮਿਲੈ ਜਮ ਡਾਂਡਾ ॥੩॥
ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥ ਮਹਾ ਗਰਤ ਮਹਿ ਨਿਘਰਤ ਜਾਤਾ ॥੪॥ ਨਾਨਕ ਕੀ ਅਰਦਾਸਿ ਸੁਣੀਜੈ ॥
ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥੫॥੧੪॥੨੦॥}

(ਅੰਗ ੭੪੧)

53/7420

ਬਿਲਾਵਲੁ ਮਹਲਾ ੫ ॥

{ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥੧॥
ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥੧॥ ਰਹਾਉ ॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥
ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥
ਅਗਨਿ ਸਾਗਰ ਬੂਡਤ ਸੰਸਾਰਾ ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥੩॥੮॥}

(ਅੰਗ ੮੦੩-੮੦੪)

ਬਿਲਾਵਲੁ ਮਹਲਾ ੫ ॥

{ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥ ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ ॥੧॥ ਰਹਾਉ॥
ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ॥ ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ॥੧॥
ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ ॥
ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ ॥੨॥੩॥੯੩॥}

(ਅੰਗ ੮੨੦)

ਗੋਂਡ ਮਹਲਾ ੫ ॥

{ਜਾ ਕਉ ਰਾਖੈ ਰਾਖਣਹਾਰੁ ॥ ਤਿਸ ਕਾ ਅੰਗੁ ਕਰੇ ਨਿਰੰਕਾਰੁ ॥੧॥ ਰਹਾਉ ॥
ਮਾਤ ਗਰਭ ਮਹਿ ਅਗਨਿ ਨ ਜੋਹੈ ॥ ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥ ਸਾਧਸੰਗਿ ਜਪੈ ਨਿਰੰਕਾਰੁ ॥
ਨਿੰਦਕ ਕੈ ਮੁਹਿ ਲਾਗੈ ਛਾਰੁ ॥੧॥ ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥
ਜੋ ਜੋ ਗਰਬੁ ਕਰੇ ਸੋ ਜਾਇ ॥ ਗਰੀਬ ਦਾਸ ਕੀ ਪ੍ਰਭੁ ਸਰਣਾਇ ॥੨॥ ਜੋ ਜੋ ਸਰਣਿ ਪਇਆ ਹਰਿ ਰਾਇ ॥
ਸੋ ਦਾਸੁ ਰਖਿਆ ਅਪਣੈ ਕੰਠਿ ਲਾਇ ॥ ਜੇ ਕੋ ਬਹੁਤੁ ਕਰੇ ਅਹੰਕਾਰੁ ॥ ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥੩॥
ਹੈ ਭੀ ਸਾਚਾ ਹੋਵਣਹਾਰੁ ॥ ਸਦਾ ਸਦਾ ਜਾਈਂ ਬਲਿਹਾਰ ॥ ਅਪਣੇ ਦਾਸ ਰਖੇ ਕਿਰਪਾ ਧਾਰਿ ॥
ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥੪॥੧੮॥੨੦॥}

(ਅੰਗ ੮੬੮)

ਨਟ ਮਹਲਾ ੫ ॥

{ਮੇਰੈ ਸਰਬਸੁ ਨਾਮੁ ਨਿਧਾਨੁ ॥ ਕਰਿ ਕਿਰਪਾ ਸਾਧੂ ਸੰਗਿ ਮਿਲਿਓ ਸਤਿਗੁਰਿ ਦੀਨੋ ਦਾਨੁ ॥੧॥ ਰਹਾਉ ॥
ਸੁਖਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ ॥

ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੇ ਬਿਨਸਿਓ ਮੂੜ ਅਭਿਮਾਨੁ ॥੧॥
ਕਿਆ ਗੁਣ ਤੇਰੇ ਆਖਿ ਵਖਾਣਾ ਪ੍ਰਭ ਅੰਤਰਜਾਮੀ ਜਾਨੁ ॥
ਚਰਨ ਕਮਲ ਸਰਨਿ ਸੁਖ ਸਾਗਰ ਨਾਨਕੁ ਸਦ ਕੁਰਬਾਨੁ ॥੨॥੭॥੮॥}

(ਅੰਗ ੯੭੯)

ਰਾਗੁ ਮਾਲੀ ਗਉੜਾ ਮਹਲਾ ੪

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
{ਅਨਿਕ ਜਤਨ ਕਰਿ ਰਹੇ ਹਰਿ ਅੰਤੁ ਨਾਹੀ ਪਾਇਆ ॥
ਹਰਿ ਅਗਮ ਅਗਮ ਅਗਾਧਿ ਬੋਧਿ ਆਦੇਸੁ ਹਰਿ ਪ੍ਰਭ ਰਾਇਆ ॥੧॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਤ ਝਗਰਤੇ ਝਗਰਾਇਆ ॥
ਹਮ ਰਾਖੁ ਰਾਖੁ ਦੀਨ ਤੇਰੇ ਹਰਿ ਸਰਨਿ ਹਰਿ ਪ੍ਰਭ ਆਇਆ ॥੧॥
ਸਰਣਾਗਤੀ ਪ੍ਰਭ ਪਾਲਤੇ ਹਰਿ ਭਗਤਿ ਵਛਲੁ ਨਾਇਆ ॥
ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ ਹਰਿ ਰਾਖਿ ਲੀਓ ਤਰਾਇਆ ॥੨॥
ਹਰਿ ਚੇਤਿ ਰੇ ਮਨ ਮਹਲੁ ਪਾਵਣ ਸਭ ਦੂਖ ਭੰਜਨੁ ਰਾਇਆ ॥
ਭਉ ਜਨਮ ਮਰਨ ਨਿਵਾਰਿ ਠਾਕੁਰ ਹਰਿ ਗੁਰਮਤੀ ਪ੍ਰਭੁ ਪਾਇਆ ॥੩॥
ਹਰਿ ਪਤਿਤ ਪਾਵਨ ਨਾਮੁ ਸੁਆਮੀ ਭਉ ਭਗਤ ਭੰਜਨੁ ਗਾਇਆ ॥
ਹਰਿ ਹਾਰੁ ਹਰਿ ਉਰਿ ਧਾਰਿਓ ਜਨ ਨਾਨਕ ਨਾਮਿ ਸਮਾਇਆ ॥੪॥੧॥}

(ਅੰਗ ੯੮੪)

ਮਾਰੂ ਮਹਲਾ ੫ ॥
{ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥੧॥ ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥
ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥੩॥
ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥
ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥੬॥}

(ਅੰਗ ੧੦੦੦)

ਮਾਰੂ ਮਹਲਾ ੫ ॥
{ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥ ਰੇ ਨਰ ਕਾਇ ਪਰ ਗ੍ਰਿਹਿ ਜਾਇ ॥

ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥
ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥ ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥
ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥
ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥ ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ॥੪॥
ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥
ਰੇ ਨਰ ਇਨ ਬਿਧਿ ਪਾਰਿ ਪਰਾਇ ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥੨॥੧੧॥}

(ਅੰਗ ੧੦੦੧-੧੦੦੨)

{ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥
ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥
ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥
ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥}

(ਅੰਗ ੧੦੩੯-੧੦੪੦)

ਕੇਦਾਰਾ ਮਹਲਾ ੪ ਘਰੁ ੧
ੴ ਸਤਿਗੁਰ ਪ੍ਰਸਾਦਿ ॥

{ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥
ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥
ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ ਰਾਮ ਨਾਮੁ ਰਸਾਇਣੁ
ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥
ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ ਇਹੁ ਦੂਰਿ ਕਰਹੁ ਆਪਨ ਗਹੁ ਰੇ ॥
ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥}

(ਅੰਗ ੧੧੧੮-੧੧੧੯)

53/7421

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

{ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥ ਕੋਟਿ ਕਰਮ ਬੰਧਨ ਕਾ ਮੂਲੁ ॥
ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥ ਬਿਨੁ ਖਾਏ ਬੂਝੈ ਨਹੀ ਭੂਖ ॥ ਰੋਗੁ ਜਾਇ ਤਾਂ ਉਤਰਹਿ ਦੂਖ ॥
ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥}

(ਅੰਗ ੧੧੪੯)

{ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ ॥
ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ ਦਾਸ ਕੇ ਹੋਏ ਪੂਰਨ ਕਾਮ ॥੧॥ ਰਹਾਉ ॥
ਹਰਿ ਕੇ ਲੋਕ ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ ॥
ਜਨ ਕਾ ਦਰਸੁ ਬਾਂਛੈ ਦਿਨ ਰਾਤੀ ਹੋਇ ਪੁਨੀਤ ਧਰਮ ਰਾਇ ਜਾਮ ॥੧॥
ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧਸੰਗਿ ਮਿਟਿਆ ਅਭਿਮਾਨ ॥
ਐਸੇ ਸੰਤ ਭੇਟਹਿ ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥}

(ਅੰਗ ੧੧੫੧)

ਸਾਰਗ ਮਹਲਾ ੫ ॥

{ਅਬ ਮੇਰੋ ਠਾਕੁਰ ਸਿਉ ਮਨੁ ਲੀਨਾ ॥
ਪ੍ਰਾਨ ਦਾਨੁ ਗੁਰਿ ਪੂਰੈ ਦੀਆ ਉਰਝਾਇਓ ਜਿਉ ਜਲ ਮੀਨਾ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥
ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ॥
ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥}

(ਅੰਗ ੧੨੧੦-੧੨੧੧)

{ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ ॥
ਭਗਤਿ ਵਛਲ ਭੈ ਕਾਟਨਹਾਰੇ ਨਾਨਕ ਕੇ ਮਾਈ ਬਾਪ ॥੨॥੭੭॥੧੦੦॥}

(ਅੰਗ ੧੨੨੩)

{ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥
ਕਰਿ ਕਿਰਪਾ ਗੁਰ ਚਰਣ ਨਿਵਾਸਿ ॥ ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥}

(ਅੰਗ ੧੨੭੧)

{ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥
ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥}

(ਅੰਗ ੧੩੦੪)

{ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥
ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥
ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥
ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥ ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥
ਗੁਰ ਅਮਰਦਾਸ ਸਚੁ ਸਲ੍ਹ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥੧॥੨੧॥}

(ਅੰਗ ੧੩੯੬)

{ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥
ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ॥
ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥
ਦੇਹ ਗੇਹ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥
ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ ॥੫॥੧੦॥}

(ਅੰਗ ੧੪੦੩)

ਉਪਰ ਸ਼ਬਦਾਂ ਦੇ ਪ੍ਰਮਾਣ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦਾ, ਉਸਦਾ ਸੱਚਾ ਨਾਮ ਜਪਣ ਦਾ ਮਾਰਗ ਹੀ ਸਮਝਾਇਆ ਹੋਇਆ

53/7422

ਹੈ ਜਿਸ ਸੱਚੇ ਮਾਰਗ ਤੇ ਚੱਲਣ ਦਾ ਸੱਚਾ ਉੱਦਮ ਕਰਨ ਦੁਆਰਾ ਹੀ ਸੱਚ ਦੇ ਮਾਲਕ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਕੋਈ ਆਪਣਾ ਪ੍ਰੇਮ ਪਿਆਰ ਦਿਖਾ ਸਕਦਾ ਹੈ ਭਾਵੇਂ ਕੋਈ ਮਨੁੱਖ ਪੂਰੀ ਸ੍ਰਿਸ਼ਟੀ ਵਿੱਚ ਕਿਹੋ ਜਿਹੀ ਵੀ ਆਪਣੀ ਆਪਣੀ ਸਮਝ ਦੇ ਅਨੁਸਾਰ ਕੋਈ ਵੀ ਵੱਖਰੀ ਵੱਖਰੀ ਕਿਹੋ ਜਿਹੀ ਧਾਰਮਿਕ ਆਸਥਾ ਰੱਖਦਾ ਹੋਵੇ। ਉਸਦੇ ਨਾਲ ਸੱਚਾ ਮੋਹ ਜੋੜਨ ਦਾ ਤਰੀਕਾ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਕਿਉਂਕਿ ਜੇਕਰ ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਸ੍ਰਿਸ਼ਟੀ ਦਾ ਕਰਤਾ ਕੇਵਲ ਇੱਕ ਹੀ ਹੈ ਤੇ ਫਿਰ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਬਨਾਉਣ ਵਾਲੇ ਵੱਖਰੇ ਵੱਖਰੇ ਕਿਵੇਂ ਹੋ ਸਕਦੇ ਹਨ ਭਾਵ ਹਰ ਮਨੁੱਖੀ ਰੂਪ ਨੂੰ ਬਨਾਉਣ ਵਾਲਾ ਵੀ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਸਨੂੰ ਜਾਨਣ ਦਾ ਤਰੀਕਾ ਵੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕ ਹੀ ਹੈ ਤੇ ਜੋ ਵੀ ਮਨੁੱਖ ਆਪਣੇ ਵੱਲੋਂ ਉਸਦੀ ਭਗਤੀ ਦੇ ਤਰੀਕੇ ਅਪਨਾਉਂਦਾ ਹੈ, ਉਸਦੇ ਨਾਮ ਜਪਣ ਦੇ ਤਰੀਕੇ ਅਪਨਾਉਂਦਾ ਹੈ ਉਹ ਉਸਨੂੰ ਜਾਨਣ ਲਈ ਹੀ ਅਪਨਾਉਂਦਾ ਹੈ ਜਿਨ੍ਹਾਂ ਆਪਣੇ ਤਰੀਕਿਆਂ ਦੁਆਰਾ ਹਰ ਕੋਈ ਆਪਣੇ ਵੱਲੋਂ ਉਸਦੇ ਨਾਲ ਆਪਣਾ ਪ੍ਰੇਮ ਦਿਖਾਉਣ ਦਾ ਤਰੀਕਾ ਹੀ ਸਮਝਦਾ ਹੈ ਪਰ ਉਸਦੇ ਨਾਲ ਪ੍ਰੇਮ ਦਿਖਾਉਣਾ ਕੀ ਹੈ ਭਾਵ ਉਸਦੀ ਕਿਹੋ ਜਿਹੀ ਭਗਤੀ ਕਰਨ ਦੁਆਰਾ ਭਾਵ ਉਸਦਾ ਕਿਹੋ ਜਿਹਾ ਨਾਮ ਜਪਣ ਦੁਆਰਾ ਇਸ ਪੂਰੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਇਸ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਆਪਣਾ ਪਿਆਰ ਦਿਖਾ ਸਕਦਾ ਹੈ ਜਿਸ ਤਰੀਕੇ ਉਸਨੂੰ ਕੋਈ ਜਾਣ ਸਕਦਾ ਹੈ ਇਹੀ ਗੱਲ ਉਪਰ ਵਾਲੇ ਹਰ ਸ਼ਬਦ ਰਾਹੀਂ ਸਮਝਾਈ ਹੋਈ ਹੈ ਜਿਸ ਹਰ ਸ਼ਬਦ ਨੂੰ ਲਿਖਵਾਉਣ ਵਾਲਾ ਸ਼ਬਦ ਰੂਪ ਗੁਰੂ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੀ ਹੈ ਜਿਸਨੇ ਆਪ ਹੀ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੈ ਕਿਉਂਕਿ ਜੇਕਰ ਉਹ ਇੱਕੋ ਇੱਕ ਆਪ ਹੈ ਫਿਰ ਗਿਆਨ ਦਾ ਮਾਲਕ ਵੀ ਉਹ ਇੱਕੋ ਇੱਕ ਆਪ ਹੈ ਜਿਸਨੇ ਆਪ ਹੀ ਆਪਣੇ ਬਹੁਤ ਹੀ ਉੱਚੇ ਗਿਆਨ ਦੁਆਰਾ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ, ਹਰ ਮਨੁੱਖੀ ਰੂਪ ਦੀ ਰਚਨਾ ਕੀਤੀ

ਹੈ ਤੇ ਆਪਣੇ ਹਰ ਆਕਾਰ ਰੂਪ ਨੂੰ, ਹਰ ਮਨੁੱਖੀ ਰੂਪ ਨੂੰ ਆਪ ਹੀ ਆਪਣੇ ਗਿਆਨ ਦੁਆਰਾ ਭਾਵ ਮਨ ਦੀ ਸਮਝ ਦੁਆਰਾ ਚਲਾ ਰਿਹਾ ਹੈ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਮਨ ਦੀ ਸਮਝ ਦੁਆਰਾ ਪ੍ਰਗਟ ਹੋ ਕੇ ਹਰ ਸ਼ਬਦ ਦੀ ਰਚਨਾ ਕਰਵਾਈ ਹੈ ਉਹ ਆਪਣੇ ਹਰ ਸ਼ਬਦ ਰਾਹੀਂ ਸਾਨੂੰ ਆਪਣੀ ਭਗਤੀ ਕਰਨ ਦਾ, ਆਪਣਾ ਨਾਮ ਜਪਣ ਦਾ ਇੱਕੋ ਇੱਕ ਤਰੀਕਾ ਹੀ ਸਮਝਾ ਰਿਹਾ ਹੈ ਜਿਸ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਵੀ ਸ੍ਰਿਸ਼ਟੀ ਦਾ ਮਨੁੱਖ ਆਪਣੇ ਅੰਦਰੋਂ ਜਾਣ ਸਕਦਾ ਹੈ ਜੋ ਹਰ ਕਿਸੇ ਦੇ ਅੰਦਰ ਮਨ ਦੀ ਸਮਝ ਦੇ ਰੂਪ ਵਿੱਚ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਹੀ ਵਰਤ ਰਿਹਾ ਹੈ ਜਿਸਦੀ ਸਮਝ ਕੇਵਲ ਤੇ ਕੇਵਲ ਉਸਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਜੋ ਮਨੁੱਖੀ ਸਮਝ ਦਾ ਮਾਲਕ ਕਿਸੇ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਉਨ੍ਹਾਂ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਕੇ ਪਾਈ ਹੈ, ਗੁਰਬਾਣੀ ਦੇ ਪੂਰੇ ਸ਼ਬਦ

53/7423

ਲਿਖਵਾਉਣ ਤੇ ਸਮਝਾਉਣ ਦੁਆਰਾ ਪਾਈ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ। ਪੂਰੀ ਗੁਰਬਾਣੀ ਦੇ ਹਰ ਸ਼ਬਦ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਤਰੀਕਾ ਹੀ ਸਮਝਾਇਆ ਹੋਇਆ ਹੈ ਜੋ ਕਿ ਉਪਰ ਦਿੱਤੇ ਹੋਏ ਹਰ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਇੱਕ ਤਰੀਕਾ ਸੱਚੇ ਸੁੱਚੇ ਇਨਸਾਨ ਬਣਨ ਦਾ ਹੈ ਜੋ ਕਿ ਆਪਣੀ ਸਮਝ ਦੇ ਅੰਦਰ ਵੱਸੇ ਹੋਏ ਹਰ ਔਗੁਣ ਨੂੰ ਤਿਆਗਕੇ ਗੁਣੀ ਬਣ ਕੇ ਵਿਚਰਨ ਦਾ ਹੈ ਕਿਉਂਕਿ ਔਗੁਣ ਤਿਆਗਣ ਦੁਆਰਾ ਹੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸਾਡਾ ਪਿਆਰ ਜੁੜ ਸਕਦਾ ਹੈ। ਮਨੁੱਖ ਜੋ ਵੀ ਮਾੜਾ ਕਰਮ ਕਰਦਾ ਹੈ ਉਹ ਉਸਦਾ ਔਗੁਣ ਹੀ ਹੁੰਦਾ ਹੈ ਭਾਵੇਂ ਉਹ ਮਨੁੱਖ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸੰਸਾਰ ਵਿੱਚ ਅਨੇਕਾਂ ਹੀ ਝਗੜੇ ਆਪਣਾ ਵੱਖਰਾ ਵੱਖਰਾ ਮਹਜਬ ਸਮਝਣ ਦੁਆਰਾ ਹੀ ਹੁੰਦੇ ਹਨ ਕਿ ਮੇਰਾ ਮਜਹਬ ਚੰਗਾ ਹੈ, ਮੇਰੇ ਮਜਹਬ ਨੂੰ ਮੰਨਣ ਵਾਲੇ ਲੋਕ ਚੰਗੇ ਹਨ ਤੇ ਕਿਸੇ ਹੋਰ ਮਜਹਬ ਨੂੰ ਮੰਨਣ ਵਾਲੇ ਮਾੜੇ ਹਨ ਜਿਵੇਂ ਕਿ ਸਦੀਆਂ ਤੋਂ ਇਸੇ ਗੱਲ ਪਿੱਛੇ ਸੰਸਾਰ ਵਿੱਚ ਝਗੜੇ ਹੁੰਦੇ ਆਏ ਹਨ ਤੇ ਹੁਣ ਵੀ ਹੋ ਰਹੇ ਹਨ। ਸੰਨ 1947 ਵਿੱਚ ਜਦੋਂ ਭਾਰਤ ਅੰਗਰੇਜਾਂ ਦੇ ਝਗੜੇ ਤੋਂ ਮੁਕਤ ਹੋਇਆ ਸੀ ਉਦੋਂ ਭਾਰਤ ਦੇ ਵੱਖਰੇ ਵੱਖਰੇ ਹਿੱਸੇ ਵੱਖਰੇ ਵੱਖਰੇ ਮਜਹਬ ਸਮਝਣ ਦੁਆਰਾ ਹੀ ਹੋਏ ਸਨ ਤੇ ਉਸ ਸਮੇਂ ਕਿਤਨੇ ਕੂ ਦੰਗੇ-ਫਸਾਦ ਹੋਏ ਸਨ ਤੇ ਕਿਸ ਤਰੀਕੇ ਹਜਾਰਾਂ ਹੀ ਮਨੁੱਖ ਨੂੰ ਇੱਕ ਦੂਜੇ ਰਾਹੀਂ ਮਾਰਿਆ ਗਿਆ ਸੀ, ਲੱਖਾਂ ਹੀ ਲੱਖਾਂ ਮਨੁੱਖਾਂ ਨੂੰ ਆਪਣੇ ਘਰਾਂ ਤੋਂ ਉਜਾੜਿਆ ਗਿਆ ਸੀ ਤੇ ਅਨੇਕਾਂ ਹੀ ਛੋਟੇ ਛੋਟੇ ਬੱਚਿਆਂ ਨੂੰ ਉਨ੍ਹਾਂ ਦੇ ਮਾਂ-ਬਾਪ ਤੋਂ ਵਿਛੋੜਿਆ ਗਿਆ ਸੀ ਭਾਵ ਤਨ ਦੀ ਭੁੱਖ ਵਿੱਚ ਤੇ ਮਨ ਦੇ ਦੁੱਖਾਂ ਵਿੱਚ ਪਾਇਆ ਗਿਆ ਸੀ ਭਾਵ ਫਿਰ ਕੀ ਇਸ ਗੱਲ ਵਿੱਚ ਕੋਈ ਇਨਸਾਨੀਅਤ ਵਾਲੀ ਗੱਲ ਰਹਿ ਜਾਂਦੀ ਹੈ, ਮਨੁੱਖਤਾ ਦੀ ਭਲਾਈ ਵਾਲੀ ਗੱਲ ਰਹਿ ਜਾਂਦੀ ਹੈ, ਇੱਕ ਮਨੁੱਖ ਦਾ ਦੂਜੇ ਮਨੁੱਖ ਦੇ ਨਾਲ ਕੋਈ ਪਿਆਰ ਦਿਖਾਉਣ ਵਾਲੀ ਗੱਲ ਰਹਿ ਜਾਂਦੀ ਹੈ। ਉਹ ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਹੀ ਹੈ ਜੋ ਹਰ ਮਨੁੱਖ ਦਾ ਇੱਕੋ ਇੱਕ ਆਪ ਰੱਬ ਹੀ ਹੈ। ਉਸ ਰੱਬ ਨੂੰ ਭਗਵਾਨ ਕਹਿਣ ਵਾਲੇ ਆਪਣੇ ਆਪ ਨੂੰ ਵੱਖਰੇ ਮਜਹਬ ਵਾਲੇ ਸਮਝਦੇ ਹਨ, ਅੱਲ੍ਹਾ ਕਹਿਣ ਵਾਲੇ ਵੱਖਰੇ ਮਜਹਬ ਵਾਲੇ ਸਮਝਦੇ ਹਨ, ਗਾਡ ਕਹਿਣ ਵਾਲੇ ਆਪਣੇ ਆਪ ਨੂੰ ਵੱਖਰੇ ਮਜਹਬ ਵਾਲੇ ਸਮਝਦੇ ਹਨ, ਉਸਨੂੰ ਵਾਹਿਗੁਰੂ ਕਹਿਣ ਵਾਲੇ ਆਪਣੇ ਆਪ ਨੂੰ ਵੱਖਰੇ ਮਜਹਬ ਵਾਲੇ ਸਮਝਦੇ ਹਨ। ਇਸੇ ਤਰ੍ਹਾਂ ਸੰਸਾਰ ਵਿੱਚ ਅਨੇਕਾਂ ਹੀ ਮਜਹਬ ਬਣੇ ਹੋਏ ਹਨ ਤੇ ਹਰ ਕਿਸੇ ਨੂੰ ਆਪਣਾ ਆਪਣਾ ਮਜਹਬ ਪਿਆਰਾ ਲੱਗਦਾ ਹੈ ਤੇ ਆਪਣੇ ਮਜਹਬ ਨੂੰ ਮੰਨਣ ਵਾਲੇ ਦੂਜੇ ਮਜਹਬ ਨੂੰ ਮੰਨਣ ਵਾਲਿਆਂ ਤੋਂ ਜਿਆਦਾ ਪਿਆਰੇ ਲੱਗਦੇ ਹਨ। ਸਾਡੇ ਪਿਆਰ ਤਾਂ ਆਪਣੇ ਆਪਣੇ ਵੱਖਰੇ ਮਜਹਬ ਨਾਲ ਜੁੜੇ ਹੋਏ ਹਨ ਭਾਵ ਵੱਖਰੀ ਵੱਖਰੀ ਧਾਰਮਿਕ ਆਸਥਾ ਨਾਲ ਜੁੜੇ ਹੋਏ ਹਨ ਫਿਰ ਇਸ ਤਰੀਕੇ ਉਸ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਅਸੀਂ ਆਪਣਾ ਪਿਆਰ ਕਿਵੇਂ ਜੋੜ ਸਕਦੇ ਹਾਂ ਜੋ ਇੱਕੋ ਇੱਕ ਆਪ ਹੀ ਹੈ ਤੇ ਸਭ ਦੇ ਵਿੱਚ ਹੀ ਉਹ ਇੱਕੋ ਇੱਕ ਆਪ ਹੀ ਹੈ ਜੋ ਪੂਰੀ ਸ੍ਰਿਸ਼ਟੀ ਦਾ ਇੱਕੋ ਇੱਕ ਆਪ ਹੀ ਰਚਨਹਾਰ ਹੈ ਤੇ ਇੱਕੋ ਇੱਕ ਆਪ ਹੀ ਮਾਲਕ ਹੈ। ਉਸ ਇੱਕੋ ਇੱਕ ਆਪ ਨੇ ਹੀ ਸਾਰੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਵਾਈ ਹੋਈ ਹੈ ਭਾਵੇਂ ਉਹ ਧਰਮ ਗ੍ਰੰਥ ਵੇਦਾਂ ਸ਼ਾਸਤਰਾਂ ਦੇ ਰੂਪ ਵਿੱਚ ਹਨ, ਕੁਰਾਣ ਦੇ ਰੂਪ ਵਿੱਚ ਹਨ, ਬਾਈਬਲ ਦੇ ਰੂਪ ਵਿੱਚ ਹਨ ਜਾਂ ਗੁਰਬਾਣੀ ਦੇ ਰੂਪ ਵਿੱਚ ਹਨ। ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਇੱਕੋ ਜਿਹਾ ਨਾਮ ਜਪਣਾ ਸਿਖਾਇਆ ਹੋਇਆ ਹੈ ਜਿਸ

53/7424

ਨਾਮ ਜਪਣ ਦੀ ਸੱਚੀ ਸਮਝ ਦਾ ਨਾ ਪੈਣਾ ਹੀ ਸਾਡੇ ਮਜਹਬੀ ਝਗੜਿਆਂ ਦਾ ਕਾਰਣ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਜੋ ਸੱਚੀ ਸਿੱਖਿਆ ਹੈ ਉਹੀ ਨਾਮ ਹੈ ਤੇ ਜੋ ਉਸ ਸੱਚੀ ਸਿੱਖਿਆ ਨੂੰ ਮੰਨਦਾ ਹੈ ਉਹ ਫਿਰ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਹੀ ਨਾਮ ਜਪਦਾ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੈ, ਜੋ ਚੰਗੇ ਕਰਮ ਹਰ ਔਗੁਣ ਤਿਆਗਕੇ ਹੀ ਹੁੰਦੇ ਹਨ ਤੇ ਇਹੋ ਜਿਹੀ ਸਮਝ ਦੁਆਰਾ ਫਿਰ

ਮਨੁੱਖ ਕਿਸੇ ਹੋਰ ਮਨੁੱਖ ਦਾ ਮਾੜਾ ਤੇ ਕੀ ਕਰੇਗਾ ਕਿਸੇ ਦਾ ਮਾੜਾ ਕਰਨ ਦਾ ਸੋਚ ਵੀ ਨਹੀਂ ਸਕੇਗਾ ਭਾਵ ਮਨੁੱਖਤਾ ਦੇ ਭਲੇ ਲਈ ਹੀ ਵਰਤੇਗਾ। ਭਗਤਾਂ ਨੇ, ਗੁਰੂ ਸਾਹਿਬਾਨ ਨੇ ਜੋ ਸਾਨੂੰ ਗੁਰਬਾਣੀ ਰਾਹੀਂ ਸਮਝਾਇਆ ਹੈ ਉਹ ਕੁਝ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਰਕੇ ਵੀ ਦਿਖਾਇਆ ਹੈ ਭਾਵ ਜਿਹੋ ਜਿਹਾ ਨਾਮ ਜਪਣਾ ਸਿਖਾਇਆ ਹੈ ਭਾਵ ਜਿਹੋ ਜਿਹੀ ਗੁਰੂ ਦੀ ਸੇਵਾ ਦਾ ਮਾਰਗ ਸਮਝਾਇਆ ਹੈ ਉਹ ਗੁਰੂ ਦੀ ਸੇਵਾ ਜਾਂ ਮਨੁੱਖਤਾ ਦੀ ਸੇਵਾ ਜਾਂ ਮਨੁੱਖਤਾ ਦੀ ਭਲਾਈ ਕਰਨਾ ਇੱਕੋ ਹੀ ਗੱਲ ਹੈ ਭਾਵ ਗੁਰੂ ਦੀ ਸਮਝਾਈ ਹੋਈ ਸਿੱਖਿਆ ਤੇ ਅਮਲ ਕਰਨ ਵਾਲੀ ਗੱਲ ਹੈ ਜੋ ਅਮਲ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਰਕੇ ਦਿਖਾਇਆ ਹੈ ਭਾਵ ਉਹੋ ਜਿਹਾ ਨਾਮ ਜਪ ਕੇ ਦਿਖਾਇਆ ਹੈ ਜਿਹੋ ਜਿਹਾ ਨਾਮ ਜਪਣਾ ਉਨ੍ਹਾਂ ਨੇ ਸੰਸਾਰ ਦੇ ਹਰ ਮਨੁੱਖ ਨੂੰ ਜਪਣਾ ਸਿਖਾਇਆ ਹੈ ਭਾਵ ਮਨੁੱਖਤਾ ਦੇ ਭਲੇ ਲਈ ਚੰਗੇ ਕਰਮ ਕਰਨ ਦੁਆਰਾ ਨਾਮ ਜਪ ਕੇ ਸਿਖਾਇਆ ਹੈ। ਜਿਵੇਂ ਕਿ ਹਰ ਗੁਰਦੁਆਰੇ ਵਿੱਚ ਲੰਗਰ ਦੀ ਸੇਵਾ ਕਰਨ ਦੀ ਪ੍ਰਥਾ ਗੁਰੂ ਸਾਹਿਬ ਨੇ ਆਪ ਹੀ ਚਲਾਈ ਹੈ ਤੇ ਅੱਜ ਵੀ ਸੰਸਾਰ ਦੇ ਹਰ ਗੁਰਦੁਆਰੇ ਵਿੱਚ ਚੱਲ ਰਹੀ ਹੈ ਜੋ ਸਾਰੀ ਮਨੁੱਖਤਾ ਦੇ ਇੱਕੋ ਜਿਹੇ ਭਲੇ ਲਈ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਪੇਟ ਦੀ ਭੁੱਖ ਤਾਂ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹੀ ਹੀ ਹੈ ਜਿਸ ਪੇਟ ਦੀ ਭੁੱਖ ਨੂੰ ਭਾਵ ਖਾਣਾ ਖਾਣ ਦੀ ਭੁੱਖ ਨੂੰ ਪੂਰੇ ਕੀਤੇ ਬਿਨ੍ਹਾਂ ਕਿਸੇ ਵੀ ਮਨੁੱਖ ਦਾ ਜੀਵਨ ਨਹੀਂ ਚੱਲ ਸਕਦਾ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਭਾਵ ਇਹ ਸੰਸਾਰ ਦੇ ਹਰ ਮਨੁੱਖ ਦੇ ਜੀਵਨ ਵਿੱਚ ਇੱਕੋ ਜਿਹੀ ਲੋੜ ਹੈ, ਗਰੀਬ-ਅਮੀਰ ਦੇ ਜੀਵਨ ਜਿਉਣ ਲਈ ਇੱਕੋ ਜਿਹੀ ਲੋੜ ਹੈ ਤੇ ਸੰਸਾਰ ਦਾ ਕੋਈ ਵੀ ਮਨੁੱਖ ਆਪਣੀ ਇਹ ਲੋੜ ਪੂਰੀ ਕਰਨ ਤੋਂ ਵਾਂਝਾ ਨਾ ਰਹੇ ਇਸੇ ਲਈ ਹੀ ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ ਹੈ ਭਾਵ ਮਨੁੱਖਤਾ ਦੇ ਭਲੇ ਲਈ ਸ਼ੁਰੂ ਕੀਤੀ ਹੈ। ਮਨੁੱਖਤਾ ਦਾ ਭਲਾ ਕਰਨਾ ਹੀ ਮਨੁੱਖਤਾ ਦੇ ਨਾਲ ਪਿਆਰ ਜਤਾਉਣਾ ਹੈ ਭਾਵ ਗੁਰੂ ਦੇ ਨਾਲ, ਗੁਰੂ ਦੀ ਮਤਿ ਦੇ ਨਾਲ ਆਪਣਾ ਪਿਆਰ ਜਤਾਉਣ ਦਾ ਤਰੀਕਾ ਹੈ। ਮਨੁੱਖਤਾ ਦੇ ਨਾਲ ਪਿਆਰ ਹੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਪਿਆਰ ਦਿਖਾਉਣਾ ਹੈ ਕਿਉਂਕਿ ਹਰ ਮਨੁੱਖ ਦੇ ਅੰਦਰ ਉਹ ਇੱਕੋ ਇੱਕ ਆਪ ਹੀ ਵਰਤ ਰਿਹਾ ਹੈ। ਬਹੁਤ ਔਖਾ ਹੈ ਉਸਦੇ ਨਾਲ ਪਿਆਰ ਜੋੜਨਾ। ਉਸਦੇ ਨਾਲ ਪਿਆਰ ਜੋੜਨ ਲਈ ਉਸਦੇ ਸਮਝਾਏ ਹੋਏ ਬੰਧਨ ਵਿੱਚ ਆਪਣੇ ਆਪ ਨੂੰ ਬੰਨਣਾ ਪੈਂਦਾ ਹੈ ਭਾਵ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸਮਝਾਈ ਹੋਈ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਸਿੱਖਿਆ ਦੇ ਨਾਲ ਆਪਣੇ ਮਨ ਦੀ ਸਮਝ ਨੂੰ ਬੰਨਣਾ ਪੈਂਦਾ ਹੈ ਜਿਸ ਤਰੀਕੇ ਅਸੀਂ ਮਨ ਦੇ ਮਾਇਆ ਵਾਲੇ ਬੰਧਨ ਵਿੱਚੋਂ ਨਿਕਲ ਸਕਦੇ ਹਾਂ ਤੇ ਸ੍ਰਿਸ਼ਟੀ ਦੇ ਕਰਤੇ ਦੇ ਸਮਝਾਏ ਹੋਏ ਸੱਚ ਦੇ ਨਾਲ ਆਪਣਾ ਪਿਆਰ ਜੋੜ ਸਕਦੇ ਹਾਂ ਜੋ ਆਪ ਸੱਚ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਇਹੀ ਗੱਲ ਅਸੀਂ ਭਗਤ ਰਵਿਦਾਸ ਜੀ ਦੇ ਸ਼ਬਦ ਰਾਹੀਂ ਸਮਝੀ ਹੈ ਕਿ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਪ੍ਰੇਮ ਕਿਵੇਂ ਜੋੜਿਆ ਜਾ ਸਕਦਾ ਹੈ ਜਿਸ ਤਰੀਕੇ ਉਸਨੂੰ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਜੋ ਕਿ ਇੱਕੋ ਇੱਕ ਸੱਚੇ ਧਰਮ ਦੇ ਮਾਰਗ ਤੇ ਚੱਲ ਕੇ ਕੀਤਾ ਜਾ ਸਕਦਾ ਹੈ, ਜੋ ਧਰਮ ਦੇ ਮਾਰਗ ਤੇ ਚੱਲਣ ਦਾ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਤੇ ਉਸ ਸੱਚੇ ਧਰਮ ਦੇ ਮਾਰਗ ਤੇ ਚੱਲ ਕੇ ਹੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਸੱਚਾ ਪਿਆਰ ਜੋੜਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਪਉੜੀ ॥

{ਸੇਵ ਕੀਤੀ ਸੰਤੋਖੀਣੀ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥}

(ਅੰਗ ੧੧੮੮)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ॥
ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥
ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}

(ਅੰਗ ੬੫)

ਹੁਣ ਅਸੀਂ ਭਗਤ ਰਵਿਦਾਸ ਜੀ ਦੇ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸਾਡਾ ਪਿਆਰ ਕਿਸ ਤਰੀਕੇ ਜੁੜਦਾ ਹੈ।

“ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥”

53/7425

ਉਪਰ ਵਾਲੇ ਸ਼ਬਦ ਦੇ ਪਦੇ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਹਰ ਕੋਈ ਇਸ ਗੱਲ ਦੀ ਅਸਲੀਅਤ ਨੂੰ ਸਮਝ ਸਕੇ ਕਿ ਸਾਡਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਪਿਆਰ ਕਿਸ ਲਈ ਨਹੀਂ ਜੁੜਦਾ ਜੋ ਕਿ ਸਾਰੇ ਸੰਸ਼ਾਰ ਦਾ ਇੱਕੋ ਇੱਕ ਰਾਜਾ ਆਪ ਹੈ ਜਿਸ ਰਾਜੇ ਦੇ ਨਾਲ ਅਸੀਂ ਆਪਣੀ ਭਗਤੀ ਦਾ ਪ੍ਰੇਮ ਦਿਖਾਉਣਾ ਹੈ, ਸ੍ਰਿਸ਼ਟੀ ਦੇ ਕਰਤੇ ਦੇ ਨਾਲ ਭਾਵ ਅੱਲ੍ਹਾ, ਅਕਾਲ ਪੁਰਖ, ਪ੍ਰਮਾਤਮਾ, ਗਾਡ ਦੇ ਨਾਲ ਦਿਖਾਉਣ ਦਾ ਤਰੀਕਾ ਸਭ ਦੇ ਲਈ ਇੱਕੋ ਜਿਹਾ ਹੀ ਹੈ ਜੋ ਤਰੀਕਾ ਹਰ ਔਗੁਣ ਤਿਆਗਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ ਭਾਵ ਸੱਚੇ ਗੁਣਾਂ ਦਾ ਬਣਕੇ ਵਿਚਰਨ ਦਾ ਹੈ, ਮਨੁੱਖਤਾ ਦੇ ਭਲੇ ਲਈ ਵਰਤਨ ਦਾ ਹੈ ਜਿਵੇਂ ਅਸੀਂ ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਪ੍ਰੇਮ ਕਰਨ ਦਾ ਭਾਵ ਉਸਦੇ ਨਾਲ ਆਪਣਾ ਪਿਆਰ ਦਿਖਾਉਣ ਦਾ ਇੱਕੋ ਇੱਕ ਤਰੀਕਾ ਇਹੀ ਹੈ ਭਾਵ ਧਰਮ ਗ੍ਰੰਥਾਂ ਦੇ ਵਿੱਚ ਸਮਝਾਈ ਹੋਈ ਉਸਦੀ ਸੱਚੀ ਮਤਿ ਨੂੰ ਸਮਝ ਕੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦਾ ਹੈ। ਗੁਰੂ ਦੀ ਸੱਚੀ ਮਤਿ ਨਾਲ ਪਿਆਰ ਕਰਨਾ ਹੀ ਗੁਰੂ ਪ੍ਰਮਾਤਮਾ ਦੇ ਨਾਲ ਪਿਆਰ ਕਰਨਾ ਹੈ ਕਿਉਂਕਿ ਗੁਰਮਤਿ ਦੀ ਸੱਚੀ ਮਤਿ ਦੇ ਰੂਪ ਵਿੱਚ ਹੀ ਸ੍ਰਿਸ਼ਟੀ ਦਾ ਕਰਤਾ ਹਰ ਸੱਚੇ ਧਰਮ ਗ੍ਰੰਥ ਵਿੱਚ ਗੁਰੂ ਰੂਪ ਵਿੱਚ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਕਿ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਕਰਵਾਈ ਹੈ ਜਿਸ ਰਾਹੀਂ ਉਸਨੇ ਹਰ ਧਰਮ ਗ੍ਰੰਥ ਰਾਹੀਂ ਸਾਰੀ ਮਨੁੱਖਤਾ ਨੂੰ ਇੱਕੋ ਜਿਹਾ ਨਾਮ ਜਪਣ ਦਾ ਮਾਰਗ ਸਮਝਾਇਆ ਹੈ ਜੋ ਕਿ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ। ਹੁਣ ਧਿਆਨ ਨਾਲ ਸਮਝੋ ਅਸੀਂ ਆਪਣਾ ਪਿਆਰ ਤਾਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ, ਸ੍ਰਿਸ਼ਟੀ ਦੇ ਰਾਜੇ ਦੇ ਨਾਲ ਇਸ ਤਰੀਕੇ ਹੀ ਕਰਨਾ ਹੈ ਭਾਵ ਹਰ ਕਿਸੇ ਨੂੰ ਬਾਣੀ ਰਾਹੀਂ ਉਸ ਸ੍ਰਿਸ਼ਟੀ ਦੇ ਰਾਜੇ ਨਾਲ ਹੀ ਪਿਆਰ ਜੋੜਨ ਲਈ ਸਿਖਾਇਆ ਹੈ **(ਭਾਵਨ ਕੋ ਹਰਿ ਰਾਜਾ)**। ਹੁਣ ਧਿਆਨ ਨਾਲ ਸੋਚੋ ਕਿ ਅਸੀਂ ਭਗਤੀ ਦਾ ਮਾਰਗ ਸਿੱਖਣ ਲਈ ਆਪਣੇ ਰਾਜੇ ਭਾਵ ਆਪਣਾ ਭਗਤੀ ਰੂਪ ਪਿਆਰ ਜੋੜਨ ਲਈ ਕਿੰਨ੍ਹਾਂ ਨੂੰ ਉੱਚਾ ਮੰਨਿਆ ਹੋਇਆ ਹੈ ਜਿਨ੍ਹਾਂ ਕੋਲੋਂ ਭਗਤੀ ਦਾ ਮਾਰਗ ਸਿੱਖ ਕੇ ਅਸੀਂ ਉਨ੍ਹਾਂ ਨਾਲ ਆਪਣਾ ਪਿਆਰ ਦਿਖਾਉਂਦੇ ਹਾਂ ਭਾਵ ਅਸੀਂ ਉਨ੍ਹਾਂ ਨੂੰ ਪਿਉ ਵਰਗਾ ਉੱਚਾ ਸਮਝਦੇ ਹਾਂ। ਪੂਰੇ ਸੰਸਾਰ ਵਿੱਚ ਹਰ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੀ ਮਨੁੱਖੀ ਸਰੀਰ ਨੂੰ ਭਗਤੀ ਦੇ ਮਾਰਗ ਦੀ ਉੱਚੀ ਸਮਝ ਵਾਲਾ ਮੰਨ ਕੇ ਉਸਨੂੰ ਸੰਤ, ਸਾਧ ਆਦਿ ਮੰਨ ਲੈਂਦਾ ਹੈ ਭਾਵ ਭਗਤੀ ਦੇ ਮਾਰਗ ਤੇ ਆਪਣਾ ਬਾਪ ਥਾਪ ਲੈਂਦਾ ਹੈ ਤੇ ਫਿਰ ਇਹੋ ਜਿਹੇ ਮਨੁੱਖ ਨਾਲ ਹੀ ਆਪਣਾ ਪਿਆਰ ਜੋੜਦਾ ਹੈ ਤੇ ਜਿਹੋ ਜਿਹੀ ਭਗਤੀ ਦੇ ਮਾਰਗ ਸਮਝਾਉਂਦਾ ਹੈ, ਜਿਹੋ ਜਿਹਾ ਉਹ ਨਾਮ ਜਪਣਾ ਸਮਝਾਉਂਦਾ ਹੈ, ਜਿਹੋ ਜਿਹੇ ਸਰੀਰਕ ਜਪ ਤਪ ਆਦਿ ਸਮਝਾਉਂਦਾ ਹੈ ਉਸਨੂੰ ਫਿਰ ਉਹੋ ਕੁਝ ਹੀ ਕਰਨਾ ਚੰਗਾ ਲੱਗਦਾ ਹੈ ਜਿਹੋ ਜਿਹੇ ਉਨ੍ਹਾਂ ਦੇ ਸਮਝਾਏ ਹੋਏ ਤਰੀਕਿਆਂ ਦਾ ਬਾਣੀ ਦੇ ਸ਼ਬਦਾਂ ਰਾਹੀਂ ਭਾਵੇਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਪਰ ਫਿਰ ਵੀ ਉਨ੍ਹਾਂ ਨੂੰ ਗੁਰੂ ਰਾਜੇ ਦੀ ਮਤਿ ਨਹੀਂ ਭਾਉਂਦੀ ਤੇ ਉਨ੍ਹਾਂ ਦੀ ਮਤਿ ਹੀ ਭਾਉਂਦੀ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਨਾਮਸਝੀ

53/7426

ਕਰਕੇ ਆਪਣੀ ਭਗਤੀ ਦੇ ਮਾਰਗ ਦੇ ਪਿਉ ਮੰਨਿਆ ਹੁੰਦਾ ਹੈ ਭਾਵ ਗੁਰੂ ਤੋਂ ਵੀ ਉੱਚੀ ਸਮਝ ਵਾਲੇ ਮੰਨਿਆ ਹੁੰਦਾ ਹੈ, ਆਪਣੇ ਸਿਰਮੋਰ

ਮੰਨਿਆ ਹੁੰਦਾ ਹੈ। ਭਗਤੀ ਦੀ ਸਮਝ ਵਾਲਾ ਰਾਜਾ ਕੇਵਲ ਹਰਿ ਆਪ ਹੈ, ਅਕਾਲ ਪੁਰਖ ਆਪ ਹੈ। ਭਗਤੀ ਦੇ ਮਾਰਗ ਤੇ ਕਿਸੇ ਦੇ ਪਿਉ ਦਾ ਰਾਜ ਨਹੀਂ ਹੈ ਭਾਵ ਮਨ ਦਾ ਭਰਮ ਹੈ ਤੇ ਜਦ ਤੱਕ ਉਨ੍ਹਾਂ ਦੇ ਨਾਲ ਅਸੀਂ ਆਪਣਾ ਪਿਆਰ ਨਹੀਂ ਛੱਡਦੇ ਜਿਨ੍ਹਾਂ ਨੂੰ ਅਸੀਂ ਭਗਤੀ ਸਿੱਖਣ ਦਾ ਬਾਪ ਬਣਾਇਆ ਹੋਇਆ ਹੈ, ਭਗਤੀ ਦੇ ਮਾਰਗ ਦੇ ਰਾਜੇ ਸਮਝਿਆ ਹੋਇਆ ਹੈ ਤਦ ਤੱਕ ਪ੍ਰਮਾਤਮਾ ਦੇ ਦਰ ਤੋਂ ਉਸਦਾ ਪਿਆਰ ਨਹੀਂ ਮਿਲ ਸਕਦਾ, ਉਸ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੋਂ ਪਿਆਰ ਉਸੇ ਮਨੁੱਖ ਨੂੰ ਮਿਲਦਾ ਹੈ ਭਾਵ ਮਨ ਦੇ ਵਿੱਚ ਉਹ ਉਸਨੂੰ ਹੀ ਆਪਣਾ ਮੇਲ ਬਖਸ਼ਦਾ ਹੈ ਜੋ ਸ੍ਰਿਸ਼ਟੀ ਦੇ ਰਾਜੇ ਦੀ ਸਮਝ ਦੇ ਨਾਲ ਭਾਵ ਸੱਚੇ ਧਰਮ ਗ੍ਰੰਥਾਂ ਦੀ ਸਮਝ ਦੇ ਨਾਲ ਆਪਣਾ ਪਿਆਰ ਜੋੜਦਾ ਹੈ। **(ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥)**

ਹੁਣ ਆਪੇ ਹੀ ਸੋਚੋ ਕਿ ਅਸੀਂ ਸੰਸਾਰ ਵਿੱਚ ਕਿਤਨੇ ਹੀ ਭਗਤੀ ਦੇ ਸਿਰਮੋਰ ਥਾਪੇ ਹੋਏ ਹਨ ਜਿਸ ਵਿੱਚ ਸਿੱਖ ਜਗਤ ਵੀ ਪਿੱਛੇ ਨਹੀਂ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਸੰਤ, ਸਾਧ, ਬਾਬੇ ਆਦਿ ਥਾਪਿਆ ਹੋਇਆ ਹੈ ਜਿਹੋ ਜਿਹਿਆਂ ਦੀ ਮਤਿ ਦਾ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਘੋਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਅੱਗੇ ਚੱਲ ਕੇ ਹੋਰ ਸ਼ਬਦਾਂ ਦੁਆਰਾ ਵੀ ਸਮਝਾਂਗੇ ਤੇ ਇਹੋ ਜਿਹੀ ਝੂਠੀ ਭਗਤੀ ਦਾ ਮਾਰਗ ਸਮਝਾਉਣ ਵਾਲਿਆਂ ਦਾ, ਝੂਠਾ ਨਾਮ ਜਪਣ ਸਿਖਾਉਣ ਵਾਲਿਆਂ ਦੀ ਮਤਿ ਦਾ ਕਿਤਨਾ ਕੂ ਖੰਡਨ ਕੀਤਾ ਹੋਇਆ ਹੈ। ਸਾਡੇ ਅੰਦਰ ਇਹੋ ਜਿਹੀ ਝੂਠੀ ਸਮਝ ਦਾ ਕਾਰਨ ਕੀ ਹੈ ਜਿਸ ਕਰਕੇ ਉਹ ਸਾਨੂੰ ਝੂਠੀ ਮਤਿ ਦਿੰਦੇ ਹਨ ਤੇ ਅਸੀਂ ਉਨ੍ਹਾਂ ਦੇ ਪਿੱਛੇ ਲੱਗਦੇ ਹਾਂ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥”

ਸ੍ਰਿਸ਼ਟੀ ਕਾ ਕਰਤਾ ਤਾਂ ਸਭ ਦੇ ਅੰਦਰ ਹੀ ਹੈ ਜਿੱਥੋਂ ਉਸ ਨੂੰ ਜਾਣਿਆ ਜਾ ਸਕਦਾ ਹੈ ਪਰ ਉਸਨੂੰ ਆਪਣੇ ਅੰਦਰੋਂ ਕੋਈ ਨਾ ਜਾਣ ਸਕੇ ਇਸ ਗੱਲ ਦਾ ਪੜਦਾ ਵੀ ਉਸਨੇ ਸਭ ਦੀ ਭਾਵ ਸਾਰੇ ਜਗਤ ਦੇ ਮਨੁੱਖਾਂ ਦੀ ਮਨ ਦੀ ਸਮਝ ਦੇ ਅੰਦਰ ਉਸਨੇ ਆਪ ਹੀ ਪਾਇਆ ਹੋਇਆ ਹੈ ਤੇ ਉਸਨੇ ਸ੍ਰਿਸ਼ਟੀ ਦੇ ਹਰ ਮਨੁੱਖ ਕੋਲੋਂ ਆਪਣਾ ਪੜਦਾ ਕਿਸ ਤਰੀਕੇ ਰੱਖਿਆ ਹੋਇਆ ਹੈ ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸ੍ਰਿਸ਼ਟੀ ਦੇ ਕਰਤੇ ਨਾਲੋਂ ਪੜਦਾ ਹਰ ਮਨੁੱਖ ਦੀ ਸਮਝ ਦੇ ਅੰਦਰ ਮਨ ਦੀ ਭਰਮਾਂ ਵਾਲੀ ਸਮਝ ਕਰਕੇ ਹੈ ਜਿਸ ਭਰਮਾਂ ਵਾਲੀ ਸਮਝ ਨੂੰ ਸ਼ਬਦਾਂ ਰਾਹੀਂ ਮਨ ਦੀ ਮਾਇਆ ਮੋਹ ਵਾਲੀ ਸਮਝ ਦੇ ਰੂਪ ਵਿੱਚ ਵੀ ਸਮਝਾਇਆ ਹੋਇਆ ਹੈ, ਮਨ ਦੀ ਹਉਮੈ ਰੂਪ ਸਮਝ ਦੇ ਰੂਪ ਵਿੱਚ ਵੀ

ਸਮਝਾਇਆ ਹੋਇਆ ਹੈ, ਤ੍ਰੈ ਗੁਣਾਂ ਵਾਲੀ ਮਨ ਦੀ ਸਮਝ ਦੇ ਰੂਪ ਵਿੱਚ ਵੀ ਸਮਝਾਇਆ ਹੋਇਆ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਦੇ ਰੂਪ ਵਿੱਚ ਵੀ ਸਮਝਾਇਆ ਹੋਇਆ ਹੈ। ਇਸ ਮਨ ਦੇ ਮਾਇਆ ਮੋਹ ਰੂਪ ਪਟਲ ਭਾਵ ਮਨ ਦੇ ਪੜਦੇ ਤੋਂ ਬਿਨ੍ਹਾਂ ਪੂਰੇ ਜਗਤ ਵਿੱਚ ਕੋਈ ਵੀ ਨਹੀਂ ਹੈ ਭਾਵ ਜੋ ਵੀ ਮਨੁੱਖ ਇਸ ਸੰਸਾਰ ਦੇ ਵਿੱਚ ਜਨਮ ਲੈਂਦਾ ਹੈ ਉਸਦੇ ਅੰਦਰ ਮਨ ਦੀ ਭਰਮਾਂ ਵਾਲੀ ਸਮਝ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਸ੍ਰਿਸ਼ਟੀ ਦੇ ਕਰਤੇ ਦੇ ਬਣਾਏ ਹੋਏ ਅਸੂਲ ਅਨੁਸਾਰ ਸਭ ਦੇ ਅੰਦਰ ਆਪਣੇ ਆਪ ਹੀ ਪੈ ਜਾਂਦੀ ਹੈ, ਉਸਦੀ ਰਚੀ ਹੋਈ ਉੱਚੀ ਸਾਇੰਸ ਦੁਆਰਾ ਆਪ ਹੀ ਪੈ ਜਾਂਦੀ ਹੈ ਜਿਸ ਉਸਦੀ ਉੱਚੀ ਸਾਇੰਸ ਦੁਆਰਾ ਮਨੁੱਖੀ ਮਨ ਦੇ ਅੰਦਰ ਸਮਝ ਪੈਂਦੀ ਹੈ। ਮਨੁੱਖੀ ਮਨ ਉਸਦਾ ਆਪਣਾ ਰਚਿਆ ਹੋਇਆ ਜੋਤਿ ਰੂਪ ਹੀ ਹੈ ਜਿਸ ਵਿੱਚ ਜੋ ਵੀ ਸਮਝ ਪੈਂਦੀ ਹੈ ਉਹ ਉਸਦੀ ਆਪਣੀ ਰਜਾ ਅਨੁਸਾਰ ਹੀ ਪੈਂਦੀ ਹੈ। ਮਨੁੱਖ ਨੂੰ ਮਾਇਆ ਮੋਹ ਵਾਲੀ ਸਮਝ ਵਿੱਚ ਰੱਖਣ ਵਾਲਾ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਣ ਵਾਲਾ, ਹਉਮੈ ਵਾਲੀ ਸਮਝ ਵਿੱਚ ਵੀ ਰੱਖਣ ਵਾਲਾ ਉਹ ਆਪ ਹੀ ਹੈ ਤੇ ਉਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੀ ਹੈ। ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਮਨ ਦੇ ਪੜਦੇ ਵਾਲੀ ਸਮਝ ਵਿੱਚ ਰਹਿੰਦੇ ਹੋਏ ਸੰਸਾਰ ਦਾ ਕੋਈ ਵੀ ਮਨੁੱਖ ਇਹ ਨਹੀਂ ਜਾਣ ਸਕਦਾ ਕਿ ਸ੍ਰਿਸ਼ਟੀ ਦਾ ਕਰਤਾ ਕੌਣ ਹੈ, ਕਿਸ ਰੂਪ ਵਿੱਚ ਹੈ ਭਾਵ ਉਸਦਾ ਨਿਰੰਕਾਰ ਰੂਪ ਕੀ ਹੈ ਤੇ ਉਸਨੂੰ ਜਾਨਣ ਦਾ ਭਾਵ ਉਸਦੀ ਸੱਚੀ ਭਗਤੀ ਦਾ ਭਾਵ ਉਸਦਾ ਨਾਮ ਜਪਣ ਦਾ ਮਾਰਗ ਕੀ ਹੈ ਜਿਸ ਮਾਰਗ ਤੇ ਚੱਲਕੇ ਉਸਨੂੰ ਜਾਣਿਆ ਜਾ ਸਕਦਾ ਹੈ ਜੋ ਸਭ ਦੇ ਅੰਦਰ ਹੀ ਵਰਤ ਰਿਹਾ ਹੈ ਪਰ ਉਸਨੇ ਆਪ ਸਭ ਦੇ ਕੋਲੋਂ ਮਨ ਦੀ ਸਮਝ ਰਾਹੀਂ ਆਪਣੇ ਆਪ ਨੂੰ ਸਮਝਣ ਦਾ ਪੜਦਾ ਰੱਖਿਆ ਹੋਇਆ ਹੈ। ਆਪਣੇ ਆਪ ਨੂੰ ਕੋਈ ਭਗਤੀ ਦੇ ਮਾਰਗ ਤੇ ਤਦ ਤੱਕ ਹੀ ਉੱਚਾ ਅਖਵਾ ਸਕਦਾ ਹੈ, ਭਗਤੀ ਦੇ ਮਾਰਗ ਦੀ ਸਮਝ ਵਾਲਾ ਤਦ ਤੱਕ ਹੀ ਉੱਚਾ ਅਖਵਾ ਸਕਦਾ ਹੈ ਜਦ ਤੱਕ ਉਹ ਆਪਣੇ ਅੰਦਰੋਂ ਮਨ ਦੀ ਸਮਝ ਦੇ ਮਾਲਕ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਰਾਜੇ ਨੂੰ ਨਹੀਂ ਜਾਣ ਲੈਂਦਾ ਜਿਸਨੂੰ ਕੋਈ ਤਾਂਹੀ ਜਾਣ ਸਕਦਾ ਹੈ ਜਦੋਂ ਉਹ ਕਿਸੇ ਨੂੰ ਆਪਣਾ ਆਪ ਜਨਾਉਣਾ ਚਾਹੇ ਤੇ ਜਿਸਨੂੰ ਉਹ ਆਪਣਾ ਆਪ ਜਨਾਉਣਾ ਚਾਹੁੰਦਾ ਹੈ ਉਸਦੇ ਅੰਦਰੋਂ ਉਹ ਆਪਣਾ ਪਾਇਆ ਹੋਇਆ ਮਾਇਆ ਰੂਪ ਪੜਦਾ ਆਪ

ਹੀ ਦੂਰ ਕਰਦਾ ਹੈ, ਆਪਣੇ ਆਪ ਨੂੰ ਮਨ ਦੀ ਸਮਝ ਦੇ ਅੰਦਰ ਪ੍ਰਗਟ ਕਰਨ ਦੁਆਰਾ ਦੂਰ ਕਰਦਾ ਹੈ ਤੇ ਇਹ ਆਪਣਾ ਮਨ ਦਾ ਪੜਦਾ ਦੂਰ ਕਰਨ ਤੋਂ ਬਾਅਦ ਹੀ ਉਹ ਕਿਸੇ ਨੂੰ ਆਪਣਾ ਭਗਤ ਰੂਪ, ਗੁਰੂ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਭਾਵ ਉਨ੍ਹਾਂ ਨੂੰ ਆਪਣਾ ਹੀ ਰੂਪ ਬਣਾਇਆ ਹੈ ਤੇ ਉਸਦਾ ਰੂਪ ਬਣਨ ਤੋਂ ਬਾਅਦ ਕੋਈ ਆਪਣੇ ਆਪ ਨੂੰ ਭਾਵ ਆਪਣੇ ਮਨੁੱਖੀ ਸਰੀਰ ਨੂੰ ਉੱਚਾ ਨਹੀਂ ਸਮਝ ਸਕਦਾ ਭਾਵ ਆਪਣੇ ਆਪ ਨੂੰ ਗੁਰੂ ਨਹੀਂ ਕਹਿ ਸਕਦਾ, ਆਪਣੇ ਆਪ ਨੂੰ ਭਗਤੀ ਦੀ ਸਮਝ ਵਾਲਾ ਨਹੀਂ ਕਹਿ ਸਕਦਾ ਭਾਵ ਉਹ ਫਿਰ ਸ੍ਰਿਸ਼ਟੀ ਦੇ ਕਰਤੇ ਨੂੰ ਹੀ ਗੁਰੂ ਕਹਿੰਦਾ ਹੈ, ਸ਼ਬਦ ਨੂੰ ਹੀ ਭਾਵ ਸ਼ਬਦਾਂ ਦੇ ਅੰਦਰ ਦੀ ਸੋਝੀ ਪਾਉਣ ਵਾਲੇ ਨੂੰ ਹੀ ਗੁਰੂ ਕਹਿੰਦਾ ਹੈ ਭਾਵ ਉਸਨੂੰ ਹੀ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦਾ ਭਾਵ ਬ੍ਰਹਮ ਗਿਆਨ ਦਾ ਭਾਵ ਚੌਥੇ ਪਦ ਦੇ ਗਿਆਨ

53/7428

ਦਾ ਮਾਲਕ ਸਮਝਦਾ ਹੈ ਜਿਸ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਹੀ, ਆਪਣੇ ਨਾਮ ਦੁਆਰਾ ਹੀ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਹੀ ਉਸਨੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਵਾਈ ਹੈ ਜਿਸ ਉਸਦੇ ਸੱਚੇ ਗਿਆਨ ਵਾਲੀ ਸਮਝ ਨੂੰ ਮੰਨਣ ਦੁਆਰਾ ਭਾਵ ਉਸਦੀ ਦਿੱਤੀ ਹੋਈ ਸੱਚੀ ਸਿੱਖਿਆ ਨੂੰ ਮੰਨਣ ਦੁਆਰਾ ਹੀ ਸ੍ਰਿਸ਼ਟੀ ਦੇ ਇੱਕੋ ਇੱਕ ਸੱਚੇ ਰਾਜੇ ਦੇ ਨਾਲ ਪਿਆਰ ਜੋੜਿਆ ਜਾ ਸਕਦਾ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕੀਤਾ ਜਾ ਸਕਦਾ ਹੈ। ਉਸਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਨਾ ਕੋਈ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕਦਾ ਹੈ ਤੇ ਨਾ ਹੀ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕਦਾ ਹੈ ਤੇ ਸੱਚੀ ਭਗਤੀ ਦੇ ਮਾਰਗ ਤੇ ਚੱਲੇ ਬਿਨ੍ਹਾਂ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਕਿਸੇ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸੰਤਾਪ ਵੀ ਨਹੀਂ ਦੂਰ ਹੋ ਸਕਦਾ ਭਾਵ ਉਸਦੇ ਨਾਲ ਕਲੇਸ਼ ਭਾਵ ਝਗੜਾ ਵੀ ਦੂਰ ਨਹੀਂ ਹੋ ਸਕਦਾ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਇਹ ਝਗੜਾ ਉਸਦੇ ਭਗਤਾਂ ਦਾ ਹੀ ਦੂਰ ਹੁੰਦਾ ਹੈ ਜੋ ਉਸਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਨ ਤੇ ਉਸਦੇ ਕੋਲੋਂ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਲੈਂਦੇ ਹਨ ਜਿਸ ਸੱਚੀ ਭਗਤੀ ਦੇ ਮਾਰਗ ਤੇ ਉਹ ਆਪਣੇ ਜੀਵਨ ਵਿੱਚ ਆਪ ਵੀ ਚੱਲਦੇ ਹਨ ਤੇ ਸਾਰੇ ਸੰਸਾਰ ਨੂੰ ਵੀ ਉਸ ਮਾਰਗ ਤੇ ਚੱਲਣਾ ਸਮਝਾਉਂਦੇ ਹਨ ਜਿਵੇਂ ਕਿ ਉਨ੍ਹਾਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ ਜਿਸ ਮਾਰਗ ਤੇ ਚੱਲ ਕੇ ਪੂਰੀ ਸ੍ਰਿਸ਼ਟੀ ਦੇ ਰਾਜੇ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਸਭ ਦੇ ਅੰਦਰ ਇੱਕੋ ਰੂਪ ਵਿੱਚ ਹੀ ਵਰਤ ਰਿਹਾ ਹੈ ਤੇ ਉਸਨੇ ਆਪ ਹੀ ਸਭ ਨੂੰ ਮਨ ਦੇ ਮਾਇਆ ਮੋਹ ਰੂਪ ਪੜਦੇ ਵਿੱਚ ਰੱਖਿਆ ਹੋਇਆ ਹੈ। **(ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥ ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥)**

ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਉਸਦੇ ਨਾਲ ਸੰਤਾਪ ਭਾਵ ਕਲੇਸ਼ ਭਾਵ ਝਗੜਾ ਕਿਸੇ ਦਾ ਵੀ ਨਹੀਂ ਖਤਮ ਹੋ ਸਕਦਾ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਪ੍ਰਮਾਤਮਾ ਦੇ ਨਾਲ, ਅਕਾਲ ਪੁਰਖ ਦੇ ਨਾਲ, ਅੱਲ੍ਹਾਂ ਦੇ ਨਾਲ, ਗਾਡ ਦੇ ਨਾਲ ਆਪਣਾ ਇਹ ਝਗੜਾ ਨਿਪਟਾਉਣ ਦਾ ਸੱਚਾ ਉੱਦਮ ਕਰੀਏ ਜੋ ਉਸਦੇ ਨਾਲ ਝਗੜਾ ਵੀ ਸਭ ਦਾ ਇੱਕੋ ਗੱਲ ਕਰਕੇ ਹੀ ਹੈ ਤੇ ਉਹ ਝਗੜਾ ਨਿਪਟਾਉਣ ਦਾ ਤਰੀਕਾ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਝਗੜਾ ਨਿਪਟਾਉਣ ਦਾ ਸੱਚਾ ਤਰੀਕਾ ਅਪਨਾ ਕੇ ਹੀ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ। ਸ੍ਰਿਸ਼ਟੀ ਦੇ ਹਰ ਮਨੁੱਖ ਦਾ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਭਾਵ ਇੱਕੋ ਇੱਕ ਦੇ ਨਾਲ ਝਗੜਾ ਕਿਸ ਤਰੀਕੇ ਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਸ ਗੱਲ ਨੂੰ ਇਸ ਤਰੀਕੇ ਸਮਝਿਆ ਜਾ ਸਕਦਾ ਹੈ ਕਿ ਪੂਰੇ ਸੰਸਾਰ ਵਿੱਚ ਜੋ ਮਨੁੱਖਾਂ ਦੇ ਆਪਸ ਵਿੱਚ ਝਗੜੇ ਹੁੰਦੇ ਹਨ ਭਾਵ ਜੋ ਇੱਕ ਦੂਜੇ ਦੇ ਨਾਲ ਕਲੇਸ਼

53/7429

ਪੈਂਦੇ ਹਨ ਉਹ ਕਿਸ ਵਜ੍ਹਾ ਕਰਕੇ ਪੈਂਦੇ ਹਨ। ਜਦੋਂ ਵੀ ਕੋਈ ਮਨੁੱਖ ਕਿਸੇ ਦੂਸਰੇ ਮਨੁੱਖ ਦੀ ਗੱਲ ਦੀ ਵਿਰੋਧਤਾ ਕਰਦਾ ਹੈ ਭਾਵ ਉਸਦੀ ਗੱਲ ਨੂੰ ਮੰਨਣ ਤੋਂ ਵਿਰੋਧਤਾ ਕਰਦਾ ਹੈ ਫਿਰ ਉੱਥੇ ਆਪਸ ਵਿੱਚ ਝਗੜਾ ਪੈਂਦਾ ਹੈ, ਕਲੇਸ਼ ਪੈਂਦਾ ਹੈ ਤੇ ਜਦੋਂ ਕੋਈ ਦੂਸਰੇ ਦੀ ਗੱਲ ਨੂੰ ਮੰਨ ਲੈਂਦਾ ਹੈ ਫਿਰ ਉੱਥੇ ਉਹ ਝਗੜਾ ਖਤਮ ਹੋ ਜਾਂਦਾ ਹੈ ਜਿਵੇਂ ਕਿ ਹਰ ਘਰ ਵਿੱਚ ਦੇਖਿਆ ਜਾ ਸਕਦਾ ਹੈ ਕਿ ਮੀਆਂ-ਬੀਬੀ ਆਪਸ ਵਿੱਚ ਇੱਕ ਦੂਜੇ ਨੂੰ ਭਾਵੇਂ ਜਿਤਨਾ ਮਰਜੀ ਚਾਹੁੰਦੇ ਹੋਣ ਭਾਵ ਪਿਆਰ ਕਰਦੇ ਹੋਣ ਪਰ ਉਨ੍ਹਾਂ ਵਿੱਚੋਂ ਕਦੇ ਕੋਈ ਕਿਸੇ ਗੱਲ ਕਰਕੇ ਇੱਕ ਦੂਜੇ ਦੀ ਵਿਰੋਧਤਾ ਕਰੇ ਫਿਰ ਉਨ੍ਹਾਂ ਵਿੱਚ ਝਗੜਾ ਪੈ ਜਾਂਦਾ ਹੈ ਤੇ ਜਦੋਂ ਉਨ੍ਹਾਂ ਵਿੱਚੋਂ ਕੋਈ ਵੀ ਅਗਰ ਦੂਸਰੇ ਦੀ ਗੱਲ ਮੰਨ ਲੈਂਦਾ ਹੈ ਫਿਰ ਝਗੜਾ ਨਿਬੜ ਜਾਂਦਾ ਹੈ ਤੇ ਆਪਸ ਵਿੱਚ ਪਿਆਰ ਪੈ ਜਾਂਦਾ ਹੈ। ਕੁਝ ਇਹੋ ਜਿਹੀ ਗੱਲ ਹੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਭਾਵ ਅੱਲ੍ਹਾ, ਪ੍ਰਮਾਤਮਾ ਦੇ ਨਾਲ ਆਪਣਾ ਪਿਆਰ ਜਾਂ ਝਗੜਾ ਦਿਖਾਉਣ ਵਾਲੀ ਗੱਲ ਹੈ ਭਾਵ ਸਾਰੀ ਗੱਲ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਜੁੜੀ ਹੋਈ ਹੈ ਕਿ ਸਾਨੂੰ ਆਪਣੇ ਮਨ ਦੇ ਵਿਚਾਰਾਂ ਰਾਹੀਂ ਕੀ ਕੁਝ ਸਾਡੇ ਨਾਲ ਹੋਣਾ ਚੰਗਾ ਲੱਗਦਾ ਹੈ ਤੇ ਸਾਡੇ ਨਾਲ ਕੀ ਕੁਝ ਹੋਣਾ ਮਾੜਾ ਲੱਗਦਾ ਹੈ ਭਾਵ ਸਾਨੂੰ ਕੀ ਕੁਝ ਕਰਨਾ ਮਾੜਾ ਲੱਗਦਾ ਹੈ ਤੇ ਕੀ ਕੁਝ ਕਰਨਾ ਚੰਗਾ ਲੱਗਦਾ ਹੈ। ਦੁਨਿਆਵੀ ਝਗੜਿਆਂ ਦਾ ਕੋਈ ਅੰਤ ਨਹੀਂ ਹੈ ਜਿਨ੍ਹਾਂ ਦੇ ਪਿੱਛੇ ਅਨੇਕਾਂ ਹੀ ਅਨੇਕਾਂ ਕਾਰਣ ਹੁੰਦੇ ਹਨ ਤੇ ਦੁਨਿਆਵੀ ਝਗੜਿਆਂ ਦਾ ਫੈਸਲਾ ਕਰਨਾ ਵੀ ਬਹੁਤ ਔਖਾ ਹੁੰਦਾ ਹੈ ਕਿ ਕੌਣ ਸੱਚਾ ਹੈ ਤੇ ਕੌਣ ਝੂਠਾ ਹੈ ਜਿਸ ਕਰਕੇ ਉਨ੍ਹਾਂ ਦੇ ਫੈਸਲੇ ਕਰਵਾਉਣ ਲਈ ਦੁਨਿਆਵੀ ਕਚਹਿਰੀਆਂ ਤੱਕ ਵੀ ਜਾਣਾ ਪੈਂਦਾ ਹੈ ਕਿ ਕੌਣ ਸੱਚਾ ਹੈ ਤੇ ਕੌਣ ਝੂਠਾ ਹੈ। ਦੁਨਿਆਵੀ ਕਚਹਿਰੀ ਦਾ ਫੈਸਲਾ ਕਿਸੇ ਨੂੰ ਸੱਚਾ ਲੱਗਦਾ ਹੈ ਤੇ ਕਿਸੇ ਨੂੰ ਝੂਠਾ ਲੱਗਦਾ ਹੈ ਭਾਵ ਜਿਸਦੀ ਗੱਲ ਮੰਨ ਲਈ ਜਾਵੇ ਉਸਨੂੰ ਫੈਸਲਾ ਚੰਗਾ ਲੱਗਦਾ ਹੈ ਤੇ ਜਿਸਦੀ ਗੱਲ ਨਾ ਮੰਨੀ ਜਾਵੇ ਉਸਨੂੰ ਫੈਸਲਾ ਮਾੜਾ ਲੱਗਦਾ ਹੈ ਕਿਉਂਕਿ ਇਹੋ ਜਿਹੇ ਫੈਸਲੇ ਕਰਵਾਉਣ ਵਾਲੇ ਵੀ ਮਨੁੱਖ ਹੁੰਦੇ ਹਨ ਤੇ ਫੈਸਲਾ ਕਰਨ ਵਾਲੇ ਵੀ ਮਨੁੱਖ ਹੁੰਦੇ ਹਨ ਭਾਵ ਉਹ ਹੁੰਦੇ ਹਨ ਜੋ ਆਪਣੇ ਆਪ ਨੂੰ ਮਨੁੱਖੀ ਰੂਪ ਸਮਝਦੇ ਹਨ ਭਾਵ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਰੂਪ ਸਮਝਦੇ ਹਨ ਕਿਉਂਕਿ ਉਹ ਆਪਣੇ ਆਪ ਨੂੰ ਇਹ ਕੁਝ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਹੋਣ ਕਰਕੇ, ਮਨ ਦੇ ਅੰਦਰ ਭਰਮਾਂ ਵਾਲੀ ਸਮਝ ਹੋਣ ਕਰਕੇ ਭਾਵ ਮਨ ਦੀ ਹਉਮੈ ਕਰਕੇ ਹੀ ਸਮਝਦੇ ਹਨ ਜਿਸ ਮਨ ਦੀ ਸਮਝ ਵਿੱਚ ਰਹਿੰਦੇ ਹੋਏ ਦੁਨਿਆਵੀ ਝਗੜੇ ਨੂੰ ਸਮਝਣ ਜਾਂ ਨਿਪਟਾਉਣ ਵਿੱਚ ਕੋਈ ਵੀ ਭਰਮ ਵਿੱਚ ਪੈ ਸਕਦਾ ਹੈ ਜਾਂ ਉਸ ਨੂੰ ਕੋਈ ਮਾਇਆ ਦਾ ਲੋਭ ਪਾਉਣ ਦੁਆਰਾ ਭਾਵ ਕਿਸੇ ਵੀ ਤਰੀਕੇ ਦਾ ਲੋਭ ਲਾਲਚ ਪਾਉਣ ਦੁਆਰਾ ਸੱਚ ਨੂੰ ਝੂਠ ਅਖਵਾਇਆ ਜਾ ਸਕਦਾ ਹੈ ਜਾਂ ਝੂਠ ਨੂੰ ਸੱਚ ਅਖਵਾਇਆ ਜਾ ਸਕਦਾ ਹੈ ਜਿਵੇਂ ਕਿ ਹਕੀਕਤ ਵਿੱਚ ਅਨੇਕਾਂ ਫੈਸਲਿਆਂ ਵਿੱਚ ਹੁੰਦਾ ਹੀ ਹੈ ਜਿਸਨੂੰ ਕਿ ਹਰ ਕੋਈ ਦੇਖ ਸਕਦਾ ਹੈ, ਸਮਝ ਸਕਦਾ ਹੈ। ਮਨੁੱਖ ਝੂਠ ਤੇ ਸੱਚ ਵਿੱਚ ਭਾਵੇਂ ਫਰਕ ਸਮਝਦਿਆਂ ਹੁੰਦਿਆਂ ਵੀ ਆਪਣੇ ਆਪ ਨੂੰ ਝੂਠ ਦੇ ਨਾਲ ਜੋੜਦਾ ਹੈ ਜਾਂ ਸੱਚ ਦੇ ਨਾਲ ਜੋੜਦਾ ਹੈ ਇਹ ਉਸ ਮਨੁੱਖ ਦੇ ਵਿਚਾਰ ਹੀ ਕਹੇ ਜਾਂਦੇ ਹਨ ਕਿ ਉਹ ਮਨੁੱਖ ਝੂਠਾ ਹੈ ਜਾਂ ਸੱਚਾ ਹੈ। ਉਸ

53/7430

ਸ੍ਰਿਸ਼ਟੀ ਦੇ ਕਰਤੇ ਦੀ ਕਚਹਿਰੀ ਵਿੱਚ ਜੋ ਵੀ ਫੈਸਲਾ ਹੁੰਦਾ ਹੈ ਉਹ ਕੇਵਲ ਤੇ ਕੇਵਲ ਸੱਚ ਦੇ ਹੱਕ ਵਿੱਚ ਹੀ ਹੁੰਦਾ ਹੈ ਜਿਸ ਅਕਾਲ ਪੁਰਖ ਦੀ ਕਚਹਿਰੀ ਵਿੱਚ ਝੂਠ ਨੂੰ ਬਿਲਕੁਲ ਜਗ੍ਹਾ ਨਹੀਂ ਮਿਲਦੀ ਭਾਵ ਝੂਠੇ ਮਨੁੱਖ ਨੂੰ ਉਸਦੀ ਕਚਹਿਰੀ ਵਿੱਚ ਦੁਤਕਾਰ ਦਿੱਤਾ ਜਾਂਦਾ ਹੈ। ਪੂਰੀ ਗੁਰਬਾਣੀ ਉਸ ਅਕਾਲ ਪੁਰਖ ਦਾ ਦਰਬਾਰ ਹੀ ਹੈ ਜਿਸ ਉਸਦੇ ਦਰਬਾਰ ਵਿੱਚ ਸ਼ਬਦਾਂ ਦੀ ਵਿਚਾਰ ਰਾਹੀਂ ਸੰਸਾਰ ਦੇ ਹਰ ਮਨੁੱਖ ਨੂੰ ਇੱਕੋ ਜਿਹਾ ਸੱਚ ਹੀ ਸਮਝਾਇਆ ਜਾਂਦਾ ਹੈ ਭਾਵ ਉਸਦੇ ਨਾਮ ਤੇ ਚੱਲਣ ਦਾ ਮਾਰਗ ਸਮਝਾਇਆ ਜਾਂਦਾ ਹੈ ਤੇ ਜੋ ਵੀ

ਮਨੁੱਖ ਸ਼ਬਦ ਦੇ ਵਿਚਾਰਾਂ ਨੂੰ ਮੰਨ ਲੈਂਦਾ ਹੈ ਤੇ ਆਪਣੇ ਵਿਚਾਰਾਂ ਨੂੰ ਭਾਵ ਆਪਣੇ ਸੁਰਤਿ ਦੇ ਵਿਚਾਰਾਂ ਨੂੰ ਛੱਡ ਦਿੰਦਾ ਹੈ ਉਸ ਸੱਚੇ ਦੇ ਦਰਬਾਰ ਵਿੱਚ ਫਿਰ ਉਹ ਕੇਵਲ ਮਨੁੱਖ ਹੀ ਕਬੂਲ ਹੁੰਦਾ ਹੈ ਭਾਵ ਉਸਦੇ ਦਰਬਾਰ ਵਿੱਚ ਫੈਸਲਾ ਕੇਵਲ ਤੇ ਕੇਵਲ ਸੱਚ ਦੇ ਹੱਕ ਵਿੱਚ ਹੁੰਦਾ ਹੈ ਜਿਸਦੇ ਦਰਬਾਰ ਵਿੱਚ ਨਾ ਕੋਈ ਰਿਸ਼ਵਤ ਚੱਲ ਸਕਦੀ ਹੈ ਤੇ ਨਾ ਕਿਸੇ ਦੀ ਸਿਫਾਰਿਸ਼ ਚੱਲ ਸਕਦੀ ਹੈ। ਜੋ ਵੀ ਉਸਦੇ ਆਪਣੇ ਸ਼ਬਦਾਂ ਰਾਹੀਂ ਸਮਝਾਏ ਹੋਏ ਸੱਚ ਨੂੰ ਨਹੀਂ ਮੰਨਦਾ ਭਾਵ ਆਪਣੀ ਝੂਠੀ ਸਮਝ ਨੂੰ ਨਹੀਂ ਛੱਡਦਾ ਇਹ ਗੁਰੂ ਪ੍ਰਮਾਤਮਾ ਦੇ ਨਾਲ ਸੰਸਾਰ ਦੇ ਹਰ ਮਨੁੱਖ ਦਾ ਇੱਕੋ ਜਿਹਾ ਝਗੜਾ ਹੀ ਹੈ ਤੇ ਇਹੀ ਹਉਮੈ ਦੀ ਨਾਮ ਦੇ ਨਾਲ ਵਿਰੋਧਤਾ ਹੈ। ਨਾਮ ਦੇ ਰੂਪ ਵਿੱਚ ਗੁਰੂ ਪ੍ਰਮਾਤਮਾ ਆਪ ਹੈ ਤੇ ਹਰ ਮਨੁੱਖ ਹਉਮੈ ਵਾਲੀ ਸਮਝ ਦੇ ਵਿੱਚ ਹੈ। ਇਹ ਸਾਡੀ ਸੁਰਤਿ ਦੇ ਮਾਇਆ ਮੋਹ ਵਾਲੇ ਵਿਚਾਰਾਂ ਦਾ ਗੁਰੂ ਦੇ ਸ਼ਬਦਾਂ ਦੇ ਸੱਚੇ ਵਿਚਾਰਾਂ ਦੇ ਨਾਲ ਝਗੜਾ ਹੈ। ਗੁਰੂ ਦੇ ਸ਼ਬਦਾਂ ਦੇ ਸੱਚੇ ਵਿਚਾਰ ਸਾਨੂੰ ਗੁਣੀ ਬਣਨ ਲਈ ਸਮਝਾਉਂਦੇ ਹਨ ਭਾਵ ਹਰ ਔਗੁਣ ਛੱਡਣ ਲਈ ਸਮਝਾਉਂਦੇ ਹਨ ਪਰ ਅਸੀਂ ਮਾਇਆ ਮੋਹ ਵਿੱਚ ਰਹਿੰਦੇ ਹੋਏ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਅਨੇਕਾਂ ਹੀ ਮਾੜੇ ਕਰਮ ਕਰਦੇ ਹਾਂ। ਇਹ ਸਾਡੇ ਅੰਦਰ ਦੇ ਔਗੁਣਾਂ ਵਾਲੇ ਵਿਚਾਰਾਂ ਦਾ ਗੁਰੂ ਦੇ ਗੁਣਾਂ ਵਾਲੇ ਵਿਚਾਰਾਂ ਨਾਲ ਝਗੜਾ ਹੈ। ਇਹ ਝੂਠ ਦਾ ਸੱਚ ਦੇ ਨਾਲ ਝਗੜਾ ਹੈ। ਸਾਡੇ ਅੰਦਰ ਦਾ ਝੂਠ ਕੀ ਹੁੰਦਾ ਹੈ ਤੇ ਉਸਦਾ ਸੱਚ ਦੇ ਨਾਲ ਫਰਕ ਕੀ ਹੁੰਦਾ ਹੈ ਇਸ ਗੱਲ ਦਾ ਸਹੀ ਫੈਸਲਾ ਕੇਵਲ ਤੇ ਕੇਵਲ ਸ੍ਰਿਸ਼ਟੀ ਦਾ ਕਰਤਾ ਆਪ ਹੀ ਕਰਦਾ ਹੈ ਜੋ ਹਰ ਮਨੁੱਖ ਦੇ ਵਿਚਾਰਾਂ ਦਾ ਆਪ ਹੀ ਮਾਲਕ ਹੈ ਤੇ ਸਭ ਦੇ ਅੰਦਰ ਆਪ ਹੀ ਵਰਤ ਰਿਹਾ ਹੈ। ਉਹ ਆਪ ਹੀ ਧਰਮਰਾਜ ਹੈ ਤੇ ਅੰਦਰ ਬੈਠਾ ਸਭ ਕੁਝ ਜਾਣਦਾ ਹੈ ਭਾਵ ਉਸਦੇ ਕੋਲੋਂ ਕੁਝ ਵੀ ਛੁੱਪਿਆ ਹੋਇਆ ਨਹੀਂ ਹੈ ਜੋ ਸੱਚ ਦਾ ਮਾਲਕ ਹੈ ਤੇ ਆਪ ਸੱਚ ਦੇ ਰੂਪ ਵਿੱਚ ਹੀ ਵਰਤਦਾ ਹੈ। ਪੂਰੀ ਗੁਰਬਾਣੀ ਵਿੱਚ ਉਹ ਆਪਣੇ ਸੱਚ ਰੂਪ ਵਿੱਚ ਹੀ ਵਰਤ ਰਿਹਾ ਹੈ ਜੋ ਕਿ ਉਹ ਆਪਣੇ ਪਾਏ ਹੋਏ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਵਰਤ ਰਿਹਾ ਹੈ। ਹਰ ਸ਼ਬਦ ਦੀ ਵਿਚਾਰ ਸਾਨੂੰ ਸੱਚ ਹੀ ਸਮਝਾਉਂਦੀ ਹੈ। ਸ਼ਬਦਾਂ ਦੀ ਵਿਚਾਰ ਸਾਨੂੰ ਬਾਰ-ਬਾਰ ਇਹ ਸਮਝਾਉਂਦੀ ਹੈ ਕਿ ਸਭ ਕੁਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਹਰ ਮਨੁੱਖੀ ਰੂਪ ਦੇ ਵਿੱਚ ਉਹ ਆਪ ਹੀ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੈ ਪਰ ਜੇਕਰ ਅਸੀਂ ਇਸ ਸੱਚ ਨੂੰ ਨਹੀਂ ਮੰਨ ਸਕਦੇ ਕਿ ਆਪਣੀਆਂ ਅੱਖਾਂ ਦੇ ਨਾਲ ਅਸੀਂ ਜੋ ਕੁਝ ਵੀ ਦੇਖਦੇ ਹਾਂ ਉਹ ਪ੍ਰਮਾਤਮਾ ਤੋਂ ਵੱਖਰੇ ਰੂਪ ਹਨ ਭਾਵ ਅਸੀਂ ਆਪ ਵੀ ਪ੍ਰਮਾਤਮਾ ਤੋਂ ਵੱਖਰਾ ਰੂਪ ਹਾਂ ਭਾਵ ਮੇਰੇ

53/7431

ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਆਪ ਨਹੀਂ ਹੈ, ਅੱਲ੍ਹਾ ਆਪ ਨਹੀਂ ਹੈ, ਅਕਾਲ ਪੁਰਖ ਨਹੀਂ ਹੈ, ਗਾਡ ਨਹੀਂ ਹੈ ਬਲਕਿ ਇਹ ਸਰੀਰ ਮੇਰਾ ਹੈ, ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ ਫਿਰ ਇਹ ਕਹਿਣਾ ਝੂਠ ਹੈ ਭਾਵ ਸ਼ਬਦਾਂ ਦੀ ਵਿਚਾਰ ਦੇ ਉਲਟ ਹੈ, ਸੱਚ ਨੂੰ ਮੰਨਣ ਦੇ ਉਲਟ ਹੈ। ਅਸਲ ਵਿੱਚ ਇਹ ਮੈਂ ਦਾ ਤੂੰ ਦੇ ਨਾਲ ਝਗੜਾ ਹੈ। ਅਸੀਂ ਮੁੱਖੋਂ ਤਾਂ ਤੂੰ ਹੀ ਤੂੰ ਬੋਲੀ ਜਾਂਦੇ ਹਾਂ ਪਰ ਸਮਝਦਾ ਹਰ ਕੋਈ ਆਪਣੇ ਆਪ ਨੂੰ ਮੈਂ ਹੀ ਹੈ ਕਿ ਇਹ ਸਰੀਰ ਮੇਰਾ ਹੈ। ਅਸੀਂ ਕਹਿਣ ਨੂੰ ਤਾਂ ਇਹ ਗੱਲ ਕਹਿੰਦੇ ਹਾਂ ਕਿ ਵੱਡਾ ਕੇਵਲ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੇ ਸਾਰੀ ਸ੍ਰਿਸ਼ਟੀ ਬਣਾਈ ਹੈ ਪਰ ਸੰਸਾਰਿਕ ਵਡਿਆਈਆਂ ਆਪ ਲੈਂਦੇ ਹਾਂ, ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਾਂ। ਹਕੀਕਤ ਵਿੱਚ ਇਹ ਸਾਡੇ ਅੰਦਰ ਜੋ ਅਗਿਆਨਤਾ ਵਾਲੀ ਸਮਝ ਹੈ ਭਾਵ ਜੋ ਤ੍ਰੈ ਗੁਣਾਂ ਵਾਲੀ ਸਮਝ ਹੈ ਉਸਦਾ ਗੁਰੂ ਪ੍ਰਮਾਤਮਾ ਦੇ ਚੌਥੇ ਪਦ ਵਾਲੇ ਉੱਚੇ ਤੇ ਸੱਚੇ ਗਿਆਨ ਦੇ ਨਾਲ ਝਗੜਾ ਹੈ ਜੋ ਝਗੜਾ ਸੰਸਾਰ ਦੇ ਕਿਸੇ ਵੀ ਮਨੁੱਖ ਦਾ ਆਪਣੇ ਅੰਦਰੋਂ ਚੌਥੇ ਪਦ ਦੇ ਗਿਆਨ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੁਆਰਾ ਹੀ ਨਿਬੜਦਾ ਹੈ ਜਿਸ ਦੁਆਰਾ ਮਨੁੱਖ ਦੀ ਮੈਂ ਮੁਕਦੀ ਹੈ ਤੇ ਸਭ ਦੇ ਵਿੱਚ ਤੂੰ ਹੀ ਤੂੰ ਨਜਰ ਆਉਂਦਾ ਹੈ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਇਹ ਝਗੜਾ ਤਾਂ ਬ੍ਰਹਮਾ ਦਾ ਵੀ ਨਹੀਂ ਨਿਬੜਿਆ ਜਿਸਨੇ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਵਿੱਚ ਸਭ ਤੋਂ ਉੱਚਾ ਅਖਵਾਇਆ ਹੈ ਤੇ ਉਸਦਾ ਝਗੜਾ ਨਾ ਨਿਬੜਨ ਦਾ ਕਾਰਣ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਮਹਲਾ ੩ ॥

“ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥
ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥
ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥
ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥ ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥
ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥ ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ ਬਿਨੁ ਗੁਰ ਸਾਚੇ ਭਰਮਿ ਭੁਲਾਏ ॥

ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥ ਜਮੂਆ ਨ ਜੋਹੈ ਹਰਿ ਕੀ ਸਰਣਾਈ॥
ਹਉਮੈ ਮਾਰਿ ਸਚਿ ਲਿਵ ਲਾਈ ॥ ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥
ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥ ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥
ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥ ਸਤਿਗੁਰੂ ਸੇਵੇ ਸੋ ਫਲੁ ਪਾਏ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥
ਅਨਹਦ ਬਾਣੀ ਸਬਦੁ ਵਜਾਏ ॥੭॥ ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥
ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥੮॥੫॥"

(ਅੰਗ ੨੩੧)

ਉਪਰ ਵਾਲੇ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਕਿ ਬ੍ਰਹਮਾ ਦਾ ਵਾਦ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਾਦ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਕਿਸ ਕਰਕੇ ਨਹੀਂ ਮੁਕਿਆ। ਸਾਰੀ ਗੱਲ ਆਪਣੇ ਅੰਦਰੋਂ ਗਿਆਨ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਨਾ ਪਛਾਨਣ ਦੀ ਹੈ ਭਾਵ ਨਾ ਜਾਨਣ ਦੀ ਹੈ ਜਿਸ ਕਰਕੇ ਕੋਈ ਵੀ ਮਨੁੱਖ ਇਹ ਕੁਝ ਕਹਿੰਦਾ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ, ਇਸ ਸਰੀਰ ਦੇ ਅੰਦਰ ਜੋ ਮਨ ਹੈ ਉਸ ਮਨ ਦੇ ਅੰਦਰ ਜੋ ਵੀ ਗਿਆਨ ਉਪਜਦਾ ਹੈ ਉਸ ਗਿਆਨ ਨੂੰ ਉਪਜਾਉਣ ਵਾਲਾ ਮੈਂ ਆਪ ਹਾਂ ਭਾਵ ਮੇਰੇ ਅੰਦਰ ਦੇ ਵਿਚਾਰਾਂ ਦਾ ਮਾਲਕ ਮੈਂ ਆਪ ਹਾਂ ਭਾਵ ਮੈਂ ਇਸ ਗੱਲ ਨੂੰ ਨਹੀਂ ਮੰਨਦਾ ਕਿ ਮੇਰਾ ਮਨ ਜੋਤਿ ਰੂਪ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ ਭਾਵ ਮੈਂ ਇਸ ਗੱਲ ਤੇ ਵਿਸ਼ਵਾਸ ਨਹੀਂ ਕਰਦਾ ਕਿ ਜੋ ਗੁਰਬਾਣੀ ਦੇ ਸ਼ਬਦਾਂ ਰਾਹੀਂ ਇਹ ਕੁਝ ਲਿਖਿਆ ਹੋਇਆ ਹੈ ਕਿ ਮਨ ਦੇ ਵਿੱਚ ਜੋਤਿ ਸਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤਦ ਤੱਕ ਅਸੀਂ ਆਪਣੇ ਅੰਦਰ ਦੇ ਮਨ ਨੂੰ ਆਪਣਾ ਮਨ ਹੀ ਸਮਝਦੇ ਹਾਂ ਕਿ ਮੇਰਾ ਮਨ ਮੇਰੇ ਸਰੀਰ ਦਾ ਹੀ ਅੰਗ ਹੈ, ਮੇਰੇ ਸਰੀਰ ਦਾ ਹਿੱਸਾ ਹੀ ਹੈ ਕਿਉਂਕਿ ਸਾਡੇ ਮਨ ਦੀ ਸਮਝ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ। ਜੇਕਰ ਇਹ ਮਨ ਸਾਡਾ ਹੈ ਭਾਵ ਮਨ ਦੇ ਅੰਦਰ ਜੋ ਸਮਝ ਉਪਜਦੀ ਹੈ ਜੇਕਰ ਉਹ ਸਾਡੀ ਮਰਜੀ ਦੇ ਅਨੁਸਾਰ ਉਪਜਦੀ ਹੈ

ਫਿਰ ਅਸੀਂ ਆਪਣੀ ਮਰਜੀ ਅਨੁਸਾਰ ਕੁਝ ਵੀ ਜਾਣ ਸਕਦੇ ਹਾਂ, ਸ੍ਰਿਸ਼ਟੀ ਦੇ ਕਰਤੇ ਨੂੰ ਵੀ ਜਾਣ ਸਕਦੇ ਹਾਂ ਕਿ ਸ੍ਰਿਸ਼ਟੀ ਦਾ ਕਰਤਾ ਕੌਣ ਹੈ ਤੇ ਸ੍ਰਿਸ਼ਟੀ ਦੀ ਰਚਨਾ ਕਿਸ ਤਰੀਕੇ ਹੋਈ ਹੈ ਤੇ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਿਸਨੇ ਕੀਤੀ ਹੈ ਤੇ ਕਿਸ ਮਕਸਦ ਲਈ ਕੀਤੀ ਹੈ, ਕਿਸੇ ਧਰਮ ਗ੍ਰੰਥ ਨੂੰ ਮੰਨਣ ਵਾਲਾ ਸ੍ਰਿਸ਼ਟੀ ਦੇ ਕਰਤੇ ਨੂੰ ਕਿਸੇ ਹੋਰ ਰੂਪ ਵਿੱਚ ਸਮਝਦਾ ਹੈ ਤੇ ਕਿਸੇ ਹੋਰ ਧਰਮ ਗ੍ਰੰਥ ਨੂੰ ਮੰਨਣ ਵਾਲਾ ਸ੍ਰਿਸ਼ਟੀ ਦੇ ਕਰਤੇ ਨੂੰ ਕਿਸੇ ਹੋਰ ਰੂਪ ਵਿੱਚ ਸਮਝਦਾ ਹੈ ਪਰ ਇਸ ਗੱਲ ਨੂੰ ਵੀ ਹਰ ਕੋਈ ਮੰਨਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਇੱਕ ਹੀ ਹੋ ਸਕਦਾ ਹੈ ਤੇ ਇੱਕ ਤੋਂ ਜਿਆਦਾ ਨਹੀਂ ਹੋ ਸਕਦਾ ਕਿਉਂਕਿ ਹਰ ਮਨੁੱਖੀ ਰੂਪ ਦੇ ਅੰਗ ਇੱਕੋ ਜਿਹੇ ਹੀ ਹਨ ਭਾਵ ਹਰ ਕੋਈ ਉਹੋ ਜਿਹੀਆਂ ਅੱਖਾਂ ਨਾਲ ਹੀ ਵੇਖਦਾ ਹੈ, ਉਹੋ ਜਿਹੇ ਕੰਨਾਂ ਨਾਲ ਹੀ ਸੁਣਦਾ ਹੈ, ਉਹੋ ਜਿਹੇ ਨੱਕ ਨਾਲ ਹੀ ਸੁੰਘਦਾ ਹੈ, ਉਹੋ ਜਿਹੀ ਜੀਭ ਨਾਲ ਹੀ ਸੁਆਦ ਚੱਖਦਾ ਹੈ, ਉਹੋ ਜਿਹੇ ਮੁੱਖ ਨਾਲ ਹੀ ਬੋਲਦਾ ਹੈ, ਉਹੋ ਜਿਹੇ ਦੰਦਾਂ ਨਾਲ ਹੀ ਖਾਂਦਾ ਹੈ ਜੋ ਦੰਦ ਸਭ ਦੇ ਅੰਦਰ ਗਿਣਤੀ ਦੇ ਵਿੱਚ ਵੀ ਇੱਕੋ ਜਿਹੇ ਹੀ ਹੁੰਦੇ ਹਨ ਭਾਵ ਬੱਤੀ ਦੰਦਾਂ ਦੇ ਕਰੀਬ ਹੀ ਹੁੰਦੇ ਹਨ ਜਿਨ੍ਹਾਂ ਦਾ ਮਕਸਦ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੁੰਦਾ ਹੈ ਭਾਵ ਸਰੀਰ ਦੇ ਹਰ ਇੰਦ੍ਰੇ ਦਾ, ਹਰ ਅੰਗ ਦਾ ਮਕਸਦ ਇੱਕੋ ਜਿਹਾ ਹੀ ਹੁੰਦਾ ਹੈ ਤੇ ਸੰਸਾਰ ਦੀ ਉਤਪੱਤੀ ਨੂੰ ਅੱਗੇ ਵਧਾਉਣ ਦਾ ਤਰੀਕਾ ਭਾਵ ਬੱਚੇ ਪੈਦਾ ਕਰਨ ਦਾ ਤਰੀਕਾ ਵੀ ਹਰ ਮਨੁੱਖੀ ਸਰੀਰ ਲਈ ਇੱਕੋ ਜਿਹਾ ਹੀ ਹੁੰਦਾ ਹੈ ਤੇ ਜੇਕਰ ਕੋਈ ਮਨੁੱਖ ਇਹ ਚਾਹੇ ਕਿ ਮੇਰੀ ਧਾਰਮਿਕ ਆਸਥਾ ਅਨੁਸਾਰ ਹੀ ਸੰਸਾਰ ਦੇ ਮਨੁੱਖਾਂ ਦੀ ਉਤਪੱਤੀ ਹੋਵੇ ਤੇ ਫਿਰ ਕਦੇ ਕੋਈ ਸ੍ਰਿਸ਼ਟੀ ਦਾ ਮਨੁੱਖ ਆਪਣੀ ਧਾਰਮਿਕ ਆਸਥਾ ਬਦਲਣਾ ਨਹੀਂ ਚਾਹੇਗਾ ਪਰ ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਧਾਰਮਿਕ ਆਸਥਾਵਾਂ ਬਦਲਦੀਆਂ ਹੀ ਆਈਆਂ ਹਨ ਤੇ ਹੁਣ ਵੀ ਬਦਲ ਰਹੀਆਂ ਹਨ। ਜੇਕਰ ਕਿਸੇ ਮਨੁੱਖ ਦੀ ਆਪਣੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਉਸਦਾ ਸਰੀਰ ਕਿਸੇ ਹੋਰ ਧਾਰਮਿਕ ਆਸਥਾ ਰੱਖਣ ਵਾਲੇ ਨਾਲੋਂ ਵੱਖਰਾ ਨਹੀਂ ਬਣਿਆ ਫਿਰ ਮਨੁੱਖ ਦੇ ਵੱਸ ਹੀ ਕੀ ਹੈ ਭਾਵ ਉਸਦੇ ਵੱਸ ਕੁਝ ਵੀ ਨਹੀਂ ਹੈ। ਸਾਨੂੰ ਮਨ ਦੀ ਨਾਸਮਝੀ ਕਰਕੇ ਹੀ ਆਪਣੀ ਆਪਣੀ ਧਾਰਮਿਕ ਆਸਥਾ ਰੱਖਣ ਵਾਲੇ ਸਰੀਰ ਚੰਗੇ ਲੱਗਦੇ ਹਨ ਭਾਵ ਮਨੁੱਖ ਚੰਗੇ ਲੱਗਦੇ ਹਨ ਤੇ ਦੂਸਰੀ ਧਾਰਮਿਕ ਆਸਥਾ ਰੱਖਣ ਵਾਲੇ ਮਾੜੇ ਲੱਗਦੇ ਹਨ। ਜੇਕਰ ਹਰ ਮਨੁੱਖੀ ਰੂਪ ਨੂੰ ਕਿਸੇ ਮਨੁੱਖ ਨੇ ਆਪ ਨਹੀਂ ਬਣਾਇਆ ਫਿਰ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਹੀ ਹੈ ਜੋ ਹਰ ਮਨੁੱਖੀ ਰੂਪ ਦਾ ਮਾਲਕ ਹੈ ਫਿਰ ਕਿਸੇ ਮਨੁੱਖੀ ਰੂਪ ਨੂੰ ਚੰਗਾ ਸਮਝਣਾ ਤੇ ਕਿਸੇ ਮਨੁੱਖੀ ਰੂਪ ਨੂੰ ਇਸੇ ਲਈ ਮਾੜਾ

ਕਹਿਣਾ ਕਿ ਉਹ ਵੱਖਰੀ ਧਾਰਮਿਕ ਆਸਥਾ ਰੱਖਦਾ ਹੈ ਇਸ ਸਿੱਧਾ ਸਿੱਧਾ ਸ੍ਰਿਸ਼ਟੀ ਦੇ ਕਰਤੇ ਨੂੰ ਮਾੜਾ ਕਹਿਣ ਵਾਲੀ ਗੱਲ ਹੈ ਭਾਵ ਉਸਦੇ ਨਾਲ ਝਗੜਾ ਪਾਉਣ ਵਾਲੀ ਗੱਲ ਹੈ ਭਾਵ ਜੋ ਅਸੀਂ ਆਪਣੀ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਦੁਨਿਆਵੀ ਝਗੜੇ ਪਾਉਂਦੇ ਹਾਂ, ਲੜਾਈਆਂ ਕਰਦੇ ਹਾਂ ਤੇ ਇਹ ਕੁਝ ਕਰਨ ਦੁਆਰਾ ਅਸੀਂ ਸ੍ਰਿਸ਼ਟੀ ਦੇ ਕਰਤੇ ਨਾਲ ਆਪਣਾ ਝਗੜਾ ਹੀ ਪਾਉਂਦੇ ਹਾਂ ਭਾਵ ਉਸਦੇ ਦੋਖੀ ਬਣਦੇ ਹਾਂ ਜੋ ਸ੍ਰਿਸ਼ਟੀ ਦਾ ਕਰਤਾ ਕੇਵਲ ਤੇ ਕੇਵਲ ਇੱਕੋ ਇੱਕ ਆਪ ਹੀ ਪੂਰੀ ਸ੍ਰਿਸ਼ਟੀ ਦਾ ਗੁਰੂ ਹੈ ਤੇ ਇੱਕੋ ਇੱਕ ਆਪ ਹੀ ਸੰਸਾਰ ਦਾ ਸੱਚਾ ਸੰਤ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸੰਸਾਰ ਵਿੱਚ ਅਸੀਂ ਜੋ ਵੀ ਮਾੜਾ ਕਰਮ ਕਰਦੇ ਹਾਂ ਉਸ ਦੁਆਰਾ ਅਸੀਂ ਸੱਚੇ ਸੰਤ ਦੇ ਦੋਖੀ ਹੀ ਬਣਦੇ ਹਾਂ ਭਾਵ ਉਸਦੇ ਨਾਲ

53/7433

ਆਪਣਾ ਝਗੜਾ ਹੀ ਦਿਖਾਉਂਦੇ ਹਾਂ। ਸੰਤ ਦਾ ਦੋਖੀ ਬਣਨਾ ਕੀ ਹੈ ਜੋ ਉਸਦਾ ਦੋਖੀ ਬਣਨ ਦੀਆਂ ਫਿਰ ਮਨੁੱਖ ਨੂੰ ਸਜਾਵਾਂ ਵੀ ਸਹਿਣੀਆਂ ਪੈਂਦੀਆਂ ਹਨ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕੁ ॥

{ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥ ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥}

(ਅੰਗ ੨੭੬)

ਅਸਟਪਦੀ ॥

{ਸੰਤ ਕੈ ਦੂਖਨਿ ਆਰਜਾ ਘਟੈ ॥ ਸੰਤ ਕੈ ਦੂਖਨਿ ਜਮ ਤੇ ਨਹੀ ਛੂਟੈ ॥ ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥ ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ ਸੋਭਾ ਤੇ ਹੀਨ ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥ ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥
ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥੧॥ ਸੰਤ ਕੇ ਦੂਖਨ ਤੇ ਮੁਖੁ ਭਵੈ ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥
ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥ ਸੰਤ ਕੈ ਦੂਖਨਿ ਸਭੁ ਕੋ ਛਲੈ ॥ ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥
ਸੰਤ ਕੈ ਦੂਖਨਿ ਨੀਚੁ ਨੀਚਾਇ ॥ ਸੰਤ ਦੋਖੀ ਕਾ ਥਾਉ ਕੋ ਨਾਹਿ ॥
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥੨॥ ਸੰਤ ਕਾ ਨਿੰਦਕੁ ਮਹਾ ਅਤਤਾਈ ॥
ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥ ਸੰਤ ਕਾ ਨਿੰਦਕੁ ਮਹਾ ਹਤਿਆਰਾ ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥ ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥
ਸੰਤ ਕੇ ਨਿੰਦਕ ਕਉ ਸਰਬ ਰੋਗ ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥ ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥ ਸੰਤ ਕਾ ਦੋਖੀ ਸਦਾ ਅਪਵਿਤੁ ॥
ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥ ਸੰਤ ਕੇ ਦੋਖੀ ਕਉ ਡਾਨੁ ਲਾਗੈ ॥ ਸੰਤ ਕੇ ਦੋਖੀ ਕਉ ਸਭ ਤਿਆਗੈ ॥
ਸੰਤ ਕਾ ਦੋਖੀ ਮਹਾ ਅਹੰਕਾਰੀ ॥ ਸੰਤ ਕਾ ਦੋਖੀ ਸਦਾ ਬਿਕਾਰੀ ॥ ਸੰਤ ਕਾ ਦੋਖੀ ਜਨਮੈ ਮਰੈ ॥
ਸੰਤ ਕੀ ਦੂਖਨਾ ਸੁਖ ਤੇ ਟਰੈ ॥ ਸੰਤ ਕੇ ਦੋਖੀ ਕਉ ਨਾਹੀ ਠਾਉ ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥
ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥
ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥ ਸੰਤ ਕਾ ਦੋਖੀ ਉਝੜਿ ਪਾਈਐ ॥
ਸੰਤ ਕਾ ਦੋਖੀ ਅੰਤਰ ਤੇ ਥੋਥਾ ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥ ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ॥
ਆਪਨ ਬੀਜਿ ਆਪੇ ਹੀ ਖਾਹਿ ॥ ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥

ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥ ਸੰਤ ਕਾ ਦੋਖੀ ਇਉ ਬਿਲਲਾਇ ॥
ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥ ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥
ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬ੍ਰੂਆੜੁ ਤਿਲੁ ਖੇਤ ਮਾਹਿ ਦੁਹੇਲਾ ॥ ਸੰਤ ਕਾ ਦੋਖੀ ਧਰਮ ਤੇ ਰਹਤ ॥
ਸੰਤ ਕਾ ਦੋਖੀ ਸਦ ਮਿਥਿਆ ਕਹਤ ॥ ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥
ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥ ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥ ਸੰਤ ਕਾ ਦੋਖੀ ਸਦਾ ਸਹਕਾਈਐ ॥
ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥ ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ॥
ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ ਜੈਸਾ ਭਾਵੈ ਤੈਸਾ ਕੋਈ ਹੋਇ ॥ ਪਇਆ ਕਿਰਤੁ ਨ ਮੇਟੈ ਕੋਇ ॥
ਨਾਨਕ ਜਾਨੈ ਸਚਾ ਸੋਇ ॥੭॥ ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥ ਸਦਾ ਸਦਾ ਤਿਸ ਕਉ ਨਮਸਕਾਰੁ ॥
ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥ ਤਿਸਹਿ ਧਿਆਵਹੁ ਸਾਸਿ ਗਿਰਾਸਿ ॥
ਸਭੁ ਕਛੁ ਵਰਤੈ ਤਿਸ ਕਾ ਕੀਆ ॥ ਜੈਸਾ ਕਰੇ ਤੈਸਾ ਕੋ ਥੀਆ ॥ ਅਪਨਾ ਖੇਲੁ ਆਪਿ ਕਰਨੈਹਾਰੁ ॥
ਦੂਸਰ ਕਉਨੁ ਕਹੈ ਬੀਚਾਰੁ ॥ ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥
ਬਡਭਾਗੀ ਨਾਨਕ ਜਨ ਸੇਇ ॥੮॥੧੩॥}

(ਅੰਗ ੨੭੯-੨੮੧)

ਉਪਰ ਵਾਲੇ ਪੂਰੇ ਸ਼ਬਦ ਵਿੱਚੋਂ ਅਸੀਂ ਕੁਝ ਗੱਲਾਂ ਨੂੰ ਪਿੱਛੇ ਸਮਝਿਆ ਹੀ ਹੈ ਤੇ ਇਸ ਗੱਲ ਨੂੰ ਹਰ ਕੋਈ ਬਰੀਕੀ ਨਾਲ ਸਮਝ ਸਕਦਾ ਹੈ ਕਿ ਸੰਤ ਕਾ ਦੋਖੀ ਬਣਨ ਦੇ ਨਾਲ ਮਨੁੱਖ ਨੂੰ ਆਪ ਹੀ ਦੁੱਖ ਸਹਿਣੇ ਪੈਂਦੇ ਹਨ। ਬਾਣੀ ਪੂਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਤੇ ਉਪਰ ਜੋ ਦੁੱਖ ਗਿਣਾਏ ਹੋਏ ਹਨ ਉਹ ਵੀ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹੇ ਹੀ ਹਨ ਜੋ ਦੁੱਖ ਕਿਸੇ ਵੀ ਮਨੁੱਖ ਨੂੰ ਸ੍ਰਿਸ਼ਟੀ ਦਾ ਕਰਤਾ ਆਪ ਹੀ ਦੇ ਸਕਦਾ ਹੈ ਜੋ ਕਿ ਇੱਕੋ ਇੱਕ ਆਪ ਹੀ ਹੈ। ਸ੍ਰਿਸ਼ਟੀ ਦੇ ਵਿੱਚ ਆਪਣੀ ਆਪਣੀ, ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਦੀ ਵੱਖਰੀ ਵੱਖਰੀ ਸਿੱਖਿਆ ਸਮਝਾਉਣ ਵਾਲੇ ਅਨੇਕਾਂ ਹੀ ਹਨ ਜੋ ਆਪਣੇ ਆਪ ਨੂੰ ਸੰਤ ਅਖਵਾਉਂਦੇ ਹਨ ਤੇ ਫਿਰ ਉਨ੍ਹਾਂ ਨੂੰ ਕਿ ਉਹ ਆਪ ਸਜਾਵਾਂ ਦੇ ਸਕਦੇ ਹਨ ਭਾਵ ਇਹ ਉਨ੍ਹਾਂ ਦਾ ਵੱਡਾ ਭਰਮ ਹੈ ਜੋ ਆਪਣੇ ਆਪ ਨੂੰ ਸੰਤ ਅਖਵਾਉਂਦੇ ਹਨ ਅਸਲ ਵਿੱਚ ਆਪਣੇ ਆਪ ਨੂੰ ਸੰਤ ਅਖਵਾਉਣਾ ਵੀ ਉਸ ਸ੍ਰਿਸ਼ਟੀ ਦੇ ਇੱਕੋ ਇੱਕ ਸੱਚੇ ਸੰਤ ਦਾ ਦੋਖੀ ਬਣਨ ਵਾਲੀ ਗੱਲ ਹੈ ਭਾਵ ਉਸਦੇ ਨਾਲ ਆਪਣਾ ਝਗੜਾ ਪਾਉਣ ਵਾਲੀ ਗੱਲ ਹੈ। ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਾਬਿਤ ਕਰਨਾ ਉਸ ਸ੍ਰਿਸ਼ਟੀ ਦੇ ਕਰਤੇ ਨਾਲ ਕਿਸ ਵਜ੍ਹਾ ਨਾਲ ਝਗੜਾ ਹੈ ਇਹੀ ਗੱਲ ਸਾਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਈ ਹੋਈ ਹੈ।

“ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥
ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥”

ਹੁਣ ਉਪਰ ਵਾਲੇ ਸ਼ਬਦ ਰਾਹੀਂ ਸਮਝੋ ਕਿ ਬ੍ਰਹਮਾ ਤੋਂ ਵੱਡਾ ਆਪਣੇ ਆਪ ਨੂੰ ਸੰਤ ਕਿਸਨੇ ਅਖਵਾਇਆ ਹੈ ਜਿਸਨੇ ਆਪਣੇ ਆਪ ਨੂੰ ਚਾਰੇ ਵੇਦਾਂ ਦੀ ਲਿਖਤ ਦਾ ਮਾਲਕ ਦੱਸਿਆ ਹੈ ਤੇ ਆਪਣੇ ਆਪ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਕਿਹਾ ਹੈ। ਉਪਰ ਵਾਲੀਆਂ ਪਹਿਲੀਆਂ ਪੰਗਤੀਆਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਕਿ ਬ੍ਰਹਮਾ ਦਾ ਵੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਾਦ ਭਾਵ ਝਗੜਾ ਨਹੀਂ ਨਿਬੜਿਆ ਤੇ ਕਿਸ ਵਜ੍ਹਾ ਕਰਕੇ ਨਹੀਂ ਨਿਬੜਿਆ, ਜਿਸਨੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾ ਲਿਆ, ਧਾਰਮਿਕ ਗਿਆਨ ਦੀ ਉੱਚੀ ਸਮਝ ਵਾਲਾ ਅਖਵਾ ਲਿਆ ਉਸਦਾ ਝਗੜਾ ਤਾਂ ਫਿਰ ਪ੍ਰਮਾਤਮਾ ਦੇ ਨਾਲ, ਅੱਲ੍ਹਾ ਦੇ ਨਾਲ, ਗਾਡ ਦੇ ਨਾਲ, ਅਕਾਲ ਪੁਰਖ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਪੈ ਗਿਆ ਜੋ ਕਿ ਉਸਨੇ ਮਨ ਦੀ ਮੈਂ ਕਰਕੇ ਪਾਇਆ।

53/7434

ਬ੍ਰਹਮਾ ਨੂੰ ਵੇਦਾਂ ਦਾ ਗਿਆਨ ਦੇਣ ਵਾਲਾ, ਵੇਦ ਪੜਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਸੀ ਪਰ ਉਸਨੂੰ ਇਸ ਗੱਲ ਦੀ ਸਮਝ ਨਹੀਂ ਪਈ ਕਿ ਮੇਰੇ ਅੰਦਰ ਇਤਨਾ ਉੱਚਾ ਧਾਰਮਿਕ ਗਿਆਨ ਕਿੱਥੋਂ ਆ ਰਿਹਾ ਹੈ ਇਸ ਕਰਕੇ ਉਸਨੇ ਆਪਣੇ ਆਪ ਨੂੰ ਵੇਦ ਲਿਖਣ

ਵਾਲਾ ਕਹਿ ਕੇ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਦਿਖਾਇਆ। **(ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥)** ਇਸ ਝਗੜੇ ਦਾ ਕਾਰਣ ਕੀ ਸੀ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਅੰਤਰਿ ਤਾਮਸੁ ਆਪੁ ਨ ਪਛਾਣੈ ॥"

"ਅੰਤਰਿ ਤਾਮਸੁ" ਤੋਂ ਭਾਵ ਹੈ ਸਾਡੇ ਅੰਦਰ ਦਾ ਹਨੇਰਾ ਭਾਵ ਮਨ ਦੀ ਅਗਿਆਨਤਾ ਰੂਪ ਹਨੇਰਾ ਭਾਵ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਦਾ ਅਗਿਆਨਤਾ ਰੂਪ ਹਨੇਰਾ, ਹਉਮੈ ਰੂਪ ਅਗਿਆਨਤਾ ਦਾ ਹਨੇਰਾ, ਮਾਇਆ ਦੀ ਜੁਗਤਿ ਵਾਲਾ ਹਨੇਰਾ, ਪੁੱਠੇ ਕਮਲ ਵਾਲੀ ਪੁੱਠੀ ਮਤਿ ਦਾ ਅਗਿਆਨਤਾ ਰੂਪ ਹਨੇਰਾ ਜਿਸ ਮਨ ਦੇ ਹਨੇਰੇ ਵਾਲੀ ਸਮਝ ਦੇ ਵਿੱਚ ਹੀ ਸੰਸਾਰ ਦਾ ਹਰ ਮਨੁੱਖ ਆਉਂਦਾ ਹੈ, ਜਿਸ ਮਨ ਦੀ ਹਨੇਰੇ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਸੰਸਾਰ ਦਾ ਕੋਈ ਵੀ ਮਨੁੱਖ ਇਹ ਨਹੀਂ ਸਮਝ ਸਕਦਾ ਕਿ ਮੇਰੇ ਅੰਦਰ ਜੋ ਵੀ ਸਮਝ ਉਪਜਦੀ ਹੈ ਉਹ ਸਮਝ ਮੇਰੇ ਅੰਦਰ ਪਾਉਣ ਵਾਲਾ ਕੌਣ ਹੈ ਤੇ ਜਦ ਤੱਕ ਮਨੁੱਖ ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਸਮਝਦਾ ਹੈ ਉਸ ਸਮਝ ਦੁਆਰਾ ਹੀ ਉਹ ਆਪਣੇ ਸਰੀਰ ਨੂੰ ਆਪਣਾ ਸਰੀਰ ਸਮਝਦਾ ਹੈ ਕਿ ਇਹ ਸਰੀਰ ਵੀ ਮੇਰਾ ਹੈ ਤੇ ਮੇਰੇ ਅੰਦਰ ਦੀ ਸਮਝ ਵੀ ਮੇਰੀ ਹੈ। ਬਸ ਇੱਥੇ ਹੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਾ ਜਾਨਣ ਦਾ ਭੇਦ ਛੁਪਿਆ ਹੈ ਜਿਸ ਕਰਕੇ ਮਨੁੱਖ ਆਪਣੇ ਆਪ ਦੀ ਅਸਲੀਅਤ ਨੂੰ ਨਹੀਂ ਪਛਾਣ ਸਕਦਾ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਹਰ ਮਨੁੱਖੀ ਸਮਝ ਦਾ ਮਾਲਕ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੇ ਹਰ ਮਨੁੱਖੀ ਰੂਪ ਦੀ ਇੱਕੋ ਜਿਹੀ ਰਚਨਾ ਹੀ ਕੀਤੀ ਹੈ। ਬ੍ਰਹਮਾ ਨੂੰ ਵੇਦਾਂ ਦਾ ਗਿਆਨ ਦੇਣ ਵਾਲਾ ਕੌਣ ਸੀ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਸੀ ਇਸ ਗੱਲ ਦੀ ਸਮਝ ਉਸਨੇ ਬ੍ਰਹਮਾ ਨੂੰ ਵੀ ਨਹੀਂ ਪਾਈ ਇਸ ਕਰਕੇ ਬ੍ਰਹਮਾ ਮਨ ਦੀ ਅਗਿਆਨਤਾ ਕਰਕੇ ਆਪਣੇ ਆਪ ਦੀ ਅਸਲੀਅਤ ਨੂੰ ਨਾ ਪਛਾਣ ਸਕਿਆ ਤੇ ਆਪਣੇ ਆਪ ਨੂੰ ਵੇਦਾਂ ਦੇ ਗਿਆਨ ਦਾ ਮਾਲਕ ਕਹਿ ਕੇ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਦਿਖਾਇਆ ਭਾਵ ਪ੍ਰਮਾਤਮਾ ਦੇ ਨਾਲ ਝਗੜਾ ਮਨ ਦੀ ਅਗਿਆਨਤਾ ਹੀ ਹੈ ਜੋ ਮਨ ਦੀ ਅਗਿਆਨਤਾ ਮਨੁੱਖ ਨੂੰ ਸੱਚ ਸਮਝਣ ਤੋਂ ਦੂਰ ਰੱਖਦੀ ਹੈ ਭਾਵ ਇਹ ਝੂਠ ਦਾ ਸੱਚ ਦੇ ਨਾਲ ਝਗੜਾ ਹੈ, ਇਹ ਹਉਮੈ ਦਾ ਨਾਮ ਦੇ ਨਾਲ ਝਗੜਾ ਹੈ, ਇਹ ਮਨੁੱਖੀ ਨਾਸਮਝ ਮਤਿ ਦਾ ਗੁਰੂ ਦੀ ਸੱਚੀ ਸਮਝ ਦੇ ਨਾਲ ਝਗੜਾ ਹੈ, ਇਹ ਮਨ ਦੀ ਅਗਿਆਨਤਾ ਦਾ ਗੁਰੂ ਦੇ ਸੱਚੇ ਗਿਆਨ ਦੇ ਨਾਲ ਝਗੜਾ ਹੈ ਜਿਸ ਸੱਚੇ ਗਿਆਨ ਦਾ ਮਾਲਕ ਕੇਵਲ ਤੇ ਕੇਵਲ ਸ੍ਰਿਸ਼ਟੀ ਦਾ ਕਰਤਾ ਆਪ ਹੈ ਜਿਸਨੇ ਆਪ ਹੀ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੋਈ ਹੈ ਪਰ ਉਸਨੇ ਆਪਣੀ ਇਹ ਸੋਝੀ ਉਨ੍ਹਾਂ ਸਰੀਰਾਂ ਰਾਹੀਂ ਹੀ ਪਾਈ ਹੈ ਜਿਨ੍ਹਾਂ

ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਸਨੇ ਪੂਰੀ ਗੁਰਬਾਣੀ ਦੀ ਰਚਨਾ ਕਰਵਾਈ ਹੈ। ਮਨ ਦੇ ਅੰਦਰੋਂ ਅਗਿਆਨਤਾ ਰੂਪ ਪੜਦਾ ਉਹ ਉਸਦਾ ਹੀ ਦੂਰ ਕਰਦਾ ਹੈ ਜਿਸਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਤੇ ਉਹ ਮਨੁੱਖ ਫਿਰ ਆਪਣੇ ਆਪ ਨੂੰ ਗੁਰੂ ਨਹੀਂ ਅਖਵਾ ਸਕਦਾ, ਗਿਆਨ ਦਾ ਮਾਲਕ ਨਹੀਂ ਅਖਵਾ ਸਕਦਾ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥"

ਜਿਨ੍ਹਾਂ ਸਰੀਰਾਂ ਨੇ ਗੁਰਬਾਣੀ ਉਚਾਰੀ ਹੈ ਇਸ ਲਈ ਉਨ੍ਹਾਂ ਨੇ ਸ਼ਬਦ ਨੂੰ ਗੁਰੂ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਆਪਣੇ ਸ਼ਬਦ ਰੂਪ ਵਿੱਚ ਆਪ ਹੀ ਗੁਰੂ ਹੈ ਕਿਉਂਕਿ ਹਰ ਸ਼ਬਦ ਦੇ ਅੰਦਰ ਉੱਚਾ ਗਿਆਨ ਪਾਉਣ ਵਾਲਾ, ਬ੍ਰਹਮ ਗਿਆਨ ਪਾਉਣ ਵਾਲਾ, ਆਪਣਾ ਨਾਮ ਰੂਪ ਗਿਆਨ ਪਾਉਣ ਵਾਲਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਬ੍ਰਹਮ ਗਿਆਨੀ ਆਪ ਹੀ ਹੈ। **(ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥੧॥)**

ਜਦ ਤਕ ਕੋਈ ਆਪਣੇ ਅੰਦਰੋਂ ਸ਼ਬਦ ਗੁਰੂ ਨੂੰ ਭਾਵ ਅਕਾਲ ਪੁਰਖ ਨੂੰ ਜਾਣ ਨਹੀਂ ਲੈਂਦਾ ਭਾਵ ਉਸਨੂੰ ਪਾ ਨਹੀਂ ਲੈਂਦਾ ਤਦ ਤਕ ਕਿਸੇ ਵੀ ਮਨੁੱਖ ਦੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਦੂਰ ਨਹੀਂ ਹੋ ਸਕਦੀ ਭਾਵ ਮਨ ਦੇ ਅੰਦਰ ਦਾ ਕਾਲ ਦੂਰ ਨਹੀਂ ਹੋ ਸਕਦਾ ਤੇ ਨਾ ਹੀ ਉਸਨੂੰ ਗੁਰੂ ਦੀ ਸੱਚੀ ਸੇਵਾ ਭਾਵ ਪ੍ਰਮਾਤਮਾ ਦੀ ਸੱਚੀ ਭਗਤੀ ਦੀ ਸਮਝ ਪੈ ਸਕਦੀ ਹੈ ਜਿਵੇਂ ਕਿ ਨਾਲ ਹੀ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

"ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥"

ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਡੇ ਮਨ ਦੀ ਅਗਿਆਨਤਾ ਕਿਵੇਂ ਦੂਰ ਹੋ ਸਕਦੀ ਹੈ ਜਿਸ ਦੁਆਰਾ ਅਸੀਂ ਆਪਣੇ ਅੰਦਰੋਂ ਸ਼ਬਦ ਰੂਪ ਗੁਰੂ ਨੂੰ ਜਾਣ ਸਕਦੇ ਹਾਂ ਇਹੀ ਗੱਲ ਸਮਝਾਈ ਹੋਈ ਹੈ। ਸਾਡੇ ਅੰਦਰ ਦਾ ਕਾਲ ਕੀ ਹੈ ਭਾਵ ਸਾਡੀ ਆਤਮਿਕ ਮੌਤ

ਕਿਸ ਤਰੀਕੇ ਹੁੰਦੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹ ਸਾਡੇ ਅੰਦਰ ਅਗਿਆਨਤਾ ਵਾਲੀ ਸਮਝ ਹੈ ਜੋ ਹਰ ਵੇਲੇ ਸਾਡੇ ਅੰਦਰੋਂ ਗੁਰਮਤਿ ਦੀ ਸੱਚੀ ਸਮਝ ਨੂੰ ਖਾਂਦੀ ਰਹਿੰਦੀ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੀ ਜਿਸ ਕਰਕੇ ਸਾਡਾ ਗੁਰੂ ਦੇ ਨਾਲ ਭਾਵ ਗੁਰੂ ਦੀ ਮਤਿ ਦੇ ਨਾਲ ਪਿਆਰ ਜੁੜਨ ਹੀ ਨਹੀਂ ਦਿੰਦੀ।

53/7436

ਸਾਡੇ ਅੰਦਰ ਦਾ ਕਾਲ ਭਾਵ ਜੋ ਸਾਡੇ ਅੰਦਰ ਦੀ ਸੱਚੀ ਆਤਮਿਕ ਸਮਝ ਨੂੰ ਮਾਰਦਾ ਹੈ ਉਹ ਸਭ ਦੇ ਅੰਦਰ ਕਾਲ ਰਹਿਤ ਭਾਵ ਅਕਾਲ ਪੁਰਖ ਦਾ ਆਪਣਾ ਹੀ ਪਾਇਆ ਹੋਇਆ ਹੈ ਭਾਵ ਮਨ ਦੀ ਕਲਿ ਦੇ ਰੂਪ ਵਿੱਚ ਭਾਵ ਹਉਮੈ ਦੇ ਰੂਪ ਵਿੱਚ ਪਾਇਆ ਹੋਇਆ ਹੈ ਜੋ ਅਗਿਆਨਤਾ ਵਾਲੀ ਸਮਝ ਨਾਮ ਦੀ ਸਮਝ ਨੂੰ ਵੱਸਣ ਨਹੀਂ ਦਿੰਦੀ ਭਾਵ ਉਸਨੂੰ ਖਾਂਦੀ ਰਹਿੰਦੀ ਹੈ। ਇਸ ਕਾਲ ਤੋਂ ਬਚਣ ਦਾ ਤਰੀਕਾ ਗੁਰੂ ਦੀ ਸੇਵਾ ਕਰਨ ਦਾ ਹੈ। ਗੁਰੂ ਦੀ ਸੇਵਾ ਕਿਸ ਤਰੀਕੇ ਹੁੰਦੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਸੇਵਾ ਕਰਨਾ ਹੈ ਭਾਵ ਗੁਰਮਤਿ ਅਨੁਸਾਰ ਵਿਚਰਨਾ ਹੀ, ਸੱਚੇ ਸੁੱਚੇ ਕਰਮ ਕਰਨਾ ਹੀ ਗੁਰੂ ਦੀ ਸੇਵਾ ਹੈ। ਗੁਰੂ ਦੇ ਹਰ ਸ਼ਬਦ ਦੀ ਵਿਚਾਰ ਦੇ ਵਿੱਚ ਸੱਚਾ ਗਿਆਨ ਹੀ ਹੁੰਦਾ ਹੈ, ਬ੍ਰਹਮ ਗਿਆਨ ਹੀ ਹੁੰਦਾ ਹੈ ਭਾਵ ਗੁਰੂ ਦਾ ਨਾਮ ਹੀ ਹੁੰਦਾ ਹੈ ਜੋ ਗੁਰੂ ਦਾ ਸੱਚਾ ਗਿਆਨ ਅਗਿਆਨਤਾ ਵਾਲੀ ਸਮਝ ਤੋਂ ਪੂਰੀ ਤਰ੍ਹਾਂ ਰਹਿਤ ਹੁੰਦਾ ਹੈ, ਹਉਮੈ ਵਾਲੇ ਵਿਚਾਰਾਂ ਤੋਂ ਰਹਿਤ ਹੁੰਦਾ ਹੈ ਭਾਵ ਮਨ ਦੇ ਕਾਲ ਵਾਲੇ ਵਿਚਾਰਾਂ ਤੋਂ ਰਹਿਤ ਹੁੰਦਾ ਹੈ। **(ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥)**

ਅਸੀਂ ਗੁਰੂ ਦੇ ਸ਼ਬਦ ਦੀ ਵਿਚਾਰਾਂ ਦੇ ਨਾਲ ਕਿਸ ਲਈ ਨਹੀਂ ਜੁੜਦੇ ਭਾਵ ਸਾਡੇ ਅੰਦਰ ਦਾ ਕਾਲ ਕਿਉਂ ਨਹੀਂ ਦੂਰ ਹੁੰਦਾ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਗੁਰੂ ਦੇ ਸੱਚੇ ਵਿਚਾਰਾਂ ਨਾਲ ਅਸੀਂ ਤਾਂ ਹੀ ਜੁੜ ਸਕਦੇ ਹਾਂ ਭਾਵ ਗੁਰੂ ਦੇ ਵਿਚਾਰਾਂ ਨਾਲ ਅਸੀਂ ਆਪਣਾ ਪਿਆਰ ਤਾਂ ਹੀ ਪਾ ਸਕਦੇ ਹਾਂ ਜਦੋਂ ਅਸੀਂ ਗੁਰੂ ਦੇ ਵਿਚਾਰਾਂ ਨੂੰ ਮੰਨਾਂਗੇ। ਜੇਕਰ ਅਸੀਂ ਕਿਸੇ ਹੋਰ ਦੇ ਵਿਚਾਰਾਂ ਨੂੰ ਮੰਨਾਂਗੇ ਭਾਵ ਉਨ੍ਹਾਂ ਦੀ ਸਮਝਾਈ ਹੋਈ ਭਗਤੀ ਦੇ ਨਾਲ ਚੱਲਾਂਗੇ ਜੋ ਖੁਦ ਹੀ ਅਕਾਲ ਪੁਰਖ ਦੀ ਸੱਚੀ ਭਗਤੀ ਨੂੰ ਸਮਝਣ ਵਿੱਚ ਅਸਮਰੱਥ ਹਨ ਭਾਵ ਜਿਨ੍ਹਾਂ ਨੂੰ ਅਸੀਂ ਮਨ ਦੀ ਅਗਿਆਨਤਾ ਕਰਕੇ ਹੀ ਧਰਮ ਦੇ ਮਾਰਗ ਤੇ ਉੱਚੇ ਸਮਝਿਆ ਹੋਇਆ ਹੈ, ਧਰਮ ਦੇ ਵਿਦਵਾਨ ਮੰਨਿਆ ਹੋਇਆ ਹੈ ਜਿਨ੍ਹਾਂ ਨੂੰ ਖੁਦ ਗੁਰੂ ਦੀ ਸੇਵਾ ਦੀ ਸਮਝ ਨਹੀਂ ਹੈ ਭਾਵ ਜੋ ਖੁਦ ਮਨ ਦੇ ਕਾਲ ਵਿੱਚ ਹਨ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਖੁਦ ਉਹੋ ਜਿਹਿਆਂ ਦੇ ਥਾਪੇ ਹੋਏ ਹਨ ਭਾਵ ਉਹ ਮਨਮੁੱਖ ਹਨ ਜਿਨ੍ਹਾਂ ਦੇ ਵਿਚਾਰ ਉਹੋ ਜਿਹਿਆਂ ਦੇ ਥਾਪੇ ਹੋਏ ਹਨ ਜਿਨ੍ਹਾਂ ਨੂੰ ਭਗਤੀ ਦੇ ਮਾਰਗ ਤੇ ਉੱਚਾ ਮੰਨਕੇ ਉਨ੍ਹਾਂ ਨਾਲ ਪਿਆਰ ਜੋੜਿਆ ਹੋਇਆ ਹੈ ਭਾਵ ਗੁਰੂ ਤੋਂ ਦੂਜੇ ਪਾਸੇ ਪਿਆਰ ਜੋੜਿਆ ਹੋਇਆ ਹੈ ਇਹੀ ਸਾਡੇ ਅੰਦਰ ਦੇ ਕਾਲ ਦਾ ਸਾਨੂੰ ਖਾਣਾ ਹੈ ਭਾਵ ਜੋ ਖੁਦ ਮਨ ਦੇ ਕਾਲ ਵਿੱਚ ਹਨ ਉਹ ਦੂਸਰਿਆਂ ਨੂੰ ਝੂਠੀ ਭਗਤੀ ਦਾ ਮਾਰਗ ਸਮਝਾਉਣ ਦੁਆਰਾ ਕਾਲ ਦੁਆਰਾ ਖਾਂਦੇ ਹਨ ਭਾਵ ਉਨ੍ਹਾਂ ਨੂੰ ਮਨ ਦੀ ਅਗਿਆਨਤਾ ਵਿੱਚ ਪਾਉਂਦੇ ਹਨ ਤੇ ਉਨ੍ਹਾਂ ਦੇ ਅੰਦਰ ਗੁਰੂ ਦੇ ਸੱਚੇ ਵਿਚਾਰਾਂ ਨੂੰ ਵੱਸਣ ਨਹੀਂ ਦਿੰਦੇ, ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਇੱਕ ਅਸਲ ਨਾਮ ਜਪਣ ਦਾ ਤਰੀਕਾ ਵੱਸਣ ਨਹੀਂ ਦਿੰਦੇ, ਮੰਨਣ ਨਹੀਂ ਦਿੰਦੇ ਜੋ ਉਸਦਾ ਨਾਮ ਜਪਣ ਦਾ ਸੱਚਾ ਤਰੀਕਾ ਹਰ ਸੱਚਾ ਧਰਮ ਗ੍ਰੰਥ ਇੱਕੋ ਜਿਹਾ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਦੂਜਿਆਂ ਦੀ ਮਤਿ ਦੇ ਨਾਲੋਂ ਪਿਆਰ ਛੱਡੇ ਬਿਨਾਂ ਗੁਰੂ ਦੀ ਮਤਿ ਦੇ ਨਾਲ ਪਿਆਰ ਨਹੀਂ ਜੁੜ ਸਕਦਾ ਜੋ ਪਿਆਰ ਗੁਰੂ ਦੇ

53/7437

ਨਾਲ ਗੁਰੂ ਦੀ ਮਤਿ ਨੂੰ ਮੰਨਣ ਦੇ ਨਾਲ ਹੀ ਜੁੜ ਸਕਦਾ ਹੈ ਤੇ ਤਾਂ ਹੀ ਕੋਈ ਮਨ ਦੇ ਕਾਲ ਤੋਂ ਬੱਚ ਸਕਦਾ ਹੈ ਜੋ ਕਾਲ ਹਰ ਵੇਲੇ ਹਰ ਮਨੁੱਖ ਦੀ ਸੱਚੀ ਭਗਤੀ ਵਾਲੀ ਸਮਝ ਨੂੰ ਖਾਈ ਜਾ ਰਿਹਾ ਹੈ। **(ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥)**

ਕਾਲ ਤੋਂ ਰਹਿਤ ਭਾਵ ਮਨ ਦੀ ਕਲਿ ਤੋਂ ਰਹਿਤ ਭਾਵ ਅਗਿਆਨਤਾ ਵਾਲੀ ਸਮਝ ਤੋਂ ਰਹਿਤ ਕੇਵਲ ਤੇ ਕੇਵਲ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਪੂਰੇ ਗਿਆਨ ਦਾ ਮਾਲਕ ਹੈ, ਬ੍ਰਹਮ ਗਿਆਨ ਰੂਪ ਵਿੱਚ ਮਾਲਕ ਹੈ, ਆਪਣੇ ਨਾਮ ਰੂਪ ਵਿੱਚ ਮਾਲਕ ਹੈ ਭਾਵ ਆਪਣੇ ਚੌਥੇ ਪਦ ਦੇ ਰੂਪ ਵਿੱਚ ਮਾਲਕ ਹੈ ਤੇ ਚੌਥੇ ਪਦ ਵਾਲੇ ਗਿਆਨ ਤੋਂ ਰਹਿਤ ਜੋ ਵੀ ਹਰ ਮਨੁੱਖ ਦੀ ਸਮਝ ਹੈ ਉਹ ਮਨ ਦੀ ਕਾਲ ਰੂਪ ਵਿੱਚ ਸਮਝ ਹੈ ਜਿਸ ਮਨ ਦੀ ਸਮਝ ਤੋਂ ਰਹਿਤ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਦੀ ਸਮਝ ਨੂੰ ਆਪ ਹੀ ਕਾਲ ਰਹਿਤ ਬਣਾਇਆ ਹੈ ਜਿਸ ਆਪਣੀ ਕਾਲ ਰਹਿਤ ਸਮਝ ਦੁਆਰਾ ਉਨ੍ਹਾਂ ਸਰੀਰਾਂ ਨੇ ਸ੍ਰਿਸ਼ਟੀ ਦੇ ਕਰਤੇ ਨੂੰ ਅਕਾਲ ਪੁਰਖ ਕਿਹਾ ਹੈ, ਅਕੁਲ ਪੁਰਖ ਭਾਵ

ਮਨ ਦੀ ਕਲਿ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਰਹਿਤ ਕਿਹਾ ਹੈ।

ਪ੍ਰਭਾਤੀ ॥

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ ੧੩੫੧)

{ਜਹ ਦੇਖਾ ਤਹ ਦੀਨ ਦਇਆਲਾ ॥ ਆਇ ਨ ਜਾਈ ਪ੍ਰਭੁ ਕਿਰਪਾਲਾ ॥
ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ ॥੧॥
ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨ ਮਾਇਆ ॥ ਨਾ ਤਿਸੁ ਭੈਣ ਨ ਭਰਾਉ ਕਮਾਇਆ ॥
ਨਾ ਤਿਸੁ ਓਪਤਿ ਖਪਤਿ ਕੁਲ ਜਾਤੀ ਓਹੁ ਅਜਰਾਵਰੁ ਮਨਿ ਭਾਇਆ ॥੨॥
ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥
ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ ॥੩॥
ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥ ਕਾਲ ਬਿਕਾਲ ਕੀਏ ਇਕ ਗ੍ਰਾਸਾ ॥
ਨਿਰਮਲ ਜੋਤਿ ਸਰਬ ਜਗਜੀਵਨੁ ਗੁਰਿ ਅਨਹਦ ਸਬਦਿ ਦਿਖਾਇਆ ॥੪॥
ਊਤਮ ਜਨ ਸੰਤ ਭਲੇ ਹਰਿ ਪਿਆਰੇ ॥ ਹਰਿ ਰਸ ਮਾਤੇ ਪਾਰਿ ਉਤਾਰੇ ॥
ਨਾਨਕ ਰੇਣ ਸੰਤ ਜਨ ਸੰਗਤਿ ਹਰਿ ਗੁਰ ਪਰਸਾਦੀ ਪਾਇਆ ॥੫॥}

(ਅੰਗ ੧੦੩੮)

{ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ ॥੧॥ ਕਾਹੇ ਕੀਜਤੁ ਹੈ ਮਨਿ ਭਾਵਨੁ ॥
ਜਬ ਜਮੁ ਆਇ ਕੇਸ ਤੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ ॥੧॥ ਰਹਾਉ ॥
ਕਾਲੁ ਅਕਾਲੁ ਖਸਮ ਕਾ ਕੀਨ੍ਹਾ ਇਹੁ ਪਰਪੰਚੁ ਬਧਾਵਨੁ ॥
ਕਹਿ ਕਬੀਰ ਤੇ ਅੰਤੇ ਮੁਕਤੇ ਜਿਨ੍ ਹਿਰਦੈ ਰਾਮ ਰਸਾਇਨੁ ॥੨॥੬॥}

(ਅੰਗ ੧੧੦੪)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਕਾਲ ਤੇ ਅਕਾਲ ਵਿੱਚ ਕੀ ਭੇਦ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸਨੂੰ ਸਮਝਣ ਲਈ ਕੇਵਲ ਤੇ ਕੇਵਲ ਗੁਰੂ ਦੀ ਗੱਲ ਤੇ ਭਰੋਸਾ ਰੱਖਣ ਦੀ ਲੋੜ ਹੁੰਦੀ ਹੈ ਤੇ ਉਹੋ ਜਿਹਿਆਂ ਦੀ ਸਮਝ ਨਾਲੋਂ ਭਰੋਸਾ ਤੋੜਨ ਦੀ ਲੋੜ ਹੁੰਦੀ ਹੈ ਜਿਨ੍ਹਾਂ ਕੋਲੋਂ ਅਸੀਂ ਇਹ ਸਭ ਕੁਝ ਸਿੱਖਿਆ ਹੋਇਆ ਹੈ। ਜਿਸ ਤੇ ਸਾਡਾ ਭਰੋਸਾ ਹੁੰਦਾ ਹੈ ਉਸਦੇ ਨਾਲ ਹੀ ਅਸਲ ਵਿੱਚ ਸਾਡਾ ਦਿਲੋਂ ਪਿਆਰ ਹੁੰਦਾ ਹੈ। ਅਕਾਲ ਪੁਰਖ ਸਭ ਨੂੰ ਮਨ ਦੀ ਕਲਿ ਵਿੱਚ ਰੱਖ ਕੇ ਹੀ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਕੇ ਹੀ ਆਪਣੀ ਸੰਸਾਰਿਕ ਖੇਡ ਨੂੰ ਚਲਾ ਰਿਹਾ ਹੈ ਜਿਸ ਆਪਣੀ ਖੇਡ ਨੂੰ ਚਲਾਉਣ ਕਰਕੇ ਮਨ ਦੇ ਵਿੱਚ ਕਲਿ ਵਾਲੀ ਸਮਝ ਪਾਉਣ ਦੁਆਰਾ ਸਭ ਦੇ ਅੰਦਰ ਆਪਣੇ ਆਪ ਨੂੰ ਛੁਪਾ ਕੇ ਰੱਖਿਆ ਹੋਇਆ ਹੈ ਭਾਵ ਆਪਣੇ ਆਪ ਨੂੰ ਪੜਦੇ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਕਾਲ ਪੁਰਖ ਦੀ ਮਤਿ ਦੁਆਰਾ ਆਪਣੇ ਮੁੱਖੋਂ ਉਚਾਰੇ ਹੋਏ ਭਗਤ ਨਾਮਦੇਵ ਜੀ ਦੇ ਉਪਰ ਵਾਲੇ ਪਹਿਲੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਨੇ ਅਕਾਲ ਪੁਰਖ ਨੂੰ ਅਕੁਲ ਪੁਰਖ ਦੇ ਨਾਮ ਦੁਆਰਾ ਪੁਕਾਰਿਆ ਹੋਇਆ ਹੈ ਭਾਵ ਕਲਿ ਰਹਿਤ ਵਾਲੀ ਸਮਝ ਵਾਲਾ ਪੁਕਾਰਿਆ

53/7438

ਗਿਆ ਹੈ। ਸਾਡੇ ਅੰਦਰ ਦੀ ਕਲਿ ਹੀ ਸਾਡਾ ਕਾਲ ਹੈ ਜਿਵੇਂ ਕਿ ਉਪਰ ਵਾਲੇ ਤੀਸਰੇ ਸ਼ਬਦ ਦੁਆਰਾ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਫਿਰ ਸ਼ਬਦ ਰਾਹੀਂ ਸਾਡੇ ਅੰਦਰ ਕਾਲ ਕਿਵੇਂ ਪੈਂਦਾ ਹੈ, ਕੌਣ ਪਾਉਂਦਾ ਹੈ ਤੇ ਉਸਨੂੰ ਅਕਾਲ ਰੂਪ ਕੌਣ ਬਣਾਉਂਦਾ ਹੈ ਇਸ ਗੱਲ ਨੂੰ ਵੀ ਹੁਣ ਹਰ ਕੋਈ ਲੇਖ ਵਿੱਚ ਇੱਥੇ ਤਕ ਪਹੁੰਚ ਕੇ ਆਸਾਨੀ ਨਾਲ ਸਮਝ ਸਕਦਾ ਹੈ ਕਿ ਮਨੁੱਖ ਦਾ ਅਗਿਆਨਤਾ ਤੋਂ ਛੁਟਕਾਰਾ ਗੁਰੂ ਦਾ ਨਾਮ ਰੱਸ, ਹਰਿ ਰੱਸ ਪੀਣ ਦੁਆਰਾ ਹੀ ਹੋ ਸਕਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਨੂੰ ਮੰਨਣ ਦੁਆਰਾ ਹੀ ਹੋ ਸਕਦਾ ਹੈ। ਉਪਰ ਵਾਲੇ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਦੂਸਰੇ ਸ਼ਬਦ ਦੁਆਰਾ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਅਕਾਲ ਪੁਰਖ ਇਸੇ ਲਈ ਕਾਲ ਰਹਿਤ ਹੈ ਕਿ ਉਹ ਪੂਰੀ ਤਰ੍ਹਾਂ ਅਗਿਆਨਤਾ ਤੋਂ ਰਹਿਤ ਹੈ ਕਿਉਂਕਿ ਉਹ ਚੌਥੇ ਪਦ ਦੇ ਗਿਆਨ ਦਾ ਮਾਲਕ ਹੈ ਭਾਵ ਬ੍ਰਹਮ ਗਿਆਨ ਦਾ ਮਾਲਕ ਹੈ ਤੇ ਉਸਨੇ ਆਪ ਹੀ ਸਭ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਮਨ ਦੀ ਇਹ ਤ੍ਰੈ ਗੁਣਾਂ ਵਾਲੀ ਸਮਝ ਹੀ ਸਾਡਾ ਕਾਲ ਹੈ ਜਿਸਨੂੰ ਉਹ ਆਪ ਹੀ ਬਿਕਾਲ ਕਰ ਸਕਦਾ ਹੈ ਭਾਵ ਕਾਲ ਰਹਿਤ ਕਰ ਸਕਦਾ ਹੈ ਜਿਸ ਸਾਡੇ ਅੰਦਰ ਦੇ ਕਾਲ ਨੂੰ ਬਿਕਾਲ ਕਰਨਾ ਉਸਦੇ ਲਈ ਇੱਕ ਬਹੁਤ ਹੀ ਮਾਮੂਲੀ ਜਿਹੀ ਗੱਲ ਹੈ ਤੇ ਜਿਸਨੂੰ ਉਹ ਮਨ ਦੇ ਕਾਲ ਤੋਂ ਭਾਵ ਮਨ ਦੀ ਅਗਿਆਨਤਾ ਤੋਂ ਮੁਕਤ ਕਰਦਾ ਹੈ ਉਹੀ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਵੇਖ ਸਕਦਾ ਹੈ ਭਾਵ ਉਸਦੇ ਜੋਤਿ ਰੂਪ ਨੂੰ ਜਾਣ ਸਕਦਾ ਹੈ ਜਿਸ ਆਪਣੇ ਜੋਤਿ ਰੂਪ ਵਿੱਚ ਉਹ ਸਭ ਜਗ੍ਹਾ ਵਰਤ ਰਿਹਾ ਹੈ। ਜਦ ਤੱਕ ਸਾਡੇ ਅੰਦਰ ਦੀ ਸਮਝ ਕਾਲ ਵਾਲੀ ਹੈ ਭਾਵ ਭਰਮਾਂ ਵਾਲੀ ਹੈ ਤਦ ਤੱਕ ਸਾਡੇ ਅੰਦਰ ਦੀ ਸਮਝ ਅਪਵਿੱਤਰ ਹੀ ਬਣੀ ਰਹਿੰਦੀ ਹੈ ਜਿਸ ਅਪਵਿੱਤਰ ਸਮਝ ਵਿੱਚ ਰਹਿੰਦਿਆਂ ਨਾ ਅਸੀਂ ਆਪਣੇ ਅੰਦਰੋਂ ਅੱਲ੍ਹਾਂ, ਪ੍ਰਮਾਤਮਾ ਨੂੰ ਜਾਣ ਸਕਦੇ ਹਾਂ ਤੇ ਨਾ ਹੀ ਉਸਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝ ਸਕਦੇ ਹਾਂ ਜਿਸ ਸੱਚੀ ਭਗਤੀ ਦੇ ਮਾਰਗ ਤੇ ਚੱਲ ਕੇ ਉਸਦੇ ਜੋਤਿ ਰੂਪ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਜਿਸ ਮਨ ਦੀ ਸਮਝ ਨੂੰ ਅਕਾਲ ਪੁਰਖ ਨਿਰਮਲ ਬਣਾਉਂਦਾ ਹੈ ਭਾਵ ਪਵਿੱਤਰ ਬਣਾਉਂਦਾ ਹੈ ਉਸਦੇ ਅੰਦਰ ਦੀ ਸਮਝ ਨੂੰ ਕਾਲ ਤੋਂ ਬਿਕਾਲ ਕਰਕੇ ਬਣਾਉਂਦਾ ਹੈ ਜੋ ਸਮਝ ਸਭ ਦੇ ਅੰਦਰ ਆਪਣੀ ਜੋਤਿ ਰਾਹੀਂ ਹੀ ਪਾਉਂਦਾ ਹੈ। ਜਿਸਨੂੰ ਉਹ ਮਨ ਦੇ ਕਾਲ ਵਿੱਚੋਂ ਕੱਢਦਾ ਹੈ ਉਸਦੇ ਅੰਦਰ ਉਹ ਆਪਣੇ ਅਨਹਦ ਸ਼ਬਦ ਵਾਲੀ ਸਮਝ ਪਾਉਣ ਦੁਆਰਾ ਹੀ ਕੱਢਦਾ ਹੈ ਜਿਸ ਦੁਆਰਾ ਮਨੁੱਖ ਨੂੰ ਸਮਝ ਪੈਂਦੀ ਹੈ ਕਿ ਸਾਡੀ ਜੋਤਿ ਦੇ ਅੰਦਰ ਭਾਵ ਮਨ ਦੇ ਅੰਦਰ ਸਮਝ ਪਾਉਣ ਵਾਲਾ ਅਨਹਦ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਹਰ ਵੇਲੇ ਸਭ ਦੇ ਅੰਦਰ ਆਪਣੇ ਅਨਹਦ ਗਿਆਨ ਦੇ ਰੂਪ ਵਿੱਚ ਹੀ ਵਰਤ ਰਿਹਾ ਹੈ। ਉਸਦਾ ਅਨਹਦ ਰੂਪ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। **(ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥ ਕਾਲ ਬਿਕਾਲ ਕੀਏ ਇਕ ਗ੍ਰਾਸਾ ॥ ਨਿਰਮਲ ਜੋਤਿ ਸਰਬ ਜਗਜੀਵਨੁ ਗੁਰਿ ਅਨਹਦ ਸਬਦਿ ਦਿਖਾਇਆ ॥੪॥)**

ਜਿਸ ਮਨੁੱਖੀ ਰੂਪ ਨੂੰ ਅਕਾਲ ਪੁਰਖ ਆਪਣਾ ਸੰਤ ਰੂਪ ਬਣਾਉਂਦਾ ਹੈ ਉਸਨੂੰ ਮਨ ਦੇ ਕਾਲ ਤੋਂ ਰਹਿਤ ਕਰਕੇ ਭਾਵ ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਬਖਸ਼ਕੇ ਬਣਾਉਂਦਾ ਹੈ ਜਿਵੇਂ ਕਿ ਨਾਲ ਹੀ ਉਪਰ ਵਾਲੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

53/7439

“ਊਤਮ ਜਨ ਸੰਤ ਭਲੇ ਹਰਿ ਪਿਆਰੇ ॥ ਹਰਿ ਰਸ ਮਾਤੇ ਪਾਰਿ ਉਤਾਰੇ ॥
ਨਾਨਕ ਰੇਣ ਸੰਤ ਜਨ ਸੰਗਤਿ ਹਰਿ ਗੁਰ ਪਰਸਾਦੀ ਪਾਇਆ ॥੫॥”

(ਅੰਗ ੧੦੩੮)

ਅਕਾਲ ਪੁਰਖ ਦਾ ਉੱਤਮ ਜਨ ਭਾਵ ਉਸਦਾ ਸੰਤ ਜਨ ਉਹੀ ਬਣ ਸਕਦਾ ਹੈ ਜਿਸਨੂੰ ਮਨ ਦੀ ਕਾਲ ਵਾਲੀ ਸਮਝ ਵਿੱਚੋਂ ਕੱਢ ਕੇ ਉਸਨੂੰ ਆਪਣੇ ਅੰਦਰੋਂ ਜੋਤਿ ਰੂਪ ਦਿਖਾ ਦਿੰਦਾ ਹੈ ਜਿਸ ਰਾਹੀਂ ਉਹ ਮਨੁੱਖੀ ਸਮਝ ਨੂੰ ਆਪਣੇ ਸੱਚੇ ਸ਼ਬਦਾਂ ਦਾ ਗਿਆਨ ਦਿੰਦਾ ਹੈ ਜਿਵੇਂ ਕਿ ਉਨ੍ਹਾਂ ਨੇ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਉਸਨੂੰ ਹੀ ਗੁਰੂ ਕਿਹਾ ਹੈ, ਉਸਦੇ ਸ਼ਬਦ ਰੂਪ ਨੂੰ ਗੁਰੂ ਕਿਹਾ ਹੈ ਜਿਸ ਆਪਣੇ ਸ਼ਬਦ ਰੂਪ ਵਿੱਚ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਆਪ ਹੀ ਗੁਰੂ ਹੈ, ਆਪਣੇ ਸੰਤ ਰੂਪ ਵਿੱਚ ਗੁਰੂ ਹੈ। ਜਿਨ੍ਹਾਂ ਮਨੁੱਖੀ ਸਰੀਰਾਂ ਨੂੰ ਮਨ ਦੀ ਸਮਝ ਰਾਹੀਂ ਉਹ ਆਪਣਾ ਸੰਤ ਰੂਪ ਬਖਸ਼ਦਾ ਹੈ ਉਨ੍ਹਾਂ ਨੂੰ ਹੀ ਉਸਨੇ ਸੰਸਾਰ ਦੇ ਉੱਤਮ ਜਨ ਬਣਾਇਆ ਹੈ ਭਾਵ ਮਨ ਦੀ ਸਭ ਤੋਂ ਉੱਚੀ ਸਮਝ ਬਖਸ਼ਣ ਦੁਆਰਾ ਬਣਾਇਆ ਹੈ, ਸ਼ਬਦਾਂ

ਦੀ ਉੱਚੀ ਵਿਚਾਰ ਬਖਸ਼ਣ ਦੁਆਰਾ ਬਣਾਇਆ ਹੈ ਜਿਸ ਉੱਚੀ ਵਿਚਾਰ ਤੋਂ ਉਪਰ ਕੋਈ ਹੋਰ ਉੱਤਮ ਵਿਚਾਰ ਨਹੀਂ ਹੋ ਸਕਦੀ ਕਿਉਂਕਿ ਇਹ ਉਨ੍ਹਾਂ ਦੀ ਸਮਝ ਦੇ ਅੰਦਰ ਪਾਈ ਹੋਈ ਆਪਣੀ ਬ੍ਰਹਮ ਗਿਆਨ ਵਾਲੀ ਵਿਚਾਰ ਹੁੰਦੀ ਹੈ, ਆਪਣੇ ਨਾਮ ਵਾਲੀ ਭਾਵ ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਹੁੰਦੀ ਹੈ ਜਿਸ ਆਪਣੇ ਉੱਚੇ ਵਿਚਾਰਾਂ ਦੁਆਰਾ ਉਹ ਮਨੁੱਖ ਨੂੰ ਤ੍ਰੈ ਗੁਣਾਂ ਵਾਲੇ ਨਾਸਮਝ ਵਿਚਾਰਾਂ ਵਿੱਚੋਂ ਕੱਢਦਾ ਹੈ, ਮਨ ਦੀ ਕਾਲ ਵਾਲੀ ਸਮਝ ਵਿੱਚੋਂ ਕੱਢਦਾ ਹੈ ਤੇ ਉਸਨੂੰ ਆਪਣੇ ਇਹੋ ਜਿਹੇ ਸੱਚੇ ਸੰਤ ਜਨ ਹੀ ਭਲੇ ਲੱਗਦੇ ਹਨ, ਪਿਆਰੇ ਲੱਗਦੇ ਹਨ ਜਿਹੜੇ ਉਸਦੇ ਸੰਤ ਜਨਾਂ ਨੂੰ ਇਸ ਗੱਲ ਦੀ ਵੀ ਸਮਝ ਹੁੰਦੀ ਹੈ ਕਿ ਸਾਡੇ ਸੰਤ ਰੂਪ ਵਿੱਚ ਅਸਲ ਵਿੱਚ ਅਕਾਲ ਪੁਰਖ ਆਪ ਹੀ ਹੈ ਜੋ ਆਪਣੇ ਸੰਤ ਰੂਪ ਵਿੱਚ ਹੀ ਗੁਰੂ ਹੈ, ਜੋ ਆਪ ਹੀ ਸਾਰੇ ਸ਼ਬਦਾਂ ਨੂੰ ਲਿਖਵਾਉਣ ਦੀ ਸੋਝੀ ਪਾਉਣ ਵਾਲਾ ਹੈ। ਜੋ ਆਪਣੇ ਸ਼ਬਦਾਂ ਦੁਆਰਾ ਮਨ ਦੇ ਵਿੱਚ ਉੱਚੀ ਤੇ ਸੱਚੀ ਸੋਝੀ ਪਾਉਂਦਾ ਹੈ ਉਹ ਉੱਚਾ ਗਿਆਨ ਹੀ ਉਸਦਾ ਹਰਿ ਰੱਸ ਹੈ, ਨਾਮ ਰੱਸ ਹੈ ਜੋ ਆਪਣਾ ਹਰਿ ਰੱਸ ਪਿਆਉਣ ਦੁਆਰਾ ਹੀ ਮਨ ਦੀ ਅਗਿਆਨਤਾ ਵਾਲੀ ਸਮਝ ਤੋਂ ਆਪਣੇ ਸੰਤ ਜਨਾਂ ਨੂੰ ਪਾਰ ਉਤਾਰਦਾ ਹੈ ਭਾਵ ਕਾਲ ਤੋਂ ਬਿਕਾਲ ਕਰਦਾ ਹੈ ਭਾਵ ਮਾਇਆ ਮੋਹ ਵਾਲੇ ਨਾਸਮਝ ਵਿਚਾਰਾਂ ਦੇ ਸਾਗਰ ਤੋਂ ਪਾਰ ਉਤਾਰਦਾ ਹੈ। ਮਨ ਦੇ ਅੰਦਰ ਦੀ ਇਹ ਸੱਚੀ ਸਮਝ ਹੀ ਭਾਵ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਸਮਝ ਹੀ **"ਸੰਤ ਰੇਣ"** ਹੈ ਭਾਵ ਗੁਰੂ ਰੂਪ ਸੱਚੇ ਸੰਤ ਦੀ ਚਰਨ ਧੂੜ ਹੈ ਤੇ ਉਸਦੇ ਜਿਸ ਜਨ ਦੀ ਉਸਦੇ ਸੰਤ ਦੀ ਧੂੜ ਨਾਲ ਸੰਗਤ ਹੋ ਜਾਂਦੀ ਹੈ ਜੋ ਸੰਗਤ ਮਨ ਦੇ ਵਿਚਾਰਾਂ ਵਿੱਚ ਹੀ ਹੁੰਦੀ ਹੈ ਉਹ ਜਨ ਹਰਿ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜੋ ਆਪ ਹੀ ਸਾਰੀ ਸ੍ਰਿਸ਼ਟੀ ਦਾ ਗੁਰੂ ਹੈ ਉਹ ਉਸਨੂੰ ਆਪਣੀ ਕ੍ਰਿਪਾ

53/7440

ਦੁਆਰਾ ਪਾ ਲੈਂਦਾ ਹੈ ਭਾਵ ਸਾਰੀ ਸ੍ਰਿਸ਼ਟੀ ਦੇ ਇੱਕੋ ਇੱਕ ਗੁਰੂ ਰੂਪ ਸੰਤ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਭਾਵ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਬੁਝ ਲੈਂਦਾ ਹੈ। ਸਾਰੀ ਗੱਲ ਮਨ ਦੇ ਕਾਲ ਵਿੱਚੋਂ ਨਿਕਲਣ ਦੀ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਚੌਥੇ ਪਦ ਦੇ ਗਿਆਨ ਵਾਲੇ ਪਦ ਵਿੱਚ ਪਹੁੰਚਣ ਦੀ ਹੀ ਹੈ ਜਿਸ ਆਪਣੇ ਘਰ ਵਿੱਚ ਸ੍ਰਿਸ਼ਟੀ ਦਾ ਮਾਲਕ ਕਿਸੀ ਮਨੁੱਖੀ ਰੂਪ ਤੇ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਹੀ ਵਸਾਉਂਦਾ ਹੈ ਜੋ ਉਸਦਾ ਘਰ ਸਭ ਦੇ ਅੰਦਰ ਉਸਦੀ ਜੋਤਿ ਦੇ ਰੂਪ ਵਿੱਚ ਹੀ ਹੈ ਜਿਸ ਆਪਣੇ ਮਨ ਰੂਪ ਘਰ ਵਿੱਚੋਂ ਹੀ ਉਹ ਆਪਣੇ ਸ਼ਬਦਾਂ ਦਾ ਸੱਚਾ ਗਿਆਨ ਬਖਸ਼ਣ ਦੁਆਰਾ ਉਹ ਆਪਣਾ ਸੰਤ ਜਨ ਰੂਪ ਬਣਾਉਂਦਾ ਹੈ, ਆਪਣਾ ਉੱਤਮ ਜਨ ਬਣਾਉਂਦਾ ਹੈ, ਆਪਣਾ ਪਿਆਰਾ ਜਨ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਜਿਸ ਆਪਣੇ ਉੱਤਮ ਜਨਾਂ ਰਾਹੀਂ ਉਸਨੇ ਭਾਵ ਭਗਤਾਂ ਰਾਹੀਂ, ਗੁਰੂ ਸਾਹਿਬਾਨ ਰਾਹੀਂ ਆਪ ਹੀ ਉਨ੍ਹਾਂ ਨੂੰ ਆਪਣਾ ਉੱਚਾ ਗਿਆਨ ਬਖਸ਼ ਕੇ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਵਾਈ ਹੈ, ਪੂਰੇ ਧੰਨ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਵਾਈ ਹੈ। **(ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥ ਕਾਲ ਬਿਕਾਲ ਕੀਏ ਇਕ ਗ੍ਰਾਸਾ ॥ ਨਿਰਮਲ ਜੋਤਿ ਸਰਬ ਜਗਜੀਵਨੁ ਗੁਰਿ ਅਨਹਦ ਸਬਦਿ ਦਿਖਾਇਆ ॥੪॥ ਊਤਮ ਜਨ ਸੰਤ ਭਲੇ ਹਰਿ ਪਿਆਰੇ ॥ ਹਰਿ ਰਸ ਮਾਤੇ ਪਾਰਿ ਉਤਾਰੇ ॥ ਨਾਨਕ ਰੇਣ ਸੰਤ ਜਨ ਸੰਗਤਿ ਹਰਿ ਗੁਰ ਪਰਸਾਦੀ ਪਾਇਆ ॥੫॥)**

ਆਪਣੇ ਆਪ ਨੂੰ ਕੋਈ ਸੰਤ ਜਨ ਉਹੀ ਅਖਵਾ ਸਕਦਾ ਹੈ ਜਿਸਨੂੰ ਆਪਣੇ ਅੰਦਰੋਂ ਗਿਆਨ ਦੇ ਮਾਲਕ ਸੱਚੇ ਸੰਤ ਦੀ ਸੋਝੀ ਨਹੀਂ ਪਈ ਭਾਵ ਜਿਸਦੇ ਮਨ ਦੀ ਅਗਿਆਨਤਾ ਦੂਰ ਨਹੀਂ ਹੋਈ ਭਾਵ ਜਿਸਦੀ ਆਤਮਿਕ ਸੋਝੀ ਦੀ ਮੌਤ ਦੂਰ ਨਹੀਂ ਹੋਈ ਭਾਵ ਜਿਸਦੀ ਆਤਮਿਕ ਸਮਝ ਜੀਵਤ ਨਹੀਂ ਹੋਈ ਜੋ ਮਨ ਦੇ ਅੰਦਰ ਸੱਚਾ ਗਿਆਨ ਸੱਚੇ ਗਿਆਨ ਦੇ ਮਾਲਕ ਦੇ ਪ੍ਰਗਟ ਹੋਣ ਦੁਆਰਾ ਹੀ ਜੀਵਤ ਹੁੰਦੀ ਹੈ, ਜੋ ਗਿਆਨ ਦਾ ਮਾਲਕ ਕਿਸੇ ਦੇ ਅੰਦਰ ਆਪ ਹੀ ਵਸਾ ਸਕਦਾ ਹੈ ਜਿਸਨੇ ਆਪ ਹੀ ਸਾਰੇ ਸੰਸਾਰ ਨੂੰ ਆਪਣੇ ਆਪ ਨੂੰ ਜਾਨਣ ਤੋਂ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਕਾਨੜਾ ਅਸਟਪਦੀਆ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥
ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ ਰਹਾਉ ॥
ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥
ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥
ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥
ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥
ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥
ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥
ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥੪॥
ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥
ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ ॥੫॥
ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥
ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥

ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥
ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥}

(ਅੰਗ ੨੩੧)

53/7441

ਅਸੀਂ ਉਪਰ ਵਾਲੇ ਸ਼ਬਦਾਂ ਵਿੱਚ ਦਿੱਤੇ ਤੀਸਰੇ ਸ਼ਬਦ ਦੇ ਪ੍ਰਮਾਣ ਵਿੱਚ ਰਹਾਉ ਵਾਲੇ ਪਦੇ ਤਕ ਸ਼ਬਦ ਨੂੰ ਪਹਿਲੇ ਸਮਝ ਹੀ ਚੁੱਕੇ ਹਾਂ ਤੇ ਸ਼ਬਦ ਦੇ ਬਾਕੀ ਵਾਲੇ ਪਦਿਆਂ ਨੂੰ ਲੇਖ ਵਿੱਚ ਕੁਝ ਅੱਗੇ ਚੱਲਕੇ ਸਮਝਾਂਗੇ।

ਅਸੀਂ ਉਪਰ ਵਾਲੇ ਸ਼ਬਦਾਂ ਨੂੰ ਇਹ ਗੱਲ ਸਮਝਣ ਲਈ ਸਮਝਿਆ ਹੈ ਕਿ ਮਨੁੱਖ ਦਾ ਅਕਾਲ ਪੁਰਖ ਦੇ ਨਾਲ ਝਗੜਾ ਮਨ ਦੀ ਅਗਿਆਨਤਾ ਕਰਕੇ ਹੀ ਨਹੀਂ ਨਿਪਟਦਾ ਜੋ ਉਸਦੇ ਨਾਲ ਵਾਦ ਭਾਵ ਝਗੜਾ ਬ੍ਰਹਮਾ ਦਾ ਵੀ ਨਹੀਂ ਨਿਪਟਿਆ। ਉਪਰ ਸ਼ਬਦਾਂ ਵਿੱਚ ਅਸੀਂ ਇਹ ਵੀ ਸਮਝਿਆ ਹੈ ਕਿ ਉਸਦੇ ਨਾਲ ਝਗੜਾ ਗੁਰੂ ਦੀ ਸੇਵਾ ਕਰਨ ਦੁਆਰਾ ਨਿਬੜ ਸਕਦਾ ਹੈ। ਗੁਰੂ ਦੀ ਸੱਚੀ ਸੇਵਾ ਕਰਨ ਦੀ ਸਮਝ ਵੀ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਗੁਰੂ ਦੀ ਸੇਵਾ ਉਹੀ ਕਰਦਾ ਹੈ ਜੋ ਮਨ ਦੀ ਹਉਮੈ ਵਿੱਚੋਂ ਨਿਕਲ ਜਾਂਦਾ ਹੈ ਭਾਵ ਜੋ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ ਭਾਵ ਜੋ ਆਪਣੇ ਅੰਦਰੋਂ ਗੁਰੂ ਰੂਪ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ, ਜੋ ਜਿਸ ਆਪਣੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਸਭ ਜਗ੍ਹਾ ਹੀ ਪ੍ਰਗਟ ਹੈ ਜਿਸਦੀ ਸਮਝ ਗੁਰੂ ਦਾ ਨਾਮ ਧਿਆਉਣ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੇ ਵਿੱਚ ਉਸਦਾ ਸੱਚਾ ਗਿਆਨ ਮਿਲਣ ਦੁਆਰਾ ਹੀ ਪੈਂਦੀ ਹੈ ਭਾਵ ਉਸਦੇ ਸੱਚੇ ਘਰ ਵਿੱਚ ਵੱਸਣ ਦੁਆਰਾ ਹੀ ਪੈਂਦੀ ਹੈ। ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੁਣ ਹਰ ਕੋਈ ਇਤਨਾ ਸਾਰਾ ਲੇਖ ਪੜਨ ਤੋਂ ਬਾਅਦ ਆਪ ਹੀ ਸਮਝ ਸਕਦਾ ਹੈ।

ਸ੍ਰੀਰਾਗੁ ਮਹਲਾ ੫ ॥

{ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥ ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥
ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥੧॥ ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥
ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ ॥੧॥ ਰਹਾਉ ॥
ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥ ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥
ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥
ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ॥੪॥੮॥੭੮॥}

(ਅੰਗ ੪੪)

ਪਉੜੀ ॥

{ਸੇਵ ਕੀਤੀ ਸੰਤੋਖੀਏਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਉਪਰ ਕਿਤਨੇ ਹੀ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੇ ਨਾਲ, ਅੱਲ੍ਹਾਂ ਦੇ ਨਾਲ, ਅਕਾਲ ਪੁਰਖ ਦੇ ਨਾਲ, ਗਾਡ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਕਿਸ ਗੱਲ ਦਾ ਹੈ ਤੇ ਮਨੁੱਖ ਦਾ ਝਗੜਾ ਉਸਦੇ ਨਾਲ ਖਤਮ ਕਿਸ ਤਰੀਕੇ ਹੁੰਦਾ ਹੈ ਜਿਸ ਝਗੜੇ ਦਾ ਕਾਰਣ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਹੈ ਭਾਵ ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ ਸਮਝ ਹੈ ਜਿਸ ਸਮਝ ਤੋਂ ਬਾਹਰ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਨਹੀਂ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੈ ਜਿਸ ਵੱਖਰੀ ਵੱਖਰੀ ਧਾਰਮਿਕ ਆਸਥਾ ਕਰਕੇ ਪੂਰੀ ਮਨੁੱਖਤਾ ਨੇ ਆਪਣੇ ਆਪ ਵਿੱਚ ਵੰਡਿਆ ਹੋਇਆ ਹੈ। ਸੰਸਾਰ ਵਿੱਚ ਸਭ ਤੋਂ ਜਿਆਦਾ ਝਗੜੇ ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਣ ਕਰਕੇ ਹੀ ਹੁੰਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਝਗੜਿਆਂ ਦੇ ਕਾਰਣ ਅਨੇਕਾਂ ਹੀ ਹੁੰਦੇ ਹਨ, ਦੇਸ਼ਾਂ ਨੂੰ ਵੰਡਣ ਵਿੱਚ ਹੁੰਦੇ ਹਨ ਕਿ ਕਿਹੜਾ ਹਿੱਸਾ ਕਿਸਦਾ ਹੈ ਤੇ ਕਿਹੜਾ ਹਿੱਸਾ ਕਿਸਦਾ ਹੈ ਜਿਸ ਕਰਕੇ ਝਗੜੇ ਹੁੰਦੇ ਹਨ, ਲੜਾਈਆਂ ਹੁੰਦੀਆਂ ਹਨ। ਇਸੇ

53/7442

ਤਰ੍ਹਾਂ ਘਰਾਂ ਵਿੱਚ ਜਮੀਨ ਜਾਇਦਾਦਾਂ ਦੀ ਵੰਡ ਨੂੰ ਲੈ ਕੇ ਹੁੰਦੇ ਹਨ, ਪਾਣੀ ਦੀ ਵੰਡ ਨੂੰ ਲੈ ਕੇ ਝਗੜੇ ਹੁੰਦੇ ਹਨ, ਨਦੀਆਂ, ਸਮੁੰਦਰਾਂ ਦੇ ਪਾਣੀ ਦੀ ਵੰਡ ਨੂੰ ਲੈ ਕੇ ਝਗੜੇ ਹੁੰਦੇ ਹਨ ਭਾਵ ਉਨ੍ਹਾਂ ਗੱਲਾਂ ਨੂੰ ਲੈ ਕੇ ਝਗੜੇ ਹੁੰਦੇ ਹਨ ਜੋ ਮਨੁੱਖ ਨੇ ਆਪ ਬਣਾਈਆਂ ਹੀ ਨਹੀਂ। ਪੈਸੇ ਨੂੰ ਲੈ ਕੇ ਝਗੜੇ ਹੁੰਦੇ ਹਨ ਜੋ ਪੈਸੇ ਦੀ ਕਮਾਈ ਧਰਤੀ ਤੇ ਬਣੇ ਹੋਏ ਸਾਧਨਾਂ ਦੁਆਰਾ ਹੀ ਹੁੰਦੀ ਹੈ ਭਾਵੇਂ ਉਹ ਸਾਧਨ ਫੈਕਟਰੀਆਂ ਦੇ ਰੂਪ ਵਿੱਚ ਹਨ ਤੇ ਭਾਵੇਂ ਖੇਤਾਂ ਦੀ ਉਪਜ ਦੇ ਰੂਪ ਵਿੱਚ ਹਨ। ਅਨੇਕਾਂ ਝਗੜੇ ਮਨ ਦੀ ਸਿਆਣਪ ਕਰਕੇ ਹੁੰਦੇ ਹਨ ਕਿਉਂਕਿ ਕੋਈ ਇਹ ਕਹਿੰਦਾ ਹੈ ਮੈਂ ਸਿਆਣਾ ਹਾਂ ਤੇ ਦੂਸਰਾ ਮੂਰਖ ਹੈ ਲੇਕਿਨ ਮੂਰਖਤਾ ਤੇ ਸਿਆਣਪ ਦਾ ਝਗੜਾ ਉਹੀ ਕਰਦਾ ਹੈ ਜਿਸਨੂੰ ਇਸ ਗਲ ਦੀ ਸਮਝ ਹੀ ਨਹੀਂ ਹੁੰਦੀ ਕਿ ਮੇਰੇ ਅੰਦਰ ਸਮਝ ਕਿੱਥੋਂ ਆਉਂਦੀ ਹੈ ਤੇ ਕਿਸਨੇ ਪਾਈ ਹੈ। ਕਈ ਝਗੜੇ ਸਰੀਰ ਦੀ ਤਾਕਤ ਕਰਕੇ ਹੁੰਦੇ ਹਨ ਕਿ ਮੈਂ ਤਕੜਾ ਹਾਂ ਤੇ ਤੂੰ ਕਮਜੋਰ ਹੈਂ, ਇਹੋ ਜਿਹੇ ਝਗੜੇ ਉਹੀ ਕਰਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਇਸ ਸਰੀਰ ਨੂੰ ਬਨਾਉਣ ਦੇ ਪਿੱਛੇ ਜੁਗਤਿ ਕਿਸਦੀ ਹੈ ਭਾਵ ਇਸ ਸਰੀਰ ਦਾ ਮਾਲਕ ਕੌਣ ਹੈ, ਇਸ ਸਰੀਰ ਦੇ ਅੰਦਰ ਜਾਨ ਪਾਉਣ ਵਾਲਾ ਕੌਣ ਹੈ, ਇਸਦੇ ਅੰਦਰ ਖੂਨ ਬਣਨ ਦੀ ਵਿਧੀ ਕਿਸਨੇ ਪਾਈ ਹੈ, ਇਸਦੇ ਅੰਦਰ ਸਵਾਸ ਚਲਾਉਣ ਦੀ ਵਿਧੀ ਕਿਸਨੇ ਪਾਈ ਹੈ। ਸੰਸਾਰ ਵਿੱਚ ਆਪਸ ਵਿੱਚ ਝਗੜਿਆਂ ਦਾ ਕੋਈ ਅੰਤ ਹੀ ਨਹੀਂ ਹੈ। ਹੁਣ ਧਿਆਨ ਨਾਲ ਸਮਝੋ ਕਿ ਸਾਡਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਕਿਸ ਲਈ ਨਹੀਂ ਨਿਬੜਦਾ ਜਿਵੇਂ ਕਿ ਅਸੀਂ ਉਪਰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਹਰ ਮਨੁੱਖ ਦਾ ਝਗੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ ਤੇ ਜੋ ਵੀ ਝਗੜੇ ਅਸੀਂ ਆਪਸ ਵਿੱਚ ਕਰਦੇ ਹਾਂ, ਪੂਰੇ ਸੰਸਾਰ ਵਿੱਚ ਕਰਦੇ ਹਾਂ ਜਿਨ੍ਹਾਂ ਝਗੜਿਆ ਦਾ ਅਸੀਂ ਉਪਰ ਜਿਕਰ ਕੀਤਾ ਹੈ ਇਨ੍ਹਾਂ ਸਾਰੇ ਝਗੜਿਆਂ ਦਾ ਕਾਰਣ ਸਾਡੇ ਮਨ ਦੀ ਅਗਿਆਨਤਾ ਹੀ ਹੈ। ਹਰ ਮਨੁੱਖ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੀ ਹੈ ਜਿਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਪੂਰੇ ਸੰਸਾਰ ਵਿੱਚ ਇੱਕ ਮਨੁੱਖ ਦਾ ਦੂਜੇ ਮਨੁੱਖ ਨਾਲ ਝਗੜਾ, ਇੱਕ ਸਿਆਸੀ ਸਰਕਾਰ ਦਾ ਦੂਜੀ ਸਿਆਸੀ ਸਰਕਾਰ ਨਾਲ ਝਗੜਾ, ਇੱਕ ਮੁਲਕ ਦਾ ਦੂਜੇ ਮੁਲਕ ਨਾਲ ਝਗੜਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਹੀ ਹੈ ਜਿਸਦਾ ਇੱਕੋ ਇੱਕ ਕਾਰਣ ਮਨ ਦੀ ਅਗਿਆਨਤਾ ਹੈ ਭਾਵ ਮਨ ਦੀ ਮਾਇਆ ਵਾਲੀ ਜੁਗਤਿ ਹੀ ਹੈ, ਸਭ ਦੇ ਅੰਦਰ ਇੱਕੋ ਜਿਹੀ ਹਉਮੈ ਹੀ ਹੈ, ਸਭ ਦੇ ਅੰਦਰ ਇੱਕੋ ਜਿਹੇ ਪੁੱਠੇ ਕਮਲ ਵਾਲੀ ਸਮਝ ਹੀ ਹੈ ਭਾਵ ਸਭ ਦੇ ਅੰਦਰ ਭਾਵ ਪੂਰੀ ਮਨੁੱਖਤਾ ਦੇ ਅੰਦਰ ਇੱਕੋ ਇੱਕ ਸੱਚੇ ਧਰਮ ਦੇ ਮਾਰਗ ਦੀ ਸਮਝ ਦਾ ਨਾ ਹੋਣਾ ਹੀ ਹੈ ਜਿਸ ਸੱਚੇ ਧਰਮ ਦੇ ਮਾਰਗ ਦੀ ਸਮਝ ਪੈਣ ਦੁਆਰਾ ਕੋਈ ਇੱਕ ਮਨੁੱਖ ਦੂਸਰੇ ਮਨੁੱਖ ਦੇ ਨਾਲ ਝਗੜਾ ਕਰ ਹੀ ਨਹੀਂ ਸਕਦਾ ਭਾਵ ਉਸ ਤੋਂ ਬਾਅਦ ਫਿਰ ਪਤੀ-ਪਤਨੀ ਵੀ ਆਪਸ ਵਿੱਚ ਝਗੜਾ ਨਹੀਂ ਕਰ ਸਕਦੇ ਪਰ ਸੱਚੇ ਧਰਮ ਦੇ ਮਾਰਗ ਦੀ ਸਮਝ ਸ੍ਰਿਸ਼ਟੀ ਦੇ ਕਰਤੇ ਦੇ ਨਾਲ, ਮਨ ਦੀ ਸਮਝ ਦੇ ਮਾਲਕ ਦੇ ਨਾਲ ਮੇਲ ਹੋਣ ਦੁਆਰਾ ਹੀ ਪੈਂਦੀ ਹੈ ਤੇ ਹੋਰ ਕੋਈ ਤਰੀਕਾ ਸ੍ਰਿਸ਼ਟੀ ਦੇ ਕਰਤੇ ਨੇ ਬਣਾਇਆ ਹੀ ਨਹੀਂ। ਆਪਣੇ ਨਾਲ ਮੇਲ ਦਾ ਸੱਚਾ ਤਰੀਕਾ ਉਸਨੇ ਹਰ ਸੱਚੇ ਧਰਮ ਗ੍ਰੰਥ ਰਾਹੀਂ ਇੱਕੋ ਜਿਹਾ ਹੀ ਬਣਾਇਆ ਹੋਇਆ ਹੈ ਤੇ ਸੰਸਾਰ ਵਿੱਚ ਝਗੜੇ ਉਹੀ

53/7443

ਮਨੁੱਖ ਪਾਉਂਦਾ ਹੈ ਜੋ ਧਰਮ ਗ੍ਰੰਥਾਂ ਰਾਹੀਂ ਆਪਣੇ ਸੱਚੇ ਧਰਮ ਦੇ ਮਾਰਗ ਨੂੰ ਸਮਝਦਾ ਹੀ ਨਹੀਂ ਜੋ ਸੱਚੇ ਧਰਮ ਤੇ ਚੱਲਣ ਦਾ ਮਾਰਗ ਭਾਵ ਉਸ ਸ੍ਰਿਸ਼ਟੀ ਦੇ ਕਰਤੇ ਦਾ ਸੱਚਾ ਨਾਮ ਜਪਣ ਦਾ ਮਾਰਗ ਹਰ ਸੱਚਾ ਧਰਮ ਗ੍ਰੰਥ ਇੱਕੋ ਜਿਹਾ ਹੀ ਸਮਝਾਉਂਦਾ ਹੈ। ਸੱਚਾਈ ਇਹ ਹੈ ਕਿ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਲਿਖੀ ਹੋਈ ਸੱਚਾਈ ਦੀ ਸਮਝ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੋਣ ਦੁਆਰਾ ਹੀ ਪੈਂਦੀ ਹੈ ਜੋ ਹਰ ਧਰਮ ਗ੍ਰੰਥ ਦੇ ਅੰਦਰ ਲਿਖੇ ਹੋਏ ਆਪਣੇ ਸੱਚ ਦੀ ਭਾਵ ਨਾਮ ਦੀ ਸੱਚੀ ਸਿੱਖਿਆ ਦੀ ਸਮਝ ਆਪ ਹੀ ਪਾਉਂਦਾ ਹੈ ਤੇ ਉਸਦੀ ਸੱਚੀ ਸਿੱਖਿਆ ਦੀ ਸਮਝ ਪੈਣ ਦੁਆਰਾ ਹੀ ਕੋਈ ਉਸਦਾ ਸੱਚਾ ਭਗਤ ਬਣ ਸਕਦਾ ਹੈ ਭਾਵੇਂ ਕੋਈ ਉਸਦੇ ਮੇਲ ਤੋਂ ਪਹਿਲੇ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਜਿਹੋ ਜਿਹੀ ਸੱਚੀ ਭਗਤੀ ਦਾ ਮਾਰਗ ਹਿੰਦੂ ਮੱਤ ਵਿੱਚ ਆਸਥਾ ਰੱਖਣ ਵਾਲੇ ਭਗਤਾਂ ਨੇ ਗੁਰਬਾਣੀ ਰਾਹੀਂ ਸੰਸਾਰ ਨੂੰ ਸਮਝਾਇਆ ਹੈ ਉਹੋ ਜਿਹਾ ਧਰਮ ਦਾ ਮਾਰਗ ਹੀ, ਭਗਤੀ ਦਾ ਨਾਮ ਜਪਣ ਦਾ ਮਾਰਗ ਹੀ ਮੁਸਲਿਮ ਮੱਤ ਰੱਖਣ ਵਾਲੇ ਧੰਨ ਧੰਨ ਸ਼ੇਖ ਫਰੀਦ ਜੀ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਇਆ ਹੈ ਭਾਵ ਕਿਸੇ ਵੀ ਮਨੁੱਖ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਨਿਬੜਦਾ ਹੈ ਤੇ ਉਸਦੇ ਨਾਲ ਮੇਲ ਹੋਣ ਤੋਂ ਬਾਅਦ ਉਹ ਫਿਰ ਕਿਸੇ ਵੀ ਸੰਸਾਰ ਦੇ ਦੂਸਰੇ ਮਨੁੱਖ ਦੇ ਨਾਲ ਝਗੜਾ ਨਹੀਂ ਕਰ ਸਕਦਾ, ਕੋਈ ਧਾਰਮਿਕ ਝਗੜਾ ਨਹੀਂ ਕਰ ਸਕਦਾ ਭਾਵੇਂ ਕੋਈ ਪੂਰੇ ਸੰਸਾਰ ਵਿੱਚ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਅਸਲ ਵਿੱਚ ਸਭ ਕੁਝ ਤੇ ਸਭ ਦੇ ਅੰਦਰ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੂੰ ਕੋਈ ਰਾਮ ਰਾਮ ਬੋਲਣ ਦੁਆਰਾ ਵੱਖਰਾ ਸਮਝ ਰਿਹਾ ਹੈ, ਕੋਈ ਅੱਲ੍ਹਾ ਅੱਲ੍ਹਾ ਬੋਲਣ ਦੁਆਰਾ ਵੱਖਰਾ ਸਮਝ ਰਿਹਾ ਹੈ, ਕੋਈ ਵਾਹਿਗੁਰੂ ਵਾਹਿਗੁਰੂ ਬੋਲਣ ਦੁਆਰਾ ਵੱਖਰਾ ਸਮਝ ਰਿਹਾ ਹੈ ਭਾਵ ਹਰ ਕੋਈ ਮਨ ਦੀ ਅਗਿਆਨਤਾ ਕਰਕੇ ਹੀ ਸ੍ਰਿਸ਼ਟੀ ਦੇ ਵੱਖਰੇ ਵੱਖਰੇ ਰੂਪ ਸਮਝ ਰਿਹਾ ਹੈ ਤੇ ਵਿਅਰਥ ਵਿੱਚ ਹੀ ਇੱਕ ਦੂਸਰੇ ਨਾਲ ਝਗੜੇ ਕਰਦਾ ਹੈ ਤੇ ਵਿਅਰਥ ਵਿੱਚ ਹੀ ਹਰ ਕੋਈ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਪਾ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੁੰਦੀ ਕਿ ਹਰ ਮਨੁੱਖੀ ਰੂਪ ਦੇ ਵਿੱਚ ਉਹ ਇੱਕੋ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਕਿਸੇ ਵੀ ਸ੍ਰਿਸ਼ਟੀ ਦੇ ਮਨੁੱਖ ਦਾ ਝਗੜਾ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਦੂਰ ਹੋ ਹੀ ਨਹੀਂ ਸਕਦਾ। ਗੁਰਬਾਣੀ ਦੀ ਰਚਨਾ ਕਰਨ ਵਾਲੇ ਹਰ ਮਨੁੱਖੀ ਸਰੀਰ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਨਿਬੜਿਆ ਹੈ ਭਾਵ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਨਿਬੜਿਆ ਹੈ ਜਿਸ ਕਰਕੇ ਉਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਮਿਲੇ ਹੋਏ ਗਿਆਨ ਦੁਆਰਾ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਨਿਬੇੜਨ ਦਾ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ, ਇੱਕੋ ਜਿਹਾ ਨਾਮ ਜਪਣ ਦਾ ਮਾਰਗ ਸਮਝਾਇਆ ਹੋਇਆ ਹੈ ਜਿਹੋ ਜਿਹਾ ਉਸਦਾ ਨਾਮ ਜਪਣ ਦੁਆਰਾ ਭਾਵ ਉਸਦੇ

ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲਣ ਦੇ ਉੱਦਮ ਕਰਨ ਦੁਆਰਾ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਸੱਚ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਸਦਾ ਲਈ ਨਿਬੇੜ ਸਕਦਾ ਹੈ ਕਿਉਂਕਿ ਉਸ ਤੋਂ ਬਾਅਦ ਫਿਰ ਉਹ ਸਦਾ ਲਈ ਉਸਦੀ ਸੱਚੀ ਸਮਝ ਦੇ ਵਿੱਚ ਹੀ ਸਮਾ ਜਾਂਦਾ ਹੈ, ਉਸਦੇ ਸੱਚੇ ਗਿਆਨ ਵਿੱਚ, ਉਸਦੇ ਨਾਮ ਵਿੱਚ ਹੀ ਸਮਾ ਜਾਂਦਾ ਹੈ। ਹੁਣ ਅਸੀਂ ਇਸ ਗੱਲ ਨੂੰ ਹੋਰ ਵੀ ਵਿਸ਼ਵਾਸ ਨਾਲ ਸਮਝ ਸਕਾਂਗੇ ਕਿ ਹਿੰਦੂ ਮਤ ਦੇ ਨਾਲ ਜੁੜੇ ਹੋਏ ਧੰਨ ਧੰਨ ਭਗਤ ਰਵਿਦਾਸ ਜੀ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਕਲੇਸ਼ ਭਾਵ ਝਗੜਾ ਕਿਸ ਤਰੀਕੇ ਨਿਬੜਿਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੀ ਹੈ। **(ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥ ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥)**

ਜਿਸ ਅਕਾਲ ਪੁਰਖ ਦੇ ਮਨੁੱਖੀ ਰੂਪ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸੰਤਾਪ, ਕਲੇਸ਼, ਵਾਦ ਭਾਵ ਝਗੜਾ ਨਿਬੜ ਜਾਂਦਾ ਹੈ ਭਾਵ ਉਸਦੇ ਭਗਤਾਂ ਦਾ ਨਿਬੜ ਜਾਂਦਾ ਹੈ ਜਿਵੇਂ ਕਿ ਉਹ ਝਗੜਾ ਗੁਰੂ ਸਾਹਿਬਾਨ ਤੇ ਭਗਤਾਂ ਦਾ ਨਿਬੜਿਆ ਹੈ, ਜੋ ਝਗੜਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੀ ਸਮਝ ਦੇ ਵਿੱਚ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਨਿਬੜਦਾ ਹੈ ਭਾਵ ਉਸਦੇ ਸੱਚੇ ਨਾਮ ਦੀ ਸਮਝ ਪੈਣ ਦੁਆਰਾ ਭਾਵ ਉਸਦੀ ਸੱਚੀ ਭਗਤੀ ਪੈਣ ਦੁਆਰਾ ਹੀ ਨਿਬੜਦਾ ਹੈ, ਉਸਦਾ ਸੱਚਾ ਨਾਮ ਜਪਣ ਦੀ ਸਮਝ ਪੈਣ ਦੁਆਰਾ ਹੀ ਨਿਬੜਦਾ ਹੈ ਭਾਵ ਮਨ ਦੇ ਵਿੱਚ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਨਿਬੜਦਾ ਹੈ ਭਾਵ ਮਨ ਦੀ ਹਉਮੈ ਵਾਲੀ ਸਮਝ ਵਿੱਚੋਂ, ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ, ਮਨ ਦੀ ਮਾਇਆ ਦੀ ਜੁਗਤਿ ਵਿੱਚੋਂ, ਮਨ ਦੇ ਪੁੱਠੇ ਕਮਲ ਵਾਲੀ ਸਮਝ ਦੇ ਵਿੱਚੋਂ ਨਿਕਲ ਕੇ ਹੀ ਨਿਬੜਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਵਿੱਚ ਪਹੁੰਚ ਕੇ ਹੀ ਨਿਬੜਦਾ ਹੈ ਜਿਸ ਮਨ ਦੀ ਸੱਚੀ ਸਮਝ ਦੁਆਰਾ ਹੀ ਉਸ ਮਨੁੱਖ

ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੀ ਸਮਝ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਮੇਰੇ ਇਸ ਸਰੀਰ ਦਾ ਮਾਲਕ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਇਸੇ ਤਰ੍ਹਾਂ ਹੀ ਉਹ ਭਾਵ ਆਪਣੇ ਉੱਚੇ ਗਿਆਨ ਦੇ ਰੂਪ ਵਿੱਚ ਹੀ ਉਹ ਹਰ ਮਨੁੱਖੀ ਸਰੀਰ ਵਿੱਚ ਆਪ ਹੀ ਹੈ, ਹਰ ਮਨੁੱਖੀ ਸਰੀਰ ਉਸਦਾ ਆਪਣਾ ਹੀ ਰੂਪ ਹੈ ਜਿਸ ਗੱਲ ਦੀ ਸਮਝ ਮਨ ਦੀ ਹਉਮੈ ਵਾਲੀ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਏ ਕਿਸੇ ਨੂੰ ਇਸ ਗੱਲ ਤੇ ਵਿਸ਼ਵਾਸ ਆ ਹੀ ਨਹੀਂ ਸਕਦਾ ਕਿ ਮੇਰੇ ਮਨੁੱਖੀ ਸਰੀਰ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਹੀ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਭਾਵ ਆਪਣੇ ਨਾਮ ਦੁਆਰਾ ਹੀ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਨਾਮ ਦੁਆਰਾ ਹੀ ਭਾਵ ਆਪਣੀ ਉੱਚੀ ਸਾਇੰਸ ਦੁਆਰਾ ਹੀ ਉਹ ਸਾਰੀ ਸ੍ਰਿਸ਼ਟੀ ਨੂੰ ਬਣਾਕੇ ਚਲਾ ਰਿਹਾ ਹੈ ਤੇ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਉਸਦੀ ਉਹੋ ਜਿਹੀ ਭਗਤੀ ਦੁਆਰਾ ਪਾਇਆ ਜਾ ਸਕਦਾ ਹੈ, ਉਸਦਾ ਉਹੋ ਜਿਹਾ ਨਾਮ ਜਪਣ ਦੁਆਰਾ ਪਾਇਆ ਜਾ ਸਕਦਾ ਹੈ ਜਿਹੋ ਜਿਹਾ ਉਸਦਾ ਨਾਮ ਜਪਣ ਦਾ ਤਰੀਕਾ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਜੋ ਆਪਣੇ ਸ਼ਬਦਾਂ ਦੇ ਅੰਦਰ ਦੀ ਗਹਿਰੀ ਸਮਝ ਮਨ ਦੇ ਵਿੱਚ ਪ੍ਰਗਟ ਹੋਣ ਤੋਂ ਬਾਅਦ ਆਪਣੇ ਮੇਲ ਰਾਹੀਂ ਆਪ ਹੀ ਪਾਉਂਦਾ ਹੈ ਜਦੋਂ ਮਨੁੱਖ ਨੂੰ ਇਹ ਸਮਝ ਲੱਗਦੀ ਹੈ ਕਿ ਉਸਦੀ ਭਗਤੀ ਕਰਨ ਦਾ ਤਰੀਕਾ, ਉਸਦਾ ਨਾਮ ਜਪਣ ਦਾ ਤਰੀਕਾ ਮਨੁੱਖ ਦੀ ਕਥਨੀ ਨਹੀਂ ਬਲਕਿ ਮਨੁੱਖ ਦੀ ਕਰਨੀ ਹੈ ਭਾਵ ਸੱਚੀ ਸੁੱਚੀ ਕਿਰਤ ਕਰਨ ਦੀ ਹੈ ਭਾਵ ਔਗੁਣ ਤਿਆਗਕੇ ਤੇ ਗੁਣੀ ਬਣਕੇ ਚੰਗੇ ਕਰਮ ਕਰਨ ਦੀ ਹੈ, ਮਨੁੱਖਤਾ ਦੇ ਭਲੇ ਲਈ ਵਿਚਰਨ ਦੀ ਹੈ ਜੋ ਉਸਦੀ ਭਗਤੀ ਦਾ ਤਰੀਕਾ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ। ਜਿਸਨੂੰ ਪ੍ਰਮਾਤਮਾ ਆਪਣਾ ਇਹ ਭਗਤੀ ਦਾ ਤਰੀਕਾ ਸਮਝਾਉਂਦਾ ਹੈ ਉਹ ਆਪਣੇ ਇਸੇ ਮਕਸਦ ਲਈ ਸਮਝਾਉਂਦਾ ਹੈ ਕਿ ਉਸਦੀ ਸੱਚੀ ਭਗਤੀ ਦੇ ਤਰੀਕੇ ਨੂੰ ਉਹ ਮਨੁੱਖ ਫਿਰ ਸਾਰੇ ਸੰਸਾਰ ਨੂੰ ਵੀ ਸੱਚੀ ਭਗਤੀ ਦਾ ਤਰੀਕਾ ਸਮਝਾਏ ਜਿਵੇਂ ਕਿ ਉਸਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਉਸਦੀ ਸੱਚੀ ਭਗਤੀ ਦਾ ਤਰੀਕਾ, ਉਸਦਾ ਸੱਚਾ ਨਾਮ ਜਪਣ ਦਾ ਤਰੀਕਾ ਇੱਕੋ ਜਿਹਾ ਹੀ ਸਮਝਾਇਆ ਹੈ ਜੋ ਕਿ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਉੱਚੀ ਤੇ ਸੱਚੀ ਵਿਚਾਰ ਦੁਆਰਾ ਸਮਝਾਇਆ ਹੈ ਜਿਨ੍ਹਾਂ ਸ਼ਬਦਾਂ ਦੇ ਅੰਦਰ ਦੇ ਵਿਚਾਰ ਦੀ ਅਸਲ ਗਹਿਰਾਈ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਸਮਝਾਉਂਦਾ ਹੈ ਜਿਸ ਸ਼ਬਦਾਂ ਦੇ ਅੰਦਰ ਦੀ ਗਹਿਰਾਈ ਨੂੰ ਕਿਸੇ ਵੀ ਮਨੁੱਖ ਨੂੰ ਤ੍ਰੈ ਗੁਣਾਂ ਦੀ ਸਮਝ ਵਿੱਚ ਰਹਿੰਦਿਆਂ ਹੋਏ ਸਮਝਣਾ ਬਹੁਤ ਹੀ ਔਖਾ ਹੁੰਦਾ ਹੈ। ਜਿਸਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕਰੋ ਉਸਨੂੰ ਸਮਝਾਉਣਾ ਬਹੁਤ ਹੀ ਔਖਾ ਹੁੰਦਾ ਹੈ। ਜਿਸ ਆਪਣੇ ਮਨੁੱਖੀ ਰੂਪ ਨੂੰ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾ ਦਿੰਦਾ ਹੈ ਉਸਨੂੰ ਫਿਰ ਇਸ ਗੱਲ ਦੀ ਵੀ ਸਮਝ ਪੈ ਜਾਂਦੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਆਪ ਹੀ ਗੁਰੂ ਹੈ ਜੋ ਕਿ ਪੂਰੀ ਗੁਰਬਾਣੀ ਦੇ ਅੰਦਰ ਆਪਣੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੀ ਹੈ ਤੇ ਉਸਦੀ ਸੱਚੀ ਸਿੱਖਿਆ ਨੂੰ ਮੰਨ ਕੇ ਭਾਵ ਉਸਤੇ ਅਮਲ ਕਰਨ ਦੇ ਨਾਲ ਹੀ ਉਸ ਇੱਕੋ ਇੱਕ ਸੱਚੇ ਗੁਰੂ ਦੇ ਨਾਲ ਮਨੁੱਖ ਦਾ ਪਿਆਰ ਜੁੜਦਾ ਹੈ, ਸ੍ਰਿਸ਼ਟੀ ਦੇ ਕਰਤੇ ਦੇ ਨਾਲ ਪਿਆਰ ਜੁੜਦਾ ਹੈ ਜੋ ਉਸਦੇ ਨਾਲ ਪਿਆਰ ਜੁੜਨ ਦੇ ਵਿੱਚ ਜੋ ਮਨੁੱਖ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਉਸ ਤੋਂ ਉਪਰ ਖੁਸ਼ੀ ਉਸ ਮਨੁੱਖ ਨੂੰ ਹੋਰ ਲੱਗ ਹੀ ਨਹੀਂ ਸਕਦੀ। ਜਿਸ ਉਸਦੇ ਮਨੁੱਖੀ ਰੂਪ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸੱਚਾ ਪਿਆਰ ਜੁੜ ਜਾਂਦਾ ਹੈ ਉਹ ਉਸਦਾ ਆਪਣਾ ਮਨੁੱਖੀ ਰੂਪ ਫਿਰ ਇਹ ਵੀ ਚਾਹੁੰਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੀ ਜੋ ਖੁਸ਼ੀ ਮੈਨੂੰ ਹੋਈ ਹੈ ਮੈਂ ਉਹ ਖੁਸ਼ੀ ਸਭ ਦੇ ਨਾਲ ਸਾਂਝੀ ਕਰਾਂ ਭਾਵ ਸਭ ਨੂੰ ਇਹ ਦਸਾਂ ਕਿ ਸਭ ਦੇ ਅੰਦਰ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਸਦੀ ਸਹੀ ਭਗਤੀ ਕਰਨ ਦਾ ਤਰੀਕਾ, ਉਸਦਾ ਨਾਮ ਜਪਣ ਦਾ ਤਰੀਕਾ ਵੀ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਫਿਰ ਉਹ ਇਹ ਚਾਹੁੰਦਾ ਹੈ ਕਿ ਮੈਂ ਦੂਸਰਿਆਂ ਨੂੰ ਉਨ੍ਹਾਂ ਦੇ ਭਰਮਾਂ ਵਿੱਚੋਂ ਕੱਢਾ ਜਿਨ੍ਹਾਂ ਭਰਮਾਂ ਕਰਕੇ ਉਹ ਭਗਤੀ ਦੇ ਉਹੋ ਜਿਹੇ ਤਰੀਕੇ ਅਪਨਾਉਂਦੇ ਹਨ ਜਿਹੋ ਜਿਹੇ ਤਰੀਕਿਆਂ ਦਾ ਸ੍ਰਿਸ਼ਟੀ ਦੇ ਕਰਤੇ ਨੇ ਸ਼ਬਦਾਂ ਵਿੱਚ ਪੂਰੀ ਬਾਣੀ ਰਾਹੀਂ ਆਪ ਹੀ ਖੰਡਨ ਕਰਵਾਇਆ ਹੋਇਆ ਹੈ ਕਿ ਇਹੋ ਜਿਹੇ ਤਰੀਕਿਆਂ ਦੁਆਰਾ ਮੈਨੂੰ ਕੋਈ ਵੀ ਨਹੀਂ ਜਾਣ ਸਕਦਾ ਤੇ ਮੈਨੂੰ ਕੇਵਲ ਉਹੀ ਜਾਣ ਸਕਦਾ ਹੈ ਜੋ ਸੱਚੀ ਭਗਤੀ ਦੇ ਮਾਰਗ ਨੂੰ ਅਪਨਾਉਂਦਾ ਹੈ ਜਿਹੋ ਜਿਹਾ ਮਾਰਗ ਆਪ ਹੀ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ। ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਖੁਸ਼ੀ ਨੂੰ ਸੰਸਾਰੀ ਮਨੁੱਖਾਂ ਦੇ ਨਾਲ ਸਾਂਝੀ ਕਰਨ ਵਿੱਚ, ਉਨ੍ਹਾਂ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਉਣ ਵਿੱਚ ਜਿਸ ਸੱਚੀ ਭਗਤੀ ਦੇ ਮਾਰਗ ਤੇ ਚੱਲ ਕੇ ਹੀ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਜੋ ਸੱਚੀ ਭਗਤੀ ਦਾ ਮਾਰਗ ਭਰਮਾਂ ਵਾਲੀ ਭਗਤੀ ਵਿੱਚੋਂ ਨਿਕਲ ਕੇ ਹੀ ਅਪਣਾਇਆ ਜਾ ਸਕਦਾ ਹੈ, ਦੂਸਰਿਆਂ ਨੂੰ ਸਮਝਾਉਣ ਵਿੱਚ ਫਿਰ ਉਹ ਮਨੁੱਖ ਕੀ ਮਹਿਸੂਸ ਕਰਦਾ ਹੈ ਇਹੀ ਗੱਲ ਭਗਤ ਰਵਿਦਾਸ ਜੀ ਦੇ ਹੇਠ ਦਿੱਤੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਹ ਗੱਲ ਇਸ ਨਿਮਾਣੇ ਜਿਹੇ ਦਾਸ ਦੇ ਨਾਲ ਅਨੇਕਾਂ ਹੀ ਵਾਰੀ ਬੀਤੀ ਹੈ ਤੇ ਹੁਣ ਵੀ ਬੀਤ ਰਹੀ ਹੈ।

“ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥”

ਉਪਰ ਵਾਲੇ ਪਦੇ ਨੂੰ ਅਸੀਂ ਤਾਂ ਹੀ ਸਮਝ ਸਕਦੇ ਹਾਂ ਜੇਕਰ ਅਸੀਂ ਇਸ ਗੱਲ ਨੂੰ ਧਿਆਨ ਨਾਲ ਸਮਝੀਏ ਜਿਵੇਂ ਕਿ ਇਹ ਪਦਾ ਲਿਖਣ ਤੋਂ ਪਹਿਲੇ ਉਪਰ ਇਹ ਗੱਲ ਲਿਖੀ ਗਈ ਹੈ। ਇਸ ਪਦੇ ਦੇ ਅਰਥ ਨੂੰ ਉਹੀ ਸਮਝ ਸਕਦਾ ਹੈ ਤੇ ਪੱਕੇ ਤੌਰ ਤੇ ਮੰਨ ਸਕਦਾ ਹੈ ਜੋ ਆਪਣੇ ਅੰਦਰੋਂ ਭਗਤੀ ਦੀ ਸੱਚੀ ਸਿੱਖਿਆ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ ਤੇ ਇਸ ਗੱਲ ਨੂੰ ਸਮਝ ਲੈਂਦਾ ਹੈ ਕਿ ਜਿਸਦੇ ਅੰਦਰ ਵੀ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਉਹ ਸੱਚੀ ਭਗਤੀ ਦਾ ਮਾਰਗ ਸਮਝਾਉਣ ਲਈ ਹੀ ਕਰਦਾ ਹੈ ਤੇ

ਮਨ ਦੇ ਵਿੱਚ ਉਹ ਪ੍ਰਗਟ ਹੋ ਕੇ ਆਪਣੀ ਸੱਚੀ ਭਗਤੀ ਦਾ ਮਾਰਗ ਆਪ ਹੀ ਦ੍ਰਿੜ ਕਰਾਉਂਦਾ ਹੈ ਜਿਸ ਆਪਣੀ ਭਗਤੀ ਦੇ ਮਾਰਗ ਤੇ ਉਹ ਉਸ ਮਨੁੱਖ ਨੂੰ ਆਪ ਹੀ ਚਲਾਉਂਦਾ ਹੈ ਤੇ ਸਾਰੇ ਸੰਸਾਰ ਨੂੰ ਉਹੋ ਜਿਹੀ ਭਗਤੀ ਸਮਝਾਉਣ ਲਈ ਹੀ ਪ੍ਰੇਰਦਾ ਹੈ ਭਾਵ ਪਹਿਲੇ ਮਨ ਦੇ ਵਿੱਚ ਆਪਣਾ ਨਾਮ ਜਪਾਉਂਦਾ ਹੈ ਤੇ ਉਨ੍ਹਾਂ ਸਰੀਰਾਂ ਰਾਹੀਂ ਸਾਰੇ ਸੰਸਾਰ ਨੂੰ ਆਪਣਾ ਨਾਮ ਜਪਣਾ ਸਿਖਾਉਂਦਾ ਹੈ ਜਿਵੇਂ ਕਿ ਉਸਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਭਾਵ ਉਸਦੇ ਸੱਚੇ ਸੰਤਾਂ ਨੇ ਆਪਣੇ ਜੀਵਨ ਵਿੱਚ ਪਹਿਲੇ ਆਪ ਨਾਮ ਜਪਿਆ ਹੈ ਭਾਵ ਪਹਿਲੇ ਉਹ ਆਪ ਸੱਚੀ ਭਗਤੀ ਦੇ ਮਾਰਗ ਤੇ ਚੱਲੇ ਹਨ ਤੇ ਉਹੀ ਮਾਰਗ ਉਨ੍ਹਾਂ ਨੇ ਪੂਰੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਇਆ ਹੈ ਤਾਂ ਜੋ ਸੰਸਾਰ ਵਿੱਚ ਹਰ ਮਨੁੱਖ ਉਹੋ ਜਿਹੀ ਸੱਚੀ ਭਗਤੀ ਦੇ ਮਾਰਗ ਤੇ ਚੱਲੇ ਜਿਸ ਮਾਰਗ ਤੇ ਚੱਲਣ ਦੁਆਰਾ ਹੀ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਸਨੂੰ ਭਾਵੇਂ ਕੋਈ ਗਾਡ ਕਹਿ ਕੇ ਪੁਕਾਰਦਾ ਹੈ, ਅੱਲ੍ਹਾ ਕਹਿ ਕੇ ਪੁਕਾਰਦਾ ਹੈ, ਪ੍ਰਮਾਤਮਾ ਕਹਿ ਕੇ ਪੁਕਾਰਦਾ ਹੈ, ਅਕਾਲ ਪੁਰਖ ਕਹਿ ਕੇ ਪੁਕਾਰਦਾ ਹੈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਹ ਤਾਂ ਇੱਕੋ ਇੱਕ ਆਪ ਹੀ ਹੈ ਜਿਸਨੂੰ ਹਰ ਕੋਈ ਜਾਨਣਾ ਚਾਹੁੰਦਾ ਹੈ। ਇਹ ਗੱਲ ਕਿਸੇ ਨੂੰ ਵੀ ਸਮਝਾਉਣੀ ਬਹੁਤ ਔਖੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ ਤੇ ਉਸਨੂੰ ਜਾਨਣ ਦਾ ਤਰੀਕਾ ਵੀ ਸਾਰੇ ਸੰਸਾਰ ਲਈ ਇੱਕੋ ਹੈ ਭਾਵ ਉਸਦਾ ਨਾਮ ਵੀ ਇੱਕੋ ਹੀ ਹੈ ਤੇ ਸਾਰੇ ਸੰਸਾਰ ਲਈ ਉਸਦਾ ਨਾਮ ਜਪਣ ਦਾ ਤਰੀਕਾ ਵੀ ਇੱਕੋ ਹੀ ਹੈ। ਜੋ ਭਗਤੀ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਦੇ ਕੋਲੋਂ ਫਿਰ ਜੋ ਕੋਈ ਵੀ ਭਗਤੀ ਦਾ ਮਾਰਗ ਜਾਨਣਾ ਚਾਹੁੰਦਾ ਹੈ ਉਹ ਫਿਰ ਹਰ ਕਿਸੇ ਨੂੰ ਉਹੋ ਜਿਹੀ ਭਗਤੀ ਕਰਨ ਦਾ ਮਾਰਗ ਹੀ ਸਮਝਾਉਂਦਾ ਹੈ, ਉਹੋ ਜਿਹਾ ਨਾਮ ਜਪਣਾ ਹੀ ਸਮਝਾਉਂਦਾ ਹੈ ਜਿਹੋ ਜਿਹਾ ਮਾਰਗ ਸਾਰੀ ਸ੍ਰਿਸ਼ਟੀ ਨੂੰ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਇੱਕੋ ਜਿਹਾ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਇਆ ਹੈ ਭਾਵ ਸੱਚੀ ਭਗਤੀ ਤੇ ਨਾਸਮਝੀ ਵਾਲਾ ਭਗਤੀ ਵਿੱਚ ਫਰਕ ਸਮਝਾਇਆ ਹੈ ਭਾਵ ਨਾਮਸਝੀ ਵਾਲੀ ਭਗਤੀ ਦੇ ਮਾਰਗ ਦਾ ਖੰਡਨ ਕੀਤਾ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਆਪਣੇ ਜੀਵਨ ਵਿੱਚ ਜਿਨ੍ਹਾਂ ਨੇ ਵੀ ਆਪਣੇ ਅੰਦਰੋਂ ਭਗਤੀ ਦੇ ਮਾਲਕ ਨੂੰ ਜਾਣ ਕੇ ਦੂਸਰਿਆਂ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਇਆ ਹੈ ਭਾਵ ਕਹਿ ਕੇ ਸਮਝਾਇਆ ਹੈ ਪਰ ਉਨ੍ਹਾਂ ਦੀ ਇਸ ਗੱਲ ਨੂੰ ਕੋਈ ਮੰਨਣ ਲਈ ਤਿਆਰ ਨਹੀਂ ਹੁੰਦਾ ਕਿਉਂਕਿ ਹਰ ਕੋਈ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਆਪਣੀ ਨਾਸਮਝੀ ਵਾਲੀ ਭਗਤੀ ਨੂੰ ਹੀ ਸੱਚੀ ਭਗਤੀ ਸਮਝਦਾ ਹੈ ਭਾਵ ਸੱਚੀ ਭਗਤੀ ਦਾ ਮਾਰਗ ਕਿਸੇ ਨੂੰ ਸਮਝਾਉਣਾ ਬਹੁਤ ਔਖਾ ਹੈ ਕਿਉਂਕਿ ਸੱਚੇ ਮਾਰਗ ਦੀ ਵਿਰੋਧਤਾ ਕਰਨ ਵਾਲੇ ਵੀ ਬਹੁਤ ਹੁੰਦੇ ਹਨ ਜਿਸ ਆਪਣੇ ਮਨ ਦੇ ਸੱਚੇ ਵਿਚਾਰਾਂ ਦੀ ਵਿਰੋਧਤਾ ਨੂੰ ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿੱਚ ਝੇਲਿਆ ਹੈ ਪਰ ਆਪਣੀ ਸੱਚੀ ਭਗਤੀ ਦਾ ਮਾਰਗ ਨਹੀਂ ਛੱਡਿਆ ਕਿਉਂਕਿ ਉਨ੍ਹਾਂ ਦੇ ਅੰਦਰ ਸ੍ਰਿਸ਼ਟੀ ਦੇ ਮਾਲਕ ਨੇ ਆਪ ਪ੍ਰਗਟ ਹੋ ਕੇ ਆਪਣੀ ਸੱਚੀ ਭਗਤੀ ਦਾ ਮਾਰਗ ਆਪ ਹੀ ਦ੍ਰਿੜ ਕਰਵਾਇਆ ਹੁੰਦਾ ਹੈ, ਆਪਣਾ

ਸੱਚ ਦਾ ਮਾਰਗ ਸਮਝਾਕੇ ਉਸ ਸੱਚ ਤੇ ਚੱਲਣ ਦੀ ਅਡੋਲਤਾ ਆਪ ਹੀ ਬਖਸ਼ੀ ਹੁੰਦੀ ਹੈ ਜੋ ਸੱਚ ਦਾ ਮਾਰਗ ਕਿਸੇ ਨੂੰ ਸਮਝਾਉਣਾ ਭਾਵ ਕਹਿਣਾ ਬਹੁਤ ਹੀ ਔਖਾ ਹੁੰਦਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਧੰਨ ਧੰਨ ਭਗਤ ਰਵਿਦਾਸ ਜੀ ਸਾਨੂੰ ਇਹੀ ਗੱਲ ਸਮਝਾ ਰਹੇ ਹਨ। **(ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥)**

ਇਸ ਨਿਮਾਣੇ ਜਿਹੇ ਦਾਸ ਨਾਲ ਆਪਣੇ ਜੀਵਨ ਵਿੱਚ ਇਹ ਸਭ ਕੁਝ ਬੀਤ ਚੁੱਕਾ ਹੈ ਕਿ ਇਹ ਗੁਰਮਤਿ ਤੋਂ ਉਲਟ ਗੱਲਾਂ ਕਰਦਾ ਹੈ। ਇੱਥੋਂ ਤੱਕ ਕਿ ਕਈਆਂ ਨੇ ਦਾਸ ਨਾਲ ਵਰਤਣਾ ਵੀ ਬੰਦ ਕਰ ਦਿੱਤਾ ਹੈ ਕਿ ਇਸਦੀ ਮਤਿ ਮਾਰੀ ਗਈ ਹੈ ਪਰ ਪ੍ਰਮਾਤਮਾ

ਨੇ ਮਤਿ ਕਿਸਦੀ ਮਾਰੀ ਹੋਈ ਹੈ ਭਾਵ ਭਗਤੀ ਦਾ ਸੱਚਾ ਮਾਰਗ ਸਮਝਣ ਵਿੱਚ ਉਸਨੇ ਸਭ ਨੂੰ ਆਪ ਹੀ ਅਸਮਰਥ ਕਿਸ ਤਰੀਕੇ ਕੀਤਾ ਹੋਇਆ ਹੈ ਇਸ ਗੱਲ ਨੂੰ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਦੇ ਹੀ ਆ ਰਹੇ ਹਾਂ। ਸਭ ਦੇ ਅੰਦਰ ਹਉਮੈ ਦਾ ਪੜਦਾ ਵੀ ਉਸਨੇ ਆਪ ਹੀ ਪਾਇਆ ਹੋਇਆ ਹੈ ਤੇ ਉਸ ਪੜਦੇ ਵਿੱਚੋਂ ਕੱਢ ਵੀ ਕਿਸੇ ਨੂੰ ਆਪ ਹੀ ਸਕਦਾ ਹੈ ਜਿਸ ਮਨ ਦੀ ਅਗਿਆਨਤਾ ਵਾਲੇ ਪੜਦੇ ਵਿੱਚੋਂ ਨਿਕਲਕੇ ਹੀ ਕੋਈ ਆਪਣੇ ਅੰਦਰੋਂ ਸੱਚੀ ਭਗਤੀ ਦੇ ਮਾਲਕ ਨੂੰ ਜਾਣ ਸਕਦਾ ਹੈ ਤੇ ਉਸਦੀ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕਦਾ ਹੈ। ਉਸਦੀ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਵਾਲੇ ਮਨੁੱਖ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਤੇ ਇਸੇ ਲਈ ਉਨ੍ਹਾਂ ਮਨੁੱਖਾਂ ਨੂੰ ਕੋਈ ਬੁਰਾ ਕਹਿੰਦਾ ਹੈ ਤਾਂ ਉਹ ਉਸਦੀ ਗੱਲ ਦਾ ਬੁਰਾ ਨਹੀਂ ਮਨਾਉਂਦੇ ਭਾਵ ਇਸ ਗੱਲ ਵਿੱਚ ਉਹ ਦੁੱਖ ਮਹਿਸੂਸ ਨਹੀਂ ਕਰਦੇ ਪਰ ਉਨ੍ਹਾਂ ਨੂੰ ਦੁੱਖ ਕਿਸ ਗੱਲ ਦਾ ਮਹਿਸੂਸ ਹੁੰਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੁ ਸਹੀਐ ॥੪॥੨॥”

“ਜਾ ਕਾਰਨਿ ਹਮ ਤੁਮ ਆਰਾਧੇ” ਤੋਂ ਭਾਵ ਹੈ ਕਿ ਹੇ ਸ੍ਰਿਸ਼ਟੀ ਦੇ ਕਰਤੇ ਮੈਂ ਜਿਸ ਕਾਰਨ ਲਈ ਭਾਵ ਜਿਸ ਮਕਸਦ ਲਈ ਤੈਨੂੰ ਆਰਾਧਿਆ ਹੈ ਭਾਵ ਤੇਰੇ ਕੋਲੋਂ ਭਗਤੀ ਦਾ ਮਾਰਗ ਸਿੱਖਿਆ ਹੈ ਭਾਵ ਤੂੰ ਆਪਣੀ ਭਗਤੀ ਦਾ ਮਾਰਗ ਮੈਨੂੰ ਕਿਸੇ ਮਕਸਦ ਲਈ ਹੀ ਸਮਝਾਇਆ ਹੈ ਉਸ ਮਕਸਦ ਦੀ ਪੂਰਤੀ ਕਰਨ ਵਿੱਚ ਮੈਨੂੰ ਹੁਣ ਵੀ ਦੁੱਖ ਮਹਿਸੂਸ ਹੁੰਦਾ ਹੈ। ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਤੋਂ ਵੱਡਾ ਸੁੱਖ ਸੰਸਾਰ ਵਿੱਚ ਹੋਰ ਕੋਈ ਨਹੀਂ ਹੋ ਸਕਦਾ ਜਿਸ ਸੁੱਖ ਦੀ ਪ੍ਰਾਪਤੀ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਹੋਈ ਹੈ ਪਰ ਫਿਰ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਿਸ ਗੱਲ ਦਾ ਦੁੱਖ ਮਹਿਸੂਸ ਕੀਤਾ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਨੇ ਮਾਇਆ ਮੋਹ ਤਿਆਗਣ ਵਿੱਚ ਦੁੱਖ ਮਹਿਸੂਸ ਨਹੀਂ ਕੀਤਾ, ਉਨ੍ਹਾਂ ਨੂੰ ਅਨੇਕਾਂ ਵਾਰੀ ਦੁਨੀਆਂ ਨੇ ਮਾੜਾ ਵੀ ਕਿਹਾ ਹੈ, ਜੇਲਾਂ ਵਿੱਚ ਵੀ ਪਾਇਆ ਹੈ, ਬਦਨਾਮੀਆਂ ਵੀ ਸਹੀਆਂ ਹਨ ਪਰ ਇਸ ਗੱਲ ਵਿੱਚ ਵੀ ਉਨ੍ਹਾਂ ਨੇ ਦੁੱਖ ਮਹਿਸੂਸ ਨਹੀਂ ਕੀਤਾ, ਸਰੀਰ ਵੀ ਕਟਵਾਏ ਹਨ, ਬੱਚਿਆਂ

ਦੀਆਂ ਕੁਰਬਾਨੀਆਂ ਵੀ ਦਿੱਤੀਆਂ ਹਨ ਪਰ ਇਹ ਸਭ ਕੁਝ ਉਨ੍ਹਾਂ ਨੇ ਹੱਸ ਕੇ ਕਬੂਲ ਕੀਤਾ ਹੈ ਪਰ ਉਨ੍ਹਾਂ ਨੇ ਦੁੱਖ ਕਿਸ ਗੱਲ ਵਿੱਚ ਮਹਿਸੂਸ ਕੀਤਾ ਹੈ ਇਹ ਦੁੱਖ ਉਸ ਮਕਸਦ ਦੀ ਪੂਰਤੀ ਨਾ ਹੋਣ ਦੁਆਰਾ ਹੁੰਦਾ ਹੈ ਜਿਸ ਮਕਸਦ ਲਈ ਅਕਾਲ ਪੁਰਖ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਸੱਚੀ ਭਗਤੀ ਦਾ ਮਾਰਗ ਦ੍ਰਿੜ ਕਰਵਾਉਂਦਾ ਹੈ, ਸੱਚੇ ਧਰਮ ਦਾ ਮਾਰਗ ਦ੍ਰਿੜ ਕਰਵਾਉਂਦਾ ਹੈ ਜੋ ਸੱਚੇ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਭਾਵ ਮਨੁੱਖਤਾ ਦੇ ਭਲੇ ਲਈ ਹੀ ਹੈ। ਭਗਤੀ ਦਾ ਸੱਚਾ ਮਾਰਗ ਸਭ ਨੂੰ ਸਮਝਾਉਣਾ ਤੇ ਉਸ ਮਾਰਗ ਤੇ ਆਪ ਚੱਲ ਕੇ ਦਿਖਾਉਣਾ ਫਿਰ ਉਨ੍ਹਾਂ ਦਾ ਫਰਜ ਬਣ ਜਾਂਦਾ ਹੈ, ਜਿੰਮੇਵਾਰੀ ਬਣ ਜਾਂਦੀ ਹੈ ਜੋ ਜਿੰਮੇਵਾਰੀ ਆਪਣੇ ਸਰੀਰ ਦੇ ਰਹਿੰਦਿਆਂ ਹੱਸ ਕੇ ਨਿਭਾਉਂਦੇ ਹਨ ਪਰ ਉਹ ਦੁੱਖ ਇਸ ਗੱਲ ਵਿੱਚ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਸਮਝਾਇਆ ਹੋਇਆ ਸੱਚ, ਉਨ੍ਹਾਂ ਦੇ ਦੁਆਰਾ ਸਮਝਾਇਆ ਹੋਇਆ ਨਾਮ ਜਪਣ ਦਾ ਮਾਰਗ, ਉਨ੍ਹਾਂ ਦੁਆਰਾ ਸਮਝਾਇਆ ਹੋਇਆ ਸੱਚੀ ਭਗਤੀ ਦਾ ਮਾਰਗ ਕੋਈ ਮੰਨਣ ਲਈ ਤਿਆਰ ਨਹੀਂ ਹੁੰਦਾ ਭਾਵ ਉਸ ਤੇ ਅਮਲ ਕਰਨ ਲਈ ਤਿਆਰ ਨਹੀਂ ਹੁੰਦਾ ਜੋ ਉਸਦੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਹੈ ਤੇ ਇਸੇ ਲਈ ਹਰ ਸੱਚੇ ਧਰਮ ਗ੍ਰੰਥ ਵਿੱਚ ਸ੍ਰਿਸ਼ਟੀ ਦੇ ਕਰਤੇ ਨੇ ਸਭ ਨੂੰ ਇੱਕੋ ਜਿਹੇ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਕਿ ਜਿਸ ਸੱਚ ਦੇ ਮਾਰਗ ਤੇ ਚੱਲ ਕੇ ਕੋਈ ਇੱਕ ਮਨੁੱਖ ਦੂਸਰੇ ਮਨੁੱਖ ਦਾ ਮਾੜਾ ਕਰ ਹੀ ਨਹੀਂ ਸਕਦਾ, ਕੋਈ ਧਾਰਮਿਕ ਝਗੜਾ ਪਾ ਹੀ ਨਹੀਂ ਸਕਦਾ ਭਾਵ ਸ੍ਰਿਸ਼ਟੀ ਦੇ ਕਰਤੇ ਨਾਲ ਫਿਰ ਇਸ ਤਰੀਕੇ ਝਗੜਾ ਨਹੀਂ ਪਾ ਸਕਦਾ ਕਿਉਂਕਿ ਹਰ ਮਨੁੱਖੀ ਰੂਪ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਪਰ ਇਸ ਗੱਲ ਦੀ ਸਮਝ ਉਸਨੂੰ ਹੀ ਪੈਂਦੀ ਹੈ ਜੋ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਸਮਝ ਲੈਂਦਾ ਹੈ ਕਿ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਤੇ ਸੱਚ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਉਸਨੂੰ ਕੋਈ ਅੱਲ੍ਹਾ ਕਹਿ ਕੇ ਪੁਕਾਰੇ, ਗਾਡ ਕਹਿ ਕੇ ਪੁਕਾਰੇ, ਭਗਵਾਨ ਕਹਿ ਕੇ ਪੁਕਾਰੇ, ਪ੍ਰਮਾਤਮਾ ਕਹਿ ਕੇ ਪੁਕਾਰੇ, ਅਕਾਲ ਪੁਰਖ ਕਹਿ ਕੇ ਪੁਕਾਰੇ ਜਾਂ ਕਿਸੇ ਵੀ ਹੋਰ ਨਾਮ ਦੁਆਰਾ ਪੁਕਾਰੇ ਉਸਨੂੰ ਕੀ ਫਰਕ ਪੈਂਦਾ ਹੈ ਕਿਉਂਕਿ ਸਭ ਕੁਝ ਉਹ ਆਪ ਹੀ ਹੈ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਮਨੁੱਖਤਾ ਦੇ ਭਲੇ ਲਈ ਹੀ ਕੁਰਬਾਨੀਆਂ ਦਿੱਤੀਆਂ ਹਨ ਜਿਵੇਂ ਕਿ ਨੌਵੀਂ ਪਾਤਸ਼ਾਹੀ ਨੇ ਹਿੰਦੂ ਸਮਾਜ ਦੀ ਰੱਖਿਆ ਕਰਨ ਲਈ ਕੁਰਬਾਨੀ ਦਿੱਤੀ ਹੈ, ਆਪਣਾ ਸਰੀਰ ਕਟਵਾਇਆ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਹਿੰਦੂ ਸਮਾਜ ਵੀ ਉਸ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਮਨੁੱਖੀ ਰੂਪ ਹੈ ਤੇ ਉਨ੍ਹਾਂ ਦੀ ਰੱਖਿਆ ਕਰਨਾ ਮੇਰਾ ਫਰਜ ਹੈ ਭਾਵ ਮੇਰਾ ਧਰਮ

ਹੈ ਜੋ ਧਰਮ ਦਾ ਫਰਜ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਨਿਭਾ ਕੇ ਦਿਖਾਇਆ ਹੈ ਭਾਵ ਸੱਚ ਤੇ ਚੱਲ ਕੇ ਦਿਖਾਇਆ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਉਹੋ ਜਿਹਾ ਨਾਮ ਜਪ ਕੇ ਦਿਖਾਇਆ ਹੈ ਜਿਹੋ ਜਿਹਾ ਆਪਣਾ

53/7448

ਨਾਮ ਜਪਣਾ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ ਤੇ ਆਪ ਹੀ ਉਸਤੇ ਅਮਲ ਕਰਵਾਉਂਦਾ ਹੈ। ਉਸਦੇ ਸਾਰੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਜੋ ਸੱਚ ਦਾ ਮਾਰਗ ਗੁਰਬਾਣੀ ਰਾਹੀਂ ਸਮਝਾਇਆ ਹੈ ਉਸ ਤੇ ਅਮਲ ਵੀ ਕਰਕੇ ਦਿਖਾਇਆ ਹੈ। ਜੇਕਰ ਕਿਸੇ ਨੂੰ ਬਾਰ-ਬਾਰ ਸੱਚ ਸਮਝਾਇਆ ਜਾਵੇ ਭਾਵ ਬਾਰ-ਬਾਰ ਧਰਮ ਦਾ ਮਾਰਗ ਸਮਝਾਇਆ ਜਾਵੇ ਪਰ ਫਿਰ ਵੀ ਕੋਈ ਮੰਨਣ ਨੂੰ ਤਿਆਰ ਨਾ ਹੋਵੇ ਭਾਵ ਮਨੁੱਖਤਾ ਤੇ ਜੁਲਮ ਕਰਨੇ ਨਾ ਛੱਡੇ ਫਿਰ ਇਹੋ ਜਿਹਿਆਂ ਨੂੰ ਸਜਾ ਦੇਣਾ ਵੀ ਧਰਮ ਦਾ ਮਾਰਗ ਹੀ ਹੈ ਜੋ ਕਿ ਸੱਚ ਦੀ ਰਾਖੀ ਕਰਨ ਦਾ, ਧਰਮ ਦੇ ਮਾਰਗ ਦੀ ਰਾਖੀ ਕਰਨ ਦਾ ਮਾਰਗ ਹੈ ਜਿਸ ਮਾਰਗ ਤੇ ਜਾਲਮਾਂ ਨੂੰ ਸਜਾਵਾਂ ਦੇਣ ਦੁਆਰਾ ਧੰਨ ਧੰਨ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿੱਚ ਚੱਲ ਕੇ ਦਿਖਾਇਆ ਹੈ। ਔਰੰਗਜੇਬ ਉਸ ਸਮੇਂ ਦਾ ਇੱਕ ਜਾਲਮ ਬਾਦਸ਼ਾਹ ਸੀ ਜੋ ਬੇਵਜ੍ਹਾ ਹੀ ਬੇਗੁਨਾਹਾਂ ਨੂੰ ਮਰਵਾਉਂਦਾ ਸੀ ਜਿਸ ਲਈ ਉਸਨੂੰ ਦਸਵੀਂ ਪਾਤਸ਼ਾਹੀ ਨੇ ਅਨੇਕਾਂ ਵਾਰੀ ਸਮਝਾਇਆ ਸੀ, ਅਨੇਕਾਂ ਵਾਰੀ ਸੁਨੇਹੇ ਭੇਜ ਭੇਜ ਕੇ ਸਮਝਾਇਆ ਸੀ ਪਰ ਉਸ ਜਾਲਮ ਤੇ ਫਿਰ ਵੀ ਕੋਈ ਅਸਰ ਨਾ ਹੋਇਆ ਭਾਵ ਉਹ ਸੱਚ ਨੂੰ ਨਾ ਕਬੂਲ ਕਰਨ ਤੇ ਅੜਿਆ ਹੋਇਆ ਸੀ ਤੇ ਫਿਰ ਸੱਚ ਦੀ ਰਾਖੀ ਲਈ ਹੀ ਦਸਵੀਂ ਪਾਤਸ਼ਾਹੀ ਨੇ ਫੌਜਾਂ ਤਿਆਰ ਕੀਤੀਆਂ ਤੇ ਫੌਜਾਂ ਦੇ ਅੰਦਰ ਉਹੋ ਜਿਹੇ ਹੌਂਸਲੇ ਭਰੇ ਜਿਹੋ ਜਿਹੇ ਹੌਂਸਲਿਆਂ ਨਾਲ ਉਨ੍ਹਾਂ ਨੇ ਥੋੜੀ ਜਿਹੀ ਫੌਜ ਨਾਲ ਹੀ ਇੱਕ ਵੱਡੇ ਬਾਦਸ਼ਾਹ ਦੀ ਵੱਡੀ ਫੌਜ ਨੂੰ ਹਰਾਇਆ ਭਾਵ ਉਸ ਜਾਲਮ ਨੂੰ ਅਕਲ ਸਿਖਾਈ। ਹਰ ਧਾਰਮਿਕ ਆਸਥਾ ਦੇ ਵਿੱਚ ਚੰਗੇ ਵਿਚਾਰ ਰੱਖਣ ਵਾਲੇ ਵੀ ਬਹੁਤ ਹੁੰਦੇ ਹਨ ਤੇ ਇਸੇ ਲਈ ਪੀਰ ਬੁਧੂ ਸ਼ਾਹ ਨੇ ਇੱਕ ਮੁਸਲਮਾਨ ਹੁੰਦੇ ਹੋਏ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ, ਔਰੰਗਜੇਬ ਦੀਆਂ ਫੌਜਾਂ ਦੇ ਵਿਰੁੱਧ ਲੜਨ ਲਈ ਵੀ ਸਾਥ ਦਿੱਤਾ ਭਾਵ ਸੱਚ ਦਾ ਸਾਥ ਦਿੱਤਾ ਤੇ ਝੂਠ ਦੇ ਨਾਲ ਲੜਾਈ ਕੀਤੀ। ਇਸ ਤਰੀਕੇ ਜਦੋਂ ਸੱਚ ਝੂਠ ਨੂੰ ਹਰਾਉਂਦਾ ਹੈ ਇਸ ਵਿੱਚ ਹੀ ਸੁੱਖ ਮਹਿਸੂਸ ਹੁੰਦਾ ਹੈ ਕਿ ਸੱਚ ਦੀ ਜਿੱਤ ਹੋਈ ਹੈ। ਇਸੇ ਤਰ੍ਹਾਂ ਪੰਜਾਬ ਸੂਬੇ ਵਿੱਚ ਮਲੇਰਕੋਟਲਾ ਰਿਆਸਤ ਦੇ ਨਵਾਬ ਇੱਕ ਮੁਸਲਮਾਨ ਸਨ ਜਿਨ੍ਹਾਂ ਨੇ ਉਸ ਵੇਲੇ ਸਰਹੰਦ ਰਿਆਸਤ ਦੇ ਨਵਾਬ ਜੋ ਕਿ ਮੁਸਲਮਾਨ ਹੀ ਸਨ ਉਸਦੀ ਆਪ ਮੁਸਲਮਾਨ ਹੁੰਦੇ ਵੀ ਵਿਰੋਧਤਾ ਕੀਤੀ ਜਦੋਂ ਸਰਹਿੰਦ ਦੇ ਨਵਾਬ ਨੇ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਛੋਟੇ ਜਿਹੇ ਮਾਸੂਮ ਬੱਚਿਆਂ ਨੂੰ, ਬਿਲਕੁੱਲ ਵੀ ਬੇਕਸੂਰਾਂ ਨੂੰ ਨੀਹਾਂ ਵਿੱਚ ਚਿਨਵਾਉਣ ਦੇ ਹੁਕਮ ਕੀਤੇ ਸਨ ਜਿਸ ਤੋਂ ਮਾੜਾ ਕਰਮ ਕੋਈ ਇੱਕ ਮਨੁੱਖ ਦੂਸਰੇ ਮਨੁੱਖ ਨਾਲ ਹੋਰ ਕੀ ਕਰ ਸਕਦਾ ਹੈ। ਸਰਹਿੰਦ ਦੇ ਉਸ ਹਰਾਮਖੋਰ ਨਵਾਬ ਨੂੰ ਫਿਰ ਗੁਰੂ ਦੇ ਸਾਜੇ ਹੋਏ ਸਿੰਘਾਂ ਨੇ ਫਿਰ ਕਿਹੋ ਜਿਹੀ ਸਜਾ ਦਿੱਤੀ ਸੀ ਇਸ ਗੱਲ ਦਾ ਸਭ ਨੂੰ ਪਤਾ ਹੀ ਹੈ। ਇਹ ਸੱਚ ਦੀ ਝੂਠ ਨੂੰ ਸਜਾ ਹੀ ਦਿੱਤੀ ਗਈ ਸੀ ਭਾਵ ਸੱਚ ਦੇ ਮਾਰਗ ਤੇ ਚੱਲਕੇ ਹੀ ਦਿਖਾਇਆ ਗਿਆ ਸੀ। ਸਰਹਿੰਦ ਦੇ ਉਸ ਹਰਾਮਖੋਰ ਨਵਾਬ ਨੇ ਛੋਟੇ ਛੋਟੇ ਬੱਚਿਆਂ ਨੂੰ ਸ਼ਹੀਦ ਕਰਨ ਤੋਂ ਬਾਅਦ ਉਨ੍ਹਾਂ ਬੱਚਿਆਂ

53/7449

ਦੇ ਸੰਸਕਾਰ ਲਈ ਥੋੜੀ ਜਿਹੀ ਜਗ੍ਹਾ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ ਤੇ ਜਗ੍ਹਾ ਦੇਣ ਲਈ ਉਸਨੇ ਵੱਡੀ ਰਕਮ ਮੰਗੀ ਜੋ ਰਕਮ ਅਦਾ ਕਰਨ ਲਈ ਦੀਵਾਨ ਟੋਡਰ ਮੱਲ ਸਾਹਮਣੇ ਆਇਆ ਜੋ ਕਿ ਇੱਕ ਹਿੰਦੂ ਪਰਿਵਾਰ ਤੋਂ ਸੀ ਤੇ ਉਸਨੇ ਬੱਚਿਆਂ ਦੇ ਸੰਸਕਾਰ ਲਈ ਮੂੰਹ ਮੰਗੀ ਰਕਮ ਦਿੱਤੀ ਜਿਸ ਲਈ ਦੀਵਾਨ ਟੋਡਰ ਮੱਲ ਨੂੰ ਅੱਜ ਵੀ ਸਿੱਖ ਜਗਤ ਵਿੱਚ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਮਾਇਆ ਦਾ ਨਹੀਂ, ਸੱਚਾਈ ਦਾ ਸਾਥ ਦਿੱਤਾ ਸੀ। ਬਹੁਤ ਔਖਾ ਹੈ ਸੱਚ ਤੇ ਚੱਲਣਾ, ਬਹੁਤ ਔਖਾ ਹੈ ਆਪਣਾ ਧਾਰਮਿਕ ਫਰਜ ਨਿਭਾਉਣਾ, ਬਹੁਤ ਔਖਾ ਹੈ ਉਸ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਨਿਪਟਾਉਣਾ ਜੋ ਉਸਦੇ ਨਾਲ ਝਗੜਾ ਨਿਪਟਾਉਣ ਦਾ ਉਦੱਮ ਸੱਚ ਦੇ ਮਾਰਗ ਤੇ ਚੱਲਣ ਦੁਆਰਾ ਹੀ ਨਿਪਟਾਇਆ ਜਾ ਸਕਦਾ ਹੈ ਭਾਵ ਹਰ ਮਨੁੱਖ ਦੇ ਨਾਲ ਚੰਗਾ ਵਰਤਾਵ ਕਰਨ ਦੁਆਰਾ ਹੀ ਨਿਪਟਾਇਆ ਜਾ ਸਕਦਾ ਹੈ, ਸੱਚੇ ਧਰਮ ਗ੍ਰੰਥਾਂ ਦੇ ਵਿੱਚ ਸਮਝਾਏ ਹੋਏ ਸੱਚ ਨੂੰ ਸੱਚ ਦੇ ਮਾਰਗ ਤੇ ਚੱਲ ਕੇ ਹੀ ਸਮਝਾਇਆ ਜਾ ਸਕਦਾ ਹੈ। ਆਪਣੇ ਆਪ ਨੂੰ ਭਗਤੀ ਵਾਲਾ ਕਹਿਣਾ ਤਾਂ ਬਹੁਤ ਸੌਖਾ ਹੈ ਪਰ ਭਗਤੀ ਵਾਲੇ ਬਣਨਾ ਕਿਤਨਾ ਕੁ ਔਖਾ ਹੈ, ਉਪਰ ਭਗਤ ਰਵਿਦਾਸ ਜੀ ਦੇ ਸ਼ਬਦ ਦੁਆਰਾ ਅਸੀਂ ਇਹੋ ਕੁੱਝ ਹੀ ਸਮਝਿਆ ਹੈ। ਸਾਰੀ ਗੱਲ ਮਨ ਦੇ ਭਰਮਾਂ ਵਿੱਚੋਂ ਨਿਕਲ ਕੇ ਸੱਚ ਨੂੰ ਸਮਝਣ ਦੀ ਹੈ ਭਾਵ ਮਨ ਦੇ ਅਗਿਆਨਤਾ ਵਾਲੇ ਬੰਧਨ ਤੋਂ ਛੁੱਟਣ ਦੀ ਹੈ ਤੇ ਤਾਂ ਹੀ ਕੋਈ ਸੱਚ ਦੇ ਮਾਰਗ ਨੂੰ ਸਮਝ ਕੇ ਤੇ ਉਸ ਸੱਚ ਦੇ ਅਨੁਸਾਰ ਚੱਲਣ ਦਾ ਉੱਦਮ ਕਰਕੇ ਹੀ ਸੱਚ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਨਿਬੇੜ ਸਕਦਾ ਹੈ ਜਿਸ ਤਰੀਕੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਦੇ ਨਾਲ ਝਗੜਾ ਨਿਬੇੜਿਆ ਹੈ ਤੇ ਉਸਦੇ ਨਾਲ ਝਗੜਾ

ਨਿਬੇੜਨਾ ਸਿਖਾਇਆ ਹੈ। **(ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ॥ ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥ ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥ ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੂ ਮਰਮੁ ਜਨਾਇਆ ॥ ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥ ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥ ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥ ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥ ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥ ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥ ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥ ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥ ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥ ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥)**

ਆਪਣੇ ਆਪ ਨੂੰ ਜੋ ਭਰਮ ਦੇ ਵਿੱਚ ਹੀ ਧਰਮ ਦੇ ਵਿਦਵਾਨ ਸਮਝਦੇ ਹਨ ਉਹੋ ਜਿਹਿਆਂ ਨੂੰ ਧਰਮ ਦਾ ਮਾਰਗ ਸਮਝਾਉਣਾ ਕਿਤਨਾ ਔਖਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਰੁ ਸਰੁ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਪਉੜੀ ॥

{ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ ॥
ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ ੯੬੧)

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

ਮਃ ੧ ॥

{ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥ ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥
ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ੀ ਕਮਾਣਾ ਨਾਉ ॥ ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥
ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਿ ਬੈਠੇ ਸੁਤੇ ॥ ਚਾਕਰ ਨਹਦਾ ਪਾਇਨ੍ਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥ ਜਿਥੈ ਜੀਆਂ ਹੋਸੀ ਸਾਰ ॥ ਨਕੀਂ ਵਢੀ ਲਾਇਤਬਾਰ ॥੨॥}

(ਅੰਗ ੧੨੮੮)

ਪਉੜੀ ॥

{ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥ ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥ ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥ ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥}

(ਅੰਗ ੧੨੮੮)

53/7450

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਜਿਸ ਰਾਹੀਂ ਉਹੋ ਜਿਹਿਆਂ ਨੂੰ ਗੁਰੂ ਸਾਹਿਬ ਨੇ ਬਹੁਤ ਮਾੜਾ ਕਿਹਾ ਹੋਇਆ ਹੈ ਜੋ ਭਗਤੀ ਦੇ ਸੱਚੇ ਮਾਰਗ ਨੂੰ ਨਾ ਸਮਝਦੇ ਹੋਏ ਵੀ ਆਪਣੇ ਆਪ ਨੂੰ ਸਮਝਦਾਰ ਅਖਵਾਉਂਦੇ ਹਨ, ਭਗਤੀ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ। ਭਗਤੀ ਦੇ ਸੱਚੇ ਮਾਰਗ ਤੇ ਗੁਰੂ ਦੇ ਭਉ ਨੂੰ ਮੰਨ ਕੇ ਹੀ ਚੱਲਿਆ ਜਾ ਸਕਦਾ ਹੈ, ਗੁਰੂ ਦੇ ਭਉ ਨੂੰ ਮੰਨਣਾ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਰਾਹੀਂ ਪਿੱਛੇ ਸਮਝਿਆ ਹੀ ਹੈ। ਸਾਡੇ ਸਭ ਦੇ ਅੰਦਰ ਭਉ ਗੁਰੂ ਦੀ ਮਤਿ ਨੂੰ ਮੰਨਣ ਦਾ ਹੀ ਹੁੰਦਾ ਹੈ ਤੇ ਉਹ ਭਉ ਛੱਡੇ ਬਿਨਾਂ ਅਸੀਂ ਨਾ ਗੁਰਮਤਿ ਨੂੰ ਅਪਨਾ ਸਕਦੇ ਹਾਂ ਤੇ ਨਾ ਹੀ ਉਹ ਚੰਗੇ ਕਰਮ ਕਰ ਸਕਦਾ ਹੈ ਜਿਹੋ ਜਿਹੇ ਕਰਮ ਕਰਨੇ ਗੁਰੂ ਸਾਨੂੰ ਸਮਝਾਉਂਦਾ ਹੈ। ਮਨੁੱਖ ਮਾੜੇ ਕਰਮ ਕਰਨੇ ਵੀ ਨਾ ਛੱਡੇ ਤੇ ਫਿਰ ਵੀ ਆਪਣੇ ਆਪ ਨੂੰ ਭਗਤੀ ਵਾਲਾ ਅਖਵਾਏ, ਇਸੇ ਲਈ ਉਪਰ ਵਾਲੇ ਸ਼ਬਦ ਦੁਆਰਾ ਇਨ੍ਹਾਂ ਨੂੰ ਬਹੁਤ ਹੀ ਮਾੜਾ ਕਿਹਾ ਗਿਆ ਹੈ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨੁੱਖ ਦਾ ਝਗੜਾ ਮਾੜੇ ਕਰਮ ਛੱਡਣ ਦੁਆਰਾ ਹੀ ਨਿਬੜਦਾ ਹੈ ਤੇ ਜੇਕਰ ਕੋਈ ਭਗਤੀ ਦੇ ਸੱਚੇ ਮਾਰਗ ਨੂੰ ਜਾਨਣ ਵਾਲਾ ਮਨੁੱਖ ਇਹੋ ਜਿਹਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਤੁਸੀਂ ਭਗਤੀ ਦੇ ਗਲਤ ਮਾਰਗ ਤੇ ਚੱਲ ਰਹੇ ਹੋ ਜਿਸ ਰਾਹੀਂ ਤੁਸੀਂ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਹੀ ਵਧਾ ਰਹੇ ਹੋ, ਉਸਨੇ ਆਪਣੀ ਝੂਠੀ ਭਗਤੀ ਦੇ ਨਸ਼ੇ ਵਿੱਚ ਤੁਹਾਡੀ ਸੱਚੀ ਗੱਲ ਨੂੰ ਕੀ ਮੰਨਣਾ ਹੈ ਉਲਟਾ ਉਸਦੇ ਨਾਲ ਹੀ ਝਗੜਾ ਕਰਦਾ ਹੈ, ਲੜਨ ਨੂੰ ਆਉਂਦਾ ਹੈ ਜੇਕਰ ਉਨ੍ਹਾਂ ਨੂੰ ਸੱਚ ਸਮਝਾਇਆ ਜਾਵੇ, ਸੱਚੀ ਗੁਰਮਤਿ ਸਮਝਾਈ ਜਾਵੇ ਜਿਸ ਸੱਚੀ ਗੁਰਮਤਿ ਤੇ ਅਮਲ ਕਰਕੇ ਤੇ ਆਪਣੀ ਮਤਿ ਛੱਡ ਕੇ ਹੀ ਭਾਵ ਝੂਠੀ ਭਗਤੀ, ਦਿਖਾਵੇ ਵਾਲੀ ਭਗਤੀ ਛੱਡ ਕੇ ਹੀ ਗੁਰੂ ਦੀ ਮਤਿ ਨੂੰ ਅਪਨਾਇਆ ਜਾ ਸਕਦਾ ਹੈ ਭਾਵ ਗੁਰੂ ਦਾ ਸੱਚਾ ਨਾਮ ਜਪਣ ਦਾ ਉਦੱਮ ਕੀਤਾ ਜਾ ਸਕਦਾ ਹੈ ਜਿਸ ਸੱਚੇ ਉਦੱਮ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਕੋਈ ਵੀ ਮਨੁੱਖ ਆਪਣਾ ਝਗੜਾ ਨਿਬੇੜਨ ਦਾ ਅਸਲ ਉਪਰਾਲਾ ਕਰ ਸਕਦਾ ਹੈ ਭਾਵ ਉਸਦੇ ਨਾਲ ਮੇਲ ਕਰਨ ਦਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉੱਦਮ ਕਰ ਸਕਦਾ ਹੈ।

ਜਦ ਤੱਕ ਅਸੀਂ ਗੁਰਮਤਿ ਨੂੰ ਪੂਰਨ ਰੂਪ ਵਿੱਚ ਨਹੀਂ ਅਪਨਾਉਂਦੇ ਭਾਵ ਮਨਮਤਿ ਨਹੀਂ ਛੱਡਦੇ, ਹਉਮੈ ਨਹੀਂ ਛੱਡਦੇ ਤੇ ਫਿਰ ਵੀ ਆਪਣੇ ਆਪ ਨੂੰ ਭਗਤੀ ਵਾਲੇ ਸਮਝਦੇ ਹਾਂ ਇਸ ਤਰੀਕੇ ਸਾਡਾ ਪ੍ਰਮਾਤਮਾ ਦੇ ਨਾਲ ਕਦੇ ਝਗੜਾ ਨਹੀਂ ਮੁੱਕ ਸਕਦਾ। ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ॥

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥
ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥ ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥
ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥ ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥
ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥
ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥ ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥
ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥ ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥
ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥}

(ਅੰਗ ੫੫-੫੬)

53/7451

ਸਲੋਕ ਮਃ ੪ ॥

{ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥
ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥}

(ਅੰਗ ੩੧੬)

ਸਲੋਕ ਮਃ ੩ ॥

{ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥
ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥
ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥

ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥}

(ਅੰਗ ੫੪੮-੫੪੯)

ਉਪਰ ਵਾਲੇ ਸ਼ਬਦਾਂ ਵਿੱਚ ਜੋ ਝਗੜੇ ਦੀ ਗੱਲ ਕੀਤੀ ਹੋਈ ਹੈ ਉਹ ਕਿਸੇ ਸੰਸਾਰਿਕ ਝਗੜੇ ਦੀ ਗੱਲ ਨਹੀਂ ਕੀਤੀ ਗਈ ਤੇ ਇਨ੍ਹਾਂ ਸ਼ਬਦਾਂ ਰਾਹੀਂ ਸਾਡਾ ਅੱਲ੍ਹਾ, ਅਕਾਲ ਪੁਰਖ ਨਾਲ ਝਗੜਾ ਹੀ ਸਮਝਾਇਆ ਹੋਇਆ ਹੈ ਜਿਸ ਝਗੜੇ ਦਾ ਕਾਰਣ ਸਾਡੇ ਵਿਕਾਰ ਸਮਝਾਏ ਹੋਏ ਹਨ ਜਿਨ੍ਹਾਂ ਮਨ ਦੇ ਵਿਕਾਰਾਂ ਰਾਹੀਂ ਮਾੜੇ ਕਰਮ ਕਰਦੇ ਹਾਂ ਤੇ ਦੂਸਰਿਆਂ ਨੂੰ ਦੁੱਖ ਪਹੁੰਚਾਉਂਦੇ ਹਾਂ, ਦੂਸਰਿਆਂ ਦਾ ਹੱਕ ਖਾਂਦੇ ਹਾਂ ਭਾਵ ਮਨੁੱਖਤਾ ਦਾ ਮਾੜਾ ਕਰਦੇ ਹਾਂ। ਹਰ ਮਨੁੱਖ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਤੇ ਕਿਸੇ ਮਨੁੱਖ ਦੁਆਰਾ ਕਿਸੇ ਹੋਰ ਮਨੁੱਖ ਦਾ ਮਾੜਾ ਕਰਨਾ ਸਾਡਾ ਸ੍ਰਿਸ਼ਟੀ ਦੇ ਕਰਣਹਾਰ ਨਾਲ ਝਗੜਾ ਹੈ ਜੋ ਝਗੜਾ ਉਸਦੇ ਨਾਲ ਮਾੜੇ ਕਰਮ ਛੱਡਣ ਦੁਆਰਾ ਹੀ ਭਾਵ ਚੰਗੇ ਕਰਮ ਕਰਨ ਦੁਆਰਾ ਹੀ ਨਿਬੇੜਿਆ ਜਾ ਸਕਦਾ ਹੈ ਤੇ ਮਾੜੇ ਕਰਮ ਕਰਨੇ ਛੱਡੇ ਬਿਨ੍ਹਾਂ ਜਿਹੋ ਜਿਹੇ ਤਰੀਕੇ ਅਸੀਂ ਆਪਣੇ ਵੱਲੋਂ ਅਪਨਾਏ ਹੋਏ ਹਨ ਉਹ ਤਰੀਕੇ ਵੀ ਗੁਰਮਤਿ ਦੇ ਉਲਟ ਹਨ ਤੇ ਜੋ ਕੁਝ ਵੀ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ ਉਸ ਦੁਆਰਾ ਅਸੀਂ ਗੁਰੂ ਦੇ ਨਾਲ ਉਲਟਾ ਝਗੜਾ ਵਧਾਉਂਦੇ ਹੀ ਹਾਂ ਭਾਵ ਭਰਮਾਂ ਵਾਲੀ ਭਗਤੀ ਵਿੱਚ ਹੀ ਹਰ ਕੋਈ ਫਸਿਆ ਹੋਇਆ ਹੈ ਜੋ ਮਨ ਦੇ ਭਰਮ ਛੱਡੇ ਬਿਨਾਂ ਨਾ ਕੋਈ ਧਰਮ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ ਜੋ ਸੱਚੇ ਧਰਮ ਦਾ ਮਾਰਗ ਸਾਰੇ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵ ਸੱਚੇ ਧਰਮ ਗ੍ਰੰਥਾਂ ਰਾਹੀਂ ਸਮਝਾਈ ਹੋਈ ਸੱਚੀ ਮਤਿ ਤੇ ਚੱਲਣ ਦਾ ਹੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਜਿਸ ਦੁਆਰਾ ਸਾਡਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਨਿਬੜ ਸਕਦਾ ਹੈ ਜੋ ਸ੍ਰਿਸ਼ਟੀ ਦਾ ਕਰਤਾ ਸਭ ਲਈ ਇੱਕੋ ਜਿਹਾ ਹੀ ਹੈ ਤੇ ਸਭ ਨੂੰ ਮਿਲਦਾ ਵੀ ਇੱਕੋ ਜਿਹੇ ਤਰੀਕੇ ਨਾਲ ਹੀ ਹੈ ਭਾਵ ਉਸਦੇ ਸੱਚੇ ਧਰਮ ਗ੍ਰੰਥਾਂ ਦੁਆਰਾ ਸਮਝਾਏ ਹੋਏ ਸੱਚ ਨੂੰ ਅਪਨਾਉਣ ਦੁਆਰਾ ਹੀ ਉਸਨੂੰ ਪਾਉਣ ਦਾ ਕੋਈ ਵੀ ਸੱਚਾ ਉਪਰਾਲਾ ਕਰ ਸਕਦਾ ਹੈ ਜੋ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਦਾ ਸੱਚੇ ਗਿਆਨ ਦਾ ਆਪ ਹੀ ਮਾਲਕ ਹੈ ਤੇ ਉਸ ਲਈ ਹਰ ਮਨੁੱਖ ਇੱਕੋ ਜਿਹਾ ਹੀ ਹੈ ਤੇ ਧਰਮ ਗ੍ਰੰਥਾਂ ਰਾਹੀਂ ਉਸਦੇ ਸਮਝਾਏ ਹੋਏ ਸੱਚ ਨੂੰ ਅਪਨਾ ਕੇ ਹੀ ਕੋਈ ਸੱਚ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਕੋਈ ਆਪਣਾ ਝਗੜਾ ਨਿਬੇੜ ਸਕਦਾ ਹੈ ਭਾਵ ਉਸਦੇ ਨਾਲ ਮੇਲ ਕਰਨ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਜੋ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਆਪਣੇ ਜੋਤਿ ਰੂਪ ਵਿੱਚ ਹੀ ਵਰਤ ਰਿਹਾ ਹੈ ਭਾਵੇਂ ਕੋਈ ਜਿਹੋ ਜਿਹੀ ਵੀ

53/7452

ਧਾਰਮਿਕ ਆਸਥਾ ਨਾਲ ਜੜਿਆ ਹੋਵੇ ਭਾਵ ਚਾਹੇ ਉਹ ਜਿਹੋ ਜਿਹੇ ਵੀ ਸੱਚੇ ਧਰਮ ਗ੍ਰੰਥ ਦੀ ਮਤਿ ਦੇ ਨਾਲ ਜੁੜਿਆ ਹੋਵੇ। ਸਾਰੀ ਗੱਲ ਸੱਚ ਨੂੰ ਮੰਨ ਕੇ ਉਸਤੇ ਚੱਲਣ ਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੀ ਹੈ, ਪੂਰੀ ਮਨੁੱਖਤਾ ਦੇ ਨਾਲ ਚੰਗੀ ਵਰਤਣ ਰੱਖਣ ਦੀ ਹੈ ਜੋ ਪੂਰੀ ਮਨੁੱਖਤਾ ਦੇ ਰਚਣਹਾਰ ਦੇ ਨਾਲ ਝਗੜਾ ਨਿਬੇੜਨ ਦਾ ਅਸਲ ਤਰੀਕਾ ਹੈ ਜੋ ਕਿ ਸਾਡੀ ਕਰਨੀ ਦਾ ਮਾਰਗ ਹੈ ਨਾ ਕਿ ਕੇਵਲ ਧਰਮ ਗ੍ਰੰਥਾਂ ਦੀ ਕਥਨੀ ਕਰਨ ਨਾਲ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ।

ਘਰੁ ੨ ॥

{ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥ ਨੈਨ ਰਹੇ ਰੰਗੁ ਲਾਈ ॥
ਅਬ ਬੇ ਗਲ ਕਹਨੁ ਨ ਜਾਈ ॥੧॥ ਹਮਰਾ ਭਰਮੁ ਗਇਆ ਭਉ ਭਾਗਾ ॥
ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥ ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥
ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥੨॥ ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥ ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥
ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ ੬੫੫)

ਬਿਲਾਵਲੁ ਮਹਲਾ ੪ ॥

{ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥
ਹਰਿ ਜਨ ਦੇਖਹੁ ਸਤਿਗੁਰੁ ਨੈਨੀ ॥ ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ ॥੧॥ ਰਹਾਉ ॥
ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥
ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥੨॥
ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥
ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥
ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥੫॥}

(ਅੰਗ ੮੦੦)

ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਨਿਬੇੜਨ ਲਈ ਪਹਿਲੇ ਆਪਣੇ ਨਾਲ ਝਗੜਾ ਕਰਨਾ ਪੈਂਦਾ ਹੈ ਭਾਵ ਆਪਣੀ ਨਾਸਮਝ ਮਤਿ ਦੇ ਨਾਲ ਝਗੜਾ ਕਰਨਾ ਪੈਂਦਾ ਹੈ, ਆਪਣੇ ਮਨ ਦੇ ਨਾਲ ਝਗੜਾ ਕਰਨਾ ਪੈਂਦਾ ਹੈ, ਆਪਣੇ ਮਨ ਦੇ ਨਾਸਮਝ ਮਾੜੇ ਵਿਚਾਰਾਂ ਦੇ ਨਾਲ ਝਗੜਾ ਕਰਨਾ ਪੈਂਦਾ ਹੈ, ਆਪਣੇ ਮਾਇਆ ਮੋਹ ਵਾਲੇ ਵਿਚਾਰਾਂ ਦੇ ਨਾਲ ਝਗੜਾ ਕਰਨਾ ਪੈਂਦਾ ਹੈ ਭਾਵ ਉਨ੍ਹਾਂ ਨੂੰ ਜਿੱਤਣਾ ਪੈਂਦਾ ਹੈ ਤਾਂ ਜੋ ਅਸੀਂ ਮਨ ਦੇ ਮਾੜੇ ਵਿਚਾਰਾਂ ਨੂੰ ਜਿੱਤ ਸਕੀਏ ਜੋ ਸਾਡੇ ਮਨ ਦੇ ਮਾੜੇ ਵਿਚਾਰ ਸਾਡੇ ਕੋਲੋਂ ਮਾੜੇ ਕਰਮ ਕਰਾਉਂਦੇ ਹਨ ਜਿਸ ਰਾਹੀਂ ਸਾਡਾ ਅਕਾਲ ਪੁਰਖ ਨਾਲ ਝਗੜਾ ਪਵਾਉਂਦੇ ਹਨ। ਬਹੁਤ ਔਖਾ ਹੈ ਮਨ ਦੇ ਵਿਚਾਰਾਂ ਨਾਲ ਝਗੜਾ ਕਿਉਂਕਿ ਮਨ ਦੇ ਮਾਇਆ ਮੋਹ ਵਾਲੇ ਵਿਕਾਰਾਂ ਕਰਕੇ ਹੀ ਅਸੀਂ ਮਾਇਆ ਦੇ ਸੁੱਖਾਂ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਾਂ ਜਿਨ੍ਹਾਂ ਸੁੱਖਾਂ ਦੀ ਪ੍ਰਾਪਤੀ ਲਈ ਹੀ ਅਸੀਂ ਮਾੜੇ ਕਰਮ ਕਰਦੇ ਹਾਂ। ਪ੍ਰਮਾਤਮਾ ਦੇ ਨਾਲ ਝਗੜਾ ਨਿਬੇੜਨ ਲਈ ਪਹਿਲੇ ਮਾਇਆ ਮੋਹ ਵਾਲੇ ਵਿਚਾਰਾਂ ਨਾਲ ਝਗੜਾ ਕਰਨਾ ਹੀ ਪੈਂਦਾ ਹੈ ਭਾਵ ਅਨੇਕਾਂ ਹੀ ਮਾਇਆ ਦੇ ਸੁੱਖਾਂ ਦਾ ਤਿਆਗ ਕਰਨਾ ਪੈਂਦਾ ਹੈ ਭਾਵ ਆਪਣੇ ਮਨ ਨੂੰ ਜਿੱਤਣਾ ਪੈਂਦਾ ਹੈ ਤੇ ਆਪਣੇ ਮਨਮਤਿ ਵਾਲੇ ਵਿਚਾਰਾਂ ਨੂੰ ਗੁਰਮਤਿ ਦੇ ਵਿਚਾਰਾਂ ਦੁਆਰਾ ਹਰਾਉਣਾ ਪੈਂਦਾ ਹੈ ਜੋ ਕਿ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਔਖਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਲਈ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਔਖਾ ਹੈ ਭਾਵ ਉਸਦੀ ਸੱਚੀ ਭਗਤੀ ਦਾ ਮਾਰਗ, ਉਸਦਾ ਨਾਮ ਜਪਣ ਦਾ ਮਾਰਗ ਸਭ ਲਈ ਇੱਕੋ ਜਿਹਾ ਹੀ ਹੈ ਕਿਉਂਕਿ ਉਹ ਇੱਕੋ ਇੱਕ ਆਪ ਹੀ ਹੈ ਤੇ ਉਸਨੂੰ ਜਾਣਿਆ ਵੀ ਇੱਕੋ ਤਰੀਕੇ ਨਾਲ ਹੀ ਜਾ ਸਕਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

53/7453

ਮਃ ੩ ॥

{ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥
ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥ ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥
ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥
ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ॥ ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ ॥
ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ ॥ ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ॥
ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ॥ ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥੨॥}

(ਅੰਗ ੮੭)

ਪਉੜੀ ॥

{ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥
ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥}

(ਅੰਗ ੮੭)

ਜੋ ਸਾਰੇ ਅਸੀਂ ਦੂਸਰਿਆਂ ਨਾਲ ਝਗੜੇ ਪਾਉਂਦੇ ਹਾਂ ਜੋ ਕਿ ਆਪਣੇ ਸੁਆਰਥ ਕਰਕੇ ਪਾਉਂਦੇ ਹਾਂ ਉਸ ਰਾਹੀਂ ਝਗੜਾ ਅਸੀਂ ਗੁਰੂ ਦੀ ਮਤਿ ਦੇ ਨਾਲ ਹੀ ਦਿਖਾਉਂਦੇ ਹਾਂ ਜੋ ਗੁਰੂ ਦੀ ਮਤਿ ਸਾਨੂੰ ਸਾਰੇ ਝਗੜੇ ਪਾਉਣ ਤੋਂ ਦੂਰ ਰਹਿਣ ਲਈ ਸਮਝਾਉਂਦੀ ਹੈ। ਗੁਰੂ ਦੀ ਮਤਿ ਨਾ ਮੰਨਣਾ ਹੀ ਗੁਰੂ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਭਾਵ ਅੱਲ੍ਹਾ, ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਪਾਉਣ ਵਾਲੀ ਗੱਲ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

{ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥
ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥
ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੁਆਵਣਾ ॥
ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥}

(ਅੰਗ ੫੬੬)

ਪ੍ਰਮਾਤਮਾ ਦੇ ਨਾਲ ਹਰ ਕਿਸੇ ਦਾ ਝਗੜਾ ਮਨ ਦੀ ਨਾਸਮਝੀ ਕਰਕੇ, ਮਨ ਦੀ ਮਾਇਆ ਮੋਹ ਵਾਲੀ ਸਮਝ ਕਰਕੇ, ਸਭ ਦੇ ਅੰਦਰ ਦੀ ਹਉਮੈ ਕਰਕੇ ਹੀ ਹੈ ਜਿਸ ਮਨ ਦੀ ਅਗਿਆਨਤਾ ਵਾਲੀ, ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਨਾ ਮਨੁੱਖ ਨੂੰ ਸੱਚੀ ਭਗਤੀ ਦੇ ਮਾਲਕ ਦੀ ਸਮਝ ਪੈਂਦੀ ਹੈ, ਨਾਮ ਜਪਣ ਦੇ ਮਾਲਕ ਦੀ ਸਹੀ ਸਮਝ ਪੈਂਦੀ ਹੈ ਤੇ ਨਾ ਹੀ ਉਸ ਸੱਚੇ ਮਾਰਗ ਤੇ ਚੱਲਿਆ ਜਾ ਸਕਦਾ ਹੈ। ਅਸੀਂ ਅਨੇਕਾਂ ਹੀ ਇਸ ਗੱਲ ਨੂੰ ਲੈ ਕੇ ਆਪਸ ਵਿੱਚ ਝਗੜੇ ਕਰਦੇ ਹਾਂ ਕਿ ਮੇਰੀ ਧਾਰਮਿਕ ਆਸਥਾ ਦੂਸਰਿਆਂ ਦੀ ਧਾਰਮਿਕ ਆਸਥਾ ਨਾਲੋਂ ਚੰਗੀ ਹੈ ਜਿਸਦਾ ਕਾਰਣ ਕੇਵਲ ਮਨ ਦੀ ਹਉਮੈ ਹੁੰਦੀ ਹੈ, ਅਗਿਆਨਤਾ ਹੁੰਦੀ ਹੈ ਤੇ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਅਸਲ ਵਿੱਚ ਹਰ ਮਨੁੱਖੀ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਇਸ ਮਨ ਦੀ ਨਾਸਮਝੀ ਕਰਕੇ ਅਸੀਂ ਆਪਸ ਵਿੱਚ ਜੋ ਝਗੜੇ ਪਾਉਂਦੇ ਹਾਂ ਇਸ ਨਾਲ ਅਸੀਂ ਆਪਣਾ ਝਗੜਾ ਅੱਲ੍ਹਾ, ਪ੍ਰਮਾਤਮਾ, ਗਾਡ, ਅਕਾਲ ਪੁਰਖ ਨਾਲ ਹੀ ਪਾਉਂਦੇ ਹਾਂ ਜੋ ਸ੍ਰਿਸ਼ਟੀ ਦੇ ਸੁਆਮੀ ਦੇ ਸਭ ਆਪਣੇ ਹੀ ਨਾਮ ਹਨ। ਇਸੇ ਲਈ ਸ੍ਰਿਸ਼ਟੀ ਦੇ ਸੁਆਮੀ ਦੇ ਨਾਲ ਝਗੜਾ ਉਸਦਾ ਹੀ ਨਿਬੜਦਾ ਹੈ ਜੋ ਸ੍ਰਿਸ਼ਟੀ ਦੇ ਸੁਆਮੀ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ, ਮਨ ਰੂਪ ਜੋਤਿ ਰਾਹੀਂ ਜਾਣ ਲੈਂਦਾ ਹੈ ਜਿਸ ਆਪਣੇ ਜੋਤਿ ਰੂਪ ਵਿੱਚ ਹੀ ਸ੍ਰਿਸ਼ਟੀ ਦਾ ਸੁਆਮੀ ਸਭ ਜਗ੍ਹਾ ਤੇ ਹਰ ਮਨੁੱਖੀ ਰੂਪ ਵਿੱਚ ਵਰਤ ਰਿਹਾ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ ॥

{ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥
ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥ ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥}

(ਅੰਗ ੭੯੦)

ਸਾਰੀ ਗੱਲ ਹਉਮੈ ਤੇ ਨਾਮ ਵਿੱਚ ਫਰਕ ਨਾ ਸਮਝ ਆਉਣ ਵਿੱਚ ਹੈ। ਹਉਮੈ ਤੇ ਨਾਮ ਵਿੱਚ ਫਰਕ ਹੀ ਉਸ ਵੇਲੇ ਨਜਰ ਆਉਂਦਾ ਹੈ ਜਦੋਂ ਕਿਸੇ ਨੂੰ ਅਕਾਲ ਪੁਰਖ ਦੇ ਘਰੋਂ ਸੰਸਾਰ ਵਿੱਚ ਕਿਸੇ ਵਿਰਲੇ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਪ੍ਰਾਪਤੀ ਬ੍ਰਹਮ ਗਿਆਨ ਰੂਪ ਵਿੱਚ, ਮਨ ਦੇ ਜੋਤਿ ਰੂਪ ਵਿੱਚ ਹੁੰਦੀ ਹੈ, ਜੋਤਿ ਦੇ ਮਾਲਕ ਰਾਹੀਂ ਹੀ ਹੁੰਦੀ ਹੈ ਜੋ ਪ੍ਰਾਪਤੀ ਗਿਆਨ ਦੇ ਰੂਪ ਵਿੱਚ ਹੁੰਦੀ ਹੈ, ਗੁਰਮਤਿ ਦੀ ਸੱਚੀ ਸਿੱਖਿਆ ਦੇ ਰੂਪ ਵਿੱਚ ਹੁੰਦੀ ਹੈ ਭਾਵ ਭਗਤੀ ਦੇ ਮਾਰਗ ਦੀ ਸੱਚੀ ਸਮਝ ਦੇ ਰੂਪ ਵਿੱਚ ਹੁੰਦੀ ਹੈ, ਉਸਦਾ ਸੱਚਾ ਨਾਮ ਜਪਣ ਦੇ ਮਾਰਗ ਦੇ ਰੂਪ ਵਿੱਚ ਹੁੰਦੀ ਹੈ ਜੋ ਉਸਦਾ ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਸ ਸੱਚੇ ਮਾਰਗ ਤੇ ਚੱਲਦੇ ਹੋਏ ਉਹ ਮਨੁੱਖ ਕਿਸੇ ਦੂਸਰੇ ਮਨੁੱਖ ਨਾਲ ਇਸ ਗੱਲੋਂ ਝਗੜਾ ਨਹੀਂ ਕਰ ਸਕਦਾ ਕਿ ਇਹ ਮਨੁੱਖ ਮੇਰੇ ਨਾਲੋਂ ਕੋਈ ਦੂਸਰੀ ਧਾਰਮਿਕ ਆਸਥਾ ਰੱਖਣ ਵਾਲਾ ਹੈ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਹਰ ਮਨੁੱਖੀ ਰੂਪ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਰਚਨਹਾਰ ਆਪ ਹੀ ਹੈ ਤੇ ਉਸਨੇ ਆਪ ਹੀ ਸਭਦੇ ਅੰਦਰ ਹਉਮੈ ਰੂਪ ਮਨ ਦੀ ਅਗਿਆਨਤਾ ਦਾ ਪੜਦਾ ਪਾ ਕੇ ਸਭ ਨੂੰ ਆਪਣੇ ਅੰਦਰੋਂ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ, ਭਗਤੀ ਦਾ ਸਹੀ ਮਾਰਗ ਸਮਝਣ ਤੇ ਉਸਤੇ ਚੱਲਣ ਤੋਂ, ਸੱਚਾ ਨਾਮ ਸਮਝਣ ਤੇ ਉਸਤੇ ਚੱਲਣ ਤੋਂ ਦੂਰ ਰੱਖਿਆ ਹੋਇਆ ਹੈ ਤੇ ਉਹ ਵਿਅਰਥ ਵਿੱਚ ਹੀ ਸੰਸਾਰ ਵਿੱਚ ਦੂਸਰਿਆਂ ਨਾਲ ਝਗੜੇ ਪਾਉਂਦਾ ਹੈ ਕਿ ਮੇਰੀ ਧਾਰਮਿਕ ਆਸਥਾ ਦੂਸਰਿਆਂ ਨਾਲੋਂ ਚੰਗੀ ਹੈ, ਮੇਰੀ ਸਮਝ ਦੂਸਰਿਆਂ ਦੀ ਧਾਰਮਿਕ ਸਮਝ ਨਾਲੋਂ ਚੰਗੀ ਹੈ। ਸਾਰੀ ਗੱਲ ਹਉਮੈ ਤੇ ਨਾਮ ਦੀ ਸਮਝ ਨਾ ਆਉਣ ਦੀ ਹੈ ਜੋ ਕਿ ਸਾਡੇ ਵਿਅਰਥ ਦੇ ਆਪਸ ਵਿੱਚ ਝਗੜਿਆਂ ਦੇ ਕਾਰਨ ਹਨ, ਜੋ ਕਿ ਅਸਲ ਵਿੱਚ ਸਾਡਾ ਸ੍ਰਿਸ਼ਟੀ ਦੇ ਕਰਤੇ ਨਾਲ ਹੀ ਝਗੜਾ ਹੁੰਦਾ ਹੈ। ਇਸ ਗੱਲ ਦੀ ਸਮਝ ਉਸਦੇ ਗੁਰਮੁੱਖ ਰੂਪ ਨੂੰ ਹੀ ਪੈਂਦੀ ਹੈ ਭਾਵ ਉਸਦੇ ਨਾਲ ਮਨ ਦੀ ਸਮਝ ਦੇ ਵਿੱਚ ਮੇਲ ਹੋਣ ਦੁਆਰਾ ਹੀ ਪੈਂਦੀ ਹੈ ਜਦੋਂ ਸਾਡੇ ਅੰਦਰ ਦੀ ਹਉਮੈ ਵਾਲੀ ਸਮਝ ਉਸਦੇ ਨਾਮ ਵਾਲੀ ਸਮਝ ਵਿੱਚ ਸਮਾ ਜਾਂਦੀ ਹੈ ਤੇ ਤਾਂ ਹੀ ਕੋਈ ਮਨ ਦੀ ਕੂੜੀ ਮਤਿ ਵਿੱਚੋਂ ਭਾਵ ਝੂਠੀ ਮਤਿ ਵਿੱਚੋਂ ਨਿਕਲਕੇ ਗੁਰਮਤਿ ਦੀ ਸੱਚੀ ਸਮਝ ਵਾਲਾ ਬਣ ਸਕਦਾ ਹੈ ਤੇ ਸੱਚ ਦੇ ਮਾਰਗ ਤੇ ਚੱਲ ਸਕਦਾ ਹੈ ਤੇ ਸ੍ਰਿਸ਼ਟੀ ਦੇ ਮਾਲਕ ਦੇ ਨਾਲ ਆਪਣਾ ਝਗੜਾ ਨਿਬੇੜ ਸਕਦਾ ਹੈ। ਉਪਰ ਵਾਲੇ ਸ਼ਬਦ ਦੀ ਪਉੜੀ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ ਜੋ ਕਿ ਹੁਣ ਹਰ ਕੋਈ ਹੁਣ ਤੱਕ ਦਾ ਪੂਰਾ ਲੇਖ ਪੜਨ ਤੋਂ ਬਾਅਦ ਆਸਾਨੀ ਨਾਲ ਸਮਝ ਸਕਦਾ ਹੈ ਕਿ ਹਉਮੈ ਤੇ ਨਾਮ ਵਿੱਚ ਕੀ ਫਰਕ ਹੈ ਜਿਸ ਲਈ ਕੇਵਲ ਤੇ ਕੇਵਲ ਇਹ ਮੰਨਣ ਦੀ ਲੋੜ ਹੈ ਕਿ ਗੁਰੂ ਦੀ ਮਤਿ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ ਭਾਵ ਗੁਰੂ ਤੋਂ ਸਿਆਣਾ ਹੋਰ ਕੋਈ ਨਹੀਂ ਹੋ ਸਕਦਾ ਹੈ ਜੋ ਕਿ ਅਸਲ ਵਿੱਚ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ। ਇਸ ਗੱਲ ਦੀ ਸਮਝ ਹੀ ਹਉਮੈ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਪੈਂਦੀ ਹੈ ਜੋ ਸਮਝ ਉਹ ਮਨ ਦੇ ਵਿੱਚ ਆਪਣਾ ਨਾਮ ਬਖਸ਼ਣ ਦੁਆਰਾ ਆਪ ਹੀ ਪਾਉਂਦਾ ਹੈ ਤੇ ਆਪਣਾ ਕਿਸੇ

ਮਨੁੱਖੀ ਰੂਪ ਦਾ ਝਗੜਾ ਆਪਣੇ ਨਾਲ ਆਪ ਹੀ ਨਿਬੇੜਦਾ ਹੈ। **(ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥ ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥ ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥)**

ਉਹ ਸ੍ਰਿਸ਼ਟੀ ਦਾ ਕਰਤਾ ਤਾਂ ਇੱਕੋ ਇੱਕ ਹੀ ਹੈ ਜਿਸ ਤੋਂ ਬਿਨ੍ਹਾਂ ਹੋਰ ਕੋਈ ਕਰਤਾ ਹੋ ਹੀ ਨਹੀਂ ਸਕਦਾ। ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ ਵੱਖਰੇ ਰੂਪ ਸਮਝਣਾ ਵੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਪਾਉਣ ਵਾਲੀ ਗੱਲ ਹੀ ਹੈ। ਸ੍ਰਿਸ਼ਟੀ ਦੇ ਕਰਤੇ ਦਾ ਅਸਲ ਰੂਪ ਕੀ ਹੈ ਤੇ ਉਸਦੇ ਅਸਲ ਰੂਪ ਦੇ ਨਾਲ ਸਾਡਾ ਝਗੜਾ ਕਿਸ ਵਜ੍ਹਾ ਕਰਕੇ ਹੈ ਤੇ ਉਸ ਝਗੜੇ ਨੂੰ ਨਿਬੇੜਿਆ ਕਿਸ ਤਰੀਕੇ ਜਾ ਸਕਦਾ ਹੈ ਇਸ ਗੱਲ ਨੂੰ ਅਸੀਂ ਉਪਰ ਵੱਖਰੇ ਵੱਖਰੇ ਸ਼ਬਦਾਂ ਰਾਹੀਂ ਸਮਝਿਆ ਹੈ। ਉਸਦੇ ਨਾਲ ਝਗੜੇ ਦਾ ਕਾਰਣ ਸਭ ਦੇ ਅੰਦਰ ਦੀ ਹਉਮੈ ਹੈ ਭਾਵ ਮਨ ਦਾ ਅੰਧਾਪਨ ਹੈ ਜਿਸ ਮਨ ਦੇ ਅੰਧੇਪਨ ਕਰਕੇ ਹੀ ਅਸੀਂ ਸ੍ਰਿਸ਼ਟੀ ਦੇ ਇੱਕੋ ਇੱਕ ਕਰਤੇ ਦੇ ਵੱਖਰੇ ਵੱਖਰੇ ਰੂਪ ਸਮਝਦੇ ਹਾਂ ਤੇ ਉਸਦੀ ਪੂਜਾ ਕਰਨ ਦੇ ਵੱਖਰੇ ਵੱਖਰੇ ਤਰੀਕੇ ਸਮਝਦੇ ਹਾਂ, ਉਸਨੂੰ ਖੁਸ਼ ਕਰਨ ਦੇ ਭਾਵ ਉਸਦੇ ਨਾਲ ਪਿਆਰ ਜੋੜਨ ਦੇ ਵੱਖਰੇ ਵੱਖਰੇ ਤਰੀਕੇ ਸਮਝਦੇ ਹਾਂ ਪਰ ਉਸਦੇ ਨਾਲ ਇਹੋ ਜਿਹੇ ਪਿਆਰ ਦਿਖਾਉਣ ਦੇ ਨਾਲ ਅੱਜ ਤੱਕ ਨਾ ਕਿਸੇ ਦਾ ਝਗੜਾ ਨਿਬੜਿਆ ਹੈ ਤੇ ਨਾ ਹੀ ਕਦੇ ਨਿਬੜ ਸਕਦਾ ਹੈ ਕਿਉਂਕਿ ਉਸਦੇ ਨਾਲ ਝਗੜਾ ਨਿਬੇੜਨ ਦਾ ਇਹ ਤਰੀਕਾ ਹੈ ਹੀ ਨਹੀਂ। ਉਸਦੇ ਨਾਲ ਝਗੜਾ ਮਨ ਦੇ ਅੰਧੇਪਨ ਤੋਂ ਨਿਕਲ ਕੇ ਹੀ ਹੋ ਸਕਦਾ ਹੈ ਭਾਵ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੋਣ ਦੁਆਰਾ ਹੀ ਨਿਬੜ ਸਕਦਾ ਹੈ ਭਾਵ ਮਨ ਦੇ ਵਿੱਚ ਸੱਚੇ ਗਿਆਨ ਦੁਆਰਾ ਹੀ ਨਿਬੜ ਸਕਦਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਨਹਾਰ ਦੇ ਬੋਲਾਂ ਦੁਆਰਾ ਸਮਝੀਏ ਕਿ ਉਨ੍ਹਾਂ ਨੇ ਬਾਬਾ ਨਾਨਕ ਜੀ ਦਾ ਆਪਣੇ ਨਾਲ ਝਗੜਾ ਕਿਸ ਤਰੀਕੇ ਨਿਬੇੜਿਆ ਹੈ ਤੇ ਕਿਸ ਤਰੀਕੇ ਉਨ੍ਹਾਂ ਦੇ ਸਰੀਰ ਰਾਹੀਂ ਸਾਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ

ਨਿਬੇੜਨ ਲਈ ਸਮਝਾਇਆ ਹੈ।

ਸਲੋਕ ਮਹਲਾ ੧ ॥

“ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੇ ਰਖੈ ਨਾਵਾਲਿ ॥ ਕੁੰਗੂ ਚੰਨਣੁ ਫੁਲ ਚੜਾਏ ॥
ਪੈਰੀ ਪੈ ਪੈ ਬਹੁਤੁ ਮਨਾਏ ॥ ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥ ਅੰਧੀ ਕੰਮੀ ਅੰਧ ਸਜਾਇ ॥
ਭੁਖਿਆ ਦੇਇ ਨ ਮਰਦਿਆ ਰਖੈ ॥ ਅੰਧਾ ਝਗੜਾ ਅੰਧੀ ਸਥੈ ॥੧॥”

(ਅੰਗ ੧੨੪੦-੧੨੪੧)

ਹਰ ਕਿਸੇ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਮਨ ਦੀ ਅਗਿਆਨਤਾ ਕਰਕੇ ਹੀ ਹੈ ਜਿਸ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਕਿਸੇ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦੀ ਸਮਝ ਹੀ ਨਹੀਂ ਪੈਂਦੀ, ਜਿਸ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਉਪਰ ਵਾਲੇ ਸਲੋਕ ਰਾਹੀਂ ਬਾਬਾ ਨਾਨਕ ਜੀ ਸਾਨੂੰ ਇਹ ਕੁਝ ਹੀ ਸਮਝਾ ਰਹੇ ਹਨ। ਉਪਰ ਸ਼ਬਦ ਰਾਹੀਂ ਬਾਬਾ ਨਾਨਕ ਜੀ ਹਿੰਦੂ ਭਾਈਚਾਰੇ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਲਈ ਆਗਾਹ

53/7456

ਕਰ ਰਹੇ ਹਨ। ਉਹ ਆਪ ਵੀ ਹਿੰਦੂ ਪਰਿਵਾਰ ਤੋਂ ਸਨ ਤੇ ਆਪਣੇ ਸਾਹਮਣੇ ਸਭ ਕੁਝ ਦੇਖਦੇ ਰਹੇ ਹਨ ਕਿ ਹਿੰਦੂ ਸਮਾਜ ਕਿਸ ਤਰੀਕੇ ਪ੍ਰਮਾਤਮਾ ਦੀ ਭਗਤੀ ਸਮਝਦੇ ਹਨ ਤੇ ਕਰਦੇ ਹਨ। ਹਿੰਦੂ ਸਮਾਜ **“ਨਾਰਾਇਣੁ”** ਭਾਵ ਜਗਤ ਦੇ ਮਾਲਕ ਪ੍ਰਮਾਤਮਾ ਨੂੰ, ਸ੍ਰਿਸ਼ਟੀ ਦੇ ਕਰਤੇ ਨੂੰ ਮੂਰਤੀ ਰੂਪ ਸਮਝ ਕੇ ਉਸਨੂੰ ਦੇਵੀ ਦੇਵਤਿਆਂ ਦੇ ਰੂਪ ਵਿੱਚ ਪੂਜਦੇ ਹਨ ਜਿਸਨੂੰ ਬਾਬਾ ਨਾਨਕ ਜੀ ਨੇ ਉਨ੍ਹਾਂ ਦਾ ਭਰਮ ਦੱਸਿਆ ਹੈ, ਮਨ ਦਾ ਅੰਧਾਪਨ ਦੱਸਿਆ ਹੈ ਭਾਵ ਅਗਿਆਨਤਾ ਵਾਲੀ ਭਗਤੀ ਦੱਸਿਆ ਹੈ ਜਿਸ ਅਗਿਆਨਤਾ ਵਾਲੀ ਭਗਤੀ ਦੁਆਰਾ ਉਸ ਸ੍ਰਿਸ਼ਟੀ ਦੇ ਕਰਤੇ ਨਾਰਾਇਣ ਦੇ ਨਾਲ ਕਿਸੇ ਦਾ ਝਗੜਾ ਨਹੀਂ ਨਿਬੜ ਸਕਦਾ ਬਲਕਿ ਉਸਦੇ ਨਾਲ ਝਗੜਾ ਪੈਂਦਾ ਹੈ ਕਿਉਂਕਿ ਇਹ ਉਸਦੀ ਭਗਤੀ ਦਾ ਸਹੀ ਮਾਰਗ ਨਹੀਂ ਹੈ ਤੇ ਉਸਦੇ ਨਾਲ ਇਹੋ ਜਿਹਾ ਝਗੜਾ ਪਾਉਣ ਦੇ ਨਾਲ ਮਨੁੱਖ ਨੂੰ ਜਾਨਣ ਦੀ ਬਜਾਇ ਸਜਾਵਾਂ ਸਹਿਣੀਆਂ ਪੈਂਦੀਆਂ ਹਨ। ਸਾਰੀ ਸ੍ਰਿਸ਼ਟੀ ਦਾ ਕਰਤਾ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਸਾਰੇ ਭਗਤਾਂ ਦੀ ਬਾਣੀ ਦੁਆਰਾ ਸਮਝਦੇ ਆ ਰਹੇ ਹਾਂ ਜੋ ਭਗਤ ਸਮਾਜ ਦੇ ਹਰ ਵਰਗ ਵਿੱਚੋਂ ਸਾਹਮਣੇ ਆਏ ਹਨ, ਹਿੰਦੂ ਸਮਾਜ ਵਿੱਚੋਂ ਵੀ ਆਏ ਹਨ ਤੇ ਮੁਸਲਿਮ ਸਮਾਜ ਵਿੱਚੋਂ ਵੀ ਆਏ ਹਨ ਤੇ ਉਨ੍ਹਾਂ ਸਭ ਨੇ ਬਾਣੀ ਦੇ ਸ਼ਬਦਾਂ ਦੇ ਰਾਹੀਂ ਪੂਰੀ ਸ੍ਰਿਸ਼ਟੀ ਨੂੰ ਸ੍ਰਿਸ਼ਟੀ ਦੇ ਮਾਲਕ ਨਾਰਾਇਣ ਨੂੰ ਜਾਨਣ ਦਾ ਭਾਵ ਉਸਦੀ ਭਗਤੀ ਦਾ, ਉਸਦੀ ਸੇਵਾ ਕਰਨ ਦਾ, ਉਸਨੂੰ ਪੂਜਣ ਦਾ ਇੱਕੋ ਜਿਹਾ ਤਰੀਕਾ ਹੀ ਸਮਝਾਇਆ ਹੈ ਜੋ ਕਿ ਹਰ ਵਿਕਾਰ ਛੱਡ ਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ, ਪੂਰੀ ਮਨੁੱਖਤਾ ਦੇ ਭਲੇ ਲਈ ਵਿਚਰਨ ਦਾ ਹੈ। ਹਰ ਮਨੁੱਖ ਦੇ ਅੰਦਰ ਸ੍ਰਿਸ਼ਟੀ ਦਾ ਨਾਰਾਇਣ ਆਪ ਹੀ ਹੈ ਤੇ ਮਨੁੱਖੀ ਸੇਵਾ ਹੀ ਨਾਰਾਇਣ ਸੇਵਾ ਹੈ। ਜੇਕਰ ਅਸੀਂ ਕੇਵਲ ਇੱਕ ਮੂਰਤੀ ਨੂੰ ਪ੍ਰਮਾਤਮਾ ਦਾ ਰੂਪ ਸਮਝ ਕੇ, ਦੇਵੀ ਦੇਵਤਿਆਂ ਦਾ ਰੂਪ ਸਮਝ ਕੇ ਕੇਵਲ ਉਸਨੂੰ ਪੂਜਣ ਵਿੱਚ ਹੀ ਨਾਰਾਇਣ ਦੀ ਪੂਜਾ ਸਮਝਾਂਗੇ ਉਪਰ ਸ਼ਬਦ ਵਿੱਚ ਸਾਡੀ ਇਸ ਵਿਚਾਰ ਧਾਰਾ ਦਾ ਹੀ ਖੰਡਨ ਕੀਤਾ ਹੋਇਆ ਹੈ। ਆਉ ਪਹਿਲਾਂ ਸ਼ਬਦ ਦੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੀਏ।

“ਘਰਿ ਨਾਰਾਇਣੁ ਸਭਾ ਨਾਲਿ ॥”

ਸਾਰੀ ਸ੍ਰਿਸ਼ਟੀ ਦਾ ਨਾਰਾਇਣ ਤਾਂ ਇੱਕੋ ਹੀ ਹੈ ਭਾਵੇਂ ਕੋਈ ਉਸਨੂੰ ਕਿਸੇ ਵੀ ਨਾਮ ਨਾਲ ਜਾਣੇ ਜਾਂ ਪੁਕਾਰੇ ਜਾਂ ਕੋਈ ਕਿਸੇ ਵੀ ਦੇਵੀ ਦੇਵਤਿਆਂ ਦੇ ਰੂਪ ਵਿੱਚ ਜਾਣੇ ਜਿਨ੍ਹਾਂ ਦੀਆਂ ਮੂਰਤੀ ਰੂਪ ਬਣਾ ਕੇ ਉਨ੍ਹਾਂ ਨੂੰ ਉੱਚਾ ਜਾਣ ਕੇ ਪੂਜਿਆ ਜਾਂਦਾ ਹੈ। ਜਦੋਂ ਉਹ ਨਾਰਾਇਣ ਸਾਡੇ ਸਭ ਦੇ ਅੰਦਰ ਹੀ ਹੈ ਭਾਵ ਸਾਡੇ ਸਰੀਰ ਰੂਪ ਘਰ ਵਿੱਚ ਹੀ ਹੈ ਭਾਵ ਮਨ ਦੇ ਵਿੱਚ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਜੋ ਸਭ ਕੁਝ ਆਪ ਹੀ ਹੈ ਫਿਰ ਹਰ ਰੂਪ ਉਸਦਾ ਆਪਣਾ ਹੀ ਰੂਪ ਹੈ ਭਾਵ ਜਿੱਥੇ ਨਾਰਾਇਣ ਆਪ ਹੈ ਉੱਥੇ ਫਿਰ ਹੋਰ ਕੋਈ ਦੇਵੀ ਦੇਵਤੇ ਦਾ ਵੱਖਰਾ ਰੂਪ ਨਹੀਂ ਰਹਿ ਜਾਂਦਾ ਕਿਉਂਕਿ ਸਭ ਕੁਝ ਉਹ ਆਪ ਹੀ ਹੈ। **(ਘਰਿ ਨਾਰਾਇਣੁ ਸਭਾ ਨਾਲਿ ॥)** ਅਸੀਂ ਜਿਨ੍ਹਾਂ ਮਨੁੱਖੀ ਸਰੀਰਾਂ ਨੂੰ ਨਾਰਾਇਣ ਦੇ ਭਾਵ ਪ੍ਰਮਾਤਮਾ ਦੇ ਵੱਖਰੇ ਵੱਖਰੇ ਰੂਪ ਮੰਨਦੇ ਹਾਂ ਅਸੀਂ ਉਨ੍ਹਾਂ ਦੇ ਬੁੱਤ, ਮੂਰਤੀਆਂ ਬਣਾਕੇ ਉਨ੍ਹਾਂ ਨੂੰ ਪੂਜਦੇ ਵੀ ਹਾਂ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

53/7457

“ਪੂਜ ਕਰੇ ਰਖੈ ਨਾਵਾਲਿ ॥ ਕੁੰਗੂ ਚੰਨਣੁ ਫੁਲ ਚੜਾਏ ॥”

ਅਸੀਂ ਮੂਰਤੀਆਂ ਦੀ ਪੂਜਾ ਨੂੰ ਹੀ ਨਾਰਾਇਣ ਦੀ ਪੂਜਾ ਕਰਨੀ ਸਮਝਦੇ ਹਾਂ ਜੋ ਨਾਰਾਇਣ ਸਾਡੇ ਸਭ ਦੇ ਅੰਦਰ ਹੀ ਹੈ ਜਿਸਦੀ ਕਿ ਸਾਨੂੰ ਸਮਝ ਹੀ ਨਹੀਂ ਹੈ। ਉਸਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਭਰਮ ਵਿੱਚ ਹੀ ਰਹਿੰਦਾ ਹੈ ਕਿ ਉਸ ਸ੍ਰਿਸ਼ਟੀ ਦੇ ਇੱਕੋ ਇੱਕ ਨਾਰਾਇਣ ਦੀ ਅਸਲ ਪੂਜਾ ਕੀ ਹੈ ਜਿਸਦੀ ਸਮਝ ਆਏ ਬਿਨ੍ਹਾਂ ਹੀ ਅਸੀਂ ਮੂਰਤੀਆਂ ਨੂੰ ਪੂਜਦੇ ਹਾਂ, ਮੂਰਤੀਆਂ ਨੂੰ ਇਸ਼ਨਾਨ ਕਰਾਉਂਦੇ ਹਾਂ ਭਾਵ ਮੂਰਤੀਆਂ ਨੂੰ ਜਲ ਦੇ ਨਾਲ ਨਹਾਉਂਦੇ ਹਾਂ ਤੇ ਮੂਰਤੀਆਂ ਦਾ ਸੋਹਣਾ ਰੂਪ ਬਨਾਉਣ ਲਈ ਉਨ੍ਹਾਂ ਉਪਰ ਕੁੰਗੂ ਭਾਵ ਕੇਸਰ ਵੀ ਲਗਾਉਂਦੇ ਹਾਂ ਤੇ ਮੂਰਤੀਆਂ ਨੂੰ ਖੁਸ਼ ਕਰਨ ਲਈ ਭਾਵ ਉਨ੍ਹਾਂ ਨੂੰ ਉੱਚਾ ਪ੍ਰਗਟ ਕਰਨ ਲਈ ਉਨ੍ਹਾਂ ਦੇ ਉਪਰ ਫੁੱਲ ਵੀ ਚੜਾਉਂਦੇ ਹਾਂ ਭਾਵ ਮੂਰਤੀਆਂ ਨੂੰ ਹੀ ਨਾਰਾਇਣ ਦਾ ਰੂਪ ਸਮਝ ਕੇ ਉਨ੍ਹਾਂ ਦਾ ਇੱਜਤ ਮਾਨ ਵੀ ਕਰਦੇ ਹਾਂ। **(ਘਰਿ ਨਾਰਾਇਣੁ ਸਭਾ ਨਾਲਿ॥ ਪੂਜ ਕਰੇ ਰਖੈ ਨਾਵਾਲਿ ॥ ਕੁੰਗੂ ਚੰਨਣੁ ਫੁਲ ਚੜਾਏ ॥)** ਅਸੀਂ ਮੂਰਤੀਆਂ ਨੂੰ ਜਿਸ ਮਨੋਰਥ ਲਈ ਪੂਜਦੇ ਹਾਂ ਉਹ ਸਾਡਾ ਮਨੋਰਥ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਪੈਰੀ ਪੈ ਪੈ ਬਹੁਤੁ ਮਨਾਏ ॥ ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥”

ਅਸੀਂ ਜਿਨ੍ਹਾਂ ਮੂਰਤੀਆਂ ਨੂੰ ਪੂਜਦੇ ਹਾਂ ਉਨ੍ਹਾਂ ਦੇ ਪੈਰਾਂ ਉਪਰ ਫਿਰ ਮੱਥੇ ਵੀ ਟੇਕਦੇ ਹਾਂ, ਬਾਰ-ਬਾਰ ਮੱਥੇ ਟੇਕ ਕੇ ਅਸੀਂ ਉਨ੍ਹਾਂ ਨੂੰ ਕਿਸੇ ਗੱਲ ਲਈ ਮਨਾਉਣਾ ਚਾਹੁੰਦੇ ਹਾਂ ਕਿਉਂਕਿ ਅਸੀਂ ਉਨ੍ਹਾਂ ਮੂਰਤੀਆਂ ਨੂੰ ਨਾਰਾਇਣ ਦਾ ਰੂਪ ਸਮਝਦੇ ਹਾਂ ਜੋ ਮਨੁੱਖ ਨੂੰ ਸਭ ਕੁਝ ਦੇ ਸਕਦਾ ਹੈ ਭਾਵ ਮਨੁੱਖ ਦੀ ਹਰ ਜਰੂਰਤ ਨੂੰ ਪੂਰਾ ਕਰ ਸਕਦਾ ਹੈ। ਮਨੁੱਖ ਦੀਆਂ ਵੱਡੀਆਂ ਜਰੂਰਤਾਂ ਪਹਿਨਣ-ਖਾਣ ਦੀਆਂ ਹੁੰਦੀਆਂ ਹਨ ਕਿ ਮੈਨੂੰ ਚੰਗੇ ਤੋਂ ਚੰਗਾ ਪਹਿਨਣ ਲਈ ਮਿਲੇ ਤੇ ਚੰਗੇ ਤੋਂ ਚੰਗਾ ਖਾਣ ਵਾਸਤੇ ਮਿਲੇ ਭਾਵ ਹਰ ਕੋਈ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮੂਰਤੀਆਂ ਦੇ ਅੱਗੇ ਮੱਥੇ ਟੇਕ ਕੇ ਉਨ੍ਹਾਂ ਨੂੰ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਮਨਾਉਂਦਾ ਹੈ ਕਿ ਹੇ ਮੂਰਤੀ ਜਿਸਨੂੰ ਮੈਂ ਨਾਰਾਇਣ ਰੂਪ ਮੰਨਦਾ ਹਾਂ ਮੇਰੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰ ਸਕਦੀ ਹੈ ਕਿਉਂਕਿ ਤੇਰੀ ਪੂਜਾ ਕਰਨ ਨਾਲ ਹੀ ਮੈਨੂੰ ਇਹ ਸਭ ਕੁਝ ਮਿਲ ਸਕਦਾ ਹੈ। ਪਰ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਕਿਸੇ ਮੂਰਤੀ ਨੂੰ ਹੀ ਨਾਰਾਇਣ ਸਮਝਣਾ ਭਾਵ ਸ੍ਰਿਸ਼ਟੀ ਦਾ ਕਰਨਹਾਰ ਸਮਝਣਾ, ਸ੍ਰਿਸ਼ਟੀ ਦਾ ਮਾਲਕ ਸਮਝਣਾ, ਸਭ ਕੁਝ ਦੇਣਹਾਰ ਸਮਝਣਾ ਇੱਕ ਮਨੁੱਖ ਕੋਲੋਂ ਮੰਗਣ ਵਾਲੀ ਗੱਲ ਹੀ ਹੈ ਕਿਉਂਕਿ ਅਸੀਂ ਕਿਸੇ ਮਨੁੱਖੀ ਰੂਪ ਨੂੰ ਹੀ ਦੇਵਤਾ ਰੂਪ ਸਮਝ ਕੇ, ਨਾਰਾਇਣ ਰੂਪ ਸਮਝ ਕੇ ਤੇ ਉਸਦੀ ਮੂਰਤੀ ਬਣਾਕੇ ਪੂਜਦੇ ਹਾਂ ਤੇ ਉਸ ਮੂਰਤੀ ਦੇ ਕੋਲੋਂ ਹੀ ਮੰਗਦੇ ਹਾਂ ਕਿ ਇਸ ਮੂਰਤੀ ਨੇ ਹੀ ਸਾਨੂੰ ਸਭ ਕੁਝ ਦੇਣਾ ਹੈ ਕਿਉਂਕਿ ਸਾਨੂੰ ਇਸ ਗੱਲ ਦੀ ਸਮਝ ਹੀ ਨਹੀਂ ਕਿ ਸਭ ਨੂੰ ਦੇਣ ਵਾਲਾ ਤੇ ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਤਾਂ ਉਹ ਆਪ ਪ੍ਰਮਾਤਮਾ ਹੈ ਜਿਸਦਾ ਕਿ

53/7458

ਆਪਣਾ ਕੋਈ ਰੂਪ ਰੇਖ ਹੀ ਨਹੀਂ ਹੈ ਭਾਵ ਨਿਰਗੁਣ ਰੂਪ ਹੈ, ਨਿਰੰਕਾਰ ਰੂਪ ਹੈ ਆਪਣੇ ਰੂਪ ਦੁਆਰਾ ਉਹ ਸਭ ਜਗ੍ਹਾ ਵੱਸਿਆ ਹੋਇਆ ਹੈ, ਕਣ-ਕਣ ਵਿੱਚ ਵੱਸਿਆ ਹੋਇਆ ਹੈ, ਘਟਿ ਘਟਿ ਦੇ ਵਿੱਚ ਵੱਸਿਆ ਹੋਇਆ ਹੈ ਤੇ ਉਸਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹੀ ਕੋਈ ਮਨ ਦੇ ਭਰਮ ਕਰਕੇ ਉਸਨੂੰ ਕੋਈ ਆਕਾਰ ਰੂਪ ਮੰਨ ਕੇ, ਮੂਰਤੀ ਰੂਪ ਮੰਨ ਕੇ, ਮਨੁੱਖੀ ਰੂਪ ਮੰਨ ਕੇ ਉਸਨੂੰ ਪੂਜਦਾ ਹੈ ਫਿਰ ਉਸਦੇ ਕੋਲੋਂ ਦਾਤਾਂ ਮੰਗਦਾ ਹੈ ਜੋ ਦਾਤਾਂ ਦੇਣ ਵਾਲਾ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ। ਜਿਸਨੇ ਪੂਰੀ ਸ੍ਰਿਸ਼ਟੀ ਬਣਾਕੇ ਸ੍ਰਿਸ਼ਟੀ ਦੇ ਅੰਦਰ ਹਰ ਦਾਤਿ ਦੀ ਰਚਨਾ ਕੀਤੀ ਹੈ। **(ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੇ ਰਖੈ ਨਾਵਾਲਿ ॥ ਕੁੰਗੂ ਚੰਨਣੁ ਫੁਲ ਚੜਾਏ ॥ ਪੈਰੀ ਪੈ ਪੈ ਬਹੁਤੁ ਮਨਾਏ ॥ ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥)**

ਅਸੀਂ ਸ੍ਰਿਸ਼ਟੀ ਦੇ ਨਾਰਾਇਣ ਨੂੰ **“ਮਾਣੂਆ”** ਰੂਪ ਮੰਨ ਕੇ ਭਾਵ ਮਨੁੱਖੀ ਰੂਪ ਮੰਨ ਕੇ ਜਿਵੇਂ ਕਿ ਅਸੀਂ ਅਨੇਕਾਂ ਮਨੁੱਖਾਂ ਨੂੰ ਹੀ ਭਾਵ ਦੇਵੀ ਦੇਵਤਿਆਂ ਨੂੰ ਇੱਕ ਮਨੁੱਖੀ ਰੂਪ ਸਮਝ ਕੇ ਉਨ੍ਹਾਂ ਕੋਲੋਂ ਜੀਵਨ ਦੀਆਂ ਦਾਤਾਂ ਮੰਗਦੇ ਹਾਂ, ਇਸ ਤੋਂ ਭਾਵ ਇਹ ਹੋਇਆ ਕਿ ਅਸੀਂ ਅਨੇਕਾਂ ਹੀ ਮਨੁੱਖਾਂ ਨੂੰ ਵੱਖਰੇ ਵੱਖਰੇ ਰੂਪ ਵਿੱਚ ਨਾਰਾਇਣ ਸਮਝਿਆ ਹੋਇਆ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਸਮਝਿਆ ਹੋਇਆ ਹੈ। ਅਸੀਂ ਉਸਦੇ ਜਿਸ ਮਨੁੱਖੀ ਰੂਪ ਨੂੰ ਉੱਚਾ ਸਮਝਿਆ ਹੋਇਆ ਹੈ ਉਨ੍ਹਾਂ ਕੋਲੋਂ ਵੱਖਰੀਆਂ ਵੱਖਰੀਆਂ ਦਾਤਾਂ ਮੰਗਦੇ ਹਾਂ ਭਾਵ ਅਸੀਂ ਸ੍ਰਿਸ਼ਟੀ ਦੇ ਕਰਤੇ ਦੇ, ਸ੍ਰਿਸ਼ਟੀ ਦੇ ਇੱਕੋ ਇੱਕ ਨਾਰਾਇਣ ਦੇ ਵੱਖਰੇ ਵੱਖਰੇ ਰੂਪ ਸਮਝੇ ਹੋਏ ਹਨ ਜਿਸ ਕਰਕੇ ਅਸੀਂ ਉਨ੍ਹਾਂ ਦੀਆਂ ਵੱਖਰੀਆਂ ਵੱਖਰੀਆਂ ਮੂਰਤੀਆਂ ਬਣਾ ਕੇ ਵੱਖਰੇ ਵੱਖਰੇ ਮਕਸਦ ਦੀ ਪੂਰਤੀ ਲਈ ਉਨ੍ਹਾਂ ਦੀ ਪੂਜਾ ਕਰਦੇ ਹਾਂ, ਜਿਸਨੂੰ

ਕਿ ਸਾਡੀ ਅਗਿਆਨਤਾ ਕਿਹਾ ਹੈ ਕਿਉਂਕਿ ਸ੍ਰਿਸ਼ਟੀ ਦਾ ਨਾਰਾਇਣ ਇੱਕੋ ਇੱਕ ਹੀ ਹੈ ਜਿਸਨੇ ਸਾਰੀ ਸ੍ਰਿਸ਼ਟੀ ਨੂੰ ਬਣਾਇਆ ਹੈ ਤੇ ਸ੍ਰਿਸ਼ਟੀ ਦੇ ਹਰ ਜੀਵ ਦੀ ਲੋੜ ਦੀ ਪੂਰਤੀ ਕਰਨ ਦਾ ਸਾਧਨ ਵੀ ਸ੍ਰਿਸ਼ਟੀ ਦੇ ਉੱਤੇ ਆਪ ਹੀ ਬਣਾਇਆ ਹੋਇਆ ਹੈ ਜਿਸ ਲੋੜ ਦੀ ਪੂਰਤੀ ਕਰਨ ਲਈ ਕਿਸੇ ਆਕਾਰ ਰੂਪ ਦੀ ਪੂਜਾ ਕਰਨਾ ਤੇ ਕਿਸੇ ਆਕਾਰ ਰੂਪ ਨੂੰ ਹੀ ਪੂਜਣਾ ਕੇਵਲ ਮਨੁੱਖ ਦਾ ਭਰਮ ਹੈ ਭਾਵ ਮਨੁੱਖ ਦੀ ਅਗਿਆਨਤਾ ਹੈ ਜਿਵੇਂ ਕਿ ਨਾਲ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਅੰਧੀ ਕੰਮੀ ਅੰਧ ਸਜਾਇ ॥ ਭੁਖਿਆ ਦੇਇ ਨ ਮਰਦਿਆ ਰਧੈ ॥ ਅੰਧਾ ਝਗੜਾ ਅੰਧੀ ਸਥੈ ॥੧॥”

ਕਿਸੀ ਮਨੁੱਖੀ ਦੇਹ ਨੂੰ ਉਸ ਮਨੁੱਖ ਦੇ ਰਹਿੰਦੇ ਹੋਏ ਜਾਂ ਉਸਦੇ ਸਰੀਰ ਛੱਡਣ ਤੋਂ ਬਾਅਦ ਉਹੀ ਪੂਜ ਸਕਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਮਨੁੱਖੀ ਦੇਹ ਨੂੰ ਬਨਾਉਣ ਵਾਲਾ ਕੌਣ ਹੈ ਭਾਵ ਮਨੁੱਖੀ ਦੇਹ ਦੇ ਦਿੱਸਣ ਵਾਲੇ ਰੂਪ ਨੂੰ ਬਨਾਉਣ ਵਾਲਾ ਕੌਣ ਹੈ, ਪੂਰੀ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਕੌਣ ਹੈ, ਪੰਜਾਂ ਤੱਤਾਂ ਦੀ ਰਚਨਾ ਕਰਨ ਵਾਲਾ ਕੋਣ ਹੈ ਜਿਨ੍ਹਾਂ ਪੰਜਾਂ ਤੱਤਾਂ ਤੋਂ ਹੀ ਸਭ ਕੁਝ ਬਣਿਆ ਹੈ ਤੇ ਜਿਨ੍ਹਾਂ ਪੰਜਾਂ ਤੱਤਾਂ ਤੋਂ ਹੀ ਮਨੁੱਖ ਦੀ ਹਰ

ਸਰੀਰਕ ਲੋੜ ਦੀ ਭਾਵ ਸਰੀਰ ਦੁਆਰਾ ਵਰਤਣ ਦੀ ਲੋੜ ਭਾਵ ਮਾਇਆ ਦੀ ਦਾਤਾਂ ਦੀ ਲੋੜ ਦੀ ਪੂਰਤੀ ਹੁੰਦੀ ਹੈ। ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਨਿਰੰਕਾਰ ਹੈ ਜਿਸਦਾ ਆਪਣਾ ਕੋਈ ਆਕਾਰ ਹੈ ਹੀ ਨਹੀਂ। ਉਸਦੇ ਆਕਾਰ ਰੂਪ ਨੂੰ ਜਾਣੇ ਬਿਨ੍ਹਾਂ ਹੀ ਕੋਈ ਆਕਾਰ ਰੂਪ ਨੂੰ ਉੱਚਾ ਮੰਨ ਲੈਂਦਾ ਹੈ ਤੇ ਆਕਾਰ ਰੂਪ ਨੂੰ ਪੂਜ ਸਕਦਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਭਾਵੇਂ ਕੋਈ ਪੂਰੇ ਸੰਸਾਰ ਵਿੱਚ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਿੱਖ ਜਗਤ ਵਿੱਚ ਵੀ ਇਹੋ ਜਿਹਿਆਂ ਦੀ ਕਮੀ ਨਹੀਂ ਹੈ ਜੋ ਕਿਸੇ ਆਕਾਰ ਰੂਪ ਨੂੰ ਹੀ ਉੱਚਾ ਮੰਨਕੇ ਪੂਜਦੇ ਹਨ ਭਾਵ ਸੰਤਾਂ, ਬਾਬਿਆਂ ਆਦਿ ਨੂੰ ਉੱਚਾ ਜਾਣਕੇ ਉਨ੍ਹਾਂ ਨੂੰ ਪੂਜਦੇ ਹਨ ਤੇ ਉਨ੍ਹਾਂ ਦੇ ਜਨਮ ਦਿਹਾੜੇ ਤੇ ਬਰਸੀਆਂ ਵੀ ਮਨਾਉਂਦੇ ਹਨ ਤੇ ਕਈ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਨੂੰ ਉੱਚਾ ਮੰਨ ਕੇ ਮੱਥੇ ਟੇਕਦੇ ਹਨ। ਇਹ ਸਭ ਕੁਝ ਉਹੀ ਕਰ ਸਕਦਾ ਹੈ ਜੋ ਹਰ ਆਕਾਰ ਰੂਪ ਦੇ ਮਾਲਕ ਨਿਰੰਕਾਰ ਨੂੰ ਨਹੀਂ ਜਾਣਦੇ ਜੋ ਉਸਦਾ ਨਿਰੰਕਾਰ ਰੂਪ ਸਭ ਦੇ ਅੰਦਰ ਹੀ ਹੈ ਤੇ ਹਰ ਕਿਸੇ ਲਈ ਅਦਿੱਖ ਹੈ ਭਾਵ ਉਸਨੂੰ ਸਰੀਰਕ ਅੱਖਾਂ ਨਾਲ ਨਹੀਂ ਦੇਖਿਆ ਜਾ ਸਕਦਾ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਉਸਨੂੰ ਕੇਵਲ ਮਨ ਦੇ ਵਿੱਚੋਂ ਹੀ ਦੇਖਿਆ ਜਾ ਸਕਦਾ ਹੈ, ਮਨ ਰੂਪ ਜੋਤਿ ਰਾਹੀਂ ਹੀ ਦੇਖਿਆ ਜਾ ਸਕਦਾ ਹੈ ਭਾਵ ਮਨ ਦੀ ਸਮਝ ਰਾਹੀਂ ਦੇਖਿਆ ਜਾ ਸਕਦਾ ਹੈ। ਮਨ ਦੇ ਵਿੱਚੋਂ ਕੇਵਲ ਸਮਝ ਹੀ ਉਪਜਦੀ ਹੈ ਤੇ ਮਨ ਦੇ ਵਿੱਚੋਂ ਜੋ ਸਮਝ ਉਪਜਦੀ ਹੈ ਉਹ ਸਮਝ ਸੰਸਾਰ ਦੇ ਹਰ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੀ ਰੱਖਦੀ ਹੈ, ਮਨ ਦੀ ਮਾਇਆ ਵਾਲੀ ਸਮਝ ਵਿੱਚ ਹੀ ਰੱਖਦੀ ਹੈ, ਹਉਮੈ ਵਾਲੀ ਸਮਝ ਵਿੱਚ ਹੀ ਰੱਖਦੀ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਹੀ ਰੱਖਦੀ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਹੀ ਰੱਖਦੀ ਹੈ, ਮਨਮਤਿ ਵਿੱਚ ਹੀ ਰੱਖਦੀ ਹੈ ਜੋ ਸਾਡੇ ਅੰਦਰ ਦੀ ਮਤਿ ਹੀ ਸਾਨੂੰ ਇਹ ਸਮਝਾਉਂਦੀ ਹੈ ਕਿ ਇਹ ਸਰੀਰ ਮੇਰਾ ਹੈ ਜਿਸ ਕਰਕੇ ਅਸੀਂ ਸਰੀਰ ਨੂੰ ਹੀ ਉੱਚਾ ਮੰਨਦੇ ਹਾਂ ਪਰ ਇਸ ਸਰੀਰ ਨੂੰ ਉੱਚਾ ਬਨਾਉਣ ਵਾਲਾ ਕੌਣ ਹੈ ਤੇ ਕਿਸੇ ਵੀ ਆਕਾਰ ਰੂਪ ਨੂੰ ਉੱਚਾ ਬਨਾਉਣ ਵਾਲਾ ਕੌਣ ਹੈ, ਕਿਸੇ ਵੀ ਸਰੀਰ ਦੇ ਅੰਦਰ ਉੱਚਾ ਗਿਆਨ ਪਾਉਣ ਵਾਲਾ ਕੌਣ ਹੈ ਇਸ ਗੱਲ ਦੀ ਸਾਨੂੰ ਸਮਝ ਨਹੀਂ ਪੈਂਦੀ ਜਿਸ ਗੱਲ ਦੀ ਸਮਝ ਵੇਦਾਂ, ਸ਼ਾਸਤਰਾਂ ਦੀ ਰਚਨਾ ਕਰਨ ਵਾਲਿਆਂ ਨੂੰ ਵੀ ਨਹੀਂ ਪਈ ਜਿਨ੍ਹਾਂ ਨੇ ਸੰਸਾਰ ਨੂੰ ਇਤਨੇ ਉੱਚੇ, ਸੱਚੇ ਧਾਰਮਿਕ ਗਿਆਨ ਨਾਲ ਨਿਵਾਜਿਆ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਕਿ ਬ੍ਰਹਮਾ, ਬਿਸ਼ਨ, ਮਹੇਸ਼ ਵੀ ਤ੍ਰੈ ਗੁਣਾਂ ਵਿੱਚ ਰਹੇ ਹਨ ਭਾਵ ਉਨ੍ਹਾਂ ਨੂੰ ਆਪਣੇ ਅੰਦਰੋਂ ਗਿਆਨ ਦੇ ਮਾਲਕ ਦੀ ਸਮਝ ਨਹੀਂ ਪਈ ਭਾਵ ਉਸਦੇ ਨਿਰੰਕਾਰ ਰੂਪ ਦੀ ਸਮਝ ਨਹੀਂ ਪਈ ਜੋ ਆਪਣੇ ਨਿਰੰਕਾਰ ਰੂਪ ਵਿੱਚ ਹੀ ਸਾਰੀ ਸ੍ਰਿਸ਼ਟੀ ਦਾ ਇੱਕੋ ਜਿਹਾ ਹੀ ਨਾਰਾਇਣ ਹੈ, ਜੋ ਹਰ ਮਨੁੱਖੀ ਸਮਝ ਦਾ ਆਪ ਹੀ ਮਾਲਕ ਹੈ, ਹਰ ਮਨੁੱਖੀ ਲੋੜ ਨੂੰ ਆਪ ਹੀ ਜਾਨਣ ਵਾਲਾ ਹੈ ਤੇ ਆਪ ਹੀ ਸਭ ਦੀਆਂ ਲੋੜਾ ਪੂਰੀਆਂ ਕਰਦਾ ਹੈ, ਬਿਨ੍ਹਾਂ ਹੀ ਕਿਸੇ ਕੋਲੋਂ ਮੰਗੇ ਪੂਰੀਆਂ ਕਰਦਾ ਹੈ ਕਿਉਂਕਿ ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਭਾਵੇਂ ਜਿਸ ਕੋਲੋਂ ਮਰਜੀ ਮੰਗ ਲਈਏ ਜਿਸ ਵਿੱਚ ਕੋਈ ਬੁਰਿਆਈ ਨਹੀਂ ਹੈ ਪਰ ਕਿਸੇ

ਮਨੁੱਖੀ ਰੂਪ ਨੂੰ ਸ੍ਰਿਸ਼ਟੀ ਦਾ ਨਾਰਾਇਣ ਸਮਝ ਕੇ, ਦੇਵੀ-ਦੇਵਤੇ ਆਦਿ ਸਮਝ ਕੇ ਉਨ੍ਹਾਂ ਦੀਆਂ ਮੂਰਤੀਆਂ ਨੂੰ ਪੂਜਣਾ ਸਾਡੀ ਅਗਿਆਨਤਾ ਵਾਲਾ ਕੰਮ ਹੈ ਭਾਵ ਸ੍ਰਿਸ਼ਟੀ ਦੇ ਇੱਕੋ ਇੱਕ ਕਰਤੇ ਦੇ ਵੱਖਰੇ ਵੱਖਰੇ ਰੂਪ ਸਮਝ ਕੇ ਪੂਜਣਾ ਤੇ ਉਨ੍ਹਾਂ ਨੂੰ ਹੀ ਦਾਤਾਂ ਦੇਣ ਵਾਲੇ ਦਾਤਾ ਸਮਝਣਾ ਸਾਡੇ ਅੰਦਰ ਦਾ ਅੰਧਾਪਨ ਹੈ ਜਿਸ ਅੰਧੇਪਨ ਦੀ ਮਨੁੱਖ ਸਜਾ ਵੀ ਭੁਗਤਦਾ ਹੈ ਜਿਸ ਉਸ ਸ੍ਰਿਸ਼ਟੀ ਦੇ

ਕਰਤੇ ਦੀ ਸਜਾ ਨੂੰ ਆਪਣੀ ਅਗਿਆਨਤਾ ਕਰਕੇ ਕੋਈ ਮਨੁੱਖ ਸਮਝ ਨਹੀਂ ਸਕਦਾ। **(ਘਰਿ ਨਾਰਾਇਣੁ ਸਭਾ ਨਾਲਿ ॥ ਪੂਜ ਕਰੇ ਰਖੈ ਨਾਵਾਲਿ ॥ ਕੁੰਗੂ ਚੰਨਣੁ ਫੁਲ ਚੜਾਏ ॥ ਪੈਰੀ ਪੈ ਪੈ ਬਹੁਤੁ ਮਨਾਏ ॥ ਮਾਣੂਆ ਮੰਗਿ ਮੰਗਿ ਪੈਨੈ ਖਾਇ ॥ ਅੰਧੀ ਕੰਮੀ ਅੰਧ ਸਜਾਇ ॥)**

ਕੋਈ ਵੀ ਸੱਚਾ ਧਰਮ ਗ੍ਰੰਥ ਭਾਵੇਂ ਸਾਰੇ ਵੇਦ ਪੜ੍ਹ ਲਵੋ, ਪੁਰਾਣ ਪੜ੍ਹ ਲਵੋ, ਸਿਮ੍ਰਿਤ ਸ਼ਾਸਤਰ ਪੜ੍ਹ ਲਵੋ, ਗੀਤਾ ਗ੍ਰੰਥ ਪੜ੍ਹ ਲਵੋ, ਕੁਰਾਣ ਪੜ੍ਹ ਲਵੋ, ਬਾਈਬਲ ਪੜ੍ਹ ਲਵੋ, ਗੁਰਬਾਣੀ ਗ੍ਰੰਥ ਪੜ੍ਹ ਲਵੋ ਇਹ ਸਾਰੇ ਸੱਚੇ ਧਰਮ ਗ੍ਰੰਥ ਇੱਕੋ ਸੱਚੇ ਦੇ ਦਰ ਤੋਂ, ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੋਂ ਹੀ ਆਏ ਹਨ ਜੋ ਕਿ ਇੱਕੋ ਇੱਕ ਆਪ ਹੀ ਸਾਰੇ ਗਿਆਨ ਦਾ ਮਾਲਕ ਹੈ। ਸੰਸਾਰ ਦਾ ਹਰ ਸੱਚਾ ਧਰਮ ਗ੍ਰੰਥ ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਜਿਸ ਸੱਚ ਦੇ ਮਾਰਗ ਤੇ ਚੱਲਣ ਲਈ ਸਾਨੂੰ ਉਹੋ ਜਿਹੇ ਸੱਚ ਦੇ ਨਾਲ ਜੁੜਨਾ ਚਾਹੀਦਾ ਹੈ ਜਿਹੋ ਜਿਹਾ ਸੱਚ ਤੇ ਚੱਲਣ ਦਾ ਮਾਰਗ ਸਾਨੂੰ ਹਰ ਸੱਚਾ ਧਰਮ ਗ੍ਰੰਥ ਸਮਝਾਉਂਦਾ ਹੈ। ਸੰਸਾਰ ਦਾ ਕੋਈ ਐਸਾ ਸੱਚਾ ਧਰਮ ਗ੍ਰੰਥ ਨਹੀਂ ਹੈ ਜੋ ਸਾਨੂੰ ਇਹ ਸਮਝਾਉਂਦਾ ਹੋਵੇ ਕਿ ਸਾਨੂੰ ਕਿਸੇ ਦੇਹ ਨੂੰ ਪੂਜਣਾ ਚਾਹੀਦਾ ਹੈ, ਕਿਸੇ ਦੇਹ ਨੂੰ ਰੱਬ ਮੰਨ ਕੇ ਪੂਜਣਾ ਚਾਹੀਦਾ ਹੈ, ਗੁਰੂ ਮੰਨ ਕੇ ਪੂਜਣਾ ਚਾਹੀਦਾ ਹੈ, ਪ੍ਰਮਾਤਮਾ ਦਾ ਰੂਪ ਮੰਨ ਕੇ, ਅਕਾਲ ਪੁਰਖ ਦਾ ਰੂਪ ਮੰਨ ਕੇ ਉਸਦੇ ਸਰੀਰ ਨੂੰ ਪੂਜਣਾ ਚਾਹੀਦਾ ਹੈ ਜਾਂ ਉਸਨੂੰ ਮੂਰਤੀਆਂ ਦਾ ਰੂਪ ਬਣਾਕੇ ਜਾਂ ਉਸਨੂੰ ਬੁੱਤ ਦਾ ਰੂਪ ਬਣਾਕੇ ਪੂਜਣਾ ਚਾਹੀਦਾ ਹੈ। ਉੱਚਾ ਤਾਂ ਅਸੀਂ ਉਨ੍ਹਾਂ ਸਰੀਰਾਂ ਨੂੰ ਇਸ ਕਰਕੇ ਹੀ ਮੰਨਦੇ ਹਾਂ ਕਿ ਉਨ੍ਹਾਂ ਸਰੀਰਾਂ ਨੇ ਸੰਸਾਰ ਨੂੰ ਬਹੁਤ ਉੱਚਾ ਧਾਰਮਿਕ ਗਿਆਨ ਦਿੱਤਾ ਹੈ। ਪੂਰੇ ਧਾਰਮਿਕ ਗਿਆਨ ਦਾ ਮਾਲਕ ਕੌਣ ਹੈ ਇਸ ਗੱਲ ਦੀ ਆਪ ਸਭ ਲੇਖ ਪੜਨ ਵਾਲਿਆਂ ਨੂੰ ਹੁਣ ਤੱਕ ਸਮਝ ਪੈ ਚੁਕੀ ਹੋਵੇਗੀ ਕਿ ਸ੍ਰਿਸ਼ਟੀ ਦੇ ਪੂਰੇ ਗਿਆਨ ਦਾ ਸ੍ਰੋਤ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਨਾ ਕਿ ਕੋਈ ਮਨੁੱਖ ਹੈ। ਮਨੁੱਖ ਦੇ ਅੰਦਰ ਦੇ ਗਿਆਨ ਨੂੰ ਉੱਚਾ ਕਰਨ ਵਾਲਾ, ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਚੌਥੇ ਪਦ ਦੇ ਗਿਆਨ ਵਿੱਚ ਬਦਲਣ ਵਾਲਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਦੂਸਰਾ ਹੋਰ ਕੋਈ ਨਹੀਂ ਹੋ ਸਕਦਾ। ਜਿਨ੍ਹਾਂ ਮਨੁੱਖੀ ਸਰੀਰਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਉੱਚਾ ਧਾਰਮਿਕ ਗਿਆਨ ਦਿੱਤਾ ਹੈ ਉਸ ਵਿੱਚ ਉਸ ਮਨੁੱਖੀ ਸਰੀਰ ਦੀ ਇਸ ਗੱਲੋਂ ਵਡਿਆਈ ਨਹੀਂ ਹੈ ਕਿ ਉਹ ਉਸਦਾ ਆਪਣਾ ਗਿਆਨ ਹੈ ਪਰ ਉਨ੍ਹਾਂ ਸਾਰੇ ਸਰੀਰਾਂ ਦੀ ਆਪਣੀ ਵਡਿਆਈ ਵੀ ਬਹੁਤ ਉੱਚੀ ਹੈ ਜਿਸਨੂੰ ਕਿ ਸਮਝਣ ਦੀ ਲੋੜ ਹੈ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਜੋ ਸੱਚੀ ਭਗਤੀ ਦੇ ਮਾਰਗ ਤੇ ਚੱਲ ਕੇ ਦਿਖਾਇਆ ਹੈ ਉਨ੍ਹਾਂ ਦੀ ਉੱਚੀ ਵਡਿਆਈ ਇਸ ਕਰਕੇ ਹੈ ਕਿ ਉਨ੍ਹਾਂ ਨੇ ਸੰਸਾਰ ਵਿੱਚ ਸੱਚਾ ਸੁੱਚਾ ਜੀਵਨ ਬਿਤਾ ਕੇ ਦਿਖਾਇਆ ਹੈ ਜੋ ਸੱਚਾ ਸੁੱਚਾ ਜੀਵਨ ਜਿਉਣ ਵਿੱਚ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਅਨੇਕਾਂ ਕਸ਼ਟ ਵੀ

ਸਹੇ ਹਨ, ਜਿਸ ਲਈ ਉਨ੍ਹਾਂ ਨੇ ਆਪਣੀਆਂ ਇੱਛਾਵਾਂ ਦਾ ਤਿਆਗ ਵੀ ਕੀਤਾ ਹੈ ਭਾਵ ਭਗਤੀ ਦੇ ਮਾਰਗ ਦਾ ਔਖਾਪਨ ਵੀ ਸਹਿਆ ਹੈ, ਮਾਇਆ ਦੇ ਪਦਾਰਥਾਂ ਦਾ ਮੋਹ ਤਿਆਗਿਆ ਹੈ ਭਾਵ ਸੰਸਾਰ ਦੇ ਦੂਸਰੇ ਜੀਵਾਂ ਲਈ ਧਰਮ ਦੇ ਸੱਚੇ ਮਾਰਗ ਤੇ ਚੱਲਣ ਦਾ ਉਦਾਹਰਨ ਬਣੇ ਹਨ ਕਿ ਸੱਚੀ ਭਗਤੀ ਤੇ ਚੱਲਣ ਦਾ ਮਾਰਗ ਸਾਰੇ ਸੰਸਾਰ ਲਈ ਇਹੋ ਜਿਹਾ ਹੁੰਦਾ ਹੈ ਜਿਸਦਾ ਕਿ ਸਦੀਆਂ ਤੋਂ ਇਤਿਹਾਸ ਗਵਾਹ ਹੈ ਭਾਵੇਂ ਉਹ ਮਨੁੱਖੀ ਰੂਪ ਕਿਸੇ ਵੀ ਧਾਰਮਿਕ ਆਸਥਾ ਦੇ ਨਾਲ ਜੁੜੇ ਰਹੇ ਹੋਣ ਪਰ ਕਰਮ ਸਭ ਨੇ ਚੰਗੇ ਹੀ ਕੀਤੇ ਹਨ, ਸਾਰੀ ਮਨੁੱਖਤਾ ਦੇ ਭਲੇ ਲਈ ਇੱਕੋ ਜਿਹੇ ਹੀ ਕੀਤੇ ਹਨ ਪਰ ਕਿਸੇ ਨੂੰ ਇਸ ਗੱਲ ਲਈ ਪੂਜਣਾ ਕਿ ਉਹ ਧਰਮ ਦੇ ਗਿਆਨ ਦਾ ਦਾਤਾ ਹੈ ਫਿਰ ਇਹ ਮਨੁੱਖ ਦਾ ਭਰਮ ਹੈ ਤੇ ਕਿਸੇ ਮਨੁੱਖ ਨੂੰ ਦਾਤਾਂ ਦਾ ਮਾਲਕ ਸਮਝਣਾ ਤੇ ਉਸਨੂੰ ਇਸ ਗੱਲ ਲਈ ਪੂਜਣਾ, ਉਸਦੇ ਬੁੱਤ ਬਣਾਕੇ ਪੂਜਣਾ ਕਿ ਮਨੁੱਖ ਹੀ ਦਾਤਾਂ ਦੇਣ ਵਾਲਾ ਹੈ ਇਹ ਵੀ ਮਨੁੱਖ ਦਾ ਭਰਮ ਹੈ ਭਾਵ ਅਗਿਆਨਤਾ ਹੈ ਤੇ ਕਿਸੇ ਸਰੀਰਕ ਰੂਪ ਨੂੰ ਇਸ ਗੱਲੋਂ ਉੱਚਾ ਮੰਨ ਕੇ ਪੂਜਣਾ ਕਿ ਇਹ ਮੈਨੂੰ ਮਰਨ ਤੋਂ ਬਚਾ ਲਵੇਗਾ ਇਹ ਵੀ ਮਨੁੱਖ ਦੀ ਅਗਿਆਨਤਾ ਹੈ ਜਿਵੇਂ ਕਿ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਭੁਖਿਆ ਦੇਇ ਨ ਮਰਦਿਆ ਰਖੈ ॥ ਅੰਧਾ ਝਗੜਾ ਅੰਧੀ ਸਥੈ ॥੧॥”

ਉਪਰ ਵਾਲੀ ਪਹਿਲੀ ਪੰਗਤੀ ਤੋਂ ਭਾਵ ਇਹੀ ਕੁਝ ਹੈ ਜਿਵੇਂ ਕਿ ਅਸੀਂ ਪਹਿਲੇ ਉਪਰ ਸਮਝਿਆ ਹੈ ਕਿ ਕੋਈ ਮੂਰਤੀ ਨਾ ਹੀ ਕਿਸੇ ਨੂੰ ਕੁਝ ਦੇ ਸਕਦੀ ਹੈ ਤੇ ਨਾ ਹੀ ਕਿਸੇ ਨੂੰ ਮਰਨ ਤੋਂ ਬਚਾ ਸਕਦੀ ਹੈ ਭਾਵ ਮੂਰਤੀ ਪੂਜਾ ਦਾ ਖੰਡਨ ਕੀਤਾ ਹੋਇਆ ਹੈ ਭਾਵੇਂ ਕੋਈ ਪੂਰੇ ਸੰਸਾਰ ਵਿੱਚ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸਿੱਖ ਜਗਤ ਵਿੱਚ ਵੀ ਅਨੇਕਾਂ ਘਰਾਂ ਵਿੱਚ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਲਗਾ ਕੇ ਉਨ੍ਹਾਂ ਨੂੰ ਪੂਜਿਆ ਜਾਂਦਾ ਹੈ, ਉਨ੍ਹਾਂ ਨੂੰ ਮੱਥੇ ਟੇਕੇ ਜਾਂਦੇ ਹਨ ਤੇ ਮੰਗਾਂ ਮੰਗੀਆਂ ਜਾਂਦੀਆਂ ਹਨ ਜੋ ਕਿ ਕੇਵਲ ਸਾਡੇ ਮਨ ਦਾ ਭਰਮ ਹੈ ਕਿ ਮੂਰਤੀ ਸਾਨੂੰ ਕੁਝ ਦੇ ਸਕਦੀ ਹੈ ਜਾਂ ਸਾਡੇ ਜੀਵਨ ਨੂੰ ਬਚਾ ਸਕਦੀ ਹੈ। ਸੰਸਾਰ ਵਿੱਚ ਜੋ ਕੁਝ ਵੀ ਹੁੰਦਾ

ਹੈ ਉਹ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੀ ਰਜਾ ਨਾਲ ਹੀ ਹੁੰਦਾ ਹੈ ਜੋ ਉਸਦੀ ਰਜਾ ਦਾ ਪਾਤਰ ਬਣਨ ਲਈ ਉਹ ਮਨੁੱਖ ਦੀ ਨੀਯਤ ਨੂੰ ਦੇਖਦਾ ਹੈ, ਮਨੁੱਖ ਦੀ ਸੰਸਾਰਿਕ ਵਿਚਰਨ ਨੂੰ ਦੇਖਦਾ ਹੈ, ਮਨੁੱਖ ਦੇ ਕਰਮਾਂ ਨੂੰ ਦੇਖਦਾ ਹੈ ਭਾਵ ਮਨੁੱਖ ਦੀ ਜੀਵਨ ਜਾਚ ਨੂੰ ਦੇਖਦਾ ਹੈ ਤੇ ਆਪਣੀ ਜੀਵਨ ਜਾਚ ਚੰਗੀ ਬਨਾਉਣੀ ਹੀ ਸਾਨੂੰ ਸੰਸਾਰ ਦਾ ਹਰ ਸੱਚਾ ਧਰਮ ਗ੍ਰੰਥ ਸਮਝਾਉਂਦਾ ਹੈ। ਸੰਸਾਰ ਦਾ ਹਰ ਸੱਚਾ ਧਰਮ ਗ੍ਰੰਥ ਸਾਨੂੰ ਇਹ ਨਹੀਂ ਸਮਝਾਉਂਦਾ ਕਿ ਸਾਨੂੰ ਮੂਰਤੀ ਪੂਜਾ, ਬੁੱਤ ਪੂਜਾ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਕੋਲੋਂ ਮੰਗਣਾ ਚਾਹੀਦਾ ਹੈ। ਭਾਵੇਂ ਚਾਰੇ ਵੇਦ ਪੜ ਲਵੋ, ਪੁਰਾਣ ਪੜ ਲਵੋ, ਸਿਮ੍ਰਿਤ ਸ਼ਾਸਤਰ ਪੜ ਲਵੋ, ਭਗਵਤ ਗੀਤਾ ਪੜ ਲਵੋ, ਕੁਰਾਣ ਪੜ ਲਵੋ, ਬਾਈਬਲ ਪੜ ਲਵੋ ਜਾਂ ਗੁਰੂ ਗੁਰਬਾਣੀ ਗ੍ਰੰਥ ਪੜ ਲਵੋ। ਬੁੱਤਾਂ ਨੂੰ ਪੂਜਣਾ ਸਾਡੀ ਅਤਿ ਦੀ ਅਗਿਆਨਤਾ ਹੈ ਭਾਵ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਸਮਝ ਨੂੰ ਨਾਸਮਝ ਸਕਣ ਦੀ ਅਗਿਆਨਤਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

53/7462

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}

(ਅੰਗ ੧੩੫੦)

“ਪੰਡਿਤ ਵਾਚਹਿ ਪੋਥੀਆ ਨਾ ਬ੍ਰੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥ ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥ ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥”

(ਅੰਗ ੫੬)

ਉਪਰ ਵਾਲੇ ਪੂਰੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਸੱਚੇ ਧਰਮ ਗ੍ਰੰਥ ਸਾਨੂੰ ਇੱਕੋ ਇੱਕ ਸੱਚ ਹੀ ਸਮਝਾਉਂਦੇ ਹਨ ਤੇ ਸਾਰੀ ਗੱਲ ਧਾਰਮਿਕ ਗ੍ਰੰਥ ਦੇ ਅੰਦਰ ਦੇ ਸੱਚ ਨੂੰ ਨਾ ਸਮਝ ਸਕਣ ਦੀ ਹੈ। ਸਾਰੇ ਧਰਮ ਗ੍ਰੰਥ ਸਾਨੂੰ ਇੱਕੋ ਜਿਹੀ ਸੱਚੀ ਕਰਨੀ ਦਾ ਮਾਰਗ ਹੀ ਸਮਝਾਉਂਦੇ ਹਨ ਪਰ ਸਾਨੂੰ ਭਰਮਾਂ ਵਿੱਚ ਉਹ ਪਾਉਂਦੇ ਹਨ ਜੋ ਆਪਣੇ ਆਪ ਨੂੰ ਪੰਡਿਤ ਭਾਵ ਧਰਮ ਦੇ ਵਿਦਵਾਨ ਤਾਂ ਅਖਵਾਉਂਦੇ ਹਨ, ਪੋਥੀਆਂ ਦੇ ਅੰਦਰ ਦੇ ਵਿਚਾਰਾਂ ਨੂੰ ਆਪ ਤਾਂ ਬੁਝ ਨਹੀਂ ਸਕਦੇ ਭਾਵ ਉਨ੍ਹਾਂ ਦੀ ਅੰਦਰ ਦੀ ਗਹਿਰਾਈ ਨੂੰ ਸਮਝ ਨਹੀਂ ਸਕਦੇ ਪਰ ਦੂਸਰਿਆਂ ਨੂੰ ਮੱਤਾਂ ਦਿੰਦੇ ਹਨ ਤੇ ਜੋ ਉਨ੍ਹਾਂ ਦੀ ਮਤਿ ਨੂੰ ਮੰਨਦੇ ਹਨ ਉਹ ਉਨ੍ਹਾਂ ਦੇ ਵਿਚਾਰਾਂ ਨੂੰ ਸੱਚ ਹੀ ਸਮਝਦੇ ਹਨ ਕਿ ਇਨ੍ਹਾਂ ਨੇ ਸਾਨੂੰ ਧਰਮ ਗ੍ਰੰਥਾਂ ਦੀ ਸੱਚੀ ਮਤਿ ਹੀ ਸਮਝਾਈ ਹੈ ਪਰ ਅਸਲ ਵਿੱਚ ਇਹੋ ਜਿਹੀ ਮਤਿ ਜੋ ਸਾਨੂੰ ਧਰਮ ਦੇ ਵਿਦਵਾਨ ਦਿੰਦੇ ਹਨ ਇਸ ਰਾਹੀਂ ਉਹ ਸੰਸਾਰ ਵਿੱਚ ਮਾਇਆ ਦਾ ਵਾਪਾਰ ਹੀ ਕਰਦੇ ਹਨ ਭਾਵ ਮਨ ਦੀ ਮਾਇਆ ਦਾ ਵਾਪਾਰ ਕਰਦੇ ਹਨ ਭਾਵ ਆਪਣੀ ਅਗਿਆਨਤਾ ਵਾਲੀ ਸਮਝ ਦਾ ਵਾਪਾਰ ਕਰਦੇ ਹਨ ਭਾਵ ਸੰਸਾਰ ਵਿੱਚ ਧਰਮ ਗ੍ਰੰਥਾਂ ਦੀ ਸੱਚੀ ਸਮਝ ਨੂੰ ਝੂਠੀ ਸਮਝ ਬਣਾਕੇ ਪ੍ਰਚਾਰ ਕਰਦੇ ਹਨ। **(ਪੰਡਿਤ ਵਾਚਹਿ ਪੋਥੀਆ ਨਾ ਬ੍ਰੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥)**

ਉਸ ਸ੍ਰਿਸ਼ਟੀ ਦੇ ਕਰਤੇ ਪ੍ਰਮਾਤਮਾ ਦੇ ਨਾਲ ਸਾਡਾ ਝਗੜਾ ਮਨ ਦੀ ਮਾਇਆ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਹੀ ਹੈ ਜਿਸ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਏ, ਵੇਦਾਂ ਦੇ ਅੰਦਰ ਸਮਝਾਏ ਹੋਏ ਸੱਚ ਨੂੰ ਨਾ ਸਮਝਣ ਕਰਕੇ ਪ੍ਰਮਾਤਮਾ ਦੀ ਉਸ ਤਰੀਕੇ ਸਿਫਤ ਸਾਲਾਹ ਕਰਦੇ ਹਾਂ ਭਾਵ ਉਹੋ ਜਿਹੇ ਭਗਤੀ ਦੇ ਤਰੀਕੇ ਅਪਨਾਉਂਦੇ ਹਾਂ ਜਿਹੋ ਜਿਹੇ ਤਰੀਕਿਆਂ ਨਾਲ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਨਿਬੜਦਾ, ਵਾਦ ਵਿਰੋਧ ਨਹੀਂ ਨਿਬੜ ਸਕਦਾ, ਮਨ ਦਾ ਝੂਠਾ ਆਵਾਗਉਣ ਨਹੀਂ ਨਿਬੜ ਸਕਦਾ। ਅਸੀਂ ਭਗਤੀ ਦੇ ਤਰੀਕੇ ਉਨ੍ਹਾਂ ਕੋਲੋਂ ਸਿੱਖਦੇ ਹਾਂ ਭਾਵ ਵੇਦਾਂ ਦਾ ਗਿਆਨ ਉਨ੍ਹਾਂ ਕੋਲੋਂ ਲੈਂਦੇ ਹਾਂ ਜਿਨ੍ਹਾਂ ਨੂੰ ਅਸੀਂ ਧਰਮ ਦੇ ਪੰਡਿਤ ਸਮਝਦੇ ਹਾਂ, ਜੋਤਿਸ਼ ਵਿੱਦਿਆ ਵਾਲੇ ਸਮਝਦੇ ਹਾਂ ਭਾਵ ਧਰਮ ਦੇ ਮਾਰਗ ਦੇ ਉੱਚੇ ਵਿਦਵਾਨ ਸਮਝਦੇ ਹਾਂ ਕਿ ਇਨ੍ਹਾਂ ਤੋਂ ਜਿਆਦਾ ਉੱਚੀ ਧਾਰਮਿਕ ਸਮਝ ਵਾਲਾ ਕੋਈ ਹੋਰ ਨਹੀਂ ਹੋ ਸਕਦਾ। ਬੁੱਤ ਪੂਜਾ ਆਦਿ ਕਰਨੀ ਸਾਨੂੰ ਇਹੋ ਜਿਹੇ ਹੀ ਸਮਝਾਉਂਦੇ ਹਨ ਭਾਵੇਂ ਵੇਦਾਂ ਵਿੱਚ ਕਿਤੇ ਇਹ ਨਹੀਂ ਲਿਖਿਆ ਹੋਇਆ ਕਿ ਸਾਨੂੰ ਕੋਈ ਬੁੱਤ ਪੂਜਾ ਜਾਂ ਮੂਰਤੀ ਪੂਜਾ ਕਰਨੀ ਚਾਹੀਦੀ ਹੈ, ਜਿਹੜਾ

ਮਰਜੀ ਸੱਚਾ ਧਰਮ ਗ੍ਰੰਥ ਧਿਆਨ ਨਾਲ ਪੜ੍ਹ ਕੇ ਦੇਖ ਲਵੇ। ਜਿਹੜੇ ਸਾਨੂੰ ਇਹ ਕੁਝ ਕਰਨ ਲਈ ਸਮਝਾਉਂਦੇ ਹਨ ਉਹ ਆਪ ਹੀ ਭਰਮਾਂ ਵਿੱਚ ਰਹੇ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ ਭਾਵ ਨਾ ਉਨ੍ਹਾਂ ਦਾ ਆਪਣਾ ਸ੍ਰਿਸ਼ਟੀ ਦੇ ਕਰਤੇ ਪ੍ਰਮਾਤਮਾ ਦੇ ਨਾਲ ਝਗੜਾ ਨਿਬੜਿਆ ਹੈ ਤੇ ਦੂਸਰਿਆਂ ਨੂੰ ਵੀ ਉਹ ਪ੍ਰਮਾਤਮਾ ਦੇ ਨਾਲ ਝਗੜਾ ਪਾਉਣ ਵਾਲੀ ਸਮਝ ਦੇ ਨਾਲ ਜੋੜਦੇ ਹਨ। ਸਾਡਾ ਜੋ ਵੀ ਕਰਮ ਸੱਚੇ

53/7463

ਧਰਮ ਗ੍ਰੰਥਾਂ ਦੀ ਸੱਚੀ ਸਮਝ ਦੇ ਉਲਟ ਹੁੰਦਾ ਹੈ ਉਸ ਆਪਣੇ ਨਾਸਮਝ ਕਰਮ ਕਰਨ ਦੁਆਰਾ ਅਸੀਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਹੀ ਪਾਉਂਦੇ ਹਾਂ ਭਾਵ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਸਮਝ ਦੀ ਵਿਰੋਧਤਾ ਹੀ ਕਰਦੇ ਹਾਂ ਜੋ ਵਿਰੋਧਤਾ ਅਸਲ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਰੋਧਤਾ ਹੀ ਹੈ ਕਿਉਂਕਿ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸੱਚੀ ਸਮਝ ਦਾ ਮਾਲਕ, ਸੱਚੇ ਗਿਆਨ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਕੋਈ ਉਸਨੂੰ ਗਾਡ ਕਹਿ ਕੇ ਜਾਣੇ, ਪ੍ਰਮਾਤਮਾ ਕਹਿ ਕੇ ਜਾਣੇ, ਅੱਲ੍ਹਾ ਕਹਿ ਕੇ ਜਾਣੇ, ਵਾਹਿਗੁਰੂ ਕਹਿ ਕੇ ਜਾਣੇ ਇੱਕੋ ਹੀ ਗੱਲ ਹੈ। ਉਸਦੇ ਰਚੇ ਹੋਏ ਸੱਚੇ ਧਰਮ ਗ੍ਰੰਥਾਂ ਨੂੰ ਭਾਵੇਂ ਕੋਈ ਵੇਦ ਕਹਿ ਕੇ ਜਾਣੇ, ਪੁਰਾਣ ਕਹਿ ਕੇ ਜਾਣੇ, ਸਿਮ੍ਰਿਤ ਸ਼ਾਸਤਰ ਕਹਿ ਕੇ ਜਾਣੇ, ਕੁਰਾਣ ਕਹਿ ਕੇ ਜਾਣੇ, ਬਾਈਬਲ ਕਹਿ ਕੇ ਜਾਣੇ, ਗੁਰੂ ਗੁਰਬਾਣੀ ਗ੍ਰੰਥ ਕਹਿ ਕੇ ਜਾਣੇ ਇੱਕੋ ਹੀ ਗੱਲ ਹੈ। ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਸਮਝ ਦੀ ਅਸਲੀਅਤ ਨੂੰ ਸਮਝਣ ਦਾ ਭਰਮ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਭਾਵ ਭਾਵੇਂ ਉਹ ਜਿਹੋ ਜਿਹੇ ਵੀ ਧਰਮ ਗ੍ਰੰਥ ਦੇ ਨਾਲ ਜੁੜਿਆ ਹੋਵੇ ਕਿਉਂਕਿ ਸੰਸਾਰ ਦਾ ਹਰ ਮਨੁੱਖ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੀ ਹੈ, ਮਨ ਦੀ ਮਾਇਆ ਵਿੱਚ ਹੀ ਹੈ, ਮਨ ਦੀ ਹਉਮੈ ਵਿੱਚ ਹੀ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਹੀ ਹੈ ਜਿਸ ਸਮਝ ਵਿੱਚ ਰਹਿੰਦਿਆਂ ਚੌਥੇ ਪਦ ਦੇ ਗਿਆਨ ਵਾਲੀ ਸਮਝ ਨੂੰ ਪੂਰਨ ਰੂਪ ਵਿੱਚ ਸਮਝਿਆ ਹੀ ਨਹੀਂ ਜਾ ਸਕਦਾ ਤੇ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਹੈ ਹੀ ਪੂਰਨ ਨਾਮ ਵਾਲੀ ਸਮਝ, ਬ੍ਰਹਮ ਗਿਆਨ ਵਾਲੀ ਸਮਝ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਜੋ ਸਮਝ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਦੀ ਆਪਣੀ ਹੀ ਪਾਈ ਹੋਈ ਹੈ, ਜਿਸ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਸਮਝ ਨੂੰ ਉਹ ਸ੍ਰਿਸ਼ਟੀ ਦੇ ਅੰਦਰ ਕਿਸੇ ਮਨੁੱਖ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਪਾ ਸਕਦਾ ਹੈ ਤੇ ਕੋਈ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਸਮਝ ਸਕਦਾ ਹੈ। **(ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥ ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥ ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥)**

ਹੁਣ ਅਸੀਂ ਮੁੱਖ ਸ਼ਬਦ ਦੀ ਆਖਰੀ ਪੰਗਤੀ ਰਾਹੀਂ ਇਹ ਸਮਝ ਸਕਦੇ ਹਾਂ ਕਿ ਸਾਡਾ ਸ੍ਰਿਸ਼ਟੀ ਦੇ ਨਾਰਾਇਣ ਦੇ ਨਾਲ ਝਗੜਾ ਕਿਸ ਵਜ੍ਹਾ ਕਰਕੇ ਹੈ।

"ਅੰਧਾ ਝਗੜਾ ਅੰਧੀ ਸਥੈ ॥੧॥"

ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸਾਡਾ ਇਹ ਝਗੜਾ ਮਨ ਦੇ ਅੰਧੇਪਨ ਦਾ ਹੈ ਭਾਵ ਮਨ ਦੀ ਅਗਿਆਨਤਾ ਕਰਕੇ ਹੈ ਜਿਸ ਕਰਕੇ ਇਸਨੂੰ ਅੰਧਾ ਝਗੜਾ ਕਿਹਾ ਹੈ ਜਿਸ ਪ੍ਰਮਾਤਮਾ ਦੇ ਨਾਲ ਝਗੜੇ ਨੂੰ ਅਸੀਂ ਮਨ ਦੇ ਅੰਧੇਪਨ ਕਰਕੇ ਭਾਵ ਮਨ ਦੀ ਅਗਿਆਨਤਾ ਕਰਕੇ ਨਹੀਂ ਸਮਝ ਸਕਦੇ ਕਿ ਆਪਣੇ ਵੱਲੋਂ ਅਸੀਂ ਜੋ ਬੁੱਤਾਂ ਨੂੰ ਪੂਜ ਰਹੇ ਹਾਂ, ਮੂਰਤੀਆਂ ਨੂੰ ਪੂਜ ਰਹੇ ਹਾਂ ਭਾਵ ਉਨ੍ਹਾਂ ਨੂੰ ਹੀ ਸਭ ਕੁਝ ਦੇਣ ਵਾਲੇ ਸਮਝ ਕੇ ਪੂਜ ਰਹੇ ਹਾਂ ਇਸ ਮਨ ਦੀ ਨਾਸਮਝੀ ਕਰਕੇ ਅਸੀਂ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿ ਇਹੋ ਜਿਹਾ ਕਰਨ ਨਾਲ ਅਸੀਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਹੀ ਪਾ ਰਹੇ ਹਾਂ ਜਿਸਨੇ ਆਪ ਹੀ ਸਾਰੀ ਸ੍ਰਿਸ਼ਟੀ ਉਪਾਈ ਹੈ ਤੇ ਆਪ ਹੀ ਸਭ ਨੂੰ ਸਭ

ਕੁਝ ਦੇਣ ਵਾਲਾ ਹੈ ਜੋ ਸ੍ਰਿਸ਼ਟੀ ਦਾ ਕਰਤਾ ਹੈ, ਇੱਕੋ ਇੱਕ ਮਾਲਕ ਹੈ ਜੋ ਸਭ ਨੂੰ ਹੀ ਰੋਜੀ ਦਿੰਦਾ ਹੈ। ਬੁੱਤਾਂ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਸਮਝ ਕੇ, ਸਭ ਕੁਝ ਦੇਣਹਾਰ ਸਮਝ ਕੇ ਸਾਨੂੰ ਇਹ ਝਗੜਾ ਕਰਨਾ ਕੌਣ ਸਿਖਾਉਂਦਾ ਹੈ ਭਾਵ ਬੁੱਤਾਂ ਆਦਿ ਨੂੰ ਪੂਜਣਾ ਕੌਣ ਸਿਖਾਉਂਦਾ ਹੈ ਇਹੀ ਗੱਲ ਉਪਰ ਪੰਗਤੀ ਵਿੱਚ ਸਮਝਾਈ ਹੋਈ ਹੈ ਜਿਸਨੂੰ ਕਿ **"ਅੰਧੀ ਸਥੈ"** ਕਹਿ ਕੇ ਸਮਝਾਇਆ ਹੋਇਆ ਹੈ, **"ਸਥੈ"** ਸਭਾ ਨੂੰ ਕਹਿੰਦੇ ਹਨ। ਅਸੀਂ ਕਿਸਦੀ ਸਭਾ ਵਿੱਚ ਬੈਠ ਕੇ ਬੁੱਤਾਂ ਆਦਿ ਦੀ ਪੂਜਾ ਨੂੰ ਕਰਨਾ ਸਿੱਖਦੇ ਹਾਂ ਇਹ ਉਹੀ ਲੋਗ ਹਨ ਜਿਨ੍ਹਾਂ ਨੂੰ ਅਸੀਂ ਧਰਮ ਦੇ ਪੰਡਿਤ, ਵਿਦਵਾਨ ਮੰਨਿਆ ਹੋਇਆ ਹੈ ਜਿਵੇਂ ਕਿ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਤੇ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਨੂੰ ਭਗਤੀ ਦੇ ਪੁੱਠੇ ਮਾਰਗ ਤੇ ਪਾਉਣ ਵਾਲੇ ਇਹੋ ਜਿਹੇ ਭਰਮੇ ਹੋਏ ਵਿਦਵਾਨ ਹੀ ਹਨ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਵਿਦਵਾਨ ਸਮਝਿਆ ਹੋਇਆ ਹੈ ਜੋ ਕਿ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਖੁਦ ਹੀ ਅਗਿਆਨਤਾ ਵਿੱਚ ਹਨ ਭਾਵ ਮਨ ਦੇ ਅੰਧੇਪਨ ਵਿੱਚ ਹਨ। ਜੇਕਰ ਇਹੋ ਜਿਹੇ ਅਗਿਆਨੀਆਂ ਦੀ ਸਭਾ ਵਿੱਚ ਬੈਠਾਂਗੇ ਭਾਵ ਉਹੋ ਜਿਹਿਆਂ ਦੀ ਮਤਿ ਦੇ ਨਾਲ ਜੁੜਾਂਗੇ ਭਾਵੇਂ ਇਹੋ ਜਿਹੀ ਮਤਿ ਸਦੀਆਂ ਤੋਂ ਪਹਿਲੇ ਹੀ ਦਿੱਤੀ ਹੋਵੇ ਫਿਰ ਅਸੀਂ ਉਹੋ ਜਿਹੀ ਭਗਤੀ ਦੇ ਮਾਰਗ ਨਾਲ ਹੀ ਜੁੜਾਂਗੇ ਤੇ ਬੁੱਤਾਂ-ਮੂਰਤੀਆਂ ਆਦਿ ਨੂੰ ਪੂਜਾਂਗੇ ਜਿਨ੍ਹਾਂ ਦਾ ਬਾਣੀ ਦੇ ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ ਤੇ ਸੰਸਾਰ ਦੇ ਕਿਸੇ ਵੀ ਸੱਚੇ ਧਰਮ ਗ੍ਰੰਥ ਵਿੱਚ ਬੁੱਤ ਪੂਜਾ ਨਹੀਂ ਸਮਝਾਈ ਹੋਈ ਜਿਵੇਂ ਕਿ ਅਸੀਂ ਉਪਰ ਵਿਸਥਾਰ ਵਿੱਚ ਸਮਝਿਆ ਹੀ ਹੈ। ਬੁੱਤ ਪੂਜਾ ਕਰਨ ਲਈ ਸੰਸਾਰ ਦੇ ਹਰ ਮਨੁੱਖ ਨੂੰ ਬਾਣੀ ਰਾਹੀਂ ਇਸ ਲਈ ਹੀ ਸਮਝਾਇਆ ਹੈ ਕਿ ਉਸਤੋਂ ਕੋਈ ਲਾਭ ਨਹੀਂ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਕਿਉਂਕਿ ਜਿਸ ਸ੍ਰਿਸ਼ਟੀ ਦੇ ਦੇਵ ਨੂੰ, ਸ੍ਰਿਸ਼ਟੀ ਦੇ ਇੱਕੋ ਇੱਕ ਦੇਵਤੇ ਨੂੰ ਹਰ ਕੋਈ ਪੂਜਣਾ ਚਾਹੁੰਦਾ ਹੈ ਉਹ ਤਾਂ ਸਿਸ਼੍ਰਟੀ ਦਾ ਕਰਤਾ ਆਪ ਹੀ ਹੈ ਤੇ ਸਭ ਦੇ ਅੰਦਰ ਹੀ ਹੈ ਜਿਸਨੂੰ ਕਿ ਮਨ ਦੀ ਅਗਿਆਨਤਾ ਨਿਕਲਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਤੇ ਉਸਨੂੰ ਪੂਜਿਆ ਜਾ ਸਕਦਾ ਹੈ। ਉਸ ਇੱਕੋ ਇੱਕ ਸ੍ਰਿਸ਼ਟੀ ਦੇ ਦੇਵਤੇ ਨੂੰ ਪੂਜਣ ਦਾ ਤਰੀਕਾ ਹੀ ਸੰਸਾਰ ਦੇ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸਮਝਾਇਆ ਹੋਇਆ ਹੈ ਜੋ ਉਸਦਾ ਦੇਵਤਾ ਰੂਪ ਹਰ ਧਰਮ ਗ੍ਰੰਥਾਂ ਦੇ ਅੰਦਰ ਉਸਦੀ ਸੱਚੀ ਸਿੱਖਿਆ ਹੈ ਜਿਸ ਉਸਦੀ ਸੱਚੀ ਸਿੱਖਿਆ ਨੂੰ ਸਮਝ ਕੇ, ਉਸਨੂੰ ਮੰਨ ਕੇ ਤੇ ਉਸਤੇ ਅਮਲ ਕਰਕੇ ਹੀ ਪੂਜਿਆ ਜਾ ਸਕਦਾ ਹੈ ਜਿਸ ਲਈ ਮੂਰਤੀਆਂ ਨੂੰ ਉਸਦਾ ਪੱਥਰ ਰੂਪ ਬਣਾ ਕੇ ਪੂਜਣਾ ਕੇਵਲ ਉਸਦਾ ਭਰਮ ਹੈ ਜਿਸ ਤੋਂ ਕੋਈ ਲਾਭ ਨਹੀਂ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਮਹਲਾ ੫ ॥

{ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥
ਤਿਸ ਕੀ ਘਾਲ ਅਜਾਂਈ ਜਾਇ ॥੧॥ ਠਾਕੁਰੁ ਹਮਰਾ ਸਦ ਬੋਲੰਤਾ ॥
ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥ ਅੰਤਰਿ ਦੇਉ ਨ ਜਾਨੈ ਅੰਧੁ ॥
ਭ੍ਰਮ ਕਾ ਮੋਹਿਆ ਪਾਵੈ ਫੰਧੁ ॥ ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥੨॥
ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥

ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥
ਕਹਤ ਕਬੀਰ ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ ॥
ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥}

(ਅੰਗ ੧੧੬੦)

ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧
ੴ ਸਤਿਗੁਰ ਪ੍ਰਸਾਦਿ ॥

{ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥
ਮਨ ਰੇ ਸੰਸਾਰੁ ਅੰਧ ਗਹੇਰਾ ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ ਰਹਾਉ ॥
ਕਬਿਤ ਪੜੇ ਪੜ�ि ਕਬਿਤਾ ਮੂਏ ਕਪੜ ਕੇਦਾਰੈ ਜਾਈ ॥
ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥੨॥
ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥
ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥
ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥
ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥੪॥੧॥}

(ਅੰਗ ੬੫੪)

ਉਪਰ ਵਾਲੇ ਦੋਵਾਂ ਸ਼ਬਦਾਂ ਨੂੰ ਧਿਆਨ ਨਾਲ ਵਿਚਾਰੋ ਤੇ ਸਮਝੋ ਕਿ ਬੁੱਤਾਂ ਨੂੰ ਪੂਜਣ ਦਾ ਕਾਰਣ, ਮੂਰਤੀਆਂ ਨੂੰ ਪੂਜਣ ਦਾ ਕਾਰਣ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਜਿਸ ਵਿੱਚ ਸਿੱਖ ਜਗਤ ਵੀ ਆਉਂਦਾ ਹੈ ਜੋ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ, ਫੋਟੋਆਂ ਨੂੰ ਘਰਾਂ ਵਿੱਚ ਲਗਾਕੇ ਪੂਜਦੇ ਹਨ ਉਨ੍ਹਾਂ ਸਭ ਦੇ ਅੰਦਰ ਦਾ ਕਾਰਣ ਹਰ ਮਨੁੱਖ ਦੇ ਅੰਦਰ ਦੀ ਅਗਿਆਨਤਾ ਹੈ, ਹਉਮੈ ਹੈ ਜਿਸਤੋਂ ਬਾਹਰ ਸੰਸਾਰ ਦਾ ਕੋਈ ਮਨੁੱਖ ਨਹੀਂ ਹੈ। ਮਨ ਦੀ ਇਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਪੂਰੇ ਸੰਸਾਰ ਵਿੱਚ ਇੱਕੋ ਇੱਕ ਸਿਸ਼੍ਰਟੀ ਦੇ ਕਰਤੇ ਦਾ, ਰਾਮ ਦਾ, ਅੱਲ੍ਹਾ ਦਾ, ਵਾਹਿਗੁਰੂ ਦਾ ਨਾਮ ਹੀ ਹੈ ਭਾਵੇਂ ਉਹ ਨਾਮ ਜਿਹੜੇ ਮਰਜੀ ਸੱਚੇ ਧਰਮ ਗ੍ਰੰਥ ਵਿੱਚੋਂ ਸਮਝ ਲਈਏ ਕਿਉਂਕਿ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਜੋ ਵੀ ਸ਼ਬਦਾਂ ਦੀ ਵਿਚਾਰ ਹੈ ਉਹ ਸੱਚੀ ਵਿਚਾਰ ਉਨ੍ਹਾਂ ਦੇ ਅੰਦਰ ਦਾ ਨਾਮ ਹੈ। ਸਾਰੀ ਗੱਲ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਵਿਚਾਰ ਨਾ ਸਮਝ ਆਉਣ ਦਾ ਕਾਰਣ ਸਾਡੇ ਸਭ ਦੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਹੈ ਤੇ ਧਰਮ ਗ੍ਰੰਥਾਂ ਦੇ ਅੰਦਰ ਜੋ ਸ਼ਬਦਾਂ ਦੀ ਵਿਚਾਰ ਹੈ ਉਹ ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਹੈ ਭਾਵ ਹਰ ਧਰਮ ਗ੍ਰੰਥ ਦੇ ਅੰਦਰ ਨਾਮ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਵਿੱਚ ਪਹੁੰਚ ਕੇ ਹੀ ਕੋਈ ਸੰਸਾਰ ਦਾ ਮਨੁੱਖ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦੇ ਸੱਚੇ ਮਾਰਗ ਨੂੰ ਸਮਝ ਸਕਦਾ ਹੈ ਜੋ ਆਪਣੀ ਸੱਚੀ ਭਗਤੀ ਦਾ ਮਾਰਗ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਕਿਸੇ ਮਨੁੱਖ ਨੂੰ ਆਪ ਹੀ ਸਮਝਾਉਂਦਾ ਹੈ ਤੇ ਉਸ ਮਨੁੱਖ ਨੂੰ ਹੀ ਸਮਝ ਪੈਂਦੀ ਹੈ ਕਿ ਸਾਰੀ ਸ੍ਰਿਸ਼ਟੀ ਦੇ ਧਰਮ ਦਾ ਮਾਰਗ ਸੱਚ ਤੇ ਚੱਲਣ ਦਾ ਹੀ ਹੈ ਤੇ ਹਰ ਸੱਚਾ ਧਰਮ ਗ੍ਰੰਥ ਇੱਕੋ ਜਿਹਾ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਕੋਈ ਵੀ ਸੱਚਾ ਧਰਮ ਗ੍ਰੰਥ ਸਾਨੂੰ ਬੁੱਤ ਪੂਜਾ ਲਈ ਨਹੀਂ ਪ੍ਰੇਰਦਾ ਭਾਵ ਉਸ ਦੇਵ ਨੂੰ ਪੂਜਣ ਲਈ ਪ੍ਰੇਰਦਾ ਹੈ ਜੋ ਦੇਵ ਸਭ ਦੇ ਅੰਦਰ ਹੀ ਹੈ ਜਿਸਨੂੰ ਨਾ ਸਮਝ ਸਕਣ ਦਾ ਕਾਰਣ ਮਨ ਦੀ ਅਗਿਆਨਤਾ ਹੈ ਭਾਵ ਨਾਮ ਦੀ ਸਮਝ ਦਾ ਨਾ ਹੋਣਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੁਆਰਾ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਅਸੀਂ ਮਨ ਦੀ ਅਗਿਆਨਤਾ ਵਿੱਚੋਂ ਕਿਵੇਂ ਨਿਕਲ ਸਕਦੇ ਹਾਂ ਭਾਵ ਨਾਮ ਵਾਲੀ ਸਮਝ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਾਂ ਭਾਵ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਕਿਵੇਂ ਸਮਝ ਸਕਦੇ ਹਾਂ, ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਆਪ ਧਰਮ ਗ੍ਰੰਥਾਂ ਨੂੰ ਪੜਨ ਦਾ, ਸਮਝਣ ਦਾ ਤੇ ਉਨ੍ਹਾਂ ਅਨੁਸਾਰ ਵਿਚਰਨ ਦਾ ਉੱਦਮ ਕਰੀਏ ਤੇ ਜੇਕਰ ਅਸੀਂ ਧਰਮ ਗ੍ਰੰਥਾਂ ਦੇ ਅੰਦਰ ਦੀ ਉੱਚੀ ਮਤਿ

ਨੂੰ ਉਨ੍ਹਾਂ ਕੋਲੋਂ ਸਮਝਾਂਗੇ ਜੋ ਖੁਦ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹਨ ਫਿਰ ਉਹ ਸਾਨੂੰ ਉਹ ਕੁਝ ਹੀ ਸਮਝਾਉਣਗੇ ਜੋ ਸਮਝ ਚੌਥੇ ਪਦ ਦੇ ਗਿਆਨ ਵਾਲੀ ਨਹੀਂ ਹੁੰਦੀ ਭਾਵ ਨਾਮ ਵਾਲੀ ਨਹੀਂ ਹੁੰਦੀ। ਚੌਥੇ ਪਦ ਦੇ ਗਿਆਨ ਵਾਲੀ ਸਮਝ ਨੂੰ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਜੋ ਆਪਣਾ ਚੌਥੇ ਪਦ ਦਾ ਗਿਆਨ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਜਿਵੇਂ ਕਿ ਉਸਨੇ ਆਪਣੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਦਿੱਤਾ ਹੈ ਤੇ ਉਨ੍ਹਾਂ ਦੀ ਸਮਝ ਰਾਹੀਂ ਪੂਰੇ ਗੁਰਬਾਣੀ ਗ੍ਰੰਥ ਦੀ ਰਚਨਾ ਆਪ ਹੀ ਕਰਵਾਈ ਹੈ। ਸਾਨੂੰ ਸੱਚੀ ਭਗਤੀ ਦੇ ਮਾਰਗ ਤੋਂ ਭਟਕਾਉਣ ਵਾਲੇ ਪੂਰੇ ਸੰਸਾਰ ਵਿੱਚ ਅਨੇਕਾਂ ਹੀ ਹਨ ਜਿਵੇਂ ਕਿ ਅਸੀਂ ਪਿੱਛੇ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦

ੴ ਸਤਿਗੁਰ ਪ੍ਰਸਾਦਿ ॥

{ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥ ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥
ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ ਰਹਾਉ ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥ ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥ ਹਰਿ ਜੀਉ ਸੇਵੀਐ ਅੰਤਰਜਾਮੀ ॥
ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥ ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥
ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥
ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥ ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥ ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥
ਸਤਿਗੁਰਿ ਮਿਲਿਐ ਵਡੀ ਵਡਿਆਈ ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥
ਨਾਮਿ ਰਤੇ ਸਦਾ ਸੁਖੁ ਪਾਈ ॥੭॥ ਗੁਰਮਤਿ ਮਾਨਿਆ ਕਰਣੀ ਸਾਰੁ ॥
ਗੁਰਮਤਿ ਮਾਨਿਆ ਮੋਖ ਦੁਆਰੁ ॥ ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥}

(ਅੰਗ ੮੩੨-੮੩੩)

ਆਸਾ ਮਹਲਾ ੧ ਤਿਤੁਕਾ ॥

{ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥ ਕਿਸ ਹੀ ਮਾਨੁ ਕਿਸੈ ਅਪਮਾਨੁ ॥
ਢਾਹਿ ਉਸਾਰੇ ਧਰੇ ਧਿਆਨੁ ॥ ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥
ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥ ਵਾਟ ਨ ਪਾਵਉ ਵੀਗਾ ਜਾਉ ॥
ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥
ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥ ਅਹਿਨਿਸਿ ਅੰਧੁਲੇ ਦੀਪਕੁ ਦੇਇ ॥
ਭਉਜਲ ਡੂਬਤ ਚਿੰਤ ਕਰੇਇ ॥ ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥

ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਸਾਨੂੰ ਭਰਮਾਂ ਵਿੱਚ ਪਾਉਣ ਵਾਲੇ ਉਹ ਹਨ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਹੀ ਧਰਮ ਦੇ ਮਾਰਗ ਦੀ ਉੱਚੀ ਸਿੱਖਿਆ ਦੇਣ ਵਾਲੇ ਸਮਝ ਲੈਂਦੇ ਹਾਂ, ਧਰਮ ਦੇ ਸਹੀ ਮਾਰਗ ਨੂੰ ਸਮਝਣ ਲਈ ਧਰਮ ਦੇ ਵਿਦਵਾਨ ਸਮਝ ਲੈਂਦੇ ਹਾਂ ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਹਰ ਕੋਈ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਹੀ ਸੰਸਾਰ

53/7465

ਵਿੱਚੋਂ ਉਸਦਾ ਜੀਵਨ ਬੀਤ ਜਾਂਦਾ ਹੈ ਜਿਸ ਤਰੀਕੇ ਉਸਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਕਦੇ ਨਿਬੜ ਹੀ ਨਹੀਂ ਸਕਦਾ। ਜਿਨ੍ਹਾਂ ਦਾ ਆਪਣਾ ਝਗੜਾ ਸੰਸਾਰ ਵਿੱਚ ਰਹਿੰਦੇ ਹੋਏ ਨਹੀਂ ਨਿਬੜਿਆ ਉਹ ਕਿਸੇ ਦਾ ਝਗੜਾ ਕੀ ਨਿਬੇੜੇਗਾ। ਸਦੀਆਂ ਤੋਂ ਹੀ ਮਨੁੱਖ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਲੱਗਾ ਹੋਇਆ ਹੈ ਜੋ ਕਦੋਂ ਦੇ ਸੰਸਾਰ ਨੂੰ ਛੱਡ ਚੁੱਕੇ ਹਨ ਭਾਵ ਹਰ ਸਮੇਂ ਸੰਸਾਰ ਵਿੱਚ ਭਗਤੀ ਦੇ ਮਾਰਗ ਨੂੰ ਲੈ ਕੇ ਮਨ ਦਾ ਭਰਮ ਹੀ ਪ੍ਰਧਾਨ ਰਿਹਾ ਹੈ ਤੇ ਅੱਜ ਵੀ ਸੰਸਾਰ ਵਿੱਚ ਉਹੋ ਕੁਝ ਹੀ ਚੱਲ ਰਿਹਾ ਹੈ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਮਨੁੱਖ ਦਾ ਭਰਮ ਨਾਮ ਦੀ ਪ੍ਰਾਪਤੀ ਦੁਆਰਾ ਹੀ ਦੂਰ ਹੁੰਦਾ ਹੈ ਜੋ ਕਿ ਸੰਸਾਰ ਦੇ ਕਿਸੇ ਵੀ ਮਨੁੱਖ ਤੇ ਸ੍ਰਿਸ਼ਟੀ ਦੇ ਕਰਤੇ ਦੀ ਸਭ ਤੋਂ ਵੱਡੀ ਕ੍ਰਿਪਾ ਹੈ ਜੋ ਆਪਣਾ ਨਾਮ ਕਿਸੇ ਨੂੰ ਮਨ ਰੂਪ ਜੋਤਿ ਰਾਹੀਂ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਭਰਮ ਪਾਉਣ ਵਾਲਿਆਂ ਦੀ ਸਮਝ ਵਿੱਚੋਂ ਨਿਕਲ ਕੇ ਗੁਰੂ ਰੂਪ ਪ੍ਰਮਾਤਮਾ ਦੀ ਸੱਚੀ ਸਮਝ ਦੇ ਨਾਲ ਜੁੜਨ ਦੀ ਹੈ।

ਸਾਨੂੰ ਇਹ ਭਰਮਾਂ ਵਿੱਚ ਪਾਉਣ ਵਾਲੇ ਹੀ ਸਦੀਆਂ ਤੋਂ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਆ ਰਹੇ ਹਨ ਜਿਸਨੂੰ ਕਿ ਉਹ ਉੱਚੀ ਭਗਤੀ ਦਾ ਮਾਰਗ ਸਮਝਦੇ ਹਨ ਤੇ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਲੱਗ ਕੇ ਅੱਜ ਵੀ ਅਨੇਕਾਂ ਜਗ੍ਹਾ ਸਾਨੂੰ ਸਰੀਰਕ ਜਪਾਂ ਤਪਾਂ ਦੁਆਰਾ ਜੋੜਨ ਵਾਲੇ ਬੈਠੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਭਰਮਾਂ ਵਿੱਚ ਪਾਉਣ ਵਾਲਿਆਂ ਦੀ ਸਮਝ ਵਿੱਚੋਂ ਨਿਕਲੀਏ ਤੇ ਗੁਰੂ ਪ੍ਰਮਾਤਮਾ ਦੀ ਸੱਚੀ ਮਤਿ ਨਾਲ ਜੁੜੀਏ ਜਿਸ ਨਾਲ ਜੁੜੇ ਬਿਨਾਂ ਇਸ ਜੀਵਨ ਨੂੰ ਸਫਲ ਨਹੀਂ ਕੀਤਾ ਜਾ ਸਕਦਾ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਨਹੀਂ ਨਿਬੇੜਿਆ ਜਾ ਸਕਦਾ ਜਿਸ ਝਗੜੇ ਦਾ ਕਾਰਣ ਹੀ ਸਾਡੇ ਅੰਦਰ ਦੀ ਅਗਿਆਨਤਾ ਹੈ, ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦੇ ਮਾਰਗ ਦੀ ਸਮਝ ਦਾ ਨਾ ਹੋਣਾ ਹੈ।

ਸਲੋਕੁ ਮਃ ੩ ॥

{ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥ ਭਰਮੇ ਭੂਲਾ ਸਭਿ ਤੀਰਥ ਗਹੈ ॥
ਓਹੁ ਤਪਾ ਕੈਸੇ ਪਰਮ ਗਤਿ ਲਹੈ ॥ ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥}

(ਅੰਗ ੯੪੮)

ਇਹੋ ਜਿਹੇ ਤਰੀਕੇ ਸੰਸਾਰੀਆਂ ਨੇ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਦੇ ਅਪਨਾਏ ਹੋਏ ਹਨ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਪਨਾਏ ਹੋਏ ਹਨ ਉਨ੍ਹਾਂ ਤਰੀਕਿਆਂ ਤੇ ਚੱਲ ਕੇ ਹਰ ਕੋਈ ਆਪਣੇ ਵੱਲੋਂ ਸ੍ਰਿਸ਼ਟੀ ਦੇ ਕਰਤੇ ਨੂੰ ਹੀ ਖੁਸ਼ ਕਰਨਾ ਚਾਹੁੰਦਾ ਹੈ ਕਿ ਇਸ ਤਰੀਕੇ ਮੈਂ ਉਸਨੂੰ ਪਾ ਲਵਾਂਗਾ, ਜਾਣ ਲਵਾਂਗਾ। ਉਸ ਸ੍ਰਿਸ਼ਟੀ ਦੇ ਕਰਤੇ ਨੂੰ ਕਿਸ ਤਰੀਕੇ ਪਾਇਆ ਜਾ ਸਕਦਾ ਹੈ ਉਹ ਇੱਕੋ ਜਿਹਾ ਤਰੀਕਾ ਹੀ ਸਾਰੇ ਸੰਸਾਰ ਨੂੰ ਗੁਰੂ ਗੁਰਬਾਣੀ ਰਾਹੀਂ ਸਮਝਾਇਆ ਹੋਇਆ

53/7466

ਹੈ ਜੋ ਕਿ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਰਚਨਾ ਹੈ ਜਿਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਗ੍ਰੰਥ ਦੀ ਰਚਨਾ ਹੋਈ ਹੈ। ਉਨ੍ਹਾਂ ਸਰੀਰਾਂ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਕਿਸ ਤਰੀਕੇ ਨਿਬੜਿਆ ਹੋਇਆ ਹੈ ਇਸ ਗੱਲ ਨੂੰ ਅਸੀਂ ਪਿੱਛੇ ਕੁਝ ਸ਼ਬਦਾਂ ਦੁਆਰਾ

ਸਮਝਿਆ ਹੀ ਹੈ ਤੇ ਆਉ ਹੁਣ ਅਗਲੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਦੇ ਹਾਂ ਕਿ ਸ੍ਰਿਸ਼ਟੀ ਦੇ ਕਰਤੇ ਦੇ ਰੂਪ ਧੰਨ ਧੰਨ ਭਗਤ ਕਬੀਰ ਜੀ ਦਾ ਉਸ ਨਾਲ ਝਗੜਾ ਕਿਸ ਤਰੀਕੇ ਨਿਬੜਿਆ ਹੈ ਜੋ ਉਸਦੇ ਨਾਲ ਕਿਸੇ ਦਾ ਝਗੜਾ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਨਿਬੜਦਾ ਹੈ ਜਦੋਂ ਮਨੁੱਖ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਦੀ ਸੱਚੀ ਸਮਝ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਉਹ ਆਪ ਹੀ ਸਮਝਾਉਂਦਾ ਹੈ। ਆਉ ਸਮਝੀਏ।

“ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥
ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥
ਬੁਨਿ ਬੁਨਿ ਆਪ ਆਪੁ ਪਹਿਰਾਵਉ ॥ ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥
ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥”

(ਅੰਗ ੧੧੫੮-੧੧੫੯)

ਉਪਰ ਵਾਲੇ ਸ਼ਬਦ ਰਾਹੀਂ ਭਗਤ ਕਬੀਰ ਜੀ ਦਾ ਅੱਲ੍ਹਾ ਦੇ ਨਾਲ ਮੇਲ ਕਿਸ ਤਰੀਕੇ ਹੋਇਆ ਹੈ ਇਹੀ ਸਮਝਾਇਆ ਹੋਇਆ ਹੈ। ਉਸਦੇ ਨਾਲ ਮੇਲ ਹੋਣ ਦਾ ਤਰੀਕਾ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ, ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਕਿਹੋ ਜਿਹੀ ਧਾਰਮਿਕ ਆਸਥਾ ਰੱਖਣ ਵਾਲਾ ਹੈ। ਜਿਸ ਤਰੀਕੇ ਸ਼ੇਖ ਫਰੀਦ ਜੀ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੀ ਸਮਝ ਵਿੱਚ ਮੇਲ ਹੋਇਆ ਹੈ ਉਸੇ ਤਰੀਕੇ ਭਗਤ ਕਬੀਰ ਜੀ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਮੇਲ ਹੋਇਆ ਹੈ ਕਿਉਂਕਿ ਪੂਰੀ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਸਮਝ ਪਾਉਣ ਵਾਲਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਨਾ ਅੱਜ ਤੱਕ ਕੋਈ ਹੋਇਆ ਹੈ ਤੇ ਨਾ ਹੀ ਕਦੇ ਕੋਈ ਉਸ ਤੋਂ ਬਿਨ੍ਹਾਂ ਹੋਰ ਹੋ ਸਕਦਾ ਹੈ ਭਾਵੇਂ ਕੋਈ ਉਸਨੂੰ ਗਾਡ ਕਹਿ ਕੇ ਜਾਣੇ, ਭਗਵਾਨ ਕਹਿ ਕੇ ਜਾਣੇ, ਅੱਲ੍ਹਾ ਕਹਿ ਕੇ ਜਾਣੇ, ਅਕਾਲ ਪੁਰਖ ਕਹਿ ਕੇ ਜਾਣੇ ਜਾਂ ਕਿਸੇ ਵੀ ਨਾਮ ਨਾਲ ਪੁਕਾਰੇ ਉਸਨੂੰ ਕੋਈ ਫਰਕ ਨਹੀਂ ਹੈ। ਸਾਰੀ ਗੱਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਹੈ, ਮਨ ਦੀ ਹਉਮੈ ਵਿੱਚੋਂ ਨਿਕਲਣ ਦੀ ਹੈ, ਮਨ ਦੇ ਆਪੇ ਵਿੱਚੋਂ ਨਿਕਲਣ ਦੀ ਹੈ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

“ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥”

ਸ੍ਰਿਸ਼ਟੀ ਦੇ ਉੱਤੇ ਆਪਣੀ ਆਪਣੀ ਸਮਾਜਿਕ ਤੇ ਧਾਰਮਿਕ ਆਸਥਾ ਅਨੁਸਾਰ ਅਸੀਂ ਅਨੇਕਾਂ ਹੀ ਜਾਤਾਂ ਬਣਾਈਆਂ ਹੋਈਆਂ ਹਨ ਜਿਸ ਕਰਕੇ ਅਸੀਂ ਕਿਸੇ ਨੂੰ ਉੱਚੀ ਜਾਤਿ ਵਾਲਾ ਸਮਝਦੇ ਹਾਂ ਤੇ ਕਿਸੇ ਨੂੰ ਨੀਵੀਂ ਜਾਤਿ ਵਾਲਾ ਸਮਝਦੇ ਹਾਂ, ਕਿਸੇ ਨੂੰ ਚੰਗੀ ਜਾਤਿ ਵਾਲਾ ਤੇ ਕਿਸੇ ਨੂੰ ਮਾੜੀ ਜਾਤਿ ਵਾਲਾ ਸਮਝਦੇ ਹਾਂ ਜਿਸ ਜਾਤਿ-ਪਾਤ ਕਰਕੇ ਸੰਸਾਰ ਵਿੱਚ ਅਨੇਕਾਂ ਝਗੜੇ ਵੀ ਹੁੰਦੇ ਹਨ ਜੋ ਕਿ ਭਾਰਤ ਵਰਸ਼ ਵਿੱਚ ਖਾਸ ਕਰਕੇ ਸਦੀਆਂ ਤੋਂ ਹੁੰਦਾ ਆ ਰਿਹਾ ਹੈ ਤੇ ਹੁਣ ਵੀ ਹੁੰਦਾ ਹੈ ਜਿਵੇਂ ਕਿ ਹਰ ਕੋਈ ਮਹਿਸੂਸ ਕਰ ਸਕਦਾ ਹੈ। ਭਗਤਾਂ ਨੇ ਵੀ ਆਪਣੇ ਜੀਵਨ ਵਿੱਚ ਇਸ ਗੱਲ ਦਾ ਸਮਾਜ ਵਿੱਚ ਸਾਹਮਣਾ ਕੀਤਾ ਹੈ ਕਿਉਂਕਿ ਉਨ੍ਹਾਂ ਨੂੰ ਨੀਵੀਂ ਜਾਤਿ ਵਾਲਾ ਸਮਝਿਆ ਹੈ ਜਿਨ੍ਹਾਂ ਵਿੱਚ ਧੰਨ ਧੰਨ ਭਗਤ ਨਾਮਦੇਵ ਜੀ ਵੀ

ਹੋਏ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਮੰਦਰਾਂ ਵਿੱਚ ਵੜਨ ਤੋਂ ਵੀ ਮਨ੍ਹਾਂ ਕੀਤਾ ਸੀ ਤੇ ਇਸੇ ਤਰ੍ਹਾਂ ਹੋਰ ਭਗਤਾਂ ਨੂੰ ਵੀ ਉਨ੍ਹਾਂ ਦੇ ਜੀਵਨ ਵਿੱਚ ਛੋਟੀ ਜਾਤਿ ਵਾਲਾ ਕਿਹਾ ਗਿਆ ਹੈ ਜਿਸਦਾ ਕਿ ਇਤਿਹਾਸ ਗਵਾਹ ਹੈ। ਅਸੀਂ ਪਿੱਛੇ ਧੰਨ ਧੰਨ ਭਗਤ ਰਵਿਦਾਸ ਜੀ ਦੇ ਸ਼ਬਦਾਂ ਨੂੰ ਸਮਝਿਆ ਹੈ ਜਿਨ੍ਹਾਂ ਨੂੰ ਕਿ ਸਭ ਤੋਂ ਨੀਵੀਂ ਜਾਤਿ ਵਾਲੇ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਵਰਗੀ ਚਮਾਰ ਜਾਤਿ ਵਾਲਿਆਂ ਨੂੰ ਅੱਜ ਵੀ ਭਾਰਤ ਵਰਸ਼ ਵਿੱਚ ਨੀਵੀਂ ਜਾਤਿ ਵਾਲੇ ਸਮਝਿਆ ਜਾਂਦਾ ਹੈ ਜਿਸ ਕਰਕੇ ਉਨ੍ਹਾਂ ਨੂੰ ਸਮਾਜ ਵਿੱਚ ਗਹਿਰਾ ਅਪਮਾਨ ਸਹਿਣਾ ਪੈਂਦਾ ਹੈ। ਧੰਨ ਹੈ, ਧੰਨ ਹੈ ਇਹੋ ਜਿਹੀ ਨੀਵੀਂ ਜਾਤਿ ਜਿਸ ਜਾਤਿ ਵਾਲਾ ਅਖਵਾਉਂਦੇ ਹੋਏ ਭਗਤ ਰਵਿਦਾਸ ਜੀ ਨੇ ਆਪਣੇ ਅੰਦਰੋਂ ਭਗਵਾਨ ਨੂੰ ਜਾਣਿਆ ਹੈ, ਸ੍ਰਿਸ਼ਟੀ ਦੇ ਮਾਲਕ ਨੂੰ ਜਾਣਿਆ ਹੈ ਤੇ ਉਨ੍ਹਾਂ ਨੂੰ ਆਪਣੀ ਜਾਤਿ ਵਾਲਾ ਬਣਾਇਆ ਹੈ ਭਾਵ ਨਾਮ ਦੀ ਜਾਤਿ ਵਾਲਾ ਬਣਾਇਆ ਹੈ। ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਕੇ ਕਿਸੇ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਪੂਰੇ

ਸੰਸਾਰ ਵਿੱਚ ਮਨੁੱਖ ਦੀਆਂ ਕੇਵਲ ਦੋ ਹੀ ਜਾਤਾਂ ਹਨ, ਇੱਕ ਹਉਮੈ ਦੀ ਜਾਤਿ ਤੇ ਦੂਜੀ ਨਾਮ ਦੀ ਜਾਤਿ ਜਿਵੇਂ ਕਿ ਅਸੀਂ ਲੇਖ ਦੇ ਵਿੱਚ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਹਉਮੈ ਸਭ ਦੇ ਅੰਦਰ ਦੀ ਅਗਿਆਨਤਾ ਵਾਲੀ ਜਾਤਿ ਹੈ ਤੇ ਨਾਮ ਦੀ ਜਾਤਿ ਸੱਚੇ ਗਿਆਨ ਵਾਲੀ ਸਭ ਤੋਂ ਉੱਚੇ ਧਾਰਮਿਕ ਗਿਆਨ ਵਾਲੀ ਭਾਵ ਬ੍ਰਹਮ ਗਿਆਨ ਵਾਲੀ ਜਾਤਿ ਹੈ। ਹਉਮੈ ਵਾਲੀ ਜਾਤਿ ਵਿੱਚ ਰਹਿੰਦੇ ਹੋਏ ਹੀ ਭਾਵ ਮਨ ਦੀ ਘੋਰ ਅਗਿਆਨਤਾ ਵਿੱਚ ਰਹਿੰਦੇ ਹੋਏ ਹੀ ਕੋਈ ਸੰਸਾਰੀਆਂ ਨੂੰ ਨੀਵੀਂ ਜਾਤਿ ਵਾਲਾ ਕਹਿ ਸਕਦਾ ਹੈ ਭਾਵ ਉੱਚ-ਨੀਚ ਦਾ ਭੇਦ ਕਰ ਸਕਦਾ ਹੈ ਕਿਉਂਕਿ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਹਰ ਮਨੁੱਖੀ ਰੂਪ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਕਿਸੇ ਮਨੁੱਖ ਨੂੰ ਉਸਦੀ ਜਾਤਿ ਕਰਕੇ ਨੀਵਾਂ ਕਹਿਣਾ ਪ੍ਰਮਾਤਮਾ ਨੂੰ ਨੀਵਾਂ ਕਹਿਣ ਵਾਲੀ ਗੱਲ ਹੈ ਜੋ ਕਿ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਪਾਉਣ ਵਾਲੀ ਗੱਲ ਹੀ ਹੈ, ਜੋ ਪ੍ਰਮਾਤਮਾ ਹਰ ਮਨੁੱਖੀ ਰੂਪ ਦਾ ਇੱਕੋ ਜਿਹਾ ਮਾਲਕ ਹੈ ਭਾਵੇਂ ਕਿਸੇ ਮਨੁੱਖ ਨੂੰ ਕਿਸੇ ਵੀ ਜਾਤਿ ਵਾਲਾ ਕਹਿ ਕੇ ਬੁਲਾਈਏ ਇੱਕੋ ਹੀ ਗੱਲ ਹੈ ਪਰ ਕਿਸੇ ਦੀ ਜਾਤਿ ਰਾਹੀਂ ਇਸ ਗੱਲ ਦਾ ਭੇਦ ਕਰਨਾ ਕਿ ਇਹ ਜਾਤਿ ਉੱਚੀ ਹੈ ਤੇ ਇਹ ਜਾਤਿ ਨੀਵੀਂ ਹੈ ਇਹ ਬਹੁਤ ਹੀ ਵੱਡੀ ਅਗਿਆਨਤਾ ਹੈ। ਸੰਸਾਰੀਆਂ ਦੇ ਇਸ ਭਰਮ ਦਾ ਸ਼ਿਕਾਰ ਧੰਨ ਧੰਨ ਭਗਤ ਕਬੀਰ ਜੀ ਵੀ ਬਣੇ ਹਨ ਕਿਉਂਕਿ ਉਨ੍ਹਾਂ ਦੀ ਜੁਲਾਹਾ ਜਾਤਿ ਨੂੰ ਕੁਝ ਨੀਵੀਂ ਜਾਤਿ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਦੇ ਮੁਕਾਬਲੇ ਕੋਈ ਹੋਰ ਜਾਤਿ ਵਾਲਿਆਂ ਨੂੰ ਉੱਚੀ ਜਾਤਿ ਵਾਲਾ ਸਮਝਿਆ ਜਾਂਦਾ ਸੀ। ਨੀਵੀਂ ਜਾਤਿ ਵਾਲਿਆਂ ਨੂੰ ਨੀਵੀਂ ਕੁਲ ਵਾਲਾ ਸਮਝਿਆ ਜਾਂਦਾ ਸੀ ਤੇ ਉੱਚੀ ਜਾਤਿ ਵਾਲਿਆਂ ਨੂੰ ਉੱਚੀ ਕੁਲ ਵਾਲਾ ਸਮਝਿਆ ਜਾਂਦਾ ਸੀ। ਉਪਰ ਸ਼ਬਦ ਰਾਹੀਂ ਭਗਤ ਕਬੀਰ ਜੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੈਂ ਆਪਣੇ ਅੰਦਰ ਦੀ ਉਸ ਜਾਤਿ ਨੂੰ ਹੀ ਉਲਟ ਦਿੱਤਾ ਹੈ ਜਿਸ ਮਨ ਦੀ ਜਾਤਿ ਕਰਕੇ ਹਰ ਕੋਈ ਸੰਸਾਰ ਵਿੱਚ ਜਾਤਿ-ਪਾਤ ਦਾ ਭੇਦ ਕਰਦਾ ਹੈ। ਸਭ ਦੇ ਅੰਦਰ ਦੀ ਇਹ ਜਾਤਿ ਹਉਮੈ ਦੀ ਜਾਤਿ ਹੈ ਭਾਵ ਮਨ ਦਾ ਘੋਰ ਅਗਿਆਨਤਾ ਵਾਲੀ ਜਾਤਿ ਹੈ ਉਹ ਜਾਤਿ ਉਸਨੂੰ ਇਸ ਗੱਲ ਦੀ ਸਮਝ ਨਹੀਂ ਪੈਣ ਦਿੰਦੀ ਕਿ ਹਰ ਮਨੁੱਖੀ ਸਰੀਰ ਕਿਸਦਾ ਹੈ, ਹਰ ਮਨੁੱਖੀ ਸਰੀਰ ਦਾ ਮਾਲਕ ਕੌਣ ਹੈ ਜੋ ਕਿ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ

ਹੈ। ਇਸ ਗੱਲ ਦੀ ਸਮਝ ਕਿਸੇ ਨੂੰ ਨਾਮ ਦੀ ਜਾਤਿ ਵਾਲਾ ਬਣ ਕੇ ਹੀ ਪੈਂਦੀ ਹੈ, ਸ੍ਰਿਸ਼ਟੀ ਦੇ ਕੁਲ ਵਾਲਾ ਬਣਨ ਦੁਆਰਾ ਹੀ ਪੈਂਦੀ ਹੈ ਜਦੋਂ ਮਨੁੱਖ ਸੰਸਾਰਿਕ ਕੁਲਾਂ ਵਾਲੀ ਨਾਸਮਝੀ ਵਿੱਚੋਂ ਨਿਕਲ ਜਾਂਦਾ ਹੈ। **(ਉਲਟਿ ਜਾਤਿ ਕੁਲ ਦੋਊ ਬਿਸਾਰੀ ॥)**

ਮਨੁੱਖ ਹਉਮੈ ਵਾਲੀ ਜਾਤਿ ਵਿੱਚੋਂ ਕਿਸ ਤਰੀਕੇ ਨਿਕਲਦਾ ਹੈ ਤੇ ਸ੍ਰਿਸ਼ਟੀ ਦੇ ਕਰਤੇ ਦੇ ਕੁਲ ਵਾਲੀ ਕਿਸ ਤਰੀਕੇ ਬਣਦਾ ਹੈ ਇਹੀ ਗੱਲ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥”

ਸਾਡੇ ਅੰਦਰ ਵਾਲੀ ਸੁੰਨ ਸਹਜ ਵਾਲੀ ਅਵਸਥਾ ਕੀ ਹੈ ਲੇਖ ਵਿੱਚ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹ ਸਾਡੇ ਅੰਦਰ ਦੀ ਚੌਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ। ਸਾਡੇ ਸਭ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਆਪਣੇ ਇਸ ਉੱਚੇ ਗਿਆਨ ਦੁਆਰਾ ਵੱਸਿਆ ਹੋਇਆ ਹੈ ਜਿਸ ਗੱਲ ਦੀ ਸਮਝ ਨਾਮ ਦੀ ਜਾਤਿ ਵਾਲਾ ਬਣਨ ਦੁਆਰਾ ਹੀ ਪੈਂਦੀ ਹੈ ਭਾਵ ਮਨ ਦੀ ਹਉਮੈ ਵਿੱਚੋਂ ਨਿਕਲਣ ਦੁਆਰਾ ਪੈਂਦੀ ਹੈ। ਸਾਡੇ ਮਨ ਦੇ ਅੰਦਰ ਵਿਚਾਰਾਂ ਦੀ ਬੁਣਤ ਹੀ ਚੱਲਦੀ ਰਹਿੰਦੀ ਹੈ ਜਿਵੇਂ ਕਿ ਕੱਪੜੇ ਦੀ ਬੁਣਤ ਹੁੰਦੀ ਹੈ ਭਾਵ ਕੱਪੜਾ ਤਿਆਰ ਕਰਨ ਲਈ ਖੱਡੀਆਂ ਦੇ ਉੱਤੇ ਪਹਿਲੇ ਕੱਪੜਾ ਬਨਾਉਣ ਦਾ ਸਾਮਾਨ ਭਾਵ ਧਾਗਾ ਤਿਆਰ ਕੀਤਾ ਜਾਂਦਾ ਹੈ ਤੇ ਧਾਗੇ ਦੀ ਬੁਣਤ ਕੀਤੀ ਜਾਂਦੀ ਹੈ ਇਸੇ ਤਰੀਕੇ ਹੀ ਮਨ ਦੇ ਵਿੱਚ ਸਾਡੀ ਸਮਝ ਦੇ ਪਹਿਨਣ ਲਈ ਕੱਪੜਾ ਤਿਆਰ ਹੁੰਦਾ ਹੈ। ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਵੀ ਸਾਡੀ ਸਮਝ ਦੇ ਵਿੱਚ ਜਿਹੋ ਜਿਹੇ ਵਿਚਾਰ ਬੁਣੇ ਜਾਂਦੇ ਹਨ ਉਨ੍ਹਾਂ ਦੁਆਰਾ ਬੁਣਿਆ ਹੋਇਆ ਕੱਪੜਾ ਹੀ ਸਾਡੀ ਮਤਿ ਪਹਿਨਦੀ ਹੈ। ਸਾਡੀ ਸਮਝ ਦੇ ਅੰਦਰ ਜਿਹੋ ਜਿਹੇ ਵਿਚਾਰ ਉਪਜਦੇ ਹਨ ਉਨ੍ਹਾਂ ਨਾਲ ਹੀ ਸਾਡੇ ਅੰਦਰ ਦਾ ਕੱਪੜਾ ਬੁਣਿਆ ਜਾਂਦਾ ਹੈ ਤੇ ਉਹੋ ਜਿਹਾ ਕਪੜਾ ਸਾਡੀ ਸਮਝ ਪਹਿਨਦੀ ਹੈ ਤੇ ਮਨੁੱਖ ਫਿਰ ਉਹੋ ਜਿਹੀ ਸਮਝ ਦੁਆਰਾ ਹੀ ਵਿਚਰਦਾ ਹੈ। ਜਦੋਂ ਕੋਈ ਮਨੁੱਖ ਸ੍ਰਿਸ਼ਟੀ ਦੇ ਕਰਤੇ ਦੀ ਸਭ ਤੋਂ ਉੱਚੀ ਕ੍ਰਿਪਾ ਦੁਆਰਾ ਚੌਥੇ ਪਦ ਵਾਲੇ ਗਿਆਨ ਦੀ ਅਵਸਥਾ ਵਿੱਚ ਪਹੁੰਚਦਾ ਹੈ ਭਾਵ ਮਨ ਦੇ ਸੁੰਨ ਸਹਜ ਵਿੱਚ ਪਹੁੰਚਦਾ ਹੈ ਉਸ ਤੋਂ ਬਾਅਦ ਫਿਰ ਮਨ ਦੇ ਵਿਚਾਰਾਂ ਦੀ ਬੁਣਤ ਬਦਲ ਜਾਂਦੀ ਹੈ ਭਾਵ ਹਉਮੈ ਵਾਲੇ, ਤ੍ਰੈ ਗੁਣਾਂ ਵਾਲੇ, ਮਾਇਆ ਮੋਹ ਵਾਲੇ ਮਨ ਦੇ ਪੁੱਠੇ ਕਮਲ ਵਾਲੇ ਵਿਚਾਰਾਂ ਦੀ ਬੁਣਤ ਫਿਰ ਚੌਥੇ ਪਦ ਦੇ ਗਿਆਨ ਵਾਲੇ ਵਿਚਾਰਾਂ ਦੀ ਬੁਣਤ ਵਿੱਚ ਬਦਲ ਜਾਂਦੀ ਹੈ। ਸਾਡੇ ਅੰਦਰ ਜਿਹੋ ਜਿਹੇ ਵਿਚਾਰ ਉਪਜਦੇ ਹਨ ਉਹੋ ਜਿਹੇ ਵਿਚਾਰਾਂ ਨਾਲ ਹੀ ਸਾਡੇ ਮਨ ਦੀ ਬੁਣਤ ਬਣਦੀ ਹੈ ਭਾਵ ਮਨ ਦੇ ਅੰਦਰ ਸੋਝੀ ਪੈਂਦੀ ਹੈ। ਸਹਜ ਵਾਲੀ ਅਵਸਥਾ ਵਿੱਚ ਭਾਵ ਚੌਥੇ ਪਦ ਦੇ ਗਿਆਨ ਵਾਲੀ ਅਵਸਥਾ ਵਿੱਚ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋ ਕੇ ਜੋ ਵਿਚਾਰ ਪਾਉਂਦਾ ਹੈ ਉਨ੍ਹਾਂ ਵਿਚਾਰਾਂ ਦੁਆਰਾ ਹੀ ਸਾਰੇ ਗੁਰਬਾਣੀ ਦੇ ਸ਼ਬਦਾਂ ਦੀ

ਵਿਚਾਰ ਸੰਸਾਰ ਦੇ ਸਾਹਮਣੇ ਆਈ ਹੈ ਜੋ ਵਿਚਾਰ ਉਸਨੇ ਆਪਣੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ

53/7469

ਸਹਜ ਗਿਆਨ ਬਖਸ਼ਣ ਦੁਆਰਾ ਆਪਣੇ ਸ਼ਬਦਾਂ ਦੁਆਰਾ ਆਪ ਹੀ ਦਿੱਤੀ ਹੈ ਜਿਸ ਕਰਕੇ ਹਰ ਸ਼ਬਦ ਦੀ ਵਿਚਾਰ ਦਾ ਮਾਲਕ ਉਹ ਆਪ ਹੀ ਹੈ, ਜਿਸ ਕਰਕੇ ਉਹ ਆਪ ਹੀ ਸ਼ਬਦ ਰੂਪ ਵਿੱਚ ਗੁਰੂ ਹੈ। ਆਪਣੇ ਇਸ ਸ਼ਬਦ ਰੂਪ ਗੁਰੂ ਦੁਆਰਾ ਉਸਨੇ ਸਾਰੇ ਸੰਸਾਰ ਨੂੰ ਇੱਕੋ ਜਿਹੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਇਆ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਇਆ ਹੈ ਜਿਸ ਉਸਦੇ ਸਮਝਾਏ ਹੋਏ ਇੱਕੋ ਜਿਹੇ ਨਾਮ ਤੇ ਅਮਲ ਕਰਨ ਦੁਆਰਾ ਹੀ ਭਾਵ ਹਰ ਔਗੁਣ ਤਿਆਗਕੇ ਕੇਵਲ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਕੋਈ ਹਉਮੈ ਵਾਲੀ ਜਾਤਿ ਵਿੱਚੋਂ ਨਿਕਲਕੇ ਨਾਮ ਵਾਲੀ ਜਾਤਿ ਵਾਲਾ ਬਣਨ ਦਾ, ਸ੍ਰਿਸ਼ਟੀ ਦੇ ਮਾਲਕ ਦੇ ਕੁਲ ਵਾਲਾ ਬਣਨ ਦਾ ਸੱਚਾ ਉੱਦਮ ਕਰ ਸਕਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਜੋ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਸਹਜ ਵਾਲੀ ਅਵਸਥਾ ਦੇ ਰੂਪ ਵਿੱਚ ਵਿਚਰ ਰਿਹਾ ਹੈ ਜਿਸਨੂੰ ਕੋਈ ਉਸਦੀ ਬਹੁਤ ਹੀ ਵੱਡੀ ਕ੍ਰਿਪਾ ਦੁਆਰਾ ਜਾਣ ਸਕਦਾ ਹੈ ਤੇ ਉਸਦੇ ਕੁਲ ਵਾਲਾ ਬਣ ਸਕਦਾ ਹੈ ਭਾਵ ਨਾਮ ਜਪਣ ਵਾਲਾ, ਗਿਆਨ ਦੀ ਕੁਲ ਵਾਲਾ ਭਾਵ ਸ੍ਰਿਸ਼ਟੀ ਦੇ ਇੱਕੋ ਇੱਕ ਬ੍ਰਹਮ ਗਿਆਨੀ ਦੀ ਕੁਲ ਵਾਲਾ ਬਣ ਸਕਦਾ ਹੈ। **(ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥)**

ਮਨ ਦੀ ਜਾਤਿ, ਕੁਲ ਤੇ ਮਨ ਦੇ ਕੱਪੜਿਆਂ ਨੂੰ ਸਮਝਣ ਦੇ ਲਈ ਮੁੱਖ ਸ਼ਬਦ ਤੋਂ ਬਾਅਦ ਕੁਝ ਹੋਰ ਸ਼ਬਦਾਂ ਦੇ ਪ੍ਰਮਾਣ ਨਾਲ ਸਮਝਾਂਗੇ। ਹੁਣ ਅਸੀਂ ਉਪਰ ਵਾਲੇ ਮੁੱਖ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਤੇ ਭਗਤੀ ਕਬੀਰ ਜੀ ਦਾ ਪ੍ਰਮਾਤਮਾ ਦੇ ਨਾਲ ਝਗੜਾ ਸਦਾ ਲਈ ਕਿਸ ਤਰੀਕੇ ਨਿਬੜਿਆ ਹੈ।

“ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥”

ਉਪਰ ਰਹਾਉ ਵਾਲੀਆਂ ਪੰਗਤੀਆਂ ਦੇ ਪਹਿਲੇ ਪਦੇ ਨੂੰ ਅਸੀਂ ਸਮਝਿਆ ਹੀ ਹੈ। ਸੰਸਾਰ ਵਿੱਚ ਅਨੇਕਾਂ ਹੀ ਝਗੜੇ ਜਾਤਿ, ਕੁਲ ਦੇ ਭੇਦ ਕਰਕੇ ਹੁੰਦੇ ਹਨ ਜਿਵੇਂ ਕਿ ਅਸੀਂ ਸਭ ਪਾਸੇ ਦੇਖਦੇ ਹੀ ਹਾਂ। ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਹਰ ਮਨੁੱਖੀ ਰੂਪ ਸ੍ਰਿਸ਼ਟੀ ਵਿੱਚ ਇੱਕੋ ਤਰੀਕੇ ਦੁਆਰਾ ਹੀ ਪੈਦਾ ਹੋ ਰਿਹਾ ਹੈ ਤੇ ਜਦੋਂ ਸ੍ਰਿਸ਼ਟੀ ਦੀ ਰਚਨਾ ਹੋਈ ਸੀ ਤਾਂ ਤੇ ਕਿਸੇ ਦਾ ਕੋਈ ਕੁਲ, ਜਾਤਿ ਨਹੀਂ ਸੀ ਹੁੰਦਾ ਭਾਵ ਹਰ ਮਨੁੱਖੀ ਰੂਪ ਇੱਕੋ ਜਿਹਾ ਹੀ ਸੀ ਤੇ ਇੱਕੋ ਜਿਹੀ ਮਿੱਟੀ ਤੋਂ, ਇੱਕੋ ਜਿਹੇ ਤਰੀਕੇ ਨਾਲ ਹੀ ਬਣਿਆ ਹੈ ਤੇ ਉਸ ਵਕਤ ਕੋਈ ਕਿਸੇ ਦਾ ਵੱਖਰਾ ਵੱਖਰਾ ਧਰਮ ਨਹੀਂ ਸੀ ਹੁੰਦਾ ਭਾਵ ਹਰ ਮਨੁੱਖ ਦੂਸਰੇ ਮਨੁੱਖ ਲਈ ਇੱਕੋ ਜਿਹਾ ਹੀ ਹੁੰਦਾ ਸੀ ਭਾਵ ਕੋਈ ਭੇਦ ਭਾਵ ਵਾਲੀ ਗੱਲ ਨਹੀਂ ਸੀ ਹੁੰਦੀ। ਜਿਉਂ ਜਿਉਂ ਸੰਸਾਰ ਦੇ ਵਿੱਚ ਜੀਵਾਂ ਦੀ ਉਤਪੱਤੀ ਵੱਧਦੀ ਗਈ, ਮਨੁੱਖੀ ਰੂਪ ਵੱਧਦੇ ਗਏ ਤਿਉਂ ਤਿਉਂ ਮਨੁੱਖਾਂ ਦੇ ਅੰਦਰ ਇੱਛਾਵਾਂ ਵੀ ਹੋਣੀਆਂ ਸ਼ੁਰੂ ਹੋ ਗਈਆਂ ਤੇ ਉਹ ਕਿਹੜੀ ਸ਼ਕਤੀ ਹੈ, ਇਤਨੀ ਵੱਡੀ ਤਾਕਤ ਹੈ ਜਿਸਨੇ ਸਭ ਨੂੰ ਬਣਾਇਆ ਹੈ ਤੇ ਸਭ ਦਾ ਜੀਵਨ ਚਲਾਉਣ ਦਾ ਸਾਧਨ ਬਣਾਇਆ ਹੈ। ਜਿਉਂ ਜਿਉਂ ਮਨੁੱਖ

53/7470

ਦੀਆਂ ਇਹੋ ਜਿਹੀਆਂ ਇੱਛਾਵਾਂ ਵੱਧਦੀਆਂ ਗਈਆਂ ਤੇ ਅਨੇਕਾਂ ਹੀ ਮਨੁੱਖਾਂ ਨੇ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਲਈ, ਖੋਜਣ ਲਈ ਆਪਣੀ ਆਪਣੀ ਸਮਝ ਅਨੁਸਾਰ ਅਨੇਕਾਂ ਤਰੀਕੇ ਅਪਨਾਉਣੇ ਸ਼ੁਰੂ ਕਰ ਦਿੱਤੇ ਜਿਵੇਂ ਕਿ ਪੁਰਾਣੇ ਸਦੀਆਂ ਦੇ ਇਤਿਹਾਸ ਰਾਹੀਂ ਜਾਣਿਆ ਜਾ ਸਕਦਾ ਹੈ। ਕੋਈ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜੰਗਲਾਂ ਵਿੱਚੋਂ ਖੋਜਦੇ ਸਨ, ਕਈ ਪਹਾੜਾਂ ਤੋਂ ਖੋਜਦੇ ਸਨ ਤੇ ਅੱਜ ਵੀ ਖੋਜਦੇ ਹਨ। ਇਸੇ ਤਰ੍ਹਾਂ ਅਨੇਕਾਂ ਹੀ ਧਾਰਮਿਕ ਅਸਥਾਨਾਂ ਦਾ ਜਨਮ ਹੋਇਆ ਕਿ ਕਿਸੇ ਧਾਰਮਿਕ ਆਸਥਾ ਨਾਲ ਜੁੜਕੇ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਖੋਜਿਆ ਜਾ ਸਕਦਾ ਹੈ। ਪੂਰੀ ਸ੍ਰਿਸ਼ਟੀ ਵਿੱਚ ਅਨੇਕਾਂ ਹੀ ਧਾਰਮਿਕ ਆਸਥਾਵਾਂ ਹਨ ਤੇ ਅਨੇਕਾਂ ਹੀ ਧਾਰਮਿਕ ਅਸਥਾਨ ਹਨ ਜੋ ਧਾਰਮਿਕ ਅਸਥਾਨ ਉਨ੍ਹਾਂ ਦੀ ਯਾਦ ਵਿੱਚ ਬਣਾਏ ਜਾਂਦੇ ਹਨ ਜਿਨ੍ਹਾਂ ਨੂੰ ਉੱਚੀ ਧਾਰਮਿਕ ਸਮਝ ਵਾਲਾ ਮੰਨ ਕੇ, ਸ੍ਰਿਸ਼ਟੀ ਦੇ ਮਾਲਕ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ ਜਿਵੇਂ ਕਿ ਪੂਰੇ ਸੰਸਾਰ ਵਿੱਚ ਸਭ ਪਾਸੇ ਵੇਖਿਆ ਜਾ ਸਕਦਾ ਹੈ। ਉਹ ਸ੍ਰਿਸ਼ਟੀ ਦਾ ਕਰਤਾ ਆਪ ਕੀ ਹੈ, ਕੌਣ ਹੈ ਤੇ ਕਿਸ ਰੂਪ ਵਿੱਚ ਹੈ ਉਸਨੂੰ ਕੋਈ ਆਪਣੇ ਆਪ ਜਾਣ ਲਵੇ ਇਹ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹੀ ਨਾਮੁਮਕਿਨ ਗੱਲ ਹੈ। ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਹਰ ਮਨੁੱਖ ਦੇ ਅੰਦਰ ਹੀ ਹੈ ਤੇ ਸ੍ਰਿਸ਼ਟੀ ਦੀ ਹਰ ਵਸਤੂ ਦੇ ਅੰਦਰ ਹੀ ਹੈ, ਹਰ ਆਕਾਰ ਰੂਪ ਦੇ ਅੰਦਰ ਹੀ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਭਾਵ ਨਾਮ ਰੂਪ ਹੈ, ਸਾਇੰਸ ਰੂਪ ਹੈ ਜੋ ਕਿ ਪੰਜਾਂ ਤੱਤਾਂ ਨੂੰ ਬਨਾਉਣ ਵਾਲਾ ਇੱਕੋ ਇੱਕ ਛੇਵਾਂ ਤੱਤ ਹੈ। ਉਸ ਗਿਆਨ ਰੂਪ ਛੇਵੇਂ ਤੱਤ ਨੂੰ ਜਾਣੇ ਬਿਨ੍ਹਾਂ ਕਦੇ ਵੀ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦੇ ਭਾਵੇਂ ਕੋਈ ਉਸਨੂੰ ਗਾਡ ਕਹਿ ਕੇ ਸੰਬੋਧਨ ਕਰੇ, ਭਗਵਾਨ ਕਹਿ ਕੇ ਸੰਬੋਧਨ ਕਰੇ, ਅੱਲ੍ਹਾ ਕਹਿ ਕੇ ਸੰਬੋਧਨ ਕਰੇ, ਅਕਾਲ

ਪੁਰਖ ਕਹਿ ਕੇ ਸੰਬੋਧਨ ਕਰੇ ਜਾਂ ਕਿਸੇ ਵੀ ਹੋਰ ਨਾਮ ਦੁਆਰਾ ਸੰਬੋਧਨ ਕਰੇ ਉਸ ਲਈ ਇੱਕੋ ਗੱਲ ਹੀ ਹੈ ਕਿਉਂਕਿ ਇਹ ਪੂਰੀ ਸ੍ਰਿਸ਼ਟੀ ਉਸਦੀ ਆਪਣੀ ਰਚੀ ਹੋਈ ਖੇਡ ਹੈ ਜਿਸਨੇ ਇਹ ਆਪਣੀ ਖੇਡ ਆਪ ਹੀ ਗੁਪਤ ਰੱਖੀ ਹੋਈ ਹੈ ਜਿਸ ਉਸਦੀ ਖੇਡ ਨੂੰ ਕੇਵਲ ਤੇ ਕੇਵਲ ਮਨੁੱਖੀ ਸਮਝ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਭਾਵ ਮਨ ਦੇ ਸਹਜ ਗਿਆਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ ਦੇ ਪਹਿਲੇ ਪਦੇ ਦੁਆਰਾ ਸਮਝਿਆ ਹੈ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣੇ ਆਪ ਨੂੰ ਵੱਖਰੀ ਵੱਖਰੀ ਧਾਰਮਿਕ ਆਸਥਾ ਵਾਲਾ, ਜਾਤਿ, ਕੁਲ ਵਾਲਾ ਕੋਈ ਤਦ ਤੱਕ ਹੀ ਅਖਵਾ ਸਕਦਾ ਹੈ ਜਦ ਤੱਕ ਕੋਈ ਇੱਕੋ ਇੱਕ ਸ੍ਰਿਸ਼ਟੀ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਅਖਵਾ ਸਕਦਾ ਹੈ ਭਾਵੇਂ ਕੋਈ ਆਪਣੇ ਆਪ ਨੂੰ ਪੰਡਿਤ ਕਹਿ ਕੇ ਉੱਚਾ ਅਖਵਾਏ, ਮੁਲ੍ਹਾ ਕਹਿ ਕੇ ਉੱਚਾ ਅਖਵਾਏ, ਸੰਤ, ਗਿਆਨੀ, ਬ੍ਰਹਮ ਗਿਆਨੀ ਆਦਿ ਕਹਿ ਕੇ ਉੱਚਾ ਅਖਵਾਏ ਇੱਕੋ ਹੀ ਗੱਲ ਹੈ। ਵੱਖਰੀਆਂ ਵੱਖਰੀਆਂ ਧਾਰਮਿਕ ਆਸਥਾਵਾਂ ਨਾਲ ਜੁੜ ਕੇ ਜੇਕਰ ਅਸੀਂ ਸੱਚੇ ਧਰਮ ਦੇ ਮਾਰਗ ਤੋਂ ਭਟਕ ਜਾਂਦੇ ਹਾਂ, ਆਪਣੇ ਆਪ

ਨੂੰ ਵੱਡੇ ਅਖਵਾਉਣ ਵਾਲਿਆਂ ਦੇ ਪਿੱਛੇ ਲੱਗ ਕੇ, ਉਨ੍ਹਾਂ ਦੀ ਨਾਸਮਝੀ ਕਰਕੇ ਜੇਕਰ ਅਸੀਂ ਆਪਸ ਵਿੱਚ ਧਾਰਮਿਕ ਝਗੜਿਆਂ ਵਿੱਚ ਉਲਝ ਜਾਂਦੇ ਹਾਂ, ਮਨੁੱਖ ਮਨੁੱਖ ਵਿੱਚ ਭੇਦ ਸਮਝ ਕੇ ਆਪਸ ਵਿੱਚ ਲੜਦੇ ਝਗੜਦੇ ਹਾਂ ਫਿਰ ਅਸੀਂ ਆਪਣਾ ਇਹ ਝਗੜਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਹੀ ਪਾਉਂਦੇ ਹਾਂ ਕਿਉਂਕਿ ਹਰ ਮਨੁੱਖੀ ਰੂਪ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ, ਸ੍ਰਿਸ਼ਟੀ ਦਾ ਮਾਲਕ ਆਪ ਹੀ ਹੈ। ਇਸੇ ਲਈ ਉਪਰ ਵਾਲੀਆਂ ਪੰਗਤੀਆਂ ਰਾਹੀਂ ਅੱਲ੍ਹਾ ਰੂਪ, ਪ੍ਰਮਾਤਮਾ ਰੂਪ ਭਗਤ ਕਬੀਰ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਹੇ ਅਕਾਲ ਪੁਰਖ ਤੇਰੇ ਨਾਲ ਮੇਰਾ ਝਗੜਾ ਹੁਣ ਨਹੀਂ ਰਿਹਾ ਕਿਉਂਕਿ ਮੈਂ ਉਨ੍ਹਾਂ ਦੀ ਮਤਿ ਨੂੰ ਛੱਡ ਦਿੱਤਾ ਹੈ ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝ ਕੇ ਸੰਸਾਰੀ ਮਨੁੱਖਾਂ ਵਿੱਚ ਆਪਣੀ ਨਾਸਮਝੀ ਕਰਕੇ ਝਗੜੇ ਪਾਉਂਦੇ ਹਨ। **(ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥ ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥)**

ਜੋ ਭਗਤੀ ਦੇ ਵਿਦਵਾਨ ਅਖਵਾਉਣ ਵਾਲਿਆਂ ਦੀ ਮਤਿ ਨੂੰ ਛੱਡ ਦਿੰਦੇ ਹਨ ਭਾਵ ਜੋ ਪ੍ਰਮਾਤਮਾ ਦੇ ਨਾਲ ਆਪਣਾ ਝਗੜਾ ਨਿਬੇੜ ਲੈਂਦੇ ਹਨ ਉਹ ਫਿਰ ਭਗਤੀ ਦੇ ਮਾਰਗ ਦੀ ਸੱਚੀ ਸਮਝ ਕਿੱਥੋਂ ਲੈਂਦੇ ਹਨ ਤੇ ਕਿਸ ਤਰੀਕੇ ਲੈਂਦੇ ਹਨ ਤੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦਾ ਮਾਰਗ ਕਿਸ ਤਰੀਕੇ ਸਮਝਾਉਂਦੇ ਹਨ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

“ਬੁਨਿ ਬੁਨਿ ਆਪ ਆਪੁ ਪਹਿਰਾਵਉ ॥ ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥”

ਉਪਰ ਵਾਲੇ ਪਦੇ ਨੂੰ ਅਸੀਂ ਤਾਂ ਹੀ ਸਮਝ ਸਕਾਂਗੇ ਜੇਕਰ ਪਹਿਲਾਂ ਸ਼ਬਦ ਦੇ ਪਹਿਲੇ ਪਦੇ ਨੂੰ ਫਿਰ ਤੋਂ ਵਿਚਾਰਾਂਗੇ ਜਿਸ ਪਦੇ ਨੂੰ ਅਸੀਂ ਪਹਿਲੇ ਸਮਝਿਆ ਹੀ ਹੈ ਕਿ ਸਾਡੇ ਅੰਦਰ ਦੀ ਬੁਣਤ ਕੀ ਹੈ ਜੋ ਕਿ ਸਾਡੇ ਅੰਦਰ ਦੇ ਵਿਚਾਰਾਂ ਦੀ ਬੁਣਤ ਹੈ ਜਿਸ ਦੁਆਰਾ ਮਨ ਦੇ ਵਿੱਚ ਮਨ ਦੇ ਗਿਆਨ ਦੇ ਮਾਲਕ ਕੋਲੋਂ ਚੌਥੇ ਪਦ ਵਾਲੇ ਗਿਆਨ ਦੀ ਭਾਵ ਸਹਜ ਗਿਆਨ ਵਾਲੇ ਵਿਚਾਰਾਂ ਦੀ ਸਮਝ ਪੈਂਦੀ ਹੈ ਜਿਨ੍ਹਾਂ ਵਿਚਾਰਾਂ ਦੁਆਰਾ ਮਨੁੱਖ ਨੂੰ ਆਪਣੇ ਆਪ ਦੀ, ਆਪਣੇ ਅੰਦਰੋਂ ਪ੍ਰਮਾਤਮਾ ਦੀ ਤੇ ਭਗਤੀ ਦੇ ਮਾਰਗ ਦੀ ਸੱਚੀ ਸਮਝ ਪੈਂਦੀ ਹੈ ਜੋ ਸਮਝ ਮਨ ਦੇ ਵਿੱਚ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਸ੍ਰਿਸ਼ਟੀ ਦੇ ਕਰਤੇ ਕੋਲੋਂ ਪਈ ਹੈ, ਜੋ ਸਮਝ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਪਾਈ ਹੈ। **(ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥)**

ਇਹ ਸਾਡੇ ਅੰਦਰ ਮਨ ਦੇ ਵਿਚਾਰਾਂ ਦਾ ਸਮਝ ਰੂਪ ਕਪੜਾ ਹੈ ਜਿਸ ਕੱਪੜੇ ਨੂੰ ਮਨ ਦੇ ਵਿਚਾਰਾਂ ਰਾਹੀਂ ਮਨੁੱਖ ਆਪਣੇ ਅੰਦਰ ਆਪ ਹੀ ਬੁਣਦਾ ਹੈ, ਬਾਰ-ਬਾਰ ਬੁਣਦਾ ਹੈ ਭਾਵ ਭਗਤੀ ਦੇ ਪੂਰੇ ਸੱਚੇ ਮਾਰਗ ਨੂੰ ਪ੍ਰਮਾਤਮਾ ਦੇ ਕੋਲੋਂ ਬਾਰ-ਬਾਰ ਸਮਝਦਾ ਹੈ, ਵੱਖਰੇ ਵੱਖਰੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਸਮਝਦਾ ਹੈ ਤੇ ਉਸ ਸੱਚੀ ਸਮਝ ਰੂਪ ਕੱਪੜੇ ਨੂੰ ਆਪ ਬੁਨਕੇ ਆਪ ਹੀ ਪਹਿਨਦਾ ਹੈ ਭਾਵ ਆਪਣੇ ਜੀਵਨ ਵਿੱਚ ਸੱਚੇ ਵਿਚਾਰਾਂ ਦੁਆਰਾ ਵਿਚਰਦਾ ਹੈ ਭਾਵ ਗੁਰਮਤਿ ਰੂਪ

ਸੱਚੇ ਵਿਚਾਰਾਂ ਤੇ ਅਮਲ ਕਰਦਾ ਹੈ। **(ਬੁਨਿ ਬੁਨਿ ਆਪ ਆਪੁ ਪਹਿਰਾਵਉ ॥)** ਮਨੁੱਖ ਦਾ ਆਪਾ, ਮਨੁੱਖ ਦੀ ਮੈਂ ਭਾਵ ਮਨੁੱਖ

ਦੀ ਹਉਮੈ ਮਨ ਦੇ ਵਿੱਚ ਇਹੋ ਜਿਹੇ ਚੌਥੇ ਪਦ ਵਾਲੇ ਗਿਆਨ ਦੇ ਵਿਚਾਰ ਉਪਜਣ ਦੁਆਰਾ ਹੀ ਮਿਟਦੀ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥"

ਮਨੁੱਖ ਦੀ ਮੈਂ ਵਾਲੀ ਸਮਝ ਭਾਵ ਹਉਮੈ ਵਾਲੇ ਵਿਚਾਰ ਭਾਵ ਮਨ ਦੀ ਭਰਮਾਂ ਵਾਲੀ ਸਮਝ ਵਾਲੇ ਵਿਚਾਰ ਮਨ ਦੇ ਵਿੱਚੋਂ ਹੀ ਉਪਜਦੇ ਹਨ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਮਨ ਦੀ ਹਉਮੈ ਸ੍ਰਿਸ਼ਟੀ ਦਾ ਕਰਤਾ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਕੱਢਦਾ ਹੈ ਤੇ ਤਾਂ ਹੀ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਅੱਲ੍ਹਾ, ਪ੍ਰਮਾਤਮਾ ਸਾਡੇ ਅੰਦਰ ਆਪ ਹੀ ਹੈ। ਉਸਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਕੋਈ ਪ੍ਰਮਾਤਮਾ ਦਾ ਜੱਸ ਗਾ ਸਕਦਾ ਹੈ, ਉਸਦੇ ਉੱਚੇਪਨ ਨੂੰ ਬਿਆਨ ਕਰ ਸਕਦਾ ਹੈ ਜੋ ਕਿ ਉਹ ਸਭ ਕੁਝ ਆਪ ਹੀ ਹੈ। ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਤੇ ਚਲਾਉਣ ਵਾਲਾ ਨਾਮ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ, ਪੂਰੀ ਸਾਇੰਸ ਦਾ ਮਾਲਕ ਉਹ ਆਪ ਹੀ ਹੈ ਤੇ ਭਗਤੀ ਦੇ ਸੱਚੇ ਮਾਰਗ ਦੀ ਸੋਝੀ ਪਾਉਣ ਵਾਲਾ ਵੀ ਉਹ ਇੱਕੋ ਇੱਕ ਆਪ ਹੀ ਹੈ, ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਵਾਉਣ ਵਾਲਾ ਉਹ ਆਪ ਹੀ ਹੈ ਤੇ ਜਦ ਤੱਕ ਉਹ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਉਹ ਸੰਸਾਰ ਦੇ ਹਰ ਮਨੁੱਖ ਲਈ ਗੁਪਤ ਰੂਪ ਹੀ ਬਣਿਆ ਰਹਿੰਦਾ ਹੈ ਜੋ ਹਰ ਮਨੁੱਖ ਦੇ ਵਿਚਾਰਾਂ ਦਾ ਇੱਕੋ ਇੱਕ ਆਪ ਹੀ ਮਾਲਕ ਹੈ। **(ਬੁਨਿ ਬੁਨਿ ਆਪ ਆਪੁ ਪਹਿਰਾਵਉ ॥ ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥)**

ਜਦੋਂ ਕੋਈ ਮਨੁੱਖ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ ਤੇ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਮਨ ਦੀ ਸਮਝ ਰਾਹੀਂ ਸੱਚੀ ਭਗਤੀ ਦੀ ਜੋ ਸਮਝ ਪੈਂਦੀ ਹੈ ਉਹ ਭਗਤੀ ਦਾ ਮਾਰਗ ਫਿਰ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੁੰਦਾ ਹੈ ਕਿਉਂਕਿ ਸ੍ਰਿਸ਼ਟੀ ਦਾ ਕਰਤਾ ਵੀ ਇੱਕੋ ਹੀ ਹੈ ਤੇ ਉਸਦੀ ਭਗਤੀ ਦਾ ਮਾਰਗ ਵੀ ਇੱਕੋ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਭਾਵ ਹਰ ਔਗੁਣ ਤਿਆਗਕੇ ਸੱਚੇ ਸੁੱਚੇ ਕਰਮ ਕਰਨ ਦਾ ਹੈ ਜਿਸ ਦੁਆਰਾ ਕੋਈ ਵੀ ਮਨੁੱਖ ਕਿਸੇ ਦੂਸਰੇ ਮਨੁੱਖ ਦਾ ਮਾੜਾ ਨਾ ਕਰੇ ਭਾਵ ਪੂਰੀ ਮਨੁੱਖਤਾ ਦੇ ਭਲੇ ਲਈ ਕਰਮ ਕਰੇ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਇਹੋ ਕੁਝ ਕਰਨ ਲਈ ਹੀ ਸਮਝਾਉਂਦਾ ਹੈ ਪਰ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਣ ਵਾਲੇ, ਪੰਡਿਤ, ਮੁਲ੍ਹਾ, ਬ੍ਰਹਮ ਗਿਆਨੀ, ਸੰਤ ਆਦਿ ਅਖਵਾਉਣ ਵਾਲੇ ਆਪਣੇ ਵੱਲੋਂ ਸਾਨੂੰ ਧਰਮ ਗ੍ਰੰਥਾਂ ਦੀ ਸੱਚੀ ਸਿੱਖਿਆ ਹੀ ਸਿਖਾਉਂਦੇ ਹਨ ਜਿਸਦੀ ਕਿ ਉਨ੍ਹਾਂ ਨੂੰ ਪੂਰਨ ਰੂਪ ਦੀ ਸਮਝ ਨਹੀਂ ਹੁੰਦੀ ਤੇ ਮਨ ਦੀ ਭਰਮਾਂ ਵਾਲੀ ਸਮਝ ਕਰਕੇ, ਤ੍ਰੈ ਗੁਣਾਂ ਵਾਲੀ ਸਮਝ ਕਰਕੇ ਧਰਮ ਗ੍ਰੰਥਾਂ ਦੇ ਅਨੇਕਾਂ ਗਲਤ ਅਰਥ ਵੀ ਕਰਦੇ ਹਨ ਜਿਸ ਕਰਕੇ ਉਹ ਸੰਸਾਰੀਆਂ ਨੂੰ ਧਰਮ ਦੇ ਸੱਚੇ ਮਾਰਗ ਤੋਂ ਭਟਕਾਉਂਦੇ ਹਨ ਪਰ ਜੋ ਪ੍ਰਮਾਤਮਾ ਦਾ ਸੱਚਾ ਭਗਤ ਆਪਣੇ ਅੰਦਰੋਂ ਅੱਲ੍ਹਾ ਦੇ ਕੋਲੋਂ ਸੱਚੀ

ਭਗਤੀ ਦਾ ਮਾਰਗ ਜਾਣ ਲੈਂਦਾ ਹੈ ਉਹ ਫਿਰ ਉਹੋ ਜਿਹਿਆਂ ਦੀਆਂ ਗੱਲਾਂ ਵਿੱਚ ਨਹੀਂ ਆਉਂਦਾ ਜੋ ਸੱਚੀ ਭਗਤੀ ਦੇ ਮਾਰਗ ਤੋਂ ਭਟਕਾਉਂਦੇ ਹਨ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥"

ਧਰਮ ਦੇ ਵਿਦਵਾਨ ਆਪਣੇ ਵੱਲੋਂ ਧਰਮ ਗ੍ਰੰਥਾਂ ਦੇ ਅੰਦਰ ਦੀ ਜੋ ਲਿਖਤ ਹੁੰਦੀ ਹੈ ਉਸਦੀ ਲਿਖਤ ਨੂੰ ਹੀ ਲਿਖ ਲਿਖ ਕੇ ਸਮਝਾਉਂਦੇ ਹਨ ਤੇ ਆਪਣੀ ਆਪਣੀ ਸਮਝ ਅਨੁਸਾਰ ਧਰਮ ਗ੍ਰੰਥਾਂ ਦੇ ਅੰਦਰ ਦੇ ਸ਼ਬਦਾਂ ਦੇ ਵੱਖਰੇ ਵੱਖਰੇ ਅਰਥ ਸਮਝਾਉਂਦੇ ਹਨ ਭਾਵ ਉਨ੍ਹਾਂ ਦੇ ਅੰਦਰ ਦੇ ਪੂਰਨ ਸੱਚ ਨੂੰ ਸਮਝਣ ਤੋਂ ਆਪ ਵੀ ਭਰਮ ਵਿੱਚ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਭਰਮਾਂ ਵਿੱਚ ਪਾਉਂਦੇ ਹਨ ਭਾਵ ਧਰਮ ਦੇ ਸਹੀ ਮਾਰਗ ਤੋਂ ਭਟਕਾਉਂਦੇ ਹਨ। ਭਗਤ ਕਬੀਰ ਜੀ ਉਪਰ ਵਾਲੀ ਪੰਗਤੀ ਰਾਹੀਂ ਸਾਰੇ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੈਂ ਇਹੋ ਜਿਹੇ ਵਿਦਵਾਨਾਂ ਦੀ ਲਿਖਤ ਵਿੱਚੋਂ ਕੁਝ ਵੀ ਨਹੀਂ ਲਿਆ ਭਾਵ ਇਹੋ ਜਿਹਿਆਂ ਦੀ ਲਿਖਤ ਠੀਕ ਨਹੀਂ ਹੁੰਦੀ ਤੇ ਮੈਂ ਸੰਸਾਰ ਦੇ ਵਿੱਚ ਇਹੋ ਜਿਹਿਆਂ ਦੀ ਮਤਿ ਨੂੰ ਛੱਡਕੇ ਹੀ ਚੱਲਿਆ ਹਾਂ ਭਾਵ ਮੈਂ ਇਹੋ ਜਿਹਿਆਂ ਦੀ ਮਤਿ ਤੇ ਆਪਣੇ ਜੀਵਨ ਵਿੱਚ ਅਮਲ ਨਹੀਂ ਕੀਤਾ। **(ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥)**

ਧਰਮ ਗ੍ਰੰਥਾਂ ਦਾ ਮਕਸਦ ਸਾਨੂੰ ਮਨ ਦੀ ਪਵਿੱਤਰਤਾ ਦੇ ਨਾਲ ਜੋੜਨ ਦਾ ਹੁੰਦਾ ਹੈ ਤੇ ਉਸ ਅੱਲ੍ਹਾ, ਪ੍ਰਮਾਤਮਾ ਨੂੰ, ਅਕਾਲ ਪੁਰਖ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਮਨ ਦੀ ਪਵਿੱਤਰਤਾ ਦੁਆਰਾ ਹੀ ਪਾਇਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥”

ਹਰ ਧਰਮ ਗ੍ਰੰਥ ਸਾਨੂੰ ਗਾਡ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਪਿਆਰ ਦਿਖਾਉਣ ਦਾ ਇੱਕੋ ਜਿਹਾ ਤਰੀਕਾ ਸਮਝਾਉਂਦਾ ਹੈ ਜੋ ਕਿ ਮਨ ਦੀ ਪਵਿਤੱਰਤਾ ਹੈ ਜੋ ਮਨ ਦੀ ਪਵਿਤੱਰਤਾ ਮਨ ਦੇ ਮਾੜੇ ਵਿਚਾਰ ਤਿਆਗਣ ਦੁਆਰਾ ਹੀ ਹੁੰਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਚੰਗੇ ਕਰਮ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਮਾੜੇ ਵਿਚਾਰ ਤਿਆਗਣ ਦੁਆਰਾ ਹੀ ਕਰ ਸਕਦਾ ਹੈ ਜਿਸਦੇ ਲਈ ਹੋਰ ਕੋਈ ਤਰੀਕਾ ਹੈ ਹੀ ਨਹੀਂ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਵੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇਹੋ ਹੀ ਹੈ ਕਿ ਮਨੁੱਖ ਸੱਚੇ ਸੁੱਚੇ ਕਰਮ ਕਰੇ ਭਾਵ ਕਿਸੇ ਦਾ ਮਾੜਾ ਨਾ ਕਰੇ। ਪ੍ਰਮਾਤਮਾ ਸਾਡੇ ਸਭ ਦੇ ਅੰਦਰ ਹੀ ਹੈ ਜਿਸਨੂੰ ਆਪਣੇ ਅੰਦਰੋਂ ਆਪ ਹੀ ਖੋਜਣਾ ਪੈਂਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਲਈ ਆਪ ਹੀ ਆਪਣਾ ਹਰ ਔਗੁਣ ਤਿਆਗਣਾ ਪੈਂਦਾ ਹੈ ਭਾਵ ਗੁਰੂ ਦੀ ਮਤਿ ਤੇ ਪੂਰੀ ਤਰ੍ਹਾਂ ਅਮਲ

ਕਰਨਾ ਪੈਂਦਾ ਹੈ। ਮਨੁੱਖੀ ਸਮਝ ਭਾਵੇਂ ਹਰ ਮਨੁੱਖ ਦੀ ਆਪ ਹੀ ਸ੍ਰਿਸ਼ਟੀ ਦੇ ਕਰਤੇ ਨੇ ਅਪਵਿੱਤਰ ਕੀਤੀ ਹੋਈ ਹੈ ਪਰ ਸਾਡੀ ਸਮਝ ਨੂੰ ਪਵਿੱਤਰ ਕਰਨ ਲਈ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਵੀ ਉਸਨੇ ਆਪ ਹੀ ਕੀਤੀ ਹੋਈ ਹੈ ਤੇ ਸਾਡਾ ਸਭ ਦਾ ਇਹ ਫਰਜ ਬਣਦਾ ਹੈ ਕਿ ਅਸੀਂ ਆਪ ਹੀ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਸਮਝ ਨੂੰ ਸਮਝੀਏ ਤੇ ਉਨ੍ਹਾਂ ਦੀ ਸਮਝ ਦੇ ਅਨੁਸਾਰ ਆਪਣੇ ਜੀਵਨ ਵਿੱਚ ਸੱਚਾ ਉੱਦਮ ਕਰੀਏ ਜਿਸ ਤਰੀਕੇ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਖੋਜਣ ਦਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਜਿਸ ਲਈ ਸਾਨੂੰ ਉਨ੍ਹਾਂ ਦੇ ਪਿੱਛੇ ਬਿਲਕੁਲ ਨਹੀਂ ਲੱਗਣਾ ਚਾਹੀਦਾ ਜਿਨ੍ਹਾਂ ਨੂੰ ਅਸੀਂ ਆਪਣੀ ਨਾਸਮਝੀ ਕਰਕੇ ਹੀ ਧਰਮ ਦੇ ਵਿਦਵਾਨ ਸਮਝ ਬੈਠਦੇ ਹਾਂ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ ਰਾਹੀਂ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। **(ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ॥੧॥ ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥ ਬੁਨਿ ਬੁਨਿ ਆਪ ਆਪੁ ਪਹਿਰਾਵਉ॥ ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥ ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥ ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥)**

ਉਪਰ ਵਾਲੇ ਸ਼ਬਦ ਰਾਹੀਂ ਅਸੀਂ ਮਨੁੱਖ ਦੀ ਅਸਲ ਕੁਲ, ਜਾਤਿ ਬਾਰੇ ਸਮਝਿਆ ਹੈ, ਮਨ ਦੇ ਕਪੜੇ ਬਾਰੇ ਸਮਝਿਆ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਕੁਝ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ। ਇਨ੍ਹਾਂ ਗੱਲਾਂ ਦੀ ਬਰੀਕੀ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤਾਂ ਜੋ ਅਸੀਂ ਇਸ ਗੱਲ ਤੇ ਵਿਸ਼ਵਾਸ ਕਰ ਸਕੀਏ ਕਿ ਸੰਸਾਰ ਦੇ ਹਰ ਮਨੁੱਖ ਦੀ ਕੁਲ ਜਾਂ ਜਾਤਿ ਮਨੁੱਖ ਦੀ ਸਮਝ ਦੇ ਨਾਲ ਭਾਵ ਸਮਝ ਰੂਪ ਕਪੜੇ ਦੇ ਨਾਲ ਜੁੜੀ ਹੋਈ ਹੈ। ਕੁਲ, ਜਾਤਿ ਨੂੰ ਲੈ ਕੇ ਸੰਸਾਰ ਵਿੱਚ ਅਨੇਕਾਂ ਹੀ ਝਗੜੇ ਹੁੰਦੇ ਹਨ ਜਿਸਦਾ ਕਾਰਣ ਕੇਵਲ ਤੇ ਕੇਵਲ ਮਨ ਦੀ ਨਾਸਮਝ ਮਤਿ ਹੈ ਜੋ ਮਤਿ ਅਸਲ ਵਿੱਚ ਕਿਸੇ ਵੀ ਮਨੁੱਖ ਦੀ ਆਪਣੀ ਹੈ ਹੀ ਨਹੀਂ। ਇਹ ਸਭ ਕੁਝ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਬਣਾਈ ਹੋਈ ਖੇਡ ਹੀ ਹੈ ਜਿਸ ਉਸਦੀ ਖੇਡ ਨੂੰ ਸਮਝੇ ਬਿਨ੍ਹਾਂ ਅਸੀਂ ਸੰਸਾਰਿਕ ਝਗੜੇ ਵਿੱਚ ਉਲਝੇ ਰਹਿੰਦੇ ਹਾਂ। ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਗੱਲ ਨੂੰ ਬਰੀਕੀ ਨਾਲ ਵਿਚਾਰਿਆ ਜਾ ਸਕਦਾ ਹੈ। ਗੁਰੂ ਦੇ ਹਰ ਸ਼ਬਦ ਨੂੰ ਬਰੀਕੀ ਨਾਲ ਪੜਨ ਤੇ ਸਮਝਣ ਦੀ ਲੋੜ ਹੁੰਦੀ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਕੁਝ ਸਮਝਾਉਣ ਲਈ ਹੀ ਹੈ ਨਾ ਕਿ ਕੇਵਲ ਕਥਨੀ ਕਰੀ ਜਾਣ ਲਈ। ਸਾਡਾ ਜੋ ਕੁਝ ਸਵਾਰਨਾ ਹੈ ਉਹ ਸਾਡੀ ਕਰਨੀ ਨੇ ਹੀ ਸਵਾਰਨਾ ਹੈ। ਆਉ ਧਿਆਨ ਨਾਲ ਵਿਚਾਰੀਏ।

ਸਿਰੀਰਾਗੁ ਮਹਲਾ ੧ ॥

{ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥ ਬਾਬਾ ਮਾਇਆ ਰਚਨਾ ਧੋਹੁ ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥
ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥
ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥ ਸਭੁ ਕੋ ਆਥੈ ਬਹੁਤੁ ਬਹੁਤੁ ਘਟਿ ਨ ਆਥੈ ਕੋਇ ॥
ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥ ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੩॥
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥}

(ਅੰਗ ੧੫)

ਸਿਰੀਰਾਗੁ ਮਹਲਾ ੧ ॥

{ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥ ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥
ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥ ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ॥
ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥
ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥}

(ਅੰਗ ੨੨-੨੩)

53/7475

ਸਿਰੀਰਾਗੁ ਮਹਲਾ ੩ ॥

{ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥

ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥ ਮਨ ਰੇ ਨਾਮੁ ਜਪਹੁ ਸੁਖੁ ਹੋਇ ॥
ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥
ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥ ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ॥
ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥
ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥੩॥
ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ ॥
ਸਤਿਗੁਰੁ ਭੇਟਿਐ ਨਿਰਮਲੁ ਹੋਆ ਅਨਦਿਨੁ ਨਾਮੁ ਵਖਾਣੈ ॥ ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ ॥੪॥
ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥
ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥
ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥੫॥
ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ॥
ਲਖ ਚਉਰਾਸੀਹ ਫੇਰੁ ਪਇਆ ਬਿਨੁ ਸਬਦੈ ਮੁਕਤਿ ਨ ਪਾਏ ॥
ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ ॥੬॥
ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ ॥
ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ ॥
ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ ਲਾਏ ॥੭॥
ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ॥
ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ ॥
ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ ॥੮॥੫॥੨੨॥}

(ਅੰਗ ੬੭-੬੮)

{ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥
ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥ ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥
ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥}

(ਅੰਗ ੮੨)

ਆਸਾ ਮਹਲਾ ੩ ॥

{ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ॥
ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ ॥੧॥ ਹਰਿ ਹਰਿ ਨਾਮੁ ਜਨ ਕੀ ਪਤਿ ਹੋਇ ॥
ਸਫਲੁ ਤਿਨ੍ਾ ਕਾ ਜਨਮੁ ਹੈ ਤਿਨ੍ ਮਾਨੈ ਸਭੁ ਕੋਇ ॥੧॥ ਰਹਾਉ ॥ ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ॥

ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥੨॥ ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ॥
ਨਾਮੁ ਨਵੈ ਨਿਧਿ ਪਾਇਆ ਭਰੇ ਅਖੁਟ ਭੰਡਾਰਾ॥੩॥ ਆਵਹਿ ਇਸੁ ਰਾਸੀ ਕੇ ਵਾਪਾਰੀਏ ਜਿਨ੍ਹਾ ਨਾਮੁ ਪਿਆਰਾ॥
ਗੁਰਮੁਖਿ ਹੋਵੈ ਸੋ ਧਨੁ ਪਾਏ ਤਿਨ੍ਹਾ ਅੰਤਰਿ ਸਬਦੁ ਵੀਚਾਰਾ ॥੪॥ ਭਗਤੀ ਸਾਰ ਨ ਜਾਣਨ੍ਹੀ ਮਨਮੁਖ ਅਹੰਕਾਰੀ॥
ਧੁਰਹੁ ਆਪਿ ਖੁਆਇਅਨੁ ਜੂਐ ਬਾਜੀ ਹਾਰੀ ॥੫॥ ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ ॥
ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ॥੬॥ ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥
ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥੭॥ ਭਗਤਾ ਕੀ ਜਤਿ ਪਤਿ ਏਕੁ ਨਾਮੁ ਹੈ ਆਪੇ ਲਏ ਸਵਾਰਿ॥
ਸਦਾ ਸਰਣਾਈ ਤਿਸ ਕੀ ਜਿਉ ਭਾਵੈ ਤਿਉ ਕਾਰਜੁ ਸਾਰਿ ॥੮॥
ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ ॥
ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰਿ ॥੯॥੧੪॥੩੬॥}

(ਅੰਗ ੪੨੯-੪੩੦)

{ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥
ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥
ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥ ਊਚੇ ਮੰਦਰ ਸੁੰਦਰ ਨਾਰੀ ॥
ਰਾਮ ਨਾਮ ਬਿਨੁ ਬਾਜੀ ਹਾਰੀ ॥੪॥ ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥}

(ਅੰਗ ੬੫੯)

ਰਾਗੁ ਸੂਹੀ ਮਹਲਾ ੪ ਘਰੁ ੧
ੴ ਸਤਿਗੁਰ ਪ੍ਰਸਾਦਿ ॥

{ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ ॥
ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੇ ॥੧॥ ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ ॥
ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ ॥੧॥ ਰਹਾਉ ॥
ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥੨॥
ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ ॥
ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ ॥੩॥
ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥੪॥੧॥}

(ਅੰਗ ੭੩੧)

ਸੂਹੀ ਮਹਲਾ ੪ ਘਰੁ ੬
ੴ ਸਤਿਗੁਰ ਪ੍ਰਸਾਦਿ ॥

{ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥
ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥੧॥ ਰਹਾਉ ॥
ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ॥੨॥
ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥੩॥
ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ ॥
ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੇ ਕ੍ਰਿਪਾ ਕਰੇ ਹਰਿ ਰਾਇ ॥੪॥੧॥੮॥}

(ਅੰਗ ੭੩੩)

ਮਃ ੩ ॥

{ਮਨ ਕੀ ਪਟ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥ ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥
ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥ ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥
ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥ ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ ॥
ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ ॥ ਨਾਨਕ ਨਾਮਿ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ ॥੨॥}

(ਅੰਗ ੧੦੯੩-੧੦੯੪)

{ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥ ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥
ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥੨॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥}

(ਅੰਗ ੧੧੬੪)

ਮਲਾਰ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਪਵਣੈ ਪਾਣੀ ਜਾਣੈ ਜਾਤਿ ॥ ਕਾਇਆਂ ਅਗਨਿ ਕਰੇ ਨਿਭਰਾਂਤਿ ॥ ਜੰਮਹਿ ਜੀਅ ਜਾਣੈ ਜੇ ਥਾਉ ॥
ਸੁਰਤਾ ਪੰਡਿਤੁ ਤਾ ਕਾ ਨਾਉ ॥੧॥ ਗੁਣ ਗੋਬਿੰਦ ਨ ਜਾਣੀਅਹਿ ਮਾਇ ॥ ਅਣਡੀਠਾ ਕਿਛੁ ਕਹਣੁ ਨ ਜਾਇ ॥
ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥ ਊਪਰਿ ਦਰਿ ਅਸਮਾਨਿ ਪਇਆਲਿ ॥
ਕਿਉ ਕਰਿ ਕਹੀਐ ਦੇਹੁ ਵੀਚਾਰਿ ॥ ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥
ਕਥਨੀ ਬਦਨੀ ਰਹੈ ਨਿਭਰਾਂਤਿ ॥ ਸੋ ਬੂਝੈ ਹੋਵੈ ਜਿਸੁ ਦਾਤਿ ॥ ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥
ਸੋਈ ਪੁਰਖੁ ਜਿ ਸਚਿ ਸਮਾਇ ॥੩॥ ਜਾਤਿ ਕੁਲੀਨੁ ਸੇਵਕੁ ਜੇ ਹੋਇ ॥ ਤਾ ਕਾ ਕਹਣਾ ਕਹਹੁ ਨ ਕੋਇ ॥
ਵਿਚਿ ਸਨਾਤੰਤੀ ਸੇਵਕੁ ਹੋਇ ॥ ਨਾਨਕ ਪਨ੍ਹੀਆ ਪਹਿਰੈ ਸੋਇ ॥੪॥੧॥੬॥}

(ਅੰਗ ੧੨੫੬)

53/7476

ਪ੍ਰਭਾਤੀ ਮਹਲਾ ੩ ਬਿਭਾਸ

ੴ ਸਤਿਗੁਰ ਪ੍ਰਸਾਦਿ ॥

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥ ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ॥
ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥ ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥
ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥ ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥
ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥ ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥
ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥}

(ਅੰਗ ੧੩੪੬)

{ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥ ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ ॥੧॥
ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥ ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥}

(ਅੰਗ ੧੩੯੪)

ਸਿਰੀਰਾਗੁ ਮਹਲਾ ੩ ॥

{ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ ॥੧॥ ਭਾਈ ਰੇ ਗੁਰਮੁਖਿ ਸਦਾ ਪਤਿ ਹੋਇ ॥
ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ ॥੧॥ ਰਹਾਉ ॥
ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ ॥ ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ ॥
ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ ॥੨॥

ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ ॥ ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥
ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ ॥੩॥
ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ ॥
ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ ॥
ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ ॥੪॥੫॥੩੮॥}

(ਅੰਗ ੨੮)

ਮਾਝ ਮਹਲਾ ੫ ਘਰੁ ੧ ॥

{ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥੧॥ ਰਹਾਉ ॥
ਸਾਧਿਕ ਸਿਧ ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ ਧਿਆਇਨਿ ਹਿਰਦੇ ॥
ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨॥
ਆਠ ਪਹਰ ਤੁਧੁ ਜਾਪੇ ਪਵਨਾ ॥ ਧਰਤੀ ਸੇਵਕ ਪਾਇਕ ਚਰਨਾ ॥
ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ ॥੩॥ ਸਾਚਾ ਸਾਹਿਬੁ ਗੁਰਮੁਖਿ ਜਾਪੈ ॥
ਪੂਰੇ ਗੁਰ ਕੈ ਸਬਦਿ ਸਿਞਾਪੈ ॥ ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥੪॥
ਤਿਸੁ ਘਰਿ ਸਹਜਾ ਸੋਈ ਸੁਹੇਲਾ ॥ ਅਨਦ ਬਿਨੋਦ ਕਰੇ ਸਦ ਕੇਲਾ ॥
ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥੫॥ ਪਹਿਲੋ ਦੇ ਤੈਂ ਰਿਜਕੁ ਸਮਾਹਾ ॥
ਪਿਛੋ ਦੇ ਤੈਂ ਜੰਤੁ ਉਪਾਹਾ ॥ ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥੬॥
ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥ ਸਾਧ ਜਨਾ ਕਾ ਮੰਤ੍ਰੁ ਕਮਾਏ ॥
ਆਪਿ ਤਰੈ ਸਗਲੇ ਕੁਲ ਤਾਰੇ ਤਿਸੁ ਦਰਗਹ ਠਾਕ ਨ ਪਾਵਣਿਆ ॥੭॥ ਤੂੰ ਵਡਾ ਤੂੰ ਊਚੋ ਊਚਾ ॥
ਤੂੰ ਬੇਅੰਤੁ ਅਤਿ ਮੂਚੋ ਮੂਚਾ ॥ ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ ॥੮॥੧॥੩੫॥}

(ਅੰਗ ੧੩੦-੧੩੧)

ਮਾਝ ਮਹਲਾ ੩ ॥

{ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥
ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥
ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ ਜੋ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥
ਆਪੇ ਕਰਤਾ ਕਾਰਣੁ ਕਰਾਏ ॥ ਜਿਤੁ ਭਾਵੈ ਤਿਤੁ ਕਾਰੈ ਲਾਏ ॥
ਪੂਰੈ ਭਾਗਿ ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ ॥੨॥ ਮਰਿ ਮਰਿ ਜੀਵੈ ਤਾ ਕਿਛੁ ਪਾਏ ॥
ਗੁਰ ਪਰਸਾਦੀ ਹਰਿ ਮੰਨਿ ਵਸਾਏ ॥ ਸਦਾ ਮੁਕਤੁ ਹਰਿ ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ ॥੩॥

ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥ ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥
ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ ॥੪॥ ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਪਰਸਾਦੀ ਪਰਮ ਪਦੁ ਪਾਏ ॥ ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥
ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ ਭਾਇ ਬਿਰਥਾ ਜਨਮੁ ਗਵਾਏ ॥
ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥
ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥
ਆਪਿ ਕਰਾਏ ਕਰਤਾ ਸੋਈ ॥ ਹੋਰੁ ਕਿ ਕਰੇ ਕੀਤੈ ਕਿਆ ਹੋਈ ॥
ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥}

(ਅੰਗ ੧੨੩-੧੨੪)

{ਸਾਧ ਕੈ ਸੰਗਿ ਸਭ ਕੁਲ ਉਧਾਰੈ ॥ ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥
ਸਾਧੂ ਕੈ ਸੰਗਿ ਸੋ ਧਨੁ ਪਾਵੈ ॥ ਜਿਸੁ ਧਨ ਤੇ ਸਭੁ ਕੋ ਵਰਸਾਵੈ ॥ ਸਾਧਸੰਗਿ ਧਰਮ ਰਾਇ ਕਰੇ ਸੇਵਾ ॥
ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਸਾਧੂ ਕੈ ਸੰਗਿ ਪਾਪ ਪਲਾਇਨ ॥ ਸਾਧਸੰਗਿ ਅੰਮ੍ਰਿਤ ਗੁਨ ਗਾਇਨ ॥
ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥}

(ਅੰਗ ੨੭੧-੨੭੨)

ਮਃ ੩ ॥

{ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ ॥
ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ ॥੨॥}

(ਅੰਗ ੫੫੨)

ਪਉੜੀ ॥

{ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ ॥
ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ ॥
ਇਕ ਥੈ ਪੜਿ ਬੁਝੈ ਸਭੁ ਆਪੇ ਇਕ ਥੈ ਆਪੇ ਕਰੇ ਇਆਣੇ ॥
ਇਕਨਾ ਅੰਦਰਿ ਮਹਲਿ ਬੁਲਾਏ ਜਾ ਆਪਿ ਤੇਰੈ ਮਨਿ ਸਚੇ ਭਾਣੇ ॥
ਜਿਨਾ ਆਪੇ ਗੁਰਮੁਖਿ ਦੇ ਵਡਿਆਈ ਸੇ ਜਨ ਸਚੀ ਦਰਗਹਿ ਜਾਣੇ ॥੧੧॥}

(ਅੰਗ ੫੫੨-੫੫੩)

ਸੋਰਠਿ ਮਹਲਾ ੫ ॥

{ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥ ਮਜਨੁ ਗੁਰ ਆਂਦਾ ਰਾਸੇ ॥
ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥ ਸੰਤਹੁ ਰਾਮਦਾਸ ਸਰੋਵਰੁ ਨੀਕਾ ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥ ਜੈ ਜੈ ਕਾਰੁ ਜਗੁ ਗਾਵੈ ॥
ਮਨ ਚਿੰਦਿਅੜੇ ਫਲ ਪਾਵੈ ॥ ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੂ ਧਿਆਏ ॥੨॥

ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥ ਮਰੈ ਨ ਆਵੈ ਜਾਈ ॥
ਹਰਿ ਹਰਿ ਨਾਮੁ ਧਿਆਈ ॥੩॥ ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥ ਜਿਸੁ ਦਇਆਲੁ ਹੋਇ ਭਗਵਾਨੈ ॥
ਬਾਬਾ ਨਾਨਕ ਪ੍ਰਭ ਸਰਣਾਈ ॥ ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥}

(ਅੰਗ ੬੨੩)

53/7477

ਰਾਗੁ ਸੂਹੀ ਮਹਲਾ ੩ ਘਰੁ ੧੦

ੴ ਸਤਿਗੁਰ ਪ੍ਰਸਾਦਿ ॥

{ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥
ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥੧॥ ਰਹਾਉ ॥
ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥੨॥
ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥੩॥
ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥
ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥
ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥
ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥
ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥ ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥
ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥੮॥ ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥
ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ॥੯॥ ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ॥
ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥੧੦॥ ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥
ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥੧੧॥ ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ॥
ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥ ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥
ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥ ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥
ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥੧੪॥ ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥
ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥੧੫॥ ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥ ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥
ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥੧੭॥ ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥
ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥ ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥
ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥ ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥
ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥ ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥
ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥ ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥
ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ॥੨੨॥ ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥

ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥੨੩॥ ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥
ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥੨੪॥ ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥
ਅਵਗਣ ਵਿਕਣਿ ਪਲ੍ਰਨਿ ਗੁਣ ਕੀ ਸਾਝ ਕਰੰਨ੍ਹਿ ॥੨੫॥ ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥
ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥
ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥
ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥ ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ॥
ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥੨੮॥ ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥
ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ ॥੨੯॥
ਹਰਿ ਕੀ ਕੀਮਤਿ ਨ ਪਵੈ ਹਰਿ ਜਸੁ ਲਿਖਣੁ ਨ ਜਾਇ ॥
ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ ॥੩੦॥ ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥
ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥੩੧॥ ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥
ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥੩੨॥
ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥ ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥੩੩॥
ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥
ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥੩੪॥੧॥੩॥}

(ਅੰਗ ੭੫੫-੭੫੬)

ਪਉੜੀ ॥

{ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ ॥ ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ ॥
ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ ਨ ਲਾਹਰਾ ॥ ਤੂ ਪੁਰਖੁ ਅਨੰਦੀ ਅਨੰਤ ਸਭ ਜੋਤਿ ਸਮਾਹਰਾ ॥
ਤੂ ਸਭ ਦੇਵਾ ਮਹਿ ਦੇਵ ਬਿਧਾਤੇ ਨਰਹਰਾ ॥ ਕਿਆ ਆਰਾਧੇ ਜਿਹਵਾ ਇਕ ਤੂ ਅਬਿਨਾਸੀ ਅਪਰਪਰਾ ॥
ਜਿਸੁ ਮੇਲਹਿ ਸਤਿਗੁਰੁ ਆਪਿ ਤਿਸ ਕੇ ਸਭਿ ਕੁਲ ਤਰਾ ॥
ਸੇਵਕ ਸਭਿ ਕਰਦੇ ਸੇਵ ਦਰਿ ਨਾਨਕੁ ਜਨੁ ਤੇਰਾ ॥੫॥}

(ਅੰਗ ੧੦੯੬)

ਭੈਰਉ ਮਹਲਾ ੩ ॥

{ਕਲਿ ਮਹਿ ਪ੍ਰੇਤ ਜਿਨ੍ੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ ॥
ਦੁਆਪੁਰਿ ਤ੍ਰੈਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥੧॥ ਕਲਿ ਮਹਿ ਰਾਮ ਨਾਮਿ ਵਡਿਆਈ ॥
ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ ॥੧॥ ਰਹਾਉ ॥
ਹਿਰਦੈ ਨਾਮੁ ਲਖੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ ॥
ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ ॥੨॥
ਮੇਰਾ ਪ੍ਰਭੁ ਹੈ ਗੁਣ ਕਾ ਦਾਤਾ ਅਵਗਣ ਸਬਦਿ ਜਲਾਏ ॥
ਜਿਨ ਮਨਿ ਵਸਿਆ ਸੇ ਜਨ ਸੋਹੇ ਹਿਰਦੈ ਨਾਮੁ ਵਸਾਏ ॥੩॥

ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ ਰੰਗ ਸਿਉ ਰਲੀਆ ਮਾਣੈ ॥
ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ ਨਾਨਕ ਨਾਮੁ ਵਖਾਣੈ ॥੪॥੬॥੧੬॥}

(ਅੰਗ ੧੧੩੧-੧੧੩੨)

ਬਸੰਤੁ ਮਹਲਾ ੩ ਇਕ ਤੁਕਾ ॥

{ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥ ਜੀਵਤੁ ਮਰੈ ਸਭਿ ਕੁਲ ਉਧਰੈ ॥੧॥
ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ ॥ ਸਾਚੁ ਨਾਮੁ ਮੇਰੈ ਹਿਰਦੈ ਵਸੈ ॥੧॥ ਰਹਾਉ ॥
ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ ॥ ਤੈਸੇ ਸੰਤ ਜਨ ਰਾਮ ਨਾਮ ਰਵਤ ਰਹੈ ॥੨॥
ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥ ਤਉ ਸਰਣਾਗਤਿ ਰਹਉ ਪਇਆ ॥੩॥
ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ ॥ ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥੪॥੮॥}

(ਅੰਗ ੧੧੭੦)

{ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ ॥
ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ ॥੧੬੬॥}

(ਅੰਗ ੧੩੭੩)

{ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥}

(ਅੰਗ ੨)

ਪਉੜੀ ॥

{ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ}

(ਅੰਗ ੧੫੦)

ਪ੍ਰਭਾਤੀ ਮਹਲਾ ੧ ॥

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥

ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥}

(ਅੰਗ ੧੩੨੯)

ਮਃ ੧ ॥

{ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥}

(ਅੰਗ ੧੪੯)

ਪਉੜੀ ॥

{ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥
ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥}

(ਅੰਗ ੧੪੯)

53/7478

ਪਉੜੀ ॥

{ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥੧੪॥}

(ਅੰਗ ੪੭੦-੪੭੧)

ਰਾਗੁ ਸੋਰਠਿ ਵਾਰ ਮਹਲੇ ੪ ਕੀ
ੴ ਸਤਿਗੁਰ ਪ੍ਰਸਾਦਿ ॥
ਸਲੋਕੁ ਮਃ ੧ ॥

{ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥
ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥ ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥
ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥ ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥
ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥}

(ਅੰਗ ੬੪੨)

ਸਿਰੀਰਾਗੁ ਮਹਲਾ ੪ ਘਰੁ ੨ ਛੰਤ
ੴ ਸਤਿਗੁਰ ਪ੍ਰਸਾਦਿ ॥

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥

ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਧੈ ॥
ਸਾਹੁਰੜੈ ਕੰਮ ਸਿਧੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਧੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਧੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁੋਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥}

(ਅੰਗ ੭੮-੭੯)

ਸਾਡਾ ਸੱਚਾ ਕੁਲ ਕੀ ਹੈ, ਸੱਚੀ ਜਾਤਿ ਕੀ ਹੈ, ਮਨ ਦਾ ਸੱਚਾ ਕਪੜਾ ਕੀ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਵਿਚਾਰ ਸਕਦਾ ਹੈ ਕਿ ਅਸੀਂ ਕਿਹੋ ਜਿਹੇ ਕੁਲ ਵਾਲਾ ਬਣਨਾ ਹੈ, ਕਿਹੋ ਜਿਹੀ ਜਾਤਿ ਵਾਲਾ ਬਣਨਾ ਹੈ ਭਾਵ ਅਸੀਂ ਗੁਰੂ ਦੇ ਕੁਲ ਵਾਲਾ, ਗੁਰੂ ਦੀ ਜਾਤਿ ਵਾਲਾ ਬਣਨਾ ਹੈ। ਗੁਰੂ ਸ਼ਬਦ ਹੈ ਤੇ ਗੁਰੂ ਦੀ ਕੁਲ ਵਾਲਾ ਬਣਨ ਲਈ ਸਾਨੂੰ ਸ਼ਬਦ ਦੇ ਕੁਲ ਵਾਲਾ

ਬਣਨਾ ਪਵੇਗਾ। ਗੁਰੂ ਦੀ ਜਾਤਿ ਵਾਲਾ ਬਣਨ ਲਈ ਸਾਨੂੰ ਸ਼ਬਦ ਦੀ ਜਾਤਿ ਵਾਲਾ ਬਣਨਾ ਪਵੇਗਾ ਤੇ ਇਹ ਕੁਝ ਬਣਨ ਲਈ ਸਾਨੂੰ ਮਨ ਦੀ ਸਮਝ ਦੇ ਵਿੱਚ ਗੁਰੂ ਦਾ ਕੱਪੜਾ ਭਾਵ ਗੁਰੂ ਦੇ ਸ਼ਬਦਾਂ ਦਾ ਕੱਪੜਾ ਪਹਿਨਣਾ ਪਵੇਗਾ। ਗੁਰੂ ਦੇ ਸ਼ਬਦਾਂ ਕੋਲੋਂ ਸਾਨੂੰ ਸੱਚੀ ਵਿਚਾਰ ਹੀ ਮਿਲਦੀ ਹੈ ਜੋ ਉਸਦੇ ਸੱਚੇ ਵਿਚਾਰਾਂ ਦਾ ਕਪੜਾ ਆਪਣੀ ਮਤਿ ਵਾਲੇ ਵਿਚਾਰ ਛੱਡਣ ਦੁਆਰਾ ਹੀ ਪਹਿਨਿਆ ਜਾ ਸਕਦਾ ਹੈ ਤੇ ਹੋਰ ਕੋਈ ਤਰੀਕਾ ਨਹੀਂ ਹੈ। ਸਾਨੂੰ ਆਪਣੀ ਆਪਣੀ ਮਤਿ ਦੇ ਵਿਚਾਰ ਦੇਣ ਵਾਲੇ ਬਹੁਤ ਹਨ ਜਿਨ੍ਹਾਂ ਨੂੰ ਅਸੀਂ ਸਦੀਆਂ ਤੋਂ ਭਗਤੀ ਦੇ ਮਾਰਗ ਤੇ ਉੱਚੇ ਮੰਨਿਆ ਹੋਇਆ ਹੈ, ਸੰਤ, ਸਾਧ ਆਦਿ ਮੰਨਿਆ ਹੋਇਆ ਹੈ ਭਾਵ ਧਰਮ ਦੇ ਵਿਦਵਾਨ ਮੰਨਿਆ ਹੋਇਆ ਹੈ ਤੇ ਅੱਜ ਵੀ ਇਹੋ ਜਿਹੇ ਬਹੁਤ ਹਨ ਜੋ ਸਾਨੂੰ ਆਪਣੇ ਆਪਣੇ ਵਿਚਾਰ ਦਿੰਦੇ ਹਨ। ਉਪਰ ਸ਼ਬਦਾਂ ਵਿੱਚ ਕੁਲ ਤਾਰਨ ਦੀ ਵੀ ਗੱਲ ਆਉਂਦੀ ਹੈ ਤੇ ਕੁਲ ਡੋਬਣ ਦੀ ਵੀ ਗੱਲ ਆਉਂਦੀ ਹੈ। ਗੁਰੂ ਦੇ ਸ਼ਬਦਾਂ ਦੇ ਸੱਚੇ ਵਿਚਾਰ ਸਾਨੂੰ ਮਨਮਤਿ ਵਾਲੇ ਵਿਚਾਰਾਂ ਤੋਂ ਤਾਰਦੇ ਹਨ ਭਾਵ ਮਨ ਦੀ ਭਰਮਾਂ ਵਾਲੀ ਸਮਝ ਤੋਂ ਤਾਰਕੇ ਗੁਰਮਤਿ ਦੀ ਸੱਚੀ ਸਮਝ ਵਾਲੇ ਕੁਲ ਦੇ ਨਾਲ ਜੋੜਦੇ ਹਨ ਭਾਵ ਗੁਰੂ ਦੀ ਕੁਲ ਦੇ ਨਾਲ ਜੋੜਦੇ ਹਨ ਤੇ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਹੀ ਧਰਮ ਦੇ ਵਿਦਵਾਨ ਸਮਝਿਆ ਹੋਇਆ ਹੈ ਉਹ ਸਾਨੂੰ ਕੀ ਤਾਰਨਗੇ ਜੋ ਆਪ ਹੀ ਭਰਮਾਂ ਵਾਲੀ ਕੁਲ ਦੇ ਵਿੱਚ ਡੁੱਬੇ ਹੋਏ ਹਨ।

53/7479

ਸਾਰੇ ਸੰਸਾਰ ਦਾ ਭਤਾਰ ਭਾਵ ਖਸਮ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਹਰ ਮਨੁੱਖੀ ਸਰੀਰ ਦੇ ਅੰਦਰ ਹੀ ਹੈ। ਉਸਨੇ ਆਪ ਹੀ ਹਰ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚ ਭਾਵ ਤ੍ਰੈ ਗੁਣਾਂ ਵਿੱਚ, ਹਉਮੈ ਵਿੱਚ, ਮਾਇਆ ਦੀ ਜੁਗਤਿ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਭਰਮਾਂ ਵਾਲੀ ਮਨੁੱਖੀ ਸਮਝ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਉਹ ਆਪ ਹੀ ਹੈ ਜਿਸਨੇ ਹਰ ਮਨੁੱਖੀ ਸਰੀਰ ਦੀ ਰਚਨਾ ਕੀਤੀ ਹੈ। ਜਦ ਤੱਕ ਕੋਈ ਮਨੁੱਖੀ ਸਰੀਰ ਆਪਣੇ ਅੰਦਰੋਂ ਭਰਮ ਪਾਉਣ ਵਾਲੇ ਖਸਮ ਨੂੰ ਪਛਾਣ ਨਹੀਂ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਛਾਣਿਆ ਹੈ ਤਦ ਤੱਕ ਹਰ ਕਿਸੇ ਦਾ ਭਤਾਰ ਭਾਵ ਮਨ ਦੀ ਸਮਝ ਰੂਪ ਖਸਮ ਮਨ ਦਾ ਭਰਮ ਹੀ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥ ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥
ਮਨਮੁਖ ਅੰਧੇ ਸਾਦੁ ਨ ਪਾਵਹਿ ॥ ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥
ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥ ਕੰਚਨ ਦੇਹੀ ਸਬਦੁ ਭਤਾਰੋ ॥
ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥ ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥
ਆਪੇ ਦੇਵੈ ਦੇਵਣਹਾਰਾ ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥
ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ ॥੧੫॥ ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥
ਸਚਾ ਸਾਹਿਬੁ ਠਾਕੁਰੁ ਮੇਰਾ ॥ ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥”

(ਅੰਗ ੧੦੫੮)

ਉਪਰ ਵਾਲੇ ਸ਼ਬਦ ਦੇ ਪਦਿਆਂ ਰਾਹੀਂ ਸਾਨੂੰ ਧਰਮ ਗ੍ਰੰਥਾਂ ਨੂੰ ਪੜਨ ਦਾ ਮਕਸਦ ਹੀ ਸਮਝਾਇਆ ਹੋਇਆ ਹੈ ਕਿ ਅਸੀਂ ਧਰਮ ਗ੍ਰੰਥਾਂ ਨੂੰ ਕਿਸ ਮਕਸਦ ਲਈ ਪੜਨਾ ਹੈ। ਪਹਿਲੇ ਉਪਰ ਵਾਲੇ ਪਹਿਲੇ ਪਦੇ ਨੂੰ ਸਮਝਦੇ ਹਾਂ ਜੋ ਪੂਰੇ ਸ਼ਬਦ ਦਾ ਗਿਆਰਵਾਂ ਪਦਾ ਹੈ।

“ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥”

ਜਿਸ ਸਮੇਂ ਗੁਰਬਾਣੀ ਦੀ ਰਚਨਾ ਹੋਈ ਸੀ ਉਸ ਸਮੇਂ ਭਾਰਤ ਵਰਸ਼ ਵਿੱਚ ਜਿਆਦਾ ਵੇਦ ਧਾਰਮਿਕ ਗ੍ਰੰਥ ਪੜਨ ਵਾਲੇ ਹੀ ਹੁੰਦੇ ਸਨ ਤੇ ਅੱਜ ਵੀ ਬਹੁਤ ਹਨ। ਸਾਰੇ ਵੇਦ ਸਾਨੂੰ ਸੱਚਾ ਧਰਮ ਦਾ ਮਾਰਗ ਹੀ ਸਮਝਾਉਂਦੇ ਹਨ ਜਿਸ ਲਈ ਵੇਦਾਂ ਦੇ ਅੰਦਰ ਦੇ ਸ਼ਬਦਾਂ ਦੇ ਸਮਝਾਏ ਹੋਏ ਸੱਚ ਨੂੰ ਸਮਝਣ ਦੀ ਲੋੜ ਹੈ। ਜੇਕਰ ਅਸੀਂ ਕੇਵਲ ਵੇਦਾਂ ਦੇ ਸ਼ਬਦਾਂ ਨੂੰ ਪੜੀ ਜਾਂ ਸੁਣੀ ਹੀ ਜਾਵਾਂਗੇ ਤਾਂ ਫਿਰ ਅਸੀਂ ਵੇਦਾਂ ਦੇ ਅੰਦਰ ਦੇ ਸਮਝਾਏ ਹੋਏ ਸੱਚ ਨੂੰ ਨਾ ਸਮਝ ਸਕਾਂਗੇ ਤੇ ਨਾ ਸ਼ਬਦਾਂ ਦੀ ਵਿਚਾਰ ਅਨੁਸਾਰ ਚੱਲ ਸਕਾਂਗੇ। ਕੇਵਲ ਧਰਮ ਗ੍ਰੰਥਾਂ ਦੀ ਕਥਨੀ ਕਰੀ ਜਾਣ ਨਾਲ ਸਾਡਾ ਪ੍ਰਮਾਤਮਾ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸਾਡਾ ਬਾਦੁ ਭਾਵ ਵਾਦ ਵਿਵਾਦ ਭਾਵ ਸਾਡਾ ਪ੍ਰਮਾਤਮਾ ਦੇ ਨਾਲ ਝਗੜਾ ਨਹੀਂ ਨਿਬੜ ਸਕਦਾ। **(ਬੇਦ ਪੜਹਿ ਪੜਿ ਬਾਦੁ ਵਖਾਣਹਿ ॥)**

ਪ੍ਰਮਾਤਮਾ ਦੇ ਨਾਲ ਝਗੜਾ ਕਿਵੇਂ ਨਿਬੜਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਆਉ ਧਿਆਨ ਨਾਲ ਸਮਝੀਏ ਕਿ ਵੇਦਾਂ ਦੀ ਰਚਨਾ ਦਾ ਅਸਲ ਮਕਸਦ ਕੀ ਹੈ।

53/7480

“ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥

ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥"

ਹਰ ਸੱਚਾ ਧਰਮ ਗ੍ਰੰਥ ਸਾਨੂੰ ਇਹੀ ਸਮਝਾਉਂਦਾ ਹੈ ਕਿ ਪ੍ਰਮਾਤਮਾ, ਅੱਲ੍ਹਾ ਭਾਵ ਸ੍ਰਿਸ਼ਟੀ ਦਾ ਕਰਤਾ ਹਰ ਮਨੁੱਖ ਦੇ ਅੰਦਰ ਹੀ ਹੈ ਤੇ ਕੇਵਲ ਉਸਨੂੰ ਆਪਣੇ ਅੰਦਰੋਂ ਪਛਾਨਣ ਦੀ ਲੋੜ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਪਛਾਨਣ ਦਾ ਤਰੀਕਾ ਕੀ ਹੈ ਤੇ ਉਹ ਸਭ ਦੇ ਅੰਦਰ ਕਿਸ ਰੂਪ ਵਿੱਚ ਵਰਤਦਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੀ ਹੈ। ਜੋ ਕੁਝ ਅਸੀਂ ਪਿੱਛੇ ਸਮਝਿਆ ਹੈ ਉਹੀ ਗੱਲ ਸਾਨੂੰ ਉਪਰਲੀਆਂ ਪੰਗਤੀਆਂ ਰਾਹੀਂ ਸਮਝਾਈ ਹੈ। ਪ੍ਰਮਾਤਮਾ, ਅੱਲ੍ਹਾ, ਵਾਹਿਗੁਰੂ ਸਾਡੇ ਸਭ ਦੀ ਮਨ ਦੀ ਸਮਝ ਦੇ ਅੰਦਰ ਵਰਤਦਾ ਹੈ ਤੇ ਅਸੀਂ ਉਸਨੂੰ ਆਪਣੇ ਮਨ ਦੇ ਵਿੱਚੋਂ ਹੀ ਪਛਾਨਣਾ ਹੈ। ਹਰ ਕੋਈ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਸ਼ਬਦਾਂ ਦੀ ਵਿਚਾਰ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦਾ ਮਾਰਗ ਹੀ ਸਮਝਾਉਂਦਾ ਹੈ। ਸਾਰੀ ਗੱਲ ਸ਼ਬਦਾਂ ਦੇ ਅੰਦਰ ਦੀ ਵਿਚਾਰ ਸਮਝਣ ਦੀ ਤੇ ਮੰਨਣ ਦੀ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਤੱਤ ਨੂੰ, ਸ਼ਬਦਾਂ ਦੇ ਅੰਦਰ ਦੀ ਅਸਲੀਅਤ ਨੂੰ ਮਨ ਦੀ ਸਮਝ ਦੇ ਅੰਦਰ ਰਿੜਕਣ ਦੀ ਹੈ ਤਾਂ ਜੋ ਅਸੀਂ ਸ਼ਬਦਾਂ ਦੇ ਅੰਦਰ ਦੀ ਅਸਲੀਅਤ ਨੂੰ ਸਮਝ ਕੇ ਉਸਨੂੰ ਚਖੀਏ ਭਾਵ ਉਸਦੇ ਅੰਦਰ ਦੇ ਹਰ ਰੱਸ ਨੂੰ ਮਨ ਦੀ ਸਮਝ ਰਾਹੀਂ ਪੀਵੀਏ। ਹਰਿ ਰੱਸ ਕੀ ਹੈ ਤੇ ਹਰਿ ਰੱਸ ਨੂੰ ਪੀਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। **"ਹਰਿ ਰਸੁ"** ਧਰਮ ਗ੍ਰੰਥਾਂ ਦੇ ਅੰਦਰ ਦਾ ਸੱਚਾ ਗਿਆਨ ਹੈ ਭਾਵ ਬ੍ਰਹਮ ਗਿਆਨ ਹੈ ਜੋ ਕਿ ਪ੍ਰਮਾਤਮਾ ਦਾ ਨਾਮ ਹੈ ਜਿਸ ਨਾਮ ਨੂੰ ਮੰਨਣਾ ਹੀ ਆਪਣੀ ਰਸਨਾ ਤੇ ਹਰਿ ਰੱਸ ਨੂੰ ਪ੍ਰਾਪਤ ਕਰਨਾ ਹੈ ਜਦੋਂ ਫਿਰ ਮਨੁੱਖ ਆਪਣੀ ਰਸਨਾ ਦੁਆਰਾ ਪੂਰਨ ਸੱਚ ਹੀ ਬੋਲਦਾ ਹੈ ਭਾਵ ਗੁਰਮਤਿ ਅਨੁਸਾਰ ਹੀ ਚੱਲਦਾ ਹੈ ਭਾਵ ਵਿਚਰਦਾ ਹੈ। ਗੁਰੂ ਪ੍ਰਮਾਤਮਾ ਦਾ ਗੁਰਮੁਖਿ ਰੂਪ ਇਸ ਤਰੀਕੇ ਹੀ ਬਣਿਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਆਪਣੇ ਅੰਦਰੋਂ **"ਬ੍ਰਹਮੁ"** ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਪਛਾਨਣ ਦੁਆਰਾ ਬਣੇ ਹਨ। **(ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥ ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥)**

ਉਹ ਸ੍ਰਿਸ਼ਟੀ ਦਾ ਕਰਤਾ ਪ੍ਰਮਾਤਮਾ ਸਭ ਦੇ ਅੰਦਰ ਹੀ ਹੈ ਪਰ ਉਸਨੂੰ ਆਪਣੀ ਆਪਣੀ ਸਮਝ ਦੇ ਅਨੁਸਾਰ ਹਰ ਕੋਈ ਕਿਤੋਂ ਬਾਹਰ ਲੱਭਣ ਦੀ ਕੋਸ਼ਿਸ਼ ਕਰਦਾ ਹੈ ਜੋ ਕਿ ਹਰ ਮਨੁੱਖ ਦਾ ਵੱਡਾ ਭਰਮ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

53/7481

"ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ ਮਨਮੁਖ ਅੰਧੇ ਸਾਦੁ ਨ ਪਾਵਹਿ ॥

ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥"

ਜਿਸ **"ਵਥੁ"** ਦੀ ਭਾਵ ਵਸਤੂ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਉਹ ਨਾਮ ਰੂਪ ਵਥੁ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਜਾਣਿਆ ਹੀ ਹੈ। ਉਹ **"ਵਥੁ"** ਰੂਪ ਪ੍ਰਮਾਤਮਾ ਭਾਵ ਨਾਮ ਦਾ ਦਾਤਾ, ਬ੍ਰਹਮ ਗਿਆਨ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਸਾਡੇ ਅੰਦਰ ਹੀ ਹੈ ਤੇ ਉਸ ਵੱਥ ਨੂੰ ਆਪਣੇ ਅੰਦਰੋਂ ਖੋਜਣ ਦੀ ਬਜਾਇ, ਜਾਨਣ ਦੀ ਬਜਾਇ ਭਾਵ ਉਸਨੂੰ ਪ੍ਰਾਪਤ ਕਰਨ ਦੀ ਬਜਾਇ ਜੋ ਬਾਹਰ ਜਾਂਦੇ ਹਨ, ਜੰਗਲਾਂ ਆਦਿ ਵਿੱਚ ਜਾਂਦੇ ਹਨ, ਪਹਾੜਾਂ ਦੀਆਂ ਚੋਟੀਆਂ ਤੇ ਬੈਠ ਕੇ ਜਪ ਤਪ ਆਦਿ ਕਰਦੇ ਹਨ ਇਹੋ ਜਿਹਿਆਂ ਨੂੰ ਮਨਮੁੱਖ ਕਿਹਾ ਹੋਇਆ ਹੈ ਭਾਵ ਆਪਣੀ ਮਤਿ ਪਿੱਛੇ ਚੱਲਣ ਵਾਲੇ ਕਿਹਾ ਹੋਇਆ ਹੈ, ਅੰਧੇ ਭਾਵ ਅਗਿਆਨੀ ਕਿਹਾ ਹੋਇਆ ਹੈ ਤੇ ਆਪਣੀ ਮਤਿ ਛੱਡੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਨੂੰ ਮੰਨੇ ਬਿਨ੍ਹਾਂ ਉਹ ਆਪਣੇ ਅੰਦਰੋਂ ਬ੍ਰਹਮ ਨੂੰ ਜਾਨਣ ਦੇ ਸਵਾਦ ਦੀ ਪ੍ਰਾਪਤੀ ਨਹੀਂ ਕਰ ਸਕਦੇ ਜੋ ਸੰਸਾਰ ਵਿੱਚ ਕਿਸੇ ਵੀ ਮਨੁੱਖ ਲਈ ਸਭ ਤੋਂ ਵੱਡਾ ਸਵਾਦ ਹੈ ਜੋ ਸਵਾਦ ਸਾਡੇ ਮਨ ਦੀ ਸਮਝ ਮਨ ਦੇ ਵਿੱਚ ਅੱਲ੍ਹਾ ਪ੍ਰਮਾਤਮਾ ਦੇ ਕੋਲੋਂ ਬ੍ਰਹਮ ਗਿਆਨ ਰੂਪ ਸਮਝ ਲੈਣ ਦੁਆਰਾ ਭਾਵ ਚੌਥੇ ਪਦ ਦੇ ਗਿਆਨ ਦੀ ਸਮਝ ਲੈਣ ਦੁਆਰਾ ਚਖਦੀ ਹੈ। **(ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ ਮਨਮੁਖ ਅੰਧੇ ਸਾਦੁ ਨ ਪਾਵਹਿ ॥)**

ਉਪਰ ਅਗਲੀ ਪੰਗਤੀ ਰਾਹੀਂ ਅਨਰੱਸ ਤੇ ਹਰਿ ਰੱਸ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥"

ਫਰਕ ਤਾਂ ਬੜਾ ਸਿੱਧਾ ਹੈ ਕਿ ਜੋ ਹਰਿ ਰੱਸ ਨਹੀਂ ਹੈ ਉਹ ਅਨਰੱਸ ਹੈ। ਹਰਿ ਰੱਸ ਗੁਰਮਤਿ ਦੀ ਸੱਚੀ ਸਮਝ ਹੈ ਜੋ ਕਿ ਸਾਡੇ

ਮਨ ਦੀ ਸਮਝ ਦਾ ਰੱਸ ਹੈ ਤੇ ਗੁਰਮਤਿ ਦੀ ਸੱਚੀ ਸਮਝ ਤੋਂ ਬਿਨ੍ਹਾਂ ਜੋ ਵੀ ਕਿਸੇ ਮਨੁੱਖ ਦੀ ਕੱਚੀ ਸਮਝ ਹੈ ਭਾਵ ਮਨਮਤਿ ਵਾਲੀ, ਮਨਮੁੱਖ ਵਾਲੀ ਸਮਝ ਹੈ ਉਹ ਅਨਰੱਸ ਵਾਲੀ ਸਮਝ ਹੈ। ਹਰਿ ਰੱਸ ਵਾਲੀ ਰਸਨਾ ਮਨ ਦੀ ਸੱਚੀ ਸਮਝ ਦੁਆਰਾ ਸੱਚ ਹੀ ਬੋਲਦੀ ਹੈ ਤੇ ਮਨੁੱਖੀ ਸਰੀਰ ਨੂੰ ਸੱਚ ਤੇ ਹੀ ਚਲਾਉਂਦੀ ਹੈ ਤੇ ਅਨਰੱਸ ਵਾਲੀ ਸਮਝ ਸਾਡੇ ਕੋਲੋਂ ਫਿੱਕੇ ਬੋਲ ਬੁਲਵਾਉਂਦੀ ਹੈ ਭਾਵ ਸੱਚ ਤੋਂ ਉਲਟ ਬੁਲਵਾਉਂਦੀ ਹੈ, ਸੱਚ ਤੋਂ ਉਲਟ ਭਗਤੀ ਦਾ ਮਾਰਗ ਸਮਝਾਉਂਦੀ ਹੈ ਤੇ ਉਲਟ ਮਾਰਗ ਤੇ ਹੀ ਚਲਾਉਂਦੀ ਹੈ। ਆਪਣੀ ਰਸਨਾ ਨਾਲ ਕਿਸੇ ਅੱਖਰ ਦਾ ਜਪ ਕਰੀ ਜਾਣਾ ਮਨੁੱਖ ਦੇ ਫਿੱਕੇ ਬੋਲ ਹੀ ਹਨ ਜਿਸਦਾ ਕਾਰਣ ਸਾਡੇ ਅੰਦਰ ਦੀ ਅਨਰੱਸ ਵਾਲੀ ਸਮਝ ਹੈ ਭਾਵ ਹਰਿ ਰੱਸ ਵਾਲੀ ਸਮਝ ਦਾ ਨਾ ਹੋਣਾ ਹੈ ਜਿਸ ਮਨ ਦੀ ਨਾਸਮਝੀ ਕਰਕੇ ਹੀ ਮਨੁੱਖ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦੀ

ਬਜਾਇ ਬਾਹਰੋਂ ਲੱਭਦਾ ਹੈ। ਹੁਣ ਅਸੀਂ ਉਪਰ ਵਾਲੇ ਸ਼ਬਦ ਦੇ ਦੋਨਾਂ ਪਦਿਆਂ ਨੂੰ ਮਿਲਾਕੇ ਸਮਝ ਸਕਦੇ ਹਾਂ ਅਤੇ ਗੁਰਮੁਖਿ ਵਾਲੀ ਤੇ ਮਨਮੁਖਿ ਵਾਲੀ ਸਮਝ ਵਿੱਚ ਫਰਕ ਸਮਝ ਸਕਦੇ ਹਾਂ ਭਾਵ ਹਰਿ ਰੱਸ ਤੇ ਅਨਰੱਸ ਵਿੱਚ ਫਰਕ ਸਮਝ ਸਕਦੇ ਹਾਂ। **(ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥ ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥ ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ ਮਨਮੁਖ ਅੰਧੇ ਸਾਦੁ ਨ ਪਾਵਹਿ ॥ ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥)**

ਹਰਿ ਰੱਸ ਤੇ ਅਨਰੱਸ ਵਿੱਚ ਫਰਕ ਸਮਝਣਾ ਬਹੁਤ ਜਰੂਰੀ ਹੈ ਤੇ ਇਸੇ ਤਰ੍ਹਾਂ ਗੁਰਮੁਖਿ ਤੇ ਮਨਮੁਖਿ ਵਿੱਚ ਫਰਕ ਸਮਝਣਾ ਬਹੁਤ ਜਰੂਰੀ ਹੈ। ਗੱਲ ਇੱਕੋ ਹੀ ਹੈ ਕਿਉਂਕਿ ਇਹ ਫਰਕ ਸਾਡੀ ਸਮਝ ਦੇ ਨਾਲ ਜੁੜਿਆ ਹੋਇਆ ਹੈ। ਫਰਕ ਤ੍ਰੈ ਗੁਣਾਂ ਵਾਲੀ ਸਮਝ ਤੇ ਚੌਥੇ ਪਦ ਵਾਲੀ ਸਮਝ ਦੇ ਵਿੱਚ ਹੀ ਹੈ। ਅਨਰੱਸ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਮਨਮੁਖਿ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਾਡਾ ਮਨ ਦੀ ਸਮਝ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਪੜਦਾ ਬਣਿਆ ਰਹਿੰਦਾ ਹੈ ਜੋ ਪੜਦਾ ਗੁਰਮੁਖਿ ਵਾਲੀ ਸਮਝ ਵਿੱਚ ਪਹੁੰਚ ਕੇ ਹੀ ਦੂਰ ਹੁੰਦਾ ਹੈ, ਮਨ ਦੀ ਹਰਿ ਰੱਸ ਵਾਲੀ ਸਮਝ ਵਿੱਚ ਪਹੁੰਚ ਕੇ ਹੀ ਦੂਰ ਹੁੰਦਾ ਹੈ ਜੋ ਪੜਦਾ ਕਿਸੇ ਮਨੁੱਖੀ ਮਨ ਦੀ ਸਮਝ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ, ਪ੍ਰਮਾਤਮਾ, ਗਾਡ, ਅੱਲ੍ਹਾ, ਅਕਾਲ ਪੁਰਖ ਆਪ ਹੀ ਦੂਰ ਕਰਦਾ ਹੈ ਤੇ ਮਨ ਦੀ ਸਮਝ ਰਾਹੀਂ ਫਿਰ ਉਹ ਆਪ ਹੀ ਆਪਣਾ ਆਪ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ ਤੇ ਆਪਣੀ ਭਗਤੀ ਦਾ ਭਾਵ ਆਪਣਾ ਨਾਮ ਜਪਣ ਦਾ ਸੱਚ ਸਮਝਾਉਂਦਾ ਹੈ ਜਿਹੋ ਜਿਹਾ ਉਸਦਾ ਨਾਮ ਜਪਣ ਦੁਆਰਾ ਭਾਵ ਆਪਣੇ ਅੰਦਰ ਦੀ ਹਉਮੈ, ਭਰਮਾਂ ਵਾਲੀ ਸਮਝ, ਮਨਮੁਖਿ ਵਾਲੀ ਸਮਝ, ਅਨਰੱਸ ਵਾਲੀ ਸਮਝ ਛੱਡਣ ਦਾ ਸੱਚਾ ਉੱਦਮ ਕਰਨ ਦੁਆਰਾ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਸ੍ਰਿਸ਼ਟੀ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਸਦੇ ਕੋਲੋਂ ਉਸਦੇ ਹਰਿ ਰੱਸ ਦੀ ਪ੍ਰਾਪਤੀ ਕਰ ਸਕਦਾ ਹੈ ਤੇ ਉਸਦਾ ਗੁਰਮੁਖਿ ਰੂਪ ਬਣ ਸਕਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਗ੍ਰੰਥ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਉਨ੍ਹਾਂ ਦੇ ਮਨ ਦੀ ਸਮਝ ਦੇ ਅੰਦਰ ਭਾਵ ਉਨ੍ਹਾਂ ਦੀ ਜੋਤਿ ਦੇ ਅੰਦਰ ਪ੍ਰਗਟ ਹੋ ਕੇ ਉਨ੍ਹਾਂ ਨੂੰ ਆਪਣਾ ਬ੍ਰਹਮ ਗਿਆਨ ਰੂਪ ਹਰਿ ਰੱਸ ਪਿਆਇਆ ਹੈ, ਨਾਮ ਰੱਸ ਪਿਆਇਆ ਹੈ ਤੇ ਉਨ੍ਹਾਂ ਨੂੰ ਆਪਣਾ ਇਸ ਤਰੀਕੇ ਹੀ ਗੁਰਮੁਖਿ ਰੂਪ ਬਣਾਇਆ ਹੈ ਜੋ ਉਨ੍ਹਾਂ ਨੂੰ ਆਪਣਾ ਗੁਰਮੁਖਿ ਰੂਪ ਬਨਾਉਣ ਦੁਆਰਾ ਹੀ ਗੁਰਬਾਣੀ ਦੇ ਹਰ ਸ਼ਬਦ ਦੀ ਰਚਨਾ ਕਰਵਾਈ ਹੈ ਤੇ ਹਰ ਸ਼ਬਦ ਦੀ ਵਿਚਾਰ ਦੇ ਵਿੱਚ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਗਹਿਰੀ ਸਮਝ ਪਾਈ ਹੈ ਜਿਨ੍ਹਾਂ ਸ਼ਬਦਾਂ ਦੀ ਗਹਿਰਾਈ ਨੂੰ ਉਸਦੀ ਵੱਡੀ ਕ੍ਰਿਪਾ ਦੇ ਨਾਲ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਵਿੱਚ ਪਹੁੰਚ ਕੇ ਹੀ ਜਾਣਿਆ ਜਾ ਸਕਦਾ ਹੈ। ਇਨ੍ਹਾਂ ਸ਼ਬਦਾਂ ਦੀ ਗਹਿਰਾਈ ਤੇ ਪੂਰਨ ਵਿਸ਼ਵਾਸ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਭਾਵ ਮਨ ਦੀ ਹਉਮੈ ਵਾਲੀ ਸਮਝ ਵਿੱਚੋਂ, ਪੁੱਠੇ ਕਮਲ ਵਾਲੀ ਸਮਝ ਵਿੱਚੋਂ ਭਾਵ ਭਰਮਾਂ ਦੀ ਭਰੀ ਹੋਈ ਸਮਝ ਵਿੱਚੋਂ ਨਿਕਲਕੇ ਹੀ ਆ ਸਕਦਾ ਹੈ ਤੇ ਕੋਈ ਮਨੁੱਖ ਪੂਰਨ ਵਿਸ਼ਵਾਸ ਨਾਲ ਇਹ ਗੱਲ ਕਹਿ ਸਕਦਾ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਤੇ ਹਰ ਕਿਸੇ ਨੂੰ ਭਰਮ ਵਿੱਚ ਰੱਖ ਕੇ ਹੀ ਉਹ ਆਪਣੀ

ਸੰਸਾਰਿਕ ਖੇਡ ਚਲਾ ਰਿਹਾ ਹੈ ਤੇ ਆਪਣੀ ਖੇਡ ਦਾ ਰੰਗ ਮਾਣ ਰਿਹਾ ਹੈ। ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਕਿ ਕੋਈ ਉਸਦੀ ਖੇਡ ਨੂੰ ਉਸਦੀ ਕ੍ਰਿਪਾ ਦੁਆਰਾ ਜਾਣ ਸਕੇ, ਉਸਦਾ ਹਰਿ ਰਸੁ ਪੀਣ ਦੁਆਰਾ ਉਸਨੂੰ ਜਾਣ ਸਕੇ, ਉਸਦਾ ਗੁਰਮੁਖਿ ਰੂਪ ਬਣਨ ਦੁਆਰਾ ਉਸਨੂੰ ਜਾਣ ਸਕੇ। ਆਉ ਇਸ ਗੱਲ ਨੂੰ ਹੇਠ ਦਿੱਤੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਣ ਦਾ ਉਦਮ ਕਰੀਏ ਤੇ ਸ਼ਬਦਾਂ ਦੀ ਵਿਚਾਰ ਰਾਹੀਂ ਉਹੋ ਜਿਹਾ ਹਰਿ ਰੱਸ, ਉਹੋ ਜਿਹਾ ਨਾਮ ਰੱਸ ਪੀਣ ਦਾ ਉਦਮ ਕਰੀਏ ਜਿਸ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦਮ ਕਰੀਏ ਤੇ ਦੂਸਰਿਆਂ ਨੂੰ ਵੀ ਸੱਚਾ ਉਦਮ ਕਰਨ ਲਈ ਪ੍ਰੇਰੀਏ। ਆਉ ਹਰ ਸ਼ਬਦ ਨੂੰ ਧਿਆਨ ਨਾਲ

ਪੜੀਏ ਤੇ ਸੁਣੀਏ।

{ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥}

(ਅੰਗ ੧੦)

ਮਾਝ ਮਹਲਾ ੪ ॥

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥
ਆਵਹੁ ਸੰਤ ਮੈ ਗਲਿ ਮੇਲਾਈਐ ॥ ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥
ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ ॥੨॥
ਵਡਭਾਗੀ ਹਰਿ ਸੰਤੁ ਮਿਲਾਇਆ ॥ ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥
ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥੩॥
ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਮਲੁ ਹਉਮੈ ਬਿਖਿਆ ਸਭ ਨਿਵਾਰੀ ॥
ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥}

(ਅੰਗ ੯੫)

{ਮਨ ਮੇਰੇ ਹਰਿ ਰਸੁ ਚਾਖੁ ਤਿਕ ਜਾਇ ॥ ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥੧॥ ਰਹਾਉ ॥
ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥}

(ਅੰਗ ੨੬)

{ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥ ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥
ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥
ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ ॥
ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥
ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥੪॥੮॥੪੧॥}

(ਅੰਗ ੨੯)

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥}

(ਅੰਗ ੬੬)

ਸਿਰੀਰਾਗੁ ਮਹਲਾ ੩ ॥

{ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ॥
ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥ ਭਾਈ ਰੇ ਦਾਸਨਿ ਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥
ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥
ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥
ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥
ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥}

(ਅੰਗ ੬੬-੬੭)

{ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥}

(ਅੰਗ ੬੮)

53/7484

{ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥ ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥
ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥੩॥ ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥

ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥ ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥੪॥}

(ਅੰਗ ੬੩)

{ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥
ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥੧॥}

(ਅੰਗ ੪੩੯)

{ਲਹਨੋ ਜਿਸੁ ਮਥਾਨਿ ਹਾਂ ॥ ਭੈ ਪਾਵਕ ਪਾਰਿ ਪਰਾਨਿ ਹਾਂ ॥ ਨਿਜ ਘਰਿ ਤਿਸਹਿ ਥਾਨਿ ਹਾਂ ॥
ਹਰਿ ਰਸ ਰਸਹਿ ਮਾਨਿ ਹਾਂ ॥ ਲਾਥੀ ਤਿਸ ਭੁਖਾਨਿ ਹਾਂ ॥ ਨਾਨਕ ਸਹਜਿ ਸਮਾਇਓ ਰੇ ਮਨਾ ॥੨॥੨॥੧੫੮॥}

(ਅੰਗ ੪੦੯)

ਆਸਾ ਮਹਲਾ ੫ ਤਿਪਦੇ ੨ ॥

{ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ ਰਹਾਉ ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥ ਲਾਖ ਕਰੋਰੀ ਮਿਲੈ ਨ ਕੇਹ ॥
ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥ ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥}

(ਅੰਗ ੩੭੭)

{ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥}

(ਅੰਗ ੨੨੪)

{ਹਰਿ ਕਾ ਨਾਮੁ ਮੀਠਾ ਪਿਰਾ ਜੀਉ ਜਾ ਚਾਖਹਿ ਚਿਤੁ ਲਾਏ ॥
ਰਸਨਾ ਹਰਿ ਰਸੁ ਚਾਖੁ ਮੁਯੇ ਜੀਉ ਅਨ ਰਸ ਸਾਦ ਗਵਾਏ ॥
ਸਦਾ ਹਰਿ ਰਸੁ ਪਾਏ ਜਾ ਹਰਿ ਭਾਏ ਰਸਨਾ ਸਬਦਿ ਸੁਹਾਏ ॥
ਨਾਮੁ ਧਿਆਏ ਸਦਾ ਸੁਖੁ ਪਾਏ ਨਾਮਿ ਰਹੈ ਲਿਵ ਲਾਏ ॥ ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ ॥
ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ ਲਵਾਏ ॥੨॥}

(ਅੰਗ ੨੪੬)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥
ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥}

(ਅੰਗ ੧੨੯)

{ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ ॥
ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥੮॥੪॥}

(ਅੰਗ ੪੧੩)

{ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥}

(ਅੰਗ ੨)

{ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥}

(ਅੰਗ ੧੨)

{ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥ ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥
ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥ ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥}

(ਅੰਗ ੧੯)

53/7485

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥ ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥ ਮਨ ਰੇ ਸਬਦਿ ਤਰਹੁ ਚਿਤੁ ਲਾਇ ॥
ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ ਰਹਾਉ ॥}

(ਅੰਗ ੧੯)

ਸਿਰੀਰਾਗੁ ਮਹਲਾ ੧ ॥

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥ ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥
ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥ ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥
ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥}

(ਅੰਗ ੨੦)

ਸਿਰੀਰਾਗੁ ਮਹਲਾ ੧ ॥

{ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥ ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥
ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥੧॥ ਮੇਰੇ ਮਨ ਲੈ ਲਾਹਾ ਘਰਿ ਜਾਹਿ ॥
ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ ॥੧॥ ਰਹਾਉ ॥
ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥ ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥੨॥ ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥
ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥੩॥ ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥
ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥
ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥੧੭॥}

(ਅੰਗ ੨੦)

{ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥
ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ ਜੀਅਰੇ ਰਾਮ ਜਪਤ ਮਨੁ ਮਾਨੁ ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥}

(ਅੰਗ ੨੦-੨੧)

{ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥
ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥}

(ਅੰਗ ੨੧)

{ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥
ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥
ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥
ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥}

(ਅੰਗ ੨੨)

ਸਿਰੀਰਾਗੁ ਮਹਲਾ ੩ ਘਰੁ ੧ ॥

{ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥ ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥
ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥
ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥ ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ॥

ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥
ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥ ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥
ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥੨॥
ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥
ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥ ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥
ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ॥ ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥੫॥੩॥੩੬॥}

(ਅੰਗ ੨੭)

ਸਿਰੀਰਾਗੁ ਮਹਲਾ ੩ ॥

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥
ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥
ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥
ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥
ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥ ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ॥
ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥੪॥ ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥}

(ਅੰਗ ੨੭-੨੮)

ਸਿਰੀਰਾਗੁ ਮਹਲਾ ੩ ॥

{ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥
ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥ ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥

ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥
ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥ ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥
ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

ਸਿਰੀਰਾਗੁ ਮਹਲਾ ੩ ॥

{ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥ ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥
ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥੧॥ ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥
ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥
ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥ ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥
ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥ ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥ ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥
ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥ ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥
ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥੪॥੯॥੪੨॥}

(ਅੰਗ ੨੯-੩੦)

53/7486

ਮਾਝ ਮਹਲਾ ੩ ॥

{ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰ ਹੀ ਮਹਿ ਪਾਈ ॥
ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥
ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥
ਘਰ ਮਹਿ ਧਰਤੀ ਧਉਲੁ ਪਾਤਾਲਾ ॥ ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥
ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥ ਕਾਇਆ ਅੰਦਰਿ ਹਉਮੈ ਮੇਰਾ ॥
ਜੰਮਣ ਮਰਣੁ ਨ ਚੂਕੈ ਫੇਰਾ ॥ ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥
ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥
ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥

ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥ ਅੰਤਰਿ ਜੋਤਿ ਪਰਗਟੁ ਪਾਸਾਰਾ ॥
ਗੁਰ ਸਾਖੀ ਮਿਟਿਆ ਅੰਧਿਆਰਾ ॥ ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥
ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ ੧੨੬)

ਮਾਝ ਮਹਲਾ ੫ ॥

{ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥ ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥
ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥੧॥
ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥ ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥
ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ ॥੨॥
ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥ ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥
ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥
ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥ ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥
ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥
ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥੫॥ ਹਉਮੈ ਬਾਧਾ ਗੁਰਮੁਖਿ ਛੂਟਾ ॥
ਗੁਰਮੁਖਿ ਆਵਣੁ ਜਾਵਣੁ ਤੂਟਾ ॥ ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥
ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥ ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥੮॥ ਸਗਲੀ ਬਣਤ ਬਣਾਈ ਆਪੇ॥
ਆਪੇ ਕਰੇ ਕਰਾਏ ਥਾਪੇ ॥ ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥੨॥੩੬॥}

(ਅੰਗ ੧੩੧)

ਪਉੜੀ ॥

{ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥
ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥
ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥
ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥ ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥੧੩॥}

(ਅੰਗ ੧੪੪)

ਗਉੜੀ ਗੁਆਰੇਰੀ ਮਹਲਾ ੩ ॥

{ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥ ਮਨੁ ਮਰੈ ਦਾਰੂ ਜਾਣੈ ਕੋਇ ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ ਜਿਸ ਨੋ ਬਖਸੇ ਦੇ ਵਡਿਆਈ ॥
ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ ਰਹਾਉ ॥ ਗੁਰਮੁਖਿ ਕਰਣੀ ਕਾਰ ਕਮਾਵੈ ॥
ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥
ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੇ ਵਿਕਾਰ ॥੩॥ ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥
ਆਪਣੀ ਕਲਾ ਆਪੇ ਹੀ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥}

(ਅੰਗ ੧੫੯)

{ਏਕਸੁ ਤੇ ਸਭਿ ਰੂਪ ਹਹਿ ਰੰਗਾ ॥ ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ ॥
ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ॥੧॥ ਏਕੁ ਅਚਰਜੁ ਏਕੋ ਹੈ ਸੋਈ ॥
ਗੁਰਮੁਖਿ ਵੀਚਾਰੇ ਵਿਰਲਾ ਕੋਈ ॥੧॥ ਰਹਾਉ ॥}

(ਅੰਗ ੧੬੦)

ਗਉੜੀ ਗੁਆਰੇਰੀ ਮਹਲਾ ੩ ॥

{ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ ॥ ਗੁਰ ਸੇਵਾ ਤੇ ਮਨੁ ਪਤੀਆਇ ॥
ਸੇ ਧਨਵੰਤ ਹਰਿ ਨਾਮੁ ਕਮਾਇ ॥ ਪੂਰੇ ਗੁਰ ਤੇ ਸੋਝੀ ਪਾਇ ॥੧॥ ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥
ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ ॥੧॥ ਰਹਾਉ ॥ ਆਪੁ ਪਛਾਣੈ ਮਨੁ ਨਿਰਮਲੁ ਹੋਇ ॥
ਜੀਵਨ ਮੁਕਤਿ ਹਰਿ ਪਾਵੈ ਸੋਇ ॥ ਹਰਿ ਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥੨॥
ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥ ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥
ਮਨਮੁਖਿ ਅੰਧਾ ਆਵੈ ਜਾਇ ॥੩॥ ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥
ਗੁਰਮਤਿ ਵਿਰਲਾ ਬੂਝੈ ਕੋਇ ॥ ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥}

(ਅੰਗ ੧੬੧)

{ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥ ਗੁਰਮੁਖਿ ਨਾਨਕ ਦੇ ਵਡਿਆਈ ॥
ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥੧॥੩੯॥}

(ਅੰਗ ੧੬੪)

{ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥
ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥
ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥}

(ਅੰਗ ੨੨੨)

{ਸਤਿਗੁਰ ਦਰਸਨਿ ਅਗਨਿ ਨਿਵਾਰੀ ॥ ਸਤਿਗੁਰ ਭੇਟਤ ਹਉਮੈ ਮਾਰੀ ॥
ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥}

(ਅੰਗ ੧੮੩)

ਗਉੜੀ ਗੁਆਰੇਰੀ ਮਹਲਾ ੧ ॥

{ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ ਭਾਵੈ ਦੋਇ ॥
ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥ ਐਸਾ ਜਗੁ ਦੇਖਿਆ ਜੂਆਰੀ ॥
ਸਭਿ ਸੁਖ ਮਾਗੈ ਨਾਮੁ ਬਿਸਾਰੀ ॥੧॥ ਰਹਾਉ ॥ ਅਦਿਸਟੁ ਦਿਸੈ ਤਾ ਕਹਿਆ ਜਾਇ ॥
ਬਿਨੁ ਦੇਖੇ ਕਹਣਾ ਬਿਰਥਾ ਜਾਇ ॥ ਗੁਰਮੁਖਿ ਦੀਸੈ ਸਹਜਿ ਸੁਭਾਇ ॥ ਸੇਵਾ ਸੁਰਤਿ ਏਕ ਲਿਵ ਲਾਇ ॥੨॥
ਸੁਖੁ ਮਾਂਗਤ ਦੁਖੁ ਆਗਲ ਹੋਇ ॥ ਸਗਲ ਵਿਕਾਰੀ ਹਾਰੁ ਪਰੋਇ ॥ ਏਕ ਬਿਨਾ ਝੂਠੇ ਮੁਕਤਿ ਨ ਹੋਇ ॥
ਕਰਿ ਕਰਿ ਕਰਤਾ ਦੇਖੈ ਸੋਇ ॥੩॥ ਤ੍ਰਿਸਨਾ ਅਗਨਿ ਸਬਦਿ ਬੁਝਾਏ ॥ ਦੂਜਾ ਭਰਮੁ ਸਹਜਿ ਸੁਭਾਏ ॥
ਗੁਰਮਤੀ ਨਾਮੁ ਰਿਦੈ ਵਸਾਏ ॥ ਸਾਚੀ ਬਾਣੀ ਹਰਿ ਗੁਣ ਗਾਏ ॥੪॥ ਤਨ ਮਹਿ ਸਾਚੋ ਗੁਰਮੁਖਿ ਭਾਉ ॥
ਨਾਮ ਬਿਨਾ ਨਾਹੀ ਨਿਜ ਠਾਉ ॥ ਪ੍ਰੇਮ ਪਰਾਇਣ ਪ੍ਰੀਤਮ ਰਾਉ ॥ ਨਦਰਿ ਕਰੇ ਤਾ ਬੂਝੈ ਨਾਉ ॥੫॥
ਮਾਇਆ ਮੋਹੁ ਸਰਬ ਜੰਜਾਲਾ ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥ ਸਤਿਗੁਰੁ ਸੇਵੇ ਚੂਕੈ ਜੰਜਾਲਾ ॥
ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥ ਗੁਰਮੁਖਿ ਬੂਝੈ ਏਕ ਲਿਵ ਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥

ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥੭॥ ਕਥਨੀ ਕਥਉ ਨ ਆਵੈ ਓਰੁ ॥
ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥ ਦੁਖੁ ਸੁਖੁ ਭਾਣੈ ਤਿਸੈ ਰਜਾਇ॥ ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥}

(ਅੰਗ ੨੨੨-੨੨੩)

ਗਉੜੀ ਮਹਲਾ ੧ ॥

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥
ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥
ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ ੨੨੬-੨੨੭)

53/7487

{ਅਰਧ ਉਰਧ ਕੀ ਸੰਧਿ ਕਿਉ ਜਾਨੈ ॥ ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥੭॥}

(ਅੰਗ ੨੨੮)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥
ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ ੨੨੯)

ਗਉੜੀ ਮਹਲਾ ੩ ॥

{ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥ ਹਰਿ ਜੀਉ ਰਾਖਹੁ ਹਿਰਦੈ ਉਰ ਧਾਰਾ ॥
ਗੁਰਮੁਖਿ ਸੋਭਾ ਸਾਚ ਦੁਆਰਾ ॥੧॥ ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥
ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥ ਗੁਰਮੁਖਿ ਵਿਚਹੁ ਹਉਮੈ ਜਾਇ ॥
ਗੁਰਮੁਖਿ ਮੈਲੁ ਨ ਲਾਗੈ ਆਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥
ਗੁਰਮੁਖਿ ਕਰਮ ਧਰਮ ਸਚਿ ਹੋਈ ॥ ਗੁਰਮੁਖਿ ਅਹੰਕਾਰੁ ਜਲਾਏ ਦੋਈ ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥ ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥
ਲੋਕ ਸਮਝਾਵਹੁ ਸੁਣੇ ਨ ਕੋਈ ॥ ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥੪॥
ਮਨਮੁਖਿ ਡੰਫੁ ਬਹੁਤੁ ਚਤੁਰਾਈ ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥
ਆਵੈ ਜਾਵੈ ਠਉਰ ਨ ਕਾਈ ॥੫॥ ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥
ਬਗ ਜਿਉ ਲਾਇ ਬਹੈ ਨਿਤ ਧਿਆਨਾ ॥ ਜਮਿ ਪਕੜਿਆ ਤਬ ਹੀ ਪਛੁਤਾਨਾ ॥੬॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗੁਰ ਪਰਸਾਦੀ ਮਿਲੈ ਹਰਿ ਸੋਈ ॥
ਗੁਰੁ ਦਾਤਾ ਜੁਗ ਚਾਰੇ ਹੋਈ ॥੭॥ ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥
ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥ ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥੮॥੨॥}

(ਅੰਗ ੨੨੯-੨੩੦)

{ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥}

(ਅੰਗ ੨੩੧)

ਗਉੜੀ ਮਹਲਾ ੩ ॥

{ਨਾਮੁ ਅਮੋਲਕੁ ਗੁਰਮੁਖਿ ਪਾਵੈ ॥ ਨਾਮੋ ਸੇਵੇ ਨਾਮਿ ਸਹਜਿ ਸਮਾਵੈ ॥ ਅੰਮ੍ਰਿਤੁ ਨਾਮੁ ਰਸਨਾ ਨਿਤ ਗਾਵੈ ॥
ਜਿਸ ਨੋ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ ॥੧॥ ਅਨਦਿਨੁ ਹਿਰਦੈ ਜਪਉ ਜਗਦੀਸਾ ॥
ਗੁਰਮੁਖਿ ਪਾਵਉ ਪਰਮ ਪਦੁ ਸੂਖਾ ॥੧॥ ਰਹਾਉ ॥ ਹਿਰਦੈ ਸੂਖੁ ਭਇਆ ਪਰਗਾਸੁ ॥
ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥ ਦਾਸਨਿ ਦਾਸ ਨਿਤ ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥੨॥
ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥ ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥
ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥ ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥
ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥ ਤੂੰ ਕਰਤਾ ਮੈ ਅਵਰੁ ਨ ਕੋਇ ॥
ਤੁਝੁ ਸੇਵੀ ਤੁਝ ਤੇ ਪਤਿ ਹੋਇ ॥ ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ ਨਾਮ ਰਤਨੁ ਸਭ ਜਗ ਮਹਿ ਲੋਇ ॥੫॥
ਗੁਰਮੁਖਿ ਬਾਣੀ ਮੀਠੀ ਲਾਗੀ ॥ ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥ ਸਹਜੇ ਸਚੁ ਮਿਲਿਆ ਪਰਸਾਦੀ ॥
ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥ ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥
ਜਬ ਹਿਰਦੈ ਰਾਮ ਨਾਮ ਗੁਣਤਾਸੁ ॥ ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥
ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥ ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥
ਗੁਰਮੁਖਿ ਮੇਲੇ ਆਪੁ ਗਵਾਏ ॥ ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥੮॥੭॥}

(ਅੰਗ ੨੩੨)

{ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ ॥
ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ ॥
ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ ਇਨ ਬਿਧਿ ਦੁਤਰੁ ਤਰੀਐ ॥
ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ ॥
ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ ਭਏ ਪਵਿਤੁ ਸਰੀਰਾ ॥
ਨਾਨਕ ਰਾਮ ਨਾਮਿ ਨਿਸਤਾਰਾ ਕੰਚਨ ਭਏ ਮਨੂਰਾ ॥੧॥}

(ਅੰਗ ੨੪੫)

ਪਉੜੀ ॥

{ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥ ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥
ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ ॥

ਜਨਮ ਮਰਨ ਮਨ ਮੋਹੁ ਬਢਾਇਓ ॥ ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥੨॥}

(ਅੰਗ ੨੫੦)

ਪਉੜੀ ॥

{ਝਾੜਾ ਝਾੜਿ ਮਿਟੈ ਸੰਗਿ ਸਾਧੂ ॥ ਕਰਮ ਧਰਮ ਤਤੁ ਨਾਮ ਅਰਾਧੂ ॥ ਰੂੜੋ ਜਿਹ ਬਸਿਓ ਰਿਦ ਮਾਹੀ ॥
ਉਆ ਕੀ ਝਾੜਿ ਮਿਟਤ ਬਿਨਸਾਹੀ ॥ ਝਾੜਿ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥
ਝਾੜਾ ਗੁਰਮੁਖਿ ਝਾੜਿ ਮਿਟਾਈ ॥ ਨਿਮਖ ਮਾਹਿ ਨਾਨਕ ਸਮਝਾਈ ॥੪੭॥}

(ਅੰਗ ੨੬੦)

{ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥
ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥
ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥
ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥}

(ਅੰਗ ੨੬੫)

ਪਉੜੀ ॥

{ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਏ ॥
ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ ॥
ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ ॥
ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥
ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥੭॥}

(ਅੰਗ ੩੦੩)

ਸਲੋਕੁ ਮਃ ੪ ॥

{ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥
ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥ ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥
ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥ ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥੧॥}

(ਅੰਗ ੩੧੨-੩੧੩)

53/7488

ਆਸਾ ਮਹਲਾ ੧ ॥

{ਇਕਿ ਆਵਹਿ ਇਕਿ ਜਾਵਹਿ ਆਈ ॥ ਇਕਿ ਹਰਿ ਰਾਤੇ ਰਹਹਿ ਸਮਾਈ ॥
ਇਕਿ ਧਰਨਿ ਗਗਨ ਮਹਿ ਠਉਰ ਨ ਪਾਵਹਿ ॥ ਸੇ ਕਰਮਹੀਣ ਹਰਿ ਨਾਮੁ ਨ ਧਿਆਵਹਿ ॥੧॥
ਗੁਰ ਪੂਰੇ ਤੇ ਗਤਿ ਮਿਤਿ ਪਾਈ ॥
ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥੧॥ ਰਹਾਉ ॥
ਜਿਨ੍ ਕਉ ਆਪਿ ਲਏ ਪ੍ਰਭੁ ਮੇਲਿ ॥ ਤਿਨ ਕਉ ਕਾਲੁ ਨ ਸਾਕੈ ਪੇਲਿ ॥
ਗੁਰਮੁਖਿ ਨਿਰਮਲ ਰਹਹਿ ਪਿਆਰੇ ॥ ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥੨॥
ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥
ਅਕਥੁ ਕਥਉ ਗੁਰਮਤਿ ਵੀਚਾਰੁ ॥ ਮਿਲਿ ਗੁਰ ਸੰਗਤਿ ਪਾਵਉ ਪਾਰੁ ॥੩॥
ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ ॥ ਅਠਸਠਿ ਮਜਨੁ ਹਰਿ ਰਸੁ ਰੇਦ ॥
ਗੁਰਮੁਖਿ ਨਿਰਮਲੁ ਮੈਲੁ ਨ ਲਾਗੈ ॥ ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ ॥੪॥੧੫॥}

(ਅੰਗ ੩੫੩)

{ਗੁਰਮੁਖਿ ਹਰਿ ਹਰਿ ਵੇਲਿ ਵਧਾਈ ॥ ਫਲ ਲਾਗੇ ਹਰਿ ਰਸਕ ਰਸਾਈ ॥੧॥
ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥
ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮਕੰਕਰ ਭੁਇਅੰਗਾ ॥੧॥ ਰਹਾਉ ॥}

(ਅੰਗ ੩੬੭)

{ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥
ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥}

(ਅੰਗ ੩੮੧)

{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥ ਐਸੇ ਪ੍ਰੇਮ ਭਗਤਿ ਵੀਚਾਰੀ ॥
ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥}

(ਅੰਗ ੪੧੪)

ਆਸਾ ਮਹਲਾ ੧ ॥

{ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥ ਇਤ ਉਤ ਜਾਹਿ ਕਾਲ ਕੇ ਚਾਪੇ ॥
ਗੁਰਮੁਖਿ ਖੋਜਿ ਲਹੈ ਘਰੁ ਆਪੇ ॥੧॥ ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥
ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥੧॥ ਰਹਾਉ ॥
ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥ ਆਪੇ ਬਖਸੇ ਸਤਿਗੁਰੁ ਮੇਲੈ ॥
ਕਾਲੁ ਕੰਟਕੁ ਮਾਰੇ ਸਚੁ ਪੇਲੈ ॥੨॥ ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥
ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥ ਗੁਰਮੁਖਿ ਮਨੁ ਅਸਥਾਨੇ ਸੋਈ ॥

ਗੁਰਮੁਖਿ ਤ੍ਰਿਭਵਣਿ ਸੋਝੀ ਹੋਈ ॥ ਇਹੁ ਮਨੁ ਜੋਗੀ ਭੋਗੀ ਤਪੁ ਤਾਪੈ ॥ ਗੁਰਮੁਖਿ ਚੀਨੈ ਹਰਿ ਪ੍ਰਭੁ ਆਪੈ ॥੪॥
ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥ ਰਾਮ ਰਸਾਇਣੁ ਗੁਰਮੁਖਿ ਚਾਖੈ ॥
ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥੫॥ ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥
ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥ ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥
ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨ੍ਹਿ ਭਏ ਨਿਰੰਕਾਰੀ ॥੭॥
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥
ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ ॥
ਭਗਤਿ ਹੇਤੁ ਗੁਰ ਚਰਣ ਨਿਵਾਸਾ ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥੯॥੮॥}

(ਅੰਗ ੪੧੫)

{ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥}

(ਅੰਗ ੪੨੨)

{ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥ ਗੁਰ ਤੇ ਨਾਮੁ ਪਾਈਐ ਵਡੀ ਵਡਿਆਈ ॥੧॥
ਏਕੋ ਨਾਮੁ ਚੇਤਿ ਮੇਰੇ ਭਾਈ ॥ ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ ॥੧॥ ਰਹਾਉ ॥
ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥ ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥
ਗੁਰਮੁਖਿ ਨਾਮੁ ਧਿਆਈਐ ਬੂਝੈ ਵੀਚਾਰਾ ॥ ਗੁਰਮੁਖਿ ਭਗਤਿ ਸਲਾਹ ਹੈ ਅੰਤਰਿ ਸਬਦੁ ਅਪਾਰਾ ॥੩॥
ਗੁਰਮੁਖਿ ਸੂਖੁ ਊਪਜੈ ਦੁਖੁ ਕਦੇ ਨ ਹੋਈ ॥ ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ ॥੪॥}

(ਅੰਗ ੪੨੪)

{ਧਧੈ ਧਾਵਤ ਵਰਜਿ ਰਖੁ ਮੂੜੇ ਅੰਤਰਿ ਤੇਰੈ ਨਿਧਾਨੁ ਪਇਆ ॥
ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ ਜੁਗਾ ਜੁਗੰਤਰਿ ਖਾਹਿ ਪਇਆ ॥੧੪॥}

(ਅੰਗ ੪੩੫)

{ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥
ਗੁਰਮੁਖਿ ਹਰਿ ਪੜੀਐ ਗੁਰਮੁਖਿ ਹਰਿ ਸੁਣੀਐ ਹਰਿ ਜਪਤ ਸੁਣਤ ਦੁਖੁ ਜਾਇ ਜੀਉ ॥
ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥
ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਹਰਿ ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਧੁਰਿ ਲਿਖਿ ਪਾਇ ਜੀਉ ॥
ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥੨॥}

(ਅੰਗ ੪੪੪)

{ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥ ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥ ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥੧॥}

7910

(ਅੰਗ ੪੪੯)

ਸਲੋਕੁ ਮਃ ੩ ॥

{ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥ ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥ ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥੧॥}

(ਅੰਗ ੫੧੫)

53/7489

ਸਲੋਕ ਮਃ ੩ ॥

{ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥ ਸਬਦੈ ਸਾਦੁ ਨ ਪਾਇਓ ਮਨਹਠਿ ਕਿਆ ਗੁਣ ਗਾਇ॥
ਨਾਨਕ ਆਇਆ ਸੋ ਪਰਵਾਣੁ ਹੈ ਜਿ ਗੁਰਮੁਖਿ ਸਚਿ ਸਮਾਇ ॥੧॥}

(ਅੰਗ ੫੪੯)

ਪਉੜੀ ॥

{ਆਪੇ ਪਾਰਸੁ ਆਪਿ ਧਾਤੁ ਹੈ ਆਪਿ ਕੀਤੋਨੁ ਕੰਚਨੁ ॥ ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖੰਡਨੁ ॥
ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ॥ ਆਪਿ ਬਿਬੇਕੁ ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ॥
ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂ ਹਰਿ ਸੁਖਦਾਤਾ ਵਡਨੁ ॥੧੦॥}

(ਅੰਗ ੫੫੨)

ਪਉੜੀ ॥

{ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ ॥ ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ॥
ਆਪਿ ਦਇਆਲੁ ਹੋਇ ਭਉ ਖੰਡਨੁ ਆਪਿ ਕਰੈ ਸਭੁ ਦਾਨੁ ॥
ਜਿਸ ਨੋ ਗੁਰਮੁਖਿ ਆਪਿ ਬੁਝਾਏ ਸੋ ਸਦ ਹੀ ਦਰਗਹਿ ਪਾਏ ਮਾਨੁ ॥
ਜਿਸ ਦੀ ਪੈਜ ਰਖੈ ਹਰਿ ਸੁਆਮੀ ਸੋ ਸਚਾ ਹਰਿ ਜਾਨੁ ॥੧੪॥}

(ਅੰਗ ੫੫੪)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਮਨਮੁਖਿ ਤੇ ਗੁਰਮੁਖਿ ਵਿੱਚ ਕੀ ਫਰਕ ਹੈ, ਅਨਰੱਸ ਤੇ ਹਰਿ ਰੱਸ ਵਿੱਚ ਕੀ ਫਰਕ ਹੈ। ਫਰਕ ਮਨਮਤਿ ਤੇ ਗੁਰਮਤਿ ਵਿੱਚ ਹੀ ਹੈ। ਮਨਮਤਿ ਸਾਡੇ ਮਨ ਦੇ ਉਹ ਵਿਚਾਰ ਹਨ ਜਦ ਤੱਕ ਆਪਣੇ ਮਨ ਦੀ ਸਮਝ ਨੂੰ ਅਸੀਂ ਆਪਣੀ ਮਤਿ ਸਮਝਦੇ ਹਾਂ ਤੇ ਗੁਰਮਤਿ ਵਾਲੇ ਵਿਚਾਰ ਉਹ ਹਨ ਜਦੋਂ ਸਾਨੂੰ ਇਹ ਸਮਝ ਪੈ ਜਾਂਦੀ ਹੈ ਕਿ ਸਾਡੇ ਅੰਦਰ ਸਮਝ ਪਾਉਣ ਵਾਲਾ ਗੁਰੂ ਆਪ ਹੈ ਜੋ ਕਿ ਸ਼ਬਦ ਰੂਪ ਵਿੱਚ ਗੁਰੂ ਹੈ। ਮਨਮਤਿ ਵਾਲੀ ਸਮਝ ਸਾਡੇ ਅੰਦਰ ਦੀ ਭਰਮਾਂ ਵਾਲੀ ਸਮਝ ਹੈ ਤੇ ਗੁਰਮਤਿ ਵਾਲੀ ਸਮਝ ਸਾਨੂੰ ਭਰਮਾਂ ਵਿੱਚੋਂ ਕੱਢ ਕੇ **"ਸਬਦਿ"** ਰੂਪ ਗੁਰੂ ਨਾਲ ਜੋੜਦੀ ਹੈ ਜੋ ਕਿ ਇੱਕੋ ਇੱਕ ਪੂਰੀ ਸ੍ਰਿਸ਼ਟੀ ਦੇ ਮਨੁੱਖਾਂ ਦਾ ਗੁਰੂ ਆਪ ਹੀ ਹੈ। ਉਸਦੇ ਸੱਚੇ ਸ਼ਬਦ ਰੂਪ ਨਾਲ ਜੁੜ ਕੇ ਹੀ ਮਨ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਮਨਮੁਖਿ ਵਾਲੀ ਸਮਝ ਵਿੱਚੋਂ ਨਿਕਲ ਕੇ ਉਸਦੀ ਗੁਰਮੁਖਿ ਰੂਪ ਸਮਝ ਦੇ ਨਾਲ ਜੁੜਿਆ ਜਾ ਸਕਦਾ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ। ਸਾਰੀ ਗੱਲ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦੀ ਹੈ। ਜਿਸਨੇ ਸਾਡੇ ਅੰਦਰ ਭਰਮਾਂ ਵਾਲੀ ਸਮਝ ਪਾਈ ਹੋਈ ਹੈ ਉਹ ਆਪ ਹੀ ਸਾਡੇ ਅੰਦਰ ਆਪਣਾ **"ਸਬਦਿ"**

ਰੂਪ ਪ੍ਰਗਟ ਕਰਕੇ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ ਤੇ ਆਪਣੇ ਉੱਚੇ ਗਿਆਨ ਦੀ ਸਮਝ ਦੇ ਨਾਲ ਭਾਵ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ, ਧਰਮ ਗ੍ਰੰਥਾਂ ਦੇ ਅੰਦਰ ਦੇ ਸ਼ਬਦਾਂ ਦੀ ਸੱਚੀ ਤੇ ਉੱਚੀ ਵਿਚਾਰ ਦੇ ਨਾਲ ਜੋੜ ਸਕਦਾ ਹੇ ਤੇ ਕੋਈ ਮਨੁੱਖ ਇਸ ਗੱਲ ਨੂੰ ਸਮਝ ਸਕਦਾ ਹੈ ਕਿ **"ਸਬਦਿ"** ਕਿਸ ਰੂਪ ਵਿੱਚ ਤੇ ਕਿਸ ਲਈ ਗੁਰੂ ਹੈ। ਆਉ ਇਸ ਗੱਲ ਨੂੰ ਮੁੱਖ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝੀਏ।

"ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥ ਕੰਚਨ ਦੇਹੀ ਸਬਦੁ ਭਤਾਰੋ ॥
ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥ ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥
ਆਪੇ ਦੇਵੈ ਦੇਵਣਹਾਰਾ ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥
ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ ॥੧੫॥ ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥
ਸਚਾ ਸਾਹਿਬੁ ਠਾਕੁਰੁ ਮੇਰਾ ॥ ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥"

(ਅੰਗ ੧੦੫੮)

53/7490

ਸਾਡਾ ਸਭ ਦਾ ਭਤਾਰ ਭਾਵ ਹਰ ਮਨੁੱਖ ਦਾ ਖਸਮ ਕੋਣ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹਰ ਮਨੁੱਖ ਉਸ ਖਸਮ ਦੀ ਨਾਰ ਹੈ ਜੋ ਸਭ ਦਾ ਖਸਮ ਸਾਡੇ ਅੰਦਰ ਹੀ ਹੈ ਜੋ ਕਿ ਸਾਡੇ ਮਨ ਦੀ ਸਮਝ ਦਾ ਮਾਲਕ ਹੈ। ਸਾਡੇ ਮਨ ਦੀ ਸਮਝ ਹੀ ਸਭ ਨੂੰ ਇਹ ਸਮਝਾਉਂਦੀ ਹੈ ਕਿ ਇਹ ਮੈਂ ਹਾਂ ਭਾਵ ਇਹ ਮਨੁੱਖੀ ਸਰੀਰ ਮੇਰਾ ਹੈ ਤੇ ਜਿਨ੍ਹਾਂ ਸਰੀਰਾਂ ਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਉਸਦੇ ਸ਼ਬਦ ਰੂਪ ਨੂੰ ਜਾਣਿਆ ਹੈ ਭਾਵ ਉਸਦੇ ਗੁਰੂ ਰੂਪ ਨੂੰ ਜਾਣਿਆ ਹੈ ਜੋ ਉਸਦਾ ਸ਼ਬਦ ਰੂਪ ਪੂਰੀ ਗੁਰਬਾਣੀ ਵਿੱਚ ਹੈ ਤੇ ਹਰ ਸੱਚੇ ਧਰਮ ਗ੍ਰੰਥ ਵਿੱਚ ਹੈ। ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਭਾਵ ਬ੍ਰਹਮ ਗਿਆਨ ਰੂਪ ਸੱਚੀ ਵਿਚਾਰ ਭਾਵ ਗੁਰਮਤਿ ਰੂਪ ਸੱਚੀ ਵਿਚਾਰ ਭਾਵ ਨਾਮ ਵਾਲੀ ਵਿਚਾਰ ਭਾਵ ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਉਸਦਾ ਆਪਣਾ ਗੁਰੂ ਰੂਪ ਹੈ ਜਿਸ ਰਾਹੀਂ ਉਹ ਪੂਰੇ ਸੰਸਾਰ ਦੇ ਸੱਚੇ ਧਰਮ ਗ੍ਰੰਥਾਂ ਦਾ ਸ਼ਬਦ ਰੂਪ ਗੁਰੂ ਹੈ ਜਿਸਦੀ ਸਮਝ ਉਨ੍ਹਾਂ ਨੂੰ ਹੀ ਲੱਗੀ ਹੈ ਜਿਨ੍ਹਾਂ ਦੀ ਸਮਝ ਅੰਦਰ ਉਸਨੇ ਆਪਣਾ ਸ਼ਬਦ ਰੂਪ ਗੁਰੂ ਪ੍ਰਗਟ ਕੀਤਾ ਹੈ ਇਸ ਲਈ ਉਨ੍ਹਾਂ ਨੇ ਆਪਣੀ ਮਨੁੱਖੀ ਦੇਹ ਨੂੰ ਗੁਰੂ ਨਹੀਂ ਕਿਹਾ ਬਲਕਿ ਸ਼ਬਦ ਨੂੰ ਗੁਰੂ ਕਿਹਾ ਹੈ। ਉਹ ਕਰਤਾ ਪੁਰਖ ਸਭ ਦੀ ਸਮਝ ਦੇ ਅੰਦਰ ਹੀ ਹੈ ਜਿਸਨੇ ਮਨ ਦੀ ਸਮਝ ਰਾਹੀਂ ਆਪ ਹੀ ਹਰ ਕਿਸੇ ਨੂੰ ਮਨਮੁਖਿ ਬਣਾ ਕੇ ਰੱਖਿਆ ਹੋਇਆ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਦਾ ਮਾਲਕ ਉਹ ਆਪ ਹੀ ਹੈ, ਸੰਸਾਰ ਦਾ ਭਤਾਰ ਹੈ, ਸੰਸਾਰ ਦੇ ਹਰ ਮਨੁੱਖੀ ਸਮਝ ਦੇ ਰੂਪ ਵਿੱਚ ਖਸਮ ਉਹ ਆਪ ਹੀ ਹੈ ਭਾਵ ਸਾਡੇ ਮਨ ਦੀ ਸਮਝ ਨੂੰ ਚਲਾਉਣ ਵਾਲਾ ਉਹ ਆਪ ਹੀ ਹੈ ਜਿਸ ਗੱਲ ਦੀ ਸਮਝ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਕਿਸੇ ਮਨੁੱਖ ਨੂੰ ਆਪਣੇ ਆਪ ਕਦੇ ਪੈ ਹੀ ਨਹੀਂ ਸਕਦੀ। **(ਮਨਮੁਖ ਦੇਹੀ ਭਰਮੁ ਭਤਾਰੋ ॥)**

ਸੰਸਾਰ ਦਾ ਭਰਮ ਰੂਪ ਭਤਾਰ ਭਾਵ ਸਭ ਦੀ ਸਮਝ ਦਾ ਮਾਲਕ ਆਪਣੇ ਹਰ ਮਨੁੱਖੀ ਰੂਪ ਨੂੰ ਕਿਸ ਤਰੀਕੇ ਮਨਮੁੱਖ ਬਣਾ ਕੇ ਰੱਖਦਾ ਹੈ ਤੇ ਕਿਸ ਤਰੀਕੇ ਧਰਮ ਦੇ ਸੱਚੇ ਮਾਰਗ ਤੇ ਚੱਲਣ ਵਾਲੀ ਸਮਝ ਤੋਂ ਸੰਸਾਰ ਦੇ ਹਰ ਮਨੁੱਖ ਨੂੰ ਦੂਰ ਰੱਖਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਮਨਮੁੱਖ ਤੋਂ ਗੁਰਮੁੱਖ ਵਾਲੀ ਸਮਝ ਵਾਲੇ ਬਣਨ ਦਾ ਸੱਚਾ ਉੱਦਮ ਕਰੀਏ।

"ਦੁਰਮਤਿ ਮਰੈ ਨਿਤ ਹੋਇ ਖੁਆਰੋ ॥ ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥"

ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਕੇਵਲ ਤੇ ਕੇਵਲ ਗੁਰਮਤਿ ਦੀ ਸੱਚੀ ਸਮਝ ਹੈ ਭਾਵ ਗੁਰੂ ਦੇ ਨਾਮ ਵਾਲੀ ਸਮਝ ਹੈ ਜਿਸ ਉੱਚੀ ਤੇ ਸੁੱਚੀ ਸਮਝ ਦਾ ਮਕਸਦ ਹੀ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਜੋ ਕਿ ਭਰਮਾਂ ਵਾਲੀ ਸਮਝ ਹੀ ਸਾਡਾ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਪੜਦਾ ਹੈ ਜਿਸ ਪੜਦੇ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ

53/7491

ਭਾਵ ਮਨ ਦੀ ਹਉਮੈ ਵਾਲੀ ਸਮਝ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰੋਂ ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਅਕਾਲ ਪੁਰਖ ਨੂੰ ਨਾ ਹੀ ਜਾਣ

ਸਕਦੇ ਹਾਂ ਤੇ ਨਾ ਹੀ ਉਸਦੀ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦੇ ਹਾਂ। ਮਨ ਦੀ ਭਰਮਾਂ ਵਾਲੀ ਸਮਝ ਸਾਨੂੰ ਦੁਰਮਤਿ ਵਿੱਚ ਭਾਵ ਮਨਮਤਿ ਵਿੱਚ ਰੱਖਦੀ ਹੈ ਜੋ ਸਾਨੂੰ ਸੱਚ ਦੇ ਮਾਰਗ ਤੋਂ ਦੂਰ ਰੱਖਦੀ ਹੈ ਜਿਸ ਕਰਕੇ ਸਾਡੀ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੇ ਕੇਵਲ ਖੁਆਰੀ ਹੀ ਹੁੰਦੀ ਹੈ ਭਾਵੇਂ ਅਸੀਂ ਆਪਣੇ ਵੱਲੋਂ ਆਪਣੀ-ਆਪਣੀ ਮਤਿ ਅਨੁਸਾਰ ਉਸਦੀ ਭਗਤੀ ਦੇ, ਉਸਦੇ ਨਾਮ ਜਪਣ ਦੇ ਅਨੇਕਾਂ ਹੀ ਤਰੀਕੇ ਅਪਨਾਏ ਹੋਏ ਹਨ ਜਿਨ੍ਹਾਂ ਤਰੀਕਿਆਂ ਦਾ ਬਾਣੀ ਦੇ ਸ਼ਬਦਾਂ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਦੇ ਹੀ ਆ ਰਹੇ ਹਾਂ। ਉਹੋ ਜਿਹੇ ਭਗਤੀ ਦੇ ਨਾਸਮਝੀ ਵਾਲੇ ਤਰੀਕੇ ਸਾਨੂੰ ਕੇਵਲ ਖੁਆਰ ਹੀ ਕਰਦੇ ਹਨ ਭਾਵ ਉਨ੍ਹਾਂ ਤਰੀਕਿਆਂ ਰਾਹੀਂ ਸਾਨੂੰ ਕੋਈ ਲਾਭ ਨਹੀਂ ਮਿਲ ਸਕਦਾ ਭਾਵ ਸੁਪਨੇ ਵਿੱਚ ਵੀ ਕਦੇ ਉਸ **"ਸੁਖੁ"** ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਦੇ ਨਾਲ ਮੇਲ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਅੱਲ੍ਹਾ ਦੀ, ਗਾਡ ਦੀ, ਅਕਾਲ ਪੁਰਖ ਦੀ ਅਸਲ ਭਗਤੀ ਦਾ ਮਾਰਗ ਮਨ ਦੇ ਵਿਕਾਰਾਂ ਨੂੰ ਛੱਡਣ ਦਾ ਹੈ ਜੋ ਉਸਦੀ ਸੱਚੀ ਭਗਤੀ ਦਾ ਮਾਰਗ, ਉਸਦਾ ਨਾਮ ਜਪਣ ਦਾ ਮਾਰਗ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜਿਸ ਤਰੀਕੇ ਕੋਈ ਸੁੱਖ ਦੀ ਪ੍ਰਾਪਤੀ ਕਰ ਸਕਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਆਪਣੇ ਅੰਦਰੋਂ ਜਾਣ ਸਕਦਾ ਹੈ। ਮਨ ਦੇ ਵਿਕਾਰ ਛੱਡਣ ਲਈ ਭਾਵ ਮਨ ਦੇ ਮਾੜੇ ਵਿਚਾਰ ਛੱਡਣ ਲਈ ਗੁਰਮਤਿ ਤੋਂ ਦੂਜਾ ਪਾਸਾ ਛੱਡਣਾ ਪਵੇਗਾ ਭਾਵ ਦੁਰਮਤਿ ਛੱਡਣੀ ਪਵੇਗੀ ਭਾਵ ਗੁਰਮਤਿ ਵਾਲੀ ਸਮਝ ਲੈਣੀ ਪਵੇਗੀ ਤੇ ਮਨਮੁਖਿ ਵਾਲੀ ਸਮਝ ਛੱਡਣੀ ਪਵੇਗੀ ਭਾਵ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਨਾਲ ਜੁੜਨ ਲਈ ਮਨ ਦੀ ਅਗਿਆਨਤਾ ਵਾਲੀ, ਭਰਮਾਂ ਵਾਲੀ ਸਮਝ ਛੱਡਣੀ ਪਵੇਗੀ। **(ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥ ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥)**

ਭਤਾਰ ਤਾਂ ਸਾਰੇ ਸੰਸਾਰ ਦਾ ਇੱਕੋ ਹੀ ਹੈ ਤੇ ਹਰ ਮਨੁੱਖੀ ਰੂਪ ਉਸਦੀ ਨਾਰਿ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਸ ਮਨੁੱਖੀ ਦੇਹ ਦੇ ਅੰਦਰ ਭਾਵ ਆਪਣੀ ਜਿਸ ਨਾਰਿ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣਾ ਭਤਾਰ ਰੂਪ ਪ੍ਰਗਟ ਕਰਦਾ ਹੈ ਉਹ ਆਪਣਾ ਇਹ ਰੂਪ ਕਿਸ ਰੂਪ ਵਿੱਚ ਪ੍ਰਗਟ ਕਰਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

"ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥"

ਇਸ ਤੋਂ ਪਹਿਲੇ ਪਦੇ ਰਾਹੀਂ ਅਸੀਂ **"ਮਨਮੁਖ ਦੇਹੀ"** ਬਾਰੇ ਸਮਝਿਆ ਹੈ ਤੇ ਉਪਰ ਵਾਲੇ ਪਦੇ ਵਿੱਚ **"ਕੰਚਨ ਦੇਹੀ"** ਦੀ ਗੱਲ ਕੀਤੀ

ਹੋਈ ਹੈ। **"ਕੰਚਨ"** ਸੋਨੇ ਨੂੰ ਕਹਿੰਦੇ ਹਨ। ਮਨੁੱਖੀ ਦੇਹੀ ਭਾਵ ਮਨੁੱਖੀ ਸਰੀਰ ਭਾਵ ਸੋਨੇ ਦਾ ਨਹੀਂ ਹੁੰਦਾ। ਮਨੁੱਖੀ ਨੂੰ ਮਾੜਾ ਜਾਂ ਚੰਗਾ ਬਨਾਉਣ ਵਾਲੀ, ਖੋਟਾ ਜਾ ਖਰਾ ਬਨਾਉਣ ਵਾਲੀ ਮਨੁੱਖ ਦੀ ਸਮਝ ਹੀ ਹੈ। ਮਨੁੱਖ ਦੀ ਭਰਮਾਂ ਵਾਲੀ ਸਮਝ ਮਨੁੱਖ ਨੂੰ ਖੋਟੀ ਸਮਝ ਵਾਲਾ ਬਣਾਉਂਦੀ ਹੈ ਜਿਸਦੇ ਅੰਦਰ ਭਰਮਾਂ ਵਾਲੇ ਵਿਚਾਰਾਂ ਦੀ ਖੋਟ ਹੁੰਦੀ ਹੈ ਤੇ ਜਿਸਦੇ ਅੰਦਰ ਗੁਰੂ ਦੇ ਸ਼ਬਦਾਂ ਵਾਲੀ ਸੱਚੀ ਵਿਚਾਰ ਵੱਸ ਜਾਂਦੀ ਹੈ, ਬ੍ਰਹਮ ਗਿਆਨ ਵਾਲੀ ਵਿਚਾਰ ਵੱਸ ਜਾਂਦੀ ਹੈ ਭਾਵ ਨਾਮ ਵਾਲੀ ਵਿਚਾਰ ਵੱਸ ਜਾਂਦੀ ਹੈ ਉਸ ਮਨੁੱਖੀ ਸਮਝ ਦੇ ਵਿੱਚੋਂ ਭਰਮਾਂ ਵਾਲੇ ਵਿਚਾਰਾਂ ਦੀ ਖੋਟ ਪੂਰੀ ਤਰ੍ਹਾਂ ਨਿਕਲ ਜਾਂਦੀ ਹੈ, ਉਸ ਮਨੁੱਖ ਦੀ ਸਮਝ ਖਰੇ ਸੋਨੇ ਦੀ ਤਰ੍ਹਾਂ ਬਣ ਜਾਂਦੀ ਹੈ ਜੋ ਸਮਝ ਮਨ ਦੇ ਅੰਦਰ ਸ਼ਬਦ ਰੂਪ ਗੁਰੂ ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਭਤਾਰ ਮਨ ਦੇ ਵਿੱਚ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਪਾਈ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਨਹੀਂ, ਆਪਣੀ ਦੇਹ ਨੂੰ ਨਹੀਂ ਭਾਵ ਬ੍ਰਹਮ ਗਿਆਨ ਦੇਣ ਵਾਲੇ ਮਾਲਕ ਬ੍ਰਹਮ ਗਿਆਨੀ ਨੂੰ, ਸ਼ਬਦਾਂ ਦੀ ਉੱਚੀ ਤੇ ਸੱਚੀ ਵਿਚਾਰ ਦੇਣ ਵਾਲੇ ਹਰ ਸ਼ਬਦ ਦੇ ਮਾਲਕ ਨੂੰ ਗੁਰੂ ਕਿਹਾ ਹੈ। **(ਕੰਚਨ ਦੇਹੀ ਸਬਦੁ ਭਤਾਰੋ ॥)**

ਜੋ ਮਨੁੱਖੀ ਦੇਹ ਭਾਵ ਜੋ ਮਨੁੱਖੀ ਨਾਰ ਸ਼ਬਦ ਰੂਪ ਖਸਮ ਨੂੰ ਆਪਣੇ ਅੰਦਰੋਂ ਜਾਣ ਲੈਂਦੀ ਹੈ ਉਹ ਫਿਰ ਉਸਦੇ ਨਾਲ ਕਿਹੋ ਜਿਹਾ ਭੋਗ ਭੋਗਦੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥ ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥"

ਜਿਸ ਜਗ੍ਹਾ ਤੇ ਅਕਾਲ ਪੁਰਖ ਦੀ ਨਾਰ ਦਾ ਉਸਦੇ ਨਾਲ ਮੇਲ ਹੁੰਦਾ ਹੈ ਉਸਦੇ ਨਾਲ ਉਹ ਮੇਲ ਹੀ ਨਾਰ ਦਾ ਆਪਣੇ ਖਸਮ ਦੇ

ਨਾਲ ਵਿਆਹ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਆਹ ਹੈ। ਮੇਲ ਪ੍ਰਮਾਤਮਾ ਦੇ ਨਾਲ, ਅੱਲ੍ਹਾ ਦੇ ਨਾਲ ਮਨ ਦੇ ਵਿੱਚ ਹੀ ਹੁੰਦਾ ਹੈ ਭਾਵ ਮਨੁੱਖੀ ਸਮਝ ਦੇ ਨਾਲ ਹੀ ਹੁੰਦਾ ਹੈ ਜੋ ਕਿ ਤ੍ਰੈ ਗੁਣਾਂ ਵਾਲੀ ਸਮਝ ਦਾ ਮੇਲ ਸ੍ਰਿਸ਼ਟੀ ਦੇ ਕਰਤੇ ਦੀ ਚੌਥੇ ਪਦ ਵਾਲੀ ਸਮਝ ਦੇ ਨਾਲ ਹੁੰਦਾ ਹੈ। ਇਹ ਮਨ ਦੀ ਅਗਿਆਨਤਾ ਦਾ ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਦੀ ਸਮਝ ਦੇ ਨਾਲ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਹ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਮਨੁੱਖੀ ਸਮਝ ਦੇ ਨਾਲ ਹੀ ਭੋਗ ਕਰਦਾ ਹੈ, ਹਰ ਰੋਜ ਭੋਗ ਕਰਦਾ ਹੈ ਜੋ ਭੋਗ ਭੋਗਣ ਦੁਆਰਾ ਮਨ ਦੀ ਸਮਝ ਦੇ ਵਿੱਚ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਸਮਝਾਉਂਦਾ ਹੈ, ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਦਿੰਦਾ ਹੈ, ਆਪਣੇ ਨਾਮ ਵਾਲੀ ਵਿਚਾਰ ਦਿੰਦਾ ਹੈ ਜਿਸ ਆਪਣੀ ਉੱਚੀ ਤੇ ਸੁੱਚੀ ਵਿਚਾਰ ਦੁਆਰਾ ਉਹ ਆਪਣੀ ਗੁਰਮਤਿ ਦੀ ਸੱਚੀ ਸਮਝ ਪਾਉਂਦਾ ਹੈ, ਭਗਤੀ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ ਤੇ ਆਪਣੇ ਆਪ ਦਾ ਤੇ ਆਪਣੀ ਰਚੀ ਹੋਈ ਸ੍ਰਿਸ਼ਟੀ ਦਾ

53/7493

ਸੱਚ ਸਮਝਾਉਂਦਾ ਹੈ ਕਿ ਉਹ ਸਭ ਕੁਝ ਆਪ ਹੀ ਹੈ। ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਤੇ ਮੰਨ ਸਕਦਾ ਹੈ ਜਿਸਨੂੰ ਪਹਿਲੇ ਉਹ ਸਾਡਾ ਖਸਮ ਆਪਣੀ ਨਾਰ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਮਨ ਦੇ ਅੰਦਰ ਆਪਣਾ ਭਤਾਰ ਰੂਪ ਪ੍ਰਗਟ ਕੀਤਾ ਹੈ, **"ਸਬਦੁ ਗੁਰੂ"** ਰੂਪ ਵਿੱਚ ਪ੍ਰਗਟ ਕੀਤਾ ਹੈ। ਸਾਡੇ ਸਭ ਦੇ ਅੰਦਰ ਭੋਗ ਭੋਗਣ ਵਾਲਾ ਉਹੀ ਹੈ ਪਰ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਇਸ ਗੱਲ ਨੂੰ ਕੋਈ ਸਮਝ ਹੀ ਨਹੀਂ ਸਕਦਾ, ਮੰਨ ਹੀ ਨਹੀਂ ਸਕਦਾ ਪਰ ਧੰਨ ਧੰਨ ਅਕਾਲ ਰੂਪ ਗੁਰੂ ਗੁਰਬਾਣੀ ਸਾਨੂੰ ਹਰ ਗੱਲ ਹੂ-ਬ-ਹੂ ਸੱਚ ਹੀ ਸਮਝਾ ਰਹੀ ਹੈ ਜਿਸ ਆਪਣੇ ਸੱਚ ਤੇ ਵਿਸ਼ਵਾਸ ਉਹ ਸੱਚ ਰੂਪ ਖਸਮ ਕਿਸੇ ਦੇ ਅੰਦਰ ਪ੍ਰਗਟ ਹੋ ਕੇ ਕਿਸੇ ਨੂੰ ਆਪ ਹੀ ਦਿਵਾ ਸਕਦਾ ਹੈ। **(ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ॥)**

ਸਾਡਾ ਖਸਮ ਸਾਡੇ ਸਭ ਦੇ ਅੰਦਰ ਹੀ ਹੈ ਪਰ ਅਸੀਂ ਉਸਨੂੰ ਆਪਣੇ ਅੰਦਰੋਂ ਕਿਸ ਕਰਕੇ ਨਹੀਂ ਬੁਝ ਸਕਦੇ, ਜਾਣ ਸਕਦੇ ਤੇ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥"

ਪ੍ਰਮਾਤਮਾ ਦਾ ਮਹਿਲ ਕੀ ਹੈ, ਕਿੱਥੇ ਹੈ ਤੇ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸ੍ਰਿਸ਼ਟੀ ਦੇ ਕਰਤੇ ਦਾ ਮਹਿਲ ਪੂਰੀ ਸ੍ਰਿਸ਼ਟੀ ਦੇ ਵਿੱਚ ਹੀ ਹੈ ਜੋ ਪੂਰੀ ਸ੍ਰਿਸ਼ਟੀ ਦਾ ਰਚਨਹਾਰ ਹੈ। ਉਸਦਾ ਮਹਿਲ ਨਿਰੰਕਾਰ ਰੂਪ ਵਿੱਚ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਹੀ ਉਹ ਆਪਣੇ ਬਣਾਏ ਹੋਏ ਹਰ ਆਕਾਰ ਰੂਪ ਵਿੱਚ ਵੱਸਿਆ ਹੋਇਆ ਹੈ। ਮਨੁੱਖੀ ਦੇਹ ਦੇ ਅੰਦਰ ਉਸਦਾ ਮਹਿਲ ਮਨੁੱਖੀ ਮਨ ਹੈ, ਉਸਦੀ ਜੋਤਿ ਹੈ ਜੋ ਸਾਡੇ ਸਭ ਦੇ ਅੰਦਰ ਗਿਆਨ ਰੂਪ ਵਿੱਚ ਵਰਤ ਰਹੀ ਹੈ, ਉਸਦੇ ਨਿਰੰਕਾਰ ਰੂਪ ਵਿੱਚ ਵਰਤ ਰਹੀ ਹੈ ਜਿਸ ਰਾਹੀਂ ਮਨੁੱਖ ਨੂੰ ਮਨ ਦੇ ਵਿੱਚੋਂ ਸਾਰੀ ਸਮਝ ਪੈਂਦੀ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਭਾਵ ਉਸਦੇ ਮਹਿਲ ਰੂਪ ਮਨ ਦੇ ਅੰਦਰੋਂ ਮਨ ਦੀ ਸਮਝ ਰਾਹੀਂ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਆਪਣੇ ਅੰਦਰੋਂ ਅਸੀਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਉਪਰਾਲਾ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸਮਝਾਈ ਹੋਈ ਸੱਚੀ ਮਤਿ ਨੂੰ ਮੰਨੀਏ। ਸ੍ਰਿਸ਼ਟੀ ਦੇ ਕਰਤੇ ਨੂੰ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਮੰਨਣਾ ਹੀ ਭਾਉਂਦਾ ਹੈ ਤੇ ਉਸਦੀ ਸੱਚੀ ਮਤਿ ਨੂੰ ਮੰਨਣਾ ਹੀ ਉਸਦੇ ਭਾਣੇ ਨੂੰ ਮੰਨਣਾ ਹੈ। ਉਸਦੇ ਭਾਣੇ ਨੂੰ ਜੇਕਰ ਅਸੀਂ ਪਹਿਲੇ ਬੁਝਾਂਗੇ ਭਾਵ ਸਮਝਾਂਗੇ ਫਿਰ ਤਾਂ ਹੀ ਉਸਨੂੰ ਮੰਨਾਂਗੇ। ਗੁਰੂ ਦੀ ਮਤਿ ਨੂੰ ਸਮਝਣ ਵਿੱਚ ਬਹੁਤ ਹੀ ਗਹਿਰਾਈ ਵਾਲੀ ਸਮਝ ਦੀ ਲੋੜ ਹੁੰਦੀ ਹੈ ਜਿਸਨੂੰ ਆਪਣੇ ਆਪ ਸਮਝਣ ਦੀ ਬਜਾਏ ਅਸੀਂ ਉਹੋ ਜਿਹਿਆਂ ਕੋਲੋਂ ਭਗਤੀ ਦੇ ਮਾਰਗ ਤੇ ਚੱਲਣ ਦੀ ਮਤਿ ਲੈਂਦੇ

53/7494

ਹਾਂ, ਨਾਮ ਜਪਣ ਦੀ ਮਤਿ ਲੈਂਦੇ ਹਾਂ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਹੀ ਭਗਤੀ ਦੇ ਮਾਰਗ ਦੇ ਵਿਦਵਾਨ ਸਮਝ ਲੈਂਦੇ ਹਾਂ ਤੇ ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗ ਜਾਂਦੇ ਹਾਂ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਿਸਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣਿਆ, ਮਨ ਦੀ ਸਮਝ ਦੇ ਮਾਲਕ ਨੂੰ ਨਹੀਂ ਜਾਣਿਆ, ਨਾਮ ਦੇ ਮਾਲਕ ਨੂੰ ਨਹੀਂ ਜਾਣਿਆ,

ਆਪਣੇ ਅੰਦਰੋਂ ਪ੍ਰਮਾਤਮਾ ਦੇ ਮਹਿਲ ਨੂੰ ਨਹੀਂ ਜਾਣਿਆ ਉਹੋ ਜਿਹਾ ਹਰ ਮਨੁੱਖ ਸ੍ਰਿਸ਼ਟੀ ਦੇ ਕਰਤੇ ਲਈ ਗੈਰ ਹੀ ਹੈ ਭਾਵ ਹਰ ਮਨੁੱਖ ਪ੍ਰਮਾਤਮਾ ਨੂੰ ਸਮਝਣ ਵਿੱਚ ਗੈਰ ਹੀ ਹੈ ਭਾਵ ਪ੍ਰਮਾਤਮਾ ਉਸ ਲਈ ਬੇਗਾਨਾ ਹੀ ਹੈ। ਜੋ ਪ੍ਰਮਾਤਮਾ ਨੂੰ ਜਾਨਣ ਵਿੱਚ ਗੈਰ ਰਹੇ ਹਨ ਤੇ ਹੁਣ ਵੀ ਇਹੋ ਜਿਹੇ ਬਹੁਤ ਹਨ ਪਰ ਅਸੀਂ ਉਨ੍ਹਾਂ ਨੂੰ ਭਰਮ ਵਿੱਚ ਹੀ ਪ੍ਰਮਾਤਮਾ ਦੇ ਨਾਲ ਮਿਲੇ ਹੋਏ ਸਮਝ ਕੇ, ਭਗਤੀ ਦੇ ਮਾਰਗ ਦੇ ਵਿਦਵਾਨ ਸਮਝ ਕੇ ਜੇਕਰ ਉਨ੍ਹਾਂ ਦੇ ਪਿੱਛੇ ਲੱਗ ਕੇ ਉਨ੍ਹਾਂ ਦੀਆਂ ਗੱਲਾਂ ਨੂੰ ਆਪਣੇ ਅੰਦਰ ਵਸਾ ਲੈਂਦੇ ਹਾਂ ਤੇ ਫਿਰ ਕਿਸੇ ਗੈਰ ਦਾ **“ਮਹਲੁ”** ਆਪਣੇ ਅੰਦਰ ਪਾ ਲੈਂਦੇ ਹਾਂ ਭਾਵ ਬਣਾ ਲੈਂਦੇ ਹਾਂ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਸੱਚੇ ਮਹਿਲ ਦੇ ਅੰਦਰ ਕਿਸੇ ਬੇਗਾਨੇ ਦਾ ਮਹਿਲ ਬਣਾ ਲੈਂਦੇ ਹਾਂ ਭਾਵ ਗੁਰੂ ਦੀ ਸੱਚੀ ਮਤਿ ਨੂੰ ਛੱਡਕੇ ਕਿਸੇ ਝੂਠੇ ਦੀ ਮਤਿ ਨੂੰ ਆਪਣੇ ਅੰਦਰ ਵਸਾ ਲੈਂਦੇ ਹਾਂ ਜਿਸ ਕਰਕੇ ਅਸੀਂ ਗੁਰੂ ਦੇ ਭਾਣੇ ਅਨੁਸਾਰ ਨਹੀਂ ਚੱਲ ਸਕਦੇ ਤੇ ਗੁਰੂ ਦੀ ਮਤਿ ਦੇ ਵਿੱਚ ਉਸਦੇ ਭਾਣੇ ਨੂੰ ਬੁਝ ਕੇ ਹੀ ਸਮਾਇਆ ਜਾ ਸਕਦਾ ਹੈ ਤੇ ਗੁਰੂ ਦੀ ਸੱਚੀ ਮਤਿ ਵਿੱਚ ਸਮਾਉਣ ਦੁਆਰਾ ਹੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਸੱਚੇ ਗੁਰੂ ਮਹਲੁ ਨੂੰ ਜਾਣਿਆ ਜਾ ਸਕਦਾ ਹੈ ਜੋ ਉਸਦਾ ਮਹਿਲ ਸਭ ਦੇ ਅੰਦਰ ਹੀ ਹੈ। **(ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥ ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥ ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥ ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥)**

ਉਪਰ ਵਾਲੇ ਪਦਿਆਂ ਰਾਹੀਂ ਅਸੀਂ ਇਸ ਗੱਲ ਨੂੰ ਵੀ ਸਮਝਿਆ ਹੈ ਕਿ ਸੰਸਾਰ ਦੇ ਹਰ ਮਨੁੱਖ ਦਾ ਭਤਾਰ ਕੌਣ ਹੈ ਭਾਵ ਖਸਮ ਕੌਣ ਹੈ ਜਿਸਦੇ ਨਾਲ ਮਨੁੱਖ ਦਾ ਵਿਆਹ ਵੀ ਹੁੰਦਾ ਹੈ ਤੇ ਤਾਂ ਹੀ ਕਿਸੇ ਨੂੰ ਉਸਦੀ ਸੁਹਾਗਣ ਬਣ ਕੇ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਅਕਾਲ ਪੁਰਖ ਦੀ ਨਾਰ ਬਣਨਾ ਕੀ ਹੈ ਭਾਵ ਉਸਦੀ ਘਰਵਾਲੀ ਬਣਨਾ ਕੀ ਹੈ। ਅਕਾਲ ਪੁਰਖ ਦਾ ਘਰ ਸਾਡੇ ਸਭ ਦੇ ਅੰਦਰ ਹੀ ਹੈ ਫਿਰ ਉਸਦੇ ਨਾਲ ਵਿਆਹ ਵੀ ਉਸਦੇ ਘਰ ਵਿੱਚ ਹੀ ਹੁੰਦਾ ਹੈ ਭਾਵ ਮਨ ਦੇ ਵਿੱਚ ਹੀ ਹੁੰਦਾ ਹੈ। ਅਕਾਲ ਪੁਰਖ ਸੱਚ ਰੂਪ ਹੈ ਤੇ ਆਪਣੇ ਸੱਚ ਰੂਪ ਵਿੱਚ ਵੀ ਉਹ ਸਾਡਾ ਸਭ ਦਾ ਖਸਮ ਹੈ। ਜਦੋਂ ਵੀ ਉਹ ਵਿਆਹ ਕਰਦਾ ਹੈ ਉਹ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਬਦਲ ਕੇ ਭਾਵ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ, ਆਪਣੇ ਨਾਮ ਵਾਲੀ ਸਮਝ ਬਣਾ ਦਿੰਦਾ ਹੈ ਭਾਵ ਸੱਚ ਵਾਲੀ ਸਮਝ ਬਣਾ ਦਿੰਦਾ ਹੈ ਤੇ ਮਨੁੱਖ ਦੀ ਸੱਚ ਵਾਲੀ ਸਮਝ ਹੀ ਅਕਾਲ ਪੁਰਖ ਦੀ ਘਰਵਾਲੀ ਬਣਦੀ ਹੈ, ਉਸਦੀ ਨਾਰ ਬਣਦੀ ਹੈ, ਉਸਦੀ ਪਤਨੀ ਬਣਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਸਮਝ ਸ੍ਰਿਸ਼ਟੀ ਦੇ ਕਰਤੇ ਦੀ

53/7495

ਸੱਚ ਰੂਪ ਨਾਰ ਬਣੀ ਹੈ ਜਿਸ ਆਪਣੀ ਉੱਚੀ ਸਮਝ ਦੁਆਰਾ ਉਨ੍ਹਾਂ ਨੇ ਸੱਚ ਰੂਪ ਗੁਰਬਾਣੀ ਗ੍ਰੰਥ ਦੀ ਰਚਨਾ ਕੀਤੀ ਹੈ। ਉਨ੍ਹਾਂ ਦਾ ਸੱਚ ਰੂਪ ਖਸਮ ਦੇ ਨਾਲ ਵਿਆਹ ਕਿਸ ਤਰੀਕੇ ਹੋਇਆ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਜਿਸ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਸਮਝ ਹੀ ਚੁਕੇ ਹਾਂ।

ਸਿਰੀਰਾਗੁ ਮਹਲਾ ੪ ਘਰੁ ੨ ਛੰਤ

ੴ ਸਤਿਗੁਰ ਪ੍ਰਸਾਦਿ ॥

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁੋਹੰਦੀ ॥੩॥

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥}

(ਅੰਗ ੭੮-੭੯)

{ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}

(ਅੰਗ ੯੨੨)

ਆਸਾ ਮਹਲਾ ੧ ॥

{ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥ ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥
ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥
ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥
ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥
ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥
ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥}

(ਅੰਗ ੩੫੧)

ਸਲੋਕ ਮਃ ੫ ॥

{ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥੧॥}

(ਅੰਗ ੯੬੩)

ਮਃ ੫ ॥

{ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ ॥
ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ ॥੨॥}

(ਅੰਗ ੯੬੩)

ਪਉੜੀ ॥

{ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ ॥ ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ ॥
ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ ॥ ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ ॥
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥ ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ ॥
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ ॥ ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥੧੪॥}

(ਅੰਗ ੯੬੪)

ਸਲੋਕੁ ਮਃ ੩ ॥

{ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥
ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥
ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥
ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥੧॥}

(ਅੰਗ ੭੮੫)

ਮਃ ੩ ॥

{ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥ ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥
ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥
ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥੨॥}

(ਅੰਗ ੭੮੫)

ਪਉੜੀ ॥

{ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥
ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥ ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥
ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥}

(ਅੰਗ ੭੮੬)

{ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥
ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ ॥
ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ ॥
ਗੁਰ ਸਬਦੇ ਰਾਤੀ ਸਹਜੇ ਮਾਤੀ ਅਨਦਿਨੁ ਰਹੈ ਸਮਾਏ ॥
ਨਾਨਕ ਕਾਮਣਿ ਸਦਾ ਰੰਗਿ ਰਾਤੀ ਹਰਿ ਜੀਉ ਆਪਿ ਮਿਲਾਏ ॥੩॥

ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਨੁ ਭਰਮੁ ਚੁਕਾਏ ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥੧॥}

(ਅੰਗ ੨੪੪)

{ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥
ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥
ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥
ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥
ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ ੨੪੫)

{ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥
ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥
ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥
ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥
ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ ॥
ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥੨॥
ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ ॥
ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥
ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ ॥
ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ ॥
ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ ॥
ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ ॥੩॥

ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥
ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥
ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ ॥
ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ ॥
ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥
ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥੪॥੩॥੪॥}

(ਅੰਗ ੭੭੦)

{ਬਿਨੁ ਗੁਰ ਭਗਤਿ ਨ ਭਾਉ ਹੋਇ ॥ ਬਿਨੁ ਗੁਰ ਸੰਤ ਨ ਸੰਗੁ ਦੇਇ ॥
ਬਿਨੁ ਗੁਰ ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥
ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥
ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥}

(ਅੰਗ ੧੧੭੦)

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥
ਅੰਤਰਿ ਅਗਨਿ ਜਲੈ ਭੜਕਾਰੇ ॥ ਮਨਮੁਖੁ ਤਕੇ ਕੁੰਡਾ ਚਾਰੇ ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ ੧੦੨੨)

{ਹੋਵੈ ਸੁਖੁ ਘਣਾ ਦਯਿ ਧਿਆਇਐ ॥ ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥
ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ ॥ ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥
ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥ ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ ॥
ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ ॥ ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ ॥੮॥}

(ਅੰਗ ੫੨੦)

{ਖਸਮੈ ਕੈ ਦਰਬਾਰਿ ਢਾਢੀ ਵਸਿਆ ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ ॥
ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥ ਦੁਸਮਨ ਕਢੇ ਮਾਰਿ ਸਜਣ ਸਰਸਿਆ ॥
ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥
ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ ॥੨੩॥}

(ਅੰਗ ੧੪੮-੧੪੯)

{ਤੂ ਕਰਤਾ ਪੁਰਖੁ ਅਗੰਮੁ ਹੈ ਕਿਸੁ ਨਾਲਿ ਤੂ ਵੜੀਐ ॥ ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂਹੈ ਪੜੀਐ॥
ਤੂ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗੜੀਐ ॥ ਤੂ ਸਚਾ ਸਭਸ ਦਾ ਖਸਮੁ ਹੈ ਸਭ ਦੂ ਤੂ ਚੜੀਐ ॥

ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ ॥੩॥}

(ਅੰਗ ੩੦੧)

{ਮੋਹਿ ਦਾਸਰੋ ਠਾਕੁਰ ਕੋ ॥ ਧਾਨੁ ਪ੍ਰਭ ਕਾ ਖਾਨਾ ॥੧॥ ਰਹਾਉ ॥ ਐਸੋ ਹੈ ਰੇ ਖਸਮੁ ਹਮਾਰਾ ॥
ਖਿਨ ਮਹਿ ਸਾਜਿ ਸਵਾਰਣਹਾਰਾ ॥੧॥ ਕਾਮੁ ਕਰੀ ਜੇ ਠਾਕੁਰ ਭਾਵਾ ॥
ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥੨॥ ਸਰਣਿ ਪਰਿਓ ਠਾਕੁਰ ਵਜੀਰਾ ॥
ਤਿਨਾ ਦੇਖਿ ਮੇਰਾ ਮਨੁ ਧੀਰਾ ॥੩॥ ਏਕ ਟੇਕ ਏਕੋ ਆਧਾਰਾ ॥
ਜਨ ਨਾਨਕ ਹਰਿ ਕੀ ਲਾਗਾ ਕਾਰਾ ॥੪॥੧੧॥੧੪੯॥}

(ਅੰਗ ੨੧੨)

{ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥
ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥
ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥
ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥
ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥
ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥੧॥}

(ਅੰਗ ੭੯੬)

{ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥ ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥੧॥}

(ਅੰਗ ੧੨੮੫)

{ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥
ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥
ਦੂਜੀ ਦੁਰਮਤਿ ਆਧੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥
ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥
ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥
ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥
ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥
ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥
ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥
ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥੫॥}

(ਅੰਗ ੨੨੩)

ਸੂਹੀ ਮਹਲਾ ੪ ॥

{ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥
ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥
ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥
ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥}

(ਅੰਗ ੭੭੩-੭੭੪)

ਉਪਰ ਵਾਲੇ ਸ਼ਬਦ ਨੂੰ ਸਿੱਖ ਜਗਤ ਵਿੱਚ ਇਸਤਰੀ ਪੁਰਸ਼ ਦੇ ਦੁਨਿਆਵੀ ਵਿਆਹ ਦੇ ਸਮੇਂ ਲਾਵਾਂ ਲੈਂਦੇ ਹੋਏ ਗਾਇਆ ਜਾਂਦਾ ਹੈ। ਇਸ ਉਪਰ ਵਾਲੇ ਸ਼ਬਦ ਵਿੱਚ ਵੀ ਮਨੁੱਖੀ ਨਾਰਿ ਦਾ ਅਕਾਲ ਪੁਰਖ ਦੇ ਨਾਲ ਵਿਆਹ ਹੀ ਸਮਝਾਇਆ ਹੋਇਆ ਹੈ। ਉਪਰ ਵਾਲੇ ਸ਼ਬਦ ਨੂੰ ਲੇਖ ਵਿੱਚ ਕੁਝ ਅੱਗੇ ਚੱਲ ਕੇ ਪੂਰਨ ਰੂਪ ਵਿੱਚ ਸਮਝਾਂਗੇ।

ਉਪਰ ਮੁੱਖ ਸ਼ਬਦ ਵਿੱਚ ਅਸੀਂ ਅਕਾਲ ਪੁਰਖ ਦੇ ਮਹਿਲ ਦੀ ਗੱਲ ਵੀ ਸਮਝੀ ਹੈ ਕਿ ਉਹ ਮਹਿਲ ਕੀ ਹੈ, ਕਿਸ ਰੂਪ ਵਿੱਚ ਹੈ ਤੇ ਉਸਦੇ ਮਹਿਲ ਵਿੱਚ ਮਨੁੱਖ ਕਿਸ ਤਰੀਕੇ ਪਹੁੰਚ ਸਕਦਾ ਹੈ ਜਿਸ ਉਸਦੇ ਮਹਿਲ ਵਿੱਚ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ ਤੇ ਉਸਦੇ ਮਹਿਲ ਨੂੰ ਜਾਣਿਆ ਜਾ ਸਕਦਾ ਹੈ ਜੋ ਸ੍ਰਿਸ਼ਟੀ ਦੇ ਕਰਤੇ ਦਾ ਮਹਿਲ ਨਿਰੰਕਾਰ ਰੂਪ ਵਿੱਚ ਹੈ ਤੇ ਹਰ ਮਨੁੱਖ ਦੀ ਸਮਝ ਦੇ ਅੰਦਰ ਹੀ ਹੈ। ਉਸਦਾ ਮਹਿਲ ਕੀ ਹੈ ਤੇ ਉਸਦੇ ਮਹਿਲ ਵਿੱਚ ਪਹੁੰਚਣ ਦਾ ਤਰੀਕਾ ਕੀ ਹੈ ਤੇ ਉਸਦੇ ਮਹਿਲ ਨੂੰ ਨਾ ਜਾਣ ਸਕਣ ਦਾ ਕਾਰਣ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਮਹਲਾ ੫ ॥

{ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥
ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥੧॥
ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥
ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥
ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ ॥
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥
ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥੨॥
ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥ ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥੩॥
ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥੪॥੨॥}

(ਅੰਗ ੨੪੮)

ਪਉੜੀ ॥

{ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ ॥ ਮੁਠੀ ਧੰਧੈ ਚੋਰਿ ਮਹਲੁ ਨ ਪਾਈਐ ॥
ਏਨੈ ਚਿਤਿ ਕਠੋਰਿ ਸੇਵ ਗਵਾਈਐ ॥ ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ ॥
ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ ॥ ਕੋਇ ਨ ਆਖੈ ਘਟਿ ਹਉਮੈ ਜਾਈਐ ॥
ਲਈਅਨਿ ਖਰੇ ਪਰਖਿ ਦਰਿ ਬੀਨਾਈਐ ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ ॥੧੭॥}

(ਅੰਗ ੧੪੬)

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥

ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

53/7496

ਪਉੜੀ ॥

{ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ ॥ ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥
ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ ॥ ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥
ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥ ਕੂੜੈ ਲਾਲਚਿ ਲਗਿ ਮਹਲੁ ਖੁਆਈਐ ॥
ਸਭੁ ਜਗੁ ਠਗਿਓ ਠਗਿ ਆਈਐ ਜਾਈਐ ॥ ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ॥੧੯॥}

(ਅੰਗ ੧੪੭)

{ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥ ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥
ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ॥ ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ ॥
ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥੨॥}

(ਅੰਗ ੨੪੩)

{ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥
ਬਿਨੁ ਸਬਦ ਪਿਆਰੇ ਕਉਨੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ ॥
ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ ॥
ਗੁਰ ਸਬਦੇ ਰਾਤੀ ਸਹਜੇ ਮਾਤੀ ਅਨਦਿਨੁ ਰਹੈ ਸਮਾਏ ॥
ਨਾਨਕ ਕਾਮਣਿ ਸਦਾ ਰੰਗਿ ਰਾਤੀ ਹਰਿ ਜੀਉ ਆਪਿ ਮਿਲਾਏ ॥੩॥
ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥
ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਨੁ ਭਰਮੁ ਚੁਕਾਏ ॥
ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥
ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥
ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥੧॥}

(ਅੰਗ ੨੪੩-੨੪੪)

ਉਸ ਸ੍ਰਿਸ਼ਟੀ ਦੇ ਕਰਤੇ ਦਾ ਮਹਿਲ ਤਾਂ ਸਾਰਾ ਪਸਾਰਾ ਹੀ ਹੈ ਭਾਵ ਹਰ ਆਕਾਰ ਰੂਪ ਹੀ ਹੈ ਜਿਸ ਆਪਣੇ ਹਰ ਆਕਾਰ ਰੂਪ ਵਿੱਚ ਉਹ ਆਪਣੇ ਨਿਰੰਕਾਰ ਰੂਪ ਵਿੱਚ ਵੱਸਿਆ ਹੋਇਆ ਹੈ ਭਾਵ ਆਪਣੇ ਨਾਮ ਰੂਪ ਵਿੱਚ ਵੱਸਿਆ ਹੋਇਆ ਹੈ। ਜਦ ਤੱਕ ਸ੍ਰਿਸ਼ਟੀ ਦਾ ਕਰਤਾ ਕਿਸੇ ਨੂੰ ਆਪਣਾ ਨਾਮ ਨਹੀਂ ਬਖਸ਼ਦਾ ਭਾਵ ਆਪਣੀ ਬ੍ਰਹਮ ਗਿਆਨ ਵਾਲੀ ਸਮਝ ਨਹੀਂ ਬਖਸ਼ਦਾ ਨਾ ਹੀ ਕੋਈ ਪ੍ਰਮਾਤਮਾ ਨੂੰ, ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਨਾ ਹੀ ਆਪਣੇ ਅੰਦਰੋਂ ਕੋਈ ਉਸਦੇ ਮਹਿਲ ਨੂੰ ਜਾਣ ਸਕਦਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਆਪੇ ਦੇਵੈ ਦੇਵਣਹਾਰਾ ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥

ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ ॥੧੫॥”

ਜਿਵੇਂ ਕਿ ਅਸੀਂ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਉਹੀ ਗੱਲ ਸਾਨੂੰ ਉਪਰ ਵਾਲੇ ਪਦੇ ਰਾਹੀਂ ਸਮਝਾਈ ਹੋਈ ਹੈ। ਜਿਸਨੂੰ ਵੀ ਅਕਾਲ ਪੁਰਖ ਆਪਣੇ ਨਾਲ ਮਿਲਾਉਂਦਾ ਹੈ ਉਸਨੂੰ ਆਪਣਾ ਨਾਮ ਬਖਸ਼ਣ ਦੁਆਰਾ ਹੀ ਮਿਲਾਉਂਦਾ ਹੈ ਕਿਉਂਕਿ ਨਾਮ ਦਾ ਮਾਲਕ ਇੱਕੋ ਇੱਕ ਉਹ ਆਪ ਹੀ ਹੈ। ਸਭ ਜਗ੍ਹਾ ਉਸਦਾ ਨਾਮ ਹੀ ਵਰਤ ਰਿਹਾ ਹੈ ਜੋ ਕਿ ਉਸਦਾ ਸਬਦੁ ਰੂਪ ਹੈ ਜਿਸ ਉਸਦੇ ਸ਼ਬਦ ਰੂਪ ਦੀ ਗਹਿਰਾਈ ਨੂੰ ਸਮਝਣਾ ਭਾਵ ਉਸਦੇ ਬ੍ਰਹਮ ਗਿਆਨ ਵਾਲੀ ਸਮਝ ਨੂੰ ਸਮਝਣਾ ਮਨੁੱਖੀ ਸਮਰਥਾ ਤੋਂ ਬਾਹਰ ਹੈ ਕਿਉਂਕਿ ਉਸਨੇ ਆਪ ਹੀ ਆਪਣੇ ਹਰ ਮਨੁੱਖੀ ਰੂਪ ਨੂੰ ਮਾਇਆ ਦੀ ਜੁਗਤਿ ਵਿੱਚ ਭਾਵ ਤ੍ਰੈ ਗੁਣਾਂ ਵਾਲੀ ਸਮਝ ਤਕ ਸੀਮਿਤ ਰੱਖਿਆ ਹੋਇਆ ਹੈ ਤੇ ਉਸਦੇ **“ਸਬਦੁ”** ਰੂਪ ਦੀ ਗਹਿਰਾਈ ਭਾਵ ਉਸਦੇ ਨਾਮ ਰੂਪ ਦੀ ਗਹਿਰਾਈ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਭਾਵ ਮਨ ਦੇ ਵਿੱਚ ਉਸਨੇ ਨਾਲ ਮੇਲ ਹੋਣ ਦੁਆਰਾ ਹੀ ਪੈਂਦੀ ਹੈ ਜੋ ਆਪਣੇ ਨਾਲ ਮੇਲ ਮਿਲਾਉਣਾ ਕੇਵਲ ਤੇ ਕੇਵਲ ਉਸਦੀ ਆਪਣੀ ਬਖਸ਼ਿਸ਼ ਹੈ, ਉਸਦੀ ਆਪਣੀ ਕ੍ਰਿਪਾ ਹੈ ਤੇ ਉਸਦੇ ਅੱਗੇ ਕਿਸੇ ਦਾ ਚਾਰਾ ਚੱਲ ਹੀ ਨਹੀਂ ਸਕਦਾ ਭਾਵ ਕਿਸੇ ਦਾ ਜੋਰ ਚੱਲ

ਹੀ ਨਹੀਂ ਸਕਦਾ ਕਿ ਉਸਨੂੰ ਕੋਈ ਆਪਣੇ ਆਪ ਜਾਣ ਲਵੇ ਕਿਉਂਕਿ ਮਨ ਦੀ ਸਮਝ ਦਾ ਮਾਲਕ ਉਹ ਆਪ ਹੀ ਹੈ ਜਿਸ ਸਮਝ ਦੇ ਮਾਲਕ ਦੀ ਸਮਝ ਹੀ ਉਸਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਪੈਂਦੀ ਹੈ ਤੇ ਕੇਵਲ ਤੇ ਕੇਵਲ ਉਸਦੀ ਮਨੁੱਖ ਤੇ ਸਭ ਤੋਂ ਵੱਡੀ ਕ੍ਰਿਪਾ ਹੋਣ ਦੁਆਰਾ ਹੀ ਪੈਂਦੀ ਹੈ। **(ਆਪੇ ਦੇਵੈ ਦੇਵਣਹਾਰਾ ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥ ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ ॥੧੫॥)**

ਪ੍ਰਮਾਤਮਾ ਕਿਸੇ ਦੇ ਨਾਲ ਮੇਲ ਕਿਸ ਮਕਸਦ ਲਈ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਸੱਚੇ ਭਗਤਾਂ ਨਾਲ, ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨਾਲ ਕੀਤਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥ ਸਚਾ ਸਾਹਿਬੁ ਠਾਕੁਰੁ ਮੇਰਾ ॥

ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥”

ਉਪਰ ਵਾਲੇ ਪਦੇ ਦੀ ਆਖਰੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕੀ ਸਮਝਾਇਆ ਹੋਇਆ ਹੈ। ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਉਪਰ ਪੰਗਤੀ ਵਿੱਚ ਪ੍ਰਮਾਤਮਾ ਨੂੰ ਪਾਉਣ ਦੀ ਗੱਲ ਕੀਤੀ ਹੋਈ ਹੈ। ਸ਼ਬਦ ਰਾਹੀਂ ਧੰਨ ਧੰਨ ਤੀਜੀ ਪਾਤਸ਼ਾਹੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਉਨ੍ਹਾਂ ਨੇ ਅਕਾਲ ਪੁਰਖ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾਡ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਕਿਸ ਰੂਪ ਵਿੱਚ ਪਾਇਆ ਹੈ ਭਾਵ ਉਸਨੂੰ ਆਪਣੇ ਅੰਦਰੋਂ ਕਿਸ ਰੂਪ ਵਿੱਚ ਜਾਣਿਆ ਹੈ ਤੇ ਜਿਸਨੂੰ ਉਨ੍ਹਾਂ ਨੇ ਜਾਣਿਆ ਹੈ ਉਨ੍ਹਾਂ ਦਾ **“ਜੀਉ”** ਵੀ ਉਸਦਾ ਹੈ ਤੇ **“ਪਿੰਡੁ”** ਵੀ ਉਸਦਾ ਹੈ ਭਾਵ ਮਨ ਦੇ ਅੰਦਰ ਦੀ ਸਮਝ ਵੀ ਉਸਦੀ ਹੈ ਤੇ ਇਸ ਸਰੀਰ ਦਾ ਮਾਲਕ ਵੀ ਉਹ ਆਪ ਹੈ। ਉਹ ਸੱਚਾ ਸਾਹਿਬ ਹੈ ਭਾਵ ਉਹ ਪੂਰਨ ਸੱਚ ਹੈ ਜੋ ਉਸਦਾ ਸੱਚ ਰੂਪ ਕਦੇ ਬਿਨਸ ਨਹੀਂ ਸਕਦਾ ਭਾਵ ਸਦਾ ਰਹਿਣ ਵਾਲਾ ਹੈ। ਸੱਚਾ ਸਾਹਿਬ ਤਾਂ ਸਾਰੇ ਸੰਸਾਰ ਦਾ ਇੱਕੋ ਹੀ ਹੋ ਸਕਦਾ ਹੈ ਜੋ ਕਿ ਕੇਵਲ ਤੇ ਕੇਵਲ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਹਰ ਆਕਾਰ ਰੂਪ ਨੂੰ ਬਨਾਉਣ ਵਾਲਾ ਤੇ ਚਲਾਉਣ ਵਾਲਾ ਇੱਕੋ ਇੱਕ ਆਪ ਹੀ ਹੈ ਤੇ ਹੋਰ ਕੋਈ ਦੂਸਰਾ ਹੋ ਹੀ ਨਹੀਂ ਸਕਦਾ ਭਾਵੇਂ ਉਸਨੂੰ ਕੋਈ ਕਿਸੇ ਵੀ ਨਾਮ ਨਾਲ ਪੁਕਾਰੇ। ਜਿਨ੍ਹਾਂ ਨੇ ਵੀ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਉਨ੍ਹਾਂ ਸਭ ਨੇ ਸ੍ਰਿਸ਼ਟੀ ਦੇ **“ਠਾਕੁਰੁ”** ਨੂੰ ਆਪਣੇ ਅੰਦਰੋਂ ਇੱਕੋ ਰੂਪ ਵਿੱਚ ਹੀ ਜਾਣਿਆ ਹੈ ਜੋ ਕਿ ਉਸਦਾ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ ਜਿਸ ਆਪਣੇ ਇਸ ਰੂਪ ਕਰਕੇ ਹੀ ਉਹ ਇੱਕੋ ਇੱਕ ਸੰਸਾਰ ਦਾ ਬ੍ਰਹਮ ਗਿਆਨੀ ਹੈ। ਉਹ ਬ੍ਰਹਮ ਗਿਆਨੀ ਭਾਵ ਬ੍ਰਹਮ ਗਿਆਨ ਦਾ ਮਾਲਕ ਜਿਸ ਮਨੁੱਖੀ ਸਮਝ ਦੇ ਅੰਦਰ ਵੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੀ ਸਮਝ ਦੇ ਅੰਦਰ ਉਹ ਆਪਣਾ ਬ੍ਰਹਮ ਗਿਆਨ ਹੀ ਦਿੰਦਾ ਹੈ, ਉੱਚਾ ਧਾਰਮਿਕ ਗਿਆਨ ਹੀ ਦਿੰਦਾ ਹੈ ਜੋ ਉਸਦਾ ਸੱਚਾ ਧਾਰਮਿਕ ਗਿਆਨ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ, ਇੱਕੋ ਜਿਹਾ ਨਾਮ ਜਪਣਾ ਹੀ ਸਮਝਾਉਂਦਾ ਹੈ ਜੋ ਕਿ ਹਰ ਔਗੁਣ ਤਿਆਗ ਕੇ ਸੱਚ ਤੇ ਚੱਲਣ ਦਾ ਮਾਰਗ ਹੈ ਭਾਵ ਸੱਚੇ ਸੁੱਚੇ ਕਰਮ ਕਰਨ

53/7498

ਦਾ ਮਾਰਗ ਹੈ ਭਾਵੇਂ ਇਹ ਸੱਚਾ ਮਾਰਗ ਜਿਹੜੇ ਮਰਜੀ ਸੱਚੇ ਧਰਮ ਗ੍ਰੰਥ ਰਾਹੀਂ ਜਾਣ ਲਈਏ, ਇੱਕੋ ਹੀ ਗੱਲ ਹੈ। ਪੂਰੀ ਗੁਰਬਾਣੀ ਰਾਹੀਂ ਹੀ ਸਾਨੂੰ ਇਹੋ ਧਰਮ ਦਾ ਸੱਚਾ ਮਾਰਗ ਹੀ ਸਮਝਾਇਆ ਹੋਇਆ ਹੈ। ਜਿਸ ਅਕਾਲ ਪੁਰਖ ਨੇ ਦੂਸਰੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਵਾਈ ਹੈ ਉਸੇ ਨੇ ਹੀ ਗੁਰਬਾਣੀ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੈ ਤੇ ਫਰਕ ਕੇਵਲ ਇਤਨਾ ਹੈ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੀ ਸਮਝ ਦੇ ਅੰਦਰ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਆਪਣੇ ਬ੍ਰਹਮ ਗਿਆਨੀ ਰੂਪ ਵਿੱਚ ਪ੍ਰਗਟ ਕੀਤਾ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਬਲਕਿ ਗੁਰਬਾਣੀ ਨੂੰ ਗੁਰੂ ਕਿਹਾ ਹੈ। ਗੁਰੂ ਤਾਂ ਕੇਵਲ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਪੂਰੀ ਗੁਰਬਾਣੀ ਭਾਵ ਗੁਰਬਾਣੀ ਦੇ ਸ਼ਬਦਾਂ ਦੀ ਪੂਰਨ ਵਿਚਾਰ ਦੇ ਰੂਪ ਵਿੱਚ ਅਕਾਲ ਪੁਰਖ ਆਪ ਹੀ ਗੁਰੂ ਹੈ। ਮਨ ਦੇ ਵਿੱਚ ਪ੍ਰਮਾਤਮਾ ਨੂੰ ਪਾਉਣਾ ਜਾਂ ਗੁਰਬਾਣੀ ਨੂੰ ਪਾਉਣਾ ਇੱਕੋ ਹੀ ਗੱਲ ਹੈ। ਮਨ ਦੇ ਵਿੱਚ ਗੁਰਬਾਣੀ ਦੀ ਸਮਝ ਪਾਉਣ ਵਾਲਾ ਗੁਰੂ ਰੂਪ ਅਕਾਲ ਪੁਰਖ ਆਪ ਹੀ ਹੈ। ਹਰ ਸ਼ਬਦ ਦੀ ਸੋਝੀ ਦੇ ਅੰਦਰ ਨਿਰੰਕਾਰ ਰੂਪ ਅਕਾਲ ਪੁਰਖ ਆਪ ਹੀ ਵੱਸਿਆ ਹੋਇਆ ਹੈ, ਬ੍ਰਹਮ ਗਿਆਨ ਰੂਪ ਵਿੱਚ, ਨਾਮ ਰੂਪ ਵਿੱਚ ਵੱਸਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਜਾਣਿਆ ਹੀ ਹੈ। ਪੂਰੀ ਗੁਰਬਾਣੀ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ ਤੇ ਜਿਸਦੇ ਅੰਦਰ ਉਹ ਆਪਣਾ ਗੁਰਬਾਣੀ ਰੂਪ ਪ੍ਰਗਟ ਕਰਦਾ ਹੈ ਉਹੀ ਇਸ ਗੱਲ ਨੂੰ ਪੂਰਨ ਵਿਸ਼ਵਾਸ ਨਾਲ ਮੰਨ ਸਕਦਾ ਹੈ। ਗੁਰਬਾਣੀ ਦੇ ਸ਼ਬਦਾਂ ਦੀ ਵਿਚਾਰ ਨੂੰ ਜਪਣਾ ਹੀ ਭਾਵ ਗੁਰਬਾਣੀ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰਬਾਣੀ ਦੇ ਮਾਲਕ ਦੇ ਸੱਚੇ ਵਿਚਾਰਾਂ ਵਿੱਚ ਸਮਾਉਣਾ ਹੈ ਭਾਵ ਉਸਦੇ ਨਾਮ ਵਿੱਚ ਸਮਾਉਣਾ ਹੈ। **(ਆਪੇ ਦੇਵੈ ਦੇਵਣਹਾਰਾ ॥ ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥ ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ ॥੧੫॥ ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥ ਸਚਾ ਸਾਹਿਬੁ ਠਾਕੁਰੁ ਮੇਰਾ ॥ ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥)**

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥
ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥
ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥
ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥੨॥੯੦॥੧੧੩॥}

(ਅੰਗ ੧੨੨੬)

{ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥}

(ਅੰਗ ੯੮੨)

{ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥
ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥
ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗਹੀਨ ਨਹੀ ਭਾਵੈਗੋ ॥
ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ ॥੭॥
ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥
ਨਾਨਕ ਦਇਆ ਦਇਆ ਕਰਿ ਠਾਕੁਰ ਮੈ ਸਤਿਗੁਰ ਭਸਮ ਲਗਾਵੈਗੋ ॥੮॥੩॥}

(ਅੰਗ ੧੩੦੯-੧੩੧੦)

7926

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ ੧੨੦)

53/7499

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੧੫੯)

{ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥}

(ਅੰਗ ੭੯੩)

ਪੂਰੀ ਗੁਰਬਾਣੀ ਵਿੱਚ ਗੁਰੂ ਪ੍ਰਮਾਤਮਾ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਹੈ, ਸਹਜ ਗਿਆਨ ਦੇ ਰੂਪ ਵਿੱਚ ਹੀ ਹੈ, ਬਿਬੇਕ ਬੁਧਿ ਦੇ ਗਿਆਨ ਵਾਲੇ ਰੂਪ ਵਿੱਚ ਹੀ ਹੈ ਜਿਸ ਆਪਣੇ ਸੱਚ ਰੂਪ ਵਿੱਚ ਉਹ ਗੁਰੂ ਹੈ ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਅਕਾਲ ਪੁਰਖ ਆਪਣੇ ਸੱਚ ਰੂਪ ਵਿੱਚ ਹੀ ਵਰਤਦਾ ਹੈ ਤੇ ਜਦੋਂ ਉਹ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣਾ ਸੱਚ ਰੂਪ ਪ੍ਰਗਟ ਕਰਦਾ ਹੈ ਤੇ ਤਾਂ ਹੀ ਕੋਈ ਪੂਰੀ ਗੁਰਬਾਣੀ ਦੇ ਅੰਦਰ ਦੇ ਸੱਚ ਰੂਪ ਨੂੰ ਸਮਝ ਸਕਦਾ ਹੈ ਜੋ ਕਿ ਮਨ ਦੇ ਵਿੱਚ ਸੱਚ ਦਾ ਮਾਲਕ, ਨਾਮ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ ਬ੍ਰਹਮ ਗਿਆਨੀ ਆਪ ਹੀ ਸਮਝਾਉਂਦਾ ਹੈ ਤੇ ਉਹੀ ਮਨੁੱਖ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਪੂਰੀ ਗੁਰਬਾਣੀ ਵੱਖਰੇ ਵੱਖਰੇ ਸਰੀਰਾਂ ਰਾਹੀਂ ਕਿਸ ਤਰ੍ਹਾਂ ਆਈ ਹੈ, ਕਿਸ ਜਗ੍ਹਾ ਤੋਂ ਆਈ ਹੈ ਤੇ ਕਿਸ ਮਕਸਦ ਲਈ ਆਈ ਹੈ। ਜਿਸ ਸੱਚ ਦੇ ਮਾਲਕ ਅਕਾਲ ਪੁਰਖ ਦੇ ਦਰ ਤੋਂ ਪੂਰੀ ਗੁਰਬਾਣੀ ਆਈ ਹੈ ਉਹ ਆਪ ਹੀ ਕਿਸੀ ਮਨੁੱਖੀ ਸਰੀਰ ਰਾਹੀਂ ਪ੍ਰਗਟ ਹੋ ਕੇ ਆਪਣੀ ਰਚੀ ਹੋਈ ਪੂਰੀ ਗੁਰਬਾਣੀ ਦੇ ਸਦਾ ਰਹਿਣ ਵਾਲੇ ਸੱਚੇ ਅਰਥ ਸਮਝਾ ਸਕਦਾ ਹੈ ਜਿਨ੍ਹਾਂ ਸੱਚੇ ਅਰਥਾਂ ਨੂੰ ਫਿਰ ਕੋਈ ਰਹਿੰਦੀ ਦੁਨਿਆ ਤੱਕ ਬਦਲ ਨਹੀਂ ਸਕਦਾ। ਗੁਰਬਾਣੀ ਦੇ ਸੱਚੇ ਅਰਥ ਸੰਸਾਰ ਵਿੱਚ ਕਦੋਂ ਆਉਣਗੇ ਤੇ ਕਿਸ ਮਨੁੱਖੀ ਸਰੀਰ ਰਾਹੀਂ ਆਉਣਗੇ ਇਸ ਗੱਲ ਦਾ ਫੈਸਲਾ ਆਪਣੀ ਰਜਾ ਅਨੁਸਾਰ ਸਦੀਆਂ ਪਹਿਲੇ ਹੀ ਗੁਰਬਾਣੀ ਦੀ ਰਚਨਾ ਕਰਨ ਵੇਲੇ ਧੰਨ ਧੰਨ ਪਹਿਲੀ ਪਾਤਸ਼ਾਹੀ ਦੇ ਸ਼ਬਦ ਰਾਹੀਂ ਕਰ ਦਿੱਤਾ ਹੋਇਆ ਹੈ। ਇਤਨੀ ਜਿਆਦਾ ਦੇਰ ਬਾਅਦ ਉਸਨੇ ਗੁਰਬਾਣੀ ਦੇ ਅਰਥ ਕਰਾਉਣ ਦਾ ਫੈਸਲਾ ਕਿਸ ਲਈ ਕੀਤਾ ਹੋਇਆ ਹੈ ਇਸ ਗੱਲ ਦੀ ਸਮਝ ਵੀ ਸੰਸਾਰੀਆਂ ਨੂੰ ਸ਼ਬਦ ਦੇ ਅਰਥ ਪੜਨ ਤੋਂ ਬਾਅਦ ਪੈ ਜਾਵੇਗੀ। ਉਹ ਸ਼ਬਦ ਕਿਹੜਾ ਹੈ ਜਿਸ ਰਾਹੀਂ ਗੁਰਬਾਣੀ ਦੇ ਅਰਥਾਂ ਦੀ ਗੱਲ ਕੀਤੀ ਹੋਈ ਹੈ ਉਸ ਸ਼ਬਦ ਬਾਰੇ ਥੋੜਾ ਜਿਹਾ ਜਿਕਰ ਲੇਖ ਦੇ ਸ਼ੁਰੂ ਵਿੱਚ ਵੀ ਕੀਤਾ ਹੋਇਆ ਹੈ। ਹੁਣ ਪਹਿਲੀ ਪਾਤਸ਼ਾਹੀ ਦੇ ਉਸ ਸ਼ਬਦ ਨੂੰ ਬਰੀਕੀ ਨਾਲ ਸਮਝਦੇ ਹਾਂ ਜਿਸ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਇਹ ਗੁਰਬਾਣੀ ਦੇ ਅਰਥ ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਸੰਸਾਰ ਵਿੱਚ ਕਿਸ ਮਨੁੱਖ ਤੇ ਉਸਦੀ ਸਭ ਤੋਂ ਵੱਡੀ ਕ੍ਰਿਪਾ ਹੋਣ ਦੁਆਰਾ ਹੋਣਗੇ। ਹੁਣ ਤੱਕ ਤੁਸੀਂ ਜਿਤਨੇ ਵੀ ਅਰਥ ਸਮਝੇ ਹਨ ਉਸਦੀ ਕ੍ਰਿਪਾ ਦੁਆਰਾ ਹੀ ਸਮਝੇ ਹਨ ਤੇ ਹੇਠ ਦਿੱਤੇ ਸ਼ਬਦ ਨੂੰ ਸਮਝਣ ਨਾਲ ਤੁਹਾਡਾ

ਵਿਸ਼ਵਾਸ ਗੁਰਬਾਣੀ ਦੇ ਅਰਥਾਂ ਤੇ ਹੋਰ ਵੀ ਵੱਧ ਜਾਵੇਗਾ। ਹੇਠ ਦਿੱਤੇ ਸ਼ਬਦ ਨੂੰ ਆਪਣੀ-ਆਪਣੀ ਸਮਝ ਦੇ ਅਨੁਸਾਰ ਸਮਝਣ ਦੀ ਕੋਸ਼ਿਸ਼ ਤਾਂ ਅਨੇਕਾਂ ਨੇ ਕੀਤੀ ਹੋਵੇਗੀ ਪਰ ਆਪਣੇ ਆਪ ਕੋਈ ਅਸਲ ਅਰਥ ਸਮਝ ਲਵੇ ਇਹ ਨਾਮੁਮਕਿਨ ਹੈ। ਆਉ ਉਸਦੀ ਕ੍ਰਿਪਾ ਦੇ ਨਾਲ ਇਸ ਸ਼ਬਦ ਦੇ ਅਰਥ ਇੱਕ ਨਿਮਾਣੇ ਜਿਹੇ ਦਾਸ ਰਾਹੀਂ ਸਮਝੀਏ ਜਿਸਦੀ ਆਪਣੀ ਕੀ ਔਕਾਤ ਹੈ ਕਿ ਉਹ ਗੁਰਬਾਣੀ ਦੇ ਇੱਕ ਸ਼ਬਦ ਦੇ ਵੀ ਅਰਥ ਸਮਝਾ ਸਕੇ। ਆਉ ਸਮਝ ਦੇ ਮਾਲਕ, ਗੁਰਬਾਣੀ ਦੇ ਮਾਲਕ ਅਕਾਲ ਪੁਰਖ ਦੀ ਸਮਝ ਰਾਹੀਂ ਸਮਝੀਏ।

ਤਿਲੰਗ ਮਹਲਾ ੧ ॥

“ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥

ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥"

(ਅੰਗ ੭੨੨-੭੨੩)

ਸੰਸਾਰ ਵਿੱਚ ਅੱਜ ਤੱਕ ਗੁਰਬਾਣੀ ਦੀ ਰਚਨਾ ਹੋਣ ਤੋਂ ਬਾਅਦ ਕੌਣ ਇਹੋ ਜਿਹਾ ਮਨੁੱਖ ਇਸ ਪੂਰੇ ਸੰਸਾਰ ਵਿੱਚ ਆਇਆ ਹੈ ਜਿਸਨੇ ਇਹ ਕਿਹਾ ਹੋਇਆ ਹੋਵੇ ਕਿ ਮਨ ਦੇ ਵਿੱਚ ਜੋ ਸਮਝ ਉਪਜਦੀ ਹੈ ਉਹ ਸਮਝ ਮੇਰੀ ਨਹੀਂ ਹੈ। ਮਨ ਦੀ ਸਮਝ ਦੇ ਮਾਲਕ ਨੂੰ ਨਾ ਸਮਝ ਸਕਣਾ ਹੀ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਹੈ ਭਾਵ ਮਨ ਦੀ ਹਉਮੈ ਹੈ, ਮਨ ਦੇ ਅੰਦਰ ਦੀ ਮਾਇਆ ਵਾਲੀ ਜੁਗਤਿ ਹੈ, ਮਨ ਦੇ ਅੰਦਰ ਪੁੱਠੇ ਕਮਲ ਵਾਲੀ ਸਮਝ ਹੈ ਜਿਸ ਮਨ ਦੀ ਨਾ ਸਮਝੀ ਵਾਲੀ ਸਮਝ ਤੋਂ ਬਾਹਰ ਸੰਸਾਰ ਦਾ ਕੋਈ ਵੀ ਮਨੁੱਖ ਨਹੀਂ ਹੈ। ਇਸ ਮਨੁੱਖੀ ਸਰੀਰ ਦੇ, ਮਨੁੱਖੀ ਮਨ ਦੇ ਮਾਲਕ ਸ੍ਰਿਸ਼ਟੀ ਦੇ ਇੱਕੋ ਇੱਕ ਕਰਤੇ ਨੇ ਕੇਵਲ ਤੇ ਕੇਵਲ ਉਨ੍ਹਾਂ ਮਨੁੱਖੀ ਸਰੀਰਾਂ ਰਾਹੀਂ ਪੂਰੀ ਗੁਰਬਾਣੀ ਨੂੰ ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਰਚਿਆ ਹੈ ਜਿਨ੍ਹਾਂ ਸਰੀਰਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸਨੇ ਆਪ ਹੀ ਆਪਣੀ ਸ੍ਰਿਸ਼ਟੀ ਦੀ ਰਚਨਾ ਦਾ ਤੇ ਉਸਦੇ ਰਚਨਹਾਰ ਦਾ ਤੇ ਸੰਸਾਰ ਦੇ ਸੱਚੇ ਧਰਮ ਦੇ ਮਾਰਗ ਦਾ ਸੱਚ ਸਮਝਾਇਆ ਹੈ ਜੋ ਸੰਸਾਰ ਦੇ ਸੱਚੇ ਧਰਮ ਦਾ ਮਾਰਗ ਉਸਨੇ ਭਾਵੇਂ ਹੋਰ ਸੰਸਾਰ ਦੇ ਸੱਚੇ ਧਰਮ ਗ੍ਰੰਥਾਂ ਦੇ ਰਾਹੀਂ ਵੀ ਸਮਝਾਇਆ ਹੈ ਭਾਵ ਵੇਦਾਂ ਰਾਹੀਂ ਵੀ ਸਮਝਾਇਆ ਹੈ, ਸਿਮ੍ਰਿਤ ਸ਼ਾਸਤਰਾਂ ਰਾਹੀਂ ਵੀ ਸਮਝਾਇਆ ਹੈ, ਗੀਤਾ ਧਰਮ ਗ੍ਰੰਥ ਆਦਿ ਰਾਹੀਂ ਵੀ ਸਮਝਾਇਆ ਹੈ, ਕੁਰਾਣ ਧਰਮ ਗ੍ਰੰਥ ਰਾਹੀਂ ਵੀ ਸਮਝਾਇਆ ਹੈ, ਬਾਈਬਲ ਧਰਮ ਗ੍ਰੰਥ ਰਾਹੀਂ ਵੀ ਸਮਝਾਇਆ ਹੈ ਪਰ ਇਹ ਸਾਰੇ ਸੱਚੇ ਧਰਮ ਗ੍ਰੰਥ ਲਿਖਣ ਵਾਲਿਆਂ ਦੇ ਸਰੀਰ ਦੀ ਸਮਝ ਦੇ ਅੰਦਰ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਤਾਂ ਜੋ ਉਹ ਇਸ ਗੱਲ ਨੂੰ ਸਮਝ ਸਕਣ ਕਿ ਸਾਨੂੰ ਇਹ ਬਹੁਤ ਉੱਚੀ ਤੇ ਸੱਚੀ ਸਮਝ ਪਾਉਣ ਵਾਲਾ ਕੌਣ ਹੈ ਜੋ ਸਾਨੂੰ ਮਨ ਦੀ ਸਮਝ ਰਾਹੀਂ ਇਤਨਾ ਉੱਚਾ ਧਰਮ ਦਾ ਮਾਰਗ ਸਮਝਾ ਰਿਹਾ ਹੈ, ਇਤਨਾ ਉੱਚਾ ਗਿਆਨ ਦੇ ਰਿਹਾ ਹੈ ਜਿਸ ਸ੍ਰਿਸ਼ਟੀ ਦੇ ਗਿਆਨ ਦੇ ਮਾਲਕ ਦੀ, ਬ੍ਰਹਮ ਗਿਆਨ ਦੇ ਮਾਲਕ ਦੀ ਭਾਵ ਮਨ ਦੇ ਅੰਦਰ ਵਰਤ ਰਹੇ ਨਾਮ ਦੇ ਮਾਲਕ ਦੀ ਉਨ੍ਹਾਂ ਨੂੰ ਸੋਝੀ ਨਹੀਂ ਪਈ ਭਾਵ ਉਨ੍ਹਾਂ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਇਹ ਗੱਲ ਸਮਝਣ ਵਿੱਚ ਮਨ ਦੇ ਭਰਮ ਵਿੱਚ ਹੀ

ਰੱਖਿਆ ਹੈ, ਆਪਣੀ ਸਭ ਦੇ ਅੰਦਰ ਪਾਈ ਹੋਈ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਰੱਖਿਆ ਹੈ, ਮਨ ਦੀ ਹਉਮੈ ਵਾਲੀ ਸਮਝ ਵਿੱਚ ਹੀ ਰੱਖਿਆ ਹੈ ਭਾਵ ਆਪਣੀ ਮਾਇਆ ਵਾਲੀ ਜੁਗਤਿ ਵਿੱਚ ਹੀ ਰੱਖਿਆ ਹੈ ਜਿਸ ਮਨ ਦੀ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਹੀ ਉਨ੍ਹਾਂ ਨੇ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਆਪਣਾ ਗਿਆਨ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਇਸੇ ਲਈ ਉਨ੍ਹਾਂ ਨੂੰ ਇਸ ਗੱਲ ਦੀ ਸਹੀ ਸਮਝ ਨਹੀਂ ਲੱਗ ਸਕੀ ਕਿ ਪੂਰੀ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ ਹੈ। ਪੂਰੀ ਉੱਚੀ ਸਾਇੰਸ ਦਾ ਗਿਆਨ ਕਿੱਥੋਂ ਆਇਆ ਹੈ ਤੇ ਪੂਰੀ ਧਰਤੀ ਕਿਸੇ ਜਗ੍ਹਾ ਤੇ ਖੜੀ ਨਹੀਂ ਹੈ ਤੇ ਸ੍ਰਿਸ਼ਟੀ ਵਿੱਚ ਕੇਵਲ ਇੱਕੋ ਸੂਰਜ ਤੇ ਚੰਦਰਮਾ ਨਹੀਂ ਹੈ ਪਰ ਸ੍ਰਿਸ਼ਟੀ ਦਾ ਹਰ ਆਕਾਰ ਰੂਪ ਪੂਰੇ ਬ੍ਰਹਿਮੰਡ ਵਿੱਚ ਘੁੰਮ ਰਿਹਾ ਹੈ ਤੇ ਅਨੇਕਾਂ ਹੀ ਸੂਰਜ ਹਨ, ਖੰਡ-ਬ੍ਰਹਿਮੰਡ ਹਨ ਜੋ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਦੀਆਂ ਤੋਂ ਪਹਿਲੇ ਹੀ ਲਿਖਿਆ ਹੋਇਆ ਹੈ ਤੇ ਸਾਇੰਸ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੇ ਅਨੇਕਾਂ ਸਰੀਰਾਂ ਦੇ ਅੰਦਰ ਆਪਣੀ ਉੱਚੀ ਸਾਇੰਸ ਦੀ ਸਮਝ ਪਾਉਣ ਦੁਆਰਾ ਇਸ ਸ੍ਰਿਸ਼ਟੀ ਦਾ ਸੱਚ ਆਪ ਹੀ ਸਾਰੇ ਸੰਸਾਰ ਦੇ ਸਾਹਮਣੇ ਲੈ ਆਂਦਾ ਹੈ ਜੋ ਇੱਕੋ ਇੱਕ ਸੱਚ ਦਾ ਮਾਲਕ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਸੱਚੇ ਧਰਮ ਗ੍ਰੰਥ ਰਾਹੀਂ ਆਪਣਾ ਸੱਚ ਰੂਪ ਧਰਮ ਦਾ ਮਾਰਗ ਸਮਝਾਉਣ ਵਾਲਾ ਉਹ ਇੱਕੋ ਇੱਕ ਸੰਸਾਰ ਦੀ ਹਰ ਨਾਰਿ ਦਾ ਖਸਮ ਉਹ ਆਪ ਹੀ ਹੈ ਤੇ ਇਹੀ ਗੱਲ ਉਪਰ ਵਾਲੇ ਸ਼ਬਦ ਰਾਹੀਂ ਧੰਨ ਧੰਨ ਪਹਿਲੀ ਪਾਤਸ਼ਾਹੀ ਪੂਰੇ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਜੋ ਮੈਂ ਗੁਰਬਾਣੀ ਦੇ ਅੰਦਰ ਸ਼ਬਦਾਂ ਰਾਹੀਂ ਜੋ ਗਿਆਨ ਦੇ ਰਿਹਾ ਹਾਂ ਉਹ ਸ਼ਬਦਾਂ ਦੇ ਅੰਦਰ ਦਾ ਗਿਆਨ ਭਾਵ ਗੁਰਬਾਣੀ ਨੂੰ ਲਿਖਣ ਵਾਲਾ, ਸਮਝਾਉਣ ਵਾਲਾ ਮੈਂ ਨਹੀਂ ਹਾਂ ਭਾਵ ਮੇਰਾ ਖਸਮ ਹੈ ਜੋ ਕਿ ਇੱਕੋ ਇੱਕ ਸਾਰੇ ਸੰਸਾਰ ਦੀ ਹਰ ਨਾਰਿ ਦਾ ਇੱਕੋ ਇੱਕ ਆਪ ਹੀ ਖਸਮ ਹੈ ਜਿਸ ਆਪਣੇ ਸੱਚੇ ਖਸਮ ਨੂੰ ਕੋਈ ਵੀ ਸ੍ਰਿਸ਼ਟੀ ਦਾ ਮਨੁੱਖ ਭਾਵ ਉਸਦੀ ਹਰ ਮਨੁੱਖੀ ਰੂਪ ਨਾਰ ਤਾਂ ਹੀ ਜਾਣ ਸਕਦੀ ਹੈ ਜਦੋਂ ਉਹ ਆਪਣੇ ਆਪ ਨੂੰ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਕਰਦਾ ਹੈ ਤੇ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ, ਆਪਣੇ ਹਰ ਮਨੁੱਖੀ ਰੂਪ

ਦਾ ਸੱਚ ਸਮਝਾਉਂਦਾ ਹੈ ਤੇ ਸੱਚੇ ਧਰਮ ਦਾ ਮਾਰਗ ਸਮਝਾਉਂਦਾ ਹੈ। ਉਪਰ ਵਾਲੇ ਸ਼ਬਦ ਰਾਹੀਂ ਧੰਨ ਧੰਨ ਉਸਦੇ ਸੱਚੇ ਭਗਤ ਬਾਬਾ ਨਾਨਕ ਜੀ ਪੂਰੀ ਸ੍ਰਿਸ਼ਟੀ ਨੂੰ ਉਸਦੀ ਸੱਚੀ ਭਗਤੀ ਦਾ ਮਾਰਗ ਹੀ ਸਮਝਾ ਰਹੇ ਹਨ ਜਿਹੋ ਜਿਹਾ ਸੱਚਾ ਮਾਰਗ ਉਨ੍ਹਾਂ ਨੂੰ ਸੱਚ ਦੇ ਮਾਲਕ ਸਾਰਿਆਂ ਦੇ ਖਸਮ ਨੇ ਉਨ੍ਹਾਂ ਦੇ ਅੰਦਰ ਭਾਵ ਉਨ੍ਹਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਨ੍ਹਾਂ ਨੂੰ ਸਮਝਾਇਆ ਹੈ ਜਿਸ ਸੱਚੇ ਧਰਮ ਦੇ ਮਾਰਗ ਤੇ ਚੱਲ ਕੇ ਸ੍ਰਿਸ਼ਟੀ ਦੇ ਕਰਤੇ ਦੀ ਰਚੀ ਹੋਈ ਸ੍ਰਿਸ਼ਟੀ

53/7502

ਦਾ ਕੋਈ ਵੀ ਮਨੁੱਖ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵੇਂ ਕੋਈ ਮਨੁੱਖ ਉਸਨੂੰ ਜਿਹੋ ਜਿਹੇ ਮਰਜੀ ਨਾਮ ਦੇ ਨਾਲ ਪੁਕਾਰਦਾ ਹੋਵੇ ਭਾਵ ਭਾਵੇਂ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ ਤੇ ਭਾਵੇਂ ਜਿਹੋ ਜਿਹੀ ਮਰਜੀ ਸੱਚੇ ਧਰਮ ਗ੍ਰੰਥ ਦੀ ਮਤਿ ਨਾਲ ਜੁੜਿਆ ਹੋਵੇ। ਸਾਰੀ ਗੱਲ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਮਤਿ ਨੂੰ ਸਮਝ ਕੇ ਭਾਵ ਸੱਚ ਰੂਪ ਸ੍ਰਿਸ਼ਟੀ ਦੇ ਖਸਮ ਦੀ ਗੱਲ ਨੂੰ ਮੰਨਣ ਦੀ ਹੀ ਹੈ ਕਿਉਂਕਿ ਹਰ ਸੱਚੇ ਧਰਮ ਗ੍ਰੰਥ ਦਾ ਰਚਨਹਾਰ ਉਹ ਆਪ ਹੀ ਹੈ ਜਿਸ ਸ੍ਰਿਸ਼ਟੀ ਦੇ ਸੱਚ ਰੂਪ ਖਸਮ ਨੇ ਆਪਣੀ ਇਹ ਸੱਚ ਰੂਪ ਖਸਮ ਹੋਣ ਦੀ ਸਮਝ ਕੇਵਲ ਤੇ ਕੇਵਲ ਗੁਰਬਾਣੀ ਧਾਰਮਿਕ ਗ੍ਰੰਥ ਲਿਖਣ ਵਾਲੇ ਸਰੀਰਾਂ ਰਾਹੀਂ ਉਨ੍ਹਾਂ ਦੇ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਹੀ ਪਾਈ ਹੈ। ਆਉ ਉਹ ਸਾਰੀ ਸ੍ਰਿਸ਼ਟੀ ਦੇ ਖਸਮ ਦੀ ਪਾਈ ਹੋਈ ਧਾਰਮਿਕ ਸਮਝ ਨੂੰ ਪਹਿਲਾਂ ਉਪਰ ਵਾਲੇ ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਰਾਹੀਂ ਸਮਝੀਏ।

“ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥”

ਉਪਰ ਵਾਲੇ ਪੂਰੇ ਸ਼ਬਦ ਦੇ ਅਰਥ ਬਹੁਤ ਗਹਿਰੇ ਹਨ ਜਿਸ ਗਹਿਰਾਈ ਦੀ ਸਮਝ ਇਹ ਪੂਰਾ ਸ਼ਬਦ ਸਮਝਣ ਤੋਂ ਬਾਅਦ ਹੀ ਪਵੇਗੀ। ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਨੂੰ ਧਰਮ ਦੇ ਮਾਰਗ ਦਾ ਸੱਚ ਹੀ ਸਮਝਾਇਆ ਹੋਇਆ ਹੈ ਤੇ ਉਪਰ ਵਾਲੇ ਸ਼ਬਦ ਰਾਹੀਂ ਵੀ ਧਰਮ ਦੇ ਮਾਰਗ ਦਾ ਸੱਚ ਹੀ ਸਮਝਾਇਆ ਹੋਇਆ ਹੈ। ਧਰਮ ਦੇ ਮਾਰਗ ਦੀ ਸੱਚੀ ਸਮਝ ਪਏ ਬਿਨਾਂ ਹੀ ਸਾਨੂੰ ਪੂਰੇ ਭਾਰਤ ਵਰਸ਼ ਵਿੱਚ ਧਰਮ ਦਾ ਮਾਰਗ ਸਮਝਾਉਣ ਵਾਲੇ ਬਹੁਤ ਹਨ ਜੋ ਮਨ ਦੀ ਨਾਸਮਝੀ ਕਰਕੇ ਆਪਣੇ ਆਪ ਨੂੰ ਧਰਮ ਦੇ ਗਿਆਨਵਾਨ ਅਖਵਾ ਕੇ ਸੰਸਾਰੀਆਂ ਕੋਲੋਂ ਨਾਜਾਇਜ ਫਾਇਦਾ ਚੁੱਕਦੇ ਹਨ ਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ, ਦੁੱਖੀ ਕਰਦੇ ਹਨ। ਗੁਰਬਾਣੀ ਰਾਹੀਂ ਸੰਸਾਰ ਨੂੰ ਧਰਮ ਦਾ ਸੱਚਾ ਮਾਰਗ ਸਮਝਾਉਣ ਦੁਆਰਾ ਸੰਸਾਰੀਆਂ ਨੂੰ ਉਨ੍ਹਾਂ ਦੁੱਖਾਂ ਵਿੱਚੋਂ ਨਿਕਲਣਾ ਸਮਝਾਇਆ ਹੋਇਆ ਹੈ ਜੋ ਦੁੱਖ ਉਨ੍ਹਾਂ ਨੂੰ ਭਗਤੀ ਦੇ ਵਿਦਵਾਨ ਅਖਵਾਉਣ ਵਾਲਿਆਂ ਰਾਹੀਂ ਭਾਰਤ ਵਰਸ਼ ਵਿੱਚ ਸਦੀਆਂ ਤੋਂ ਸਹਿਣੇ ਪੈ ਰਹੇ ਹਨ। ਗੁਰਬਾਣੀ ਦੇ ਅੰਦਰ ਦੇ ਗਹਿਰੇ ਅਰਥਾਂ ਨੂੰ ਸਮਝਣਾ ਬਹੁਤ ਔਖਾ ਹੈ ਕਿਉਂਕਿ ਪੂਰੀ ਗੁਰਬਾਣੀ ਦੇ ਅੰਦਰ ਚੌਥੇ ਪਦ ਦਾ ਉੱਚਾ ਗਿਆਨ ਹੈ ਜੋ ਉੱਚਾ ਗਿਆਨ ਸੰਸਾਰ ਦੇ ਸਾਹਮਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਪੈਣ ਦੁਆਰਾ ਹੀ ਆ ਸਕਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਪੈ ਸਕਦਾ ਹੈ ਭਾਵ ਜਿਸ ਸੰਸਾਰ ਦੇ ਖਸਮ ਕੋਲੋਂ ਸਾਰੀ ਗੁਰਬਾਣੀ ਆਈ ਹੈ ਉਨ੍ਹਾਂ ਸ਼ਬਦਾਂ ਦੇ ਅੰਦਰ ਦੀ ਗਹਿਰੀ ਸਮਝ ਵੀ ਉਹ ਆਪ ਹੀ ਪਾ ਸਕਦਾ ਹੈ ਭਾਵ ਸੱਚ ਦਾ ਮਾਲਕ

54/7503

ਆਪਣੀ ਗੁਰਬਾਣੀ ਦੇ ਅੰਦਰ ਦਾ ਸੱਚ ਕਿਸੇ ਮਨੁੱਖੀ ਸਰੀਰ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਮਝਾ ਸਕਦਾ ਹੈ। ਆਪਣੀ ਰਚੀ ਹੋਈ ਗੁਰਬਾਣੀ ਦਾ ਸੱਚ ਅਕਾਲ ਪੁਰਖ ਨੇ ਕਦੋਂ ਸਮਝਾਉਣਾ ਹੈ ਤੇ ਕਿਸ ਮਨੁੱਖੀ ਸਰੀਰ ਰਾਹੀਂ ਸਮਝਾਉਣਾ ਹੈ, ਕਿਸ ਤਰੀਕੇ ਸਮਝਾਉਣਾ ਹੈ ਇਸ ਗੱਲ ਦਾ ਜਿਕਰ ਵੀ ਉਪਰ ਵਾਲੇ ਸ਼ਬਦ ਰਾਹੀਂ ਕੀਤਾ ਹੋਇਆ ਹੈ। ਜਿਵੇਂ ਕਿ ਉਪਰ ਵਾਲੇ ਸ਼ਬਦ ਦੀ ਗੱਲ ਇਸ ਲੇਖ ਦੇ ਸ਼ੁਰੂ ਵਿੱਚ ਵੀ ਕੀਤੀ ਹੋਈ ਹੈ ਕਿ ਇਸ ਸ਼ਬਦ ਦੇ ਅਰਥ ਇਸ ਲੇਖ ਦੀ ਲਿਖਤ ਨਾਲ ਵੀ ਜੁੜੇ ਹੋਏ ਹਨ ਕਿ ਇਹ ਪੂਰਾ ਲੇਖ ਲਿਖਣ ਦੀ ਸਮਰਥਾ ਕੌਣ ਬਖਸ਼ ਰਿਹਾ ਹੈ ਕਿਉਂਕਿ ਮਨੁੱਖੀ ਸਰੀਰ ਦੀ ਭਾਵ ਮਨੁੱਖੀ ਸਰੀਰ ਦੀ ਤ੍ਰੈ ਗੁਣਾਂ ਵਾਲੀ ਸਮਝ ਦੀ ਕੀ ਹੈਸੀਇਤ ਹੈ, ਕੀ ਔਕਾਤ ਹੈ ਕਿ ਉਹ ਚੌਥੇ ਪਦ ਦੇ ਗਿਆਨ ਵਾਲੀ ਗਹਿਰਾਈ ਨੂੰ ਸਮਝ ਸਕੇ ਭਾਵ ਸ਼ਬਦਾਂ ਦੇ ਅੰਦਰ ਦੇ ਵਿਚਾਰਾਂ ਦੀ ਪੂਰਨ ਸੱਚਾਈ ਨੂੰ ਸਮਝ ਸਕੇ। ਇਸ ਲੇਖ ਵਿੱਚ ਅਸੀਂ ਪਿੱਛੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਪਾਈ ਹੋਈ ਬੁਝਾਰਤ ਨੂੰ ਵੀ ਸਮਝਿਆ ਹੈ ਜਿਸ ਬੁਝਾਰਤ ਨੂੰ ਕੋਈ ਆਪਣੇ ਆਪ ਨਹੀਂ ਸਮਝ ਸਕਦਾ ਭਾਵ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਕਿਸੀ ਮਨੁੱਖੀ ਸਰੀਰ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਮਝਾ ਸਕਦਾ ਹੈ ਜਿਸਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਆਪ ਹੀ ਇਹ ਬੁਝਾਰਤ ਪਾਈ ਹੋਈ ਹੈ ਤੇ ਆਪਣੀ ਪਾਈ ਹੋਈ ਬੁਝਾਰਤ ਨੂੰ ਬੁਝਾਉਣ ਦਾ ਉਸਦਾ ਮਕਸਦ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦਾ

ਸੱਚ ਸਮਝਾਉਣ ਲਈ ਹੀ ਹੈ ਭਾਵ ਆਪਣੇ ਗੁਰਬਾਣੀ ਦੇ ਸੱਚੇ ਅਰਥ ਸਮਝਾਉਣ ਲਈ ਹੀ ਹੈ। ਉਪਰ ਵਾਲੇ ਸ਼ਬਦ ਵਿੱਚ ਵੀ ਇੱਕ ਪੰਗਤੀ ਰਾਹੀਂ ਉਸ ਪੰਗਤੀ ਦੇ ਭਾਵ ਨੂੰ ਬੁਝਣਾ ਇੱਕ ਬੁਝਾਰਤ ਨੂੰ ਬੁਝਣ ਵਰਗਾ ਹੀ ਹੈ ਜਿਸ ਬੁਝਾਰਤ ਨੂੰ ਬੁਝੇ ਬਿਨ੍ਹਾਂ ਸੰਸਾਰ ਦੇ ਅੱਗੇ ਗੁਰਬਾਣੀ ਦਾ ਸੱਚ ਨਹੀਂ ਆ ਸਕਦਾ ਕਿਉਂਕਿ ਗੁਰਬਾਣੀ ਦੇ ਅੰਦਰ ਦਾ ਸੱਚ ਸੰਸਾਰ ਦੇ ਸਾਹਮਣੇ ਤਾਂ ਹੀ ਆ ਸਕਦਾ ਹੈ ਜਦੋਂ ਸੱਚ ਦਾ ਮਾਲਕ ਕਿਸੇ ਨੂੰ ਆਪ ਹੀ ਸੱਚ ਸਮਝਾਵੇ।

ਹੁਣ ਸ਼ਬਦ ਦੇ ਪਹਿਲੇ ਪਦੇ ਨੂੰ ਸਮਝਦੇ ਹਾਂ ਜਿਸ ਰਾਹੀਂ ਧਰਮ ਦੇ ਆਗੂ ਕਹਾਉਣ ਵਾਲੇ ਸੰਸਾਰੀਆਂ ਨੂੰ ਧਰਮ ਦੇ ਮਾਰਗ ਤੋਂ ਗੁਮਰਾਹ ਕਰਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ ਭਾਵ ਦੂਸਰਿਆਂ ਦੀ ਨਾਸਮਝੀ ਦਾ ਇਸ ਤਰੀਕੇ ਫਾਇਦਾ ਉਠਾਉਂਦੇ ਹਨ ਕਿ ਅਸੀਂ ਪ੍ਰਮਾਤਮਾ ਦੇ ਨੇੜੇ ਹਾਂ, ਅੱਲ੍ਹਾ ਦੇ ਨੇੜੇ ਹਾਂ ਭਾਵ ਉਸ ਗੱਲ ਨੂੰ ਮੰਨੋ ਜੋ ਅਸੀਂ ਸਮਝਾਉਂਦੇ ਹਾਂ ਤੇ ਸਾਡੀ ਸੇਵਾ ਵਿੱਚ ਲੱਗੋ ਤੇ ਸਾਡੀਆਂ ਖੁਸ਼ੀਆਂ ਦਾ ਧਿਆਨ ਰੱਖੋ ਭਾਵ ਆਪ ਪ੍ਰੇਸ਼ਾਨ ਹੋ ਕੇ ਵੀ ਸਾਡੀਆਂ ਗੱਲਾਂ ਨੂੰ ਮੰਨੋ, ਸਾਨੂੰ ਮਾਇਆ ਦੇ ਗੱਫੇ ਵੀ ਦਿਉ ਤੇ ਉਹ ਕੁਝ ਕਰੋ ਜੋ ਸਾਨੂੰ ਚੰਗਾ ਲੱਗਦਾ ਹੈ। ਸ਼ਬਦ ਦੇ ਪਹਿਲੇ ਪਦੇ ਰਾਹੀਂ ਬਾਬਾ ਨਾਨਕ ਜੀ ਨੇ ਸੱਚੇ ਗੁਰੂ ਦੀ ਮਤਿ ਲੈ ਕੇ ਭਾਵ ਅਕਾਲ ਪੁਰਖ ਕੋਲੋਂ, ਅੱਲ੍ਹਾ, ਪ੍ਰਮਾਤਮਾ ਕੋਲੋਂ ਸੱਚਾ ਗਿਆਨ ਲੈਣ ਦੁਆਰਾ ਸੰਸਾਰ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਨਾ ਲੱਗੋ ਜਿਨ੍ਹਾਂ ਨੂੰ ਖੁਦ ਸੱਚੇ ਧਰਮ ਦੇ ਮਾਰਗ ਦੀ ਸਮਝ ਨਹੀਂ ਹੈ। ਆਉ ਧਿਆਨ ਨਾਲ ਸਮਝੀਏ।

54/7504

“ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥”

ਉਪਰ ਵਾਲੇ ਪਦੇ ਵਿੱਚ **“ਲਾਲੋ”** ਨੂੰ ਸੰਬੋਧਨ ਕੀਤਾ ਹੋਇਆ ਹੈ। ਭਾਈ ਲਾਲੋ ਜੀ ਬਾਬਾ ਨਾਨਕ ਜੀ ਦੇ ਸਮੇਂ ਵਿੱਚ ਹੋਏ ਹਨ ਤੇ ਉਹ ਗੁਰੂ ਸਾਹਿਬ ਨੂੰ ਬਹੁਤ ਪਿਆਰ ਕਰਦੇ ਸਨ, ਉਨ੍ਹਾਂ ਨੂੰ ਗੁਰੂ ਸਾਹਿਬ ਬਹੁਤ ਚੰਗੇ ਲੱਗਦੇ ਸਨ ਤੇ ਉਨ੍ਹਾਂ ਕੋਲੋਂ ਉਹ ਸੱਚੇ ਧਰਮ ਦਾ ਮਾਰਗ ਪੁੱਛਦੇ ਸਨ ਕਿ ਇਤਨੀ ਉੱਚੀ ਬਾਣੀ ਦੀ ਸਮਝ ਤੁਹਾਨੂੰ ਕਿਸ ਤਰੀਕੇ ਪੈਂਦੀ ਹੈ ਜਿਹੋ ਜਿਹੀ ਉੱਚੀ ਸਮਝ ਕਿਸੇ ਹੋਰ ਨੂੰ ਨਹੀਂ ਪੈਂਦੀ। ਬਾਬਾ ਨਾਨਕ ਜੀ ਭਾਈ ਲਾਲੋ ਜੀ ਨੂੰ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਉਨ੍ਹਾਂ ਦੀ ਗੱਲ ਦਾ ਇਸ ਤਰੀਕੇ ਜਵਾਬ ਦੇ ਰਹੇ ਹਨ ਕਿ ਜੋ ਬਾਣੀ ਮੈਂ ਉਚਾਰਦਾ ਹਾਂ ਭਾਵ ਜਿਹੋ ਜਿਹਾ ਗਿਆਨ ਮੈਂ ਸ਼ਬਦਾਂ ਦੀ ਵਿਚਾਰ ਰਾਹੀਂ ਸੰਸਾਰ ਨੂੰ ਦੇ ਰਿਹਾ ਹਾਂ ਉਹ ਬਾਣੀ ਮੇਰੀ ਨਹੀਂ ਹੈ। ਇਹ ਬਾਣੀ **“ਖਸਮ”** ਦੀ ਬਾਣੀ ਹੈ ਜੋ ਸੰਸਾਰ ਦਾ ਇੱਕੋ ਇੱਕ ਖਸਮ ਮੈਨੂੰ ਮੇਰੀ ਸਮਝ ਦੇ ਵਿੱਚ ਆਪ ਹੀ ਸਾਰਾ ਗਿਆਨ ਦੇ ਰਿਹਾ ਹੈ। **(ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥)**

ਖਸਮ ਕੌਣ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਸਾਰੇ ਸੰਸਾਰ ਦਾ ਖਸਮ ਇੱਕੋ ਹੀ ਹੈ ਜੋ ਕਿ ਸ੍ਰਿਸ਼ਟੀ ਦਾ ਕਰਤਾ ਹੈ ਤੇ ਸੰਸਾਰ ਦਾ ਹਰ ਮਨੁੱਖੀ ਰੂਪ ਉਸਦੀ ਨਾਰ ਹੈ ਭਾਵ ਇਸਤਰੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}

(ਅੰਗ ੯੨੨)

ਮਃ ੩ ॥

{ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥
ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥
ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥
ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥ ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥
ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥
ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥}

(ਅੰਗ ੫੯੧-੫੯੨)

ਸਾਡਾ ਸਭ ਦਾ ਸੱਚ ਰੂਪ ਖਸਮ ਭਾਵ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਹੀ ਵਰਤ ਰਿਹਾ ਹੈ ਜਿਸਨੇ ਆਪ ਹੀ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਜਦ ਤੱਕ ਉਹ ਕਿਸੀ ਮਨੁੱਖੀ ਸਮਝ ਦੇ ਅੰਦਰ ਆਪਣਾ ਸੱਚ ਰੂਪ ਪ੍ਰਗਟ ਨਹੀਂ ਕਰਦਾ ਭਾਵ ਸੱਚੇ ਗਿਆਨ ਵਾਲਾ, ਚੌਥੇ ਪਦ ਦੇ ਗਿਆਨ ਵਾਲਾ, ਆਪਣੇ ਨਾਮ ਵਾਲਾ ਭਾਵ ਆਪਣੇ ਬ੍ਰਹਮ ਗਿਆਨ ਵਾਲਾ ਰੂਪ ਪ੍ਰਗਟ ਨਹੀਂ ਕਰਦਾ ਤਦ ਤੱਕ ਕੋਈ ਵੀ ਮਨੁੱਖ ਨਾ ਹੀ ਆਪਣੇ ਅੰਦਰੋਂ ਸੱਚ ਰੂਪ ਖਸਮ ਨੂੰ ਜਾਣ ਸਕਦਾ ਹੈ ਤੇ ਨਾ ਹੀ ਉਸਦੀ ਸਿਫਤ ਸਾਲਾਹ ਕਰਨੀ ਸਮਝ ਸਕਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ। ਪੂਰੀ ਗੁਰਬਾਣੀ ਦੀ ਰਚਨਾ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਸੱਚ ਰੂਪ ਖਸਮ ਨੇ

54/7505

ਆਪ ਹੀ ਕਰਵਾਈ ਹੈ ਜਿਸ ਕਰਕੇ ਪੂਰੀ ਗੁਰਬਾਣੀ ਹਰ ਸ਼ਬਦ ਰਾਹੀਂ ਪੂਰਨ ਸੱਚ ਹੀ ਸਮਝਾ ਰਹੀ ਹੈ, ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾ ਰਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ। ਧਰਮ ਦੇ ਮਾਰਗ ਦੇ ਸੱਚ ਦੀ ਸਮਝ ਆਏ ਬਿਨ੍ਹਾਂ ਧਰਮ ਦਾ ਮਾਰਗ ਸਮਝਾਉਣ ਵਾਲੇ ਤਾਂ ਬਹੁਤ ਹਨ ਜੋ ਪੂਰੇ ਭਾਰਤ ਵਰਸ਼ ਵਿੱਚ ਜਗ੍ਹਾ ਜਗ੍ਹਾ ਆਪਣੇ ਡੇਰੇ ਆਦਿ ਬਣਾਈ ਬੈਠੇ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਵਿਦਵਾਨ ਅਖਵਾਉਂਦੇ ਹਨ ਜਿਸ ਕਰਕੇ ਉਹ ਦੂਸਰਿਆਂ ਦੀ ਪ੍ਰੇਸ਼ਾਨੀ ਦਾ ਕਾਰਣ ਬਣਦੇ ਹਨ, ਦੁੱਖਾਂ ਦਾ ਕਾਰਣ ਬਣਦੇ ਹਨ। ਇਹੀ ਗੱਲ ਬਾਬਾ ਨਾਨਕ ਜੀ ਭਾਈ ਲਾਲੋ ਜੀ ਨੂੰ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾ ਰਹੇ ਹਨ ਤੇ ਹਰ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਗੁਰੂ ਗੁਰਬਾਣੀ ਦੇ ਸੱਚ ਨਾਲ ਜੁੜ ਸਕੀਏ ਭਾਵ ਗੁਰੂ ਦੀ ਸੱਚੀ ਮਤਿ ਨਾਲ ਜੁੜ ਸਕੀਏ ਤੇ ਉਨ੍ਹਾਂ ਦੀ ਮਤਿ ਵਿੱਚੋਂ ਨਿਕਲ ਸਕੀਏ ਜਿਨ੍ਹਾਂ ਦੀ ਮਤਿ ਦੇ ਪਿੱਛੇ ਲੱਗ ਕੇ ਅਸੀਂ ਬੇਵਜ੍ਹਾ ਆਪਣੇ ਆਪ ਨੂੰ ਦੁੱਖੀ ਹੀ ਕਰਦੇ ਹਾਂ। ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਾਨੂੰ **"ਬਾਬਰ"** ਦਾ ਹਵਾਲਾ ਦੇ ਕੇ ਸਮਝਾਇਆ ਹੋਇਆ ਹੈ ਜਿਸਨੇ **"ਕਾਬੁਲ"** ਤੋਂ ਭਾਰਤ ਵਰਸ਼ ਵਿੱਚ ਆ ਕੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਸੀ।

"ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥"

ਜਿਸ ਤਰੀਕੇ ਬਾਬਰ ਨੇ ਹਿੰਦੂਸਤਾਨ ਵਿੱਚ ਆ ਕੇ ਲੋਕਾਂ ਨੂੰ ਦੁੱਖੀ ਕੀਤਾ ਸੀ ਉਸੇ ਤਰੀਕੇ ਹੀ ਸਾਨੂੰ ਨਾਸਮਝ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਦੁੱਖੀ ਕਰਦੇ ਹਨ ਜਿਵੇਂ ਕਿ ਨਾਲ ਹੀ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਧਰਮ ਦੇ ਵਿਦਵਾਨ ਅਖਵਾਉਣ ਵਾਲਿਆਂ ਨੂੰ ਸੰਬੋਧਨ ਕਰਕੇ ਉਨ੍ਹਾਂ ਨੂੰ ਮਾੜੇ ਮਨੁੱਖ ਕਿਹਾ ਹੋਇਆ ਹੈ, ਬਾਬਰ ਦੀ ਤਰ੍ਹਾਂ ਮਾੜਾ ਮਨੁੱਖ ਕਿਹਾ ਹੋਇਆ ਹੈ। ਉਪਰ ਵਾਲੀ ਪੰਗਤੀ ਵਿੱਚ ਬਾਬਰ ਨੂੰ ਪਾਪੀ ਮਨੁੱਖ ਕਿਹਾ ਹੋਇਆ ਹੈ ਜੋ ਕਿ ਅਨੇਕਾਂ ਹੀ ਆਪਣੇ ਨਾਲ ਪਾਪ ਕਰਨ ਵਾਲੇ ਫੌਜੀਆਂ ਨੂੰ ਲੈ ਕੇ ਆਇਆ ਸੀ ਜਿਸਨੂੰ ਕਿ ਪਾਪ ਦੀ ਜੰਵ ਕਿਹਾ ਹੋਇਆ ਹੈ। ਪਾਪ ਦੀ ਜੰਵ ਅਸਲ ਵਿੱਚ ਮਨੁੱਖ ਦੇ ਪਾਪੀ ਵਿਚਾਰਾਂ ਦੀ ਜੰਵ ਹੈ ਭਾਵ ਨਾਸਮਝ ਵਿਚਾਰਾਂ ਦੀ ਜੰਵ ਹੈ ਜਿਨ੍ਹਾਂ ਵਿਚਾਰਾਂ ਨੂੰ ਧਰਮ ਦੇ ਸੱਚੇ ਵਿਚਾਰਾਂ ਦੀ ਸਮਝ ਨਹੀਂ ਹੁੰਦੀ। ਜੰਵ ਤਾਂ ਚੰਗੇ ਕੰਮ ਲਈ ਆਉਂਦੀ ਹੈ ਜਿਸਨੂੰ ਕਿ ਚੰਗਾ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਨਾਸਮਝ ਧਾਰਮਿਕ ਵਿਦਵਾਨਾਂ ਨੂੰ ਇੱਕ ਜੰਵ ਦੀ ਤਰ੍ਹਾਂ ਚੰਗਾ ਸਮਝਦੇ ਹਾਂ ਪਰ ਜੇਕਰ ਉਹ ਪਾਪੀ ਬਣ ਜਾਣ ਫਿਰ ਉਹ ਬਾਬਰ ਦੀ ਤਰ੍ਹਾਂ ਹੀ ਮਾੜੇ ਹਨ। ਪਾਪੀ ਮਨੁੱਖ ਭਾਵ ਮਾੜਾ ਮਨੁੱਖ ਆਪਣੇ ਜੋਰ ਦੇ ਨਾਲ ਭਾਵ ਆਪਣੀ ਤਾਕਤ ਦੇ ਨਾਲ ਲੋਕਾਂ ਕੋਲੋਂ ਦਾਨ ਮੰਗਦਾ ਹੈ। ਦਾਨ ਦੇਣਾ ਤਾਂ ਇੱਕ ਸ਼ਰਧਾ ਦੀ ਗੱਲ ਹੈ ਤੇ ਕਿਸੇ ਦੀ

ਸ਼ਰਧਾ ਤੋਂ ਉਲਟ ਕਿਸੇ ਤੇ ਆਪਣਾ ਜੋਰ ਦਿਖਾ ਕੇ ਉਸ ਕੋਲੋਂ ਦਾਨ ਮੰਗਣਾ ਉਸ ਤੇ ਪਾਪ ਕਰਨ ਵਾਲੀ ਗੱਲ ਹੈ ਭਾਵ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਦੀਆਂ ਨਜਰਾਂ ਵਿੱਚ ਉਸਦਾ ਪਾਪੀ ਬਣਨ ਵਾਲੀ ਗੱਲ ਹੈ। ਜੋ ਵੀ ਕਰਮ ਅਸੀਂ ਗੁਰਮਤਿ ਦੇ ਉਲਟ ਕਰਦੇ ਹਾਂ, ਸੱਚ ਦੇ ਉਲਟ ਕਰਦੇ ਹਾਂ ਉਹ ਅਸੀਂ ਧਰਮ ਦੇ ਮਾਰਗ ਤੋਂ ਉਲਟ ਕਰਦੇ ਹਾਂ ਜਿਹੋ ਜਿਹੇ ਕਰਮ ਕਰਨ ਨਾਲ

54/7506

ਸਾਡੀ ਪ੍ਰਮਾਤਮਾ ਦੀ ਨਜਰਾਂ ਵਿੱਚ ਇੱਜਤ ਨਹੀਂ ਰਹਿੰਦੀ ਜਿਹੋ ਜਿਹੀ ਮਨ ਦੀ ਨਾਸਮਝੀ ਕਰਕੇ ਮਨ ਦੀ ਸਮਝ ਦੇ ਅੰਦਰ ਪੂਰੀ ਤਰ੍ਹਾਂ ਕੂੜ ਪ੍ਰਧਾਨ ਹੁੰਦਾ ਹੈ ਭਾਵ ਝੂਠ ਪ੍ਰਧਾਨ ਹੁੰਦਾ ਹੈ ਤੇ ਮਨ ਦੇ ਅੰਦਰ ਦਾ ਇਹ ਝੂਠ ਹੀ ਮਨੁੱਖ ਕੋਲੋਂ ਪਾਪਾਂ ਵਾਲੇ ਕਰਮ ਕਰਾਉਂਦਾ ਹੈ, ਮਨੁੱਖ ਨੂੰ ਪਾਪੀ ਬਣਾਉਂਦਾ ਹੈ। ਜੋ ਵੀ ਕਰਮ ਮਨੁੱਖ ਗੁਰੂ ਦੇ ਸਮਝਾਏ ਹੋਏ ਸੱਚ ਤੋਂ ਉਲਟ ਕਰਦਾ ਹੈ ਭਾਵ ਧਰਮ ਦੇ ਮਾਰਗ ਤੋਂ ਉਲਟ ਕਰਦਾ ਹੈ ਭਾਵ ਮਾੜੇ ਕਰਮ ਕਰਦਾ ਹੈ ਉਹ ਹਰ ਮਨੁੱਖ ਲਈ ਪਾਪ ਹੈ ਭਾਵ ਬਹੁਤ ਮਾੜੀ ਗੱਲ ਹੈ। **(ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥)**

ਜੰਵ ਉੱਥੇ ਲੈ ਕੇ ਜਾਈਦੀ ਹੈ ਜਿੱਥੇ ਕੋਈ ਵਿਆਹ ਕਰਨਾ ਹੁੰਦਾ ਹੈ ਤੇ ਜੋ ਵਿਆਹ ਦੀ ਰਸਮ ਪੜਦੇ ਹਨ ਭਾਵ ਜਿਨ੍ਹਾਂ ਦਾ ਉਹ ਵਿਆਹ ਕਰਾਉਂਦੇ ਹਨ ਉਨ੍ਹਾਂ ਨੂੰ ਸੱਚਾ ਸੁੱਚਾ ਜੀਵਨ ਜਿਉਣ ਦਾ ਤਰੀਕਾ ਵੀ ਸਮਝਾਉਂਦੇ ਹਨ। ਦੁਨਿਆਵੀ ਵਿਆਹ ਦੇ ਵੇਲੇ ਜੋ **"ਅਗਦੁ"** ਭਾਵ ਵਿਆਹ ਕਰਨ ਦਾ ਤਰੀਕਾ ਪੜਕੇ ਸੁਣਾਉਂਦੇ ਹਨ ਭਾਵ ਜੋ ਸੰਸਾਰੀਆਂ ਨੂੰ ਆਪਸ ਵਿੱਚ ਮਨੁੱਖੀ ਸਰੀਰਾਂ ਦਾ ਵਿਆਹ ਕਰਨਾ ਸਿਖਾਉਂਦੇ ਹਨ ਭਾਵ ਫੇਰੇ ਆਦਿ ਕਰਵਾਉਂਦੇ ਹਨ ਉਹ ਤਾਂ ਕੋਈ ਵੀ ਹੋ ਸਕਦੇ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ ਪਰ ਜੋ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਆਹ ਕਰਨਾ ਸਿਖਾਉਂਦੇ ਹਨ ਭਾਵ ਉਸਦੀ ਇਸਤਰੀ ਬਣਨਾ ਸਿਖਾਉਂਦੇ ਹਨ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਭਾਵ ਗਾਡ ਦੇ ਨਾਲ, ਪ੍ਰਮਾਤਮਾ ਦੇ ਨਾਲ, ਅੱਲ੍ਹਾ ਦੇ ਨਾਲ, ਅਕਾਲ ਪੁਰਖ ਦੇ ਨਾਲ ਮੇਲ ਕਰਨਾ ਸਿਖਾਉਂਦੇ ਹਨ ਭਾਵ ਉਸਦੇ ਨਾਲ ਵਿਆਹ ਕਰਨਾ ਸਿਖਾਉਂਦੇ ਹਨ ਭਾਵ ਸੱਚੇ ਧਰਮ ਦੇ ਮਾਰਗ ਤੇ ਚੱਲਣਾ ਸਿਖਾਉਂਦੇ ਹਨ ਉਹ ਕਿਹੋ ਜਿਹੇ ਹੁੰਦੇ ਹਨ ਉਨ੍ਹਾਂ ਦੀ ਤੁਲਨਾ ਅਗਲੀਆਂ ਪੰਗਤੀਆਂ ਰਾਹੀਂ ਬਾਬਰ ਦੇ ਨਾਲ ਕਰਕੇ ਸਮਝਾਈ ਹੋਈ ਹੈ। ਜਿਵੇਂ ਬਾਬਰ ਨੇ ਹਿੰਦੂਸਤਾਨ ਵਿੱਚ ਆ ਕੇ ਦੁੱਖੀ ਕੀਤਾ ਸੀ ਉਸੇ ਤਰ੍ਹਾਂ ਹੀ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਧਰਮ ਦੇ ਮਾਰਗ ਦੀ ਨਾਸਮਝੀ ਕਰਕੇ ਭਾਵ ਮਨ ਦੇ ਕੂੜ ਕਰਕੇ ਸੰਸਾਰੀਆਂ ਨੂੰ ਦੁੱਖੀ ਕਰਦੇ ਹਨ। ਆਉ ਧਿਆਨ ਨਾਲ ਸਮਝੀਏ।

"ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥"

ਇਹ ਵੱਡੇ ਵੱਡੇ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਭਾਵੇਂ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦੇ ਹੋਣ ਭਾਵ ਭਾਵੇਂ ਕਾਜੀ ਅਖਵਾਉਣ, ਉੱਚੇ ਬ੍ਰਾਹਮਣ ਅਖਵਾਉਣ ਭਾਵ ਉੱਚੇ ਧਰਮ ਦੇ ਗਿਆਤਾ ਅਖਵਾਉਣ ਜਾਂ ਉੱਚੇ ਧਰਮ ਦੇ ਮਾਰਗ ਦੇ ਗਿਆਨੀ ਅਖਵਾਉਣ ਭਾਵ ਆਪਣੀ ਆਪਣੀ ਮਤਿ ਅਨੁਸਾਰ ਸ੍ਰਿਸ਼ਟੀ ਦੇ ਕਰਤੇ ਨੂੰ ਭਾਵ ਗਾਡ ਨੂੰ, ਅੱਲ੍ਹਾ ਨੂੰ, ਪ੍ਰਮਾਤਮਾ ਨੂੰ, ਅਕਾਲ ਪੁਰਖ ਨੂੰ ਜਾਨਣ ਦੀਆਂ ਤੇ ਉਸਦੇ ਨਾਲ ਮਿਲਾਉਣ ਦੀਆਂ ਗੱਲਾਂ ਕਰਨ ਇਹ ਉਨ੍ਹਾਂ ਦੀਆਂ ਝੂਠੀਆਂ ਗੱਲਾਂ ਹਨ। ਜਿਸ ਜਗ੍ਹਾ ਵੀ ਇਹੋ ਜਿਹੇ

54/7507

ਧਰਮ ਦੇ ਵਿਦਵਾਨ ਜਾਂਦੇ ਹਨ ਭਾਵ ਆਪਣੀ ਆਪਣੀ ਮਤਿ ਅਨੁਸਾਰ ਧਰਮ ਦਾ ਪ੍ਰਚਾਰ ਕਰਨ ਜਾਂਦੇ ਹਨ ਉਹ ਆਪਣੇ ਨਾਲ ਆਪਣੇ ਚੇਲੇ ਆਦਿ ਵੀ ਲੈ ਕੇ ਜਾਂਦੇ ਹਨ ਭਾਵ ਇੱਕ ਜੰਵ ਦੀ ਤਰ੍ਹਾਂ ਜਾਂਦੇ ਹਨ ਜਿਹੋ ਜਿਹੀ ਜੰਵ ਹਿੰਦੂਸਤਾਨ ਤੇ ਬਾਬਰ ਲੈ ਕੇ ਆਇਆ ਸੀ ਭਾਵ ਪਾਪ ਦੀ ਜੰਵ ਲੈ ਕੇ ਆਇਆ ਸੀ ਜਿਵੇਂ ਕਿ ਅਸੀਂ ਪਹਿਲੇ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਿਆ ਹੀ ਹੈ। ਕਿਸੇ ਨੂੰ ਧਰਮ ਦਾ ਪੁੱਠਾ ਮਾਰਗ ਸਮਝਾਉਣਾ ਭਾਵ ਸੱਚੇ ਧਰਮ ਗ੍ਰੰਥਾਂ ਦੇ ਗਲਤ ਮਤਲਬ ਪੜ ਪੜ ਕੇ ਸਮਝਾਉਣਾ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਆਹ ਕਰਨ ਦਾ ਗਲਤ ਤਰੀਕਾ ਸਮਝਾਉਣਾ, ਉਸਦੇ ਨਾਲ ਮੇਲ ਕਰਨ ਦਾ ਗਲਤ ਤਰੀਕਾ ਸਮਝਾਉਣਾ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਦੇ ਨਾਲ ਸ਼ੈਤਾਨੀ ਕਰਨ ਵਾਲੀ ਗੱਲ ਹੈ ਭਾਵ ਬਹੁਤ ਮਾੜੀ ਗੱਲ ਹੈ। ਸ਼ੈਤਾਨ ਮਨੁੱਖ ਦੂਸਰਿਆਂ ਨੂੰ ਪ੍ਰੇਸ਼ਾਨ ਹੀ ਕਰਦੇ ਹਨ ਭਾਵ ਉਨ੍ਹਾਂ ਨੂੰ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਜਾਨਣ ਤੋਂ ਦੂਰ ਕਰਦੇ ਹਨ। ਉਪਰ ਵਾਲੀ ਪੰਗਤੀ ਰਾਹੀਂ ਸਾਨੂੰ ਇਹੀ

ਗੱਲ ਸਮਝਾਈ ਹੋਈ ਹੈ। **(ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥)**

ਇਹੋ ਜਿਹੇ ਸ਼ੈਤਾਨ ਮਨੁੱਖ ਭਾਵ ਧਰਮ ਦੇ ਵੱਡੇ ਅਗਿਆਨੀ ਮਨੁੱਖ ਸੰਸਾਰੀਆਂ ਨੂੰ ਕਿਸ ਤਰੀਕੇ ਪ੍ਰੇਸ਼ਾਨ ਕਰਦੇ ਹਨ ਭਾਵ ਕਿਸ ਤਰੀਕੇ ਉਨ੍ਹਾਂ ਦੇ ਦੁੱਖਾਂ ਦਾ ਕਾਰਣ ਬਣਦੇ ਹਨ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਮੁਸਲਮਾਨ ਔਰਤਾਂ ਜੋ ਆਪਣੀ ਧਾਰਮਿਕ ਪੁਸਤਕ ਭਾਵ ਕਤੇਬ ਗ੍ਰੰਥ ਪੜਦੀਆਂ ਹਨ ਭਾਵ ਕੁਰਾਨ ਪੜਦੀਆਂ ਹਨ ਉਹ ਪੁਸਤਕ ਨੂੰ ਪੜਨ ਤੋਂ ਬਾਅਦ ਉਸ ਵਿੱਚੋਂ ਸੱਚਾਈ ਸਮਝਣ ਦੀ ਬਜਾਇ ਭਾਵ ਧਰਮ ਦੇ ਮਾਰਗ ਦਾ ਅਸਲ ਤਰੀਕਾ ਸਮਝਣ ਦੀ ਬਜਾਇ ਕੇਵਲ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਤਰੀਕਾ ਭਾਵ ਖੁਦਾ ਦੇ ਨਾਲ ਮੇਲ ਦਾ ਤਰੀਕਾ ਕੇਵਲ ਮੁੱਖੋਂ ਖੁਦਾ ਖੁਦਾ ਬੋਲਣਾ ਹੀ ਸਮਝਦੀਆਂ ਹਨ ਕਿਉਂਕਿ ਧਰਮ ਦੇ ਵਿਦਵਾਨ ਅਖਵਾਉਣ ਵਾਲੇ ਸ਼ੈਤਾਨਾਂ ਨੇ ਸਮਝਾਇਆ ਹੀ ਇਹ ਹੁੰਦਾ ਹੈ ਕਿ ਮੁੱਖੋਂ ਇੱਕ ਅੱਖਰ ਹੀ ਬੋਲੀ ਜਾਉ ਭਾਵ ਖੁਦਾ ਖੁਦਾ ਕਰੀ ਜਾਉ ਤੇ ਖੁਦਾ ਆਪ ਹੀ ਮਿਲ ਜਾਵੇਗਾ ਪਰ ਇਹ ਧਰਮ ਦੇ ਮਾਰਗ ਦੀ ਸੱਚਾਈ ਨਹੀਂ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਮੁੱਖੋਂ ਕੋਈ ਭਾਵੇਂ ਰਾਮ ਰਾਮ ਬੋਲੀ ਜਾਵੇ, ਭਾਵੇਂ ਖੁਦਾ ਖੁਦਾ ਬੋਲੀ ਜਾਵੇ ਇਸ ਨਾਲ ਕੀ ਫਰਕ ਪੈਂਦਾ ਹੈ ਕਿਉਂਕਿ ਇਹ ਸ੍ਰਿਸ਼ਟੀ ਦੇ ਕਰਤੇ ਨੂੰ, ਖੁਦਾ ਨੂੰ, ਭਗਵਾਨ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਹੈ ਹੀ ਨਹੀਂ। ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਇੱਕ ਤਰੀਕਾ ਮਨੁੱਖ ਦੇ ਚੰਗੇ ਕਰਮ ਹਨ, ਸੱਚੇ ਸੁੱਚੇ ਕਰਮ ਹਨ ਜੋ ਤਰੀਕਾ ਅਪਨਾਏ ਬਿਨ੍ਹਾਂ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦਾ, ਖੁਦਾ ਨੂੰ ਨਹੀਂ ਜਾਣ ਸਕਦਾ ਇਹ ਉਸਦਾ ਸ੍ਰਿਸ਼ਟੀ ਦੇ ਕਰਤੇ ਨੂੰ, ਖੁਦਾ ਨੂੰ ਨਾ ਮਿਲ ਸਕਣ ਦਾ ਕਸ਼ਟ ਦੂਰ ਨਹੀਂ ਹੋ ਸਕਦਾ, ਉਸਦੇ ਨਾਲ ਵਿਛੋੜੇ ਦਾ ਦੁੱਖ ਦੂਰ ਨਹੀਂ ਹੋ ਸਕਦਾ। ਸੱਚੇ ਧਰਮ ਗ੍ਰੰਥਾਂ ਦੇ ਸਮਝਾਏ ਹੋਏ ਸੱਚ ਨਾਲ ਜੁੜੇ ਬਿਨ੍ਹਾਂ ਭਾਵ

54/7508

ਸ਼ੈਤਾਨਾਂ ਦੀ ਮਤਿ ਨੂੰ ਛੱਡੇ ਬਿਨ੍ਹਾਂ ਕੋਈ ਵੀ ਮਨ ਦੇ ਕਸ਼ਟ ਵਿੱਚੋਂ ਨਹੀਂ ਨਿਕਲ ਸਕਦਾ। **(ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥)**

ਉਸ ਅਕਾਲ ਪੁਰਖ ਦੀ ਦਰਗਾਹ ਤੱਕ ਪਹੁੰਚਣ ਲਈ, ਖੁਦਾ ਦੀ, ਰਾਮ ਦੀ ਦਰਗਾਹ ਤੱਕ ਪਹੁੰਚਣ ਲਈ ਜੋ ਉਸਦੀ ਦਰਗਾਹ ਹਰ ਮਨੁੱਖੀ ਸਰੀਰ ਦੇ ਅੰਦਰ ਹੀ ਹੈ ਉਸ ਲਈ ਕੇਵਲ ਉਸਦੇ ਹੁਕਮ ਨੂੰ ਪਛਾਨਣ ਦੀ, ਬੁਝਣ ਦੀ ਭਾਵ ਸਮਝਣ ਦੀ ਲੋੜ ਹੈ ਜੋ ਉਸਦਾ ਸੱਚਾ ਹੁਕਮ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ ਤੇ ਉਸ ਨਾਮ ਨਾਲ ਜੁੜੇ ਬਿਨ੍ਹਾਂ ਨਾ ਹੀ ਕਿਸੇ ਅੱਖਰ ਦਾ ਜਪ ਕੰਮ ਆਉਂਦਾ ਹੈ, ਨਾ ਹੀ ਕਿਸੇ ਤੀਰਥ ਦਾ ਇਸ਼ਨਾਨ ਕੰਮ ਆਉਂਦਾ ਹੈ, ਨਾ ਹੀ ਕੋਈ ਵੱਖਰੀਆਂ ਵੱਖਰੀਆਂ ਪੁਸ਼ਾਕਾਂ ਦਾ ਪਹਿਨਣਾ ਕੰਮ ਆਉਂਦਾ ਹੈ, ਨਾ ਹੀ ਕੋਈ ਧਾਰਮਿਕ ਦਿਖਾਵੇ ਕੰਮ ਆਉਂਦੇ ਹਨ ਤੇ ਇਹ ਸਭ ਕੁਝ ਕਰਨ ਲਈ ਮਨੁੱਖ ਸਰੀਰਕ ਕਸ਼ਟ ਹੀ ਭੁਗਤਦਾ ਹੈ ਤੇ ਹੋਰ ਕੁਝ ਵੀ ਹਾਸਿਲ ਨਹੀਂ ਹੁੰਦਾ ਜਿਵੇਂ ਕਿ ਧੰਨ ਧੰਨ ਪੰਜਵੀਂ ਤੇ ਚੌਥੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਰਾਮਕਲੀ ਮਹਲਾ ੫ ॥

{ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥}

(ਅੰਗ ੯੮੫)

ਸ੍ਰਿਸ਼ਟੀ ਦੇ ਕਰਤੇ ਦਾ ਅਸਲ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਜੋ ਉਸਦਾ ਨਾਮ ਜਪਣ ਦਾ ਤਰੀਕਾ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਕਿ ਮਨੁੱਖ ਦੀ ਸੁਕ੍ਰਿਤ ਕਰਨੀ ਹੈ ਭਾਵ ਮਨੁੱਖ ਦੀ

ਸੱਚੀ ਸੁੱਚੀ ਕਿਰਤ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚੀ ਸੁੱਚੀ ਕਿਰਤ ਕਰਨਾ ਹੀ ਸਮਝਾਉਂਦਾ ਹੈ ਤਾਂ ਜੋ ਅਸੀਂ ਸਾਰੀ ਮਨੁੱਖਤਾ ਦੇ ਭਲੇ ਲਈ ਵਿਚਰੀਏ ਭਾਵ ਕਿਸੇ ਦਾ ਮਾੜਾ ਨਾ ਕਰੀਏ। ਸਾਰੇ ਸੱਚੇ ਧਰਮ ਗ੍ਰੰਥ ਸਾਨੂੰ ਇੱਕੋ ਜਿਹਾ ਨਾਮ ਜਪਣਾ ਹੀ ਸਿਖਾਉਂਦੇ ਹਨ ਪਰ ਧਾਰਮਿਕ ਸ਼ੈਤਾਨਾਂ ਦੇ ਪਿੱਛੇ ਲੱਗ ਕੇ ਅਸੀਂ ਧਰਮ ਗ੍ਰੰਥਾਂ ਦੇ ਮੂਲ ਭਾਵ ਤੱਕ ਪਹੁੰਚਦੇ ਹੀ ਨਹੀਂ ਕਿਉਂਕਿ ਅਸੀਂ ਧਾਰਮਿਕ ਵਿਦਵਾਨ ਅਖਵਾਉਣ ਵਾਲਿਆਂ ਦੀ ਮਤਿ ਨੂੰ ਉੱਚੀ ਮਤਿ ਵਾਲਾ ਸਮਝ ਲੈਂਦੇ ਹਾਂ ਜੋ ਸਾਨੂੰ ਗੁਰੂ ਦੀ ਸੱਚੀ ਮਤਿ ਨਾਲ ਜੁੜਨ ਹੀ ਨਹੀਂ ਦਿੰਦੇ। ਖੁਦਾ ਖੁਦਾ ਕਰਨਾ ਜਾਂ ਰਾਮ ਰਾਮ ਕਰਨਾ ਜਾਂ ਹਰਿ ਹਰਿ ਕਰਨਾ ਜਾਂ ਵਾਹਿਗੁਰੂ ਵਾਹਿਗੁਰੂ ਕਰਨਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਸਭ ਲਈ ਇੱਕੋ ਜਿਹਾ ਹੀ ਹੈ ਜੋ ਕਿ ਮਨੁੱਖ ਦੀ ਸੁਕ੍ਰਿਤ ਕਰਨੀ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

54/7509

ਸੋਰਠਿ ਮਹਲਾ ੫ ॥

{ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥ ਕਰਿ ਇਸਨਾਨੁ ਗ੍ਰਿਹਿ ਆਏ ॥
ਅਨਦ ਮੰਗਲ ਸੁਖ ਪਾਏ ॥੧॥ ਸੰਤਹੁ ਰਾਮ ਨਾਮਿ ਨਿਸਤਰੀਐ ॥
ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥
ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥}

(ਅੰਗ ੬੨੧-੬੨੨)

ਭੈਰਉ ਮਹਲਾ ੪ ॥

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥ ਹਰਿ ਹਰਿ ਨਾਮੁ ਜਪਹੁ ਬਨਵਾਲੀ ॥
ਕਰਿ ਕਿਰਪਾ ਮੇਲਹੁ ਸਤਸੰਗਤਿ ਤ੍ਰੁਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥
ਗੁਰਮੁਖਿ ਸੇਵਾ ਘਾਲਿ ਜਿਨਿ ਘਾਲੀ ॥ ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥੨॥
ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ ॥ ਵਿਚਿ ਕਾਇਆ ਨਗਰ ਲਧਾ ਹਰਿ ਭਾਲੀ ॥੩॥
ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ ॥ ਜਨ ਨਾਨਕ ਤਾਰਹੁ ਨਦਰਿ ਨਿਹਾਲੀ ॥੪॥੩॥}

(ਅੰਗ ੧੧੩੪)

ਹੁਣ ਅਸੀਂ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਇਹ ਧਰਮ ਦੇ ਉੱਚੇ ਵਿਦਵਾਨ ਅਖਵਾਉਣ ਵਾਲੇ ਸੰਸਾਰੀਆਂ ਨੂੰ ਕਿਸ ਤਰੀਕੇ ਭਰਮਾਂ ਵਿੱਚ ਪਾਉਂਦੇ ਹਨ ਤੇ ਸੰਸਾਰ ਦੇ ਦੁੱਖਾਂ ਦਾ ਕਾਰਣ ਬਣਦੇ ਹਨ।

“ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥”

ਉਪਰ ਵਾਲੀ ਪੰਗਤੀ ਤੋਂ ਪਹਿਲੀ ਪੰਗਤੀ ਰਾਹੀਂ ਮੁਸਲਮਾਨ ਔਰਤਾਂ ਦੀ ਗੱਲ ਕੀਤੀ ਹੋਈ ਹੈ ਤੇ ਉਪਰ ਵਾਲੀ ਪੰਗਤੀ ਵਿੱਚ ਹਿੰਦੂ ਔਰਤਾਂ ਦੀ ਗੱਲ ਕੀਤੀ ਹੋਈ ਹੈ। ਔਰਤਾਂ ਨੂੰ ਖਾਸ ਕਰਕੇ ਇਸ ਲਈ ਸੰਬੋਧਨ ਕੀਤਾ ਹੋਇਆ ਹੈ ਕਿਉਂਕਿ ਇਹ ਧਾਰਮਿਕ ਵਿਦਵਾਨ ਅਖਵਾਉਣ ਵਾਲਿਆਂ ਦੀਆਂ ਗੱਲਾਂ ਵਿੱਚ, ਸੰਤ, ਬਾਬੇ ਆਦਿ ਅਖਵਾਉਣ ਵਾਲਿਆਂ ਦੀਆਂ ਗੱਲਾਂ ਵਿੱਚ ਜਲਦੀ ਆ ਜਾਂਦੀਆਂ ਹਨ। ਇਹ ਉਨ੍ਹਾਂ ਦੇ ਅੰਦਰ ਦਾ ਸੁਭਾਅ ਹੈ ਜੋ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ।

ਆਪਣੇ ਆਪਣੇ ਸੁਭਾਅ ਅਨੁਸਾਰ ਧਾਰਮਿਕ ਬਾਬਿਆਂ ਆਦਿ ਲਈ ਸੇਵਾ ਭਾਵਨਾ ਵੀ ਜਿਆਦਾ ਰੱਖਦੀਆਂ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਉਪਰ ਵਾਲੀ ਪੰਗਤੀ ਵਿੱਚ ਇਹ ਸੰਸਾਰਿਕ ਬਾਬੇ ਮਨੁੱਖ ਨੂੰ ਕਿਸ ਤਰੀਕੇ ਕਸ਼ਟਾਂ ਵਿੱਚ ਪਾਉਂਦੇ ਹਨ ਖਾਸ ਕਰਕੇ ਹਿੰਦੂ ਸਮਾਜ ਵਾਲੇ ਬਾਬੇ, ਇਹੀ ਗੱਲ ਸਮਝਾਈ ਹੋਈ ਹੈ। **"ਜਾਤਿ ਸਨਾਤੀ"** ਤੋਂ ਭਾਵ ਹੈ ਉੱਚੀ ਜਾਤਿ ਤੇ ਨੀਵੀਂ ਜਾਤਿ। ਸ੍ਰਿਸ਼ਟੀ ਦੇ ਕਰਤੇ ਨੇ ਜਿਸ ਹਰ ਮਨੁੱਖੀ ਸਰੀਰ ਦੀ ਰਚਨਾ ਕੀਤੀ ਹੈ ਉਸਨੇ ਤਾਂ ਕਿਸੇ ਨੂੰ ਕੋਈ ਉੱਚੀ ਜਾ ਨੀਵੀਂ ਜਾਤਿ ਵਾਲਾ ਨਹੀਂ ਬਣਾਇਆ। ਉੱਚੀ ਜਾਂ ਨੀਵੀਂ ਜਾਤਿ ਵਾਲੇ ਦਰਜੇ ਉਹੋ ਜਿਹੇ ਧਾਰਮਿਕ ਵਿਦਵਾਨਾਂ ਦੀ ਦੇਣ ਹੈ ਜਿਨ੍ਹਾਂ ਨੂੰ ਉਪਰ ਸ਼ਬਦ ਵਿੱਚ ਸ੍ਰਿਸ਼ਟੀ ਦੇ ਕਰਤੇ ਨੇ ਸ਼ੈਤਾਨ ਦਾ ਦਰਜਾ ਦਿੱਤਾ ਹੋਇਆ ਹੈ। ਉੱਚੀ ਜਾਤਿ ਵਾਲੇ ਕਿਸੇ ਨੂੰ ਨੀਵੀਂ ਜਾਤਿ ਵਾਲਾ ਕਹਿੰਦੇ ਹਨ ਉਸ ਨਾਲ ਨੀਵੀਂ ਜਾਤਿ ਅਖਵਾਉਣ ਵਾਲੇ ਕਿਤਨਾ ਕੂ ਦੁੱਖ ਮਹਿਸੂਸ ਕਰਦੇ ਹੋਣਗੇ ਇਸ ਗੱਲ ਨੂੰ ਉਹੀ ਮਹਿਸੂਸ ਕਰ ਸਕਦਾ ਹੈ। ਇਹ ਕਿਸੇ ਤੇ ਜੁਲਮ ਕਰਨ ਵਾਲੀ ਗੱਲ ਹੈ ਭਾਵ ਕਿਸੇ ਨਾਲ ਆਪਣੀ ਸ਼ੈਤਾਨੀ ਦਿਖਾਉਣ ਵਾਲੀ ਗੱਲ ਹੈ। **(ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥)**

54/7510

ਹੁਣ ਉਪਰ ਵਾਲੇ ਪਦੇ ਦੀ ਆਖਰੀ ਪੰਗਤੀ ਨੂੰ ਸਮਝਦੇ ਹਾਂ ਕਿ ਇਹ ਝੂਠੇ ਧਾਰਮਿਕ ਵਿਦਵਾਨ ਸਾਨੂੰ ਕਿਸ ਤਰੀਕੇ ਚੰਗਾ ਬਣਕੇ ਦਿਖਾਉਂਦੇ ਹਨ। ਆਉ ਧਿਆਨ ਨਾਲ ਸਮਝੀਏ।

"ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥"

ਉਪਰ ਸਾਨੂੰ ਧਾਰਮਿਕ ਨਾਸਮਝੀ ਵਿੱਚ ਤੇ ਗੁਰੂ ਦੀ ਸੱਚੀ ਸਮਝ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਖੂਨ ਦਾ ਤੇ ਕੁੰਗੂ ਦਾ ਭਾਵ ਕੇਸਰ ਦਾ ਰੰਗ ਵੇਖਣ ਵਿੱਚ ਇੱਕੋ ਜਿਹਾ ਹੀ ਲੱਗਦਾ ਹੈ ਪਰ ਖੂਨ ਤੇ ਕੇਸਰ ਵਿੱਚ ਫਰਕ ਕਿਤਨਾ ਕੂ ਹੁੰਦਾ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਉਪਰ ਵਾਲੀ ਪੰਗਤੀ ਵਿੱਚ **"ਖੂਨ"** ਮਨਮਤਿ ਨੂੰ ਕਿਹਾ ਹੈ ਭਾਵ ਮਨੁੱਖ ਦੀ ਨਾਸਮਝ ਮਤਿ ਨੂੰ ਕਿਹਾ ਹੈ ਜਿਸਨੂੰ ਸੰਸਾਰ ਦੇ ਇੱਕੋ ਜਿਹੇ ਧਰਮ ਦੇ ਮਾਰਗ ਦੀ ਸੱਚੀ ਸਮਝ ਨਹੀਂ ਹੁੰਦੀ ਤੇ ਇਹੋ ਜਿਹਿਆਂ ਦੀ ਮਤਿ ਨੂੰ ਸਲਾਹੁਣਾ ਭਾਵ ਇਹੋ ਜਿਹੀ ਮਤਿ ਦੀ ਸ਼ਲਾਂਘਾ ਕਰਨੀ ਭਾਵ ਇਹੋ ਜਿਹਿਆਂ ਦੀ ਮਤਿ ਨੂੰ ਮੰਨ ਕੇ ਉਸਤੇ ਅਮਲ ਕਰਨਾ ਖੂਨ ਦੇ ਸੋਹਿਲੇ ਗਾਉਣ ਵਾਲੀ ਗੱਲ ਹੈ। ਇਨ੍ਹਾਂ ਦੀ ਖੂਨ ਰੂਪ ਮਤਿ ਭਾਵ **"ਰਤੁ"** ਰੂਪ ਮਤਿ ਸਾਨੂੰ ਕਿਸ ਲਈ ਚੰਗੀ ਲੱਗਦੀ ਹੈ ਕਿਉਂਕਿ ਇਨ੍ਹਾਂ ਦੀ ਮਤਿ ਨੂੰ ਅਸੀਂ **"ਕੁੰਗੂ"** ਰੂਪ ਭਾਵ ਕੇਸਰ ਰੂਪ ਸਮਝਦੇ ਹਾਂ ਭਾਵ ਗੁਰੂ ਦੀ ਸੱਚੀ ਮਤਿ ਵਰਗਾ ਸਮਝਦੇ ਹਾਂ ਕਿਉਂਕਿ ਇਹ ਕਹਿੰਦੇ ਹਨ ਅਸੀਂ ਆਪਣੇ ਅੰਦਰ ਕੁੰਗੂ ਪਾਇਆ ਹੋਇਆ ਹੈ ਭਾਵ ਸਾਨੂੰ ਗੁਰੂ ਦੀ ਮਤਿ ਦੀ ਪੂਰੀ ਸਮਝ ਹੈ ਜਦਕਿ ਜਿਸਨੂੰ ਉਹ ਕੁੰਗੂ ਕਹਿੰਦੇ ਹਨ ਅਸਲ ਵਿੱਚ ਉਹ ਉਨ੍ਹਾਂ ਦੇ ਅੰਦਰ ਦਾ ਖੂਨ ਹੀ ਹੁੰਦਾ ਹੈ ਭਾਵ ਉਨ੍ਹਾਂ ਦੇ ਅੰਦਰ ਦੀ ਮਨਮਤਿ ਹੀ ਹੁੰਦੀ ਹੈ ਭਾਵ ਇਹੋ ਜਿਹੇ ਕੇਵਲ ਸੰਸਾਰੀਆਂ ਨੂੰ ਝੂਠਾ ਮਾਰਗ ਹੀ ਸਮਝਾਉਂਦੇ ਹਨ ਭਾਵ ਸਿਸ਼੍ਰਟੀ ਦੇ ਕਰਤੇ ਦੇ ਨਾਲ ਮੇਲ ਕਰਨ ਦਾ ਝੂਠਾ ਮਾਰਗ ਹੀ ਸਮਝਾਉਂਦੇ ਹਨ ਤੇ ਸੰਸਾਰੀਆਂ ਨੂੰ ਕੇਵਲ ਉਲਝਣਾਂ ਵਿੱਚ ਪਾ ਕੇ ਦੁੱਖੀ ਹੀ ਕਰਦੇ ਹਨ। ਹੁਣ ਅਸੀਂ ਸ਼ਬਦ ਦੇ ਪਹਿਲੇ ਪਦੇ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਾਂ ਕਿ ਧੰਨ ਧੰਨ ਸ੍ਰਿਸ਼ਟੀ ਦੇ ਕਰਤੇ ਨੇ ਸੱਚੇ ਬਾਬਾ ਨਾਨਕ ਦੀ ਬਾਣੀ ਰਾਹੀਂ ਆਪਣਾ ਸੱਚਾ ਗਿਆਨ ਦੇਣ ਦੁਆਰਾ ਸੰਸਾਰ ਨੂੰ ਕੀ ਸਮਝਾਇਆ ਹੋਇਆ ਹੈ ਤਾਂ ਜੋ ਉਹ ਨਕਲੀ ਬਾਬਿਆਂ ਤੋਂ ਬੱਚ ਸਕਣ ਭਾਵੇਂ ਇਹੋ ਜਿਹੇ ਨਕਲੀ ਬਾਬੇ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦੇ ਹੋਣ। **(ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥)**

ਆਉ ਹੁਣ ਸ਼ਬਦ ਦੇ ਅਗਲੇ ਪਦੇ ਰਾਹੀਂ ਇਸ ਗੱਲ ਨੂੰ ਸਮਝੀਏ ਕਿ ਉਸ ਇੱਕੋ ਇੱਕ **"ਸਾਹਿਬ"** ਭਾਵ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਕਿਸ ਤਰੀਕੇ ਗਾਏ ਜਾ ਸਕਦੇ ਹਨ ਭਾਵ ਬਾਬਾ ਨਾਨਕ ਜੀ ਨੇ ਆਪਣੇ ਸਾਹਿਬ ਦੇ ਗੁਣ ਕਿਸ ਤਰੀਕੇ ਗਾਏ ਹਨ ਤੇ ਸੰਸਾਰ ਨੂੰ ਉਸਦੇ ਗੁਣ ਕਿਹੜੇ ਤਰੀਕੇ ਗਾਉਣਾ ਸਿਖਾਏ ਹਨ।

54/7511

"ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥"

ਜਿਵੇਂ ਕਿ ਅਸੀਂ ਪੂਰੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਕੋਈ ਤਾਂ ਹੀ ਗਾ ਸਕਦਾ ਹੈ ਜਦੋਂ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਹ ਆਪ ਹੀ ਆਪਣੇ ਗੁਣ ਗਾਉਣੇ ਸਿਖਾਉਂਦਾ ਹੈ ਭਾਵ ਮਨੁੱਖੀ ਸਮਝ ਨੂੰ ਹਰ ਔਗੁਣ ਵਿੱਚੋਂ ਕੱਢ ਕੇ ਉਸ ਸਮਝ ਨੂੰ ਪੂਰੇ ਗੁਣਾਂ ਵਾਲੀ ਸਮਝ ਬਣਾਉਂਦਾ ਹੈ। ਮਨੁੱਖ ਜੋ ਵੀ ਔਗੁਣ ਕਰਦਾ ਹੈ ਉਹ ਮਨ ਦੀ ਨਾਸਮਝੀ ਕਰਕੇ ਹੀ ਕਰਦਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਕਰਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਦੀ ਸਮਝ ਨਾ ਹੋਣ ਕਰਕੇ ਹੀ ਕਰਦਾ ਹੈ, ਮਨ ਦੀ ਹਉਮੈ ਵਾਲੀ ਸਮਝ ਕਰਕੇ ਕਰਦਾ ਹੈ ਭਾਵ ਨਾਮ ਦੀ ਸਮਝ ਨਾ ਹੋਣ ਕਰਕੇ ਕਰਦਾ ਹੈ ਤੇ ਜਿਸਨੂੰ ਉਹ ਕਰਤਾ ਆਪਣੇ ਨਾਮ ਦੀ ਸਮਝ ਪਾਉਂਦਾ ਹੈ ਭਾਵ ਆਪਣੇ ਸੱਚ ਦੀ ਸਮਝ ਪਾਉਂਦਾ ਹੈ, ਆਪਣੀ ਰਚੀ ਹੋਈ ਸ੍ਰਿਸ਼ਟੀ ਦੇ ਸੱਚ ਦੀ ਸਮਝ ਪਾਉਂਦਾ ਹੈ, ਮਨੁੱਖੀ ਸਰੀਰ ਦੇ ਸੱਚ ਦੀ ਸਮਝ ਪਾਉਂਦਾ ਹੈ ਤੇ ਪੂਰੇ ਸੰਸਾਰ ਲਈ ਇੱਕੋ ਜਿਹੇ ਸੱਚੇ ਮਾਰਗ ਦੀ ਸਮਝ ਪਾਉਂਦਾ ਹੈ ਉਹ ਉਸ ਮਨੁੱਖੀ ਸਰੀਰ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਹੀ ਪਾਉਂਦਾ ਹੈ ਜੋ ਸਮਝ ਉਸਨੇ ਗੁਰਬਾਣੀ ਗ੍ਰੰਥ ਦੀ ਰਚਨਾ ਕਰਨ ਵਾਲਿਆਂ ਨੂੰ ਪਾਈ ਹੈ ਜਿਸ ਗੱਲ ਨੂੰ ਅਸੀਂ ਲੇਖ ਵਿੱਚ ਸ਼ੁਰੂ ਤੋਂ ਲੈ ਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਹਰ ਮਨੁੱਖੀ ਸਰੀਰ ਦੇ ਅੰਦਰ ਉਸਦੇ ਰਹਿਣ ਦਾ ਟਿਕਾਣਾ, ਉਸਦਾ ਨਿਰੰਕਾਰ ਰੂਪ ਟਿਕਾਣਾ ਭਾਵ ਮਨੁੱਖੀ ਸਰੀਰ ਦੇ ਅੰਦਰ ਰਹਿਣ ਦੀ ਪੁਰੀ ਮਨੁੱਖੀ ਮਨ ਹੀ ਹੈ ਜੋ ਕਿ ਸਭ ਦੇ ਅੰਦਰ ਉਸਦਾ ਜੋਤਿ ਰੂਪ ਹੈ ਜਿਸ ਆਪਣੀ ਮਨ ਰੂਪ ਜੋਤਿ ਦੇ ਵਿੱਚੋਂ ਉਹ ਸਭ ਨੂੰ ਗਿਆਨ ਦਿੰਦਾ ਹੈ ਤੇ ਜਦ ਤੱਕ ਉਹ ਸਭ ਨੂੰ ਤ੍ਰੈ ਗੁਣੀ ਗਿਆਨ ਵਿੱਚ ਰੱਖਦਾ ਹੈ ਭਾਵ ਹਉਮੈ ਵਿੱਚ ਰੱਖਦਾ ਹੈ ਭਾਵ ਆਪਣੀ ਮਾਇਆ ਦੀ ਜੁਗਤਿ ਵਿੱਚ ਰੱਖਦਾ ਹੈ, ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਦਾ ਹੈ ਉਸ ਸਮਝ ਵਿੱਚ ਰਹਿੰਦੇ ਹੋਏ ਸ੍ਰਿਸ਼ਟੀ ਦਾ ਹਰ ਮਨੁੱਖ ਮਨਮਤਿ ਵਿੱਚ ਹੀ ਹੁੰਦਾ ਹੈ ਭਾਵ ਮਨਮੁੱਖ ਹੀ ਹੁੰਦਾ ਹੈ। ਜਦ ਤੱਕ ਉਹ ਕਿਸੇ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਸੰਸਾਰ ਦਾ ਕੋਈ ਵੀ ਮਨੁੱਖ ਮਨ ਦੀ ਨਾਸਮਝ ਮਤਿ ਵਿੱਚੋਂ ਨਹੀਂ ਨਿਕਲ ਸਕਦਾ, ਨਹੀਂ ਨਿਕਲ ਸਕਦਾ, ਨਹੀਂ ਨਿਕਲ ਸਕਦਾ। ਆਪਣੀ ਮਨਮੁੱਖਤਾ ਕਰਕੇ ਹੀ ਕੋਈ ਆਪਣੇ ਆਪ ਨੂੰ ਧਰਮ ਦਾ ਉੱਚਾ ਵਿਦਵਾਨ ਅਖਵਾ ਸਕਦਾ ਹੈ, ਆਪਣੇ ਆਪ ਨੂੰ ਗਿਆਨਵਾਨ ਅਖਵਾ ਸਕਦਾ ਹੈ ਕਿਉਂਕਿ ਅਸਲ ਵਿੱਚ ਗਿਆਨ ਦਾ ਮਾਲਕ ਕੌਣ ਹੈ, ਮਨੁੱਖੀ ਸਮਝ ਦਾ ਮਾਲਕ ਕੌਣ ਹੈ ਇਸ ਗੱਲ ਦੀ ਉਨ੍ਹਾਂ ਨੂੰ ਸਮਝ ਹੀ ਨਹੀਂ ਹੁੰਦੀ। ਆਪਣੇ ਆਪ ਨੂੰ ਸੰਤ, ਬਾਬੇ ਆਦਿ ਅਖਵਾਉਣਾ, ਧਰਮ ਦੇ ਵਿਦਵਾਨ ਅਖਵਾਉਣਾ ਬਹੁਤ ਵੱਡਾ ਭਰਮ ਹੈ ਤੇ ਇਹੋ ਜਿਹੇ ਦੂਸਰਿਆਂ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ ਤੇ ਉਨ੍ਹਾਂ ਕੋਲੋਂ ਆਪਣੇ ਗੁਣ ਗਵਾਉਂਦੇ ਹਨ, ਆਪਣੇ ਆਪ ਨੂੰ ਉੱਚਾ ਅਖਵਾਉਂਦੇ ਹਨ ਜੋ ਕਿ ਸੱਚੀ ਗੁਰਮਤਿ ਨੂੰ ਭਾਵ ਸੱਚੇ

54/7512

ਗੁਰੂ ਨੂੰ ਭਾਵ ਗਿਆਨ ਦੇ ਦਾਤੇ ਨੂੰ ਨੀਵਾਂ ਕਰਨ ਵਾਲੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਦ ਤੱਕ ਕਿਸੇ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਜਾਂਦੀ ਕਿ ਸਭ ਕੁਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਹੈ ਤਦ ਤੱਕ ਉਸ ਸਾਹਿਬ ਦੇ ਸੱਚੇ ਗੁਣ ਨਹੀਂ ਗਾਏ ਜਾ ਸਕਦੇ ਕਿਉਂਕਿ ਆਪਣੇ ਗੁਣ ਗਾਉਣੇ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਸਮਝਾਉਂਦਾ ਹੈ ਤੇ ਸੰਸਾਰ ਦੇ ਕਿਸੇ ਵੀ ਮਨੁੱਖ ਲਈ ਸਭ ਤੋਂ ਪਹਿਲਾ ਤੇ ਸਭ ਤੋਂ ਵੱਡਾ ਇਹੀ ਗੁਣ ਹੈ ਕਿ ਉਹ ਆਪਣੇ ਅੰਦਰ ਦੇ ਪੂਰਨ ਵਿਸ਼ਵਾਸ ਦੁਆਰਾ ਇਹ ਕਹਿ ਸਕੇ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ

ਇੱਕੋ ਇੱਕ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਨਾ ਹੀ ਅੱਜ ਤੱਕ ਕੋਈ ਹੋਇਆ ਹੈ ਤੇ ਨਾ ਹੀ ਉਸ ਤੋਂ ਬਿਨ੍ਹਾਂ ਕਦੇ ਕੋਈ ਹੋਰ ਹੋ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿਉਂਕਿ ਧੰਨ ਧੰਨ ਗੁਰੂ ਗੁਰਬਾਣੀ ਜੀ ਤਾਂ ਸਾਨੂੰ ਇਹੀ ਸਮਝਾ ਰਹੇ ਹਨ ਜਿਸ ਸੱਚੇ ਗੁਰੂ ਦੀ ਗੱਲ ਕਦੇ ਝੂਠ ਹੋ ਹੀ ਨਹੀਂ ਸਕਦੀ ਕਿਉਂਕਿ ਸੱਚੀ ਗੁਰਬਾਣੀ ਰਾਹੀਂ ਸੱਚ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਸਮਝਾ ਰਿਹਾ ਹੈ ਜੋ ਕਿ ਅਸਲ ਵਿੱਚ ਆਪ ਹੀ ਗੁਰੂ ਹੈ ਜਿਸਦੀ ਸਮਝ ਉਸਦੇ ਗੁਰੂ ਰੂਪ ਨੂੰ ਕਿਸੇ ਮਨੁੱਖੀ ਸਰੀਰ ਦੇ ਰਾਹੀਂ ਉਸਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ, ਜੋ ਕਿ ਉਸਦੇ ਆਪਣੇ ਜਨਾਉਣ ਦੁਆਰਾ ਹੀ ਪੈ ਸਕਦੀ ਹੈ ਤੇ ਉਸਦੇ ਗੁਰੂ ਰੂਪ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਹੈ ਹੀ ਨਹੀਂ। ਪੂਰੀ ਗੁਰਬਾਣੀ ਦੇ ਅੰਦਰ ਉਸਦਾ ਗੁਰੂ ਰੂਪ ਹੈ ਜੋ ਸਭ ਕੁਝ ਆਪ ਹੀ ਹੈ ਤੇ ਇਸ ਗੱਲ ਨੂੰ ਜਾਣੇ ਬਿਨ੍ਹਾਂ ਕਿ ਉਹ ਸਭ ਕੁਝ ਆਪ ਹੀ ਹੈ ਤਦ ਤੱਕ ਉਸਦੇ ਗੁਣ ਗਾਏ ਹੀ ਨਹੀਂ ਜਾ ਸਕਦੇ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਸ ਲਈ ਕੇਵਲ ਤੇ ਕੇਵਲ ਸੱਚੇ ਗੁਰੂ ਦੀ ਸੱਚੀ ਮਤਿ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਇਸ ਨਿਮਾਣੇ ਜਿਹੇ ਦਾਸ ਦੀ ਸੰਸਾਰ ਦੇ ਹਰ ਮਨੁੱਖ ਦੇ ਅੱਗੇ ਇੱਕ ਵਾਰ ਫਿਰ ਤੋਂ ਤਹਿ ਦਿਲੋਂ ਬੇਨਤੀ ਹੈ ਕਿ ਕੇਵਲ ਤੇ ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਿਆ ਕਰੋ ਭਾਵ ਗੁਰੂ ਦੀ ਗੱਲ ਨੂੰ ਮੰਨਿਆ ਕਰੋ ਤੇ ਇਹੀ ਤਾਂ ਅਸਲ ਵਿੱਚ ਗੁਰੂ ਦੇ ਨਾਮ ਨੂੰ ਜਪਣਾ ਹੈ।

ਆਸਾ ਮਹਲਾ ੧ ॥

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥
ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥
ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

ਉਪਰ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਅਕਾਲ ਪੁਰਖ ਦੇ ਗੁਰੂ ਰੂਪ ਭਾਵ ਉਸਦੇ ਸ਼ਬਦ ਰੂਪ ਵਿੱਚ ਗੁਰੂ ਰੂਪ ਬਾਬਾ ਨਾਨਕ ਜੀ ਸੰਸਾਰ ਨੂੰ ਇਹੀ ਸਮਝਾ ਰਹੇ ਹਨ ਕਿ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਉਸਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਗਾਏ ਜਾ ਸਕਦੇ ਹਨ ਜੋ ਆਪਣੇ ਗੁਣ ਗਾਉਣੇ ਮਨ ਦੇ ਵਿੱਚ ਪ੍ਰਗਟ ਹੋ ਕੇ ਰੱਬ ਆਪ ਹੀ ਸਿਖਾਉਂਦਾ ਹੈ।

“ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥”

54/7513

ਸੰਸਾਰੀ ਮਨੁੱਖ ਮਨ ਦੀ ਨਾਸਮਝੀ ਕਰਕੇ ਉਨ੍ਹਾਂ ਮਨੁੱਖਾਂ ਦੇ ਗੁਣ ਗਾਉਂਦੇ ਹਨ ਜਿਨ੍ਹਾਂ ਨੂੰ ਉਹ ਧਰਮ ਦੇ ਉੱਚੇ ਵਿਦਵਾਨ ਸਮਝਦੇ ਹਨ, ਉੱਚੇ ਗਿਆਨਵਾਨ ਸਮਝਦੇ ਹਨ ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ। ਹੁਣ ਧਿਆਨ ਨਾਲ ਸਮਝੋ ਕਿ ਪੂਰੀ ਗੁਰਬਾਣੀ ਕਿਸਦੇ ਗੁਣ ਗਾ ਰਹੀ ਹੈ ਤੇ ਉਨ੍ਹਾਂ ਸਰੀਰਾਂ ਦੇ ਰਾਹੀਂ ਗਾ ਰਹੀ ਹੈ ਜਿਨ੍ਹਾਂ ਨੇ ਪੂਰੀ ਸ੍ਰਿਸ਼ਟੀ ਦੇ ਸਾਹਿਬ ਨੂੰ, ਸੁਆਮੀ ਨੂੰ ਆਪਣੇ ਅੰਦਰੋਂ ਜਾਣਿਆ ਹੈ ਤੇ ਉਸਨੇ ਆਪਣੇ ਗੁਣ ਪੂਰੀ ਗੁਰਬਾਣੀ ਰਾਹੀਂ ਆਪ ਹੀ ਗਾਉਣੇ ਸਿਖਾਏ ਹਨ ਭਾਵ ਆਪਣੇ ਗੁਣ ਗਾਉਣ ਦੀ ਸੱਚੀ ਸਿੱਖਿਆ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਆਪ ਹੀ ਦਿੱਤੀ ਹੈ। ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਅਕਾਲ ਪੁਰਖ ਰੂਪ ਨਾਨਕ ਜੀ ਸੱਚੇ ਸਾਹਿਬ ਦੇ ਗੁਣ ਕਿਸ ਜਗ੍ਹਾ ਤੋਂ ਗਾ ਰਹੇ ਹਨ ਭਾਵ ਕਿਸ ਜਗ੍ਹਾ ਤੋਂ ਆਪ ਅੱਲ੍ਹਾ, ਪ੍ਰਮਾਤਮਾ ਦੇ ਗੁਣ ਗਾਉਣੇ ਸਮਝ ਰਹੇ ਹਨ ਤੇ ਆਪਣੇ ਇਸ ਸ਼ਬਦ ਰਾਹੀਂ ਸਾਰੇ ਸੰਸਾਰ ਨੂੰ ਸਮਝਾ ਰਹੇ ਹਨ। ਉਹ ਮਾਸ ਪੁਰੀ ਵਿੱਚ ਬੈਠ ਕੇ ਮਸੋਲਾ ਆਖ ਰਹੇ ਹਨ ਭਾਵ ਸਾਰੇ ਸੰਸਾਰ ਨੂੰ ਅਸੂਲ ਦੀ ਗੱਲ ਭਾਵ ਸ੍ਰਿਸ਼ਟੀ ਦੇ ਵਿੱਚ ਜੋ ਵਰਤਦਾ ਹੈ ਉਸਦਾ ਅਟੱਲ ਨਿਯਮ ਸਮਝਾ

ਰਹੇ ਹਨ। **"ਮਾਸ ਪੁਰੀ"** ਕੀ ਹੈ ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਸ੍ਰਿਸ਼ਟੀ ਦੇ ਕਰਤੇ ਦੀ ਪੁਰੀ ਕੀ ਹੈ ਭਾਵ ਉਸਦੇ ਰਹਿਣ ਦੀ ਜਗ੍ਹਾ ਕਿਹੜੀ ਹੈ ਜਿੱਥੋਂ ਉਸਨੂੰ ਕੋਈ ਮਨੁੱਖ ਜਾਣ ਸਕਦਾ ਹੈ ਭਾਵ ਉਸਦੇ ਨਾਲ ਮੇਲ ਕਰ ਸਕਦਾ ਹੈ। ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅੱਲ੍ਹਾ ਰੂਪ ਗੁਰੂ ਦੇ ਸ਼ਬਦ ਰਾਹੀਂ ਸਮਝਿਆ ਹੀ ਹੈ। ਉਸਦੀ ਪੁਰੀ ਜਿੱਥੋਂ ਕੋਈ ਵੀ ਮਨੁੱਖ ਉਸਨੂੰ ਜਾਣ ਸਕਦਾ ਹੈ ਭਾਵ ਜਿਸ ਉਸਦੇ ਅਸਥਾਨ ਤੋਂ ਹਰ ਕੋਈ ਜਾਣ ਸਕਦਾ ਹੈ ਉਹ ਮਨੁੱਖੀ ਮਨ ਹੈ ਭਾਵ ਮਨ ਦੇ ਅੰਦਰ ਦਾ ਦਸਵਾਂ ਦੁਆਰ ਹੈ ਜੋ ਕਿਸੇ ਦੇ ਅੰਦਰ ਦਾ ਦਸਵਾਂ ਦੁਆਰ ਸ੍ਰਿਸ਼ਟੀ ਦਾ ਕਰਤਾ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਖੋਲਦਾ ਹੈ ਤੇ ਤਾਂ ਹੀ ਕੋਈ ਆਪਣੀ ਮਨ ਦੀ ਸਮਝ ਰਾਹੀਂ ਉਸਨੂੰ ਜਾਣ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ।

ਸਾਡਾ ਸਰੀਰ ਮਾਸ ਦਾ ਬਣਿਆ ਹੋਇਆ ਹੈ ਤੇ ਇਸਦੇ ਅੰਦਰ ਜੋ ਗਿਆਨ ਉਪਜਦਾ ਹੈ ਉਹ ਮਨ ਰੂਪ ਢਾਂਚਾ ਵੀ ਮਾਸ ਰੂਪ ਹੀ ਹੈ ਭਾਵ ਆਕਾਰ ਰੂਪ ਹੀ ਹੈ ਪਰ ਉਸਦੇ ਅੰਦਰੋਂ ਜੋ ਸਮਝ ਉਪਜਦੀ ਹੈ, ਸੋਚ ਉਪਜਦੀ ਹੈ, ਵਿਚਾਰ ਉਪਜਦੇ ਹਨ ਭਾਵ ਗਿਆਨ ਉਪਜਦਾ ਹੈ ਉਹ ਨਿਰੰਕਾਰ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਉਪਰ ਵਾਲੀ ਪੰਗਤੀ ਵਿੱਚ **"ਮਾਸ ਪੁਰੀ"** ਤੋਂ ਭਾਵ ਹੈ ਮਨੁੱਖੀ ਸਰੀਰ ਦੇ ਅੰਦਰ ਪ੍ਰਮਾਤਮਾ ਦੇ ਰਹਿਣ ਦੀ ਜਗ੍ਹਾ ਭਾਵ ਉਸਦਾ ਜੋ ਅਸਥਾਨ, ਉਸਦੀ ਉਹ ਦਰਗਾਹ ਜਿਸ ਵਿੱਚ ਪਹੁੰਚ ਕੇ ਬਾਬਾ ਨਾਨਕ ਜੀ ਸਾਹਿਬ ਦੇ ਗੁਣ ਗਾ ਰਹੇ ਹਨ ਭਾਵ ਉਸ ਕੋਲੋਂ ਗੁਣ ਗਾਉਣੇ ਸਿੱਖ ਕੇ ਆਖ ਰਹੇ ਹਨ ਭਾਵ ਆਪਣੇ ਸ਼ਬਦਾਂ ਦੀ ਵਿਚਾਰ ਦੇ ਰਹੇ ਹਨ ਜਿਸ ਰਾਹੀਂ ਉਹ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ

54/7514

ਦਾ ਅਟੱਲ ਨਿਯਮ ਸਮਝਾ ਰਹੇ ਹਨ। **(ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥)**

ਮਨੁੱਖੀ ਸਰੀਰ ਦੇ ਅੰਦਰ ਉਸਦੀ ਪੁਰੀ ਕੀ ਹੈ ਭਾਵ ਉਸਦਾ ਟਿਕਾਣਾ ਕਿਹੜਾ ਹੈ ਜਿਸ ਆਪਣੇ ਟਿਕਾਣੇ ਤੇ ਉਹ ਹਰ ਮਨੁੱਖੀ ਸਰੀਰ ਦੇ ਅੰਦਰ ਰਹਿੰਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ ਕਰਹੁ ਬਿਚਾਰੁ ॥
ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥
ਮੂਲ ਦੁਆਰੈ ਬੰਧਿਆ ਬੰਧੁ ॥ ਰਵਿ ਊਪਰਿ ਗਹਿ ਰਾਖਿਆ ਚੰਦੁ ॥
ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥}

(ਅੰਗ ੧੧੫੯)

ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ
ੴ ਸਤਿਗੁਰ ਪ੍ਰਸਾਦਿ ॥

{ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥
ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ ਰਹਾਉ ॥
ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥
ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥
ਨਹ ਮਰੀਆ ਨਹ ਜਰੀਆ ॥੧॥ ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥
ਬਿਖਨਾ ਘਿਰੀਆ ॥ ਅਬ ਸਾਧੂ ਸੰਗਿ ਪਰੀਆ ॥ ਹਰਿ ਦੁਆਰੈ ਖਰੀਆ ॥

ਦਰਸਨੁ ਕਰੀਆ ॥ ਨਾਨਕ ਗੁਰ ਮਿਰੀਆ ॥ ਬਹੁਰਿ ਨ ਫਿਰੀਆ ॥੨॥੧॥੪੪॥}

(ਅੰਗ ੭੪੬)

ਪ੍ਰਭਾਤੀ ॥

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ ੧੩੫੧)

ਉਪਰ ਵਾਲੇ ਸ਼ਬਦਾਂ ਨੂੰ ਤੇ ਇਨ੍ਹਾਂ ਨਾਲ ਜੁੜੇ ਹੋਏ ਹੋਰ ਵੀ ਅਨੇਕਾਂ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਕਿ ਮਨੁੱਖੀ ਸਰੀਰ ਵਿੱਚ ਸ੍ਰਿਸ਼ਟੀ ਦੇ ਕਰਤੇ ਦਾ ਟਿਕਾਣਾ ਮਨੁੱਖੀ ਮਨ ਹੀ ਹੈ ਜੋ ਕਿ ਉਸਦਾ ਜੋਤਿ ਰੂਪ ਹੈ ਜਿੱਥੋਂ ਕਿਸੇ ਮਨੁੱਖ ਨੂੰ ਇਹ ਸਮਝ ਪੈ ਸਕਦੀ ਹੈ ਕਿ ਪੂਰੇ ਗਿਆਨ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਹੋਰ ਕੋਈ ਵੀ ਨਹੀਂ। ਇਹ ਸਮਝ ਪਏ ਬਿਨ੍ਹਾਂ ਕਿ ਸਭ ਕੁਝ ਬਣਾਉਣ ਵਾਲਾ ਉਹ ਆਪ ਹੀ ਹੈ ਤਦ ਤੱਕ ਉਸ ਗੁਣਾਂ ਦੇ ਮਾਲਕ ਅਕਾਲ ਪੁਰਖ ਦੇ ਗੁਣ ਨਹੀਂ ਗਾਏ ਜਾ ਸਕਦੇ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜਿਸ ਸ਼ਬਦ ਰਾਹੀਂ ਸਾਨੂੰ ਸਾਹਿਬ ਦੇ ਸੱਚੇ ਭਗਤ ਨਾਨਕ ਜੀ ਆਪਣੇ ਸਾਹਿਬ ਦੇ ਗੁਣ ਗਾਉਣੇ ਸਮਝਾ ਰਹੇ ਹਨ।

"ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥"

ਹੁਣ ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਬਾਬਾ ਨਾਨਕ ਜੀ ਕਿਸ ਤਰੀਕੇ ਸ੍ਰਿਸ਼ਟੀ ਦੇ ਗੁਣ ਗਾ ਰਹੇ ਹਨ। ਉਹ ਆਪਣੇ ਸਾਹਿਬ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਚੁੱਕੇ ਹਨ ਜਿਸ ਮਾਲਕ ਨੇ ਸਾਰੀ ਸ੍ਰਿਸ਼ਟੀ ਉਪਾਈ ਹੈ ਭਾਵ

54/7515

ਬਣਾਈ ਹੈ ਤੇ ਜਿਸਨੇ ਆਪ ਹੀ ਆਪਣੀ ਸ੍ਰਿਸ਼ਟੀ ਨੂੰ ਬਣਾ ਕੇ ਆਪਣੇ ਰੰਗ ਨਾਲ ਰੰਗਿਆ ਹੋਇਆ ਹੈ ਭਾਵ ਸਭ ਵਿੱਚ ਉਸੇ ਦਾ ਰੰਗ ਵਰਤ ਰਿਹਾ ਹੈ। ਸਭ ਜਗ੍ਹਾ ਉਸਦੀ ਮਾਇਆ ਦਾ ਰੰਗ ਵਰਤਦਾ ਹੈ, ਉਸਦੀ ਰਚੀ ਹੋਈ ਮਾਇਆ ਦਾ ਰੰਗ ਹੈ ਭਾਵ ਉਸਦੀ ਰਚੀ ਹੋਈ ਮਾਇਆ ਦੀ ਕਲਾ ਹੈ, ਗਿਆਨ ਰੂਪ ਕਲਾ ਹੈ। ਸਭ ਦੇ ਅੰਦਰ ਉਸਦੇ ਗਿਆਨ ਦਾ ਰੰਗ ਹੀ ਵਰਤਦਾ ਹੈ ਜੋ ਰੰਗ ਉਸਦੀ ਰਚੀ ਹੋਈ ਸੱਚੀ ਸਾਇੰਸ ਦਾ ਰੰਗ ਹੈ। ਸਭ ਕੁਝ ਉਸਨੇ ਆਪਣੇ ਉੱਚੇ ਗਿਆਨ ਦੁਆਰਾ ਹੀ ਬਣਾਇਆ ਹੈ ਤੇ ਸਭ ਕੁਝ ਉਸਦੇ ਉੱਚੇ ਗਿਆਨ ਦੁਆਰਾ ਹੀ ਚੱਲ ਰਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਕਿ ਸਭ ਕੁਝ ਉਸਦੇ ਨਾਮ ਨਾਲ ਬਣਿਆ ਹੈ ਤੇ ਸਭ ਜਗ੍ਹਾ ਉਸਦਾ ਨਾਮ ਹੀ ਵਰਤ ਰਿਹਾ ਹੈ ਭਾਵ ਸਭ ਕੁਝ ਉਸਦੀ ਬ੍ਰਹਮ ਗਿਆਨ ਰੂਪ ਸਾਇੰਸ ਨਾਲ ਬਣਿਆ ਹੈ, ਉੱਚੇ ਗਿਆਨ ਵਾਲੀ ਸਾਇੰਸ ਨਾਲ ਬਣਿਆ ਹੈ ਤੇ ਸਭ ਕੁਝ ਉਸਦੇ ਉੱਚੇ ਗਿਆਨ ਦੀ ਸਾਇੰਸ ਨਾਲ ਭਾਵ ਨਾਮ ਨਾਲ ਚੱਲ ਰਿਹਾ ਹੈ। ਸਭ ਕੁਝ ਉਸਦੇ ਨਾਮ ਰੰਗ ਨਾਲ ਹੀ ਬਣਿਆ ਹੈ ਪਰ ਜਦ ਤੱਕ ਉਹ ਆਪਣੇ ਨਾਮ ਦਾ ਰੰਗ ਕਿਸੇ ਮਨੁੱਖੀ ਸਮਝ ਤੇ ਨਹੀਂ ਚੜਾਉਂਦਾ ਤਦ ਤੱਕ ਕੋਈ ਵੀ ਮਨੁੱਖ ਮਨ ਦੇ ਮਾਇਆ ਰੰਗ ਵਿੱਚੋਂ ਭਾਵ ਮਨ ਦੀ ਅਗਿਆਨਤਾ ਦੇ ਰੰਗ ਵਿੱਚੋਂ ਨਹੀਂ ਨਿਕਲ ਸਕਦਾ ਤੇ ਉਸਦੀ ਰਚੀ ਹੋਈ ਮਾਇਆ ਨੂੰ ਨਹੀਂ ਸਮਝ ਸਕਦਾ ਜੋ ਉਸਦੀ ਮਾਇਆ ਭਾਵ ਉਸਦੇ ਰਚੇ ਹੋਏ ਆਕਾਰ ਜਿਧਰ ਵੀ ਨਜਰ ਮਾਰੋ ਉੱਥੇ ਹੀ ਮੌਜੂਦ ਹਨ। ਉਹ ਸਭ ਦੇ ਅੰਦਰ ਹੀ ਬੈਠਾ ਹੈ, ਆਪਣੇ ਨਾਮ ਰੂਪ ਵਿੱਚ ਬੈਠਾ ਹੈ, ਬ੍ਰਹਮ ਗਿਆਨ ਰੂਪ ਵਿੱਚ ਬੈਠਾ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਜਿਸ ਆਪਣੇ ਨਿਰੰਕਾਰ ਰੂਪ ਨਾਲ ਭਾਵ ਬ੍ਰਹਮ ਗਿਆਨ ਰੂਪ ਨਾਲ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਬਣਾਇਆ ਹੈ ਤੇ ਆਪ ਹੀ ਆਪਣੇ ਬ੍ਰਹਮ ਗਿਆਨ ਰੂਪ ਦੁਆਰਾ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ ਜਿਸ ਉਸਦੇ ਨਿਰੰਕਾਰ ਰੂਪ ਨੂੰ ਕੇਵਲ ਤੇ ਕੇਵਲ ਮਨੁੱਖੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜਿਵੇਂ ਕਿ ਉਸਦੇ ਇਸ ਰੂਪ ਨੂੰ ਭਾਵ ਨਾਮ ਰੂਪ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਆਪਣੀ ਸਮਝ ਦੁਆਰਾ ਜਾਣਿਆ ਹੈ ਕਿ ਸਭ ਕੁਝ ਬਨਾਉਣ ਵਾਲਾ ਉਹ ਆਪ ਹੀ ਹੈ ਭਾਵ **"ਇਕੇਲਾ"** ਉਹ ਆਪ ਹੀ ਹੈ ਜਿਸਨੇ ਸਭ ਕੁਝ ਬਣਾਇਆ ਹੈ ਤੇ ਆਪ ਹੀ ਆਪਣੀ ਸ੍ਰਿਸ਼ਟੀ ਨੂੰ ਬਣਾਕੇ ਬੈਠਾ ਦੇਖ

ਰਿਹਾ ਹੈ ਭਾਵ ਚਲਾ ਰਿਹਾ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਉਸਦੇ ਗੁਣ ਗਾਏ ਜਾ ਸਕਦੇ ਹਨ ਕਿ ਸਭ ਕੁਝ ਉਹ ਆਪ ਹੀ ਹੈ। **(ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥)**

ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਿਸਨੇ ਕੀਤੀ ਹੈ ਤੇ ਕਿਸ ਤਰੀਕੇ ਕੀਤੀ ਹੈ।

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ ੨੯੪)

ਮਾਰੂ ਮਹਲਾ ੩ ॥

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥}

(ਅੰਗ ੧੦੬੬)

54/7516

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ ਹੈ, ਕਿਸਨੇ ਕੀਤੀ ਹੈ ਤੇ ਇੱਕੋ ਇੱਕ ਉਸ ਰਚਨਹਾਰ ਨੂੰ ਕਿਸ ਤਰੀਕੇ ਜਾਣਿਆ ਜਾ ਸਕਦਾ ਹੈ ਜੋ ਸ੍ਰਿਸ਼ਟੀ ਦਾ ਕਰਤਾ ਆਪਣੇ ਨਾਮ ਰੂਪ ਵਿੱਚ ਸਭ ਦੇ ਅੰਦਰ ਹੀ ਵੱਸ ਰਿਹਾ ਹੈ ਤੇ ਜਦ ਤੱਕ ਉਹ ਕਿਸੇ ਦੇ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਆਪਣਾ ਨਾਮ ਨਹੀਂ ਬਖਸ਼ਦਾ ਭਾਵ ਆਪਣਾ ਬ੍ਰਹਮ ਗਿਆਨ ਨਹੀਂ ਬਖਸ਼ਦਾ ਤਦ ਤੱਕ ਉਸਨੂੰ ਕੋਈ ਵੀ ਸ੍ਰਿਸ਼ਟੀ ਦਾ ਮਨੁੱਖ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਜੋ ਹਰ ਸਰੀਰ ਦਾ ਰਚਨਹਾਰ ਹੈ ਤੇ ਹਰ ਮਨੁੱਖੀ ਸਰੀਰ ਦੀ ਸਮਝ ਦਾ ਰਚਨਹਾਰ ਹੈ ਜੋ ਕਿ ਇੱਕੋ ਇੱਕ ਆਪ ਹੀ ਹੈ ਤੇ ਉਸ ਤੋਂ ਬਿਨ੍ਹਾਂ ਨਾ ਹੀ ਅੱਜ ਤੱਕ ਹੋਇਆ ਹੈ ਤੇ ਨਾ ਕਦੇ ਕੋਈ ਹੋ ਸਕਦਾ ਹੈ। ਉਹ ਸਦਾ ਤੋਂ ਆਪ ਹੀ ਸਭ ਕੁਝ ਬਣਾ ਕੇ ਤੇ ਆਪ ਹੀ ਸਦਾ ਤੋਂ ਚਲਾ ਰਿਹਾ ਹੈ। ਉਸਦੀ ਹਰ ਗੱਲ ਵਿੱਚ ਇਨਸਾਫ ਹੀ ਹੁੰਦਾ ਹੈ ਭਾਵ ਜੇਕਰ ਕੋਈ ਉਸਨੂੰ ਆਪਣੇ ਅੰਦਰੋਂ ਜਾਨਣਾ ਚਾਹੁੰਦਾ ਹੈ ਉਸਨੂੰ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਉਸਦੇ ਆਪਣੇ ਸਮਝਾਏ ਹੋਏ ਸੱਚ ਤੇ ਚੱਲਣ ਦੁਆਰਾ ਹੀ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਉਸਦੇ ਗੁਣ ਗਾਏ ਜਾ ਸਕਦੇ ਹਨ ਕਿ ਸਭ ਕੁਝ ਉਹ ਇੱਕੋ ਇੱਕ ਆਪ ਹੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ ਕਿ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਭਾਵੇਂ ਕੋਈ ਗਾਡ ਕਹਿ ਕੇ ਪੁਕਾਰਦਾ ਹੈ ਜਾਂ ਪ੍ਰਮਾਤਮਾ ਕਹਿ ਕੇ ਪੁਕਾਰਦਾ ਹੈ ਜਾਂ ਅੱਲ੍ਹਾ ਕਹਿ ਕੇ ਪੁਕਾਰਦਾ ਹੈ ਜਾਂ ਅਕਾਲ ਪੁਰਖ ਕਹਿ ਕੇ ਪੁਕਾਰਦਾ ਹੈ ਜਾਂ ਆਪਣੀ ਆਪਣੀ ਸ਼ਰਧਾ ਅਨੁਸਾਰ ਉਸਨੂੰ ਕੋਈ ਕਿਸੇ ਵੀ ਨਾਮ ਨਾਲ ਪੁਕਾਰਦਾ ਹੈ ਇਹੀ ਗੱਲ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥”

ਸ੍ਰਿਸ਼ਟੀ ਦਾ ਇੱਕੋ ਇੱਕ ਜੋ ਸਾਹਿਬ ਹੈ, ਸੁਆਮੀ ਹੈ ਜੋ ਹਰ ਆਕਾਰ ਰੂਪ ਦਾ ਇੱਕੋ ਇੱਕ ਆਪ ਹੀ ਮਾਲਕ ਹੈ ਉਹ ਸੱਚਾ ਹੈ ਭਾਵ ਆਪਣੇ ਸੱਚ ਰੂਪ ਵਿੱਚ ਵਰਤਦਾ ਹੈ। ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਅਨੇਕਾਂ ਵਾਰੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ

ਹੈ ਕਿ ਉਸਦਾ ਸੱਚ ਰੂਪ ਕੀ ਹੈ ਜੋ ਸੱਚ ਸਭਨਾ ਦਾ ਖਸਮ ਹੈ ਤੇ ਆਪਣੇ ਸੱਚ ਰੂਪ ਵਿੱਚ ਸਭ ਜਗ੍ਹਾ ਵਰਤ ਰਿਹਾ ਹੈ। ਇਹ ਸੱਚ ਰੂਪ ਉਸਦਾ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਰੂਪ ਹੀ ਹੈ ਜੋ ਕਿ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਇਸ ਗੱਲ ਨੂੰ ਅਨੇਕਾਂ ਵਾਰੀ ਸਮਝਿਆ ਹੀ ਹੈ। ਉਸ ਸੱਚ ਦੇ ਮਾਲਕ ਨੂੰ ਉਸਦੀ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਮਤਿ ਨੂੰ ਅਪਨਾਉਣ ਦੁਆਰਾ ਭਾਵ

54/7517

ਉਸ ਸੱਚੀ ਮਤਿ ਤੇ ਅਮਲ ਕਰਨ ਦੁਆਰਾ ਭਾਵ ਉਸਦਾ ਸੱਚਾ ਨਾਮ ਜਪਣ ਦੁਆਰਾ ਹੀ ਪਾਇਆ ਜਾ ਸਕਦਾ ਹੈ ਭਾਵ ਉਸਦੇ ਸਮਝਾਏ ਹੋਏ ਸੱਚ ਨੂੰ ਅਪਨਾ ਕੇ ਹੀ ਸੱਚ ਦੇ ਮਾਲਕ ਨੂੰ ਪਾਉਣ ਦਾ ਸੱਚਾ ਉਦਮ ਕੀਤਾ ਜਾ ਸਕਦਾ ਹੈ। ਉਹ ਆਪਣਾ **"ਤਪਾਵਸੁ"** ਭਾਵ ਇਨਸਾਫ ਸਭ ਦੇ ਨਾਲ ਹੀ ਕਰਦਾ ਹੈ ਭਾਵ ਜੇਕਰ ਕੋਈ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਉਸਦੇ ਸਮਝਾਏ ਹੋਏ ਸੱਚ ਨਾਲ ਨਹੀਂ ਜੁੜਦਾ ਭਾਵ ਜੇਕਰ ਕੋਈ ਉਸਦੀ ਸੱਚੀ ਮਤਿ ਦੇ ਉਲਟ ਚੱਲਦਾ ਹੈ ਉਸ ਨਾਲ ਫਿਰ ਉਹ ਮੇਲ ਨਹੀਂ ਕਰਦਾ। ਉਹ ਪੂਰੇ ਇਨਸਾਫ ਨਾਲ ਚੱਲਦਾ ਹੈ, ਪੂਰੇ ਨਿਆਂ ਵਾਲੀ ਗੱਲ ਕਰਦਾ ਹੈ ਕਿਉਂਕਿ ਇਹ ਉਸਦਾ ਆਪਣਾ ਬਣਾਇਆ ਹੋਇਆ ਅਟੱਲ ਨਿਯਮ ਹੈ। **(ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥)**

ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੇ ਸਮਝਾਏ ਹੋਏ ਸੱਚ ਨੂੰ ਸਮਝਣਾ ਤੇ ਮੰਨਣਾ ਹਰ ਮਨੁੱਖ ਲਈ ਕਿਤਨਾ ਕੁ ਔਖਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਬੇਨਤੀ ਹੈ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ। ਪੰਗਤੀ ਵਿੱਚ **"ਹਿਦੁਸਤਾਨੁ"** ਦੀ ਗੱਲ ਕੀਤੀ ਹੋਈ ਹੈ ਭਾਵ ਭਾਰਤ ਵਰਸ਼ ਦੀ ਗੱਲ ਕੀਤੀ ਹੋਈ ਹੈ ਜੋ ਕਿਸੇ ਵਕਤ ਦੁਨੀਆ ਦਾ ਬਹੁਤ ਵੱਡਾ ਮੁਲਕ ਹੁੰਦਾ ਸੀ। ਜਿਆਦਾਤਰ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਇਸੇ ਮੁਲਕ ਵਿੱਚ ਹੀ ਹੋਈ ਹੈ ਜਿਸਦਾ ਕਾਰਣ ਸ੍ਰਿਸ਼ਟੀ ਦਾ ਕਰਤਾ ਆਪ ਹੀ ਜਾਣਦਾ ਹੈ। ਭਾਰਤ ਵਰਸ਼ ਬਹੁਤ ਸਾਰੀਆਂ ਵੱਖਰੀਆਂ ਵੱਖਰੀਆਂ ਧਾਰਮਿਕ ਆਸਥਾਵਾਂ ਰੱਖਣ ਵਾਲਾ ਮੁਲਕ ਹੈ ਤੇ ਅਨੇਕਾਂ ਵੱਖਰੀਆਂ ਵੱਖਰੀਆਂ ਧਾਰਮਿਕ ਆਸਥਾਵਾਂ ਹੋਣ ਕਰਕੇ ਇਹ ਆਪਸੀ ਝਗੜਿਆਂ ਦਾ ਕਾਰਣ ਵੀ ਬਣ ਜਾਂਦੇ ਹਨ ਜੋ ਕਿ ਸਦੀਆਂ ਤੋਂ ਬਣਦੇ ਹੀ ਰਹੇ ਹਨ ਤੇ ਅੱਜ ਵੀ ਅਨੇਕਾਂ ਆਪਸੀ ਝਗੜੇ ਇਸ ਕਾਰਣ ਹੀ ਹੁੰਦੇ ਹਨ। ਇਸੇ ਲਈ ਜਿਆਦਾਤਰ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਸ੍ਰਿਸ਼ਟੀ ਦੇ ਕਰਤੇ ਨੇ ਭਾਰਤ ਵਰਸ਼ ਵਿੱਚ ਕੀਤੀ ਹੈ ਤਾਂ ਜੋ ਉਨ੍ਹਾਂ ਦੇ ਅੰਦਰ ਉਸਦੇ ਆਪਣੇ ਸਮਝਾਏ ਹੋਏ ਇੱਕੋ ਜਿਹੇ ਸੱਚ ਨੂੰ ਭਾਵ ਸੱਚੇ ਧਰਮ ਨੂੰ ਅਪਨਾ ਕੇ ਕੋਈ ਆਪਸੀ ਝਗੜੇ ਨਾ ਕਰੇ, ਧਾਰਮਿਕ ਝਗੜੇ ਨਾ ਕਰੇ ਭਾਵ ਇੱਕ ਇਨਸਾਨ ਦੂਸਰੇ ਇਨਸਾਨ ਦਾ ਮਾੜਾ ਨਾ ਕਰੇ ਤੇ ਇਸ ਗੱਲ ਨੂੰ ਸਮਝੇ ਕਿ ਹਰ ਮਨੁੱਖੀ ਸਰੀਰ ਨੂੰ ਬਨਾਉਣ ਵਾਲਾ ਤੇ ਸਭ ਕੁਝ ਬਨਾਉਣ ਵਾਲਾ ਇੱਕੋ ਹੀ ਹੈ, ਇੱਕ ਤੋਂ ਜਿਆਦਾ ਨਹੀਂ ਹੋ ਸਕਦੇ। ਸੰਸਾਰ ਉਸਦੀ ਆਪਣੀ ਬਣਾਈ ਹੋਈ ਇੱਕ ਖੇਡ ਹੈ ਤੇ ਉਸਨੂੰ ਵੱਖਰੇ ਵੱਖਰੇ ਨਾਮਾਂ ਨਾਲ ਪੁਕਾਰਨਾ ਵੀ ਉਸਦੀ ਖੇਡ ਦਾ ਹੀ ਹਿੱਸਾ ਹੈ ਜੋ ਉਸਦੀ ਬਹੁਤ ਹੀ ਉੱਚੀ ਖੇਡ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਸਮਝ ਸਕੇ ਇਹ ਨਾਮੁਮਕਿਨ ਹੈ ਕਿਉਂਕਿ ਉਸਨੇ ਆਪ ਹੀ ਆਪਣੀ ਇਹ ਖੇਡ ਸਮਝਣ ਤੋਂ ਦੂਰ ਰੱਖਿਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੀ ਵਿਚਾਰ ਦੁਆਰਾ ਸਮਝਿਆ ਹੀ ਹੈ। ਉਸਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਕੋਈ ਉਸਦੀ ਖੇਡ ਨੂੰ ਸਮਝ ਸਕੇ ਇਹ ਸ੍ਰਿਸ਼ਟੀ ਦੇ ਕਿਸੇ ਵੀ ਮਨੁੱਖ ਲਈ ਮੁਮਕਿਨ ਨਹੀਂ ਹੈ। ਉਸਨੂੰ ਆਪਣੇ ਅੰਦਰੋਂ ਜਾਨਣ ਲਈ

54/7518

ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨਾਲ ਜੁੜਨਾ ਭਾਵ ਉਨ੍ਹਾਂ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੇ ਬੋਲਾਂ ਨੂੰ ਸੰਭਾਲਣਾ ਬਹੁਤ ਹੀ ਔਖਾ ਹੈ ਜਿਸਨੂੰ ਕਿ **"ਕਾਇਆ ਕਪੜੁ ਟੁਕੁ ਟੁਕੁ ਹੋਸੀ"** ਕਹਿ ਕੇ ਸਮਝਾਇਆ ਹੋਇਆ ਹੈ।

"ਕਾਇਆ ਕਪੜੁ" ਕੀ ਹੈ ਇਹ ਸਾਡੀ ਸਮਝ ਰੂਪ ਕਪੜਾ ਹੈ ਜਿਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹ ਉਸਦੇ ਦਰ ਦਾ ਕਪੜਾ ਹੀ ਹੈ ਜੋ ਮਨੁੱਖੀ ਸਰੀਰ ਦਾ ਤੇ ਮਨੁੱਖੀ ਸਮਝ ਦਾ ਮਾਲਕ ਹੈ। ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚੇ ਬੋਲਾਂ ਨੂੰ ਸੰਭਾਲਣਾ ਇਤਨਾ ਕੁ ਔਖਾ ਹੈ ਜਿਵੇਂ ਕਿ ਕਪੜੇ ਨੂੰ ਬਾਰ-ਬਾਰ ਟੁੱਕਣਾ। ਗੁਰੂ ਦੇ ਬੋਲਾਂ ਨੂੰ ਸਮਝਣਾ ਇਤਨਾ ਔਖਾ ਹੁੰਦਾ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝਣਾ ਤੇ ਮੰਨਣਾ ਇਤਨਾ ਔਖਾ ਹੁੰਦਾ ਹੈ ਜਿਸ ਲਈ ਆਪਣੇ ਅੰਦਰ ਦੀ ਸਮਝ ਨੂੰ ਭਾਵ ਨਾਮਸਝ ਵਿਚਾਰਾਂ ਨੂੰ, ਮਾਇਆ ਮੋਹ ਵਾਲੇ ਵਿਚਾਰਾਂ ਨੂੰ, ਤ੍ਰਿਸ਼ਨਾਵਾਂ ਵਾਲੇ ਵਿਚਾਰਾਂ ਨੂੰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨੂੰ ਕੱਟਣਾ ਪੈਂਦਾ ਹੈ ਭਾਵ ਮਾਰਨਾ ਪੈਂਦਾ ਹੈ ਭਾਵ ਛੱਡਣਾ ਪੈਂਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ, ਨਾਮ ਵਾਲੀ ਮਤਿ ਨੂੰ

ਪੂਰੀ ਤਰ੍ਹਾਂ ਮੰਨਣਾ ਪੈਂਦਾ ਹੈ ਤੇ ਆਪਣੀ ਨਾਮਸਝ ਮਤਿ ਨੂੰ ਭਾਵ ਮਨਮਤਿ ਨੂੰ ਪੂਰੀ ਤਰ੍ਹਾਂ ਛੱਡਣਾ ਪੈਂਦਾ ਹੈ, ਜਿਸ ਲਈ ਅਨੇਕਾਂ ਹੀ ਸੰਸਾਰਿਕ ਸੁੱਖਾਂ ਦੀ ਇੱਛਾ ਨੂੰ ਤਿਆਗਣਾ ਪੈਂਦਾ ਹੈ ਜੋ ਕਿ ਸੰਸਾਰ ਦੇ ਕਿਸੇ ਵੀ ਮਨੁੱਖ ਲਈ ਬਹੁਤ ਔਖਾ ਹੈ। ਗੁਰੂ ਦੇ ਸੱਚੇ ਸ਼ਬਦਾਂ ਦੀ ਵਿਚਾਰਾਂ ਨੂੰ ਮੰਨਣਾ ਹੀ ਸ਼ਬਦੇ ਮਰਣਾ ਹੈ ਜੋ ਕਿ ਸੰਸਾਰ ਦੇ ਕਿਸੇ ਵੀ ਮਨੁੱਖ ਲਈ ਬਹੁਤ ਔਖਾ ਹੈ ਤੇ ਇਸੇ ਲਈ ਸੱਚ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣਾ ਸਾਰੇ ਸੰਸਾਰ ਲਈ ਇੱਕੋ ਜਿਹਾ ਔਖਾ ਹੈ ਕਿਉਂਕਿ ਉਸਦੇ ਸੱਚੇ ਬੋਲਾਂ ਦੀ ਸੰਭਾਲ ਕਰਨੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹੀ ਔਖੀ ਹੈ ਭਾਵੇਂ ਕੋਈ ਜਿਹੜੇ ਵੀ ਸੱਚੇ ਧਰਮ ਗ੍ਰੰਥ ਨਾਲ ਜੁੜਿਆ ਹੋਇਆ ਹੈ। ਪੂਰੇ ਸੰਸਾਰ ਵਿੱਚ ਆਖਰੀ ਸੱਚੇ ਧਰਮ ਗ੍ਰੰਥ ਦੀ ਰਚਨਾ ਵੀ ਹਿੰਦੁਸਤਾਨ ਵਿੱਚ ਹੀ ਹੋਈ ਹੈ ਜੋ ਸੱਚਾ ਧਰਮ ਗ੍ਰੰਥ ਗੁਰਬਾਣੀ ਗ੍ਰੰਥ ਦੇ ਰੂਪ ਵਿੱਚ ਹੈ, ਜਿਸ ਸੱਚੇ ਧਰਮ ਗ੍ਰੰਥ ਦੇ ਅੰਦਰ ਦੇ ਸ਼ਬਦਾਂ ਦੇ ਸੱਚੇ ਅਰਥ ਹੀ ਤੁਸੀਂ ਸਭ ਸੁਣ ਰਹੇ ਹੋ, ਸਮਝ ਰਹੇ ਹੋ, ਜਾਣ ਰਹੇ ਹੋ ਜੋ ਸ੍ਰਿਸ਼ਟੀ ਦਾ ਮਾਲਕ ਇਸ ਨਿਮਾਣੇ ਜਿਹੇ ਆਪਣੇ ਦਾਸ ਦੀ ਸਮਝ ਵਿੱਚ ਬੈਠਾ ਆਪ ਹੀ ਆਪਣੇ ਰਚੇ ਹੋਏ ਸ਼ਬਦਾਂ ਦੇ ਅਰਥ ਸਮਝਾ ਰਿਹਾ ਹੈ, ਬੁਲਵਾ ਰਿਹਾ ਹੈ ਭਾਵ ਲਿਖਵਾ ਰਿਹਾ ਹੈ ਵਰਨਾ ਕਿਸੇ ਮਨੁੱਖ ਦੀ ਕੀ ਸਮਰੱਥਾ ਹੈ ਕਿ ਉਹ ਉਸਦੀ ਆਪਣੀ ਰਚੀ ਹੋਈ ਸੱਚੀ ਬਾਣੀ ਦੇ ਅੰਦਰ ਦੇ ਸੱਚ ਨੂੰ ਸਮਝ ਸਕੇ। **(ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥)**

ਸ਼ਬਦ ਦੇ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਗੁਰਬਾਣੀ ਗ੍ਰੰਥ ਦੀ ਰਚਨਾ ਹੋਣ ਦੇ ਸਮੇਂ ਹੀ ਸੰਸਾਰ ਨੂੰ ਇਹ ਦੱਸਿਆ ਹੋਇਆ ਹੈ ਭਾਵ ਆਗਾਹ ਕੀਤਾ ਹੋਇਆ ਹੈ ਕਿ ਸੱਚੀ ਬਾਣੀ ਦੇ ਅੰਦਰ ਦੇ ਸੱਚ ਨੂੰ ਸਮਝਣ ਦੀ ਸਮਰੱਥਾ ਉਹ ਸ੍ਰਿਸ਼ਟੀ ਦਾ ਕਰਤਾ ਕਿਸਨੂੰ ਬਖਸ਼ੇਗਾ ਤੇ ਕਿਸ ਤਰੀਕੇ ਬਖਸ਼ੇਗਾ। ਬਹੁਤ ਹੀ ਔਖਾ ਹੈ ਉਸ ਸੱਚ ਰੂਪ ਸ੍ਰਿਸ਼ਟੀ ਦੇ ਸਾਹਿਬ ਨੂੰ ਸਮਝਣਾ ਤੇ ਪੂਰੀ ਗੁਰਬਾਣੀ ਦੇ ਅੰਦਰ ਸਮਝਾਏ ਹੋਏ, ਉਸਦੇ ਸ਼ਬਦਾਂ ਦੇ ਅੰਦਰ ਦੇ ਸਮਝਾਏ ਹੋਏ ਸੱਚ ਨੂੰ ਸਮਝਣਾ ਭਾਵ ਸ਼ਬਦਾਂ ਦੇ ਸੱਚੇ ਅਰਥਾਂ ਨੂੰ ਸਮਝਣਾ, ਗਹਿਰੇ ਅਰਥਾਂ ਨੂੰ ਸਮਝਣਾ। ਉਸਦੀ ਕਿਸੇ ਮਨੁੱਖ

ਤੇ ਸਭ ਤੋਂ ਵੱਡੀ ਕ੍ਰਿਪਾ ਹੋਣ ਦੁਆਰਾ ਹੀ ਕੋਈ ਉਸਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਹ ਆਪਣੀ ਰਚੀ ਹੋਈ ਸੱਚੀ ਬਾਣੀ ਦੇ ਅਰਥ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਮਝਾ ਸਕਦਾ ਹੈ। ਹੇਠ ਦਿੱਤੀਆਂ ਪੰਗਤੀਆਂ ਦੁਆਰਾ ਤੁਸੀਂ ਇਸ ਗੱਲ ਨੂੰ ਸਮਝ ਸਕੋਗੇ ਕਿ ਇਸ ਦਾਸ ਤੇ ਉਸਦੀ ਸਭ ਤੋਂ ਵੱਡੀ ਕ੍ਰਿਪਾ ਕਿਸ ਤਰੀਕੇ ਹੋਈ ਹੈ ਤੇ ਕਿਸ ਮਕਸਦ ਲਈ ਹੋਈ ਹੈ ਭਾਵ ਸੰਸਾਰ ਨੂੰ ਸੱਚੀ ਬਾਣੀ ਦੇ ਸੱਚੇ ਅਰਥ ਸਮਝਾਉਣ ਲਈ ਹੀ ਹੋਈ ਹੈ। ਆਉ ਸਮਝੀਏ ਕਿਉਂਕਿ ਹੇਠ ਦਿੱਤੀਆਂ ਪੰਗਤੀਆਂ ਇੱਕ ਬਹੁਤ ਵੱਡੀ ਬੁਝਾਰਤ ਦੀ ਤਰ੍ਹਾਂ ਹਨ ਜਿਸਨੂੰ ਕੋਈ ਵੀ ਸੰਸਾਰੀ ਮਨੁੱਖ ਆਪਣੇ ਆਪ ਸਮਝ ਹੀ ਨਹੀਂ ਸਕਦਾ ਭਾਵ ਸ੍ਰਿਸ਼ਟੀ ਦਾ ਮਾਲਕ, ਗੁਰਬਾਣੀ ਗ੍ਰੰਥ ਦਾ ਮਾਲਕ ਆਪ ਹੀ ਸਮਝਾ ਸਕਦਾ ਹੈ ਜਿਸਨੇ ਆਪ ਹੀ ਆਪਣੀ ਪੂਰੀ ਗੁਰਬਾਣੀ ਰਚੀ ਹੋਈ ਹੈ।

“ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥”

ਉਪਰ ਮੁੱਖ ਸ਼ਬਦ ਵਿੱਚ ਜੰਵ, ਬਰਾਤ ਦੀ ਗੱਲ ਵੀ ਕੀਤੀ ਹੋਈ ਹੈ, ਵਿਆਹ ਦੇ ਸਮੇਂ ਫੇਰਿਆਂ ਦੀ ਗੱਲ ਵੀ ਕੀਤੀ ਹੋਈ ਹੈ ਜੋ ਮਨੁੱਖ ਦਾ ਵਿਆਹ ਪ੍ਰਮਾਤਮਾ ਦੇ ਨਾਲ ਕਰਨਾ ਸਮਝਾਇਆ ਹੋਇਆ ਹੈ ਭਾਵ ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਉਹੋ ਜਿਹੇ ਸਮਝਾਉਂਦੇ ਹਨ ਜਿਨ੍ਹਾਂ ਨੂੰ ਖੁੱਦ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਸ੍ਰਿਸ਼ਟੀ ਦਾ ਕਰਤਾ ਕੀ ਹੈ, ਉਸਨੂੰ ਕਿਵੇਂ ਜਾਣਿਆ ਜਾ ਸਕਦਾ ਹੈ ਭਾਵ ਉਸਦੇ ਨਾਲ ਵਿਆਹ ਕਰਵਾਕੇ ਉਸਦੀ ਪਤਨੀ ਕਿਵੇਂ ਬਣਿਆ ਜਾ ਸਕਦਾ ਹੈ ਜੋ ਸਾਰੇ ਸੰਸਾਰ ਦਾ ਇੱਕੋ ਇੱਕ ਖਸਮ ਆਪ ਹੀ ਹੈ, ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਭਾਵ ਉਸਦੇ ਨਾਲ ਮੇਲ ਕਿਸ ਤਰੀਕੇ ਕੀਤਾ ਜਾ ਸਕਦਾ ਹੈ। ਹੇਠ ਦਿੱਤੀਆਂ ਪੰਗਤੀਆਂ ਰਾਹੀਂ ਬੜੇ ਹੀ ਗਹਿਰੇ ਢੰਗ ਨਾਲ ਇਹ ਸਮਝਾਇਆ ਹੋਇਆ ਹੈ ਕਿ ਉਸ ਅਕਾਲ ਪੁਰਖ ਦੀ ਪਤਨੀ ਬਣੇ ਬਿਨ੍ਹਾਂ ਕੋਈ ਇੱਕੋ ਇੱਕ ਸ੍ਰਿਸ਼ਟੀ ਦੇ ਖਸਮ ਨੂੰ ਭਾਵ ਉਸ ਇੱਕੋ ਇੱਕ ਮਰਦ ਨੂੰ ਨਹੀਂ ਜਾਣ ਸਕਦਾ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨੁੱਖੀ ਨਾਰ ਦਾ ਵਿਆਹ ਕਿਸ ਤਰੀਕੇ ਹੁੰਦਾ ਹੈ ਤੇ ਉਸਦੀ ਘਰਵਾਲੀ ਭਾਵ ਉਸ ਮਰਦ ਦੀ ਘਰਵਾਲੀ ਕਿਸ ਤਰੀਕੇ ਬਣਿਆ ਜਾ ਸਕਦਾ ਹੈ ਤੇ ਉਸਦੀ ਘਰਵਾਲੀ ਬਣਨ ਦੀ ਗੱਲ ਗੁਰਬਾਣੀ ਗ੍ਰੰਥ ਦੇ ਕਿਹੜੇ ਅੰਗ ਤੇ ਭਾਵ ਕਿਹੜੇ ਪੰਨਿਆਂ ਤੇ ਲਿਖੀ ਹੋਈ ਹੈ ਤੇ ਇਹੀ ਗੱਲ ਸਾਨੂੰ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਹੁਣ ਜਿਹੜਾ ਸ਼ਬਦ ਅਸੀਂ ਸਮਝ ਰਹੇ ਹਾਂ ਉਹ ਗੁਰਬਾਣੀ

ਅੰਗ (722-723) ਹੈ ਭਾਵ ਪੰਨਾ ਨੰਬਰ ਸੱਤ ਸੌ ਬਾਈ ਤੋਂ ਸੱਤ ਸੌ ਤੇਈ ਤੇ ਹੈ। ਸਾਨੂੰ ਹੇਠ ਦਿੱਤੀਆਂ ਪੰਗਤੀਆਂ ਰਾਹੀਂ ਇਹ ਸਮਝਾਇਆ ਹੋਇਆ ਹੈ ਜੋ ਕਿ ਬਹੁਤ ਹੀ ਵੱਡੀ ਅਕਾਲ ਪੁਰਖ ਦੀ ਆਪਣੀ ਪਾਈ ਹੋਈ ਬੁਝਾਰਤ ਦੀ ਤਰ੍ਹਾਂ ਹੈ ਜੋ ਆਪਣੀ ਬੁਝਾਰਤ ਉਹ ਕਿਸੇ ਨੂੰ ਆਪ ਹੀ ਸਮਝਾ ਸਕਦਾ ਹੈ ਤੇ ਆਪਣੀ ਬੁਝਾਰਤ ਸਮਝਾਉਣ ਦੁਆਰਾ ਉਹ ਆਪਣੇ ਇਸ ਨਿਮਾਣੇ ਜਿਹੇ ਦਾਸ ਨੂੰ ਇਹ ਸਮਝਾ ਰਿਹਾ ਹੈ ਕਿ ਗੁਰਬਾਣੀ ਅੰਗ (78) ਅਠੱਤਰ ਤੇ ਆਉਣ ਨਾਲ ਤੇ ਉਸ ਤੋਂ ਬਾਅਦ ਗੁਰਬਾਣੀ ਅੰਗ (97) ਸਤਾਨਵੇਂ ਤੇ ਜਾਣ ਨਾਲ ਇਸ ਗੱਲ ਦੀ ਸਮਝ ਪਾਈ ਹੋਈ ਹੈ ਕਿ ਉਸ ਸਿਸ਼੍ਰਟੀ ਦੇ ਕਰਤੇ ਦੇ ਨਾਲ ਵਿਆਹ ਕਿਸ ਤਰੀਕੇ ਹੁੰਦਾ ਹੈ ਤੇ ਉਸਦੀ ਇਸਤਰੀ ਕਿਵੇਂ ਬਣਿਆ ਜਾ ਸਕਦਾ ਹੈ, ਉਸ ਸੰਸਾਰ ਦੇ ਇੱਕੋ ਇੱਕ ਮਰਦ ਦੇ ਨਾਲ ਫੇਰੇ

54/7520

ਕਿਸ ਤਰੀਕੇ ਲਏ ਜਾ ਸਕਦੇ ਹਨ ਤੇ ਉਸਦੀ ਸੋਹਣੀ ਦੁਲਹਨ ਬਣਿਆ ਜਾ ਸਕਦਾ ਹੈ ਭਾਵ ਉਸਦੀ ਗਿਆਨਵਾਨ ਪਤਨੀ ਬਣਿਆ ਜਾ ਸਕਦਾ ਹੈ ਤੇ ਉਸਦੀ ਗਿਆਨਵਾਲ ਪਤਨੀ ਬਣਨ ਦੁਆਰਾ ਹੀ ਕੋਈ ਸ਼੍ਰਿਸ਼ਟੀ ਦਾ ਮਨੁੱਖ ਉਸ ਸੰਸਾਰ ਦੇ ਇੱਕੋ ਇੱਕ ਮਰਦ ਦਾ ਚੇਲਾ ਬਣ ਸਕਦਾ ਹੈ ਜੋ ਆਪਣਾ ਚੇਲਾ ਉਹ ਕਿਸੇ ਮਨੁੱਖੀ ਰੂਪ ਨੂੰ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਭਾਵ ਚੌਥੇ ਪਦ ਦਾ ਗਿਆਨ ਭਾਵ ਸਹਜ ਗਿਆਨ ਬਖਸ਼ਣ ਦੁਆਰਾ ਬਣਾਉਂਦਾ ਹੈ ਜਿਸ ਦੁਆਰਾ ਉਹ ਆਪਣੇ ਚੇਲੇ ਨੂੰ ਆਪਣੀ ਸੱਚੀ ਬਾਣੀ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸ਼੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ, ਪੂਰੇ ਸੰਸਾਰ ਲਈ ਸੱਚੇ ਧਰਮ ਦਾ ਮਾਰਗ ਸਮਝਾਉਂਦਾ ਹੈ ਭਾਵ ਆਪਣਾ ਪੂਰਨ ਸੱਚ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਆਪਣਾ ਚੇਲਾ ਬਣਾ ਕੇ ਗੁਰਬਾਣੀ ਰਾਹੀਂ ਉਨ੍ਹਾਂ ਨੂੰ ਪੂਰਨ ਸੱਚ ਸਮਝਾਇਆ ਹੈ। ਉਸਦਾ ਚੇਲਾ ਬਣਨਾ ਜਾਂ ਉਸਦੀ ਪਤਨੀ ਬਣਨਾ ਭਾਵ ਆਪਣੇ ਸੱਚ ਰੂਪ ਖਸਮ ਨੂੰ ਜਾਨਣਾ ਇੱਕੋ ਹੀ ਗੱਲ ਹੈ। ਆਉ ਹੁਣ ਧੰਨ ਧੰਨ ਧੰਨ ਗੁਰਬਾਣੀ ਗ੍ਰੰਥ ਜੀ ਦੇ (78) ਅਠੱਤਰਵੇਂ ਅੰਗ ਤੇ ਲਿਖੇ ਹੋਏ ਸ਼ਬਦ ਤੇ ਆਈਏ ਤੇ ਉਸ ਤੋਂ ਬਾਅਦ ਉਹੀ ਗੱਲ ਨੂੰ ਫਿਰ ਸਮਝਣ ਲਈ ਗੁਰਬਾਣੀ ਅੰਗ (97) ਸਤਾਨਵੇਂ ਤੇ ਜਾਵਾਂਗੇ ਕਿ ਉਸ ਸ਼੍ਰਿਸ਼ਟੀ ਦੇ ਮਰਦ ਦੇ ਨਾਲ ਮਨੁੱਖੀ ਨਾਰ ਦਾ ਵਿਆਹ ਕਿਵੇਂ ਹੁੰਦਾ ਹੈ ਤੇ ਉਸਦੀ ਸੁਹਾਗਣ ਕਿਸ ਤਰੀਕੇ ਬਣਿਆ ਜਾ ਸਕਦਾ ਹੈ ਤੇ ਉਸਦੀ ਸੁਹਾਗਣ ਬਣਨ ਦੇ ਨਾਲ ਉਸਦੇ ਮਨੁੱਖੀ ਰੂਪ ਚੇਲੇ ਨੂੰ ਕਿਸ ਚੀਜ ਦੀ ਪ੍ਰਾਪਤੀ ਹੁੰਦੀ ਹੈ। ਆਉ ਪਹਿਲੇ ਗੁਰਬਾਣੀ ਗ੍ਰੰਥ ਰਾਹੀਂ (78) ਅਠੱਤਰਵੇਂ ਅੰਗ ਦੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝੀਏ।

ਹੇਠ ਦਿੱਤਾ ਸ਼ਬਦ ਗੁਰੂ ਗੁਰਬਾਣੀ ਜੀ ਦੇ (78) ਅਠੱਤਰ ਅੰਗ ਤੇ ਦਰਜ ਹੈ। ਆਉ ਸਮਝੀਏ ਕਿ ਉਸ ਅਕਾਲ ਪੁਰਖ ਦੀ ਇਸਤਰੀ ਬਣਨਾ ਕੀ ਹੈ ਭਾਵ ਉਸਦੇ ਨਾਲ ਉਸਦੀ ਮਨੁੱਖੀ ਨਾਰ ਦਾ ਵਿਆਹ ਹੋਣਾ ਕੀ ਹੈ ਕਿਉਂਕਿ ਉਹ ਆਪ ਹੀ ਸਭ ਦਾ ਇੱਕੋ ਇੱਕ ਖਸਮ ਹੈ ਤੇ ਸੰਸਾਰ ਦਾ ਹਰ ਮਨੁੱਖੀ ਰੂਪ ਉਸਦੀ ਨਾਰ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਅਕਾਲ ਪੁਰਖ ਦੇ ਨਾਲ ਵਿਆਹ ਕੀ ਹੁੰਦਾ ਹੈ ਤੇ ਕਿਵੇਂ ਹੁੰਦਾ ਹੈ ਇਸ ਗੱਲ ਨੂੰ ਵੀ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਪ੍ਰਮਾਤਮਾ ਦੇ ਨਾਲ, ਅੱਲ੍ਹਾ ਦੇ ਨਾਲ ਵਿਆਹ ਮਨੁੱਖੀ ਸਮਝ ਦਾ ਹੀ ਹੁੰਦਾ ਹੈ ਭਾਵ ਮਨੁੱਖ ਦੀ ਭਰਮਾਂ ਵਾਲੀ ਸਮਝ ਦਾ ਵਿਆਹ, ਮਨੁੱਖੀ ਤ੍ਰੈ ਗੁਣਾਂ ਵਾਲੀ ਸਮਝ ਦਾ ਵਿਆਹ ਸ਼੍ਰਿਸ਼ਟੀ ਦੇ ਕਰਤੇ ਦੀ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ, ਜੋ ਮਨ ਦੇ ਵਿੱਚ ਵਿਆਹ ਕਰਨ ਦੁਆਰਾ ਹੀ ਉਹ ਕਿਸੇ ਨੂੰ ਆਪਣਾ ਨਾਮ ਬਖਸ਼ਦਾ ਹੈ ਤੇ ਕਿਸੀ ਮਨੁੱਖੀ ਸਮਝ ਨੂੰ ਹਉਮੈ ਵਿੱਚੋਂ ਕੱਢਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਦਾ ਹੈ ਤੇ ਆਪਣੀ ਸੱਚੀ ਗੁਰਮਤਿ ਦੀ ਸੋਝੀ ਪਾਉਂਦਾ ਹੈ,

54/7521

ਸ਼ਬਦਾਂ ਦੀ ਸੱਚੀ ਵਿਚਾਰ ਦੇਣ ਤੇ ਸਮਝਾਉਣ ਦੁਆਰਾ ਆਪਣੀ ਸ਼੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ, ਧਰਮ ਦੇ ਮਾਰਗ ਦਾ ਸੱਚ ਸਮਝਾਉਂਦਾ ਹੈ ਜਿਸ ਸੱਚੇ ਧਰਮ ਦੇ ਮਾਰਗ ਨੂੰ ਅਪਨਾਉਣ ਦੁਆਰਾ ਕੋਈ ਵੀ ਸ਼੍ਰਿਸ਼ਟੀ ਦੇ ਕਰਤੇ ਨੂੰ ਉਸਦੀ ਕ੍ਰਿਪਾ ਹੋਣ ਦੁਆਰਾ ਉਸਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਸਦੀ ਪਿਆਰੀ ਇਸਤਰੀ ਬਣ ਸਕਦਾ ਹੈ। ਉਪਰ ਮੁੱਖ ਸ਼ਬਦ ਵਿੱਚ **"ਸਚ ਕੀ ਬੇਲਾ"** ਦੀ ਗੱਲ ਵੀ ਕੀਤੀ ਹੋਈ ਹੈ। ਇਹ ਸੱਚ ਦੀ ਬੇਲਾ ਕੀ ਹੈ ਭਾਵ ਕਿਸਨੂੰ ਕਿਹਾ ਹੈ ਇਸ ਗੱਲ ਦੀ ਸਮਝ ਵੀ ਗੁਰਬਾਣੀ ਗ੍ਰੰਥ ਦੇ (78) ਅਠੱਤਰ ਅੰਗ ਤੇ ਦਰਜ ਹੋਏ ਸ਼ਬਦ ਵਿੱਚ ਵੀ ਪਾਈ ਹੋਈ ਹੈ। ਆਉ ਸ਼ਬਦ ਰਾਹੀਂ ਸਮਝੀਏ।

ਸਿਰੀਰਾਗੁ ਮਹਲਾ ੪ ਘਰੁ ੨ ਛੰਤ

ੴ ਸਤਿਗੁਰ ਪ੍ਰਸਾਦਿ ॥

“ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥”

(ਅੰਗ ੭੮-੭੯)

ਉਪਰ ਵਾਲੇ ਸ਼ਬਦ ਦੇ ਦੂਸਰੇ ਪਦੇ ਨੂੰ ਅਸੀਂ ਲੇਖ ਵਿੱਚ ਪਿੱਛੇ ਬਹੁਤ ਪਹਿਲੇ ਬੜੀ ਬਰੀਕੀ ਨਾਲ ਸਮਝਿਆ ਹੋਇਆ ਹੈ ਜੋ ਕਿ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨੁੱਖੀ ਰੂਪ ਉਸਦੀ ਨਾਰ ਦਾ ਵਿਆਹ ਕਿਸ ਤਰੀਕੇ ਹੁੰਦਾ ਹੈ। ਸ਼ਬਦ ਦਾ ਇਹ ਪਦਾ ਇਸ ਪੁਸਤਕ ਦੇ (1860) ਅਠਾਰਾਂ ਸੋ ਸੱਠ ਨੰਬਰ ਪੰਨੇ ਤੇ ਲਿਖਿਆ ਹੋਇਆ ਹੈ। ਪੁਸਤਕ ਦੇ ਪੰਨਾ ਨੰਬਰ (2008) ਦੋ ਹਜਾਰ ਅੱਠ ਪੰਨੇ ਤੇ ਜਾ ਕੇ ਇਸੇ ਸ਼ਬਦ ਰਾਹੀਂ ਅੱਲ੍ਹਾ, ਪ੍ਰਮਾਤਮਾ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਉਸਦੀ ਨਾਰ ਦਾ ਵਿਆਹ ਫਿਰ ਉਪਰ ਵਾਲੇ ਸ਼ਬਦ ਰਾਹੀਂ ਦੁਬਾਰਾ ਸਮਝਾਇਆ ਹੋਇਆ ਹੈ ਕਿਉਂਕਿ ਉਸਦੇ ਨਾਲ ਵਿਆਹ ਨੂੰ ਸਮਝੇ ਬਿਨ੍ਹਾਂ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਸਮਝ ਸਕੇ ਇਹ ਬਿਲਕੁਲ ਹੀ ਨਾਮੁਮਕਿਨ ਹੈ। ਅਕਾਲ ਪੁਰਖ ਜੋ ਆਪਣੀ ਰਚੀ ਹੋਈ ਬਾਣੀ ਦੇ ਅਰਥ ਇਸ ਦਾਸ ਰਾਹੀਂ ਸਾਰੇ ਸੰਸ਼ਾਰ ਲਈ ਸਮਝਾ ਰਿਹਾ ਹੈ ਉਸਨੇ ਇਸ ਪੁਸਤਕ ਦੇ ਪੰਨਾ ਨੰਬਰ (2008) ਦੋ ਹਜਾਰ ਅੱਠ ਤੇ ਜੋ ਉਪਰ ਵਾਲੇ ਸ਼ਬਦ ਸਮਝਾਉਣ ਲਈ ਜਿਤਨਾ ਸ਼ਬਦ ਲਿਖਵਾਇਆ ਸੀ ਉਹ ਸ਼ਬਦ ਦੇ ਦੂਸਰੇ ਪਦੇ ਤੋਂ ਲੈ ਕੇ ਆਖਰੀ ਪਦੇ ਤੱਕ ਭਾਵ ਪੰਜਵੇਂ ਪਦੇ ਤੱਕ ਲਿਖਵਾਇਆ ਸੀ। ਉਪਰ ਵਾਲੇ ਸ਼ਬਦ ਦਾ ਪਹਿਲਾ ਪਦਾ ਉਸ ਪੰਨੇ ਤੇ ਨਹੀਂ ਸੀ ਲਿਖਵਾਇਆ ਜਿਸ ਗੱਲ ਦੀ ਦਾਸ ਨੂੰ ਬਹੁਤ ਹੈਰਾਨੀ ਹੋਈ ਸੀ ਤੇ ਅੰਦਰੋਂ ਅਕਾਲ ਪੁਰਖ ਨੇ ਇਹ ਸਮਝਾਇਆ ਸੀ ਕਿ ਇਹ ਵਾਲੇ ਅਰਥ ਬਾਅਦ ਵਿੱਚ ਅੱਗੇ ਚੱਲ ਕੇ ਲਿਖਵਾਏ ਜਾਣਗੇ। ਇਸ ਤੋਂ ਬਾਅਦ ਜਦੋਂ ਉਪਰ ਵਾਲੇ ਸ਼ਬਦ ਦੇ ਅਰਥ ਲਿਖਵਾਉਣੇ ਸ਼ੁਰੂ ਕੀਤੇ ਤੇ ਉਸਨੇ ਕੇਵਲ ਦੂਜੇ ਪਦੇ ਦੇ ਹੀ ਅਰਥ ਲਿਖਵਾਏ ਜਿਸ ਉਪਰ ਵਾਲੇ ਪਦੇ ਦੇ ਅਰਥ ਲੇਖ ਵਿੱਚ ਕਾਫੀ ਪਹਿਲੇ ਹੀ ਹੋ ਚੁੱਕੇ ਸਨ ਭਾਵ ਕੇਵਲ ਇਸੇ ਗੱਲ ਤੇ ਹੀ ਜੋਰ ਪਾਇਆ ਕਿ ਹਰ ਕੋਈ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਆਹ ਹੋਣਾ ਕੀ ਹੈ, ਉਸਦੀ ਪਤਨੀ ਬਣਨਾ ਕੀ ਹੈ ਇਸ ਗੱਲ ਨੂੰ ਆਪਣੇ ਅੰਦਰ ਦ੍ਰਿੜ ਕਰੇ ਜੋ ਗੱਲ ਕਿਸੇ ਦੇ ਅੰਦਰ ਦ੍ਰਿੜ ਹੋਣ ਦੁਆਰਾ ਹੀ ਸ੍ਰਿਸ਼ਟੀ ਦਾ ਹਰ ਮਨੁੱਖ ਉਸਦੀ ਇੱਕੋ ਜਿਹੀ ਸੱਚੀ ਭਗਤੀ ਦਾ ਮਾਰਗ ਸਮਝ ਸਕਦਾ ਹੈ, ਸਾਰੇ ਸੰਸਾਰ ਲਈ ਇੱਕੋ ਜਿਹੇ ਸੱਚੇ ਧਰਮ ਦਾ ਮਾਰਗ

54/7522

ਸਮਝ ਸਕਦਾ ਹੈ ਤੇ ਸੰਸਾਰ ਦਾ ਹਰ ਮਨੁੱਖ ਉਸ ਸੰਸਾਰ ਦੇ ਇੱਕੋ ਇੱਕ ਖਸਮ ਨੂੰ, ਸੱਚ ਰੂਪ ਖਸਮ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦੱਮ ਕਰ ਸਕਦਾ ਹੈ।

ਉਪਰ ਵਾਲੇ ਸ਼ਬਦ ਨੂੰ ਲਿਖਦੇ ਸਮੇਂ ਦਾਸ ਲਈ ਹੋਰ ਵੱਡੀ ਹੈਰਾਨੀ ਵਾਲੀ ਗੱਲ ਇਹ ਬਣੀ ਕਿ ਉਪਰ ਵਾਲੇ ਸ਼ਬਦ ਨੂੰ ਕੇਵਲ ਸ੍ਰਿਸ਼ਟੀ ਦੇ ਖਸਮ ਨੇ ਆਪਣੀ ਇਸ ਮਨੁੱਖੀ ਨਾਰ ਨੂੰ ਕੇਵਲ ਦੂਸਰੇ ਪਦੇ ਦੇ ਹੀ ਅਰਥ ਲਿਖਵਾਏ ਭਾਵ ਉਸ ਤੋਂ ਅਗਲੇ ਤੀਜੇ, ਚੌਥੇ, ਪੰਜਵੇਂ ਪਦੇ ਦੇ ਅਰਥ ਨਹੀਂ ਲਿਖਵਾਏ ਤੇ ਦਾਸ ਦੇ ਪੁੱਛਣ ਤੇ ਅਕਾਲ ਪੁਰਖ ਨੇ ਮਨ ਦੇ ਵਿੱਚ ਇਹ ਸਮਝਾਇਆ ਕਿ ਇਸ ਪੂਰੇ ਸ਼ਬਦ ਦੇ ਅਰਥ ਕਿਸੇ ਹੋਰ ਸ਼ਬਦ ਦੇ ਅਰਥ ਨਾਲ ਜੁੜੇ ਹੋਏ ਹਨ ਜਿਸ ਗੱਲ ਦੀ ਸਮਝ ਦਾਸ ਨੂੰ ਉਸ ਵੇਲੇ ਨਹੀਂ ਪਾਈ ਗਈ ਕਿ ਇਹ ਅਰਥ ਕਿਸੇ ਦੂਸਰੇ ਸ਼ਬਦ ਨਾਲ ਜੁੜੇ ਹੋਏ ਹਨ ਭਾਵ ਗੁਰਬਾਣੀ ਗ੍ਰੰਥ ਦੇ (97) ਸਤਾਨਵੇਂ ਅੰਗ ਉੱਤੇ ਲਿਖੇ ਹੋਏ ਸ਼ਬਦ ਦੇ ਨਾਲ ਜੁੜੇ ਹੋਏ ਹਨ ਜਿਸ ਗੱਲ ਦੀ ਸਮਝ ਪ੍ਰਮਾਤਮਾ ਨੇ ਮੁੱਖ ਸ਼ਬਦ ਨੂੰ ਲਿਖਦੇ ਹੋਏ ਪਾਈ ਹੈ ਭਾਵ ਮੁੱਖ ਸ਼ਬਦ ਦੀ ਪੰਗਤੀ ਰਾਹੀਂ ਪਾਈ ਹੈ ਕਿ **"ਆਵਨਿ ਅਠਤਰੈ ਜਾਨਿ ਸਤਾਨਵੈ"** ਤੋਂ ਭਾਵ ਕੀ ਹੈ। ਇਸ ਪੰਗਤੀ ਤੋਂ ਕੀ ਭਾਵ ਹੈ ਇਸ ਗੱਲ ਨੂੰ ਅਸੀਂ ਉਪਰ ਸਮਝਿਆ ਹੀ ਹੈ। ਹੁਣ ਉਪਰ ਵਾਲੇ ਸ਼ਬਦ ਨੂੰ ਜੋ ਕਿ ਗੁਰਬਾਣੀ ਗ੍ਰੰਥ (78) ਅਠੱਤਰ ਅੰਗ ਤੇ ਦਰਜ ਹੈ ਉਸਨੂੰ ਸਮਝਦੇ ਹਾਂ ਤੇ ਇਸ ਤੋਂ ਬਾਅਦ ਗੁਰਬਾਣੀ ਅੰਗ (97) ਸਤਾਨਵੇਂ ਤੇ ਲਿਖੇ ਹੋਏ ਸ਼ਬਦ ਨੂੰ ਸਮਝਾਂਗੇ, ਜਿਨ੍ਹਾਂ ਦੋਨਾਂ ਸ਼ਬਦਾਂ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਪਤਨੀ ਬਣਨਾ ਹੀ ਸਿਖਾਇਆ ਹੋਇਆ ਹੈ ਭਾਵ ਉਸਦੇ ਨਾਲ ਮਨੁੱਖੀ ਨਾਰ ਦਾ ਵਿਆਹ ਹੀ ਸਮਝਾਇਆ ਹੋਇਆ ਹੈ ਜਿਸ ਦੁਆਰਾ ਉਸਦੀ ਸੱਚੀ ਨਾਰ ਬਣਨ ਦੇ ਤਰੀਕੇ ਨੂੰ ਸਮਝ ਕੇ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਉਸਦੇ ਨਾਲ ਵਿਆਹ ਕਰਾਉਣ ਦਾ ਸੱਚਾ ਉਦਮ ਕਰ ਸਕਦਾ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦਮ ਕਰ ਸਕਦਾ ਹੈ। ਆਉ ਪਹਿਲੇ ਉਪਰ ਵਾਲੇ ਸ਼ਬਦ ਨੂੰ ਸਮਝੀਏ।

"ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥"

ਹਰ ਮਨੁੱਖੀ ਨਾਰ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਹਰ ਨਾਰ ਦਾ ਭਾਵ ਉਸਦੇ ਹਰ ਮਨੁੱਖੀ ਰੂਪ ਦਾ ਪੇਕਾ ਘਰ ਕੀ ਹੈ ਤੇ ਸਹੁਰਾ ਘਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਮਨੁੱਖ ਦੀ ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ ਭਾਵ ਮਨ ਦੇ ਭਰਮਾਂ ਵਾਲੀ ਸਮਝ ਮਨੁੱਖ ਦਾ ਪੇਕਾ ਘਰ ਹੈ ਜਿਸ ਪੇਕੇ ਘਰ ਵਿੱਚ ਰਹਿੰਦੇ ਹੋਏ ਉਸ ਕਰਤੇ ਦਾ ਹਰ **"ਮੁੰਧ"** ਭਾਵ ਇਸਤਰੀ, ਉਸਦੀ ਮਨੁੱਖੀ ਰੂਪ ਨਾਰ **"ਇਆਣੀ"** ਹੀ ਹੁੰਦੀ ਹੈ, ਅੰਜਾਣੀ ਹੀ ਹੁੰਦੀ ਹੈ, ਘੱਟ ਸਮਝ ਮਤਿ ਵਾਲੀ ਹੁੰਦੀ ਹੈ ਜਿਸ ਮਨ ਦੀ ਨੀਵੀਂ ਸਮਝ ਕਰਕੇ ਕੋਈ ਵੀ ਮਨੁੱਖ ਆਪਣੇ ਅੰਦਰੋਂ **"ਹਰਿ"**

54/7523

ਦੇ ਭਾਵ ਅੱਲ੍ਹਾ ਦੇ, ਪ੍ਰਮਾਤਮਾ ਦੇ, ਗਾਡ ਦੇ, ਅਕਾਲ ਪੁਰਖ ਦੇ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਆਪਣੇ ਅੰਦਰੋਂ ਉਸਦੇ ਦਰਸ਼ਨ ਨਹੀਂ ਕਰ ਸਕਦਾ ਭਾਵ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦਾ ਜੋ ਕਿ ਹਰ ਮਨੁੱਖੀ ਨਾਰ ਦਾ ਇੱਕੋ ਇੱਕ ਆਪ ਹੀ **"ਵਰ"** ਭਾਵ ਘਰਵਾਲਾ ਹੈ। **(ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥)**

ਆਪਣੇ ਪੇਕੇ ਘਰ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਦੀ ਕੋਈ ਵੀ ਨਾਰ ਆਪਣੇ ਸਹੁਰੇ ਘਰ ਵਿੱਚ ਭਾਵ ਆਪਣੇ ਖਸਮ ਦੇ ਘਰ ਵਿੱਚ ਕਿਸ ਤਰੀਕੇ ਜਾ ਸਕਦੀ ਹੈ ਤੇ ਕਿਸ ਮਕਸਦ ਲਈ ਜਾਂਦੀ ਹੈ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਆਉ ਬੜੇ ਹੀ ਧਿਆਨ ਨਾਲ ਸਮਝੀਏ ਜਿਸ ਰਾਹੀਂ ਸਾਨੂੰ ਇਸ ਗੱਲ ਦੀ ਹੋਰ ਵੀ ਤਸੱਲੀ ਹੋ ਜਾਵੇਗੀ ਭਾਵ ਵਿਸ਼ਵਾਸ ਆ ਜਾਵੇਗਾ ਕਿ ਸੰਸਾਰ ਦੇ ਹਰ ਮਨੁੱਖ ਲਈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਹਰ ਮਨੁੱਖੀ ਨਾਰ ਲਈ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਭਾਵ ਇੱਕੋ ਇੱਕ ਮਾਲਕ ਦਾ ਨਾਮ ਧਿਆਉਣਾ ਕੀ ਹੈ।

“ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਧੇ ॥

ਸਾਹੁਰੜੈ ਕੰਮ ਸਿਧੇ ਗੁਰਮੁਖਿ ਹਰਿ ਹਰਿ ਸਦਾ ਧਿਆਏ ॥”

ਬਾਣੀ ਰਾਹੀਂ ਸਾਨੂੰ ਅਨੇਕਾਂ ਸ਼ਬਦਾਂ ਰਾਹੀਂ ਹਰਿ ਹਰਿ ਕਰਨਾ ਸਿਖਾਇਆ ਹੋਇਆ ਹੈ ਤੇ ਉਹ ਹਰਿ ਹਰਿ ਅਸੀਂ ਕਿਵੇਂ ਕਰਨਾ ਹੈ ਭਾਵ ਪ੍ਰਮਾਤਮਾ ਦਾ ਨਾਮ ਕਿਵੇਂ ਜਪਣਾ ਹੈ ਤੇ ਕਿਸ ਮਕਸਦ ਲਈ ਜਪਣਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਭਾਵੇਂ ਸਾਨੂੰ ਕਿਸੇ ਸ਼ਬਦ ਰਾਹੀਂ ਹਰਿ ਹਰਿ ਕਰਨ ਲਈ ਸਮਝਾਇਆ ਹੋਇਆ ਹੈ, ਕਿਸੇ ਸ਼ਬਦ ਰਾਹੀਂ ਰਾਮ ਰਾਮ ਕਰਨ ਲਈ ਸਮਝਾਇਆ ਹੋਇਆ ਹੈ ਤੇ ਇਸੇ ਤਰ੍ਹਾਂ ਹੋਰ ਸ਼ਬਦਾਂ ਰਾਹੀਂ ਕਿਸੇ ਹੋਰ ਅੱਖਰ ਨੂੰ ਜਪਣਾ ਨਾਮ ਜਪਣਾ ਸਮਝਾਇਆ ਹੋਇਆ ਹੈ ਪਰ ਹਰ ਸ਼ਬਦ ਦੇ ਵਿੱਚ ਗੁਰੂ ਦੇ ਨਾਮ ਨੂੰ ਜਪਣ ਦਾ ਤਰੀਕਾ ਇੱਕੋ ਹੀ ਹੁੰਦਾ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਨੂੰ ਮੰਨਣ ਦਾ ਹੁੰਦਾ ਹੈ ਕਿਉਂਕਿ ਗੁਰੂ ਦੇ ਹਰ ਸ਼ਬਦ ਦੇ ਅੰਦਰ ਦੀ ਜੋ ਸੱਚੀ ਵਿਚਾਰ ਹੁੰਦੀ ਹੈ ਭਾਵ ਆਪਣੇ ਹਰ ਸ਼ਬਦ ਰਾਹੀਂ ਜੋ ਗੁਰੂ ਨੇ ਸੱਚ ਸਮਝਾਇਆ ਹੁੰਦਾ ਹੈ ਉਸ ਸੱਚ ਨੂੰ ਮੰਨਣਾ ਹੀ ਗੁਰੂ ਦੇ ਨਾਮ ਨੂੰ ਜਪਣਾ ਹੈ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਇਸ ਗੱਲ ਨੂੰ ਸਮਝਦੇ ਆ ਰਹੇ ਹਾਂ। ਪੂਰੇ ਗੁਰਬਾਣੀ ਗ੍ਰੰਥ ਦੇ ਅੰਦਰ ਜੋ ਸ਼ਬਦਾਂ ਦੇ ਅੰਦਰ ਦਾ ਸੱਚ ਹੈ ਭਾਵ ਜੋ ਪੂਰਨ ਸੱਚ ਹੈ ਉਸੇ ਆਪਣੇ ਪੂਰਨ ਸੱਚ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੈ ਤੇ ਉਸਦਾ ਇਹ ਸੱਚ ਰੂਪ ਹੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਉਸਦਾ **“ਖਸਮ”** ਰੂਪ ਹੈ ਜਿਸ ਆਪਣੇ ਖਸਮ ਨੂੰ ਸ੍ਰਿਸ਼ਟੀ ਦਾ ਹਰ ਮਨੁੱਖ ਜਾਨਣਾ ਚਾਹੁੰਦਾ ਹੈ, ਜਿਸ ਉਸਦੇ ਘਰ ਵਿੱਚ ਉਸਦੀ ਕੋਈ ਵੀ ਮਨੁੱਖੀ ਰੂਪ ਨਾਰ ਉਸਦੇ ਨਾਲ ਆਪਣਾ ਵਿਆਹ ਕਰਵਾ ਕੇ ਹੀ ਜਾ ਸਕਦੀ ਹੈ ਤੇ ਆਪਣੇ ਸਹੁਰੇ ਘਰ ਵਿੱਚ ਜਾ ਸਕਦੀ ਹੈ ਜੋ ਉਸਦਾ ਸਹੁਰਾ

ਘਰ ਹਰ ਮਨੁੱਖੀ ਸਮਝ ਦੇ ਅੰਦਰ ਹੀ ਹੈ, ਜੋ ਕਿ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ। ਹਰ ਮਨੁੱਖੀ ਨਾਰ ਲਈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਹਰ ਨਾਰ ਲਈ ਆਪਣੇ ਸਹੁਰੇ ਘਰ ਜਾਣ ਵਾਸਤੇ ਆਪਣੇ ਪੇਕੇ ਘਰ ਵਿੱਚ ਰਹਿੰਦਿਆਂ ਭਾਵ ਆਪਣੀ ਇਆਣੀ ਮਤਿ ਵਿੱਚ ਰਹਿੰਦੇ ਹੋਏ ਹੀ ਉਦਮ ਕਰਨਾ ਪੈਂਦਾ ਹੈ ਭਾਵ ਨਾਮ ਜਪਣ ਦਾ ਉਦਮ ਕਰਨਾ ਪੈਂਦਾ ਹੈ ਜੋ ਕਿ ਕੇਵਲ ਤੇ ਕੇਵਲ ਉਸ ਸ੍ਰਿਸ਼ਟੀ ਦੇ ਕਰਤੇ ਦੀ ਕ੍ਰਿਪਾ ਹੋਣ ਤੇ ਹੀ ਜਪਿਆ ਜਾ ਸਕਦਾ ਹੈ ਜੋ ਉਹ ਕਿਸੇ ਆਪਣੀ ਮਨੁੱਖੀ ਨਾਰ ਤੇ ਕ੍ਰਿਪਾ ਕਰਨ ਦੁਆਰਾ ਉਸ ਮਨੁੱਖੀ ਸਮਝ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਤੇ ਉਸਨੂੰ ਆਪਣਾ ਗੁਰਮੁਖਿ ਰੂਪ ਬਣਾ ਲੈਂਦਾ ਹੈ ਜੋ ਉਸਦਾ ਰੂਪ ਆਪਣੇ ਗੁਰੂ ਦੇ ਮੁੱਖੋਂ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਮੁੱਖੋਂ ਉਚਾਰੀਆਂ ਹੋਈਆਂ ਗੱਲਾਂ ਨੂੰ ਹੀ ਆਪਣੇ ਮਨ ਦੇ ਵਿੱਚ ਸੁਣਦਾ ਹੈ ਜਿਸ ਰਾਹੀਂ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਹੀ ਦਿੰਦਾ ਹੈ ਤੇ ਸ਼ਬਦਾ ਦੀ ਸੱਚੀ ਵਿਚਾਰ ਸਮਝਾਉਂਦਾ ਹੈ ਭਾਵ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸਾਰੀ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ, ਸਾਰੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਉਂਦਾ ਹੈ, ਸਭ ਲਈ ਇੱਕੋ ਜਿਹਾ ਨਾਮ ਜਪਣ ਦਾ ਮਾਰਗ ਸਮਝਾਉਂਦਾ ਹੈ। ਜਿਸਨੇ ਵੀ ਧਰਮ ਦੇ ਮਾਰਗ ਦਾ ਸੱਚਾ ਕੰਮ ਸਮਝਿਆ ਹੈ ਭਾਵ ਸਿੱਖਿਆ ਹੈ ਭਾਵ ਆਪਣੇ ਜੀਵਨ ਵਿੱਚ ਕਰਮ ਕਰਨੇ ਸਿੱਖੇ ਹਨ ਉਸ ਮਨੁੱਖੀ ਨਾਰ ਨੇ ਆਪਣੇ ਸਹੁਰੇ ਘਰ ਜਾ ਕੇ ਹੀ ਸਿੱਖਿਆ ਹੈ ਭਾਵ ਮਨ ਦੇ ਵਿੱਚੋਂ ਮਨ ਦੀ ਸਮਝ ਦੇ ਮਾਲਕ ਨੂੰ ਜਾਣ ਕੇ ਉਸਦੇ ਕੋਲੋਂ ਹੀ ਸਿੱਖਿਆ ਹੈ, ਉਸਦਾ ਗੁਰਮੁਖਿ ਰੂਪ ਬਣਕੇ ਹੀ ਸਿੱਖਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਦੇ ਮਨ ਰੂਪ ਘਰ ਵਿੱਚੋਂ ਸਿੱਖਿਆ ਹੈ ਤੇ ਉਸਦੇ ਘਰ ਵਿੱਚੋਂ ਭਾਵ ਆਪਣੇ ਸਹੁਰੇ ਘਰ ਵਿੱਚੋਂ ਨਾਮ ਜਪਣਾ ਸਿੱਖ ਕੇ ਹੀ ਕੋਈ ਸਦਾ ਹੀ ਆਪਣੇ ਜੀਵਨ ਵਿੱਚ ਹਰਿ ਹਰਿ ਧਿਆ ਸਕਦਾ ਹੈ ਭਾਵ ਪੂਰੇ ਜੀਵਨ ਵਿੱਚ ਗੁਰੂ ਦੀ ਸੱਚੀ ਮਤਿ ਅਨੁਸਾਰ ਵਿਚਰ ਸਕਦਾ ਹੈ। ਜਿਨ੍ਹਾਂ ਨੇ ਸਹੁਰੇ ਘਰ ਵਿੱਚ ਜਾ ਕੇ ਸ੍ਰਿਸ਼ਟੀ ਦੇ ਕਰਤੇ ਕੋਲੋਂ ਸੱਚੀ ਸਿੱਖਿਆ ਲਈ ਹੈ ਉਨ੍ਹਾਂ ਉਸਦੀਆਂ ਸੱਚੀਆਂ ਇਸਤਰੀਆਂ ਨੇ ਉਸਦੀਆਂ ਸੁਹਾਗਣਾਂ ਬਣਨ ਦੁਆਰਾ ਪੂਰੇ ਗੁਰਬਾਣੀ ਗ੍ਰੰਥ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਪਾਈ ਹੈ ਤੇ ਹਰ ਸ਼ਬਦ ਦੇ ਅੰਦਰ ਦੀ ਸੱਚੀ ਵਿਚਾਰ ਜੋ ਕਿ ਸ੍ਰਿਸ਼ਟੀ ਦੇ ਕਰਤੇ ਦੇ ਨਾਮ ਦੇ ਰੂਪ ਵਿੱਚ ਹੈ ਉਹ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਹਰ ਨਾਰ ਲਈ ਉਸਦੇ ਸਹੁਰੇ ਘਰ ਦੀ ਤਰ੍ਹਾਂ ਹੈ ਜਿਸ ਸਹੁਰੇ ਘਰ ਵਿੱਚੋਂ ਅਸੀਂ ਸੱਚੀ ਮਤਿ ਲੈਣੀ ਹੈ ਤੇ ਆਪਣੀ ਇਆਣੀ

ਮਤਿ ਦੂਰ ਕਰਨੀ ਹੈ ਤਾਂ ਜੋ ਅਸੀਂ ਆਪਣੇ ਖਸਮ ਨੂੰ ਆਪਣੇ ਅੰਦਰੋਂ ਜਾਣ ਸਕੀਏ ਭਾਵ ਉਸਦੇ ਨਾਲ ਵਿਆਹ ਕਰਾ ਸਕੀਏ। **(ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥ ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ॥ ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥)**

ਮਨੁੱਖ ਦਾ ਸਹੁਰਾ ਘਰ ਹੀ ਅਕਾਲ ਪੁਰਖ ਦੀ ਦਰਗਾਹ ਹੈ, ਅੱਲ੍ਹਾ ਦੀ ਦਰਗਾਹ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਮਿਲਣ ਦਾ ਅਸਥਾਨ

54/7525

ਹੈ ਜਿਸ ਉਸਦੀ ਦਰਗਾਹ ਵਿੱਚੋਂ ਉਸਨੂੰ ਜਾਣਿਆ ਜਾ ਸਕਦਾ ਹੈ ਭਾਵ ਮਨ ਦੇ ਵਿੱਚੋਂ ਹੀ ਉਸਦੇ ਦਰਸ਼ਨ ਕੀਤੇ ਜਾ ਸਕਦੇ ਹਨ ਜਿਵੇਂ ਕਿ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥

ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥

ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥”

ਇਸਤਰੀ ਦੀਆਂ ਸਹੇਲੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਨਾਲ ਉਸਨੂੰ ਮਿਲਕੇ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਹਨ ਭਾਵ ਜਿਨ੍ਹਾਂ ਦੇ ਨਾਲ ਉਸਦੇ ਵਿਚਾਰ ਰਲ ਜਾਂਦੇ ਹਨ ਉਹ ਉਸਦੀਆਂ ਸਹੇਲੀਆਂ ਬਣ ਜਾਂਦੀਆਂ ਹਨ। ਉਪਰ ਸ਼ਬਦ ਵਿੱਚ ਸੰਸਾਰ ਦੇ ਕਰਤੇ ਦੀਆਂ ਉਨ੍ਹਾਂ ਸਹੇਲੀਆਂ ਦੀ ਗੱਲ ਕੀਤੀ ਹੋਈ ਹੈ ਜੋ ਸ੍ਰਿਸ਼ਟੀ ਦੇ ਕਰਤੇ ਦੀਆਂ ਨਾਰਾਂ ਬਣ ਜਾਂਦੀਆਂ ਹਨ ਭਾਵ ਜੋ ਆਪਣੇ ਪਤੀ ਰੂਪ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦੀਆਂ ਹਨ ਭਾਵ ਉਸਦੇ ਆਪਣੇ ਅੰਦਰੋਂ ਦਰਸ਼ਨ ਕਰ ਲੈਂਦੀਆਂ ਹਨ। ਜਿਨ੍ਹਾਂ ਉਸ ਦੀਆਂ ਮਨੁੱਖੀ ਰੂਪ ਸੱਚੀਆਂ ਇਸਤਰੀਆਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਰਚਨਾ ਕੀਤੀ ਹੈ ਭਾਵ ਭਗਤਾਂ ਨੇ, ਗੁਰੂ ਸਾਹਿਬਾਨ ਨੇ ਕੀਤੀ ਹੈ ਉਨ੍ਹਾਂ ਸਾਰੇ ਮਨੁੱਖੀ ਸਰੀਰਾਂ ਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੇ ਦਰਸ਼ਨ ਕਰਨ ਦੁਆਰਾ ਹੀ ਕੀਤੇ ਹਨ, ਸਹੁਰੇ ਘਰ ਵਿੱਚ ਪਹੁੰਚ ਕੇ ਉਸ ਕੋਲੋਂ ਸੱਚੀ ਸਿੱਖਿਆ ਲੈਣ ਦੁਆਰਾ ਹੀ ਕੀਤੀ ਹੈ ਤੇ ਗੁਰਬਾਣੀ ਦੀ ਰਚਨਾ ਕਰਨ ਵਾਲੀ ਸ੍ਰਿਸ਼ਟੀ ਦੇ ਕਰਤੇ ਦੀ ਹਰ ਮਨੁੱਖੀ ਨਾਰ ਇੱਕ ਦੂਸਰੇ ਦੀ ਸਹੇਲੀ ਹੈ ਜੋ ਕਿ ਸਾਰਿਆਂ ਦੇ ਵਿੱਚ ਵੀ ਸੁਹੇਲੀ ਫਿਰਦੀ ਹੈ ਭਾਵ ਸੋਖੀ ਹੋ ਕੇ ਵਿਚਰਦੀ ਹੈ ਕਿਉਂਕਿ ਗੁਰਬਾਣੀ ਦੇ ਅੰਦਰ ਦੇ ਸਾਰੇ ਸ਼ਬਦਾਂ ਦੇ ਵਿਚਾਰ ਇੱਕ ਦੂਜੇ ਸ਼ਬਦਾਂ ਦੇ ਨਾਲ ਮੇਲ ਖਾਂਦੇ ਹਨ ਭਾਵ ਕਿਸੇ ਵੀ ਸ਼ਬਦ ਦੀ ਵਿਚਾਰ ਦੂਸਰੇ ਸ਼ਬਦ ਦੀ ਵਿਚਾਰ ਦੇ ਉਲਟ ਨਹੀਂ ਜਾਂਦੀ ਭਾਵੇਂ ਉਹ ਸ਼ਬਦਾਂ ਦੀ ਵਿਚਾਰ ਭਗਤਾਂ ਦੀ ਬਾਣੀ ਰਾਹੀਂ ਆਈ ਹੈ ਜਾਂ ਗੁਰੂ ਸਾਹਿਬਾਨ ਦੀ ਬਾਣੀ ਰਾਹੀਂ ਆਈ ਹੈ ਕਿਉਂਕਿ ਸਭ ਦੇ ਅੰਦਰ ਭਾਵ ਆਪਣੀ ਹਰ ਸੱਚੀ ਨਾਰ ਦੇ ਅੰਦਰ ਸੱਚੀ ਸਮਝ ਪਾਉਣ ਵਾਲਾ ਇੱਕੋ ਇੱਕ ਸੱਚ ਰੂਪ ਖਸਮ ਆਪ ਹੀ ਹੈ ਜੋ ਸੱਚ ਰੂਪ ਖਸਮ ਆਪ ਹੀ ਪੂਰੀ ਗੁਰਬਾਣੀ ਦੇ ਵਿੱਚ ਆਪਣੇ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਨਾਮ ਦੇ ਰੂਪ ਵਿੱਚ ਬਿਰਾਜਮਾਨ ਹੈ ਜਿਸ ਕਰਕੇ ਪੂਰੀ ਗੁਰੂ ਗ੍ਰੰਥ ਸਾਹਿਬ ਪੋਥੀ ਪ੍ਰਮੇਸ਼ਰ ਦਾ ਅਸਥਾਨ ਹੈ ਭਾਵ **“ਦਰਗਾਹ”** ਹੈ ਜੋ ਕਿ ਪੂਰੀ ਗੁਰਬਾਣੀ ਮਨ ਰੂਪ ਹਰਿ ਦਰਗਾਹ ਤੋਂ ਹੀ ਆਈ ਹੈ ਤੇ ਬਾਣੀ ਦੀ ਰਚਨਾ ਕਰਨ ਵਾਲੇ ਸਾਰੇ ਮਨੁੱਖੀ ਸਰੀਰ ਉਸਦੀ ਨਾਰਾਂ ਦੇ ਰੂਪ ਵਿੱਚ ਆਪਣੇ ਆਪ ਨੂੰ ਉਸਦੀ ਸਹੇਲੀ ਸਮਝਦੀਆਂ ਹਨ ਤੇ ਖੁਸ਼ੀ ਨਾਲ ਆਪਣੀਆਂ ਬਾਹਾਂ ਹੁਲਾਰਦੀਆਂ ਹਨ ਭਾਵ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਨਣ ਦੀ ਖੁਸ਼ੀ ਮਨਾਉਂਦੀਆਂ ਹਨ ਕਿਉਂਕਿ ਸ੍ਰਿਸ਼ਟੀ ਦੇ ਰਚਨਹਾਰ ਨੇ ਸ੍ਰਿਸ਼ਟੀ ਦੇ

54/7526

ਕਿਸੇ ਵੀ ਮਨੁੱਖ ਲਈ ਮਨ ਦੀ ਇਸ ਤੋਂ ਵੱਡੀ ਖੁਸ਼ੀ ਨਹੀਂ ਬਣਾਈ ਜੋ ਖੁਸ਼ੀ ਉਸਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਕੋਈ ਮਨਾ ਸਕਦਾ ਹੈ, ਉਸ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਬਣਕੇ ਹੀ ਮਨ ਸਕਦਾ ਹੈ। **(ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥ ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥ ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥ ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥)**

ਉਸ ਅਕਾਲ ਪੁਰਖ ਦੀਆਂ ਪਤਨੀਆਂ ਦੀ ਭਾਵ ਇੱਕੋ ਇੱਕ ਸ੍ਰਿਸ਼ਟੀ ਦੇ ਮਾਲਕ ਦੀਆਂ ਪਤਨੀਆਂ ਦੀ ਇਤਨੀ ਵੱਡੀ ਖੁਸ਼ੀ ਦਾ ਕਾਰਣ ਕੀ ਹੁੰਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਆਉ ਹੋਰ ਵੀ ਧਿਆਨ ਨਾਲ ਸਮਝੀਏ।

“ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥

ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥”

ਧਰਮ ਗ੍ਰੰਥਾਂ ਵਿੱਚ ਇਹ ਵੀ ਪੜਨ ਨੂੰ ਮਿਲਦਾ ਹੈ ਕਿ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਧਰਮ ਰਾਜ ਨੂੰ ਲੇਖਾ ਦੇਣਾ ਪੈਂਦਾ ਹੈ ਭਾਵ ਮਾੜੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ ਜੋ ਲੇਖਾ ਦੇਣ ਲਈ ਉਸਨੂੰ ਧਰਮ ਰਾਜ ਦੀਆਂ ਸਜਾਵਾਂ ਵੀ ਸਹਿਣੀਆਂ ਪੈਂਦੀਆਂ ਹਨ ਭਾਵ ਮਾੜੇ ਕਰਮਾਂ ਦੀਆਂ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ, ਜਮਾਂ ਦੀ ਮਾਰ ਸਹਿਣੀ ਪੈਂਦੀ ਹੈ, ਅਨੇਕਾਂ ਜੂਨਾਂ ਭੋਗਣੀਆਂ ਪੈਂਦੀਆਂ ਹਨ ਤੇ ਪਤਾ ਨਹੀਂ ਸਰੀਰ ਛੱਡਣ ਤੋਂ ਬਾਅਦ ਕਿਸ ਜਗ੍ਹਾ ਤੇ ਜਾ ਕੇ ਲੇਖਾ ਦੇਣਾ ਪੈਂਦਾ ਹੈ ਤੇ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ। ਇਹੋ ਜਿਹੀਆਂ ਗੱਲਾਂ ਕੋਈ ਤਦ ਤੱਕ ਹੀ ਕਰ ਸਕਦਾ ਹੈ ਜਦ ਤੱਕ ਸ੍ਰਿਸ਼ਟੀ ਦੇ ਕਰਤੇ ਦੀ ਹਰ **“ਮੁੰਧ”** ਭਾਵ ਉਸਦੀ ਹਰ ਮਨੁੱਖੀ ਰੂਪ ਨਾਰ ਇਆਣੀ ਹੁੰਦੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਵਿੱਚ ਮਨ ਦੀ ਨਾਸਮਝੀ ਵਿੱਚ ਹੁੰਦੀ ਹੈ ਭਾਵ ਹਉਮੈ ਵਿੱਚ, ਤ੍ਰੈ ਗੁਣਾਂ ਵਿੱਚ, ਮਾਇਆ ਦੀ ਜੁਗਤਿ ਵਿੱਚ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਹੁੰਦੀ ਹੈ ਭਾਵ ਉਹ ਆਪਣੇ ਪੇਕੇ ਘਰ ਵਿੱਚ ਹੀ ਹੁੰਦੀ ਹੈ ਤੇ ਜਿਸ ਮਨੁੱਖੀ ਸਮਝ ਨੂੰ ਉਹ ਪੇਕੇ ਘਰ ਵਿੱਚੋਂ ਕੱਢ ਕੇ ਆਪਣੇ ਸਹੁਰੇ ਘਰ ਵਿੱਚ ਲੈ ਆਉਂਦਾ ਹੈ ਭਾਵ ਆਪਣੇ ਸੱਚੇ ਨਾਮ ਵਾਲੀ ਸਮਝ ਵਿੱਚ ਲੈ ਆਉਂਦਾ ਹੈ ਭਾਵ ਜਿਸਨੂੰ ਉਹ ਆਪਣੇ ਮਨ ਦੇ ਵਿੱਚ ਚੌਥੇ ਪਦ ਵਾਲਾ ਗਿਆਨ ਬਖਸ਼ ਦਿੰਦਾ ਹੈ, ਆਪਣਾ ਬ੍ਰਹਮ ਗਿਆਨ ਬਖਸ਼ ਦਿੰਦਾ ਹੈ ਉਸਨੂੰ ਮਨ ਦੀ ਉੱਚੀ ਸਮਝ ਰਾਹੀਂ ਮਨ ਦੇ ਵਿੱਚ ਹੀ ਆਪਣੇ ਦਰਸ਼ਨ ਕਰਵਾ ਦਿੰਦਾ ਹੈ ਭਾਵ ਉਸ ਇਆਣੀ ਨਾਰ ਨੂੰ

54/7527

ਆਪਣੀ ਸਿਆਣੀ ਨਾਰ ਬਣਾ ਦਿੰਦਾ ਹੈ ਭਾਵ ਆਪਣੀ ਉੱਚੀ ਤੇ ਸੱਚੀ ਭਗਤੀ ਦੀ ਸਮਝ ਵਾਲੀ, ਆਪਣੇ ਨਾਮ ਦੀ ਸਮਝ ਵਾਲੀ ਬਣਾ ਦਿੰਦਾ ਹੈ ਜਿਸ ਮਨ ਦੀ ਉੱਚੀ ਸਮਝ ਦੁਆਰਾ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਤੇ ਪੂਰਨ ਵਿਸ਼ਵਾਸ ਕਰ ਸਕਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੀ **“ਧਰਮ ਰਾਇ”** ਹੈ ਜੋ ਕਿ ਸਭ ਦੇ ਮਨ ਦੀ ਸਮਝ ਦੇ ਅੰਦਰ ਬੈਠਾ ਹੈ। ਉਸ ਧਰਮ ਰਾਜ ਦਾ ਲੇਖਾ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਆਪਣੇ ਜੀਵਨ ਵਿੱਚ ਵਿਚਰਦੇ ਹੋਏ ਹੀ ਦੇਣਾ ਪੈਂਦਾ ਹੈ ਭਾਵ ਆਪਣੇ ਮਾੜੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਗੁਰਮਤਿ ਦੀ ਸੱਚੀ ਸਮਝ ਨਾ ਹੋਣ ਕਰਕੇ ਭਾਵ ਗੁਰੂ ਦੇ ਨਾਮ ਨੂੰ ਜਪਣ ਦੀ ਸੱਚੀ ਸਮਝ ਨਾ ਹੋਣ ਕਰਕੇ ਮਨੁੱਖ ਅਨੇਕਾਂ ਹੀ ਮਾੜੇ ਕਰਮ ਕਰਦਾ ਹੈ ਤੇ ਆਪਣੇ ਜੀਵਨ ਵਿੱਚ ਅਨੇਕਾਂ ਕਸ਼ਟ ਵੀ ਸਹਿੰਦਾ ਹੈ ਇਹ ਸਭ ਧਰਮ ਰਾਜ ਦੀਆਂ ਸਜਾਵਾਂ ਹੀ ਹੁੰਦੀਆਂ ਹਨ ਜਿਸਦੀ ਮਨੁੱਖ ਨੂੰ ਸਮਝ ਨਹੀਂ ਹੁੰਦੀ ਤੇ ਇਹ ਸਮਝ ਕੇਵਲ ਉਸੇ ਮਨੁੱਖੀ ਸਰੀਰ ਨੂੰ ਪੈਂਦੀ ਹੈ ਜੋ ਆਪਣੇ ਅੰਦਰੋਂ ਆਪਣੇ ਸਰੀਰ ਦੇ ਮਾਲਕ ਦੇ ਦਰਸ਼ਨ ਕਰ ਲੈਂਦਾ ਹੈ ਤੇ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਹਰ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੈ ਤੇ ਹਰ ਮਨੁੱਖੀ ਰੂਪ ਵਿੱਚ ਵੀ ਉਹ ਆਪ ਹੀ ਵਰਤ ਰਿਹਾ ਹੈ ਜੋ ਜਨਮ ਮਰਨ ਤੋਂ ਰਹਿਤ ਹੈ ਭਾਵ ਉਸ ਮਨੁੱਖ ਨੂੰ ਮਨ ਦੇ ਪੂਰਨ ਵਿਸ਼ਵਾਸ ਨਾਲ ਇਹ ਗੱਲ ਦ੍ਰਿੜ ਹੋ ਜਾਂਦੀ ਹੈ ਕਿ ਮਨੁੱਖ ਜੋ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ, ਫਿਰ ਤੋਂ ਜੂਨਾਂ ਵਿੱਚ ਪੈਣਾ ਸਮਝਦਾ ਹੈ, ਆਪਣਾ ਸਰੀਰ ਛੱਡਣ ਤੋਂ ਬਾਅਦ ਕਿਤੇ ਜਾ ਕੇ ਲੇਖਾ ਦੇਣਾ ਸਮਝਦਾ ਹੈ ਇਹ ਸ੍ਰਿਸ਼ਟੀ ਦੇ ਹਰ ਮਨੁੱਖ ਦਾ ਵੱਡਾ ਭਰਮ ਹੈ। ਅਸਲ ਵਿੱਚ ਨਾ ਕੋਈ ਜੰਮਦਾ ਹੈ ਨਾ ਕੋਈ ਮਰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਸਾਨੂੰ ਪੂਰਨ ਸੱਚ ਹੀ ਸਮਝਾ ਰਹੀ ਹੈ ਪਰ ਇਸ ਗੱਲ ਦੀ ਸਮਝ ਕੇਵਲ ਤੇ ਕੇਵਲ ਉਸੇ ਨੂੰ ਹੀ ਲੱਗ ਸਕਦੀ ਹੈ ਜੋ ਮਨ ਦੇ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਦੇ ਦਰਸ਼ਨ ਕਰ ਲੈਂਦਾ ਹੈ ਤੇ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਦਾ ਸੱਚ, ਆਪਣੇ ਹਰ ਮਨੁੱਖੀ ਰੂਪ ਦਾ ਸੱਚ ਕਿ ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਵਰਤ ਰਿਹਾ ਹੈ ਤੇ ਕਿਵੇਂ ਵਰਤ ਰਿਹਾ ਹੈ ਇਹ ਸਭ ਕੁਝ ਉਹ ਆਪ ਹੀ ਸਮਝਾਉਂਦਾ ਹੈ। ਆਪਣੀ ਸੱਚੀ ਗੁਰਬਾਣੀ ਦੇ ਸੱਚੇ ਅਰਥ ਇਸ ਨਿਮਾਣੇ ਜਿਹੇ ਮਨੁੱਖ ਨੂੰ ਆਪਣੀ ਨਾਰ ਬਨਾਉਣ ਦੁਆਰਾ, ਆਪਣੀ ਸੁਹਾਗਣ ਬਨਾਉਣ ਦੁਆਰਾ ਉਹ ਸੱਚਾ ਸੁਹਾਗ ਆਪ ਹੀ ਸਮਝਾ ਰਿਹਾ ਹੈ ਜਿਸ ਕਰਕੇ ਦਾਸ ਦੇ ਅੰਦਰ ਉਸਨੂੰ ਜਾਨਣ ਦੀ ਕਿਤਨੀ ਕੁ ਵੱਡੀ ਖੁਸ਼ੀ ਹੈ ਇਸ ਗੱਲ ਦਾ ਕੋਈ ਅੰਦਾਜਾ ਵੀ ਨਹੀਂ ਲਗਾ ਸਕਦਾ। ਦਾਸ ਨੂੰ ਜਿਆਦਾਤਰ ਜਾਨਣ ਵਾਲੇ ਤੇ ਇਸ ਨਿਮਾਣੇ ਜਿਹੇ ਅਕਾਲ ਪੁਰਖ ਦੇ ਦਾਸ ਬਾਰੇ ਇਹੀ ਕੁਝ ਜਾਣਦੇ ਹਨ ਕਿ ਇਹ ਮਾਇਆ ਵੱਲੋਂ ਬੜਾ ਦੁਖੀ ਰਹਿੰਦਾ ਹੈ, ਕਈਆਂ ਕੋਲੋਂ ਮਾਇਆ ਮੰਗਦਾ

54/7528

ਵੀ ਹੈ ਕਿਉਂਕਿ ਇਸਦੀ ਬੈਂਕ ਦੀ ਨੋਕਰੀ ਤੋਂ ਇਸ ਨੂੰ ਬੈਂਕ ਦੇ ਹਾਕਮਾਂ ਨੇ ਬੜੇ ਸਾਲਾਂ ਦਾ ਕੱਢਿਆ ਹੋਇਆ ਹੈ ਤੇ ਅੱਜ ਤੱਕ ਇਸਨੂੰ

ਉਨ੍ਹਾਂ ਨੇ ਪੈਨਸ਼ਨ ਤੱਕ ਵੀ ਨਹੀਂ ਦਿੱਤੀ ਜੋ ਪੈਨਸ਼ਨ ਲੈਣ ਲਈ ਭਾਵ ਆਪਣੇ ਘਰ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਇਹ ਕਈ ਸਾਲਾਂ ਤੋਂ ਕਚਹਿਰੀਆਂ ਦੇ ਧੱਕੇ ਖਾ ਰਿਹਾ ਹੈ ਤੇ ਹੁਣ ਤੱਕ ਇਸਦੀ ਕੋਈ ਸੁਣਵਾਈ ਨਹੀਂ ਹੋਈ ਉਹ ਸਭ ਆਪਣੀ ਜਗ੍ਹਾ ਠੀਕ ਹਨ ਤੇ ਦਾਸ ਦੇ ਕੁਝ ਨਜਦੀਕੀ ਰਿਸ਼ਤੇਦਾਰ ਦਾਸ ਦੀਆਂ ਘਰੇਲੂ ਜਰੂਰਤਾਂ ਪੂਰੀਆਂ ਕਰਨ ਲਈ ਮਾਇਆ ਦੇਣ ਨਾਲ ਮਦਦ ਵੀ ਕਰਦੇ ਹਨ ਕਿਉਂਕਿ ਕਿਸੇ ਵੀ ਮਨੁੱਖ ਲਈ ਮਾਇਆ ਇੱਕ ਵੱਡੀ ਜਰੂਰਤ ਹੈ। ਜਦੋਂ ਦਾਸ ਕਿਸੇ ਦੀ ਮਦਦ ਕਰਨ ਦੇ ਸਮਰਥ ਹੁੰਦਾ ਸੀ ਉਦੋਂ ਦਾਸ ਕਈਆਂ ਦੀ ਜਰੂਰਤ ਪੂਰੀ ਕਰਦਾ ਵੀ ਰਿਹਾ ਹੈ। ਸਭ ਦੀ ਸਮਝ ਦਾ ਮਾਲਕ ਉਹ ਆਪ ਹੀ ਹੈ ਤੇ ਕਿਸੇ ਨਾ ਕਿਸੇ ਤਰੀਕੇ ਉਹ ਦਾਸ ਦੇ ਜੀਵਨ ਦੀਆਂ ਜਰੂਰਤਾਂ ਪੂਰੀਆਂ ਕਰਵਾ ਹੀ ਦਿੰਦਾ ਹੈ ਪਰ ਦਾਸ ਫਿਰ ਵੀ ਕਿਤਨਾ ਕੂ ਖੁਸ਼ ਰਹਿੰਦਾ ਹੈ ਉਸਦਾ ਅੰਦਾਜਾ ਕੋਈ ਕੀ ਲਗਾ ਸਕਦਾ ਹੈ। ਦਾਸ ਜੀਵਨ ਮਰਨ ਦੀ ਚਿੰਤਾ ਵਿੱਚੋਂ ਨਿਕਲ ਚੁੱਕਾ ਹੈ, ਦਾਸ ਧਰਮ ਰਾਜ ਦੇ ਲੇਖੇ ਵਿੱਚੋਂ ਨਿਕਲ ਚੁੱਕਾ ਹੈ ਭਾਵ ਦਾਸ ਦੇ ਇਹ ਲੇਖੇ ਨਿਬੜ ਚੁੱਕੇ ਹਨ ਜੋ ਕਿ ਉਸਨੇ, ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਨਾਮ ਬਖਸ਼ਣ ਦੁਆਰਾ ਮੁਕਾ ਦਿੱਤੇ ਹਨ। ਧੰਨ ਹੈ, ਧੰਨ ਹੈ, ਧੰਨ ਹੈ ਸ੍ਰਿਸ਼ਟੀ ਦਾ ਕਰਤਾ ਜਿਸਨੇ ਇਸ ਨਿਮਾਣੇ ਜਿਹੇ ਮਨੁੱਖ ਤੇ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਆਪਣੀ ਘਰਵਾਲੀ ਬਣਾਇਆ ਹੈ ਭਾਵ ਆਪਣੇ ਚੌਥੇ ਪਦ ਦੇ ਗਿਆਨ ਵਾਲੇ ਘਰ ਵਿੱਚ, ਆਪਣੇ ਨਾਮ ਦੇ ਘਰ ਵਿੱਚ ਲੈ ਆਂਦਾ ਹੈ ਤੇ ਆਪਣੇ ਸੱਚੇ ਘਰ ਦੇ ਵਿੱਚੋਂ ਆਪਣੀ ਸੱਚੀ ਬਾਣੀ ਦੇ ਸੱਚੇ ਅਰਥ ਲਿਖਵਾ ਰਿਹਾ ਹੈ। **(ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥ ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥ ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥ ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥ ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥ ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥)**

ਸਭ ਤੋਂ ਵੱਡੀ ਖੁਸ਼ੀ ਦਾਸ ਨੂੰ ਇਸ ਗੱਲ ਦੀ ਹੈ ਕਿ ਇਹ ਸੱਚੀ ਗੁਰਬਾਣੀ ਦੇ ਸੱਚੇ ਅਰਥ ਜੋ ਕਿ ਸੱਚ ਦੇ ਦਰ ਤੋਂ ਆਏ ਹਨ ਤੇ ਇਹ ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਅਰਥ ਸਦਾ ਰਹਿਣ ਵਾਲੇ ਹਨ, ਰਹਿੰਦੀ ਦੁਨੀਆਂ ਤੱਕ ਰਹਿਣ ਵਾਲੇ ਹਨ ਭਾਵ ਜਿਨ੍ਹਾਂ ਅਰਥਾਂ ਨੂੰ ਰਹਿੰਦੀ ਦੁਨੀਆਂ ਤੱਕ ਕੋਈ ਬਦਲ ਨਹੀਂ ਸਕੇਗਾ। ਉਸ ਸੱਚ ਦੇ ਮਾਲਕ ਦਾ ਸੱਦਾ ਭਾਵ ਉਸ ਸੱਚ ਦੇ ਦਰ ਤੇ ਜਾਣ ਦਾ ਸੱਦਾ ਸਹਿਣਾ ਬਹੁਤ ਔਖਾ ਹੈ ਭਾਵ ਉਸਦੇ ਨਾਲ ਮੇਲ ਦਾ ਸੱਦਾ ਬਹੁਤ ਔਖਾ ਹੈ ਜਿਸ ਉਸਦੇ ਸੱਦੇ ਦੀ ਮਾਰ ਨੂੰ ਸਹਿਣਾ ਹੀ ਪੈਂਦਾ ਹੈ ਕਿਉਂਕਿ ਇਹ ਉਸਦੀ ਆਪਣੀ ਰਜਾ ਹੈ ਤੇ ਉਸਦੀ ਰਜਾ ਨੂੰ ਮੰਨਣਾ ਹੀ ਪੈਂਦਾ ਹੈ। ਇਹ ਉਸਦਾ ਬਣਾਇਆ ਹੋਇਆ ਅਸੂਲ ਹੈ, ਨਿਯਮ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਰਾਹੀਂ ਸਮਝਿਆ ਹੀ ਹੈ ਤੇ ਉਸਦਾ ਨਾਮ ਜਪਣਾ ਕਿਤਨਾ ਔਖਾ ਹੈ ਇਸ ਗੱਲ ਨੂੰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਧੰਨ ਹੈ ਉਸਦੀ ਕ੍ਰਿਪਾ, ਧੰਨ ਹੈ ਉਸਦੀ ਕ੍ਰਿਪਾ, ਧੰਨ ਹੈ ਉਸਦੀ ਕ੍ਰਿਪਾ ਜਿਸਨੇ ਆਪਣੀ ਇਹ ਸਭ ਤੋਂ ਵੱਡੀ ਕ੍ਰਿਪਾ ਕੇਵਲ ਕੁਝ ਗਿਣੇ ਚੁਣੇ ਸਰੀਰਾਂ ਤੇ ਹੀ ਕੀਤੀ ਹੈ ਭਾਵ ਆਪਣੇ ਭਗਤਾਂ ਤੇ, ਗੁਰੂ ਸਾਹਿਬਾਨ ਤੇ ਕੀਤੀ ਹੈ ਜਿਨ੍ਹਾਂ ਰਾਹੀਂ ਉਸਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਦਾ ਮਾਰਗ ਸਮਝਾਇਆ ਹੈ, ਸੱਚ ਰੂਪ ਸ੍ਰਿਸ਼ਟੀ ਦੇ ਖਸਮ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਜਿਹਾ ਮਾਰਗ ਸਮਝਾਇਆ ਹੈ ਭਾਵ ਸੰਸਾਰ ਦੇ ਇੱਕੋ ਇੱਕ ਖਸਮ ਦੀ ਇੱਕੋ ਜਿਹੀ ਨਾਰ ਬਣਨੀ ਸਮਝਾਇਆ ਹੈ। ਬਹੁਤ ਔਖਾ ਹੈ ਉਸਦੀ ਨਾਰ ਬਣਨਾ, ਬਹੁਤ ਔਖੀ ਹੈ ਉਸਦੇ ਸੱਦੇ ਦੀ ਮਾਰ ਸਹਿਣਾ, ਬਹੁਤ ਔਖਾ ਹੈ ਉਸਦਾ ਨਾਮ ਜਪਣਾ ਜਿਸਨੂੰ ਜਪਣ ਲਈ ਆਪਣੇ ਅਨੇਕਾਂ ਹੀ ਦੁਨਿਆਵੀ ਸੁੱਖ ਤਿਆਗਣੇ ਪੈਂਦੇ ਹਨ ਭਾਵ ਉਸਦੀ ਰਜਾ ਮੰਨਣੀ ਹੀ ਪੈਂਦੀ ਹੈ।

{ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥
ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥
ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥}

(ਅੰਗ ੫)

ਆਸਾ ਮਹਲਾ ੧ ॥

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥

ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥
ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

ਕਿਸੇ ਮਨੁੱਖੀ ਸਰੀਰ ਨੂੰ ਆਪਣੀ ਪਤਨੀ ਬਨਾਉਣ ਦੁਆਰਾ ਉਹ ਆਪਣਾ ਨਾਮ ਹੀ ਬਖਸ਼ਦਾ ਹੈ ਭਾਵ ਸੱਚਾ ਗਿਆਨ ਹੀ ਬਖਸ਼ਦਾ ਹੈ ਭਾਵ ਆਪਣੇ ਨਾਮ ਦੀ ਰਾਸਿ ਹੀ ਬਖਸ਼ਦਾ ਹੈ ਭਾਵ ਆਪਣੇ ਨਾਮ ਦੀ ਪੂੰਜੀ ਬਖਸ਼ਦਾ ਹੈ ਜਿਸ ਤੋਂ ਵੱਡੀ ਪੂੰਜੀ ਪੂਰੇ ਸੰਸਾਰ ਵਿੱਚ ਕੋਈ ਹੋਰ ਪੂੰਜੀ ਹੋ ਹੀ ਨਹੀਂ ਸਕਦੀ ਤੇ ਜਿਸ ਪੂੰਜੀ ਦੀ ਪ੍ਰਾਪਤੀ ਨਾਲ ਮਨ ਦੇ ਵਿੱਚ ਖੇੜਾ ਹੁੰਦਾ ਹੈ ਉਹ ਪੂੰਜੀ ਮਨੁੱਖ ਦੀ ਸਦਾ ਰਹਿਣ ਵਾਲੀ ਪੂੰਜੀ ਹੁੰਦੀ ਹੈ ਜਿਸ ਪੂੰਜੀ ਨੂੰ ਸ੍ਰਿਸ਼ਟੀ ਦਾ ਹਰ ਮਨੁੱਖ ਉਸ ਮਨੁੱਖੀ ਸਰੀਰ ਦੇ ਬਿਨਸਨ ਤੋਂ ਬਾਅਦ ਵੀ ਵਰਤ ਸਕਦਾ ਹੈ ਤੇ ਉਸ ਸੱਚੀ ਪੂੰਜੀ ਦੀ ਵਰਤੋਂ ਕਰਨ ਨਾਲ ਉਸ ਪੂੰਜੀ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਪਹੁੰਚ ਕਰਨ ਦਾ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਭਾਵ ਆਪਣੇ ਇੱਕੋ ਇੱਕ ਖਸਮ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕੋਈ ਵੀ ਕਰ ਸਕਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ ਕਿਉਂਕਿ ਸ੍ਰਿਸ਼ਟੀ ਦਾ ਮਾਲਕ ਤਾਂ ਇੱਕੋ ਹੀ ਹੈ, ਸਭ ਦਾ ਖਸਮ ਤਾਂ ਇੱਕੋ ਹੀ ਹੈ ਜੋ ਕਿ ਸੱਚ ਦੇ ਰੂਪ ਵਿੱਚ ਹੈ, ਨਾਮ ਦੇ ਰੂਪ ਵਿੱਚ ਹੈ ਤੇ ਸਭ ਜਗ੍ਹਾ ਤੇ ਸਭ ਦੇ ਅੰਦਰ ਵਰਤ ਰਿਹਾ ਹੈ। ਆਉ ਇਸੇ ਗੱਲ ਨੂੰ ਅਕਾਲ ਪੁਰਖ ਰੂਪ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੇ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਰਾਹੀਂ ਸਮਝੀਏ।

54/7529

“ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥
ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥ ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥
ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥ ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥
ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥ ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥
ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥
ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥”

(ਅੰਗ ੬੧)

ਪ੍ਰਮਾਤਮਾ ਨੂੰ ਕਹਿਣ ਵਾਲੇ, ਅੱਲ੍ਹਾ ਨੂੰ ਕਹਿਣ ਵਾਲੇ, ਗਾਡ ਨੂੰ ਕਹਿਣ ਵਾਲੇ, ਅਕਾਲ ਪੁਰਖ ਨੂੰ ਕਹਿਣ ਵਾਲੇ ਜਾਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਖਣ ਵਾਲੇ ਭਾਵ ਉਸ ਦੀਆਂ ਗੱਲਾਂ ਕਰਨ ਵਾਲੇ ਕਿ ਉਹ ਕੀ ਹੈ ਤੇ ਉਸਨੂੰ ਕਿਵੇਂ ਪਾਇਆ ਜਾ ਸਕਦਾ ਹੈ ਇਹੋ ਜਿਹੇ ਮਨੁੱਖ ਸੰਸਾਰ ਵਿੱਚ ਅਨੇਕਾਂ ਹੀ ਹਨ, ਅਣਗਿਣਤ ਹੀ ਹਨ ਲੇਕਿਨ ਜਦ ਤੱਕ ਕਿਸੇ ਨੂੰ ਇਸ ਗੱਲ ਦੀ ਇਹ ਸਮਝ ਨਹੀਂ ਪੈ ਜਾਂਦੀ ਕਿ ਪੂਰੇ ਸੰਸਾਰ ਦਾ ਗੁਰੂ ਕੌਣ ਹੈ ਤੇ ਉਹ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਕਿਸ ਰੂਪ ਵਿੱਚ ਹੈ ਤੇ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਉਹ ਇੱਕੋ ਇੱਕ ਸੰਸਾਰ ਦੇ ਗੁਰੂ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਸਿੱਖਿਆ ਕਿਸ ਰੂਪ ਵਿੱਚ ਹੈ ਤਦ ਤੱਕ ਕੋਈ ਵੀ ਨਹੀਂ ਜਾਣ ਸਕਦਾ ਕਿ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਿਵੇਂ ਹੋਈ। ਆਪਣੇ ਰਚੇ ਹੋਏ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਸਿੱਖਿਆ ਨੂੰ ਉਹ ਸੰਸਾਰ ਦਾ ਸੱਚਾ ਗੁਰੂ ਆਪ ਹੀ ਜਾਣਦਾ ਹੈ ਭਾਵ ਉਸ ਗੁਰੂ ਨੂੰ ਜਾਣੇ ਬਿਨ੍ਹਾਂ ਜੋ ਕਿ ਸਭ ਦੇ ਅੰਦਰ ਹੀ ਵਰਤ ਰਿਹਾ

ਹੈ ਉਸਦੀ ਸੱਚੀ ਧਾਰਮਿਕ ਸਿੱਖਿਆ ਨੂੰ ਨਹੀਂ ਸਮਝਿਆ ਜਾ ਸਕਦਾ ਭਾਵ ਉਸਦੀ ਸੱਚਾਈ ਬਿਆਨ ਨਹੀਂ ਕੀਤੀ ਜਾ ਸਕਦੀ ਭਾਵੇਂ ਸੰਸਾਰ ਵਿੱਚ ਉਸਨੂੰ ਆਖਣ ਵਾਲੇ ਅਨੇਕਾਂ ਹੀ ਅਨੇਕਾਂ ਹਨ ਕਿਉਂਕਿ ਹਰ ਕੋਈ ਉਸਨੂੰ ਜਾਨਣਾ ਚਾਹੁੰਦਾ ਹੈ। **(ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥)**

ਜਿਸਨੂੰ ਸ੍ਰਿਸ਼ਟੀ ਦਾ ਕਰਤਾ ਆਪਣੇ ਗੁਰੂ ਰੂਪ ਨਾਲ ਜੋੜਦਾ ਹੈ ਉਸਨੂੰ ਆਪਣੇ ਨਾਮ ਦੇ ਨਾਲ ਹੀ ਜੋੜਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥”

ਨਾਮ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੈ ਤੇ ਆਪਣੀ ਵਡਿਆਈ ਕਰਾਉਣ ਦਾ ਤਰੀਕਾ ਕਿ ਸ੍ਰਿਸ਼ਟੀ ਦਾ ਮਾਲਕ ਕਿਤਨਾ ਕੁ ਵੱਡਾ ਹੈ, ਕਿਤਨਾ ਕੁ ਉੱਚੇ ਗਿਆਨ ਵਾਲਾ ਹੈ ਆਪਣੀ ਇਹ ਵਡਿਆਈ ਕਰਵਾਉਣੀ ਉਹ ਕਿਸੇ ਨੂੰ ਆਪ ਹੀ ਬਖਸ਼ ਸਕਦਾ ਹੈ ਜੋ ਕਿ ਨਾਮ ਦਾ ਮਾਲਕ ਹੈ, ਬ੍ਰਹਮ ਗਿਆਨ ਦਾ ਮਾਲਕ ਹੈ ਤੇ ਜਿਸਨੂੰ ਉਹ ਆਪਣਾ ਨਾਮ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ ਉਨ੍ਹਾਂ ਦੇ ਸ਼ਬਦਾਂ ਦੇ ਰਾਹੀਂ ਹੀ ਉਸਨੇ ਪੂਰੀ ਗੁਰਬਾਣੀ ਦੁਆਰਾ ਆਪਣੀ ਵਡਿਆਈ ਕਰਨੀ ਸਮਝਾਈ ਹੈ, ਆਪਣੇ ਗੁਣ ਗਾਉਣੇ ਸਮਝਾਏ ਹਨ, ਉਨ੍ਹਾਂ ਦੀ ਸਮਝ ਦੇ ਅੰਦਰ ਆਪਣਾ ਗੁਰੂ ਰੂਪ ਪ੍ਰਗਟ ਕਰਨ ਦੁਆਰਾ ਗੁਣ ਗਾਉਣੇ ਸਮਝਾਏ ਹਨ, ਸਾਰੇ ਸੰਸਾਰ ਲਈ ਇੱਕੋ ਜਿਹਾ ਭਗਤੀ ਦਾ ਮਾਰਗ

54/7530

ਸਮਝਾਇਆ ਹੈ ਭਾਵ ਸੱਚ ਤੇ ਚੱਲਣ ਦਾ ਮਾਰਗ ਸਮਝਾਇਆ ਹੈ ਜਿਸ ਉਸਦੇ ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲ ਕੇ ਹੀ ਕੋਈ ਉਸ ਸੱਚ ਦੇ ਮਾਲਕ ਦੀ ਵਡਿਆਈ ਬਿਆਨ ਕਰ ਸਕਦਾ ਹੈ। ਉਸਦੀ ਸੱਚੀ ਸਿੱਖਿਆ ਦੇ ਨਾਲ ਰੰਗੇ ਜਾਣ ਨਾਲ ਹੀ ਭਾਵ ਉਸਦੇ ਨਾਮ ਦੇ ਨਾਲ ਰੰਗੇ ਜਾਣ ਨਾਲ ਹੀ ਜਿਸਦੇ ਨਾਲ ਮਨੁੱਖ ਦੀ ਸਮਝ ਹੀ ਰੰਗੀ ਜਾਂਦੀ ਹੈ, ਕਿਸੇ ਦੇ ਮਨ ਦੇ ਵਿੱਚ ਇਹੋ ਜਿਹਾ ਰੰਗ ਚੜਨ ਨਾਲ ਹੀ ਕਿਸੇ ਦੀ ਨਾਮ ਦੇ ਮਾਲਕ ਦੇ ਘਰ ਵਿੱਚ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਘਰ ਵਿੱਚ ਪਤਿ ਪੈਂਦੀ ਹੈ ਭਾਵ ਅਕਾਲ ਪੁਰਖ ਦੇ ਘਰ ਵਿੱਚ ਉਸਦੀ ਇਜੱਤ ਪੈਂਦੀ ਹੈ ਜੋ ਉਸਦਾ ਘਰ ਸਭ ਦੇ ਅੰਦਰ ਹੀ ਹੈ। ਪੂਰੀ ਗੁਰਬਾਣੀ ਵੀ ਅਕਾਲ ਪੁਰਖ ਦਾ ਆਪਣਾ ਘਰ ਹੈ ਜੋ ਉਸਦੇ ਮਨ ਰੂਪ ਘਰ ਵਿੱਚੋਂ ਆਈ ਹੈ। ਬਹੁਤ ਔਖੀ ਹੈ ਨਾਮ ਦੀ ਵਡਿਆਈ ਜਾਨਣੀ ਜੋ ਆਪਣੀ ਵਡਿਆਈ ਕਰਨੀ ਕਦੇ ਹੀ ਕਿਸੇ ਨੂੰ ਸੰਸਾਰ ਵਿੱਚ ਬਖਸ਼ਦਾ ਹੈ। **(ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥)**

ਹੁਣ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਸੰਸਾਰ ਨੂੰ ਸ੍ਰਿਸ਼ਟੀ ਦੇ ਮਾਲਕ ਨੇ ਕੀ ਸਮਝਾਇਆ ਹੈ।

“ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥”

ਹਰ ਮਨੁੱਖੀ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਮਨੁੱਖੀ ਸਮਝ ਦਾ ਮਾਲਕ ਉਹ ਆਪ ਹੀ ਹੈ। ਅਸੀਂ ਕਿਸੇ ਮਨੁੱਖ ਨੂੰ ਖੋਟਾ ਮਨੁੱਖ ਕਹਿੰਦੇ ਹਾਂ ਤੇ ਕਿਸੇ ਮਨੁੱਖ ਨੂੰ ਖਰਾ ਮਨੁੱਖ ਕਹਿੰਦੇ ਹਾਂ, ਕਿਸੇ ਨੂੰ ਮਾੜੀ ਸਮਝ ਵਾਲਾ ਕਹਿੰਦੇ ਹਾਂ ਤੇ ਕਿਸੇ ਨੂੰ ਚੰਗੀ ਸਮਝ ਵਾਲਾ ਕਹਿੰਦੇ ਹਾਂ ਭਾਵ ਕਿਸੇ ਨੂੰ ਖੋਟੀ ਮਤਿ ਵਾਲਾ ਤੇ ਕਿਸੇ ਨੂੰ ਖਰੀ ਮਤਿ ਵਾਲਾ ਕਹਿੰਦੇ ਹਾਂ। ਜਿਨ੍ਹਾਂ ਨੂੰ ਅਸੀਂ ਖਰੀ ਮਤਿ ਵਾਲਾ ਸਮਝਦੇ ਹਾਂ ਉਹ ਸਾਨੂੰ ਭਾਉਂਦੇ ਹਨ ਭਾਵ ਚੰਗੇ ਲੱਗਦੇ ਹਨ, ਭਲੇ ਪੁਰਸ਼ ਲੱਗਦੇ ਹਨ ਕਿ ਇਨ੍ਹਾਂ ਕੋਲ ਭਗਤੀ ਦੇ ਮਾਰਗ ਦੀ ਖਰੀ ਸਮਝ ਹੈ ਭਾਵ ਉੱਚੀ ਸਮਝ ਹੈ ਤੇ ਜਿਨ੍ਹਾਂ ਦੀ ਸਮਝ ਸਾਨੂੰ ਖੋਟੀ ਲੱਗਦੀ ਹੈ ਕਿ ਇਨ੍ਹਾਂ ਨੂੰ ਭਗਤੀ ਦੇ ਮਾਰਗ ਦੀ ਸਹੀ ਸਮਝ ਨਹੀਂ ਹੈ ਤੇ ਇਹੋ ਜਿਹੇ ਮਨੁੱਖ ਸੰਸਾਰੀਆਂ ਨੂੰ ਨਹੀਂ ਭਾਉਂਦੇ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਆਪਣੇ ਆਪ ਨੂੰ ਖਰੀ ਮਤਿ ਕਹਿਣ ਵਾਲੇ ਬਹੁਤ ਹਨ ਜੋ ਆਪਣੇ ਆਪ ਨੂੰ ਸੰਤ ਆਦਿ ਵੀ ਅਖਵਾਉਂਦੇ ਹਨ ਤੇ ਸੰਸਾਰੀ ਉਨ੍ਹਾਂ ਦੀ ਸਮਝ ਨੂੰ ਸੱਚੀ ਸਮਝ ਮੰਨ ਕੇ, ਖਰੀ ਸਮਝ ਮੰਨ ਕੇ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਨ ਕਿ ਇਹ ਪ੍ਰਮਾਤਮਾ ਦੇ, ਅੱਲ੍ਹਾ ਦੇ ਆਖਣ ਨੂੰ ਜਾਣਦੇ ਹਨ ਕਿ ਉਸਨੂੰ ਕਿਸ ਤਰੀਕੇ ਆਖਣਾ ਚਾਹੀਦਾ ਹੈ, ਉਸਦਾ ਕਿਸ ਤਰੀਕੇ ਨਾਮ ਜਪਣਾ ਚਾਹੀਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਕਿਸ ਤਰੀਕੇ ਗਾਏ ਜਾ ਸਕਦੇ ਹਨ ਪਰ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਉਹੀ ਮਨੁੱਖ ਭਾਉਂਦੇ ਹਨ

54/7531

ਜਿਨ੍ਹਾਂ ਨੂੰ ਉਹ ਆਪਣੇ ਨਾਮ ਦੀ ਵਡਿਆਈ ਆਪ ਬਖਸ਼ਦਾ ਹੈ, ਮਨ ਦੇ ਵਿੱਚ ਆਪ ਪ੍ਰਗਟ ਹੋ ਕੇ ਬਖਸ਼ਦਾ ਹੈ। ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹਰ ਕੋਈ ਉਸਦੀ ਸੱਚੀ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ। ਜਿਨ੍ਹਾਂ

ਨੂੰ ਅਸੀਂ ਆਪਣੇ ਵੱਲੋਂ ਖੋਟੇ ਖਰੇ ਸਮਝਦੇ ਹਾਂ ਉਸ ਦੀਆਂ ਨਜਰਾਂ ਵਿੱਚ ਸਭ ਇੱਕੋ ਜਿਹੇ ਹੀ ਹਨ। **(ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥ ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥)**

ਖਰੀ ਮਤਿ ਤੇ ਖੋਟੀ ਮਤਿ ਵਿੱਚ ਕੀ ਫਰਕ ਹੁੰਦਾ ਹੈ ਭਾਵ ਪ੍ਰਮਾਤਮਾ ਨੂੰ ਜਾਨਣ ਬਾਰੇ, ਨਾਮ ਨੂੰ ਜਾਨਣ ਬਾਰੇ, ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਨੂੰ ਜਾਨਣ ਬਾਰੇ ਖਰੇ ਤੇ ਖੋਟੇ ਮਨੁੱਖ ਵਿੱਚ ਕੀ ਫਰਕ ਹੁੰਦਾ ਹੈ ਇਹੀ ਗੱਲ ਸੰਸਾਰ ਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

“ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥ ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥”

ਉਪਰ ਪਹਿਲੀ ਪੰਗਤੀ ਵਿੱਚ ਗੁਰੂ ਦੀ ਸ਼ਰਣ ਵਿੱਚ ਆਉਣ ਦੀ ਗੱਲ ਵੀ ਕੀਤੀ ਹੋਈ ਹੈ ਤੇ ਖੋਟੀ ਰਾਸਿ ਦੀ ਗੱਲ ਵੀ ਕੀਤੀ ਹੋਈ ਹੈ। ਖੋਟੀ ਰਾਸਿ ਮਨਮੁੱਖ ਦੀ ਕਹੀ ਹੋਈ ਹੈ ਭਾਵ ਉਨ੍ਹਾਂ ਮਨੁੱਖਾਂ ਲਈ ਖੋਟੀ ਰਾਸਿ ਕਹੀ ਹੋਈ ਹੈ ਜੋ ਮਨੁੱਖ ਆਪਣੀ ਮਨ ਦੀ ਸਮਝ ਦੇ ਨਾਲ ਚੱਲਦੇ ਹਨ ਭਾਵ ਜੋ ਗੁਰੂ ਦੀ ਸਮਝ ਨੂੰ ਨਹੀਂ ਮੰਨਦੇ। **“ਰਾਸਿ”** ਬਾਣੀ ਵਿੱਚ ਕਿਸਨੂੰ ਕਿਹਾ ਹੈ ਜੋ ਕਿ ਮਨੁੱਖ ਦੀ ਪੂੰਜੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਦੇ ਕੋਲ ਨਾਮ ਦੀ ਰਾਸਿ ਹੈ ਜੋ ਕਿ ਸਭ ਦੇ ਲਈ ਖਰੀ ਤੇ ਸੱਚੀ ਪੂੰਜੀ ਹੈ ਜੋ ਗੁਰੂ ਦੀ ਸੱਚੀ ਪੂੰਜੀ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਗੁਰੂ ਦੇ ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਪੂਰਨ ਸੱਚ ਦੇ ਰੂਪ ਵਿੱਚ ਹੈ। ਮਨੁੱਖੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਹੈ, ਭਰਮਾਂ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ ਜਿਸ ਕਰਕੇ ਹਰ ਕੋਈ ਮਨਮੁੱਖ ਹੈ, ਜਿਸ ਕਰਕੇ ਉਨ੍ਹਾਂ ਦੇ ਅੰਦਰ ਖੋਟੀ ਰਾਸਿ ਹੈ ਭਾਵ ਖੋਟੀ ਮਤਿ ਹੈ, ਨਾਮਸਝ ਮਤਿ ਹੈ ਜਿਸ ਖੋਟੀ ਮਤਿ ਵਿੱਚ ਰਹਿੰਦਿਆਂ ਮਨ ਦੀ ਅਗਿਆਨਤਾ ਦੇ ਬੰਧਨ ਤੋਂ, ਭਰਮ ਮੋਹ ਦੇ ਬੰਧਨ ਤੋਂ, ਹਉਮੈ ਦੇ ਬੰਧਨ ਤੋਂ ਨਹੀਂ ਛੁੱਟਿਆ ਜਾ ਸਕਦਾ ਤੇ ਇਸ ਮਨ ਦੇ ਬੰਧਨ ਵਿੱਚੋਂ ਕੇਵਲ ਤੇ ਕੇਵਲ ਗੁਰੂ ਦੀ ਸ਼ਰਨ ਵਿੱਚ ਆ ਕੇ ਭਾਵ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਛੁੱਟਿਆ ਜਾ ਸਕਦਾ ਹੈ। ਸਾਡੇ ਅੰਦਰ ਦਾ ਬੰਧਨ ਕੀ ਹੈ ਤੇ ਉਸ ਤੋਂ ਛੁੱਟਣ ਦਾ ਤਰੀਕਾ ਕੀ ਹੈ

54/7532

ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਇਸੇ ਗੱਲ ਲਈ ਸਾਨੂੰ ਉਪਰ ਵਾਲੀ ਪੰਗਤੀ ਰਾਹੀਂ ਪ੍ਰੇਰਿਆ ਹੋਇਆ ਹੈ ਕਿ ਨਾਸਮਝਾਂ ਦੀ ਮਤਿ ਵਿੱਚੋਂ ਨਿਕਲੋ ਤੇ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਨਣ ਲਈ ਕੇਵਲ ਗੁਰੂ ਦੀ ਸੱਚੀ ਮਤਿ ਨਾਲ ਜੁੜੀਏ। **(ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥)**

ਗੁਰੂ ਦੀ ਮਤਿ ਕਿਤਨੀ ਕੁ ਉੱਚੀ ਹੁੰਦੀ ਹੈ ਤੇ ਕਿਤਨੀ ਕੁ ਸੱਚੀ ਹੁੰਦੀ ਹੈ ਜੋ ਕਿ ਉਸਦੀ ਸੱਚੀ ਰਾਸਿ ਹੈ ਭਾਵ ਖਰੀ ਰਾਸਿ ਹੈ ਭਾਵ ਉਸਦੇ ਨਾਮ ਦੀ ਰਾਸਿ ਹੈ, ਇਹੀ ਗੱਲ ਸਾਨੂੰ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਆਪਣੀ ਮਤਿ ਦੁਆਰਾ ਨਾਮ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਸਮਝ ਲਵੇ ਇਹ ਮੁਮਕਿਨ ਹੀ ਨਹੀਂ ਹੈ। ਆਉ ਸਮਝੀਏ।

“ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥”

ਉਪਰ ਪੰਗਤੀ ਵਿੱਚ **“ਅਸਟ ਧਾਤੁ”** ਦੀ ਗੱਲ ਵੀ ਕੀਤੀ ਹੋਈ ਹੈ ਤੇ ਸ਼ਬਦ ਦੁਆਰਾ ਘੜਨ ਦੀ ਗੱਲ ਵੀ ਕੀਤੀ ਹੋਈ ਹੈ। ਅਸਟ ਧਾਤੁ ਨੂੰ ਪਾਤਸ਼ਾਹ ਦੀ ਧਾਤ ਕਿਹਾ ਹੈ ਤੇ ਸਾਰੀ ਸ੍ਰਿਸ਼ਟੀ ਦਾ ਪਾਤਸ਼ਾਹ ਤਾਂ ਇੱਕੋ ਹੀ ਹੈ ਜੋ ਕਿ ਸ੍ਰਿਸ਼ਟੀ ਦਾ ਕਰਤਾ ਹੀ ਹੈ ਜੋ ਹਰ ਵਸਤੂ ਦਾ ਮਾਲਕ ਹੈ ਤੇ ਪੂਰੇ ਗਿਆਨ ਦਾ ਮਾਲਕ ਹੈ। **“ਅਸਟ ਧਾਤੁ”** ਨੂੰ ਸਮਝਣਾ ਬਹੁਤ ਵੱਡੀ ਗੱਲ ਹੈ। **“ਅਸਟ”** ਤੋਂ ਭਾਵ ਹੈ ਜੋ ਵਸਤੂ ਸੱਟ ਮਾਰਨ, ਸੱਟ ਖਾਣ ਤੋਂ ਰਹਿਤ ਹੈ ਭਾਵ ਜਿਸਨੂੰ ਕੋਈ ਸੱਟ ਨਹੀਂ ਮਾਰ ਸਕਦਾ ਭਾਵ ਜਿਸਦਾ ਕੋਈ ਕੁਝ ਨਹੀਂ ਵਿਗਾੜ ਸਕਦਾ। ਜਿਸਦਾ ਕੋਈ ਕੁਝ ਨਾ ਵਿਗਾੜ ਸਕੇ, ਜਿਸਨੂੰ ਕੋਈ ਸੱਟ ਨਾ ਮਾਰ ਸਕੇ ਉਹ ਵਸਤੂ ਕੇਵਲ ਸੱਚ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ, ਉਸਦਾ ਬ੍ਰਹਮ ਗਿਆਨ ਹੈ, ਉਸਦੇ ਚੌਥੇ ਪਦ ਵਾਲੇ ਗਿਆਨ ਦੀ ਸਮਝ ਹੈ ਜੋ ਉਸਦੇ ਉੱਚੇ ਗਿਆਨ ਵਾਲੀ ਸਮਝ ਸਭ ਜਗ੍ਹਾ ਵਰਤ ਰਹੀ ਹੈ, ਉਸਦੀ ਰਚੀ ਹੋਈ ਉੱਚੀ ਸਾਇੰਸ ਦੇ ਰੂਪ ਵਿੱਚ ਵਰਤ ਰਹੀ ਹੈ, ਉਸਦੇ ਨਾਮ ਦੇ ਰੂਪ ਵਿੱਚ ਵਰਤ ਰਹੀ ਹੈ ਜਿਸ ਉਸਦੀ ਉੱਚੀ ਤੇ ਸੱਚੀ ਸਾਇੰਸ ਨੂੰ ਕੋਈ ਸੱਟ ਨਹੀਂ ਮਾਰ ਸਕਦਾ ਭਾਵ ਬਦਲ ਨਹੀਂ ਸਕਦਾ ਕਿਉਂਕਿ ਇਸਦੇ

ਅੰਦਰ ਜੋ ਉੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਉਹ ਸ੍ਰਿਸ਼ਟੀ ਦੇ ਪਾਤਸ਼ਾਹ ਦੀ ਆਪਣੀ ਖਰੀ ਰਾਸਿ ਹੈ, ਜੋ ਉਸਦੀ ਸਭ ਤੋਂ ਵੱਡੀ ਪੂੰਜੀ ਹੈ। ਪੂਰੇ ਗੁਰਬਾਣੀ ਗ੍ਰੰਥ ਦੇ ਵਿੱਚ ਜੋ ਨਾਮ ਦੀ ਰਾਸਿ ਹੈ ਉਹ ਸੱਚੇ ਪਾਤਸ਼ਾਹ ਦੀ ਆਪਣੀ ਖਰੀ ਪੂੰਜੀ ਹੈ, ਨਾਮ ਰੂਪ ਪੂੰਜੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਹਰ ਸ਼ਬਦ ਦੀ ਵਿਚਾਰ ਦੇ ਅੰਦਰ ਪੂਰਨ ਸੱਚ ਹੈ ਜੋ ਪੂਰਨ ਸੱਚ **"ਅਸਟ"** ਹੈ ਭਾਵ ਜਿਸ ਸੱਚ ਨੂੰ ਕੋਈ ਬਦਲ ਨਹੀਂ ਸਕਦਾ ਭਾਵ ਗੁਰੂ ਦੇ ਬੋਲ ਅਟੱਲ ਹਨ ਜੋ ਸਦਾ ਰਹਿਣ ਵਾਲੇ ਹਨ ਜੋ ਕਦੇ ਟਲ ਨਹੀਂ ਸਕਦੇ ਭਾਵ ਉਹ ਨਿਸ਼ਚਿਤ ਤੌਰ ਤੇ ਹੋ ਕੇ ਹੀ ਰਹਿੰਦੇ ਹਨ। ਗੁਰਬਾਣੀ ਗ੍ਰੰਥ ਦੇ ਅੰਦਰ

54/7533

ਜੋ ਕੁਝ ਵੀ ਲਿਖਿਆ ਹੋਇਆ ਹੈ ਉਹ ਪੂਰਨ ਸੱਚ ਹੈ ਭਾਵ ਅਟੱਲ ਹੈ, ਅਸਟ ਹੈ। ਗੁਰੂ ਦੀ ਕਸਵੱਟੀ ਤੇ ਕੇਵਲ ਤੇ ਕੇਵਲ ਸੱਚੇ ਅਰਥ ਹੀ ਖਰੇ ਉਤਰ ਸਕਦੇ ਹਨ ਤੇ ਝੂਠੇ ਅਰਥਾਂ ਨੂੰ ਗੁਰਬਾਣੀ ਦੇ ਸ਼ਬਦ ਆਪ ਹੀ ਆਪਣੇ ਸੱਚ ਦੁਆਰਾ ਸੱਟ ਮਾਰ ਦਿੰਦੇ ਹਨ ਕਿਉਂਕਿ ਸੱਚੇ ਗੁਰੂ ਨੇ ਇੱਕੋ ਜਿਹੀ ਗੱਲ ਨੂੰ ਬਾਣੀ ਰਾਹੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਅਸਲ ਖੇੜਾ ਭਾਵ ਖੁਸ਼ੀ ਕਿਸੇ ਮਨੁੱਖ ਦੇ ਅੰਦਰ ਉਦੋਂ ਆਉਂਦਾ ਹੈ ਜਦੋਂ ਕੋਈ ਮਨੁੱਖ ਪਾਤਸ਼ਾਹ ਦੀ ਅਸਟ ਧਾਤ ਦੇ ਨਾਲ ਭਾਵ ਸੱਚੀ ਪੂੰਜੀ ਦੇ ਨਾਲ ਭਾਵ ਉਸਦੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਆਪਣੇ ਵਿਚਾਰਾਂ ਨੂੰ ਭਾਵ ਆਪਣੇ ਸੁਰਤਿ ਦੇ ਵਿਚਾਰਾਂ ਨੂੰ ਭਾਵ ਆਪਣੀ ਮਤਿ ਦੇ ਵਿਚਾਰਾਂ ਨੂੰ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਘੜ ਲੈਂਦਾ ਹੈ ਜੋ ਮਤਿ ਘੜੀ ਜਾਣ ਦੁਆਰਾ ਹੀ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਗੱਲਾਂ ਹੁੰਦੀਆਂ ਹਨ ਤੇ ਇਸ ਤੋਂ ਵੱਡੀ ਖੁਸ਼ੀ ਫਿਰ ਹੋਰ ਕੋਈ ਸੰਸਾਰ ਵਿੱਚ ਹੋ ਵੀ ਕੀ ਸਕਦੀ ਹੈ। ਮਨ ਦੀ ਮਤਿ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਘੜਦਾ ਹੈ ਜੋ ਕਿ ਉਸਦੀ ਸੱਚੀ ਟਕਸਾਲ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। **(ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥)**

{ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥}

(ਅੰਗ ੮)

ਸਲੋਕ ਮਃ ੧ ॥

{ਵੇਲਿ ਪਿੰਵਾਇਆ ਕਤਿ ਵੁਣਾਇਆ ॥ ਕਟਿ ਕੁਟਿ ਕਰਿ ਖੁੰਬਿ ਚੜਾਇਆ ॥
ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ ॥ ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ ॥
ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ ॥ ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ ॥
ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥ ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ॥੧॥}

(ਅੰਗ ੯੫੫-੯੫੬)

ਆਉ ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਮਨੁੱਖ ਨੂੰ ਮਨ ਦੀ ਖੋਟੀ ਰਾਸਿ ਵਿੱਚ ਤੇ ਖਰੀ ਰਾਸਿ ਵਿੱਚ ਫਰਕ ਕਿਸ ਤਰੀਕੇ ਪਤਾ ਲੱਗਦਾ ਹੈ ਭਾਵ ਇਸ ਗੱਲ ਦੀ ਪਰਖ ਕੌਣ ਕਰਵਾਉਂਦਾ ਹੈ।

"ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥"

ਸਾਰੀ ਗੱਲ ਮਨੁੱਖੀ ਸਮਝ ਦੇ ਮਾਲਕ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੀ ਹੈ। ਸਾਡੇ ਅੰਦਰ ਦੀ ਸਮਝ ਦੀ ਪਰਖ ਉਹੀ ਕਰ ਸਕਦਾ ਹੈ ਭਾਵ ਖਰੀ ਖੋਟੀ ਸਮਝ ਵਿੱਚ ਪਰਖ ਉਹੀ ਸਮਝਾ ਸਕਦਾ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਜਿਸਨੇ ਆਪ ਹੀ ਸਾਰੇ ਸੰਸਾਰ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਸਮਝ ਵਿੱਚ ਰਹਿੰਦਿਆਂ ਕੋਈ ਚੌਥੇ ਪਦ ਵਾਲੇ ਗਿਆਨ ਦੇ ਗੂੜ ਭਾਵ ਵਾਲੀਆਂ ਗੱਲਾਂ ਨੂੰ ਸਮਝ ਹੀ ਨਹੀਂ ਸਕਦਾ। ਇਸ ਗੱਲ ਦੀ ਪਰਖ ਕੇਵਲ ਉਸਦੇ ਆਪਣੇ ਕੋਲ ਹੈ ਜੋ ਕਿ ਕੇਵਲ ਇੱਕੋ ਇੱਕ ਉਹ ਆਪ ਹੀ ਪਾਰਖੂ ਹੈ। ਜਿਸ ਮਨੁੱਖੀ ਸਮਝ ਰੂਪ ਖਜਾਨੇ ਦੇ ਵਿੱਚ ਉਹ ਆਪਣੀ ਰਾਸਿ ਪਾਉਂਦਾ ਹੈ ਉਹ ਆਪਣੇ ਨਾਮ ਦੀ ਰਾਸਿ ਹੀ ਪਾਉਂਦਾ ਹੈ ਤੇ ਉਸ ਮਨੁੱਖੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢ ਕੇ ਆਪਣੇ

54/7534

ਚੌਥੇ ਪਦ ਵਾਲੀ ਗਿਆਨ ਦੀ ਪੂੰਜੀ ਬਖਸ਼ਦਾ ਹੈ ਜੋ ਕਿ ਉਸ ਮਨੁੱਖ ਲਈ ਸੰਸਾਰ ਦਾ ਸਭ ਤੋਂ ਵੱਡਾ ਖਜਾਨਾ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਉਨ੍ਹਾਂ ਦੀ ਉੱਚੀ ਤੇ ਸੱਚੀ ਸਮਝ ਰਾਹੀਂ ਉਸਨੇ ਇਹ ਖਜਾਨਾ ਹੀ ਬਖਸ਼ਿਆ ਹੈ ਜਿਸ ਉਨ੍ਹਾਂ ਦੇ ਖਜਾਨੇ ਵਿੱਚੋਂ ਪੂਰੀ ਗੁਰਬਾਣੀ ਦੇ ਸ਼ਬਦ ਆਏ ਹਨ ਤੇ ਹੁਣ ਜੋ ਸੱਚੀ ਗੁਰਬਾਣੀ ਦੇ ਸੱਚੇ ਸ਼ਬਦਾਂ ਦੇ ਜੋ ਸੱਚੇ ਅਰਥ ਤੁਹਾਡੇ ਸਾਹਮਣੇ ਆ ਰਹੇ ਹਨ ਉਹ ਉਸਦੇ ਖਜਾਨੇ ਵਿੱਚੋਂ ਹੀ ਆ ਰਹੇ ਹਨ ਜੋ ਆਪਣਾ ਖਜਾਨਾ ਸੱਚੇ ਪਾਤਸ਼ਾਹ ਨੇ ਇਸ ਨਿਮਾਣੇ ਜਿਹੇ ਦਾਸ ਨੂੰ ਬਖਸ਼ਿਆ ਹੈ। **(ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥ ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥)**

ਸੱਚੀ ਰਾਸਿ ਦੀ ਪ੍ਰਾਪਤੀ ਹੋਏ ਬਿਨ੍ਹਾਂ ਭਾਵ ਪਾਤਸ਼ਾਹ ਦੇ ਕੋਲੋਂ ਉਸਦੇ ਨਾਮ ਦੀ ਰਾਸਿ ਦੀ ਪ੍ਰਾਪਤੀ ਹੋਏ ਬਿਨ੍ਹਾਂ ਸੰਸਾਰ ਵਿੱਚ ਹੋਰ ਅਨੇਕਾਂ ਹੀ ਹਨ ਜੋ ਆਪਣੀ ਆਪਣੀ ਸਮਝ ਦੇ ਅਨੁਸਾਰ ਪ੍ਰਮਾਤਮਾ ਦਾ, ਅੱਲ੍ਹਾ ਦਾ, ਗਾਡ ਦਾ, ਅਕਾਲ ਪੁਰਖ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣੇ ਵੱਲੋਂ ਉੱਚਾਪਨ ਬਿਆਨ ਕਰਦੇ ਹਨ ਤੇ ਉਸਦੇ ਨਾਲ ਮੇਲ ਕਰਨ ਦੇ ਆਪਣੀ ਆਪਣੀ ਮਤਿ ਅਨੁਸਾਰ ਅਨੇਕਾਂ ਤਰੀਕੇ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਇਹੀ ਗੱਲ ਧੰਨ ਧੰਨ ਬਾਬਾ ਨਾਨਕ ਜੀ ਸਾਨੂੰ ਇੱਥੇ ਉਪਰ ਵਾਲੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾ ਰਹੇ ਹਨ ।

“ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥ ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥ ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥”

ਆਪਣੀ ਆਪਣੀ ਮਤਿ ਅਨੁਸਾਰ ਹਰ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਲਈ ਉਸਦੀ ਕੀਮਤ ਚੁਕਾਉਣ ਦੇ ਤਰੀਕੇ ਅਪਨਾਉਂਦਾ ਹੈ ਜਿਵੇਂ ਕਿ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਰੀਰਕ ਜਪ ਤਪ ਆਦਿ ਕਰਦੇ ਹਨ ਜਿਨ੍ਹਾਂ ਇਹੋ ਜਿਹੇ ਤਰੀਕਿਆਂ ਦਾ ਬਾਣੀ ਵਿੱਚ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੀ ਹੈ। ਪੂਰੀ ਗੁਰਬਾਣੀ ਤਾਂ ਆਪਣੇ ਸੱਚ ਦੇ ਅਸੂਲ ਤੇ ਟਿਕੀ ਹੋਈ ਹੈ ਜੋ ਆਪਣੇ ਸੱਚੀ ਭਗਤੀ ਦੇ ਮਾਰਗ ਤੋਂ ਉਹ ਕਦੇ ਬਦਲ ਹੀ ਨਹੀਂ ਸਕਦੀ ਭਾਵੇਂ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦਾ ਮਾਰਗ ਭਾਵੇਂ ਬਾਣੀ ਦੇ ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਈਏ, ਇੱਕੋ ਹੀ ਗੱਲ ਹੈ। ਉਪਰ ਸ਼ਬਦ ਵਿੱਚ ਬਾਬਾ ਨਾਨਕ ਜੀ ਸੰਸਾਰ ਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਮੈਂ ਸਭ ਜਗ੍ਹਾ ਠੋਕ ਵਜਾ ਕੇ ਦੇਖ ਲਿਆ ਹੈ ਭਾਵ ਪੂਰੀ ਤਰ੍ਹਾਂ ਇਸ ਗੱਲ ਨੂੰ ਅਜਮਾ ਲਿਆ ਹੈ ਕਿ ਜਿਸ ਤਰੀਕੇ ਸੰਸਾਰੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਕੀਮਤ ਸਮਝੀ ਬੈਠੇ ਹਨ ਉਸ ਤਰੀਕੇ ਉਸਦੀ ਕੀਮਤ ਨਹੀਂ

54/7535

ਪੈ ਸਕਦੀ ਭਾਵ ਉਨ੍ਹਾਂ ਦੇ ਉਹੋ ਜਿਹੇ ਸਾਰੇ ਤਰੀਕਿਆਂ ਨਾਲ ਜੋ ਉਨ੍ਹਾਂ ਦੇ ਸਾਰੇ ਉਹੋ ਜਿਹੇ ਤਰੀਕੇ ਭਾਵ ਉਨ੍ਹਾਂ ਦੇ ਭਗਤੀ ਦੇ ਤਰੀਕੇ ਵੱਖਰੇ-ਵੱਖਰੇ ਮੁਲਕਾਂ ਵਿੱਚ ਜਾ ਕੇ ਸਭ ਜਗ੍ਹਾ ਦੇਖੇ ਹਨ, ਉਨ੍ਹਾਂ ਤਰੀਕਿਆਂ ਦੇ ਨਾਲ ਗੁਰੂ ਸਾਹਿਬ ਸਾਨੂੰ ਇਹ ਠੋਕ ਵਜਾ ਕੇ ਸਮਝਾ ਰਹੇ ਹਨ ਭਾਵ ਪੂਰੇ ਦ੍ਰਿੜ ਵਿਸ਼ਵਾਸ ਨਾਲ ਸੰਸਾਰੀਆਂ ਨੂੰ ਸਮਝਾ ਰਹੇ ਹਨ ਕਿ ਉਹੋ ਜਿਹੇ ਮਨਮਤਿ ਵਾਲੇ ਭਗਤੀ ਦੇ ਤਰੀਕਿਆਂ ਨਾਲ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ ਕਿਉਂਕਿ ਮਨਮਤਿ ਵਿੱਚ ਰਹਿੰਦੇ ਹੋਏ ਭਾਵ ਮਨ ਦੀ ਖੋਟੀ ਰਾਸਿ ਵਿੱਚ ਰਹਿੰਦੇ ਹੋਏ ਜਿਸਨੂੰ ਅਸੀਂ ਆਪਣੇ ਵੱਲੋਂ ਪ੍ਰਮਾਤਮਾ ਦੀ, ਅੱਲ੍ਹਾ ਦੀ, ਅਕਾਲ ਪੁਰਖ ਦੀ ਭਗਤੀ ਸਮਝਦੇ ਹਾਂ ਉਹ ਅਸਲ ਵਿੱਚ ਭਗਤੀ ਹੈ ਹੀ ਨਹੀਂ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਿੱਖ ਜਗਤ ਵਿੱਚ ਕਿਸੇ ਦੁਨਿਆਵੀ ਸਮੇਂ ਨੂੰ ਅੰਮ੍ਰਿਤ ਵੇਲਾ ਸਮਝ ਕੇ ਉਸ ਵੇਲੇ ਵਾਲੀ ਭਗਤੀ ਨੂੰ ਭਗਤੀ ਦਾ ਉੱਚਾ ਦਰਜਾ ਸਮਝਿਆ ਜਾਂਦਾ ਹੈ ਜਦਕਿ ਨਾ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ ਕਿ ਗੁਰਬਾਣੀ ਰਾਹੀਂ ਅੰਮ੍ਰਿਤ ਵੇਲਾ ਕਿਸਨੂੰ ਕਿਹਾ ਹੈ ਤੇ ਨਾ ਹੀ ਇਹੋ ਜਿਹਿਆਂ ਨੂੰ ਸੱਚੀ ਭਗਤੀ ਦੇ ਮਾਰਗ ਦੀ ਸਮਝ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ। ਇਹੋ ਜਿਹੇ ਸਾਰੇ ਤਰੀਕੇ ਅਪਨਾਉਣ ਦੇ ਪਿੱਛੇ ਸਾਡੇ ਅੰਦਰ ਦੀ ਖੋਟੀ ਰਾਸਿ ਹੀ ਹੈ ਭਾਵ ਮਨ ਦੀ ਅਗਿਆਨਤਾ ਹੀ ਹੈ। **(ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥)**

ਬਹੁਤੇ ਭਾਵ ਹਰ ਕੋਈ ਕਥਨੀ ਨਾਲ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣਾ ਚਾਹੁੰਦਾ ਹੈ, ਧਰਮ ਗ੍ਰੰਥਾਂ ਦੀ ਕਥਨੀ ਦੁਆਰਾ ਉਸਨੂੰ ਲੱਭਣਾ ਚਾਹੁੰਦਾ ਹੈ ਪਰ ਇਸ ਤਰੀਕੇ ਉਸਨੂੰ ਕੋਈ ਵੀ ਨਹੀਂ ਪਾ ਸਕਦਾ ਕਿਉਂਕਿ ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ ਨਾਲ ਅਸੀਂ ਸ਼ਬਦਾਂ ਦੇ ਅੰਦਰ ਦੀ ਗਹਿਰਾਈ ਨੂੰ ਨਹੀਂ ਸਮਝ ਸਕਦੇ ਭਾਵ ਸ਼ਬਦਾਂ ਦੇ ਅੰਦਰ ਦੇ ਸਮਝਾਏ ਹੋਏ ਗਹਿਰੇ ਭਾਵ ਨੂੰ ਨਹੀਂ ਸਮਝ ਸਕਦੇ

ਤੇ ਉਸਨੂੰ ਸਮਝੇ ਬਿਨ੍ਹਾਂ ਭਾਵ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝੇ ਬਿਨ੍ਹਾਂ ਫਿਰ ਉਸ ਸੱਚ ਤੇ ਟਿਕੇ ਬਿਨ੍ਹਾਂ ਭਾਵ ਮੰਨੇ ਬਿਨ੍ਹਾਂ ਮਨੁੱਖ ਉਸਨੂੰ ਨਹੀਂ ਜਾਣ ਸਕਦਾ ਤੇ ਇਹੀ ਗੱਲ ਸਾਨੂੰ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ ਜੋ ਕਿ ਭਗਤੀ ਦਾ ਅਸਲ ਮਾਰਗ ਹੈ।

“ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥”

ਗੁਰੂ ਦਾ ਹਰ ਸ਼ਬਦ ਸਾਨੂੰ ਕੁਝ ਸਮਝਾਉਣ ਲਈ ਹੀ ਹੁੰਦਾ ਹੈ ਪਰ ਜੇਕਰ ਅਸੀਂ ਕੇਵਲ ਸ਼ਬਦਾਂ ਦੀ ਕਥਨੀ ਨੂੰ ਹੀ ਭਗਤੀ ਦਾ ਮਾਰਗ ਸਮਝਾਂਗੇ ਫਿਰ ਉਸ ਨਾਲ ਸਾਨੂੰ ਹਾਸਿਲ ਕੀ ਹੋਵੇਗਾ ਭਾਵ ਪ੍ਰਾਪਤੀ ਕੀ ਹੋਵੇਗੀ ਤੇ ਗੁਰੂ ਦਾ ਮਕਸਦ ਕਿਵੇਂ ਪੂਰਾ ਹੋਵੇਗਾ ਜਿਸ ਮਕਸਦ ਲਈ ਉਸਨੇ ਸ਼ਬਦ ਉਚਾਰੇ ਹਨ। ਅਨੇਕਾਂ ਸ਼ਬਦਾਂ ਦੇ ਅੰਦਰ ਦੀ ਗਹਿਰਾਈ ਤੱਕ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਪਹੁੰਚ ਨਹੀਂ ਕਰ ਸਕਦੀ ਭਾਵ

54/7536

ਸਮਝ ਨਹੀਂ ਸਕਦੀ ਪਰ ਬਾਣੀ ਵਿੱਚ ਅਨੇਕਾਂ ਸ਼ਬਦ ਹਨ ਜਿਨ੍ਹਾਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਪਰ ਫਿਰ ਵੀ ਗੁਰੂ ਦੀ ਗੱਲ ਨੂੰ ਨਾ ਮੰਨ ਕੇ ਆਪਣੀ ਮਤਿ ਵਰਤਦਾ ਹੈ ਜਿਵੇਂ ਕਿ ਗੁਰੂ ਨੇ ਸ਼ਬਦਾਂ ਰਾਹੀਂ ਬਾਰ-ਬਾਰ ਇੱਕ ਗੱਲ ਸਮਝਾਈ ਹੈ ਕਿ ਸਭ ਸਰੀਰਕ ਜਪ ਤਪ ਵਿਅਰਥ ਹਨ ਪਰ ਫਿਰ ਵੀ ਉਨ੍ਹਾਂ ਨੂੰ ਕੋਈ ਛੱਡਣ ਲਈ ਤਿਆਰ ਨਹੀਂ ਹੁੰਦਾ ਜਿਸਨੂੰ ਮਨੁੱਖ ਦੀ ਚਤੁਰਾਈ ਦੱਸਿਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ।

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥
ਸਾਚ ਧਣੀ ਜਗੁ ਆਇ ਬਿਨਾਸਾ ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥}

(ਅੰਗ ੪੧੨)

ਕਬੀਰ ਜੀ ਗਉੜੀ ॥

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥}

(ਅੰਗ ੩੨੪)

ਮਨਮਤਿ ਛੱਡੇ ਬਿਨ੍ਹਾਂ ਕੋਈ ਗੁਰੂ ਦੇ ਨਾਮ ਨਾਲ ਜੁੜ ਸਕੇ ਭਾਵ ਗੁਰਮਤਿ ਨਾਲ ਜੁੜ ਸਕੇ ਇਹ ਹੋ ਹੀ ਨਹੀਂ ਸਕਦਾ। ਬਾਣੀ ਵਿੱਚ ਇਹ ਗੱਲ ਬਾਰ-ਬਾਰ ਸਮਝਾਈ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡੋ ਤੇ ਨਾਲ ਇਹ ਵੀ ਸਮਝਾਇਆ ਹੈ ਕਿ ਇਨ੍ਹਾਂ ਨੂੰ ਛੱਡਣਾ ਹੀ ਨਾਮ ਜਪਣਾ ਹੈ ਜਿਸ ਗੱਲ ਨੂੰ ਹਰ ਕੋਈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਵੀ ਆਸਾਨੀ ਨਾਲ ਸਮਝ ਸਕਦਾ ਹੈ ਪਰ ਫਿਰ ਵੀ ਇਹ ਗੱਲ ਕੋਈ ਮੰਨਣ ਨੂੰ ਤਿਆਰ ਨਹੀਂ ਹੁੰਦਾ ਤੇ ਦੁਨੀਆ ਸਮਾਧੀਆਂ ਲਗਾ ਕੇ ਫਿਰ ਕਿਸੇ ਅੱਖਰ ਨੂੰ ਜਪਣ ਬੈਠ ਜਾਂਦੀ ਹੈ ਜੋ ਕਿ ਗੁਰੂ ਨਾਲ ਕੇਵਲ ਚਤੁਰਾਈ ਕਰਨ ਵਾਲੀ ਗੱਲ ਹੈ ਕਿਉਂਕਿ ਇਹੋ ਜਿਹੀ ਭਗਤੀ ਵਿੱਚ ਸੱਚ ਨਹੀਂ ਹੁੰਦਾ, ਗੁਰੂ ਦੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਸੱਚ ਨਹੀਂ ਹੁੰਦਾ। ਜਦ ਤੱਕ ਮਨੁੱਖ ਦੇ ਅੰਦਰ ਸ਼ਬਦ ਦੇ ਅੰਦਰ ਦਾ ਸੱਚ ਟਿਕਦਾ ਨਹੀਂ ਤਦ ਤੱਕ ਸਾਡਾ ਮਾਇਆ ਮੋਹ ਵਿੱਚ ਦੌੜਦਾ ਮਨ ਵੀ ਟਿਕਦਾ ਨਹੀਂ ਭਾਵ ਮਨ ਦੇ ਵਿੱਚ ਸੰਤੋਖ ਨਹੀਂ ਆਉਂਦਾ ਭਾਵ ਜਦ ਤੱਕ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਦਾ ਨਹੀਂ ਤਦ ਤੱਕ ਉਸਦੀ ਪ੍ਰਮਾਤਮਾ ਦੇ ਦਰ ਤੇ ਪਤਿ ਨਹੀਂ ਪੈਂਦੀ ਭਾਵ ਉਸ ਮਨੁੱਖੀ ਸਰੀਰ ਨੂੰ ਉਸਦੀ ਝੂਠੀ ਭਗਤੀ ਲਈ ਅੱਲ੍ਹਾ, ਅਕਾਲ ਪੁਰਖ ਦੇ ਦਰ ਤੋਂ ਕੋਈ ਇਜੱਤ ਨਹੀਂ ਮਿਲਦੀ ਕਿਉਂਕਿ ਇਸ ਤਰੀਕੇ ਗੁਰਮਤਿ ਦੀ ਕੀਮਤ ਨਹੀਂ ਪੈਂਦੀ, ਸੱਚ ਦੀ ਕੀਮਤ ਨਹੀਂ ਪੈਂਦੀ। **(ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥ ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥)**

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥}

ਅੰਗ (੧੦੪੦)

ਸੱਚੀ ਭਗਤੀ ਦਾ ਮਾਰਗ ਕੀ ਹੈ ਜਿਸ ਦੁਆਰਾ ਮਨੁੱਖ ਦੀ ਭਗਤੀ ਦੀ ਕੀਮਤ ਪੈ ਸਕਦੀ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

54/7537

"ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥"

ਸਾਲਾਹੁਣਾ ਤਾਂ ਅਸੀਂ ਸ੍ਰਿਸ਼ਟੀ ਦੇ ਕਰਤੇ ਨੂੰ ਹੈ ਭਾਵ ਤੂੰ ਨੂੰ ਸਾਲਾਹੁਣਾ ਹੈ ਅਤੇ ਤੂੰ ਗੁਰਮਤਿ ਦੇ ਵਿੱਚ ਹੈ ਜਿਵੇਂ ਕਿ ਅਸੀਂ ਬਾਣੀ ਦੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। **{ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}** ਅੰਗ ੧੨੦ ਹਰ ਸ਼ਬਦ ਦੇ ਅੰਦਰ ਦੀ ਜੋ ਸੋਝੀ ਹੈ ਭਾਵ ਹਰ ਸ਼ਬਦ ਦੇ ਅੰਦਰ ਜੋ ਸੱਚਾ ਗਿਆਨ ਹੈ ਉਸੇ ਰੂਪ ਵਿੱਚ ਪੂਰੀ ਗੁਰਬਾਣੀ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੈ ਜਿਸ ਕਰਕੇ ਉਹ ਆਪ ਹੀ ਗੁਰੂ ਹੈ। ਹਰ ਸ਼ਬਦ ਦੇ ਅੰਦਰ ਗੁਰਮਤਿ ਹੈ ਭਾਵ ਸੱਚੀ ਗੁਰਮਤਿ ਦੇ ਰੂਪ ਵਿੱਚ ਅਕਾਲ ਪੁਰਖ ਆਪ ਹੈ ਭਾਵ ਤੂੰ ਹੈ। ਜਿੱਥੇ ਮੈਂ ਹੈ, ਜਿੱਥੇ ਮਨਮਤਿ ਹੈ ਉੱਥੇ ਤੂੰ ਨਹੀਂ ਹੈ ਤੇ ਜਿੱਥੇ ਗੁਰਮਤਿ ਹੈ ਉੱਥੇ ਤੂੰ ਹੈ। ਗੁਰਮਤਿ ਨੂੰ ਸਲਾਹੁਣਾ ਤੂੰ ਨੂੰ ਸਲਾਹੁਣਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਸਲਾਹੁਣਾ ਹੈ। ਪੂਰੀ ਗੁਰਮਤਿ ਉਸਦਾ ਨਾਮ ਹੈ ਤੇ ਗੁਰਮਤਿ ਨੂੰ ਸਲਾਹੁਣਾ ਨਾਮ ਨੂੰ ਸਲਾਹੁਣਾ ਹੈ। ਗੁਰੂ ਦੀ ਮਤਿ ਨੂੰ ਤਾਂ ਹੀ ਸਲਾਹਿਆ ਜਾ ਸਕਦਾ ਹੈ ਭਾਵ ਵਡਿਆਇਆ ਜਾ ਸਕਦਾ ਹੈ ਭਾਵ ਉੱਚਾ ਕੀਤਾ ਜਾ ਸਕਦਾ ਹੈ ਜੇਕਰ ਗੁਰੂ ਦੀ ਮਤਿ ਨੂੰ ਮੰਨਾਂਗੇ ਭਾਵ ਜੇਕਰ ਉਸ ਤੇ ਅਮਲ ਕਰਾਂਗੇ ਭਾਵ ਆਪਣੇ ਜੀਵਨ ਵਿੱਚ ਉਸ ਤਰੀਕੇ ਵਿਚਰਾਂਗੇ ਜਿਹੋ ਜਿਹੀ ਵਿਚਰਨ ਕਰਨੀ ਗੁਰੂ ਸਾਨੂੰ ਸਮਝਾਉਂਦਾ ਹੈ ਭਾਵ ਸਾਰੇ ਅਉਗੁਣ ਤਿਆਗਕੇ ਵਿਚਰਾਂਗੇ ਭਾਵ ਕੇਵਲ ਸੱਚੇ ਸੁੱਚੇ ਕਰਮ ਹੀ ਕਰਾਂਗੇ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਗੁਰੂ ਦੇ ਨਾਮ ਦੀ ਸਿਫਤ ਸਾਲਾਹੁਣਾ ਕਿਸ ਤਰੀਕੇ ਕੀਤੀ ਜਾ ਸਕਦੀ ਹੈ ਭਾਵ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਮੰਨਣ ਦੁਆਰਾ ਕੀਤੀ ਜਾ ਸਕਦੀ ਹੈ। ਗੁਰਮਤਿ ਦੀ ਕੀਮਤ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਪੈਂਦੀ ਹੈ ਜਿਸ ਦੁਆਰਾ ਮਨੁੱਖ ਦਾ **"ਕਹਣੁ"** ਭਾਵ ਮਨੁੱਖ ਇਹ ਆਖਣਾ ਜਾਣ ਸਕੇ ਕਿ ਪ੍ਰਮਾਤਮਾ ਕੀ ਹੈ ਤੇ ਉਸਦੀ ਭਗਤੀ ਦਾ ਤਰੀਕਾ ਕੀ ਹੈ ਜਿਸ ਦੁਆਰਾ ਉਸਨੂੰ ਜਾਣਿਆ ਜਾ ਸਕਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਬਾਰੇ ਕਿਹਾ ਜਾ ਸਕਦਾ ਹੈ ਭਾਵ ਪ੍ਰਮਾਤਮਾ ਦਾ ਆਖਣ ਭਾਵ ਪ੍ਰਮਾਤਮਾ ਦੀ ਸੱਚੀ ਭਗਤੀ ਦਾ ਤਰੀਕਾ ਸੱਚੀ ਗੁਰਮਤਿ ਤੇ ਚੱਲਣ ਦਾ ਤਰੀਕਾ ਹੈ ਜਿਸ ਦੁਆਰਾ ਮਨੁੱਖ ਗੁਰਮਤਿ ਦੀ ਕੀਮਤ ਪਾਉਂਦਾ ਹੈ ਤੇ ਜੇਕਰ ਅਸੀਂ ਗੁਰਮਤਿ ਨੂੰ ਛੱਡਕੇ ਕਿਸੇ ਹੋਰ ਦੀ ਮਤਿ ਨੂੰ ਮੰਨਦੇ ਹਾਂ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਹੀ ਭਾਵ ਮਨ ਦੀ ਖੋਟੀ ਰਾਸਿ ਕਰਕੇ ਹੀ ਧਰਮ ਦਾ ਮਾਰਗ ਸਿਖਾਉਣ ਵਾਲਾ ਮੰਨਿਆ ਹੋਇਆ ਹੈ, ਆਪਣੀ ਆਪਣੀ ਧਾਰਮਿਕ ਆਸਥਾ ਦੁਆਰਾ ਧਾਰਮਿਕ ਵਿਦਵਾਨ ਮੰਨਿਆ ਹੋਇਆ ਹੈ, ਸੰਤ ਆਦਿ ਮੰਨਿਆ ਹੋਇਆ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ, ਇਸ ਤਰੀਕੇ ਗੁਰੂ ਦੀ ਮਤਿ ਦੀ ਕੀਮਤ ਤਾਂ ਨਹੀਂ ਪੈਂਦੀ ਤੇ ਹੋਰਨਾਂ ਦੀ ਕੀਮਤ ਪੈਂਦੀ ਹੈ ਭਾਵ ਦੂਸਰਿਆਂ ਦੀ ਕੀਮਤ ਪੈਂਦੀ ਹੈ ਜਿਨ੍ਹਾਂ ਦੀ ਮਤਿ ਪਿੱਛੇ ਅਸੀਂ ਲੱਗਦੇ ਹਾਂ, ਜਿਨ੍ਹਾਂ ਦੀ ਮਤਿ ਨੂੰ ਅਸੀਂ ਉੱਚਾ ਕਰਦੇ ਹਾਂ। ਖੁਸ਼ ਤਾਂ ਅਸੀਂ ਗੁਰੂ ਨੂੰ ਕਰਨਾ ਚਾਹੁੰਦੇ ਹਾਂ ਭਾਵ ਜਾਨਣਾ ਤਾਂ ਗੁਰੂ ਨੂੰ ਚਾਹੁੰਦੇ ਹਾਂ ਪਰ ਇਸ ਤਰੀਕੇ ਕੀ ਗੁਰੂ ਕਦੇ ਖੁਸ਼ ਹੋ ਸਕਦਾ ਹੈ ਪਰ ਉਨ੍ਹਾਂ ਨੂੰ ਅਸੀਂ ਜਰੂਰ ਖੁਸ਼ ਕਰਦੇ ਹਾਂ ਜਿਨ੍ਹਾਂ ਨਾਸਮਝਾਂਦੀ ਮਤਿ ਨੂੰ ਅਸੀਂ ਮੰਨਦੇ ਹਾਂ। **(ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥ ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥ ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥)**

54/7538

ਮਾਝ ਮਹਲਾ ੫ ॥

{ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥
ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥
ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ ॥ ਜੋ ਸਾਹਿਬ ਤੇਰੈ ਮਨਿ ਭਾਵੈ ॥
ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ ॥੨॥
ਤੂੰ ਸੰਤਨ ਕੀ ਕਰਹਿ ਪ੍ਰਤਿਪਾਲਾ ॥ ਸੰਤ ਖੇਲਹਿ ਤੁਮ ਸੰਗਿ ਗੋਪਾਲਾ ॥
ਅਪੁਨੇ ਸੰਤ ਤੁਧੁ ਖਰੇ ਪਿਆਰੇ ਤੂ ਸੰਤਨ ਕੇ ਪ੍ਰਾਨਾ ਜੀਉ ॥੩॥
ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ ॥ ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ ॥
ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ ॥੪॥੧੩॥੨੦॥}

(ਅੰਗ ੧੦੦)

ਜਿਸਨੂੰ ਗੁਰੂ ਦੀ ਮਤਿ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਚੰਗੀ ਲੱਗਦੀ ਹੈ ਉਸਨੂੰ ਫਿਰ ਗੁਰੂ ਦਾ ਨਾਮ ਚੰਗਾ ਨਹੀਂ ਲੱਗਦਾ ਕਿਉਂਕਿ ਗੁਰੂ ਦੀ ਮਤਿ ਹੀ ਉਸਦਾ ਨਾਮ ਹੈ ਤੇ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਸਮਝੀਏ।

"ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥"

ਬੜਾ ਸਪਸ਼ਟ ਹੈ ਕਿ ਜਿਸ ਤਨ ਨੂੰ ਭਾਵ ਮਨੁੱਖ ਨੂੰ ਗੁਰਮਤਿ ਤੇ ਚੱਲਣਾ ਚੰਗਾ ਨਹੀਂ ਲੱਗਦਾ ਉਸਨੂੰ ਗੁਰੂ ਦਾ ਨਾਮ ਜਪਣਾ ਚੰਗਾ ਨਹੀਂ ਲੱਗਦਾ ਤੇ ਇਹੋ ਜਿਹਾ ਮਨੁੱਖ ਹਉਮੈ ਵਿੱਚ ਰਹਿੰਦਾ ਹੈ ਭਾਵ ਆਪਣੀ ਮੈਂ ਵਿੱਚ ਰਹਿੰਦਾ ਹੈ ਭਾਵ ਮਨਮਤਿ ਦੇ ਪਿੱਛੇ ਲੱਗਦਾ ਹੈ। ਹਉਮੈ ਕੀ ਹੈ ਤੇ ਨਾਮ ਕੀ ਹੈ ਇਸ ਗੱਲ ਨੂੰ ਅਸੀਂ ਪੂਰੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਹਉਮੈ ਵਾਲਾ ਮਨੁੱਖ ਨਾਮ ਦੀ ਵਿਰੋਧਤਾ ਕਰਦਾ ਹੈ ਭਾਵ ਆਪਣੀ ਮੈਂ ਦੀ ਤੂੰ ਦੇ ਨਾਲ ਵਿਰੋਧਤਾ ਕਰਦਾ ਹੈ ਤੇ ਇਹੀ ਹਰ ਮਨੁੱਖ ਦਾ ਨਾਮ ਦੇ ਨਾਲ ਝਗੜਾ ਹੈ, ਨਾਮ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝਗੜਾ ਹੈ, ਮਨਮਤਿ ਦਾ ਗੁਰਮਤਿ ਦੇ ਨਾਲ ਝਗੜਾ ਹੈ। **(ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥)**

ਹਉਮੈ ਦਾ ਨਾਮ ਦੇ ਨਾਲ ਝਗੜੇ ਦਾ ਕਾਰਣ ਕੀ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

"ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥"

ਨਾਮ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਗੁਰੂ ਦੇ ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਉੱਚਾ ਗਿਆਨ ਕੇਵਲ ਤੇ ਕੇਵਲ ਗੁਰੂ ਦੇ ਕੋਲੋਂ ਹੀ ਮਿਲ ਸਕਦਾ ਹੈ, ਉਸਦੀ ਗੁਰਮਤਿ ਦੇ ਰੂਪ ਵਿੱਚ ਮਿਲ ਸਕਦਾ ਹੈ ਤੇ ਜੇਕਰ ਅਸੀਂ ਨਾਮ ਦਾ ਮਾਰਗ ਕਿਸੇ ਹੋਰ ਦੇ ਕੋਲੋਂ ਸਿੱਖਦੇ ਹਾਂ ਭਾਵ ਕਿਸੇ ਦੂਸਰੇ ਦੀ ਮਤਿ ਲੈਂਦੇ ਹਾਂ

54/7539

ਜੋ ਉਸਦੀ ਮਤਿ ਹਰ ਮਨੁੱਖ ਲਈ ਦੂਜਾ ਸਾਦ ਹੈ ਕਿਉਂਕਿ ਉਸਨੂੰ ਦੂਸਰਿਆਂ ਦੀ ਮਤਿ ਹੀ ਚੰਗੀ ਲੱਗਦੀ ਹੈ ਕਿਉਂਕਿ ਉਹ ਕਿਸੇ ਅੱਖਰ ਨੂੰ ਬੋਲੀ ਜਾਣਾ ਹੀ ਨਾਮ ਜਪਣਾ ਸਮਝਾਉਂਦੇ ਹਨ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਗੁਰੂ ਸਾਨੂੰ ਜਿਹੋ ਜਿਹਾ ਨਾਮ ਜਪਣਾ ਸਮਝਾਉਂਦਾ ਹੈ ਉਸਦਾ ਆਖਣ ਬਹੁਤ ਔਖਾ ਹੈ ਕਿਉਂਕਿ ਗੁਰੂ ਦਾ ਨਾਮ ਆਖਣ ਲਈ ਗੁਰੂ ਦੀ ਮਤਿ ਪੂਰਨ ਰੂਪ ਵਿੱਚ ਮੰਨਣੀ ਪੈਂਦੀ ਹੈ ਭਾਵ ਗੁਰੂ ਦਾ ਸੱਚਾ ਗਿਆਨ ਲੈ ਕੇ ਆਪਣੀ ਅਗਿਆਨਤਾ ਵਾਲੀ ਮਤਿ, ਭਰਮਾਂ ਵਾਲੀ ਮਤਿ ਭਾਵ ਹਉਮੈ ਛੱਡਣੀ ਪੈਂਦੀ ਹੈ ਜਿਸ ਨਾਸਮਝ ਮਤਿ ਵਿੱਚ ਰਹਿੰਦੇ ਹੋਏ ਸੱਚੀ ਭਗਤੀ ਦੇ ਮਾਰਗ ਦੀ ਸਮਝ ਹੀ ਨਹੀਂ ਪੈਂਦੀ ਤੇ ਜਿਹੋ ਜਿਹਿਆਂ ਕੋਲੋਂ ਅਸੀਂ ਭਗਤੀ ਦਾ ਮਾਰਗ ਸਿੱਖਦੇ ਹਾਂ ਉਹ ਖੁਦ ਹਉਮੈ ਵਿੱਚ ਹੁੰਦੇ ਹਨ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੁੰਦੇ ਹਨ ਜਿਸ ਨਾਸਮਝ ਮਤਿ ਵਿੱਚ ਰਹਿੰਦੇ

ਹੋਏ ਕੋਈ ਗੁਰੂ ਦੇ ਨਾਮ ਨੂੰ ਆਪਣੇ ਆਪ ਸਮਝ ਸਕੇ ਇਹ ਮੁਮਕਿਨ ਹੀ ਨਹੀਂ ਹੈ ਕਿਉਂਕਿ ਸ੍ਰਿਸ਼ਟੀ ਦਾ ਇੱਕੋ ਇੱਕ ਸੱਚਾ ਗੁਰੂ ਸ੍ਰਿਸ਼ਟੀ ਦਾ ਕਰਤਾ ਕਿਸੇ ਨੂੰ ਆਪਣਾ ਨਾਮ ਆਪ ਹੀ ਬਖਸ਼ਦਾ ਹੈ, ਆਪਣੇ ਨਾਲ ਮੇਲਣ ਦੁਆਰਾ ਬਖਸ਼ਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਿਨ੍ਹਾਂ ਸਰੀਰਾਂ ਨੂੰ ਭਾਵ ਆਪਣੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਆਪਣਾ ਨਾਮ ਬਖਸ਼ਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਵਿੱਚ ਪੂਰੀ ਗੁਰਮਤਿ ਪਾਈ ਹੈ ਭਾਵ ਪ੍ਰਮਾਤਮਾ ਦਾ, ਅੱਲ੍ਹਾ ਦਾ, ਗਾਡ ਦਾ, ਅਕਾਲ ਪੁਰਖ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਪਾਇਆ ਹੈ, ਨਾਮ ਦੇ ਮਾਲਕ ਕੋਲੋਂ ਪੂਰੀ ਗੁਰਬਾਣੀ ਵਿੱਚ ਨਾਮ ਦੀ ਸਿੱਖਿਆ ਪਾਈ ਹੈ ਤੇ ਗੁਰੂ ਕੋਲੋਂ ਸਿੱਖਿਆ ਲੈਣ ਦੀ ਬਜਾਇ ਜੇਕਰ ਉਨ੍ਹਾਂ ਕੋਲੋਂ ਮਤਿ ਲਵਾਂਗੇ ਜਿਨ੍ਹਾਂ ਦੀ ਮਤਿ ਸਾਨੂੰ ਚੰਗੀ ਲੱਗਦੀ ਹੈ, ਜਿਨ੍ਹਾਂ ਦੀ ਮਤਿ ਨੂੰ ਸਾਨੂੰ ਮੰਨਣ ਵਿੱਚ ਸੁਆਦ ਆਉਂਦਾ ਹੈ ਕਿਉਂਕਿ ਉਹ ਕੋਈ ਔਗੁਣ ਛੱਡਣ ਲਈ ਨਹੀਂ ਸਮਝਾਉਂਦੇ ਇਸੇ ਲਈ ਉਹੋ ਜਿਹਿਆਂ ਦੀ ਮਤਿ ਨੂੰ ਭਾਵ ਗੁਰੂ ਤੋਂ ਬਿਨ੍ਹਾਂ ਦੂਜਿਆਂ ਦੀ ਮਤਿ ਨੂੰ ਬਿਖਿਆ ਕਿਹਾ ਹੈ ਭਾਵ ਜਹਿਰੀਲੀ ਮਤਿ ਕਿਹਾ ਹੈ ਜੋ ਉਨ੍ਹਾਂ ਕੋਲੋਂ ਜਹਿਰੀਲੀ ਮਤਿ ਲੈ ਕੇ ਅਸੀਂ ਆਪਣੀ ਮਤਿ ਨੂੰ ਵੀ ਜਹਿਰੀਲੀ ਬਣਾ ਲੈਂਦੇ ਹਾਂ ਜੋ ਸਾਡੀ ਆਤਮਿਕ ਸਮਝ ਨੂੰ ਮਾਰ ਦਿੰਦੀ ਹੈ ਭਾਵ ਮਨੁੱਖ ਦਾ ਜੀਵਨ ਖਰਾਬ ਕਰ ਦਿੰਦੀ ਹੈ ਜਿਹੋ ਜਿਹਾ ਜੀਵਨ ਜਿਉਂਦਿਆਂ ਕੋਈ ਮਨੁੱਖ ਕਦੇ ਆਪਣਾ ਮਨੁੱਖੀ ਜਨਮ ਸਫਲ ਨਹੀਂ ਕਰ ਸਕਦਾ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਨਹੀਂ ਜਾਣ ਸਕਦਾ। **(ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥)**

ਵਡਹੰਸੁ ਮਹਲਾ ੩ ॥

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

ਸਲੋਕ ਮਃ ੧ ॥

{ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥

ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥੧॥}

(ਅੰਗ ੪੬੬)

ਪ੍ਰਭਾਤੀ ॥

{ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥੧॥
ਜੀਅ ਕੀ ਜੋਤਿ ਨ ਜਾਨੈ ਕੋਈ ॥ ਤੈ ਮੈ ਕੀਆ ਸੁ ਮਾਲੂਮੁ ਹੋਈ ॥੧॥ ਰਹਾਉ ॥
ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠਲੁ ਦੇਉ ॥੨॥
ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥
ਪ੍ਰਣਵਤਿ ਨਾਮਦੇਉ ਇਹੁ ਜੀਉ ਚਿਤਵੈ ਸੁ ਲਹੈ ॥ ਅਮਰੁ ਹੋਇ ਸਦ ਆਕੁਲ ਰਹੈ ॥੪॥੩॥}

(ਅੰਗ ੧੩੫੧)

54/7540

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਮਨੁੱਖੀ ਤਨ ਮਨੁੱਖ ਦੇ ਤਾਂ ਹੀ ਕੰਮ ਆ ਸਕਦਾ ਹੈ ਜਦੋਂ ਮਨੁੱਖ ਦਾ ਝਗੜਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਨਿਬੜ ਜਾਂਦਾ ਹੈ ਭਾਵ ਉਹ ਤਾਂ ਹੀ ਫਿਰ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਭਾਵ ਜਦੋਂ ਮਨੁੱਖ ਨੂੰ ਨਾਮ ਜਪਣ ਦੀ ਸਮਝ ਪੈ ਜਾਂਦੀ ਹੈ ਕਿ ਗੁਰੂ ਦਾ ਨਾਮ ਕਿਵੇਂ ਜਪਣਾ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥"

ਮਨੁੱਖੀ ਤਨ ਭਾਵ ਮਨੁੱਖੀ ਦੇਹ ਮਨੁੱਖ ਦੇ ਕੰਮ ਤਾਂ ਹੀ ਆ ਸਕਦੀ ਹੈ ਭਾਵ ਉਹ ਆਪਣੇ ਅੰਦਰੋਂ ਆਪਣੇ ਤਨ ਦੇ ਮਾਲਕ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਤਾਂ ਹੀ ਜਾਣ ਸਕਦਾ ਹੈ ਜੇਕਰ ਉਹ ਪਹਿਲੇ ਗੁਰੂ ਦੇ ਨਾਮ ਨੂੰ ਜਪਣਾ ਸਿੱਖੇ ਭਾਵ ਗੁਰਮਤਿ ਅਨੁਸਾਰ ਵਿਚਰਨਾ ਸਿੱਖੇ ਭਾਵ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਅਪਨਾਏ ਤੇ ਗੁਰੂ ਦੇ ਸਮਝਾਏ ਹੋਏ ਗੁਣਾਂ ਨੂੰ ਤਾਂ ਹੀ ਅਪਨਾਇਆ ਜਾ ਸਕਦਾ ਹੈ ਜੇਕਰ ਪਹਿਲਾਂ ਮਨੁੱਖ ਹਰ ਔਗੁਣ ਨੂੰ ਛੱਡੇ। ਸਾਡਾ ਜੋ ਵੀ ਕਰਮ ਗੁਰੂ ਦੀ ਮਤਿ ਅਨੁਸਾਰ ਨਹੀਂ ਹੁੰਦਾ ਉਹ ਸਾਡਾ ਔਗੁਣ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਬਾਰ-ਬਾਰ ਸਮਝਿਆ ਹੈ। ਮਨ ਦੀ ਮਾਇਆ ਭਾਵ ਅਕਾਲ ਪੁਰਖ ਦੀ ਸਭ ਦੇ ਅੰਦਰ ਪਾਈ ਹੋਈ ਮਾਇਆ ਦੀ ਜੁਗਤਿ ਸਭ ਨੂੰ ਮਾਇਆ ਮੋਹ ਨਾਲ ਜੋੜ ਕੇ ਰੱਖਦੀ ਹੈ ਭਾਵ ਸਾਨੂੰ ਔਗੁਣ ਛੱਡਣ ਨਹੀਂ ਦਿੰਦੀ, ਮਨ ਦੀਆਂ ਤ੍ਰਿਸ਼ਨਾਵਾਂ ਛੱਡਣ ਨਹੀਂ ਦਿੰਦੀ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੱਡਣ ਨਹੀਂ ਦਿੰਦੀ, ਭਗਤੀ ਦੇ ਨਾਸਮਝੀ ਨਾਲ ਅਪਨਾਏ ਹੋਏ ਅਨੇਕਾਂ ਹੀ ਤਰੀਕਿਆਂ ਨੂੰ ਛੱਡਣ ਨਹੀਂ ਦਿੰਦੀ ਕਿਉਂਕਿ ਮਨ ਦੀ ਮਾਇਆ ਦਾ ਮਕਸਦ ਹੀ ਮਨੁੱਖੀ ਸਮਝ ਨੂੰ ਉਲਝਾ ਕੇ ਰੱਖਣ ਦਾ ਹੈ, ਭਰਮਾਂ ਵਿੱਚ ਪਾ ਕੇ ਰੱਖਣ ਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਪੰਗਤੀ ਵਿੱਚ ਮਾਇਆ ਨੂੰ ਸਾਡਾ ਫਿੱਕਾ ਸੁਆਦ ਕਿਹਾ ਹੈ ਕਿਉਂਕਿ ਜਦੋਂ ਮਨੁੱਖ ਗੁਰੂ ਦੇ

ਸਮਝਾਏ ਹੋਏ ਗੁਣਾਂ ਨੂੰ ਅਪਨਾ ਲੈਂਦਾ ਹੈ ਫਿਰ ਉਸਨੂੰ ਮਾਇਆ ਮੋਹ ਵਾਲੇ ਸੁਆਦ ਫਿੱਕੇ ਲੱਗਦੇ ਹਨ ਭਾਵ ਚੰਗੇ ਨਹੀਂ ਲੱਗਦੇ ਫਿਰ ਉਸਨੂੰ ਬਿੱਖਿਆ ਦਾ ਸੁਆਦ ਚੰਗਾ ਨਹੀਂ ਲੱਗਦਾ ਭਾਵ ਉਸਨੂੰ ਗੁਰੂ ਦੀ ਗੱਲ ਮੰਨਣੀ ਹੀ ਚੰਗੀ ਲੱਗਦੀ ਹੈ, ਔਗੁਣਾਂ ਨੂੰ ਤਿਆਗ ਕੇ ਗੁਣਾਂ ਦੁਆਰਾ ਵਿਚਰਨਾ ਹੀ ਚੰਗਾ ਲੱਗਦਾ ਹੈ ਭਾਵ ਮਾੜੇ ਕਰਮ ਕਰਨੇ ਚੰਗੇ ਨਹੀਂ ਲੱਗਦੇ ਤੇ ਕੇਵਲ ਸੱਚੇ ਸੁੱਚੇ ਕਰਮ ਕਰਨੇ ਹੀ ਚੰਗੇ ਲੱਗਦੇ ਹਨ। ਇਹੀ ਪ੍ਰਮਾਤਮਾ ਦੀ, ਅੱਲ੍ਹਾ ਦੀ, ਗਾਡ ਦੀ, ਅਕਾਲ ਪੁਰਖ ਦੀ ਸੱਚੀ ਭਗਤੀ ਦਾ

54/7541

ਮਾਰਗ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਸਾਰੇ ਸੰਸਾਰ ਲਈ ਇੱਕੋ ਜਿਹਾ ਨਾਮ ਜਪਣ ਦਾ ਮਾਰਗ ਹੈ ਜੋ ਕਿ ਮਾਇਆ ਮੋਹ ਤਿਆਗਕੇ, ਹਰ ਔਗੁਣ ਤਿਆਗਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੈ ਤਾਂ ਜੋ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਕਿਸੇ ਦੂਸਰੇ ਮਨੁੱਖ ਦਾ ਮਾੜਾ ਨਾ ਕਰੇ ਭਾਵ ਸਭ ਦੇ ਭਲੇ ਲਈ ਵਿਚਰੇ। ਧੰਨ ਧੰਨ ਪੂਰੀ ਗੁਰਬਾਣੀ ਪੂਰੇ ਸੰਸਾਰ ਨੂੰ ਇਹੋ ਜਿਹਾ ਨਾਮ ਜਪਣਾ ਹੀ ਸਿਖਾ ਰਹੀ ਹੈ ਤੇ ਹਰ ਸੱਚਾ ਧਰਮ ਗ੍ਰੰਥ ਵੀ ਸੰਸਾਰ ਨੂੰ ਇਹੋ ਜਿਹਾ ਨਾਮ ਜਪਣਾ ਹੀ ਸਿਖਾਉਂਦਾ ਹੈ ਕੇਵਲ ਸਮਝਣ ਦੀ ਲੋੜ ਹੈ ਜਾਂ ਆਪਣੀ ਸਮਝ ਨੂੰ ਸਮਝਾਉਣ ਦੀ ਲੋੜ ਹੈ। **(ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥ ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥)**

ੴ ਸਤਿਗੁਰ ਪ੍ਰਸਾਦਿ ॥

ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ ॥

{ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥
ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥
ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥
ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥
ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥
ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥ ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥
ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥}

(ਅੰਗ ੪੧੮)

ਉਪਰ ਵਾਲੇ ਮੁੱਖ ਸ਼ਬਦ ਦੇ ਕੁਝ ਪਦਿਆਂ ਨੂੰ ਅਸੀਂ ਸਮਝਿਆ ਹੀ ਹੈ ਤੇ ਉਨ੍ਹਾਂ ਦੇ ਅੰਦਰ ਦੀ ਵਿਚਾਰ ਨੂੰ ਸਮਝਣ ਲਈ ਅਸੀਂ ਕੁਝ ਸ਼ਬਦਾਂ ਦੇ ਪ੍ਰਮਾਣ ਵੀ ਪੜੇ ਹਨ ਜਿਨ੍ਹਾਂ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਕਾਫੀ ਪਹਿਲੇ ਹੀ ਸਮਝਿਆ ਹੋਇਆ ਹੈ। ਹੁਣ ਧਿਆਨ ਨਾਲ ਵਿਚਾਰੋ ਕਿ ਗੁਰੂ ਦੀ ਮਤਿ ਜੋ ਸਾਨੂੰ ਸੰਸਾਰ ਦੇ ਇੱਕੋ ਇੱਕ ਗੁਰੂ ਦੇ ਨਾਲ ਮੇਲ ਕਰਨਾ ਸਮਝਾਉਂਦੀ ਹੈ ਜੋ ਉਸਦੇ ਨਾਲ ਮੇਲ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਅਪਨਾਉਣ ਦੁਆਰਾ ਹੀ ਹੋ ਸਕਦਾ ਹੈ ਕਿਉਂਕਿ ਗੁਰੂ ਦੀ ਮਤਿ ਕਦੇ ਬਦਲ ਹੀ ਨਹੀਂ ਸਕਦੀ ਕਿ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਕਰਨ ਦਾ ਤਰੀਕਾ ਕੀ ਹੈ। ਗੁਰੂ ਸਾਰੇ ਸੰਸਾਰ ਨੂੰ ਆਪਣੇ ਹਰ ਸ਼ਬਦ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਤਰੀਕਾ ਭਾਵ ਉਸਦਾ ਨਾਮ ਜਪਣ ਦਾ ਤਰੀਕਾ ਇੱਕੋ ਜਿਹਾ ਹੀ ਸਮਝਾਉਂਦਾ ਹੈ ਜੋ ਕਿ ਔਗੁਣ ਛੱਡ ਕੇ ਗੁਣਾਂ ਦੁਆਰਾ ਵਿਚਰਨ ਦਾ ਹੈ ਤੇ ਇਹ ਦੁਨਿਆਵੀ ਗੁਰੂ ਜਿਨ੍ਹਾਂ ਨੂੰ ਅਸੀਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਗੁਰੂ ਮੰਨਿਆ ਹੋਇਆ ਹੈ ਉਹ ਸਾਨੂੰ ਵੱਖਰੀ ਵੱਖਰੀ ਧਾਰਮਿਕ ਸਿੱਖਿਆ ਹੀ ਦਿੰਦੇ ਹਨ ਤੇ ਇਨ੍ਹਾਂ ਦੀ ਧਾਰਮਿਕ ਸਿੱਖਿਆ ਦੂਸਰਿਆਂ ਦੀ ਧਾਰਮਿਕ ਸਿੱਖਿਆ ਨਾਲ ਮੇਲ ਨਹੀਂ ਖਾਂਦੀ। ਪੂਰੀ ਸ੍ਰਿਸ਼ਟੀ ਵਿੱਚ ਧਾਰਮਿਕ ਝਗੜੇ ਫੈਲਾਉਣ ਵਾਲੇ ਇਹੋ ਜਿਹੇ ਹੀ ਹਨ ਜਿਹੋ ਜਿਹਿਆਂ ਦੇ

ਪਿੱਛੇ ਅਸੀਂ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਲੱਗੇ ਹੋਏ ਹਾਂ। ਸਾਰੇ ਸੰਸਾਰ ਦਾ ਧਾਰਮਿਕ ਗੁਰੂ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੇ ਪੂਰੀ ਸ੍ਰਿਸ਼ਟੀ ਦੀ ਤੇ ਹਰ ਮਨੁੱਖੀ ਰੂਪ ਦੀ ਰਚਨਾ ਕੀਤੀ ਹੈ ਤੇ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕੀਤੀ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ

54/7542

ਨਾਮ ਹੀ ਹੈ ਜੋ ਕਿ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ ਤੇ ਹਰ ਧਰਮ ਗ੍ਰੰਥ ਦਾ ਰਚਨਹਾਰ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਰੀ ਗੱਲ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਸਮਝਣ ਦੀ ਹੀ ਹੈ ਜੋ ਆਪਣਾ ਸੱਚ ਉਹ ਕਿਸੇ ਆਪਣੇ ਬਣਾਏ ਹੋਏ ਮਨੁੱਖੀ ਰੂਪ ਨੂੰ ਆਪਣੀ ਨਾਰ ਬਨਾਉਣ ਦੁਆਰਾ ਭਾਵ ਆਪਣੀ ਇਸਤਰੀ ਬਨਾਉਣ ਦੁਆਰਾ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਗ੍ਰੰਥ ਦੀ ਰਚਨਾ ਕਰਨ ਵਾਲੇ ਮਨੁੱਖੀ ਸਰੀਰਾਂ ਨੂੰ ਆਪਣੀ ਸੁਹਾਗਣ ਬਣਾਇਆ ਹੈ ਭਾਵੇਂ ਉਨ੍ਹਾਂ ਨੂੰ ਕਿਸੇ ਨੇ ਹਿੰਦੂ ਧਰਮ ਵਾਲੇ ਕਹਿ ਕੇ ਜਾਣਿਆ ਹੈ, ਭਾਵੇਂ ਇਸਲਾਮ ਧਰਮ ਵਾਲੇ ਜਾਣ ਕੇ ਜਾਣਿਆ ਹੈ, ਭਾਵੇਂ ਸਿੱਖੀ ਧਰਮ ਵਾਲੇ ਜਾਣ ਕੇ ਜਾਣਿਆ ਹੈ ਇਸ ਨਾਲ ਕੀ ਫਰਕ ਪੈਂਦਾ ਹੈ। ਜਦੋਂ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਕੋਈ ਵੱਖਰਾ ਦੁਨਿਆਵੀ ਧਰਮ ਨਹੀਂ ਹੈ ਫਿਰ ਉਸਦੀ ਧਰਮਪਤਨੀ ਦਾ ਕੋਈ ਵੱਖਰਾ ਧਰਮ ਕਿਵੇਂ ਹੋ ਸਕਦਾ ਹੈ। ਸ੍ਰਿਸ਼ਟੀ ਦਾ ਕਰਤਾ ਖੁਦ ਆਪ ਸੱਚ ਰੂਪ ਵਿੱਚ ਖਸਮ ਹੈ ਭਾਵ ਸੱਚ ਰੂਪ ਵਿੱਚ ਸਭ ਦਾ ਖਸਮ ਹੈ ਤੇ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਉਸਨੇ ਸੱਚ ਹੀ ਸਮਝਾਇਆ ਹੋਇਆ ਹੈ ਜਿਸ ਸੱਚ ਤੇ ਚੱਲ ਕੇ ਭਾਵ ਉਸਦੇ ਸੱਚੇ ਨਾਮ ਨੂੰ ਜਪ ਕੇ ਸੰਸਾਰ ਦਾ ਕੋਈ ਵੀ ਮਨੁੱਖ ਉਸ ਸੱਚ ਰੂਪ ਸੰਸਾਰ ਦੇ ਖਸਮ ਦੀ ਪਤਨੀ ਬਣ ਸਕਦਾ ਹੈ। ਆਉ ਹੁਣ ਗੁਰਬਾਣੀ ਅੰਗ (78) ਅਠਤੱਰ ਵੱਲ ਵਾਪਸੀ ਕਰਦੇ ਹਾਂ ਤੇ ਉੱਥੇ ਲਿਖੇ ਹੋਏ ਮੁੱਖ ਸ਼ਬਦ ਦੇ ਅਗਲਿਆਂ ਪਦਿਆਂ ਨੂੰ ਸਮਝਦੇ ਹਾਂ ਕਿ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸ੍ਰਿਸ਼ਟੀ ਦੀ ਹਰ ਮਨੁੱਖੀ ਨਾਰ ਦਾ ਵਿਆਹ ਕਿਸ ਤਰੀਕੇ ਹੋ ਸਕਦਾ ਹੈ ਤੇ ਉਸਦੀ ਪਤਨੀ ਕਿਸ ਤਰੀਕੇ ਬਣਿਆ ਜਾ ਸਕਦਾ ਹੈ, ਜਿਸ ਅਕਾਲ ਪੁਰਖ ਦੀ ਪੂੰਜੀ ਦੁਆਰਾ ਭਾਵ ਉਸਦੀ ਰਾਸ ਦੁਆਰਾ ਭਾਵ ਉਸਦੇ ਸੱਚੇ ਨਾਮ ਰੂਪ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਉਸਦੇ ਨਾਲ ਵਿਆਹ ਕਰਵਾ ਸਕਦਾ ਹੈ ਇਸੇ ਗੱਲ ਨੂੰ ਹੀ ਅਸੀਂ ਗੁਰਬਾਣੀ ਅੰਗ (78) ਅਠਤੱਰ ਤੇ ਲਿਖੇ ਹੋਏ ਹੁਣ ਅਗਲੇ ਸ਼ਬਦ ਰਾਹੀਂ ਸਮਝਣਾ ਹੈ। ਆਉ ਸਮਝੀਏ।

ਸਿਰੀਰਾਗੁ ਮਹਲਾ ੪ ਘਰੁ ੨ ਛੰਤ

ੴ ਸਤਿਗੁਰ ਪ੍ਰਸਾਦਿ ॥

“ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥

ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੁੋਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥"

ਸ਼ਬਦ ਦੇ ਪਹਿਲੇ ਪਦੇ ਨੂੰ ਅਸੀਂ ਸਮਝਿਆ ਹੀ ਹੈ ਤੇ ਇਸ ਤੋਂ ਬਾਅਦ ਜੋ ਦੂਸਰਾ ਪਦਾ ਹੈ ਇਸ ਪਦੇ ਨੂੰ ਅਸੀਂ ਲੇਖ ਵਿੱਚ ਬਹੁਤ ਪਹਿਲੇ ਹੀ ਦੋ ਵਾਰ ਸਮਝ ਚੁੱਕੇ ਹਾਂ ਤੇ ਪੂਰੀ ਬਰੀਕੀ ਨਾਲ ਸਮਝ ਚੁੱਕੇ ਹਾਂ ਜਿਸ ਗੱਲ ਦਾ ਜਿਕਰ ਦਾਸ ਨੇ ਪਿੱਛੇ ਕੀਤਾ ਵੀ ਹੈ। ਅਕਾਲ ਪੁਰਖ ਨੇ ਆਪਣੇ ਨਾਲ ਵਿਆਹ ਦੀ ਗੱਲ ਲੇਖ ਵਿੱਚ ਬੜੀ ਪਹਿਲੇ ਇਸ ਲਈ ਸਮਝਾ ਦਿੱਤੀ ਹੋਈ ਹੈ ਤਾਂ ਜੋ ਅਸੀਂ ਸ਼ਬਦ ਦੇ ਬਾਕੀ ਦੇ ਪਦਿਆਂ ਨੂੰ ਆਸਾਨੀ ਨਾਲ ਸਮਝ ਸਕੀਏ ਕਿਉਂਕਿ

54/7543

ਪੂਰੇ ਸ਼ਬਦ ਦਾ ਮੂਲ ਭਾਵ ਦੂਸਰੇ ਪਦੇ ਨਾਲ ਹੀ ਜੁੜਿਆ ਹੋਇਆ ਹੈ ਤੇ ਇਸ ਲੇਖ ਵਿੱਚ ਲਿਖੇ ਹੋਏ ਹੋਰ ਅਨੇਕਾਂ ਸ਼ਬਦਾਂ ਨਾਲ ਵੀ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਕਈ ਵਾਰੀ ਸਮਝਿਆ ਹੀ ਹੈ। ਸਾਰੀ ਗੱਲ ਮਨੁੱਖ ਦੀ ਮਨ ਦੀ ਸਮਝ ਨਾਲ ਜੁੜੀ ਹੈ। ਸਿਸ਼੍ਟੀ ਦੇ ਇੱਕੋ ਇੱਕ ਅਕਾਲ ਪੁਰਖ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਕਿਸੇ ਆਪਣੀ ਮਨੁੱਖੀ ਨਾਰ ਦੇ ਨਾਲ ਮੇਲ ਜਾਂ ਵਿਛੋੜਾ ਮਨ ਦੀ ਸਮਝ ਦੇ ਨਾਲ ਹੀ ਜੁੜਿਆ ਹੋਇਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਅਕਾਲ ਪੁਰਖ ਦੇ ਨਾਲ ਮੇਲ ਜਾਂ ਵਿਆਹ ਇੱਕੋ ਹੀ ਗੱਲ ਹੈ ਕਿਉਂਕਿ ਵਿਆਹ ਦਾ ਮਕਸਦ ਇਸਤਰੀ ਤੇ ਪੁਰਸ਼ ਨੂੰ ਆਪਸ ਵਿੱਚ ਮੇਲਣ ਦਾ ਹੀ ਹੁੰਦਾ ਹੈ। ਸੰਸਾਰ ਦੀ ਹਰ ਇਸਤਰੀ ਦਾ ਵਿਛੋੜਾ ਸੰਸਾਰ ਦੇ ਇੱਕੋ ਇੱਕ ਖਸਮ ਨਾਲ ਹੁੰਦਾ ਹੈ, ਮਨ ਦੀ ਅਗਿਆਨਤਾ ਰੂਪ ਹਨੇਰੇ ਕਰਕੇ ਹੁੰਦਾ ਹੈ ਫਿਰ ਜਦੋਂ ਗਿਆਨ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਜੋ ਕਿ ਆਪ ਹੀ ਗੁਰੂ ਹੈ ਤੇ ਆਪ ਹੀ ਹਰ ਮਨੁੱਖੀ ਸਮਝ ਦਾ ਮਾਲਕ ਹੈ ਉਹ ਜਦੋਂ ਕਿਸੀ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਉਸ ਮਨੁੱਖੀ ਸਮਝ ਦੇ ਅੰਦਰ ਆਪਣੇ ਤੇਜ ਗਿਆਨ ਦੇ ਨਾਲ ਰੋਸ਼ਨੀ ਹੀ ਕਰਦਾ ਹੈ ਜਿਸ ਨਾਲ ਮਨੁੱਖ ਦਾ ਮਨ ਦੇ ਵਿੱਚੋਂ ਅਗਿਆਨਤਾ ਰੂਪ ਹਨੇਰਾ ਸਦਾ ਲਈ ਕੱਟਿਆ ਜਾਂਦਾ ਹੈ, ਉਸਦਾ ਹਉਮੈ ਰੋਗ ਦੂਰ ਹੋ ਜਾਂਦਾ ਹੈ ਕਿਉਂਕਿ ਹਉਮੈ ਰੋਗ ਮਨ ਦੀ ਅਗਿਆਨਤਾ ਦਾ ਰੋਗ ਹੈ। ਨਾਮ ਰਤਨ ਦੀ ਪ੍ਰਾਪਤੀ ਅਕਾਲ ਪੁਰਖ ਦੇ ਨਾਲ ਵਿਆਹ ਹੋਣ ਦੁਆਰਾ ਹੀ ਪੈਂਦੀ ਹੈ ਜੋ ਕਿ ਉਸਦਾ ਗਿਆਨ ਰਤਨ ਹੈ ਤੇ ਹੁਣ ਇਸ ਦਾਸ ਦੀ ਉਨ੍ਹਾਂ ਅੱਗੇ ਫਿਰ ਤੋਂ ਬੇਨਤੀ ਹੈ ਕਿ ਜੋ ਇਹ ਕਹਿੰਦੇ ਹਨ ਕਿ ਸਾਨੂੰ ਨਾਮ ਮਿਲਿਆ ਹੋਇਆ ਹੈ ਤੇ ਹੋਰਾਂ ਨੂੰ ਵੀ ਨਾਮ ਵੰਡਦੇ ਹਨ ਕੀ ਉਨ੍ਹਾਂ ਸਾਰਿਆਂ ਦਾ ਅਕਾਲ ਪੁਰਖ ਦੇ ਨਾਲ ਵਿਆਹ ਹੋ ਚੁੱਕਿਆ ਹੈ ਤੇ ਹਉਮੈ ਰੋਗ ਦੂਰ ਹੋ ਚੁੱਕਿਆ ਹੈ। ਕ੍ਰਿਪਾ ਕਰਕੇ ਗੁਰਬਾਣੀ ਦੀ ਇਜੱਤ ਕਰੋ ਤੇ ਗੁਰੂ ਦੀ ਮਤਿ ਦਾ ਮਜਾਕ ਨਾ ਉਡਾਉ। ਕ੍ਰਿਪਾ ਕਰਕੇ ਭਰਮਾਂ ਵਿੱਚੋਂ ਨਿਕਲਣ ਦਾ ਉਦਮ ਕਰੋ ਤੇ ਗੁਰੂ ਦੇ ਸਮਝਾਏ ਹੋਏ ਸੱਚ

ਨੂੰ ਅਪਨਾਉਣ ਦਾ ਸੱਚਾ ਉਪਰਾਲਾ ਕਰੋ ਭਾਵ ਨਾ ਆਪ ਭਰਮਾਂ ਵਿੱਚ ਪਵੋ ਤੇ ਨਾ ਦੂਸਰਿਆਂ ਨੂੰ ਭਰਮਾਂ ਵਿੱਚ ਪਾਉ। ਇਸ ਪੂਰੇ ਪਦੇ ਨੂੰ ਪਿੱਛੇ ਲੇਖ ਵਿੱਚ ਬੜੀ ਬਰੀਕੀ ਨਾਲ ਹੋਰ ਸ਼ਬਦਾਂ ਦੇ ਪ੍ਰਮਾਣ ਦੇ ਨਾਲ ਵੀ ਸਮਝਿਆ ਹੈ ਜਿਸ ਲਈ ਲੇਖ ਵਿੱਚ ਪਿੱਛੇ ਜਾ ਕੇ ਵੱਖਰੇ-ਵੱਖਰੇ ਪੰਨਿਆਂ ਤੇ ਜਾ ਕੇ ਫਿਰ ਸਮਝਿਆ ਜਾ ਸਕਦਾ ਹੈ ਤੇ ਇਸ ਪਦੇ ਦੇ ਅਰਥ ਇਸ ਲੇਖ ਦੇ ਪੰਨੇ ਨੰਬਰ (1860) ਅਠਾਰਾਂ ਸੋ ਸੱਠ ਤੇ ਪੰਨਾ ਨੰਬਰ (2008) ਦੋ ਹਜਾਰ ਅੱਠ ਤੇ ਬਰੀਕੀ ਨਾਲ ਸਮਝਾਏ ਹੋਏ ਹਨ ਤਾਂ ਜੋ ਇਸ ਪਦੇ ਦੇ ਅਰਥਾਂ ਨਾਲ ਹੋਰ ਅਨੇਕਾਂ ਸ਼ਬਦਾਂ ਨੂੰ ਸਮਝਣ ਵਿੱਚ ਵੀ ਮਦਦ ਮਿਲੇ ਜਿਨ੍ਹਾਂ ਸ਼ਬਦਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਮੇਲ ਦੀ ਗੱਲ ਸਮਝਾਈ ਹੁੰਦੀ ਹੈ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਲਈ ਕੇਵਲ ਤੇ ਕੇਵਲ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦੀ ਲੋੜ ਹੁੰਦੀ ਹੈ ਭਾਵ ਅਕਾਲ ਪੁਰਖ ਦੇ ਕੋਲੋਂ ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦੀ ਪ੍ਰਾਪਤੀ ਦੀ ਲੋੜ ਹੁੰਦੀ ਹੈ ਜਿਵੇਂ ਕਿ ਉਪਰ ਵਾਲੇ ਪਦੇ ਰਾਹੀਂ ਪੂਰੇ ਸੰਸਾਰ ਨੂੰ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ। **(ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥)**

{ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥}

(ਅੰਗ ੧੦੬੯)

ਗੁਰਬਾਣੀ ਅੰਗ ਸੱਤ ਸੋ ਬਾਈ (722) ਤੇ ਦਰਜ ਜਿਸ ਸ਼ਬਦ ਨੂੰ ਪੂਰਨ ਰੂਪ ਵਿੱਚ ਸਮਝਣ ਲਈ ਅਸੀਂ ਇਸ ਗੁਰਬਾਣੀ ਅੰਗ ਅਠਤੱਰ (78) ਤੇ ਦਰਜ ਸ਼ਬਦ ਨੂੰ ਸਮਝ ਰਹੇ ਹਾਂ ਇਨ੍ਹਾਂ ਦੋਨਾਂ ਸ਼ਬਦਾਂ ਵਿੱਚ ਹੀ ਜੰਵ ਦੀ ਗੱਲ ਕੀਤੀ ਹੋਈ ਹੈ। ਸੱਤ ਸੋ ਬਾਈ (722) ਅੰਗ ਤੇ ਦਰਜ ਸ਼ਬਦ ਦੇ ਵਿੱਚ ਇਸ ਗੱਲ ਨੂੰ ਅਸੀਂ ਸਮਝਿਆ ਸੀ ਕਿ ਉੱਥੇ ਕਿਹੋ ਜਿਹੀ ਜੰਵ ਦੀ ਗੱਲ ਕੀਤੀ ਹੋਈ ਹੈ ਤੇ ਉਪਰ ਵਾਲੇ ਸ਼ਬਦ ਵਿੱਚ ਵੀ ਅਗਲੇ ਪਦੇ ਰਾਹੀਂ ਜੰਵ ਦੀ ਗੱਲ ਕੀਤੀ ਹੋਈ ਹੈ। ਪਿੱਛੇ ਸ਼ਬਦ ਵਿੱਚ ਪਾਪ ਦੀ ਜੰਵ ਦੀ ਗੱਲ ਕੀਤੀ ਹੋਈ ਸੀ ਤੇ ਹੁਣ ਇਸ ਸ਼ਬਦ ਵਿੱਚ ਚੰਗੀ ਜੰਵ ਦੀ ਗੱਲ ਕੀਤੀ ਹੋਈ ਹੈ। ਆਉ ਫਰਕ ਨੂੰ ਸਮਝੀਏ।

“ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੋਹੰਦੀ ॥੩॥”

54/7544

ਗੁਰਬਾਣੀ ਅੰਗ (722) ਸੱਤ ਸੋ ਬਾਈ ਤੇ ਜਿਸ ਜੰਵ ਬਾਰੇ ਸਮਝਾਇਆ ਹੈ ਉਹ ਉਨ੍ਹਾਂ ਦੀ ਜੰਵ ਹੁੰਦੀ ਹੈ ਜੋ ਨਾਸਮਝ ਆਪਣੇ ਆਪ ਨੂੰ ਪ੍ਰਮਾਤਮਾ ਦਾ ਗਿਆਤਾ ਸਮਝਦੇ ਹਨ ਤੇ ਆਪਣੇ ਨਾਲ ਆਪਣੇ ਚੇਲਿਆਂ ਨੂੰ ਜੰਵ ਦੇ ਰੂਪ ਵਿੱਚ ਨਾਲ ਲੈ ਕੇ ਜਾਂਦੇ ਹਨ।

ਇਸ ਸ਼ਬਦ ਰਾਹੀਂ ਉਨ੍ਹਾਂ ਦੇ ਇਸ ਭਰਮ ਦਾ ਪੜਦਾ ਹੀ ਜਾਹਿਰ ਕੀਤਾ ਹੋਇਆ ਹੈ ਕਿ ਉਹ ਕਿਤਨੇ ਕੂ ਵੱਡੇ ਭਰਮ ਵਿੱਚ ਹਨ ਜੋ ਆਪਣੇ ਨਾਲ ਪਾਪ ਦੀ ਜੰਞ ਲੈ ਕੇ ਜਾਂਦੇ ਹਨ ਭਾਵ ਕਿਸੇ ਨੂੰ ਧਰਮ ਦਾ ਝੂਠਾ ਮਾਰਗ ਸਮਝਾਉਣਾ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਝੂਠਾ ਤਰੀਕਾ ਸਮਝਾਉਣਾ, ਅਕਾਲ ਪੁਰਖ ਦੇ ਨਾਲ ਝੂਠਾ ਵਿਆਹ ਸਮਝਾਉਣਾ ਕਿਸੇ ਦੇ ਨਾਲ ਪਾਪ ਕਰਨ ਵਾਲੀ ਗੱਲ ਹੈ, ਸ਼ੈਤਾਨੀ ਕਰਨ ਵਾਲੀ ਗੱਲ ਹੈ ਜਿਵੇਂ ਕਿ ਉਸ ਸ਼ਬਦ ਰਾਹੀਂ ਸਮਝਿਆ ਹੀ ਹੈ। ਉਪਰ ਵਾਲੇ ਪੂਰੇ ਸ਼ਬਦ ਰਾਹੀਂ ਸਾਨੂੰ ਉਸਦੀ ਇਸਤਰੀ ਬਣਨ ਲਈ ਉਸਦੇ ਨਾਲ ਸੱਚਾ ਵਿਆਹ ਕਰਨ ਦਾ ਤਰੀਕਾ ਸਮਝਾਇਆ ਹੋਇਆ ਹੈ। ਵਿਆਹ ਦੇ ਲਈ ਸੋਹਣੀ ਜੰਞ ਕਿਹੋ ਜਿਹੀ ਹੁੰਦੀ ਹੈ ਤੇ ਵਿਆਹ ਵਿੱਚ ਕਿਹੜਾ ਦਾਨ ਚੰਗਾ ਹੁੰਦਾ ਹੈ ਇਹ ਸਭ ਕੁਝ ਅਸਲ ਤਰੀਕੇ ਨਾਲ ਸਮਝਾਇਆ ਹੋਇਆ ਹੈ। ਇਸੇ ਗੱਲ ਨੂੰ ਸਮਝਣ ਲਈ ਗੁਰੂ ਸਾਹਿਬ ਨੇ (722) ਸੱਤ ਸੌ ਬਾਈ ਅੰਗ ਵਾਲੇ ਸ਼ਬਦ ਵਿੱਚ ਪਹਿਲੇ (78) ਅਠਤੱਰ ਅੰਗ ਵਾਲੇ ਇਸ ਸ਼ਬਦ ਨੂੰ ਸਮਝਣ ਲਈ ਕਿਹਾ ਹੈ ਤੇ ਇਸ ਤੋਂ ਬਾਅਦ (97) ਸਤਾਨਵੇਂ ਅੰਗ ਵਾਲੇ ਸ਼ਬਦ ਨੂੰ ਸਮਝਣ ਲਈ ਕਿਹਾ ਹੈ ਤਾਂ ਜੋ ਅਸੀਂ ਅਕਾਲ ਪੁਰਖ ਦੇ ਨਾਲ ਵਿਆਹ ਕਿਵੇਂ ਹੁੰਦਾ ਹੈ, ਉਸਦੇ ਨਾਲ ਮੇਲ ਕਿਵੇਂ ਹੁੰਦਾ ਹੈ ਇਸ ਗੱਲ ਦੀ ਸੱਚਾਈ ਨੂੰ ਸਮਝ ਸਕੀਏ ਤਾਂ ਜੋ ਅਸੀਂ ਉਨ੍ਹਾਂ ਦੀਆਂ ਗੱਲਾਂ ਵਿੱਚ ਨਾ ਆਈਏ ਜੋ ਸਾਨੂੰ ਅਕਾਲ ਪੁਰਖ ਦੇ ਨਾਲ ਵਿਆਹ ਸਮਝਾਉਣ ਲਈ ਭਰਮਾਂ ਵਿੱਚ ਪਾਉਂਦੇ ਹਨ। ਪਹਿਲੇ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਨੂੰ ਸਮਝਦੇ ਹਾਂ ਕਿ ਅਕਾਲ ਪੁਰਖ ਦੇ ਨਾਲ ਵਿਆਹ ਕਰਾਉਣ ਲਈ ਜੰਞ ਕਿਹੋ ਜਿਹੀ ਆਉਂਦੀ ਹੈ ਜੋ ਸੋਹਣੀ ਲੱਗਦੀ ਹੈ।

“ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥”

ਅਰਥ ਕੁਝ ਗਹਿਰੇ ਹਨ, ਧਿਆਨ ਨਾਲ ਸਮਝਣ ਦੀ ਲੋੜ ਹੈ। ਹਰਿ ਭਾਵ ਸ੍ਰਿਸ਼ਟੀ ਦਾ ਕਰਤਾ **“ਸਤਿ”** ਦੇ ਰੂਪ ਵਿੱਚ ਹੈ ਭਾਵ **“ਸੱਚ”** ਦੇ ਰੂਪ ਵਿੱਚ ਹੈ ਤੇ ਜਿਨ੍ਹਾਂ ਨੂੰ ਉਹ ਆਪਣੇ ਸਤਿ ਨਾਲ, ਸੱਚ ਨਾਲ ਜੋੜ ਲੈਂਦਾ ਹੈ ਉਹੀ ਫਿਰ ਸੱਚ ਵਾਲੇ ਬਣ ਜਾਂਦੇ ਹਨ ਭਾਵ **“ਸਤੇ”** ਹੋ ਜਾਂਦੇ ਹਨ, **“ਸੱਚੇ”** ਹੋ ਜਾਂਦੇ ਹਨ ਤੇ ਜਿਨ੍ਹਾਂ ਨੂੰ ਹਰਿ ਆਪਣਾ ਜਨ ਬਣਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਆਪਣਾ ਜਨ ਬਣਾਇਆ ਹੈ ਭਾਵ ਉਨ੍ਹਾਂ ਨੂੰ ਇਸੇ ਤਰੀਕੇ ਹੀ ਆਪਣਾ ਸੱਚ ਬਖਸ਼ਣ ਦੁਆਰਾ ਸੱਚੇ ਬਣਾਇਆ ਹੈ। ਉਸਦਾ ਜਨ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਬਰੀਕੀ ਨਾਲ ਸਮਝਿਆ ਹੀ ਹੈ। ਉਹ ਕਦੇ ਕਿਸੇ ਵਿਰਲੇ ਨੂੰ ਆਪਣੇ ਨਾਲ ਮੇਲ ਕਰਨ ਦੁਆਰਾ ਆਪਣਾ ਜਨ ਬਣਾਉਂਦਾ ਹੈ। ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਉਨ੍ਹਾਂ ਸਰੀਰਾਂ ਨੇ ਹੀ ਕੀਤੀ ਹੋਈ ਹੈ।

54/7545

ਜਿਨ੍ਹਾਂ ਨੂੰ ਉਸਨੇ ਆਪਣਾ ਜਨ ਬਣਾਇਆ ਹੈ ਭਾਵ ਹਰਿ ਜਨ ਬਣਾਇਆ ਹੈ। ਅਕਾਲ ਪੁਰਖ ਦੇ ਨਾਲ ਵਿਆਹ ਮਨ ਦੇ ਵਿੱਚ ਹੀ ਹੁੰਦਾ ਹੈ ਭਾਵ ਉਸਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੀ ਹੁੰਦਾ ਹੈ ਜਿਸ ਦੁਆਰਾ ਮਨੁੱਖ ਦੀ ਅਗਿਆਨਤਾ ਦੂਰ ਹੁੰਦੀ ਹੈ, ਹਉਮੈ ਦੂਰ ਹੁੰਦੀ ਹੈ ਤੇ ਨਾਮ ਰਤਨ ਦੀ ਪ੍ਰਾਪਤੀ ਹੁੰਦੀ ਹੈ ਜਿਵੇਂ ਕਿ ਇਸ ਤੋਂ ਪਹਿਲੇ ਪਦੇ ਦੁਆਰਾ ਸਮਝਿਆ ਹੀ ਹੈ। ਪੂਰੀ ਗੁਰਬਾਣੀ ਵਿੱਚ **“ਹਰਿ ਜਨ”** ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹਨ ਭਾਵ **“ਸੱਚੇ ਗਿਆਨ”** ਦੇ ਰੂਪ ਵਿੱਚ ਹਨ ਭਾਵ **“ਨਾਮ”** ਦੇ ਰੂਪ ਵਿੱਚ ਹਨ। ਅਕਾਲ ਪੁਰਖ ਜਦੋਂ ਕਿਸੇ ਮਨ ਦੇ ਅੰਦਰ ਵਿਆਹ ਕਰਾਉਣ ਆਉਂਦਾ ਹੈ ਉਹ ਆਪਣੇ ਹਰਿ ਜਨਾਂ ਦੁਆਰਾ ਰਚੇ ਹੋਏ ਸ਼ਬਦਾਂ ਦੇ ਸੱਚੇ ਵਿਚਾਰਾਂ ਦੀ ਜੰਞ ਲੈ ਕੇ ਹੀ ਆਉਂਦਾ ਹੈ ਜੋ ਜੰਞ ਉਸ ਮਨੁੱਖੀ ਸਮਝ ਨੂੰ ਸੁਹਾਉਂਦੀ ਹੈ ਭਾਵ ਚੰਗੀ ਲੱਗਦੀ ਹੈ ਜਿਨ੍ਹਾਂ ਸੋਹਣੇ ਵਿਚਾਰਾਂ ਨੂੰ ਸਮਝ ਕੇ, ਮੰਨਣ ਦੇ ਨਾਲ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਦੂਰ ਹੁੰਦੀ ਹੈ, ਹਉਮੈ ਦੂਰ ਹੁੰਦੀ ਹੈ, ਗੁਰੂ ਦੇ ਕੋਲੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਦਰਸ਼ਨ ਹੁੰਦੇ ਹਨ ਭਾਵ ਉਸਦੇ ਨਾਲ ਮੇਲ ਹੁੰਦਾ ਹੈ, ਉਸਦੇ ਨਾਲ ਉਸਦੀ ਮਨੁੱਖੀ ਨਾਰ ਦਾ ਵਿਆਹ ਹੁੰਦਾ ਹੈ। **(ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥)**

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ਉਪਰ ਵਾਲੇ ਸ਼ਬਦ ਨੂੰ ਪੜਨ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਕੋਈ ਹਰਿ ਜਨ ਕਿਸ ਤਰੀਕੇ ਬਣਦਾ ਹੈ ਤੇ ਕਿਹੋ ਜਿਹੀ ਸਮਝ ਵਾਲਾ ਹੁੰਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਾਲਾ ਹੁੰਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਤੋਂ ਰਹਿਤ ਹੁੰਦਾ ਹੈ। ਇਸ ਉਪਰ ਵਾਲੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਸਮਝ ਹੀ ਚੁੱਕੇ ਹਾਂ।

ਹੁਣ ਮੁੱਖ ਸ਼ਬਦ ਦੇ ਪਦੇ ਦੀ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਅਕਾਲ ਪੁਰਖ ਕਿਸੇ ਇਸਤਰੀ ਨਾਲ ਵਿਆਹ ਕਰਨ ਲਈ ਜੋ ਜੰਵ ਲੈ ਕੇ ਆਉਂਦਾ ਹੈ ਜੋ ਕਿ ਉਸਦੇ ਆਪਣੇ ਹੀ ਗੁਰਬਾਣੀ ਗ੍ਰੰਥ ਵਿੱਚ ਆਪਣੇ ਹਰਿ ਜਨਾਂ ਕੋਲੋਂ ਲਿਖਵਾਏ ਹੋਏ ਤੇ ਸਮਝਾਏ ਹੋਏ ਸ਼ਬਦਾਂ ਦੇ ਸੱਚੇ ਵਿਚਾਰਾਂ ਰੂਪ ਜੰਵ ਹੁੰਦੀ ਹੈ, ਉਸਦੀ ਦੁਲਹਨ ਫਿਰ ਉਨ੍ਹਾਂ ਸ਼ਬਦਾਂ ਦੀਆਂ ਵਿਚਾਰਾਂ ਦੇ ਨਾਲ ਆਪਣਾ ਸ਼ਿੰਗਾਰ ਕਿਵੇਂ ਕਰਦੀ ਹੈ ਜਿਸ ਦੁਆਰਾ ਉਹ ਆਪਣੇ ਸਹੁਰੇ ਘਰ ਵਿੱਚ ਸ਼ੋਭਦੀ ਹੈ।

“ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥”

ਭਾਰਤ ਵਰਸ਼ ਵਿੱਚ ਪੁਰਾਣੇ ਸਮੇਂ ਤੋਂ ਜਦੋਂ ਕੋਈ ਲਾੜਾ ਜੰਵ ਲੈ ਕੇ ਇਸਤਰੀ ਨੂੰ ਵਿਆਹੁਣ ਜਾਂਦਾ ਹੈ

54/7546

ਉਹ ਜੰਵ ਲੈ ਕੇ ਉਸਦੇ ਪੇਕੇ ਘਰ ਵਿੱਚ ਜਾਂਦਾ ਹੈ ਤੇ ਉਸਨੂੰ ਵਿਆਹ ਕੇ ਫਿਰ ਉਸਨੂੰ ਭਾਵ ਉਸਦੇ ਨਾਲ ਫੇਰੇ ਲੈ ਕੇ ਫਿਰ ਉਸਨੂੰ ਆਪਣੇ ਘਰ ਵਿੱਚ ਭਾਵ ਆਪਣੀ ਇਸਤਰੀ ਨੂੰ ਸਹੁਰੇ ਘਰ ਵਿੱਚ ਲੈ ਕੇ ਆਉਂਦਾ ਹੈ। ਜਦੋਂ ਅਕਾਲ ਪੁਰਖ ਕਿਸੇ ਆਪਣੀ ਮਨੁੱਖੀ ਨਾਰ ਨੂੰ ਵਿਆਹੁਣ ਲਈ ਜੰਵ ਲੈ ਕੇ ਆਉਂਦਾ ਹੈ ਉਹ ਉਸ ਨਾਰ ਦੇ ਪੇਕੇ ਘਰ ਵਿੱਚ ਜੰਵ ਲੈ ਕੇ ਹੀ ਆਉਂਦਾ ਹੈ ਭਾਵ ਜਦੋਂ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਕਰਦਾ ਹੈ ਉਹ ਆਪਣੇ ਆਪ ਨੂੰ ਉਸਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ, ਹਉਮੈ ਵਾਲੀ ਸਮਝ ਵਿੱਚ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਹੀ ਪ੍ਰਗਟ ਕਰਦਾ ਹੈ ਕਿਉਂਕਿ ਉਸਦੀ ਹਰ ਮਨੁੱਖੀ ਨਾਰ ਦਾ ਪੇਕਾ ਘਰ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਉਹ ਸ੍ਰਿਸ਼ਟੀ ਦਾ ਲਾੜਾ ਆਪਣੇ ਨਾਲ ਜੋ ਸ਼ਬਦਾਂ ਦੀ ਸੱਚੀ ਵਿਚਾਰ ਰੂਪ ਜੰਵ ਲੈ ਕੇ ਆਉਂਦਾ ਹੈ ਉਹ ਜੰਵ ਨਾਮ ਰੂਪ ਜੰਵ ਹੀ ਹੁੰਦੀ ਹੈ ਭਾਵ ਬ੍ਰਹਮ ਗਿਆਨ ਰੂਪ ਜੰਵ ਹੁੰਦੀ ਹੈ ਜਿਸ ਉਸਦੇ ਸੱਚੇ ਨਾਮ ਨੂੰ ਆਪਣੇ ਪੇਕੇ ਘਰ ਵਿੱਚ ਜਪਣ ਦੁਆਰਾ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਸਮਝਣ ਦੁਆਰਾ ਜੋ ਕਿ ਆਪਣੀ ਹਰ ਸੱਚੀ ਵਿਚਾਰ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਉਹ ਆਪ ਹੀ ਸਮਝਾਉਂਦਾ ਹੈ ਇਸਦੇ ਨਾਲ ਉਸਦੀ ਨਾਰ ਭਾਵ ਉਸਦੀ ਮਨੁੱਖੀ ਰੂਪ ਪਤਨੀ ਉਸਦੇ ਸੱਚੇ ਵਿਚਾਰਾਂ ਨੂੰ ਮੰਨਣ ਵਿੱਚ ਭਾਵ ਉਨ੍ਹਾਂ ਦੇ ਅੰਦਰ ਦਾ ਔਖਾਪਨ ਮੰਨਣ ਵਿੱਚ ਭਾਵ ਹਰ ਔਗੁਣ ਤਿਆਗਣ ਵਿੱਚ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗਣ ਵਿੱਚ, ਆਪਣੀ ਭਰਮਾਂ ਵਾਲੀ ਸਮਝ ਨੂੰ ਪੂਰਨ ਰੂਪ ਵਿੱਚ ਤਿਆਗਣ ਵਿੱਚ ਸੁਹੇਲਾਪਨ ਮਹਿਸੂਸ ਕਰਦੀ ਹੈ ਭਾਵ ਉਹ ਇਸ ਵਿੱਚ ਆਪਣੇ ਆਪ ਨੂੰ ਮਾਇਆ ਮੋਹ ਛੱਡਣ ਵਿੱਚ ਔਖਾਪਨ ਮਹਿਸੂਸ ਕਰਨ ਦੀ ਬਜਾਇ ਸੌਖਾਪਨ ਮਹਿਸੂਸ ਕਰਦੀ ਹੈ ਜਿਸ ਕਰਕੇ ਉਹ ਗੁਰੂ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਮਤਿ ਤੇ ਖਰੀ ਉਤਰਕੇ ਆਪਣੇ ਸਹੁਰੇ ਘਰ ਵਿੱਚ ਸ਼ੋਭਦੀ ਹੈ ਭਾਵ ਗਾਡ ਦੇ, ਪ੍ਰਮਾਤਮਾ ਦੇ, ਅੱਲ੍ਹਾ ਦੇ, ਅਕਾਲ ਪੁਰਖ ਦੇ ਦਰ ਤੇ ਸ਼ੋਭਦੀ ਹੈ ਭਾਵ ਆਪਣੇ ਸਹੁਰੇ ਘਰ ਵਿੱਚ ਸ਼ੋਭਦੀ ਹੈ ਜੋ ਹਰ ਮਨੁੱਖੀ ਨਾਰ ਦਾ ਸਹੁਰਾ ਘਰ ਮਨੁੱਖ ਦੀ ਸਮਝ ਦੇ ਅੰਦਰ ਹੀ ਹੈ ਜਿਸ ਉਸਦੇ ਘਰ ਵਿੱਚ ਉਸਦਾ ਸੱਚਾ ਨਾਮ ਜਪਣ ਦੁਆਰਾ ਹੀ ਕੋਈ ਪਹੁੰਚ ਸਕਦਾ ਹੈ ਜੋ ਉਸਦਾ ਸੱਚਾ ਨਾਮ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ ਜਿਸ ਉਸਦੇ ਨਾਮ ਨੂੰ ਮਨੁੱਖ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਆਪਣੇ

ਪੇਕੇ ਘਰ ਵਿੱਚ ਰਹਿੰਦੇ ਹੋਏ ਪੂਰੀ ਤਰ੍ਹਾਂ ਸਮਝ ਹੀ ਨਹੀਂ ਸਕਦੇ ਪਰ ਉਸਨੂੰ ਸਮਝ ਕੇ ਉਸ ਤੇ ਚੱਲਣ ਦਾ ਸੱਚਾ ਉਦੱਮ ਅਸੀਂ ਹੀ ਕਰਨਾ ਹੈ ਤੇ ਕਿਸੇ ਤੇ ਉਹ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਹੀ ਆਪਣੇ ਘਰ ਵਿੱਚ ਲੈ ਜਾਂਦਾ ਹੈ, ਪੇਕੇ ਘਰ ਵਿੱਚੋਂ ਕੱਢ ਕੇ ਆਪਣੀ ਮਨੁੱਖੀ ਨਾਰ ਨੂੰ ਉਸਦੇ ਸਹੁਰੇ ਘਰ ਵਿੱਚ ਲੈ ਜਾਂਦਾ ਹੈ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਆਪਣੇ ਨਾਮ ਰੂਪ ਘਰ ਵਿੱਚ ਲੈ ਜਾਂਦਾ ਹੈ। **(ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ ॥ ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥ ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥)**

54/7547

ਹਰ ਮਨੁੱਖ ਦਾ ਜਨਮ ਉਸ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਬਣਨ ਦੁਆਰਾ ਹੀ ਸਫਲ ਹੁੰਦਾ ਹੈ ਭਾਵ ਉਸਦੇ ਨਾਲ ਵਿਆਹ ਹੋਣ ਦੁਆਰਾ ਹੀ ਸਫਲ ਹੁੰਦਾ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਭਾਵ ਉਸਦੇ ਨਾਲ ਮੇਲ ਦੁਆਰਾ ਹੀ ਸਫਲ ਹੁੰਦਾ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

“ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥

ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥

ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁੋਹੰਦੀ ॥੩॥”

ਸੰਸਾਰ ਵਿੱਚ ਉਸੇ ਮਨੁੱਖ ਦਾ ਜਨਮ ਸਫਲ ਹੁੰਦਾ ਹੈ ਜੋ ਆਪਣੇ ਇਸ ਜੀਵਨ ਦੀ ਖੇਡ ਨੂੰ ਜਿੱਤ ਲੈਂਦਾ ਹੈ। ਸ੍ਰਿਸ਼ਟੀ ਦੇ ਕਰਤੇ ਦੀ ਖੇਡ ਕੀ ਹੈ ਤੇ ਉਸਦੀ ਖੇਡ ਨੂੰ ਜਿੱਤਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸਦੀ ਖੇਡ ਸਭ ਦੇ ਅੰਦਰ ਹੀ ਚੱਲ ਰਹੀ ਹੈ ਜਿਸਨੂੰ ਮਨ ਦੀ ਨਾਸਮਝੀ ਵਿੱਚ ਰਹਿੰਦੇ ਹੋਏ ਭਾਵ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਭਾਵ ਉਸਦੀ ਪਾਈ ਹੋਈ ਮਾਇਆ ਦੀ ਜੁਗਤਿ ਵਿੱਚ ਰਹਿੰਦੇ ਹੋਏ ਨਾ ਕੋਈ ਉਸਦੀ ਖੇਡ ਨੂੰ ਸਮਝ ਸਕਦਾ ਹੈ ਤੇ ਨਾ ਹੀ ਉਸਦੀ ਖੇਡ ਵਿੱਚੋਂ ਨਿਕਲਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਕਿਉਂਕਿ ਉਹ ਆਪਣੀ ਇਹ ਖੇਡ ਜਦ ਤੱਕ ਕਿਸੇ ਨੂੰ ਆਪ ਨਾ ਸਮਝਾਏ ਕੋਈ ਉਸਦੀ ਖੇਡ ਨੂੰ ਸਮਝ ਹੀ ਨਹੀਂ ਸਕਦਾ ਜਿਵੇਂ ਕਿ ਅਸੀਂ ਲੇਖ ਵਿੱਚ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਉਸਦੀ ਖੇਡ ਨੂੰ ਸਮਝਣ ਲਈ ਤੇ ਉਸਨੂੰ ਜਿਤੱਣ ਲਈ ਆਪਣੇ ਮਨ ਨੂੰ ਜਿਤੱਣ ਦੀ ਲੋੜ ਹੁੰਦੀ ਹੈ ਭਾਵ ਮਨ ਦੀ ਸਮਝ ਨੂੰ ਜਿਤੱਣ ਦੀ ਲੋੜ ਹੁੰਦੀ ਹੈ ਜੋ ਸਭ ਦੇ ਮਨ ਦੀ ਸਮਝ ਸਿਸ਼੍ਟੀ ਦੇ ਕਰਤੇ ਨੇ ਆਪ ਹੀ ਭਰਮਾਂ ਵਾਲੇ ਵਿਚਾਰਾਂ ਨਾਲ ਭਰੀ ਹੋਈ ਹੈ, ਹਉਮੈ ਵਾਲੇ ਵਿਚਾਰਾਂ ਨਾਲ ਭਰੀ ਹੋਈ ਹੈ, ਔਗੁਣਾਂ ਵਾਲੇ ਵਿਚਾਰਾਂ ਨਾਲ ਭਰੀ ਹੋਈ ਹੈ ਜਿਨ੍ਹਾਂ ਮਨ ਦੇ ਨਾਮਸਝ ਵਿਚਾਰਾਂ ਵਿੱਚੋਂ ਕੇਵਲ ਤੇ ਕੇਵਲ ਗੁਰੂ ਦੇ ਨਾਮ ਨੂੰ ਜਪਣ ਦੁਆਰਾ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ। ਆਪਣੇ ਪੇਕੇ ਘਰ ਵਿੱਚ ਨਾਮ ਦੀ ਸੰਭਾਲ ਕਰਨਾ ਜਾਂ ਆਪਣੇ ਮਨ ਨੂੰ ਜਿਤੱਣਾ ਇੱਕੋ ਹੀ ਗੱਲ ਹੈ। ਸਾਰੀ ਗੱਲ ਗੁਰੂ ਦੇ ਮੁੱਖੋਂ ਉਚਾਰੇ ਹੋਏ ਸ਼ਬਦਾਂ ਨੂੰ ਮੰਨਣ ਦੀ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਣ ਦੀ ਹੈ। ਜੋ ਮਨੁੱਖ ਉਸ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਬਣਨ ਦੁਆਰਾ ਆਪਣਾ ਸਾਰਾ ਜੀਵਨ ਸਫਲ ਕਰ ਲੈਂਦੇ ਹਨ ਉਹ ਹੀ ਫਿਰ ਉਸਦੇ ਜਨ ਬਣਦੇ ਹਨ ਭਾਵ ਪ੍ਰਮਾਤਮਾ ਦਾ ਸੰਤ ਰੂਪ ਬਣਦੇ ਹਨ ਜਿਨ੍ਹਾਂ ਦੀ ਸੱਚੀ ਸਮਝ ਮਨ ਦੇ ਵਿੱਚ ਮਿਲਣ ਦੁਆਰਾ ਭਾਵ ਉਨ੍ਹਾਂ ਦੇ ਜੰਵ ਰੂਪ ਵਿਚਾਰ ਮਿਲਣ ਦੁਆਰਾ ਮਨੁੱਖੀ ਨਾਰ ਦਾ ਕਾਰਜ ਭਾਵ ਵਿਆਹ ਦਾ ਕਾਰਜ ਸੁਹਾਉਂਦਾ ਹੈ। ਉਸਦਾ ਹਰਿ ਜਨ ਬਣਨਾ ਜਾਂ ਹਰਿ ਸੰਤ ਬਣਨਾ ਇੱਕੋ ਹੀ ਗੱਲ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਮਨੁੱਖੀ ਸਰੀਰ ਉਸਦੀ ਸੁਹਾਗਣ ਬਣਨ ਦੁਆਰਾ ਬਣੇ ਹਨ। ਉਨ੍ਹਾਂ ਦੇ ਸੱਚੇ ਵਿਚਾਰਾਂ ਦੀ ਜੰਵ ਦੇ ਨਾਲ ਮੇਲ ਹੋਣ

54/7548

ਦੁਆਰਾ ਹੀ ਵਿਆਹ ਰੂਪ ਕਾਰਜ ਸੁਹਾਉਂਦਾ ਹੈ ਭਾਵ ਅਨੰਦ ਕਾਰਜ ਜੋ ਕਿ ਲਾੜੇ ਤੇ ਉਸਦੀ ਇਸਤਰੀ ਦੇ ਫੇਰਿਆਂ ਦੇ ਰੂਪ ਵਿੱਚ ਹੁੰਦਾ ਹੈ। ਇਹੋ ਜਿਹੇ ਅਕਾਲ ਪੁਰਖ ਦੇ ਨਾਲ ਅਨੰਦ ਕਾਰਜ ਦੇ ਵਿੱਚ ਅਕਾਲ ਪੁਰਖ ਦੀ ਉੱਚੀ ਸਮਝ ਦੇ ਨਾਲ ਉਸ ਇਸਤਰੀ ਦੀ ਨਾਸਮਝ ਮਤਿ ਦੇ ਫੇਰੇ ਹੁੰਦੇ ਹਨ ਭਾਵ ਅੱਗੇ-ਅੱਗੇ ਗੁਰਮਤਿ ਚੱਲਦੀ ਹੈ ਤੇ ਪਿੱਛੇ-ਪਿੱਛੇ ਮਨਮਤਿ ਚੱਲਦੀ ਹੈ ਤੇ ਜਦੋਂ ਮਨਮਤਿ ਗੁਰਮਤਿ ਦੇ ਨਾਲ ਇੱਕ ਹੋ ਜਾਂਦੀ ਹੈ ਇਹੀ ਮਨ ਦੇ ਵਿੱਚ ਅਕਾਲ ਪੁਰਖ ਦੇ ਨਾਲ ਅਨੰਦ ਕਾਰਜ ਹੈ, ਉਸਦੇ ਨਾਲ ਵਿਆਹ ਹੈ ਜਦੋਂ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਗੁਰੂ ਪ੍ਰਮਾਤਮਾ ਦੀ ਸਮਝ ਮੰਨਣ ਦੇ ਨਾਲ ਉਸਦੀ ਸਮਝ ਦੇ ਨਾਲ ਰੱਲ ਜਾਂਦੀ ਹੈ। ਇਹੀ ਸਾਡੀ ਸਮਝ ਦੇ ਅੰਦਰ **“ਸਬਦ ਸੁਰਤਿ”** ਦਾ ਮੇਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰਦੇ ਹਾਂ। **{ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ**

ਸੁਖ ਸਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ ਮਨ ਰੇ ਸਾਚੀ ਖਸਮ ਰਜਾਇ ॥ ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥} ਅੰਗ ੬੨ **{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥ ਐਸੇ ਪ੍ਰੇਮ ਭਗਤਿ ਵੀਚਾਰੀ ॥ ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥}** ਅੰਗ ੪੧੪ ਜਿਸ ਦੁਆਰਾ ਕੋਈ ਉਸਦੀ ਮਨੁੱਖੀ ਨਾਰ ਆਪਣੇ ਅਕਾਲ ਪੁਰਖ ਰੂਪ ਵਰ ਨੂੰ ਸੁਹਾਉਂਦੀ ਹੈ ਜੋ ਇੱਕੋ ਇੱਕ ਸ੍ਰਿਸ਼ਟੀ ਦੀ ਹਰ ਨਾਰ ਦਾ ਪੁਰਖ **"ਅਨੰਦੀ"** ਰੂਪ ਹੈ ਜਿਸਦੇ ਨਾਲ ਮਨੁੱਖੀ ਨਾਰ ਦਾ ਵਿਆਹ ਹੋਣ ਦੁਆਰਾ ਹੀ ਕਿਸੇ ਮਨੁੱਖੀ ਨਾਰ ਨੂੰ ਅਸਲ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਉਸਦੇ ਭਾਣੇ ਵਿੱਚ ਰਹਿਣ ਦਾ, ਉਸਦੀ ਸੱਚੀ ਮਤਿ ਨੂੰ ਮੰਨਣ ਦਾ ਵੱਖਰਾ ਹੀ ਅਨੰਦ ਹੈ। **(ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ॥ ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥)**

ਹੁਣ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ।

"ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੁੋਹੰਦੀ ॥੩॥"

ਜੋ ਉਪਰ ਵਾਲੇ ਪਦੇ ਦੀ ਆਖਰੀ ਪੰਗਤੀ ਹੈ ਇਹ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਹੈ। ਇਸ ਤੋਂ ਭਾਵ ਇਹ ਹੈ ਕਿ ਇਨ੍ਹਾਂ ਦੋਨਾਂ ਪੰਗਤੀਆਂ ਦੇ ਵਿੱਚ ਜੋ ਦੂਸਰੀਆਂ ਪੰਗਤੀਆਂ ਰਾਹੀਂ ਅਸੀਂ ਸਮਝਿਆ ਹੈ ਉਹੀ ਸ੍ਰਿਸ਼ਟੀ ਦੇ ਕਰਤੇ ਦੀ ਜੰਞ ਦਾ ਰੂਪ ਹੈ ਜੋ ਉਹ ਮਨੁੱਖੀ ਨਾਰ ਨੂੰ ਵਿਆਹੁਣ ਲਈ ਲੈ ਕੇ ਆਉਂਦਾ ਹੈ। ਪਦੇ ਦੀ ਪਹਿਲੀ ਪੰਗਤੀ ਤੇ ਆਖਰੀ ਪੰਗਤੀ ਦੇ ਵਿਚਕਾਰ ਨਾਮ ਜਪਣ ਦੀ ਗੱਲ ਸਮਝਾਈ ਹੋਈ ਹੈ, ਆਪਣੇ ਅੰਦਰ ਨਾਮ ਨੂੰ ਸੰਭਾਲਣ ਦੀ ਗੱਲ ਸਮਝਾਈ ਹੋਈ ਹੈ, ਆਪਣੇ ਮਨ ਨੂੰ ਜਿਤੱਣ ਦੀ ਗੱਲ ਸਮਝਾਈ ਹੋਈ ਹੈ ਜੋ ਕਿ ਸਾਰੀ ਗੱਲ ਗੁਰੂ ਦੇ ਸੱਚੇ ਵਿਚਾਰਾਂ ਨੂੰ ਭਾਵ ਗੁਰੂ ਦੇ ਹਰ ਸ਼ਬਦ ਦੀ ਵਿਚਾਰ ਨੂੰ ਮੰਨਣ ਦੀ ਹੀ ਹੈ ਫਿਰ ਇਹ ਅਕਾਲ ਪੁਰਖ ਦੀ ਜੰਞ ਕਿਸ ਰੂਪ ਵਿੱਚ ਹੋਈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੀ ਹੋਈ। ਗੁਰਬਾਣੀ ਦੀ ਰਚਨਾ ਕਰਵਾਉਣ ਵਾਲਾ ਤੇ ਆਪਣੇ ਸ਼ਬਦਾਂ ਦੀ ਵਿਚਾਰ ਸਮਝਾਉਣ ਵਾਲਾ ਬਹੁਤ ਸਿਆਣਾ ਹੈ, ਬਹੁਤ ਸਿਆਣਾ ਹੈ, ਬਹੁਤ ਸਿਆਣਾ ਹੈ ਜਿਸਦੀ ਸਿਆਣਪ ਦਾ ਕੋਈ ਅੰਤ ਹੀ ਨਹੀਂ ਹੈ ਜਿਸ ਉਸਦੀ ਸਿਆਣਪ ਦਾ ਅੰਦਾਜਾ ਕੋਈ ਉਸਦੀ ਧਰਮ ਪਤਨੀ ਭਾਵ ਉਸਦੀ ਸੁਹਾਗਣ ਬਣ ਕੇ ਲਗਾ ਸਕਦਾ ਹੈ। ਧੰਨ ਹੈ ਉਹ ਸਭ ਦਾ ਸੁਹਾਗ, ਧੰਨ ਹੈ ਉਹ ਸਭ ਦਾ ਸੁਹਾਗ, ਧੰਨ ਹੈ ਉਹ ਸਭ ਦਾ ਸੁਹਾਗ ਜਿਸਨੇ ਆਪ ਹੀ ਆਪਣੇ ਆਪ ਨੂੰ ਜਾਨਣ ਤੋਂ ਸਭ ਦੇ ਅੰਦਰ ਆਪਣੇ ਆਪ ਨੂੰ ਆਪ ਹੀ ਛੁਪਾਇਆ ਹੋਇਆ ਹੈ ਤੇ ਆਪ ਹੀ ਕਿਸੇ ਮਨੁੱਖੀ ਨਾਰ ਦੇ ਅੰਦਰ ਆਪਣਾ ਸੁਹਾਗ ਰੂਪ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਵਾਉਣ ਵਾਲੇ ਸਰੀਰਾਂ ਅੰਦਰ ਪ੍ਰਗਟ ਕੀਤਾ ਹੈ ਭਾਵ ਆਪਣੇ ਸੱਚੇ ਸੰਤ ਜਨਾਂ ਦੇ ਅੰਦਰ ਪ੍ਰਗਟ ਕੀਤਾ ਹੈ ਜਿਨ੍ਹਾਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸੰਸਾਰ ਦੇ ਹਰ ਮਨੁੱਖ ਨੂੰ ਉਸਦੀ ਇੱਕੋ ਜਿਹੀ ਸੱਚੀ ਸੁਹਾਗਣ ਬਣਨਾ ਸਿਖਾਇਆ ਹੋਇਆ ਹੈ। **(ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥ ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥ ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥ ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥ ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥ ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥ ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥ ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥ ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥ ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥ ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥ ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥ ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੁੋਹੰਦੀ ॥੩॥)**

54/7549

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥}

(ਅੰਗ ੯੧੭)

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ ੯੧੭)

ਸੋਰਠਿ ਮਹਲਾ ੫ ॥

{ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥
ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥੧॥
ਅਪੁਨੇ ਸਤਿਗੁਰ ਕੈ ਬਲਿਹਾਰੈ ॥ ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ ਰਹਾਉ ॥
ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥ ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ॥੨॥
ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥
ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥੩॥
ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥
ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥੪॥੫॥}

(ਅੰਗ ੬੦੯-੬੧੦)

ਅਕਾਲ ਪੁਰਖ ਦੇ ਨਾਲ ਮੇਲ ਤੋਂ ਬਾਅਦ ਭਾਵ ਉਸ **"ਅਨੰਦੀ"** ਪੁਰਖ ਦੇ ਨਾਲ ਮੇਲ ਤੋਂ ਬਾਅਦ ਮਨ ਦੇ ਵਿੱਚ ਆਨੰਦ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਮਨ ਦੇ ਵਿੱਚ ਆਨੰਦ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਤੇ ਕਿਸ ਮਕਸਦ ਲਈ ਹੁੰਦੀ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਮੁੱਖ ਸ਼ਬਦ ਰਾਹੀਂ ਅਸੀਂ ਅਕਾਲ ਪੁਰਖ ਦੇ ਨਾਲ ਵਿਆਹ ਦੀ ਗੱਲ ਸਮਝ ਰਹੇ ਹਾਂ। ਵਿਆਹ ਦੇ ਸਮੇਂ ਮਨੁੱਖੀ ਕੁੜਮ ਭਾਰਤ ਵਰਸ਼ ਵਿੱਚ ਕੁੜਮਾਈ ਦੀ ਰਸਮ ਵੀ ਨਿਭਾਉਂਦੇ ਹਨ ਜੋ ਕਿ ਕੁੜਮ ਆਪਸ ਵਿੱਚ ਨਿਭਾਉਂਦੇ ਹਨ। ਅਕਾਲ ਪੁਰਖ ਦੇ ਨਾਲ ਜਦੋਂ ਮਨੁੱਖੀ ਸਮਝ ਦਾ ਵਿਆਹ ਹੁੰਦਾ ਹੈ ਉਹ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ ਤੇ ਮਨ ਦੀ ਸਮਝ ਦੇ ਵਿੱਚ ਕੁੜਮਾਈ ਕਿਸ ਤਰੀਕੇ ਹੁੰਦੀ ਹੈ ਤੇ ਫੇਰੇ ਹੋਣ ਦੇ ਨਾਲ ਮਨ ਦੀ ਸਮਝ ਵਿੱਚ ਕਿਹੋ ਜਿਹੀ ਪ੍ਰਾਪਤੀ ਹੁੰਦੀ ਹੈ ਇਸ ਗੱਲ ਨੂੰ ਧੰਨ ਧੰਨ ਚੌਥੀ ਪਾਤਸ਼ਾਹੀ ਜੀ ਦੇ ਹੀ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ।

ਰਾਗੁ ਸੂਹੀ ਮਹਲਾ ੪ ਛੰਤ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥
ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥
ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥
ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥
ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥੨॥
ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ ॥
ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥
ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥
ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥੩॥
ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥
ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ ॥
ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥
ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥
ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥
ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥}

(ਅੰਗ ੭੭੩)

ਉਪਰ ਵਾਲੇ ਸ਼ਬਦ ਨੂੰ ਅਗਰ ਧਿਆਨ ਨਾਲ ਸਮਝੋਗੇ ਕਿ ਅਕਾਲ ਪੁਰਖ ਦਾ ਵਿਆਹ ਕਿਸ ਰੂਪ ਵਿੱਚ ਹੁੰਦਾ ਹੈ ਤੇ ਕਿਸ ਮਕਸਦ ਲਈ ਹੁੰਦਾ ਹੈ ਇਸ ਗੱਲ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸਾਰੀ ਗੱਲ ਮਨ ਦੀ ਅਗਿਆਨਤਾ ਨੂੰ

ਛੱਡਣ ਦੀ ਹੈ, ਮਨ ਦੇ ਨਾਸਮਝ ਵਿਚਾਰਾਂ ਨੂੰ ਛੱਡਣ ਦੀ ਹੈ, ਔਗੁਣ ਛੱਡਕੇ ਗੁਣੀ ਬਣਨ ਦੀ ਹੈ, ਤ੍ਰਿਸ਼ਨਾਵਾਂ ਤਿਆਗਕੇ ਮਨ ਦੇ ਸੰਤੋਖ ਵਿੱਚ ਆਉਣ ਦੀ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਜਿਨ੍ਹਾਂ ਸਰੀਰਾਂ ਦਾ ਅਕਾਲ ਪੁਰਖ ਦੇ ਨਾਲ ਵਿਆਹ ਹੋਇਆ ਹੈ ਉਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਮਨੁੱਖਤਾ ਦੇ ਇੱਕੋ ਜਿਹੇ ਸੱਚ ਤੇ ਚੱਲਣ ਦੇ ਮਾਰਗ ਦੀ ਸਿੱਖਿਆ ਲੈ ਕੇ ਪੂਰੀ ਗੁਰਬਾਣੀ ਰਾਹੀਂ

ਇੱਕੋ ਜਿਹੀ ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਹੀ ਸਮਝਾਈ ਹੈ ਜੋ ਕਿ ਉਸਦਾ ਸੱਚਾ ਨਾਮ ਜਪਣ ਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੀ ਹੈ। ਆਉ ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਸ੍ਰਿਸ਼ਟੀ ਦੇ ਕਰਤੇ ਦੀ ਇਸਤਰੀ ਬਣਨ ਨਾਲ ਉਸਨੂੰ ਦਾਨ ਦੇਣਾ ਪੈਂਦਾ ਹੈ ਜਾਂ ਉਲਟਾ ਉਸਦੇ ਕੋਲੋਂ ਦਾਨ ਮਿਲਦਾ ਹੈ ਤੇ ਉਹ ਦਾਨ ਕਿਸ ਰੂਪ ਵਿੱਚ ਮਿਲਦਾ ਹੈ।

“ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥”

ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਪਹਿਲੇ ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਜਿਸ ਮਨੁੱਖੀ ਨਾਰ ਦਾ ਪ੍ਰਮਾਤਮਾ ਦੇ ਨਾਲ ਵਿਆਹ ਹੁੰਦਾ ਹੈ ਉਸਦੀ ਇਸਤਰੀ ਉਸਨੂੰ ਕੀ ਕਹਿ ਕੇ ਪੁਕਾਰ ਰਹੀ ਹੈ। **“ਹਰਿ ਪ੍ਰਭੁ”** ਨੂੰ ਉਹ ਆਪਣਾ ਬਾਬੁਲ ਭਾਵ ਪਿਤਾ ਕਹਿ ਕੇ ਪੁਕਾਰ ਰਹੀ ਹੈ ਭਾਵ ਜਿਸਦੇ ਨਾਲ ਉਸਦਾ ਵਿਆਹ ਹੋਇਆ ਹੈ ਉਸੇ ਨੂੰ ਹੀ ਉਹ ਆਪਣਾ ਬਾਬੁਲ ਕਹਿ ਰਹੀ ਹੈ। ਇਸ ਰਾਹੀਂ ਸੰਸਾਰ ਨੂੰ ਬੜੀ ਵੱਡੀ ਗੱਲ ਸਮਝਾਈ ਹੋਈ ਹੈ ਜਿਸ ਗੱਲ ਤੇ ਕੋਈ ਤਾਂ ਹੀ ਪੂਰਨ ਰੂਪ ਵਿੱਚ ਵਿਸ਼ਵਾਸ ਕਰ ਸਕਦਾ ਹੈ ਜਦੋਂ ਕੋਈ ਸੰਸਾਰਿਕ ਮਨੁੱਖ ਸੰਸਾਰ ਦੇ ਇੱਕੋ ਇੱਕ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਫਿਰ ਮਨੁੱਖ ਨੂੰ ਇਸ ਗੱਲ ਦੀ ਸਮਝ ਲੱਗਦੀ ਹੈ ਤੇ ਵਿਸ਼ਵਾਸ ਆਉਂਦਾ ਹੈ ਕਿ ਸਭ ਕੁਝ ਇੱਕੋ ਇੱਕ ਉਹ ਆਪ ਹੀ ਹੈ, ਹਰ ਰੂਪ ਵਿੱਚ ਉਹ ਇੱਕੋ ਇੱਕ ਆਪ ਹੀ ਹੈ ਭਾਵੇਂ ਕੋਈ ਇਸਤਰੀ ਰੂਪ ਹੈ, ਪੁਰਸ਼ ਰੂਪ ਹੈ, ਬੱਚਾ ਰੂਪ ਹੈ, ਬੁੱਢਾ ਰੂਪ ਹੈ, ਭੈਣ ਰੂਪ ਹੈ, ਭਰਾ ਰੂਪ ਹੈ, ਮਾਤਾ ਰੂਪ ਹੈ ਜਾਂ ਪਿਤਾ ਰੂਪ ਹੈ, ਇੱਕੋ ਹੀ ਗੱਲ ਹੈ। ਹਰ ਆਪਣੇ ਬਣਾਏ ਹੋਏ ਸਰੀਰ ਦੇ ਅੰਦਰ ਉਹ ਆਪ ਹੀ ਵਰਤ ਰਿਹਾ ਹੈ। ਉਹ ਆਪ ਹੀ ਆਪਣੀ ਨਾਰ ਹੈ ਤੇ ਆਪ ਹੀ ਆਪਣੀ ਨਾਰ ਦਾ ਪਤੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਕਿ ਸਭ ਕੁਝ ਇੱਕੋ ਇੱਕ ਉਹ ਆਪ ਹੀ ਹੈ ਤੇ ਮਨ ਦੇ ਭਰਮ ਕਰਕੇ ਹੀ ਹਰ ਕੋਈ ਉਸਨੂੰ ਆਪਣੇ ਆਪ ਤੋਂ ਵੱਖਰਾ ਸਮਝਦਾ ਹੈ। ਉਪਰ ਵਾਲੀ ਪੰਗਤੀ ਵਿੱਚ ਉਸਦੀ ਪਤਨੀ ਜਿਸਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਆਹ ਹੋਇਆ ਹੈ ਉਸਨੂੰ ਹਰਿ ਵੀ ਪੁਕਾਰ ਰਹੀ ਹੈ, ਪ੍ਰਭ ਵੀ ਪੁਕਾਰ ਰਹੀ ਹੈ। ਹਰਿ ਵੀ ਉਹੀ ਹੈ ਤੇ ਪ੍ਰਭ ਵੀ ਉਹੀ ਹੈ ਭਾਵ ਘਰਵਾਲਾ ਵੀ ਉਹੀ ਹੈ ਤੇ ਪਿਤਾ ਵੀ ਉਹੀ ਹੈ ਤੇ ਉਸਨੂੰ ਇਸ ਤਰੀਕੇ ਪੁਕਾਰ ਕੇ ਉਸ ਕੋਲੋਂ ਦਾਜ ਰੂਪ ਦਾਨ ਮੰਗ ਰਹੀ ਹੈ ਜਿਵੇਂ ਕਿ ਲੜਕੀਆਂ ਵਿਆਹ ਦੇ ਸਮੇਂ ਆਪਣੇ ਪਿਤਾ ਕੋਲੋਂ ਦਾਜ ਦੀ ਇੱਛਾ ਕਰਦੀਆਂ ਹਨ। **(ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥)**

ਉਸ ਅਕਾਲ ਪੁਰਖ ਦੀ ਪਤਨੀ ਬਣਨ ਦੁਆਰਾ ਉਸ

54/7551

ਅਕਾਲ ਪੁਰਖ ਕੋਲੋਂ ਫਿਰ ਉਸਦੀ ਸੁਹਾਗਣ ਕਿਹੋ ਜਿਹਾ ਦਾਨ ਮੰਗਦੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥”

ਉਸ ਅਕਾਲ ਪੁਰਖ ਦੇ ਨਾਲ ਵਿਆਹ ਹੋਣ ਤੋਂ ਬਾਅਦ ਜੋ ਉਸਦੀ ਸੁਹਾਗਣ ਉਸਦੇ ਕੋਲੋਂ ਕੱਪੜੇ ਮੰਗਦੀ ਹੈ ਉਹ ਕੱਪੜੇ ਆਪਣੇ ਤਨ ਦੀ ਸੋਭਾ ਲਈ ਨਹੀਂ ਮੰਗਦੀ ਜਿਵੇਂ ਕਿ ਦੁਨਿਆਵੀ ਇਸਤਰੀਆਂ ਆਪਣੇ ਪਤੀ ਕੋਲੋਂ ਮੰਗਦੀਆਂ ਹਨ। ਜੋ ਮਨੁੱਖੀ ਨਾਰ ਅਕਾਲ ਪੁਰਖ ਦੀ ਇਸਤਰੀ ਬਣਦੀ ਹੈ ਉਹ ਮਨ ਦੀ ਸਮਝ ਵਿੱਚ ਹੀ ਬਣਦੀ ਹੈ ਭਾਵ ਮਨ ਦੇ ਗਿਆਨ ਰੂਪ ਵਿੱਚ ਹੀ ਬਣਦੀ ਹੈ, ਉਸਦੇ ਨਿਰੰਕਾਰ ਰੂਪ ਵਿੱਚ ਹੀ ਬਣਦੀ ਹੈ। ਉਸਦਾ ਨਿਰੰਕਾਰ ਰੂਪ ਕੱਪੜਾ ਉਸਦਾ ਸੱਚਾ ਗਿਆਨ ਹੈ, ਬ੍ਰਹਮ ਗਿਆਨ ਹੈ ਜਿਸ ਮਨ ਦੇ ਕੱਪੜਿਆਂ ਦੀ ਭਾਵ ਸ਼ਬਦਾਂ ਦੇ ਸੱਚੀ ਵਿਚਾਰ ਰੂਪ ਕੱਪੜਿਆਂ ਦੀ ਪ੍ਰਾਪਤੀ ਦੁਆਰਾ ਜੋ ਮਨੁੱਖ ਨੂੰ ਉੱਚਾ ਗਿਆਨ ਮਿਲਦਾ ਹੈ ਉਸ ਉੱਚੇ ਗਿਆਨ ਦੁਆਰਾ ਹੀ ਮਨੁੱਖ ਦੀ ਸ਼ੋਭਾ ਵੱਧਦੀ ਹੈ, ਉਸਦੀ ਮਤਿ ਦਾ ਸੱਚਾ ਸ਼ਿੰਗਾਰ ਹੁੰਦਾ ਹੈ ਜਿਸ ਦੁਆਰਾ ਉਸ ਮਨੁੱਖੀ ਨਾਰ

ਦਾ ਕਾਜ ਸਵਰਦਾ ਹੈ ਭਾਵ ਆਪਣੇ ਜੀਵਨ ਦਾ ਕਾਜ ਸਵਰਦਾ ਹੈ ਭਾਵ ਉਸਦੇ ਵਿਆਹ ਦਾ ਕਾਰਜ ਪੂਰਾ ਹੁੰਦਾ ਹੈ ਭਾਵ ਪ੍ਰਮਾਤਮਾ ਦੇ ਨਾਲ ਉਸਦਾ ਮੇਲ ਹੋਣ ਦਾ ਮਕਸਦ ਪੂਰਾ ਹੁੰਦਾ ਹੈ ਤੇ ਉਸ ਮਨੁੱਖੀ ਨਾਰ ਦਾ ਜਨਮ ਸਫਲ ਹੁੰਦਾ ਹੈ। ਪ੍ਰਮਾਤਮਾ ਦੇ ਦਰ ਦਾ ਜੋ ਕੱਪੜਾ ਹੁੰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਜੋ ਕਿ ਮਨੁੱਖ ਦੀ ਸਮਝ ਰੂਪ ਕਪੜਾ ਹੁੰਦਾ ਹੈ। **(ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥)**

ਉਸ ਅਕਾਲ ਪੁਰਖ ਦੀ ਨਾਰ ਨੂੰ ਭਾਵ ਉਸਦੇ ਨਾਲ ਵਿਆਹੀ ਹੋਈ ਨਾਰ ਨੂੰ ਉਸਦੇ ਦਰ ਤੋਂ ਜੋ ਕੱਪੜੇ ਮਿਲਦੇ ਹਨ ਉਹ ਅਕਾਲ ਪੁਰਖ ਦੇ ਕੋਲੋਂ ਭਾਵ ਆਪਣੇ ਲਾੜੇ ਦੇ ਕੋਲੋਂ ਉਸਦੇ ਦਾਨ ਦੇ ਰੂਪ ਵਿੱਚ ਮਿਲਦੇ ਹਨ ਜੋ ਉਸਦਾ ਦਾਨ ਮਿਲਣ ਦੁਆਰਾ ਹੀ ਉਸਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥”

ਉਪਰ ਵਾਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਇਹ ਸ੍ਰਿਸ਼ਟੀ ਦੇ ਕਰਤੇ ਦਾ ਸ੍ਰਿਸ਼ਟੀ ਦੇ ਕਿਸੇ ਵੀ ਮਨੁੱਖ ਲਈ ਕਿਤਨਾ ਕੂ ਵੱਡਾ ਦਾਨ ਹੈ ਭਾਵ ਉਸਦਾ ਸਭ ਤੋਂ ਵੱਡਾ ਦਾਨ ਹੈ। ਇਹ ਉਸਦੇ ਨਾਮ ਦਾ ਦਾਨ ਹੈ ਜੋ ਉਸਦਾ ਦਾਨ ਮਿਲਣ ਦੁਆਰਾ ਹੀ ਕਿਸੇ ਨੂੰ ਉਸਦੀ ਸੱਚੀ ਭਗਤੀ ਦੀ ਸਮਝ ਪੈਂਦੀ ਹੈ, ਹਰਿ ਹਰਿ ਭਗਤੀ ਦੀ ਸਮਝ ਪੈਂਦੀ ਹੈ ਭਾਵ ਹਰਿ ਹਰਿ ਕਰਨ ਦੀ ਸਮਝ ਪੈਂਦੀ ਹੈ ਕਿ ਹਰਿ ਹਰਿ ਕਰਨਾ ਕੀ ਹੈ

54/7552

ਜਿਹੋ ਜਿਹਾ ਹਰਿ ਹਰਿ ਕਰਨਾ ਗੁਰੂ ਰੂਪ ਗੁਰਬਾਣੀ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਸਮਝਾ ਰਹੀ ਹੈ। ਹਰਿ ਹਰਿ ਕਰਨਾ ਜਾਂ ਉਸਦੀ ਸੱਚੀ ਭਗਤੀ ਦੇ ਮਾਰਗ ਤੇ ਚੱਲਣਾ ਇੱਕੋ ਹੀ ਗੱਲ ਹੈ ਜੋ ਕਿ ਉਸਦਾ ਨਾਮ ਜਪਣਾ ਹੈ ਤੇ ਉਸਦਾ ਸੱਚਾ ਨਾਮ ਕੋਈ ਤਾਂ ਹੀ ਜਪ ਸਕਦਾ ਹੈ ਜਦੋਂ ਨਾਮ ਦਾ ਮਾਲਕ ਆਪਣਾ ਇਹ ਦਾਨ ਕਿਸੇ ਨੂੰ ਦੇ ਦਿੰਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਆਪਣਾ ਨਾਮ ਬਖਸ਼ ਕੇ ਉਹ ਆਪ ਹੀ ਜਪਾਉਂਦਾ ਹੈ ਭਾਵ ਆਪ ਹੀ ਆਪਣੀ ਸੱਚੀ ਭਗਤੀ ਦੀ ਸਮਝ ਪਾ ਕੇ ਉਸ ਤੇ ਚਲਾਉਂਦਾ ਹੈ। ਉਸਦੀ ਸੱਚੀ ਭਗਤੀ ਦਾ ਮਾਰਗ ਸਭ ਲਈ ਇੱਕੋ ਜਿਹਾ ਔਖਾ ਹੈ, ਉਸਦਾ ਨਾਮ ਜਪਣਾ ਸਭ ਲਈ ਇੱਕੋ ਜਿਹਾ ਔਖਾ ਹੈ ਜਿਸ ਲਈ ਮਨੁੱਖ ਨੂੰ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ, ਹਰ ਔਗੁਣ ਤਿਆਗਣਾ ਪੈਂਦਾ ਹੈ, ਤ੍ਰਿਸ਼ਨਾਵਾਂ ਤਿਆਗਣੀਆਂ ਪੈਂਦੀਆਂ ਹਨ, ਮਾਇਆ ਮੋਹ ਛੱਡਣਾ ਪੈਂਦਾ ਹੈ ਪਰ ਜਿਸ ਆਪਣੀ ਮਨੁੱਖੀ ਨਾਰ ਨੂੰ ਉਸਦੇ ਅੰਦਰ ਪ੍ਰਗਟ ਹੋ ਕੇ ਆਪਣਾ ਨਾਮ ਬਖਸ਼ ਦਿੰਦਾ ਹੈ ਉਸਦੇ ਲਈ ਨਾਮ ਜਪਣਾ ਸੁਖੇਲਾ ਬਣਾ ਦਿੰਦਾ ਹੈ, ਉਸਦਾ ਇਹ **“ਕਾਜੁ”** ਸੁਹੇਲਾ ਬਣਾ ਦਿੰਦਾ ਹੈ ਭਾਵ ਫਿਰ ਉਹ ਮਨੁੱਖ ਗੁਰਮਤਿ ਨੂੰ ਅਪਨਾਉਣ ਵਿੱਚ ਔਖਾਪਨ ਮਹਿਸੂਸ ਨਹੀਂ ਕਰਦਾ ਭਾਵ ਉਸਨੂੰ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਭਾਵ ਉਸਦੀ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਵਿੱਚ ਔਖਾਪਨ ਮਹਿਸੂਸ ਨਹੀਂ ਹੁੰਦਾ। ਜਿਸ ਮਨੁੱਖੀ ਨਾਰ ਦੇ ਨਾਲ ਉਹ ਵਿਆਹ ਕਰਦਾ ਹੈ ਉਸੇ ਮਨੁੱਖੀ ਨਾਰ ਨੂੰ ਹੀ ਆਪਣੇ ਨਾਮ ਦਾ ਦਾਨ ਬਖਸ਼ਣ ਦੁਆਰਾ ਉਹ ਆਪਣਾ ਗੁਰੂ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਆਪਣਾ ਗੁਰੂ ਰੂਪ ਬਣਾਇਆ ਹੈ ਜੋ ਕਿ ਆਪ ਹੀ ਸਤਿਗੁਰ ਹੈ ਭਾਵ ਆਪਣੇ ਗੁਰੂ ਰੂਪ ਦੇ ਅੰਦਰ ਆਪਣਾ **“ਸਤਿ”** ਪਾਉਣ ਵਾਲਾ ਉਹ ਆਪ ਹੀ ਹੈ ਜੋ ਕਿ **“ਸਤਿ”** ਦਾ ਮਾਲਕ ਹੈ ਭਾਵ **“ਸਚੁ”** ਦਾ ਮਾਲਕ ਹੈ ਜਿਸ ਆਪਣੇ ਸੱਚ ਰੂਪ ਵਿੱਚ ਉਹ ਸਭ ਦਾ ਖਸਮ ਹੈ। **{ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥ ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥ ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥ ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}** ਅੰਗ ੯੨੨ **(ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ॥)**

ਸ੍ਰਿਸ਼ਟੀ ਦੇ ਕਰਤੇ ਦਾ ਜੋ ਕਿ ਸਾਰੇ ਸ੍ਰਿਸ਼ਟੀ ਦਾ ਇੱਕੋ ਇੱਕ ਸਤਿਗੁਰ ਹੈ ਉਸਦਾ ਇਹ ਦਾਨ ਕਿਤਨਾ ਕੂ ਵੱਡਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਆਉ ਫਿਰ ਧਿਆਨ ਨਾਲ ਸਮਝੀਏ।

“ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥”

ਹੁਣ ਬੜੇ ਹੀ ਧਿਆਨ ਨਾਲ ਸਮਝੋ ਕਿ ਧੰਨ ਧੰਨ ਗੁਰੂ ਗੁਰਬਾਣੀ ਗ੍ਰੰਥ ਦੀ ਰਚਨਾ ਹੋਣ ਤੋਂ ਪਹਿਲਾਂ ਕਿਤਨੇ ਕੂ ਇਸ ਸੰਸਾਰ ਵਿੱਚ

54/7553

ਪੂਰੀ ਸ੍ਰਿਸ਼ਟੀ ਬਾਰੇ ਤੇ ਸ੍ਰਿਸ਼ਟੀ ਦੇ ਰਚਨਹਾਰ ਬਾਰੇ ਜਾਣਦੇ ਸਨ ਭਾਵ ਕਿਸੇ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਕਿ ਪੂਰੀ ਸ੍ਰਿਸ਼ਟੀ ਦੀ ਰਚਨਾ ਕਿਸਨੇ ਕੀਤੀ ਹੈ ਤੇ ਕਿਸ ਤਰੀਕੇ ਕੀਤੀ ਹੈ ਤੇ ਪੂਰੀ ਸ੍ਰਿਸ਼ਟੀ ਕਿਤਨੀ ਕੁ ਵੱਡੀ ਹੈ ਤੇ ਕਿਸ ਤਰੀਕੇ ਚੱਲ ਰਹੀ ਹੈ ਤੇ ਇਸਨੂੰ ਕੌਣ ਚਲਾ ਰਿਹਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਸ਼ੋਭਾ ਕਿਤਨੀ ਕੁ ਵੱਡੀ ਹੈ, **"ਹਰਿ ਸੋਭਾ"** ਕਿਤਨੀ ਕੁ ਵੱਡੀ ਹੈ ਉਸਦੀ ਇਸ ਸ਼ੋਭਾ ਦੀ ਸਮਝ, ਉਸਦੀ ਵਡਿਆਈ ਦੀ ਸਮਝ, ਉਸਦੇ ਉੱਚੇਪਨ ਦੀ ਸਮਝ ਕਿਸੇ ਨੂੰ ਉਸਦੇ ਕੋਲੋਂ ਉਸਦੇ ਨਾਮ ਦਾ ਦਾਨ ਮਿਲਣ ਦੁਆਰਾ ਹੀ ਪੈ ਸਕਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਉਸਦੇ ਕੋਲੋਂ ਉਸਦੇ ਨਾਮ ਦਾ ਦਾਨ ਮਿਲਣ ਦੁਆਰਾ ਪਈ ਹੈ ਤੇ ਉਨ੍ਹਾਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੀ ਸ਼ੋਭਾ ਦਾ ਬਿਆਨ ਕੀਤਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ, ਸ਼ਬਦ ਨੂੰ ਗੁਰੂ ਕਿਹਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇਣ ਵਾਲੇ ਨੂੰ ਗੁਰੂ ਕਿਹਾ ਹੈ, ਨਾਮ ਦੀ ਸੱਚੀ ਵਿਚਾਰ ਦੇਣ ਵਾਲੇ ਨੂੰ ਗੁਰੂ ਕਿਹਾ ਹੈ ਤੇ ਸ਼ਬਦਾਂ ਦੀ ਵਿਚਾਰ ਰਾਹੀਂ ਉਨ੍ਹਾਂ ਨੇ ਸ੍ਰਿਸ਼ਟੀ ਦਾ ਸੱਚ ਬਿਆਨ ਕੀਤਾ ਹੈ, ਸ੍ਰਿਸ਼ਟੀ ਦੇ ਰਚਨਹਾਰ ਦਾ ਸੱਚ ਬਿਆਨ ਕੀਤਾ ਹੈ ਕਿ ਸਭ ਕੁਝ ਉਹ ਇੱਕੋ ਇੱਕ ਆਪ ਹੀ ਹੈ, ਹਰ ਰੂਪ ਵਿੱਚ ਇੱਕੋ ਇੱਕ ਉਹ ਆਪ ਹੀ ਹੈ। ਗੁਰਬਾਣੀ ਦੇ ਸ਼ਬਦਾਂ ਰਾਹੀਂ ਹੀ ਉਨ੍ਹਾਂ ਨੇ ਸੰਸਾਰ ਨੂੰ ਇਹ ਦੱਸਿਆ ਹੈ ਕਿ ਸ੍ਰਿਸ਼ਟੀ ਦੇ ਅਨੇਕਾਂ ਹੀ ਖੰਡ ਹਨ, ਬ੍ਰਹਿਮੰਡ ਹਨ ਜੋ ਸਭ ਕੁਝ ਉਸਦਾ ਆਪਣਾ ਹੀ ਬਣਾਇਆ ਹੋਇਆ ਹੈ, ਅਨੇਕਾਂ ਹੀ ਸੂਰਜ ਹਨ, ਅਨੇਕਾਂ ਹੀ ਗਲੈਕਸੀਆਂ ਹਨ ਜੋ ਬ੍ਰਹਿਮੰਡ ਵਿੱਚ ਘੁੰਮ ਰਹੇ ਹਨ ਜੋ ਗੱਲ ਉਨ੍ਹਾਂ ਨੇ ਸਦੀਆਂ ਪਹਿਲੇ ਲਿਖੀ ਸੀ ਜਿਸ ਗੱਲ ਤੇ ਕੋਈ ਯਕੀਨ ਹੀ ਨਹੀਂ ਸੀ ਕਰ ਸਕਦਾ ਪਰ ਅੱਜ ਦੀ ਸਾਇੰਸ ਨੇ ਇਸਨੂੰ ਸੱਚ ਸਾਬਿਤ ਕਰ ਦਿੱਤਾ ਹੈ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਖੰਡਾਂ, ਬ੍ਰਹਿਮੰਡਾਂ ਵਿੱਚ ਵੀ ਪ੍ਰਮਾਤਮਾ ਦੀ ਸ਼ੋਭਾ ਦਾ ਬਿਆਨ ਕੀਤਾ ਹੈ ਜੋ ਕਿ ਉਸਦੀ ਸੱਚੀ ਸ਼ੋਭਾ ਹੈ ਜਿਸ ਆਪਣੀ ਸ਼ੋਭਾ ਕਰਾਉਣ ਦੀ ਸਮਝ ਉਹ ਕਿਸੇ ਮਨੁੱਖੀ ਸਰੀਰ ਨੂੰ ਆਪਣੇ ਨਾਮ ਦਾ ਦਾਨ ਬਖਸ਼ਣ ਦੁਆਰਾ ਭਾਵ ਆਪਣੇ ਨਾਮ ਦਾ ਦਾਨ ਦੇਣ ਦੁਆਰਾ ਆਪ ਹੀ ਪਾਉਂਦਾ ਹੈ। ਉਸਦੇ ਇਸ ਦਾਨ ਨੂੰ ਭਾਵ ਉਸਦੇ ਇਸ ਬ੍ਰਹਮ ਗਿਆਨ ਰੂਪ ਸਮਝ ਨੂੰ ਕਿਸੇ ਹੋਰ ਮਨੁੱਖੀ ਸਮਝ ਦੇ ਨਾਲ ਨਹੀਂ ਰਲਾਇਆ ਜਾ ਸਕਦਾ ਭਾਵ ਨਹੀਂ ਮਿਲਾਇਆ ਜਾ ਸਕਦਾ ਕਿਉਂਕਿ ਨਾਮ ਦਾ ਦਾਨ ਚੌਥੇ ਪਦ ਦੇ ਗਿਆਨ ਵਾਲੀ ਸਮਝ ਦਾ ਉੱਚਾ ਗਿਆਨ ਹੈ ਤੇ ਗਿਆਨ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੇ ਹਰ ਮਨੁੱਖੀ ਸਮਝ ਨੂੰ ਆਪ ਹੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਭਾਵ ਹਉਮੈ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਗੁਰੂ ਦੇ ਨਾਮ ਦੇ ਦਾਨ ਨੂੰ ਸਮਝਿਆ ਹੀ ਨਹੀਂ ਜਾ ਸਕਦਾ ਪਰ ਨਾਮ ਦੀ ਸਮਝ ਪਾਉਣ ਵਾਲੇ ਸਾਨੂੰ ਅਨੇਕਾਂ ਹੀ ਹਨ ਭਾਵ ਨਾਮ ਦਾ ਦਾਨ ਦੇਣ ਵਾਲੇ ਅਨੇਕਾਂ ਹੀ ਹਨ

54/7554

ਪਰ ਗੁਰੂ ਦੇ ਨਾਮ ਦੇ ਦਾਨ ਦਾ ਮੁਕਾਬਲਾ ਕੌਣ ਕਰ ਸਕਦਾ ਹੈ ਜੋ ਉਸਦਾ ਸੱਚਾ ਦਾਨ ਕੇਵਲ ਉਸੇ ਦੇ ਕੋਲੋਂ ਹੀ ਕਿਸੇ ਨੂੰ ਮਿਲ ਸਕਦਾ ਹੈ ਤੇ ਉਸਨੂੰ ਸਭ ਜਗ੍ਹਾ ਫਿਰ ਉਸੇ ਦੀ ਸ਼ੋਭਾ ਹੀ ਨਜਰ ਆਉਂਦੀ ਹੈ। **(ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥ ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥)**

ਜਿਸਨੂੰ ਸ੍ਰਿਸ਼ਟੀ ਦਾ ਕਰਤਾ ਆਪਣੀ ਸੁਹਾਗਣ ਬਨਾਉਣ ਦੁਆਰਾ ਆਪਣੇ ਦਾਨ ਦੇ ਰੂਪ ਵਿੱਚ ਜੋ ਆਪਣਾ ਦਾਜ ਦਿੰਦਾ ਹੈ ਜਿਸ ਉਸਦੇ ਨਾਮ ਰੂਪ ਦਾਜ ਤੋਂ ਉੱਚਾ ਦਾਜ ਕੋਈ ਸੰਸਾਰ ਵਿੱਚ ਹੋ ਹੀ ਨਹੀਂ ਸਕਦਾ। ਉਹ ਉਸਦਾ ਨਾਮ ਰੂਪ ਦਾਜ ਦੇਣ ਵਾਲੇ ਭਾਵ ਸੰਸਾਰੀ ਮਨੁੱਖਾਂ ਨੂੰ ਅਕਾਲ ਪੁਰਖ ਦੇ ਨਾਲ ਵਿਆਹ ਕਰਾਉਣ ਦੀ ਗੱਲ ਸਮਝਾਉਣ ਵਾਲੇ ਭਾਵ ਉਸਦੇ ਨਾਲ ਮੇਲ ਕਰਨ ਦੀਆਂ ਗੱਲਾਂ ਕਰਨ ਵਾਲੇ ਭਾਵ ਉਸਦੀ ਭਗਤੀ ਦਾ ਮਾਰਗ ਸਮਝਾਉਣ ਵਾਲੇ, ਉਸਦਾ ਨਾਮ ਜਪਣ ਦਾ ਤਰੀਕਾ ਸਮਝਾਉਣ ਵਾਲੇ, ਹਰਿ ਹਰਿ ਕਰਨਾ ਸਮਝਾਉਣ ਵਾਲੇ ਸੰਸਾਰ ਵਿੱਚ ਬਹੁਤ ਹਨ ਭਾਵ ਆਪਣੇ ਆਪ ਨੂੰ ਗੁਰੂ ਦੀ ਉੱਚੀ ਸਮਝ ਰੱਖਣ ਵਾਲੇ ਬਹੁਤ ਹਨ ਭਾਵ ਆਪਣੇ ਆਪ ਨੂੰ ਸੰਤ, ਬਾਬੇ ਆਦਿ ਅਖਵਾਉਣ ਵਾਲੇ ਬਹੁਤ ਹਨ ਜੋ ਸਾਨੂੰ ਆਪਣੀ ਮਤਿ ਦੇਣਾ ਗੁਰੂ ਦੀ ਮਤਿ ਦੇਣਾ ਸਮਝਦੇ ਹਨ ਤੇ ਉਹੋ ਜਿਹਿਆਂ ਦੇ ਪਿੱਛੇ ਵੀ ਲੱਗਦੇ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ ਤੇ ਇਹੀ ਗੱਲ ਸਾਨੂੰ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਇਨ੍ਹਾਂ ਦੀ ਮਤਿ ਦੇ ਪਿੱਛੇ ਲੱਗਣ ਤੋਂ ਬਚੀਏ ਤੇ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਮੰਨੀਏ ਭਾਵ ਗੁਰੂ ਦੇ ਨਾਮ ਨੂੰ ਮੰਨੀਏ ਤਾਂ ਜੋ ਅਸੀਂ ਉਸ ਕੋਲੋਂ ਉਸਦੀ ਗੁਰਮਤਿ ਦਾ ਦਾਨ ਲੈ ਸਕੀਏ ਭਾਵ ਉਸਦੇ ਨਾਮ ਦੇ ਦਾਨ ਦੀ ਪ੍ਰਾਪਤੀ ਕਰ ਸਕੀਏ ਜਿਸ ਦੁਆਰਾ ਕੋਈ ਵੀ ਮਨੁੱਖੀ ਨਾਰ ਸ੍ਰਿਸ਼ਟੀ ਦੇ ਕਰਤੇ ਦੀ ਭਾਵ ਸੱਚ ਰੂਪ ਖਸਮ ਦੇ ਨਾਲ ਆਪਣੀ ਨਾਸਮਝ ਮਤਿ ਦਾ ਉਸਦੀ ਉੱਚੀ ਸਮਝ ਦੇ ਨਾਲ ਆਪਣਾ ਵਿਆਹ ਕਰਾ ਸਕਦੀ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਣ ਸਕਦੀ ਹੈ।

“ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥”

ਅਕਾਲ ਪੁਰਖ ਦਾ ਸੱਚਾ ਦਾਜ ਭਾਵ ਉਸਦਾ ਨਾਮ ਰੂਪ ਦਾਜ ਤਾਂ ਕੇਵਲ ਉਸਦੇ ਗੁਰਮੁਖਿ ਰੂਪ ਦੇ ਕੋਲੋਂ ਹੀ ਮਿਲ ਸਕਦਾ ਹੈ ਭਾਵ ਗੁਰੂ ਰੂਪ ਕੋਲੋਂ ਹੀ ਮਿਲ ਸਕਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੰਨਣ ਦੁਆਰਾ ਹੀ ਮਿਲ ਸਕਦਾ ਹੈ ਤੇ ਜਿਸਨੂੰ ਗੁਰੂ ਦੇ ਸੱਚੇ ਵਿਚਾਰਾਂ ਦੀ ਸਮਝ ਨਹੀਂ ਹੈ ਭਾਵ ਗੁਰੂ ਅਕਾਲ ਪੁਰਖ ਦੇ, ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦਾਂ ਦੇ ਉਚਾਰੇ

54/7555

ਹੋਏ ਸ਼ਬਦਾਂ ਦੀ ਸੱਚੀ ਸਮਝ ਨਹੀਂ ਹੈ ਉਹ ਹਰ ਕੋਈ ਮਨਮੁੱਖ ਹੀ ਹੈ ਭਾਵ ਆਪਣੇ ਮਨ ਦੀ ਸਮਝ ਤੇ ਚੱਲਣ ਵਾਲਾ ਹੀ ਹੈ, ਮਨ ਦੀ ਹਉਮੈ ਵਿੱਚ ਹੀ ਹੈ ਭਾਵ ਗੁਰੂ ਦੇ ਸ਼ਬਦਾਂ ਦੁਆਰਾ ਸਮਝਾਏ ਹੋਏ ਸੱਚ ਨੂੰ ਸਮਝਣ ਵਿੱਚ ਭਰਮ ਵਿੱਚ ਹੀ ਹੈ, ਗੁਰੂ ਦੇ ਸੱਚੇ ਨਾਮ ਨੂੰ ਸਮਝਣ ਵਿੱਚ ਮਨ ਦੇ ਭਰਮ ਵਿੱਚ ਹੀ ਹੈ ਭਾਵੇਂ ਉਹ ਆਪਣੇ ਆਪ ਨੂੰ ਮਨ ਦੇ ਭਰਮ ਕਰਕੇ ਜਿਤਨਾ ਮਰਜੀ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦਾ ਹੋਵੇ, ਅਕਾਲ ਪੁਰਖ ਨੂੰ ਜਾਨਣ ਵਾਲਾ ਅਖਵਾਉਂਦਾ ਹੋਵੇ ਭਾਵ ਇਹੋ ਜਿਹੇ ਸੱਚੀ ਗੁਰਮਤਿ ਦੀ ਸਮਝ ਰੱਖਣ ਵਾਲੇ ਜਿਤਨੇ ਵੀ ਹੋਰ ਹਨ ਭਾਵ ਗੁਰੂ ਤੋਂ ਹੋਰ ਹਨ ਜੋ ਆਪਣੇ ਆਪ ਨੂੰ ਗੁਰੂ ਵਰਗੇ ਸਿਆਣੇ ਸਮਝਦੇ ਹਨ, ਜੋ ਉਹ ਸੰਸਾਰੀਆਂ ਨੂੰ ਉਨ੍ਹਾਂ ਦੇ ਅੱਗੇ ਆਪਣਾ ਨਾਮ ਰੂਪ ਦਾਜ ਰੱਖ ਕੇ ਦਿਖਾਉਂਦੇ ਹਨ ਭਾਵ ਆਪਣਾ ਆਪ ਦਿਖਾਉਂਦੇ ਹਨ, ਆਪਣਾ ਉੱਚਾਪਨ ਦਿਖਾਉਂਦੇ ਹਨ ਭਾਵ ਆਪਣੀ ਉੱਚੀ ਸਮਝ ਦਾ ਪ੍ਰਗਟਾਵਾ ਕਰਦੇ ਹਨ ਉਨ੍ਹਾਂ ਦੀ ਇਹੋ ਜਿਹੀ ਸਮਝ ਵਿੱਚ **“ਕੂੜੁ”** ਹੁੰਦਾ ਹੈ ਭਾਵ ਝੂਠ ਹੁੰਦਾ ਹੈ, ਉਨ੍ਹਾਂ ਦਾ ਅਹੰਕਾਰ ਹੁੰਦਾ ਹੈ ਕਿ ਉਨ੍ਹਾਂ ਨੂੰ ਧਰਮ ਦੇ ਮਾਰਗ ਦੀ ਬਹੁਤ ਸਮਝ ਹੈ ਜੋ ਕਿ ਉਨ੍ਹਾਂ ਦੇ ਅੰਦਰ ਦਾ **“ਕਚੁ”** ਹੁੰਦਾ ਹੈ ਭਾਵ ਕੱਚੀ ਮਤਿ ਹੁੰਦੀ ਹੈ ਜੋ ਸੱਚੀ ਮਤਿ ਨਹੀਂ ਹੁੰਦੀ ਜਿਸ ਆਪਣੀ ਕੱਚੀ ਮਤਿ ਦਾ ਉਹ ਅਹੰਕਾਰ ਕਰਦੇ ਹਨ ਤੇ ਨਾਮ ਨੂੰ ਜਾਨਣ ਵਾਲੇ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਾਲੇ ਭਾਵ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਦਿਖਾਉਣ ਦਾ ਕੇਵਲ ਦਿਖਾਵਾ ਹੀ ਕਰਦੇ ਹਨ। **(ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥)**

ਜੋ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਨ ਤੇ ਉਸਦੇ ਨਾਮ ਦਾਨ ਨੂੰ ਜਾਣ ਲੈਂਦੇ ਹਨ ਭਾਵ ਉਸਦੀ ਸੁਹਾਗਣ ਬਣਨ ਦੁਆਰਾ ਜਾਣ ਲੈਂਦੇ ਹਨ ਉਹ ਫਿਰ ਇਹੋ ਜਿਹਿਆਂ ਮਨਮੁੱਖਾਂ ਦੀ ਮਤਿ ਪਿੱਛੇ ਕਦੇ ਨਹੀਂ ਲੱਗਦੇ ਭਾਵ ਉਹ ਜੋ ਵੀ ਭਗਤੀ ਦੀ ਸੱਚੀ ਸਮਝ ਮੰਗਦੇ ਹਨ ਉਹ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਕੋਲੋਂ ਹੀ ਮੰਗਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਨਾਮ ਦੀ ਸੱਚੀ ਸਮਝ ਕੇਵਲ ਤੇ ਕੇਵਲ ਸ੍ਰਿਸ਼ਟੀ ਦੇ ਕਰਤੇ ਦੇ ਕੋਲ ਹੀ ਹੈ ਜਿਸਨੇ ਮੈਨੂੰ ਹੁਣ ਤੱਕ ਸਾਰੀ ਸਮਝ ਦਿੱਤੀ ਹੈ ਤੇ ਉਹੀ ਅੱਗੇ ਹੋਰ ਸੱਚੀ ਸਮਝ ਦੇ ਸਕਦਾ ਹੈ, ਹੋਰ ਸ਼ਬਦਾਂ ਦੀ ਸੱਚੀ ਵਿਚਾਰ ਦੇ ਕੇ ਉਨ੍ਹਾਂ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦੀ ਸਮਝ ਪਾ ਸਕਦਾ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੀ ਇਸ ਤੋਂ ਅਗਲੀ ਪੰਗਤੀ ਰਾਹੀਂ ਸਮਝਾਇਆ ਹੈ। **(ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥ ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥ ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥ ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥੪॥)**

ਜਿਸ ਆਪਣੀ ਨਾਰ ਨੂੰ ਭਾਵ ਸੰਸਾਰਿਕ ਇਸਤਰੀ ਨੂੰ ਭਾਵ **“ਧਨ”** ਨੂੰ ਆਪਣੇ ਨਾਲ ਮੇਲ ਲੈਂਦਾ ਹੈ ਭਾਵ ਉਸਦੇ ਨਾਲ ਮਨ ਦੇ ਵਿੱਚ ਮੇਲ ਕਰ ਲੈਂਦਾ ਹੈ ਉਹ ਕਿਸ ਮਕਸਦ ਲਈ ਕਰਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ

54/7556

ਦੀ ਲੋੜ ਹੀ ਹੈ ਤਾਂ ਜੋ ਅਸੀਂ ਗੁਰਬਾਣੀ ਅੰਗ ਸੱਤ ਸੋ ਬਾਈ (722) ਤੇ ਉਚਾਰੇ ਹੋਏ ਉਸ ਸ਼ਬਦ ਦੇ ਅੰਦਰ ਦੀ ਬਰੀਕੀ ਨੂੰ ਸਮਝ ਸਕੀਏ ਜਿਸ ਉਸ ਸ਼ਬਦ ਦੀ ਆਖਰੀ ਪੰਗਤੀ ਨੂੰ ਤਾਂ ਹੀ ਸਮਝ ਪਾਵਾਂਗੇ ਜੇਕਰ ਉਪਰ ਵਾਲੇ ਸ਼ਬਦ ਦੇ ਪਦੇ ਦੇ ਅੰਦਰ ਦੀ ਬਰੀਕੀ ਨੂੰ ਸਮਝਾਂਗੇ।

“ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥
ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥"

ਜਦੋਂ ਵੀ ਕਿਸੇ ਸੰਸਾਰਿਕ ਧਨ ਦਾ ਭਾਵ ਇਸਤਰੀ ਦਾ ਆਪਣੇ ਪਿਰ ਨਾਲ ਭਾਵ ਪਤੀ ਨਾਲ ਵਿਆਹ ਹੁੰਦਾ ਹੈ ਭਾਵ ਆਪਸ ਵਿੱਚ ਮੇਲ ਹੁੰਦਾ ਹੈ ਉਸ ਰਾਹੀਂ ਉਹ ਫਿਰ ਇਸਤਰੀ ਆਪਣੇ ਪਤੀ ਦੇ ਨਾਲ ਮੇਲ ਦੁਆਰਾ ਫਿਰ ਬੱਚੇ ਪੈਦਾ ਕਰਨ ਨਾਲ ਆਪਣੇ ਪਰਿਵਾਰ ਨੂੰ ਅੱਗੇ ਵਧਾਉਂਦੀ ਹੈ ਭਾਵ ਆਪਣੇ ਪਰਿਵਾਰ ਰੂਪ ਵੇਲ ਨੂੰ, ਆਪਣੇ ਪਰਿਵਾਰ ਰੂਪ ਬੂਟੇ ਨੂੰ ਅੱਗੇ ਵਧਾਉਂਦੀ ਹੈ ਭਾਵ ਉੱਚਾ ਕਰਦੀ ਹੈ ਜੋ ਕਿ ਕੁਦਰਤ ਦਾ ਬਣਾਇਆ ਹੋਇਆ ਸੰਸਾਰਿਕ ਨਿਯਮ ਹੈ ਜੋ ਸ੍ਰਿਸ਼ਟੀ ਦੇ ਕਰਤੇ ਦਾ ਅਸੂਲ ਉਸਨੇ ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਹੀ ਬਣਾਇਆ ਹੈ ਕਿਉਂਕਿ ਇਸੇ ਤਰੀਕੇ ਹੀ ਸ੍ਰਿਸ਼ਟੀ ਦੇ ਜੀਵ ਅੱਗੇ ਤੋਂ ਅੱਗੇ ਵੱਧਦੇ ਰਹਿੰਦੇ ਹਨ ਜੋ ਕਿ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਬਣਾਈ ਹੋਈ ਖੇਡ ਹੈ ਤੇ ਇਸ ਤਰੀਕੇ ਉਹ ਆਪਣੀ ਸ੍ਰਿਸ਼ਟੀ ਨੂੰ ਬਣਾ ਕੇ ਚਲਾਉਂਦਾ ਰਹਿੰਦਾ ਹੈ ਤੇ ਉਸਨੂੰ ਬਣਾਈ ਰੱਖਣ ਦਾ ਆਪਣਾ ਬਣਾਇਆ ਹੋਇਆ ਤਰੀਕਾ ਹੈ। ਜਿਸ ਤਰੀਕੇ ਸੰਸਾਰਿਕ ਵੇਲ ਵਧਦੀ ਹੈ ਉਸੇ ਤਰੀਕੇ ਹੀ ਜਦੋਂ ਕਿਸੀ ਮਨੁੱਖੀ ਨਾਰ ਦਾ ਵਿਆਹ ਅਕਾਲ ਪੁਰਖ ਦੇ ਨਾਲ ਹੁੰਦਾ ਹੈ ਜੋ ਕਿ ਮਨ ਦੇ ਵਿੱਚ ਹੀ ਹੁੰਦਾ ਹੈ ਉੱਥੇ ਮਨ ਦੇ ਵਿੱਚ ਵੀ ਉਹ ਆਪਣੀ ਨਾਰ ਦੇ ਨਾਲ ਭੋਗ ਕਰਦਾ ਹੈ ਜੋ ਭੋਗ ਉਹ ਮਨ ਦੇ ਵਿਚਾਰਾਂ ਰਾਹੀਂ ਕਰਦਾ ਹੈ। ਉਹ ਮਨੁੱਖੀ ਤ੍ਰੈ ਗੁਣਾਂ ਦੀ ਸਮਝ ਦੇ ਨਾਲ ਭਾਵ ਭਰਮਾਂ ਵਾਲੀ ਸਮਝ ਦੇ ਨਾਲ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਦੁਆਰਾ ਭੋਗ ਕਰਦਾ ਹੈ ਜਿਸ ਆਪਣੇ ਭੋਗ ਦੁਆਰਾ ਉਹ ਮਨੁੱਖੀ ਸਮਝ ਨੂੰ ਆਪਣਾ ਚੌਥੇ ਪਦ ਵਾਲਾ ਗਿਆਨ ਹੀ ਦਿੰਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਵੀ ਹੈ ਤੇ ਹੇਠ ਦਿੱਤੇ ਉਸ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ੴ ਸਤਿਗੁਰ ਪ੍ਰਸਾਦਿ ॥
ਆਸਾ ਘਰੁ ੬ ਮਹਲਾ ੧ ॥

{ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥
ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥}

(ਅੰਗ ੩੫੯)

ਉਪਰ ਵਾਲੇ ਸ਼ਬਦ ਰਾਹੀਂ ਅਸੀਂ ਕਾਫੀ ਪਿੱਛੇ ਸਮਝਿਆ ਹੀ ਹੈ। ਉਹ ਸ੍ਰਿਸ਼ਟੀ ਦਾ ਕਰਤਾ ਭਾਵ ਅਕਾਲ ਪੁਰਖ, ਅੱਲ੍ਹਾ, ਪ੍ਰਮਾਤਮਾ, ਗਾਡ, ਗਿਆਨ ਰਾਉ, ਗਿਆਨ ਰੂਪ ਰਾਜਾ ਜਿਸਨੇ ਆਪ ਹੀ ਹਰ ਮਨੁੱਖੀ ਸਮਝ ਨੂੰ ਅਗਿਆਨਤਾ

ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵੇਂ ਉਹ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਹੈ, ਭਾਵੇਂ ਉਹ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੈ। ਜਿਸ ਆਪਣੀ ਮਨੁੱਖੀ ਨਾਰ ਦੇ ਨਾਲ ਉਹ ਵਿਆਹ ਕਰਕੇ ਉਸਨੂੰ ਭੋਗਦਾ ਹੈ ਉਸ ਨਾਲ ਭੋਗ ਕਰਨ ਲਈ ਸੇਜ ਮਨੁੱਖੀ ਮਨ ਹੈ ਭਾਵ ਮਨੁੱਖੀ ਸਮਝ ਹੈ ਜੋ ਮਨ ਦੇ ਵਿੱਚ ਆਪਣਾ ਭੋਗ ਕਰਨ ਦੁਆਰਾ ਉਹ ਆਪਣੀ ਮਨੁੱਖੀ ਨਾਰ ਨੂੰ ਭਰਮਾਂ ਵਾਲੀ ਸਮਝ

ਵਿੱਚੋਂ ਹੀ ਕੱਢਦਾ ਹੈ। ਮਨ ਦੇ ਵਿੱਚ ਉਹ ਜੋ ਆਪਣੇ ਸੱਚੇ ਗਿਆਨ ਨਾਲ ਭੋਗ ਕਰਦਾ ਹੈ ਉਸ ਤੋਂ ਬਾਅਦ ਉਸਦੇ ਵਿੱਚੋਂ ਜੋ ਪੈਦਾ ਹੁੰਦਾ ਹੈ ਉਹ ਸ਼ਬਦਾਂ ਦੇ ਸੱਚੇ ਵਿਚਾਰ ਪੈਦਾ ਹੁੰਦੇ ਹਨ, ਨਾਮ ਰੂਪ ਵਿਚਾਰ ਪੈਦਾ ਹੁੰਦੇ ਹਨ, ਬ੍ਰਹਮ ਗਿਆਨ ਰੂਪ ਵਿਚਾਰ ਪੈਦਾ ਹੁੰਦੇ ਹਨ ਜੋ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਦੇ ਵਿੱਚੋਂ ਪੈਦਾ ਹੁੰਦੇ ਹਨ ਭਾਵ ਅਗਿਆਨਤਾ ਵਾਲੀ ਸਮਝ ਦਾ ਸੱਚੇ ਗਿਆਨ ਵਾਲੀ ਸਮਝ ਦੁਆਰਾ ਭੋਗ ਹੋਣ ਦੁਆਰਾ ਪੈਦਾ ਹੁੰਦੇ ਹਨ ਭਾਵ ਉਪਜਦੇ ਹਨ ਜੋ ਮਨ ਦੀ ਸਮਝ ਨੂੰ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਣਾ ਦਿੰਦੇ ਹਨ, ਸਹਜ ਗਿਆਨ ਵਾਲੀ ਸਮਝ ਬਣਾ ਦਿੰਦੇ ਹਨ ਜਿਸ ਸਹਜ ਗਿਆਨ ਵਾਲੀ ਅਵਸਥਾ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੈ। ਉਹ ਜਿਸਦੀ ਸਮਝ ਦੇ ਅੰਦਰ ਵੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਇਸੇ ਤਰੀਕੇ ਹੀ ਕਰਦਾ ਹੈ ਭਾਵ ਆਪਣੀ ਸੁਹਾਗਣ ਬਨਾਉਣ ਦੁਆਰਾ ਹੀ ਕਰਦਾ ਹੈ ਜਿਸ ਤਰੀਕੇ ਉਹ ਮਨੁੱਖੀ ਸਮਝ ਦੇ ਅੰਦਰ ਆਪਣਾ ਸੁਹਾਗ ਰੂਪ, ਵਰ ਰੂਪ ਪ੍ਰਗਟ ਕਰਦਾ ਹੈ। ਇਸ ਤਰੀਕੇ ਹੀ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਮਨੁੱਖੀ ਸਮਝ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢਦਾ ਹੈ, ਮਨ ਦੀ ਹਉਮੈ ਵਿੱਚੋਂ ਕੱਢਦਾ ਹੈ, ਤ੍ਰੈ ਗੁਣਾਂ ਵਿੱਚੋਂ ਕੱਢਦਾ ਹੈ, ਮਾਇਆ ਦੀ ਜੁਗਤਿ ਵਿੱਚੋਂ ਕੱਢਦਾ ਹੈ ਤੇ ਮਨ ਦੀ ਪੁੱਠੇ ਕਮਲ ਵਾਲੀ ਸਮਝ ਨੂੰ ਸਿੱਧੇ ਕਮਲ ਵਾਲੀ ਸਮਝ ਵਿੱਚ ਬਦਲ ਦਿੰਦਾ ਹੈ ਜਿਸ ਦੁਆਰਾ ਉਸ ਮਨੁੱਖੀ ਸਮਝ ਦੇ ਅੰਦਰ ਸ਼ਬਦਾਂ ਦੇ ਸੱਚੇ ਵਿਚਾਰ ਵਧਦੇ ਹੀ ਜਾਂਦੇ ਹਨ। ਮਨੁੱਖ ਦੇ ਅੰਦਰ ਸ਼ਬਦਾਂ ਦੀ ਵਿਚਾਰ ਦਾ ਵਧਣਾ ਹੀ ਮਨੁੱਖ ਦੇ ਅੰਦਰ ਸੱਚ ਦਾ ਵਧਣਾ ਹੈ ਜੋ ਸੱਚ ਮਨੁੱਖੀ ਸਮਝ ਦੇ ਅੰਦਰ ਸੱਚ ਦਾ ਮਾਲਕ, ਨਾਮ ਦਾ ਮਾਲਕ ਪਾਉਂਦਾ ਹੀ ਰਹਿੰਦਾ ਹੈ ਜਦ ਤੱਕ ਉਸ ਮਨੁੱਖੀ ਨਾਰ ਦਾ ਸੰਸਾਰਿਕ ਜੀਵਨ ਚੱਲਦਾ ਹੈ ਜਿਵੇਂ ਕਿ ਉਸਦੇ ਸੱਚੇ ਭਗਤਾਂ ਦਾ ਤੇ ਗੁਰੂ ਸਾਹਿਬਾਨ ਦਾ ਸੰਸਾਰਿਕ ਜੀਵਨ ਰਿਹਾ ਹੈ। ਜਿਸਨੂੰ ਵੀ ਉਸਨੇ ਆਪਣਾ ਭਗਤ ਰੂਪ ਬਣਾਇਆ ਹੈ, ਗੁਰੂ ਰੂਪ ਬਣਾਇਆ ਹੈ ਉਨ੍ਹਾਂ ਸਾਰੇ ਸਰੀਰਾਂ ਨੂੰ ਉਸਨੇ ਆਪ ਹੀ ਉਨ੍ਹਾਂ ਨੂੰ ਆਪਣੀ ਨਾਰ ਬਨਾਉਣ ਦਾ ਉੱਚਾ ਦਰਜਾ ਦਿੱਤਾ ਹੈ, ਉਨ੍ਹਾਂ ਦੀ ਮਨ ਦੀ ਸਮਝ ਦੇ ਵਿੱਚ ਉਨ੍ਹਾਂ ਨਾਲ ਵਿਆਹ ਕਰਾਉਣ ਦੁਆਰਾ ਦਿੱਤਾ ਹੈ। ਉਨ੍ਹਾਂ ਸਭ ਦਾ ਉੱਚਾ ਰੁਤਬਾ ਸ੍ਰਿਸ਼ਟੀ ਦੇ ਕਰਤੇ ਦੀ ਸੁਘੜ, ਸਰੂਪ, ਸੁਹਾਗਣ ਦੇ ਰੂਪ ਵਿੱਚ ਹੀ ਹੈ ਭਾਵ ਮਨ ਦੇ ਵਿੱਚ ਉਸਦਾ ਉੱਚਾ ਗਿਆਨ ਮਿਲਣ ਦੁਆਰਾ ਹੀ ਹੈ ਭਾਵ ਮਨ ਦੇ ਵਿੱਚ ਉਸਦੇ ਭੋਗ ਕਰਨ ਦੁਆਰਾ ਹੀ ਹੈ। ਉਨ੍ਹਾਂ ਸਾਰਿਆਂ ਨੇ ਆਪਣੇ ਜੀਵਨ ਵਿੱਚ ਸ਼ਬਦਾਂ ਦੇ ਵਿਚਾਰਾਂ ਦੀ ਵੇਲ ਇਸੇ ਤਰੀਕੇ ਹੀ ਵਧਾਈ ਹੈ ਜੋ ਉਨ੍ਹਾਂ ਸਾਰਿਆਂ ਦੀ ਵਧਾਈ ਹੋਈ ਵੇਲ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ, ਸ਼ਬਦਾਂ ਦੇ ਅੰਦਰ ਦੇ ਸੱਚ ਦੇ ਰੂਪ ਵਿੱਚ ਹੈ ਜਿਸ ਸੱਚੀ ਵੇਲ ਨੂੰ ਬੀਜ ਬੀਜਣ ਵਾਲਾ ਤੇ ਅੱਗੇ ਵਧਾਉਣ ਵਾਲਾ ਸੱਚ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਦੀ ਸਮਝ ਕਿਸੀ ਮਨੁੱਖੀ ਨਾਰ ਨੂੰ ਉਸਦੇ ਨਾਲ ਵਿਆਹ ਹੋਣ ਤੋਂ ਬਾਅਦ ਹੀ ਲੱਗਦੀ ਹੈ, ਉਸ ਗਿਆਨ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਲੱਗਦੀ ਹੈ, ਉਸਦੇ ਕੋਲੋਂ ਉਸਦੇ ਨਾਮ ਦੀ ਦਾਤਿ ਪ੍ਰਾਪਤ ਹੋਣ ਦੁਆਰਾ ਹੀ ਲੱਗਦੀ ਹੈ।

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥

ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥}

(ਅੰਗ ੧੦੬੯-੧੦੭੦)

ਹੁਣ ਤੁਸੀਂ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਨੂੰ ਸਮਝ ਸਕੋਗੇ।

"ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥"

ਹਰਿ ਹਰਿ ਕਰਨਾ ਕੀ ਹੈ, ਰਾਮ ਰਾਮ ਕਰਨਾ ਕੀ ਹੈ ਜੇਕਰ ਅਜੇ ਵੀ ਤੁਹਾਨੂੰ ਸਮਝ ਨਹੀਂ ਲੱਗੀ ਤਾਂ ਫਿਰ ਲੱਗ ਹੀ ਨਹੀਂ ਸਕਦੀ। ਜਿਨ੍ਹਾਂ ਨੂੰ ਗੁਰੂ ਦੇ ਬਚਨਾਂ ਦੇ ਨਾਲ ਪਿਆਰ ਹੈ, ਗੁਰੂ ਦੀ ਸਮਝ ਦੇ ਨਾਲ ਪਿਆਰ ਹੈ ਫਿਰ ਉਹ ਗੁਰੂ ਦੀ ਗੱਲ ਤੇ ਵਿਸ਼ਵਾਸ ਵੀ ਜਰੂਰ ਕਰਦੇ ਹਨ ਕਿਉਂਕਿ ਜਦ ਤੱਕ ਸਾਨੂੰ ਕਿਸੇ ਦੀ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਤਦ ਤੱਕ ਸਾਡਾ ਉਸਦੇ ਨਾਲ ਪਿਆਰ ਨਹੀਂ ਜੁੜਦਾ ਤੇ ਇਹੀ ਤਰੀਕਾ ਗੁਰੂ ਨਾਲ ਪਿਆਰ ਜੋੜਨ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਗੁਰੂ ਦੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਕਿਸੀ ਮਨੁੱਖੀ ਨਾਰ ਦੇ ਨਾਲ ਵਿਆਹ ਕਰਕੇ ਅਕਾਲ ਪੁਰਖ ਉਸਨੂੰ ਹਰਿ ਹਰਿ ਕਰਨਾ, ਰਾਮ ਰਾਮ ਕਰਨਾ ਹੀ ਸਿਖਾਉਂਦਾ ਹੈ ਭਾਵ ਆਪਣੇ ਸ਼ਬਦਾਂ ਦੀ ਵਿਚਾਰ ਦੇ ਕੇ ਆਪ

54/7558

ਹੀ ਸਮਝਾਉਂਦਾ ਹੈ, ਆਪਣੇ ਸ਼ਬਦ ਮਨ ਦੇ ਵਿੱਚ ਆਪ ਹੀ ਲਿਖਵਾਉਂਦਾ ਹੈ ਤੇ ਆਪ ਹੀ ਸਮਝਾਉਂਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। **(ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ॥)**

ਹੁਣ ਪਦੇ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ।

"ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥

ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥

ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥

ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥"

ਜਦ ਦੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤਦ ਤੋਂ ਹੀ ਭਾਵ ਜੁਗਾਂ ਜੁਗਾਂ ਤੋਂ **"ਹਰਿ"** ਆਪ ਹੀ ਹੈ ਭਾਵ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਸਦਾ ਤੋਂ ਹੀ ਹੈ। ਜਦੋਂ ਵੀ ਅਕਾਲ ਪੁਰਖ ਨੇ ਆਪਣਾ ਗੁਰੂ ਰੂਪ ਧਾਰਨ ਕੀਤਾ ਹੈ ਭਾਵੇਂ ਜਿਹੜੇ ਵੀ ਮਨੁੱਖੀ ਸਰੀਰ ਰਾਹੀਂ ਧਾਰਨ ਕੀਤਾ ਹੈ ਭਾਵ ਭੱਟਾਂ ਦੇ ਸਰੀਰਾਂ ਰਾਹੀਂ ਜਾਂ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਆਪਣਾ ਗੁਰੂ ਰੂਪ ਧਾਰਨ ਕੀਤਾ ਹੈ ਭਾਵ ਜਦ ਤੋਂ ਉਸ ਸੱਚੇ ਗੁਰੂ ਦੀ ਪੀੜੀ ਚੱਲ ਰਹੀ ਹੈ, ਉਸ ਸ਼ਬਦ ਰੂਪ ਗੁਰੂ ਦੀ ਪੀੜੀ ਚੱਲ ਰਹੀ ਹੈ ਉਨ੍ਹਾਂ ਮਨੁੱਖੀ ਸਰੀਰਾਂ ਰਾਹੀਂ ਉਸਨੇ ਉਨ੍ਹਾਂ ਨੂੰ ਆਪਣੀ ਨਾਰ ਬਨਾਉਣ ਦੁਆਰਾ ਹੀ ਭਾਵ ਆਪਣੇ ਨਾਲ ਮੇਲ ਕਰਨ ਦੁਆਰਾ ਹੀ ਗੁਰਬਾਣੀ ਦੇ ਸ਼ਬਦਾਂ ਦੀ ਵੇਲ ਵਧਾਈ ਹੈ। **(ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥ ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥)**

ਗੁਰੂ ਰੂਪ ਪੀੜੀ ਸ਼ੁਰੂ ਤੋਂ ਲੈ ਕੇ ਕਿਸ ਤਰੀਕੇ ਚੱਲੀ ਹੈ, ਅੱਗੇ ਤੋਂ ਅੱਗੇ ਗੁਰੂ ਕਿਸ ਤਰੀਕੇ ਗੱਦੀ ਤੇ ਬੈਠਾ ਹੈ ਭਾਵ ਕਿਸ ਤਰੀਕੇ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਅੱਗੇ ਤੋਂ ਅੱਗੇ ਵੱਧੀ ਹੈ ਭਾਵ ਕਿਸ ਤਰੀਕੇ ਸ਼ਬਦਾਂ ਦੀ ਵੇਲ ਅੱਗੇ ਵੱਧੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥

ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥"

ਉਪਰ ਵਾਲੀ ਪਹਿਲੀ ਪੰਗਤੀ ਨੂੰ ਹੀ ਧਿਆਨ ਨਾਲ ਸਮਝੋ ਕਿ ਜੁਗਾਂ ਜੁਗਾਂ ਤੋਂ ਭਾਵ ਸਦਾ ਤੋਂ ਸਤਿਗੁਰ ਦੀ ਪੀੜੀ ਕਿਸ ਤਰੀਕੇ ਚੱਲੀ ਹੈ ਭਾਵ ਉਨ੍ਹਾਂ ਸਰੀਰਾਂ ਰਾਹੀਂ ਚੱਲੀ ਹੈ ਜਿਨ੍ਹਾਂ ਸਰੀਰਾਂ ਨੂੰ ਉਸਨੇ ਆਪਣੀ ਨਾਰ ਰੂਪ ਬਖਸ਼ਕੇ ਸਦਾ ਤੋਂ ਆਪਣੀ ਪੀੜੀ ਚਲਾਈ

ਹੈ। ਉਨ੍ਹਾਂ ਨੂੰ ਅਕਾਲ ਪੁਰਖ ਨੇ ਆਪਣਾ ਗੁਰਮੁਖਿ ਰੂਪ ਬਣਾਇਆ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਬਣਾਇਆ ਹੈ ਜਿਸ ਤਰੀਕੇ ਉਨ੍ਹਾਂ ਸਾਰਿਆਂ ਨੇ ਇੱਕੋ ਜਿਹਾ ਨਾਮ ਧਿਆਇਆ ਹੈ ਭਾਵ ਸਭ ਨੇ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਇੱਕੋ ਜਿਹੇ ਸੱਚੇ ਗਿਆਨ ਦੀ ਪ੍ਰਾਪਤੀ ਕੀਤੀ ਹੈ, ਇੱਕੋ ਜਿਹੇ ਸ਼ਬਦਾਂ ਦੀ ਸੱਚੀ ਵਿਚਾਰ ਦੀ ਪ੍ਰਾਪਤੀ ਕੀਤੀ ਹੈ, ਇੱਕੋ ਜਿਹੇ ਚੌਥੇ ਪਦ ਦੇ ਗਿਆਨ ਦੀ ਸਮਝ ਪ੍ਰਾਪਤ ਕੀਤੀ ਹੈ ਭਾਵ ਸਹਜ ਗਿਆਨ ਦੀ ਪ੍ਰਾਪਤੀ ਕੀਤੀ ਹੈ ਜਿਸ ਕਰਕੇ ਉਨ੍ਹਾਂ ਨੇ ਪੂਰੀ ਗੁਰਬਾਣੀ ਦੇ

54/7559

ਸ਼ਬਦਾਂ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹੀ ਭਗਤੀ ਦਾ ਮਾਰਗ ਸਮਝਾਇਆ ਹੈ, ਉਸਦਾ ਇੱਕੋ ਜਿਹਾ ਨਾਮ ਜਪਣ ਦਾ ਤਰੀਕਾ ਸਮਝਾਇਆ ਹੈ ਤੇ ਸਭ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਜੋ ਕਿ ਸਾਰੇ ਸੰਸਾਰ ਲਈ ਇੱਕੋ ਜਿਹੇ ਸੱਚ ਤੇ ਚੱਲਣ ਦਾ ਮਾਰਗ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਮਾਰਗ ਹੈ। ਜਦ ਤੱਕ ਉਸਦੀ ਮਨੁੱਖੀ ਨਾਰ ਦੀ ਹੋਂਦ ਬਣੀ ਰਹਿੰਦੀ ਹੈ ਜਿਸ ਆਪਣੀ ਸੁਹਾਗਣ ਵਿੱਚ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੁੰਦਾ ਹੈ ਉਸਦਾ **"ਪੁਰਖੁ"** ਰੂਪ ਪਤੀ ਭਾਵ **"ਹਰਿ"** ਉਸਨੂੰ ਆਪਣਾ ਨਾਮ ਰੂਪ ਸੱਚਾ ਗਿਆਨ ਨਿਤ ਦਿੰਦਾ ਹੀ ਰਹਿੰਦਾ ਹੈ ਤੇ ਆਪਣੇ ਗਿਆਨ ਦਾ ਰੰਗ ਨਿਤ ਚੜਾਉਂਦਾ ਹੀ ਰਹਿੰਦਾ ਹੈ ਭਾਵ ਆਪਣੇ ਨਾਮ ਦਾ ਰੰਗ ਸਵਾਇਆ ਕਰਦਾ ਰਹਿੰਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਨਿਤ ਵਧਾਉਂਦਾ ਰਹਿੰਦਾ ਹੈ ਕਿਉਂਕਿ ਉਹ ਆਪ ਸਦਾ ਹੀ ਰਹਿਣ ਵਾਲਾ ਹੈ ਜੋ ਆਪ ਕਦੇ ਬਿਨਸ ਹੀ ਨਹੀਂ ਸਕਦਾ ਤੇ ਇਸੇ ਲਈ ਉਹ ਸੱਚਾ ਪੁਰਖ ਸਦਾ ਤੋਂ ਆਪਣੀ ਵਿਆਹੀ ਹੋਈ ਨਾਰ ਨੂੰ ਆਪਣਾ ਗੁਰੂ ਰੂਪ ਬਖਸ਼ਣ ਦੁਆਰਾ ਇੱਕੋ ਜਿਹਾ ਸੱਚਾ ਗਿਆਨ ਹੀ ਦਿੰਦਾ ਆਇਆ ਹੈ ਭਾਵ ਸਭ ਨੂੰ ਉਸਨੇ ਆਪਣਾ ਇੱਕੋ ਜਿਹਾ ਨਾਮ ਹੀ ਜਪਾਇਆ ਹੈ। **(ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥ ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥ ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥)**

ਹੁਣ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਜਿਨ੍ਹਾਂ ਰਾਹੀਂ ਉਨ੍ਹਾਂ ਨੂੰ ਭਰਮ ਵਿੱਚੋਂ ਕੱਢਿਆ ਹੋਇਆ ਹੈ ਜੋ ਭਗਤੀ ਦੇ ਮਾਰਗ ਨੂੰ ਲੈ ਕੇ, ਨਾਮ ਜਪਣ ਦੇ ਮਾਰਗ ਨੂੰ ਲੈ ਕੇ ਸੰਸਾਰ ਵਿੱਚ ਸਭ ਤੋਂ ਜਿਆਦਾ ਭਰਮ ਫੈਲਾਉਂਦੇ ਹਨ। ਆਉ ਸਮਝੀਏ।

"ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥

ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥"

ਉਪਰ ਵਾਲੀ ਪੰਗਤੀ ਬਾਰੇ ਇਸ ਗੱਲ ਨੂੰ ਸਮਝੋ ਕਿ ਅਕਾਲ ਪੁਰਖ ਨੂੰ ਕਿਹੋ ਜਿਹੀ ਆਪਣੀ ਇਸਤਰੀ ਸ਼ੋਭਦੀ ਹੈ, ਸੰਸਾਰ ਨੂੰ ਸ਼ੋਭਦੀ ਹੈ। ਇਸ ਗੱਲ ਨੂੰ ਸਮਝੋ ਕਿ ਧੰਨ ਧੰਨ ਬਾਬਾ ਨਾਨਕ ਜੀ ਕਿਸ ਗੱਲੋਂ ਸ਼ੋਭਦੇ ਹਨ ਭਾਵ ਉਨ੍ਹਾਂ ਦੀ ਸ਼ੋਭਾ ਸੰਸਾਰ ਵਿੱਚ ਕਿਸ ਕਰਕੇ ਹੈ। ਬਾਬਾ ਨਾਨਕ ਜੀ ਉਪਰ ਵਾਲੀ ਪੰਗਤੀ ਰਾਹੀਂ ਇਹ ਸਾਰੇ ਸੰਸਾਰ ਨੂੰ ਖੁੱਲ ਕੇ ਕਹਿ ਰਹੇ ਹਨ ਕਿ ਨਾਨਕ ਸੰਤ ਹੈ ਭਾਵ ਮੈਂ ਇੱਕ ਸੰਤ ਹਾਂ ਤੇ ਨਾਲ ਇਹ ਵੀ ਕਹਿ ਰਹੇ ਹਨ ਕਿ **"ਹਰਿ"** ਵੀ ਸੰਤ ਹੈ ਭਾਵ ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਸੰਤ ਹੈ ਭਾਵੇਂ ਸ੍ਰਿਸ਼ਟੀ ਦੇ ਕਰਤੇ ਨੂੰ ਅਸੀਂ ਗਾਡ ਕਹਿ ਕੇ ਪੁਕਾਰੀਏ, ਅੱਲ੍ਹਾ ਕਹਿ ਕੇ ਪੁਕਾਰੀਏ, ਪ੍ਰਮਾਤਮਾ ਕਹਿ ਕੇ ਪੁਕਾਰੀਏ ਉਸਨੂੰ ਕੀ ਫਰਕ ਪੈਂਦਾ ਹੈ ਉਹ ਆਪਣੇ ਹਰ **"ਸੱਚੇ ਨਾਮ"** ਵਿੱਚ ਇੱਕੋ ਜਿਹਾ **"ਸੰਤ"** ਰੂਪ ਹੀ ਹੈ। ਬਾਬਾ ਨਾਨਕ ਜੀ ਸਾਰੇ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੈਂ ਇਸ ਲਈ ਸੰਤ ਹਾਂ ਕਿਉਂਕਿ ਮੈਂ **"ਹਰਿ"** ਸੰਤ ਨਾਲ ਇੱਕ ਹੋ ਚੁੱਕਾ ਹਾਂ ਭਾਵ ਸਾਡੇ ਦੋਨਾਂ ਵਿੱਚ ਕੋਈ ਫਰਕ ਨਹੀਂ ਰਿਹਾ, ਉਸਦੀ ਸੁਹਾਗਣ ਬਣਕੇ ਉਸਦਾ ਸੰਤ ਰੂਪ ਬਣਿਆ ਹਾਂ। ਸੁਹਾਗਣ ਇਹ ਕੋਈ ਸਰੀਰ ਨਹੀਂ ਹੈ ਭਾਵ ਇਹ ਸਰੀਰ ਸੰਤ ਨਹੀਂ ਹੈ। ਅਕਾਲ ਪੁਰਖ ਤਾਂ ਆਪਣੇ ਨਿਰੰਕਾਰ ਰੂਪ ਵਿੱਚ

54/7560

ਸੰਤ ਹੈ, ਬ੍ਰਹਮ ਗਿਆਨ ਰੂਪ ਵਿੱਚ ਸੰਤ ਹੈ ਜੋ ਉਸਦਾ ਰੂਪ ਅਲਖ ਹੈ ਜਿਸਨੂੰ ਸਰੀਰਕ ਅੱਖਾਂ ਦੇ ਨਾਲ ਲਖਿਆ ਨਹੀਂ ਜਾ ਸਕਦਾ, ਦੇਖਿਆ ਨਹੀਂ ਜਾ ਸਕਦਾ, ਜਿਸਨੂੰ ਕੇਵਲ ਮਨ ਦੀਆਂ ਅੱਖਾਂ ਨਾਲ ਦੇਖਿਆਂ ਜਾ ਸਕਦਾ ਹੈ ਭਾਵ ਮਨ ਦੀਆਂ ਬ੍ਰਹਮ ਗਿਆਨ ਰੂਪ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਨਾਲ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਜੋ ਆਪਣਾ ਉੱਚਾ ਰੂਪ ਉਹ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਦਿਖਾਉਂਦਾ ਹੈ ਜਿਵੇਂ ਕਿ ਪਿੱਛੇ ਲੇਖ ਵਿੱਚ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਬਾਬਾ ਨਾਨਕ ਜੀ ਆਪਣੀ ਨਿਰੰਕਾਰ ਰੂਪ ਉੱਚੀ ਸਮਝ ਦੁਆਰਾ ਗੁਰੂ ਹਨ ਤੇ ਪੂਰੀ

ਗੁਰਬਾਣੀ ਦੇ ਵਿੱਚ ਆਪਣੇ ਮੁੱਖੋਂ ਉਚਾਰੇ ਹੋਏ ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਸੰਤ ਹਨ ਜੋ ਕਿ ਉਨ੍ਹਾਂ ਦਾ ਗੁਰੂ ਰੂਪ ਹੈ। ਕਿਉਂਕਿ ਉਨ੍ਹਾਂ ਨੂੰ ਮਨ ਦੇ ਅੰਦਰ ਸਾਰੀ ਉੱਚੀ ਸਮਝ ਸ੍ਰਿਸ਼ਟੀ ਦੇ ਇੱਕੋ ਇੱਕ **"ਸੱਚੇ ਸੰਤ ਅਕਾਲ ਪੁਰਖ"** ਨੇ ਉਨ੍ਹਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਨ੍ਹਾਂ ਨੂੰ ਗਿਆਨ ਰੂਪ ਦੁਆਰਾ, ਆਪਣੀ ਸੁਹਾਗਣ ਬਨਾਉਣ ਦੁਆਰਾ ਆਪਣੀ ਸਮਝ ਦੇ ਨਾਲ ਇੱਕ ਕੀਤਾ ਹੈ ਜਿਸ ਰਾਹੀਂ ਉਨ੍ਹਾਂ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਸੰਤ ਰੂਪ ਬਖਸ਼ਿਆ ਹੈ ਜੋ ਉਨ੍ਹਾਂ ਨੂੰ ਆਪਣਾ ਉੱਚਾ ਗਿਆਨ ਅਕਾਲ ਪੁਰਖ ਨੇ ਆਪਣਾ ਹਰਿ ਹਰਿ ਨਾਮ ਜਪਾਉਣ ਦੁਆਰਾ ਬਖਸ਼ਿਆ ਹੈ ਜਿਸ ਰਾਹੀਂ ਅਕਾਲ ਪੁਰਖ ਨੇ ਬਾਬਾ ਨਾਨਕ ਜੀ ਨੂੰ ਸੰਸਾਰ ਵਿੱਚ ਸ਼ੋਭਾ ਦਿੱਤੀ ਹੈ ਤੇ ਉਨ੍ਹਾਂ ਨੇ ਅਕਾਲ ਪੁਰਖ ਕੋਲੋਂ ਉੱਚਾ ਗਿਆਨ ਲੈ ਕੇ ਸਾਰੀ ਸ੍ਰਿਸ਼ਟੀ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਸ਼ੋਭਾ ਵਧਾਈ ਹੈ, ਗੁਰਬਾਣੀ ਦੇ ਸ਼ਬਦਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਸਮਝਾਉਣ ਦੁਆਰਾ ਸ੍ਰਿਸ਼ਟੀ ਦੇ ਕਰਤੇ ਦੀ ਸ਼ੋਭਾ ਵਧਾਈ ਹੈ। ਅਕਾਲ ਪੁਰਖ ਦਾ **"ਸੰਤ"** ਰੂਪ, ਬਾਬਾ ਨਾਨਕ ਜੀ ਦਾ ਸੰਤ ਰੂਪ ਪੂਰੀ ਗੁਰਬਾਣੀ ਵਿੱਚ ਅਕਾਲ ਪੁਰਖ ਦੇ **"ਨਾਮ"** ਰੂਪ ਵਿੱਚ ਹੈ ਭਾਵ **"ਬ੍ਰਹਮ ਗਿਆਨ"** ਰੂਪ ਵਿੱਚ ਜੋ ਉਨ੍ਹਾਂ ਦਾ ਇਹ ਰੂਪ ਸਦਾ ਰਹਿਣ ਵਾਲਾ ਹੈ। **(ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥)**

ਕ੍ਰਿਪਾ ਕਰਕੇ ਹੁਣ ਸਾਰੇ ਧਿਆਨ ਨਾਲ ਸਮਝੋ ਕਿ ਸੰਸਾਰ ਵਿੱਚ ਕਿਤਨੇ ਕੂ ਦੁਨਿਆਵੀ ਸੰਤ ਹਨ। ਖਾਸ ਕਰਕੇ ਭਾਰਤ ਵਰਸ਼ ਵਿੱਚ ਸੰਤ ਅਖਵਾਉਣ ਵਾਲੇ ਅਨੇਕਾਂ ਹੀ ਹਨ ਜਿਹੋ ਜਿਹਿਆਂ ਦਾ ਜਿਕਰ ਗੁਰਬਾਣੀ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਆਇਆ ਹੇ ਜਿਸਨੂੰ ਅਸੀਂ ਲੇਖ ਵਿੱਚ ਅਨੇਕਾਂ ਵਾਰੀ ਸਮਝਿਆ ਵੀ ਹੈ। ਇਸੇ ਲਈ ਬਾਣੀ ਵਿੱਚ ਇਹੋ ਜਿਹੇ ਸੰਤ, ਬਾਬੇ ਆਦਿ ਅਖਵਾਉਣ ਵਾਲਿਆਂ ਦਾ, ਨਾਸਮਝ ਧਾਰਮਿਕ ਵਿਦਵਾਨ ਅਖਵਾਉਣ ਵਾਲਿਆਂ ਦਾ, ਆਪਣੇ ਆਪ ਨੂੰ ਵੱਡੇ ਵੱਡੇ ਕਥਾਵਾਚਕ ਅਖਵਾਉਣ ਵਾਲਿਆਂ ਦਾ ਗੁਰਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਖੰਡਨ ਕੀਤਾ ਹੋਇਆ ਹੈ ਤੇ ਉਹ ਆਪਣੇ ਆਪ ਨੂੰ ਉੱਚੀ ਸਮਝ ਵਾਲੇ ਅਖਵਾ ਕੇ ਕੇਵਲ ਸੰਸਾਰ ਨੂੰ ਉਲਝਾਉਂਦੇ ਹੀ ਹਨ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ, ਨਾਮ ਜਪਣ ਨੂੰ ਸਮਝਾਉਣ ਵਿੱਚ ਭਰਮਾਂ ਵਿੱਚ ਹੀ ਪਾਉਂਦੇ ਹਨ ਤੇ ਜਿਹੋ ਜਿਹਿਆਂ ਦੇ ਭਰਮਾਂ ਵਿੱਚ ਆ ਕੇ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ

ਦੇ ਕਰਤੇ ਦੇ ਸੰਤ ਰੂਪ ਨੂੰ ਜਾਣ ਸਕੇ, ਉਸਦੀ ਪਤਨੀ ਬਣਕੇ ਜਾਣ ਸਕੇ ਇਹ ਹੋ ਹੀ ਨਹੀਂ ਸਕਦਾ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਉਸਦੀ ਹਰ ਮਨੁੱਖੀ ਨਾਰ ਦਾ ਉਸਦੇ ਨਾਲ ਪੜਦਾ ਹੀ ਮਨ ਦਾ ਭਰਮ ਹੈ ਜੋ ਭਰਮ ਮਨੁੱਖ ਦਾ ਕੇਵਲ ਤੇ ਕੇਵਲ ਗੁਰੂ ਦਾ ਨਾਮ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਤੇ ਫਿਰ ਮਨ ਦੇ ਭਰਮਾਂ ਵਿੱਚੋਂ ਨਿਕਲਣ ਲਈ ਅਸੀਂ ਕੇਵਲ ਗੁਰੂ ਦੇ ਕੋਲੋਂ ਹੀ ਕਿਉਂ ਨਾ ਜਾਣੀਏ ਭਾਵ ਕੇਵਲ ਤੇ ਕੇਵਲ ਗੁਰੂ ਰੂਪ ਸੰਤ ਦੀ ਮਤਿ ਨਾਲ ਜੁੜੀਏ। ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਜਿਨ੍ਹਾਂ ਜਿਨ੍ਹਾਂ ਸਰੀਰਾਂ ਨੂੰ ਗੁਰੂ ਪ੍ਰਮਾਤਮਾ ਨੇ ਆਪਣਾ ਨਾਮ ਬਖਸ਼ਿਆ ਹੈ ਤੇ ਆਪਣਾ **"ਧਨ"** ਬਣਾਇਆ ਹੈ ਤੇ ਉਨ੍ਹਾਂ ਵੇਲ ਕਿਸ ਤਰੀਕੇ ਵਧਾਈ ਹੈ, ਕਿਸ ਰੂਪ ਵਿੱਚ ਵਧਾਈ ਹੈ ਤੇ ਕਿਸ ਮਕਸਦ ਲਈ ਵਧਾਈ ਹੈ ਤੇ ਉਹ ਫਿਰ ਵੀ ਆਪਣੇ ਆਪ ਨੂੰ ਸੰਤ ਆਦਿ ਅਖਵਾਉਣ, ਧਰਮ ਦੇ ਉੱਚੇ ਵਿਦਵਾਨ ਅਖਵਾਉਣ ਇਸ ਗੱਲ ਨੂੰ ਵਿਚਾਰਨ ਲਈ ਦਾਸ ਦੀ ਉਨ੍ਹਾਂ ਅੱਗੇ ਤਹਿ ਦਿਲੋਂ ਬੇਨਤੀ ਹੈ ਕਿ ਉਹ ਆਪਣਾ ਉੱਚਾਪਨ ਦਿਖਾਉਣ ਲਈ ਸੰਸਾਰੀਆਂ ਨੂੰ ਨਾ ਉਲਝਾਉਣ ਤੇ ਇਸ ਗੱਲ ਨੂੰ ਸਮਝਣ ਕਿ ਆਪਣੇ ਆਪ ਨੂੰ ਸੰਤ ਅਖਵਾਉਣਾ ਸੰਸਾਰ ਦਾ ਗੁਰੂ ਅਖਵਾਉਣ ਵਾਲੀ ਗੱਲ ਹੈ, ਆਪਣੇ ਆਪ ਨੂੰ ਅਕਾਲ ਪੁਰਖ ਅਖਵਾਉਣ ਵਾਲੀ ਗੱਲ ਹੈ ਤੇ ਇਸੇ ਲਈ ਸੰਸਾਰੀਆਂ ਅੱਗੇ ਵੀ ਬੇਨਤੀ ਹੈ ਕਿ ਉਹ ਇਹੋ ਜਿਹਿਆਂ ਦੇ ਪਿੱਛੇ ਨਾ ਲੱਗਣ ਭਾਵ ਗੁਰੂ ਦੀ ਸੱਚੀ ਤੇ ਉੱਚੀ ਮਤਿ ਦੀ ਕਦਰ ਕਰਨ ਜਿਸ ਤੋਂ ਚੰਗਾ ਕਰਮ ਮਨੁੱਖ ਲਈ ਹੋਰ ਕੋਈ ਨਹੀਂ ਹੈ ਕਿਉਂਕਿ ਸਾਡੇ ਜੀਵਨ ਨੂੰ ਕੇਵਲ ਗੁਰੂ ਹੀ ਸਫਲ ਬਣਾ ਸਕਦਾ ਹੈ। **(ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥ ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ॥ ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥ ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥ ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥ ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥ ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥ ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥ ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥ ਸਾਹੁਰੜੈ ਵਿਚਿ ਖਰੀ ਸੋਹੰਦੀ**

ਜਿਨਿ ਪੇਵਕੜੈ ਨਾਮੁ ਸਮਾਲਿਆ ॥ ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ॥ ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥ ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਵ ਸੁਹੰਦੀ ॥੩॥ ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥ ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥ ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥ ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥ ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥ ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥ ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥ ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥ ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥)

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ਕਾਨੜਾ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

{ਨਾਰਾਇਨ ਨਰਪਤਿ ਨਮਸਕਾਰੈ ॥
ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥}

(ਅੰਗ ੧੩੦੧-੧੩੦੨)

ਸਲੋਕ ਮਃ ੩ ॥

{ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥}

(ਅੰਗ ੮੫੨)

ਗਉੜੀ ਮਹਲਾ ੩ ॥

{ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥ ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥
ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥ ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥
ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥ ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥
ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥ ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥
ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ ਬਿਨੁ ਗੁਰ ਸਾਚੇ ਭਰਮਿ ਭੁਲਾਏ ॥
ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥
ਜਮੂਆ ਨ ਜੋਹੈ ਹਰਿ ਕੀ ਸਰਣਾਈ ॥ ਹਉਮੈ ਮਾਰਿ ਸਚਿ ਲਿਵ ਲਾਈ ॥
ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥ ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥
ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥ ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥
ਸਤਿਗੁਰੂ ਸੇਵੇ ਸੋ ਫਲੁ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥
ਅਨਹਦ ਬਾਣੀ ਸਬਦੁ ਵਜਾਏ ॥੭॥ ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥
ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥੮॥੫॥}

(ਅੰਗ ੨੩੧)

54/7562

{ਸਤਿਗੁਰ ਬਾਝੁ ਨ ਬੇਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥
ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥
ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥
ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੧-੧੦੩੨)

ਸਿਰੀਰਾਗੁ ਮਹਲਾ ੫ ਘਰੁ ੫ ॥

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥
ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੭੧)

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

ਰਾਗੁ ਗਉੜੀ ਪੂਰਬੀ ਮਹਲਾ ੫
ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥

ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥

ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥

ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

ਉਪਰ ਵਾਲੇ ਸਾਰੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਨ੍ਹਾਂ ਰਾਹੀਂ ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਸਾਨੂੰ ਗੁਰੂ ਰੂਪ ਸੰਤ ਕੋਲੋਂ ਹੀ ਧਰਮ ਦੇ ਮਾਰਗ ਦੀ ਸਿੱਖਿਆ ਲੈਣੀ ਚਾਹੀਦੀ ਹੈ ਤੇ ਸਾਨੂੰ ਕਿਤੇ ਬਾਹਰ ਨਹੀਂ ਭਟਕਣਾ ਚਾਹੀਦਾ ਕਿਉਂਕਿ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਹੀ ਹੈ ਤੇ ਜਿਸਨੂੰ ਵੀ ਅੱਜ ਤੱਕ ਉਹ ਮਿਲਿਆ ਹੈ ਮਨ ਦੀ ਸਮਝ ਦੇ ਅੰਦਰ ਹੀ ਮਿਲਿਆ ਹੈ, ਮਨ ਰੂਪ ਜੋਤਿ ਰਾਹੀਂ ਪ੍ਰਗਟ ਹੋਣ ਦੁਆਰਾ ਹੀ ਮਿਲਿਆ ਹੈ ਜਿਸ ਆਪਣੇ ਮੇਲ ਦੁਆਰਾ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਆਪਣਾ ਭਗਤ ਰੂਪ ਬਣਾਇਆ ਹੈ ਭਾਵ ਗੁਰੂ ਰੂਪ ਬਣਾਇਆ ਹੈ ਭਾਵ ਸੰਤ ਰੂਪ ਬਣਾਇਆ ਹੈ ਭਾਵ ਸਭ ਨੂੰ ਆਪਣਾ ਰੂਪ ਬਣਾਇਆ ਹੈ ਤੇ ਸਭ ਨੂੰ ਉਸਨੇ ਇੱਕੋ ਜਿਹੇ ਤਰੀਕੇ ਨਾਲ ਉਨ੍ਹਾਂ ਦੀ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪਣਾ ਨਾਮ ਬਖਸ਼ਣ ਦੁਆਰਾ ਭਾਵ ਆਪਣਾ ਸੱਚਾ ਨਾਮ ਬਖਸ਼ਣ ਦੁਆਰਾ ਉਨ੍ਹਾਂ ਨੂੰ ਮਨ ਦੀ ਅਗਿਆਨਤਾ ਰੂਪ ਹਨੇਰੇ ਵਿੱਚੋਂ ਕੱਢਿਆ ਹੈ, ਮਨ ਦੇ ਹਉਮੈ ਰੂਪ ਪੜਦੇ ਵਿੱਚੋਂ ਕੱਢਿਆ ਹੈ। ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਰਾਹੀਂ ਇਹ ਸਭ ਕੁਝ ਧਿਆਨ ਨਾਲ ਪੜਨ ਦੁਆਰਾ ਤੇ ਵਿਚਾਰਨ ਨਾਲ ਸਭ ਨੂੰ ਆਸਾਨੀ ਨਾਲ ਸਮਝ ਆ ਜਾਂਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਨਾਲ ਜੇਕਰ ਕੋਈ ਕਿਸੇ ਨੂੰ ਮਿਲਾ ਸਕਦਾ ਹੈ ਉਹ ਸੰਤ, ਭਗਤ ਕੇਵਲ ਗੁਰੂ ਹੈ ਜਿਸਦੀ ਸੱਚੀ ਮਤਿ ਤੇ ਅਮਲ ਕਰਨ ਦੁਆਰਾ ਹੀ ਕੋਈ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦੱਮ ਕਰ ਸਕਦਾ ਹੈ ਭਾਵ ਉਸਦੀ ਸੁਹਾਗਣ ਬਣਨ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਜਿਸ ਤਰੀਕੇ ਹੀ ਕਿਸੇ ਸੰਸਾਰੀ ਮਨੁੱਖ ਦਾ ਜੀਵਨ ਸਫਲ ਹੋ ਸਕਦਾ ਹੈ। ਸਾਰੀ ਗੱਲ ਮਨ ਦੇ

ਭਰਮਾਂ ਵਿੱਚੋਂ ਨਿਕਲਣ ਦੀ ਹੈ, ਮਨ ਦੀ ਹਉਮੈ ਵਿੱਚੋਂ ਨਿਕਲਣ ਦੀ ਹੈ ਤੇ ਇਹੋ ਜਿਹੀ ਸਮਝ ਵਿੱਚੋਂ ਸਾਨੂੰ ਉਹੀ ਕੱਢ ਸਕਦਾ ਹੈ ਜੋ ਆਪ ਹਰ ਭਰਮ ਤੋਂ ਮੁਕਤ ਹੈ, ਹਉਮੈ ਤੋਂ ਮੁਕਤ ਹੈ, ਤ੍ਰੈ ਗੁਣਾਂ ਤੋਂ ਮੁਕਤ ਹੈ, ਮਾਇਆ ਦੀ ਜੁਗਤਿ ਤੋਂ ਮੁਕਤ ਹੈ ਭਾਵ ਜਿਸਦੇ ਕੋਲ ਸੱਚਾ ਨਾਮ ਹੈ ਭਾਵ ਬ੍ਰਹਮ ਗਿਆਨ ਹੈ ਜੋ ਕੇਵਲ ਤੇ ਕੇਵਲ ਗੁਰੂ ਰੂਪ ਸੰਤ ਦੇ ਕੋਲ ਹੀ ਹੈ, ਜੋ ਨਾਮ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ, ਫਿਰ ਇਸ ਲਈ ਕਿਉਂ ਨਾ ਗੁਰੂ ਰੂਪ ਸੱਚੇ ਸੰਤ ਦੇ ਨਾਲ ਜੁੜੀਏ। ਗੁਰੂ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਸੰਤ ਕਹਿਣਾ ਜਾਂ ਸਮਝਣਾ ਸੱਚੇ ਗੁਰੂ ਦੀ ਬੇਅਦਬੀ ਕਰਨ ਵਾਲੀ ਗੱਲ ਹੈ ਜਿਸ ਬੇਅਦਬੀ ਤੋਂ ਬਚਣ ਲਈ ਹੀ ਦਾਸ ਸਭ ਦੇ ਅੱਗੇ ਸੱਚੇ ਦਿਲੋਂ ਬੇਨਤੀ ਕਰਦਾ ਹੈ।

ਉਪਰ ਮੁੱਖ ਸ਼ਬਦ ਵਿੱਚ ਅਸੀਂ ਮਨ ਰੂਪ ਕੱਪੜੇ ਦੀ ਗੱਲ ਵੀ ਕੀਤੀ ਹੈ ਤੇ ਸਭ ਦਾ ਮਾਂ-ਬਾਪ ਵੀ ਇੱਕੋ ਹੀ ਹੈ ਭਾਵ ਹਰ ਮਨੁੱਖੀ ਰੂਪ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਹੀ ਹੈ। ਇਨ੍ਹਾਂ ਗੱਲਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਪਉੜੀ ॥

{ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥

ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ}

(ਅੰਗ ੧੫੦)

ਪ੍ਰਭਾਤੀ ਮਹਲਾ ੧ ॥

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥

ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥}

(ਅੰਗ ੧੩੨੯)

{ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥}

(ਅੰਗ ੨)

ਮਃ ੧ ॥

{ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥}

(ਅੰਗ ੧੪੯)

ਪਉੜੀ ॥

{ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥੧੪॥}

(ਅੰਗ ੪੭੦-੪੭੧)

54/7564

ਮਃ ੩ ॥

{ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥
ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥}

(ਅੰਗ ੬੫੩)

ਅਸੀਂ ਗੁਰਬਾਣੀ ਅੰਗ ਸੱਤ ਸੋ ਬਾਈ (722) ਤੇ ਲਿਖੇ ਹੋਏ ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਸਮਝਣ ਲਈ ਉਪਰ ਵਾਲੇ ਮੁੱਖ ਸ਼ਬਦ ਨੂੰ ਸਮਝਿਆ ਹੈ ਜੋ ਗੁਰਬਾਣੀ ਅੰਗ ਅਠਤੱਰ (78) ਤੇ ਦਰਜ ਹੈ ਜਿਸਨੂੰ ਕਿ ਅਸੀਂ ਇਸ ਗੱਲ ਲਈ ਸਮਝਿਆ ਹੈ ਕਿ ਮਨੁੱਖੀ ਰੂਪ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਅਸਲ ਵਿਆਹ ਕਿਸ ਤਰੀਕੇ ਹੁੰਦਾ ਹੈ ਭਾਵ ਅਸਲ ਮੇਲ ਕਿਸ ਤਰੀਕੇ ਹੁੰਦਾ ਹੈ। ਗੁਰਬਾਣੀ ਅੰਗ ਸੱਤ ਸੋ ਬਾਈ (722) ਤੇ ਦਰਜ ਸ਼ਬਦ ਵਿੱਚ ਉਹੋ ਜਿਹਿਆਂ ਦੀ ਗੱਲ ਸਮਝਾਈ ਹੋਈ ਹੈ ਜੋ ਮਨ ਦੀ ਨਾਸਮਝੀ

ਕਰਕੇ ਹੀ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਸਮਝ ਕੇ, ਸੰਤ, ਬਾਬੇ ਆਦਿ ਸਮਝ ਕੇ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਆਹ ਕਰਵਾਉਣ ਦੀਆਂ ਗੱਲਾਂ ਸਮਝਾਉਂਦੇ ਹਨ ਭਾਵ ਉਸਦੇ ਨਾਲ ਮੇਲ ਕਰਨ ਦੀਆਂ ਗੱਲਾਂ ਸਮਝਾਉਂਦੇ ਹਨ ਜਿਵੇਂ ਕਿ ਅਸੀਂ ਉਸ ਸ਼ਬਦ ਰਾਹੀਂ ਇਹ ਕੁਝ ਸਮਝਿਆ ਹੀ ਹੈ। ਉਸ ਸ਼ਬਦ ਵਿੱਚ **"ਜੰਵ"** ਦੀ ਗੱਲ ਵੀ ਕੀਤੀ ਹੋਈ ਹੈ ਭਾਵ ਵਿਆਹ ਦੀ ਗੱਲ ਕੀਤੀ ਹੋਈ ਹੈ, ਦਾਨ ਦੀ ਗੱਲ ਵੀ ਕੀਤੀ ਹੋਈ ਹੈ, **"ਅਗਦੁ"** ਪੜਨ ਦੀ ਗੱਲ ਵੀ ਕੀਤੀ ਹੋਈ ਹੈ ਭਾਵ ਵਿਆਹ ਵਾਲੇ ਫੇਰਿਆਂ ਦੀ ਗੱਲ ਵੀ ਕੀਤੀ ਹੋਈ ਹੈ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਅਸਲ ਵਿਆਹ ਕੀ ਹੁੰਦਾ ਹੈ ਇਸੇ ਗੱਲ ਨੂੰ ਸਮਝਣ ਲਈ ਪਹਿਲੇ ਸਾਨੂੰ ਉਸ ਗੁਰਬਾਣੀ ਅੰਗ ਸੱਤ ਸੋ ਬਾਈ (722) ਵਾਲੇ ਸ਼ਬਦ ਰਾਹੀਂ ਗੁਰਬਾਣੀ ਅੰਗ ਅਠੱਤਰ (78) ਤੇ ਆਉਣ ਲਈ ਕਿਹਾ ਹੋਇਆ ਹੈ ਤੇ ਅਸੀਂ ਗੁਰਬਾਣੀ ਅੰਗ ਅਠੱਤਰ (78) ਦੇ ਸ਼ਬਦ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਅਸਲ ਵਿਆਹ ਕੀ ਹੁੰਦਾ ਹੈ ਇਸ ਗੱਲ ਨੂੰ ਹੀ ਉਪਰ ਸ਼ਬਦ ਰਾਹੀਂ ਸਮਝਿਆ ਹੈ। ਉਪਰ ਸ਼ਬਦ ਨੂੰ ਸਮਝਣ ਦੁਆਰਾ ਹੁਣ ਤੁਸੀਂ ਇਸ ਗੱਲ ਨੂੰ ਸਮਝ ਸਕਦੇ ਹੋ ਕਿ ਅਕਾਲ ਪੁਰਖ ਦੇ ਨਾਲ ਵਿਆਹ ਲਈ ਅਸਲ ਜੰਵ ਕੀ ਹੁੰਦੀ ਹੈ, ਵਿਆਹ ਦਾ ਅਸਲ ਦਾਨ ਕੀ ਹੁੰਦਾ ਹੈ ਤੇ ਅਕਾਲ ਪੁਰਖ ਦੇ ਨਾਲ ਵਿਆਹ ਕਰਾਉਣ ਲਈ ਫੇਰੇ ਕਿਸ ਤਰੀਕੇ ਹੁੰਦੇ ਹਨ। ਗੁਰਬਾਣੀ ਅੰਗ ਸੱਤ ਸੋ ਬਾਈ (722) ਵਾਲੇ ਸ਼ਬਦ ਰਾਹੀਂ ਹੀ ਸਾਨੂੰ ਗੁਰਬਾਣੀ ਅੰਗ ਅਠੱਤਰ (78) ਵਾਲੇ ਸ਼ਬਦ ਨੂੰ ਸਮਝਣ ਤੋਂ ਬਾਅਦ ਗੁਰਬਾਣੀ ਅੰਗ ਸਤਾਨਵੇਂ (97) ਤੇ ਦਰਜ ਸ਼ਬਦ ਨੂੰ ਸਮਝਣ ਲਈ ਪ੍ਰੇਰਿਆ ਹੋਇਆ ਹੈ ਕਿਉਂਕਿ ਗੁਰਬਾਣੀ ਅੰਗ ਸਤਾਨਵੇਂ (97) ਤੇ ਵੀ ਸਾਨੂੰ ਅਕਾਲ ਪੁਰਖ ਦੇ ਨਾਲ ਵਿਆਹ ਦੀ ਗੱਲ ਹੀ ਸਮਝਾਈ ਹੋਈ ਹੈ, ਉਸਦੀ ਸੁਹਾਗਣ ਬਣਨ ਦੀ ਗੱਲ ਸਮਝਾਈ ਹੋਈ ਹੈ ਤੇ ਨਾਲ ਇਹ ਵੀ ਸਮਝਾਇਆ ਹੋਇਆ ਹੈ ਕਿ ਉਸਦੀ ਸੁਹਾਗਣ ਕਿਹੋ ਜਿਹੀ ਹੁੰਦੀ ਹੈ। ਆਉ ਹੁਣ ਗੁਰਬਾਣੀ ਅੰਗ ਸਤਾਨਵੇਂ (97) ਤੇ ਜਾ ਕੇ ਅਕਾਲ ਪੁਰਖ ਦੀ ਸੁਹਾਗਣ ਬਣਨਾ ਕੀ ਹੈ ਇਸ ਗੱਲ ਨੂੰ ਸਮਝੀਏ।

54/7565

ਮਾਝ ਮਹਲਾ ੫ ॥

"ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥
ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥੧॥
ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥
ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥
ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥
ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥
ਮਹਿਮਾ ਤਿਸ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ ॥
ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥"

(ਅੰਗ ੯੭-੯੮)

ਗੁਰਬਾਣੀ ਅੰਗ ਅਠੱਤਰ (78) ਤੇ ਦਰਜ ਜਿਸ ਸ਼ਬਦ ਨੂੰ ਅਸੀਂ ਪਹਿਲੇ ਸਮਝਿਆ ਹੈ ਉਹ ਸ਼ਬਦ ਹੁਣ ਧਿਆਨ ਨਾਲ ਸਮਝੋ ਕਿ ਉਹ ਸ਼ਬਦ ਚੌਥੀ ਪਾਤਸ਼ਾਹੀ ਦੇ ਮੁੱਖੋਂ ਉਚਾਰਿਆ ਹੋਇਆ ਸ਼ਬਦ ਹੈ ਤੇ ਉਪਰ ਵਾਲਾ ਸ਼ਬਦ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰਿਆ ਹੋਇਆ ਹੈ। ਚੌਥੀ ਪਾਤਸ਼ਾਹੀ ਨੇ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਮੇਰੇ **"ਪਿਰਿ"** ਨੇ ਭਾਵ ਪਤੀ ਨੇ ਮੈਨੂੰ ਕਿਸ ਤਰੀਕੇ ਸੁਹਾਗਣ ਬਣਾਇਆ ਹੈ ਤੇ ਉਪਰ ਵਾਲੇ ਸ਼ਬਦ ਰਾਹੀਂ ਪੰਜਵੀਂ ਪਾਤਸ਼ਾਹੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਜਿਸ ਮਨੁੱਖੀ ਘਰ ਵਿੱਚ ਉਹ ਆਪਣਾ **"ਸੋਹਾਗੁ"** ਰੂਪ ਪ੍ਰਗਟ ਕਰਦਾ ਹੈ ਉਹੀ ਉਸਦੀ ਸੁਹਾਗਣ ਬਣਦੀ ਹੈ। ਸੰਸਾਰ ਦੇ ਹਰ ਮਨੁੱਖ ਦੇ ਅੰਦਰ ਜੋ ਉਸਦਾ ਘਰ ਹੈ ਉਹ ਮਨੁੱਖੀ ਮਨ ਹੈ ਜੋ ਕਿ ਸਭ ਦੇ ਅੰਦਰ ਉਸਦਾ ਜੋਤਿ ਰੂਪ ਹੈ ਜਿਸ ਉਸਦੇ ਜੋਤਿ ਰੂਪ ਦੇ ਵਿੱਚੋਂ ਹੀ ਹਰ ਮਨੁੱਖ ਨੂੰ ਸਮਝ ਮਿਲਦੀ ਹੈ ਭਾਵ ਉਸਦੇ ਅੰਦਰ ਵਿਚਾਰ ਉਪਜਦੇ ਹਨ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਜਿਸਨੂੰ ਵੀ ਉਸਨੇ ਆਪਣਾ ਸੁਹਾਗਣ ਰੂਪ ਬਣਾਇਆ ਹੈ ਉਸਦੀ ਮਨ ਦੀ ਸਮਝ ਦੇ ਅੰਦਰ ਹੀ ਉਸਨੇ ਆਪਣਾ **"ਸੋਹਾਗੁ"** ਰੂਪ ਪ੍ਰਗਟ ਕੀਤਾ ਹੈ। ਜਿਨ੍ਹਾਂ ਭਗਤਾਂ ਨੇ ਬਾਣੀ ਦੀ ਰਚਨਾ ਕੀਤੀ ਹੈ, ਗੁਰੂ ਸਾਹਿਬਾਨ ਨੇ ਕੀਤੀ ਹੈ ਉਨ੍ਹਾਂ ਸਭ ਨੇ ਇਸੇ ਤਰ੍ਹਾਂ ਮਨ ਦੀ ਉੱਚੀ ਸਮਝ ਰਾਹੀਂ ਹੀ ਗੁਰਬਾਣੀ ਦੇ ਸਾਰੇ ਸ਼ਬਦਾਂ ਦੀ ਰਚਨਾ ਕੀਤੀ ਹੈ ਜੋ ਸ਼ਬਦਾਂ ਦੀ ਉੱਚੀ ਤੇ ਸੱਚੀ ਸਮਝ ਮਨ ਦੇ ਵਿੱਚ ਆਪਣੀ

ਸੁਹਾਗਣ ਦਾ ਸੁਹਾਗ ਭਾਵ ਆਪਣੀ ਸੁਹਾਗਣ ਬਨਾਉਣ ਵਾਲਾ ਸੁਹਾਗ ਆਪ ਹੀ ਪਾਉਂਦਾ ਹੈ, ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਪਾਉਂਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਪਾਉਂਦਾ ਹੈ ਭਾਵ ਆਪਣੇ ਨਾਮ ਦੇ ਰੂਪ ਵਿੱਚ ਪਾਉਂਦਾ ਹੈ ਜੋ ਮਨ ਦੇ ਵਿੱਚ ਉੱਚੀ ਸਮਝ ਪਾਉਣ ਦੁਆਰਾ ਹੀ ਉਹ ਕਿਸੀ ਮਨੁੱਖੀ ਸਮਝ ਨੂੰ ਆਪਣੀ ਸੁਹਾਗਣ ਬਨਾਉਣ ਦੁਆਰਾ ਉਸਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ, ਹਉਮੈ ਵਿੱਚੋਂ ਕੱਢਦਾ ਹੈ, ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਵਿੱਚੋਂ ਕੱਢਦਾ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਕੱਢਦਾ ਹੈ ਭਾਵ ਉਸ ਮਨੁੱਖੀ ਸਮਝ ਨੂੰ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਪਾਉਣ ਦੁਆਰਾ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ, ਮਨੁੱਖੀ ਹੋਂਦ ਦਾ ਤੇ ਆਪਣੇ ਹਰ ਆਕਾਰ ਦਾ ਸੱਚ ਸਮਝਾਉਂਦਾ ਹੈ ਕਿ ਸਭ ਕੁਝ ਉਸਨੇ ਕਿਸ ਤਰੀਕੇ ਬਣਾਇਆ ਹੈ ਤੇ ਕਿਸ ਮਕਸਦ ਲਈ ਬਣਾਇਆ ਹੈ। ਕਿਸੇ ਨੂੰ ਆਪਣੀ ਸੁਹਾਗਣ ਬਨਾਉਣ ਦੁਆਰਾ ਹੀ ਉਹ ਸੰਸਾਰ ਦੇ ਧਰਮ ਦਾ ਸੱਚ ਸਮਝਾਉਂਦਾ ਹੈ ਤੇ ਸਭ ਦੇ ਲਈ ਉਸ ਇੱਕੋ ਜਿਹੇ ਸੱਚ ਦੇ ਧਾਰਮਿਕ ਮਾਰਗ ਤੇ ਚੱਲਣਾ ਸਮਝਾਉਂਦਾ ਹੈ ਜਿਸ ਉਸਦੇ ਸੱਚੇ ਮਾਰਗ ਤੇ ਚੱਲਣ ਦਾ ਸੱਚਾ ਉਦੱਮ ਕਰਨ ਦੁਆਰਾ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਆਪਣੇ ਸੁਹਾਗ ਨੂੰ ਆਪਣੇ

54/7566

ਅੰਦਰੋਂ ਜਾਨਣ ਦਾ ਭਾਵ ਆਪਣੇ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦਾ ਤੇ ਉਸਦੇ ਨਾਲ ਵਿਆਹ ਕਰਾਉਣ ਦਾ ਉਪਰਾਲਾ ਕਰ ਸਕਦਾ ਹੈ, ਉਸਦੀ ਸੁਹਾਗਣ ਬਣਨ ਦਾ ਉਪਰਾਲਾ ਕਰ ਸਕਦਾ ਹੈ ਭਾਵ ਸ੍ਰਿਸ਼ਟੀ ਦੇ ਇੱਕੋ ਇੱਕ ਸੱਚ ਰੂਪ ਖਸਮ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦੱਮ ਕਰ ਸਕਦਾ ਹੈ। ਜਿਸ ਆਪਣੇ ਮਨ ਰੂਪ ਘਰ ਵਿੱਚ ਸ੍ਰਿਸ਼ਟੀ ਦਾ ਕਰਤਾ ਆਪਣਾ ਸੁਹਾਗ ਰੂਪ ਪ੍ਰਗਟ ਕਰਨ ਦੁਆਰਾ ਆਪ ਹੀ ਕਿਸੇ ਆਪਣੀ ਮਨੁੱਖੀ ਰੂਪ ਨਾਰ ਨੂੰ ਆਪਣੀ ਸੁਹਾਗਣ ਬਣਾਉਂਦਾ ਹੈ। ਮਨ ਰੂਪ ਘਰ ਦੇ ਵਿੱਚ ਹੀ ਫਿਰ ਉਹ ਆਪਣੀ ਸੁਹਾਗਣ ਨੂੰ ਆਪਣਾ ਮੰਗਲ ਗਾਉਣਾ ਸਿਖਾਉਂਦਾ ਹੈ ਜੋ ਮੰਗਲ ਉਸਦੀ ਸਖੀ ਭਾਵ ਸਹੇਲੀ ਬਣਨ ਦੁਆਰਾ ਹੀ ਗਾਇਆ ਜਾ ਸਕਦਾ ਹੈ। ਉਸਦੀ ਸਖੀ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਉਸਦੀ ਸਮਝਾਈ ਹੋਈ ਸੱਚੀ ਗੁਰਮਤਿ ਨੂੰ ਪਿਆਰ ਕਰਨਾ ਭਾਵ ਉਸਨੂੰ ਅਪਨਾਉਣਾ ਭਾਵ ਉਸ ਤੇ ਅਮਲ ਕਰਨਾ ਹੀ ਸ੍ਰਿਸ਼ਟੀ ਦੇ ਕਰਤੇ ਦੀ ਸਖੀ, ਸਹੇਲੀ ਬਣਨਾ ਹੈ ਜੋ ਕਿ ਉਸਦੀ ਨਾਰ ਬਣਨ ਦੁਆਰਾ ਹੀ ਬਣਿਆ ਜਾ ਸਕਦਾ ਹੈ। ਇਸ ਤਰੀਕੇ ਮਨ ਦੇ ਵਿਚਾਰਾਂ ਰਾਹੀਂ ਗੁਰਮਤਿ ਦੀ ਸੱਚੀ ਸਮਝ ਨੂੰ ਅਪਨਾ ਕੇ ਹੀ ਸ੍ਰਿਸ਼ਟੀ ਦੇ ਕਰਤੇ ਦਾ ਮੰਗਲ ਗਾਇਆ ਜਾ ਸਕਦਾ ਹੈ ਭਾਵ ਉਸਦੀ ਸਿਫਤ ਸਲਾਹੁਣ ਦਾ ਗਾਇਨ ਕੀਤਾ ਜਾ ਸਕਦਾ ਹੈ। ਉਸਦੇ ਹੁਕਮ ਵਿੱਚ ਵਿਚਰਨਾ ਹੀ ਉਸਦੀ ਸਿਫਤ ਸਾਲਾਹ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਰੇ ਸੰਸਾਰ ਨੂੰ ਧਰਮ ਦੇ ਸੱਚੇ ਮਾਰਗ ਤੇ ਹਰ ਮਨੁੱਖ ਨੂੰ ਆਪਣੇ ਮਨ ਰੂਪ ਘਰ ਵਿੱਚੋਂ ਧਰਮ ਦੀ ਸੱਚੀ ਸਮਝ ਹੀ ਚਲਾ ਸਕਦੀ ਹੈ ਜਿਸ ਤਰੀਕੇ ਸ੍ਰਿਸ਼ਟੀ ਦੇ ਕਰਤੇ ਦਾ ਮੰਗਲ ਗਾਇਆ ਜਾ ਸਕਦਾ ਹੈ। ਜਿਸਨੇ ਵੀ ਉਸਦਾ ਮੰਗਲ ਗਾਇਆ ਹੈ ਉਨ੍ਹਾਂ ਨੇ ਉਸਦੀ ਸੁਹਾਗਣ ਬਣਨ ਦੁਆਰਾ ਹੀ ਗਾਇਆ ਹੈ। ਜਿਸ ਤਰੀਕੇ ਉਹ ਸੰਸਾਰ ਵਿੱਚ ਰਹਿੰਦਿਆਂ ਆਪ ਵਿਚਰੇ ਹਨ ਭਾਵ ਜਿਸ ਤਰੀਕੇ ਉਹ ਆਪ ਧਰਮ ਦੇ ਮਾਰਗ ਤੇ ਚੱਲੇ ਹਨ ਉਸੇ ਤਰੀਕੇ ਹੀ ਉਨ੍ਹਾਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਮੰਗਲ ਗਾਉਣਾ ਸਮਝਾਇਆ ਹੈ ਭਾਵ ਸਭ ਨੂੰ ਇੱਕੋ ਜਿਹੇ ਤਰੀਕੇ ਨਾਲ ਸੱਚੇ ਸੁੱਚੇ ਕਰਮ ਕਰਨੇ ਸਿਖਾਏ ਹਨ। ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਮਨ ਦੇ ਅੰਦਰ ਸੁਹਾਗ ਭਾਵ ਅਕਾਲ ਪੁਰਖ, ਅੱਲ੍ਹਾ, ਪ੍ਰਮਾਤਮਾ, ਗਾਡ ਮਨੁੱਖੀ ਸਮਝ ਦੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਦੀ ਸੱਚੀ ਸਮਝ ਦੇ ਨਾਲ ਆਪ ਹੀ ਸ਼ਿੰਗਾਰਦਾ ਹੈ ਜਿਸ ਦੁਆਰਾ ਉਹ ਆਪਣੀ ਦੁਲਹਨ ਨੂੰ ਆਪ ਹੀ ਸੋਹਣੀ ਬਣਾਉਂਦਾ ਹੈ ਭਾਵ ਉਸਦੇ ਵਿਚਾਰਾਂ ਨੂੰ ਸੋਹਣਾ ਰੂਪ ਦਿੰਦਾ ਹੈ। ਅਸਲ ਅਨਦ ਬਿਨੋਦ ਉਸੇ ਮਨੁੱਖੀ ਰੂਪ ਘਰ ਦੇ ਅੰਦਰ ਭਾਵ ਮਨ ਦੇ ਅੰਦਰ ਹੁੰਦਾ ਹੈ ਜਿਸਨੂੰ ਉਸਦੀ ਗੁਰਮਤਿ ਅਪਨਾਉਣ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ। ਮਾਇਆ ਮੋਹ ਵਿੱਚ ਰਹਿ ਕੇ ਬੜਿਆਂ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਪਰ ਉਹੋ ਜਿਹੀ ਖੁਸ਼ੀ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੇ ਪ੍ਰਵਾਨ ਨਹੀਂ ਹੁੰਦੀ। ਜਦ ਤੱਕ ਉਹ ਸ੍ਰਿਸ਼ਟੀ ਦਾ ਕੰਤ ਆਪਣੀ ਧਨ ਨੂੰ ਭਾਵ ਇਸਤਰੀ ਨੂੰ ਆਪਣੇ ਸੱਚੇ ਸ਼ਬਦਾਂ ਦੀ ਵਿਚਾਰ ਦੇ ਨਾਲ ਸ਼ਿੰਗਾਰ ਨਹੀਂ ਦਿੰਦਾ ਤਦ ਤੱਕ ਉਸਦੇ ਘਰ ਵਿੱਚ ਫਿਰ ਮਨੁੱਖ ਸੋਹਣਾ ਨਹੀਂ ਬਣ ਸਕਦਾ ਭਾਵ ਉਹ ਪ੍ਰਮਾਤਮਾ ਨੂੰ ਸ਼ੋਭਦਾ ਨਹੀਂ ਕਿਉਂਕਿ ਉਸਦੇ ਦਰ ਤੇ ਕੇਵਲ ਸੱਚ ਹੀ ਸ਼ੋਭਦਾ ਹੈ ਜੋ ਆਪਣਾ ਸੱਚ ਉਹ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖ ਨੂੰ ਆਪਣੀ ਨਾਰ ਬਨਾਉਣ ਦੁਆਰਾ

54/7567

ਆਪ ਹੀ ਬਖਸ਼ਦਾ ਹੈ, ਆਪਣਾ ਨਾਮ ਰੂਪ ਸੱਚ ਬਖਸ਼ਦਾ ਹੈ ਜਿਸ ਸੱਚ ਦਾ ਸ਼ਿੰਗਾਰ ਕਰਨ ਨਾਲ ਮਨੁੱਖ ਭਰਮਾਂ ਵਾਲੀ ਸਮਝ ਤੋਂ ਪੂਰੀ ਤਰ੍ਹਾਂ ਰਹਿਤ ਹੋ ਜਾਂਦਾ ਹੈ ਤੇ ਉਸਨੂੰ ਸਭ ਦੇ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਹੀ ਨਜਰ ਆਉਂਦਾ ਹੈ ਤੇ ਸਮਝ ਲੱਗ ਜਾਂਦੀ

ਹੈ ਕਿ ਸਭ ਕੁਝ ਇੱਕੋ ਇੱਕ ਉਹ ਆਪ ਹੀ ਹੈ ਜਿਸਨੇ ਆਪ ਹੀ ਹਰ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਕੇ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਿਆ ਹੈ। **(ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥ ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥੧॥)**

"ਮੰਗਲੁ" ਗਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਵੀ ਲੇਖ ਵਿੱਚ ਸਮਝਿਆ ਹੈ ਤੇ ਉਸਦਾ ਮੰਗਲ ਗਾਉਣਾ ਪੂਰੀ ਗੁਰਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਜੋ ਮੰਗਲ ਉਸਦਾ ਉਸਦੀ ਸੁਹਾਗਣ ਬਣਨ ਦੁਆਰਾ ਭਾਵ ਮਨ ਦੇ ਵਿੱਚ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਗਾਇਆ ਜਾ ਸਕਦਾ ਹੈ ਤੇ ਇਸ ਗੱਲ ਨੂੰ ਉਪਰ ਵਾਲੇ ਸ਼ਬਦ ਨੂੰ ਸਮਝਣ ਤੋਂ ਬਾਅਦ ਫਿਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਾਂਗੇ ਤਾਂ ਜੋ ਉਸਦਾ ਮੰਗਲ ਗਾਉਣਾ ਕੀ ਹੈ ਇਸ ਗੱਲ ਨੂੰ ਸਮਝਣ ਵਿੱਚ ਕਿਸੇ ਨੂੰ ਕੋਈ ਭਰਮ ਨਾ ਰਹਿ ਜਾਵੇ। ਹੁਣ ਉਪਰ ਵਾਲੇ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਜਿਸ ਰਾਹੀਂ ਉਸਦੇ ਮੰਗਲ ਗਾਉਣ ਦਾ ਤਰੀਕਾ ਹੀ ਸਮਝਾਇਆ ਹੋਇਆ ਹੈ।

"ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥

ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥"

ਜਿਵੇਂ ਕਿ ਅਸੀਂ ਸ਼ਬਦ ਦੇ ਪਹਿਲੇ ਪਦੇ ਰਾਹੀਂ ਸਮਝਿਆ ਹੈ ਜਿਸ ਆਪਣੀ ਧਨ ਨੂੰ ਮਨ ਦੇ ਵਿੱਚ ਕੰਤ ਸ਼ਿੰਗਾਰਦਾ ਹੈ ਉਸਦੀ ਸਮਝ ਨੂੰ ਮਨ ਦੇ ਵਿੱਚ ਆਪਣੇ ਗੁਣਾਂ ਵਾਲੇ ਵਿਚਾਰ ਦੇਣ ਦੁਆਰਾ ਹੀ ਸ਼ਿੰਗਾਰਦਾ ਹੈ ਜਿਸ ਤਰੀਕੇ ਉਸਦੀ ਮਨ ਰੂਪ ਸਮਝ ਇਸਤਰੀ ਮੰਗਲ ਗਾਉਂਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਦੀ ਹੈ। ਇਹੀ ਗੱਲ ਉਪਰ ਵਾਲੇ ਪਦੇ ਰਾਹੀਂ ਸਮਝਾਈ ਹੋਈ ਹੈ ਕਿ ਉਸਦੀ ਨਾਰ ਕਿਹੋ ਜਿਹੀ ਹੁੰਦੀ ਹੈ ਬੜਾ ਸਪਸ਼ਟ ਹੈ ਕਿ ਉਸਦੀ ਨਾਰ ਗੁਣਵੰਤੀ ਹੁੰਦੀ ਹੈ ਭਾਵ ਗੁਣਾਂ ਵਾਲੀ ਸਮਝ ਦੇ ਨਾਲ ਭਰਪੂਰ ਹੁੰਦੀ ਹੈ ਭਾਵ ਹਰ ਔਗੁਣ ਤੋਂ ਰਹਿਤ ਹੁੰਦੀ ਹੈ ਭਾਵ ਗੁਰਮਤਿ ਦੀ ਪੂਰਨ ਸੱਚੀ ਸਮਝ ਵਾਲੀ ਹੁੰਦੀ ਹੈ। ਉਹ ਸਭ ਤੋਂ ਵੱਡੇ ਭਾਗਾਂ ਵਾਲੀ ਹੁੰਦੀ ਹੈ। ਜੋ ਮਨੁੱਖ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲਵੇ ਉਸ ਤੋਂ ਵੱਡੇ ਭਾਗਾਂ ਵਾਲਾ ਪੂਰੇ ਸੰਸਾਰ ਵਿੱਚ ਹੋਰ ਕੌਣ ਹੋ ਸਕਦਾ ਹੈ। **(ਸਾ ਗੁਣਵੰਤੀ ਸਾ ਵਡਭਾਗਣਿ ॥)**

ਅਗਲੀ ਪੰਗਤੀ ਨੂੰ ਹੁਣ ਧਿਆਨ ਨਾਲ ਸਮਝਣ ਦੀ ਲੋੜ ਹੈ।

"ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥"

ਅਕਾਲ ਪੁਰਖ ਦੀ ਸੁਹਾਗਣ ਨੂੰ ਪੁਤ੍ਰਵੰਤੀ ਤੇ ਸੀਲਵੰਤਿ ਕਿਹਾ ਹੈ। **"ਪੁਤ੍ਰਵੰਤੀ"** ਕਿਸ ਲਈ ਕਿਹਾ ਹੈ ਇਸਨੂੰ ਸਮਝਣਾ ਗਹਿਰੀ ਗੱਲ

ਹੈ। ਦੁਨਿਆਵੀ ਇਸਤਰੀ ਤਾਂ ਪੁੱਤਰ ਵੀ ਪੈਦਾ ਕਰਦੀ ਹੈ ਤੇ ਲੜਕੀ ਵੀ ਪੈਦਾ ਕਰਦੀ ਹੈ ਕਿਉਂਕਿ ਬੱਚਿਆਂ ਨੂੰ ਉਹ ਸਰੀਰ ਰਾਹੀਂ ਜਨਮ ਦਿੰਦੀ ਹੈ ਜੋ ਕਿ ਉਹ ਦੁਨਿਆਵੀ ਰੂਪ ਵਿੱਚ ਕਿਸੇ ਪੁਰਸ਼ ਦੇ ਨਾਲ ਭੋਗ ਹੋਣ ਦੁਆਰਾ ਜਨਮ ਦਿੰਦੀ ਹੈ। ਅਕਾਲ ਪੁਰਖ ਦੀ ਇਸਤਰੀ ਦੇ ਨਾਲ ਭੋਗ ਮਨ ਦੇ ਵਿੱਚ ਹੁੰਦਾ ਹੈ ਭਾਵ ਮਨੁੱਖੀ ਸਮਝ ਦੇ ਵਿੱਚ ਹੁੰਦਾ ਹੈ ਜਿਵੇਂ ਕਿ ਅਸੀਂ ਇਸ ਤੋਂ ਪਹਿਲਾਂ ਗੁਰਬਾਣੀ ਅੰਗ ਅਠਤੱਰ (78) ਤੇ ਉਚਾਰੇ ਹੋਏ ਗੁਰੂ ਦੇ ਸ਼ਬਦ ਰਾਹੀਂ ਸਮਝਿਆ ਹੈ। ਮਨ ਰੂਪ ਇਸਤਰੀ ਦਾ ਲਾੜਾ ਗਿਆਨ ਰਾਉ ਹੈ ਭਾਵ ਗਿਆਨ ਦਾ ਮਾਲਕ ਹੈ ਜੋ ਮਨੁੱਖ ਦੀ ਤ੍ਰੈ ਗੁਣ ਵਾਲੀ ਸਮਝ ਨੂੰ ਭੋਗਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਨੂੰ ਭੋਗਦਾ ਹੈ ਜਿਸ ਵਿੱਚੋਂ ਸੱਚੇ ਵਿਚਾਰਾਂ ਦਾ ਜਨਮ ਹੁੰਦਾ ਹੈ। ਮਨੁੱਖ ਦੀ ਸਮਝ ਦੇ ਅੰਦਰ ਇਹ ਸੱਚੇ ਵਿਚਾਰ ਹੀ ਉਸਦੇ ਪੁੱਤਰ ਹੁੰਦੇ ਹਨ ਜਿਨ੍ਹਾਂ ਨੂੰ ਪੁੱਤਰੀ ਨਹੀਂ ਕਿਹਾ ਜਾ ਸਕਦਾ। ਮਨ ਦੇ ਵਿੱਚ ਅਕਾਲ ਪੁਰਖ ਦੇ ਨਾਲ ਮੇਲ ਹੋਣ ਦੁਆਰਾ ਕੇਵਲ ਸੱਚੇ ਵਿਚਾਰ ਹੀ ਉਪਜਦੇ ਹਨ ਜੋ ਅਕਾਲ ਪੁਰਖ ਦੀ ਇਸਤਰੀ ਦੇ ਪੁੱਤਰ ਭਾਵ ਸੱਚੇ ਗਿਆਨ ਵਾਲੇ ਵਿਚਾਰ, ਬ੍ਰਹਮ ਗਿਆਨ ਵਾਲੇ ਵਿਚਾਰ, ਚੌਥੇ ਪਦ ਦੇ ਗਿਆਨ ਵਾਲੇ ਵਿਚਾਰ, ਨਾਮ ਵਾਲੇ ਵਿਚਾਰ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਵਿਚਾਰ ਉਸਦੀ ਇਸਤਰੀ ਨੂੰ ਧਰਮ ਦੇ ਮਾਰਗ ਦੀ ਸੱਚੀ ਸਿੱਖਿਆ ਹੀ ਸਮਝਾਉਂਦੇ ਹਨ ਜਿਸ ਸਿੱਖਿਆ ਨੂੰ ਮੰਨਣ ਦੁਆਰਾ **" ਸੀਲਵੰਤਿ"** ਬਣਦੀ ਹੈ, ਚੰਗੇ ਸੁਭਾਅ ਵਾਲੀ ਬਣਦੀ ਹੈ, ਧੀਰਜ ਵਾਲੀ ਬਣਦੀ ਹੈ, ਮਨ ਦੇ ਸੰਤੋਖ ਵਾਲੀ ਬਣਦੀ ਹੈ ਤੇ ਸੰਸਾਰ ਵਿੱਚ ਗੁਣਵੰਤੀ ਬਣਕੇ ਵਿਚਰਦੀ ਹੈ। **(ਸਾ ਗੁਣਵੰਤੀ ਸਾ ਵਡਭਾਗਣਿ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥)**

ਅਕਾਲ ਪੁਰਖ ਦੀਆਂ ਨਜਰਾਂ ਵਿੱਚ ਇਸ ਤਰੀਕੇ ਕੋਈ ਉਸਦੀ ਨਾਰ ਸੁਚੱਜੀ ਤੇ ਸਿਆਣੀ ਬਣਦੀ ਹੈ ਜੋ ਕਿ ਮਨ ਦੇ ਸੋਹਣੇ

ਰੂਪ ਦੁਆਰਾ ਬਣਦੀ ਹੈ ਭਾਵ ਮਨ ਦੇ ਚੰਗੇ ਵਿਚਾਰਾਂ ਦੇ ਰੂਪ ਵਿੱਚ ਬਣਦੀ ਹੈ ਜਿਸ ਤਰੀਕੇ ਉਸਦੀ ਸੁਹਾਗਣ ਆਪਣੇ ਕੰਤ ਨੂੰ ਪਿਆਰੀ ਲੱਗਦੀ ਹੈ, ਚੰਗੀ ਲੱਗਦੀ ਹੈ। **(ਸਾ ਗੁਣਵੰਤੀ ਸਾ ਵਡਭਾਗਣਿ ॥ ਪੁੜ੍ਵੰਤੀ ਸੀਲਵੰਤਿ ਸੋਹਾਗਣਿ ॥ ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥)**

ਉਹ ਆਪਣੀ ਸੁਹਾਗਣ ਦੇ ਵਿਚਾਰਾਂ ਨੂੰ ਕਿਸ ਤਰੀਕੇ ਸ਼ਿੰਗਾਰਦਾ ਹੈ ਭਾਵ ਚੰਗੇ ਬਣਾਉਂਦਾ ਹੈ ਤੇ ਕਿਸ ਮਕਸਦ ਲਈ ਬਣਾਉਂਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥

ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥”

ਜਿਸਨੂੰ ਉਹ ਆਪਣੀ ਸੁਹਾਗਣ ਬਣਾਉਂਦਾ ਹੈ ਉਸਨੂੰ ਮਨ ਦੇ ਵਿੱਚ ਵਿਚਾਰ ਦੇਣ ਦੁਆਰਾ, ਆਪਣੇ ਸ਼ਬਦਾਂ ਦੇ ਵਿਚਾਰ ਸਮਝਾਉਣ ਦੁਆਰਾ ਆਪਣੀ ਮਨੁੱਖੀ ਨਾਰ ਨੂੰ **“ਅਚਾਰਵੰਤਿ”** ਹੀ ਬਣਾਉਂਦਾ ਹੈ ਭਾਵ ਉੱਚੇ ਆਚਰਣ ਵਾਲੀ ਬਣਾਉਂਦਾ ਹੈ, ਜੋ ਅਚਾਰਵੰਤ ਨਾਰ ਗੁਣਵੰਤੀ ਬਣਕੇ ਹੀ ਬਣਿਆ ਜਾ

54/7569

ਜਾ ਸਕਦਾ ਹੈ ਭਾਵ ਹਰ ਔਗੁਣ ਤਿਆਗ ਕੇ ਹੀ ਬਣਿਆ ਜਾ ਸਕਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਤਿਆਗ ਕੇ ਬਣਿਆ ਜਾ ਸਕਦਾ ਹੈ ਜੋ ਆਪ ਸੱਚੇ ਸੁੱਚੇ ਕਰਮ ਕਰਦੀ ਹੈ ਤੇ ਪੂਰੇ ਸੰਸਾਰ ਨੂੰ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸੱਚੇ ਸੁੱਚੇ ਕਰਮ ਕਰਨੇ ਹੀ ਸਮਝਾਉਂਦੀ ਹੈ ਭਾਵ ਉਸਦੀ ਨਾਰ ਆਪ ਉਸਦਾ ਨਾਮ ਜਪਦੀ ਹੈ ਤੇ ਸਾਰੇ ਸੰਸਾਰ ਨੂੰ ਸ਼ਬਦਾਂ ਦੀ ਸੱਚੀ ਵਿਚਾਰ ਰਾਹੀਂ ਇੱਕੋ ਜਿਹਾ ਨਾਮ ਜਪਣਾ ਸਮਝਾਉਂਦੀ ਹੈ ਜਿਸ ਵਜ੍ਹਾ ਕਰਕੇ ਉਹ ਆਪਣੀ ਨਾਰ ਦਾ ਰੁਤਬਾ ਉੱਚਾ ਬਣਾਉਂਦਾ ਹੈ, ਉਸਨੂੰ ਉੱਚੇ ਗਿਆਨ ਨਾਲ ਪ੍ਰਧਾਨ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਆਪਣੀ ਉੱਚੀ ਸਮਝ ਬਖਸ਼ਣ ਦੁਆਰਾ ਪੂਰੇ ਸੰਸਾਰ ਵਿੱਚ ਪ੍ਰਧਾਨਗੀ ਬਖਸ਼ੀ ਹੈ ਕਿਉਂਕਿ ਉਨ੍ਹਾਂ ਤੋਂ ਉੱਚਾ ਗਿਆਨ ਪੂਰੇ ਸੰਸਾਰ ਵਿੱਚ ਕਿਸੇ ਹੋਰ ਮਨੁੱਖ ਕੋਲ ਹੋ ਹੀ ਨਹੀਂ ਸਕਦਾ। **(ਅਚਾਰਵੰਤਿ ਸਾਈ ਪਰਧਾਨੇ ॥)**

ਜਿਸਨੂੰ ਉਹ ਆਪਣੀ ਗੁਰਮਤਿ ਦੀ ਸੱਚੀ ਸਮਝ ਪਾਉਣ ਦੁਆਰਾ ਸੰਸਾਰ ਦੇ ਵਿੱਚ ਪ੍ਰਧਾਨ ਬਣਾਉਂਦਾ ਹੈ, ਉਹ ਕਿਸ ਤਰੀਕੇ ਬਣਾਉਂਦਾ ਹੈ ਇਹ ਨਾਲ ਹੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਸਭ ਸਿੰਗਾਰ ਬਣੇ ਤਿਸੁ ਗਿਆਨੇ ॥”

ਉਪਰ ਵਾਲੀ ਪੰਗਤੀ ਦੁਆਰਾ ਕੋਈ ਵੀ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਜਿਸ ਆਪਣੀ ਸੁਹਾਗਣ ਦਾ ਸ਼ਿੰਗਾਰ ਕਰਦਾ ਹੈ ਉਹ ਕਿਸ ਜਗ੍ਹਾ ਤੇ ਕਰਦਾ ਹੈ, ਕਿਸ ਤਰੀਕੇ ਕਰਦਾ ਹੈ ਤੇ ਕਿਸ ਮਕਸਦ ਲਈ ਕਰਦਾ ਹੈ। ਉਹ ਆਪਣੀ ਇਸਤਰੀ ਦੀ ਸਮਝ ਦਾ ਹੀ ਸ਼ਿੰਗਾਰ ਕਰਦਾ ਹੈ ਜੋ ਸ਼ਿੰਗਾਰ ਉਹ ਆਪਣਾ ਮਨ ਦੇ ਵਿੱਚ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਕਰਦਾ ਹੈ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਹੀ ਕਰਦਾ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਸਮਝਾਉਣ ਦੁਆਰਾ ਹੀ ਕਰਦਾ ਹੈ। ਉਨ੍ਹਾਂ ਦੇ ਅੰਦਰ ਦੇ ਸਭ ਸ਼ਿੰਗਾਰ ਭਾਵ ਸਭ ਸ਼ਬਦਾਂ ਦੇ ਸੱਚੇ ਵਿਚਾਰ ਉਸਦੇ ਅੰਦਰ ਅਕਾਲ ਪੁਰਖ ਦੁਆਰਾ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਹੀ ਆਉਂਦੇ ਹਨ। **(ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥)**

ਜਿਸ ਆਪਣੀ ਇਸਤਰੀ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਅਕਾਲ ਪੁਰਖ ਆਪਣੀ ਸੱਚੀ ਭਗਤੀ ਦੀ ਸਮਝ ਪਾਉਂਦਾ ਹੈ ਉਸਦੀ ਨਾਰ ਦਾ ਰੁਤਬਾ ਪੂਰੇ ਸੰਸਾਰ ਵਿੱਚ ਕਿਤਨਾ ਉੱਚਾ ਹੁੰਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥”

ਸ੍ਰਿਸ਼ਟੀ ਦੇ ਕਰਤੇ ਦੀ ਉਹ ਨਾਰ ਫਿਰ ਉਸਦੇ ਆਪਣੇ **“ਕੁਲ”** ਵਾਲੀ ਬਣ ਜਾਂਦੀ ਹੈ, ਉਸਦੇ ਆਪਣੇ ਖਾਨਦਾਨ ਵਾਲੀ ਬਣ ਜਾਂਦੀ ਹੈ,

54/7570

ਉਸਦੀ ਜਾਤਿ ਵਾਲੀ ਬਣ ਜਾਂਦੀ ਹੈ ਭਾਵ ਨਾਮ ਦੀ ਜਾਤਿ ਵਾਲੀ ਬਣ ਜਾਂਦੀ ਹੈ, ਨਾਮ ਦੇ ਕੁਲ ਵਾਲੀ ਬਣ ਜਾਂਦੀ ਹੈ ਭਾਵ ਬ੍ਰਹਮ

ਗਿਆਨ ਦੇ ਕੁਲ ਵਾਲੀ ਬਣ ਜਾਂਦੀ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਕੁਲ ਵਾਲੀ ਬਣ ਜਾਂਦੀ ਹੈ ਜਿਸ ਉੱਚੀ ਸਮਝ ਕਰਕੇ ਉਹ ਉਸਦੀ ਇਸਤਰੀ **"ਸਭਰਾਈ"** ਭਾਵ ਪਟਰਾਣੀ ਬਣ ਜਾਂਦੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਰਾਣੀ ਬਣ ਜਾਂਦੀ ਹੈ ਤੇ ਸ੍ਰਿਸ਼ਟੀ ਦਾ ਕਰਤਾ ਆਪ ਹੀ ਸਾਰੇ ਜਗਤ ਦਾ ਸੱਚਾ ਰਾਜਾ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਆਪ ਹੀ ਬਣਾ ਕੇ ਆਪ ਹੀ ਚਲਾ ਰਿਹਾ ਹੈ। ਆਪਣੀ ਪਟਰਾਣੀ ਨੂੰ ਉਸਦਾ **"ਪਿਰਿ"** ਰੂਪ ਰਾਜਾ ਆਪਣੇ ਰੰਗ ਨਾਲ ਭਾਵ ਆਪਣੇ ਸੱਚੇ ਗਿਆਨ ਦੇ ਰੰਗ ਨਾਲ ਭਾਵ ਆਪਣੇ ਨਾਮ ਦੇ ਰੰਗ ਨਾਲ ਉਸਦੀ ਸਮਝ ਨੂੰ ਆਪ ਸਵਾਰਦਾ ਹੈ, ਸ਼ਿੰਗਾਰਦਾ ਹੈ ਭਾਵ ਉਸਦੀ ਸਮਝ ਨੂੰ ਉੱਚੀ ਤੇ ਸੱਚੀ ਸਮਝ ਬਣਾਉਂਦਾ ਹੈ, ਧਰਮ ਦੇ ਮਾਰਗ ਦੀ ਪੂਰਨ ਸਮਝ ਵਾਲੀ ਬਣਾਉਂਦਾ ਹੈ। **(ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥ ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥)**

ਸ੍ਰਿਸ਼ਟੀ ਦੇ ਕਰਤੇ ਦੀ ਰਾਣੀ ਦੀ ਮਹਿਮਾ ਕਿਤਨੀ ਕੁ ਵੱਡੀ ਹੁੰਦੀ ਹੈ ਤੇ ਕਿਸ ਲਈ ਵੱਡੀ ਹੁੰਦੀ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਹਿਮਾ ਤਿਸ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ ॥

ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥"

ਅਕਾਲ ਪੁਰਖ ਦੀ ਸੁਹਾਗਣ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੋਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਜਿਵੇਂ ਕਿ ਕਿਸੇ ਵੀ ਸੰਸਾਰਿਕ ਇਸਤਰੀ ਲਈ ਆਪਣੇ ਪਤੀ ਦੇ ਨਾਲ ਵਿਆਹ ਕਰਾਉਣ ਦੁਆਰਾ ਹੀ ਉਸਦੇ ਨਾਲ ਮੇਲ ਹੁੰਦਾ ਹੈ। ਸੰਸਾਰ ਵਿੱਚ ਤਾਂ ਕੋਈ ਵੀ ਇਸਤਰੀ ਪਤੀ ਦੇ ਨਾਲ ਵਿਆਹ ਹੋਣ ਤੋਂ ਪਹਿਲੇ ਆਪਣੀ ਨਾਸਮਝੀ ਕਰਕੇ ਕਿਸੇ ਪੁਰਸ਼ ਨਾਲ ਮੇਲ ਕਰ ਸਕਦੀ ਹੈ ਭਾਵ ਬਿਨ੍ਹਾਂ ਵਿਆਹ ਕਰਾਉਣ ਤੋਂ ਹੀ ਮੇਲ ਕਰ ਸਕਦੀ ਹੈ ਜੋ ਕਿ ਗੁਰੂ ਦੀਆਂ ਨਜਰਾਂ ਵਿੱਚ ਇੱਕ ਝੂਠਾ ਮੇਲ ਹੁੰਦਾ ਹੈ ਜਿਹੋ ਜਿਹਾ ਝੂਠਾ ਮੇਲ ਕਰਨ ਤੋਂ ਗੁਰਬਾਣੀ ਦੇ ਸ਼ਬਦਾਂ ਰਾਹੀਂ ਅਨੇਕਾਂ ਹੀ ਵਾਰੀ ਸਮਝਾਇਆ ਹੋਇਆ ਹੈ ਕਿ ਮਨ ਦੀ ਕਾਮ ਰੂਪ ਵਾਸਨਾ ਤੋਂ ਬਚੋ ਭਾਵ ਕਿਸੇ ਮਨੁੱਖੀ ਇਸਤਰੀ ਦੀ ਇੱਛਾ ਦੇ ਵਿਰੁੱਧ ਨਾ ਜਾਉ ਜੋ ਜਿਸਦੇ ਨਾਲ ਤੁਹਾਡਾ ਸੰਸਾਰਿਕ ਰੂਪ ਵਿੱਚ ਵਿਆਹ ਨਹੀਂ ਹੋਇਆ ਜੋ ਸੰਸਾਰਿਕ ਪੁਰਸ਼ ਗੁਰੂ ਦੀ ਸਮਝਾਈ ਹੋਈ ਮਤਿ ਤੋਂ ਉਲਟ ਚੱਲਦਾ ਹੈ ਜਾਂ ਸੰਸਾਰਿਕ ਇਸਤਰੀ ਗੁਰਮਤਿ ਦੀ ਸਮਝ ਤੋਂ ਉਲਟ ਚੱਲਦੀ ਹੈ ਉਸਦੀ ਫਿਰ ਅਗਰ ਸੰਸਾਰ ਵਿੱਚ ਕੋਈ ਮਹਿਮਾ ਹੁੰਦੀ ਹੈ ਭਾਵ ਉਹੋ ਜਿਹਿਆਂ ਦੀ ਕੋਈ ਵਡਿਆਈ ਹੁੰਦੀ ਹੈ ਫਿਰ ਉਹ ਝੂਠੀ ਵਡਿਆਈ ਹੈ। ਉਪਰ ਸ਼ਬਦ ਦੇ ਪਦੇ ਰਾਹੀਂ ਉਸ ਮਨੁੱਖ ਰੂਪ ਇਸਤਰੀ ਦੀ ਸੱਚੀ ਵਡਿਆਈ ਸਮਝਾਈ ਹੋਈ ਹੈ ਜਿਸ ਆਪਣੀ ਮਨੁੱਖੀ ਨਾਰ ਨੂੰ ਅਕਾਲ ਪੁਰਖ ਫਿਰ ਆਪਣੇ ਨਾਲ ਮੇਲ ਲੈਂਦਾ ਹੈ ਭਾਵ ਸ੍ਰਿਸ਼ਟੀ ਦਾ ਰਾਜਾ ਉਸਨੂੰ ਆਪਣੀ ਰਾਣੀ ਬਣਾ ਲੈਂਦਾ ਹੈ, ਪਟਰਾਣੀ ਬਣਾ ਲੈਂਦਾ ਹੈ। ਰਾਣੀਆਂ, ਪਟਰਾਣੀਆਂ ਤਾਂ ਦੁਨਿਆਵੀ ਰਾਜਿਆਂ ਦੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਸੰਸ਼ਾਰ ਵਿੱਚ ਮਹਿਮਾ ਹੁੰਦੀ ਹੈ ਜਿਨ੍ਹਾਂ ਦੀ ਮਹਿਮਾ ਕਰਨ ਲਈ ਉਨ੍ਹਾਂ ਦੇ ਆਚਰਣ ਨਹੀਂ ਵਿਚਾਰੇ ਜਾਂਦੇ ਤੇ ਕੇਵਲ ਦੁਨਿਆਵੀ ਰੁਤਬਾ ਵਿਚਾਰਿਆ ਜਾਂਦਾ ਹੈ। ਜਿਸਨੂੰ ਸ੍ਰਿਸ਼ਟੀ ਦਾ ਰਾਜਾ ਆਪਣੀ ਪਟਰਾਣੀ ਬਣਾਉਂਦਾ ਹੈ ਉਸਦੀ ਮਹਿਮਾ ਦਾ ਕਾਰਣ ਕੀ ਹੁੰਦਾ ਹੈ ਇਹੀ ਗੱਲ ਸਾਨੂੰ ਇਸ ਪਦੇ ਰਾਹੀਂ ਸਮਝਾਈ ਹੋਈ ਹੈ। ਸ੍ਰਿਸ਼ਟੀ ਦਾ ਕਰਤਾ ਆਪਣੀ ਇਸਤਰੀ ਨਾਲ ਮੇਲ ਕਰਨ ਲਈ ਉਸਨੂੰ

ਆਪਣੇ ਅੰਗ ਨਾਲ ਲਗਾਉਂਦਾ ਹੈ ਭਾਵ ਉਸਦੇ ਅੰਗ ਨਾਲ ਆਪਣਾ ਅੰਗ ਮਿਲਾਉਣ ਦੁਆਰਾ ਉਸਦੇ ਨਾਲ ਇੱਕ ਹੁੰਦਾ ਹੈ। ਉਹ ਕਿਸ ਰੂਪ ਵਿੱਚ ਆਪਣਾ ਅੰਗ ਸੰਸਾਰਿਕ ਨਾਰ ਦੇ ਨਾਲ ਜੋੜਦਾ ਹੈ ਇਸ ਗੱਲ ਨੂੰ ਬਹੁਤ ਹੀ ਜਿਆਦਾ ਬਰੀਕੀ ਨਾਲ ਸਮਝਣ ਦੀ ਲੋੜ ਹੈ। ਇਸ ਗੱਲ ਨੂੰ ਸਮਝਣ ਤੋਂ ਬਾਅਦ ਹੀ ਹਰ ਕੋਈ ਇਸ ਗੱਲ ਨੂੰ ਸਮਝ ਸਕੇਗਾ ਕਿ ਪੂਰੇ ਗੁਰਬਾਣੀ ਗ੍ਰੰਥ ਦੇ ਵਿੱਚ ਜਿੱਥੇ ਗੁਰੂ ਸਾਹਿਬਾਨ ਨੇ, ਭਗਤਾਂ ਨੇ ਸ਼ਬਦਾਂ ਦਾ ਉਚਾਰਨ ਕੀਤਾ ਹੋਇਆ ਹੈ ਉਨ੍ਹਾਂ ਨੂੰ ਗੁਰਬਾਣੀ ਦੇ ਅੰਗ ਕਿਹਾ ਹੈ ਨਾ ਕਿ ਪੰਨੇ ਕਿਹਾ ਹੋਇਆ ਹੈ ਜਿਵੇਂ ਕਿ ਹਰ ਦੁਨਿਆਵੀ ਪੁਸਤਕ ਵਿੱਚ ਲਿਖਤ ਨੂੰ ਪੰਨੇ ਕਹਿ ਕੇ ਅੱਗੇ ਤੋਂ ਅੱਗੇ ਜਾਣਿਆ ਜਾ ਸਕਦਾ ਹੈ ਪਰ ਗੁਰਬਾਣੀ ਗ੍ਰੰਥ ਵਿੱਚ ਅਸੀਂ ਜਿਉਂ ਜਿਉਂ ਅੱਗੇ ਵੱਧਦੇ ਹਾਂ ਅੰਗਾਂ ਦੀ ਗਿਣਤੀ ਵੱਧਦੀ ਜਾਂਦੀ ਹੈ। ਗੁਰੂ ਦਾ ਅੰਗ ਕੀ ਹੈ ਜੋ ਗੁਰੂ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਇਸਨੂੰ ਸਮਝਣਾ ਬਹੁਤ ਹੀ ਜਰੂਰੀ ਹੈ ਜਿਸਨੂੰ ਸਮਝੇ ਬਿਨ੍ਹਾਂ ਕੋਈ ਇਸ ਗੱਲ ਨੂੰ ਸਮਝ ਹੀ ਨਹੀਂ ਸਕਦਾ ਕਿ ਪੂਰੀ ਸ੍ਰਿਸ਼ਟੀ ਦਾ ਇੱਕੋ ਇੱਕ **"ਪਿਰਿ"** ਭਾਵ ਸੱਚ ਰੂਪ ਖਸਮ ਕਿਸ ਤਰੀਕੇ ਉਹ ਆਪਣੀ ਮਨੁੱਖੀ ਨਾਰ ਨੂੰ ਆਪਣੇ ਅੰਗ ਦੇ ਨਾਲ ਲਗਾਉਂਦਾ ਹੈ।

ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦ ਰਾਹੀਂ ਪਹਿਲੇ ਸਮਝਿਆ ਹੀ ਹੈ ਕਿ ਗੁਰੂ ਪ੍ਰਮਾਤਮਾ ਦੇ ਨਾਲ ਮੇਲ ਮਨ ਦੇ ਵਿੱਚ ਹੀ ਹੁੰਦਾ

ਹੈ, ਜੋ ਕਿ ਸਾਡੀ ਸੁਰਤਿ ਦੇ ਵਿਚਾਰਾਂ ਦਾ ਮੇਲ ਗੁਰੂ ਦੇ ਸ਼ਬਦਾਂ ਦੀ ਵਿਚਾਰ ਦੇ ਨਾਲ ਹੁੰਦਾ ਹੈ ਜੋ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਸ੍ਰਿਸ਼ਟੀ ਦਾ ਗੁਰੂ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ। ਗੁਰੂ ਸ਼ਬਦ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਸ਼ਬਦਾਂ ਦੇ ਅੰਦਰ ਦੀ ਜੋ ਵਿਚਾਰ ਹੈ ਉਸਦੇ ਵਿੱਚ ਹੀ ਗੁਰੂ ਆਪ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੈ। ਗੁਰੂ ਦਾ ਅੰਗ ਗੁਰੂ ਦੀ ਮਤਿ ਹੈ, ਗੁਰੂ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਹੈ ਜਿਸ ਆਪਣੇ ਨਿਰੰਕਾਰ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਪੂਰੀ ਗੁਰਬਾਣੀ ਦੇ ਵਿੱਚ ਆਪ ਹੈ। **{ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}** ਅੰਗ ੧੨੦ ਮਨੁੱਖੀ ਸਮਝ ਦਾ ਮੇਲ ਮਨ ਦੇ ਵਿੱਚ ਸ਼ਬਦਾਂ ਦੀ ਸੋਝੀ ਦੇ ਨਾਲ ਹੀ ਹੁੰਦਾ ਹੈ ਤੇ ਸ਼ਬਦਾਂ ਦੀ ਸੋਝੀ ਦੇ ਨਾਲ ਮੇਲ ਮਨ ਦੇ ਵਿੱਚ **"ਅਗਮੁ ਅਗੋਚਰੁ"** ਦੇ ਨਾਲ ਮੇਲ ਹੈ। ਗੁਰੂ ਦੇ ਸ਼ਬਦਾਂ ਦੀ ਹਰ ਸੱਚੀ ਵਿਚਾਰ ਗੁਰੂ ਦਾ ਅੰਗ ਹੈ, ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਅੰਗ ਹੈ ਭਾਵ ਗੁਰਮਤਿ ਰੂਪ ਅੰਗ ਹੈ ਜਿਸ ਗੁਰਮਤਿ ਰੂਪ ਅੰਗ ਦਾ ਮੇਲ ਸਾਡੀ ਮਨਮਤਿ ਰੂਪ ਅੰਗ ਦੇ ਨਾਲ ਹੁੰਦਾ ਹੈ ਇਹੀ ਮਨੁੱਖੀ ਰੂਪ ਨਾਰ ਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਅੰਗ ਨਾਲ ਅੰਗ ਜੁੜਨ ਦੁਆਰਾ ਭਾਵ ਮੇਲ ਹੋਣ ਦੁਆਰਾ ਜੋ ਆਪਣਾ ਅੰਗ ਜੋੜਨ ਦੁਆਰਾ ਸ੍ਰਿਸ਼ਟੀ ਦਾ ਕਰਤਾ ਭਾਵ ਗਿਆਨ ਰਾਉ ਆਪਣੀ ਮਨੁੱਖੀ ਨਾਰ ਦੇ ਨਾਲ ਮੇਲ ਕਰਨ ਦੁਆਰਾ ਮਨ ਦੇ ਵਿੱਚ ਭੋਗ ਕਰਦਾ ਹੈ ਜਿਸ ਆਪਣੇ ਭੋਗ ਕਰਨ ਦੁਆਰਾ ਉਹ ਮਨੁੱਖੀ ਨਾਰ ਦੀ ਮਨਮਤਿ ਵਾਲੀ ਸਮਝ ਨੂੰ ਸੱਚੀ ਗੁਰਮਤਿ ਵਾਲੀ ਸਮਝ ਦੇ ਵਿੱਚ ਬਦਲ ਦਿੰਦਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਨੂੰ ਸੱਚੇ ਗਿਆਨ ਵਾਲੀ ਸਮਝ ਵਿੱਚ ਬਦਲ ਦਿੰਦਾ

54/7572

ਹੈ ਭਾਵ ਜਦੋਂ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਭੋਗਦਾ ਹੈ ਉਸਦੇ ਵਿੱਚੋਂ ਫਿਰ ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਹੀ ਉਪਜਦੇ ਹਨ, ਸਹਜ ਗਿਆਨ ਵਾਲੇ ਵਿਚਾਰ ਹੀ ਉਪਜਦੇ ਹਨ ਜੋ ਮਨੁੱਖੀ ਨਾਰ ਦੀ ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਦੀ, ਉਸਦੇ ਨਾਲ ਭੋਗ ਦੀ ਨਿਸ਼ਾਨੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

ਬਾਣੀ ਵਿੱਚ ਅਨੇਕਾਂ ਸ਼ਬਦਾਂ ਵਿੱਚ ਅੰਗੀਕਾਰ ਦੀ ਗੱਲ ਕੀਤੀ ਹੋਈ ਹੈ ਕਿ ਅਕਾਲ ਪੁਰਖ ਕਿਸ ਤਰੀਕੇ ਮਨੁੱਖੀ ਨਾਰ ਨਾਲ ਅੰਗੀਕਾਰ ਹੁੰਦਾ ਹੈ ਭਾਵ ਕਿਸ ਤਰੀਕੇ ਅੰਗ ਦੇ ਨਾਲ ਅੰਗ ਮਿਲਾਉਂਦਾ ਹੈ ਜਿਨ੍ਹਾਂ ਕੁਝ ਸ਼ਬਦਾਂ ਨੂੰ ਅੱਗੇ ਚੱਲ ਕੇ ਸਮਝਾਂਗੇ। ਹੇਠ ਦਿੱਤੇ ਸ਼ਬਦ ਦੀਆਂ ਕੁਝ ਪੰਗਤੀਆਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਪ੍ਰਮਾਤਮਾ ਕਿਸੇ ਮਨੁੱਖ ਨੂੰ ਕਿਸ ਤਰੀਕੇ ਤੇ ਕਿਸ ਮਕਸਦ ਲਈ ਆਪਣੇ ਅੰਗ ਨਾਲ ਜੋੜਦਾ ਹੈ।

{"ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥ ਕਰਿ ਕਿਰਪਾ ਕੀਨੇ ਘਰ ਗੋਲੇ ॥
ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥੧੨॥
ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥
ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥੧੩॥"}

(ਅੰਗ ੧੦੭੨)

ਉਪਰ ਵਾਲੇ ਸ਼ਬਦ ਦੀਆਂ ਪੰਗਤੀਆਂ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ ਦੇ ਨਾਲ ਮੇਲ ਹੀ ਸਮਝਾਇਆ ਹੋਇਆ ਹੈ ਜਿਸ ਆਪਣੇ ਮੇਲ ਦੁਆਰਾ ਉਹ ਮਨੁੱਖ ਦਾ ਹਉਮੈ ਰੂਪ ਬੰਧਨ ਹੀ ਤੋੜਦਾ ਹੈ ਤੇ ਮਨ ਦੇ ਵਿੱਚੋਂ **"ਸਹਜ ਧੁਨਿ"** ਉਪਜਦੀ ਹੈ ਭਾਵ ਚੌਥੇ ਪਦ ਵਾਲੇ ਵਿਚਾਰ ਉਪਜਦੇ ਹਨ। ਉਪਰ ਪੰਗਤੀਆਂ ਵਿੱਚ ਬੜਾ ਸਪਸ਼ਟ ਸਮਝਾਇਆ ਹੋਇਆ ਹੈ ਕਿ ਮਨੁੱਖ ਦੀ ਹਉਮੈ ਰੂਪ ਮਤਿ ਭਾਵ ਅਗਿਆਨਤਾ ਵਾਲੀ ਮਤਿ ਪ੍ਰਮਾਤਮਾ ਦੇ ਨਾਲ ਅੰਗੀਕਾਰ ਹੋਣ ਦੁਆਰਾ ਬਿਨਸਦੀ ਹੈ ਤੇ ਮਨ ਦੀ ਅਗਿਆਨਤਾ ਗੁਰੂ ਦਾ ਸੱਚਾ ਗਿਆਨ ਮਿਲਣ ਦੁਆਰਾ ਹੀ ਬਿਨਸਦੀ ਹੈ, ਗੁਰੂ ਦਾ ਨਾਮ ਮਿਲਣ ਦੁਆਰਾ ਹੀ ਬਿਨਸਦੀ ਹੈ, ਮਨ ਦੇ ਵਿੱਚ ਸਹਜ ਗਿਆਨ ਮਿਲਣ

ਦੁਆਰਾ ਹੀ ਬਿਨਸਦੀ ਹੈ। ਬੜਾ ਸਪਸ਼ਟ ਹੈ ਕਿ ਜਿਸਨੂੰ ਅਕਾਲ ਪੁਰਖ ਅੰਗੀਕਾਰ ਕਰਦਾ ਹੈ ਉਹ ਉਸ ਮਨੁੱਖ ਦੀ ਮਨਮਤਿ ਵਾਲੀ ਸਮਝ ਨੂੰ ਹੀ ਅੰਗੀਕਾਰ ਕਰਦਾ ਹੈ ਭਾਵ ਆਪਣੇ ਸੱਚੇ ਗਿਆਨ ਨਾਲ ਹੀ ਅੰਗੀਕਾਰ ਕਰਦਾ ਹੈ ਜਿਸ ਦੁਆਰਾ ਉਹ ਮਨੁੱਖੀ ਸਮਝ ਨੂੰ ਅਗਿਆਨਤਾ ਵਿੱਚੋਂ ਕੱਢਦਾ ਹੈ ਤੇ ਉਸਨੂੰ ਆਪਣਾ ਸਹਜ ਗਿਆਨ ਬਖਸ਼ਣ ਦੁਆਰਾ ਆਪਣੇ ਨਾਲ ਮੇਲਦਾ ਹੈ ਭਾਵ ਆਪਣੀ ਸਮਝ ਦੇ ਨਾਲ ਇੱਕ ਕਰਦਾ ਹੈ ਜਿਸ ਤਰੀਕੇ ਉਹ ਆਪਣੇ ਮਨੁੱਖੀ ਰੂਪ ਦੀ ਜਗ ਵਿੱਚ ਸ਼ੋਭਾ ਵਧਾਉਂਦਾ ਹੈ। **(ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥ ਕਰਿ ਕਿਰਪਾ ਕੀਨੇ ਘਰ ਗੋਲੇ ॥ ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥੧੨॥ ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥ ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥੧੩॥)**

ਗੁਰੂ ਪ੍ਰਮਾਤਮਾ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਅੰਗੀਕਾਰ ਹੋਣਾ ਕੀ ਹੈ ਜੋ ਕਿ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਹੋਇਆ ਜਾ ਸਕਦਾ ਹੈ।

54/7573

ਉਸਦੇ ਨਾਲ ਅੰਗੀਕਾਰ ਹੋਣ ਤੋਂ ਬਾਅਦ ਉਸ ਕੋਲੋਂ ਉਸਦੀ ਪੂਰਨ ਗੁਰਮਤਿ ਰੂਪ ਦੀ ਸਮਝ ਹੀ ਮਿਲਦੀ ਹੈ। ਸਾਰੀ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਚਾਰ ਹੀ ਮਿਲਦੀ ਹੈ ਭਾਵ ਗੁਰਬਾਣੀ ਦੇ ਹਰ ਅੰਗ ਤੇ ਸ਼ਬਦਾਂ ਰਾਹੀਂ ਜੋ ਕੁਝ ਵੀ ਲਿਖਿਆ ਹੋਇਆ ਹੈ ਉਸਨੂੰ ਉਹ ਆਪਣੀ ਉਸ ਨਾਰ ਨੂੰ ਆਪਣੇ ਨਾਲ ਅੰਗੀਕਾਰ ਕਰਕੇ ਆਪ ਹੀ ਸਮਝਾ ਰਿਹਾ ਹੈ, ਆਪਣੀ ਨਾਰ ਬਨਾਉਣ ਦੁਆਰਾ ਸਮਝਾ ਰਿਹਾ ਹੈ। ਜਿਸਨੂੰ ਵੀ ਉਸਨੇ ਆਪਣੀ ਨਾਰ ਬਣਾਇਆ ਹੈ ਭਾਵ ਆਪਣੀ ਸੁਹਾਗਣ ਬਣਾਇਆ ਹੈ, ਪਟਰਾਣੀ ਬਣਾਇਆ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਣਾਇਆ ਹੈ ਉਨ੍ਹਾਂ ਸਭ ਨੂੰ ਉਸਨੇ ਮਨ ਦੇ ਵਿੱਚ ਅੰਗੀਕਾਰ ਕਰਨ ਦੁਆਰਾ ਹੀ ਬਣਾਇਆ ਹੈ ਜਿਸ ਦੁਆਰਾ ਉਸਨੇ ਉਨ੍ਹਾਂ ਨੂੰ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਸਮਝ ਪਾਈ ਹੈ ਜੋ ਸ਼ਬਦ ਗੁਰਬਾਣੀ ਦੇ ਹਰ ਅੰਗ ਤੇ ਲਿਖੇ ਹੋਏ ਹਨ, ਸੱਚੇ ਗਿਆਨ ਦੇ ਰੂਪ ਵਿੱਚ ਲਿਖੇ ਹੋਏ ਹਨ, ਸੱਚੀ ਗੁਰਮਤਿ ਦੇ ਰੂਪ ਵਿੱਚ ਲਿਖੇ ਹੋਏ ਹਨ ਭਾਵ ਗੁਰਬਾਣੀ ਗ੍ਰੰਥ ਦਾ ਹਰ **"ਸ਼ਬਦ"** ਅਕਾਲ ਪੁਰਖ ਦਾ ਆਪਣਾ ਹੀ **"ਗੁਰਮਤਿ ਰੂਪ ਅੰਗ"** ਹੈ, **"ਬ੍ਰਹਮ ਗਿਆਨ ਰੂਪ ਅੰਗ"** ਹੈ ਭਾਵ ਸ੍ਰਿਸ਼ਟੀ ਦੇ ਇੱਕੋ ਇੱਕ ਬ੍ਰਹਮ ਗਿਆਨੀ ਭਾਵ ਬ੍ਰਹਮ ਗਿਆਨ ਦੇ ਮਾਲਕ ਦਾ ਅੰਗ ਹੈ, ਉਸਦਾ **"ਨਾਮ ਰੂਪ ਅੰਗ"** ਹੈ ਭਾਵ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦਾ, ਸੱਚ ਰੂਪ ਸ੍ਰਿਸ਼ਟੀ ਦੇ ਖਸਮ ਦਾ ਆਪਣਾ ਹੀ ਅੰਗ ਹੈ ਜਿਸ ਆਪਣੇ ਹਰ **"ਸੱਚ ਰੂਪ ਅੰਗ"** ਰਾਹੀਂ ਭਾਵ ਬ੍ਰਹਮ ਗਿਆਨ ਰਾਹੀਂ ਭਾਵ ਹਰ ਸ਼ਬਦ ਦੀ ਸੱਚੀ ਵਿਚਾਰ ਰਾਹੀਂ ਆਪਣੇ ਆਪ ਦਾ ਸੱਚ ਹੀ ਸਮਝਾਇਆ ਹੈ, ਆਪਣੀ ਰਚੀ ਹੋਈ ਪੂਰੀ ਸ੍ਰਿਸ਼ਟੀ ਦਾ ਸੱਚ ਹੀ ਸਮਝਾਇਆ ਹੈ, ਪੂਰੀ ਸ੍ਰਿਸ਼ਟੀ ਦੇ ਮਨੁੱਖਾਂ ਲਈ ਇੱਕੋ ਜਿਹੇ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਇਆ ਹੋਇਆ ਹੈ ਜੋ ਕਿ ਹਰ ਸੱਚ ਰੂਪ ਵਾਲਾ ਗਿਆਨ ਉਸ ਇੱਕੋ ਇੱਕ ਸੱਚ ਦੇ ਮਾਲਕ ਦਾ ਆਪਣੀ ਹੀ ਸੱਚੀ ਸਮਝ ਦਾ ਉਸਦਾ ਆਪਣਾ ਹੀ ਹਿੱਸਾ ਹੈ, ਉਸਦਾ ਆਪਣਾ ਹੀ ਸੱਚ ਰੂਪ ਅੰਗ ਹੈ ਜੋ ਕਿ ਸ੍ਰਿਸ਼ਟੀ ਦੇ ਵਿੱਚ ਹਰ ਸੱਚੀ ਗੱਲ ਦਾ ਮਾਲਕ ਹੈ, ਗੁਰਬਾਣੀ ਗ੍ਰੰਥ ਦੇ ਹਰ ਸ਼ਬਦਾਂ ਦੀ ਸੱਚੀ ਗੱਲ ਦਾ ਮਾਲਕ ਹੈ। ਹਰ ਸੱਚੀ ਗੱਲ ਸੱਚ ਰੂਪ ਸ੍ਰਿਸ਼ਟੀ ਦੇ ਮਾਲਕ ਦਾ ਹੀ ਅੰਗ ਹੈ ਭਾਵ ਉਸਦੇ ਸੱਚ ਦਾ ਹੀ ਹਿੱਸਾ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਪਦੇ ਨੂੰ ਆਸਾਨੀ ਨਾਲ ਸਮਝ ਸਕਾਂਗੇ ਕਿ ਆਪਣੇ ਪਿਰ ਦੇ ਨਾਲ ਅੰਗ ਲੱਗਣਾ ਕੀ ਹੈ।

"ਮਹਿਮਾ ਤਿਸ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ ॥

ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥"

ਕਰਤੇ ਦੀ ਨਾਰ ਦੀ ਮਹਿਮਾ ਉਸਦੇ ਅੰਗ ਦੇ ਨਾਲ ਲੱਗਣ ਦੁਆਰਾ ਹੀ ਹੁੰਦੀ ਹੈ ਭਾਵ ਉਸਦੇ ਨਾਲ ਅੰਗੀਕਾਰ ਹੋਣ ਦੁਆਰਾ ਹੀ ਹੁੰਦੀ ਹੈ ਜਿਸ ਦੁਆਰਾ ਉਹ ਆਪਣੀ ਸੁਹਾਗਣ ਨੂੰ ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ, ਆਪਣਾ ਨਾਮ ਜਪਣਾ ਹੀ ਸਮਝਾਉਂਦਾ ਹੈ, ਸੰਸਾਰ ਵਿੱਚ ਸੱਚੀ ਸੁੱਚੀ ਵਿਚਰਨ ਕਰਨੀ ਸਮਝਾਉਂਦਾ ਹੈ, ਸੱਚਾ ਸੁੱਚਾ ਜੀਵਨ ਜਿਉਣਾ ਸਮਝਾਉਂਦਾ ਹੈ, ਮਨਮੁੱਖਤਾ ਦੇ ਭਲੇ ਲਈ ਵਿਚਰਨਾ ਸਮਝਾਉਂਦਾ ਹੈ, ਸੰਸਾਰ ਨੂੰ ਸੱਚ ਨਾਲ ਜੋੜਨ ਲਈ ਸਮਝਾਉਂਦਾ ਹੈ, ਸੰਸਾਰ ਨੂੰ ਨਾਮ ਜਪਾਉਣ ਲਈ ਸਮਝਾਉਂਦਾ ਹੈ, ਸੰਸਾਰ ਨੂੰ ਸੱਚੇ ਮਾਰਗ ਦੇ ਨਾਲ ਜੋੜਨ ਲਈ ਸਮਝਾਉਂਦਾ ਹੈ ਜਿਸਦਾ ਪ੍ਰਮਾਣ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰ ਹਨ ਭਾਵ ਸ੍ਰਿਸ਼ਟੀ ਦੇ ਕਰਤੇ ਦੀਆਂ ਸੱਚੀਆਂ ਸੁਹਾਗਣਾਂ ਹਨ, ਉਸਦੀਆਂ ਪਟਰਾਣੀਆਂ ਹਨ ਜਿਨ੍ਹਾਂ ਨੂੰ ਉਸਨੇ ਆਪ ਹੀ ਆਚਾਰਵੰਤੀਆਂ ਬਣਾਇਆ ਹੈ, ਗੁਣਵੰਤੀਆਂ ਬਣਾਇਆ ਹੈ, ਸੀਲਵੰਤੀਆਂ ਬਣਾਇਆ ਹੈ, ਉਨ੍ਹਾਂ ਦੀ ਸਮਝ ਨੂੰ ਆਪਣੇ ਸੱਚੇ ਗਿਆਨ ਦੇ ਨਾਲ ਸ਼ਿੰਗਾਰਨ ਦੁਆਰਾ ਬਣਾਇਆ ਹੈ ਜਿਸ ਕਰਕੇ ਉਨ੍ਹਾਂ ਦੀ ਉੱਚੀ ਮਹਿਮਾ ਉਨ੍ਹਾਂ ਦੇ ਸੰਸਾਰ ਦੇ ਵਿੱਚ ਰਹਿੰਦਿਆਂ

ਵੀ ਰਹੀ ਹੈ ਤੇ ਗੁਰਬਾਣੀ ਦੇ ਸੱਚੇ ਵਿਚਾਰਾਂ ਦੇ ਸੱਚੇ ਗਿਆਨ ਰਾਹੀਂ ਉਨ੍ਹਾਂ ਦੀ ਮਹਿਮਾ ਹੁਣ ਵੀ ਪੂਰੇ ਸੰਸਾਰ ਵਿੱਚ ਬਣੀ ਹੋਈ ਹੈ ਜੋ ਉਨ੍ਹਾਂ ਦੀ ਸ਼ੋਭਾ ਸਦਾ ਲਈ ਹੀ ਰਹਿਣੀ ਹੈ ਜਿਸ ਉਨ੍ਹਾਂ ਦੀ ਸ਼ੋਭਾ ਦਾ ਕੋਈ ਕਥਨ ਨਹੀਂ ਕਰ ਸਕਦਾ ਜੋ ਉਨ੍ਹਾਂ ਦੀ ਉੱਚੀ ਸ਼ੋਭਾ ਦੀ ਸਮਝ ਕਿਸੇ ਨੂੰ ਤਾਂ ਹੀ ਪੈ ਸਕਦੀ

54/7574

ਹੈ ਜਦੋਂ ਕੋਈ ਉਨ੍ਹਾਂ ਦੀ ਇਤਨੀ ਉੱਚੀ ਸ਼ੋਭਾ ਦੇਣ ਵਾਲੇ ਮਾਲਕ ਨੂੰ ਜਾਣ ਲੈਂਦਾ ਹੈ, ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਣ ਲੈਂਦਾ ਹੈ, ਉਸਦੀ ਨਾਰ ਬਣਨ ਦੁਆਰਾ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਇੱਕੋ ਇੱਕ ਸੱਚ ਦੇ ਮਾਲਕ ਨੂੰ ਜਾਣ ਲੈਂਦਾ ਹੈ ਜੋ ਸੁਹਾਗ, ਵਰ **“ਥਿਰੁ”** ਰਹਿਣ ਵਾਲਾ ਹੈ ਭਾਵ ਸਦਾ ਕਾਇਮ ਰਹਿਣ ਵਾਲਾ ਹੈ। ਸੰਸਾਰ ਦੀ ਹਰ ਇਸਤਰੀ ਦਾ ਉਹ ਸੁਹਾਗ **“ਅਗਮੁ ਅਗੋਚਰ”** ਹੈ ਭਾਵ ਉਸਨੂੰ ਸਮਝਣ ਜਾਂ ਜਾਨਣਾ ਹਰ ਮਨੁੱਖੀ ਸਮਝ ਤੋਂ ਬਾਹਰ ਦੀ ਗੱਲ ਹੈ ਤੇ ਜਿਸਨੂੰ ਉਹ ਆਪਣੇ ਨਾਲ ਮੇਲ ਲੈਂਦਾ ਹੈ ਉਹੀ ਉਸਦਾ ਜਨ ਉਸਦੀ ਸੁਹਾਗਣ ਬਣਦਾ ਹੈ ਜੋ ਫਿਰ ਉਸਦੇ ਪ੍ਰੇਮ ਦੇ ਆਸਰੇ ਹੀ ਆਪਣਾ ਜੀਵਨ ਬਤੀਤ ਕਰਦੀ ਹੈ। ਉਸਦੀ ਦਿੱਤੀ ਹੋਈ ਗੁਰਮਤਿ ਦੇ ਨਾਲ ਪ੍ਰੇਮ ਭਾਵ ਉਸਦੀ ਗੁਰਮਤਿ ਅਨੁਸਾਰ ਚੱਲਣਾ ਹੀ ਉਸਦੇ ਨਾਲ ਪ੍ਰੇਮ ਪਾਉਣ ਦਾ ਤਰੀਕਾ ਹੈ। **(ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥ ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥੧॥ ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥ ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥ ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥ ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥ ਮਹਿਮਾ ਤਿਸ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ ॥ ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥)**

ਗੁਰੂ ਪ੍ਰਮਾਤਮਾ ਦੇ ਨਾਲ ਅੰਗੀਕਾਰ ਹੋਣਾ ਕੀ ਹੈ ਤੇ ਉਸਦੇ ਨਾਲ ਪ੍ਰਾਪਤੀ ਕੀ ਹੁੰਦੀ ਹੈ ਤੇ ਕਿਸ ਮਕਸਦ ਲਈ ਹੁੰਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਸਲੋਕ ਮਃ ੩ ॥

{ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥
ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥
ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥}

(ਅੰਗ ੫੪੮-੫੪੯)

ਸੂਹੀ ਮਹਲਾ ੪ ॥

{ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥
ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥੧॥ ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥
ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ ॥੧॥ ਰਹਾਉ ॥
ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਙੁ ॥
ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਙੁ ॥੨॥
ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥
ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥੩॥
ਹਰਿ ਦੀਨਾ ਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ ॥
ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ ॥੪॥੩॥}

(ਅੰਗ ੭੩੧-੭੩੨)

ਮਾਝ ਮਹਲਾ ੫ ॥

{ਕੀਨੀ ਦਇਆ ਗੋਪਾਲ ਗੁਸਾਈ ॥ ਗੁਰ ਕੇ ਚਰਣ ਵਸੇ ਮਨ ਮਾਹੀ ॥
ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ ॥੧॥
ਮਨਿ ਤਨਿ ਵਸਿਆ ਸਚਾ ਸੋਈ ॥ ਬਿਖੜਾ ਥਾਨੁ ਨ ਦਿਸੈ ਕੋਈ ॥
ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ ॥੨॥
ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥
ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥
ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥
ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥}

(ਅੰਗ ੧੦੭)

ਗੂਜਰੀ ਮਹਲਾ ੫ ॥

{ਜਨ ਕੀ ਪੈਜ ਸਵਾਰੀ ਆਪ ॥
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ ॥੧॥ ਰਹਾਉ ॥
ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥੧॥
ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥
ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥੧੫॥੨੪॥}

(ਅੰਗ ੫੦੦)

ਜੈਤਸਰੀ ਮਹਲਾ ੪ ॥

{ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥
ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ ॥੧॥ ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ ॥ ਰਹਾਉ ॥
ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥
ਹਰਿ ਹਰਿ ਸਾਧ ਮੇਲਹੁ ਜਨ ਨੀਕੇ ਹਰਿ ਸਾਧੂ ਸਰਣਿ ਹਮ ਰਾਖਾ ॥
ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ ਹਮ ਪਰੇ ਭਾਗਿ ਤੁਮ ਪਾਖਾ ॥੩॥
ਜਿਹਵਾ ਕਿਆ ਗੁਣ ਆਖਿ ਵਖਾਣਹ ਤੁਮ ਵਡ ਅਗਮ ਵਡ ਪੁਰਖਾ ॥
ਜਨ ਨਾਨਕ ਹਰਿ ਕਿਰਪਾ ਧਾਰੀ ਪਾਖਾਣੁ ਡੁਬਤ ਹਰਿ ਰਾਖਾ ॥੪॥੨॥}

(ਅੰਗ ੬੯੬)

54/7575

ਬਿਲਾਵਲੁ ਮਹਲਾ ੫ ॥

{ਆਪਨਾ ਪ੍ਰਭੁ ਆਇਆ ਚੀਤਿ ॥
ਦੁਸਮਨ ਦੁਸਟ ਰਹੇ ਝਖ ਮਾਰਤ ਕੁਸਲੁ ਭਇਆ ਮੇਰੇ ਭਾਈ ਮੀਤ ॥੧॥ ਰਹਾਉ ॥
ਗਈ ਬਿਆਧਿ ਉਪਾਧਿ ਸਭ ਨਾਸੀ ਅੰਗੀਕਾਰੁ ਕੀਓ ਕਰਤਾਰਿ ॥
ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥੧॥
ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ ॥
ਦਾਸ ਅਪੁਨੇ ਕਉ ਰਾਖਨਹਾਰਾ ਨਾਨਕ ਦਾਸ ਸਦਾ ਹੈ ਚੇਰਾ ॥੨॥੨੫॥੧੧੧॥}

(ਅੰਗ ੮੨੬)

ਬਿਲਾਵਲੁ ਮਹਲਾ ੫ ॥

{ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ ॥
ਕਾਰਜ ਸਗਲ ਸਵਾਰੇ ਸਤਿਗੁਰ ਜਪਿ ਜਪਿ ਸਾਧੂ ਭਏ ਨਿਹਾਲ ॥੧॥ ਰਹਾਉ ॥

ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ ॥
ਕੰਠਿ ਲਾਇ ਰਾਖੇ ਜਨ ਅਪਨੇ ਉਧਰਿ ਲੀਏ ਲਾਇ ਅਪਨੈ ਪਾਲ ॥੧॥
ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖ ਹੋਏ ਕਾਲ ॥
ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ ॥੨॥੨੭॥੧੧੩॥}

(ਅੰਗ ੮੨੬)

ਬਿਲਾਵਲੁ ਮਹਲਾ ੪ ॥

{ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ ॥
ਅਮਰ ਪਿੰਡ ਭਏ ਸਾਧੂ ਸੰਗਿ ਜਨਮ ਮਰਣ ਦੋਊ ਮਿਟਿ ਗਈਆ ॥੧॥ ਮੇਰੇ ਮਨ ਸਾਧਸੰਗਤਿ ਮਿਲਿ ਰਹੀਆ॥
ਕ੍ਰਿਪਾ ਕਰਹੁ ਮਧਸੂਦਨ ਮਾਧਉ ਮੈ ਖਿਨੁ ਖਿਨੁ ਸਾਧੂ ਚਰਣ ਪਖਈਆ ॥੧॥ ਰਹਾਉ ॥
ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥
ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥੨॥
ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥
ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥
ਉਪਜੀ ਤਰਕ ਦਿਗੰਬਰੁ ਹੋਆ ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥
ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥੪॥
ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥
ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥੫॥
ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ॥
ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥੬॥
ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ ॥
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥੭॥
ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ ॥
ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ ਰਖਈਆ ॥੮॥੪॥੭॥}

(ਅੰਗ ੮੩੫)

ਰਾਮਕਲੀ ਮਹਲਾ ੫ ॥

{ਅੰਗੀਕਾਰੁ ਕੀਆ ਪ੍ਰਭਿ ਅਪਨੈ ਬੈਰੀ ਸਗਲੇ ਸਾਧੇ ॥ ਜਿਨਿ ਬੈਰੀ ਹੈ ਇਹੁ ਜਗੁ ਲੂਟਿਆ ਤੇ ਬੈਰੀ ਲੈ ਬਾਧੇ ॥੧॥
ਸਤਿਗੁਰੁ ਪਰਮੇਸਰੁ ਮੇਰਾ ॥ ਅਨਿਕ ਰਾਜ ਭੋਗ ਰਸ ਮਾਣੀ ਨਾਉ ਜਪੀ ਭਰਵਾਸਾ ਤੇਰਾ ॥੧॥ ਰਹਾਉ ॥
ਚੀਤਿ ਨ ਆਵਸਿ ਦੂਜੀ ਬਾਤਾ ਸਿਰ ਊਪਰਿ ਰਖਵਾਰਾ ॥
ਬੇਪਰਵਾਹੁ ਰਹਤ ਹੈ ਸੁਆਮੀ ਇਕ ਨਾਮ ਕੈ ਆਧਾਰਾ ॥੨॥
ਪੂਰਨ ਹੋਇ ਮਿਲਿਓ ਸੁਖਦਾਈ ਊਨ ਨ ਕਾਈ ਬਾਤਾ ॥
ਤਤੁ ਸਾਰੁ ਪਰਮ ਪਦੁ ਪਾਇਆ ਛੋਡਿ ਨ ਕਤਹੂ ਜਾਤਾ ॥੩॥

ਬਰਨਿ ਨ ਸਾਕਉ ਜੈਸਾ ਤੂ ਹੈ ਸਾਚੇ ਅਲਖ ਅਪਾਰਾ ॥
ਅਤੁਲ ਅਥਾਹ ਅਡੋਲ ਸੁਆਮੀ ਨਾਨਕ ਖਸਮੁ ਹਮਾਰਾ ॥੪॥੫॥}

(ਅੰਗ ੮੮੪)

ਭੈਰਉ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥
ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਹਾਰਿ ॥੧॥
ਮਧੁਸੂਦਨੁ ਜਪੀਐ ਉਰ ਧਾਰਿ ॥
ਦੇਹੀ ਨਗਰਿ ਤਸਕਰ ਪੰਚ ਧਾਤੂ ਗੁਰ ਸਬਦੀ ਹਰਿ ਕਾਢੇ ਮਾਰਿ ॥੧॥ ਰਹਾਉ ॥
ਜਿਨ ਕਾ ਹਰਿ ਸੇਤੀ ਮਨੁ ਮਾਨਿਆ ਤਿਨ ਕਾਰਜ ਹਰਿ ਆਪਿ ਸਵਾਰਿ ॥
ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਅੰਗੀਕਾਰੁ ਕੀਆ ਕਰਤਾਰਿ ॥੨॥
ਮਤਾ ਮਸੂਰਤਿ ਤਾਂ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ ॥
ਜੋ ਕਿਛੁ ਕਰੈ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥੩॥
ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥
ਨਾਨਕ ਸੋ ਪ੍ਰਭੁ ਸਦਾ ਧਿਆਈਐ ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥੪॥੧॥੫॥}

(ਅੰਗ ੧੧੩੪-੧੧੩੫)

ਭੈਰਉ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ ਕਰਦਾ ਆਇਆ ॥੧॥
ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥ ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥੧॥ ਰਹਾਉ ॥
ਪਿਤਾ ਪ੍ਰਹਲਾਦੁ ਪੜਣ ਪਠਾਇਆ ॥ ਲੈ ਪਾਟੀ ਪਾਧੇ ਕੈ ਆਇਆ ॥
ਨਾਮ ਬਿਨਾ ਨਹ ਪੜਉ ਅਚਾਰ ॥ ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥੨॥
ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ॥ ਪਰਵਿਰਤਿ ਨ ਪੜਹੁ ਰਹੀ ਸਮਝਾਇ ॥
ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ॥ ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ ॥੩॥
ਪ੍ਰਹਲਾਦਿ ਸਭਿ ਚਾਟੜੇ ਵਿਗਾਰੇ ॥ ਹਮਾਰਾ ਕਹਿਆ ਨ ਸੁਣੈ ਆਪਣੇ ਕਾਰਜ ਸਵਾਰੇ ॥
ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥ ਦੁਸਟ ਸਭਾ ਕਾ ਕਿਛੁ ਨ ਵਸਾਈ ॥੪॥
ਸੰਡੈ ਮਰਕੈ ਕੀਈ ਪੂਕਾਰ ॥ ਸਭੇ ਦੈਤ ਰਹੇ ਝਖ ਮਾਰਿ ॥ ਭਗਤ ਜਨਾ ਕੀ ਪਤਿ ਰਾਖੈ ਸੋਈ ॥
ਕੀਤੇ ਕੈ ਕਹਿਐ ਕਿਆ ਹੋਈ ॥੫॥ ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ ॥
ਹਰਿ ਨ ਬੂਝੈ ਤਿਨਿ ਆਪਿ ਭੁਲਾਇਆ ॥ ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ ॥
ਅੰਧਾ ਨ ਬੂਝੈ ਕਾਲੁ ਨੇੜੈ ਆਇਆ ॥੬॥ ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥

ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ ॥
ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ ॥
ਜੋ ਧੁਰਿ ਲਿਖਿਆ ਸੁ ਆਇ ਪਹੁਤਾ ਜਨ ਸਿਉ ਵਾਦੁ ਰਚਾਇਆ ॥੭॥
ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ ॥ ਕਹਾਂ ਤੁਮ੍ਹਾਰਾ ਜਗਦੀਸ ਗੁਸਾਈ ॥
ਜਗਜੀਵਨੁ ਦਾਤਾ ਅੰਤਿ ਸਖਾਈ ॥ ਜਹ ਦੇਖਾ ਤਹ ਰਹਿਆ ਸਮਾਈ ॥੮॥
ਥੰਮ੍ਹ ਉਪਾੜਿ ਹਰਿ ਆਪੁ ਦਿਖਾਇਆ ॥ ਅਹੰਕਾਰੀ ਦੈਤੁ ਮਾਰਿ ਪਚਾਇਆ ॥
ਭਗਤਾ ਮਨਿ ਆਨੰਦੁ ਵਜੀ ਵਧਾਈ ॥ ਅਪਨੇ ਸੇਵਕ ਕਉ ਦੇ ਵਡਿਆਈ ॥੯॥
ਜੰਮਣੁ ਮਰਣਾ ਮੋਹੁ ਉਪਾਇਆ ॥ ਆਵਣੁ ਜਾਣਾ ਕਰਤੈ ਲਿਖਿ ਪਾਇਆ ॥
ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ ॥ ਭਗਤਾ ਕਾ ਬੋਲੁ ਆਗੈ ਆਇਆ ॥੧੦॥
ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ ॥ ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥
ਲਖਿਮੀ ਭਉ ਕਰੈ ਨ ਸਾਕੈ ਜਾਇ ॥ ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥੧੧॥
ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥ ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥
ਕਹੈ ਨਾਨਕੁ ਸਭੁ ਕੋ ਕਰੇ ਕਰਾਇਆ ॥ ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ॥
ਭਗਤਾ ਕਾ ਅੰਗੀਕਾਰੁ ਕਰਦਾ ਆਇਆ ॥ ਕਰਤੈ ਅਪਣਾ ਰੂਪੁ ਦਿਖਾਇਆ ॥੧੩॥੧॥੨॥}

(ਅੰਗ ੧੧੫੪-੧੧੫੫)

ਮਲਾਰ ਮਹਲਾ ੫ ॥

{ਘਨਿਹਰ ਬਰਸਿ ਸਗਲ ਜਗੁ ਛਾਇਆ ॥
ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥੧॥ ਰਹਾਉ ॥
ਮਿਟੇ ਕਲੇਸ ਤ੍ਰਿਸਨ ਸਭ ਬੂਝੀ ਪਾਰਬ੍ਰਹਮੁ ਮਨਿ ਧਿਆਇਆ ॥
ਸਾਧਸੰਗਿ ਜਨਮ ਮਰਨ ਨਿਵਾਰੇ ਬਹੁਰਿ ਨ ਕਤਹੂ ਧਾਇਆ ॥੧॥
ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ ॥
ਅੰਗੀਕਾਰੁ ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥੨॥੭॥੧੧॥}

(ਅੰਗ ੧੨੬੯)

ਸਾਰਗ ਮਹਲਾ ੫ ॥

{ਓਟ ਸਤਾਣੀ ਪ੍ਰਭ ਜੀਉ ਮੇਰੈ ॥
ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਣਿ ਮਹਤਿ ਪ੍ਰਭ ਤੇਰੈ ॥੧॥ ਰਹਾਉ ॥
ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੇਰੈ ॥
ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥੧॥
ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ ਦਾਤੇਰੈ ॥
ਕਾਟਿ ਸਿਲਕ ਜਉ ਅਪੁਨਾ ਕੀਨੋ ਨਾਨਕ ਸੂਖ ਘਨੇਰੈ ॥੨॥੨੭॥੫੦॥}

(ਅੰਗ ੧੨੧੪)

ਮਲਾਰ ਮਃ ੫ ॥

{ਪ੍ਰਭ ਕੋ ਭਗਤਿ ਬਛਲੁ ਬਿਰਦਾਇਓ ॥
ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ ਵਰਤਾਇਓ ॥੧॥ ਰਹਾਉ ॥
ਜੈ ਜੈ ਕਾਰੁ ਕੀਨੋ ਸਭ ਜਗ ਮਹਿ ਦਇਆ ਜੀਅਨ ਮਹਿ ਪਾਇਓ ॥
ਕੰਠਿ ਲਾਇ ਅਪੁਨੋ ਦਾਸੁ ਰਾਖਿਓ ਤਾਤੀ ਵਾਉ ਨ ਲਾਇਓ ॥੧॥
ਅੰਗੀਕਾਰੁ ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ ॥
ਮਹਾ ਅਨੰਦ ਕਰਹੁ ਦਾਸ ਹਰਿ ਕੇ ਨਾਨਕ ਬਿਸ੍ਵਾਸੁ ਮਨਿ ਆਇਓ ॥੨॥੧੪॥੧੮॥}

(ਅੰਗ ੧੨੨੦)

ਕਲਿਆਨ ਮਹਲਾ ੪ ॥

{ਰਾਮਾ ਮੈ ਸਾਧੂ ਚਰਨ ਧੁਵੀਜੈ ॥
ਕਿਲਬਿਖ ਦਹਨ ਹੋਹਿ ਖਿਨ ਅੰਤਰਿ ਮੇਰੇ ਠਾਕੁਰ ਕਿਰਪਾ ਕੀਜੈ ॥੧॥ ਰਹਾਉ ॥
ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥੧॥
ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥੨॥
ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਸਬਦੁ ਗੁਰ ਦੀਜੈ ॥
ਤਨਿ ਮਨਿ ਸਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੁਖਿ ਸਵੀਜੈ ॥੩॥
ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ ਰਵੀਜੈ ॥
ਸਾਧੂ ਸਾਧ ਮਿਲੇ ਰਸੁ ਪਾਵੈ ਤਤੁ ਨਿਜ ਘਰਿ ਬੈਠਿਆ ਪੀਜੈ ॥੪॥
ਜਨ ਕਉ ਪ੍ਰੀਤਿ ਲਗੀ ਗੁਰ ਸੇਤੀ ਜਿਉ ਚਕਵੀ ਦੇਖਿ ਸੂਰੀਜੈ ॥
ਨਿਰਖਤ ਨਿਰਖਤ ਰੈਨਿ ਸਭ ਨਿਰਖੀ ਮੁਖੁ ਕਾਢੈ ਅੰਮ੍ਰਿਤੁ ਪੀਜੈ ॥੫॥
ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥੬॥
ਸਾਧੂ ਸਾਧ ਸਰਨਿ ਮਿਲਿ ਸੰਗਤਿ ਜਿਤੁ ਹਰਿ ਰਸੁ ਕਾਢਿ ਕਢੀਜੈ ॥
ਪਰਉਪਕਾਰ ਬੋਲਹਿ ਬਹੁ ਗੁਣੀਆ ਮੁਖਿ ਸੰਤ ਭਗਤ ਹਰਿ ਦੀਜੈ ॥੭॥
ਤੂ ਅਗਮ ਦਇਆਲ ਦਇਆ ਪਤਿ ਦਾਤਾ ਸਭ ਦਇਆ ਧਾਰਿ ਰਖਿ ਲੀਜੈ ॥
ਸਰਬ ਜੀਅ ਜਗਜੀਵਨੁ ਏਕੋ ਨਾਨਕ ਪ੍ਰਤਿਪਾਲ ਕਰੀਜੈ ॥੮॥੫॥}

(ਅੰਗ ੧੩੨੫-੧੩੨੬)

54/7576

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਕਿ ਜਿਸਦੇ ਨਾਲ ਅਕਾਲ ਪੁਰਖ ਅੰਗੀਕਾਰ ਕਰਦਾ ਹੈ ਉਹ ਉਸ ਮਨੁੱਖੀ ਸਮਝ ਦੇ ਵਿਚਾਰਾਂ ਨਾਲ ਹੀ ਮੇਲ ਕਰਦਾ ਹੈ ਜਿਸ ਰਾਹੀਂ ਉਹ ਆਪਣੇ ਸ਼ਬਦਾਂ ਦੀ

ਸੱਚੀ ਵਿਚਾਰ ਹੀ ਦਿੰਦਾ ਹੈ, ਸ਼ਬਦਾਂ ਦਾ ਸੱਚਾ ਗਿਆਨ ਹੀ ਦਿੰਦਾ ਹੈ, ਭਗਤੀ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ, ਨਾਮ ਜਪਣ ਦਾ ਮਾਰਗ ਹੀ ਸਮਝਾਉਂਦਾ ਹੈ ਤੇ ਜਿਸਦੇ ਨਾਲ ਉਹ ਅੰਗੀਕਾਰ ਕਰਦਾ ਹੈ ਉਹੀ ਮਨੁੱਖੀ ਰੂਪ ਉਸਦੀ ਸੁਹਾਗਣ ਬਣਦੀ ਹੈ।

ਉਪਰ ਵਾਲੇ ਮੁੱਖ ਸ਼ਬਦ ਵਿੱਚ ਅਸੀਂ ਇਸ ਗੱਲ ਨੂੰ ਵੀ ਸਮਝਿਆ ਹੈ ਕਿ ਜਿਸ ਆਪਣੇ ਮਨੁੱਖੀ ਘਰ ਵਿੱਚ ਭਾਵ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਆਪਣਾ ਸੁਹਾਗ ਰੂਪ ਪ੍ਰਗਟ ਕਰਦਾ ਹੈ ਉਸੇ ਘਰ ਵਿੱਚ ਹੀ ਉਸਦੀ ਸਖੀ ਬਣਕੇ **"ਮੰਗਲ"** ਗਾਇਆ ਜਾਂਦਾ ਹੈ। ਮੰਗਲ ਗਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਸਮਝਿਆ ਹੀ ਹੈ। ਜਦੋਂ ਉਸਦੀ ਮਨੁੱਖੀ ਨਾਰ ਨੂੰ ਸੱਚ ਦੁਆਰਾ ਵਿਚਰਨ ਵਿੱਚ ਭਾਵ ਸੱਚੀ ਗੁਰਮਤਿ ਦੁਆਰਾ ਵਿਚਰਨ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਇਹ ਮੰਗਲ ਗਾਉਣਾ ਹੈ। ਇਹੋ ਜਿਹਾ ਮੰਗਲ ਗਾਉਣ ਵਿੱਚ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਭਾਵ ਅਕਾਲ ਪੁਰਖ ਨੂੰ ਚੰਗਾ ਲੱਗਦਾ ਹੈ, ਅੱਲ੍ਹਾ, ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਗਾਡ ਨੂੰ ਚੰਗਾ ਲੱਗਦਾ ਹੈ ਕਿ ਇਹ ਮਨੁੱਖ ਸੱਚ ਦੇ ਮਾਰਗ ਤੇ ਚੱਲ ਰਿਹਾ ਹੈ, ਸੱਚੇ ਧਰਮ ਦੇ ਮਾਰਗ ਤੇ ਚੱਲ ਰਿਹਾ ਹੈ ਭਾਵ ਮੇਰਾ ਸੱਚਾ ਨਾਮ ਜਪ ਰਿਹਾ ਹੈ। ਮੰਗਲ ਗਾਉਣ ਦਾ ਤਰੀਕਾ ਗੁਰਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਾਇਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

ਸਿਰੀਰਾਗੁ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

{ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥ ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ॥
ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਏ ॥
ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥
ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥੧॥
ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ ॥ ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ ॥
ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ ॥ ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ॥
ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ ॥੨॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥
ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥
ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥੩॥
ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ ॥
ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ ॥
ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ ॥
ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ ॥੪॥

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ ॥
ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੂਠੇ ॥ ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ॥
ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ ॥
ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥}

(ਅੰਗ ੭੯-੮੦)

ਛੰਤੁ ॥

{ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ ॥
ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ ॥
ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ ਭਗਤਿ ਲਖ੍ਹਣ ਕਰਿ ਵਸਿ ਭਏ ॥
ਮਨਿ ਸਰਬ ਸੁਖ ਵੂਠੇ ਗੋਵਿਦ ਤੁਠੇ ਜਨਮ ਮਰਣਾ ਸਭਿ ਮਿਟਿ ਗਏ ॥
ਸਖੀ ਮੰਗਲੋ ਗਾਇਆ ਇਛ ਪੁਜਾਇਆ ਬਹੁੜਿ ਨ ਮਾਇਆ ਹੋਹਿਆ ॥
ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ ਪੋਹਿਆ ॥੪॥}

(ਅੰਗ ੮੧)

ਮਾਝ ਮਹਲਾ ੫ ॥

{ਖੋਜਤ ਖੋਜਤ ਦਰਸਨ ਚਾਹੇ ॥ ਭਾਤਿ ਭਾਤਿ ਬਨ ਬਨ ਅਵਗਾਹੇ ॥
ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥੧॥
ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ ਤੀਰਥ ਇਸਨਾਨਾ ॥
ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥੨॥
ਅਨਿਕ ਬਰਖ ਕੀਏ ਜਪ ਤਾਪਾ ॥ ਗਵਨੁ ਕੀਆ ਧਰਤੀ ਭਰਮਾਤਾ ॥
ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥੩॥
ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥ ਮਨੁ ਤਨੁ ਸੀਤਲੁ ਧੀਰਜੁ ਪਾਇਆ ॥
ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ ॥੪॥੫॥੧੨॥}

(ਅੰਗ ੯੮)

54/7577

ਮਾਝ ਮਹਲਾ ੫ ॥

{ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥ ਪ੍ਰਭੂ ਦਇਆ ਤੇ ਮੰਗਲੁ ਗਾਵਉ ॥
ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥
ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥
ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥੨॥
ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥

ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥੩॥
ਜਬ ਤੇ ਸਾਧੂ ਸੰਗਤਿ ਪਾਏ ॥ ਗੁਰ ਭੇਟਤ ਹਉ ਗਈ ਬਲਾਏ ॥
ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥੪॥੧੭॥੨੪॥}

(ਅੰਗ ੧੦੧)

ਮਾਝ ਮਹਲਾ ੫ ॥

{ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥ ਭਗਤ ਜੀਵਹਿ ਗੁਣ ਗਾਇ ਅਪਾਰਾ ॥
ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥
ਮਨਸਾ ਧਾਰਿ ਜੋ ਘਰ ਤੇ ਆਵੈ ॥ ਸਾਧਸੰਗਿ ਜਨਮੁ ਮਰਣੁ ਮਿਟਾਵੈ ॥
ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ ॥੨॥
ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥ ਸਾਧਿਕ ਸਿਧ ਧਿਆਵਹਿ ਗਿਆਨੀ ॥
ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥
ਅਨਦ ਮੰਗਲ ਕਲਿਆਣ ਨਿਧਾਨਾ ॥ ਸੂਖ ਸਹਜ ਹਰਿ ਨਾਮੁ ਵਖਾਨਾ ॥
ਹੋਇ ਕ੍ਰਿਪਾਲੁ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ਜੀਉ ॥੪॥੨੫॥੩੨॥}

(ਅੰਗ ੧੦੩-੧੦੪)

ਰਾਗੁ ਗਉੜੀ ਪੂਰਬੀ ਮਹਲਾ ੫
ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

ਗਉੜੀ ਮਾਲਾ ਮਹਲਾ ੫ ॥

{ਭਾਵਨੁ ਤਿਆਗਿਓ ਰੀ ਤਿਆਗਿਓ ॥ ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥

ਸਰਬ ਸੁਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ॥੧॥ ਰਹਾਉ ॥
ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥
ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥੧॥ ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥੨॥ ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ॥
ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥੩॥
ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ ॥
ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥੪॥੨॥੧੬੦॥}

(ਅੰਗ ੨੧੪-੨੧੫)

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥
ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥
{ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥ ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ ॥
ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥ ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ ॥
ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥
ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥੧॥
ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ ॥ ਕਿਉ ਸੁਖੁ ਪਾਵੈਗੀ ਬਿਨੁ ਉਰ ਧਾਰੇ ॥
ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ ॥
ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ ॥
ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥
ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ ॥੨॥
ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥ ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ ॥
ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ ॥
ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ ॥ ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ॥
ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥੩॥
ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥
ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥ ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ॥
ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥
ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ॥੪॥੧॥}

(ਅੰਗ ੨੪੨)

{ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥
ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ ॥
ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ ॥

ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ ॥
ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ ॥
ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ ॥੩॥
ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ ॥
ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ ॥
ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ ॥
ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥
ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥}

(ਅੰਗ ੨੪੭)

{ਬੀਜ ਮੰਤ੍ਰ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥
ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧਸੰਗਿ ਪਾਵੈ ਜਨੁ ਕੋਇ ॥
ਕਰਿ ਕਿਰਪਾ ਅੰਤਰਿ ਉਰ ਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥
ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥}

(ਅੰਗ ੨੭੪)

{ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥ ਤਿਸ ਤੇ ਪਰੈ ਨਾਹੀ ਕਿਛੁ ਕੋਇ ॥
ਸਰਬ ਨਿਰੰਤਰਿ ਏਕੋ ਸੋਇ ॥ ਆਪੇ ਬੀਨਾ ਆਪੇ ਦਾਨਾ ॥ ਗਹਿਰ ਗੰਭੀਰੁ ਗਹੀਰੁ ਸੁਜਾਨਾ ॥
ਪਾਰਬ੍ਰਹਮ ਪਰਮੇਸੁਰ ਗੋਬਿੰਦ ॥ ਕ੍ਰਿਪਾ ਨਿਧਾਨ ਦਇਆਲ ਬਖਸੰਦ ॥ ਸਾਧ ਤੇਰੇ ਕੀ ਚਰਨੀ ਪਾਉ ॥
ਨਾਨਕ ਕੈ ਮਨਿ ਇਹੁ ਅਨਰਾਉ ॥੧॥ ਮਨਸਾ ਪੂਰਨ ਸਰਨਾ ਜੋਗ ॥ ਜੋ ਕਰਿ ਪਾਇਆ ਸੋਈ ਹੋਗੁ ॥
ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥ ਅਨਦ ਰੂਪ ਮੰਗਲ ਸਦ ਜਾ ਕੈ ॥
ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥ ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥ ਧਿਆਇ ਧਿਆਇ ਭਗਤਹ ਸੁਖੁ ਪਾਇਆ ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥ ਜਾ ਕੀ ਲੀਲਾ ਕੀ ਮਿਤਿ ਨਾਹਿ ॥
ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥
ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥
ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥ ਊਚ ਨੀਚ ਤਿਸ ਕੇ ਅਸਥਾਨ ॥
ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥ ਨਾਨਾ ਰੂਪ ਨਾਨਾ ਜਾ ਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥
ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ ਏਕੰਕਾਰੁ ॥ ਨਾਨਾ ਚਲਿਤ ਕਰੇ ਖਿਨ ਮਾਹਿ ॥
ਪੂਰਿ ਰਹਿਓ ਪੂਰਨੁ ਸਭ ਠਾਇ ॥ ਨਾਨਾ ਬਿਧਿ ਕਰਿ ਬਨਤ ਬਨਾਈ ॥ ਅਪਨੀ ਕੀਮਤਿ ਆਪੇ ਪਾਈ ॥
ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥}

(ਅੰਗ ੨੮੩-੨੮੪)

ਆਸਾ ਮਹਲਾ ੫ ॥

{ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥
ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ ॥੧॥ ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ ਰਹਾਉ ॥
ਧਾਵਤ ਰਹੇ ਏਕੁ ਇਕੁ ਬੂਝਿਆ ਆਇ ਬਸੇ ਅਬ ਨਿਹਚਲੁ ਥਾਇ ॥
ਜਗਤੁ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ ॥੨॥
ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥ ਸਹਜ ਧੁਨਿ ਗਾਵੈ ਮੰਗਲ ਮਨੂਆ
ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥ ਕਰਨ ਕਾਰਨ ਸਮਰਥ ਹਮਾਰੇ ਸੁਖਦਾਈ ਮੇਰੇ ਹਰਿ ਹਰਿ ਰਾਇ ॥
ਨਾਮੁ ਤੇਰਾ ਜਪਿ ਜੀਵੈ ਨਾਨਕੁ ਓਤਿ ਪੋਤਿ ਮੇਰੈ ਸੰਗਿ ਸਹਾਇ ॥੪॥੯॥}

(ਅੰਗ ੩੭੩)

54/7578

ਆਸਾ ਮਹਲਾ ੫ ॥

{ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ ਲਾਈ ॥ ਸਤਿਗੁਰੁ ਸੇਵਿ ਸਭੈ ਫਲ ਪਾਈ ॥੧॥
ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥
ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤ ਸਰਿ ਸਦ ਹੀ ਭਰਪੂਰਾ ॥੧॥ ਰਹਾਉ ॥
ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥
ਪੰਚ ਸਖੀ ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦੁ ਵਜਾਇਆ ॥੩॥
ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ॥ ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ ॥੪॥੧੭॥}

(ਅੰਗ ੩੭੫)

{ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥
ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥}

(ਅੰਗ ੪੫੨)

{ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥
ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥ ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ॥
ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥੪॥੪॥੭॥}

(ਅੰਗ ੪੫੭)

{ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ ॥

ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ ॥
ਆਨੰਦ ਹਰਿ ਜਸ ਮਹਾ ਮੰਗਲ ਸਰਬ ਦੂਖ ਵਿਸਾਰਿਆ ॥ ਚਮਤਕਾਰ ਪ੍ਰਗਾਸੁ ਦਹ ਦਿਸ ਏਕੁ ਤਹ ਦ੍ਰਿਸਟਾਇਆ॥
ਨਾਨਕੁ ਪਇਅੰਪੈ ਚਰਣ ਜੰਪੈ ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥੪॥੩॥੬॥}

(ਅੰਗ ੪੫੬-੪੫੭)

{ਭਿੰਨੀ ਰੈਨੜੀਐ ਚਾਮਕਨਿ ਤਾਰੇ ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥ ਮੇਰੀ ਸੇਜੜੀਐ ਆਡੰਬਰੁ ਬਣਿਆ ॥
ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ ॥ ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ ॥
ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ ॥
ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ ॥
ਬਿਨਵੰਤਿ ਨਾਨਕ ਮਿਲੇ ਸ੍ਰੀਧਰ ਸਗਲ ਆਨੰਦ ਰਸੁ ਬਣਿਆ ॥੨॥}

(ਅੰਗ ੪੫੯)

ਆਸਾ ॥

{ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ ॥
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ ॥੧॥
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥ ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥੧॥ ਰਹਾਉ ॥
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥
ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥੨॥
ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ ॥
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ ॥੩॥੨॥੨੪॥}

(ਅੰਗ ੪੮੨)

ਗੂਜਰੀ ਮਹਲਾ ੫ ॥

{ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ ॥
ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥੧॥ ਠਾਕੁਰ ਹੋਏ ਆਪਿ ਦਇਆਲ ॥
ਭਈ ਕਲਿਆਣ ਆਨੰਦ ਰੂਪ ਹੁਈ ਹੈ ਉਬਰੇ ਬਾਲ ਗੁਪਾਲ ॥੧॥ ਰਹਾਉ ॥
ਮਿਲਿ ਵਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ ॥
ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥}

(ਅੰਗ ੪੯੯)

ਦੇਵਗੰਧਾਰੀ ੫ ॥

{ਮਨ ਗੁਰ ਮਿਲਿ ਨਾਮੁ ਅਰਾਧਿਓ ॥ ਸੂਖ ਸਹਜ ਆਨੰਦ ਮੰਗਲ ਰਸ ਜੀਵਨ ਕਾ ਮੂਲੁ ਬਾਧਿਓ ॥੧॥ ਰਹਾਉ॥
ਕਰਿ ਕਿਰਪਾ ਅਪੁਨਾ ਦਾਸੁ ਕੀਨੋ ਕਾਟੇ ਮਾਇਆ ਫਾਧਿਓ ॥
ਭਾਉ ਭਗਤਿ ਗਾਇ ਗੁਣ ਗੋਬਿਦ ਜਮ ਕਾ ਮਾਰਗੁ ਸਾਧਿਓ ॥੧॥
ਭਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ ਲਾਧਿਓ ॥
ਬਲਿਹਾਰੈ ਨਾਨਕ ਲਖ ਬੇਰਾ ਮੇਰੇ ਠਾਕੁਰ ਅਗਮ ਅਗਾਧਿਓ ॥੨॥੧੩॥}

(ਅੰਗ ੫੩੦)

ਦੇਵਗੰਧਾਰੀ ਮਹਲਾ ੫ ॥

{ਅਪੁਨੇ ਹਰਿ ਪਹਿ ਬਿਨਤੀ ਕਹੀਐ ॥
ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ ॥੧॥ ਰਹਾਉ ॥
ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ ਅੰਚਲੁ ਗਹੀਐ ॥
ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ ॥੧॥
ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ ॥
ਕਰੁਣਾ ਮੈ ਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ ॥੨॥੧੭॥}

(ਅੰਗ ੫੩੧)

54/7579

ਦੇਵਗੰਧਾਰੀ ਮਹਲਾ ੫ ॥

{ਠਾਕੁਰ ਹੋਏ ਆਪਿ ਦਇਆਲ ॥ ਭਈ ਕਲਿਆਣ ਅਨੰਦ ਰੂਪ ਹੋਈ ਹੈ ਉਬਰੇ ਬਾਲ ਗੁਪਾਲ ॥ ਰਹਾਉ ॥
ਦੁਇ ਕਰ ਜੋੜਿ ਕਰੀ ਬੇਨੰਤੀ ਪਾਰਬ੍ਰਹਮੁ ਮਨਿ ਧਿਆਇਆ ॥
ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ ॥੧॥
ਵਰ ਨਾਰੀ ਮਿਲਿ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ ॥
ਕਹੁ ਨਾਨਕ ਜਨ ਕਉ ਬਲਿ ਜਾਈਐ ਜੋ ਸਭਨਾ ਕਰੇ ਉਧਾਰੁ ॥੨॥੨੩॥}

(ਅੰਗ ੫੩੨)

ਰਾਗੁ ਬਿਹਾਗੜਾ ਮਹਲਾ ੫ ॥

{ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥
ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ ॥
ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ ॥
ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ ॥
ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥ ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥੧॥
ਲਾਖ ਉਲਾਹਨੇ ਮੋਹਿ ਹਰਿ ਜਬ ਲਗੁ ਨਹ ਮਿਲੈ ਰਾਮ ॥
ਮਿਲਨ ਕਉ ਕਰਉ ਉਪਾਵ ਕਿਛੁ ਹਮਾਰਾ ਨਹ ਚਲੈ ਰਾਮ ॥
ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ ਕਵਨ ਬਿਧੀ ਨ ਧੀਜੀਐ ॥
ਖਾਨ ਪਾਨ ਸੀਗਾਰ ਬਿਰਥੇ ਹਰਿ ਕੰਤ ਬਿਨੁ ਕਿਉ ਜੀਜੀਐ ॥
ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ ਤਿਲੈ ॥
ਨਾਨਕੁ ਪਇਅੰਪੈ ਸੰਤ ਦਾਸੀ ਤਉ ਪ੍ਰਸਾਦਿ ਮੇਰਾ ਪਿਰੁ ਮਿਲੈ ॥੨॥
ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ ॥ ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ॥
ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ ॥
ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥
ਗ੍ਰਿਹਿ ਲਾਲੁ ਆਵੈ ਮਹਲੁ ਪਾਵੈ ਮਿਲਿ ਸੰਗਿ ਮੰਗਲੁ ਗਾਈਐ ॥
ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ ॥੩॥
ਸੰਤਨ ਕੈ ਪਰਸਾਦਿ ਹਰਿ ਹਰਿ ਪਾਇਆ ਰਾਮ ॥ ਇਛ ਪੁੰਨੀ ਮਨਿ ਸਾਂਤਿ ਤਪਤਿ ਬੁਝਾਇਆ ਰਾਮ ॥
ਸਫਲਾ ਸੁ ਦਿਨਸ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਨਾ ॥
ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ ॥
ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥
ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥}

(ਅੰਗ ੫੪੨-੫੪੩)

{ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥ ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ ॥
ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ ॥
ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ ॥
ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ ॥
ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ ॥੪॥੧॥੫॥}

(ਅੰਗ ੫੭੫)

ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪

ੴ ਸਤਿਗੁਰ ਪ੍ਰਸਾਦਿ ॥

{ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ ॥ ਇਹੁ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ ॥
ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ ॥
ਅਸਥਿਰੁ ਥੀਆ ਅੰਮ੍ਰਿਤੁ ਪੀਆ ਰਹਿਆ ਆਵਣ ਜਾਣੀ ॥
ਸੋ ਘਰੁ ਲਧਾ ਸਹਜਿ ਸਮਧਾ ਹਰਿ ਕਾ ਨਾਮੁ ਅਧਾਰਾ ॥
ਕਹੁ ਨਾਨਕ ਸੁਖਿ ਮਾਣੇ ਰਲੀਆਂ ਗੁਰ ਪੂਰੇ ਕੰਉ ਨਮਸਕਾਰਾ ॥੧॥
ਸੁਣਿ ਸਜਣ ਜੀ ਮੈਡੜੇ ਮੀਤਾ ਰਾਮ ॥ ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥
ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ ॥
ਸੋ ਪ੍ਰਭੁ ਪਾਇਆ ਕਤਹਿ ਨ ਜਾਇਆ ਸਦਾ ਸਦਾ ਸੰਗਿ ਬੈਸਾ ॥
ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਜੇ ਦੀਤਾ ॥
ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ ਲੀਤਾ ॥੨॥
ਤਉ ਭਾਣਾ ਤਾਂ ਤ੍ਰਿਪਤਿ ਅਘਾਏ ਰਾਮ ॥ ਮਨੁ ਥੀਆ ਠੰਢਾ ਸਭ ਤ੍ਰਿਸਨ ਬੁਝਾਏ ਰਾਮ ॥
ਮਨੁ ਥੀਆ ਠੰਢਾ ਚੂਕੀ ਡੰਝਾ ਪਾਇਆ ਬਹੁਤੁ ਖਜਾਨਾ ॥
ਸਿਖ ਸੇਵਕ ਸਭਿ ਭੁੰਚਣ ਲਗੇ ਹੰਉ ਸਤਗੁਰ ਕੈ ਕੁਰਬਾਨਾ ॥
ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥
ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ ॥੩॥
ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥
ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥
ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥
ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥}

(ਅੰਗ ੫੭੬-੫੭੭)

ਸੋਰਠਿ ਮਃ ੫ ॥

{ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ ॥

ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ ਪਦੁ ਨਿਰਬਾਨੀ ॥੧॥
ਪਿਆਰੇ ਤੂ ਮੇਰੋ ਸੁਖਦਾਤਾ ॥ ਗੁਰਿ ਪੂਰੈ ਦੀਆ ਉਪਦੇਸਾ ਤੁਮ ਹੀ ਸੰਗਿ ਪਰਾਤਾ ॥ ਰਹਾਉ ॥
ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥੨॥
ਘਾਲ ਨ ਭਾਨੈ ਅੰਤਰ ਬਿਧਿ ਜਾਨੈ ਤਾ ਕੀ ਕਰਿ ਮਨ ਸੇਵਾ ॥
ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥੩॥
ਗੋਬਿਦ ਦਾਮੋਦਰ ਦਇਆਲ ਮਾਧਵੇ ਪਾਰਬ੍ਰਹਮ ਨਿਰੰਕਾਰਾ ॥
ਨਾਮੁ ਵਰਤਣਿ ਨਾਮੋ ਵਾਲੇਵਾ ਨਾਮੁ ਨਾਨਕ ਪ੍ਰਾਨ ਅਧਾਰਾ ॥੪॥੯॥੨੦॥}

(ਅੰਗ ੬੧੪)

ਸੋਰਠਿ ਮਹਲਾ ੫ ॥
{ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥
ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ ॥੧॥
ਪੂਰੇ ਗੁਰ ਕੀ ਦੇਖੁ ਵਡਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥
ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ ॥ ਮਨ ਬਾਂਛਤ ਫਲ ਮਿਲੇ ਅਚਿੰਤਾ ਪੂਰਨ ਹੋਏ ਕਾਮਾ ॥੨॥
ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ ॥
ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥
ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ ॥
ਕਹੁ ਨਾਨਕ ਤਾ ਕੇ ਪੂਰ ਕਰੰਮਾ ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥}

(ਅੰਗ ੬੧੪)

ਸੋਰਠਿ ਮਹਲਾ ੫ ॥
{ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ ॥
ਸਗਲੇ ਜੀਅ ਕੀਏ ਦਇਆਲਾ ਸੋ ਪ੍ਰਭੁ ਅੰਤਰਜਾਮੀ ॥੧॥ ਮੇਰਾ ਗੁਰੁ ਹੋਆ ਆਪਿ ਸਹਾਈ ॥
ਸੂਖ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ ॥ ਰਹਾਉ ॥
ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥ ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ॥੨॥
ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ ॥
ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ ॥੩॥
ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥੧੩॥੨੪॥}

(ਅੰਗ ੬੧੫)

ਸੋਰਠਿ ਮਹਲਾ ੫ ॥
{ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥

ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥੧॥
ਅਪੁਨੀ ਬਿਧਿ ਆਪਿ ਜਨਾਵਹੁ ॥ ਹਰਿ ਜਨ ਮੰਗਲ ਗਾਵਹੁ ॥੧॥ ਰਹਾਉ ॥
ਬਿਸਰੁ ਨਾਹੀ ਕਬਹੂ ਹੀਏ ਤੇ ਇਹ ਬਿਧਿ ਮਨ ਮਹਿ ਪਾਵਹੁ ॥
ਗੁਰੁ ਪੂਰਾ ਭੇਟਿਓ ਵਡਭਾਗੀ ਜਨ ਨਾਨਕ ਕਤਹਿ ਨ ਧਾਵਹੁ ॥੨॥੩॥੩੧॥}

(ਅੰਗ ੬੧੭)

ਸੋਰਠਿ ਮਹਲਾ ੫ ॥
{ਸੂਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਣ ਨਿਹਾਰਿਆ ॥
ਰਾਖਨਹਾਰੈ ਰਾਖਿਓ ਬਾਰਿਕੁ ਸਤਿਗੁਰਿ ਤਾਪੁ ਉਤਾਰਿਆ ॥੧॥
ਉਬਰੇ ਸਤਿਗੁਰ ਕੀ ਸਰਣਾਈ ॥ ਜਾ ਕੀ ਸੇਵ ਨ ਬਿਰਥੀ ਜਾਈ ॥ ਰਹਾਉ ॥
ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ ॥
ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥}

(ਅੰਗ ੬੧੯)

54/7580

ਸੋਰਠਿ ਮਹਲਾ ੫ ॥
{ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥
ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ ॥੧॥ ਮੇਰਾ ਗੁਰੁ ਪੂਰਾ ਸੁਖਦਾਤਾ ॥
ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖੁ ਬਿਧਾਤਾ ॥ ਰਹਾਉ ॥
ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ ॥
ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥}

(ਅੰਗ ੬੧੯)

ਸੋਰਠਿ ਮਹਲਾ ੫ ॥
{ਹਿਰਦੈ ਨਾਮੁ ਵਸਾਇਹੁ ॥ ਘਰਿ ਬੈਠੇ ਗੁਰੂ ਧਿਆਇਹੁ ॥ ਗੁਰਿ ਪੂਰੈ ਸਚੁ ਕਹਿਆ ॥
ਸੋ ਸੁਖੁ ਸਾਚਾ ਲਹਿਆ ॥੧॥ ਅਪੁਨਾ ਹੋਇਓ ਗੁਰੁ ਮਿਹਰਵਾਨਾ ॥
ਅਨਦ ਸੂਖ ਕਲਿਆਣ ਮੰਗਲ ਸਿਉ ਘਰਿ ਆਏ ਕਰਿ ਇਸਨਾਨਾ ॥ ਰਹਾਉ ॥
ਸਾਚੀ ਗੁਰ ਵਡਿਆਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥ ਸਿਰਿ ਸਾਹਾ ਪਾਤਿਸਾਹਾ ॥
ਗੁਰ ਭੇਟਤ ਮਨਿ ਓਮਾਹਾ ॥੨॥ ਸਗਲ ਪਰਾਛਤ ਲਾਥੇ ॥ ਮਿਲਿ ਸਾਧਸੰਗਤਿ ਕੈ ਸਾਥੇ ॥
ਗੁਣ ਨਿਧਾਨ ਹਰਿ ਨਾਮਾ ॥ ਜਪਿ ਪੂਰਨ ਹੋਏ ਕਾਮਾ ॥੩॥ ਗੁਰਿ ਕੀਨੋ ਮੁਕਤਿ ਦੁਆਰਾ ॥
ਸਭ ਸ੍ਰਿਸਟਿ ਕਰੈ ਜੈਕਾਰਾ ॥ ਨਾਨਕ ਪ੍ਰਭੁ ਮੇਰੈ ਸਾਥੇ ॥ ਜਨਮ ਮਰਣ ਭੈ ਲਾਥੇ ॥੪॥੨॥੫੨॥}

(ਅੰਗ ੬੨੧)

ਸੋਰਠਿ ਮਹਲਾ ੫ ॥
{ਸਾਹਿਬੁ ਗੁਨੀ ਗਹੇਰਾ ॥ ਘਰੁ ਲਸਕਰੁ ਸਭੁ ਤੇਰਾ ॥ ਰਖਵਾਲੇ ਗੁਰ ਗੋਪਾਲਾ ॥

ਸਭਿ ਜੀਅ ਭਏ ਦਇਆਲਾ ॥੧॥ ਜਪਿ ਅਨਦਿ ਰਹਉ ਗੁਰ ਚਰਣਾ ॥
ਭਉ ਕਤਹਿ ਨਹੀ ਪ੍ਰਭ ਸਰਣਾ ॥ ਰਹਾਉ ॥ ਤੇਰਿਆ ਦਾਸਾ ਰਿਦੈ ਮੁਰਾਰੀ ॥
ਪ੍ਰਭਿ ਅਬਿਚਲ ਨੀਵ ਉਸਾਰੀ ॥ ਬਲੁ ਧਨੁ ਤਕੀਆ ਤੇਰਾ ॥ ਤੂ ਭਾਰੋ ਠਾਕੁਰੁ ਮੇਰਾ ॥੨॥
ਜਿਨਿ ਜਿਨਿ ਸਾਧਸੰਗੁ ਪਾਇਆ ॥ ਸੋ ਪ੍ਰਭਿ ਆਪਿ ਤਰਾਇਆ ॥ ਕਰਿ ਕਿਰਪਾ ਨਾਮ ਰਸੁ ਦੀਆ ॥
ਕੁਸਲ ਖੇਮ ਸਭ ਥੀਆ ॥੩॥ ਹੋਏ ਪ੍ਰਭੂ ਸਹਾਈ ॥ ਸਭ ਉਠਿ ਲਾਗੀ ਪਾਈ ॥
ਸਾਸਿ ਸਾਸਿ ਪ੍ਰਭੁ ਧਿਆਈਐ ॥ ਹਰਿ ਮੰਗਲੁ ਨਾਨਕ ਗਾਈਐ ॥੪॥੪॥੫੪॥}

(ਅੰਗ ੬੨੨)

ਧਨਾਸਰੀ ਮਹਲਾ ੫ ॥

{ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥
ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥ ਤੁਮ ਘਰਿ ਆਵਹੁ ਮੇਰੇ ਮੀਤ ॥
ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥
ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥
ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥
ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥
ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥
ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥
ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥}

(ਅੰਗ ੬੭੮)

ਧਨਾਸਰੀ ਮਹਲਾ ੫ ॥

{ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥
ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥੧॥ ਤੁਮ ਤਉ ਰਾਖਨਹਾਰ ਦਇਆਲ ॥
ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ ॥੧॥ ਰਹਾਉ ॥
ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥
ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥੨॥੭॥੩੮॥}

(ਅੰਗ ੬੮੦)

54/7581

ਧਨਾਸਰੀ ਮਹਲਾ ੫ ॥

{ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ ॥
ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ ॥੧॥ ਮਨਿ ਤਨਿ ਰਾਮ ਨਾਮ ਹਿਤਕਾਰੇ ॥
ਸੂਖ ਸਹਜ ਆਨੰਦ ਮੰਗਲ ਸਹਿਤ ਭਵ ਨਿਧਿ ਪਾਰਿ ਉਤਾਰੇ ॥ ਰਹਾਉ ॥
ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ ॥

ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ ਨਮਸਕਾਰੇ ॥੨॥੯॥੪੦॥}

(ਅੰਗ ੬੮੦-੬੮੧)

ਜੈਤਸਰੀ ਮਹਲਾ ੫ ॥

{ਲੋੜੀਦੜਾ ਸਾਜਨੁ ਮੇਰਾ ॥ ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ ॥੧॥ ਰਹਾਉ ॥
ਸੁਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ ॥
ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥ ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ॥
ਸੰਤਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥੪॥}

(ਅੰਗ ੭੦੦)

{ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ ॥ ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ ॥
ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ ॥
ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ ॥
ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ ॥
ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ॥੩॥
ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ ॥ ਵਰੁ ਲੋੜੀਦਾ ਆਇਆ ਵਜੀ ਵਾਧਾਈ ॥
ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ ॥
ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ॥
ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ ॥
ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ ॥੪॥੧॥}

(ਅੰਗ ੭੦੩-੭੦੪)

ਸੂਹੀ ਮਹਲਾ ੫ ॥

{ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ ਕੇਹਾ ॥
ਆਠ ਪਹਰ ਜਿਤੁ ਤੁਧੁ ਧਿਆਈ ਨਿਰਮਲ ਹੋਵੈ ਦੇਹਾ ॥੧॥ ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ ॥
ਖੋਜਤ ਖੋਜਤ ਭਇਆ ਸਾਧਸੰਗੁ ਤਿਨ੍ ਸਰਣਾਈ ਪਾਇਆ ॥੧॥ ਰਹਾਉ ॥
ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ ॥
ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥੨॥ ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ॥
ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥੩॥
ਸਹਜ ਸੁਖ ਆਨੰਦ ਨਾਮ ਰਸ ਹਰਿ ਸੰਤੀ ਮੰਗਲੁ ਗਾਇਆ ॥
ਸਫਲ ਦਰਸਨੁ ਭੇਟਿਓ ਗੁਰ ਨਾਨਕ ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥}

(ਅੰਗ ੭੪੭)

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ ਆਵਹੁ ਮੀਤ ਪਿਆਰੇ ॥
ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥ ਮਨੁ ਤਨੁ ਅੰਮ੍ਰਿਤਿ ਭਿੰਨਾ ॥
ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥
ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥ ਆਤਮ ਰਾਮੁ ਸੰਸਾਰਾ ॥
ਸਾਚਾ ਖੇਲੁ ਤੁਮ੍ਹਾਰਾ ॥ ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥
ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥
ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥}

(ਅੰਗ ੭੬੪)

ਸੂਹੀ ਮਹਲਾ ੪ ॥

{ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥
ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਧੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥
ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥}

(ਅੰਗ ੭੭੩-੭੭੪)

ੴ ਸਤਿਗੁਰ ਪ੍ਰਸਾਦਿ ॥

ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥

{ਗੁਰਮੁਖਿ ਹਰਿ ਗੁਣ ਗਾਏ ॥ ਹਿਰਦੈ ਰਸਨ ਰਸਾਏ ॥
ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥
ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥
ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥
ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥ ਸੰਗਤਿ ਸੰਤ ਮਿਲਾਏ ॥
ਹਰਿ ਸਰਿ ਨਿਰਮਲਿ ਨਾਏ ॥ ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥ ਅੰਤਰਿ ਰਤਨੁ ਬੀਚਾਰੇ ॥
ਗੁਰਮੁਖਿ ਨਾਮੁ ਪਿਆਰੇ ॥ ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥ ਹਰਿ ਪ੍ਰਭਿ ਕਾਜੁ ਰਚਾਇਆ ॥
ਗੁਰਮੁਖਿ ਵੀਆਹਣਿ ਆਇਆ ॥ ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥

ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥੧॥੩॥}

(ਅੰਗ ੭੨੪-੭੨੫)

ਸੂਹੀ ਮਹਲਾ ੫ ॥

{ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥
ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥
ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥
ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥
ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥
ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥੧॥
ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥
ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥
ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥ ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ ॥
ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਹਾਰੀ ॥
ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥੨॥
ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥
ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥
ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥
ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥
ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥ ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥੩॥
ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥
ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥
ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥
ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥੪॥੨॥}

(ਅੰਗ ੭੭੭-੭੭੮)

54/7582

ਰਾਗੁ ਸੂਹੀ ਛੰਤ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਗੋਬਿੰਦ ਗੁਣ ਗਾਵਣ ਲਾਗੇ ॥ ਹਰਿ ਰੰਗਿ ਅਨਦਿਨੁ ਜਾਗੇ ॥
ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ ॥ ਗੁਰ ਚਰਣ ਲਾਗੇ ਭਰਮ ਭਾਗੇ ਕਾਜ ਸਗਲ ਸਵਾਰਿਆ॥

ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿ ਨਾਮੁ ਜਪਿ ਵਡਭਾਗੈ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਜੀਉ ਪਿੰਡੁ ਪ੍ਰਭ ਆਗੈ ॥੧॥ ਅਨਹਤ ਸਬਦੁ ਸੁਹਾਵਾ ॥
ਸਚੁ ਮੰਗਲੁ ਹਰਿ ਜਸੁ ਗਾਵਾ ॥ ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ॥
ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ ॥ ਹੋਇ ਰੇਣ ਸਾਧੂ ਪ੍ਰਭ ਅਰਾਧੂ ਆਪਣੇ ਪ੍ਰਭ ਭਾਵਾ॥
ਬਿਨਵੰਤਿ ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ ॥੨॥ ਗੁਰ ਮਿਲਿ ਸਾਗਰੁ ਤਰਿਆ ॥
ਹਰਿ ਚਰਣ ਜਪਤ ਨਿਸਤਰਿਆ ॥ ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ ॥
ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ ॥
ਜਪਿ ਏਕੁ ਅਲਖ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ ॥
ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ ॥੩॥ ਪਤਿਤ ਪਾਵਨ ਹਰਿ ਨਾਮਾ ॥
ਪੂਰਨ ਸੰਤ ਜਨਾ ਕੇ ਕਾਮਾ ॥ ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥
ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥
ਮਨਿ ਸਾਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ ॥
ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ ॥੪॥੧॥੩॥}

(ਅੰਗ ੭੭੯-੭੭੯)

ਸੂਹੀ ਮਹਲਾ ੫ ॥

{ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥
ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥
ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥ ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥
ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ ॥
ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥੧॥
ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥
ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥
ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ ॥
ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥
ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥
ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥੨॥
ਹਰਿ ਹਰੇ ਹਰਿ ਗੁਣ ਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ ॥
ਸੰਤ ਚਰਣ ਗੁਰ ਸੇਵਾ ਲਾਗੇ ਤਿਨੀ ਪਰਮ ਪਦ ਪਾਏ ਰਾਮ ॥
ਪਰਮ ਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ ॥
ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ ॥
ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ ॥

ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥੩॥
ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ ॥
ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ ॥
ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ ॥
ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ ॥
ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ ॥
ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥੪॥੨॥੫॥}

(ਅੰਗ ੭੮੦)

ਸੂਹੀ ਮਹਲਾ ੫ ॥

{ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥
ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥
ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥
ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰ ਹੂ ਤੇ ਨੇਰਾ ॥ ਨਾਨਕ ਕਉ ਪ੍ਰਭ ਕਿਰਪਾ ਕੀਜੈ ਨੇਤ੍ਰ ਦੇਖਹਿ ਦਰਸੁ ਤੇਰਾ ॥੧॥
ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥
ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥
ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥
ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥
ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥੨॥
ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗਿ ਰਾਮ ॥
ਭਵ ਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥
ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥
ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥
ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥੩॥
ਏਹੋ ਵਰੁ ਏਹਾ ਵਡਿਆਈ ਇਹੁ ਧਨੁ ਹੋਇ ਵਡਭਾਗਾ ਰਾਮ ॥
ਏਹੋ ਰੰਗੁ ਏਹੋ ਰਸ ਭੋਗਾ ਹਰਿ ਚਰਣੀ ਮਨੁ ਲਾਗਾ ਰਾਮ ॥
ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣ ਕਾਰਣ ਗੋਪਾਲਾ ॥
ਸਭੁ ਕਿਛੁ ਤੇਰਾ ਤੂ ਪ੍ਰਭੁ ਮੇਰਾ ਮੇਰੇ ਠਾਕੁਰ ਦੀਨ ਦਇਆਲਾ ॥
ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ ਸੰਤਸੰਗਿ ਮਨੁ ਜਾਗਾ ॥

ਕਹੁ ਨਾਨਕ ਪ੍ਰਭਿ ਕਿਰਪਾ ਕੀਨ੍ਹੀ ਚਰਣ ਕਮਲ ਮਨੁ ਲਾਗਾ ॥੪॥੩॥੬॥}

(ਅੰਗ ੭੮੦-੭੮੧)

ਸੂਹੀ ਮਹਲਾ ੫ ॥

{ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥
ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥
ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥
ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥੧॥
ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥
ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥
ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥
ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥
ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥
ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥੨॥
ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ ॥
ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥
ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ ॥
ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥
ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥
ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥੩॥
ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥
ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ ॥
ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥
ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥
ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ ॥
ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥}

(ਅੰਗ ੭੮੧-੭੮੨)

ਸੂਹੀ ਮਹਲਾ ੫ ॥

{ਭੈ ਸਾਗਰੋ ਭੈ ਸਾਗਰੁ ਤਰਿਆ ਹਰਿ ਹਰਿ ਨਾਮੁ ਧਿਆਏ ਰਾਮ ॥
ਬੋਹਿਥੜਾ ਹਰਿ ਚਰਣ ਅਰਾਧੇ ਮਿਲਿ ਸਤਿਗੁਰ ਪਾਰਿ ਲਘਾਏ ਰਾਮ ॥

ਗੁਰ ਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ ॥
ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥
ਦੂਖ ਨ ਭੂਖ ਨ ਰੋਗੁ ਨ ਬਿਆਪੈ ਸੁਖ ਸਾਗਰ ਸਰਣੀ ਪਾਏ ॥
ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ ਮਨ ਕੀ ਚਿੰਤ ਮਿਟਾਏ ॥੧॥
ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥
ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥
ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥
ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ ॥
ਸਾ ਵਡਭਾਗਣਿ ਸਦਾ ਸੋਹਾਗਣਿ ਰਾਮ ਨਾਮ ਗੁਣ ਚੀਨ੍ਹੇ ॥
ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾ ਰਸਿ ਭੀਨੇ ॥੨॥
ਅਨਦ ਬਿਨੋਦ ਭਏ ਨਿਤ ਸਖੀਏ ਮੰਗਲ ਸਦਾ ਹਮਾਰੈ ਰਾਮ ॥
ਆਪਨੜੈ ਪ੍ਰਭਿ ਆਪਿ ਸੀਗਾਰੀ ਸੋਭਾਵੰਤੀ ਨਾਰੇ ਰਾਮ ॥
ਸਹਜ ਸੁਭਾਇ ਭਏ ਕਿਰਪਾਲਾ ਗੁਣ ਅਵਗਣ ਨ ਬੀਚਾਰਿਆ ॥
ਕੰਠਿ ਲਗਾਇ ਲੀਏ ਜਨ ਅਪੁਨੇ ਰਾਮ ਨਾਮ ਉਰਿ ਧਾਰਿਆ ॥
ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ ॥
ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ ॥੩॥
ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥
ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥
ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਲਿ ਛਾਇਆ ॥
ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ॥
ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥
ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥੪॥੫॥੮॥}

(ਅੰਗ ੭੮੨-੭੮੩)

ਬਿਲਾਵਲੁ ਮਹਲਾ ੩ ॥

{ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥ ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥
ਮੰਗਲੁ ਨਾਰੀ ਗਾਵਹਿ ਆਏ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥੧॥
ਹਉ ਤਿਨ ਬਲਿਹਾਰੈ ਜਿਨ੍ ਹਰਿ ਮੰਨਿ ਵਸਾਏ ॥
ਹਰਿ ਜਨ ਕਉ ਮਿਲਿਆ ਸੁਖੁ ਪਾਈਐ ਹਰਿ ਗੁਣ ਗਾਵੈ ਸਹਜਿ ਸੁਭਾਏ ॥੧॥ ਰਹਾਉ ॥
ਸਦਾ ਰੰਗਿ ਰਾਤੇ ਤੇਰੈ ਚਾਏ ॥ ਹਰਿ ਜੀਉ ਆਪਿ ਵਸੈ ਮਨਿ ਆਏ ॥
ਆਪੇ ਸੋਭਾ ਸਦ ਹੀ ਪਾਏ ॥ ਗੁਰਮੁਖਿ ਮੇਲੈ ਮੇਲਿ ਮਿਲਾਏ ॥੨॥
ਗੁਰਮੁਖਿ ਰਾਤੇ ਸਬਦਿ ਰੰਗਾਏ ॥ ਨਿਜ ਘਰਿ ਵਾਸਾ ਹਰਿ ਗੁਣ ਗਾਏ ॥

ਰੰਗਿ ਚਲੂਲੈ ਹਰਿ ਰਸਿ ਭਾਏ ॥ ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥੩॥
ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥}

(ਅੰਗ ੭੯੮)

ਬਿਲਾਵਲੁ ਮਹਲਾ ੫ ॥

{ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥
ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥
ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ ॥ ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ ॥੧॥
ਹਰਿਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥
ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ ॥
ਰਸਿ ਭੋਗਣ ਅਤਿ ਰੂਪ ਰਸ ਮਾਤੇ ਇਨ ਸੰਗਿ ਸੂਖੁ ਨ ਪਾਇਆ ॥
ਧੰਨਿ ਧੰਨਿ ਹਰਿ ਸਾਧ ਜਨ ਸਖੀਏ ਨਾਨਕ ਜਿਨੀ ਨਾਮੁ ਧਿਆਇਆ ॥੨॥
ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ ॥
ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨ ਕਮਲ ਲਿਵ ਲਾਈਐ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲੁ ਸਰਣੀ ਪਾਈਐ ॥
ਪ੍ਰੇਮ ਬਿਛੋਹੁ ਨ ਮੋਹੁ ਬਿਆਪੈ ਨਾਨਕ ਹਰਿ ਏਕੁ ਧਿਆਈਐ ॥੩॥
ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਜਿ ਸੁਭਾਏ ॥
ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ ॥
ਸਖੀ ਸਹੇਲੀ ਰਾਮ ਰੰਗਿ ਰਾਤੀ ਮਨ ਤਨ ਇਛ ਪੁਜਾਏ ॥
ਨਾਨਕ ਅਚਰਜੁ ਅਚਰਜ ਸਿਉ ਮਿਲਿਆ ਕਹਣਾ ਕਛੂ ਨ ਜਾਏ ॥੪॥੨॥੫॥}

(ਅੰਗ ੮੦੨-੮੦੩)

ਬਿਲਾਵਲੁ ਮਹਲਾ ੫ ॥

{ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ ਰਹਾਉ ॥
ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥
ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥
ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥
ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ ਮਿਲਾਤ ॥੨॥੪॥੮੪॥}

(ਅੰਗ ੮੨੦-੮੨੧)

54/7583

ਰਾਗੁ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ

ੴ ਸਤਿਗੁਰ ਪ੍ਰਸਾਦਿ ॥

{ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ ॥
ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ ॥੧॥ ਰਹਾਉ ॥
ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥ ਲਾਲਨੁ ਮੋਹਿ ਮਿਲਾਵਹੁ ॥ ਕਬ ਘਰਿ ਆਵੈ ਰੀ ॥੧॥
ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥
ਤਬ ਰਸ ਮੰਗਲ ਗੁਨ ਗਾਵਹੁ ॥ ਆਨਦ ਰੂਪ ਧਿਆਵਹੁ ॥ ਨਾਨਕੁ ਦੁਆਰੈ ਆਇਓ ॥
ਤਉ ਮੈ ਲਾਲਨੁ ਪਾਇਓ ਰੀ ॥੨॥ ਮੋਹਨ ਰੂਪੁ ਦਿਖਾਵੈ ॥ ਅਬ ਮੋਹਿ ਨੀਦ ਸੁਹਾਵੈ ॥
ਸਭ ਮੇਰੀ ਤਿਖਾ ਬੁਝਾਨੀ ॥ ਅਬ ਮੈ ਸਹਜਿ ਸਮਾਨੀ ॥ ਮੀਠੀ ਪਿਰਹਿ ਕਹਾਨੀ ॥
ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ ॥੧॥੧੨੮॥}

(ਅੰਗ ੮੩੦)

ਛੰਤ ਬਿਲਾਵਲੁ ਮਹਲਾ ੪ ਮੰਗਲ

ੴ ਸਤਿਗੁਰ ਪ੍ਰਸਾਦਿ ॥

{ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥
ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥
ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥ ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ॥੧॥
ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ॥
ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥
ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ ॥੨॥
ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ ॥ ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ ॥
ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ ॥
ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ ॥੩॥
ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ ॥
ਭਗਤਿ ਵਛਲੁ ਹਰਿ ਨਾਮੁ ਹੈ ਗੁਰਮੁਖਿ ਹਰਿ ਲੀਨਾ ਰਾਮ ॥
ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ ॥
ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥੪॥੧॥੩॥}

(ਅੰਗ ੮੪੪-੮੪੫)

ਬਿਲਾਵਲੁ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

{ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥
ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥
ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥
ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥
ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥
ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥੧॥
ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥
ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥
ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥
ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥
ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ ॥੨॥ ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥
ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥ ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਵੀਆਂ ॥
ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਵੀਆ ॥
ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥
ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥੩॥ ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥
ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥ ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥
ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥
ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥੪॥੧॥}

(ਅੰਗ ੮੪੫-੮੪੬)

ਬਿਲਾਵਲੁ ਮਹਲਾ ੫ ॥

{ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥ ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥
ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥ ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ॥
ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥
ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥੧॥
ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ ॥ ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ ॥
ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ ॥
ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ ॥
ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ ॥
ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ ਪਾਵਹ ॥੨॥
ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥ ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ ॥

ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ ॥
ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥ ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ॥
ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥੩॥ ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥}

(ਅੰਗ ੮੪੬)

ਬਿਲਾਵਲੁ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

{ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ ॥
ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥
ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥
ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥
ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ ॥
ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ ॥੧॥ ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ ॥
ਓਹ ਜੋਹੈ ਬਹੁ ਪਰਕਾਰ ਸੁੰਦਰਿ ਮੋਹਨੀ ॥ ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ ॥
ਹੋਇ ਢੀਠ ਮੀਠੀ ਮਨਹਿ ਲਾਗੈ ਨਾਮੁ ਲੈਣ ਨ ਆਵਏ ॥ ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ॥
ਨਾਨਕੁ ਪਇਅੰਪੈ ਦਇਆ ਧਾਰਹੁ ਮੈ ਨਾਮੁ ਅੰਧੁਲੇ ਟੋਹਨੀ ॥੨॥
ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ ਰਖਹੁ ॥ ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ ॥
ਨਹ ਚਤੁਰਿ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ ॥
ਨਹ ਰੂਪ ਧੂਪ ਨ ਨੈਣ ਬੰਕੇ ਜਹ ਭਾਵੈ ਤਹ ਰਖੁ ਤੁਹੀ ॥
ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ ॥
ਨਾਨਕੁ ਪਇਅੰਪੈ ਸੇਵ ਸੇਵਕੁ ਜਿਉ ਜਾਨਹੁ ਤਿਉ ਮੋਹਿ ਰਖਹੁ ॥੩॥
ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ ॥ ਮੋਹਿ ਚਾਤ੍ਰਿਕ ਤੁਮ੍ ਬੂੰਦ ਤ੍ਰਿਪਤਉ ਮੁਖਿ ਪਰੈ ॥
ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ ॥
ਲਾਡਿਲੇ ਲਾਡ ਲਡਾਇ ਸਭ ਮਹਿ ਮਿਲੁ ਹਮਾਰੀ ਹੋਇ ਗਤੇ ॥
ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ ॥
ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ ਮਛੁਲੀ ਨੀਰੁ ਨ ਵੀਸਰੈ ॥੪॥
ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥ ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥
ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ ॥
ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ ॥ ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ॥

ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ॥੫॥੧॥੩॥}

(ਅੰਗ ੮੪੭)

ਬਿਲਾਵਲੁ ਮਹਲਾ ੫ ਛੰਤ ਮੰਗਲ

ੴ ਸਤਿਗੁਰ ਪ੍ਰਸਾਦਿ ॥

ਸਲੋਕੁ ॥

{ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥}

(ਅੰਗ ੮੪੭)

ਗੋਂਡ ਮਹਲਾ ੫ ॥

{ਉਨ ਕਉ ਖਸਮਿ ਕੀਨੀ ਠਾਕਹਾਰੇ ॥ ਦਾਸ ਸੰਗ ਤੇ ਮਾਰਿ ਬਿਦਾਰੇ ॥
ਗੋਬਿੰਦ ਭਗਤ ਕਾ ਮਹਲੁ ਨ ਪਾਇਆ ॥ ਰਾਮ ਜਨਾ ਮਿਲਿ ਮੰਗਲੁ ਗਾਇਆ ॥੧॥
ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ ਰਹਾਉ ॥
ਜਗਤ ਪਾਸ ਤੇ ਲੇਤੇ ਦਾਨੁ ॥ ਗੋਬਿੰਦ ਭਗਤ ਕਉ ਕਰਹਿ ਸਲਾਮੁ ॥
ਲੂਟਿ ਲੇਹਿ ਸਾਕਤ ਪਤਿ ਖੋਵਹਿ ॥ ਸਾਧ ਜਨਾ ਪਗ ਮਲਿ ਮਲਿ ਧੋਵਹਿ ॥੨॥
ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥
ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥
ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥
ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥}

(ਅੰਗ ੮੬੫)

54/7584

{ਹਰਿ ਰਾਸਿ ਮੇਰੀ ਮਨੁ ਵਣਜਾਰਾ ॥ ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥
ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥ ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ॥
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥
ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥
ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥

ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥
ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥ ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥
ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥}

(ਅੰਗ ੯੨੧-੯੨੨)

ਰਾਮਕਲੀ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

{ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥
ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥
ਗੋਬਿੰਦਾ ਮੇਰੇ ਗੋਬਿੰਦਾ ਪ੍ਰਾਣ ਅਧਾਰਾ ਮੇਰੇ ਗੋਬਿੰਦਾ ॥
ਕਿਰਪਾਲਾ ਮੇਰੇ ਕਿਰਪਾਲਾ ਦਾਨ ਦਾਤਾਰਾ ਮੇਰੇ ਕਿਰਪਾਲਾ ॥
ਦਾਨ ਦਾਤਾਰਾ ਅਪਰ ਅਪਾਰਾ ਘਟ ਘਟ ਅੰਤਰਿ ਸੋਹਨਿਆ ॥
ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥
ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ ॥
ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ ॥੨॥
ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ ॥ ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ ॥
ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥ ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ॥
ਤਿਨ ਹੀ ਪਾਇਆ ਤਿਨਹਿ ਧਿਆਇਆ ਸਗਲ ਤਿਸੈ ਕਾ ਮਾਣੋ ॥
ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ ॥੩॥

ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ ॥ ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ ॥
ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ ॥
ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥
ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ ॥
ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਨੀਐ ॥੪॥੧॥}

(ਅੰਗ ੯੨੪)

{ਗੁਣ ਬੇਅੰਤ ਸੁਆਮੀ ਤੇਰੇ ਕੋਇ ਨ ਜਾਨਈ ॥ ਦੇਖਿ ਚਲਤ ਦਇਆਲ ਸੁਣਿ ਭਗਤ ਵਖਾਨਈ ॥
ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖਪਤਿ ਪਰਮੇਸਰਾ ॥ ਸਰਬ ਜਾਚਿਕ ਏਕੁ ਦਾਤਾ ਕਰੁਣਾ ਮੈ ਜਗਦੀਸਰਾ॥
ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ ॥
ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ ॥੩॥ ਮੋਹਿ ਨਿਰਗੁਣ ਅਨਾਥੁ ਸਰਣੀ ਆਇਆ ॥
ਬਲਿ ਬਲਿ ਬਲਿ ਗੁਰਦੇਵ ਜਿਨਿ ਨਾਮੁ ਦ੍ਰਿੜਾਇਆ ॥ ਗੁਰਿ ਨਾਮੁ ਦੀਆ ਕੁਸਲੁ ਥੀਆ ਸਰਬ ਇਛਾ ਪੁੰਨੀਆ॥
ਜਲਨੇ ਬੁਝਾਈ ਸਾਂਤਿ ਆਈ ਮਿਲੇ ਚਿਰੀ ਵਿਛੁੰਨਿਆ॥ ਆਨੰਦ ਹਰਖ ਸਹਜ ਸਾਚੇ ਮਹਾ ਮੰਗਲ ਗੁਣ ਗਾਇਆ॥
ਬਿਨਵੰਤਿ ਨਾਨਕ ਨਾਮੁ ਪ੍ਰਭ ਕਾ ਗੁਰ ਪੂਰੇ ਤੇ ਪਾਇਆ ॥੪॥੨॥}

(ਅੰਗ ੯੨੫)

{ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥
ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥
ਹਰਿ ਨਾਮੁ ਲੀਜੈ ਅਮਿਉ ਪੀਜੈ ਰੈਣਿ ਦਿਨਸੁ ਅਰਾਧੀਐ ॥
ਜੋਗ ਦਾਨ ਅਨੇਕ ਕਿਰਿਆ ਲਗਿ ਚਰਣ ਕਮਲਹ ਸਾਧੀਐ ॥
ਭਾਉ ਭਗਤਿ ਦਇਆਲ ਮੋਹਨ ਦੂਖ ਸਗਲੇ ਪਰਹਰੈ ॥
ਬਿਨਵੰਤਿ ਨਾਨਕ ਤਰੈ ਸਾਗਰੁ ਧਿਆਇ ਸੁਆਮੀ ਨਰਹਰੈ ॥੧॥
ਸੁਖ ਸਾਗਰ ਗੋਬਿੰਦ ਸਿਮਰਣੁ ਭਗਤ ਗਾਵਹਿ ਗੁਣ ਤੇਰੇ ਰਾਮ ॥
ਅਨਦ ਮੰਗਲ ਗੁਰ ਚਰਣੀ ਲਾਗੇ ਪਾਏ ਸੂਖ ਘਨੇਰੇ ਰਾਮ ॥
ਸੁਖ ਨਿਧਾਨੁ ਮਿਲਿਆ ਦੂਖ ਹਰਿਆ ਕ੍ਰਿਪਾ ਕਰਿ ਪ੍ਰਭਿ ਰਾਖਿਆ ॥
ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ ਹਰਿ ਨਾਮੁ ਰਸਨਾ ਭਾਖਿਆ ॥
ਹਰਿ ਏਕੁ ਚਿਤਵੈ ਪ੍ਰਭੁ ਏਕੁ ਗਾਵੈ ਹਰਿ ਏਕੁ ਦ੍ਰਿਸਟੀ ਆਇਆ ॥
ਬਿਨਵੰਤਿ ਨਾਨਕ ਪ੍ਰਭਿ ਕਰੀ ਕਿਰਪਾ ਪੂਰਾ ਸਤਿਗੁਰੁ ਪਾਇਆ ॥੨॥}

(ਅੰਗ ੯੨੫-੯੨੬)

ਰਾਮਕਲੀ ਮਹਲਾ ੫ ਛੰਤ ॥

ਸਲੋਕੁ ॥

{ਚਰਨ ਕਮਲ ਸਰਣਾਗਤੀ ਅਨਦ ਮੰਗਲ ਗੁਣ ਗਾਮ ॥ ਨਾਨਕ ਪ੍ਰਭੁ ਆਰਾਧੀਐ ਬਿਪਤਿ ਨਿਵਾਰਣ ਰਾਮ ॥੧॥}

(ਅੰਗ ੯੨੬)

ਛੰਤੁ ॥

{ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥
ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ ॥
ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ ॥
ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ ॥
ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ ॥
ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ ॥੭॥}

(ਅੰਗ ੯੨੯)

ਪਉੜੀ ॥

{ਮਿਲਿ ਨਾਰੀ ਸਤਸੰਗਿ ਮੰਗਲੁ ਗਾਵੀਆ ॥ ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ ॥
ਬਿਨਠੀ ਦੁਰਮਤਿ ਦੁਰਤੁ ਸੋਇ ਕੂੜਾਵੀਆ ॥ ਸੀਲਵੰਤਿ ਪਰਧਾਨਿ ਰਿਦੈ ਸਚਾਵੀਆ ॥
ਅੰਤਰਿ ਬਾਹਰਿ ਇਕੁ ਇਕ ਰੀਤਾਵੀਆ ॥ ਮਨਿ ਦਰਸਨ ਕੀ ਪਿਆਸ ਚਰਣ ਦਾਸਾਵੀਆ ॥
ਸੋਭਾ ਬਣੀ ਸੀਗਾਰੁ ਖਸਮਿ ਜਾਂ ਰਾਵੀਆ ॥ ਮਿਲੀਆ ਆਇ ਸੰਜੋਗਿ ਜਾਂ ਤਿਸੁ ਭਾਵੀਆ ॥੧੫॥}

(ਅੰਗ ੯੬੪)

ਰਾਗੁ ਨਟ ਨਾਰਾਇਨ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਰਾਮ ਹਉ ਕਿਆ ਜਾਨਾ ਕਿਆ ਭਾਵੈ ॥ ਮਨਿ ਪਿਆਸ ਬਹੁਤੁ ਦਰਸਾਵੈ ॥੧॥ ਰਹਾਉ ॥
ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ ॥
ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ ਸੋ ਸਦਾ ਸਦਾ ਤੁਧੁ ਧਿਆਵੈ ॥੧॥
ਕਵਨ ਜੋਗ ਕਵਨ ਗਿਆਨ ਧਿਆਨਾ ਕਵਨ ਗੁਨੀ ਰੀਝਾਵੈ ॥
ਸੋਈ ਜਨੁ ਸੋਈ ਨਿਜ ਭਗਤਾ ਜਿਸੁ ਊਪਰਿ ਰੰਗੁ ਲਾਵੈ ॥੨॥
ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ ॥
ਸੰਤਸੰਗਿ ਲਗਿ ਏਹੁ ਸੁਖੁ ਪਾਇਓ ਹਰਿ ਗੁਨ ਸਦ ਹੀ ਗਾਵੈ ॥੩॥
ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ ॥
ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹ ਆਵੈ ॥੪॥੧॥}

(ਅੰਗ ੯੭੮)

54/7585

ਮਾਲੀ ਗਉੜਾ ਮਹਲਾ ੪ ॥

{ਸਭਿ ਸਿਧ ਸਾਧਿਕ ਮੁਨਿ ਜਨਾ ਮਨਿ ਭਾਵਨੀ ਹਰਿ ਧਿਆਇਓ ॥
ਅਪਰੰਪਰੋ ਪਾਰਬ੍ਰਹਮੁ ਸੁਆਮੀ ਹਰਿ ਅਲਖੁ ਗੁਰੂ ਲਖਾਇਓ ॥੧॥ ਰਹਾਉ ॥
ਹਮ ਨੀਚ ਮਧਿਮ ਕਰਮ ਕੀਏ ਨਹੀ ਚੇਤਿਓ ਹਰਿ ਰਾਇਓ ॥

ਹਰਿ ਆਨਿ ਮੇਲਿਓ ਸਤਿਗੁਰੂ ਖਿਨੁ ਬੰਧ ਮੁਕਤਿ ਕਰਾਇਓ ॥੧॥
ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ ॥
ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥੨॥
ਪਤਿਤ ਪਾਵਨੁ ਨਾਮੁ ਨਰਹਰਿ ਮੰਦਭਾਗੀਆਂ ਨਹੀ ਭਾਇਓ ॥
ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ ॥੩॥
ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ ਗੁਰ ਚਰਨ ਮਨੁ ਮੈ ਲਾਇਓ ॥
ਹਰਿ ਰਾਮ ਨਾਮੈ ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ ॥੪॥੩॥}

(ਅੰਗ ੯੮੫)

ਮਾਰੂ ਸੋਲਹੇ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਜੋ ਦੀਸੈ ਸੋ ਏਕੋ ਤੂਹੈ ॥ ਬਾਣੀ ਤੇਰੀ ਸ੍ਰਵਣਿ ਸੁਣੀਐ ॥
ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ ਧਾਰਣਾ ॥੧॥
ਆਪਿ ਚਿਤਾਰੇ ਅਪਣਾ ਕੀਆ ॥ ਆਪੇ ਆਪਿ ਆਪਿ ਪ੍ਰਭੁ ਥੀਆ ॥
ਆਪਿ ਉਪਾਇ ਰਚਿਓਨੁ ਪਸਾਰਾ ਆਪੇ ਘਟਿ ਘਟਿ ਸਾਰਣਾ ॥੨॥ ਇਕਿ ਉਪਾਏ ਵਡ ਦਰਵਾਰੀ ॥
ਇਕਿ ਉਦਾਸੀ ਇਕਿ ਘਰ ਬਾਰੀ ॥ ਇਕਿ ਭੂਖੇ ਇਕਿ ਤ੍ਰਿਪਤਿ ਅਘਾਏ ਸਭਸੈ ਤੇਰਾ ਪਾਰਣਾ ॥੩॥
ਆਪੇ ਸਤਿ ਸਤਿ ਸਤਿ ਸਾਚਾ ॥ ਓਤਿ ਪੋਤਿ ਭਗਤਨ ਸੰਗਿ ਰਾਚਾ ॥
ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ ਪਸਾਰਣਾ ॥੪॥ ਸਦਾ ਸਦਾ ਸਦ ਹੋਵਣਹਾਰਾ ॥
ਊਚਾ ਅਗਮੁ ਅਥਾਹੁ ਅਪਾਰਾ ॥ ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥
ਮੁਖਿ ਸਾਲਾਹੀ ਸਚੇ ਸਾਹਾ ॥ ਨੈਣੀ ਪੇਖਾ ਅਗਮ ਅਥਾਹਾ ॥
ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ ॥੬॥ ਕਰਿ ਕਰਿ ਵੇਖਹਿ ਕੀਤਾ ਅਪਣਾ॥
ਜੀਅ ਜੰਤ ਸੋਈ ਹੈ ਜਪਣਾ ॥ ਅਪਣੀ ਕੁਦਰਤਿ ਆਪੇ ਜਾਣੈ ਨਦਰੀ ਨਦਰਿ ਨਿਹਾਲਣਾ ॥੭॥
ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥
ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥੮॥ ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥
ਕਰਿ ਕਰਿ ਦੇਖੈ ਖੇਲੁ ਅਪਾਰਾ ॥ ਆਪਿ ਉਪਾਏ ਉਪਾਵਣਹਾਰਾ ਅਪਣਾ ਕੀਆ ਪਾਲਣਾ ॥੯॥
ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਸਦਾ ਸਦਾ ਜਾਈ ਬਲਿਹਾਰੀ ॥
ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ ਮੇਰੇ ਸੁਆਮੀ ਅਗਮ ਅਪਾਰਣਾ ॥੧੦॥ ਤੁਧੁ ਬਿਨੁ ਦੂਜੇ ਕਿਸੁ ਸਾਲਾਹੀ॥
ਏਕੋ ਏਕੁ ਜਪੀ ਮਨ ਮਾਹੀ ॥ ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ ॥੧੧॥
ਗੁਰ ਉਪਦੇਸਿ ਜਪੀਐ ਮਨਿ ਸਾਚਾ ॥ ਗੁਰ ਉਪਦੇਸਿ ਰਾਮ ਰੰਗਿ ਰਾਚਾ ॥
ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥ ਜਹ ਰਾਖੈ ਸੋਈ ਸੁਖ ਥਾਨਾ ॥
ਸਹਜੇ ਹੋਇ ਸੋਈ ਭਲ ਮਾਨਾ ॥ ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ ॥੧੩॥
ਡਰ ਚੂਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥

ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ ॥੧੪॥ ਐਸਾ ਕੋ ਵਡਭਾਗੀ ਆਇਆ ॥
ਆਠ ਪਹਰ ਜਿਨਿ ਖਸਮੁ ਧਿਆਇਆ ॥ ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ ॥੧੫॥
ਇਹ ਬਖਸੀਸ ਖਸਮ ਤੇ ਪਾਵਾ ॥ ਆਠ ਪਹਰ ਕਰ ਜੋੜਿ ਧਿਆਵਾ ॥
ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥}

(ਅੰਗ ੧੦੨੬-੧੦੨੭)

ਕੇਦਾਰਾ ਮਹਲਾ ੫ ॥

{ਹਰਿ ਕੇ ਨਾਮ ਕੋ ਆਧਾਰੁ ॥ ਕਲਿ ਕਲੇਸ ਨ ਕਛੂ ਬਿਆਪੈ ਸੰਤਸੰਗਿ ਬਿਉਹਾਰੁ ॥ ਰਹਾਉ ॥
ਕਰਿ ਅਨੁਗ੍ਰਹੁ ਆਪਿ ਰਾਖਿਓ ਨਹ ਉਪਜਤਉ ਬੇਕਾਰੁ ॥
ਜਿਸੁ ਪਰਾਪਤਿ ਹੋਇ ਸਿਮਰੈ ਤਿਸੁ ਦਹਤ ਨਹ ਸੰਸਾਰੁ ॥੧॥
ਸੁਖ ਮੰਗਲ ਆਨੰਦ ਹਰਿ ਹਰਿ ਪ੍ਰਭ ਚਰਨ ਅੰਮ੍ਰਿਤ ਸਾਰੁ ॥
ਨਾਨਕ ਦਾਸ ਸਰਨਾਗਤੀ ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥}

(ਅੰਗ ੧੧੨੧)

ਭੈਰਉ ਮਹਲਾ ੫ ॥

{ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ ਉਦਾਸਾਏ ॥
ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ ॥੧॥ ਸੰਤਸੰਗਿ ਪੇਖਿਓ ਮਨ ਮਾਏਂ ॥
ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਗਾਏ ॥੧॥ ਰਹਾਉ ॥
ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ ॥
ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ ॥੨॥
ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ ॥
ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ ॥੩॥
ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ ॥
ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ ਜਿਹ ਘਟਿ ਪਰਗਟੀਆਏ ॥੪॥੨॥੧੫॥}

(ਅੰਗ ੧੧੩੯)

ਬਸੰਤੁ ਮਹਲਾ ੫ ਘਰੁ ੧ ਦੁਤੁਕੇ

ੴ ਸਤਿਗੁਰ ਪ੍ਰਸਾਦਿ ॥

{ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥ ਆਜੁ ਹਮਾਰੈ ਮਹਾ ਅਨੰਦ ॥
ਚਿੰਤ ਲਥੀ ਭੇਟੇ ਗੋਬਿੰਦ ॥੧॥ ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥ ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥੨॥ ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥ ਬਿਰਖੁ ਜਮਿਓ ਹੈ ਪਾਰਜਾਤ ॥
ਫੂਲ ਲਗੇ ਫਲ ਰਤਨ ਭਾਂਤਿ ॥ ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥

ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥}

(ਅੰਗ ੧੧੮੦)

ਬਸੰਤੁ ਮਹਲਾ ੫ ॥

{ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥
ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧॥
ਗ੍ਰਿਹਿ ਤਾ ਕੇ ਬਸੰਤੁ ਗਨੀ ॥ ਜਾ ਕੈ ਕੀਰਤਨੁ ਹਰਿ ਧੁਨੀ ॥੧॥ ਰਹਾਉ ॥
ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ ਗਿਆਨੁ ਕਮਾਈਐ ਪੂਛਿ ਜਨਾਂ ॥
ਸੋ ਤਪਸੀ ਜਿਸੁ ਸਾਧਸੰਗੁ ॥ ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥
ਸੇ ਨਿਰਭਉ ਜਿਨ੍ ਭਉ ਪਇਆ ॥ ਸੋ ਸੁਖੀਆ ਜਿਸੁ ਭ੍ਰਮੁ ਗਇਆ ॥
ਸੋ ਇਕਾਂਤੀ ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥੩॥
ਏਕਾ ਖੋਜੈ ਏਕ ਪ੍ਰੀਤਿ ॥ ਦਰਸਨ ਪਰਸਨ ਹੀਤ ਚੀਤਿ ॥
ਹਰਿ ਰੰਗ ਰੰਗਾ ਸਹਜਿ ਮਾਨੁ ॥ ਨਾਨਕ ਦਾਸ ਤਿਸੁ ਜਨ ਕੁਰਬਾਨੁ ॥੪॥੩॥}

(ਅੰਗ ੧੧੮੦)

{ਦ੍ਰਿਸਟਿ ਭਈ ਤਬ ਭੀਤਰਿ ਆਇਓ ਮੇਰਾ ਮਨੁ ਅਨਦਿਨੁ ਸੀਤਲਾਗਿਓ ॥
ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ ॥੪॥੫॥}

(ਅੰਗ ੧੨੦੪)

ਸਾਰਗ ਮਹਲਾ ੫ ॥

{ਅਬ ਮੋਹਿ ਰਾਮ ਭਰੋਸਉ ਪਾਏ ॥ ਜੋ ਜੋ ਸਰਣਿ ਪਰਿਓ ਕਰੁਣਾਨਿਧਿ ਤੇ ਤੇ ਭਵਹਿ ਤਰਾਏ ॥੧॥ ਰਹਾਉ ॥
ਸੁਖਿ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ ॥
ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ ॥੧॥
ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ ਸ੍ਰਵਨੀ ਕਥਾ ਸੁਨਾਏ ॥
ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ ਹਰਿ ਗੁਣ ਗਾਏ ॥੨॥
ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥
ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥
ਕਵਨ ਉਪਮਾ ਕਉਨ ਬਡਾਈ ਕਿਆ ਗੁਨ ਕਹਉ ਰੀਝਾਏ ॥
ਹੋਤ ਕ੍ਰਿਪਾਲ ਦੀਨ ਦਇਆ ਪ੍ਰਭ ਜਨ ਨਾਨਕ ਦਾਸ ਦਸਾਏ ॥੪॥੮॥}

(ਅੰਗ ੧੨੦੪-੧੨੦੫)

54/7586

ਸਾਰਗ ਮਹਲਾ ੫ ॥

{ਉਇ ਸੁਖ ਕਾ ਸਿਉ ਬਰਨਿ ਸੁਨਾਵਤ ॥
ਅਨਦ ਬਿਨੋਦ ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ ॥੧॥ ਰਹਾਉ ॥

ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ ॥
ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ ॥੧॥
ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ ਆਵਤ ਜਾਵਤ ॥
ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ ਉਆ ਕੀ ਕਹੀ ਨ ਜਾਇ ਕਹਾਵਤ ॥੨॥
ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ ॥
ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ ॥੩॥
ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ ॥
ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ ॥੪॥੯॥}

(ਅੰਗ ੧੨੦੫)

ਸਾਰਗ ਮਹਲਾ ੫ ॥

{ਗਾਇਓ ਰੀ ਮੈ ਗੁਣ ਨਿਧਿ ਮੰਗਲ ਗਾਇਓ ॥
ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ ॥੧॥ ਰਹਾਉ ॥
ਸੰਤਹ ਚਰਨ ਮੋਰਲੋ ਮਾਥਾ ॥ ਹਮਰੇ ਮਸਤਕਿ ਸੰਤ ਧਰੇ ਹਾਥਾ ॥੧॥
ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥
ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤ੍ਰੂਟੇ ਭ੍ਰਮ ਸੰਗਾ ॥੩॥
ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥}

(ਅੰਗ ੧੨੦੬)

ਸਾਰਗ ਮਹਲਾ ੫ ॥

{ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥
ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ ॥੧॥ ਰਹਾਉ ॥
ਜੀਅ ਹੰ਀ਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ ॥
ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ ਗੁਣ ਗਾਈ ॥੧॥
ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈਂ ॥
ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ ॥੨॥੩॥੧੭॥}

(ਅੰਗ ੧੨੦੭)

ਸਾਰਗ ਮਹਲਾ ੫ ॥

{ਮਨ ਸਦਾ ਮੰਗਲ ਗੋਬਿੰਦ ਗਾਇ ॥
ਰੋਗ ਸੋਗ ਤੇਰੇ ਮਿਟਹਿ ਸਗਲ ਅਘ ਨਿਮਖ ਹੀਐ ਹਰਿ ਨਾਮੁ ਧਿਆਇ ॥੧॥ ਰਹਾਉ ॥
ਛੋਡਿ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ ॥
ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ ਜਮ ਤੇ ਹੋਵੈ ਧਰਮ ਰਾਇ ॥੧॥
ਏਕਸ ਬਿਨੁ ਨਾਹੀ ਕੋ ਦੂਜਾ ਆਨ ਨ ਬੀਓ ਲਵੈ ਲਾਇ ॥

ਮਾਤ ਪਿਤਾ ਭਾਈ ਨਾਨਕ ਕੋ ਸੁਖਦਾਤਾ ਹਰਿ ਪ੍ਰਾਨ ਸਾਇ ॥੨॥੨॥੨੧॥}

(ਅੰਗ ੧੨੦੮)

ਸਾਰਗ ਮਹਲਾ ੫ ॥

{ਅਪਨਾ ਮੀਤੁ ਸੁਆਮੀ ਗਾਈਐ ॥
ਆਸ ਨ ਅਵਰ ਕਾਹੂ ਕੀ ਕੀਜੈ ਸੁਖਦਾਤਾ ਪ੍ਰਭੁ ਧਿਆਈਐ ॥੧॥ ਰਹਾਉ ॥
ਸੂਖ ਮੰਗਲ ਕਲਿਆਣ ਜਿਸਹਿ ਘਰਿ ਤਿਸ ਹੀ ਸਰਣੀ ਪਾਈਐ ॥
ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ ॥੧॥
ਏਕ ਓਟ ਪਕਰੀ ਠਾਕੁਰ ਕੀ ਗੁਰ ਮਿਲਿ ਮਤਿ ਬੁਧਿ ਪਾਈਐ ॥
ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ ਸਗਲ ਚੁਕੀ ਮੁਹਤਾਈਐ ॥੨॥੨੬॥੪੯॥}

(ਅੰਗ ੧੨੧੪)

ਸਾਰਗ ਮਹਲਾ ੫ ॥

{ਬਿਨੁ ਪ੍ਰਭ ਰਹਨੁ ਨ ਜਾਇ ਘਰੀ ॥ ਸਰਬ ਸੂਖ ਤਾਹੂ ਕੈ ਪੂਰਨ ਜਾ ਕੈ ਸੁਖੁ ਹੈ ਹਰੀ ॥੧॥ ਰਹਾਉ ॥
ਮੰਗਲ ਰੂਪ ਪ੍ਰਾਨ ਜੀਵਨ ਧਨ ਸਿਮਰਤ ਅਨਦ ਘਨਾ ॥
ਵਡ ਸਮਰਥੁ ਸਦਾ ਸਦ ਸੰਗੇ ਗੁਨ ਰਸਨਾ ਕਵਨ ਭਨਾ ॥੧॥
ਥਾਨ ਪਵਿਤ੍ਰਾ ਮਾਨ ਪਵਿਤ੍ਰਾ ਪਵਿਤ੍ਰ ਸੁਨਨ ਕਹਨਹਾਰੇ ॥
ਕਹੁ ਨਾਨਕ ਤੇ ਭਵਨ ਪਵਿਤ੍ਰਾ ਜਾ ਮਹਿ ਸੰਤ ਤੁਮ੍ਹਾਰੇ ॥੨॥੩੨॥੫੫॥}

(ਅੰਗ ੧੨੧੫)

ਸਾਰਗ ਮਹਲਾ ੫ ॥

{ਟੂਟੀ ਨਿੰਦਕ ਕੀ ਅਧ ਬੀਚ ॥ ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ ॥੧॥ ਰਹਾਉ॥
ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ ॥ ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ ॥੧॥
ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਅਪਣਾ ਪਾਇਆ ॥
ਨਾਨਕ ਸਰਣਿ ਨਿਰਭਉ ਕਰਤੇ ਕੀ ਅਨਦ ਮੰਗਲ ਗੁਣ ਗਾਇਆ ॥੨॥੮੩॥੧੦੬॥}

(ਅੰਗ ੧੨੨੪)

ਸਾਰਗ ਮਹਲਾ ੫ ॥

{ਵੂਠਾ ਸਰਬ ਥਾਈ ਮੇਹੁ ॥ ਅਨਦ ਮੰਗਲ ਗਾਉ ਹਰਿ ਜਸੁ ਪੂਰਨ ਪ੍ਰਗਟਿਓ ਨੇਹੁ ॥੧॥ ਰਹਾਉ ॥
ਚਾਰਿ ਕੁੰਟ ਦਹ ਦਿਸਿ ਜਲ ਨਿਧਿ ਊਨ ਥਾਉ ਨ ਕੇਹੁ ॥ ਕ੍ਰਿਪਾ ਨਿਧਿ ਗੋਬਿੰਦ ਪੂਰਨ ਜੀਅ ਦਾਨੁ ਸਭ ਦੇਹੁ ॥੧॥
ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧਸੰਗੇਹੁ ॥
ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥੨॥੯੧॥੧੧੪॥}

(ਅੰਗ ੧੨੨੬)

ਮਲਾਰ ਮਹਲਾ ੫ ॥

{ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥

ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧॥ ਸੁਨੀਐ ਬਾਜੈ ਬਾਜ ਸੁਹਾਵੀ ॥
ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ ॥੧॥ ਰਹਾਉ ॥
ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਏ ॥
ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ ॥੨॥
ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ ॥
ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥
ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ ॥
ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ ॥੪॥੩॥}

(ਅੰਗ ੧੨੬੬-੧੨੬੭)

54/7587

ਮਲਾਰ ਮਹਲਾ ੫ ॥

{ਘਨਿਹਰ ਬਰਸਿ ਸਗਲ ਜਗੁ ਛਾਇਆ ॥
ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥੧॥ ਰਹਾਉ ॥
ਮਿਟੇ ਕਲੇਸ ਤ੍ਰਿਸਨ ਸਭ ਬੂਝੀ ਪਾਰਬ੍ਰਹਮੁ ਮਨਿ ਧਿਆਇਆ ॥
ਸਾਧਸੰਗਿ ਜਨਮ ਮਰਨ ਨਿਵਾਰੇ ਬਹੁਰਿ ਨ ਕਤਹੂ ਧਾਇਆ ॥੧॥
ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ ॥
ਅੰਗੀਕਾਰੁ ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥੨॥੭॥੧੧॥}

(ਅੰਗ ੧੨੬੮)

ਮਲਾਰ ਮਹਲਾ ੫ ॥

{ਪ੍ਰਿਅ ਕੀ ਸੋਭ ਸੁਹਾਵਨੀ ਨੀਕੀ ॥
ਹਾਹਾ ਹੂਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ ॥੧॥ ਰਹਾਉ ॥
ਧੁਨਿਤ ਲਲਿਤ ਗੁਨਗੁ ਅਨਿਕ ਭਾਂਤਿ ਬਹੁ ਬਿਧਿ ਰੂਪ ਦਿਖਾਵਨੀ ਨੀਕੀ ॥੧॥
ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ ॥
ਸਾਧਸੰਗਿ ਰਾਮਈਆ ਰਸੁ ਪਾਇਓ ਨਾਨਕ ਜਾ ਕੈ ਭਾਵਨੀ ਨੀਕੀ ॥੨॥੩॥੨੫॥}

(ਅੰਗ ੧੨੭੨)

{ਆਪਸ ਕਉ ਆਪੁ ਮਿਲਾਇਆ ॥ ਭ੍ਰਮ ਭੰਜਨ ਹਰਿ ਰਾਇਆ ॥
ਆਚਰਜ ਸੁਆਮੀ ਅੰਤਰਜਾਮੀ ਮਿਲੇ ਗੁਣ ਨਿਧਿ ਪਿਆਰਿਆ ॥
ਮਹਾ ਮੰਗਲ ਸੂਖ ਉਪਜੇ ਗੋਬਿੰਦ ਗੁਣ ਨਿਤ ਸਾਰਿਆ ॥
ਮਿਲਿ ਸੰਗਿ ਸੋਹੇ ਦੇਖਿ ਮੋਹੇ ਪੁਰਬਿ ਲਿਖਿਆ ਪਾਇਆ ॥
ਬਿਨਵੰਤਿ ਨਾਨਕ ਸਰਨਿ ਤਿਨ ਕੀ ਜਿਨ੍ੀ ਹਰਿ ਹਰਿ ਧਿਆਇਆ ॥੪॥੧॥}

(ਅੰਗ ੧੨੭੮)

ਕਾਨੜਾ ਮਹਲਾ ੫ ॥

{ਸਾਜਨਾ ਸੰਤ ਆਉ ਮੇਰੈ ॥੧॥ ਰਹਾਉ ॥ ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ ॥੧॥
ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥੨॥
ਸੰਤ ਪ੍ਰਸਾਦਿ ਕਮਲੁ ਬਿਗਸੈ ਗੋਬਿੰਦ ਭਜਉ ਪੇਖਿ ਨੇਰੈ ॥੩॥
ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ ॥੪॥੫॥੧੬॥}

(ਅੰਗ ੧੩੦੧)

ਕਾਨੜਾ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਸੇ ਉਧਰੇ ਜਿਨ ਰਾਮ ਧਿਆਏ ॥ ਜਤਨ ਮਾਇਆ ਕੇ ਕਾਮਿ ਨ ਆਏ ॥
ਰਾਮ ਧਿਆਏ ਸਭਿ ਫਲ ਪਾਏ ਧਨਿ ਧੰਨਿ ਤੇ ਬਡਭਾਗੀਆ ॥
ਸਤਸੰਗਿ ਜਾਗੇ ਨਾਮਿ ਲਾਗੇ ਏਕ ਸਿਉ ਲਿਵ ਲਾਗੀਆ ॥
ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨੁ ਪਾਏ ॥੧॥
ਮਿਲਿ ਸਾਧੂ ਨਿਤ ਭਜਹ ਨਾਰਾਇਣ ॥ ਰਸਕਿ ਰਸਕਿ ਸੁਆਮੀ ਗੁਣ ਗਾਇਣ ॥
ਗੁਣ ਗਾਇ ਜੀਵਹ ਹਰਿ ਅਮਿਉ ਪੀਵਹ ਜਨਮ ਮਰਣਾ ਭਾਗਏ ॥
ਸਤਸੰਗਿ ਪਾਈਐ ਹਰਿ ਧਿਆਈਐ ਬਹੁੜਿ ਦੂਖੁ ਨ ਲਾਗਏ ॥
ਕਰਿ ਦਇਆ ਦਾਤੇ ਪੁਰਖ ਬਿਧਾਤੇ ਸੰਤ ਸੇਵ ਕਮਾਇਣ ॥
ਬਿਨਵੰਤਿ ਨਾਨਕ ਜਨ ਧੂਰਿ ਬਾਂਛਹਿ ਹਰਿ ਦਰਸਿ ਸਹਜਿ ਸਮਾਇਣ ॥੨॥
ਸਗਲੇ ਜੰਤ ਭਜਹੁ ਗੋਪਾਲੈ ॥ ਜਪ ਤਪ ਸੰਜਮ ਪੂਰਨ ਘਾਲੈ ॥
ਨਿਤ ਭਜਹੁ ਸੁਆਮੀ ਅੰਤਰਜਾਮੀ ਸਫਲ ਜਨਮੁ ਸਬਾਇਆ ॥
ਗੋਬਿਦੁ ਗਾਈਐ ਨਿਤ ਧਿਆਈਐ ਪਰਵਾਨੁ ਸੋਈ ਆਇਆ ॥
ਜਪ ਤਾਪ ਸੰਜਮ ਹਰਿ ਹਰਿ ਨਿਰੰਜਨ ਗੋਬਿੰਦ ਧਨੁ ਸੰਗਿ ਚਾਲੈ ॥
ਬਿਨਵੰਤਿ ਨਾਨਕ ਕਰਿ ਦਇਆ ਦੀਜੈ ਹਰਿ ਰਤਨੁ ਬਾਧਉ ਪਾਲੈ ॥੩॥
ਮੰਗਲਚਾਰ ਚੋਜ ਆਨੰਦਾ ॥ ਕਰਿ ਕਿਰਪਾ ਮਿਲੇ ਪਰਮਾਨੰਦਾ ॥
ਪ੍ਰਭ ਮਿਲੇ ਸੁਆਮੀ ਸੁਖਹਗਾਮੀ ਇਛ ਮਨ ਕੀ ਪੁੰਨੀਆ ॥
ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ ॥ ਲੇ ਕੰਠਿ ਲਾਏ ਸੁਖ ਦਿਖਾਏ ਬਿਕਾਰ ਬਿਨਸੇ ਮੰਦਾ ॥
ਬਿਨਵੰਤਿ ਨਾਨਕ ਮਿਲੇ ਸੁਆਮੀ ਪੁਰਖ ਪਰਮਾਨੰਦਾ ॥੪॥੧॥}

(ਅੰਗ ੧੩੧੨)

ਪ੍ਰਭਾਤੀ ਮਹਲਾ ੫ ॥

{ਸਤਿਗੁਰਿ ਪੂਰੈ ਨਾਮੁ ਦੀਆ ॥
ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ ॥੧॥ ਰਹਾਉ ॥
ਚਰਨ ਕਮਲ ਗੁਰ ਕੇ ਮਨਿ ਵੂਠੇ ॥ ਦੂਖ ਦਰਦ ਭ੍ਰਮ ਬਿਨਸੇ ਝੂਠੇ ॥੧॥
ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥੨॥
ਘਰਿ ਬਾਹਰਿ ਪ੍ਰਭੁ ਸਭਨੀ ਥਾਈ ॥ ਸੰਗਿ ਸਹਾਈ ਜਹ ਹਉ ਜਾਈ ॥੩॥
ਦੁਇ ਕਰ ਜੋੜਿ ਕਰੀ ਅਰਦਾਸਿ ॥ ਸਦਾ ਜਪੇ ਨਾਨਕੁ ਗੁਣਤਾਸੁ ॥੪॥੯॥}

(ਅੰਗ ੧੩੪੦)

{ਮੰਗਲ ਸੂਖ ਕਲਿਆਣ ਤਿਥਾਈਂ ॥ ਜਹ ਸੇਵਕ ਗੋਪਾਲ ਗੁਸਾਈ ॥
ਪ੍ਰਭ ਸੁਪ੍ਰਸੰਨ ਭਏ ਗੋਪਾਲ ॥ ਜਨਮ ਜਨਮ ਕੇ ਮਿਟੇ ਬਿਤਾਲ ॥੫॥}

(ਅੰਗ ੧੩੪੯-੧੩੪੯)

{ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ ॥
ਆਨੰਦੁ ਨਿਤ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥
ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ ॥
ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥
ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੨॥
ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂ ਮੁਖਿ ਪਾਯਾ ॥
ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥
ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥
ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ ਦ੍ਰਿਸ੍ਟਿ ਕਾਰਣ ਕਰਣੰ ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥}

(ਅੰਗ ੧੪੦੧-੧੪੦੨)

54/7588

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਜਿਨ੍ਹਾਂ ਵਿੱਚੋਂ ਅਸੀਂ ਪਿੱਛੇ ਲੇਖ ਵਿੱਚ ਕੁਝ ਸ਼ਬਦਾਂ ਨੂੰ ਪੂਰੀ ਤਰ੍ਹਾਂ ਸਮਝਿਆ ਵੀ ਹੋਇਆ ਹੈ ਕਿ ਮੰਗਲ ਗਾਉਣਾ ਕੀ ਹੈ ਜੋ ਪ੍ਰਮਾਤਮਾ ਦਾ ਜੱਸ ਗਾਉਣ ਵਿੱਚ ਭਾਵ ਉਸਦੀ ਸੱਚੀ ਗੁਰਮਤਿ ਅਨੁਸਾਰ ਚੱਲਣ ਵਿੱਚ ਮਨੁੱਖ ਖੁਸ਼ੀ ਮਹਿਸੂਸ ਕਰਦਾ ਹੈ ਭਾਵ ਉਸਨੂੰ ਆਪਣੀ ਮਤਿ ਛੱਡਣ ਵਿੱਚ, ਆਪਣਾ ਹਰ ਔਗੁਣ ਛੱਡਣ ਵਿੱਚ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਮਾੜੇ ਵਿਚਾਰ ਛੱਡਣ ਵਿੱਚ ਦੁੱਖ ਮਹਿਸੂਸ ਨਹੀਂ ਹੁੰਦਾ, ਔਖਾਪਨ ਮਹਿਸੂਸ ਨਹੀਂ ਹੁੰਦਾ ਭਾਵ ਉਹ ਮਨ ਦੇ ਖੇੜੇ ਨਾਲ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਦਾ ਹੈ ਤੇ ਉਸਨੂੰ ਇਸ ਗੱਲ ਦੀ ਸਮਝ ਵੀ ਹੁੰਦੀ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਇਸੇ ਗੱਲ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਜਦੋਂ ਕਿ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦਾ। ਜਦ ਤੱਕ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਹ ਆਪ ਮੰਗਲ ਗਾਉਣਾ ਨਹੀਂ ਸਿਖਾਉਂਦਾ ਭਾਵ ਸਾਰੇ ਸੰਸਾਰ ਦੇ ਇਕੋ ਜਿਹੇ ਸੱਚੇ ਧਰਮ ਦੀ ਸਮਝ ਨਹੀਂ ਪਾਉਂਦਾ ਤਦ ਤੱਕ ਪੂਰਨ ਰੂਪ ਵਿੱਚ ਉਸਦਾ ਮੰਗਲ ਗਾਉਣਾ ਔਖਾ ਹੈ, ਸਭ ਦੇ ਲਈ ਔਖਾ ਹੈ। ਜਿਸਨੂੰ ਉਹ ਮੰਗਲ ਗਾਉਣਾ ਸਿਖਾਉਂਦਾ ਹੈ ਉਸ ਮਨੁੱਖੀ ਰੂਪ ਨੂੰ ਉਹ ਆਪਣੀ

ਸੁਹਾਗਣ ਬਨਾਉਣ ਦੁਆਰਾ ਭਾਵ ਮਨ ਦੀ ਸਮਝ ਦੇ ਵਿੱਚ ਉਸਦੇ ਨਾਲ ਆਪਣਾ ਵਿਆਹ ਕਰਨ ਦੁਆਰਾ ਹੀ ਸਮਝਾਉਂਦਾ ਹੈ ਜਿਵੇਂ ਕਿ ਉਪਰ ਵਾਲੇ ਅਨੇਕਾਂ ਹੀ ਸ਼ਬਦਾਂ ਵਿੱਚ ਇਹ ਗੱਲ ਸਮਝਾਈ ਹੋਈ ਹੈ। ਉਪਰ ਵਾਲੇ ਸ਼ਬਦਾਂ ਵਿੱਚੋਂ ਕੁਝ ਸ਼ਬਦਾਂ ਦੇ ਅੰਦਰ ਦੀ ਗਹਿਰਾਈ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਨਹੀਂ ਸਮਝਿਆ ਜਾ ਸਕਦਾ ਤੇ ਉਨ੍ਹਾਂ ਸ਼ਬਦਾਂ ਨੂੰ ਲੇਖ ਵਿੱਚ ਅੱਗੇ ਚੱਲ ਕੇ ਸਮਝਾਂਗੇ।

ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਸ੍ਰਿਸ਼ਟੀ ਦਾ ਕਰਤਾ ਮਨੁੱਖੀ ਸਮਝ ਦੇ ਨਾਲ ਭੋਗ ਕਰਦਾ ਹੈ ਜਿਸ ਆਪਣੇ ਭੋਗ ਦੁਆਰਾ ਉਹ ਉਸ ਮਨੁੱਖੀ ਸਮਝ ਨੂੰ **"ਧਰਮ"** ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ, ਆਪਣੀ **"ਸੱਚੀ ਭਗਤੀ"** ਦਾ ਮਾਰਗ ਹੀ ਸਮਝਾਉਂਦਾ ਹੈ ਭਾਵ **ਆਪਣਾ "ਨਾਮ" ਜਪਾਉਣਾ ਹੀ ਸਮਝਾਉਂਦਾ ਹੈ।** ਅਸੀਂ ਇਸ ਗੱਲ ਨੂੰ ਵੀ ਸ਼ਬਦਾਂ ਰਾਹੀਂ ਸਮਝਿਆ ਹੈ ਕਿ ਉਹ ਆਪਣੀ ਦੁਲਹਨ ਦਾ ਸ਼ਿੰਗਾਰ ਕਰਦਾ ਹੈ ਜੋ ਸ਼ਿੰਗਾਰ ਉਹ ਉਸਦੇ ਮਨ ਦੇ ਵਿਚਾਰਾਂ ਦਾ ਕਰਦਾ ਹੈ ਜਿਨ੍ਹਾਂ ਸ਼ਿੰਗਾਰੇ ਹੋਏ ਚੰਗੇ ਵਿਚਾਰਾਂ ਨਾਲ ਹੀ ਉਸਦੀ ਸੁਹਾਗਣ ਆਪਣੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਕਰਦੀ ਹੈ ਭਾਵ ਉਸਦਾ ਨਾਮ ਜਪਦੀ ਹੈ ਤੇ ਸੰਸਾਰ ਨੂੰ ਉਸਦਾ ਸੱਚਾ ਨਾਮ ਸਿਖਾਉਂਦੀ ਹੈ, ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਸਿਖਾਉਂਦੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ ਕਿ ਉਨ੍ਹਾਂ ਨੂੰ ਅਕਾਲ ਪੁਰਖ ਨੇ ਆਪਣੀ ਸੱਚੀ ਮਤਿ ਬਖਸ਼ਣ ਦੁਆਰਾ ਭਾਵ ਉਨ੍ਹਾਂ ਨੂੰ ਸੁਹਾਗਣ ਬਨਾਉਣ ਦੁਆਰਾ ਉਨ੍ਹਾਂ ਦੇ ਵਿਚਾਰਾਂ ਨੂੰ ਕਿਸ ਤਰੀਕੇ ਸ਼ਿੰਗਾਰਿਆ ਹੈ ਤੇ ਕਿਸ ਮਕਸਦ ਲਈ ਸ਼ਿੰਗਾਰਿਆ ਹੈ।

54/7589

ੴ ਸਤਿਗੁਰ ਪ੍ਰਸਾਦਿ ॥

ਆਸਾ ਘਰੁ ੬ ਮਹਲਾ ੧ ॥

"ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥
ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥"

(ਅੰਗ ੩੫੯)

ਉਪਰ ਵਾਲੇ ਸ਼ਬਦ ਦੇ ਆਖਰੀ ਪਦੇ ਨੂੰ ਹੀ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੈ ਤਾਂ ਜੋ ਅਸੀਂ ਇਸ ਗੱਲ ਨੂੰ ਸਮਝ ਸਕੀਏ ਕਿ ਸ੍ਰਿਸ਼ਟੀ ਦਾ ਕਰਤਾ ਜੋ ਮਨ ਦੇ ਵਿੱਚ ਆਪਣੀ ਇਸਤਰੀ ਦੇ ਨਾਲ ਭੋਗ ਕਰਦਾ ਹੈ ਗਿਆਨ ਰੂਪ ਵਿੱਚ ਹੀ ਕਰਦਾ ਹੈ। ਉਪਰ ਵਾਲੇ ਆਖਰੀ ਪਦੇ ਨੂੰ ਸਮਝੇ ਬਿਨ੍ਹਾਂ ਅਸੀਂ ਜਿਨ੍ਹਾਂ ਦੂਜੇ ਸ਼ਬਦਾਂ ਨੂੰ ਸਮਝਿਆ ਹੈ ਉਨ੍ਹਾਂ ਸ਼ਬਦਾਂ ਨੂੰ ਸਮਝਣਾ ਵੀ ਔਖਾ ਸੀ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਦਾ ਭੋਗ ਕਰਨ ਦਾ ਤਰੀਕਾ ਤਾਂ ਇੱਕੋ ਹੀ ਹੈ ਭਾਵੇਂ ਬਾਣੀ ਦੇ ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਈਏ। ਆਪਣੇ ਨਾਲ ਵਿਆਹੀ ਨਾਰ ਦਾ ਸ਼ਿੰਗਾਰ ਉਹ ਆਪ ਹੀ ਕਰਦਾ ਹੈ ਤੇ ਉਸਦੇ ਨਾਲ ਮਨ ਦੇ ਵਿੱਚ ਭੋਗ ਕਰਨ ਦੁਆਰਾ ਹੀ ਕਰਦਾ ਹੈ, ਉਸਨੂੰ ਅੰਗੀਕਾਰ ਕਰਨ ਦੁਆਰਾ ਹੀ ਕਰਦਾ ਹੈ ਭਾਵ ਆਪਣੇ ਨਾਲ ਮੇਲ ਕਰਨ ਦੁਆਰਾ ਹੀ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਪਰ ਵਾਲੇ ਪੂਰੇ ਸ਼ਬਦ ਵਿੱਚ ਕਰਤਾ ਆਪਣੀ ਵਿਆਹੀ ਹੋਈ ਨਾਰ ਨੂੰ ਕਿਸ ਤਰੀਕੇ ਸ਼ਿੰਗਾਰਦਾ ਹੈ ਇਹੀ ਗੱਲ ਸਮਝਾਈ ਹੋਈ ਹੈ। ਵਿਆਹ ਦੁਨਿਆਵੀ ਇਸਤਰੀਆਂ ਦਾ ਵੀ ਹੁੰਦਾ ਹੈ ਜੋ ਕਿ ਉਨ੍ਹਾਂ ਦੇ ਸੰਸਾਰਿਕ ਪਤੀਆਂ ਦੇ ਨਾਲ ਹੁੰਦਾ ਹੈ। ਵਿਆਹ ਦੇ ਵੇਲੇ ਭਾਰਤ ਵਰਸ਼ ਵਿੱਚ ਸੰਸਾਰਿਕ ਦੁਲਹਨ ਨੂੰ ਜਿਸ ਤਰੀਕੇ ਵਿਆਹ ਦੇ ਲਈ ਸਜਾਇਆ ਜਾਂਦਾ ਹੈ ਉਨ੍ਹਾਂ ਨੂੰ ਸਜਾਉਣ ਦੇ ਤਰੀਕਿਆਂ ਦਾ ਹਵਾਲਾ ਦੇ ਕੇ ਅਕਾਲ ਪੁਰਖ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਂ ਆਪਣੀ ਦੁਲਹਨ ਨੂੰ ਕਿਸ ਤਰੀਕੇ ਸਜਾਉਂਦਾ

ਹਾਂ। ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਆਉ ਹੁਣ ਸ਼ਬਦ ਦੇ ਪਹਿਲੇ ਪਦੇ ਨੂੰ ਸਮਝੀਏ।

“ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥”

ਦੁਨਿਆਵੀ ਦੁਲਹਨ ਨੂੰ ਸਜਾਉਣ ਲਈ ਉਸਦੇ ਤਨ ਤੇ ਗਹਿਣਾ ਪਾਇਆ ਜਾਂਦਾ ਹੈ, ਸੋਨੇ ਚਾਂਦੀ ਆਦਿ ਦਾ ਗਹਿਣਾ ਪਾਇਆ ਜਾਂਦਾ ਹੈ ਪਰ ਅਕਾਲ ਪੁਰਖ ਆਪਣੀ ਦੁਲਹਨ ਨੂੰ ਮਨ ਰੂਪ ਗਹਿਣੇ ਦੁਆਰਾ ਸਜਾਉਂਦਾ ਹੈ। ਉਹ ਮਨੁੱਖੀ ਸਮਝ ਨੂੰ ਮੋਤੀ ਵਰਗੀ ਸੋਹਣੀ ਬਣਾਉਂਦਾ ਹੈ, ਸੁੰਦਰ ਬਣਾਉਂਦਾ ਹੈ ਭਾਵ ਉਸਦੀ ਮਨ ਦੀ ਸਮਝ ਦੇ ਅੰਦਰ ਮੋਤੀਆਂ ਦਾ ਹਾਰ ਪਾਉਂਦਾ ਹੈ। ਮਨੁੱਖੀ ਮਨ ਤ੍ਰਿਸ਼ਨਾਵਾਂ ਵਿੱਚ ਉੱਡਦਾ ਰਹਿੰਦਾ ਹੈ, ਪਉਣ ਦੀ ਤਰ੍ਹਾਂ ਉੱਡਦਾ ਰਹਿੰਦਾ ਹੈ ਭਾਵ ਟਿਕਾਉ ਵਿੱਚ ਨਹੀਂ ਆਉਂਦਾ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਟਿਕਾਉਣ ਦੇ ਲਈ ਅਕਾਲ ਪੁਰਖ

54/7590

ਉਨ੍ਹਾਂ ਤ੍ਰਿਸ਼ਨਾਵਾਂ ਨੂੰ ਇੱਕ ਸੂਤ ਦੇ ਰੂਪ ਵਿੱਚ ਭਾਵ ਧਾਗੇ ਦੇ ਰੂਪ ਵਿੱਚ ਬਦਲ ਦਿੰਦਾ ਹੈ ਜੋ ਧਾਗਾ ਮੋਤੀਆਂ ਨੂੰ ਪਾਉਣ ਲਈ ਭਾਵ ਮੋਤੀਆਂ ਦਾ ਹਾਰ ਬਨਾਉਣ ਲਈ ਕੰਮ ਆਉਂਦਾ ਹੈ। ਸ੍ਰਿਸ਼ਟੀ ਦਾ ਕਰਤਾ ਜਦੋਂ ਕਿਸੀ ਮਨੁੱਖੀ ਸਮਝ ਨੂੰ ਸ਼ਿੰਗਾਰਦਾ ਹੈ, ਆਪਣੀ ਸੁਹਾਗਣ ਬਨਾਉਣ ਲਈ ਸ਼ਿੰਗਾਰਦਾ ਹੈ ਉਹ ਮਨ ਦੇ ਇਹੋ ਜਿਹੇ ਗਹਿਣੇ ਨਾਲ ਹੀ ਸ਼ਿੰਗਾਰਦਾ ਹੈ ਜਿਸ ਸ਼ਿੰਗਾਰ ਦੁਆਰਾ ਮਨੁੱਖ ਦਾ ਮਨ ਤ੍ਰਿਸ਼ਨਾਵਾਂ ਵਿੱਚ ਨਹੀਂ ਉੱਡਦਾ ਭਾਵ ਸੰਤੋਖ ਵਿੱਚ ਆ ਜਾਂਦਾ ਹੈ। ਮਨੁੱਖ ਜੋ ਵੀ ਮਾੜਾ ਕਰਮ ਕਰਦਾ ਹੈ ਉਹ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਕਰਦਾ ਹੈ ਤੇ ਤ੍ਰਿਸ਼ਨਾਵਾਂ ਮੁੱਕਣ ਤੋਂ ਬਾਅਦ ਹੀ ਮਨੁੱਖ ਮਨ ਦੇ ਸੰਤੋਖ ਦੁਆਰਾ ਫਿਰ ਸੱਚੇ ਸੁੱਚੇ ਕਰਮ ਕਰਦਾ ਹੈ ਭਾਵ ਉਸਨੂੰ ਆਪਣੇ ਕੀਤੇ ਹੋਏ ਮਾੜੇ ਕਰਮਾਂ ਦੀ, ਅਣਜਾਨਪੁਣੇ ਵਿੱਚ ਕੀਤੇ ਹੋਏ ਭਾਵ ਗੁਰਮਤਿ ਦੀ ਸੱਚੀ ਸਮਝ ਨਾ ਹੋਣ ਕਰਕੇ, ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਅਨੇਕਾਂ ਇਹੋ ਜਿਹੇ ਕਰਮ ਕਰਦਾ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੁੰਦੇ। ਗੁਰਮਤਿ ਦੇ ਉਲਟ ਕੋਈ ਵੀ ਕਰਮ ਕਰਨਾ ਮਨੁੱਖ ਦਾ ਮਾੜਾ ਕਰਮ ਹੈ। ਮਾੜੇ ਕਰਮਾਂ ਦੀ ਫਿਰ ਅਕਾਲ ਪੁਰਖ ਕੋਲੋਂ, ਅੱਲ੍ਹਾ ਕੋਲੋਂ, ਭਗਵਾਨ ਕੋਲੋਂ, ਗਾਡ ਕੋਲੋਂ ਭਾਵ ਸ੍ਰਿਸ਼ਟੀ ਦੇ ਕਰਤੇ ਕੋਲੋਂ ਖਿਮਾ ਮਿਲ ਜਾਂਦੀ ਹੈ ਭਾਵ ਸ੍ਰਿਸ਼ਟੀ ਦਾ ਮਾਲਕ ਉਸਦਾ ਹਰ ਪੁਰਾਣਾ ਕੀਤਾ ਹੋਇਆ ਗੁਨਾਹ ਮਾਫ ਕਰ ਦਿੰਦਾ ਹੈ। ਪ੍ਰਮਾਤਮਾ ਕੋਲੋਂ ਇਹ ਖਿਮਾ ਮਿਲਣੀ ਬਹੁਤ ਔਖੀ ਹੈ ਤੇ ਅਕਾਲ ਪੁਰਖ ਆਪਣੀ ਵਹੁਟੀ ਦਾ **“ਖਿਮਾ ਸੀਗਾਰੁ”** ਕਰਦਾ ਹੈ ਜਿਹੋ ਜਿਹਾ ਸ਼ਿੰਗਾਰ ਕਰਨ ਨਾਲ ਫਿਰ ਉਸਦੀ ਪਤਨੀ ਆਪਣੇ ਤਨ ਨਾਲ ਭਾਵ ਸਰੀਰ ਨਾਲ ਕੋਈ ਮਾੜਾ ਕਰਮ ਨਹੀਂ ਕਰਦੀ ਤੇ ਉਹ ਆਪਣੇ ਲਾਲ ਨੂੰ ਭਾਵ ਖਸਮ ਨੂੰ ਇਸ ਤਰੀਕੇ ਪਿਆਰੀ ਲੱਗਦੀ ਹੈ, ਉਸਦੀ ਖੁਸ਼ੀ ਮਾਣਦੀ ਹੈ। **(ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥)**

ਮਨੁੱਖੀ ਮਨ ਮਾੜੇ ਕਰਮਾਂ ਵਿੱਚੋਂ ਮਨ ਦੇ ਵਿੱਚ ਸੰਤੋਖ ਆਉਣ ਦੁਆਰਾ ਹੀ ਨਿਕਲਦਾ ਹੈ, ਤ੍ਰਿਸ਼ਨਾਵਾਂ ਛੱਡਣ ਦੁਆਰਾ ਹੀ ਨਿਕਲਦਾ ਹੈ, ਔਗੁਣਾਂ ਦਾ ਤਿਆਗ ਕਰਨ ਦੁਆਰਾ ਹੀ ਨਿਕਲਦਾ ਹੈ ਭਾਵ ਗੁਣੀ ਬਣਨ ਦੁਆਰਾ ਹੀ ਨਿਕਲਦਾ ਹੈ ਤੇ ਇਹੀ ਗੱਲ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ ਕਿ ਆਪਣੀ ਕਾਮਣ ਨੂੰ ਉਸਦਾ ਲਾਲ ਭਾਵ ਪਿਆਰਾ ਘਰਵਾਲਾ ਗੁਣਾਂ ਵਾਲੀ ਸਮਝ ਦੇ ਨਾਲ ਭਰ ਦਿੰਦਾ ਹੈ।

“ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥”

ਉਪਰ ਵਾਲੀਆਂ ਪੰਗਤੀਆਂ ਵਿੱਚ ਪ੍ਰਮਾਤਮਾ ਦੀ ਕਾਮਣ ਭਾਵ ਜਿਸਨੂੰ ਉਹ ਆਪਣੀ ਪਤਨੀ ਬਣਾ ਲੈਂਦਾ ਹੈ ਉਹ ਉਸਨੂੰ ਇਹ ਕਹਿ ਰਹੀ ਹੈ ਜੋ ਕਿ ਉਹ ਮਨ ਦੇ ਵਿੱਚ ਹੀ ਕਹਿੰਦੀ ਹੈ ਕਿ ਤੂੰ ਮੈਨੂੰ ਬਹੁਤ ਗੁਣੀ ਬਣਾ ਦਿੱਤਾ ਹੈ, ਤੂੰ ਮੈਨੂੰ ਆਪਣੇ ਗੁਣਾਂ ਦੁਆਰਾ ਸ਼ਿੰਗਾਰ ਦਿੱਤਾ ਹੈ ਜਿਸ ਕਰਕੇ ਮੈਂ ਤੇਰੇ ਪਿਆਰ ਵਿੱਚ ਮੋਹੀ ਗਈ ਹਾਂ ਭਾਵ ਤੂੰ ਮੈਨੂੰ ਬਹੁਤ ਚੰਗਾ ਲੱਗਦਾ ਹੈ, ਤੇਰੇ ਦਿੱਤੇ ਹੋਏ ਗੁਣ ਮੈਨੂੰ ਬਹੁਤ ਚੰਗੇ ਲੱਗਦੇ ਹਨ ਜੋ ਗੁਣ ਦੇਣ ਦੁਆਰਾ ਤੂੰ ਮੈਨੂੰ ਹਰ ਔਗੁਣ ਵਿੱਚੋਂ ਕੱਢ ਲਿਆ ਹੈ, ਮਾੜੇ ਕਰਮ ਕਰਨ ਤੋਂ ਬਚਾ ਲਿਆ ਹੈ। **(ਲਾਲ ਬਹੁ ਗੁਣਿ ਕਾਮਣਿ ਮੋਹੀ ॥)**

54/7591

ਹੁਣ ਅਗਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਾਨੂੰ ਕਿਸ ਗੱਲ ਲਈ ਸੁਚੇਤ ਕੀਤਾ ਹੋਇਆ ਹੈ।

“ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥”

ਪ੍ਰਮਾਤਮਾ ਦੇ ਗੁਣ ਗਾਉਣੇ ਕੀ ਹਨ, ਪ੍ਰਮਾਤਮਾ ਦੇ ਨਾਲ ਮੇਲ ਕਰਨ ਦਾ ਤਰੀਕਾ ਕੀ ਹੈ, ਉਸਦਾ ਨਾਮ ਜਪਣ ਦਾ ਤਰੀਕਾ ਕੀ ਹੈ, ਉਸਦੀ ਭਗਤੀ ਦਾ ਤਰੀਕਾ ਕੀ ਹੈ ਇਹ ਕੁਝ ਸਾਨੂੰ ਸਮਝਾਉਣ ਵਾਲੇ ਅਨੇਕਾਂ ਹੀ ਹਨ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਇਹੋ ਜਿਹਿਆਂ ਦੇ ਪਿੱਛੇ ਲੱਗਣ ਵਾਲੇ ਬਹੁਤ ਹੁੰਦੇ ਹਨ ਜਿਨ੍ਹਾਂ ਨੂੰ ਉਹ ਧਰਮ ਦੇ ਮਾਰਗ ਦੇ ਉੱਚੇ ਵਿਦਵਾਨ ਸਮਝਦੇ ਹਨ, ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸੰਤ, ਬਾਬੇ ਆਦਿ ਸਮਝਦੇ ਹਨ ਪਰ ਜਿਸਨੂੰ ਅਕਾਲ ਪੁਰਖ ਆਪਣੀ ਕਾਮਣ ਬਣਾ ਲੈਂਦਾ ਹੈ, ਜਿਸਨੂੰ ਉਹ ਆਪ ਹੀ ਗੁਣਾਂ ਵਾਲਾ ਬਣਾ ਦਿੰਦਾ ਹੈ ਉਹ ਫਿਰ ਕਿਸੇ ਹੋਰ ਦੇ ਪਿੱਛੇ ਨਹੀਂ ਲੱਗਦਾ, ਕਿਸੇ ਦੂਸਰੇ ਦੀ ਮਤਿ ਪਿੱਛੇ ਨਹੀਂ ਲੱਗਦਾ ਭਾਵੇਂ ਕੋਈ ਜਿਤਨਾ ਮਰਜੀ ਆਪਣੇ ਆਪ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲਾ ਕਹਿੰਦਾ ਹੋਵੇ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਗੁਰੂ ਦੀ ਸੱਚੀ ਮਤਿ ਦੇ ਅੱਗੇ ਇਨ੍ਹਾਂ ਦੀ ਮਤਿ ਬੜੀ ਨੀਵੀਂ ਹੈ ਕਿਉਂਕਿ ਗੁਰੂ ਰੂਪ ਅਕਾਲ ਪੁਰਖ ਨੇ ਆਪ ਹੀ ਮੈਨੂੰ ਮਨ ਦੇ ਵਿੱਚ ਆਪਣੀ ਗੁਰਮਤਿ ਸਮਝਾਈ ਹੈ ਤੇ ਗੁਰੂ ਦੀ ਮਤਿ ਤੋਂ ਬਿਨ੍ਹਾਂ ਕਿਸੇ ਹੋਰ ਦੀ ਮਤਿ ਨੂੰ ਮੰਨਣਾ ਮਨੁੱਖ ਦਾ ਅਉਗੁਣ ਹੈ। **(ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥)**

ਆਪਣੀ ਕਾਮਣ ਨੂੰ ਅੱਲ੍ਹਾ ਕਿਸ ਤਰੀਕੇ ਗੁਣੀ ਬਣਾਉਂਦਾ ਹੈ ਤੇ ਉਸਦਾ ਮਨ ਗੁਰੂ ਦੀ ਮਤਿ ਤੇ ਟਿਕਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥

ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥”

ਆਪਣੀ ਸੱਚੀ ਗੁਰਮਤਿ ਸਮਝਾਉਣ ਦੁਆਰਾ ਉਹ ਆਪਣੀ ਨਾਰ ਨੂੰ ਗੁਣੀ ਹੀ ਬਣਾਉਂਦਾ ਹੈ। ਉਹ ਆਪਣੀ ਕਾਮਣ ਨੂੰ ਹਰਿ ਹਰਿ ਕਰਨਾ ਸਿਖਾਉਂਦਾ ਹੈ ਭਾਵ ਆਪਣੀ ਭਗਤੀ ਦਾ ਸੱਚਾ ਮਾਰਗ ਸਮਝਾਉਂਦਾ ਹੈ ਭਾਵ ਆਪਣਾ ਨਾਮ ਜਪਾਉਣਾ ਸਮਝਾਉਂਦਾ ਹੈ ਤੇ ਉਸਦੀ ਕਾਮਣ ਨੂੰ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਗੁਰੂ ਦਾ ਨਾਮ ਜਪਣ ਲਈ ਸਾਰੇ ਅਉਗੁਣ ਤਿਆਗਣੇ ਪੈਂਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਆਪਣੇ ਅੰਦਰੋਂ ਖਾਣਾ ਪੈਂਦਾ ਹੈ ਭਾਵ ਉਨ੍ਹਾਂ ਨੂੰ ਮਾਰਨਾ ਪੈਂਦਾ ਹੈ ਕਿਉਂਕਿ ਆਪਣੇ ਅੰਦਰ ਦੇ ਅਉਗੁਣ ਵਾਲੇ ਵਿਚਾਰਾਂ ਨੂੰ ਖਾਏ ਬਿਨ੍ਹਾਂ ਹਰਿ ਹਰਿ ਨਹੀਂ ਕੀਤਾ ਜਾ ਸਕਦਾ ਭਾਵ ਸੱਚਾ ਸੁੱਚਾ ਜੀਵਨ ਬਤੀਤ ਨਹੀਂ ਕੀਤਾ ਜਾ ਸਕਦਾ। ਮਨ ਦੇ ਇਸ ਔਖੇਪਨ ਨੂੰ ਦੂਰ ਕਰਨ ਲਈ ਭਾਵ ਆਪਣੇ ਅੰਦਰ ਦੇ ਔਗੁਣਾਂ ਨੂੰ ਮਾਰਨ ਲਈ ਦਾਮੋਦਰ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਆਪਣਾ ਹਥਿਆਰ ਦਿੰਦਾ ਹੈ ਭਾਵ ਆਪਣਾ ਦੰਤੁ ਦਿੰਦਾ ਹੈ, ਆਪਣਾ ਦਾਤਰਾ ਦਿੰਦਾ ਹੈ ਜੋ ਆਪਣਾ ਹਥਿਆਰ ਸੱਚੇ ਗਿਆਨ ਦੇ ਰੂਪ ਵਿੱਚ ਦਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਇਸ ਪਦੇ ਨੂੰ ਸਮਝਣ ਤੋਂ ਬਾਅਦ ਇਸ ਗੱਲ ਨੂੰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰਾਂਗੇ। ਆਪਣੇ ਔਗੁਣਾਂ ਨੂੰ ਮਾਰਨ ਦਾ ਗਿਆਨ ਰੂਪ ਹਥਿਆਰ ਬਖਸ਼ਕੇ ਮਨ ਦੇ ਔਗੁਣਾਂ ਦੇ ਨਾਲ ਲੜਨ ਲਈ ਭਾਵ ਮਨ ਦੇ ਮਾੜੇ ਵਿਚਾਰਾਂ ਦੇ ਨਾਲ ਲੜਨ ਲਈ ਆਪਣੇ ਉੱਚੇ ਗਿਆਨ ਵਾਲੇ ਵਿਚਾਰ ਉਹ ਮਨ ਦੇ ਵਿੱਚ ਆਪ ਹੀ ਦਿੰਦਾ ਹੈ ਜਿਨ੍ਹਾਂ ਵਿਚਾਰਾਂ ਨਾਲ ਮਨੁੱਖ ਨੂੰ ਆਪਣੇ ਮਨ ਦੇ ਮਾੜੇ ਵਿਚਾਰਾਂ ਨਾਲ ਲੜਨ ਦੀ ਹਿੰਮਤ ਮਿਲਦੀ ਹੈ ਤੇ ਉਨ੍ਹਾਂ ਨੂੰ ਮਾਰਨ ਦੀ ਹਿੰਮਤ ਮਿਲਦੀ ਹੈ ਭਾਵ ਆਪਣੀ ਨਾਰ ਨੂੰ ਮਨ ਦੇ ਵਿੱਚ ਆਪਣੇ ਅੰਦਰ ਦੇ ਔਗੁਣਾਂ ਨੂੰ ਮਾਰਨ ਦੀ ਆਪ ਹੀ ਹਿੰਮਤ ਦਿੰਦਾ ਹੈ ਭਾਵ ਅੰਦਰ ਦੇ ਔਗੁਣਾਂ ਨੂੰ ਮਾਰਨ ਦੀ ਤਾਕਤ ਬਖਸ਼ਦਾ ਹੈ ਜਿਸ ਕਰਕੇ ਫਿਰ ਮਨੁੱਖ ਨੂੰ ਔਗੁਣ ਛੱਡਣ ਵਿੱਚ ਔਖਾਪਨ ਮਹਿਸੂਸ

ਨਹੀਂ ਹੁੰਦਾ ਭਾਵ ਉਹ ਆਪਣੀ ਨਾਰ ਨੂੰ ਆਪ ਹੀ ਆਪਣੀ ਹਿੰਮਤ ਬਖਸ਼ਦਾ ਹੈ ਤੇ ਉਸਦੀ ਨਾਰ ਉਸਦੇ ਕੋਲੋਂ ਦੰਤੁ ਲੈ ਕੇ ਭਾਵ ਔਗੁਣਾਂ ਨੂੰ ਮਾਰਨ ਦਾ ਹਥਿਆਰ ਲੈ ਕੇ, ਔਗੁਣਾਂ ਨੂੰ ਛੱਡਣ ਦੀ ਹਿੰਮਤ ਲੈ ਕੇ ਹਰਿ ਹਰਿ ਕਰਨ ਨੂੰ ਆਪਣੇ ਗਲੇ ਦਾ ਹਾਰ ਸਮਝਦੀ ਹੈ ਭਾਵ ਉਸ ਵਿੱਚ ਆਪਣਾ ਸ਼ਿੰਗਾਰ ਸਮਝਦੀ ਹੈ। **(ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥)**

{ਆਖਣਿ ਅਉਖਾ ਸਾਚਾ ਨਾਉ ॥ ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥}

(ਅੰਗ ੯)

ਜਦੋਂ ਉਸਦੀ ਨਾਰ ਦੇ ਅੰਦਰ ਆਪਣੇ ਔਗੁਣਾਂ ਨੂੰ ਖਾਣ ਦੀ ਹਿੰਮਤ ਆ ਜਾਂਦੀ ਹੈ ਫਿਰ ਉਸ ਤੋਂ ਬਾਅਦ ਉਸਨੂੰ ਹਰਿ ਹਰਿ ਕਰਨ

ਵਿੱਚ ਭਾਵ ਗੁਰੂ ਦਾ ਨਾਮ ਜਪਣ ਵਿੱਚ ਭਾਵ ਸੱਚੇ ਸੁੱਚੇ ਕਰਮ ਕਰਨ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਜਿਸ ਆਪਣੇ ਉੱਚੇ ਤੇ ਸੁੱਚੇ ਜੀਵਨ ਨੂੰ ਆਪਣਾ ਸ਼ਿੰਗਾਰ ਸਮਝਦੀ ਹੈ ਜਿਵੇਂ ਕਿ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥”

ਸਾਰੀ ਗੱਲ ਆਪਣੇ ਚਿੱਤ ਨੂੰ ਟਿਕਾਉਣ ਦੀ ਹੈ ਜੋ ਹਰ ਵੇਲੇ ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਰਹਿੰਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਵਿੱਚ ਰਹਿੰਦਾ ਹੈ ਤੇ ਜਦੋਂ ਉਸਦੀ ਨਾਰ ਨੂੰ ਹਰਿ ਹਰਿ ਕਰਨ ਦੀ ਸਮਝ ਪੈ ਜਾਂਦੀ ਹੈ ਉਹ ਫਿਰ ਆਪਣੇ ਚਿੱਤ ਨੂੰ ਟਿਕਾ ਲੈਂਦੀ ਹੈ ਭਾਵ ਮਨ ਦੇ ਸੰਤੋਖ ਵਿੱਚ ਆ ਜਾਂਦੀ ਹੈ ਤੇ ਆਪਣੀ ਖੁਸ਼ੀ ਨਾਲ ਆਪਣੇ **“ਕਰ”** ਨੂੰ ਭਾਵ ਆਪਣੇ ਹੱਥ ਨੂੰ ਆਪ ਹੀ ਆਪਣੇ ਘਰਵਾਲੇ ਅੱਗੇ ਕਰਦੀ ਹੈ ਤੇ ਆਪਣੇ ਹੱਥ ਤੇ ਕਰਤੇ ਕੋਲੋਂ ਕੰਗਨ ਪਹਿਰਾਉਂਦੀ ਹੈ ਭਾਵ ਉਸਦੀ ਸਮਝਾਈ ਹੋਈ ਗੁਰਮਤਿ ਨੂੰ ਖੁਸ਼ੀ ਨਾਲ ਕਬੂਲ ਕਰਦੀ ਹੈ ਜਿਸਨੂੰ ਉਹ ਸੱਚਾ ਜੀਵਨ ਅਪਨਾਉਣ ਦਾ ਸ਼ਿੰਗਾਰ ਸਮਝਦੀ ਹੈ। **(ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥)**

ਅਕਾਲ ਪੁਰਖ ਆਪਣੀ ਕਾਮਣ ਨੂੰ ਮਨ ਦੇ ਔਗੁਣਾਂ ਦੇ ਨਾਲ ਲੜਨ ਲਈ, ਮਨ ਦੇ ਜਮਦੂਤ ਰੂਪ ਵਿਚਾਰਾਂ ਨੂੰ ਮਾਰਨ ਲਈ, ਮਨ ਦੇ ਔਗੁਣਾਂ ਵਾਲੇ ਵਿਚਾਰਾਂ ਨੂੰ ਮਾਰਨ ਲਈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨੂੰ ਮਾਰਨ ਲਈ ਮਨ ਦੀ ਸਮਝ ਦੇ ਵਿੱਚ ਜੋ ਆਪਣਾ ਉਹ ਹਥਿਆਰ ਦਿੰਦਾ ਹੈ ਭਾਵ ਆਪਣੀ ਖੜਗ ਦਿੰਦਾ ਹੈ ਉਹ ਹਥਿਆਰ ਮਨ ਦੇ ਵਿੱਚ ਆਪਣੇ ਗਿਆਨ ਰੂਪ ਵਿੱਚ ਹੀ ਦਿੰਦਾ ਹੈ ਭਾਵ ਆਪਣੀ ਗੁਰਮਤਿ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਦਿੰਦਾ ਹੈ ਭਾਵ ਆਪਣਾ ਨਾਮ ਜਪਾਉਣ ਵਾਲੀ ਸੱਚੀ ਸਮਝ ਪਾਉਣ ਦੁਆਰਾ ਹੀ ਦਿੰਦਾ ਹੈ ਜਿਸ ਹਥਿਆਰ ਦੀ ਮਨ ਵਿੱਚ ਵਰਤੋਂ ਕਰਕੇ ਮਨੁੱਖ ਆਪਣੇ ਔਗੁਣਾਂ ਨੂੰ ਮਾਰਨ ਦੁਆਰਾ ਗੁਰੂ ਦਾ ਸੱਚਾ ਨਾਮ ਜਪਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਨੂੰ ਵਿਚਾਰਨ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਆਪਣੇ ਅੰਦਰ ਦੇ ਔਗੁਣਾਂ ਵਾਲੇ ਵਿਚਾਰਾਂ ਨੂੰ ਮਾਰਨ ਲਈ ਭਾਵ ਉਨ੍ਹਾਂ ਨੂੰ ਤਿਆਗਣ ਲਈ ਸਮਝਾਉਂਦਾ ਹੈ ਤਾਂ ਜੋ ਮਨੁੱਖ ਆਪਣੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਕਰੇ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪੇ ਜੋ ਉਸਦਾ ਨਾਮ ਜਪਣ ਦਾ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ।

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ ੧੦੨੨)

{ਹਰਿ ਕਾ ਨਾਮੁ ਕੋਟਿ ਲਖ ਬਾਹਾ ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥
ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥੯॥}

(ਅੰਗ ੧੦੨੨)

ਪਉੜੀ ॥

{ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥
ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥
ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥੧॥}

(ਅੰਗ ੧੦੯੭)

{ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ ॥੭॥}

(ਅੰਗ ੯੮੩)

{ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੇ ਹੰਉਮੈ ਪਾਪਾ ਰਾਮ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥
ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥
ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ ॥
ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖਦਾਤੇ ਦੁਖ ਲਾਥੇ ਪਾਪ ਸੰਤਾਪਾ ॥
ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ॥੨॥}

(ਅੰਗ ੫੭੪)

ਗਉੜੀ ਮਹਲਾ ੪ ॥

{ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ ॥
ਬਨ ਫਿਰਿ ਥਕੇ ਬਨ ਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥
ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥੧॥ ਰਹਾਉ ॥ ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ॥
ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥੨॥
ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥
ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥੩॥
ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ॥ ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥੪॥
ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥
ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥
ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥
ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ ॥ ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ ॥੯॥
ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ ॥
ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥੧੦॥੨॥}

(ਅੰਗ ੨੩੪-੨੩੫)

ਮਃ ੪ ॥

{ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥
ਸਤਿਗੁਰੂ ਨੋ ਅਪੜਿ ਕੋਇ ਨ ਸਕਈ ਜਿਸੁ ਵਲਿ ਸਿਰਜਣਹਾਰਿਆ ॥
ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥
ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥
ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ ਸੋ ਆਪਿ ਉਪਾਵਣਹਾਰੈ ਮਾਰਿਆ ॥
ਏਹ ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ ਵੀਚਾਰਿਆ ॥੨॥}

(ਅੰਗ ੩੧੨)

54/7593

ਮਨੁੱਖ ਦੇ ਅੰਦਰ ਦੇ ਔਗੁਣਾਂ ਨੂੰ, ਜਮਾਂ ਨੂੰ, ਮਾਰਨਾ ਬਹੁਤ ਔਖਾ ਹੈ ਭਾਵ ਤਿਆਗਣਾ ਬਹੁਤ ਔਖਾ ਹੈ ਕਿਉਂਕਿ ਇਨ੍ਹਾਂ ਨੂੰ ਤਿਆਗਣ ਲਈ ਆਪਣੇ ਅੰਦਰ ਦਾ ਮਾਇਆ ਮੋਹ ਤਿਆਗਣਾ ਪੈਂਦਾ ਹੈ, ਆਪਣੇ ਅੰਦਰ ਦੀਆਂ ਤ੍ਰਿਸ਼ਨਾਵਾਂ ਨੂੰ ਤਿਆਗਣਾ ਪੈਂਦਾ ਹੈ ਭਾਵ ਆਪਣੇ ਮਨ ਨੂੰ ਮਾਰਨਾ ਪੈਂਦਾ ਹੈ, ਮਨ ਦੇ ਨਾਲ ਲੜਾਈ ਕਰਨ ਦੇ ਨਾਲ ਮਨ ਨੂੰ ਜਿੱਤਣਾ ਪੈਂਦਾ ਹੈ। ਇਸੇ ਲਈ ਮਨ ਦੀਆਂ ਤ੍ਰਿਸ਼ਨਾਵਾਂ ਵਾਲੇ ਵਿਚਾਰਾਂ ਨੂੰ ਭਾਵ ਮਨੁੱਖ ਕੋਲੋਂ ਔਗੁਣ ਕਰਾਉਣ ਵਾਲੇ ਵਿਚਾਰਾਂ ਨੂੰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨੂੰ ਪੰਜ ਮਹਾਬਲੀ ਕਿਹਾ ਹੈ ਜਿਨ੍ਹਾਂ ਨੂੰ ਮਾਰਨਾ ਬਹੁਤ ਔਖਾ ਹੈ ਤੇ ਅਕਾਲ ਪੁਰਖ ਦੀ ਕਿਸੇ ਤੇ ਆਪਣੀ ਕ੍ਰਿਪਾ ਹੋਏ ਬਿਨ੍ਹਾਂ ਇਨ੍ਹਾਂ ਨੂੰ ਆਪਣੇ ਅੰਦਰੋਂ ਨਹੀਂ ਮਾਰਿਆ ਜਾ ਸਕਦਾ। ਜਦ ਤੱਕ ਕੋਈ ਮਨੁੱਖ ਆਪਣੇ ਅੰਦਰੋਂ ਇਨ੍ਹਾਂ ਨੂੰ ਨਹੀਂ ਮਾਰ ਲੈਂਦਾ ਤਦ ਤੱਕ ਹਰ ਮਨੁੱਖ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਤੇ ਉਸ ਤੇ ਚੱਲਣ ਵਿੱਚ ਮਨ ਦੀ ਅਗਿਆਨਤਾ ਵਿੱਚ ਹੀ ਰਹਿੰਦਾ ਹੈ ਜਿਸ ਮਨ ਦੀ ਅਗਿਆਨਤਾ ਨੂੰ ਮਾਰਨਾ ਬਹੁਤ ਔਖਾ ਹੈ ਭਾਵ ਮਨਮਤਿ ਛੱਡਣੀ ਬਹੁਤ ਔਖੀ ਹੈ, ਜਿਸ ਸਾਡੇ ਅੰਦਰ ਦੀ ਮਨਮਤਿ ਨੂੰ ਗੁਰੂ ਦਾ ਗੁਰਮਤਿ ਰੂਪ ਹਥਿਆਰ ਹੀ ਮਾਰ ਸਕਦਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਪਸ਼ਟ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਤੇ ਮਨ ਦੀ ਨਾਸਮਝੀ ਵਿੱਚੋਂ ਨਿਕਲਣ ਦੀ ਲੋੜ ਹੈ। ਸਾਡੇ ਅੰਦਰ ਦੇ ਔਗੁਣਾਂ ਵਾਲੇ ਵਿਚਾਰ ਹਕੀਕਤ ਵਿੱਚ ਮਹਾਬਲੀ ਹੀ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਬਸੰਤ ਕੀ ਵਾਰ ਮਹਲੁ ੫

ੴ ਸਤਿਗੁਰ ਪ੍ਰਸਾਦਿ ॥

{ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ ਮਿਲਿ ਸਾਧੂ ਸੁਖੁ ਊਪਜੈ ਲਬੀ ਸਭ ਛਾਈ ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥ ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥
ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥
ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥
ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥੩॥੧॥}

(ਅੰਗ ੧੧੯੩)

ਬਿਲਾਵਲੁ ਮਹਲਾ ੪ ॥

{ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥
ਹਰਿ ਜਨ ਦੇਖਹੁ ਸਤਿਗੁਰੁ ਨੈਨੀ ॥ ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ ॥੧॥ ਰਹਾਉ ॥
ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥
ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥੨॥
ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥
ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥
ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥੫॥}

(ਅੰਗ ੮੦੦)

ਗਉੜੀ ਮਹਲਾ ੫ ॥

{ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ ॥
ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥੧॥ ਰਹਾਉ ॥
ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥
ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥
ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥੨॥
ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥
ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥੩॥
ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥
ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥}

(ਅੰਗ ੨੦੬)

ਬਸੰਤੁ ਮਹਲਾ ੫ ਘਰੁ ੨ ਹਿੰਡੋਲ

ੴ ਸਤਿਗੁਰ ਪ੍ਰਸਾਦਿ ॥

{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥

ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥}

(ਅੰਗ ੧੧੮੫)

54/7594

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ। ਆਪਣੇ ਮਨ ਦੇ ਵਿਕਾਰਾਂ ਤੇ ਅਸੀਂ ਜਿੱਤ ਉਨ੍ਹਾਂ ਨੂੰ ਹਰਾ ਕੇ ਹੀ ਪਾ ਸਕਦੇ ਹਾਂ **ਇਹ ਤਾਂ ਹੀ ਹੋ ਸਕਦਾ ਹੈ ਜੇਕਰ ਗੁਰਮਤਿ ਜਿੱਤੇਗੀ ਤੇ ਮਨਮਤਿ ਹਾਰੇਗੀ।** ਕੋਈ ਆਪਣੀ ਮਤਿ ਨੂੰ ਹਰਾਉਣਾ ਵੀ ਨਹੀਂ ਚਾਹੁੰਦਾ ਭਾਵ ਛੱਡਣਾ ਵੀ ਨਹੀਂ ਚਾਹੁੰਦਾ ਪਰ ਫਿਰ ਵੀ ਉਹ ਮਨੁੱਖ ਜੇਕਰ ਗੁਰਮਤਿ ਦੀ ਸਮਝ ਵਾਲਾ ਅਖਵਾਉਂਦਾ ਹੈ, ਨਾਮ ਵਾਲਾ ਅਖਵਾਉਂਦਾ ਹੈ ਫਿਰ ਉਸਦੀ ਕਦਰ ਅਕਾਲ ਪੁਰਖ ਦੀ ਨਜਰਾਂ ਵਿੱਚ ਕਿਤਨੀ ਕੂ ਹੋਵੇਗੀ, ਗੁਰੂ ਦੇ ਘਰ ਵਿੱਚ ਕਿਤਨੀ ਕੂ ਹੋਵੇਗੀ, ਉਸਦਾ ਗੁਰੂ ਦੇ ਘਰ ਨਾਲ ਕਿਤਨਾ ਕੂ ਪਿਆਰ ਹੋਵੇਗਾ ਇਸ ਗੱਲ ਦਾ ਅੰਦਾਜਾ ਆਪੇ ਲਗਾ ਲਵੇ ਜਿਸ ਸੱਚੇ ਗੁਰੂ ਦਾ ਘਰ ਹਰ ਮਨੁੱਖ ਦੇ ਅੰਦਰ ਹੀ ਹੈ ਤੇ ਫਿਰ ਗੁਰਮਤਿ ਦੇ ਉਲਟ ਚੱਲ ਕੇ ਉਸਨੂੰ ਕੋਈ ਆਪਣੇ ਮਨ ਰੂਪ ਘਰ ਵਿੱਚੋਂ, ਉਸਦੇ ਜੋਤਿ ਰੂਪ ਘਰ ਵਿੱਚੋਂ ਕੋਈ ਜਾਣ ਵੀ ਕਿਵੇਂ ਸਕਦਾ ਹੈ। ਮਨ ਦੇ ਔਗੁਣ ਰੂਪ ਜਮਾਂ ਨਾਲ ਲੜੇ ਬਿਨ੍ਹਾਂ ਤੇ ਉਨ੍ਹਾਂ ਨੂੰ ਮਾਰੇ ਬਿਨ੍ਹਾਂ ਭਾਵ ਇਹੋ ਜਿਹਾ ਸੱਚਾ ਉਦਮ ਕੀਤੇ ਬਿਨਾਂ ਭਾਵ ਗੁਰਮਤਿ ਅਨੁਸਾਰ ਚੱਲਣ ਦਾ ਸੱਚਾ ਉਦਮ ਕੀਤੇ ਬਿਨ੍ਹਾਂ ਭਾਵ ਗੁਰਮਤਿ ਰੂਪ ਸੱਚੇ ਗਿਆਨ ਦੀ ਖੜਗ ਭਾਵ ਤਲਵਾਰ ਮਨ ਦੇ ਜਮਾਂ ਤੇ ਚਲਾਉਣ ਦਾ ਸੱਚਾ ਉਦਮ ਕੀਤੇ ਬਿਨ੍ਹਾਂ ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ ਭਾਵ ਉਸਦੀ ਨਾਰ ਨਹੀਂ ਬਣਿਆ ਜਾ ਸਕਦਾ। ਮਨ ਦੇ ਜਮਾਂ ਨਾਲ ਲੜਨਾ ਹੀ ਪੈਂਦਾ ਹੈ। ਆਉ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੀ ਵਿਚਾਰ ਦੁਆਰਾ ਸਮਝੀਏ।

ਰਾਗੁ ਮਾਰੂ ਮਹਲਾ ੧ ਘਰੁ ੫
ੴ ਸਤਿਗੁਰ ਪ੍ਰਸਾਦਿ ॥
“ਅਹਿਨਿਸਿ ਜਾਗੈ ਨੀਦ ਨ ਸੋਵੈ ॥ ਸੋ ਜਾਣੈ ਜਿਸੁ ਵੇਦਨ ਹੋਵੈ ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥੧॥
ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥
ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥
ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥
ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥
ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥
ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥
ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥
ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥
ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥”

(ਅੰਗ ੯੯੩)

54/7595

ਉਪਰ ਵਾਲੇ ਸ਼ਬਦ ਰਾਹੀਂ ਸਾਡੇ ਅੰਦਰ ਜਮਾਂ ਦੀ ਮਾਰ ਦਾ ਕਾਰਣ ਕੀ ਹੈ ਤੇ ਉਨ੍ਹਾਂ ਨੂੰ ਨਾ ਸਮਝ ਸਕਣ ਦਾ ਤੇ ਨਾ ਮਾਰ ਸਕਣ ਦਾ ਕਾਰਣ ਕੀ ਹੈ ਇਹ ਸਮਝਾਇਆ ਹੋਇਆ ਹੈ ਤੇ ਨਾਲ ਇਸ ਗੱਲ ਦੀ ਸਮਝ ਵੀ ਪਾਈ ਹੋਈ ਹੈ ਕਿ ਉਨ੍ਹਾਂ ਨੂੰ ਮਾਰਿਆ ਕਿਵੇਂ ਜਾ ਸਕਦਾ ਹੈ। ਇਸ ਗੱਲ ਦੀ ਸਮਝ ਉਸ ਅਕਾਲ ਪੁਰਖ ਦੀ ਪਤਨੀ ਬਣਨ ਦੁਆਰਾ ਹੀ ਪੈ ਸਕਦੀ ਹੈ ਜੋ ਸਮਝ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ। ਉਪਰ ਸ਼ਬਦ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਇਸਤਰੀ ਦੀ ਗੱਲ ਕੀਤੀ ਹੋਈ ਹੈ ਜੋ ਉਸਦੀ ਇਸਤਰੀ ਆਪਣੇ ਸੱਚ ਰੂਪ ਖਸਮ ਨੂੰ ਭਾਵ ਆਪਣੇ ਨਾਮ ਰੂਪ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦੀ ਹੈ ਤੇ ਜੋ ਉਸਨੂੰ ਆਪਣੇ ਅੰਦਰੋਂ ਜਾਣ ਲੈਂਦੀ ਹੈ ਉਸਨੂੰ ਹੀ ਕਰਤਾ ਭਗਤੀ ਦੇ ਮਾਰਗ ਦੀ ਸੱਚੀ ਸਮਝ ਪਾਉਂਦਾ ਹੈ। ਪੂਰੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਉਪਰ ਵਾਲੇ ਸ਼ਬਦ ਦੇ ਪਹਿਲੇ ਪਦੇ ਦੁਆਰਾ ਉਨ੍ਹਾਂ ਦੀ ਗੱਲ ਹੀ ਸਮਝਾਈ ਹੋਈ ਹੈ ਜੋ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦੇ ਹਨ ਭਾਵ ਜਿਸਨੂੰ ਉਹ ਆਪਣੀ ਨਾਰ ਬਣਾ ਲੈਂਦਾ ਹੈ। ਉਸਦੀ ਨਾਰ ਫਿਰ ਦਿਨ ਰਾਤ ਜਾਗਦੀ ਹੈ ਭਾਵ ਨਾ ਉਸਨੂੰ ਨੀਂਦ ਆਉਂਦੀ ਹੈ ਨਾ ਉਹ ਸੌਂਦੀ ਹੈ ਭਾਵ ਆਪਣੀ ਮਨ ਦੀ ਸਮਝ ਰਾਹੀਂ ਉਹ ਹਰ ਵੇਲੇ ਜਾਗਦੀ ਰਹਿੰਦੀ ਹੈ ਤੇ ਉਹ ਮਨ ਦੀ ਅਗਿਆਨਤਾ ਦੀ ਨੀਂਦ ਵਿੱਚ ਨਹੀਂ ਸੌਂਦੀ। ਸੰਸਾਰ ਦੇ ਹਰ ਮਨੁੱਖ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਅਗਿਆਨਤਾ ਦੀ ਨੀਂਦ ਵਿੱਚ ਸਵਾਇਆ ਹੋਇਆ ਹੈ ਤੇ ਉਹ ਆਪ ਹੀ ਕਿਸੇ ਨੂੰ ਅਗਿਆਨਤਾ ਦੀ ਨੀਂਦ ਵਿੱਚੋਂ ਜਗਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੀਆਂ ਕੁਝ ਪੰਗਤੀਆਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ।

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੮)

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥}

(ਅੰਗ ੧੧੯੩)

ਹੁਣ ਅਸੀਂ ਮੁੱਖ ਸ਼ਬਦ ਦੀ ਪਹਿਲੀ ਪੰਗਤੀ ਨੂੰ ਵਿਸ਼ਵਾਸ ਨਾਲ ਸਮਝ ਸਕਾਂਗੇ ਕਿ ਜਾਗਣਾ ਸੌਣਾ ਕਿਸਨੂੰ ਕਿਹਾ ਹੈ। **(ਅਹਿਨਿਸਿ ਜਾਗੈ ਨੀਦ ਨ ਸੋਵੈ ॥)**

54/7596

ਹੁਣ ਸ਼ਬਦ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਕਿ ਗੁਰੂ ਦੇ ਸੱਚੇ ਗਿਆਨ ਵਿੱਚ ਭਾਵ ਗੁਰੂ ਦੀ ਸੱਚੀ ਸਮਝ ਵਿੱਚ ਤੇ ਮਨੁੱਖ ਦੀ ਝੂਠੀ ਸਮਝ ਵਿੱਚ ਕੀ ਫਰਕ ਹੁੰਦਾ ਹੈ ਭਾਵ ਗੁਰਮਤਿ ਤੇ ਮਨਮਤਿ ਵਿੱਚ ਕੀ ਫਰਕ ਹੁੰਦਾ ਹੈ।

“ਸੋ ਜਾਣੈ ਜਿਸੁ ਵੇਦਨ ਹੋਵੈ ॥”

ਗੁਰੂ ਜਿਸ ਮਨੁੱਖੀ ਸਮਝ ਨੂੰ ਅਗਿਆਨਤਾ ਵਾਲੀ ਸਮਝ ਵਿੱਚੋਂ ਜਗਾਉਂਦਾ ਹੈ ਉਸਨੂੰ ਆਪਣੀ ਗੁਰਮਤਿ ਰੂਪ ਸੱਚੀ ਸਮਝ ਦੇਣ ਦੁਆਰਾ ਹੀ ਜਗਾਉਂਦਾ ਹੈ। ਜੋ ਆਪਣੇ ਅੰਦਰੋਂ ਗੁਰਮਤਿ ਦੇ ਮਾਲਕ ਨੂੰ ਜਾਣ ਲੈਂਦਾ ਹੈ ਉਹੀ ਗੁਰਮਤਿ ਦੀ ਕਦਰ ਪਾਉਂਦਾ ਹੈ ਭਾਵ ਉਹੀ ਗੁਰਮਤਿ ਨੂੰ ਉੱਚਾ ਕਰਕੇ ਮੰਨਦਾ ਹੈ ਜਿਸਨੂੰ ਇਸ ਗੱਲ ਵਿੱਚ ਫਿਰ ਦੁੱਖ ਮਹਿਸੂਸ ਹੁੰਦਾ ਹੈ ਕਿ ਇਹ ਗੁਰਮਤਿ ਨੂੰ ਨੀਵਾਂ ਕਰਨਾ ਕਿਤਨੀ ਮਾੜੀ ਗੱਲ ਹੈ ਭਾਵ ਜਦੋਂ ਕੋਈ ਗੁਰਮਤਿ ਦੇ ਉਲਟ ਸਮਝਾਉਂਦਾ ਹੈ ਉਹੀ ਇਸ ਗੱਲ ਨੂੰ ਸਮਝ ਸਕਦੇ ਹਨ ਤੇ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਮਹਿਸੂਸ ਹੁੰਦਾ ਹੈ ਕਿ ਇਹ ਮਨ ਦੀ ਅਗਿਆਨਤਾ ਕਰਕੇ ਹੀ ਦੂਸਰਿਆਂ ਨੂੰ ਭਗਤੀ ਦਾ ਗਲਤ ਮਾਰਗ ਸਮਝਾ ਰਹੇ ਹਨ। ਜੋ ਸੱਚੀ ਭਗਤੀ ਦੇ ਮਾਰਗ ਨੂੰ ਜਾਣ ਲੈਂਦਾ ਹੈ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ ਉਸਨੂੰ ਆਪਣੇ ਅੰਦਰੋਂ ਜਾਣ ਕੇ ਜੋ ਸੱਚੀ ਭਗਤੀ ਦਾ ਮਾਰਗ ਸਿੱਖਿਆ ਹੈ ਉਸ ਮਾਰਗ ਤੇ ਉਹ ਆਪਣੇ ਜੀਵਨ ਵਿੱਚ ਆਪ ਚੱਲੇ ਹਨ ਤੇ ਉਹੋ ਜਿਹੀ ਸੱਚੀ ਭਗਤੀ ਦਾ ਮਾਰਗ ਹੀ ਉਨ੍ਹਾਂ ਨੇ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਇਆ ਹੈ ਤੇ ਜੇਕਰ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝ ਕੇ ਗੁਰਮਤਿ ਤੋਂ ਉਲਟ ਸਮਝਾਵੇ ਭਾਵ ਗੁਰੂ ਦੇ ਸੱਚੇ ਗਿਆਨ ਤੋਂ ਉਲਟ ਗਿਆਨ ਦੇਵੇ ਉਸਦੇ ਵਿੱਚ ਉਸਦੀ ਨਾਰ ਨੂੰ ਦੁੱਖ ਮਹਿਸੂਸ ਹੁੰਦਾ ਹੈ। ਪ੍ਰਮਾਤਮਾ ਨੂੰ ਜਾਨਣ ਵਾਲਾ ਉਹੀ ਹੁੰਦਾ ਹੈ ਜਿਸਨੂੰ ਫਿਰ ਸੱਚ ਤੇ ਚੱਲਣਾ ਹੀ ਚੰਗਾ ਲੱਗਦਾ ਹੈ ਤੇ ਦੂਸਰਿਆਂ ਨੂੰ ਵੀ ਸੱਚ ਤੇ ਚਲਾਉਣਾ ਚੰਗਾ ਲੱਗਦਾ ਹੈ ਤੇ ਜਦੋਂ ਕੋਈ ਸੱਚ ਤੋਂ ਉਲਟ ਜਾਂਦਾ ਹੈ ਉਸਨੂੰ ਉਸ ਵਿੱਚ ਵੇਦਨ ਮਹਿਸੂਸ ਹੁੰਦੀ ਹੈ ਭਾਵ ਦੁੱਖ ਮਹਿਸੂਸ ਹੁੰਦਾ ਹੈ। ਜਿਨ੍ਹਾਂ ਨੂੰ ਗੁਰਮਤਿ ਦੇ ਉਲਟ ਚੱਲਣ ਵਿੱਚ ਦੁੱਖ ਮਹਿਸੂਸ ਨਹੀਂ ਹੁੰਦਾ ਉਹ ਫਿਰ ਉਹੋ ਜਿਹੇ ਹੁੰਦੇ ਹਨ ਜਿਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਭਾਵ ਜਿਨ੍ਹਾਂ ਨੂੰ ਉਸਨੇ ਆਪਣੀ ਨਾਰ ਨਹੀਂ ਬਣਾਇਆ ਭਾਵ ਉਨ੍ਹਾਂ ਦੇ ਅੰਦਰ ਆਪਣਾ ਸੱਚਾ ਗਿਆਨ ਰੂਪ ਪ੍ਰਗਟ ਨਹੀਂ ਕੀਤਾ। **(ਅਹਿਨਿਸਿ ਜਾਗੈ ਨੀਦ ਨ ਸੋਵੈ ॥ ਸੋ ਜਾਣੈ ਜਿਸੁ ਵੇਦਨ ਹੋਵੈ ॥)**

ਅਕਾਲ ਪੁਰਖ ਦੀ ਨਾਰ ਨੂੰ ਜੇਕਰ ਕੋਈ ਨਾਸਮਝੀ ਕਰਕੇ ਆਪ ਗੁਰਮਤਿ ਦੇ ਉਲਟ ਚੱਲਣ ਕਰਕੇ ਉਲਟ ਚੱਲਣਾ ਸਿਖਾਉਂਦਾ ਹੈ ਭਾਵ ਭਗਤੀ ਦੇ ਮਾਰਗ ਦੀ ਗਲਤ ਸਿੱਖਿਆ ਦਿੰਦਾ ਹੈ, ਗਲਤ ਨਾਮ ਜਪਣਾ ਸਮਝਾਉਂਦਾ ਹੈ ਇਸ ਗੱਲ ਵਿੱਚ ਉਸਦੀ ਨਾਰ ਨੂੰ ਦੁੱਖ ਮਹਿਸੂਸ ਹੁੰਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥੧॥”

54/7597

ਉਪਰ ਵਾਲੀ ਪੰਗਤੀ ਵਿੱਚ ਅਕਾਲ ਪੁਰਖ ਦੇ ਨਾਲ ਉਸਦੀ ਪਤਨੀ ਦਾ ਪ੍ਰੇਮ ਕਿਸ ਰੂਪ ਵਿੱਚ ਜੁੜਦਾ ਹੈ ਪਹਿਲੇ ਇਸ ਗੱਲ ਨੂੰ ਸਮਝਣਾ ਜਰੂਰੀ ਹੈ। ਜਿਸ ਜਗ੍ਹਾ ਤੇ ਉਸਦੇ ਨਾਲ ਵਿਆਹ ਹੁੰਦਾ ਹੈ ਉਸੇ ਜਗ੍ਹਾ ਤੇ ਹੀ ਉਹ ਆਪਣੀ ਵਿਆਹੁਤਾ ਪਤਨੀ ਨੂੰ ਧਰਮ ਪਤਨੀ ਬਣਾਉਂਦਾ ਹੈ ਭਾਵ ਉਸਨੂੰ ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ, ਸੱਚ ਤੇ ਚੱਲਣ ਦਾ ਮਾਰਗ ਸਮਝਾਉਂਦਾ ਹੈ, ਸੱਚ ਰੂਪ ਖਸਮ ਆਪਣਾ ਸੱਚ ਹੀ ਸਮਝਾਉਂਦਾ ਹੈ ਜੋ ਕਿ ਉਹ ਆਪਣਾ ਸੱਚਾ ਨਾਮ ਬਖਸ਼ਣ ਦੁਆਰਾ ਹੀ ਸਮਝਾਉਂਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਪਾਉਣ ਦੁਆਰਾ ਹੀ ਸਮਝਾਉਂਦਾ ਹੈ ਜੋ ਕਿ ਉਹ ਆਪਣੇ ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਉਂਦਾ ਹੈ। ਮਨ ਦੇ ਵਿੱਚ ਉਹ ਅਨੇਕਾਂ ਹੀ ਸ਼ਬਦਾਂ ਦੀ ਵਿਚਾਰ ਦਿੰਦਾ ਹੈ ਤੇ ਉਸਦੇ ਦਿੱਤੇ ਹੋਏ ਹਰ ਸ਼ਬਦ ਦੀ ਵਿਚਾਰ ਦੇ ਨਾਲ ਪ੍ਰੇਮ ਕਰਨਾ ਸੱਚ ਰੂਪ ਕਰਤੇ ਦੇ ਨਾਲ ਪ੍ਰੇਮ ਕਰਨਾ ਹੈ ਭਾਵ ਉਸਦੀ ਸਮਝਾਈ ਹੋਈ ਸੱਚੀ ਗੁਰਮਤਿ ਤੇ ਅਮਲ ਕਰਨ ਦੁਆਰਾ ਉਸਦੀ ਪਤਨੀ ਉਸਦੇ ਨਾਲ ਆਪਣਾ ਪ੍ਰੇਮ ਪ੍ਰਗਟ ਕਰਦੀ ਹੈ ਕਿਉਂਕਿ ਉਹ ਸ੍ਰਿਸ਼ਟੀ ਦਾ ਕਰਤਾ ਹੈ ਹੀ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਭਾਵ ਸੱਚੀ ਗੁਰਮਤਿ ਦੇ ਰੂਪ ਵਿੱਚ। ਜਿਉਂ ਜਿਉਂ ਕਰਤਾ ਮਨ ਦੇ ਵਿੱਚ ਆਪਣੀ ਇਸਤਰੀ ਦੇ ਨਾਲ ਪ੍ਰੇਮ ਪਾਉਣ ਲਈ ਸ਼ਬਦਾਂ ਦੀ ਸੱਚੀ ਵਿਚਾਰ ਦਿੰਦਾ ਹੈ ਉਹ ਉਸਦੀ ਇਸਤਰੀ ਨੂੰ ਪ੍ਰੇਮ ਦੇ ਕਾਨ ਭਾਵ ਪ੍ਰੇਮ ਦੇ ਤੀਰਾਂ ਦੀ ਤਰ੍ਹਾਂ ਲੱਗਦੇ ਹਨ ਭਾਵ ਚੰਗੇ ਲੱਗਦੇ ਹਨ ਜੋ ਆਪਣੇ ਤੀਰ ਉਹ ਮਨ ਦੀ ਸਮਝ ਦੇ ਵਿੱਚ ਛੱਡਦਾ ਹੀ ਰਹਿੰਦਾ ਹੈ ਤੇ ਆਪਣੀ ਇਸਤਰੀ ਦੇ ਨਾਲ ਉਹ ਆਪਣਾ ਪ੍ਰੇਮ ਵਧਾਉਂਦਾ ਹੀ ਰਹਿੰਦਾ ਹੈ। ਪ੍ਰੇਮ

ਤਾਂ ਉਸਦੀ ਪਤਨੀ ਦਾ ਗੁਰਮਤਿ ਦੇ ਨਾਲ ਹੀ ਜੁੜਦਾ ਹੈ ਜੋ ਗੁਰਮਤਿ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਉਸਨੂੰ ਆਪ ਸਮਝਾਉਂਦਾ ਰਹਿੰਦਾ ਹੈ, ਆਪਣੇ ਨਾਮ ਵਾਲੇ ਵਿਚਾਰ ਦਿੰਦਾ ਰਹਿੰਦਾ ਹੈ। ਇਸੇ ਕਰਕੇ ਹੀ ਜਦੋਂ ਉਸਦੀ ਨਾਰ ਦਾ ਆਪਣੇ ਕਰਤੇ ਦੇ ਨਾਲ ਪ੍ਰੇਮ ਜੁੜਦਾ ਹੈ, ਸੱਚ ਰੂਪ ਕਰਤੇ ਦੇ ਨਾਲ ਪ੍ਰੇਮ ਜੁੜਦਾ ਹੈ ਉਹ ਉਸਦੀ ਮਨ ਦੇ ਵਿੱਚ ਸਮਝਾਈ ਹੋਈ ਸੱਚੀ ਗੁਰਮਤਿ ਦੇ ਨਾਲ ਪ੍ਰੇਮ ਕਰਨ ਦੇ ਨਾਲ ਹੀ ਜੁੜਦਾ ਹੈ। ਗੁਰਮਤਿ ਸਮਝਾਉਣ ਵਾਲੇ ਭਾਵ ਭਗਤੀ ਦਾ ਮਾਰਗ ਸਮਝਾਉਣ ਵਾਲੇ, ਨਾਮ ਜਪਣ ਦਾ ਤਰੀਕਾ ਸਮਝਾਉਣ ਵਾਲੇ ਸੰਸਾਰ ਵਿੱਚ ਬਹੁਤ ਹਨ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲੇ ਵੀ ਬਹੁਤ ਹਨ ਜਿਵੇਂ ਕਿ ਸੰਸਾਰ ਵਿੱਚ ਸਭ ਪਾਸੇ ਵੇਖਿਆ ਜਾ ਸਕਦਾ ਹੈ ਕਿ ਭਾਰਤ ਵਰਸ਼ ਵਿੱਚ ਖਾਸ ਕਰਕੇ ਇਹੋ ਜਿਹੀ ਪ੍ਰਥਾ ਬਹੁਤ ਹੀ ਜਿਆਦਾ ਪ੍ਰਚਲਿਤ ਹੈ ਜੋ ਕਿ ਸਦੀਆਂ ਤੋਂ ਹੀ ਚੱਲਦੀ ਆ ਰਹੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਜਿਸਨੂੰ ਸੱਚੀ ਭਗਤੀ ਦੀ ਸਮਝ ਹੈ ਬਾਣੀ ਵਿੱਚ ਉਸਨੂੰ ਭਗਤੀ ਦਾ ਮਾਰਗ ਸਮਝਾਉਣ ਲਈ ਸੱਚਾ **"ਵੈਦੁ"** ਕਿਹਾ ਹੈ ਜੋ ਕਿ ਮਨ ਦੇ ਅਗਿਆਨਤਾ ਰੂਪ ਰੋਗ ਨੂੰ ਆਪਣੇ ਸੱਚੇ ਗਿਆਨ ਰੂਪ ਦਾਰੂ ਨਾਲ ਭਾਵ ਦਵਾਈ ਨਾਲ ਦੂਰ ਕਰ ਸਕਦਾ ਹੈ, ਮਨੁੱਖ ਦਾ ਹਉਮੈ ਰੋਗ ਦੂਰ ਕਰ ਸਕਦਾ ਹੈ ਭਾਵ ਆਪਣੇ ਨਾਮ ਦਾ ਦਾਰੂ ਦੇਣ ਦੁਆਰਾ ਕਰਦਾ ਹੈ ਤੇ

54/7598

ਜਿਸਨੂੰ ਉਹ ਸੱਚਾ ਵੈਦ ਜੋ ਕਿ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਉਸਨੂੰ ਆਪ ਹੀ ਮਨ ਦੀ ਸਮਝ ਦੇ ਵਿੱਚ ਆਪਣਾ ਨਾਮ ਰੂਪ ਦਾਰੂ ਦੇਣ ਦੁਆਰਾ, ਆਪਣਾ ਬ੍ਰਹਮ ਗਿਆਨ ਰੂਪ ਦੇਣ ਦੁਆਰਾ, ਆਪਣੀ ਸ਼ਬਦਾਂ ਦੀ ਸੱਚੀ ਵਿਚਾਰ ਰੂਪ ਦਾਰੂ ਦੇਣ ਦੁਆਰਾ ਭਾਵ ਗੁਰਮਤਿ ਦੀ ਸੱਚੀ ਸਮਝ ਰੂਪ ਦਾਰੂ ਦੇਣ ਦੁਆਰਾ ਹਉਮੈ ਰੋਗ ਦੂਰ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਜਗ੍ਹਾ ਜਗ੍ਹਾ ਝੂਠੇ ਵੈਦ ਵੀ ਬੈਠੇ ਹਨ, ਨਾਸਮਝ ਭੋਲੇ ਵੈਦ ਵੀ ਬੈਠੇ ਹਨ ਜੋ ਸੰਸਾਰੀਆਂ ਨੂੰ ਨਾਮ ਦਾ ਦਾਰੂ ਵੰਡਦੇ ਹਨ ਭਾਵ ਗੁਰਮਤਿ ਤੋਂ ਉਲਟ ਮਾਰਗ ਸਮਝਾਉਂਦੇ ਹਨ ਭਾਵ ਜਿਨ੍ਹਾਂ ਨੂੰ ਖੁਦ ਮਨੁੱਖੀ ਸਮਝ ਦੇ ਇਲਾਜ ਦੀ ਭਾਵ **"ਕਾਰੀ"** ਦੀ ਸਮਝ ਨਹੀਂ ਹੈ ਉਹ ਮਨ ਦੀ ਅਗਿਆਨਤਾ ਕਰਕੇ ਹੀ ਆਪਣੇ ਆਪ ਨੂੰ ਵੈਦ ਅਖਵਾਉਂਦੇ ਹਨ ਭਾਵ ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲੇ ਅਖਵਾਉਂਦੇ ਹਨ। ਇਹੋ ਜਿਹੇ ਜੋ ਗੁਰਮਤਿ ਨੂੰ ਖੁਦ ਨਹੀਂ ਸਮਝ ਸਕਦੇ ਤੇ ਦੂਸਰਿਆਂ ਨੂੰ ਵੀ ਗੁਰਮਤਿ ਤੋਂ ਉਲਟ ਧਰਮ ਦਾ ਮਾਰਗ ਸਮਝਾਉਂਦੇ ਹਨ, ਗਲਤ ਨਾਮ ਜਪਣਾ ਸਮਝਾਉਂਦੇ ਹਨ ਉਹ ਆਪ ਵੀ ਸੰਸਾਰ ਦੇ ਵਿੱਚ ਗੁਰਮਤਿ ਤੋਂ ਉਲਟ ਵਿਚਰਦੇ ਹਨ ਤੇ ਦੂਸਰਿਆਂ ਨੂੰ ਵੀ ਗੁਰਮਤਿ ਤੋਂ ਉਲਟ ਵਿਚਰਨਾ ਸਮਝਾਉਂਦੇ ਹਨ। ਜਿਸਨੂੰ ਗੁਰਮਤਿ ਦੀ ਸੱਚੀ ਸਮਝ ਹੈ, ਜਿਸਨੂੰ ਗੁਰਮਤਿ ਦੇ ਨਾਲ ਸੱਚਾ ਪ੍ਰੇਮ ਹੈ ਉਸਨੂੰ ਫਿਰ ਇਹੋ ਜਿਹਿਆਂ ਦੀ ਗੱਲ ਤੇ ਇਸ ਗੱਲ ਦਾ ਦੁੱਖ ਤਾਂ ਮਹਿਸੂਸ ਹੋਵੇਗਾ ਹੀ ਕਿ ਇਹ ਗੁਰਮਤਿ ਤੋਂ ਉਲਟ ਚੱਲਦੇ ਹਨ ਕਿਉਂਕਿ ਉਹ ਗੁਰਮਤਿ ਵਿੱਚ ਵਿਚਰਨ ਦੁਆਰਾ ਹੀ ਸੁੱਖ ਮਹਿਸੂਸ ਕਰਦੇ ਹਨ। ਗੁਰਮਤਿ ਦੇ ਉਲਟ ਚੱਲਣਾ ਗੁਰਮਤਿ ਨੂੰ ਦੁੱਖ ਪਹੁੰਚਾਉਣ ਵਾਲੀ ਗੱਲ ਹੈ ਭਾਵ ਗੁਰੂ ਨੂੰ ਦੁੱਖ ਪਹੁੰਚਾਉਣ ਵਾਲੀ ਗੱਲ ਹੈ, ਗੁਰਮਤਿ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਦੁੱਖ ਪਹੁੰਚਾਉਣ ਵਾਲੀ ਗੱਲ ਹੈ ਤੇ ਇਸ ਗੱਲ ਨੂੰ ਕੇਵਲ ਤੇ ਕੇਵਲ ਉਹੀ ਸਮਝ ਸਕਦਾ ਹੈ ਜੋ ਆਪਣੇ ਅੰਦਰੋਂ ਗੁਰੂ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ, ਉਸਦੀ ਨਾਰ ਬਣਨ ਦੁਆਰਾ ਜਾਣ ਲੈਂਦਾ ਹੈ। ਉਸਦੀ ਨਾਰ ਫਿਰ ਇਸ ਗੱਲ ਨੂੰ ਸਮਝ ਲੈਂਦੀ ਹੈ ਕਿ ਗੁਰੂ ਪ੍ਰਮਾਤਮਾ ਨੂੰ ਦੁੱਖ ਪਹੁੰਚਾਉਣਾ ਕੀ ਹੈ ਤੇ ਫਿਰ ਉਹ ਇਸੇ ਲਈ ਦੂਸਰਿਆਂ ਨੂੰ ਭਾਵ ਭਰਮਿਆਂ ਹੋਇਆ ਨੂੰ ਇਹ ਸਮਝਾਉਣਾ ਚਾਹੁੰਦਾ ਹੈ ਕਿ ਗੁਰਮਤਿ ਦੇ ਉਲਟ ਚੱਲਕੇ ਗੁਰੂ ਪ੍ਰਮਾਤਮਾ ਦੇ ਦੋਖੀ ਨਾ ਬਣੋ ਪਰ ਉਹ ਇਹ ਗੱਲ ਸਮਝਣ ਨੂੰ ਤਿਆਰ ਨਹੀਂ ਹੁੰਦੇ ਕਿਉਂਕਿ ਉਹ ਆਪਣੇ ਆਪ ਨੂੰ ਹੀ ਸੱਚੇ ਸਮਝਦੇ ਹਨ, ਸੱਚਾ ਨਾਮ ਜਪਣ ਵਾਲੇ ਸਮਝਦੇ ਹਨ, ਆਪਣੇ ਆਪ ਨੂੰ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਵਾਲੇ ਸਮਝਦੇ ਹਨ ਤੇ ਸੱਚੀ ਭਗਤੀ ਦਾ ਮਾਰਗ ਸਮਝਾਉਣ ਵਾਲੇ ਨੂੰ ਉਲਟਾ ਨਾਮ ਨੂੰ ਨਾਸਮਝਣ ਵਾਲੇ ਸਮਝਦੇ ਹਨ, ਨਾਮ ਨਾ ਜਪਣ ਵਾਲਾ ਸਮਝਦੇ ਹਨ ਭਾਵ ਭਗਤੀ ਦੇ ਮਾਰਗ ਦੇ ਉਲਟ ਚੱਲਣ ਵਾਲਾ ਸਮਝਦੇ ਹਨ। ਇਹ ਗੱਲ ਸੱਚੇ ਭਗਤਾਂ ਦੇ, ਗੁਰੂ ਸਾਹਿਬਾਨ ਦੇ ਜੀਵਨ ਵਿੱਚ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਾਹਮਣੇ ਆਈ ਹੈ ਜਿਵੇਂ ਇਤਿਹਾਸ ਗਵਾਹ ਹੈ। ਸੰਸਾਰੀਆਂ ਨੂੰ ਸੱਚ ਸਮਝਾਉਣ ਲਈ ਉਨ੍ਹਾਂ ਦੀ ਵਿਰੋਧਤਾ ਹੋਈ ਹੈ ਕਿਉਂਕਿ ਝੂਠ ਹਮੇਸ਼ਾ ਸੱਚ ਦੀ

54/7599

ਵਿਰੋਧਤਾ ਹੀ ਕਰਦਾ ਆਇਆ ਹੈ ਭਾਵ ਮਨਮਤਿ ਹਮੇਸ਼ਾ ਗੁਰਮਤਿ ਦੀ ਵਿਰੋਧਤਾ ਹੀ ਕਰਦੀ ਆਈ ਹੈ ਕਿਉਂਕਿ ਮਨਮਤਿ ਵਿੱਚ ਰਹਿੰਦਾ ਹੋਇਆ ਮਨੁੱਖ, ਮਨ ਦੇ ਮਾਇਆ ਮੋਹ ਵਿੱਚ ਰਹਿੰਦਾ ਹੋਇਆ ਮਨੁੱਖ ਗੁਰਮੁਖਿ ਮਤਿ ਦੀ ਵਿਰੋਧਤਾ ਕਰਦਾ ਹੀ ਆਇਆ ਹੈ ਕਿਉਂਕਿ ਉਸਨੂੰ ਆਪਣੀ ਮਨਮੁੱਖ ਵਾਲੀ ਸਮਝ ਵਿੱਚ ਵਿਚਰਦੇ ਹੋਏ ਹੀ ਸੁੱਖ ਮਹਿਸੂਸ ਹੁੰਦਾ ਹੈ, ਮਨਮੁੱਖ ਰਹਿੰਦੇ ਹੋਏ ਹੀ ਸੁੱਖ ਮਹਿਸੂਸ ਹੁੰਦਾ ਹੈ ਭਾਵ ਉਸਨੂੰ ਮਾਇਆ ਮੋਹ ਹੀ ਚੰਗਾ ਲੱਗਦਾ ਹੈ, ਦੁਨਿਆਵੀ ਮਾਇਆ ਹੀ ਭਾਉਂਦੀ ਹੈ, ਆਪਣੀ ਤ੍ਰਿਸ਼ਨਾਵਾਂ ਦੀ

ਪੂਰਤੀ ਹੀ ਭਾਉਂਦੀ ਹੈ ਪਰ ਜਦੋਂ ਕੋਈ ਉਨ੍ਹਾਂ ਨੂੰ ਸੱਚੀ ਭਗਤੀ ਦਾ ਮਾਰਗ ਸਮਝਾਉਣ ਲਈ, ਸ੍ਰਿਸ਼ਟੀ ਦੇ ਕਰਤੇ ਦਾ ਸੱਚਾ ਨਾਮ ਜਪਣ ਦਾ ਮਾਰਗ ਸਮਝਾਉਂਦਾ ਹੈ ਇਸ ਵਿੱਚ ਉਨ੍ਹਾਂ ਨੂੰ ਦੁੱਖ ਮਹਿਸੂਸ ਹੁੰਦਾ ਹੈ ਪਰ ਜਿਸ ਗੱਲ ਵਿੱਚ ਅਕਾਲ ਪੁਰਖ ਦੇ ਗੁਰਮੁਖਿ ਰੂਪ ਨੂੰ ਸੁੱਖ ਮਹਿਸੂਸ ਹੁੰਦਾ ਹੈ ਭਾਵ ਗੁਰੂ ਦੀ ਮਤਿ ਨੂੰ ਮੰਨਣ ਵਿੱਚ ਸੁੱਖ ਮਹਿਸੂਸ ਹੁੰਦਾ ਹੈ, ਉਸੇ ਗੱਲ ਵਿੱਚ ਮਨਮੁੱਖ ਨੂੰ ਦੁੱਖ ਮਹਿਸੂਸ ਹੁੰਦਾ ਹੈ ਤੇ ਇਸੇ ਲਈ ਉਹ ਉਨ੍ਹਾਂ ਦੀ ਵਿਰੋਧਤਾ ਕਰਦੇ ਹਨ ਜੋ ਉਨ੍ਹਾਂ ਨੂੰ ਸੱਚ ਸਮਝਾਉਂਦੇ ਹਨ ਜਿਸਦਾ ਕਿ ਇਤਿਹਾਸ ਗਵਾਹ ਹੈ। ਅਕਾਲ ਪੁਰਖ ਦੇ ਸੱਚੇ ਭਗਤਾਂ ਦੀ, ਗੁਰੂ ਸਾਹਿਬਾਨ ਦੀ ਇਸੇ ਗੱਲ ਲਈ ਉਨ੍ਹਾਂ ਦੇ ਜੀਵਨ ਵਿੱਚ ਅਨੇਕਾਂ ਨੇ ਉਨ੍ਹਾਂ ਦੇ ਸੱਚੇ ਵਿਚਾਰਾਂ ਦੀ ਵਿਰੋਧਤਾ ਕੀਤੀ ਹੈ ਪਰ ਉਨ੍ਹਾਂ ਨੇ ਆਪਣੇ ਸੱਚੇ ਵਿਚਾਰਾਂ ਨੂੰ ਨੀਵਾਂ ਨਹੀਂ ਕੀਤਾ ਭਾਵ ਗੁਰਮਤਿ ਨੂੰ ਨੀਵਾਂ ਨਹੀਂ ਕੀਤਾ, ਅਕਾਲ ਪੁਰਖ ਨੂੰ ਨੀਵਾਂ ਨਹੀਂ ਕੀਤਾ ਤੇ ਉਸਨੂੰ ਉੱਚਾ ਕਰਨ ਲਈ ਆਪਣੇ ਜੀਵਨ ਵੀ ਵਾਰੇ ਹਨ, ਸਰਬੰਸ ਵੀ ਵਾਰੇ ਹਨ ਤੇ ਉਨ੍ਹਾਂ ਦੇ ਸੱਚ ਨਾਲ ਜੁੜੇ ਹੋਏ ਅਨੇਕਾਂ ਨੇ ਗੁਰਬਾਣੀ ਗ੍ਰੰਥ ਤੇ ਆਪਣੇ ਜੀਵਨ ਵਾਰੇ ਹਨ। ਧੰਨ ਧੰਨ ਧੰਨ ਭਾਈ ਮਨੀ ਸਿੰਘ ਜੀ ਇਸਦੀ ਬਹੁਤ ਵੱਡੀ ਉਦਾਹਰਣ ਹਨ, ਜਿਨ੍ਹਾਂ ਨੇ ਆਪਣੇ ਸਮੇਤ ਪਰਿਵਾਰ ਦੇ ਬਵੰਜਾ (52) ਜੀਅ ਗੁਰਮਤਿ ਦੀ ਰੱਖਿਆ ਲਈ ਵਾਰ ਦਿੱਤੇ ਸਨ ਤੇ ਉਨ੍ਹਾਂ ਵਰਗੇ ਹੋਰ ਅਨੇਕਾਂ ਸ਼ਹੀਦ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰਮਤਿ ਤੇ ਵਾਰਿਆ ਹੈ। ਉਨ੍ਹਾਂ ਨੇ ਇਸੇ ਲਈ ਆਪਣੇ ਆਪ ਨੂੰ ਗੁਰਮਤਿ ਤੇ ਵਾਰਿਆ ਹੈ ਭਾਵ ਸੱਚ ਤੇ ਵਾਰਿਆ ਹੈ ਕਿਉਂਕਿ ਉਹ ਸੱਚ ਰੂਪ ਅਕਾਲ ਪੁਰਖ ਦੇ ਸੱਚ ਨੂੰ ਜਾਨਣ ਵਾਲੇ ਭਾਵ ਉਸਦੀ ਸੱਚੀ ਨਾਰ ਬਣਨ ਦੁਆਰਾ ਧੰਨ ਧੰਨ ਧੰਨ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਬਚਨਾਂ ਦੇ ਨਾਲ ਜੁੜੇ ਹੋਏ, ਉਨ੍ਹਾਂ ਦੇ ਸੱਚੇ ਚੇਲੇ ਬਣਨ ਦੁਆਰਾ ਜੁੜੇ ਹੋਏ ਸਨ ਕਿਉਂਕਿ ਅਕਾਲ ਪੁਰਖ ਰੂਪ ਗੁਰੂ ਗੋਬਿੰਦ ਸਿੰਘ ਜੀ ਧਰਮ ਦੇ ਮਾਰਗ ਦੇ ਸੱਚੇ ਵੈਦ ਸਨ। ਉਨ੍ਹਾਂ ਨੇ ਗੁਰਬਾਣੀ ਗ੍ਰੰਥ ਰਾਹੀਂ ਆਪਣੀ ਉਚਾਰੀ ਹੋਈ ਬਾਣੀ ਵੀ ਨਹੀਂ ਪਾਈ, ਕਿਸੇ ਖਾਸ ਮਕਸਦ ਲਈ ਨਹੀਂ ਪਾਈ ਜੋ ਮਕਸਦ ਅੱਗੇ ਚੱਲ ਕੇ ਸਮਝਾਇਆ ਜਾਵੇਗਾ ਪਰ ਉਨ੍ਹਾਂ ਨੂੰ ਦਰਜਾ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਗੁਰੂ ਰੂਪ ਦਾ ਹੀ ਦਿੱਤਾ ਹੈ ਕਿਉਂਕਿ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਕੇ ਪੂਰਨ ਗੁਰਮਤਿ ਰੂਪ ਸੱਚੀ ਸਿੱਖਿਆ ਉਸਨੇ ਆਪ ਹੀ ਸਮਝਾਈ ਹੈ ਭਾਵ ਆਪਣਾ ਸੱਚਾ **"ਵੈਦੁ"** ਰੂਪ ਉਨ੍ਹਾਂ ਨੂੰ ਉਸ ਸ੍ਰਿਸ਼ਟੀ ਦੇ ਕਰਤੇ ਨੇ

54/7600

ਉਨ੍ਹਾਂ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਬਣਾਇਆ ਹੈ ਭਾਵ ਆਪਣੀ ਸੱਚੀ ਗੁਰਮਤਿ ਦੀ ਸਮਝ ਆਪ ਹੀ ਪਾਈ ਹੈ ਤੇ ਉਸ ਤੇ ਚੱਲਣ ਦਾ ਮਾਰਗ ਭਾਵ ਆਪਣਾ ਨਾਮ ਜਪਾਉਣ ਦਾ ਮਾਰਗ ਆਪ ਹੀ ਸਮਝਾਇਆ ਹੈ ਤੇ ਨਾਮ ਜਪਣ ਦੇ ਔਖੇ ਮਾਰਗ ਤੇ ਚਲਾ ਕੇ ਦਿਖਾਇਆ ਹੈ ਭਾਵ ਆਪਣੇ ਨਾਲ ਪ੍ਰੇਮ ਕਰਨਾ ਸਿਖਾਇਆ ਹੈ ਕਿ ਅਕਾਲ ਪੁਰਖ ਦੇ ਨਾਲ ਪ੍ਰੇਮ ਦਿਖਾਉਣ ਦਾ ਸੱਚਾ ਤਰੀਕਾ ਕੀ ਹੈ। ਜਿਹੋ ਜਿਹਾ ਪ੍ਰੇਮ ਦਸਵੀਂ ਪਾਤਸ਼ਾਹੀ ਨੇ ਅਕਾਲ ਪੁਰਖ ਨੂੰ ਦਿਖਾਇਆ ਹੈ ਤੇ ਉਨ੍ਹਾਂ ਦੀ ਮਤਿ ਦੇ ਨਾਲ ਪ੍ਰੇਮ ਕਰਨ ਵਾਲੇ ਚੇਲਿਆਂ ਨੇ ਭਾਵ ਸ਼ਹੀਦ ਸਿੰਘਾਂ ਨੇ ਦਿਖਾਇਆ ਹੈ ਇਸ ਗੱਲ ਨੂੰ ਰਹਿੰਦੀ ਦੁਨੀਆਂ ਤੱਕ ਭੁੱਲ ਨਹੀਂ ਸਕੇਗਾ। ਧੰਨ ਹੈ ਇਹੋ ਜਿਹਾ ਗੁਰੂ ਤੇ ਧੰਨ ਹਨ ਉਸਦੀ ਮਤਿ ਨੂੰ ਮੰਨਣ ਵਾਲੇ ਉਸਦੇ ਚੇਲੇ ਪਰ ਅੱਜਕਲ ਜਿਹੋ ਜਿਹੇ ਦੁਨਿਆਵੀ ਵੈਦ ਬਣੇ ਬੈਠੇ ਹਨ, ਗੁਰਬਾਣੀ ਦੀ ਰਚਨਾ ਹੋਣ ਤੋਂ ਬਾਅਦ ਵੀ ਬੈਠੇ ਹੋਏ ਹਨ ਭਾਵ ਆਪ ਸੱਚੀ ਗੁਰਮਤਿ ਨੂੰ ਨਹੀਂ ਸਮਝ ਸਕੇ, ਆਪ ਨਾਮ ਜਪਣਾ ਨਹੀਂ ਸਮਝ ਸਕੇ ਭਾਵ ਜੋ ਆਪ ਮਨਮਤਿ ਨਹੀਂ ਛੱਡ ਸਕੇ ਪਰ ਦੂਸਰਿਆਂ ਨੂੰ ਆਪਣੇ ਵੱਲੋਂ ਗੁਰਮਤਿ ਸਮਝਾ ਰਹੇ ਹਨ ਭਾਵ ਗੁਰੂ ਦਾ ਨਾਮ ਜਪਣਾ ਸਮਝਾ ਰਹੇ ਹਨ ਜੋ ਉਸਦਾ ਸੱਚਾ ਨਾਮ ਆਪਣੀ ਮਤਿ ਛੱਡਣ ਦੁਆਰਾ ਹੀ ਜਪਿਆ ਜਾ ਸਕਦਾ ਹੈ ਭਾਵ ਹਉਮੈ ਛੱਡਣ ਦੁਆਰਾ ਹੀ ਜਪਿਆ ਜਾ ਸਕਦਾ ਹੈ। ਇਹੋ ਜਿਹਿਆਂ ਨੂੰ ਧਰਮ ਦਾ ਸੱਚਾ ਮਾਰਗ ਸਮਝਾਉਣਾ ਬਹੁਤ ਔਖਾ ਹੈ। ਇਸ ਨਿਮਾਣੇ ਜਿਹੇ ਦਾਸ ਨੂੰ ਵੀ ਇਹ ਗੁਰਮਤਿ ਰੂਪ ਸੱਚ ਸਮਝਾਉਣ ਦਾ ਔਖਾਪਨ ਝੇਲਣਾ ਪੈਂਦਾ ਹੈ ਕਿਉਂਕਿ ਹਰ ਕੋਈ ਮਨ ਦੀ ਭਰਮਾਂ ਵਾਲੀ ਸਮਝ ਦੇ ਨਾਲ ਭਰਿਆ ਹੋਇਆ ਹੈ ਭਾਵੇਂ ਉਹ ਦੁਨਿਆਵੀ ਵੈਦ ਹੋਵੇ ਤੇ ਭਾਵੇਂ ਉਸ ਦੁਨਿਆਵੀ ਵੈਦ ਦੇ ਚੇਲੇ ਹੋਣ ਕਿਉਂਕਿ ਮਤਿ ਤਾਂ ਸਭ ਦੀ ਇੱਕੋ ਜਿਹੀ ਹੀ ਹੁੰਦੀ ਹੈ। ਜੋ ਆਪਣੇ ਅੰਦਰੋਂ ਸੱਚ ਰੂਪ ਖਸਮ ਨੂੰ ਜਾਣ ਲੈਂਦਾ ਹੈ, ਉਸਦੀ ਇਸਤਰੀ ਬਣਨ ਦੁਆਰਾ ਜਾਣ ਲੈਂਦਾ ਹੈ ਭਾਵ ਉਸਦੇ ਨਾਲ ਵਿਆਹ ਹੋਣ ਦੁਆਰਾ ਜਾਣ ਲੈਂਦਾ ਹੈ ਉਹ ਫਿਰ ਇਹ ਆਪਣਾ ਫਰਜ ਸਮਝਦਾ ਹੈ ਕਿ ਮੈਂ ਸਭ ਨੂੰ ਸੱਚ ਸਮਝਾਵਾਂ ਤੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਇਸੇ ਲਈ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸੰਸਾਰ ਨੂੰ ਸੱਚ ਸਮਝਾਇਆ ਹੈ ਤੇ ਇਹ ਨਿਮਾਣਾ ਜਿਹਾ ਗੁਰੂ ਪ੍ਰਮਾਤਮਾ ਦਾ ਦਾਸ ਭਾਵ ਗੁਰਮਤਿ ਦਾ ਦਾਸ ਆਪਣਾ ਇਹ ਫਰਜ ਸਮਝ ਕੇ ਹੀ ਸੰਸਾਰੀਆਂ ਨੂੰ ਇਹ ਸਮਝਾਉਂਦਾ ਹੈ ਭਾਵ ਦੁਨਿਆਵੀ ਵੈਦਾਂ ਨੂੰ ਤੇ ਉਨ੍ਹਾਂ ਦੀ ਮਤਿ ਦੇ ਪਿੱਛੇ ਲੱਗਣ ਵਾਲੇ ਚੇਲਿਆਂ ਨੂੰ ਸਮਝਾਉਂਦਾ ਹੈ ਕਿ ਗੁਰਮਤਿ ਦੇ ਉਲਟ ਚੱਲਕੇ ਗੁਰੂ ਪ੍ਰਮਾਤਮਾ ਦੇ ਦੋਖੀ ਨਾ ਬਣੋ ਪਰ ਬਹੁਤ ਘੱਟ ਹੀ ਦਾਸ ਦੀ ਗੱਲ ਨੂੰ ਵਿਚਾਰਦੇ ਹਨ ਤੇ ਜਿਆਦਾਤਰ ਦਾਸ ਦੇ ਵਿਚਾਰਾਂ ਦੀ ਵਿਰੋਧਤਾ ਹੀ ਕਰਦੇ ਹਨ ਜਿਸਦਾ ਦਾਸ ਨੂੰ ਦੁੱਖ ਹੀ ਮਹਿਸੂਸ ਹੁੰਦਾ ਹੈ ਜੋ ਕਿ ਇਸ ਲਈ ਮਹਿਸੂਸ ਹੁੰਦਾ ਹੈ ਕਿ ਇਹ

ਗੁਰੂ ਪ੍ਰਮਾਤਮਾ ਦੇ ਦੋਖੀ ਬਣ ਰਹੇ ਹਨ ਪਰ ਦਾਸ ਫਿਰ ਵੀ ਉਨ੍ਹਾਂ ਦੀ ਗੱਲ ਦਾ ਬੁਰਾ ਨਹੀਂ ਮਨਾਉਂਦਾ ਕਿਉਂਕਿ ਗੁਰੂ

54/7601

ਪ੍ਰਮਾਤਮਾ ਨੇ ਦਾਸ ਨੂੰ ਭਾਵ ਗੁਰਮਤਿ ਦੇ ਦਾਸ ਨੂੰ, ਗੁਰੂ ਦੇ ਸ਼ਬਦ ਦੇ ਵਿਚਾਰਾਂ ਦੇ ਦਾਸ ਨੂੰ, ਨਾਮ ਦੇ ਦਾਸ ਨੂੰ ਇਸ ਗੱਲ ਦੀ ਸਮਝ ਹੈ ਕਿ ਸਭ ਨੂੰ ਭਰਮਾਂ ਵਿੱਚ ਰੱਖਣ ਵਾਲਾ ਨਾਮ ਦਾ ਮਾਲਕ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੇ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਆਪਣੀ ਦਾਸੀ ਬਣਾਇਆ ਹੈ ਭਾਵ ਆਪਣੇ ਸੱਚੇ ਸ਼ਬਦਾਂ ਦੀ ਦਾਸੀ ਬਣਾਇਆ ਹੈ ਭਾਵ ਆਪਣੀ ਪਤਨੀ ਬਣਾਇਆ ਹੈ। **(ਅਹਿਨਿਸਿ ਜਾਗੈ ਨੀਦ ਨ ਸੋਵੈ ॥ ਸੋ ਜਾਣੈ ਜਿਸੁ ਵੇਦਨ ਹੋਵੈ ॥ ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥੧॥)**

ਅਕਾਲ ਪੁਰਖ ਰੂਪ ਸੱਚੇ ਇੱਕੋ ਇੱਕ **"ਧਾਰਮਿਕ ਵੈਦੁ"** ਵਿੱਚ ਤੇ ਦੁਨਿਆਵੀ ਅਨੇਕਾਂ ਵੈਦਾਂ ਵਿੱਚ ਜੋ ਮਨ ਦੀ ਅਗਿਆਨਤਾ ਕਰਕੇ ਹੀ ਆਪਣੇ ਆਪ ਨੂੰ **"ਧਾਰਮਿਕ ਵੈਦੁ"** ਅਖਵਾਉਂਦੇ ਹਨ ਉਨ੍ਹਾਂ ਦਾ ਸੱਚੇ ਗੁਰੂ ਰੂਪ ਵੈਦ ਦੀ ਸਮਝ ਦੇ ਨਾਲ ਕਿਤਨਾ ਕੁ ਫਰਕ ਹੁੰਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਆਪਣੀ ਸਮਝ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਭਰਮਿਆਂ ਹੋਇਆ ਦੀ ਸਮਝ ਪਿੱਛੇ ਲੱਗਣ ਤੋਂ ਬਚੀਏ ਤੇ ਗੁਰਮਤਿ ਦੀ ਬੇਅਦਬੀ ਕਰਨ ਤੋਂ ਬਚੀਏ ਜਿਸ ਸੱਚੀ ਗੁਰਮਤਿ ਦੇ ਰੂਪ ਵਿੱਚ ਹੀ ਗੁਰੂ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੈ, ਨਾਮ ਦਾ ਮਾਲਕ ਸ੍ਰਿਸ਼ਟੀ ਦਾ ਪਾਲਣਹਾਰ ਆਪ ਹੈ, ਸਭ ਦਾ ਰਚਨਹਾਰ ਆਪ ਹੈ, ਸਭ ਕੁਝ ਦੇਣ ਵਾਲਾ ਆਪ ਹੈ, ਸਾਡੇ ਮਨੁੱਖੀ ਸਰੀਰ ਦਾ ਮਾਲਕ ਆਪ ਹੈ ਭਾਵ ਉਹ ਸਭ ਕੁਝ ਆਪ ਹੀ ਹੈ ਤੇ ਉਸਦੀ **"ਬੰਦਗੀ"** ਕਰਕੇ ਹੀ ਮਨੁੱਖ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦੱਮ ਕਰ ਸਕਦਾ ਹੈ। ਉਸਦੀ ਬੰਦਗੀ ਆਪਣੀ ਸਮਝ ਨੂੰ ਉਸਦੇ ਨਾਲ ਬੰਧਨ ਦੁਆਰਾ ਭਾਵ ਆਪਣੀ ਮਤਿ ਦਾ ਬੰਧਨ ਗੁਰੂ ਦੀ ਮਤਿ ਦੇ ਨਾਲ ਕਰਨ ਦੁਆਰਾ ਭਾਵ ਗੁਰਮਤਿ ਨਾਲ ਆਪਣੀ ਮਤਿ ਨੂੰ ਬੰਨਣ ਦੁਆਰਾ ਹੀ ਕੀਤੀ ਜਾ ਸਕਦੀ ਹੈ ਭਾਵ ਆਪਣੀ ਮਤਿ ਛੱਡਣ ਦੁਆਰਾ ਹੀ ਕੀਤੀ ਜਾ ਸਕਦੀ ਹੈ। ਗੁਰੂ ਰੂਪ ਸੱਚੇ ਵੈਦ ਦੀ ਮਤਿ ਦੇ ਨਾਲ ਜੁੜਕੇ ਹੀ ਉਸਦੇ ਨਾਲ ਆਪਣੀ ਮਤਿ ਨੂੰ ਜੋੜਿਆ ਜਾ ਸਕਦਾ ਹੈ ਭਾਵ ਬੰਨਿਆ ਜਾ ਸਕਦਾ ਹੈ।

ਮਾਰੂ ਮਹਲਾ ੩ ਘਰੁ ੫ ਅਸਟਪਦੀ

ੴ ਸਤਿਗੁਰ ਪ੍ਰਸਾਦਿ ॥

{ਜਿਸ ਨੋ ਪ੍ਰੇਮੁ ਮੰਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥
ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥੧॥
ਆਪੇ ਮੇਲੇ ਆਪਿ ਮਿਲਾਏ ॥ ਆਪਣਾ ਪਿਆਰੁ ਆਪੇ ਲਾਏ ॥
ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥੧॥ ਰਹਾਉ ॥
ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥
ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥
ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥
ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥
ਏਹੁ ਸਬਦੁ ਸਾਰੁ ਜਿਸ ਨੋ ਲਾਏ ॥ ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥
ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥੫॥
ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ ਕਿਰਪਾ ਅਪਨੈ ਘਰਿ ਆਇਆ ॥
ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥੬॥

ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥
ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥
ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥
ਗੁਰਮੁਖਿ ਜਿਨੀ ਨਾਮੁ ਨ ਪਾਇਆ ॥ ਮਨਮੁਖਿ ਬਿਰਥਾ ਜਨਮੁ ਗਵਾਇਆ ॥
ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ ॥੯॥
ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥
ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥}

(ਅੰਗ ੧੦੧੬)

ਸਲੋਕ ਮਃ ੫ ॥
{ਆਪੇ ਵੈਦੁ ਆਪਿ ਨਾਰਾਇਣੁ ॥ ਏਹਿ ਵੈਦ ਜੀਅ ਕਾ ਦੁਖੁ ਲਾਇਣ ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਖਾਇਣ ॥ ਨਾਨਕ ਜਿਸੁ ਮਨਿ ਵਸੈ ਤਿਸ ਕੇ ਸਭਿ ਦੂਖ ਮਿਟਾਇਣ ॥੧॥}

(ਅੰਗ ੯੬੨)

54/7602

ਸਲੋਕ ਮਃ ੧ ॥
{ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥}

(ਅੰਗ ੧੨੭੯)

ਮਃ ੨ ॥
{ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥ ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥}

(ਅੰਗ ੧੨੭੯)

ਮਲਾਰ ਮਹਲਾ ੧ ॥
{ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥
ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥
ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥
ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥
ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥
ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥
ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥}

(ਅੰਗ ੧੨੫੬)

ਮਹਲਾ ੨ ॥

{ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥
ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ ॥ ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥
ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥ ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ॥
ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥੨॥}

(ਅੰਗ ੧੪੯)

ਪਉੜੀ ॥

{ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ ॥ ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ ॥
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥
ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥ ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ ॥
ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ ॥ ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ ॥੨੨॥}

(ਅੰਗ ੧੪੯)

ਗੂਜਰੀ ਅਸਟਪਦੀਆ ਮਹਲਾ ੧ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥ ਚੇਤਹੁ ਬਾਸੁਦੇਉ ਬਨਵਾਲੀ ॥
ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥ ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥
ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥੩॥
ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥ ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥
ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ ੫੦੩)

{ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ ॥ ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ ॥
ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ ॥ ਹਰਿਹਾਂ ਹਉ ਬਲਿਹਾਰੀ ਤਿੰਨ੍ ਜਿ ਹਰਿ ਰੰਗੁ ਰਾਵਣੇ ॥੨੨॥

ਵੈਦਾ ਸੰਦਾ ਸੰਗੁ ਇਕਠਾ ਹੋਇਆ ॥ ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥
ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥ ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥੨੩॥}

(ਅੰਗ ੧੩੯੩)

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੮੮)

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

54/7603

ਮਲਾਰ ਮਹਲਾ ੧ ॥

{ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥
ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮੁ ਮਾਰੈ ਠੇਹ ॥੧॥

ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥
ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥ ਦੇਹ ਨ ਨਾਉ ਨ ਹੋਵੈ ਜਾਤਿ ॥
ਓਥੈ ਦਿਹੁ ਐਥੈ ਸਭ ਰਾਤਿ ॥੨॥ ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥
ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥ ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥੩॥
ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥ ਜਿਨ ਕਉ ਲਿਖਿਆ ਏਹੁ ਨਿਧਾਨੁ ॥
ਸੇ ਧਨਵੰਤ ਦਿਸਹਿ ਘਰਿ ਜਾਇ ॥ ਨਾਨਕ ਜਨਨੀ ਧੰਨੀ ਮਾਇ ॥੪॥੩॥੮॥}

(ਅੰਗ ੧੨੫੬-੧੨੫੭)

ਉਪਰ ਵਾਲੇ ਸ਼ਬਦਾਂ ਵਿੱਚੋਂ ਬਹੁਤੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਇਨ੍ਹਾਂ ਦੇ ਨਾਲ ਜੁੜੇ ਹੋਏ ਹੋਰ ਸ਼ਬਦਾਂ ਨੂੰ ਵੀ ਸਮਝਿਆ ਹੈ ਜਿਨ੍ਹਾਂ ਸਾਰੇ ਸ਼ਬਦਾਂ ਰਾਹੀਂ ਸਾਨੂੰ ਭਰਮਿਆਂ ਹੋਇਆ ਦੀ ਮਤਿ ਤੋਂ ਬੱਚ ਕੇ ਰਹਿਣ ਲਈ ਸਮਝਾਇਆ ਹੋਇਆ ਹੈ ਭਾਵ ਉਨ੍ਹਾਂ ਦੀ ਮਤਿ ਪਿੱਛੇ ਨਾ ਲੱਗਣ ਲਈ ਸਮਝਾਇਆ ਹੈ ਤਾਂ ਜੋ ਅਸੀਂ ਸੱਚੇ ਮਨ ਦੇ ਨਾਲ ਗੁਰੂ ਦੀ ਮਤਿ ਦੇ ਨਾਲ ਜੁੜਨ ਦਾ ਉੱਦਮ ਕਰੀਏ ਕਿਉਂਕਿ ਕੇਵਲ ਇੱਕ ਗੁਰਮਤਿ ਹੀ ਹੈ ਭਾਵ ਗੁਰੂ ਦਾ ਨਾਮ ਹੀ ਹੈ ਜੋ ਮਨੁੱਖੀ ਜੀਵਨ ਨੂੰ ਸਵਾਰ ਸਕਦਾ ਹੈ ਭਾਵ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ, ਆਪਣੇ ਸੱਚੇ ਰੂਪ ਖਸਮ ਨੂੰ ਜਾਣ ਸਕਦਾ ਹੈ, ਉਸਦੀ ਸੱਚੀ ਨਾਰ ਬਣਨ ਦਾ ਉੱਦਮ ਕਰਨ ਦੁਆਰਾ ਜਾਣ ਸਕਦਾ ਹੈ। ਅੰਮ੍ਰਿਤ ਨਾਮ ਕੇਵਲ ਤੇ ਕੇਵਲ ਗੁਰੂ ਦੇ ਕੋਲ ਹੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ। ਆਉ ਸਮਝੀਏ।

"ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥"

ਉਪਰ ਵਾਲੀਆਂ ਪੰਗਤੀਆਂ ਰਾਹੀਂ ਸਾਨੂੰ ਗੁਰਮਤਿ ਦੀ ਕਦਰ ਕਿਵੇਂ ਪੈਂਦੀ ਹੈ ਇਹੀ ਸਮਝਾਇਆ ਹੋਇਆ ਹੈ, ਆਪਣੀ ਗੁਰਮਤਿ ਦੀ ਕਦਰ ਕਰਨੀ, ਆਪਣੇ ਨਾਮ ਦੀ ਕਦਰ ਕਰਨੀ ਸ੍ਰਿਸ਼ਟੀ ਦਾ ਸੱਚਾ ਮਾਲਕ ਆਪ ਹੀ ਕਿਸੇ ਵਿਰਲੇ ਨੂੰ ਸਮਝਾਉਂਦਾ ਹੈ, ਆਪਣਾ ਗੁਰਮੁਖਿ ਰੂਪ ਬਨਾਉਣ ਦੁਆਰਾ ਸਮਝਾਉਂਦਾ ਹੈ ਭਾਵ ਆਪਣੀ ਗੁਰਮਤਿ ਦੀ ਪੂਰਨ ਸਮਝ ਪਾਉਣ ਦੁਆਰਾ ਸਮਝਾਉਂਦਾ ਹੈ ਤੇ ਫਿਰ ਇਹੋ ਜਿਹਾ ਮਨੁੱਖ ਹੀ ਅਕਾਲ ਪੁਰਖ ਦੀ ਸੱਚੀ ਸਿਫਤ ਸਾਲਾਹ ਕਰ ਸਕਦਾ ਹੈ ਭਾਵ ਆਪਣੇ ਜੀਵਨ ਵਿੱਚ ਪੂਰਨ ਗੁਰਮਤਿ ਅਨੁਸਾਰ ਵਿਚਰ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰ ਉਸਦਾ ਗੁਰਮੁੱਖ ਰੂਪ ਬਣਨ ਦੁਆਰਾ, ਉਸਦੀ ਸੱਚੀ ਨਾਰ ਬਣਨ ਦੁਆਰਾ ਵਿਚਰੇ ਹਨ ਤੇ ਜਿਹੋ ਜਿਹੇ ਗੁਰਮਤਿ ਦੇ ਮਾਰਗ ਤੇ ਆਪ ਚੱਲੇ ਹਨ ਭਾਵ ਜਿਹੋ ਜਿਹਾ ਅਕਾਲ ਪੁਰਖ ਦਾ ਨਾਮ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਜਪਿਆ ਹੈ ਉਹੋ ਜਿਹਾ ਨਾਮ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਜਪਣਾ ਸਿਖਾਇਆ ਹੈ। ਜੋ ਆਪ **"ਅੰਮ੍ਰਿਤ"** ਦੀ ਕਦਰ ਕਰਨੀ ਜਾਣਦਾ ਹੈ ਭਾਵ ਗੁਰਮਤਿ ਦੀ ਕਦਰ ਕਰਨੀ ਜਾਣਦਾ ਹੈ ਭਾਵ ਗੁਰੂ ਦਾ ਨਾਮ ਜਪਣਾ ਜਾਣਦਾ ਹੈ ਉਹ ਮਨੁੱਖ ਹੀ ਅੰਮ੍ਰਿਤ ਦਾ ਵਾਪਾਰੀ ਹੁੰਦਾ ਹੈ ਭਾਵ ਜੋ ਆਪ ਅੰਮ੍ਰਿਤ ਦਾ ਵਾਪਾਰੀ ਹੈ ਉਹੀ ਅੰਮ੍ਰਿਤ ਦੀ

ਕਦਰ ਨੂੰ ਜਾਣਦਾ ਹੈ ਕਿ ਗੁਰੂ ਦਾ ਅੰਮ੍ਰਿਤ ਕਿਤਨੀ ਉੱਚੀ ਚੀਜ ਹੈ ਭਾਵ ਗੁਰਮਤਿ ਕਿਤਨੀ ਉੱਚੀ ਵਸਤੂ ਹੈ ਜੋ ਉਹ ਆਪਣੀ ਉੱਚੀ ਵਸਤੂ ਕਿਸੇ ਨੂੰ ਅੰਮ੍ਰਿਤ ਦਾ ਮਾਲਕ ਆਪ ਹੀ ਦਿੰਦਾ ਹੈ। ਜਿਨ੍ਹਾਂ ਨੂੰ ਉਸਨੇ ਮਨ ਦੇ ਵਿੱਚ ਆਪਣਾ ਅੰਮ੍ਰਿਤ ਪਿਆਇਆ ਹੈ ਭਾਵ ਆਪਣੀ ਸੱਚੀ ਗੁਰਮਤਿ ਦੀ ਸਮਝ ਪਾਈ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਰਾਹੀਂ ਅੰਮ੍ਰਿਤ ਦਾ ਵਾਪਾਰ ਕੀਤਾ ਹੈ, ਨਾਮ ਦਾ ਵਾਪਾਰ ਕੀਤਾ ਹੈ ਭਾਵ ਪੂਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਜਪਣਾ ਸਿਖਾਇਆ ਹੈ। **(ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥ ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥)**

ਅੰਮ੍ਰਿਤ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਹੁੰਦੀ ਹੈ ਭਾਵ ਤਾਂ ਹੀ ਕੋਈ ਨਾਮ ਦਾ ਵਾਪਾਰੀ ਬਣ ਸਕਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਝੂਠੇ ਨਾਮ ਦੇ ਵਾਪਾਰੀਆਂ ਕੋਲੋਂ ਬਚ ਸਕੀਏ

ਜੋ ਕਿ ਅਸਲ ਵਿੱਚ ਮਨ ਦੀ ਮਾਇਆ ਦੇ ਹੀ ਵਾਪਾਰੀ ਹਨ ਭਾਵ ਭਰਮ ਦੇ ਵਾਪਾਰੀ ਹੀ ਹਨ ਜੋ ਆਪਣੇ ਆਪ ਨੂੰ ਸੱਚ ਦੇ ਵਾਪਾਰੀ ਹੀ ਸਮਝਦੇ ਹਨ।

{ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥ ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥੧॥ ਰਹਾਉ ॥
ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥
ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥
ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥੩॥
ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥}

(ਅੰਗ ੧੧੨੩)

{ਚਉਦਹ ਭਵਣ ਤੇਰੇ ਹਟਨਾਲੇ ॥ ਸਤਿਗੁਰਿ ਦਿਖਾਏ ਅੰਤਰਿ ਨਾਲੇ ॥
ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥੩॥ ਸਤਿਗੁਰਿ ਸੇਵਿਐ ਸਹਜ ਅਨੰਦਾ ॥
ਹਿਰਦੈ ਆਇ ਵੁਠਾ ਗੋਵਿੰਦਾ ॥ ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥੪॥}

(ਅੰਗ ੧੦੬੨-੧੦੬੩)

ਪਉੜੀ ॥

{ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥
ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥
ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥
ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥
ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ ॥੭॥}

(ਅੰਗ ੮੫੨)

{ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿ ਧਾਰਿ ॥
ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥
ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥ ਦੂਖੁ ਦਰਦੁ ਮਨ ਤੇ ਭਉ ਜਾਇ ॥ ਸਚੁ ਵਾਪਾਰੁ ਕਰਹੁ ਵਾਪਾਰੀ ॥
ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥}

(ਅੰਗ ੨੯੩)

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥

ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

54/7605

ਆਸਾ ਮਹਲਾ ੪ ॥

{ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ ॥ ਗੁਰਮੁਖੇ ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ ॥
ਰਾਮ ਨਾਮੁ ਪਿਆਰਾ ਜਗਤ ਨਿਸਤਾਰਾ ਰਾਮ ਨਾਮਿ ਵਡਿਆਈ ॥
ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ ॥
ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ ॥
ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ ॥੧॥
ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ ॥
ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ ਰਵਾਇਆ ਰਾਮ ॥
ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥
ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥
ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥
ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥}

(ਅੰਗ ੪੪੨-੪੪੩)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਤੇ ਸ਼ਬਦਾਂ ਰਾਹੀਂ ਸਪਸ਼ਟ ਹੈ ਕਿ ਨਾਮ ਦਾ ਵਾਪਾਰੀ ਕੇਵਲ ਗੁਰੂ ਹੈ ਜੋ ਕਿ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੈ। ਪਿਆਰੇ ਤਾਂ ਅਸੀਂ ਗੁਰੂ ਦੇ ਬਣਨੇ ਚਾਹੁੰਦੇ ਹਾਂ ਜੋ ਸੱਚਾ ਗੁਰੂ ਪੂਰੀ ਗੁਰਬਾਣੀ ਵਿੱਚ ਸੱਚੀ ਗੁਰਮਤਿ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰਮਤਿ ਨਾਲ ਸਾਡਾ ਪਿਆਰ ਤਾਂ ਹੀ ਜੁੜਦਾ ਹੈ ਜੇਕਰ ਅਸੀਂ ਗੁਰੂ ਦੀ ਸੱਚੀ ਮਤਿ ਦੇ ਨਾਲ ਜੁੜੀਏ ਭਾਵ ਗੁਰੂ ਦੀ ਮਤਿ ਨੂੰ ਅਪਨਾਈਏ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਪਹਿਲੇ ਉਨ੍ਹਾਂ ਦੀ ਮਤਿ ਨੂੰ ਛੱਡੀਏ ਜਿਨ੍ਹਾਂ ਦੀ ਮਤਿ ਦੇ ਪਿੱਛੇ ਲੱਗਕੇ ਅਸੀਂ ਗੁਰੂ ਦੀ ਬਜਾਏ ਉਹੋ ਜਿਹਿਆਂ ਦੇ ਨਾਲ ਆਪਣਾ ਪਿਆਰ ਜੋੜਿਆ ਹੋਇਆ ਹੈ ਜਿਨ੍ਹਾਂ ਨੂੰ ਗੁਰਮਤਿ ਦੀ ਸੱਚੀ ਸਮਝ ਨਹੀਂ ਹੈ, ਨਾਮ ਦੀ ਸੱਚੀ ਸਮਝ ਨਹੀਂ ਹੈ, ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਤ੍ਰੈ ਗੁਣਾਂ ਦੀ ਸਮਝ ਵਿੱਚ ਤੇ ਗੁਰੂ ਦੇ ਚੌਥੇ ਪਦ ਵਾਲੀ ਗਿਆਨ ਦੀ ਸਮਝ ਵਿੱਚ ਕੀ ਫਰਕ ਹੈ ਭਾਵ ਹਉਮੈ ਤੇ ਨਾਮ ਵਿੱਚ ਕੀ ਪਰਕ ਹੈ। ਜਿਸ ਆਪਣੇ ਮਨੁੱਖੀ ਰੂਪ ਨੂੰ ਸ੍ਰਿਸ਼ਟੀ ਦਾ ਕਰਤਾ ਭਾਵ ਸਭ ਦਾ **"ਪਿਰ"** ਆਪਣੀ **"ਧਨ"** ਭਾਵ ਆਪਣੀ ਇਸਤਰੀ ਬਣਾ ਲੈਂਦਾ ਹੈ ਉਹ ਫਿਰ ਆਪਣੇ ਸੱਚ ਰੂਪ ਖਸਮ ਨਾਲ ਆਪਣਾ ਪ੍ਰੇਮ ਕਿਸ ਤਰੀਕੇ ਦਿਖਾਉਂਦੀ ਹੈ ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਕੇਵਲ ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖਣ ਦੀ ਲੋੜ ਹੈ ਕਿ ਗੁਰੂ ਕੇਵਲ ਤੇ ਕੇਵਲ ਸੱਚ ਹੀ ਸਮਝਾਉਂਦਾ ਹੈ ਜੋ ਕਿ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ।

"ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥
ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥"

ਉਪਰ ਵਾਲੀਆਂ ਪਹਿਲੀਆਂ ਦੋ ਪੰਗਤੀਆਂ ਦੁਆਰਾ ਹੀ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਕਿ ਅਕਾਲ ਪੁਰਖ ਦੀ ਨਾਰ ਬਣਨ ਦੁਆਰਾ ਉਸਦੀ ਨਾਰ ਆਪਣੇ ਪਿਰ ਦੇ ਨਾਲ ਆਪਣਾ ਪਿਆਰ ਕਿਸ ਤਰੀਕੇ ਰਚਾਉਂਦੀ ਹੈ, ਆਪਣਾ ਪਿਆਰ ਜਤਾਉਂਦੀ ਹੈ ਜਿਸ ਤਰੀਕੇ ਉਹ ਆਪਣੇ ਪਿਰ ਨੂੰ ਪਿਆਰੀ ਲੱਗਦੀ ਹੈ। ਉਸਦੀ ਇਸਤਰੀ ਜੋ ਗੁਰੂ ਦੇ ਸ਼ਬਦ ਹੁੰਦੇ ਹਨ ਭਾਵ ਗੁਰੂ ਦੇ ਹਰ ਸ਼ਬਦ ਦੇ ਅੰਦਰ ਜੋ ਸਿੱਖਿਆ ਦਿੱਤੀ ਹੁੰਦੀ ਹੈ ਉਸ ਸਿੱਖਿਆ ਨੂੰ ਉਹ **"ਤਥਾ ਚਿਤੁ"** ਲਾਉਂਦੀ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਹੂ-ਬ-ਹੂ ਉਸੇ ਰੂਪ ਵਿੱਚ

54/7606

ਮੰਨਦੀ ਹੈ ਜਿਸ ਮਕਸਦ ਲਈ ਉਹ ਸ਼ਬਦ ਸਮਝਾਇਆ ਹੁੰਦਾ ਹੈ ਭਾਵ ਉਹ ਹਰ ਸ਼ਬਦ ਦੇ ਅੰਦਰ ਦੀ ਸਿੱਖਿਆ ਤੇ ਪੂਰਨ ਰੂਪ ਵਿੱਚ ਅਮਲ ਕਰਦੀ ਹੈ। **(ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥)**

ਗੁਰੂ ਦੇ ਸ਼ਬਦਾਂ ਦੀ ਸੱਚੀ ਸਿੱਖਿਆ ਨੂੰ ਪੂਰਨ ਰੂਪ ਵਿੱਚ ਮੰਨਣ ਦਾ ਭਾਵ ਗੁਰੂ ਦੀ ਪੂਰਨ ਸਿੱਖਿਆ ਤੇ ਅਮਲ ਕਰਨ ਦਾ ਭਾਵ ਗੁਰੂ ਦੀ ਸਿੱਖਿਆ ਦੇ ਨਾਲ ਚਿਤ ਲਾਉਣ ਦਾ ਅਸਲ ਮਕਸਦ ਕੀ ਹੁੰਦਾ ਹੈ ਜਿਸ ਦੁਆਰਾ ਉਸਦੀ ਇਸਤਰੀ ਦਾ ਆਪਣੇ ਪਤੀ ਦੇ ਨਾਲ ਪਿਆਰ ਜੁੜਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥"

"ਗੁਰ ਕੈ ਸਬਦਿ" ਦੀ ਗੱਲ ਬਾਣੀ ਵਿੱਚ ਬਾਰ-ਬਾਰ ਆਉਂਦੀ ਹੈ ਤੇ ਗੁਰੂ ਦੇ ਨਾਲ ਚਿਤ ਲਗਾਉਣ ਦੀ ਗੱਲ ਵੀ ਬਾਣੀ ਵਿੱਚ ਬਾਰ-ਬਾਰ ਆਉਂਦੀ ਹੈ ਤੇ ਗੁਰੂ ਦੇ ਨਾਲ ਪ੍ਰੇਮ ਪਾਉਣ ਦੀ ਗੱਲ ਅਨੇਕਾਂ ਸ਼ਬਦਾਂ ਰਾਹੀਂ ਆਈ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਮਤਲਬ ਇੱਕੋ ਹੀ ਹੈ ਭਾਵ ਗੁਰੂ ਦੀ ਸਿੱਖਿਆ ਨੂੰ ਸਮਝ ਕੇ ਉਸਨੂੰ ਮੰਨਣ ਦੀ ਹੈ ਭਾਵ ਗੁਰੂ ਦੀ ਮਤਿ ਤੇ ਅਮਲ ਕਰਨ ਦੀ ਹੈ ਭਾਵ ਮਨ ਦੀ ਨਾਸਮਝ ਮਤਿ ਨੂੰ ਤਿਆਗਕੇ ਗੁਰੂ ਦੀ ਸੱਚੀ ਮਤਿ ਦੁਆਰਾ ਸੰਸਾਰ ਵਿੱਚ ਸੱਚਾ ਸੁੱਚਾ ਜੀਵਨ ਜਿਉਣ ਦੀ ਹੈ। ਅਕਾਲ ਪੁਰਖ ਦੀ ਇਸਤਰੀ ਖਰੀ ਤੇ ਸੁਹੇਲੀ ਕਿਸ ਤਰੀਕੇ ਬਣਦੀ ਹੈ ਇਸ ਗੱਲ ਨੂੰ ਸਮਝਣ ਦੀ ਲੋੜ ਹੈ। **"ਸਹਜ"** ਮਨ ਦੇ ਚੌਥੇ ਪਦ ਦੇ ਗਿਆਨ ਵਾਲੀ ਅਵਸਥਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਪਿੱਛੇ ਸਮਝਿਆ ਹੀ ਹੈ। ਜਿਸ ਆਪਣੇ ਮਨੁੱਖੀ ਰੂਪ ਨੂੰ ਅਕਾਲ ਪੁਰਖ ਆਪਣੀ ਧਨ ਬਣਾਉਂਦਾ ਹੈ ਭਾਵ ਇਸਤਰੀ ਬਣਾਉਂਦਾ ਹੈ ਉਸਨੂੰ ਮਨ ਦੀ ਸਹਜ ਵਾਲੀ ਅਵਸਥਾ ਬਖਸ਼ਣ ਦੁਆਰਾ ਬਣਾਉਂਦਾ ਹੈ ਕਿਉਂਕਿ ਉਹ ਆਪ ਸਹਜ ਰੂਪ ਵਿੱਚ ਹੀ ਵਰ ਹੈ ਭਾਵ ਚੌਥੇ ਪਦ ਦੇ ਗਿਆਨ ਰੂਪ ਵਿੱਚ ਆਪਣੀ ਇਸਤਰੀ ਦਾ ਵਰ ਹੈ ਜੋ ਉਸਦਾ ਵਰ ਰੂਪ ਹਰ ਮਨੁੱਖ ਦੀ ਸਮਝ ਰੂਪ ਘਰ ਵਿੱਚ ਹੀ ਹੈ ਪਰ ਜਦ ਤੱਕ ਉਹ ਕਿਸੇ ਮਨੁੱਖੀ ਰੂਪ ਨੂੰ ਆਪਣਾ ਸਹਜ ਗਿਆਨ ਨਹੀਂ ਬਖਸ਼ਦਾ ਭਾਵ ਚੌਥੇ ਪਦ ਦਾ ਗਿਆਨ ਨਹੀਂ ਬਖਸ਼ਦਾ ਤਦ ਤੱਕ ਕੋਈ ਵੀ ਮਨੁੱਖੀ ਰੂਪ ਨਾਰ ਆਪਣੇ ਮਨ ਰੂਪ ਘਰ ਦੇ ਵਿੱਚੋਂ ਆਪਣੇ ਵਰ ਨੂੰ ਭਾਵ ਪਤੀ ਨੂੰ ਭਾਵ ਸੱਚ ਰੂਪ ਖਸਮ ਨੂੰ ਨਹੀਂ ਜਾਣ ਸਕਦੀ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਹਰ ਮਨੁੱਖੀ ਸਮਝ ਨੂੰ ਉਸਨੇ ਆਪ ਹੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਭਾਵ ਮਨ ਦੇ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ

54/7607

ਹੋਇਆ ਹੈ ਜਿਸ ਸਮਝ ਦੇ ਵਿੱਚ ਰਹਿੰਦਿਆਂ ਕੋਈ ਵੀ ਮਨੁੱਖੀ ਸਮਝ ਉਸਦੀ ਭਗਤੀ ਦੇ ਮਾਰਗ ਤੇ ਭਾਵ ਉਸਦਾ ਨਾਮ ਜਪਣ ਦੇ ਮਾਰਗ ਤੇ ਭਾਵ ਧਰਮ ਦਾ ਸੱਚਾ ਮਾਰਗ ਅਪਨਾਉਣ ਤੇ ਖਰੀ ਨਹੀਂ ਉਤਰ ਸਕਦੀ ਭਾਵ ਤਦ ਤੱਕ ਮਨੁੱਖ ਦੀ ਸਮਝ ਖੋਟੀ ਹੀ ਰਹਿੰਦੀ ਹੈ ਭਾਵ ਉਸਦੇ ਅੰਦਰ ਮਨ ਦੀ ਅਗਿਆਨਤਾ ਰੂਪ ਖੋਟ ਰਹਿੰਦੀ ਹੈ। ਮਨ ਦੀ ਖੋਟੀ ਸਮਝ ਵਿੱਚੋਂ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੇਵਲ ਗੁਰੂ ਦਾ ਸ਼ਬਦ ਹੀ ਕੱਢ ਸਕਦਾ ਹੈ ਭਾਵ ਗੁਰੂ ਦੇ ਸ਼ਬਦਾਂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਜੋ ਸਾਡੀ ਮਨ ਦੀ ਖੋਟੀ ਸਮਝ ਨੂੰ ਖਰੀ ਸਮਝ ਵਿੱਚ ਬਦਲ ਸਕਦੀ ਹੈ। ਗੁਰੂ ਦੇ ਸ਼ਬਦਾਂ ਦੀ ਵਿਚਾਰ ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਹੈ, ਸਹਜ ਗਿਆਨ ਵਾਲੀ ਵਿਚਾਰ ਹੈ, ਨਾਮ ਵਾਲੀ ਵਿਚਾਰ ਹੈ ਜਿਸ ਆਪਣੀ ਉੱਚੀ ਤੇ ਸੱਚੀ ਵਿਚਾਰ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਪੂਰੀ ਗੁਰਬਾਣੀ ਵਿੱਚ ਬਿਰਾਜਮਾਨ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੀ ਇੱਛਾ ਤਾਂ ਹਰ ਕੋਈ ਰੱਖਦਾ ਹੈ ਤੇ ਕਿਸੇ ਦੇ ਅੰਦਰ ਦੀ ਇਹ ਇੱਛਾ ਤਾਂ ਹੀ ਪੂਰੀ ਹੋ ਸਕਦੀ ਹੈ ਜੇਕਰ ਪਹਿਲੇ ਉਹ ਗੁਰੂ ਦੇ ਸ਼ਬਦਾਂ ਦੀ ਵਿਚਾਰ ਦੇ ਨਾਲ ਚਿਤ ਲਾਵੇ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨੇ ਭਾਵ ਗੁਰੂ ਦੇ ਖਰੇ ਵਿਚਾਰਾਂ ਨੂੰ ਮੰਨੇ ਤੇ ਆਪਣੇ ਖੋਟੇ ਵਿਚਾਰ ਛੱਡੇ ਭਾਵ ਭਰਮਾਂ ਵਾਲੇ ਵਿਚਾਰ ਛੱਡੇ ਭਾਵ ਗੁਰੂ ਦੀ ਮਤਿ ਨੂੰ ਅਪਨਾਏ ਤੇ ਆਪਣੀ ਮਤਿ ਛੱਡੇ। ਗੁਰੂ ਆਪਣੀ ਮਤਿ ਦੇਣ ਦੁਆਰਾ ਜਿਹੋ ਜਿਹਾ ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ, ਜਿਹੋ ਜਿਹਾ ਆਪਣਾ ਨਾਮ ਸਮਝਾਉਂਦਾ ਹੈ ਉਸ ਮਾਰਗ ਤੇ ਮਨ ਦੀਆਂ

ਤ੍ਰਿਸ਼ਨਾਵਾਂ ਤਿਆਗਣ ਦੁਆਰਾ ਹੀ ਚੱਲਿਆ ਜਾ ਸਕਦਾ ਹੈ। ਤ੍ਰਿਸ਼ਨਾਵਾਂ ਦੀ ਪਿਆਸ ਹਰ ਮਨੁੱਖ ਦੇ ਅੰਦਰ ਹੁੰਦੀ ਹੈ ਜੋ ਆਪਣੀ ਤ੍ਰਿਸ਼ਨਾਵਾਂ ਦੀ ਪਿਆਸ ਬੁਝਾਉਣ ਲਈ ਭਾਵ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਮਨੁੱਖ ਅਨੇਕਾਂ ਹੀ ਮਾੜੇ ਕੰਮ ਕਰਦਾ ਹੈ ਜਿਸ ਕਰਕੇ ਉਹ ਦੂਸਰਿਆਂ ਨੂੰ ਵੀ ਦੁੱਖੀ ਕਰਦਾ ਹੈ ਤੇ ਆਪ ਵੀ ਦੁੱਖੀ ਹੁੰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਬਾਰ-ਬਾਰ ਸਮਝਿਆ ਹੈ। ਤ੍ਰਿਸ਼ਨਾਵਾਂ ਦੇ ਤਿਆਗ ਨਾਲ ਹੀ ਮਨੁੱਖ ਮਨ ਦਾ ਸੁਹੇਲਾਪਨ ਮਹਿਸੂਸ ਕਰਦਾ ਹੈ, ਡਰ ਰਹਿਤ ਮਹਿਸੂਸ ਕਰਦਾ ਹੈ। ਧਰਮ ਦੇ ਸੱਚੇ ਮਾਰਗ ਤੇ ਤ੍ਰਿਸ਼ਨਾਵਾਂ ਦਾ ਤਿਆਗ ਕਰਨ ਦੁਆਰਾ ਹੀ ਧਰਮ ਦੇ ਸੱਚੇ ਮਾਰਗ ਤੇ ਚਲਿਆ ਜਾ ਸਕਦਾ ਹੈ ਤੇ ਜਿਸਨੂੰ ਸ੍ਰਿਸ਼ਟੀ ਦਾ ਕਰਤਾ ਆਪਣਾ ਸਹਜ ਗਿਆਨ ਬਖਸ਼ਦਾ ਹੈ ਭਾਵ ਚੌਥੇ ਦਾ ਗਿਆਨ ਬਖਸ਼ਦਾ ਹੈ ਉਸਦੀ ਧਨ ਫਿਰ ਆਪਣੇ ਅਕਾਲ ਪੁਰਖ ਰੂਪ ਗੁਰੂ ਦੇ ਸ਼ਬਦਾਂ ਦੁਆਰਾ ਦਿੱਤੇ ਹੋਏ ਹਰ ਵਿਚਾਰ ਨੂੰ ਪੂਰਨ ਰੂਪ ਵਿੱਚ ਉਸੇ ਤਰੀਕੇ ਹੀ ਉਸ ਤੇ ਅਮਲ ਕਰਦੀ ਹੈ ਜਿਸ ਰਾਹੀਂ ਉਹ ਆਪਣੇ ਪਿਰ ਦੇ

54/7608

ਨਾਲ ਆਪਣਾ ਪ੍ਰੇਮ ਰਚਾਈ ਰੱਖਦੀ ਹੈ। **(ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥ ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥)**

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥ ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥
ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥
ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ ॥
ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥}

(ਅੰਗ ੧੦੨੨)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਣੀ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥}

(ਅੰਗ ੬੮)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਭਾਵ ਇਨ੍ਹਾਂ ਸ਼ਬਦਾਂ ਨੂੰ ਧਿਆਨ ਨਾਲ ਪੜਨ ਜਾਂ ਸੁਣਨ ਦੁਆਰਾ ਕਿਸਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਮਨ ਦਾ ਸਹਜ ਕੀ ਹੈ ਤੇ ਸਹਜ ਦੀ ਪ੍ਰਾਪਤੀ ਦਾ ਮਕਸਦ ਕੀ ਹੈ। ਸ਼ਬਦਾਂ ਦੁਆਰਾ ਇਹ ਸਭ ਕੁਝ ਸਮਝ ਆ ਵੀ ਜਾਂਦਾ ਹੈ ਪਰ ਫਿਰ ਵੀ ਸਾਡਾ ਗੁਰੂ ਦੀ ਗੱਲ ਤੇ ਵਿਸ਼ਵਾਸ ਕਿਸ ਲਈ ਨਹੀਂ ਟਿਕਦਾ ਇਸ ਗੱਲ ਨੂੰ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ। ਇਸਦਾ ਕਾਰਣ ਉਹੀ ਹਨ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਧਾਰਮਿਕ ਵਿਦਵਾਨ ਸਮਝਿਆ ਹੋਇਆ ਹੈ, ਸੰਤ, ਬਾਬੇ ਆਦਿ ਸਮਝਿਆ ਹੋਇਆ ਹੈ, ਜਿਨ੍ਹਾਂ ਦੀ ਮਤਿ ਸਾਨੂੰ ਗੁਰੂ ਦੀ ਮਤਿ ਨਾਲੋਂ ਜਿਆਦਾ ਭਾਉਂਦੀ ਹੈ। ਇਹੋ ਜਿਹੇ ਜੋ ਖੁਦ ਸੱਚੀ ਗੁਰਮਤਿ ਨੂੰ ਸਮਝਣ ਵਿੱਚ ਮਨ ਦੇ ਭਰਮ ਵਿੱਚ ਹਨ ਉਹ ਦੂਸਰਿਆਂ ਦੀ ਭਰਮਾਂ ਵਾਲੀ ਸਮਝ ਦਾ ਬਹੁਤ ਨਜਾਇਜ ਫਾਇਦਾ ਉਠਾਉਂਦੇ ਹਨ ਭਾਵ ਆਪਣੀ ਝੂਠੀ ਭਗਤੀ ਦੇ ਦਿਖਾਵਿਆਂ ਦੁਆਰਾ ਸੰਸਾਰੀਆਂ ਕੋਲੋਂ ਮਾਇਆ ਵੀ ਉਗਰਾਹੁੰਦੇ ਹਨ, ਸਰੀਰਕ ਸੇਵਾ ਵੀ ਕਰਵਾਉਂਦੇ ਹਨ ਤੇ ਆਪਣਾ ਰੁਤਬਾ ਵੀ ਉੱਚਾ ਬਣਾਉਂਦੇ ਹਨ ਜਿਸ ਰਾਹੀਂ ਉਹ ਕੇਵਲ ਗੁਰੂ ਦੇ ਰੁਤਬੇ ਨੂੰ ਨੀਵਾਂ ਕਰਦੇ ਹਨ ਜੋ ਗੁਰੂ ਦਾ ਉੱਚਾ ਰੁਤਬਾ ਉਸਦੇ ਉੱਚੇ ਤੇ ਸੱਚੇ ਗਿਆਨ ਦੁਆਰਾ ਹੈ, ਉਸਦੇ ਨਾਮ ਦੁਆਰਾ ਹੈ, ਉਸਦੇ ਬ੍ਰਹਮ ਗਿਆਨ ਦੁਆਰਾ ਹੈ ਜਿਸ ਆਪਣੇ ਉੱਚੇ ਬ੍ਰਹਮ ਗਿਆਨ ਦੁਆਰਾ ਪੂਰੀ ਸ੍ਰਿਸ਼ਟੀ ਨੂੰ ਬਣਾਕੇ ਚਲਾ ਰਿਹਾ ਹੈ ਤੇ ਸਭ ਜਗ੍ਹਾ ਆਪਣੇ ਗੁਪਤ ਰੂਪ ਵਿੱਚ ਹੀ ਵਰਤ ਰਿਹਾ ਹੈ ਤੇ ਮਨੁੱਖ ਦੀ ਸਮਝ ਦੇ ਵਿੱਚ ਵੀ ਉਹ ਆਪਣੇ ਗੁਪਤ ਰੂਪ ਵਿੱਚ ਹੀ ਹੈ, ਅਲਖ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਉਸਦੇ ਗੁਪਤ ਰੂਪ ਨੂੰ ਆਪਣੇ ਅੰਦਰੋਂ ਕੇਵਲ ਤੇ ਕੇਵਲ ਗੁਰੂ ਦੀ ਮਤਿ ਦੇ ਨਾਲ ਜੁੜਨ ਦੁਆਰਾ ਹੀ

54/7609

ਜਾਣਿਆ ਜਾ ਸਕਦਾ ਹੈ ਕਿਉਂਕਿ ਕੇਵਲ ਗੁਰੂ ਦੀ ਸੱਚੀ ਮਤਿ ਹੀ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਸਕਦੀ ਹੈ, ਆਪਣੇ ਸਹਜ ਗਿਆਨ ਦੁਆਰਾ ਕੱਢ ਸਕਦੀ ਹੈ ਜਿਵੇਂ ਕਿ ਸ੍ਰਿਸ਼ਟੀ ਦੇ ਗੁਰੂ ਨੇ ਜਿਨ੍ਹਾਂ ਨੂੰ ਆਪਣੀ ਧਰਮ ਪਤਨੀ ਬਣਾਇਆ ਹੈ ਉਸਨੂੰ ਅਕਾਲ ਪੁਰਖ ਨੇ ਭਰਮਾਂ ਵਾਲੀ ਸਮਝ ਵਿੱਚੋਂ ਕੱਢ ਕੇ ਮਨ ਦੇ ਵਿੱਚ ਉਸਦੇ ਨਾਲ ਆਪਣਾ ਵਿਆਹ ਰਚਾਇਆ ਹੈ ਤੇ ਉਨ੍ਹਾਂ ਨੂੰ ਆਪਣੀ ਸੱਚੀ ਸਿਫਤ ਦਾ ਮਾਰਗ ਸਮਝਾਇਆ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਸਮਝੀਏ।

“ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥

ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥”

ਉਪਰ ਵਾਲੀਆਂ ਦੋਨਾਂ ਪੰਗਤੀਆਂ ਨੂੰ ਆਪਸ ਵਿੱਚ ਜੋੜ ਕੇ ਸਮਝੋ ਕਿ ਗੁਰੂ ਦੀ ਸਿਫਤ ਕਿਸ ਤਰੀਕੇ ਕੀਤੀ ਜਾ ਸਕਦੀ ਹੈ ਭਾਵ ਗੁਰੂ ਦਾ ਨਾਮ ਕਿਸ ਤਰੀਕੇ ਜਪਿਆ ਜਾ ਸਕਦਾ ਹੈ ਭਾਵ ਸੱਚੀ ਗੁਰਮਤਿ ਅਨੁਸਾਰ ਕਿਸ ਤਰੀਕੇ ਵਿਚਰਿਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਆਪਣੇ ਜੀਵਨ ਵਿੱਚ ਵਿਚਰੇ ਹਨ ਭਾਵ ਅਕਾਲ ਪੁਰਖ ਦੀ ਧਰਮ ਪਤਨੀ ਬਣਕੇ ਵਿਚਰੇ ਹਨ ਤੇ ਆਪਣੀ ਧਰਮ ਪਤਨੀ ਨੂੰ ਸੰਸਾਰ ਦਾ ਮਾਲਕ ਮਨ ਦੇ ਵਿੱਚ ਸੱਚੇ ਧਰਮ ਦਾ ਮਾਰਗ ਆਪ ਹੀ ਸਮਝਾਉਂਦਾ ਹੈ, ਆਪਣੀ ਸਿਫਤੀ ਦਾ ਮਾਰਗ ਆਪ ਹੀ ਸਮਝਾਉਂਦਾ ਹੈ ਜੋ ਕਿ ਉਹ ਆਪਣਾ ਸਹਜ ਗਿਆਨ ਬਖਸ਼ਣ ਦੁਆਰਾ ਸਮਝਾਉਂਦਾ ਹੈ ਭਾਵ ਚੌਥੇ ਪਦ ਦਾ ਉੱਚਾ ਗਿਆਨ ਬਖਸ਼ਣ ਦੁਆਰਾ ਸਮਝਾਉਂਦਾ ਹੈ। ਆਪਣਾ ਸਹਜ ਗਿਆਨ ਬਖਸ਼ਣ ਦੁਆਰਾ ਉਹ ਮਨ ਦੀ ਸਹਿਸਾ ਹੀ ਖਤਮ ਕਰਦਾ ਹੈ ਭਾਵ ਉਸਦੇ ਅੰਦਰੋਂ ਭਗਤੀ ਦੇ ਮਾਰਗ ਨੂੰ ਸਮਝਣ ਦਾ ਹਰ ਵਹਿਮ, ਭੇਲੇਖਾ ਦੂਰ ਕਰ ਦਿੰਦਾ ਹੈ ਭਾਵ ਉਸਨੂੰ ਆਪਣੀ ਸੱਚੀ ਭਗਤੀ ਦਾ ਮਾਰਗ ਜਾਨਣ ਵਿੱਚ, ਗੁਰੂ ਦਾ ਸੱਚਾ ਨਾਮ ਜਪਣ ਵਿੱਚ ਫਿਰ ਕੋਈ ਭਰਮ ਨਹੀਂ ਰਹਿ ਜਾਂਦਾ ਤੇ ਉਹ ਮਨੁੱਖ ਫਿਰ ਅਕਾਲ ਪੁਰਖ ਦੀ ਸੱਚੀ ਸਿਫਤ ਦੇ **“ਧਣਖੁ”** ਚਲਾਉਂਦਾ ਹੈ ਭਾਵ ਗੁਰਮਤਿ ਨੂੰ ਬਹੁਤ ਉੱਚਾ ਕਰਦਾ ਹੈ ਜਿਸ ਤੋਂ ਉੱਚੀ ਮਤਿ ਕੋਈ ਹੋਰ ਹੋ ਹੀ ਨਹੀਂ ਸਕਦੀ। ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਵਿਚਾਰ ਅਕਾਲ ਪੁਰਖ ਦੀ ਪਾਈ ਹੋਈ ਹੈ ਉਨ੍ਹਾਂ ਵਿੱਚ ਸੱਚੀ ਗੁਰਮਤਿ ਦੇ ਬਾਣ ਹੀ ਚੜਾ ਰਹੀ ਹੈ ਭਾਵ ਸ਼ਬਦਾਂ ਦੇ ਸੱਚੇ ਵਿਚਾਰਾਂ ਦੁਆਰਾ ਸੱਚ ਨੂੰ ਉੱਚਾ ਕਰ ਰਹੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਉੱਚਾ ਕਰ ਰਹੀ ਹੈ, ਸੱਚੀ ਸਮਝ ਦੇ ਮਾਲਕ ਨੂੰ ਉੱਚਾ ਕਰ ਰਹੀ ਹੈ ਭਾਵ ਪੂਰੀ ਗੁਰਬਾਣੀ ਦੇ ਸੰਦੇਸ਼ ਸੰਸਾਰ ਤੱਕ ਪਹੁੰਚਾ ਰਹੀ ਹੈ। ਗੁਰੂ ਦੇ ਇਹ ਬਾਣ ਸੱਚੇ ਗਿਆਨ ਦੇ ਬਾਣ ਹਨ ਜਿਨ੍ਹਾਂ ਬਾਣਾਂ ਦਾ ਮਕਸਦ ਸੰਸਾਰੀਆਂ ਦੇ ਭਰਮਾਂ ਨਾਲ ਭਰੇ ਹੋਏ ਵਿਚਾਰਾਂ ਨੂੰ ਭੇਦਨ ਦੇ ਨਾਲ ਹੈ ਭਾਵ ਧਰਮ ਦੇ ਮਾਰਗ ਦਾ ਸੱਚ ਸਮਝਾਉਣ ਦੇ ਨਾਲ ਹੈ, ਸ੍ਰਿਸ਼ਟੀ ਦੀ ਰਚਨਾ ਦਾ ਸੱਚ ਸਮਝਾਉਣ ਦੇ ਨਾਲ ਹੈ, ਸ੍ਰਿਸ਼ਟੀ ਦੇ ਕਰਤੇ ਦਾ ਸੱਚ ਸਮਝਾਉਣ ਦੇ ਨਾਲ ਹੈ। ਜਿਨ੍ਹਾਂ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਪਹਿਲੇ ਆਪਣੀ ਇਸਤਰੀ ਬਣਾ ਕੇ ਉਨ੍ਹਾਂ ਦੇ ਅੰਦਰ ਦਾ ਭਰਮਗੜ ਤੋੜਿਆ ਹੈ, ਆਪਣੇ ਸ਼ਬਦਾਂ ਦਾ ਉੱਚਾ ਗਿਆਨ ਦੇਣ ਦੁਆਰਾ ਤੋੜਿਆ ਹੈ ਉਹ ਗੁਰਬਾਣੀ ਦੇ ਹਰ ਸ਼ਬਦ ਦਾ ਸੱਚਾ ਗਿਆਨ ਹਰ

ਮਨੁੱਖੀ ਸਮਝ ਦੇ ਅੰਦਰ ਦਾ ਭਰਮਗੜ ਤੋੜਨ ਦੇ ਲਈ ਹੀ ਹੈ। **(ਸਹਸਾ ਤੋੜੈ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ॥)**

ਹੁਣ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਸਮਝੀਏ। ਮਨੁੱਖ ਦੇ ਅੰਦਰ ਦੀ ਭਰਮਾਂ ਵਾਲੀ ਸਮਝ ਕਿਵੇਂ ਖਤਮ ਹੁੰਦੀ ਹੈ, ਕਿਵੇਂ ਮਰਦੀ ਹੈ ਭਾਵ ਸਹਜ ਗਿਆਨ ਦੀ ਪ੍ਰਾਪਤੀ ਕਿਸ ਤਰੀਕੇ ਹੁੰਦੀ ਹੈ, ਗੁਰਮਤਿ ਦੀ ਸੱਚੀ ਸਮਝ ਕਿਸ ਤਰੀਕੇ ਪੈਂਦੀ ਹੈ, ਅਕਾਲ ਪੁਰਖ ਰੂਪ ਗੁਰੂ ਦੀ ਸੱਚੀ ਸਿਫਤ ਕਰਨੀ ਉਸਦੀ ਵਿਆਹੁਤਾ ਨਾਰ ਨੂੰ ਮਨ ਵਿੱਚ ਕਿਸ ਤਰੀਕੇ ਪੈਂਦੀ ਹੈ ਜੋ ਕਿ ਉਹ ਆਪ ਹੀ ਪਾਉਂਦਾ ਹੈ ਇਹੀ ਗੱਲ ਉਪਰ ਵਾਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਆਉ ਸਮਝੀਏ।

54/7610

“ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥”

ਸਾਰੀ ਗੱਲ ਗੁਰੂ ਦੇ ਸ਼ਬਦ ਦੁਆਰਾ ਮਰਨ ਕੀ ਹੈ। ਪੂਰੀ ਗੁਰਬਾਣੀ ਸ਼ਬਦਾਂ ਦਾ ਭੰਡਾਰ ਹੈ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਕੁਝ ਸਮਝਾਉਣ ਲਈ ਹੀ ਹੈ। ਸ਼ਬਦੇ ਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜੋ ਕਿ ਗੁਰੂ ਦੇ ਸ਼ਬਦ ਦੀ ਸਮਝ ਦੇ ਨਾਲ ਆਪਣੇ ਆਪ ਨੂੰ ਮਾਰਨਾ ਹੈ ਭਾਵ ਆਪਣੇ ਮਨ ਦੀ ਮਾੜੀ ਸਮਝ ਨੂੰ ਮਾਰਨਾ ਹੈ ਭਾਵ ਭਰਮਾਂ ਦੀ ਭਰੀ ਹੋਈ, ਅਗਿਆਨਤਾ ਵਾਲੇ ਵਿਚਾਰਾਂ ਨਾਲ ਭਰੀ ਹੋਈ, ਹਉਮੈ ਵਾਲੇ ਵਿਚਾਰਾਂ ਨਾਲ ਭਰੀ ਹੋਈ, ਮਾਇਆ ਮੋਹ ਵਾਲੇ ਵਿਚਾਰਾਂ ਨਾਲ ਭਰੀ ਹੋਈ ਸਮਝ ਨੂੰ ਮਾਰਨਾ ਹੀ ਹੈ ਜੋ ਸਾਡੇ ਅੰਦਰ ਦੇ ਨਾਸਮਝ ਵਿਚਾਰ ਗੁਰੂ ਦੇ ਸ਼ਬਦਾਂ ਦੇ ਸੱਚੇ ਵਿਚਾਰਾਂ ਨੂੰ ਪੂਰਨ ਰੂਪ ਵਿੱਚ ਮੰਨਣ ਦੁਆਰਾ ਹੀ ਮਰ ਸਕਦੇ ਹਨ। ਇਹੀ ਆਪਣੇ ਮਨ ਨੂੰ ਮਾਰਨਾ ਹੈ ਭਾਵ ਆਪਣੇ ਅੰਦਰ ਦੀ ਮਨਮਤਿ ਨੂੰ ਮਾਰਨਾ ਹੈ ਜੋ ਮਨਮਤਿ ਸੱਚੀ ਗੁਰਮਤਿ ਨੂੰ ਮੰਨਣ ਦੁਆਰਾ ਹੀ ਮਰ ਸਕਦੀ ਹੈ। ਇਹੀ ਮਨੁੱਖ ਦੀ ਮਨਮੁਖਤਾ ਦਾ ਖਤਮ ਹੋਣਾ ਹੈ ਜੋ ਕਿ ਗੁਰੂ ਦੇ ਸੱਚੇ ਵਿਚਾਰਾਂ ਨੂੰ ਭਾਵ ਗੁਰੂ ਦੇ ਗੁਰਮੁਖਿ ਰੂਪ ਸੱਚੇ ਵਿਚਾਰਾਂ ਨੂੰ ਭਾਵ ਉਸਦੇ ਸ਼ਬਦ ਦੇ ਸੱਚੇ ਵਿਚਾਰਾਂ ਨੂੰ ਮੰਨਣ ਦੁਆਰਾ ਹੀ ਮਿਟ ਸਕਦੀ ਹੈ। ਆਪਣੀ ਨਾਰ ਨੂੰ ਕਰਤਾ ਪੁਰਖ ਮਨ ਦੇ ਵਿੱਚ ਇਹੋ ਜਿਹੇ ਸੁੰਦਰ ਵਿਚਾਰ ਦੇਣ ਦੁਆਰਾ ਹੀ **“ਸੁੰਦਰਿ”** ਬਣਾਉਂਦਾ ਹੈ ਜੋ ਉਸਦੀ ਸੁੰਦਰ ਨਾਰ ਫਿਰ ਆਪਣੇ ਇਹੋ ਜਿਹੇ ਸ੍ਰਿਸ਼ਟੀ ਦੇ ਕਰਤੇ ਨਾਲ ਜੋਗ ਦਾ ਭਾਵ ਉਸਦੇ ਨਾਲ ਸੱਚੇ ਵਿਚਾਰਾਂ ਦੇ ਮੇਲ ਦਾ ਆਸਰਾ ਲੈਂਦੀ ਹੈ ਜਿਸ ਦੁਆਰਾ ਉਹ ਆਪਣੇ ਜੀਵਨ ਵਿੱਚ ਗੁਰਮਤਿ ਰੂਪ ਸੱਚੇ ਵਿਚਾਰਾਂ ਦੁਆਰਾ ਵਿਚਰਦੀ ਹੈ, ਗੁਰੂ ਦੀ ਸਿਫਤ ਕਰਨ ਵਾਲੀ ਬਣਦੀ ਹੈ ਤੇ ਸੰਸਾਰ ਨੂੰ ਇੱਕੋ ਜਿਹਾ ਸਿਫਤੀ ਦਾ ਮਾਰਗ ਸਮਝਾਉਂਦੀ ਹੈ ਭਾਵ ਉਸਦੇ ਫਿਰ ਸੱਚੇ ਗੁਣ ਗਾਉਣੇ ਸਿਖਾਉਂਦੀ ਹੈ। **(ਸਹਸਾ ਤੋੜੈ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥ ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥)**

ਪਉੜੀ ॥

{ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥
ਪਾਇਆ ਨਾਮੁ ਨਿਧਾਨੁ ਬਹੁੜੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥}

(ਅੰਗ ੫੨੨)

ਇਹ ਮਨੁੱਖੀ ਜੀਵਨ ਕਿਸੇ ਦਾ ਤਾਂ ਹੀ ਸਫਲ ਹੋ ਸਕਦਾ ਹੈ ਭਾਵ ਉਹ ਆਪਣੇ ਅੰਦਰੋਂ ਤਾਂ ਹੀ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ, ਤਾਂ ਹੀ ਨਾਮ ਦੇ ਮਾਲਕ ਨੂੰ ਜਾਣ ਸਕਦਾ ਹੈ ਭਾਵ ਆਪਣੇ ਆਪ ਦੇ ਸੱਚ ਨੂੰ ਤੇ ਸ੍ਰਿਸ਼ਟੀ ਦੇ ਸੱਚ ਨੂੰ ਤਾਂ ਹੀ ਜਾਣ ਸਕਦਾ ਹੈ ਜੇਕਰ ਸ੍ਰਿਸ਼ਟੀ ਦਾ ਕਰਤਾ ਭਾਵ ਉਹ ਸੱਚਾ ਗੁਰੂ ਕਿਸੇ ਦੇ ਅੰਦਰ ਦਾ ਭਰਮਗੜ ਤੋੜ ਦੇਵੇ ਜੋ ਭਰਮਗੜ ਉਸਦਾ ਸਭ

54/7611

ਦੇ ਅੰਦਰ ਆਪਣਾ ਹੀ ਪਾਇਆ ਹੋਇਆ ਹੈ। ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਉਸਨੇ ਸੰਸਾਰੀਆਂ ਦਾ ਭਰਮਗੜ ਤੋੜਨ ਲਈ ਭਾਵ ਭਰਮਾਂ ਵਾਲੇ ਵਿਚਾਰ ਖਤਮ ਕਰਨ ਲਈ ਹੀ ਕੀਤੀ ਹੈ ਤੇ ਭਰਮਾਂ ਵਾਲੇ ਵਿਚਾਰਾਂ ਵਿੱਚੋਂ ਨਿਕਲਣ ਦਾ ਭਾਵ ਗੁਰੂ ਦੇ ਵਿਚਾਰਾਂ ਨੂੰ ਮੰਨਣ ਦਾ ਸੱਚਾ ਉਦਮ ਹਰ ਮਨੁੱਖ ਨੇ ਆਪ ਹੀ ਕਰਨਾ ਹੈ।

ਉਪਰ ਵਾਲੇ ਮੁੱਖ ਸ਼ਬਦ ਤੋਂ ਪਹਿਲੇ ਅਸੀਂ ਜਿਸ ਸ਼ਬਦ ਨੂੰ ਸਮਝਿਆ ਹੈ ਉਸ ਵਿੱਚ ਮਨ ਦੇ ਅੰਦਰ ਦੇ ਜਮਾਂ ਨੂੰ ਗੁਰੂ ਦੀ ਖੜਗ

ਦੇ ਨਾਲ ਮਾਰਨ ਦੁਆਰਾ ਸਮਝੀ ਹੈ। ਜਮਾਂ ਨੂੰ ਮਾਰਨ ਲਈ ਗੁਰੂ ਦੀ ਖੜਗ ਦੀ ਲੋੜ ਕਿਸ ਲਈ ਹੁੰਦੀ ਹੈ ਇਹੀ ਗੱਲ ਸਾਨੂੰ ਉਪਰ ਵਾਲੇ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

"ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥"

ਉਪਰ ਵਾਲੇ ਪਦੇ ਨੂੰ ਧਿਆਨ ਨਾਲ ਪੜੋ ਤੇ ਸਮਝੋ, ਸ਼ਬਦ ਦੇ ਉਪਰ ਵਾਲੇ ਪਦੇ ਵਿੱਚ **"ਹਉਮੈ"** ਦੀ ਗੱਲ ਵੀ ਕੀਤੀ ਹੋਈ ਹੈ, ਨਾਮ ਨਾ ਮਿਲਣ ਦੀ ਗੱਲ ਵੀ ਕੀਤੀ ਹੋਈ ਹੈ, **"ਜਮ ਪੁਰਿ"** ਦੀ ਗੱਲ ਵੀ ਕੀਤੀ ਹੋਈ ਹੈ ਤੇ ਦੁੱਖ ਸਹਿਣ ਦੀ ਗੱਲ ਵੀ ਕੀਤੀ ਹੋਈ ਹੈ। ਦੁੱਖ ਹਉਮੈ ਵਿੱਚ ਜਲਣ ਦਾ ਹੀ ਹੈ ਭਾਵ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਾਮ ਦੀ ਸਮਝ ਨਾ ਹੋਣ ਕਰਕੇ ਭਾਵ ਗੁਰਮਤਿ ਦੀ ਸੱਚੀ ਸਮਝ ਨਾ ਹੋਣ ਕਰਕੇ ਮਨ ਦੀਆਂ ਤ੍ਰਿਸ਼ਨਾਵਾਂ ਰਾਹੀਂ ਜਲਨ ਦਾ ਹੈ ਭਾਵ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਕਰਕੇ ਮਨ ਦਾ ਹਰ ਵੇਲੇ ਦੁੱਖੀ ਰਹਿਣ ਦਾ ਹੈ, ਜਿਸਨੂੰ ਗੁਰੂ ਦਾ ਨਾਮ ਵਿਸਰਿਆ ਹੁੰਦਾ ਹੈ ਉਹ ਮਨੁੱਖ ਹਮੇਸ਼ਾ ਹਉਮੈ ਵਿੱਚ ਰਹਿੰਦਾ ਹੈ ਜਿਵੇਂ ਕਿ ਅਨੇਕਾਂ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੀ ਹੈ। **(ਹਉਮੈ ਜਲਿਆ ਮਨਹੁ ਵਿਸਾਰੇ ॥)**

ਜਦ ਤੱਕ ਮਨੁੱਖ ਹਉਮੈ ਵਿੱਚ ਹੈ ਤਦ ਤੱਕ ਉਹ ਧਰਮ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਮਨ ਦੀ ਘੋਰ ਅਗਿਆਨਤਾ ਵਿੱਚ ਰਹਿੰਦਾ ਹੈ ਭਾਵ ਮਨ ਦੇ ਵੱਡੇ ਗੁਬਾਰ ਵਿੱਚ ਰਹਿੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਾ ਮਨੁੱਖ ਧਰਮ ਦੇ ਸੱਚੇ ਮਾਰਗ ਨੂੰ ਸਮਝਦਾ ਹੈ ਤੇ ਨਾ ਹੀ ਉਸ ਤੇ ਚੱਲਣ ਦਾ ਸੱਚਾ ਉਪਰਾਲਾ ਕਰਦਾ ਹੈ। ਧਰਮ ਦੇ ਸੱਚੇ ਮਾਰਗ ਤੇ ਮਨ ਦੀਆਂ ਤ੍ਰਿਸ਼ਨਾਵਾਂ ਦਾ ਤਿਆਗ ਕਰਨਾ ਹੀ ਪੈਂਦਾ ਹੈ ਤੇ ਮਨੁੱਖ ਤਾਂ ਹੀ ਸੱਚੇ ਸੁੱਚੇ ਕਰਮ ਕਰ ਸਕਦਾ ਹੈ। ਮਨੁੱਖ ਜੋ ਵੀ ਮਾੜੇ ਕਰਮ ਕਰਦਾ ਹੈ ਉਹ ਮਨ ਦੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਹੀ ਕਰਦਾ ਹੈ ਜਿਨ੍ਹਾਂ ਦੀ ਪੂਰਤੀ ਲਈ ਹੀ ਉਹ ਦੂਸਰਿਆਂ ਨੂੰ ਦੁੱਖ ਦਿੰਦਾ ਹੈ। ਤ੍ਰਿਸ਼ਨਾਵਾਂ ਮਨੁੱਖ ਦੀਆਂ ਅਨੇਕਾਂ ਹੀ ਹੁੰਦੀਆਂ ਹਨ ਤੇ ਅਨੇਕਾਂ ਹੀ ਤ੍ਰਿਸ਼ਨਾਵਾਂ ਦੀ ਪੁਰਤੀ ਨਹੀਂ ਹੁੰਦੀ ਜਿਨ੍ਹਾਂ ਦੀ ਪੂਰਤੀ ਨਾ ਹੋਣ ਕਰਕੇ

54/7612

ਉਹ ਆਪ ਦੁੱਖੀ ਰਹਿੰਦਾ ਹੈ। ਜੋ ਮਨੁੱਖ ਦੂਸਰਿਆਂ ਨੂੰ ਵੀ ਦੁੱਖੀ ਕਰਦਾ ਹੈ ਉਸਦੀਆਂ ਸਜਾਵਾਂ ਵੀ ਫਿਰ ਇਸੇ ਜੀਵਨ ਵਿੱਚ ਹੀ ਭੁਗਤਦਾ ਹੈ। ਜਮਾਂ ਦੀ ਪੁਰੀ ਮਨੁੱਖ ਦਾ ਆਪਣਾ ਅਉਗੁਣਾਂ ਨਾਲ ਭਰਿਆ ਹੋਇਆ ਮਨ ਹੀ ਹੈ ਜਿਨ੍ਹਾਂ ਔਗੁਣਾਂ ਦੀ ਸਜਾ ਮਨ ਦੇ ਵਿੱਚੋਂ ਹੀ ਮਿਲਦੀ ਰਹਿੰਦੀ ਹੈ ਭਾਵ ਮਨ ਨੂੰ ਦੁੱਖੀ ਕਰਨ ਵਾਲੇ ਵਿਚਾਰਾਂ ਦੁਆਰਾ ਹੀ ਮਿਲਦੀ ਰਹਿੰਦੀ ਹੈ। ਮਨ ਨੂੰ ਦੁੱਖੀ ਕਰਨ ਵਾਲੇ ਵਿਚਾਰ ਹੀ ਸਾਡੇ ਅੰਦਰ ਦੇ ਜਮਾਂ ਦੀ ਖੜਗ ਹੈ ਜਿਸ ਦੁਆਰਾ ਉਹ ਮਨ ਦੇ ਉੱਤੇ ਕਰਾਰੇ ਪ੍ਰਹਾਰ ਕਰਦੇ ਹਨ, ਮਨ ਦੇ ਔਗੁਣਾਂ ਕਰਕੇ, ਮਨੁੱਖ ਦੇ ਮਾੜੇ ਕਰਮਾਂ ਕਰਕੇ ਕਰਦੇ ਹਨ ਭਾਵ ਮਨੁੱਖੀ ਮਨ ਨੂੰ ਬਹੁਤ ਕਸ਼ਟ ਦਿੰਦੇ ਹਨ। ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ **ਨਾ ਹੀ ਮਨੁੱਖ ਕਿਤੋਂ ਬਾਹਰੋਂ ਆਉਂਦਾ ਹੈ ਤੇ ਨਾ ਹੀ ਸਰੀਰ ਛੱਡਣ ਤੋਂ ਬਾਅਦ ਕਿਤੇ ਜਾਂਦਾ ਹੈ** ਭਾਵ ਸ੍ਰਿਸਟੀ ਦੇ ਪੰਜਾਂ ਤੱਤਾਂ ਰਾਹੀਂ ਉਸਦਾ ਸਰੀਰ ਬਣਦਾ ਹੈ ਤੇ ਸਰੀਰ ਬਿਨਸਨ ਤੋਂ ਬਾਅਦ ਉਸਦਾ ਸਰੀਰ ਪੰਜਾਂ ਤੱਤਾਂ ਵਿੱਚ ਹੀ ਰਲ ਜਾਂਦਾ ਹੈ ਫਿਰ ਜਮਾਂ ਦੀ ਪੁਰੀ ਕਿੱਥੇ ਹੋਈ ਜਿੱਥੇ ਉਨ੍ਹਾਂ ਨੂੰ ਜਮਾਂ ਦੀ ਮਾਰ ਪੈਂਦੀ ਹੈ ਭਾਵ ਉਹ ਸਾਡੇ ਅੰਦਰ ਹੀ ਹੈ। **(ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥)**

ਅਸੀਂ ਮਨ ਦੀ ਜਮ ਪੁਰੀ ਵਿੱਚ ਕਿਸ ਲਈ ਰਹਿੰਦੇ ਹਾਂ ਭਾਵ ਸਾਡੇ ਦੁੱਖਾਂ ਦਾ ਕਾਰਣ ਕੀ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥"

ਜਦੋਂ ਮਨੁੱਖ ਦੁੱਖ ਸਹਿੰਦਾ ਹੈ ਫਿਰ ਉਹ ਰੱਬ ਨੂੰ ਯਾਦ ਕਰਦਾ ਹੈ ਕਿ ਰੱਬ ਮੈਨੂੰ ਦੁੱਖਾਂ ਤੋਂ ਬਚਾ ਲੈ ਪਰ ਅੱਗੋਂ ਪ੍ਰਮਾਤਮਾ ਦਾ ਜਵਾਬ ਇਹ ਹੈ ਜੋ ਕਿ ਸਾਰੇ ਸੰਸਾਰ ਲਈ ਹੀ ਹੈ ਕਿ ਹੁਣ ਤੂੰ ਮੈਨੂੰ ਯਾਦ ਕਰਦਾ ਹੈ ਭਾਵ ਮੈਂ ਤੇ ਹਰ ਸੱਚੇ ਧਰਮ ਗ੍ਰੰਥ ਵਿੱਚ ਆਪਣੀ ਸੱਚੀ ਸਿੱਖਿਆ ਦਿੱਤੀ ਹੋਈ ਹੈ ਜੋ ਕਿ ਨਾਮ ਦੇ ਰੂਪ ਵਿੱਚ ਦਿੱਤੀ ਹੋਈ ਹੈ ਜੋ ਮੇਰਾ ਨਾਮ ਤੂੰ ਜਪਿਆ ਨਹੀਂ ਭਾਵ ਮੇਰੀ ਸੱਚੀ ਸਿੱਖਿਆ ਨੂੰ ਮੰਨਿਆ ਨਹੀਂ ਭਾਵ ਤੂੰ ਮਾੜੇ ਕਰਮ ਕਰਨੇ ਨਹੀਂ ਛੱਡੇ, ਮਾਇਆ ਮੋਹ ਨਹੀਂ ਛੱਡਿਆ, ਤੂੰ ਹਉਮੈ ਨਹੀਂ ਛੱਡੀ, ਤੂੰ ਮਨ ਦੀਆਂ ਤ੍ਰਿਸ਼ਨਾਵਾਂ ਨਹੀਂ ਤਿਆਗੀਆਂ, ਤੂੰ ਔਗੁਣ ਨਹੀਂ ਛੱਡੇ ਤੇ ਇਸ ਲਈ ਹੁਣ ਮੈਂ ਤੇਰੇ ਨਾਲ ਕਿਉਂ ਮੇਲ ਕਰਾਂ ਭਾਵ ਹੁਣ ਮੈਂ ਤੈਨੂੰ ਮਿਲ ਕੇ ਤੈਨੂੰ ਸਜਾਵਾਂ ਤੋਂ ਕਿਉਂ ਛੁਡਾਵਾਂ। ਮੈਂ ਆਪਣਾ ਮੇਲ ਉਸਦੇ ਨਾਲ ਹੀ ਕਰਦਾ ਹਾਂ ਜੋ ਪਹਿਲੇ ਮੇਰੇ ਨਾਮ ਨੂੰ ਜਪਣ ਦਾ ਸੱਚਾ ਉਦਮ

ਕਰਦਾ ਹੈ ਭਾਵ ਸੱਚੀ ਸਿੱਖਿਆ ਤੇ ਚੱਲਣ ਦਾ ਉਦਮ ਕਰਦਾ ਹੈ। ਇਹ ਮਾੜੇ ਕਰਮਾਂ ਦੀਆਂ ਸਜਾਵਾਂ ਤਾਂ ਹੁਣ ਤੈਨੂੰ ਸਹਿਣੀਆਂ ਹੀ ਪੈਣੀਆਂ ਹਨ। ਇਹੀ ਹਉਮੈ ਦੀਆਂ ਨਾਮ ਦੇ ਨਾਲ ਵਿਰੋਧਤਾ ਕਰਨ ਦੀਆਂ ਸਜਾਵਾਂ ਹਨ ਭਾਵ ਮਨਮਤਿ ਦੀਆਂ ਗੁਰਮਤਿ ਦੇ ਨਾਲ ਵਿਰੋਧਤਾ ਕਰਨ ਦੀਆਂ ਸਜਾਵਾਂ ਹਨ। ਇਹੀ ਮਨਮਤਿ ਨੂੰ ਗੁਰਮਤਿ ਤੋਂ ਉੱਚਾ ਕਰਨ ਦੀਆਂ ਭਾਵ ਗੁਰਮਤਿ ਨੂੰ ਨੀਵਾਂ ਕਰਨ ਦੀਆਂ ਸਜਾਵਾਂ ਹਨ। ਸਜਾਵਾਂ ਦੇਣ ਵਾਲਾ ਧਰਮਰਾਜ ਸ੍ਰਿਸ਼ਟੀ ਦਾ ਕਰਤਾ ਸਾਡੇ ਅੰਦਰ ਹੀ ਬੈਠਾ ਹੈ ਤੇ ਉਸਨੂੰ ਲੇਖਾ ਦੇਣਾ ਹੀ ਪੈਂਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਦੇ ਉਲਟ ਚੱਲਣ ਦਾ ਲੇਖਾ ਦੇਣਾ ਹੀ ਪੈਂਦਾ ਹੈ। ਜੋ ਵੀ ਕੰਮ ਅਸੀਂ ਗੁਰਮਤਿ ਤੋਂ ਉਲਟ ਕਰਦੇ ਹਾਂ ਉਹ ਧਰਮ ਦੇ ਮਾਰਗ ਤੋਂ ਉਲਟ ਹੈ ਜਿਨ੍ਹਾਂ ਦੀ ਸਜਾ ਦਾ ਪਾਤਰ ਬਣਨਾ ਹੀ ਪੈਂਦਾ ਹੈ। **(ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥ ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥)**

ਸਾਡੇ ਅੰਦਰ ਜਮਾਂ ਦੀ ਮਾਰ ਦਾ ਕਾਰਣ ਕੀ ਹੈ ਭਾਵ ਮਨ ਦੀਆਂ ਸਜਾਵਾਂ ਦਾ ਕਾਰਣ ਕੀ ਹੈ, ਸ੍ਰਿਸ਼ਟੀ ਦੇ ਕਰਤੇ ਦੀਆਂ ਸਜਾਵਾਂ ਦਾ ਕਾਰਣ

ਕੀ ਹੈ ਇਸ ਗੱਲ ਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਹੋਰ ਵੀ ਸਪਸ਼ਟ ਕੀਤਾ ਹੋਇਆ ਹੈ ਤਾਂ ਜੋ ਸਾਨੂੰ **"ਜਮ ਪੁਰਿ"** ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ। ਆਉ ਸਮਝੀਏ।

"ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥

ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥"

ਸਾਡੇ ਅੰਦਰ ਜੋ ਜਮਾਂ ਦਾ ਫਾਹਾ ਹੈ ਭਾਵ ਜੋ ਜਮਾਂ ਦਾ ਜਾਲ ਹੈ ਉਸਦਾ ਕਾਰਣ ਸਾਡੇ ਅੰਦਰ ਦੀ ਮਾਇਆ ਮਮਤਾ ਦੱਸੀ ਹੋਈ ਹੈ ਭਾਵ ਮਨ ਦਾ ਮਾਇਆ ਮੋਹ ਦੱਸਿਆ ਹੋਇਆ ਹੈ ਜੋ ਮਾਇਆ ਮੋਹ ਸਾਡੇ ਅੰਦਰ ਦੇ ਖਿਆਲ ਹਨ ਭਾਵ ਸਾਡੇ ਮਨ ਦੇ ਅੰਦਰ ਦੇ ਵਿਚਾਰ ਹਨ, ਸਾਡੀ ਸੁਰਤਿ ਦੇ ਵਿਚਾਰ ਹਨ। ਮਨੁੱਖ ਜੋ ਵੀ ਮਾੜਾ ਕੰਮ ਕਰਦਾ ਹੈ ਉਹ ਮਨ ਦੇ ਮਾਇਆ ਮੋਹ ਕਰਕੇ ਹੀ ਕਰਦਾ ਹੈ ਜਿਵੇਂ ਕਿ ਬਾਣੀ ਵਿੱਚ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ। ਸਾਡੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਵਿਚਾਰ ਸਾਡੇ ਅੰਦਰ ਦਾ ਮਾਇਆ ਮੋਹ ਹੀ ਹੈ। ਸਾਡੇ ਅੰਦਰ ਦੇ ਇਹ ਮਾਇਆ ਮੋਹ ਵਾਲੇ ਵਿਚਾਰ ਹੀ ਸਾਡੇ ਅੰਦਰ ਦਾ ਜੰਜਾਲ ਹਨ, ਸਾਡੇ ਅੰਦਰ ਦੇ ਜਮ ਦਾ ਜਾਲ ਹਨ ਜਿਸ ਜਾਲ ਵਿੱਚ ਸਾਨੂੰ ਮਾਇਆ ਮੋਹ ਵਾਲੇ ਵਿਚਾਰ ਫਸਾਉਂਦੇ ਹਨ ਜਿਸ ਕਰਕੇ ਮਨੁੱਖ ਜਮ ਪੁਰਿ ਦੇ ਵਿੱਚ ਰਹਿੰਦਾ ਹੈ ਭਾਵ ਜਮਾਂ ਦੇ ਘਰ ਵਿੱਚ ਰਹਿੰਦਾ ਹੈ ਜੋ ਜਮਾਂ ਦਾ ਘਰ ਹਰ ਮਨੁੱਖ ਦੇ ਅੰਦਰ ਹੀ ਹੈ ਕਿਉਂਕਿ ਮਾਇਆ ਮੋਹ ਸ੍ਰਿਸ਼ਟੀ ਦੇ ਕਰਤੇ ਨੇ ਸਭ ਦੇ ਅੰਦਰ ਹੀ ਪਾਇਆ ਹੈ, ਤ੍ਰਿਸ਼ਨਾਵਾਂ ਸਭ ਦੇ ਅੰਦਰ ਹੀ ਪਾਈਆਂ ਹਨ ਭਾਵੇਂ ਕੋਈ ਜਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਮਾਇਆ ਮੋਹ ਦੇ ਜਾਲ ਵਿੱਚੋਂ ਨਿਕਲਣਾ ਸਭ ਦੇ ਲਈ ਇੱਕੋ ਜਿਹਾ ਹੀ ਔਖਾ ਹੈ ਕਿਉਂਕਿ ਇਹ ਹੈ ਹੀ ਮਾਇਆ ਦਾ ਮੋਹ, ਮਾਇਆ ਨਾਲ ਪਿਆਰ ਜੋ ਪਿਆਰ ਛੱਡਣਾ ਕਿਸੇ ਦੇ ਲਈ ਵੀ ਬਹੁਤ ਔਖਾ ਹੈ। **(ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥)**

ਮਾਇਆ ਦਾ ਮੋਹ ਸਭ ਦੇ ਲਈ ਹੀ ਬੰਧਨ ਹੈ ਜਿਸ ਬੰਧਨ ਨੂੰ ਤੋੜਨਾ ਬਹੁਤ ਹੀ ਔਖਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥"

ਮਾਇਆ ਮੋਹ ਵਾਲੇ ਵਿਚਾਰਾਂ ਨਾਲ ਹਰ ਕੋਈ ਬੱਝਿਆ ਹੋਇਆ ਹੈ ਕਿਉਂਕਿ ਮਾਇਆ ਸਭ ਨੂੰ ਹੀ ਪਿਆਰੀ ਲੱਗਦੀ ਹੈ ਤੇ ਇਸੇ ਲਈ ਮਾਇਆ ਮੋਹ ਵਾਲੇ ਵਿਚਾਰਾਂ ਨੂੰ ਛੱਡਣਾ ਸਭ ਲਈ ਔਖਾ ਹੈ, ਇਸੇ ਲਈ ਇਨ੍ਹਾਂ ਮਨ ਦੇ ਜਮ ਰੂਪ ਵਿਚਾਰਾਂ ਦੀ ਖੁਆਰੀ ਤੋਂ ਬਚਣਾ ਵੀ ਸਭ ਲਈ ਔਖਾ ਹੈ। ਇਹ ਜਮ ਰੂਪ ਮਾੜੇ ਵਿਚਾਰ ਮਨੁੱਖ ਦੀ ਸਮਝ ਨੂੰ ਹਰ ਵੇਲੇ

ਚਿੰਬੜੇ ਰਹਿੰਦੇ ਹਨ, ਤ੍ਰਿਸ਼ਨਾਵਾਂ ਦੇ ਰੂਪ ਵਿੱਚ ਚਿੰਬੜੇ ਰਹਿੰਦੇ ਹਨ ਜਿਨ੍ਹਾਂ ਨੂੰ ਆਪਣੇ ਮਗਰੋਂ ਲਾਹੁਣਾ ਭਾਵ ਉਨ੍ਹਾਂ ਤੋਂ ਆਪਣੀ ਜਾਨ ਛੁਡਾਉਣਾ ਭਾਵ ਉਨ੍ਹਾਂ ਨੂੰ ਆਪਣੇ ਅੰਦਰੋਂ ਕੱਢਣਾ ਬਹੁਤ ਔਖਾ ਹੈ। **(ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥ ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥)**

ਰਾਮਕਲੀ ਮਹਲਾ ੫ ॥

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੯੯੫)

ਗਉੜੀ ਕਬੀਰ ਜੀ ॥

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

ਪੀਪਾ ॥

{ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥}

(ਅੰਗ ੬੯੫)

ਗਉੜੀ ਮਹਲਾ ੫ ॥

{ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥
ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥

ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ ੨੦੯)

ਰਾਗੁ ਸੂਹੀ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥
ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥ ਜਲ ਤੇ ਊਠਹਿ ਅਨਿਕ ਤਰੰਗਾ ॥
ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥
ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥
ਭ੍ਰਮ ਛੂਟੇ ਤੇ ਏਕੰਕਾਰ ॥੩॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥}

(ਅੰਗ ੭੩੬)

ਰਾਮਕਲੀ ਮਹਲਾ ੧ ॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥੧॥ ਨਾਨਕ ਬਿਰਥਾ ਕੋਇ ਨ ਹੋਇ ॥
ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥ ਪ੍ਰਾਪਤਿ ਪੋਤਾ ਕਰਮੁ ਪਸਾਉ ॥
ਤੂ ਦੇਵਹਿ ਮੰਗਤ ਜਨ ਚਾਉ ॥ ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥ ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥
ਨਾ ਕੋ ਆਵੈ ਨਾ ਕੋ ਜਾਇ ॥੩॥ ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥੪॥੮॥}

(ਅੰਗ ੮੭੮)

ਉਪਰ ਪ੍ਰਮਾਣ ਦੇ ਰੂਪ ਵਿੱਚ ਦਿੱਤੇ ਹੋਏ ਸਾਰੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਨ੍ਹਾਂ ਰਾਹੀਂ ਇਹ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਮਨੁੱਖ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਦਾ ਹੈ ਉਹ ਕੇਵਲ ਉਸਦਾ ਭਰਮ ਹੈ ਕਿਉਂਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੈ, ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਇਸ ਗੱਲ ਦੀ ਸਮਝ ਕੇਵਲ ਤੇ ਕੇਵਲ

ਆਪਣੇ ਅੰਦਰੋਂ ਜਾਨਣ ਦੁਆਰਾ ਪੈ ਸਕਦੀ ਹੈ ਤੇ ਕਿਸੇ ਨੂੰ ਇਸ ਗੱਲ ਤੇ ਪੂਰਨ ਵਿਸ਼ਵਾਸ ਆਉਂਦਾ ਹੈ ਕਿ ਮਨੁੱਖ ਦਾ ਜਨਮ ਮਰਨ ਕੇਵਲ ਇੱਕ ਭਰਮ ਹੈ ਕਿਉਂਕਿ ਹਰ ਕੋਈ ਉਸਦਾ ਆਪਣਾ ਹੀ ਰੂਪ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਉਪਰ ਵਾਲੇ ਸ਼ਬਦਾਂ ਤੋਂ ਇਲਾਵਾ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਮਨੁੱਖ ਦਾ ਆਪਣੇ ਆਪ ਨੂੰ ਜਨਮ ਮਰਨ ਵਿੱਚ ਸਮਝਣਾ ਭਾਵ ਆਵਾਗਉਣ ਵਿੱਚ ਸਮਝਣਾ ਕੇਵਲ ਮਨ ਦਾ ਭਰਮ ਹੈ ਜਿਸ ਭਰਮ ਤੋਂ ਰਹਿਤ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਭਾਵੇਂ ਕੋਈ ਆਪਣੇ ਆਪ ਨੂੰ ਆਪਣੀ ਧਾਰਮਿਕ ਆਸਥਾ ਅਨੁਸਾਰ ਜਿਤਨਾ ਮਰਜੀ ਧਰਮ ਦਾ ਵਿਦਵਾਨ ਸਮਝਦਾ ਹੋਵੇ। ਗੁਰਬਾਣੀ ਦਾ ਹਰ ਸ਼ਬਦ ਸਾਨੂੰ ਇਹੀ ਗੱਲ ਬਾਰ-ਬਾਰ ਸਮਝਾ ਰਿਹਾ ਹੈ ਜੋ ਕਿ ਕੇਵਲ ਸੱਚ ਹੈ ਪਰ ਇਸ ਸੱਚ ਤੇ ਵਿਸ਼ਵਾਸ ਕਿਸੇ ਨੂੰ ਤਾਂ ਹੀ ਆਉਂਦਾ ਹੈ ਜਦੋਂ ਕੋਈ ਮਨੁੱਖੀ ਰੂਪ ਉਸਦੀ ਸੁਹਾਗਣ ਬਣਨ ਦੁਆਰਾ ਆਪਣੇ ਅੰਦਰੋਂ ਸੱਚ ਦੇ ਮਾਲਕ ਨੂੰ ਜਾਣ ਲੈਂਦਾ ਹੈ, ਉਸ ਸੱਚ ਰੂਪ ਪ੍ਰਮਾਤਮਾ ਦੀ ਗੁਰਮਤਿ ਦਾ ਦਾਸ ਬਣਨ ਦੁਆਰਾ ਜਾਣ ਲੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ,

ਉਸਦਾ ਸੱਚਾ ਦਾਸ ਬਣਨ ਦੁਆਰਾ ਜਾਣਿਆ ਹੈ। ਜਿਨ੍ਹਾਂ ਨੂੰ ਉਸਨੇ ਹਰ ਸ਼ਬਦ ਦਾ ਪੂਰਨ ਸੱਚ ਸਮਝਾਇਆ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਅੱਜ ਤੋਂ ਸਦੀਆਂ ਪਹਿਲੇ ਇਹ ਲਿਖਿਆ ਸੀ ਕਿ ਧਰਤੀ ਦੇ ਉੱਤੇ ਅਨੇਕਾਂ ਹੀ ਸੂਰਜ ਹਨ, ਖੰਡ, ਬ੍ਰਹਮੰਡ ਹਨ ਤੇ ਕੁੱਝ ਵੀ ਟਿਕਿਆ ਹੋਇਆ ਨਹੀਂ ਹੈ ਤੇ ਸਭ ਕੁਝ ਸਪੇਸ ਵਿੱਚ ਘੁੰਮ ਰਿਹਾ ਹੈ ਪਰ ਉਦੋਂ ਇਸ ਗੱਲ ਤੇ ਵਿਸ਼ਵਾਸ ਕਿਸੇ ਨੂੰ ਨਹੀਂ ਸੀ ਆਉਂਦਾ ਪਰ ਹੁਣ ਸਭ ਨੂੰ ਇਸ ਗੱਲ ਤੇ ਵਿਸ਼ਵਾਸ ਹੈ ਭਾਵ ਵਿਸ਼ਵਾਸ ਤਾਂ ਹੀ ਆਉਂਦਾ ਹੈ ਜਦੋਂ ਸੱਚ ਸਾਹਮਣੇ ਆ ਜਾਂਦਾ ਹੈ। ਜਿਵੇਂ ਉਹ ਸੱਚ ਸਭ ਦੇ ਸਾਹਮਣੇ ਆਇਆ ਹੈ ਤੇ ਤਾਂ ਹੀ ਸਭ ਨੂੰ ਵਿਸ਼ਵਾਸ ਆਇਆ ਹੈ ਕਿ ਗੁਰਬਾਣੀ ਗ੍ਰੰਥ ਵਿੱਚ ਜੋ ਸਦੀਆਂ ਪਹਿਲੇ ਲਿਖਿਆ ਗਿਆ ਸੀ ਉਹ ਪੂਰਨ ਸੱਚ ਹੈ। ਪੂਰਨ ਸੱਚ ਤੇ ਉਸਨੂੰ ਹੀ ਵਿਸ਼ਵਾਸ ਆਉਂਦਾ ਹੈ ਜਦੋਂ ਕੋਈ ਪੂਰਨ ਸੱਚ ਰੂਪ ਖਸਮ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਤੇ ਫਿਰ ਉਸਦਾ ਉਹ ਮਨੁੱਖੀ ਰੂਪ ਉਸਦੀ ਨਾਰ ਬਣਨ ਦੁਆਰਾ ਪੂਰਨ ਵਿਸ਼ਵਾਸ ਨਾਲ ਇਹ ਗੱਲ ਕਹਿੰਦਾ ਹੈ ਕਿ ਮਨੁੱਖ ਦਾ ਦੁਨਿਆਵੀ ਜਨਮ ਮਰਨ ਇੱਕ ਝੂਠ ਹੈ। ਸੱਚਾਈ ਇਹ ਹੈ ਕਿ ਸਭ ਕੁਝ ਉਹ ਇੱਕੋ ਇੱਕ ਆਪ ਹੀ ਹੈ।

ਜਮਾਂ ਦੀ ਖੁਆਰੀ ਜਿਸਦਾ ਕਾਰਣ ਮਨ ਦੀ ਅਗਿਆਨਤਾ ਹੈ, ਹਉਮੈ ਹੈ ਭਾਵ ਸਾਡੇ ਅੰਦਰ ਦੀ ਮੈਂ ਹੈ, ਧਰਮ ਦੇ ਮਾਰਗ ਦੀ ਸੱਚੀ ਸਮਝ ਦਾ ਨਾ ਹੋਣਾ ਹੈ ਉਸ ਮਨ ਦੇ ਜਮਾਂ ਦੀ ਖੁਆਰੀ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ ਜਦੋਂ ਕੋਈ ਅਕਾਲ ਪੁਰਖ ਦੀ ਸਭ ਤੋਂ ਵੱਡੀ ਕ੍ਰਿਪਾ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਫਿਰ ਉਸ ਤੋਂ ਬਾਅਦ ਉਹ ਉਸਦਾ ਮਨੁੱਖੀ ਰੂਪ ਕੋਈ ਮਾੜਾ ਕਰਮ ਕਰ ਹੀ ਨਹੀਂ ਸਕਦਾ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਆਉ ਸਮਝੀਏ।

“ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥”

ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਉਸਦੀ ਨਾਰ ਬਣਨ ਦੁਆਰਾ ਮਨੁੱਖ ਨੂੰ ਕਿਸ ਸਭ ਤੋਂ ਵੱਡੀ ਗੱਲ ਦੀ ਸਮਝ ਪੈਂਦੀ ਹੈ। ਉਸ ਸਮਝ ਦੁਆਰਾ ਮਨੁੱਖ ਦੀ ਮੈਂ ਮੁੱਕ ਜਾਂਦੀ ਹੈ ਭਾਵ ਉਸ ਮਨੁੱਖੀ ਰੂਪ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਨਾ ਇਹ ਸਰੀਰ ਮੇਰਾ ਹੈ ਤੇ ਨਾ ਹੀ ਇਸ ਸਰੀਰ ਦੇ ਅੰਦਰ ਦੀ ਸਮਝ ਮੇਰੀ ਹੈ। ਜਿਸਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਪ੍ਰਗਟ ਕਰਦਾ ਹੈ ਤੇ ਮਨੁੱਖ ਨੂੰ ਇਹ ਵਿਸ਼ਵਾਸ ਦਿਵਾਉਣ ਤੇ ਮਜਬੂਰ ਕਰ ਦਿੰਦਾ ਹੈ ਕਿ ਹੇ ਮਨੁੱਖ ਇਹ ਸਰੀਰ ਤੇਰਾ ਨਹੀਂ ਹੈ ਤੇ ਨਾ ਹੀ ਤੇਰੇ ਅੰਦਰ ਦੀ ਸਮਝ ਤੇਰੀ ਹੈ। ਦਾਸ ਨਾਲ ਇਹ ਸਭ ਕੁੱਝ ਸ਼ੁਰੂ ਸ਼ੁਰੂ ਵਿੱਚ ਬੀਤ ਚੁੱਕਾ ਹੈ ਜਿਵੇਂ ਕਿ ਦਾਸ ਨੇ ਇਹ ਗੱਲ ਲੇਖ ਦੇ ਸ਼ੁਰੂ ਵਿੱਚ ਵੀ ਲਿਖੀ ਹੋਈ ਹੈ। ਇਹ ਸਰੀਰ ਹਰਿ ਦੇ ਵੱਸ ਹੈ ਭਾਵ ਸ੍ਰਿਸਟੀ ਦੇ ਕਰਤੇ ਦੇ ਵੱਸ ਹੈ, ਇਸ ਗੱਲ ਨੂੰ ਅਸੀਂ ਗੁਰਬਾਣੀ ਦੇ ਸ਼ਬਦਾਂ ਰਾਹੀਂ ਵੀ ਸਮਝਿਆ ਹੈ ਜੋ ਕਿ ਬਿਲਕੁਲ ਉਸੇ ਤਰ੍ਹਾਂ ਸੱਚ ਹੈ। ਦਾਸ ਲਈ ਇਸੇ ਲਈ ਇਹ ਪੂਰਨ ਸੱਚ ਹੈ ਕਿਉਂਕਿ ਇਹ ਸੱਚ ਦਾਸ ਦੇ ਨਾਲ ਪ੍ਰਤੱਖ ਰੂਪ ਵਿੱਚ ਸਾਹਮਣੇ ਆਇਆ ਹੈ। ਬਾਣੀ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਾਇਆ ਹੋਇਆ ਹੈ ਕਿ ਹੇ ਮਨੁੱਖ ਤੇਰੇ ਅੰਦਰ ਦੀ ਸਮਝ ਤੇਰੀ ਨਹੀਂ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਬਾਰ-ਬਾਰ ਸਮਝਿਆ ਹੀ ਹੈ ਪਰ ਫਿਰ ਵੀ ਕਿਸੇ ਨੂੰ ਇਸ ਗੱਲ ਤੇ ਸੌਖਾ ਵਿਸ਼ਵਾਸ ਨਹੀਂ ਆਉਂਦਾ ਕਿਉਂਕਿ ਇਹ ਸੱਚ ਉਨ੍ਹਾਂ ਦੇ ਸਾਹਮਣੇ ਆਇਆ ਹੀ ਨਹੀਂ। ਇਹੀ ਮਨੁੱਖ ਦਾ ਸਭ ਤੋਂ ਵੱਡਾ ਭਰਮ ਹੈ ਜਿਸ ਆਪਣੇ ਪਾਏ ਹੋਏ ਭਰਮ ਦੇ ਬੰਧਨ ਨੂੰ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਤੋੜਦਾ ਹੈ ਜਿਵੇਂ ਕਿ ਉਸਨੇ

ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦਾ ਭਰਮ ਰੂਪ ਬੰਧਨ ਤੋੜਿਆ ਹੈ ਤੇ ਤਾਂ ਹੀ ਉਨ੍ਹਾਂ ਨੇ ਇਹ ਕੁਝ ਕਿਹਾ ਹੈ ਕਿ ਮਨੁੱਖ ਆਪ ਕੁਝ ਵੀ ਕਰਨ ਵਾਲਾ ਨਹੀਂ ਹੈ ਭਾਵ ਸਭ ਕੁਝ ਕਰਨ ਵਾਲਾ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਦੁਆਰਾ ਸਪਸ਼ਟ ਹੈ ਤੇ ਪੂਰਨ ਸੱਚ ਹੈ। **(ਨਾ ਹਉ ਕਰਤਾ ਨਾ ਮੈ ਕੀਆ ॥)**

ਜਿਨ੍ਹਾਂ ਨੂੰ ਮਨ ਦੇ ਵਿੱਚ ਇਹੋ ਜਿਹੀ ਸਮਝ ਪੈਂਦੀ ਹੈ ਉਹ ਕਿਸ ਤਰੀਕੇ ਪੈਂਦੀ ਹੈ ਤੇ ਕੌਣ ਪਾਉਂਦਾ ਹੈ, ਇਹੀ ਗੱਲ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਤੇ ਨਾਲ ਇਹ ਵੀ ਸਮਝ ਲੱਗ ਜਾਵੇਗੀ ਕਿ ਜਮਾਂ ਦੀ ਖੁਆਰੀ ਤੋਂ ਬਚਣ ਦਾ ਤਰੀਕਾ ਕੀ ਹੈ। ਆਉ ਸਮਝੀਏ।

“ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥”

ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ ਕਿ ਸ੍ਰਿਸ਼ਟੀ ਦਾ ਕਰਤਾ, ਗਾਡ, ਅੱਲ੍ਹਾ, ਪ੍ਰਮਾਤਮਾ, ਅਕਾਲ ਪੁਰਖ ਆਪਣਾ ਨਾਮ ਕਿਸੇ ਆਪਣੇ ਮਨੁੱਖੀ ਰੂਪ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਦਿੰਦਾ ਹੈ, ਉਹੀ ਗੱਲ ਸਾਨੂੰ ਉਪਰ ਵਾਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਸਤਿਗੁਰ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੀ ਹੈ ਜੋ ਕਿ ਆਪਣੇ ਸੱਚ ਰੂਪ ਵਿੱਚ ਗੁਰੂ ਹੈ ਤੇ ਆਪਣੇ ਗੁਰੂ ਰੂਪ ਦੁਆਰਾ ਉਹ ਪੂਰਨ ਸਤਿ ਦੀ ਗੱਲ ਹੀ ਸਮਝਾਉਂਦਾ ਹੈ ਭਾਵ ਸੱਚੀ ਗੱਲ ਹੀ ਸਮਝਾਉਂਦਾ ਹੈ ਜੋ ਆਪਣਾ ਸੱਚ ਉਹ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਸਮਝਾਉਂਦਾ ਹੈ ਭਾਵ ਅੰਮ੍ਰਿਤ ਨਾਮ ਦੇਣ ਦੁਆਰਾ ਸਮਝਾਉਂਦਾ ਹੈ, ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਸਮਝਾਉਂਦਾ ਹੈ। ਹਰ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ **"ਸਤਿਗੁਰਿ"** ਦਾ **"ਅੰਮ੍ਰਿਤੁ"** ਨਾਮ ਹੀ ਹੈ। ਜਿਸਨੂੰ ਉਹ ਆਪਣਾ ਅੰਮ੍ਰਿਤ ਨਾਮ ਦੇ ਦਿੰਦਾ ਹੈ ਉਸਨੂੰ ਫਿਰ ਕਿਸੇ ਹੋਰ ਚਾਰੇ ਦੀ ਲੋੜ ਨਹੀਂ ਰਹਿ ਜਾਂਦੀ ਭਾਵ ਕਿਸੇ ਹੋਰ ਦੇ ਮਤਿ ਦੀ ਲੋੜ ਨਹੀਂ ਰਹਿ ਜਾਂਦੀ ਭਾਵ ਕਿਸੇ ਹੋਰ ਕੋਲੋਂ ਗੁਰਮਤਿ ਸਮਝਣ ਦੀ ਲੋੜ ਨਹੀਂ ਰਹਿ ਜਾਂਦੀ। ਉਹ ਫਿਰ ਸੱਚੇ ਗੁਰੂ ਅਕਾਲ ਪੁਰਖ ਦੀ ਦਿੱਤੀ ਹੋਈ ਸੱਚੀ ਮਤਿ ਦੀ ਸ਼ਰਨ ਵਿੱਚ ਹੀ ਰਹਿੰਦਾ ਹੈ ਭਾਵ ਪੂਰੀ ਤਰ੍ਹਾਂ ਆਪਣੇ ਜੀਵਨ ਵਿੱਚ ਸੱਚੀ ਗੁਰਮਤਿ ਅਨੁਸਾਰ ਹੀ ਵਿਚਰਦਾ ਹੈ। ਸੱਚੀ ਗੁਰਮਤਿ ਦੀ ਸ਼ਰਨ ਵਿੱਚ ਆਉਣ ਤੋਂ ਬਾਅਦ ਭਾਵ ਸੱਚੇ ਗੁਰੂ ਦੀ ਮਤਿ ਨੂੰ ਆਪਣੇ ਅੰਦਰ ਵਸਾਉਣ ਤੋਂ ਬਾਅਦ ਫਿਰ ਕੋਈ ਉਸਦਾ ਮਨੁੱਖੀ ਰੂਪ ਮਾੜਾ ਕਰਮ ਕਰ ਹੀ ਨਹੀਂ ਸਕਦਾ, ਗੁਰਮਤਿ ਦੇ ਉਲਟ ਕੋਈ ਕੰਮ ਕਰ ਹੀ ਨਹੀਂ ਸਕਦਾ ਫਿਰ ਇਹੋ ਜਿਹੇ ਮਨੁੱਖ ਨੂੰ ਜਮ ਖੁਆਰ ਕਿਵੇਂ ਕਰ ਸਕਦੇ ਹਨ ਕਿਉਂਕਿ ਉਹ ਸ੍ਰਿਸ਼ਟੀ ਦੇ ਕਰਤੇ ਦਾ ਮਨੁੱਖੀ ਰੂਪ ਉਸਦੀ ਧਰਮ ਪਤਨੀ ਬਣਨ ਦੁਆਰਾ ਸੱਚੇ ਧਰਮ ਦੇ ਮਾਰਗ ਤੇ ਹੀ ਚੱਲਦਾ ਹੈ, ਔਗੁਣਾਂ ਤੋਂ ਪੂਰੀ ਰਹਿਤ ਹੋ ਕੇ ਚੱਲਦਾ ਹੈ ਤੇ ਇਹੋ

ਜਿਹਾ ਸੱਚੇ ਧਰਮ ਦਾ ਮਾਰਗ ਹੀ ਸਾਰੇ ਸੰਸਾਰ ਨੂੰ ਸਮਝਾਉਂਦਾ ਹੈ ਜਿਵੇਂ ਕਿ ਗੁਰਬਾਣੀ ਧਰਮ ਗ੍ਰੰਥ ਦੀ ਰਚਨਾ ਕਰਨ ਵਾਲਿਆਂ ਨੇ ਸ਼ਬਦਾਂ ਦੀ ਸੱਚੀ ਵਿਚਾਰ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚੇ ਧਰਮ ਦਾ ਮਾਰਗ ਸਮਝਾਇਆ ਹੈ ਜਿਸ ਸੱਚੇ ਧਰਮ ਦੇ ਮਾਰਗ ਤੇ ਚੱਲਣ ਦਾ ਸੱਚਾ ਉਦਮ ਕਰਨ ਦੁਆਰਾ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਆਪਣੇ ਔਗੁਣ ਤਿਆਗਣ ਦੁਆਰਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਮਾੜੇ ਵਿਚਾਰ ਤਿਆਗਣ ਦੁਆਰਾ ਜਮਾਂ ਦੀ ਮਾਰ ਤੋਂ ਬੱਚਣ ਦਾ ਸੱਚਾ ਉਦਮ ਕਰ ਸਕਦਾ ਹੈ ਜੋ ਜਮਾਂ ਦੀ ਮਾਰ ਜਮਾਂ ਦੀ ਪੁਰੀ ਵਿੱਚ ਰਹਿੰਦੇ ਹੋਏ ਇਸੇ ਮਨੁੱਖੀ ਜੀਵਨ ਵਿੱਚ ਹੀ ਸਹਿਣੀ ਪੈਂਦੀ ਹੈ। **(ਅਹਿਨਿਸਿ ਜਾਗੈ ਨੀਦ ਨ ਸੋਵੈ॥ ਸੋ ਜਾਣੈ ਜਿਸੁ ਵੇਦਨ ਹੋਵੈ ॥ ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥੧॥ ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥ ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ॥ ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥ ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥ ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥ ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥ ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ॥ ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥ ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥ ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥ ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ॥੬॥੧॥੧੨॥)**

ਉਪਰ ਵਾਲੇ ਸ਼ਬਦ ਵਿੱਚ ਜਮਾਂ ਦੇ ਹੱਥ ਵਿੱਚ ਖੜਗ ਦੀ ਗੱਲ ਕੀਤੀ ਹੋਈ ਹੈ ਜਿਸ ਆਪਣੀ ਖੜਗ ਨਾਲ ਉਹ ਮਨੁੱਖੀ ਸਮਝ ਨੂੰ ਦੁੱਖੀ ਕਰਦੇ ਹਨ। ਹੁਣ ਧਿਆਨ ਨਾਲ ਸਮਝੋ ਕਿ ਉਹ ਆਪਣੀ ਤਲਵਾਰ ਕਿਸ ਤੇ ਚਲਾਉਂਦੇ ਹਨ। ਅਸਲ ਵਿੱਚ ਉਨ੍ਹਾਂ ਦੀ ਤਲਵਾਰ ਸਾਡੇ ਅੰਦਰ ਦੇ ਸੱਚੇ ਵਿਚਾਰਾਂ ਤੇ ਚੱਲਦੀ ਹੈ ਭਾਵ ਗੁਰਮਤਿ ਰੂਪ ਸੱਚੇ ਵਿਚਾਰਾਂ ਤੇ ਚੱਲਦੀ ਹੈ ਜਿਸ ਤਰੀਕੇ ਉਹ ਸਾਡੇ ਅੰਦਰ ਗੁਰਮਤਿ ਵਾਲੇ ਸੱਚੇ ਵਿਚਾਰਾਂ ਨੂੰ ਮਾਰਦੇ ਹਨ ਭਾਵ ਗੁਰੂ ਦੇ ਸੱਚੇ ਗਿਆਨ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ ਤੇ ਮਨੁੱਖੀ ਸਮਝ ਨੂੰ ਮਨ ਦੀ ਅਗਿਆਨਤਾ ਵਾਲੇ ਵਿਚਾਰਾਂ ਵਿੱਚ ਰੱਖਕੇ ਧਰਮ ਦੇ ਸੱਚੇ ਮਾਰਗ ਨੂੰ ਅਪਨਾਉਣ ਤੋਂ ਦੂਰ ਰੱਖਦੇ ਹਨ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਤੋਂ ਦੂਰ ਰੱਖਦੇ ਹਨ ਤੇ ਮਨੁੱਖੀ ਸਮਝ ਨੂੰ ਤ੍ਰਿਸ਼ਨਾ ਵਿੱਚ ਰੱਖਕੇ ਹੀ ਦੁੱਖ ਪਹੁੰਚਾਉਂਦੇ ਰਹਿੰਦੇ ਹਨ, ਹਰ ਵੇਲੇ ਦੁੱਖੀ ਕਰੀ ਰੱਖਦੇ ਹਨ। ਮਨ ਦੇ ਇਹੋ ਜਿਹੇ ਮਾੜੇ ਵਿਚਾਰਾਂ ਦਾ ਮੁਕਾਬਲਾ ਗੁਰੂ ਦੇ ਸੱਚੇ ਗਿਆਨ ਦੁਆਰਾ ਹੀ ਕੀਤਾ ਜਾ ਸਕਦਾ ਹੈ ਭਾਵ ਮਨ ਦੇ ਮਾੜੇ ਵਿਚਾਰਾਂ ਦੇ ਨਾਲ ਲੜਨ ਲਈ, ਮਨ ਦੇ ਨਾਲ ਜੁਝਣ ਲਈ ਗੁਰੂ ਦੇ ਗਿਆਨ ਦੀ ਖੜਗ ਦੀ ਹੀ ਲੋੜ ਹੈ ਜੋ ਸਾਡੇ ਅੰਦਰ ਜਮ ਰੂਪ ਮਾੜੇ ਵਿਚਾਰਾਂ ਨੂੰ ਇਨ੍ਹਾਂ ਦੇ ਨਾਲ ਲੜਕੇ ਇਨ੍ਹਾਂ ਨੂੰ ਹਰਾ ਸਕਦੀ ਹੈ ਭਾਵ ਇਨ੍ਹਾਂ ਤੇ ਜਿੱਤ ਪਾ ਸਕਦੀ ਹੈ ਤੇ ਇਹੀ ਆਪਣੇ ਮਨ ਨੂੰ ਜਿੱਤਣਾ ਹੈ ਜੋ ਕਿ ਜਗ ਨੂੰ ਜਿੱਤਣ ਦੇ ਬਰਾਬਰ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਜਿਸ ਅਸੀਂ ਪਿੱਛਲੇ ਸ਼ਬਦ ਨੂੰ ਸਮਝ ਰਹੇ ਸੀ ਉੱਥੇ **"ਦੰਤੁ"** ਦੀ ਗੱਲ ਕੀਤੀ ਹੋਈ ਹੈ ਭਾਵ ਗੁਰੂ ਦੇ ਹਥਿਆਰ ਦੀ ਗੱਲ ਕੀਤੀ ਹੋਈ ਹੈ ਜੋ ਸ਼ਬਦ ਗੁਰਬਾਣੀ ਅੰਗ (359) ਤਿੰਨ ਸੋ ਉਨ੍ਹਾਠ ਤੇ ਦਰਜ ਹੈ। ਗੁਰੂ ਦੇ ਗਿਆਨ ਰੂਪ ਹਥਿਆਰ ਨੂੰ ਭਾਵ ਗੁਰੂ ਦੀ ਗਿਆਨ ਰੂਪ ਖੜਗ ਨੂੰ ਅਸੀਂ ਪਿੱਛੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਕਿ ਗੁਰੂ ਦੀ ਗਿਆਨ ਰੂਪ ਖੜਗ ਕਿਸ ਮਕਸਦ ਲਈ ਹੈ ਜੋ ਆਪਣੀ ਖੜਗ ਉਹ ਆਪਣੀ ਉਸ ਮਨੁੱਖੀ ਨਾਰ ਨੂੰ ਦਿੰਦਾ ਹੈ ਜਿਸ ਆਪਣੀ ਮਨੁੱਖੀ ਨਾਰ ਦੀ ਸਮਝ ਦੇ

ਨਾਲ ਆਪਣਾ ਵਿਆਹ ਰਚਾਉਂਦਾ ਹੈ। ਆਪਣੀ ਨਾਰ ਨੂੰ ਆਪਣੀ ਗਿਆਨ ਰੂਪ ਖੜਗ ਦੇਣ ਦੁਆਰਾ ਉਹ ਉਸਦੀ ਸੁੱਤੀ ਹੋਈ ਮਤਿ ਨੂੰ ਜਗਾਉਂਦਾ ਹੈ ਜਿਸ ਸੁੱਤੀ ਹੋਈ ਮਤਿ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਹੀ ਨਹੀਂ ਹੁੰਦੀ। ਜਦੋਂ ਉਸਦੀ ਗਿਆਨ ਰੂਪ ਖੜਗ ਦੇ ਨਾਲ ਉਸਦੀ ਨਾਰ ਆਪਣੇ ਅੰਦਰੋਂ ਪੰਜੇ ਦੂਤਾਂ ਨੂੰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨੂੰ ਮਾਰ ਦਿੰਦੀ ਹੈ ਤਾਂ ਹੀ ਉਸ ਮਨੁੱਖ ਦੀ ਸਮਝ ਸੱਚੀ ਗੁਰਮਤਿ ਵਾਲੀ ਸਮਝ ਬਣਦੀ ਹੈ ਭਾਵ ਅਗਿਆਨਤਾ ਵਿੱਚ ਸੁੱਤੀ ਹੋਈ ਨਾਸਮਝ ਮਤਿ ਤਾਂ ਹੀ ਜਾਗਦੀ ਹੈ। ਅਗਿਆਨਤਾ ਵਿੱਚ ਸੁੱਤੀ ਹੋਈ ਮਤਿ ਨੂੰ ਭਾਵ ਮਨਮਤਿ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੁੰਦੀ ਕਿ ਗੁਰੂ ਦੀ ਮਤਿ ਤੇ ਚੱਲਣ ਦਾ ਅਸਲ ਮਕਸਦ ਕੀ ਹੈ ਜੋ ਕਿ ਆਪਣੇ ਅੰਦਰ ਦੇ ਵਿਕਾਰਾਂ ਨੂੰ ਮਾਰਨ ਦਾ ਹੈ ਭਾਵ ਇਸ ਤਰੀਕੇ ਗੁਣੀ ਬਣਨ ਦਾ ਹੈ। ਸੱਚੀ ਗੁਰਮਤਿ ਵਾਲਾ ਕੋਈ ਤਾਂ ਹੀ ਬਣ ਸਕਦਾ ਹੈ ਜਦੋਂ ਉਹ ਅਗਿਆਨਤਾ ਵਾਲੀ ਸੁੱਤੀ ਹੋਈ ਮਤਿ ਵਿੱਚੋਂ ਜਾਗ ਕੇ ਗੁਰੂ ਦੇ ਸੱਚੇ ਗਿਆਨ ਨਾਲ ਆਪਣੇ ਅੰਦਰ ਦੇ ਹਰ ਔਗੁਣ ਨੂੰ ਛੱਡ ਦਿੰਦਾ ਹੈ। ਗੁਰਮਤਿ ਵਾਲਾ ਬਣਨਾ ਹੀ ਗੁਰੂ ਦੇ ਨਾਮ ਵਾਲਾ ਬਣਨਾ ਹੈ। ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਗੁਰਮਤਿ ਵਾਲਾ ਬਣਨਾ ਕੀ ਹੈ ਜੋ ਕਿ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤਾਂ ਜੋ ਕਿਸੇ ਨੂੰ ਵੀ ਇਹ ਗੱਲ ਸਮਝਣ ਵਿੱਚ ਭਰਮ ਨਾ ਰਹੇ ਕਿ ਗੁਰਮਤਿ ਦਾ ਮਕਸਦ ਕੀ ਹੈ।

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥
ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ ੧੩੦੯)

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੯੯)

ਰਾਗੁ ਗੂਜਰੀ ਮਹਲਾ ੪ ॥

{ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥
ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥
ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥
ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥}

(ਅੰਗ ੧੦)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥
ਅੰਤਰਿ ਅਗਨਿ ਜਲੈ ਭੜਕਾਰੇ ॥ ਮਨਮੁਖੁ ਤਕੇ ਕੁੰਡਾ ਚਾਰੇ ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ ੧੦੨੨)

ਸਿਰੀਰਾਗੁ ਮਹਲਾ ੩ ॥

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

ਹੁਣ ਅਸੀਂ ਗੁਰਬਾਣੀ ਅੰਗ (359) ਤਿੰਨ ਸੋ ਉਨ੍ਹਾਠ ਤੇ ਦਰਜ ਸ਼ਬਦ ਵੱਲ ਵਾਪਸ ਮੁੜਦੇ ਹਾਂ ਤੇ ਉਸ ਪੂਰੇ ਸ਼ਬਦ ਵਿੱਚ ਰਹਿੰਦੇ ਹੋਏ ਬਾਕੀ ਦੇ ਹਿੱਸੇ ਨੂੰ ਸਮਝਦੇ ਹਾਂ।

ੴ ਸਤਿਗੁਰ ਪ੍ਰਸਾਦਿ ॥

ਆਸਾ ਘਰੁ ੬ ਮਹਲਾ ੧ ॥

"ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥ ਲਾਲ ਬਹੁ ਗੁਣਿ ਕਾਮਣਿ ਮੋਹੀ ॥
ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥

ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥"

(ਅੰਗ ੩੫੯)

ਉਪਰ ਵਾਲੇ ਸ਼ਬਦ ਨੂੰ ਅਸੀਂ ਦੂਸਰੇ ਪਦੇ ਤੱਕ ਸਮਝਿਆ ਹੀ ਹੈ। ਸ਼ਬਦ ਦੇ ਦੂਸਰੇ ਪਦੇ ਵਿੱਚ **"ਦਾਮੋਦਰੁ ਦੰਤੁ"** ਦੀ ਗੱਲ ਕੀਤੀ ਹੋਈ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਹਥਿਆਰ ਦੀ ਗੱਲ ਕੀਤੀ ਹੋਈ ਹੈ ਜੋ ਉਹ ਆਪਣੀ ਕਾਮਣ ਨੂੰ ਭਾਵ ਜਿਸ ਇਸਤਰੀ ਨਾਲ ਉਹ ਮਨ ਦੇ ਵਿੱਚ ਵਿਆਹ ਕਰਦਾ ਹੈ ਉਸਨੂੰ ਉਹ ਆਪਣਾ ਗਿਆਨ ਰੂਪ ਹਥਿਆਰ ਬਖਸ਼ਦਾ ਹੈ ਜਿਸਨੂੰ ਕਿ ਅਸੀਂ ਗਿਆਨ ਖੜਗ ਦੇ ਰੂਪ ਵਿੱਚ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਨ੍ਹਾਂ ਸ਼ਬਦਾਂ ਨਾਲ ਜੁੜੀਆਂ ਹੋਰ ਵੀ ਅਨੇਕਾਂ ਗੱਲਾਂ ਨੂੰ ਸਮਝਿਆ ਹੈ ਕਿਉਂਕਿ ਗੁਰੂ ਦੇ ਹਰ ਸ਼ਬਦ ਵਿੱਚ ਸਾਨੂੰ ਉਸਦੀ ਸੱਚੀ ਭਗਤੀ ਤੇ ਚੱਲਣ ਦਾ ਮਾਰਗ ਹੀ ਸਮਝਾਇਆ ਹੁੰਦਾ ਹੈ, ਵੱਖਰੇ ਵੱਖਰੇ ਢੰਗ ਨਾਲ ਸਮਝਾਇਆ ਹੁੰਦਾ ਹੈ, ਸ਼ਬਦਾਂ ਦੇ ਅੰਦਰ ਦੀ ਗਹਿਰਾਈ ਦੇ ਨਾਲ ਸਮਝਾਇਆ ਹੁੰਦਾ ਹੈ ਤੇ ਹਰ ਸ਼ਬਦ ਦੇ ਅੰਦਰ ਦੀ ਗਹਿਰਾਈ ਨੂੰ ਆਪਣੇ ਆਪ ਨਹੀਂ ਸਮਝਿਆ ਜਾ ਸਕਦਾ ਜੋ ਕਿ ਉਸਦੀ ਨਾਰ ਬਣਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਇਹ ਆਪਣੀ ਨਾਰ ਨੂੰ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਉਹ ਆਪਣੀਆਂ ਗਹਿਰਾਈ ਵਾਲੀਆਂ ਗੱਲਾਂ ਕਿਸ ਤਰੀਕੇ ਸਮਝਾਉਂਦਾ ਹੈ ਤੇ ਕਿਸ ਮਕਸਦ ਲਈ ਸਮਝਾਉਂਦਾ ਹੈ ਇਹੀ ਗੱਲ ਉਪਰ ਵਾਲੇ ਅਗਲੇ ਪਦੇ ਭਾਵ ਤੀਸਰੇ ਪਦੇ ਰਾਹੀਂ ਸਮਝਾਈ ਹੋਈ ਹੈ।

"ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥"

ਦੁਨਿਆਵੀ ਇਸਤਰੀ ਨੂੰ ਉਸਦੇ ਵਿਆਹ ਵੇਲੇ ਜਿਸ ਤਰੀਕੇ ਉਸਦੀ ਸਰੀਰਕ ਸੁੰਦਰਤਾ ਨੂੰ ਨਿਖਾਰਿਆ ਜਾਂਦਾ ਹੈ ਉਸੇ ਤਰੀਕੇ ਸ੍ਰਿਸ਼ਟੀ ਦਾ ਕਰਤਾ ਆਪਣੀ ਵਿਆਹੁਤਾ ਨਾਰ ਨੂੰ ਉਸਦੀ ਮਨ ਦੀ ਸਮਝ ਰਾਹੀਂ ਸ਼ਿੰਗਾਰਦਾ ਹੈ। ਦੁਨਿਆਵੀ ਵਿਆਹ ਵੇਲੇ ਇਸਤਰੀ ਨੂੰ ਉਸਦੇ ਹੱਥ ਦੀਆਂ ਉਂਗਲੀਆਂ ਤੇ ਮੁੰਦਰੀ ਪਾਈ ਜਾਂਦੀ ਹੈ ਤੇ ਉਸਦੇ ਸਰੀਰ ਨੂੰ ਸਜਾਉਣ ਲਈ ਸੋਹਣੇ ਕਪੜੇ ਪਾਏ ਜਾਂਦੇ ਹਨ। ਰੇਸ਼ਮੀ ਕਪੜਾ ਵਿਆਹ ਵੇਲੇ ਇਸਤਰੀ ਦੇ ਪਹਿਨਣ ਲਈ ਸੋਹਣਾ ਕਪੜਾ ਮੰਨਿਆ ਜਾਂਦਾ ਹੈ। ਵਿਆਹੁਤਾ ਇਸਤਰੀ ਦੀ **"ਧੜੀ"** ਭਾਵ ਮਾਂਗ ਵੀ ਭਰ ਕੇ ਸਜਾਈ ਜਾਂਦੀ ਹੈ ਤੇ ਉਸ ਦੀਆਂ ਅੱਖਾਂ ਨੂੰ ਸੁੰਦਰ ਬਨਾਉਣ ਲਈ ਉਨ੍ਹਾਂ ਵਿੱਚ ਸੁਰਮਾ ਵੀ ਪਾਇਆ ਜਾਂਦਾ ਹੈ। ਆਪਣੀ ਵਿਆਹੁਤਾ ਇਸਤਰੀ ਨੂੰ ਸੁੰਦਰ ਬਨਾਉਣ

ਲਈ ਸ੍ਰਿਸ਼ਟੀ ਦਾ ਕਰਤਾ ਇਹ ਸਾਰੇ ਸ਼ਿੰਗਾਰ ਕਿਸ ਤਰੀਕੇ ਕਰਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੁਆਰਾ ਸਮਝਾਈ ਹੋਈ ਹੈ। ਸ੍ਰਿਸ਼ਟੀ ਦਾ ਕਰਤਾ ਆਪਣੀ ਇਸਤਰੀ ਨੂੰ ਜੋ ਮੁੰਦਰੀ ਪਾਉਂਦਾ ਹੈ ਉਹ ਮੁੰਦਰੀ ਉਸਦੇ **"ਕਰ"** ਉੱਤੇ ਪਾਉਂਦਾ ਹੈ ਭਾਵ ਹੱਥ ਉੱਤੇ ਪਾਉਂਦਾ ਹੈ ਇਸ ਗੱਲ ਨੂੰ ਕੁਝ ਸਮਝਣ ਦੀ ਲੋੜ ਹੈ। ਉਹ ਆਪਣੀ ਇਸਤਰੀ ਨੂੰ ਜੋ ਮੁੰਦਰੀ ਪਾਉਂਦਾ ਹੈ ਉਹ ਆਪਣੀ ਮੁੰਦਰੀ ਉਸਨੂੰ ਉਹ ਆਪਣੇ ਗਿਆਨ ਰੂਪ ਵਿੱਚ ਹੀ ਪਾਉਂਦਾ ਹੈ ਕਿਉਂਕਿ ਉਸਦੇ ਨਾਲ ਵਿਆਹ ਉਸਦੀ ਮਨੁੱਖੀ ਨਾਰ ਦੇ ਨਾਲ ਮਨ ਦੀ ਸਮਝ ਵਿੱਚ ਹੀ ਹੁੰਦਾ ਹੈ ਤੇ ਮਨ ਦੀ ਸਮਝ ਵਿੱਚ ਉਹ ਆਪਣਾ ਸ਼ਬਦਾਂ ਦਾ ਸੱਚਾ ਗਿਆਨ ਹੀ ਦਿੰਦਾ ਹੈ ਜਿਸ ਉਸਦੇ ਸੱਚੇ ਸ਼ਬਦਾਂ ਨੂੰ ਸਰੀਰਕ ਹੱਥਾਂ ਦੇ ਨਾਲ ਹੀ ਲਿਖਿਆ ਜਾਂਦਾ ਹੈ ਭਾਵ ਸਰੀਰਕ ਹੱਥਾਂ ਦੀਆਂ ਉਂਗਲੀਆਂ ਦੇ ਨਾਲ ਜੋ ਉਸਦੀ ਮਨੁੱਖੀ ਨਾਰ ਸ਼ਬਦਾਂ ਨੂੰ ਲਿਖਣ ਦੀ ਕਲਮ ਪਕੜਦੀ ਹੈ ਉਹੀ ਉਸਦੇ ਹੱਥ ਵਿੱਚ ਮਧੁਸੂਦਨ ਦੀ ਮੁੰਦਰੀ ਹੈ ਜੋ ਹੱਥ ਦੀ ਮੁੰਦਰੀ ਰੂਪ ਕਲਮ ਉਹੀ ਕੁਝ ਲਿਖਦੀ ਹੈ ਜਿਹੋ ਜਿਹੀ ਸ੍ਰਿਸ਼ਟੀ ਦੇ ਕਰਤੇ ਦੀ ਕਲਮ ਮਨੁੱਖੀ ਮਨ ਦੀ ਸਮਝ ਦੇ ਵਿੱਚ ਲਿਖਦੀ ਹੈ, ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਲਿਖਦੀ ਹੈ ਜਿਸ ਤਰੀਕੇ ਉਹ ਮਨੁੱਖੀ ਸਮਝ ਦੇ ਵਿੱਚ ਆਪਣੇ ਉੱਚੇ ਗਿਆਨ ਰੂਪ ਵਿੱਚ ਮੁੰਦਰੀ ਪਾਉਂਦਾ ਹੈ। ਉਸਦੀ ਨਾਰ ਦੀ ਹੱਥ ਰੂਪ ਕਲਮ ਦੇ ਨਾਲ ਸ਼ਬਦਾਂ ਦੀ ਸੱਚੀ ਵਿਚਾਰ ਹੀ ਲਿਖੀ ਜਾਂਦੀ ਹੈ। ਗੁਰਬਾਣੀ ਗ੍ਰੰਥ ਦੇ ਹਰ ਸ਼ਬਦ ਨੂੰ ਉਸਦੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਉਸਦੀ ਕਾਮਣ ਬਣਨ ਦੁਆਰਾ ਇਸੇ ਤਰੀਕੇ ਹੀ ਸਾਰੇ ਸ਼ਬਦਾਂ ਨੂੰ ਆਪਣੇ ਹੱਥ ਰੂਪ ਕਲਮ ਦੁਆਰਾ ਲਿਖਿਆ ਹੈ, ਅੱਖਰ ਰੂਪ ਦੇਣ ਦੁਆਰਾ ਲਿਖਿਆ ਹੈ ਜੋ ਕਿ ਉਨ੍ਹਾਂ ਨੇ ਉਹੀ ਕੁਝ ਲਿਖਿਆ ਹੈ ਜਿਹੋ ਜਿਹਾ ਪਹਿਲੇ ਉਨ੍ਹਾਂ ਦੀ ਸਮਝ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਆਪਣੀ ਗਿਆਨ ਰੂਪ ਕਲਮ ਦੁਆਰਾ ਸ਼ਬਦ ਰੂਪ ਅੱਖਰ ਲਿਖੇ ਹਨ। ਉਸਦੀ ਇਹੋ ਜਿਹੀ ਮੁੰਦਰੀ ਉਸਦੀ ਕਲਮ ਹੈ ਜਿਸ ਕਲਮ ਨੂੰ ਹੱਥ ਦੀਆਂ ਉਂਗਲੀਆਂ ਦੇ ਨਾਲ ਫੜਿਆ ਜਾਂਦਾ ਹੈ। ਹੱਥ ਵਿੱਚ ਫੜੀ ਹੋਈ ਕਲਮ ਦੇ ਨਾਲ ਉਸਦੀ ਇਸਤਰੀ ਜੋ ਕੁਝ ਵੀ ਲਿਖਦੀ ਹੈ ਉਹ ਸੱਚ ਹੀ ਲਿਖਦੀ ਹੈ। ਉਹ ਆਪਣੇ ਹੱਥਾਂ ਨਾਲ ਸ਼ਬਦ ਹੀ ਲਿਖਦੀ ਹੈ। ਗੁਰਬਾਣੀ ਵਿੱਚ ਸਾਰੇ ਸ਼ਬਦ ਅਸਲ

ਵਿੱਚ ਸੱਚ ਰੂਪ ਕਲਮ ਦੇ ਨਾਲ ਹੀ ਲਿਖੇ ਹੋਏ ਹਨ

54/7620

ਤੇ ਉਸ ਦੀਆਂ ਉਂਗਲੀਆਂ ਦੇ ਨਾਲ ਫੜਨ ਵਾਲੀ ਕਲਮ ਹੀ ਉਸਦੀ ਮੁੰਦਰੀ ਹੈ, ਗਹਿਣਾ ਹੈ। ਆਪਣੀ ਸੱਚ ਰੂਪ ਕਲਮ ਦੇ ਨਾਲ ਸ੍ਰਿਸ਼ਟੀ ਦਾ ਕਰਤਾ ਪਹਿਲੇ ਜੋ ਮਨੁੱਖੀ ਸਮਝ ਦੇ ਅੰਦਰ ਆਪਣੇ ਸ਼ਬਦਾਂ ਦੀ ਲਿਖਤ ਲਿਖਦਾ ਹੈ, ਆਪਣੀ ਨਾਰ ਬਨਾਉਣ ਦੁਆਰਾ ਲਿਖਦਾ ਹੈ ਉਹ ਸ਼ਬਦ ਹੀ ਫਿਰ ਉਸਦੀ ਪਤਨੀ ਆਪਣੇ ਹੱਥਾਂ ਦੀ ਮਨ ਦੀ ਸਮਝ ਰੂਪ ਕਲਮ ਦੇ ਨਾਲ ਲਿਖਦੀ ਹੈ ਜੋ ਲਿਖਣ ਦੁਆਰਾ ਉਨ੍ਹਾਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਪੂਰੀ ਮਨੁੱਖਤਾ ਨੂੰ ਸੱਚ ਹੀ ਸਮਝਾਇਆ ਹੈ, ਸ੍ਰਿਸ਼ਟੀ ਦੇ ਕਰਤੇ ਦਾ ਤੇ ਉਸਦੀ ਸ੍ਰਿਸ਼ਟੀ ਦਾ ਸੱਚ ਹੀ ਸਮਝਾਇਆ ਹੈ। ਆਪਣੀ ਇਹ ਸੱਚ ਰੂਪ ਮੁੰਦਰੀ ਮਨ ਦੀ ਸਮਝ ਦੇ ਵਿੱਚ **"ਮਧੁਸੂਦਨੁ"** ਆਪਣੀ ਕਾਮਣ ਨੂੰ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਆਪ ਹੀ ਪਹਿਨਾਉਂਦਾ ਹੈ **(ਮਧੁਸੂਦਨੁ ਕਰ ਮੁੰਦਰੀ ਪਹਿਰੈ)**। ਆਪਣੀ ਮੁੰਦਰੀ ਆਪਣੀ ਕਾਮਣ ਨੂੰ ਗਾਡ, ਅੱਲ੍ਹਾ, ਪ੍ਰਮਾਤਮਾ, ਅਕਾਲ ਪੁਰਖ ਮਨ ਦੇ ਵਿੱਚ ਕਿਸ ਰੂਪ ਵਿੱਚ ਪਹਿਨਾਉਂਦਾ ਹੈ ਇਹ ਉਪਰ ਵਾਲੀ ਪੰਗਤੀ ਦੇ ਨਾਲ ਹੀ ਸਮਝਾਈ ਹੋਈ ਹੈ।

"ਪਰਮੇਸਰੁ ਪਟੁ ਲੇਈ ॥"

ਪਰਮੇਸਰ ਦੀ ਇਹ ਮੁੰਦਰੀ ਪਹਿਲੇ ਸਾਡੇ ਮਨ ਦਾ ਗਹਿਣਾ ਬਣਦਾ ਹੈ ਭਾਵ ਸੱਚਾ ਗਿਆਨ ਰੂਪ ਗਹਿਣਾ ਬਣਦਾ ਹੈ ਜੋ ਉਸਦਾ ਗਹਿਣਾ ਮਨ ਦੀ ਸਮਝ ਦੇ ਵਿੱਚ ਉਸਦੀ ਪਤਨੀ ਉਸਦੇ ਕੋਲੋਂ ਲੈਂਦੀ ਹੈ ਜੋ ਕਿ ਉਹ ਉਸਦੇ ਕੋਲੋਂ **"ਪਟੁ"** ਦੇ ਰੂਪ ਵਿੱਚ ਲੈਂਦੀ ਹੈ। ਪੱਟ ਰੇਸ਼ਮੀ ਕਪੜੇ ਨੂੰ ਕਹਿੰਦੇ ਹਨ ਜਿਸਨੂੰ ਸਭ ਤੋਂ ਸੋਹਣਾ ਕਪੜਾ ਸਮਝਿਆ ਜਾਂਦਾ ਹੈ। ਦੁਨਿਆਵੀ ਨਾਰ ਨੂੰ ਉਸਦੇ ਵਿਆਹ ਦੇ ਵੇਲੇ ਰੇਸ਼ਮੀ ਕਪੜੇ ਨਾਲ ਸਜਾਇਆ ਜਾਂਦਾ ਹੈ, ਉਸਦੇ ਤਨ ਦੀ ਸੁੰਦਰਤਾ ਦੇ ਲਈ ਸਜਾਇਆ ਜਾਂਦਾ ਹੈ ਪਰ ਪਰਮੇਸਰ ਆਪਣੀ ਇਸਤਰੀ ਨੂੰ ਮਨ ਦੀ ਉੱਚੀ ਸਮਝ ਦੁਆਰਾ ਸਜਾਉਂਦਾ ਹੈ, ਮਨ ਦੇ ਵਿੱਚ ਆਪਣਾ ਸਭ ਤੋਂ ਉੱਚੀ ਸਮਝ ਰੂਪ ਕਪੜਾ ਪਾਉਣ ਦੁਆਰਾ ਸਜਾਉਂਦਾ ਹੈ। ਮਨ ਦਾ ਇਹ ਕਪੜਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਪਰਮੇਸਰ ਆਪਣੀ ਇਸਤਰੀ ਦੀ ਲਾਜ ਨੂੰ ਆਪਣੇ ਗਿਆਨ ਰੂਪ ਕਪੜੇ ਨਾਲ ਹੀ ਢੱਕਦਾ ਹੈ ਜਿਸ ਦੁਆਰਾ ਉਹ ਉਸਨੂੰ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ, ਹਉਮੈ ਵੱਲੇ, ਤ੍ਰੈ ਗੁਣਾਂ ਵਾਲੇ, ਮਾਇਆ ਮੋਹ ਵਾਲੇ, ਮਨ ਦੇ ਪੁੱਠੇ ਕਮਲ ਵਾਲੇ ਵਿਚਾਰਾਂ ਵਿੱਚੋਂ ਕੱਢਦਾ ਹੈ ਜੋ ਕਿ ਉਹ ਆਪਣਾ ਚੌਥੇ ਪਦ ਦਾ ਗਿਆਨ ਰੂਪ ਕਪੜਾ ਮਨ ਦੇ ਵਿੱਚ ਪਾਉਣ ਦੇ ਲਈ ਪਰਮੇਸਰ ਆਪ ਹੀ ਦਿੰਦਾ ਹੈ ਜਿਸ ਦੁਆਰਾ ਉਹ ਆਪਣੀ ਕਾਮਣ ਨੂੰ ਧਰਮ ਦੇ ਮਾਰਗ ਦਾ ਸੱਚ ਸਮਝਾਉਂਦਾ ਹੈ, ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ ਤੇ ਆਪਣੀ ਪੂਰਨ ਗੁਰਮਤਿ ਦਾ ਮਾਰਗ ਸਮਝਾ ਕੇ ਆਪਣੀ ਮਨੁੱਖੀ ਰੂਪ ਨਾਰ ਨੂੰ ਹਰ ਔਗੁਣ ਵਾਲੀ ਸਮਝ ਵਿੱਚੋਂ ਕੱਢ ਲੈਂਦਾ ਹੈ ਭਾਵ ਆਪਣਾ ਨਾਮ ਜਪਣ ਦਾ ਮਾਰਗ ਪੂਰਨ ਰੂਪ ਵਿੱਚ ਸਮਝਾ ਕੇ ਉਸ ਤੇ ਆਪ ਹੀ ਚਲਾਉਂਦਾ ਹੈ। **(ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥)**

54/7621

ਸ੍ਰਿਸ਼ਟੀ ਦੇ ਕਰਤੇ ਦੀ ਸੱਚ ਰੂਪ ਕਲਮ ਕੀ ਹੈ ਤੇ ਉਸਦਾ ਮਨ ਰੂਪ ਕਪੜਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਇਸ ਪੂਰੇ ਸ਼ਬਦ ਨੂੰ ਸਮਝਣ ਤੋਂ ਬਾਅਦ ਇਸ ਗੱਲ ਨੂੰ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰਾਂਗੇ। ਧਰਮ ਦੇ ਸੱਚੇ ਮਾਰਗ ਤੇ ਫਿਰ ਉਹ ਆਪਣੀ ਕਾਮਣ ਨੂੰ ਕਿਸ ਤਰੀਕੇ ਚਲਾਉਂਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥"

ਕਰਤਾ ਆਪਣੀ ਦੁਲਹਨ ਦਾ ਸ਼ਿੰਗਾਰ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ ਭਾਵ ਮਨ ਦੇ ਵਿੱਚ ਸੱਚੀ ਧਾਰਮਿਕ ਸਮਝ ਪਾਉਣ ਦੁਆਰਾ ਹੀ ਕਰਦਾ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਪੂਰੇ ਸ਼ਬਦ ਵਿੱਚ ਹੁਣ ਤੱਕ ਸਮਝਿਆ ਹੈ ਤੇ ਇਸ ਤੋਂ ਪਿੱਛੇ ਵੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਉਹ ਆਪਣੀ ਵਿਆਹੁਤਾ ਪਤਨੀ ਨੂੰ ਕਿਸ ਤਰੀਕੇ ਆਪਣੇ ਨਿਰੰਕਾਰ ਰੂਪ ਵਿੱਚ ਸ਼ਿੰਗਾਰਦਾ ਹੈ ਭਾਵ ਆਪਣੇ ਸੱਚੇ ਗਿਆਨ ਦੁਆਰਾ ਉਸਦੀ ਸਮਝ ਨੂੰ ਸ਼ਿੰਗਾਰਦਾ ਹੈ। ਇਹੀ ਉਸਦੀ ਮਨੁੱਖੀ ਕਾਮਣ ਦਾ ਸ਼ਿੰਗਾਰ ਉਪਰ ਵਾਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਦੁਨਿਆਵੀ ਵਿਆਹ ਵੇਲੇ ਭਾਰਤ ਵਰਸ਼ ਵਿੱਚ ਪੁਰਾਣੀ ਧਾਰਮਿਕ ਰੀਤੀ-ਰਿਵਾਜ ਅਨੁਸਾਰ ਜਿਸ ਇਸਤਰੀ ਦਾ ਵਿਆਹ ਹੁੰਦਾ ਹੈ ਉਸਦੀ **"ਧੜੀ"** ਭਾਵ ਮਾਂਗ ਦੇ ਵਿੱਚ ਸਿੰਧੂਰ ਭਰਿਆ ਜਾਂਦਾ ਹੈ ਜੋ ਕਿ ਉਸਦਾ ਵਿਆਹੁਤਾ ਪਤੀ

ਉਸਦੀ ਮਾਂਗ ਦੇ ਵਿੱਚ ਭਰਦਾ ਹੈ ਜਿਸ ਦੁਆਰਾ ਉਸਦੀ ਸੰਸਾਰਿਕ ਪਤਨੀ ਉਸਦੇ ਨਾਲ ਬਝ ਜਾਂਦੀ ਹੈ ਭਾਵ ਉਸਦੀ ਹੋ ਜਾਂਦੀ ਹੈ। ਸ੍ਰਿਸ਼ਟੀ ਦਾ ਕਰਤਾ ਜਿਸਨੂੰ ਆਪਣੀ ਕਾਮਣ ਬਣਾਕੇ ਆਪਣੇ ਨਾਲ ਬਝਦਾ ਹੈ ਉਸਨੂੰ ਮਨ ਦੀ ਸਮਝ ਰਾਹੀਂ ਹੀ ਆਪਣੇ ਨਾਲ ਜੋੜਦਾ ਹੈ ਭਾਵ ਉਸਨੂੰ ਆਪਣੀ ਬਣਾਉਂਦਾ ਹੈ। ਉਹ ਆਪਣਾ ਸਿੰਧੂਰ ਮਨ ਦੇ ਧੀਰਜ ਦੇ ਰੂਪ ਵਿੱਚ ਦਿੰਦਾ ਹੈ ਭਾਵ ਮਨ ਦੇ ਵਿੱਚ ਸੰਤੋਖ ਵਾਲੇ ਵਿਚਾਰ ਭਰਦਾ ਹੈ ਜੋ ਮਨ ਦੇ ਵਿੱਚ ਸੰਤੋਖ ਉਹ ਗੁਰਮਤਿ ਰੂਪ ਸੱਚੇ ਵਿਚਾਰ ਦੇਣ ਦੁਆਰਾ ਭਰਦਾ ਹੈ ਜਿਨ੍ਹਾਂ ਆਪਣੇ ਸੱਚੇ ਵਿਚਾਰਾਂ ਦੁਆਰਾ ਉਹ ਆਪਣੀ ਮਨੁੱਖੀ ਕਾਮਣ ਨੂੰ ਪੂਰੀ ਤਰ੍ਹਾਂ ਮਨ ਦੀਆਂ ਤ੍ਰਿਸ਼ਨਾਵਾਂ ਵਿੱਚੋਂ ਕੱਢ ਲੈਂਦਾ ਹੈ ਭਾਵ ਉਸਦਾ ਮਨ ਫਿਰ ਤ੍ਰਿਸ਼ਨਾਵਾਂ ਵਿੱਚ ਨਹੀਂ ਉੱਡਦਾ ਤੇ ਧੀਰਜ ਵਿੱਚ ਆ ਜਾਂਦਾ ਹੈ, ਸੰਤੋਖ ਵਿੱਚ ਆ ਜਾਂਦਾ ਹੈ ਭਾਵ ਗੁਰਮਤਿ ਤੇ ਟਿਕ ਜਾਂਦਾ ਹੈ **(ਧੀਰਜੁ ਧੜੀ ਬੰਧਾਵੈ ਕਾਮਣਿ)**। ਦੁਨਿਆਵੀ ਵਿਆਹ ਵੇਲੇ ਇਸਤਰੀ ਦੇ ਤਨ ਨੂੰ ਸਜਾਉਣ ਲਈ ਉਸਦੀਆਂ ਅੱਖਾਂ ਵਿੱਚ ਸੁਰਮਾ ਪਾਇਆ ਜਾਂਦਾ

54/7622

ਹੈ ਤਾਂ ਜੋ ਉਸਦੀਆਂ ਅੱਖਾਂ ਵੇਖਣ ਵਿੱਚ ਚੰਗੀਆਂ ਲੱਗਣ ਤੇ ਜਿਸਨੂੰ ਸ੍ਰਿਸ਼ਟੀ ਦਾ ਕਰਤਾ ਆਪਣੀ ਕਾਮਣ ਬਣਾਉਂਦਾ ਹੈ ਉਸਦੀਆਂ ਅੱਖਾਂ ਵਿੱਚ ਸੁਰਮਾ ਪਾਉਣ ਲਈ ਉਸਨੂੰ **"ਸ੍ਰੀਰੰਗੁ"** ਭਾਵ ਸ੍ਰਿਸ਼ਟੀ ਦੀ ਹਰ ਨਾਰ ਦਾ ਇੱਕੋ ਇੱਕ ਸੱਚ ਰੂਪ ਖਸਮ ਆਪ ਹੀ ਸੁਰਮਾ ਦਿੰਦਾ ਹੈ। ਜਿਨ੍ਹਾਂ ਅੱਖਾਂ ਵਿੱਚ **"ਸ੍ਰੀਰੰਗੁ"** ਸੁਰਮਾ ਪਾਉਣ ਲਈ ਦਿੰਦਾ ਹੈ ਉਹ ਮਨ ਦੀਆਂ ਅੱਖਾਂ ਹਨ ਭਾਵ ਮਨ ਦੀਆਂ ਸਮਝ ਰੂਪ ਅੱਖਾਂ ਹਨ ਜਿਸ ਮਨ ਰੂਪ ਅੱਖਾਂ ਨਾਲ ਸਭ ਕੁਝ ਦੇਖਦਾ ਹੈ। ਦੇਖਦਾ ਭਾਵੇਂ ਮਨੁੱਖ ਸਰੀਰਕ ਅੱਖਾਂ ਦੇ ਨਾਲ ਹੀ ਹੈ ਪਰ ਉਸਨੂੰ ਉਹ ਜੋ ਕੁਝ ਸਮਝਦਾ ਹੈ ਕਿ ਮੈਂ ਕੀ ਵੇਖਿਆ ਹੈ ਇਹ ਉਸਨੂੰ ਉਸਦਾ ਮਨ ਹੀ ਸਮਝਾਉਂਦਾ ਹੈ ਕਿ ਤੂੰ ਕੀ ਦੇਖਿਆ ਹੈ। ਇਹ ਮਨ ਦੀਆਂ ਅੱਖਾਂ ਦਾ ਸੁਰਮਾ ਚੌਥੇ ਪਦ ਦੇ ਗਿਆਨ ਵਾਲੀ, ਸਹਜ ਗਿਆਨ ਵਾਲੀ ਸਮਝ ਦਾ ਸੁਰਮਾ ਹੁੰਦਾ ਹੈ। ਜਦੋਂ ਕੋਈ ਮਨੁੱਖ ਸਰੀਰਕ ਅੱਖਾਂ ਦੇ ਨਾਲ ਕਿਸੇ ਪੇੜ ਨੂੰ ਦੇਖਦਾ ਹੈ ਉਸਨੂੰ ਉਹ ਪੇੜ ਹੀ ਸਮਝਦਾ ਹੈ ਪਰ ਜਦੋਂ ਉਸ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਬਣਕੇ ਕੋਈ ਉਸਦਾ ਦਿੱਤਾ ਹੋਇਆ ਸੁਰਮਾ ਆਪਣੀਆਂ ਮਨ ਰੂਪ ਅੱਖਾਂ ਵਿੱਚ ਪਾ ਲੈਂਦਾ ਹੈ ਉਸਨੂੰ ਫਿਰ ਪੇੜ ਵਿੱਚ ਸ੍ਰਿਸ਼ਟੀ ਦਾ ਕਰਤਾ ਹੀ ਨਜਰ ਆਉਂਦਾ ਹੈ ਭਾਵ ਉਸਦੀਆਂ ਸਰੀਰਕ ਅੱਖਾਂ ਦਾ ਵੇਖਣਾ ਮਨ ਦੀਆਂ ਅੱਖਾਂ ਬਦਲ ਦਿੰਦੀਆਂ ਹਨ। ਸ੍ਰਿਸ਼ਟੀ ਦਾ ਕਰਤਾ ਆਪਣਾ ਸੁਰਮਾ ਆਪਣੀ ਨਾਰ ਨੂੰ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਦਿੰਦਾ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਨ੍ਹਾਂ ਅੱਖਾਂ ਨਾਲ ਫਿਰ ਸਭ ਜਗ੍ਹਾ ਤੇ ਸਭ ਵਿੱਚ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਹੀ ਨਜਰ ਆਉਂਦਾ ਹੈ। ਮਨ ਦੀਆਂ ਅੱਖਾਂ ਕੀ ਹਨ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। **(ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥)**

ਆਉ ਸ਼ਬਦ ਦੇ ਅਗਲੇ ਤੇ ਆਖਰੀ ਪਦੇ ਨੂੰ ਸਮਝੀਏ ਕਿ ਸ੍ਰਿਸ਼ਟੀ ਦਾ ਕਰਤਾ ਆਪਣੀ ਜਿਸ ਕਾਮਣ ਨਾਲ ਵਿਆਹ ਕਰਦਾ ਹੈ ਉਹ ਆਪਣੇ ਕਿਸ ਰੂਪ ਦੁਆਰਾ ਕਰਦਾ ਹੈ ਤੇ ਕਿਸ ਜਗ੍ਹਾ ਤੇ ਕਰਦਾ ਹੈ।

"ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥

ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥"

ਉਪਰ ਵਾਲੇ ਇਸ ਪੂਰੇ ਸ਼ਬਦ ਦੇ ਚੌਥੇ ਪਦੇ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਸਮਝ ਹੀ ਚੁਕੇ ਹਾਂ। ਐਥੇ ਕੁੱਝ ਹੋਰ ਜਰੂਰੀ ਗੱਲ ਸਮਝਣ ਵਾਲੀ ਵੀ ਹੈ, ਆਉ ਉਸ ਗੱਲ ਨੂੰ ਸਮਝੀਏ। ਜਿਸ ਆਪਣੀ ਕਾਮਣ ਨਾਲ ਸ੍ਰਿਸ਼ਟੀ ਦਾ ਕਰਤਾ ਆਪਣਾ ਵਿਆਹ ਕਰਦਾ ਹੈ, ਉਪਰ ਵਾਲੇ ਸ਼ਬਦ ਦੇ ਦੂਸਰੇ ਪਦੇ ਦੁਆਰਾ ਇਹ ਲਿਖਿਆ ਹੋਇਆ ਹੈ ਕਿ ਉਸਦੀ ਕਾਮਣ **"ਦੰਤੁ" "ਦਾਮੋਦਰ"** ਕੋਲੋਂ ਲੈਂਦੀ ਹੈ, ਸ਼ਬਦ ਦੇ ਤੀਸਰੇ ਪਦੇ ਵਿੱਚ ਇਹ ਲਿਖਿਆ ਹੋਇਆ ਹੈ ਕਿ ਆਪਣੀ ਕਾਮਣ ਦੇ ਹੱਥ ਵਿੱਚ ਮੁੰਦਰੀ **"ਮਧੁਸੂਦਨੁ"** ਪਹਿਨਾਉਂਦਾ ਹੈ ਤੇ ਉਹ **"ਪਟੁ"** ਭਾਵ ਰੇਸ਼ਮੀ ਕਪੜਾ **"ਪਰਮੇਸਰੁ"** ਕੋਲੋਂ ਲੈਂਦੀ ਹੈ ਤੇ ਸੁਰਮਾ ਉਸਨੂੰ **"ਸ੍ਰੀਰੰਗੁ"** ਦਿੰਦਾ ਹੈ। ਜਿਤਨੇ ਵੀ

54/7623

ਉਪਰ ਨਾਮ ਗਿਣਾਏ ਹੋਏ ਹਨ ਉਨ੍ਹਾਂ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਵੱਖਰੇ ਵੱਖਰੇ ਉੱਚੇ ਰੂਪ ਸਮਝਿਆ ਜਾਂਦਾ ਹੈ, ਭਗਤੀ ਦੀ ਉੱਚੀ ਸਮਝ ਵਾਲੇ ਵੱਖਰੇ ਵੱਖਰੇ ਰੂਪ ਸਮਝਿਆ ਜਾਂਦਾ ਹੈ ਜਿਸ ਕਰਕੇ ਉਨ੍ਹਾਂ ਦੀ ਭਾਰਤ ਵਰਸ਼ ਵਿੱਚ ਪੂਜਾ ਵੀ ਵੱਖਰੇ ਵੱਖਰੇ ਢੰਗ ਦੁਆਰਾ ਹੁੰਦੀ ਹੈ ਤੇ ਉਨ੍ਹਾਂ ਨੂੰ ਪੂਜਣ ਵਾਲੇ ਆਪਣੀ ਆਪਣੀ ਧਾਰਮਿਕ ਆਸਥਾ ਵੀ ਉਨ੍ਹਾਂ ਦੀ ਪੂਜਾ ਵਿੱਚ ਸਮਝਦੇ ਹਨ ਭਾਵ ਕੋਈ ਕਿਸੇ ਨੂੰ ਪੂਜਣਾ ਜਿਆਦਾ ਚੰਗਾ ਸਮਝਦਾ ਹੈ ਤੇ ਕੋਈ ਇਨ੍ਹਾਂ ਵਿੱਚੋਂ ਕਿਸੇ ਹੋਰ ਨੂੰ ਜਿਆਦਾ ਚੰਗਾ ਪੂਜਣਾ ਸਮਝਦਾ ਹੈ ਭਾਵ ਕੋਈ ਇਸ ਗੱਲ ਨੂੰ ਨਹੀਂ ਸਮਝਦਾ ਕਿ ਇਹ ਸਾਰੇ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ। ਕਿਸੇ ਵੀ ਕਾਮਣ

ਦਾ ਵਿਆਹ ਤਾਂ ਉਸੇ ਦੇ ਨਾਲ ਹੀ ਹੁੰਦਾ ਹੈ ਜੋ ਉਸਦੇ ਨਾਲ ਵਿਆਹ ਕਰਾਉਣ ਲਈ ਸੰਸਾਰਿਕ ਤੌਰ ਤੇ ਜਿਵੇਂ ਕਿ ਪਹਿਲੇ ਉਸਨੂੰ ਮੁੰਦਰੀ ਪਹਿਨਾਉਂਦਾ ਹੈ। ਉਪਰ ਸ਼ਬਦ ਵਿੱਚ ਮੁੰਦਰੀ ਤਾਂ ਆਪਣੀ ਕਾਮਣ ਨੂੰ ਮਧੁਸੂਦਨ ਨੇ ਪਹਿਨਾਈ ਹੈ, ਸੁਰਮਾ ਕਿਸੇ ਹੋਰ ਨੇ ਦਿੱਤਾ ਹੈ, ਰੇਸ਼ਮੀ ਕਪੜਾ ਉਸਨੇ ਕਿਸੇ ਹੋਰ ਕੋਲੋਂ ਲਿਆ ਹੈ, ਦੰਤ ਕਿਸੇ ਹੋਰ ਕੋਲੋਂ ਲਿਆ ਹੈ ਤੇ ਉਸ ਕਾਮਣ ਨਾਲ ਵਿਆਹ ਹੋਣ ਤੋਂ ਬਾਅਦ ਹੁਣ ਇਸ ਗੱਲ ਨੂੰ ਸਮਝੋ ਕਿ ਉਸਦੀ ਸੇਜ ਦੇ ਉਪਰ ਭੋਗ ਕਰਨ ਲਈ ਕੌਣ ਆਇਆ ਹੇ। ਉਸਦੀ ਸੇਜ ਤੇ ਭੋਗ ਕਰਨ ਲਈ ਫਿਰ **"ਗਿਆਨ ਰਾਉ"** ਆਇਆ ਹੈ ਭਾਵ ਗਿਆਨ ਦਾ ਮਾਲਕ ਆਇਆ ਹੈ। ਉਪਰ ਸ਼ਬਦ ਦੇ ਪਦਿਆਂ ਵਿੱਚ ਇਹ ਵੀ ਲਿਖਿਆ ਹੋਇਆ ਹੈ ਕਿ ਉਸਦੇ ਹੱਥ ਵਿੱਚ ਭਾਵ ਆਪਣੀ ਕਾਮਣ ਦੇ ਹੱਥ ਵਿੱਚ ਕੰਗਣ ਕਰਤਾ ਆਪ ਪਹਿਨਾਉਂਦਾ ਹੈ ਤੇ ਫਿਰ ਹੁਣ ਧਿਆਨ ਨਾਲ ਸਮਝੋ ਭਾਵੇਂ ਕੋਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਭਗਤੀ ਦੇ ਮਾਰਗ ਤੇ ਕੋਈ ਕਿਸੇ ਨੂੰ ਉੱਚਾ ਜਾਨਣ ਵਾਲਾ ਭਾਵੇਂ ਜਿਸ ਮਰਜੀ ਨਾਮ ਨਾਲ ਉਸਨੂੰ ਉੱਚਾ ਮੰਨ ਕੇ ਪੂਜਦਾ ਹੈ, ਵੱਖਰੇ ਵੱਖਰੇ ਤਰੀਕੇ ਨਾਲ, ਵੱਖਰੇ ਵੱਖਰੇ ਮੰਤ੍ਰ ਦੇ ਨਾਲ ਪੂਜਦਾ ਹੈ ਉਹ ਕੇਵਲ ਉਸਦਾ ਭਰਮ ਹੈ। ਸ੍ਰਿਸ਼ਟੀ ਦਾ ਕਰਤਾ ਕੇਵਲ ਤੇ ਕੇਵਲ ਇੱਕ ਹੀ ਹੈ ਭਾਵੇਂ ਕੋਈ ਉਸਨੂੰ ਜਿਹੜਾ ਮਰਜੀ ਨਾਮ ਬੋਲ ਕੇ ਪੁਕਾਰੇ ਭਾਵ ਉਸਦੇ ਵੱਖਰੇ ਵੱਖਰੇ ਰੂਪ ਸਮਝੇ। ਉਸਦੇ ਵੱਖਰੇ ਵੱਖਰੇ ਰੂਪ ਸਮਝਣੇ ਪੂਰੀ ਮਨੁੱਖਤਾ ਦਾ ਵੱਡਾ ਭਰਮ ਹੈ ਜਿਸ ਮਨ ਦੇ ਭਰਮ ਵਿੱਚ ਉਸਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਸਭ ਨੂੰ ਆਪ ਹੀ ਰੱਖਿਆ ਹੋਇਆ ਹੈ ਜਿਸ ਸ੍ਰਿਸ਼ਟੀ ਦੇ ਕਰਤੇ ਨੂੰ ਕੇਵਲ ਉਸਦੀ ਕਾਮਣ ਬਣਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਕਿ ਕਿਸੇ ਸ੍ਰਿਸ਼ਟੀ ਦੇ ਮਨੁੱਖ ਨੂੰ ਉਹ ਆਪਣੀ ਕਾਮਣ ਬਣਾਏ ਭਾਵ ਉਸਦੇ ਨਾਲ ਆਪਣਾ ਵਿਆਹ ਰਚਾਏ, ਇਸ ਤੋਂ ਵੱਡੀ ਉਸਦੀ ਕ੍ਰਿਪਾ ਸੰਸਾਰ ਦੇ ਕਿਸੇ ਮਨੁੱਖ ਤੇ ਹੋਰ ਨਹੀਂ ਹੋ ਸਕਦੀ। ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਗਿਆਨ ਰਾਉ ਹੈ ਭਾਵ ਗਿਆਨ ਦਾ ਰਾਜਾ ਹੈ ਤੇ ਜਿਸ ਮਨ ਮਨੁੱਖੀ ਨਾਰ ਦੇ ਨਾਲ ਉਹ ਆਪਣਾ ਵਿਆਹ ਰਚਾਉਂਦਾ ਹੈ ਉਸੇ ਮਨੁੱਖੀ ਰੂਪ ਨੂੰ ਉਹ ਆਪਣੀ ਰਾਣੀ ਬਣਾਉਂਦਾ ਹੈ। ਉਪਰ ਵਾਲੇ ਪਦੇ ਨੂੰ ਅਸੀਂ ਪਿੱਛੇ ਲੇਖ ਵਿੱਚ ਸਮੀਝਆ ਹੀ ਹੈ ਤੇ ਸ੍ਰਿਸ਼ਟੀ

54/7624

ਦੇ ਕਰਤੇ ਦੇ ਨਾਲ ਵਿਆਹ ਕਿਸ ਤਰੀਕੇ ਹੁੰਦਾ ਹੈ ਜੋ ਕਿ ਮਨ ਦੀ ਸਮਝ ਦੇ ਵਿੱਚ ਹੀ ਹੁੰਦਾ ਹੈ, ਮਨ ਦੇ ਵਿੱਚ ਉਸਦੇ ਸੱਚੇ ਗਿਆਨ ਦਾ ਪ੍ਰਕਾਸ਼ ਹੋਣ ਦੁਆਰਾ ਹੁੰਦਾ ਹੈ ਜੋ ਸਾਰੇ ਸੰਸਾਰ ਦੇ ਗਿਆਨ ਦਾ ਰਾਜਾ ਹੈ। ਉਹ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਮਨ ਦੇ ਵਿੱਚ ਸੱਚੇ ਗਿਆਨ ਦਾ ਦੀਵਾ ਜਗਾਉਣ ਦੁਆਰਾ ਹੀ ਕਰਦਾ ਹੈ ਜਿਸ ਦੁਆਰਾ ਉਹ ਮਨੁੱਖੀ ਸਮਝ ਨੂੰ ਭਾਵ ਆਪਣੀ ਵਿਆਹੁਤਾ ਇਸਤਰੀ ਦੀ ਸਮਝ ਨੂੰ ਮਨ ਦੀ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ, ਮਨ ਦੀ ਹਉਮੈ ਵਿੱਚੋਂ ਕੱਢਦਾ ਹੈ, ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ, ਆਪਣੀ ਹੀ ਪਾਈ ਹੋਈ ਮਾਇਆ ਦੀ ਜੁਗਤਿ ਵਿੱਚੋਂ ਕੱਢਦਾ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚੋਂ ਕੱਢਦਾ ਹੈ ਜਿਸ ਰਾਹੀਂ ਉਹ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ ਤੇ ਸਾਰੇ ਸੰਸਾਰ ਲਈ ਇੱਕੋ ਜਿਹਾ ਸੱਚ ਤੇ ਚੱਲਣ ਦਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਆਪਣੀ ਧਰਮ ਪਤਨੀ ਬਨਾਉਣ ਦੁਆਰਾ ਸਮਝਾਇਆ ਹੈ, ਉਸ ਗਿਆਨ ਦੇ ਰਾਜੇ ਨੇ ਉਨ੍ਹਾਂ ਨੂੰ ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ ਉਨ੍ਹਾਂ ਦੀ ਸਮਝ ਨੂੰ ਆਪਣੇ ਸੱਚੇ ਗਿਆਨ ਦੀ ਸੱਚੀ ਰਾਣੀ ਬਣਾਇਆ ਹੈ ਭਾਵ ਉਨ੍ਹਾਂ ਦੀ ਸਮਝ ਨੂੰ ਆਪਣੀ ਸਮਝ ਦੇ ਨਾਲ ਇੱਕ ਕਰਨ ਦੁਆਰਾ ਉਨ੍ਹਾਂ ਦੇ ਨਾਲ ਆਪਣਾ ਮੇਲ ਕੀਤਾ ਹੈ। **(ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥ ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥ ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥)**

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥

ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥

ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ ੭੮)

{ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥ ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥}

(ਅੰਗ ੧੬)

ਮਃ ੧ ॥

{ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥}

(ਅੰਗ ੧੨੯੧)

ਸਲੋਕ ਮਃ ੧ ॥

{ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥}

(ਅੰਗ ੧੨੯੧)

54/7625

ਉਪਰ ਅਸੀਂ ਮੁੱਖ ਸ਼ਬਦ ਵਿੱਚ **"ਕਲਮ"** ਦੀ ਗੱਲ ਨੂੰ ਸਮਝਿਆ ਹੈ ਤੇ ਉਹ ਕਲਮ ਕੀ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਇਸ ਗੱਲ ਨੂੰ ਲੇਖ ਦੇ ਵਿੱਚ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸ਼ਬਦਾਂ ਦਾ ਲਿਖਾਰੀ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਹਰ ਮਨੁੱਖੀ ਸਮਝ ਦਾ ਮਾਲਕ ਹੈ। ਹਰ ਆਪਣੇ ਮਨੁੱਖੀ ਰੂਪ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਣ ਵਾਲਾ ਉਹ ਆਪ ਹੈ। ਤ੍ਰੈ ਗੁਣਾਂ ਵਾਲੀ ਸਮਝ ਵਾਲੇ ਵਿਚਾਰ ਜੋ ਸਭ ਦੇ ਅੰਦਰ ਉਪਜਦੇ ਹਨ ਉਹ ਸਭ ਦੇ ਅੰਦਰ ਕਰਤੇ ਦੇ ਲੇਖ ਹੀ ਹਨ, ਕਰਤੇ ਦੀ ਲਿਖਤ ਹੀ ਹੈ ਭਾਵ ਉਸਦੀ ਗਿਆਨ ਰੂਪ ਕਲਮ ਹੀ ਹੈ ਜਿਸ ਉਸਦੀ ਕਲਮ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਸਮਝਣਾ ਕਿਸੇ ਵੀ ਸੰਸਾਰਿਕ ਮਨੁੱਖ ਦੀ ਸਮਰਥਾ ਤੋਂ ਬਾਹਰ ਦੀ ਗੱਲ ਹੈ। ਉਸਦੀ ਇਸ ਗੱਲ ਨੂੰ ਮਨ ਦੇ ਚੌਥੇ ਪਦ ਦੇ ਗਿਆਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਭਾਵ ਸਹਜ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਜੋ ਆਪਣਾ ਸਹਜ ਗਿਆਨ ਮਨ ਦੇ ਵਿੱਚ ਸਹਜ ਰੂਪ ਵਰ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਕਿਸੇ ਮਨੁੱਖੀ ਰੂਪ ਨੂੰ ਆਪਣੀ ਪਤਨੀ ਬਨਾਉਣ ਦੁਆਰਾ ਹੀ ਸਮਝਾਉਂਦਾ ਹੈ ਤੇ ਜੋ ਕੁਝ ਉਸਨੇ ਕਿਸੇ ਨੂੰ ਆਪਣੀ ਪਤਨੀ ਬਨਾਉਣ ਦੁਆਰਾ ਸਮਝਾਇਆ ਹੈ, ਸ਼ਬਦਾਂ ਦੀ ਵਿਚਾਰ ਦੇਣ ਦੁਆਰਾ ਸਮਝਾਇਆ ਹੈ ਭਾਵ ਜੋ ਕੁਝ ਵੀ ਉਸਨੇ ਆਪਣੀ ਕਲਮ ਚਲਾਉਣ ਦੁਆਰਾ ਉਨ੍ਹਾਂ ਨੇ ਮਨ ਦੇ ਵਿੱਚ ਲਿਖਿਆ ਹੈ ਉਹੀ ਉਸਦੀ ਨਾਰ ਨੇ ਆਪਣੇ ਹੱਥ ਵਿੱਚ ਕਲਮ ਫੜ ਕੇ ਕਾਗਜ ਦੇ ਉੱਤੇ ਲਿਖਿਆ ਹੈ। ਪੂਰੀ ਗੁਰਬਾਣੀ ਦੇ ਵਿੱਚ ਕਾਗਜ ਦੇ ਪੰਨੇ ਹਨ ਤੇ ਜਿਸ ਜਿਸ ਨੂੰ ਵੀ ਉਸਨੇ ਆਪਣੀ ਧਰਮ ਪਤਨੀ ਬਣਾਇਆ ਹੈ ਉਨ੍ਹਾਂ ਨੇ ਸ਼ਬਦਾਂ ਨੂੰ ਆਪਣੀ ਹੱਥ ਦੇ ਵਿੱਚ ਪਕੜੀ ਕਲਮ ਦੇ ਨਾਲ ਕਿਸੇ ਨਾ ਕਿਸੇ ਕਾਗਜ ਤੇ ਹੀ ਲਿਖਿਆ ਹੈ ਤੇ ਗੁਰਬਾਣੀ ਰੂਪ ਧਾਰਮਿਕ ਗ੍ਰੰਥ ਨੂੰ ਬਨਾਉਣ ਦੇ ਵਕਤ ਸਾਰਿਆਂ ਦੀ ਲਿਖਤ ਨੂੰ ਇੱਕ ਜਗ੍ਹਾ ਇਕੱਠਾ ਕਰ ਦਿੱਤਾ ਗਿਆ ਹੈ। ਗੁਰਬਾਣੀ ਗ੍ਰੰਥ ਦੇ ਵਿੱਚ ਲਿਖਤ ਭਾਵੇਂ ਮਨੁੱਖੀ ਹੱਥ ਨਾਲ ਹੋਈ ਹੈ ਪਰ ਸਾਰੇ ਅੱਖਰ ਉਹੀ ਹਨ ਜੋ ਮਨ ਦੇ ਵਿੱਚ ਪ੍ਰਗਟ ਹੋ ਕੇ ਸ੍ਰਿਸ਼ਟੀ ਦੇ ਕਰਤੇ ਨੇ ਪਹਿਲੇ ਆਪਣੇ ਸੱਚੇ ਭਗਤਾਂ ਦੇ, ਗੁਰੂ ਸਾਹਿਬਾਨ ਦੇ ਮਨ ਦੇ ਵਿੱਚ ਆਪ ਹੀ ਲਿਖੇ ਹਨ।

ਉਪਰ ਵਾਲੇ ਸ਼ਬਦ ਵਿੱਚ ਅਸੀਂ ਸ੍ਰਿਸ਼ਟੀ ਦੇ ਕਰਤੇ ਨੂੰ ਅੱਖਾਂ ਨਾਲ ਦੇਖਣ ਦੀ ਗੱਲ ਵੀ ਸਮਝੀ ਹੈ ਜੋ ਕਿ ਹੈ ਹੀ ਨਿਰੰਕਾਰ ਰੂਪ ਭਾਵ ਬ੍ਰਹਮ ਗਿਆਨ ਰੂਪ। ਬ੍ਰਹਮ ਗਿਆਨ ਰੂਪ ਨੂੰ ਆਪਣੇ ਅੰਦਰੋਂ ਕੇਵਲ ਮਨ ਦੀਆਂ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ ਭਾਵ ਮਨ ਦੀਆਂ ਸਮਝ ਰੂਪ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ ਭਾਵ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਨਾ ਕਿ ਤਨ ਦੀਆਂ ਅੱਖਾਂ ਦੇ

ਨਾਲ ਜਿਵੇਂ ਕਿ ਅਸੀਂ ਲੇਖ ਦੇ ਵਿੱਚ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ। ਸ੍ਰਿਸ਼ਟੀ ਦਾ ਕਰਤਾ ਸੱਚ ਰੂਪ ਹੈ ਤੇ ਉਸਨੂੰ ਸੱਚ ਰੂਪ ਅੱਖਾਂ ਦੇ ਨਾਲ ਹੀ ਵੇਖਿਆ ਜਾ ਸਕਦਾ ਹੈ ਭਾਵ ਸੱਚੇ ਗਿਆਨ ਵਾਲੀ ਸਮਝ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਜੋ ਆਪਣਾ ਆਪ ਉਹ ਕਿਸੇ ਨੂੰ ਆਪਣੀ ਧਰਮ ਪਤਨੀ

54/7626

ਬਨਾਉਣ ਦੁਆਰਾ ਹੀ ਦਿਖਾਉਂਦਾ ਹੈ ਭਾਵ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਮੇਲ ਕਰਨ ਦੁਆਰਾ ਹੀ ਦਿਖਾਉਂਦਾ ਹੈ।

ਸਲੋਕੁ ॥

{ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥}

(ਅੰਗ ੫੭੭)

ਵਡਹੰਸੁ ਮਹਲਾ ੩ ॥

{ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ ॥ ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ ॥੧॥
ਸਦਾ ਸੁਖੁ ਸਾਚੈ ਸਬਦਿ ਵੀਚਾਰੀ ॥ ਆਪਣੇ ਸਤਗੁਰ ਵਿਟਹੁ ਸਦਾ ਬਲਿਹਾਰੀ ॥੧॥ ਰਹਾਉ ॥
ਅਖੀ ਸੰਤੋਖੀਆ ਏਕ ਲਿਵ ਲਾਇ ॥ ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥੨॥
ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ ॥ ਨਾਮੁ ਪਰਮਲੁ ਹਿਰਦੈ ਰਹਿਆ ਸਮਾਇ ॥੩॥
ਨਾਨਕ ਮਸਤਕਿ ਜਿਸੁ ਵਡਭਾਗੁ ॥ ਗੁਰ ਕੀ ਬਾਣੀ ਸਹਜ ਬੈਰਾਗੁ ॥੪॥੭॥}

(ਅੰਗ ੫੬੦)

ਸੋਰਠਿ ਮਹਲਾ ੩ ਘਰੁ ੧ ॥

{ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ ॥
ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥ ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥
ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥ ਰਹਾਉ ॥
ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥
ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਏ ॥
ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥੩॥
ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥੪॥੧੦॥}

(ਅੰਗ ੬੦੩)

ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਹਲਾ ੩ ॥

{ਗੁਰਿ ਮਿਲਿਐ ਮਨੁ ਰਹਸੀਐ ਜਿਉ ਢੂਠੈ ਧਰਣਿ ਸੀਗਾਰੁ ॥ ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ ॥
ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥ ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥
ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥ ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥
ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥
ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥ ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥}

(ਅੰਗ ੧੨੭੮-੧੨੭੯)

{ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥
ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥
ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥
ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥
ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥
ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ ॥
ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ ॥
ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥}

(ਅੰਗ ੫੯੬)

{ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥
ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ ॥
ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ ॥
ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥
ਖੜ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ ॥੪॥}

(ਅੰਗ ੭੬)

ਮਃ ੩ ॥

{ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥
ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ ॥
ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ ॥ ਨਾਨਕ ਜਿਨਿ ਅਖੀ ਲੀਤੀਆ ਸੋਈ ਸਚਾ ਦੇਇ ॥੨॥}

(ਅੰਗ ੮੩)

ਸਲੋਕੁ ਮਃ ੨ ॥

{ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥੧॥}

(ਅੰਗ ੧੩੯)

54/7627

ਰਾਗੁ ਗਉੜੀ ਮਾਝ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥ ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥੧॥ ਰਹਾਉ॥
ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ॥ ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥੧॥
ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥ ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥੨॥
ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥
ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥੩॥
ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥
ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥}

(ਅੰਗ ੨੧੭-੨੧੮)

ਸਲੋਕ ਮਃ ੪ ॥

{ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ ॥ ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ ॥੧॥}

(ਅੰਗ ੩੦੨)

ਮਃ ੪ ॥

{ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ ॥
ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥
ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ ॥
ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥
ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ ॥੨॥}

(ਅੰਗ ੩੦੨)

{ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥
ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥
ਦਾਸਨਿ ਦਾਸੁ ਕਹੈ ਜਨੁ ਨਾਨਕੁ ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥੪॥੪॥੧੧॥}

(ਅੰਗ ੭੩੪)

ਹੁਣ ਅਸੀਂ ਧੰਨ ਧੰਨ ਗੁਰੂ ਗੁਰਬਾਣੀ ਅੰਗ (722) ਸੱਤ ਸੋ ਬਾਈ ਦੇ ਉੱਤੇ ਦਰਜ ਉਸ ਸ਼ਬਦ ਵੱਲ ਵਾਪਸ ਮੁੜਦੇ ਹਾਂ ਜਿਸ ਸ਼ਬਦ ਦੇ ਦੂਸਰੇ ਪਦੇ ਦੇ ਅੰਦਰ ਛੁਪੀ ਹੋਈ ਅਤਿ ਦੀ ਗਹਿਰਾਈ ਨੂੰ ਸਮਝਣ ਲਈ ਅਸੀਂ ਪਹਿਲੇ ਗੁਰਬਾਣੀ ਅੰਗ (78) ਅੱਠਤਰ ਤੇ ਦਰਜ ਉਸ ਸ਼ਬਦ ਨੂੰ ਸਮਝਿਆ ਹੈ ਜਿਸ ਸ਼ਬਦ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਉਸਦੀ ਮਨੁੱਖੀ ਨਾਰ ਦਾ ਸੱਚਾ ਵਿਆਹ ਕੀ ਹੁੰਦਾ ਹੈ ਇਹ ਸਮਝਾਇਆ ਹੋਇਆ ਹੈ ਤੇ ਉਸਦੇ ਨਾਲ ਵਿਆਹ ਹੋਣ ਤੋਂ ਬਾਅਦ ਉਸਦੀ ਨਾਰ ਬਣ ਕੇ ਅੱਗੇ ਤੋਂ ਅੱਗੇ ਉਸਦੀ ਪੀੜੀ ਕਿਵੇਂ ਵੱਧਦੀ ਹੈ ਭਾਵ ਅੱਗੋਂ ਆਪਣੀ ਹੋਰ ਨਾਰ ਬਨਾਉਣ ਦੁਆਰਾ ਉਹ ਆਪਣੀ ਗੁਰੂ ਰੂਪ ਪੀੜੀ ਨੂੰ ਕਿਵੇਂ ਵਧਾਉਂਦਾ ਹੈ ਭਾਵ ਅੱਗੇ

ਤੋਂ ਅੱਗੇ ਆਪਣੀ ਵੇਲ ਕਿਵੇਂ ਵਧਾਉਂਦਾ ਹੈ ਭਾਵ ਆਪਣੀ ਵੇਲ ਨੂੰ ਹੋਰ ਵੱਡੀ ਕਿਵੇਂ ਕਰਦਾ ਹੈ। ਇਹ ਸਭ ਕੁਝ ਅਸੀਂ ਬਰੀਕੀ ਨਾਲ ਗੁਰਬਾਣੀ ਅੰਗ (78) ਅੱਠਤਰ ਤੇ ਸਮਝਿਆ ਹੈ। ਉਸਦੀ ਪੀੜੀ ਨੂੰ, ਉਸਦੀ ਵੇਲ ਨੂੰ ਉਸਦੀ ਸੁਹਾਗਣ ਬਣਨ ਦੁਆਰਾ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੀ ਸਮਝ ਦੇ ਅੰਦਰ ਗਿਆਨ ਦੇ ਮਾਲਕ ਦੇ ਨਾਲ ਵਿਆਹ ਹੋਣ ਦੁਆਰਾ ਹੀ ਵਧਾਇਆ ਜਾ ਸਕਦਾ ਹੈ। ਉਸਦੀ ਸੁਹਾਗਣ ਕਿਹੋ ਜਿਹੀ ਹੁੰਦੀ ਹੈ ਭਾਵ ਉਸਦੀ ਵਿਆਹੁਤਾ ਇਸਤਰੀ ਕਿਹੋ ਜਿਹੀ ਹੁੰਦੀ ਹੈ ਇਸ ਗੱਲ ਨੂੰ ਅਸੀਂ ਫਿਰ ਗੁਰਬਾਣੀ ਅੰਗ (97) ਸਤਾਨਵੇਂ ਤੇ ਦਰਜ ਸ਼ਬਦ ਦੁਆਰਾ ਸਮਝਿਆ ਹੈ ਕਿ ਉਹ ਸਾਰੀ ਸ੍ਰਿਸ਼ਟੀ ਦਾ ਸੱਚ ਰੂਪ ਖਸਮ ਉਹ ਆਪਣੀ ਵਿਆਹੁਤਾ ਨਾਰ ਨੂੰ ਆਪਣਾ ਸੱਚ ਕਿਸ ਰੂਪ ਵਿੱਚ ਸਮਝਾਉਂਦਾ ਹੈ ਜੋ ਕਿ ਉਹ ਆਪਣੀ ਪੂਰੀ ਗੁਰਬਾਣੀ ਵਿੱਚ ਆਪਣੇ ਦਿੱਤੇ ਹੋਏ ਸ਼ਬਦਾਂ ਦੇ ਦਿੱਤੇ ਹੋਏ ਵਿਚਾਰਾਂ ਦੇ ਅੰਦਰ ਦੇ ਸੱਚ ਰੂਪ ਵਿੱਚ ਹੀ ਸਮਝਾਉਂਦਾ ਹੈ ਕਿ ਗੁਰਬਾਣੀ ਦੇ ਹਰ ਸ਼ਬਦ ਦੇ ਅੰਦਰ ਦੀ ਵਿਚਾਰ ਦਾ ਪੂਰਨ ਸੱਚ ਕੀ ਹੈ। ਜਿਸ ਵੀ ਆਪਣੀ ਮਨੁੱਖੀ ਨਾਰ ਦੇ ਅੰਦਰ

54/7628

ਉਹ ਸੱਚ ਰੂਪ ਖਸਮ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਤੋਂ ਪਹਿਲੇ ਸਰੀਰਾਂ ਰਾਹੀਂ ਜਿੱਥੇ ਉਸਨੇ ਆਪਣਾ ਸੱਚ ਰੂਪ ਪ੍ਰਗਟ ਕਰਕੇ ਸ਼ਬਦਾਂ ਦਾ ਗਿਆਨ ਦਿੱਤਾ ਹੁੰਦਾ ਹੈ ਉਸ ਆਪਣੇ ਸੱਚੇ ਗਿਆਨ ਦੀ ਸਮਝ ਵੀ ਉਹ ਭਾਵ ਉਨ੍ਹਾਂ ਦੁਆਰਾ ਲਿਖਵਾਏ ਹੋਏ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਵੀ ਉਹ ਆਪਣੀ ਉਸ ਮਨੁੱਖੀ ਨਾਰ ਨੂੰ ਪਾ ਦਿੰਦਾ ਹੈ ਜਿੱਥੇ ਉਹ ਪ੍ਰਗਟ ਹੁੰਦਾ ਹੈ। ਪੂਰੀ ਗੁਰਬਾਣੀ ਦੀ ਰਚਨਾ ਜਦੋਂ ਹੋਈ ਹੈ ਉਸਦੀ ਪੂਰਨਤਾ ਭਾਵ ਜਦੋਂ ਗੁਰਬਾਣੀ ਗ੍ਰੰਥ ਦੀ ਸੰਪੂਰਨਤਾ ਹੋਈ ਹੈ ਉਹ ਧੰਨ ਧੰਨ ਦਸਵੀਂ ਪਾਤਸ਼ਾਹੀ ਦੇ ਸਰੀਰਾਂ ਰਾਹੀਂ ਹੋਈ ਹੈ ਜਿੱਥੇ ਸੱਚ ਰੂਪ ਖਸਮ ਸ੍ਰਿਸ਼ਟੀ ਦਾ ਕਰਤਾ ਉਨ੍ਹਾਂ ਦੇ ਅੰਦਰ ਪ੍ਰਗਟ ਹੀ ਸੀ ਤੇ ਇਸੇ ਲਈ ਉਨ੍ਹਾਂ ਨੂੰ ਗੁਰਬਾਣੀ ਗ੍ਰੰਥ ਦੇ ਅੰਦਰ ਦਰਜ ਹਰ ਸ਼ਬਦ ਦੀ ਪੂਰਨ ਸਮਝ ਸੀ ਜਿਸ ਕਰਕੇ ਉਨ੍ਹਾਂ ਨੇ ਸ਼ਬਦਾਂ ਨੂੰ ਤਰਤੀਬ ਵਾਰ ਪੂਰੇ ਗੁਰਬਾਣੀ ਗ੍ਰੰਥ ਵਿੱਚ ਦਰਜ ਕੀਤਾ ਹੈ। ਜਿਸ ਵੀ ਮਨੁੱਖੀ ਰੂਪ ਦੇ ਅੰਦਰ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪਣਾ ਸੱਚ ਰੂਪ ਪ੍ਰਗਟ ਕਰਦਾ ਹੈ ਉੱਥੇ ਫਿਰ ਉਹ ਆਪਣਾ ਪੂਰਨ ਸੱਚ ਹੀ ਸੁਣਾਉਂਦਾ ਹੈ। ਗੁਰਬਾਣੀ ਗ੍ਰੰਥ ਦੇ ਵਿੱਚ ਹਰ ਸ਼ਬਦ ਦੀ ਵਿਚਾਰ ਦੇ ਅੰਦਰ ਪੂਰਨ ਸੱਚ ਹੈ ਤੇ ਇਸੇ ਲਈ ਉਹ ਜਦੋਂ ਵੀ ਕਿਸੇ ਮਨੁੱਖੀ ਰੂਪ ਨੂੰ ਆਪਣੀ ਨਾਰ ਬਣਾਉਂਦਾ ਹੈ ਭਾਵ ਉਸਦੇ ਅੰਦਰ ਆਪਣਾ ਖਸਮ ਰੂਪ ਪ੍ਰਗਟ ਕਰਦਾ ਹੈ ਭਾਵ ਸੱਚ ਰੂਪ ਪ੍ਰਗਟ ਕਰਦਾ ਹੈ ਫਿਰ ਉਸਨੂੰ ਗੁਰਬਾਣੀ ਗ੍ਰੰਥ ਦੇ ਅੰਦਰ ਦਰਜ ਹਰ ਸ਼ਬਦ ਦੇ ਅੰਦਰ ਦਾ ਸੱਚ ਹੀ ਸਮਝਾਉਂਦਾ ਹੈ ਕਿਉਂਕਿ ਉਹ ਪੂਰਨ ਸੱਚ ਦੇ ਰੂਪ ਵਿੱਚ ਹੈ। ਜਿਸਨੂੰ ਵੀ ਉਹ ਆਪਣੇ ਨਾਲ ਮੇਲਦਾ ਹੈ ਉਸਨੂੰ ਉਹ ਆਪਣੇ ਪੂਰਨ ਸੱਚ ਦੇ ਨਾਲ ਹੀ ਮੇਲਦਾ ਹੈ। ਹੁਣ ਅਸੀਂ ਗੁਰਬਾਣੀ ਅੰਗ ਸੱਤ ਸੋ ਬਾਈ (722) ਤੇ ਦਰਜ ਸ਼ਬਦ ਦੇ ਬਾਕੀ ਦੇ ਹਿੱਸੇ ਨੂੰ ਸਮਝਦੇ ਹਾਂ।

ਤਿਲੰਗ ਮਹਲਾ ੧ ॥

“ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥"

(ਅੰਗ ੭੨੨-੭੨੩)

ਉਪਰ ਵਾਲੇ ਸ਼ਬਦ ਦੇ ਪਹਿਲੇ ਪਦੇ ਨੂੰ ਤੇ ਦੂਸਰੇ ਸ਼ਬਦ ਦੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੀ ਹੈ। ਪੂਰੇ ਸ਼ਬਦ ਵਿੱਚ ਜੋ ਸਾਨੂੰ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਝੂਠਾ ਵਿਆਹ ਕਰਨਾ ਸਮਝਾਉਂਦੇ ਹਨ ਭਾਵ ਉਸਦੀ ਨਾਰ ਬਣਨਾ ਸਿਖਾਉਂਦੇ ਹਨ, ਉਸਦੇ ਨਾਲ ਵਿਆਹ ਦੇ ਫੇਰੇ ਲੈਣੇ ਸਿਖਾਉਂਦੇ ਹਨ, ਵਿਆਹ ਦਾ ਅਗਦ ਪੜਨ ਵਾਲੇ ਬਣਦੇ ਹਨ ਭਾਵ ਉਸਦੇ ਨਾਲ ਮੇਲ ਕਰਨਾ ਸਿਖਾਉਂਦੇ ਹਨ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਝੂਠਾ ਮਾਰਗ ਸਮਝਾਉਂਦੇ ਹਨ ਉਨ੍ਹਾਂ ਦਾ ਉਪਰ ਵਾਲੇ ਸ਼ਬਦਾਂ ਰਾਹੀਂ ਪਰਦਾਫਾਸ਼ ਕੀਤਾ ਹੋਇਆ ਹੈ ਭਾਵ ਉਨ੍ਹਾਂ ਦੀ ਮਤਿ ਦਾ ਪੂਰਨ ਰੂਪ ਵਿੱਚ ਖੰਡਨ ਕੀਤਾ ਹੋਇਆ ਹੈ। ਉਪਰ ਵਾਲੇ ਸ਼ਬਦ ਦੀਆਂ ਆਖਰੀ ਪੰਗਤੀਆਂ ਨੂੰ ਸਮਝਣ ਲਈ ਪਹਿਲੇ ਅਸੀਂ

54/7629

ਗੁਰਬਾਣੀ ਗ੍ਰੰਥ ਦੇ ਅੰਗ (78) ਅੱਠਤਰ ਤੇ ਆਏ ਸੀ ਤੇ ਉਸ ਤੋਂ ਬਾਅਦ ਅਸੀਂ ਗੁਰਬਾਣੀ ਅੰਗ (97) ਸਤਾਨਵੇਂ ਤੇ ਗਏ ਸੀ। ਜਿਨ੍ਹਾਂ ਸ਼ਬਦਾਂ ਦੁਆਰਾ ਅਸੀਂ ਸਮਝਿਆ ਹੈ ਕਿ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਰੂਪ ਨਾਰ ਦੇ ਨਾਲ ਆਪਣਾ ਸੱਚਾ ਵਿਆਹ ਰਚਾਉਣ ਦੁਆਰਾ ਕਿਸ ਤਰੀਕੇ ਉਨ੍ਹਾਂ ਨੂੰ ਆਪਣਾ ਸੱਚ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਆਪਣੀ ਨਾਰ ਬਨਾਉਣ ਦੁਆਰਾ ਸਮਝਾਇਆ ਹੈ। ਜਿਤਨੇ ਵੀ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਤੇ ਗੁਰਬਾਣੀ ਦੀ ਸੱਚੀ ਸਿੱਖਿਆ ਤੇ ਚੱਲਣ ਵਾਲੇ ਗੁਰੂ ਰੂਪ ਸਰੀਰਾਂ ਨੂੰ ਜਿਨ੍ਹਾਂ ਕਈ ਸਰੀਰਾਂ ਰਾਹੀਂ ਭਾਵੇਂ ਉਸਨੇ ਗੁਰਬਾਣੀ ਗ੍ਰੰਥ ਵਿੱਚ ਸ਼ਬਦ ਨਹੀਂ ਲਿਖਵਾਏ ਜਿਵੇਂ ਕਿ ਛੇਵੀਂ, ਸੱਤਵੀਂ, ਅੱਠਵੀਂ ਤੇ ਦਸਵੀਂ ਪਾਤਸ਼ਾਹੀ ਦੁਆਰਾ ਸ਼ਬਦ ਨਹੀਂ ਲਿਖਵਾਏ ਉਹ ਸਭ ਉਸਦੇ ਮਨੁੱਖੀ ਰੂਪ ਸੰਸਾਰ ਵਿੱਚ ਰਹਿੰਦੇ ਹੋਏ ਉਸਦੇ ਚੇਲੇ ਬਣਕੇ ਰਹੇ ਹਨ ਭਾਵ ਉਸਦਾ ਚੇਲਾ ਰੂਪ ਬਣ ਕੇ ਰਹੇ ਹਨ, ਸੱਚੀ ਗੁਰਮਤਿ ਦੇ ਚੇਲੇ ਬਣਕੇ ਰਹੇ ਹਨ ਜਿਨ੍ਹਾਂ ਨੂੰ ਆਪਣੇ ਆਪਣੇ ਵੇਲੇ ਤੱਕ ਗੁਰੂ ਗੁਰਬਾਣੀ ਦੇ ਅੰਦਰ ਦੇ ਪੂਰੇ ਸ਼ਬਦਾਂ ਦੀ ਪੂਰਨ ਰੂਪ ਵਿੱਚ ਸਮਝ ਸੀ ਭਾਵ ਜੋ ਇੱਕੋ ਇੱਕ ਸ੍ਰਿਸ਼ਟੀ ਦਾ ਸੱਚ ਰੂਪ ਮਰਦ ਹੈ, ਜੋ ਇੱਕੋ ਇੱਕ ਸੱਚ ਰੂਪ ਖਸਮ ਹੈ ਉਸ ਮਰਦ ਦੇ ਚੇਲੇ ਬਣ ਕੇ ਰਹੇ ਹਨ। ਉਪਰ ਵਾਲੇ ਸ਼ਬਦ ਦੇ ਦੂਸਰੇ ਪਦੇ ਦੀ ਪੰਜਵੀਂ ਪੰਗਤੀ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਗੁਰਬਾਣੀ ਅੰਗ ਦੇ (78) ਅੱਠਤਰਵੇਂ ਅੰਗ ਤੇ ਆਉਣ ਤੋਂ ਬਾਅਦ ਉਸ ਅੰਗ ਦੇ ਉੱਤੇ ਲਿਖੇ ਹੋਏ ਸ਼ਬਦ ਨੂੰ ਸਮਝਣ ਤੋਂ ਬਾਅਦ ਫਿਰ ਗੁਰਬਾਣੀ ਅੰਗ (97) ਸਤਾਨਵੇਂ ਤੇ ਜਾ ਕੇ ਲਿਖੇ ਹੋਏ ਸ਼ਬਦ ਨੂੰ ਸਮਝਣ ਤੋਂ ਬਾਅਦ ਫਿਰ ਹੋਰ ਵੀ ਇਸ ਸੰਸਾਰ ਦੇ ਵਿੱਚ ਇੱਕ ਉਸ ਮਰਦ ਦਾ ਚੇਲਾ ਭਾਵ ਸ੍ਰਿਸ਼ਟੀ ਦੇ ਖਸਮ ਦਾ ਚੇਲਾ ਉੱਠੇਗਾ ਭਾਵ ਇਸ ਸੰਸਾਰ ਦੇ ਸਾਹਮਣੇ ਆਵੇਗਾ। **(ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥)**

ਇਸ ਸ਼ਬਦ ਦਾ ਜਿਕਰ ਇਸ ਲੇਖ ਦੇ ਸ਼ੁਰੂ ਵਿੱਚ ਵੀ ਕੀਤਾ ਹੋਇਆ ਹੈ ਭਾਵ ਲੇਖ ਦੀ ਭੂਮਿਕਾ ਵਿੱਚ ਵੀ ਕੀਤਾ ਹੋਇਆ ਹੈ ਕਿ ਜੋ ਇਹ ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਅਰਥਾਂ ਦਾ ਲੇਖ ਲਿਖਿਆ ਜਾ ਰਿਹਾ ਹੈ ਉਹ ਪੂਰਾ ਲੇਖ ਉਹ ਉਪਰ ਵਾਲੇ ਸ਼ਬਦ ਦੇ ਨਾਲ ਜੁੜਿਆ ਹੋਇਆ ਹੈ ਭਾਵ ਇਹ ਪੂਰਾ ਲੇਖ ਕਿਸ ਤਰੀਕੇ ਲਿਖਿਆ ਜਾ ਰਿਹਾ ਹੈ ਤੇ ਕਿਸ ਮਕਸਦ ਲਈ ਲਿਖਿਆ ਜਾ ਰਿਹਾ ਹੈ ਇਸ ਗੱਲ ਦਾ ਜਿਕਰ ਇਸ ਲੇਖ ਨੂੰ ਲਿਖਵਾਉਣ ਦੇ ਮਾਲਕ ਨੇ ਆਪਣੇ ਇਸ ਨਿਮਾਣੇ ਜਿਹੇ ਚੇਲੇ ਕੋਲੋਂ ਉਸਦੇ ਮਰਦ ਨੇ ਭਾਵ ਸ੍ਰਿਸ਼ਟੀ ਦੇ ਖਸਮ ਨੇ ਆਪਣੀ ਨਾਰ ਬਨਾਉਣ ਦੁਆਰਾ ਪਹਿਲੇ ਹੀ ਲਿਖਵਾਇਆ ਹੋਇਆ ਹੈ ਜਿਸ ਆਪਣੇ ਇਸ ਦਾਸ ਨੂੰ ਆਪਣੀ ਸੱਚੀ ਗੁਰਮਤਿ ਦਾ ਚੇਲਾ ਦਾਸ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸਨੇ ਬਹੁਤ ਪਹਿਲੇ ਹੀ ਬਣਾ ਲਿਆ ਸੀ ਜਿਸਦਾ ਕਿ ਜਿਕਰ ਅਸੀਂ ਲੇਖ ਵਿੱਚ ਪਿੱਛੇ

54/7630

ਕੀਤਾ ਹੀ ਹੈ। ਉਸਨੇ ਬਹੁਤ ਹੀ ਨਿਮਾਣੇ ਜਿਹੇ ਇਸ ਮਨੁੱਖ ਨੂੰ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਮਰਦ ਨੇ ਆਪਣਾ ਚੇਲਾ ਕਿਸ ਮਕਸਦ ਲਈ ਬਣਾਇਆ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

"ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥"

ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਇਸ ਗੱਲ ਨੂੰ ਬਾਰ-ਬਾਰ ਸਮਝਿਆ ਹੈ ਕਿ ਸੱਚੀ ਗੁਰਬਾਣੀ ਉਸ ਸੱਚ ਰੂਪ ਅਕਾਲ ਪੁਰਖ ਦੇ ਘਰ ਵਿੱਚੋਂ ਹੀ ਆਈ ਹੈ ਜੋ ਉਸਦਾ ਸੱਚ ਰੂਪ ਘਰ ਸਭ ਦੇ ਮਨ ਦੇ ਵਿੱਚ ਹੀ ਹੈ ਪਰ ਜਦ ਤੱਕ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਸੱਚ ਰੂਪ ਖਸਮ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਕੋਈ ਵੀ ਉਸਦੇ ਸੱਚ ਰੂਪ ਘਰ ਨੂੰ ਆਪਣੇ ਅੰਦਰੋਂ ਨਹੀਂ

ਜਾਣ ਸਕਦਾ। ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਵਿੱਚ ਪੂਰਨ ਸੱਚ ਹੈ ਜੋ ਕਿ ਹਰ ਸ਼ਬਦ ਦੀ ਵਿਚਾਰ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਸੱਚ ਦੀ ਬਾਣੀ ਹੈ ਭਾਵ ਅਕਾਲ ਪੁਰਖ ਦੀ ਆਪਣੀ ਬਾਣੀ ਹੈ। ਉਪਰ ਵਾਲੀ ਪੰਗਤੀ ਵਿੱਚ ਧੰਨ ਧੰਨ ਅਕਾਲ ਪੁਰਖ ਰੂਪ ਬਾਬਾ ਨਾਨਕ ਜੀ ਸੰਸਾਰ ਨੂੰ ਇਹ ਕਹਿ ਰਹੇ ਹਨ ਕਿ ਮੈਂ ਜੋ ਬਾਣੀ ਕਹਿ ਰਿਹਾ ਹਾਂ ਇਹ ਸੱਚ ਦੀ ਬਾਣੀ ਹੈ ਭਾਵ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਬਾਣੀ ਹੈ ਤੇ ਇਹ ਸੱਚ ਰੂਪ ਬਾਣੀ ਨੂੰ ਸੁਨਾਉਣ ਲਈ ਭਾਵ ਗੁਰਬਾਣੀ ਦੇ ਅੰਦਰ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਸੁਨਾਉਣ ਲਈ ਹੋਰ ਵੀ ਮਰਦ ਦਾ ਚੇਲਾ ਸੰਸਾਰ ਵਿੱਚ ਉੱਠੇਗਾ। ਪੂਰੀ ਗੁਰਬਾਣੀ **"ਸਚ ਕੀ ਬੇਲਾ ਹੈ"**, ਪਿੱਛੇ ਅਸੀਂ ਗੁਰਬਾਣੀ ਅੰਗ (78) ਅੱਠਤਰ ਤੇ ਦਰਜ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਗੁਰਬਾਣੀ ਦੇ ਸ਼ਬਦਾਂ ਦੀ ਵੇਲ ਅੱਗੇ ਤੋਂ ਅੱਗੇ ਕਿਵੇਂ ਵੱਧੀ ਹੈ ਜੋ ਸ਼ਬਦਾਂ ਦੀ ਵਿਚਾਰ ਰੂਪ ਵੇਲ ਭਗਤਾਂ ਦੇ ਸਮੇਂ ਤੋਂ ਸ਼ੁਰੂ ਹੋਈ ਸੀ ਤੇ ਨੌਵੀਂ ਪਾਤਸ਼ਾਹੀ ਦੁਆਰਾ ਉਚਾਰੇ ਹੋਏ ਸ਼ਬਦ ਦਰਜ ਹੋਣ ਤੱਕ ਅੱਗੇ ਤੋਂ ਅੱਗੇ ਵੱਧਦੀ ਆਈ ਹੈ ਜੋ ਕਿ ਸੱਚ ਦੀ ਵੇਲ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਸੱਚ ਦੀ ਵੇਲ ਹੈ। ਉਪਰ ਵਾਲੀ ਪੰਗਤੀ ਵਿੱਚ ਸੱਚ ਦੀ ਵੇਲ ਨੂੰ ਹੀ ਸੱਚ ਕੀ ਬੇਲਾ ਕਿਹਾ ਹੈ। ਵੇਲ ਨੂੰ ਹਿੰਦੀ ਭਾਸ਼ਾ ਵਿੱਚ ਬੇਲ ਹੀ ਕਹਿੰਦੇ ਹਨ ਜੋ ਭਾਸ਼ਾ ਪੂਰੇ ਭਾਰਤ ਵਰਸ਼ ਵਿੱਚ ਜਿਆਦਾਤਰ ਬੋਲੀ ਜਾਂਦੀ ਹੈ। ਕਿਉਂਕਿ ਸ਼ਬਦਾਂ ਦੀ ਵੇਲ ਸ਼ਬਦ ਵੱਧਣ ਦੁਆਰਾ ਕਾਫੀ ਵੱਡੀ ਹੋ ਚੁਕੀ ਹੈ ਇਸੇ ਕਰਕੇ ਹੀ ਇਸਨੂੰ **"ਸਚ ਕੀ ਬੇਲਾ"** ਕਿਹਾ ਹੈ ਭਾਵ ਸੱਚ ਦੀ ਵੱਡੀ ਵੇਲ ਕਿਹਾ ਹੈ। ਅਕਾਲ ਪੁਰਖ ਰੂਪ ਮਰਦ ਨੇ ਇਸ ਮਨੁੱਖੀ ਸਰੀਰ ਨੂੰ ਆਪਣਾ ਚੇਲਾ ਭਾਵ ਆਪਣੀ ਗੁਰਮਤਿ ਵਾਲੀ ਸਮਝ ਦਾ ਚੇਲਾ ਭਾਵ ਆਪਣੀ ਸੱਚੀ ਸਮਝ ਦਾ ਚੇਲਾ ਇਸੇ ਕਰਕੇ ਬਣਾਇਆ ਹੈ ਕਿ ਮੇਰੇ ਅੰਦਰ ਪਾਈ ਹੋਈ ਉਸਦੀ ਸੱਚੀ ਸਮਝ ਦੁਆਰਾ ਸਾਰੀ ਗੁਰਬਾਣੀ ਦੇ ਅੰਦਰ ਦਾ ਸੱਚ ਸੰਸਾਰ ਨੂੰ ਸੁਣਾਇਆ ਜਾਏ ਜੋ ਸ਼ਬਦਾਂ ਦੇ ਅੰਦਰ ਦੀ ਵਿਚਾਰ ਦਾ ਸੱਚ ਇਹ ਦਾਸ ਕਾਫੀ ਸਾਲਾਂ ਤੋਂ ਲਿਖ ਰਿਹਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਕੁਝ ਸ਼ਬਦਾਂ ਦੁਆਰਾ ਸਮਝਿਆ ਹੈ। ਹੁਣ ਅਸੀਂ ਉਪਰ

54/7631

ਵਾਲੇ ਪੂਰੇ ਸ਼ਬਦ ਨੂੰ ਆਸਾਨੀ ਨਾਲ ਵਿਸ਼ਵਾਸ ਕਰਕੇ ਸਮਝ ਸਕਾਂਗੇ ਕਿ ਜਿਸ ਗਿਆਨ ਰੂਪ ਖਸਮ ਕੋਲੋਂ ਪੂਰੀ ਗੁਰਬਾਣੀ ਦਾ ਸੱਚਾ ਗਿਆਨ ਆਇਆ ਹੈ ਉਹ ਗਿਆਨ ਦਾ ਮਾਲਕ ਆਪ ਹੀ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣਾ ਖਸਮ ਰੂਪ ਪ੍ਰਗਟ ਕਰਨ ਦੁਆਰਾ ਆਪਣੀ ਰਚੀ ਹੋਈ ਗੁਰਬਾਣੀ ਦਾ ਸੱਚ ਸਮਝਾ ਸਕਦਾ ਹੈ ਜੋ ਕਿ ਉਸਨੇ ਇਸ ਨਿਮਾਣੇ ਜਿਹੇ ਮਨੁੱਖ ਦੀ ਸਮਝ ਦੇ ਅੰਦਰ ਆਪਣਾ ਸੱਚ ਰੂਪ ਪ੍ਰਗਟ ਕਰਨ ਦੁਆਰਾ ਆਪਣੀ ਰਚੀ ਹੋਈ ਗੁਰਬਾਣੀ ਦੇ ਅੰਦਰ ਦਾ ਸੱਚ ਸਮਝਾਇਆ ਹੈ, ਪੂਰੇ ਸੰਸਾਰ ਦੇ ਸਾਹਮਣੇ ਗੁਰਬਾਣੀ ਦੇ ਅੰਦਰ ਦਾ ਸੱਚ ਸਾਹਮਣੇ ਲਿਆਉਣ ਲਈ ਸਮਝਾਇਆ ਹੈ ਜੋ ਸੱਚ ਸਭ ਦੇ ਸਾਹਮਣੇ ਹਾਜਰ ਹੈ ਜੋ ਸੱਚ ਭਾਵ ਹਰ ਸ਼ਬਦ ਦੇ ਅੰਦਰ ਦੀ ਵਿਚਾਰ ਰੂਪ ਸੱਚ ਕਦੇ ਬਦਲ ਨਹੀਂ ਸਕਦਾ ਭਾਵ ਰਹਿੰਦੇ ਸੰਸਾਰ ਤੱਕ ਇਸ ਸੱਚ ਨੂੰ ਕੋਈ ਬਦਲ ਨਹੀਂ ਸਕੇਗਾ ਕਿਉਂਕਿ ਇਹ ਸੱਚ ਰੂਪ ਸ੍ਰਿਸ਼ਟੀ ਦੇ ਮਾਲਕ ਦਾ ਆਪਣਾ ਸਮਝਾਇਆ ਹੋਇਆ ਸੱਚ ਹੈ, ਉਸਦੇ ਆਪਣੇ ਸਮਝਾਏ ਹੋਏ ਬੋਲ ਹਨ ਜੋ ਉਸਦੇ ਬੋਲ ਸਦਾ ਅਟਲ ਹੀ ਰਹਿੰਦੇ ਹਨ। ਇਸ ਗੱਲ ਨੂੰ ਅਕਸਰ ਕਿਹਾ ਜਾਂਦਾ ਹੈ ਕਿ ਪੂਰੀ ਗੁਰਬਾਣੀ ਸੱਚਖੰਡ ਤੋਂ ਆਈ ਹੈ ਤੇ ਸੱਚਖੰਡ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਜਪੁਜੀ ਬਾਣੀ ਦੇ ਸ਼ਬਦ ਰਾਹੀਂ ਸਮਝਿਆ ਹੀ ਹੈ। ਉਸ ਸੱਚੇ ਦਾ ਖੰਡ ਮਨੁੱਖੀ ਮਨ ਹੀ ਹੈ ਭਾਵ ਉਸਦਾ ਜੋਤਿ ਰੂਪ ਮਨ ਹੀ ਹੈ ਜਿਸ ਜਗ੍ਹਾ ਤੇ ਸਾਰੇ ਵਿਚਾਰ ਉਪਜਦੇ ਹਨ। **"ਖੰਡ"** ਉਸਦੇ ਰਹਿਣ ਦੀ ਜਗ੍ਹਾ ਹੈ ਜੋ ਕਿ ਸਾਡਾ ਮਨ ਹੀ ਹੈ ਤੇ ਜਦੋਂ ਉਹ ਕਿਸੀ ਮਨੁੱਖੀ ਸਮਝ ਦੇ ਅੰਦਰ ਆਪਣਾ **"ਸਚੁ ਰੂਪ"** ਪ੍ਰਗਟ ਕਰ ਦਿੰਦਾ ਹੈ ਭਾਵ ਆਪਣਾ ਬ੍ਰਹਮ ਗਿਆਨ ਰੂਪ ਪ੍ਰਗਟ ਕਰ ਦਿੰਦਾ ਹੈ ਫਿਰ ਤਾਂ ਹੀ ਕੋਈ ਮਨੁੱਖ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਦਾ ਸੱਚਖੰਡ ਕੀ ਹੈ ਭਾਵ ਸਾਡਾ ਮਨ ਹੀ ਹੈ ਜਿਸ ਉਸਦੇ ਮਨ ਰੂਪ ਖੰਡ ਦੇ ਵਿੱਚੋਂ ਸੱਚ ਦੇ ਮਾਲਕ ਨੂੰ ਜਾਣਿਆ ਜਾ ਸਕਦਾ ਹੈ ਕਿ ਨਿਰੰਕਾਰ ਸੱਚਖੰਡ ਵਿੱਚ ਹੀ ਵੱਸਦਾ ਹੈ। ਪੂਰੀ ਗੁਰਬਾਣੀ ਦੇ ਸ਼ਬਦ ਉਸਦੇ ਸੱਚੇ ਭਗਤਾਂ ਦੇ, ਗੁਰੂ ਸਾਹਿਬਾਨ ਦੇ ਸੱਚਖੰਡ ਰਾਹੀਂ ਹੀ ਆਏ ਹਨ। ਪੂਰਾ ਧੰਨ ਧੰਨ ਗੁਰਬਾਣੀ ਗ੍ਰੰਥ ਨਿਰੰਕਾਰ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਸੱਚਖੰਡ ਹੀ ਹੈ ਜਿਸ ਵਿੱਚ ਉਸਦਾ ਟਿਕਾਣਾ ਹਰ ਸ਼ਬਦ ਦੇ ਅੰਦਰ ਦੇ ਵਿਚਾਰਾਂ ਦੇ ਸੱਚ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ, ਉਸਦੇ ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜੋ ਉਸਦਾ ਸੱਚ ਰੂਪ ਸਦਾ ਹੀ ਰਹਿਣ ਵਾਲਾ ਹੈ। **(ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ**

ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥)

ਇਸ ਲੇਖ ਨੂੰ ਹੁਣ ਤੱਕ ਪੜਨ ਤੋਂ ਬਾਅਦ ਤੇ ਖਾਸ ਕਰਕੇ ਉਪਰ ਵਾਲੇ ਸ਼ਬਦ ਨੂੰ ਪੜਨ ਤੋਂ ਬਾਅਦ ਇਹ ਖਿਆਲ ਤਾਂ ਸਭ ਦੇ ਅੰਦਰ ਜਰੂਰ ਆ ਰਿਹਾ ਹੋਵੇਗਾ ਕਿ ਹੁਣ ਤੱਕ ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਅਰਥ ਕਿਉਂ ਨਹੀਂ ਸੀ ਆਏ ਕਿਉਂਕਿ ਗੁਰਬਾਣੀ ਗ੍ਰੰਥ ਦੀ ਰਚਨਾ ਹੋਏ ਹੁਣ ਤੱਕ ਸਦੀਆਂ ਬੀਤ ਗਈਆਂ ਹਨ। ਉਹ ਗੁਰਬਾਣੀ ਦਾ ਰਚਨਹਾਰ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਬਹੁਤ ਹੀ ਸਿਆਣਾ ਹੈ ਜਿਸਦੀ ਸਿਆਣਪ ਦਾ ਅੰਦਾਜਾ ਕੋਈ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਲਗਾ ਲਵੇ ਇਹ ਨਾਮੁਮਕਿਨ ਹੈ। ਉਸਨੇ ਪੂਰੀ ਗੁਰਬਾਣੀ ਸਾਰੇ ਸੰਸਾਰ ਨੂੰ ਸਮਝਾਉਣ ਲਈ ਹੀ ਉਚਾਰੀ ਹੈ ਭਾਵ ਗੁਰਬਾਣੀ ਦੇ ਅੰਦਰ ਦਾ ਸੱਚ ਸੰਸਾਰ ਦੇ ਹਰ ਮਨੁੱਖ ਤੱਕ ਪਹੁੰਚਾਉਣ ਲਈ ਹੀ ਸ਼ਬਦਾਂ ਦੇ ਅੰਦਰ ਪਾਇਆ ਹੈ। ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਜੋ ਕੁਝ ਵੀ ਲਿਖਿਆ ਹੋਇਆ ਹੈ ਉਹ ਉਸਦੀ ਰਚੀ ਹੋਈ ਸਾਇੰਸ ਦੇ ਉਪਰ ਖਰਾ ਉਤਰਦਾ ਹੈ। ਗੁਰਬਾਣੀ ਗ੍ਰੰਥ ਦੇ ਵਿੱਚ ਸਦੀਆਂ ਪਹਿਲੇ ਇਹ ਲਿਖਿਆ ਗਿਆ ਸੀ ਕਿ ਇਸ ਸ੍ਰਿਸ਼ਟੀ ਤੇ ਕਰੋੜਾਂ ਹੀ ਸੂਰਜ ਹਨ, ਖੰਡ, ਬ੍ਰਹਮੰਡ ਹਨ ਤੇ ਕੁਝ ਵੀ ਟਿਕਿਆ ਹੋਇਆ ਨਹੀਂ ਭਾਵ ਸਭ ਕੁਝ ਬਹੁਤ ਵੱਡੇ ਆਕਾਸ਼ ਵਿੱਚ, ਸਪੇਸ ਵਿੱਚ ਘੁੰਮ ਰਿਹਾ ਹੈ ਜਿਸ ਗੱਲ ਨੂੰ ਅੱਜ ਤੋਂ ਕੁਝ ਸਾਲ ਪਹਿਲੇ ਤੱਕ ਵੀ ਕੋਈ ਮੰਨਣ ਨੂੰ ਤਿਆਰ ਨਹੀਂ ਸੀ ਹੁੰਦਾ ਜਿਵੇਂ ਕਿ ਇਸ ਗੱਲ ਦਾ ਜਿਕਰ ਅਸੀਂ ਲੇਖ ਵਿੱਚ ਕੁਝ ਪਿੱਛੇ ਵੀ ਕੀਤਾ ਹੈ। ਹੁਣ ਸਾਇੰਸ ਦੀ ਸਮਝ ਕਾਫੀ ਅੱਗੇ ਵੱਧ ਚੁਕੀ ਹੈ ਜਿਸ ਕਰਕੇ ਹਰ ਕੋਈ ਹੁਣ ਇਹ ਮੰਨਣ ਨੂੰ ਤਿਆਰ ਹੋ ਗਿਆ ਹੈ ਕਿ ਅਨੇਕਾਂ ਹੀ ਖੰਡ, ਬ੍ਰਹਮੰਡ ਹਨ ਤੇ ਸਭ ਕੁਝ ਸਪੇਸ ਵਿੱਚ ਘੁੰਮ ਰਿਹਾ ਹੈ ਭਾਵ ਧੰਨ ਧੰਨ ਗੁਰੂ ਗੁਰਬਾਣੀ ਦਾ ਸੱਚ ਸਾਰੇ ਸੰਸਾਰ ਦੇ ਸਾਹਮਣੇ ਆ ਗਿਆ ਹੈ ਜੋ ਆਪਣਾ ਸੱਚ ਸਾਇੰਸ ਦੇ ਮਾਲਕ ਨੇ ਵਿਗਿਆਨੀਆਂ

ਨੂੰ ਆਪਣੀ ਸਾਇੰਸ ਦਾ ਗਿਆਨ ਸਮੇਂ ਸਮੇਂ ਅਨੁਸਾਰ ਵਧਾਉਂਦੇ ਹੋਏ ਆਪ ਹੀ ਉਨ੍ਹਾਂ ਦੀ ਸਮਝ ਨੂੰ ਇਸ ਉੱਚੀ ਦੁਨਿਆਵੀ ਸਮਝ ਤੱਕ ਪਹੁੰਚਾਇਆ ਹੈ। ਹੋਰ ਇੱਕ ਵੱਡੀ ਗੱਲ ਗੁਰਬਾਣੀ ਦੇ ਸੱਚੇ ਅਰਥ ਸੰਸਾਰ ਦੇ ਅੱਗੇ ਸਦੀਆਂ ਤੋਂ ਬਾਅਦ ਇਤਨੀ ਦੇਰ ਨਾਲ ਲਿਆਉਣ ਦਾ ਕਾਰਣ ਗੁਰਬਾਣੀ ਦੇ ਸੱਚ ਨੂੰ ਸੰਸਾਰੀਆਂ ਤੱਕ ਉਸ ਤਰੀਕੇ ਪਹੁੰਚਾਉਣ ਦਾ ਹੈ ਜਿਸ ਤਰੀਕੇ ਕੁਝ ਸਾਲ ਪਹਿਲੇ ਤੱਕ ਨਹੀਂ ਸੀ ਪਹੁੰਚਾਇਆ ਜਾ ਸਕਦਾ। ਜਦ ਤੱਕ ਸੱਚ ਨੂੰ ਪੂਰੇ ਸੰਸਾਰ ਤੱਕ ਪੂਰਨ ਰੂਪ ਵਿੱਚ ਭਾਵ ਤੇਜੀ ਨਾਲ ਪਹੁੰਚਾਇਆ ਹੀ ਨਾ ਜਾ ਸਕੇ ਤਦ ਤੱਕ ਸੱਚ ਦਾ ਮਕਸਦ ਪੂਰਾ ਨਹੀਂ ਹੁੰਦਾ। ਪੂਰੀ ਗੁਰਬਾਣੀ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਸੱਚ ਹੈ ਕਿ ਸ੍ਰਿਸ਼ਟੀ ਦਾ ਕਰਤਾ ਕਿਸ ਰੂਪ ਵਿੱਚ ਹੈ ਤੇ ਸਾਰੀ ਸ੍ਰਿਸ਼ਟੀ ਦੇ ਵਿੱਚ ਉਹ ਆਪਣੇ ਕਿਸ ਰੂਪ ਵਿੱਚ ਵਿਚਰ ਰਿਹਾ ਹੈ ਜਿਸ ਗੱਲ ਦੀ ਸੰਸਾਰੀਆਂ ਨੂੰ ਕਦੇ ਸਮਝ ਨਹੀਂ ਲੱਗ ਸਕੀ ਭਾਵ ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤਦ ਤੋਂ ਹੀ ਹਰ ਕਿਸੇ ਨੇ ਉਸਨੂੰ ਜਾਨਣਾ ਚਾਹਿਆ ਹੈ ਪਰ ਜਾਣ ਨਹੀਂ ਸਕਿਆ ਤੇ ਆਪਣੇ ਅੰਦਰੋਂ ਜਿਨ੍ਹਾਂ ਨੇ ਉਸਨੂੰ ਜਾਣਿਆ ਹੈ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸੰਸਾਰ ਨੂੰ ਜਨਾਉਣ ਲਈ ਗੁਰਬਾਣੀ ਗ੍ਰੰਥ ਦੀ ਰਚਨਾ ਕੀਤੀ ਹੈ। ਜੇਕਰ ਸੱਚ ਨੂੰ ਕਿਸੇ ਤੱਕ ਪਹੁੰਚਾਇਆ ਹੀ ਨਾ ਜਾ ਸਕੇ ਫਿਰ ਉਸ ਸੱਚ ਦਾ ਮਕਸਦ ਪੂਰਾ ਨਹੀਂ ਹੁੰਦਾ। ਗੁਰਬਾਣੀ ਗ੍ਰੰਥ ਦਾ ਰਚਣਹਾਰ ਸ੍ਰਿਸ਼ਟੀ ਦਾ ਕਰਤਾ ਬਹੁਤ ਸਿਆਣਾ ਹੈ ਜਿਸਨੇ ਸੰਸਾਰ ਦੇ ਸਾਹਮਣੇ ਆਪਣਾ ਸੱਚ ਲਿਆਉਣ ਲਈ ਇਤਨੀ ਦੇਰ ਕੀਤੀ ਹੈ। ਉਸਨੂੰ ਸ਼ੁਰੂ ਤੋਂ ਹੀ ਇਸ ਗੱਲ ਦੀ ਸਮਝ ਸੀ ਭਾਵ ਗੁਰਬਾਣੀ ਗ੍ਰੰਥ ਦੀ ਰਚਨਾ ਦੇ ਵੇਲੇ ਹੀ ਸਮਝ ਸੀ ਕਿ ਸ਼ਬਦਾਂ ਦੇ ਅਰਥ ਬਹੁਤ ਗਹਿਰੇ ਹਨ ਤੇ ਜਦੋਂ ਇਨ੍ਹਾਂ ਗਹਿਰੇ ਸ਼ਬਦਾਂ ਦੇ ਅਰਥਾਂ ਨੂੰ ਲਿਖਣ ਲਈ ਪੁਸਤਕ ਬਣੇਗੀ ਉਹ ਬਹੁਤ ਵੱਡੀ ਪੁਸਤਕ ਬਣੇਗੀ, ਸੰਸਾਰ ਦੀ ਸਭ ਤੋਂ ਵੱਡੀ ਤੋਂ ਵੱਡੀ ਧਾਰਮਿਕ ਪੁਸਤਕ ਬਣੇਗੀ ਜਿਵੇਂ ਕਿ ਇਹ ਪੁਸਤਕ ਬਣ ਹੀ ਰਹੀ ਹੈ। ਇਤਨੀ ਵੱਡੀ ਪੁਸਤਕ ਦੇ ਅਰਥਾਂ ਨੂੰ ਸਾਰੇ ਸੰਸਾਰ ਦੇ ਸਾਹਮਣੇ ਪਹੁੰਚਾਉਣਾ ਬਹੁਤ ਔਖਾ ਸੀ ਜੇਕਰ ਇਹ ਪੁਸਤਕ ਅੱਜ ਤੋਂ ਕੁਝ ਸਾਲ ਪਹਿਲੇ ਤੱਕ ਸੰਸਾਰ ਵਿੱਚ ਆ ਗਈ ਹੁੰਦੀ। ਇਤਨੀ ਵੱਡੀ ਪੁਸਤਕ ਨੂੰ ਪੰਨੇ ਪਲਟ ਪਲਟ ਕੇ ਪੜਨਾ ਸੰਸਾਰ ਦੇ ਕਿਸੇ ਵੀ ਮਨੁੱਖ ਲਈ ਔਖਾ ਹੈ। ਕਿਉਂਕਿ ਇਸ ਪੁਸਤਕ ਨੂੰ ਪੜਨ ਵਾਲੇ ਜਿਆਦਾਤਰ ਸਿੱਖ ਜਗਤ ਦੇ ਨਾਲ ਜੁੜੇ ਹੋਏ ਮਨੁੱਖ ਹੀ ਹਨ ਤੇ ਜੇਕਰ ਇਹ ਪੁਸਤਕ ਬਹੁਤ ਪਹਿਲੇ ਆ ਗਈ ਹੁੰਦੀ ਫਿਰ ਇਹ ਕੇਵਲ ਸੰਸਾਰ ਦੇ ਕੁਝ ਲੋਕਾਂ ਤੱਕ ਹੀ ਸੀਮਿਤ ਰਹਿੰਦੀ ਭਾਵ ਇਸਦਾ ਸੰਦੇਸ਼ ਸਾਰੇ ਸੰਸਾਰ ਤੱਕ ਪਹੁੰਚਾਉਣਾ ਬਹੁਤ ਔਖਾ ਹੁੰਦਾ ਤੇ ਇਹ ਕਿਤਾਬ ਜਿਆਦਾਤਰ ਬੰਦ ਹੀ ਪਈ ਰਹਿੰਦੀ। ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦਾ ਸੰਦੇਸ਼ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦੀ ਹੈ, ਇੱਕੋ ਜਿਹੇ ਸੱਚ ਦੇ ਮਾਰਗ ਤੇ ਚੱਲਣਾ ਹੀ ਸਮਝਾਉਂਦੀ ਹੈ, ਸਾਰੀ ਮਨੁੱਖਤਾ ਦੇ ਭਲੇ ਲਈ ਵਿਚਰਨ

ਲਈ ਸਮਝਾਉਂਦੀ ਹੈ, ਧਾਰਮਿਕ ਝਗੜਿਆਂ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ ਤੇ ਉਹੋ ਜਿਹਿਆਂ ਦੀ ਮਤਿ ਨੂੰ ਛੱਡਣ ਲਈ ਸਮਝਾਉਂਦੀ ਹੈ ਜੋ ਆਪਣੀ ਵੱਖਰੀ ਵੱਖਰੀ ਧਾਰਮਿਕ ਆਸਥਾ ਕਰਕੇ ਵੱਖਰੇ ਵੱਖਰੇ ਧਰਮ ਦੇ ਮਾਰਗ ਸਮਝਾਉਂਦੇ ਹਨ ਭਾਵ ਆਪਸ ਵਿੱਚ ਝਗੜੇ ਪਵਾਉਂਦੇ ਹਨ ਜਿਵੇਂ ਕਿ ਇਸ

54/7633

ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਬਾਣੀ ਗ੍ਰੰਥ ਦਾ ਹਰ ਸ਼ਬਦ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਸੱਚਾ ਸੰਦੇਸ਼ ਹੈ ਜੋ ਉਸਦਾ ਸੰਦੇਸ਼ ਸਾਰੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਹੈ ਤੇ ਜਦ ਤੱਕ ਉਸਦਾ ਸੰਦੇਸ਼ ਸਾਰੇ ਸੰਸਾਰ ਤੱਕ ਪਹੁੰਚਾਇਆ ਹੀ ਨਾ ਜਾ ਸਕੇ ਫਿਰ ਉਸ ਸੰਦੇਸ਼ ਦਾ ਮੁੱਲ ਹੀ ਕੀ ਰਹਿ ਗਿਆ ਭਾਵ ਉਸਦੇ ਸੰਦੇਸ਼ ਦੀ ਕੀਮਤ ਹੀ ਕੀ ਪਈ। ਸ੍ਰਿਸ਼ਟੀ ਦੇ ਕਰਤੇ ਨੇ ਪੂਰੇ ਸੰਸਾਰ ਤੱਕ ਆਪਣਾ ਸੰਦੇਸ਼ ਪਹੁੰਚਾਉਣ ਦਾ ਜੋ ਸਮਾਂ ਚੁਣਿਆ ਹੈ ਭਾਵ ਹੁਣ ਦਾ ਸਮਾਂ ਚੁਣਿਆ ਹੈ ਉਹ ਉਸਨੇ ਆਪਣੀ ਬਹੁਤ ਵੱਡੀ ਸਿਆਣਪ ਕਰਕੇ ਹੀ ਚੁਣਿਆ ਹੈ। ਹੁਣ ਕੁੱਝ ਸਾਲਾਂ ਤੋਂ ਹੀ ਸੋਸ਼ਲ ਮੀਡੀਆ ਆਪਣੀ ਉਚਾਈ ਤੇ ਆਇਆ ਹੈ ਜਿਸ ਰਾਹੀਂ ਬਹੁਤ ਹੀ ਥੋੜੇ ਸਮੇਂ ਵਿੱਚ ਹਰ ਕਿਸੇ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਸੰਦੇਸ਼ ਬੜੀ ਆਸਾਨੀ ਦੇ ਨਾਲ ਪਹੁੰਚਾਇਆ ਜਾ ਸਕਦਾ ਹੈ ਜਿਸ ਲਈ ਕਿਸੇ ਨੂੰ ਵੀ ਇਤਨੀ ਵੱਡੀ ਪੁਸਤਕ ਹੱਥ ਵਿੱਚ ਚੁੱਕਣ ਦੀ ਲੋੜ ਨਹੀਂ ਹੈ ਤੇ ਉਸਦੇ ਪੰਨੇ ਪਲਟਣ ਦੀ ਲੋੜ ਨਹੀਂ ਹੈ। ਅਕਾਲ ਪੁਰਖ ਦੇ ਹੁਕਮ ਅਨੁਸਾਰ ਦਾਸ ਨੇ ਪਹਿਲੇ ਹੀ **"ਗੁਰਬਾਣੀ ਮੰਤ੍ਰ"** ਨਾਮ ਦੀ ਵੈਬਸਾਈਟ ਤਿਆਰ ਕਰਵਾ ਲਈ ਹੋਈ ਹੈ ਜਿਸ ਵੈਬਸਾਈਟ ਤੇ ਪੁਸਤਕ ਦਾ ਪੂਰਾ ਡਾਟਾ ਲੋਡ ਕਰ ਦਿੱਤਾ ਜਾਵੇਗਾ। ਅਕਾਲ ਪੁਰਖ ਦੇ ਹੁਕਮ ਅਨੁਸਾਰ ਪਹਿਲਾਂ ਇਹ ਪੁਸਤਕ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਕਾਲ ਪੁਰਖ ਦੇ ਚਰਨਾਂ ਵਿੱਚ ਭੇਟ ਕੀਤੀ ਜਾਵੇਗੀ ਜਿਸਨੇ ਆਪ ਹੀ ਪੂਰੀ ਪੁਸਤਕ ਲਿਖਵਾਈ ਹੈ। ਜਿਸ ਜਗ੍ਹਾ ਤੇ ਸਭ ਤੋਂ ਪਹਿਲੇ ਧੰਨ ਧੰਨ ਗੁਰਬਾਣੀ ਗ੍ਰੰਥ ਦੀ ਸ਼ੁਰੂਆਤ ਕੀਤੀ ਗਈ ਸੀ ਉੱਥੇ ਹੀ ਗੁਰੂ ਗੁਰਬਾਣੀ ਦੇ ਸੱਚੇ ਅਰਥਾਂ ਦੀ ਪੁਸਤਕ ਭੇਟ ਕੀਤੀ ਜਾਵੇਗੀ ਜੋ ਕਿ ਅੱਜ ਤੋਂ ਕੁਝ ਮਹੀਨੇ ਬਾਅਦ ਭੇਟ ਕਰ ਦਿੱਤੀ ਜਾਵੇਗੀ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇਹ ਪੁਸਤਕ ਭੇਟ ਕਰਨ ਤੋਂ ਬਾਅਦ ਫਿਰ ਪੁਸਤਕ ਦੇ ਅੰਦਰ ਦਾ ਸਾਰਾ ਡਾਟਾ **"ਗੁਰਬਾਣੀ ਮੰਤ੍ਰ"** ਵੈਬਸਾਈਟ ਤੇ ਪਾ ਦਿੱਤਾ ਜਾਵੇਗਾ ਜਿਸ ਵੈਬਸਾਈਟ ਤੋਂ ਸੰਸਾਰ ਦਾ ਕੋਈ ਵੀ ਮਨੁੱਖ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦੇ ਸੱਚੇ ਅਰਥਾਂ ਨੂੰ ਜਾਣ ਸਕੇਗਾ ਤੇ ਡਾਊਨਲੋਡ ਕਰ ਸਕੇਗਾ ਜੋ ਕਿ ਅੱਜ ਦੇ ਸਮੇਂ ਵਿੱਚ ਸਭ ਦੇ ਲਈ ਬਹੁਤ ਸੌਖਾ ਹੋ ਗਿਆ ਹੈ। ਸਭ ਦੇ ਕੋਲ ਮੋਬਾਇਲ ਫੋਨ ਦਾ ਹੋਣਾ ਆਮ ਜਿਹੀ ਗੱਲ ਹੋ ਗਈ ਹੈ ਜੋ ਕਿ ਕੁਝ ਸਮਾਂ ਪਹਿਲੇ ਤੱਕ ਬਹੁਤ ਔਖੀ ਗੱਲ ਸੀ। ਹਰ ਮਨੁੱਖ ਲੰਬੇ ਅਰਥ ਪੜਨ ਦੀ ਬਜਾਇ ਸੁਣਨਾ ਚਾਹੁੰਦਾ ਹੈ ਤੇ ਆਪਣੇ ਸਾਹਮਣੇ ਅਰਥ ਚੱਲਦੇ ਹੋਏ ਦੇਖਣਾ ਚਾਹੁੰਦਾ ਹੈ ਭਾਵ ਆਡੀਓ-ਵੀਡੀਓ ਸੁਣਨਾ, ਵੇਖਣਾ ਚਾਹੁੰਦਾ ਹੈ। ਅਕਾਲ ਪੁਰਖ ਦੇ ਹੁਕਮ ਅਨੁਸਾਰ ਉਸਦੇ ਇਸ ਨਿਮਾਣੇ ਜਿਹੇ ਚੇਲੇ ਨੇ ਆਡੀਓ-ਵੀਡੀਓ ਬਨਾਉਣ ਦਾ ਪ੍ਰਬੰਧ ਵੀ ਕੀਤਾ ਹੈ। ਦਾਸ ਦੇ ਛੋਟੇ ਭਾਈ ਸਾਹਿਬ ਸਿੰਘ ਜੀ ਦੇ ਗਲੇ ਦੀ ਆਵਾਜ ਸ੍ਰਿਸ਼ਟੀ ਦੇ ਕਰਤੇ ਨੇ ਬਹੁਤ ਹੀ ਸੋਹਣੀ ਦਿੱਤੀ ਹੋਈ ਹੈ ਜੋ ਕਿ ਸਾਰੀਆਂ ਪੰਜਾਬੀ ਭਾਸ਼ਾ ਦੀਆਂ ਆਡੀਓ ਤਿਆਰ ਕਰ ਰਹੇ ਹਨ ਤੇ ਕਾਫੀ ਸਾਰੀਆਂ ਕਰ ਵੀ ਚੁਕੇ ਹਨ। ਹਰ ਆਡੀਓ ਕਰੀਬ ਅੱਧੇ ਘੰਟੇ ਦੀ ਹੈ ਤੇ ਉਨ੍ਹਾਂ ਦੀਆਂ ਵੀਡੀਓ ਬਨਾਉਣ ਦਾ ਕੰਮ ਵੀ ਕਰਵਾਇਆ ਜਾ ਰਿਹਾ ਹੈ ਤੇ ਕਾਫੀ ਵੀਡੀਓ ਬਣ ਵੀ ਚੁਕੀਆਂ ਹਨ ਤੇ ਹੋਰ ਵੀ ਬਣ ਰਹੀਆਂ ਹਨ। ਆਡੀਓ ਬਨਾਉਣ ਦਾ ਕੰਮ ਹਿੰਦੀ ਭਾਸ਼ਾ ਵਿੱਚ, ਇੰਗਲਿਸ਼ ਭਾਸ਼ਾ ਵਿੱਚ ਤੇ ਉੜਦੂ ਭਾਸ਼ਾ ਵਿੱਚ ਵੀ ਚੱਲ ਰਿਹਾ ਹੈ ਜਿਨ੍ਹਾਂ ਦੀਆਂ ਨਾਲ ਵੀਡੀਓ ਵੀ ਤਿਆਰ ਕੀਤੀਆਂ ਜਾਣਗੀਆਂ ਤਾਂ ਜੋ ਸ੍ਰਿਸ਼ਟੀ ਦੇ ਕਰਤੇ ਦਾ ਸੰਦੇਸ਼ ਸੰਸਾਰ ਦੇ ਵੱਧ ਤੋਂ ਵੱਧ ਮਨੁੱਖਾਂ ਤੱਕ ਪਹੁੰਚਾਇਆ ਜਾ ਸਕੇ।
ਆਡੀਓ-ਵੀਡੀਓ

54/7634

ਸੁਣਨ, ਵੇਖਣ ਲਈ ਐਪ (App) ਵੀ ਤਿਆਰ ਕੀਤੀ ਜਾ ਰਹੀ ਹੈ ਜਿਸ ਐਪ (App) ਦਾ ਨਾਮ **"ਔਰਿਜਨੇਟਰ ਆਫ ਯੂਨੀਵਰਸ"** ਹੈ ਜੋ ਕਿ ਕੁਝ ਸਮੇਂ ਵਿੱਚ ਤਿਆਰ ਹੋ ਜਾਵੇਗੀ। ਦਰਬਾਰ ਸਾਹਿਬ ਅੰਮ੍ਰਿਤਸਰ ਵਿੱਖੇ ਪੁਸਤਕ ਭੇਟ ਕਰਨ ਤੋਂ ਬਾਅਦ ਇਹ ਸਾਰੇ ਆਡੀਓ-ਵੀਡੀਓ ਐਪ ਤੇ ਪਾ ਦਿੱਤੇ ਜਾਣਗੇ। ਜਿਵੇਂ ਕਿ (YouTube) ਯੂਟਿਊਬ ਨੂੰ ਦੇਖਣ ਵਾਲੇ ਬਹੁਤ ਹਨ ਤੇ ਇਸੇ ਤਰ੍ਹਾਂ (Twitter-X) ਟਵਿਟਰ-ਐਕਸ, (Facebook) ਫੇਸਬੁੱਕ, (Instragram) ਇੰਸਟਾਗਰਾਮ, (WhatsApp) ਵਹਾਟਸਐਪ, (Spotify) ਸਪਾਟੀਫਾਈ, (Apple Music) ਐਪਲ ਮਯੂਜ਼ਿਕ ਆਦਿ ਸੋਸ਼ਲ ਮੀਡੀਆਂ ਨਾਲ ਵੀ ਜੁੜੇ ਹੋਏ ਬਹੁਤ ਹਨ ਜਿੱਥੋਂ ਫਿਰ ਸੰਸਾਰ ਦਾ ਕੋਈ ਵੀ ਮਨੁੱਖ ਆਪਣੀ ਮਰਜੀ ਅਨੁਸਾਰ ਸ੍ਰਿਸ਼ਟੀ ਦੇ ਕਰਤੇ ਬਾਰੇ ਤੇ ਉਸਦੀ ਸ੍ਰਿਸ਼ਟੀ ਦੀ ਰਚਨਾ ਬਾਰੇ ਸਭ ਕੁਝ ਜਾਣ ਸਕੇਗਾ, ਸੰਸਾਰ ਦੇ ਹਰ ਮਨੁੱਖ ਦੇ ਸੱਚੇ ਧਰਮ ਬਾਰੇ ਜਾਣ ਸਕੇਗਾ, ਉਹ ਪੂਰੀ ਸ੍ਰਿਸ਼ਟੀ ਦੇ ਇੱਕੋ ਇੱਕ ਸੱਚੇ ਗੁਰੂ ਦੇ ਬਾਰੇ ਜਾਣ ਸਕੇਗਾ ਭਾਵ ਇੱਕੋ ਇੱਕ ਸੱਚੇ ਗਿਆਨ ਦੇ ਮਾਲਕ ਬਾਰੇ ਜਾਣ ਸਕੇਗਾ ਜੋ ਕਿ ਸਦਾ ਤੋਂ ਸ੍ਰਿਸ਼ਟੀ ਦਾ ਕਰਤਾ ਆਪ

ਹੀ ਹੈ ਜਿਸਨੇ ਆਪ ਹੀ ਹਰ ਮਨੁੱਖੀ ਸਰੀਰ ਨੂੰ ਬਣਾਇਆ ਹੈ ਤੇ ਆਪ ਹੀ ਹਰ ਮਨੁੱਖੀ ਸਰੀਰ ਦੇ ਅੰਦਰ ਸਮਝ ਪਾਈ ਹੈ, ਜਿਸਨੇ ਆਪ ਹੀ ਹਰ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੈ। ਭਰਮਾਂ ਵਾਲੀ ਸਮਝ ਕਰਕੇ ਹੀ ਅਨੇਕਾਂ ਆਪਣੇ ਆਪ ਨੂੰ ਧਰਮ ਦੀ ਉੱਚੀ ਸਮਝ ਵਾਲੇ ਸਮਝਦੇ ਹਨ ਭਾਵ ਆਪਣੇ ਆਪ ਨੂੰ ਸੰਤ, ਸਾਧ ਆਦਿ ਸਮਝਦੇ ਹਨ ਤੇ ਦੂਸਰਿਆਂ ਨੂੰ ਭਰਮਾਂ ਵਿੱਚ ਹੀ ਪਾਉਂਦੇ ਹਨ। ਸੰਸਾਰ ਦੇ ਵਿੱਚ ਧਾਰਮਿਕ ਨਫਰਤ ਫੈਲਾਉਣ ਵਾਲੇ ਤੇ ਆਪਸੀ ਝਗੜੇ ਕਰਵਾਉਣ ਵਾਲੇ ਜਿਆਦਾਤਰ ਇਹੋ ਜਿਹੇ ਹੀ ਹੁੰਦੇ ਹਨ ਜਿਨ੍ਹਾਂ ਨੂੰ ਖੁਦ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੁੰਦੀ। ਪੂਰੇ ਸੰਸਾਰ ਵਿੱਚ ਸਭ ਤੋਂ ਵੱਡੀ ਪ੍ਰੇਸ਼ਾਨੀ ਦਾ ਕਾਰਣ ਆਪਸੀ ਝਗੜੇ ਹੀ ਹਨ ਤੇ ਇਸ ਪੂਰੇ ਲੇਖ ਦਾ ਮਕਸਦ ਜੋ ਕਿ ਸ੍ਰਿਸ਼ਟੀ ਦੇ ਕਰਤੇ ਦੇ ਹੁਕਮ ਦੁਆਰਾ ਆਡੀਓ-ਵੀਡੀਓ ਦੁਆਰਾ ਸਾਰੀ ਮਨੁੱਖਤਾ ਤੱਕ ਹੁਣ ਆਸਾਨੀ ਨਾਲ ਪਹੁੰਚ ਸਕੇਗਾ। ਨਾਲ-ਨਾਲ ਸੋਸ਼ਲ ਮੀਡੀਆਂ ਉੱਤੇ ਅਨੇਕਾਂ ਛੋਟੀਆਂ-ਛੋਟੀਆਂ ਰੀਲਜ਼ ਭਾਵ ਸੋ ਤੋਂ ਵੀ ਜਿਆਦਾ ਰੀਲਾਂ ਵੀ ਚਲਾਈਆਂ ਜਾਣਗੀਆਂ ਜੋ ਕਿ ਕੁਝ ਸਮੇਂ ਪਹਿਲੇ ਨਹੀਂ ਸੀ ਚਲਾਈਆਂ ਜਾ ਸਕਦੀਆਂ। ਕੋਈ ਮਨੁੱਖ ਕਿਸੇ ਗੱਲ ਨੂੰ ਸਮਝਣ ਵਿੱਚ ਜਿਆਦਾ ਦਿਲਚਸਪੀ ਰੱਖਦਾ ਹੈ ਤੇ ਕੋਈ ਮਨੁੱਖ ਕਿਸੇ ਹੋਰ ਗੱਲ ਨੂੰ ਸਮਝਣ ਵਿੱਚ ਦਿਲਚਸਪੀ ਰੱਖਦਾ ਹੈ। ਕੋਈ ਗਾਡ ਬਾਰੇ ਜਾਨਣਾ ਚਾਹੁੰਦਾ ਹੈ, ਕੋਈ ਪ੍ਰਮਾਤਮਾ ਬਾਰੇ ਜਾਨਣਾ ਚਾਹੁੰਦਾ ਹੈ, ਕੋਈ ਅੱਲ੍ਹਾ ਬਾਰੇ ਜਾਨਣਾ ਚਾਹੁੰਦਾ ਹੈ, ਕੋਈ ਅਕਾਲ ਪੁਰਖ ਬਾਰੇ ਜਾਨਣਾ ਚਾਹੁੰਦਾ ਹੈ ਕਿਉਂਕਿ ਹਰ ਕੋਈ ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਦਾ ਹੈ। ਕੋਈ ਜਨਮ ਮਰਨ ਨੂੰ ਜਾਨਣ ਵਿੱਚ ਦਿਲਚਸਪੀ ਰੱਖਦਾ ਹੈ ਕਿ ਮਨੁੱਖ ਕਿੱਥੋਂ ਆਉਂਦਾ ਹੈ ਤੇ ਕਿੱਥੇ ਜਾਂਦਾ ਹੈ। ਕੋਈ ਸਵਰਗ ਨਰਕ ਨੂੰ ਜਾਨਣ ਵਿੱਚ ਦਿਲਚਸਪੀ ਰੱਖਦਾ ਹੈ ਤੇ ਕੋਈ ਇਸ ਗੱਲ ਨੂੰ ਜਾਨਣ ਵਿੱਚ ਦਿਲਚਸਪੀ ਰੱਖਦਾ ਹੈ ਕਿ ਜਮ੍ਹਾਂ ਦੀ ਮਾਰ ਕੀ ਹੁੰਦੀ ਹੈ। ਪੂਰੇ ਸੰਸਾਰ ਦੇ ਕਿਸੇ ਵੀ ਮਨੁੱਖ ਦੇ ਅੰਦਰ ਦਾ ਕੋਈ ਐਸਾ ਸਵਾਲ ਨਹੀਂ ਹੈ ਜਿਸਦਾ ਜਵਾਬ ਗੁਰਬਾਣੀ ਧਰਮ ਗ੍ਰੰਥ ਦੇ ਸ਼ਬਦਾਂ ਵਿੱਚ ਨਾ ਦਿੱਤਾ ਹੋਵੇ ਜਿਸ ਲਈ ਕੇਵਲ ਪੂਰੀ ਪੁਸਤਕ ਦੇ ਵਿਚਾਰਾਂ ਨੂੰ ਧਿਆਨ ਨਾਲ ਪੜਨ ਜਾਂ ਸੁਣਨ ਦੀ ਲੋੜ ਹੈ ਜੋ ਕੰਮ ਅੱਜ ਦੇ ਸ਼ੋਸ਼ਲ ਮੀਡੀਆ ਦੇ ਉੱਤੇ ਆਉਣ ਕਰਕੇ ਬਹੁਤ ਸੌਖਾ ਹੋ ਗਿਆ ਹੈ। ਹੁਣ ਤੁਸੀਂ ਇਸ ਗੱਲ ਨੂੰ ਸਮਝ ਸਕੋਗੇ ਕਿ ਜਿਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੇ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦੀ ਰਚਨਾ ਸਦੀਆਂ ਪਹਿਲੇ ਕਰਵਾਈ ਸੀ ਉਸਦੇ ਅੰਦਰ

54/7635

ਦੇ ਸ਼ਬਦਾਂ ਦੇ ਸੱਚੇ ਅਰਥਾਂ ਨੂੰ ਉਸਨੇ ਸੰਸਾਰ ਦੇ ਸਾਹਮਣੇ ਲਿਆਉਣ ਲਈ ਇਤਨੀ ਦੇਰ ਕਿਉਂ ਲਗਾਈ ਹੈ ਭਾਵ ਉਹ ਬਹੁਤ ਹੀ ਸਿਆਣਾ ਹੈ ਕਿਉਂਕਿ ਉਸਨੂੰ ਇਸ ਗੱਲ ਦੀ ਸਮਝ ਹੈ ਕਿ ਗੁਰਬਾਣੀ ਦੇ ਅੰਦਰ ਸੱਚਾ ਸੰਦੇਸ਼ ਸਾਰੇ ਸੰਸਾਰ ਤੱਕ ਪਹੁੰਚਾਉਣ ਦਾ ਕਿਹੜਾ ਸਮਾਂ ਉਸਨੂੰ ਸਹੀ ਲੱਗਾ ਹੈ। ਉਸਨੇ ਇਸੇ ਲਈ ਹੀ ਆਪਣਾ ਇਹ ਨਿਮਾਣਾ ਜਿਹਾ ਚੇਲਾ ਪੂਰੇ ਸੰਸਾਰ ਵਿੱਚ ਸਦੀਆਂ ਤੋਂ ਬਾਅਦ ਚੁਣਿਆ ਹੈ। ਦਾਸ ਦਾ ਦੁਨਿਆਵੀ ਨਾਮ **'ਅਮਰਜੀਤ ਸਿੰਘ ਚਾਵਲਾ'** ਹੈ ਜੋ ਕਿ ਭਾਰਤ ਵਰਸ਼ ਵਿੱਚ ਪੰਜਾਬ ਦੇ ਸੂਬੇ ਵਿੱਚ ਲੁਧਿਆਣਾ ਸ਼ਹਿਰ ਦਾ ਵਸਨੀਕ ਹੈ। ਦਾਸ ਬਾਰੇ ਕੁਝ ਹੋਰ ਜਾਣਕਾਰੀ ਲੇਖ ਦੇ ਆਖੀਰ ਵਿੱਚ ਜਾ ਕੇ ਦੇ ਦਿੱਤੀ ਜਾਵੇਗੀ।

ਜਿਸ ਵੀ ਮਨੁੱਖੀ ਰੂਪ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੀ ਜੋਤਿ ਰਾਹੀਂ ਪ੍ਰਗਟ ਹੋ ਕੇ ਹੀ ਕਰਦਾ ਹੈ ਭਾਵ ਮਨੁੱਖੀ ਮਨ ਦੀ ਸਮਝ ਦੇ ਵਿੱਚ ਹੀ ਆਪਣੇ ਆਪ ਨੂੰ ਕਿਸੇ ਦੇ ਅੰਦਰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਗ੍ਰੰਥ ਲਿਖਣ ਵਾਲਿਆਂ ਦੀ ਸਮਝ ਦੇ ਅੰਦਰ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਜਿਸ ਰੂਪ ਵਿੱਚ ਉਹ ਆਪ ਹੈ ਉਸੇ ਆਪਣੇ ਰੂਪ ਵਿੱਚ ਹੀ ਉਹ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਉਹ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਜਿਸ ਆਪਣੇ ਉੱਚੇ ਗਿਆਨ ਰਾਹੀਂ ਉਹ ਭਾਵ ਸਾਰੇ ਸੰਸਾਰ ਲਈ ਇੱਕੋ ਜਿਹੀ ਧਾਰਮਿਕ ਸਿੱਖਿਆ ਹੀ ਦਿੰਦਾ ਹੈ। ਉਹ ਆਪ ਸੱਚੀ ਧਾਰਮਿਕ ਸਿੱਖਿਆ ਦੇ ਰੂਪ ਵਿੱਚ ਹੀ ਹੈ ਤੇ ਜਿਸ ਮਨੁੱਖੀ ਸਮਝ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਆਪਣਾ ਸੱਚੀ ਧਾਰਮਿਕ ਸਿੱਖਿਆ ਰੂਪ ਹੀ ਪ੍ਰਗਟ ਕਰਦਾ ਹੈ ਤੇ ਉਸਦੀ ਇਹ ਸੱਚੀ ਸਿੱਖਿਆ ਰੂਪ ਹੀ ਉਸਦਾ ਨਾਮ ਰੂਪ ਹੈ। ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਹ ਜਿਸ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉੱਥੇ ਉਹ ਆਪਣੇ ਇਸ **"ਗੁਰ ਸਾਖੀ"** ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਆਪਣੇ ਇਸ ਦਾਸ ਦੀ ਸਮਝ ਦੇ ਅੰਦਰ ਉਸਨੇ ਆਪਣਾ ਇਹ **"ਗੁਰ ਸਾਖੀ"** ਰੂਪ ਹੀ ਪ੍ਰਗਟ ਕੀਤਾ ਹੈ ਜਿਸ ਕਰਕੇ ਇਹ ਦਾਸ ਉਸਦੇ ਗੁਰਸਾਖੀ ਰੂਪ ਦੇ ਕੋਲੋਂ ਮਨ ਦੇ ਵਿੱਚ ਲਏ ਹੋਏ ਉਸਦੇ ਸ਼ਬਦਾਂ ਦੇ ਵਿਚਾਰਾਂ ਨੂੰ ਬਿਲਕੁਲ ਉਸੇ ਤਰ੍ਹਾਂ ਪੂਰਨ ਰੂਪ ਵਿੱਚ ਇਸ ਲੇਖ ਦੁਆਰਾ ਇਸ ਸੰਸਾਰ ਦੇ ਸਾਹਮਣੇ ਲਿਆ ਰਿਹਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਹੇਠ ਦਿੱਤੇ ਸ਼ਬਦ ਰਾਹੀਂ ਸਮਝਿਆ ਹੀ ਹੈ ਤੇ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤੇ ਇਸ ਸਾਰੀ ਲਿਖਤ ਦਾ ਮਾਲਕ ਧੰਨ ਧੰਨ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਕੋਈ ਉਸਨੂੰ ਗਾਡ ਕਹਿ ਕੇ ਜਾਣੇ, ਪ੍ਰਮਾਤਮਾ ਕਹਿ ਕੇ ਜਾਣੇ, ਅੱਲ੍ਹਾ ਕਹਿ ਕੇ ਜਾਣੇ, ਅਕਾਲ ਪੁਰਖ ਕਹਿ ਕੇ ਜਾਣੇ ਜਾਂ ਕਿਸੇ ਵੀ ਹੋਰ ਨਾਮ ਦੁਆਰਾ ਜਾਣੇ ਉਸਨੂੰ ਕੋਈ

ਫਰਕ ਨਹੀਂ ਪੈਂਦਾ। ਉਸਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਮਾਰਗ ਹੈ ਜਿਸ ਤਰੀਕੇ ਸੱਚ ਦੇ ਮਾਲਕ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਤੇ ਇਸ ਪੂਰੇ ਲੇਖ ਰਾਹੀਂ ਆਪਣੇ ਆਪ ਨੂੰ ਜਾਨਣ ਦਾ ਮਾਰਗ ਸੱਚ ਦਾ ਮਾਲਕ ਆਪ ਹੀ ਸਮਝਾ ਰਿਹਾ ਹੈ। ਉਸਨੇ

54/7636

ਕਿਸੇ ਮਨੁੱਖੀ ਸਮਝ ਨੂੰ ਇਹ ਸਮਰਥਾ ਹੀ ਨਹੀਂ ਬਖਸ਼ੀ ਹੋਈ ਕਿ ਕੋਈ ਆਪਣੇ ਆਪ ਸੱਚ ਦੇ ਮਾਲਕ ਨੂੰ ਬਿਨ੍ਹਾਂ ਉਸਦੇ ਸਮਝਾਏ ਹੋਏ ਸੱਚ ਦੇ ਮਾਰਗ ਨੂੰ ਜਾਣ ਲਵੇ।

ਉਹ ਆਪਣੇ ਆਪ ਨੂੰ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣੇ ਕਿਸ ਰੂਪ ਵਿੱਚ ਪ੍ਰਗਟ ਕਰਦਾ ਹੈ ਤੇ ਕਿਸ ਮਕਸਦ ਲਈ ਪ੍ਰਗਟ ਕਰਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਜਿਸ ਸ਼ਬਦ ਦੀਆਂ ਕੁਝ ਪੰਗਤੀਆਂ ਨੂੰ ਜਿਨ੍ਹਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਦਾ ਮਨੁੱਖੀ ਸਮਝ ਦੇ ਅੰਦਰ ਉਸਦਾ **"ਜੋਤਿ"** ਰੂਪ ਸਮਝਾਇਆ ਹੋਇਆ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜੋ ਕਿ ਆਪਣੀ ਸ੍ਰਿਸ਼ਟੀ ਦੇ ਹਰ ਰੂਪ ਵਿੱਚ ਉਹ ਆਪ ਹੀ ਹੈ ਜੋ ਕਿ ਆਪ ਹੀ ਸਾਰੀ ਸ੍ਰਿਸ਼ਟੀ ਦਾ ਰਚਣਹਾਰ ਹੈ ਤੇ ਆਪਣੇ ਨਿਰੰਕਾਰ ਰੂਪ ਦੁਆਰਾ ਆਪਣੀ ਪੂਰੀ ਸ੍ਰਿਸ਼ਟੀ ਨੂੰ ਰਚਨ ਦੁਆਰਾ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਚਲਾ ਰਿਹਾ ਹੈ ਤੇ ਹਰ ਉਸਦਾ ਰਚਿਆ ਹੋਇਆ ਆਕਾਰ ਰੂਪ ਉਸ ਆਪਣੇ ਨਿਰੰਕਾਰ ਰੂਪ ਦੇ ਗੁਣ ਗਾ ਰਿਹਾ ਹੈ ਭਾਵ ਉਸਦੀ ਆਰਤੀ ਉਤਾਰ ਰਿਹਾ ਹੈ ਭਾਵ ਉਸਦਾ ਹੁਕਮ ਮੰਨਣ ਦੁਆਰਾ ਉਸਦੀ ਆਰਤੀ ਉਤਾਰ ਰਿਹਾ ਹੈ ਭਾਵ ਆਪਣਾ ਫਰਜ ਪੂਰਾ ਕਰਨ ਦੁਆਰਾ ਉਸਦਾ ਜੱਸ ਗਾ ਰਿਹਾ ਹੈ ਭਾਵ ਸ੍ਰਿਸ਼ਟੀ ਵਿੱਚ ਆਪਣੀ ਸ੍ਰਿਸ਼ਟੀ ਦੇ ਕਰਤੇ ਦੁਆਰਾ ਕੀਤੀ ਹੋਈ ਆਪਣੀ ਰਚਨਾ ਦਾ ਆਪਣਾ ਫਰਜ ਨਿਭਾ ਰਿਹਾ ਹੈ ਭਾਵ ਉਸਦੇ ਹੁਕਮ ਅਨੁਸਾਰ ਚੱਲ ਰਿਹਾ ਹੈ ਜਿਸ ਮਕਸਦ ਲਈ ਉਸਨੇ ਆਪਣੇ ਪੰਜਾਂ ਤੱਤਾਂ ਦੀ ਰਚਨਾ ਕਰਨ ਦੁਆਰਾ ਹਰ ਉਨ੍ਹਾਂ ਪੰਜਾਂ ਤੱਤਾਂ ਦੇ ਮਕਸਦ ਨੂੰ ਪੂਰਾ ਕਰਨ ਲਈ ਹੀ ਬਣਾਇਆ ਹੈ, ਜਿਸ ਮਕਸਦ ਲਈ ਉਸਨੇ ਪੰਜਾਂ ਤੱਤਾਂ ਦੀ ਰਚਨਾ ਕੀਤੀ ਹੈ। ਹਰ ਪੰਜਾਂ ਤੱਤਾਂ ਦੇ ਆਪਣੇ ਆਪਣੇ ਮਕਸਦ ਤੇ ਪੂਰਾ ਉਤਰਨਾ ਹੀ ਉਸ ਸ੍ਰਿਸ਼ਟੀ ਦੇ ਕਰਤੇ ਦੀ ਭਗਤੀ ਹੈ ਭਾਵ ਉਸ ਨਾਮ ਦੇ ਮਾਲਕ ਦਾ ਨਾਮ ਜਪਣਾ ਹੈ ਤੇ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਉਸਦਾ ਨਾਮ ਜਪਣਾ ਉਸਦੇ ਸੱਚੇ ਧਰਮ ਗ੍ਰੰਥਾਂ ਵਿੱਚ ਸਮਝਾਏ ਹੋਏ ਉਸਦੇ ਸੱਚ ਨੂੰ ਮੰਨਣਾ ਹੀ ਹੈ ਭਾਵ ਉਸਦੀ ਸੱਚੀ ਮਤਿ ਨੂੰ ਮੰਨਣਾ ਹੀ ਹੈ ਜਿਸਨੂੰ ਮੰਨਣ ਦੁਆਰਾ ਹੀ ਕੋਈ ਆਪਣੇ ਮਨੁੱਖੀ ਜੀਵਨ ਦਾ ਫਰਜ ਪੂਰਾ ਕਰ ਸਕਦਾ ਹੈ ਭਾਵ ਉਸ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਗਾ ਸਕਦਾ ਹੈ ਭਾਵ ਉਸਦੀ ਆਰਤੀ ਉਤਾਰ ਸਕਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਰਾਹੀਂ ਸਮਝਾਇਆ ਹੋਇਆ ਹੈ ਕਿ ਉਸਦੀ ਰਚੀ ਹੋਈ ਰਚਨਾ ਉਸਦੀ ਆਰਤੀ ਉਤਾਰ ਰਹੀ ਹੈ ਭਾਵ ਆਪਣਾ ਫਰਜ ਪੂਰਾ ਕਰਨ ਦੁਆਰਾ ਉਸਦੀ ਆਰਤੀ ਉਤਾਰ ਰਹੀ ਹੈ, ਉਸਦਾ ਨਾਮ ਜਪ ਰਹੀ ਹੈ, ਉਸਦੀ ਭਗਤੀ ਕਰ ਰਹੀ ਹੈ ਭਾਵ ਉਸਦੀ ਸੱਚੀ ਸਿੱਖਿਆ ਦੇ ਮਾਰਗ ਤੇ ਚੱਲ ਰਹੀ ਹੈ ਜੋ ਆਪਣੀ ਸਿੱਖਿਆ ਉਸਨੇ ਸਭ ਦੇ ਅੰਦਰ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਪਾਈ ਹੋਈ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਉਸਨੇ ਆਪਣੀ ਸੱਚੀ ਸਿੱਖਿਆ ਹੀ ਪਾਈ ਹੋਈ ਹੈ ਜੋ ਸੱਚੀ ਸਿੱਖਿਆ ਉਸਦਾ ਹੁਕਮ ਹੈ ਜਿਸ ਸੱਚੀ ਸਿੱਖਿਆ ਅਨੁਸਾਰ ਚੱਲਣਾ ਹੀ ਉਸਦਾ ਨਾਮ ਜਪਣਾ ਹੈ, ਉਸਦੀ ਭਗਤੀ ਕਰਨਾ ਹੈ, ਉਸਦਾ ਜੱਸ ਗਾਉਣਾ ਹੈ, ਉਸਦੇ ਹੁਕਮ ਨੂੰ ਮੰਨਣਾ ਹੈ, ਉਸਦੇ ਭਾਣੇ ਨੂੰ ਮੰਨਣਾ ਹੈ ਭਾਵ ਉਸਦੀ ਆਰਤੀ ਉਤਾਰਨਾ ਹੈ।

ਧਨਾਸਰੀ ਮਹਲਾ ੧ ਆਰਤੀ

ੴ ਸਤਿਗੁਰ ਪ੍ਰਸਾਦਿ ॥

{ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥}

(ਅੰਗ ੬੬੩)

ਪਉੜੀ ॥

{ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥
ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥ ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥
ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥ ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥}

(ਅੰਗ ੯੪੯)

ਸ੍ਰਿਸ਼ਟੀ ਦੇ ਹਰ ਮਨੁੱਖ ਲਈ ਸ੍ਰਿਸ਼ਟੀ ਦੇ ਕਰਤੇ ਦਾ ਜੱਸ ਗਾਉਣਾ ਕੀ ਹੈ ਭਾਵ ਉਸਦਾ ਮੰਗਲ ਗਾਉਣਾ ਕੀ ਹੈ ਜਿਸ ਨਾਲ ਸ੍ਰਿਸ਼ਟੀ ਦੇ ਕਰਤੇ ਨੂੰ ਖੁਸ਼ੀ ਮਿਲਦੀ ਹੈ, ਅੱਲ੍ਹਾ ਨੂੰ, ਪ੍ਰਮਾਤਮਾ ਨੂੰ, ਗਾਡ ਨੂੰ, ਵਾਹਿਗੁਰੂ ਨੂੰ ਖੁਸ਼ੀ ਮਿਲਦੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

{ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥ ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥}

(ਅੰਗ ੯੨੧-੯੨੨)

ਸੋਰਠਿ ਮਹਲਾ ੫ ॥

{ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥
ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥੧॥
ਅਪੁਨੀ ਬਿਧਿ ਆਪਿ ਜਨਾਵਹੁ ॥ ਹਰਿ ਜਨ ਮੰਗਲ ਗਾਵਹੁ ॥੧॥ ਰਹਾਉ ॥
ਬਿਸਰੁ ਨਾਹੀ ਕਬਹੂ ਹੀਏ ਤੇ ਇਹ ਬਿਧਿ ਮਨ ਮਹਿ ਪਾਵਹੁ ॥
ਗੁਰੁ ਪੂਰਾ ਭੇਟਿਓ ਵਡਭਾਗੀ ਜਨ ਨਾਨਕ ਕਤਹਿ ਨ ਧਾਵਹੁ ॥੨॥੩॥੩੧॥}

(ਅੰਗ ੬੧੭)

ਰਾਗੁ ਗਉੜੀ ਪੂਰਬੀ ਮਹਲਾ ੫
ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

{ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥
ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥
ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥ ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ ॥
ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਹਾਰੀ ॥
ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥੨॥}

(ਅੰਗ ੭੭੮)

54/7637

{ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਅਪਣਾ ਪਾਇਆ ॥
ਨਾਨਕ ਸਰਣਿ ਨਿਰਭਉ ਕਰਤੇ ਕੀ ਅਨਦ ਮੰਗਲ ਗੁਣ ਗਾਇਆ ॥੨॥੮੩॥੧੦੬॥}

(ਅੰਗ ੧੨੨੪)

ਮਲਾਰ ਮਹਲਾ ੫ ॥

{ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥
ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧॥ ਸੁਨੀਐ ਬਾਜੈ ਬਾਜ ਸੁਹਾਵੀ ॥
ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ ॥੧॥ ਰਹਾਉ ॥
ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਏ ॥
ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ ॥੨॥
ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ ॥
ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥
ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ ॥
ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ ॥੪॥੩॥}

(ਅੰਗ ੧੨੬੬-੧੨੬੭)

ਮਲਾਰ ਮਹਲਾ ੫ ॥

{ਘਨਿਹਰ ਬਰਸਿ ਸਗਲ ਜਗੁ ਛਾਇਆ ॥
ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥੧॥ ਰਹਾਉ ॥

ਮਿਟੇ ਕਲੇਸ ਤ੍ਰਿਸਨ ਸਭ ਬੂਝੀ ਪਾਰਬ੍ਰਹਮੁ ਮਨਿ ਧਿਆਇਆ ॥
ਸਾਧਸੰਗਿ ਜਨਮ ਮਰਨ ਨਿਵਾਰੇ ਬਹੁਰਿ ਨ ਕਤਹੂ ਧਾਇਆ ॥੧॥
ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ ॥
ਅੰਗੀਕਾਰੁ ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥੨॥੭॥੧੧॥}

(ਅੰਗ ੧੨੬੮)

ਉਪਰ ਵਾਲੇ ਸ਼ਬਦਾਂ ਵਿੱਚੋਂ ਕੁਝ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਅਕਾਲ ਪੁਰਖ ਦਾ ਮੰਗਲ ਗਾਉਣਾ, ਉਸਦਾ ਜੱਸ ਗਾਉਣਾ, ਉਸਦੀ ਕੀਰਤੀ ਗਾਉਣੀ, ਉਸਦੀ ਸਿਫਤ ਸਾਲਾਹ ਕਰਨੀ, ਉਸਦੇ ਗੁਣ ਗਾਉਣੇ ਇੱਕੋ ਹੀ ਗੱਲ ਹੈ ਭਾਵੇਂ ਗੁਰੂ ਗੁਰਬਾਣੀ ਦੇ ਜਿਸ ਮਰਜੀ ਸ਼ਬਦ ਰਾਹੀਂ ਸਮਝ ਲਈਏ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਆਪਣੇ ਹਰ ਸ਼ਬਦ ਰਾਹੀਂ ਆਪਣੇ ਗੁਣ ਗਾਉਣੇ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪਣੇ ਗੁਰੂ ਰੂਪ ਵਿੱਚ ਆਪ ਹੀ ਸਮਝਾ ਰਿਹਾ ਹੈ। ਸਾਰੀ ਗੱਲ ਉਸਦੀ ਸੱਚੀ ਗੁਰਮਤਿ ਦੇ ਗੁਣ ਗਾਉਣ ਦੀ ਹੈ ਜਿਸ ਆਪਣੀ ਸੱਚੀ ਗੁਰਮਤਿ ਦੇ ਰੂਪ ਵਿੱਚ ਭਾਵ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਰੂਪ ਵਿੱਚ ਉਹ ਆਪ ਹੈ। ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਉੱਚਾ ਕੀਤੇ ਬਿਨ੍ਹਾਂ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਨਹੀਂ ਗਾਏ ਜਾ ਸਕਦੇ ਭਾਵ ਸੱਚੀ ਗੁਰਮਤਿ ਨੂੰ ਅਪਨਾਏ ਬਿਨ੍ਹਾਂ ਭਾਵ ਸਾਰੇ ਔਗੁਣ ਛੱਡੇ ਬਿਨ੍ਹਾਂ ਉਸਦੇ ਗੁਣ ਨਹੀਂ ਗਾਏ ਜਾ ਸਕਦੇ, ਗੁਰਮਤਿ ਦਾ ਜੱਸ ਨਹੀਂ ਗਾਇਆ ਜਾ ਸਕਦਾ, ਗੁਰਮਤਿ ਦੀ ਸਿਫਤ ਸਾਲਾਹ ਨਹੀਂ ਕੀਤੀ ਜਾ ਸਕਦੀ ਭਾਵ ਗੁਰਮਤਿ ਦੇ ਮਾਲਕ ਗੁਰੂ ਦਾ ਮੰਗਲ ਨਹੀਂ ਗਾਇਆ ਜਾ ਸਕਦਾ ਜੋ ਉਸਦਾ ਮੰਗਲ ਗਾਉਣ ਲਈ ਭਾਵ ਉਸਦੇ ਸਮਝਾਏ ਹੋਏ ਸੱਚ ਦੇ ਮਾਰਗ ਤੇ ਚੱਲਣ ਲਈ ਭਾਵ ਸੱਚੇ ਸੁੱਚੇ ਕਰਮ ਕਰਨ ਦੇ ਲਈ ਆਪਣੀ ਮਤਿ ਪੂਰਨ ਰੂਪ ਵਿੱਚ ਤਿਆਗਣੀ ਹੀ ਪੈਂਦੀ ਹੈ, ਮਾਇਆ ਮੋਹ ਤਿਆਗਣਾ ਹੀ ਪੈਂਦਾ ਹੈ, ਤ੍ਰਿਸ਼ਨਾਵਾਂ ਤਿਆਗਣੀਆਂ ਹੀ ਪੈਂਦੀਆਂ ਹਨ ਤੇ ਇਸੇ ਲਈ ਸੰਸਾਰ ਦੇ ਹਰ ਮਨੁੱਖ ਲਈ ਉਸਦਾ ਜੱਸ ਗਾਉਣਾ ਬਹੁਤ ਔਖਾ ਹੈ। ਆਪਣੀ ਵਡਿਆਈ ਕਰਵਾਉਣੀ ਉਹ ਆਪ ਹੀ ਸਿਖਾਉਂਦਾ ਹੈ ਜੋ ਕਿ ਉਹ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਸਿਖਾਉਂਦਾ ਹੈ। ਗੁਰਮਤਿ ਦੀ ਵਡਿਆਈ ਵਿੱਚ ਉਸਦੀ ਆਪਣੀ ਵਡਿਆਈ ਹੈ। ਕਿਸੇ ਮਨੁੱਖੀ ਸਰੀਰ ਦੇ ਅੰਦਰ ਪ੍ਰਗਟ ਹੋ ਕੇ ਉਹ ਆਪਣੀ ਗੁਰਮਤਿ ਦੀ ਸੱਚੀ ਸਮਝ ਹੀ ਬਖਸ਼ਦਾ ਹੈ ਤੇ ਆਪ ਹੀ ਆਪਣੀ ਗੁਰਮਤਿ ਤੇ ਚੱਲਣ ਦੀ ਸਮਰਥਾ ਬਖਸ਼ਦਾ ਹੈ ਭਾਵ ਆਪਣੀ ਗੁਰਮਤਿ ਦੀ ਵਡਿਆਈ ਉਹ ਕਿਸੇ

54/7638

ਆਪਣੇ ਮਨੁੱਖੀ ਰੂਪ ਦੇ ਨਾਲ ਮੇਲ ਕਰਨ ਦੁਆਰਾ ਹੀ ਸਮਝਾਉਂਦਾ ਹੈ ਭਾਵ ਆਪਣੇ ਕਿਸੇ ਮਨੁੱਖੀ ਰੂਪ ਨੂੰ ਆਪਣੀ ਨਾਰ ਬਨਾਉਣ ਦੁਆਰਾ ਭਾਵ ਉਸਦੇ ਨਾਲ ਮਨ ਦੇ ਵਿੱਚ ਉਸਦੇ ਮਨ ਦੇ ਵਿਚਾਰਾਂ ਦੇ ਨਾਲ ਭਾਵ ਉਸਦੀ ਸੁਰਤਿ ਦੇ ਵਿਚਾਰਾਂ ਦੇ ਨਾਲ ਆਪਣੇ ਸ਼ਬਦ ਦੇ ਵਿਚਾਰਾਂ ਦਾ ਮੇਲ ਕਰਨ ਦੁਆਰਾ ਸਮਝਾਉਂਦਾ ਹੈ ਤੇ ਤਾਂ ਹੀ ਕੋਈ ਉਸਦੀ ਗੁਰਮਤਿ ਦੇ ਗੁਣ ਗਾਉਣ ਦੁਆਰਾ ਗੁਰੂ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਗਾਉਂਦਾ ਹੈ ਭਾਵ ਉਸਦਾ ਮੰਗਲ ਗਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸਦਾ ਮੰਗਲ ਕਿਵੇਂ ਗਾਇਆ ਜਾ ਸਕਦਾ ਹੈ ਇਸ ਗੱਲ ਨੂੰ ਹੁਣ ਅਗਲੇ ਸ਼ਬਦ ਰਾਹੀਂ ਸਮਝਦੇ ਹਾਂ ਜਿਸ ਸ਼ਬਦ ਵਿੱਚ ਉਸਦੀ ਮਨੁੱਖੀ ਨਾਰ ਦਾ ਉਸਦੇ ਨਾਲ ਵਿਆਹ ਹੀ ਸਮਝਾਇਆ ਹੋਇਆ ਹੈ ਜਿਸ ਸ਼ਬਦ ਨੂੰ ਸਿੱਖ ਜਗਤ ਵਿੱਚ ਦੁਨਿਆਵੀ ਵਿਆਹ ਵੇਲੇ ਭਾਵ ਕਿਸੀ ਇਸਤਰੀ ਪੁਰਸ਼ ਦੇ ਵਿਆਹ ਵੇਲੇ ਪੜਿਆ ਜਾਂਦਾ ਹੈ, ਲਾਵਾਂ ਲੈਣ ਦੇ, ਫੇਰੇ ਲੈਣ ਦੇ ਵੇਲੇ ਪੜਿਆ ਜਾਂਦਾ ਹੈ।

ਸੂਹੀ ਮਹਲਾ ੪ ॥

“ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥
ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥
ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥
ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥"

(ਅੰਗ ੭੭੩-੭੭੪)

ਸਿੱਖ ਧਾਰਮਿਕ ਮਰਿਯਾਦਾ ਅਨੁਸਾਰ ਜਦੋਂ ਮੁੰਡੇ ਕੁੜੀ ਦਾ ਵਿਆਹ ਕੀਤਾ ਜਾਂਦਾ ਹੈ ਉਹ ਦੋਨੋਂ ਮਿਲਕੇ ਜਿਸ ਵਿੱਚ ਲੜਕਾ ਅੱਗੇ ਲੱਗਦਾ ਹੈ ਤੇ ਲੜਕੀ ਉਸਦੇ ਪਿੱਛੇ ਲੱਗਦੀ ਹੈ, ਉਹ ਲੜਕੀ ਲੜਕੇ ਦਾ ਪਲਾ ਪਕੜ ਕੇ ਗੁਰਦੁਆਰਾ ਸਾਹਿਬ ਦੇ ਅੰਦਰ ਪਏ ਹੋਏ ਗੁਰਬਾਣੀ ਗ੍ਰੰਥ ਧਾਰਮਿਕ ਸਰੂਪ ਦੇ ਚਾਰ ਚੱਕਰ ਲਗਾਉਂਦੇ ਹਨ ਜਿਸਨੂੰ ਕਿ ਲਾਵਾਂ ਲੈਣੀਆਂ ਕਿਹਾ ਜਾਂਦਾ ਹੈ। ਜਦੋਂ ਦੁਨਿਆਵੀ ਲਾੜਾ ਲਾੜੀ ਪਹਿਲਾ ਚੱਕਰ ਕੱਟਦੇ ਹਨ ਭਾਵ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਫੇਰਾ ਲੈਂਦੇ ਹਨ ਉਸ ਵੇਲੇ ਉਪਰ ਵਾਲੇ ਪਹਿਲੇ ਪਦੇ ਨੂੰ ਪੜਿਆ ਜਾਂਦਾ ਹੈ ਜੋ ਕਿ ਉੱਥੇ ਬੈਠੇ ਹੋਏ ਰਾਗੀ ਸਿੰਘ ਪੜਕੇ ਗਾਉਂਦੇ ਹਨ। ਇਸੇ ਤਰ੍ਹਾਂ ਦੂਜੀ ਲਾਵ ਲੈਂਦੇ ਹੋਏ ਦੂਸਰੇ ਪਦੇ ਦੀਆਂ ਪੰਗਤੀਆਂ ਦਾ ਗਾਇਣ ਕੀਤਾ ਜਾਂਦਾ ਹੈ, ਤੀਸਰੀ ਲਾਵ ਲੈਂਦੇ ਹੋਏ ਤੀਸਰੇ ਪਦੇ ਦੀਆਂ ਪੰਗਤੀਆਂ ਦਾ ਗਾਇਣ ਕੀਤਾ ਜਾਂਦਾ ਹੈ ਤੇ ਆਖਰੀ ਤੇ ਚੌਥੀ ਲਾਵ ਲੈਂਦੇ ਹੋਏ ਸ਼ਬਦ ਦੇ ਚੌਥੇ ਪਦੇ ਵਾਲੀਆਂ ਪੰਗਤੀਆਂ ਦਾ ਗਾਇਣ ਕੀਤਾ ਜਾਂਦਾ ਹੈ। ਇਸ ਪੂਰੇ ਸ਼ਬਦ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੀ ਉਸਦੀ ਮਨੁੱਖੀ ਰੂਪ ਨਾਰ ਦਾ ਵਿਆਹ ਹੀ ਸਮਝਾਇਆ ਹੋਇਆ ਹੈ ਤੇ ਸ਼ਬਦ ਦਾ ਹਰ ਪਦਾ ਸਾਨੂੰ ਸੱਚੀ ਸਿੱਖਿਆ ਦੇਣ ਦੇ ਲਈ ਹੀ ਹੈ ਜਿਸ ਦੁਆਰਾ ਮਨੁੱਖ ਸੰਸਾਰ ਵਿੱਚ ਸੱਚਾ ਸੁੱਚਾ ਗ੍ਰਹਿਸਥੀ ਜੀਵਨ ਬਿਤਾ ਸਕਦਾ ਹੈ। ਮੁੰਡਾ ਤੇ ਕੁੜੀ ਜੋ ਵਿਆਹ ਦੇ ਲਈ ਲਾਵਾਂ ਲੈਂਦੇ ਹਨ ਉਹ ਗ੍ਰਹਿਸਥੀ ਬਣਨ ਲਈ ਹੀ ਲੈਂਦੇ ਹਨ। ਧਿਆਨ ਨਾਲ ਸਮਝਣ ਦੀ ਗੱਲ ਇਹ ਹੈ ਕਿ ਸ੍ਰਿਸ਼ਟੀ ਦਾ ਹਰ ਮਨੁੱਖ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਹੀ ਹੈ ਜਿਵੇਂ ਕਿ

54/7639

ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਲਾਵਾਂ ਲੈਣ ਵਾਲੀ ਕੁੜੀ ਵੀ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਹੈ ਤੇ ਲਾਵਾਂ ਲੈਣ ਵਾਲਾ ਮੁੰਡਾ ਵੀ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਹੈ। ਉਪਰ ਵਾਲੇ ਸ਼ਬਦ ਦੇ ਹਰ ਪਦੇ ਰਾਹੀਂ ਸੱਚਾ ਸੁੱਚਾ ਜੀਵਨ ਜਿਉਣ ਲਈ ਸਿੱਖਿਆ ਹੀ ਦਿੱਤੀ ਹੋਈ ਹੈ ਜੋ ਸਿੱਖਿਆ ਦੁਨਿਆਵੀ ਵਿਆਹ ਕਰਨ ਵਾਲੇ ਮੁੰਡੇ-ਕੁੜੀ ਦੇ ਲਈ ਇੱਕੋ ਜਿਹੀ ਹੀ ਹੈ ਭਾਵ ਉਨ੍ਹਾਂ ਦੋਨਾਂ ਨੂੰ ਹੀ ਇਹ ਸਿੱਖਿਆ ਮੰਨਣੀ ਚਾਹੀਦੀ ਹੈ ਤਾਂ ਜੋ ਉਹ ਸੋਹਣਾ ਗ੍ਰਹਿਸਥੀ ਜੀਵਨ ਜਿਉਣ ਭਾਵ ਨਾ ਇੱਕ ਦੂਜੇ ਦਾ ਮਾੜਾ ਕਰਨ ਤੇ ਨਾ ਹੀ ਕਿਸੇ ਹੋਰ ਸੰਸਾਰੀ ਮਨੁੱਖ ਦਾ ਮਾੜਾ ਕਰਨ ਭਾਵ ਦੋਵੇਂ ਆਪਣਾ ਸੱਚਾ ਸੁੱਚਾ ਜੀਵਨ ਜਿਉਣ ਤੇ ਗ੍ਰਹਿਸਥੀ ਜੀਵਨ ਦੇ ਫਰਜਾਂ ਉਪਰ ਖਰੇ ਉਤਰਣ। ਆਉ ਹੁਣ ਪਹਿਲੇ ਪਦੇ ਰਾਹੀਂ ਸਮਝਦੇ ਹਾਂ ਕਿ ਸਾਨੂੰ ਕਿਹੋ ਜਿਹੀ ਸਿੱਖਿਆ ਦਿੱਤੀ ਗਈ ਹੈ ਜੋ ਸਿੱਖਿਆ ਸਾਰੇ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹੀ ਹੀ ਹੈ ਭਾਵੇਂ ਕੋਈ ਜਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ।

"ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥"

ਉਪਰ ਵਾਲੇ ਪੂਰੇ ਸ਼ਬਦ ਵਿੱਚ ਸਾਰੇ ਸੰਸਾਰ ਦੇ ਹਰ ਪੁਰਸ਼ ਇਸਤਰੀ ਲਈ ਉਹੀ ਸਿੱਖਿਆ ਹੈ ਜੋ ਆਪਣੀ ਸੱਚੀ ਸਿੱਖਿਆ ਇੱਕੋ ਇੱਕ ਸੱਚ ਰੂਪ ਸ੍ਰਿਸ਼ਟੀ ਦਾ ਖਸਮ ਕਿਸੇ ਨੂੰ ਆਪਣੀ ਨਾਰ ਬਨਾਉਣ ਦੁਆਰਾ ਦਿੰਦਾ ਹੈ ਭਾਵ ਮਨ ਦੇ ਵਿੱਚ ਉਸਦੇ ਨਾਲ ਆਪਣਾ ਵਿਆਹ ਕਰਾਉਣ ਦੁਆਰਾ ਮਨ ਦੇ ਵਿੱਚ ਹੀ ਪ੍ਰਗਟ ਹੋ ਕੇ ਉਸਨੂੰ ਆਪਣੀ ਸੱਚੀ ਸਿੱਖਿਆ ਸਮਝਾਉਂਦਾ ਹੈ ਕਿ ਮੇਰੀ ਘਰਵਾਲੀ ਇਹੋ ਜਿਹੇ ਜੀਵਨ ਵਾਲੀ ਹੋਣੀ ਚਾਹੀਦੀ ਹੈ ਭਾਵ ਆਪਣੇ ਘਰਵਾਲੇ ਵਰਗੀ ਸਮਝ ਵਾਲੀ ਹੋਣੀ ਚਾਹੀਦੀ ਹੈ ਭਾਵ ਗੁਰਮਤਿ ਦੇ ਮਾਲਕ, ਗੁਰਮਤਿ ਵਾਲੀ ਸੱਚੀ ਸਮਝ ਵਾਲੀ ਹੋਣੀ ਚਾਹੀਦੀ ਹੈ ਭਾਵ ਇੱਕੋ ਜਿਹੇ ਵਿਚਾਰਾਂ ਵਾਲੀ ਹੋਣੀ ਚਾਹੀਦੀ ਹੈ। ਸੰਸਾਰ ਵਿੱਚ ਜੋ ਝਗੜਾ ਇਸਤਰੀ ਪੁਰਸ਼ ਦਾ ਆਪਸ ਵਿੱਚ ਹੁੰਦਾ ਹੈ ਉਹ ਵਿਚਾਰ ਨਾ ਰਲਣ ਦੁਆਰਾ ਹੁੰਦਾ ਹੈ ਜੇ ਵਿਚਾਰ ਆਪਸ ਵਿੱਚ ਰਲ ਗਏ ਤਾਂ ਫਿਰ ਕਿਸ ਗੱਲ ਦਾ ਝਗੜਾ ਭਾਵ ਫਿਰ ਝਗੜਾ ਨਿਬੜ ਜਾਂਦਾ ਹੈ। ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਹੀ ਹੈ ਤੇ ਉਸਦੇ ਨਾਲ ਝਗੜਾ ਉਸ ਸੱਚੇ ਖਸਮ ਦੇ ਵਿਚਾਰਾਂ ਨੂੰ ਮੰਨ ਕੇ ਨਿਬੇੜਿਆ ਜਾ ਸਕਦਾ ਹੈ। ਆਉ ਸਮਝੀਏ ਕਿ ਸਭ ਦਾ ਵਰ ਰੂਪ ਸ੍ਰਿਸ਼ਟੀ ਦਾ ਕਰਤਾ ਕਿਹੋ ਜਿਹਾ ਜੀਵਨ ਜਿਉਣਾ ਸਿਖਾ ਰਿਹਾ ਹੈ ਜਿਸ ਦੁਆਰਾ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਭਾਵ ਉਸਦੇ ਨਾਲ ਫਿਰ ਕੋਈ ਝਗੜਾ ਨਹੀਂ ਰਹਿ ਜਾਂਦਾ ਕਿਉਂਕਿ ਗੁਰਮਤਿ ਦੇ ਮਾਲਕ ਨਾਲ ਝਗੜਾ ਸਾਡੀ ਮਨਮਤਿ ਦਾ ਹੈ ਭਾਵ ਨਾਮ ਦੇ ਨਾਲ ਸਾਡਾ ਝਗੜਾ ਸਾਡੀ ਹਉਮੈ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਨੂੰ ਨਾ ਮੰਨਣ ਕਰਕੇ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਆਉ

54/7640

ਹੁਣ ਸ਼ਬਦ ਦੇ ਪਹਿਲੇ ਪਦੇ ਨੂੰ ਸਮਝੀਏ ਕਿ ਸਾਨੂੰ ਕੀ ਸਮਝਾਇਆ ਹੈ।

"ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥"

ਜਦੋਂ ਵੀ ਸ੍ਰਿਸ਼ਟੀ ਦਾ ਕਰਤਾ ਭਾਵ ਗਾਡ, ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ ਆਪਣੇ ਆਪ ਨੂੰ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਕਿਸੇ ਨੂੰ ਆਪਣੀ ਪਤਨੀ ਬਣਾਉਂਦਾ ਹੈ ਸਭ ਤੋਂ ਪਹਿਲਾਂ ਉਹ ਉਸਨੂੰ ਆਪਣਾ **"ਪਰਵਿਰਤੀ ਕਰਮ"** ਹੀ ਦ੍ਰਿੜ ਕਰਵਾਉਂਦਾ ਹੈ ਭਾਵ ਉਸਦੇ ਅੰਦਰ **"ਪਰਵਿਰਤੀ ਕਰਮ"** ਕਰਨ ਵਾਲੀ ਸਮਝ ਪੱਕੀ ਕਰਦਾ ਹੈ। ਸਾਡੀ ਸਮਝ ਨੂੰ ਪੱਕਾ ਉਹੀ ਕਰ ਸਕਦਾ ਹੈ ਭਾਵ ਪੱਕੀ ਸਮਝ ਉਹੀ ਬਣਾ ਸਕਦਾ ਹੈ ਜੋ ਮਨੁੱਖੀ ਸਮਝ ਦਾ ਮਾਲਕ ਹੈ। ਮਨੁੱਖੀ ਸਮਝ ਦਾ ਮਾਲਕ **"ਬਲਿ ਰਾਮ"** ਹੈ ਜੋ ਕਿ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸ ਤੋਂ ਉੱਚੇ ਬਲ ਵਾਲਾ ਕੋਈ ਹੋ ਹੀ ਨਹੀਂ ਸਕਦਾ ਭਾਵ ਉਹ ਸਭ ਤੋਂ ਵੱਡੀ ਤਾਕਤ ਵਾਲਾ ਹੈ। ਉਸਦੀ ਤਾਕਤ ਉਸਦਾ ਉੱਚਾ ਗਿਆਨ ਹੈ, ਉਸਦਾ ਬ੍ਰਹਮ ਗਿਆਨ ਹੈ ਭਾਵ ਉਸਦਾ ਨਾਮ ਹੈ ਜਿਸ ਆਪਣੇ ਨਾਮ ਦੁਆਰਾ ਉਸਨੇ ਪੂਰੀ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਦੋਂ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਹ ਆਪ ਕੋਈ ਗੱਲ ਦ੍ਰਿੜ ਕਰਨਾ ਚਾਹੇ ਫਿਰ ਉਹ ਗੱਲ ਦ੍ਰਿੜ ਹੋ ਕੀ ਹੀ ਰਹਿੰਦੀ ਹੈ। ਜਿਸ ਮਨੁੱਖੀ ਸਮਝ ਦੇ ਅੰਦਰ ਉਹ ਆਪਣੀ ਉੱਚੀ ਗੁਰਮਤਿ ਰੂਪ ਸਮਝ ਦਾ ਪਹਿਲਾ ਫੇਰਾ ਲੈਂਦਾ ਹੈ, ਮਨਮਤਿ ਰੂਪ ਸਮਝ ਨੂੰ ਗੁਰਮਤਿ ਰੂਪ ਸੱਚੀ ਸਮਝ ਦੇਣ ਲਈ ਫੇਰਾ ਲੈਂਦਾ ਹੈ ਉਸਨੂੰ ਮਨ ਦੇ ਵਿੱਚ ਆਪਣਾ **"ਪਰਵਿਰਤੀ ਕਰਮ"** ਹੀ ਦ੍ਰਿੜ ਕਰਾਉਂਦਾ ਹੈ ਭਾਵ ਆਪਣੀ ਮਨੁੱਖੀ ਰੂਪ ਪਤਨੀ ਨੂੰ ਆਪਣੇ ਜੀਵਨ ਵਿੱਚ ਆਪਣੇ ਫਰਜਾਂ ਤੇ ਪੂਰਾ ਉਤਰਨ ਲਈ ਹੀ ਪੱਕਾ ਕਰਦਾ ਹੈ। **(ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥)**

ਉਹ ਆਪਣੀ ਮਨੁੱਖੀ ਰੂਪ ਪਤਨੀ ਨੂੰ **"ਪਰਵਿਰਤੀ ਕਰਮ"** ਕਿਸ ਰੂਪ ਵਿੱਚ ਦ੍ਰਿੜ ਕਰਾਉਂਦਾ ਹੈ ਤੇ ਇਹੀ ਗੱਲ ਪਹਿਲੇ ਪਦੇ ਦੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥"

ਜਿਵੇਂ ਕਿ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਹੈ ਸੰਸਾਰ ਦਾ ਹਰ ਸੱਚਾ ਧਰਮ ਗ੍ਰੰਥ ਇੱਕੋ ਜਿਹਾ ਹੀ ਧਰਮ ਦਾ ਸੱਚਾ ਮਾਰਗ ਸਮਝਾਉਂਦਾ ਹੈ ਜਿਸ ਧਰਮ ਦੇ ਮਾਰਗ ਤੇ ਚੱਲਣ ਲਈ ਮਨੁੱਖ ਨੂੰ ਮਨ ਦੀ ਮਾੜੀ ਸਮਝ ਛੱਡਣੀ ਪੈਂਦੀ ਹੈ, ਹਰ ਔਗੁਣ ਛੱਡਣਾ ਪੈਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਵਿਚਾਰ ਛੱਡਣੇ ਪੈਂਦੇ ਹਨ ਜੋ ਮਨ ਦੇ ਮਾੜੇ ਵਿਚਾਰ ਮਨੁੱਖ ਕੋਲੋਂ ਮਾੜੇ ਕਰਮ ਕਰਾਉਂਦੇ

54/7641

ਹਨ ਭਾਵ ਮਨੁੱਖ ਨੂੰ ਪਾਪੀ ਬਣਾਉਂਦੇ ਹਨ। ਮਨ ਦੇ ਅੰਦਰੋਂ ਇਹ ਪਾਪਾਂ ਵਾਲੇ ਵਿਚਾਰ ਛੱਡਣਾ ਹੀ ਪ੍ਰਮਾਤਮਾ ਦੇ ਨਾਮ ਨੂੰ ਧਿਆਉਣਾ ਹੈ। ਭਾਰਤ ਵਰਸ਼ ਵਿੱਚ ਬ੍ਰਹਮਾ ਦੀ ਬਾਣੀ ਦੁਆਰਾ ਉਚਾਰੇ ਹੋਏ **"ਵੇਦੁ"** ਸਭ ਨੂੰ ਇਹੋ ਜਿਹਾ ਸੱਚੇ ਧਰਮ ਦਾ ਮਾਰਗ ਹੀ ਸਮਝਾਉਂਦੇ ਹਨ ਤੇ ਇਹੋ ਜਿਹਾ ਧਰਮ ਦਾ ਮਾਰਗ ਹੀ ਭਾਵ ਨਾਮ ਧਿਆਉਣ ਦਾ ਮਾਰਗ ਹੀ **"ਸਿਮ੍ਰਿਤਿ"** ਧਰਮ ਗ੍ਰੰਥ ਸਮਝਾਉਂਦਾ ਹੈ ਭਾਵ ਸਾਰੇ ਸੱਚੇ ਧਰਮ ਗ੍ਰੰਥ ਸਾਨੂੰ ਆਪਣੇ ਜੀਵਨ ਵਿੱਚ ਸਾਡੇ ਅਸਲ ਫਰਜ ਕੀ ਬਣਦੇ ਹਨ ਭਾਵ ਸਾਡੀ ਅਸਲ ਜੀਵਨ ਜਾਚ ਕੀ ਹੋਣੀ ਚਾਹੀਦੀ ਹੈ, ਇਹੀ ਸਮਝਾਉਂਦੇ ਹਨ। **(ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥)**

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥}

(ਅੰਗ ੧੩੫੦)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ ੮੩੧)

{ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ ੯੧੯)

ਆਪਣੇ ਅੰਦਰ ਧਰਮ ਗ੍ਰੰਥਾਂ ਦੇ ਅੰਦਰ ਦੇ ਨਾਮ ਨੂੰ ਤਾਂ ਹੀ ਆਰਾਧਿਆ ਜਾ ਸਕਦਾ ਹੈ ਜੇਕਰ ਧਰਮ ਗ੍ਰੰਥਾਂ ਦੇ ਅੰਦਰ ਦੀ ਪੂਰੀ ਮਤਿ ਨੂੰ ਆਰਾਧਿਆ ਜਾਏ ਭਾਵ ਧਰਮ ਗ੍ਰੰਥਾਂ ਦੇ ਨਾਮ ਵਾਲੀ ਸਮਝ ਨੂੰ ਪੂਰੀ ਤਰ੍ਹਾਂ ਮੰਨਿਆ ਜਾਏ ਕਿਉਂਕਿ ਧਰਮ ਗ੍ਰੰਥਾਂ ਵਿੱਚ ਪੂਰਨ ਮਤਿ ਗੁਰੂ ਦੇ ਨਾਮ ਦੇ ਰੂਪ ਵਿੱਚ ਹੀ ਹੁੰਦੀ ਹੈ। ਇਹੀ ਗੱਲ ਸਾਨੂੰ ਮੁੱਖ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥"

ਆਪਣੇ ਅੰਦਰ ਪ੍ਰਮਾਤਮਾ ਦੇ ਨਾਮ ਨੂੰ ਆਰਾਧਨਾ, ਅੱਲ੍ਹਾ ਦੇ ਨਾਮ ਨੂੰ ਆਰਾਧਨਾ, ਗਾਡ ਦੇ ਨਾਮ ਨੂੰ ਆਰਾਧਨਾ ਜਾਂ ਅਕਾਲ ਪੁਰਖ ਦੇ ਨਾਮ ਨੂੰ ਆਰਾਧਨਾ ਭਾਵ ਕਿਸੇ ਵੀ ਸੱਚੇ ਧਰਮ ਗ੍ਰੰਥ ਦੇ ਅੰਦਰ ਦੀ ਸੱਚੀ ਮਤਿ ਨੂੰ ਆਰਾਧਣਾ ਆਪਣੇ ਅੰਦਰ ਪੂਰੇ ਗੁਰੂ ਨੂੰ ਆਰਾਧਣਾ ਹੈ। ਪੂਰਾ ਗੁਰੂ ਸੰਸਾਰ ਦਾ ਕੇਵਲ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ **"ਸਤਿਗੁਰੁ"** ਭਾਵ ਸਤਿ ਦੇ ਜਾਨਣ ਵਾਲਾ ਹੈ, ਸੰਸਾਰ ਦੇ ਹਰ ਸੱਚ ਨੂੰ ਜਾਨਣ ਵਾਲਾ ਹੈ ਤੇ ਇਸੇ ਲਈ

54/7642

ਉਹ ਇੱਕੋ ਇੱਕ **"ਸਚੁ ਰੂਪ"** ਹੈ ਭਾਵ ਸੱਚ ਦਾ ਮਾਲਕ ਹੈ, ਨਾਮ ਦਾ ਮਾਲਕ ਹੈ। ਹਰ ਸੱਚਾ ਧਰਮ ਗ੍ਰੰਥ ਉਸਨੇ ਆਪ ਹੀ ਲਿਖਵਾਇਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੀ ਹੈ। ਹਰ ਸੱਚੇ ਧਰਮ ਗ੍ਰੰਥ ਵਿੱਚ ਉਸਦਾ ਨਾਮ ਹੀ ਹੈ ਜੋ ਉਸਦਾ ਪੂਰਨ ਨਾਮ ਆਰਾਧਣ ਦੁਆਰਾ ਭਾਵ ਧਰਮ ਗ੍ਰੰਥਾਂ ਦੇ ਅੰਦਰ ਦੀ ਪੂਰਨ ਮਤਿ ਨੂੰ ਮੰਨਣ ਦੁਆਰਾ ਮਨੁੱਖ ਦੇ ਅੰਦਰੋਂ ਸਾਰੇ ਮਾੜੇ ਵਿਚਾਰ ਨਿਕਲ ਜਾਂਦੇ ਹਨ ਭਾਵ ਫਿਰ ਉਹ ਮਨੁੱਖ ਕੋਈ ਪਾਪ ਵਾਲੇ ਕੰਮ ਨਹੀਂ ਕਰਦਾ, ਮਾੜੇ ਕਰਮ ਨਹੀਂ ਕਰਦਾ। ਜਿਸ ਆਪਣੀ ਮਨੁੱਖੀ ਰੂਪ ਨਾਰ ਦੇ ਨਾਲ ਸ੍ਰਿਸ਼ਟੀ ਦਾ ਕਰਤਾ ਪੂਰਾ ਗੁਰੂ ਭਾਵ ਸਤਿਗੁਰ ਮਨ ਦੀ ਸਮਝ ਦੇ ਵਿੱਚ ਆਪਣਾ ਵਿਆਹ ਰਚਾਉਂਦਾ ਹੈ ਜੋ ਆਪ ਹੀ ਸੱਚੀ ਗੁਰਮਤਿ ਦਾ ਮਾਲਕ ਹੈ ਉਸ ਮਨੁੱਖੀ ਰੂਪ ਦੇ ਫਿਰ ਉਹ ਸਾਰੇ ਪਾਪੀ ਵਿਚਾਰ ਉਸਦੇ ਅੰਦਰੋਂ ਕੱਢ ਦਿੰਦਾ ਹੈ। **(ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥)**

ਉਹ ਆਪਣੀ ਗੁਰਮਤਿ ਨੂੰ ਮੰਨਣਾ ਆਪਣੀ ਵਿਆਹੁਤਾ ਇਸਤਰੀ ਲਈ ਆਪ ਹੀ ਮਿੱਠੀ ਬਣਾਉਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥"

ਮਨੁੱਖੀ ਮਨ ਦੇ ਅੰਦਰ **"ਸਹਜ"** ਵਾਲੀ ਅਵਸਥਾ ਕੀ ਹੈ ਤੇ **"ਅਨੰਦੁ"** ਵਾਲੀ ਅਵਸਥਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜੋ ਮਨ ਦੇ ਅੰਦਰ ਦਾ ਸਹਜ ਹੈ ਉਹੀ ਮਨ ਦੇ ਅੰਦਰ ਦਾ ਆਨੰਦ ਹੈ ਭਾਵ ਇੱਕੋ ਹੀ ਗੱਲ ਹੈ। ਮਨ ਦੇ ਵਿੱਚ ਗੁਰਮਤਿ ਦੀ ਪੂਰਨ ਸੱਚੀ ਸਮਝ ਹੀ ਮਨ ਦਾ ਸਹਜ ਹੈ ਤੇ ਮਨ ਦੇ ਵਿੱਚ ਪੂਰਨ ਗੁਰਮਤਿ ਦੀ ਪੂਰਨ ਸੱਚੀ ਸਮਝ ਹੀ ਮਨ ਦਾ ਆਨੰਦ ਹੈ। ਦੋਨਾਂ ਤੋਂ ਭਾਵ ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਹੈ, ਨਾਮ ਵਾਲੀ ਸਮਝ ਦੇ ਨਾਲ ਹੈ ਜਿਸ ਆਪਣੀ ਉੱਚੀ ਤੇ ਸੱਚੀ ਸਮਝ ਦੇ ਰੂਪ ਵਿੱਚ ਹੀ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਉਸਦੀ ਸਮਝ ਨੂੰ ਆਪਣੀ ਇਸਤਰੀ ਬਣਾਉਂਦਾ ਹੈ ਜਿਸ ਤਰੀਕੇ ਉਹ ਆਪਣੀ ਇਸਤਰੀ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਚੌਥੇ ਪਦ ਵਾਲੀ ਸਮਝ ਦੇ ਵਿੱਚ ਬਦਲ ਦਿੰਦਾ ਹੈ ਭਾਵ ਉਸਦੇ ਸੁਰਤਿ ਦੇ ਵਿਚਾਰਾਂ ਨੂੰ ਆਪਣੇ ਸ਼ਬਦ ਦੇ ਵਿਚਾਰਾਂ ਦੇ ਨਾਲ ਜੋੜਕੇ ਇੱਕ ਕਰ ਦਿੰਦਾ ਹੈ ਜਿਸ ਰਾਹੀਂ ਉਹ ਮਨ ਦੇ ਵਿੱਚ ਆਪਣਾ ਨਾਮ ਜਪਣਾ ਸਮਝਾਉਂਦਾ ਹੈ, ਹਰਿ ਹਰਿ ਕਰਨਾ ਸਮਝਾਉਂਦਾ ਹੈ ਜੋ ਹਰਿ ਹਰਿ ਕਰਨਾ ਫਿਰ ਉਸਦੀ ਇਸਤਰੀ ਨੂੰ ਮਿੱਠਾ ਲੱਗਦਾ ਹੈ ਭਾਵ ਉਸਨੂੰ ਹਰ ਔਗੁਣ ਤਿਆਗ ਕੇ, ਤ੍ਰਿਸ਼ਨਾਵਾਂ ਤਿਆਗ ਕੇ, ਮਾਇਆ ਮੋਹ ਤਿਆਗ ਕੇ ਗੁਰਮਤਿ ਅਨੁਸਾਰ ਵਿਚਰਨਾ ਹੀ ਚੰਗਾ ਲੱਗਦਾ ਹੈ, ਮਿੱਠਾ ਲੱਗਦਾ ਹੈ। **(ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥)**

ਮਨ ਦਾ ਸਹਜ ਕੀ ਹੈ, ਆਨੰਦ ਕੀ ਹੈ ਇਸ ਗੱਲ ਨੂੰ

54/7643

ਆਨੰਦ ਸਾਹਿਬ ਬਾਣੀ ਦੇ ਵਿੱਚੋਂ ਹੀ ਹੇਠ ਦਿੱਤੇ ਦੋ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਹੜੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ।

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥}

(ਅੰਗ ੯੧੭)

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ ੯੧੭)

ਆਸਾ ਘਰੁ ੭ ਮਹਲਾ ੫ ॥

{ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥ ਸੰਗੀ ਸਾਥੀ ਸਗਲ ਤਰਾਂਈ ॥੧॥

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥}

(ਅੰਗ ੩੯੪)

ਜਿਸਨੂੰ ਸ੍ਰਿਸ਼ਟੀ ਦਾ ਕਰਤਾ ਆਪਣੀ ਸਹਜ ਆਨੰਦ ਵਾਲੀ ਸਮਝ ਬਖਸ਼ਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਭਾਵ ਆਪਣਾ ਚੌਥਾ ਪਦ ਬਖਸ਼ਣ ਦੁਆਰਾ ਵਡਭਾਗੀ ਬਣਾਉਂਦਾ ਹੈ ਭਾਵ ਸਭ ਤੋਂ ਵੱਡੇ ਭਾਗਾਂ ਵਾਲਾ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਣਾਇਆ ਹੈ ਉਹੀ ਉਸਦਾ **"ਜਨੁ"** ਬਣ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਉਹੀ ਗੱਲ ਮੁੱਖ ਸ਼ਬਦ ਦੇ ਪਹਿਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

"ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥"

ਉਸਦਾ **"ਜਨੁ"** ਕੇਵਲ ਉਸਦਾ ਗੁਰੂ ਰੂਪ ਹੀ ਹੁੰਦਾ ਹੈ ਜਿਵੇਂ ਕਿ ਉਪਰ ਪੰਗਤੀ ਵਿੱਚ ਧੰਨ ਧੰਨ ਪਹਿਲੀ ਪਾਤਸ਼ਾਹੀ ਗੁਰੂ **"ਨਾਨਕੁ ਜੀ"** ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਜਨ ਕਹਿ ਕੇ ਸੰਬੋਧਨ ਕਰ ਰਹੇ ਹਨ ਕਿ ਤੂੰ ਮੇਰੇ ਨਾਲ ਆਪਣੇ ਵਿਆਹ ਦਾ ਕਾਜ ਰਚਾਉਣ ਦਾ ਆਰੰਭ ਕੀਤਾ ਹੈ ਭਾਵ ਤੂੰ ਮੇਰੇ ਅੰਦਰ ਪ੍ਰਗਟ ਹੋ ਕੇ ਆਪਣਾ ਸੱਚਾ ਗਿਆਨ ਬਖਸ਼ ਦਿੱਤਾ ਹੈ ਤੇ ਮੇਰੀ ਸਮਝ ਵਿੱਚ ਤੂੰ ਸਾਰੇ ਨਾਸਮਝ ਵਿਚਾਰ ਕੱਢ ਦਿੱਤੇ ਹਨ ਤੇ ਤੂੰ ਮੈਨੂੰ ਆਪਣੀ ਉੱਚੀ ਸਮਝ ਦੇ ਨਾਲ ਮਿਲਾ ਲਿਆ ਹੈ। **(ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥)**

ਸ੍ਰਿਸ਼ਟੀ ਦੇ ਕਰਤੇ ਦਾ ਸੱਚਾ **"ਜਨੁ"** ਕਿਹੋ ਜਿਹਾ ਹੁੰਦਾ ਹੈ ਜੋ ਕਿ ਪੂਰੇ ਸੰਸਾਰ ਵਿੱਚ ਕੋਈ ਵਿਰਲਾ ਹੀ ਹੁੰਦਾ ਹੈ ਇਸ ਗੱਲ ਨੂੰ ਅਸੀਂ ਹੇਠ ਦਿੱਤੇ ਸ਼ਬਦ ਦੁਆਰਾ ਪਿੱਛੇ ਲੇਖ ਵਿੱਚ ਪਹਿਲੇ ਸਮਝਿਆ ਹੀ ਹੈ ਤੇ

54/7644

ਪ੍ਰਮਾਣ ਦੇ ਤੌਰ ਤੇ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਪ੍ਰਮਾਤਮਾ ਦਾ, ਅੱਲ੍ਹਾ ਦਾ, ਗਾਡ ਦਾ, ਅਕਾਲ ਪੁਰਖ ਦਾ ਜਨ ਬਣਨਾ ਕਿਤਨਾ ਔਖਾ ਹੈ ਤੇ ਉਸਦਾ ਸੱਚਾ ਜਨ ਕਿਹੋ ਜਿਹਾ ਹੁੰਦਾ ਹੈ।

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥

ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥

ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ ॥੨॥

ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥

ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ਅਸੀਂ ਕੁਝ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਮੰਗਲ ਗਾਉਣਾ ਕੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਗਾਉਣੇ ਕੀ ਹਨ। ਉਸਦਾ ਮੰਗਲ ਉਸਦਾ ਜਨ ਬਣਕੇ ਹੀ ਗਾਇਆ ਜਾ ਸਕਦਾ ਹੈ ਭਾਵ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਗਾਇਆ ਜਾ ਸਕਦਾ ਹੈ ਭਾਵ ਮਨ ਦੀ ਸਮਝ ਦੇ ਵਿੱਚ ਉਸਦਾ ਇਸਤਰੀ ਰੂਪ ਬਣਕੇ ਹੀ ਗਾਇਆ ਜਾ ਸਕਦਾ ਹੈ, ਉਸਦੇ ਨਾਲ ਵਿਆਹ ਹੋਣ ਦੁਆਰਾ ਹੀ ਗਾਇਆ ਜਾ ਸਕਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਧੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥”

ਸਭ ਤੋਂ ਜਰੂਰੀ ਗੱਲ ਸਮਝਣ ਵਾਲੀ ਇਹ ਹੈ ਕਿ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਉਸਦੀ ਇਸਤਰੀ ਦਾ ਉਸਦੇ ਨਾਲ ਵਿਆਹ ਹੋਣ ਲਈ ਚਾਰ ਲਾਵਾਂ ਲੈਣੀਆਂ ਇਹ ਜਰੂਰੀ ਕਿਸ ਲਈ ਬਣਾਈਆਂ ਹੋਈਆਂ ਹਨ ਜੋ ਲਾਵਾਂ ਮਨ ਦੀ ਸਮਝ ਦੇ ਵਿੱਚ ਆਪਣੀ ਨਾਰ ਨੂੰ ਆਪਣੇ ਪਿੱਛੇ ਲਾ ਕੇ ਲੈਂਦਾ ਹੈ ਜਿਵੇਂ ਕਿ ਸਿੱਖ ਜਗਤ ਵਿੱਚ ਦੁਨਿਆਵੀ ਵਿਆਹ ਦੀਆਂ ਲਾਵਾਂ ਲੈਣ ਵੇਲੇ ਅੱਗੇ ਲਾੜਾ ਲੱਗਦਾ ਹੈ ਪਿੱਛੇ ਲਾੜੀ ਲੱਗਦੀ ਹੈ। ਸ੍ਰਿਸ਼ਟੀ ਦਾ ਕਰਤਾ ਆਪਣੀ ਮਨੁੱਖੀ ਰੂਪ ਇਸਤਰੀ ਦੇ ਨਾਲ ਲਾਵਾਂ ਲੈਣ ਲਈ ਆਪਣੀ ਸਮਝ ਦੁਆਰਾ ਅੱਗੇ ਚੱਲਦਾ ਹੈ ਤੇ ਉਸਦੀ ਪਤਨੀ ਉਸਦੇ ਪਿੱਛੇ ਚੱਲਦੀ ਹੈ। ਉਹ ਆਪਣੇ ਚੌਥੇ ਪਦ ਵਾਲੇ ਗਿਆਨ ਦੀ ਸਮਝ ਰਾਹੀਂ ਅੱਗੇ ਅੱਗੇ ਤੁਰਦਾ ਹੈ ਤੇ ਮਨੁੱਖੀ ਭਰਮਾਂ ਵਾਲੀ ਸਮਝ ਨੂੰ ਆਪਣੇ ਪਿੱਛੇ ਪਿੱਛੇ ਤੋਰਦਾ ਹੈ। ਮਨ ਦੀ ਸਮਝ ਦੇ ਵਿੱਚ ਉਸਦੇ ਨਾਲ ਚਾਰ ਲਾਵਾਂ ਤੋਂ ਭਾਵ ਇਹ ਹੈ ਕਿ ਉਹ ਕਿਸੇ ਨੂੰ ਆਪਣੀ ਇਸਤਰੀ ਬਨਾਉਣ ਦੁਆਰਾ ਉਸਨੂੰ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੀ ਪਾਉਂਦਾ ਹੈ ਜਿਸ ਤੋਂ ਉੱਚਾ ਗਿਆਨ ਹੋਰ ਹੋ ਹੀ ਨਹੀਂ ਸਕਦਾ। ਆਪਣੀ ਮਨੁੱਖੀ ਨਾਰ ਦੇ ਨਾਲ ਉਸਦੀ ਮਨ ਦੀ ਸਮਝ ਵਿੱਚ ਇਹ ਲਾਵਾਂ ਉਸ ਮਨੁੱਖੀ ਨਾਰ ਦੇ ਪੂਰੇ ਜੀਵਨ ਤੱਕ ਚੱਲਦੀਆਂ ਹੀ ਰਹਿੰਦੀਆਂ ਹਨ ਭਾਵ ਉਸਦੇ ਪੂਰੇ ਜੀਵਨ ਵਿੱਚ ਉਸਨੂੰ ਉਹ ਚੌਥੇ ਪਦ ਵਾਲਾ ਗਿਆਨ ਦਿੰਦਾ ਹੀ ਰਹਿੰਦਾ ਹੈ ਜੋ ਉਹ ਆਪਣੇ ਚੌਥੇ ਪਦ ਵਾਲਾ ਗਿਆਨ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਮਨ

ਦੀ ਸਮਝ ਰਾਹੀਂ ਦਿੰਦਾ ਹੀ ਰਹਿੰਦਾ ਹੈ ਤੇ ਉਸ ਆਪਣੀ ਮਨੁੱਖੀ ਰੂਪ ਨਾਰ ਨੂੰ ਗੁਰਮਤਿ ਦੇ ਸੱਚੇ ਮਾਰਗ ਤੇ ਹੀ ਚਲਾਉਂਦਾ ਰਹਿੰਦਾ ਹੈ। ਉਹ ਇਸੇ ਤਰੀਕੇ ਹੀ ਆਪਣੀ ਮਨੁੱਖੀ ਨਾਰ ਰੂਪ ਦੀ ਸਮਝ ਨੂੰ ਮਨ ਦੇ ਹਰ ਭਰਮ ਵਿੱਚੋਂ ਕੱਢ ਕੇ ਉਸਨੂੰ ਆਪਣੇ ਆਪ ਦਾ ਤੇ ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ ਭਾਵ ਉਹ ਉਸਦੀ ਸਮਝ ਨੂੰ ਉੱਚਾ ਚੁੱਕਦਾ ਹੀ ਰਹਿੰਦਾ ਹੈ ਭਾਵ ਆਪਣੀ ਸਮਝ ਦੇ ਨਾਲ ਮੇਲਣ ਦੁਆਰਾ ਉਸਦੀ ਸਮਝ ਨੂੰ ਨਿਤ ਨਿਤ ਵਧਾਉਂਦਾ ਹੀ ਰਹਿੰਦਾ ਹੈ, ਆਪਣੇ ਸੱਚੇ ਗਿਆਨ ਦਾ ਰੰਗ ਉਸਦੀ ਸਮਝ ਤੇ ਚੜਾਉਂਦਾ ਹੀ ਰਹਿੰਦਾ ਹੈ।

ਜਿਹੋ ਜਿਹਾ ਮਨ ਦੇ ਵਿੱਚ ਗਿਆਨ ਉਸਨੇ ਆਪਣੀ ਇਸਤਰੀ ਨੂੰ ਪਹਿਲੀ ਲਾਵ ਦੁਆਰਾ ਦਿੱਤਾ ਹੈ ਜਿਵੇਂ ਕਿ ਅਸੀਂ ਉਪਰ ਸਮਝਿਆ ਹੀ ਹੈ ਉਹੋ ਜਿਹਾ ਆਪਣਾ ਉੱਚਾ ਗਿਆਨ ਹੀ ਉਹ ਮਨ ਦੇ ਵਿੱਚ ਹਰ ਲਾਵ ਲੈਣ ਦੁਆਰਾ ਦਿੰਦਾ ਹੈ ਭਾਵ ਆਪਣਾ ਚੌਥੇ ਪਦ ਵਾਲਾ ਗਿਆਨ ਹੀ ਦਿੰਦਾ ਹੈ ਜਿਸ ਦੁਆਰਾ ਉਹ ਆਪਣੀ ਮਨੁੱਖੀ ਨਾਰ ਦੀ ਸਮਝ ਨੂੰ ਹੋਰ ਵਧਾਉਂਦਾ ਹੈ ਭਾਵ ਹੋਰ ਸਮਝ ਪਾਉਂਦਾ ਹੈ। ਉਪਰ ਦੂਸਰੀ ਲਾਵ ਵਿੱਚ ਗੁਰੂ ਸਾਹਿਬ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਨੂੰ ਸਭ ਤੋਂ ਬਲ ਵਾਲੇ ਰਾਮ ਨੇ ਭਾਵ ਸਭ ਤੋਂ ਉੱਚੇ ਗਿਆਨ ਵਾਲੇ ਨੇ, ਸ੍ਰਿਸ਼ਟੀ ਦੇ ਕਰਤੇ ਨੇ ਮੈਨੂੰ **“ਸਤਿਗੁਰੁ ਪੁਰਖੁ”** ਦੀ ਸੋਝੀ ਪਾ ਦਿੱਤੀ ਹੈ ਭਾਵ ਉਸਦੇ ਨਾਲ ਮੇਰਾ ਮਨ ਦੇ ਵਿੱਚ

ਮੇਲ ਕਰਾ ਦਿੱਤਾ ਹੈ ਭਾਵ ਮੈਨੂੰ ਸਮਝ ਲੱਗ ਗਈ ਹੈ ਕਿ **"ਸਤਿਗੁਰੁ ਪੁਰਖੁ"** ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਜੋ ਮਨ ਦੇ ਵਿੱਚ ਮੈਨੂੰ ਸਾਰੀ ਸਮਝ ਪਾ ਰਿਹਾ ਹੈ ਭਾਵ ਉਹ ਆਪ ਹੀ ਸਾਰੇ ਗਿਆਨ ਦਾ ਮਾਲਕ ਹੈ। **(ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥)**

ਹੁਣ ਸ਼ਬਦ ਦੀਆਂ ਅਗਲੀਆਂ ਦੋ ਪੰਗਤੀਆਂ ਨੂੰ ਸਮਝਦੇ ਹਾਂ।

"ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥"

ਉਪਰ ਵਾਲੀਆਂ ਪੰਗਤੀਆਂ ਰਾਹੀਂ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰੋ ਭਾਵ ਗੁਰੂ ਦੀ ਗੱਲ ਤੇ ਵਿਸ਼ਵਾਸ ਕਰਕੇ ਸਮਝੋ ਕਿ **"ਰਾਮੁ"** ਸਾਨੂੰ ਆਪਣੇ ਅੰਦਰ ਹਾਜਰ ਨਾਜਰ ਕਿਵੇਂ ਨਜਰ ਆਉਂਦਾ ਹੈ ਭਾਵ ਮਨੁੱਖ ਨੂੰ ਕਿਸ ਤਰੀਕੇ ਇਸ ਗੱਲ ਤੇ ਵਿਸ਼ਵਾਸ ਆਉਂਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਮੇਰੇ ਅੰਦਰ ਹੀ ਹੈ, ਉਹ ਹਰਿ ਨੂੰ ਆਪਣੇ ਅੰਦਰੋਂ ਕਿਸ ਤਰੀਕੇ ਦੇਖਦਾ ਹੈ। ਸਾਰੀ ਗੱਲ ਮਨ ਦੀ ਹਉਮੈ ਰੂਪ ਮੈਲ ਵਿੱਚੋਂ ਨਿਕਲਣ ਦੀ ਹੈ ਜੋ ਹਉਮੈ ਰੂਪ ਮੈਲ ਸਾਡੇ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਹ ਹਉਮੈ ਰੂਪ ਮੈਲ ਮਨੁੱਖ ਦੇ ਸੰਸਾਰ ਦੇ ਸਰੀਰਕ ਜਨਮ ਦੇ ਨਾਲ ਹੀ ਪੈ ਕੇ ਆਉਂਦੀ ਹੈ ਜੋ ਮੈਲ ਮਨੁੱਖ ਦੇ ਅੰਦਰ ਦੀ ਅਗਿਆਨਤਾ ਰੂਪ ਮੈਲ ਹੈ ਜਿਸ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਾ ਹੀ ਕਿਸੇ ਨੂੰ ਧਰਮ

ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ ਤੇ ਨਾ ਹੀ ਕੋਈ ਸੱਚੇ ਧਰਮ ਦੇ ਮਾਰਗ ਤੇ ਚੱਲ ਸਕਦਾ ਹੈ ਤੇ ਨਾ ਹੀ ਕੋਈ ਆਪਣੇ ਅੰਦਰੋਂ ਮਨ ਦੇ ਹਉਮੈ ਰੂਪ ਪਰਦੇ ਵਿੱਚ ਰਹਿੰਦੇ ਹੋਏ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਬੁਝ ਸਕਦਾ ਹੈ। ਜਦ ਤੱਕ ਮਨੁੱਖ ਹਉਮੈ ਵਿੱਚ ਹੁੰਦਾ ਹੈ ਤਦ ਤੱਕ ਉਹ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਵਿੱਚ ਮਨ ਦੇ ਭੈ ਵਿੱਚ ਰਹਿੰਦਾ ਹੈ ਭਾਵ ਮਾਇਆ ਮੋਹ ਛੱਡਣ ਦੇ ਭੈ ਵਿੱਚ ਰਹਿੰਦਾ ਹੈ ਭਾਵ ਆਪਣੀ ਮਤਿ ਛੱਡਣ ਦੇ ਭੈ ਵਿੱਚ ਰਹਿੰਦਾ ਹੈ। ਨਿਰਭਉ ਕੇਵਲ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੈ ਜੋ ਮਾਇਆ ਦੇ ਭਉ ਤੋਂ ਰਹਿਤ ਹੈ ਤੇ ਜਦੋਂ ਉਹ ਕਿਸੇ ਮਨੁੱਖੀ ਨਾਰ ਨੂੰ ਆਪਣੇ ਨਾਲ ਵਿਆਹ ਲੈਂਦਾ ਹੈ ਉਸਦੇ ਅੰਦਰ ਫਿਰ ਉਹ ਆਪਣੀ ਮਤਿ ਤੇ ਚੱਲਣ ਦਾ ਭਉ ਪਾ ਦਿੰਦਾ ਹੈ ਜਿਸਨੂੰ ਕਿ ਉਪਰ ਵਾਲੀਆਂ ਪੰਗਤੀਆਂ ਵਿੱਚ **"ਨਿਰਮਲੁ ਭਉ"** ਕਿਹਾ ਹੈ ਭਾਵ ਮਨ ਦੀ ਪਵਿੱਤਰਤਾ ਵਾਲਾ ਭਉ ਕਿਹਾ ਹੈ ਜੋ ਕਿ ਮਨੁੱਖ ਦੇ ਅੰਦਰ ਦੀ ਸਮਝ ਦਾ ਸੱਚਾ ਭਉ ਹੈ ਭਾਵ ਧਰਮ ਦੇ ਮਾਰਗ ਤੇ ਚੱਲਣ ਦਾ ਸੱਚਾ ਭਉ ਹੈ ਜਿਸ ਭਉ ਵਿੱਚ ਰਹਿੰਦੇ ਹੋਏ ਹੀ ਕੋਈ ਸ੍ਰਿਸ਼ਟੀ ਦੇ ਕਰਤੇ ਦੇ ਗੁਣ ਗਾ ਸਕਦਾ ਹੈ ਭਾਵ ਮਾਇਆ ਮੋਹ ਵਾਲੇ ਵਿਚਾਰਾਂ ਤੋਂ ਰਹਿਤ ਹੋ ਕੇ ਫਿਰ ਉਹ ਆਪਣੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਹੀ ਕਰਦਾ ਹੈ। ਮਨੁੱਖ ਜੋ ਵੀ ਮਾੜੇ ਕਰਮ ਕਰਦਾ ਹੈ ਉਹ ਮਾਇਆ ਦੇ ਭੈ ਕਰਕੇ ਹੀ ਕਰਦਾ ਹੈ ਜਿਸਦਾ ਕਾਰਣ ਮਨ ਦੀ ਹਉਮੈ ਵਾਲੀ ਸਮਝ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਹੈ ਜੋ ਸਮਝ ਮਨੁੱਖ ਨੂੰ ਗੁਰੂ ਦੇ ਸੱਚੇ ਗਿਆਨ ਨਾਲ ਜੁੜਨ ਨਹੀਂ ਦਿੰਦੀ ਤੇ ਇਸੇ ਕਰਕੇ ਹੀ ਹਉਮੈ ਵਿੱਚ ਰਹਿੰਦਿਆਂ ਹੋਏ ਕੋਈ ਆਪਣੇ ਅੰਦਰੋਂ ਨਾਮ ਦੇ ਮਾਲਕ ਨੂੰ ਨਹੀਂ ਜਾਣ ਸਕਦਾ। **(ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥)**

ਆਪਣੀ ਵਿਆਹੁਤਾ ਪਤਨੀ ਨੂੰ ਉਸਦੇ ਅੰਦਰੋਂ ਆਪਣਾ ਆਪ ਕਿਵੇਂ ਦਿਖਾਉਂਦਾ ਹੈ ਤੇ ਉਸਦੀ ਮਨੁੱਖੀ ਨਾਰ ਨੂੰ ਇਸ ਗੱਲ ਦੀ ਸਮਝ ਕਿਵੇਂ ਪੈਂਦੀ ਹੈ ਕਿ ਸਭ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਇਹੀ ਗੱਲ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥"

ਉਪਰ ਵਾਲੀ ਪਹਿਲੀ ਪੰਗਤੀ ਨੂੰ ਸਮਝਾਇਆ ਤਾਂ ਜਾ ਸਕਦਾ ਹੈ ਪਰ ਕਿਸੇ ਨੂੰ ਇਸ ਗੱਲ ਵਿੱਚ ਪੂਰਨ ਵਿਸ਼ਵਾਸ ਕਿਸੇ ਮਨੁੱਖ ਨੂੰ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਆ ਸਕਦਾ ਹੈ। **"ਹਰਿ ਆਤਮ ਰਾਮੁ ਪਸਾਰਿਆ ਸੁਆਮੀ"**

ਤੋਂ ਭਾਵ ਹੈ ਕਿ ਹਰ ਮਨੁੱਖੀ ਆਤਮਾ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਭਾਵ ਮਨੁੱਖ ਦੀ ਆਤਮਿਕ ਸਮਝ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਆਪ ਨੂੰ ਪਸਾਰਿਆ ਹੋਇਆ ਹੈ, ਹਰਿ ਦੇ ਰੂਪ ਵਿੱਚ,

54/7647

ਰਾਮ ਦੇ ਰੂਪ ਵਿੱਚ ਪਸਾਰਿਆ ਹੋਇਆ ਹੈ ਭਾਵ ਵਸਾਇਆ ਹੋਇਆ ਹੈ ਭਾਵ ਆਪਣੇ ਵੱਖਰੇ ਵੱਖਰੇ ਨਾਮ ਦੁਆਰਾ ਸਭ ਦੇ ਅੰਦਰ ਵਸਾਇਆ ਹੋਇਆ ਹੈ ਜੋ ਸਾਰੀ ਸ੍ਰਿਸ਼ਟੀ ਦਾ ਆਪ ਹੀ ਸੁਆਮੀ ਹੈ ਤੇ ਸਭ ਜਗ੍ਹਾ ਤੇ ਉਹ ਆਪ ਹੀ ਵਿਆਪਕ ਹੈ ਭਾਵ ਉਸ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੈ, ਉਸਦੇ ਜਿਸ ਰੂਪ ਨੂੰ ਉਸਦੀ ਵਿਆਹੁਤਾ ਨਾਰ ਆਪਣੇ ਅੰਦਰ ਵੇਖ ਲੈਂਦੀ ਹੈ ਉਸਦਾ ਉਹੀ ਰੂਪ ਉਸਨੂੰ ਬਾਹਰ ਨਜਰ ਆਉਂਦਾ ਹੈ ਭਾਵ ਸਭ ਵਿੱਚ ਨਜਰ ਆਉਂਦਾ ਹੈ। ਉਸਦੇ ਨਾਲ ਇਸ ਤਰੀਕੇ ਮਨ ਦੇ ਵਿੱਚ ਮੇਲ ਹੋਣ ਦੁਆਰਾ ਹੀ ਕੋਈ ਉਸਦਾ ਹਰਿ ਜਨ ਬਣ ਸਕਦਾ ਹੈ ਤੇ ਉਸਦਾ ਮੰਗਲ ਗਾਇਆ ਜਾ ਸਕਦਾ ਹੈ। ਜਦ ਤੱਕ ਉਹ ਸਭ ਦੇ ਅੰਦਰ ਨਜਰ ਨਹੀਂ ਆਉਂਦਾ ਤਦ ਤੱਕ ਉਸਦੇ ਗੁਣ ਨਹੀਂ ਗਾਏ ਜਾ ਸਕਦੇ ਭਾਵ ਉਸਦਾ ਜੱਸ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਆਪਣੇ ਨਾਲ ਮਨ ਦੇ ਵਿੱਚ ਮੇਲ ਕਰਨ ਦੁਆਰਾ ਭਾਵ ਉਸ ਮਨੁੱਖੀ ਨਾਰ ਦੇ ਅੰਦਰ ਆਪਣੇ ਅਨਹਦ ਸ਼ਬਦ ਹੀ ਵਜਾਉਂਦਾ ਹੈ ਭਾਵ ਬਿਨ੍ਹਾਂ ਅਵਾਜ ਤੋਂ ਮਨ ਦੇ ਵਿੱਚ ਆਪਣੇ ਸ਼ਬਦਾਂ ਦੇ ਸੱਚੇ ਗਿਆਨ ਦੇ ਵਾਜੇ ਵਜਾਉਂਦਾ ਹੈ ਭਾਵ ਆਪਣੀ ਮਨੁੱਖੀ ਨਾਰ ਨੂੰ ਆਪਣਾ ਉੱਚਾ ਗਿਆਨ ਦੇਣ ਦੁਆਰਾ ਖੁਸ਼ ਕਰ ਦਿੰਦਾ ਹੈ ਭਾਵ ਉਸਦੀ ਨਾਰ ਨੂੰ ਉਸਦੇ ਸਮਝਾਏ ਹੋਏ ਮਾਰਗ ਤੇ ਚੱਲਣ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਤੇ ਉਸਦੇ ਨਾਲ ਮੇਲ ਦੀ ਅਤਿ ਦੀ ਪ੍ਰਸੰਨਤਾ ਮਹਿਸੂਸ ਹੁੰਦੀ ਹੈ। **(ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥)**

ਆਸਾ ਮਹਲਾ ੧ ॥

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥
ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥
ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}

(ਅੰਗ ੯-੧੦)

ਵਡਹੰਸੁ ਮਹਲਾ ੩ ॥

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥

ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ ੫੬੦)

ਉਪਰ ਵਾਲੇ ਸ਼ਬਦਾਂ ਨੂੰ ਜੋ ਕਿ ਪ੍ਰਮਾਣ ਦੇ ਰੂਪ ਵਿੱਚ ਦਿੱਤੇ ਗਏ ਹਨ ਇੰਨ੍ਹਾਂ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਮਨ ਦੀ ਹਉਮੈ ਵਿੱਚ ਰਹਿੰਦੇ ਹੋਏ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲਵੇ, ਬੁਝ ਲਵੇ ਭਾਵ ਨਾਮ ਦੇ ਮਾਲਕ ਨੂੰ ਬੁਝ ਲਵੇ ਭਾਵ ਸ੍ਰਿਸ਼ਟੀ ਦੇ ਇੱਕੋ ਇੱਕ ਕਰਤੇ ਨੂੰ ਬੁਝ ਲਵੇ ਭਾਵ ਆਪਣੀ ਮਨ ਦੀ ਸਮਝ ਦੇ ਮਾਲਕ ਨੂੰ ਜਾਣ ਲਵੇ ਇਹ ਹੋ ਹੀ ਨਹੀਂ ਸਕਦਾ। ਆਪਣਾ ਆਪ ਉਹ ਸ੍ਰਿਸ਼ਟੀ ਦਾ ਕਰਤਾ ਆਪਣੇ ਕਿਸੀ ਮਨੁੱਖੀ ਰੂਪ ਨੂੰ ਆਪਣੀ ਪਤਨੀ ਬਨਾਉਣ ਦੁਆਰਾ ਭਾਵ ਉਸਦੀ ਹਉਮੈ ਰੂਪ ਸਮਝ ਦਾ ਆਪਣੇ ਨਾਮ ਰੂਪ ਸਮਝ ਦੇ ਨਾਲ ਵਿਆਹ, ਮਨਮਤਿ ਦਾ ਆਪਣੀ ਸੱਚੀ ਗੁਰਮਤਿ ਦੇ ਨਾਲ ਵਿਆਹ

54/7648

ਕਰਨ ਦੁਆਰਾ ਹੀ ਸਮਝਾਉਂਦਾ ਹੈ ਜਿਸ ਰਾਹੀਂ ਫਿਰ ਉਸਦੀ ਸੁਹਾਗਣ ਨੂੰ ਅੰਦਰ ਬਾਹਰ ਇੱਕੋ ਹੀ ਨਜਰ ਆਉਂਦਾ ਹੈ ਜਿਸ ਦੁਆਰਾ ਉਸਦੇ ਸੱਚੇ ਗੁਣ ਗਾਏ ਜਾ ਸਕਦੇ ਹਨ।

ਜਿਸ ਆਪਣੇ ਮਨੁੱਖੀ ਰੂਪ ਨੂੰ ਉਹ ਆਪਣਾ ਜਨ ਰੂਪ ਬਣਾਉਂਦਾ ਹੈ ਉਹੀ ਉਸਦਾ ਸੰਤ ਰੂਪ ਹੁੰਦਾ ਹੈ ਜੋ ਉਸਦੇ ਗੁਣ ਗਾ ਸਕਦਾ ਹੈ ਤੇ ਸੱਚੀ ਸਮਝ ਦੀ ਪ੍ਰਾਪਤੀ ਦੁਆਰਾ ਗੁਰਬਾਣੀ ਦੇ ਸ਼ਬਦਾਂ ਨੂੰ ਧਰਮ ਗ੍ਰੰਥ ਦੇ ਵਿੱਚ ਉਸਦੀ ਅਕਥ ਕਥਾ ਨੂੰ ਕਥ ਸਕਦਾ ਹੈ ਭਾਵ ਜਾਣ ਸਕਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥”

ਅਕਾਲ ਪੁਰਖ ਦਾ ਬੈਰਾਗੀ ਬਣਨਾ ਕੀ ਹੈ ਭਾਵ ਮਨ ਦੇ ਵਿੱਚ ਉਸਦੇ ਵੈਰਾਗ ਦਾ ਉਪਜਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਿਸ ਗੱਲ ਦਾ ਮਨੁੱਖ ਵੈਰਾਗੀ ਹੁੰਦਾ ਹੈ ਉਹੀ ਕੁਝ ਉਸਨੂੰ ਕਰਨਾ ਚੰਗਾ ਲੱਗਦਾ ਹੈ। ਸ੍ਰਿਸ਼ਟੀ ਦਾ ਕਰਤਾ ਸੱਚ ਰੂਪ ਵਿੱਚ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਆਪਣੀ ਸੱਚੀ ਗੁਰਮਤਿ ਦੇ ਰੂਪ ਵਿੱਚ ਹੈ। ਸੱਚੀ ਗੁਰਮਤਿ ਦਾ ਵੈਰਾਗੀ ਬਣਨਾ ਹੀ ਅਕਾਲ ਪੁਰਖ ਦਾ ਵੈਰਾਗੀ ਬਣਨਾ ਹੈ, ਅੱਲ੍ਹਾ ਦਾ, ਪ੍ਰਮਾਤਮਾ ਦਾ, ਗਾਡ ਦਾ ਵੈਰਾਗੀ ਬਣਨਾ ਹੈ। ਗੁਰਮਤਿ ਦਾ ਸੱਚਾ ਵੈਰਾਗੀ ਗੁਰਮਤਿ ਨੂੰ ਮਨ ਦੇ ਪੂਰੇ ਚਾਅ ਨਾਲ ਮੰਨਣ ਦੁਆਰਾ ਹੀ ਬਣਿਆ ਜਾ ਸਕਦਾ ਹੈ। ਜਿਸਨੂੰ ਸ੍ਰਿਸ਼ਟੀ ਦਾ ਕਰਤਾ ਆਪਣੀ ਪਤਨੀ ਬਣਾਉਂਦਾ ਹੈ ਉਸਦੇ ਅੰਦਰ ਆਪਣੇ ਸਮਝਾਏ ਹੋਏ ਸੱਚ ਤੇ ਚੱਲਣ ਦਾ ਚਾਅ ਭਾਵ ਉਤਸ਼ਾਹ ਉਹ ਆਪ ਹੀ ਪਾਉਂਦਾ ਹੈ। **(ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥)**

ਆਪਣਾ ਬੈਰਾਗੀ ਉਹ ਕਿੰਨ੍ਹਾਂ ਨੂੰ ਬਣਾਉਂਦਾ ਹੈ ਤੇ ਕਿਸ ਤਰੀਕੇ ਬਣਾਉਂਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥”

ਉਹ ਆਪਣੀ ਸਮਝਾਈ ਹੋਈ ਗੁਰਮਤਿ ਦਾ ਵੈਰਾਗੀ ਭਾਵ ਸੱਚ ਦੇ ਮਾਰਗ ਤੇ ਚਾਅ ਦੇ ਨਾਲ ਚੱਲਣ ਵਾਲੇ ਜੋ ਹੁੰਦੇ ਹਨ ਉਹੀ ਉਸਦੇ ਸੰਤ ਜਨ ਹੁੰਦੇ ਹਨ ਤੇ ਜਿਨ੍ਹਾਂ ਨੂੰ ਉਹ ਆਪਣਾ ਸੰਤ ਜਨ ਬਣਾਉਂਦਾ ਹੈ ਉਹ ਪਹਿਲੇ ਹਰਿ ਭਾਵ ਸ੍ਰਿਸ਼ਟੀ ਦਾ ਕਰਤਾ ਉਨ੍ਹਾਂ ਨੂੰ ਆਪਣੇ ਨਾਲ ਮੇਲਦਾ ਹੈ ਜਿਸ ਦੁਆਰਾ ਉਹ **“ਹਰਿ”** ਦੀ ਪ੍ਰਾਪਤੀ ਕਰਦੇ ਹਨ। ਹਰਿ ਦੀ ਪ੍ਰਾਪਤੀ ਹੋਣੀ ਜੋ ਕਿ ਮਨ ਦੇ ਵਿੱਚ ਹੀ ਹੁੰਦੀ ਹੈ ਉਹ ਹਰਿ ਦੇ ਕੋਲੋਂ ਉਸਦੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੀ ਹੁੰਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ ਹੁੰਦੀ ਹੈ ਜਿਸ ਆਪਣੇ ਸੱਚੇ ਰੂਪ ਵਿੱਚ ਉਹ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ। ਉਹ ਮਨੁੱਖ ਬਹੁਤ ਹੀ

ਵਡਭਾਗੀ ਹੁੰਦੇ ਹਨ ਜਿਨ੍ਹਾਂ ਨੂੰ ਸ੍ਰਿਸ਼ਟੀ ਦਾ ਕਰਤਾ ਆਪਣੇ ਨਾਲ ਮਨ ਦੇ ਵਿੱਚ ਮੇਲ ਕਰਨ ਦੁਆਰਾ ਭਾਵ ਉਨ੍ਹਾਂ ਨੂੰ ਆਪਣੀਆਂ ਸੁਹਾਗਣਾਂ ਬਨਾਉਣ ਦੁਆਰਾ ਉਨ੍ਹਾਂ ਨੂੰ ਸੰਤ ਜਨ ਬਣਾਉਂਦਾ ਹੈ ਭਾਵ ਆਪਣਾ ਗੁਰੂ ਰੂਪ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਉਨ੍ਹਾਂ ਦੀ ਸਮਝ ਦੇ ਅੰਦਰ ਆਪਣੇ ਸ਼ਬਦਾਂ ਦਾ ਸੱਚਾ ਗਿਆਨ ਬਖਸ਼ਣ ਦੁਆਰਾ ਬਣਾਇਆ ਹੈ। **(ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥)**

ਉਸਦੇ ਵਡਭਾਗੀ ਸੰਤ ਜਨ ਕਿਹੋ ਜਿਹੇ ਹੁੰਦੇ ਹਨ ਭਾਵ ਉਹ ਆਪਣਾ ਸੰਤ ਜਨ ਕਿਸੇ ਨੂੰ ਕਿਸ ਮਕਸਦ ਲਈ ਬਣਾਉਂਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ ਤਾਂ ਜੋ ਸ੍ਰਿਸ਼ਟੀ ਦੇ ਕਿਸੇ ਵੀ ਮਨੁੱਖ ਨੂੰ ਇਹ ਗੱਲ ਸਮਝਣ ਵਿੱਚ ਭਰਮ ਨਾ ਰਹੇ ਕਿ ਅਸਲ ਸੰਤ ਜਨ ਕੌਣ ਹੁੰਦੇ ਹਨ ਕਿਉਂਕਿ ਪੂਰੇ ਸੰਸਾਰ ਵਿੱਚ ਆਪਣੇ ਆਪ ਨੂੰ ਸੰਤ ਜਨ ਅਖਵਾਉਣ ਵਾਲੇ ਬਹੁਤ ਹਨ ਜੋ ਕਿ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਦੇ ਸੰਤ ਅਖਵਾਉਂਦੇ ਹਨ ਜਿਹੋ ਜਿਹੇ ਆਪਣੇ ਆਪ ਨੂੰ ਸੰਤ

ਅਖਵਾਉਣ ਵਾਲਿਆਂ ਦਾ ਬਾਣੀ ਵਿੱਚ ਅਨੇਕਾਂ ਹੀ ਸ਼ਬਦਾਂ ਰਾਹੀਂ ਖੰਡਨ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਵਾਰੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਉਪਰ ਵਾਲੀਆਂ ਪੰਗਤੀਆਂ ਦੁਆਰਾ ਦਾਸ ਇਹ ਉਮੀਦ ਰੱਖਦਾ ਹੈ ਕਿ ਇਨ੍ਹਾਂ ਨੂੰ ਸਹੀ ਤਰੀਕੇ ਦੇ ਨਾਲ ਸਮਝਣ ਦੁਆਰਾ ਸੰਤ ਅਖਵਾਉਣ ਵਾਲਿਆਂ ਦਾ ਭਰਮ ਵੀ ਨਿਕਲ ਜਾਵੇਗਾ ਤੇ ਉਨ੍ਹਾਂ ਨੂੰ ਸੰਤ ਸਮਝਣ ਵਾਲਿਆਂ ਦਾ ਵੀ ਭਰਮ ਨਿਕਲ ਜਾਵੇਗਾ ਕਿਉਂਕਿ ਆਪਣੇ ਆਪ ਨੂੰ ਸੰਤ ਅਖਵਾਉਣਾ ਆਪਣੇ ਆਪ ਨੂੰ ਗੁਰੂ ਅਕਾਲ ਪੁਰਖ ਦੇ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਬਰਾਬਰ ਅਖਵਾਉਣ ਵਾਲੀ ਗੱਲ ਹੈ ਜਿਸ ਦੁਆਰਾ ਇਹੋ ਜਿਹੇ ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ ਗੁਰੂ ਰੂਪ ਸੰਤ ਨੂੰ ਨੀਵਾਂ ਹੀ ਕਰਦੇ ਹਨ ਭਾਵ ਗੁਰਮਤਿ ਨੂੰ ਨੀਵਾਂ ਕਰਦੇ ਹਨ ਤੇ ਮਨਮਤਿ ਨੂੰ ਉੱਚਾ ਕਰਦੇ ਹਨ। ਆਉ ਸਮਝੀਏ।

“ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥”

ਉਪਰ ਵਾਲੀ ਪਹਿਲੀ ਪੰਗਤੀ ਰਾਹੀਂ ਧੰਨ ਧੰਨ ਚੌਥੀ ਪਾਤਸ਼ਾਹੀ ਸੰਸਾਰ ਨੂੰ ਇਹ ਕਹਿ ਰਹੇ ਹਨ ਕਿ ਮੈਂ ਨਿਰਮਲ ਹਰਿ ਨੂੰ ਪਾਇਆ ਹੈ। ਹਰਿ ਆਪਣੀ ਉੱਚੀ ਤੇ ਸੁੱਚੀ ਸਮਝ ਦੁਆਰਾ ਨਿਰਮਲ ਹੈ ਜੋ ਸਮਝ ਭਰਮਾਂ ਵਾਲੀ ਸਮਝਦੀ ਮੈਲ ਤੋਂ ਰਹਿਤ ਹੈ। ਹਰ ਮਨੁੱਖ ਦੇ ਅੰਦਰ ਹਉਮੈ ਰੂਪ ਮੈਲ ਹੈ ਜਿਸ ਮੈਲ ਤੋਂ ਰਹਿਤ ਸੰਸਾਰ ਵਿੱਚ ਕੋਈ ਵੀ ਨਹੀਂ ਹੁੰਦਾ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜੋ ਹਰਿ ਨੂੰ ਪਾ ਲੈਂਦਾ ਹੈ ਭਾਵ ਜਿਸਦੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਪ੍ਰਗਟ ਹੋ ਕੇ ਉਸਦੀ ਸਮਝ ਨੂੰ ਆਪਣੀ ਇਸਤਰੀ ਬਣਾ ਲੈਂਦਾ ਹੈ ਉਹ ਫਿਰ ਆਪਣੀ ਇਸਤਰੀ ਦੀ ਸਮਝ ਨੂੰ ਨਿਰਮਲ ਬਣਾ ਦਿੰਦਾ ਹੈ, ਸੱਚੇ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ, ਬ੍ਰਹਮ ਗਿਆਨ ਵਾਲੀ ਸਮਝ ਬਣਾ ਦਿੰਦਾ ਹੈ, ਆਪਣੇ ਨਾਮ ਵਾਲੀ ਸਮਝ ਵਾਲਾ ਬਣਾ ਦਿੰਦਾ ਹੈ ਤੇ ਇਹੋ ਜਿਹੀ ਉੱਚੀ ਤੇ ਸੁੱਚੀ ਸਮਝ ਦੁਆਰਾ ਹੀ ਕੋਈ ਪ੍ਰਮਾਤਮਾ ਦੇ ਗੁਣ ਗਾ ਸਕਦਾ ਹੈ, ਹਰਿ ਗੁਣ ਗਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਹਰਿ ਗੁਣ ਗਾਏ ਹਨ ਜੋ ਕਿ ਉਨ੍ਹਾਂ ਨੇ ਆਪਣੇ ਮੁੱਖੋਂ ਹਰਿ ਦੀ ਬਾਣੀ ਬੋਲ

ਕੇ ਗਾਏ ਹਨ, ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਸਮਝਾਈ ਹੋਈ ਬਾਣੀ ਬੋਲ ਕੇ ਗਾਏ ਹਨ। ਗੁਰਬਾਣੀ ਦਾ ਹਰ ਸ਼ਬਦ **“ਹਰਿ ਬਾਣੀ”** ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਲਿਖਵਾਈ ਹੋਈ ਬਾਣੀ ਹੈ ਜੋ ਉਸਦੇ ਸੱਚੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਆਪਣੇ ਮੁੱਖੋਂ ਬੋਲ ਕੇ ਲਿਖਵਾਈ ਹੈ ਭਾਵ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੇ ਰੂਪ ਵਿੱਚ ਦਰਜ ਕਰਵਾਈ ਹੈ। **(ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥)**

ਇਹੀ ਗੱਲ ਅਗਲੀ ਪੰਗਤੀ ਰਾਹੀਂ ਹੋਰ ਸਪਸ਼ਟ ਕੀਤੀ ਹੋਈ ਹੈ ਕਿ **“ਹਰਿ ਬਾਣੀ”** ਕੀ ਹੈ, ਕਿਸ ਮਕਸਦ ਲਈ ਹੈ ਤੇ ਕਿੰਨ੍ਹਾਂ ਨੇ ਇਸਨੂੰ ਕਥਿਆ ਹੈ ਭਾਵ ਬੋਲਿਆ ਹੈ, ਲਿਖਿਆ ਹੈ।

“ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥”

ਇਸ ਤੋਂ ਉਪਰਲੀ ਪੰਗਤੀ ਵਿੱਚ ਇਹ ਲਿਖਿਆ ਹੋਇਆ ਹੇ ਕਿ **“ਨਿਰਮਲੁ ਹਰਿ ਪਾਇਆ”** ਤੇ ਉਪਰ ਵਾਲੀ ਪੰਗਤੀ ਵਿੱਚ ਲਿਖਿਆ ਹੋਇਆ **“ਸੰਤ ਜਨਾ ਵਡਭਾਗੀ ਪਾਇਆ”**। ਆਪਣੇ ਆਪ ਨੂੰ ਸੰਤ ਕਹਿ ਕੇ ਵਡਭਾਗੀ ਅਖਵਾਉਣ ਵਾਲੇ ਤਾਂ ਬਹੁਤ ਹੁੰਦੇ ਹਨ ਪਰ ਹੇ ਨਾਸਮਝੋ ਵਡਭਾਗੀ ਕੇਵਲ ਗੁਰੂ ਹੈ। ਅਕਾਲ ਪੁਰਖ ਦਾ ਹਰ ਸੰਤ ਜਨ ਉਸਦਾ ਗੁਰੂ ਰੂਪ ਹੈ ਜਿਨ੍ਹਾਂ ਦੇ ਅੰਦਰ ਆਪਣੇ ਮੇਲ ਦੁਆਰਾ ਉਹ ਸ਼ਬਦ ਰੂਪ ਗੁਰੂ ਪ੍ਰਗਟ ਕਰਦਾ ਹੈ ਤੇ ਉਨ੍ਹਾਂ ਦੀ ਸਮਝ ਦੇ ਅੰਦਰ ਹਰ ਸ਼ਬਦ ਦੀ ਵਿਚਾਰ ਉਹ ਆਪ ਹੀ ਪਾਉਂਦਾ ਹੈ। ਉਨ੍ਹਾਂ ਸੰਤ ਜਨਾਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ **“ਹਰਿ”** ਨੂੰ ਕਥਿਆ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਕਥਿਆ ਹੈ, ਉਸਦੀ ਸਮਝ ਲੈਣ ਦੁਆਰਾ ਕਥਿਆ ਹੈ ਕਿ ਸ੍ਰਿਸ਼ਟੀ ਦਾ ਕਰਤਾ ਕੀ ਹੈ, ਸ੍ਰਿਸ਼ਟੀ ਦਾ ਰਚਨਹਾਰ ਕੌਣ ਹੈ ਤੇ ਪੂਰੀ ਸ੍ਰਿਸ਼ਟੀ ਦੀ ਰਚਨਾ ਉਸਨੇ ਕਿਸ ਤਰੀਕੇ ਕੀਤੀ ਹੈ, ਕਿਸ ਮਕਸਦ ਲਈ ਕੀਤੀ ਹੈ, ਕਿਸ ਤਰੀਕੇ ਉਸਨੂੰ ਚਲਾ ਰਿਹਾ ਹੈ ਜੋ ਸਭ ਜਗ੍ਹਾ ਵਿੱਚ ਤੇ ਸਭ ਵਿੱਚ ਆਪਣੇ ਨਾਮ ਦੇ ਰੂਪ ਵਿੱਚ ਵਰਤ ਰਿਹਾ ਹੈ, ਆਪਣੇ ਨਿਰੰਕਾਰ ਰੂਪ ਵਿੱਚ ਵਰਤ ਰਿਹਾ ਹੈ ਜਿਸਨੇ ਆਪ ਹੀ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਵਾਈ ਹੈ ਤੇ ਆਪ ਹੀ ਸਭ ਨੂੰ ਇੱਕੋ ਜਿਹਾ ਸੱਚੇ ਧਰਮ ਦਾ ਮਾਰਗ ਸਮਝਾਇਆ ਹੈ ਜਿਸ ਸੱਚੇ ਧਰਮ ਦੇ ਮਾਰਗ ਉੱਤੇ ਚੱਲਣ ਦੁਆਰਾ ਭਾਵ ਉਸ ਤੇ ਚੱਲਣ ਦਾ ਸੱਚਾ ਉਦਮ ਕਰਨ ਦੁਆਰਾ ਉਸਨੂੰ ਕੋਈ ਵੀ ਜਾਣ ਸਕਦਾ ਹੈ ਜੋ ਹਰ ਮਨੁੱਖੀ ਸਮਝ ਦੇ ਅੰਦਰ ਹੀ ਵਰਤ ਰਿਹਾ ਹੈ, ਆਪਣੇ ਨਿਰੰਕਾਰ ਰੂਪ ਵਿੱਚ ਵਰਤ ਰਿਹਾ ਹੈ ਜਿਸਨੇ ਆਪ ਹੀ ਆਪਣੇ ਨਿਰੰਕਾਰ ਰੂਪ ਦੁਆਰਾ ਹਰ ਮਨੁੱਖੀ ਸਰੀਰ ਨੂੰ ਬਣਾਇਆ ਹੈ ਤੇ ਆਪ ਹੀ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਜਿਸਨੂੰ ਉਹ ਆਪਣਾ

ਸੰਤ ਰੂਪ ਬਣਾਉਂਦਾ ਹੈ ਉਸਨੂੰ ਭਰਮਾਂ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ ਤੇ ਤਾਂ ਹੀ ਕੋਈ ਉਸਦੀ **"ਅਕਥ ਕਹਾਣੀ"** ਬਿਆਨ ਕਰ ਸਕਦਾ ਹੈ, ਲਿਖ ਸਕਦਾ ਹੈ। ਪੂਰੀ ਗੁਰਬਾਣੀ ਦਾ ਹਰ ਸ਼ਬਦ ਸ੍ਰਿਸ਼ਟੀ ਦੇ ਕਰਤੇ ਦੀ ਅਕਥ ਕਹਾਣੀ ਹੀ ਹੈ ਜੋ ਉਸਦੀ ਅਕਥ ਕਹਾਣੀ ਉਨ੍ਹਾਂ ਨੇ ਹੀ ਕਥੀ ਹੈ ਜਿਨ੍ਹਾਂ ਨੂੰ ਉਸਨੇ ਆਪਣੇ ਸੰਤ ਜਨ ਬਣਾ ਕੇ ਵਡਭਾਗੀ ਬਣਾਇਆ ਹੈ, ਮਨ ਦੀ ਸਮਝ ਦੇ ਵਿੱਚ ਉਨ੍ਹਾਂ ਦੇ ਨਾਲ

54/7651

ਆਪਣਾ ਵਿਆਹ ਰਚਾਉਣ ਦੁਆਰਾ ਬਣਾਇਆ ਹੈ। **(ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥)**

ਜਿਨ੍ਹਾਂ ਵਡਭਾਗੀ ਸੰਤ ਜਨਾਂ ਨੇ ਅਕਾਲ ਪੁਰਖ ਦੀ ਅਕਥ ਕਹਾਣੀ ਲਿਖੀ ਹੈ, ਸ਼ਬਦਾਂ ਰਾਹੀਂ ਅਕਾਲ ਪੁਰਖ ਨੂੰ ਕਥਿਆ ਹੈ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਬਾਣੀ ਦੇ ਸ਼ਬਦਾਂ ਨੂੰ ਜਪਿਆ ਵੀ ਹੈ ਭਾਵ ਉਨ੍ਹਾਂ ਤੇ ਅਮਲ ਵੀ ਕੀਤਾ ਹੈ ਜਿਵੇਂ ਕਿ ਨਾਲ ਹੀ ਅਗਲੀਆਂ ਪੰਗਤੀਆਂ ਰਾਹੀਂ ਸਮਝਾਇਆ ਹੋਇਆ ਹੈ।

"ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥"

ਉਪਰ ਪਹਿਲੀ ਪੰਗਤੀ ਵਿੱਚ ਹਿਰਦੇ ਦੇ ਵਿੱਚ ਭਾਵ ਮਨ ਦੇ ਵਿੱਚ **"ਹਰਿ ਹਰਿ ਹਰਿ ਧੁਨਿ ਉਪਜੀ"** ਦੀ ਗੱਲ ਕੀਤੀ ਹੋਈ ਹੈ ਭਾਵ ਬਾਰ-ਬਾਰ ਧੁਨਿ ਉਪਜਣ ਦੀ ਗੱਲ ਕੀਤੀ ਹੋਈ ਹੈ। ਹਰਿ ਧੁਨਿ ਦਾ ਉਪਜਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਉਪਰ ਵਾਲੇ ਪਦੇ ਤੋਂ ਬਾਅਦ ਦਿੱਤੇ ਹੋਏ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਤੁਸੀਂ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰ ਸਕੋਗੇ। ਇਸ ਗੱਲ ਨੂੰ ਵਿਸ਼ਵਾਸ ਨਾਲ ਉਹੀ ਸਮਝ ਸਕਦਾ ਹੈ ਤੇ ਮੰਨ ਸਕਦਾ ਹੈ ਜੋ ਆਪਣੇ ਅੰਦਰੋਂ ਸਮਝ ਦੇ ਮਾਲਕ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ ਭਾਵ ਜਿਸ ਮਨੁੱਖੀ ਸਮਝ ਨੂੰ ਉਹ ਮਨ ਰੂਪ ਘਰ ਦਾ ਮਾਲਕ ਆਪਣੀ ਘਰਵਾਲੀ ਬਣਾ ਲੈਂਦਾ ਹੈ ਤੇ ਉਸਦੇ ਨਾਲ ਧਰਮ ਦੇ ਮਾਰਗ ਨੂੰ ਸਮਝਾਉਣ ਦੇ ਲਈ ਹਰ ਗੱਲ ਦੀ ਸਾਂਝ ਕਰਦਾ ਹੈ ਜੋ ਕਿ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਕਰਦਾ ਹੈ। ਉਸਦੇ ਹਰ ਸ਼ਬਦ ਦੀ ਸੱਚੀ ਵਿਚਾਰ ਮਨੁੱਖੀ ਸਮਝ ਦੇ ਅੰਦਰ ਦੀ ਹਰਿ ਧੁਨਿ ਹੈ ਜੋ ਉਸਦੀ ਹਰਿ ਧੁਨਿ ਉਸਦੀ ਮਨੁੱਖੀ ਨਾਰ ਦੀ ਸਮਝ ਦੇ ਵਿੱਚ ਉਪਜਦੀ ਰਹਿੰਦੀ ਹੈ, ਉਸਦੇ ਜੀਵਨ ਭਰ ਉਪਜਦੀ ਰਹਿੰਦੀ ਹੈ ਜਿਸ ਦੁਆਰਾ ਉਹ ਆਪਣੇ ਸ਼ਬਦਾਂ ਦਾ ਸੱਚਾ ਗਿਆਨ ਦਿੰਦਾ ਹੀ ਰਹਿੰਦਾ ਹੈ ਭਾਵ ਆਪਣੀ ਅਕਥ ਕਹਾਣੀ ਸਮਝਾਉਂਦਾ ਹੀ ਰਹਿੰਦਾ ਹੈ ਭਾਵ ਆਪਣੇ ਸੰਤ ਜਨ ਨੂੰ ਸਮਝਾਉਂਦਾ ਹੀ ਰਹਿੰਦਾ ਹੈ ਤੇ ਉਸਦਾ ਸੰਤ ਜਨ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਭਾਵ ਹਰਿ ਦੇ ਨਾਮ ਨੂੰ ਜਪਦਾ ਵੀ ਹੈ ਭਾਵ ਉਸ ਤੇ ਆਪਣੇ ਜੀਵਨ ਵਿੱਚ ਅਮਲ ਵੀ ਕਰਦਾ ਹੈ। ਅਕਾਲ ਪੁਰਖ ਕਿਸੇ ਨੂੰ ਕਿਸੀ ਵੀ ਸਮਝ ਦੇ ਅੰਦਰ ਇਹੋ ਜਿਹੇ ਲੇਖ ਲਿਖ ਕੇ ਭਾਗਾਂ ਵਾਲਾ ਬਣਾਉਂਦਾ ਹੈ। ਸਮਝ ਦੇ ਅੰਦਰ ਹਰਿ ਧੁਨਿ ਦਾ ਉਪਜਣਾ ਜਾਂ ਮਨ ਦੇ ਵਿੱਚ ਵੈਰਾਗ ਦਾ ਉਪਜਣਾ ਇੱਕੋ ਹੀ ਗੱਲ ਹੈ ਕਿਉਂਕਿ ਮਨੁੱਖ ਨੂੰ ਬੈਰਾਗੀ ਉਸਦੀ ਸਮਝ ਹੀ ਬਣਾਉਂਦੀ ਹੈ ਜਿਸ ਮਨ ਦੇ ਬੈਰਾਗ ਦੁਆਰਾ ਹੀ ਕੋਈ **"ਹਰਿ"** ਨੂੰ ਜਪ ਸਕਦਾ ਹੈ ਭਾਵ ਉਸਦਾ ਨਾਮ ਜਪ ਸਕਦਾ ਹੈ। **(ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥)**

54/7652

ਜਿਸ ਮਨ ਦੀ **"ਧੁਨਿ"** ਦੁਆਰਾ ਅਕਾਲ ਪੁਰਖ ਦੀ ਅਕਥ ਕਹਾਣੀ ਨੂੰ ਜਾਣਿਆ ਜਾ ਸਕਦਾ ਹੈ ਉਹ ਧੁਨਿ ਮਨੁੱਖ ਦੇ ਧਿਆਨ ਅੰਦਰ ਹੀ ਉਪਜਦੀ ਹੈ ਭਾਵ ਮਨੁੱਖ ਦੀ ਸਮਝ ਦੇ ਅੰਦਰ ਉਪਜਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਧਿਆਨ ਦੇ ਵਿੱਚ ਇਹ ਧੁਨਿ ਮਨ ਦੇ ਵਿੱਚ ਅਕਾਲ ਪੁਰਖ ਦੇ ਨਾਲ ਮੇਲ ਹੋਣ ਦੁਆਰਾ ਹੀ ਉਪਜਦੀ ਹੈ।

ਰਾਮਕਲੀ ਮਹਲਾ ੧ ॥

{ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥
ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥
ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥੨॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥}

(ਅੰਗ ੮੭੮-੮੭੯)

{ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥
ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥}

(ਅੰਗ ੯੪੨-੯੪੩)

ਮਨ ਦੀ ਧੁਨਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਹੋਰ ਸ਼ਬਦਾਂ ਦੁਆਰਾ ਵੀ ਸਮਝਿਆ ਹੈ ਤੇ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ॥

{ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥
ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥
ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥
ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥
ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥
ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥
ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥
ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥}

(ਅੰਗ ੨੨)

ਸਿਰੀਰਾਗੁ ਮਹਲਾ ੧ ॥

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥
ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥ ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥੪॥
ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥
ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥੫॥ ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ ॥
ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥ ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥
ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥ ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥ ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ॥
ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥ ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ॥੮॥੧੦॥}

(ਅੰਗ ੫੯)

{ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥}

(ਅੰਗ ੯੬)

ਮਾਝ ਮਹਲਾ ੫ ॥

{ਚਰਣ ਠਾਕੁਰ ਕੇ ਰਿਦੈ ਸਮਾਣੇ ॥ ਕਲਿ ਕਲੇਸ ਸਭ ਦੂਰਿ ਪਇਆਣੇ ॥
ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥੧॥
ਲਾਗੀ ਪ੍ਰੀਤਿ ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥
ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥੨॥
ਅੰਮ੍ਰਿਤੁ ਵਰਖੈ ਅਨਹਦ ਬਾਣੀ ॥ ਮਨ ਤਨ ਅੰਤਰਿ ਸਾਂਤਿ ਸਮਾਣੀ ॥
ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ ॥੩॥
ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥ ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥
ਆਵਣ ਜਾਣ ਰਹੇ ਵਡਭਾਗੀ ਨਾਨਕ ਪੂਰਨ ਆਸਾ ਜੀਉ ॥੪॥੩੧॥੩੮॥}

(ਅੰਗ ੧੦੫)

ਮਾਝ ਮਹਲਾ ੩ ॥

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥

ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥
ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥
ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥
ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥
ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥
ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥
ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥
ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥
ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ ਤਨੁ ਮੋਹੈ ॥
ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥
ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥
ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥
ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥}

(ਅੰਗ ੧੨੧)

54/7653

ਗਉੜੀ ਗੁਆਰੇਰੀ ਮਹਲਾ ੪ ॥

{ਹਰਿ ਆਪੇ ਜੋਗੀ ਡੰਡਾਧਾਰੀ ॥ ਹਰਿ ਆਪੇ ਰਵਿ ਰਹਿਆ ਬਨਵਾਰੀ ॥
ਹਰਿ ਆਪੇ ਤਪੁ ਤਾਪੈ ਲਾਇ ਤਾਰੀ ॥੧॥ ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥
ਨਿਕਟਿ ਵਸੈ ਨਾਹੀ ਹਰਿ ਦੂਰਿ ॥੧॥ ਰਹਾਉ ॥ ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥
ਹਰਿ ਆਪੇ ਵੇਖੈ ਵਿਗਸੈ ਆਪੇ ॥ ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥੨॥
ਹਰਿ ਆਪੇ ਸਾਰਿੰਗ ਅੰਮ੍ਰਿਤਧਾਰਾ ॥ ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥
ਹਰਿ ਆਪਿ ਕਰੇ ਆਪੇ ਨਿਸਤਾਰਾ ॥੩॥ ਹਰਿ ਆਪੇ ਬੇੜੀ ਤੁਲਹਾ ਤਾਰਾ ॥
ਹਰਿ ਆਪੇ ਗੁਰਮਤੀ ਨਿਸਤਾਰਾ ॥ ਹਰਿ ਆਪੇ ਨਾਨਕ ਪਾਵੈ ਪਾਰਾ ॥੪॥੬॥੪੪॥}

(ਅੰਗ ੧੬੫)

ਗਉੜੀ ਮਹਲਾ ੫ ॥

{ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥
ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ ਰਹਾਉ ॥

ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥੨॥
ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥੩॥
ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥}

(ਅੰਗ ੧੮੬)

ਗਉੜੀ ਮਹਲਾ ੩ ॥

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥
ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥ ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥
ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧-੨੩੨)

ਗਉੜੀ ਮਹਲਾ ੩ ॥

{ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥
ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥
ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥
ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥
ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥

ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ ॥ ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ ॥
ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ ॥ ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ॥
ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ ॥੩॥
ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ ਅਗਮ ਅਪਾਰਾ ॥ ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ॥
ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ ॥
ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰਿ ਬੂਝ ਬੁਝਾਈ ॥
ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵ ਲਾਈ ॥
ਨਾਨਕ ਸਹਜੇ ਹਰਿ ਵਰੁ ਪਾਇਆ ਸਾ ਧਨ ਨਉ ਨਿਧਿ ਪਾਈ ॥੪॥੩॥}

(ਅੰਗ ੨੪੫)

ਆਸਾ ਮਹਲਾ ੫ ॥

{ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥
ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ ॥੧॥ ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ ਰਹਾਉ ॥
ਧਾਵਤ ਰਹੇ ਏਕੁ ਇਕੁ ਬੂਝਿਆ ਆਇ ਬਸੇ ਅਬ ਨਿਹਚਲੁ ਥਾਇ ॥
ਜਗਤੁ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ ॥੨॥
ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥ ਸਹਜ ਧੁਨਿ ਗਾਵੈ ਮੰਗਲ ਮਨੂਆ
ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥ ਕਰਨ ਕਾਰਨ ਸਮਰਥ ਹਮਾਰੇ ਸੁਖਦਾਈ ਮੇਰੇ ਹਰਿ ਹਰਿ ਰਾਇ ॥
ਨਾਮੁ ਤੇਰਾ ਜਪਿ ਜੀਵੈ ਨਾਨਕੁ ਓਤਿ ਪੋਤਿ ਮੇਰੈ ਸੰਗਿ ਸਹਾਇ ॥੪॥੯॥}

(ਅੰਗ ੩੭੩)

{ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨ੍ਹਿ ਭਏ ਨਿਰੰਕਾਰੀ ॥੭॥
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥
ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ ॥
ਭਗਤਿ ਹੇਤੁ ਗੁਰ ਚਰਣ ਨਿਵਾਸਾ ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥੯॥੮॥}

(ਅੰਗ ੪੧੫)

{ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥

ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥
ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥}

(ਅੰਗ ੪੪੦-੪੪੧)

{ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ ॥ ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ ਪ੍ਰਾਨਿ ਵਸਾਏ ਰਾਮ ॥
ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ ਸਭੁ ਸੰਸਾ ਦੂਖੁ ਗਵਾਇਆ ॥
ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ ਪਵਿਤ੍ਰ ਪਰਮ ਪਦੁ ਪਾਇਆ ॥
ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥
ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ ॥੧॥}

(ਅੰਗ ੪੪੨)

{ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥}

(ਅੰਗ ੪੮੯)

ਸਲੋਕੁ ਮਃ ੩ ॥

{ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ ੫੧੨)

54/7654

ਸੋਰਠਿ ਮਹਲਾ ੩ ॥

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥ ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥
ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥

ਤੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ ੬੦੪)

{ਆਪੇ ਸਿੰਙੀ ਨਾਦੁ ਹੈ ਪਿਆਰਾ ਧੁਨਿ ਆਪਿ ਵਜਾਏ ਆਪੈ ॥
ਆਪੇ ਜੋਗੀ ਪੁਰਖੁ ਹੈ ਪਿਆਰਾ ਆਪੇ ਹੀ ਤਪੁ ਤਾਪੈ ॥
ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ ॥੩॥}

(ਅੰਗ ੬੦੫)

ਸੋਰਠਿ ਮਹਲਾ ੫ ॥

{ਸੂਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਣ ਨਿਹਾਰਿਆ ॥
ਰਾਖਨਹਾਰੈ ਰਾਖਿਓ ਬਾਰਿਕੁ ਸਤਿਗੁਰਿ ਤਾਪੁ ਉਤਾਰਿਆ ॥੧॥ ਉਬਰੇ ਸਤਿਗੁਰ ਕੀ ਸਰਣਾਈ ॥
ਜਾ ਕੀ ਸੇਵ ਨ ਬਿਰਥੀ ਜਾਈ ॥ ਰਹਾਉ॥ ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ ॥
ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥}

(ਅੰਗ ੬੧੯)

ਸੋਰਠਿ ਮਹਲਾ ੫ ॥

{ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥
ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥੧॥ ਹਿਰਦੈ ਹਰਿ ਕੇ ਚਰਣ ਵਸਾਈ ॥
ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ ॥ ਰਹਾਉ ॥
ਕਿਆ ਗੁਣ ਤੇਰੇ ਆਖਿ ਵਖਾਣਾ ਕੀਮਤਿ ਕਹਣੁ ਨ ਜਾਈ ॥
ਨਾਨਕ ਭਗਤ ਭਏ ਅਬਿਨਾਸੀ ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥}

(ਅੰਗ ੬੧੯)

ਧਨਾਸਰੀ ਮਹਲਾ ੫ ॥

{ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥
ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥ ਤੁਮ ਘਰਿ ਆਵਹੁ ਮੇਰੇ ਮੀਤ ॥
ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥
ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥
ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥
ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥
ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥ ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ॥
ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥}

(ਅੰਗ ੬੭੮)

ਜੈਤਸਰੀ ਮਹਲਾ ੪ ॥

{ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥
ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥ ਮੇਰੇ ਮਨ ਜਪਿ ਰਾਮ ਨਾਮੁ ਹਰਿ ਰੂੜਾ॥
ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ ਹਰਿ ਮਿਲਿਓ ਲਾਇ ਝਪੀੜਾ ॥ ਰਹਾਉ ॥
ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥
ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥੨॥
ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ ॥
ਹਲਤਿ ਪਲਤਿ ਹਰਿ ਸੋਭਾ ਪਾਵਹਿ ਹਰਿ ਰੰਗੁ ਲਗਾ ਮਨਿ ਗੂੜਾ ॥੩॥
ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥
ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ ਪਾਖਾਨੂ ਹਰਿਓ ਮਨੁ ਮੂੜਾ ॥੪॥੬॥}

(ਅੰਗ ੬੯੮)

ਸੂਹੀ ਮਹਲਾ ੧ ਘਰੁ ੭
ੴ ਸਤਿਗੁਰ ਪ੍ਰਸਾਦਿ ॥

{ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥ ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥}

(ਅੰਗ ੭੩੦)

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨
ੴ ਸਤਿਗੁਰ ਪ੍ਰਸਾਦਿ ॥

{ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥

ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ ਆਵਹੁ ਮੀਤ ਪਿਆਰੇ ॥
ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥
ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥ ਆਤਮ ਰਾਮੁ ਸੰਸਾਰਾ ॥
ਸਾਚਾ ਖੇਲੁ ਤੁਮ੍ਹਾਰਾ ॥ ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥
ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥ ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ॥
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥}

(ਅੰਗ ੭੬੪)

54/7655

{ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥
ਹਰਿ ਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ ॥
ਨਿਜ ਘਰਿ ਧਾਰ ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ ॥੬॥}

(ਅੰਗ ੮੩੪-੮੩੫)

ਬਿਲਾਵਲੁ ਮਹਲਾ ੫ ॥

{ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥ ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥
ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥ ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ॥
ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥
ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥੧॥
ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ ॥ ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ ॥
ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ ॥
ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ ॥
ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ ॥
ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ ਪਾਵਹ ॥੨॥
ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥ ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ ॥
ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ ॥

ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥ ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ॥
ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥੩॥ ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ ॥੪॥੨॥}

(ਅੰਗ ੮੪੬)

ਰਾਮਕਲੀ ਮਹਲਾ ੫ ॥

{ਕੋਟਿ ਜਾਪ ਤਾਪ ਬਿਸ੍ਰਾਮ ॥ ਰਿਧਿ ਬੁਧਿ ਸਿਧਿ ਸੁਰ ਗਿਆਨ ॥ ਅਨਿਕ ਰੂਪ ਰੰਗ ਭੋਗ ਰਸੈ ॥
ਗੁਰਮੁਖਿ ਨਾਮੁ ਨਿਮਖ ਰਿਦੈ ਵਸੈ ॥੧॥ ਹਰਿ ਕੇ ਨਾਮ ਕੀ ਵਡਿਆਈ ॥
ਕੀਮਤਿ ਕਹਣੁ ਨ ਜਾਈ ॥੧॥ ਰਹਾਉ ॥ ਸੂਰਬੀਰ ਧੀਰਜ ਮਤਿ ਪੂਰਾ ॥
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥ ਸਦਾ ਮੁਕਤੁ ਤਾ ਕੇ ਪੂਰੇ ਕਾਮ ॥
ਜਾ ਕੈ ਰਿਦੈ ਵਸੈ ਹਰਿ ਨਾਮ ॥੨॥ ਸਗਲ ਸੂਖ ਆਨੰਦ ਅਰੋਗ ॥ ਸਮਦਰਸੀ ਪੂਰਨ ਨਿਰਜੋਗ ॥
ਆਇ ਨ ਜਾਇ ਡੋਲੈ ਕਤ ਨਾਹੀ ॥ ਜਾ ਕੈ ਨਾਮੁ ਬਸੈ ਮਨ ਮਾਹੀ ॥੩॥
ਦੀਨ ਦਇਆਲ ਗੋਪਾਲ ਗੋਵਿੰਦ ॥ ਗੁਰਮੁਖਿ ਜਪੀਐ ਉਤਰੈ ਚਿੰਦ ॥
ਨਾਨਕ ਕਉ ਗੁਰਿ ਦੀਆ ਨਾਮੁ ॥ ਸੰਤਨ ਕੀ ਟਹਲ ਸੰਤ ਕਾ ਕਾਮੁ ॥੪॥੧੫॥੨੬॥}

(ਅੰਗ ੮੯੦-੮੯੧)

ਰਾਮਕਲੀ ਮਹਲਾ ੧ ॥

{ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥ ਵਾਜੈ ਅਨਹਦੁ ਮੇਰਾ ਮਨੁ ਲੀਣਾ ॥
ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥ ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ ॥੧॥ ਰਹਾਉ ॥
ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥ ਨਾਮੁ ਰਤਨੁ ਨਿਰਮੋਲਕੁ ਹੀਰਾ ॥
ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥ ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥ ਸਬਦੁ ਬੀਚਾਰਿ ਭਏ ਨਿਰੰਕਾਰੀ ॥
ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥
ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥ ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥ ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥
ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥ ਜਗੁ ਸੂਤਾ ਮਰਿ ਆਵੈ ਜਾਇ ॥
ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥ ਅਨਹਦ ਸਬਦੁ ਵਜੈ ਦਿਨੁ ਰਾਤੀ ॥
ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥ ਤਉ ਜਾਨੀ ਜਾ ਸਬਦਿ ਪਛਾਨੀ ॥
ਏਕੋ ਰਵਿ ਰਹਿਆ ਨਿਰਬਾਨੀ ॥੭॥ ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥
ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥}

(ਅੰਗ ੯੦੩-੯੦੪)

ਪਉੜੀ ॥

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥ ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ ੯੫੪)

{ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥
ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥
ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥
ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥
ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥
ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥
ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥ ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥
ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥
ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥}

(ਅੰਗ ੯੬੯-੯੭੦)

{ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥ ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥
ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥ ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥
ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥ ਅਨਹਦੁ ਵਾਜੈ ਕ੍ਰਮੁ ਭਉ ਭਾਜੈ ॥
ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥ ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥
ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥ ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥
ਅਵਰੁ ਨ ਜਾਣਾ ਦੂਆ ਤੀਆ ॥ ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥
ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥ ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥
ਵੇਪਰਵਾਹ ਅਖੁਟ ਭੰਡਾਰੈ ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥੧੪॥
ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥
ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥੧੫॥ ਜੇਤੀ ਹੈ ਤੇਤੀ ਤੁਧੁ ਅੰਦਰਿ ॥
ਦੇਖਹਿ ਆਪਿ ਬੈਸਿ ਬਿਜ ਮੰਦਰਿ ॥ ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥}

(ਅੰਗ ੧੦੩੩-੧੦੩੪)

{ਊਤਮ ਸਤਿਗੁਰ ਪੁਰਖ ਨਿਰਾਲੇ ॥ ਸਬਦਿ ਰਤੇ ਹਰਿ ਰਸਿ ਮਤਵਾਲੇ ॥
ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ ॥੧੫॥
ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥ ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥
ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥੧੬॥ ਸਤਿਗੁਰ ਤੇ ਪਾਏ ਵੀਚਾਰਾ ॥

ਸੁੰਨ ਸਮਾਧਿ ਸਚੇ ਘਰ ਬਾਰਾ ॥ ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ ॥੧੭॥੫॥੧੭॥}

(ਅੰਗ ੧੦੩੮)

ਮਾਰੂ ਮਹਲਾ ੧ ॥

{ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥
ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥੧॥
ਤੂ ਏਕੰਕਾਰੁ ਨਿਰਾਲਮੁ ਰਾਜਾ ॥ ਤੂ ਆਪਿ ਸਵਾਰਹਿ ਜਨ ਕੇ ਕਾਜਾ ॥
ਅਮਰੁ ਅਡੋਲੁ ਅਪਾਰੁ ਅਮੋਲਕੁ ਹਰਿ ਅਸਥਿਰ ਥਾਨਿ ਸੁਹਾਇਆ ॥੨॥ ਦੇਹੀ ਨਗਰੀ ਊਤਮ ਥਾਨਾ ॥
ਪੰਚ ਲੋਕ ਵਸਹਿ ਪਰਧਾਨਾ ॥ ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥੩॥
ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥ ਪੁਰਖੁ ਅਲੇਖੁ ਸਚੇ ਦੀਵਾਨਾ ॥
ਹੁਕਮਿ ਚਲਾਏ ਸਚੁ ਨੀਸਾਨਾ ॥ ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥
ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥
ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥ ਸਚੈ ਥਾਨਿ ਵਸੈ ਨਿਰੰਕਾਰਾ ॥
ਆਪਿ ਪਛਾਣੈ ਸਬਦੁ ਵੀਚਾਰਾ ॥ ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥੭॥
ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥
ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥ ਭਉ ਬੈਰਾਗਾ ਸਹਜਿ ਸਮਾਤਾ ॥
ਹਉਮੈ ਤਿਆਗੀ ਅਨਹਦਿ ਰਾਤਾ ॥ ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੯॥
ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ ॥ ਰੋਗ ਕਟੇ ਕਾਟੀ ਜਮ ਫਾਸੀ ॥
ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ ਗੁਰਿ ਮਿਲਿਐ ਹਰਿ ਪ੍ਰਭੁ ਪਾਇਆ ॥੧੦॥ ਕਾਲੈ ਕਵਲੁ ਨਿਰੰਜਨੁ ਜਾਣੈ ॥
ਬੂਝੈ ਕਰਮੁ ਸੁ ਸਬਦੁ ਪਛਾਣੈ ॥ ਆਪੇ ਜਾਣੈ ਆਪਿ ਪਛਾਣੈ ਸਭੁ ਤਿਸ ਕਾ ਚੋਜੁ ਸਬਾਇਆ ॥੧੧॥
ਆਪੇ ਸਾਹੁ ਆਪੇ ਵਣਜਾਰਾ ॥ ਆਪੇ ਪਰਖੇ ਪਰਖਣਹਾਰਾ ॥
ਆਪੇ ਕਸਿ ਕਸਵਟੀ ਲਾਏ ਆਪੇ ਕੀਮਤਿ ਪਾਇਆ ॥੧੨॥ ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥
ਘਟਿ ਘਟਿ ਰਵਿ ਰਹਿਆ ਬਨਵਾਰੀ ॥ ਪੁਰਖੁ ਅਤੀਤੁ ਵਸੈ ਨਿਹਕੇਵਲੁ ਗੁਰ ਪੁਰਖੈ ਪੁਰਖੁ ਮਿਲਾਇਆ ॥੧੩॥
ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥ ਦੂਜਾ ਮੇਟੈ ਏਕੁ ਦਿਖਾਏ ॥
ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ ॥੧੪॥
ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥
ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥੧੫॥੨॥੧੯॥}

(ਅੰਗ ੧੦੩੯-੧੦੪੦)

{ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥
ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦੁ ਸੁਰਤਿ ਬਿਨੁ ਆਈਐ ਜਾਈਐ ॥

ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥
ਨਿਰਭਉ ਸਤਿਗੁਰੁ ਹੈ ਰਖਵਾਲਾ ॥ ਭਗਤਿ ਪਰਾਪਤਿ ਗੁਰ ਗੋਪਾਲਾ ॥
ਧੁਨਿ ਅਨੰਦ ਅਨਾਹਦੁ ਵਾਜੈ ਗੁਰ ਸਬਦਿ ਨਿਰੰਜਨੁ ਪਾਇਆ ॥੧੧॥}

(ਅੰਗ ੧੦੪੨)

54/7656

{ਆਵਣ ਜਾਣਾ ਸਬਦਿ ਨਿਵਾਰੇ ॥ ਸਚੁ ਨਾਮੁ ਰਖੈ ਉਰ ਧਾਰੇ ॥
ਗੁਰ ਕੈ ਸਬਦਿ ਮਰੈ ਮਨੁ ਮਾਰੇ ਹਉਮੈ ਜਾਇ ਸਮਾਇਆ ॥੫॥ ਆਵਣ ਜਾਣੈ ਪਰਜ ਵਿਗੋਈ ॥
ਬਿਨੁ ਸਤਿਗੁਰ ਥਿਰੁ ਕੋਇ ਨ ਹੋਈ ॥ ਅੰਤਰਿ ਜੋਤਿ ਸਬਦਿ ਸੁਖੁ ਵਸਿਆ ਜੋਤੀ ਜੋਤਿ ਮਿਲਾਇਆ ॥੬॥
ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥
ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥ ਬਾਝੁ ਗੁਰੂ ਹੈ ਮੋਹੁ ਗੁਬਾਰਾ ॥
ਫਿਰਿ ਫਿਰਿ ਡੁਬੈ ਵਾਰੋ ਵਾਰਾ ॥ ਸਤਿਗੁਰ ਭੇਟੇ ਸਚੁ ਦ੍ਰਿੜਾਏ ਸਚੁ ਨਾਮੁ ਮਨਿ ਭਾਇਆ ॥੮॥
ਸਾਚਾ ਦਰੁ ਸਾਚਾ ਦਰਵਾਰਾ ॥ ਸਚੇ ਸੇਵਹਿ ਸਬਦਿ ਪਿਆਰਾ ॥
ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ ॥੯॥ ਘਰੈ ਅੰਦਰਿ ਕੋ ਘਰੁ ਪਾਏ ॥
ਗੁਰ ਕੈ ਸਬਦੇ ਸਹਜਿ ਸੁਭਾਏ ॥ ਓਥੈ ਸੋਗੁ ਵਿਜੋਗੁ ਨ ਵਿਆਪੈ ਸਹਜੇ ਸਹਜਿ ਸਮਾਇਆ ॥੧੦॥}

(ਅੰਗ ੧੦੬੮)

ਮਾਰੂ ਸੋਲਹੇ ਮਹਲਾ ੪
ੴ ਸਤਿਗੁਰ ਪ੍ਰਸਾਦਿ ॥

{ਸਚਾ ਆਪਿ ਸਵਾਰਣਹਾਰਾ ॥ਅਵਰ ਨ ਸੂਝਸਿ ਬੀਜੀ ਕਾਰਾ ॥
ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥ ਸਭਨਾ ਸਚੁ ਵਸੈ ਮਨ ਮਾਹੀ ॥
ਗੁਰ ਪਰਸਾਦੀ ਸਹਜਿ ਸਮਾਹੀ ॥ ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥
ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥
ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥
ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥ ਜਿਸੁ ਭਾਵੈ ਤਿਸੁ ਆਪੇ ਦੇਇ ॥
ਗੁਰਮੁਖਿ ਨਾਮੁ ਪਦਾਰਥੁ ਲੇਇ ॥ ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥

ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥ ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥ ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥ ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥ ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ ੧੦੬੯-੧੦੭੦)

{ਹਰਿ ਕਾ ਨਾਮੁ ਕੋਟਿ ਲਖ ਬਾਹਾ ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥
ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥੯॥ ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥
ਜੀਤਿ ਆਵਹੁ ਵਸਹੁ ਘਰਿ ਅਪਨੇ ॥ ਲਖ ਚਉਰਾਸੀਹ ਨਰਕ ਨ ਦੇਖਹੁ ਰਸਕਿ ਰਸਕਿ ਗੁਣ ਗਾਈ ਹੇ ॥੧੦॥
ਖੰਡ ਬ੍ਰਹਮੰਡ ਉਧਾਰਣਹਾਰਾ ॥ ਊਚ ਅਥਾਹ ਅਗੰਮ ਅਪਾਰਾ ॥
ਜਿਸ ਨੋ ਕ੍ਰਿਪਾ ਕਰੇ ਪ੍ਰਭੁ ਅਪਨੀ ਸੋ ਜਨੁ ਤਿਸਹਿ ਧਿਆਈ ਹੇ ॥੧੧॥ ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥
ਕਰਿ ਕਿਰਪਾ ਕੀਨੇ ਘਰ ਗੋਲੇ ॥ ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥੧੨॥
ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥
ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥੧੩॥ ਜੈ ਜੈ ਕਾਰੁ ਜਪਹੁ ਜਗਦੀਸੈ ॥
ਬਲਿ ਬਲਿ ਜਾਈ ਪ੍ਰਭ ਅਪੁਨੇ ਈਸੈ ॥ ਤਿਸੁ ਬਿਨੁ ਦੂਜਾ ਅਵਰੁ ਨ ਦੀਸੈ ਏਕਾ ਜਗਤਿ ਸਬਾਈ ਹੇ ॥੧੪॥
ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪਰਸਾਦਿ ਸਦਾ ਮਨੁ ਰਾਤਾ ॥
ਸਿਮਰਿ ਸਿਮਰਿ ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ ॥੧੫॥ ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥
ਸਭੈ ਉਧਾਰਣੁ ਖਸਮੁ ਹਮਾਰਾ ॥ ਸਿਮਰਿ ਨਾਮੁ ਪੁੰਨੀ ਸਭ ਇਛਾ ਜਨ ਨਾਨਕ ਪੈਜ ਰਖਾਈ ਹੇ ॥੧੬॥੧॥}

(ਅੰਗ ੧੦੭੨)

{ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥
ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥੮॥
ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥ ਕਰਿ ਕਰਿ ਦੇਖੈ ਖੇਲੁ ਅਪਾਰਾ ॥

ਆਪਿ ਉਪਾਏ ਉਪਾਵਣਹਾਰਾ ਅਪਣਾ ਕੀਆ ਪਾਲਣਾ ॥੯॥}

(ਅੰਗ ੧੦੭੭)

ਬਸੰਤੁ ਮਹਲਾ ੧ ॥

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥
ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ ਬੂਝੈ ਏਕ ਸਮਾਇ ॥੧॥
ਤੇਰੇ ਦਰਸਨ ਕਉ ਕੇਤੀ ਬਿਲਲਾਇ ॥ ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥
ਬੇਦ ਵਖਾਣਿ ਕਹਹਿ ਇਕੁ ਕਹੀਐ ॥ ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥
ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ ਅਨਹਦਿ ਰਾਤਾ ਏਕ ਲਿਵ ਤਾਰ ॥
ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ ਏਕੋ ਤਖਤੁ ਏਕੋ ਪਾਤਿਸਾਹੁ ॥
ਸਰਬੀ ਥਾਈ ਵੇਪਰਵਾਹੁ ॥ ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥
ਇਤ ਉਤ ਦੇਖਉ ਸਹਜੇ ਰਾਵਉ ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}

(ਅੰਗ ੧੧੮੮-੧੧੮੯)

ਸਾਰਗ ਮਹਲਾ ੫ ॥

{ਰਮਣ ਕਉ ਰਾਮ ਕੇ ਗੁਣ ਬਾਦ ॥ ਸਾਧਸੰਗਿ ਧਿਆਈਐ ਪਰਮੇਸਰੁ ਅੰਮ੍ਰਿਤ ਜਾ ਕੇ ਸੁਆਦ ॥੧॥ ਰਹਾਉ ॥
ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ ॥
ਸਹਜ ਅਨਦ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ ॥੧॥
ਸਨਕਾਦਿਕ ਬ੍ਰਹਮਾਦਿਕ ਗਾਵਤ ਗਾਵਤ ਸੁਕ ਪ੍ਰਹਿਲਾਦ ॥
ਪੀਵਤ ਅਮਿਉ ਮਨੋਹਰ ਹਰਿ ਰਸੁ ਜਪਿ ਨਾਨਕ ਹਰਿ ਬਿਸਮਾਦ ॥੨॥੮੦॥੧੦੩॥}

(ਅੰਗ ੧੨੨੪)

{ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥
ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥
ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ ॥
ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥੫॥
ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥

ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥
ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ ॥
ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥੭॥
ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ ॥
ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ ॥੮॥੧॥}

(ਅੰਗ ੧੨੩੨)

ਸਾਰਗ ਮਹਲਾ ੩ ॥

{ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥
ਜਨਮ ਜਨਮ ਕੇ ਕਿਲਵਿਖ ਭਉ ਭੰਜਨ ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥
ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਾਇਆ ॥
ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ ॥੧॥
ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ ॥
ਸਬਦਿ ਰਤੇ ਸੇ ਰੰਗਿ ਚਲੂਲੇ ਰਾਤੇ ਸਹਜਿ ਸੁਭਾਈ ॥੨॥
ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ ॥
ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ ॥੩॥
ਪੰਡਿਤ ਪੜਿ੍ ਪੜਿ੍ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥
ਗੁਰ ਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥
ਆਵਾ ਗਉਣੁ ਨਿਵਾਰਿ ਸਚਿ ਰਾਤੇ ਸਾਚ ਸਬਦੁ ਮਨਿ ਭਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ ਗਵਾਇਆ ॥੫॥
ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥
ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥੬॥
ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ ॥ ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ॥੭॥
ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ ॥
ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵ ਲਾਈ ॥੮॥੨॥}

(ਅੰਗ ੧੨੩੩-੧੨੩੪)

ਸਲੋਕ ਮਃ ੧ ॥

{ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥ ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥ ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥ ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥ ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥

ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥੧॥}

(ਅੰਗ ੧੨੯੧)

54/7657

ਪ੍ਰਭਾਤੀ ਮਹਲਾ ੩ ॥

{ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ ॥੧॥
ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥ ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ ॥੧॥ ਰਹਾਉ ॥
ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥
ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥
ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ ॥ ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ ॥੩॥
ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ ॥੪॥
ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥੫॥
ਜਿਨ ਕਉ ਸਤਿਗੁਰੁ ਭੇਟਿਆ ਤਿਨਾ ਵਿਟਹੁ ਬਲਿ ਜਾਉ ॥
ਤਿਨ ਕੀ ਸੰਗਤਿ ਮਿਲਿ ਰਹਾਂ ਸਚੇ ਸਚਿ ਸਮਾਉ ॥੬॥
ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ ॥
ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ ॥੭॥ ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ॥
ਨਾਨਕ ਨਾਮੁ ਨ ਵੀਸਰੈ ਜੋ ਕਿਛੁ ਕਰੈ ਸੁ ਹੋਗੁ ॥੮॥੨॥੭॥੨॥੯॥}

(ਅੰਗ ੧੩੪੬-੧੩੪੭)

ਆਉ ਹੁਣ ਮੁੱਖ ਸ਼ਬਦ ਦੇ ਚੌਥੇ ਪਦੇ ਨੂੰ ਸਮਝਦੇ ਹਾਂ ਜਿਸਨੂੰ ਕਿ ਮਨੁੱਖੀ ਸਮਝ ਦੇ ਵਿੱਚ ਅਕਾਲ ਪੁਰਖ ਦੀ ਇਸਤਰੀ ਦੇ ਨਾਲ ਚੌਥੀ ਲਾਵ ਕਿਹਾ ਹੋਇਆ ਹੈ।

"ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥"

ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਇਸਤਰੀ ਦੇ ਫੇਰੇ **"ਹਰਿ"** ਦੇ ਨਾਲ ਹੀ ਹੁੰਦੇ ਹਨ ਭਾਵ ਉਸਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਹੀ ਹੁੰਦੇ ਹਨ ਜਿਸ ਦੁਆਰਾ ਉਸਦੀ ਇਸਤਰੀ ਮਨ ਦੇ ਅੰਦਰ **"ਸਹਜੁ"** ਆਉਂਦਾ ਹੈ ਭਾਵ ਸਹਜ ਗਿਆਨ ਵਾਲੀ ਸਮਝ ਉਪਜਦੀ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦ੍ਰਿੜ ਹੁੰਦੀ ਹੈ। ਉਹ ਸ੍ਰਿਸ਼ਟੀ ਦਾ ਇੱਕੋ ਇੱਕ ਸੱਚ ਰੂਪ ਵਰ **"ਸਹਜੁ"** ਦੇ ਰੂਪ ਵਿੱਚ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਿਸ ਮਨੁੱਖੀ ਸਮਝ ਦੇ ਅੰਦਰ ਸ੍ਰਿਸ਼ਟੀ

ਦਾ ਕਰਤਾ, ਸਹਜ ਗਿਆਨ ਭਰ ਦਿੰਦਾ ਹੈ ਉਹ ਮਨੁੱਖ ਫਿਰ ਸਹਜ ਗਿਆਨ ਦੇ ਰੂਪ ਵਿੱਚ **"ਬਲਿ ਰਾਮ"** ਨੂੰ ਪਾ ਲੈਂਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਪਾ ਲੈਂਦਾ ਹੈ ਭਾਵ ਆਪਣੇ ਅੰਦਰੋਂ ਆਪਣੀ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ ਜੋ ਸਮਝ ਦਾ ਮਾਲਕ **"ਸਚੁ"** ਰੂਪ ਹੈ ਤੇ ਮਨ ਦੇ ਵਿੱਚ ਆਪਣੇ ਮੇਲ ਦੁਆਰਾ ਸੱਚ ਹੀ ਸਮਝਾਉਂਦਾ ਹੈ, ਜੋ ਉਸਨੇ ਆਪਣਾ ਸੱਚ ਗੁਰਬਾਣੀ ਦੀ ਰਚਨਾ ਕਰਨ ਵਾਲੇ ਮਨੁੱਖੀ ਸਰੀਰਾਂ ਦੀ ਸਮਝ ਦੇ ਨਾਲ ਆਪਣਾ ਵਿਆਹ ਰਚਨ ਦੁਆਰਾ ਸਮਝਾਇਆ ਹੈ ਜੋ ਸੱਚ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਰੇ ਸੰਸਾਰ ਦੇ ਸਾਹਮਣੇ ਹੈ। **(ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥)**

ਮਾਰੂ ਮਹਲਾ ੧ ॥

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥
ਅੰਤਰਿ ਅਗਨਿ ਜਲੈ ਭੜਕਾਰੇ ॥ ਮਨਮੁਖੁ ਤਕੇ ਕੁੰਡਾ ਚਾਰੇ ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥
ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥
ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥
ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ ॥
ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥
ਮਰਣੁ ਲਿਖਾਇ ਮੰਡਲ ਮਹਿ ਆਏ ॥ ਕਿਉ ਰਹੀਐ ਚਲਣਾ ਪਰਥਾਏ ॥
ਸਚਾ ਅਮਰੁ ਸਚੇ ਅਮਰਾ ਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥
ਆਪਿ ਉਪਾਇਆ ਜਗਤੁ ਸਬਾਇਆ ॥ ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥
ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥
ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥
ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥
ਤਿਨ ਕਉ ਤਖਤਿ ਮਿਲੀ ਵਡਿਆਈ ॥ ਨਿਰਭਉ ਮਨਿ ਵਸਿਆ ਲਿਵ ਲਾਈ ॥
ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥
ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥
ਗਣਤ ਗਣੀਐ ਸਹਸਾ ਜੀਐ ॥ ਕਿਉ ਸੁਖੁ ਪਾਵੈ ਦੂਐ ਤੀਐ ॥
ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥
ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥
ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥

ਜੀਭ ਰਸਾਇਣਿ ਸਾਚੈ ਰਾਤੀ ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥
ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥
ਰਖਿ ਰਖਿ ਪੈਰ ਧਰੇ ਪਉ ਧਰਣਾ ॥ ਜਤ ਕਤ ਦੇਖਉ ਤੇਰੀ ਸਰਣਾ ॥
ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥
ਅੰਤ ਕਾਲਿ ਕੋ ਬੇਲੀ ਨਾਹੀ ॥ ਗੁਰਮੁਖਿ ਜਾਤਾ ਤੁਧੁ ਸਾਲਾਹੀ ॥
ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥}

(ਅੰਗ ੧੦੨੨-੧੦੨੩)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥}

(ਅੰਗ ੬੮)

54/7658

{ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੨)

{ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}

(ਅੰਗ ੯੨੨)

ਉਪਰ ਵਾਲੇ ਸਾਰੇ ਸ਼ਬਦਾਂ ਨੂੰ ਅਸੀਂ ਪਹਿਲੇ ਸਮਝਿਆ ਵੀ ਹੈ ਤੇ ਪ੍ਰਮਾਣ ਦੇ ਰੂਪ ਵਿੱਚ ਵੀ ਅਨੇਕਾਂ ਵਾਰੀ ਲਿਖਿਆ ਹੈ ਕਿਉਂਕਿ ਮਨ ਦੇ ਸਹਜ ਨੂੰ ਸਮਝਣਾ ਬਹੁਤ ਵੱਡੀ ਗੱਲ ਹੈ। ਸਹਜ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹਨ ਤੇ ਸਹਜ ਪਾਠ ਕਰਨ ਤੇ ਕਰਾਉਣ ਵਾਲੇ ਵੀ ਬਹੁਤ ਹਨ। ਸਹਜ ਪਾਠ ਕਰਨ ਨਾਲ ਕੀ ਕਿਸੇ ਦੇ ਅੰਦਰ ਸਹਜ ਗਿਆਨ ਉਪਜ ਸਕਦਾ ਹੈ ਜਿਸ ਸਹਜ ਗਿਆਨ ਦੇ ਰੂਪ ਵਿੱਚ ਹੀ ਅਕਾਲ ਪੁਰਖ ਸਭ ਦੇ ਅੰਦਰ ਹੈ। ਸਹਜ ਦੇ ਮਾਲਕ ਤੱਕ ਆਪਣੀ ਪਹੁੰਚ ਕਰਨ ਲਈ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਨਾਲ ਆਪਣੀ ਮਤਿ ਨੂੰ ਜੋੜੋ ਭਾਵ ਗੁਰੂ ਦੇ ਸੱਚੇ ਗਿਆਨ ਤੇ ਅਮਲ ਕਰੋ। ਕੇਵਲ ਸ਼ਬਦਾਂ ਦੀ ਕਥਨੀ ਕਰੀ ਜਾਣ

ਨਾਲ **"ਸਹਜੁ"** ਰੂਪ ਵਰ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ।

ਆਉ ਹੁਣ ਮੁੱਖ ਸ਼ਬਦ ਦੇ ਪਦੇ ਦੀ ਅਗਲੀ ਪੰਗਤੀ ਨੂੰ ਸਮਝਦੇ ਹਾਂ ਤੇ ਸਹਜ ਦੀ ਪ੍ਰਾਪਤੀ ਮਨ ਦੇ ਵਿੱਚ ਕਿਸ ਜਗ੍ਹਾ ਤੇ ਹੁੰਦੀ ਹੈ ਤੇ ਕਿਸ ਤਰੀਕੇ ਹੁੰਦੀ ਹੈ।

"ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥"

ਅਕਾਲ ਪੁਰਖ ਦੇ ਨਾਲ ਮੇਲ ਮਨ ਦੇ ਵਿੱਚ ਸਹਜ ਦੀ ਪ੍ਰਾਪਤੀ ਦੁਆਰਾ ਹੀ ਹੁੰਦਾ ਹੈ ਜਿਸ ਸਹਜ ਗਿਆਨ ਦੀ ਪ੍ਰਾਪਤੀ ਦੁਆਰਾ ਮਨੁੱਖ ਦਾ ਸੁਭਾਅ ਹੀ ਬਦਲਦਾ ਹੈ। ਸੁਭਾਅ ਤਾਂ ਸਭ ਦੇ ਅੰਦਰ ਹੀ ਹੈ ਜਿਸ ਸੁਭਾਅ ਦੁਆਰਾ ਮਨੁੱਖ ਵਿਚਰਦਾ ਹੈ ਭਾਵ ਮਨ ਦੀ ਸਮਝ ਦੁਆਰਾ ਵਿਚਰਦਾ ਹੈ। ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਦਾ ਸੁਭਾਅ ਮਨਮੁੱਖ ਵਾਲਾ ਹੁੰਦਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਕਿਸੇ ਵੀ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਮੇਰੇ ਅੰਦਰ ਸਮਝ ਪਾਉਣ ਵਾਲਾ ਕੌਣ ਹੈ। ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੋਣ ਦੇ ਨਾਲ ਭਾਵ ਮਨ ਦੇ ਵਿੱਚ ਸਹਜ ਦੀ ਪ੍ਰਾਪਤੀ ਹੋਣ ਦੇ ਨਾਲ ਭਾਵ ਮਨ ਦੇ ਵਿੱਚ ਫਿਰ ਉਸ ਮਨੁੱਖ ਦਾ ਸੁਭਾਅ **"ਗੁਰਮੁਖਿ"** ਵਾਲਾ ਹੋ ਜਾਂਦਾ ਹੈ ਜਦੋਂ ਉਹ ਆਪਣੇ ਗੁਰੂ ਦੇ ਮੁੱਖੋਂ ਸੁਣਾਏ ਹੋਏ ਬਚਨਾਂ ਦੇ ਨਾਲ ਜੁੜ ਜਾਂਦਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਵਾਲਾ ਬਣ ਜਾਂਦਾ ਹੈ ਜੋ ਆਪਣੀ ਸੱਚੀ ਗੁਰਮਤਿ ਦੀ ਸਮਝ ਸ੍ਰਿਸ਼ਟੀ ਦਾ ਗੁਰੂ ਭਾਵ ਕਰਤਾ ਪੁਰਖ ਮਨ ਦੇ ਵਿੱਚ ਆਪਣਾ ਮੇਲ ਕਰਨ ਦੁਆਰਾ ਆਪ ਹੀ ਪਾਉਂਦਾ ਹੈ। ਗੁਰਮੁੱਖ ਵਾਲਾ ਸੁਭਾਅ ਬਣਨ ਨਾਲ ਗੁਰਮਤਿ ਮਨ ਨੂੰ ਵੀ ਮਿੱਠੀ ਲੱਗਦੀ ਹੈ ਤੇ ਤਨ ਨੂੰ ਵੀ ਮਿੱਠੀ ਲੱਗਦੀ ਹੈ ਭਾਵ ਫਿਰ ਉਹ ਮਨੁੱਖੀ ਰੂਪ ਗੁਰਮਤਿ ਨੂੰ ਮਿੱਠੀ ਕਰਕੇ ਮੰਨਦਾ ਹੈ

54/7659

ਭਾਵ ਉਸਨੂੰ ਖੁਸ਼ੀ ਨਾਲ ਅਪਨਾਉਂਦਾ ਹੈ ਤੇ ਆਪਣੇ ਤਨ ਰਾਹੀਂ ਉਹ ਜੋ ਕੁਝ ਵੀ ਕਰਦਾ ਹੈ ਭਾਵੇਂ ਉਹ ਕੁਝ ਕਰਨ ਵਿੱਚ ਤਨ ਨੂੰ ਔਖਾ ਕਰਨਾ ਪਵੇ ਉਹ ਉਸਨੂੰ ਵੀ ਖੁਸ਼ੀ ਨਾਲ ਕਰਦਾ ਹੈ ਭਾਵ ਗੁਰਮਤਿ ਨੂੰ ਕਦੇ ਨੀਵਾਂ ਨਹੀਂ ਹੋਣ ਦਿੰਦਾ ਜਿਵੇਂ ਕਿ ਇਹ ਸਭ ਕੁਝ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਕਰਕੇ ਦਿਖਾਇਆ ਹੈ ਜਿਵੇਂ ਕਿ ਉਨ੍ਹਾਂ ਨੇ ਗੁਰਮਤਿ ਨੂੰ ਉੱਚਾ ਕਰਨ ਲਈ ਆਪਣੇ ਸਰੀਰ ਤੱਕ ਵਾਰੇ ਹਨ ਤੇ ਗੁਰਮਤਿ ਨੂੰ ਉੱਚਾ ਕਰਨ ਲਈ ਹੀ ਉਨ੍ਹਾਂ ਦੇ ਸੱਚੇ ਚੇਲਿਆਂ ਨੇ ਭਾਵ ਅਨੇਕਾਂ ਸੱਚੇ ਸ਼ਹੀਦਾਂ ਨੇ ਸੱਚ ਰੂਪ ਧਰਮ ਦੇ ਮਾਰਗ ਨੂੰ ਉੱਚਾ ਕਰਨ ਲਈ ਸਰੀਰਾਂ ਤੇ ਕਸ਼ਟ ਸਹੇ ਹਨ ਭਾਵ ਗੁਰੂ ਦੀ ਮਤਿ ਨੂੰ ਉਨ੍ਹਾਂ ਨੇ ਮਿੱਠੀ ਕਰਕੇ ਮੰਨਿਆ ਹੈ ਭਾਵ ਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੀ ਹੈ। ਜਿਸਨੂੰ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਇਹੋ ਜਿਹੀ ਹਿੰਮਤ ਬਖਸ਼ਦਾ ਹੈ ਉਹੀ ਇਹੋ ਜਿਹੀਆਂ ਸੱਚੀਆਂ ਕੁਰਬਾਨੀਆਂ ਦੇ ਸਕਦਾ ਹੈ। **(ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥)**

ਸ੍ਰਿਸ਼ਟੀ ਦੇ ਕਰਤੇ ਦੀ ਵਧਾਈ ਦਾ ਪਾਤਰ ਉਹੀ ਮਨੁੱਖ ਬਣਦਾ ਹੈ ਜੋ ਉਸਦੀ ਮਤਿ ਨੂੰ ਮਿੱਠਾ ਕਰਕੇ ਮੰਨਦਾ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ। ਗੁਰਮਤਿ ਨੂੰ ਉੱਚਾ ਕਰਨ ਲਈ ਸਰੀਰਕ ਕੁਰਬਾਨੀ ਤਾਂ ਕਦੇ ਹੀ ਦੇਣੀ ਪੈਂਦੀ ਹੈ ਜਿਵੇਂ ਕਿ ਇਤਿਹਾਸ ਗਵਾਹ ਹੈ। ਗੁਰਮਤਿ ਦਾ ਮਿੱਠਾ ਲੱਗਣਾ ਤਾਂ ਫਿਰ ਉਸ ਮਨੁੱਖ ਦਾ ਹਰ ਰੋਜ ਦਾ ਸੁਭਾਅ ਬਣ ਜਾਂਦਾ ਹੈ। ਗੁਰੂ ਦੇ ਨਾਮ ਨੂੰ ਜਪਣਾ ਔਖਾ ਹੈ ਭਾਵ ਗੁਰਮਤਿ ਤੇ ਚਲੱਣਾ ਔਖਾ ਹੈ ਕਿਉਂਕਿ ਉਸ ਲਈ ਮਾਇਆ ਮੋਹ ਪੂਰੀ ਤਰ੍ਹਾਂ ਤਿਆਗਣਾ ਪੈਂਦਾ ਹੈ ਪਰ ਸ੍ਰਿਸ਼ਟੀ ਦਾ ਕਰਤਾ ਆਪਣੀ ਇਸਤਰੀ ਦਾ ਦਰਜਾ ਦੇ ਦਿੰਦਾ ਹੈ ਉਸਨੂੰ ਫਿਰ ਮਨ ਦੇ ਵਿੱਚ ਗੁਰਮਤਿ ਤੇ ਚੱਲਣ ਦਾ ਔਖਾਪਨ ਨਹੀਂ ਮਹਿਸੂਸ ਹੋਣ ਦਿੰਦਾ ਭਾਵ ਉਹ ਉਸਦੇ ਨਾਮ ਨੂੰ ਮਿੱਠਾ ਸਮਝ ਕੇ ਹੀ ਮੰਨਦੀ ਹੈ ਕਿਉਂਕਿ ਉਸਦੀ ਹਰ ਵੇਲੇ ਮਨ ਦੀ ਸਮਝ ਦੇ ਵਿੱਚ ਅਕਾਲ ਪੁਰਖ ਨਾਲ ਲਿਵ ਜੁੜੀ ਹੀ ਰਹਿੰਦੀ ਹੈ ਭਾਵ ਉਸਦੀ ਸਮਝ ਗੁਰਮਤਿ ਦੇ ਮਾਲਕ ਨਾਲ ਜੁੜੀ ਹੀ ਰਹਿੰਦੀ ਹੈ। **(ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥)**

ਜਿਸਨੂੰ ਪ੍ਰਮਾਤਮਾ, ਅੱਲ੍ਹਾ, ਗਾਡ, ਮਨ ਦੇ ਵਿੱਚ ਆਪਣਾ ਸਹਜ ਗਿਆਨ ਬਖਸ਼ ਦਿੰਦਾ ਹੈ ਭਾਵ ਆਪਣਾ ਨਾਮ ਬਖਸ਼ ਦਿੰਦਾ ਹੈ ਉਹ ਫਿਰ ਆਪਣੇ ਜੀਵਨ ਵਿੱਚ **"ਮਨ ਚਿੰਦਿਆ ਫਲੁ"** ਪਾ ਲੈਂਦਾ ਹੈ ਭਾਵ ਉਸਦੇ ਜੀਵਨ ਦੀ ਇੱਛਾ ਪੂਰੀ ਹੋ ਜਾਂਦੀ ਹੈ ਕਿਉਂਕਿ ਇਹ **"ਫਲੁ"** ਭਾਵ ਨਾਮ ਰੂਪ ਫਲ ਦੀ ਪ੍ਰਾਪਤੀ ਆਪਣੇ ਸੁਆਮੀ ਦੇ ਨਾਲ ਮੇਲ ਦੀ ਪ੍ਰਾਪਤੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਮੇਲ ਦੀ ਪ੍ਰਾਪਤੀ ਹੈ ਤੇ ਉਹ ਨਾਮ ਦਾ ਮਾਲਕ ਆਪਣੀ ਉਸ ਵਿਆਹੁਤਾ ਨਾਲ ਆਪਣੀ ਸਮਝਾਈ ਹੋਈ ਗੁਰਮਤਿ ਤੇ ਚੱਲਣ ਦੀ

54/7660

ਵਧਾਈ ਮਨ ਦੇ ਵਿੱਚ ਆਪ ਹੀ ਦਿੰਦਾ ਹੈ ਭਾਵ ਆਪਣੀ ਖੁਸ਼ੀ ਪ੍ਰਗਟ ਕਰਦਾ ਹੈ। **(ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥)**

ਕਿਸੇ ਮਨੁੱਖ ਲਈ ਸਭ ਤੋਂ ਵੱਡਾ ਫਲ, ਉਸਦੇ ਜੀਵਨ ਵਿੱਚ ਸਭ ਤੋਂ ਵੱਡਾ ਫਲ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਫਲ ਹੈ ਜੋ ਕਿ ਉਸਦਾ ਨਾਮ ਰੂਪ ਫਲ ਹੈ ਭਾਵ ਉਸਦਾ ਸੱਚਾ ਗਿਆਨ ਰੂਪ ਫਲ ਹੈ, ਬ੍ਰਹਮ ਗਿਆਨ ਰੂਪ ਫਲ ਹੈ ਜਿਸ ਫਲ ਦੀ ਪ੍ਰਾਪਤੀ ਕਰਨੀ ਸੰਸਾਰ ਦੇ ਹਰ ਮਨੁੱਖ ਲਈ ਬਹੁਤ ਔਖੀ ਹੈ ਕਿਉਂਕਿ ਇਸ ਫਲ ਦੀ ਪ੍ਰਾਪਤੀ ਕਰਨ ਲਈ ਮਨੁੱਖ ਨੂੰ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ, ਮਨ ਦਾ ਮਾਇਆ ਮੋਹ ਪੂਰੀ ਤਰ੍ਹਾਂ ਛੱਡਣਾ ਪੈਂਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਕਿ ਇਹ ਫਲ ਕੀ ਹੈ ਤੇ ਇਸ ਫਲ ਦੀ ਪ੍ਰਾਪਤੀ ਕਿਸ ਰੂਪ ਵਿੱਚ ਹੁੰਦੀ ਹੈ ਜੋ ਫਲ ਸ੍ਰਿਸ਼ਟੀ ਦਾ ਕਰਤਾ ਕਿਸੇ ਤੇ ਆਪਣੀ ਕ੍ਰਿਪਾ ਕਰਨ ਦੁਆਰਾ ਆਪ ਹੀ ਕਿਸੇ ਨੂੰ ਦਿੰਦਾ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਦਾ ਇਹ ਫਲ ਕੀ ਹੈ ਤੇ ਕਿਵੇਂ ਮਿਲਦਾ ਹੈ, ਕਿਸ ਮਕਸਦ ਲਈ ਮਿਲਦਾ ਹੈ।

ਕਲਿਆਨ ਮਹਲਾ ੪ ॥

{ਰਾਮਾ ਰਮ ਰਾਮੋ ਪੂਜ ਕਰੀਜੈ ॥
ਮਨੁ ਤਨੁ ਅਰਪਿ ਧਰਉ ਸਭੁ ਆਗੈ ਰਸੁ ਗੁਰਮਤਿ ਗਿਆਨੁ ਦ੍ਰਿੜੀਜੈ ॥੧॥ ਰਹਾਉ ॥
ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ ॥
ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ ॥੧॥
ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥
ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥੨॥
ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ ਬਿਧੀਜੈ ॥
ਮਨੁ ਮੋਤੀ ਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ ॥੩॥
ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ ॥
ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ ਰਾਮ ਨਾਮੈ ਬਾਸੁ ਬਸੀਜੈ ॥੪॥
ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥
ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥
ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥੬॥
ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ ॥
ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥੭॥
ਜਬ ਲਗੁ ਸਾਸੁ ਸਾਸੁ ਮਨ ਅੰਤਰਿ ਤਤੁ ਬੇਗਲ ਸਰਨਿ ਪਰੀਜੈ ॥
ਨਾਨਕ ਕ੍ਰਿਪਾ ਕ੍ਰਿਪਾ ਕਰਿ ਧਾਰਹੁ ਮੈ ਸਾਧੂ ਚਰਨ ਪਖੀਜੈ ॥੮॥੪॥}

(ਅੰਗ ੧੩੨੫)

ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

{ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥੧॥
ਭੋਲਿਆ ਹਉਮੈ ਸੁਰਤਿ ਵਿਸਾਰਿ ॥ ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥ ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥ ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥੩॥
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥ ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥੪॥੧॥}

(ਅੰਗ ੧੧੬੯)

ਸਲੋਕ ਮਃ ੧ ॥

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥ ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥
ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥}

(ਅੰਗ ੧੪੭)

ਬਸੰਤੁ ਮਹਲਾ ੧ ॥

{ਆਪੇ ਕੁਦਰਤਿ ਕਰੇ ਸਾਜਿ ॥ ਸਚੁ ਆਪਿ ਨਿਬੇੜੇ ਰਾਜੁ ਰਾਜਿ ॥ ਗੁਰਮਤਿ ਊਤਮ ਸੰਗਿ ਸਾਥਿ ॥
ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥ ਮਤ ਬਿਸਰਸਿ ਰੇ ਮਨ ਰਾਮ ਬੋਲਿ ॥
ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥
ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ ਗੁਰ ਸੇਵ ਤਰੇ ਤਜਿ ਮੇਰ ਤੋਰ ॥
ਨਰ ਨਿੰਦਕ ਲੋਭੀ ਮਨਿ ਕਠੋਰ ॥ ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥
ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੨॥}

(ਅੰਗ ੧੧੭੦)

ਕਿਸੇ ਵੀ ਸੰਸਾਰਿਕ ਮਨੁੱਖ ਨੂੰ ਆਪਣੇ ਜੀਵਨ ਵਿੱਚ ਸਭ ਤੋਂ ਵੱਡੀ ਖੁਸ਼ੀ ਮਨ ਦੇ ਵਿੱਚ ਨਾਮ ਰੂਪ ਫਲ ਦੀ ਪ੍ਰਾਪਤੀ ਹੋਣ ਦੁਆਰਾ ਹੀ ਹੁੰਦੀ ਹੈ, ਜਿਸ ਫਲ ਦੀ ਪ੍ਰਾਪਤੀ ਮਨ ਦੀ ਸਮਝ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਆਹ ਹੋਣ ਦੁਆਰਾ ਹੀ ਹੁੰਦੀ ਹੈ ਭਾਵ ਸੱਚੀ ਇਸਤਰੀ ਬਣਨ ਦੁਆਰਾ ਹੀ ਹੁੰਦੀ ਹੈ ਭਾਵ ਸੱਚ ਦੇ

ਮਾਰਗ ਤੇ ਚੱਲਣ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਪਦੇ ਦੀਆਂ ਅਗਲੀਆਂ ਪੰਗਤੀਆਂ ਦੁਆਰਾ ਸਮਝਿਆ ਜਾ ਸਕਦਾ ਹੈ।

“ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥”

ਮਨ ਦੇ ਵਿੱਚ ਵਿਆਹ ਦਾ ਕਾਜ ਸ੍ਰਿਸ਼ਟੀ ਦਾ ਠਾਕੁਰ ਹਰਿ ਪ੍ਰਭ ਆਪ ਹੀ ਆਪਣੀ ਇਸਤਰੀ ਦੇ ਨਾਲ ਮਨ ਦੇ ਵਿੱਚ ਰਚਾਉਂਦਾ

ਹੈ ਕਿਉਂਕਿ ਇਹ ਕੋਈ ਦੁਨਿਆਵੀ ਵਿਆਹ ਨਹੀਂ ਜਿਸ ਵਿਆਹ ਵਿੱਚ ਦੁਨਿਆਵੀ ਇਸਤਰੀ ਤੇ ਪੁਰਸ਼ ਦੋਨਾਂ ਦੀ ਮਰਜੀ ਚੱਲਦੀ ਹੈ। ਕਿਸੇ ਵੀ ਆਪਣੇ ਮਨੁੱਖੀ ਰੂਪ ਨੂੰ ਆਪਣੀ ਇਸਤਰੀ ਬਨਾਉਣ ਵਿੱਚ ਕੇਵਲ ਤੇ ਕੇਵਲ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਮਰਜੀ ਚੱਲਦੀ ਹੈ। ਨਾ ਹੀ ਕੋਈ ਉਸਦੀ ਇਸਤਰੀ ਉਸਨੂੰ ਆਪਣਾ ਪਤੀ ਬਣਾ ਸਕਦੀ ਹੈ ਤੇ ਜਿਸਨੂੰ ਉਹ ਸ੍ਰਿਸ਼ਟੀ ਦਾ ਕਰਤਾ ਕਿਸੇ ਨੂੰ ਆਪਣੀ ਪਤਨੀ ਬਨਾਉਣਾ ਚਾਹੇ ਭਾਵ ਉਸਦਾ ਪਤੀ ਬਣਨਾ ਚਾਹੇ ਨਾ ਹੀ ਕੋਈ ਉਸਦੀ ਪਤਨੀ ਬਣਨ ਤੋਂ ਨਾਂਹ ਕਰ ਸਕਦੀ ਹੈ ਭਾਵ ਉਸਨੂੰ ਆਪਣੇ ਪਤੀ ਦੀ ਗੱਲ ਮੰਨਣੀ ਹੀ ਪੈਂਦੀ ਹੈ। ਪਤਨੀ ਤਾਂ ਅਸਲ ਵਿੱਚ ਸਾਡੇ ਅੰਦਰ ਦੀ ਮਨਮਤਿ ਹੈ ਤੇ ਪਤੀ ਗੁਰਮਤਿ ਰੂਪ ਵਿੱਚ ਹੈ। ਸਾਡੇ ਸਭ ਦੇ ਅੰਦਰ ਮਨਮਤਿ ਪਾਉਣ ਵਾਲਾ ਵੀ ਉਹ ਆਪ ਹੈ ਤੇ ਗੁਰਮਤਿ ਦਾ ਮਾਲਕ ਵੀ ਉਹ ਆਪ ਹੈ। ਉਹ ਮਨੁੱਖ ਦੀ ਮਤਿ ਨੂੰ ਭਾਵ ਨਾਸਮਝ ਮਨਮਤਿ ਨੂੰ ਜਿਸ ਵੇਲੇ ਮਰਜੀ ਦੂਰ ਕਰ ਸਕਦਾ ਹੈ ਜੋ ਮਨ ਦੀ ਸਮਝ ਦਾ ਮਾਲਕ ਹੈ। ਮਨਮਤਿ ਤ੍ਰੈ ਗੁਣਾਂ ਵਾਲੀ ਸਮਝ ਹੈ ਤੇ ਗੁਰਮਤਿ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ। ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਆਪ ਆਪਣੇ ਅੰਦਰੋਂ ਚੌਥੇ ਪਦ ਦੇ ਗਿਆਨ ਦੇ ਮਾਲਕ ਨੂੰ ਜਾਣ ਲਵੇ, ਨਾਮ ਦੇ ਮਾਲਕ ਨੂੰ ਜਾਣ ਲਵੇ, ਸਹਜ ਗਿਆਨ ਦੇ ਮਾਲਕ ਨੂੰ ਜਾਣ ਲਵੇ ਇਹ ਮਨੁੱਖੀ ਸਮਰਥਾ ਤੋਂ ਬਾਹਰ ਦੀ ਗੱਲ ਹੈ ਇਸੇ ਲਈ ਹਰਿ ਪ੍ਰਭ ਠਾਕੁਰ ਆਪਣੀ ਇਸਤਰੀ ਦੇ ਨਾਲ ਮਨ ਦੀ ਸਮਝ ਦੇ ਵਿੱਚ ਆਪ ਹੀ ਉਸਦੇ ਨਾਲ ਵਿਆਹ ਦਾ ਕਾਜ ਰਚਾਉਂਦਾ ਹੈ ਜਿਸ ਦੁਆਰਾ ਉਹ ਆਪਣੀ ਧਨ ਨੂੰ ਭਾਵ ਇਸਤਰੀ ਨੂੰ ਉਸਦੇ ਹਿਰਦੇ ਵਿੱਚ ਭਾਵ ਉਸਦੀ ਮਨ ਦੀ ਸਮਝ ਦੇ ਵਿੱਚ ਆਪਣਾ ਨਾਮ ਦਿੰਦਾ ਹੈ ਭਾਵ ਚੌਥੇ ਪਦ ਦਾ ਗਿਆਨ ਦਿੰਦਾ ਹੈ, ਆਪਣਾ ਸਹਜ ਗਿਆਨ ਦਿੰਦਾ ਹੈ ਜਿਸ ਦੁਆਰਾ ਉਸਦੀ ਧਨ ਆਪਣੇ ਅੰਦਰ ਖੇੜਾ ਮਹਿਸੂਸ ਕਰਦੀ ਹੈ ਭਾਵ ਸਭ ਤੋਂ ਵੱਡੀ ਖੁਸ਼ੀ ਮਹਿਸੂਸ ਕਰਦੀ ਹੈ ਕਿਉਂਕਿ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦੀ ਖੁਸ਼ੀ ਹੈ, ਉਸਨੂੰ ਆਪਣੇ ਅੰਦਰੋਂ ਜਾਨਣ ਦੀ ਖੁਸ਼ੀ ਹੈ ਤੇ ਇਸ ਤੋਂ ਵੱਡੀ ਖੁਸ਼ੀ ਸੰਸਾਰ ਵਿੱਚ ਕਿਸੇ ਮਨੁੱਖ ਲਈ ਕੋਈ ਹੋਰ ਹੋ ਹੀ ਨਹੀਂ ਸਕਦੀ। ਉਸਦੇ **"ਨਾਮ"** ਦਾ ਮਿਲਣਾ ਜਾ **"ਹਰਿ ਪ੍ਰਭੁ ਅਵਿਨਾਸੀ"** ਦਾ ਮਿਲਣਾ ਇੱਕੋ ਹੀ ਗੱਲ ਹੈ। ਸੰਸਾਰ ਦੀ ਇਹ ਸਭ ਤੋਂ ਵੱਡੀ ਪ੍ਰਾਪਤੀ ਕਿਸੇ ਨੂੰ ਉਸਦੀ ਸੱਚੀ ਧਰਮ ਪਤਨੀ ਬਣਨ ਦੁਆਰਾ ਹੀ ਮਿਲ ਸਕਦੀ ਹੈ ਭਾਵ ਮਨ ਦੇ ਵਿੱਚ ਸਮਝ

54/7662

ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਵਿਆਹ ਹੋਣ ਦੁਆਰਾ ਹੀ ਮਿਲ ਸਕਦੀ ਹੈ ਜੋ ਵਿਆਹ ਕੇਵਲ ਤੇ ਕੇਵਲ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਮਰਜੀ ਨਾਲ ਹੀ ਹੋ ਸਕਦਾ ਹੈ। **(ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥ ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥ ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥ ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥ ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥)**

ਸ੍ਰਿਸ਼ਟੀ ਦੇ ਕਰਤੇ ਦੇ ਨਾਲ ਜਿਸ ਉਸ ਮਨੁੱਖੀ ਰੂਪ ਪਤਨੀ ਦਾ ਮਨ ਦੀ ਸਮਝ ਦੇ ਵਿੱਚ ਉਸਦੇ ਨਾਲ ਵਿਆਹ ਹੋ ਜਾਂਦਾ ਹੈ ਉਸਦਾ ਫਿਰ ਸੱਚ ਰੂਪ ਸ੍ਰਿਸ਼ਟੀ ਦਾ ਪਤੀ ਉਸ ਆਪਣੀ ਪਤਨੀ ਨੂੰ ਨਾ ਉਹ ਆਪਣੇ ਨਾਲੋਂ ਵੱਖਰਾ ਹੋਣ ਦਿੰਦਾ ਹੈ ਤੇ ਨਾ ਹੀ ਉਸਦੇ ਪੂਰੇ ਜੀਵਨ ਵਿੱਚ ਉਹ ਆਪਣੀ ਪਤਨੀ ਨੂੰ ਆਪਣੇ ਆਪ ਨਾਲੋਂ ਕਦੇ ਵੱਖਰਾ ਕਰਦਾ ਹੈ ਕਿਉਂਕਿ ਇਹ ਮਨ ਦੀ ਸਮਝ ਦਾ ਮੇਲ ਹੈ, ਮਨੁੱਖ ਦੀ ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ ਸਮਝ ਦਾ ਅਕਾਲ ਪੁਰਖ ਦੇ ਨਾਮ ਵਾਲੀ, ਚੌਥੇ ਪਦ ਦੇ ਗਿਆਨ ਵਾਲੀ ਸਮਝ ਦਾ ਮੇਲ ਹੈ। ਦੁਨਿਆਵੀ ਵਿਆਹ ਦੇ ਵਿੱਚ ਜਦੋਂ ਕਿਸੇ ਪਤੀ ਪਤਨੀ ਦਾ ਆਪਸ ਵਿੱਚ ਵਿਆਹ ਹੁੰਦਾ ਹੈ ਉਨ੍ਹਾਂ ਵਿੱਚ ਆਪਸੀ ਝਗੜਾ ਜਦੋਂ ਵੀ ਹੁੰਦਾ ਹੈ ਉਹ ਦੋਨਾਂ ਦੇ ਆਪਸ ਵਿੱਚ ਮਨ ਦੇ ਵਿਚਾਰ ਨਾ ਮਿਲਣ ਕਰਕੇ ਹੀ ਹੁੰਦਾ ਹੈ ਤੇ ਜਦੋਂ ਉਨ੍ਹਾਂ ਦੇ ਵਿਚਾਰ ਆਪਸ ਵਿੱਚ ਰਲ ਜਾਂਦੇ ਹਨ ਤੇ ਫਿਰ ਉਨ੍ਹਾਂ ਦਾ ਝਗੜਾ ਨਿਬੜ ਜਾਂਦਾ ਹੈ ਭਾਵ ਫਿਰ ਉਹ ਇੱਕ ਦੂਜੇ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੰਦੇ ਹਨ। ਪਰ ਜੇਕਰ ਉਨ੍ਹਾਂ ਦਾ ਆਪਸ ਵਿੱਚ ਵਿਚਾਰਾਂ ਦੇ ਨਾ ਮਿਲਣ ਦੇ ਕਾਰਣ ਆਪਸ ਵਿੱਚ ਝਗੜਾ ਪੈਂਦਾ ਹੀ ਰਹਿੰਦਾ ਹੈ ਫਿਰ ਉਹ ਝਗੜਾ ਨਾ ਨਿਬੜਨ ਦੇ ਕਾਰਣ ਕਈ ਆਪਸ ਵਿੱਚ ਇੱਕ ਦੂਜੇ ਤੋਂ ਵੱਖਰੇ ਵੱਖਰੇ ਵੀ ਹੋ ਜਾਂਦੇ ਹਨ ਭਾਵ ਤਲਾਕ ਵੀ, ਡਾਈਵੋਰਸ ਵੀ ਲੈ ਲੈਂਦੇ ਹਨ। ਸ੍ਰਿਸ਼ਟੀ ਦੇ ਕਰਤੇ ਦੀ ਪਤਨੀ ਦਾ ਆਪਣੇ ਪਤੀ ਨਾਲ ਕਦੇ ਝਗੜਾ ਨਹੀਂ ਪੈਂਦਾ ਕਿਉਂਕਿ ਉਹ ਮਨ ਦੇ ਵਿੱਚ ਵਿਚਾਰ ਰਲਣ ਨਾਲ ਇੱਕ ਹੋ ਜਾਂਦੇ ਹਨ ਜਿਸ ਕਰਕੇ ਹਉਮੈ ਦਾ ਨਾਮ ਦੇ ਨਾਲ ਵਿਰੋਧ ਮੁੱਕ ਜਾਂਦਾ ਹੈ, ਸਦਾ ਲਈ ਮੁੱਕ ਜਾਂਦਾ ਹੈ ਕਿਉਂਕਿ ਉਨ੍ਹਾਂ ਦੇ ਵਿਚਾਰ ਇੱਕ ਦੂਸਰੇ ਦੇ ਨਾਲ ਸਦਾ ਲਈ ਇੱਕ ਹੋ ਜਾਂਦੇ ਹਨ। ਇਹੀ ਮਨ ਦੇ ਵਿੱਚ ਹਉਮੈ ਦਾ ਨਾਮ ਦੇ ਨਾਲ ਝਗੜਾ ਨਿਬੜਨਾ ਹੈ ਭਾਵ ਮਨ ਦੀ ਨਾਸਮਝੀ ਦਾ ਸੱਚੇ ਗਿਆਨ ਦੇ ਮਾਲਕ ਨਾਲ ਝਗੜਾ ਨਿਬੜਨਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੀ ਹੈ। ਪਤੀ ਪਤਨੀ ਦਾ ਆਪਸ ਵਿੱਚ ਪਿਆਰ ਵਿਚਾਰਾਂ ਦੇ ਇੱਕ ਹੋਣ ਦੇ ਨਾਲ ਹੀ ਪੈਂਦਾ ਹੈ ਤੇ ਮਨੁੱਖੀ ਰੂਪ ਪਤਨੀ ਦਾ ਆਪਣੇ ਅਕਾਲ ਪੁਰਖ ਰੂਪ ਪਤੀ ਦੇ ਨਾਲ ਮਨ ਦੇ ਵਿੱਚ ਉਸਦੇ ਨਾਲ ਵਿਚਾਰ ਪੂਰੀ ਤਰ੍ਹਾਂ ਰਲਣ ਦੁਆਰਾ ਹੀ ਪੈਂਦਾ ਹੈ ਜੋ ਪਿਆਰ ਫਿਰ ਉਸਦਾ ਪੂਰੇ ਜੀਵਨ ਵਿੱਚ ਉਸਦੇ ਨਾਲ ਬਣਿਆ ਹੀ ਰਹਿੰਦਾ ਹੈ ਕਿਉਂਕਿ ਉਸਦੀ ਪਤਨੀ ਆਪਣੀ ਪਤੀ ਦੀ ਮਤਿ ਦੇ ਉਲਟ ਕੰਮ ਨਹੀਂ ਕਰਦੀ ਭਾਵ ਪੂਰੀ ਤਰ੍ਹਾਂ ਆਪਣੇ ਜੀਵਨ ਵਿੱਚ ਉਸਦੀ ਗੁਰਮਤਿ ਰੂਪ ਆਗਿਆ ਦਾ ਪਾਲਣ ਕਰਦੀ ਹੈ ਭਾਵ ਆਪ ਵੀ ਸਾਰਾ ਜੀਵਨ ਸੱਚ ਦੇ ਮਾਰਗ ਤੇ ਚੱਲਦੀ ਹੈ ਤੇ ਸੰਸਾਰੀਆਂ ਨੂੰ ਸੱਚ ਤੇ ਚਲੱਣਾ ਸਮਝਾਉਂਦੀ ਹੈ ਭਾਵ ਉਸਦੀ ਆਪਣੀ ਹਉਮੈ ਰੂਪ ਮੈਂ ਦਾ ਨਾਮ ਰੂਪ ਸੱਚ ਦੇ ਨਾਲ ਝਗੜਾ ਖਤਮ ਹੋ ਜਾਂਦਾ ਹੈ ਤੇ ਉਸਦੀ ਨਾਰ ਸੰਸਾਰੀਆਂ ਨੂੰ ਵੀ ਹਉਮੈ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ ਭਾਵ ਮਨ ਦੀ ਅਗਿਆਨਤਾ ਰੂਪ ਨਾਸਮਝ ਮਤਿ ਵਿੱਚੋਂ ਨਿਕਲਣ ਲਈ ਸਮਝਾਉਂਦੀ ਹੈ ਤੇ ਸ੍ਰਿਸ਼ਟੀ ਦੇ ਕਰਤੇ ਦੇ ਸੱਚ ਰੂਪ ਨਾਮ ਦੇ ਨਾਲ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਨਾਲ ਜੁੜਨ ਲਈ ਭਾਵ ਉਸਤੇ ਅਮਲ ਕਰਨ ਲਈ ਸਮਝਾਉਂਦੀ ਹੈ ਤਾਂ ਜੋ ਉਨ੍ਹਾਂ ਦੀ ਹਉਮੈ ਦਾ ਨਾਮ ਦੇ ਨਾਲ ਝਗੜਾ ਨਿਬੜ ਜਾਵੇ ਭਾਵ ਮੈਂ ਦਾ ਤੂੰ ਦੇ ਨਾਲ ਝਗੜਾ ਨਿਬੜ ਜਾਵੇ ਭਾਵ ਮਨਮਤਿ ਦਾ ਗੁਰਮਤਿ ਦੇ ਨਾਲ ਝਗੜਾ ਨਿਬੜ ਜਾਵੇ ਭਾਵ ਮਨੁੱਖ ਦਾ ਗੁਰਮਤਿ ਦੇ ਮਾਲਕ ਦੇ ਨਾਲ ਝਗੜਾ ਨਿਬੜ ਜਾਵੇ ਭਾਵ ਆਪਸ ਵਿੱਚ ਪਿਆਰ ਪੈ ਜਾਵੇ। ਸੰਸਾਰ ਵਿੱਚ ਅਸੀਂ ਜੋ ਕੁੱਝ ਵੀ ਆਪਸ ਵਿੱਚ ਝੂਠੇ ਝਗੜੇ ਕਰਦੇ ਹਾਂ, ਧਾਰਮਿਕ ਝੂਠੇ ਝਗੜੇ ਕਰਦੇ ਹਾਂ ਉਹ ਸਭ ਹਉਮੈ ਦੀ ਨਾਮ ਦੇ ਨਾਲ ਵਿਰੋਧਤਾ ਹੀ ਹੈ ਜੋ ਵਿਰੋਧਤਾ ਛੱਡਣ ਦਾ ਸੱਚਾ ਉਦਮ ਕੀਤੇ ਬਿਨ੍ਹਾਂ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਬਣਨ ਦਾ ਭਾਵ ਸਾਰੀ ਸ੍ਰਿਸ਼ਟੀ ਦੇ ਸੱਚ ਰੂਪ ਖਸਮ ਨੂੰ ਆਪਣੇ ਅੰਦਰੋਂ ਜਾਨਣ ਦਾ ਭਾਵ ਉਸਦੇ ਨਾਲ ਵਿਆਹ ਕਰਨ ਦਾ ਸੱਚਾ ਉਦਮ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਨਾਰ ਬਣਾਇਆ ਹੈ ਉਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਸ਼ਬਦਾਂ ਰਾਹੀਂ ਸੰਸਾਰ ਦੇ ਹਰ ਮਨੁੱਖੀ ਰੂਪ ਨੂੰ ਇੱਕੋ ਜਿਹੀ ਸ੍ਰਿਸ਼ਟੀ ਦੀ ਨਾਰ ਬਣਨਾ ਹੀ ਸਿਖਾਇਆ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਇਆ ਹੈ ਭਾਵ ਗੁਰੂ ਦੇ ਸਮਝਾਏ ਹੋਏ ਸੱਚ ਤੇ ਚਲੱਣ ਦਾ ਮਾਰਗ ਹੀ ਸਮਝਾਇਆ ਹੈ ਭਾਵ ਸੱਚ ਦੇ ਮਾਰਗ ਤੇ ਚੱਲਣ ਦੁਆਰਾ ਹੀ ਸ੍ਰਿਸ਼ਟੀ ਦੇ ਕਰਤੇ ਦੀ ਨਾਰ ਆਪ ਇਸ ਤਰੀਕੇ ਉਸਦਾ ਨਾਮ ਜਪਦੀ ਹੈ ਤੇ ਸੰਸਾਰ ਨੂੰ ਵੀ ਉਸਦਾ ਨਾਮ ਜਪਣਾ ਸਮਝਾਉਂਦੀ ਹੈ ਜਿਵੇਂ ਕਿ ਸੱਚ ਰੂਪ ਸ੍ਰਿਸ਼ਟੀ ਦੇ ਪਤੀ ਦੀਆਂ ਪਤਨੀਆਂ ਬਣਨ ਦੁਆਰਾ ਪੂਰੀ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੇ ਆਪ ਉਸਦਾ ਨਾਮ ਜਪਿਆ ਹੈ ਤੇ ਸਾਰੇ ਸੰਸਾਰ ਨੂੰ ਵੀ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਉਸਦਾ ਨਾਮ ਜਪਣਾ ਸਿਖਾਇਆ ਹੈ ਭਾਵ ਜਿਹੋ ਜਿਹੇ ਸੱਚੇ ਧਰਮ ਦੇ ਮਾਰਗ ਤੇ ਉਹ ਆਪ ਆਪਣੇ ਜੀਵਨ ਤੇ ਚੱਲੇ ਹਨ ਉਹੋ ਜਿਹੇ ਸੱਚੇ ਧਰਮ ਦੇ ਮਾਰਗ ਤੇ ਚੱਲਣਾ ਹੀ ਉਨ੍ਹਾਂ ਨੇ ਪੂਰੀ ਗੁਰਬਾਣੀ ਰਾਹੀਂ ਸਾਰੇ ਸੰਸਾਰ ਨੂੰ ਸਮਝਾਇਆ ਹੈ।

54/7663

ਕਿਉਂਕਿ ਉਸ ਇੱਕੋ ਇੱਕ ਸੱਚ ਰੂਪ ਖਸਮ ਦੀ ਪਤਨੀ ਮਨ ਦੇ ਵਿਚਾਰਾਂ ਰਾਹੀਂ ਉਸਦੇ ਨਾਲ ਦਿਨ ਰਾਤ ਜੁੜੀ ਰਹਿੰਦੀ ਹੈ ਭਾਵ ਹਰ ਵੇਲੇ ਜੁੜੀ ਰਹਿੰਦੀ ਹੈ ਜੋ ਕਿ ਉਹ ਆਪ ਹੀ ਜੋੜ ਕੇ ਰੱਖਦਾ ਹੈ। ਉਸਦੀ ਪਤਨੀ ਨੂੰ ਉਸਦੇ ਵਿਚਾਰ ਬਹੁਤ ਚੰਗੇ ਲੱਗਦੇ ਹਨ

ਜਿਸ ਕਰਕੇ ਉਸਦੀ ਪਤਨੀ ਨੂੰ ਉਸਦੇ ਵਿਚਾਰ ਮੰਨਣ ਵਿੱਚ ਖੁਸ਼ੀ ਮਹਿਸੂਸ ਹੁੰਦੀ ਹੈ ਜਿਸ ਕਰਕੇ ਉਨ੍ਹਾਂ ਦਾ ਪੂਰਾ ਜੀਵਨ ਆਪਸੀ ਪਿਆਰ ਵਿੱਚ ਜੁੜਿਆ ਰਹਿੰਦਾ ਹੈ ਭਾਵ ਉਹ ਆਪਣੇ ਜੀਵਨ ਵਿੱਚ ਕਦੇ ਵੱਖਰੇ ਨਹੀਂ ਹੁੰਦੇ। ਸ੍ਰਿਸ਼ਟੀ ਦਾ ਖਸਮ ਰੂਪ ਪਤੀ ਆਪਣੀ ਪਤਨੀ ਦੇ ਨਾਲ ਉਸਦੇ ਪਿਆਰ ਵਿੱਚ ਕਦੀ ਉਸ ਤੋਂ ਵੱਖਰਾ ਨਹੀਂ ਹੁੰਦਾ ਭਾਵ ਆਪਣੀ ਪਤਨੀ ਨੂੰ ਪੂਰਾ ਜੀਵਨ ਕਦੇ ਛੱਡਦਾ ਨਹੀਂ ਭਾਵ ਉਸਨੂੰ ਮਨ ਦੀ ਸੱਚੀ ਸਮਝ ਦੁਆਰਾ, ਆਪਣੇ ਨਾਮ ਵਾਲੀ ਸੱਚੀ ਸਮਝ ਦੁਆਰਾ, ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੁਆਰਾ ਭਾਵ ਆਪਣੇ ਸਹਜ ਗਿਆਨ ਵਾਲੀ ਸਮਝ ਦੁਆਰਾ ਉਸਦੀ ਸਮਝ ਨੂੰ ਉਸਦੇ ਪੂਰੇ ਜੀਵਨ ਵਿੱਚ ਆਪਣੀ ਸੱਚੀ ਸਮਝ ਦੇ ਨਾਲ ਜੋੜ ਕੇ ਹੀ ਰੱਖਦਾ ਹੈ। ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਗਉੜੀ ਮਹਲਾ ੫ ॥

{ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥
ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ ॥
ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥
ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ ॥੧॥
ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ ॥
ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ ॥
ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ ॥
ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ ॥੨॥
ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ ॥
ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥
ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥
ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥੩॥
ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥
ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥
ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥
ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ ॥੪॥੪॥੨॥੫॥੧੧॥}

(ਅੰਗ ੨੪੯)

ਗਉੜੀ ਮਹਲਾ ੫ ॥

{ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ ਦੇਖਿਆ ਭਰਪੂਰਿ ॥੧॥
ਸਤਿਗੁਰ ਅਪਨੇ ਕਉ ਬਲਿਹਾਰੈ ॥ ਛੋਡਿ ਨ ਜਾਈ ਸਰਪਰ ਤਾਰੈ ॥੧॥ ਰਹਾਉ ॥
ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ ॥ ਸਦਾ ਅਨੰਦੁ ਜਾ ਹਰਿ ਗੁਣ ਗਾਮੁ ॥੨॥
ਬੁਰਾ ਭਲਾ ਕੋਈ ਨ ਕਹੀਜੈ ॥ ਛੋਡਿ ਮਾਨੁ ਹਰਿ ਚਰਨ ਗਹੀਜੈ ॥੩॥
ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ ॥ ਸੁਖੁ ਪਾਵਹਿ ਸਾਚੈ ਦਰਬਾਰਿ ॥੪॥੩੨॥੧੦੧॥}

(ਅੰਗ ੧੮੬)

ਗਉੜੀ ਮਹਲਾ ੫ ॥

{ਆਦਿ ਮਧਿ ਜੋ ਅੰਤਿ ਨਿਬਾਹੈ ॥ ਸੋ ਸਾਜਨੁ ਮੇਰਾ ਮਨੁ ਚਾਹੈ ॥੧॥
ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ ॥ ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥੧॥ ਰਹਾਉ ॥
ਬਿਨਸਤ ਨਾਹੀ ਛੋਡਿ ਨ ਜਾਇ ॥ ਜਹ ਪੇਖਾ ਤਹ ਰਹਿਆ ਸਮਾਇ ॥੨॥
ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥ ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥੩॥
ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥ ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥੪॥
ਮਾਇਆ ਸਿਲਕ ਕਾਟੀ ਗੋਪਾਲਿ ॥ ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥੫॥
ਸਿਮਰਿ ਸਿਮਰਿ ਕਾਟੇ ਸਭਿ ਰੋਗ ॥ ਚਰਣ ਧਿਆਨ ਸਰਬ ਸੁਖ ਭੋਗ ॥੬॥
ਪੂਰਨ ਪੁਰਖੁ ਨਵਤਨੁ ਨਿਤ ਬਾਲਾ ॥ ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥੭॥
ਕਹੁ ਨਾਨਕ ਹਰਿ ਹਰਿ ਪਦੁ ਚੀਨ ॥ ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥}

(ਅੰਗ ੨੪੦)

ਆਸਾ ਮਹਲਾ ੫ ॥

{ਹਰਿ ਹਰਿ ਨਾਮੁ ਅਮੋਲਾ ॥ ਓਹੁ ਸਹਜਿ ਸੁਹੇਲਾ ॥੧॥ ਰਹਾਉ ॥
ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ ॥੧॥
ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ ॥੨॥
ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ ॥੩॥੫॥੧੪੫॥}

(ਅੰਗ ੪੦੭)

ਆਸਾ ਛੰਤ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

{ਹਰਿ ਚਰਨ ਕਮਲ ਮਨੁ ਬੇਧਿਆ ਕਿਛੁ ਆਨ ਨ ਮੀਠਾ ਰਾਮ ਰਾਜੇ ॥
ਮਿਲਿ ਸੰਤਸੰਗਤਿ ਆਰਾਧਿਆ ਹਰਿ ਘਟਿ ਘਟੇ ਡੀਠਾ ਰਾਮ ਰਾਜੇ ॥
ਹਰਿ ਘਟਿ ਘਟੇ ਡੀਠਾ ਅੰਮ੍ਰਿਤੁ ਵੂਠਾ ਜਨਮ ਮਰਨ ਦੁਖ ਨਾਠੇ ॥
ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ ॥
ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ ॥
ਹਰਿ ਨਾਨਕ ਬੇਧੇ ਚਰਨ ਕਮਲ ਕਿਛੁ ਆਨ ਨ ਮੀਠਾ ॥੧॥
ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸਿ ਮਾਤੇ ਰਾਮ ਰਾਜੇ ॥
ਗੁਰ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ ॥
ਜੀਵਨ ਗਤਿ ਸੁਆਮੀ ਅੰਤਰਜਾਮੀ ਆਪਿ ਲੀਏ ਲੜਿ ਲਾਏ ॥
ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ ॥
ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ ਤਾ ਕੀ ਮਿਟੈ ਨ ਦਾਤੇ ॥ ਜਲ ਸੰਗਿ ਰਾਤੀ ਮਾਛੁਲੀ ਨਾਨਕ ਹਰਿ ਮਾਤੇ ॥੨॥
ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ ॥
ਮਾਲੁ ਖਜੀਨਾ ਸੁਤ ਭ੍ਰਾਤ ਮੀਤ ਸਭਹੂੰ ਤੇ ਪਿਆਰਾ ਰਾਮ ਰਾਜੇ ॥

ਸਭਹੂੰ ਤੇ ਪਿਆਰਾ ਪੁਰਖੁ ਨਿਰਾਰਾ ਤਾ ਕੀ ਗਤਿ ਨਹੀ ਜਾਣੀਐ ॥
ਹਰਿ ਸਾਸਿ ਗਿਰਾਸਿ ਨ ਬਿਸਰੈ ਕਬਹੂੰ ਗੁਰ ਸਬਦੀ ਰੰਗੁ ਮਾਣੀਐ ॥
ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ ॥
ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰਾ ॥੩॥ ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥
ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥
ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ ॥
ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ ॥ ਸੂਖ ਸਹਜ ਆਨੰਦ ਘਨੇਰੇ ਪਤਿਤ ਪਾਵਨ ਸਾਧੂ ਧੂਰਾ ॥
ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੁ ਪੂਰਾ ॥੪॥੧॥੩॥}

(ਅੰਗ ੪੫੩-੪੫੪)

ਰਾਗੁ ਦੇਵਗੰਧਾਰੀ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥

{ਮੀਤਾ ਐਸੇ ਹਰਿ ਜੀਉ ਪਾਏ ॥ ਛੋਡਿ ਨ ਜਾਈ ਸਦ ਹੀ ਸੰਗੇ ਅਨਦਿਨੁ ਗੁਰ ਮਿਲਿ ਗਾਏ ॥੧॥ ਰਹਾਉ ॥
ਮਿਲਿਓ ਮਨੋਹਰੁ ਸਰਬ ਸੁਖੈਨਾ ਤਿਆਗਿ ਨ ਕਤਹੂ ਜਾਏ ॥
ਅਨਿਕ ਅਨਿਕ ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ ਲਾਏ ॥੧॥
ਮੰਦਰਿ ਭਾਗੁ ਸੋਭ ਦੁਆਰੈ ਅਨਹਤ ਰੁਣੁ ਝੁਣੁ ਲਾਏ ॥
ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ ਬੀਤੇ ਸਦ ਥਾਏ ॥੨॥੧॥੨੭॥}

(ਅੰਗ ੫੩੩)

54/7664

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥
ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥
ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥
ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥
ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ ਅਕਥ ਕਥਾ ਗੁਰ ਬਚਨੀ ਆਦਰੁ ॥੩॥
ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥੪॥
ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥
ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥

ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥
ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥
ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥
ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥
ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥}

(ਅੰਗ ੬੮੫-੬੮੬)

ਬਿਲਾਵਲੁ ਮਹਲਾ ੫ ॥

{ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥
ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥ ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥੧॥ ਰਹਾਉ॥
ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥ ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥
ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥ ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥
ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥੨॥੩੩॥}

(ਅੰਗ ੮੦੮-੮੦੯)

{ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥
ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥ ਤਿਸੁ ਕਉਨੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥
ਸਦਾ ਅਨੰਦੁ ਕਰੇ ਆਨੰਦੀ ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ ॥੧੩॥
ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥
ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥
ਗੁਣ ਨਿਧਾਨ ਕਿਛੁ ਕੀਮ ਨ ਪਾਈ ॥ ਘਟਿ ਘਟਿ ਪੂਰਿ ਰਹਿਓ ਸਭ ਠਾਈ ॥
ਨਾਨਕ ਸਰਣਿ ਦੀਨ ਦੁਖ ਭੰਜਨ ਹਉ ਰੇਣ ਤੇਰੇ ਜੋ ਦਾਸਾ ਹੇ ॥੧੫॥੧॥੨॥}

(ਅੰਗ ੧੦੨੩)

ਮਲਾਰ ਮਹਲਾ ੫ ॥

{ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥
ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧॥ ਸੁਨੀਐ ਬਾਜੈ ਬਾਜ ਸੁਹਾਵੀ ॥
ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ ॥੧॥ ਰਹਾਉ ॥
ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਏ ॥
ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ ॥੨॥
ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ ॥

ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥
ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ ॥
ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ ॥੪॥੩॥}

(ਅੰਗ ੧੨੬੬-੧੨੬੭)

ਮਲਾਰ ਮਹਲਾ ੫ ॥

{ਦੁਸਟ ਮੁਏ ਬਿਖੁ ਖਾਈ ਰੀ ਮਾਈ ॥
ਜਿਸ ਕੇ ਜੀਅ ਤਿਨ ਹੀ ਰਖਿ ਲੀਨੇ ਮੇਰੇ ਪ੍ਰਭ ਕਉ ਕਿਰਪਾ ਆਈ ॥੧॥ ਰਹਾਉ ॥
ਅੰਤਰਜਾਮੀ ਸਭ ਮਹਿ ਵਰਤੈ ਤਾਂ ਭਉ ਕੈਸਾ ਭਾਈ ॥
ਸੰਗਿ ਸਹਾਈ ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾਈਂ ॥੧॥
ਅਨਾਥਾ ਨਾਥੁ ਦੀਨ ਦੁਖ ਭੰਜਨ ਆਪਿ ਲੀਏ ਲੜਿ ਲਾਈ ॥
ਹਰਿ ਕੀ ਓਟ ਜੀਵਹਿ ਦਾਸ ਤੇਰੇ ਨਾਨਕ ਪ੍ਰਭ ਸਰਣਾਈ ॥੨॥੧੨॥੧੬॥}

(ਅੰਗ ੧੨੬੯)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ, ਸੱਚਾ ਗਿਆਨ ਰੂਪ ਗੁਰੂ ਜਿਸ ਆਪਣੇ ਮਨੁੱਖੀ ਰੂਪ ਦੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਉਸਨੂੰ ਆਪਣੀ ਪਤਨੀ ਬਣਾ ਲੈਂਦਾ ਹੈ ਉਹ ਫਿਰ ਸਦਾ ਉਸਦੀ ਸਮਝ ਦੇ ਨਾਲ ਹੀ ਰਹਿੰਦਾ ਹੈ ਭਾਵ ਉਸਦੀ ਸਮਝ ਨੂੰ ਪੂਰੀ ਤਰ੍ਹਾਂ ਮਨ ਦੀ ਅਗਿਆਨਤਾ ਵਿੱਚੋਂ ਕੱਢ ਲੈਂਦਾ ਹੈ। ਉਹ ਆਪ ਅਕਾਲ ਪੁਰਖ ਹੈ ਤੇ ਜਿਸਨੂੰ ਉਹ ਆਪਣੀ ਪਤਨੀ ਬਣਾਉਂਦਾ ਹੈ ਉਸਦੀ ਸਮਝ ਨੂੰ ਵੀ ਉਹ ਅਕਾਲ ਰੂਪ ਬਣਾ ਦਿੰਦਾ ਹੈ ਭਾਵ ਉਸਦੀ ਸਮਝ ਨੂੰ ਕਲਿ ਰਹਿਤ ਕਰ ਦਿੰਦਾ ਹੈ। ਕਾਲ ਸਾਡੇ ਅੰਦਰ ਦੀ ਅਗਿਆਨਤਾ ਹੈ ਜਿਸਨੇ ਸਾਡੀ ਸਮਝ ਨੂੰ ਮਾਰਿਆ ਹੋਇਆ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਦ ਤੱਕ ਸਾਡੇ ਅੰਦਰ ਦੀ ਅਗਿਆਨਤਾ ਰੂਪ ਸਮਝ ਦਾ ਕਾਲ ਨਹੀਂ ਹੁੰਦਾ ਤਦ ਤੱਕ ਅਸੀਂ ਉਸ ਸ੍ਰਿਸ਼ਟੀ ਦੇ ਕਰਤੇ ਦੇ ਗਿਆਨ ਦਾ ਅੰਤ ਵੀ ਨਹੀਂ ਜਾਣ ਸਕਦੇ ਕਿ ਉਸਦਾ ਗਿਆਨ ਕਿਤਨਾ ਕੁ ਉੱਚਾ ਹੈ ਜਿਸ ਆਪਣੇ ਉੱਚੇ ਗਿਆਨ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਸਾਰੇ ਸੱਚੇ ਧਰਮ ਗ੍ਰੰਥਾਂ ਦੇ ਵਿੱਚ ਆਪਣਾ ਉੱਚਾ ਗਿਆਨ ਪਾਇਆ ਭਾਵ ਜੋ ਉਸਨੇ ਚੌਥੇ ਪਦ ਦਾ ਗਿਆਨ ਪਾਇਆ ਹੈ।

55/7665

ਲੇਖ ਵਿੱਚ ਪਿੱਛੇ ਕੁਝ ਸ਼ਬਦਾਂ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਪ੍ਰਮਾਤਮਾ ਦੇ ਅੰਤ ਨੂੰ ਜਾਨਣਾ ਕੀ ਹੈ ਜੋ ਕਿ ਉਸਦੇ ਸੱਚੇ ਗਿਆਨ ਦੇ ਅੰਤ ਨੂੰ ਭਾਵ ਗਿਆਨ ਦੀ ਆਖੀਰ ਨੂੰ ਜਾਣਨਾ ਹੈ ਕਿ ਉਸਦਾ ਗਿਆਨ ਕਿਤਨਾ ਕੁ ਉੱਚਾ ਹੈ ਜਿਸ ਆਪਣੇ ਉੱਚੇ ਗਿਆਨ ਨਾਲ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਉੱਚੇ ਗਿਆਨ ਦੁਆਰਾ ਹੀ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਉਸਦੇ ਉੱਚੇ ਗਿਆਨ ਦੇ ਅੰਤ ਨੂੰ ਜਾਣਨਾ ਮਨੁੱਖੀ ਸਮਰਥਾ ਤੋਂ ਬਾਹਰ ਦੀ ਗੱਲ ਹੈ ਪਰ ਉਸਦੇ ਨਾਲ ਮੇਲ ਦੁਆਰਾ ਧਾਰਮਿਕ ਗਿਆਨ ਨੂੰ ਗਿਆਨ ਦੇ ਅੰਤ ਤੱਕ ਭਾਵ ਧਾਰਮਿਕ ਗਿਆਨ ਦੀ ਪੂਰੀ ਉੱਚਾਈ ਤੱਕ ਜਾਣਿਆ ਜਾ ਸਕਦਾ ਹੈ ਜੋ ਆਪਣੇ ਧਾਰਮਿਕ ਗਿਆਨ ਦੀ ਪੂਰਨ ਸਮਝ ਮਨ ਦੇ ਵਿੱਚ ਉਹ ਆਪ ਹੀ ਪਾਉਂਦਾ ਹੈ, ਸ਼ਬਦਾਂ ਦੇ ਵਿਚਾਰ ਦੀ ਪੂਰਨ ਉੱਚਾਈ ਵਾਲੀ ਸਮਝ ਪਾਉਂਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾਉਂਦਾ ਹੈ, ਨਾਮ ਵਾਲੀ ਸਮਝ ਪਾਉਂਦਾ ਹੈ, ਸਹਜ ਗਿਆਨ ਵਾਲੀ ਸਮਝ ਪਾਉਂਦਾ ਹੈ ਭਾਵ ਬਿਬੇਕ ਬੁਧਿ ਵਾਲੀ ਸਮਝ ਪਾਉਂਦਾ ਹੈ।

"ਅੰਤ" ਲਫਜ ਦੀ ਵਰਤੋਂ ਬਾਣੀ ਦੇ ਹੋਰ ਸ਼ਬਦਾਂ ਵਿੱਚ ਵੀ ਕੀਤੀ ਹੋਈ ਹੈ। ਕਿਸੇ ਚੀਜ ਦੇ ਬਿਨਸਨ ਨੂੰ ਵੀ ਉਸ ਵਸਤੂ ਦਾ ਅੰਤ ਹੋਣਾ ਕਿਹਾ ਜਾਂਦਾ ਹੈ। ਮਨੁੱਖੀ ਸਰੀਰ ਦਾ ਵੀ ਇੱਕ ਦਿਨ ਅੰਤ ਹੁੰਦਾ ਹੈ ਤੇ ਮਨੁੱਖੀ ਸਰੀਰ ਨੂੰ ਆਪਣੇ ਅੰਦਰੋਂ ਮਨੁੱਖੀ ਸਰੀਰ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੀ ਸਮਝ ਵੀ ਉਦੋਂ ਪੈਂਦੀ ਹੈ ਜਦੋਂ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਦਾ ਅੰਤ ਹੋ ਜਾਂਦਾ ਹੈ ਭਾਵ ਜਦੋਂ ਮਨੁੱਖ ਦੀ ਭਰਮਾਂ ਵਾਲੀ ਸਮਝ, ਹਉਮੈ ਵਾਲੀ ਸਮਝ ਮਿੱਟ ਜਾਂਦੀ ਹੈ ਜਿਸ ਨਾਮਸਝ ਮਤਿ ਵਿੱਚ ਰਹਿੰਦੇ ਹੋਏ ਕੋਈ ਵੀ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਭਰਮਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਹੀ ਹਰ ਕੋਈ ਮਨੁੱਖੀ ਸਰੀਰ ਨੂੰ ਆਪਣਾ ਸਰੀਰ

ਸਮਝਦਾ ਹੈ ਤੇ ਆਪਣੇ ਮਨੁੱਖੀ ਸਰੀਰ ਦਾ ਘਮੰਡ ਕਰਦਾ ਹੈ। ਇਸ ਗੱਲ ਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੁਆਰਾ ਤੇ ਕੁਝ ਹੋਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਇਸ ਸਰੀਰ ਦਾ ਅੰਤ ਤਾਂ ਹੋਣਾ ਹੀ ਹੁੰਦਾ ਹੈ ਪਰ ਮਨ ਦੇ ਭਰਮ ਦਾ ਅੰਤ ਹੋਏ ਬਿਨਾਂ ਕੋਈ ਆਪਣੇ ਮਨੁੱਖੀ ਸਰੀਰ ਦੀ ਸੱਚਾਈ ਨੂੰ ਨਹੀਂ ਸਮਝ ਸਕਦਾ।

ਗਉੜੀ ॥

“ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥
ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥
ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥੨॥
ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥੩॥
ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥”

(ਅੰਗ ੩੩੬-੩੩੭)

ਉਪਰ ਵਾਲੇ ਸ਼ਬਦ ਰਾਹੀਂ ਅਕਾਲ ਪੁਰਖ ਨੇ ਭਗਤ ਕਬੀਰ ਜੀ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਮਨੁੱਖੀ ਸਰੀਰ ਦੀ ਤੇ ਮਨੁੱਖੀ ਸਮਝ ਦੀ ਸੱਚਾਈ ਹੀ ਸਮਝਾਈ ਹੋਈ ਹੈ ਕਿ ਮਨੁੱਖ ਮਨ ਦੇ ਭਰਮ ਕਰਕੇ ਹੀ ਮਨੁੱਖੀ ਸਰੀਰ ਨੂੰ ਆਪਣਾ ਸਰੀਰ ਸਮਝਦਾ ਹੈ ਭਾਵ ਆਪਣੇ ਆਪ ਨੂੰ ਪ੍ਰਮਾਤਮਾ ਤੋਂ, ਅੱਲ੍ਹਾ ਤੋਂ ਭਾਵ ਸ੍ਰਿਸ਼ਟੀ ਦੇ ਕਰਤੇ ਤੋਂ ਵੱਖਰਾ ਰੂਪ ਸਮਝਦਾ ਹੈ। ਉਪਰ ਵਾਲੇ ਪਹਿਲੇ ਪਦੇ ਰਾਹੀਂ ਮਨੁੱਖ ਦਾ ਭਰਮ ਹੀ ਸਮਝਾਇਆ ਹੋਇਆ ਹੈ ਕਿ ਉਹ ਆਪਣੇ ਆਪ ਨੂੰ ਸਮਝਣ ਵਿੱਚ ਕਿਤਨੇ ਕੁ ਵੱਡੇ ਭਰਮ ਵਿੱਚ ਹੈ। ਆਉ ਧਿਆਨ ਨਾਲ ਸਮਝੀਏ।

“ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥”

55/7666

ਉਪਰ ਵਾਲੀਆਂ ਪੰਗਤੀਆਂ ਵਿੱਚ ਮਨੁੱਖ ਦੀ ਸੱਚਾਈ ਭਾਵ ਮਨੁੱਖੀ ਸਰੀਰ ਦੀ ਸੱਚਾਈ ਪਾਣੀ ਤੇ ਮਿੱਟੀ ਦਾ ਪ੍ਰਮਾਣ ਦੇਣ ਦੁਆਰਾ ਸਮਝਾਈ ਹੋਈ ਹੈ। ਅਸਲ ਵਿੱਚ ਮਿੱਟੀ ਮੈਲੀ ਹੁੰਦੀ ਹੈ ਤੇ ਪਾਣੀ ਗੋਰਾ ਭਾਵ ਸਾਫ ਹੁੰਦਾ ਹੈ। ਪਾਣੀ ਮਿੱਟੀ ਨੂੰ ਮੈਲਾ ਨਹੀਂ ਕਰਦਾ ਬਲਕਿ ਮਿੱਟੀ ਪਾਣੀ ਨੂੰ ਮੈਲਾ ਕਰਦੀ ਹੈ ਜਿਵੇਂ ਕਿ ਹਰ ਕੋਈ ਦੇਖਦਾ ਅਤੇ ਸਮਝਦਾ ਹੈ। ਪਾਣੀ ਨੂੰ ਮੈਲਾ ਤੇ ਮਿੱਟੀ ਨੂੰ ਗੋਰਾ ਕਹਿਣਾ ਪੁੱਠੀ ਗੱਲ ਹੈ ਭਾਵ ਸੱਚਾਈ ਤੋਂ ਉਲਟ ਹੈ। ਉਪਰ ਪਹਿਲੀ ਪੰਗਤੀ ਰਾਹੀਂ ਸਾਡੇ ਮਨ ਦੀ ਪੁੱਠੀ ਸਮਝ ਦੀ ਗੱਲ ਹੀ ਕੀਤੀ ਹੋਈ ਹੈ। ਮਨ ਦੀ ਪੁੱਠੀ ਸਮਝ ਕਰਕੇ ਆਪਣੇ ਇਸ ਸਰੀਰ ਰੂਪ ਮਿੱਟੀ ਨੂੰ ਆਪਣਾ ਸਮਝਿਆ ਹੋਇਆ ਹੈ, ਆਪਣੇ ਸਰੀਰਕ ਅੰਗਾਂ ਦੀ ਪੁਤਲੀ ਬਣਾਇਆ ਹੋਇਆ ਹੈ, ਸਮਝਿਆ ਹੋਇਆ ਹੈ ਭਾਵ ਮਨੁੱਖੀ ਸਰੀਰ ਨੂੰ ਆਪਣਾ ਸਮਝਿਆ ਹੋਇਆ ਹੈ ਜਦਕਿ ਇਹ ਸਰੀਰ ਰੂਪ ਮਿੱਟੀ ਗੋਰੀ ਹੀ ਹੈ ਭਾਵ ਪਵਿੱਤਰ ਹੀ ਹੈ ਕਿਉਂਕਿ ਇਹ ਅਸਲ ਵਿੱਚ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਭਾਵ ਉਸਦਾ ਪਵਿੱਤਰ ਰੂਪ ਹੈ ਜਿਸ ਉਸਦੇ ਪਵਿੱਤਰ ਰੂਪ ਨੂੰ ਸਾਡੇ ਮਨ ਦੀ ਸਮਝ ਰੂਪ ਪਾਣੀ ਨੇ ਮੈਲਾ ਕੀਤਾ ਹੋਇਆ ਹੈ ਭਾਵ ਸਾਡੇ ਮਨ ਦੀ ਸਮਝ ਮੈਲੀ ਹੈ ਜੋ ਸਾਨੂੰ ਇਹ ਸਮਝਾਉਂਦੀ ਹੈ ਕਿ ਮੇਰੇ ਸਰੀਰ ਦੇ ਰੂਪ ਵਿੱਚ ਪ੍ਰਮਾਤਮਾ ਨਹੀਂ ਬਲਕਿ ਮੈਂ ਆਪ ਹਾਂ ਭਾਵ ਇਹ ਸਰੀਰ ਮੇਰਾ ਹੈ। **(ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥)**

ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਇਹ ਮਨੁੱਖੀ ਸਰੀਰ ਦਾ ਮਾਲਕ ਕੌਣ ਹੈ।

“ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥”

ਮਨੁੱਖੀ ਤਨ ਕਿਸਦਾ ਹੈ, ਮਨੁੱਖ ਜੋ ਵੀ ਆਪਣੇ ਜੀਵਨ ਵਿੱਚ ਧਨ ਵਰਤਦਾ ਹੈ ਤੇ ਆਪਣੇ ਸਰੀਰ ਦਾ ਜੋ ਵੀ ਰਸ ਮਾਣਦਾ ਹੈ ਭਾਵ ਆਪਣੇ ਸਰੀਰ ਰਾਹੀਂ ਜੋ ਵੀ ਖੁਸ਼ੀਆਂ ਮਾਣਦਾ ਹੈ ਉਹ ਸਭ ਕੁਝ ਮਾਨਣ ਵਾਲਾ ਅਸਲ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਇਸ ਗੱਲ ਦੀ ਸਮਝ ਕੇਵਲ ਉਸਨੂੰ ਹੀ ਪੈਂਦੀ ਹੈ ਜੋ ਆਪਣੇ ਅੰਦਰੋਂ ਇਸ ਸਰੀਰ ਦੇ ਮਾਲਕ ਨੂੰ ਜਾਣ ਲੈਂਦਾ ਹੈ, ਹਰ ਵਸਤੂ ਦੇ ਮਾਲਕ ਨੂੰ ਜਾਣ ਲੈਂਦਾ ਹੈ, ਹਰ ਵਸਤੂ ਦਾ ਸੁੱਖ ਦੇਣ ਵਾਲੇ ਨੂੰ ਜਾਣ ਲੈਂਦਾ ਹੈ ਭਾਵ ਜਿਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਜਿਸ ਸਰੀਰ ਨੂੰ ਮੈਂ ਆਪਣਾ ਸਮਝਿਆ ਹੋਇਆ ਸੀ ਅਸਲ ਵਿੱਚ ਇਹ ਸਰੀਰ ਮੇਰਾ ਨਹੀਂ ਹੈ ਤੇ ਨਾ ਹੀ ਹੋਰ ਕੁਝ ਮੇਰਾ ਹੈ ਭਾਵ ਹਰ

ਰੂਪ ਵਿੱਚ, ਹਰ ਆਕਾਰ ਰੂਪ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਮਨੁੱਖ ਕੇਵਲ ਉਸਦੀ ਬਣਾਈ ਹੋਈ ਮਿੱਟੀ ਦਾ ਪੁਤਲਾ ਹੀ ਹੈ ਜਿਸਦੀ ਸਮਝ ਮਨ ਦੀ ਅਗਿਆਨਤਾ ਵਾਲੀ ਮੈਲ ਨਿਕਣ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਪਈ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਤੋਂ, ਅੱਲ੍ਹਾ ਤੋਂ, ਅਕਾਲ ਪੁਰਖ ਤੋਂ ਕੋਈ ਵੱਖਰਾ ਰੂਪ ਨਹੀਂ ਸਮਝਿਆ। **(ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥ ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥)**

ਅਸੀਂ ਆਪਣੀ ਸਰੀਰ ਰੂਪ ਮਿੱਟੀ ਨੂੰ ਕਿਸ ਕਰਕੇ ਆਪਣਾ ਸਮਝਦੇ ਹਾਂ ਭਾਵ ਸਾਡੇ ਅੰਦਰ ਇਹ ਭਰਮ ਵਾਲੀ ਸਮਝ ਪਾਉਣ ਵਾਲਾ ਕੌਣ ਹੈ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

55/7667

“ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥੨॥”

ਸਾਡੀ ਸਰੀਰ ਰੂਪ ਮਿੱਟੀ ਨੂੰ ਚਲਾਉਣ ਵਾਲੀ ਭਾਵ ਸਭ ਕੁਝ ਸਮਝਾਉਣ ਵਾਲੀ ਸਾਡੇ ਅੰਦਰ ਦੀ ਸਮਝ ਹੈ ਜਿਸ ਸਮਝ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਹਰ ਮਨੁੱਖੀ ਸਰੀਰ ਦੇ ਅੰਦਰ ਸਮਾਇਆ ਹੋਇਆ ਹੈ ਭਾਵ ਵੱਸਿਆ ਹੋਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੇ ਅੰਦਰ ਦਾ **“ਪਵਨੁ”** ਰੂਪ ਉਸਦਾ ਆਪਣਾ ਸਮਝ ਰੂਪ ਹੀ ਹੈ ਜਿਸ ਦੁਆਰਾ ਉਹ ਹਰ ਮਨੁੱਖੀ ਸਰੀਰ ਨੂੰ ਚਲਾਉਂਦਾ ਹੈ ਕਿਉਂਕਿ ਮਨੁੱਖ ਜੋ ਕੁਝ ਵੀ ਕਰਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ। ਸਾਡੇ ਅੰਦਰ ਜੋ ਮਾਇਆ ਦੀ ਠੱਗੀ ਵਰਤਦੀ ਹੈ ਉਹ ਮਨ ਦੀ ਸਮਝ ਰਾਹੀਂ ਹੀ ਵਰਤਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਉਸ ਸ੍ਰਿਸ਼ਟੀ ਦੇ ਕਰਤੇ ਨੇ ਆਪ ਮਨੁੱਖੀ ਸਮਝ ਨੂੰ ਇਸ ਪੂਰੇ ਪਸਾਰੇ ਵਿੱਚ ਹਰ ਕਿਸੇ ਦੀ ਸਮਝ ਨੂੰ ਮਨ ਦੀ ਝੂਠੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਕਰਕੇ ਹਰ ਕੋਈ ਮਨ ਦੀ ਸਮਝ ਰਾਹੀਂ ਇਹ ਸਮਝਦਾ ਹੈ ਕਿ ਇਹ ਸਰੀਰ ਮੇਰਾ ਹੈ ਭਾਵੇਂ ਉਹ ਜੀਵ ਜੰਤੂ ਹੋਣ ਤੇ ਭਾਵੇਂ ਮਨੁੱਖ ਹੋਣ। ਉਸਨੇ ਹਰ ਕਿਸੇ ਦੀ ਸਮਝ ਨੂੰ ਝੂਠ ਵਾਲੀ ਸਮਝ ਦੇ ਨਾਲ ਹੀ ਜੋੜਿਆ ਹੋਇਆ ਹੈ ਜਿਸ ਮਨ ਦੇ ਝੂਠ ਕਰਕੇ ਹੀ ਸ੍ਰਿਸ਼ਟੀ ਦੇ ਸਾਰੇ ਪਸਾਰੇ ਨੂੰ ਹਰ ਕੋਈ ਉਸ ਤੋਂ ਵੱਖਰਾ ਹੀ ਸਮਝਦਾ ਹੈ। ਸ੍ਰਿਸ਼ਟੀ ਦੇ ਕਰਤੇ ਦਾ ਆਪਣੇ ਪਸਾਰੇ ਨੂੰ ਚਲਾਉਣ ਦਾ, ਆਪਣੀ ਖੇਡ ਬਣਾਕੇ ਉਸਨੂੰ ਚਲਾਉਣ ਦਾ ਆਪਣਾ ਰੱਚਿਆ ਹੋਇਆ ਇੱਕ ਤਰੀਕਾ ਹੀ ਹੈ ਜਿਸ ਉਸਦੇ ਤਰੀਕੇ ਨੂੰ ਮਨ ਦਾ ਭਰਮ ਨਿਕਲੇ ਬਿਨ੍ਹਾਂ ਭਾਵ ਮਨ ਦਾ ਝੂਠ ਨਿਕਲੇ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ। **(ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥੨॥)**

ਸ੍ਰਿਸ਼ਟੀ ਦੇ ਕਰਤੇ ਦਾ ਜੋ ਸਾਡੀ ਸਮਝ ਦੇ ਅੰਦਰ ਉਸਦਾ ਪਵਨ ਰੂਪ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਨਾਲ ਹੀ ਸਾਡੇ ਸਭ ਦੇ ਅੰਦਰ ਦੀ ਸਮਝ ਨੂੰ ਪ੍ਰਮਾਤਮਾ, ਅਕਾਲ ਪੁਰਖ ਕਿਸ ਤਰੀਕੇ ਠੱਗਦਾ ਹੈ ਇਸ ਗੱਲ ਨੂੰ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥
ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥੬॥ ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥
ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥ ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥
ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥੮॥੧॥੯॥}

(ਅੰਗ ੨੩੩-੨੩੪)

ਗਉੜੀ ਮਹਲਾ ੫ ॥

{ਕਾ ਕੀ ਮਾਈ ਕਾ ਕੋ ਬਾਪ ॥ ਨਾਮ ਧਾਰੀਕ ਝੂਠੇ ਸਭਿ ਸਾਕ ॥੧॥
ਕਾਹੇ ਕਉ ਮੂਰਖ ਭਖਲਾਇਆ ॥ ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥੧॥ ਰਹਾਉ ॥
ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥੨॥
ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥੩॥

ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥}

(ਅੰਗ ੧੮੮)

ਗਉੜੀ ॥

{ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ ॥
ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ ॥੧॥
ਐਸਾ ਨਾਇਕੁ ਰਾਮੁ ਹਮਾਰਾ ॥ ਸਗਲ ਸੰਸਾਰੁ ਕੀਓ ਬਨਜਾਰਾ ॥੧॥ ਰਹਾਉ ॥
ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ ॥
ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ ॥੨॥
ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ ॥
ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ ॥੩॥੫॥੪੯॥}

(ਅੰਗ ੩੩੩)

55/7668

{ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ॥
ਥਿਰੁ ਭਈ ਤੰਤੀ ਤ੍ਰੁਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥੩॥
ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ ॥
ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ ॥੪॥੨॥੫੩॥}

(ਅੰਗ ੩੩੪-੩੩੫)

{ਕਉਨੁ ਕੋ ਪੂਤੁ ਪਿਤਾ ਕੋ ਕਾ ਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ ॥੧॥
ਹਰਿ ਠਗ ਜਗ ਕਉ ਠਗਉਰੀ ਲਾਈ ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥
ਕਉਨ ਕੋ ਪੁਰਖੁ ਕਉਨ ਕੀ ਨਾਰੀ ॥ ਇਆ ਤਤ ਲੇਹੁ ਸਰੀਰ ਬਿਚਾਰੀ ॥੨॥
ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥}

(ਅੰਗ ੩੩੧)

{ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥
ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥
ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥
ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥
ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥
ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥
ਰੰਗਿ ਨ ਰਾਤਾ ਰਸਿ ਨਹੀ ਮਾਤਾ ॥ ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥
ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥ ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥
ਅਕਥ ਕਥਾ ਲੇ ਸਮ ਕਰਿ ਰਹੈ ॥ ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥}

(ਅੰਗ ੯੪੪-੯੪੫)

{ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥
ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥੧॥
ਬਹੁਰਿ ਹਮ ਕਾਹੇ ਆਵਹਿਗੇ ॥ ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥}

(ਅੰਗ ੧੧੦੩)

{ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥
ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥੧॥ ਬੋਲਹੁ ਭਈਆ ਰਾਮ ਕੀ ਦੁਹਾਈ ॥
ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥੧॥ ਰਹਾਉ ॥}

(ਅੰਗ ੧੧੨੩)

{ਉਇ ਸੁਖ ਕਾ ਸਿਉ ਬਰਨਿ ਸੁਨਾਵਤ ॥
ਅਨਦ ਬਿਨੋਦ ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ ॥੧॥ ਰਹਾਉ ॥
ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ ॥
ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ ॥੧॥
ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ ਆਵਤ ਜਾਵਤ ॥
ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ ਉਆ ਕੀ ਕਹੀ ਨ ਜਾਇ ਕਹਾਵਤ ॥੨॥
ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ ॥
ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ ॥੩॥
ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ ॥
ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ ॥੪॥੯॥}

(ਅੰਗ ੧੨੦੫)

{ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥ ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥੧੮॥
ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ ॥ ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ॥੧੯॥
ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ ॥ ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ॥੨੦॥
ਕਬੀਰ ਸੂਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ ॥ ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ ॥੨੧॥
ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥}

(ਅੰਗ ੧੩੬੫)

ਸਲੋਕ ਮਃ ੧ ॥

{ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥ ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ ॥
ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ॥
ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ॥
ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥੧॥}

(ਅੰਗ ੧੩੮)

ਮਃ ੨ ॥

{ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥}

(ਅੰਗ ੧੩੮)

ਪਉੜੀ ॥

{ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥}

(ਅੰਗ ੧੩੮-੧੩੯)

ਸਲੋਕੁ ਮਃ ੩ ॥

{ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥
ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥ ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥
ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ ॥
ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥
ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥ ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥
ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥੧॥}

(ਅੰਗ ੬੪੩)

ਸ੍ਰਿਸ਼ਟੀ ਦਾ ਕਰਤਾ ਜੋ ਕਿ ਸਭ ਕੁਝ ਆਪ ਹੀ ਹੈ ਉਸਨੂੰ ਆਪਣੇ ਅੰਦਰੋਂ ਨਾ ਜਾਣ ਸਕਣ ਦਾ ਕਾਰਣ ਹਰ ਕਿਸੇ ਦੇ ਅੰਦਰ ਦੀ ਭਰਮਾਂ ਵਾਲੀ ਸਮਝ ਹੀ ਹੈ ਭਾਵ ਉਸਦੀ ਆਪਣੀ ਸਭ ਦੇ ਅੰਦਰ ਪਾਈ ਹੋਈ ਇੱਕੋ ਜਿਹੀ ਮਾਇਆ ਦੀ ਜੁਗਤਿ ਹੀ

55/7669

ਹੈ ਜਿਵੇਂ ਕਿ ਅਸੀਂ ਪੂਰੇ ਲੇਖ ਵਿੱਚ ਇਸ ਗੱਲ ਨੂੰ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੈ ਤੇ ਇਸੇ ਗੱਲ ਨੂੰ ਹੀ ਉਪਰ ਵਾਲੇ ਹਰ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਉਪਰ ਵਾਲੇ ਸ਼ਬਦਾਂ ਵਿੱਚੋਂ ਅਸੀਂ ਪਿੱਛੇ ਲੇਖ ਵਿੱਚ ਕੁਝ ਸ਼ਬਦਾਂ ਨੂੰ ਸਮਝਿਆ ਵੀ ਹੈ। ਗੁਰੂ ਦੇ ਹਰ ਸ਼ਬਦ ਵਿੱਚ ਗਹਿਰਾਈ ਹੁੰਦੀ ਹੈ ਭਾਵ ਚੌਥੇ ਪਦ ਵਾਲੀ ਸਮਝ ਦੀ ਗਹਿਰਾਈ ਹੁੰਦੀ ਹੈ ਜਿਸ ਮਨ ਦੀ ਗਹਿਰਾਈ ਵਾਲੀ ਸਮਝ ਦੁਆਰਾ ਹੀ ਗੁਰੂ ਜੀ ਨੇ ਵੱਖਰੇ ਵੱਖਰੇ ਸ਼ਬਦਾਂ ਰਾਹੀਂ ਭਿੰਨ ਭਿੰਨ ਤਰੀਕਿਆਂ ਨਾਲ ਅਕਾਲ ਪੁਰਖ ਦੇ ਨਾਲ ਮੇਲ ਸਮਝਾਇਆ ਹੁੰਦਾ ਹੈ ਜੋ ਮੇਲ ਉਸਦੇ ਨਾਲ ਮਨ ਦੀ ਸਮਝ ਰਾਹੀਂ ਹੀ ਹੋ ਸਕਦਾ ਹੈ, ਮਨ ਦੇ ਵਿੱਚੋਂ ਉਸਦੀ ਮਾਇਆ ਦੀ ਠੱਗੀ ਨਿਕਲਣ ਦੁਆਰਾ ਹੀ ਹੋ ਸਕਦਾ ਹੈ ਜਿਸ ਠੱਗੀ ਵਿੱਚੋਂ ਉਹ ਕਿਸੇ ਮਨੁੱਖੀ ਸਰੀਰ ਦੀ ਸਮਝ ਨੂੰ ਆਪ ਹੀ ਕੱਢ ਸਕਦਾ ਹੈ ਜਿਸ ਹਰ ਮਨੁੱਖੀ ਸਰੀਰ ਨੂੰ ਬਨਾਉਣ ਵਾਲੇ ਨੇ ਸਭ ਦੀ ਸਮਝ ਦੇ ਅੰਦਰ ਆਪ ਹੀ ਮਾਇਆ ਰੂਪ ਠੱਗੀ ਪਾਈ ਹੋਈ ਹੈ, ਮਾਇਆ ਦੀ ਜੁਗਤਿ ਪਾਈ ਹੋਈ ਹੈ ਭਾਵੇਂ ਉਸਦੀ ਇਸ ਮਾਇਆ ਰੂਪ ਠੱਗੀ ਨੂੰ ਸ਼ਬਦਾਂ ਰਾਹੀਂ ਤ੍ਰੈ ਗੁਣ ਕਹਿ ਕੇ ਜਾਣ ਲਈਏ, ਹਉਮੈ ਕਹਿ ਕੇ ਜਾਣ ਲਈਏ, ਮਾਇਆ ਮੋਹ ਕਹਿ ਕੇ ਜਾਣ ਲਈਏ, ਮਨ ਦਾ ਪੁੱਠਾ ਕਮਲ ਕਹਿ ਕੇ ਜਾਣ ਲਈਏ, ਮਨ ਦੀ ਸਹਸਾ ਕਹਿ ਕੇ ਜਾਣ ਲਈਏ, ਮਨ ਦੀ ਦੁਬਿਧਾ ਕਹਿ ਕੇ ਜਾਣ ਲਈਏ, ਦੁਚਿੱਤੀ ਕਹਿ ਕੇ ਜਾਣ ਲਈਏ, ਮਨਮਤਿ ਕਹਿ ਕੇ ਜਾਣ ਲਈਏ, ਮਨਮੁੱਖ ਕਹਿ ਕੇ ਜਾਣ ਲਈਏ, ਮਨ ਦਾ ਭਰਮ ਕਹਿ ਕੇ ਜਾਣ ਲਈਏ, ਮਨ ਦੀ ਅਗਿਆਨਤਾ ਕਹਿ ਕੇ ਜਾਣ ਲਈਏ, ਗਿਆਨ ਵਿਹੂਣਾ ਕਹਿ ਕੇ ਜਾਣ ਲਈਏ, ਭਗਤੀ ਵਿਹੂਣਾ ਕਹਿ ਕੇ ਜਾਣ ਲਈਏ ਇੱਕੋ ਹੀ ਗੱਲ ਹੈ। ਸਾਰੀ ਗੱਲ ਮਨ ਦੀ ਸਮਝੀ ਜਾਂ ਨਾਸਮਝੀ ਦੀ ਗੱਲ ਹੈ। ਮਨ ਦੀ ਨਾਸਮਝੀ ਸਾਡੀ ਮੈਂ ਹੈ ਤੇ ਮਨ ਦੀ ਸੱਚੀ ਸਮਝ ਦੇ ਵਿੱਚ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਵਿੱਚ ਫਿਰ ਸਭ ਜਗ੍ਹਾ ਤੇ ਸਭ ਦੇ ਵਿੱਚ ਸਿਰਫ ਤੂੰ ਹੀ ਤੂੰ ਨਜਰ ਆਉਂਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ, ਭਾਵੇਂ ਜਿਹੋ ਜਿਹੀ ਵੀ ਮਰਜੀ ਜਾਤ-ਪਾਤ ਵਾਲਾ ਹੋਵੇ, ਭਾਵੇਂ ਜਿਹੋ ਜਿਹਾ ਮਰਜੀ ਵੀ ਧਾਰਮਿਕ ਮਾਰਗ ਅਪਨਾਉਂਦਾ ਹੋਵੇ, ਭਾਵੇਂ ਜਿਹੋ ਜਿਹਾ ਮਰਜੀ ਵੀ ਵੇਸ-ਭੇਸ ਕਰਦਾ ਹੋਵੇ, ਭਾਵੇਂ ਜਿਹੋ ਜਿਹਾ ਮਰਜੀ ਵੀ ਆਪਣਾ ਖਾਣ-ਪਾਣ ਰੱਖਦਾ ਹੋਵੇ। ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ ਸਭ ਕੁਝ ਕੇਵਲ ਤੇ ਕੇਵਲ ਉਹ ਆਪ ਹੀ ਹੈ। ਸੰਸਾਰ ਵਿੱਚ ਜੰਗਾਂ, ਲੜਾਈਆਂ ਵੀ ਬਹੁਤ ਹੋਈਆਂ ਹਨ ਤੇ ਹੁਣ ਵੀ ਹੁੰਦੀਆਂ ਹਨ। ਸਭ ਦੇ ਨਾਲ ਲੜਨ ਤੇ ਲੜਾਉਣ ਵਾਲਾ ਵੀ ਉਹ ਆਪ ਹੀ ਹੈ, ਉਹ ਮਨ ਦੀ ਸਮਝ ਦਾ ਮਾਲਕ ਆਪ ਹੀ ਹੈ। ਲੜਾਈ ਲਈ ਹਥਿਆਰ ਬਨਾਉਣ ਲਈ ਸਮਝ ਵੀ ਉਹ ਸਾਇੰਸ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ ਆਪ ਹੀ ਪਾਉਂਦਾ ਹੈ ਤੇ ਲੜਾਈਆਂ ਤੋਂ ਬਚਣ ਵਾਲੇ ਭਾਵ ਲੜਾਈ ਤੋਂ ਆਪਣੀ ਰੱਖਿਆ ਕਰਨ ਵਾਲੇ ਹਥਿਆਰ ਬਨਾਉਣ ਦੀ ਸਿੱਖਿਆ ਵੀ ਉਹ ਆਪ ਹੀ ਦਿੰਦਾ ਹੈ। ਇਹ ਸ੍ਰਿਸ਼ਟੀ ਉਸਦੀ ਬਣਾਈ ਹੋਈ ਇਤਨੀ ਕੁ ਵੱਡੀ ਖੇਡ ਹੈ ਕਿ ਜੇਕਰ ਇਹ ਉਸਦੀ ਖੇਡ ਦੀ ਸਮਝ ਸਭ ਨੂੰ ਹੀ ਲੱਗ ਜਾਵੇ ਭਾਵ ਜੇਕਰ ਸਭ ਨੂੰ ਹੀ

55/7670

ਇਸ ਗੱਲ ਦੀ ਸਮਝ ਪੈ ਜਾਵੇ ਕਿ ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਤੇ ਸਭ ਕੁਝ ਉਹ ਆਪ ਹੀ ਹੈ ਤੇ ਉਸਦੀ ਇਹ ਖੇਡ ਚੱਲ ਹੀ ਨਹੀਂ ਸਕਦੀ। ਇਸੇ ਲਈ ਆਪਣੀ ਇਹ ਖੇਡ ਉਹ ਕਦੇ ਹੀ ਅਰਬਾਂ-ਖਰਬਾਂ ਮਨੁੱਖਾਂ ਵਿੱਚੋਂ ਆਪਣੇ ਕਿਸੇ ਮਨੁੱਖੀ ਰੂਪ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਕਿਸੇ ਵਿਰਲੇ ਨੂੰ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਆਪਣੀ ਇਹ ਖੇਡ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਦੇ ਅੰਦਰ ਆਪਣਾ ਆਪ ਪ੍ਰਗਟ ਕਰਕੇ ਸਮਝਾਈ ਹੈ ਜਿਸ ਮਨ ਦੀ ਸਮਝ ਰਾਹੀਂ ਉਨ੍ਹਾਂ ਸਾਰਿਆਂ ਨੂੰ ਸੰਸਾਰ ਦੀ ਇੱਕੋ ਜਿਹੀ ਸੱਚਾਈ ਹੀ ਸਮਝ ਆਈ ਹੈ ਕਿਉਂਕਿ ਆਪਣਾ ਸੱਚ ਸਮਝਾਉਣ ਵਾਲਾ ਸੱਚ ਦਾ ਮਾਲਕ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ। ਮਨ ਦੀ ਨਾਸਮਝੀ ਕਰਕੇ ਹੀ ਅਸੀਂ ਇਸ ਮਿੱਟੀ ਦੀ ਕਠਪੁਤਲੀ ਨੂੰ ਆਪਣਾ ਕਹਿੰਦੇ ਹਾਂ ਜਿਸ ਪੁਤਲੀ ਨੇ ਅੰਤ ਨੂੰ ਉਸਦੀ ਰਚੀ ਹੋਈ ਰਚਨਾ ਅਨੁਸਾਰ ਆਖਰ ਨੂੰ ਬਿਨਸਣਾ ਹੀ ਹੁੰਦਾ ਹੈ ਭਾਵੇਂ ਉਹ ਕੋਈ ਮਨੁੱਖੀ ਸਰੀਰ ਹੋਵੇ। ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ।

“ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥੩॥”

ਉਪਰ ਵਾਲੀਆਂ ਪੰਗਤੀਆਂ ਦੇ ਅਰਥ ਬਹੁਤ ਹੀ ਗਹਿਰੇ ਹਨ ਜੋ ਅਰਥ ਕੇਵਲ ਤੇ ਕੇਵਲ ਸ੍ਰਿਸ਼ਟੀ ਦਾ ਕਰਤਾ ਕਿਸੇ ਵੀ ਮਨ

ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਹੀ ਸਮਝਾ ਸਕਦਾ ਹੈ। ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਇਨ੍ਹਾਂ ਪੰਗਤੀਆਂ ਦੇ ਅਸਲ ਅਰਥ ਨੂੰ ਸਮਝਣਾ ਮਨੁੱਖੀ ਸਮਰਥਾ ਦੀ ਸਮਝ ਤੋਂ ਬਾਹਰ ਦੀ ਗੱਲ ਹੈ। ਉਪਰ **"ਜੋਰੀ"** ਅੱਖਰ ਦੀ ਵਰਤੋ ਕੀਤੀ ਹੋਈ ਹੈ ਤੇ **"ਜੋਰੀ"** ਅੱਖਰ ਦੀ ਵਰਤੋ ਸ਼ਬਦ ਦੇ ਪਹਿਲੇ ਪਦੇ ਵਿੱਚ ਵੀ ਕੀਤੀ ਹੋਈ ਹੈ। ਜੋ ਜੋਰੀ ਅੱਖਰ ਤੋਂ ਭਾਵ ਸ਼ਬਦ ਦੇ ਪਹਿਲੇ ਪਦੇ ਵਿੱਚ ਹੈ ਉਹੀ **"ਜੋਰੀ"** ਅੱਖਰ ਤੋਂ ਭਾਵ ਉਪਰਲੇ ਪਦੇ ਵਿੱਚ ਹੈ। ਉਪਰ ਵਾਲੇ ਪੂਰੇ ਸ਼ਬਦ ਵਿੱਚ ਮਨੁੱਖ ਨੂੰ ਮਿੱਟੀ ਦੀ ਪੁਤਲੀ ਜੋੜਨ ਨਾਲ ਸਮਝਾਇਆ ਹੋਇਆ ਹੈ ਭਾਵ ਮਿੱਟੀ ਦੀ ਪੁਤਲੀ ਦੇ ਸਮਾਨ ਸਮਝਾਇਆ ਹੋਇਆ ਹੈ ਜਿਵੇਂ ਕਿ ਅਸੀਂ ਉਪਰ ਪਹਿਲੇ ਪਦੇ ਰਾਹੀਂ ਤੇ ਦੂਸਰੇ ਪਦੇ ਰਾਹੀਂ ਸਮਝਿਆ ਹੀ ਹੈ। ਉਪਰ ਵਾਲੇ ਤੀਸਰੇ ਪਦੇ ਰਾਹੀਂ ਅਸੀਂ ਆਪਣੀ ਸਰੀਰ ਰੂਪ ਮਿੱਟੀ ਦੀ ਪੁਤਲੀ ਨੂੰ ਕਿਸ ਰੂਪ ਵਿੱਚ ਜੋੜਿਆ ਹੋਇਆ ਹੈ ਭਾਵ ਬਣਾਇਆ ਹੋਇਆ ਹੈ ਭਾਵ ਸਮਝਿਆ ਹੋਇਆ ਹੈ ਭਾਵ ਆਪਣੇ ਮਨੁੱਖੀ ਰੂਪ ਨੂੰ ਕਿਸ ਰੂਪ ਵਿੱਚ ਸਮਝਿਆ ਹੋਇਆ ਹੈ ਇਹੀ ਗੱਲ ਸਮਝਾਈ ਹੋਈ ਹੈ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਰੂਪ ਵਿੱਚ ਧੰਨ ਧੰਨ ਭਗਤ ਕਬੀਰ ਜੀ ਨੇ ਅਕਾਲ ਪੁਰਖ ਦੀ, ਪ੍ਰਮਾਤਮਾ ਦੀ, ਅੱਲ੍ਹਾ ਦੀ, ਗਾਡ ਦੀ ਸੱਚੀ ਸਮਝ ਰਾਹੀਂ ਕਿਤਨੀ ਗਹਿਰੀ ਗੱਲ ਸਮਝਾਈ ਹੋਈ ਹੈ ਕਿਉਂਕਿ ਉਨ੍ਹਾਂ ਨੇ ਮਨੁੱਖੀ ਸਰੀਰ ਦੀ ਅਸਲੀਅਤ ਨੂੰ ਬੜੇ ਹੀ ਗਹਿਰੇ ਢੰਗ ਨਾਲ ਸਮਝਾਇਆ ਹੋਇਆ ਹੈ। ਜਿਸ ਮਨੁੱਖ ਨੂੰ ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਮਨੁੱਖੀ ਸਰੀਰ ਦੀ ਸਮਝ ਪੈ ਜਾਂਦੀ ਹੈ ਉਹੀ ਮਨੁੱਖੀ ਸਰੀਰ ਦੀ ਕੀਮਤ ਨੂੰ ਸਮਝ ਸਕਦਾ ਹੈ ਕਿ ਮਨੁੱਖੀ ਸਰੀਰ ਦੀ ਕੀਮਤ ਕਿਤਨੀ ਉੱਚੀ ਹੈ ਜੋ ਕਿ ਅਸਲ ਵਿੱਚ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਪਰ ਮਨੁੱਖੀ ਸਮਝ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਉੱਚੀ ਸਮਝ ਦੇ

55/7671

ਮੁਕਾਬਲੇ ਇਤਨੀ ਜਿਆਦਾ ਨੀਵੀਂ ਰੱਖਿਆ ਹੋਇਆ ਹੈ ਜਿਸ ਕਰਕੇ ਕੋਈ ਇਸ ਸਰੀਰ ਦੀ ਅਸਲੀਅਤ ਨੂੰ ਜਾਣ ਹੀ ਨਹੀਂ ਸਕਦਾ ਭਾਵ ਆਪਣੇ ਅੰਦਰੋਂ ਆਪਣੇ ਮਾਲਕ ਨੂੰ ਭਾਵ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਹੀ ਨਹੀਂ ਸਕਦਾ ਭਾਵ ਆਪਣੀ ਅਸਲੀਅਤ ਨੂੰ ਪਹਿਚਾਣ ਹੀ ਨਹੀਂ ਸਕਦਾ। ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਤੋਂ ਭਾਵ ਹੈ ਕਿ ਅਸੀਂ ਲੱਖ ਰੁਪਏ ਦੀ ਚੀਜ ਨੂੰ ਪੰਜ ਰੁਪਏ ਸਮਝਿਆ ਹੋਇਆ ਹੈ ਭਾਵ ਆਪਣੇ ਸਰੀਰ ਰੂਪ ਮਿੱਟੀ ਦੇ ਪੁਤਲੇ ਦੀ ਬਹੁਤ ਉੱਚੀ ਕੀਮਤ ਨੂੰ ਬਹੁਤ ਨੀਵੀਂ ਕੀਮਤ ਵਾਲਾ ਸਮਝਿਆ ਹੋਇਆ ਹੈ ਭਾਵ ਇਸ ਸਰੀਰ ਨੂੰ ਪ੍ਰਮਾਤਮਾ ਦਾ ਰੂਪ ਹੁੰਦੇ ਹੋਏ ਵੀ ਉਸ ਤੋਂ ਵੱਖਰਾ ਰੂਪ ਸਮਝਿਆ ਹੋਇਆ ਹੈ। **(ਕਿਨਹੂ ਲਾਖ ਪਾਂਚ ਕੀ ਜੋਰੀ ॥)**

ਉਪਰ ਵਾਲੀ ਪੰਗਤੀ ਦੀ ਬਰੀਕੀ ਨੂੰ ਸਮਝਣ ਲਈ ਸਾਨੂੰ ਉਸ ਸ਼ਬਦ ਵੱਲ ਫਿਰ ਤੋਂ ਧਿਆਨ ਲੈ ਕੇ ਜਾਣਾ ਪਵੇਗਾ ਜਿਸ ਸ਼ਬਦ ਨੂੰ ਅਸੀਂ ਲੇਖ ਵਿੱਚ ਬਹੁਤ ਪਿੱਛੇ ਪਹਿਲੇ ਹੀ ਸਮਝ ਚੁੱਕੇ ਹਾਂ ਜਿਵੇਂ ਕਿ ਉਸ ਸ਼ਬਦ ਦੀਆਂ ਹੇਠ ਦਿੱਤੀਆਂ ਪੰਗਤੀਆਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਗਊ ਕਉ ਚਾਰੇ ਸਾਰਦੂਲੁ ॥ ਕਉਡੀ ਕਾ ਲਖ ਹੂਆ ਮੂਲੁ ॥
ਬਕਰੀ ਕਉ ਹਸਤੀ ਪ੍ਰਤਿਪਾਲੇ ॥ ਅਪਨਾ ਪ੍ਰਭੁ ਨਦਰਿ ਨਿਹਾਲੇ ॥੧॥
ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਬਰਨਿ ਨ ਸਾਕਉ ਬਹੁ ਗੁਨ ਤੇਰੇ ॥੧॥ ਰਹਾਉ ॥}

(ਅੰਗ ੮੯੮)

ਜਿਵੇਂ ਕਿ ਅਸੀਂ ਪਿੱਛੇ ਉਪਰ ਵਾਲੇ ਪ੍ਰਮਾਣ ਦੇ ਪੂਰੇ ਸ਼ਬਦ ਦੇ ਅਰਥਾਂ ਰਾਹੀਂ ਸਮਝਿਆ ਹੀ ਹੈ ਕਿ ਕਉਡੀ ਦੇ ਮੁੱਲ ਵਾਲੀ ਚੀਜ ਕਿਸਨੂੰ ਕਿਹਾ ਹੈ ਤੇ ਲੱਖ ਰੁਪਏ ਦੇ ਮੁੱਲ ਵਾਲੀ ਚੀਜ ਕਿਸਨੂੰ ਕਿਹਾ ਹੈ। ਸਾਡੇ ਅੰਦਰ ਦੀ ਪੁੱਠੀ ਨਾਸਮਝ ਮਤਿ ਨੂੰ ਕਉਡੀ ਦੀ ਮਤਿ ਕਿਹਾ ਹੈ ਤੇ ਸੱਚੀ ਸਮਝ ਵਾਲੀ, ਸਿੱਧੀ ਸਮਝ ਵਾਲੀ ਮਤਿ ਨੂੰ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਨੂੰ ਭਾਵ ਅੱਲ੍ਹਾ, ਪ੍ਰਮਾਤਮਾ ਦੇ ਨਾਲ ਮੇਲ ਕਰਵਾਉਣ ਵਾਲੀ ਮਨ ਦੀ ਉੱਚੀ ਸਮਝ ਨੂੰ ਲੱਖਾਂ ਵਾਲੀ ਸਮਝ ਬਣ ਜਾਂਦੀ ਹੈ, ਇਹ ਕਿਹਾ ਹੈ। ਮਨ ਦੀ ਕਉਡੀ ਵਾਲੀ ਸਮਝ ਸਾਡੇ ਮਨੁੱਖੀ ਸਰੀਰ ਦੀ ਕੀਮਤ ਨਹੀਂ ਪੈਣ ਦਿੰਦੀ ਤੇ ਲੱਖ ਵਾਲੀ ਸਮਝ ਮਨੁੱਖੀ ਸਰੀਰ ਨੂੰ ਲੱਖ ਵਾਲਾ ਬਣਾ ਦਿੰਦੀ ਹੈ ਭਾਵ ਉੱਚਾ ਬਣਾ ਦਿੰਦੀ ਹੈ ਭਾਵ ਮਨੁੱਖੀ ਸਰੀਰ ਰੂਪ ਪੁਤਲੇ ਦੀ ਅਸਲ ਕੀਮਤ ਪੈ ਜਾਂਦੀ ਹੈ। ਮਨੁੱਖੀ ਸਮਝ ਨੂੰ ਸ੍ਰਿਸ਼ਟੀ ਦਾ ਕਰਤਾ ਆਪ ਹੀ ਉੱਚੀ ਸਮਝ ਬਣਾਉਂਦਾ ਹੈ, ਲੱਖਾਂ ਵਾਲੀ ਸਮਝ ਬਣਾਉਂਦਾ ਹੈ ਭਾਵ ਆਪਣੇ ਨਾਲ ਮੇਲ ਕਰਨ ਦੁਆਰਾ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਸਮਝ ਨੂੰ ਲੱਖਾਂ ਦੀ ਕੀਮਤ ਵਾਲੀ ਸਮਝ ਬਣਾਇਆ ਹੈ ਜਿਸ ਉੱਚੀ ਸਮਝ ਕਰਕੇ ਉਨ੍ਹਾਂ ਸਰੀਰਾਂ ਦੀ ਕੀਮਤ ਉੱਚੀ ਤੇ ਸੱਚੀ ਕੀਮਤ ਪਈ ਹੈ ਭਾਵ ਉਨ੍ਹਾਂ ਸਰੀਰਾਂ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਇੱਕੋ

ਇੱਕ ਮਾਲਕ ਨੇ, ਪਾਤਸ਼ਾਹ ਨੇ ਆਪਣੀ ਪਾਤਸ਼ਾਹੀ ਬਖਸ਼ੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

ਮਹਲਾ ੫ ॥

{ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥ ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਅ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥ ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥}

(ਅੰਗ ੪੮੭-੪੮੮)

ਭਗਤ ਕਬੀਰ ਜੀ ਨੇ ਮੁੱਖ ਸ਼ਬਦ ਰਾਹੀਂ ਸਾਨੂੰ ਇਹੀ ਗੱਲ ਸਮਝਾਈ ਹੈ ਕਿ ਮਨ ਦੀ ਨਾਸਮਝੀ ਕਰਕੇ ਅਸੀਂ ਲੱਖ ਰੁਪਏ ਦੀ ਚੀਜ ਨੂੰ ਪੰਜ ਰੁਪਏ ਸਮਝਦੇ ਹਾਂ ਭਾਵ ਆਪਣੇ ਸਰੀਰ ਦੀ ਅਸਲ ਔਕਾਤ ਨੂੰ ਨਹੀਂ ਜਾਣਦੇ। **(ਕਿਨਹੂ ਲਾਖ ਪਾਂਚ ਕੀ ਜੋਰੀ॥)**

ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਰੀਰ ਰੂਪ ਮਿੱਟੀ ਨੂੰ ਇੱਕ ਘੜਾ ਕਹਿ ਕੇ ਸਮਝਾਇਆ ਹੋਇਆ ਹੈ ਭਾਵ ਇਸ ਸਰੀਰ ਦੀ ਕੀਮਤ ਪਏ ਬਿਨ੍ਹਾਂ ਇਹ ਸਰੀਰ ਦੀ ਕੀਮਤ ਇੱਕ ਮਿੱਟੀ ਦੇ ਘੜੇ ਦੀ ਤਰ੍ਹਾਂ ਹੈ ਜਿਸਨੇ ਆਖਰ ਟੁੱਟ ਹੀ ਜਾਣਾ ਹੁੰਦਾ ਹੈ ਭਾਵ ਇਹ ਸਰੀਰ ਦੀ ਕੀਮਤ ਪਏ ਬਿਨ੍ਹਾਂ ਮਨੁੱਖ ਵਿਅਰਥ ਵਿੱਚ ਹੀ ਆਪਣਾ ਜੀਵਨ ਗੁਆ ਦਿੰਦਾ ਹੈ। ਸਰੀਰ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਆਪਣਾ ਜੀਵਨ ਗੁਆ ਦਿੰਦਾ ਹੈ। **(ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥੩॥)**

55/7672

ਜਦ ਤੱਕ ਮਨੁੱਖ ਆਪਣੇ ਅੰਦਰੋਂ ਅੱਪਣੇ ਸਰੀਰ ਦੇ ਮਾਲਕ ਨੂੰ ਨਹੀਂ ਜਾਣ ਲੈਂਦਾ ਤਦ ਤੱਕ ਉਹ ਆਪਣੇ ਮਨੁੱਖੀ ਸਰੀਰ ਨੂੰ ਆਪਣਾ ਸਮਝ ਕੇ ਉਸਦਾ ਮਾਣ ਕਰਦਾ ਹੈ, ਅਹੰਕਾਰ ਕਰਦਾ ਹੈ ਕਿ ਇਹ ਸਰੀਰ ਮੇਰਾ ਹੈ ਜੋ ਅਹੰਕਾਰ ਮਨੁੱਖ ਦਾ ਕਿਸੇ ਮਨੁੱਖੀ ਸਰੀਰ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਸ੍ਰਿਸ਼ਟੀ ਦਾ ਮਾਲਕ ਆਪ ਹੀ ਦੂਰ ਕਰਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥”

ਵੱਡੀ ਗੱਲ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਨੂੰ ਸਮਝਣ ਦੀ ਹੈ ਕਿ ਭਗਤ ਕਬੀਰ ਜੀ ਕਿਸ ਨੀਵ ਦੀ ਉਸਾਰੀ ਦੀ ਗੱਲ ਕਰ ਰਹੇ ਹਨ ਜੋ ਨੀਵ ਉਨ੍ਹਾਂ ਦੇ ਅੰਦਰ **“ਇਕ”** ਨੇ ਭਾਵ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੇ ਆਪ ਉਸਾਰੀ ਹੈ। ਇਹ **“ਨੀਵ”** ਕੀ ਹੁੰਦੀ ਹੈ ਤੇ ਕਿਸ ਰੂਪ ਵਿੱਚ ਹੁੰਦੀ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਉਪਰ ਵਾਲੇ ਪਦੇ ਦੇ ਅਰਥ ਸਮਝਣ ਵਿੱਚ ਕੋਈ ਭਰਮ ਨਾ ਰਹੇ। ਇਹ ਨੀਵ ਸਾਡੇ ਅੰਦਰ ਸੱਚ ਦੀ ਨੀਵ ਹੈ, ਗੁਰਮਤਿ ਦੇ ਸੱਚੇ ਵਿਚਾਰਾਂ ਦੀ ਨੀਵ ਹੈ ਜੋ ਸੱਚੇ ਵਿਚਾਰਾਂ ਦੀ ਨੀਵ ਕਦੇ ਡੋਲ ਨਹੀਂ ਸਕਦੀ ਹੈ ਭਾਵ ਸਦਾ ਹੀ ਅਡੋਲ ਰਹਿੰਦੀ ਹੈ। ਪੂਰੀ ਗੁਰਬਾਣੀ ਵਿੱਚ ਅਕਾਲ ਪੁਰਖ ਨੇ ਆਪਣੇ ਸੱਚੇ ਵਿਚਾਰਾਂ ਦੀ ਨੀਵ ਆਪ ਹੀ ਰੱਖੀ ਹੋਈ ਹੈ। ਜਿਸ ਜਿਸ ਸਰੀਰ ਰਾਹੀਂ ਵੀ ਅਕਾਲ ਪੁਰਖ ਨੇ ਆਪਣੀ ਗੁਰਬਾਣੀ ਦੇ ਬੋਲ ਸਮਝਾਏ ਹਨ ਉਨ੍ਹਾਂ ਸਭ ਦੇ ਅੰਦਰ ਉਸਨੇ ਆਪਣੀ ਇਹ ਨੀਵ ਹੀ ਉਸਾਰੀ ਹੈ। ਇਹ ਨੀਵ ਸ੍ਰਿਸ਼ਟੀ ਦੇ ਕਰਤੇ ਦੁਆਰਾ ਮਨੁੱਖੀ ਸਮਝ ਦੇ ਅੰਦਰ ਹੀ ਉਸਾਰੀ ਜਾਂਦੀ ਹੈ। ਇਹ ਨੀਵ ਮਨੁੱਖੀ ਸਮਝ ਦੇ ਅੰਦਰ ਸ਼ਬਦ ਸੁਰਤਿ ਦੀ ਨੀਵ ਹੈ, ਅਬਿਚਲ ਨੀਵ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੁਣ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਨਾਨਕਿ ਨਾਮੁ ਨਿਰੰਜਨ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥

ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥
ਸੋਢੀ ਸ੍ਰਿਸ੍ਰਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥੩॥}

(ਅੰਗ ੧੪੦੬)

ਸੂਹੀ ਮਹਲਾ ੫ ॥
{ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥
ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥
ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥
ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥
ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥
ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥
ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥
ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥
ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥
ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ ॥
ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥
ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥
ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥
ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥੩॥
ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥}

(ਅੰਗ ੭੮੩)

55/7673

ਅਬਿਚਲ ਮਤਿ ਕੀ ਹੇ ਇਸ ਗੱਲ ਨੂੰ ਅਸੀਂ ਸ਼ਬਦਾਂ ਰਾਹੀਂ ਜਪੁਜੀ ਬਾਣੀ ਦੇ ਅਰਥ ਸਮਝਣ ਵਿੱਚ ਵੀ ਉਪਰਾਲਾ ਕੀਤਾ ਹੋਇਆ ਹੈ ਜਿਵੇਂ ਕਿ ਆਪ ਜੀ ਨੇ ਪਿੱਛੇ ਸਮਝਿਆ ਹੀ ਹੋਵੇਗਾ। ਪੂਰੀ ਗੁਰਬਾਣੀ ਅਬਿਚਲ ਬਾਣੀ ਹੈ, ਅਕਾਲ ਪੁਰਖ ਦਾ ਅਬਿਚਲ ਨਗਰ

ਹੈ, ਉਸਦਾ ਅਬਿਚਲ ਮਹਲ ਹੈ ਜੋ ਗੁਰਮਤਿ ਰੂਪ ਸੱਚੇ ਵਿਚਾਰਾਂ ਨਾਲ ਭਰਿਆ ਹੋਇਆ ਹੈ ਤੇ ਗੁਰੂ ਪ੍ਰਮਾਤਮਾ ਦੇ ਇਹ ਸੱਚੇ ਬੋਲ ਰਹਿੰਦੀ ਦੁਨੀਆਂ ਤੱਕ ਕਦੇ ਡੋਲ ਨਹੀਂ ਸਕਦੇ ਭਾਵ ਸਦਾ ਲਈ ਅਟੱਲ ਰਹਿਣ ਵਾਲੇ ਹਨ ਕਿਉਂਕਿ ਇਨ੍ਹਾਂ ਦੀ ਉਸਾਰੀ ਹੀ ਮਨ ਦੀ ਉਸ ਨੀਵ ਤੇ ਹੋਈ ਹੈ ਜੋ ਨੀਵ ਹੀ ਉਨ੍ਹਾਂ ਮਨੁੱਖਾਂ ਦੀ ਸਮਝ ਦੇ ਅੰਦਰ ਅੱਲ੍ਹਾ, ਪ੍ਰਮਾਤਮਾ ਦੀ ਆਪਣੀ ਉਸਾਰੀ ਹੋਈ ਹੈ ਜਿਨ੍ਹਾਂ ਸਰੀਰਾਂ ਰਾਹੀਂ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਹੋਈ ਹੈ। ਹੁਣ ਅਸੀਂ ਸੰਤ ਕਬੀਰ ਜੀ ਦੇ ਸ਼ਬਦ ਦੇ ਉਸ ਪਦੇ ਨੂੰ ਸਮਝ ਸਕਦੇ ਹਾਂ ਕਿ ਉਨ੍ਹਾਂ ਦੀ ਸਮਝ ਦੇ ਅੰਦਰ ਕਿਹੋ ਜਿਹੀ ਨੀਵ ਦੀ ਉਸਾਰੀ ਹੋਈ ਹੈ, ਕਿਸਨੇ ਉਹ ਉਸਾਰੀ ਕੀਤੀ ਹੈ ਤੇ ਕਿਸ ਮਕਸਦ ਲਈ ਕੀਤੀ ਹੈ।

“ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥”

ਜਿਸਦੀ ਮਨ ਦੀ ਸਮਝ ਦੇ ਵਿੱਚ ਅਕਾਲ ਪੁਰਖ ਨੀਵ ਉਸਾਰਦਾ ਹੈ ਉਸ ਨੀਵ ਦੇ ਉੱਤੇ ਆਪਣੇ ਸੱਚੇ ਬੋਲ ਹੀ ਟਿਕਾਉਂਦਾ ਹੈ ਜਿਨ੍ਹਾਂ ਆਪਣੇ ਸੱਚੇ ਬੋਲਾਂ ਦੁਆਰਾ ਉਹ ਆਪਣਾ ਸੱਚਾ ਗਿਆਨ ਹੀ ਦਿੰਦਾ ਹੈ, ਆਪਣਾ ਨਾਮ ਹੀ ਦਿੰਦਾ ਹੈ, ਆਪਣਾ ਬ੍ਰਹਮ ਗਿਆਨ ਹੀ ਦਿੰਦਾ ਹੈ ਜਿਸ ਰਾਹੀਂ ਉਹ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ ਤੇ ਸਾਰੇ ਸੰਸਾਰ ਲਈ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਉਂਦਾ ਹੈ। ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਤੋਂ ਪਹਿਲੇ ਮਨੁੱਖੀ ਸਰੀਰ ਨੂੰ ਆਪਣਾ ਸਮਝਦਾ ਹੈ, ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਮੰਨਦਾ ਹੈ। ਅਨੇਕਾਂ ਹੀ ਪਦਾਰਥ ਜਿਨ੍ਹਾਂ ਨੂੰ ਉਹ ਵਰਤਦਾ ਹੈ ਉਨ੍ਹਾਂ ਦਾ ਮਾਲਕ ਆਪਣੇ ਆਪ ਨੂੰ ਸਮਝਦਾ ਹੈ ਤੇ ਇਹੋ ਜਿਹੀਆਂ ਸਾਰੀਆਂ ਗੱਲਾਂ ਦਾ ਉਹ ਮਾਣ ਵੀ ਕਰਦਾ ਹੈ, ਅਹੰਕਾਰ ਵੀ ਕਰਦਾ ਹੈ ਪਰ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਨਣ ਤੋਂ ਬਾਅਦ, ਹਰ ਵਸਤੂ ਦੇ ਮਾਲਕ ਨੂੰ ਜਾਨਣ ਤੋਂ ਬਾਅਦ, ਮਾਇਆ ਦੇ ਮਾਲਕ ਨੂੰ ਜਾਨਣ ਤੋਂ ਬਾਅਦ ਇੱਕ ਖਿਨ ਵਿੱਚ ਹੀ ਬਿਨਸ ਜਾਂਦਾ ਹੈ ਕਿਉਂਕਿ ਜਿਸਦੇ ਅੰਦਰ ਅਕਾਲ ਪੁਰਖ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਖਿਨ ਵਿੱਚ ਹੀ ਪ੍ਰਗਟ ਕਰ ਦਿੰਦਾ ਹੈ ਜੋ ਕਿ ਸੰਸਾਰ ਦੇ ਕਿਸੇ ਵੀ ਮਨੁੱਖ ਲਈ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। **(ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥ ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥ ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ॥੨॥ ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥੩॥ ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥)**

ਬਾਣੀ ਦੇ ਸ਼ਬਦਾਂ ਵਿੱਚ **“ਅੰਤਿ”** ਲਫਜ ਦੀ ਵਰਤੋਂ ਅਨੇਕਾਂ ਵਾਰ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਦੀ ਚਰਚਾ ਵੀ ਕੀਤੀ ਹੈ। ਬਾਣੀ ਵਿੱਚ **“ਅੰਤਿ ਕਾਲਿ”** ਦੀ ਗੱਲ ਵੀ ਕੀਤੀ ਹੋਈ ਹੈ। **“ਅੰਤਿ ਕਾਲਿ”** ਤੋਂ ਕੀ ਭਾਵ ਹੈ

55/7674

ਇਸ ਗੱਲ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਆਉ ਇਸ ਗੱਲ ਨੂੰ ਧੰਨ ਧੰਨ ਭਗਤ ਤਿਲੋਚਨ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

ਗੂਜਰੀ ॥

“ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥ ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥”

(ਅੰਗ ੫੨੬)

ਮਨੁੱਖ ਦਾ ਸਿਮਰਨ ਕੀ ਹੈ ਭਾਵ ਸਿਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ

ਹੀ ਹੈ। ਸਿਮਰਨ ਸਾਡੀ ਕੋਈ ਮੁੱਖੋਂ ਬੋਲਣ ਵਾਲੀ ਗੱਲ ਨਹੀਂ ਹੈ ਭਾਵ ਕਿਸੇ ਅੱਖਰ ਨੂੰ ਬੋਲਣਾ ਸਾਡਾ ਸਿਮਰਨ ਨਹੀਂ ਹੈ। ਹਰ ਮਨੁੱਖ ਦੇ ਲਈ ਉਸਦਾ ਸਿਮਰਨ ਇਹ ਹੁੰਦਾ ਹੈ ਜੋ ਉਸਦੇ ਅੰਦਰ ਦੀ ਇੱਛਾ ਹੁੰਦੀ ਹੈ ਭਾਵ ਜਿਸ ਚੀਜ ਦੀ ਪ੍ਰਾਪਤੀ ਦੀ ਉਸਨੂੰ ਚਿੰਤਾ ਲੱਗੀ ਰਹਿੰਦੀ ਹੈ। ਉਪਰ ਸ਼ਬਦ ਵਿੱਚ ਸਾਡੀ ਅਸਲ ਚਿੰਤਾ ਕੀ ਹੋਣੀ ਚਾਹੀਦੀ ਹੈ ਜਿਸ ਚਿੰਤਾ ਨਾਲ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ ਭਾਵ ਉਸਦੇ ਨਾਲ ਮੇਲ ਕੀਤਾ ਜਾ ਸਕਦਾ ਹੈ ਇਹ ਗੱਲ ਸਮਝਾਈ ਹੋਈ ਹੈ। ਪ੍ਰਮਾਤਮਾ ਤਾਂ ਸਾਡੇ ਸਭ ਦੇ ਅੰਦਰ ਹੀ ਹੈ ਤੇ ਉਸਨੂੰ ਆਪਣੇ ਅੰਦਰੋਂ ਨਾ ਜਾਣ ਸਕਣ ਦਾ ਕਾਰਣ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੀ ਹੈ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸਾਡਾ ਮਨ ਦੇ ਵਿੱਚ ਪਰਦਾ ਸਾਡੇ ਅੰਦਰ ਦੀ ਅਗਿਆਨਤਾ ਹੀ ਹੈ, ਹਉਮੈ ਰੂਪ ਪਰਦਾ ਹੀ ਹੈ। ਸਾਡੇ ਅੰਦਰ ਦੀ ਅਗਿਆਨਤਾ ਹੀ ਸਾਡੇ ਅੰਦਰ ਦੀ **"ਕਲਿ"** ਹੈ ਜੋ ਸਾਡੇ ਅੰਦਰ ਦੀ ਕਲਿ ਸਾਨੂੰ ਸਾਡੇ ਅੰਦਰ ਦੀ ਸਮਝ ਦੇ ਕਾਲ ਦੇ ਰੂਪ ਵਿੱਚ ਹੈ, ਜੋ ਸਾਡੇ ਅੰਦਰ ਦੀ ਸੱਚੀ ਸਮਝ ਨੂੰ ਮਾਰਦੀ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਵੀ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਸਾਡੇ ਅੰਦਰ ਦਾ ਕਾਲਿ ਭਾਵ ਸਾਡੇ ਅੰਦਰ ਮਰੀ ਹੋਈ ਸਮਝ ਦਾ ਅੰਤ ਚੌਥੇ ਪਦ ਦੇ ਗਿਆਨ ਵਾਲੀ ਸਮਝ ਪੈਣ ਦੁਆਰਾ, ਨਾਮ ਵਾਲੀ ਸਮਝ ਪੈਣ ਦੁਆਰਾ, ਸਹਜ ਗਿਆਨ ਵਾਲੀ ਸਮਝ ਪੈਣ ਦੁਆਰਾ ਭਾਵ ਮਨ ਦੇ ਵਿੱਚ ਅੱਲ੍ਹਾ, ਪ੍ਰਮਾਤਮਾ ਦੇ ਨਾਲ ਮੇਲ ਹੋਣ ਦੁਆਰਾ ਹੀ ਹੁੰਦਾ ਹੈ ਜੋ ਸਾਡੇ ਅੰਦਰ ਦੇ ਕਾਲਿ ਦਾ ਅੰਤ ਭਾਵ ਮਰੀ ਹੋਈ ਨਾਸਮਝ ਮਤਿ ਦਾ ਅੰਤ, ਭਰਮਾਂ

55/7675

ਨਾਲ ਭਰੀ ਹੋਈ ਸਮਝ ਦਾ ਅੰਤ ਉਹ ਮਨ ਦੇ ਵਿੱਚ ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਆਪ ਹੀ ਕਰਦਾ ਹੈ ਤੇ ਤਾਂ ਹੀ ਮਨੁੱਖ ਨੂੰ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ ਤੇ ਮਨ ਦੀ ਅਗਿਆਨਤਾ ਕਰਕੇ ਹਰ ਮਨੁੱਖ ਆਪਣੇ ਮਨੁੱਖੀ ਸਰੀਰ ਨੂੰ ਜਨਮ ਮਰਨ ਵਿੱਚ ਸਮਝਦਾ ਹੈ। ਜਿਵੇਂ ਕਿ ਉਪਰ ਵਾਲੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਅਸੀਂ ਹੋਰ ਸ਼ਬਦਾਂ ਦੁਆਰਾ ਵੀ ਇਹ ਸਭ ਕੁਝ ਸਮਝਿਆ ਹੀ ਹੈ।

ਸਾਡੇ ਅੰਦਰ ਦੀ ਕਲਿ ਕੀ ਹੈ, ਕਾਲਿ ਕੀ ਹੈ ਤੇ ਮਨ ਦੀ ਇਹ ਨਾਸਮਝੀ ਦੂਰ ਕਿਵੇਂ ਹੁੰਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਜਾ ਸਕਦਾ ਹੈ।

ਗਉੜੀ ਮਹਲਾ ੫ ॥

{ਮਨ ਧਰ ਤਰਬੇ ਹਰਿ ਨਾਮ ਨੋ ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥
ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥
ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥
ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥
ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥}

(ਅੰਗ ੨੧੦)

ਪ੍ਰਭਾਤੀ ਮਹਲਾ ੩ ॥

{ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥
ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥
ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥
ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥
ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥
ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥}

(ਅੰਗ ੧੩੩੪)

ਗਉੜੀ ਗੁਆਰੇਰੀ ਮਹਲਾ ੩ ॥

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥
ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ ਸਹਜੇ ਜਾਗੈ ਸਵੈ ਨ ਕੋਇ ॥
ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ ਅਸੰਤੁ ਅਨਾੜੀ ਕਦੇ ਨ ਬੂਝੈ ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥
ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥
ਆਪਿ ਤਰੈ ਸਗਲੇ ਕੁਲ ਉਧਾਰਾ ॥੩॥ ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥}

(ਅੰਗ ੧੬੦-੧੬੧)

ਉਪਰ ਵਾਲੇ ਸ਼ਬਦਾਂ ਵਿੱਚ **"ਕਲਿ"** ਦੀ ਗੱਲ ਵੀ ਆਉਂਦੀ ਹੈ, **"ਕਾਲਿ"** ਦੀ ਗੱਲ ਵੀ ਆਉਂਦੀ ਹੈ, **"ਕਲਿਜੁਗ"** ਦੀ ਗੱਲ ਵੀ ਆਉਂਦੀ ਹੈ ਤੇ **"ਕਲੀ"** ਦੀ ਗੱਲ ਵੀ ਆਉਂਦੀ ਹੈ। ਜੋ ਸਾਡੇ ਅੰਦਰ ਦੀ **"ਕਲਿ"** ਹੈ ਉਹੀ ਸਾਡੇ ਅੰਦਰ ਦੀ **"ਕਲੀ"** ਹੈ ਭਾਵ ਸਾਡੇ ਅੰਦਰ ਦੀ ਅਗਿਆਨਤਾ ਵਾਲੀ ਗੱਲ ਹੀ ਕੀਤੀ ਹੋਈ ਹੈ। ਮਨੁੱਖ ਨੂੰ ਚੰਡਾਲ ਮਨ ਦੀ ਅਗਿਆਨਤਾ ਵਾਲੀ ਸਮਝ ਕਰਕੇ ਹੀ ਕਿਹਾ ਹੋਇਆ ਹੈ ਭਾਵ ਮਨ ਦੀ ਕਲੀ ਵਾਲੀ ਸਮਝ ਕਰਕੇ ਹੀ ਕਿਹਾ ਹੋਇਆ ਹੈ ਜਿਸ ਮਨ ਦੀ ਨਾਸਮਝੀ ਕਰਕੇ ਮਨੁੱਖ ਆਪਣੇ ਧਰਮ ਦੇ ਮਾਰਗ ਤੋਂ ਭਟਕਦਾ ਹੈ ਤੇ ਅਨੇਕਾਂ ਮਾੜੇ ਕਰਮ ਕਰਦਾ ਹੈ। ਉਪਰ ਸ਼ਬਦ ਵਿੱਚ ਕਲਿਜੁਗ ਦੀ ਗੱਲ ਵੀ ਕੀਤੀ ਹੋਈ ਹੈ। ਕਲਿਜੁਗ ਤੋਂ ਭਾਵ ਵੀ ਮਨ ਦੀ ਅਗਿਆਨਤਾ ਦੇ ਨਾਲ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ। ਜਦ ਤੱਕ ਕੋਈ ਆਪਣੇ ਅੰਦਰੋਂ ਸੱਚ ਦੇ ਮਾਲਕ ਅਕਾਲ ਪੁਰਖ ਨੂੰ ਜਾਣ ਨਹੀਂ ਲੈਂਦਾ ਭਾਵ ਸੱਚੇ ਗਿਆਨ ਦੇ ਮਾਲਕ ਨੂੰ ਜਾਣ ਨਹੀਂ ਲੈਂਦਾ ਤਦ ਤੱਕ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ **"ਕਲਿਜੁਗ"** ਹੀ ਵਰਤਦਾ ਹੈ ਭਾਵ ਗਿਆਨ ਦੇ ਮਾਲਕ ਦੀ

ਆਪਣੀ ਪਾਈ ਹੋਈ ਅਗਿਆਨਤਾ ਵਾਲੀ ਸਮਝ ਹੀ ਵਰਤਦੀ ਹੈ ਜਿਸ ਮਨ ਦੀ **"ਕਲਿ"** ਵਾਲੀ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲਏ, ਉਸਦੀ ਬਣਾਈ ਹੋਈ ਸ੍ਰਿਸ਼ਟੀ ਨੂੰ ਜਾਣ ਲਏ, ਮਨੁੱਖੀ ਧਰਮ ਨੂੰ ਜਾਣ ਲਏ, ਸਭ

ਦੇ ਵਿੱਚ ਇੱਕੋ ਇੱਕ ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਗਾਡ ਨੂੰ, ਵਾਹਿਗੁਰੂ ਨੂੰ, ਰੱਬ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲਏ ਤੇ ਉਸਦੀ ਕੁਦਰਤ ਨੂੰ ਸਮਝ ਲਏ ਇਹ ਨਾਮੁਮਕਿਨ ਹੈ। ਸਾਡੇ ਅੰਦਰ ਦੀ ਕਲਿ ਦਾ ਭਾਵ ਸਾਡੇ ਅੰਦਰ ਦੇ ਕਾਲਿ ਦਾ ਅੰਤ ਹੋਏ ਬਿਨ੍ਹਾਂ ਉਸਨੂੰ ਕੋਈ ਨਹੀਂ ਜਾਣ ਸਕਦਾ ਤੇ ਸਾਰੇ ਸੱਚੇ ਧਰਮ ਗ੍ਰੰਥਾਂ ਦਾ ਮਨੋਰਥ ਸਾਨੂੰ ਮਨ ਦੀ ਕਲਿ ਵਿੱਚੋਂ ਕੱਢਣ ਦਾ ਹੈ, ਮਨ ਦੇ ਕਾਲ ਵਿੱਚੋਂ ਕੱਢਣ ਦਾ ਹੀ ਹੈ ਤੇ ਉਸ ਗੱਲ ਤੇ ਅਸੀਂ ਤਾਂ ਹੀ ਪੂਰੇ ਉਤਰ ਸਕਦੇ ਹਾਂ ਜੇਕਰ ਪਹਿਲੇ ਇਸ ਗੱਲ ਨੂੰ ਸਮਝਾਂਗੇ ਕਿ ਉਸ ਸੱਚੇ ਪ੍ਰਮਾਤਮਾ ਦਾ ਸੱਚਾ ਸਿਮਰਨ ਕੀ ਹੈ ਜਿਸ ਸੱਚੇ ਸਿਮਰਨ ਦੁਆਰਾ ਉਸਨੂੰ ਪਾਇਆ ਜਾ ਸਕਦਾ ਹੈ। ਭਗਤ ਤਿਲੋਚਨ ਜੀ ਮੁੱਖ ਸ਼ਬਦ ਰਾਹੀਂ ਸਭ ਨੂੰ ਸੱਚੇ ਸਿਮਰਨ ਵਿੱਚ ਤੇ ਝੂਠੇ ਸਿਮਰਨ ਵਿੱਚ ਫਰਕ ਹੀ ਸਮਝਾ ਰਹੇ ਹਨ। ਆਉ ਧਿਆਨ ਨਾਲ ਸਮਝੀਏ।

“ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥”

ਅੱਲ੍ਹਾ ਦਾ, ਪ੍ਰਮਾਤਮਾ ਦਾ, ਵਾਹਿਗੁਰੂ ਦਾ ਸਿਮਰਨ ਤਾਂ ਸਾਡੇ ਸਭ ਦੇ ਅੰਦਰ ਹਰ ਵੇਲੇ, ਅੱਠੇ ਪਹਿਰ ਚੱਲਦਾ ਹੀ ਰਹਿੰਦਾ ਹੈ ਜਿਵੇਂ ਕਿ ਅਸੀਂ ਪਹਿਲੇ ਸਮਝਿਆ ਹੀ ਹੈ। ਮਨੁੱਖ ਨੂੰ ਹਰ ਵੇਲੇ ਕੋਈ ਨਾ ਕੋਈ ਚਿੰਤਾ ਲੱਗੀ ਹੀ ਰਹਿੰਦੀ ਹੈ ਜਿਵੇਂ ਕਿ ਬਹੁਤਿਆਂ ਨੂੰ ਹਰ ਵੇਲੇ ਲਛਮੀ ਦੀ ਭਾਵ ਧਨ ਕਮਾਉਣ ਦੀ ਚਿੰਤਾ ਲੱਗੀ ਰਹਿੰਦੀ ਹੈ। ਲਛਮੀ ਲਛਮੀ ਕਰਕੇ ਕੋਈ ਮੁੱਖੋਂ ਤਾਂ ਨਹੀਂ ਸਿਮਰਦਾ ਤੇ ਆਪਣੇ ਆਪ ਨੂੰ ਧਾਰਮਿਕ ਆਸਥਾ ਅਨੁਸਾਰ ਤੇ ਮਨ ਦੀ ਨਾਸਮਝੀ ਕਰਕੇ ਕੋਈ ਕਿਸੇ ਅੱਖਰ ਨੂੰ ਹੀ ਨਾਮ ਸਮਝ ਕੇ ਸਿਮਰਦਾ ਹੈ। ਹਰ ਵੇਲੇ ਲਛਮੀ ਦੀ ਚਿੰਤਾ ਲੱਗੇ ਰਹਿਣਾ ਭਾਵ ਹਰ ਵੇਲੇ ਮਾਇਆ ਮੋਹ ਵਿੱਚ ਰਹਿਣਾ ਸਾਨੂੰ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਤੋਂ ਦੂਰ ਰੱਖਦਾ ਹੈ, ਗੁਰੂ ਦੀ ਸੱਚੀ ਮਤਿ ਨੂੰ ਆਪਣੇ ਅੰਦਰ ਵਸਾਉਣ ਤੋਂ ਦੂਰ ਰੱਖਦਾ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਹੀ ਰੱਖਦਾ ਹੈ, ਮਨ ਦੇ ਕਾਲ ਵਿੱਚ ਹੀ ਰੱਖਦਾ ਹੈ ਜਿਸ ਨਾਲ ਸਾਡੇ ਅੰਦਰ ਦੇ ਕਾਲ ਦਾ ਅੰਤ ਨਹੀਂ ਹੋ ਸਕਦਾ ਭਾਵ ਇਹੋ ਜਿਹੇ ਝੂਠੇ ਸਿਮਰਨ ਦੁਆਰਾ ਸ੍ਰਿਸ਼ਟੀ ਦੇ ਮਾਲਕ ਨੂੰ, ਮਨ ਦੀ ਸਮਝ ਦੇ ਮਾਲਕ ਨੂੰ ਨਹੀਂ ਜਾਣਿਆ ਜਾ ਸਕਦਾ। ਮਨ ਦੀ ਇਹੋ ਜਿਹੀ ਸਮਝ ਮਨੁੱਖ ਨੂੰ ਮਨ ਦੀ ਸਰਪ ਜੋਨਿ ਵਿੱਚ ਪਾਉਂਦੀ ਹੈ। ਜਿਵੇਂ ਸਰਪ ਭਾਵ ਸੱਪ ਮਨੁੱਖ ਨੂੰ ਡੰਗਦਾ ਹੈ ਤੇ ਮਾਰਦਾ ਹੈ, ਜਾਨ ਤੋਂ ਮਾਰ ਦਿੰਦਾ ਹੈ ਇਸੇ ਤਰੀਕੇ ਮਨ ਦੀ ਅਗਿਆਨਤਾ ਵਾਲੀ ਸਮਝ ਮਨੁੱਖ ਨੂੰ ਬਾਰ-ਬਾਰ ਡੰਗਦੀ ਹੈ ਤੇ ਮਨੁੱਖੀ ਸਮਝ ਨੂੰ ਮਾਰਦੀ ਹੈ ਭਾਵ ਉਸਦੇ ਅੰਦਰ ਦੇ ਸੱਚ ਨੂੰ ਮਾਰਦੀ ਹੈ ਭਾਵ ਇੱਕ ਸੱਪ ਦੀ ਤਰ੍ਹਾਂ ਦੁੱਖ ਦਿੰਦੀ ਹੈ। **(ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥)**

55/7677

ਜਿਹੋ ਜਿਹਾ ਸਿਮਰਨ ਅਸੀਂ ਉਪਰ ਸਮਝਿਆ ਹੈ ਇਹੋ ਜਿਹਿਆਂ ਨੂੰ ਪ੍ਰਮਾਤਮਾ ਦਾ ਅਸਲ ਨਾਮ ਜਪਣ ਦਾ ਤਰੀਕਾ ਅਸਲ ਵਿੱਚ ਵਿਸਰਿਆ ਹੁੰਦਾ ਹੈ ਭਾਵ ਉਨ੍ਹਾਂ ਨੂੰ ਨਾਮ ਜਪਣ ਦੀ ਸਮਝ ਨਹੀਂ ਹੈ ਜਿਵੇਂ ਕਿ ਨਾਲ ਹੀ ਅਗਲੀ ਰਹਾਉ ਵਾਲੀ ਪੰਗਤੀ ਦੁਆਰਾ ਸਮਝਾਇਆ ਹੋਇਆ ਹੈ। **(ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥)**

ਹੁਣ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਜਿਸ ਰਾਹੀਂ ਸਾਡਾ ਸਿਮਰਨ ਦਾ ਤਰੀਕਾ ਉਹੋ ਜਿਹਾ ਸਮਝਾਇਆ ਹੋਇਆ ਹੈ ਜਿਹੋ ਜਿਹੀ ਮਨ ਦੀ ਇੱਛਾ ਦੁਆਰਾ ਮਨ ਦੀ ਅਗਿਆਨਤਾ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ ਭਾਵ ਗੁਰੂ ਪ੍ਰਮਾਤਮਾ ਦੇ ਸੱਚੇ ਸਿਮਰਨ ਨਾਲ ਨਹੀਂ ਜੁੜ ਸਕਦੇ ਜਿਸ ਤਰੀਕੇ ਉਸਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ।

“ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥”

ਉਪਰ ਵਾਲੇ ਪਦੇ ਵਿੱਚ ਇਸਤਰੀ ਨੂੰ ਭਾਵ ਔਰਤ ਨੂੰ ਸਿਮਰਨ ਦੀ ਗੱਲ ਕੀਤੀ ਹੋਈ ਹੈ। ਕੋਈ ਮੁੱਖੋਂ ਔਰਤ ਔਰਤ ਬੋਲ ਕੇ ਤਾਂ ਸਿਮਰਦਾ ਨਹੀਂ ਕਿਉਂਕਿ ਗੁਰੂ ਪ੍ਰਮਾਤਮਾ ਦਾ ਸਿਮਰਨ ਆਪਣੀ ਰਸਨਾ ਦੇ ਨਾਲ ਕਿਸੇ ਅੱਖਰ ਨੂੰ ਕਥੀ ਜਾਣ ਦਾ ਮਾਰਗ ਹੀ ਨਹੀਂ। ਜੋ ਕਿਸੀ ਇਸਤਰੀ ਨੂੰ ਸਿਮਰਦੇ ਹਨ ਭਾਵ ਇਸਤਰੀਆਂ ਦੀ ਇੱਛਾ ਕਰਦੇ ਹਨ ਉਹ ਕਾਮੀ ਮਨੁੱਖ ਹੁੰਦੇ ਹਨ ਜੋ ਦੂਸਰਿਆਂ ਦੀਆਂ ਔਰਤਾਂ ਤੇ ਮਾੜੀ ਨਜਰ ਰੱਖਦੇ ਹਨ। ਇਹੋ ਜਿਹਿਆਂ ਨੂੰ ਅਕਾਲ ਪੁਰਖ ਦੀ ਨਜਰ ਵਿੱਚ ਇੱਕ ਬੇਸਵਾ ਦਾ ਦਰਜਾ ਦੇ ਕੇ ਸਮਝਾਇਆ ਹੋਇਆ ਹੈ ਭਾਵ ਮਾੜੇ ਕਹਿ ਕੇ ਸਮਝਾਇਆ ਹੋਇਆ ਹੈ। ਮਨੁੱਖ ਨੂੰ ਬੇਸਵਾ ਰੂਪ ਉਸਦੀ ਮਾੜੀ ਸਮਝ ਹੀ ਬਣਾਉਂਦੀ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਹੀ ਬਣਾਉਂਦੀ ਹੈ ਭਾਵ ਮਨ ਦੇ ਮਾੜੇ ਵਿਚਾਰ ਹੀ ਬਣਾਉਂਦੇ ਹਨ ਜੋ ਮਾੜੇ ਵਿਚਾਰ ਇਹੋ ਜਿਹੇ ਕਾਮੀ ਪੁਰਸ਼ਾਂ ਦੇ ਅੰਦਰ ਬਾਰ-ਬਾਰ ਉਪਜਦੇ ਰਹਿੰਦੇ ਹਨ। ਸਾਡੇ ਅੰਦਰ ਦੇ ਨਾਸਮਝ ਵਿਚਾਰ ਹੀ ਸਾਡੇ ਅੰਦਰ ਦੀਆਂ ਜੂਨਾਂ ਹਨ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਮਨ ਦੇ ਵਿੱਚ ਇਹੋ ਜਿਹੇ ਵਿਚਾਰਾਂ ਵਿੱਚ ਰਹਿੰਦੇ ਹੋਏ ਅਸੀਂ ਆਪਣੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਦੇ ਕਾਰਣ ਮਨ ਦੀ **“ਕਾਲਿ”** ਵਾਲੀ ਸਮਝ ਦੇ ਨਾਲ ਹੀ ਜੁੜੇ ਰਹਿੰਦੇ ਹਾਂ

ਜਿਸ ਤਰੀਕੇ ਆਪਣੇ ਅੰਦਰ ਦੇ ਕਾਲ ਵਿੱਚੋਂ ਭਾਵ ਮਨ ਦੀ ਮਰੀ ਹੋਈ ਸਮਝ ਦੇ ਵਿੱਚੋਂ ਭਾਵ ਨਾਮਹੀਣ ਮਤਿ ਦੇ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ ਤੇ ਧਰਮ ਦੇ ਸੱਚੇ ਮਾਰਗ ਤੇ ਨਹੀਂ ਚੱਲਿਆ ਜਾ ਸਕਦਾ ਜੋ ਧਰਮ ਦਾ ਮਾਰਗ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। **(ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥)**

55/7678

ਹੁਣ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਇੱਥੇ ਸਾਡਾ ਕਿਹੋ ਜਿਹਾ ਭਰਮ ਕੱਢਿਆ ਹੋਇਆ ਹੈ।

“ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥”

ਉਪਰ ਵਾਲੇ ਪਦੇ ਵਿੱਚ ਲੜਕਿਆਂ ਨੂੰ ਭਾਵ ਆਪਣੇ ਪੁੱਤਰਾਂ ਨੂੰ ਸਿਮਰਨ ਦੀ ਗੱਲ ਕੀਤੀ ਹੋਈ ਹੈ। ਉਪਰ ਸ਼ਬਦ ਰਾਹੀਂ ਸਾਡੇ ਸਮਾਜ ਦਾ ਉਹ ਭਰਮ ਕੱਢਿਆ ਹੋਇਆ ਹੈ ਜਿਸ ਮਨ ਦੇ ਭਰਮ ਵਿੱਚ ਰਹਿੰਦੇ ਹੋਏ ਹਰ ਕੋਈ ਪੁੱਤਰਾਂ ਨੂੰ ਪਾਉਣ ਦੀ ਇੱਛਾ ਰੱਖਦਾ ਹੈ ਭਾਵ ਘਰ ਵਿੱਚ ਕੁੜੀਆਂ ਨਾਲੋਂ ਮੁੰਡਿਆਂ ਦੇ ਪੈਦਾ ਹੋਣ ਨੂੰ ਜਿਆਦਾ ਚੰਗਾ ਸਮਝਦਾ ਹੈ ਕਿ ਮੁੰਡੇ ਜਿਆਦਾ ਕੰਮ ਆਉਂਦੇ ਹਨ। ਆਪਣੇ ਮੁੰਡਿਆਂ ਦੀ ਖੁਸ਼ੀ ਦੇ ਲਈ ਭਾਵ ਉਨ੍ਹਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਅਨੇਕਾਂ ਇਹੋ ਜਿਹੇ ਕਰਮ ਕਰਦੇ ਹਾਂ ਭਾਵ ਮਾੜੇ ਕਰਮ ਕਰਦੇ ਹਾਂ ਜੋ ਧਰਮ ਦੇ ਮਾਰਗ ਤੋਂ ਉਲਟ ਹੀ ਹੈ। ਧਰਮ ਦੇ ਮਾਰਗ ਤੇ ਚੱਲਣ ਲਈ ਉਹ ਹਰ ਕਰਮ ਮਾੜਾ ਹੈ ਜੋ ਗੁਰਮਤਿ ਦੇ ਉਲਟ ਹੈ ਭਾਵੇਂ ਉਹ ਕਰਮ ਅਸੀਂ ਲੜਕਿਆਂ ਦੀ ਖੁਸ਼ੀ ਲਈ ਕਰੀਏ ਜਾਂ ਲੜਕੀਆਂ ਦੀ ਖੁਸ਼ੀ ਲਈ ਕਰੀਏ। ਕੋਈ ਫਰਕ ਨਹੀਂ ਹੈ। ਫਰਕ ਲੜਕੇ ਤੇ ਲੜਕੀ ਵਿੱਚ ਭੇਦ ਸਮਝਣ ਦਾ ਹੈ ਕਿ ਲੜਕੇ ਜਿਆਦਾ ਹੋਣੇ ਜਿਆਦਾ ਚੰਗਾ ਹੁੰਦੇ ਹਨ। ਇਹੋ ਜਿਹੇ ਭੇਦ ਉਹੀ ਕਰ ਸਕਦਾ ਹੈ ਜਿਸਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਹਰ ਕੋਈ ਪ੍ਰਮਾਤਮਾ ਦਾ ਹੀ ਰੂਪ ਹੈ, ਅੱਲ੍ਹਾ ਦਾ ਹੀ ਰੂਪ ਹੈ, ਅਕਾਲ ਪੁਰਖ ਦਾ ਹੀ ਰੂਪ ਹੈ ਭਾਵ ਸਭ ਦੇ ਅੰਦਰ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਵਰਤ ਰਿਹਾ ਹੈ, ਹਰ ਕੋਈ ਉਸੇ ਦਾ ਹੀ ਰੂਪ ਹੈ ਭਾਵ ਇਹੋ ਜਿਹੀ ਆਪਣੇ ਅੰਦਰ ਸੋਚ ਰੱਖਣੀ, ਇੱਛਾ ਰੱਖਣੀ ਗੁਰਮਤਿ ਦੇ ਉਲਟ ਹੈ ਭਾਵ ਮਨ ਦੀ ਬਿਖਿਆ ਵਾਲੀ ਸਮਝ ਹੈ, ਗੰਦਗੀ ਵਾਲੀ ਸਮਝ ਹੈ। ਸੁਕਰਾਂ ਨੂੰ ਭਾਵ ਸੂਰਾਂ ਨੂੰ ਗੰਦਗੀ ਖਾਣੀ ਚੰਗੀ ਲੱਗਦੀ ਹੈ ਜਿਵੇਂ ਕਿ ਹਰ ਕੋਈ ਵੇਖ ਸਕਦਾ ਹੈ। ਜੋ ਮਨੁੱਖ ਲੜਕੇ ਲੜਕੀ ਦੇ ਜੰਮਣ ਵਿੱਚ ਭੇਦ ਕਰਦੇ ਹਨ ਉਨ੍ਹਾਂ ਨੂੰ ਸੂਕਰ ਜੋਨਿ ਵਾਲੇ ਕਿਹਾ ਹੈ ਭਾਵ ਉਨ੍ਹਾਂ ਨੂੰ ਮਨ ਦੀ ਗੰਦਗੀ ਵਾਲੇ, ਮਨ ਦੀ ਬਿਖਿਆ ਵਾਲੇ ਵਿਚਾਰਾਂ ਵਾਲਾ ਕਿਹਾ ਹੈ ਭਾਵ ਗੁਰੂ ਦਾ ਸੱਚਾ ਨਾਮ ਜਪਣ ਨਾਲੋਂ ਉਲਟ ਵਿਚਾਰਾਂ ਵਾਲਾ ਕਿਹਾ ਹੈ, ਨਾਮਸਝ, ਅਗਿਆਨਤਾ ਵਾਲੇ ਵਿਚਾਰਾਂ ਵਾਲਾ ਕਿਹਾ ਹੈ ਜਿਹੋ ਜਿਹੇ ਵਿਚਾਰਾਂ ਦੁਆਰਾ ਮਨੁੱਖ ਮਨ ਦੀ ਕਾਲ ਵਿੱਚੋਂ ਨਹੀਂ ਨਿਕਲ ਸਕਦੇ ਭਾਵ ਧਰਮ ਦੇ ਸਹੀ ਮਾਰਗ ਤੇ ਨਹੀਂ ਚੱਲ ਸਕਦੇ ਤੇ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਨਹੀਂ ਕਰ ਸਕਦੇ। **(ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥)**

ਸਾਡੇ ਅੰਦਰ ਦੀ ਬਿਖਿਆ ਕੀ ਹੈ ਜੋ ਬਿਖਿਆ ਅਸੀਂ ਖਾਂਦੇ ਹਾਂ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ

55/7679

ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝ ਸਕਦੇ ਹਾਂ ਤਾਂ ਜੋ ਅਸੀਂ ਬਿਖਿਆ ਖਾਣ ਤੋਂ ਬਚੀਏ ਤੇ ਗੁਰੂ ਦੇ ਸੱਚੇ ਨਾਮ ਨੂੰ ਸਿਮਰਨ ਦਾ ਸੱਚਾ ਮਾਰਗ ਸਮਝੀਏ। ਗੁਰਮਤਿ ਵਾਲੀ ਸੱਚੀ ਸਮਝ ਤੋਂ ਬਿਨ੍ਹਾਂ ਅਸੀਂ ਜਿਹੋ ਜਿਹੇ ਵਿਚਾਰਾਂ ਨੂੰ ਮੰਨਦੇ ਹਾਂ ਭਾਵ ਅਪਨਾਉਂਦੇ ਹਾਂ ਉਹ ਸਾਡਾ ਬਿਖਿਆ ਖਾਣਾ ਹੈ। ਆਉ ਸ਼ਬਦਾਂ ਰਾਹੀਂ ਦ੍ਰਿੜ ਕਰੀਏ।

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥}

(ਅੰਗ ੩੦)

{ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥ ਮਨ ਰੇ ਸਦਾ ਭਜਹੁ ਹਰਿ ਸਰਣਾਈ ॥

ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥}

(ਅੰਗ ੩੧)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ ੩੩)

{ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰ�ि ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੧-੯੨)

{ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥
ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥}

(ਅੰਗ ੬੧)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥}

(ਅੰਗ ੧੨੯)

{ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੁੜਾਵਿਆ ਦਿਸਨਿ ਸਭੇ ਛਾਰੁ ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥}

(ਅੰਗ ੧੩੪)

{ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥ ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥}

(ਅੰਗ ੧੩੬)

55/7680

{ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ ਬਿਖਿਆ ਪੋਹਿ ਨ ਸਕਣੀ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥ ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥}

(ਅੰਗ ੧੩੫)

{ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥
ਜਿਹ ਧੰਧੇ ਮਹਿ ਓਇ ਲਪਟਾਏ ॥ ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥
ਓਹ ਬੇਲਾ ਕਛੁ ਚੀਤਿ ਨ ਆਵੈ ॥ ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥
ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥
ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥}

(ਅੰਗ ੧੭੮)

{ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥
ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥
ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥
ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥
ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥
ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥
ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥
ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥
ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥
ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥}

(ਅੰਗ ੨੦੬)

{ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥ ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥ ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
ਮਨ ਤੇ ਕਬਹੂ ਨ ਬਿਖਿਆ ਟਰੈ ॥ ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥

ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥}

(ਅੰਗ ੨੬੫)

{ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥ ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥
ਸਾਧ ਕੀ ਟਹਲ ਸੰਤਸੰਗਿ ਹੇਤ ॥ ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥}

(ਅੰਗ ੨੭੪)

ਗਉੜੀ ਕਬੀਰ ਜੀ ॥

{ਬਿਖਿਆ ਬਿਆਪਿਆ ਸਗਲ ਸੰਸਾਰੁ ॥ ਬਿਖਿਆ ਲੈ ਡੂਬੀ ਪਰਵਾਰੁ ॥੧॥
ਰੇ ਨਰ ਨਾਵ ਚਉੜਿ ਕਤ ਬੋੜੀ ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥੧॥ ਰਹਾਉ ॥
ਸੁਰਿ ਨਰ ਦਾਧੇ ਲਾਗੀ ਆਗਿ ॥ ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥੨॥
ਚੇਤਤ ਚੇਤਤ ਨਿਕਸਿਓ ਨੀਰੁ ॥ ਸੋ ਜਲੁ ਨਿਰਮਲੁ ਕਥਤ ਕਬੀਰੁ ॥੩॥੨੪॥}

(ਅੰਗ ੩੨੮)

ਆਸਾ ਮਹਲਾ ੩ ॥

{ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ ॥ ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਾ ਸਾਚੋ ਭਾਈ ॥੧॥
ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ ॥
ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥੧॥ ਰਹਾਉ ॥
ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥
ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥੨॥ ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ ॥
ਅੰਤਰਿ ਨਾਮੁ ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ ॥੩॥ ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥
ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥੪॥ ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ ॥
ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ ॥੫॥ ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ ॥
ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ ॥੬॥ ਨਾਮੈ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ ॥
ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ ॥੭॥ ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ ॥
ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ ॥੮॥੭॥੨੯॥}

(ਅੰਗ ੪੨੬)

{ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ ੪੩੭)

ਧਨਾਸਰੀ ਮਹਲਾ ੩ ॥

{ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥
ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥
ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥ ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥
ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥
ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥
ਸਿਧ ਸਾਧਿਕ ਤਰਸਹਿ ਸਭਿ ਲੋਇ ॥ ਪੂਰੈ ਭਾਗਿ ਪਰਾਪਤਿ ਹੋਇ ॥੩॥
ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥
ਸਚੁ ਸਾਚਾ ਸਚੁ ਆਪਿ ਦ੍ਿੜਾਏ ॥ ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥੪॥੭॥}

(ਅੰਗ ੬੬੫-੬੬੬)

ਧਨਾਸਰੀ ਮਹਲਾ ੫ ॥

{ਜਨ ਕੇ ਪੂਰਨ ਹੋਏ ਕਾਮ ॥ ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥੧॥ ਰਹਾਉ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ ॥

ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥੧॥
ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੂਖ ਬਿਸ੍ਰਾਮ ॥
ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ ਨਾਨਕ ਸਦ ਕੁਰਬਾਨ ॥੨॥੧੭॥੪੮॥}

(ਅੰਗ ੬੮੨)

{ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥
ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥੧॥
ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ ॥
ਜਨ ਊਪਰਿ ਕਿਰਪਾ ਪ੍ਰਭਿ ਧਾਰੀ ਮਿਲਿ ਸਤਿਗੁਰ ਪਾਰਿ ਪਰਾ ॥੧॥ ਰਹਾਉ ॥}

(ਅੰਗ ੭੯੯)

55/7681

ਬਿਲਾਵਲੁ ਮਹਲਾ ੫ ॥

{ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ ॥ ਊਠਿ ਸਿਧਾਰੇ ਛੜ੍ਪਤਿ ਸੰਤਨ ਕੈ ਖਿਆਲ ॥ ਰਹਾਉ ॥
ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ ॥ ਬਹੁ ਜੋਨੀ ਜਨਮਹਿ ਮਰਹਿ ਬਿਖਿਆ ਬਿਕਰਾਲ ॥੧॥
ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ ॥
ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ ॥੨॥੧੧॥੨੯॥}

(ਅੰਗ ੮੦੭)

{ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥ ਸੋ ਸੰਚੈ ਜੋ ਹੋਛੀ ਬਾਤ ॥
ਮਾਇਆ ਮੋਹਿਆ ਟੇਢਉ ਜਾਤ ॥੧॥ ਅਭਾਗੇ ਤੈ ਲਾਜ ਨਾਹੀ ॥
ਸੁਖ ਸਾਗਰ ਪੂਰਨ ਪਰਮੇਸਰੁ ਹਰਿ ਨ ਚੇਤਿਓ ਮਨ ਮਾਹੀ ॥੧॥ ਰਹਾਉ ॥
ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥}

(ਅੰਗ ੮੯੨-੮੯੩)

{ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥
ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥
ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥
ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥
ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥
ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥}

(ਅੰਗ ੧੧੦੩)

ਸਾਰਗ ਮਹਲਾ ੫ ॥

{ਅਬ ਕਿਆ ਸੋਚਉ ਸੋਚ ਬਿਸਾਰੀ ॥ ਕਰਣਾ ਸਾ ਸੋਈ ਕਰਿ ਰਹਿਆ ਦੇਹਿ ਨਾਉ ਬਲਿਹਾਰੀ ॥੧॥ ਰਹਾਉ ॥

ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰੁ ਮੂਖਿ ਗਰੁੜਾਰੀ ॥
ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ ॥੧॥
ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ ॥੨॥੨॥੨੫॥}

(ਅੰਗ ੧੨੦੯)

ਸਾਰਗ ਮਹਲਾ ੫ ॥

{ਮਾਖੀ ਰਾਮ ਕੀ ਤੂ ਮਾਖੀ ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥੧॥ ਰਹਾਉ ॥
ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ ॥
ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ ॥੧॥
ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ ॥
ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥}

(ਅੰਗ ੧੨੨੭)

{ਜਪਿ ਮਨ ਰਾਮ ਨਾਮ ਜਗੰਨਾਥ ॥
ਘੂਮਨ ਘੇਰ ਪਰੇ ਬਿਖੁ ਬਿਖਿਆ ਸਤਿਗੁਰ ਕਾਢਿ ਲੀਏ ਦੇ ਹਾਥ ॥੧॥ ਰਹਾਉ ॥
ਸੁਆਮੀ ਅਭੈ ਨਿਰੰਜਨ ਨਰਹਰਿ ਤੁਮ੍ ਰਾਖਿ ਲੇਹੁ ਹਮ ਪਾਪੀ ਪਾਥ ॥
ਕਾਮ ਕ੍ਰੋਧ ਬਿਖਿਆ ਲੋਭਿ ਲੁਭਤੇ ਕਾਸਟ ਲੋਹ ਤਰੇ ਸੰਗਿ ਸਾਥ ॥੧॥}

(ਅੰਗ ੧੨੯੬)

ਸਲੋਕ ਮਃ ੪ ॥

{ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ ॥
ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥ ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥
ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥}

(ਅੰਗ ੧੩੧੨)

{ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਸਬਦੁ ਗੁਰ ਦੀਜੈ ॥
ਤਨਿ ਮਨਿ ਸਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੁਖਿ ਸਵੀਜੈ ॥੩॥
ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ ਰਵੀਜੈ ॥
ਸਾਧੂ ਸਾਧ ਮਿਲੇ ਰਸੁ ਪਾਵੈ ਤਤੁ ਨਿਜ ਘਰਿ ਬੈਠਿਆ ਪੀਜੈ ॥੪॥}

(ਅੰਗ ੧੩੨੫-੧੩੨੬)

{ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ ॥
ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਡੂੰਭਰ ਭਰਭਾ ॥੩॥
ਤੁਮਰੇ ਗੁਨ ਤੁਮ ਹੀ ਪ੍ਰਭ ਜਾਨਹੁ ਹਮ ਪਰੇ ਹਾਰਿ ਤੁਮ ਸਰਨਭਾ ॥
ਜਿਉ ਜਾਨਹੁ ਤਿਉ ਰਾਖਹੁ ਸੁਆਮੀ ਜਨ ਨਾਨਕੁ ਦਾਸੁ ਤੁਮਨਭਾ ॥੪॥੬॥}

(ਅੰਗ ੧੩੩੭)

55/7682

ਜੈਜਾਵੰਤੀ ਮਹਲਾ ੯ ॥

{ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ ॥ ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ ॥
ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ ॥੧॥ ਰਹਾਉ ॥ ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ॥
ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ ॥੧॥ ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ ॥
ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ ॥੨॥੨॥}

(ਅੰਗ ੧੩੫੨)

{ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥}

(ਅੰਗ ੧੪੨੭)

ਉਪਰ ਵਾਲੇ ਸ਼ਬਦਾਂ ਦੇ ਵਿੱਚ ਬਿਖਿਆ ਦੀ ਗੱਲ ਆਉਂਦੀ ਹੈ ਜਿਨ੍ਹਾਂ ਵਿੱਚੋਂ ਕੁਝ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਵੀ ਹੈ। ਇਹ ਬਿਖਿਆ ਸਾਡੇ ਮਨ ਦੇ ਨਾਲ ਜੁੜੀ ਹੋਈ ਹੈ, ਮਨ ਦੀ ਸਮਝ ਦੇ ਨਾਲ ਜੁੜੀ ਹੋਈ ਹੈ ਭਾਵ ਮਨ ਦੇ ਵਿਚਾਰਾਂ ਨਾਲ ਜੁੜੀ ਹੋਈ ਹੈ ਜਿਵੇਂ ਕਿ ਹਰ ਕੋਈ ਸ਼ਬਦਾਂ ਦੁਆਰਾ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਗੁਰੂ ਆਪਣੇ ਸ਼ਬਦਾਂ ਨਾਲ ਸਾਨੂੰ ਸੱਚੇ ਵਿਚਾਰ ਹੀ ਦਿੰਦਾ ਹੈ ਤੇ ਜੋ ਸਾਡੇ ਅੰਦਰ ਦੇ ਵਿਚਾਰ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਮੇਲ ਨਹੀਂ ਖਾਂਦੇ ਉਹ ਸਾਡੇ ਬਿਖਿਆ ਵਾਲੇ ਵਿਚਾਰ ਹਨ ਭਾਵ ਮਾੜੇ ਵਿਚਾਰ ਹਨ, ਗੰਦੇ ਵਿਚਾਰ ਹਨ ਜਿਨ੍ਹਾਂ ਗੰਦੇ ਵਿਚਾਰਾਂ ਨੂੰ ਅਸੀਂ ਆਪਣੇ ਜੀਵਨ ਵਿੱਚ ਬਾਰ-ਬਾਰ ਅਪਨਾਉਂਦੇ ਹਾਂ ਤੇ ਗੁਰੂ ਦੀ ਮਤਿ ਤੋਂ ਉਲਟ ਕਰਮ ਕਰਦੇ ਹਾਂ। ਜਿਸ ਤਰੀਕੇ ਸੂਰ ਨੂੰ ਗੰਦਗੀ ਚੰਗੀ ਲੱਗਦੀ ਹੈ ਉਸੇ ਤਰ੍ਹਾਂ ਸਾਨੂੰ ਗੰਦੇ ਵਿਚਾਰ ਹੀ ਚੰਗੇ ਲੱਗਦੇ ਹਨ ਜੋ ਸਾਨੂੰ ਹਰ ਵੇਲੇ ਮਾਇਆ ਮੋਹ ਵਾਲੇ ਵਿਚਾਰਾਂ ਵਿੱਚ ਪਾ ਕੇ ਸਾਡੇ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਭਾਵ ਗੁਰਮਤਿ ਦੇ ਉਲਟ ਚਲਾਉਂਦੇ ਹਨ। ਅਸੀਂ ਆਪਣੇ ਜੀਵਨ ਵਿੱਚ ਬਾਰ-ਬਾਰ ਜੋ ਗੁਰੂ ਦੀ ਮਤਿ ਦੇ ਉਲਟ ਚੱਲਦੇ ਹਾਂ ਇਹੀ ਮਨੁੱਖ ਦਾ ਬਾਰ-ਬਾਰ ਸੂਰ ਦੀ ਜੂਨ ਵਿੱਚ ਪੈਣਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਰਾਹੀਂ ਸਮਝਿਆ ਹੈ।

ਜਿਵੇਂ ਬਾਣੀ ਵਿੱਚ **"ਬਿਖਿਆ"** ਦੀ ਗੱਲ ਆਉਂਦੀ ਹੈ ਉਸੇ ਤਰ੍ਹਾਂ ਬਾਣੀ ਵਿੱਚ **"ਬਿਸਟਾ"** ਦੀ ਗੱਲ ਵੀ ਆਉਂਦੀ ਹੈ, ਬਿਸਟਾ ਦੇ ਕੀੜੇ ਦੀ ਗੱਲ ਵੀ ਆਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਵੀ ਹੈ। ਜੋ **"ਬਿਖਿਆ"** ਤੋਂ ਭਾਵ ਹੈ ਉਹੀ **"ਬਿਸਟਾ"** ਤੋਂ ਭਾਵ ਹੈ। ਇਨ੍ਹਾਂ ਦੋਨਾਂ ਗੱਲਾਂ ਦਾ ਭਾਵ ਸਾਡੇ ਮਨ ਦੇ ਮਾੜੇ ਵਿਚਾਰਾਂ ਨਾਲ ਹੀ ਹੈ, ਮਨ ਦੀ ਗੰਦਗੀ ਦੇ ਨਾਲ ਹੀ ਹੈ। ਜਿਵੇਂ ਸੂਰ ਨੂੰ ਗੰਦਗੀ ਚੰਗੀ ਲੱਗਦੀ ਹੈ ਇਸੇ ਤਰ੍ਹਾਂ ਕੀੜੇ ਨੂੰ ਵੀ ਗੰਦਗੀ ਚੰਗੀ ਲੱਗਦੀ ਹੈ। ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਮਨ ਦੀ ਬਿਸਟਾ ਨੂੰ ਵੀ ਸਮਝਦੇ ਹਾਂ।

{ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ॥ ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ ॥
ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ॥ ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ ॥
ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ ॥ ਭਗਤੀ ਰੰਗੁ ਨ ਉਤਰੈ ਸਹਜੇ ਰਹੈ ਸਮਾਇ ॥੨॥}

(ਅੰਗ ੮੫)

55/7683

{ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥
ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥}

(ਅੰਗ ੧੧੬)

{ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥

ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥}

(ਅੰਗ ੧੨੫)

ਗਉੜੀ ਮਹਲਾ ੫ ॥

{ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥੧॥
ਏਕ ਨਿਮਖ ਜੋ ਸਿਮਰਨ ਮਹਿ ਜੀਆ ॥ ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥੧॥ ਰਹਾਉ ॥
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥੨॥
ਬਿਨੁ ਸਿਮਰਨ ਭਏ ਕੁਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ ॥੩॥
ਬਿਨੁ ਸਿਮਰਨ ਜੈਸੇ ਸੀਕ ਛਤਾਰਾ ॥ ਬੋਲਹਿ ਕੁਰੁ ਸਾਕਤ ਮੁਖੁ ਕਾਰਾ ॥੪॥
ਬਿਨੁ ਸਿਮਰਨ ਗਰਧਭ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥੫॥
ਬਿਨੁ ਸਿਮਰਨ ਕੁਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥੬॥
ਬਿਨੁ ਸਿਮਰਨ ਹੈ ਆਤਮ ਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥
ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥ ਕਹੁ ਨਾਨਕ ਗੁਰਿ ਜਗਤੁ ਤਰਾਇਆ ॥੮॥੭॥}

(ਅੰਗ ੨੩੯)

{ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥੭॥}

(ਅੰਗ ੪੨੬)

{ਜਿਨੀ ਨਾਮੁ ਵਿਸਾਰਿਆ ਸੇ ਮੁਏ ਮਰਿ ਜਾਹਿ ॥ ਹਰਿ ਰਸ ਸਾਦੁ ਨ ਆਇਓ ਬਿਸਟਾ ਮਾਹਿ ਸਮਾਹਿ ॥੬॥
ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ ॥
ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ ॥੭॥
ਬਿਨੁ ਸਬਦੈ ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਹਾ ਭਰਮਾਇ ॥
ਬਿਨੁ ਨਾਵੈ ਦੁਖੁ ਪਾਇਸੀ ਨਾਮੁ ਮਿਲੈ ਤਿਸੈ ਰਜਾਇ ॥੮॥
ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥
ਨਾਨਕ ਨਾਮੁ ਤਿਨ੍ਹਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ॥੯॥੧੩॥੩੫॥}

(ਅੰਗ ੪੨੯)

{ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥}

(ਅੰਗ ੬੦੧)

{ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥
ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ ॥
ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ॥

ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ ॥੩॥}

(ਅੰਗ ੮੪੮)

{ਆਵਣ ਜਾਣਾ ਨਾ ਥੀਐ ਨਿਜ ਘਰਿ ਵਾਸਾ ਹੋਇ ॥
ਸਚੁ ਖਜਾਨਾ ਬਖਸਿਆ ਆਪੇ ਜਾਣੈ ਸੋਇ ॥੧॥ ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥
ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ ॥ ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ ॥੨॥
ਵਡਭਾਗੀ ਗੁਰੁ ਪਾਇਆ ਪੂਰਬਿ ਲਿਖਿਆ ਮਾਇ ॥ ਅਨਦਿਨੁ ਸਚੀ ਭਗਤਿ ਕਰਿ ਸਚਾ ਲਏ ਮਿਲਾਇ ॥੩॥
ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ॥ ਨਾਨਕ ਨਾਮਿ ਵਡਿਆਈਆ ਜੈ ਭਾਵੈ ਤੈ ਦੇਇ ॥੪॥੨॥}

(ਅੰਗ ੯੯੩-੯੯੪)

{ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ ॥
ਬਿਨੁ ਨਾਵੈ ਧ੍ਰਿਗੁ ਜੀਵਦੇ ਵਿਚਿ ਬਿਸਟਾ ਮਨਮੁਖ ਰਾਖੁ ॥
ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ ॥੩॥
ਤ੍ਰਾਹਿ ਤ੍ਰਾਹਿ ਸਰਣਾਗਤੀ ਹਰਿ ਦਇਆ ਧਾਰਿ ਪ੍ਰਭ ਰਾਖੁ ॥
ਸੰਤਸੰਗਤਿ ਮੇਲਾਪੁ ਕਰਿ ਹਰਿ ਨਾਮੁ ਮਿਲੈ ਪਤਿ ਸਾਖੁ ॥
ਹਰਿ ਹਰਿ ਨਾਮੁ ਧਨੁ ਪਾਇਆ ਜਨ ਨਾਨਕ ਗੁਰਮਤਿ ਭਾਖੁ ॥੪॥੪॥੬॥}

(ਅੰਗ ੯੯੭)

{ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥
ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥ ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥
ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥
ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥
ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥
ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥
ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥ ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥
ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥}

(ਅੰਗ ੧੦੧੮)

{ਰਸ ਕਸ ਖਾਏ ਪਿੰਡੁ ਵਧਾਏ ॥ ਭੇਖ ਕਰੈ ਗੁਰ ਸਬਦੁ ਨ ਕਮਾਏ ॥
ਅੰਤਰਿ ਰੋਗੁ ਮਹਾ ਦੁਖੁ ਭਾਰੀ ਬਿਸਟਾ ਮਾਹਿ ਸਮਾਹਾ ਹੇ ॥੧੦॥}

(ਅੰਗ ੧੦੫੮)

{ਲਖ ਚਉਰਾਸੀਹ ਆਪਿ ਉਪਾਏ ॥ ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥
ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ ॥੧੧॥

ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ ॥ ਵਿਣੁ ਕਰਮਾ ਕਿਉ ਪਾਇਆ ਜਾਏ ॥
ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ ॥੧੨॥ ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥
ਮੂਰਖੁ ਅੰਧਾ ਤਤੁ ਨ ਪਛਾਣੈ ॥ ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥੧੩॥
ਸਭੁ ਕਿਛੁ ਆਪੇ ਆਪਿ ਕਰਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥
ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ ॥੧੪॥ ਸਚਾ ਸਾਹਿਬੁ ਗਹਿਰ ਗੰਭੀਰਾ ॥
ਸਦਾ ਸਲਾਹੀ ਤਾ ਮਨੁ ਧੀਰਾ ॥ ਅਗਮ ਅਗੋਚਰੁ ਕੀਮਤਿ ਨਹੀ ਪਾਈ ਗੁਰਮੁਖਿ ਮੰਨਿ ਵਸਾਇਦਾ ॥੧੫॥
ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥}

(ਅੰਗ ੧੦੬੧)

55/7684

ਭੈਰਉ ਮਹਲਾ ੩ ॥

{ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ ॥
ਗਰਭ ਜੋਨੀ ਵਿਚਿ ਕਦੇ ਨ ਨਿਕਲੈ ਬਿਸਟਾ ਮਾਹਿ ਸਮਾਇ ॥੧॥ ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ ॥੧॥ ਰਹਾਉ ॥
ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥
ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥੨॥
ਸਤਿਗੁਰੁ ਭੇਟੈ ਤਾ ਫਲੁ ਪਾਏ ਸਚੁ ਕਰਣੀ ਸੁਖ ਸਾਰੁ ॥
ਸੇ ਜਨ ਨਿਰਮਲ ਜੋ ਹਰਿ ਲਾਗੇ ਹਰਿ ਨਾਮੇ ਧਰਹਿ ਪਿਆਰੁ ॥੩॥
ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ ਜਿਨ ਸਤਿਗੁਰੁ ਪੂਰਾ ਧਿਆਇਆ ॥
ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ ਜਿਨੀ ਰਾਮ ਨਾਮਿ ਚਿਤੁ ਲਾਇਆ ॥੪॥੨॥੧੩॥}

(ਅੰਗ ੧੧੩੦-੧੧੩੧)

ਬਸੰਤੁ ਮਹਲਾ ੩ ॥

{ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥ ਮਨਮੁਖ ਅੰਧੇ ਠਉਰ ਨ ਪਾਈ ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥ ਹੁਕਮੁ ਮੰਨੇ ਸੋ ਜਨੁ ਪਰਵਾਣੁ ॥
ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥ ਸਾਚਿ ਰਤੇ ਜਿਨ੍ਹਾ ਧੁਰਿ ਲਿਖਿ ਪਾਇਆ ॥
ਹਰਿ ਕਾ ਨਾਮੁ ਸਦਾ ਮਨਿ ਭਾਇਆ ॥ ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ ਜੋਤੀ ਜੋਤਿ ਮਿਲਾਏ ਸੋਇ ॥੨॥
ਏਕੁ ਨਾਮੁ ਤਾਰੇ ਸੰਸਾਰੁ ॥ ਗੁਰ ਪਰਸਾਦੀ ਨਾਮ ਪਿਆਰੁ ॥ ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥
ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ ਨਾਮੁ ਦ੍ਰਿੜਾਏ ॥
ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥}

(ਅੰਗ ੧੧੭੫)

{ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ ॥

ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥੫॥
ਜਿਨ ਕਉ ਸਤਿਗੁਰੁ ਭੇਟਿਆ ਤਿਨਾ ਵਿਟਹੁ ਬਲਿ ਜਾਉ ॥
ਤਿਨ ਕੀ ਸੰਗਤਿ ਮਿਲਿ ਰਹਾਂ ਸਚੇ ਸਚਿ ਸਮਾਉ ॥੬॥
ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ ॥
ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ ॥੭॥ ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ॥
ਨਾਨਕ ਨਾਮੁ ਨ ਵੀਸਰੈ ਜੋ ਕਿਛੁ ਕਰੈ ਸੁ ਹੋਗੁ ॥੮॥੨॥੭॥੨॥੯॥}

(ਅੰਗ ੧੩੪੭)

ਮਃ ੩ ॥

{ਜਿਨ੍ੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ ॥ ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥
ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ ॥੨॥}

(ਅੰਗ ੧੨੪੭)

ਉਪਰ ਵਾਲੇ ਹਰ ਸ਼ਬਦ ਵਿੱਚ ਬਿਸਟਾ ਦੀ ਗੱਲ ਵੀ ਕੀਤੀ ਹੋਈ ਹੈ ਭਾਵ ਮਨ ਦੀ ਗੰਦਗੀ ਵਰਗੀ ਮਾੜੀ ਸਮਝ ਦੀ ਗੱਲ ਕੀਤੀ ਹੋਈ ਹੈ। ਜਿਵੇਂ ਕਿਸੇ ਵੀ ਮਨੁੱਖ ਨੂੰ ਦੁਨਿਆਵੀ ਗੰਦਗੀ ਚੰਗੀ ਨਹੀਂ ਲੱਗਦੀ ਇਸੇ ਤਰ੍ਹਾਂ ਗੁਰੂ ਨੂੰ ਵੀ ਸਾਡੀ ਗੰਦੀ ਸਮਝ ਚੰਗੀ ਨਹੀਂ ਲੱਗਦੀ ਕਿਉਂਕਿ ਅਸੀਂ ਜੋ ਵੀ ਮਾੜੇ ਕਰਮ ਕਰਦੇ ਹਾਂ ਭਾਵ ਗੁਰੂ ਦੀ ਮਤਿ ਦੇ ਉਲਟ ਕਰਮ ਕਰਦੇ ਹਾਂ ਗੁਰੂ ਨੂੰ ਸਾਡੇ ਉਹੋ ਜਿਹੇ ਕਰਮ ਇਹੋ ਜਿਹੇ ਮਾੜੇ ਲੱਗਦੇ ਹਨ ਜਿਵੇਂ ਮਨੁੱਖ ਨੂੰ ਗੰਦਗੀ ਮਾੜੀ ਲੱਗਦੀ ਹੈ। ਗੁਰੂ ਸਾਡੀ ਗੰਦਗੀ ਨੂੰ ਧੋਣਾ ਹੀ ਚਾਹੁੰਦਾ ਹੈ ਭਾਵ ਸਾਡੇ ਮਨ ਦੀ ਮੈਲ ਨੂੰ ਧੋਣਾ ਹੀ ਚਾਹੁੰਦਾ ਹੈ। ਸਾਡੇ ਅੰਦਰ ਦੀ ਮੈਲ ਦਾ ਕਾਰਣ ਸਾਡੇ ਅੰਦਰ ਦੀ ਅਗਿਆਨਤਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਵਾਲੇ ਸ਼ਬਦਾਂ ਵਿੱਚ ਵੀ ਜਿੱਥੇ ਬਿਸਟਾ ਦੀ ਗੱਲ ਆਉਂਦੀ ਹੈ ਉੱਥੇ ਨਾਲ ਹੀ ਮਨ ਦੇ ਵਿੱਚ ਨਾਮ ਦੇ ਨਾ ਹੋਣ ਦੀ ਵੀ ਗੱਲ ਆਉਂਦੀ ਹੈ। ਗੁਰੂ ਦਾ ਨਾਮ ਕੀ ਹੈ ਇਸ ਗੱਲ ਨੂੰ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਇਹ ਨਿਮਾਣਾ ਜਿਹਾ ਦਾਸ ਹੁਣ ਇਤਨਾ ਕੁ ਵਿਸ਼ਵਾਸ ਤਾਂ ਰੱਖ ਹੀ ਸਕਦਾ ਹੈ ਕਿ ਹੁਣ ਤੱਕ ਜੋ ਵੀ ਗੁਰਬਾਣੀ ਨੂੰ ਤਹਿ ਦਿਲੋਂ ਸਮਝਣਾ ਚਾਹੁੰਦੇ ਹਨ ਉਨ੍ਹਾਂ ਦਾ ਨਾਮ ਨੂੰ ਸਮਝਣ ਦਾ ਭਰਮ ਤਾਂ ਹੁਣ ਤੱਕ ਨਿਕਲ ਹੀ ਗਿਆ ਹੋਵੇਗਾ। ਪੂਰੀ ਗੁਰਬਾਣੀ ਵਿੱਚ ਗੁਰੂ ਦਾ ਨਾਮ ਹੈ ਜੋ ਕਿ ਸ਼ਬਦਾਂ ਦੀ ਬਹੁਤ ਹੀ ਗਹਿਰੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਬ੍ਰਹਮ ਗਿਆਨ ਦੇ ਮਾਲਕ ਸੰਸਾਰ ਦੇ ਇੱਕੋ ਇੱਕ ਬ੍ਰਹਮ ਗਿਆਨੀ ਦੇ ਵੱਖਰੇ ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਸ਼ਬਦਾਂ ਦੇ ਉੱਚੇ ਵਿਚਾਰ ਪਾਏ ਹੋਏ ਹਨ। ਸਾਡੇ ਅੰਦਰ ਦੀ ਬਿਸਟਾ, ਬਿਖਿਆ ਜਾਂ ਮਾਇਆ ਦੀ ਜੁਗਤਿ ਜਾਂ ਹਉਮੈ ਵਾਲੀ ਸਮਝ ਜਾਂ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਜਾਂ ਮਨ ਦੇ ਪੁੱਠੇ ਗਿਆਨ ਵਾਲੀ ਸਮਝ ਇੱਕੋ ਹੀ ਗੱਲ ਹੈ ਭਾਵ ਇਨ੍ਹਾਂ ਸਭ ਤੋਂ ਭਾਵ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਦੇ ਨਾਲ ਹੀ ਹੈ, ਭਰਮਾਂ ਵਾਲੀ ਸਮਝ ਦੇ ਨਾਲ ਹੀ ਹੈ ਜਿਸ ਮਨ

ਦੀ ਨਾਸਮਝੀ ਵਿੱਚ ਰਹਿੰਦੇ ਹੋਏ ਨਾ ਆਪਣੇ ਆਪ ਦੀ ਸਮਝ ਲੱਗਦੀ ਹੈ, ਨਾ ਹੀ ਧਰਮ ਦੇ ਸੱਚੇ ਮਾਰਗ ਦੀ ਸਮਝ ਲੱਗਦੀ ਹੈ ਤੇ ਨਾ ਹੀ ਇਹੋ ਜਿਹੀ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ, ਨਾਮ ਦੇ ਮਾਲਕ ਨੂੰ ਜਾਣ ਸਕਦਾ ਹੈ ਤੇ ਨਾ ਹੀ ਉਸਦੀ ਰਚੀ ਹੋਈ ਸਾਇੰਸ ਨੂੰ ਕੋਈ ਸਮਝ ਸਕਦਾ ਹੈ ਜਿਸ ਆਪਣੀ ਉੱਚੀ ਤੇ ਸਦਾ ਰਹਿਣ ਵਾਲੀ ਸਾਇੰਸ ਦੁਆਰਾ ਭਾਵ ਆਪਣੇ ਨਿਰੰਕਾਰ ਰੂਪ ਦੁਆਰਾ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ, ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖ ਕੇ ਚਲਾ ਰਿਹਾ ਹੈ। ਉਸਦੀ ਕਿਸੇ ਤੇ ਆਪਣੀ ਬਹੁਤ ਹੀ ਵੱਡੀ ਕ੍ਰਿਪਾ ਹੋਏ ਬਿਨ੍ਹਾਂ ਕੋਈ ਉਸਨੂੰ ਜਾਣ ਲਵੇ ਤੇ ਉਸਦੀ ਰਚਨਾ ਨੂੰ ਸਮਝ ਸਕੇ ਇਹ ਨਾਮੁਮਕਿਨ ਹੈ। ਉਪਰ ਸ਼ਬਦਾਂ ਵਿੱਚ ਬਿਸਟਾ ਦੇ ਕੀੜੇ ਦੀ ਗੱਲ ਵੀ ਆਉਂਦੀ ਹੈ। ਬਿਸਟਾ ਕੀ ਹੈ ਇਸ ਗੱਲ ਨੂੰ ਤਾਂ ਅਸੀਂ ਸਮਝਿਆ ਹੀ ਹੈ। ਸਾਨੂੰ ਗੁਰਮਤਿ ਸਮਝਾਉਣ ਵਾਲੇ ਵੀ ਬਹੁਤ ਹਨ ਜੋ ਆਪਣੇ ਆਪ ਨੂੰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਆਪਣੇ ਵੱਲੋਂ ਧਰਮ ਦਾ ਉੱਚਾ ਮਾਰਗ ਹੀ ਸਮਝਾਉਂਦੇ ਹਨ ਤੇ ਅਸੀਂ ਉਨ੍ਹਾਂ ਨੂੰ ਮਾਣ ਵੀ ਦਿੰਦੇ ਹਾਂ। ਜੋ ਆਪਣੇ ਆਪ ਨੂੰ ਧਰਮ ਦੇ ਉੱਚੇ ਵਿਦਵਾਨ ਅਖਵਾਉਂਦੇ ਹਨ, ਸੰਤ, ਸਾਧ ਆਦਿ ਅਖਵਾਉਂਦੇ ਹਨ ਸਾਨੂੰ

ਭਾਵ ਇਹੋ ਜਿਹਿਆਂ ਦੇ ਪਿੱਛੇ ਲੱਗਣ ਵਾਲਿਆਂ ਨੂੰ ਇਹੋ ਜਿਹਿਆਂ ਦੀ ਮਤਿ ਬਹੁਤ ਭਾਉਂਦੀ ਹੈ ਭਾਵ ਚੰਗੀ ਲੱਗਦੀ ਹੈ ਕਿ ਇਹ ਸਾਨੂੰ ਸੱਚ ਹੀ ਸਮਝਾ ਰਹੇ ਹਨ। ਇਹੋ ਜਿਹਿਆਂ ਦੇ ਪਿੱਛੇ ਲੱਗਣ ਵਾਲਿਆਂ ਨੂੰ ਹੀ ਸ਼ਬਦਾਂ ਵਿੱਚ ਬਿਸਟਾ ਦੇ ਕੀੜੇ ਕਿਹਾ ਹੈ ਜਿਵੇਂ ਕਿ ਕੀੜੇ ਨੂੰ ਗੰਦਗੀ ਚੰਗੀ ਲੱਗਦੀ ਹੈ ਜਿੱਥੇ ਵੀ ਜਿਆਦਾ ਗੰਦਗੀ ਕੀੜੇ ਨੂੰ ਮਿਲਦੀ ਉਹ ਉੱਥੋਂ ਹੀ ਗੰਦਗੀ ਖਾਣ ਲਈ ਜਾਂਦਾ ਹੈ, ਜਿਵੇਂ ਕਿ ਉਪਰ ਸ਼ਬਦਾਂ ਦੇ ਪ੍ਰਮਾਣ ਵਿੱਚ ਸਮਝਾਇਆ ਹੋਇਆ ਹੈ। **{ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥੨॥}** ਅੰਗ ੩੬੨ **{ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥}** ਅੰਗ ੧੧੭੫

ਬਾਣੀ ਦੇ ਸ਼ਬਦਾਂ ਰਾਹੀਂ ਨਾਮ ਦੇ ਵਿੱਚ ਸਮਾਉਣ ਦੀ ਗੱਲ ਵੀ ਆਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਨਾਮ ਗੁਰੂ ਦੀ ਮਤਿ ਹੈ ਤੇ ਗੁਰੂ ਦੀ ਮਤਿ ਨੂੰ ਮੰਨਣਾ ਨਾਮ ਵਿੱਚ ਸਮਾਉਣਾ ਹੈ। ਬਿਸਟਾ ਦੇ ਵਿੱਚ ਜਾਂ ਨਾਮ ਦੇ ਵਿੱਚ ਸਮਾਉਣਾ ਤਾਂ ਸਾਡੇ ਮਨ ਦੀ ਸਮਝ ਨੇ ਹੀ ਹੈ ਤੇ ਜਿਸਦੀ ਗੱਲ ਨੂੰ ਮੰਨਾਂਗੇ ਉਸੇ ਦੀ ਮਤਿ ਵਿੱਚ ਸਾਡੀ ਮਤਿ ਸਮਾਉਂਦੀ ਹੈ ਭਾਵ ਉਸਦੀ ਸਮਝ ਦੇ ਨਾਲ ਇੱਕ ਹੋ ਜਾਂਦੀ ਹੈ। ਹੁਣ ਫੈਸਲਾ ਅਸੀਂ ਕਰਨਾ ਹੈ ਕਿ ਅਸੀਂ ਕਿਸਦੀ ਗੱਲ ਨੂੰ ਮੰਨਣਾ ਹੈ ਭਾਵ ਮਨ ਦੀ ਬਿਸਟਾ ਦੇ ਵਿੱਚ ਹੀ ਰਹਿਣਾ ਹੈ ਜਾਂ ਬਿਸਟਾ ਵਿੱਚੋਂ ਨਿਕਲਣਾ ਹੈ। ਇਹ ਬਹੁਤ ਹੀ ਔਖਾ ਫੈਸਲਾ ਹੈ ਇਸੇ ਲਈ ਗੁਰੂ ਦਾ ਨਾਮ ਜਪਣਾ ਬਹੁਤ ਔਖਾ ਹੈ, ਆਪਣੀ ਮਤਿ ਤਿਆਗਣੀ ਬਹੁਤ ਹੀ ਔਖੀ ਹੈ। **{ਆਖਣਿ ਅਉਖਾ ਸਾਚਾ ਨਾਉ ॥}** ਅੰਗ ੯

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥}

(ਅੰਗ ੮੦੦)

55/7686

ਹੁਣ ਅਸੀਂ ਭਗਤ ਤਿਲੋਚਨ ਜੀ ਦੇ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਮਨੁੱਖ ਹਰ ਵੇਲੇ ਕਿਹੋ ਜਿਹੀ ਚਿੰਤਾ ਵਿੱਚ ਆਪਣੇ ਅੰਦਰ ਦੇ ਕਾਲ ਨੂੰ ਖਤਮ ਕਰਨਾ ਚਾਹੁੰਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣਾ ਚਾਹੁੰਦਾ ਹੈ ਜਿਸ ਮਨ ਦੇ ਕਾਲ ਦਾ ਅੰਤ ਹੋਏ ਬਿਨ੍ਹਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਮਨੁੱਖ ਨੂੰ ਚਿੰਤਾ ਉਸੇ ਗੱਲ ਦੀ ਹੁੰਦੀ ਹੈ ਜੋ ਉਸਦੀ ਇੱਛਾ ਹੁੰਦੀ ਹੈ ਭਾਵ ਜਿਸ ਚੀਜ ਦੀ ਉਹ ਪ੍ਰਾਪਤੀ ਕਰਨਾ ਚਾਹੁੰਦਾ ਹੈ। ਜੇਕਰ ਅਸੀਂ ਪ੍ਰਮਾਤਮਾ ਨੂੰ ਪਾਉਣ ਦੀ ਚਿੰਤਾ ਆਪਣੇ ਅੰਦਰ ਰੱਖਾਂਗੇ ਫਿਰ ਸਾਡੇ ਅੰਦਰ ਦੀ ਚਿੰਤਾ ਵੀ ਬਦਲ ਜਾਵੇਗੀ। ਮਨ ਦੇ ਵਿੱਚ ਸੱਚੀ ਚਿੰਤਾ ਰੱਖਣ ਨਾਲ ਹੀ ਸਾਡੇ ਅੰਦਰ ਦੇ ਕਾਲ ਦਾ ਅੰਤ ਹੋ ਸਕਦਾ ਹੈ। ਭਗਤ ਤਿਲੋਚਨ ਜੀ ਨੇ ਪੂਰੇ ਸ਼ਬਦ ਰਾਹੀਂ ਸਾਨੂੰ ਮਨ ਦੀ ਮਾੜੀ ਜਾਂ ਚੰਗੀ ਚਿੰਤਾ ਸਮਝਾਉਣ ਨਾਲ ਹੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਤਰੀਕਾ ਸਮਝਾਇਆ ਹੋਇਆ ਹੈ। ਆਉ ਸਮਝੀਏ।

"ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥"

ਸ਼ਬਦ ਦੇ ਉਪਰ ਵਾਲੇ ਪਦੇ ਵਿੱਚ **"ਮੰਦਰ"** ਨੂੰ ਸਿਮਰਨ ਦੀ ਗੱਲ ਕੀਤੀ ਹੋਈ ਹੈ ਭਾਵ ਮਨ ਦੇ ਵਿੱਚ ਹਰ ਵੇਲੇ ਮੰਦਰ ਦੀ ਚਿੰਤਾ ਲੱਗੀ ਰਹਿੰਦੀ ਹੈ, ਮੰਦਰ ਦੀ ਇੱਛਾ ਵੱਸੀ ਰਹਿੰਦੀ ਹੈ। ਉਪਰ ਵਾਲੀ ਪਹਿਲੀ ਪੰਗਤੀ ਨੂੰ ਸਮਝਣ ਲਈ ਸਭ ਤੋਂ ਜਰੂਰੀ ਗੱਲ ਇਹ ਹੈ ਕਿ ਪਹਿਲੇ ਅਸੀਂ ਇਸ ਗੱਲ ਨੂੰ ਸਮਝੀਏ ਕਿ **"ਮੰਦਰ"** ਕਿਸਨੂੰ ਕਿਹਾ ਹੈ ਜਿਸ ਮੰਦਰ ਦੀ ਚਿੰਤਾ ਵਿੱਚ ਅਸੀਂ ਹਰ ਵੇਲੇ ਮਰਦੇ ਰਹਿੰਦੇ ਹਾਂ ਭਾਵ ਜੋ ਇੱਛਾ ਮਨ ਦੀ ਹਰ ਵੇਲੇ ਸਾਨੂੰ ਮਾਰਦੀ ਰਹਿੰਦੀ ਹੈ ਭਾਵ ਦੁੱਖੀ ਕਰਦੀ ਰਹਿੰਦੀ ਹੈ। **"ਮੰਦਰ"** ਸਾਡੇ ਸਰੀਰ ਨੂੰ ਕਿਹਾ ਹੈ ਤੇ ਆਪਣੇ ਸਰੀਰ ਦੀ ਚਿੰਤਾ ਸਾਨੂੰ ਹਰ ਵੇਲੇ ਲੱਗੀ ਰਹਿੰਦੀ ਹੈ ਤੇ ਆਪਣੇ ਸਰੀਰ ਨੂੰ ਭਾਵ ਆਪਣੇ ਆਪ ਨੂੰ ਸੁਖੀ ਕਿਸ ਤਰੀਕੇ ਕਰੀਏ। ਆਪਣੇ ਸਰੀਰਕ ਸੁੱਖ ਲਈ ਅਸੀਂ ਅਨੇਕਾਂ ਹੀ ਉਪਰਾਲੇ ਕਰਦੇ ਹਾਂ, ਅਨੇਕਾਂ ਹੀ ਕਰਮ ਕਰਦੇ ਹਾਂ। ਆਪਣੇ ਆਪ ਨੂੰ ਸੁਖੀ ਬਨਾਉਣ ਲਈ ਅਸੀਂ ਮਾਇਆ ਇਕੱਠੀ ਕਰਦੇ ਹਾਂ। ਮਾਇਆ ਮੋਹ ਤੋਂ ਬਿਨ੍ਹਾਂ ਸੰਸਾਰ ਵਿੱਚ ਕੋਈ ਵੀ ਨਹੀਂ ਹੈ। ਮਾਇਆ ਹਰ ਕੋਈ ਵੱਧ ਤੋਂ ਵੱਧ ਇਕੱਠੀ ਕਰਨਾ ਚਾਹੁੰਦਾ ਹੈ ਤੇ ਜਿਆਦਾ ਮਾਇਆ ਇਕੱਠੀ ਕਰਨ ਲਈ ਭਾਵ ਮਾਇਆ ਵਿੱਚ ਸੁੱਖਾਂ ਦੀ ਪ੍ਰਾਪਤੀ ਕਰਨ ਲਈ ਮਨੁੱਖ ਅਨੇਕਾਂ ਮਾੜੇ ਕਰਮ ਵੀ ਕਰਦਾ ਹੈ। ਮਾਇਆ ਦਾ ਲੋਭ ਮਨੁੱਖ ਦਾ ਬਹੁਤ ਵੱਡਾ ਵਿਕਾਰ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੀ ਬਿਰਤੀ ਮਨੁੱਖ ਕੋਲੋਂ ਮਾੜੇ ਕਰਮ ਹੀ ਕਰਾਉਂਦੀ ਹੈ ਜੋ ਮਾੜੇ ਕਰਮ ਕਰਨ ਵਿੱਚ ਮਨੁੱਖ ਸਰੀਰਕ ਸੁੱਖ

55/7687

ਸਮਝਦਾ ਹੈ ਜਿੰਨ੍ਹਾਂ ਸੁੱਖਾਂ ਦੀ ਪ੍ਰਾਪਤੀ ਕਰਨ ਦੀ ਚਿੰਤਾ ਮਨੁੱਖ ਨੂੰ ਹਰ ਵੇਲੇ ਖਾਂਦੀ ਰਹਿੰਦੀ ਹੈ। ਸਾਡੇ ਅੰਦਰ ਦੀਆਂ ਜੋ ਇਹੋ ਜਿਹੀਆਂ

ਚਿੰਤਾਵਾਂ ਹਨ ਭਾਵ ਮਨ ਦੀਆਂ ਮਾੜੀਆਂ ਤ੍ਰਿਸ਼ਨਾਵਾਂ ਹਨ ਜੋ ਸਾਨੂੰ ਹਰ ਵੇਲੇ ਦੁਖੀ ਕਰਦੀਆਂ ਰਹਿੰਦੀਆਂ ਹਨ, ਮਨ ਦੀਆਂ ਇਹੋ ਜਿਹੀਆਂ ਇੱਛਾਵਾਂ ਹੀ ਸਾਡੇ ਅੰਦਰ ਦੇ ਪ੍ਰੇਤ ਹਨ, ਸਾਡੇ ਅੰਦਰ ਦੇ ਭੂਤ ਹਨ। ਮਨੁੱਖ ਦੀ ਇਹੀ ਭੂਤਾਂ ਵਾਲੀ ਜੂਨ ਹੈ ਜਿਸ ਭੂਤਾਂ ਵਾਲੀ ਜੂਨ ਵਿੱਚ ਬਾਰ-ਬਾਰ ਉਤਰਦਾ ਰਹਿੰਦਾ ਹੈ ਭਾਵ ਪੈਂਦਾ ਰਹਿੰਦਾ ਹੈ। ਭੂਤਾਂ ਦੀਆਂ ਗੱਲਾਂ ਕਰਨ ਵਾਲੇ ਬਹੁਤ ਹਨ। ਭੂਤ ਪ੍ਰੇਤ ਕੁਝ ਨਹੀਂ ਹੁੰਦੇ ਜੋ ਕਿ ਕੇਵਲ ਭਰਮ ਹੈ। ਭੂਤਣੇ ਸਾਡੇ ਮਨ ਦੇ ਮਾੜੇ ਵਿਚਾਰ ਹੀ ਹਨ, ਮਨ ਦੀਆਂ ਮਾੜੀਆਂ ਤ੍ਰਿਸ਼ਨਾਵਾਂ ਹੀ ਹਨ ਜੋ ਮਨ ਦੇ ਵਿਚਾਰ ਮਨੁੱਖ ਨੂੰ ਹਰ ਵੇਲੇ ਮਨ ਦੀ ਸਮਝ ਦੇ ਅੰਦਰ ਭੂਤਣਿਆਂ ਦੀ ਤਰ੍ਹਾਂ ਚਿਮੜੇ ਰਹਿੰਦੇ ਹਨ। ਬਾਣੀ ਵਿੱਚ ਜਮਾਂ ਦੀ ਗੱਲ ਵੀ ਆਉਂਦੀ ਹੈ, ਜਮਾਂ ਦੀ ਮਾਰ ਦੀ ਗੱਲ ਵੀ ਆਉਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਡੇ ਅੰਦਰ ਦੇ ਭੂਤਣੇ ਜਾਂ ਜਮ ਇੱਕੋ ਹੀ ਗੱਲ ਹੈ ਇਹ ਸਭ ਸਾਨੂੰ ਮਨ ਦੇ ਵਿੱਚ ਤ੍ਰਿਸ਼ਨਾਵਾਂ ਦਾ ਰੂਪ, ਦੁੱਖੀ ਕਰਨ ਵਾਲੇ ਵਿਚਾਰ ਹੀ ਹਨ। ਬਾਣੀ ਵਿੱਚ ਨਰਕ ਸਵਰਗ ਦੀ ਗੱਲ ਵੀ ਆਉਂਦੀ ਹੈ। ਸਾਨੂੰ ਦੁਖੀ ਕਰਨ ਵਾਲੇ ਵਿਚਾਰ ਸਾਡੇ ਅੰਦਰ ਦਾ ਨਰਕ ਹੈ ਤੇ ਜਦੋਂ ਸਾਡੀ ਕੋਈ ਇੱਛਾ ਪੂਰੀ ਹੋ ਜਾਂਦੀ ਹੈ ਉਸ ਵਿੱਚ ਸਾਨੂੰ ਸੁੱਖ ਮਹਿਸੂਸ ਹੁੰਦਾ ਹੈ, ਖੁਸ਼ੀ ਮਹਿਸੂਸ ਹੁੰਦੀ ਹੈ। ਇਹ ਤ੍ਰਿਸ਼ਨਾਵਾਂ ਦੀ ਪੂਰਤੀ ਵਾਲੇ, ਖੁਸ਼ੀ ਵਾਲੇ ਵਿਚਾਰ ਸਾਡੇ ਅੰਦਰ ਦਾ ਸਵਰਗ ਹੈ। ਸਾਡੇ ਅੰਦਰ ਗਮੀ ਜਾਂ ਖੁਸ਼ੀ ਚੱਲਦੀ ਹੀ ਰਹਿੰਦੀ ਹੈ ਇਸੇ ਲਈ ਬਾਣੀ ਰਾਹੀਂ ਸਾਨੂੰ ਇਹ ਸਮਝਾਇਆ ਹੋਇਆ ਹੈ ਕਿ ਮਨੁੱਖ ਦਾ ਨਰਕ ਸਵਰਗ ਵਿੱਚ ਫਿਰ ਫਿਰ ਅਵਤਾਰ ਹੁੰਦਾ ਰਹਿੰਦਾ ਹੈ ਭਾਵ ਕਦੇ ਮਨੁੱਖ ਨਰਕ ਵਿੱਚ ਰਹਿੰਦਾ ਹੈ, ਕਦੇ ਮਨੁੱਖ ਸਵਰਗ ਵਿੱਚ ਰਹਿੰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ। ਮਨੁੱਖ ਦੇ ਅੰਦਰ ਦਾ ਅਸਲ ਨਰਕ ਉਸਦੇ ਅੰਦਰ ਗੁਰਮਤਿ ਦੀ ਸੱਚੀ ਸਮਝ ਦਾ ਨਾ ਹੋਣਾ ਹੈ ਤੇ ਗੁਰਮਤਿ ਦੀ ਸੱਚੀ ਸਮਝ ਦੁਆਰਾ ਮਨੁੱਖ ਜੋ ਵੀ ਕਰਮ ਕਰਦਾ ਹੈ ਉਹ ਉਸੇ ਵਿੱਚ ਹੀ ਖੁਸ਼ੀ ਮਹਿਸੂਸ ਕਰਦਾ ਹੈ ਭਾਵੇਂ ਉਸ ਲਈ ਉਸਨੂੰ ਔਖਾ ਵੀ ਹੋਣਾ ਪੈਂਦਾ ਹੈ, ਮਾਇਆ ਮੋਹ ਛੱਡਣਾ ਪੈਂਦਾ ਹੈ। ਇਸ ਲਈ ਗੁਰੂ ਦਾ ਨਾਮ ਜਪਣਾ ਔਖਾ ਹੈ। ਮਨ ਦੇ ਵਿੱਚ ਗੁਰੂ ਦੇ ਸੱਚੇ ਨਾਮ ਵਾਲੀ ਸਮਝ ਦਾ ਹੋਣਾ ਹੀ ਸਾਡੇ ਅੰਦਰ ਦਾ ਅਸਲ ਸਵਰਗ ਹੈ। ਜਦੋਂ ਅਸੀਂ ਗੁਰਮਤਿ ਅਨੁਸਾਰ ਵਿਚਰਕੇ ਚੰਗੇ ਕਰਮ ਕਰਦੇ ਹਾਂ, ਸੱਚ ਤੇ ਚੱਲਣ ਤੇ ਖੁਸ਼ੀ ਮਹਿਸੂਸ ਕਰਦੇ ਹਾਂ ਉਸ ਵੇਲੇ ਅਸੀਂ ਮਨ ਦੇ ਅਸਲ ਸਵਰਗ ਵਿੱਚ ਹੁੰਦੇ ਹਾਂ। ਸਾਡੇ ਮਨ ਦਾ ਨਰਕ ਸਵਰਗ ਕੀ ਹੈ ਜਿਸ ਨਰਕ ਸਵਰਗ ਵਿੱਚ ਅਸੀਂ ਬਾਰ-ਬਾਰ ਆਉਂਦੇ ਜਾਂਦੇ ਰਹਿੰਦੇ ਹਾਂ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

{ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥
ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥
ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥
ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥}

(ਅੰਗ ੨੭੮)

ਪਉੜੀ ॥

{ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ ॥
ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥ ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ॥
ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ ॥
ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ ॥੧੯॥}

(ਅੰਗ ੯੦-੯੧)

{ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥ ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ ॥੧॥ ਰਹਾਉ ॥
ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥
ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥

8158

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥
ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥}

(ਅੰਗ ੨੧੦)

{ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ ॥੧॥ ਰਹਾਉ ॥
ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ ॥ ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ ॥੧॥
ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨॥}

(ਅੰਗ ੨੧੪)

55/7687-A

ਸਲੋਕੁ ॥
{ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥
ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥੧॥}

(ਅੰਗ ੨੫੭)

ਪਉੜੀ ॥
{ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥
ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥}

(ਅੰਗ ੨੫੭-੨੫੮)

{ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥ ਜੋ ਜਾਨੈ ਮੈ ਜੋਬਨਵੰਤੁ ॥
ਸੋ ਹੋਵਤ ਬਿਸਟਾ ਕਾ ਜੰਤੁ ॥ ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥
ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥
ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥}

(ਅੰਗ ੨੭੮)

ਪਉੜੀ ॥
{ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ ॥ ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥
ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ ॥ ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ ॥
ਭਉ ਬਿਨਸੈ ਅੰਮ੍ਰਿਤੁ ਰਸੈ ਰੰਗਿ ਰਤੇ ਨਿਰੰਕਾਰ ॥ ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ ॥
ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ ॥ ਮਨੁ ਨਿਰਮਲੁ ਮੁਖੁ ਊਜਲਾ ਹੋਇ ਨਾਨਕ ਸਾਧ ਰਵਾਲ ॥੪॥}

(ਅੰਗ ੨੯੭)

ਸਲੋਕੁ ॥

{ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ ॥
ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ ॥੯॥}

(ਅੰਗ ੨੯੮)

ਪਉੜੀ ॥

{ਤ੍ਰਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਤ ਨਰਕ ਅਵਤਾਰ ॥
ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥
ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘ ਰੋਗੁ ਮਾਇਆ ਆਸਾਧਿਓ ॥
ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥
ਹਰਿ ਬਿਸਰਤ ਹੋਵਤ ਏਹ ਹਾਲ ॥ ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥੧੩॥}

(ਅੰਗ ੨੯੯)

ਸਲੋਕ ਮਃ ੪ ॥

{ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥ ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥
ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥ ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ॥
ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥
ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥
ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥}

(ਅੰਗ ੩੦੯)

ਸਲੋਕ ਮਃ ੫ ॥

{ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥ ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥੧॥}

(ਅੰਗ ੩੧੫)

{ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ ॥ ਆਪਿ ਦਿਖਾਵੈ ਵਾਟੜੀਂ ਸਚੀ ਭਗਤਿ ਦ੍ਰਿੜਾਏ ॥੪॥
ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ ॥ ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ ॥੫॥}

(ਅੰਗ ੪੨੦)

{ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥ ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ ॥
ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ ॥ ਕਰਿ ਅਨੁਗ੍ਰਹੁ ਰਾਖਿ ਲੀਨੇ ਮੋਹ ਮਮਤਾ ਸਭ ਤਜੇ ॥
ਗਹਿ ਕੰਠਿ ਲਾਏ ਗੁਰਿ ਮਿਲਾਏ ਗੋਵਿੰਦ ਜਪਤ ਅਘਾਇਣ ॥
ਬਿਨਵੰਤਿ ਨਾਨਕ ਸਿਮਰਿ ਸੁਆਮੀ ਸਗਲ ਆਸ ਪੁਜਾਇਣ ॥੩॥}

(ਅੰਗ ੪੬੦)

ਆਸਾ ॥

{ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥
ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥
ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥
ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥}

(ਅੰਗ ੪੮੪)

ਦੇਵਗੰਧਾਰੀ ਪ ॥

{ਮਾਈ ਜੋ ਪ੍ਰਭ ਕੇ ਗੁਨ ਗਾਵੈ ॥ ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ ॥੧॥ ਰਹਾਉ ॥
ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥ ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ ਧਾਵੈ ॥੧॥
ਪੂਰਨ ਬ੍ਰਹਮੁ ਰਵਿਆ ਮਨ ਤਨ ਮਹਿ ਆਨ ਨ ਦ੍ਰਿਸਟੀ ਆਵੈ ॥
ਨਰਕ ਰੋਗ ਨਹੀ ਹੋਵਤ ਜਨ ਸੰਗਿ ਨਾਨਕ ਜਿਸੁ ਲੜਿ ਲਾਵੈ ॥੨॥੧੪॥}

(ਅੰਗ ੫੩੧)

55/7687-B

ਸਲੋਕ ॥

{ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥
ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥
ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥ ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥}

(ਅੰਗ ੭੦੭)

{ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥}

(ਅੰਗ ੬੪੨)

ਸਲੋਕ ਮਃ ੩ ॥

{ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ ॥ ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥

ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ ॥੧॥}

(ਅੰਗ ੮੫੪)

{ਜੇ ਓਹੁ ਅਠਸਠਿ ਤੀਰਥ ਨ੍ਹਾਵੈ ॥ ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੁਪ ਤਟਾ ਦੇਵਾਵੈ ॥ ਕਰੈ ਨਿੰਦ ਸਭ ਬਿਰਥਾ ਜਾਵੈ ॥੧॥
ਸਾਧ ਕਾ ਨਿੰਦਕੁ ਕੈਸੇ ਤਰੈ ॥ ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥}

(ਅੰਗ ੮੭੫)

{ਹਠੁ ਅਹੰਕਾਰੁ ਕਰੈ ਨਹੀ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ ॥
ਤੀਰਥਿ ਭਰਮਸਿ ਬਿਆਧਿ ਨ ਜਾਵੈ ॥ ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥
ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥
ਜਮ ਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥}

(ਅੰਗ ੯੦੫-੯੦੬)

{ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ ॥
ਵਣੁ ਤ੍ਰਿਣੁ ਢੂਢਤ ਫਿਰਿ ਰਹੀ ਮਨ ਮਹਿ ਕਰਉ ਬੀਚਾਰੁ ॥
ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥਿ ਭੰਡਾਰੁ ॥ ਊਤਮੁ ਹੋਵਾ ਪ੍ਰਭੁ ਮਿਲੈ ਇਕ ਮਨਿ ਏਕੈ ਭਾਇ ॥
ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ ਪਰਥਾਇ ॥ ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ ॥
ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ ॥੪੬॥}

(ਅੰਗ ੯੩੬)

{ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥
ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥੪॥
ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥
ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥}

(ਅੰਗ ੯੬੯)

{ਪਸੁ ਪੰਖੀ ਭੂਤ ਅਰੁ ਪ੍ਰੇਤਾ ॥ ਬਹੁ ਬਿਧਿ ਜੋਨੀ ਫਿਰਤ ਅਨੇਤਾ ॥
ਜਹ ਜਾਨੋ ਤਹ ਰਹਨੁ ਨ ਪਾਵੈ ॥ ਥਾਨ ਬਿਹੂਨ ਉਠਿ ਉਠਿ ਫਿਰਿ ਧਾਵੈ ॥
ਮਨਿ ਤਨਿ ਬਾਸਨਾ ਬਹੁਤੁ ਬਿਸਥਾਰਾ ॥ ਅਹੰਮੇਵ ਮੂਠੋ ਬੇਚਾਰਾ ॥
ਅਨਿਕ ਦੋਖ ਅਰੁ ਬਹੁਤੁ ਸਜਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥
ਪ੍ਰਭ ਬਿਸਰਤ ਨਰਕ ਮਹਿ ਪਾਇਆ ॥ ਤਹ ਮਾਤ ਨ ਬੰਧੁ ਨ ਮੀਤ ਨ ਜਾਇਆ ॥
ਜਿਸ ਕਉ ਹੋਤ ਕ੍ਰਿਪਾਲ ਸੁਆਮੀ ॥ ਸੋ ਜਨੁ ਨਾਨਕ ਪਾਰਗਰਾਮੀ ॥੩॥}

(ਅੰਗ ੧੦੦੫)

{ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥}

(ਅੰਗ ੧੦੧੩)

{ਮੋਖ ਮੁਕਤਿ ਦੁਆਰਿ ਜਾ ਕੈ ਸੰਤ ਰਿਦਾ ਭੰਡਾਰੁ ॥ ਜੀਅ ਜੁਗਤਿ ਸੁਜਾਣੁ ਸੁਆਮੀ ਸਦਾ ਰਾਖਣਹਾਰੁ ॥੩॥

ਦੂਖ ਦਰਦ ਕਲੇਸ ਬਿਨਸਹਿ ਜਿਸੁ ਬਸੈ ਮਨ ਮਾਹਿ ॥ ਮਿਰਤੁ ਨਰਕੁ ਅਸਥਾਨ ਬਿਖੜੇ ਬਿਖੁ ਨ ਪੋਹੈ ਤਾਹਿ ॥੪॥}

(ਅੰਗ ੧੦੧੭)

{ਨਾਮੁ ਵਿਸਾਰਿ ਦੋਖ ਦੁਖ ਸਹੀਐ ॥ ਹੁਕਮੁ ਭਇਆ ਚਲਣਾ ਕਿਉ ਰਹੀਐ ॥
ਨਰਕ ਕੁਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ ॥੮॥
ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ ॥
ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥੯॥
ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥੧੦॥}

(ਅੰਗ ੧੦੨੮)

{ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥
ਸਾਕਤ ਕੁੜ ਕਪਟ ਮਹਿ ਟੇਕਾ ॥ ਅਹਿਨਿਸਿ ਨਿੰਦਾ ਕਰਹਿ ਅਨੇਕਾ ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥
ਸਾਕਤ ਜਮ ਕੀ ਕਾਣਿ ਨ ਚੂਕੈ ॥ ਜਮ ਕਾ ਡੰਡੁ ਨ ਕਬਹੂ ਮੂਕੈ ॥
ਬਾਕੀ ਧਰਮ ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ ॥੧੦॥
ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥ ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥
ਗੁਰ ਕੀ ਦਾਤਿ ਨ ਮੇਟੈ ਕੋਈ ॥ ਜਿਸੁ ਬਖਸੇ ਤਿਸੁ ਤਾਰੇ ਸੋਈ ॥
ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥੧੨॥
ਗੁਰ ਤੇ ਭੂਲੇ ਆਵਹੁ ਜਾਵਹੁ ॥ ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥
ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥
ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥੧੪॥
ਹਉਮੈ ਮਮਤਾ ਕਰਦਾ ਆਇਆ ॥ ਆਸਾ ਮਨਸਾ ਬੰਧਿ ਚਲਾਇਆ ॥
ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥੧੫॥
ਹਰਿ ਕੀ ਭਗਤਿ ਕਰਹੁ ਜਨ ਭਾਈ ॥ ਅਕਥੁ ਕਥਹੁ ਮਨੁ ਮਨਹਿ ਸਮਾਈ ॥
ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ ਦੁਖੁ ਕਾਟੇ ਕਾਟਣਹਾਰਾ ਹੇ ॥੧੬॥
ਹਰਿ ਗੁਰ ਪੂਰੇ ਕੀ ਓਟ ਪਰਾਤੀ ॥ ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ॥
ਨਾਨਕ ਰਾਮ ਨਾਮਿ ਮਤਿ ਊਤਮ ਹਰਿ ਬਖਸੇ ਪਾਰਿ ਉਤਾਰਾ ਹੇ ॥੧੭॥੪॥੧੦॥}

(ਅੰਗ ੧੦੩੦-੧੦੩੧)

{ਹਰਿ ਕਾ ਨਾਮੁ ਕੋਟਿ ਲਖ ਬਾਹਾ ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥

ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥੯॥
ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥ ਜੀਤਿ ਆਵਹੁ ਵਸਹੁ ਘਰਿ ਅਪਨੇ ॥
ਲਖ ਚਉਰਾਸੀਹ ਨਰਕ ਨ ਦੇਖਹੁ ਰਸਕਿ ਰਸਕਿ ਗੁਣ ਗਾਈ ਹੇ ॥੧੦॥}

(ਅੰਗ ੧੦੭੨)

{ਰੇ ਮਨ ਲੋਭੀ ਸੁਣਿ ਮਨ ਮੇਰੇ ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥
ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥੧੧॥
ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥}

(ਅੰਗ ੧੦੭੩)

55/7687-C

{ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ ॥ ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ ॥
ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ ॥
ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ ॥
ਹਰਿ ਸਿਉ ਜਾਇ ਮਿਲਣਾ ਸਾਧਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ ॥
ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ ॥੩॥}

(ਅੰਗ ੧੧੨੨)

ਮਃ ੧ ॥

{ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥੨॥}

(ਅੰਗ ੧੨੪੩-੧੨੪੪)

{ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥}

(ਅੰਗ ੧੩੭੦)

{ਮਾਇਆ ਰੰਗ ਬਿਰੰਗ ਕਰਤ ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥
ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਰ ਕ੍ਰਿਮਿ ਉਦਰੁ ਭਰਿਓ ਹੈ ॥
ਦਹ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ ਹੈ ॥
ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥
ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ ॥
ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥੮॥}

(ਅੰਗ ੧੩੮੮)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਥੋੜਾ ਬਰੀਕੀ ਨਾਲ ਸਮਝਣ ਨਾਲ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਤੇ ਗੁਰੂ ਦੀ ਗੱਲ ਤੇ ਵਿਸ਼ਵਾਸ ਰੱਖ ਸਕਦਾ ਹੈ ਕਿ ਨਰਕ ਸਵਰਗ ਸਾਡੇ ਮਨ ਦੇ ਵਿਚਾਰਾਂ ਦੇ ਨਾਲ ਹੀ ਜੁੜੇ ਹੋਏ ਹਨ ਜੋ ਵਿਚਾਰ ਹਰ ਕਿਸੇ ਦੇ ਅੰਦਰ ਆਉਂਦੇ ਜਾਂਦੇ ਰਹਿੰਦੇ ਹਨ। ਸਾਡੇ ਸਭ ਦੇ ਅੰਦਰ ਮਾੜੇ ਵਿਚਾਰ ਵੀ ਆਉਂਦੇ ਹਨ ਤੇ ਚੰਗੇ ਵਿਚਾਰ ਵੀ ਆਉਂਦੇ ਹਨ। ਸਾਡੇ ਅੰਦਰ ਅਨੇਕਾਂ ਵਿਚਾਰ ਆਉਂਦੇ ਹਨ ਇਸੇ ਕਰਕੇ ਹੀ ਉਪਰ ਸ਼ਬਦ ਵਿੱਚ ਅਨੇਕਾਂ ਨਰਕਾਂ ਦੀ ਗੱਲ ਕੀਤੀ ਹੋਈ ਹੈ ਤੇ ਬਾਰ-ਬਾਰ ਨਰਕ ਸਵਰਗ ਵਿੱਚ ਪੈਣ ਦੀ ਗੱਲ ਵੀ ਕੀਤੀ ਹੋਈ ਹੈ। ਜੋ ਮਨੁੱਖ ਸਵਰਗ ਨੂੰ ਕਿਤੇ ਹੋਰ ਸਮਝਦੇ ਹਨ ਉਹ ਫਿਰ ਇੱਕ ਵਾਰੀ ਸਵਰਗ ਵਿੱਚ ਜਾ ਕੇ ਨਰਕਾਂ ਵਿੱਚ ਕਿਵੇਂ ਆ ਸਕਦੇ ਹਨ। ਉਪਰ ਸ਼ਬਦਾਂ ਵਿੱਚ ਘੋਰ ਨਰਕ ਦੀ ਗੱਲ ਵੀ ਕੀਤੀ ਹੋਈ ਹੈ। ਮਨੁੱਖ ਦੇ ਅੰਦਰ ਘੋਰ ਅਗਿਆਨਤਾ ਵਾਲੀ ਸਮਝ ਭਾਵ ਜੋ ਮਨੁੱਖ ਧਰਮ ਦੇ ਸਹੀ ਮਾਰਗ ਨੂੰ ਸਮਝਣ ਵਿੱਚ ਮਨ ਦੀ ਘੋਰ ਅਗਿਆਨਤਾ ਵਿੱਚ ਰਹਿੰਦੇ ਹਨ ਇਹ ਉਨ੍ਹਾਂ ਦੇ ਅੰਦਰ ਦਾ ਘੋਰ ਨਰਕ ਹੈ। ਜਦ ਤੱਕ ਕੋਈ ਮਨੁੱਖ ਮਨ ਦੇ ਵਿਚਾਰਾਂ ਨੂੰ ਆਪਣੇ ਵਿਚਾਰ ਸਮਝਦਾ ਹੈ ਤਦ ਤੱਕ ਹਰ ਕੋਈ ਮਨ ਦੇ ਨਰਕ ਸਵਰਗ ਵਿੱਚ ਹੀ ਹੈ ਭਾਵ ਮੰਦੇ ਚੰਗੇ ਵਿਚਾਰਾਂ ਵਿੱਚ ਹੀ ਹੈ, ਦੁੱਖਾਂ ਸੁੱਖਾਂ ਵਾਲੇ ਵਿਚਾਰਾਂ ਵਿੱਚ ਹੀ ਹੈ ਤੇ ਜਦੋਂ ਸ੍ਰਿਸ਼ਟੀ ਦਾ ਕਰਤਾ ਕਿਸੀ ਮਨੁੱਖੀ ਸਮਝ ਦੇ ਅੰਦਰ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਆਪਣੇ ਆਪ ਨੂੰ ਪ੍ਰਗਟ ਕਰਕੇ ਇਹ ਵਿਸ਼ਵਾਸ ਦਿਵਾ ਦਿੰਦਾ ਹੈ ਕਿ ਸਭ ਦੀ ਸਮਝ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਭਾਵ ਗਾਡ, ਭਗਵਾਨ, ਅੱਲ੍ਹਾ, ਵਾਹਿਗੁਰੂ ਇੱਕੋ ਇੱਕ ਆਪ ਹੀ ਹੈ ਉਹੀ ਮਨੁੱਖ ਮਨ ਦੇ ਸਵਰਗ ਨਰਕ ਵਿੱਚੋਂ ਨਿਕਲ ਸਕਦਾ ਹੈ ਜਿਵੇਂ ਕਿ ਉਸਦੇ ਭਗਤ ਜਨ, ਗੁਰੂ ਸਾਹਿਬਾਨ ਨਿਕਲੇ ਹਨ। ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਵਿੱਚੋਂ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅੱਲ੍ਹਾ ਦੇ ਇਸ ਸ਼ਬਦ ਦੀਆਂ ਪੰਗਤੀਆਂ ਦੁਆਰਾ ਦ੍ਰਿੜ ਕੀਤਾ ਜਾ ਸਕਦਾ ਹੈ। **(ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥ ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥)**

55/7687-D

ਮਨੁੱਖ ਦਾ ਸਭ ਤੋਂ ਵੱਡਾ ਭਰਮ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਣ ਦਾ ਹੀ ਹੈ ਜੋ ਭਰਮ ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਪਾਇਆ ਹੋਇਆ ਹੈ। ਅਸਲ ਵਿੱਚ ਨਾ ਕੋਈ ਜੰਮਦਾ ਹੈ, ਨਾ ਕੋਈ ਮਰਦਾ ਹੈ ਕਿਉਂਕਿ ਅਸਲ ਵਿੱਚ ਹਰ ਕੋਈ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਕੇਵਲ ਗੁਰੂ ਦੀ ਗੱਲ ਤੇ ਵਿਸ਼ਵਾਸ ਟਿਕਾਉਣ ਦੀ ਗੱਲ ਹੈ ਕਿ ਗੁਰੂ ਕਦੇ ਝੂਠੀ ਗੱਲ ਨਹੀਂ ਕਹਿ ਸਕਦਾ ਕਿਉਂਕਿ ਉਹ ਸੱਚ ਰੂਪ ਅਕਾਲ ਪੁਰਖ ਦਾ, ਅੱਲ੍ਹਾ ਦਾ, ਪ੍ਰਮਾਤਮਾ ਦਾ, ਗਾਡ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ। ਆਉ ਹੇਠ ਦਿੱਤੇ ਸ਼ਬਦਾਂ ਨੂੰ ਪੜੀਏ, ਵਿਚਾਰੀਏ ਤੇ ਵਿਸ਼ਵਾਸ ਨਾਲ ਮੰਨੀਏ।

ਪੀਪਾ ॥

{ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥}

(ਅੰਗ ੬੯੫)

ਰਾਮਕਲੀ ਮਹਲਾ ੫ ॥

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥ ਭਰਮ ਮੋਹ ਕੇ ਬਾਂਧੇ ਬੰਧ ॥
ਸੁਪਨੁ ਭਇਆ ਭਖਲਾਏ ਅੰਧ ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ ॥
ਆਵਤ ਜਾਵਤ ਹੁਕਮਿ ਅਪਾਰਿ ॥ ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥

ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੮੮੫)

ਪ੍ਰਮਾਤਮਾ ਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਨਾ ਜਾਣ ਸਕਣ ਦਾ ਕਾਰਣ ਸਾਡੇ ਅੰਦਰ ਪ੍ਰਮਾਤਮਾ ਦਾ ਆਪਣਾ ਹੀ ਪਾਇਆ ਹੋਇਆ ਭਰਮ ਹੈ ਭਾਵ ਸਾਡੇ ਅੰਦਰ ਉਸਦਾ ਆਪਣਾ ਪਾਇਆ ਹੋਇਆ ਅਗਿਆਨਤਾ ਰੂਪ ਕਾਲ ਹੈ ਜਿਸ ਕਾਲ ਵਾਲੀ ਸਮਝ ਦਾ ਅੰਤ ਹੋਏ ਬਿਨ੍ਹਾਂ ਹੀ ਹਰ ਕੋਈ ਆਪਣੇ ਆਪ ਨੂੰ ਆਵਾਗਉਣ ਵਿੱਚ ਸਮਝਦਾ ਹੈ, ਜੂਨਾਂ ਆਦਿਕ ਆਉਣ-ਜਾਣ ਵਿੱਚ ਸਮਝਦਾ ਹੈ, ਨਰਕ-ਸਵਰਗ ਵਾਲੇ ਵਿਚਾਰਾਂ ਨਾਲ ਜੁੜਿਆ ਰਹਿੰਦਾ ਹੈ ਜਿਵੇਂ ਕਿ ਅਸੀਂ ਮੁੱਖ ਸ਼ਬਦ ਰਾਹੀਂ ਸਮਝਦੇ ਆ ਰਹੇ ਹਾਂ। **(ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥)**

ਉਪਰ ਸ਼ਬਦ ਵਿੱਚ **"ਮੰਦਰ"** ਕਿਸਨੂੰ ਕਿਹਾ ਹੈ ਭਾਵ ਮਨੁੱਖੀ ਸਰੀਰ ਨੂੰ ਕਿਹਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ।

55/7687-E

ਪ੍ਰਭਾਤੀ ਮਹਲਾ ੩ ਬਿਭਾਸ
ੴ ਸਤਿਗੁਰ ਪ੍ਰਸਾਦਿ ॥

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥
ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥
ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥
ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥}

(ਅੰਗ ੧੩੪੬)

ਪਉੜੀ ॥

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥}

(ਅੰਗ ੯੫੨)

{ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥}

(ਅੰਗ ੭੭੫)

ਗਉੜੀ ਗੁਆਰੇਰੀ ਮਹਲਾ ੫ ॥

{ਮਨੁ ਮੰਦਰੁ ਤਨੁ ਸਾਜੀ ਬਾਰਿ ॥ ਇਸ ਹੀ ਮਧੇ ਬਸਤੁ ਅਪਾਰ ॥
ਇਸ ਹੀ ਭੀਤਰਿ ਸੁਨੀਅਤ ਸਾਹੁ ॥ ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥੧॥
ਨਾਮ ਰਤਨ ਕੋ ਕੋ ਬਿਉਹਾਰੀ ॥ ਅੰਮ੍ਰਿਤ ਭੋਜਨੁ ਕਰੇ ਆਹਾਰੀ ॥੧॥ ਰਹਾਉ ॥
ਮਨੁ ਤਨੁ ਅਰਪੀ ਸੇਵ ਕਰੀਜੈ ॥ ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥
ਪਾਇ ਲਗਉ ਤਜਿ ਮੇਰਾ ਤੇਰੈ ॥ ਕਵਨੁ ਸੁ ਜਨੁ ਜੋ ਸਉਦਾ ਜੋਰੈ ॥੨॥
ਮਹਲੁ ਸਾਹ ਕਾ ਕਿਨ ਬਿਧਿ ਪਾਵੈ ॥ ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥
ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ ॥ ਕਵਨੁ ਸੁ ਦਾਤਾ ਲੇ ਸੰਚਾਰੇ ॥੩॥
ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥}

(ਅੰਗ ੧੮੦-੧੮੧)

ਸਿਰੀਰਾਗੁ ਮਹਲਾ ੧ ॥

{ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ॥
ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥੧॥ ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥
ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥

ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥ ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥
ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥ ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥ ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥੫॥
ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ॥ ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ॥
ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ ॥੬॥
ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥ ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥
ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥ ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ ॥
ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥ ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ ॥੮॥੭॥}

(ਅੰਗ ੫੭)

55/7688

{ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥}

(ਅੰਗ ੧੬-੧੭)

{ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥ ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥
ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥
ਸਚੁ ਵਡਾਈ ਕੀਮ ਨ ਪਾਈ ॥ ਕੁਦਰਤਿ ਕਰਮੁ ਨ ਕਹਣਾ ਜਾਈ ॥
ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥੨॥}

(ਅੰਗ ੧੦੭)

{ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥
ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥
ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥ ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ॥
ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ ॥੪॥੧॥}

(ਅੰਗ ੫੪੨)

{ਮਿਲੇ ਸੁਆਮੀ ਪ੍ਰੀਤਮ ਅਪੁਨੇ ਘਰ ਮੰਦਰ ਸੁਖਦਾਈ ॥
ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ਸਗਲੀ ਇਛ ਪੁਜਾਈ ॥੨॥੮॥੩੬॥}

(ਅੰਗ ੬੧੮)

{ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥
ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥

ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥ ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ॥
ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥}

(ਅੰਗ ੭੮੩)

{ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥
ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ਕਉਨੁ ਜਾਣੈ ਪੀਰ ਪਰਾਈ ॥
ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥}

(ਅੰਗ ੭੯੫)

{ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥}

(ਅੰਗ ੮੦੧)

{ਆਪ ਹੀ ਮੰਦਰੁ ਆਪਹਿ ਸੇਵਾ ॥ ਆਪ ਹੀ ਪੂਜਾਰੀ ਆਪ ਹੀ ਦੇਵਾ ॥੩॥
ਆਪਹਿ ਜੋਗ ਆਪ ਹੀ ਜੁਗਤਾ ॥ ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥੧॥੬॥}

(ਅੰਗ ੮੦੩)

{ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥ ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥}

(ਅੰਗ ੯੨੧-੯੨੨)

ਪਉੜੀ ॥

{ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥
ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥}

(ਅੰਗ ੯੫੩)

55/7689

{ਘਰੁ ਦਰੁ ਮੰਦਰੁ ਜਾਣੈ ਸੋਈ ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥੧੨॥}

(ਅੰਗ ੧੦੩੯)

{ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥

ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥੪॥}

(ਅੰਗ ੧੦੫੯)

ਪਉੜੀ ॥

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥
ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ ੧੦੯੬)

{ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥
ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥
ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥
ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥੪੯॥}

(ਅੰਗ ੧੪੧੯)

ਸਾਡਾ ਇਹ ਸਰੀਰ ਅਸਲ ਵਿੱਚ ਮੰਦਰ ਤਾਂ ਪ੍ਰਮਾਤਮਾ ਦਾ ਹੀ ਹੈ ਤੇ ਮਨ ਦੀ ਅਗਿਆਨਤਾ ਕਰਕੇ ਹੀ ਸਾਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਅਸਲ ਵਿੱਚ ਹਰ ਸਰੀਰ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਵਰਤ ਰਿਹਾ ਹੈ ਜਿਸ ਕਰਕੇ ਹਰ ਸਰੀਰ ਉਸਦਾ ਆਪਣਾ ਹੀ ਮੰਦਰ ਹੈ ਕਿਉਂਕਿ ਇਸ ਮੰਦਰ ਵਿੱਚ ਉਹ ਆਪ ਹੀ ਰਹਿੰਦਾ ਹੈ। ਆਪਣੇ ਇਸ ਮੰਦਰ ਰੂਪ ਸਰੀਰ ਦੀ ਸਮਝ ਉਹ ਕਿਸੇ ਵਿਰਲੇ ਸਰੀਰ ਰਾਹੀਂ, ਮਨ ਰੂਪ ਜੋਤਿ ਰਾਹੀਂ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਉਨ੍ਹਾਂ ਦੇ ਅੰਦਰ ਦੀ ਜੋਤਿ ਰਾਹੀਂ ਪ੍ਰਗਟ ਹੋ ਕੇ ਪਾਈ ਹੈ। ਮਨ ਦੀ ਨਾਸਮਝੀ ਕਰਕੇ ਮਨੁੱਖ ਆਪਣੇ ਆਪ ਨੂੰ ਉੱਚਾ ਸਮਝਦਾ ਹੈ ਜਿਵੇਂ ਕਿ ਇਸ ਗੱਲ ਨੂੰ ਭਗਤ ਰਵਿਦਾਸ ਜੀ ਦੇ ਮੁੱਖੋਂ ਉਚਾਰੇ ਹੋਏ ਸ਼ਬਦ ਦੁਆਰਾ ਸਮਝਿਆ ਜਾ ਸਕਦਾ ਹੈ। ਜਿਸ ਸ਼ਬਦ ਰਾਹੀਂ ਇੱਕ ਪਦੇ ਵਿੱਚ **"ਮੰਦਰ"** ਸ਼ਬਦ ਦੀ ਵਰਤੋਂ ਕੀਤੀ ਹੋਈ ਹੈ।

"ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥ ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥ ਰਾਖਹੁ ਕੰਧ ਉਸਾਰਹੁ ਨੀਵਾਂ ॥
ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥ ਬੰਕੇ ਬਾਲ ਪਾਗ ਸਿਰਿ ਡੇਰੀ ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥ ਊਚੇ ਮੰਦਰ ਸੁੰਦਰ ਨਾਰੀ ॥
ਰਾਮ ਨਾਮ ਬਿਨੁ ਬਾਜੀ ਹਾਰੀ ॥੪॥ ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥"

(ਅੰਗ ੬੫੯)

ਉਪਰ ਵਾਲੇ ਸ਼ਬਦ ਦੇ ਅਰਥ ਥੋੜੇ ਗਹਿਰੇ ਹਨ ਜਿਸ ਰਾਹੀਂ ਮਨੁੱਖ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਮਨੁੱਖੀ ਸਰੀਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਮੰਦਰ ਹੈ ਜਿਸਨੂੰ ਇਹ ਮਨੁੱਖ ਆਪਣਾ ਸਰੀਰ ਸਮਝਦਾ

ਹੈ। ਪਹਿਲਾਂ ਸ਼ਬਦ ਦੇ ਪਹਿਲੇ ਪਦੇ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸਾਡਾ ਕਿਤਨਾ ਵੱਡਾ ਭਰਮ ਕੱਢਿਆ ਹੋਇਆ ਹੈ। ਸਾਡੀ ਤੁਲਨਾ ਇੱਕ ਪੰਛੀ ਨਾਲ ਕੀਤੀ ਹੋਈ ਹੈ ਜਿਸਨੂੰ ਕਿ ਮਨੁੱਖ ਆਪਣੇ ਵੱਸ ਵਿੱਚ ਰੱਖਣ ਲਈ ਪਿੰਜਰੇ ਵਿੱਚ ਡੱਕ ਕੇ ਰੱਖਦਾ ਹੈ। ਜਿਵੇਂ ਇੱਕ ਪੰਛੀ ਆਪਣੇ ਪਿੰਜਰੇ ਨੂੰ ਆਪਣਾ ਘਰ ਸਮਝਦਾ ਹੈ, ਆਪਣੇ ਰਹਿਣ ਦੀ ਜਗ੍ਹਾ ਸਮਝਦਾ ਹੈ ਉਸੇ ਤਰ੍ਹਾਂ ਹੀ ਮਨੁੱਖ ਆਪਣੇ ਸਰੀਰ ਨੂੰ ਆਪਣਾ ਸਮਝ ਕੇ ਸੰਸਾਰ ਵਿੱਚ ਆਪਣੇ ਆਪ ਨੂੰ ਰਹਿਣਾ ਸਮਝਦਾ ਹੈ। ਜਿਵੇਂ ਇੱਕ ਪੰਛੀ ਆਪਣਾ ਪਿੰਜਰਾ ਆਪ ਨਹੀਂ ਬਣਾ ਸਕਦਾ ਇਸੇ ਤਰ੍ਹਾਂ ਮਨੁੱਖ ਵੀ ਆਪਣਾ ਸਰੀਰ ਆਪ ਨਹੀਂ ਬਣਾ ਸਕਦਾ। ਇਹ ਸਰੀਰ ਕਿਸਦਾ ਹੈ ਭਾਵ ਇਸ ਸਰੀਰ ਨੂੰ ਬਨਾਉਣ ਵਾਲਾ ਕੌਣ ਹੈ ਉਪਰ ਸ਼ਬਦ ਵਿੱਚ ਮਨੁੱਖ ਦਾ ਇਹੋ ਭਰਮ ਹੀ ਕੱਢਿਆ ਹੋਇਆ ਹੈ। ਕੁਝ ਵੀ ਬਨਾਉਣ ਲਈ ਉਸ ਵਿੱਚ ਰਹਿਣ ਲਈ, ਰੱਖਣ ਲਈ ਕੋਈ ਢਾਂਚਾ ਤਿਆਰ ਕਰਨਾ ਪੈਂਦਾ ਹੈ ਜਿਵੇਂ ਕਿ ਘਰ ਬਨਾਉਣ ਲਈ ਕੰਧ ਵੀ ਬਨਾਉਣੀ ਪੈਂਦੀ ਹੈ, ਥੱਮੀ ਵੀ ਬਨਾਉਣੀ ਪੈਂਦੀ ਹੈ ਤੇ ਉਨ੍ਹਾਂ ਦੀ ਉਸਾਰੀ ਲਈ ਮਸਾਲਾ ਵੀ ਲੱਗਦਾ ਹੈ, ਗਾਰਾ ਵੀ ਲੱਗਦਾ ਹੈ। ਉਪਰ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਜੇਕਰ ਕੋਈ ਮਨੁੱਖ ਇਹ ਸਮਝੇ ਕਿ ਇਹ ਸਰੀਰ ਮੇਰਾ ਹੈ ਭਾਵ ਇਸਨੂੰ ਮੈਂ ਬਣਾਇਆ ਹੈ ਉਹ ਇਤਨਾ ਵੱਡਾ ਝੂਠ ਹੈ ਕਿ ਉਸਨੇ ਆਪਣੇ ਇਸ ਘਰ ਦੀ ਦੀਵਾਰ ਜਲ ਨਾਲ ਭਾਵ ਪਾਣੀ ਨਾਲ ਬਣਾਈ ਹੈ ਤੇ ਇਸਦੀ ਥੱਮੀ ਹਵਾ ਨਾਲ ਬਣਾਈ ਹੈ ਤੇ ਇਸਨੂੰ ਬਨਾਉਣ ਲਈ ਜੋ ਉਪਰ ਮਸਾਲਾ ਲਗਾਇਆ ਹੈ ਉਹ ਖ਼ੂਨ ਦਾ ਤੇ ਵੀਰਜ ਦਾ ਲਗਾਇਆ ਹੈ ਜੋ ਕਿ ਨਾਮੁਮਕਿਨ ਹੈ। **(ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥)**

ਮਨੁੱਖ ਆਪਣੇ ਸਰੀਰ ਨੂੰ ਕਿਸ ਕਰਕੇ ਆਪਣਾ ਸਮਝਦਾ ਹੈ ਇਹ ਭਰਮ ਹੀ ਅਗਲੀ ਪੰਗਤੀ ਰਾਹੀਂ ਕੱਢਿਆ ਹੋਇਆ ਹੈ।

“ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥”

ਮਨੁੱਖੀ ਸਰੀਰ ਹੱਡੀਆਂ ਦਾ, ਮਾਸ ਦਾ ਤੇ ਨਾੜੀਆਂ ਦਾ ਬਣਿਆ ਹੋਇਆ ਹੈ ਜਿਸਦੀ ਤੁਲਨਾ ਇੱਕ ਪਿੰਜਰੇ ਨਾਲ ਕੀਤੀ ਹੋਈ ਹੈ ਜਿਸ ਪਿੰਜਰੇ ਵਿੱਚ ਪੰਛੀ ਰਹਿੰਦਾ ਹੈ ਤੇ ਪਿੰਜਰੇ ਨੂੰ ਆਪਣਾ ਸਮਝਦਾ ਹੈ ਕਿ ਇਹ ਮੇਰੇ ਰਹਿਣ ਦੀ ਜਗ੍ਹਾ ਹੈ। ਇਸੇ ਤਰ੍ਹਾਂ ਆਪਣੇ ਮਨ ਦੇ ਵਿਚਾਰਾਂ ਕਰਕੇ ਭਾਵ ਮਨ ਦੀ ਸਮਝ ਦੁਆਰਾ ਮਨੁੱਖ ਆਪਣੇ ਸਰੀਰ ਨੂੰ ਆਪਣਾ ਸਮਝਦਾ ਹੈ। ਜਿਵੇਂ ਕਿ ਇੱਕ ਪੰਛੀ ਨੂੰ ਇਹ ਸਮਝ ਨਹੀਂ ਪੈਂਦੀ ਕਿ ਇਹ ਪਿੰਜਰਾ ਕੀ ਹੈ ਇਸੇ ਤਰ੍ਹਾਂ ਮਨੁੱਖ ਨੂੰ ਵੀ ਇਹ ਸਮਝ ਨਹੀਂ ਪੈਂਦੀ ਕਿ ਇਹ ਸਰੀਰ ਕੀ ਹੈ ਤੇ ਕਿਸਨੇ ਬਣਾਇਆ ਹੈ ਜਿਸ ਵਿੱਚ ਮੈਂ ਵੱਸ ਰਿਹਾ ਹਾਂ। **(ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥)**

ਅਗਲੀਆਂ **“ਰਹਾਉ”** ਵਾਲੀਆਂ ਪੰਗਤੀਆਂ ਰਾਹੀਂ ਸਾਡਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਸਭ ਕੁਝ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਰੂਪ ਵਿੱਚ ਉਹ ਆਪ ਹੀ ਹੈ।

55/7691

“ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥”

ਸਾਰੇ ਸੰਸਾਰ ਦੇ ਵਿੱਚ ਜੋ ਕੁਝ ਵੀ ਹੈ ਭਾਵ ਜੋ ਵੀ ਵਸਤੂ ਹੈ ਭਾਵ ਜੋ ਕੁਝ ਵੀ ਸਾਨੂੰ ਦਿਸਦਾ ਹੈ ਤੇ ਸਾਡੇ ਕੰਮ ਆਉਂਦੀ ਹੈ ਅਸੀਂ ਉਸਨੂੰ ਆਪਣੀ ਬਨਾਉਣਾ ਚਾਹੁੰਦੇ ਹਾਂ ਕਿ ਅਸੀਂ ਵੱਧ ਤੋਂ ਵੱਧ ਵਸਤੂਆਂ ਦਾ ਮਾਲਕ ਬਣੀਏ ਤੇ ਉਨ੍ਹਾਂ ਦੀ ਵਰਤੋਂ ਕਰਨ ਦਾ ਲਾਭ ਉਠਾਈਏ ਜਿਵੇਂ ਕਿ ਪੂਰੇ ਸੰਸਾਰ ਵਿੱਚ ਸਭ ਪਾਸੇ ਦੇਖਿਆ ਜਾ ਸਕਦਾ ਹੈ। ਇੱਕ ਦੂਸਰੇ ਦੇਸ਼ਾ ਦੀਆਂ ਇਸ ਗੱਲ ਤੋਂ ਵੀ ਲੜਾਈਆਂ ਹੁੰਦੀਆਂ ਹਨ ਕਿ ਇਹ ਜਗ੍ਹਾ ਮੇਰੀ ਹੈ, ਇਹ ਪਾਣੀ ਮੇਰਾ ਹੈ ਤੇ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਗੱਲਾਂ ਕਰਕੇ ਭਾਵ ਵਸਤੂਆਂ ਦੀ ਵੰਡ ਨੂੰ ਲੈ ਕੇ ਆਪਸ ਵਿੱਚ ਬਹਿਸਦੇ ਹਨ ਤੇ ਝਗੜੇ ਵੀ ਕਰਦੇ ਹਨ। ਸੰਸਾਰ ਵਿੱਚ ਕਿਸੇ ਪ੍ਰਾਣੀ ਦਾ ਕੁਝ ਵੀ ਆਪਣਾ ਨਹੀਂ ਹੈ ਤੇ ਉਪਰ ਪਹਿਲੀ ਪੰਗਤੀ ਰਾਹੀਂ ਸ੍ਰਿਸ਼ਟੀ ਦੇ ਹਰ ਮਨੁੱਖ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ। ਜਿਵੇਂ ਕਿ ਇਹ ਸਰੀਰ ਸਾਡਾ ਆਪਣਾ ਨਹੀਂ ਹੈ ਉਸੇ ਤਰ੍ਹਾਂ ਪੂਰੀ ਸ੍ਰਿਸ਼ਟੀ ਵਿੱਚ ਕੁਝ ਵੀ ਕਿਸੇ ਮਨੁੱਖ ਦਾ ਆਪਣਾ ਨਹੀਂ ਹੈ। **(ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥)**

ਜਿਵੇਂ ਕਿ ਇੱਕ ਪੰਛੀ ਕਿਸੇ ਪੇੜ ਤੇ ਬੈਠਾ ਹੋਇਆ ਇਹ ਸਮਝੇ ਕਿ ਇਹ ਪੇੜ ਮੇਰਾ ਹੈ, ਮਨੁੱਖ ਦਾ ਇਹ ਭਰਮ ਇਸੇ ਤਰ੍ਹਾਂ ਹੀ ਹੈ ਜੋ ਕਿਸੇ ਵਸਤੂ ਨੂੰ ਆਪਣੀ ਵਸਤੂ ਸਮਝਦਾ ਹੈ। ਪੰਛੀ ਕੇਵਲ ਪੇੜ ਤੇ ਬੈਠਦਾ ਹੈ ਤੇ ਉੱਡ ਜਾਂਦਾ ਹੈ ਫਿਰ ਕਿਸੇ ਹੋਰ ਪੇੜ ਤੇ ਜਾ ਬੈਠਦਾ ਹੈ ਭਾਵ ਇਸ ਤਰੀਕੇ ਅਨੇਕਾਂ ਪੇੜਾਂ ਦਾ ਸੁੱਖ ਮਾਣਦਾ ਹੈ ਤੇ ਅੰਤ ਵਿੱਚ ਸੰਸਾਰ ਨੂੰ ਛੱਡ ਜਾਂਦਾ ਹੈ। ਇਸੇ ਤਰ੍ਹਾਂ ਸ੍ਰਿਸ਼ਟੀ ਦੇ ਕਰਤੇ ਨੇ ਮਨੁੱਖ ਦੇ ਸੁੱਖਾਂ ਲਈ ਅਨੇਕਾਂ ਹੀ ਅਨੇਕਾਂ ਸੁੱਖਾਂ ਦੇ ਸਾਧਨ ਬਣਾਏ ਹੋਏ ਹਨ ਜਿਨ੍ਹਾਂ ਸਾਧਨਾਂ ਦੀ ਪ੍ਰਾਪਤੀ ਕਰਨ ਲਈ ਮਨੁੱਖ ਵਿਅਰਥ ਵਿੱਚ ਹੀ ਉਲਝਦੇ ਰਹਿੰਦੇ ਹਨ, ਤੇਰ ਮੇਰ ਵਿੱਚ ਪਏ ਰਹਿੰਦੇ ਹਨ ਜਦਕਿ ਆਪਣਾ ਕੁਝ ਵੀ ਨਹੀਂ ਹੈ, ਸਰੀਰ ਵੀ

ਆਪਣਾ ਨਹੀਂ ਹੈ ਜਿਸਨੂੰ ਇੱਕ ਦਿਨ ਤਿਆਗਕੇ ਸੰਸਾਰ ਤੋਂ ਚਲੇ ਜਾਣਾ ਹੈ। **(ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥ ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥)**

ਮਨੁੱਖ ਆਪਣੇ ਆਪ ਨੂੰ ਸਮਝ ਲਵੇ ਜਾਂ ਇਸ ਸੰਸ਼ਾਰ ਦੀ ਅਸਲੀਅਤ ਨੂੰ ਆਪਣੇ ਆਪ ਜਾਣ ਲਵੇ ਇਹ ਮਨੁੱਖ ਲਈ ਨਾਮੁਮਕਿਨ ਹੈ ਤੇ ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥”

ਮਨੁੱਖ ਜੋ ਕੁੱਝ ਵੀ ਜਾਣ ਸਕਦਾ ਹੈ ਉਹ ਮਨ ਦੀ ਸਮਝ ਰਾਹੀਂ ਹੀ ਜਾਣ ਸਕਦਾ ਹੈ। ਉਪਰ ਵਾਲੇ ਪਦੇ ਵਿੱਚ ਮਨੁੱਖ ਦੀ ਸਮਝ ਸ੍ਰਿਸ਼ਟੀ ਦੇ ਕਰਤੇ ਨੇ ਕਿਤਨੀ ਕੁ ਨੀਵੀਂ ਰੱਖੀ ਹੋਈ ਹੈ ਭਾਵ ਮਨੁੱਖ ਨੂੰ ਕਿਤਨੀ ਕੁ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ ਇਹ ਗੱਲ ਹੀ ਸਮਝਾਈ ਹੋਈ ਹੈ ਜਿਸ ਮਨ ਦੀ

ਛੋਟੀ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਅੱਲ੍ਹਾ, ਪ੍ਰਮਾਤਮਾ ਦੀਆਂ ਉੱਚੀਆਂ ਗੱਲਾਂ ਨੂੰ ਨਹੀਂ ਸਮਝ ਸਕਦਾ ਭਾਵ ਆਪਣੇ ਆਪ ਦੀ ਤੇ ਸੰਸਾਰ ਦੀ ਸੱਚਾਈ ਨੂੰ ਨਹੀਂ ਸਮਝ ਸਕਦਾ ਤੇ ਆਪਣੇ ਅੰਦਰ ਅਕਾਲ ਪੁਰਖ ਨੂੰ ਹੁੰਦੇ ਹੋਏ ਵੀ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਉਪਰ ਵਾਲੇ ਪਦੇ ਵਿੱਚ ਮਨੁੱਖ ਦੀ ਝੂਠੀ ਸਮਝ ਦਾ ਜਿਕਰ ਵੀ ਕੀਤਾ ਹੋਇਆ ਹੈ ਜਿਸ ਤਰੀਕੇ ਸੱਚ ਨੂੰ ਨਹੀਂ ਜਾਣਿਆ ਜਾ ਸਕਦਾ ਪਰ ਸੱਚ ਨੂੰ ਜਾਨਣ ਦੀ ਕੋਸ਼ਿਸ਼ ਤਾਂ ਹਰ ਕੋਈ ਕਰਦਾ ਹੈ। ਉਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਜਿਸ ਰਾਹੀਂ ਮਨੁੱਖ ਦੀ ਨਾਮਸਝੀ ਦਾ ਜਿਕਰ ਹੀ ਕੀਤਾ ਹੋਇਆ ਹੈ। ਮਨੁੱਖ ਦੀ ਸਮਝ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਪੁੱਠੀ ਬਣਾਈ ਹੋਈ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ ਤੇ ਉਹੀ ਗੱਲ ਸਾਨੂੰ ਪਿੱਛੇ ਭਗਤ ਰਵਿਦਾਸ ਜੀ ਸਮਝਾ ਰਹੇ ਹਨ। ਜਦੋਂ ਅਸੀਂ ਕੋਈ ਵੀ ਢਾਂਚਾ ਬਣਾਉਂਦੇ ਹਾਂ ਪਹਿਲਾਂ ਉਸਦੀ ਨੀਂਵ ਰੱਖੀ ਜਾਂਦੀ ਹੈ ਤੇ ਬਾਅਦ ਵਿੱਚ ਨੀਂਵ ਦੇ ਉੱਤੇ ਕੰਧ ਉਸਾਰੀ ਜਾਂਦੀ ਹੈ ਪਰ ਮਨੁੱਖ ਜੋ ਪ੍ਰਮਾਤਮਾ ਨੂੰ ਜਾਨਣ ਦਾ ਆਪਣੇ ਅੰਦਰ ਵਿਚਾਰਾਂ ਦਾ ਢਾਂਚਾ ਖੜਾ ਕਰਦਾ ਹੈ ਉਸ ਤਰੀਕੇ ਉਹ ਢਾਂਚਾ ਖੜਾ ਹੀ ਨਹੀਂ ਕੀਤਾ ਜਾ ਸਕਦਾ ਭਾਵ ਮਨ ਦੀ ਪੁੱਠੀ ਸਮਝ ਕਰਕੇ ਸੰਸਾਰ ਦੀ ਸੱਚਾਈ ਨੂੰ ਨਹੀਂ ਸਮਝ ਸਕਦਾ, ਸੱਚ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦਾ। **(ਰਾਖਹੁ ਕੰਧ ਉਸਾਰਹੁ ਨੀਵਾਂ ॥)**

ਸਾਡੀ ਪੁੱਠੀ ਸਮਝ ਦਾ ਕਾਰਣ ਕੀ ਹੈ ਜਿਸ ਕਰਕੇ ਸੱਚ ਨੂੰ ਨਹੀਂ ਜਾਣਿਆ ਜਾ ਸਕਦਾ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ ਜਿਸਨੂੰ ਕਿ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

“ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥”

ਇਸ ਗੱਲ ਨੂੰ ਹਰ ਕੋਈ ਸਮਝਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਸੱਚਾਈ ਸੱਚੇ ਧਰਮ ਗ੍ਰੰਥਾਂ ਵਿੱਚ ਹੈ। ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਉਂਦਾ ਹੈ, ਸੱਚਾ ਨਾਮ ਜਪਣ ਦਾ ਮਾਰਗ ਹੀ ਸਮਝਾਉਂਦਾ ਹੈ ਜਿਸ ਸੱਚੇ ਮਾਰਗ ਤੇ ਚੱਲਣ ਦਾ ਸੱਚਾ ਉਦਮ ਕਰਨ ਦੁਆਰਾ ਹੀ ਕੋਈ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦਮ ਕਰ ਸਕਦਾ ਹੈ। **ਸਾਰੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਕਰਵਾਈ ਹੋਈ ਹੈ** ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਰੇ ਸੱਚੇ ਧਰਮ ਗ੍ਰੰਥਾਂ ਦੇ ਵਿੱਚ ਚੌਥੇ ਪਦ ਵਾਲਾ ਗਿਆਨ ਹੈ ਤੇ ਮਨੁੱਖੀ ਸਮਝ ਨੂੰ ਪ੍ਰਮਾਤਮਾ ਨੇ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਚੌਥੇ ਪਦ ਦੇ ਗਿਆਨ ਦੀ ਸੱਚਾਈ ਤੱਕ ਨਹੀਂ ਪਹੁੰਚਿਆ ਜਾ ਸਕਦਾ। ਅਸੀਂ ਧਰਮ ਗ੍ਰੰਥਾਂ ਨੂੰ ਪੜ੍ਹਦੇ ਹਾਂ ਤੇ ਉਨ੍ਹਾਂ ਨੂੰ ਸਮਝਣ ਦਾ ਭਾਵ ਸ਼ਬਦਾਂ ਦੇ ਅੰਦਰ ਦੇ ਦਿੱਤੇ ਹੋਏ ਗਿਆਨ ਨੂੰ ਸਮਝਣ ਦਾ ਆਪਣੇ ਵੱਲੋਂ ਉਦਮ ਵੀ ਕਰਦੇ ਹਾਂ ਜੋ ਕਿ ਸਭ ਲਈ ਚੰਗੀ ਗੱਲ ਹੈ ਪਰ ਅਕਾਲ ਪੁਰਖ ਦੀ ਕ੍ਰਿਪਾ ਹੋਏ ਬਿਨ੍ਹਾਂ ਕੋਈ ਚੌਥੇ ਪਦ ਵਾਲੇ ਗਿਆਨ ਨੂੰ, ਨਾਮ ਵਾਲੇ ਗਿਆਨ ਨੂੰ ਆਪਣੇ

ਆਪ ਪੂਰੀ ਤਰ੍ਹਾਂ ਸਮਝ ਲਵੇ ਇਹ ਨਾਮੁਮਕਿਨ ਹੈ ਕਿਉਂਕਿ ਜਿਸਨੇ ਹਰ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਉਹ ਆਪ ਹੀ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਇਸ ਵਿੱਚੋਂ ਪੂਰੀ ਤਰ੍ਹਾਂ ਕੱਢ ਸਕਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਨੂੰ ਬਖਸ਼ ਸਕਦਾ ਹੈ। ਸੱਚੇ ਧਰਮ ਗ੍ਰੰਥਾਂ ਦੇ ਵਿੱਚ ਜੋ ਸੱਚਾ ਗਿਆਨ ਹੈ ਭਾਵ ਜੋ ਚੌਥੇ ਪਦ ਵਾਲਾ ਗਿਆਨ ਹੈ ਉਨ੍ਹਾਂ ਵਿੱਚੋਂ ਅਨੇਕਾਂ

ਸ਼ਬਦਾਂ ਦੀ ਸਮਝ ਮਨੁੱਖ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਵੀ ਪੈ ਜਾਂਦੀ ਹੈ। ਇਸੇ ਲਈ ਉਪਰ ਵਾਲੀ ਪੰਗਤੀ ਵਿੱਚ ਮਨੁੱਖੀ ਸਮਝ ਦੀ ਸੀਮਾਂ ਸਾਢੇ ਤਿੰਨ ਹੱਥ ਦੱਸੀ ਹੋਈ ਹੈ ਭਾਵ ਅਸੀਂ ਤ੍ਰੈ ਗੁਣਾਂ ਵਿੱਚ ਰਹਿੰਦੇ ਹੋਏ ਚੌਥੇ ਪਦ ਦੀਆਂ ਗੱਲਾਂ ਨੂੰ ਸਮਝਣ ਦੇ ਵੱਧ ਤੋਂ ਵੱਧ ਅੱਧ ਤੱਕ ਹੀ ਪਹੁੰਚ ਸਕਦੇ ਹਾਂ ਭਾਵ ਅਸੀਂ ਚੌਥੇ ਪਦ ਵਾਲੇ ਗਿਆਨ ਨੂੰ ਸਮਝਣ ਵਿੱਚ ਬਹੁਤ ਦੂਰ ਰਹਿੰਦੇ ਹਾਂ ਭਾਵ ਅਸੀਂ ਆਪਣੇ ਆਪ ਮਨ ਦੀ ਨਾਸਮਝੀ ਵਿੱਚੋਂ ਨਿਕਲ ਸਕੀਏ ਤੇ ਆਪਣੇ ਅੰਦਰੋਂ ਆਪਣੀ ਸਮਝ ਦੇ ਮਾਲਕ ਨੂੰ ਜਾਣ ਸਕੀਏ, ਸੰਸਾਰ ਦੀ ਸੱਚਾਈ ਨੂੰ ਜਾਣ ਸਕੀਏ ਇਹ ਮਨੁੱਖੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। **(ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥)**

ਆਪਣੇ ਅੰਦਰੋਂ ਆਪਣੇ ਸਰੀਰ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਨਾ ਕੋਈ ਮਨੁੱਖ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਫਰਕ ਸਮਝ ਸਕਦਾ ਹੈ ਤੇ ਨਾ ਹੀ ਉਸਨੂੰ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਨਹੀਂ ਹਾਂ ਤੇ ਮਨ ਦੀ ਨਾਸਮਝੀ ਕਰਕੇ ਹੀ ਉਹ ਮਨੁੱਖੀ ਸਰੀਰ ਨੂੰ ਆਪਣਾ ਸਮਝਦਾ ਹੈ ਤੇ ਉਸਦਾ ਮਾਣ ਕਰਦਾ ਹੇ ਭਾਵ ਝੂਠਾ ਮਾਣ ਕਰਦਾ ਹੈ। ਇਹੀ ਗੱਲ ਸਾਨੂੰ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥”

ਮਨੁੱਖ ਦੇ ਸਿਰ ਉਪਰ ਜੋ ਵਾਲ ਹੁੰਦੇ ਹਨ ਭਾਵੇਂ ਉਹ ਬੜੇ ਸੁੰਦਰ ਹੁੰਦੇ ਹਨ ਪਰ ਫਿਰ ਵੀ ਅਨੇਕਾਂ ਮਨੁੱਖ ਆਪਣੀ ਆਪਣੀ ਸਮਝ ਅਨੁਸਾਰ ਵੱਖਰੇ ਵੱਖਰੇ ਤਰੀਕੇ ਨਾਲ ਉਨ੍ਹਾਂ ਦੇ ਉਪਰ ਪਗੜੀਆਂ ਸਜਾਉਣ ਨਾਲ, ਟੇਢੇ ਮੇਢੇ ਤਰੀਕੇ ਨਾਲ ਆਪਣੇ ਆਪ ਦਾ ਰੂਪ ਹੋਰ ਸੁੰਦਰ ਬਣਾਉਣਾ ਸਮਝਦੇ ਹਨ ਭਾਵ ਆਪਣੇ ਸਰੀਰ ਦੀ ਵਡਿਆਈ ਉੱਚੀ ਕਰਦੇ ਹਨ ਜਿਸ ਸਰੀਰ ਨੇ ਆਖੀਰ ਭਸਮ ਦੀ ਢੇਰੀ ਬਣ ਜਾਣਾ ਹੈ ਭਾਵ ਸਵਾਹ ਹੋ ਜਾਣਾ ਹੈ ਭਾਵ ਉਹ ਆਪਣੇ ਸਰੀਰ ਦੀ ਅਸਲ ਕੀਮਤ ਨੂੰ ਨਹੀਂ ਸਮਝਦਾ ਜਿਸ ਸਰੀਰ ਵਿੱਚ ਰਹਿੰਦੇ ਹੋਏ ਹੀ ਕੋਈ ਆਪਣੇ ਅੰਦਰੋਂ ਸਰੀਰ ਦੇ ਮਾਲਕ ਨੂੰ, ਗਾਡ ਨੂੰ, ਅੱਲ੍ਹਾ ਨੂੰ, ਪ੍ਰਮਾਤਮਾ ਨੂੰ, ਅਕਾਲ ਪੁਰਖ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਜੋ ਸਭ ਕੁਝ ਆਪ ਹੀ ਹੈ। **(ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥)**

ਮਨੁੱਖ ਨੂੰ ਆਪਣੇ ਸਰੀਰ ਦੀ ਕੀਮਤ ਕਿਉਂ ਨਹੀਂ ਪੈਂਦੀ ਕਿ ਇਹ ਸਰੀਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਭਾਵ ਉਸਨੂੰ ਆਪਣੇ ਅੰਦਰ ਹੁੰਦੇ ਹੋਏ ਵੀ ਨਾ ਜਾਣ ਸਕਣ ਦਾ ਕਾਰਣ ਕੀ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਫਿਰ ਤੋਂ ਧਿਆਨ ਨਾਲ ਸਮਝਣ ਦੀ ਲੋੜ ਹੈ।

55/7694

“ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥੪॥”

ਉਪਰ ਵਾਲੇ ਪੂਰੇ ਸ਼ਬਦ ਨੂੰ ਸਮਝਣ ਦਾ ਸਾਡਾ ਅਸਲ ਮਕਸਦ ਇਸ ਮਨੁੱਖੀ ਸਰੀਰ ਰੂਪ ਮੰਦਰ ਨੂੰ ਸਮਝਣ ਦਾ ਹੀ ਹੈ ਜਿਸਦਾ ਜਿਕਰ ਅਸੀਂ ਇਹ ਪੂਰਾ ਸ਼ਬਦ ਸਮਝਣ ਤੋਂ ਪਹਿਲੇ ਕੀਤਾ ਹੈ, ਉਸ ਤੋਂ ਪਹਿਲਾਂ ਵੀ ਲੇਖ ਵਿੱਚ ਕੀਤਾ ਹੈ ਕਿ ਮਨੁੱਖੀ ਸਰੀਰ ਪ੍ਰਮਾਤਮਾ ਦਾ, ਅਕਾਲ ਪੁਰਖ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਮੰਦਰ ਹੈ ਜਿਸ ਆਪਣੇ ਮੰਦਰ ਰੂਪ ਘਰ ਵਿੱਚ ਉਹ ਹਰ ਵੇਲੇ ਹੀ ਵੱਸਿਆ ਹੋਇਆ ਹੈ ਪਰ ਜਦ ਤੱਕ ਕੋਈ ਵੀ ਸ੍ਰਿਸ਼ਟੀ ਦੇ ਕਰਤੇ ਦਾ ਮਨੁੱਖੀ ਰੂਪ ਉਸਦੇ ਮੰਦਰ ਨੂੰ ਭਾਵ ਉਸਦੇ ਜੋਤਿ ਰੂਪ ਟਿਕਾਣੇ ਨੂੰ ਭਾਵ ਆਪਣੇ ਅੰਦਰ ਦੀ ਸਮਝ ਦੇ ਮਾਲਕ ਨੂੰ ਜਾਣ ਨਹੀਂ ਲੈਂਦਾ ਤਦ ਤੱਕ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਆਪਣੇ ਸਰੀਰ ਨੂੰ ਗਾਡ ਦਾ ਆਪਣਾ ਚਰਚ, ਪ੍ਰਮਾਤਮਾ ਦਾ ਆਪਣਾ ਮੰਦਰ, ਅੱਲ੍ਹਾ ਦੀ ਆਪਣੀ ਦਰਗਾਹ ਜਾਂ ਅਕਾਲ ਪੁਰਖ ਦਾ ਆਪਣਾ ਹਰਿਮੰਦਰ ਕਹਿਣ ਵਿੱਚ ਸੰਕੋਚ ਹੀ ਮਹਿਸੂਸ ਕਰੇਗਾ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ ਜਿਸਦਾ ਕਾਰਣ ਕੇਵਲ ਤੇ ਕੇਵਲ ਹਰ ਮਨੁੱਖ ਦੇ ਅੰਦਰ ਦੀ ਭਰਮਾਂ ਵਾਲੀ ਸਮਝ ਦਾ ਨਤੀਜਾ ਹੈ ਜੋ ਸਭ ਦੇ ਅੰਦਰ, ਹਰ ਸਰੀਰ ਦੇ ਇੱਕੋ ਇੱਕ ਮਾਲਕ ਸ੍ਰਿਸ਼ਟੀ ਦੇ ਕਰਤੇ ਦੀ ਇੱਕੋ ਜਿਹੇ ਤਰੀਕੇ ਦੇ ਨਾਲ ਆਪਣੀ ਹੀ ਬਣਾਈ ਹੋਈ ਹੈ ਜਿਸ ਮਨ ਦੇ ਨਾਸਮਝੀ ਕਰਕੇ ਹੀ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਗਾਡ ਕਹਿ ਕੇ ਪੁਕਾਰਦਾ ਹੈ ਤੇ ਉਸਦੇ ਘਰ ਨੂੰ ਚਰਚ ਕਹਿੰਦਾ ਹੈ। ਕੋਈ ਉਸਨੂੰ ਅੱਲ੍ਹਾ ਕਹਿ ਕੇ ਪੁਕਾਰਦਾ ਹੈ ਤੇ ਉਸਦੇ ਘਰ ਨੂੰ ਮਸਜਿਦ ਕਹਿੰਦਾ ਹੈ। ਕੋਈ ਉਸਨੂੰ ਭਗਵਾਨ ਕਹਿ ਕੇ ਪੁਕਾਰਦਾ ਹੈ ਤੇ ਉਸਦੇ ਘਰ ਨੂੰ ਮੰਦਰ ਕਹਿੰਦਾ ਹੈ। ਕੋਈ ਉਸਨੂੰ ਵਾਹਿਗੁਰੂ ਕਹਿੰਦਾ ਹੈ ਤੇ ਉਸਦੇ ਘਰ ਨੂੰ ਗੁਰਦੁਆਰਾ ਕਹਿੰਦਾ ਹੈ। ਇਸੇ ਤਰ੍ਹਾਂ ਪੂਰੇ ਸੰਸਾਰ ਵਿੱਚ ਜਿਹੋ ਜਿਹੀ ਵੀ ਕੋਈ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਉਹ ਆਪਣੀ ਆਪਣੀ ਆਸਥਾ ਅਨੁਸਾਰ ਧਾਰਮਿਕ ਅਸਥਾਨਾਂ ਨੂੰ ਵੱਖਰੇ ਵੱਖਰੇ ਨਾਮ ਨਾਲ ਪੁਕਾਰਦੇ ਹਨ। ਨਾ ਹੀ ਸ੍ਰਿਸ਼ਟੀ ਦੇ ਕਰਤੇ ਕਦੇ ਦੋ ਹੋਏ ਹਨ ਤੇ ਨਾ ਹੀ ਕਦੇ ਹੋ ਸਕਦੇ ਹਨ। ਉਹ ਸ੍ਰਿਸ਼ਟੀ ਦੇ ਕਰਤੇ ਦਾ ਮਨ ਵਿੱਚ ਪਾਇਆ ਹੋਇਆ ਭਰਮ ਭਾਵ ਹਉਮੈ ਰੂਪ ਅਗਿਆਨਤਾ ਵਾਲੀ ਸਮਝ ਭਾਵ ਉਸਦੀ ਮਾਇਆ ਵਾਲੀ ਜੁਗਤਿ ਹਰ ਮਨੁੱਖੀ ਸਰੀਰ ਦੀ ਸਮਝ ਦੇ ਅੰਦਰ ਇੱਕੋ ਜਿਹੇ ਤਰੀਕੇ ਨਾਲ ਹੀ ਵਰਤਦੀ ਹੈ ਜਿਸ ਮਨ ਦੀ ਸਮਝ ਦੇ ਮਾਲਕ ਨੂੰ ਸਮਝਣਾ ਸੰਸਾਰ ਦੇ ਹਰ ਮਨੁੱਖ ਦੇ ਲਈ ਇੱਕੋ ਜਿਹਾ ਔਖਾ ਹੀ ਹੈ। ਹਰ ਮਨੁੱਖ ਦੇ ਅੰਦਰ ਉਹ ਇਹ ਨਾਸਮਝੀ ਪਾ ਕੇ ਹੀ ਆਪਣੀ ਇਹ ਸੰਸਾਰਿਕ ਖੇਡ ਚਲਾ ਰਿਹਾ ਹੈ ਜਿਸ ਉਸਦੀ ਖੇਡ ਨੂੰ ਕੋਈ ਸੰਸਾਰਿਕ ਮਨੁੱਖ ਆਪਣੇ ਆਪ ਸਮਝ ਲਵੇ ਇਹ ਨਾ ਕਦੇ ਅੱਜ ਤੱਕ ਹੋਇਆ ਹੈ ਤੇ ਨਾ ਹੀ ਕਦੇ ਰਹਿੰਦੀ ਦੁਨਿਆ ਤੱਕ ਹੋ ਸਕਦਾ ਹੈ। ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਉਸਨੂੰ ਆਪਣੇ ਅੰਦਰੋਂ ਜਾਣ ਸਕੇ ਇਹ ਕੇਵਲ ਤੇ ਕੇਵਲ ਉਸਦੀ ਆਪਣੀ ਕ੍ਰਿਪਾ ਹੈ ਜੋ ਆਪਣੀ ਸਭ ਤੋਂ ਵੱਡੀ ਕ੍ਰਿਪਾ ਉਹ ਕਿਸੇ ਮਨੁੱਖੀ ਸਰੀਰ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਹ ਆਪ ਹੀ ਕਰਦਾ ਹੈ ਜਿਵੇਂ ਕਿ ਉਸਨੇ

55/7695

ਆਪਣੀ ਇਹ ਸਭ ਤੋਂ ਵੱਡੀ ਕ੍ਰਿਪਾ ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਭਾਵ ਆਪਣਾ ਸੱਚਾ ਨਾਮ ਬਖਸ਼ਣ ਦੁਆਰਾ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਕੀਤੀ ਹੈ ਜਿਸ ਆਪਣੀ ਉੱਚੀ ਸਮਝ ਕਰਕੇ ਭਾਵ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਸਮਝ ਕਰਕੇ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਭਾਵ ਮਨ ਦੀ ਅਤਿ ਨਾਸਮਝੀ ਵਾਲੀ ਮਤਿ ਵਿੱਚੋਂ ਨਿਕਲਣ ਦੁਆਰਾ ਸੰਸਾਰ ਦੇ ਹਰ ਮਨੁੱਖ ਦੇ ਵਿੱਚ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਦੇਖਿਆ ਹੈ, ਪਹਿਚਾਣਿਆ ਹੈ ਭਾਵੇਂ ਕੋਈ ਉਸਨੂੰ ਜਿਹੋ ਜਿਹੇ ਮਰਜੀ ਨਾਮ ਨਾਲ ਪੁਕਾਰਦਾ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਸਭ ਕੋਲੋਂ ਸਭ ਕੁਝ ਬੁਲਵਾਉਣ ਵਾਲਾ ਉਹ ਇੱਕੋ ਇੱਕ ਆਪ ਹੀ ਹੈ ਜਿਸਨੇ ਆਪਣਾ ਹਰ ਮਨੁੱਖੀ ਰੂਪ ਉਸਨੇ ਆਪ ਹੀ ਬਣਾਇਆ ਹੈ, ਉਸਨੇ ਆਪ ਹੀ ਸਭ ਦੇ ਅੰਦਰ ਸਮਝ ਪਾਉਣ ਦਾ ਤਰੀਕਾ ਬਣਾਇਆ ਹੈ ਜੋ ਕਿ ਮਨੁੱਖੀ ਮਨ ਦੀ ਆਕਾਰ ਰੂਪ ਰਚਨਾ ਹੈ ਜਿਸ ਆਕਾਰ ਰੂਪ ਮਨ ਦੇ ਢਾਂਚੇ ਵਿੱਚ ਉਸਦੀ ਰਚੀ ਹੋਈ ਸਾਇੰਸ ਦੁਆਰਾ ਗਿਆਨ ਉਪਜਦਾ ਹੈ। ਇਸ ਤਰੀਕੇ ਜੋ ਮਨੁੱਖੀ ਮਨ ਦੇ ਵਿੱਚ ਗਿਆਨ ਉਪਜਦਾ ਹੈ ਉਸਨੂੰ ਸਾਇੰਸ ਸਮਝ ਸਕਦੀ ਹੈ ਜੋ ਗਿਆਨ ਹਰ ਮਨੁੱਖੀ ਸਮਝ ਦੇ ਅੰਦਰ ਇੱਕੋ ਜਿਹੇ ਤਰੀਕੇ ਦੁਆਰਾ ਹੀ ਉਪਜਦਾ ਹੈ। ਜਦੋਂ ਕਿਸੇ ਮਨੁੱਖੀ ਸਮਝ ਦੇ ਅੰਦਰ ਗਿਆਨ ਉਪਜਣ ਵਿੱਚ ਫਰਕ ਆਉਂਦਾ ਹੈ ਭਾਵ ਮਨੁੱਖ ਭੁੱਲਣਾ ਸ਼ੁਰੂ ਹੋ ਜਾਂਦਾ ਹੈ ਜਾਂ ਉਸਦੇ ਅੰਦਰ ਕੋਈ ਹੋਰ ਦਿਮਾਗੀ ਰੋਗ ਆ ਜਾਂਦਾ ਹੈ ਜਿਵੇਂ ਕਿ ਦਿਮਾਗ ਦੇ ਅਨੇਕਾਂ ਹੀ ਰੋਗ ਹੁੰਦੇ ਹਨ ਉਨ੍ਹਾਂ ਹਰ ਰੋਗਾਂ ਦਾ ਇਲਾਜ ਵੀ ਇੱਕੋ

ਜਿਹੇ ਤਰੀਕੇ ਨਾਲ ਹੀ ਹੁੰਦਾ ਹੈ ਭਾਵੇਂ ਉਹ ਰੋਗੀ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ ਤੇ ਭਾਵੇਂ ਉਸਦਾ ਡਾਕਟਰ ਭਾਵ ਉਸਦਾ ਇਲਾਜ ਕਰਨ ਵਾਲਾ ਭਾਵੇਂ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ। ਹਰ ਦਿਮਾਗ ਸਾਇੰਟਿਫਿਕ ਤਰੀਕੇ ਨਾਲ ਹੀ ਬਣਿਆ ਹੈ, ਕੰਮ ਕਰਦਾ ਹੈ ਤੇ ਸਾਇੰਟਿਫਿਕ ਤਰੀਕੇ ਨਾਲ ਹੀ ਉਸਦਾ ਇਲਾਜ ਹੋ ਸਕਦਾ ਹੈ। ਜੋ ਪੂਰੀ ਸਾਇੰਸ ਦਾ ਮਾਲਕ ਹੈ ਉਹੀ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਭਾਵੇਂ ਕੋਈ ਉਸਨੂੰ ਜਿਹੋ ਜਿਹੇ ਮਰਜੀ ਨਾਮ ਨਾਲ ਜਾਣੇ। ਇਸੇ ਲਈ ਮਨੁੱਖੀ ਸਰੀਰ ਵਿੱਚ ਇਸ ਗੱਲੋਂ ਭੇਦ ਸਮਝਣਾ ਕਿ ਇਹ ਮਨੁੱਖੀ ਸਰੀਰ ਗਾਡ ਦਾ ਬੰਦਾ ਹੈ, ਇਹ ਮਨੁੱਖੀ ਸਰੀਰ ਅੱਲ੍ਹਾ ਦਾ ਬੰਦਾ ਹੈ, ਇਹ ਮਨੁੱਖੀ ਸਰੀਰ ਪ੍ਰਮਾਤਮਾ ਦਾ ਬੰਦਾ ਹੈ, ਇਹ ਮਨੁੱਖੀ ਸਰੀਰ ਅਕਾਲ ਪੁਰਖ ਦਾ ਜਾਂ ਵਾਹਿਗੁਰੂ ਦਾ ਬੰਦਾ ਹੈ ਜਾਂ ਸ੍ਰਿਸ਼ਟੀ ਦੇ ਕਰਤੇ ਤੋਂ ਬਿਨ੍ਹਾਂ ਕਿਸੇ ਹੋਰ ਦਾ ਬੰਦਾ ਹੈ ਇਹ ਕੇਵਲ ਮਨੁੱਖ ਦਾ ਭਰਮ ਹੈ ਹੋਰ ਕੁਝ ਵੀ ਨਹੀਂ। ਹਰ ਮਨੁੱਖੀ ਸਰੀਰ ਨੂੰ ਇੱਕੋ ਜਿਹੇ ਰੋਗ ਹੀ ਹੁੰਦੇ ਹਨ ਤੇ ਹਰ ਮਨੁੱਖੀ ਸਰੀਰ ਦਾ ਸਹੀ ਇਲਾਜ ਵੀ ਇੱਕੋ ਜਿਹੇ ਤਰੀਕੇ ਹੀ ਹੁੰਦਾ ਹੈ ਕਿਉਂਕਿ ਜਿਸ ਸ੍ਰਿਸ਼ਟੀ ਦੇ ਕਰਤੇ ਨੇ ਭਾਵ ਪੂਰੀ ਸਾਇੰਸ ਦੇ ਮਾਲਕ ਨੇ ਮਨੁੱਖੀ ਜੀਵਨ ਦੀ ਰਚਨਾ ਕੀਤੀ ਹੈ ਉਨ੍ਹਾਂ ਸਰੀਰਾਂ ਦੇ ਰੋਗਾਂ ਦਾ ਇਲਾਜ ਕਰਨ ਦਾ ਤਰੀਕਾ ਵੀ ਉਸਦਾ ਆਪਣਾ ਹੀ ਬਣਾਇਆ ਹੁੰਦਾ ਹੈ ਜੋ ਤਰੀਕੇ ਉਹ ਸਮੇਂ ਅਨੁਸਾਰ ਬਣਾਉਂਦਾ ਰਹਿੰਦਾ ਹੈ ਤੇ ਮਨ ਦੀ ਸਮਝ ਰਾਹੀਂ ਉਹ ਆਪ ਹੀ ਸਮਝਾਉਂਦਾ ਰਹਿੰਦਾ ਹੈ। ਹਰ ਆਕਾਰ ਰੂਪ ਉਸਦਾ ਆਪਣਾ ਹੀ

ਬਣਾਇਆ ਹੋਇਆ ਹੈ ਭਾਵੇਂ ਉਹ ਜੀਵ ਜੰਤੂ ਹਨ ਤੇ ਭਾਵੇਂ ਉਹ ਬਨਸਪਤੀ ਹੈ। ਰੋਗ ਉਨ੍ਹਾਂ ਨੂੰ ਵੀ ਲੱਗਦੇ ਹਨ ਜਿਨ੍ਹਾਂ ਰੋਗਾਂ ਦੇ ਇਲਾਜ ਕਰਨ ਦੇ ਤਰੀਕੇ ਉਹ ਮਨੁੱਖੀ ਸਮਝ ਰਾਹੀਂ ਹੀ ਪਾਉਂਦਾ ਹੈ ਭਾਵੇਂ ਕੋਈ ਮਨੁੱਖ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ। ਜੀਵ ਜੰਤੂ ਸਭ ਨੂੰ ਇੱਕੋ ਜਿਹੇ ਲੱਗਦੇ ਹਨ ਕਿਉਂਕਿ ਜੀਵ ਜੰਤੂਆਂ ਦੀ ਕੋਈ ਵੱਖਰੀ ਵੱਖਰੀ ਧਾਰਮਿਕ ਆਸਥਾ ਨਹੀਂ ਹੁੰਦੀ। ਇਸੇ ਤਰ੍ਹਾਂ ਬਨਸਪਤੀ ਵੇਖਣੀ ਜਾਂ ਵਰਤਦੀ ਸਭ ਨੂੰ ਇੱਕੋ ਜਿਹੀ ਲੱਗਦੀ ਹੈ ਕਿਉਂਕਿ ਬਨਸਪਤੀ ਦੀ ਕੋਈ ਵੱਖਰੀ ਵੱਖਰੀ ਧਾਰਮਿਕ ਆਸਥਾ ਨਹੀਂ ਹੁੰਦੀ। ਬਨਸਪਤੀ ਸਭ ਨੂੰ ਇੱਕੋ ਜਿਹਾ ਸੁੱਖ ਹੀ ਦਿੰਦੀ ਹੈ। ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਸ੍ਰਿਸ਼ਟੀ ਦੇ ਕਰਤੇ ਦੀ ਰਚੀ ਹੋਈ ਸੰਸਾਰਿਕ ਖੇਡ ਨੂੰ ਸਮਝਣਾ। ਹਰ ਮਨੁੱਖੀ ਸਰੀਰ ਦਾ ਇੱਕੋ ਜਿਹਾ ਮਾਲਕ ਹੈ ਪਰ ਉਸਦੀ ਆਪਣੀ ਪਾਈ ਹੋਈ ਮਨ ਦੀ ਅਗਿਆਨਤਾ ਕਰਕੇ ਉਸਨੂੰ ਕੋਈ ਵੀ ਆਪਣੇ ਅੰਦਰੋਂ ਨਹੀਂ ਜਾਣ ਸਕਦਾ। ਇਹੀ ਗੱਲ ਸਾਨੂੰ ਬਰੀਕੀ ਨਾਲ ਉਪਰ ਵਾਲੇ ਸ਼ਬਦ ਦੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਵਿਸ਼ਵਾਸ ਨਾਲ ਸਮਝੀਏ।

“ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥੪॥”

ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਵਿੱਚ **“ਊਚੇ ਮੰਦਰ”** ਤੇ ਸੁੰਦਰ ਨਾਰੀ ਦੀ ਗੱਲ ਕੀਤੀ ਹੋਈ ਹੈ ਭਾਵ ਉੱਚੇ ਮੰਦਰ ਨੂੰ, ਵੱਡੇ ਮੰਦਰ ਨੂੰ ਸੁੰਦਰ ਨਾਰੀ ਦਾ ਰੂਪ ਕਿਹਾ ਹੋਇਆ ਹੈ। ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਵਿੱਚ ਉਸ ਮਨੁੱਖੀ ਸਰੀਰ ਦੀ ਗੱਲ ਹੀ ਕੀਤੀ ਹੋਈ ਹੈ ਜੋ ਆਪਣੇ ਮੰਦਰ ਰੂਪ ਪ੍ਰਮਾਤਮਾ ਦੇ ਘਰ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ ਤੇ ਉਸਦੀ ਸੁੰਦਰ ਨਾਰੀ ਦਾ ਰੂਪ ਬਣ ਜਾਂਦਾ ਹੈ, ਉਸਦੀ ਚੰਗੀ ਨਾਰ ਬਣ ਜਾਂਦਾ ਹੈ, ਆਪਣੇ ਸਚੁ ਰੂਪ ਖਸਮ ਦੀ ਸੁਹਾਗਣ ਬਣ ਜਾਂਦਾ ਹੈ। ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਸਭ ਦਾ ਖਸਮ ਹੈ ਤੇ ਸੰਸਾਰ ਦਾ ਹਰ ਮਨੁੱਖ ਉਸਦੀ ਨਾਰ ਹੈ ਭਾਵ ਉਸਦੀ ਪਤਨੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੀ ਹੈ। ਉਸਦੀ ਨਾਰ ਸਾਡੇ ਅੰਦਰ ਦੀ ਸਮਝ ਹੈ ਤੇ ਜਦ ਤੱਕ ਮਨੁੱਖੀ ਸਮਝ ਭਰਮਾਂ ਵਾਲੀ ਸਮਝ ਵਿੱਚ ਰਹਿੰਦੀ ਹੈ, ਹਉਮੈ ਵਿੱਚ ਰਹਿੰਦੀ ਹੈ, ਪੁੱਠੇ ਕਮਲ ਵਾਲੀ ਸਮਝ ਵਿੱਚ ਰਹਿੰਦੀ ਹੈ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੀ ਹੈ, ਮਾਇਆ ਮੋਹ ਵਿੱਚ ਰਹਿੰਦੀ ਹੈ ਭਾਵ ਮਨਮਤਿ ਵਿੱਚ ਰਹਿੰਦੀ ਹੈ ਤਦ ਤੱਕ ਕੋਈ ਵੀ ਸ੍ਰਿਸ਼ਟੀ ਦੇ ਕਰਤੇ ਦੀ ਸੁੰਦਰ ਨਾਰ ਨਹੀਂ ਬਣ ਸਕਦਾ ਭਾਵ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਤੇ ਸੁੱਚੀ ਸਮਝ ਵਾਲਾ ਨਹੀਂ ਬਣ ਸਕਦਾ ਜਿਸ ਮਨ ਦੀ ਉੱਚੀ ਸਮਝ ਦੁਆਰਾ ਹੀ ਆਪਣੇ ਆਪ ਦੀ ਸੱਚਾਈ, ਸੰਸਾਰ ਦੀ ਸੱਚਾਈ ਤੇ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹੇ ਧਰਮ ਦੇ ਮਾਰਗ ਦੀ ਸੱਚਾਈ ਨੂੰ ਸਮਝ ਸਕਦਾ ਹੈ ਤੇ ਇਸ ਗੱਲ ਨੂੰ ਜਾਣ ਸਕਦਾ ਹੈ ਕਿ ਹਰ ਸੱਚੇ ਧਰਮ ਗ੍ਰੰਥ ਵਿੱਚ ਸੱਚੇ ਗਿਆਨ ਦਾ ਸਰੋਤ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਸਾਰੇ ਗਿਆਨ ਦਾ ਮਾਲਕ, ਨਾਮ ਦਾ ਮਾਲਕ ਆਪ ਹੀ ਹੈ। ਜਿਸ ਮਨੁੱਖੀ ਸਰੀਰ ਦੇ ਅੰਦਰ ਸ੍ਰਿਸ਼ਟੀ ਦਾ

ਕਰਤਾ ਮਨ ਰੂਪ ਜੋਤਿ ਦੇ ਅੰਦਰ ਪ੍ਰਗਟ ਹੋ ਕੇ ਆਪ ਆਪਣਾ ਉੱਚਾ ਗਿਆਨ ਬਖਸ਼ਦਾ ਹੈ ਉਸ ਮਨੁੱਖੀ ਸਰੀਰ ਨੂੰ ਹੀ ਆਪਣਾ ਉੱਚਾ

ਮੰਦਰ ਰੂਪ ਬਣਾਉਂਦਾ ਹੈ ਜਿਸ ਮੰਦਰ ਰੂਪ ਟਿਕਾਣੇ ਵਿੱਚ ਆਪਣੇ ਉੱਚੇ ਗਿਆਨ ਦੁਆਰਾ ਉਹ ਆਪ ਹੀ ਵੱਸਿਆ ਹੁੰਦਾ ਹੈ। **"ਮੰਦਰ"** ਉਸਦਾ ਟਿਕਾਣਾ ਹੈ ਭਾਵ ਉਸਦੇ ਰਹਿਣ ਲਈ ਜਗ੍ਹਾ ਹੈ ਜੋ ਉਸਦਾ ਟਿਕਾਣਾ ਹਰ ਸੱਚੇ ਧਰਮ ਗ੍ਰੰਥ ਵਿੱਚ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਨਾਮ ਦੇ ਰੂਪ ਵਿੱਚ ਹੈ ਭਾਵੇਂ ਅਸੀਂ ਉਸ ਸੱਚੇ ਧਰਮ ਗ੍ਰੰਥ ਨੂੰ **"ਵੇਦ"** ਕਹਿ ਕੇ ਪੁਕਾਰੀਏ, **"ਕੁਰਾਨ"** ਕਹਿ ਕੇ ਪੁਕਾਰੀਏ, **"ਬਾਈਬਲ"** ਕਹਿ ਕੇ ਪੁਕਾਰੀਏ ਜਾਂ **"ਗੁਰਬਾਣੀ ਧਰਮ ਗ੍ਰੰਥ"** ਕਹਿ ਕੇ ਪੁਕਾਰੀਏ, ਇੱਕੋ ਹੀ ਗੱਲ ਹੈ। ਸਾਰੀ ਗੱਲ ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਸਮਝਣ ਦੀ ਹੈ, ਨਾਮ ਨੂੰ ਸਮਝਣ ਦੀ ਹੈ ਭਾਵ ਸੰਸਾਰ ਵਿੱਚ ਸੱਚ ਦੇ ਮਾਰਗ ਤੇ ਚੱਲਣ ਦੀ ਹੈ, ਸੱਚੀ ਵਿਚਰਨ ਦੀ ਹੈ ਤਾਂ ਜੋ ਅਸੀਂ ਸੰਸਾਰਿਕ ਮਨੁੱਖੀ ਝਗੜਿਆਂ ਤੋਂ ਬਚੀਏ ਭਾਵ ਮਨੁੱਖਤਾ ਦੇ ਭਲੇ ਲਈ ਵਿਚਰੀਏ ਤੇ ਇਸ ਗੱਲ ਨੂੰ ਸਮਝੀਏ ਕਿ ਹਰ ਮਨੁੱਖੀ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਰੂਪ ਹੈ ਭਾਵੇਂ ਕਿਸੀ ਮਨੁੱਖੀ ਰੂਪ ਨੂੰ **"ਇਸਾਈ"** ਕਹਿ ਕੇ ਜਾਣੀਏ, **"ਹਿੰਦੂ"** ਕਹਿ ਕੇ ਜਾਣੀਏ, **"ਮੁਸਲਮਾਨ"** ਕਹਿ ਕੇ ਜਾਣੀਏ, **"ਸਿੱਖ"** ਕਹਿ ਕੇ ਜਾਣੀਏ ਜਾਂ ਕਿਸੇ ਵੀ ਹੋਰ ਧਾਰਮਿਕ ਨਾਮ ਨਾਲ ਜਾਣੀਏ। ਉਸ ਸ੍ਰਿਸ਼ਟੀ ਦੇ ਕਰਤੇ ਲਈ ਹਰ ਕੋਈ ਇੱਕੋ ਜਿਹਾ ਹੀ ਹੈ ਤੇ ਉਸ ਦੀਆਂ ਨਜਰਾਂ ਵਿੱਚ ਕੋਈ ਵੀ ਮਨੁੱਖ ਚੰਗਾ ਜਾਂ ਮਾੜਾ ਆਪਣੇ ਕੀਤੇ ਹੋਏ ਕਰਮਾਂ ਦੁਆਰਾ ਬਣਦਾ ਹੈ। ਚੰਗੇ ਕਰਮ ਕਰਨ ਵਾਲਾ ਹਰ ਮਨੁੱਖ ਸ੍ਰਿਸ਼ਟੀ ਦੇ ਕਰਤੇ ਦੀਆਂ ਨਜਰਾਂ ਵਿੱਚ ਚੰਗਾ ਬਣਦਾ ਹੈ ਤੇ ਮਾੜੇ ਕਰਮ ਕਰਨ ਵਾਲਾ ਹਰ ਮਨੁੱਖ ਸ੍ਰਿਸ਼ਟੀ ਦੇ ਕਰਤੇ ਦੀਆਂ ਨਜਰਾਂ ਵਿੱਚ ਮਾੜਾ ਬਣਦਾ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਚੰਗੇ ਕਰਮ ਕਰਨ ਲਈ ਪ੍ਰੇਰਦਾ ਹੈ, ਸਮਝਾਉਂਦਾ ਹੈ। ਸਾਰੀ ਗੱਲ ਸੱਚੇ ਧਰਮ ਗ੍ਰੰਥਾਂ ਤੇ ਅਮਲ ਕਰਨ ਦੀ ਹੈ। ਕੋਈ ਸੱਚਾ ਧਰਮ ਗ੍ਰੰਥ ਜਿਸ ਇਮਾਰਤ ਵਿੱਚ ਰੱਖਿਆ ਜਾਂਦਾ ਹੈ ਜਿਵੇਂ ਕਿ **"ਬਾਈਬਲ"** ਜਿਸ ਇਮਾਰਤ ਵਿੱਚ ਰੱਖਿਆ ਜਾਂਦਾ ਹੈ ਉਸਨੂੰ **"ਚਰਚ"** ਕਿਹਾ ਜਾਂਦਾ ਹੈ ਜੋ ਕਿ ਚੰਗੀ ਗੱਲ ਹੈ। ਇਸੇ ਤਰ੍ਹਾਂ ਜਿਸ ਇਮਾਰਤ ਵਿੱਚ **"ਕੁਰਾਨ"** ਰੱਖੀ ਜਾਂਦੀ ਹੈ ਉਸਨੂੰ **"ਮਸਜਿਦ"** ਕਿਹਾ ਜਾਂਦਾ ਹੈ ਜੋ ਕਿ ਚੰਗੀ ਗੱਲ ਹੈ। ਇਸੇ ਤਰ੍ਹਾਂ ਜਿੱਥੇ **"ਵੇਦ"** ਆਦਿ ਸੱਚੇ ਧਰਮ ਗ੍ਰੰਥ ਰੱਖੇ ਜਾਂਦੇ ਹਨ ਉਨ੍ਹਾਂ ਨੂੰ **"ਮੰਦਰ"** ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਜਿੱਥੇ **"ਗੁਰਬਾਣੀ ਧਰਮ ਗ੍ਰੰਥ"** ਰੱਖਿਆ ਜਾਂਦਾ ਹੈ ਉਸਨੂ **"ਗੁਰਦੁਆਰਾ"** ਕਿਹਾ ਜਾਂਦਾ ਹੈ। ਹੁਣ ਧਿਆਨ ਨਾਲ ਸਮਝੋ ਜਿਸ ਜਗ੍ਹਾ ਤੇ ਗੁਰਬਾਣੀ ਧਰਮ ਗ੍ਰੰਥ ਦਾ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਪਹਿਲੀ ਵਾਰੀ ਪ੍ਰਕਾਸ਼ ਕੀਤਾ ਸੀ ਉਸ ਧਾਰਮਿਕ ਅਸਥਾਨ ਨੂੰ ਉਨ੍ਹਾਂ ਨੇ ਕੀ ਨਾਮ ਦਿੱਤਾ ਹੈ। ਉਹ ਅਸਥਾਨ ਜੋ ਭਾਰਤਵਰਸ਼ ਦੇ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਹੈ ਉਸਨੂੰ ਉਨ੍ਹਾਂ ਨੇ **"ਸ੍ਰੀ ਹਰਿਮੰਦਰ"** ਦਾ ਨਾਮ ਦਿੱਤਾ ਹੈ ਜਿਸ ਰਾਹੀਂ ਉਨ੍ਹਾਂ ਨੇ ਸੰਸਾਰ ਦਾ ਇਹ ਵੱਡਾ ਭਰਮ ਹੀ ਕੱਢਿਆ ਹੈ ਕਿ ਕਿਸੇ ਅਸਥਾਨ ਨੂੰ ਅਸੀਂ ਕਿਸ ਨਾਮ ਨਾਲ ਪੁਕਾਰਦੇ ਹਾਂ ਭਾਵ ਗੁਰਦੁਆਰਾ ਕਹਿ ਕੇ ਪੁਕਾਰਦੇ ਹਾਂ ਜਾਂ ਮੰਦਰ ਕਹਿ ਕੇ ਪੁਕਾਰਦੇ ਹਾਂ ਇਸਦੇ ਕੀ ਅਰਥ ਹਨ। ਸਾਰੀ ਗੱਲ ਤਾਂ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚਾਈ ਹੈ ਜਿਸ ਸੱਚਾਈ ਦਾ ਮਾਲਕ ਇੱਕੋ ਇੱਕ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਜੋ ਹਰ ਮਨੁੱਖੀ ਸਮਝ ਦੇ ਅੰਦਰ ਹੀ ਬੈਠਾ ਹੈ ਤੇ ਹਰ ਮਨੁੱਖੀ ਸਰੀਰ ਉਸਦਾ ਆਪਣਾ ਹੀ ਮੰਦਰ ਹੈ, ਹਰਿਮੰਦਰ ਹੈ। **{ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥}** ਅੰਗ ੧੩੪੬

55/7698

ਜਦ ਤੱਕ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਹੈ ਭਾਵ ਹਉਮੈ ਵਿੱਚ ਹੈ, ਤ੍ਰੈ ਗੁਣਾਂ ਵਿੱਚ ਹੈ ਉਹ ਆਪਣੇ ਸਰੀਰ ਰੂਪ ਮੰਦਰ ਦੀ ਕੀਮਤ ਨੂੰ ਨਹੀਂ ਸਮਝ ਸਕਦਾ ਜਿਸ ਆਪਣੇ ਮੰਦਰ ਵਿੱਚ ਉਹ ਹਰ ਕਿਸੇ ਦੇ ਅੰਦਰ ਹਰ ਵੇਲੇ ਆਪ ਹੀ ਹੈ ਪਰ ਜਦ ਤੱਕ ਕਿਸੇ ਦੇ ਮੰਦਰ ਨੂੰ ਉਹ ਉੱਚਾ ਨਹੀਂ ਬਣਾਉਂਦਾ, ਆਪਣੇ ਗਿਆਨ ਰਤਨ ਦੁਆਰਾ ਉੱਚਾ ਨਹੀਂ ਬਣਾਉਂਦਾ ਤਦ ਤੱਕ ਇਸ ਮੰਦਰ ਦੀ ਕੀਮਤ ਨਹੀਂ ਪੈਂਦੀ ਤੇ ਕੋਈ ਉਸਦੀ ਸੁੰਦਰ ਨਾਰੀ ਨਹੀਂ ਬਣ ਸਕਦਾ। ਕਿਸੇ ਨੂੰ ਉਹ ਆਪਣੀ ਸੁੰਦਰ ਨਾਰੀ ਆਪ ਹੀ ਬਣਾਉਂਦਾ ਹੈ। **(ਊਚੇ ਮੰਦਰ ਸੁੰਦਰ ਨਾਰੀ ॥)**

ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਨੂੰ ਸਮਝਣ ਤੋਂ ਪਹਿਲਾਂ ਸਾਡੇ ਲਈ ਇਸ ਗੱਲ ਨੂੰ ਸਮਝਣਾ ਜਰੂਰੀ ਹੈ ਕਿ ਜਿਸਨੂੰ ਪ੍ਰਮਾਤਮਾ ਭਾਵ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਆਪਣਾ ਆਪ ਸਮਝਾਉਂਦਾ ਹੈ ਭਾਵ ਜਿਸ ਤਰੀਕੇ ਉਹ ਮਨੁੱਖੀ ਸਰੀਰ ਦੀ ਕੀਮਤ ਪਾਉਂਦਾ ਹੈ ਉਹ ਉਸਦੇ ਮਨ ਦੇ ਵਿੱਚ ਆਪਣਾ ਗਿਆਨ ਰੂਪ ਪ੍ਰਗਟ ਕਰਨ ਦੁਆਰਾ ਹੀ ਪਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਸਾਨੂੰ ਨਾਮ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ ਕਿਉਂਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਨੂੰ ਨਾਮ ਦੀ ਸੱਚੀ ਸਮਝ ਤੋਂ ਬਿਨ੍ਹਾਂ ਨਹੀਂ ਸਮਝਿਆ ਜਾ ਸਕੇਗਾ। ਹੇਠ ਦਿੱਤੇ ਪੂਰੇ ਸ਼ਬਦ ਨੂੰ ਧਿਆਨ ਨਾਲ ਪੜੋ ਜਿਸ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਹੀ ਸਮਝ ਚੁਕੇ ਹਾਂ।

ਮਾਰੂ ਸੋਲਹੇ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

{ਸਚਾ ਆਪਿ ਸਵਾਰਣਹਾਰਾ ॥ ਅਵਰ ਨ ਸੂਝਸਿ ਬੀਜੀ ਕਾਰਾ ॥
ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥
ਸਭਨਾ ਸਚੁ ਵਸੈ ਮਨ ਮਾਹੀ ॥ ਗੁਰ ਪਰਸਾਦੀ ਸਹਜਿ ਸਮਾਹੀ ॥
ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥
ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥
ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥
ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥
ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥

ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ ੧੦੬੯-੧੦੭੦)

ਉਪਰ ਵਾਲੇ ਸ਼ਬਦ ਨੂੰ ਅਸੀਂ ਕਾਫੀ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਪੂਰੇ ਸ਼ਬਦ ਦੀ ਹਰ ਪੰਗਤੀ ਨੂੰ ਧਿਆਨ ਨਾਲ ਪੜਨ ਤੇ ਸਮਝਣ ਤੋਂ ਬਾਅਦ ਸ੍ਰਿਸ਼ਟੀ ਦੇ ਕਰਤੇ ਦੇ ਨਾਮ ਨੂੰ ਸਮਝਣ ਵਿੱਚ ਕਿਸੇ ਵਿਰਲੇ ਨੂੰ ਹੀ ਨਾਮ ਸਮਝਣ ਵਿੱਚ ਭਰਮ ਰਹਿ ਸਕਦਾ ਹੈ ਜੋ ਮਨ ਦਾ ਭਰਮ ਛੱਡ ਕੇ ਗੁਰੂ ਦੇ ਸੱਚ ਦੇ ਨਾਲ ਜੁੜਨਾ ਹੀ ਨਹੀਂ ਚਾਹੁੰਦਾ ਭਾਵ ਮਨਮਤਿ ਛੱਡਣਾ ਹੀ ਨਹੀਂ ਚਾਹੁੰਦਾ ਤੇ ਗੁਰਮਤਿ ਨੂੰ ਮੰਨਣਾ ਹੀ ਨਹੀਂ ਚਾਹੁੰਦਾ। ਪੂਰਾ ਸੰਸਾਰ ਨਾਮ ਨਾਲ, ਰਾਮ ਨਾਮ ਨਾਲ, ਹਰਿ ਨਾਮ ਨਾਲ, ਵਾਹਿਗੁਰੂ ਨਾਮ ਨਾਲ, ਅੱਲ੍ਹਾ ਨਾਮ ਨਾਲ, ਗਾਡ ਨਾਮ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਮ ਨਾਲ ਭਾਵ ਬ੍ਰਹਮ ਗਿਆਨ ਨਾਲ ਬਣਿਆ ਹੈ ਤੇ ਸਭ ਕੁਝ ਬ੍ਰਹਮ ਗਿਆਨ ਦੇ ਨਾਲ ਹੀ ਚੱਲ ਰਿਹਾ ਹੈ। ਪੂਰੀ ਸ੍ਰਿਸ਼ਟੀ ਵਿੱਚ ਬ੍ਰਹਮ ਗਿਆਨ ਹੀ ਵਰਤ ਰਿਹਾ ਹੈ ਜੋ ਕਿ ਸ੍ਰਿਸ਼ਟੀ ਦੇ ਕਰਤੇ ਦੀ ਰਚੀ ਹੋਈ ਭਾਵ ਬ੍ਰਹਮ ਦੀ ਰਚੀ ਹੋਈ, ਸੰਸਾਰ ਦੇ ਮਾਲਕ ਦੀ ਰਚੀ ਹੋਈ ਉਸਦੀ

55/7699

ਉੱਚੀ ਸਾਇੰਸ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਹੀ ਵਰਤ ਰਿਹਾ ਹੈ। ਬ੍ਰਹਮ ਗਿਆਨ ਦੇ ਮਾਲਕ ਭਾਵ ਨਾਮ ਦੇ ਮਾਲਕ ਭਾਵ ਪੂਰਨ ਸਾਇੰਸ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਭਾਵ ਮਨ ਦੇ ਅੰਦਰ ਉੱਚੇ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ, ਮਨ ਦੇ ਅੰਦਰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ ਭਾਵ ਮਨ ਦੇ ਅੰਦਰ ਰਾਮ ਨਾਮ ਦੀ ਪ੍ਰਾਪਤੀ ਹੋਏ ਬਿਨ੍ਹਾਂ ਕੋਈ ਆਪਣੇ ਸਰੀਰ ਰੂਪ ਮੰਦਰ ਦੇ ਉੱਚੇਪਨ ਨੂੰ ਜਾਣ ਸਕੇ, ਅਕਾਲ ਪੁਰਖ ਦੀ ਸੁੰਦਰ ਨਾਰੀ ਬਣਨ ਨੂੰ ਜਾਣ ਸਕੇ ਇਹ ਨਹੀਂ ਹੋ ਸਕਦਾ ਤੇ ਇਹੋ ਜਿਹਾ ਹਰ ਮਨੁੱਖ ਆਪਣੇ ਜੀਵਨ ਦੀ ਬਾਜੀ ਨੂੰ ਸੰਸਾਰ ਵਿੱਚੋਂ ਹਾਰ ਕੇ ਹੀ ਜਾਂਦਾ ਹੈ ਭਾਵ ਆਪਣੇ ਜੀਵਨ ਦਾ ਮਨੋਰਥ ਗਵਾ ਕੇ ਹੀ ਜਾਂਦਾ ਹੈ ਕਿਉਂਕਿ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਪੂਰੇ ਸੰਸਾਰ ਵਿੱਚ ਇੱਕੋ ਇੱਕ ਆਕਾਰ ਰੂਪ ਮਨੁੱਖੀ ਸਰੀਰ ਹੈ ਜੋ ਆਪਣੀ ਸਮਝ ਦੇ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦਾ ਹੈ ਕਿਉਂਕਿ ਇਹ ਸਮਰਥਾ ਕੇਵਲ ਤੇ ਕੇਵਲ ਸ੍ਰਿਸ਼ਟੀ ਦੇ ਕਰਤੇ ਨੇ ਮਨੁੱਖੀ ਸਰੀਰ ਨੂੰ ਹੀ ਬਖਸ਼ੀ ਹੈ ਤੇ ਹਰ ਮਨੁੱਖੀ ਸਰੀਰ ਦੀ ਸਮਝ ਦੇ ਅੰਦਰ ਭਰਮਾਂ ਵਾਲੀ ਸਮਝ, ਹਉਮੈ ਵਾਲੀ ਸਮਝ ਭਾਵ ਤ੍ਰੈ ਗੁਣਾਂ ਵਾਲੀ ਸਮਝ ਵੀ ਉਸਦੀ ਆਪਣੀ ਹੀ ਪਾਈ ਹੋਈ ਹੈ, ਇੱਕੋ ਜਿਹੇ ਤਰੀਕੇ ਨਾਲ ਹੀ ਪਾਈ ਹੋਈ ਹੈ ਤੇ ਉਸ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਕੇ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਤਰੀਕਾ ਵੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਤਰੀਕਾ ਸ੍ਰਿਸ਼ਟੀ ਦੇ ਕਰਤੇ ਦੇ ਨਾਮ ਨੂੰ ਜਪਣ ਦਾ ਹੈ ਭਾਵ ਰਾਮ ਨਾਮ ਜਪਣ ਦਾ ਹੈ, ਹਰਿ ਨਾਮ ਜਪਣ ਦਾ ਹੈ ਜਿਵੇਂ ਕਿ ਧੰਨ ਧੰਨ ਗੁਰੂ ਗੁਰਬਾਣੀ ਦੇ ਸ਼ਬਦਾਂ ਰਾਹੀਂ ਬਾਰ-ਬਾਰ ਸਮਝਾਇਆ ਹੋਇਆ ਹੈ ਤੇ ਅਨੇਕਾਂ ਸ਼ਬਦਾਂ ਰਾਹੀਂ ਅਸੀਂ ਬਾਰ-ਬਾਰ ਇਸ ਗੱਲ ਨੂੰ ਸਮਝਿਆ ਵੀ ਹੈ। ਗੁਰੂ ਗੁਰਬਾਣੀ ਦੇ ਸ਼ਬਦ ਹੀ ਸਾਰੇ ਸੰਸ਼ਾਰ ਨੂੰ ਇਹ ਸਮਝਾਉਂਦੇ ਹਨ ਕਿ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਸੱਚਾ ਨਾਮ ਹੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਸਮਝਾਇਆ ਹੋਇਆ ਸੱਚ ਹੀ ਹੈ ਜੋ ਕਿ ਹਰ ਸੱਚੇ ਧਰਮ ਗ੍ਰੰਥ ਦੇ ਵਿੱਚ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਦੇ ਰੂਪ ਵਿੱਚ ਹੁੰਦਾ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੁੰਦਾ ਹੈ ਜੋ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੁੰਦੀ ਹੈ ਭਾਵ ਬ੍ਰਹਮ ਗਿਆਨ ਦੇ ਰੂਪ ਵਿੱਚ ਹੁੰਦੀ ਹੈ ਭਾਵ ਨਾਮ ਦੇ ਰੂਪ ਵਿੱਚ ਹੁੰਦੀ ਹੈ ਜਿਸ ਚੌਥੇ ਪਦ ਵਾਲੇ ਗਿਆਨ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਜਦ ਤੱਕ ਕਿਸੇ ਦੇ ਅੰਦਰ ਭਾਵ ਮਨ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਕੋਈ ਇਸ ਗੱਲ ਨੂੰ ਸਮਝ ਹੀ ਨਹੀਂ ਸਕਦਾ ਕਿ ਚੌਥੇ ਪਦ ਦਾ ਗਿਆਨ ਕੀ ਹੈ, ਸਹਜ ਗਿਆਨ ਕੀ ਹੈ ਭਾਵ ਨਾਮ ਕੀ ਹੈ। ਇਸੇ ਲਈ ਅੱਜ ਤੱਕ ਕੋਈ ਇਸ ਗੱਲ ਨੂੰ ਸਮਝ ਹੀ ਨਹੀਂ ਸਕਿਆ ਕਿ ਸੱਚੇ ਧਾਰਮਿਕ ਗ੍ਰੰਥ ਵੇਦਾਂ ਵਿੱਚ ਨਾਮ ਕੀ ਹੈ, ਸੱਚੇ ਧਾਰਮਿਕ ਗ੍ਰੰਥ ਸਿਮ੍ਰਿਤ-ਸ਼ਾਸਤਰਾਂ ਵਿੱਚ ਨਾਮ ਕੀ ਹੈ, ਸੱਚੇ ਧਾਰਮਿਕ ਗ੍ਰੰਥ ਕੁਰਾਨ ਵਿੱਚ ਨਾਮ ਕੀ ਹੈ, ਸੱਚੇ ਧਾਰਮਿਕ ਗ੍ਰੰਥ ਬਾਈਬਲ ਵਿੱਚ ਨਾਮ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਹੁਣ ਅਸੀਂ ਇਸ ਮਨੁੱਖੀ ਸਰੀਰ ਰੂਪ ਮੰਦਰ ਦੀ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਰਹਿਣ ਦੇ ਅਸਥਾਨ

55/7700

ਨੂੰ ਤੇ ਉਸਦੇ ਸੁੰਦਰ ਨਾਰ ਬਣਨ ਦੇ ਤਰੀਕੇ ਨੂੰ ਆਸਾਨੀ ਨਾਲ ਸਮਝ ਸਕਦੇ ਹਾਂ ਜੋ ਉਸਦੀ ਸੁੰਦਰ ਨਾਰ ਬਣਨ ਦਾ ਤਰੀਕਾ ਸੰਸਾਰ

ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਪਰ ਇਸ ਇੱਕੋ ਇੱਕ ਤਰੀਕੇ ਨੂੰ ਨਾ ਸਮਝ ਸਕਣ ਦਾ ਕਾਰਣ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਪਾਏ ਹੋਏ ਨਾਮ ਨੂੰ ਨਾ ਸਮਝ ਸਕਣ ਦਾ ਹੀ ਹੈ ਤੇ ਉਨ੍ਹਾਂ ਅਨੁਸਾਰ ਨਾ ਵਿਚਰ ਸਕਣ ਦਾ ਹੀ ਹੈ ਜੋ ਕਿ ਅਸਲ ਵਿੱਚ ਹਰ ਸੱਚੇ ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਨਾ ਮੰਨ ਸਕਣ ਦਾ ਹੀ ਹੈ ਭਾਵ ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਨਾ ਸਮਝਣ ਦਾ ਤੇ ਉਨ੍ਹਾਂ ਸੱਚੇ ਵਿਚਾਰਾਂ ਨੂੰ ਨਾ ਮੰਨ ਸਕਣ ਦਾ ਹੀ ਹੈ ਕਿਉਂਕਿ ਹਰ ਸੱਚਾ ਧਰਮ ਗ੍ਰੰਥ ਸਾਰੇ ਸੰਸਾਰ ਨੂੰ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ, ਮਨ ਦੇ ਮਾਲਕ ਨੂੰ ਜਾਨਣ ਦਾ ਇੱਕੋ ਜਿਹਾ ਉਸਦਾ ਨਾਮ ਜਪਣ ਦਾ ਤਰੀਕਾ ਹੀ ਸਮਝਾਉਂਦਾ ਹੈ।

(ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥੪॥)

ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਦਾਵਾ ਕਰਨ ਵਾਲੇ ਅਨੇਕਾਂ ਹੀ ਹਨ ਤੇ ਭਾਰਤ ਵਰਸ਼ ਵਿੱਚ ਇਹੋ ਜਿਹਿਆਂ ਦੀ ਗਿਣਤੀ ਕਾਫੀ ਜਿਆਦਾ ਹੈ। ਜੋ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਵਾਲਾ ਸਮਝਦੇ ਹਨ ਉਹ ਇਸ ਗੱਲ ਨੂੰ ਨਹੀਂ ਸਮਝਦੇ ਕਿ ਸ੍ਰਿਸ਼ਟੀ ਦਾ ਕਰਤਾ ਤਾਂ ਕੇਵਲ ਇੱਕੋ ਹੀ ਹੈ। ਉਹ ਤਾਂ ਕੇਵਲ ਉਸੇ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਸਮਝਦੇ ਹਨ ਜਿਸਨੂੰ ਉਹ ਭਗਵਾਨ ਦੇ ਨਾਮ ਨਾਲ, ਰਾਮ ਦੇ ਨਾਮ ਨਾਲ ਜਾਂ ਵੱਖਰੀ ਵੱਖਰੀ ਧਾਰਮਿਕ ਆਸਥਾ ਅਨੁਸਾਰ ਕਿਸੇ ਹੋਰ ਨਾਮ ਨਾਲ ਜਾਣਦੇ ਹਨ ਤੇ ਪੁਕਾਰਦੇ ਹਨ ਇਹੋ ਜਿਹੇ ਆਪਣੇ ਆਪ ਨੂੰ ਭਾਵ ਰਾਮ ਨੂੰ ਜਾਨਣ ਵਾਲੇ ਤੇ ਰਾਮ ਨਾਮ ਨੂੰ ਜਾਨਣ ਵਾਲੇ ਭਾਵ ਧਰਮ ਗ੍ਰੰਥਾਂ ਦੇ ਉੱਚੇ ਗਿਆਨ ਵਾਲੇ ਅਖਵਾਉਣ ਵਾਲੇ ਆਪਣੇ ਆਪ ਨੂੰ ਰਾਮ ਦੇ ਨੇੜੇ ਸਮਝਦੇ ਹਨ, ਰਾਮ ਨੂੰ ਜਾਨਣ ਵਾਲੇ ਸਮਝਦੇ ਹਨ, ਆਪਣੀ ਸਮਝ ਨੂੰ ਉੱਚਾ ਸਮਝਦੇ ਹਨ ਤੇ ਇਸੇ ਕਰਕੇ ਹੀ ਉਹ ਆਪਣੇ ਆਪ ਨੂੰ ਉੱਚੀ ਜਾਤਿ ਵਾਲਾ ਸਮਝਦੇ ਹਨ, ਸੰਸਾਰਿਕ ਤੌਰ ਤੇ ਉੱਚੀ ਜਾਤਿ ਵਾਲਾ ਸਮਝਦੇ ਹਨ, ਉੱਚੀ ਕੁੱਲ ਵਾਲਾ ਸਮਝਦੇ ਹਨ ਕਿ ਸਾਡੇ ਤੋਂ ਉੱਚੀ ਜਾਤਿ ਵਾਲਾ ਕੋਈ ਹੋਰ ਨਹੀਂ ਹੋ ਸਕਦਾ ਕਿਉਂਕਿ ਸਾਨੂੰ ਰਾਮ ਦੀ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਵੀ ਸਮਝ ਹੈ ਤੇ ਉਸਦੀ ਭਗਤੀ ਦੀ ਵੀ ਸਮਝ ਹੈ, ਉਸਦਾ ਨਾਮ ਜਪਣ ਦੀ ਵੀ ਸਮਝ ਹੈ ਜਿਸ ਤਰੀਕੇ ਉਸ ਸ੍ਰਿਸ਼ਟੀ ਦੇ ਕਰਤੇ ਰਾਮ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ ਭਾਵ ਉਸਦੀ ਖੁਸ਼ੀ ਲਈ ਜਾ ਸਕਦੀ ਹੈ ਤੇ ਇਸੇ ਤਰੀਕੇ ਹੀ ਉਹ ਸੰਸਾਰ ਵਿੱਚ ਆਪਣਾ ਉੱਚਾਪਨ ਦਿਖਾਉਂਦੇ ਹਨ, ਆਪਣੇ ਆਪ ਨੂੰ ਉੱਚੀ ਜਾਤਿ ਵਾਲਾ ਅਖਵਾਉਂਦੇ ਹਨ ਜੋ ਕਿ ਪੂਰੇ ਭਾਰਤ ਵਰਸ਼ ਵਿੱਚ ਆਮ ਜਿਹੀ ਹੀ ਗੱਲ ਹੈ ਜੋ ਕਿ ਸਦੀਆਂ ਤੋਂ ਹੀ ਚੱਲਦੀ ਆ ਰਹੀ ਹੈ। ਇਹੋ ਜਿਹੇ ਆਪਣੇ ਆਪ ਨੂੰ ਉੱਚੀ ਜਾਤਿ ਵਾਲਾ ਅਖਵਾਉਣ ਵਾਲੇ ਦੂਸਰਿਆਂ ਨੂੰ ਨੀਵੀਂ ਜਾਤਿ ਵਾਲੇ ਕਹਿੰਦੇ ਹਨ ਤੇ ਉਨ੍ਹਾਂ ਨੂੰ ਨੀਵੀਂ ਜਾਤਿ ਵਾਲਾ ਕਹਿਣ ਦੁਆਰਾ ਉਨ੍ਹਾਂ ਨੂੰ ਆਪਣੇ ਸੇਵਾ ਕਰਨ ਵਾਲੇ ਬਣਾਉਂਦੇ ਹਨ ਕਿ ਇਨ੍ਹਾਂ ਦਾ ਕੰਮ ਉੱਚੀ ਜਾਤਿ ਦੀ ਸੇਵਾ ਕਰਨ ਦਾ ਹੈ ਕਿਉਂਕਿ ਨੀਵੀਂ ਜਾਤਿ ਵਾਲਿਆਂ ਦਾ ਫਰਜ ਉੱਚੀ ਜਾਤਿ ਵਾਲਿਆਂ ਦੀ ਸੇਵਾ ਕਰਨ ਦਾ ਹੁੰਦਾ ਹੈ। ਧੰਨ ਧੰਨ ਧੰਨ ਸ੍ਰਿਸ਼ਟੀ ਦੇ ਭਗਤ ਅਕਾਲ ਪੁਰਖ ਰੂਪ, ਅੱਲ੍ਹਾ ਰੂਪ, ਭਗਵਾਨ ਰੂਪ, ਗਾਡ ਰੂਪ ਰਵਿਦਾਸ ਜੀ ਨੇ ਆਪਣੇ ਆਪ ਨੂੰ ਵੱਡੀ ਜਾਤਿ ਦੇ ਅਖਵਾਉਣ ਵਾਲੇ ਤੇ ਸ੍ਰਿਸ਼ਟੀ ਦੇ ਕਰਤੇ ਦੇ ਹੀ ਆਪਣੇ ਰੂਪ ਨੂੰ ਨੀਵੀਂ ਜਾਤਿ ਆਖਣ ਵਾਲੇ ਨੂੰ ਕਿਸ ਤਰੀਕੇ ਸਮਝਾਇਆ ਹੋਇਆ ਹੈ, ਇਹੀ ਗੱਲ ਪੂਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਆਪਣੇ ਰੂਪ, ਭਗਵਾਨ ਰੂਪ, ਅੱਲ੍ਹਾ ਰੂਪ, ਅਕਾਲ ਪੁਰਖ ਰੂਪ,

55/7701

ਗਾਡ ਰੂਪ ਨੇ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਤਾਂ ਜੋ ਅਸੀਂ ਕਿਸੇ ਵੀ ਮਨੁੱਖੀ ਰੂਪ ਨੂੰ ਉਸ **"ਜਾਤਿ"** ਰਾਹੀਂ ਮਾੜਾ ਨਾ ਕਹੀਏ ਜੋ ਜਾਤਿ ਸੰਸਾਰੀ ਮਨੁੱਖਾਂ ਨੇ ਮਨ ਦੀ ਨਾਸਮਝੀ ਕਰਕੇ ਕਿਸੇ ਦੀ ਬਣਾਈ ਹੋਈ ਹੈ ਜਿਵੇਂ ਕਿ ਮਨ ਦੀ ਘੋਰ ਅਗਿਆਨਤਾ ਕਰਕੇ ਭਾਰਤ ਵਰਸ਼ ਵਿੱਚ ਕਿਸੇ ਨੂੰ ਚੂੜ੍ਹਾ, ਚਮਾਰ ਆਦਿ ਦੀ ਜਾਤਿ ਵਾਲਾ ਕਿਹਾ ਜਾਂਦਾ ਹੈ ਜੋ ਕਿ ਪੂਰੀ ਮਨੁੱਖਤਾ ਲਈ ਵੱਡੀ ਸ਼ਰਮ ਵਾਲੀ ਗੱਲ ਹੈ। ਇਹੋ ਜਿਹੀ ਜਾਤਿ-ਪਾਤਿ ਵਾਲੀ ਗੱਲ ਉਹੀ ਕਰ ਸਕਦਾ ਹੈ ਜਿਸਨੇ ਆਪਣੇ ਅੰਦਰੋਂ ਰਾਮ ਨੂੰ, ਵਾਹਿਗੁਰੂ ਨੂੰ, ਅੱਲ੍ਹਾ ਨੂੰ, ਗਾਡ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਭਾਵ ਜਿਸਨੇ ਆਪਣੇ ਅੰਦਰ ਦੇ ਮਨ ਰੂਪ ਮੰਦਰ ਨੂੰ ਨਹੀਂ ਜਾਣਿਆ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਘਰ ਨੂੰ ਨਹੀਂ ਜਾਣਿਆ ਜੋ ਕਿ ਸਭ ਕੁਝ ਇੱਕੋ ਇੱਕ ਆਪ ਹੀ ਹੈ। ਆਉ ਸ਼ਬਦ ਦੇ ਅਗਲੇ ਪਦੇ ਨੂੰ ਸਮਝੀਏ ਤੇ ਮਨੁੱਖੀ ਜਾਤਿ-ਪਾਤਿ ਦੇ ਭੇਦ ਵਿੱਚੋਂ ਨਿਕਲੀਏ ਤੇ ਆਪਣੀ ਅਸਲ ਜਾਤ ਨੂੰ ਸਮਝੀਏ ਭਾਵ ਹਉਮੈ ਦੀ ਜਾਤਿ ਵਿੱਚੋਂ ਨਿਕਲ ਕੇ ਨਾਮ ਦੀ ਜਾਤਿ ਵਾਲੇ ਬਣੀਏ ਜਿਸ ਨਾਮ ਵਾਲੀ ਜਾਤਿ ਵਾਲਾ ਬਣਕੇ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ, ਉਸਦੇ ਘਰ ਮੰਦਰ ਨੂੰ ਜਾਣ ਸਕਦਾ ਹੈ ਤੇ ਉਸਦੀ ਸੁੰਦਰ ਨਾਰੀ ਬਣ ਸਕਦਾ ਹੈ ਜਿਵੇਂ ਕਿ ਉਸਦੀ ਸੁੰਦਰ ਨਾਰੀ ਸਾਰੇ ਹੀ ਗੁਰਬਾਣੀ ਦੀ ਰਚਨਾ ਕਰਨ ਵਾਲੇ ਬਣੇ ਹਨ ਤੇ ਭਗਤ ਰਵਿਦਾਸ ਜੀ ਵੀ ਉਸੇ ਤਰੀਕੇ ਬਣੇ ਹਨ।

"ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥"

ਜੋ ਭਗਤ ਰਵਿਦਾਸ ਜੀ ਦੀ ਸੰਸਾਰਿਕ ਮਨੁੱਖਾਂ ਦੇ ਕਾਰਣ ਉਨ੍ਹਾਂ ਨੂੰ ਜਾਤਿ ਮਿਲੀ ਹੋਈ ਸੀ ਉਸਨੂੰ ਚਮਾਰ ਜਾਤਿ ਕਿਹਾ ਜਾਂਦਾ ਸੀ ਜਿਸ ਜਾਤਿ ਵਾਲਿਆਂ ਦਾ ਧੰਧਾ ਜੁੱਤੀਆਂ ਬਨਾਉਣ ਤੇ ਗੰਢਣ ਦਾ ਹੁੰਦਾ ਸੀ ਤੇ ਇਸ ਜਾਤਿ ਵਾਲਿਆਂ ਨੂੰ ਭਾਰਤ ਵਰਸ਼ ਵਿੱਚ ਨੀਵੀਂ ਜਾਤਿ ਵਾਲੇ ਤੇ ਨੀਵੀਂ ਕੁਲ ਵਾਲੇ ਸਮਝਿਆ ਜਾਂਦਾ ਸੀ। ਅੱਜ ਦੇ ਸਮੇਂ ਅਨੁਸਾਰ ਭਾਵੇਂ ਅਨੇਕਾਂ ਸਮਝਦਾਰ ਮਨੁੱਖਾਂ ਦੀਆਂ ਧਾਰਨਾ ਇਸ ਗੱਲ ਨੂੰ ਲੈ ਕੇ ਬਦਲ ਚੁਕੀ ਹੈ ਪਰ ਅਜੇ ਵੀ ਭਾਰਤ ਵਰਸ਼ ਵਿੱਚ ਅਨੇਕਾਂ ਇਹੋ ਜਿਹੇ ਮਨੁੱਖ ਹਨ ਜੋ ਚਮਾਰ ਜਾਤਿ ਨੂੰ ਨੀਵੀਂ ਜਾਤਿ ਕਹਿੰਦੇ ਹਨ, ਜੋ ਕਿ ਉਨ੍ਹਾਂ ਦਾ ਵੱਡਾ ਭਰਮ ਹੈ। ਕਿਸੇ ਨੇ ਕਿਹੋ ਜਿਹੀ ਜਾਤਿ ਵਾਲਾ ਬਣਨਾ ਹੈ ਉਸਦਾ ਫੈਸਲਾ ਇਸ ਗੱਲ ਨਾਲ ਹੁੰਦਾ ਹੈ ਕਿ ਉਸ ਮਨੁੱਖ ਦਾ ਜਨਮ ਕਿਸ ਘਰਾਨੇ ਵਿੱਚ ਹੁੰਦਾ ਹੈ। ਭਗਤ ਰਵਿਦਾਸ ਜੀ ਉਪਰ ਸ਼ਬਦ ਵਿੱਚ ਸੰਸਾਰ ਨੂੰ ਇਹੀ ਸਮਝਾ ਰਹੇ ਹਨ ਕਿ ਮੇਰਾ ਜਨਮ ਹੀ **"ਓਛਾ"** ਹੈ ਭਾਵ ਨੀਵਾਂ ਹੈ ਭਾਵ ਮੇਰਾ ਜਨਮ ਹੀ ਨੀਵੀਂ ਜਾਤਿ ਵਾਲੇ ਘਰਾਨੇ ਵਿੱਚ ਹੋਇਆ ਹੈ। ਉਸ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਲਈ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਸੰਸਾਰਿਕ ਜਾਤਿ ਕਿਸੇ ਦੀ ਕਿਹੋ ਜਿਹੀ ਹੈ ਕਿਉਂਕਿ ਸਭ ਦੇ ਅੰਦਰ ਉਹ ਆਪ ਹੀ ਵਰਤਦਾ ਹੈ

55/7702

ਜਿਸਦੀ ਆਪਣੀ ਕੋਈ ਸੰਸਾਰਿਕ ਜਾਤ ਹੈ ਹੀ ਨਹੀਂ। ਉਸਦੀ ਆਪਣੀ ਇੱਕੋ ਇੱਕ ਜਾਤ ਨਾਮ ਦੀ ਜਾਤ ਹੈ, ਬ੍ਰਹਮ ਗਿਆਨ ਦੀ ਜਾਤ ਹੈ ਜੋ ਕਿ ਸਭ ਤੋਂ ਉੱਚੀ ਜਾਤ ਹੈ ਤੇ ਸੰਸਾਰ ਦੇ ਹਰ ਮਨੁੱਖ ਨੂੰ ਉਸਨੇ ਆਪ ਹੀ ਹਉਮੈ ਦੀ ਜਾਤ ਵਾਲੇ ਬਣਾ ਕੇ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਕਿਸੀ ਮਨੁੱਖੀ ਜਾਤ ਨੂੰ ਉੱਚਾ ਜਾਂ ਨੀਵਾਂ ਸਮਝਣਾ ਕੇਵਲ ਸਭ ਦੇ ਅੰਦਰ ਦੀ ਹਉਮੈ ਹੈ ਭਾਵ ਅਗਿਆਨਤਾ ਹੈ ਜੋ ਮਨ ਦੀ ਅਗਿਆਨਤਾ ਨਿਕਲੇ ਬਿਨ੍ਹਾਂ ਕੋਈ ਨਾਮ ਦੀ ਜਾਤ ਵਾਲਾ ਬਣ ਸਕੇ ਤੇ ਸੰਸਾਰਿਕ ਜਾਤਾਂ ਦੇ ਭੇਦ ਭਾਵ ਵਿੱਚੋਂ ਨਿਕਲ ਸਕੇ ਇਹ ਹੋ ਹੀ ਨਹੀਂ ਸਕਦਾ। ਮਨੁੱਖ ਦੀ ਨੀਵੀਂ ਜਾਤ ਮਨੁੱਖ ਦੀ ਹਉਮੈ ਹੈ ਭਾਵ ਮਨੁੱਖ ਦੀ ਨੀਵੀਂ ਸਮਝ ਹੈ ਜਿਸ ਮਨ ਦੀ ਨੀਵੀਂ ਸਮਝ ਵਿੱਚੋਂ ਗੁਰੂ ਪ੍ਰਮਾਤਮਾ ਦੀ ਸ਼ਰਨ ਵਿੱਚ ਆ ਕੇ ਹੀ ਨਿਕਲਿਆ ਜਾ ਸਕਦਾ ਹੈ। ਗੁਰੂ ਦੀ ਸ਼ਰਨ ਵਿੱਚ ਆਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਿਆ ਹੀ ਹੈ। ਸੱਚੇ ਧਰਮ ਗ੍ਰੰਥਾਂ ਦੇ ਵਿੱਚ ਗੁਰੂ ਆਪਣੀ ਸੱਚੀ ਗੁਰਮਤਿ ਰੂਪ ਵਿੱਚ ਵਰਤਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਤੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ, ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਸ਼ਰਨ ਵਿੱਚ ਆਉਣ ਦਾ ਸੱਚਾ ਉਦਮ ਹੈ ਕਿਉਂਕਿ ਸ੍ਰਿਸ਼ਟੀ ਦਾ ਕਰਤਾ ਹੀ ਪੂਰੀ ਸ੍ਰਿਸ਼ਟੀ ਦਾ ਗੁਰੂ ਹੈ ਜੋ ਕਿ ਪੂਰਨ ਗਿਆਨ ਦਾ ਮਾਲਕ ਹੈ, ਨਾਮ ਦਾ ਮਾਲਕ ਹੈ। ਗੁਰੂ ਦੀ ਸ਼ਰਨ ਵਿੱਚ ਆਉਣਾ ਜਾਂ ਨਾਮ ਦੀ ਸ਼ਰਨ ਵਿੱਚ ਆਉਣਾ ਇੱਕੋ ਹੀ ਗੱਲ ਹੈ ਜਿਸਦੀ ਸ਼ਰਨ ਵਿੱਚ ਆ ਕੇ ਹੀ ਕੋਈ ਨਾਮ ਦੀ ਜਾਤ ਵਾਲਾ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਜਾਤ ਵਾਲਾ ਬਣ ਸਕਦਾ ਹੈ ਭਾਵ ਸਭ ਤੋਂ ਉੱਚੀ ਜਾਤ ਵਾਲਾ ਬਣ ਸਕਦਾ ਹੈ ਤੇ ਹਉਮੈ ਵਾਲੀ ਨੀਵੀਂ ਜਾਤ ਵਿੱਚੋਂ ਨਿਕਲ ਸਕਦਾ ਹੈ ਜਿਵੇਂ ਕਿ ਭਗਤ ਰਵਿਦਾਸ ਜੀ ਨਿਕਲੇ ਹਨ ਤੇ ਉਨ੍ਹਾਂ ਦਾ ਰੁਤਬਾ ਪੂਰੇ ਸੰਸਾਰ ਵਿੱਚ ਰਾਜਾ ਰਾਮ ਵਰਗਾ ਸੋਹਣਾ ਬਣ ਗਿਆ ਹੈ ਭਾਵ ਉਨ੍ਹਾਂ ਦਾ ਰੁਤਬਾ ਪ੍ਰਮਾਤਮਾ ਵਾਲਾ ਬਣ ਗਿਆ ਹੈ, ਅੱਲ੍ਹਾ ਵਾਲਾ ਬਣ ਗਿਆ ਹੈ, ਅਕਾਲ ਪੁਰਖ ਵਾਲਾ ਬਣ ਗਿਆ ਹੈ ਭਾਵ ਉਹ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਉਸਦੀ ਉੱਚੀ ਸਮਝ ਮਿਲਣ ਦੁਆਰਾ ਉਸਦੇ ਨਾਲ ਇੱਕ ਹੋ ਸਕੇ ਤੇ ਸਿਸ਼੍ਟੀ ਦੇ ਕਰਤੇ ਦਾ ਭਗਤ ਰੂਪ ਬਣ ਗਏ ਹਨ ਜਿਵੇਂ ਕਿ ਸਾਰੀ ਗੁਰਬਾਣੀ ਦੀ ਰਚਨਾ ਕਰਨ ਵਾਲੇ ਇੱਕੋ ਜਿਹੇ ਉੱਚੇ ਰੁਤਬੇ ਵਾਲੇ ਬਣੇ ਹਨ, ਸਭ ਤੋਂ ਉੱਚੀ ਜਾਤ ਵਾਲੇ ਬਣੇ ਹਨ ਭਾਵ ਨਾਮ ਦੀ ਜਾਤ ਵਾਲੇ ਬਣੇ ਹਨ। **(ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥ ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥)**

ਉਪਰ ਵਾਲੇ ਪੂਰੇ ਸ਼ਬਦ ਰਾਹੀਂ ਅਸੀਂ ਮੁੱਖ ਤੌਰ ਤੇ ਸਰੀਰ ਰੂਪ ਮੰਦਰ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਜੋ ਕਿ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਮੰਦਰ ਹੈ ਭਾਵ ਉਸਦੇ ਰਹਿਣ ਦਾ ਟਿਕਾਣਾ ਹੈ, ਉਸਦੇ ਰਹਿਣ ਦੀ ਜਗ੍ਹਾ ਹੈ ਤੇ ਹਰ ਮਨੁੱਖੀ ਸਰੀਰ ਦੇ ਅੰਦਰ ਦਾ ਟਿਕਾਣਾ ਮਨੁੱਖੀ ਸਮਝ ਹੈ ਜਿੱਥੋਂ ਉਸਨੂੰ ਸੰਸਾਰ ਦਾ ਕੋਈ ਵੀ ਮਨੁੱਖ ਆਪਣੇ ਅੰਦਰੋਂ ਜਾਣ ਸਕਦਾ ਹੈ। ਸਾਰੇ ਸੱਚੇ ਧਰਮ ਗ੍ਰੰਥ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਜਿਹਾ ਤਰੀਕਾ ਹੀ ਸਮਝਾਉਂਦੇ ਹਨ ਜੋ ਕਿ ਆਪਣੀ ਮਤਿ ਨੂੰ ਛੱਡਣ ਦਾ ਹੈ ਤੇ ਗੁਰੂ ਦੀ ਮਤਿ ਨੂੰ ਮੰਨਣ ਦਾ ਹੈ ਜਿਸ ਲਈ ਮਨੁੱਖ ਨੂੰ ਆਪਣੇ ਅੰਦਰੋਂ

55/7703

ਹਰ ਵਿਕਾਰ ਤਿਆਗਣਾ ਪੈਂਦਾ ਹੈ ਤਾਂ ਜੋ ਮਨੁੱਖ ਸੰਸਾਰ ਵਿੱਚ ਵਿਚਰਦੇ ਹੋਏ ਕੋਈ ਮਾੜਾ ਕਰਮ ਨਾ ਕਰੇ ਭਾਵ ਕੇਵਲ ਸੱਚੇ ਸੁੱਚੇ ਕਰਮ ਕਰੇ। ਆਪਣੇ ਇਸ ਸਰੀਰ ਰੂਪ ਮੰਦਰ ਵਿੱਚ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣਾ ਕਿਸ ਲਈ ਇਤਨਾ ਔਖਾ ਹੈ ਇਸ ਗੱਲ ਨੂੰ ਧੰਨ ਧੰਨ ਭਗਤ ਕਬੀਰ ਕੀ ਦੇ ਮੁੱਖੋਂ ਸ੍ਰਿਸ਼ਟੀ ਦੇ ਕਰਤੇ ਦੇ ਉਚਾਰੇ ਹੋਏ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਦੇ ਹਾਂ।

“ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥੯੨॥ ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ ॥
ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ ॥੯੩॥ ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ ॥
ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ ॥੯੪॥”

(ਅੰਗ ੧੩੬੯)

ਉਪਰ ਵਾਲੇ ਪਹਿਲੇ ਸ਼ਬਦ ਵਿੱਚ ਵੀ ਦੁਨਿਆਵੀ ਜਾਤ ਦੀ ਗੱਲ ਕੀਤੀ ਹੋਈ ਹੈ ਜੋ ਜਾਤਾਂ ਮਨੁੱਖਾਂ ਦੁਆਰਾ ਆਪਣੀਆਂ ਹੀ ਬਣਾਈਆਂ ਹੋਈਆਂ ਹਨ। ਭਾਰਤ ਵਰਸ਼ ਵਿੱਚ ਕਿਸੇ ਜਾਤ ਨੂੰ ਉੱਚੀ ਜਾਤ ਸਮਝਿਆ ਜਾਂਦਾ ਹੈ ਤੇ ਕਿਸੇ ਜਾਤ ਨੂੰ ਨੀਵੀਂ ਜਾਤ ਸਮਝਿਆ ਜਾਂਦਾ ਹੈ ਜਿਵੇਂ ਕਿ ਪਿਛਲੇ ਸ਼ਬਦ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੀ ਹੈ। ਧੰਨ ਧੰਨ ਭਗਤ ਕਬੀਰ ਜੀ ਸੰਸਾਰ ਵਿੱਚ ਰਹਿੰਦੇ ਹੋਏ **“ਜੁਲਾਹਾ”** ਜਾਤ ਵਾਲੇ ਅਖਵਾਉਂਦੇ ਸਨ ਜਿਸ ਜਾਤ ਨੂੰ ਭਾਰਤ ਵਰਸ਼ ਵਿੱਚ ਉੱਚੀਆਂ ਜਾਤਾਂ ਅਖਵਾਉਣ ਵਾਲੇ ਜੁਲਾਹਾ ਜਾਤ ਵਾਲਿਆਂ ਨੂੰ ਆਪਣੇ ਆਪ ਤੋਂ ਨੀਵੀਂ ਜਾਤ ਵਾਲੇ ਸਮਝਦੇ ਸਨ। ਜੁਲਾਹਾ ਜਾਤ ਅਖਵਾਉਣ ਵਾਲਿਆਂ ਦਾ ਮੂਲ ਕੰਮ ਕੱਪੜੇ ਬੁਨਣ ਦਾ ਹੁੰਦਾ ਸੀ ਤੇ ਉਨ੍ਹਾਂ ਦੀ ਜਾਤ ਵਾਲਿਆਂ ਨੂੰ ਕੱਪੜੇ ਹੀ ਬੁਨਣੇ ਚਾਹੀਦੇ ਹਨ ਤੇ ਉਸੇ ਹੀ ਕੰਮ ਦੁਆਰਾ ਉਨ੍ਹਾਂ ਨੂੰ ਆਪਣੀ ਰੋਜੀ ਕਮਾਉਣ ਦਾ ਸਾਧਨ ਸਮਝਣਾ ਚਾਹੀਦਾ ਹੈ ਤੇ ਜੁਲਾਹਾ ਜਾਤ ਵਾਲੇ ਇਹੋ ਕੁਝ ਹੀ ਕਰਦੇ ਸਨ। ਭਗਤ ਕਬੀਰ ਜੀ ਖੁੱਦ ਵੀ ਭਾਵੇਂ ਸੰਸਾਰਿਕ ਮਰਿਯਾਦਾ ਅਨੁਸਾਰ ਕੱਪੜਾ ਬੁਨਣ ਦਾ ਕੰਮ ਹੀ ਕਰਦੇ ਸਨ ਪਰ ਉਨ੍ਹਾਂ ਨੂੰ ਭਾਰਤ ਵਰਸ਼ ਦੇ ਲੋਕਾਂ ਵਿੱਚ ਨੀਵੀਂ ਜਾਤ ਵਾਲਾ ਅਖਵਾਉਣ ਕਰਕੇ ਦੂਸਰਿਆਂ ਦੀਆਂ ਨਜਰਾਂ ਵਿੱਚ ਨੀਵਾਂ ਵੀ ਬਣਨਾ ਪੈਂਦਾ ਸੀ ਪਰ ਭਗਤ ਕਬੀਰ ਜੀ ਉਪਰ ਵਾਲੇ ਸ਼ਬਦ ਦੀ ਪਹਿਲੀ ਪੰਗਤੀ ਰਾਹੀਂ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੈਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਮੈਨੂੰ ਕੋਈ ਨੀਵੀਂ ਜਾਤ ਵਾਲਾ ਕਹਿੰਦਾ ਹੈ ਕਿਉਂਕਿ ਇਹੋ ਜਿਹਾ ਕਹਿਣ ਵਾਲਿਆਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਕਿ ਸਭ ਦੇ ਹਿਰਦੇ ਵਿੱਚ ਕੌਣ ਵੱਸਦਾ ਹੈ ਜੋ ਕਿ ਮੇਰੇ ਹਿਰਦੇ ਵਿੱਚ ਵੱਸਿਆ ਹੋਇਆ ਹੈ ਭਾਵ ਉਹ **“ਗੁਪਾਲ”** ਭਾਵ ਸ੍ਰਿਸ਼ਟੀ ਦਾ ਕਰਤਾ ਜੋ ਮੇਰੇ ਮਨ ਦੀ ਸਮਝ ਦੇ ਅੰਦਰ ਆਪ ਹੈ। ਉਸਨੇ ਆਪ ਹੀ ਸਾਰੇ ਸੰਸਾਰ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਕੇ ਉੱਚੀ-ਨੀਵੀਂ ਜਾਤ ਦੇ ਭੇਦ ਵਿੱਚ ਰੱਖਿਆ ਹੋਇਆ ਹੈ ਤੇ ਇਸ ਕਰਕੇ ਮੈਨੂੰ ਕੋਈ ਫਰਕ ਨਹੀਂ ਪੈਂਦਾ ਜੇਕਰ ਮੈਨੂੰ ਕੋਈ ਨੀਵੀਂ ਜਾਤ ਵਾਲਾ ਕਹਿੰਦਾ ਹੈ ਕਿਉਂਕਿ ਹਰ ਕੋਈ ਉਸਦਾ ਬੁਲਾਇਆ ਹੋਇਆ ਹੀ ਬੋਲਦਾ ਹੈ ਜੋ ਸਭ ਦੀ ਸਮਝ ਦਾ ਮਾਲਕ ਹੈ। **(ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥)**

ਕਿਸੇ ਨੂੰ ਉੱਚੀ-ਨੀਵੀਂ ਜਾਤ ਵਾਲਾ ਸਮਝਣਾ ਕੇਵਲ ਮਨ ਦਾ ਮਾਇਆ ਜੰਜਾਲ ਹੈ ਜਿਸ ਜੰਜਾਲ ਵਿੱਚੋਂ ਕੇਵਲ ਕੋਈ ਮਨੁੱਖ ਸ੍ਰਿਸ਼ਟੀ ਦੇ

55/7704

ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਨਿਕਲ ਸਕਦਾ ਹੈ ਜਿਵੇਂ ਕਿ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

“ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥੯੨॥”

ਰਮਈਆ ਨੂੰ **“ਕੰਠਿ”** ਨਾਲ ਮਿਲਣਾ ਭਾਵ ਪ੍ਰਮਾਤਮਾ ਦੇ ਗਲੇ ਲੱਗਣਾ ਜਾਂ ਗੋਪਾਲ ਦੇ ਹਿਰਦੇ ਵਿੱਚ ਵੱਸਣਾ ਇੱਕੋ ਹੀ ਗੱਲ ਹੈ। ਸਾਰੀ ਗੱਲ ਸ੍ਰਿਸ਼ਟੀ ਦੇ ਕਰਤੇ ਨੂੰ, ਅੱਲ੍ਹਾ, ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਨਣ ਦੀ ਹੈ ਜਿਸਨੂੰ ਮਨ ਦੀ ਸਮਝ ਦੁਆਰਾ ਜਾਨਣ ਨਾਲ ਮਨ ਦੇ ਵਿੱਚ ਭਾਵ ਮਨ ਰੂਪ ਜੋਤਿ ਰਾਹੀਂ ਉਸਦੇ ਕੋਲੋਂ ਕੇਵਲ ਤੇ ਕੇਵਲ ਸੱਚਾ ਗਿਆਨ ਹੀ ਮਿਲਦਾ ਹੈ ਭਾਵ ਚੌਥੇ ਪਦ ਦੀ ਸਮਝ ਵਾਲਾ ਗਿਆਨ ਹੀ ਮਿਲਦਾ ਹੈ ਜੋ ਉਸਦਾ ਸੱਚਾ ਗਿਆਨ ਮਨੁੱਖੀ ਸਮਝ ਨੂੰ ਭਰਮਾਂ ਵਾਲੀ ਸਮਝ ਵਿੱਚੋਂ ਹੀ ਕੱਢਦਾ ਹੈ। ਮਨ ਦੀ ਭਰਮਾਂ ਵਾਲੀ ਸਮਝ ਹੀ ਮਨੁੱਖ ਦੇ ਅੰਦਰ ਦਾ ਮਾਇਆ ਜੰਜਾਲ ਹੈ ਭਾਵ ਪੁਆੜੇ ਦੀ ਜੜ ਹੈ ਜਿਸ ਮਨ ਦੀ ਨਾਸਮਝੀ ਕਰਕੇ ਮਨੁੱਖ ਸੰਸਾਰ ਵਿੱਚ ਉਹੋ ਜਿਹੇ ਕੰਮ ਕਰਦਾ ਹੈ ਜੋ ਗੁਰਮਤਿ ਦੇ ਉਲਟ ਹੁੰਦੇ ਹਨ, ਧਰਮ ਦੇ, ਸੱਚ ਦੇ ਉਲਟ ਹੁੰਦੇ ਹਨ ਜਿਨ੍ਹਾਂ ਕਰਕੇ ਮਨੁੱਖ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਆਪਣਾ ਝਗੜਾ ਹੀ ਦਿਖਾਉਂਦਾ ਹੈ। ਕਿਸੇ ਨੂੰ ਨੀਵੀਂ ਜਾਤ ਵਾਲਾ ਕਹਿਣਾ ਤੇ ਉੱਚੀ-ਨੀਵੀਂ ਜਾਤ ਦਾ ਭੇਦ ਕਰਨਾ ਕੇਵਲ ਮਨ ਦੀ ਮਾਇਆ ਦਾ ਜੰਜਾਲ ਹੀ ਹੈ ਭਾਵ ਮਨ ਦੀ ਅਗਿਆਨਤਾ ਹੀ ਹੈ, ਸਭ ਦੇ ਅੰਦਰ ਦੀ ਹਉਮੈ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਹੀ ਹੈ ਜਿਸ ਤੋਂ ਬਾਹਰ ਸੰਸਾਰ ਵਿੱਚ ਕੋਈ ਵੀ ਨਹੀਂ ਹੈ ਕਿਉਂਕਿ ਤ੍ਰੈ ਗੁਣਾਂ ਵਾਲੀ ਸਮਝ ਸਭ

ਦੇ ਅੰਦਰ ਮਨੁੱਖੀ ਜਨਮ ਤੋਂ ਹੀ ਪਾਉਣ ਵਾਲਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸ ਮਨ ਦੀ ਨਾਮਸਝ ਮਤਿ ਦੁਆਰਾ ਉਸਨੇ ਹਰ ਕਿਸੇ ਕੋਲੋਂ ਆਪਣਾ ਪੜਦਾ ਰੱਖਿਆ ਹੋਇਆ ਹੈ ਜਿਸ ਮਨ ਦੇ ਪੜਦੇ ਵਿੱਚੋਂ ਕਦੇ ਕਿਸੇ ਵਿਰਲੇ ਨੂੰ ਉਹ ਆਪ ਹੀ ਕੱਢਦਾ ਹੈ ਤੇ ਆਪਣੇ ਗਲੇ ਲਗਾਉਂਦਾ ਹੈ ਜਿਵੇਂ ਕਿ ਉਸਨੇ ਧੰਨ ਧੰਨ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਆਪਣੇ ਗਲੇ ਲਗਾਇਆ ਹੈ ਤੇ ਸਭ ਦੇ ਰਾਹੀਂ ਪੂਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਦਾ ਮਾਰਗ ਸਮਝਾਇਆ ਹੈ। **(ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥ ਕਬੀਰ ਰਮਣੀਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥੯੨॥)**

"ਰਮਣੀਆ" ਦੇ ਗਲੇ ਮਿਲਣਾ ਕਿਤਨਾ ਔਖਾ ਹੈ, ਮਾਇਆ ਮੋਹ ਦੇ ਜੰਜਾਲ ਵਿੱਚੋਂ ਨਿਕਲਣਾ ਕਿਤਨਾ ਔਖਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਮੰਦਰ ਰੂਪ ਉਸਦੇ ਘਰ ਨੂੰ ਜਾਨਣਾ ਕੀਤਾ ਔਖਾ ਹੈ ਇਹੀ ਗੱਲ ਭਗਤ ਕਬੀਰ ਜੀ ਸਾਨੂੰ ਅਗਲੇ ਸ਼ਬਦ ਰਾਹੀਂ ਸਮਝਾ ਰਹੇ ਹਨ। ਆਉ ਧਿਆਨ ਨਾਲ ਸਮਝੀਏ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਭਾਵ ਪ੍ਰਮਾਤਮਾ ਨੂੰ, ਗਾਡ ਨੂੰ, ਅੱਲ੍ਹਾ ਨੂੰ, ਵਾਹਿਗੁਰੂ ਨੂੰ, ਰੱਬ ਨੂੰ ਆਪਣੇ ਅੰਦਰੋਂ ਜਾਨਣਾ ਕਿਤਨਾ ਕੁ ਔਖਾ ਹੈ ਜੋ ਔਖਾਪਣ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਆਉ ਸਮਝੀਏ।

55/7705

"ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ ॥ ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ ॥੯੩॥"

(ਅੰਗ ੧੩੬੯)

ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੈ **"ਮੰਦਰ"** ਸਾਡੇ ਸਰੀਰ ਨੂੰ ਕਿਹਾ ਹੈ। ਇਹੋ ਜਿਹਾ ਕੋਈ ਮਨੁੱਖ ਨਹੀਂ ਹੁੰਦਾ ਜੋ ਆਪਣੇ ਸਰੀਰ ਨੂੰ ਸਾੜਨਾ ਚਾਹੇ, ਆਪਣੇ ਆਪ ਨੂੰ ਅੱਗ ਲਗਾਣੀ ਚਾਹੇ ਭਾਵ ਆਪਣੇ ਆਪ ਨੂੰ ਔਖਾ ਕਰਨਾ ਚਾਹੇ ਭਾਵ ਆਪਣੇ ਸਰੀਰ ਨੂੰ ਆਪ ਦੁੱਖ ਦੇਣਾ ਚਾਹੇ ਕਿਉਂਕਿ ਆਪਣੇ ਸਰੀਰ ਨੂੰ ਸੁੱਖ ਦੇਣਾ ਸਭ ਨੂੰ ਚੰਗਾ ਲੱਗਦਾ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਲਈ ਮਨੁੱਖ ਨੂੰ ਆਪਣੇ ਆਪ ਨੂੰ ਕਿਤਨਾ ਕੁ ਔਖਾਪਨ ਸਹਿਣਾ ਪੈਂਦਾ ਹੈ ਉਪਰ ਸ਼ਬਦ ਵਿੱਚ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਸਰੀਰ ਦੇ ਦੁੱਖ ਸਹਿਣ ਦੇ ਨਾਲ ਕਿਸੇ ਲਈ ਇਹ ਸਭ ਤੋਂ ਵੱਡਾ ਔਖਾਪਨ ਹੁੰਦਾ ਹੈ ਕਿ ਉਹ ਆਪਣਿਆਂ ਲੜਕਿਆਂ ਨੂੰ ਭਾਵ ਪੁੱਤਰਾਂ ਨੂੰ ਮਾਰ ਦੇਵੇ ਜੋ ਮਨੁੱਖ ਨੂੰ ਸਭ ਤੋਂ ਵੱਧ ਪਿਆਰੇ ਲੱਗਦੇ ਹਨ। ਉਪਰ ਸ਼ਬਦ ਵਿੱਚ ਪੰਜੇ ਲੜਕੇ ਮਾਰਨ ਦੀ ਗੱਲ ਕੀਤੀ ਹੋਈ ਹੈ। ਇੱਥੇ ਮਨੁੱਖ ਦੇ ਪੰਜੇ ਅਉਗੁਣਾਂ ਦੀ ਗੱਲ ਕੀਤੀ ਹੋਈ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਵਿਚਾਰਾਂ ਦੀ ਗੱਲ ਕੀਤੀ ਹੋਈ ਹੈ ਜੋ ਵਿਚਾਰ ਸੰਸਾਰ ਦੇ ਹਰ ਮਨੁੱਖ ਦੇ ਅੰਦਰ ਹੀ ਉਪਜਦੇ ਰਹਿੰਦੇ ਹਨ, ਮਨ ਦੀਆਂ ਤ੍ਰਿਸ਼ਨਾਵਾਂ ਦੇ ਰੂਪ ਵਿੱਚ ਉਪਜਦੇ ਰਹਿੰਦੇ ਹਨ ਤੇ ਆਪਣੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨੀ ਸਭ ਨੂੰ ਚੰਗੀ ਲੱਗਦੀ ਹੈ ਕਿਉਂਕਿ ਉਨ੍ਹਾਂ ਦੀ ਪੂਰਤੀ ਵਿੱਚ ਮਨੁੱਖ ਨੂੰ ਸੁੱਖ ਮਹਿਸੂਸ ਹੁੰਦਾ ਹੈ ਤੇ ਪੂਰਤੀ ਨਾ ਹੋਣ ਵਿੱਚ ਦੁੱਖ ਮਹਿਸੂਸ ਹੁੰਦਾ ਹੈ ਇਸੇ ਲਈ ਹਰ ਮਨੁੱਖ ਲਈ ਭਾਵ ਪੰਜੇ ਵਿਕਾਰ ਛੱਡਣੇ ਇਤਨੇ ਔਖੇ ਲੱਗਦੇ ਹਨ ਜਿਵੇਂ ਕਿ ਆਪਣੇ ਪੁੱਤਰਾਂ ਨੂੰ ਮਾਰਨਾ ਔਖਾ ਲੱਗਦਾ ਹੈ ਪਰ ਇਹ ਔਖਾਪਨ ਸਹੇ ਬਿਨ੍ਹਾਂ ਕਿਸੇ ਦੀ ਰਾਮ ਦੇ ਨਾਲ ਲਿਵ ਨਹੀਂ ਲੱਗ ਸਕਦੀ ਭਾਵ ਰਾਮ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਉਸਦੇ ਨਾਲ ਲਿਵ ਮਨ ਦੇ ਵਿੱਚ ਉਸਨੂੰ ਜਾਨਣ ਤੋਂ ਬਾਅਦ ਹੀ ਲੱਗਦੀ ਹੈ, ਉਸਦੇ ਕੋਲੋਂ ਚੌਥੇ ਪਦ ਦਾ ਗਿਆਨ ਮਿਲਣ ਦੁਆਰਾ ਹੀ ਉਸਦੇ ਨਾਮ ਨਾਲ ਲਿਵ ਲੱਗਦੀ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਕਿਸੇ ਮਨੁੱਖੀ ਸਮਝ ਦੇ ਨਾਲ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਲਿਵ ਆਪ ਹੀ ਜੋੜਦਾ ਹੈ ਜਿਸ ਲਈ ਉਦਮ ਪਹਿਲੇ ਮਨੁੱਖ ਦੇ ਸਿਰ ਹੀ ਹੈ ਜਿਸ ਲਈ ਉਸਨੂੰ ਔਖਾਪਨ ਸਹਿਣ ਦਾ ਉਦਮ ਕਰਨਾ ਹੀ ਪੈਂਦਾ ਹੈ ਕਿਉਂਕਿ ਪੰਜੇ ਵਿਕਾਰ ਛੱਡੇ ਬਿਨ੍ਹਾਂ ਮਨੁੱਖ ਚੰਗੇ ਕਰਮ ਕਰ ਹੀ ਨਹੀਂ ਸਕਦਾ ਭਾਵ ਗੁਰਮਤਿ ਅਨੁਸਾਰ ਵਿਚਰਨ ਦਾ ਸੱਚਾ ਉਦਮ ਕਰ ਹੀ ਨਹੀਂ ਸਕਦਾ ਤੇ ਵਿਕਾਰਾਂ ਨੂੰ ਛੱਡਣ ਦਾ ਔਖਾਪਨ ਸਹੇ ਬਿਨ੍ਹਾਂ ਨਾ ਭਗਤੀ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਤੇ ਨਾ ਹੀ ਨਾਮ ਦੇ ਨਾਲ ਲਿਵ ਜੁੜ ਸਕਦੀ ਹੈ। **(ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ ॥ ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ ॥੯੩॥)**

55/7706

ਉਪਰ ਵਾਲੇ ਸ਼ਬਦ ਵਿੱਚ ਮੰਦਰ ਨੂੰ ਜਲਾਉਣ ਦੀ ਗੱਲ ਕੀਤੀ ਹੋਈ ਹੈ ਤੇ ਪੰਜੇ ਲੜਕਿਆਂ ਨੂੰ ਮਾਰਨ ਦੀ ਗੱਲ ਕੀਤੀ ਹੋਈ ਹੈ। ਇਸੇ ਗੱਲ ਨੂੰ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਰੱਬ ਦੇ ਦੂਸਰੇ ਸ਼ਬਦ ਦੁਆਰਾ ਸਮਝਦੇ ਹਾਂ।

"ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ ॥

ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥੪੨॥"

(ਅੰਗ ੧੩੬੬)

ਇਸ ਤੋਂ ਪਹਿਲੇ ਸ਼ਬਦ ਵਿੱਚ ਜਿਵੇਂ ਮੰਦਰ ਨੂੰ ਸਾੜਨ ਦੀ ਗੱਲ ਕੀਤੀ ਹੋਈ ਹੈ ਉਸੇ ਤਰ੍ਹਾਂ ਉਪਰ ਵਾਲੇ ਸ਼ਬਦ ਵਿੱਚ ਆਪਣੇ ਘਰ ਨੂੰ ਅੱਗ ਲਗਾਉਣ ਦੀ ਗੱਲ ਕੀਤੀ ਹੋਈ ਹੈ ਭਾਵ ਆਪਣੇ ਘਰ ਨੂੰ ਸਾੜਨ ਦੀ ਗੱਲ ਕੀਤੀ ਹੋਈ ਹੈ। ਜੋ ਮੰਦਰ ਹੈ ਉਹੀ ਸਾਡਾ ਘਰ ਹੈ ਤੇ ਜਦ ਤੱਕ ਮਨੁੱਖ ਇਸ ਸਰੀਰ ਨੂੰ ਆਪਣਾ ਸਮਝਦਾ ਹੈ, ਆਪਣੇ ਅੰਦਰ ਦੀ ਸਮਝ ਨੂੰ ਆਪਣਾ ਸਮਝਦਾ ਹੈ ਤਦ ਤੱਕ ਨਾ ਹੀ ਇਹ ਸ੍ਰਿਸ਼ਟੀ ਦੇ ਕਰਤੇ ਦਾ ਮੰਦਰ ਹੈ ਤੇ ਨਾ ਹੀ ਇਹ ਉਸਦਾ ਘਰ ਹੈ। ਸਾਡਾ ਸਭ ਦਾ ਸਰੀਰ ਸ੍ਰਿਸ਼ਟੀ ਦੇ ਕਰਤੇ ਦਾ ਮੰਦਰ ਹੀ ਹੈ ਤੇ ਸਭ ਦੇ ਅੰਦਰ ਜੋ ਸਮਝ ਉਪਜਦੀ ਹੈ ਉਹ ਉਸਦਾ ਘਰ ਹੈ, ਗਿਆਨ ਰੂਪ ਘਰ ਹੈ। ਸਾਡੀ ਤ੍ਰੈ ਗੁਣਾਂ ਵਾਲੀ ਸਮਝ ਵੀ ਉਸੇ ਦਾ ਹੀ ਘਰ ਹੈ ਜਿਸ ਘਰ ਦੀ ਸਮਝ ਚੌਥੇ ਪਦ ਵਿੱਚ ਪਹੁੰਚ ਕੇ ਹੀ ਪੈਂਦੀ ਹੈ ਜੋ ਆਪਣੀ ਉੱਚੀ ਸਮਝ ਕਿਸੇ ਸਰੀਰ ਰੂਪ ਮੰਦਰ ਦੀ ਸਮਝ ਦੇ ਵਿੱਚ ਪ੍ਰਗਟ ਹੋ ਕੇ ਉਹ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਆਪਣੀ ਇਹ ਉੱਚੀ ਸਮਝ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਵਿੱਚ ਪਾਈ ਹੈ ਜਿਸ ਕਰਕੇ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਭਗਤੀ ਦਾ ਮਾਰਗ ਸਮਝਾਇਆ ਹੈ ਜਿਸ ਤਰੀਕੇ ਕੋਈ ਰੱਬ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਸਦੇ ਨਾਲ ਆਪਣੀ ਲਿਵ ਜੋੜ ਸਕਦਾ ਹੈ। ਬਹੁਤ ਔਖਾ ਹੈ ਭਗਤੀ ਦਾ ਮਾਰਗ, ਬਹੁਤ ਔਖਾ ਹੈ ਨਾਮ ਜਪਣ ਦਾ ਮਾਰਗ। **(ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ ॥ ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥੪੨॥)**

ਉਪਰ ਪਹਿਲੇ ਸ਼ਬਦ ਰਾਹੀਂ ਮੰਦਰ ਨੂੰ ਸਾੜਨ ਦੀ ਗੱਲ ਕੀਤੀ ਹੋਈ ਹੈ ਤੇ ਉਸ ਤੋਂ ਅਗਲੇ ਸ਼ਬਦ ਰਾਹੀਂ ਆਪਣੇ ਤਨ ਨੂੰ ਸਾੜਨ ਦੀ ਗੱਲ ਕੀਤੀ ਹੋਈ ਹੈ ਤਾਂ ਜੋ ਸਾਨੂੰ ਇਹ ਸਮਝਣ ਵਿੱਚ ਤੇ ਮੰਨਣ ਵਿੱਚ ਕੋਈ ਭਰਮ ਨਾ ਰਹੇ ਕਿ ਸਾਡੇ ਤਨ ਨੂੰ ਹੀ ਭਾਵ ਸਾਡੇ **"ਸਰੀਰ"** ਨੂੰ ਹੀ ਸ਼ਬਦ ਵਿੱਚ **"ਮੰਦਰ"** ਕਿਹਾ ਗਿਆ ਹੈ।

"ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ ॥ ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ ॥੯੪॥"

(ਅੰਗ ੧੩੬੯)

ਸ੍ਰਿਸ਼ਟੀ ਦੇ ਕਰਤੇ ਦਾ ਮੰਦਰ ਮਨੁੱਖੀ ਸਰੀਰ ਹੀ ਹੈ ਭਾਵ ਮਨੁੱਖੀ ਤਨ ਹੀ ਹੈ ਭਾਵ ਆਪਣੇ ਸਰੀਰ ਨੂੰ ਔਖਾ ਕਰਨ ਲਈ ਭਾਵ ਸਰੀਰਕ ਸੁੱਖਾਂ ਨੂੰ ਤਿਆਗਣ ਲਈ ਸਾੜਨਾ ਤਾਂ ਮਨ ਦੀਆਂ ਇੱਛਾਵਾਂ ਨੂੰ ਹੀ ਪੈਂਦਾ ਹੈ ਜਿਵੇਂ ਕਿ ਇਸ ਤੋਂ ਪਹਿਲੇ ਆਪਣੇ ਘਰ ਨੂੰ ਸਾੜਨ ਦੀ ਗੱਲ ਸਮਝੀ ਹੈ। ਸਰੀਰ ਦਾ ਔਖਾਪਨ ਜਾਂ ਸੌਖਾਪਨ ਹਰ ਕੋਈ ਮਨ ਦੀ ਸਮਝ ਰਾਹੀਂ ਹੀ ਕਰਦਾ ਹੈ ਕਿਉਂਕਿ ਮਨ ਦੀ ਸਮਝ ਹੀ ਮਨੁੱਖ ਨੂੰ ਆਪਣਾ ਔਖਾਪਨ ਮਹਿਸੂਸ ਕਰਾਉਂਦੀ ਹੈ ਤੇ ਮਨ ਦੀ

ਸਮਝ ਹੀ ਉਸਨੂੰ ਸੌਖਾਪਨ ਮਹਿਸੂਸ ਕਰਾਉਂਦੀ ਹੈ। ਹਰ ਮਨੁੱਖ ਆਪਣੀਆਂ ਇੱਛਾਵਾਂ ਦਾ ਹੀ ਬੱਝਾ ਹੋਇਆ ਹੈ। ਇਨ੍ਹਾਂ ਇੱਛਾਵਾਂ ਦਾ ਤਿਆਗ ਭਾਵ ਆਪਣੀਆਂ ਇੱਛਾਵਾਂ ਨੂੰ ਮਾਰਨਾ ਹਰ ਮਨੁੱਖ ਲਈ ਸਭ ਤੋਂ ਔਖਾ ਕੰਮ ਹੈ। ਆਪਣੀਆਂ ਇੱਛਾਵਾਂ ਨੂੰ ਮਾਰਨਾ ਹੀ ਭਾਵ ਖਤਮ ਕਰਨਾ ਹੀ ਆਪਣੇ ਮਨ ਨੂੰ ਮਾਰਨਾ ਹੈ, ਆਪਣੇ ਆਪ ਨੂੰ ਮਾਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ, ਆਪਣੇ ਮਨ ਨੂੰ ਮਾਰਨਾ ਜਗ ਨੂੰ ਜਿੱਤਣ ਦੇ ਬਰਾਬਰ ਹੈ ਭਾਵ ਸਭ ਤੋਂ ਔਖੀ ਗੱਲ ਹੈ। ਆਪਣੇ ਮਨ ਨੂੰ ਮਾਰਨਾ ਜਾਂ ਮਨ ਨੂੰ ਜਿੱਤਣਾ ਇੱਕੋ ਹੀ ਗੱਲ ਹੈ। ਆਪਣੇ ਮਨ ਦੀਆਂ ਇੱਛਾਵਾਂ ਨੂੰ ਮਾਰਨਾ ਹੀ ਸ਼ਬਦ ਦੁਆਰਾ ਮਰਨਾ ਹੈ ਕਿਉਂਕਿ ਗੁਰੂ ਦੇ ਸ਼ਬਦ ਸਾਨੂੰ ਮਨ ਦੀਆਂ ਇੱਛਾਵਾਂ ਨੂੰ ਮਾਰਨ ਲਈ ਸਮਝਾਉਂਦੇ ਹਨ। ਗੁਰੂ ਦੇ ਸ਼ਬਦ ਦੇ ਵਿਚਾਰਾਂ ਨੂੰ ਮੰਨਣਾ ਸਭ ਲਈ ਬਹੁਤ ਔਖਾ ਹੈ ਤੇ ਜਦ ਤੱਕ ਅਸੀਂ ਸ਼ਬਦ ਦੇ ਵਿਚਾਰਾਂ ਨੂੰ ਭਾਵ ਗੁਰੂ ਦੀ ਮਤਿ ਨੂੰ ਨਹੀਂ ਮੰਨਦੇ ਤਦ ਤੱਕ ਹਰ ਕੋਈ ਮਨਮਤਿ ਵਿੱਚ ਹੈ ਤੇ ਮਨ ਦੀ ਮਤਿ ਤਿਆਗਣੀ ਇਸੇ ਲਈ ਹੀ ਔਖੀ ਹੈ ਕਿਉਂਕਿ ਗੁਰੂ ਦੀ ਮਤਿ ਨੂੰ ਮੰਨਣਾ ਬਹੁਤ ਔਖਾ ਹੈ ਜਿਸ ਲਈ ਪਹਿਲੇ ਆਪਣੀ ਮਤਿ ਦੇ ਨਾਮਸਝ ਵਿਚਾਰਾਂ ਨੂੰ ਛੱਡਣਾ ਪੈਂਦਾ ਹੈ ਭਾਵ ਮਾਰਨਾ ਪੈਂਦਾ ਹੈ ਜੋ ਕਿ ਆਪਣੇ ਆਪ ਨੂੰ ਮਾਰਨ ਦੇ ਬਰਾਬਰ ਔਖਾ ਹੈ। ਉਪਰ ਵਾਲੇ ਸ਼ਬਦ ਰਾਹੀਂ ਭਗਤ ਕਬੀਰ ਜੀ ਸਾਨੂੰ ਇਹੋ ਕੁੱਝ ਹੀ ਸਮਝਾ ਰਹੇ ਹਨ ਕਿ ਸੰਸਾਰ ਵਿੱਚ ਇਹੋ ਜਿਹਾ ਮਨੁੱਖ ਕੋਈ ਨਹੀਂ ਹੈ ਜੋ ਆਪਣੀ ਸਮਝ ਨੂੰ ਪੂਰੀ ਤਰ੍ਹਾਂ ਛੱਡਣ ਲਈ, ਖਤਮ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋਵੇ ਭਾਵ ਆਪਣੀ ਸਮਝ ਨੂੰ ਪੂਰੀ ਤਰ੍ਹਾਂ ਸਾੜਨ ਵਾਲਾ ਹੋਵੇ। ਗੁਰੂ ਦੇ ਸ਼ਬਦ ਤਾਂ ਸਾਨੂੰ ਬਾਰ-ਬਾਰ ਇਹੀ ਕੁੱਝ ਸਮਝਾਉਂਦੇ ਹਨ ਕਿ ਭਗਤੀ ਦੇ ਮਾਰਗ ਤੇ ਚੱਲਣ ਦਾ ਭਾਵ ਨਾਮ ਜਪਣ ਦਾ ਭਾਵ ਪ੍ਰਮਾਤਮਾ ਨੂੰ ਆਪਣੇ ਅੰਦਰ ਜਾਨਣ ਦਾ ਇਹ ਔਖਾਪਨ ਸਹੋ ਭਾਵ ਮਾਇਆ ਮੋਹ ਛੱਡੋ, ਝੂਠੇ ਸੰਸਾਰਿਕ ਸੁੱਖਾਂ ਦੀਆਂ ਆਸ਼ਾਵਾਂ

ਛੱਡੋ। ਗੁਰੂ ਦਾ ਹਰ ਸ਼ਬਦ ਸਾਨੂੰ ਕੂਕ-ਕੂਕ ਕੇ ਸਮਝਾਉਂਦਾ ਹੈ ਭਾਵ ਬਾਰ-ਬਾਰ ਸਮਝਾਉਂਦਾ ਹੈ ਪਰ ਮਨ ਦੇ ਅੰਧੇਪਨ ਕਰਕੇ, ਮਨ ਦੀ ਅਗਿਆਨਤਾ ਕਰਕੇ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਨਾਸਮਝਣ ਕਰਕੇ ਤੇ ਉਨ੍ਹਾਂ ਤੇ ਅਮਲ ਨਾ ਕਰਨ ਕਰਕੇ ਸੰਸਾਰੀ ਮਨੁੱਖ ਨਾ ਭਗਤੀ ਦੇ ਸਹੀ ਮਾਰਗ ਨੂੰ ਜਾਣਦੇ ਹਨ ਤੇ ਨਾ ਹੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਸਕਦੇ ਹਨ ਭਾਵ ਸੱਚੀ ਭਗਤੀ ਦਾ ਮਾਰਗ ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ। **(ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥ ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥੪੨॥) (ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ॥ ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥੯੨॥ ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ ॥ ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ ॥੯੩॥ ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ ॥ ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ ॥੯੪॥)**

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥}

(ਅੰਗ ੮੦੦)

ਉਪਰ ਵਾਲੇ ਮੁੱਖ ਸ਼ਬਦਾਂ ਰਾਹੀਂ ਤੇ ਉਸ ਤੋਂ ਪਹਿਲਾਂ ਹੋਰ ਵੀ ਅਨੇਕਾਂ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਕਿ

55/7708

ਬਾਣੀ ਦੇ ਸ਼ਬਦਾਂ ਰਾਹੀਂ ਮੰਦਰ ਕਿਸਨੂੰ ਕਿਹਾ ਹੋਇਆ ਹੈ ਤੇ ਸ੍ਰਿਸ਼ਟੀ ਦੇ ਕਰਤੇ ਦਾ ਭਾਵ ਗਾਡ ਦਾ, ਅੱਲ੍ਹਾ ਦਾ, ਪ੍ਰਮਾਤਮਾ ਦਾ, ਅਕਾਲ ਪੁਰਖ ਦਾ ਘਰ ਕਿਸਨੂੰ ਕਿਹਾ ਹੋਇਆ ਹੈ ਜਿਸ ਆਪਣੇ ਘਰ ਵਿੱਚ ਉਹ ਹਰ ਵੇਲੇ ਤੇ ਸਭ ਦੇ ਅੰਦਰ ਰਹਿ ਰਿਹਾ ਹੈ ਤੇ ਉਸਨੂੰ ਆਪਣੇ ਸਰੀਰ ਰੂਪ ਮੰਦਰ ਦੇ ਘਰ ਵਿੱਚੋਂ ਖੋਜਣਾ ਭਾਵ ਉਸਨੂੰ ਜਾਨਣਾ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਕਿਤਨਾ ਕੁ ਔਖਾ ਹੈ। ਭਗਤ ਕਬੀਰ ਜੀ ਦੇ ਉਪਰ ਵਾਲੇ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਜਾਣਿਆ ਹੈ ਕਿ ਉਨ੍ਹਾਂ ਦੇ ਮਨ ਰੂਪ ਘਰ ਵਿੱਚ **"ਗੋਪਾਲ"** ਵੱਸਦਾ ਹੈ ਤੇ ਉਨ੍ਹਾਂ ਦੀ ਲਿਵ ਰਮਈਆ ਦੇ ਨਾਲ ਲੱਗੀ ਹੋਈ ਹੈ ਭਾਵ ਉਨ੍ਹਾਂ ਨੇ ਆਪਣੇ ਅੰਦਰੋਂ ਜਿਸਨੂੰ ਜਾਣਿਆ ਹੈ ਉਹ ਵੱਖਰੇ ਵੱਖਰੇ ਨਾਮ ਨਾਲ ਜਾਣਿਆ ਹੈ। ਮਨ ਰੂਪ ਘਰ ਦੇ ਵਿੱਚੋਂ ਉਸੇ ਨੂੰ ਹੀ ਜਾਣਿਆ ਜਾ ਸਕਦਾ ਹੈ ਜੋ ਇਸ ਸਰੀਰ ਰੂਪ ਮੰਦਰ ਦੇ ਘਰ ਵਿੱਚ ਰਹਿੰਦਾ ਹੈ ਭਾਵ ਮਨ ਵਿੱਚ ਰਹਿੰਦਾ ਹੈ। ਹੁਣ ਭਗਤ ਕਬੀਰ ਜੀ ਦੇ ਹੀ ਅਗਲੇ ਹੇਠ ਦਿੱਤੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਉਨ੍ਹਾਂ ਨੇ ਆਪਣੇ ਸਰੀਰ ਦੇ ਘਰ ਵਿੱਚੋਂ ਕਿਸਨੂੰ ਜਾਣਿਆ ਹੈ ਤਾਂ ਜੋ ਅਸੀਂ ਇਸ ਗੱਲ ਤੇ ਵਿਸ਼ਵਾਸ ਕਰ ਸਕੀਏ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਅਨੇਕਾਂ ਹੀ ਨਾਮਾਂ ਨਾਲ ਜਾਣਿਆ ਜਾਂਦਾ ਹੈ ਭਾਵੇਂ ਕੋਈ ਉਸਨੂੰ ਖੁਦਾ ਕਹੇ, ਰਾਮ ਕਹੇ, ਅਕਾਲ ਪੁਰਖ ਕਹੇ, ਗਾਡ ਕਹੇ ਇੱਕੋ ਹੀ ਗੱਲ ਹੈ ਭਾਵ ਇਹ ਸਾਰੇ ਸ੍ਰਿਸ਼ਟੀ ਦੇ ਕਰਤੇ ਦੇ ਹੀ ਨਾਮ ਹਨ। ਆਉ ਸਮਝੀਏ।

"ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ ॥੧੯੭॥"

(ਅੰਗ ੧੩੭੫)

ਉਪਰ ਵਾਲੇ ਸ਼ਬਦ ਰਾਹੀਂ ਭਗਤ ਕਬੀਰ ਜੀ ਨੇ ਸੰਸਾਰ ਦਾ ਇਹ ਭਰਮ ਹੀ ਕੱਢਿਆ ਹੋਇਆ ਹੈ ਕਿ ਸ੍ਰਿਸ਼ਟੀ ਦੇ ਕਰਤੇ ਦਾ ਕੋਈ ਖਾਸ ਟਿਕਾਣਾ ਨਹੀਂ ਹੈ ਜਿੱਥੇ ਜਾ ਕੇ ਉਸਨੂੰ ਮਿਲਿਆ ਜਾ ਸਕਦਾ ਹੈ ਕਿਉਂਕਿ ਉਹ ਤਾਂ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅੰਦਰ ਹੀ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਭਗਤ ਕਬੀਰ ਜੀ ਹਿੰਦੂ ਧਾਰਮਿਕ ਆਸਥਾ ਵਾਲੇ ਸਨ ਉਨ੍ਹਾਂ ਨੇ ਕਾਬੇ ਜਾਣ ਦੀ ਗੱਲ ਕੀਤੀ ਹੋਈ ਹੈ ਜਿੱਥੇ ਮੁਸਲਿਮ ਧਾਰਮਿਕ ਆਸਥਾ ਰੱਖਣ ਵਾਲੇ ਹਜ ਕਰਨ ਲਈ ਜਾਂਦੇ ਹਨ। ਭਗਤ ਕਬੀਰ ਜੀ ਆਪਣੇ ਜੀਵਨ ਵਿੱਚ ਕਦੇ ਕਾਬੇ ਨਹੀਂ ਸੀ ਗਏ ਤੇ ਇੱਥੇ ਉਨ੍ਹਾਂ ਨੇ ਕੇਵਲ ਸੰਸਾਰ ਨੂੰ ਇਹੀ ਸਮਝਾਇਆ ਹੈ ਕਿ ਮੈਨੂੰ ਅੱਗੇ ਖੁਦਾ ਮਿਲਿਆ ਜਿਨ੍ਹਾਂ ਨੂੰ ਕਬੀਰ ਜੀ ਨੇ ਆਪਣਾ ਸਾਂਈ ਕਿਹਾ ਹੈ ਭਾਵ ਆਪਣਾ ਸੁਆਮੀ ਕਿਹਾ ਹੈ ਭਾਵ ਆਪਣੇ ਸਰੀਰ ਦਾ ਮਾਲਕ ਕਿਹਾ ਹੈ ਜੋ ਸਭ ਦੇ ਸਰੀਰ ਰੂਪ ਮੰਦਰ ਦੇ ਵਿੱਚ ਆਪ ਹੀ ਵੱਸਿਆ ਹੋਇਆ ਹੈ, ਨਿਰੰਕਾਰ ਆਪਣੇ ਨਿਰੰਕਾਰ ਰੂਪ ਵਿੱਚ ਵੱਸਿਆ ਹੋਇਆ ਹੈ ਭਾਵ ਮਨ ਦੇ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ ਤੇ ਮਨ ਦੇ ਵਿੱਚ ਹੀ ਉਹ ਆਪਣੇ ਉਸ ਮਨੁੱਖੀ ਰੂਪ ਨਾਲ ਗੱਲਾਂ ਕਰਦਾ ਹੈ ਤੇ ਸਾਰੇ ਸੰਸਾਰ ਲਈ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੇ ਮਨ ਰਾਹੀਂ ਪ੍ਰਗਟ ਹੋ ਕੇ ਪੂਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਸਮਝਾਇਆ ਹੈ ਤੇ ਉਸਨੂੰ ਆਪਣੇ ਅੰਦਰੋਂ

55/7709

ਜਾਨਣ ਦਾ ਉਸਦਾ ਟਿਕਾਣਾ ਵੀ ਇੱਕੋ ਜਿਹਾ ਸਮਝਾਇਆ ਹੈ, ਉਸਦੀ **"ਗਾਇ"** ਭਾਵ ਉਸਦੀ ਰਹਿਣ ਦੀ ਜਗ੍ਹਾ ਵੀ ਸਾਰੇ ਸੰਸਾਰ ਨੂੰ ਇੱਕੋ ਜਿਹੀ ਸਮਝਾਈ ਹੈ ਜਿਸ ਉਸਦੇ ਰਹਿਣ ਦੀ ਜਗ੍ਹਾ ਤੋਂ ਭਾਵ ਮਨ ਦੀ ਸਮਝ ਵਿੱਚੋਂ ਉਸਦੀ ਕ੍ਰਿਪਾ ਦੁਆਰਾ ਉਸਨੂੰ ਹਰ ਕੋਈ ਜਾਣ ਸਕਦਾ ਹੈ। ਜੋ ਉਸਨੂੰ ਜਾਨਣ ਦਾ ਤਰੀਕਾ ਹਿੰਦੂ ਭਾਈਚਾਰੇ ਲਈ ਹੈ ਉਹੀ ਉਸਨੂੰ ਜਾਨਣ ਦਾ ਤਰੀਕਾ ਮੁਸਲਿਮ ਭਾਈਚਾਰੇ ਲਈ ਹੈ, ਇਸਾਈ ਭਾਈਚਾਰੇ ਲਈ ਹੈ, ਸਿੱਖ ਭਾਈਚਾਰੇ ਲਈ ਹੈ, ਬੋਧੀ ਭਾਈਚਾਰੇ ਲਈ ਹੈ ਭਾਵ ਸੰਸਾਰ ਦੇ ਹਰ ਮਨੁੱਖ ਲਈ

ਸ੍ਰਿਸ਼ਟੀ ਦੇ ਹਰ ਆਕਾਰ ਰੂਪ ਦੇ ਮਾਲਕ ਨੂੰ, ਹਰ ਸਰੀਰ ਦੇ ਮਾਲਕ ਨੂੰ ਜਾਨਣ ਦਾ ਤਰੀਕਾ ਕੇਵਲ ਤੇ ਕੇਵਲ ਮਨੁੱਖੀ ਮਨ ਦੀ ਸਮਝ ਹੈ। ਜਿਸ ਸ੍ਰਿਸ਼ਟੀ ਦੇ ਮਾਲਕ ਨੇ ਮਨੁੱਖੀ ਸਰੀਰ ਨੂੰ ਬਣਾਇਆ ਹੈ ਉਸੇ ਨੇ ਹੀ ਸਭ ਦੇ ਅੰਦਰ ਸਮਝ ਪਾਈ ਹੋਈ ਹੈ, ਗਿਆਨ ਰੂਪ ਨੱਥ ਪਾਈ ਹੋਈ ਹੈ ਜਿਸ ਦੁਆਰਾ ਉਸਨੇ ਸਭ ਨੂੰ ਆਪਣੇ ਮਕਸਦ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਭਾਵੇਂ ਇਸ ਗੱਲ ਦੀ ਸਮਝ ਕੇਵਲ ਤੇ ਕੇਵਲ ਸ੍ਰਿਸ਼ਟੀ ਦੇ ਕਿਸੇ ਵਿਰਲੇ ਮਨੁੱਖ ਨੂੰ ਹੀ ਲੱਗ ਸਕਦੀ ਹੈ ਜਿਸਦੇ ਅੰਦਰ ਦੀ ਤ੍ਰੈ ਗੁਣਾਂ ਵਾਲੀ ਸਮਝ ਦੀ ਨੱਥ ਖੋਲਕੇ ਉਸਦੀ ਸਮਝ ਨੂੰ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਜੋੜ ਲੈਂਦਾ ਹੈ ਜਦੋਂ ਜਿਸ ਬ੍ਰਹਮ ਗਿਆਨ ਵਾਲੀ ਸਮਝ ਦੁਆਰਾ ਫਿਰ ਕਿਸੇ ਵੀ ਮਨੁੱਖੀ ਰੂਪ ਵਿੱਚ ਇਸ ਗੱਲ ਦਾ ਭੇਦ ਨਜਰ ਨਹੀਂ ਆਉਂਦਾ ਕਿ ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਣ ਵਾਲੇ ਕੋਈ ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ ਵੱਖਰੇ ਰੂਪ ਹਨ ਕਿਉਂਕਿ ਉਸ ਮਨੁੱਖ ਨੂੰ ਹਰ ਕਿਸੇ ਵਿੱਚ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਨਜਰ ਆਉਂਦਾ ਹੈ, ਇੱਕੋ ਇੱਕ ਪ੍ਰਮਾਤਮਾ ਦਾ, ਗਾਡ ਦਾ, ਅੱਲ੍ਹਾ ਦਾ, ਅਕਾਲ ਪੁਰਖ ਦਾ ਰੂਪ ਨਜਰ ਆਉਂਦਾ ਹੈ। ਉਪਰ ਸ਼ਬਦ ਵਿੱਚ ਭਗਤ ਕਬੀਰ ਜੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੇਰਾ ਸੁਆਮੀ ਭਾਵ ਸ੍ਰਿਸ਼ਟੀ ਦਾ ਮਾਲਕ ਕਿਸ ਗੱਲੋਂ ਲੜਿਆ ਕਿ ਤੂੰ ਮੇਰੇ ਵਿੱਚ ਤੇ ਖੁਦਾ ਵਿੱਚ ਭੇਦ ਕਿਉਂ ਸਮਝਿਆ। ਧਿਆਨ ਨਾਲ ਸਮਝੋ ਕਿ ਅਕਾਲ ਪੁਰਖ ਰੂਪ, ਅੱਲ੍ਹਾ ਰੂਪ, ਧੰਨ ਧੰਨ ਭਗਤ ਕਬੀਰ ਜੀ ਸੰਸਾਰ ਨੂੰ ਕੀ ਸਮਝਾ ਰਹੇ ਹਨ। ਜਿਹੜਾ ਸ੍ਰਿਸ਼ਟੀ ਦਾ ਕਰਤਾ ਉਨ੍ਹਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਨ੍ਹਾਂ ਨੂੰ ਸੰਸਾਰ ਦਾ ਸਭ ਤੋਂ ਉੱਚਾ ਗਿਆਨ ਦੇ ਰਿਹਾ ਸੀ ਭਾਵ ਚੌਥੇ ਪਦ ਦਾ ਗਿਆਨ ਦੇ ਰਿਹਾ ਸੀ ਜੋ ਕਿ ਉਸਦੀ ਕਿਸੇ ਵੀ ਮਨੁੱਖੀ ਸਰੀਰ ਦੇ ਉੱਤੇ ਸਭ ਤੋਂ ਵੱਡੀ ਕ੍ਰਿਪਾ ਹੁੰਦੀ ਹੈ ਕੀ ਫਿਰ ਉਹ ਆਪਣੇ ਕਿਸੀ ਮਨੁੱਖੀ ਰੂਪ ਨਾਲ ਲੜੇਗਾ ਭਾਵ ਕਦੇ ਨਹੀਂ ਲੜੇਗਾ ਤੇ ਨਾ ਹੀ ਉਹ ਭਗਤ ਕਬੀਰ ਜੀ ਦੇ ਨਾਲ ਲੜਿਆ ਸੀ। ਉਨ੍ਹਾਂ ਨੇ ਸੰਸਾਰ ਨੂੰ ਇਹ ਸਮਝਾਇਆ ਹੈ ਕਿ ਸ੍ਰਿਸਟੀ ਦੇ ਕਰਤੇ ਦੇ ਵੱਖਰੇ ਵੱਖਰੇ ਰੂਪ ਸਮਝਣਾ ਭਾਵ ਇੱਕ ਰੂਪ ਨਾ ਸਮਝਣਾ ਤੇ ਉਸਨੂੰ ਕਿਸੇ ਵੱਖਰੇ-ਵੱਖਰੇ ਟਿਕਾਣੇ ਤੇ ਜਾਕੇ ਲੱਭਣਾ ਤੇ ਉਸਨੂੰ ਖੁਸ਼ ਕਰਨ ਦਾ ਤਰੀਕਾ ਸਮਝਣਾ ਉਸਦੇ ਕੋਲੋਂ ਝਿੜਕਾਂ ਖਾਣ ਵਾਲੀ ਗੱਲ ਹੈ ਭਾਵ ਉਸਦੀ ਨਾਰਾਜਗੀ ਲੈਣ ਵਾਲੀ ਗੱਲ ਹੈ। ਵੱਖਰੀ ਵੱਖਰੀ ਧਾਰਮਿਕ ਆਸਥਾ ਰੱਖਣ ਕਰਕੇ ਅਸੀਂ ਉਸਦੇ ਵੱਖਰੇ ਵੱਖਰੇ ਰੂਪ ਸਮਝਦੇ ਹਾਂ ਤੇ ਉਸਦੇ ਵੱਖਰੇ-ਵੱਖਰੇ ਟਿਕਾਣੇ ਸਮਝ ਕੇ ਉਨ੍ਹਾਂ ਟਿਕਾਣਿਆਂ ਨੂੰ ਪੂਜਦੇ ਹਾਂ। ਵੱਖਰੇ-ਵੱਖਰੇ ਟਿਕਾਣੇ ਸਮਝ ਕੇ ਉਨ੍ਹਾਂ ਨੂੰ ਵੱਖਰੇ-ਵੱਖਰੇ ਢੰਗ ਨਾਲ ਉਸਦੇ ਟਿਕਾਣਿਆਂ ਨੂੰ ਪੂਜਦੇ ਹਾਂ ਭਾਵ ਵੱਖਰੇ-ਵੱਖਰੇ ਢੰਗ ਨਾਲ ਵੱਖਰੀ-ਵੱਖਰੀ ਧਾਰਮਿਕ ਆਸਥਾ ਵਿਖਾਉਂਦੇ ਹਾਂ ਭਾਵ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ-ਵੱਖਰੇ ਰੂਪ ਸਮਝ ਕੇ, ਉਸਦੇ ਵੱਖਰੇ-ਵੱਖਰੇ ਟਿਕਾਣੇ ਸਮਝ ਕੇ ਆਪਣੀ ਵੱਖਰੀ-ਵੱਖਰੀ ਧਾਰਮਿਕ ਆਸਥਾ ਅਨੁਸਾਰ ਆਪਣੇ ਅੰਦਰ ਦੀ ਧਾਰਮਿਕ ਕਟੜਤਾ ਨੂੰ ਵਧਾਉਂਦੇ ਹਾਂ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਇਹ ਕੇਵਲ ਹਰ ਕਿਸੇ ਦੀ ਮਨ ਦੀ ਅਗਿਆਨਤਾ ਹੈ ਜਿਸ ਤਰੀਕੇ ਉਸਦੇ ਸੱਚ ਰੂਪ ਟਿਕਾਣੇ ਨੂੰ ਨਹੀਂ ਜਾਣਿਆ ਜਾ ਸਕਦਾ ਜੋ ਉਸਦਾ ਟਿਕਾਣਾ ਹਰ ਮਨੁੱਖ ਦੇ ਅੰਦਰ ਹੀ ਹੈ। ਮਨ ਦੀ ਨਾਸਮਝੀ ਕਰਕੇ ਹੀ ਅਸੀਂ ਧਾਰਮਿਕ ਝਗੜਿਆਂ ਵਿੱਚ ਪੈਂਦੇ ਹਾਂ ਤੇ ਸ੍ਰਿਸ਼ਟੀ ਦੇ ਕਰਤੇ ਦੀ ਨਾਰਾਜਗੀ ਲੈਂਦੇ ਹਾਂ, ਉਸਦੀਆਂ ਝਿੜਕਾਂ ਖਾਂਦੇ ਹਾਂ ਜਿਸਦੀ ਕਿ ਮਨ ਦੀ ਨਾਸਮਝੀ ਕਰਕੇ ਸਾਨੂੰ ਸਮਝ ਨਹੀਂ ਪੈਂਦੀ। ਆਪਸ ਵਿੱਚ ਕਿਉਂ ਲੜਦੇ ਹੋ, ਇੱਕ ਦੂਜੇ ਨਾਲ ਵੈਰ ਵਿਰੋਧ ਕਿਉਂ ਰੱਖਦੇ ਹੋ। ਧਾਰਮਿਕ ਮੁੱਦਿਆਂ ਕਰਕੇ ਸੰਸਾਰ ਵਿੱਚ ਝਗੜੇ ਬਹੁਤ ਹੁੰਦੇ ਹਨ ਤੇ ਭਾਰਤ ਵਰਸ਼ ਵਿੱਚ ਖਾਸ ਕਰਕੇ ਸਦੀਆਂ ਪਹਿਲਾਂ ਵੀ ਇਹ ਕੁੱਝ ਹੁੰਦਾ ਸੀ ਤੇ ਹੁਣ ਵੀ ਹੁੰਦਾ ਹੈ ਜੋ ਕਿ ਮਨੁੱਖ ਦੀ ਸਭ ਤੋਂ ਵੱਡੀ ਨਾਸਮਝੀ ਹੈ। ਕੇਵਲ ਇਸ ਗੱਲ ਤੇ ਝਗੜਾ ਕਰਨਾ ਕਿ ਮੇਰੀ ਧਾਰਮਿਕ ਆਸਥਾ ਉੱਚੀ ਹੈ ਤੇ ਦੂਸਰਿਆਂ ਦੀ ਧਾਰਮਿਕ ਆਸਥਾ ਨੀਵੀਂ ਹੈ, ਮੈਂ ਉੱਚਾ ਧਰਮੀ ਹਾਂ ਦੂਸਰੇ ਨੀਵੇਂ ਧਰਮ ਵਾਲੇ ਹਨ ਇਹ ਕੇਵਲ ਤੇ ਕੇਵਲ ਧਰਮ ਦੇ ਸੱਚੇ ਮਾਰਗ ਦੀ ਸੱਚੀ ਸਮਝ ਦਾ ਨਾ ਹੋਣਾ ਹੀ ਹੈ ਜੋ ਸੱਚੀ ਸਮਝ ਕੇਵਲ

55/7710

ਤੇ ਕੇਵਲ ਸੱਚ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੀ ਸਮਝ ਦੇ ਵਿੱਚ ਮੇਲ ਹੋਣ ਦੁਆਰਾ ਹੀ ਪੈਂਦੀ ਹੈ ਜੋ ਆਪਣੀ ਉੱਚੀ ਤੇ ਸੱਚੀ ਸਮਝ ਤੇ ਸਦਾ ਰਹਿਣ ਵਾਲੀ ਭਾਵ ਕਦੇ ਨਾ ਬਦਲਣ ਵਾਲੀ ਸਮਝ ਉਹ ਆਪ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਰਾਹੀਂ ਪਾਈ ਹੈ ਤੇ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸੱਚ ਦਾ ਮਾਰਗ ਸਮਝਾਇਆ ਹੈ, ਸਾਰੇ ਸੰਸਾਰ ਲਈ ਇੱਕੋ ਜਿਹੇ ਧਰਮ ਦਾ ਸੱਚਾ ਮਾਰਗ ਸਮਝਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਸੱਚ ਦੇ ਮਾਰਗ ਤੇ ਚੱਲਣ ਵਾਲਾ ਮਨੁੱਖ ਫਿਰ ਆਪਣੇ ਜੀਵਨ ਵਿੱਚ ਕਿਸੇ ਨਾਲ ਇਸ ਵਜ੍ਹਾ ਕਰਕੇ ਝਗੜਾ ਨਹੀਂ ਕਰ ਸਕਦਾ ਕਿ ਦੂਸਰੇ ਦੀ ਧਾਰਮਿਕ ਆਸਥਾ ਮੇਰੇ ਤੋਂ ਵੱਖਰੀ ਹੈ। ਉਸਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਭ ਨੂੰ ਭਰਮਾਂ ਵਿੱਚ ਪਾ ਕੇ ਰੱਖਿਆ ਹੋਇਆ ਹੈ ਤੇ ਸੰਸਾਰੀ ਮਨੁੱਖ ਵਿਅਰਥ ਵਿੱਚ ਹੀ ਇਸ ਗੱਲ ਕਰਕੇ ਲੜੀ ਜਾਂਦੇ ਹਨ ਕਿਉਂਕਿ ਇਹ ਮੇਰੀ ਧਾਰਮਿਕ ਆਸਥਾ ਵੱਖਰੀ

ਹੈ ਤੇ ਦੂਸਰੇ ਦੀ ਧਾਰਮਿਕ ਆਸਥਾ ਵੱਖਰੀ ਹੈ। ਇਹ ਕੇਵਲ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਬਣਾਈ ਹੋਈ ਖੇਡ ਹੀ ਹੈ ਤੇ ਹਰ ਮਨੁੱਖੀ ਰੂਪ ਉਸਦੀ ਕਠਪੁਤਲੀ ਹੈ ਜਿਵੇਂ ਉਹ ਆਪਣੀਆਂ ਕਠਪੁਤਲੀਆਂ ਨੂੰ ਨਚਾਉਂਦਾ ਹੈ ਉਸੇ ਤਰ੍ਹਾਂ ਹੀ ਹਰ ਕੋਈ ਨੱਚ ਰਿਹਾ ਹੈ। **(ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥ ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ੍ ਫੁਰਮਾਈ ਗਾਇ ॥੧੯੭॥)**

ਹੁਣ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤਾ, ਅੱਲ੍ਹਾ ਦੇ ਅਗਲੇ ਸ਼ਬਦ ਨੂੰ ਸਮਝਦੇ ਹਾਂ। ਇਸ ਸ਼ਬਦ ਵਿੱਚ ਵੀ **"ਹਜ ਕਾਬੈ"** ਦੀ ਗੱਲ ਕੀਤੀ ਹੋਈ ਹੈ। ਆਉ ਧਿਆਨ ਨਾਲ ਸਮਝੀਏ ਕਿ ਅਕਾਲ ਪੁਰਖ ਸਾਨੂੰ ਕੀ ਸਮਝਾ ਰਹੇ ਹਨ।

"ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ ॥
ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ ॥੧੯੮॥"

(ਅੰਗ ੧੩੭੫)

55/7710-A

ਭਗਤ ਕਬੀਰ ਜੀ ਦੇ ਇਸ ਤੋਂ ਪਹਿਲੇ ਵਾਲੇ ਸ਼ਬਦ ਨੂੰ ਪੜੋ ਤੇ ਉਪਰ ਵਾਲੇ ਸ਼ਬਦ ਨੂੰ ਪੜੋ ਕਿ ਕੀ ਫਰਕ ਹੈ। ਫਰਕ ਸਾਨੂੰ ਕੁੱਝ ਸਮਝਾਉਣ ਲਈ ਹੀ ਹੈ। ਇਸ ਤੋਂ ਪਹਿਲੇ ਸ਼ਬਦ ਰਾਹੀਂ ਭਗਤ ਕਬੀਰ ਜੀ ਨੇ ਇਹ ਸਮਝਾਇਆ ਹੈ ਕਿ ਕਾਬੈ ਜਾਣ ਨਾਲ ਮੈਨੂੰ ਖੁਦਾ ਮਿਲਿਆ ਉਹ ਮੇਰੇ ਨਾਲ ਲੜ ਪਿਆ ਕਿ ਇਸ ਮੇਰੇ ਟਿਕਾਣੇ ਤੇ ਤੂੰ ਕਿਸ ਲਈ ਆਇਆ ਹੈ ਕਿਉਂਕਿ ਤੂੰ ਤਾਂ ਮੈਨੂੰ ਪਹਿਲੇ ਤੋਂ ਹੀ ਜਾਣਦਾ ਹੈਂ ਤੇ ਉਪਰ ਵਾਲੇ ਸ਼ਬਦ ਵਿੱਚ ਭਗਤ ਕਬੀਰ ਜੀ ਕਹਿ ਰਹੇ ਹਨ ਕਿ ਮੈਂ ਕਾਬੈ ਹਜ ਕਰਨ ਲਈ ਅਨੇਕਾਂ ਹੀ ਵਾਰ ਗਿਆ ਹਾਂ ਪਰ ਮੇਰਾ ਖੁਦਾ ਰੂਪ ਸਾਈਂ ਜਿਸਨੂੰ ਮੈਂ ਆਪਣਾ ਪੀਰ ਮੰਨਦਾ ਹਾਂ ਭਾਵ ਮੈਨੂੰ ਸਾਰੀ ਸਮਝ ਪਾਉਣ ਵਾਲਾ ਮੰਨਦਾ ਹਾਂ ਉਹ ਤਾਂ ਮੁੱਖੋਂ ਕੁਝ ਬੋਲਦਾ ਹੀ ਨਹੀਂ। ਜੇਕਰ ਉਹ ਮੁੱਖੋਂ ਕੁੱਝ ਬੋਲਦਾ ਹੀ ਨਹੀਂ ਫਿਰ ਉਹ ਖੁਦਾ, ਸਾਈਂ ਭਗਤ ਕਬੀਰ ਜੀ ਦੇ ਨਾਲ ਲੜਿਆ ਕਿਸ ਤਰੀਕੇ ਜੋ ਮੁੱਖੋਂ ਬੋਲਦਾ ਹੀ ਨਹੀਂ। ਸਾਰੀ ਗੱਲ ਸਾਨੂੰ ਇਹ ਸਮਝਾਈ ਹੋਈ ਹੈ ਕਿ ਜਿਹੜੀ ਗੱਲ ਤੋਂ ਸਾਨੂੰ ਗੁਰੂ ਪ੍ਰਮਾਤਮਾ ਮਨ੍ਹਾ ਕਰਦਾ ਹੈ ਜੇਕਰ ਅਸੀਂ ਉਸ ਗੱਲ ਨੂੰ ਫਿਰ ਬਾਰ-ਬਾਰ ਦੁਹਰਾਉਂਦੇ ਹਾਂ ਭਾਵ ਗੁਰੂ ਦੀ ਸਮਝਾਈ ਹੋਈ ਗੱਲ ਤੇ ਅਮਲ ਨਹੀਂ ਕਰਦੇ ਉਸਦੀ ਗੱਲ ਨਾ ਮੰਨਣ ਦੀ ਸਜਾ ਭਾਵ ਉਸਦੀ ਗੱਲ ਨਾ ਮੰਨਣ ਦੀ ਖਤਾ ਜੋ ਮਨੁੱਖ ਕਰਦਾ ਹੈ ਉਹ ਸ੍ਰਿਸ਼ਟੀ ਦਾ ਸਾਈਂ ਮੁੱਖੋਂ ਬੋਲ ਕੇ ਨਹੀਂ ਸੁਣਾਉਂਦਾ ਭਾਵ ਆਪਣੇ ਇਸ ਦੋਸ਼ ਦਾ ਪਾਤਰ ਇਹ ਮਨੁੱਖੀ ਸਰੀਰ ਆਪਣੇ ਆਪ ਬਣ ਜਾਂਦਾ ਹੈ। ਗੁਰੂ ਦੀ ਮਤਿ ਦੇ ਉਲਟ ਅਸੀਂ ਜੋ ਵੀ ਕੰਮ ਕਰਦੇ ਹਾਂ ਇਸ ਤਰੀਕੇ ਅਸੀਂ ਉਸਦੇ ਦੋਸ਼ੀ ਹੀ ਬਣਦੇ ਹਾਂ ਜਿਸ ਦੋਸ਼ ਦੀ ਸਜਾ ਨਿਰੰਕਾਰ ਰੂਪ ਸ੍ਰਿਸ਼ਟੀ ਦਾ ਕਰਤਾ ਮਨੁੱਖ ਨੂੰ ਕਿਸ ਰੂਪ ਵਿੱਚ ਦੇ ਦਿੰਦਾ ਹੈ ਤੇ ਕਿਸ ਵੇਲੇ ਦੇ ਦਿੰਦਾ ਹੈ ਇਸ ਗੱਲ ਨੂੰ ਕੋਈ ਮਨੁੱਖ ਸਮਝ ਹੀ ਨਹੀਂ ਸਕਦਾ। ਉਸ ਸ੍ਰਿਸ਼ਟੀ ਦੇ ਕਰਤੇ ਨੇ ਤਾਂ ਉੱਥੋਂ ਹੀ ਮਿਲਣਾ ਹੈ ਜਿੱਥੇ ਉਸਦਾ ਟਿਕਾਣਾ ਸਭ ਦੇ ਅੰਦਰ ਹੀ ਹੈ ਭਾਵੇਂ ਕੋਈ ਆਪਣੀ-ਆਪਣੀ ਸ਼ਰਧਾ ਅਨੁਸਾਰ ਜਿੱਥੇ ਮਰਜੀ ਜਾ ਕੇ ਉਸਨੂੰ ਖੁਸ਼ ਕਰਨਾ ਚਾਹੇ। ਜੇਕਰ ਉਹ ਕਾਬੈ ਜਾ ਕੇ ਨਹੀਂ ਲੱਭਦਾ ਫਿਰ ਉਹ ਕਿਸੇ ਵੀ ਇਹੋ ਜਿਹੇ ਅਸਥਾਨ ਤੇ ਨਹੀਂ ਮਿਲ ਸਕਦਾ ਜਿਨ੍ਹਾਂ ਅਸੀਂ ਉਸਦੇ ਆਕਾਰ ਰੂਪ ਟਿਕਾਣਿਆਂ ਨੂੰ ਉੱਚਾ ਮੰਨਿਆ ਹੋਇਆ ਹੈ ਜਿਵੇਂ ਕਿ ਸਿੱਖ ਜਗਤ ਵਾਲੇ ਉਸਦੇ ਉੱਚੇ ਟਿਕਾਣੇ ਕੋਈ ਹੇਮਕੁੰਟ ਸਾਹਿਬ ਗੁਰਦੁਆਰੇ ਨੂੰ ਮੰਨਦੇ ਹਨ, ਕੋਈ ਹਜੂਰ ਸਾਹਿਬ ਗੁਰਦੁਆਰੇ ਨੂੰ ਉੱਚਾ ਮੰਨਦੇ ਹਨ, ਕੋਈ ਅੰਮ੍ਰਿਤਸਰ ਸਾਹਿਬ ਗੁਰਦੁਆਰੇ ਨੂੰ ਉੱਚਾ ਮੰਨਦੇ ਹਨ, ਕਈ ਬੰਗਲਾਂ ਸਾਹਿਬ ਗੁਰਦੁਆਰੇ ਨੂੰ ਉੱਚਾ

55/7710-B

ਟਿਕਾਣਾ ਮੰਨਦੇ ਹਨ ਤੇ ਅਨੇਕਾਂ ਸ਼ਹੀਦਾਂ ਦੀ ਯਾਦ ਵਿੱਚ ਬਣੇ ਗੁਰਦੁਆਰਿਆਂ ਨੂੰ ਉੱਚਾ ਮੰਨ ਕੇ ਉੱਥੇ ਜਾਣਾ ਜਿਆਦਾ ਚੰਗਾ ਸਮਝਦੇ ਹਨ। ਇਸੇ ਤਰ੍ਹਾਂ ਹਿੰਦੂ ਜਗਤ ਵਿੱਚ ਅਨੇਕਾਂ ਦੇਵੀ, ਦੇਵਤਿਆਂ ਦੇ ਟਿਕਾਣਿਆਂ ਨੂੰ ਪ੍ਰਮਾਤਮਾ ਦੇ ਟਿਕਾਣੇ ਕਹਿ ਕੇ ਉਨ੍ਹਾਂ ਦੀ ਉੱਚੀ ਮਹਾਨਤਾ ਬਣਾਈ ਜਾਂਦੀ ਹੈ ਤੇ ਉਨ੍ਹਾਂ ਟਿਕਾਣਿਆਂ ਦੇ ਦਰਸ਼ਨਾਂ ਨੂੰ ਵੱਡੀ ਤਰਜੀਹ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਇਸ ਗੱਲ ਨੂੰ ਸਮਝਣ ਵਿੱਚ ਇਸਾਈ ਜਗਤ ਵੀ ਭਰਮ ਤੋਂ ਬਾਹਰ ਨਹੀਂ ਹੈ ਜੋ ਸੱਚ ਨੂੰ ਹੀ ਸ੍ਰਿਸ਼ਟੀ ਦੇ ਕਰਤੇ ਦਾ ਰੂਪ ਸਮਝਦੇ ਹਨ ਫਿਰ ਉਨ੍ਹਾਂ ਨੂੰ ਸ੍ਰਿਸ਼ਟੀ ਦੇ ਹਰ ਮਨੁੱਖ ਵਿੱਚ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਰੂਪ ਕਿਉਂ ਨਹੀਂ ਨਜਰ ਆਉਂਦਾ, ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਦਾ ਸੱਚ ਕਿਉਂ ਨਹੀਂ ਸਮਝ ਆਉਂਦਾ, ਸ੍ਰਿਸ਼ਟੀ ਦੇ ਕਰਤੇ ਦਾ ਸੱਚ ਰੂਪ ਟਿਕਾਣਾ ਕਿਉਂ ਨਹੀਂ ਨਜਰ ਆਉਂਦਾ ਜਿਸ ਕਰਕੇ ਉਨ੍ਹਾਂ ਨੂੰ ਚਰਚ ਹੀ ਉੱਚੇ ਨਜਰ ਆਉਂਦੇ ਹਨ ਕਿ ਸ੍ਰਿਸ਼ਟੀ ਦਾ ਕਰਤਾ ਚਰਚ ਵਿੱਚ ਜਾ ਕੇ ਹੀ ਮਿਲ ਸਕਦਾ ਹੈ। ਸੰਸਾਰ ਨੂੰ ਸੱਚ ਸਮਝਾਉਣ ਵਾਲੇ ਬਾਈਬਲ ਦੀ ਰਚਨਾ ਕਿਵੇਂ ਹੋਈ ਹੈ ਤੇ ਕਿਸਨੇ ਕੀਤੀ ਹੈ ਇਸ ਗੱਲ ਦੀ ਸਮਝ ਉਨ੍ਹਾਂ ਨੂੰ ਵੀ ਨਹੀਂ ਹੈ ਭਾਵ ਸ੍ਰਿਸ਼ਟੀ ਦਾ ਹਰ ਮਨੁੱਖ

ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ, ਗਾਡ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਅਕਾਲ ਪੁਰਖ ਨੂੰ ਸਮਝਣ ਵਿੱਚ ਮਨ ਦੇ ਭਰਮ ਵਿੱਚ ਹੀ ਹੈ ਭਾਵ ਮਨ ਦੀ ਤ੍ਰੈ ਗੁਣਾਂ ਵਾਲੀ ਅਵਸਥਾ ਵਿੱਚ ਹੀ ਹੈ, ਮਨ ਦੀ ਹਉਮੈ ਵਿੱਚ ਹੀ ਹੈ, ਮਾਇਆ ਦੀ ਜੁਗਤਿ ਵਿੱਚ ਹੀ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਹੀ ਹੈ ਜਿਸ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਪੂਰੀ ਸ੍ਰਿਸ਼ਟੀ ਦਾ ਰਚਨਹਾਰ ਕਦੇ ਹੀ ਕਿਸੇ ਵਿਰਲੇ ਮਨੁੱਖ ਨੂੰ ਕੱਢਦਾ ਹੈ ਜਿਵੇਂ ਕਿ ਉਸਨੇ ਆਪਣੇ ਸੱਚੇ ਭਗਤਾਂ ਨੂੰ ਕੱਢਿਆ ਹੈ ਭਾਵ ਗੁਰੂ ਸਾਹਿਬਾਨ ਨੂੰ ਕੱਢਿਆ ਹੈ ਜਿਨ੍ਹਾਂ ਰਾਹੀਂ ਉਸਨੇ ਉਨ੍ਹਾਂ ਦੀ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਇਆ ਹੈ ਤੇ ਸ੍ਰਿਸ਼ਟੀ ਦੇ ਕਰਤੇ ਨੂੰ ਮਨੁੱਖੀ ਸਮਝ ਦੇ ਅੰਦਰੋਂ ਜਾਨਣ ਦਾ ਭਾਵ ਉਸਦੇ ਸੱਚ ਰੂਪ ਟਿਕਾਣੇ ਨੂੰ ਆਪਣੇ ਅੰਦਰੋਂ ਹੀ ਜਾਨਣ ਦਾ ਮਾਰਗ ਸਮਝਾਇਆ ਹੈ ਜਿਸ ਮਾਰਗ ਤੇ ਚੱਲਣ ਲਈ ਕੇਵਲ ਤੇ ਕੇਵਲ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਉਸਦੇ ਸਮਝਾਏ ਹੋਏ ਆਪਣੇ ਸੱਚ ਨੂੰ ਮੰਨਣ ਦੀ ਲੋੜ ਹੈ ਨਾ ਕਿ ਕਿਸੇ ਉਸਦੇ ਆਕਾਰ ਰੂਪ ਟਿਕਾਣੇ ਨੂੰ ਉੱਚਾ ਮੰਨਕੇ ਕੇਵਲ ਉਸਦੇ ਦਰਸ਼ਨ ਕਰਨ ਦੁਆਰਾ ਉਸਦੇ ਦਰਸ਼ਨ ਸਮਝਣਾ। ਉਸਦੇ ਦਰਸ਼ਨ ਮਨ ਦੇ ਵਿੱਚੋਂ ਹੀ ਹੋਣੇ ਹਨ ਤੇ ਅਸੀਂ ਉਸਦੇ ਦਰਸ਼ਨ ਕਰਨੇ ਸੱਚੇ ਧਰਮ ਗ੍ਰੰਥਾਂ ਦੇ ਵਿੱਚੋਂ ਭਾਵੇਂ ਘਰ ਬੈਠ ਕੇ ਕਰਨੇ ਸਿੱਖੀਏ ਜਾਂ ਧਾਰਮਿਕ ਅਸਥਾਨਾਂ ਦੇ ਅੰਦਰ ਰੱਖੇ ਹੋਏ ਧਰਮ ਗ੍ਰੰਥਾਂ ਵਿੱਚ ਸਮਝੀਏ ਇੱਕੋ ਹੀ ਗੱਲ ਹੈ। ਗੁਰੂ ਨੇ ਆਪਣਾ ਸੱਚ ਸਾਨੂੰ ਸ਼ਬਦਾਂ ਰਾਹੀਂ ਬਾਰ-ਬਾਰ ਸਮਝਾਇਆ ਹੈ ਕੇਵਲ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਮੰਨਣ ਤੇ ਅਮਲ ਕਰਨ ਦੀ ਲੋੜ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

55/7710-C

ਮਃ ੩ ॥

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ ੧੩੮੩)

ਸਲੋਕੁ ਮਃ ੩ ॥

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ ॥

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥
ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥
ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥
ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੁਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥}

(ਅੰਗ ੬੮੭-੬੮੮)

ਮਹਲਾ ੪ ॥

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥}

(ਅੰਗ ੧੪੦)

ਗਉੜੀ ਮਹਲਾ ੫ ॥

{ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ ਸਗਲ ਤੀਰਥ ਮਜਨ ਇਸਨਾਨੁ ॥੧॥
ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ ਕੋਟਿ ਜਨਮ ਕੀ ਮਲੁ ਲਹਿ ਜਾਈ ॥੧॥ ਰਹਾਉ ॥
ਹਰਿ ਕੀ ਕਥਾ ਰਿਦ ਮਾਹਿ ਬਸਾਈ ॥ ਮਨ ਬਾਂਛਤ ਸਗਲੇ ਫਲ ਪਾਈ ॥੨॥

ਜੀਵਨ ਮਰਣੁ ਜਨਮੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥੩॥
ਕਹੁ ਨਾਨਕ ਸੇਈ ਜਨ ਪੂਰੇ ॥ ਜਿਨਾ ਪਰਾਪਤਿ ਸਾਧੂ ਧੂਰੇ ॥੪॥੭੭॥੧੪੬॥}

(ਅੰਗ ੧੯੫)

ਆਸਾ ਮਹਲਾ ੧ ਚਉਪਦੇ ॥

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥
ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥
ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥
ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥੪॥੨੫॥}

(ਅੰਗ ੩੫੬)

ਆਸਾ ਘਰੁ ੪ ਮਹਲਾ ੧

ੴ ਸਤਿਗੁਰ ਪ੍ਰਸਾਦਿ ॥

{ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥
ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥
ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥}

(ਅੰਗ ੩੫੮)

ਮਃ ੧ ॥

{ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥}

(ਅੰਗ ੪੬੭)

55/7710-D

ਮਃ ੩ ॥

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥
ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥
ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥ ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥}

(ਅੰਗ ੫੮੭)

{ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥ ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ ਰਹਾਉ ॥
ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥ ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈਂ ॥੧॥
ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥ ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥੨॥}

(ਅੰਗ ੭੧੮)

ਪ੍ਰਭਾਤੀ ਮਹਲਾ ੧ ॥

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥
ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ ॥
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ॥੩॥
ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ ॥
ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜ ਪਦੁ ਪਾਈਐ ॥੪॥੬॥}

(ਅੰਗ ੧੩੨੮-੧੩੨੯)

{ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥ ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥੧੩੫॥}

(ਅੰਗ ੧੩੭੧)

{ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ ॥
ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ ॥ ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ॥
ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥੯॥}

(ਅੰਗ ੧੩੯੨)

{ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥

ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥੧੦॥}

(ਅੰਗ ੧੪੧੧)

ਉਪਰ ਵਾਲੇ ਸ਼ਬਦਾਂ ਵਿੱਚੋਂ ਅਸੀਂ ਜਿਆਦਾਤਰ ਸ਼ਬਦਾਂ ਦੇ ਅਰਥਾਂ ਨੂੰ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹਰ ਸ਼ਬਦ ਦਾ ਸੰਖੇਪ ਵਿੱਚ ਮਤਲਬ ਇਹੀ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਭਾਲਣ ਲਈ ਕੇਵਲ ਤੇ ਕੇਵਲ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਸਮਝਣ ਦੀ, ਮੰਨਣ ਦੀ ਤੇ ਉਸ ਤੇ ਅਮਲ ਕਰਨ ਦੀ ਲੋੜ ਹੈ। ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਅਸੀਂ ਘਰ ਬੈਠਿਆਂ ਹੀ ਸਮਝ ਸਕਦੇ ਹਾਂ ਭਾਵ ਸੱਚੇ ਧਰਮ ਗ੍ਰੰਥਾਂ ਨੂੰ ਘਰ ਵਿੱਚ ਬੈਠ ਕੇ ਵੀ ਉਨ੍ਹਾਂ ਨੂੰ ਸਮਝ ਸਕਦੇ ਹਾਂ ਤੇ ਜਿਸਨੇ ਆਪਣੇ ਦੁਨਿਆਵੀ ਘਰ ਦੇ ਅੰਦਰ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸੱਚਾ ਧਰਮ ਗ੍ਰੰਥ ਨਹੀਂ ਰੱਖਿਆ ਹੋਇਆ ਹੈ ਉਹ ਆਪਣੇ ਘਰ ਦੇ ਨੇੜੇ ਕਿਸੇ ਵੀ ਧਾਰਮਿਕ ਅਸਥਾਨ ਤੇ ਜਾ ਕੇ ਭਾਵ ਮੰਦਰ, ਮਸਜਿਦ, ਚਰਚ, ਗੁਰਦੁਆਰਾ ਆਦਿ ਵਿੱਚ ਜਾ ਕੇ ਤੇ ਉਨ੍ਹਾਂ ਧਰਮ ਗ੍ਰੰਥਾਂ ਨੂੰ ਪੜਨ ਦੁਆਰਾ ਤੇ ਸੁਣਨ ਦੁਆਰਾ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਧਰਮ ਦਾ ਸੱਚਾ ਮਾਰਗ ਕੀ ਹੈ ਤੇ ਗੱਲ ਕੇਵਲ ਸੱਚੇ ਧਰਮ

55/7710-E

ਗ੍ਰੰਥਾਂ ਦੇ ਸਮਝਾਏ ਹੋਏ ਸੱਚੇ ਮਾਰਗ ਤੇ ਚੱਲਣ ਦੀ ਹੈ। ਗੁਰੂ ਪ੍ਰਮਾਤਮਾ ਦਾ ਸੱਚਾ ਅਸਥਾਨ ਉਸਦਾ ਹਰ ਸੱਚਾ ਧਰਮ ਗ੍ਰੰਥ ਹੈ ਤੇ ਅਸੀਂ ਜਿਨ੍ਹਾਂ ਵੀ ਦੁਨਿਆਵੀ ਆਕਾਰ ਰੂਪ ਅਸਥਾਨਾਂ ਨੂੰ ਉੱਚੇ ਅਸਥਾਨ ਮੰਨਿਆ ਹੋਇਆ ਹੈ ਉਨ੍ਹਾਂ ਸਾਰਿਆਂ ਅਸਥਾਨਾਂ ਤੇ ਸੱਚਾ ਧਰਮ ਗ੍ਰੰਥ ਉਹੀ ਪਇਆ ਹੁੰਦਾ ਹੈ ਜਿਸ ਸੱਚੇ ਧਰਮ ਗ੍ਰੰਥ ਦੇ ਨਾਲ ਅਸੀਂ ਕਿਸੀ ਜਗ੍ਹਾ ਤੇ ਪਏ ਹੋਏ ਧਰਮ ਗ੍ਰੰਥ ਦੇ ਨਾਲ ਜੁੜ ਸਕਦੇ ਹਾਂ ਜਿਨ੍ਹਾਂ ਧਰਮ ਗ੍ਰੰਥਾਂ ਦੇ ਨਾਲ ਜੁੜਨ ਲਈ ਸਾਨੂੰ ਕਿਤੇ ਦੂਰ ਦੂਰ ਜਾਣ ਦੀ ਲੋੜ ਨਹੀਂ ਹੁੰਦੀ, ਕਿਸੇ ਖਾਸ ਧਾਰਮਿਕ ਅਸਥਾਨ ਨੂੰ ਉੱਚਾ ਤੀਰਥ ਅਸਥਾਨ ਮੰਨਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਸੱਚਾ ਤੀਰਥ ਕੇਵਲ ਗੁਰੂ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੈ ਭਾਵ ਗੁਰੂ ਦੀ ਸੱਚੀ ਮਤਿ ਹੈ ਜਿਵੇਂ ਕਿ ਉਪਰ ਦੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸੱਚਾ ਤੀਰਥ ਕੀ ਹੈ ਤੇ ਉਸ ਤੀਰਥ ਤੇ ਸੱਚਾ ਇਸ਼ਨਾਨ ਕਰਨਾ ਕੀ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਦਾ ਜੋ ਸੱਚਾ ਗਿਆਨ ਹੈ ਉਹ ਸਭ ਦੇ ਲਈ ਸੱਚਾ ਤੀਰਥ ਹੈ ਜੋ ਉਸ ਸੱਚੇ ਤੀਰਥ ਦਾ ਇਸ਼ਨਾਨ ਮਨੁੱਖੀ ਸਮਝ ਨੇ ਹੀ ਕਰਨਾ ਹੈ ਜੋ ਇਸ਼ਨਾਨ ਕਰਨਾ ਬਹੁਤ ਔਖਾ ਹੈ ਕਿਉਂਕਿ ਇਸ ਸੱਚੇ ਤੀਰਥ ਦਾ ਇਸ਼ਨਾਨ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਕੀਤਾ ਜਾ ਸਕਦਾ ਹੈ ਭਾਵ ਮਨਮਤਿ ਛੱਡਣ ਦੁਆਰਾ ਹੀ ਕੀਤਾ ਜਾ ਸਕਦਾ ਹੈ ਭਾਵ ਹਰ ਔਗੁਣ ਤਿਆਗਣ ਦੁਆਰਾ ਕੀਤਾ ਜਾ ਸਕਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗਣ ਦੁਆਰਾ ਹੀ ਕੀਤਾ ਜਾ ਸਕਦਾ ਹੈ ਭਾਵ ਗੁਰੂ ਦਾ ਸੱਚਾ ਨਾਮ ਮੰਨਣ ਦੁਆਰਾ ਹੀ ਕੀਤਾ ਜਾ ਸਕਦਾ ਹੈ, ਹਉਮੈ ਤਿਆਗਣ ਦੁਆਰਾ ਹੀ ਕੀਤਾ ਜਾ ਸਕਦਾ ਹੈ ਜੋ ਮਨ ਦਾ ਇਸ਼ਨਾਨ ਕਰਨ ਲਈ ਸਾਨੂੰ ਦੂਰ-ਦੂਰ ਜਾ ਕੇ, ਆਕਾਰ ਰੂਪ ਦੁਨਿਆਵੀ ਸਰੋਵਰਾਂ ਤੇ ਜਾ ਕੇ ਸਰੀਰਕ ਇਸ਼ਨਾਨ ਕਰਨ ਦੀ ਲੋੜ ਨਹੀਂ ਹੈ ਜਿਨ੍ਹਾਂ ਸਰੋਵਰਾਂ ਦਾ ਮਕਸਦ ਤਨ ਦੀ ਮੈਲ ਧੋਣ ਦੇ ਨਾਲ ਹੈ ਨਾ ਕਿ ਮਨ ਦੀ ਮੈਲ ਧੋਣ ਦਾ। ਹਰ ਮਨੁੱਖ ਦੇ ਅੰਦਰ ਦੀ ਮੈਲ ਅਗਿਆਨਤਾ ਰੂਪ ਮੈਲ ਹੈ ਜੋ ਮੈਲ ਕੇਵਲ ਤੇ ਕੇਵਲ ਗੁਰੂ ਦੇ ਗਿਆਨ ਰੂਪ ਸਰੋਵਰ ਤੇ ਭਾਵ ਸੱਚੇ ਧਰਮ ਗ੍ਰੰਥਾਂ ਦੇ ਸੱਚੇ ਗਿਆਨ ਰੂਪ ਸਰੋਵਰ ਤੇ ਇਸ਼ਨਾਨ ਕਰਨ ਦੁਆਰਾ ਹੀ ਧੁਪ ਸਕਦੀ ਹੈ ਜਿਸ ਮਨ ਦੀ ਮੈਲ ਨੂੰ ਅਸੀਂ ਆਪਣੇ ਦੁਨਿਆਵੀ ਘਰ ਵਿੱਚ ਬੈਠੇ ਹੋਏ ਹੀ ਧੋ ਸਕਦੇ ਹਾਂ ਭਾਵ ਆਪਣੇ ਅੰਦਰ ਦੀ ਨੀਯਤ ਨੂੰ ਰਾਸ ਕਰ ਸਕਦੇ ਹਾਂ ਭਾਵ ਗੁਰਮਤਿ ਦੀ ਸਮਝ ਅਨੁਸਾਰ ਰਾਸ ਕਰ ਸਕਦੇ ਹਾਂ, ਚੰਗੀ ਬਣਾ ਸਕਦੇ ਹਾਂ ਤਾਂ ਜੋ ਅਸੀਂ ਕੇਵਲ ਤੇ ਕੇਵਲ ਸੱਚੇ ਸੁੱਚੇ ਕਰਮ ਕਰੀਏ ਤੇ ਕਿਸੇ ਵੀ ਮਨੁੱਖ ਦਾ ਮਾੜਾ ਨਾ ਕਰੀਏ ਭਾਵੇਂ ਕੋਈ ਜਿਹੋ ਜਿਹੀ ਮਰਜੀ ਧਾਰਮਿਕ ਆਸਥਾ ਰੱਖਦਾ ਹੋਵੇ। ਸ੍ਰਿਸ਼ਟੀ ਦੇ ਕਰਤੇ ਨੂੰ ਕੇਵਲ ਤੇ ਕੇਵਲ ਉਹੀ ਮਨੁੱਖ ਭਾਉਂਦਾ ਹੈ ਜੋ ਉਸਦੀ ਸੱਚੀ ਮਤਿ ਦਾ ਦੋਸ਼ੀ ਨਹੀਂ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਸੱਚੀ ਮਤਿ ਹੀ ਸਮਝਾਉਂਦਾ ਹੈ ਤੇ ਉਪਰ ਵਾਲੇ ਭਗਤ ਕਬੀਰ ਜੀ ਦੇ ਸ਼ਬਦ ਦੁਆਰਾ ਸ੍ਰਿਸ਼ਟੀ ਦੇ ਕਰਤੇ ਦਾ ਅਸਲ ਮਕਸਦ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਇਹੀ ਸਮਝਾਉਣ ਲਈ ਹੈ ਕਿ ਗੁਰੂ ਦੀ ਮਤਿ ਦੇ ਦੋਖੀ ਬਣਨ ਤੋਂ ਬਚੋ ਭਾਵ ਭਗਤੀ ਦੇ ਦਿਖਾਵਿਆਂ ਤੋਂ ਬਚੋ ਤੇ ਸੱਚੀ ਭਗਤੀ ਦੀ ਅਸਲੀਅਤ ਨਾਲ ਜੁੜੋ ਜੋ ਸੱਚੀ ਭਗਤੀ ਦਾ ਮਾਰਗ ਸਾਰੇ ਸੰਸਾਰ ਲਈ ਭਾਵ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜਿਸ ਸੱਚੇ ਮਾਰਗ ਤੇ ਚੱਲਣ

55/7710-F

ਦੁਆਰਾ ਕੋਈ ਵੀ ਮਨੁੱਖ ਉਸਦੇ ਸੱਚ ਰੂਪ ਟਿਕਾਣੇ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ, ਘਰ ਬੈਠਿਆਂ ਹੀ ਜਾਣ ਸਕਦਾ ਹੈ। **(ਕਬੀਰ**

ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥ ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ੍ ਫੁਰਮਾਈ ਗਾਇ ॥੧੯੭॥ ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ ॥ ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ ॥੧੯੮॥)

ਗੁਰਬਾਣੀ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਪੂਰਨ ਸੱਚ ਹੈ ਕਿਉਂਕਿ ਪੂਰੀ ਗੁਰਬਾਣੀ ਸੱਚ ਰੂਪ ਮਾਲਕ ਦੇ ਦਰ ਤੋਂ ਆਈ ਹੈ ਜੋ ਉਸਦਾ ਸੱਚ ਰੂਪ ਦਰ ਮਨੁੱਖ ਦਾ ਮਨ ਰੂਪ ਘਰ ਹੀ ਹੈ ਜਿਸ ਆਪਣੇ ਘਰ ਵਿੱਚ ਉਹ ਆਪਣੇ ਉਸ ਮਨੁੱਖੀ ਰੂਪ ਨਾਲ ਮਨ ਦੇ ਵਿੱਚ ਗੱਲਾਂ ਕਰਦਾ ਹੈ ਜੋ ਮਨ ਦੇ ਵਿੱਚ ਗੱਲਾਂ ਕਰਨ ਨਾਲ ਉਹ ਗੁਰਬਾਣੀ ਸਮਝਾਉਂਦਾ ਹੈ, ਗੁਰਬਾਣੀ ਲਿਖਵਾਉਂਦਾ ਹੈ ਤੇ ਆਪਣੀ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਸਮਝਾਉਂਦਾ ਹੈ ਜਿਨ੍ਹਾਂ ਅਰਥਾਂ ਦੇ ਅੰਦਰ ਦਾ ਸੱਚ ਕੋਈ ਤਾਂ ਹੀ ਪੂਰਨ ਵਿਸ਼ਵਾਸ ਨਾਲ ਮੰਨ ਸਕਦਾ ਹੈ ਜੇਕਰ ਕੋਈ ਪਹਿਲੇ ਇਸ ਗੱਲ ਨੂੰ ਮੰਨੇ ਕਿ ਗੁਰਬਾਣੀ ਦੇ ਸ਼ਬਦਾਂ ਰਾਹੀਂ ਜੋ ਕੁੱਝ ਲਿਖਿਆ ਹੋਇਆ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਨਾਲ ਵੀ ਸਮਝਿਆ ਜਾ ਸਕਦਾ ਹੈ ਉਸਨੂੰ ਤਾਂ ਅਸੀਂ ਘੱਟੋ ਘੱਟ ਸੱਚ ਮੰਨ ਲਈਏ ਭਾਵ ਗੁਰੂ ਦੇ ਸ਼ਬਦ ਨੂੰ ਝੂਠਾ ਨਾ ਮੰਨੀਏ ਕਿ ਗੁਰੂ ਨੇ ਸਾਨੂੰ ਝੂਠ ਸਮਝਾਇਆ ਹੈ। ਗੁਰਬਾਣੀ ਵਿੱਚ ਇਹੋ ਜਿਹੇ ਅਨੇਕਾਂ ਹੀ ਸ਼ਬਦ ਹਨ ਜਿਨ੍ਹਾਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਪਰ ਫਿਰ ਵੀ ਕੋਈ ਮੰਨਣ ਨੂੰ ਤਿਆਰ ਨਹੀਂ ਹੁੰਦਾ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਵੀ ਹੈ ਕਿਉਂਕਿ ਅਸੀਂ ਗੁਰੂ ਦੀ ਮਤਿ ਨਾਲੋਂ ਉਹੋ ਜਿਹਿਆਂ ਦੀ ਮਤਿ ਤੇ ਜਿਆਦਾ ਵਿਸ਼ਵਾਸ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਹੀ ਧਰਮ ਦੇ ਮਾਰਗ ਦਾ ਸੱਚ ਸਮਝਾਉਣ ਵਾਲੇ ਮੰਨ ਲੈਂਦੇ ਹਾਂ ਤੇ ਇਹੋ ਜਿਹੇ ਸਭ ਸਾਨੂੰ ਸ੍ਰਿਸ਼ਟੀ ਦੇ ਕਰਤੇ ਦੇ ਵੱਖਰੇ ਵੱਖਰੇ ਟਿਕਾਣੇ ਹੋਣੇ ਦੱਸਦੇ ਹਨ ਜਦਕਿ ਬਾਣੀ ਰਾਹੀਂ ਬਾਰ-ਬਾਰ ਜੋਰ ਦੇ ਕੇ ਇਹ ਗੱਲ ਸਮਝਾਈ ਹੋਈ ਹੈ ਕਿ ਸ੍ਰਿਸ਼ਟੀ ਦੇ ਕਰਤੇ ਦਾ ਟਿਕਾਣਾ ਮਨੁੱਖੀ ਜੋਤਿ ਦੇ ਰੂਪ ਵਿੱਚ ਹੈ ਭਾਵ ਮਨੁੱਖ ਦਾ ਮਨ ਹੈ ਪਰ ਫਿਰ ਵੀ

55/7711

ਜੇਕਰ ਅਸੀਂ ਉਹੋ ਜਿਹਿਆਂ ਦੀ ਗੱਲ ਤੇ ਯਕੀਨ ਕਰੀਏ ਉਹ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਇਹ ਸਮਝਾਉਂਦੇ ਹਨ ਕਿ ਉਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਨੂੰ ਕਿਸੇ ਬਾਹਰੀ ਟਿਕਾਣੇ ਤੋਂ ਜਾਣਿਆ ਹੈ, ਵੱਖਰੇ-ਵੱਖਰੇ ਰੂਪ ਵਿੱਚ ਜਾਣਿਆ ਹੈ, ਕਿਸੇ ਆਕਾਰ ਰੂਪ ਵਿੱਚ ਜਾਣਿਆ ਹੈ ਫਿਰ ਕੀ ਇਹੋ ਜਿਹਿਆਂ ਦਾ ਇਹ ਕੁੱਝ ਕਹਿਣਾ ਸੱਚ ਹੈ ਜਾਂ ਝੂਠ ਇਸ ਗੱਲ ਦਾ ਫੈਸਲਾ ਕਰਨਾ ਬਹੁਤ ਜਰੂਰੀ ਹੈ ਜੇਕਰ ਅਸੀਂ ਗੁਰੂ ਦੀ ਰਚੀ ਹੋਈ ਬਾਣੀ ਨੂੰ ਸੱਚ ਸਮਝਦੇ ਹਾਂ ਭਾਵ ਗੁਰੂ ਦੇ ਵਿਚਾਰਾਂ ਨੂੰ ਸੱਚੇ ਵਿਚਾਰ ਸਮਝਦੇ ਹਾਂ ਕਿਉਂਕਿ ਸੱਚ ਦੇ ਮਾਲਕ ਦੀ ਪਰਖ ਗੁਰੂ ਦੇ ਸੱਚੇ ਵਿਚਾਰਾਂ ਦੇ ਨਾਲ ਹੀ ਹੈ ਕਿਉਂਕਿ ਉਹ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਆਪਣੇ ਸੱਚ ਰੂਪ ਵਿੱਚ ਗੁਰੂ ਹੈ ਤੇ ਗੁਰਬਾਣੀ ਦੇ ਸ਼ਬਦਾਂ ਦੇ ਵਿਚਾਰਾਂ ਦੇ ਅੰਦਰ ਦੇ ਸੱਚ ਨੂੰ ਜਿਨ੍ਹਾਂ ਸੱਚੇ ਵਿਚਾਰਾਂ ਦੇ ਰੂਪ ਵਿੱਚ ਉਹ ਸੱਚ ਰੂਪ ਪ੍ਰਮਾਤਮਾ ਆਪ ਵੱਸਿਆ ਹੋਇਆ ਹੈ, ਪੂਰੀ ਗੁਰਬਾਣੀ ਵਿੱਚ ਨਿਰੰਕਾਰ ਰੂਪ ਵਿੱਚ ਵੱਸਿਆ ਹੋਇਆ ਹੈ ਇਹੀ ਪੂਰੀ ਗੁਰਬਾਣੀ ਦੇ ਵਿੱਚ ਉਸਦਾ ਟਿਕਾਣਾ ਹੈ। ਉਸਦੇ ਇਸ ਸੱਚੇ ਟਿਕਾਣੇ ਤੱਕ ਸੱਚੀ ਪਹੁੰਚ ਕਰਨ ਦਾ ਸੱਚਾ ਉਦਮ ਕਰਨਾ ਹੀ ਉਸਦੇ ਅਸਲ ਟਿਕਾਣੇ ਤੱਕ ਪਹੁੰਚਣ ਦਾ ਸੱਚਾ ਉਦਮ ਹੈ। ਪੂਰੀ ਗੁਰਬਾਣੀ ਉਸਦੇ ਸੱਚ ਰੂਪ ਟਿਕਾਣੇ ਤੋਂ ਹੀ ਆਈ ਹੈ ਜੋ ਉਸਦਾ ਟਿਕਾਣਾ ਮਨੁੱਖੀ ਮਨ ਹੈ ਭਾਵ ਮਨੁੱਖੀ ਸਮਝ ਹੈ ਤੇ ਉਸਦੇ ਸੱਚੇ ਟਿਕਾਣੇ ਨੂੰ ਅਸੀਂ ਆਪਣੇ ਅੰਦਰੋਂ ਤਾਂ ਹੀ ਖੋਜ ਸਕਾਂਗੇ, ਜਾਣ ਸਕਾਂਗੇ ਭਾਵ ਉਸ ਟਿਕਾਣੇ ਤੇ ਪਹੁੰਚ ਸਕਾਂਗੇ ਜੇਕਰ ਪਹਿਲੇ ਉਸਦੇ ਗੁਰਬਾਣੀ ਰੂਪ ਸੱਚੇ ਟਿਕਾਣੇ ਰਾਹੀਂ ਸਮਝਾਏ ਹੋਏ ਸੱਚ ਨੂੰ ਹੀ ਮੰਨਾਂਗੇ ਭਾਵ ਕੇਵਲ ਸ਼ਬਦ ਦੇ ਵਿਚਾਰਾਂ ਨੂੰ ਸੱਚ ਮੰਨਾਂਗੇ ਤੇ ਉਹੋ ਜਿਹਿਆਂ ਦੇ ਵਿਚਾਰਾਂ ਨੂੰ ਸੱਚ ਨਹੀਂ ਮੰਨਾਂਗੇ ਜਿਨ੍ਹਾਂ ਦੇ ਵਿਚਾਰ ਗੁਰੂ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਂਦੇ ਭਾਵੇਂ ਉਹੋ ਜਿਹਿਆਂ ਨੂੰ ਅਸੀਂ ਜਿਤਨੇ ਮਰਜੀ ਧਰਮ ਦੇ ਵਿਦਵਾਨ ਆਦਿ ਮੰਨਿਆ ਹੋਵੇ, ਸੰਤ ਆਦਿ ਮੰਨਿਆ ਹੋਵੇ। ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਜਿਵੇਂ ਕਿ ਅਸੀਂ ਪਿੱਛੇ ਵੀ ਸਮਝਿਆ ਹੈ ਇਸ ਗੱਲ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਤੇ ਜਿਸਨੇ ਵੀ ਅੱਜ ਤੱਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਉਨ੍ਹਾਂ ਦੀਆਂ ਪ੍ਰਮਾਤਮਾ ਦੇ ਨਾਲ, ਗਾਡ ਦੇ ਨਾਲ, ਅੱਲ੍ਹਾ ਦੇ ਨਾਲ, ਅਕਾਲ ਪੁਰਖ ਦੇ ਨਾਲ ਮਨ ਦੇ ਵਿੱਚ ਹੀ ਗੱਲਾਂ ਹੋਈਆਂ ਹਨ ਤੇ ਨਾਮ ਦੇ ਨਾਲ ਵੀ ਗੱਲਾਂ ਹੋਈਆਂ ਹਨ ਭਾਵ ਜੋ ਨਾਮ ਹੈ ਉਹੀ ਸਭ ਕੁੱਝ ਹੈ ਜਿਸਨੇ ਆਪਣੇ ਨਾਮ ਦੇ ਨਾਲ ਸਭ ਕੁੱਝ ਬਣਾਇਆ ਹੈ ਤੇ ਆਪਣੇ ਨਾਮ ਦੇ ਨਾਲ ਹੀ ਸਭ ਕੁੱਝ ਚਲਾ ਰਿਹਾ ਹੈ। ਜਿਨ੍ਹਾਂ ਕੋਲੋਂ ਅਸੀਂ ਨਾਮ ਸਿੱਖਿਆ ਹੋਇਆ ਹੈ ਤੇ ਹੋਰ ਵੀ ਬਹੁਤ ਸਾਰੇ ਸਾਨੂੰ ਨਾਮ ਸਿਖਾਉਣ ਵਾਲੇ, ਜਗ੍ਹਾ ਜਗ੍ਹਾ ਨਾਮ ਜਪਾਉਣ ਵਾਲੇ ਬੈਠੇ ਹਨ, ਸਮਾਧੀਆਂ ਲਗਾਉਣ ਵਾਲੇ ਬੈਠੇ ਹਨ ਕੀ ਉਨ੍ਹਾਂ ਨੇ ਕਦੇ ਨਾਮ ਦੇ ਨਾਲ ਗੱਲਾਂ ਕੀਤੀਆਂ ਹਨ, ਕੀ ਉਸਦੇ ਨਾਲ ਮਨ ਦੇ ਵਿੱਚ ਗੋਸ਼ਟੀ ਕੀਤੀ ਹੈ, ਕੀ ਉਸਦੇ ਨਾਲ ਮਨ ਦੇ ਵਿੱਚ ਧਰਮ ਦੇ ਮਾਰਗ ਨੂੰ ਲੈ ਕੇ **"ਮਸਲਤਿ"** ਭਾਵ ਸਾਲਾਹ ਮਸ਼ਵਰਾ ਕੀਤਾ ਹੈ ਭਾਵ ਕੀ ਉਨ੍ਹਾਂ ਨੇ ਮਨ ਦੇ ਵਿੱਚ ਕਦੇ ਰੱਬ ਨਾਲ ਗੱਲਾਂ ਕੀਤੀਆਂ ਹਨ ਤੇ ਕਦੇ ਰੱਬ ਦੇ ਨਾਲ **"ਅਨਦ ਬਿਨੋਦ"** ਕੀ ਹੁੰਦਾ ਹੈ ਭਾਵ ਉਹ ਕਿਸ

55/7712

ਤਰੀਕੇ ਮਨੁੱਖ ਨੂੰ ਗੱਲਾਂ ਸੁਣਾ ਕੇ ਹਸਾਉਂਦਾ ਹੈ ਤੇ ਆਪਣੇ ਉਸ ਮਨੁੱਖੀ ਰੂਪ ਨਾਲ ਕਿਸ ਤਰੀਕੇ ਮਿੱਠੀਆਂ ਗੱਲਾਂ ਕਰਦਾ ਹੈ, ਕੀ ਇਹੋ

ਜਿਹੇ ਸਾਨੂੰ ਇਹ ਕੁੱਝ ਦੱਸ ਸਕਦੇ ਹਨ ਕਿ ਇਹ ਸਭ ਕਿਸ ਤਰੀਕੇ ਹੁੰਦਾ ਹੈ ਕਿਉਂਕਿ ਇਹ ਸਭ ਕੁੱਝ ਗੁਰਬਾਣੀ ਦੇ ਸ਼ਬਦਾਂ ਦੇ ਵਿੱਚ ਲਿਖਿਆ ਹੋਇਆ ਹੈ ਜੋ ਕਿ ਝੂਠ ਹੋ ਹੀ ਨਹੀਂ ਸਕਦਾ। ਇਹ ਸਭ ਕੁੱਝ ਲਿਖਿਆ ਹੋਇਆ ਸਪਸ਼ਟ ਸਮਝ ਵੀ ਆਉਂਦਾ ਹੈ ਪਰ ਮੰਨਿਆ ਨਹੀਂ ਜਾਂਦਾ। ਗੁਰੂ ਦੇ ਵਿਚਾਰਾਂ ਨਾਲ ਤਾਂ ਹੀ ਜੁੜ ਸਕੋਗੇ ਭਾਵ ਗੁਰੂ ਦੇ ਸੱਚ ਰੂਪ ਟਿਕਾਣੇ ਤੇ ਪਹੁੰਚਣ ਦਾ ਸੱਚਾ ਉਦਮ ਤਾਂ ਹੀ ਕਰ ਸਕੋਗੇ ਜੇਕਰ ਗੁਰੂ ਦੇ ਸਾਫ ਸਮਝ ਆ ਰਹੇ ਸੱਚੇ ਵਿਚਾਰਾਂ ਨੂੰ ਮੰਨਾਂਗੇ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਛੱਡਾਂਗੇ ਜੋ ਗੁਰੂ ਦੇ ਸੱਚ ਰੂਪ ਵਿਚਾਰਾਂ ਤੇ ਖਰੇ ਨਹੀਂ ਉਤਰਦੇ। ਆਉ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਦ੍ਰਿੜ ਕਰੀਏ ਕਿ ਗੁਰੂ ਸਾਰੇ ਸੰਸਾਰ ਨੂੰ ਆਪਣੇ ਗੁਰਬਾਣੀ ਰੂਪ ਸੱਚੇ ਟਿਕਾਣੇ ਤੋਂ ਪੂਰਨ ਸੱਚ ਹੀ ਸਮਝਾ ਰਿਹਾ ਹੈ ਜੋ ਕਿ ਉਸਨੇ ਆਪਣਾ ਸੱਚ ਆਪਣੇ ਸੱਚੇ ਭਗਤਾਂ ਦੇ ਨਾਲ, ਗੁਰੂ ਸਾਹਿਬਾਨ ਦੇ ਨਾਲ ਗੋਸਟਿ ਕਰਨ ਦੁਆਰਾ, ਮਸਲਤਿ ਕਰਨ ਦੁਆਰਾ ਭਾਵ ਮਨ ਦੇ ਵਿੱਚ ਸੱਚੀਆਂ ਗੱਲਾਂ ਕਰਨ ਦੁਆਰਾ ਹੀ ਸਮਝਾਇਆ ਹੈ।

{ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥ ਅਸੁਰ ਨਦੀ ਕਾ ਬੰਧੈ ਮੂਲੁ ॥
ਪਛਿਮ ਫੇਰਿ ਚੜਾਵੈ ਸੂਰੁ ॥ ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥}

(ਅੰਗ ੯੭੪)

ਪਉੜੀ ॥

{ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥
ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥}

(ਅੰਗ ੫੯੨)

ਆਸਾ ਮਹਲਾ ੫ ॥

{ਦੂਖੁ ਘਨੋ ਜਬ ਹੋਤੇ ਦੂਰਿ ॥ ਅਬ ਮਸਲਤਿ ਮੋਹਿ ਮਿਲੀ ਹਦੂਰਿ ॥੧॥
ਚੁਕਾ ਨਿਹੋਰਾ ਸਖੀ ਸਹੇਰੀ ॥ ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ॥੧॥ ਰਹਾਉ ॥
ਨਿਕਟਿ ਆਨਿ ਪ੍ਰਿਅ ਸੇਜ ਧਰੀ ॥ ਕਾਣਿ ਕਢਨ ਤੇ ਛੂਟਿ ਪਰੀ ॥੨॥
ਮੰਦਰਿ ਮੇਰੈ ਸਬਦਿ ਉਜਾਰਾ ॥ ਅਨਦ ਬਿਨੋਦੀ ਖਸਮੁ ਹਮਾਰਾ ॥੩॥
ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥ ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥੨॥੫੩॥}

(ਅੰਗ ੩੮੪)

ਸਲੋਕ ਮਃ ੫ ॥

{ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥ ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥ ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥
ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥
ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥ ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥
ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥ ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥੧॥}

(ਅੰਗ ੯੫੮)

{ਰੰਕੁ ਰਾਉ ਜਾ ਕੈ ਏਕ ਸਮਾਨਿ ॥ ਕੀਟ ਹਸਤਿ ਸਗਲ ਪੂਰਾਨ ॥
ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥੨॥}

(ਅੰਗ ੯੬੩)

ਧਨਾਸਰੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ ਨਾਮੁ ਜਪਉ ਹਰਿ ਰੰਗਿ ॥੧॥ ਜਨ ਕਉ ਪ੍ਰਭ ਅਪਨੇ ਕਾ ਤਾਣੁ ॥
ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ ਰਹਾਉ ॥
ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ ॥
ਚਰਨ ਸਰਨ ਨਾਨਕ ਦਾਸ ਹਰਿ ਹਰਿ ਸੰਤੀ ਇਹ ਬਿਧਿ ਜਾਤੀ ॥੨॥੧॥੨੫॥}

(ਅੰਗ ੬੭੭)

55/7713

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਘਰੁ ੬ ਮਹਲਾ ੫ ॥

{ਜੋ ਤੁਧੁ ਭਾਵੈ ਸੋ ਪਰਵਾਨਾ ਸੂਖੁ ਸਹਜੁ ਮਨਿ ਸੋਈ ॥
ਕਰਣ ਕਾਰਣ ਸਮਰਥ ਅਪਾਰਾ ਅਵਰੁ ਨਾਹੀ ਰੇ ਕੋਈ ॥੧॥ ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ ॥
ਮਸਲਤਿ ਮਤਾ ਸਿਆਣਪ ਜਨ ਕੀ ਜੋ ਤੂੰ ਕਰਹਿ ਕਰਾਵਹਿ ॥੧॥ ਰਹਾਉ ॥
ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧਸੰਗਿ ਰਸੁ ਪਾਇਆ ॥
ਤ੍ਰਿਪਤਿ ਅਘਾਇ ਸੇਈ ਜਨ ਪੂਰੇ ਸੁਖ ਨਿਧਾਨੁ ਹਰਿ ਗਾਇਆ ॥੨॥
ਜਾ ਕਉ ਟੇਕ ਤੁਮ੍ਹਾਰੀ ਸੁਆਮੀ ਤਾ ਕਉ ਨਾਹੀ ਚਿੰਤਾ ॥
ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ ॥੩॥
ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ ॥
ਵਰਤਣਿ ਨਾਮੁ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਆ ॥੪॥੧॥੪੦॥}

(ਅੰਗ ੩੮੦)

ਗਉੜੀ ਮਹਲਾ ੫ ॥

{ਤੂੰਹੈ ਮਸਲਤਿ ਤੂੰਹੈ ਨਾਲਿ ॥ ਤੂਹੈ ਰਾਖਹਿ ਸਾਰਿ ਸਮਾਲਿ ॥੧॥
ਐਸਾ ਰਾਮੁ ਦੀਨ ਦੁਨੀ ਸਹਾਈ ॥ ਦਾਸ ਕੀ ਪੈਜ ਰਖੈ ਮੇਰੇ ਭਾਈ ॥੧॥ ਰਹਾਉ ॥
ਆਗੈ ਆਪਿ ਇਹੁ ਥਾਨੁ ਵਸਿ ਜਾ ਕੈ ॥ ਆਠ ਪਹਰ ਮਨੁ ਹਰਿ ਕਉ ਜਾਪੈ ॥੨॥
ਪਤਿ ਪਰਵਾਣੁ ਸਚੁ ਨੀਸਾਣੁ ॥ ਜਾ ਕਉ ਆਪਿ ਕਰਹਿ ਫੁਰਮਾਨੁ ॥੩॥
ਆਪੇ ਦਾਤਾ ਆਪਿ ਪ੍ਰਤਿਪਾਲਿ ॥ ਨਿਤ ਨਿਤ ਨਾਨਕ ਰਾਮ ਨਾਮੁ ਸਮਾਲਿ ॥੪॥੧੦੫॥੧੭੪॥}

(ਅੰਗ ੨੦੦)

ਬਿਲਾਵਲੁ ਮਹਲਾ ੧ ॥

{ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥
ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ਕਉਨੁ ਜਾਣੈ ਪੀਰ ਪਰਾਈ ॥
ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥ ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਹਾਰੀ ॥੨॥
ਸਿਖ ਮਤਿ ਸਭ ਬੁਧਿ ਤੁਮ੍ਹਾਰੀ ਮੰਦਿਰ ਛਾਵਾ ਤੇਰੇ ॥
ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥
ਜੀਅ ਜੰਤ ਸਭਿ ਸਰਣਿ ਤੁਮ੍ਹਾਰੀ ਸਰਬ ਚਿੰਤ ਤੁਧੁ ਪਾਸੇ ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥}

(ਅੰਗ ੭੯੫)

ਉਪਰ ਵਾਲੇ ਸ਼ਬਦਾਂ ਵਿੱਚ ਅਸੀਂ ਕੁੱਝ ਸ਼ਬਦਾਂ ਨੂੰ ਪਿੱਛੇ ਲੇਖ ਵਿੱਚ ਸਮਝਿਆ ਵੀ ਹੈ ਕਿ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਗੱਲਾਂ ਕਰਨੀਆਂ ਕੀ ਹਨ। ਮਨੁੱਖੀ ਤ੍ਰੈ ਗੁਣਾਂ ਵਾਲੀ ਸਮਝ ਅੱਲ੍ਹਾ, ਪ੍ਰਮਾਤਮਾ ਦੀ ਉੱਚੀ ਸਮਝ ਦੇ ਅੱਗੇ ਬਹੁਤ ਨੀਵੀਂ ਹੈ। ਮਨ ਦੇ ਵਿੱਚ ਉਸਦੇ ਨਾਲ ਗੱਲਾਂ ਹੋਣ ਦਾ ਮਕਸਦ ਸ੍ਰਿਸ਼ਟੀ ਦੇ ਕਰਤੇ ਕੋਲੋਂ ਮਨ ਦੀ ਸਮਝ ਦੇ ਅੰਦਰ ਉਸਦੇ ਕੋਲੋਂ ਉਸਦੇ ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਨਾਲ ਹੀ ਹੁੰਦਾ ਹੈ। ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਹਰ ਗੱਲ ਭਾਵ ਆਪਣੇ ਸ਼ਬਦਾਂ ਦੀ ਹਰ ਵਿਚਾਰ ਬੜੀ ਬਰੀਕੀ ਨਾਲ ਸਮਝਾਉਂਦਾ ਹੈ ਤਾਂ ਜੋ ਮਨੁੱਖੀ ਸਮਝ ਨੂੰ ਸ਼ਬਦਾਂ ਦੇ ਅੰਦਰ ਦੇ ਗੂੜ ਭਾਵ ਨੂੰ ਸਮਝਣ ਵਿੱਚ ਰੱਤੀ ਭਰ ਵੀ ਭਰਮ ਨਾ ਰਹੇ। ਸਾਰੇ ਸ਼ਬਦਾਂ ਦੇ ਵਿਚਾਰ ਕਿਸੇ ਨਾ ਕਿਸੇ ਰੂਪ ਵਿੱਚ ਇੱਕ ਦੂਸਰੇ ਨਾਲ ਜੁੜੇ ਹੁੰਦੇ ਹਨ, ਮੂਲ ਰੂਪ ਵਿੱਚ ਜੁੜੇ ਹੁੰਦੇ ਹਨ। ਹਰ ਸ਼ਬਦ ਦੀ ਸੱਚੀ ਵਿਚਾਰ ਨੂੰ ਪੂਰੀ ਤਰ੍ਹਾਂ ਸਮਝੇ ਬਿਨ੍ਹਾਂ ਗੁਰਬਾਣੀ ਦੇ ਅੰਦਰ ਦੇ ਮੂਲ ਭਾਵ ਨਾਲ ਪੂਰੀ ਤਰ੍ਹਾਂ ਨਹੀਂ ਜੁੜਿਆ ਜਾ ਸਕਦਾ ਕਿਉਂਕਿ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਅਨੇਕਾਂ ਵਿਚਾਰ ਉਹੋ ਜਿਹੇ ਵਿਚਾਰ ਹਨ ਜਿਸਨੂੰ ਕੇਵਲ ਤੇ ਕੇਵਲ ਚੌਥੇ ਪਦ ਦੇ ਗਿਆਨ ਵਾਲੀ ਸਮਝ ਨਾਲ ਹੀ ਜਾਣਿਆ ਜਾ ਸਕਦਾ ਹੈ। ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਤੇ ਮਨੁੱਖੀ ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਬਹੁਤ ਹੀ ਵੱਡਾ ਫਰਕ ਹੈ। ਮਨ ਦੇ ਵਿੱਚ ਪ੍ਰਗਟ ਹੋ ਕੇ ਜੋ ਮਨੁੱਖ ਦੇ ਨਾਲ ਗੋਸਟਿ ਕਰਦਾ ਹੈ, ਮਸਲਤਿ ਕਰਦਾ ਹੈ ਉਸ ਰਾਹੀਂ ਉਹ ਮਨੁੱਖੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਕੱਢ ਕੇ ਚੌਥੇ ਪਦ ਦੇ ਗਿਆਨ ਵਾਲੀ ਸੋਝੀ ਹੀ ਪਾਉਂਦਾ ਹੈ। ਮਨ ਦੇ ਵਿੱਚ ਇਹ ਸ੍ਰਿਸ਼ਟੀ ਦੇ ਮਾਲਕ ਨਾਲ ਗੱਲਾਂ, ਇਸ ਸਰੀਰ ਰੂਪ ਮਾਲਕ ਦੇ ਨਾਲ ਗੱਲਾਂ ਉਸਦੇ ਮਨ ਰੂਪ ਮੰਦਰ ਭਾਵ ਉਸਦੇ ਮਨ ਰੂਪ ਘਰ ਦੇ ਵਿੱਚ ਹੀ ਹੁੰਦੀਆਂ ਹਨ। ਇਹ ਗੱਲਾਂ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਭਾਵ ਅਕਾਲ ਪੁਰਖ ਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਹੀ ਕਰਦੀ ਹੈ, ਬ੍ਰਹਮ ਗਿਆਨ ਦੇ ਮਾਲਕ ਬ੍ਰਹਮ ਗਿਆਨੀ ਦੇ ਨਾਲ ਹੀ ਕਰਦੀ ਹੈ ਭਾਵ ਨਾਮ ਦੇ ਮਾਲਕ ਦੇ ਨਾਲ ਹੀ ਕਰਦੀ ਹੈ ਜੋ ਨਾਮ ਦਾ ਮਾਲਕ

ਇਸ ਤਰੀਕੇ ਹੀ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸਨੂੰ ਆਪਣਾ ਨਾਮ ਬਖਸ਼ਦਾ ਹੈ, ਬ੍ਰਹਮ ਗਿਆਨ ਬਖਸ਼ਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਬਖਸ਼ਿਆ ਹੈ। ਉਸਦੇ ਮਨੁੱਖੀ ਮਨ ਰੂਪ ਘਰ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਗੱਲਾਂ ਕਿਸ ਤਰੀਕੇ ਹੁੰਦੀਆਂ ਹਨ ਭਾਵ ਉਹ ਕਿਸੇ ਮਨੁੱਖੀ ਸਰੀਰ ਦੀ ਸਮਝ ਦੇ ਅੰਦਰ ਕਿਸ ਤਰੀਕੇ ਪ੍ਰਗਟ ਹੋ ਕੇ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਮਨੁੱਖੀ ਹੋਂਦ ਦਾ ਸੱਚ ਸਮਝਾਉਂਦਾ ਹੈ, ਸ੍ਰਿਸ਼ਟੀ ਦੀ ਰਚਨਾ ਦੇ ਪਿੱਛੇ ਦਾ ਸੱਚ ਸਮਝਾਉਂਦਾ ਹੈ ਇਸ ਗੱਲ ਨੂੰ ਉਸਨੇ ਸਾਇੰਸ ਦੀ ਸਮਝ ਤੋਂ ਵੀ ਬਾਹਰ ਰੱਖਿਆ ਹੋਇਆ ਹੈ ਭਾਵ ਉਸਨੂੰ ਸਾਇੰਸ ਦਾ ਕੋਈ ਵੀ ਤਰੀਕਾ ਅਜਮਾ ਕੇ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਉਹ ਆਪ ਹੀ ਸਾਇੰਸ ਦਾ ਰਚਨਹਾਰ ਹੈ ਜੋ ਇੱਕੋ ਇੱਕ ਪੂਰੇ ਸੰਸਾਰ ਵਿੱਚ ਗਿਆਨ ਦਾ ਸਰੋਤ ਉਹ ਆਪ ਹੀ ਹੈ। ਸੰਸਾਰ ਵਿੱਚ ਜੋ ਕੁੱਝ ਵੀ ਹੁੰਦਾ ਹੈ ਉਸਦੀ ਰਚੀ ਹੋਈ ਸਾਇੰਸ ਦੁਆਰਾ ਹੀ ਹੁੰਦਾ ਹੈ ਪਰ ਤ੍ਰੈ ਗੁਣਾਂ ਵਾਲੀ ਸਮਝ ਵਿੱਚ

ਤੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਕੀ ਫਰਕ ਹੈ ਇਸਨੂੰ ਸਾਇੰਸ ਦੁਆਰਾ ਨਹੀਂ ਸਮਝਿਆ ਜਾ ਸਕਦਾ। ਸਾਡੇ ਮਨੁੱਖੀ ਸਰੀਰਾਂ ਦੇ ਅੰਦਰ ਜੋ ਤ੍ਰੈ ਗੁਣਾਂ ਵਾਲੀ ਸਮਝ ਉਪਜਦੀ ਹੈ ਉਹ ਮਨ ਦੇ ਵਿੱਚੋਂ ਹੀ ਉਪਜਦੀ ਹੈ ਜੋ ਮਨ ਰੂਪ ਢਾਂਚਾ ਪੰਜਾਂ ਤੱਤਾਂ ਤੋਂ ਬਣਿਆ ਹੋਇਆ ਹੈ ਜੋ ਕਿ ਆਕਾਰ ਰੂਪ ਹੈ। ਮਨੁੱਖ ਦੀ ਸਾਰੀ ਸੋਚ ਸਰੀਰ ਦੇ ਵਿੱਚ ਆਕਾਰ ਰੂਪ ਮਨ ਦੇ ਵਿੱਚੋਂ ਹੀ ਉਪਜਦੀ ਹੈ ਤੇ ਉਹ ਕਿਸ ਤਰੀਕੇ ਉਪਜਦੀ ਹੈ ਤੇ ਉਸਦੇ ਪਿੱਛੇ ਕੀ ਸਾਇੰਸ ਹੈ ਇਸ ਗੱਲ ਨੂੰ ਦੁਨਿਆਵੀ ਡਾਕਟਰ ਸਮਝ ਸਕਦੇ ਹਨ। ਅਨੇਕਾਂ ਮਨੁੱਖਾਂ ਦੀ ਸੋਚ ਕਮਜੋਰ ਹੋ ਜਾਂਦੀ ਹੈ, ਉਹ ਗੱਲਾਂ ਨੂੰ ਭੁੱਲਣ ਲੱਗ ਜਾਂਦੇ ਹਨ ਜਿਸ ਗੱਲ ਨੂੰ ਸੰਸਾਰ ਦੇ ਵਿੱਚ ਡਾਕਟਰ ਸਮਝ ਵੀ ਲੈਂਦੇ ਹਨ ਤੇ ਉਸਦਾ ਇਲਾਜ ਵੀ ਕਰਦੇ ਹਨ ਜਿਸ ਇਲਾਜ ਨਾਲ ਮਨੁੱਖੀ ਸਮਝ ਨੂੰ ਫਰਕ ਵੀ ਪੈ ਜਾਂਦਾ ਹੈ ਭਾਵ ਉਹ ਠੀਕ ਹੋਣਾ ਵੀ ਸ਼ੁਰੂ ਹੋ ਜਾਂਦਾ ਹੈ। ਇਸੇ ਤਰ੍ਹਾਂ ਦਿਮਾਗ ਦੀਆਂ ਹੋਰ ਬਿਮਾਰੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਬਿਮਾਰੀਆਂ ਨੂੰ ਸਾਇੰਸ ਦੁਆਰਾ ਸਮਝਿਆ ਵੀ ਜਾ ਸਕਦਾ ਹੈ ਤੇ ਉਨ੍ਹਾਂ ਦਾ ਡਾਕਟਰੀ ਇਲਾਜ ਵੀ ਕੀਤਾ ਜਾ ਸਕਦਾ ਹੈ। ਜਦ ਤੱਕ ਮਨੁੱਖ ਦੇ ਅੰਦਰ ਭਰਮਾਂ ਵਾਲੀ ਸਮਝ ਉਪਜਦੀ ਹੈ ਉਹ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਪਾ ਸਕਦੀ ਹੈ, ਭੁੱਲਣਹਾਰ ਬਣਾ ਸਕਦੀ ਹੈ ਜਿਸਦਾ ਦੁਨਿਆਵੀ ਇਲਾਜ ਵੀ ਕੀਤਾ ਜਾ ਸਕਦਾ ਹੈ। ਸੰਸਾਰ ਦਾ ਕੋਈ ਵੀ ਡਾਕਟਰ ਕਿਸੇ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਵਿੱਚ ਬਦਲ ਸਕੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ ਕਿਉਂਕਿ ਇਹ ਗੁਰਬਾਣੀ ਦਾ ਆਪਣਾ ਫੁਰਮਾਨ ਹੈ, ਗੁਰੂ ਪ੍ਰਮਾਤਮਾ ਦਾ ਆਪਣਾ ਸ਼ਬਦਾਂ ਰਾਹੀਂ ਫੁਰਮਾਇਆ ਹੋਇਆ ਅਟੱਲ ਸੱਚ ਹੈ। ਚੌਥੇ ਪਦ ਵਾਲਾ ਗਿਆਨ **"ਅਭੁੱਲ"** ਹੈ ਜੋ ਕਿ ਕਿਸੇ ਵੀ ਭੁੱਲ ਤੋਂ ਬਾਹਰ ਹੈ, ਮਨੁੱਖੀ ਦਿਮਾਗ ਦੇ ਹਰ ਰੋਗ ਤੋਂ ਬਾਹਰ ਹੈ ਤੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਕਿਸ ਕਰਕੇ ਦਿਮਾਗੀ ਰੋਗ ਤੋਂ ਬਾਹਰ ਹੈ ਇਸ ਗੱਲ ਨੂੰ ਸਮਝਣਾ ਸਾਇੰਸ ਦੇ ਦਾਤਾ ਨੇ ਸਾਇੰਸ ਦੀ ਸਮਝ ਤੋਂ ਹੀ ਬਾਹਰ ਰੱਖਿਆ ਹੋਇਆ ਹੈ। ਇਹ ਗੱਲ ਬਾਣੀ ਦੇ ਸ਼ਬਦਾਂ ਵਿੱਚ ਵੀ ਲਿਖੀ ਹੋਈ ਹੈ ਕਿ ਸ੍ਰਿਸ਼ਟੀ ਦਾ ਕਰਤਾ ਕਿਸ ਤਰੀਕੇ ਆਪਣੇ ਆਪ ਨੂੰ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਕਰਦਾ ਹੈ ਕੇਵਲ ਇਹੀ ਇੱਕੋ ਇੱਕ ਸੰਸਾਰ ਵਿੱਚ ਕਰਾਮਾਤ ਹੈ ਤੇ

55/7715

ਇਹ ਕਿਸੇ ਦੀ ਸਮਝ ਦੇ ਅੰਦਰ ਇਹ ਕਰਾਮਾਤ ਹੋਣ ਦੁਆਰਾ ਹੀ ਸਿੱਧੀ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਸਭ ਤੋਂ ਉੱਚੇ ਧਾਰਮਿਕ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ ਭਾਵ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੇ ਮਾਲਕ ਨੂੰ, ਸਾਇੰਸ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ, ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਵੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਮਃ ੩ ॥

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ ੬੫੦)

ਉਪਰ ਵਾਲੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਪਹਿਲੇ ਸਮਝਿਆ ਹੀ ਹੈ, ਕਿਸੇ ਵੀ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੋਣਾ ਜਾਂ ਗਾਡ ਦੇ ਨਾਲ, ਪ੍ਰਮਾਤਮਾ ਦੇ ਨਾਲ, ਅੱਲ੍ਹਾ ਦੇ ਨਾਲ, ਅਕਾਲ ਪੁਰਖ ਦੇ ਨਾਲ ਮੇਲ ਦੀ ਪ੍ਰਾਪਤੀ ਹੋਣਾ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਪ੍ਰਾਪਤੀ ਹੀ ਹੈ ਜੋ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਆਪਣੇ ਨਾਮ ਦੀ ਦਾਤਿ, ਨਾਮ ਗਿਆਨ ਵਾਲੀ ਸਮਝ ਦੀ ਦਾਤਿ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੀ ਦਾਤਿ ਉਹ ਆਪ ਹੀ ਬਖਸ਼ਦਾ ਹੈ ਜਿਸ ਦੁਆਰਾ ਉਹ ਕਿਸੇ ਮਨੁੱਖੀ ਰੂਪ ਨੂੰ ਆਪਣਾ ਅਸਲ **"ਸਿਧਿ"** ਬਣਾਉਂਦਾ ਹੈ ਭਾਵ ਸਭ ਤੋਂ ਉੱਚੇ ਗਿਆਨ ਵਾਲੀ ਸਮਝ ਵਾਲਾ ਬਣਾਉਂਦਾ ਹੈ ਜਿਸ ਉੱਚੀ ਸਮਝ ਦੁਆਰਾ ਹੀ ਕੋਈ ਸ੍ਰਿਸ਼ਟੀ ਦੇ ਕਰਤੇ ਦੀ ਕਰਾਮਾਤ ਨੂੰ, ਮਨ ਦੇ ਵਿੱਚ ਪ੍ਰਗਟ ਹੋਣ ਦੀ ਕਰਾਮਾਤ ਨੂੰ ਸਮਝ ਸਕਦਾ ਹੈ ਜੋ ਉਸਦੀ ਕਰਾਮਾਤ ਨੂੰ ਸਮਝਣਾ ਭਾਵ ਮਨੁੱਖੀ ਸਮਝ ਦੇ ਅੰਦਰ ਚੌਥੇ ਪਦ ਦੇ ਗਿਆਨ ਵਾਲੀ ਸਮਝ ਦਾ ਉਪਜਣਾ, ਬ੍ਰਹਮ ਗਿਆਨ ਵਾਲੀ ਸਮਝ ਦਾ ਉਪਜਣਾ, ਪੂਰੀ ਸਾਇੰਸ ਦੇ ਮਾਲਕ ਨੂੰ ਜਾਨਣ ਵਾਲੀ ਸਮਝ ਦਾ ਉਪਜਣਾ, ਪੂਰੀ ਸ੍ਰਿਸ਼ਟੀ ਦੇ ਮਾਲਕ ਨੂੰ ਜਾਨਣ ਵਾਲੀ ਸਮਝ

ਦਾ ਉਪਜਣਾ, ਸਾਰੇ ਸੰਸਾਰ ਦੇ ਇੱਕੋ ਜਿਹੇ ਧਰਮ ਦੇ ਮਾਰਗ ਦੀ ਸਮਝ ਵਾਲੀ ਸਮਝ ਦਾ ਉਪਜਣਾ ਕੀ ਹੈ ਜੋ ਉਸਦੀ ਰਚੀ ਹੋਈ ਆਪਣੀ ਸਾਇੰਸ ਦੀ ਸਮਰਥਾ ਤੋਂ ਬਾਹਰ ਹੈ। ਸ੍ਰਿਸ਼ਟੀ ਦਾ ਕਰਤਾ ਜਦੋਂ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣੀ ਇਹ ਕਰਾਮਾਤ ਵਰਤਾ ਦਿੰਦਾ ਹੈ ਉਸ ਮਨੁੱਖ ਦੀ ਫਿਰ ਚੌਥੇ ਪਦ ਦੇ ਗਿਆਨ ਵਾਲੀ ਸਮਝ ਫਿਰ ਅਭੁੱਲ ਸਮਝ ਬਣ ਜਾਂਦੀ ਹੈ ਕਿਉਂਕਿ ਸ੍ਰਿਸ਼ਟੀ ਦਾ ਕਰਤਾ ਆਪ ਅਭੁੱਲ ਹੈ ਜੋ ਕਦੇ ਕੁੱਝ ਵੀ ਨਹੀਂ ਭੁੱਲ ਸਕਦਾ। ਪੂਰੀ ਗੁਰਬਾਣੀ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੀ ਅਭੁੱਲ ਰੂਪ ਸਮਝ ਵਿੱਚ ਹੀ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਹੈ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੀ ਹੈ। ਜਿਸ ਮਨੁੱਖੀ ਸਮਝ ਨੂੰ ਉਹ ਆਪਣੀ ਅਭੁੱਲ ਸਮਝ ਦੇ ਨਾਲ ਮਿਲਾ ਲੈਂਦਾ ਹੈ ਤੇ ਆਪਣੀ ਅਭੁੱਲ ਸਮਝ ਰਾਹੀਂ ਉਹ ਮਨੁੱਖੀ ਸਮਝ ਨੂੰ ਜੋ ਕੁੱਝ ਵੀ ਸਮਝਾਉਂਦਾ ਹੈ ਉਹ ਗੱਲ ਮਨੁੱਖੀ ਸਮਝ ਦੀ ਅਭੁੱਲ ਬਣ ਜਾਂਦੀ ਹੈ ਭਾਵ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ ਉਹ ਜਿਹੜੀ ਵੀ ਸ਼ਬਦਾਂ ਦੀ ਵਿਚਾਰ ਸਮਝਾਉਂਦਾ ਹੈ ਜੋ ਕਿ ਉਹ ਮਨ ਦੀ ਸਮਝ ਵਿੱਚ ਹੀ ਸਮਝਾਉਂਦਾ ਹੈ ਉਹ ਸ਼ਬਦਾਂ ਦੀ ਵਿਚਾਰ ਫਿਰ ਉਸ ਮਨੁੱਖੀ ਸਮਝ ਨੂੰ ਕਦੇ ਨਹੀਂ ਭੁੱਲਦੀ ਭਾਵ ਸਦਾ ਹੀ ਚੇਤੇ ਰਹਿੰਦੀ ਹੈ ਤੇ ਉਸ ਮਨੁੱਖ ਨੂੰ ਫਿਰ ਸ਼ਬਦਾਂ ਦੀ ਸੱਚੀ ਵਿਚਾਰ, ਜਿਹੜੇ ਮਰਜੀ ਸ਼ਬਦ ਦੀ ਵਿਚਾਰ ਭਾਵੇਂ ਜਿਸ ਵੇਲੇ

55/7716

ਮਰਜੀ ਪੁੱਛ ਲਵੋ ਉਸਨੂੰ ਹਰ ਵੇਲੇ ਚੇਤੇ ਰਹਿੰਦੀ ਹੈ ਕਿਉਂਕਿ ਚੌਥੇ ਪਦ ਦੇ ਗਿਆਨ ਦਾ ਮਾਲਕ ਹਰ ਵੇਲੇ, ਅੱਠੇ ਪਹਿਰ ਉਸਦੇ ਪੂਰੇ ਜੀਵਨ ਵਿੱਚ ਉਸਦੇ ਅੰਦਰ ਪ੍ਰਗਟ ਹੀ ਹੁੰਦਾ ਹੈ ਜੋ ਕਿ ਉਹ ਆਪ ਅਭੁੱਲ ਰੂਪ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ॥

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੦-੬੧)

ਮਃ ੩ ॥

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ ੬੫੦)

ਕਾਨੜਾ ਮਹਲਾ ੫ ਘਰੁ ੪
ੴ ਸਤਿਗੁਰ ਪ੍ਰਸਾਦਿ ॥

{ਨਾਰਾਇਨ ਨਰਪਤਿ ਨਮਸਕਾਰੈ ॥
ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥ ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥}

(ਅੰਗ ੧੩੦੧-੧੩੦੨)

ਉਪਰ ਵਾਲੇ ਸ਼ਬਦ ਨੂੰ ਅਸੀਂ ਕਾਫੀ ਪਿੱਛੇ ਲੇਖ ਵਿੱਚ ਸਮਝਿਆ ਹੀ ਹੋਇਆ ਹੈ ਕਿ ਗੁਰੂ ਤੋਂ ਬਿਨ੍ਹਾਂ ਹਰ ਕੋਈ ਭੁੱਲਣਹਾਰ ਹੈ। ਗੁਰੂ ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਗੁਰੂ ਹੈ ਤੇ ਜਿਸ ਮਨੁੱਖੀ ਸਮਝ ਦੇ ਅੰਦਰ ਗੁਰੂ ਪ੍ਰਮਾਤਮਾ ਵੱਸ ਜਾਂਦਾ ਹੈ ਉਸ ਮਨੁੱਖੀ ਸਮਝ ਦੇ ਅੰਦਰ ਉਹ ਆਪਣੇ ਸੱਚੇ ਸ਼ਬਦ ਹੀ ਸਮਝਾਉਂਦਾ ਹੈ, ਸੱਚੇ ਸ਼ਬਦਾਂ ਦੀ ਵਿਚਾਰ ਹੀ ਸਮਝਾਉਂਦਾ ਹੈ। ਸ਼ਬਦਾਂ ਦੇ ਅੰਦਰ ਦੀ ਜੋ ਸੱਚੀ ਵਿਚਾਰ ਹੈ ਉਹ ਗੁਰੂ ਪ੍ਰਮਾਤਮਾ ਦਾ ਆਪਣਾ ਰੂਪ ਹੈ। ਜਿਸ ਮਨੁੱਖੀ ਸਮਝ ਦੇ ਅੰਦਰ ਅਕਾਲ ਪੁਰਖ ਆਪਣਾ ਅਭੁੱਲ ਰੂਪ ਪ੍ਰਗਟ ਕਰ ਦਿੰਦਾ ਹੈ ਉਸ ਮਨੁੱਖੀ ਸਰੀਰ ਨੂੰ ਫਿਰ ਹੋਰ ਸੰਸਾਰਿਕ ਗੱਲਾਂ ਭਾਵੇਂ ਭੁੱਲ ਜਾਣ ਪਰ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਉਹ ਕਦੇ ਨਹੀਂ ਭੁੱਲਦਾ ਕਿਉਂਕਿ ਸ਼ਬਦਾਂ ਦਾ ਮਾਲਕ ਤੇ ਸ਼ਬਦਾਂ ਦੀ ਸੱਚੀ ਵਿਚਾਰ ਦਾ ਮਾਲਕ ਹਰ ਵੇਲੇ ਉਸ ਮਨੁੱਖੀ ਸਮਝ ਦੇ ਅੰਦਰ ਹੀ ਹੁੰਦਾ ਹੈ ਜੋ ਉਸਨੂੰ ਚੌਥੇ ਪਦ ਦੇ ਗਿਆਨ ਵਾਲੀ ਗੱਲ ਕਦੇ ਵੀ ਨਹੀਂ ਭੁੱਲਣ ਦਿੰਦਾ। ਇਸ ਗੱਲ ਨੂੰ ਵਿਸ਼ਵਾਸ ਨਾਲ ਕੇਵਲ ਉਹੀ ਸਮਝ ਸਕਦਾ ਹੈ ਤੇ ਮੰਨ ਸਕਦਾ ਹੈ ਜਿਸਦੇ ਨਾਲ ਇਹ ਕੁਝ ਬੀਤਿਆ ਹੋਵੇ ਤੇ ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ, ਸੱਚ ਕਰਕੇ ਜਾਣੋ ਕਿ ਇਸ ਨਿਮਾਣੇ ਜਿਹੇ ਦਾਸ ਨਾਲ ਇਹ ਕੁੱਝ ਬੀਤ ਰਿਹਾ ਹੈ। ਦਾਸ ਦੀ ਉਮਰ ਹੁਣ (73) ਸਾਲ ਦੀ ਹੋ ਚੁਕੀ ਹੈ ਤੇ ਦਾਸ ਨੂੰ ਪਿੱਛਲੇ ਕੁੱਝ ਸਾਲਾਂ ਤੋਂ ਅਨੇਕਾਂ ਦੁਨਿਆਵੀ ਗੱਲਾਂ ਭੁੱਲਣੀਆਂ ਸ਼ੁਰੂ ਹੋ ਗਈਆਂ ਹਨ ਪਰ ਉਹ ਅਭੁੱਲ ਰੂਪ ਪ੍ਰਮਾਤਮਾ ਭੁੱਲੀਆਂ ਹੋਈਆਂ ਗੱਲਾਂ ਨੂੰ ਵੀ ਕਿਸ ਤਰੀਕੇ ਤੇ ਕਿਵੇਂ ਯਾਦ ਦਿਵਾ ਦਿੰਦਾ ਹੈ ਇਹ ਵੀ ਮਨੁੱਖੀ ਸਮਝ ਦੀ ਸਮਰਥਾ ਤੋਂ ਬਾਹਰ ਦੀ ਗੱਲ ਹੈ। ਉਹ ਲੰਬੇ ਸਮੇਂ ਤੋਂ ਭੁੱਲੀ ਹੋਈ ਗੱਲ ਨੂੰ ਵੀ ਅਚਾਨਕ ਯਾਦ ਕਰਵਾ ਦਿੰਦਾ ਹੈ ਕਿਉਂਕਿ ਸਮਝ ਦਾ ਮਾਲਕ ਕੇਵਲ ਤੇ ਕੇਵਲ ਇੱਕੋ ਇੱਕ ਉਹ ਆਪ ਹੀ ਹੈ। ਦਾਸ ਨਾਲ ਇਹ ਕੁਝ ਬੀਤਦਾ ਹੀ ਰਹਿੰਦਾ ਹੈ। ਉਹ ਸਭ ਕੁਝ ਜਾਨਣ ਵਾਲਾ ਹੈ ਜਿਸਨੂੰ ਕਦੇ ਵੀ ਕੁੱਝ ਨਹੀਂ ਭੁੱਲਦਾ। ਉਹ ਮਨੁੱਖੀ ਸਮਝ ਨੂੰ ਤਾਂ ਭੁੱਲਾ ਦਿੰਦਾ ਹੈ ਪਰ ਆਪ ਅਭੁੱਲ ਹੈ ਜਿਸਨੂੰ ਮਨੁੱਖੀ ਸਮਝ ਦੀ ਪੁਰਾਣੀ ਤੋਂ ਪੁਰਾਣੀ ਗੱਲ ਵੀ ਯਾਦ ਹੁੰਦੀ ਹੈ। ਉਸਦਾ ਗਿਆਨ ਬਹੁਤ ਹੀ ਉੱਚਾ ਹੈ ਭਾਵ ਉਹ ਗਿਆਨ ਦਾ ਮਾਲਕ ਬਹੁਤ ਹੀ ਉੱਚਾ ਹੈ ਜਿਸਨੂੰ ਮਨੁੱਖੀ ਤ੍ਰੈ ਗੁਣਾਂ ਵਾਲੀ ਸਮਝ ਦੁਆਰਾ ਸਮਝਿਆ ਹੀ ਨਹੀਂ ਜਾ ਸਕਦਾ। ਜੋ ਕੁੱਝ ਸੰਸਾਰ ਵਿੱਚ ਹੋ ਰਿਹਾ ਹੁੰਦਾ ਹੈ ਉਸਨੂੰ ਤਾਂ ਮਨੁੱਖੀ ਸਮਝ ਜਾਣ ਸਕਦੀ ਹੈ ਪਰ ਜੋ ਕੁੱਝ ਹੋਣ ਵਾਲਾ ਹੈ ਉਸਨੂੰ ਮਨੁੱਖੀ ਸਮਝ ਨਹੀਂ ਜਾਣ ਸਕਦੀ। ਹੁੰਦਾ ਉਹ ਹੀ ਹੈ ਜੋ ਕੁੱਝ ਉਸਨੇ ਕਰਵਾਉਣਾ ਹੁੰਦਾ ਹੈ। ਦਾਸ ਦੇ ਨਾਲ ਇਹ ਸਭ ਕੁੱਝ ਹਕੀਕਤ ਵਿੱਚ ਬੀਤਦਾ ਹੈ ਪਰ ਦਾਸ ਬਹੁਤ ਕੁੱਝ ਦੂਸਰਿਆਂ ਨਾਲ ਸਾਂਝਾ ਨਹੀਂ ਕਰ ਸਕਦਾ ਕਿਉਂਕਿ ਸਾਂਝਾ ਕਰਨ ਵਿੱਚ ਕਿਸੇ ਦਾ ਭਲਾ ਤੇ ਕਿਸੇ ਦਾ ਮਾੜਾ ਹੋ ਸਕਦਾ ਹੈ ਪਰ ਜੇਕਰ ਕਿਸੇ ਨੂੰ ਪਹਿਲੇ ਹੀ ਇਸ ਗੱਲ ਦੀ ਸਮਝ ਲੱਗ ਜਾਵੇ ਕਿ ਕਿਸ ਗੱਲ ਵਿੱਚ ਮਾੜਾ ਹੈ ਤੇ ਕਿਸ ਗੱਲ ਵਿੱਚ ਭਲਾ ਹੈ ਇਹੋ ਜਿਹੀ ਸਮਝ ਪੈਣ ਦੁਆਰਾ ਸ੍ਰਿਸ਼ਟੀ ਦੇ ਕਰਤੇ ਦੀ ਖੇਡ ਨੂੰ ਫਰਕ ਪੈਂਦਾ ਹੈ ਤੇ ਇਸੇ ਲਈ ਇਹ ਨਿਮਾਣਾ ਜਿਹਾ ਦਾਸ ਅਨੇਕਾਂ ਹੋਣ ਵਾਲੀਆਂ ਗੱਲਾਂ ਨੂੰ ਜਾਣਦੇ ਹੋਏ ਵੀ ਜੋ ਆਪਣੀਆਂ ਹੋਣ ਵਾਲੀਆਂ ਕੁੱਝ ਗੱਲਾਂ ਸਮੇਂ ਅਨੁਸਾਰ ਭਾਵ ਸਮੇਂ ਦੀ ਜਰੂਰਤ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਆਪ ਹੀ ਦੱਸ ਦਿੰਦਾ ਹੈ ਉਹ ਗੱਲਾਂ ਦਾਸ ਦੂਸਰਿਆਂ ਨੂੰ ਨਹੀਂ ਦੱਸਦਾ ਤਾਂ ਜੋ ਉਹ ਸ੍ਰਿਸ਼ਟੀ ਦੇ ਕਰਤੇ ਦੀ ਖੇਡ ਤੋਂ ਬਾਹਰ ਨਿਕਲਣ ਦਾ ਉਪਰਾਲਾ ਨਾ ਕਰ ਸਕਣ ਕਿਉਂਕਿ

ਹਰ ਕੋਈ ਹੀ ਉਸਦੀ ਖੇਡ ਦਾ ਹਿੱਸਾ ਹੈ ਤੇ ਜਿਸ ਤਰੀਕੇ ਉਹ ਆਪਣੀ ਇਸ ਰਚੀ ਹੋਈ ਖੇਡ ਨੂੰ ਖੇਡਣਾ ਚਾਹੁੰਦਾ ਹੈ ਉਸਦੀ ਖੇਡ ਦਾ ਹਿੱਸਾ ਬਣੇ ਰਹਿਣਾ ਹੀ ਉਸਨੂੰ ਚੰਗਾ ਲੱਗਦਾ ਹੈ ਪਰ ਉਸਦੀ ਖੇਡ ਕੀ ਹੈ ਇਹ ਉਸਦੇ ਜਾਨਣ ਵਾਲਿਆਂ ਨੂੰ ਚੰਗਾ ਲੱਗਦਾ ਹੈ ਕਿਉਂਕਿ ਉਹ ਆਪਣੀ ਰਚੀ ਹੋਈ ਖੇਡ ਕੋਈ ਆਪਣੇ ਆਪ ਸਮਝ ਸਕੇ ਇਹ ਉਹ ਨਹੀਂ ਚਾਹੁੰਦਾ ਤੇ ਇਹੀ ਉਸਦੇ ਨਾਮ ਜਪਣ ਦਾ ਹਿੱਸਾ ਹੈ ਭਾਵ ਉਸਦੇ ਭਾਣੇ ਨੂੰ ਮੰਨਣ ਦਾ ਤਰੀਕਾ ਹੈ। ਦਾਸ ਨਾਲ ਇਹ ਸਭ ਕੁੱਝ ਬਹੁਣ ਗਹਿਰਾਈ ਨਾਲ ਬੀਤਦਾ ਰਹਿੰਦਾ ਹੈ ਜੋ ਕਿ ਲੰਬੇ ਸਮੇਂ ਤੋਂ ਬੀਤ ਰਿਹਾ ਹੈ ਜਦ ਤੋਂ ਦਾਸ ਨੇ ਆਪਣੇ ਅੰਦਰੋਂ ਆਪਣੀ ਸਮਝ ਦੇ ਮਾਲਕ ਨੂੰ ਜਾਣਿਆ ਹੈ। ਦਾਸ ਲਈ ਸਭ ਤੋਂ ਜਿਆਦਾ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਚੌਥੇ ਪਦ ਦਾ ਗਿਆਨ ਦਾਸ ਦੇ ਅੰਦਰ ਪਿਛਲੇ ਕਰੀਬ ਪੰਦਰਾਂ ਸਾਲਾਂ ਤੋਂ ਆ ਰਿਹਾ ਹੈ ਜਦੋਂ ਦਾਸ ਤੇ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਸਭ ਤੋਂ ਵੱਡੀ ਕ੍ਰਿਪਾ ਕੀਤੀ ਸੀ ਭਾਵ ਇਸ ਨਿਮਾਣੇ ਜਿਹੇ ਦਾਸ ਦੀ ਸਮਝ ਦੇ ਅੰਦਰ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਸੀ ਜਿਸਨੇ ਦਾਸ ਦੀ ਸਮਝ ਦੇ ਅੰਦਰ ਦਾਸ ਦੇ ਪੂਰੇ ਜੀਵਨ ਤੱਕ ਪ੍ਰਗਟ ਹੀ ਰਹਿਣਾ ਹੈ ਕਿਉਂਕਿ ਇਹ ਉਸਦਾ ਆਪਣਾ ਹੀ ਬਣਾਇਆ ਹੋਇਆ ਅਸੂਲ ਹੈ ਕਿ ਜਿਸਨੂੰ ਉਹ ਇੱਕ ਵਾਰੀ ਮਿਲ ਜਾਵੇ ਫਿਰ ਕਦੇ ਨਹੀਂ ਵਿਛੜਦਾ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ। ਦਾਸ ਦੁਨਿਆਵੀ ਗੱਲਾਂ ਤਾਂ ਭੁੱਲ ਜਾਂਦਾ ਹੈ, ਕਿਸੇ ਜਗ੍ਹਾ ਤੇ ਜਾਣ ਲਈ ਦਾਸ ਰਸਤਾ ਵੀ ਭੁੱਲ ਜਾਂਦਾ ਹੈ ਪਰ ਚੌਥੇ ਪਦ ਦੇ ਗਿਆਨ ਵਾਲੀ ਗੱਲ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦਾਸ ਨੂੰ ਕਦੇ ਨਹੀਂ ਭੁੱਲਦੀ ਕਿਉਂਕਿ

55/7717

ਇਹ ਵਿਚਾਰ ਦਾਸ ਦੀ ਹੈ ਹੀ ਨਹੀਂ ਤੇ ਨਾ ਹੀ ਇਸ ਨਿਮਾਣੇ ਜਿਹੇ ਦਾਸ ਦੀ ਕੋਈ ਹੈਸੀਅਤ ਹੈ, ਔਕਾਤ ਹੈ ਕਿ ਉਹ ਚੌਥੇ ਪਦ ਦੇ ਗਿਆਨ ਵਾਲੀ ਅਸਲੀਅਤ ਨੂੰ ਸਮਝ ਸਕੇ ਭਾਵ ਸ਼ਬਦਾਂ ਦੇ ਅੰਦਰ ਦੇ ਗਹਿਰੇ ਭਾਵ ਨੂੰ ਸਮਝ ਸਕੇ। ਸਮਝ ਦਾ ਮਾਲਕ ਆਪ ਹੀ ਚੌਥੇ ਪਦ ਦਾ ਗਿਆਨ ਦੇ ਰਿਹਾ ਹੈ ਤੇ ਚੌਥੇ ਪਦ ਦਾ ਗਿਆਨ ਉਹ ਮਨੁੱਖੀ ਸਮਝ ਦੇ ਅੰਦਰ ਕਿਸ ਤਰੀਕੇ ਪਾਉਂਦਾ ਹੈ ਇਹ ਕੇਵਲ ਤੇ ਕੇਵਲ ਉਹ ਆਪ ਹੀ ਜਾਣਦਾ ਹੈ ਜੋ ਜਾਣਕਾਰੀ ਉਸਨੇ ਆਪਣੀ ਰਚੀ ਹੋਈ ਸਾਇੰਸ ਤੋਂ ਵੀ ਬਾਹਰ ਰੱਖੀ ਹੋਈ ਹੈ। ਤ੍ਰੈ ਗੁਣਾਂ ਦੀ ਸਮਝ ਵਾਲਾ ਦਿਮਾਗ ਭੁੱਲਣਹਾਰ ਹੈ ਤੇ ਚੌਥੇ ਪਦ ਦੇ ਗਿਆਨ ਵਾਲਾ ਦਿਮਾਗ ਅਭੁੱਲ ਹੈ। ਤ੍ਰੈ ਗੁਣਾਂ ਵਾਲੇ ਦਿਮਾਗ ਦੀ ਸ੍ਰਿਸ਼ਟੀ ਦੇ ਕਰਤੇ ਨੇ ਉਹ ਔਕਾਤ ਹੀ ਨਹੀਂ ਬਣਾਈ ਕਿ ਉਹ ਚੌਥੇ ਪਦ ਦੇ ਗਿਆਨ ਨੂੰ ਸਮਝ ਸਕੇ ਕਿ ਉਹ ਮਨੁੱਖੀ ਦਿਮਾਗ ਦੇ ਵਿੱਚੋਂ ਕਿੱਥੋਂ ਆਉਂਦਾ ਹੈ ਤੇ ਕਿਵੇਂ ਆਉਂਦਾ ਹੈ। ਭਾਵੇਂ ਸਾਰੇ ਸੰਸਾਰ ਵਿੱਚ ਦਿਮਾਗ ਦਾ ਇਲਾਜ ਕਰਨ ਵਾਲਾ ਜਿਤਨਾ ਮਰਜੀ ਵੱਡਾ ਡਾਕਟਰ ਅਖਵਾਉਂਦਾ ਹੋਵੇ ਉਹ ਖੁਦ ਤ੍ਰੈ ਗੁਣਾਂ ਵਾਲੀ ਸਮਝ ਵਾਲਾ ਹੁੰਦਾ ਹੈ ਜੋ ਮਨੁੱਖੀ ਦਿਮਾਗ ਦੀਆਂ ਸੰਸਾਰਿਕ ਗੱਲਾਂ ਦੀ ਭੁੱਲ ਨੂੰ ਸਮਝ ਸਕਦਾ ਹੈ ਤੇ ਉਨ੍ਹਾਂ ਦਾ ਉੱਚੇ ਤੋਂ ਉੱਚਾ ਇਲਾਜ ਵੀ ਕਰ ਸਕਦਾ ਹੈ ਪਰ ਉਹ ਚੌਥੇ ਪਦ ਦੇ ਗਿਆਨ ਨੂੰ ਸਮਝ ਸਕੇ ਇਹ ਉਸ ਲਈ ਨਾਮੁਮਕਿਨ ਹੈ ਤੇ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਨਾਮੁਮਕਿਨ ਹੈ ਭਾਵੇਂ ਕੋਈ ਮਨੁੱਖ ਜਿਤਨਾ ਮਰਜੀ ਧਰਮ ਦਾ ਵਿਦਵਾਨ ਅਖਵਾਉਂਦਾ ਹੋਵੇ, ਸੰਤ ਆਦਿ ਅਖਵਾਉਂਦਾ ਹੋਵੇ। ਆਪਣੇ ਆਪ ਨੂੰ ਉੱਚਾ ਗਿਆਨ ਵਾਲਾ ਅਖਵਾਉਣਾ ਵੀ ਮਨੁੱਖੀ ਭਰਮ ਹੈ ਭਾਵ ਉਸਦੇ ਅੰਦਰ ਤ੍ਰੈ ਗੁਣਾਂ ਵਾਲੀ ਅਵਸਥਾ ਦੀ ਵਜ੍ਹਾ ਹੈ ਜੋ ਤ੍ਰੈ ਗੁਣਾਂ ਵਾਲੀ ਸਮਝ ਵੀ ਭਾਵ ਭਰਮਾਂ ਨਾਲ ਭਰੀ ਹੋਈ ਸਮਝ ਵੀ ਹਰ ਮਨੁੱਖ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਹੀ ਪਾਈ ਹੋਈ ਹੈ ਜਿਸਨੇ ਹਰ ਮਨੁੱਖੀ ਸਰੀਰ ਦੀ ਰਚਨਾ ਕੀਤੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਚੌਥੇ ਪਦ ਵਾਲੇ ਗਿਆਨ ਦੀ ਭਾਵ ਗੁਰੂ ਦੇ ਸੱਚੇ ਗਿਆਨ ਦੀ ਹੈਸੀਅਤ ਨੂੰ ਸਮਝੀਏ ਤੇ ਉਨ੍ਹਾਂ ਦੀ ਸਮਝ ਵਿੱਚੋਂ ਨਿਕਲੀਏ ਜੋ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਕਰਕੇ ਹੀ ਭਾਵ ਮਨ ਦੇ ਭਰਮ ਕਰਕੇ ਹੀ ਆਪਣੇ ਆਪ ਨੂੰ ਭਗਤੀ ਦੇ ਮਾਰਗ ਦੇ ਸਿਆਣੇ ਸਮਝਦੇ ਹਨ, ਆਪਣੇ ਆਪ ਨੂੰ ਗਿਆਨਵਾਨ ਸਮਝਦੇ ਹਨ।

ਸਲੋਕੁ ॥

{ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥}

(ਅੰਗ ੨੮੩)

ਸਿਰੀਰਾਗੁ ਮਹਲਾ ੩ ॥

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥ ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥

ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥}

(ਅੰਗ ੬੮)

55/7718

ਮਾਰੂ ਮਹਲਾ ੩ ॥

{ਨਿਰੰਕਾਰਿ ਆਕਾਰੁ ਉਪਾਇਆ ॥ ਮਾਇਆ ਮੋਹੁ ਹੁਕਮਿ ਬਣਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥
ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥ ਗੁਰਮੁਖਿ ਏਕਸੁ ਸਿਉ ਲਿਵ ਲਾਏ ॥
ਤ੍ਰਿਬਿਧਿ ਮਨਸਾ ਮਨਹਿ ਸਮਾਏ ॥ ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥
ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ ਗੁਰ ਪਰਸਾਦੀ ਸਹਜੇ ਮਾਤੇ ॥

ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥ ਮਾਇਆ ਮੋਹਿ ਭਰਮਿ ਨ ਪਾਏ ॥
ਦੂਜੈ ਭਾਇ ਲਗਾ ਦੁਖੁ ਪਾਏ ॥ ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥
ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥
ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥ ਮਨਮੁਖੁ ਬਹੁਤੁ ਕਰੇ ਅਭਿਮਾਨੁ ॥
ਦਰਗਹ ਕਬ ਹੀ ਨ ਪਾਵੈ ਮਾਨੁ ॥ ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥
ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥ ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥
ਮੇਰੈ ਠਾਕੁਰਿ ਇਹ ਬਣਤ ਬਣਾਈ ॥ ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥
ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥ ਸਚਾ ਮਹਲੁ ਸਚੇ ਭੰਡਾਰਾ ॥
ਆਪੇ ਦੇਵੈ ਦੇਵਣਹਾਰਾ ॥ ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥
ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ ਗੁਰਮੁਖਿ ਆਪੇ ਦੇ ਵਡਿਆਈ ॥
ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥
ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥ ਆਪੇ ਸਚਾ ਸਬਦਿ ਮਿਲਾਏ ॥
ਸਬਦੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ ੧੦੬੬-੧੦੬੭)

ਸਿਰੀਰਾਗੁ ਮਹਲਾ ੧ ॥

{ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥
ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ ਜੀਅਰੇ ਰਾਮ ਜਪਤ ਮਨੁ ਮਾਨੁ ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥
ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥
ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ ੨੦-੨੧)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥

ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥}

(ਅੰਗ ੬੮)

ਆਸਾ ਮਹਲਾ ੫ ॥

{ਰੋਵਨਹਾਰੈ ਝੂਠੁ ਕਮਾਨਾ ॥ ਹਸਿ ਹਸਿ ਸੋਗੁ ਕਰਤ ਬੇਗਾਨਾ ॥੧॥
ਕੋ ਮੂਆ ਕਾ ਕੈ ਘਰਿ ਗਾਵਨੁ ॥ ਕੋ ਰੋਵੈ ਕੋ ਹਸਿ ਹਸਿ ਪਾਵਨੁ ॥੧॥ ਰਹਾਉ ॥
ਬਾਲ ਬਿਵਸਥਾ ਤੇ ਬਿਰਧਾਨਾ ॥ ਪਹੁਚਿ ਨ ਮੂਕਾ ਫਿਰਿ ਪਛੁਤਾਨਾ ॥੨॥
ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥੩॥
ਕਹੁ ਨਾਨਕ ਜੋ ਲਾਇਆ ਨਾਮ ॥ ਸਫਲ ਜਨਮੁ ਤਾ ਕਾ ਪਰਵਾਨ ॥੪॥੨੪॥੭੫॥}

(ਅੰਗ ੩੯੯)

{ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥}

(ਅੰਗ ੮੩੨)

{ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥}

(ਅੰਗ ੧੦੨੯)

ਗਉੜੀ ਮਹਲਾ ੩ ॥

{ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥
ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥ ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥
ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥
ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥
ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ ॥
ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥ ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥
ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥ ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥
ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ ੨੩੦-੨੩੧)

ਗਉੜੀ ਮਹਲਾ ੩ ॥

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥
ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥ ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥
ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧-੨੩੨)

{ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥}

(ਅੰਗ ੯੨)

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥}

(ਅੰਗ ੧੦੨੨)

{ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}

(ਅੰਗ ੯੨੨)

ਉਪਰ ਵਾਲੇ ਸ਼ਬਦਾਂ ਰਾਹੀਂ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਤੇ ਗੁਰੂ ਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਵਿੱਚ ਜੋ ਕਿ ਮਨ ਦੇ ਸਹਜ ਗਿਆਨ ਵਾਲੀ ਸਮਝ ਹੁੰਦੀ ਹੈ ਉਸ ਸਮਝ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ। ਇਹ ਫਰਕ ਬਹੁਤ ਉੱਚਾ ਹੈ ਭਾਵ ਪਾਤਾਲ ਅਸਮਾਨ ਜਿਨ੍ਹਾਂ ਫਰਕ ਹੈ

55/7719

ਜਿਵੇਂ ਕਿ ਅਸੀਂ ਪਿੱਛੇ ਵੀ ਸ਼ਬਦਾਂ ਰਾਹੀਂ ਸਮਝਿਆ ਹੈ।

ਸ੍ਰਿਸ਼ਟੀ ਦਾ ਕਰਤਾ ਜਿਸ ਮਨੁੱਖੀ ਸਮਝ ਦੇ ਅੰਦਰ ਭਾਵ ਮਨ ਰੂਪ ਮੰਦਰ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਆਪ ਨੂੰ ਸਹਜ ਗਿਆਨ ਦੇ ਰੂਪ ਵਿੱਚ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਸ ਆਪਣੇ ਸਹਜ ਰੂਪ ਵਿੱਚ ਹੀ ਉਹ ਗੁਰੂ ਹੈ, ਸੱਚਾ ਗੁਰੂ ਹੈ, ਸਾਰੀ ਸ੍ਰਿਸ਼ਟੀ ਦਾ ਇੱਕੋ ਜਿਹਾ ਗੁਰੂ ਹੈ ਤੇ ਜਦ ਤੱਕ ਕੋਈ ਉਸਦੇ ਇਸ ਗੁਰੂ ਰੂਪ ਨੂੰ ਨਹੀਂ ਜਾਣ ਲੈਂਦਾ ਤਦ ਤੱਕ ਹੀ ਕੋਈ ਮਨੁੱਖ ਕਿਸੇ ਦੇਹ ਨੂੰ ਆਪਣਾ ਗੁਰੂ ਮੰਨ ਸਕਦਾ ਹੈ। ਜਦੋਂ ਅਸੀਂ ਦੇਹ ਨੂੰ ਉੱਚਾ ਮੰਨ ਲੈਂਦੇ ਹਾਂ ਫਿਰ ਅਸੀਂ ਦੇਹ ਨੂੰ ਹੀ ਪੂਜਦੇ ਹਾਂ। ਉਸ ਦੇਹ ਦੇ ਬਚਨਾਂ ਨੂੰ ਮੰਨਣਾ ਜਿਸ ਦੇਹ ਨੇ ਆਪਣੇ ਅੰਦਰੋਂ ਆਪਣੀ ਦੇਹ ਦੇ ਮਾਲਕ ਨੂੰ ਜਾਣਿਆ ਹੀ ਨਹੀਂ ਇਹ ਦੇਹ ਨੂੰ ਪੂਜਣ ਦੇ ਬਰਾਬਰ ਹੀ ਹੈ, ਇੱਕ ਸਰੀਰ ਰੂਪ ਮੰਦਰ ਨੂੰ ਪੂਜਣ ਵੱਲੀ ਗੱਲ ਹੀ ਹੈ, ਸਰੀਰ ਰੂਪ ਸਿਮਰਨ ਵਾਲੀ ਗੱਲ ਹੀ ਹੈ। ਹੁਣ ਅਸੀਂ ਭਗਤ ਤਿਲੋਚਨ ਜੀ ਦੇ ਉਸ ਸ਼ਬਦ ਦੇ ਉਸ ਪਦੇ ਨੂੰ, ਉਸਦੇ ਅੰਦਰ ਦੀ ਅਸਲੀਅਤ ਨੂੰ ਜਾਣ ਕੇ ਸਮਝ ਸਕਾਂਗੇ ਤੇ ਜਿਸ ਉਨ੍ਹਾਂ ਦੇ ਸ਼ਬਦ ਦੇ ਪਦੇ ਰਾਹੀਂ ਮੰਦਰ ਨੂੰ ਸਿਮਰਨ ਦੀ ਗੱਲ ਕੀਤੀ ਹੋਈ ਹੈ।

ਗੂਜਰੀ ॥

“ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥ ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥”

(ਅੰਗ ੫੨੬)

ਉਪਰ ਵਾਲੇ ਸ਼ਬਦ ਦੇ ਚੌਥੇ ਪਦੇ ਤੱਕ ਦੇ ਅਰਥਾਂ ਨੂੰ ਅਸੀਂ ਪਹਿਲੇ ਸਮਝ ਹੀ ਚੁਕੇ ਹਾਂ ਜਿਸ ਪਦੇ ਵਿੱਚ ਮੰਦਰ ਨੂੰ ਸਿਮਰਨ ਦੀ ਗੱਲ ਕੀਤੀ ਹੋਈ ਹੈ। ਮੰਦਰ ਨੂੰ ਸਿਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਣ ਦਾ ਉਪਰਾਲਾ ਕੀਤਾ ਹੈ ਜਿਸ ਮੰਦਰ ਨੂੰ ਸਿਮਰਨ ਨਾਲ ਭਾਵ ਮਨੁੱਖੀ ਸਰੀਰ ਦੀ ਸਮਝ ਦੇ ਪਿੱਛੇ ਲੱਗਣ ਨਾਲ ਮਨੁੱਖ ਦੇ ਅੰਦਰ ਦੇ ਕਾਲ ਦਾ ਅੰਤ ਨਹੀਂ ਹੋ ਸਕਦਾ ਭਾਵ ਮਨ ਦੀ ਅਗਿਆਨਤਾ ਦਾ ਅੰਤ ਨਹੀਂ ਹੋ ਸਕਦਾ ਭਾਵ ਇਸ ਤਰੀਕੇ ਗਿਆਨ ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਹੀਂ ਜਾਣਿਆ ਜਾ ਸਕਦਾ। ਆਪਣੇ ਅੰਦਰ ਦੇ ਕਾਲ ਦਾ ਅੰਤ ਭਾਵ ਮਨ ਦੀ ਅਗਿਆਨਤਾ ਦਾ ਅੰਤ ਕਿਵੇਂ ਹੋ ਸਕਦਾ ਹੈ ਤੇ ਕਿਸਨੂੰ ਸਿਮਰਨ ਦੁਆਰਾ ਹੋ ਸਕਦਾ ਹੈ ਭਾਵ ਕਿਸਦੀ ਗੱਲ ਮੰਨਣ ਦੁਆਰਾ ਹੋ ਸਕਦਾ ਹੈ ਜਿਸ ਤਰੀਕੇ ਸ੍ਰਿਸ਼ਟੀ ਦੇ ਮਾਲਕ ਨੂੰ, ਸ੍ਰਿਸ਼ਟੀ ਦੇ ਇੱਕੋ ਇੱਕ ਸੱਚੇ ਗੁਰੂ ਨੂੰ ਭਾਵ ਗਾਡ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਣਿਆ ਜਾ ਸਕਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਸਮਝੀਏ ਕਿ ਕੇਵਲ ਤੇ ਕੇਵਲ ਸੱਚੇ ਧਰਮ ਗ੍ਰੰਥਾਂ ਦੇ ਮਾਲਕ ਇੱਕੋ ਇੱਕ ਸਾਰੇ ਸੰਸਾਰ ਦੇ ਸੱਚੇ ਗੁਰੂ ਦੀ ਮਤਿ ਨੂੰ ਸਿਮਰੀਏ, ਉਸਦੇ ਨਾਮ ਨੂੰ ਸਿਮਰੀਏ ਭਾਵ ਉਨ੍ਹਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਮੰਨੀਏ ਜਿਨ੍ਹਾਂ ਦੀ ਸਮਝ **“ਕਾਲਿ”** ਤੋਂ ਰਹਿਤ ਹੈ ਭਾਵ ਅਗਿਆਨਤਾ ਤੋਂ ਰਹਿਤ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਤੋਂ ਰਹਿਤ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ ਜੋ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚਾ ਧਰਮ ਦਾ

ਮਾਰਗ ਸਮਝਾ ਰਹੇ ਹਨ ਤੇ ਉਹੋ ਜਿਹਿਆਂ ਦੀ ਸਮਝ ਵਿੱਚੋਂ ਨਿਕਲੀਏ ਜੋ ਖੁੱਦ ਮਨ ਦੇ ਕਾਲ ਵਾਲੀ ਸਮਝ ਵਿੱਚ ਹਨ ਭਾਵ ਜਿਨ੍ਹਾਂ ਨੂੰ ਖੁੱਦ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਮਨ ਦਾ ਕਾਲ ਕੀ ਹੈ ਜਿਸ ਕਾਲ ਦਾ ਅੰਤ ਹੋਏ ਬਿਨ੍ਹਾਂ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਹੀ ਨਹੀਂ ਸਕਦਾ ਜੋ ਕਿ ਸਭ ਦੀ ਸਮਝ ਦੇ ਅੰਦਰ ਹੀ ਹੈ, ਸਭ ਦੀ ਸਮਝ ਦਾ ਮਾਲਕ ਹੈ ਜਿਸਨੇ ਹਰ ਮਨੁੱਖੀ ਸਰੀਰ ਦੀ ਇੱਕੋ ਜਿਹੇ ਤਰੀਕੇ ਨਾਲ ਰਚਨਾ ਕੀਤੀ ਹੈ, ਆਪਣੀ ਉੱਚੀ ਸਾਇੰਸ ਦੁਆਰਾ ਕੀਤੀ ਹੈ, ਆਪਣੇ ਉੱਚੇ ਨਾਮ ਦੁਆਰਾ ਕੀਤੀ ਹੈ, ਆਪਣੇ ਉੱਚੇ ਬ੍ਰਹਮ ਗਿਆਨ ਦੁਆਰਾ ਕੀਤੀ ਹੈ ਜੋ ਕਿ ਉਸਦਾ ਨਿਰੰਕਾਰ ਰੂਪ ਹੈ ਜਿਸ ਉਸਦੇ ਨਿਰੰਕਾਰ ਰੂਪ ਨੂੰ ਮਨ ਦੀ ਅਗਿਆਨਤਾ ਦਾ ਅੰਤ ਹੋਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਉਹ ਆਪਣੇ ਨਿਰੰਕਾਰ ਰੂਪ

ਵਿੱਚ ਹੀ ਹੈ ਭਾਵ ਉੱਚੇ ਗਿਆਨ ਦੇ ਰੂਪ ਵਿੱਚ ਹੀ ਹੈ, ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੀ ਹੈ ਜਿਸ ਉਸਦੇ ਸੱਚੇ ਗਿਆਨ ਨੂੰ ਸਿਮਰਨਾ ਹੈ ਜਿਸਨੂੰ ਸਿਮਰਨ ਦੁਆਰਾ ਹੀ ਮਨੁੱਖੀ ਸਮਝ ਦੇ ਅੰਦਰ ਦੇ ਕਾਲ ਦਾ ਅੰਤ ਹੋ ਸਕਦਾ ਹੈ ਤੇ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਇੱਕੋ ਇੱਕ ਗਿਆਨ ਦੇ ਮਾਲਕ ਨੂੰ ਸਮਝ ਸਕਦਾ ਹੈ। ਆਉ ਸਮਝੀਏ।

“ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥

ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥”

ਬਾਣੀ ਵਿੱਚ ਬਾਰ-ਬਾਰ ਨਾਮ ਨੂੰ ਸਿਮਰਨ ਦੀ ਗੱਲ ਆਉਂਦੀ ਹੈ। ਪੂਰੀ ਗੁਰਬਾਣੀ ਵਿੱਚ ਨਾਮ ਹੈ ਜੋ ਕਿ ਹਰ ਸ਼ਬਦ ਦੇ ਵਿਚਾਰ ਦੇ ਰੂਪ ਵਿੱਚ ਹੈ, ਹਰ ਸੱਚੇ ਧਰਮ ਗ੍ਰੰਥਾਂ ਦੇ ਵਿੱਚ ਵੀ ਨਾਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸ਼ਬਦਾਂ ਦੀ ਵਿਚਾਰ ਹੀ ਹੁੰਦੀ ਹੈ, ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਮੰਨਣਾ ਹੀ ਉਨ੍ਹਾਂ ਦੇ ਅੰਦਰ ਦੇ ਨਾਮ ਨੂੰ ਸਿਮਰਨਾ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸੱਚੀ ਵਿਚਾਰ ਪਾਉਣ ਵਾਲਾ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਪਾਉਣ ਵਾਲਾ ਇੱਕੋ ਇੱਕ ਸਾਰੇ ਗਿਆਨ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਕਿ ਆਪ ਹੀ ਸਾਰੇ ਸੰਸਾਰ ਦਾ ਆਪਣੇ ਸੱਚੇ ਧਰਮ ਗ੍ਰੰਥਾਂ ਰਾਹੀਂ ਸੱਚਾ ਧਾਰਮਿਕ ਗੁਰੂ ਹੈ। ਉਸ ਸੱਚੇ ਧਾਰਮਿਕ ਗੁਰੂ ਨੂੰ ਅਸੀਂ ਆਪਣੀ ਵੱਖਰੀ-ਵੱਖਰੀ ਧਾਰਮਿਕ ਆਸਥਾ ਰੱਖਕੇ ਭਾਵੇਂ ਜਿਸ ਮਰਜੀ ਨਾਮ ਨਾਲ ਪੁਕਾਰੀਏ ਉਸਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਸਭ ਨੂੰ ਮਨ ਦੀ ਸਮਝ ਰਾਹੀਂ ਸਭ ਕੁਝ ਸਮਝਾਉਣ ਵਾਲਾ ਉਹ ਇੱਕੋ ਇੱਕ ਆਪ ਹੀ ਹੈ ਕਿਉਂਕਿ ਇਹ ਉਸਦੀ ਆਪਣੀ ਬਣਾਈ ਹੋਈ ਸੰਸਾਰਿਕ ਖੇਡ ਹੀ ਹੈ ਜਿਸ ਉਸਦੀ ਖੇਡ ਨੂੰ ਸਮਝਣ ਤੋਂ ਉਸਨੇ ਆਪ ਹੀ ਸਭ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ ਭਾਵ ਆਪਣੇ ਅਸਲ ਨਾਮ ਤੋਂ ਦੂਰ ਰੱਖਿਆ ਹੋਇਆ ਹੈ। ਉਸਦਾ ਅਸਲ ਨਾਮ ਪੂਰਨ ਗਿਆਨ ਦਾ ਮਾਲਕ

ਹੈ, ਪੂਰਨ ਸਾਇੰਸ ਦਾ ਮਾਲਕ ਹੈ ਜਿਸ ਰਾਹੀਂ ਉਹ ਇੱਕੋ ਇੱਕ ਨਾਮ ਦਾ ਮਾਲਕ ਹੈ ਤੇ ਹਰ ਧਰਮ ਗ੍ਰੰਥ ਵਿੱਚੋਂ ਅਸੀਂ ਉਸਦੇ ਨਾਮ ਨੂੰ ਹੀ ਸਿਮਰਨਾ ਹੈ ਤੇ ਉਸ ਨਾਮ ਦੇ ਮਾਲਕ ਨੂੰ ਕੋਈ **“ਨਾਰਾਇਣੁ”** ਕਹਿ ਕੇ ਜਾਣੇ, **“ਭਗਵਾਨ”** ਕਹਿ ਕੇ ਜਾਣੇ, **“ਰਾਮ”** ਕਹਿ ਕੇ ਜਾਣੇ, **“ਹਰਿ”** ਕਹਿ ਕੇ ਜਾਣੇ, **“ਪ੍ਰਮਾਤਮਾ”** ਕਹਿ ਕੇ ਜਾਣੇ, **“ਅੱਲ੍ਹਾ”** ਕਹਿ ਕੇ ਜਾਣੇ, **“ਵਾਹਿਗੁਰੂ”** ਕਹਿ ਕੇ ਜਾਣੇ, **“ਅਕਾਲ ਪੁਰਖ”** ਕਹਿ ਕੇ ਜਾਣੇ, **“ਪੀਤੰਬਰੁ”** ਕਹਿ ਕੇ ਜਾਣੇ, **“ਗਾਡ”** ਕਹਿ ਕੇ ਜਾਣੇ ਜਾਂ ਕਿਸੇ ਵੀ ਹੋਰ ਨਾਮ ਨਾਲ ਜਾਣੇ ਉਸਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਸਭ ਕੋਲੋਂ ਸਭ ਕੁਝ ਅਖਵਾਉਣ ਵਾਲਾ ਉਹ ਇੱਕੋ ਇੱਕ ਆਪ ਹੀ ਹੈ ਜਿਸਨੇ ਆਪ ਹੀ ਹਰ ਸੱਚੇ ਗ੍ਰੰਥ ਵਿੱਚ ਆਪਣਾ ਸੱਚਾ ਨਾਮ ਪਾਇਆ ਹੋਇਆ ਹੈ। ਉਪਰ ਸ਼ਬਦ ਵਿੱਚ **“ਨਾਰਾਇਣੁ”** ਨੂੰ ਸਿਮਰਨ ਦੀ ਗੱਲ ਕੀਤੀ ਹੋਈ ਹੈ ਜਿਸਨੂੰ ਸਿਮਰਨ ਨਾਲ ਮਨ ਦੇ ਵਿੱਚ **“ਪੀਤੰਬਰੁ”** ਵੱਸਦਾ ਹੈ ਭਾਵ ਸਿਮਰਿਆ ਕਿਸੇ ਹੋਰ ਨੂੰ ਤੇ ਮਨ ਦੇ ਵਿੱਚ ਕੋਈ ਹੋਰ ਵੱਸ ਗਿਆ। ਗੱਲ ਇੱਕੋ ਹੀ ਹੈ ਕੇਵਲ ਗੁਰੂ ਦੀ ਗੱਲ ਨੂੰ ਸਮਝਣ ਤੇ ਮੰਨਣ ਦੀ ਲੋੜ ਹੈ। ਗੁਰਬਾਣੀ ਨੂੰ ਪੜਨ ਵਾਲੇ ਤਾਂ ਕਿਸੇ ਅੱਖਰ ਨੂੰ ਸਿਮਰਦੇ ਹਨ ਭਾਵ ਨਾਮ ਨੂੰ ਵਾਹਿਗੁਰੂ ਕਹਿ ਕੇ ਸਿਮਰਦੇ ਹਨ, ਇੱਕ ਅੱਖਰ ਦੇ ਬੋਲੀ ਜਾਣ ਨੂੰ ਨਾਮ ਸਿਮਰਨਾ ਸਮਝਦੇ ਹਨ ਜਦਕਿ ਬਾਣੀ ਵਿੱਚ ਤਾਂ ਰਾਮ ਨਾਮ ਸਿਮਰਨਾ ਵੀ ਸਮਝਾਇਆ ਹੈ, ਹਰਿ ਹਰਿ ਸਿਮਰਨਾ ਵੀ ਸਮਝਾਇਆ ਹੈ, ਹੋਰ ਕਈ ਤਰੀਕਿਆਂ ਵਾਲੇ ਨਾਮ ਸਿਮਰਨਾ ਵੀ ਸਮਝਾਇਆ ਹੈ ਤੇ ਉਪਰ ਸ਼ਬਦ ਵਿੱਚ ਨਾਰਾਇਣ ਸਿਮਰਨ ਲਈ ਸਮਝਾਇਆ ਹੈ ਤੇ ਪੀਤੰਬਰ ਨੂੰ ਆਪਣੇ ਅੰਦਰੋਂ ਜਾਨਣ ਲਈ ਸਮਝਾਇਆ ਹੈ, ਆਪਣੇ ਅੰਦਰ ਵਸਾਉਣ ਲਈ ਸਮਝਾਇਆ ਹੈ। ਵਸਾਉਣਾ ਤਾਂ ਅਸੀਂ ਆਪਣੇ ਅੰਦਰ ਨਾਮ ਨੂੰ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਸਾਰੀ ਗੱਲ ਸਿਮਰਨ ਦੇ ਮਕਸਦ ਨੂੰ ਹੈ ਜੋ ਨਾਮ ਨੂੰ ਸਿਮਰਨ ਦਾ, ਜਪਣ ਦਾ ਮਕਸਦ ਕੇਵਲ ਤੇ ਕੇਵਲ ਮਨ ਦੀ ਨਾਸਮਝ ਮਤਿ ਨੂੰ, ਮਨਮਤਿ ਨੂੰ ਛੱਡਣ ਦਾ ਹੀ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਨਿਕਲਣ ਦਾ ਹੀ ਹੈ ਭਾਵ ਮਨ ਦੇ ਕਾਲ ਵਿੱਚੋਂ ਨਿਕਲਣ ਦਾ ਹੀ ਹੈ ਜੋ ਮਨ ਦੀ ਅਗਿਆਨਤਾ ਰੂਪ ਕਾਲ ਹਰ ਮਨੁੱਖੀ ਸਮਝ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਪਾਇਆ ਹੋਇਆ ਭਰਮ ਰੂਪ ਪੜਦਾ ਹੀ ਹੈ, ਹਉਮੈ ਰੂਪ ਪੜਦਾ ਹੀ ਹੈ ਭਾਵ ਮਨ ਦਾ ਨਾਸਮਝੀ ਰੂਪ ਪੜਦਾ ਹੀ ਹੈ ਜਿਸ ਮਨ ਦੀ ਨਾਸਮਝੀ ਵਿੱਚੋਂ ਮੁਕਤ ਹੋਏ ਬਿਨ੍ਹਾਂ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਜਦੋਂ ਅੱਲ੍ਹਾ, ਪ੍ਰਮਾਤਮਾ ਕਿਸੇ ਮਨੁੱਖ ਤੇ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਦਾ ਹੈ ਉਸਨੂੰ ਹੀ ਉਹ ਮਨ ਦੀ ਅਗਿਆਨਤਾ ਤੋਂ ਮੁਕਤ ਕਰਦਾ ਹੈ, ਆਪਣੇ ਨਾਮ ਦੁਆਰਾ ਪ੍ਰਗਟ ਹੋਣ ਦੁਆਰਾ ਕਰਦਾ ਹੈ ਤੇ ਕਿਸੇ ਦੇ ਹਿਰਦੇ ਦੇ ਅੰਦਰ ਵੱਸਦਾ ਹੈ ਤੇ ਉਸਦੀ ਕ੍ਰਿਪਾ ਦਾ ਪਾਤਰ ਬਣਨ ਲਈ ਉਦਮ ਮਨੁੱਖ ਨੇ ਹੀ ਕਰਨਾ ਹੈ ਜੋ ਸੱਚਾ ਉਦਮ ਕਰਨ ਲਈ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਪਹਿਲਾਂ ਇਹ ਸਮਝਣਾ ਜਰੂਰੀ ਹੈ ਕਿ ਸੱਚੇ ਧਰਮ ਗ੍ਰੰਥਾਂ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਦਾ ਸੱਚਾ ਨਾਮ ਕਿਸ ਤਰੀਕੇ

ਸਿਮਰਨਾ ਹੈ ਜੋ ਉਸਦਾ ਨਾਮ ਸਿਮਰਨ

55/7722

ਕਰਨ ਦਾ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਜੋ ਕਿ ਆਪਣੀ ਮਤਿ ਛੱਡ ਕੇ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਮਤਿ ਨੂੰ ਸਮਝ ਕੇ ਉਸਨੂੰ ਮੰਨਣ ਦਾ ਹੀ ਹੈ ਭਾਵ ਮਾਇਆ ਮੋਹ ਛੱਡਕੇ ਭਾਵ ਹਰ ਔਗੁਣ ਛੱਡਕੇ ਗੁਣਾਂ ਦੁਆਰਾ ਵਿਚਰਨ ਦਾ ਹੀ ਹੈ, ਮਨੁੱਖੀ ਭਲੇ ਦੇ ਲਈ ਵਿਚਰਨ ਦਾ ਹੀ ਹੈ ਭਾਵ ਸੰਸਾਰਿਕ ਭਲੇ ਲਈ ਵਿਚਰਨ ਦਾ ਹੀ ਹੈ। **(ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥ ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ॥ ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥ ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥ ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥ ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥)**

ਪੂਰੀ ਲੋਕਾਈ ਲਈ ਭਾਵ ਸੰਸਾਰ ਦੇ ਹਰ ਮਨੁੱਖ ਲਈ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦਾ ਮਾਰਗ ਭਾਵ ਉਸਦਾ ਨਾਮ ਜਪਣ ਦਾ ਮਾਰਗ ਇੱਕੋ ਜਿਹਾ ਹੀ ਹੈ ਜਿਸ ਤਰੀਕੇ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਜਾਣ ਸਕਦਾ ਹੈ ਕਿਉਂਕਿ ਹਰ ਸੱਚਾ ਧਰਮ ਗ੍ਰੰਥ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਜਿਹਾ ਤਰੀਕਾ ਹੀ ਭਾਵ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੈ ਜੋ ਧਰਮ ਦਾ ਮਾਰਗ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ ਭਾਵ ਸੱਚੇ ਧਰਮ ਗ੍ਰੰਥਾਂ ਦੇ ਸਮਝਾਏ ਹੋਏ ਸੱਚ ਨੂੰ ਮੰਨ ਕੇ ਉਸ ਤੇ ਅਮਲ ਕਰਨ ਦਾ ਹੈ ਭਾਵ ਉਹੋ ਜਿਹੇ ਕੰਮ ਕਰਨ ਦਾ ਹੈ ਜੋ ਕੰਮ ਕਰਨ ਦੇ ਵਿੱਚ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸੱਚੀ ਮਤਿ ਨੂੰ ਮੰਨ ਕੇ ਆਪਣੀ ਨਾਸਮਝ ਮਤਿ ਨੂੰ ਛੱਡਣ ਦਾ ਹੈ ਭਾਵ ਆਪਣੀ ਭਰਮਾਂ ਵਾਲੀ ਮਤਿ ਨੂੰ ਛੱਡਣ ਦਾ ਹੈ ਭਾਵ ਆਪਣੀ ਭਰਮਾਂ ਵਾਲੀ ਸਮਝ ਵਿੱਚੋਂ ਮੁਕਤ ਹੋਣ ਦਾ ਹੈ ਕਿਉਂਕਿ ਹਰ ਮਨੁੱਖ ਦੇ ਅੰਦਰ ਭਰਮਾਂ ਵਾਲੀ ਸਮਝ ਹੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਾ ਜਾਣ ਸਕਣ ਦਾ ਕਾਰਣ ਹੈ ਜੋ ਕਿ ਸਭ ਦੇ ਅੰਦਰ ਦਾ ਅਗਿਆਨਤਾ ਰੂਪ ਪੜਦਾ ਹੈ ਤੇ ਸੱਚੇ ਧਰਮ ਗ੍ਰੰਥਾਂ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਦੂਰ ਹੋ ਸਕਦਾ ਹੈ, ਨਾ ਕਿ ਸੱਚੇ ਧਰਮ ਗ੍ਰੰਥਾਂ ਦੇ ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣਾ ਕਿਉਂਕਿ ਸਾਰੇ ਸੰਸਾਰ ਲਈ ਧਰਮ ਦਾ ਮਾਰਗ ਭਾਵ ਧਰਮ ਗ੍ਰੰਥਾਂ ਦੇ ਸਮਝਾਏ ਹੋਏ ਸੱਚ ਰੂਪ ਧਰਮ ਦੇ ਮਾਰਗ ਤੇ ਚੱਲਣ ਦਾ ਤਰੀਕਾ ਸ਼ਬਦਾਂ ਦੀ ਕੇਵਲ ਕਥਨੀ ਕਰੀ ਜਾਣਾ ਨਹੀਂ ਬਲਕਿ ਆਪਣੀ ਕਥਨੀ ਨੂੰ ਸੱਚੀ ਕਰਨੀ ਵਿੱਚ ਬਦਲਣ ਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿਉਂਕਿ ਜਦ ਤੋਂ ਹੀ ਸੰਸਾਰ ਦੀ ਰਚਨਾ ਹੋਈ ਹੈ ਉਸਦੀ ਸੱਚੀ ਭਗਤੀ ਦਾ ਮਾਰਗ, ਸੱਚੇ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਜੁਗਾਂ ਜੁਗਾਂ ਤੋਂ ਇੱਕੋ ਹੀ ਹੈ।

ਘਰੁ ੨ ॥

{ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥
ਨੈਨ ਰਹੇ ਰੰਗੁ ਲਾਈ ॥ ਅਬ ਬੇ ਗਲ ਕਹਨੁ ਨ ਜਾਈ ॥੧॥
ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥
ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥ ਬਾਜੀਗਰ ਸ੍ਵਾਂਗੁ ਸਕੇਲਾ ॥
ਅਪਨੇ ਰੰਗ ਰਵੈ ਅਕੇਲਾ ॥੨॥ ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ ਜਾ ਕਉ ਗੁਰਮੁਖਿ ਆਪਿ ਬੁਝਾਈ ॥
ਤਾ ਕੇ ਹਿਰਦੈ ਰਹਿਆ ਸਮਾਈ ॥੩॥ ਗੁਰ ਕਿੰਚਤ ਕਿਰਪਾ ਕੀਨੀ ॥
ਸਭੁ ਤਨੁ ਮਨੁ ਦੇਹ ਹਰਿ ਲੀਨੀ ॥ ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ ੬੫੫)

ਬਸੰਤੁ ਮਹਲਾ ੧ ॥

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥
ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ ਬੂਝੈ ਏਕ ਸਮਾਇ ॥੧॥
ਤੇਰੇ ਦਰਸਨ ਕਉ ਕੇਤੀ ਬਿਲਲਾਇ ॥ ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥
ਬੇਦ ਵਖਾਣਿ ਕਹਹਿ ਇਕੁ ਕਹੀਐ ॥ ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥
ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥
ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥ ਤਿਸ ਕਾ ਕੀਆ ਤ੍ਰਿਭਵਣ ਸਾਰੁ ॥
ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥ ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥
ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ ਏਕੋ ਹੈ ਭਾਉ ॥
ਬਿਨੁ ਭੈ ਭਗਤੀ ਆਵਉ ਜਾਉ ॥ ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥
ਇਤ ਉਤ ਦੇਖਉ ਸਹਜੇ ਰਾਵਉ ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥ ਨਾਨਕ ਹਉਮੈ ਸਬਦਿ ਜਲਾਇਆ ॥
ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}

(ਅੰਗ ੧੧੮੮-੧੧੮੯)

55/7723

ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣਾ ਤਾਂ ਹਰ ਕੋਈ ਚਾਹੁੰਦਾ ਹੈ ਤੇ ਉਸਨੂੰ ਜਾਣਿਆ ਵੀ ਜਾ ਸਕਦਾ ਹੈ। ਜਿਸਨੇ ਵੀ ਉਸਨੂੰ ਅੱਜ ਤੱਕ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਉਸਨੂੰ ਜਾਣਿਆ ਹੈ ਉਨ੍ਹਾਂ ਸਭ ਨੇ ਉਸਨੂੰ ਆਪਣੇ ਅੰਦਰੋਂ ਹੀ ਜਾਣਿਆ ਹੈ ਤੇ ਮਨ ਦੀ ਅਗਿਆਨਤਾ ਵਾਲੀ ਸਮਝ ਨਿਕਲਣ ਦੁਆਰਾ ਹੀ ਜਾਣਿਆ ਹੈ ਭਾਵ ਮਨ ਦੀ ਅਗਿਆਨਤਾ ਰੂਪ ਕਾਲ ਦਾ ਅੰਤ ਹੋਣ ਦੁਆਰਾ ਹੀ ਜਾਣਿਆ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਰੀ ਗੱਲ ਆਪਣੇ ਅੰਦਰੋਂ ਮਨ ਦੀ **"ਕਲਿ"** ਨੂੰ ਕੱਢਣ ਦੀ ਹੈ। **"ਕਲਿ"** ਸਾਡੇ ਅੰਦਰ ਦੀ ਅਗਿਆਨਤਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਦ ਤੱਕ ਮਨੁੱਖ ਮਨ ਦੀ **"ਕਲਿ"** ਵਿੱਚ ਹੁੰਦਾ ਹੈ ਤਦ ਤੱਕ ਸ੍ਰਿਸ਼ਟੀ ਦਾ ਹਰ ਮਨੁੱਖ ਮਨ ਦੇ ਕੱਲਜੁਗ ਵਿੱਚ ਹੀ ਹੁੰਦਾ ਹੈ ਜਿਸ ਮਨ ਦੇ ਕੱਲਜੁਗ ਵਿੱਚੋਂ ਮਨੁੱਖ ਨੂੰ ਗੁਰੂ ਦਾ ਸੱਚਾ ਨਾਮ ਹੀ ਕੱਢ ਸਕਦਾ ਹੈ ਭਾਵ ਗੁਰੂ ਦਾ ਸੱਚਾ ਗਿਆਨ ਹੀ ਕੱਢ ਸਕਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਹੀ ਕੱਢ ਸਕਦੀ ਹੈ। ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਇੱਕੋ ਇੱਕ ਤਰੀਕਾ ਗੁਰੂ ਦਾ ਨਾਮ ਹੀ ਹੈ ਜਿਸ ਗੁਰੂ ਦੇ ਸੱਚੇ ਨਾਮ ਤੇ ਅਮਲ ਕਰਨਾ ਹੀ ਭਾਵ ਗੁਰੂ ਦੀ ਸੱਚੀ ਮਤਿ ਤੇ ਚੱਲਣ ਦਾ ਸੱਚਾ ਉਦਮ ਕਰਨਾ ਹੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਇੱਕੋ ਇੱਕ ਤਰੀਕਾ ਹੈ। ਆਉ ਇਸ ਗੱਲ ਨੂੰ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਉਨ੍ਹਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਸ੍ਰਿਸ਼ਟੀ ਦੇ ਕਰਤੇ ਦੇ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

ਪ੍ਰਭਾਤੀ ਮਹਲਾ ੩ ॥

"ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥
ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥
ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥

ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥
ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥
ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥"

(ਅੰਗ ੧੩੩੪)

ਸ਼ਬਦ ਦੇ ਪਹਿਲੇ ਪਦੇ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਸਾਰੀ ਸ੍ਰਿਸ਼ਟੀ ਦਾ ਇੱਕੋ ਇੱਕ ਕਰਤਾ ਆਪ ਹੀ ਹੈ ਜਿਸਨੇ ਵੱਖਰੇ ਵੱਖਰੇ ਢੰਗਾਂ ਨਾਲ ਸ੍ਰਿਸ਼ਟੀ ਦੇ ਹਰ ਆਕਾਰ ਰੂਪ ਨੂੰ ਬਣਾਇਆ ਹੈ ਜੋ ਕਿ ਉਸਦੀ ਆਪਣੀ ਰਚੀ ਹੋਈ ਇੱਕ ਖੇਡ ਹੈ। ਸਭ ਕੁੱਝ ਕਰਨ ਵਾਲਾ ਵੀ ਉਹ ਆਪ ਹੈ ਤੇ ਸਭ ਕੁੱਝ ਕਰਵਾਉਣ ਵਾਲਾ ਵੀ ਉਹ ਆਪ ਹੈ ਕਿਉਂਕਿ ਆਪਣੇ ਹਰ ਆਕਾਰ ਰੂਪ ਨੂੰ ਬਣਾ ਕੇ ਆਪ ਹੀ ਆਪਣੇ ਹਰ ਆਕਾਰ ਰੂਪ ਨੂੰ ਚਲਾ ਰਿਹਾ ਹੈ। ਹਰ ਜੀਵ ਜੰਤੂ ਨੂੰ ਰਿਜਕ ਦੀ ਵੀ ਲੋੜ ਹੈ ਤੇ ਜੀਵਾਂ ਨੂੰ ਰਿਜਕ ਦੇਣ ਦਾ ਪ੍ਰਬੰਧ ਵੀ ਉਸਨੇ ਆਪ ਹੀ ਕੀਤਾ ਹੋਇਆ ਹੈ ਤੇ ਆਪ ਹੀ ਦੇ ਰਿਹਾ ਹੈ ਜਿਵੇਂ ਕਿ ਪਿੱਛੇ ਵੀ ਅਸੀਂ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰਬਾਣੀ ਗ੍ਰੰਥ ਵਿੱਚ ਜੋ ਕੁੱਝ ਵੀ ਲਿਖਿਆ ਹੋਇਆ ਹੈ ਉਹ ਪੂਰਨ ਰੂਪ ਵਿੱਚ ਸੱਚ ਹੈ ਪਰ ਇਸ ਗੱਲ ਤੇ ਵਿਸ਼ਵਾਸ ਕਿਸੇ ਨੂੰ ਤਾਂ ਹੀ ਆ ਸਕਦਾ ਹੈ ਜਦੋਂ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। **(ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥)**

55/7724

ਕਿਸੇ ਵੀ ਮਨੁੱਖ ਨੂੰ ਇਸ ਗੱਲ ਤੇ ਵਿਸ਼ਵਾਸ ਕਿਉਂ ਨਹੀਂ ਆਉਂਦਾ ਕਿ ਸਭ ਕੁੱਝ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੈ ਭਾਵ ਉਸਦੇ ਪਿੱਛੇ ਵਿਸ਼ਵਾਸ ਨਾ ਆਉਣ ਦਾ ਕਾਰਣ ਕੀ ਹੈ ਤੇ ਇਸ ਗੱਲ ਤੇ ਵਿਸ਼ਵਾਸ ਕਿਵੇਂ ਆਉਂਦਾ ਹੈ ਇਹੀ ਗੱਲ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਾਈ ਹੋਈ ਹੈ, ਆਉ ਧਿਆਨ ਨਾਲ ਸਮਝੀਏ।

"ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥"

ਉਪਰ ਵਾਲੀ ਪਹਿਲੀ ਪੰਗਤੀ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ **"ਕਲੀ ਕਾਲ"** ਤੋਂ ਕੀ ਭਾਵ ਹੈ। **"ਕਲੀ"** ਸਾਡੇ ਅੰਦਰ ਦੀ ਕਲਿ ਹੈ ਤੇ ਸਾਡੇ ਅੰਦਰ ਦੀ ਕਲਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। **"ਕਲਿ"** ਸਾਡੇ ਅੰਦਰ ਦੀ ਘੋਰ ਅਗਿਆਨਤਾ ਵਾਲੀ ਸਮਝ ਹੈ ਭਾਵ ਸਾਡੇ ਅੰਦਰ ਦੀ ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ, ਮਾਇਆ ਦੀ ਜੁਗਤਿ ਵਾਲੀ, ਮਨ ਦੇ ਪੁੱਠੇ ਕਮਲ ਵਾਲੀ ਸਮਝ ਹੈ ਜਿਸ ਸਮਝ ਤੋਂ ਬਾਹਰ ਸੰਸਾਰ ਦਾ ਕੋਈ ਵੀ ਮਨੁੱਖ ਨਹੀਂ ਹੈ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਸਭ ਕੁੱਝ ਬਣਾਇਆ ਹੈ ਫਿਰ ਬੜੀ ਸਪਸ਼ਟ ਜਿਹੀ ਗੱਲ ਹੈ ਸ੍ਰਿਸ਼ਟੀ ਦੇ ਕਰਤੇ ਨੇ ਹਰ ਮਨੁੱਖੀ ਸਰੀਰ ਬਣਾਇਆ ਹੈ ਫਿਰ ਹਰ ਸਰੀਰ ਦੇ ਅੰਦਰ ਸਮਝ ਵੀ ਉਸੇ ਨੇ ਹੀ ਪਾਈ ਹੈ ਭਾਵ ਉਸਨੇ ਆਪ ਹੀ ਸਭ ਨੂੰ ਮਨ ਦੇ ਭਰਮ ਰੂਪ ਪਰਦੇ ਵਿੱਚ ਰੱਖਿਆ ਹੋਇਆ ਹੈ ਜੋ ਮਨ ਦਾ ਪਰਦਾ ਦੂਰ ਹੋਏ ਬਿਨ੍ਹਾਂ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉਪਰ ਵਾਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਮਨ ਦੀ ਅਗਿਆਨਤਾ ਵਾਲੀ ਭਾਵ ਮਨ ਦੀ **"ਕਲੀ ਕਾਲ"** ਵਾਲੀ ਸਮਝ ਵਿੱਚੋਂ ਨਿਕਲਣ ਦੁਆਰਾ ਹੀ ਜਾਣਿਆ ਜਾ ਸਕਦਾ ਹੈ। **"ਕਲੀ ਕਾਲ"** ਸਾਡੇ ਅੰਦਰ ਦਾ **"ਕਲਿ ਜੁਗਿ"** ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਸ੍ਰਿਸ਼ਟੀ ਦਾ ਹਰ ਮਨੁੱਖ ਮਨ ਦੇ ਕਲਜੁੱਗ ਵਿੱਚ ਹੀ ਰਹਿ ਰਿਹਾ ਹੈ ਤੇ ਸਾਡੇ ਅੰਦਰ ਦਾ ਕਲਜੁੱਗ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਅਸੀਂ ਜਦੋਂ ਵੀ ਆਪਣੇ ਮਨੁੱਖੀ ਰੂਪ ਵਿੱਚ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣਾ ਹੈ ਉਹ ਮਨ ਦੇ ਕਲਜੁੱਗ ਵਾਲੀ ਸਮਝ ਦੇ ਵਿੱਚੋਂ ਨਿਕਲਣ ਦੁਆਰਾ ਹੀ ਜਾਨਣਾ ਹੈ ਜਿਵੇਂ ਕਿ

ਗੁਰਬਾਣੀ ਦੀ ਰਚਨਾ ਕਰਨ ਵਾਲੇ ਕਰਤੇ ਦੇ ਮਨੁੱਖੀ ਰੂਪ ਮਨ ਦੀ ਕਲਜੁੱਗ ਵਾਲੀ ਸਮਝ ਵਿੱਚੋਂ ਨਿਕਲੇ ਹਨ ਜੋ ਕਿ ਉਸਦੇ ਨਾਮ ਨੂੰ ਰਵਣ ਦੁਆਰਾ ਭਾਵ ਉਸਦੇ ਰਾਮ ਨਾਮ ਨੂੰ ਆਪਣੇ ਅੰਦਰ ਸਿਮਰਨ ਦੁਆਰਾ ਨਿਕਲੇ ਹਨ ਜਿਸ ਤਰੀਕੇ ਉਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਦੇ ਨਾਮ ਦੀ ਪ੍ਰਾਪਤੀ ਕੀਤੀ ਹੈ। ਜਿਸਦੇ ਅੰਦਰ ਇੱਕੋ ਇੱਕ **"ਪ੍ਰਭੂ"** ਆਪਣੇ ਆਪ ਨੂੰ ਪ੍ਰਗਟ ਕਰਦਾ

55/7725

ਹੈ ਉਸਦੇ ਅੰਦਰ ਉਹ ਆਪਣਾ **"ਹਰਿ ਹਰਿ ਨਾਮੁ"** ਹੀ ਪ੍ਰਗਟ ਕਰਦਾ ਹੈ ਜਿਸ ਦੁਆਰਾ ਉਹ ਆਪਣੇ ਕਿਸੇ ਮਨੁੱਖੀ ਰੂਪ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਭਾਵ ਆਪਣੇ ਸੱਚੇ ਗਿਆਨ ਵਾਲੀ ਸਮਝ ਵਾਲਾ ਬਣਾਉਂਦਾ ਹੈ, ਬ੍ਰਹਮ ਗਿਆਨ ਵਾਲੀ ਸਮਝ ਵਾਲਾ ਬਣਾਉਂਦਾ ਹੈ ਜਿਸ ਮਨ ਦੀ ਉੱਚੀ ਸਮਝ ਦੁਆਰਾ ਹੀ ਪਹਿਲਾਂ ਸ੍ਰਿਸ਼ਟੀ ਦਾ ਕਰਤਾ ਆਪਣੇ ਅੰਦਰੋਂ ਨਜਰ ਆਉਂਦਾ ਹੈ ਤੇ ਫਿਰ ਤਾਂ ਹੀ ਵਿਸ਼ਵਾਸ ਆਉਂਦਾ ਹੈ ਕਿ ਹਰ ਘਟਿ-ਘਟਿ ਵਿੱਚ ਉਹੀ ਹੈ, ਸਭ ਜਗ੍ਹਾ ਤੇ ਸਭ ਵਿੱਚ ਉਹੀ ਹੈ। **(ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥ ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥)**

ਆਪਣੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੇ ਹੋਣ ਦਾ ਵਿਸ਼ਵਾਸ ਮਨੁੱਖ ਨੂੰ ਕਿਵੇਂ ਆਉਂਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ ੨੮੫)

ਮਨੁੱਖੀ ਮਨ ਦੇ ਅੰਦਰ ਦਾ **"ਕਲੀ ਕਾਲ"** ਮਨੁੱਖ ਦੇ ਅੰਦਰ ਦਾ **"ਕਲਜੁਗਿ"** ਹੀ ਹੈ ਜੋ ਮਨ ਦੇ ਕਲਜੁੱਗ ਵਿੱਚ ਰਹਿਣ ਵਾਲੀ ਸਮਝ ਪਾਉਣ ਵਾਲਾ ਵੀ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਸ਼ਬਦ ਦੇ ਅਗਲੇ ਪਦੇ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

"ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥"

"ਨਾਮੁ" ਦੀ ਗੱਲ ਗੁਰਬਾਣੀ ਵਿੱਚ ਬਾਰ-ਬਾਰ ਆਈ ਹੈ ਜਿਸ ਆਪਣੇ ਨਾਮ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਸਭ ਜਗ੍ਹਾ ਤੇ ਸਭ ਵਿੱਚ ਹੈ ਤੇ ਆਪਣੇ ਨਾਮ ਦੁਆਰਾ ਹੀ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਜੋ ਕਿ ਉਸਦਾ ਬ੍ਰਹਮ ਗਿਆਨ ਰੂਪ ਹੈ ਭਾਵ ਉਸਦੀ ਆਪਣੀ ਉੱਚੀ ਸਾਇੰਸ ਵਾਲੀ ਸਮਝ ਹੈ। ਆਪਣੀ ਉੱਚੀ ਸਾਇੰਸ ਦੁਆਰਾ ਹੀ ਉਹ ਸਭ ਜਗ੍ਹਾ ਭਰਪੂਰ ਹੈ ਜੋ ਕਿ ਉਸਦਾ ਨਾਮ ਰੂਪ ਹੈ ਭਾਵ ਬ੍ਰਹਮ ਗਿਆਨ ਰੂਪ ਹੈ। ਹਰ ਮਨੁੱਖੀ ਸਰੀਰ ਨੂੰ ਉਸਨੇ ਆਪਣੇ ਨਾਮ ਦੁਆਰਾ ਹੀ ਬਣਾਇਆ ਹੈ ਤੇ ਆਪਣੇ ਨਾਮ ਦੁਆਰਾ ਹੀ ਚਲਾ ਰਿਹਾ ਹੈ। ਸਭ ਦੇ ਅੰਦਰ ਕਲਜੁੱਗ ਵਾਲੀ ਸਮਝ ਪਾਉਣ ਵਾਲਾ ਭਾਵ ਹਰ ਮਨੁੱਖੀ ਸਮਝ ਨੂੰ ਭਰਮਾਂ ਵਿੱਚ ਰੱਖਣ ਵਾਲਾ ਨਾਮ ਰੂਪ ਸਿਸ਼੍ਟੀ ਦਾ ਕਰਤਾ ਆਪ ਹੀ ਹੈ ਜਿਸਨੇ ਆਪਣੇ **"ਨਾਮੁ"** ਰੂਪ ਨੂੰ ਭਾਵ ਬ੍ਰਹਮ ਗਿਆਨ ਰੂਪ ਨੂੰ ਆਪ ਹੀ ਸਭ ਦੇ ਅੰਦਰ ਗੁਪਤ ਰੱਖਿਆ ਹੋਇਆ ਹੈ ਭਾਵ ਉਸਨੇ ਆਪ ਹੀ ਸਭ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਛੁਪਾਕੇ ਰੱਖਿਆ ਹੋਇਆ ਹੈ। ਸਭ ਦੇ ਅੰਦਰ ਵਰਤ ਉਹ ਆਪ

55/7726

ਹੀ ਰਿਹਾ ਹੈ ਭਾਵ ਹਰ ਮਨੁੱਖੀ ਸਮਝ ਨੂੰ ਚਲਾ ਉਹ ਆਪ ਹੀ ਰਿਹਾ ਹੈ ਤੇ ਉਸਨੇ ਆਪ ਹੀ ਸਭ ਨੂੰ ਮਨ ਦੇ **"ਕਲਜੁਗਿ"** ਵਿੱਚ ਰੱਖਿਆ ਹੋਇਆ ਹੈ। **(ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥)**

ਜਿਸ ਮਨੁੱਖੀ ਸਮਝ ਨੂੰ ਉਹ ਮਨ ਦੇ ਕਲਜੁੱਗ ਵਿੱਚੋਂ ਕੱਢਦਾ ਹੈ ਭਾਵ ਮਨ ਦੀ ਅਗਿਆਨਤਾ ਵਿੱਚੋਂ ਕੱਢਦਾ ਹੈ, ਭਰਮਾਂ ਵਾਲੀ ਸਮਝ ਵਿੱਚੋਂ ਕੱਢਦਾ ਹੈ, ਹਉਮੈ ਵਿੱਚੋਂ, ਤ੍ਰੈ ਗੁਣਾਂ ਵਿੱਚੋਂ, ਆਪਣੀ ਪਾਈ ਹੋਈ ਮਾਇਆ ਦੀ ਜੁਗਤਿ ਵਿੱਚੋਂ ਕੱਢਦਾ ਹੈ ਉਹ ਕਿਸ ਤਰੀਕੇ ਕੱਢਦਾ ਹੈ ਤੇ ਕਿਸ ਮਕਸਦ ਲਈ ਕੱਢਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥"

ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ **"ਨਾਮੁ ਰਤਨੁ"** ਦੇ ਰੂਪ ਵਿੱਚ ਹੀ ਹੈ ਭਾਵ ਆਪਣੇ ਬ੍ਰਹਮ ਗਿਆਨ ਰੂਪ ਵਿੱਚ ਹੈ ਜੋ ਉਸਦਾ ਉੱਚਾ ਤੇ ਸੱਚਾ ਗਿਆਨ **"ਰਤਨੁ"** ਦੀ ਤਰ੍ਹਾਂ ਸ਼ੁੱਧ ਹੈ ਭਾਵ ਜੋ ਅਗਿਆਨਤਾ ਦੀ ਮੈਲ ਤੋਂ ਪੂਰੀ ਤਰ੍ਹਾਂ ਰਹਿਤ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਸ ਮਨੁੱਖੀ ਸਮਝ ਦੇ ਅੰਦਰ ਵੀ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਆਪ ਨੂੰ **"ਨਾਮੁ ਰਤਨੁ"** ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਤੇ ਉਸ ਮਨੁੱਖ ਲਈ ਫਿਰ ਉਸਦਾ ਨਾਮ ਗੁਪਤਾ ਨਹੀਂ ਰਹਿ ਜਾਂਦਾ ਭਾਵ ਸ੍ਰਿਸ਼ਟੀ ਦਾ ਕਰਤਾ ਫਿਰ ਉਸ ਕੋਲੋਂ ਛੁੱਪਿਆ ਨਹੀਂ ਰਹਿ ਜਾਂਦਾ ਭਾਵ ਉਸਨੂੰ ਇਸ ਗੱਲ ਤੇ ਪੂਰਨ ਵਿਸ਼ਵਾਸ ਆ ਜਾਂਦਾ ਹੈ ਕਿ ਸਭ ਦੀ ਸਮਝ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੇ ਆਪ ਹੀ ਸਭ ਨੂੰ ਮਨ ਦੀ **"ਕਲਿ"** ਵਿੱਚ ਰੱਖ ਕੇ ਭਾਵ ਮਨ ਦੇ ਕਲਜੁੱਗ ਵਿੱਚ ਰੱਖਕੇ ਆਪਣੇ ਆਪ ਨੂੰ ਗੁਪਤ ਰੱਖਿਆ ਹੋਇਆ ਹੈ। ਜਿਸ ਮਨੁੱਖ ਦੀ ਸਮਝ ਦੇ ਅੰਦਰ ਉਹ ਆਪਣਾ ਨਾਮ ਰਤਨ ਪ੍ਰਗਟ ਕਰਦਾ ਹੈ ਉਹ ਫਿਰ ਗੁਰੂ ਦੀ ਸ਼ਰਨ ਵਿੱਚ ਭੱਜ ਪੈਂਦਾ ਹੈ ਭਾਵ ਫਿਰ ਉਸਨੂੰ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਉਸਦਾ ਸੱਚਾ ਗਿਆਨ ਲੈਣ ਦੀ, ਉਸਦੀ ਨਾਮ ਰੂਪ ਗਿਆਨ ਲੈਣ ਲਈ ਕਾਹਲ ਪੈਂਦੀ ਰਹਿੰਦੀ ਹੈ ਕਿ ਅਕਾਲ ਪੁਰਖ ਮੈਨੂੰ ਆਪਣੇ ਵੱਧ ਤੋਂ ਵੱਧ ਸ਼ਬਦਾਂ ਦੀ ਵਿਚਾਰ ਦੇਵੇ ਤੇ ਮੈਂ ਗੁਰੂ ਦੇ ਸੱਚੇ ਵਿਚਾਰਾਂ ਦੀ ਸ਼ਰਨ ਵਿੱਚ ਰਹਾਂ ਭਾਵ ਉਸਦੀ ਸਮਝਾਈ ਹੋਈ ਸੱਚੀ ਮਤਿ ਤੇ ਹਰ ਵੇਲੇ ਅਡੋਲ ਹੋ ਕੇ ਚੱਲਾਂ ਭਾਵ ਅੱਠੇ ਪਹਿਰ ਉਸਦਾ ਨਾਮ ਜਪਾਂ ਭਾਵ ਮੈਂ ਆਪਣੇ ਪੂਰੇ ਜੀਵਨ ਵਿੱਚ ਕੋਈ ਵੀ ਮਾੜਾ ਕਰਮ ਨਾ ਕਰਾਂ। **(ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥ ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥ ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥ ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥)**

55/7727

ਆਪਣਾ ਨਾਮ ਕਿਸੇ ਨੂੰ ਅਕਾਲ ਪੁਰਖ ਮਨ ਦੇ ਵਿੱਚ ਗਿਆਨ ਰਤਨ ਦੇ ਰੂਪ ਵਿੱਚ ਹੀ ਦਿੰਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣੇ ਸ਼ਬਦਾਂ ਦਾ ਸੱਚਾ ਗਿਆਨ ਬਖਸ਼ਦਾ ਹੈ ਜਿਸ ਰਾਹੀਂ ਉਹ ਸਾਰੇ ਸੰਸਾਰ ਲਈ ਇੱਕੋ ਜਿਹੀ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਜਿਸ ਆਪਣੇ ਸੱਚ ਦੇ ਮਾਰਗ ਤੇ ਚੱਲਕੇ ਭਾਵ ਉਸਤੇ ਸੱਚਾ ਉਦਮ ਕਰਨ ਦੇ ਨਾਲ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਉਸਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ। ਆਪਣਾ ਨਾਮ ਸ੍ਰਿਸ਼ਟੀ ਦਾ ਕਰਤਾ ਕਿਸੇ ਨੂੰ ਕਿਸ ਰੂਪ ਵਿੱਚ ਦਿੰਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥
ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥
ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ ਚਹੁ ਜੁਗਿ ਨਿਰਮਲੁ ਹਛਾ ਲੋਇ ॥

ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥
ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥
ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ ੧੦੬੯-੧੦੭੦)

ਆਸਾ ਮਹਲਾ ੧ ਤਿਤੁਕਾ ॥

{ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥ ਕਿਸ ਹੀ ਮਾਨੁ ਕਿਸੈ ਅਪਮਾਨੁ ॥
ਢਾਹਿ ਉਸਾਰੇ ਧਰੇ ਧਿਆਨੁ ॥ ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥
ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥ ਵਾਟ ਨ ਪਾਵਉ ਵੀਗਾ ਜਾਉ ॥
ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥
ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥ ਅਹਿਨਿਸਿ ਅੰਧੁਲੇ ਦੀਪਕੁ ਦੇਇ ॥
ਭਉਜਲ ਡੂਬਤ ਚਿੰਤ ਕਰੇਇ ॥ ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

{ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥
ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥ ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥
ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥ ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥
ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਜਦ ਤੱਕ ਪ੍ਰਮਾਤਮਾ ਕਿਸੇ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਨਾਮ ਨਹੀਂ ਬਖਸ਼ਦਾ ਤਦ ਤੱਕ ਨਾ ਹੀ ਕੋਈ ਉਸਦੇ ਨਾਮ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਉਸਦਾ ਨਾਮ ਜਪਣਾ ਸਮਝ ਸਕਦਾ ਹੈ ਜੋ ਉਸਦਾ ਨਾਮ ਜਪਣਾ ਮਨ ਦੇ ਵਿੱਚ ਸੋਝੀ ਪਾਉਣ ਦੁਆਰਾ ਉਹ ਆਪ ਹੀ ਸਮਝਾਉਂਦਾ ਹੈ।

ਹੁਣ ਅਸੀਂ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਜਿਸ ਤੋਂ ਪਹਿਲੇ ਪਦੇ ਵਿੱਚ ਮਨ ਦੇ ਵਿੱਚ ਨਾਮ ਰਤਨ ਦੇ ਪ੍ਰਗਟ ਹੋਣ ਦੀ ਗੱਲ ਕੀਤੀ ਹੋਈ ਹੈ ਤੇ ਉਸ ਤੋਂ ਬਾਅਦ ਗੁਰੂ ਦੀ ਸ਼ਰਨ ਵਿੱਚ ਆਉਣ ਦੀ ਤੀਬਰ ਇੱਛਾ ਪ੍ਰਗਟ ਕੀਤੀ ਹੋਈ ਹੈ। ਗੁਰੂ ਦੀ ਸ਼ਰਨ ਵਿੱਚ ਫਿਰ ਉਹ ਮਨੁੱਖ ਕਿਸ ਤਰੀਕੇ ਆਉਂਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ।

“ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥

ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥”

ਜਦੋਂ ਮਨੁੱਖ ਸ੍ਰਿਸ਼ਟੀ ਦੇ ਕਰਤੇ ਕੋਲੋਂ ਮਨ ਦੇ ਵਿੱਚ ਨਾਮ ਰਤਨ ਦੀ ਪ੍ਰਾਪਤੀ ਕਰਦਾ ਹੈ ਉਸ ਨਾਮ ਰਤਨ ਰਾਹੀਂ ਉਹ ਮਨੁੱਖ ਆਪਣੇ ਅੰਦਰ **“ਗੁਰਮਤਿ”** ਦੀ ਪ੍ਰਾਪਤੀ ਹੀ ਕਰਦਾ ਹੈ ਜੋ ਆਪਣੀ ਸੱਚੀ ਗੁਰਮਤਿ ਮਨ ਦੇ ਵਿੱਚ ਆਪਣੇ **“ਨਾਮੁ ਰਤਨੁ”** ਰੂਪ ਵਿੱਚ ਪ੍ਰਗਟ ਹੋ ਕੇ ਸ੍ਰਿਸ਼ਟੀ ਦਾ ਕਰਤਾ

55/7728

ਆਪ ਹੀ ਪਾਉਂਦਾ ਹੈ, ਆਪਣੇ ਸ਼ਬਦਾਂ ਦਾ ਸੱਚਾ ਗਿਆਨ ਬਖਸ਼ਣ ਦੁਆਰਾ ਪਾਉਂਦਾ ਹੈ। ਗੁਰਮਤਿ ਦਾ ਸੱਚਾ ਗਿਆਨ ਹੀ ਉਸਦਾ ਨਾਮ ਹੈ ਜੋ ਪੂਰੇ ਧੰਨ ਧੰਨ ਗੁਰਬਾਣੀ ਗ੍ਰੰਥ ਦੇ ਵਿੱਚ ਸ਼ਬਦਾਂ ਦੀ ਵਿਚਾਰ ਦੇ ਰੂਪ ਵਿੱਚ ਹੈ। ਗੁਰਮਤਿ ਦੀ ਸ਼ਰਨ ਵਿੱਚ ਆਉਣਾ ਹੀ ਗੁਰੂ ਦੀ ਸ਼ਰਨ ਵਿੱਚ ਆਉਣਾ ਹੈ। ਗੁਰੂ ਦੀ ਸ਼ਰਨ ਵਿੱਚ ਤਾਂ ਹੀ ਆਇਆ ਜਾ ਸਕਦਾ ਹੈ ਜੇਕਰ ਮਨ ਦੇ ਪੰਜੇ ਵਿਕਾਰਾਂ ਵਾਲੇ ਵਿਚਾਰ ਵੱਸ ਵਿੱਚ ਆਉਣ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਵੱਸ ਵਿੱਚ ਆਉਣ ਤਾਂ ਜੋ ਮਨੁੱਖ ਕੋਈ ਮਾੜਾ ਕਰਮ ਨਾ ਕਰੇ, ਕੋਈ ਔਗੁਣ ਨਾ ਕਰੇ ਭਾਵ ਆਪਣੇ ਜੀਵਨ ਵਿੱਚ ਗੁਣੀ ਬਣਕੇ ਵਿਚਰੇ। ਮਨ ਦੇ ਵਿਕਾਰਾਂ ਤੋਂ, ਤ੍ਰਿਸ਼ਨਾਵਾਂ ਵਾਲੇ ਵਿਚਾਰਾਂ ਤੋਂ ਰਹਿਤ ਹੋ ਕੇ ਹੀ ਮਨ ਦੇ ਵਿੱਚ ਸੰਤੋਖ ਆਉਂਦਾ ਹੈ ਜਿਸ ਮਨ ਦੇ ਸੰਤੋਖ ਵਿੱਚ ਆ ਕੇ ਫਿਰ ਕੋਈ ਮਨੁੱਖ ਮਾੜਾ ਕਰਮ ਕਰ ਹੀ ਨਹੀਂ ਸਕਦਾ। ਮਨ ਦੇ ਵਿੱਚ ਇਹੋ ਜਿਹੀ ਸਮਝ ਆਉਣ ਨਾਲ ਭਾਵ ਗੁਰਮਤਿ ਤੇ ਪੂਰਾ ਉਤਰਣ ਨਾਲ ਹੀ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੋਂ ਮਨੁੱਖ ਨੂੰ ਖਿਮਾ ਮਿਲਦੀ ਹੈ ਭਾਵ ਉਹ ਮਾੜੇ ਕਰਮਾਂ ਤੋਂ ਬਖਸ਼ਿਆ ਜਾਂਦਾ ਹੈ, ਸ੍ਰਿਸ਼ਟੀ ਦੇ ਕਰਤੇ ਦੀਆਂ ਸਜਾਵਾਂ ਤੋਂ ਬਖਸ਼ਿਆ ਜਾਂਦਾ ਹੈ ਜੋ ਸਜਾਵਾਂ ਉਹ ਮਨ ਦੇ ਵਿੱਚ ਹਰ ਵੇਲੇ ਮਨ ਦੀਆਂ ਤ੍ਰਿਸ਼ਨਾਵਾਂ ਕਰਕੇ ਭੋਗਦਾ ਰਹਿੰਦਾ ਹੈ। **(ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥)**

ਹੁਣ ਧਿਆਨ ਨਾਲ ਸਮਝੋ ਕਿ ਗੁਰਮਤਿ ਅਨੁਸਾਰ ਵਿਚਰਨਾ ਹੀ, ਮਨ ਦੇ ਸੰਤੋਖ ਰਾਹੀਂ ਵਿਚਰਨਾ ਹੀ, ਔਗੁਣਾਂ ਤੋਂ ਰਹਿਤ ਹੋ ਕੇ ਵਿਚਰਨਾ ਹੀ, ਤ੍ਰਿਸ਼ਨਾਵਾਂ ਤੋਂ ਰਹਿਤ ਹੋ ਕੇ ਵਿਚਰਨਾ ਹੀ ਤਾਂ ਗੁਰੂ ਦਾ ਨਾਮ ਜਪਣਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਮਨ ਦੇ ਵਿੱਚ ਨਾਮ ਦੇ ਮਾਲਕ ਦੇ ਪ੍ਰਗਟ ਹੋਏ ਬਿਨ੍ਹਾਂ ਉਸਦਾ ਨਾਮ ਜਪਣਾ ਕੀ ਹੈ ਇਸ ਗੱਲ ਨੂੰ ਨਹੀਂ ਸਮਝਿਆ ਜਾ ਸਕਦਾ। ਇਸ ਗੱਲ ਨੂੰ ਉਸਦਾ ਕੋਈ **“ਜਨੁ”** ਹੀ ਸਮਝ ਸਕਦਾ ਹੈ ਜਿਸਨੂੰ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਆਪਣਾ **“ਜਨੁ”** ਰੂਪ ਬਣਾਉਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥”

“ਹਰਿ ਜਨੁ” ਬਣਨਾ ਕੀ ਹੈ ਇਸ ਗੱਲ ਨੂੰ ਕੁੱਝ ਪਿੱਛੇ ਸ਼ਬਦਾਂ ਰਾਹੀਂ ਬਰੀਕੀ ਨਾਲ ਸਮਝਿਆ ਹੀ ਹੈ। ਜਿਸ ਮਨੁੱਖੀ ਸਮਝ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹੀ ਉਸਦਾ ਹਰਿ ਜਨ ਰੂਪ ਹੈ ਤੇ ਉਹੀ ਉਸਦਾ ਗੁਰੂ ਰੂਪ ਹੁੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰ ਉਸਦੇ ਹਰਿ ਜਨ ਰੂਪ ਬਣੇ ਹਨ ਜਿਨ੍ਹਾਂ ਨੇ ਆਪਣੇ ਅੰਦਰ ਗੁਰਮਤਿ ਤੇ ਚੱਲਣ ਦਾ ਭੈ ਕਬੂਲ ਕੀਤਾ ਹੈ ਭਾਵ ਹਰ ਤ੍ਰਿਸ਼ਨਾ ਛੱਡੀ ਹੈ, ਮਾਇਆ ਮੋਹ ਛੱਡਿਆ ਹੈ ਤੇ ਗੁਰਮਤਿ ਦੇ ਬੈਰਾਗੀ ਬਣਕੇ ਆਪਣੇ ਜੀਵਨ ਵਿੱਚ ਵਿਚਰੇ ਹਨ ਜਿਸ ਤਰੀਕੇ ਉਨ੍ਹਾਂ ਨੇ ਆਪ ਹਰਿ ਗੁਣ ਗਾਏ ਹਨ ਤੇ ਪੂਰੇ ਸੰਸਾਰ ਨੂੰ ਹਰਿ ਗੁਣ ਗਾਉਣੇ ਸਿਖਾਏ ਹਨ ਭਾਵ ਆਪ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਿਆ ਹੈ ਤੇ ਸਾਰੇ ਸੰਸਾਰ ਨੂੰ ਉਸਦਾ ਨਾਮ ਜਪਣਾ ਸਿਖਾਇਆ ਹੈ। ਇਸੇ ਲਈ

55/7729

ਹਰਿ ਜਨ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਉਪਰ ਵਾਲੀ ਪੰਗਤੀ ਵਿੱਚ **“ਧਨੁ ਧਨੁ”** ਕਿਹਾ ਹੈ ਭਾਵ ਉਸਦੀ ਸਭ ਤੋਂ ਉੱਚੀ ਵਡਿਆਈ ਕੀਤੀ ਹੈ, ਉਸਨੂੰ ਵੱਡਾ ਇਸ ਲਈ ਕਿਹਾ ਹੈ ਕਿ ਉਸਦੀ ਮਤਿ ਸਭ ਤੋਂ ਵੱਡੀ ਹੈ ਜੋ ਗੁਰਮਤਿ ਦੀ ਪੂਰਨ ਸਮਝ ਰੱਖਦਾ ਹੈ ਤੇ ਉਸਤੇ ਚੱਲਕੇ ਦਿਖਾਉਂਦਾ ਹੈ। **(ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥ ਘਟਿ ਘਟਿ ਪੂਰਿ ਰਹਿਆ ਪ੍ਰਭੁ**

ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥ ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥ ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥ ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥ ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥)

{ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥
ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥}

(ਅੰਗ ੧੦੧੨)

{ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥
ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥ ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥੨॥
ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ॥
ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥ ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥
ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥ ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ॥੪॥}

(ਅੰਗ ੧੦੦੯)

{ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥
ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥ ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ॥੨੨॥
ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥ ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥੨੩॥
ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥ ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥੨੪॥
ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥ ਅਵਗਣ ਵਿਕਣਿ ਪਲ੍ਰਹਨਿ ਗੁਣ ਕੀ ਸਾਝ ਕਰੰਨ੍ਹਿ ॥੨੫॥
ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥}

(ਅੰਗ ੭੫੬)

ਆਸਾ ਮਹਲਾ ੫ ॥

{ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥
ਐਸੀ ਗੁਰਮਤਿ ਪਾਈਅਲੇ ॥ ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥੧॥ ਰਹਾਉ ॥
ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥
ਦੁਤਰ ਅੰਧ ਬਿਖਮ ਇਹ ਮਾਇਆ ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥
ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੋਰੀ ॥੪॥੨੬॥}

(ਅੰਗ ੩੭੭)

ਬਸੰਤੁ ਮਹਲਾ ੧ ॥

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ ਬੇਦ ਵਖਾਣਿ ਕਹਹਿ ਇਕੁ ਕਹੀਐ ॥
ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥ ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥ ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ ਏਕੋ ਤਖਤੁ ਏਕੋ ਪਾਤਿਸਾਹੁ ॥
ਸਰਬੀ ਥਾਈ ਵੇਪਰਵਾਹੁ ॥ ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥
ਸਾਚੀ ਦਰਗਹ ਪਾਵੈ ਮਾਣੁ ॥੬॥ ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥

ਗੁਰ ਤੇ ਸਮਝਿ ਰਹੈ ਮਿਹਮਾਨੁ ॥ ਹਰਿ ਰਸਿ ਰਾਤਾ ਜਨੁ ਪਰਵਾਨੁ ॥੭॥ ਇਤ ਉਤ ਦੇਖਉ ਸਹਜੇ ਰਾਵਉ ॥
ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥ ਨਾਨਕ ਹਉਮੈ ਸਬਦਿ ਜਲਾਇਆ ॥
ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}

(ਅੰਗ ੧੧੮੮-੧੧੮੯)

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ਗੁਰੂ ਦੀ ਮਤਿ ਤੇ ਪੂਰਾ ਉਤਰਨਾ ਕਿਤਨਾ ਔਖਾ ਹੈ ਭਾਵ ਗੁਰੂ ਦਾ ਨਾਮ ਜਪਣ ਵਾਲਾ ਬਣਨਾ ਕਿਤਨਾ ਔਖਾ ਹੈ ਭਾਵ ਸੱਚੀ ਭਗਤੀ ਦਾ ਮਾਰਗ ਕਿਤਨਾ ਔਖਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਹਰ ਕੋਈ ਇਸ ਗੱਲ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਜਿਨ੍ਹਾਂ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਜਨ ਬਣਾਇਆ ਹੈ ਭਾਵ ਹਰਿ ਜਨ ਬਣਾਇਆ ਹੈ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਫਿਰ ਪੂਰੀ ਗੁਰਮਤਿ ਤੇ ਪੂਰਾ ਉਤਰਕੇ ਵੀ ਦਿਖਾਇਆ ਹੈ ਜਿਸ ਕਰਕੇ ਉਨ੍ਹਾਂ ਨੂੰ ਮੁੱਖ

55/7730

ਸ਼ਬਦ ਦੇ ਤੀਸਰੇ ਪਦੇ ਰਾਹੀਂ ਅਕਾਲ ਪੁਰਖ ਨੇ **"ਧਨੁ ਧਨੁ"** ਕਿਹਾ ਹੋਇਆ ਹੈ ਜਿਵੇਂ ਕਿ ਅਸੀਂ ਸਮਝਿਆ ਹੀ ਹੈ। ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਜਿਸ ਰਾਹੀਂ ਗੁਰੂ ਸਾਹਿਬ ਉਹੋ ਜਿਹਿਆਂ ਬਾਰੇ ਕੀ ਕਹਿ ਰਹੇ ਹਨ ਜੋ ਗੁਰੂ ਦੀ ਮਤਿ ਨੂੰ ਮੰਨਣ ਤੋਂ ਮੂੰਹ ਫੇਰਦੇ ਹਨ।

"ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥"

ਗੁਰੂ ਤੋਂ ਮੂੰਹ ਫੇਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਤੇ ਅਸਲ ਵਿੱਚ ਗੁਰੂ ਦੇ ਬਚਨ ਹਨ ਭਾਵ ਗੁਰੂ ਦੀ ਸਿੱਖਿਆ ਹੈ ਭਾਵ ਗੁਰੂ ਦੀ ਮਤਿ ਹੈ ਜੋ ਗੁਰੂ ਦੀ ਮਤਿ ਸ਼ਬਦਾਂ ਦੇ ਵਿਚਾਰ ਦੇ ਰੂਪ ਵਿੱਚ ਹੈ। ਆਪਣੇ ਹਰ ਸ਼ਬਦ ਦੀ ਵਿਚਾਰ ਰਾਹੀਂ ਸਾਨੂੰ ਗੁਰੂ ਕੁੱਝ ਕਹਿੰਦਾ ਹੀ ਹੈ ਭਾਵ ਸਮਝਾਉਂਦਾ ਹੀ ਹੈ ਤੇ ਜੋ ਗੁਰੂ ਦੀ ਗੱਲ ਨੂੰ ਆਪਣੇ ਚਿਤ ਵਿੱਚ ਨਹੀਂ ਟਿਕਾਉਂਦਾ ਭਾਵ ਉਸਦੀ ਗੱਲ ਨੂੰ ਨਹੀਂ ਮੰਨਦਾ ਇਹੋ ਜਿਹੇ ਮਨੁੱਖ ਗੁਰੂ ਤੋਂ ਮੂੰਹ ਫੇਰਨ ਵਾਲੇ ਹੁੰਦੇ ਹਨ। **(ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥)**

ਗੁਰੂ ਸਾਨੂੰ ਆਪਣੇ ਹਰ ਸ਼ਬਦ ਰਾਹੀਂ ਚੰਗੇ ਆਚਾਰ ਕਰਨੇ ਸਮਝਾਉਂਦਾ ਹੈ ਭਾਵ ਚੰਗੇ ਕਰਮ ਕਰਨੇ ਸਮਝਾਉਂਦਾ ਹੈ ਜਿਸ ਦੁਆਰਾ

ਗੁਰੂ ਦਾ ਕਹਿਆ ਆਪਣੇ ਚਿਤ ਵਿੱਚ ਟਿਕਾ ਸਕਦੇ ਹਾਂ ਪਰ ਅਸੀਂ ਕੀ ਕੁੱਝ ਕਰਦੇ ਹਾਂ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥”

ਗੁਰਮਤਿ ਦਾ ਆਚਾਰੀ ਬਣਨਾ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਉਪਰ ਸ਼ਬਦ ਦੇ ਤੀਜੇ ਪਦੇ ਰਾਹੀਂ ਸਮਝਿਆ ਹੀ ਹੈ। ਚੰਗਾ ਆਚਾਰੀ ਬਣਨ ਲਈ ਮਨੁੱਖ ਨੂੰ ਭਾਵ ਚੰਗੀ ਵਿਚਰਨ ਵਾਲਾ ਬਣਨ ਲਈ ਮਨੁੱਖ ਨੂੰ ਸਾਰੇ ਵਿਕਾਰ ਤਿਆਗਣੇ ਪੈਂਦੇ ਹਨ ਜਿਸ ਰਾਹੀਂ ਤ੍ਰਿਸ਼ਨਾਵਾਂ ਤਿਆਗਕੇ ਮਨ ਵਿੱਚ ਸੰਤੋਖ ਆਉਂਦਾ ਹੈ ਤੇ ਤਾਂ ਹੀ ਮਨੁੱਖ ਗੁਣਾਂ ਵਾਲਾ ਬਣਕੇ ਵਿਚਰ ਸਕਦਾ ਹੈ ਭਾਵ ਚੰਗੇ ਆਚਾਰ ਵਾਲਾ ਬਣ ਸਕਦਾ ਹੈ। ਚੰਗੇ ਆਚਾਰ ਵਾਲਾ ਬਣਨ ਲਈ ਮਾਇਆ ਮੋਹ ਤਿਆਗਣਾ ਪੈਂਦਾ ਹੈ, ਜਿਆਦਾ ਧੰਨ ਕਮਾਉਣ ਦਾ ਲਾਲਚ ਤਿਆਗਣਾ ਪੈਂਦਾ ਹੈ ਜਿਸ ਕਰਕੇ ਮਨ ਦੇ ਲੋਭ ਕਰਕੇ ਫਿਰ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ ਜੋ ਮਾੜੇ ਕਰਮਾਂ ਦਾ ਨਤੀਜਾ ਮਨੁੱਖ ਨੂੰ **“ਨਰਕਿ”** ਵਿੱਚ ਪਾਉਂਦਾ ਹੈ ਭਾਵ ਮਨ ਦੇ ਦੁੱਖਾਂ ਵਿੱਚ ਪਾਉਂਦਾ ਹੈ ਕਿਉਂਕਿ ਮਨ ਦੀਆਂ ਤ੍ਰਿਸ਼ਨਾਵਾਂ ਵੱਧਦੀਆਂ ਹੀ ਜਾਂਦੀਆਂ ਹਨ ਭਾਵੇਂ ਕੋਈ ਜਿਤਨੀ ਮਰਜੀ ਮਾਇਆ ਇੱਕਠੀ ਕਰ ਲਵੇ। ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਦੀ ਭਗਤੀ ਵਾਲਾ ਵੀ ਸਮਝਦਾ ਹੈ ਭਾਵ ਆਪਣੇ ਆਪ ਨੂੰ ਚੰਗੇ ਆਚਾਰਾਂ ਵਾਲਾ ਵੀ ਸਮਝਦਾ ਹੈ ਜੋ ਉਸਦੇ ਆਚਾਰ ਕੇਵਲ ਭਗਤੀ ਦੇ ਦਿਖਾਵੇ ਵਾਲੇ ਹੀ ਹੁੰਦੇ ਹਨ ਜਿਵੇਂ ਕਿ ਬਾਣੀ ਦੇ ਸ਼ਬਦਾਂ ਰਾਹੀਂ ਇਹ ਸਭ ਕੁੱਝ ਸਮਝਾਇਆ ਹੋਇਆ ਹੈ ਤੇ ਅਸੀਂ ਇਸ ਗੱਲ ਨੂੰ ਪਿੱਛੇ ਸਮਝਿਆ ਵੀ ਹੈ।

55/7731

ਜਿਤਨੇ ਅਸੀਂ ਭਗਤੀ ਦੇ ਦਿਖਾਵੇ ਕਰਦੇ ਹਾਂ ਉਨ੍ਹਾਂ ਨੂੰ ਅਸੀਂ ਆਪਣੇ ਭਗਤੀ ਵਾਲੇ ਆਚਾਰ ਹੀ ਸਮਝਦੇ ਹਾਂ ਭਾਵ ਭਗਤੀ ਵਾਲੇ ਕਰਮ ਹੀ ਸਮਝਦੇ ਹਾਂ ਜਿਵੇਂ ਕਿ ਰੋਜ ਗੁਰਦੁਆਰੇ ਜਾਂ ਮੰਦਿਰ ਆਦਿ ਵਿੱਚ ਜਾ ਕੇ ਮੱਥੇ ਟੇਕਣਾ, ਕੇਵਲ ਕੀਰਤਨ ਆਦਿ ਸੁਣਨਾ ਪਰ ਗੁਰੂ ਦੀ ਗੱਲ ਨੂੰ ਮੰਨਣ ਦਾ ਉਪਰਾਲਾ ਨਾ ਕਰਨਾ, ਤੀਰਥਾਂ ਆਦਿ ਤੇ ਜਾ ਕੇ ਇਸ਼ਨਾਨ ਕਰਨ ਨੂੰ ਵੀ ਅਸੀਂ ਭਗਤੀ ਦੇ ਮਾਰਗ ਨਾਲ ਜੋੜਕੇ ਆਪਣਾ ਚੰਗਾ ਆਚਾਰ ਸਮਝਦੇ ਹਾਂ, ਆਪਣਾ ਚੰਗਾ ਕਰਮ ਸਮਝਦੇ ਹਾਂ ਕਿ ਇਸ ਤਰੀਕੇ ਪ੍ਰਮਾਤਮਾ ਖੁਸ਼ ਹੁੰਦਾ ਹੈ ਪਰ ਮਾਇਆ ਮੋਹ ਤਿਆਗਣ ਲਈ ਕੋਈ ਤਿਆਰ ਨਹੀਂ ਹੁੰਦਾ। ਇਸੇ ਤਰ੍ਹਾਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਨੇਕਾਂ ਹੀ ਕਰਮ ਕਾਂਡ ਬਣਾਏ ਹੋਏ ਹਨ। ਕੋਈ ਜੰਗਲਾਂ ਵਿੱਚ ਤੁਰਿਆ ਫਿਰਦਾ ਹੈ, ਕਈ ਸਰੀਰਕ ਦੁੱਖ ਸਹਿੰਦੇ ਹਨ, ਕਈ ਨੰਗੀ ਪੈਰੀਂ ਤੁਰੇ ਫਿਰਦੇ ਹਨ ਤੇ ਕਈ ਵੱਖਰੇ-ਵੱਖਰੇ ਰੰਗਾਂ ਦੀਆਂ ਪੋਸ਼ਾਕਾਂ ਪਹਿਨਣ ਨੂੰ ਹੀ ਆਪਣਾ ਚੰਗਾ ਆਚਾਰ ਸਮਝਦੇ ਹਨ। ਕਈ ਆਪਣੇ ਖਾਣੇ-ਪੀਣੇ ਨੂੰ ਹੀ ਚੰਗਾ-ਮਾੜਾ ਆਚਾਰ ਸਮਝਦੇ ਹਨ ਭਾਵ ਇਹੋ ਜਿਹੇ ਸਭ ਆਚਾਰ ਮਨ ਦੇ ਭਰਮਾਂ ਦੀ ਉਪਜ ਹੀ ਹਨ ਜਿਨ੍ਹਾਂ ਕਰਕੇ ਹਰ ਕੋਈ ਗੁਰੂ ਦੀ ਮਤਿ ਤੋਂ ਭਾਵ ਗੁਰੂ ਤੋਂ ਆਪਣਾ ਮੂੰਹ ਫੇਰ ਲੈਂਦੇ ਹਨ। **(ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥ ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥ ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥ ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥ ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥ ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥ ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥)**

ਸਾਡੇ ਅਸਲ ਆਚਾਰ ਕੀ ਹੋਣੇ ਚਾਹੀਦੇ ਹਨ ਤੇ ਸਾਡੇ ਭਰਮਾਂ ਵਾਲੇ ਆਚਾਰ ਕਿਹੋ ਜਿਹੇ ਹੁੰਦੇ ਹਨ ਇਸ ਗੱਲ ਨੂੰ ਅਸੀਂ ਉਪਰ ਵਾਲੇ ਸ਼ਬਦ ਨੂੰ ਪੂਰਾ ਹੋਣ ਤੋਂ ਬਾਅਦ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਾਂਗੇ ਜੋ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਪਹਿਲਾਂ ਸਮਝਿਆ ਹੀ ਹੈ ਤਾਂ ਜੋ ਅਸੀਂ ਗੁਰਮਤਿ ਦੇ ਸੱਚੇ ਆਚਾਰੀ ਬਣਨ ਦਾ ਉਦਮ ਕਰ ਸਕੀਏ ਭਾਵ ਸੱਚੇ ਸੁੱਚੇ ਕਰਮ, ਧਰਮ ਦੇ ਮਾਰਗ ਤੇ ਚੱਲੀਏ ਜੋ ਕਰਮ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਮਾਲਕ ਦਾ ਹਰ ਸੱਚੇ ਧਰਮ ਗ੍ਰੰਥ ਰਾਹੀਂ ਸੱਚ ਤੇ ਚੱਲਣ ਦਾ ਮਾਰਗ ਹੀ ਹੈ। ਹੁਣ ਅਸੀਂ ਉਪਰ ਵਾਲੇ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਤਾਂ ਜੋ ਅਸੀਂ ਉਹੋ ਜਿਹੇ ਕਰਮ ਕਰੀਏ ਜਿਹੋ ਜਿਹੇ ਕਰਮ ਕਰਨ ਦੁਆਰਾ ਅਸੀਂ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦਮ ਕਰ ਸਕਦੇ ਹਾਂ।

“ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥

ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥"

ਉਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸ੍ਰਿਸ਼ਟੀ ਦਾ ਕਰਤਾ ਕਿਸ ਰੂਪ ਵਿੱਚ ਹੈ ਜਿਸ ਦੁਆਰਾ ਸਭ ਉਤਪਤੀ ਹੋਈ ਹੈ ਤੇ ਸਾਰੀ ਉਤਪਤੀ ਚੱਲ ਰਹੀ ਹੈ ਭਾਵ ਉਹ ਸ੍ਰਿਸ਼ਟੀ ਦਾ ਇੱਕੋ ਇੱਕ ਰਚਣਹਾਰ ਕਿਸ ਤਰੀਕੇ ਆਪਣੀ ਰਚਨਾ ਨੂੰ ਬਣਾਕੇ ਚਲਾ ਰਿਹਾ ਹੈ, ਉਹ ਇੱਕੋ ਇੱਕ **"ਪ੍ਰਭੂ"** ਭਾਵ ਸ੍ਰਿਸ਼ਟੀ ਦਾ ਕਰਤਾ ਆਪਣੇ ਇੱਕੋ ਇੱਕ **"ਸਬਦੁ"** ਰੂਪ ਵਿੱਚ ਹੈ। ਪੂਰੀ ਗੁਰਬਾਣੀ ਵਿੱਚ ਜਿਨ੍ਹਾਂ ਸਰੀਰਾਂ ਨੇ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਿਆ ਹੈ ਉਨ੍ਹਾਂ ਸਭ ਨੇ ਉਸਨੂੰ ਉਸਦੇ **"ਸਬਦੁ"** ਰੂਪ ਵਿੱਚ ਹੀ ਜਾਣਿਆ ਹੈ ਜਿਸ ਆਪਣੇ ਸ਼ਬਦ ਰੂਪ ਵਿੱਚ ਹੀ ਪੂਰੇ ਗੁਰਬਾਣੀ ਗ੍ਰੰਥ ਵਿੱਚ ਗੁਰੂ ਹੈ ਭਾਵ ਗੁਰਬਾਣੀ ਦੇ ਹਰ ਸ਼ਬਦ ਦੇ ਅੰਦਰ ਸ਼ਬਦ ਰੂਪ ਸੱਚਾ ਗਿਆਨ ਪਾਉਣ ਵਾਲਾ ਉਹ ਆਪ ਹੀ ਹੈ। ਹਰ ਸ਼ਬਦ ਦੇ ਅੰਦਰ ਜੋ ਸੱਚਾ ਗਿਆਨ ਹੈ ਆਪਣੇ ਉਸੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਪੂਰੇ ਗੁਰਬਾਣੀ ਗ੍ਰੰਥ ਦੇ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

55/7732

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ ੧੨੨੬)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ ੧੨੦)

{ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥
ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥}

(ਅੰਗ ੯੪੨-੯੪੩)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਕਿ ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦ ਰੂਪ ਨੂੰ ਕੇਵਲ ਤੇ ਕੇਵਲ ਉਹੀ ਮਨੁੱਖ ਜਾਣ ਸਕਦਾ ਹੈ ਜਿਸਦੇ ਅੰਦਰ ਸ੍ਰਿਸ਼ਟੀ ਦਾ ਮਾਲਕ ਭਾਵ ਗਾਡ, ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ ਆਪਣੇ ਆਪ ਨੂੰ ਉਸ ਮਨੁੱਖੀ ਸਮਝ ਦੇ ਅੰਦਰ ਆਪਣਾ ਸ਼ਬਦ ਰੂਪ ਪ੍ਰਗਟ ਕਰਦਾ ਹੈ ਭਾਵ ਆਪਣਾ ਨਾਮ ਰੂਪ, ਬ੍ਰਹਮ ਗਿਆਨ ਰੂਪ ਪ੍ਰਗਟ ਕਰਦਾ ਹੈ ਤੇ ਉਹੀ ਉਸਦਾ ਮਨੁੱਖੀ ਰੂਪ ਇਸ ਗੱਲ ਨੂੰ ਵਿਸ਼ਵਾਸ ਨਾਲ ਸਮਝ ਸਕਦਾ ਹੈ ਕਿ ਸਭ ਕੁੱਝ ਸ੍ਰਿਸ਼ਟੀ ਦੇ ਬ੍ਰਹਮ ਗਿਆਨ ਦੇ ਨਾਲ ਭਾਵ ਉਸਦੇ ਨਾਮ ਦੇ ਨਾਲ ਬਣਿਆ ਹੈ ਤੇ ਸਭ ਕੁੱਝ ਉਸਦੇ ਨਾਮ ਦੇ ਨਾਲ ਹੀ ਚੱਲ ਰਿਹਾ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਨੂੰ ਵਿਸ਼ਵਾਸ ਨਾਲ ਸਮਝ ਸਕਾਂਗੇ ਕਿ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਸ਼ਬਦ ਰੂਪ ਕੀ ਹੈ ਜੋ ਕਿ ਉਸਦਾ ਨਾਮ ਰੂਪ ਹੈ, ਬ੍ਰਹਮ ਗਿਆਨ ਰੂਪ ਹੈ, ਜਿਸ ਆਪਣੇ ਬ੍ਰਹਮ ਗਿਆਨ ਦੇ ਨਾਲ ਉਸਨੇ ਪਹਿਲੇ ਆਪਣੀ ਸਾਇੰਸ ਰਚੀ ਹੈ।
(ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥)

ਆਉ ਹੁਣ ਪਦੇ ਦੀ ਅਗਲੀ ਪੰਗਤੀ ਨੂੰ ਸਮਝੀਏ।

“ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥”

ਉਪਰ ਵਾਲੀ ਪੰਗਤੀ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦੀ ਗੱਲ ਕੀਤੀ ਹੋਈ ਹੈ। ਹੁਣ ਧਿਆਨ ਨਾਲ ਸਮਝੋ ਅਸੀਂ ਮੇਲ ਕਿਸਦੇ ਨਾਲ ਕਰਨਾ ਹੈ। ਜਿਸ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਵਿਚਰ ਰਿਹਾ ਹੈ, ਸਭ ਜਗ੍ਹਾ ਤੇ ਸਾਡੇ ਅੰਦਰ ਵਿਚਰ ਰਿਹਾ ਹੈ ਅਸੀਂ ਉਸ ਰੂਪ ਦੇ ਨਾਲ ਹੀ ਮੇਲ ਕਰਨਾ ਹੈ ਭਾਵ ਉਸਦੇ **“ਸਬਦੁ”** ਰੂਪ ਦੇ ਨਾਲ ਅਸੀਂ ਮੇਲ ਕਰਨਾ ਹੈ ਜੋ ਉਸਦਾ ਸ਼ਬਦ ਰੂਪ ਪੂਰੀ ਗੁਰਬਾਣੀ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਦੇ ਵਿੱਚ ਸ਼ਬਦ ਰੂਪ ਗੁਰੂ ਦਾ ਆਪਣਾ ਗੁਰਮੁਖਿ ਰੂਪ ਹੈ ਭਾਵ ਉਸ ਇੱਕੋ ਇੱਕ ਸੱਚੇ ਗੁਰੂ ਦੇ ਮੁੱਖੋਂ ਬੋਲੇ ਹੋਏ ਸ਼ਬਦਾਂ ਦੇ ਗਿਆਨ ਦੇ ਰੂਪ ਵਿੱਚ ਹੈ। ਉਸਦੇ ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ ਉਸਦਾ ਸ਼ਬਦ ਰੂਪ ਹੈ ਤੇ ਹਰ ਮਨੁੱਖ ਦੇ ਅੰਦਰ ਜੋ ਵਿਚਾਰ ਉਪਜਦੇ ਹਨ ਭਾਵ ਜੋ ਮਨ ਦੇ ਅੰਦਰ ਗਿਆਨ ਉਪਜਦਾ ਹੈ ਉਹ ਮਨੁੱਖ ਦੀ ਸੁਰਤਿ ਦੇ ਵਿਚਾਰ ਹਨ। ਅਸੀਂ ਆਪਣੇ ਸੁਰਤਿ ਦੇ ਵਿਚਾਰਾਂ ਦਾ ਮੇਲ ਸ਼ਬਦ ਦੇ ਵਿਚਾਰਾਂ ਦੇ ਨਾਲ ਕਰਨਾ ਹੈ। ਮਨੁੱਖੀ ਸੁਰਤਿ ਦੇ ਅੰਦਰ ਦਾ ਗਿਆਨ ਤ੍ਰੈ ਗੁਣਾਂ ਵਾਲਾ

55/7733

ਵਿਚਾਰ ਹੈ ਤੇ ਗੁਰੂ ਰੂਪ ਸ਼ਬਦਾਂ ਦਾ ਗਿਆਨ ਚੌਥੇ ਪਦ ਦਾ ਗਿਆਨ ਹੈ। ਸਾਰੀ ਗੱਲ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਨੂੰ ਗੁਰੂ ਦੇ ਚੌਥੇ ਪਦ ਦੇ ਗਿਆਨ ਨਾਲ ਰਲਾਉਣ ਦੀ ਹੈ ਜਿਸ ਆਪਣੀ ਸਮਝ ਨੂੰ ਗੁਰੂ ਦੀ ਸਮਝ ਨੂੰ ਮੰਨਣ ਦੁਆਰਾ ਹੀ ਉਸਦੇ ਨਾਲ ਰਲਾਇਆ ਜਾ ਸਕਦਾ ਹੈ ਭਾਵ ਆਪਣੀ ਮਨਮੁਖਿ ਵਾਲੀ ਸਮਝ ਨੂੰ ਗੁਰਮੁਖਿ ਵਾਲੀ ਸਮਝ ਬਣਾਇਆ ਜਾ ਸਕਦਾ ਹੈ। ਗੁਰਮੁਖਿ ਵਾਲੀ ਸਮਝ ਵਾਲਾ ਬਣਨ ਦੁਆਰਾ ਹੀ ਕੋਈ **“ਹਰਿ ਹਰਿ”** ਕਰਨ ਵਾਲੀ ਸਮਝ ਵਾਲਾ ਬਣ ਸਕਦਾ ਹੈ ਭਾਵ ਉਹੋ ਜਿਹੀ ਸਮਝ ਵਾਲਾ ਬਣ ਸਕਦਾ ਹੈ ਜਦੋਂ ਉਸਨੂੰ ਸਭ ਜਗ੍ਹਾ ਤੇ ਸਭ ਵਿੱਚ **“ਹਰਿ”** ਹੀ ਨਜਰ ਆਉਂਦਾ ਹੈ ਭਾਵ ਸਭ ਜਗ੍ਹਾ ਇੱਕੋ ਇੱਕ ਸ਼ਬਦ ਰੂਪ ਸ੍ਰਿਸ਼ਟੀ ਦਾ ਕਰਤਾ ਹੀ ਨਜਰ ਆਉਂਦਾ ਹੈ। ਹੁਣ ਅਸੀਂ ਉਪਰ ਵਾਲੇ ਪੂਰੇ ਸ਼ਬਦ ਦੇ ਭਾਵ ਨੂੰ ਉਸਦੀ ਗਹਿਰਾਈ ਤੱਕ ਸਮਝ ਸਕਾਂਗੇ ਜਿਸ ਮਕਸਦ ਲਈ ਸ੍ਰਿਸ਼ਟੀ ਦੇ ਕਰਤੇ ਨੇ ਧੰਨ ਧੰਨ ਤੀਜੀ ਪਾਤਸ਼ਾਹੀ ਦੇ ਮੁੱਖੋਂ ਇਸ ਸ਼ਬਦ ਨੂੰ ਉਚਾਰਿਆ ਹੋਇਆ ਹੈ ਤਾਂ ਜੋ ਅਸੀਂ ਉਸਦੀ ਰਚੀ ਹੋਈ ਸ੍ਰਿਸ਼ਟੀ ਦੀ ਖੇਡ ਨੂੰ ਜਾਨਣ ਦਾ ਤੇ ਖੇਡ ਰਚਾਉਣ ਵਾਲੇ ਮਾਲਕ ਨੂੰ ਜਾਨਣ ਦਾ ਸੱਚਾ ਉਦਮ ਕਰ ਸਕੀਏ। **(ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ ਕਲੀ ਕਾਲ ਮਹਿ ਰਵਿਆ ਰਾਮੁ ॥ ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥ ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥ ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥ ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥ ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥ ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥ ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥ ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥)**

ਉਪਰ ਸ਼ਬਦ ਵਿੱਚ **“ਆਚਾਰ”** ਦੀ ਗੱਲ ਕੀਤੀ ਹੋਈ ਹੈ ਤੇ ਮਨੁੱਖ ਦੇ ਅਸਲ ਆਚਾਰ ਕੀ ਹੋਣੇ ਚਾਹੀਦੇ ਹਨ ਜਿਨ੍ਹਾਂ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣਨ ਦਾ ਸੱਚਾ ਉਦਮ ਕਰ ਸਕਦਾ ਹੈ ਪਰ ਮਨੁੱਖ ਉਸਨੂੰ ਜਾਨਣ ਦੇ ਆਪਣੇ ਵੱਲੋਂ ਭਾਵ ਮਨ ਦੀ ਨਾਸਮਝੀ ਕਰਕੇ ਜਿਹੋ ਜਿਹੇ ਧਾਰਮਿਕ ਆਚਾਰ ਕਰਦਾ ਹੈ ਭਾਵ ਧਾਰਮਿਕ ਕਰਮ ਕਰਦਾ ਹੈ ਜਿਹੋ ਜਿਹੇ ਕਰਮਾਂ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣਿਆ ਜਾ ਸਕਦਾ ਇਸ ਗੱਲ ਨੂੰ ਹੇਠ ਦਿੱਤੇ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਵਿੱਚੋਂ ਕੁੱਝ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਵੀ ਹੈ। ਚੰਗੇ ਆਚਾਰ ਕੀਤੇ ਬਿਨ੍ਹਾਂ ਭਾਵ ਸੱਚੇ ਸੁੱਚੇ ਕਰਮ ਕੀਤੇ ਬਿਨ੍ਹਾਂ ਭਾਵ ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਤਿਆਗਕੇ ਤੇ ਗੁਰੂ ਦੀ ਮਤਿ ਨੂੰ ਪੂਰਨ ਰੂਪ ਵਿੱਚ ਕਬੂਲ ਕੀਤੇ ਬਿਨ੍ਹਾਂ ਭਾਵ ਸੱਚ ਦੇ ਮਾਰਗ ਤੇ ਚੱਲਣ ਦੇ ਔਖੇਪਨ ਨੂੰ ਕਬੂਲ ਕੀਤੇ ਬਿਨ੍ਹਾਂ ਕੋਈ ਵੀ ਸ੍ਰਿਸ਼ਟੀ ਦਾ ਮਨੁੱਖ ਉਸ ਸ੍ਰਿਸ਼ਟੀ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਨਹੀਂ ਕਰ ਸਕਦਾ। ਉਹ ਸੱਚ ਰੂਪ ਹੈ ਤੇ ਸੱਚ ਰੂਪ ਨੂੰ ਆਪਣੇ ਅੰਦਰੋਂ ਜਾਨਣ ਲਈ ਉਸਦੇ ਸ਼ਬਦਾਂ ਦੇ ਅੰਦਰ ਦੇ ਸੱਚ ਨਾਲ ਜੁੜਨਾ ਹੀ ਪੈਂਦਾ ਹੈ। ਆਉ ਹੇਠ ਦਿੱਤੇ ਸ਼ਬਦਾਂ ਰਾਹੀਂ ਭਗਤੀ ਦੇ ਮਾਰਗ ਦੇ ਸੱਚ ਨੂੰ ਸਮਝ ਕੇ ਤੇ ਸੱਚ ਦੇ ਨਾਲ ਜੁੜਨ ਦਾ ਭਾਵ ਸੱਚ ਨੂੰ ਮੰਨਣ ਦਾ ਸੱਚਾ ਉਦਮ ਕਰੀਏ।

ਸਿਰੀਰਾਗੁ ਮਹਲਾ ੧ ॥

{ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥
ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ॥੧॥ ਹਰਿ ਜੀਉ ਤੂੰ ਕਰਤਾ ਕਰਤਾਰੁ ॥
ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥
ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥
ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥ ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥
ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥
ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥ ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥
ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥੪॥ ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥
ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥ ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥੫॥
ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥ ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥
ਸਾਚੀ ਦਰਗਹ ਬੈਸਣੀ ਭਗਤਿ ਸਚੀ ਅਰਦਾਸਿ ॥ ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥
ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥
ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥੮॥੩॥}

(ਅੰਗ ੫੪-੫੫)

55/7734

ਸਿਰੀਰਾਗੁ ਮਹਲਾ ੧ ॥

{ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥
ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ ਮਨ ਰੇ ਸਾਚੀ ਖਸਮ ਰਜਾਇ ॥
ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥
ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥
ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥
ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥

ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

ਮਃ ੧ ॥

{ਗਲੰ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥}

(ਅੰਗ ੮੫)

ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ

ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥
ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥
ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥
ਲਾਲ ਭਏ ਸੂਹਾ ਰੰਗੁ ਮਾਣਿਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥
ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥
ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥
ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥
ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥
ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥
ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥
ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥
ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥
ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥
ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥
ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ ੨੨੦-੨੨੧)

ਆਸਾ ਮਹਲਾ ੧ ॥

{ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥
ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥
ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥
ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥
ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥
ਚੀਨ੍ਹੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥
ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥
ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥
ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥}

(ਅੰਗ ੩੫੫)

ਆਸਾ ਮਹਲਾ ੫ ਪੰਚਪਦੇ ॥

{ਪ੍ਰਥਮੇ ਤੇਰੀ ਨੀਕੀ ਜਾਤਿ ॥ ਦੁਤੀਆ ਤੇਰੀ ਮਨੀਐ ਪਾਂਤਿ ॥ ਤ੍ਰਿਤੀਆ ਤੇਰਾ ਸੁੰਦਰ ਥਾਨੁ ॥
ਬਿਗੜ ਰੂਪੁ ਮਨ ਮਹਿ ਅਭਿਮਾਨੁ ॥੧॥ ਸੋਹਨੀ ਸਰੂਪਿ ਸੁਜਾਣਿ ਬਿਚਖਨਿ ॥
ਅਤਿ ਗਰਬੈ ਮੋਹਿ ਫਾਕੀ ਤੂੰ ॥੧॥ ਰਹਾਉ ॥ ਅਤਿ ਸੂਚੀ ਤੇਰੀ ਪਾਕਸਾਲ ॥
ਕਰਿ ਇਸਨਾਨੁ ਪੂਜਾ ਤਿਲਕੁ ਲਾਲ ॥ ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥
ਸਭਿ ਬਿਧਿ ਖੋਈ ਲੋਭਿ ਸੁਆਨ ॥੨॥ ਕਾਪਰ ਪਹਿਰਹਿ ਭੋਗਹਿ ਭੋਗ ॥
ਆਚਾਰ ਕਰਹਿ ਸੋਭਾ ਮਹਿ ਲੋਗ ॥ ਚੋਆ ਚੰਦਨ ਸੁਗੰਧ ਬਿਸਥਾਰ ॥
ਸੰਗੀ ਖੋਟਾ ਕ੍ਰੋਧੁ ਚੰਡਾਲ ॥੩॥ ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ ਸੁਇਨਾ ਰੂਪਾ ਤੁਝ ਪਹਿ ਦਾਮ ॥
ਸੀਲੁ ਬਿਗਾਰਿਓ ਤੇਰਾ ਕਾਮ ॥੪॥ ਜਾ ਕਉ ਦ੍ਰਿਸਟਿ ਮਇਆ ਹਰਿ ਰਾਇ ॥
ਸਾ ਬੰਦੀ ਤੇ ਲਈ ਛਡਾਇ ॥ ਸਾਧਸੰਗਿ ਮਿਲਿ ਹਰਿ ਰਸੁ ਪਾਇਆ ॥
ਕਹੁ ਨਾਨਕ ਸਫਲ ਓਹ ਕਾਇਆ ॥੫॥ ਸਭਿ ਰੂਪ ਸਭਿ ਸੁਖ ਬਨੇ ਸੁਹਾਗਨਿ ॥
ਅਤਿ ਸੁੰਦਰਿ ਬਿਚਖਨਿ ਤੂੰ ॥੧॥ ਰਹਾਉ ਦੂਜਾ ॥੧੨॥}

(ਅੰਗ ੩੭੪)

ਆਸਾ ਮਹਲਾ ੧ ॥

{ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥
ਕਥਨੀ ਬਦਨੀ ਪੜਿ ਪੜਿ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥੧॥
ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ ॥੧॥ ਰਹਾਉ ॥
ਮਾਇਆ ਮੋਹਿ ਜਗੁ ਬਾਧਾ ਜਮਕਾਲਿ ॥ ਬਾਂਧਾ ਛੂਟੈ ਨਾਮੁ ਸਮ੍ਹਾਲਿ ॥
ਗੁਰੁ ਸੁਖਦਾਤਾ ਅਵਰੁ ਨ ਭਾਲਿ ॥ ਹਲਤਿ ਪਲਤਿ ਨਿਬਹੀ ਤੁਧੁ ਨਾਲਿ ॥੨॥
ਸਬਦਿ ਮਰੈ ਤਾਂ ਏਕ ਲਿਵ ਲਾਏ ॥ ਅਚਰੁ ਚਰੈ ਤਾਂ ਭਰਮੁ ਚੁਕਾਏ ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥ ਗੁਰਮੁਖਿ ਹੋਇ ਤ ਸਚਿ ਸਮਾਏ ॥੩॥

ਜਿਨਿ ਧਰ ਸਾਜੀ ਗਗਨੁ ਅਕਾਸੁ ॥ ਜਿਨਿ ਸਭ ਥਾਪੀ ਥਾਪਿ ਉਥਾਪਿ ॥
ਸਰਬ ਨਿਰੰਤਰਿ ਆਪੇ ਆਪਿ ॥ ਕਿਸੈ ਨ ਪੂਛੇ ਬਖਸੇ ਆਪਿ ॥੪॥ ਤੂ ਪੁਰੁ ਸਾਗਰੁ ਮਾਣਕ ਹੀਰੁ ॥
ਤੂ ਨਿਰਮਲੁ ਸਚੁ ਗੁਣੀ ਗਹੀਰੁ ॥ ਸੁਖੁ ਮਾਨੈ ਭੇਟੈ ਗੁਰ ਪੀਰੁ ॥ ਏਕੋ ਸਾਹਿਬੁ ਏਕੁ ਵਜੀਰੁ ॥੫॥
ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥ ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥ ਜਗੁ ਦੁਖੀਆ ਸੁਖੀਆ ਜਨੁ ਕੋਇ ॥
ਜਗੁ ਰੋਗੀ ਭੋਗੀ ਗੁਣ ਰੋਇ ॥ ਜਗੁ ਉਪਜੈ ਬਿਨਸੈ ਪਤਿ ਖੋਇ ॥ ਗੁਰਮੁਖਿ ਹੋਵੈ ਬੂਝੈ ਸੋਇ ॥੭॥
ਮਹਘੋ ਮੋਲਿ ਭਾਰਿ ਅਫਾਰੁ ॥ ਅਟਲ ਅਛਲੁ ਗੁਰਮਤੀ ਧਾਰੁ ॥
ਭਾਇ ਮਿਲੈ ਭਾਵੈ ਭਇਕਾਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥੮॥੩॥}

(ਅੰਗ ੪੧੨-੪੧੩)

ਆਸਾ ਮਹਲਾ ੧ ॥

{ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥
ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥ ਕਹਾ ਚਲਹੁ ਮਨ ਰਹਹੁ ਘਰੇ ॥
ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥
ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥
ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥
ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥ ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥
ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥੫॥
ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥
ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥੭॥
ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥
ਹਰਿ ਜੀਉ ਆਗੈ ਕਰੀ ਅਰਦਾਸਿ ॥ ਸਾਧੂ ਜਨ ਸੰਗਤਿ ਹੋਇ ਨਿਵਾਸੁ ॥
ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥ ਕਰਿ ਬੀਚਾਰੁ ਆਚਾਰੁ ਪਰਾਤਾ ॥
ਸਤਿਗੁਰ ਬਚਨੀ ਏਕੋ ਜਾਤਾ ॥ ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥}

(ਅੰਗ ੪੧੪-੪੧੫)

ਗੂਜਰੀ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥ ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ ॥੧॥
ਪਿਤਾ ਮੇਰੋ ਬਡੋ ਧਨੀ ਅਗਮਾ ॥ ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥੧॥ ਰਹਾਉ ॥
ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ ਦਾਤਨ ਸਿਰਿ ਦਾਤਾ ॥
ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ ॥੨॥
ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ ॥ ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ ॥੩॥

ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ ॥
ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ ॥੪॥
ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ ॥
ਲਖਿਮੀ ਕੇਤਕ ਗਨੀ ਨ ਜਾਈਐ ਗਨਿ ਨ ਸਕਉ ਸੀਕਾ ॥੫॥
ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ ॥
ਜੁਗਤਨ ਮਹਿ ਤੇਰੀ ਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ ॥੬॥
ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਰਿ ਕਰਮਾ ॥
ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ ॥੭॥
ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥
ਸਾਧਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ ॥੮॥੧॥੮॥}

(ਅੰਗ ੫੦੭-੫੦੮)

ਮਃ ੩ ॥

{ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ ॥ ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ॥
ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥
ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥੨॥}

(ਅੰਗ ੫੦੮-੫੦੯)

55/7735

ਧਨਾਸਰੀ ਮਹਲਾ ੧ ॥

{ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥
ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥
ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥ ਹਰਿ ਕੇ ਲੋਗ ਅਵਰ ਨਹੀ ਕਾਰਾ ॥
ਸਾਚਉ ਠਾਕੁਰੁ ਸਾਚੁ ਪਿਆਰਾ ॥੨॥ ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥
ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥ ਆਪਿ ਦਿਖਾਵੈ ਆਪੇ ਦੇਖੈ ॥
ਹਠਿ ਨ ਪਤੀਜੈ ਨਾ ਬਹੁ ਭੇਖੈ ॥ ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥
ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥ ਪੜਿ ਪੜਿ ਭੂਲਹਿ ਚੋਟਾ ਖਾਹਿ ॥
ਬਹੁਤੁ ਸਿਆਣਪ ਆਵਹਿ ਜਾਹਿ ॥ ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥੫॥
ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥ ਮਨਿ ਮੈਲੈ ਸੂਚਾ ਕਿਉ ਹੋਇ ॥
ਸਾਚਿ ਮਿਲੈ ਪਾਵੈ ਪਤਿ ਸੋਇ ॥੬॥ ਆਚਾਰਾ ਵੀਚਾਰੁ ਸਰੀਰਿ ॥ ਆਦਿ ਜੁਗਾਦਿ ਸਹਜਿ ਮਨੁ ਧੀਰਿ ॥
ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥
ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥

ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥ ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥}

(ਅੰਗ ੬੮੬)

ਟੋਡੀ ਮਹਲਾ ੫ ॥

{ਹਮਾਰੈ ਏਕੈ ਹਰੀ ਹਰੀ ॥ ਆਨ ਅਵਰ ਸਿਵਾਣਿ ਨ ਕਰੀ ॥ ਰਹਾਉ ॥
ਵਡੈ ਭਾਗਿ ਗੁਰੁ ਅਪੁਨਾ ਪਾਇਓ ॥ ਗੁਰਿ ਮੋ ਕਉ ਹਰਿ ਨਾਮੁ ਦ੍ਰਿੜਾਇਓ ॥੧॥
ਹਰਿ ਹਰਿ ਜਾਪ ਤਾਪ ਬ੍ਰਤ ਨੇਮਾ ॥ ਹਰਿ ਹਰਿ ਧਿਆਇ ਕੁਸਲ ਸਭਿ ਖੇਮਾ ॥੨॥
ਆਚਾਰ ਬਿਉਹਾਰ ਜਾਤਿ ਹਰਿ ਗੁਨੀਆ ॥ ਮਹਾ ਅਨੰਦ ਕੀਰਤਨ ਹਰਿ ਸੁਨੀਆ ॥੩॥
ਕਹੁ ਨਾਨਕ ਜਿਨਿ ਠਾਕੁਰੁ ਪਾਇਆ ॥ ਸਭੁ ਕਿਛੁ ਤਿਸ ਕੇ ਗ੍ਰਿਹ ਮਹਿ ਆਇਆ ॥੪॥੨॥੧੭॥}

(ਅੰਗ ੭੧੫)

{ਜੁਗਿ ਜੁਗਿ ਥਾਪਿ ਸਦਾ ਨਿਰਵੈਰੁ ॥ ਜਨਮਿ ਮਰਣਿ ਨਹੀ ਧੰਧਾ ਧੈਰੁ ॥ ਜੋ ਦੀਸੈ ਸੋ ਆਪੇ ਆਪਿ ॥
ਆਪਿ ਉਪਾਇ ਆਪੇ ਘਟ ਥਾਪਿ ॥ ਆਪਿ ਅਗੋਚਰੁ ਧੰਧੈ ਲੋਈ ॥ ਜੋਗ ਜੁਗਤਿ ਜਗਜੀਵਨੁ ਸੋਈ ॥
ਕਰਿ ਆਚਾਰੁ ਸਚੁ ਸੁਖੁ ਹੋਈ ॥ ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥ ਵਿਣੁ ਨਾਵੈ ਵੇਰੋਧੁ ਸਰੀਰ ॥
ਕਿਉ ਨ ਮਿਲਹਿ ਕਾਟਹਿ ਮਨ ਪੀਰ ॥ ਵਾਟ ਵਟਾਊ ਆਵੈ ਜਾਇ ॥
ਕਿਆ ਲੇ ਆਇਆ ਕਿਆ ਪਲੈ ਪਾਇ ॥ ਵਿਣੁ ਨਾਵੈ ਤੋਟਾ ਸਭ ਥਾਇ ॥ ਲਾਹਾ ਮਿਲੈ ਜਾ ਦੇਇ ਬੁਝਾਇ ॥
ਵਣਜੁ ਵਾਪਾਰੁ ਵਣਜੈ ਵਾਪਾਰੀ ॥ ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥}

(ਅੰਗ ੯੩੧)

ਭੈਰਉ ਮਹਲਾ ੫ ॥

{ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥ ਨਿੰਦਕ ਕਾ ਮੈਲਾ ਆਚਾਰੁ ॥
ਦਾਸ ਅਪੁਨੇ ਕਉ ਰਾਖਨਹਾਰੁ ॥੧॥ ਨਿੰਦਕੁ ਮੁਆ ਨਿੰਦਕ ਕੈ ਨਾਲਿ ॥
ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ ਰਹਾਉ ॥
ਨਿੰਦਕ ਕਾ ਕਹਿਆ ਕੋਇ ਨ ਮਾਨੈ ॥ ਨਿੰਦਕ ਝੂਠੁ ਬੋਲਿ ਪਛੁਤਾਨੇ ॥
ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥ ਨਿੰਦਕ ਕਉ ਦਈ ਛੋਡੈ ਨਾਹਿ ॥੨॥
ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ ਨਿੰਦਕ ਕਉ ਲਾਗੈ ਦੁਖ ਸਾਂਗੈ ॥
ਬਗੁਲੇ ਜਿਉ ਰਹਿਆ ਪੰਖ ਪਸਾਰਿ ॥ ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ ॥੩॥
ਅੰਤਰਜਾਮੀ ਕਰਤਾ ਸੋਇ ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥
ਹਰਿ ਕਾ ਦਾਸੁ ਸਾਚਾ ਦਰਬਾਰਿ ॥ ਜਨ ਨਾਨਕ ਕਹਿਆ ਤਤੁ ਬੀਚਾਰਿ ॥੪॥੪੧॥੫੪॥}

(ਅੰਗ ੧੧੫੧-੧੧੫੨)

ਸਾਰਗ ਮਹਲਾ ੪ ॥

{ਜਪਿ ਮਨ ਰਾਮ ਨਾਮੁ ਪੜੁ ਸਾਰੁ ॥
ਰਾਮ ਨਾਮ ਬਿਨੁ ਥਿਰੁ ਨਹੀ ਕੋਈ ਹੋਰੁ ਨਿਹਫਲ ਸਭੁ ਬਿਸਥਾਰੁ ॥੧॥ ਰਹਾਉ ॥
ਕਿਆ ਲੀਜੈ ਕਿਆ ਤਜੀਐ ਬਉਰੇ ਜੋ ਦੀਸੈ ਸੋ ਛਾਰੁ ॥

ਜਿਸੁ ਬਿਖਿਆ ਕਉ ਤੁਮ੍ ਅਪੁਨੀ ਕਰਿ ਜਾਨਹੁ ਸਾ ਛਾਡਿ ਜਾਹੁ ਸਿਰਿ ਭਾਰੁ ॥੧॥
ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥
ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥੨॥
ਸੰਤ ਜਨਾ ਕੈ ਸੰਗਿ ਮਿਲੁ ਬਉਰੇ ਤਉ ਪਾਵਹਿ ਮੋਖ ਦੁਆਰੁ ॥
ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ ॥੩॥
ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ ॥
ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ ਆਧਾਰੁ ॥੪॥੬॥}

(ਅੰਗ ੧੨੦੦)

ਮਲਾਰ ਮਹਲਾ ੩ ਅਸਟਪਦੀ ਘਰੁ ੨ ॥

ੴ ਸਤਿਗੁਰ ਪ੍ਰਸਾਦਿ ॥

{ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ ॥ ਦੁਖੁ ਪਲ੍ਰਿ ਹਰਿ ਨਾਮੁ ਵਸਾਏ ॥
ਸਾਚੀ ਗਤਿ ਸਾਚੈ ਚਿਤੁ ਲਾਏ ॥ ਗੁਰ ਕੀ ਬਾਣੀ ਸਬਦਿ ਸੁਣਾਏ ॥੧॥ ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ ॥
ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ ਲਾਗੈ ਸਹਜਿ ਧਿਆਨੁ ॥੧॥ ਰਹਾਉ ॥
ਬਿਨੁ ਪਿਰ ਕਾਮਣਿ ਕਰੇ ਸੰਗੀਗਾਰੁ ॥ ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥
ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥
ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰ ਧਾਰਿ ॥ ਏਕੁ ਪਛਾਣੈ ਹਉਮੈ ਮਾਰਿ ॥
ਸੋਭਾਵੰਤੀ ਕਹੀਐ ਨਾਰਿ ॥੩॥ ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥
ਐਸੇ ਗਿਆਨੀ ਬੂਝਹੁ ਕੋਇ ॥ ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥ ਕਹਿ ਕਹਿ ਕਹਣੁ ਕਹੈ ਸਭੁ ਕੋਇ ॥
ਬਿਨੁ ਮਨ ਮੂਏ ਭਗਤਿ ਨ ਹੋਇ ॥ ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥
ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥ ਕਹਿ ਕਹਿ ਕਹਣੁ ਆਪੁ ਜਾਣਾਏ ॥
ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥ ਸੇ ਭਗਤ ਸਤਿਗੁਰ ਮਨਿ ਭਾਏ ॥
ਅਨਦਿਨੁ ਨਾਮਿ ਰਹੇ ਲਿਵ ਲਾਏ ॥ ਸਦ ਹੀ ਨਾਮੁ ਵੇਖਹਿ ਹਜੂਰਿ ॥
ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥ ਆਪੇ ਬਖਸੇ ਦੇਇ ਪਿਆਰੁ ॥ ਹਉਮੈ ਰੋਗੁ ਵਡਾ ਸੰਸਾਰਿ ॥
ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੧॥੩॥੫॥੮॥}

(ਅੰਗ ੧੨੭੭-੧੨੭੮)

ਪਉੜੀ ॥

{ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥ ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥ ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥ ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥
ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥}

(ਅੰਗ ੧੨੮੫)

ਪ੍ਰਭਾਤੀ ਮਹਲਾ ੧ ॥

{ਮਸਟਿ ਕਰਉ ਮੂਰਖੁ ਜਗਿ ਕਹੀਆ ॥ ਅਧਿਕ ਬਕਉ ਤੇਰੀ ਲਿਵ ਰਹੀਆ ॥ ਭੂਲ ਚੂਕ ਤੇਰੈ ਦਰਬਾਰਿ ॥
ਨਾਮ ਬਿਨਾ ਕੈਸੇ ਆਚਾਰ ॥੧॥ ਐਸੇ ਝੂਠਿ ਮੁਠੇ ਸੰਸਾਰਾ ॥ ਨਿੰਦਕੁ ਨਿੰਦੈ ਮੁਝੈ ਪਿਆਰਾ ॥੧॥ ਰਹਾਉ ॥
ਜਿਸੁ ਨਿੰਦਹਿ ਸੋਈ ਬਿਧਿ ਜਾਣੈ ॥ ਗੁਰ ਕੈ ਸਬਦੇ ਦਰਿ ਨੀਸਾਣੈ ॥ ਕਾਰਣ ਨਾਮੁ ਅੰਤਰਗਤਿ ਜਾਣੈ ॥
ਜਿਸ ਨੋ ਨਦਰਿ ਕਰੇ ਸੋਈ ਬਿਧਿ ਜਾਣੈ ॥੨॥ ਮੈ ਮੈਲੌ ਊਜਲੁ ਸਚੁ ਸੋਇ ॥ ਊਤਮੁ ਆਖਿ ਨ ਊਚਾ ਹੋਇ ॥
ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥ ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥ ਅੰਧੌ ਬੋਲੌ ਮੁਗਧੁ ਗਵਾਰੁ ॥
ਹੀਣੌ ਨੀਚੁ ਬੁਰੌ ਬੁਰਿਆਰੁ ॥ ਨੀਧਨ ਕੌ ਧਨੁ ਨਾਮੁ ਪਿਆਰੁ ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥
ਉਸਤਤਿ ਨਿੰਦਾ ਸਬਦੁ ਵੀਚਾਰੁ ॥ ਜੋ ਦੇਵੈ ਤਿਸ ਕਉ ਜੈਕਾਰੁ ॥ ਤੂ ਬਖਸਹਿ ਜਾਤਿ ਪਤਿ ਹੋਇ ॥
ਨਾਨਕੁ ਕਹੈ ਕਹਾਵੈ ਸੋਇ ॥੫॥੧੨॥}

(ਅੰਗ ੧੩੩੦-੧੩੩੧)

ਪ੍ਰਭਾਤੀ ਮਹਲਾ ੫ ॥

{ਪਾਰਬ੍ਰਹਮੁ ਪ੍ਰਭੁ ਸੁਘੜ ਸੁਜਾਣੁ ॥
ਗੁਰੁ ਪੂਰਾ ਪਾਈਐ ਵਡਭਾਗੀ ਦਰਸਨ ਕਉ ਜਾਈਐ ਕੁਰਬਾਣੁ ॥੧॥ ਰਹਾਉ ॥
ਕਿਲਬਿਖ ਮੇਟੇ ਸਬਦਿ ਸੰਤੋਖੁ ॥ ਨਾਮੁ ਅਰਾਧਨ ਹੋਆ ਜੋਗੁ ॥ ਸਾਧਸੰਗਿ ਹੋਆ ਪਰਗਾਸੁ ॥
ਚਰਨ ਕਮਲ ਮਨ ਮਾਹਿ ਨਿਵਾਸੁ ॥੧॥ ਜਿਨਿ ਕੀਆ ਤਿਨਿ ਲੀਆ ਰਾਖਿ ॥ ਪ੍ਰਭੁ ਪੂਰਾ ਅਨਾਥ ਕਾ ਨਾਥੁ ॥
ਜਿਸਹਿ ਨਿਵਾਜੇ ਕਿਰਪਾ ਧਾਰਿ ॥ ਪੂਰਨ ਕਰਮ ਤਾ ਕੇ ਆਚਾਰ ॥੨॥ ਗੁਣ ਗਾਵੈ ਨਿਤ ਨਿਤ ਨਿਤ ਨਵੇ ॥
ਲਖ ਚਉਰਾਸੀਹ ਜੋਨਿ ਨ ਭਵੇ ॥ ਈਹਾਂ ਊਹਾਂ ਚਰਣ ਪੂਜਾਰੇ ॥ ਮੁਖੁ ਊਜਲੁ ਸਾਚੇ ਦਰਬਾਰੇ ॥੩॥
ਜਿਸੁ ਮਸਤਕਿ ਗੁਰਿ ਧਰਿਆ ਹਾਥੁ ॥ ਕੋਟਿ ਮਧੇ ਕੋ ਵਿਰਲਾ ਦਾਸੁ ॥
ਜਲਿ ਥਲਿ ਮਹੀਅਲਿ ਪੇਖੈ ਭਰਪੂਰਿ ॥ ਨਾਨਕ ਉਧਰਸਿ ਤਿਸੁ ਜਨ ਕੀ ਧੂਰਿ ॥੪॥੧੦॥}

(ਅੰਗ ੧੩੪੦)

55/7736

ਉਪਰ ਵਾਲੇ ਬਹੁਤੇ ਸ਼ਬਦਾਂ ਵਿੱਚ ਸਾਨੂੰ ਸੱਚੇ ਆਚਾਰ ਹੀ ਸਮਝਾਏ ਹੋਏ ਹਨ ਜੋ ਸਭ ਦੇ ਲਈ ਅਸਲ ਧਰਮ ਦਾ ਮਾਰਗ ਹੈ ਤੇ ਕੁੱਝ ਸ਼ਬਦਾਂ ਵਿੱਚ ਨਾਲ ਹੀ ਸਾਡੇ ਉਹੋ ਜਿਹੇ ਆਚਾਰ ਵੀ ਸਮਝਾਏ ਹੋਏ ਹਨ ਜਿਨ੍ਹਾਂ ਨੂੰ ਅਸੀਂ ਵਿਅਰਥ ਵਿੱਚ ਹੀ ਆਪਣੇ ਧਾਰਮਿਕ ਕਰਮ ਸਮਝਦੇ ਹਾਂ ਜਿਵੇਂ ਕਿ ਅਸੀਂ ਪਹਿਲੇ ਮੁੱਖ ਸ਼ਬਦ ਨੂੰ ਸਮਝਣ ਲਈ ਇਸ ਗੱਲ ਦਾ ਜਿਕਰ ਕੀਤਾ ਹੈ ਕਿ ਸਾਡੇ ਨਾਸਮਝੀ ਵਾਲੇ ਧਾਰਮਿਕ ਕਰਮ ਕਿਹੋ ਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਆਪਣੇ ਵੱਲੋਂ ਆਪਣੇ ਚੰਗੇ ਆਚਾਰ ਹੀ ਸਮਝਦੇ ਹਾਂ।

ਜਿਹੋ ਜਿਹੇ ਸੱਚੇ ਆਚਾਰ ਕਰਨ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਦਮ ਕੀਤਾ ਜਾ ਸਕਦਾ ਹੈ ਉਹ ਸਮਝ ਕੇਵਲ ਗੁਰੂ ਦੇ ਕੋਲ ਹੀ ਹੈ ਤੇ ਜੋ ਸਾਨੂੰ ਨਾਸਮਝੀ ਵਾਲੇ ਧਾਰਮਿਕ ਆਚਾਰ ਕਰਨੇ ਸਮਝਾਉਂਦੇ ਹਨ ਭਾਵ ਸਰੀਰਕ ਜਪਾਂ ਤਪਾਂ ਆਦਿ ਨਾਲ ਜੋੜਦੇ ਹਨ, ਕੇਵਲ ਸ਼ਬਦਾਂ ਦੀ ਕਥਨੀ ਨਾਲ ਜੋੜਦੇ ਹਨ, ਕਿਸੇ ਸਮੇਂ ਨੂੰ ਉੱਚਾ ਵੇਲਾ ਸਮਝਦੇ ਹਨ, ਅੰਮ੍ਰਿਤ ਵੇਲਾ ਸਮਝਦੇ ਹਨ ਤੇ ਤੀਰਥਾਂ ਆਦਿ ਦੇ ਇਸ਼ਨਾਨ ਨੂੰ ਹੀ ਮਨੁੱਖ ਦਾ ਅਸਲ ਇਸ਼ਨਾਨ ਸਮਝਦੇ ਹਨ ਉਹ ਕੇਵਲ ਦੂਸਰਿਆਂ ਨੂੰ ਉਲਝਾਉਂਦੇ ਹੀ ਹਨ ਭਾਵ ਇਹੋ ਜਿਹਿਆਂ ਨੇ ਤਾਂ ਸੱਚੀ ਗੁਰਮਤਿ ਤੋਂ ਮੂੰਹ ਫੇਰਿਆ ਹੋਇਆ ਹੀ ਹੈ ਤੇ ਦੂਸਰਿਆਂ ਦਾ ਮੂੰਹ ਵੀ ਫੇਰਦੇ ਹਨ ਭਾਵ ਇਹੋ ਜਿਹਿਆਂ ਨੂੰ ਖੁੱਦ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੁੰਦੀ ਤੇ ਦੂਸਰਿਆਂ ਨੂੰ ਵੀ ਸੱਚੇ ਧਰਮ ਦਾ ਉਲਟ ਮਾਰਗ ਸਮਝਾਉਂਦੇ ਹਨ। ਇਹੋ ਜਿਹੇ ਸੰਸਾਰ ਵਿੱਚ ਬਹੁਤ ਹਨ ਜੋ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਆਪਣੇ ਆਪ ਨੂੰ ਧਾਰਮਿਕ ਵਿਦਵਾਨ ਸਮਝਦੇ ਹਨ, ਧਰਮ ਦੇ ਮਾਰਗ ਦੇ ਸੰਤ, ਬਾਬੇ ਆਦਿ ਸਮਝਦੇ ਹਨ ਭਾਵ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਬਹੁਤ ਉੱਚਾ ਅਖਵਾਉਂਦੇ ਹਨ ਜੋ ਕਿ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਰਾਜੇ ਸਮਝਣ ਵਾਲੀ ਗੱਲ ਹੈ। ਇਹੋ ਜਿਹਿਆਂ ਬਾਰੇ ਧੰਨ ਧੰਨ ਸੱਚੀ ਗੁਰਬਾਣੀ ਦਾ ਕੀ ਫੁਰਮਾਨ ਹੈ ਇਸ ਗੱਲ ਨੂੰ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੇ ਹੇਠ ਦਿੱਤੇ **"ਸਲੋਕੁ"** ਦੁਆਰਾ ਸਮਝਦੇ ਹਾਂ।

ਸਲੋਕੁ ਮਃ ੧ ॥

"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥"

(ਅੰਗ ੧੪੫)

"ਕਲਿ" ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। **"ਕਲਿ"** ਸਾਡੇ ਅੰਦਰ ਦੀ ਸਮਝ ਦੇ ਵਿੱਚ ਅਗਿਆਨਤਾ ਰੂਪ ਹਨੇਰਾ ਹੈ ਜਿਸ ਮਨ ਦੇ ਹਨੇਰੇ ਵਿੱਚ ਭਾਵ ਧਰਮ ਦੇ ਮਾਰਗ ਨੂੰ ਤੇ ਸ੍ਰਿਸ਼ਟੀ ਦੇ ਕਰਤੇ ਦੇ ਸੱਚ ਰੂਪ ਨੂੰ ਸਮਝਣ ਵਿੱਚ ਅਸੀਂ ਧਰਮ ਦੇ ਮਾਰਗ ਦੇ ਸੱਚ ਨੂੰ ਨਹੀਂ ਸਮਝ ਸਕਦੇ ਤੇ ਨਾ ਹੀ **"ਸਚੁ ਰੂਪ"** ਸ੍ਰਿਸ਼ਟੀ ਦੇ ਮਾਰਗ ਨੂੰ ਸਮਝ ਸਕਦੇ ਹਾਂ ਜਿਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੇ ਹਰ ਆਕਾਰ ਰੂਪ ਦੀ ਰਚਨਾ ਕੀਤੀ ਹੈ ਤੇ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕਰਨ ਦੁਆਰਾ ਉਨ੍ਹਾਂ ਦੇ ਵਿੱਚ ਸ਼ਬਦਾਂ ਰਾਹੀਂ ਧਰਮ ਦੇ ਮਾਰਗ ਤੇ ਚੱਲਣ ਦਾ ਸੱਚਾ ਧਰਮ ਦਾ ਮਾਰਗ ਹੀ ਸਮਝਾਇਆ ਹੈ ਜੋ ਸੱਚੇ ਧਰਮ ਦਾ ਮਾਰਗ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਕੇਵਲ ਤੇ ਕੇਵਲ ਸੱਚੇ ਸੁੱਚੇ ਕਰਮ ਕਰਨ ਦਾ ਹੈ ਭਾਵ ਸੱਚ ਦਾ

ਆਚਾਰੀ ਬਣਨ ਦਾ ਹੈ, ਸੱਚੇ ਨਾਮ ਦਾ ਆਚਾਰੀ ਬਣਨ ਦਾ ਹੈ ਭਾਵ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸਮਝਾਈ ਹੋਈ ਸੱਚੀ ਨਾਮ ਰੂਪ ਮਤਿ ਤੇ ਚੱਲਣ ਦਾ ਹੈ ਜੋ ਕਿ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਸੱਚੇ ਧਰਮ ਦੇ ਮਾਰਗ ਤੇ ਚੱਲਣ ਲਈ ਇੱਕੋ ਇੱਕ ਤਰੀਕਾ ਹੈ ਜਿਵੇਂ ਕਿ ਅਸੀਂ ਇਸ ਲੇਖ ਵਿੱਚ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੈ। ਮਨ ਦੀ **"ਕਲਿ"** ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਭਾਵ ਤ੍ਰੈ ਗੁਣਾਂ ਵਾਲੀ ਸਮਝ ਜਿਸ ਸਮਝ ਤੋਂ ਬਾਹਰ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਸੱਚੇ ਭਗਤਾਂ ਤੋਂ, ਗੁਰੂ ਸਾਹਿਬਾਨ ਤੋਂ ਇਲਾਵਾ ਸਭ ਨੂੰ ਰੱਖਿਆ ਹੋਇਆ ਹੈ ਭਾਵ ਸੱਚਾ ਧਰਮ ਦਾ ਮਾਰਗ ਸਮਝਾਉਣ ਤੋਂ ਬਾਹਰ ਹੋਰ ਸਭ ਨੂੰ ਰੱਖਿਆ ਹੋਇਆ ਹੈ। ਉਹੋ ਜਿਹੇ ਵੀ ਅਨੇਕਾਂ ਹਨ ਜੋ ਆਪਣੇ ਆਪ ਨੂੰ ਮਨ ਦੀ **"ਕਲਿ"** ਵਿੱਚ ਰਹਿੰਦੇ ਹੋਏ ਹੀ ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲਾ ਸਮਝਦੇ ਹਨ ਭਾਵ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਦੇ ਉੱਚੇ ਵਿਦਵਾਨ ਭਾਵ ਸੰਤ, ਬਾਬੇ ਆਦਿ ਸਮਝਦੇ ਹਨ ਤੇ ਦੂਸਰਿਆਂ ਨੂੰ ਧਰਮ ਦਾ ਮਾਰਗ ਸਮਝਾਉਂਦੇ ਹਨ ਭਾਵ ਮਨ ਦੀ **"ਕਲਿ"** ਵਿੱਚੋਂ ਨਿਕਲੇ ਬਿਨ੍ਹਾਂ ਹੀ ਸਮਝਾਉਂਦੇ ਹਨ। ਮਨ ਦੀ ਕਲਿ ਵਿੱਚੋਂ ਨਿਕਲੇ ਬਿਨ੍ਹਾਂ ਨਾ ਕੋਈ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਇੱਕ ਧਰਮ ਦੇ ਮਾਰਗ ਨੂੰ ਸਮਝ ਸਕਦਾ ਹੈ ਤੇ ਨਾ ਹੀ ਕੋਈ ਕਿਸੇ ਨੂੰ ਸਮਝਾ ਸਕਦਾ ਹੈ। ਇਹੋ ਜਿਹੇ ਸਮਝਾਉਣ ਵਾਲੇ ਸੰਸਾਰ ਵਿੱਚ ਬਹੁਤ ਹਨ ਜਿਨ੍ਹਾਂ ਨੂੰ ਖੁੱਦ ਇਸ ਗੱਲ ਦੀ ਸਮਝ ਨਹੀਂ ਕਿ **"ਕਲਿ"** ਕੀ ਹੈ। **"ਕਲਿ"** ਮਨ ਦੀ ਅਗਿਆਨਤਾ ਵਾਲੀ ਸਮਝ ਹੈ ਭਾਵ ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ ਸਮਝ ਹੈ ਜੋ ਮਨ ਦੀ ਸਮਝ ਇੱਕ **"ਕਾਤੀ"** ਦੀ ਤਰ੍ਹਾਂ ਭਾਵ ਛੁਰੀ ਦੀ ਤਰ੍ਹਾਂ ਹੈ ਜੋ ਛੁਰੀ ਮਨ ਦੇ ਅੰਦਰੋਂ ਸੱਚੇ ਗਿਆਨ ਵਾਲੀ ਸਮਝ ਨੂੰ ਮਾਰਦੀ ਹੈ ਭਾਵ ਸੱਚ ਰੂਪ ਗੁਰਮਤਿ ਵਾਲੀ ਸਮਝ ਨੂੰ ਮਾਰਦੀ ਹੈ ਭਾਵ ਗੁਰੂ ਰੂਪ ਸੱਚੀ ਮਤਿ ਨੂੰ ਆਪਣੇ ਅੰਦਰ ਵੱਸਣ ਨਹੀਂ ਦਿੰਦੀ ਭਾਵ ਆਪਣੀ

ਮਨਮਤਿ ਵਾਲੀ ਸਮਝ ਨੂੰ ਗੁਰਮਤਿ ਵਾਲੀ ਸਮਝ ਤੇ ਹਾਵੀ ਰੱਖਦੀ ਹੈ। ਇਹੋ ਜਿਹੀ ਅਗਿਆਨਤਾ ਵਾਲੀ ਸਮਝ ਰੱਖਣ ਵਾਲੇ ਜੋ ਖੁੱਦ ਕਲਿ ਵਿੱਚ ਹਨ ਭਾਵ ਜੋ ਖੁੱਦ ਸੱਚ ਰੂਪ ਗੁਰਮਤਿ ਨੂੰ ਆਪਣੇ ਅੰਦਰੋਂ ਮਾਰਨ ਵਾਲੇ ਹਨ ਭਾਵ ਜਿਨ੍ਹਾਂ ਨੇ ਆਪਣੇ ਅੰਦਰੋਂ ਸੱਚ ਰੂਪ ਗੁਰਮਤਿ ਨੂੰ ਮਾਰਿਆ ਹੋਇਆ ਹੈ ਇਹੋ ਜਿਹੇ ਆਪਣੇ ਆਪ ਨੂੰ ਧਰਮ ਦੇ ਰਾਜੇ ਸਮਝਦੇ ਹਨ ਭਾਵ ਧਰਮ ਦੇ ਮਾਰਗ ਤੇ ਆਪਣੇ ਆਪ ਨੂੰ ਉੱਚਾ ਸਮਝਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਉਪਰ ਵਾਲੀ ਪੰਗਤੀ ਰਾਹੀਂ ਧਰਮ ਦੀ ਸੱਚੀ ਸਿੱਖਿਆ ਦੇ ਕਸਾਈ ਕਿਹਾ ਹੈ ਜਿਸ ਕਰਕੇ ਧਰਮ ਇੱਕ ਪੰਛੀ ਦੀ ਤਰ੍ਹਾਂ ਉੱਡਿਆ ਹੋਇਆ ਹੈ ਭਾਵ ਇਹੋ ਜਿਹੇ ਧਰਮ ਦੇ ਮਾਰਗ ਦੇ ਰਾਜੇ ਅਖਵਾਉਣ ਵਾਲੇ ਮਨ ਦੀ ਅਗਿਆਨਤਾ ਕਰਕੇ ਧਰਮ ਦੇ ਸੱਚੇ ਮਾਰਗ ਨੂੰ ਸੰਸਾਰ ਵਿੱਚ ਟਿਕਣ ਨਹੀਂ ਦਿੰਦੇ। **(ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥)**

ਮਨ ਦੀ ਕਲਿ ਕੀ ਹੈ ਭਾਵ ਮਨੁੱਖੀ ਸਮਝ ਦੇ ਵਿੱਚ ਕਿਸ ਰੂਪ ਵਿੱਚ ਹੈ ਜਿਸ ਮਨ ਦੀ ਸਮਝ ਵਿੱਚ ਰਹਿੰਦੇ ਹੋਏ ਧਰਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਪੈਂਦੀ ਇਹੀ ਗੱਲ ਸਲੋਕ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

“ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥”

55/7738

ਧਰਮ ਦੇ ਸੱਚੇ ਮਾਰਗ ਦੀ ਸਮਝ ਅੱਜ ਤੱਕ ਉਨ੍ਹਾਂ ਨੂੰ ਹੀ ਪਈ ਹੈ ਜਿਨ੍ਹਾਂ ਨੇ ਆਪਣੇ ਅੰਦਰੋਂ **“ਸਚੁ”** ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ। ਜਿਸਨੂੰ ਸੱਚ ਰੂਪ ਸ੍ਰਿਸ਼ਟੀ ਦਾ ਮਾਲਕ ਆਪਣਾ ਆਪ ਜਿਣਾਉਂਦਾ ਹੈ ਉਹ ਉਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਧਰਮ ਦਾ ਸੱਚਾ ਮਾਰਗ ਹੀ ਸਮਝਾਉਂਦਾ ਹੈ ਜੋ ਧਰਮ ਦਾ ਮਾਰਗ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਨਾ ਜਾਣ ਸਕਣ ਦਾ ਕਾਰਣ ਮਨ ਦੀ ਕਲਿ ਹੀ ਹੈ ਭਾਵ ਮਨ ਦੇ ਅੰਦਰ ਦੀ ਨਾਸਮਝ ਕੁੜੀ ਮਤਿ ਹੀ ਹੈ। ਸਾਡੇ ਅੰਦਰ ਦੀ ਕਲਿ ਨੂੰ ਉਪਰ ਵਾਲੀ ਪੰਗਤੀ ਵਿੱਚ **“ਕੂੜੁ ਅਮਾਵਸ”** ਕਹਿ ਕੇ ਸਮਝਾਇਆ ਹੋਇਆ ਹੈ ਤੇ **“ਸਚੁ”** ਨੂੰ ਚੰਦਰਮਾ ਕਹਿ ਕੇ ਸਮਝਾਇਆ ਹੋਇਆ ਹੈ। **“ਅਮਾਵਸ”** ਹਨੇਰੀ ਰਾਤ ਨੂੰ ਕਹਿੰਦੇ ਹਨ ਤੇ ਹਨੇਰੀ ਰਾਤ ਵਿੱਚ ਚੰਦਰਮਾ ਹੁੰਦੇ ਹੋਏ ਵੀ ਨਜਰ ਨਹੀਂ ਆਉਂਦਾ। ਸਾਡੇ ਅੰਦਰ ਦੀ ਕਲਿ ਭਾਵ ਸਾਡੇ ਅੰਦਰ ਦੀ ਕੁੜੀ ਸਮਝ ਭਾਵ ਅਗਿਆਨਤਾ ਵਾਲੀ ਸਮਝ ਸਾਡੇ ਅੰਦਰ ਅਮਾਵਸ ਦੀ ਤਰ੍ਹਾਂ ਹੈ ਭਾਵ ਮਨ ਦੇ ਵਿੱਚ ਅਗਿਆਨਤਾ ਰੂਪ ਅੰਧੇਰਾ ਹੈ ਜਿਸ ਮਨ ਦੇ ਅੰਧੇਰੇ ਵਿੱਚ ਰਹਿੰਦੇ ਹੋਏ ਮਨ ਦੇ ਵਿੱਚੋਂ ਸੱਚ ਰੂਪ ਚੰਦਰਮਾ ਭਾਵ ਸੱਚ ਦਾ ਮਾਲਕ, ਸ੍ਰਿਸ਼ਟੀ ਦਾ ਮਾਲਕ ਭਾਵ ਮਨ ਦੇ ਅੰਦਰ ਸੱਚੀ ਸਮਝ ਵਾਲਾ ਮਾਲਕ ਭਾਵ ਨਾਮ ਵਾਲੀ, ਬ੍ਰਹਮ ਗਿਆਨ ਵਾਲੀ ਭਾਵ ਚੌਥੇ ਪਦ ਵਾਲੇ ਗਿਆਨ ਦੀ ਸਮਝ ਵਾਲਾ ਮਾਲਕ ਭਾਵ ਮਨ ਰੂਪ ਜੋਤਿ ਦਾ ਮਾਲਕ ਨਹੀਂ ਦਿਸਦਾ ਕਿ ਉਹ ਆਪਣੇ ਗਿਆਨ ਰੂਪ ਚੰਦਰਮੇ ਦੇ ਰੂਪ ਵਿੱਚ ਕਿਸ ਜਗ੍ਹਾ ਚੜ੍ਹਿਆ ਹੋਇਆ ਹੈ ਭਾਵ ਸ੍ਰਿਸ਼ਟੀ ਦਾ ਕਰਤਾ ਕੀ ਹੈ ਤੇ ਕਿਸ ਰੂਪ ਵਿੱਚ ਹੈ। ਇਸ ਗੱਲ ਨੂੰ ਮਨ ਦੀ ਕਲਿ ਵਿੱਚ ਰਹਿੰਦੇ ਹੋਏ ਕੋਈ ਨਹੀਂ ਜਾਣ ਸਕਦਾ ਤੇ ਉਸਨੂੰ ਜਾਣੇ ਬਿਨ੍ਹਾਂ ਕੋਈ ਧਰਮ ਦੇ ਸੱਚੇ ਮਾਰਗ ਨੂੰ ਵੀ ਨਹੀਂ ਜਾਣ ਸਕਦਾ ਭਾਵ ਗੁਰਮਤਿ ਦੀ ਸੱਚਾਈ ਨੂੰ ਵੀ ਨਹੀਂ ਜਾਣ ਸਕਦਾ ਭਾਵ ਸ਼ਬਦਾਂ ਦੇ ਅੰਦਰ ਦੀ ਗਹਿਰੀ ਸੱਚਾਈ ਨੂੰ ਨਹੀਂ ਜਾਣ ਸਕਦਾ। ਸੱਚਾਈ ਨੂੰ ਜਾਣੇ ਬਿਨ੍ਹਾਂ ਫਿਰ ਵੀ ਆਪਣੇ ਆਪ ਨੂੰ ਸੱਚੇ ਸਮਝ ਕੇ ਧਰਮ ਦਾ ਸੱਚ ਸਮਝਾਉਣ ਵਾਲੇ ਬਹੁਤ ਹਨ ਜੋ ਕਿ ਅਸਲ ਵਿੱਚ ਕੁੜ ਹੀ ਸਮਝਾਉਂਦੇ ਹਨ ਤੇ ਸੱਚ ਨੂੰ ਨਿੰਦਦੇ ਹਨ ਭਾਵ ਗੁਰਮਤਿ ਨੂੰ ਨਿੰਦਦੇ ਹਨ ਜਿਸ ਕਰਕੇ ਗੁਰੂ ਸਾਹਿਬ ਨੇ ਇਹੋ ਜਿਹਿਆਂ ਨੂੰ ਸਲੋਕ ਦੀ ਪਹਿਲੀ ਪੰਗਤੀ ਰਾਹੀਂ ਫਟਕਾਰਿਆ ਹੋਇਆ ਹੈ ਤਾਂ ਜੋ ਉਹ ਗੁਰੂ ਦੀ ਨਿੰਦਾ ਕਰਨ ਤੋਂ ਬਚਣ ਤੇ ਦੂਸਰਿਆਂ ਨੂੰ ਆਪਣੇ ਪਿੱਛੇ ਲੱਗਾ ਕੇ ਉਨ੍ਹਾਂ ਕੋਲੋਂ ਗੁਰੂ ਦੀ ਨਿੰਦਾ ਨਾ ਕਰਵਾਉਣ। ਇਸ ਦਾਸ ਦੀ ਇਹੋ ਜਿਹਿਆਂ ਭਰਮਿਆਂ ਹੋਇਆ ਅੱਗੇ ਸੱਚੇ ਦਿਲੋਂ ਬੇਨਤੀ ਹੈ ਕਿ ਉਹ ਗੁਰੂ ਦੇ ਸੱਚੇ ਬੋਲਾਂ ਨੂੰ ਨਾ ਵਿਗਾੜਨ ਭਾਵ ਗੁਰੂ ਦੀ ਸੱਚੀ ਮਤਿ ਦੀ ਨਿੰਦਾ ਕਰਨ ਤੋਂ ਬੱਚਣ। **(ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥)**

ਸਾਡੇ ਅੰਦਰ ਦੀ ਕਲਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਮਨ ਦੀ ਕਲਿ ਵਿੱਚੋਂ ਨਿਕਲੇ ਬਿਨ੍ਹਾਂ ਕੋਈ ਵੀ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਨਹੀਂ ਜਾਣ ਸਕਦਾ ਜੋ ਸਭ ਜਗ੍ਹਾ ਤੇ ਸਭ ਦੇ ਅੰਦਰ ਹੀ ਹੈ।

ਗਉੜੀ ਮਹਲਾ ੫ ॥

{ਮਨ ਧਰ ਤਰਬੇ ਹਰਿ ਨਾਮ ਨੋ ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥

ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥

ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥

ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥

ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥}

(ਅੰਗ ੨੧੦)

55/7739

ਗਾਡ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਅਕਾਲ ਪੁਰਖ ਨੂੰ, ਰੱਬ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਭਾਲਦਾ ਤਾਂ ਹਰ ਕੋਈ ਹੈ ਭਾਵ ਉਸਨੂੰ ਲੱਭਣਾ ਤਾਂ ਹਰ ਕੋਈ ਚਾਹੁੰਦਾ ਹੈ, ਜਾਨਣਾ ਤਾਂ ਹਰ ਕੋਈ ਚਾਹੁੰਦਾ ਹੈ ਪਰ ਕਿਸੇ ਲਈ ਵੀ ਉਸਨੂੰ ਨਾ ਜਾਣ ਸਕਣ ਦਾ ਕਾਰਣ ਕੀ ਹੈ ਇਹੀ ਗੱਲ ਉਪਰ ਵਾਲੇ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥

ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥”

ਉਹ ਸ੍ਰਿਸ਼ਟੀ ਦਾ ਕਰਤਾ ਆਪਣੇ ਸੱਚ ਰੂਪ ਵਿੱਚ ਸਭ ਦਾ ਖਸਮ ਹੈ ਤੇ ਸ੍ਰਿਸ਼ਟੀ ਦਾ ਹਰ ਮਨੁੱਖ ਉਸਦੀ ਨਾਰ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਉਸਦੀ ਪਤਨੀ ਬਣਨਾ ਬਹੁਤ ਔਖੀ ਗੱਲ ਹੈ। ਉਪਰ ਵਾਲੀਆਂ ਪੰਗਤੀਆਂ ਵਿੱਚ ਇੱਕ ਸੰਸਾਰਿਕ ਮਨੁੱਖ ਰੂਪ ਇਸਤਰੀ ਆਪਣੇ ਸੱਚ ਰੂਪ ਪਤੀ ਨੂੰ ਭਾਲਣ ਦੀ ਗੱਲ ਕਰ ਰਹੀ ਹੈ ਕਿ ਮੈਂ ਤੈਨੂੰ ਭਾਲ ਭਾਲ ਕੇ **“ਵਿਕੁੰਨੀ”** ਹੋ ਗਈ ਹਾਂ ਭਾਵ ਵਿਆਕੁਲ ਹੋ ਗਈ ਹਾਂ, ਪ੍ਰੇਸ਼ਾਨ ਹੋ ਗਈ ਹਾਂ ਤੇ ਮੈਨੂੰ ਸਮਝ ਨਹੀਂ ਆ ਰਹੀ ਕਿ ਤੂੰ ਮੈਨੂੰ ਮਿਲ ਕਿਉਂ ਨਹੀਂ ਰਹਿਆ। **(ਹਉ ਭਾਲਿ ਵਿਕੁੰਨੀ ਹੋਈ ॥)**

ਉਸਨੂੰ ਕਿਸੇ ਲਈ ਵੀ ਨਾ ਭਾਲ ਸਕਣ ਦਾ ਕਾਰਣ ਨਾਲ ਹੀ ਸਮਝਾਇਆ ਹੋਇਆ ਹੈ।

“ਆਧੇਰੈ ਰਾਹੁ ਨ ਕੋਈ ॥”

ਜਿਸਨੇ ਵੀ ਅੱਜ ਤੱਕ ਉਸਨੂੰ ਭਾਲਿਆ ਹੈ ਭਾਵ ਲੱਭਿਆ ਹੈ ਉਸਨੇ ਮਨ ਦੇ ਅੰਦਰੋਂ ਹੀ ਲੱਭਿਆ ਹੈ, ਮਨ ਰੂਪ ਜੋਤਿ ਰਾਹੀਂ ਹੀ ਲੱਭਿਆ ਹੈ। ਉਪਰ ਮਨ ਦੇ ਅੰਧੇਰੇ ਦੀ ਗੱਲ ਕੀਤੀ ਹੋਈ ਹੈ ਭਾਵ ਮਨ ਦੀ **“ਕਲਿ”** ਦੀ ਗੱਲ ਕੀਤੀ ਹੋਈ ਹੈ ਜਿਸ ਮਨ ਦੀ ਕਲਿ ਤੋਂ ਬਾਹਰ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਨਹੀਂ ਹੈ ਕਿਉਂਕਿ ਸਭ ਨੂੰ ਮਨ ਦੀ ਕਲਿ ਵਿੱਚ ਰੱਖਣ ਵਾਲਾ ਭਾਵ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਣ ਵਾਲਾ, ਮਨ ਦੀ ਅਗਿਆਨਤਾ ਵਿੱਚ, ਹਉਮੈ ਵਿੱਚ ਰੱਖਣ ਵਾਲਾ ਸ੍ਰਿਸ਼ਟੀ ਦਾ ਇੱਕੋ ਇੱਕ ਕਰਤਾ ਆਪ ਹੀ ਹੈ। ਸਭ ਨੂੰ ਮਨ ਦੀ ਕਲਿ ਵਿੱਚ ਰੱਖਣ ਦਾ ਉਸਦਾ ਮਕਸਦ ਹੀ ਇਹ ਹੈ ਕਿ ਕੋਈ ਉਸਨੂੰ ਜਾਣ ਹੀ ਨਾ ਸਕੇ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਮਨ ਦੀ ਅੰਧੇਰੇ ਵਾਲੀ ਸਮਝ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਆਪਣੇ ਅੰਦਰੋਂ ਆਪਣੇ ਆਪ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਮਾਰਗ ਦਿਸਦਾ ਹੀ ਨਹੀਂ। ਆਪਣਾ ਸੱਚਾ ਮਾਰਗ ਦਿਖਾਉਣ ਦੇ ਲਈ ਹੀ ਉਸਨੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕੀਤੀ ਹੈ। **(ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥)**

ਸੱਚੇ ਧਰਮ ਗ੍ਰੰਥ ਸਾਨੂੰ ਸੱਚੇ ਸੁੱਚੇ ਕਰਮ ਕਰਨੇ ਸਿਖਾਉਂਦੇ ਹਨ ਜੋ ਚੰਗੇ ਕਰਮ ਸਾਰੇ ਔਗੁਣ ਤਿਆਗਕੇ, ਸਾਰੀਆਂ ਤ੍ਰਿਸ਼ਨਾਵਾਂ ਤਿਆਗਕੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਿਆਗਕੇ ਹੀ ਕੀਤੇ ਜਾ ਸਕਦੇ ਹਨ ਜਿਸ ਲਈ ਗੁਰੂ ਦੀ ਸੱਚੀ ਮਤਿ

55/7740

ਨੂੰ ਪੂਰੀ ਤਰ੍ਹਾਂ ਮੰਨਣਾ ਪੈਂਦਾ ਹੈ ਤੇ ਆਪਣੀ ਮਤਿ ਨੂੰ ਪੂਰੀ ਤਰ੍ਹਾਂ ਤਿਆਗਣਾ ਪੈਂਦਾ ਹੈ ਪਰ ਮਨ ਦਾ ਮਾਇਆ ਮੋਹ ਸਾਨੂੰ ਇਹ ਕੁੱਝ ਕਰਨ ਨਹੀਂ ਦਿੰਦਾ ਜਿਸ ਕਰਕੇ ਅਸੀਂ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਭਾਲਣ ਦੇ ਸਹੀ ਮਾਰਗ ਤੇ ਨਹੀਂ ਚੱਲਦੇ ਜਿਵੇਂ ਕਿ ਅਗਲੀ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ।

“ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥”

ਆਪਣੇ ਵੱਲੋਂ ਆਪਣੀ ਆਪਣੀ ਆਸਥਾ ਅਨੁਸਾਰ ਭਗਤੀ ਵਾਲੇ ਕਰਮ ਤਾਂ ਹਰ ਕੋਈ ਕਰਦਾ ਹੈ ਪਰ ਆਪਣੀ ਮਤਿ ਅਨੁਸਾਰ ਹੀ ਕਰਦਾ ਹੈ ਭਾਵ ਹਉਮੈ ਵਿੱਚ ਰਹਿੰਦੇ ਹੋਏ ਹੀ ਕਰਦਾ ਹੈ, ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰਹਿੰਦੇ ਹੋਈ ਹੀ ਕਰਦਾ ਹੈ, ਮਨ ਦੀ ਕਲਿ ਵਿੱਚ ਰਹਿੰਦੇ ਹੋਏ ਹੀ ਕਰਦਾ ਹੈ ਭਾਵ ਅਨੇਕਾਂ ਮਾੜੇ ਕਰਮ ਕਰਦਾ ਹੈ ਜਿਹੋ ਜਿਹੇ ਕਰਮ ਕਰਨ ਦੁਆਰਾ ਉਸਨੂੰ ਆਪਣੇ ਅੰਦਰੋਂ ਮਨ ਦੀ ਸਮਝ ਦੇ ਮਾਲਕ ਨੂੰ ਜਾਨਣ ਦਾ ਭਾਵ ਉਸਨੂੰ ਆਪਣੇ ਅੰਦਰੋਂ ਭਾਲਣ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ ਭਾਵ ਉਹ ਦੁੱਖ ਵਿੱਚ ਹੀ ਰੋਂਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਨਾ ਜਾਨਣ ਦੇ ਦੁੱਖ ਵਿੱਚ ਹੀ ਰਹਿੰਦਾ ਹੈ। **(ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥)**

ਹੁਣ ਸਲੋਕ ਦੀ ਆਖਰੀ ਪੰਗਤੀ ਨੂੰ ਸਮਝਦੇ ਹਾਂ ਕਿ ਅਸੀਂ ਆਪਣੇ ਅੰਦਰ ਦਾ ਦੁੱਖ ਭਾਵ ਪ੍ਰਮਾਤਮਾ ਦੇ ਨਾਲ ਵਿਛੋੜੇ ਦਾ ਦੁੱਖ ਕਿਸ ਤਰੀਕੇ ਦੂਰ ਕਰ ਸਕਦੇ ਹਾਂ।

“ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥”

ਸ੍ਰਿਸ਼ਟੀ ਦੇ ਕਰਤੇ ਦੇ ਵਿਛੋੜੇ ਦਾ ਦੁੱਖ ਭਾਵ ਉਸਨੂੰ ਆਪਣੇ ਅੰਦਰੋਂ ਨਾ ਭਾਲ ਸਕਣ ਦਾ ਦੁੱਖ ਮਨ ਦੇ ਅੰਦਰ ਦੀ ਕਲਿ ਹੀ ਹੈ ਭਾਵ ਮਨ ਦੇ ਅੰਦਰ ਦੀ ਅਗਿਆਨਤਾ ਹੀ ਹੈ ਭਾਵ ਮਨ ਦੀ ਭਰਮਾਂ ਵਾਲੀ ਸਮਝ ਹੀ ਹੈ, ਮਨ ਦੀ ਹਉਮੈ ਹੀ ਹੈ ਜਿਸ ਤੋਂ **“ਗਤਿ”** ਹੋਏ ਬਿਨ੍ਹਾਂ ਭਾਵ ਜਿਸ ਤੋਂ ਮੁਕਤੀ ਮਿਲੇ ਬਿਨ੍ਹਾਂ ਮਨੁੱਖ ਆਪਣੇ ਅੰਦਰੋਂ ਆਪਣੇ ਸੱਚ ਰੂਪ ਖਸਮ ਨੂੰ ਜਾਨਣ ਦਾ ਸੁੱਖ ਪ੍ਰਾਪਤ ਨਹੀਂ ਕਰ ਸਕਦਾ। ਸਾਡੇ ਅੰਦਰ ਦੀ ਅਗਿਆਨਤਾ ਵਾਲੀ ਸਮਝ ਦੀ **“ਗਤਿ”** ਕਿਸ ਤਰੀਕੇ ਹੋ ਸਕਦੀ ਹੈ ਭਾਵ **“ਕਿਨਿ ਬਿਧਿ”** ਹੋ ਸਕਦੀ ਹੈ ਇਹ ਨਾਲ ਹੀ ਅਗਲੇ ਸਲੋਕ ਰਾਹੀਂ ਸਮਝਾਇਆ ਹੋਇਆ ਹੈ। ਉਪਰ ਵਾਲਾ ਸਲੋਕ ਤੇ ਇਸ ਤੋਂ ਅਗਲਾ ਸਲੋਕ ਆਪਸ ਵਿੱਚ ਜੁੜੇ ਹੋਏ ਹੀ ਹਨ। ਆਉ ਸਮਝੀਏ। **(ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥)**

ਮਃ ੩ ॥

“ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥”

(ਅੰਗ ੧੪੫)

55/7741

ਇਸ ਤੋਂ ਪਹਿਲੇ ਵਾਲਾ ਸਲੋਕ ਅਕਾਲ ਪੁਰਖ ਨੇ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰਿਆ ਹੋਇਆ ਸੀ ਤੇ ਉਪਰ ਵਾਲਾ ਸਲੋਕ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਤੀਜੀ ਪਾਤਸ਼ਾਹੀ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਉਚਾਰਿਆ ਹੈ। ਪਿਛਲੇ ਸਲੋਕ ਰਾਹੀਂ **“ਕਲਿ”** ਦੀ ਗੱਲ ਕੀਤੀ ਹੋਈ ਸੀ ਤੇ ਉਪਰ ਵਾਲੇ ਸਲੋਕ ਰਾਹੀਂ ਵੀ **“ਕਲਿ”** ਦੀ ਗੱਲ ਕੀਤੀ ਹੋਈ ਹੈ। ਪਿਛਲੇ ਸਲੋਕ ਰਾਹੀਂ ਮਨ ਦੇ ਅੰਦਰ **“ਕਲਿ”** ਕਿਸ ਤਰੀਕੇ ਵਰਤਦੀ ਹੈ ਇਹ ਸਮਝਾਇਆ ਹੋਇਆ ਹੈ ਤੇ ਉਪਰ ਵਾਲੇ ਸਲੋਕ ਰਾਹੀਂ ਮਨੁੱਖੀ ਸਮਝ ਦੇ ਅੰਦਰੋਂ **“ਕਲਿ”** ਕਿਸ ਤਰੀਕੇ ਨਿਕਲਦੀ ਹੈ ਭਾਵ ਮਨ ਦੀ ਕਲਿ ਤੋਂ ਗਤਿ ਕਿਵੇਂ ਹੁੰਦੀ ਹੈ, ਇਹ ਸਮਝਾਇਆ ਹੋਇਆ ਹੈ। ਜਿਸ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਭ ਨੂੰ ਕਲਿ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਘੋਰ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਉਹੀ ਸਾਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਕੱਢ ਸਕਦਾ ਹੈ। ਉਹ ਕਿਸ ਤਰੀਕੇ ਕਿਸੇ ਨੂੰ ਮਨ ਦੀ **“ਕਲਿ”** ਵਿੱਚੋਂ ਕੱਢਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੀ ਅਗਿਆਨਤਾ ਰੂਪ ਕਲਿ ਵਿੱਚੋਂ ਕੱਢਿਆ ਹੈ ਇਹੀ ਗੱਲ ਸਾਨੂੰ ਉਪਰ ਵਾਲੇ ਸਲੋਕ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ ਗੱਲ ਆਸਾਨੀ ਨਾਲ ਸਮਝ ਆ ਜਾਵੇਗੀ ਕਿਉਂਕਿ ਹੁਣ ਤੱਕ ਅਸੀਂ ਲੇਖ ਵਿੱਚ ਮਨ ਬਾਰੇ ਅਨੇਕਾਂ ਸ਼ਬਦਾਂ ਦੁਆਰਾ ਕਾਫੀ ਕੁੱਝ ਸਮਝ ਚੁੱਕੇ ਹਾਂ। ਆਉ ਪਹਿਲਾਂ ਸਲੋਕ ਦੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੀਏ।

“ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥”

ਜਿਸਨੇ ਵੀ ਅੱਜ ਤੱਕ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਕੀਰਤੀ ਕੀਤੀ ਹੈ ਭਾਵ ਉਸਦੀ ਸੱਚੀ ਸਿਫਤ ਸਾਲਾਹ ਕੀਤੀ ਹੈ ਭਾਵ ਉਸਦੀ ਸੱਚੀ ਗੁਰਮਤਿ ਦੇ ਗੁਣ ਗਾਏ ਹਨ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੇ ਗਾਏ ਹਨ ਭਾਵ ਉਸਦੇ ਸੱਚੇ ਭਗਤਾਂ ਨੇ ਗਾਏ ਹਨ ਉਨ੍ਹਾਂ ਸਭ ਨੇ ਮਨ ਦੀ ਕਲਿ ਵਿੱਚੋਂ ਨਿਕਲਣ ਦੁਆਰਾ ਹੀ ਗਾਏ ਹਨ ਜੋ ਉਨ੍ਹਾਂ ਕੋਲੋਂ ਆਪਣੀ ਸੱਚੀ ਸਿਫਤ ਸਾਲਾਹ ਉਨ੍ਹਾਂ ਦੀ ਮਨ ਦੀ ਸਮਝ ਦੇ ਅੰਦਰ **"ਪਰਗਟੁ"** ਹੋਣ ਦੁਆਰਾ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ **"ਕੀਰਤਿ"** ਆਪ ਹੀ ਕਰਵਾਈ ਹੈ ਭਾਵ ਉਨ੍ਹਾਂ ਦੇ ਅੰਦਰ ਆਪਣੀ ਸੱਚੀ ਗੁਰਮਤਿ ਵਾਲੀ ਸਮਝ ਦਾ ਪ੍ਰਕਾਸ਼ ਭਾਵ ਆਪਣੇ ਸੱਚੇ ਗਿਆਨ ਦਾ **"ਚਾਨਣੁ"** ਆਪ ਹੀ ਕੀਤਾ ਹੈ ਜੋ ਕਿ ਉਸਨੇ ਸਾਰੇ ਸੰਸਾਰ ਲਈ ਕੀਤਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਗੁਰਬਾਣੀ ਰੂਪ ਸੱਚੇ ਗ੍ਰੰਥ ਦੀ ਰਚਨਾ ਸਾਰੇ ਸਰੀਰਾਂ ਦੇ ਅੰਦਰ ਆਪ ਪ੍ਰਗਟ ਹੋਣ ਦੁਆਰਾ ਸਾਰੇ ਸੰਸਾਰ ਨੂੰ ਆਪਣੀ ਸੱਚੀ ਸਿਫਤ ਸਾਲਾਹ ਕਰਨੀ ਸਮਝਾਈ ਹੈ। **(ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥)**

ਜਿਸ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਸ੍ਰਿਸ਼ਟੀ ਦਾ ਕਰਤਾ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਜੋ ਕਿ ਉਹ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਕਾਸ਼ ਕਰਦਾ ਹੈ ਤੇ ਤਾਂ ਹੀ ਕੋਈ ਮਨ ਦੀ ਕਲਿ ਤੋਂ **"ਪਾਰਿ"** ਉਤਰ ਸਕਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

55/7742

"ਗੁਰਮੁਖਿ ਕੋਈ ਉਤਰੈ ਪਾਰਿ ॥"

ਸਾਰੀ ਗੱਲ **"ਗੁਰਮੁਖਿ"** ਬਣਨ ਦੀ ਹੈ ਤੇ ਗੁਰਮੁਖਿ ਬਣਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਪੂਰੇ ਲੇਖ ਵਿੱਚ ਸ਼ਬਦਾਂ ਰਾਹੀਂ ਬਾਰ-ਬਾਰ ਸਮਝਿਆ ਹੀ ਹੈ। ਗੁਰਮੁਖਿ ਕੋਈ ਗੁਰਮਤਿ ਦੀ ਪੂਰਨ ਸਮਝ ਦੀ ਪ੍ਰਾਪਤੀ ਹੋਣ ਦੁਆਰਾ ਹੀ ਬਣ ਸਕਦਾ ਹੈ, ਮਨ ਦੇ ਵਿੱਚ ਚੌਥੇ ਪਦ ਦੇ ਗਿਆਨ ਵਾਲੀ ਪ੍ਰਾਪਤੀ ਹੋਣ ਦੁਆਰਾ ਹੀ ਬਣ ਸਕਦਾ ਹੈ। ਜਿਸਨੂੰ ਪ੍ਰਮਾਤਮਾ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਉਸਨੂੰ ਅੱਲ੍ਹਾ, ਅਕਾਲ ਪੁਰਖ ਉਸਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਹੀ ਬਣਾਉਂਦਾ ਹੈ ਜਿਸ ਦੁਆਰਾ ਉਹ ਉਸ ਮਨੁੱਖੀ ਸਮਝ ਨੂੰ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚੋਂ ਪਾਰ ਉਤਾਰਦਾ ਹੈ ਭਾਵ ਮਨ ਦੀ ਕਲਿ ਤੋਂ ਪਾਰ ਉਤਾਰਦਾ ਹੈ ਭਾਵ ਮਨ ਦੀ ਭਰਮਾਂ ਵਾਲੀ, ਤ੍ਰੈ ਗੁਣਾਂ ਵਾਲੀ ਸਮਝ ਦੇ ਬੰਧਨ ਤੋਂ ਮੁਕਤ ਕਰਦਾ ਹੈ। ਮਨ ਦੀ ਅਗਿਆਨਤਾ ਵਾਲੀ ਸਮਝ ਹੀ ਮਨ ਦੇ ਅੰਦਰ ਦਾ ਮਾਇਆ ਮੋਹ ਰੂਪ ਸਾਗਰ ਹੈ ਜਿਸਨੂੰ ਸ਼ਬਦਾਂ ਵਿੱਚ ਭਵਜਲ ਸਾਗਰ ਵੀ ਕਿਹਾ ਹੋਇਆ ਹੈ। **(ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥)**

ਜਿਸ ਮਨੁੱਖੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਪ੍ਰਗਟ ਹੋਣ ਦੁਆਰਾ ਆਪਣੇ ਸੱਚੇ ਗਿਆਨ ਦਾ ਚਾਨਣ ਕਰਦਾ ਹੈ, ਉਹ ਕਿਸ ਤਰੀਕੇ ਕਰਦਾ ਹੈ, ਇਹੀ ਗੱਲ ਸਲੋਕ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥"

ਉਪਰਲੀਆਂ ਪੰਗਤੀਆਂ ਰਾਹੀਂ ਹੁਣ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਕਿ **"ਰਤਨੁ"** ਕੀ ਹੈ ਜਿਸਨੂੰ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਹ ਸ੍ਰਿਸ਼ਟੀ ਦੇ ਕਰਤੇ ਦਾ **"ਨਾਮੁ ਰਤਨੁ"** ਹੈ ਜੋ ਕਿ ਉਸਦੇ ਸੱਚੇ ਗਿਆਨ ਦਾ ਰਤਨ ਹੈ। ਆਪਣਾ ਉਹ ਸਭ ਤੋਂ ਕੀਮਤੀ ਰਤਨ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪਣੀ ਕ੍ਰਿਪਾ ਕਰਨ ਦੁਆਰਾ ਆਪ ਹੀ ਦਿੰਦਾ ਹੈ ਤੇ ਜੋ ਉਸਦੇ ਕੋਲੋਂ ਨਾਮ ਰਤਨ ਲੈਂਦਾ ਹੈ ਉਹੀ ਉਸਦਾ ਗੁਰਮੁਖਿ ਰੂਪ ਬਣਦਾ ਹੈ ਭਾਵ ਗੁਰਮਤਿ ਦੀ ਪੂਰੀ ਸੱਚੀ ਸਮਝ ਵਾਲਾ ਬਣਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੀ ਸਮਝ ਵਾਲਾ ਬਣਦਾ ਹੈ ਜੋ ਕਿ ਉਹ ਮਨ ਦੀ ਸਮਝ ਦੇ ਵਿੱਚ ਆਪ ਹੀ ਦਿੰਦਾ ਹੈ। ਉਸਦਾ ਜੱਸ ਇਹੋ ਜਿਹੀ ਸਮਝ ਦੁਆਰਾ ਹੀ ਕੀਤਾ ਜਾ ਸਕਦਾ ਹੈ ਜੋ ਆਪਣਾ ਜੱਸ ਕਰਨਾ ਉਹ ਕਿਸੇ ਨੂੰ ਮਨ ਦੇ ਵਿੱਚ ਆਪਣੇ ਸੱਚੇ ਗਿਆਨ ਦਾ ਪ੍ਰਕਾਸ਼ ਕਰਨ ਦੁਆਰਾ ਆਪ ਹੀ ਸਿਖਾਉਂਦਾ ਹੈ।

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ ੧੦੬੯)

55/7743

ਪਉੜੀ ॥

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}

(ਅੰਗ ੧੨੯੦)

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ ੯੨੦)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੁਣ ਅਸੀਂ ਸਲੋਕ ਰਾਹੀਂ ਜੋ ਕੁੱਝ ਸਮਝਿਆ ਹੈ ਉਸਨੂੰ ਵਿਸ਼ਵਾਸ ਨਾਲ ਮੰਨ ਸਕਾਂਗੇ।

"ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥"

ਮਨ ਦੀ **"ਕਲਿ"** ਵਿੱਚੋਂ ਨਿਕਲੇ ਬਿਨ੍ਹਾਂ ਭਾਵ ਮਨ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੇ ਪ੍ਰਗਟ ਹੋਏ ਬਿਨ੍ਹਾਂ ਤੇ ਉਸਦੇ ਕੋਲੋਂ ਉਸਦਾ ਨਾਮ ਮਿਲੇ ਬਿਨ੍ਹਾਂ ਨਾ ਹੀ ਕੋਈ ਉਸਦਾ ਸੱਚਾ ਭਗਤ ਬਣ ਸਕਦਾ ਹੈ ਤੇ ਨਾ ਹੀ ਕੋਈ ਉਸਦੀ ਸੱਚੀ ਭਗਤੀ ਦੇ ਮਾਰਗ ਤੇ ਚੱਲ ਸਕਦਾ ਹੈ ਭਾਵ ਉਸਦਾ ਨਾਮ ਜਪ ਸਕਦਾ ਹੈ। ਸਾਰੀ ਗੱਲ ਮਨ ਦੀ ਸਮਝ ਦੀ ਹੈ। ਆਪਣੇ ਭਗਤਾਂ ਨੂੰ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਚੌਥੇ ਪਦ ਵਾਲਾ ਗਿਆਨ ਹੀ ਬਖਸ਼ਦਾ ਹੈ ਤੇ ਹਰ ਸੰਸਾਰੀ ਮਨੁੱਖ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਹੀ ਹੁੰਦੀ ਹੈ ਭਾਵ ਹਰ ਕੋਈ ਮਨ ਦੀ **"ਕਲਿ"** ਦੇ ਵਿੱਚ ਹੀ ਹੁੰਦਾ ਹੈ ਜਿਸ ਕਰਕੇ ਉਸਦੇ ਸੱਚੇ ਭਗਤਾਂ ਦੀ ਸਮਝ ਸੰਸਾਰੀਆਂ ਦੀ ਸਮਝ ਨਾਲੋਂ ਬਹੁਤ ਉੱਚੀ ਹੁੰਦੀ ਹੈ ਜਿਸ ਕਰਕੇ ਉਨ੍ਹਾਂ ਦੀ ਸਮਝ ਆਪਸ ਵਿੱਚ ਮੇਲ ਨਹੀਂ ਖਾਂਦੀ। ਇਹੀ ਗੱਲ ਸੰਸਾਰ ਦੇ ਹਰ ਮਨੁੱਖ ਨੂੰ ਦੋਨਾਂ ਸਲੋਕਾਂ ਦੀ ਪਉੜੀ ਰਾਹੀਂ ਸਮਝਾਈ ਹੋਈ ਹੈ। ਆਉ ਸਮਝੀਏ।

ਪਉੜੀ ॥

"ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥"

(ਅੰਗ ੧੪੫)

ਜਿਨ੍ਹਾਂ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਕੇ ਸ੍ਰਿਸ਼ਟੀ ਦੇ ਕਰਤੇ ਨੇ ਪੂਰੇ ਸੱਚੇ ਗੁਰਬਾਣੀ ਗ੍ਰੰਥ ਦੀ ਰਚਨਾ ਕਰਵਾਈ ਹੈ ਉਹੀ ਸਾਰੇ ਉਸਦੇ ਸੱਚੇ ਭਗਤ ਬਣੇ ਹਨ। ਭਗਤਾਂ ਦੀ ਸਮਝ ਸੱਚੀ ਹੁੰਦੀ ਹੈ ਕਿਉਂਕਿ ਉਨ੍ਹਾਂ ਦੇ ਅੰਦਰ ਸਮਝ ਪਾਉਣ ਵਾਲਾ ਸੱਚ

ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੁੰਦਾ ਹੈ ਜਿਸ ਰਾਹੀਂ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਬਣਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਜਦ ਤੱਕ ਉਹ ਕਿਸੇ ਨੂੰ ਆਪਣਾ ਗੁਰਮੁਖਿ ਰੂਪ ਨਹੀਂ ਬਣਾਉਂਦਾ ਤਦ ਤੱਕ ਸੰਸਾਰ ਦਾ ਹਰ ਮਨੁੱਖ ਮਨਮੁੱਖ ਹੀ ਰਹਿੰਦਾ ਹੈ ਭਾਵ ਆਪਣੇ ਮਨ ਦੀ ਸਮਝ ਪਿੱਛੇ ਚੱਲਣ ਵਾਲਾ ਹੀ ਹੁੰਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਹੀ ਹੁੰਦਾ ਹੈ, ਹਉਮੈ ਵਿੱਚ ਹੀ ਹੁੰਦਾ ਹੈ, ਸਭ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਪਾਈ ਹੋਈ ਮਨ ਦੀ ਮਾਇਆ ਦੀ ਜੁਗਤਿ ਵਿੱਚ ਹੀ

55/7744

ਹੁੰਦਾ ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਹੀ ਹੁੰਦਾ ਹੈ ਭਾਵ ਮਨ ਦੀ ਦੁਚਿੱਤੀ ਵਿੱਚ, ਸਹਿਸਾ ਵਿੱਚ ਹੀ ਹੁੰਦਾ ਹੈ ਜਿਸ ਮਨ ਦੀ ਨਾਸਮਝੀ ਕਰਕੇ ਕਿਸੇ ਨੂੰ ਵੀ ਸਭ ਦੇ ਅੰਦਰ ਇੱਕੋ ਇੱਕ ਸ੍ਰਿਸ਼ਟੀ ਦਾ ਮਾਲਕ ਨਜਰ ਨਹੀਂ ਆ ਸਕਦਾ ਤੇ ਸਾਰੀ ਸ੍ਰਿਸ਼ਟੀ ਦੇ ਇੱਕੋ ਜਿਹੇ ਧਰਮ ਦੇ ਮਾਰਗ ਦੀ ਸਮਝ ਨਹੀਂ ਲੱਗ ਸਕਦੀ। ਮਨ ਦੀ ਅਗਿਆਨਤਾ ਕਰਕੇ ਹਰ ਕੋਈ ਆਪਣੀ-ਆਪਣੀ, ਵੱਖਰੀ-ਵੱਖਰੀ ਧਾਰਮਿਕ ਆਸਥਾ ਸਮਝਦਾ ਹੈ, ਕੋਈ ਆਪਣੇ ਆਪ ਨੂੰ ਇਸਾਈ ਸਮਝਦਾ ਹੈ, ਕੋਈ ਹਿੰਦੂ ਸਮਝਦਾ ਹੈ, ਕੋਈ ਮੁਸਲਮਾਨ ਸਮਝਦਾ ਹੈ, ਕੋਈ ਸਿੱਖ ਸਮਝਦਾ ਹੈ ਤੇ ਇਸੇ ਤਰ੍ਹਾਂ ਹੀ ਸਾਰੇ ਸੰਸਾਰ ਵਿੱਚ ਅਨੇਕਾਂ ਧਾਰਮਿਕ ਆਸਥਾਵਾਂ ਬਣੀਆਂ ਹੋਈਆਂ ਹਨ। ਮਨ ਦੀ ਨਾਸਮਝੀ ਕਰਕੇ ਹਰ ਕੋਈ ਆਪਣੀ-ਆਪਣੀ ਧਾਰਮਿਕ ਆਸਥਾ ਨੂੰ ਉੱਚਾ ਸਮਝਦਾ ਹੈ ਕਿ ਮੇਰਾ ਧਰਮ ਦੂਸਰਿਆਂ ਨਾਲੋਂ ਜਿਆਦਾ ਚੰਗਾ ਹੈ ਜਿਸ ਕਰਕੇ ਸੰਸਾਰ ਵਿੱਚ ਅਨੇਕਾਂ ਧਾਰਮਿਕ ਝਗੜੇ ਵੀ ਪੈਂਦੇ ਹਨ ਜੋ ਕਿ ਸਦੀਆਂ ਤੋਂ ਪੈਂਦੇ ਆ ਰਹੇ ਹਨ ਤੇ ਹੁਣ ਵੀ ਪੈ ਰਹੇ ਹਨ। ਜਿਸਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਪੈ ਜਾਂਦੀ ਹੈ ਜੋ ਕਿ ਸੱਚ ਰੂਪ ਸ੍ਰਿਸ਼ਟੀ ਦਾ ਮਾਲਕ ਕਿਸੇ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਆਪ ਹੀ ਪਾਉਂਦਾ ਹੈ, ਆਪਣਾ ਸੱਚਾ ਭਗਤ ਬਨਾਉਣ ਦੁਆਰਾ ਪਾਉਂਦਾ ਹੈ ਉਹ ਫਿਰ ਸੰਸਾਰਿਕ ਝਗੜਿਆਂ ਤੋਂ ਦੂਰ ਹੋ ਜਾਂਦਾ ਹੈ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਧਰਮ ਦਾ ਮਾਰਗ ਹੀ ਸਮਝਾਉਂਦਾ ਹੀ ਜੋ ਕਿ ਸਭ ਦੇ ਲਈ ਇੱਕੋ ਜਿਹੇ ਸੱਚ ਤੇ ਚੱਲਣ ਦਾ ਮਾਰਗ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਉਸਦੇ ਸੱਚੇ ਭਗਤ ਨਾ ਹੀ ਕਿਸੇ ਜਾਤ-ਪਾਤ ਦਾ ਭੇਦ ਕਰਦੇ ਹਨ ਤੇ ਨਾ ਹੀ ਕਿਸੇ ਦੀ ਧਾਰਮਿਕ ਆਸਥਾ ਨੂੰ ਉੱਚੀ-ਨੀਵੀਂ ਆਸਥਾ ਕਹਿੰਦੇ ਹਨ। ਸ੍ਰਿਸ਼ਟੀ ਦਾ ਕਰਤਾ ਬਹੁਤ ਹੀ ਸਿਆਣਾ ਹੈ ਉਸਨੇ ਜੋ ਕੁੱਝ ਵੀ ਆਪਣੀ ਰਚੀ ਹੋਈ ਗੁਰਬਾਣੀ ਵਿੱਚ ਲਿਖਵਾਇਆ ਹੋਇਆ ਹੈ ਉਹ ਫਿਰ ਆਪਣੇ ਲਿਖਵਾਏ ਹੋਏ ਸੱਚ ਤੇ ਪੂਰਾ ਉਤਰ ਕੇ ਵੀ ਦਿਖਾਉਂਦਾ ਹੈ। ਉਸਨੇ ਆਪਣੇ ਆਪ ਨੂੰ ਹਿੰਦੂ ਅਖਵਾਉਣ ਵਾਲਿਆਂ ਨੂੰ ਵੀ ਆਪਣਾ ਸੱਚਾ ਭਗਤ ਬਣਾਇਆ ਹੈ ਜਿਨ੍ਹਾਂ ਭਗਤਾਂ ਵਿੱਚੋਂ ਭਾਰਤ ਵਰਸ਼ ਵਿੱਚ ਕਈਆਂ ਨੂੰ ਉੱਚੀ ਜਾਂ ਨੀਵੀਂ ਜਾਤਿ ਵਾਲੇ ਵੀ ਸਮਝਿਆ ਜਾਂਦਾ ਹੈ ਪਰ ਉਸਦੀਆਂ ਨਜਰਾਂ ਵਿੱਚ ਕੋਈ ਜਾਤ-ਪਾਤ ਦਾ ਭੇਦ ਨਹੀਂ ਹੈ ਭਾਵ ਉਸਦੇ ਲਈ ਹਰ ਮਨੁੱਖ ਇੱਕੋ ਜਿਹਾ ਹੀ ਹੈ ਕਿਉਂਕਿ ਹਰ ਕੋਈ ਉਸਦਾ ਆਪਣਾ ਹੀ ਰੂਪ ਹੈ। ਉਸਨੇ ਮੁਸਲਮਾਨ ਅਖਵਾਉਣ ਵਾਲੇ ਧੰਨ ਧੰਨ ਸ਼ੇਖ ਫਰੀਦ ਜੀ ਨੂੰ ਵੀ ਆਪਣਾ ਸੱਚਾ ਭਗਤ ਬਣਾਇਆ ਹੈ ਤੇ ਸਿੱਖ ਅਖਵਾਉਣ ਵਾਲਿਆਂ ਨੂੰ ਵੀ ਆਪਣਾ ਸੱਚਾ ਭਗਤ ਬਣਾਇਆ ਹੈ ਜਿਨ੍ਹਾਂ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਦੇ ਮਾਰਗ ਤੇ ਚੱਲਣ ਦਾ ਧਰਮ ਹੀ ਸਮਝਾਇਆ ਹੈ। ਸੰਸਾਰੀ ਮਨੁੱਖ ਇਸ ਗੱਲ ਨੂੰ ਨਹੀਂ ਸਮਝ ਸਕਦੇ ਕਿਉਂਕਿ ਉਨ੍ਹਾਂ ਦੀ ਸਮਝ ਸੱਚੇ ਭਗਤਾਂ ਦੀ ਸਮਝ ਤੋਂ ਬਹੁਤ ਨੀਵੀਂ ਹੁੰਦੀ ਹੈ। ਤ੍ਰੈ ਗੁਣਾਂ ਵਾਲੀ ਸਮਝ ਚੌਥੇ ਪਦ ਦੇ ਗਿਆਨ ਵਾਲੀ ਸਮਝ ਨਾਲੋਂ ਕਿਤਨੀ ਕੁ ਨੀਵੀਂ ਹੁੰਦੀ ਹੈ ਇਸ ਗੱਲ ਨੂੰ ਸ੍ਰਿਸ਼ਟੀ ਦੇ ਮਾਲਕ ਦੀ ਕ੍ਰਿਪਾ ਦੁਆਰਾ ਉਸਦੇ ਕੋਲੋਂ ਉਸਦਾ ਨਾਮ ਰਤਨ ਮਿਲਣ ਦੁਆਰਾ ਭਾਵ ਚੌਥੇ ਪਦ ਦਾ ਗਿਆਨ ਮਿਲਣ ਦੁਆਰਾ ਭਾਵ ਉਸਦਾ ਬ੍ਰਹਮ ਗਿਆਨ ਮਿਲਣ ਦੁਆਰਾ ਭਾਵ ਉਸਦਾ ਸੱਚਾ ਭਗਤ ਬਣਨ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਤ੍ਰੈ ਗੁਣੀ ਸਮਝ ਦਾ ਤੇ ਚੌਥੇ ਪਦ ਵਾਲੀ ਸਮਝ ਦਾ ਆਪਸ ਵਿੱਚ ਫਰਕ ਆਕਾਸ਼-ਪਾਤਾਲ ਜਿਨ੍ਹਾਂ ਹੁੰਦਾ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਪਿੱਛੇ ਇਸ ਗੱਲ ਨੂੰ ਸ਼ਬਦ ਦੁਆਰਾ ਸਮਝਿਆ ਹੀ ਹੈ। ਜਿਵੇਂ ਕਿ ਆਕਾਸ਼ ਤੇ ਪਾਤਾਲ ਦਾ ਆਪਸ ਵਿੱਚ ਜੋੜ ਨਹੀਂ ਹੁੰਦਾ, ਇਸੇ ਤਰ੍ਹਾਂ ਸ੍ਰਿਸ਼ਟੀ ਦੇ ਕਰਤੇ ਦੇ ਭਗਤਾਂ ਤੇ ਸੰਸਾਰੀਆਂ ਦੀ ਸਮਝ ਦੇ ਵਿੱਚ ਭਾਵ ਉਨ੍ਹਾਂ ਦੇ ਵਿਚਾਰਾਂ ਵਿੱਚ ਜਦ ਤੋਂ

55/7745

ਸੰਸਾਰ ਦੀ ਰਚਨਾ ਹੋਈ ਹੈ ਅੱਜ ਤੱਕ ਕਦੇ ਜੋੜ ਨਹੀਂ ਆਇਆ। **(ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥)**

ਭਗਤਾਂ ਤੇ ਸੰਸਾਰੀਆਂ ਦੇ ਵਿਚਾਰ ਆਪਸ ਵਿੱਚ ਕਿਸ ਲਈ ਨਹੀਂ ਰੱਲਦੇ ਭਾਵ ਭਗਤਾਂ ਦੀ ਸਮਝ ਬਹੁਤ ਉੱਚੀ ਕਿਸ ਲਈ ਹੁੰਦੀ ਹੈ ਇਸ ਗੱਲ ਨੂੰ ਨਾਲ ਹੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਜਿਸ ਗੱਲ ਦੀ ਸਮਝ ਚੌਥੇ ਪਦ ਵਾਲੇ ਗਿਆਨ ਦੀ ਪ੍ਰਾਪਤੀ ਹੋਣ ਦੁਆਰਾ ਹੀ ਪੈ ਸਕਦੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਭਗਤ ਰੂਪ ਬਣਨ ਦੁਆਰਾ ਹੀ ਪੈ ਸਕਦੀ ਹੈ। ਆਉ ਸਮਝੀਏ।

“ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥”

ਲੇਖ ਦੇ ਸ਼ੁਰੂ ਤੋਂ ਲੈ ਕੇ ਜਿਵੇਂ ਕਿ ਅਸੀਂ ਹੁਣ ਤੱਕ ਸਮਝਦੇ ਆ ਰਹੇ ਹਾਂ ਹਰ ਸ਼ਬਦ ਦੀਆਂ ਪੰਗਤੀਆਂ ਇੱਕ ਦੂਸਰੀ ਪੰਗਤੀ ਦੇ ਭਾਵ ਨਾਲ ਜੁੜੀਆਂ ਹੁੰਦੀਆਂ ਹਨ। ਉਪਰ ਵਾਲੀ ਪੰਗਤੀ ਵੀ ਇਸ ਤੋਂ ਪਹਿਲੇ ਵਾਲੀ ਪੰਗਤੀ ਦੇ ਭਾਵ ਨਾਲ ਜੁੜੀ ਹੋਈ ਹੈ ਪਰ ਕੁੱਝ ਗਹਿਰਾਈ ਦੇ ਨਾਲ ਜੁੜੀ ਹੋਈ ਹੈ ਜਿਸ ਗਹਿਰਾਈ ਨੂੰ ਸਮਝਣਾ ਹਰ ਸੰਸਾਰੀ ਮਨੁੱਖ ਲਈ ਇੱਕੋ ਜਿਹਾ ਔਖਾ ਹੀ ਹੈ। **“ਪਉੜੀ”** ਦੀ ਪਹਿਲੀ ਪੰਗਤੀ ਵਿੱਚ **“ਭਗਤਾ”** ਦੀ ਸਮਝ ਦੀ ਗੱਲ ਕੀਤੀ ਹੋਈ ਹੈ ਤੇ ਉਪਰ ਵਾਲੀ ਪੰਗਤੀ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਸਮਝ ਦੀ ਗੱਲ ਕੀਤੀ ਹੋਈ ਹੈ। ਗੱਲ ਇੱਕੋ ਹੀ ਹੈ ਹਰ ਭਗਤ ਭਾਵ ਜਿਤਨੇ ਵੀ ਹੁਣ ਤੱਕ ਸੱਚੇ ਭਗਤ ਹੋਏ ਹਨ ਜਿਨ੍ਹਾਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕੀਤੀ ਹੈ ਉਨ੍ਹਾਂ ਨੇ ਕਰਤੇ ਦੀ ਸਮਝ ਦੁਆਰਾ ਹੀ ਕੀਤੀ ਹੈ। ਸਾਰੇ ਭਗਤ ਸ੍ਰਿਸ਼ਟੀ ਦੇ ਕਰਤੇ ਦਾ ਪੂਰਨ ਗੁਰਬਾਣੀ ਵਿੱਚ ਉਸਦਾ ਆਪਣਾ ਹੀ ਗੁਰੂ ਰੂਪ ਹੈ। ਉਸਦੇ ਦੇਹ ਰੂਪ ਵਿੱਚ ਦਿੱਸਣ ਵਾਲੇ ਭਗਤ ਆਪਣੀ ਦੇਹ ਦੇ ਰੂਪ ਵਿੱਚ ਭਗਤ ਨਹੀਂ ਹੁੰਦੇ ਬਲਕਿ ਸ਼ਬਦ ਦੇ ਰੂਪ ਵਿੱਚ ਭਗਤ ਹੁੰਦੇ ਹਨ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੀ ਉੱਚੀ ਸਮਝ ਦੁਆਰਾ ਭਗਤ ਹੁੰਦੇ ਹਨ। ਉਨ੍ਹਾਂ ਦੇ ਅੰਦਰ ਦੀ ਸਮਝ ਦਾ ਮਾਲਕ ਉਨ੍ਹਾਂ ਦੇ ਅੰਦਰ ਸਦਾ ਹੀ ਪ੍ਰਗਟ ਹੁੰਦਾ ਹੈ ਜੋ ਆਪ ਅਭੁੱਲ ਹੈ। ਉਸਦਾ ਭਗਤ ਅਭੁੱਲ ਰੂਪ ਹੀ ਹੁੰਦਾ ਹੈ ਭਾਵ ਉਸਦੀ ਸਮਝ ਹਰ ਭੁੱਲ ਤੋਂ ਬਾਹਰ ਹੁੰਦੀ ਹੈ ਭਾਵ ਹਰ ਭਰਮ ਤੋਂ ਬਾਹਰ ਹੁੰਦੀ ਹੈ। ਉਸਨੂੰ ਭਗਤੀ ਦੇ ਮਾਰਗ ਦੀ ਪੂਰਨ ਸਮਝ ਹੁੰਦੀ ਹੈ ਜੋ ਭਗਤੀ ਦੀ ਸੱਚੀ ਸਮਝ ਸੰਸਾਰੀਆਂ ਦੇ ਕੋਲ ਨਹੀਂ ਹੁੰਦੀ। ਸੰਸਾਰੀਆਂ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਸ੍ਰਿਸ਼ਟੀ ਦਾ ਕਰਤਾ ਘਟਿ-ਘਟਿ ਦੇ ਵਿੱਚ ਕਿਸ ਤਰੀਕੇ ਹੈ ਭਾਵ ਕਿਸ ਰੂਪ ਵਿੱਚ ਹੈ ਤੇ ਆਪਣੇ ਕਿਸ ਰੂਪ ਵਿੱਚ ਸਭ ਜਗ੍ਹਾ ਵਿਚਰ ਰਿਹਾ ਹੈ ਜੋ ਸਭ ਕੁੱਝ ਇੱਕੋ ਇੱਕ ਆਪ ਹੀ ਹੈ। ਉਸਦੇ ਸੱਚੇ ਭਗਤਾਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਅਨੇਕਾਂ ਨੇ ਹੀ ਭਗਤੀ ਦੇ ਸੱਚੇ ਮਾਰਗ ਤੋਂ ਭੁਲਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਤੁਹਾਨੂੰ ਭਗਤੀ ਦੇ ਮਾਰਗ ਦੀ ਸਮਝ ਹੀ ਨਹੀਂ ਹੈ, ਤੁਸੀਂ ਦੂਸਰਿਆਂ ਨੂੰ ਗੁਮਰਾਹ ਕਰਦੇ ਹੋ ਜਿਸ ਕਰਕੇ ਅਨੇਕਾਂ ਨੇ ਉਨ੍ਹਾਂ ਦੇ ਜੀਵਨ ਵਿੱਚ ਉਨ੍ਹਾਂ ਦੇ ਨਾਲ ਝਗੜੇ ਵੀ ਕੀਤੇ ਜਿਸਦਾ ਕਿ ਇਤਿਹਾਸ ਗਵਾਹ ਹੈ ਪਰ

ਉਨ੍ਹਾਂ ਨੇ ਕਦੇ ਆਪਣੇ ਜੀਵਨ ਵਿੱਚ ਭਗਤੀ ਦੇ ਸੱਚੇ ਮਾਰਗ ਨੂੰ ਨਹੀਂ ਛੱਡਿਆ ਭਾਵ ਉਹ ਕਿਸੇ ਦੇ ਭੁਲਾਵੇ ਵਿੱਚ ਨਹੀਂ ਆਏ। ਉਨ੍ਹਾਂ ਦੇ ਵਿਚਾਰ ਸੰਸਾਰੀਆਂ ਦੇ ਵਿਚਾਰਾਂ ਦੇ ਨਾਲ ਕਦੇ ਨਹੀਂ ਰੱਲ ਸਕਦੇ। ਸੰਸਾਰ ਦੇ ਵਿੱਚ ਭਗਤ ਅਖਵਾਉਣ ਵਾਲੇ ਬਹੁਤ ਹਨ ਪਰ ਕੌਣ ਜਾਣੇ ਕਿ ਕਰਤਾ ਆਪ ਹੀ ਆਪਣਾ ਸੱਚਾ ਭਗਤ ਰੂਪ ਹੈ ਜੋ ਹਰ ਕਿਸੇ ਦੀ ਸਮਝ ਦਾ ਮਾਲਕ ਹੈ ਜਿਸਨੇ ਆਪ ਹੀ ਹਰ ਕਿਸੇ ਨੂੰ ਭੁਲਾਇਆ ਹੋਇਆ ਹੈ ਪਰ ਕੋਈ ਵੀ ਨਹੀਂ ਮੰਨਦਾ ਕਿ ਮੈਂ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਭੁੱਲਿਆ ਹੋਇਆ ਹਾਂ, ਨਾਮ ਜਪਣ ਦੇ ਅਸਲ ਮਾਰਗ ਨੂੰ ਸਮਝਣ ਵਿੱਚ ਭਰਮ ਵਿੱਚ ਹਾਂ। **(ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥)**

ਅਕਾਲ ਪੁਰਖ ਦੇ ਸੱਚੇ ਭਗਤਾਂ ਨੂੰ ਸੱਚੀ ਭਗਤੀ ਦੀ ਸਮਝ ਕਿਸ ਤਰੀਕੇ ਪੈਂਦੀ ਹੈ ਤੇ ਉਹ ਸੱਚੀ ਭਗਤੀ ਦੇ ਮਾਰਗ ਤੇ ਆਪਣੇ ਜੀਵਨ ਵਿੱਚ ਕਿਸ ਤਰੀਕੇ ਚੱਲਦੇ ਹਨ ਤੇ ਸੰਸਾਰੀਆਂ ਨੂੰ ਸੱਚਾ ਨਾਮ ਜਪਣ ਦੀ ਸਮਝ ਕਿਸ ਲਈ ਨਹੀਂ ਪੈਂਦੀ ਇਹੀ ਗੱਲ ਉਪਰ ਵਾਲੀ ਪਉੜੀ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥”

ਉਪਰ ਵਾਲੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਧਿਆਨ ਨਾਲ ਪੜਨ ਦੁਆਰਾ ਹੀ ਹਰ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਅਕਾਲ ਪੁਰਖ ਦੇ ਭਗਤਾਂ ਵਿੱਚ ਤੇ ਸੰਸਾਰੀਆਂ ਵਿੱਚ ਕੀ ਫਰਕ ਹੈ ਤੇ ਕਿਸ ਗੱਲ ਦਾ ਫਰਕ ਹੈ। ਸ੍ਰਿਸ਼ਟੀ ਦਾ ਕਰਤਾ ਕੇਵਲ ਇੱਕੋ

ਇੱਕ ਆਪ ਹੀ ਹੈ ਤੇ ਉਸਦੀ ਮਰਜੀ ਹੈ ਕਿ ਕਿਸੇ ਮਨੁੱਖ ਨੂੰ ਆਪਣੇ ਆਪ ਨਾਲ ਮਿਲਣ ਦੁਆਰਾ ਕਿਸੇ ਨੂੰ ਭਗਤ ਬਣਾਏ ਜਾਂ ਕਿਸੇ ਨੂੰ ਸੰਸਾਰੀ ਬਣਾਕੇ ਹੀ ਰੱਖੇ। ਸਾਰਾ ਫਰਕ ਸੱਚ ਤੇ ਝੂਠ ਵਿੱਚ ਹੈ। ਜਿਨ੍ਹਾਂ ਨੂੰ ਆਪਣੇ ਨਾਲ ਮੇਲਣ ਦੁਆਰਾ ਆਪਣਾ ਭਗਤ ਰੂਪ ਬਣਾ ਲੈਂਦਾ ਹੈ ਉਹ ਫਿਰ ਆਪਣੇ ਜੀਵਨ ਵਿੱਚ ਸੱਚ ਹੀ ਕਮਾਉਂਦੇ ਹਨ ਭਾਵ ਨਾਮ ਦੀ ਕਮਾਈ ਕਰਦੇ ਹਨ ਭਾਵ ਗੁਰਮਤਿ ਦੀ ਸੱਚੀ ਸਮਝ ਦੀ ਕਮਾਈ ਕਰਦੇ ਹਨ ਜੋ ਸੱਚ ਦੀ ਕਮਾਈ ਉਨ੍ਹਾਂ ਨੂੰ ਮਨ ਦੇ ਵਿੱਚ ਸੱਚ ਦਾ ਮਾਲਕ **"ਸਚੋ"** ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਕਰਵਾਉਂਦਾ ਹੈ ਭਾਵ ਆਪਣੇ ਨਾਲ ਮੇਲਣ ਦੁਆਰਾ, ਆਪਣਾ ਭਗਤ ਰੂਪ ਬਨਾਉਣ ਦੁਆਰਾ ਆਪਣੇ ਪੂਰਨ ਸੱਚ ਦੀ ਸਮਝ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਕਿ ਸ੍ਰਿਸ਼ਟੀ ਦਾ ਮਾਲਕ ਸੱਚ ਰੂਪ ਆਪਣੇ ਨਾਮ ਰੂਪ ਦੁਆਰਾ ਸਭ ਜਗ੍ਹਾ ਤੇ ਸਭ ਦੇ ਵਿੱਚ ਕਿਸ ਤਰੀਕੇ ਵਰਤ ਰਿਹਾ ਹੈ ਤੇ ਕਿਸ ਤਰੀਕੇ ਉਸਨੇ ਸੱਚ ਦੁਆਰਾ ਭਾਵ ਆਪਣੀ ਸੱਚੀ ਸਾਇੰਸ ਦੁਆਰਾ ਭਾਵ ਆਪਣੇ ਸੱਚੇ ਨਾਮ ਦੁਆਰਾ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਸੱਚੇ ਨਾਮ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਇਸ ਗੱਲ ਦੀ ਸਮਝ ਵੀ ਉਸਦੇ ਭਗਤਾਂ ਨੂੰ ਮਨ ਦੇ ਵਿੱਚੋਂ ਹੀ ਪੈਂਦੀ

55/7747

ਹੈ ਜੋ ਕਿ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਪਾਉਂਦਾ ਹੈ ਕਿ ਸਾਰੇ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਕਰਨ ਲਈ ਉਨ੍ਹਾਂ ਦੇ ਅੰਦਰ ਸੱਚਾ ਗਿਆਨ ਕਿੱਥੋਂ ਆਇਆ ਹੈ। ਉਸ ਸੱਚ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਹੀ ਇਹ ਗੱਲ ਕਹਿ ਸਕਦਾ ਹੈ ਕਿ ਧਰਮ ਗ੍ਰੰਥਾਂ ਦੀ ਰਚਨਾ ਮੈਂ ਕੀਤੀ ਹੈ ਜਿਵੇਂ ਕਿ ਬ੍ਰਹਮਾ ਨੇ ਕਿਹਾ ਹੈ ਕਿ ਸਾਰੇ ਵੇਦਾਂ ਦੀ ਰਚਨਾ ਮੈਂ ਕੀਤੀ ਹੈ ਪਰ ਇਹ ਕਹਿਣਾ ਉਸਦਾ ਭਰਮ ਹੀ ਸੀ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਭਾਵ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਜੋ ਸੱਚ ਲਿਖਿਆ ਹੋਇਆ ਹੈ ਉਹ ਲਿਖਵਾਉਣ ਵਾਲਾ ਇੱਕੋ ਇੱਕ ਸੱਚ ਦਾ ਮਾਲਕ ਉਹ ਆਪ ਹੀ ਹੈ। ਧਰਮ ਗ੍ਰੰਥਾਂ ਦੇ ਅੰਦਰ ਦੇ ਲਿਖੇ ਹੋਏ ਸੱਚ ਨੂੰ ਸਮਝਣਾ ਭਾਵ ਉਸਦੀ ਕਮਾਈ ਕਰਨਾ ਇਹ ਵੀ ਮਨੁੱਖ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਆਪਣੇ ਸੱਚ ਦੀ ਕਮਾਈ ਸ੍ਰਿਸ਼ਟੀ ਦਾ ਕਰਤਾ ਕਿਸੇ ਨੂੰ ਆਪ ਹੀ ਕਰਵਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਸੱਚੇ ਭਗਤਾਂ ਨੂੰ ਆਪ ਆਪਣੇ ਨਾਲ ਮੇਲਣ ਦੁਆਰਾ ਕਰਵਾਈ ਹੈ। ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚ ਦੀ ਕਮਾਈ ਕਰਨ ਦੁਆਰਾ ਹੀ ਭਾਵ ਸ਼ਬਦਾਂ ਦੇ ਅੰਦਰ ਦੇ ਸੱਚੇ ਭਾਵ ਨੂੰ ਸਮਝਣ ਦੁਆਰਾ ਤੇ ਉਸ ਅਨੁਸਾਰ ਚੱਲਣ ਦੁਆਰਾ ਕੋਈ ਸ੍ਰਿਸ਼ਟੀ ਦੇ ਕਰਤੇ ਦੀ ਸਭ ਤੋਂ ਵੱਡੀ ਕ੍ਰਿਪਾ ਦੁਆਰਾ ਧਰਮ ਦੇ ਮਾਰਗ ਦਾ ਸੱਚ ਬੋਲ ਸਕਦਾ ਹੈ ਤੇ ਸੱਚ ਅਨੁਸਾਰ ਚੱਲ ਸਕਦਾ ਹੈ ਭਾਵ ਸੱਚ ਦੇ ਮਾਲਕ ਦੁਆਰਾ ਸਮਝਾਏ ਹੋਏ ਸ਼ਬਦਾਂ ਦੇ ਅੰਦਰ ਦੀ ਸਮਝਾਈ ਹੋਈ ਸੱਚ ਰੂਪ ਸੱਚੀ ਸਮਝ ਭਾਵ ਨਾਮ ਰੂਪ ਸੱਚੀ ਸਮਝ ਦੁਆਰਾ ਚੱਲ ਸਕਦਾ ਹੈ ਭਾਵ ਉਸਦਾ ਸੱਚਾ ਨਾਮ ਜਪ ਸਕਦਾ ਹੈ ਤੇ ਸੰਸਾਰ ਨੂੰ ਉਸਦਾ ਸੱਚਾ ਨਾਮ ਜਪਣਾ ਸਿਖਾ ਸਕਦਾ ਹੈ ਜਿਵੇਂ ਕਿ ਉਸਦੇ ਸੱਚੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਨ ਦੁਆਰਾ ਤੇ ਆਪਣੇ ਜੀਵਨ ਵਿੱਚ ਸ਼ਬਦਾਂ ਦੇ ਸੱਚੇ ਵਿਚਾਰਾਂ ਤੇ ਅਮਲ ਕਰਨ ਦੁਆਰਾ ਪੂਰੇ ਸੰਸਾਰ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਇੱਕੋ ਜਿਹਾ ਨਾਮ ਜਪਣ ਦਾ ਮਾਰਗ ਸਮਝਾਇਆ ਹੈ। **(ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥ ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥)**

ਸੰਸਾਰ ਦੇ ਧਰਮ ਦੇ ਬਾਰੇ ਆਪਣੀ-ਆਪਣੀ ਆਸਥਾ ਅਨੁਸਾਰ ਬੋਲਦੇ ਤਾਂ ਸੰਸਾਰੀ ਵੀ ਹਨ ਪਰ ਉਹ ਕਿਹੋ ਜਿਹਾ ਬੋਲਦੇ ਹਨ ਭਾਵ ਉਨ੍ਹਾਂ ਨੂੰ ਧਰਮ ਦੇ ਸੱਚੇ ਮਾਰਗ ਦੀ ਸਮਝ ਕਿਹੋ ਜਿਹੀ ਹੁੰਦੀ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥

ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥"

ਭਗਤਾਂ ਨੂੰ ਆਪਣੇ ਨਾਲ ਮੇਲਣ ਵਾਲਾ ਵੀ ਉਹ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੁੰਦਾ ਹੈ ਭਾਵ ਆਪਣਾ ਸੱਚ ਸਮਝਾਉਣ ਵਾਲਾ ਵੀ ਉਹ ਆਪ ਹੀ ਹੁੰਦਾ ਹੈ ਤੇ ਹਰ ਸੰਸਾਰੀ ਨੂੰ ਖੁੰਝਾਉਣ ਵਾਲਾ ਉਹ ਆਪ ਹੀ ਹੈ ਭਾਵ ਧਰਮ ਦੇ ਸੱਚੇ ਮਾਰਗ ਤੋਂ ਭਟਕਾਉਣ ਵਾਲਾ ਵੀ ਉਹ ਆਪ ਹੀ ਹੈ ਜਿਸਨੂੰ ਉਹ ਆਪਣਾ ਭਗਤ ਨਹੀਂ ਬਣਾਉਂਦਾ। ਉਸ ਤੋਂ ਬਿਨ੍ਹਾਂ ਸ੍ਰਿਸ਼ਟੀ ਵਿੱਚ ਹਰ ਮਨੁੱਖ ਸੰਸਾਰੀ ਹੀ ਹੈ ਭਾਵ ਧਰਮ ਦੇ ਸੱਚੇ ਮਾਰਗ ਦੀ ਸਮਝ ਤੋਂ ਦੂਰ ਹੀ ਹੈ ਜੋ ਕਿ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਸਭ ਨੂੰ ਭਰਮਾਂ ਵਾਲੀ ਸਮਝ ਵਿੱਚ ਪਾ ਕੇ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਪਾ ਕੇ ਸੱਚ ਜਾਨਣ ਤੋਂ ਦੂਰ ਰੱਖਿਆ ਹੋਇਆ ਹੈ। ਸੰਸਾਰੀ ਮਨੁੱਖ ਧਰਮ ਦੇ ਮਾਰਗ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਕਿ ਉਨ੍ਹਾਂ ਨੂੰ ਧਰਮ ਦੇ ਮਾਰਗ ਦੀ ਬਹੁਤ ਸਮਝ ਹੈ ਜਿਸ ਮਾਰਗ ਤੇ ਉਹ ਆਪ ਵੀ ਚੱਲਦੇ ਹਨ ਤੇ ਦੂਸਰਿਆਂ ਨੂੰ

ਵੀ ਉਸ ਮਾਰਗ ਤੇ ਚੱਲਣ ਲਈ ਸਮਝਾਉਂਦੇ ਹਨ। ਭਗਤੀ ਦੇ ਮਾਰਗ ਤੇ ਚੱਲਣ ਵਾਲੀ ਸੱਚੀ ਸਮਝ ਉਸਨੂੰ ਹੀ ਹੁੰਦੀ ਹੈ ਜੋ ਆਪਣੇ ਅੰਦਰੋਂ ਔਗੁਣਾਂ ਨੂੰ ਤਿਆਗਦਾ ਹੈ, ਕਾਮ, ਕ੍ਰੋਧ ਆਦਿ ਮਾੜੇ ਵਿਚਾਰਾਂ ਨੂੰ ਤਿਆਗਦਾ ਹੈ ਜਿਵੇਂ ਕਿ ਬਾਣੀ ਰਾਹੀਂ ਸ਼ਬਦਾਂ ਵਿੱਚ ਬਾਰ-ਬਾਰ ਸਮਝਾਇਆ ਹੈ। ਜੋ ਭਗਤੀ ਦੇ ਮਾਰਗ ਨੂੰ ਭਾਵ ਨਾਮ

55/7748

ਜਪਣ ਦੇ ਮਾਰਗ ਨੂੰ ਕੇਵਲ ਕਿਸੇ ਅੱਖਰ ਨੂੰ ਬੋਲਣਾ ਹੀ ਸਮਝਦੇ ਹਨ ਤੇ ਬਾਰ-ਬਾਰ ਕਿਸੇ ਅੱਖਰ ਨੂੰ ਹੀ ਬੋਲੀ ਜਾਂਦੇ ਹਨ ਉਹੋ ਜਿਹਾ ਨਾਮ ਜਪਣਾ ਕੂੜ ਬੋਲਣ ਵਾਲੀ ਗੱਲ ਹੈ ਭਾਵ ਇੱਕ ਝੂਠੀ ਗੱਲ ਹੈ ਭਾਵ ਨਾਮ ਜਪਣ ਦਾ ਝੂਠਾ ਮਾਰਗ ਹੈ। ਇਹੋ ਜਿਹੇ ਕੂੜੇ ਬੋਲ ਬੋਲਣ ਦੁਆਰਾ ਮਨੁੱਖ **"ਬਿਖੁ"** ਹੀ ਖਾਂਦਾ ਹੈ ਭਾਵ ਜਹਿਰ ਖਾਣ ਵਾਲੀ ਗੱਲ ਹੈ ਭਾਵ ਆਪਣੇ ਆਪ ਨੂੰ ਆਤਮਿਕ ਮੌਤ ਮਾਰਨ ਵਾਲੀ ਗੱਲ ਹੈ। ਸਾਡੇ ਅੰਦਰ ਦੇ ਸਾਰੇ ਔਗੁਣਾਂ ਵਾਲੇ ਵਿਚਾਰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਸਾਡੇ ਅੰਦਰ ਦਾ **"ਵਿਸੁ"** ਹੀ ਹਨ ਭਾਵ ਸਾਡੇ ਅੰਦਰ ਦਾ ਜਹਿਰ ਹੀ ਹਨ। ਇਨ੍ਹਾਂ ਵਿਕਾਰਾਂ ਵਾਲੇ ਵਿਚਾਰਾਂ ਨੂੰ ਛੱਡਣ ਦੀ ਬਜਾਏ ਜੇਕਰ ਅਸੀਂ ਕੇਵਲ ਇੱਕ ਅੱਖਰ ਨੂੰ ਹੀ ਬੋਲੀ ਜਾਈਏ ਜਿਸਨੂੰ ਕਿ ਅਸੀਂ ਨਾਮ ਜਪਣਾ ਸਮਝਦੇ ਹਾਂ ਫਿਰ ਸਾਡੇ ਅੰਦਰ ਦਾ ਜਹਿਰ ਵੱਧਦਾ ਹੀ ਜਾਂਦਾ ਹੈ ਭਾਵ ਸਾਡੇ ਅੰਦਰ ਮਾੜੇ ਵਿਚਾਰ ਉਪਜਦੇ ਹੀ ਰਹਿੰਦੇ ਹਨ ਤੇ ਅਸੀਂ ਮਾੜੇ ਕਰਮ ਕਰਦੇ ਹੀ ਰਹਿੰਦੇ ਹਾਂ। ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਦਾ ਮਾਰਗ ਭਾਵ ਉਸਦੀ ਸੱਚੀ ਭਗਤੀ ਦਾ ਮਾਰਗ ਤਾਂ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹੇ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਜੋ ਚੰਗੇ ਕਰਮ ਮਨੁੱਖ ਹਰ ਔਗੁਣ ਤਿਆਗਕੇ ਹੀ ਕਰ ਸਕਦਾ ਹੈ ਭਾਵ ਗੁਣਾਂ ਵਾਲਾ ਬਣਕੇ ਹੀ ਕਰ ਸਕਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਹਰ ਸੱਚਾ ਧਰਮ ਗ੍ਰੰਥ ਸਾਨੂੰ ਇਹੋ ਜਿਹੀ ਸੱਚੀ ਭਗਤੀ ਦਾ ਮਾਰਗ ਸਮਝਾਉਂਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਇਹੋ ਜਿਹਾ ਨਾਮ ਜਪਣਾ ਹੀ ਸਿਖਾਉਂਦਾ ਹੈ। **(ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥ ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥)**

ਜਿਨ੍ਹਾਂ ਨੂੰ ਸ੍ਰਿਸ਼ਟੀ ਦਾ ਕਰਤਾ ਆਪਣੇ ਨਾਲ ਮੇਲਣ ਦੁਆਰਾ ਆਪਣੇ ਭਗਤ ਬਣਾ ਲੈਂਦਾ ਹੈ ਭਾਵ ਜਿਨ੍ਹਾਂ ਨੂੰ ਉਹ ਆਪਣੀ ਉੱਚੀ ਸਮਝ ਵਾਲੇ ਬਣਾ ਲੈਂਦਾ ਹੈ, ਨਾਮ ਦੀ ਸਮਝ ਵਾਲੇ ਬਣਾ ਲੈਂਦਾ ਹੈ, ਉਹ ਉਸਦਾ ਨਾਮ ਕਿਸ ਤਰੀਕੇ ਜਪਦੇ ਹਨ ਇਹੀ ਗੱਲ ਪਉੜੀ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

"ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥

ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥

ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥"

ਅਕਾਲ ਪੁਰਖ ਦਾ ਨਾਮ ਧਿਆਉਣਾ ਕੀ ਹੈ ਇਸ ਗੱਲ ਨੂੰ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਨਾ ਹੀ ਰਹਿੰਦੀ ਦੁਨੀਆ ਤੱਕ ਕਦੇ ਗੁਰੂ ਦਾ ਨਾਮ ਬਦਲ ਸਕਦਾ ਹੈ ਤੇ ਨਾ ਹੀ ਉਸਨੂੰ ਜਪਣ ਦਾ ਕਦੇ ਤਰੀਕਾ ਬਦਲ ਸਕਦਾ ਹੈ। ਸੱਚ ਨੇ ਤਾਂ ਸਦਾ ਇੱਕੋ ਜਿਹਾ ਹੀ ਸੱਚ ਰਹਿਣਾ ਹੈ। ਨਾ ਕਦੇ ਸੱਚ ਬਦਲ ਸਕਦਾ ਹੈ ਤੇ ਨਾ ਹੀ ਕਦੇ ਸੱਚ ਨੂੰ ਸਮਝਣ ਦਾ ਤੇ ਉਸਤੇ ਚੱਲਣ ਦਾ ਤਰੀਕਾ ਬਦਲ ਸਕਦਾ ਹੈ। ਉਪਰ ਪਹਿਲੀ ਪੰਗਤੀ ਰਾਹੀਂ ਇਹ ਸਮਝਾਇਆ ਹੋਇਆ ਹੈ ਕਿ ਹਰਿ ਦੇ ਭਗਤ ਹਰਿ ਦੀ ਚਾਕਰੀ ਕਰਦੇ ਹਨ ਭਾਵ ਉਸਦਾ ਨੌਕਰ ਬਣਕੇ ਰਹਿੰਦੇ ਹਨ ਜੋ ਆਪਣੀ ਨੌਕਰੀ ਕਰਨ ਦੁਆਰਾ ਉਹ ਹਰ ਵੇਲੇ ਭਾਵ ਅੱਠੇ

55/7749

ਪਹਿਰ ਉਸਦਾ ਨਾਮ ਧਿਆਉਂਦੇ ਹਨ, ਕਿਸੇ ਦਾ ਨੌਕਰ ਬਣਨਾ ਜਾਂ ਕਿਸੇ ਦਾ ਦਾਸ ਬਣਨਾ ਇੱਕੋ ਹੀ ਗੱਲ ਹੈ। ਸਾਰੀ ਗੱਲ ਸਮਝਣ ਦੀ ਇਹ ਹੈ ਕਿ ਪ੍ਰਮਾਤਮਾ ਆਪਣਾ ਚਾਕਰ ਕਿਸਨੂੰ ਬਣਾਉਂਦਾ ਹੈ ਭਾਵ ਆਪਣਾ ਦਾਸ ਕਿਸਨੂੰ ਬਣਾਉਂਦਾ ਹੈ। ਉਪਰ ਦੂਸਰੀ ਪੰਗਤੀ ਵਿੱਚ **"ਦਾਸਨਿ ਦਾਸ"** ਦੀ ਗੱਲ ਕੀਤੀ ਹੋਈ ਹੈ। **"ਦਾਸਨਿ"** ਤੋਂ ਭਾਵ ਹੈ ਦਾਸ ਬਣਨ ਦੁਆਰਾ। ਆਪਣਾ ਦਾਸ ਅਕਾਲ ਪੁਰਖ ਕਿਸੇ ਨੂੰ ਆਪ ਹੀ ਬਣਾ ਸਕਦਾ ਹੈ ਜੋ ਸਭ ਦਾ ਮਾਲਕ ਹੈ। ਜਿਸਨੂੰ ਉਹ ਆਪਣਾ ਭਗਤ ਰੂਪ ਬਣਾਉਂਦਾ ਹੈ ਉਹੀ ਉਸਦਾ ਦਾਸ ਬਣਨ ਦੁਆਰਾ ਉਸਦੀ ਸਾਰਾ ਜੀਵਨ ਚਾਕਰੀ ਕਰਦਾ ਹੈ। ਉਹ ਸ੍ਰਿਸ਼ਟੀ ਦਾ ਕਰਤਾ ਆਪ ਨਾਮ ਦੇ ਰੂਪ ਵਿੱਚ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ। ਉਸਦੇ ਭਗਤ ਉਸਦੀ ਸੱਚੀ ਗੁਰਮਤਿ ਸਮਝ ਦੀ ਚਾਕਰੀ ਹੀ ਕਰਦੇ ਹਨ ਭਾਵ ਸੱਚੀ ਗੁਰਮਤਿ ਤੇ ਅਮਲ ਹੀ ਕਰਦੇ ਹਨ ਜਿਸ ਦੁਆਰਾ ਉਹ ਉਸਦਾ ਹਰ ਵੇਲੇ ਨਾਮ ਧਿਆਉਂਦੇ ਹਨ। ਉਸਦੀ ਚਾਕਰੀ ਉਸਦਾ ਦਾਸ ਬਣਕੇ ਹੀ ਕੀਤੀ ਜਾ ਸਕਦੀ ਹੈ ਤੇ ਉਸਦਾ ਦਾਸ ਉਹੀ ਬਣਦਾ ਹੈ ਭਾਵ ਆਪਣਾ ਦਾਸ ਅਕਾਲ ਪੁਰਖ ਉਨ੍ਹਾਂ ਨੂੰ ਹੀ ਬਣਾਉਂਦਾ ਹੈ ਜੋ ਆਪਣੇ ਅੰਦਰੋਂ ਆਪਣਾ

ਆਪ ਗੁਆ ਦਿੰਦੇ ਹਨ ਭਾਵ ਆਪਣੀ ਮਤਿ ਪੂਰੀ ਤਰ੍ਹਾਂ ਛੱਡ ਦਿੰਦੇ ਹਨ ਭਾਵ ਆਪਣੇ ਅੰਦਰ ਦੀ ਹਉਮੈ ਪੂਰੀ ਤਰ੍ਹਾਂ ਛੱਡ ਦਿੰਦੇ ਹਨ, ਆਪਣੀ ਮੈਂ ਪੂਰੀ ਤਰ੍ਹਾਂ ਛੱਡ ਦਿੰਦੇ ਹਨ ਕਿਉਂਕਿ ਉਨ੍ਹਾਂ ਦਾ ਮਨ ਦੀ ਸਮਝ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੋਣ ਦੁਆਰਾ ਇਸ ਗੱਲ ਦੀ ਸਮਝ ਲੱਗ ਜਾਂਦੀ ਹੈ ਕਿ ਸਭ ਕੁੱਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਆਪ ਹੀ ਆਪਣਾ ਨਾਮ ਬਖਸ਼ਕੇ ਆਪਣਾ ਨਾਮ ਜਪਾਉਂਦਾ ਹੈ ਭਾਵ ਮਨ ਦੇ ਹਰ ਔਗੁਣ ਤੋਂ ਆਪ ਹੀ ਮੁਕਤ ਕਰਦਾ ਹੈ, ਤ੍ਰਿਸ਼ਨਾਵਾਂ ਤੋਂ ਮੁਕਤ ਕਰਦਾ ਹੈ ਜਿਸ ਦੁਆਰਾ ਉਸਦਾ ਮਨੁੱਖੀ ਰੂਪ ਆਪਣੇ ਜੀਵਨ ਵਿੱਚ ਫਿਰ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਭਾਵ ਅਨਦਿਨ ਉਸਦਾ ਨਾਮ ਧਿਆਉਂਦਾ ਹੈ। **(ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥ ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥)**

ਅੱਲ੍ਹਾ, ਅਕਾਲ ਪੁਰਖ ਦੇ ਦਰ ਤੇ, ਪ੍ਰਮਾਤਮਾ ਦੇ ਦਰ ਤੇ ਉਸਦੇ ਸੱਚੇ ਭਗਤਾਂ ਦੇ ਮੁੱਖ ਹੀ ਉਜਲੇ ਹੁੰਦੇ ਹਨ ਜਿਨ੍ਹਾਂ ਦਾ ਆਪਾ ਮਿੱਟ ਜਾਂਦਾ ਹੈ ਜਿਵੇਂ ਕਿ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

“ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥”

ਸੰਸਾਰ ਦੇ ਹਰ ਮਨੁੱਖ ਦਾ ਖਸਮ ਤਾਂ ਇੱਕੋ ਇੱਕ ਪ੍ਰਮਾਤਮਾ ਹੀ ਹੈ ਜੋ ਕਿ ਸੱਚ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਉਸ ਸੱਚੇ ਦੇ ਦਰ ਤੇ ਜੋ ਉਸਦਾ ਸੱਚ ਰੂਪ ਦਰ ਹਰ ਮਨੁੱਖੀ ਸਮਝ ਦੇ ਅੰਦਰ ਹੀ ਹੈ ਉਹ ਉਸਦਾ ਦਰ ਸੱਚੇ ਗਿਆਨ ਦਾ ਦਰ ਹੈ ਭਾਵ ਉਸਦਾ ਨਾਮ ਰੂਪ ਦਰ ਹੈ, ਬ੍ਰਹਮ ਗਿਆਨ ਰੂਪ ਦਰ ਹੈ। ਪੂਰੀ ਗੁਰਬਾਣੀ ਦੇ ਵਿੱਚ ਸੱਚਾ ਗਿਆਨ ਭਾਵ ਸ਼ਬਦਾਂ ਦਾ ਗਿਆਨ ਉਸਦੇ ਸੱਚ ਰੂਪ ਦਰ ਤੋਂ ਹੀ ਆਇਆ ਹੈ ਭਾਵ ਉਨ੍ਹਾਂ ਸਰੀਰਾਂ ਦੀ ਸਮਝ ਰਾਹੀਂ ਆਇਆ ਹੈ ਜਿਨ੍ਹਾਂ ਸਰੀਰਾਂ ਦੇ ਅੰਦਰ ਪ੍ਰਗਟ ਹੋ ਕੇ ਉਸਨੇ ਉਨ੍ਹਾਂ ਨੂੰ ਆਪਣਾ ਨਾਮ ਬਖਸ਼ਣ ਦੁਆਰਾ ਆਪਣੇ ਭਗਤ ਰੂਪ ਬਣਾਇਆ ਹੈ। ਉਸਦੇ ਦਰ ਤੇ ਉਹੀ ਸੁਹਾਉਂਦਾ ਹੈ ਜੋ ਉਸਦੇ ਸ਼ਬਦਾਂ ਦੇ ਅੰਦਰ

55/7750

ਦੇ ਸੱਚ ਨਾਲ ਜੁੜ ਜਾਂਦਾ ਹੈ ਭਾਵ ਹਰ ਸ਼ਬਦ ਦੇ ਅੰਦਰ ਦੀ ਸੱਚੀ ਗੁਰਮਤਿ ਵਾਲੀ ਸਮਝ ਦੇ ਨਾਲ ਜੁੜ ਜਾਂਦਾ ਹੈ ਭਾਵ ਆਪਣਾ ਪੂਰਾ ਜੀਵਨ ਪੂਰਨ ਗੁਰਮਤਿ ਅਨੁਸਾਰ ਹੀ ਬਿਤਾਉਂਦਾ ਹੈ ਜਿਸ ਤਰੀਕੇ ਉਹ ਆਪਣੇ ਪੂਰੇ ਜੀਵਨ ਵਿੱਚ ਸ੍ਰਿਸ਼ਟੀ ਦੇ ਕਰਤੇ ਦਾ ਸੱਚਾ ਨਾਮ ਧਿਆਉਂਦਾ ਹੈ। ਉਸਦੇ ਦਰ ਤੇ ਕਿਸੇ ਦਾ ਵੀ ਮੁੱਖ ਤਾਂ ਹੀ ਉਜਲ ਹੋ ਸਕਦਾ ਹੈ ਜਦੋਂ ਉਹ ਕਿਸੇ ਤੇ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਉਸਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ, ਉਨ੍ਹਾਂ ਨੂੰ ਮਨ ਦੀ ਕਲਿ ਵਿੱਚੋਂ ਕੱਢਕੇ ਆਪਣਾ ਭਗਤ ਰੂਪ ਬਣਾ ਲੈਂਦਾ ਹੈ। **(ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥) (ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥ ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥) (ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥ ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥ ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥ ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ॥ ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥ ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥ ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥)**

ਪਿੱਛੇ ਲੇਖ ਵਿੱਚ ਉਪਰ ਵਾਲੇ ਸ਼ਬਦ ਰਾਹੀਂ ਵੀ ਅਸੀਂ ਇਸ ਗੱਲ ਨੂੰ ਵਿਚਾਰਿਆ ਹੈ ਕਿ ਧਰਮ ਦਾ ਮਾਰਗ ਤਾਂ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜੋ ਕਿ ਸੱਚ ਤੇ ਚੱਲਣ ਦਾ ਹੈ ਜੋ ਸੱਚ ਦਾ ਮਾਰਗ ਸਾਰੇ ਸੰਸਾਰ ਲਈ ਪਹਿਲੇ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸਮਝਾਏ ਹੋਏ ਸੱਚ ਨੂੰ ਸਮਝਣ ਦਾ ਹੈ। ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਸਮਝਣਾ ਹੀ ਬਹੁਤ ਵੱਡੀ ਗੱਲ ਹੈ।

ਸੱਚ ਤੇ ਤਾਂ ਹੀ ਚੱਲਿਆ ਜਾ ਸਕਦਾ ਹੈ ਜੇਕਰ ਪਹਿਲੇ ਸੱਚ ਨੂੰ ਸਮਝਾਂਗੇ। ਧਰਮ ਗ੍ਰੰਥਾਂ ਦੇ ਅੰਦਰ ਦੇ ਸੱਚ ਨੂੰ ਨਾਸਮਝ ਸਕਣ ਦਾ ਕਾਰਣ ਸਭ ਦੇ ਅੰਦਰ ਦੀ **"ਕਲਿ"** ਹੈ। ਮਨ ਦੀ ਕਲਿ ਕਰਕੇ ਹੀ ਅਸੀਂ ਆਪਣੀ ਧਾਰਮਿਕ ਆਸਥਾ ਨੂੰ ਚੰਗੀ ਸਮਝਦੇ ਹਾਂ ਤੇ ਦੂਸਰਿਆਂ ਦੀ ਧਾਰਮਿਕ ਆਸਥਾ ਨੂੰ ਮਾੜਾ ਸਮਝਦੇ ਹਾਂ ਜਿਸ ਕਰਕੇ ਸੰਸਾਰ ਵਿੱਚ ਧਰਮ ਦੇ ਨਾਂ ਤੇ ਝਗੜੇ ਵੀ ਹੁੰਦੇ ਹਨ ਜੋ ਕਿ ਮਨੁੱਖ ਦੀ ਬਹੁਤ ਹੀ ਵੱਡੀ ਨਾਸਮਝੀ ਹੈ। ਕਿਸੇ ਵੀ ਮਨੁੱਖ ਦਾ ਇਸ ਗੱਲੋਂ ਝਗੜਾ ਕਰਨਾ ਕਿ ਇਹ ਮੇਰੇ ਨਾਲੋਂ ਵੱਖਰੀ ਧਾਰਮਿਕ ਆਸਥਾ ਰੱਖਦਾ ਹੈ ਇਹ ਸੱਚ ਦੇ ਮਾਰਗ ਦੇ ਨਾਲ ਸਭ ਤੋਂ ਵੱਡੀ ਬੇਇਨਸਾਫੀ ਹੈ। ਸੱਚ ਰੂਪ ਵਿੱਚ ਹੀ ਸ੍ਰਿਸ਼ਟੀ ਦਾ ਮਾਲਕ ਆਪ ਹੈ ਜੋ ਹਰ ਮਨੁੱਖੀ ਰੂਪ ਨੂੰ ਬਣਾਕੇ ਉਸ ਵਿੱਚ ਆਪ ਹੀ ਵਿਚਰ ਰਿਹਾ ਹੈ। ਕਿਸੇ ਦੇ ਨਾਲ ਇਸ ਗੱਲੋਂ ਝਗੜਾ ਕਰਨਾ ਕਿ ਇਹ ਮੇਰੇ ਨਾਲੋਂ ਦੂਸਰੀ ਧਾਰਮਿਕ ਆਸਥਾ ਰੱਖਦਾ ਹੈ ਇਹ ਉਸਦਾ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਭਾਵ ਗਾਡ, ਅੱਲ੍ਹਾ, ਪ੍ਰਮਾਤਮਾ , ਅਕਾਲ ਪੁਰਖ ਦੇ ਨਾਲ ਹੀ ਝਗੜਾ ਕਰਨ ਵਾਲੀ ਗੱਲ ਹੈ। ਜਿਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਅਸੀਂ ਪਾਉਣਾ ਚਾਹੁੰਦੇ ਹਾਂ, ਜਾਨਣਾ ਚਾਹੁੰਦੇ ਹਾਂ ਉਸਦੇ ਲਈ, ਸਭ ਵਾਸਤੇ ਇਹੀ ਮਾਰਗ ਹੈ ਕਿ ਪਹਿਲੇ ਮਨ ਦੀ **"ਕਲਿ"** ਵਿੱਚੋਂ ਨਿਕਲਣ ਦਾ ਉਪਰਾਲਾ ਕਰੀਏ ਭਾਵ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੀ ਸੱਚੀ ਮਤਿ ਨੂੰ ਸਮਝਣ ਦਾ ਉਪਰਾਲਾ ਕਰੀਏ ਤਾਂ ਜੋ ਉਸ ਅਨੁਸਾਰ ਸੱਚਾ ਸੁੱਚਾ ਜੀਵਨ ਜੀਵੀਏ ਤੇ ਕਿਸੇ ਨਾਲ ਬੇਵਜ੍ਹਾ ਧਾਰਮਿਕ ਝਗੜੇ ਨਾ ਕਰੀਏ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਆਪਸੀ ਧਾਰਮਿਕ ਨਫਰਤ ਦਾ ਕਾਰਣ ਮਨ ਦੀ **"ਕਲਿ"** ਹੀ ਹੈ।

ਰਾਮਕਲੀ ਮਹਲਾ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥ ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥
ਕਰਿ ਕਰਤਾ ਤੂ ਏਕੋ ਜਾਣੁ ॥੭॥ ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥}

(ਅੰਗ ੯੦੨-੯੦੩)

55/7751

ਉਪਰ ਵਾਲੇ ਪੂਰੇ ਸ਼ਬਦ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ। ਪੂਰੀ ਗੁਰਬਾਣੀ ਤਾਂ ਸਾਨੂੰ ਸੱਚ ਦੇ ਮਾਰਗ ਤੇ ਚੱਲਣਾ

ਹੀ ਸਮਝਾ ਰਹੀ ਹੈ ਤੇ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਨਾ ਸਮਝਣ ਕਰਕੇ ਭਾਵ ਮਨ ਦੀ **"ਕਲਿ"** ਕਰਕੇ, ਮਨ ਦੀ ਅਗਿਆਨਤਾ ਕਰਕੇ ਅਸੀਂ ਸ਼ਬਦਾਂ ਦੇ ਅੰਦਰ ਦੀ ਸੱਚਾਈ ਨੂੰ ਸਮਝਣ ਦੀ ਬਜਾਏ ਉਸ ਵਿੱਚ ਆਪਣੀ ਮਤਿ ਜੋੜ ਦਿੰਦੇ ਹਾਂ ਤੇ ਆਪਣੀ ਮਤਿ ਨੂੰ ਠੀਕ ਸਮਝਕੇ ਗੁਰੂ ਦੇ ਸੱਚੇ ਬੋਲਾਂ ਨੂੰ ਵਿਗਾੜ ਦਿੰਦੇ ਹਾਂ ਭਾਵ ਸ਼ਬਦਾਂ ਦੇ ਸਹੀ ਅਰਥਾਂ ਨੂੰ ਵਿਗਾੜ ਦਿੰਦੇ ਹਾਂ ਜਿਸ ਕਰਕੇ ਸਾਨੂੰ ਵੱਡੇ ਗਵਾਰ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੁਆਰਾ ਸਮਝਿਆ ਹੀ ਹੈ ਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ ॥
ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥
ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥
ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥
ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥
ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ ੫-੬)

ਆਪਣੇ ਹਰ ਸ਼ਬਦ ਰਾਹੀਂ ਗੁਰੂ ਸਾਨੂੰ ਸੱਚ ਹੀ ਸਮਝਾ ਰਿਹਾ ਹੈ ਤੇ ਹਰ ਸ਼ਬਦ ਰਾਹੀਂ ਗੁਰੂ ਸਾਨੂੰ ਔਗੁਣ ਛੱਡਣ ਲਈ ਸਮਝਾਉਂਦਾ ਹੈ ਭਾਵ ਗੁਣੀ ਬਣਨਾ ਸਿਖਾਉਂਦਾ ਹੈ ਤਾਂ ਜੋ ਅਸੀਂ ਕੋਈ ਮਾੜਾ ਕਰਮ ਨਾ ਕਰੀਏ। ਜਦੋਂ ਅਸੀਂ ਆਪਸ ਵਿੱਚ ਧਾਰਮਿਕ ਝਗੜੇ ਕਰਦੇ ਹਾਂ ਤਾਂ ਇੱਕ ਦੂਸਰੇ ਨੂੰ ਉੱਚੇ ਬੋਲ ਵੀ ਬੋਲਦੇ ਹਾਂ ਭਾਵ ਲੜਨ ਦੀਆਂ ਗੱਲਾਂ ਕਰਦੇ ਹਾਂ ਭਾਵ ਇੱਕ ਦੂਸਰੇ ਤੇ ਭੌਂਕਦੇ ਹਾਂ ਕਿ ਮੇਰਾ ਧਰਮ ਦਾ ਮਾਰਗ ਚੰਗਾ ਹੈ ਤੇ ਤੇਰਾ ਧਰਮ ਦਾ ਮਾਰਗ ਮਾੜਾ ਹੈ। ਬਾਣੀ ਰਾਹੀਂ ਸਾਨੂੰ ਭੌਂਕਣਾ ਵੀ ਸਿਖਾਇਆ ਹੈ ਭਾਵ ਲੜਨਾ ਵੀ ਸਿਖਾਇਆ ਹੈ ਭਾਵ ਗੁੱਸਾ ਕਰਨਾ ਵੀ ਸਿਖਾਇਆ ਹੈ ਤੇ ਉਹ ਗੁੱਸਾ ਅਸੀਂ ਕਿਸਤੇ ਦਿਖਾਉਣਾ ਹੈ ਤੇ ਕਿਸ ਮਕਸਦ ਲਈ ਦਿਖਾਉਣਾ ਹੈ ਇਸ ਗੱਲ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਧੰਨ ਧੰਨ ਬਾਬਾ ਨਾਨਕ ਜੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦ ਦੁਆਰਾ ਸਮਝਿਆ ਹੀ ਹੈ ਤੇ ਹੁਣ ਉਸੇ ਗੱਲ ਨੂੰ ਸਾਨੂੰ ਕਿਸ ਗੱਲ ਲਈ ਭੌਂਕਣਾ ਚਾਹੀਦਾ ਹੈ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅੱਲ੍ਹਾ, ਪ੍ਰਮਾਤਮਾ ਦੇ ਸ਼ਬਦ ਦੁਆਰਾ ਸਮਝਦੇ ਹਾਂ।

"ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥
ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥
ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥
ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥
ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥
ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥ ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥
ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥
ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥
ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥"

(ਅੰਗ ੯੬੯-੯੭੦)

ਧਿਆਨ ਨਾਲ ਸਮਝੋ ਕਿ ਸੱਚੇ ਸੰਤ ਭਗਤ ਕਬੀਰ ਜੀ ਉਪਰ ਵਾਲੀ ਪੰਗਤੀ ਰਾਹੀਂ ਕਿਹੜੇ ਸੰਤਾਂ ਨੂੰ ਮੰਨਣ ਦੀ ਗੱਲ ਕਰ ਰਹੇ ਹਨ। ਸੰਤ ਰੂਪ ਤਾਂ ਉਹ ਆਪ ਹੀ ਸਨ ਜੋ ਉਨ੍ਹਾਂ ਦਾ ਸੰਤ ਰੂਪ ਪੂਰੀ ਗੁਰਬਾਣੀ ਦੇ ਸ਼ਬਦਾਂ ਵਿੱਚ ਹੁਣ ਵੀ ਸਾਰੇ ਸੰਸਾਰ ਦੇ ਸਾਹਮਣੇ ਹੈ। ਸੱਚਾ ਸੰਤ ਤਾਂ ਕੇਵਲ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਪੂਰੇ ਗਿਆਨ ਦਾ ਮਾਲਕ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਸ ਮਨੁੱਖੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ

55/7752

ਸੰਤ ਭਾਵ ਕਰਤਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਨੂੰ ਉਹ ਆਪਣਾ ਸੰਤ ਰੂਪ ਬਣਾ ਦਿੰਦਾ ਹੈ। ਸਾਰੀ ਗੁਰਬਾਣੀ ਦੇ ਅੰਦਰ ਜਿਨ੍ਹਾਂ ਨੇ ਆਪਣੇ ਸ਼ਬਦ ਉਚਾਰੇ ਹਨ ਉਹ ਉਨ੍ਹਾਂ ਨੇ ਅਕਾਲ ਪੁਰਖ ਦਾ ਸੰਤ ਰੂਪ ਬਣਕੇ ਹੀ ਉਚਾਰੇ ਹਨ। ਸੰਤਾਂ ਦੇ ਵਿਚਾਰਾਂ ਨੂੰ ਮੰਨਣਾ ਸੰਤਾਂ ਨੂੰ ਮੰਨਣਾ ਹੈ। ਪੂਰੀ ਗੁਰਬਾਣੀ ਵਿੱਚ ਸ਼ਬਦਾਂ ਰਾਹੀਂ ਦਿੱਤੇ ਹੋਏ ਸ਼ਬਦਾਂ ਦੇ ਵਿਚਾਰ ਸਾਨੂੰ ਆਪਣੇ ਅੰਦਰ ਦੇ ਦੂਤਾਂ ਨੂੰ ਭਾਵ ਵਿਕਾਰਾਂ ਨੂੰ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਮਾੜੇ ਵਿਕਾਰਾਂ ਨੂੰ ਡੰਨ ਦੇਣ ਲਈ ਕਹਿੰਦੇ ਹਨ ਭਾਵ ਸਜਾ ਦੇਣ ਨੂੰ ਕਹਿੰਦੇ ਹਨ ਭਾਵ ਇਨ੍ਹਾਂ ਨੂੰ ਆਪਣੇ ਅੰਦਰੋਂ ਕੱਢਣ ਲਈ ਕਹਿੰਦੇ ਹਨ ਕਿਉਂਕਿ ਇਹ ਸਾਡੇ ਅੰਦਰੋਂ ਸੱਚ ਦੀ ਚੋਰੀ ਕਰਦੇ ਹਨ ਜਿਨ੍ਹਾਂ ਨੂੰ ਸ਼ਬਦਾਂ ਰਾਹੀਂ ਨਾਮ ਦੇ ਚੋਰ ਵੀ ਕਿਹਾ ਹੈ ਕਿਉਂਕਿ ਉਹ ਸਾਡੇ ਅੰਦਰ ਗੁਰਮਤਿ ਦੇ ਸੱਚੇ ਵਿਚਾਰਾਂ ਨੂੰ ਵੱਸਣ ਨਹੀਂ ਦਿੰਦੇ। ਭਗਤ ਕਬੀਰ ਜੀ ਸਾਨੂੰ ਇਹ ਸਮਝਾ ਰਹੇ ਹਨ ਕਿ ਮੈਂ ਆਪਣੇ ਅੰਦਰ ਦੇ ਦੂਤਾਂ ਕੋਲੋਂ ਆਪਣੇ ਅੰਦਰ ਦੀ ਸੱਚੀ ਸਮਝ ਦੀ ਰਾਖੀ ਕਰ ਰਿਹਾ ਹੈ, ਮੈਂ ਇਨ੍ਹਾਂ ਨੂੰ ਆਪਣੇ ਅੰਦਰ ਵੜਨ ਨਹੀਂ ਦਿੰਦਾ ਭਾਵ ਜਦੋਂ ਮੇਰੇ ਅੰਦਰ ਇਹੋ ਜਿਹੇ ਮਾਇਆ ਮੋਹ ਵਾਲੇ ਮਾੜੇ ਵਿਚਾਰ ਉਪਜਦੇ ਹਨ ਭਾਵ ਤ੍ਰਿਸ਼ਨਾਵਾਂ ਉਪਜਦੀਆਂ ਹਨ ਮੈਂ ਇਨ੍ਹਾਂ ਤੋਂ ਆਪਣੀ ਰਾਖੀ ਕਰਨ ਲਈ ਇਨ੍ਹਾਂ ਦੇ ਨਾਲ ਸਖਤੀ ਨਾਲ ਪੇਸ਼ ਆਉਂਦਾ ਹਾਂ ਤਾਂ ਜੋ ਇਹ ਮੈਨੂੰ ਧਰਮ ਦੇ ਸੱਚੇ ਮਾਰਗ ਤੇ ਚੱਲਣ ਤੋਂ, ਸੱਚਾ ਨਾਮ ਜਪਣ ਦੇ ਮਾਰਗ ਤੋਂ ਰੋਕ ਨਾ ਸਕਣ। **(ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥)**

ਮਾਝ ਮਹਲਾ ੩ ॥

{ਸਭ ਘਟ ਆਪੇ ਭੋਗਣਹਾਰਾ ॥ ਅਲਖੁ ਵਰਤੈ ਅਗਮ ਅਪਾਰਾ ॥
ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥
ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥
ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ ॥ ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ ॥
ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ ॥੩॥
ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥
ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥
ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥
ਸਚੇ ਬਾਝਹੁ ਕੋ ਅਵਰੁ ਨ ਦੂਆ ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥
ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥
ਜੀਅ ਜੰਤ ਸਭਿ ਸਰਣਿ ਤੁਮਾਰੀ ॥ ਆਪੇ ਧਰਿ ਦੇਖਹਿ ਕਚੀ ਪਕੀ ਸਾਰੀ ॥
ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ ॥੭॥

ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥ ਸਭ ਮਹਿ ਆਪਿ ਰਹਿਆ ਭਰਪੂਰਿ ॥
ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ ॥੮॥੬॥੭॥}

(ਅੰਗ ੧੧੩)

{ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥}

(ਅੰਗ ੯੧੭)

{ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥
ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥ ਬਾਝੁ ਗੁਰੂ ਹੈ ਮੋਹੁ ਗੁਬਾਰਾ ॥
ਫਿਰਿ ਫਿਰਿ ਡੁਬੈ ਵਾਰੋ ਵਾਰਾ ॥ ਸਤਿਗੁਰ ਭੇਟੇ ਸਚੁ ਦ੍ਰਿੜਾਏ ਸਚੁ ਨਾਮੁ ਮਨਿ ਭਾਇਆ ॥੮॥}

(ਅੰਗ ੧੦੬੮)

{ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥
ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥
ਗੁਰ ਕੀ ਚਾਲ ਗੁਰੂ ਤੇ ਜਾਪੈ ॥ ਪੂਰਾ ਸੇਵਕੁ ਸਬਦਿ ਸਿਞਾਪੈ ॥
ਸਦਾ ਸਬਦੁ ਰਵੈ ਘਟ ਅੰਤਰਿ ਰਸਨਾ ਰਸੁ ਚਾਖੈ ਸਚੁ ਸੋਈ ਹੇ ॥੧੩॥
ਹਉਮੈ ਮਾਰੇ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰਿ ਧਾਰੇ ॥
ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ ॥੧੪॥
ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ ॥ ਗੁਰਮੁਖਿ ਬੂਝੈ ਸਚਿ ਸਮਾਇਆ ॥
ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ ॥੧੫॥
ਆਪੇ ਗੁਣਦਾਤਾ ਬੀਚਾਰੀ ॥ ਗੁਰਮੁਖਿ ਦੇਵਹਿ ਪਕੀ ਸਾਰੀ ॥
ਨਾਨਕ ਨਾਮਿ ਸਮਾਵਹਿ ਸਾਚੈ ਸਾਚੇ ਤੇ ਪਤਿ ਹੋਈ ਹੇ ॥੧੬॥੨॥}

(ਅੰਗ ੧੦੪੫)

ਬਸੰਤੁ ਹਿੰਡੋਲ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥ ਮਾਧੋ ਸਾਧੂ ਜਨ ਦੇਹੁ ਮਿਲਾਇ ॥

ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥}

(ਅੰਗ ੧੧੭੯)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਆਪਣੇ ਅੰਦਰ ਦੇ ਵਿਕਾਰਾਂ ਤੋਂ ਰਾਖੀ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਕੀਤੀ ਜਾ ਸਕਦੀ ਹੈ ਤੇ ਤਾਂ ਹੀ ਗੁਰੂ ਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਸੱਚ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ, ਧਰਮ ਦੇ ਮਾਰਗ ਤੇ ਚੱਲਿਆ ਜਾ ਸਕਦਾ ਹੈ ਜੋ ਧਰਮ ਦਾ ਮਾਰਗ, ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਦੇ ਮਨੁੱਖਾਂ ਲਈ ਇੱਕੋ ਜਿਹਾ ਹੀ ਹੈ।

ਧਰਮ ਦੇ ਸੱਚੇ ਮਾਰਗ ਤੇ ਅਸੀਂ ਹਰ ਵੇਲੇ ਚੱਲਣਾ ਹੈ ਭਾਵ ਗੁਰੂ ਦਾ ਨਾਮ ਅਸੀਂ ਦਿਨ ਰਾਤ ਜਪਣਾ ਹੈ ਜੋ ਕਿ ਮਨ ਦੇ ਪੰਜੇ ਵਿਕਾਰਾਂ ਤੋਂ ਭਾਵ ਪੰਜੇ ਦੂਤਾਂ ਤੋਂ ਆਪਣੀ ਰਾਖੀ ਕਰਨ ਦੁਆਰਾ ਹੀ ਭਾਵ ਉਨ੍ਹਾਂ ਨੂੰ ਆਪਣੇ ਅੰਦਰੋਂ ਕੱਢਣ ਦੁਆਰਾ ਹੀ ਜਪਿਆ ਜਾ ਸਕਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

55/7753

“ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥”

ਉਪਰ ਵਾਲੀ ਪੰਗਤੀ ਰਾਹੀਂ ਸਾਨੂੰ ਗੁਰੂ ਦੀ ਇੱਜਤ, ਗੁਰੂ ਦਾ ਮਾਣ ਕਰਨਾ ਹੀ ਸਮਝਾਇਆ ਹੋਇਆ ਹੈ। ਅਸੀਂ ਜਿਸਦੀ ਇੱਜਤ ਕਰਦੇ ਹਾਂ ਉਸਦੀ ਇੱਜਤ ਉਸਨੂੰ ਸੁੱਖ ਪਹੁੰਚਾ ਕੇ ਹੀ ਕੀਤੀ ਜਾ ਸਕਦੀ ਹੈ, ਉਸਦੀ ਸੇਵਾ ਕਰਨ ਦੁਆਰਾ ਹੀ ਕੀਤੀ ਜਾ ਸਕਦੀ ਹੈ ਜਿਵੇਂ ਕਿ ਕਿਸੇ ਦੇ ਪੈਰ ਘੁੱਟਣ ਨਾਲ ਉਸਨੂੰ ਸੁੱਖ ਮਿਲਦਾ ਹੈ ਤੇ ਜੇਕਰ ਕਿਸੇ ਨੂੰ ਧੁੱਪ ਦੀ ਗਰਮੀ ਭਾਵ ਧੁੱਪ ਦੇ ਸੇਕ ਤੋਂ ਬਚਾਉਣਾ ਹੋਵੇ ਤੇ ਉਸਦੇ ਉਪਰ ਜੇਕਰ ਕੋਈ ਆਪਣੇ ਕੇਸਾਂ ਨਾਲ ਉਸਦੇ ਉਪਰ ਫੇਰੀ ਕਰੇ ਉਸ ਵਿੱਚ ਦੂਸਰੇ ਨੂੰ ਸੁੱਖ ਮਿਲਦਾ ਹੈ। ਦੂਸਰੇ ਨੂੰ ਸੁੱਖ ਦੇਣ ਲਈ ਆਪਣੇ ਆਪ ਨੂੰ ਔਖਾ ਕਰਨਾ ਹੀ ਪੈਂਦਾ ਹੈ। ਗੱਲ ਤਾਂ ਗੁਰੂ ਨੂੰ ਸੁੱਖ ਦੇਣ ਦੀ ਹੈ, ਗੁਰੂ ਆਪਣੀ ਗੁਰਮਤਿ ਦੇ ਵਿੱਚ, ਆਪਣੇ ਬਚਨਾਂ ਦੇ ਵਿੱਚ ਹੈ। ਗੁਰੂ ਦੇ ਬਚਨਾਂ ਨੂੰ ਮੰਨਣਾ ਤਾਂ ਔਖਾ ਸਭ ਨੂੰ ਲੱਗਦਾ ਹੀ ਹੈ ਭਾਵ ਸਾਰੇ ਵਿਕਾਰ ਛੱਡਣੇ ਪੈਂਦੇ ਹਨ। ਗੁਰੂ ਨੂੰ ਇਹੋ ਕੁੱਝ ਹੀ ਚੰਗਾ ਲੱਗਦਾ ਹੈ ਤੇ ਇਸ ਤਰੀਕੇ ਹੀ ਗੁਰੂ ਦਾ ਨਾਮ ਜਪਿਆ ਜਾ ਸਕਦਾ ਹੈ ਭਾਵ ਔਖਾਪਨ ਸਹਿਣਾ ਹੀ ਪੈਂਦਾ ਹੈ। **(ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥)**

ਗੁਰੂ ਦੀ ਸੇਵਾ ਮਨ ਦੇ ਸਾਰੇ ਔਗੁਣ ਤਿਆਗਕੇ ਹੀ ਹੁੰਦੀ ਹੈ ਭਾਵ ਗੁਰੂ ਦੀ ਗੱਲ ਨੂੰ ਮੰਨ ਕੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ, ਮਨ ਦੇ ਵਿੱਚੋਂ ਮਾਇਆ ਮੋਹ ਤਿਆਗਕੇ ਮਨ ਦੇ ਸੰਤੋਖ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਗਉੜੀ ਮਹਲਾ ੧ ॥

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥

ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

ਪਉੜੀ ॥

{ਸੇਵ ਕੀਤੀ ਸੰਤੋਖੀਣੀ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਹੁਣ ਮੁੱਖ ਸ਼ਬਦ ਦੀਆਂ ਅਗਲੀਆਂ ਰਹਾਉ ਵਾਲੀਆਂ ਪੰਗਤੀਆਂ ਨੂੰ ਸਮਝਦੇ ਹਾਂ ਕਿ ਭਗਤ ਕਬੀਰ ਜੀ ਨੇ ਆਪਣੇ ਜੀਵਨ ਵਿੱਚ ਕਿਸ ਤਰੀਕੇ ਗੁਰੂ ਦੀ ਸੇਵਾ ਕੀਤੀ ਹੈ ਭਾਵ ਕਿਸ ਤਰੀਕੇ ਉਸਦੀ ਗੁਰਮਤਿ ਨੂੰ ਉੱਚਾ ਕਰਕੇ ਉਸਨੂੰ ਸੁੱਖ ਪਹੁੰਚਾਇਆ ਹੈ।

"ਹਮ ਕੁਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥"

ਧੰਨ ਧੰਨ ਭਗਤ ਕਬੀਰ ਜੀ ਨੇ ਆਪਣੇ ਆਪ ਨੂੰ ਅਕਾਲ ਪੁਰਖ ਦੇ ਦਰਬਾਰ ਦਾ ਕੂਕਰ ਭਾਵ ਕੁੱਤਾ ਕਿਹਾ ਹੈ। ਉਸਦਾ ਕੁੱਤਾ ਉਹੀ ਬਣ ਸਕਦਾ ਹੈ ਤੇ ਉਹੀ ਆਪਣੇ ਆਪ ਨੂੰ ਕੁੱਤਾ ਕਹਿ ਸਕਦਾ ਹੈ ਜੋ ਆਪਣੇ ਅੰਦਰੋਂ **"ਸਚੁ"** ਰੂਪ

55/7754

ਸ੍ਰਿਸ਼ਟੀ ਦੇ ਕਰਤੇ ਦੇ **"ਦਰਬਾਰਿ"** ਨੂੰ ਜਾਣ ਲੈਂਦਾ ਹੈ ਭਾਵ ਆਪਣੇ ਸਚੁ ਰੂਪ ਖਸਮ ਨੂੰ ਆਪਣੀ ਸਮਝ ਦੇ ਅੰਦਰੋਂ ਜਾਣ ਲੈਂਦਾ ਹੈ। ਉਹ ਆਪਣੇ ਸੱਚੇ ਦਰਬਾਰ ਵਿੱਚੋਂ ਸੱਚੀ ਸਮਝ ਹੀ ਪਾਉਂਦਾ ਹੈ ਭਾਵ ਆਪਣਾ ਗੁਰਮਤਿ ਰੂਪ ਸੱਚਾ ਗਿਆਨ ਹੀ ਦਿੰਦਾ ਹੈ ਜੋ ਉਸਦੇ ਸੱਚੇ ਭਗਤ ਉਸਦੇ ਕੋਲੋਂ ਉਸਦੀ ਧਰਮ ਦੇ ਮਾਰਗ ਤੇ ਚੱਲਣ ਦੀ ਸੱਚੀ ਮਤਿ ਲੈ ਕੇ ਉਸ ਅਨੁਸਾਰ ਵਿਚਰਦੇ ਵੀ ਹਨ ਭਾਵ ਗੁਰਮਤਿ ਦੀ ਆਪਣੇ ਅੰਦਰ ਪੂਰੀ ਰਾਖੀ ਕਰਦੇ ਹਨ, ਔਗੁਣ ਰੂਪ ਚੋਰਾਂ ਤੋਂ ਭਾਵ ਨਾਮ ਰੂਪ ਚੋਰਾਂ ਤੋਂ ਗੁਰਮਤਿ ਦੀ ਮਨ ਵਿੱਚ ਰਾਖੀ ਵੀ ਕਰਦੇ ਹਨ ਭਾਵ ਉਨ੍ਹਾਂ ਦੇ ਅੰਦਰ ਸੱਚੀ ਸਮਝ ਕੁੱਤਾ ਰੂਪ ਧਾਰਨ ਕਰਕੇ ਨਾਮ ਦੇ ਚੋਰਾਂ ਨੂੰ ਭੌਂਕਦੀ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਦੂਤਾਂ ਨੂੰ, ਚੋਰਾਂ ਨੂੰ ਅੰਦਰ ਵੜਨ ਨਹੀਂ ਦਿੰਦੀ। ਗੁਰਮਤਿ ਰੂਪ ਸੱਚੇ ਵਿਚਾਰ ਉਨ੍ਹਾਂ ਦੇ ਅੰਦਰ ਦਾ ਕੂਕਰ ਹੁੰਦੇ ਹਨ ਜੋ ਉਨ੍ਹਾਂ ਨੂੰ ਮਨ ਮਤਿ ਵਾਲੇ ਮਾੜੇ ਵਿਚਾਰਾਂ ਤੋਂ, ਮਾਇਆ ਮੋਹ ਵਾਲੇ ਵਿਚਾਰਾਂ ਤੋਂ ਬਚਾ ਕੇ ਰੱਖਦੇ ਹਨ। ਉਨ੍ਹਾਂ ਦੇ ਅੰਦਰ ਦੇ ਗੁਰਮਤਿ ਵਾਲੇ ਸੱਚੇ ਵਿਚਾਰ ਮਨ ਦੇ ਮਾੜੇ ਵਿਚਾਰਾਂ ਨੂੰ ਪੂਰੇ ਜੋਰ ਨਾਲ ਭਾਵ ਖੁੱਲ ਕੇ ਭੌਂਕਦੇ ਹਨ ਭਾਵ ਆਪਣੇ ਅੰਦਰ ਗੁਰਮਤਿ ਦੀ ਪੂਰਨ ਰੂਪ ਵਿੱਚ ਰਾਖੀ ਕਰਦੇ ਹਨ, ਰੱਖਿਆ ਕਰਦੇ ਹਨ। ਜਿਵੇਂ ਘਰਾਂ ਦੇ ਵਿੱਚ ਪੁਰਾਣੇ ਸਮੇਂ ਵਿੱਚ ਕੁੱਤੇ ਇਸ ਕਰਕੇ ਪਾਲੇ ਜਾਂਦੇ ਸਨ ਕਿ ਉਹ ਘਰ ਦੇ ਵਿੱਚ ਚੋਰਾਂ ਨੂੰ ਨਹੀਂ ਸਨ ਵੜਨ ਦਿੰਦੇ ਭਾਵ ਚੋਰਾਂ ਨੂੰ ਭੌਂਕ ਕੇ ਭਜਾਉਂਦੇ ਸਨ। ਅਕਾਲ ਪੁਰਖ ਆਪਣਾ ਕੂਕਰ ਕਿਸੇ ਨੂੰ ਆਪ ਬਣਾਏ ਤੇ ਤਾਂ ਹੀ ਕੋਈ ਉਸਦੇ ਦਰਬਾਰ ਦਾ ਕੂਕਰ ਬਣ ਸਕਦਾ ਹੈ ਤੇ ਤਾਂ ਹੀ ਉਸਦੇ ਦਰਬਾਰ ਵਿੱਚ ਉਸਦੀ ਗੁਰਮਤਿ ਦੀ ਰਾਖੀ ਕਰ ਸਕਦਾ ਹੈ, ਉਸਦੇ ਨਾਮ ਦੀ ਰਾਖੀ ਕਰ ਸਕਦਾ ਹੈ। **(ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥ ਹਮ ਕੁਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥)**

ਸਾਡੇ ਮਨ ਦੇ ਔਗੁਣਾਂ ਨੂੰ ਭਾਵ ਦੂਤਾਂ ਨੂੰ ਸਾਡੇ ਅੰਦਰ ਦੇ ਕੂਕਰ ਵੀ ਕਿਹਾ ਹੈ ਜੋ ਕਿ ਗੁਰਮਤਿ ਰੂਪ ਸੱਚੇ ਵਿਚਾਰਾਂ ਨੂੰ ਮਨ ਦੇ ਵਿੱਚ ਭੌਂਕਦੇ ਰਹਿੰਦੇ ਹਨ ਭਾਵ ਉਨ੍ਹਾਂ ਨੂੰ ਮਨ ਦੇ ਵਿੱਚ ਵੱਸਣ ਤੋਂ ਰੋਕਦੇ ਹਨ। ਇਹੋ ਜਿਹੇ ਕੁਤਿਆਂ ਦੇ ਨਾਲ ਮੁਕਾਬਲਾ ਸੱਚ ਨੂੰ ਪਸੰਦ

ਕਰਨ ਵਾਲੇ ਕੁੱਤੇ ਹੀ ਕਰ ਸਕਦੇ ਹਨ ਭਾਵ ਇਨ੍ਹਾਂ ਨੂੰ ਸਾਡੇ ਅੰਦਰ ਭੌਂਕਣ ਤੋਂ ਰੋਕ ਸਕਦੇ ਹਨ। ਸਾਡੇ ਅੰਦਰ ਦੇ ਇਹ ਕੂਕਰ ਕੀ ਹਨ ਤੇ ਇਨ੍ਹਾਂ ਨੂੰ ਭੌਂਕਣ ਤੋਂ ਰੋਕਣ ਦਾ ਤਰੀਕਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੀ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਸ਼ਬਦ ਦੁਆਰਾ ਸਮਝਿਆ ਹੀ ਹੈ ਕਿ ਭਗਤੀ ਦਾ ਮਾਰਗ ਤਨ ਦੇ ਨਾਲ ਭਾਵ ਮੂੰਹ ਦੇ ਨਾਲ ਕਿਸੇ ਅੱਖਰ ਨੂੰ ਬੋਲੀ ਜਾਣ ਦਾ ਨਹੀਂ ਹੈ ਜਿਸ ਗੱਲ ਦੀ ਸ਼ਬਦਾਂ ਰਾਹੀਂ ਬਾਰ-ਬਾਰ ਨਿਖੇਧੀ ਕੀਤੀ ਹੋਈ ਹੈ ਕਿਉਂਕਿ ਉਸ ਨਾਲ ਕੇਵਲ ਮਨੁੱਖ ਦੀ ਆਪਣੀ ਵਡਿਆਈ ਹੀ ਹੁੰਦੀ ਹੈ ਨਾ ਕਿ ਗੁਰਮਤਿ ਦੇ ਮਾਲਕ ਦੀ। ਗੁਰਮਤਿ ਦੇ ਮਾਲਕ ਦੀ ਵਡਿਆਈ ਮਨ ਦੇ ਔਗੁਣਾਂ ਨੂੰ ਰੋਕ ਕੇ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ ਭਾਵ ਮਨ ਦੇ ਅੰਦਰ ਭੌਂਕਣ ਵਾਲਿਆਂ ਕੁੱਤਿਆਂ ਨੂੰ ਭੌਂਕਣ ਤੋਂ ਰੋਕਣ ਦੁਆਰਾ ਹੀ ਹੁੰਦੀ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਅਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਸ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਸਮਝ ਹੀ ਚੁਕੇ ਹਾਂ।

55/7755

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੬੫)

ਜੋ ਮਨੁੱਖ ਦਾ ਮਨ ਰੂਪ ਭਾਵ ਉਸਦਾ ਜੋਤਿ ਰੂਪ ਮਨੁੱਖ ਦੇ ਅੰਦਰ ਉਸਦਾ ਆਪਣਾ ਦਰ ਹੈ ਭਾਵ ਘਰ ਹੈ, ਟਿਕਾਣਾ ਹੈ ਉਹੀ ਉਸਦਾ ਦਰਬਾਰ ਹੈ ਜਿਵੇਂ ਕਿ ਅਸੀਂ ਪਹਿਲੇ ਮੁੱਖ ਸ਼ਬਦ ਰਾਹੀਂ ਸਮਝਿਆ ਹੈ। ਉਸਦਾ ਦਰਬਾਰ ਸਾਡੇ ਅੰਦਰ ਕਿਸ ਰੂਪ ਵਿੱਚ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਕੁਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਪਉੜੀ ॥

{ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥
ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥
ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥
ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥ ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥੧੩॥}

(ਅੰਗ ੧੪੪)

{ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥}

(ਅੰਗ ੨)

{ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥}

(ਅੰਗ ੭)

ਮਾਝ ਮਹਲਾ ੩ ॥

{ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥ ਗੁਰ ਕੈ ਸਬਦਿ ਨਾਮਿ ਸਵਾਰੇ ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ ਵਸਾਵਣਿਆ ॥
ਹਰਿ ਜੀਉ ਸਚਾ ਊਚੋ ਊਚਾ ਹਉਮੈ ਮਾਰਿ ਮਿਲਾਵਣਿਆ ॥੧॥ ਰਹਾਉ ॥
ਹਰਿ ਜੀਉ ਸਾਚਾ ਸਾਚੀ ਨਾਈ ॥ ਗੁਰ ਪਰਸਾਦੀ ਕਿਸੈ ਮਿਲਾਈ ॥
ਗੁਰ ਸਬਦਿ ਮਿਲਹਿ ਸੇ ਵਿਛੁੜਹਿ ਨਾਹੀ ਸਹਜੇ ਸਚਿ ਸਮਾਵਣਿਆ ॥੨॥
ਤੁਝ ਤੇ ਬਾਹਰਿ ਕਛੂ ਨ ਹੋਇ ॥ ਤੂੰ ਕਰਿ ਕਰਿ ਵੇਖਹਿ ਜਾਣਹਿ ਸੋਇ ॥
ਆਪੇ ਕਰੇ ਕਰਾਏ ਕਰਤਾ ਗੁਰਮਤਿ ਆਪਿ ਮਿਲਾਵਣਿਆ ॥੩॥
ਕਾਮਣਿ ਗੁਣਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥
ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥੪॥
ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥ ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥
ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥੫॥
ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥ ਦੂਜੈ ਭਾਇ ਸੁਖੁ ਪਾਏ ਨ ਕੋਈ ॥
ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥
ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥ ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥
ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥੭॥
ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥ ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥
ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੨॥੨੩॥}

(ਅੰਗ ੧੨੨)

ਗਉੜੀ ਮਹਲਾ ੫ ॥

{ਰਾਖਿ ਲੀਆ ਗੁਰਿ ਪੂਰੈ ਆਪਿ ॥ ਮਨਮੁਖ ਕਉ ਲਾਗੋ ਸੰਤਾਪੁ ॥੧॥
ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥੧॥ ਰਹਾਉ ॥

ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥੨॥
ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ ਦਇਆਲ ਭਏ ਸਗਲੇ ਜੀਅ ਭਾਈ ॥੩॥
ਗੁਰਿ ਪੂਰੈ ਜਬ ਕਿਰਪਾ ਕਰੀ ॥ ਭਨਤਿ ਨਾਨਕ ਮੇਰੀ ਪੂਰੀ ਪਰੀ ॥੪॥੫੪॥੧੨੩॥}

(ਅੰਗ ੧੯੦)

ਵਡਹੰਸੁ ਮਹਲਾ ੩ ॥

{ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥
ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥
ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥
ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥
ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥
ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥੧॥
ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥ ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥
ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥
ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥ ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥
ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥ ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ॥
ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ ॥
ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ ॥
ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ ॥ ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ ॥੩॥
ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ਰਾਮ ॥
ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸ ਦੀ ਵਡਿਆਈ ਰਾਮ ॥
ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ ॥
ਜਗਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ ॥
ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ ॥
ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ॥੪॥੪॥}

(ਅੰਗ ੫੬੯-੫੭੦)

55/7756

ਧਨਾਸਰੀ ਮਃ ੫ ॥

{ਸੋ ਕਤ ਡਰੈ ਜਿ ਖਸਮੁ ਸਮ੍ਹਾਰੈ ॥ ਡਰਿ ਡਰਿ ਪਚੇ ਮਨਮੁਖ ਵੇਚਾਰੇ ॥੧॥ ਰਹਾਉ ॥
ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥
ਏਕੁ ਨਿਰੰਜਨੁ ਜਾ ਕੀ ਰਾਸਿ ॥ ਮਿਲਿ ਸਾਧਸੰਗਤਿ ਹੋਵਤ ਪਰਗਾਸ ॥੧॥

ਜੀਅਨ ਕਾ ਦਾਤਾ ਪੂਰਨ ਸਭ ਠਾਇ ॥ ਕੋਟਿ ਕਲੇਸ ਮਿਟਹਿ ਹਰਿ ਨਾਇ ॥
ਜਨਮ ਮਰਨ ਸਗਲਾ ਦੁਖੁ ਨਾਸੈ ॥ ਗੁਰਮੁਖਿ ਜਾ ਕੈ ਮਨਿ ਤਨਿ ਬਾਸੈ ॥੨॥
ਜਿਸ ਨੋ ਆਪਿ ਲਏ ਲੜਿ ਲਾਇ ॥ ਦਰਗਹ ਮਿਲੈ ਤਿਸੈ ਹੀ ਜਾਇ ॥ ਸੇਈ ਭਗਤ ਜਿ ਸਾਚੇ ਭਾਣੇ ॥
ਜਮਕਾਲ ਤੇ ਭਏ ਨਿਕਾਣੇ ॥੩॥ ਸਾਚਾ ਸਾਹਿਬੁ ਸਚੁ ਦਰਬਾਰੁ ॥ ਕੀਮਤਿ ਕਉਣੁ ਕਹੈ ਬੀਚਾਰੁ ॥
ਘਟਿ ਘਟਿ ਅੰਤਰਿ ਸਗਲ ਅਧਾਰੁ ॥ ਨਾਨਕੁ ਜਾਚੈ ਸੰਤ ਰੇਣਾਰੁ ॥੪॥੩॥੨੪॥}

(ਅੰਗ ੬੭੭)

ਰਾਮਕਲੀ ਮਹਲਾ ੫ ॥

{ਰਾਜਾ ਰਾਮ ਕੀ ਸਰਣਾਇ ॥ ਨਿਰਭਉ ਭਏ ਗੋਬਿੰਦ ਗੁਨ ਗਾਵਤ ਸਾਧਸੰਗਿ ਦੁਖੁ ਜਾਇ ॥੧॥ ਰਹਾਉ ॥
ਜਾ ਕੈ ਰਾਮੁ ਬਸੈ ਮਨ ਮਾਹੀ ॥ ਸੋ ਜਨੁ ਦੂਤਰੁ ਪੇਖਤ ਨਾਹੀ ॥ ਸਗਲੇ ਕਾਜ ਸਵਾਰੇ ਅਪਨੇ ॥
ਹਰਿ ਹਰਿ ਨਾਮੁ ਰਸਨ ਨਿਤ ਜਪਨੇ ॥੧॥ ਜਿਸ ਕੈ ਮਸਤਕਿ ਹਾਥੁ ਗੁਰੁ ਧਰੈ ॥ ਸੋ ਦਾਸੁ ਅਦੇਸਾ ਕਾਹੇ ਕਰੈ ॥
ਜਨਮ ਮਰਣ ਕੀ ਚੂਕੀ ਕਾਣਿ ॥ ਪੂਰੇ ਗੁਰ ਊਪਰਿ ਕੁਰਬਾਣ ॥੨॥ ਗੁਰੁ ਪਰਮੇਸਰੁ ਭੇਟਿ ਨਿਹਾਲ ॥
ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ ॥ ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥
ਸਾਧਸੰਗਿ ਸੋ ਭਵਜਲੁ ਤਰੈ ॥੩॥ ਅੰਮ੍ਰਿਤੁ ਪੀਵਹੁ ਸਾਧ ਪਿਆਰੇ ॥ ਮੁਖ ਊਜਲ ਸਾਚੈ ਦਰਬਾਰੇ ॥
ਅਨਦ ਕਰਹੁ ਤਜਿ ਸਗਲ ਬਿਕਾਰ ॥ ਨਾਨਕ ਹਰਿ ਜਪਿ ਉਤਰਹੁ ਪਾਰਿ ॥੪॥੪੨॥੫੩॥}

(ਅੰਗ ੮੯੯)

ਪਉੜੀ ॥

{ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥ ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥
ਜੋ ਭਾਵੈ ਪਾਰਬ੍ਰਹਮ ਸੋਈ ਸਚੁ ਨਿਆਉ ॥ ਜੇ ਭਾਵੈ ਪਾਰਬ੍ਰਹਮ ਨਿਥਾਵੇ ਮਿਲੈ ਥਾਉ ॥
ਜੋ ਕੀਨ੍ਹੀ ਕਰਤਾਰਿ ਸਾਈ ਭਲੀ ਗਲ ॥ ਜਿਨ੍ਹੀ ਪਛਾਤਾ ਖਸਮੁ ਸੇ ਦਰਗਾਹ ਮਲ ॥
ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ ॥ ਕਾਰਣ ਕਰਣ ਕਰੀਮ ਕੁਦਰਤਿ ਤੇਰੀਐ ॥੧੬॥}

(ਅੰਗ ੯੬੪)

ਮਾਰੂ ਮਹਲਾ ੫ ॥

{ਸੁਰਤਿ ਦੇਖਿ ਨ ਭੂਲੁ ਗਵਾਰਾ ॥ ਮਿਥਨ ਮੋਹਾਰਾ ਝੂਠੁ ਪਸਾਰਾ ॥
ਜਗ ਮਹਿ ਕੋਈ ਰਹਣੁ ਨ ਪਾਏ ਨਿਹਚਲੁ ਏਕੁ ਨਾਰਾਇਣਾ ॥੧॥
ਗੁਰ ਪੂਰੇ ਕੀ ਪਉ ਸਰਣਾਈ ॥ ਮੋਹੁ ਸੋਗੁ ਸਭੁ ਭਰਮੁ ਮਿਟਾਈ ॥
ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ ॥੨॥
ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥ ਸਗਲ ਭਗਤ ਜਾ ਕੀ ਕਰਦੇ ਸੇਵਾ ॥
ਅਨਾਥਾ ਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ ਪਾਇਣਾ ॥੩॥
ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥
ਜਾ ਕੀ ਧੂਰਿ ਕਰੇ ਪੁਨੀਤਾ ॥ ਸੁਰਿ ਨਰ ਦੇਵ ਨ ਪਾਵਹਿ ਮੀਤਾ ॥

ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ ॥੫॥
ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨੁ ਸੋਹੀ ਦਰਬਾਰੇ ॥
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥੬॥
ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥
ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥੭॥
ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥੮॥
ਗੁਰ ਕੀ ਸੇਵ ਨ ਜਾਣੈ ਕੋਈ ॥ ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥
ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥੯॥
ਗੁਰ ਕੀ ਮਹਿਮਾ ਬੇਦ ਨ ਜਾਣਹਿ ॥ ਤੁਛ ਮਾਤ ਸੁਣਿ ਸੁਣਿ ਵਖਾਣਹਿ ॥
ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥
ਜਾ ਕੀ ਸੋਇ ਸੁਣੀ ਮਨੁ ਜੀਵੈ ॥ ਰਿਦੈ ਵਸੈ ਤਾ ਠੰਢਾ ਥੀਵੈ ॥
ਗੁਰੁ ਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥਿ ਨ ਪਾਇਣਾ ॥੧੧॥
ਸੰਤਨ ਕੀ ਸਰਣਾਈ ਪੜਿਆ ॥ ਜੀਉ ਪ੍ਰਾਣ ਧਨੁ ਆਗੈ ਧਰਿਆ ॥
ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ ॥੧੨॥
ਨਿਰਗੁਣ ਕਉ ਸੰਗਿ ਲੇਹੁ ਰਲਾਏ ॥ ਕਰਿ ਕਿਰਪਾ ਮੋਹਿ ਟਹਲੈ ਲਾਏ ॥
ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥੧੩॥
ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥ ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥
ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥੧੪॥
ਭਏ ਕ੍ਰਿਪਾਲ ਗੁਸਾਈ ਮੇਰੇ ॥ ਦਰਸਨੁ ਪਾਇਆ ਸਤਿਗੁਰ ਪੂਰੇ ॥
ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ ॥੧੫॥੨॥੭॥}

(ਅੰਗ ੧੦੭੭-੧੦੭੮)

{ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥
ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ ॥੧੧॥
ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥
ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥੧੨॥
ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥
ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥੧੩॥
ਤੂ ਕਰਤਾ ਤੇਰਾ ਸਭੁ ਕੀਆ ॥ ਤੁਝੁ ਬਿਨੁ ਅਵਰੁ ਨ ਕੋਈ ਬੀਆ ॥
ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ ॥੧੪॥
ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧਸੰਗਿ ਹਰਿ ਕੀਰਤਨੁ ਗਾਵੈ ॥

ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥
ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥
ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥}

(ਅੰਗ ੧੦੭੯-੧੦੮੦)

ਭੈਰਉ ਮਹਲਾ ੫ ॥

{ਸਭ ਤੇ ਊਚ ਜਾ ਕਾ ਦਰਬਾਰੁ ॥ ਸਦਾ ਸਦਾ ਤਾ ਕਉ ਜੋਹਾਰੁ ॥ ਊਚੇ ਤੇ ਊਚਾ ਜਾ ਕਾ ਥਾਨ ॥
ਕੋਟਿ ਅਘਾ ਮਿਟਹਿ ਹਰਿ ਨਾਮ ॥੧॥ ਤਿਸੁ ਸਰਣਾਈ ਸਦਾ ਸੁਖੁ ਹੋਇ ॥
ਕਰਿ ਕਿਰਪਾ ਜਾ ਕਉ ਮੇਲੈ ਸੋਇ ॥੧॥ ਰਹਾਉ ॥ ਜਾ ਕੇ ਕਰਤਬ ਲਖੇ ਨ ਜਾਹਿ ॥
ਜਾ ਕਾ ਭਰਵਾਸਾ ਸਭ ਘਟ ਮਾਹਿ ॥ ਪ੍ਰਗਟ ਭਇਆ ਸਾਧੂ ਕੈ ਸੰਗਿ ॥
ਭਗਤ ਅਰਾਧਹਿ ਅਨਦਿਨੁ ਰੰਗਿ ॥੨॥ ਦੇਦੇ ਤੋਟਿ ਨਹੀ ਭੰਡਾਰ ॥ ਖਿਨ ਮਹਿ ਥਾਪਿ ਉਥਾਪਨਹਾਰ ॥
ਜਾ ਕਾ ਹੁਕਮੁ ਨ ਮੇਟੈ ਕੋਇ ॥ ਸਿਰਿ ਪਾਤਿਸਾਹਾ ਸਾਚਾ ਸੋਇ ॥੩॥
ਜਿਸ ਕੀ ਓਟ ਤਿਸੈ ਕੀ ਆਸਾ ॥ ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ॥
ਰਾਖਿ ਲੀਨੋ ਸਭੁ ਜਨ ਕਾ ਪੜਦਾ ॥ ਨਾਨਕੁ ਤਿਸ ਕੀ ਉਸਤਤਿ ਕਰਦਾ ॥੪॥੧੯॥੩੨॥}

(ਅੰਗ ੧੧੪੪-੧੧੪੫)

ਮਃ ੫ ॥

{ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥ ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥}

(ਅੰਗ ੧੩੮੩)

55/7757

ਉਪਰ ਵਾਲੇ ਮੁੱਖ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ। ਸ੍ਰਿਸ਼ਟੀ ਦੇ ਕਰਤੇ ਦਾ ਦਰਬਾਰ ਹਰ ਮਨੁੱਖੀ ਸਮਝ ਦੇ ਅੰਦਰ ਹਰ ਵੇਲੇ ਹੀ ਲੱਗਾ ਹੋਇਆ ਹੈ ਪਰ ਜਦ ਤੱਕ ਉਹ ਕਿਸੇ ਦੇ ਮਨ ਦੇ ਅੰਦਰ ਪ੍ਰਗਟ ਹੋ ਕੇ ਕਿਸੇ ਨੂੰ ਆਪਣੇ ਦਰਬਾਰ ਦੇ ਦਰਸ਼ਨ ਕਰਵਾਉਂਦਾ ਨਹੀਂ ਤਦ ਤੱਕ ਮਨ ਦੀ ਭਰਮਾਂ ਵਾਲੀ ਸਮਝ ਕਿਸੇ ਨੂੰ ਆਪਣੇ ਅੰਦਰੋਂ ਉਸਦੇ ਦਰਬਾਰ ਦੇ ਦਰਸ਼ਨ ਕਰਨ ਦੇਵੇ ਇਹ ਨਾਮੁਮਕਿਨ ਹੀ ਹੈ।

ਉਸਦੇ ਦਰਬਾਰ ਦੇ ਦਰਸ਼ਨ ਉਸਦੇ ਕੂਕਰ ਬਣਨ ਦੁਆਰਾ ਹੀ ਹੁੰਦੇ ਹਨ। ਜੇਕਰ ਕੋਈ ਸੱਚੇ ਦਿਲੋਂ ਆਪਣੇ ਅੰਦਰੋਂ ਉਸਦੇ ਸੱਚੇ ਦਰਬਾਰ ਨੂੰ ਜਾਨਣਾ ਚਾਹੁੰਦਾ ਹੈ ਭਾਵ ਉਸਦੇ ਦਰਬਾਰ ਵਿੱਚ ਪਹੁੰਚਣਾ ਚਾਹੁੰਦਾ ਹੈ ਤਾਂ ਫਿਰ ਸੰਸਾਰ ਦੇ ਹਰ ਮਨੁੱਖ ਦੇ ਲਈ ਇੱਕੋ ਇੱਕ ਸੱਚਾ ਉਦਮ ਇਹ ਹੈ ਕਿ ਉਹ ਮਨ ਦੇ ਜਮਾਂ ਤੋਂ ਆਪਣੀ ਜਾਨ ਛੁਡਾਵੇ ਜੋ ਹਰ ਵੇਲੇ ਸਾਨੂੰ ਆਤਮਿਕ ਮੌਤ ਮਾਰਦੇ ਰਹਿੰਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਵਿਚਾਰ ਸਾਨੂੰ ਕਦੇ ਪੂਰੀ ਤਰ੍ਹਾਂ ਚੰਗੇ ਕਰਮ ਕਰਨ ਨਹੀਂ ਦਿੰਦੇ ਤੇ ਉਸਦੇ ਦਰਬਾਰ ਦੇ ਆਪਣੇ ਅੰਦਰੋਂ ਦਰਸ਼ਨ ਕਰਨ ਦਾ ਤਰੀਕਾ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ। ਹੁਣ ਅਸੀਂ ਮੁੱਖ ਸ਼ਬਦ ਦੇ ਪਹਿਲੇ ਪਦੇ ਨੂੰ ਤੇ ਫਿਰ ਉਸ ਤੋਂ ਬਾਅਦ ਵਾਲੀਆਂ ਰਹਾਉ ਵਾਲੀਆਂ ਪੰਗਤੀਆਂ ਨੂੰ ਹੋਰ ਵੀ ਵਿਸ਼ਵਾਸ ਨਾਲ ਸਮਝ ਸਕਾਂਗੇ ਕਿ ਉਸਦੇ ਸੱਚੇ ਦਰਬਾਰ ਦਾ ਕੂਕਰ ਬਣਨਾ ਕੀ ਹੈ। **(ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥ ਹਮ ਕੁਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥)**

ਗੁਰੂ ਦੀ ਸੇਵਾ ਗੁਰਮਤਿ ਅਨੁਸਾਰ ਵਿਚਰ ਕੇ ਹੀ ਹੋ ਸਕਦੀ ਹੈ ਭਾਵ ਮਨ ਦੇ ਸਾਰੇ ਔਗੁਣ ਤਿਆਗਕੇ ਗੁਣੀ ਬਣ ਕੇ ਹੀ ਹੋ ਸਕਦੀ ਹੈ ਤੇ ਗੁਣੀ ਬਣਨ ਲਈ ਪੰਜੇ ਵਿਕਾਰਾਂ ਵਾਲੇ ਵਿਚਾਰ ਛੱਡਣੇ ਹੀ ਪੈਂਦੇ ਹਨ। ਆਪਣਾ ਸੇਵਕ ਗੁਰੂ ਰੂਪ ਸ੍ਰਿਸ਼ਟੀ ਦਾ ਕਰਤਾ ਕਿਸੇ ਨੂੰ ਆਪ ਹੀ ਬਣਾਉਂਦਾ ਹੈ ਭਾਵ ਆਪਣੇ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਬਣਾਉਂਦਾ ਹੈ ਭਾਵ ਆਪਣੇ ਨਾਲ ਮੇਲ ਕਰਨ ਦੁਆਰਾ ਬਣਾਉਂਦਾ ਹੈ ਭਾਵ ਆਪਣੇ ਦੁਆਰ ਤੇ ਭਾਵ ਆਪਣੇ ਦਰਬਾਰ ਦੇ ਵਿੱਚ ਹੀ ਬਣਾਉਂਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ **"ਪੂਰਬ ਜਨਮ"** ਨੂੰ ਸਮਝ ਸਕੀਏ।

"ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥
ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥"

ਮਨੁੱਖ ਦਾ ਅਸਲ ਜਨਮ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਦ ਤੱਕ ਮਨੁੱਖ ਇਸ ਮਨੁੱਖੀ ਸਰੀਰ ਨੂੰ ਆਪਣਾ ਸਰੀਰ ਸਮਝਦਾ ਹੈ ਤਦ ਤੱਕ ਉਹ ਆਪਣੇ ਆਪ ਨੂੰ ਸਰੀਰਕ ਜਨਮ ਮਰਨ ਵਿੱਚ ਹੀ ਸਮਝਦਾ ਹੈ ਜੋ ਕਿ ਹਰ ਮਨੁੱਖ ਦਾ ਭਰਮ ਹੀ ਹੈ ਕਿਉਂਕਿ ਸਭ ਕੁੱਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਜਨਮ ਮਰਨ ਤੋਂ ਰਹਿਤ ਹੈ। ਜੋ ਸਰੀਰ ਰੂਪ ਮਿੱਟੀ ਹੈ ਭਾਵ ਮਿੱਟੀ ਦਾ ਪੁਤਲਾ ਹੈ ਉਸਨੇ ਤਾਂ ਇੱਕ ਦਿਨ ਬਿਨਸ ਕੇ ਫਿਰ ਉਸੇ ਮਿੱਟੀ ਵਿੱਚ ਰੱਲ ਜਾਣਾ ਹੈ ਜਿਸ ਮਿੱਟੀ ਤੋਂ ਉਹ ਉਪਜਦਾ ਹੈ। ਸਾਰੀ ਗੱਲ ਇਸ

ਸਰੀਰ ਦੇ ਅੰਦਰ ਦੀ ਜੋਤਿ ਦੀ ਹੈ ਭਾਵ ਮਨ ਦੇ ਅੰਦਰ ਦੀ ਸਮਝ ਦੀ ਹੈ ਭਾਵ ਮਨ ਦੇ ਅੰਦਰ ਦੇ ਗਿਆਨ ਦੀ ਹੈ। ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਨਾ ਹੀ ਕੋਈ ਇਸ ਸਰੀਰ ਦੀ ਅਸਲੀਅਤ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਮਨ ਦੀ ਸਮਝ ਦੇ ਮਾਲਕ ਨੂੰ ਜਾਣ ਸਕਦਾ ਹੈ। ਉਪਰ ਪੰਗਤੀ ਵਿੱਚ ਜੋ **"ਪੂਰਬ ਜਨਮ"** ਦੀ ਗੱਲ ਕੀਤੀ ਹੋਈ ਹੈ ਉਸ ਵਿੱਚ ਮਨ ਦੀ ਸਮਝ ਦੇ ਜਨਮ ਦੀ ਗੱਲ ਕੀਤੀ ਹੋਈ ਹੈ। ਜਦ ਤੱਕ ਕਿਸੀ ਮਨੁੱਖੀ ਸਮਝ ਦਾ ਮਨ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਸਮਝ ਰੂਪ ਘਰ ਵਿੱਚ ਜਨਮ ਨਹੀਂ ਹੁੰਦਾ ਭਾਵ ਚੌਥੇ ਪਦ ਦੇ ਗਿਆਨ ਵਾਲੀ, ਸਹਜ ਗਿਆਨ ਵਾਲੀ ਸਮਝ ਦੇ ਘਰ ਵਿੱਚ ਜਨਮ ਨਹੀਂ ਹੁੰਦਾ ਤਦ ਤੱਕ ਹਰ ਕੋਈ ਸਮਝ ਦੇ ਪਹਿਲੇ ਜਨਮ ਵਿੱਚ, ਮਨ ਦੇ ਪੂਰਬ ਜਨਮ ਵਿੱਚ ਭਾਵ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਦੇ ਜਨਮ ਵਿੱਚ ਹੁੰਦਾ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਦਾ ਜਨਮ ਵੀ ਸ੍ਰਿਸ਼ਟੀ ਦਾ ਕਰਤਾ ਆਪ ਹੀ ਕਰਦਾ ਹੈ। ਸਾਡੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਦਾ ਉਪਜਣਾ, ਹਉਮੈ ਵਾਲੀ ਸਮਝ ਦਾ ਉਪਜਣਾ, ਮਾਇਆ ਦੀ ਜੁਗਤਿ ਵਾਲੇ, ਭਰਮਾਂ ਵਾਲੇ ਵਿਚਾਰਾਂ ਦਾ ਉਪਜਣਾ, ਪੁੱਠੇ ਕਮਲ ਵਾਲੇ ਵਿਚਾਰਾਂ ਦਾ ਉਪਜਣਾ ਇੱਕੋ ਹੀ ਗੱਲ ਹੈ। ਮਨ ਦੇ ਵਿੱਚੋਂ ਇਹੋ ਜਿਹੇ ਅਗਿਆਨਤਾ ਵਾਲੇ ਵਿਚਾਰਾਂ ਦੇ ਉਪਜਦੇ ਹੋਏ ਹਰ ਕੋਈ ਮਨ ਦੇ **"ਪੂਰਬ ਜਨਮ"** ਵਿੱਚ ਹੀ ਰਹਿੰਦਾ ਹੈ ਭਾਵ ਜਦ ਤੱਕ ਮਨ ਦੇ ਵਿੱਚ ਕਿਸੇ ਦੇ ਅੰਦਰ ਚੌਥੇ ਪਦ ਦਾ ਗਿਆਨ ਨਹੀਂ ਉਪਜਦਾ ਤਦ ਤੱਕ ਕਿਸੇ ਦੇ ਮਨ ਦਾ **"ਪੂਰਬ ਜਨਮ"** ਨਹੀਂ ਬਦਲ ਸਕਦਾ। ਮਨ ਦੇ ਵਿੱਚ ਚੌਥੇ ਪਦ ਦਾ ਗਿਆਨ ਉਪਜਣ ਦੁਆਰਾ ਫਿਰ ਮਨੁੱਖੀ ਸਮਝ **"ਰਤਨੁ ਜਨਮੁ"** ਵਾਲੀ ਬਣ ਜਾਂਦੀ ਹੈ ਜਿਸ ਦੁਆਰਾ ਉਹ ਫਿਰ ਮਨ ਦੀ ਪੂਰਬ ਜਨਮ ਵਾਲੀ ਸਮਝ ਵਿੱਚੋਂ ਨਿਕਲ ਜਾਂਦੀ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲ ਜਾਂਦੀ ਹੈ। ਮਨ ਦੀ ਇਹੋ ਜਿਹੀ ਸਮਝ ਦੁਆਰਾ ਹੀ ਕੋਈ ਆਪਣੇ ਅੰਦਰੋਂ ਸਮਝ ਦੇ ਮਾਲਕ ਨੂੰ ਜਾਣ ਸਕਦਾ ਹੈ ਜੋ ਸਮਝ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਫਿਰ ਆਪ ਹੀ ਆਪਣੀ ਸੱਚੀ ਗੁਰਮਤਿ ਸਮਝਾਉਂਦਾ ਹੈ, ਸੱਚੇ ਧਰਮ ਦਾ ਮਾਰਗ ਸਮਝਾਉਂਦਾ ਹੈ, ਆਪਣਾ ਸੱਚਾ ਨਾਮ ਜਪਣਾ ਸਮਝਾਉਂਦਾ ਹੈ ਭਾਵ ਆਪਣਾ ਸੇਵਕ ਆਪ

ਹੀ ਬਣਾਉਂਦਾ ਹੈ। ਸਭ ਕੁੱਝ ਸਮਝਾਉਣ ਦੁਆਰਾ ਹੀ ਉਹ ਕਿਸੇ ਨੂੰ ਆਪਣੇ ਮਾਰਗ ਤੇ ਪੱਕਾ ਬਣਾਉਂਦਾ ਹੈ ਭਾਵ ਫਿਰ ਉਸ ਸੱਚੀ ਮਤਿ ਤੋਂ ਕੋਈ ਪਿੱਛੇ ਨਹੀਂ ਹੱਟ ਸਕਦਾ। **(ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥)**

ਆਪਣੇ ਸੇਵਕ ਨੂੰ ਉਹ ਧਰਮ ਦੇ ਮਾਰਗ ਤੇ ਮਨ ਦੇ ਵਿੱਚ ਕਿਸ ਤਰੀਕੇ ਪੱਕਾ ਕਰਦਾ ਹੈ ਭਾਵ ਕਿਸ ਤਰੀਕੇ ਪੂਰਬ ਜਨਮ ਵਾਲੀ ਸਮਝ ਵਿੱਚੋਂ ਕੱਢਦਾ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥”

ਸ੍ਰਿਸ਼ਟੀ ਦੇ ਕਰਤੇ ਦਾ ਦੁਆਰਾ ਭਾਵ ਉਸਦਾ ਘਰ ਹਰ ਮਨੁੱਖੀ ਸਮਝ ਦੇ ਅੰਦਰ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਬਰੀਕੀ ਨਾਲ ਸਮਝਿਆ ਹੀ ਹੈ। ਹਰ ਮਨੁੱਖੀ ਸਮਝ

55/7759

ਦੇ ਅੰਦਰ ਉਸਦਾ ਘਰ ਭਾਵ ਉਸਦਾ **“ਦੁਆਰਾ”** ਮਨ ਦੇ ਸਹਜ ਦੇ ਰੂਪ ਵਿੱਚ ਹੀ ਹੈ ਭਾਵ ਮਨ ਦੇ ਅੰਦਰ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਹੈ, ਉਸਦੇ ਸੱਚੇ ਨਾਮ ਵਾਲੀ ਸਮਝ ਦੇ ਰੂਪ ਵਿੱਚ ਹੀ ਹੈ। ਜਿਸ ਵੀ ਮਨੁੱਖੀ ਸਮਝ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਮਨੁੱਖੀ ਸਮਝ ਦੇ ਵਿਚਾਰਾਂ ਨੂੰ ਉਹ ਆਪਣੇ ਸਹਜ ਗਿਆਨ ਵਾਲੇ ਵਿਚਾਰਾਂ ਨਾਲ ਜੋੜ ਲੈਂਦਾ ਹੈ ਭਾਵ ਮਨ ਦੇ ਵਿੱਚ ਆਪਣੀ ਸਹਜ ਧੁਨਿ ਦੇ ਨਾਲ ਜੋੜ ਲੈਂਦਾ ਹੈ ਜਿਨ੍ਹਾਂ ਵਿਚਾਰਾਂ ਰਾਹੀਂ ਉਹ ਗੁਰਮਤਿ ਦੇ ਸੱਚੇ ਵਿਚਾਰ ਹੀ ਸਮਝਾਉਂਦਾ ਹੈ ਤੇ ਉਨ੍ਹਾਂ ਤੇ ਚੱਲਣ ਤੇ ਦ੍ਰਿੜ ਕਰਦਾ ਹੈ। ਉਸਦੇ ਮਨ ਵਿੱਚ ਸੱਚੇ ਵਿਚਾਰਾਂ ਦੀ ਮੋਹਰ ਲਗਾ ਦਿੰਦਾ ਹੈ ਭਾਵ ਉਸਦੇ ਵਿਚਾਰਾਂ ਦੇ ਅੰਦਰ ਸੱਚ ਰੂਪ ਛਾਪ ਦਿੰਦਾ ਹੈ। ਮਨ ਦੀ ਇਹੋ ਜਿਹੀ ਸੱਚੀ ਸਮਝ ਦੁਆਰਾ ਹੀ ਕੋਈ ਤ੍ਰੈ ਗੁਣਾਂ ਵਾਲੀ ਕੱਚੀ ਮਤਿ ਵਿੱਚੋਂ ਨਿਕਲ ਜਾਂਦਾ ਹੈ, ਭਰਮਾਂ ਵਾਲੀ ਮਨਮਤਿ ਵਿੱਚੋਂ ਨਿਕਲ ਜਾਂਦਾ ਹੈ ਭਾਵ ਪੂਰਬ ਜਨਮ ਵਾਲੀ ਸਮਝ ਵਿੱਚੋਂ ਨਿਕਲ ਜਾਂਦਾ ਹੈ ਫਿਰ ਉਸ ਮਨੁੱਖੀ ਸਮਝ ਦਾ ਜਨਮ ਸੱਚੀ ਗੁਰਮਤਿ ਦੇ ਘਰ ਵਿੱਚ ਹੁੰਦਾ ਹੈ, ਸ਼ਬਦ ਦੇ ਘਰ ਵਿੱਚ, ਰਤਨ ਦੇ ਘਰ ਵਿੱਚ ਹੁੰਦਾ ਹੈ, ਨਾਮ ਦੇ ਘਰ ਵਿੱਚ ਹੁੰਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਘਰ ਵਿੱਚ ਹੁੰਦਾ ਹੈ ਭਾਵ ਮਨ ਦੇ ਸਹਜ ਰੂਪ ਘਰ ਦੇ ਵਿੱਚ ਹੁੰਦਾ ਹੈ। **(ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥ ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥)**

ਪੂਰਬ ਜਨਮ ਕੀ ਹੈ ਤੇ ਉਸ ਤੋਂ ਬਾਅਦ ਰਤਨ ਜਨਮ ਕੀ ਹੈ ਤੇ ਸਾਡੇ ਅੰਦਰ ਸਹਜ ਧੁਨਿ ਕੀ ਹੈ ਇਨ੍ਹਾਂ ਗੱਲਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੋਰ ਵੀ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਬਾਈਸ ਚਉਪਦੇ ਤਥਾ ਪੰਚਪਦੇ ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧

ੴ ਸਤਿਗੁਰ ਪ੍ਰਸਾਦਿ ॥

{ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥
ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ ॥੧॥
ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥
ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥੧॥ ਰਹਾਉ ॥
ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ ॥ ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥੨॥
ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥ ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ ॥੩॥੧॥੨੩॥}

(ਅੰਗ ੪੮੧-੪੮੨)

{ਪੂਰਬ ਜਨਮ ਕੋ ਲੇਖੁ ਨ ਮਿਟਈ ਜਨਮਿ ਮਰੈ ਕਾ ਕਉ ਦੋਸੁ ਧਰੇ ॥
ਬਿਨੁ ਗੁਰ ਬਾਦਿ ਜੀਵਨੁ ਹੋਰੁ ਮਰਣਾ ਬਿਨੁ ਗੁਰ ਸਬਦੈ ਜਨਮੁ ਜਰੇ ॥੯॥
ਖੁਸੀ ਖੁਆਰ ਭਏ ਰਸ ਭੋਗਣ ਫੋਕਟ ਕਰਮ ਵਿਕਾਰ ਕਰੇ ॥
ਨਾਮੁ ਬਿਸਾਰਿ ਲੋਭਿ ਮੂਲੁ ਖੋਇਓ ਸਿਰਿ ਧਰਮ ਰਾਇ ਕਾ ਡੰਡੁ ਪਰੇ ॥੧੦॥

ਗੁਰਮੁਖਿ ਰਾਮ ਨਾਮ ਗੁਣ ਗਾਵਹਿ ਜਾ ਕਉ ਹਰਿ ਪ੍ਰਭੁ ਨਦਰਿ ਕਰੇ ॥
ਤੇ ਨਿਰਮਲ ਪੁਰਖ ਅਪਰੰਪਰ ਪੂਰੇ ਤੇ ਜਗ ਮਹਿ ਗੁਰ ਗੋਵਿੰਦ ਹਰੇ ॥੧੧॥
ਹਰਿ ਸਿਮਰਹੁ ਗੁਰ ਬਚਨ ਸਮਾਰਹੁ ਸੰਗਤਿ ਹਰਿ ਜਨ ਭਾਉ ਕਰੇ ॥
ਹਰਿ ਜਨ ਗੁਰੁ ਪਰਧਾਨੁ ਦੁਆਰੈ ਨਾਨਕ ਤਿਨ ਜਨ ਕੀ ਰੇਣੁ ਹਰੇ ॥੧੨॥੮॥}

(ਅੰਗ ੧੦੧੪)

ਰਾਗੁ ਗਉੜੀ ਪੂਰਬੀ ਮਹਲਾ ੪ ॥

{ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥
ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥
ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥
ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥}

(ਅੰਗ ੧੩)

55/7760

ਗਉੜੀ ਮਹਲਾ ੫ ॥

{ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ ਰਹਾਉ ॥
ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥
ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥}

(ਅੰਗ ੨੦੪)

ਗਉੜੀ ਪੂਰਬੀ ਮਹਲਾ ੫ ॥

{ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥
ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ ॥੧॥ ਰਹਾਉ ॥
ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ ॥
ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ ॥੧॥
ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ ॥

ਸੇਵਿ ਸੁਆਮੀ ਸਤਿਗੁਰੁ ਦਾਤਾ ਮਨ ਬੰਛਤ ਫਲ ਆਈਐ ॥੨॥
ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ ॥
ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ ॥੩॥
ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ ॥
ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ ॥੪॥੧੫॥੧੫੩॥}

(ਅੰਗ ੨੧੩)

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥ ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥ ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥}

(ਅੰਗ ੯੨੦)

ਪਉੜੀ ॥

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}

(ਅੰਗ ੧੨੯੦)

ਸਿਰੀਰਾਗੁ ਮਹਲਾ ੧ ॥

{ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥
ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥
ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥
ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥
ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥
ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥
ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥
ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥
ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥}

(ਅੰਗ ੨੨)

ਸਿਰੀਰਾਗੁ ਮਹਲਾ ੧ ॥

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥
ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥ ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥੪॥
ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥
ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥੫॥ ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ ॥
ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥ ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥
ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥ ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥ ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ॥
ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥ ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ॥੮॥੧੦॥}

(ਅੰਗ ੫੯)

ਮਾਝ ਮਹਲਾ ੫ ॥

{ਚਰਣ ਠਾਕੁਰ ਕੇ ਰਿਦੈ ਸਮਾਣੇ ॥ ਕਲਿ ਕਲੇਸ ਸਭ ਦੂਰਿ ਪਇਆਣੇ ॥
ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥੧॥
ਲਾਗੀ ਪ੍ਰੀਤਿ ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥
ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥੨॥
ਅੰਮ੍ਰਿਤੁ ਵਰਖੈ ਅਨਹਦ ਬਾਣੀ ॥ ਮਨ ਤਨ ਅੰਤਰਿ ਸਾਂਤਿ ਸਮਾਣੀ ॥
ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ ॥੩॥
ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥ ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥
ਆਵਣ ਜਾਣ ਰਹੇ ਵਡਭਾਗੀ ਨਾਨਕ ਪੂਰਨ ਆਸਾ ਜੀਉ ॥੪॥੩੧॥੩੮॥}

(ਅੰਗ ੧੦੫)

ਮਾਝ ਮਹਲਾ ੩ ॥

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥
ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥

ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥
ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥
ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥
ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥
ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥
ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥
ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ ਤਨੁ ਮੋਹੈ ॥
ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥
ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥
ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥
ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥}

(ਅੰਗ ੧੨੧)

ਗਉੜੀ ਮਹਲਾ ੩ ॥

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤ੍ਰੁਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥
ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥
ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥
ਗਿਆਨੀ ਬੂਝਹਿ ਸਹਜਿ ਸੁਭਾਏ ॥੫॥ ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥
ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥
ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

(ਅੰਗ ੨੩੧-੨੩੨)

ਗਉੜੀ ਮਹਲਾ ੩ ॥

{ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥
ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥
ਇਹੁ ਸਰੀਰੁ ਕੁੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥
ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥
ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥
ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ ॥ ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ ॥
ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ ॥ ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ॥
ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ ॥੩॥
ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ ਅਗਮ ਅਪਾਰਾ ॥ ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ॥
ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ ॥
ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰਿ ਬੂਝ ਬੁਝਾਈ ॥
ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵ ਲਾਈ ॥
ਨਾਨਕ ਸਹਜੇ ਹਰਿ ਵਰੁ ਪਾਇਆ ਸਾ ਧਨ ਨਉ ਨਿਧਿ ਪਾਈ ॥੪॥੩॥}

(ਅੰਗ ੨੪੫)

ਆਸਾ ਮਹਲਾ ੫ ॥

{ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥
ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ ॥੧॥ ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ ਰਹਾਉ ॥
ਧਾਵਤ ਰਹੇ ਏਕੁ ਇਕੁ ਬੂਝਿਆ ਆਇ ਬਸੇ ਅਬ ਨਿਹਚਲੁ ਥਾਇ ॥
ਜਗਤੁ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ ॥੨॥
ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥
ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥
ਕਰਨ ਕਾਰਨ ਸਮਰਥ ਹਮਾਰੇ ਸੁਖਦਾਈ ਮੇਰੇ ਹਰਿ ਹਰਿ ਰਾਇ ॥

ਨਾਮੁ ਤੇਰਾ ਜਪਿ ਜੀਵੈ ਨਾਨਕੁ ਓਤਿ ਪੋਤਿ ਮੇਰੈ ਸੰਗਿ ਸਹਾਇ ॥੪॥੯॥}

(ਅੰਗ ੩੭੩)

ਆਸਾ ਮਹਲਾ ੧ ॥

{ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥ ਇਤ ਉਤ ਜਾਹਿ ਕਾਲ ਕੇ ਚਾਪੇ ॥
ਗੁਰਮੁਖਿ ਖੋਜਿ ਲਹੈ ਘਰੁ ਆਪੇ ॥੧॥ ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥
ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥੧॥ ਰਹਾਉ ॥
ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥
ਆਪੇ ਬਖਸੇ ਸਤਿਗੁਰੁ ਮੇਲੈ ॥ ਕਾਲੁ ਕੰਟਕੁ ਮਾਰੇ ਸਚੁ ਪੇਲੈ ॥੨॥
ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥
ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥
ਗੁਰਮੁਖਿ ਮਨੁ ਅਸਥਾਨੇ ਸੋਈ ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ ॥
ਇਹੁ ਮਨੁ ਜੋਗੀ ਭੋਗੀ ਤਪੁ ਤਾਪੈ ॥ ਗੁਰਮੁਖਿ ਚੀਨ੍ਹੈ ਹਰਿ ਪ੍ਰਭੁ ਆਪੈ ॥੪॥
ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥
ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥੫॥
ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥
ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥
ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥
ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨ੍ਹਿ ਭਏ ਨਿਰੰਕਾਰੀ ॥੭॥
ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥
ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥
ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ ॥
ਭਗਤਿ ਹੇਤੁ ਗੁਰ ਚਰਣ ਨਿਵਾਸਾ ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥੯॥੮॥}

(ਅੰਗ ੪੧੫)

ਗੂਜਰੀ ਮਹਲਾ ੧ ॥

{ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥੧॥ ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥
ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥
ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥
ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥
ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥

ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥
ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ ॥੪॥੨॥}

(ਅੰਗ ੪੯੯)

ਸਲੋਕੁ ਮਃ ੩ ॥

{ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ ੫੧੨)

ਸੂਹੀ ਮਹਲਾ ੧ ਘਰੁ ੭
ੴ ਸਤਿਗੁਰ ਪ੍ਰਸਾਦਿ ॥

{ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥
ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥}

(ਅੰਗ ੭੩੦)

ਸਾਰਗ ਮਹਲਾ ੩ ॥

{ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥
ਜਨਮ ਜਨਮ ਕੇ ਕਿਲਵਿਖ ਭਉ ਭੰਜਨ ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥
ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਾਇਆ ॥
ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ ॥੧॥

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ ॥
ਸਬਦਿ ਰਤੇ ਸੇ ਰੰਗਿ ਚਲੂਲੇ ਰਾਤੇ ਸਹਜਿ ਸੁਭਾਈ ॥੨॥
ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ ॥
ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ ॥੩॥
ਪੰਡਿਤ ਪੜਿ੍ ਪੜਿ੍ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥
ਗੁਰ ਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥
ਆਵਾ ਗਉਨੁ ਨਿਵਾਰਿ ਸਚਿ ਰਾਤੇ ਸਾਚ ਸਬਦੁ ਮਨਿ ਭਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ ਗਵਾਇਆ ॥੫॥
ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥
ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥੬॥
ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ ॥
ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ ॥੭॥
ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ ॥
ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵ ਲਾਈ ॥੮॥੨॥}

(ਅੰਗ ੧੨੩੩-੧੨੩੪)

ਰਾਮਕਲੀ ਮਹਲਾ ੧ ॥

{ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥
ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥
ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥੨॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬ੍ਰਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥}

(ਅੰਗ ੮੭੮-੮੭੯)

55/7762

ਉਪਰ ਵਾਲੇ ਸ਼ਬਦਾਂ ਵਿੱਚੋਂ ਕਾਫੀ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਪੂਰਬ ਜਨਮ ਵਾਲੀ ਸਮਝ ਵਿੱਚੋਂ ਨਿਕਲਕੇ ਰਤਨ ਜਨਮ ਵਾਲੀ ਸਮਝ ਵਿੱਚ ਪਹੁੰਚਕੇ ਭਾਵ ਸਹਜ ਗਿਆਨ ਵਾਲੀ ਸਮਝ ਵਿੱਚ ਪਹੁੰਚਕੇ ਭਾਵ ਨਾਮ ਵਾਲੀ ਸਮਝ ਵਿੱਚ ਪਹੁੰਚਕੇ ਹੀ ਜਾਣਿਆ ਜਾ ਸਕਦਾ ਹੈ ਜਿਸ ਦੁਆਰਾ ਉਹ ਕਿਸੇ ਨੂੰ ਆਪਣਾ ਸੇਵਕ ਰੂਪ ਬਣਾਉਂਦਾ ਹੈ ਜੋ ਉਸਦਾ ਸੇਵਕ ਉਸਦੇ ਮਨ ਰੂਪ ਦਰਬਾਰ ਵਿੱਚ ਮਨ ਦੀ ਸੱਚੀ ਸਮਝ ਦੁਆਰਾ ਉਸਦਾ ਕੂਕਰ ਬਣਕੇ ਉਸਦੀ ਸੇਵਾ ਕਰਦਾ ਹੈ ਤੇ ਮਨ ਦੇ ਦੂਤਾਂ ਤੋਂ ਭਾਵ ਮਨ ਦੇ ਮਾੜੇ ਵਿਚਾਰਾਂ ਤੋਂ ਧਰਮ ਦੇ ਸੱਚੇ ਮਾਰਗ ਦੀ ਰਾਖੀ ਕਰਦਾ ਹੈ। ਹੁਣ ਤੁਸੀਂ ਮੁੱਖ ਸ਼ਬਦ

ਦੀਆਂ ਪੰਗਤੀਆਂ ਨੂੰ ਕੁੱਝ ਹੋਰ ਵੀ ਆਸਾਨੀ ਨਾਲ ਵਿਸ਼ਵਾਸ ਨਾਲ ਸਮਝ ਸਕੋਗੇ। **(ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥ ਹਮ ਕੁਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥ ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥ ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥)**

ਜਿਸ ਆਪਣੇ ਮਨੁੱਖੀ ਰੂਪ ਭਗਤ ਦੀ ਸਮਝ ਦੇ ਉੱਤੇ ਸ੍ਰਿਸ਼ਟੀ ਦਾ ਕਰਤਾ ਆਪਣੇ ਸੱਚੇ ਗਿਆਨ ਦਾ ਥੱਪਾ ਲਗਾ ਦਿੰਦਾ ਹੈ ਉਹੀ ਫਿਰ ਮਨ ਦੀ ਸਮਝ ਦੇ ਵਿੱਚ ਵਿਕਾਰਾਂ ਨਾਲ ਜੂਝ ਸਕਦਾ ਹੈ ਭਾਵ ਲੜ ਸਕਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਤੇ ਚੱਲ ਸਕਦਾ ਹੈ, ਗੁਰੂ ਦਾ ਸੱਚਾ ਨਾਮ ਜਪ ਸਕਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥

ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥”

ਕਿਸੇ ਦੀ ਸਮਝ ਦੇ ਉਪਰ ਆਪਣਾ **“ਦਾਗ”** ਭਾਵ ਆਪਣਾ ਨੀਸਾਨੁ ਭਾਵ ਆਪਣੀ ਮੋਹਰ ਅੱਲ੍ਹਾ, ਪ੍ਰਮਾਤਮਾ, ਗਾਡ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਕਿਸ ਤਰੀਕੇ ਤੇ ਕਿਸ ਮਕਸਦ ਲਈ ਲਗਾਉਂਦਾ ਹੈ ਇਸ ਗੱਲ ਨੂੰ ਅਸੀਂ ਇਸ ਤੋਂ ਪਹਿਲੇ ਪਦੇ ਰਾਹੀਂ ਸਮਝਿਆ ਹੀ ਹੈ। ਉਸਦੇ ਦਾਗੇ ਹੋਏ ਮਨੁੱਖ ਭਾਵ ਉਸਦੇ ਸੱਚੇ ਭਗਤ ਫਿਰ ਰਣ ਵਿੱਚ ਜੂਝਦੇ ਵੀ ਹਨ ਭਾਵ ਲੜਾਈ ਦੇ ਮੈਦਾਨ ਵਿੱਚ ਜੂਝਦੇ ਵੀ ਹਨ ਭਾਵ ਪੂਰੀ ਹਿੰਮਤ ਨਾਲ ਲੜਦੇ ਵੀ ਹਨ। ਇਹ ਲੜਾਈ ਦਾ ਮੈਦਾਨ ਸਾਡਾ ਮਨੁੱਖੀ ਮਨ ਹੈ ਜੋ ਕਿ ਮਨ ਦੇ ਵਿੱਚ ਮਾੜੇ ਵਿਚਾਰਾਂ ਦੀ ਚੰਗੇ ਵਿਚਾਰਾਂ ਨਾਲ ਲੜਾਈ ਹੈ, ਇਹ ਔਗੁਣਾਂ ਤੇ ਗੁਣਾਂ ਦੀ ਆਪਸ ਵਿੱਚ ਲੜਾਈ ਹੈ। ਮਨੁੱਖ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰ ਮਨ ਦੇ ਮਾੜੇ ਵਿਚਾਰ ਹਨ, ਔਗੁਣਾਂ ਵਾਲੇ ਵਿਚਾਰ ਹਨ ਜੋ ਕਿ ਮਾਇਆ ਮੋਹ ਵਾਲੇ ਵਿਚਾਰ ਹਨ, ਮਨ ਦੀਆਂ ਤ੍ਰਿਸ਼ਨਾਵਾਂ ਵਾਲੇ ਵਿਚਾਰ ਹਨ ਜੋ ਵਿਚਾਰ ਸਭ ਨੂੰ ਚੰਗੇ ਲੱਗਦੇ ਹਨ ਜਿਨ੍ਹਾਂ ਨੂੰ ਕਿਸੇ ਦੇ ਲਈ ਵੀ ਛੱਡਣਾ ਬਹੁਤ ਔਖਾ ਹੈ ਭਾਵ ਇਨ੍ਹਾਂ ਦੇ ਨਾਲ ਲੜਨਾ ਬਹੁਤ ਹੀ ਔਖਾ ਹੈ ਭਾਵ ਇਨ੍ਹਾਂ ਨੂੰ ਆਪਣੇ ਅੰਦਰੋਂ ਭਜਾਉਣਾ ਭਾਵ ਜਿੱਤਣਾ ਬਹੁਤ ਔਖਾ ਹੈ। ਇਨ੍ਹਾਂ ਵਿਕਾਰਾਂ ਨੂੰ ਹਰਾਉਣ ਦੀ ਭਾਵ ਇਨ੍ਹਾਂ ਤੇ ਜਿੱਤ ਪ੍ਰਾਪਤ ਕਰਨ ਦੀ ਹਿੰਮਤ, ਮਨ ਦੀ ਤਾਕਤ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ

ਨੂੰ ਦਿੱਤੀ ਹੈ, ਉਨ੍ਹਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਨ੍ਹਾਂ ਨੂੰ ਆਪਣਾ ਚੌਥੇ ਪਦ ਵਾਲਾ ਸਹਜ ਗਿਆਨ ਬਖਸ਼ਣ ਦੁਆਰਾ ਹੀ ਦਿੱਤੀ ਹੈ। ਜਿਸ ਮਨ ਦੀ ਹਿੰਮਤ ਦੇ ਨਾਲ ਉਨ੍ਹਾਂ ਨੇ ਮਨ ਦੇ ਔਗੁਣਾਂ ਨੂੰ ਹੀ ਹਰਾਇਆ ਹੈ ਤੇ ਸ੍ਰਿਸ਼ਟੀ ਵਿੱਚ ਹੋਰ ਵੀ ਅਨੇਕਾਂ ਨੂੰ ਦੁਨਿਆਵੀ ਰਣ ਵਿੱਚ ਹਰਾਇਆ ਹੈ, ਸੱਚੇ ਧਰਮ ਦੀ ਰੱਖਿਆ ਕਰਨ ਲਈ ਹਰਾਇਆ ਹੈ ਜਿਸਦਾ ਕਿ ਇਤਿਹਾਸ ਗਵਾਹ ਹੈ ਤੇ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਵੀ ਹੈ। ਸਾਰੀ ਗੱਲ ਪਹਿਲੇ ਮਨ ਦੇ ਵਿਕਾਰਾਂ ਨੂੰ ਜਿੱਤਣ ਦੀ ਹੈ ਭਾਵ ਉਨ੍ਹਾਂ ਦੇ ਨਾਲ ਲੜਨ ਦੀ ਹੈ ਭਾਵ ਧਰਮ ਦੇ ਮਾਰਗ ਦੇ ਸੱਚ ਨੂੰ ਉੱਚਾ ਕਰਨ ਦੀ ਹੈ। ਜਦ ਤੱਕ ਮਨ ਦੇ ਵਿੱਚ ਸੱਚ ਰੂਪ ਧਰਮ ਦੇ ਮਾਰਗ ਦੀ ਜਿੱਤ ਨਹੀਂ ਹੁੰਦੀ ਤਦ ਤੱਕ ਬਾਹਰ ਦੇ ਰਣ ਵਿੱਚ ਵੀ ਸੱਚ ਦੇ ਮਾਰਗ ਨੂੰ ਉੱਚਾ ਕਰਨਾ ਸੌਖਾ ਨਹੀਂ ਹੁੰਦਾ। ਝੂਠ ਦੇ ਨਾਲ ਲੜਨ ਦੀ ਸੱਚੀ ਹਿੰਮਤ ਮਨ ਦੇ ਵਿੱਚੋਂ ਹੀ ਆਉਂਦੀ ਹੈ ਜੋ ਮਨ ਦੀ ਸਮਝ ਦਾ ਮਾਲਕ ਕਿਸੇ ਨੂੰ ਆਪ ਹੀ ਪਾਉਂਦਾ ਹੈ। ਜਿਨ੍ਹਾਂ ਸ਼ਹੀਦ ਸਿੰਘਾਂ ਨੇ ਗੁਰੂ ਸਾਹਿਬਾਨ ਦਾ ਦੁਨਿਆਵੀ ਜੰਗਾਂ ਵਿੱਚ ਸਾਥ ਦਿੱਤਾ ਹੈ ਉਨ੍ਹਾਂ ਦੇ ਅੰਦਰ ਇਹ ਹਿੰਮਤ ਪਾਉਣ ਵਾਲਾ ਉਹ ਆਪ ਹੀ ਹੈ ਜਿਸ ਗੱਲ ਦੀ ਸਮਝ ਕੇਵਲ ਤੇ ਕੇਵਲ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਤੇ ਉਸਦੀ ਰਚੀ ਹੋਈ ਖੇਡ ਨੂੰ ਸਮਝਿਆ ਜਾ ਸਕਦਾ ਹੈ ਕਿ ਉਹ ਸਭ ਕੁਝ ਕਿਸ ਮਕਸਦ ਲਈ ਕਰਵਾਉਂਦਾ ਹੈ।

ਜਿਹੜੇ ਮਨ ਦੇ ਵਿਕਾਰਾਂ ਨੂੰ ਲੜਨ ਦੇ ਮਨ ਰੂਪ ਮੈਦਾਨ ਵਿਚੋਂ ਹੀ ਦੌੜ ਜਾਂਦੇ ਹਨ ਉਨ੍ਹਾਂ ਨੇ ਆਪਣੇ ਮਨ ਦੇ ਨਾਲ ਕੀ ਜੂਝਣਾ ਹੈ ਤੇ ਕੀ ਉਨ੍ਹਾਂ ਨੇ ਧਰਮ ਦੇ ਸੱਚੇ ਮਾਰਗ ਤੇ ਚੱਲਣਾ ਹੈ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚੇ ਅਖਵਾਉਣ ਵਾਲੇ ਤਾਂ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਅਖਵਾਉਣ ਵਾਲੇ ਬਹੁਤ ਹਨ ਜਿਵੇਂ ਕਿ ਭਗਤ, ਸਾਧ, ਸੰਤ ਆਦਿ ਅਖਵਾਉਣ ਵਾਲੇ ਹਨ ਤੇ ਉਨ੍ਹਾਂ ਦੇ ਚੇਲੇ ਬਣ ਕੇ ਉਨ੍ਹਾਂ ਦੀ ਵਡਿਆਈ ਕਰਨ ਵਾਲੇ ਵੀ ਬਹੁਤ ਹਨ ਪਰ ਇਹੋ ਜਿਹੇ ਸਭ ਮਨ ਦੇ ਰਣ ਵਿੱਚੋਂ ਭੱਜਣ ਵਾਲੇ ਹੀ ਹੁੰਦੇ ਹਨ ਭਾਵ ਮਨ ਦੇ ਵਿਕਾਰਾਂ ਨਾਲ ਲੜਨ ਵਾਲੇ ਨਹੀਂ ਹੁੰਦੇ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਵਾਲੇ ਨਹੀਂ ਹੁੰਦੇ, ਗੁਰੂ ਦੇ ਸਮਝਾਏ ਹੋਏ ਸੱਚ ਨੂੰ ਅਪਨਾਉਣ ਵਾਲੇ ਨਹੀਂ ਹੁੰਦੇ ਕਿਉਂਕਿ ਇਹੋ ਜਿਹਿਆਂ ਦੀ ਸਮਝ ਦੇ ਅੰਦਰ

ਪ੍ਰਗਟ ਹੋ ਕੇ ਉਨ੍ਹਾਂ ਦੀ ਸਮਝ ਦੇ ਉੱਤੇ ਆਪਣਾ ਸੱਚ ਰੂਪ ਨਿਸ਼ਾਨ ਭਾਵ ਚੌਥੇ ਪਦ ਦੇ ਗਿਆਨ ਵਾਲਾ ਨਿਸ਼ਾਨ ਲਗਾਇਆ ਹੀ ਨਹੀਂ ਹੁੰਦਾ। **(ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥)**

ਸ੍ਰਿਸ਼ਟੀ ਦੇ ਕਰਤੇ ਦਾ ਸੱਚਾ ਸਾਧ, ਸੰਤ ਭਾਵ ਉਸਦੀ ਸੱਚੀ ਭਗਤੀ ਵਾਲਾ ਉਹੀ ਹੁੰਦਾ ਹੈ ਜਿਸਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਹ ਆਪਣੀ ਮੋਹਰ ਲਗਾ ਦਿੰਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

55/7764

“ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥”

ਬੜਾ ਸਪਸ਼ਟ ਕਰਕੇ ਸਮਝਾਇਆ ਹੋਇਆ ਹੈ ਕਿ ਭਗਤੀ ਦੇ ਮਾਰਗ ਨੂੰ ਜਾਨਣ ਵਾਲਾ ਸਾਧ, ਸੰਤ ਉਹੀ ਹੁੰਦਾ ਹੈ ਜੋ ਆਪਣੇ ਅੰਦਰ ਦੇ ਭਗਤ ਨੂੰ ਪਛਾਣ ਲੈਂਦਾ ਹੈ ਭਾਵ ਭਗਤੀ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਪਹਿਚਾਣ ਲੈਂਦਾ ਹੈ ਜੋ ਕਿ ਅਸਲ ਵਿੱਚ ਆਪ ਹੀ ਸੱਚਾ ਸਾਧ ਹੈ, ਸੰਤ ਹੈ, ਭਗਤ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਜਿਸ ਮਨੁੱਖੀ ਸਰੀਰ ਦੇ ਅੰਦਰ ਪ੍ਰਮਾਤਮਾ, ਅੱਲ੍ਹਾ, ਗਾਡ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਆਪਣੇ ਗੁਰੂ ਰੂਪ ਨੂੰ ਪ੍ਰਗਟ ਕਰਦਾ ਹੈ ਉਹੀ ਮਨੁੱਖੀ ਸਰੀਰ ਇਸ ਗੱਲ ਨੂੰ ਸਮਝ ਸਕਦਾ ਹੈ, ਵਿਸ਼ਵਾਸ ਕਰ ਸਕਦਾ ਹੈ ਕਿ ਸੱਚਾ ਸਾਧੂ, ਸੱਚਾ ਸੰਤ, ਸੱਚਾ ਭਗਤ ਅਸਲ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਹਰ ਮਨੁੱਖੀ ਸਰੀਰ ਦਾ ਆਪ ਹੀ ਮਾਲਕ ਹੈ। ਜਿਸਦੇ ਅੰਦਰ ਉਹ ਆਪਣੇ ਆਪ ਨੂੰ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਭਾਵ ਸਹਜ ਗਿਆਨ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੇ ਅੰਦਰ ਪ੍ਰਗਟ ਕੀਤਾ ਹੈ ਉਨ੍ਹਾਂ ਨੇ ਫਿਰ ਉਸਨੂੰ ਸੱਚਾ ਸਾਧ, ਸੰਤ, ਭਗਤ ਕਿਹਾ ਹੈ। ਉਨ੍ਹਾਂ ਸਰੀਰਾਂ ਨੇ ਆਪਣੇ ਮੁੱਖੋਂ ਜੋ ਵੀ ਸ਼ਬਦ ਉਚਾਰੇ ਹਨ ਉਨ੍ਹਾਂ ਰਾਹੀਂ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਦਾ ਮਾਰਗ ਹੀ ਸਮਝਾਇਆ ਹੈ, ਸੱਚਾ ਨਾਮ ਹੀ ਸਮਝਾਇਆ ਹੈ, ਸੱਚਾ ਧਰਮ ਦਾ ਮਾਰਗ ਹੀ ਸਮਝਾਇਆ ਹੈ ਤੇ ਜੋ ਕੁਝ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਸਮਝਾਇਆ ਹੈ ਉਹ ਕੁੱਝ ਆਪਣੇ ਜੀਵਨ ਵਿੱਚ ਕਰਕੇ ਵੀ ਦਿਖਾਇਆ ਹੈ ਭਾਵ ਸੱਚ ਦੇ ਮਾਰਗ ਤੇ ਚੱਲ ਕੇ ਵੀ ਦਿਖਾਇਆ ਹੈ। ਇਹ ਉਨ੍ਹਾਂ ਦੇ ਧਰਮ ਦੇ ਮਾਰਗ ਦੀ ਸੱਚੀ ਪੂੰਜੀ ਹੈ, ਸੱਚੀ ਰਾਸਿ ਹੈ, ਨਾਮ ਦੀ ਸੱਚੀ ਪੂੰਜੀ ਹੈ ਜੋ ਗੁਰਮਤਿ ਦੀ ਸੱਚੀ ਸਮਝ ਰੂਪ ਪੂੰਜੀ ਹੈ ਜੋ ਉਸਦੇ ਸੱਚੇ ਸਾਧ ਨੂੰ, ਸੰਤ ਨੂੰ, ਭਗਤ ਨੂੰ ਸੱਚ ਦੇ ਮਾਰਗ ਤੇ ਚਲਾਉਂਦੀ ਹੈ। ਪ੍ਰਮਾਤਮਾ ਇਹੋ ਜਿਹੀ ਪੂੰਜੀ ਨੂੰ ਆਪਣੇ ਖਜਾਨੇ ਵਿੱਚ ਪਾਉਂਦਾ ਹੈ। ਸਭ ਨੂੰ ਆਪਣੀ ਨਾਮ ਰੂਪ ਪੂੰਜੀ ਦੇਣ ਵਾਲਾ ਉਹ ਆਪ ਹੀ ਹੁੰਦਾ ਹੈ ਤੇ ਆਪ ਹੀ ਆਪਣੇ ਖਜਾਨੇ ਵਿੱਚ ਪਾਉਂਦਾ ਹੈ। **ਪੂਰੇ ਗੁਰਬਾਣੀ ਗ੍ਰੰਥ ਦੇ ਵਿੱਚ ਇਹ ਨਾਮ ਦਾ ਖਜਾਨਾ ਹੈ ਜਿਸਦੇ ਅੰਦਰ ਪੂੰਜੀ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਜਿਸ ਖਜਾਨੇ ਵਿੱਚੋਂ ਕੋਈ ਵੀ ਪੂੰਜੀ ਲੈ ਸਕਦਾ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਲੈ ਸਕਦਾ ਹੈ ਭਾਵ ਆਪ ਉਸ ਵਿੱਚੋਂ ਨਾਮ ਲੈ ਸਕਦਾ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਲੈ ਸਕਦਾ ਹੈ ਭਾਵ ਆਪ ਉਸ ਵਿੱਚੋਂ ਨਾਮ ਲੈ ਕੇ ਗੁਰੂ ਦਾ ਨਾਮ ਜਪ ਸਕਦਾ ਹੈ। (ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥ ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥ ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥ ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥)**

ਉਪਰ ਵਾਲੇ ਪਦੇ ਵਿੱਚ ਅਸੀਂ ਰਣ ਵਿੱਚ ਜੂਝਣ ਦੀ ਗੱਲ ਵੀ ਸਮਝੀ ਹੈ ਤੇ ਨਾਮ ਦੇ ਖਜਾਨੇ ਦੀ ਭਾਵ ਭੰਡਾਰ ਦੀ ਗੱਲ ਵੀ ਸਮਝੀ ਹੈ। ਇਨ੍ਹਾਂ ਗੱਲਾਂ ਨੂੰ ਹੋਰ ਵੀ ਬਰੀਕੀ ਨਾਲ ਸਮਝਣ ਲਈ ਤੇ ਆਪਣੇ ਅੰਦਰ ਦ੍ਰਿੜ ਕਰਨ ਲਈ ਇਨ੍ਹਾਂ ਗੱਲਾਂ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

55/7765

ਪਉੜੀ ॥

{ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ ॥ ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ ॥
ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ ॥ ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥
ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥}

(ਅੰਗ ੧੦੯੦)

ਸਲੋਕ ਕਬੀਰ ॥

{ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥}

(ਅੰਗ ੧੧੦੫)

{ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥੨॥
ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਸਬਦੁ ਗੁਰ ਦੀਜੈ ॥
ਤਨਿ ਮਨਿ ਸਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੂਖਿ ਸਵੀਜੈ ॥੩॥}

(ਅੰਗ ੧੩੨੫-੧੩੨੬)

ਗਉੜੀ ੧੨ ॥

{ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥
ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥ ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥
ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥
ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥੨॥੨॥੧੭॥੬੯॥}

(ਅੰਗ ੩੩੯)

ਰਾਗੁ ਮਾਰੂ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਪਡੀਆ ਕਵਨ ਕੁਮਤਿ ਤੁਮ ਲਾਗੇ ॥ ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ ਰਹਾਉ ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥

ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥੩॥
ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ ॥
ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ ॥੪॥੧॥
ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥
ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥੧॥ ਸਾਰ ਸੁਖੁ ਪਾਈਐ ਰਾਮਾ ॥
ਰੰਗਿ ਰਵਹੁ ਆਤਮੈ ਰਾਮ ॥੧॥ ਰਹਾਉ ॥ ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥
ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥
ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥ ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ॥੩॥
ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥
ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥}

(ਅੰਗ ੧੧੦੨-੧੧੦੩)

{ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥
ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥}

(ਅੰਗ ੬)

ਗਉੜੀ ਗੁਆਰੇਰੀ ਮਹਲਾ ੫ ॥

{ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥}

(ਅੰਗ ੧੮੫-੧੮੬)

ਸੋਰਠਿ ਮਹਲਾ ੩ ॥

{ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥ ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥

ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ ੬੦੦)

55/7766

ਪਉੜੀ ॥

{ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ ॥ ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥
ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥ ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ॥
ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ ॥ ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥
ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ ॥ ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥੧੮॥}

(ਅੰਗ ੨੫੩)

ਗੂਜਰੀ ਮਹਲਾ ੫ ॥

{ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥੧॥ ਮਾਈ ਖਾਟਿ ਆਇਓ ਘਰਿ ਪੂਤਾ॥
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥
ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥
ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥
ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥
ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥}

(ਅੰਗ ੪੯੫-੪੯੬)

ਮਃ ੩ ॥

{ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥
ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ ॥੨॥}

(ਅੰਗ ੫੪੮)

ਸਲੋਕੁ ਮਃ ੩ ॥

{ਭਗਤਿ ਕਰਹਿ ਮਰਜੀਵੜੇ ਗੁਰਮੁਖਿ ਭਗਤਿ ਸਦਾ ਹੋਇ ॥
ਓਨਾ ਕਉ ਧੁਰਿ ਭਗਤਿ ਖਜਾਨਾ ਬਖਸਿਆ ਮੇਟਿ ਨ ਸਕੈ ਕੋਇ ॥
ਗੁਣ ਨਿਧਾਨੁ ਮਨਿ ਪਾਇਆ ਏਕੋ ਸਚਾ ਸੋਇ ॥
ਨਾਨਕ ਗੁਰਮੁਖਿ ਮਿਲਿ ਰਹੇ ਫਿਰਿ ਵਿਛੋੜਾ ਕਦੇ ਨ ਹੋਇ ॥੧॥}

(ਅੰਗ ੫੮੯)

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯

ੴ ਸਤਿਗੁਰ ਪ੍ਰਸਾਦਿ ॥

{ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ ॥
ਸੰਤ ਸਜਨ ਮਨ ਮਿਤ੍ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥
ਤਿਨ੍ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥
ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥
ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥੧॥ ਰਹਾਉ ॥
ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥ ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥
ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥੨॥
ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥
ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥
ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥੩॥
ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥ ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥
ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥੪॥
ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥
ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥
ਮਨ ਤੇ ਕਬਹੁ ਨ ਵੀਸਰੈ ਜਾ ਆਪੇ ਹੋਇ ਦਇਆਲ ਜੀਉ ॥੫॥
ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥ ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ॥
ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥੬॥
ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥
ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥
ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥੭॥ ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥
ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥
ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥}

(ਅੰਗ ੭੬੦-੭੬੧)

ਸੂਹੀ ਮਹਲਾ ੫ ਗੁਣਵੰਤੀ ॥

{ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨੁ ਤੈ ਕੁੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥
ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥}

(ਅੰਗ ੭੬੩)

ੴ ਸਤਿਗੁਰ ਪ੍ਰਸਾਦਿ ॥
ਰਾਗੁ ਸੂਹੀ ਮਹਲਾ ੩ ਘਰੁ ੩ ॥

{ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥
ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥
ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥
ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥
ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥
ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥
ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥
ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥
ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਹਾਲੇ ॥੨॥
ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥
ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥

ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩॥
ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ ॥
ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥
ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ ॥
ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ ॥
ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ ॥
ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥}

(ਅੰਗ ੭੬੮-੭੬੯)

ਪਉੜੀ ॥

{ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥ ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥
ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥ ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥
ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥੪॥}

(ਅੰਗ ੭੮੬)

55/7767

ਰਾਮਕਲੀ ਮਹਲਾ ੩ ॥

{ਭਗਤਿ ਖਜਾਨਾ ਗੁਰਮੁਖਿ ਜਾਤਾ ਸਤਿਗੁਰਿ ਬੂਝਿ ਬੁਝਾਈ ॥੧॥
ਸੰਤਹੁ ਗੁਰਮੁਖਿ ਦੇਇ ਵਡਿਆਈ ॥੧॥ ਰਹਾਉ ॥
ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ ॥੨॥
ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ ॥੩॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਅੰਤੇ ਨਾਮੁ ਸਖਾਈ ॥੪॥
ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ ॥੫॥
ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ ॥੬॥
ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥੭॥
ਭਰਮਿ ਨ ਭੂਲਹੁ ਸਤਿਗੁਰੁ ਸੇਵਹੁ ਮਨੁ ਰਾਖਹੁ ਇਕ ਠਾਈ ॥੮॥
ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ ॥੯॥
ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ ॥੧੦॥
ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ ॥੧੧॥
ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥੧੨॥
ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥੧੩॥

ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥੧੪॥
ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥੧੯॥
ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥
ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥
ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥
ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥}

(ਅੰਗ ੯੦੯-੯੧੦)

ਰਾਮਕਲੀ ਮਹਲਾ ੩ ॥

{ਨਾਮੁ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ ॥੧॥ ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ ॥
ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ ਵਡਿਆਈ ॥੧॥ ਰਹਾਉ ॥
ਆਪੇ ਕਰਤਾ ਆਪੇ ਭੁਗਤਾ ਦੇਦਾ ਰਿਜਕੁ ਸਬਾਈ ॥੨॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥੩॥
ਆਪੇ ਸਾਜੇ ਸ੍ਰਿਸਟਿ ਉਪਾਏ ਸਿਰਿ ਸਿਰਿ ਧੰਧੈ ਲਾਈ ॥੪॥
ਤਿਸਹਿ ਸਰੇਵਹੁ ਤਾ ਸੁਖੁ ਪਾਵਹੁ ਸਤਿਗੁਰਿ ਮੇਲਿ ਮਿਲਾਈ ॥੫॥
ਆਪਣਾ ਆਪੁ ਆਪਿ ਉਪਾਏ ਅਲਖੁ ਨ ਲਖਣਾ ਜਾਈ ॥੬॥
ਆਪੇ ਮਾਰਿ ਜੀਵਾਲੇ ਆਪੇ ਤਿਸ ਨੋ ਤਿਲੁ ਨ ਤਮਾਈ ॥੭॥
ਇਕਿ ਦਾਤੇ ਇਕਿ ਮੰਗਤੇ ਕੀਤੇ ਆਪੇ ਭਗਤਿ ਕਰਾਈ ॥੮॥
ਸੇ ਵਡਭਾਗੀ ਜਿਨੀ ਏਕੋ ਜਾਤਾ ਸਚੇ ਰਹੇ ਸਮਾਈ ॥੯॥
ਆਪਿ ਸਰੂਪੁ ਸਿਆਣਾ ਆਪੇ ਕੀਮਤਿ ਕਹਣੁ ਨ ਜਾਈ ॥੧੦॥
ਆਪੇ ਦੁਖੁ ਸੁਖੁ ਪਾਏ ਅੰਤਰਿ ਆਪੇ ਭਰਮਿ ਭੁਲਾਈ ॥੧੧॥
ਵਡਾ ਦਾਤਾ ਗੁਰਮੁਖਿ ਜਾਤਾ ਨਿਗੁਰੀ ਅੰਧ ਫਿਰੈ ਲੋਕਾਈ ॥੧੨॥
ਜਿਨੀ ਚਾਖਿਆ ਤਿਨਾ ਸਾਦੁ ਆਇਆ ਸਤਿਗੁਰਿ ਬੂਝ ਬੁਝਾਈ ॥੧੩॥
ਇਕਨਾ ਨਾਵਹੁ ਆਪਿ ਭੁਲਾਏ ਇਕਨਾ ਗੁਰਮੁਖਿ ਦੇਇ ਬੁਝਾਈ ॥੧੪॥

ਸਦਾ ਸਦਾ ਸਾਲਾਹਿਹੁ ਸੰਤਹੁ ਤਿਸ ਦੀ ਵਡੀ ਵਡਿਆਈ ॥੧੫॥
ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ॥੧੬॥
ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ ॥੧੭॥
ਤਿਸ ਨੋ ਪ੍ਰਾਣੀ ਸਦਾ ਧਿਆਵਹੁ ਜਿਨਿ ਗੁਰਮੁਖਿ ਬਣਤ ਬਣਾਈ ॥੧੮॥
ਸਤਿਗੁਰ ਭੇਟੈ ਸੋ ਜਨੁ ਸੀਝੈ ਜਿਸੁ ਹਿਰਦੈ ਨਾਮੁ ਵਸਾਈ ॥੧੯॥
ਸਚਾ ਆਪਿ ਸਦਾ ਹੈ ਸਾਚਾ ਬਾਣੀ ਸਬਦਿ ਸੁਣਾਈ ॥੨੦॥
ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ ਮੇਰਾ ਪ੍ਰਭੁ ਰਵਿਆ ਸ੍ਰਬ ਥਾਈ ॥੨੧॥੫॥੧੪॥}

(ਅੰਗ ੯੧੧-੯੧੨)

ਮਾਰੂ ਮਹਲਾ ੩ ॥

{ਆਵਣ ਜਾਣਾ ਨਾ ਥੀਐ ਨਿਜ ਘਰਿ ਵਾਸਾ ਹੋਇ ॥ ਸਚੁ ਖਜਾਨਾ ਬਖਸਿਆ ਆਪੇ ਜਾਣੈ ਸੋਇ ॥੧॥
ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥
ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ ॥ ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ ॥੨॥
ਵਡਭਾਗੀ ਗੁਰੁ ਪਾਇਆ ਪੂਰਬਿ ਲਿਖਿਆ ਮਾਇ ॥ ਅਨਦਿਨੁ ਸਚੀ ਭਗਤਿ ਕਰਿ ਸਚਾ ਲਏ ਮਿਲਾਇ ॥੩॥
ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ ॥ ਨਾਨਕ ਨਾਮਿ ਵਡਿਆਈਆ ਜੈ ਭਾਵੈ ਤੈ ਦੇਇ॥੪॥੨॥}

(ਅੰਗ ੯੯੩-੯੯੪)

ਮਾਰੂ ਮਹਲਾ ੩ ॥

{ਪਿਛਲੇ ਗੁਨਹ ਬਖਸਾਇ ਜੀਉ ਅਬ ਤੂ ਮਾਰਗਿ ਪਾਇ ॥
ਹਰਿ ਕੀ ਚਰਣੀ ਲਾਗਿ ਰਹਾ ਵਿਚਹੁ ਆਪੁ ਗਵਾਇ ॥੧॥ ਮੇਰੇ ਮਨ ਗੁਰਮੁਖਿ ਨਾਮੁ ਹਰਿ ਧਿਆਇ ॥
ਸਦਾ ਹਰਿ ਚਰਣੀ ਲਾਗਿ ਰਹਾ ਇਕ ਮਨਿ ਏਕੈ ਭਾਇ ॥੧॥ ਰਹਾਉ ॥
ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥ ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥੨॥
ਇਹੁ ਮਨੁ ਲਾਲਚ ਕਰਦਾ ਫਿਰੈ ਲਾਲਚਿ ਲਾਗਾ ਜਾਇ ॥ ਧੰਧੈ ਕੂੜਿ ਵਿਆਪਿਆ ਜਮ ਪੁਰਿ ਚੋਟਾ ਖਾਇ ॥੩॥
ਨਾਨਕ ਸਭੁ ਕਿਛੁ ਆਪੇ ਆਪਿ ਹੈ ਦੂਜਾ ਨਾਹੀ ਕੋਇ ॥ ਭਗਤਿ ਖਜਾਨਾ ਬਖਸਿਓਨੁ ਗੁਰਮੁਖਾ ਸੁਖੁ ਹੋਇ॥੪॥੩॥}

(ਅੰਗ ੯੯੪)

ਸਿਰੀਰਾਗੁ ਮਹਲਾ ੧ ॥

{ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥ ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥ ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥
ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥
ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥ ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥
ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥੨॥ ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥
ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥ ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥

ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥
ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥ ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥
ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥ ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥
ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥ ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥
ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥ ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥
ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥ ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥
ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥ ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ ॥
ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ॥ ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ ॥੯॥੧੩॥}

(ਅੰਗ ੬੧-੬੨)

ਮਾਝ ਮਹਲਾ ੩ ॥

{ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥
ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥੨॥ ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥
ਅੰਮ੍ਰਿਤੁ ਗੁਰ ਪਰਸਾਦੀ ਪਾਏ ॥ ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥
ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥ ਅਜਬ ਕੰਮ ਕਰਤੇ ਹਰਿ ਕੇਰੇ ॥
ਇਹੁ ਮਨੁ ਭੂਲਾ ਜਾਂਦਾ ਫੇਰੇ ॥ ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥
ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥ ਕਿਉ ਕਰਿ ਵੇਖਾ ਕਿਉ ਸਾਲਾਹੀ ॥
ਗੁਰ ਪਰਸਾਦੀ ਸਬਦਿ ਸਲਾਹੀ ॥ ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥
ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥}

(ਅੰਗ ੧੧੮-੧੧੯)

ਪਉੜੀ ॥

{ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥
ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥੧੮॥}

(ਅੰਗ ੧੦੯੨)

ਪਉੜੀ ॥

{ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥ ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥ ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥}

(ਅੰਗ ੧੪੩)

ਆਸਾ ਮਹਲਾ ੧ ॥

{ਕੇਤਾ ਆਖਣੁ ਆਖੀਐ ਤਾ ਕੇ ਅੰਤ ਨ ਜਾਣਾ ॥ ਮੈ ਨਿਧਰਿਆ ਧਰ ਏਕ ਤੂੰ ਮੈ ਤਾਣੁ ਸਤਾਣਾ ॥੧॥
ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ ॥ ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ ॥੧॥ ਰਹਾਉ ॥
ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ ॥ ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥੨॥
ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥ ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ ॥੩॥
ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥ ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥੪॥
ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ ॥ ਖੋਟੇ ਨਦਰਿ ਨ ਆਵਨੀ ਲੇ ਅਗਨਿ ਜਲਾਈਐ ॥੫॥
ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥ ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥੬॥
ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ ॥ ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ ॥੭॥
ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ ॥ ਅਉਗਣਿਆਰੇ ਕਉ ਗੁਣੁ ਨਾਨਕੈ ਸਚੁ ਮਿਲੈ ਵਡਾਈ॥੮॥੨੦॥}

(ਅੰਗ ੪੨੧)

55/7768

ਪਉੜੀ ॥

{ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥ ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥ ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥}

(ਅੰਗ ੧੧੦੧-੧੧੦੨)

ਰਾਗੁ ਮਾਝ ਮਹਲਾ ੫ ॥

{ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥ ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥
ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ॥੧॥

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ ਨਉ ਨਿਧਿ ਤੇਰੈ ਅਖੁਟ ਭੰਡਾਰਾ ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥੨॥
ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰਹੈ ਵੁਠਾ ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥
ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥ ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥
ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥੪॥੨॥੯॥}

(ਅੰਗ ੯੭)

ਸਿਰੀਰਾਗੁ ਮਹਲਾ ੧ ॥

{ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥ ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥
ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥
ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥
ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥
ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥
ਆਵਣੁ ਜਾਣੁ ਨ ਚੁਕਣੀ ਮਰਿ ਜਨਮੈ ਹੋਇ ਖੁਆਰੁ ॥੩॥ ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥
ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥ ਜੇ ਧਨ ਕੰਤਿ ਨ ਭਾਵਣੀ ਤ ਸਭਿ ਅਡੰਬਰ ਕੂੜੁ ॥੪॥
ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥ ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥}

(ਅੰਗ ੧੮-੧੯)

ਸਿਰੀਰਾਗੁ ਮਹਲਾ ੫ ॥

{ਪੈ ਪਾਇ ਮਨਾਈ ਸੋਇ ਜੀਉ ॥
ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ ਰਹਾਉ ॥
ਗੋਸਾਈ ਮਿਹੰਡਾ ਇਠੜਾ ॥ ਅੰਮ ਅਬੇ ਥਾਵਹੁ ਮਿਠੜਾ ॥
ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥੧॥ ਤੇਰੈ ਹੁਕਮੇ ਸਾਵਣੁ ਆਇਆ ॥
ਮੈ ਸਤ ਕਾ ਹਲੁ ਜੋਆਇਆ ॥ ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ ॥੨॥
ਹਉ ਗੁਰ ਮਿਲਿ ਇਕੁ ਪਛਾਣਦਾ ॥ ਦੁਯਾ ਕਾਗਲੁ ਚਿਤਿ ਨ ਜਾਣਦਾ ॥
ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿਂਵੈ ਨਿਬਾਹਿ ਜੀਉ ॥੩॥ ਤੁਸੀ ਭੋਗਿਹੁ ਭੁੰਚਹੁ ਭਾਈਹੋ ॥
ਗੁਰਿ ਦੀਬਾਣਿ ਕਵਾਇ ਪੈਨਾਈਓ ॥ ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥੪॥
ਹਉ ਆਇਆ ਸਾਮ੍ਹੈ ਤਿਹੰਡੀਆ ॥ ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥ ਹਉ ਵਾਰੀ ਘੁੰਮਾ ਜਾਵਦਾ ॥
ਇਕ ਸਾਹਾ ਤੁਧੁ ਧਿਆਇਦਾ ॥ ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥੬॥

ਹਰਿ ਇਠੈ ਨਿਤ ਧਿਆਇਦਾ ॥ ਮਨਿ ਚਿੰਦੀ ਸੋ ਫਲੁ ਪਾਇਦਾ ॥
ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ ॥੭॥ ਮੈ ਛਡਿਆ ਸਭੋ ਧੰਧੜਾ ॥
ਗੋਸਾਈ ਸੇਵੀ ਸਚੜਾ ॥ ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥੮॥
ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥੯॥ ਮੈ ਬਧੀ ਸਚੁ ਧਰਮ ਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥
ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥ ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥
ਦੇ ਕੰਨੁ ਸੁਣਹੁ ਅਰਦਾਸਿ ਜੀਉ ॥ ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥
ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥
ਬੋਲਾਇਆ ਬੋਲੀ ਖਸਮ ਦਾ ॥ ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥
ਤੇਰਿਆ ਭਗਤਾ ਭੁਖ ਸਦ ਤੇਰੀਆ ॥ ਹਰਿ ਲੋਚਾ ਪੂਰਨ ਮੇਰੀਆ ॥
ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥ ਤੁਧੁ ਜੇਵਡੁ ਅਵਰੁ ਨ ਭਾਲਿਆ ॥
ਤੂੰ ਦੀਪ ਲੋਅ ਪਇਆਲਿਆ ॥ ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥
ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ ਵਾਤ ਵਜਨਿ ਟੰਮਕ ਭੇਰੀਆ ॥
ਮਲ ਲਥੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥
ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥ ਤੂੰ ਵਰਨਾ ਚਿਹਨਾ ਬਾਹਰਾ ॥
ਹਰਿ ਦਿਸਹਿ ਹਾਜਰੁ ਜਾਹਰਾ ॥ ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥
ਮੈ ਜੁਗਿ ਜੁਗਿ ਦਯੈ ਸੇਵੜੀ ॥ ਗੁਰਿ ਕਟੀ ਮਿਹਡੀ ਜੇਵੜੀ ॥
ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥੨॥੨੯॥}

(ਅੰਗ ੭੩-੭੪)

ਮਾਝ ਮਹਲਾ ੫ ॥

{ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥
ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥੧॥ ਸਿਮਰਤ ਨਾਮੁ ਦੋਖ ਸਭਿ ਲਾਥੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥ ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥
ਪ੍ਰਭੁ ਸਮਰਥੁ ਵਡ ਊਚ ਅਪਾਰਾ ॥ ਨਉ ਨਿਧਿ ਨਾਮੁ ਭਰੇ ਭੰਡਾਰਾ ॥
ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥੩॥ ਕਰਿ ਕਿਰਪਾ ਮੇਰੇ ਦੀਨ ਦਇਆਲਾ ॥
ਜਾਚਿਕੁ ਜਾਚੈ ਸਾਧ ਰਵਾਲਾ ॥ ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥੪॥੩੮॥੪੫॥}

(ਅੰਗ ੧੦੭)

ਮਾਝ ਮਹਲਾ ੩ ॥

{ਸਚਾ ਸੇਵੀ ਸਚੁ ਸਾਲਾਹੀ ॥ ਸਚੈ ਨਾਇ ਦੁਖੁ ਕਬ ਹੀ ਨਾਹੀ ॥
ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ ॥
ਜੋ ਹਰਿ ਸੇਵਹਿ ਸੇ ਸਦਾ ਸੋਹਹਿ ਸੋਭਾ ਸੁਰਤਿ ਸੁਹਾਵਣਿਆ ॥੧॥ ਰਹਾਉ ॥ ਸਭੁ ਕੋ ਤੇਰਾ ਭਗਤੁ ਕਹਾਏ ॥
ਸੇਈ ਭਗਤ ਤੇਰੈ ਮਨਿ ਭਾਏ ॥ ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥
ਸਭੁ ਕੋ ਸਚੇ ਹਰਿ ਜੀਉ ਤੇਰਾ ॥ ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥
ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ ॥੩॥ ਗੁਰਮਤੀ ਹਰਿ ਮੰਨਿ ਵਸਾਇਆ ॥
ਹਰਖੁ ਸੋਗੁ ਸਭੁ ਮੋਹੁ ਗਵਾਇਆ ॥ ਇਕਸੁ ਸਿਉ ਲਿਵ ਲਾਗੀ ਸਦ ਹੀ ਹਰਿ ਨਾਮੁ ਮੰਨਿ ਵਸਾਵਣਿਆ ॥੪॥
ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥ ਨਉ ਨਿਧਿ ਨਾਮੁ ਵਸਿਆ ਮਨਿ ਆਏ ॥
ਪੂਰੈ ਭਾਗਿ ਸਤਿਗੁਰੁ ਪਾਇਆ ਸਬਦੇ ਮੇਲਿ ਮਿਲਾਵਣਿਆ ॥੫॥ ਤੂੰ ਦਇਆਲੁ ਸਦਾ ਸੁਖਦਾਤਾ ॥
ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ ॥ ਤੂੰ ਆਪੇ ਦੇਵਹਿ ਨਾਮੁ ਵਡਾਈ ਨਾਮਿ ਰਤੇ ਸੁਖੁ ਪਾਵਣਿਆ ॥੬॥
ਸਦਾ ਸਦਾ ਸਾਚੇ ਤੁਧੁ ਸਾਲਾਹੀ ॥ ਗੁਰਮੁਖਿ ਜਾਤਾ ਦੂਜਾ ਕੋ ਨਾਹੀ ॥
ਏਕਸੁ ਸਿਉ ਮਨੁ ਰਹਿਆ ਸਮਾਏ ਮਨਿ ਮੰਨਿਐ ਮਨਹਿ ਮਿਲਾਵਣਿਆ ॥੭॥ ਗੁਰਮੁਖਿ ਹੋਵੈ ਸੋ ਸਾਲਾਹੇ ॥
ਸਾਚੇ ਠਾਕੁਰ ਵੇਪਰਵਾਹੇ ॥ ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ ॥੮॥੨੧॥੨੨॥}

(ਅੰਗ ੧੨੨)

ਮਾਝ ਮਹਲਾ ੩ ॥

{ਨਿਰਗੁਣੁ ਸਰਗੁਣੁ ਆਪੇ ਸੋਈ ॥ ਤਤੁ ਪਛਾਣੈ ਸੋ ਪੰਡਿਤੁ ਹੋਈ ॥
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥
ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥
ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥
ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥
ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥
ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥
ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥
ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥
ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥
ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥

ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥
ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥
ਆਪਿ ਉਪਾਏ ਤੈ ਆਪੇ ਵੇਖੈ ॥ ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ ੧੨੮-੧੨੯)

ਸਲੋਕ ਮਃ ੨ ॥

{ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥ ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥
ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥ ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥
ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥੧॥}

(ਅੰਗ ੧੪੬)

55/7769

ਗਉੜੀ ਮਹਲਾ ੫ ॥

{ਐਸੋ ਪਰਚਉ ਪਾਇਓ ॥ ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥੧॥ ਰਹਾਉ ॥
ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥
ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ ॥੧॥
ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥
ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥
ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥
ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥
ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥}

(ਅੰਗ ੨੦੫)

ਗਉੜੀ ਮਹਲਾ ੪ ॥

{ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ ॥
ਬਨ ਫਿਰਿ ਥਕੇ ਬਨ ਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥
ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥੧॥ ਰਹਾਉ ॥ ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ॥
ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥੨॥
ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥
ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥੩॥
ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ ॥ ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ॥੪॥
ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥
ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥
ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥
ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥
ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥
ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥ ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ॥
ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ ॥੯॥ ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ॥
ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥੧੦॥੨॥}

(ਅੰਗ ੨੩੪-੨੩੫)

ਗਉੜੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਨਾਰਾਇਣ ਹਰਿ ਰੰਗ ਰੰਗੋ ॥ ਜਪਿ ਜਿਹਵਾ ਹਰਿ ਏਕ ਮੰਗੋ ॥੧॥ ਰਹਾਉ ॥
ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥
ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥
ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥
ਹਰਿ ਸੰਤਨ ਕਰਿ ਨਮੋ ਨਮੋ ॥ ਨਉ ਨਿਧਿ ਪਾਵਹਿ ਅਤੁਲੁ ਸੁਖੋ ॥੪॥
ਨੈਨ ਅਲੋਵਉ ਸਾਧ ਜਨੋ ॥ ਹਿਰਦੈ ਗਾਵਹੁ ਨਾਮ ਨਿਧੋ ॥੫॥
ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥
ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥
ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥}

(ਅੰਗ ੨੪੧)

{ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥
ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ ਲਾਗਉ ਪਾਏ ॥੩॥}

(ਅੰਗ ੨੬੨-੨੬੩)

{ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥}

(ਅੰਗ ੨੯੩)

ਆਸਾ ਮਹਲਾ ੫ ॥

{ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ ॥ ਨਹ ਦੇਖਿਓ ਰੂਪ ਰੰਗ ਸੰਗੀਗਾਰੋ ॥
ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥ ਬਾਹ ਪਕਰਿ ਪ੍ਰਿਅ ਸੇਜੈ ਆਨੀ ॥੧॥
ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥
ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ ॥੧॥ ਰਹਾਉ ॥
ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥ ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥
ਆਂਗਨਿ ਮੇਰੈ ਸੋਭਾ ਚੰਦ ॥ ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥੨॥
ਬਸਤ੍ਰ ਹਮਾਰੇ ਰੰਗਿ ਚਲੁਲ ॥ ਸਗਲ ਆਭਰਣ ਸੋਭਾ ਕੰਠਿ ਫੂਲ ॥
ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥ ਦੁਸਟ ਦੂਤ ਕੀ ਚੂਕੀ ਕਾਨਿ ॥੩॥
ਸਦ ਖੁਸੀਆ ਸਦਾ ਰੰਗ ਮਾਣੇ ॥ ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ ॥
ਕਹੁ ਨਾਨਕ ਜਉ ਪਿਰਹਿ ਸੀਗਾਰੀ ॥ ਥਿਰੁ ਸੋਹਾਗਨਿ ਸੰਗਿ ਭਤਾਰੀ ॥੪॥੭॥}

(ਅੰਗ ੩੭੨)

ਆਸਾ ਮਹਲਾ ੫ ॥

{ਨਉ ਨਿਧਿ ਤੇਰੈ ਸਗਲ ਨਿਧਾਨ ॥ ਇਛਾ ਪੂਰਕੁ ਰਖੈ ਨਿਦਾਨ ॥੧॥
ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥ ਤੂੰ ਮਨਿ ਵਸਿਆ ਲਗੈ ਨ ਦੂਖਾ ॥੧॥ ਰਹਾਉ ॥
ਜੋ ਤੂੰ ਕਰਹਿ ਸੋਈ ਪਰਵਾਣੁ ॥ ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ ॥੨॥
ਜਾ ਤੁਧੁ ਭਾਵੈ ਤਾ ਹਰਿ ਗੁਣ ਗਾਉ ॥ ਤੇਰੈ ਘਰਿ ਸਦਾ ਸਦਾ ਹੈ ਨਿਆਉ ॥੩॥
ਸਾਚੇ ਸਾਹਿਬ ਅਲਖ ਅਭੇਵ ॥ ਨਾਨਕ ਲਾਇਆ ਲਾਗਾ ਸੇਵ ॥੪॥੨੦॥}

(ਅੰਗ ੩੭੬)

ਉਸ ਸ੍ਰਿਸ਼ਟੀ ਦੇ ਕਰਤੇ ਦਾ ਭਾਵ ਗਾਡ ਦਾ, ਪ੍ਰਮਾਤਮਾ ਦਾ, ਅੱਲ੍ਹਾ ਦਾ, ਅਕਾਲ ਪੁਰਖ ਦਾ ਨਾਮ ਰੂਪ ਖਜਾਨਾ ਕੀ ਹੈ, ਉਸਦੇ ਨਾਮ ਦਾ ਭੰਡਾਰ ਕੀ ਹੈ, ਉਸਦਾ ਨਾਮ ਨਉ ਨਿਧਿ ਕੀ ਹੈ ਜੋ ਉਸਦੇ ਖਜਾਨੇ ਵਿੱਚ ਹਰ ਵੇਲੇ ਭਰੀ ਹੋਈ ਹੈ ਤੇ ਕਿਸ ਮਕਸਦ ਲਈ ਭਰੀ ਹੋਈ ਹੈ ਤੇ ਪੂਰੇ ਗੁਰਬਾਣੀ ਗ੍ਰੰਥ ਵਿੱਚ ਉਸ ਖਜਾਨੇ ਨੂੰ ਕਿਸਨੇ ਭਰਿਆ ਹੈ ਤੇ ਕਿਸ ਤਰੀਕੇ ਭਰਿਆ ਹੈ ਇਸ ਗੱਲ ਨੂੰ ਉਪਰ ਪ੍ਰਮਾਣ ਦੁਆਰਾ ਦਿੱਤੇ ਹੋਏ ਸ਼ਬਦਾਂ ਨੂੰ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਨ੍ਹਾਂ ਵਿੱਚੋਂ ਬਹੁਤੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਸਮਝ ਹੀ ਚੁਕੇ ਹਾਂ। ਕੇਵਲ ਤੇ ਕੇਵਲ ਸਭ ਦੇ ਲਈ ਇਹ ਮੰਨਣਾ ਜਰੂਰੀ ਹੈ ਕਿ ਗੁਰੂ ਕਦੇ ਝੂਠਾ ਨਹੀਂ ਹੋ ਸਕਦਾ ਭਾਵ ਗੁਰੂ ਸਦਾ ਤੋਂ ਸੱਚ ਹੀ ਹੈ ਜੋ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਸੱਚ ਰੂਪ ਹੈ। ਸੱਚ ਰੂਪ ਗੁਰੂ ਤਾਂ ਸਾਨੂੰ ਬਾਰ-ਬਾਰ ਆਪਣੇ ਸ਼ਬਦਾਂ ਰਾਹੀਂ ਇਹੀ ਸਮਝਾ ਰਿਹਾ ਹੈ ਕਿ ਹਰ ਸ਼ਬਦ ਦੇ ਅੰਦਰ ਜੋ ਸੱਚਾ ਗਿਆਨ ਹੈ ਉਹ ਗੁਰੂ ਦਾ ਨਾਮ ਹੈ ਜਿਸ

55/7770

ਗੁਰੂ ਦੇ ਸੱਚੇ ਗਿਆਨ ਨੂੰ ਜਪਣਾ ਹੀ ਗੁਰੂ ਦੇ ਨਾਮ ਨੂੰ ਜਪਣਾ ਹੈ ਤੇ ਗੁਰੂ ਦੇ ਸੱਚੇ ਗਿਆਨ ਨੂੰ ਮੰਨਣ ਦੁਆਰਾ ਹੀ ਭਾਵ ਉਸਤੇ ਅਮਲ ਕਰਨ ਦੁਆਰਾ ਹੀ ਉਸਨੂੰ ਜਪਿਆ ਜਾ ਸਕਦਾ ਹੈ। ਗੁਰੂ ਦਾ ਸੱਚਾ ਗਿਆਨ ਸਾਨੂੰ ਬਾਰ-ਬਾਰ ਸ਼ਬਦਾਂ ਰਾਹੀਂ ਇਹ ਸਮਝਾ ਰਿਹਾ ਹੈ ਕਿ ਹਰ ਔਗੁਣ ਨੂੰ ਛੱਡਣਾ ਹੀ ਗੁਰੂ ਦੇ ਨਾਮ ਨੂੰ ਜਪਣਾ ਹੈ। ਇਸ ਤੋਂ ਜਿਆਦਾ ਤੇ ਹੋਰ ਸਪਸ਼ਟ ਤਰੀਕੇ ਨਾਲ ਗੁਰੂ ਸਾਨੂੰ ਕੀ ਸਮਝਾਵੇ। ਨਾਮ ਦੇ ਖਜਾਨੇ ਨੂੰ ਪਾਉਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਤੇ ਆਪਣੇ ਆਪ ਨੂੰ ਨਾਮ ਦੇ ਖਜਾਨੇ ਵਾਲੇ ਵੀ ਅਖਵਾਉਂਦੇ ਹਨ ਪਰ ਕੀ ਉਹ ਗੁਰੂ ਦੇ ਨਾਮ ਦੇ ਖਜਾਨੇ ਦੇ ਨਾਲ ਆਪਣੇ ਖਜਾਨੇ ਦਾ ਮੁਕਾਬਲਾ ਕਰਨਾ ਚਾਹੁੰਦੇ ਹਨ ਕਿ ਸਾਡੇ ਕੋਲ ਵੀ ਗੁਰੂ ਦੇ ਨਾਮ ਵਰਗਾ ਖਜਾਨਾ ਹੈ ਭਾਵ ਸਾਡੇ ਕੋਲ ਵੀ ਗੁਰਬਾਣੀ ਗ੍ਰੰਥ ਦੇ ਹਰ ਸ਼ਬਦ ਦੀ ਸੱਚੀ ਵਿਚਾਰ ਦਾ ਖਜਾਨਾ ਹੈ ਭਾਵ ਸਾਡੇ ਕੋਲ ਵੀ ਗੁਰਬਾਣੀ ਗ੍ਰੰਥ ਦੇ ਹਰ ਸ਼ਬਦ ਦੇ ਵਿਚਾਰ ਦੀ ਸੱਚੀ ਸਮਝ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਹੈ, ਸਹਜ ਗਿਆਨ ਵਾਲੀ ਸਮਝ ਹੈ, ਬ੍ਰਹਮ ਗਿਆਨ ਵਾਲੀ ਸਮਝ ਹੈ ਭਾਵ ਸਾਡਾ ਸ੍ਰਿਸ਼ਟੀ ਦੇ ਬ੍ਰਹਮ ਦੇ ਨਾਲ, ਸ੍ਰਿਸ਼ਟੀ ਦੇ ਕਰਤੇ ਦੇ ਨਾਲ ਭਾਵ ਅਕਾਲ ਪੁਰਖ ਦੇ ਨਾਲ, ਅੱਲ੍ਹਾ, ਪ੍ਰਮਾਤਮਾ ਦੇ ਨਾਲ ਮਨ ਦੇ ਵਿੱਚ ਮੇਲ ਹੋਇਆ ਹੋਇਆ ਹੈ ਤੇ ਸਾਨੂੰ ਇਸ ਗੱਲ ਦੀ ਸਮਝ ਹੈ ਕਿ ਸ਼ਬਦ ਰੂਪ ਗੁਰੂ ਕੌਣ ਹੈ, ਸ਼ਬਦ ਰੂਪ ਗੁਰੂ ਦਾ ਨਿਰੰਕਾਰ ਰੂਪ ਕੀ ਹੈ ਤੇ ਉਸਨੇ ਆਪਣੇ ਕਿਸ ਨਿਰੰਕਾਰ ਰੂਪ ਵਿੱਚ, ਨਾਮ ਰੂਪ ਵਿੱਚ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪ ਹੀ ਆਪਣੇ ਨਿਰੰਕਾਰ ਰੂਪ ਨਾਮ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ, ਆਪਣੇ ਹਰ ਆਕਾਰ ਰੂਪ ਨੂੰ ਬਣਾ ਕੇ ਆਪਣੇ ਨਾਮ ਦੁਆਰਾ ਚਲਾ ਰਿਹਾ ਹੈ ਤੇ ਹਰ ਮਨੁੱਖੀ ਰੂਪ ਨੂੰ ਆਪਣੇ ਨਾਮ ਦੁਆਰਾ ਚਲਾ ਰਿਹਾ ਹੈ ਤੇ ਮੇਰੇ ਮਨ ਦੇ ਵਿੱਚ ਪ੍ਰਗਟ ਹੋ ਕੇ ਉਸਨੇ ਆਪਣਾ ਨਾਮ ਆਪ ਹੀ ਦਿੱਤਾ ਹੈ ਤੇ ਹੁਣ ਵੀ ਉਹ ਮੇਰੇ ਅੰਦਰ ਪ੍ਰਗਟ ਹੈ ਤੇ ਇਹ ਮੇਰੇ ਮਨ ਦੀ ਸਮਝ ਮੇਰੀ ਨਹੀਂ ਹੈ ਭਾਵ ਮੇਰੀ ਸਮਝ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ ਮੈਂ ਹਰ ਭਰਮ ਤੋਂ ਰਹਿਤ ਹਾਂ ਭਾਵ ਮੇਰੇ ਅੰਦਰ ਸੱਚ ਨੂੰ ਸਮਝਣ ਦਾ ਕੋਈ ਭਰਮ ਹੀ ਨਹੀਂ ਹੈ, ਮੈਂ ਸ੍ਰਿਸ਼ਟੀ ਦੇ ਪੂਰਨ ਸੱਚ ਨੂੰ ਸਮਝਦਾ ਹਾਂ ਕਿ ਪੂਰੀ ਸਾਇੰਸ ਦੀ ਰਚਨਾ ਕਿਵੇਂ ਹੋਈ ਹੈ, ਸਾਰੇ ਖੰਡ ਬ੍ਰਹਮੰਡ ਕਿਵੇਂ ਬਣੇ ਹਨ ਤੇ ਹਰ ਕੋਈ ਘੁੰਮਣ ਵਿੱਚ ਹੀ ਹੈ ਭਾਵ ਟਿਕਿਆ ਹੋਇਆ ਕੁਝ ਵੀ ਨਹੀਂ ਹੈ ਭਾਵ ਸਭ ਕੁਝ ਬਹੁਤ ਵੱਡੀ ਸਾਇੰਸ ਦੁਆਰਾ ਹੀ ਹੁੰਦਾ ਹੈ ਭਾਵ ਸਾਇੰਸ ਵਿੱਚ ਤੇ ਸ੍ਰਿਸ਼ਟੀ ਦੇ ਕਰਤੇ ਦੇ ਨਾਮ ਵਿੱਚ ਮੈਨੂੰ ਕੋਈ ਫਰਕ ਨਹੀਂ ਨਜਰ ਆਉਂਦਾ। ਹੇ ਸਾਰੇ ਸੰਸਾਰ ਦੇ ਭਾਈ ਜਨੋਂ ਪੂਰੇ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਵਿੱਚ ਤਾਂ ਇਹੋ ਕੁਝ ਲਿਖਿਆ ਹੋਇਆ ਹੈ ਕਿ ਸਭ ਕੁਝ ਨਾਮ ਨਾਲ ਕਿਵੇਂ ਬਣਿਆ ਹੈ, ਕਿਸ ਮਕਸਦ ਲਈ ਬਣਿਆ ਹੈ, ਕਿਸ ਤਰੀਕੇ ਨਾਮ ਨਾਲ ਸਭ ਕੁਝ ਚੱਲ ਰਿਹਾ ਹੈ ਤੇ ਪੂਰੇ ਗੁਰਬਾਣੀ ਗ੍ਰੰਥ ਦੇ ਹਰ ਸ਼ਬਦ ਵਿੱਚ ਉਹ ਸੱਚਾ ਗਿਆਨ ਹੀ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਪਾਇਆ ਹੋਇਆ ਨਾਮ ਹੀ ਹੈ ਜਿਸ ਆਪਣੇ ਨਾਮ ਦੁਆਰਾ ਉਸਨੇ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਆਪਣਾ ਇੱਕੋ ਜਿਹਾ ਨਾਮ ਜਪਣਾ ਹੀ ਸਿਖਾਇਆ ਹੈ ਭਾਵ ਇੱਕੋ ਜਿਹੇ ਸੱਚੇ ਧਰਮ ਦੇ ਮਾਰਗ ਤੇ ਚੱਲਣਾ ਹੀ ਸਿਖਾਇਆ ਹੈ ਜਿਸ ਇੱਕੋ ਜਿਹੇ ਸੱਚੇ ਧਰਮ ਦੇ ਮਾਰਗ ਤੇ

55/7771

ਅਸੀਂ ਤਾਂ ਹੀ ਚੱਲ ਸਕਾਂਗੇ ਜੇਕਰ ਪਹਿਲਾਂ ਉਨ੍ਹਾਂ ਦੀ ਮਤਿ ਨੂੰ ਛੱਡਾਂਗੇ ਜਿਨ੍ਹਾਂ ਨੂੰ ਅਸੀਂ ਨਾਮ ਸਮਝਾਉਣ ਦੇ ਮਾਰਗ ਤੇ ਉੱਚਾ ਮੰਨਿਆ ਹੋਇਆ ਹੈ, ਧਰਮ ਦਾ ਮਾਰਗ, ਭਗਤੀ ਦਾ ਮਾਰਗ ਸਮਝਾਉਣ ਲਈ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਉੱਚਾ ਮੰਨਿਆ ਹੋਇਆ ਹੈ ਭਾਵ ਸੰਤ, ਸਾਧ, ਬ੍ਰਹਮ ਗਿਆਨੀ, ਧਰਮ ਦੇ ਵਿਦਵਾਨ ਮੰਨਿਆ ਹੋਇਆ ਹੈ ਭਾਵ ਭਗਤ ਮੰਨਿਆ ਹੋਇਆ ਹੈ ਭਾਵ ਦੇਹ, ਸਰੀਰ ਨੂੰ ਉੱਚਾ ਮੰਨਿਆ ਹੋਇਆ ਹੈ। ਆਪਣਾ ਸੱਚਾ ਸੰਤ, ਸੱਚਾ ਸਾਧ, ਸੱਚਾ ਭਗਤ ਉਹ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਸਰੀਰ ਨੂੰ ਕਿਵੇਂ ਬਣਾਉਂਦਾ ਹੈ ਤੇ ਬਨਾਉਣ ਦੁਆਰਾ ਉਹ ਆਪਣੀ ਸੱਚੀ ਭਗਤੀ ਦੀ ਸੱਚੀ ਵਸਤੂ ਭਾਵ ਆਪਣੀ ਸੱਚੀ ਨਾਮ ਰੂਪ ਵਸਤੂ ਕਿਸੇ ਨੂੰ ਕਿਵੇਂ ਦਿੰਦਾ ਹੈ ਜਿਵੇਂ ਕਿ ਉਸਨੇ ਆਪਣੀ ਇਹ ਵਸਤੂ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਦਿੱਤੀ ਹੈ,

ਇਹੀ ਗੱਲ ਭਗਤ ਕਬੀਰ ਜੀ ਦੇ ਮੁੱਖ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ ਕਿ ਉਹ ਨਾਮ ਰੂਪ ਵਸਤ ਕਿਸ ਰੂਪ ਵਿੱਚ ਹੈ ਤੇ ਕਿਸ ਮਕਸਦ ਲਈ ਹੈ।

"ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥ ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥
ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥
ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥"

ਕੋਠਰਾ ਮਨੁੱਖ ਦਾ ਸਰੀਰ ਹੈ ਤੇ ਹਰ ਸਰੀਰ ਦੇ ਅੰਦਰ ਦਿਮਾਗ ਵੀ ਹੁੰਦਾ ਹੈ। ਸਾਡੇ ਅੰਦਰ ਜੋ ਦਿਮਾਗ ਹੈ ਉਸਨੂੰ ਸਾਡੇ ਸਰੀਰ ਰੂਪ ਕੋਠੇ ਦੀ ਕੋਠੀ ਕਿਹਾ ਹੈ। **"ਕੋਠਰੀ"** ਦੇ ਨਾਲ **"ਪਰਮ ਕੋਠੀ"** ਦੀ ਗੱਲ ਵੀ ਕੀਤੀ ਹੋਈ ਹੈ ਭਾਵ ਛੋਟੀ ਕੋਠੀ ਦੇ ਨਾਲ ਵੱਡੀ ਕੋਠੀ ਦੀ ਵੀ ਗੱਲ ਕੀਤੀ ਹੋਈ ਹੈ। ਸਾਰੀ ਗੱਲ ਕੋਠਰੀ ਤੇ ਪਰਮ ਕੋਠਰੀ ਦੇ ਵਿੱਚ ਫਰਕ ਸਮਝਣ ਦੀ ਹੈ। ਮਨੁੱਖ ਦੇ ਅੰਦਰ ਸਾਰੇ ਵਿਚਾਰ ਮਨ ਰੂਪ ਕੋਠੀ ਦੇ ਵਿੱਚੋਂ ਹੀ ਉਪਜਦੇ ਹਨ ਜੋ ਵਿਚਾਰ ਤ੍ਰੈ ਗੁਣਾਂ ਵਾਲੀ ਸਮਝ ਵਾਲੇ ਹੁੰਦੇ ਹਨ ਭਾਵ ਛੋਟੀ ਸਮਝ ਵਾਲੇ ਹੁੰਦੇ ਹਨ ਤੇ ਜਦੋਂ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਚੌਥੇ ਪਦ ਵਾਲੇ ਗਿਆਨ ਦੇ ਰੂਪ ਵਿੱਚ ਹੀ ਭਾਵ ਸਹਜ ਗਿਆਨ ਵਾਲੇ ਰੂਪ ਵਿੱਚ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਸ ਰਾਹੀਂ ਮਨ ਦੇ ਵਿੱਚ ਉਹ ਆਪਣੇ ਸਭ ਤੋਂ ਉੱਚੇ ਵਿਚਾਰ ਦਿੰਦਾ ਹੈ, ਨਾਮ ਵਾਲੇ ਵਿਚਾਰ ਦਿੰਦਾ ਹੈ, ਬ੍ਰਹਮ ਗਿਆਨ ਵਾਲੇ ਵਿਚਾਰ ਦਿੰਦਾ ਹੈ ਜਿਨ੍ਹਾਂ ਉੱਚੇ ਤੇ ਸੱਚੇ ਵਿਚਾਰਾਂ ਦੁਆਰਾ ਉਹ ਮਨੁੱਖੀ ਮਨ ਰੂਪ ਕੋਠਰੀ ਨੂੰ ਪਰਮ ਕੋਠਰੀ ਵਿੱਚ ਬਦਲ ਦਿੰਦਾ ਹੈ। ਆਪਣੀ ਪਰਮ ਕੋਠੀ ਦੇ ਵਿੱਚੋਂ ਉਹ ਆਪਣੇ ਆਪ ਦਾ ਸੱਚ ਸਮਝਾਉਂਦਾ ਹੈ, ਆਪਣੀ ਰਚੀ ਹੋਈ ਸ੍ਰਿਸ਼ਟੀ ਦਾ ਸੱਚ ਸਮਝਾਉਂਦਾ ਹੈ, ਸਾਰੇ ਸੰਸਾਰ ਲਈ ਇੱਕੋ ਜਿਹਾ ਸੱਚ ਤੇ ਚੱਲਣ ਦਾ ਧਰਮ ਦਾ ਮਾਰਗ ਸਮਝਾਉਂਦਾ ਹੈ ਤੇ ਤਾਂ ਹੀ ਕਿਸੇ ਮਨੁੱਖ ਨੂੰ ਇਸ ਗੱਲ ਦੀ ਸਮਝ ਲੱਗ ਸਕਦੀ ਹੈ ਤੇ ਪੱਕਾ ਵਿਸ਼ਵਾਸ ਆ ਸਕਦਾ ਹੈ ਕਿ ਸਭ ਕੁਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਪੂਰਨ ਗਿਆਨ ਦਾ ਮਾਲਕ ਹੈ, ਹਰ ਆਕਾਰ ਰੂਪ ਦਾ ਮਾਲਕ ਹੈ ਤੇ ਹਰ ਮਨੁੱਖੀ

ਰੂਪ ਵਿੱਚ ਉਹ ਆਪ ਹੀ ਵਰਤ ਰਿਹਾ ਹੈ। ਉਸਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਕੋਈ ਆਪਣੇ ਆਪ ਨੂੰ ਸੰਤ, ਬਾਬਾ ਅਖਵਾ ਲਵੇ, ਸਾਧ ਅਖਵਾ ਲਵੇ, ਭਗਤ ਅਖਵਾ ਲਵੇ ਜਾਂ ਧਰਮ ਦਾ ਵਿਦਵਾਨ ਅਖਵਾ ਲਵੇ ਇਹ ਹੋ ਹੀ ਨਹੀਂ ਸਕਦਾ। ਇਹ ਸਭ ਕੁਝ ਕੋਈ ਤਦ ਤੱਕ ਹੀ ਅਖਵਾ ਸਕਦਾ ਹੈ ਤੇ ਤਦ ਤੱਕ ਹੀ ਕੋਈ ਇਹੋ ਜਿਹਿਆਂ ਦੇ ਪਿੱਛੇ ਲੱਗ ਸਕਦਾ ਹੈ ਜਦ ਤੱਕ ਕੋਈ ਮਨ ਰੂਪ ਕੋਠੀ ਦੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ ਭਾਵ ਮਨ ਦੇ ਭਰਮਾਂ ਵਾਲੇ ਵਿਚਾਰਾਂ ਦੇ ਨਾਲ ਜੁੜਿਆ ਹੋਇਆ ਹੈ ਭਾਵ ਹਉਮੈ ਵਾਲੇ, ਮਾਇਆ ਮੋਹ ਵਾਲੇ, ਮਨ ਦੇ ਪੁੱਠੇ ਕਮਲ ਵਾਲੇ ਵਿਚਾਰਾਂ ਨਾਲ ਜੁੜਿਆ ਹੋਇਆ ਹੈ ਭਾਵ ਉਨ੍ਹਾਂ ਨੂੰ ਕਦੇ ਇਸ ਗਾਲ ਦੀ ਸਮਝ ਹੀ ਨਹੀਂ ਲੱਗੀ ਕਿ ਤ੍ਰੈ ਗੁਣਾਂ ਵਿੱਚ ਤੇ ਚੌਥੇ ਪਦ ਵਾਲੇ ਵਿਚਾਰਾਂ ਵਿੱਚ ਫਰਕ ਕੀ ਹੁੰਦਾ ਹੈ, ਮਨ ਦੀ ਅਗਿਆਨਤਾ ਵਾਲੇ ਤੇ ਗੁਰੂ ਦੇ ਸੱਚੇ ਗਿਆਨ ਵਾਲੇ ਵਿਚਾਰਾਂ ਵਿੱਚ ਕੀ ਫਰਕ ਹੁੰਦਾ ਹੈ, ਹਉਮੈ ਤੇ ਨਾਮ ਵਿੱਚ ਫਰਕ ਕੀ ਹੁੰਦਾ ਹੈ। **(ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥)**

ਅਗਲੀ ਪੰਗਤੀ ਰਾਹੀਂ ਅੱਲ੍ਹਾ, ਪ੍ਰਮਾਤਮਾ ਦੇ ਸੇਵਕ ਧੰਨ ਧੰਨ ਭਗਤ ਕਬੀਰ ਜੀ ਸਾਰੇ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੈਨੂੰ ਜੋ **"ਬਸਤੁ"** ਮਿਲੀ ਹੈ ਭਾਵ ਨਾਮ ਪਦਾਰਥ ਮਿਲਿਆ ਹੈ ਉਹ ਸ੍ਰਿਸ਼ਟੀ ਦੇ ਕਰਤੇ ਕੋਲੋਂ ਮਨ ਦੀ ਪਰਮ ਕੋਠੀ ਦੇ ਵਿੱਚੋਂ ਹੀ ਮਿਲਿਆ ਹੈ ਤੇ ਕਿਸ ਮਕਸਦ ਲਈ ਮਿਲਿਆ ਹੈ ਇਹ ਵੀ ਨਾਲ ਹੀ ਸਮਝਾ ਰਹੇ ਹਨ। ਆਉ ਸਮਝੀਏ।

"ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥"

ਸਭ ਤੋਂ ਪਹਿਲਾਂ ਤਾਂ ਇਸ ਗੱਲ ਨੂੰ ਸਮਝੋ ਤੇ ਵਿਸ਼ਵਾਸ ਕਰਕੇ ਮੰਨੋ ਕਿ ਭਗਤ ਕਬੀਰ ਜੀ ਨੂੰ ਨਾਮ ਰੂਪ ਵਸਤ ਕਿਸਦੇ ਕੋਲੋਂ ਮਿਲੀ ਹੈ ਭਾਵ ਕਿਸਨੇ ਦਿੱਤੀ ਹੈ। ਕਬੀਰ ਸਾਹਿਬ ਸਭ ਨੂੰ ਇਹ ਕਹਿ ਰਹੇ ਹਨ ਕਿ ਮੈਨੂੰ ਇਹ ਨਾਮ ਰੂਪ **"ਬਸਤੁ"** ਮੇਰੇ ਗੁਰੂ ਨੇ ਦਿੱਤੀ ਹੈ। ਫਿਰ ਭਗਤ ਕਬੀਰ ਜੀ ਦਾ ਗੁਰੂ ਕੌਣ ਹੋਇਆ। ਉਨ੍ਹਾਂ ਨੂੰ ਆਪਣੀ ਮਨ ਰੂਪ ਪਰਮ ਕੋਠੀ ਵਿੱਚੋਂ ਜੋ ਵਿਚਾਰ ਮਿਲੇ ਹਨ ਉਹ ਸ੍ਰਿਸ਼ਟੀ ਦੇ ਕਰਤੇ ਕੋਲੋਂ ਹੀ ਮਿਲੇ ਹਨ ਭਾਵ ਸ੍ਰਿਸ਼ਟੀ ਦਾ ਕਰਤਾ ਆਪ ਹੀ ਸਾਰੇ ਜਗਤ ਦਾ ਇੱਕੋ ਇੱਕ ਸੱਚਾ ਗੁਰੂ ਹੈ ਜੋ ਪੂਰਨ ਗਿਆਨ ਦਾ ਮਾਲਕ ਹੈ। ਉਹ ਸ਼ਬਦ ਰੂਪ ਵਿੱਚ ਗੁਰੂ ਹੈ ਭਾਵ ਸਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਰੂਪ ਵਿੱਚ ਗੁਰੂ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪੂਰੀ ਗੁਰਬਾਣੀ ਵਿੱਚੋਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲੇ ਹਰ

ਸਰੀਰ ਨੇ ਸ਼ਬਦ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਹੀ ਗੁਰੂ ਕਿਹਾ ਹੈ ਜਿਸ ਕੋਲੋਂ ਮਨ ਦੇ ਵਿੱਚ ਸਭ ਨੂੰ ਇੱਕੋ ਜਿਹਾ ਸੱਚਾ ਗਿਆਨ ਮਿਲਿਆ ਹੈ, ਉਸਦੇ ਕੋਲੋਂ ਉਸਦਾ ਇੱਕੋ ਜਿਹਾ ਉਸਦਾ ਨਾਮ ਪਦਾਰਥ ਮਿਲਿਆ ਹੈ ਭਾਵ ਬ੍ਰਹਮ ਗਿਆਨ ਮਿਲਿਆ ਹੈ ਜਿਸ ਰਾਹੀਂ ਉਨ੍ਹਾਂ ਸਭ ਨੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਨਾਮ ਜਪਣਾ ਸਿਖਾਇਆ ਹੈ ਭਾਵ ਸੱਚ ਤੇ ਚੱਲਣ ਦਾ ਮਾਰਗ ਸਮਝਾਇਆ ਹੈ, ਇੱਕੋ ਜਿਹੇ ਸੱਚੇ ਧਰਮ ਦਾ ਮਾਰਗ ਸਮਝਾਇਆ ਹੈ। ਉਪਰ ਵਾਲੀ ਪੰਗਤੀ ਰਾਹੀਂ ਭਗਤ ਕਬੀਰ ਜੀ ਸੰਸਾਰ ਨੂੰ ਇਹ ਵੀ

55/7773

ਸਮਝਾ ਰਹੇ ਹਨ ਕਿ ਮੈਨੂੰ ਜੋ ਆਪਣੇ ਗੁਰੂ ਕੋਲੋਂ ਨਾਮ ਮਿਲਿਆ ਹੈ ਭਾਵ ਜੋ ਬਸਤ ਮਿਲੀ ਹੈ ਉਹ ਮੈਨੂੰ ਆਪਣੇ ਅੰਦਰ ਸੰਭਾਲਣ ਲਈ ਦਿੱਤੀ ਹੈ ਭਾਵ ਮੈਂ ਆਪਣੇ ਅੰਦਰ ਨਾਮ ਦੀ ਸੰਭਾਲ ਵੀ ਕਰਨੀ ਹੈ ਜੋ ਨਾਮ ਦੀ ਸੰਭਾਲ ਉਨ੍ਹਾਂ ਨੇ ਆਪਣਾ ਪੂਰਾ ਜੀਵਨ ਕੀਤੀ ਵੀ ਹੈ ਭਾਵ ਆਪਣੇ ਅੰਦਰ ਗੁਰਮਤਿ ਦੀ ਸੱਚੀ ਸੰਭਾਲ ਕੀਤੀ ਵੀ ਹੈ ਭਾਵ ਪੂਰਾ ਜੀਵਨ ਸੱਚ ਦੇ ਮਾਰਗ ਤੇ ਚੱਲ ਕੇ ਦਿਖਾਇਆ ਵੀ ਹੈ। **(ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥ ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥)**

ਆਉ ਹੁਣ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਤੇ ਜਿਹੜੀ ਵਸਤੂ ਭਗਤ ਕਬੀਰ ਜੀ ਨੂੰ ਆਪਣੇ ਸੱਚੇ ਗੁਰੂ ਦੇ ਕੋਲੋਂ ਮਿਲੀ ਸੀ, ਮਨ ਦੀ ਪਰਮ ਕੋਠੀ ਵਿੱਚੋਂ ਮਿਲੀ ਸੀ ਭਾਵ ਜੋ ਉਨ੍ਹਾਂ ਨੂੰ ਅਕਾਲ ਪੁਰਖ ਨੇ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਕੇ ਦਿੱਤੀ ਸੀ ਉਸ ਵਸਤੂ ਨੂੰ ਉਹ ਕਿਸ ਜਗ੍ਹਾ ਸੰਭਾਲ ਕੇ ਰੱਖ ਗਏ ਹਨ ਤਾਂ ਜੋ ਪੂਰਾ ਸੰਸਾਰ ਉਨ੍ਹਾਂ ਦੀ ਵਸਤੂ ਤੋਂ ਆਪਣੇ ਜੀਵਨ ਵਿੱਚ ਲਾਭ ਲੈ ਸਕੇ ਜਿਹੋ ਜਿਹਾ ਲਾਭ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਮਿਲਿਆ ਹੈ। ਸ਼ਬਦ ਦੇ ਅਗਲੇ ਪਦੇ ਰਾਹੀਂ ਇਹ ਕੁਝ ਹੀ ਸਮਝਾਇਆ ਹੋਇਆ ਹੈ।

“ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥
ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥”

ਸ੍ਰਿਸ਼ਟੀ ਦਾ ਕਰਤਾ ਜਿਸਨੂੰ ਵੀ ਆਪਣਾ ਨਾਮ ਪਦਾਰਥ ਬਖਸ਼ਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋ ਕੇ ਹੀ ਬਖਸ਼ਦਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ। ਉਨ੍ਹਾਂ ਸਭ ਨੇ ਆਪਣੇ ਜੀਵਨ ਵਿੱਚ ਸੱਚਾ ਨਾਮ ਜਪਿਆ ਹੈ ਤੇ ਆਪਣੇ ਜੀਵਨ ਵਿੱਚ ਰਹਿੰਦੇ ਹੋਏ ਹੋਰ ਵੀ ਅਨੇਕਾਂ ਸੰਸਾਰੀਆਂ ਨੂੰ ਸੱਚਾ ਨਾਮ ਜਪਣਾ ਸਿਖਾਇਆ ਹੈ ਭਾਵ ਸੱਚੇ ਧਰਮ ਦੇ ਮਾਰਗ ਤੇ ਚੱਲਣਾ ਸਿਖਾਇਆ ਹੈ ਭਾਵ ਆਪ ਵੀ ਆਪਣੇ ਜੀਵਨ ਵਿੱਚ ਉਨ੍ਹਾਂ ਨੇ ਸੱਚੇ ਸੁੱਚੇ ਕਰਮ ਕੀਤੇ ਹਨ ਤੇ ਸੰਸਾਰੀਆਂ ਨੂੰ ਵੀ ਸੱਚੇ ਸੁੱਚੇ ਕਰਮ ਕਰਨੇ ਸਿਖਾਏ ਹਨ ਭਾਵ ਜਿਹੋ ਜਿਹਾ ਨਾਮ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਜਪਿਆ ਹੈ ਉਹੋ ਜਿਹਾ ਨਾਮ ਹੀ ਉਨ੍ਹਾਂ ਨੇ ਸੰਸਾਰੀਆਂ ਨੂੰ ਜਪਣਾ ਸਿਖਾਇਆ ਹੈ। ਹੁਣ ਸਮਝਣ ਦੀ ਗੱਲ ਇਹ ਹੈ ਕਿ ਜਿਹੜੀ ਨਾਮ ਰੂਪ ਵਸਤ ਦੀ ਪ੍ਰਾਪਤੀ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਹੋਈ ਸੀ ਉਹ ਵਸਤੂ ਨੂੰ ਉਹ ਪੂਰੇ ਸੰਸਾਰ ਲਈ ਕਿਸ ਜਗ੍ਹਾ ਸੰਭਾਲ ਕੇ ਰੱਖ ਗਏ ਹਨ ਕਿਉਂਕਿ ਹੁਣ ਉਹ ਆਪ ਤਾਂ ਆਪਣੇ ਆਪਣੇ ਸਰੀਰ ਰਾਹੀਂ ਸੰਸਾਰ ਵਿੱਚੋਂ ਜਾ ਚੁਕੇ ਹਨ ਤੇ ਹੁਣ ਮੁੱਖੋਂ ਬੋਲ ਕੇ ਕਿਸੇ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਨਾਮ ਜਪਣਾ ਨਹੀਂ ਸਮਝਾ ਸਕਦੇ। ਸ੍ਰਿਸ਼ਟੀ ਦਾ ਕਰਤਾ ਬਹੁਤ ਹੀ ਸਿਆਣਾ ਹੈ। ਉਸਨੇ ਧੰਨ ਧੰਨ ਗੁਰੂ ਗੁਰਬਾਣੀ ਗ੍ਰੰਥ ਰਾਹੀਂ, ਹਰ ਕਿਸੇ ਸਰੀਰ ਰਾਹੀਂ ਆਪਣੀ ਬਖਸ਼ੀ ਹੋਈ ਨਾਮ ਦੀ ਦਾਤਿ ਦੀ ਸੰਭਾਲ ਕਰਵਾਈ ਹੋਈ ਹੈ। ਗੁਰਬਾਣੀ ਦੇ ਹਰ ਸ਼ਬਦ ਦੇ ਅੰਦਰ ਦਾ ਸੱਚਾ ਗਿਆਨ ਗੁਰੂ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਸੱਚਾ ਗਿਆਨ ਹੀ ਹੈ, ਉਸਦਾ ਬ੍ਰਹਮ

55/7774

ਗਿਆਨ ਹੀ ਹੈ ਭਾਵ ਉਸਦਾ ਨਾਮ ਹੀ ਹੈ। ਜਿਤਨੇ ਵੀ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਸੱਚੀ ਬਾਣੀ ਲਿਖਵਾਈ ਹੈ ਉਨ੍ਹਾਂ ਦੀ ਬਾਣੀ ਪੂਰੀ ਗੁਰਬਾਣੀ ਦੇ ਵਿੱਚ ਦਰਜ ਹੈ। ਸਾਰੇ ਸੱਚੇ ਭਗਤਾਂ ਦੀ ਬਾਣੀ ਗੁਰੂ ਸਾਹਿਬ ਨੇ ਇਸੇ ਲਈ ਦਰਜ ਕੀਤੀ ਹੈ ਜੋ ਗੁਰਬਾਣੀ ਦੇ ਸੱਚੇ ਵਿਚਾਰ ਭਾਵ ਨਾਮ ਵਾਲੇ ਵਿਚਾਰ ਸਾਰੇ ਸੰਸਾਰ ਲਈ ਇੱਕੋ ਜਿਹੇ ਹੀ ਹਨ ਭਾਵ ਸਭ ਨੂੰ ਇੱਕੋ ਜਿਹਾ ਨਾਮ ਜਪਣਾ ਹੀ ਸਿਖਾਉਂਦੇ ਹਨ। ਭਗਤਾਂ ਦੇ, ਗੁਰੂ ਸਾਹਿਬਾਨ ਦੇ ਜੀਵਨ ਵਿੱਚ ਜਿਨ੍ਹਾਂ ਨੇ ਉਨ੍ਹਾਂ ਦੀ ਸੱਚੀ ਸਿੱਖਿਆ ਤੇ ਅਮਲ ਕੀਤਾ ਭਾਵ ਜਿਨ੍ਹਾਂ ਨੇ ਉਨ੍ਹਾਂ ਦੀ ਸਿੱਖਿਆ ਕਬੂਲ ਕੀਤੀ ਉਹ ਮਨੁੱਖ ਭਾਗਾਂ ਵਾਲੇ ਹੀ ਸਨ ਤੇ ਉਹੀ ਉਨ੍ਹਾਂ ਦੀ ਸਿੱਖਿਆ ਹੁਣ ਪੂਰੀ ਗੁਰਬਾਣੀ ਦੇ ਸ਼ਬਦਾਂ ਵਿੱਚ ਦਰਜ ਹੈ, ਇਹ ਕੋਈ ਵੱਡੇ ਭਾਗਾਂ ਵਾਲਾ ਹੀ ਗੁਰੂ ਦੀ ਸੱਚੀ ਸਿੱਖਿਆ ਨੂੰ ਲੈਂਦਾ ਹੈ ਭਾਵ ਉਸਦਾ ਸੱਚਾ ਨਾਮ ਲੈਣਾ ਸਿੱਖਦਾ ਹੈ ਕਿਉਂਕਿ ਸਭ ਨੂੰ ਅਭਾਗੇ ਬਨਾਉਣ ਵਾਲੇ ਬਹੁਤ ਹਨ ਜੋ ਆਪਣੀ ਆਪਣੀ ਮਤਿ ਅਨੁਸਾਰ ਝੂਠੇ ਨਾਮ ਵੰਡਣ ਲੱਗੇ ਹੋਏ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੋਇਆ ਹੈ। **(ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥)**

ਜਿਹੜੀ ਬਸਤ ਕਬੀਰ ਜੀ ਨੂੰ ਆਪਣੇ ਗੁਰੂ ਅਕਾਲ ਪੁਰਖ ਕੋਲੋਂ ਮਿਲੀ ਸੀ ਉਹ ਬਸਤ ਉਨ੍ਹਾਂ ਦੇ ਅੰਦਰ ਕਿਸ ਰੂਪ ਵਿੱਚ ਸੀ ਤੇ ਹੁਣ ਉਹ ਬਸਤ ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਕਿਸ ਰੂਪ ਵਿੱਚ ਹੈ ਤੇ ਉਹ ਵਸਤੂ ਮਿਲਣ ਦੇ ਨਾਲ ਉਹ ਮਨੁੱਖੀ ਰੂਪ ਕੀ ਬਣ ਜਾਂਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਵਾਲਾ ਉਸਦਾ ਕਿਹੋ ਜਿਹਾ ਰੂਪ ਬਣਦਾ ਹੈ, ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਭਾਵ ਪੂਰੇ ਸ਼ਬਦ ਦੀ ਆਖਰੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਆਉ ਸਮਝੀਏ।

"ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥"

"ਅੰਮ੍ਰਿਤ ਰਸੁ" ਦੀ ਗੱਲ ਤਾਂ ਬਾਣੀ ਵਿੱਚ ਅਨੇਕਾਂ ਸ਼ਬਦਾਂ ਰਾਹੀਂ ਆਈ ਹੈ ਜਿਸਨੂੰ ਕਿ ਅਸੀਂ ਬਰੀਕੀ ਨਾਲ ਸਮਝਿਆ ਹੀ ਹੈ। ਅੰਮ੍ਰਿਤ ਰਸੁ, ਨਾਮੁ ਰਸੁ, ਹਰਿ ਰਸੁ ਇੱਕੋ ਹੀ ਗੱਲ ਹੈ। ਇਹ ਸਾਡੇ ਮਨ ਦੇ ਪੀਣ ਦਾ ਰਸ ਹੈ ਜੋ ਕਿ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦਾ ਰਸ ਹੈ। ਹਰ ਸ਼ਬਦ ਦੇ ਅੰਦਰ ਦੀ ਸੱਚੀ ਵਿਚਾਰ ਅੰਮ੍ਰਿਤ ਰਸ ਹੈ। ਜਿਸਨੂੰ ਵੀ ਸ੍ਰਿਸ਼ਟੀ ਦਾ ਕਰਤਾ ਆਪਣਾ ਇਹ ਅੰਮ੍ਰਿਤ ਰਸ ਪਿਆਉਂਦਾ ਹੈ ਉਹ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਹੀ ਪਿਆਉਂਦਾ ਹੈ, ਮਨ ਰੂਪ ਪਰਮ ਕੋਠੀ ਵਿੱਚੋਂ ਆਪਣੇ ਸੱਚੇ ਸ਼ਬਦਾਂ ਦੇ ਵਿਚਾਰ ਦੇਣ ਦੁਆਰਾ ਹੀ ਪਿਆਉਂਦਾ ਹੈ ਜਿਸ ਰਾਹੀਂ ਉਹ ਆਪਣੇ ਚੌਥੇ ਪਦ ਵਾਲਾ ਗਿਆਨ ਦਿੰਦਾ ਹੈ ਭਾਵ ਸਹਜ ਗਿਆਨ ਦਿੰਦਾ ਹੈ ਤੇ ਮਨ ਦੇ **"ਸਹਜ"** ਵਾਲੀ ਸਮਝ ਦੇ ਵਿੱਚ ਹੀ ਉਹ ਆਪ ਆਪਣੀ ਹਰ ਮਨੁੱਖੀ ਨਾਰ ਦਾ ਖਸਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਿਸ ਮਨੁੱਖੀ ਸਰੀਰ ਦੀ ਸਮਝ ਨੂੰ ਵੀ ਉਹ ਆਪਣੀ ਸੁਹਾਗਣ

55/7775

ਬਣਾਉਂਦਾ ਹੈ ਉਸਨੂੰ ਮਨ ਦੀ ਸਮਝ ਦੇ ਵਿੱਚ ਆਪਣਾ ਅੰਮ੍ਰਿਤ ਰਸ ਹੀ ਪਿਆਉਂਦਾ ਹੈ ਜਿਸ ਤਰੀਕੇ ਕਿਸੇ ਮਨੁੱਖੀ ਰੂਪ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰਾ **"ਸੋਹਾਗੁ"** ਕੌਣ ਹੈ ਤੇ ਮੇਰੇ ਅੰਦਰ ਉਹ ਕਿਸ ਰੂਪ ਵਿੱਚ ਹੈ। ਜਿਸਨੂੰ ਉਹ ਆਪਣਾ ਅੰਮ੍ਰਿਤ ਰਸ ਪਿਆਉਣ ਦੁਆਰਾ ਆਪਣੀ ਸੁਹਾਗਣ ਬਣਾਉਂਦਾ ਹੈ ਫਿਰ ਉਸਦੀ ਸਮਝ ਨੂੰ ਥਿਰ ਕਰ ਦਿੰਦਾ ਹੈ ਭਾਵ ਜੋ ਸਮਝ ਫਿਰ ਸੱਚ ਤੇ ਟਿਕ ਜਾਂਦੀ ਹੈ, ਸੱਚੇ ਨਾਮ ਤੇ ਟਿਕ ਜਾਂਦੀ ਹੈ, ਗੁਰਮਤਿ ਦੀ ਸੱਚੀ ਸਮਝ ਤੇ ਟਿਕ ਜਾਂਦੀ ਹੈ ਤੇ ਫਿਰ ਉਸ ਤੋਂ ਕਦੇ ਡੋਲਦੀ ਨਹੀਂ ਭਾਵ ਫਿਰ ਉਹ ਮਨੁੱਖੀ ਰੂਪ ਸੁਹਾਗਣ ਗੁਰਮਤਿ ਤੇ ਅਡੋਲ ਹੋ ਕੇ ਚੱਲਦੀ ਹੈ, ਆਪਣਾ ਸਾਰਾ ਰਹਿੰਦਾ ਜੀਵਨ ਅਡੋਲ ਹੋ ਕੇ ਚੱਲਦੀ ਹੈ ਭਾਵ ਪੂਰੀ ਤਰ੍ਹਾਂ ਔਗੁਣਾਂ ਨੂੰ ਤਿਆਗਕੇ ਗੁਣਾਂ ਦੁਆਰਾ ਵਿਚਰਦੀ ਹੈ ਜੋ ਕਿ ਉਸਨੂੰ ਸੱਚ ਦੇ ਮਾਰਗ ਤੇ ਉਸਦੇ ਅੰਦਰ ਦਾ ਸੁਹਾਗ ਭਾਵ ਸਹਜ ਗਿਆਨ ਦਾ ਮਾਲਕ, ਮਨ ਦੀ ਸਮਝ ਦਾ ਮਾਲਕ ਆਪ ਹੀ ਚਲਾਉਂਦਾ ਹੈ ਤੇ ਉਸਨੂੰ ਫਿਰ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਜੋ ਮੇਰੀ ਸਮਝ ਦਾ ਮਾਲਕ ਹੈ ਉਹੀ ਇਸ ਸਰੀਰ ਦਾ ਮਾਲਕ ਹੈ ਜੋ ਕਿ ਸਭ ਕੁਝ ਇੱਕੋ ਇੱਕ ਆਪ ਹੀ ਹੈ।

ਮਨ ਦੇ ਵਿੱਚ ਅੰਮ੍ਰਿਤ ਰਸ ਪੀਣਾ ਕੀ ਹੈ ਤੇ ਉਸਦੇ ਪੀਣ ਦੇ ਨਾਲ ਪ੍ਰਾਪਤੀ ਕੀ ਹੁੰਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਨ੍ਹਾਂ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ।

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

{ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ ॥

ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥
ਤੇਰਿਆ ਭਗਤਾ ਭੁਖ ਸਦ ਤੇਰੀਆ ॥ ਹਰਿ ਲੋਚਾ ਪੂਰਨ ਮੇਰੀਆ ॥
ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥
ਤੁਧੁ ਜੇਵਡੁ ਅਵਰੁ ਨ ਭਾਲਿਆ ॥ ਤੂੰ ਦੀਪ ਲੋਅ ਪਇਆਲਿਆ ॥
ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥
ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥
ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥
ਤੂੰ ਵਰਨਾ ਚਿਹਨਾ ਬਾਹਰਾ ॥ ਹਰਿ ਦਿਸਹਿ ਹਾਜਰੁ ਜਾਹਰਾ ॥
ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥
ਮੈ ਜੁਗਿ ਜੁਗਿ ਦਯੈ ਸੇਵੜੀ ॥ ਗੁਰਿ ਕਟੀ ਮਿਹਡੀ ਜੇਵੜੀ ॥
ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥੨॥੨੯॥}

(ਅੰਗ ੭੪)

{ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ ॥ ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ॥
ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ ॥ ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ॥
ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ॥ ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥੫੬॥}

(ਅੰਗ ੧੪੨੦)

{ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ ॥ ਗੁਰਮੁਖੇ ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ ॥
ਰਾਮ ਨਾਮੁ ਪਿਆਰਾ ਜਗਤ ਨਿਸਤਾਰਾ ਰਾਮ ਨਾਮਿ ਵਡਿਆਈ ॥
ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ ॥
ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ ॥
ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ ॥੧॥}

(ਅੰਗ ੪੪੨-੪੪੩)

ਹੁਣ ਅਸੀਂ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਮੁੱਖ ਸ਼ਬਦ ਨੂੰ ਹੋਰ ਵੀ ਆਸਾਨੀ ਨਾਲ ਸਮਝ ਸਕਾਂਗੇ ਤੇ ਉਸਦੇ ਮਨ ਰੂਪ ਦਰਬਾਰ ਨੂੰ ਜਾਨਣ ਦਾ ਤਰੀਕਾ ਕੀ ਹੈ ਜੋ ਕਿ ਉਸਦੇ ਕੋਲੋਂ ਉਸਦੇ ਅੰਮ੍ਰਿਤ ਰਸ ਦੀ ਪ੍ਰਾਪਤੀ ਦਾ ਹੀ ਹੈ ਜੋ ਪ੍ਰਾਪਤੀ ਉਸਦੇ ਕੋਲੋਂ ਉਸਦੇ ਮਨ ਦੇ ਦਰਬਾਰ ਵਿੱਚੋਂ ਹੀ

ਹੁੰਦੀ ਹੈ। **(ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥ ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥ ਪੂਰਬ ਜਨਮ ਹਮ ਤੁਮ੍ਰੇ**

ਸੇਵਕ ਅਬ ਤਉ ਮਿਟਿਆ ਨ ਜਾਈ ॥ ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥ ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥ ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥ ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥ ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥ ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥ ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥)

ਪਿੱਛੇ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਕਿ ਸ੍ਰਿਸ਼ਟੀ ਦੇ ਕਰਤੇ ਦਾ ਸੱਚਾ ਸਾਧੂ ਰੂਪ, ਸੰਤ ਰੂਪ, ਗੁਰੂ ਰੂਪ ਕੀ ਹੈ ਭਾਵ ਇੱਕੋ ਹੀ ਗੱਲ ਹੈ। ਜਿਸ ਮਨੁੱਖੀ ਸਮਝ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸਦੇ ਅੰਦਰ ਦਾ ਸੱਚਾ ਮਨ ਹੀ ਭਾਵ ਭਗਤੀ ਦੇ ਸੱਚੇ ਗਿਆਨ ਦੀ ਸਮਝ ਵਾਲਾ ਮਨ ਹੀ ਭਾਵ ਜਿਸ ਮਨ ਦੀ ਜੋਤਿ ਰਾਹੀਂ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਮਨ ਦੇ ਅੰਦਰ ਦੇ ਸੱਚੇ ਗਿਆਨ ਵਾਲੀ ਸਮਝ ਹੀ ਉਸ ਮਨੁੱਖੀ ਮਨ ਨੂੰ ਸਾਧੂ ਰੂਪ, ਸੰਤ ਰੂਪ, ਭਗਤ ਰੂਪ, ਗੁਰੂ ਰੂਪ ਬਣਾਉਂਦੀ ਹੈ ਜਿਵੇਂ ਕਿ ਸ੍ਰਿਸ਼ਟੀ ਦੇ ਕਰਤੇ ਨੇ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਮਨ ਦੇ ਸੱਚੇ ਗਿਆਨ ਦੁਆਰਾ ਭਾਵ ਬ੍ਰਹਮ ਗਿਆਨ ਦੁਆਰਾ ਭਾਵ ਆਪਣੇ ਚੌਥੇ ਪਦ ਦੇ ਗਿਆਨ ਦੁਆਰਾ, ਸਹਜ ਗਿਆਨ ਦੁਆਰਾ, ਨਾਮ ਰੂਪ ਗਿਆਨ ਦੁਆਰਾ, ਬਿਬੇਕ ਬੁਧਿ ਗਿਆਨ ਦੁਆਰਾ, ਮਨ ਦੇ ਸਿੱਧੇ ਕਮਲ ਰੂਪ ਗਿਆਨ ਦੁਆਰਾ ਉਨ੍ਹਾਂ ਸਭ ਨੂੰ ਆਪਣਾ ਇੱਕੋ ਜਿਹਾ ਗੁਰੂ ਰੂਪ ਭਾਵ ਭਗਤ ਰੂਪ, ਸਾਧੂ ਰੂਪ, ਸੰਤ ਰੂਪ ਬਣਾਇਆ ਹੈ ਭਾਵ ਸੱਚਾ ਸੰਤ, ਸੱਚਾ ਭਗਤ, ਸੱਚਾ ਸਾਧ ਅਸਲ ਵਿੱਚ ਸੱਚੇ ਗਿਆਨ ਦਾ ਮਾਲਕ ਆਪ ਹੀ ਹੈ ਜੋ ਕਿ ਸ਼ਬਦਾਂ ਦੇ ਅੰਦਰ ਦੇ ਸੱਚੇ ਵਿਚਾਰਾਂ ਦੇ ਰੂਪ ਵਿੱਚ ਹੈ, ਆਪ ਹੀ ਸੱਚੀ ਭਗਤੀ ਦਾ ਮਾਲਕ ਹੈ ਜਿਸ ਉਸਦੀ ਸੱਚੀ ਭਗਤੀ ਦੁਆਰਾ ਹੀ ਕੋਈ ਉਸ ਸੱਚੇ ਭਗਤ ਨੂੰ ਭਾਵ ਸੱਚੀ ਭਗਤੀ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜੋ ਸਭ ਦੇ ਅੰਦਰ ਹੀ ਹੈ। ਆਪਣੇ ਆਪ ਨੂੰ ਪੂਰੀ ਸ੍ਰਿਸ਼ਟੀ ਦੇ ਵਿੱਚ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਗੁਰੂ, ਭਗਤ, ਸਾਧ, ਸੰਤ, ਧਰਮ ਦੇ ਉੱਚੇ ਵਿਦਵਾਨ ਅਖਵਾਉਣ ਵਾਲੇ ਤਾਂ ਬਹੁਤ ਹਨ ਜਿਨ੍ਹਾਂ ਵਿੱਚ ਸਿੱਖ ਜਗਤ ਵੀ ਪਿੱਛੇ ਨਹੀਂ ਹੈ ਭਾਵ ਭਰਮ ਵਿੱਚ ਹਰ ਕੋਈ ਹੀ ਹੈ। ਆਉ ਇਸ ਗੱਲ ਨੂੰ ਧੰਨ ਧੰਨ ਪੰਜਵੀਂ ਪਾਤਸ਼ਾਹੀ ਜੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ ਕਿ ਉਨ੍ਹਾਂ ਨੂੰ ਅਕਾਲ ਪੁਰਖ ਨੇ ਆਪਣਾ ਭਗਤ ਰੂਪ ਕਿਸ ਤਰੀਕੇ ਬਣਾਇਆ ਹੈ ਤੇ ਕਿਸ ਜਗ੍ਹਾ ਤੇ ਬਣਾਇਆ ਹੈ ਤੇ ਕਿਸ ਮਕਸਦ ਲਈ ਬਣਾਇਆ ਹੈ।

ਆਸਾ ਮਹਲਾ ੫ ॥

“ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥
ਜਿਉ ਬਾਲਕੁ ਪਿਤਾ ਉਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥”

(ਅੰਗ ੩੯੬)

ਜਿਵੇਂ ਕਿ ਅਸੀਂ ਹੁਣ ਤੱਕ ਸ਼ਬਦਾਂ ਰਾਹੀਂ ਸਮਝਦੇ ਆਏ ਹਾਂ ਜਿਸਨੂੰ ਵੀ ਸ੍ਰਿਸ਼ਟੀ ਦਾ ਕਰਤਾ ਆਪਣਾ ਭਗਤ ਰੂਪ ਬਣਾਉਂਦਾ ਹੈ, ਗੁਰੂ ਰੂਪ ਬਣਾਉਂਦਾ ਹੈ ਉਸਦੇ ਮਨ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਹੋਣ ਦੁਆਰਾ ਹੀ ਬਣਾਉਂਦਾ ਹੈ ਤੇ ਉਪਰ ਵਾਲੇ ਸ਼ਬਦ ਵਿੱਚ ਵੀ ਸਾਨੂੰ ਇਹੀ ਗੱਲ ਸਮਝਾਈ ਹੋਈ ਹੈ। ਮਾਂ ਦੇ ਪੇਟ ਵਿੱਚੋਂ ਤਾਂ ਹਰ

ਕੋਈ ਜੰਮਦਾ ਹੈ ਤੇ ਮਾਂ ਦੇ ਪੇਟ ਵਿੱਚੋਂ ਕੇਵਲ ਜੰਮਣ ਨਾਲ ਕੋਈ ਆਪਣੇ ਆਪ ਭਗਤ ਨਹੀਂ ਬਣ ਸਕਦਾ ਭਾਵੇਂ ਉਹ ਮਾਂ ਕੋਈ ਵੀ

ਹੋਵੇ। ਅਕਾਲ ਪੁਰਖ ਰੂਪ ਭਗਤ ਨਾਨਕ ਜੀ ਦੇ ਬੱਚੇ ਵੀ ਆਪਣੀ ਮਾਂ ਦੇ ਪੇਟ ਵਿੱਚੋਂ ਹੀ ਜੰਮੇ ਸੀ ਪਰ ਕੇਵਲ ਮਾਂ ਦੇ ਪੇਟ ਵਿੱਚੋਂ ਜੰਮਣ ਨਾਲ ਕੋਈ ਭਗਤ ਨਹੀਂ ਬਣ ਜਾਂਦਾ।

ਉਪਰ ਵਾਲੇ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਰਾਹੀਂ ਧੰਨ ਧੰਨ ਪੰਜਵੀਂ ਪਾਤਸ਼ਾਹੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੈਨੂੰ ਭਗਤ ਰੂਪ ਵਿੱਚ ਸੰਸਾਰ ਦੇ ਵਿੱਚ **"ਸਤਿਗੁਰੁ"** ਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਭੇਜਿਆ ਹੈ ਭਾਵ ਮੈਂ ਉਸਦੀ ਰਜਾ ਦੇ ਨਾਲ ਹੀ ਸੰਸਾਰ ਵਿੱਚ ਆਇਆ ਹਾਂ ਤੇ ਉਸਨੂੰ ਮੈਨੂੰ **"ਚਿਰੁ ਜੀਵਨੁ"** ਲਈ ਆਪਣੇ ਨਾਲ ਸੰਜੋਗ ਦਾ ਅਵਸਰ ਦਿੱਤਾ ਹੈ ਭਾਵ ਆਪਣੀ ਮਤਿ ਦੇ ਨਾਲ ਸਦਾ ਲਈ ਇੱਕ ਕਰਨ ਦਾ ਸੰਜੋਗ ਬਖਸ਼ਿਆ ਹੈ। **(ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥)**

ਕਿਸੇ ਨੂੰ ਵੀ ਸੰਸਾਰ ਵਿੱਚ ਆਉਣ ਤੋਂ ਪਹਿਲਾਂ ਆਪਣੀ ਮਾਂ ਦੇ ਪੇਟ ਵਿੱਚ ਰਹਿਣਾ ਹੀ ਪੈਂਦਾ ਹੈ ਤੇ ਜਦੋਂ ਬੱਚੇ ਦਾ ਜਨਮ ਹੁੰਦਾ ਹੈ ਉਸਦੀ ਮਾਤਾ ਨੂੰ ਖੁਸ਼ੀ ਵੀ ਬਹੁਤ ਹੁੰਦੀ ਹੈ ਜਿਵੇਂ ਕਿ ਅਗਲੀਆਂ ਪੰਗਤੀਆਂ ਰਾਹੀਂ ਹਰ ਕੋਈ ਵਿਸ਼ਵਾਸ ਨਾਲ ਸਮਝ ਸਕਦਾ ਹੈ। ਪੰਜਵੀਂ ਪਾਤਸ਼ਾਹੀ ਜੀ ਦੀ ਧੰਨ ਧੰਨ ਮਾਤਾ ਜੀ ਨੂੰ ਵੀ ਉਨ੍ਹਾਂ ਦੇ ਜਨਮ ਤੇ ਬਹੁਤ ਖੁਸ਼ੀ ਹੋਈ ਭਾਵ ਇਹ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਬਣਾਇਆ ਹੋਇਆ ਇੱਕ ਅਸੂਲ ਹੀ ਹੈ ਹਰ ਕੋਈ ਉਸੇ ਦੇ ਹੁਕਮ ਅਨੁਸਾਰ ਹੀ ਚੱਲਦਾ ਹੈ ਭਾਵ ਸੰਸਾਰ ਦੀ ਹਰ ਮਾਤਾ ਨੂੰ ਬੱਚੇ ਦੇ ਜਨਮ ਤੇ ਖੁਸ਼ੀ ਹੁੰਦੀ ਹੈ। **(ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥)**

ਸ਼ਬਦ ਦੀਆਂ ਅਗਲੀਆਂ **"ਰਹਾਉ"** ਵਾਲੀ ਪੰਗਤੀਆਂ ਦੁਆਰਾ ਪੰਜਵੀਂ ਪਾਤਸ਼ਾਹੀ ਜੀ ਦਾ **"ਭਗਤੁ"** ਰੂਪ ਹੀ ਸਮਝਾਇਆ ਹੋਇਆ ਹੈ ਕਿ ਉਨ੍ਹਾਂ ਨੂੰ ਅਕਾਲ ਪੁਰਖ ਨੇ ਆਪਣਾ ਭਗਤ ਰੂਪ ਕਿਸ ਤਰੀਕੇ ਬਣਾਇਆ ਹੈ। ਆਉ ਧਿਆਨ ਨਾਲ ਸਮਝੀਏ।

"ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥"

ਜਦੋਂ ਵੀ ਕੋਈ ਸੰਸਾਰ ਵਿੱਚ ਜੰਮਦਾ ਹੈ, ਜੰਮਦਿਆਂ ਹੀ ਕੋਈ ਭਗਤ ਨਹੀਂ ਬਣ ਜਾਂਦਾ। ਜਦੋਂ ਮਨੁੱਖ ਜੰਮਦਾ ਹੈ ਉਹ ਆਪਣੇ ਮਾਂ-ਬਾਪ ਦਾ ਪੂਤ ਹੀ ਹੁੰਦਾ ਹੈ ਤੇ ਉਸਨੂੰ ਆਪਣਾ ਭਗਤ ਰੂਪ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਬਣਾਉਂਦਾ ਹੈ ਤੇ ਉਦੋਂ ਬਣਾਉਂਦਾ ਹੈ ਜਦੋਂ ਉਸ ਮਨੁੱਖੀ ਸਰੀਰ ਦੀ ਸਮਝ ਸੱਚ-ਝੂਠ ਨੂੰ ਸਮਝਣ ਵਿੱਚ ਸਮਰੱਥ ਹੋ ਜਾਂਦੀ ਹੈ ਭਾਵ ਜਦੋਂ ਮਨੁੱਖ ਸਿਆਣੀ ਉਮਰ ਵਾਲਾ ਬਣ ਜਾਂਦਾ ਹੈ। ਸ੍ਰਿਸ਼ਟੀ ਦਾ ਕਰਤਾ ਆਪ ਕਿਸ ਰੂਪ ਵਿੱਚ ਹੈ ਭਾਵ ਜਿਸ ਜਿਸ ਮਨੁੱਖੀ ਸਰੀਰ ਦੇ ਅੰਦਰ ਵੀ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਸਮਝ ਦੇ ਅੰਦਰ ਉਸਨੇ

ਆਪਣੇ ਆਪ ਨੂੰ ਪ੍ਰਗਟ ਕੀਤਾ ਹੈ, ਆਪਣੇ ਸੱਚੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕੀਤਾ ਹੈ, ਆਪਣੇ ਨਾਮ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਹੀ ਪ੍ਰਗਟ ਕੀਤਾ ਹੈ ਜੋ ਆਪਣਾ ਸੱਚਾ ਰੂਪ ਬਖਸ਼ਣ ਦੁਆਰਾ ਆਪਣਾ ਭਗਤ ਰੂਪ ਬਣਾਇਆ ਹੈ। ਉਨ੍ਹਾਂ ਸਭ ਨੇ ਆਪਣੇ ਆਪਣੇ ਮੁੱਖੋਂ ਸ਼ਬਦ ਹੀ ਉਚਾਰੇ ਹਨ ਜੋ ਸ਼ਬਦ ਉਨ੍ਹਾਂ ਦੀ ਸਮਝ ਦੇ ਅੰਦਰ ਲਿਖਣ ਵਾਲਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਸੀ। ਉਹੀ ਉਨ੍ਹਾਂ ਦੇ ਸਾਰੇ ਸ਼ਬਦ ਪੂਰੇ ਗੁਰਬਾਣੀ ਗ੍ਰੰਥ ਵਿੱਚ ਲਿਖੇ ਹੋਏ ਹਨ। ਸਾਰੀ ਬਾਣੀ **"ਧੁਰ"** ਤੋਂ ਹੀ ਆਈ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੋਂ ਹੀ ਆਈ ਹੈ, ਉਸਦੀ ਦਰਗਾਹ ਤੋਂ ਹੀ ਆਈ ਹੈ ਭਾਵ ਉਸੇ ਅਸਥਾਨ ਤੋਂ ਹੀ ਆਈ ਹੈ ਜੋ ਉਸਦਾ ਅਸਥਾਨ ਹਰ ਮਨੁੱਖੀ ਸਮਝ ਦੇ ਅੰਦਰ ਹੀ ਹੈ, ਜੋਤਿ ਸਰੂਪ ਮਨ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਸਦਾ ਹੀ ਪ੍ਰਗਟ ਹੈ। **(ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥)**

ਮਨੁੱਖੀ ਸਮਝ ਦੇ ਅੰਦਰ ਕਿਸੇ ਨੂੰ ਆਪਣਾ ਭਗਤ ਰੂਪ ਬਨਾਉਣ ਲਈ ਕਿਸ ਰੂਪ ਵਿੱਚ ਪ੍ਰਗਟ ਹੁੰਦਾ ਹੈ ਤੇ ਕਿਸ ਮਕਸਦ ਲਈ ਪ੍ਰਗਟ ਹੁੰਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਪਸ਼ਟ ਕੀਤੀ ਹੋਈ ਹੈ। ਆਉ ਧਿਆਨ ਨਾਲ ਸਮਝੀਏ।

"ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥"

ਮਾਂ ਦੇ ਪੇਟ ਵਿੱਚੋਂ ਦਸਵੇਂ ਮਹੀਨੇ ਜਨਮ ਬਾਲਕ ਰੂਪ ਵਿੱਚ ਹੀ ਹੁੰਦਾ ਹੈ ਤੇ ਹਰ ਬੱਚੇ ਦਾ ਜਨਮ ਅਕਾਲ ਪੁਰਖ ਦੇ ਹੁਕਮ ਦੁਆਰਾ ਹੀ ਹੁੰਦਾ ਹੈ ਭਾਵ ਸ੍ਰਿਸ਼ਟੀ ਦੇ ਰਚਨਹਾਰ ਦੇ ਬਣਾਏ ਹੋਏ ਹੁਕਮ ਦੁਆਰਾ, ਅਸੂਲ ਦੁਆਰਾ ਹੀ ਹੁੰਦਾ ਹੈ। ਜਦੋਂ ਬੱਚਾ ਪੈਦਾ ਹੁੰਦਾ ਹੈ ਉਸਦੀ ਸਮਝ ਦੇ ਅੰਦਰ ਅਨੇਕਾਂ ਚਿੰਤਾਵਾਂ ਵੀ ਹੁੰਦੀਆਂ ਹਨ। ਜਦੋਂ ਵੀ ਕਿਸੇ ਸਰੀਰ ਦਾ ਜਨਮ ਹੁੰਦਾ ਹੈ ਉਸਦੇ ਅੰਦਰ ਸਮਝ ਮੋਹ ਮਾਇਆ ਵਾਲੀ ਹੀ ਹੁੰਦੀ ਹੈ, ਹਉਮੈ ਵਾਲੀ, ਤ੍ਰੈ ਗੁਣਾਂ ਵਾਲੀ ਸਮਝ ਹੀ ਹੁੰਦੀ ਹੈ ਜਿਸ ਕਰਕੇ ਮਨੁੱਖੀ ਸਮਝ ਦੇ ਅੰਦਰ ਅਨੇਕਾਂ ਤ੍ਰਿਸ਼ਨਾਵਾਂ ਉਪਜਦੀਆਂ ਹਨ ਜੋ ਮਨੁੱਖ ਦੇ ਅੰਦਰ ਦੇ **"ਸੋਗੁ"** ਦਾ ਕਾਰਣ ਹੁੰਦਾ ਹੈ ਤੇ ਜਦ ਤੱਕ ਸ੍ਰਿਸ਼ਟੀ ਦਾ ਕਰਤਾ ਕਿਸੇ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਕਿਸੇ ਨੂੰ ਆਪਣਾ ਭਗਤ ਰੂਪ ਨਹੀਂ ਬਣਾਉਂਦਾ ਤਦ ਤੱਕ ਕਿਸੇ ਦੇ ਅੰਦਰ ਦਾ ਸੋਗ ਨਹੀਂ ਮਿੱਟ ਸਕਦਾ ਭਾਵ ਮਨੁੱਖ ਦੇ ਅੰਦਰ ਦੀ ਚਿੰਤਾ ਨਹੀਂ ਮੁੱਕ ਸਕਦੀ ਕਿਉਂਕਿ ਤਦ ਤੱਕ ਕਿਸੇ ਮਨੁੱਖੀ ਰੂਪ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਪੈ ਸਕਦੀ ਕਿ ਮੇਰੇ ਸਰੀਰ ਦੇ ਰੂਪ ਵਿੱਚ ਅਸਲ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਤੇ

55/7779

ਮਨ ਦੇ ਵਿੱਚ ਇਹ ਸਮਝ ਪੈਣ ਦੇ ਨਾਲ ਭਾਵ ਉਸਦਾ ਭਗਤ ਰੂਪ ਬਣਨ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਮਨ ਦੇ ਅੰਦਰ ਪ੍ਰਗਟ ਹੋਣ ਦੇ ਨਾਲ ਉਸ ਮਨੁੱਖ ਦਾ **"ਸੋਗੁ"** ਫਿਰ **"ਮਹਾ ਅਨੰਦੁ"** ਵਿੱਚ ਬਦਲ ਜਾਂਦਾ ਹੈ ਭਾਵ ਉਸਦੇ ਭਗਤ ਰੂਪ ਨੂੰ ਫਿਰ ਬਹੁਤ ਖੁਸ਼ੀ ਮਿਲ ਜਾਂਦੀ ਹੈ ਭਾਵ ਸ੍ਰਿਸ਼ਟੀ ਦੀ ਸਭ ਤੋਂ ਵੱਡੀ ਖੁਸ਼ੀ ਦੀ ਪ੍ਰਾਪਤੀ ਹੋ ਜਾਂਦੀ ਹੈ ਕਿ ਮੈਂ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਲਿਆ ਹੈ। **(ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥)**

ਮਨ ਦੇ ਵਿੱਚ ਪ੍ਰਗਟ ਹੋ ਕੇ ਅੱਲ੍ਹਾ, ਪ੍ਰਮਾਤਮਾ, ਗਾਡ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਆਪਣੇ ਭਗਤ ਰੂਪ ਨੂੰ ਕੀ ਸਮਝਾਉਂਦਾ ਹੈ ਭਾਵ ਆਪਣੇ ਆਪ ਨੂੰ ਉਸਦੀ ਸਮਝ ਦੇ ਅੰਦਰ ਕਿਸ ਮਕਸਦ ਲਈ ਪ੍ਰਗਟ ਕਰਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥"

ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਆਪਣੇ ਭਗਤ ਨੂੰ ਗੁਰਬਾਣੀ ਹੀ ਸਮਝਾਉਂਦਾ ਹੈ ਕਿਉਂਕਿ ਉਹ ਆਪ ਹੀ ਗੁਰੂ ਹੈ ਤੇ ਸਾਰੀ ਗੁਰਬਾਣੀ ਸ੍ਰਿਸ਼ਟੀ ਦੇ ਕਰਤੇ ਗੁਰੂ ਰਾਹੀਂ ਹੀ ਆਈ ਹੈ ਭਾਵ ਜਿਨ੍ਹਾਂ ਸਰੀਰਾਂ ਰਾਹੀਂ ਉਸਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ ਉਨ੍ਹਾਂ ਸਰੀਰਾਂ ਦੀ ਸਮਝ ਰਾਹੀਂ ਹੀ ਆਈ ਹੈ। ਜਿਸਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹੀ ਉਸਦੇ ਗੁਰੂ ਰੂਪ ਨੂੰ ਸਮਝ ਸਕਦਾ ਹੈ। ਜਿਸਨੂੰ ਉਹ ਮਨ ਦੇ ਵਿੱਚ ਆਪਣੀ ਗੁਰਬਾਣੀ ਸਮਝਾਉਂਦਾ ਹੈ ਭਾਵ ਸ਼ਬਦਾਂ ਦੀ ਵਿਚਾਰ ਦਿੰਦਾ ਹੈ ਉਸਦੀ ਸਮਝ ਹੀ ਗੁਰਬਾਣੀ ਦੀ **"ਸਖੀ"** ਬਣਦੀ ਹੈ ਭਾਵ ਗੁਰਬਾਣੀ ਦੀ ਸੰਗੀ ਬਣਦੀ ਹੈ ਭਾਵ ਸਖੀ ਸਮਝ ਵਾਲੀ ਬਣਦੀ ਹੈ। ਮਨ ਦੀ ਇਹੋ ਜਿਹੀ ਉੱਚੀ ਤੇ ਸੁੱਚੀ ਸਮਝ ਦੁਆਰਾ ਹੀ ਸ੍ਰਿਸ਼ਟੀ ਦੇ ਕਰਤੇ ਦਾ **"ਅਨੰਦੁ"** ਗਾਇਆ ਜਾ ਸਕਦਾ ਹੈ ਭਾਵ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਚਾਰ ਤੇ ਅਮਲ ਕੀਤਾ ਜਾ ਸਕਦਾ ਹੈ। ਅਨੰਦ ਗਾਉਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸਦੇ ਹਰ ਭਗਤ ਨੇ ਆਪਣੇ ਜੀਵਨ ਵਿੱਚ ਅਨੰਦ ਦਾ ਗਾਇਣ ਕੀਤਾ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਤੇ ਅਮਲ ਕੀਤਾ ਹੈ ਭਾਵ ਉਸਦੇ ਸੱਚੇ ਗੁਣ ਗਾਏ ਹਨ ਤੇ ਸੰਸਾਰ ਦੇ ਇੱਕੋ ਇੱਕ ਸੱਚੇ ਸਾਹਿਬ ਨੂੰ ਭਾਵ ਸ੍ਰਿਸ਼ਟੀ ਦੇ ਮਾਲਕ ਨੂੰ ਇਹੋ ਜਿਹੇ ਮਨੁੱਖ ਹੀ ਭਾਉਂਦੇ ਹਨ ਜੋ ਉਸਦੇ ਹੁਕਮ, ਰਜਾ ਵਿੱਚ ਚੱਲਦੇ ਹਨ ਭਾਵ ਹਰ ਔਗੁਣ ਤਿਆਗਕੇ ਆਪਣੇ ਜੀਵਨ ਵਿੱਚ ਗੁਣੀ ਬਣਕੇ ਵਿਚਰਦੇ ਹਨ। **(ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥)**

ਉਪਰ ਸ਼ਬਦ ਵਿੱਚ **"ਧੁਰ"** ਦੀ ਗੱਲ ਵੀ ਆਈ ਹੈ ਤੇ **"ਅਨੰਦੁ"** ਗਾਉਣ ਦੀ ਗੱਲ ਵੀ ਆਈ ਹੈ। ਇਨ੍ਹਾਂ ਤੋਂ ਕੀ ਭਾਵ ਹੈ ਇਸ ਗੱਲ ਨੂੰ ਅਸੀਂ

55/7780

ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸੋਰਠਿ ਮਹਲਾ ੫ ॥

{ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥
ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ ਸੰਤਹੁ ਸੁਖੁ ਹੋਆ ਸਭ ਥਾਈ ॥
ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥ ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥}

(ਅੰਗ ੬੨੭-੬੨੮)

ਸਿਰੀਰਾਗੁ ਮਹਲਾ ੩ ॥

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥ ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥
ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥ ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥
ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥
ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥
ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥ ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ॥
ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥੪॥ ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥
ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥}

(ਅੰਗ ੨੭-੨੮)

ਪਉੜੀ ॥

{ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥
ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥}

(ਅੰਗ ੮੭)

ਸਲੋਕ ਮਃ ੩ ॥

{ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥

ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥ ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥
ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥ ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥
ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ ॥੧॥}

(ਅੰਗ ੮੯)

ਮਾਝ ਮਹਲਾ ੫ ॥

{ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ ਕਰਿ ਕਿਰਪਾ ਭਗਤੰਹੀ ਪ੍ਰਗਟਾਇਆ ॥
ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥
ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥
ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥
ਖਿਨ ਮਹਿ ਥਾਪਿ ਉਥਾਪਨਹਾਰਾ ॥ ਆਪਿ ਇਕੰਤੀ ਆਪਿ ਪਸਾਰਾ ॥
ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥
ਅੰਚਲਿ ਲਾਇ ਸਭ ਸਿਸਟਿ ਤਰਾਈ ॥ ਆਪਣਾ ਨਾਉ ਆਪਿ ਜਪਾਈ ॥
ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥੪॥੪੧॥੪੮॥}

(ਅੰਗ ੧੦੮)

ਗਉੜੀ ਪੂਰਬੀ ਮਹਲਾ ੪ ॥

{ਜਗਜੀਵਨ ਅਪਰੰਪਰ ਸੁਆਮੀ ਜਗਦੀਸੁਰ ਪੁਰਖ ਬਿਧਾਤੇ ॥
ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ ਤਿਤੁ ਮਾਰਗਿ ਹਮ ਜਾਤੇ ॥੧॥ ਰਾਮ ਮੇਰਾ ਮਨੁ ਹਰਿ ਸੇਤੀ ਰਾਤੇ ॥
ਸਤਸੰਗਤਿ ਮਿਲਿ ਰਾਮ ਰਸੁ ਪਾਇਆ ਹਰਿ ਰਾਮੈ ਨਾਮਿ ਸਮਾਤੇ ॥੧॥ ਰਹਾਉ ॥
ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥
ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥੨॥
ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥
ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥੩॥
ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ ॥
ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਹਰਿ ਜਪੀਐ ਹਰਿ ਕਿਰਪਾ ਤੇ ॥੪॥੨॥੧੬॥੫੪॥}

(ਅੰਗ ੧੬੯)

ਗਉੜੀ ਗੁਆਰੇਰੀ ਮਹਲਾ ੧ ॥

{ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥
ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥ ਨਿਰਗੁਣ ਰਾਮੁ ਗੁਣਹ ਵਸਿ ਹੋਇ ॥
ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥ ਮਨੁ ਭੂਲੋ ਬਹੁ ਚਿਤੈ ਵਿਕਾਰੁ ॥
ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥ ਮਨੁ ਭੂਲੋ ਮਾਇਆ ਘਰਿ ਜਾਇ ॥
ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥
ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥੪॥
ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥
ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥
ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ ਬਿਨੁ ਨਾਵੈ ਸਭ ਦੂਖ ਨਿਵਾਸੁ ॥
ਮਨਮੁਖ ਮੂੜ ਮਾਇਆ ਚਿਤ ਵਾਸੁ ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥
ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥}

(ਅੰਗ ੨੨੨)

{ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥
ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥ ਸੰਤ ਕਾ ਦੋਖੀ ਉਝੜਿ ਪਾਈਐ ॥
ਸੰਤ ਕਾ ਦੋਖੀ ਅੰਤਰ ਤੇ ਥੋਥਾ ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥
ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥
ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥}

(ਅੰਗ ੨੮੦-੨੮੧)

ਆਸਾ ਮਹਲਾ ੫ ॥

{ਕੋਟਿ ਜਨਮ ਕੇ ਰਹੇ ਭਵਾਰੇ ॥ ਦੁਲਭ ਦੇਹ ਜੀਤੀ ਨਹੀ ਹਾਰੇ ॥੧॥
ਕਿਲਬਿਖ ਬਿਨਾਸੇ ਦੁਖ ਦਰਦ ਦੂਰਿ ॥ ਭਏ ਪੁਨੀਤ ਸੰਤਨ ਕੀ ਧੂਰਿ ॥੧॥ ਰਹਾਉ ॥
ਪ੍ਰਭ ਕੇ ਸੰਤ ਉਧਾਰਨ ਜੋਗ ॥ ਤਿਸੁ ਭੇਟੇ ਜਿਸੁ ਧੁਰਿ ਸੰਜੋਗ ॥੨॥
ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥ ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥੩॥
ਨਾਮੁ ਪਦਾਰਥੁ ਨਉ ਨਿਧਿ ਸਿਧਿ ॥ ਨਾਨਕ ਗੁਰ ਤੇ ਪਾਈ ਬੁਧਿ ॥੪॥੧੪॥੬੫॥}

(ਅੰਗ ੩੮੭)

ਆਸਾ ਮਹਲਾ ੪ ॥

{ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥
ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ ਧੁਰਿ ਮਸਤਕਿ ਭਾਗ ਪੁਰਾਨ ਜੀਉ ॥
ਧੁਰਿ ਮਸਤਕਿ ਭਾਗੁ ਹਰਿ ਨਾਮਿ ਸੁਹਾਗੁ ਹਰਿ ਨਾਮੈ ਹਰਿ ਗੁਣ ਗਾਇਆ ॥
ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ ॥
ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ ਮਾਨ ਜੀਉ ॥
ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥੧॥
ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥
ਤਿਨ੍ ਹਮ ਚਰਣ ਸਰੇਵਹ ਖਿਨੁ ਖਿਨੁ ਪਗ ਧੋਵਹ ਜਿਨ ਹਰਿ ਮੀਠ ਲਗਾਨ ਜੀਉ ॥
ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿ ਭਾਗਾ ਰਤੀ ਚਾਰੇ ॥
ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ ਹਰਿ ਨਾਮਾ ਕੰਠਿ ਧਾਰੇ ॥
ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ ਸਭੁ ਆਤਮ ਰਾਮੁ ਪਛਾਨ ਜੀਉ ॥
ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥੨॥
ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥
ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ ਬੀਜਾ ਅਵਰੁ ਨ ਕੋਇ ਜੀਉ ॥
ਅਵਰੁ ਨ ਕੋਇ ਹਰਿ ਅੰਮ੍ਰਿਤੁ ਸੋਇ ਜਿਨਿ ਪੀਆ ਸੋ ਬਿਧਿ ਜਾਣੈ ॥
ਧਨੁ ਧੰਨੁ ਗੁਰੂ ਪੂਰਾ ਪ੍ਰਭੁ ਪਾਇਆ ਲਗਿ ਸੰਗਤਿ ਨਾਮੁ ਪਛਾਣੈ ॥
ਨਾਮੋ ਸੇਵਿ ਨਾਮੋ ਆਰਾਧੈ ਬਿਨੁ ਨਾਮੈ ਅਵਰੁ ਨ ਕੋਇ ਜੀਉ ॥
ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥੩॥
ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥
ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥
ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ ॥
ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥
ਜਨ ਨਾਨਕ ਹਰਿ ਕਿਰਪਾ ਧਾਰੀ ਮਨਿ ਹਰਿ ਹਰਿ ਮੀਠਾ ਲਾਇ ਜੀਉ ॥

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥੪॥੫॥੧੨॥}

(ਅੰਗ ੪੪੬-੪੪੭)

ਸਲੋਕੁ ਮਃ ੩ ॥

{ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥
ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ ॥
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}

(ਅੰਗ ੫੧੨)

ਮਃ ੩ ॥

{ਤਿਨ੍ ਭਉ ਸੰਸਾ ਕਿਆ ਕਰੇ ਜਿਨ ਸਤਿਗੁਰੁ ਸਿਰਿ ਕਰਤਾਰੁ ॥
ਧੁਰਿ ਤਿਨ ਕੀ ਪੈਜ ਰਖਦਾ ਆਪੇ ਰਖਣਹਾਰੁ ॥ ਮਿਲਿ ਪ੍ਰੀਤਮ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥
ਨਾਨਕ ਸੁਖਦਾਤਾ ਸੇਵਿਆ ਆਪੇ ਪਰਖਣਹਾਰੁ ॥੨॥}

(ਅੰਗ ੫੪੯)

ਵਡਹੰਸੁ ਮਹਲਾ ੩ ॥

{ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ ॥ ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ॥
ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ ॥
ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ ॥
ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ ॥
ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥੧॥
ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥ ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ॥
ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥
ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥੨॥
ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥
ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਰਾ ਮਾਹਿ ਸਮਾਈ ॥
ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥
ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥

ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥ ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ॥
ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥ ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ ॥
ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥}

(ਅੰਗ ੫੭੦-੫੭੧)

ਧਨਾਸਰੀ ਮਹਲਾ ੫ ॥

{ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥
ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ ਰਹਾਉ ॥
ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ ॥
ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ ॥੧॥
ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸੀਆ ਕੀਰਤਨੁ ਜਪਿ ਨਾਮ ॥
ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ ਨਾਨਕ ਜਨ ਕੇ ਪੂਰਨ ਕਾਮ ॥੨॥੨੦॥੫੧॥}

(ਅੰਗ ੬੮੨-੬੮੩)

ਧਨਾਸਰੀ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

{ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥
ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ ॥ ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ॥
ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ ॥
ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿ ਗੁਣ ਗਾਵੀਐ ॥੧॥
ਨਿਧਰਿਆ ਧਰ ਏਕੁ ਨਾਮੁ ਨਿਰੰਜਨੋ ਜੀਉ ॥ ਤੂ ਦਾਤਾ ਦਾਤਾਰੁ ਸਰਬ ਦੁਖ ਭੰਜਨੋ ਜੀਉ ॥
ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ ॥
ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ ॥
ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ ॥
ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ ॥੨॥ ਆਪਿ ਲੀਏ ਲੜਿ ਲਾਇ ਕਿਰਪਾ ਧਾਰੀਆ ਜੀਉ॥
ਮੋਹਿ ਨਿਰਗੁਣੁ ਨੀਚੁ ਅਨਾਥੁ ਪ੍ਰਭ ਅਗਮ ਅਪਾਰੀਆ ਜੀਉ ॥
ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ ਥਾਪਣਹਾਰਿਆ ॥ ਜੀਅ ਜੰਤ ਸਭਿ ਵਸਿ ਤੇਰੈ ਸਗਲ ਤੇਰੀ ਸਾਰਿਆ॥
ਆਪਿ ਕਰਤਾ ਆਪਿ ਭੁਗਤਾ ਆਪਿ ਸਗਲ ਬੀਚਾਰੀਆ ॥
ਬਿਨਵੰਤ ਨਾਨਕ ਗੁਣ ਗਾਇ ਜੀਵਾ ਹਰਿ ਜਪੁ ਜਪਉ ਬਨਵਾਰੀਆ ॥੩॥
ਤੇਰਾ ਦਰਸੁ ਅਪਾਰੁ ਨਾਮੁ ਅਮੋਲਈ ਜੀਉ ॥ ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ ॥
ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ ॥

ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ ॥
ਸਦ ਸਦਾ ਸਿੰਮ੍ਰਤਬ੍ਰ ਸੁਆਮੀ ਸਾਸਿ ਸਾਸਿ ਗੁਣ ਬੋਲਈ ॥
ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ ॥੪॥੧॥}

(ਅੰਗ ੬੯੧)

ਜੈਤਸਰੀ ਮਹਲਾ ੪ ॥

{ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥
ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥੧॥
ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ ॥
ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧ ਗੁਰ ਹਰਿ ਨਾਮੈ ਹਰਿ ਰਸੁ ਚਾਖਿਬਾ ॥ ਰਹਾਉ ॥
ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥
ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ ਹਰਿ ਨਿਰਮਲ ਨਿਰਮਲ ਗੁਨ ਗਾਇਬਾ ॥੨॥
ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ ਪਾਇਬਾ ॥
ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ ਸਭੁ ਬਿਰਥਾ ਜਨਮੁ ਤਿਨ ਜਾਇਬਾ ॥੩॥
ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ ਲਗਾਇਬਾ ॥
ਜਨੁ ਨਾਨਕੁ ਰੇਣ ਸਾਧ ਪਗ ਮਾਗੈ ਹਰਿ ਹੋਇ ਦਇਆਲੁ ਦਿਵਾਇਬਾ ॥੪॥੪॥}

(ਅੰਗ ੬੯੭)

55/7782

ਸੂਹੀ ਮਹਲਾ ੪ ॥

{ਤਿਨ੍ੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥
ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥੧॥
ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥੧॥ ਰਹਾਉ॥
ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥੨॥
ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ॥
ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥੩॥
ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ ॥੪॥੨॥੯॥}

(ਅੰਗ ੭੩੩)

ਸੂਹੀ ਮਹਲਾ ੩ ॥

{ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥੧॥ ਗੁਰਮੁਖਿ ਹਰਿ ਹਰਿ ਨਾਮੁ ਜਪੰਨਿ ॥

ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ ॥੧॥ ਰਹਾਉ ॥
ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥ ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥੨॥
ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ ॥
ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ ॥੩॥ ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ॥
ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥੪॥ ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥
ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥੫॥ ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ॥
ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥ ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥
ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥ ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥
ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ ॥੮॥੨॥੪॥੯॥}

(ਅੰਗ ੭੫੬-੭੫੭)

ਪਉੜੀ ॥

{ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ ॥ ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ ॥
ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥ ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ ॥
ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥੧੨॥}

(ਅੰਗ ੭੮੯)

ਰਾਮਕਲੀ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਜੇ ਵਡ ਭਾਗ ਹੋਵਹਿ ਵਡਭਾਗੀ ਤਾ ਹਰਿ ਹਰਿ ਨਾਮੁ ਧਿਆਵੈ ॥
ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿ ਨਾਮੇ ਨਾਮਿ ਸਮਾਵੈ ॥੧॥ ਗੁਰਮੁਖਿ ਭਗਤਿ ਕਰਹੁ ਸਦ ਪ੍ਰਾਣੀ ॥
ਹਿਰਦੈ ਪ੍ਰਗਾਸੁ ਹੋਵੈ ਲਿਵ ਲਾਗੈ ਗੁਰਮਤਿ ਹਰਿ ਹਰਿ ਨਾਮਿ ਸਮਾਣੀ ॥੧॥ ਰਹਾਉ ॥
ਹੀਰਾ ਰਤਨ ਜਵੇਹਰ ਮਾਣਕ ਬਹੁ ਸਾਗਰ ਭਰਪੂਰੁ ਕੀਆ ॥
ਜਿਸੁ ਵਡ ਭਾਗੁ ਹੋਵੈ ਵਡ ਮਸਤਕਿ ਤਿਨਿ ਗੁਰਮਤਿ ਕਢਿ ਕਢਿ ਲੀਆ ॥੨॥
ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ ॥
ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ ॥੩॥
ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ਤਾ ਸਤਗੁਰੁ ਸੇਵਾ ਲਾਏ ॥
ਨਾਨਕ ਰਤਨ ਜਵੇਹਰ ਪਾਵੈ ਧਨੁ ਧਨੁ ਗੁਰਮਤਿ ਹਰਿ ਪਾਏ ॥੪॥੧॥}

(ਅੰਗ ੮੮੦)

ਪਉੜੀ ॥

{ਕਾਇਆ ਹੰਸ ਧੁਰਿ ਮੇਲੁ ਕਰਤੈ ਲਿਖਿ ਪਾਇਆ ॥ ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥
ਗੁਣ ਗਾਵੈ ਗੁਣ ਉਚਰੈ ਗੁਣ ਮਾਹਿ ਸਮਾਇਆ ॥ ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ ॥
ਸਭੁ ਕਿਛੁ ਆਪੇ ਆਪਿ ਹੈ ਆਪੇ ਦੇਇ ਵਡਿਆਈ ॥੧੪॥}

(ਅੰਗ ੯੫੪)

ਮਃ ੫ ॥

{ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥ ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥
ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥ ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥
ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ ॥ ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ ॥
ਕ੍ਰਿਪਾ ਕਰੇ ਜਿਸੁ ਆਪਣੀ ਧੁਰਿ ਪੂਰਾ ਕਰਮੁ ਕਰੇਇ ॥
ਜਨ ਨਾਨਕ ਸੇ ਜਨ ਉਬਰੇ ਜੋ ਸਤਿਗੁਰ ਸਰਣਿ ਪਰੇ ॥੨॥}

(ਅੰਗ ੯੫੯)

ਮਾਲੀ ਗਉੜਾ ਮਹਲਾ ੪ ॥

{ਮੇਰੇ ਮਨ ਹਰਿ ਭਜੁ ਸਭ ਕਿਲਬਿਖ ਕਾਟ ॥
ਹਰਿ ਹਰਿ ਉਰ ਧਾਰਿਓ ਗੁਰਿ ਪੂਰੈ ਮੇਰਾ ਸੀਸੁ ਕੀਜੈ ਗੁਰ ਵਾਟ ॥੧॥ ਰਹਾਉ ॥
ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ ਤਿਸੁ ਮਨੁ ਦੇਵਉ ਕਟਿ ਕਾਟ ॥
ਹਰਿ ਸਾਜਨੁ ਮੇਲਿਓ ਗੁਰਿ ਪੂਰੈ ਗੁਰ ਬਚਨਿ ਬਿਕਾਨੋ ਹਟਿ ਹਾਟ ॥੧॥
ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ ॥
ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵੈ ਬਹੁ ਕੰਚਨੁ ਦੀਜੈ ਕਟਿ ਕਾਟ ॥੨॥
ਹਰਿ ਕੀਰਤਿ ਗੁਰਮਤਿ ਜਸੁ ਗਾਇਓ ਮਨਿ ਉਘਰੇ ਕਪਟ ਕਪਾਟ ॥
ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ ॥੩॥
ਕਲਜੁਗਿ ਗੁਰੁ ਪੂਰਾ ਤਿਨ ਪਾਇਆ ਜਿਨ ਧੁਰਿ ਮਸਤਕਿ ਲਿਖੇ ਲਿਲਾਟ ॥
ਜਨ ਨਾਨਕ ਰਸੁ ਅੰਮ੍ਰਿਤੁ ਪੀਆ ਸਭ ਲਾਥੀ ਭੂਖ ਤਿਖਾਟ ॥੪॥੬॥}

(ਅੰਗ ੯੮੬)

ਮਾਰੂ ਸੋਲਹੇ ਮਹਲਾ ੩

ੴ ਸਤਿਗੁਰ ਪ੍ਰਸਾਦਿ ॥

{ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥
ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ ਮਾਇਆ ਮੋਹੁ ਜਗਤੁ ਗੁਬਾਰਾ ॥
ਗੁਰਮੁਖਿ ਬੂਝੈ ਕੋ ਵੀਚਾਰਾ ॥ ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥
ਆਪੇ ਮੇਲੇ ਦੇ ਵਡਿਆਈ ॥ ਗੁਰ ਪਰਸਾਦੀ ਕੀਮਤਿ ਪਾਈ ॥
ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ ॥੩॥ ਹਉਮੈ ਮਾਇਆ ਵਿਚੇ ਪਾਈ ॥
ਮਨਮੁਖ ਭੂਲੇ ਪਤਿ ਗਵਾਈ ॥ ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥
ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥ ਸਤਿਗੁਰੁ ਸੇਵੇ ਆਪੁ ਗਵਾਏ ॥

ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥ ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ ॥੬॥
ਦੂਖ ਨਿਵਾਰਣੁ ਗੁਰ ਤੇ ਜਾਤਾ ॥ ਆਪਿ ਮਿਲਿਆ ਜਗਜੀਵਨੁ ਦਾਤਾ ॥
ਜਿਸ ਨੋ ਲਾਏ ਸੋਈ ਬੂਝੈ ਭਉ ਭਰਮੁ ਸਰੀਰਹੁ ਜਾਈ ਹੇ ॥੭॥ ਆਪੇ ਗੁਰਮੁਖਿ ਆਪੇ ਦੇਵੈ ॥
ਸਚੈ ਸਬਦਿ ਸਤਿਗੁਰੁ ਸੇਵੈ ॥ ਜਰਾ ਜਮੁ ਤਿਸੁ ਜੋਹਿ ਨ ਸਾਕੈ ਸਾਚੇ ਸਿਉ ਬਣਿ ਆਈ ਹੇ ॥੮॥
ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥
ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ ॥੯॥ ਸਤਿਗੁਰੁ ਸੇਵਨਿ ਸੇ ਵਡਭਾਗੀ ॥
ਸਾਚੈ ਨਾਮਿ ਸਦਾ ਲਿਵ ਲਾਗੀ ॥ ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥
ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਵਿਰਲੈ ਕਿਨੈ ਪਛਾਣੀ ॥
ਸਚੇ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ ॥੧੧॥ ਸਬਦੁ ਬੁਝੈ ਸੋ ਮੈਲੁ ਚੁਕਾਏ ॥
ਨਿਰਮਲ ਨਾਮੁ ਵਸੈ ਮਨਿ ਆਏ ॥ ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ ॥੧੨॥
ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ ॥
ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ ॥੧੩॥ ਆਪੇ ਆਪਿ ਮਿਲੈ ਤਾ ਬੂਝੈ ॥
ਗਿਆਨ ਵਿਹੂਣਾ ਕਿਛੂ ਨ ਸੂਝੈ ॥ ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ ॥੧੪॥
ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥ ਕੋਇ ਨ ਮੇਟੈ ਧੁਰਿ ਫੁਰਮਾਇਆ ॥
ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ ॥੧੫॥ ਅਪਣੀ ਨਦਰਿ ਕਰੇ ਸੋ ਪਾਏ ॥
ਸਚੈ ਸਬਦਿ ਤਾੜੀ ਚਿਤੁ ਲਾਏ ॥ ਨਾਨਕ ਦਾਸੁ ਕਹੈ ਬੇਨੰਤੀ ਭੀਖਿਆ ਨਾਮੁ ਦਰਿ ਪਾਈ ਹੇ ॥੧੬॥੧॥}

(ਅੰਗ ੧੦੪੩-੧੦੪੪)

55/7783

ਮਾਰੂ ਸੋਲਹੇ ੩ ॥

{ਆਪੇ ਕਰਤਾ ਸਭੁ ਜਿਸੁ ਕਰਣਾ ॥ ਜੀਅ ਜੰਤ ਸਭਿ ਤੇਰੀ ਸਰਣਾ ॥
ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ ॥੧॥ ਹਰਿ ਕੇ ਭਗਤਿ ਭਰੇ ਭੰਡਾਰਾ ॥
ਆਪੇ ਬਖਸੇ ਸਬਦਿ ਵੀਚਾਰਾ ॥ ਜੋ ਤੁਧੁ ਭਾਵੈ ਸੋਈ ਕਰਸਹਿ ਸਚੇ ਸਿਉ ਮਨੁ ਰਾਤਾ ਹੇ ॥੨॥
ਆਪੇ ਹੀਰਾ ਰਤਨੁ ਅਮੋਲੋ ॥ ਆਪੇ ਨਦਰੀ ਤੋਲੇ ਤੋਲੋ ॥
ਜੀਅ ਜੰਤ ਸਭਿ ਸਰਣਿ ਤੁਮਾਰੀ ਕਰਿ ਕਿਰਪਾ ਆਪਿ ਪਛਾਤਾ ਹੇ ॥੩॥ ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥
ਮਰੈ ਨ ਜੰਮੈ ਚੂਕੈ ਫੇਰੀ ॥ ਸਾਚੇ ਗੁਣ ਗਾਵੈ ਦਿਨੁ ਰਾਤੀ ਜੁਗਿ ਜੁਗਿ ਏਕੋ ਜਾਤਾ ਹੇ ॥੪॥
ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥ ਪਾਪ ਪੁੰਨ ਵਰਤੈ ਸੰਸਾਰਾ ॥
ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥ ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥
ਕਿਰਤੁ ਨ ਕੋਈ ਮੇਟਣਹਾਰਾ ॥ ਗੁਰ ਕੈ ਸਬਦੇ ਮੋਖ ਦੁਆਰਾ ॥
ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ ॥੭॥
ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥

ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ ॥੮॥ ਹਰਿ ਕੈ ਭਾਣੈ ਹਰਿ ਗੁਣ ਗਾਏ ॥
ਸਭਿ ਕਿਲਬਿਖ ਕਾਟੇ ਦੂਖ ਸਬਾਏ ॥ ਹਰਿ ਨਿਰਮਲੁ ਨਿਰਮਲ ਹੈ ਬਾਣੀ ਹਰਿ ਸੇਤੀ ਮਨੁ ਰਾਤਾ ਹੇ ॥੯॥
ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ ॥ ਹਉਮੈ ਮੇਰਾ ਠਾਕਿ ਰਹਾਏ ॥
ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ ॥੧੦॥ ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥
ਆਪੇ ਮੇਲੈ ਗੁਰ ਸਬਦਿ ਵੀਚਾਰਾ ॥ ਆਪੇ ਬਖਸੇ ਸਚੁ ਦ੍ਰਿੜਾਏ ਮਨੁ ਤਨੁ ਸਾਚੈ ਰਾਤਾ ਹੇ ॥੧੧॥
ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ ਗੁਰਮਤਿ ਬੂਝੈ ਕਰਿ ਵੀਚਾਰਾ ॥
ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥੧੨॥ ਗੜ ਕਾਇਆ ਅੰਦਰਿ ਬਹੁ ਹਟ ਬਾਜਾਰਾ॥
ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥ ਗੁਰ ਕੈ ਸਬਦਿ ਸਦਾ ਦਰਿ ਸੋਹੈ ਹਉਮੈ ਮਾਰਿ ਪਛਾਤਾ ਹੇ ॥੧੩॥
ਰਤਨੁ ਅਮੋਲਕੁ ਅਗਮ ਅਪਾਰਾ ॥ ਕੀਮਤਿ ਕਵਣੁ ਕਰੇ ਵੇਚਾਰਾ ॥
ਗੁਰ ਕੈ ਸਬਦੇ ਤੋਲਿ ਤੋਲਾਏ ਅੰਤਰਿ ਸਬਦਿ ਪਛਾਤਾ ਹੇ ॥੧੪॥ ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥
ਮਾਇਆ ਮੋਹੁ ਪਸਰਿਆ ਪਾਸਾਰਾ ॥ ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥੧੫॥
ਆਪੇ ਕਰਤਾ ਕਰੇ ਕਰਾਏ ॥ ਸਚੀ ਬਾਣੀ ਸਚੁ ਦ੍ਰਿੜਾਏ ॥
ਨਾਨਕ ਨਾਮੁ ਮਿਲੈ ਵਡਿਆਈ ਜੁਗਿ ਜੁਗਿ ਏਕੋ ਜਾਤਾ ਹੇ ॥੧੬॥੯॥}

(ਅੰਗ ੧੦੫੨-੧੦੫੩)

ਮਾਰੂ ਮਹਲਾ ੩ ॥

{ਸਤਿਗੁਰੁ ਸੇਵਨਿ ਸੇ ਵਡਭਾਗੀ ॥ ਅਨਦਿਨੁ ਸਾਚਿ ਨਾਮਿ ਲਿਵ ਲਾਗੀ ॥
ਸਦਾ ਸੁਖਦਾਤਾ ਰਵਿਆ ਘਟ ਅੰਤਰਿ ਸਬਦਿ ਸਚੈ ਓਮਾਹਾ ਹੇ ॥੧॥ ਨਦਰਿ ਕਰੇ ਤਾ ਗੁਰੂ ਮਿਲਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਹਰਿ ਮਨਿ ਵਸਿਆ ਸਦਾ ਸੁਖਦਾਤਾ ਸਬਦੇ ਮਨਿ ਓਮਾਹਾ ਹੇ ॥੨॥
ਕ੍ਰਿਪਾ ਕਰੇ ਤਾ ਮੇਲਿ ਮਿਲਾਏ ॥ ਹਉਮੈ ਮਮਤਾ ਸਬਦਿ ਜਲਾਏ ॥
ਸਦਾ ਮੁਕਤੁ ਰਹੈ ਇਕ ਰੰਗੀ ਨਾਹੀ ਕਿਸੈ ਨਾਲਿ ਕਾਹਾ ਹੇ ॥੩॥ ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ ॥
ਬਿਨੁ ਸਬਦੈ ਕੋਇ ਨ ਪਾਵੈ ਪਾਰਾ ॥ ਜੋ ਸਬਦਿ ਰਾਤੇ ਮਹਾ ਬੈਰਾਗੀ ਸੋ ਸਚੁ ਸਬਦੇ ਲਾਹਾ ਹੇ ॥੪॥
ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ ॥ ਦੂਜਾ ਭਾਉ ਆਪਿ ਵਰਤਾਇਆ ॥
ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ ਮਨਮੁਖ ਕਾ ਕਿਆ ਵੇਸਾਹਾ ਹੇ ॥੫॥ ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥
ਗੁਰ ਕੇ ਭੈ ਕੀ ਸਾਰ ਨ ਜਾਣਹਿ ॥ ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ ॥੬॥
ਅਫਰਿਓ ਜਮੁ ਮਾਰਿਆ ਨ ਜਾਈ ॥ ਗੁਰ ਕੈ ਸਬਦੇ ਨੇੜਿ ਨ ਆਈ ॥
ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥ ਹਰਿ ਜੀਉ ਕੀ ਹੈ ਸਭ ਸਿਰਕਾਰਾ ॥
ਏਹੁ ਜਮੁ ਕਿਆ ਕਰੇ ਵਿਚਾਰਾ ॥ ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ ॥੮॥
ਗੁਰਮੁਖਿ ਸਾਚੈ ਕੀਆ ਅਕਾਰਾ ॥ ਗੁਰਮੁਖਿ ਪਸਰਿਆ ਸਭੁ ਪਾਸਾਰਾ ॥
ਗੁਰਮੁਖਿ ਹੋਵੈ ਸੋ ਸਚੁ ਬੂਝੈ ਸਬਦਿ ਸਚੈ ਸੁਖੁ ਤਾਹਾ ਹੇ ॥੯॥ ਗੁਰਮੁਖਿ ਜਾਤਾ ਕਰਮਿ ਬਿਧਾਤਾ ॥
ਜੁਗ ਚਾਰੇ ਗੁਰ ਸਬਦਿ ਪਛਾਤਾ ॥ ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ ॥੧੦॥
ਗੁਰਮੁਖਿ ਨਾਮਿ ਸਬਦਿ ਸਾਲਾਹੇ ॥ ਅਗਮ ਅਗੋਚਰ ਵੇਪਰਵਾਹੇ ॥

ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ ॥੧੧॥ ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥
ਗੁਰਮੁਖਿ ਹਿਰਦੈ ਨਾਮੁ ਵਸਾਏ ॥ ਗੁਰਮੁਖਿ ਹੋਵੈ ਸੋ ਨਾਮੁ ਬੂਝੈ ਕਾਟੇ ਦੁਰਮਤਿ ਫਾਹਾ ਹੇ ॥੧੨॥
ਗੁਰਮੁਖਿ ਉਪਜੈ ਸਾਚਿ ਸਮਾਵੈ ॥ ਨਾ ਮਰਿ ਜੰਮੈ ਨ ਜੂਨੀ ਪਾਵੈ ॥
ਗੁਰਮੁਖਿ ਸਦਾ ਰਹਹਿ ਰੰਗਿ ਰਾਤੇ ਅਨਦਿਨੁ ਲੈਦੇ ਲਾਹਾ ਹੇ ॥੧੩॥ ਗੁਰਮੁਖਿ ਭਗਤ ਸੋਹਹਿ ਦਰਬਾਰੇ ॥
ਸਚੀ ਬਾਣੀ ਸਬਦਿ ਸਵਾਰੇ ॥ ਅਨਦਿਨੁ ਗੁਣ ਗਾਵੈ ਦਿਨੁ ਰਾਤੀ ਸਹਜ ਸੇਤੀ ਘਰਿ ਜਾਹਾ ਹੇ ॥੧੪॥
ਸਤਿਗੁਰੁ ਪੂਰਾ ਸਬਦੁ ਸੁਣਾਏ ॥ ਅਨਦਿਨੁ ਭਗਤਿ ਕਰਹੁ ਲਿਵ ਲਾਏ ॥
ਹਰਿ ਗੁਣ ਗਾਵਹਿ ਸਦ ਹੀ ਨਿਰਮਲ ਨਿਰਮਲ ਗੁਣ ਪਾਤਿਸਾਹਾ ਹੇ ॥੧੫॥ ਗੁਣ ਕਾ ਦਾਤਾ ਸਚਾ ਸੋਈ ॥
ਗੁਰਮੁਖਿ ਵਿਰਲਾ ਬੂਝੈ ਕੋਈ ॥ ਨਾਨਕ ਜਨੁ ਨਾਮੁ ਸਲਾਹੇ ਬਿਗਸੈ ਸੋ ਨਾਮੁ ਬੇਪਰਵਾਹਾ ਹੇ ॥੧੬॥੨॥੧੧॥}

(ਅੰਗ ੧੦੫੪-੧੦੫੫)

ਪਉੜੀ ॥

{ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥ ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥
ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ॥ ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥
ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥
ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥੧੩॥}

(ਅੰਗ ੧੦੯੮-੧੦੯੯)

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥
ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥੧॥ ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥
ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥੧॥ ਰਹਾਉ ॥
ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥
ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥
ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥੩॥
ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥
ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥੪॥੧॥}

(ਅੰਗ ੧੨੬੬)

ਪ੍ਰਭਾਤੀ ਮਹਲਾ ੧ ॥

{ਆਖਣਾ ਸੁਨਣਾ ਨਾਮੁ ਅਧਾਰੁ ॥ ਧੰਧਾ ਛੁਟਕਿ ਗਇਆ ਵੇਕਾਰੁ ॥ ਜਿਉ ਮਨਮੁਖਿ ਦੂਜੈ ਪਤਿ ਖੋਈ ॥
ਬਿਨੁ ਨਾਵੈ ਮੈ ਅਵਰੁ ਨ ਕੋਈ ॥੧॥ ਸੁਣਿ ਮਨ ਅੰਧੇ ਮੂਰਖ ਗਵਾਰ ॥

ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ ॥੧॥ ਰਹਾਉ ॥
ਇਸੁ ਮਨ ਮਾਣਿਆ ਮੋਹਿ ਬਿਨਾਸੁ ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥
ਗੁਰਮੁਖਿ ਵਿਰਲਾ ਚੀਨੈ ਕੋਈ ॥ ਨਾਮ ਬਿਹੂਨਾ ਮੁਕਤਿ ਨ ਹੋਈ ॥੨॥
ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ॥ ਬਿਨੁ ਗੁਰ ਬੂਝੇ ਜਮ ਕੀ ਫਾਸੀ ॥
ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ ॥ ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥੩॥
ਆਪੇ ਸਦੇ ਢਿਲ ਨ ਹੋਇ ॥ ਸਬਦਿ ਮਰੈ ਸਹਿਲਾ ਜੀਵੈ ਸੋਇ ॥ ਬਿਨੁ ਗੁਰ ਸੋਝੀ ਕਿਸੈ ਨ ਹੋਇ ॥
ਆਪੇ ਕਰੈ ਕਰਾਵੈ ਸੋਇ ॥੪॥ ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ ਸਹਜਿ ਸਮਾਵੈ ॥
ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥੫॥
ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥ ਗੁਰਮੁਖਿ ਕੋਈ ਸਚੁ ਕਮਾਵੈ ॥
ਆਵਣੁ ਜਾਣਾ ਠਾਕਿ ਰਹਾਵੈ ॥੬॥ ਭਉ ਖਾਣਾ ਪੀਣਾ ਸੁਖੁ ਸਾਰੁ ॥ ਹਰਿ ਜਨ ਸੰਗਤਿ ਪਾਵੈ ਪਾਰੁ ॥
ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥
ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥
ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥}

(ਅੰਗ ੧੩੪੪-੧੩੪੫)

ਸਲੋਕ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

{ਵਡਭਾਗੀਆ ਸੋਹਾਗਣੀ ਜਿਨ੍ਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥੧॥
ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥ ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ॥
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥
ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥ ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥
ਵਡਭਾਗੀ ਹਰਿ ਪਾਇਆ ਪੂਰਨ ਪਰਮਾਨੰਦੁ ॥ ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥੩॥
ਮੂੰ ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ ॥ ਹਉ ਢੂਢੇਦੀ ਤਿਨ ਸਜਣ ਸਚਿ ਸਵਾਰਿਆ ॥
ਸਤਿਗੁਰੁ ਮੈਡਾ ਮਿਤੁ ਹੈ ਜੇ ਮਿਲੈ ਤ ਇਹੁ ਮਨੁ ਵਾਰਿਆ ॥ ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ॥
ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ ॥੪॥
ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥ ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥
ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ ॥

ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ ॥੫॥
ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥
ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥
ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ ॥ ਸਤਿਗੁਰ ਕਾ ਦਰਸਨੁ ਸਫਲੁ ਹੈ ਜੋ ਇਛੈ ਸੋ ਫਲੁ ਪਾਇ॥
ਜਿਨੀ ਸਤਿਗੁਰੁ ਮੰਨਿਆਂ ਹਉ ਤਿਨ ਕੇ ਲਾਗਉ ਪਾਇ ॥
ਨਾਨਕੁ ਤਾ ਕਾ ਦਾਸੁ ਹੈ ਜਿ ਅਨਦਿਨੁ ਰਹੈ ਲਿਵ ਲਾਇ ॥੬॥
ਜਿਨਾ ਪਿਰੀ ਪਿਆਰੁ ਬਿਨੁ ਦਰਸਨ ਕਿਉ ਤ੍ਰਿਪਤੀਐ ॥
ਨਾਨਕ ਮਿਲੇ ਸੁਭਾਇ ਗੁਰਮੁਖਿ ਇਹੁ ਮਨੁ ਰਹਸੀਐ ॥੭॥ ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ॥
ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ ॥੮॥
ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥ ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਾਇਆ ॥੯॥
ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥ ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ॥੧੦॥
ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥ ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥
ਜਿਨ੍ਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਿ ਪਿਰੀ ਵਿਹੂਣਿਆ ॥ ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ॥੧੨॥
ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥
ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ ॥੧੩॥ ਗੁਰਮੁਖਿ ਹਸੈ ਗੁਰਮੁਖਿ ਰੋਵੈ ॥
ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ ॥ ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥ ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥
ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥੧੫॥
ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥ ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥
ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥
ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥੧੬॥
ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥ ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥
ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥ ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥
ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥
ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥ ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥
ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥
ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥
ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥੧੮॥
ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥

ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ ॥
ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥
ਨਾਨਕ ਪਰਪੰਚੁ ਕੀਆ ਧੁਰਿ ਕਰਤੈ ਪੂਰਬਿ ਲਿਖਿਆ ਕਮਾਏ ॥੧੯॥
ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ ਅਨਦਿਨੁ ਸੇਵਾ ਕਰਤ ਸਮਾਇ ॥
ਅੰਤਰਿ ਸਤਿਗੁਰੁ ਗੁਰੂ ਸਭ ਪੂਜੇ ਸਤਿਗੁਰ ਕਾ ਦਰਸੁ ਦੇਖੈ ਸਭ ਆਇ ॥
ਮੰਨੀਐ ਸਤਿਗੁਰ ਪਰਮ ਬੀਚਾਰੀ ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ ॥
ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥
ਨਾਨਕ ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ ॥੨੦॥
ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥ ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ ॥੨੧॥
ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਉ ਚਿਤੁ ਲਾਇ ॥
ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ ਨਿਰਦੋਖ ਭਏ ਲਿਵ ਲਾਇ ॥
ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ ॥
ਨਾਨਕ ਗੁਰ ਪੂਰੇ ਤੇ ਪਾਇਆ ਸਹਜਿ ਮਿਲਿਆ ਪ੍ਰਭੁ ਆਇ ॥੨੨॥
ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥
ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥
ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥੨੩॥
ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥
ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥
ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥ ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ॥
ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥
ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥ ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥
ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥
ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥੨੬॥
ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥
ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ ॥
ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥
ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥
ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥੨੭॥
ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥
ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥
ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥
ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥ ਗੁਰਮਤੀ ਹਰਿ ਹਰਿ ਬੋਲੇ ॥
ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥
ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥
ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ ॥
ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥}

(ਅੰਗ ੧੪੨੧-੧੪੨੪)

{ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥
ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ ॥
ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥
ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥
ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥੨੭॥}

(ਅੰਗ ੧੪੨੪)

{ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਵਾਤਾ ਸਾਈ ॥
ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥੧॥
ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥ ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥੨॥
ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ॥ ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥੩॥
ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ ॥
ਬਾਮਣੁ ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ ॥੪॥ ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥੫॥
ਜੋ ਪ੍ਰਭਿ ਰਖੇ ਆਪਿ ਤਿਨ ਕੋਇ ਨ ਮਾਰਣੀ ॥ ਅੰਦਰਿ ਨਾਮੁ ਨਿਧਾਨੁ ਸਦਾ ਗੁਣ ਸਾਰਣੀ ॥
ਏਕਾ ਟੇਕ ਅਗੰਮ ਮਨਿ ਤਨਿ ਪ੍ਰਭੁ ਧਾਰਣੀ ॥ ਲਗਾ ਰੰਗੁ ਅਪਾਰੁ ਕੋ ਨ ਉਤਾਰਣੀ ॥
ਗੁਰਮੁਖਿ ਹਰਿ ਗੁਣ ਗਾਇ ਸਹਜਿ ਸੁਖੁ ਸਾਰਣੀ ॥ ਨਾਨਕ ਨਾਮੁ ਨਿਧਾਨੁ ਰਿਦੈ ਉਰਿ ਹਾਰਣੀ ॥੬॥
ਕਰੇ ਸੁ ਚੰਗਾ ਮਾਨਿ ਦੁਯੀ ਗਣਤ ਲਾਹਿ ॥ ਅਪਣੀ ਨਦਰਿ ਨਿਹਾਲਿ ਆਪੇ ਲੈਹੁ ਲਾਇ ॥
ਜਨ ਦੇਹੁ ਮਤੀ ਉਪਦੇਸੁ ਵਿਚਹੁ ਭਰਮੁ ਜਾਇ ॥ ਜੋ ਧੁਰਿ ਲਿਖਿਆ ਲੇਖੁ ਸੋਈ ਸਭ ਕਮਾਇ ॥
ਸਭੁ ਕਛੁ ਤਿਸ ਦੈ ਵਸਿ ਦੂਜੀ ਨਾਹਿ ਜਾਇ ॥ ਨਾਨਕ ਸੁਖ ਅਨਦ ਭਏ ਪ੍ਰਭ ਕੀ ਮੰਨਿ ਰਜਾਇ ॥੭॥
ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥ ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥੮॥}

(ਅੰਗ ੧੪੨੫)

55/7784

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥}

(ਅੰਗ ੯੧੭)

{ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥

ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ ੯੧੭)

ਉਪਰ ਵਾਲੇ ਜਿਆਦਾ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਜਿਨ੍ਹਾਂ ਨੂੰ ਧਿਆਨ ਨਾਲ ਪੜਨ ਤੇ ਸਮਝਣ ਤੋ ਬਾਅਦ ਇਹ ਭਰਮ ਮਿੱਟ ਜਾਂਦਾ ਹੈ ਕਿ **"ਧੁਰਿ"** ਕਿੱਥੇ ਹੈ ਤੇ ਧੁਰਿ ਤੋਂ ਭਾਵ ਅਕਾਲ ਪੁਰਖ ਦੀ ਦਰਗਾਹ ਤੋਂ, ਅੱਲ੍ਹਾ ਦੀ ਦਰਗਾਹ ਤੋਂ, ਪ੍ਰਮਾਤਮਾ ਦੇ ਦਰ ਤੋਂ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਘਰ ਵਿੱਚੋਂ ਪ੍ਰਾਪਤੀ ਕਿਸ ਚੀਜ ਦੀ ਹੁੰਦੀ ਹੈ, ਕਿਸ ਰੂਪ ਵਿੱਚ ਹੁੰਦੀ ਹੇ ਤੇ ਕਿਸ ਮਕਸਦ ਲਈ ਹੁੰਦੀ ਹੈ। ਜਿਸਦੇ ਦਰ ਤੋਂ ਪੂਰੀ ਗੁਰਬਾਣੀ ਆਈ ਹੈ ਉਸੇ ਦੇ ਦਰ ਤੋਂ ਹੀ ਭਾਵ ਉਸੇ ਦੀ ਦਰਗਾਹ ਤੋਂ ਹੀ ਸਾਰੀ ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਅਰਥ ਇਸ ਪੁਸਤਕ ਰਾਹੀਂ ਤੁਹਾਡੇ ਕੋਲ ਆ ਰਹੇ ਹਨ ਕਿਉਂਕਿ ਜੋ ਗੁਰਬਾਣੀ ਦਾ ਰਚਨਹਾਰ ਹੈ ਉਹੀ ਆਪਣੀ ਗੁਰਬਾਣੀ ਦੇ ਅੰਦਰ ਦੇ ਸ਼ਬਦਾਂ ਦੇ ਚੌਥੇ ਪਦ ਦੇ ਗਿਆਨ ਵਾਲੇ ਅਰਥਾਂ ਦਾ ਜਾਨਣਹਾਰ ਹੈ ਜਿਸਦੀ ਦਰਗਾਹ ਹਰ ਮਨੁੱਖੀ ਸਮਝ ਦੇ ਅੰਦਰ ਚੌਥੇ ਪਦ ਵਾਲੇ ਗਿਆਨ ਦੇ ਰੂਪ ਵਿੱਚ ਹੀ ਹੈ, ਸਹਜ ਗਿਆਨ ਦੇ ਰੂਪ ਵਿੱਚ ਹੀ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੀ ਹੈ, ਆਪਣੇ ਨਾਮ ਦੇ ਰੂਪ ਵਿੱਚ ਹੀ ਹੈ ਤੇ ਜਦ ਤੱਕ ਉਹ ਆਪਣਾ ਆਪ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਨਹੀਂ ਕਰਦਾ ਤਦ ਤੱਕ ਕੋਈ ਨਹੀਂ ਸਮਝ ਸਕਦਾ ਕਿ ਉਸਦਾ ਸੱਚਾ ਦਰ ਸਾਡੇ ਅੰਦਰ ਹੀ ਹੈ ਜੋ ਕਿ ਉਸਦਾ ਸੱਚਖੰਡ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ। ਉਸਦੇ ਸੱਚੇ ਦਰ ਨੂੰ, ਸੱਚਖੰਡ ਨੂੰ ਆਪਣੇ ਅੰਦਰੋਂ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਹੀ ਜਾਣਿਆ ਹੈ ਤੇ ਇਸ ਇੱਕ ਨਿਮਾਣੇ ਜਿਹੇ ਦਾਸ ਨੇ ਜਾਣਿਆ ਹੈ ਜੋ ਆਪਣਾ ਦਰ ਸ੍ਰਿਸ਼ਟੀ ਦੇ ਕਰਤੇ ਨੇ ਇਸ ਦਾਸ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਦਿਖਾਇਆ ਹੈ ਤੇ ਆਪਣੀ ਰਚੀ ਹੋਈ ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਅਰਥ ਸਮਝਾਉਣ ਲਈ ਤੇ ਪੂਰੇ ਸੰਸਾਰ ਤੱਕ ਪਹੁੰਚਾਉਣ ਲਈ ਦਿਖਾਇਆ ਹੈ।

ਜਿਸ ਜਿਸ ਮਨੁੱਖੀ ਸਰੀਰ ਦੇ ਅੰਦਰ ਉਸਨੇ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣਾ ਦਰ ਦਿਖਾਇਆ ਹੈ ਉਨ੍ਹਾਂ ਨੇ ਹੀ ਗੁਰਬਾਣੀ ਦੇ ਅੰਦਰ ਦੇ ਸ਼ਬਦਾਂ ਦੀ ਵੇਲ ਨੂੰ ਅੱਗੇ ਵਧਾਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੀ ਹੈ ਕਿਉਂਕਿ ਉਸਦੇ ਦਰ ਤੋਂ ਉਸਦੇ ਸ਼ਬਦ ਹੀ ਮਿਲਦੇ ਹਨ ਜੋ ਉਸਦੇ ਸ਼ਬਦ ਪੂਰੇ ਗੁਰਬਾਣੀ ਗ੍ਰੰਥ ਵਿੱਚ ਦਰਜ ਹਨ। ਇਹੀ ਗੱਲ ਸਾਨੂੰ ਪੰਜਵੀਂ ਪਾਤਸ਼ਾਹੀ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾ ਰਹੇ ਹਨ। ਆਉ ਸਮਝੀਏ।

"ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥"

55/7785

ਉਪਰ ਵਾਲੀ ਪਹਿਲੀ ਪੰਗਤੀ ਵਿੱਚ **"ਵਧੀ ਵੇਲਿ"** ਦੀ ਗੱਲ ਕੀਤੀ ਹੋਈ ਹੈ ਭਾਵ ਵੇਲ ਨੂੰ ਹੋਰ ਵਧਾਉਣ ਦੀ ਗੱਲ ਕੀਤੀ ਹੋਈ ਹੈ। ਇਹ ਗੁਰਮਤਿ ਰੂਪ ਸੱਚੀ ਸਿੱਖਿਆ ਦੀ ਵੇਲ ਹੈ ਜੋ ਕਿ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਗੁਰਬਾਣੀ ਗ੍ਰੰਥ ਦੇ ਅਠੱਤਰ ਅੰਗ ਤੇ ਦਿੱਤੇ ਹੋਏ ਸ਼ਬਦ ਦੁਆਰਾ ਸਮਝਿਆ ਹੀ ਹੈ। ਇਹ ਵੇਲ ਭਗਤਾਂ ਦੀ ਬਾਣੀ ਤੋਂ ਲੈ ਕੇ ਅੱਗੇ ਤੱਕ ਵੱਧਦੀ ਹੀ ਆਈ ਹੈ ਤੇ ਪਹਿਲੀ ਪਾਤਸ਼ਾਹੀ ਦੇ ਸ਼ਬਦਾਂ ਤੋਂ ਲੈ ਕੇ ਚੌਥੀ ਪਾਤਸ਼ਾਹੀ ਦੇ ਸ਼ਬਦਾਂ ਦੇ ਰੂਪ ਵਿੱਚ ਹੋਰ ਅੱਗੇ ਵੱਧੀ ਹੈ। ਉਪਰ ਵਾਲੀ ਪੰਗਤੀ ਵਿੱਚ ਪੰਜਵੀਂ ਪਾਤਸ਼ਾਹੀ ਦੇ ਸ਼ਬਦਾਂ ਦੁਆਰਾ ਇਹ ਸੱਚ ਰੂਪ ਵੇਲ ਦੇ ਅੱਗੇ ਵੱਧਣ ਦੀ ਗੱਲ ਕੀਤੀ ਹੋਈ ਹੈ। ਪੰਜਵੀਂ ਪਾਤਸ਼ਾਹੀ ਨੇ ਗੁਰਬਾਣੀ ਵਿੱਚ ਬਹੁਤ ਸ਼ਬਦ ਉਚਾਰੇ ਹਨ ਭਾਵ ਸੱਚੇ ਗਿਆਨ ਦੀ ਵੇਲ ਨੂੰ, ਗੁਰਮਤਿ ਦੀ ਸੱਚੀ ਸਿੱਖਿਆ ਦੀ ਵੇਲ ਨੂੰ ਕਾਫੀ ਅੱਗੇ ਵਧਾਇਆ ਹੈ। ਪੰਜਵੀਂ ਪਾਤਸ਼ਾਹੀ ਤੋਂ ਬਾਅਦ ਉਨ੍ਹਾਂ ਦੀ ਪੀੜੀ ਭਾਵ ਉਨ੍ਹਾਂ ਦਾ ਕੁਲਿ ਹੋਰ ਵੀ ਅੱਗੇ ਚੱਲਿਆ ਹੈ, ਦਸਵੀਂ ਪਾਤਸ਼ਾਹੀ ਤੱਕ ਚੱਲਿਆ ਹੈ ਜਿਨ੍ਹਾਂ ਸਭ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਸੱਚਾ ਗੁਰੂ ਰੂਪ ਬਣਾਇਆ ਹੈ, ਆਪਣਾ ਸੱਚਾ ਭਗਤ ਰੂਪ ਬਣਾਇਆ ਹੈ, ਸਭ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਬਣਾਇਆ ਹੈ। ਜਿਸਦੇ ਅੰਦਰ ਵੀ ਸ੍ਰਿਸ਼ਟੀ ਦਾ ਕਰਤਾ ਆਪਣਾ ਸੱਚ ਰੂਪ ਪ੍ਰਗਟ ਕਰ ਦਿੰਦਾ ਹੈ ਉਸਨੂੰ ਮਨ ਦੇ ਅੰਦਰ ਹੀ ਧਰਮ ਦੇ ਮਾਰਗ ਦੀ ਸੱਚੀ ਸਮਝ ਪਾ ਦਿੰਦਾ ਹੈ, ਹਰ ਸ਼ਬਦ ਦੇ ਅੰਦਰ ਦਾ ਸੱਚ ਆਪ ਹੀ ਸਮਝਾ ਦਿੰਦਾ ਹੈ। ਪੰਜਵੀਂ ਪਾਤਸ਼ਾਹੀ ਤੋਂ ਬਾਅਦ

ਛੇਵੀਂ, ਸਤਵੀਂ, ਅਠਵੀਂ ਪਾਤਸ਼ਾਹੀ ਨੇ ਭਾਵੇਂ ਗੁਰਬਾਣੀ ਗ੍ਰੰਥ ਵਿੱਚ ਪਾਉਣ ਲਈ ਮੁੱਖੋਂ ਸ਼ਬਦ ਨਹੀਂ ਉਚਾਰੇ ਪਰ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਸੱਚੇ ਧਰਮ ਦੇ ਮਾਰਗ ਤੇ ਅਮਲ ਕਰਕੇ ਸੱਚ ਦੀ ਵੇਲ ਨੂੰ ਅੱਗੇ ਵਧਾਇਆ ਹੈ। ਨੌਵੀਂ ਪਾਤਸ਼ਾਹੀ ਦੇ ਮੁੱਖੋਂ ਜੋ ਸ਼ਬਦ ਅਕਾਲ ਪੁਰਖ ਦੀ ਰਜਾ ਦੁਆਰਾ ਉਚਾਰੇ ਗਏ ਹਨ ਉਹ ਸ਼ਬਦ ਗੁਰਬਾਣੀ ਗ੍ਰੰਥ ਵਿੱਚ ਦਰਜ ਹਨ ਜਿਨ੍ਹਾਂ ਸ਼ਬਦਾਂ ਦੁਆਰਾ ਉਨ੍ਹਾਂ ਨੇ ਗੁਰਮਤਿ ਦੀ ਸੱਚੀ ਸਿੱਖਿਆ ਰੂਪ ਵੇਲ ਨੂੰ ਹੋਰ ਅੱਗੇ ਵਧਾਇਆ ਹੈ ਭਾਵ ਆਖੀਰ ਤੱਕ ਪਹੁੰਚਾਇਆ ਹੈ। ਦਸਵੇਂ ਪਿਤਾ ਨੇ ਸੱਚ ਦੇ ਮਾਰਗ ਤੇ ਭਾਵ ਸੱਚ ਦੇ ਮਾਰਗ ਤੇ ਚੱਲਣ ਨਾਲ ਗੁਰਬਾਣੀ ਰੂਪ ਵੇਲ ਦੀ ਕਿਤਨੀ ਕੁ ਮਹਾਨਤਾ ਕਰਕੇ ਦਿਖਾਈ ਹੈ ਭਾਵ ਸੱਚ ਰੂਪ ਵੇਲ ਨੂੰ ਕਿਤਨਾ ਕੁ ਉੱਚਾ ਕਰਕੇ ਦਿਖਾਇਆ ਹੈ ਇਹ ਗੱਲ ਸਾਰੇ ਸੰਸਾਰ ਨੂੰ ਜਾਹਿਰ ਹੈ ਜਿਸਦਾ ਕਿ ਇਤਿਹਾਸ ਸਦੀਆਂ ਤੋਂ ਗਵਾਹ ਹੈ। ਉਨ੍ਹਾਂ ਨੇ ਸੱਚੇ ਧਰਮ ਦੇ ਮਾਰਗ ਨੂੰ ਉੱਚਾ ਕਰਨ ਲਈ ਆਪਣੇ ਆਪ ਸਮੇਤ ਸਾਰਾ ਸਰਬੰਸ ਵੀ ਵਾਰ ਛੱਡਿਆ ਹੈ। ਉਨ੍ਹਾਂ ਨੇ ਭਾਵੇਂ ਆਪਣੇ ਜੀਵਨ ਵਿੱਚ ਸ਼ਬਦ ਵੀ ਉਚਾਰੇ ਹਨ ਪਰ ਉਨ੍ਹਾਂ ਸ਼ਬਦਾਂ ਨੂੰ ਉਨ੍ਹਾਂ ਨੇ ਗੁਰਬਾਣੀ ਗ੍ਰੰਥ ਵਿੱਚ ਦਰਜ ਨਹੀਂ ਕੀਤਾ ਜੋ ਕਿ ਕਿਸੇ ਖਾਸ ਮਕਸਦ ਲਈ ਹੀ ਨਹੀਂ ਕੀਤਾ ਤਾਂ ਜੋ ਕੋਈ ਹੋਰ ਉਸ ਸੱਚ ਰੂਪ ਵੇਲ ਨੂੰ ਹੋਰ ਅੱਗੇ ਵਧਾਉਣ ਦੀ ਹਿੰਮਤ ਨਾ ਕਰੇ ਭਾਵ ਉਨ੍ਹਾਂ ਨੇ ਨੌਵੀਂ ਪਾਤਸ਼ਾਹੀ ਦੇ ਮੁੱਖੋਂ ਅਕਾਲ ਪੁਰਖ ਦੇ ਉਚਾਰੇ ਹੋਏ ਸ਼ਬਦਾਂ ਨੂੰ ਗੁਰਬਾਣੀ ਗ੍ਰੰਥ ਦੇ ਵਿੱਚ ਦਰਜ ਕਰਵਾ ਕੇ ਹੀ ਪੂਰੇ ਗੁਰਬਾਣੀ ਗ੍ਰੰਥ ਦੀ ਸੰਪੂਰਨਤਾ ਕਰ ਦਿੱਤੀ ਹੈ ਤਾਂ ਜੋ ਸੱਚੇ ਗੁਰਬਾਣੀ ਗ੍ਰੰਥ ਦੇ ਵਿੱਚ ਕਿਸੇ ਹੋਰ ਮਨੁੱਖ ਦੁਆਰਾ ਉਚਾਰੇ ਹੋਏ ਆਪਣੇ ਸ਼ਬਦ ਸੱਚ ਰੂਪ ਗੁਰਬਾਣੀ ਗ੍ਰੰਥ ਦੇ ਵਿੱਚ ਨਾ ਪਾਏ ਜਾਣ ਕਿਉਂਕਿ ਉਹ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਭਾਵ ਗਾਡ ਦੀ, ਪ੍ਰਮਾਤਮਾ ਦੀ, ਅੱਲ੍ਹਾ ਦੀ, ਅਕਾਲ ਪੁਰਖ ਦੀ ਸੱਚੀ ਸਮਝ ਦੇ ਨਾਲ ਜੁੜੇ ਹੋਏ ਸਨ ਤਾਂ ਜੋ ਕੋਈ ਹੋਰ ਆਪਣੇ ਆਪ ਨੂੰ ਗੁਰਮਤਿ ਦੀ ਸੱਚੀ ਸਮਝ ਵਾਲਾ ਉੱਚਾ ਸਾਬਿਤ ਨਾ ਕਰ ਸਕੇ। ਗੁਰਬਾਣੀ ਗ੍ਰੰਥ ਦੇ ਵਿੱਚ ਸਭ ਤੋਂ ਆਖੀਰ ਵਿੱਚ ਭਾਵ

55/7786

ਪੰਜਵੀਂ ਪਾਤਸ਼ਾਹੀ ਦੇ ਸਲੋਕ ਤੋਂ ਬਾਅਦ ਗੁਰਬਾਣੀ ਅੰਗ ਚੋਦਾਂ ਸੋ ਉਨੱਤੀ (1429) ਤੋਂ ਰਾਗ ਮਾਲਾ ਸ਼ੁਰੂ ਹੋ ਕੇ ਅੰਗ ਚੋਦਾਂ ਸੋ ਤੀਹ (1430) ਤੱਕ ਜਾਂਦੀ ਹੈ ਜਦਕਿ ਰਾਗ ਮਾਲਾ ਗੁਰਬਾਣੀ ਗ੍ਰੰਥ ਦਾ ਅੰਗ ਨਹੀਂ ਹੈ। ਗੁਰਬਾਣੀ ਅੰਗ ਚੋਦਾਂ ਸੋ ਉਨੱਤੀ (1429) ਪੰਜਵੀਂ ਪਾਤਸ਼ਾਹੀ ਦੇ ਆਖਰੀ ਸਲੋਕ ਤੱਕ ਹੀ ਹੈ। ਗੁਰਬਾਣੀ ਗ੍ਰੰਥ ਵਿੱਚ ਰਾਗ ਮਾਲਾ ਦਾ ਪਾਉਣਾ ਕਿਸਦੀ ਕੀਤੀ ਹੋਈ ਸ਼ਰਾਰਤ ਹੈ, ਅਕਾਲ ਪੁਰਖ ਨੇ ਕਿਸਦੇ ਕੋਲੋਂ ਕਰਵਾਈ ਹੈ ਤੇ ਕਿਸ ਮਕਸਦ ਲਈ ਕਰਵਾਈ ਹੈ ਇਹ ਉਹ ਆਪ ਹੀ ਜਾਣਦਾ ਹੈ। ਉਹ ਬਹੁਤ ਹੀ ਜਿਆਦਾ ਸਿਆਣਾ ਹੈ। ਰਾਗ ਮਾਲਾ ਦੀ ਕੋਈ ਗੱਲ ਗੁਰਬਾਣੀ ਦੇ ਸ਼ਬਦਾਂ ਦੇ ਨਾਲ ਮੇਲ ਨਹੀਂ ਖਾਂਦੀ ਕਿਉਂਕਿ ਝੂਠੀ ਗੱਲ ਸੱਚ ਦੇ ਸਾਹਮਣੇ ਟਿਕਦੀ ਨਹੀਂ। ਇਸ ਗੱਲ ਨੂੰ ਬੜਿਆਂ ਨੇ ਮਹਿਸੂਸ ਵੀ ਕੀਤਾ ਹੈ ਤੇ ਹੁਣ ਵੀ ਮਹਿਸੂਸ ਕਰਦੇ ਹਨ ਕਿ ਰਾਗ ਮਾਲਾ ਦਾ ਗੁਰਬਾਣੀ ਵਿੱਚ ਮਕਸਦ ਕੀ ਹੈ। ਮਕਸਦ ਦੁਨੀਆ ਨੂੰ ਇਹ ਸਮਝਾਉਣ ਲਈ ਹੈ ਕਿ ਗੁਰਬਾਣੀ ਆਪਣੀ ਕਸਵਟੀ ਆਪ ਹੈ ਜਿਸ ਸੱਚ ਰੂਪ ਕਸਵਟੀ ਤੇ ਝੂਠੀ ਗੱਲ ਟਿਕ ਹੀ ਨਹੀਂ ਸਕਦੀ ਤੇ ਇਸੇ ਤਰ੍ਹਾਂ ਸੱਚ ਰੂਪ ਗੁਰਬਾਣੀ ਦੀ ਕਸਵਟੀ ਤੇ ਕਿਸੇ ਵੀ ਸ਼ਬਦ ਦਾ ਝੂਠਾ ਅਰਥ ਨਹੀਂ ਟਿਕ ਸਕਦਾ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਵਾਰੀ ਸਮਝਿਆ ਵੀ ਹੈ। ਪੂਰੀ ਗੁਰਬਾਣੀ ਸੱਚੇ ਸ਼ਬਦਾਂ ਦਾ ਭੰਡਾਰ ਹੈ ਜਿੱਥੇ ਇੱਕ ਗੱਲ ਨੂੰ ਵੱਖਰੇ-ਵੱਖਰੇ ਸ਼ਬਦਾਂ ਰਾਹੀਂ ਅਨੇਕਾਂ ਤਰੀਕਿਆਂ ਦੁਆਰਾ ਸਮਝਾਇਆ ਹੁੰਦਾ ਹੈ। ਜੇਕਰ ਕਿਸੇ ਇੱਕ ਸ਼ਬਦ ਰਾਹੀਂ ਕੁੱਝ ਸਮਝਣ ਲਈ ਗਲਤੀ ਕਰੋਗੇ ਫਿਰ ਕਿਸੇ ਹੋਰ ਸ਼ਬਦ ਵਿੱਚ ਤੁਹਾਡੀ ਗਲਤੀ ਪਕੜੀ ਜਾਵੇਗੀ ਭਾਵ ਆਖਿਰ ਸੱਚ ਹੀ ਉਪਰ ਆਵੇਗਾ, ਸ਼ਬਦਾਂ ਦੀ ਸੱਚੀ ਵਿਚਾਰ ਹੀ ਉਪਰ ਆਵੇਗੀ। ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੀ ਪੂਰੀ ਗੁਰਬਾਣੀ ਵਿੱਚ ਸ੍ਰਿਸ਼ਟੀ ਦਾ ਕਰਤਾ ਆਪ ਹੈ, ਅਕਾਲ ਪੁਰਖ, ਪ੍ਰਮਾਤਮਾ, ਅੱਲ੍ਹਾ, ਗਾਡ ਆਪ ਹੈ ਜਿਵੇਂ ਕਿ ਅਸੀਂ ਸ਼ਬਦ ਰਾਹੀਂ ਸਮਝਿਆ ਹੀ ਹੈ। ਇਹੀ ਉਸਦਾ ਸੱਚ ਰੂਪ ਹੈ। ਉਸਦੇ ਸੱਚ ਰੂਪ ਤੋਂ ਕੋਈ ਉੱਤੇ ਜਾਣਾ ਚਾਹੇ ਭਾਵ ਸੱਚ ਰੂਪ ਨੂੰ ਨੀਵਾਂ ਕਰਨਾ ਚਾਹੇ ਇਹ ਉਹ ਕਬੂਲ ਕਿਵੇਂ ਕਰ ਸਕਦਾ ਹੈ। **(ਵਧੀ ਵੇਲਿ ਬਹੁ ਪੀੜੀ ਚਾਲੀ ॥)**

ਅਕਾਲ ਪੁਰਖ ਦੇ ਸੱਚੇ ਭਗਤਾਂ ਨੇ ਭਾਵ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦੀ ਰਚਨਾ ਕਰਨ ਵਾਲਿਆਂ ਨੇ ਸ਼ਬਦਾਂ ਦੀ ਵੇਲ ਨੂੰ ਕਿਸ ਮਕਸਦ ਲਈ ਅੱਗੇ ਤੋਂ ਅੱਗੇ ਵਧਾਇਆ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

“ਧਰਮ ਕਲਾ ਹਰਿ ਬੰਧਿ ਬਹਾਲੀ ॥”

ਪੂਰੀ ਗੁਰਬਾਣੀ ਦੇ ਸ਼ਬਦਾਂ ਵਿੱਚ ਇਹ ਵੇਲ **“ਧਰਮ ਕਲਾ”** ਦੇ ਰੂਪ ਵਿੱਚ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਤਾਕਤ ਦੇ ਰੂਪ ਵਿੱਚ ਹੈ ਭਾਵ ਧਰਮ ਦੇ ਮਾਰਗ ਦੇ ਪੂਰਨ ਸੱਚ ਦੇ ਰੂਪ ਵਿੱਚ ਹੈ ਜਿਸ ਧਰਮ ਦੇ ਮਾਰਗ ਤੋਂ ਉਪਰ ਹੋਰ ਕੋਈ ਸੱਚ ਨਹੀਂ ਹੋ ਸਕਦਾ। ਇਸੇ ਲਈ ਅਸੀਂ ਪਿੱਛੇ ਇਸ ਵੇਲ ਨੂੰ **“ਸਚੁ ਕੀ ਬੇਲਾ”** ਦੇ ਰੂਪ ਵਿੱਚ ਸਮਝਿਆ ਹੈ ਭਾਵ ਸੱਚ ਦੀ ਵੇਲ ਦੇ ਰੂਪ ਵਿੱਚ ਜਾਣਿਆ ਹੈ। ਇਹ ਵੇਲ ਧਰਮ ਕਲਾ ਦੇ ਰੂਪ ਵਿੱਚ ਕਿਸ

55/7787

ਲਈ ਹੈ ਭਾਵ ਧਰਮ ਦਾ ਸੱਚਾ ਮਾਰਗ ਸਮਝਾਉਣ ਲਈ ਕਿਸ ਕਰਕੇ ਹੈ ਇਹ ਨਾਲ ਹੀ ਸਪਸ਼ਟ ਕੀਤਾ ਹੋਇਆ ਹੈ, **"ਹਰਿ ਬੰਧਿ ਬਹਾਲੀ"**। ਜਿਨ੍ਹਾਂ ਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਲੱਗੀ ਹੈ ਉਨ੍ਹਾਂ ਨੂੰ ਮਨ ਦੇ ਵਿੱਚ **"ਹਰਿ"** ਦੇ ਕੋਲੋਂ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਹੀ ਲੱਗੀ ਹੈ ਜੋ ਆਪਣੇ ਸੱਚੇ ਧਰਮ ਵਾਲੀ ਸਮਝ ਉਨ੍ਹਾਂ ਦੇ ਅੰਦਰ ਪੱਕੀ ਕਰਾ ਕੇ ਟਿਕਾ ਦਿੰਦਾ ਹੈ ਭਾਵ ਉਨ੍ਹਾਂ ਨੂੰ ਸੱਚੇ ਧਰਮ ਦੇ ਮਾਰਗ ਤੇ ਚੱਲਣ ਲਈ ਅਡੋਲ ਕਰ ਦਿੰਦਾ ਹੈ ਭਾਵ ਉਸਤੋਂ ਬਾਅਦ ਉਨ੍ਹਾਂ ਦੀ ਮਤਿ ਫਿਰ ਸੱਚੀ ਗੁਰਮਤਿ ਤੇ ਚੱਲਣ ਤੋਂ ਕਦੇ ਡੋਲ ਹੀ ਨਹੀਂ ਸਕਦੀ ਭਾਵ ਉਨ੍ਹਾਂ ਦੀ ਸਮਝ ਦੇ ਅੰਦਰ ਆਪਣਾ ਸੱਚਾ ਨਾਮ ਦ੍ਰਿੜ ਕਰ ਦਿੰਦਾ ਹੈ ਭਾਵ ਮਨੁੱਖੀ ਸਮਝ ਨੂੰ ਪੂਰਨ ਗੁਣਾਂ ਵਾਲੀ ਬਣਾ ਦਿੰਦਾ ਹੈ ਜੋ ਸੱਚੇ ਧਰਮ ਦੇ ਮਾਰਗ ਤੇ ਚੱਲਣ ਤੋਂ ਕਦੇ ਨਹੀਂ ਡੋਲਦੀ। **(ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥)**

ਸ੍ਰਿਸ਼ਟੀ ਦੇ ਕਰਤੇ ਕੋਲੋਂ ਮਨ ਦੇ ਵਿੱਚ ਪ੍ਰਗਟ ਹੋਣ ਦੁਆਰਾ ਜੋ ਉਸਦੇ ਭਗਤ ਰੂਪ ਨੂੰ ਭਾਵ ਗੁਰੂ ਰੂਪ ਨੂੰ, ਸਾਧ ਰੂਪ ਨੂੰ ਉਸਦੇ ਕੋਲੋਂ ਜੋ ਸਭ ਤੋਂ ਵੱਡਾ ਫਲ ਮਿਲਦਾ ਹੈ ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥"

ਹਰ ਕੋਈ **"ਸਤਿਗੁਰੂ"** ਨੂੰ ਜਾਨਣਾ ਚਾਹੁੰਦਾ ਹੈ ਕਿ ਪੂਰੀ ਸ੍ਰਿਸ਼ਟੀ ਵਿੱਚ ਉਹ ਕਿਹੜਾ ਗੁਰੂ ਹੈ ਜਿਸਦੇ ਕੋਲ ਪੂਰਨ **"ਸਤਿ"** ਹੈ, ਪੂਰਨ ਸੱਚ ਹੈ ਭਾਵ ਜਿਸਦੇ ਕੋਲ ਧਰਮ ਦੇ ਮਾਰਗ ਦੀ ਸੱਚੀ ਸਮਝ ਹੈ, ਜਿਸਦੇ ਕੋਲੋਂ ਸਾਨੂੰ **"ਮਨ ਚਿੰਦਿਆ"** ਮਿਲ ਸਕਦਾ ਹੈ ਭਾਵ ਜਿਸ ਫਲ ਦੀ ਮਨੁੱਖ ਇੱਛਾ ਕਰਦਾ ਹੈ ਉਹ ਫਲ ਉਸਦੇ ਕੋਲੋਂ ਮਿਲ ਸਕਦਾ ਹੈ। ਇਸ ਸੰਸਾਰ ਦਾ ਸਭ ਤੋਂ ਕੀਮਤੀ ਫਲ ਨਾਮ ਦਾ ਫਲ ਹੈ, ਸੱਚੇ ਗਿਆਨ ਦਾ ਫਲ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਸਨੂੰ ਵੀ ਮਨ ਦੇ ਵਿੱਚ ਇਹ ਫਲ ਮਿਲਦਾ ਹੈ ਭਾਵ ਨਾਮ ਰੂਪ ਫਲ ਮਿਲਦਾ ਹੈ ਉਹ **"ਸਤਿਗੁਰੂ"** ਕੋਲੋਂ ਹੀ ਮਿਲਦਾ ਹੈ ਜੋ ਸਤਿਗੁਰੂ ਮਨ ਦੇ ਵਿੱਚ ਪ੍ਰਗਟ ਹੋ ਕੇ ਕਿਸੇ ਨੂੰ ਇਹ ਆਪਣਾ ਸਭ ਤੋਂ ਵੱਡਾ ਫਲ ਆਪ ਹੀ ਦਿੰਦਾ ਹੈ ਤੇ ਕਿਸੇ ਨੂੰ ਆਪਣਾ ਰੂਪ ਬਣਾਉਂਦਾ ਹੈ, ਆਪਣਾ ਜਾਨਣ ਵਾਲਾ ਬਣਾਉਂਦਾ ਹੈ। ਪੂਰੀ ਗੁਰਬਾਣੀ **"ਸਤਿਗੁਰੂ"** ਰੂਪ ਹੈ ਤੇ ਜੋ ਸਤਿਗੁਰੂ ਦੀ ਮਤਿ ਦੇ ਪਿੱਛੇ ਚਲੱਣ ਦਾ ਸੱਚਾ ਉਦਮ ਕਰਦਾ ਹੈ ਭਾਵ ਪਹਿਲਾਂ ਆਪਣੀ ਮਤਿ ਛੱਡਣ ਦਾ ਉਦਮ ਕਰਦਾ ਹੈ ਤੇ ਸ੍ਰਿਸ਼ਟੀ ਦਾ ਕਰਤਾ ਉਸੇ ਨੂੰ ਹੀ ਇਹ ਫਲ ਦਿਵਾਉਂਦਾ ਹੈ, ਆਪਣੇ ਗੁਰੂ ਰੂਪ ਰਾਹੀਂ ਦਿਵਾਉਂਦਾ ਹੈ। ਇਸ ਫਲ ਦੀ ਪ੍ਰਾਪਤੀ ਹੋਣ ਤੋਂ ਬਾਅਦ ਹੀ ਕੋਈ **"ਅਚਿੰਤ"** ਅਵਸਥਾ ਵਿੱਚ ਆਉਂਦਾ ਹੈ ਭਾਵ ਮਨ ਦੀ ਹਰ ਚਿੰਤਾ ਤੋਂ ਮੁਕਤ ਜੋ ਜਾਂਦਾ ਹੈ, ਮਾਇਆ ਮੋਹ ਦੀਆਂ, ਤ੍ਰਿਸ਼ਨਾਵਾਂ ਦੀਆਂ ਚਿੰਤਾਵਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਮਨ ਦੀ ਇਹੋ ਜਿਹੀ ਅਵਸਥਾ ਵਿੱਚ ਆਉਣ ਨਾਲ ਹੀ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਉਸਦੀ ਲਿਵ ਜੁੜਦੀ ਹੈ ਭਾਵ ਉਸਦੀ ਸਮਝ ਦੇ ਨਾਲ ਮਨ ਦੀ ਸਮਝ ਜੁੜਦੀ ਹੈ। **(ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ॥ ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥)**

55/7788

ਉਪਰ ਵਾਲੇ ਪਦੇ ਵਿੱਚ ਮਨ ਇੱਛਤ ਫਲ ਦੀ ਗੱਲ ਵੀ ਆਈ ਹੈ ਤੇ ਅਕਾਲ ਪੁਰਖ ਨਾਲ ਲਿਵ ਜੋੜਨ ਦੀ ਗੱਲ ਵੀ ਆਈ ਹੈ। ਇਨ੍ਹਾਂ ਤੋਂ ਕੀ ਭਾਵ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਬਸੰਤੁ ਮਹਲਾ ੧ ॥

{ਆਪੇ ਕੁਦਰਤਿ ਕਰੇ ਸਾਜਿ ॥ ਸਚੁ ਆਪਿ ਨਿਬੇੜੇ ਰਾਜੁ ਰਾਜਿ ॥ ਗੁਰਮਤਿ ਊਤਮ ਸੰਗਿ ਸਾਥਿ ॥
ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥ ਮਤ ਬਿਸਰਸਿ ਰੇ ਮਨ ਰਾਮ ਬੋਲਿ ॥
ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥
ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ ਗੁਰ ਸੇਵ ਤਰੇ ਤਜਿ ਮੇਰ ਤੋਰ ॥
ਨਰ ਨਿੰਦਕ ਲੋਭੀ ਮਨਿ ਕਠੋਰ ॥ ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥
ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥

ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥
ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥
ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ ੧੧੭੦)

ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
{ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥੧॥
ਭੋਲਿਆ ਹਉਮੈ ਸੁਰਤਿ ਵਿਸਾਰਿ ॥ ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥
ਕਰਮ ਪੇੜੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥ ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥ ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥੩॥
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥ ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥੪॥੧॥}

(ਅੰਗ ੧੧੬੮)

ੴ ਸਤਿਗੁਰ ਪ੍ਰਸਾਦਿ ॥
ਸਿਰੀਰਾਗੁ ਕਬੀਰ ਜੀਉ ਕਾ ॥ ਏਕੁ ਸੁਆਨੁ ਕੈ ਘਰਿ ਗਾਵਣਾ
{ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥
ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ ਭਰਮੁ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ ੯੧-੯੨)

ਜਦੋਂ ਕੋਈ ਮਨੁੱਖੀ ਰੂਪ ਅਕਾਲ ਪੁਰਖ ਦੇ ਕੋਲੋਂ ਉਸਦੇ ਨਾਲ ਮੇਲ ਦਾ ਸਭ ਤੋਂ ਵੱਡਾ ਫਲ ਪਾ ਲੈਂਦਾ ਹੈ ਭਾਵ ਨਾਮ ਰੂਪ, ਬ੍ਰਹਮ ਗਿਆਨ ਰੂਪ ਫਲ ਪਾ ਲੈਂਦਾ ਹੈ ਉਹ ਉਸ ਫਲ ਦਾ ਭਾਵ ਗੁਰਮਤਿ ਰੂਪ ਸੱਚੇ ਗਿਆਨ ਦਾ ਕਿਤਨਾ ਕੁ ਮਾਣ ਕਰਦਾ ਹੈ, ਉਸਦੀ ਕਿਤਨੀ ਕੁ ਇੱਜਤ ਕਰਦਾ ਹੈ ਭਾਵ ਉਸ ਫਲ ਦਾ ਉੱਚਾਪਨ ਕਿਸ ਤਰੀਕੇ ਆਪਣੇ ਅੰਦਰੋਂ ਪ੍ਰਗਟ ਕਰਦਾ ਹੈ ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਭਾਵ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਵਿਚਾਰੀਏ।

“ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥”

ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੋਣ ਦੁਆਰਾ ਉਸਦੇ ਕੋਲੋਂ ਉਸਦੇ ਸ਼ਬਦ ਹੀ ਮਿਲਦੇ ਹਨ ਜਿਸ ਆਪਣੇ ਸ਼ਬਦ ਰੂਪ ਵਿੱਚ ਹੀ ਉਹ ਆਪ ਸਾਰੀ ਸ੍ਰਿਸ਼ਟੀ ਦਾ ਗੁਰੂ ਹੈ। ਸ਼ਬਦਾਂ ਦੇ ਅੰਦਰ ਦਾ ਜੋ ਸੱਚਾ ਗਿਆਨ ਹੁੰਦਾ ਹੈ ਉਸ ਸੱਚੇ ਗਿਆਨ ਦੇ ਰੂਪ ਵਿੱਚ ਹੀ ਸ੍ਰਿਸ਼ਟੀ ਦਾ ਕਰਤਾ ਆਪ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸਦੇ ਨਾਲ ਮੇਲ

55/7789

ਦਾ ਫਲ ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ ਹੀ ਹੁੰਦਾ ਹੈ ਭਾਵ **"ਫਲੁ"** ਦੇ ਰੂਪ ਵਿੱਚ ਉਹ ਆਪ ਹੀ ਹੁੰਦਾ ਹੈ ਜੋ ਆਪਣਾ ਫਲ ਬਖਸ਼ਣ ਦੁਆਰਾ ਉਹ ਆਪਣਾ ਪੂਰਨ ਸੱਚ ਹੀ ਬਖਸ਼ਦਾ ਹੈ ਤੇ ਸੱਚ ਤੇ ਚੱਲਣ ਦਾ ਸੱਚਾ ਧਰਮ ਦਾ ਮਾਰਗ ਬਖਸ਼ਦਾ ਹੈ। ਜਿਸਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਉਹ ਇਹ ਕੁੱਝ ਬਖਸ਼ਦਾ ਹੈ ਭਾਵ ਆਪਣਾ ਗੁਰਮਤਿ ਰੂਪ ਸੱਚਾ ਗਿਆਨ ਬਖਸ਼ਦਾ ਹੈ, ਜਿਸ ਗਿਆਨ ਵਿੱਚ ਉਹ ਆਪ ਹੁੰਦਾ ਹੈ, ਉਸਦੇ ਇਸ ਉੱਚੇ ਗਿਆਨ ਨੂੰ ਉਸਦਾ ਸੱਚਾ ਭਗਤ ਫਿਰ ਆਪਣਾ ਪਿਤਾ ਸਮਝ ਕੇ ਉਸਦੀ ਗੱਲ ਨੂੰ ਮੰਨਦਾ ਹੈ। ਜਿਵੇਂ ਇੱਕ ਦੁਨਿਆਵੀ ਬਾਲਕ ਆਪਣੇ ਪਿਤਾ ਦੀ ਗੱਲ ਦਾ ਮਾਣ ਕਰਦਾ ਹੈ ਇਸੇ ਤਰ੍ਹਾਂ ਉਸਦਾ ਭਗਤ ਅਕਾਲ ਪੁਰਖ ਦੀ ਦਿੱਤੀ ਹੋਈ ਸੱਚੀ ਮਤਿ ਨੂੰ ਇੱਕ ਪਿਤਾ ਦੀ ਤਰ੍ਹਾਂ ਇੱਜਤ ਦਿੰਦਾ ਹੈ ਭਾਵ ਉਸਦੀ ਗੱਲ ਮੰਨਣ ਦਾ ਉਸਨੂੰ ਮਾਣ ਦਿੰਦਾ ਹੈ। ਜੋ ਗੁਰੂ ਰੂਪ ਸ੍ਰਿਸ਼ਟੀ ਦਾ ਕਰਤਾ ਆਪਣੀ ਮਤਿ ਦੇਣ ਦੁਆਰਾ ਭਾਵ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇਣ ਦੁਆਰਾ ਆਪਣੇ ਸੱਚੇ ਭਗਤ ਕੋਲੋਂ ਬੁਲਵਾਉਂਦਾ ਹੈ ਉਹ ਉਹੀ ਕੁੱਝ ਬੋਲਦਾ ਹੈ, ਜੋ ਕੁੱਝ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੇ ਭਗਤਾਂ ਕੋਲੋਂ ਉਸਨੇ ਬੁਲਵਾਇਆ ਹੈ ਉਹੀ ਕੁੱਝ ਉਨ੍ਹਾਂ ਨੇ ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਬੋਲਿਆ, ਉਸਦੇ ਭਾਣੇ ਅਨੁਸਾਰ ਬੋਲਿਆ ਹੈ। **(ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥)**

ਜੋ ਉਸਦੇ ਭਗਤਾਂ ਨੇ ਸ੍ਰਿਸ਼ਟੀ ਦੇ ਕਰਤੇ ਕੋਲੋਂ ਬੁਲਵਾਉਣ ਦੁਆਰਾ ਬੋਲਿਆ ਹੈ, ਉਸਦੇ ਭਾਣੇ ਵਿੱਚ ਰਹਿ ਕੇ ਬੋਲਿਆ ਹੈ ਭਾਵ ਜਿਸ ਵਿੱਚ ਉਨ੍ਹਾਂ ਦੀ ਆਪਣੀ ਕੋਈ ਸਮਝ ਜਾਂ ਮਤਿ ਨਹੀਂ ਹੈ ਭਾਵ ਕੇਵਲ ਸ੍ਰਿਸ਼ਟੀ ਦੇ ਕਰਤੇ ਦੀ ਆਪਣੀ ਦਿੱਤੀ ਹੋਈ ਮਤਿ ਹੈ, ਸਮਝ ਹੈ ਭਾਵ ਉਨ੍ਹਾਂ ਦੇ ਬੋਲੇ ਹੋਏ ਹਰ ਸ਼ਬਦ ਰਾਹੀਂ ਆਪਣਾ ਹੀ ਦਿੱਤਾ ਹੋਇਆ ਸੱਚਾ ਗਿਆਨ ਹੈ ਉਸ ਸੱਚੇ ਗਿਆਨ ਨੂੰ ਉਨ੍ਹਾਂ ਨੇ ਭਾਵ ਉਸਦੀ ਸੱਚੀ ਦਾਤਿ ਨੂੰ ਭਾਵ ਉਸਦੇ ਨਾਮ ਦੀ ਦਾਤਿ ਨੂੰ ਕਿਸ ਮਕਸਦ ਲਈ ਪ੍ਰਾਪਤ ਕੀਤਾ ਹੈ, ਇਹੀ ਗੱਲ ਪਦੇ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ। ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਆਪ ਨੂੰ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੇ ਅੰਦਰ ਕਿਸ ਮਕਸਦ ਲਈ ਪ੍ਰਗਟ ਕੀਤਾ ਹੈ।

"ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥"

ਉਪਰ ਵਾਲੀ ਪਹਿਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਗੁਰੂ ਸਾਹਿਬ ਸੰਸਾਰ ਨੂੰ ਕੀ ਕਹਿ ਰਹੇ ਹਨ ਜੋ ਕਿ ਉਹ ਅਕਾਲ ਪੁਰਖ ਦੇ ਬੁਲਵਾਉਣ ਦੁਆਰਾ ਹੀ ਬੋਲ ਰਹੇ ਹਨ, ਗਾਡ ਦੇ, ਪ੍ਰਮਾਤਮਾ ਦੇ, ਅੱਲ੍ਹਾ ਦੇ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਅਖਵਾਉਣ ਦੁਆਰਾ ਹੀ ਕਹਿ ਰਹੇ ਹਨ। ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਸੱਚੇ ਭਗਤਾਂ ਨੂੰ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਜੋ ਵੀ ਆਪਣੀ ਸਭ ਤੋਂ ਉੱਚੀ ਦਾਤਿ ਬਖਸ਼ੀ ਹੈ ਉਹ ਸਭ ਨੂੰ ਇੱਕੋ

55/7790

ਜਿਹੀ ਆਪਣੇ ਨਾਮ ਦੀ ਦਾਤਿ ਬਖਸ਼ੀ ਹੈ ਭਾਵ ਹਰ ਸ਼ਬਦ ਦੇ ਅੰਦਰ ਆਪਣਾ ਸੱਚਾ ਗਿਆਨ ਬਖਸ਼ਿਆ ਹੈ, ਇੱਕੋ ਜਿਹਾ ਉੱਚਾ ਬ੍ਰਹਮ ਗਿਆਨ ਬਖਸ਼ਿਆ ਹੈ, ਸਭ ਨੂੰ ਇੱਕੋ ਜਿਹਾ ਚੌਥੇ ਪਦ ਦਾ ਗਿਆਨ ਬਖਸ਼ਿਆ ਹੈ, ਸਹਜ ਗਿਆਨ ਬਖਸ਼ਿਆ ਹੈ, ਇੱਕੋ ਜਿਹੀ ਬਿਬੇਕ ਬੁਧਿ ਬਖਸ਼ੀ ਹੈ ਜਿਸ ਉੱਚੀ ਬੁਧਿ ਦੁਆਰਾ ਹੀ ਉਨ੍ਹਾਂ ਸਾਰਿਆਂ ਨੇ ਆਪਣੇ-ਆਪਣੇ ਜੀਵਨ ਵਿੱਚ ਸ਼ਬਦ ਉਚਾਰੇ ਹਨ। ਸਭ ਨੇ ਆਪਣੇ-ਆਪਣੇ ਜੀਵਨ ਵਿੱਚ ਉਹ ਸਾਰੇ ਸ਼ਬਦ ਕੋਈ ਕਲਮ ਲੈ ਕੇ, ਸਿਆਹੀ ਲੈ ਕੇ ਕਿਸੇ ਨਾ ਕਿਸੇ ਕਾਗਜ ਤੇ ਲਿਖੇ ਹਨ ਭਾਵ ਜੋ ਕੁੱਝ ਵੀ ਉਨ੍ਹਾਂ ਨੇ ਆਪਣੇ ਅੰਦਰ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਸਿੱਖਿਆ ਹੈ ਉਨ੍ਹਾਂ ਨੇ ਉਸਦੀ ਸਾਰੀ ਗੱਲ ਆਪਣੇ ਅੰਦਰੋਂ ਬਾਹਰ ਲੈ ਕੇ ਆਉਂਦੀ ਹੈ ਭਾਵ ਉਸਦੀ ਗੱਲ ਨੂੰ **"ਗੁਝੀ ਛੰਨੀ"** ਨਹੀਂ ਰੱਖਿਆ ਭਾਵ ਕੁੱਝ ਛੁਪਾਕੇ ਨਹੀਂ ਰੱਖਿਆ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਇਹ ਸਭ ਕੁੱਝ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਸਮਝਾਉਣ ਲਈ ਹੀ ਉਨ੍ਹਾਂ ਕੋਲੋਂ ਗੁਰਬਾਣੀ ਦੇ ਸ਼ਬਦਾਂ ਦੁਆਰਾ ਲਿਖਵਾਇਆ ਹੈ। ਇਸੇ ਲਈ ਭਗਤਾਂ ਦੇ ਸਮੇਂ ਤੋਂ ਲੈ ਕੇ ਗੁਰੂ ਸਾਹਿਬਾਨ ਦੇ ਸਮੇਂ ਤੱਕ ਦੀ ਬਾਣੀ ਨੂੰ ਧੰਨ ਧੰਨ ਗੁਰਬਾਣੀ ਗ੍ਰੰਥ ਵਿੱਚ ਦਰਜ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਦੀ ਗੱਲ ਸਾਰੇ ਸੰਸਾਰ ਦੇ ਸਾਹਮਣੇ ਆਏ ਭਾਵ ਸੰਸਾਰ ਦੇ ਹਰ ਮਨੁੱਖ ਨੂੰ ਇੱਕੋ ਜਿਹਾ ਸੱਚ ਤੇ ਚੱਲਣ ਦਾ ਧਰਮ ਦਾ ਮਾਰਗ ਸਮਝ ਆ ਸਕੇ ਤੇ ਸੰਸਾਰ ਵਿੱਚ ਹਰ ਕੋਈ ਸਾਰੇ ਔਗੁਣ ਤਿਆਗਕੇ ਗੁਣੀ ਬਣਕੇ ਵਿਚਰੇ ਭਾਵ ਕੋਈ ਵੀ ਮਨੁੱਖ ਦੂਸਰੇ ਮਨੁੱਖ ਦਾ ਮਾੜਾ ਨਾ ਕਰੇ। ਪੂਰੇ ਗੁਰਬਾਣੀ ਗ੍ਰੰਥ ਵਿੱਚ ਸ਼ਬਦਾਂ ਰਾਹੀਂ ਸਾਰੇ ਸੰਸਾਰ ਲਈ ਇਹੀ ਇੱਕੋ ਜਿਹਾ ਸੱਚਾ ਧਰਮ ਦਾ ਮਾਰਗ ਸਮਝਾਇਆ ਹੋਇਆ ਹੈ ਜਿਸ ਨਾਲ ਦੁਨਿਆਵੀ, ਧਾਰਮਿਕ, ਸਮਾਜਿਕ, ਰਾਜਨੀਤਿਕ ਝਗੜੇ ਮੁੱਕ ਸਕਦੇ ਹਨ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਸਨੂੰ ਵੀ ਸ੍ਰਿਸ਼ਟੀ ਦੇ ਕਰਤੇ ਨੇ ਆਪਣੀ ਸਭ ਤੋਂ ਉੱਚੀ ਸੱਚੇ ਧਰਮ

ਦੇ ਮਾਰਗ ਦੀ ਸਮਝ ਵਾਲੀ ਦਾਤਿ ਭਾਵ ਨਾਮ ਦੀ ਦਾਤਿ ਬਖਸ਼ੀ ਹੈ ਉਹ ਉਸਨੇ ਉਨ੍ਹਾਂ ਸਭ ਦੇ ਅੰਦਰ ਆਪਣਾ ਗੁਰੂ ਰੂਪ ਪ੍ਰਗਟ ਕਰਨ ਦੁਆਰਾ ਹੀ ਉਨ੍ਹਾਂ ਤੇ ਆਪਣੀ ਕ੍ਰਿਪਾ ਕੀਤੀ ਹੈ। ਜਿਸਨੂੰ ਵੀ ਉਸਨੇ ਆਪਣੀ ਇਹ ਸਭ ਤੋਂ ਉੱਚੀ ਨਾਮ ਦੀ ਦਾਤਿ ਬਖਸ਼ੀ ਹੈ ਉਸਨੇ ਹੀ ਆਪਣੇ ਅੰਦਰੋਂ ਉਸ ਸ੍ਰਿਸ਼ਟੀ ਦੇ ਕਰਤੇ ਦੇ ਗੁਰੂ ਰੂਪ ਨੂੰ ਜਾਣਿਆ ਹੈ ਜੋ ਇੱਕੋ ਇੱਕ ਆਪ ਹੀ ਪੂਰਨ ਗਿਆਨ ਦਾ ਮਾਲਕ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। **(ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥ ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥ ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥ ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥)**

ਸਿੱਖ ਜਗਤ ਵਿੱਚ ਇਹ ਆਮ ਕਰਕੇ ਮਰਿਯਾਦਾ ਹੈ ਕਿ ਜਦੋਂ ਕਿਸੇ ਕਾਰਜ ਦੀ ਆਰੰਭਤਾ ਤੇ ਸਮਾਪਤੀ ਕੀਤੀ ਜਾਂਦੀ ਹੈ ਉਸ ਵੇਲੇ ਗੁਰੂ ਦੇ ਅੱਗੇ ਅਰਦਾਸ ਵੀ ਕੀਤੀ ਜਾਂਦੀ ਹੈ ਤੇ ਸਾਰੇ ਗੁਰਦੁਆਰਿਆਂ ਵਿੱਚ ਵੀ ਸਵੇਰੇ ਸ਼ਾਮ ਅਰਦਾਸ ਕੀਤੀ ਜਾਂਦੀ ਹੈ ਜਿਸ ਰਾਹੀਂ ਗੁਰੂ ਕੋਲੋਂ ਕੁੱਝ ਮੰਗਿਆ ਜਾਂਦਾ ਹੈ, ਉਸ ਕੋਲੋਂ ਦਾਤਾਂ ਆਦਿ ਮੰਗੀਆਂ ਜਾਂਦੀਆਂ ਹਨ। ਗੁਰੂ ਦੇ ਅੱਗੇ ਅਰਦਾਸ ਕਰਨੀ ਕੀ ਹੈ ਭਾਵ ਕਿਸੇ ਵੀ ਮਨੁੱਖ ਦੀ ਗੁਰੂ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਅੱਗੇ ਅਰਦਾਸ ਕਰਨੀ ਕੀ ਹੈ ਇਸ ਗੱਲ ਨੂੰ ਬਾਣੀ ਦੇ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ

55/7791

ਸਮਝਾਇਆ ਹੋਇਆ ਹੈ ਜਿਸਨੂੰ ਕਿ ਅਸੀਂ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸ਼ਬਦਾਂ ਰਾਹੀਂ ਸਾਨੂੰ ਸੱਚੀ ਅਰਦਾਸ ਕੀ ਹੁੰਦੀ ਹੈ ਇਹ ਗੱਲ ਸਪਸ਼ਟ ਕਰਕੇ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਉਸਦੇ ਅੱਗੇ ਕਿਸੇ ਵੀ ਮਨੁੱਖ ਦੀ ਸੱਚੀ ਅਰਦਾਸ ਮਨ ਦੇ ਵਿੱਚੋਂ ਹੀ ਹੁੰਦੀ ਹੈ ਜੋ ਕਿ ਮਨ ਦੀਆਂ ਸਾਰੀਆਂ ਤ੍ਰਿਸ਼ਨਾਵਾਂ, ਮਾਇਆ ਮੋਹ ਤਿਆਗਣ ਦੁਆਰਾ ਹੀ ਹੁੰਦੀ ਹੈ ਜਿਸ ਅਰਦਾਸ ਦੇ ਰੂਪ ਵਿੱਚ ਫਿਰ ਉਹ ਮਨੁੱਖ ਆਪਣੇ ਜੀਵਨ ਵਿੱਚ ਸੱਚੇ ਸੁੱਚੇ ਕਰਮ ਹੀ ਕਰਦਾ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਰਾਮਕਲੀ ਮਹਲਾ ੧ ॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥
ਨਾਨਕ ਬਿਰਥਾ ਕੋਇ ਨ ਹੋਇ ॥ ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥
ਪ੍ਰਾਪਤਿ ਪੋਤਾ ਕਰਮੁ ਪਸਾਉ ॥ ਤੂ ਦੇਵਹਿ ਮੰਗਤ ਜਨ ਚਾਉ ॥
ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥
ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ ਨਾ ਕੋ ਜਾਇ ॥੩॥
ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥੪॥੮॥}

(ਅੰਗ ੮੭੮)

ਅਕਾਲ ਪੁਰਖ ਦੇ ਅੱਗੇ ਸੱਚੀ ਅਰਦਾਸ ਉਹੀ ਕਰਦਾ ਹੈ ਜਿਸਨੂੰ ਉਹ ਆਪਣਾ ਸੱਚਾ ਅਰਦਾਸੀਆ ਬਣਾ ਲੈਂਦਾ ਹੈ ਭਾਵ ਆਪਣੇ ਨਾਲ ਮੇਲਣ ਦੁਆਰਾ ਗੁਰਮਤਿ ਦੀ ਪੂਰਨ ਸੱਚੀ ਸਮਝ ਪਾ ਕੇ ਉਸਤੇ ਚੱਲਣ ਵਾਲਾ ਬਣਾ ਲੈਂਦਾ ਹੈ ਭਾਵ ਆਪਣੀ ਸੱਚੀ ਸਿਫਤ ਕਰਨ ਵਾਲਾ ਬਣਾ ਲੈਂਦਾ ਹੈ, ਆਪਣੇ ਹੁਕਮ ਅਨੁਸਾਰ, ਆਪਣੇ ਭਾਣੇ ਅਨੁਸਾਰ ਚਲਾਉਣ ਵਾਲਾ ਬਣਾ ਲੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ

ਵਿੱਚ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਦੇ ਅੱਗੇ ਕਿਸੇ ਵੀ ਮਨੁੱਖ ਦੀ ਸੱਚੀ ਅਰਦਾਸ ਕਰਨੀ ਕੀ ਹੈ, ਕਿਸ ਤਰੀਕੇ ਹੁੰਦੀ ਹੈ।

ਆਸਾ ਮਹਲਾ ੧ ॥

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥
ਦੇ ਵਡਿਆਈ ਕਰੇ ਸੁ ਹੋਇ ॥੨॥ ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥
ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥
ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥
ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥}

(ਅੰਗ ੩੫੫)

ਅਕਾਲ ਪੁਰਖ ਅੱਗੇ ਸੱਚੀ ਅਰਦਾਸ ਉਸਦਾ ਅਰਦਾਸੀਆ ਭਾਵ ਉਸਦਾ ਸੱਚਾ ਦਾਸ ਬਣਨ ਦੁਆਰਾ ਹੀ ਹੁੰਦੀ ਹੈ। **"ਅਰਦਾਸਿ"** ਅੱਖਰ ਤੋਂ ਭਾਵ ਹੈ ਅਕਾਲ ਪੁਰਖ ਦਾ ਉਹ ਦਾਸ ਜੋ ਅਕਾਲ ਪੁਰਖ ਦੀ ਇੱਛਾ ਅਨੁਸਾਰ ਵਿਚਰਦਾ ਹੈ ਭਾਵ ਜੋ ਗੁਰੂ ਰੂਪ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ ਉਹੀ ਕੁੱਝ ਉਸਦੇ ਦਾਸ ਨੂੰ ਚੰਗਾ ਲੱਗਦਾ ਹੈ ਭਾਵ ਗੁਰੂ ਦੀ ਇੱਛਾ ਦਾ ਦਾਸ ਉਸਦਾ ਸੱਚਾ ਦਾਸ ਹੈ। ਗੁਰੂ ਨੂੰ ਸੱਚ ਹੀ ਚੰਗਾ ਲੱਗਦਾ ਹੈ ਜੋ ਉਸਦੇ ਸਮਝਾਏ ਹੋਏ ਸੱਚ ਦੇ ਅਨੁਸਾਰ ਚੱਲਦਾ ਹੈ ਉਹੀ ਉਸਦਾ ਸੱਚਾ ਦਾਸ ਹੈ, ਉਸਦਾ ਸੱਚਾ ਅਰਦਾਸੀਆ ਹੈ ਜਿਸਦੀ ਸੱਚੀ ਅਰਦਾਸ ਅਕਾਲ ਪੁਰਖ ਦੇ ਮਨ ਰੂਪ ਮਹਲ ਦੇ ਵਿੱਚ ਬੈਠੇ ਹੋਏ ਉਸਦੇ ਅੱਗੇ ਚੱਲਦੀ ਹੀ ਰਹਿੰਦੀ ਹੈ ਭਾਵ ਉਹ ਹਰ ਵੇਲੇ ਉਸਦੀ ਸੱਚੀ ਸਮਝ ਦੇ ਵਿੱਚ ਰਹਿੰਦਾ ਹੈ ਜੋ ਉਸਦੀ ਅਰਦਾਸ ਉਸਦੇ ਮਹਲ ਵਿੱਚ ਕਬੂਲ ਹੁੰਦੀ ਹੈ ਭਾਵ ਕਦੇ ਵਿਅਰਥ ਨਹੀਂ ਜਾਂਦੀ।

ਜੋ ਉਸਦਾ ਭਗਤ ਹੈ ਉਹੀ ਉਸਦਾ ਸੱਚਾ ਦਾਸ ਹੈ, ਉਸਦਾ ਜਨ ਹੈ, ਉਸਦਾ ਸੱਚਾ ਸੇਵਕ ਹੈ

55/7792

ਜੋ ਕਿ ਉਸਦਾ ਆਪਣਾ ਹੀ ਸੱਚਾ ਰੂਪ ਹੁੰਦੇ ਹਨ ਭਾਵ ਮਨ ਦੀ ਸੱਚੀ ਸਮਝ ਰਾਹੀਂ ਉਸਦੇ ਨਾਲ ਇੱਕ ਹੁੰਦੇ ਹਨ, ਜਿਨ੍ਹਾਂ ਦੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ ਤੇ ਇਸ ਗੱਲ ਨੂੰ ਅਸੀਂ ਉਪਰ ਵਾਲੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਹੈ।

ਬਿਲਾਵਲੁ ਮਹਲਾ ੫ ॥

{ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ ॥ ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ ॥੧॥
ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ ॥ ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ ॥੧॥ ਰਹਾਉ॥
ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੧੩॥੭੭॥}

(ਅੰਗ ੮੧੯)

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ਉਸਦਾ ਜਨ, ਦਾਸ, ਭਗਤ, ਸੇਵਕ, ਸੰਤ ਕਿਹੋ ਜਿਹਾ ਹੁੰਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਫਿਰ ਤੋਂ ਆਸਾਨੀ ਨਾਲ ਦ੍ਰਿੜ ਕਰ ਸਕਦਾ ਹੈ ਕਿ ਉਸਦੇ ਦਾਸ, ਜਨ ਕਿਹੋ ਜਿਹੇ ਹੁੰਦੇ ਹਨ ਜਿਨ੍ਹਾਂ ਦੀ ਅਰਦਾਸ ਕਦੇ ਵਿਅਰਥ ਨਹੀਂ ਜਾਂਦੀ ਭਾਵ ਸਫਲ ਹੁੰਦੀ ਹੈ। ਉਸਦੇ ਸੱਚੇ ਦਾਸ, ਜਨ, ਚੌਥੇ ਪਦ ਦੇ ਗਿਆਨ ਵਾਲੀ ਸਮਝ ਵਾਲੇ ਹੁੰਦੇ ਹਨ, ਨਾਮ ਵਾਲੀ, ਸਹਜ ਗਿਆਨ ਵਾਲੀ ਸਮਝ ਵਾਲੇ ਹੁੰਦੇ ਹਨ। ਫਰਕ ਕੇਵਲ ਗੁਰੂ ਪ੍ਰਮਾਤਮਾ ਕੋਲੋਂ ਮੰਗਣ ਦਾ ਹੈ ਕਿ ਅਸੀਂ ਉਸਦੇ ਕੋਲੋਂ ਮੰਗਦੇ ਕੀ ਹਾਂ। ਗੁਰੂ ਦੇ ਸੱਚੇ ਭਗਤ ਉਸਦੇ ਕੋਲੋਂ ਸੱਚੀ ਸਮਝ ਹੀ ਮੰਗਦੇ ਹਨ, ਸ਼ਬਦਾਂ ਦਾ ਸੱਚਾ ਗਿਆਨ ਹੀ ਮੰਗਦੇ ਹਨ, ਸੱਚ ਤੇ ਚੱਲਣ ਦੀ ਸਮਰੱਥਾ ਹੀ ਮੰਗਦੇ ਹਨ ਕਿ ਉਹ ਆਪਣੇ ਜੀਵਨ ਵਿੱਚ ਸੱਚ ਤੇ ਅਡੋਲ ਹੋ ਕੇ ਚੱਲਣ ਤੇ ਅਕਾਲ ਪੁਰਖ ਉਨ੍ਹਾਂ ਦੀ ਇਹੋ ਜਿਹੀ ਸੱਚੀ ਅਰਦਾਸ ਨੂੰ ਸਫਲ ਕਰਦਾ ਹੈ ਭਾਵ ਉਨ੍ਹਾਂ ਦੀ ਅਰਦਾਸ ਕਰਦੇ ਬਿਰਥਾ ਭਾਵ ਵਿਅਰਥ ਨਹੀਂ ਜਾਂਦੀ, ਆਪਣੇ ਜੀਵਨ ਵਿੱਚ ਸੱਚੀ ਭਗਤੀ ਦੇ ਮਾਰਗ ਤੇ ਚੱਲਣਾ ਹੀ ਉਸਦੇ ਅੱਗੇ ਸੱਚੀ ਅਰਦਾਸ ਦਾ ਪ੍ਰਗਟਾਵਾ ਹੈ ਜਿਸ ਦੁਆਰਾ ਉਸਦੇ ਗੁਣ ਗਾਏ ਜਾ ਸਕਦੇ ਹਨ ਭਾਵ ਉਸਦੀ ਸੱਚੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ ਜਿਵੇਂ ਕਿ ਅਸੀਂ ਲੇਖ ਵਿੱਚ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ।

ਦੁਨਿਆਵੀ ਮਨੁੱਖ ਭਾਵੇਂ ਕੋਈ ਆਪਣੇ ਆਪ ਨੂੰ ਜਿਤਨੀ ਮਰਜੀ ਭਗਤੀ ਦੀ ਸਮਝ ਵਾਲਾ ਮੰਨਦਾ ਹੋਵੇ ਇਹੋ ਜਿਹੇ ਸਾਰੇ ਹੀ ਗੁਰੂ ਅੱਗੇ ਮੁੱਖੋਂ ਬੋਲ ਬੋਲ ਕੇ ਹੀ ਅਰਦਾਸ ਕਰਦੇ ਹਨ ਜਿਸ ਰਾਹੀਂ ਉਹ ਆਪਣੀ ਆਪਣੀ ਲੋੜ ਉਨੁਸਾਰ ਉਸਦੇ ਕੋਲੋਂ ਦੁਨਿਆਵੀ ਦਾਤਾਂ ਹੀ ਮੰਗਦੇ ਹਨ, ਕਿਸੇ ਨਾ ਕਿਸੇ ਰੂਪ ਵਿੱਚ ਮਾਇਆ ਦੀ ਦਾਤਿ ਹੀ ਮੰਗਦੇ ਹਨ ਜਿਵੇਂ ਕਿ ਸਭ ਪਾਸੇ ਵੇਖਿਆ ਜਾ ਸਕਦਾ ਹੈ। ਇਹ ਕੁੱਝ ਉਹੀ ਕਰ ਸਕਦੇ ਹਨ ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਹਰ ਦਾਤਿ ਦਾ ਮਾਲਕ ਭਾਵ ਦਾਤਾ ਸਾਡੇ ਅੰਦਰ ਹੀ ਹੈ ਜੋ ਸਾਡੀ ਸਮਝ ਦਾ ਮਾਲਕ ਹੈ ਤੇ ਮਨੁੱਖ ਦੀ ਹਰ ਲੋੜ ਨੂੰ ਜਾਣਦਾ ਹੈ ਜੋ ਕਿ ਮਨੁੱਖ ਦੀਆਂ ਲੋੜਾਂ

ਆਪਣੀ ਰਜਾ ਅਨੁਸਾਰ ਭਾਵ ਆਪਣੀ ਇੱਛਾ ਅਨੁਸਾਰ ਆਪ ਹੀ ਪੂਰੀਆਂ ਕਰਦਾ ਰਹਿੰਦਾ ਹੈ। ਇਸ ਗੱਲ ਨੂੰ ਗੁਰੂ ਦੇ ਸ਼ਬਦ ਤੇ ਪੂਰਨ ਵਿਸ਼ਵਾਸ ਕਰਕੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤੇ ਇਸ ਗੱਲ ਨੂੰ ਵੀ ਸਮਝਿਆ ਜਾ ਸਕਦਾ ਹੈ ਕਿ ਉਸਦੇ ਜਾਚਕ ਦੀ ਭਾਵ ਉਸਦੇ ਕੋਲੋਂ ਮੰਗਣ ਵਾਲੇ ਦੀ ਅਰਦਾਸ ਕਿਹੋ ਜਿਹੀ ਹੋਣੀ ਚਾਹੀਦੀ ਹੈ ਜੋ ਅਰਦਾਸ ਮੁੱਖੋਂ ਬੋਲਣ ਵਾਲੀ ਨਹੀਂ ਹੁੰਦੀ ਬਲਕਿ ਉਨ੍ਹਾਂ ਦੀ ਮਤਿ ਦੀ ਸੰਗਤਿ ਕਰਨ ਲਈ ਹੁੰਦੀ ਹੈ ਜਿਨ੍ਹਾਂ ਨੂੰ ਸੱਚ ਦੀ ਸਮਝ ਹੁੰਦੀ ਹੈ ਜਿਨ੍ਹਾਂ ਨੇ ਅਕਾਲ ਪੁਰਖ ਦੀ ਸੱਚੀ ਸਮਝ ਦੇ ਨਾਲ ਗੁਰਬਾਣੀ ਦੇ ਵਿੱਚ ਸ਼ਬਦਾਂ ਦੁਆਰਾ ਸੱਚੀ ਸਮਝ ਪਾਈ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ ॥
ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ ॥ ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ॥
ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥
ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ ॥੫੮॥}

(ਅੰਗ ੧੪੨੦)

ਸਿਰੀਰਾਗੁ ਮਹਲਾ ੪ ॥

{ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥
ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥
ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥੧॥
ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ ॥
ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ ॥੧॥ ਰਹਾਉ ॥
ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥
ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥
ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ ॥੨॥
ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥
ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥
ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥
ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥
ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥
ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ ॥੪॥੩੩॥੩੧॥੬॥੭੦॥}

(ਅੰਗ ੪੧-੪੨)

ਸਲੋਕੁ ਮਃ ੪ ॥

{ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤੁ ॥
ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ ॥
ਹਰਿ ਕੇ ਦਾਸ ਹਰਿ ਧਿਆਇਦੇ ਕਰਿ ਪ੍ਰੀਤਮ ਸਿਉ ਨੇਹੁ ॥
ਕਿਰਪਾ ਕਰਿ ਕੈ ਸੁਨਹੁ ਪ੍ਰਭ ਸਭ ਜਗ ਮਹਿ ਵਰਸੈ ਮੇਹੁ ॥
ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥
ਸੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿ ਜਨੁ ਇਕ ਸਮਾਨਿ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਪੈਜ ਰਖਹੁ ਭਗਵਾਨ ॥੧॥}

(ਅੰਗ ੬੫੨)

ਮਃ ੪ ॥

{ਨਾਨਕ ਪ੍ਰੀਤਿ ਲਾਈ ਤਿਨਿ ਸਾਚੈ ਤਿਸੁ ਬਿਨੁ ਰਹਣੁ ਨ ਜਾਈ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਹਰਿ ਰਸਿ ਰਸਨ ਰਸਾਈ ॥੨॥}

(ਅੰਗ ੬੫੨)

ਪਉੜੀ ॥

{ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥ ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥
ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥ ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥
ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ ॥੨੫॥}

(ਅੰਗ ੬੫੨)

ਜਿਨ੍ਹਾਂ ਨੇ ਵੀ ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਣਿਆ ਹੈ, ਸ੍ਰਿਸ਼ਟੀ ਦੇ ਮਾਲਕ ਨੂੰ, ਹਰ ਦਾਤਿ ਦੇ ਮਾਲਕ ਨੂੰ ਜਾਣਿਆ ਹੈ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਵੀ ਹੁੰਦੀ ਹੈ ਕਿ ਸੰਸਾਰ ਵਿੱਚ ਜੋ ਕੁੱਝ ਵੀ ਹੁਣ ਤੱਕ ਹੋਇਆ ਹੈ ਉਹ ਉਸੇ ਦੀ ਰਜਾ ਦੇ ਨਾਲ ਹੀ ਹੋਇਆ ਹੈ ਤੇ ਜੋ ਕੁੱਝ ਹੁਣ ਪੂਰੀ ਸ੍ਰਿਸ਼ਟੀ ਵਿੱਚ ਹੋ ਰਿਹਾ ਹੈ ਉਹੀ ਉਸਦੀ ਰਜਾ ਦੇ ਨਾਲ ਹੀ ਹੋ ਰਿਹਾ ਹੈ ਤੇ ਰਹਿੰਦੀ ਦੁਨਿਆ ਤੱਕ ਸਭ ਕੁੱਝ ਉਸਦੀ ਰਜਾ ਦੇ ਨਾਲ ਹੀ ਹੋਣਾ ਹੈ। ਕਿਸੇ ਵੀ ਸੰਸਾਰਿਕ ਮਨੁੱਖ ਦਾ ਜੋ ਉਸਦੇ ਅੱਗੇ ਅਰਦਾਸ ਕਰਨ ਦਾ ਸੱਚਾ ਤਰੀਕਾ ਹੋਣਾ ਚਾਹੀਦਾ ਹੈ ਉਹ ਉਸਨੂੰ ਆਪਣੇ ਅੰਦਰੋਂ ਜਾਨਣ ਦਾ ਹੋਣਾ ਚਾਹੀਦਾ ਹੈ ਜੋ ਅਰਦਾਸ ਕਰਨ ਲਈ ਕੋਈ ਮੁੱਖੋਂ ਬੋਲ ਕੇ ਅਰਦਾਸ ਕਰਨ ਦੀ ਲੋੜ ਨਹੀਂ ਹੁੰਦੀ ਭਾਵ ਗੁਰੂ ਅੱਗੇ ਹੱਥ ਜੋੜਕੇ, ਉਸਦੇ ਅੱਗੇ ਖਲੋ ਕੇ ਅਰਦਾਸ ਕਰਨ ਦੀ ਲੋੜ ਨਹੀਂ ਹੁੰਦੀ। ਉਸਦੇ ਲਈ ਕੇਵਲ ਤੇ ਕੇਵਲ ਮਨ ਦੇ ਵਿੱਚ ਅਰਦਾਸ ਕਰਨ ਦੀ ਲੋੜ ਹੁੰਦੀ ਹੈ ਭਾਵ ਆਪਣੇ ਮਨ ਨੂੰ ਸਮਝਾਉਣ ਦੀ ਲੋੜ ਹੁੰਦੀ ਹੈ ਕਿ ਮੈਂ ਗੁਰੂ ਦੇ ਸਮਝਾਏ ਹੋਏ ਸੱਚ ਨੂੰ ਅਪਣਾ ਸਕਾ ਭਾਵ ਮਨ ਦੇ ਵਿੱਚੋਂ ਮਾਇਆ ਮੋਹ ਤਿਆਗ ਸਕਾ, ਮਨ ਦੀਆਂ ਤ੍ਰਿਸ਼ਨਾਵਾਂ ਨੂੰ ਤਿਆਗ ਸਕਾ ਭਾਵ ਆਪਣੇ ਜੀਵਨ ਵਿੱਚ ਗੁਰੂ ਦੇ ਸਮਝਾਏ ਹੋਏ ਸੱਚ ਦੇ

55/7794

ਮਾਰਗ ਤੇ ਚੱਲ ਸਕੀਏ। ਬਾਣੀ ਦੇ ਸ਼ਬਦਾਂ ਵਿੱਚ ਦੋਵੇਂ ਹੱਥ ਜੋੜਕੇ ਅਰਦਾਸ ਕਰਨ ਦੀ ਗੱਲ ਆਉਂਦੀ ਹੈ, ਖੜੇ ਹੋ ਕੇ ਅਰਦਾਸ ਕਰਨ ਦੀ ਗੱਲ ਆਉਂਦੀ ਹੈ। ਸ਼ਬਦਾਂ ਦੇ ਗਹਿਰੇ ਭਾਵ ਨੂੰ ਸਮਝਣ ਦੀ ਲੋੜ ਹੁੰਦੀ ਹੈ ਕਿਉਂਕਿ ਗੁਰੂ ਦਾ ਕੋਈ ਵੀ ਸ਼ਬਦ ਦੂਸਰੇ ਸ਼ਬਦ ਦੇ ਭਾਵ ਤੋਂ ਉਲਟ ਨਹੀਂ ਹੋ ਸਕਦਾ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜਦੋਂ ਅਸੀਂ ਕਿਸੇ ਦਾ ਇੱਜਤ-ਮਾਣ ਕਰਦੇ ਹਾਂ ਉਸਦਾ ਹੱਥ ਜੋੜਕੇ ਸਤਿਕਾਰ ਕਰਦੇ ਹਾਂ। ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਨਣ ਲਈ ਭਾਵ ਉਸਦਾ ਸੱਚਾ ਦਾਸ, ਭਗਤ ਬਣਨ ਲਈ ਅਸੀਂ ਗੁਰੂ ਦਾ ਸਤਿਕਾਰ ਕਰਨਾ ਹੈ। ਸਾਰੀ ਗੱਲ ਸਮਝਣ ਤੇ ਮੰਨਣ ਦੀ ਇਹ ਹੈ ਕਿ ਗੁਰੂ ਕਿਸ ਰੂਪ ਵਿੱਚ ਹੈ। ਗੁਰੂ ਗੁਰਮਤਿ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਹੈ, ਆਪਣੇ ਬਚਨਾਂ ਦੇ ਰੂਪ ਵਿੱਚ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਵਾਰੀ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਦੀ ਸੱਚੀ ਮਤਿ ਨੂੰ ਹੱਥ ਜੋੜਨਾ ਗੁਰੂ ਅੱਗੇ ਹੱਥ ਜੋੜਨ ਵਾਲੀ ਗੱਲ ਹੈ ਭਾਵ ਗੁਰਮਤਿ ਦੀ ਇੱਜਤ ਕਰਨ ਦਾ ਤਰੀਕਾ ਹੈ ਜੋ ਉਸਦੀ ਇੱਜਤ, ਸਤਿਕਾਰ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ ਹੀ ਕੀਤਾ ਜਾ ਸਕਦਾ ਹੈ ਨਾ ਕਿ ਸਰੀਰਕ ਹੱਥ ਜੋੜਨ ਦੁਆਰਾ। ਇਸੇ ਤਰ੍ਹਾਂ ਖੜੇ ਹੋ ਕੇ ਅਰਦਾਸ ਕਰਨ ਦੀ ਗੱਲ ਹੈ। ਸਾਰੀ ਗੱਲ ਗੁਰੂ ਦੀ ਗੱਲ ਨੂੰ ਮੰਨਣ ਦੀ ਹੀ ਹੈ। ਗੁਰੂ ਸਾਨੂੰ ਜੋ ਕੁੱਝ ਸਮਝਾਉਂਦਾ ਹੈ ਉਹ ਸਾਡੇ ਮੰਨਣ ਲਈ ਹੀ ਸਮਝਾਉਂਦਾ ਹੈ ਤੇ ਗੁਰੂ ਦੀ ਗੱਲ ਨੂੰ ਸੁਣਕੇ ਬੈਠੇ ਨਹੀਂ ਰਹਿਣਾ ਭਾਵ ਮਨ ਦੇ ਵਿੱਚ ਜਿਹੜੀ ਸਮਝ ਵਿੱਚ ਬੈਠੇ ਹਾਂ ਉਸ ਸਮਝ ਵਿੱਚ ਬੈਠੇ ਨਹੀਂ ਰਹਿਣਾ ਭਾਵ ਆਪਣੀ ਸਮਝ ਨੂੰ ਉਠਾਉਣਾ ਹੈ, ਖੜਾ ਕਰਨਾ ਹੈ, ਉੱਚਾ ਕਰਨਾ ਹੈ। ਮਨੁੱਖੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਕਰਕੇ ਨੀਵੀਂ ਹੈ ਜਿਸਨੂੰ ਅਸੀਂ ਗੁਰੂ ਦੀ ਉੱਚੀ ਸਮਝ ਨੂੰ ਸੁਣਕੇ, ਚੌਥੇ ਪਦ ਦੇ ਗਿਆਨ ਵਾਲੀ ਸਮਝ ਨੂੰ ਸੁਣਕੇ, ਗੁਰੂ ਦੇ ਨਾਮ ਵਾਲੀ ਸਮਝ ਨੂੰ ਸੁਣਕੇ ਆਪਣੀ ਹਉਮੈ ਵਾਲੀ ਸਮਝ ਨੂੰ ਖੜਾ ਕਰਨਾ ਹੈ ਭਾਵ ਉੱਚਾ ਚੁੱਕਣਾ ਹੈ ਭਾਵ ਆਪਣੀ ਕਮਜੋਰ ਮਤਿ ਨੂੰ ਗੁਰੂ ਦੇ ਜੋਰ ਵਾਲੀ ਮਤਿ ਵਰਗਾ ਬਨਾਉਣਾ ਹੈ। ਗੁਰਮਤਿ ਦਾ ਸਤਿਕਾਰ ਮਨਮਤਿ ਵਿੱਚੋਂ ਖੜੇ ਹੋਣ ਦੁਆਰਾ ਹੀ ਹੁੰਦਾ ਹੈ ਤਾਂ ਜੋ ਅਸੀਂ ਮਨਮਤਿ ਵਿੱਚੋਂ ਨਿਕਲਕੇ, ਗੁਰਮਤਿ ਦੀ ਸੱਚੀ ਸਮਝ ਵਾਲੇ ਬਣਕੇ ਉਹੋ ਜਿਹੇ ਸੱਚੇ ਸੁੱਚੇ ਕਰਮ ਕਰੀਏ ਭਾਵ ਸਾਡਾ ਮਨ ਗੁਰੂ ਅਕਾਲ ਪੁਰਖ ਦੇ ਅੱਗੇ ਉਹੋ ਜਿਹੀ ਅਰਦਾਸ ਕਰੇ ਜਿਹੋ ਜਿਹੀ ਅਰਦਾਸ ਉਸਦੇ ਦਰ ਤੇ ਕਬੂਲ ਹੁੰਦੀ ਹੈ, ਜੋ ਅਰਦਾਸ ਬਿਰਥੀ ਨਹੀਂ ਜਾਂਦੀ ਜਿਵੇਂ ਕਿ ਅਸੀਂ ਉਪਰ ਸ਼ਬਦ ਰਾਹੀਂ ਸਮਝਿਆ ਹੀ ਹੈ। ਗੁਰੂ ਅੱਗੇ ਦੋਵੇਂ ਹੱਥ ਜੋੜਕੇ, ਖੜੇ ਹੋ ਕੇ ਅਰਦਾਸ ਕਰਨੀ ਕੀ ਹੈ ਇਸ ਗੱਲ ਨੂੰ ਬਾਣੀ ਵਿੱਚ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ।

ਮਹਲਾ ੧ ॥

{ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥ ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥
ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥ ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥
ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥

ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥ ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥
ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥ ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥
ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥ ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥
ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥ ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥}

(ਅੰਗ ੫੩-੫੪)

55/7795

ਸੂਹੀ ਮਹਲਾ ੫ ॥

{ਕੀਤਾ ਲੋੜਹਿ ਸੋ ਪ੍ਰਭ ਹੋਇ ॥ ਤੁਝ ਬਿਨੁ ਦੂਜਾ ਨਾਹੀ ਕੋਇ ॥ ਜੋ ਜਨੁ ਸੇਵੇ ਤਿਸੁ ਪੂਰਨ ਕਾਜ ॥
ਦਾਸ ਅਪੁਨੇ ਕੀ ਰਾਖਹੁ ਲਾਜ ॥੧॥ ਤੇਰੀ ਸਰਣਿ ਪੂਰਨ ਦਇਆਲਾ ॥
ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ ॥੧॥ ਰਹਾਉ ॥ ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥
ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥ ਲੋਕ ਪਤੀਆਰੈ ਕਛੂ ਨ ਪਾਈਐ ॥ ਸਾਚਿ ਲਗੈ ਤਾ ਹਉਮੈ ਜਾਈਐ ॥੨॥
ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥ ਦੁਰਮਤਿ ਜਾਇ ਪਰਮ ਪਦੁ ਪਾਏ ॥
ਗੁਰ ਪਰਸਾਦੀ ਨਾਮੁ ਧਿਆਏ ॥੩॥ ਦੁਇ ਕਰ ਜੋੜਿ ਕਰਉ ਅਰਦਾਸਿ ॥ ਤੁਧੁ ਭਾਵੈ ਤਾ ਆਣਹਿ ਰਾਸਿ ॥
ਕਰਿ ਕਿਰਪਾ ਅਪਨੀ ਭਗਤੀ ਲਾਇ ॥ ਜਨ ਨਾਨਕ ਪ੍ਰਭੁ ਸਦਾ ਧਿਆਇ ॥੪॥੨॥}

(ਅੰਗ ੭੩੬-੭੩੭)

ਭੈਰਉ ਮਹਲਾ ੫ ॥

{ਦੁਇ ਕਰ ਜੋਰਿ ਕਰਉ ਅਰਦਾਸਿ ॥ ਜੀਉ ਪਿੰਡੁ ਧਨੁ ਤਿਸ ਕੀ ਰਾਸਿ ॥
ਸੋਈ ਮੇਰਾ ਸੁਆਮੀ ਕਰਨੈਹਾਰੁ ॥ ਕੋਟਿ ਬਾਰ ਜਾਈ ਬਲਿਹਾਰ ॥੧॥ ਸਾਧੂ ਧੂਰਿ ਪੁਨੀਤ ਕਰੀ ॥
ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥੧॥ ਰਹਾਉ ॥
ਜਾ ਕੈ ਗ੍ਰਿਹ ਮਹਿ ਸਗਲ ਨਿਧਾਨ ॥ ਜਾ ਕੀ ਸੇਵਾ ਪਾਈਐ ਮਾਨੁ ॥ ਸਗਲ ਮਨੋਰਥ ਪੂਰਨਹਾਰ ॥
ਜੀਅ ਪ੍ਰਾਨ ਭਗਤਨ ਆਧਾਰ ॥੨॥ ਘਟ ਘਟ ਅੰਤਰਿ ਸਗਲ ਪ੍ਰਗਾਸ ॥
ਜਪਿ ਜਪਿ ਜੀਵਹਿ ਭਗਤ ਗੁਣਤਾਸ ॥ ਜਾ ਕੀ ਸੇਵ ਨ ਬਿਰਥੀ ਜਾਇ ॥ ਮਨ ਤਨ ਅੰਤਰਿ ਏਕੁ ਧਿਆਇ ॥੩॥
ਗੁਰ ਉਪਦੇਸਿ ਦਇਆ ਸੰਤੋਖੁ ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥
ਕਰਿ ਕਿਰਪਾ ਲੀਜੈ ਲੜਿ ਲਾਇ ॥ ਚਰਨ ਕਮਲ ਨਾਨਕ ਨਿਤ ਧਿਆਇ ॥੪॥੪੨॥੫੫॥}

(ਅੰਗ ੧੧੫੨)

ਮਾਰੂ ਮਹਲਾ ੩ ॥

{ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥ ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ॥੧॥
ਬਾਬਾ ਸਾਚਾ ਸਾਹਿਬੁ ਰਿਦੈ ਸਮਾਲਿ ॥ ਸਤਿਗੁਰੁ ਅਪਨਾ ਪੁਛਿ ਦੇਖੁ ਲੇਹੁ ਵਖਰੁ ਭਾਲਿ ॥੧॥ ਰਹਾਉ ॥
ਇਕੁ ਸਚਾ ਸਭ ਸੇਵਦੀ ਧੁਰਿ ਭਾਗਿ ਮਿਲਾਵਾ ਹੋਇ ॥ ਗੁਰਮੁਖਿ ਮਿਲੇ ਸੇ ਨ ਵਿਛੁੜਹਿ ਪਾਵਹਿ ਸਚੁ ਸੋਇ ॥੨॥
ਇਕਿ ਭਗਤੀ ਸਾਰ ਨ ਜਾਣਨੀ ਮਨਮੁਖ ਭਰਮਿ ਭੁਲਾਇ ॥
ਓਨਾ ਵਿਚਿ ਆਪਿ ਵਰਤਦਾ ਕਰਣਾ ਕਿਛੂ ਨ ਜਾਇ ॥੩॥ ਜਿਸੁ ਨਾਲਿ ਜੋਰੁ ਨ ਚਲਈ ਖਲੇ ਕੀਚੈ ਅਰਦਾਸਿ॥
ਨਾਨਕ ਗੁਰਮੁਖਿ ਨਾਮੁ ਮਨਿ ਵਸੈ ਤਾ ਸੁਣਿ ਕਰੇ ਸਾਬਾਸਿ ॥੪॥੪॥}

(ਅੰਗ ੯੯੪)

ਸਲੋਕ ਮਃ ੨ ॥

{ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥ ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥੧॥}

(ਅੰਗ ੧੦੯੩)

ਜਿਨ੍ਹਾਂ ਸਰੀਰਾਂ ਰਾਹੀਂ ਭਾਵ ਸੱਚੇ ਭਗਤਾਂ ਰਾਹੀਂ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਹੋਈ ਹੈ ਉਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਜਿਹੋ ਜਿਹੀ ਉਸਦੇ ਅੱਗੇ ਅਰਦਾਸ ਕਰਨੀ ਸਿੱਖੀ ਹੈ ਉਸਦੇ ਅੱਗੇ ਉਹੋ ਜਿਹੀ ਅਰਦਾਸ ਕਰਨੀ ਹੀ ਉਨ੍ਹਾਂ ਨੇ ਸ਼ਬਦਾਂ ਰਾਹੀਂ ਸਾਰੇ ਸੰਸਾਰ ਨੂੰ ਸੁਣਾਈ ਹੈ ਭਾਵ ਸ਼ਬਦਾਂ ਰਾਹੀਂ ਸਮਝਾਈ ਹੈ ਜਿਸ ਉਨ੍ਹਾਂ ਦੀ ਸਮਝਾਈ ਹੋਈ ਅਰਦਾਸ ਨੂੰ ਸਾਰੇ ਸੰਸਾਰ ਨੂੰ ਕੰਨ ਦੇ ਕੇ ਸੁਣਨ ਲਈ ਕਿਹਾ ਹੋਇਆ ਹੈ ਭਾਵ ਪੂਰਾ ਧਿਆਨ ਦੇ ਕੇ ਸੁਣਨ ਲਈ ਕਿਹਾ ਹੋਇਆ ਹੈ ਤਾਂ ਜੋ ਅਸੀਂ ਗੁਰੂ ਦੀ ਗੱਲ ਨੂੰ ਸੁਣੀ-ਅਨਸੁਣੀ ਨਾ ਕਰੀਏ। ਹੁਣ ਧਿਆਨ ਨਾਲ ਸਮਝੋ ਸਾਨੂੰ ਕਿਹੜੀ ਅਰਦਾਸ ਕਰਨੀ ਸਮਝਾਈ ਹੈ ਭਾਵ ਸਿਖਾਈ ਹੈ ਭਾਵ ਅਰਦਾਸ ਕਰਨ ਲਈ ਕਿਹੜੇ ਲਫਜ ਦਿੱਤੇ ਹਨ, ਕੋਈ ਖਾਸ ਲਫਜ ਬੋਲਣ ਲਈ ਦਿੱਤੇ ਹਨ ਜਿਨ੍ਹਾਂ ਨੂੰ ਅਸੀਂ ਬੋਲਕੇ ਸੁਣਨਾ ਹੈ। ਉਨ੍ਹਾਂ ਨੇ ਸਾਨੂੰ ਕੋਈ ਖਾਸ ਕਿਸਮ ਦੀ ਵੱਖਰੀ-ਵੱਖਰੀ ਅਰਦਾਸ ਕਰਨੀ ਨਹੀਂ ਸਿਖਾਈ ਜਿਵੇਂ ਕਿ ਆਮ ਤੌਰ ਤੇ ਅਸੀਂ ਸਰਰਿਕ ਰੂਪ ਵਿੱਚ ਖੜੇ ਹੋ ਕੇ ਕਰਦੇ ਹਾਂ। ਉਨ੍ਹਾਂ ਦੀ ਸਮਝਾਈ ਹੋਈ ਅਰਦਾਸ ਨੂੰ ਅਸੀਂ ਕਿਸ ਤਰੀਕੇ ਸੁਣਨਾ ਹੈ ਤੇ ਕਿਸ ਮਕਸਦ ਲਈ ਸੁਣਨਾ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਨੂੰ ਭਾਵ ਗੁਰੂ ਦੀ ਸੱਚੀ ਮਤਿ ਨੂੰ ਸੁਣਨਾ ਹੈ। ਗੁਰੂ ਦੀ ਗੱਲ ਨੂੰ ਸੁਣਨਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੇ ਰੂਪ ਵਿੱਚ ਵਿਚਾਰਨ ਦੁਆਰਾ ਸਮਝਿਆ ਜਾ ਸਕਦਾ ਹੈ। ਸਾਰੀ ਗੱਲ ਗੁਰੂ ਦੀ ਗੱਲ ਨੂੰ ਸੁਣ ਕੇ, ਉਸਨੂੰ ਸਮਝ ਕੇ ਉਸਨੂੰ ਮੰਨਣ ਦੀ ਭਾਵ ਸੱਚੀ ਗੁਰਮਤਿ ਤੇ ਅਮਲ ਕਰਨ ਦੀ ਹੇ ਜੋ ਸਭ ਦੇ ਲਈ ਸ੍ਰਿਸ਼ਟੀ ਦੇ ਕਰਤੇ ਦੇ ਅੱਗੇ ਮਨ ਦੇ ਵਿੱਚ ਉਸਦੇ ਅੱਗੇ ਸੱਚੀ ਅਰਦਾਸ ਹੈ। ਉਹ ਸਭ ਦੇ ਅੰਦਰ ਹੀ ਹੈ ਜਿਸਨੂੰ ਕੋਈ ਮੁੱਖੋਂ ਬੋਲ ਬੋਲ ਕੇ ਸੁਨਾਉਣ ਦੀ ਲੋੜ ਨਹੀਂ ਹੁੰਦੀ ਜੋ ਸਭ ਕੁੱਝ ਜਾਨਣਹਾਰ ਹੈ।

{ਹਉ ਵਾਰੀ ਘੁੰਮਾ ਜਾਵਦਾ ॥ ਇਕ ਸਾਹਾ ਤੁਧੁ ਧਿਆਇਦਾ ॥
ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥੬॥
ਹਰਿ ਇਠੈ ਨਿਤ ਧਿਆਇਦਾ ॥ ਮਨਿ ਚਿੰਦੀ ਸੋ ਫਲੁ ਪਾਇਦਾ ॥
ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ ॥੭॥ ਮੈ ਛਡਿਆ ਸਭੋ ਧੰਧੜਾ ॥ ਗੋਸਾਈ ਸੇਵੀ ਸਚੜਾ॥
ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥੮॥
ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥੯॥
ਮੈ ਬਧੀ ਸਚੁ ਧਰਮ ਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥
ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥

ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥}

(ਅੰਗ ੭੩-੭੪)

55/7796

{ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥ ਦੇ ਕੰਨੁ ਸੁਣਹੁ ਅਰਦਾਸਿ ਜੀਉ ॥
ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥
ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥
ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ ॥
ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥
ਤੇਰਿਆ ਭਗਤਾ ਭੁਖ ਸਦ ਤੇਰੀਆ ॥ ਹਰਿ ਲੋਚਾ ਪੂਰਨ ਮੇਰੀਆ ॥
ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥
ਤੁਧੁ ਜੇਵਡੁ ਅਵਰੁ ਨ ਭਾਲਿਆ ॥ ਤੂੰ ਦੀਪ ਲੋਅ ਪਇਆਲਿਆ ॥
ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥}

(ਅੰਗ ੭੪)

ਉਸਦੇ ਅੱਗੇ ਸੱਚੀ ਅਰਦਾਸ ਮਨੁੱਖ ਦੀ ਮੈਂ ਨਿਕਲਣ ਦੁਆਰਾ ਹੀ ਹੁੰਦੀ ਹੈ ਭਾਵ ਹਉਮੈ ਨਿਕਲਣ ਦੁਆਰਾ ਹੀ ਹੁੰਦੀ ਹੈ ਭਾਵ ਉਦੋਂ ਹੁੰਦੀ ਹੈ ਜਦੋਂ ਉਸਨੂੰ ਮਨੁੱਖ ਮਨ ਦੇ ਅੰਦਰ ਹਾਜਰ ਹਜੂਰ ਦੇਖ ਲੈਂਦਾ ਹੈ ਭਾਵ ਜਦੋਂ ਪ੍ਰਮਾਤਮਾ, ਅੱਲ੍ਹਾ, ਗਾਡ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਕਰ ਦਿੰਦਾ ਹੈ। ਧੰਨ ਧੰਨ ਪਹਿਲੀ ਪਾਤਸ਼ਾਹੀ ਨੇ ਉਸਦੀ ਹਾਜਰੀ ਵਿੱਚ ਭਾਵ ਉਸਦੇ ਹਜੂਰ ਕਿਹੋ ਜਿਹੀ ਅਰਦਾਸ ਕੀਤੀ ਹੈ ਤੇ ਸੰਸਾਰ ਨੂੰ ਅਰਦਾਸ ਕਰਨ ਬਾਰੇ ਕੀ ਸਮਝਾਇਆ ਹੈ ਇਸ ਗੱਲ ਨੂੰ ਉਨ੍ਹਾਂ ਦੇ ਮੁੱਖੋਂ ਬੁਲਵਾਏ ਹੋਏ ਅਕਾਲ ਪੁਰਖ ਦੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਸ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ।

ਆਸਾ ਮਹਲਾ ੧ ॥

{ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥
ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥੧॥
ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥
ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥
ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥
ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥
ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥
ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥
ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥}

(ਅੰਗ ੩੫੨)

ਅਕਾਲ ਪੁਰਖ ਦੇ ਨਿਰੰਕਾਰ ਰੂਪ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਭਾਵ ਗੁਰਮਤਿ ਦੀ ਸੱਚੀ ਸਮਝ ਪਏ ਬਿਨ੍ਹਾਂ ਭਾਵ ਸ਼ਬਦਾਂ ਦੀ

ਸੱਚੀ ਵਿਚਾਰ ਪਏ ਬਿਨ੍ਹਾਂ ਕੋਈ ਉਸਦੀ ਸੱਚੀ ਅਰਦਾਸ ਨੂੰ ਨਹੀਂ ਸਮਝ ਸਕਦਾ ਤੇ ਉਸਨੂੰ ਜਾਣੇ ਬਿਨ੍ਹਾਂ ਅਸੀਂ ਉਸਦੀ ਸੱਚੀ ਗੁਰਮਤਿ ਨੂੰ ਮੰਨਣ ਦਾ ਜੋ ਉਪਰਾਲਾ ਕਰਨਾ ਹੈ ਇਹੀ ਸਾਡੀ ਉਸਦੇ ਅੱਗੇ ਸੱਚੀ ਅਰਦਾਸ ਹੈ ਜੋ ਅਰਦਾਸ ਸਾਡੇ ਮਨ ਦੀ ਸਮਝ ਨੇ ਹੀ ਕਰਨੀ ਹੈ ਕਿਉਂਕਿ ਸਾਡੇ ਕੋਲ ਜੋ ਗੁਰੂ ਹੈ ਭਾਵ ਗੁਰਬਾਣੀ ਹੈ ਉਹ ਸ਼ਬਦ ਰੂਪ ਵਿੱਚ ਹੈ। ਜਿਨ੍ਹਾਂ ਨੇ ਗੁਰਬਾਣੀ ਉਚਾਰੀ ਹੈ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਵਿੱਚ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਅੱਗੇ ਅਰਦਾਸ ਕਰਨ ਦੁਆਰਾ ਕੀ ਮੰਗਿਆ ਹੈ ਇਸ ਗੱਲ ਨੂੰ ਭੱਟ ਕੀਰਤ ਜੀ ਦੇ ਜੀਵਨ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਧੰਨ ਧੰਨ ਗੁਰੂ ਰਾਮਦਾਸ ਜੀ ਦੇ ਅੱਗੇ ਅਰਦਾਸ ਕਰਨ ਦੁਆਰਾ ਕੀ ਮੰਗਿਆ ਹੈ ਜਿਸਨੂੰ ਕਿ ਗੁਰੂ ਸਾਹਿਬ ਨੇ ਆਪਣੇ ਕੰਨਾਂ ਨਾਲ ਸੁਣਿਆ ਸੀ ਤੇ ਉਨ੍ਹਾਂ ਦੁਆਰਾ ਕੀਤੀ ਹੋਈ ਅਰਦਾਸ ਨੂੰ ਬਾਣੀ ਦੇ ਸ਼ਬਦ ਵਿੱਚ ਲਿਖਣ ਦਾ ਮਕਸਦ ਵੀ ਸੰਸਾਰ ਨੂੰ ਸਹੀ ਅਰਦਾਸ ਸਮਝਾਉਣ ਨਾਲ ਹੀ ਭਾਵ ਇਹ ਅਰਦਾਸ ਲਿਖਾਉਣ ਵਿੱਚ ਅਕਾਲ ਪੁਰਖ ਦੀ ਆਪਣੀ ਸਮਝ ਹੀ ਹੈ ਜਿਸ ਦੁਆਰਾ ਅਕਾਲ ਪੁਰਖ ਨੇ ਆਪ ਹੀ ਬਾਣੀ ਵਿੱਚ ਇਹ ਸ਼ਬਦ ਲਿਖਵਾਇਆ ਹੈ। ਜਿਸ ਗੱਲ ਲਈ ਭਾਵ ਜੋ ਕੁੱਝ ਗੁਰੂ ਕੋਲੋਂ ਮੰਗਣ ਲਈ ਭੱਟ ਕੀਰਤ ਜੀ ਨੇ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਹੋਈ ਹੈ ਉਸੇ ਗੱਲ ਲਈ ਤਾਂ ਸ਼ਬਦ ਰੂਪ ਗੁਰਬਾਣੀ ਗੁਰੂ ਸਾਨੂੰ ਬਾਰ-ਬਾਰ ਆਪਣੇ

55/7797

ਸ਼ਬਦਾਂ ਦੁਆਰਾ ਸਮਝਾ ਰਹੇ ਹਨ ਜੋ ਵਸਤੂ ਗੁਰੂ ਦੇ ਕੋਲੋਂ ਲੈਣ ਲਈ ਕੋਈ ਮੁੱਖੋਂ ਬੋਲਣ ਦੀ ਲੋੜ ਨਹੀਂ ਹੈ ਤੇ ਕੇਵਲ ਆਪਣੇ ਮਨ ਨੂੰ ਸਮਝਾਉਣ ਦੀ ਲੋੜ ਹੈ ਜੋ ਕਿ ਮਨ ਦੇ ਔਗੁਣਾਂ ਨੂੰ ਤਿਆਗਣ ਦੀ ਹੈ ਨਾ ਕਿ ਕੋਈ ਦੁਨਿਆਵੀ ਦਾਤਾਂ ਮੰਗਣ ਦੇ ਲਈ। ਆਉ ਹੇਠ ਦਿੱਤੇ ਸ਼ਬਦ ਦੇ ਦੁਆਰਾ ਇਸ ਗੱਲ ਨੂੰ ਸਮਝੀਏ। ਗੁਰਮਤਿ ਦੀ ਸੱਚੀ ਸਮਝ ਨੂੰ ਮੰਨਣਾ ਹੀ ਭਾਵ ਗੁਰਮਤਿ ਦੀ ਸ਼ਰਨ ਮੰਗਣਾ ਹੀ ਗੁਰੂ ਅੱਗੇ ਸਾਡੀ ਸਹੀ ਅਰਦਾਸ ਹੈ ਜਿਸ ਲਈ ਕੇਵਲ ਤੇ ਕੇਵਲ ਸ਼ਬਦ ਗੁਰੂ ਦੇ ਵਿਚਾਰਾਂ ਨੂੰ ਮੰਨਣ ਦੀ ਲੋੜ ਹੈ ਭਾਵ ਆਪਣੀ ਨਾਸਮਝ ਮਤਿ ਛੱਡਣ ਦੀ ਲੋੜ ਹੈ, ਮਾਇਆ ਮੋਹ ਛੱਡਣ ਦੀ ਲੋੜ ਹੈ ਜੋ ਸਭ ਦੇ ਲਈ ਛੱਡਣਾ ਬਹੁਤ ਔਖਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੈ ਤੇ ਉਹੀ ਗੱਲ ਗੁਰੂ ਦੀ ਸ਼ਰਨ ਵਿੱਚ ਆਉਣ ਦੀ ਹੇਠ ਦਿੱਤੇ ਸ਼ਬਦ ਦੁਆਰਾ ਸਮਝਾਈ ਹੋਈ ਹੈ, ਮਨੁੱਖ ਦੀ ਅਰਦਾਸ ਦੇ ਰੂਪ ਵਿੱਚ ਸਮਝਾਈ ਹੋਈ ਹੈ। ਪਹਿਲੇ ਮਾਇਆ ਮੋਹ ਛੱਡਣ ਲਈ ਆਪਣਾ ਮਨ ਮੰਨੇਗਾ ਤਾਂ ਫਿਰ ਇਹ ਕੁੱਝ ਗੁਰੂ ਨੂੰ ਆਪੇ ਹੀ ਚੰਗਾ ਲੱਗੇਗਾ ਜੋ ਗੁਰੂ ਰੂਪ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਹੀ ਬੈਠਾ ਹੈ ਤੇ ਮਨੁੱਖ ਦੇ ਬਿਨਾਂ ਮੁੱਖੋਂ ਬੋਲੇ ਹੀ ਸਭ ਕੁੱਝ ਜਾਣਦਾ ਹੈ ਕਿ ਮਨੁੱਖ ਅਸਲ ਵਿੱਚ ਚਾਹੁੰਦਾ ਕੀ ਹੈ ਭਾਵ ਮਾਇਆ ਮੋਹ ਛੱਡਣਾ ਚਾਹੁੰਦਾ ਹੈ ਜਾਂ ਨਹੀਂ ਛੱਡਣਾ ਚਾਹੁੰਦਾ। ਆਉ ਹੇਠ ਦਿੱਤੇ ਪ੍ਰਮਾਣ ਦੁਆਰਾ ਸਮਝੋ।

{ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥}

(ਅੰਗ ੧੪੦੬)

ਪੂਰੀ ਗੁਰਬਾਣੀ ਦੇ ਸ਼ਬਦਾਂ ਰਾਹੀਂ ਸਾਨੂੰ ਸ਼ਬਦ ਰੂਪ ਗੁਰੂ ਅੱਗੇ ਇਹੋ ਜਿਹੀ ਅਰਦਾਸ ਕਰਨੀ ਹੀ ਸਿਖਾਈ ਹੋਈ ਹੈ ਜੋ ਸ਼ਬਦ ਰੂਪ ਗੁਰੂ ਅੱਗੇ ਅਰਦਾਸ ਮਨ ਨੂੰ ਸਮਝਾਉਣ ਨਾਲ ਮਨੁੱਖ ਕਿਸੇ ਵੇਲੇ ਵੀ ਕਰ ਸਕਦਾ ਹੈ ਜਿਸ ਅਰਦਾਸ ਲਈ ਕਿਸੇ ਇਕੱਠ ਦੀ ਲੋੜ ਨਹੀਂ ਹੈ ਭਾਵ ਦੁਨਿਆਵੀ ਸੰਗਤ ਦੀ ਲੋੜ ਨਹੀਂ ਹੈ, ਕਿਸੇ ਖਾਸ ਸਮੇਂ ਦੀ ਲੋੜ ਨਹੀਂ ਹੈ, ਕਿਸੇ ਦੁਨਿਆਵੀ ਮਨੁੱਖਾਂ ਦੀ ਸੰਗਤ ਦੀ ਲੋੜ ਨਹੀਂ ਹੈ ਭਾਵ ਕੇਵਲ ਗੁਰੂ ਰੂਪ ਸ਼ਬਦ ਦੇ ਵਿਚਾਰਾਂ ਦੀ ਸੱਚੀ ਸੰਗਤ ਕਰਨ ਦੀ ਲੋੜ ਹੈ। ਗੁਰੂ ਅੱਗੇ ਸਾਡੀ ਸੱਚੀ ਅਰਦਾਸ ਸ਼ਬਦਾਂ ਦੇ ਸਮਝਾਏ ਹੋਏ ਸੱਚ ਦੇ ਨਾਲ ਜੁੜ ਕੇ ਹੀ ਹੁੰਦੀ ਹੈ ਭਾਵ ਮਨ ਦੇ ਸਤਿ ਸੰਤੋਖ ਦੁਆਰਾ ਹੀ ਹੁੰਦੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੁਆਰਾ ਹੀ ਹੁੰਦੀ ਹੈ ਜਿਵੇਂ ਕਿ ਅਸੀਂ ਉਪਰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁੱਝ ਹੋਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਕਿ ਜਿਨ੍ਹਾਂ ਸਰੀਰਾਂ ਨੇ ਸ੍ਰਿਸ਼ਟੀ ਦੇ ਰਚਣਹਾਰ ਅੱਗੇ ਅਰਦਾਸ ਕੀਤੀ ਹੈ ਉਨ੍ਹਾਂ ਨੇ ਉਸਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਕੀਤੀ ਹੈ ਭਾਵ ਸੱਚ ਦੇ ਮਾਰਗ ਤੇ ਚੱਲ ਕੇ ਹੀ ਕੀਤੀ ਹੈ, ਮਨ ਦੀ ਮਾਇਆ ਤਿਆਗਣ ਦੁਆਰਾ, ਮਨ ਦੀਆਂ ਤ੍ਰਿਸ਼ਨਾਵਾਂ ਤਿਆਗਣ ਦੁਆਰਾ ਹੀ ਕੀਤੀ ਹੈ, ਉਸਦੀ ਸੱਚੀ ਸਿਫਤ ਸਾਲਾਹ ਕਰਨ ਦੁਆਰਾ ਹੀ ਕੀਤੀ ਹੈ, ਉਸਦੇ ਸੱਚੇ ਗੁਣ ਗਾਉਣ ਦੁਆਰਾ ਹੀ ਕੀਤੀ ਹੈ ਜਿਸ ਦੁਆਰਾ ਉਨ੍ਹਾਂ ਦੀ ਅਰਦਾਸ ਉਸਦੇ ਦਰ ਤੇ

55/7798

ਕਬੂਲ ਹੋਈ ਹੈ ਜਿਸ ਦੁਆਰਾ ਉਨ੍ਹਾਂ ਨੂੰ ਉਸਦੇ ਦਰ ਤੋਂ ਮਾਣ ਮਿਲਿਆ ਹੈ, ਸਭ ਤੋਂ ਉੱਚਾ ਮਾਣ ਮਿਲਿਆ ਹੈ ਭਾਵ ਸੱਚਾ ਮਾਣ ਮਿਲਿਆ ਹੈ ਭਾਵ ਸ੍ਰਿਸ਼ਟੀ ਦੇ ਪਾਤਸ਼ਾਹ ਦੇ ਕੋਲੋਂ ਉਸਦੀ ਪਾਤਸ਼ਾਹੀ ਮਿਲੀ ਹੈ, ਉਸਦਾ ਸੱਚਾ ਸੰਤ, ਸੱਚਾ ਭਗਤ, ਸੱਚਾ ਸਾਧ, ਸੱਚਾ ਸੇਵਕ, ਸੱਚਾ ਜਨ, ਸੱਚਾ ਦਾਸ ਮਿਲਣ ਦਾ ਸੱਚਾ ਮਾਣ ਮਿਲਿਆ ਹੈ।

ਸਿਰੀਰਾਗੁ ਮਹਲਾ ੧ ਘਰੁ ੪ ॥

{ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥ ਨ ਜਾਣਾ ਮੇਉ ਨ ਜਾਣਾ ਜਾਲੀ ॥
ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥ ਤੂ ਭਰਪੂਰਿ ਜਾਨਿਆ ਮੈ ਦੂਰਿ ॥
ਜੋ ਕਛੁ ਕਰੀ ਸੁ ਤੇਰੈ ਹਦੂਰਿ ॥ ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥੨॥
ਜੇਤਾ ਦੇਹਿ ਤੇਤਾ ਹਉ ਖਾਉ ॥ ਬਿਆ ਦਰੁ ਨਾਹੀ ਕੈ ਦਰਿ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋ ॥
ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ ॥ ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋ ॥੪॥੩੧॥}

(ਅੰਗ ੨੫)

ਸਿਰੀਰਾਗੁ ਮਹਲਾ ੪ ਘਰੁ ੧ ॥

{ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ ॥
ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ ॥
ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ ॥੧॥ ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ॥
ਹਮ ਮੂਰਖ ਮੁਗਧ ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ ॥੧॥ ਰਹਾਉ ॥
ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥
ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥
ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥੨॥
ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥
ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥ ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ੩॥
ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ ॥ ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ ॥
ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ ॥੪॥੧॥੬੫॥}

(ਅੰਗ ੩੯-੪੦)

ਆਸਾ ਮਹਲਾ ੧ ॥

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥
ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥
ਦੇ ਵਡਿਆਈ ਕਰੇ ਸੁ ਹੋਇ ॥੨॥ ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥

ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥
ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥
ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥
ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥}

(ਅੰਗ ੩੫੫)

ਸਿਰੀਰਾਗੁ ਮਹਲਾ ੧ ॥

{ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥ ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥੧॥ ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥੧॥ ਰਹਾਉ ॥ ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ॥
ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥
ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥
ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥੩॥ ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥
ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥ ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥
ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥
ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥ ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥
ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥ ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥
ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥ ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥
ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥੭॥ ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪॥}

(ਅੰਗ ੫੫)

ਮਃ ੩ ॥

{ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ ॥
ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ ॥ ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ ॥
ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ ॥ ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥
ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥ ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥੨॥}

(ਅੰਗ ੮੫-੮੬)

ਗਉੜੀ ਗੁਆਰੇਰੀ ਮਹਲਾ ੫ ॥

{ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥ ਅਨਿਕ ਰੂਪ ਦੇਖਿ ਨਹ ਪਤੀਆਨਾ ॥
ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥ ਓਹ ਬਿਨਸੈ ਓਇ ਭਸਮੇ ਢੇਰੀ ॥੧॥

ਬਿਨੁ ਹਰਿ ਭਜਨ ਦੇਖਉ ਬਿਲਲਾਤੇ ॥ ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥੧॥ ਰਹਾਉ ॥
ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ ॥ ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥
ਜਿਉ ਸੁਪਨੈ ਹੋਇ ਬੈਸਤ ਰਾਜਾ ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥੨॥
ਜਿਉ ਰਾਖਾ ਖੇਤ ਊਪਰਿ ਪਰਾਏ ॥ ਖੇਤੁ ਖਸਮ ਕਾ ਰਾਖਾ ਉਠਿ ਜਾਏ ॥
ਉਸੁ ਖੇਤ ਕਾਰਣਿ ਰਾਖਾ ਕੜੈ ॥ ਤਿਸ ਕੈ ਪਾਲੈ ਕਛੂ ਨ ਪੜੈ ॥੩॥
ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥ ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ ॥
ਆਪਿ ਬਿਨਾਹੇ ਆਪਿ ਕਰੇ ਰਾਸਿ ॥ ਨਾਨਕ ਪ੍ਰਭ ਆਗੈ ਅਰਦਾਸਿ ॥੪॥੧੧॥੮੦॥}

(ਅੰਗ ੧੭੯)

ਆਸਾ ਮਹਲਾ ੧ ॥

{ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥ ਖਾਣਾ ਪੀਣਾ ਹਸਣਾ ਬਾਦਿ ॥
ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥ ਤਉ ਪਰਵਾਹ ਕੇਹੀ ਕਿਆ ਕੀਜੈ ॥
ਜਨਮਿ ਜਨਮਿ ਕਿਛੁ ਲੀਜੀ ਲੀਜੈ ॥੧॥ ਰਹਾਉ ॥ ਮਨ ਕੀ ਮਤਿ ਮਤਾਗਲੁ ਮਤਾ ॥
ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥
ਜੈਸਾ ਤੂੰ ਕਰਹਿ ਤੈਸਾ ਕੋ ਹੋਇ ॥ ਤੁਝ ਬਿਨੁ ਦੂਜਾ ਨਾਹੀ ਕੋਇ ॥ ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥
ਤੁਧੁ ਆਪੇ ਭਾਵੈ ਤਿਵੈ ਚਲਾਵੈ ॥੩॥ ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥}

(ਅੰਗ ੩੫੧)

55/7799

ਆਸਾ ਮਹਲਾ ੧ ਤਿਤੁਕਾ ॥

{ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥ ਕਿਸ ਹੀ ਮਾਨੁ ਕਿਸੈ ਅਪਮਾਨੁ ॥
ਢਾਹਿ ਉਸਾਰੇ ਧਰੇ ਧਿਆਨੁ ॥ ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥
ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥ ਵਾਟ ਨ ਪਾਵਉ ਵੀਗਾ ਜਾਉ ॥
ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥
ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥ ਅਹਿਨਿਸਿ ਅੰਧੁਲੇ ਦੀਪਕੁ ਦੇਇ ॥
ਭਉਜਲ ਡੂਬਤ ਚਿੰਤ ਕਰੇਇ ॥ ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ ੩੫੪)

ਆਸਾ ਮਹਲਾ ੫ ॥

{ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥ ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥੧॥

ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥
ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ ॥੧॥ ਰਹਾਉ ॥
ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥
ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ ॥੨॥
ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥
ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥੩॥
ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥੪॥੧੦॥੪੯॥}

(ਅੰਗ ੩੮੩)

{ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥}

(ਅੰਗ ੨੬੮)

ਪਉੜੀ ॥

{ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥ ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥
ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥ ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ ॥
ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥੨੧॥}

(ਅੰਗ ੫੧੭)

ਪਉੜੀ ॥

{ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥ ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥
ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥ ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ ॥
ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ ॥ ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ ॥
ਮਨ ਕਉ ਹੋਇ ਸੰਤੋਖੁ ਧਿਆਈਐ ਸਦਾ ਹਰਿ ॥ ਸੋ ਲਗਾ ਸਤਿਗੁਰ ਸੇਵ ਜਾ ਕਉ ਕਰਮੁ ਧੁਰਿ ॥੬॥}

(ਅੰਗ ੫੧੯)

ਵਡਹੰਸੁ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ ॥

{ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ ਨਾਤਾ ਸੋ ਪਰਵਾਣੁ ਸਚੁ ਕਮਾਈਐ ॥
ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥ ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥ ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥

ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥ ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ ॥
ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ ॥ ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥
ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥
ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥
ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥
ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥
ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥ ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥
ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥ ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥}

(ਅੰਗ ੫੬੫-੫੬੬)

ਸੂਹੀ ਮਹਲਾ ੪ ਘਰੁ ੭

ੴ ਸਤਿਗੁਰ ਪ੍ਰਸਾਦਿ ॥

{ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥੧॥ ਮੈ ਹਰਿ ਹਰਿ ਨਾਮੁ ਧਰ ਸੋਈ ॥
ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ ॥੧॥ ਰਹਾਉ ॥
ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੨॥
ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ ॥
ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥੩॥
ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ ॥
ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ॥੪॥੧॥੧੨॥}

(ਅੰਗ ੭੩੫)

ਸੂਹੀ ਮਹਲਾ ੧ ਕਾਫੀ ਘਰੁ ੧੦

ੴ ਸਤਿਗੁਰ ਪ੍ਰਸਾਦਿ ॥

{ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥ ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥
ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥ ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ ਰਹਾਉ ॥
ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥ ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥੨॥
ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥ ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥੩॥
ਮੂਰਖ ਮਨ ਸਮਝਾਇ ਆਖਉ ਕੇਤੜਾ ॥ ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥੪॥
ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥ ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥੫॥
ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥ ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥੬॥

ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥
ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥ ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥੧॥੩॥}

(ਅੰਗ ੭੫੧-੭੫੨)

55/7800

ਰਾਮਕਲੀ ਮਹਲਾ ੧ ॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥੧॥ ਨਾਨਕ ਬਿਰਥਾ ਕੋਇ ਨ ਹੋਇ ॥
ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥ ਪ੍ਰਾਪਤਿ ਪੋਤਾ ਕਰਮੁ ਪਸਾਉ ॥
ਤੂ ਦੇਵਹਿ ਮੰਗਤ ਜਨ ਚਾਉ ॥ ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥ ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥
ਨਾ ਕੋ ਆਵੈ ਨਾ ਕੋ ਜਾਇ ॥੩॥ ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥੪॥੮॥}

(ਅੰਗ ੮੭੮)

{ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥
ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥
ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥}

(ਅੰਗ ੯੩੮)

{ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥
ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥
ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥
ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥}

(ਅੰਗ ੯੩੮)

ਸਲੋਕ ਮਃ ੩ ॥

{ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ ॥
ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ ॥
ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ ॥
ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ ॥੧॥}

(ਅੰਗ ੧੨੮੩)

{ਪ੍ਰਭ ਦਾਤਉ ਦਾਤਾਰ ਪਰਿਉ ਜਾਚਕੁ ਇਕੁ ਸਰਨਾ ॥
ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥

ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥
ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥
ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥}

(ਅੰਗ ੧੩੮੬-੧੩੮੭)

ਅਕਾਲ ਪੁਰਖ ਅੱਗੇ ਅਰਦਾਸ ਭਾਵ ਗੁਰੂ ਅੱਗੇ ਅਰਦਾਸ ਕੀ ਹੋਣੀ ਚਾਹੀਦੀ ਹੈ ਇਹ ਗੁਰੂ ਸਾਹਿਬ ਨੇ ਆਪ ਹੀ ਸਾਨੂੰ ਸਾਰੇ ਸੰਸਾਰ ਨੂੰ ਸ਼ਬਦਾਂ ਰਾਹੀਂ ਸਮਝਾਈ ਹੋਈ ਹੈ ਜੋ ਉਸਦੇ ਅੱਗੇ ਅਰਦਾਸ ਕਰਨ ਦਾ ਤਰੀਕਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ। ਉਹ ਆਪ ਇੱਕੋ ਇੱਕ ਹੀ ਹੈ ਜੋ ਕਿ ਪੂਰਨ ਗੁਰੂ ਹੈ ਉਸਦੇ ਅੱਗੇ ਅਰਦਾਸ ਕਰਨੀ ਵੀ ਸਭ ਦੇ ਲਈ ਇੱਕੋ ਜਿਹੀ ਹੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਬਰੀਕੀ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ। ਹਰ ਕੋਈ ਆਪਣੀ ਆਪਣੀ ਸਮਝ ਅਨੁਸਾਰ ਗੁਰੂ ਅੱਗੇ ਕਿਹੋ ਜਿਹੀ ਅਰਦਾਸ ਕਰਨੀ ਚਾਹੁੰਦਾ ਹੈ ਜਾਂ ਕਰਦਾ ਹੈ ਇਹ ਹਰ ਕਿਸੇ ਦੀ ਆਪਣੀ ਮਰਜੀ ਹੈ ਤੇ ਕਿਸੇ ਨੂੰ ਇਸ ਗੱਲ ਲਈ ਟੋਕਣਾ ਭਾਵ ਮਨ੍ਹਾਂ ਕਰਨਾ ਚੰਗਾ ਨਹੀਂ ਹੁੰਦਾ ਕਿਉਂਕਿ ਸਭ ਦੇ ਵਿੱਚ ਰਜਾ ਉਸਦੀ ਹੀ ਵਰਤਦੀ ਹੈ ਜੋ ਸਭ ਦੀ ਸਮਝ ਦਾ ਮਾਲਕ ਹੈ। ਜੇਕਰ ਸਭ ਨੂੰ ਉਹ ਆਪ ਹੀ ਭਰਮ ਵਿੱਚ ਰੱਖਣਾ ਚਾਹੁੰਦਾ ਹੈ ਇਹ ਉਸਦੀ ਆਪਣੀ ਹੀ ਰਜਾ ਹੈ। ਸਾਰੇ ਗੁਰੂ ਘਰਾਂ ਵਿੱਚ ਸਵੇਰ ਸ਼ਾਮ ਅਰਦਾਸ ਹੁੰਦੀ ਹੈ ਜੋ ਅਰਦਾਸ ਮਨੁੱਖੀ ਸਰੀਰਾਂ ਦੀ ਬਣਾਈ ਹੋਈ ਹੈ ਜਿਸ ਕਰਕੇ ਉਸ ਅਰਦਾਸ ਵਿੱਚ ਨਾਮ ਨੂੰ ਸਮਝਣ ਵਿੱਚ ਵੱਡਾ ਭਰਮ ਹੈ। ਉੱਥੇ ਕਿਸੇ ਦੇਹ ਰੂਪ ਗੁਰੂ ਦਾ ਨਾਮ ਬੋਲ ਕੇ ਧਿਆਉਣ, ਸਿਮਰਨ ਲਈ ਸਮਝਾਇਆ ਜਾਂਦਾ ਹੈ ਭਾਵ ਨਾਮ ਨੂੰ ਤੇ ਗੁਰੂ ਦੇ ਸ਼ਬਦ ਰੂਪ ਨੂੰ ਸਮਝਣ ਵਿੱਚ, ਅਕਾਲ ਪੁਰਖ ਦੇ ਗੁਰੂ ਰੂਪ ਨੂੰ ਸਮਝਣ ਵਿੱਚ ਘੋਰ ਅਗਿਆਨਤਾ ਹੈ। ਮਨੁੱਖੀ ਅਰਦਾਸ ਰਾਹੀਂ ਗੁਰੂ ਸਾਹਿਬਾਨ ਕੋਲੋਂ ਦਾਤਾਂ ਮੰਗਣ ਦੀ ਗੱਲ ਕੀਤੀ ਜਾਂਦੀ ਹੈ ਜਿਸ ਰਾਹੀਂ ਗੁਰੂ ਸਾਹਿਬਾਨ ਦੀ ਦਾਤਾਂ ਦੇਣ ਦੀ ਸਮਰੱਥਾ ਵਿੱਚ ਵੀ ਫਰਕ ਸਮਝਿਆ ਜਾਂਦਾ ਹੈ ਕਿ ਅਸੀਂ ਕਿਸ ਗੁਰੂ ਨੂੰ ਕਿਸ ਦਾਤਿ ਦੀ ਪ੍ਰਾਪਤੀ ਲਈ ਧਿਆਉਣਾ ਜਾਂ ਸਿਮਰਨਾ ਹੈ ਤੇ ਕਿਸ ਗੁਰੂ ਨੇ ਬਿਨ੍ਹਾਂ ਧਿਆਉਣ, ਸਿਮਰਨ ਤੋਂ ਹੀ ਸਹਾਈ ਹੋ ਜਾਣਾ ਹੈ ਤੇ ਕਿਸ ਗੁਰੂ ਨੇ ਸਭ ਥਾਈਂ ਸਹਾਈ ਹੋਣਾ ਹੈ। ਇਸੇ ਤਰ੍ਹਾਂ ਅਰਦਾਸ ਵਿੱਚ ਹੋਰ ਵੀ ਅਨੇਕਾਂ ਗੱਲਾਂ ਹਨ

55/7801

ਜਿਸ ਲਈ ਇਸ ਨਿਮਾਣੇ ਜਿਹੇ ਦਾਸ ਦੀ ਉਨ੍ਹਾਂ ਧਾਰਮਿਕ ਆਗੂ ਅਖਵਾਉਣ ਵਾਲਿਆਂ ਅੱਗੇ ਪੂਰੀ ਤਰ੍ਹਾਂ ਤਹਿ ਦਿਲੋਂ ਬੇਨਤੀ ਹੈ ਕਿ ਜਿਹੋ ਜਿਹੀ ਅਸੀਂ ਅਰਦਾਸ ਕਰਦੇ ਹਾਂ ਉਸਦੇ ਹਰ ਲਫਜ ਨੂੰ ਬੜੇ ਹੀ ਧਿਆਨ ਨਾਲ ਵਿਚਾਰਨ ਦੀ ਲੋੜ ਹੈ ਤਾਂ ਜੋ ਗੁਰੂ ਅੱਗੇ ਸਾਡੀ ਕੋਈ ਵੀ ਬੋਲੀ ਹੋਈ ਗੱਲ ਸ਼ਬਦ ਰੂਪ ਗੁਰੂ ਦੇ ਵਿਚਾਰਾਂ ਅਨੁਸਾਰ ਹੀ ਹੋਵੇ।

ਗੁਰੂ ਅੱਗੇ ਅਰਦਾਸ ਕੀ ਹੁੰਦੀ ਹੈ ਭਾਵ ਅਰਦਾਸ ਦਾ ਮਕਸਦ ਕੀ ਹੁੰਦਾ ਹੈ ਇਸ ਗੱਲ ਨੂੰ ਸੁਖਮਨੀ ਬਾਣੀ ਦੀਆਂ ਅਸਟਪਦੀਆਂ ਵਿੱਚੋਂ ਹੇਠ ਦਿਤੇ ਸ਼ਬਦ ਦੇ ਪ੍ਰਮਾਣ ਦੇ ਦੋ ਪਦਿਆਂ ਨੂੰ ਜੋੜਕੇ ਸਮਝਿਆ ਜਾ ਸਕਦਾ ਹੈ।

{ਸੰਗਿ ਸਹਾਈ ਸੁ ਆਵੈ ਨ ਚੀਤਿ ॥ ਜੋ ਬੈਰਾਈ ਤਾ ਸਿਉ ਪ੍ਰੀਤਿ ॥ ਬਲੂਆ ਕੇ ਗ੍ਰਿਹ ਭੀਤਰਿ ਬਸੈ ॥
ਅਨਦ ਕੇਲ ਮਾਇਆ ਰੰਗਿ ਰਸੈ ॥ ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ ਕਾਲੁ ਨ ਆਵੈ ਮੂੜੇ ਚੀਤਿ ॥
ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥ ਇਆਹੁ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥ ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥}

(ਅੰਗ ੭੬੭-੭੬੮)

ਗੁਰੂ ਦੀ ਬਾਣੀ ਨੂੰ ਸਮਝਣ ਵਿੱਚ ਅਨੇਕਾਂ ਹੀ ਅਨੇਕਾਂ ਭਰਮ ਹਨ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਅਨੇਕਾਂ ਸ਼ਬਦਾਂ ਦੁਆਰਾ ਸਮਝਦੇ ਆਏ ਹਾਂ। ਜਿਸ ਤਰੀਕੇ ਗੁਰੂ ਦਾ ਸਿਮਰਨ ਸਮਝਣ ਵਿੱਚ ਭਰਮ ਹੈ ਇਸੇ ਤਰ੍ਹਾਂ ਗੁਰੂ ਦਾ ਦਰਸ਼ਨ ਕੀ ਹੈ, ਗੁਰੂ ਦੇ ਚਰਨ ਧੋ ਕੇ ਪੀਣੇ ਕੀ ਹਨ, ਚਰਨ ਧੂੜਿ ਦਾ ਇਸ਼ਨਾਨ ਕਰਨਾ ਕੀ ਹੈ, ਗੁਰੂ ਨੂੰ ਪੱਖਾ ਝੁਲਾਉਣਾ ਕੀ ਹੈ, ਗੁਰੂ ਦੇ ਘਰ ਵਿੱਚ ਅੰਨ-ਪਾਣੀ ਢੋਣਾ ਕੀ ਹੈ, ਗੁਰੂ ਦੇ ਘਰ ਚੱਕੀ ਪੀਸਣਾ ਕੀ ਹੈ ਇਨ੍ਹਾਂ ਸਾਰੀਆਂ ਗੱਲਾਂ ਨੂੰ ਲੈ ਕੇ ਸਭ ਦੇ ਅੰਦਰ ਅਨੇਕਾਂ ਭਰਮ ਹਨ। ਇਨ੍ਹਾਂ ਵਿੱਚੋਂ ਕੁੱਝ ਗੱਲਾਂ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਵੀ ਹੈ ਤੇ ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਅੱਲ੍ਹਾ, ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਬਰੀਕੀ ਨਾਲ ਸਮਝਣ ਦਾ ਉਪਰਾਲਾ ਕਰਦੇ ਹਾਂ।

ਗਉੜੀ ਮਹਲਾ ੫ ॥

“ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥੧॥ ਰਹਾਉ ॥
ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥
ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥
ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥
ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥
ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥
ਜਿਨਿ ਗੁਰਿ ਮੋ ਕਉ ਦੀਨਾ ਜੀਉ ॥ ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥
ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥
ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥”

(ਅੰਗ ੨੩੯)

ਉਪਰ ਵਾਲਾ ਸ਼ਬਦ **“ਰਹਾਉ”** ਵਾਲੀਆਂ ਪੰਗਤੀਆਂ ਤੋਂ ਹੀ ਸ਼ੁਰੂ ਹੋਇਆ ਹੈ ਜਿਸ ਰਾਹੀਂ ਸਾਰੇ ਸ਼ਬਦ ਦਾ ਮੂਲ ਭਾਵ ਸਮਝਾਇਆ ਗਿਆ ਹੈ। ਉਪਰ ਰਹਾਉ ਵਾਲੀਆਂ ਪੰਗਤੀਆਂ ਨੂੰ ਸਮਝਣ ਤੋਂ ਬਾਅਦ ਬਾਕੀ ਸ਼ਬਦ ਦੇ ਸਾਰੇ ਪਦਿਆਂ ਤੋਂ ਭਾਵ ਰਹਾਉ ਵਾਲੀਆਂ ਪੰਗਤੀਆਂ ਦੇ ਨਾਲ ਹੀ ਜੁੜਿਆ ਹੋਇਆ ਹੈ। ਆਉ ਧਿਆਨ ਨਾਲ ਸਮਝੀਏ।

“ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥੧॥ ਰਹਾਉ ॥”

ਉਪਰ **“ਰਹਾਉ”** ਵਾਲੀਆਂ ਪੰਗਤੀਆਂ ਵਿੱਚੋਂ ਪਹਿਲੀ

55/7802

ਪੰਗਤੀ ਰਾਹੀਂ ਗੁਰੂ ਨੂੰ **“ਸਾਸਿ ਸਾਸਿ”** ਸਿਮਰਨ ਦੀ ਗੱਲ ਕੀਤੀ ਹੋਈ ਹੈ ਤੇ ਇਸ ਪੂਰੇ ਸ਼ਬਦ ਦਾ ਭਾਵ ਗੁਰੂ ਨੂੰ **“ਸਿਮਰਨ”** ਦੇ ਨਾਲ ਹੀ ਜੁੜਿਆ ਹੈ। ਗੁਰੂ ਨੂੰ ਸਿਮਰਨਾ ਕੀ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਬਾਰ-ਬਾਰ ਸਮਝਿਆ ਹੈ ਤੇ ਇਹ ਦਾਸ ਸਭ ਦੇ ਕੋਲੋਂ ਇਹ ਉਮੀਦ ਰੱਖਦਾ ਹੈ ਕਿ ਤੁਸੀਂ ਗੁਰੂ ਦੇ ਸਿਮਰਨ ਨੂੰ ਹੁਣ ਤੱਕ ਸਮਝ ਚੁੱਕੇ ਹੋਵੋਗੇ ਕਿ ਗੁਰੂ ਦੀ ਗੱਲ ਨੂੰ ਮੰਨਣਾ ਹੀ ਗੁਰੂ ਨੂੰ ਸਿਮਰਨਾ ਹੈ। ਉਪਰ ਵਾਲੇ ਪੂਰੇ ਸ਼ਬਦ ਵਿੱਚ ਗੁਰੂ ਦੀ ਗੱਲ ਨੂੰ ਅਸੀਂ ਕਿਸ ਰੂਪ ਵਿੱਚ ਮੰਨਣਾ ਹੈ ਇਹ ਕੁੱਝ ਹੀ ਸਮਝਾਇਆ ਹੋਇਆ ਹੈ।

ਉਪਰ **“ਰਹਾਉ”** ਵਾਲੀਆਂ ਪੰਗਤੀਆਂ ਰਾਹੀਂ ਧੰਨ ਧੰਨ ਪੰਜਵੀ ਪਾਤਸ਼ਾਹੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਮੈਂ ਉਸ ਗੁਰੂ ਨੂੰ ਸਵਾਸ ਸਵਾਸ ਸਿਮਰਦਾ ਹਾਂ ਭਾਵ ਹਰ ਵੇਲੇ ਅੱਠੇ ਪਹਿਰ ਸਿਮਰਦਾ ਹਾਂ ਕਿਉਂਕਿ ਉਸ ਗੁਰੂ ਵਿੱਚ ਮੇਰੇ ਪ੍ਰਾਣ ਵੱਸਦੇ ਹਨ, ਮੇਰੀ ਜਾਨ ਵੱਸਦੀ ਹੈ। ਉਹ ਮੇਰਾ ਗੁਰੂ ਮੇਰਾ ਸਤਿਗੁਰ ਹੈ ਭਾਵ ਉਹ ਮੈਨੂੰ **“ਸਤਿ”** ਦੀ ਗੱਲ ਸਮਝਾਉਂਦਾ ਹੈ ਭਾਵ ਪੂਰਨ ਸੱਚੀ ਗੱਲ ਸਮਝਾਉਂਦਾ ਹੈ ਭਾਵ ਪੂਰਨ ਸੱਚੀ ਸਿੱਖਿਆ ਦਿੰਦਾ ਹੈ ਤੇ ਮੇਰਾ **“ਸਤਿਗੁਰੁ”** ਹੀ ਮੇਰੀ **“ਰਾਸਿ”** ਹੈ ਭਾਵ ਮੇਰੀ ਪੂੰਜੀ ਹੈ। ਇਹ ਪੂੰਜੀ **“ਗਿਆਨ ਰਾਸਿ”** ਦੇ ਰੂਪ ਵਿੱਚ ਹੁੰਦੀ ਹੈ ਜੋ ਮਨ ਦੇ ਵਿੱਚ ਸਤਿਗੁਰੂ ਦੇ ਕੋਲੋਂ ਭਾਵ ਅਕਾਲ ਪੁਰਖ ਦੇ ਕੋਲੋਂ, ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਹੀ ਮਿਲਦੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸ੍ਰਿਸ਼ਟੀ ਦਾ ਕਰਤਾ ਸ਼ਬਦ ਰੂਪ ਵਿੱਚ ਭਾਵ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ, ਬ੍ਰਹਮ ਗਿਆਨ ਦੇ ਰੂਪ ਵਿੱਚ, ਨਾਮ ਦੇ ਰੂਪ ਵਿੱਚ, ਸਹਜ ਗਿਆਨ ਦੇ ਰੂਪ ਵਿੱਚ ਭਾਵ ਚੌਥੇ ਪਦ ਦੇ ਗਿਆਨ ਦੇ ਰੂਪ ਵਿੱਚ ਸਤਿਗੁਰੂ ਹੈ। ਉਪਰ ਵਾਲੀਆਂ ਪੰਗਤੀਆਂ ਵਿੱਚ ਪੰਜਵੀਂ ਪਾਤਸ਼ਾਹੀ ਆਪਣੇ ਆਪ ਨੂੰ ਗੁਰੂ ਨਹੀਂ ਕਹਿ ਰਹੇ ਬਲਕਿ **“ਸਤਿਗੁਰੁ”** ਨੂੰ ਆਪਣਾ ਗੁਰੂ ਕਹਿ ਰਹੇ ਹਨ ਜਿਸ ਆਪਣੇ ਗੁਰੂ ਨੂੰ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਸਾਸਿ ਸਾਸਿ ਸਿਮਰਿਆ ਹੈ ਜਿਸ ਸਿਮਰਨ ਦੇ ਵਿੱਚ ਉਨ੍ਹਾਂ ਨੇ ਜੋ ਆਪਣੇ ਜੀਵਨ ਵਿੱਚ ਰਾਸਿ ਇਕੱਠੀ ਕੀਤੀ ਹੈ ਭਾਵ ਸੱਚੇ ਗਿਆਨ ਦੀ ਰਾਸਿ ਇਕੱਠੀ ਕੀਤੀ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਵਿਚਾਰ ਨਾਲ ਇਕੱਠੀ ਕੀਤੀ ਹੈ, ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ ਇਕੱਠਾ ਕੀਤਾ ਹੈ ਉਨ੍ਹਾਂ ਦੀ ਉਸ ਰਾਸਿ ਦੇ ਰੂਪ ਵਿੱਚ ਹੀ ਜੋ ਉਨ੍ਹਾਂ ਦੀ ਰਾਸਿ ਗੁਰਬਾਣੀ ਦੇ ਸ਼ਬਦਾਂ ਦੇ ਰੂਪ ਵਿੱਚ ਹੈ ਉਸ **“ਰਾਸਿ”** ਦੇ ਰੂਪ ਵਿੱਚ ਹੀ ਆਪ **“ਸਤਿਗੁਰੁ”** ਹੈ ਭਾਵ ਸ੍ਰਿਸ਼ਟੀ ਦਾ ਕਰਤਾ ਹੈ। ਸਤਿਗੁਰੂ ਆਪ ਭਾਵ ਪ੍ਰਮੇਸ਼ਰ ਪੂਰੀ ਗੁਰਬਾਣੀ ਵਿੱਚ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਸਮਝਿਆ ਹੀ ਹੈ ਤੇ **“ਸਤਿਗੁਰੁ”** ਦਾ ਉਹੀ

ਰੂਪ ਪੰਜਵੀਂ ਪਾਤਸ਼ਾਹੀ ਸਤਿਗੁਰੂ ਉਪਰ **"ਰਹਾਉ"** ਵਾਲੀਆਂ ਪੰਗਤੀਆਂ ਦੁਆਰਾ ਸਮਝਾ ਰਹੇ ਹਨ। **(ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥੧॥ ਰਹਾਉ ॥)**

ਜੋ ਰਾਸਿ ਸੱਚੇ ਗਿਆਨ ਦੇ ਰੂਪ ਵਿੱਚ ਹੈ ਉਹੀ ਨਾਮ ਧਨ ਹੈ ਜਿਵੇਂ ਕਿ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ

55/7803

ਜਾ ਸਕਦਾ ਹੈ ਤੇ ਗੁਰੂ ਰੂਪ ਸ੍ਰਿਸ਼ਟੀ ਦਾ ਕਰਤਾ ਭਾਵ ਸਤਿਗੁਰੂ ਪੂਰੀ ਗੁਰਬਾਣੀ ਦੇ ਸ਼ਬਦਾਂ ਵਿੱਚ ਆਪਣੇ ਕਿਸ ਰੂਪ ਵਿੱਚ ਹੈ ਇਸ ਗੱਲ ਨੂੰ ਵੀ ਨਾਲ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ, ਆਪਣੀ ਯਾਦਾਸ਼ਤ ਨੂੰ ਤਾਜਾ ਕਰਨ ਲਈ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਭਾਵੇਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਤਾਂ ਸੱਚ ਹੀ ਸਮਝਾਉਂਦਾ ਹੈ ਕਿਉਂਕਿ ਉਹ **"ਸਤਿਗੁਰੁ"** ਹੈ ਭਾਵੇਂ ਉਸਦਾ ਸੱਚ ਜਿਹੜੇ ਮਰਜੀ ਸ਼ਬਦ ਰਾਹੀਂ ਸਮਝ ਲਈਏ, ਉਸਦੀ ਗੱਲ ਵਿੱਚ ਕਦੇ ਫਰਕ ਆ ਹੀ ਨਹੀਂ ਸਕਦਾ, ਸਿਰਫ ਆਪਣੀ ਸਮਝ ਨੂੰ ਸਮਝਾਉਣ ਦੀ ਲੋੜ ਹੈ ਜਿਸਨੂੰ ਆਪ ਹੀ ਆਪਣੇ ਮਕਸਦ ਲਈ ਭਾਵ ਆਪਣੀ ਰਚੀ ਹੋਈ ਸ੍ਰਿਸ਼ਟੀ ਦੀ ਖੇਡ ਚਲਾਉਣ ਦੇ ਲਈ ਸਭ ਨੂੰ ਭਰਮਾਂ ਵਿੱਚ ਪਾ ਕੇ ਰੱਖਿਆ ਹੈ।

ਪਉੜੀ ॥

{ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥ ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥ ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥}

(ਅੰਗ ੧੧੦੧-੧੧੦੨)

ਸਾਰਗ ਮਹਲਾ ੫ ॥

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥
ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥
ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥
ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥੨॥੯੦॥੧੧੩॥}

(ਅੰਗ ੧੨੨੬)

ਮਾਝ ਮਹਲਾ ੩ ॥

{ਸੇ ਸਚਿ ਲਾਗੇ ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ ਸਹਜ ਸੁਭਾਏ ॥
ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥
ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥੧॥ ਰਹਾਉ ॥
ਜਹ ਦੇਖਾ ਸਚੁ ਸਭਨੀ ਥਾਈ ॥ ਗੁਰ ਪਰਸਾਦੀ ਮੰਨਿ ਵਸਾਈ ॥
ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥੨॥
ਮਨਸਾ ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥

ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥
ਗੁਰ ਕੈ ਸਬਦਿ ਰਿਦੈ ਦਿਖਾਇਆ ॥ ਮਾਇਆ ਮੋਹੁ ਸਬਦਿ ਜਲਾਇਆ ॥
ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥
ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥ ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥
ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥੫॥
ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ ੧੧੯-੧੨੦)

ਹੁਣ ਮੁੱਖ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਤੋਂ ਬਾਅਦ ਸ਼ਬਦ ਦੇ ਪਹਿਲੇ ਪਦੇ ਨੂੰ ਸਮਝਦੇ ਹਾਂ ਕਿ ਪੰਜਵੀਂ ਪਾਤਸ਼ਾਹੀ ਨੇ ਕਿਹੜੇ ਗੁਰੂ ਦੇ ਦਰਸ਼ਨ ਕੀਤੇ ਹਨ ਜਿਸ ਗੁਰੂ ਦੇ ਚਰਨ ਉਨ੍ਹਾਂ ਨੇ ਧੋ ਧੋ ਕੇ ਪੀਤੇ ਹਨ।

"ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥"

ਪੰਜਵੀਂ ਪਾਤਸ਼ਾਹੀ ਤਾਂ ਆਪ ਗੁਰੂ ਰੂਪ ਹਨ ਫਿਰ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਿਹੜੇ ਗੁਰੂ ਦੇ ਦਰਸ਼ਨ ਕੀਤੇ, ਕਿਸ ਰੂਪ ਵਿੱਚ ਗੁਰੂ ਦੇ ਦਰਸ਼ਨ ਕੀਤੇ ਜਿਸਦੇ ਦਰਸ਼ਨ ਦੇਖ ਦੇਖ ਕੇ ਜੀਅ ਰਹੇ ਹਨ। ਗੁਰੂ ਤਾਂ ਸ਼ਬਦ ਰੂਪ ਹੈ, ਨਿਰੰਕਾਰ ਰੂਪ ਹੈ ਭਾਵ ਜਿਸਦਾ ਆਪਣਾ ਕੋਈ ਆਕਾਰ ਨਹੀਂ ਜੋ ਕਿ ਸਤਿਗੁਰੂ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਤਾਂ ਆਪ ਹੀ ਹੈ ਜਿਸ ਗੱਲ ਦੀ ਸਮਝ

ਕੇਵਲ ਤੇ ਕੇਵਲ ਉਸੇ ਮਨੁੱਖ ਨੂੰ ਹੀ ਪੈ ਸਕਦੀ ਹੈ ਜਿਸਦੇ ਅੰਦਰ ਗਾਡ ਰੂਪ ਗੁਰੂ, ਅੱਲ੍ਹਾ ਰੂਪ ਗੁਰੂ, ਪ੍ਰਮਾਤਮਾ ਰੂਪ ਗੁਰੂ, ਅਕਾਲ ਪੁਰਖ ਰੂਪ ਗੁਰੂ ਭਾਵ ਸ੍ਰਿਸ਼ਟੀ ਦਾ ਕਰਤਾ ਰੂਪ ਗੁਰੂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਭਾਵ ਆਪਣਾ ਜੋਤਿ ਰੂਪ ਪ੍ਰਗਟ ਕਰਦਾ ਹੈ, ਆਪਣਾ ਨਿਰੰਕਾਰ ਰੂਪ ਪ੍ਰਗਟ ਕਰਦਾ ਹੈ ਭਾਵ ਆਪਣਾ ਨਾਮ ਰੂਪ, ਬ੍ਰਹਮ ਗਿਆਨ ਰੂਪ, ਸਹਜ ਗਿਆਨ ਰੂਪ ਪ੍ਰਗਟ ਕਰਦਾ ਹੈ, ਬਿਬੇਕ ਬੁਧਿ ਰੂਪ ਪ੍ਰਗਟ ਕਰਦਾ ਹੈ। ਉਸਦੇ ਇਸ ਉੱਚੇ ਤੇ ਸੁੱਚੇ ਗਿਆਨ ਰੂਪ ਦੇ ਦਰਸ਼ਨ ਭਾਵ ਚੌਥੇ ਪਦ ਦੇ ਗਿਆਨ ਦੇ ਮਾਲਕ ਦੇ ਦਰਸ਼ਨ ਮਨ ਦੇ ਵਿੱਚੋਂ ਹੀ ਹੁੰਦੇ ਹਨ ਭਾਵ ਮਨ ਦੀਆਂ ਅੱਖਾਂ ਦੁਆਰਾ ਹੀ ਹੁੰਦੇ ਹਨ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮਨ ਦੇ ਵਿੱਚੋਂ ਉਸ ਪੂਰੇ ਸੰਸਾਰ ਦੇ ਗੁਰੂ ਦੇ ਦਰਸ਼ਨ ਹੋਣ ਤੋਂ ਬਾਅਦ ਹੀ ਕੋਈ ਸੱਚਾ ਜੀਵਨ ਜਿਉਂਦਾ ਹੈ ਭਾਵ ਗੁਰਮਤਿ ਦੀ ਸੱਚੀ ਆਤਮਿਕ ਸਮਝ ਦੁਆਰਾ ਆਪਣਾ ਜੀਵਨ ਜਿਉਂਦਾ ਹੈ। **(ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥)**

ਜੋ ਮਨ ਦੇ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਦੇ ਦਰਸ਼ਨ ਕਰ ਲੈਂਦਾ ਹੈ ਭਾਵ ਸੱਚੇ ਗੁਰੂ ਦੇ ਦਰਸ਼ਨ ਕਰ ਲੈਂਦਾ ਹੈ ਉਹ ਫਿਰ ਆਪਣਾ ਸੱਚਾ ਜੀਵਨ ਕਿਸ ਤਰੀਕੇ ਜਿਉਂਦਾ ਹੈ, ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰ ਜੀਵੇ ਹਨ, ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਜਿਸਨੂੰ ਕਿ ਧਿਆਨ ਨਾਲ ਸਮਝਣ ਦੀ ਲੋੜ ਹੈ।

"ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥"

ਪੰਜਵੀਂ ਪਾਤਸ਼ਾਹੀ ਨੇ ਆਪਣੇ ਜੀਵਨ ਵਿੱਚ ਆਪਣੇ ਗੁਰੂ ਦੇ ਚਰਨ ਕਿਸ ਤਰੀਕੇ ਧੋਏ ਹਨ ਤੇ ਕਿਸ ਮਕਸਦ ਲਈ ਧੋਏ ਹਨ ਇਸ ਗੱਲ ਨੂੰ ਸਮਝਣਾ ਬਹੁਤ ਜਰੂਰੀ ਹੈ ਤਾਂ ਜੋ ਅਸੀਂ ਦੁਨਿਆਵੀ ਗੁਰੂ ਅਖਵਾਉਣ ਵਾਲਿਆਂ ਦੇ ਚਰਨ ਧੋਣ ਤੋਂ ਬਚੀਏ, ਸੰਤ, ਬਾਬੇ ਆਦਿ ਅਖਵਾਉਣ ਵਾਲਿਆਂ ਦੇ ਚਰਨ ਧੋਣ ਤੋਂ ਬਚੀਏ। ਗੁਰੂ ਦੇ ਚਰਨ ਧੋ ਕੇ ਪੀਣਾ ਇਹੀ ਅਸਲ ਵਿੱਚ ਗੁਰੂ ਨੂੰ ਸਿਮਰਨਾ ਹੈ ਭਾਵ

ਗੁਰੂ ਦਾ ਨਾਮ ਜਪਣਾ ਹੈ ਜਿਵੇਂ ਕਿ ਸ਼ਬਦ ਦੇ ਸ਼ੁਰੂ ਵਿੱਚ ਹੀ **"ਰਹਾਉ"** ਵਾਲੀਆਂ ਪੰਗਤੀਆਂ ਵਿੱਚ ਸਿਮਰਨ ਦੀ ਗੱਲ ਕੀਤੀ ਹੋਈ ਹੈ। ਗੁਰੂ ਸ਼ਬਦ ਰੂਪ ਵਿੱਚ ਹੈ ਤੇ ਗੁਰੂ ਦੀ ਰਚਨਾ ਕਰਨ ਵਾਲੇ ਸਰੀਰਾਂ ਨੇ ਆਪਣੇ ਅੰਦਰੋਂ ਸ਼ਬਦ ਰੂਪ ਗੁਰੂ ਨੂੰ ਹੀ ਜਾਣਿਆ ਹੈ, ਸੱਚ ਰੂਪ ਗੁਰੂ ਨੂੰ ਹੀ ਜਾਣਿਆ ਹੈ ਜੋ ਸੱਚ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਸੱਚੀ ਵਿਚਾਰ ਦੇ ਰੂਪ ਵਿੱਚ ਹੈ। ਗੁਰੂ ਦੇ ਚਰਨ ਉਸਦਾ ਸੱਚ ਰੂਪ ਹੈ ਭਾਵ ਉਸਦਾ ਸੱਚਾ ਗਿਆਨ ਰੂਪ ਹੈ, ਉਸਦਾ ਬ੍ਰਹਮ ਗਿਆਨ ਰੂਪ ਹੈ ਜਿਸ ਆਪਣੇ ਸੱਚ ਰੂਪ ਚਰਨਾਂ ਤੇ ਖੜਾ ਹੈ, ਅਡੋਲ ਹੋ ਕੇ ਖੜਾ ਹੈ। ਜਿਸਨੇ ਵੀ ਸ਼ਬਦ ਰੂਪ ਗੁਰੂ ਦੇ ਚਰਨਾਂ ਨੂੰ ਧੋਇਆ ਹੈ ਉਸਨੇ ਮਨ ਦੇ ਵਿੱਚ ਹੀ ਧੋਇਆ ਹੈ, ਉਸਦੇ ਸੱਚ ਰੂਪ ਚਰਨਾਂ ਨੂੰ ਧੋਣ ਦੇ ਨਾਲ ਸ਼ਬਦਾਂ ਦੇ ਸੱਚੇ ਵਿਚਾਰ ਹੀ ਨਿਕਲਦੇ ਹਨ ਜਿਨ੍ਹਾਂ ਸ਼ਬਦਾਂ ਦੀ ਵਿਚਾਰ ਨੂੰ ਉਨ੍ਹਾਂ ਨੇ ਪੀਤਾ ਹੈ ਭਾਵ ਮਨ ਦੀ ਸਮਝ ਰਾਹੀਂ ਪੀਤਾ ਹੈ ਜਿਸ ਦੁਆਰਾ ਉਨ੍ਹਾਂ ਨੇ ਆਪਣੇ ਮਨ

55/7805

ਦੇ ਭਾਵ ਆਪਣੇ ਸੁਰਤਿ ਦੇ ਵਿਚਾਰਾਂ ਦੀ ਮੈਲ ਨੂੰ ਧੋਤਾ ਹੈ, ਮਨ ਦੀ ਅਗਿਆਨਤਾ ਰੂਪ ਮੈਲ ਨੂੰ ਧੋਤਾ ਹੈ ਭਾਵ ਗੁਰੂ ਦੇ ਨਾਮ ਵਾਲੀ ਸਮਝ ਦੇ ਨਾਲ ਆਪਣੀ ਹਉਮੈ ਦੀ ਮੈਲ ਨੂੰ ਧੋਤਾ ਹੈ। ਮਨ ਦੇ ਵਿੱਚ ਸੱਚੇ ਸ਼ਬਦਾਂ ਦੀ ਵਿਚਾਰ ਮਿਲਣ ਦੁਆਰਾ ਗੁਰਮਤਿ ਦੀ ਸੱਚੀ ਸੋਝੀ ਹੀ ਪੈਂਦੀ ਹੈ ਤੇ ਉਹ ਮਨੁੱਖ ਆਪਣੇ ਜੀਵਨ ਵਿੱਚ ਸੱਚੀ ਗੁਰਮਤਿ ਦੀ ਸਮਝ ਦੁਆਰਾ ਸੱਚਾ ਸੁੱਚਾ ਜੀਵਨ ਜਿਉਂਦਾ ਹੈ, ਸੱਚੇ ਧਰਮ ਦੇ ਮਾਰਗ ਤੇ ਚੱਲਦਾ ਹੈ। **(ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥)**

ਸਤਿਗੁਰੂ ਭਾਵ ਸ੍ਰਿਸ਼ਟੀ ਦਾ ਕਰਤਾ ਜੋ ਸਭ ਦਾ ਗੁਰੂ ਹੈ ਜੋ ਕੇਵਲ ਮਨ ਦੀਆਂ ਅੱਖਾਂ ਨਾਲ ਹੀ ਦਿਸਦਾ ਹੈ ਭਾਵ ਮਨ ਦੀਆਂ ਸਮਝ ਰੂਪ ਅੱਖਾਂ ਨਾਲ ਹੀ ਦੇਖਿਆ ਜਾ ਸਕਦਾ ਹੈ, ਜਾਣਿਆ ਜਾ ਸਕਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਸਲੋਕ ਦੁਆਰਾ ਤੇ ਉਸਦੇ ਨਾਲ ਦੇ ਛੰਤ ਦੁਆਰਾ ਸਮਝਿਆ ਜਾ ਸਕਦਾ ਹੈ ਤੇ ਜੋ ਮਨੁੱਖ ਉਸਨੂੰ ਆਪਣੇ ਅੰਦਰੋਂ ਵੇਖ ਲੈਂਦਾ ਹੈ ਉਸਨੂੰ ਫਿਰ ਕਿਹੋ ਜਿਹਾ ਮਹਿਸੂਸ ਹੁੰਦਾ ਹੈ ਭਾਵ ਫਿਰ ਸਭ ਵਿੱਚ ਉਹੀ ਦਿਸਦਾ ਹੈ, ਉਸਦਾ ਰੂਪ ਹੀ ਦਿਸਦਾ ਹੈ ਤੇ ਉਸ ਮਨੁੱਖ ਨੂੰ ਸਮਝ ਲੱਗਦੀ ਹੈ ਕਿ ਉਹ ਆਪ ਹੀ ਸਹਜ ਗਿਆਨ ਦਾ ਮਾਲਕ ਹੈ ਤੇ ਆਪ ਹੀ ਸੰਤ ਰੂਪ ਹੈ ਤੇ ਉਹ ਫਿਰ ਮਨੁੱਖ ਉਸਦੀ ਉੱਚੀ ਸਮਝ ਤੋਂ ਹੀ ਕੁਰਬਾਨ ਜਾਂਦਾ ਹੈ ਭਾਵ ਆਪਣੀ ਨਾਮਸਝ ਮਤਿ ਨੂੰ ਉਸਦੀ ਉੱਚੀ ਸਮਝ ਅੱਗੇ ਕੁਰਬਾਨ ਕਰ ਦਿੰਦਾ ਹੈ ਭਾਵ ਫਿਰ ਉਹ ਹੋਰ ਕਿਸੇ ਦੀ ਮਤਿ ਦੇ ਪਿੱਛੇ ਨਹੀਂ ਲੱਗਦਾ।

ਸਲੋਕੁ ॥

{ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥}

(ਅੰਗ ੫੭੭)

ਛੰਤੁ ॥

{ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥ ਸੇ ਸਾਚੀ ਦਰਗਹ ਭਾਣੇ ਰਾਮ ॥
ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥
ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ ॥
ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥
ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥੨॥}

(ਅੰਗ ੫੭੭)

ਸਲੋਕੁ ਮਃ ੩ ॥

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥

ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

ਹੁਣ ਅਸੀਂ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ। ਗੁਰੂ ਦੇ ਚਰਨ ਧੋਣ ਨਾਲ ਜੋ ਪ੍ਰਾਪਤੀ ਹੁੰਦੀ ਹੈ ਉਹ ਉਸ ਮਨੁੱਖ ਦੇ ਕਿਸ ਕੰਮ ਆਉਂਦੀ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਅਗਲੇ ਪਦੇ ਰਾਹੀਂ ਵੀ ਨਾਮ ਜਪਣਾ ਸਮਝਾਇਆ ਹੈ। ਪੂਰੇ ਸ਼ਬਦ ਦਾ ਹਰ ਪਦਾ ਪੜਨ ਤੋਂ ਪਹਿਲੇ **"ਰਹਾਉ"** ਵਾਲੀਆਂ ਪੰਗਤੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਜਿਵੇਂ ਕਿ ਅਸੀਂ ਪਹਿਲਾਂ ਇਸ ਗੱਲ ਨੂੰ ਸਮਝਿਆ ਹੀ ਹੈ।

"ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥"

ਗੁਰੂ ਦੀ **"ਰੇਣੁ"** ਕੀ ਹੈ ਭਾਵ ਗੁਰੂ ਦੀ ਚਰਨ ਧੂੜਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਦੇ ਚਰਨ ਧੋਣ ਨਾਲ ਗੁਰੂ ਦੇ ਕੋਲੋਂ ਮਨ ਦੇ ਵਿੱਚ ਉਸਦੇ ਸ਼ਬਦਾਂ ਦੀ ਸੱਚੀ ਵਿਚਾਰ ਹੀ ਮਿਲਦੀ ਹੈ ਜਿਸ ਸ਼ਬਦਾਂ ਦੀ ਵਿਚਾਰ ਨੂੰ ਸਾਡਾ ਮਨ ਪੀਂਦਾ ਹੈ, ਮਨ ਦੇ ਵਿੱਚ ਸ਼ਬਦਾਂ ਦੀ ਵਿਚਾਰ ਰੂਪ ਅੰਮ੍ਰਿਤ ਪੀਂਦਾ ਹੈ। ਗੁਰੂ ਦੀ ਰੇਣ ਦੇ ਨਾਲ ਭਾਵ ਗੁਰੂ ਦੀ ਚਰਨ ਧੁੜ ਦੇ ਨਾਲ ਮਨੁੱਖ ਦਾ ਮਨ ਹੀ ਮਜਨ ਕਰਦਾ ਹੈ ਭਾਵ ਇਸ਼ਨਾਨ ਕਰਦਾ ਹੈ ਭਾਵ ਗੁਰੂ ਦੀ ਧੂੜੀ ਦੇ ਨਾਲ ਨਹਾਉਂਦਾ ਹੈ। ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਗੁਰੂ ਦੀ ਧੂੜੀ ਦਾ ਇਸ਼ਨਾਨ ਕਰਨਾ ਹੈ, ਗੁਰੂ ਦੇ ਨਾਮ ਦਾ ਇਸ਼ਨਾਨ ਕਰਨਾ ਹੈ, ਗੁਰੂ ਦੇ ਸੱਚ ਰੂਪ ਸਰੋਵਰ ਦਾ ਇਸ਼ਨਾਨ ਕਰਨਾ ਹੈ ਜਿਵੇਂ ਕਿ ਅਸੀਂ ਪਿੱਛੇ ਇਨ੍ਹਾਂ ਗੱਲਾਂ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਦੀ ਧੂੜੀ ਦਾ ਮਜਨ ਕਰਨ ਦਾ ਮਕਸਦ ਆਪਣੇ ਅੰਦਰ ਦੀ ਹਉਮੈ ਰੂਪ ਮੈਲ ਨੂੰ ਕੱਢਣ ਦਾ ਹੀ ਹੁੰਦਾ ਹੈ ਭਾਵ ਗੁਰਮਤਿ ਰੂਪ ਸੱਚੇ ਵਿਚਾਰਾਂ ਦੇ ਨਾਲ, ਸ਼ਬਦ ਦੇ ਸੱਚੇ ਵਿਚਾਰਾਂ ਦੇ ਨਾਲ ਆਪਣੇ ਅੰਦਰੋਂ ਮਨਮਤਿ ਵਾਲੇ ਵਿਚਾਰਾਂ ਨੂੰ, ਹਉਮੈ ਵਾਲੇ ਵਿਚਾਰਾਂ ਨੂੰ ਕੱਢਣ ਦਾ ਹੀ ਹੁੰਦਾ ਹੈ ਭਾਵ ਗੁਰੂ ਦੇ ਸੱਚੇ ਗਿਆਨ ਦੇ ਵਿਚਾਰਾਂ ਨਾਲ ਆਪਣੇ ਅੰਦਰੋਂ ਅਗਿਆਨਤਾ ਵਾਲੇ, ਭਰਮਾਂ ਵਾਲੇ, ਤ੍ਰੈ ਗੁਣਾਂ ਵਾਲੇ ਵਿਚਾਰਾਂ ਨੂੰ ਕੱਢਣ ਦਾ ਹੀ ਹੁੰਦਾ ਹੈ। ਇਹ ਹਉਮੈ ਰੂਪ ਮੈਲ, ਮੈਂ ਰੂਪ ਮੈਲ ਮਨੁੱਖ ਨੂੰ ਇਹ ਸਮਝਾਉਂਦੀ ਹੈ ਕਿ ਇਸ ਸਰੀਰ ਦੇ ਰੂਪ ਵਿੱਚ ਮੈਂ ਹਾਂ ਇਹ ਸਰੀਰ ਮੇਰਾ ਹੈ, ਸਰੀਰ ਦੇ ਅੰਦਰ ਦੀ ਸਮਝ ਮੇਰੀ ਹੈ। ਇਹ ਹਉਮੈ ਰੂਪ ਮੈਲ ਸਭ ਦੇ ਅੰਦਰ ਮਨੁੱਖੀ ਸਰੀਰ ਦੇ ਜਨਮ ਤੋਂ ਹੀ ਪੈ ਕੇ ਆਉਂਦੀ ਹੈ ਤੇ ਜਦ ਤੋਂ ਸ੍ਰਿਸ਼ਟੀ ਦੇ ਕਰਤੇ ਨੇ ਸ੍ਰਿਸ਼ਟੀ ਦੀ ਰਚਨਾ ਕਰਕੇ ਮਨੁੱਖੀ ਸਰੀਰ ਬਣਾਏ ਹਨ ਤਦ ਤੋਂ ਹੀ ਸਭ ਦੇ ਅੰਦਰ ਉਸਨੇ ਹਉਮੈ ਰੂਪ ਮੈਲ ਪਾਈ ਹੈ ਭਾਵ ਜੋ ਵੀ ਮਨੁੱਖ ਇਸ

ਸੰਸਾਰ ਵਿੱਚ ਜਨਮ ਲੈਂਦਾ ਹੈ ਉਸਨੂੰ ਸ੍ਰਿਸ਼ਟੀ ਦਾ ਕਰਤਾ ਉਸਦੇ ਅੰਦਰ ਹਉਮੈ ਵਾਲੀ ਸਮਝ ਪਾ ਕੇ ਆਪਣੇ ਆਪ ਨੂੰ ਜਾਨਣ ਤੋਂ ਦੂਰ ਰੱਖਦਾ ਹੈ, ਸ੍ਰਿਸ਼ਟੀ ਦੇ ਸੱਚ ਨੂੰ ਸਮਝਣ ਤੋਂ ਦੂਰ ਰੱਖਦਾ ਹੈ ਕਿਉਂਕਿ ਇਹ ਉਸਦਾ ਆਪਣਾ ਪਾਇਆ ਹੋਇਆ ਮਨ ਦੇ ਵਿੱਚ ਪਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਡੇ ਅੰਦਰ ਦਾ ਇਹ ਹਉਮੈ ਰੂਪ ਪੜਦਾ ਹੀ ਸਾਡੇ ਅੰਦਰ ਦੀ **"ਹਉਮੈ ਮਲੁ"** ਹੈ ਭਾਵ ਮਨ ਦੀ ਅਗਿਆਨਤਾ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਗਿਆਨ ਦੇ ਮਾਲਕ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਭਾਵ ਨਾਮ ਦੇ ਮਾਲਕ ਨੂੰ ਨਹੀਂ ਜਾਣ ਸਕਦਾ। ਉਸਨੂੰ ਆਪਣੇ ਅੰਦਰੋਂ ਜਾਨਣ ਦਾ ਤਰੀਕਾ ਗੁਰੂ ਦੀ ਨਾਮ ਰੂਪ ਧੂੜੀ ਨਾਲ ਇਸ਼ਨਾਨ ਕਰਨ ਦਾ ਹੀ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੰਨਣ ਦਾ ਹੀ ਹੈ। **(ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥)**

ਉਪਰ ਵਾਲੇ ਪਦੇ ਤੋਂ ਪਹਿਲੇ ਅਸੀਂ ਗੁਰੂ ਦੇ ਚਰਣ ਧੋ ਧੋ ਕੇ ਪੀਣ ਦੀ ਗੱਲ ਸਮਝੀ ਹੈ ਫਿਰ ਉਪਰ ਵਾਲੇ ਪਦੇ ਰਾਹੀਂ ਅਸੀਂ ਗੁਰੂ ਦੀ ਰੇਣ ਦੇ ਨਾਲ ਨਿਤ ਮਜਨ ਕਰਨ ਦੀ ਗੱਲ ਕੀਤੀ ਹੈ। ਦੋਨਾਂ ਪਦਿਆਂ ਦਾ ਅੰਦਰੂਨੀ ਭਾਵ ਇੱਕੋ ਹੀ ਹੈ ਭਾਵ ਸਾਰੀ ਗੱਲ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਸਮਝ ਕੇ ਉਨ੍ਹਾਂ ਨੂੰ ਮੰਨਣ ਦੀ ਹੈ, ਉਸਤੇ ਅਮਲ ਕਰਨ ਦੀ ਹੈ ਤੇ ਇਹੀ ਕੁੱਝ ਗੁਰੂ ਦੇ ਨਾਮ ਨੂੰ ਜਪਣਾ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਗੁਰੂ ਦੇ ਚਰਨ ਧੋ ਕੇ ਪੀਣਾ ਜਾਂ ਅੰਮ੍ਰਿਤ ਪੀਣਾ, ਹਰਿ ਅੰਮ੍ਰਿਤ ਪੀਣਾ ਇੱਕੋ ਗੱਲ ਹੀ ਹੈ। ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਗੱਲ ਨੂੰ ਆਸਾਨੀ ਨਾਲ ਸਮਝਕੇ ਵਿਸ਼ਵਾਸ ਕਰ ਸਕਾਂਗੇ ਕਿ ਜੋ ਮਕਸਦ ਗੁਰੂ ਦੇ ਚਰਨ ਧੋ ਕੇ ਪੀਣ ਦਾ ਹੁੰਦਾ ਹੈ ਉਹੀ ਮਕਸਦ ਗੁਰੂ ਦੀ ਰੇਣ ਦੇ ਨਾਲ ਮਜਨ ਕਰਨ ਦਾ ਹੁੰਦਾ ਹੈ। ਸਾਰੀ ਗੱਲ ਮਨ ਦੀ ਅਗਿਆਨਤਾ ਛੱਡਕੇ ਗੁਰੂ ਦੇ ਸੱਚੇ ਗਿਆਨ ਦੇ ਨਾਲ ਜੁੜਨ ਦੀ ਹੈ ਤਾਂ ਜੋ ਅਸੀਂ ਉਹ ਕੁੱਝ ਕਰੀਏ ਜੋ ਗੁਰੂ ਸਾਨੂੰ ਕਰਨ ਲਈ ਸਮਝਾਉਂਦਾ ਹੈ।

ਮਾਝ ਮਹਲਾ ੫ ॥

{ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ ੧੦੨)

{ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ ॥
ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥
ਤੇਰਿਆ ਭਗਤਾ ਭੁਖ ਸਦ ਤੇਰੀਆ ॥ ਹਰਿ ਲੋਚਾ ਪੂਰਨ ਮੇਰੀਆ ॥
ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥}

(ਅੰਗ ੭੪)

ਸਿਰੀਰਾਗੁ ਮਹਲਾ ੩ ॥

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥
ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥
ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

55/7807

{ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥

ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥}

(ਅੰਗ ੩੭)

{ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥ ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥
ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥ ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥੩॥
ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥ ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥
ਗੁਰ ਨਾਲਿ ਤੁਲਿ ਨ ਲਗਣੀ ਖੋਜਿ ਡਿਠਾ ਬ੍ਰਹਮੰਡੁ ॥
ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥੪॥੨੦॥੯੦॥}

(ਅੰਗ ੪੯-੫੦)

{ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

{ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ ॥
ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੂਠੇ ॥ ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ॥
ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ ॥
ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥}

(ਅੰਗ ੮੦)

ਪਉੜੀ ॥

{ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ ॥ ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ ॥
ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ ॥ ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ ॥
ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ ॥੩॥}

(ਅੰਗ ੮੩)

ਛੰਤੁ ॥

{ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ ॥
ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ ॥
ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ ॥
ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧਸੰਗਤਿ ਨਿਧਿ ਮਾਨਿਆ ॥
ਸਰਬਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥
ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥੩॥}

(ਅੰਗ ੮੦-੮੧)

{ਏਕੋ ਵੇਖਾ ਅਵਰੁ ਨ ਬੀਆ ॥ ਗੁਰ ਪਰਸਾਦੀ ਅੰਮ੍ਰਿਤੁ ਪੀਆ ॥
ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥੩॥}

(ਅੰਗ ੧੧੩)

ਮਾਝ ਮਹਲਾ ੩ ॥

{ਸਤਿਗੁਰੁ ਸੇਵਿਐ ਵਡੀ ਵਡਿਆਈ ॥ ਹਰਿ ਜੀ ਅਚਿੰਤੁ ਵਸੈ ਮਨਿ ਆਈ ॥
ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ ॥
ਹਰਿ ਸਤਸੰਗਤਿ ਆਪੇ ਮੇਲੈ ਗੁਰ ਸਬਦੀ ਹਰਿ ਗੁਣ ਗਾਵਣਿਆ ॥੧॥ ਰਹਾਉ ॥
ਸਤਿਗੁਰੁ ਸੇਵੀ ਸਬਦਿ ਸੁਹਾਇਆ ॥ ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥
ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥੨॥
ਬਿਨੁ ਗੁਰ ਨਾਮੁ ਨ ਪਾਇਆ ਜਾਇ ॥ ਸਿਧ ਸਾਧਿਕ ਰਹੇ ਬਿਲਲਾਇ ॥
ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ ॥੩॥
ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥
ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥੪॥
ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥ ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥
ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ ॥੫॥
ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥ ਦੂਜਾ ਭਰਮੁ ਗੁਰ ਸਬਦਿ ਜਲਾਏ ॥
ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥
ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥੭॥
ਸਤਿਗੁਰੁ ਦਾਤਾ ਮਿਲੈ ਮਿਲਾਇਆ ॥ ਪੂਰੈ ਭਾਗਿ ਮਨਿ ਸਬਦੁ ਵਸਾਇਆ ॥
ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ ॥੮॥੯॥੧੦॥}

(ਅੰਗ ੧੧੪-੧੧੫)

ਮਾਝ ਮਹਲਾ ੩ ॥

{ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥
ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥੨॥
ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ ਅੰਮ੍ਰਿਤੁ ਗੁਰ ਪਰਸਾਦੀ ਪਾਏ ॥

ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥
ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥
ਅਜਬ ਕੰਮ ਕਰਤੇ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ ਫੇਰੇ ॥
ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥
ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥
ਕਿਉ ਕਰਿ ਵੇਖਾ ਕਿਉ ਸਾਲਾਹੀ ॥ ਗੁਰ ਪਰਸਾਦੀ ਸਬਦਿ ਸਲਾਹੀ ॥
ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥
ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥}

(ਅੰਗ ੧੧੮-੧੧੯)

ਮਾਝ ਮਹਲਾ ੩ ॥

{ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥
ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰਮੁਖਿ ਅੰਮ੍ਰਿਤੁ ਪੀਆਵਣਿਆ ॥
ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ ਸਹਜੇ ਹਰਿ ਗੁਣ ਗਾਵਣਿਆ ॥੧॥ ਰਹਾਉ ॥
ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥
ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥
ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥ ਕਿਸੈ ਥੋੜੀ ਕਿਸੈ ਹੈ ਘਣੇਰੀ ॥
ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ ॥੩॥
ਗੁਰਮੁਖਿ ਤਤੁ ਹੈ ਬੀਚਾਰਾ ॥ ਅੰਮ੍ਰਿਤਿ ਭਰੇ ਤੇਰੇ ਭੰਡਾਰਾ ॥
ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ ॥੪॥
ਸਤਿਗੁਰੁ ਸੇਵੈ ਸੋ ਜਨੁ ਸੋਹੈ ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ ॥
ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ ॥੫॥
ਮਨਮੁਖੁ ਭੂਲਾ ਦੂਜੈ ਭਾਇ ਖੁਆਏ ॥ ਨਾਮੁ ਨ ਲੇਵੈ ਮਰੈ ਬਿਖੁ ਖਾਏ ॥
ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ ॥੬॥
ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥ ਗੁਰ ਪਰਸਾਦੀ ਸਹਜਿ ਲਿਵ ਲਾਏ ॥
ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ ॥੭॥
ਆਪੇ ਆਪਿ ਨਿਰੰਜਨੁ ਸੋਈ ॥ ਜਿਨਿ ਸਿਰਜੀ ਤਿਨਿ ਆਪੇ ਗੋਈ ॥
ਨਾਨਕ ਨਾਮੁ ਸਮਾਲਿ ਸਦਾ ਤੂੰ ਸਹਜੇ ਸਚਿ ਸਮਾਵਣਿਆ ॥੮॥੧੬॥੧੭॥}

(ਅੰਗ ੧੧੯)

55/7808

{ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥}

(ਅੰਗ ੧੨੪)

{ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥}

(ਅੰਗ ੧੩੪)

ਗਉੜੀ ਮਹਲਾ ੧ ॥

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥
ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥
ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥
ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥
ਆਨ ਮਨਉ ਤਉ ਪਰ ਘਰ ਜਾਉ॥ ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ ੧੫੩)

ਗਉੜੀ ਗੁਆਰੇਰੀ ਮਹਲਾ ੩ ॥

{ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥ ਸਚੀ ਬਾਣੀ ਜੁਗ ਚਾਰੇ ਜਾਪੈ ॥
ਸਭੁ ਕਿਛੁ ਸਾਚਾ ਆਪੇ ਆਪੈ ॥੧॥ ਕਰਮੁ ਹੋਵੈ ਸਤਸੰਗਿ ਮਿਲਾਏ ॥
ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ ਰਹਾਉ ॥ ਜਲਉ ਇਹ ਜਿਹਵਾ ਦੂਜੈ ਭਾਇ ॥
ਹਰਿ ਰਸੁ ਨ ਚਾਖੈ ਫੀਕਾ ਆਲਾਇ ॥ ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥
ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥ ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥
ਗੁਰ ਕਿਰਪਾ ਤੇ ਸਚਿ ਸਮਾਇ ॥ ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥
ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥ ਗੁਰ ਸਬਦੀ ਮਨਿ ਨਾਮਿ ਨਿਵਾਸੁ ॥
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥}

(ਅੰਗ ੧੫੮)

ਗਉੜੀ ਮਹਲਾ ੫ ॥

{ਸਾਧਸੰਗਿ ਤਾ ਕੀ ਸਰਨੀ ਪਰਹੁ ॥ ਮਨੁ ਤਨੁ ਅਪਨਾ ਆਗੈ ਧਰਹੁ ॥੧॥
ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥੧॥ ਰਹਾਉ ॥
ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥ ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥੨॥
ਸਾਸਿ ਸਾਸਿ ਪ੍ਰਭੁ ਮਨਹਿ ਸਮਾਲੇ ॥ ਸੋ ਧਨੁ ਸੰਚਹੁ ਜੋ ਚਾਲੈ ਨਾਲੇ ॥੩॥
ਤਿਸਹਿ ਪਰਾਪਤਿ ਜਿਸੁ ਮਸਤਕਿ ਭਾਗੁ ॥ ਕਹੁ ਨਾਨਕ ਤਾ ਕੀ ਚਰਣੀ ਲਾਗੁ ॥੪॥੫੭॥੧੨੬॥}

(ਅੰਗ ੧੯੧)

ਗਉੜੀ ਮਹਲਾ ੫ ॥

{ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ ਰਹਾਉ ॥
ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥੧॥
ਸੰਤਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥੨॥
ਸਿਮਰਹਿ ਸਾਧ ਕਰਹਿ ਆਨੰਦੁ ॥ ਮਨਿ ਤਨਿ ਰਵਿਆ ਪਰਮਾਨੰਦੁ ॥੩॥
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥੪॥੯੫॥੧੬੪॥}

(ਅੰਗ ੧੯੮-੧੯੯)

ਗਉੜੀ ਮਹਲਾ ੫ ॥

{ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥
ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥
ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥
ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥
ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ ੨੦੯)

{ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥}

(ਅੰਗ ੨੨੭)

ਗਉੜੀ ਮਹਲਾ ੫ ॥

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥
ਜੇਤਾ ਪੇਖਨੁ ਤੇਤਾ ਧਿਆਨੁ ॥੨॥ ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥
ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੁਪ ਸਹਜੇ ਹੀ ਜਪਨਾ ॥੩॥ ਸਹਜੇ ਭੋਜਨੁ ਸਹਜੇ ਭਾਉ ॥
ਸਹਜੇ ਮਿਟਿਓ ਸਗਲ ਦੁਰਾਉ ॥ ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥
ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥ ਸਹਜੇ ਅੰਮ੍ਰਿਤੁ ਪੀਓ ਨਾਮੁ ॥
ਸਹਜੇ ਕੀਨੋ ਜੀਅ ਕੋ ਦਾਨੁ ॥ ਸਹਜ ਕਥਾ ਮਹਿ ਆਤਮੁ ਰਸਿਆ ॥ ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥
ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ ॥ ਸਹਜੇ ਰੁਣ ਝੁਣਕਾਰੁ ਸੁਹਾਇਆ ॥
ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥ ਸਹਜੇ ਜਾ ਕਉ ਪਰਿਓ ਕਰਮਾ ॥
ਸਹਜੇ ਗੁਰੁ ਭੇਟਿਓ ਸਚੁ ਧਰਮਾ ॥ ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥}

(ਅੰਗ ੨੩੬-੨੩੭)

{ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥
ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥
ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ ੨੪੫)

55/7809

ਪਉੜੀ ॥

{ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ ॥ ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥
ਘੂਲਹਿ ਤਉ ਮਨ ਜਉ ਆਵਹਿ ਸਰਨਾ ॥ ਨਾਮ ਤਤੁ ਕਲਿ ਮਹਿ ਪੁਨਹਚਰਨਾ ॥
ਘਾਲਿ ਘਾਲਿ ਅਨਿਕ ਪਛੁਤਾਵਹਿ ॥ ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ ॥
ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥ ਨਾਨਕ ਹਰਿ ਗੁਰਿ ਜਾ ਕਉ ਦੀਆ ॥੨੦॥}

(ਅੰਗ ੨੫੪)

ਸਲੋਕੁ ॥

{ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ॥
ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥੧॥}

(ਅੰਗ ੨੫੯)

{ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥
ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥ ਨੈਨਹੁ ਪੇਖੁ ਠਾਕੁਰ ਕਾ ਰੰਗੁ ॥
ਸਾਧਸੰਗਿ ਬਿਨਸੈ ਸਭ ਸੰਗੁ ॥ ਚਰਨ ਚਲਉ ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ ॥
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਊਜਲ ਮਥਾ ॥੨॥}

(ਅੰਗ ੨੮੧)

{ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥
ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥
ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥ ਨਾਮ ਰਸਿ ਜੋ ਜਨ ਤ੍ਰਿਪਤਾਨੇ ॥
ਮਨ ਤਨ ਨਾਮਹਿ ਨਾਮਿ ਸਮਾਨੇ ॥ ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥}

(ਅੰਗ ੨੮੬)

{ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥
ਜਾ ਕੈ ਮਨਿ ਪ੍ਰਗਟੇ ਗੁਨਤਾਸ ॥ ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥ ਅੰਧਕਾਰ ਦੀਪਕ ਪਰਗਾਸੇ ॥
ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥}

(ਅੰਗ ੨੮੭)

ਪਉੜੀ ॥

{ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥ ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥
ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥ ਸਗਲ ਮਨੋਰਥ ਪੂੰਨਿਆ ਅਮਰਾ ਪਦੁ ਪਾਈ ॥
ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ ॥੩॥}

(ਅੰਗ ੩੧੮)

{ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥}

(ਅੰਗ ੪੦)

{ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥}

(ਅੰਗ ੪੯੩)

{ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥
ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥
ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ ੧੫੩)

{ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥}

(ਅੰਗ ੨੩੪)

ੴ ਸਤਿਗੁਰ ਪ੍ਰਸਾਦਿ ॥
ਗਉੜੀ ਬਾਵਨ ਅਖਰੀ ਮਹਲਾ ੫ ॥
ਸਲੋਕੁ ॥

{ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥}

(ਅੰਗ ੨੫੦)

55/7810

ਮਃ ੪ ॥

{ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥}

(ਅੰਗ ੩੦੫-੩੦੬)

{ਗੁਰ ਪੂਰੇ ਤੇ ਪੂਰਾ ਪਾਏ ॥ ਹਿਰਦੈ ਸਬਦੁ ਸਚੁ ਨਾਮੁ ਵਸਾਏ ॥ ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥
ਸਦਾ ਸੂਚੇ ਸਾਚਿ ਸਮਾਏ ॥੨॥ ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥ ਗੁਰ ਪਰਸਾਦਿ ਰਹਿਆ ਭਰਪੂਰਿ ॥
ਜਹਾ ਜਾਉ ਤਹ ਵੇਖਾ ਸੋਇ ॥ ਗੁਰ ਬਿਨੁ ਦਾਤਾ ਅਵਰੁ ਨ ਕੋਇ ॥੩॥ ਗੁਰੁ ਸਾਗਰੁ ਪੂਰਾ ਭੰਡਾਰ ॥
ਊਤਮ ਰਤਨ ਜਵਾਹਰ ਅਪਾਰ ॥ ਗੁਰ ਪਰਸਾਦੀ ਦੇਵਣਹਾਰੁ ॥ ਨਾਨਕ ਬਖਸੇ ਬਖਸਣਹਾਰੁ ॥੪॥੯॥੪੮॥}

(ਅੰਗ ੩੯੩)

{ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥}

(ਅੰਗ ੧੩੫-੧੩੬)

{ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥ ਸਾਧ ਰੇਣ ਮਜਨ ਸਭਿ ਧਰਮ ॥ ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥
ਸਾਧਾ ਮਹਿ ਇਹ ਹਮਰੀ ਜਿੰਦੁ ॥੩॥ ਕਿਰਪਾ ਨਿਧਿ ਕਿਰਪਾਲ ਧਿਆਵਉ ॥ ਸਾਧਸੰਗਿ ਤਾ ਬੈਠਣੁ ਪਾਵਉ ॥
ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ ॥ ਸਾਧਸੰਗਿ ਨਾਨਕ ਨਾਮੁ ਲਇਆ ॥੪॥੨੨॥੯੧॥}

(ਅੰਗ ੧੯੩)

ਪਉੜੀ ॥

{ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ ॥ ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ ॥
ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ ॥ ਸੰਸਾਰ ਸਾਗਰ ਤੇ ਉਧਰੇ ਬਿਖਿਆ ਗੜੁ ਜਿਤਾ ॥
ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥੧੯॥}

(ਅੰਗ ੩੨੨-੩੨੩)

ਗੂਜਰੀ ਮਹਲਾ ੫ ਚਉਪਦੇ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧॥ ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥
ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥੩॥
ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥
ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥}

(ਅੰਗ ੪੯੫)

{ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥

ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥
ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ ੬੩੫-੬੩੬)

{ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥ ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ ॥
ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ ॥
ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ ॥
ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ ॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥੧॥}

(ਅੰਗ ੭੬੬)

ਕਾਨੜਾ ਮਹਲਾ ੫ ॥

{ਸਾਧਸੰਗਤਿ ਨਿਧਿ ਹਰਿ ਕੋ ਨਾਮ ॥ ਸੰਗਿ ਸਹਾਈ ਜੀਅ ਕੈ ਕਾਮ ॥੧॥ ਰਹਾਉ ॥
ਸੰਤ ਰੇਨੁ ਨਿਤਿ ਮਜਨੁ ਕਰੈ ॥ ਜਨਮ ਜਨਮ ਕੇ ਕਿਲਬਿਖ ਹਰੈ ॥੧॥
ਸੰਤ ਜਨਾ ਕੀ ਊਚੀ ਬਾਨੀ ॥ ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ ॥੨॥੨॥੧੩॥}

(ਅੰਗ ੧੩੦੦)

55/7811

{ਨਾਮੁ ਅਵਖਧੁ ਨਾਮੁ ਆਧਾਰੁ ਅਰੁ ਨਾਮੁ ਸਮਾਧਿ ਸੁਖੁ ਸਦਾ ਨਾਮ ਨੀਸਾਣੁ ਸੋਹੈ ॥
ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ ॥ ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ॥
ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥੯॥}

(ਅੰਗ ੧੩੯੨)

ਉਪਰ ਵਾਲੇ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਜਿਨ੍ਹਾਂ ਵਿੱਚੋਂ ਅਸੀਂ ਕਾਫੀ ਸ਼ਬਦਾਂ ਨੂੰ ਪਿੱਛੇ ਲੇਖ ਵਿੱਚ ਸਮਝਿਆ ਵੀ ਹੋਇਆ ਹੈ ਕਿ ਗੁਰੂ ਦੇ ਚਰਨ ਧੋ ਕੇ ਪੀਣਾ ਭਾਵ ਮਨ ਦੇ ਵਿੱਚ ਉਸਦੀ ਸੱਚੀ ਸਮਝ ਰੂਪ ਅੰਮ੍ਰਿਤ ਪੀਣਾ, ਉਸਦੀ ਚਰਨ ਧੂੜ ਦੇ ਨਾਲ ਮਨ ਦੇ ਵਿੱਚ ਇਸ਼ਨਾਨ ਕਰਨਾ ਇੱਕੋ ਹੀ ਗੱਲ ਹੈ ਭਾਵ ਸਾਰੀ ਗੱਲ ਆਪਣੀ ਤ੍ਰੈ ਗੁਣਾਂ ਵਾਲੀ ਸਮਝ ਵਿੱਚੋਂ ਨਿਕਲਕੇ, ਮਨ ਦੀ ਹਉਮੈ ਰੂਪ ਮੈਲ ਵਿੱਚੋਂ ਨਿਕਲਕੇ ਗੁਰੂ ਦੀ ਸੱਚੀ ਮਤਿ ਦੇ ਨਾਲ ਭਾਵ ਗੁਰੂ ਦੇ ਨਾਮ ਦੇ ਨਾਲ ਜੁੜਨ ਦੀ ਹੈ ਤਾਂ ਜੋ ਅਸੀਂ ਉਹੋ ਜਿਹੇ ਸੱਚੇ ਸੁੱਚੇ ਕਰਮ ਕਰੀਏ ਭਾਵ ਗੁਣੀ ਬਣਕੇ ਵਿਚਰੀਏ ਜੋ ਕੁੱਝ ਗੁਰੂ ਸਾਨੂੰ ਆਪਣੇ ਸ਼ਬਦਾਂ ਰਾਹੀਂ ਸਮਝਾਉਂਦਾ ਹੈ। ਜੋ ਕੁੱਝ ਅਸੀਂ ਮੁੱਖ ਸ਼ਬਦ ਦੇ ਪਹਿਲੇ ਦੋ ਪਦਿਆਂ ਰਾਹੀਂ ਸਮਝਿਆ ਹੈ ਭਾਵ ਗੁਰੂ ਦਾ ਨਾਮ ਜਪਣਾ ਸਮਝਿਆ ਹੈ ਜਿਵੇਂ ਕਿ ਮੁੱਖ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਾਇਆ ਹੋਇਆ ਹੈ, ਉਹੋ ਜਿਹਾ ਨਾਮ ਸਿਮਰਨਾ ਹੀ ਸਾਨੂੰ ਸ਼ਬਦ ਦੇ ਅਗਲੇ ਪਦਿਆਂ ਦੁਆਰਾ ਸਮਝਾਇਆ ਹੋਇਆ ਹੈ। ਪਹਿਲਾਂ ਤੀਜੇ, ਚੌਥੇ, ਪੰਜਵੇਂ ਪਦੇ ਨੂੰ ਮਿਲਾਕੇ ਸਮਝਦੇ ਹਾਂ ਕਿ ਸਾਨੂੰ ਕਿਹੋ ਜਿਹਾ ਨਾਮ ਸਿਮਰਨਾ ਸਮਝਾਇਆ ਹੈ।

"ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥
ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥
ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥"

ਉਪਰ ਵਾਲੇ ਤੀਜੇ ਪਦੇ ਰਾਹੀਂ ਗੁਰੂ ਨੂੰ ਪੱਖਾ ਝੂਲਣ ਦੀ ਗੱਲ ਕੀਤੀ ਹੋਈ ਹੈ ਭਾਵ ਪੰਜਵੀਂ ਪਾਤਸ਼ਾਹੀ ਸਾਨੂੰ ਕਹਿ ਰਹੇ ਹਨ ਕਿ ਮੈਂ ਜਿਸ ਗੁਰੂ ਨੂੰ ਸਿਮਰਦਾ ਹਾਂ ਉਸ ਗੁਰੂ ਨੂੰ ਮੈਂ ਪੱਖਾ ਝੁਲਾਉਂਦਾ ਹਾਂ ਤੇ ਚੌਥੇ ਪਦੇ ਰਾਹੀਂ ਸਾਨੂੰ ਗੁਰੂ ਸਾਹਿਬ ਕਹਿ ਰਹੇ ਹਨ ਕਿ ਮੈਂ ਆਪਣੇ ਗੁਰੂ ਦੇ **"ਗ੍ਰਿਹਿ"** ਤੇ ਪਾਣੀ ਢੋਂਦਾ ਹਾਂ ਭਾਵ ਆਪਣੇ ਗੁਰੂ ਦੇ ਘਰ ਵਿੱਚ ਪਾਣੀ ਲੈ ਕੇ ਜਾਂਦਾ ਹਾਂ ਤੇ ਪੰਜਵੇਂ ਪਦੇ ਰਾਹੀਂ

ਗੁਰੂ ਸਾਹਿਬ ਸਾਨੂੰ ਇਹ ਕਹਿ ਰਹੇ ਹਨ ਕਿ ਮੈਂ ਆਪਣੇ ਗੁਰੂ ਦੇ ਘਰ ਵਿੱਚ ਚੱਕੀ ਪੀਸਦਾ ਹਾਂ ਭਾਵ ਅੰਨ ਪੀਸਦਾ ਹਾਂ। ਗੁਰੂ ਦੇ ਉੱਤੇ ਜਾਂ ਗੁਰੂ ਦੇ ਪੈਰਾਂ ਤੇ ਪੱਖਾ ਝੁਲਾਉਣਾ ਕੀ ਹੈ, ਗੁਰੂ ਦੇ ਘਰ ਵਿੱਚ ਪਾਣੀ ਢੋਣਾ ਕੀ ਹੈ, ਗੁਰੂ ਦੇ ਘਰ ਵਿੱਚ ਚੱਕੀ ਪੀਸਣਾ ਕੀ ਹੈ ਇਨ੍ਹਾਂ ਗੱਲਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਕੁੱਝ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਰੀ ਗੱਲ ਗੁਰੂ ਦੀ ਸੇਵਾ ਦੇ ਨਾਲ ਜੁੜੀ ਹੋਈ ਹੈ, ਗੁਰੂ ਦੇ ਘਰ ਦੇ ਨਾਲ ਜੁੜੀ ਹੋਈ ਹੈ, ਗੁਰੂ ਦੇ ਸਤਿਕਾਰ ਦੇ ਨਾਲ ਜੁੜੀ ਹੋਈ ਹੈ। ਜਿਵੇਂ ਕਿ ਅਸੀਂ ਬਾਰ-ਬਾਰ ਸਮਝਿਆ ਹੈ ਗੁਰੂ ਸ਼ਬਦ ਰੂਪ ਵਿੱਚ ਹੈ ਤੇ ਜੋ ਵੀ ਸ਼ਬਦ ਰੂਪ ਗੁਰੂ ਨੂੰ ਜਾਣਦਾ ਹੈ ਉਹ ਉਸਦੇ ਘਰ ਵਿੱਚੋਂ ਹੀ ਜਾਣਦਾ ਹੈ। ਪੂਰਾ ਗੁਰਬਾਣੀ ਗ੍ਰੰਥ ਸ਼ਬਦ ਰੂਪ ਗੁਰੂ ਦਾ ਘਰ ਹੈ ਜਿਸ ਆਪਣੇ ਸ਼ਬਦ ਰੂਪ ਘਰ ਦੇ ਵਿੱਚ ਉਹ ਆਪਣੇ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ ਭਾਵ ਆਪਣੇ ਨਾਮ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ। ਸਾਰੇ ਸੰਸਾਰ ਦੇ ਲਈ ਸਭ ਤੋਂ ਵੱਡੀ ਗੱਲ ਸਮਝਣ ਦੀ ਇਹ ਹੈ

55/7812

ਕਿ ਪੂਰਾ ਗੁਰਬਾਣੀ ਗ੍ਰੰਥ ਭਾਵ ਪੂਰੀ ਗੁਰਬਾਣੀ ਦੇ ਅੰਦਰ ਦੇ ਸ਼ਬਦ ਕਿਸ ਘਰ ਵਿੱਚੋਂ, ਗ੍ਰਹਿ ਵਿੱਚੋਂ ਆਏ ਹਨ। ਗੁਰਬਾਣੀ ਦੇ ਸ਼ਬਦ ਤਾਂ ਅਨੇਕਾਂ ਹੀ ਸਰੀਰਾਂ ਦੁਆਰਾ ਆਏ ਹਨ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੇ ਰਾਹੀਂ ਆਏ ਹਨ ਜਿਵੇਂ ਕਿ ਹਰ ਕੋਈ ਜਾਣਦਾ ਹੀ ਹੈ। ਸਾਰੀ ਗੱਲ ਮਨੁੱਖੀ ਸਰੀਰ ਦੇ ਅੰਦਰ ਗੁਰੂ ਦੇ ਭਾਵ ਸਤਿਗੁਰੂ ਦੇ ਘਰ ਨੂੰ ਭਾਵ ਗ੍ਰਹਿ ਨੂੰ ਸਮਝਣ ਦੀ ਹੈ। ਮਨੁੱਖ ਦੇ ਅੰਦਰ ਉਸਦੇ ਰਹਿਣ ਦਾ ਘਰ ਕੀ ਹੈ ਭਾਵ ਉਸਦਾ ਟਿਕਾਣਾ ਕੀ ਹੈ, ਉਸਦਾ ਮਹਲ ਕੀ ਹੈ ਜਿੱਥੋਂ ਉਸਨੂੰ ਜਾਣਿਆ ਜਾ ਸਕਦਾ ਹੈ ਉਹ ਉਸਦਾ ਜੋਤਿ ਰੂਪ ਘਰ ਹੈ ਭਾਵ ਮਨੁੱਖ ਦਾ ਮਨ ਹੈ ਫਿਰ ਮਨ ਦੇ ਅੰਦਰੋਂ ਕੇਵਲ ਸਮਝ ਹੀ ਉਪਜਦੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਤੇ ਪੂਰੇ ਲੇਖ ਦੇ ਸ਼ੁਰੂ ਤੋਂ ਸਮਝਦੇ ਆ ਰਹੇ ਹਾਂ। ਜਿਸ ਮਨੁੱਖੀ ਸਮਝ ਦੇ ਅੰਦਰ ਵੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਘਰ ਦੇ ਅੰਦਰ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਜਦ ਤੱਕ ਉਹ ਆਪਣਾ ਮਨ ਰੂਪ ਘਰ ਮਨ ਦੇ ਵਿੱਚ ਪ੍ਰਗਟ ਹੋ ਕੇ ਦਿਖਾਉਂਦਾ ਨਹੀਂ ਤਦ ਤੱਕ ਸਾਰੇ ਸੰਸਾਰ ਦੇ ਕਿਸੇ ਵੀ ਮਨੁੱਖ ਲਈ ਆਪਣੇ ਅੰਦਰੋਂ ਉਸਦੇ ਘਰ ਨੂੰ ਨਹੀਂ ਜਾਣਿਆ ਜਾ ਸਕਦਾ। ਜਿਤਨੀ ਵੀ ਗੁਰਬਾਣੀ ਆਈ ਹੈ ਭਾਵ ਗੁਰਬਾਣੀ ਦੇ ਸ਼ਬਦ ਆਏ ਹਨ ਉਹ ਗਾਡ ਦੇ, ਪ੍ਰਮਾਤਮਾ ਦੇ, ਅੱਲ੍ਹਾ ਦੇ, ਅਕਾਲ ਪੁਰਖ ਦੇ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਮਨ ਰੂਪ, ਉਸਦੇ ਜੋਤਿ ਰੂਪ ਘਰ ਦੇ ਵਿੱਚੋਂ ਹੀ ਆਏ ਹਨ। ਆਪਣੇ ਘਰ ਦੇ ਵਿੱਚੋਂ ਸ਼ਬਦਾਂ ਦੀ ਸੱਚੀ ਵਿਚਾਰ ਭਾਵ ਆਪਣਾ ਨਾਮ ਉਹ ਆਪ ਹੀ ਦਿੰਦਾ ਹੈ ਤੇ ਆਪ ਹੀ ਆਪਣਾ ਨਾਮ ਜਪਾਉਂਦਾ ਹੈ ਭਾਵ ਆਪਣੇ ਸੱਚੇ ਸ਼ਬਦਾਂ ਦੀ ਵਿਚਾਰ ਸਮਝਾਕੇ ਆਪ ਹੀ ਉਸਤੇ ਚਲਾਉਂਦਾ ਹੈ ਭਾਵ ਆਪ ਆਪਣੀ ਸੇਵਾ ਕਰਨੀ ਸਮਝਾ ਕੇ ਆਪ ਹੀ ਆਪਣੀ ਸੇਵਾ ਕਰਵਾਉਂਦਾ ਹੈ। ਅਕਾਲ ਪੁਰਖ ਆਪ ਹੀ ਗੁਰੂ ਹੈ ਤੇ ਉਸਦੀ ਸੇਵਾ ਕਰਨੀ ਜਾਂ ਨਾਮ ਜਪਣਾ ਇੱਕੋ ਹੀ ਗੱਲ ਹੈ। ਉਸਦੀ ਸੇਵਾ ਕਿਵੇਂ ਹੁੰਦੀ ਹੈ, ਉਸਦੇ ਨਾਲ ਪਿਆਰ ਕਿਵੇਂ ਜਤਾਇਆ ਜਾਂਦਾ ਹੈ ਭਾਵ ਗੁਰੂ ਦਾ ਸਤਿਕਾਰ ਕਿਵੇਂ ਕੀਤਾ ਜਾਂਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸਾਰੀ ਗੱਲ ਆਪਣੀ ਮਾਇਆ ਮੋਹ ਵਾਲੀ ਮਤਿ ਤਿਆਗਕੇ ਗੁਰੂ ਦੀ ਮਤਿ ਨੂੰ ਮੰਨਣ ਦੀ ਹੈ ਭਾਵ ਔਗੁਣ ਤਿਆਗਕੇ ਗੁਣਾਂ ਨੂੰ ਅਪਨਾਉਣ ਦੀ ਹੈ ਜੋ ਕਿ ਗੁਰੂ ਦੀ ਸੇਵਾ ਗੁਰੂ ਦੀ ਮਤਿ ਦੀ ਸੇਵਾ ਹੈ ਕਿਉਂਕਿ ਗੁਰੂ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਬਾਰ-ਬਾਰ ਸਮਝਿਆ ਹੀ ਹੈ। ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੇ ਪਹਿਲੇ ਆਪਣੇ ਜੀਵਨ ਵਿੱਚ ਜਿਸ ਤਰੀਕੇ ਗੁਰਮਤਿ ਦਾ ਸਤਿਕਾਰ ਕਰਨ ਦੁਆਰਾ ਸਤਿਗੁਰੂ ਦਾ ਨਾਮ ਜਪਿਆ ਹੈ ਉਹੀ ਗੱਲ ਸਾਨੂੰ ਉਪਰ ਵਾਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ। ਪਹਿਲੇ ਉਪਰ ਵਾਲੇ ਤੀਸਰੇ ਪਦੇ ਨੂੰ ਸਮਝਦੇ ਹਾਂ ਕਿ ਪੰਜਵੀਂ ਪਾਤਸ਼ਾਹੀ ਨੇ ਆਪਣੇ ਗੁਰੂ ਨੂੰ ਪੱਖਾ ਕਿਸ ਰੂਪ ਵਿੱਚ ਝੁਲਾਇਆ ਹੈ।

“ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥”

55/7813

ਗੁਰੂ ਸਾਹਿਬ ਦਾ ਪੱਖਾ ਝੁਲਾਉਣ ਦਾ ਮਕਸਦ ਉਪਰ ਵਾਲੇ ਪਦੇ ਰਾਹੀਂ ਬੜਾ ਪਸਸ਼ਟ ਕਰਕੇ ਸਮਝਾਇਆ ਹੋਇਆ ਹੈ। ਗੁਰੂ ਸਾਹਿਬ ਕਹਿ ਰਹੇ ਹਨ ਕਿ ਮੇਰੇ ਗੁਰੂ ਨੇ ਮੈਨੂੰ **“ਮਹਾ ਅਗਨਿ”** ਤੋਂ ਹੱਥ ਦੇ ਕੇ ਰੱਖਿਆ ਹੈ ਭਾਵ ਬਚਾ ਲਿਆ ਹੈ। **“ਮਹਾ ਅਗਨਿ”** ਸਾਡੇ ਸਭ ਦੇ ਅੰਦਰ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਡੇ ਅੰਦਰ ਦੀ ਇਹ **“ਮਹਾ ਅਗਨਿ”** ਮਨ ਦੀਆਂ ਤ੍ਰਿਸ਼ਨਾਵਾਂ ਦੀ ਅੱਗ ਹੈ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਨਾ ਹੋਣ ਕਰਕੇ ਮਨੁੱਖ ਦੁੱਖੀ ਹੁੰਦਾ ਹੈ ਤੇ ਮਨ ਦੇ ਵਿੱਚ ਸਾੜਾ ਲੱਗਾ ਰਹਿੰਦਾ ਹੈ ਕਿ ਮੇਰੀਆਂ ਇੱਛਾਵਾਂ ਪੂਰੀਆਂ ਕਿਉਂ ਨਹੀਂ ਹੁੰਦੀਆਂ ਤੇ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਮਨੁੱਖ ਅਨੇਕਾਂ ਮਾੜੇ ਕਰਮ ਕਰਦਾ ਹੈ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਵਿਚਾਰਾਂ ਵਿੱਚ ਰਹਿੰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ

ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਜੋ ਗੁਰੂ ਦੀ ਸੱਚੀ ਮਤਿ ਦਾ ਸਤਿਕਾਰ ਕਰਦਾ ਹੈ, ਉਸਦੀ ਸੇਵਾ ਕਰਦਾ ਹੈ ਉਹ ਉਸਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਹੀ ਕਰਦਾ ਹੈ ਭਾਵ ਗੁਰੂ ਦਾ ਨਾਮ ਜਪਣ ਦੁਆਰਾ ਹੀ ਕਰਦਾ ਹੈ ਜੋ ਗੁਰੂ ਦੀ ਭਾਵ ਗੁਰਮਤਿ ਦੈ ਸੇਵਾ ਕਰਨ ਦੇ ਨਾਲ ਮਨੁੱਖ ਮਨ ਦੀਆਂ ਤ੍ਰਿਸ਼ਨਾਵਾਂ ਨੂੰ ਛੱਡ ਦਿੰਦਾ ਹੈ ਭਾਵ ਫਿਰ ਮਾੜੇ ਕਰਮ ਨਹੀਂ ਕਰਦਾ। ਇਹ ਕੁੱਝ ਕਿਸੇ ਕੋਲੋਂ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣੀ ਕ੍ਰਿਪਾ ਦੁਆਰਾ, ਆਪਣਾ ਗੁਰੂ ਰੂਪ ਪ੍ਰਗਟ ਕਰਨ ਦੁਆਰਾ ਹੀ ਕਰਵਾਉਂਦਾ ਹੈ ਭਾਵ ਆਪਣਾ ਗੁਰੂ ਰੂਪ, ਭਗਤ ਰੂਪ, ਦਾਸ ਰੂਪ, ਸੰਤ ਰੂਪ, ਜਨ ਰੂਪ, ਸਾਧ ਰੂਪ, ਸੇਵਕ ਰੂਪ ਬਨਾਉਣ ਦੁਆਰਾ ਕਰਵਾਉਂਦਾ ਹੈ। ਬਹੁਤ ਔਖੀ ਹੈ ਗੁਰੂ ਦੀ ਸੇਵਾ, ਬਹੁਤ ਔਖਾ ਹੈ ਉਸਦਾ ਨਾਮ ਜਪਣਾ। ਇਹੀ ਗੁਰੂ ਨੂੰ ਸੁੱਖ ਦੇਣ ਦਾ ਤਰੀਕਾ ਹੈ, ਗੁਰੂ ਨੂੰ ਖੁਸ਼ ਕਰਨ ਦਾ ਤਰੀਕਾ ਹੈ ਜੋ ਸੁੱਖ ਤੇ ਖੁਸ਼ੀ ਉਸਨੂੰ ਉਸਦੀ ਮਤਿ ਮੰਨਣ ਦੇ ਨਾਲ ਹੀ ਮਿਲਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਇਹੀ ਗੁਰੂ ਦੇ ਨਾਲ ਆਪਣਾ ਸੱਚਾ ਪਿਆਰ ਦਿਖਾਉਣ ਦਾ ਤਰੀਕਾ ਹੈ।

ਉਪਰ ਪਹਿਲੀ ਪੰਗਤੀ ਵਿੱਚ ਪੰਜਵੀਂ ਪਾਤਸ਼ਾਹੀ ਕਹਿ ਰਹੇ ਹਨ ਕਿ ਮੈਂ ਆਪਣੇ ਗੁਰੂ ਨੂੰ ਮਨ ਦੀ ਤ੍ਰਿਸ਼ਨਾ ਰੂਪ ਅਗਨਿ ਤੋਂ ਬੱਚਣ ਲਈ ਉਸਨੂੰ ਪੱਖਾ ਝੁਲਾਇਆ ਹੈ ਭਾਵ ਪੱਖਾ ਝੁਲਾਕੇ ਉਸਦੀ ਸੇਵਾ ਕੀਤੀ ਹੈ। ਇਸ ਗੱਲ ਨੂੰ ਕੁੱਝ ਬਰੀਕੀ ਨਾਲ ਸਮਝਣ ਦੀ ਲੋੜ ਹੈ। ਗੁਰੂ ਤਾਂ ਅਸਲ ਵਿੱਚ ਗੁਰੂ ਦੀ ਮਤਿ ਹੈ। ਪੱਖਾ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਗੁਰੂ ਅਕਾਲ ਪੁਰਖ ਦੀ ਮਤਿ ਨੂੰ ਹੀ ਝੁਲਾਇਆ ਹੈ ਜੋ ਪੱਖਾ ਉਨ੍ਹਾਂ ਨੇ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦੁਆਰਾ ਝੁਲਾਇਆ ਹੈ। ਅਗਨਿ ਮਨ ਦੀ ਗਰਮੀ ਨਾਲ ਪੈਦਾ ਹੁੰਦੀ ਹੈ ਤੇ ਮਨ ਦੇ ਠੰਡਾ ਹੋਣ ਨਾਲ ਉਸਦੇ ਵਿੱਚੋਂ ਫਿਰ ਅਗਨਿ ਨਹੀਂ ਨਿਕਲਦੀ ਭਾਵ ਮਨ ਦੇ ਵਿੱਚੋਂ ਤ੍ਰਿਸ਼ਨਾਵਾਂ ਨਹੀਂ ਨਿਕਲਦੀਆਂ। ਗੁਰੂ ਦੀ ਮਤਿ ਨੂੰ ਮੰਨਣ ਦੇ ਨਾਲ ਮਨ **"ਸੰਤੋਖ"** ਦੇ ਵਿੱਚ ਆ ਜਾਂਦਾ ਹੈ ਭਾਵ ਸ਼ਾਂਤ ਹੋ ਜਾਂਦਾ ਹੈ, ਗੁਰਮਤਿ ਦੀ ਸੱਚੀ ਸਮਝ ਵਾਲਾ ਬਣ ਜਾਂਦਾ ਹੈ। ਗੁਰੂ ਦੀ ਮਤਿ ਦੀ ਸੇਵਾ ਭਾਵ ਗੁਰੂ ਦੀ ਮਤਿ ਤੇ ਅਮਲ ਕਰਨ ਦੁਆਰਾ ਹੀ ਹੁੰਦੀ ਹੈ ਭਾਵ ਮਨ ਨੂੰ ਸ਼ਾਂਤ ਕਰਨ ਨਾਲ ਹੀ ਹੁੰਦੀ ਹੈ ਜੋ ਕਿ ਤ੍ਰਿਸ਼ਨਾਵਾਂ ਦੀ ਅਗਨਿ ਵਿੱਚੋਂ ਨਿਕਲਕੇ ਹੀ ਹੁੰਦੀ ਹੈ। **(ਤਿਸੁ ਗੁਰ ਕਉ ਝੁਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥)**

ਅਸੀਂ ਆਪਣੇ ਮਨ ਨੂੰ ਕਿਸ ਤਰੀਕੇ ਸ਼ਾਂਤ ਕਰਨਾ ਹੈ ਭਾਵ ਤ੍ਰਿਸ਼ਨਾਵਾਂ ਦੀ ਅਗਨਿ ਤੋਂ ਰਹਿਤ ਕਰਨਾ ਹੈ ਭਾਵ ਮਨ ਦੇ ਸੰਤੋਖ ਵਿੱਚ ਕਿਸ ਤਰੀਕੇ ਆਉਣਾ ਹੈ ਭਾਵ ਆਪਣੇ ਮਨ ਦੇ ਵਿੱਚ ਗੁਰੂ ਦੀ ਮਤਿ ਨੂੰ ਕਿਸ ਰੂਪ ਵਿੱਚ ਮੰਨਣਾ ਹੈ ਤੇ ਕਿਸ ਮਕਸਦ ਲਈ ਮੰਨਣਾ ਹੈ ਜਿਸ ਤਰੀਕੇ ਗੁਰੂ ਦੀ ਸੇਵਾ ਹੋ ਸਕਦੀ ਹੈ ਇਸ ਗੱਲ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ।

ਪਉੜੀ ॥

{ਸੇਵ ਕੀਤੀ ਸੰਤੋਖੀਏਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥੭॥}

(ਅੰਗ ੪੬੬-੪੬੭)

ਸਿਰੀਰਾਗੁ ਮਹਲਾ ੩ ॥

{ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥
ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ ਮਨ ਰੇ ਗੁਰਮੁਖਿ ਨਾਮੁ ਧਿਆਇ ॥
ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥
ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥
ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥

ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥
ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥
ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥
ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥
ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}

(ਅੰਗ ੬੫)

ਗਉੜੀ ਮਹਲਾ ੧ ॥

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

ਗੁਰੂ ਦੀ ਸੱਚੀ ਸੇਵਾ ਕੀ ਹੈ, ਗੁਰੂ ਦੇ ਨਾਲ ਸੱਚਾ ਪਿਆਰ ਜੋੜਨਾ ਕੀ ਹੈ ਇਹ ਸਭ ਕੁੱਝ ਆਪਣੀਆਂ ਇੱਛਾਵਾਂ ਛੱਡਕੇ ਗੁਰੂ ਦੀ ਇੱਛਾ ਨੂੰ ਮੰਨਣ ਦੁਆਰਾ ਹੀ ਹੁੰਦਾ ਹੈ। **ਗੁਰੂ ਸ਼ਬਦ ਰੂਪ ਹੈ ਤੇ ਹਰ ਸ਼ਬਦ ਦੀ ਵਿਚਾਰ ਗੁਰੂ ਦੀ ਇੱਛਾ ਹੈ** ਤੇ ਗੁਰੂ

ਸਾਡੇ ਕੋਲੋਂ ਕੀ ਚਾਹੁੰਦਾ ਹੈ। ਜੋ ਕੁੱਝ ਕੋਈ ਚਾਹੁੰਦਾ ਹੈ ਅਗਰ ਉਹੀ ਕੁੱਝ ਉਸਨੂੰ ਮਿਲ ਜਾਵੇ ਇਸੇ ਵਿੱਚ ਹੀ ਉਸਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਗੁਰੂ ਨੂੰ ਖੁਸ਼ ਕਰਨ ਲਈ ਗੁਰੂ ਦੇ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਹੀ ਪੈਂਦਾ ਹੈ ਤੇ ਇਹੀ ਗੁਰੂ ਦਾ ਨਾਮ ਜਪਣਾ ਹੈ ਜਿਸ ਦੁਆਰਾ ਗੁਰੂ ਦੀ ਸੇਵਾ ਹੁੰਦੀ ਹੈ, ਗੁਰੂ ਦਾ ਸਤਿਕਾਰ ਹੁੰਦਾ ਹੈ ਜਿਵੇਂ ਕਿ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਇਨ੍ਹਾਂ ਸ਼ਬਦਾਂ ਨੂੰ ਤੇ ਇਨ੍ਹਾਂ ਦੇ ਨਾਲ ਦੇ ਹੋਰ ਅਨੇਕਾਂ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ।

ਹੁਣ ਮੁੱਖ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਪੰਜਵੀਂ ਪਾਤਸ਼ਾਹੀ ਨੇ ਆਪਣੇ ਗੁਰੂ ਦੇ ਗ੍ਰਹਿ ਵਿੱਚ ਭਾਵ ਉਸਦੇ ਘਰ ਵਿੱਚ ਪਾਣੀ ਕਿਸ ਮਕਸਦ ਲਈ ਢੋਇਆ ਤੇ ਕਿਸ ਰੂਪ ਵਿੱਚ ਢੋਇਆ ਭਾਵ ਉਨ੍ਹਾਂ ਨੇ ਆਪਣੇ ਗੁਰੂ ਦੀ ਸੇਵਾ, ਉਸਦਾ ਸਤਿਕਾਰ ਕਿਸ ਰੂਪ ਵਿੱਚ ਕੀਤਾ ਹੈ।

“ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥”

ਉਪਰ ਵਾਲੀਆਂ ਪੰਗਤੀਆਂ ਨੂੰ ਧਿਆਨ ਨਾਲ ਸਮਝੋ ਕਿ ਪੰਜਵੀਂ ਪਾਤਸ਼ਾਹੀ ਨੂੰ ਜੋ ਉੱਚੀ ਸਮਝ ਮਿਲੀ ਭਾਵ ਉੱਚੀ ਸਮਝ ਵਾਲੀ ਅਕਲ ਮਿਲੀ ਭਾਵ ਸ਼ਬਦਾਂ ਦਾ ਜੋ ਉੱਚਾ ਗਿਆਨ ਮਿਲਿਆ, ਬ੍ਰਹਮ ਗਿਆਨ ਮਿਲਿਆ, ਸਹਜ ਗਿਆਨ ਮਿਲਿਆ, ਨਾਮ ਮਿਲਿਆ ਭਾਵ ਚੌਥੇ ਪਦ ਦਾ ਗਿਆਨ ਮਿਲਿਆ ਉਹ ਕਿਹੜੇ ਗੁਰੂ ਕੋਲੋਂ ਮਿਲਿਆ ਭਾਵ ਉਸ ਸ੍ਰਿਸ਼ਟੀ ਦੇ ਇੱਕੋ ਇੱਕ ਗੁਰੂ ਕੋਲੋਂ ਮਿਲਿਆ, ਨਿਰੰਕਾਰ ਕੋਲੋਂ ਮਿਲਿਆ ਭਾਵ ਉਸ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਮਿਲਿਆ ਜੋ ਆਪਣੀ ਉੱਚੀ ਸਮਝ ਕਿਸੀ ਮਨੁੱਖ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਹੀ ਪਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਨ ਵਾਲੇ ਸਰੀਰਾਂ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਪਾਈ ਹੈ। ਮਨ ਦੇ ਅੰਦਰ ਇਸ ਉੱਚੀ ਸਮਝ ਦੇ ਦੁਆਰਾ ਹੀ ਕੋਈ ਸਮਝ ਸਕਦਾ ਹੈ ਭਾਵ ਜਾਣ ਸਕਦਾ ਹੈ ਕਿ **"ਅਕਲ ਗਤਿ"** ਕੀ ਹੈ ਭਾਵ ਸਾਡੇ ਅੰਦਰ ਸਮਝ ਕਿੱਥੇ ਆਉਂਦੀ ਹੈ ਤੇ ਸਮਝ ਦਾ ਰਸਤਾ ਕੀ ਹੈ ਭਾਵ ਇਹ ਸਮਝ ਲੱਗ ਜਾਂਦੀ ਹੈ ਕਿ ਹਰ ਮਨੁੱਖੀ ਸਮਝ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸਨੇ ਆਪਣੇ ਉੱਚੇ ਗਿਆਨ ਦੁਆਰਾ ਹਰ ਮਨੁੱਖੀ ਸਰੀਰ ਨੂੰ ਤੇ ਹਰ ਆਕਾਰ ਰੂਪ ਨੂੰ ਬਣਾਇਆ ਹੈ। ਸਾਰੀ ਸਾਇੰਸ ਉਸਦਾ ਆਪਣਾ ਉੱਚਾ ਗਿਆਨ ਹੀ ਹੈ ਜਿਸਦੀ ਸਮਝ **"ਅਕਲ ਗਤਿ"** ਜਾਨਣ ਦੁਆਰਾ ਹੀ ਪੈ ਸਕਦੀ ਹੈ ਜੋ ਸਮਝ ਉਸਦਾ ਗੁਰੂ ਰੂਪ, ਭਗਤ ਰੂਪ, ਸੰਤ ਰੂਪ, ਉਸਦਾ ਦਾਸ ਰੂਪ ਬਣਨ ਦੁਆਰਾ ਹੀ ਹੁੰਦੀ ਹੈ। ਆਪਣੀ ਸੱਚੀ ਭਗਤੀ ਦਾ ਮਾਰਗ ਉਹ ਉਸਨੂੰ ਹੀ ਸਮਝਾਉਂਦਾ ਹੈ ਜੋ **"ਅਕਲ ਗਤਿ"** ਨੂੰ ਜਾਣ ਲੈਂਦਾ ਹੈ ਤੇ ਫਿਰ ਉਹੀ ਉਸਦੀ ਸੱਚੀ ਭਗਤੀ ਦੇ ਮਾਰਗ ਤੇ ਚੱਲਦਾ ਹੈ, ਉਸਦਾ ਸੱਚਾ ਨਾਮ ਜਪਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੀ ਸੇਵਾ ਕਰਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਪਿਆਰ ਕਰਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਦਾ ਸਤਿਕਾਰ ਕਰਦਾ ਹੈ ਭਾਵ ਉਨ੍ਹਾਂ ਤੇ ਅਮਲ ਕਰਦਾ ਹੈ।

ਪੰਜਵੀਂ ਪਾਤਸ਼ਾਹੀ ਨੇ ਤੇ ਉਨ੍ਹਾਂ ਹੋਰ ਸਾਰੇ ਸਰੀਰਾਂ ਨੇ ਜਿਨ੍ਹਾਂ ਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੇ ਗ੍ਰਹਿ ਨੂੰ ਜਾਣਿਆ ਹੈ ਭਾਵ ਜਿਨ੍ਹਾਂ ਸਰੀਰਾਂ ਦੁਆਰਾ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਹੋਈ ਹੈ ਉਨ੍ਹਾਂ ਨੇ ਮਨ ਦੀ ਸਮਝ ਨੂੰ ਸ੍ਰਿਸ਼ਟੀ ਦੇ ਘਰ ਵਿੱਚ ਪਾਣੀ ਕਿਸ ਰੂਪ ਵਿੱਚ ਢੋਇਆ ਹੈ ਤੇ ਕਿਸ ਮਕਸਦ ਲਈ ਢੋਇਆ ਹੈ ਇਸ ਗੱਲ ਨੂੰ ਬੜੀ ਹੀ ਬਰੀਕੀ ਨਾਲ ਸਮਝਣ ਦੀ ਲੋੜ ਹੈ। ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੀ ਜੋ ਸੱਚੀ ਵਿਚਾਰ ਹੈ ਉਹ ਹੀ ਸੱਚਾ ਜਲ ਹੈ, ਅੰਮ੍ਰਿਤ ਜਲ ਹੈ, ਅੰਮ੍ਰਿਤ ਸਰੋਵਰ ਰੂਪ ਜਲ ਹੈ ਜੋ ਉਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਅਕਲ ਗਤਿ ਜਾਣ ਕੇ ਉਸਦੇ ਮਨ ਰੂਪ ਘਰ ਵਿੱਚ ਢੋਇਆ ਹੈ ਭਾਵ ਇਕੱਠਾ ਕੀਤਾ ਹੈ। ਜਿਹੜਾ ਜਿਹੜਾ ਜਲ ਭਗਤਾਂ ਨੇ, ਗੁਰੂ ਸਾਹਿਬਾਨ ਨੇ ਆਪਣੇ ਆਪਣੇ ਜੀਵਨ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਗਿਆਨ ਨਾਲ ਭਾਵ ਚੌਥੇ ਪਦ ਦੇ ਗਿਆਨ ਨਾਲ ਸ਼ਬਦਾਂ ਦੇ ਸੱਚੇ ਗਿਆਨ ਦੇ ਰੂਪ ਵਿੱਚ ਅੰਮ੍ਰਿਤ ਜਲ ਇਕੱਠਾ ਕੀਤਾ ਹੈ ਉਹੀ ਅੰਮ੍ਰਿਤ ਜਲ ਹੁਣ ਭਾਵ ਗੁਰੂ ਦਾ ਨਾਮ ਹੁਣ ਭਾਵ ਬ੍ਰਹਮ ਗਿਆਨ ਹੁਣ ਪੂਰੀ ਗੁਰਬਾਣੀ ਗ੍ਰੰਥ ਦੇ ਵਿੱਚ ਪੂਰੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਭਰਪੂਰ ਹੈ। ਇਸੇ ਲਈ ਪੂਰੀ ਗੁਰਬਾਣੀ ਅੰਮ੍ਰਿਤ ਬਾਣੀ ਹੈ, ਅੰਮ੍ਰਿਤ ਦਾ ਸਰੋਵਰ ਹੈ, ਅੰਮ੍ਰਿਤ ਜਲ ਦਾ ਸਰੋਵਰ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਿਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਪੂਰਾ ਗੁਰਮਤਿ ਰੂਪ ਜਲ ਇਕੱਠਾ ਕੀਤਾ ਹੈ ਭਾਵ ਅੰਮ੍ਰਿਤ ਜਲ ਇਕੱਠਾ ਕੀਤਾ ਹੈ ਉਨ੍ਹਾਂ ਸਭ ਨੇ ਆਪਣੇ ਆਪਣੇ ਜੀਵਨ ਵਿੱਚ ਭਾਵ ਮਨ ਦੀ ਸਮਝ ਰਾਹੀਂ ਇਸ ਅੰਮ੍ਰਿਤ ਜਲ ਨੂੰ ਪੀਤਾ ਵੀ ਹੈ, ਇਸ ਗਿਆਨ ਰੂਪ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਵੀ ਕੀਤਾ ਹੈ। ਇਸ ਅੰਮ੍ਰਿਤ ਜਲ ਨੂੰ ਮਨ ਦੀ ਸਮਝ ਰਾਹੀਂ ਹੀ ਪੀਤਾ ਜਾ ਸਕਦਾ ਹੈ ਤੇ ਮਨ ਦੀ ਸਮਝ ਰਾਹੀਂ ਹੀ ਇਸ ਜਲ ਦੇ ਵਿੱਚ ਇਸ਼ਨਾਨ ਕੀਤਾ ਜਾ ਸਕਦਾ ਹੈ ਜੋ ਇਸ ਅੰਮ੍ਰਿਤ ਜਲ ਤੋਂ ਲਾਭ ਉਠਾਉਣ ਦਾ ਤਰੀਕਾ ਸੰਸਾਰ ਦੇ ਹਰ ਮਨੁੱਖ ਦੇ ਲਈ ਇੱਕੋ ਜਿਹਾ ਹੀ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਦਾ ਹੀ ਹੈ ਜਿਸ ਦੁਆਰਾ ਗੁਰੂ ਦੀ ਸੇਵਾ ਕੀਤੀ ਜਾ ਸਕਦੀ ਹੈ। ਜਿਨ੍ਹਾਂ ਨੇ ਪੂਰੀ ਗੁਰਬਾਣੀ ਵਿੱਚ ਅੰਮ੍ਰਿਤ ਜਲ ਭਰਿਆ ਹੈ ਉਨ੍ਹਾਂ ਨੇ ਇਸੇ ਤਰੀਕੇ ਹੀ ਗੁਰਮਤਿ ਤੇ ਅਮਲ ਕਰਨ ਦੁਆਰਾ ਆਪਣੇ ਅਕਾਲ ਪੁਰਖ ਸੱਚੇ ਗੁਰੂ ਦੀ ਆਪਣੇ ਜੀਵਨ ਵਿੱਚ ਉਸਦੀ ਸੇਵਾ ਕੀਤੀ ਹੈ ਭਾਵ ਉਸਦਾ ਨਾਮ ਜਪਿਆ ਹੈ ਭਾਵ ਉਸਨੂੰ ਸਿਮਰਿਆ ਹੈ। ਜਿਸ ਦੁਆਰਾ ਉਨ੍ਹਾਂ ਨੇ ਆਪਣੇ ਗੁਰੂ ਦਾ ਸਤਿਕਾਰ ਕੀਤਾ ਹੈ, ਉਸਦੇ ਨਾਲ ਆਪਣਾ ਪਿਆਰ ਪਾਇਆ ਹੈ। ਸੰਸਾਰ ਦਾ ਕੋਈ ਵੀ ਮਨੁੱਖ ਗੁਰਬਾਣੀ ਗ੍ਰੰਥ ਦੇ ਵਿੱਚੋਂ ਮਨ ਦੀ ਸਮਝ ਦੁਆਰਾ ਗੁਰੂ ਦੀ ਸੱਚੀ ਮਤਿ ਨੂੰ ਸਮਝ ਕੇ ਫਿਰ ਉਸਤੇ ਅਮਲ ਕਰਨ ਦੁਆਰਾ ਇਹ ਅੰਮ੍ਰਿਤ ਜਲ ਹੀ ਪੀ ਸਕਦਾ ਹੈ ਭਾਵ ਇਸ ਸੱਚੇ ਅੰਮ੍ਰਿਤ ਰੂਪ ਗਿਆਨ

ਸਰੋਵਰ ਦਾ ਇਸ਼ਨਾਨ ਕਰ ਸਕਦਾ ਹੈ, ਸ਼ਬਦਾਂ ਦੀ ਸੱਚੀ ਵਿਚਾਰ ਰੂਪ ਸੱਚੇ ਤੀਰਥ ਤੇ ਇਸ਼ਨਾਨ ਕਰ ਸਕਦਾ ਹੈ। **(ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥)**

ਹੁਣ ਅਸੀਂ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਸ੍ਰਿਸ਼ਟੀ ਦੇ ਕਰਤੇ ਦੇ ਮਨ ਰੂਪ ਗ੍ਰਿਹ ਵਿੱਚ ਚੱਕੀ ਪੀਸਣਾ ਕੀ ਹੈ ਭਾਵ

ਉਸਦੀ ਸੇਵਾ ਕਰਨ ਦਾ ਤਰੀਕਾ ਕੀ ਹੈ, ਉਸਦਾ ਸਤਿਕਾਰ ਕਰਨ ਦਾ ਤਰੀਕਾ ਕੀ ਹੈ ਭਾਵ ਉਸਦੇ ਨਾਲ ਆਪਣਾ ਪਿਆਰ ਦਿਖਾਉਣ ਦਾ ਤਰੀਕਾ ਕੀ ਹੈ ਜੋ ਤਰੀਕਾ ਸੰਸਾਰ ਦੇ ਹਰ ਮਨੁੱਖ ਦੇ ਲਈ ਇੱਕੋ ਜਿਹਾ ਹੀ ਹੈ ਭਾਵੇਂ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੂੰ ਕੋਈ ਭਾਵ ਹਰ ਮਨੁੱਖੀ ਸਰੀਰ ਦੇ ਇੱਕੋ ਇੱਕ ਮਾਲਕ ਨੂੰ ਭਾਵੇਂ ਕੋਈ ਗਾਡ ਕਹਿ ਕੇ ਜਾਣੇ, ਪ੍ਰਮਾਤਮਾ ਕਹਿ ਕੇ ਜਾਣੇ, ਅੱਲ੍ਹਾ ਕਹਿ ਕੇ ਜਾਣੇ, ਅਕਾਲ ਪੁਰਖ ਕਹਿ ਕੇ ਜਾਣੇ ਜਾਂ ਕਿਸੇ ਵੀ ਹੋਰ ਨਾਮ ਦੇ ਨਾਲ ਜਾਣੇ ਉਸ ਨਾਲ ਉਸਨੂੰ ਕੀ ਫਰਕ ਪੈਂਦਾ ਹੈ ਕਿਉਂਕਿ ਸਭ ਕੋਲੋਂ ਸਭ ਕੁੱਝ ਅਖਵਾਉਣ ਵਾਲਾ ਹਰ ਕਿਸੇ ਦੇ ਮਨ ਦੀ ਸਮਝ ਦਾ ਮਾਲਕ ਉਹ ਇੱਕੋ ਇੱਕ ਆਪ ਹੀ ਹੈ ਤੇ ਹਰ ਮਨੁੱਖੀ ਸਮਝ ਉਸਦਾ ਆਪਣਾ ਹੀ ਘਰ ਹੈ ਜਿੱਥੇ ਉਹ ਹਰ ਵੇਲੇ ਰਹਿ ਰਿਹਾ ਹੈ ਪਰ ਜਦ ਤੱਕ ਉਹ ਕਿਸੇ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉਸਦੇ ਘਰ ਨੂੰ ਕੋਈ ਜਾਣ ਸਕੇ ਇਹ ਹੋ ਹੀ ਨਹੀਂ ਸਕਦਾ ਕਿਉਂਕਿ ਇਹ ਕੇਵਲ ਤੇ ਕੇਵਲ ਮਨ ਦੇ ਮਾਲਕ ਦੀ ਆਪਣੀ ਮਰਜੀ ਹੈ, ਆਪਣੀ ਰਜਾ ਹੈ, ਆਪਣੀ ਕ੍ਰਿਪਾ ਹੈ ਕਿ ਉਹ ਕਿਸੇ ਨੂੰ ਆਪਣੇ ਘਰ ਦੇ ਦਰਸ਼ਨ ਕਰਵਾਏ, ਆਪਣੇ ਗੁਰੂ ਰੂਪ ਦੇ ਦਰਸ਼ਨ ਕਰਵਾਏ, ਆਪਣੇ ਨਾਮ ਰੂਪ ਦੇ ਦਰਸ਼ਨ ਕਰਵਾਏ ਤੇ ਆਪਣਾ ਨਾਮ ਜਪਵਾਏ ਭਾਵ ਕਿਸੇ ਨੂੰ ਆਪਣੀ ਸੇਵਾ ਲਾਏ, ਆਪਣੇ ਦਰ ਤੇ ਪੀਸਣ ਪੀਸਾਏ। ਆਉ ਸਮਝੀਏ।

“ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥”

ਉਸ ਅਕਾਲ ਪੁਰਖ ਦੇ ਮਨ ਰੂਪ ਘਰ ਵਿੱਚ ਪੰਜਵੀਂ ਪਾਤਸ਼ਾਹੀ ਨੇ ਕਿਹੋ ਜਿਹਾ ਪੀਸਣ ਪੀਸਿਆ ਹੈ ਭਾਵ ਆਪਣੇ ਗੁਰੂ ਲਈ ਕਿਹੋ ਜਿਹਾ ਭੋਜਨ ਤਿਆਰ ਕੀਤਾ ਹੈ ਜੋ ਭੋਜਨ ਉਸਨੂੰ ਆਪ ਚੰਗਾ ਲੱਗਦਾ ਹੈ ਤੇ ਸਭ ਨੂੰ ਖੁਆਉਣਾ ਵੀ ਚੰਗਾ ਲੱਗਦਾ ਹੈ, ਉਹ ਭੋਜਨ ਬਨਾਉਣ ਦੀ ਗੱਲ ਕੀਤੀ ਹੋਈ ਹੈ ਜੋ ਭੋਜਨ ਮਨ ਦੇ ਵਿੱਚ ਹੀ ਤਿਆਰ ਹੁੰਦਾ ਹੈ, ਮਨ ਦੇ ਵਿਚਾਰਾਂ ਵਿੱਚ ਤਿਆਰ ਹੁੰਦਾ ਹੈ ਜਿਸ ਭੋਜਨ ਨੂੰ ਕੇਵਲ ਮਨੁੱਖੀ ਮਨ ਹੀ ਛੱਕ ਸਕਦਾ ਹੈ ਕਿਉਂਕਿ ਇਹ ਸੱਚੇ ਗਿਆਨ ਦਾ ਭੋਜਨ ਹੈ, ਗੁਰਮਤਿ ਦੀ ਸੱਚੀ ਸਮਝ ਦਾ ਭੋਜਨ ਹੈ, ਸਾਰੇ ਸੰਸਾਰ ਦੇ ਲਈ ਇੱਕੋ ਜਿਹੇ ਸੱਚੇ ਧਰਮ ਦੇ ਮਾਰਗ ਦੀ ਸੱਚੀ ਸਮਝ ਦਾ ਭੋਜਨ ਹੈ। ਇਹ ਭੋਜਨ ਤਿਆਰ ਕਰਨਾ ਗਾਡ, ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਕੇ ਆਪ ਹੀ ਤਿਆਰ ਕਰਨਾ ਸਿਖਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਮਨ ਦੇ ਵਿੱਚ ਪ੍ਰਗਟ ਹੋ ਕੇ ਸਿਖਾਇਆ ਹੈ ਭਾਵ ਆਪਣੇ ਸੱਚੇ ਸੰਤਾਂ ਨੂੰ, ਸੱਚੇ ਭਗਤਾਂ ਨੂੰ ਛਕਾਇਆ ਹੈ ਤੇ ਆਪਣਾ ਇਹੋ ਜਿਹਾ ਭੋਜਨ ਬਣਵਾ ਕੇ ਮਨ ਦੇ ਵਿੱਚ ਛਕਾਉਣ ਦੇ

ਦੁਆਰਾ ਹੀ ਉਹ ਕਿਸੇ ਨੂੰ ਆਪਣਾ ਦਾਸ ਰੂਪ, ਸੇਵਕ ਰੂਪ, ਜਨ ਰੂਪ ਬਣਾਉਂਦਾ ਹੈ। **(ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥)**

ਇਹ ਮਨੁੱਖੀ ਮਨ ਦਾ ਸੱਚਾ ਭੋਜਨ ਕੀ ਹੈ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ। ਆਉ ਅਕਾਲ ਪੁਰਖ ਦੇ ਸੱਚੇ ਭੋਜਨ ਨੂੰ ਸਮਝੀਏ ਕਿ ਉਹ ਭੋਜਨ ਮਨੁੱਖ ਦੇ ਲਈ ਖਾਣਾ ਕਿਉਂ ਜਰੂਰੀ ਹੈ, ਸੰਸਾਰ ਦੇ ਹਰ ਮਨੁੱਖ ਲਈ ਕਿਸ ਲਈ ਇੱਕੋ ਜਿਹਾ ਜਰੂਰੀ ਹੈ।

“ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥”

ਜਿਸਨੂੰ ਵੀ ਇਹ ਮਨ ਦਾ ਭੋਜਨ ਮਿਲਦਾ ਹੈ ਉਹ ਕੇਵਲ ਤੇ ਕੇਵਲ ਸ੍ਰਿਸ਼ਟੀ ਦੇ ਕਰਤੇ ਦੇ **“ਪਰਸਾਦਿ”** ਭਾਵ ਉਸਦੀ ਕ੍ਰਿਪਾ ਨਾਲ ਹੀ ਮਿਲਦਾ ਹੈ। ਜਿਸ ਆਪਣੇ ਮਨੁੱਖੀ ਰੂਪ ਤੇ ਉਹ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਦਾ ਹੈ ਕੇਵਲ ਉਹੀ ਉਸਨੂੰ ਜਾਣ ਸਕਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਕੌਣ ਹੈ ਜੋ ਇਤਨੀ ਵੱਡੀ ਸ੍ਰਿਸ਼ਟੀ ਨੂੰ ਬਣਾ ਕੇ ਚਲਾ ਰਿਹਾ ਹੈ। ਜਿਸਤੇ ਉਹ ਆਪਣੀ ਇਹੋ ਜਿਹੀ ਕ੍ਰਿਪਾ ਕਰਦਾ ਹੈ ਉਹ ਉਸ ਮਨੁੱਖੀ ਸਮਝ ਦੇ ਅੰਦਰ ਹੀ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਬਾਣੀ ਦੇ ਸ਼ਬਦਾਂ ਵਿੱਚ ਬਾਰ-ਬਾਰ ਪੰਜੇ ਔਗੁਣਾਂ ਨੂੰ ਛੱਡਣ ਦੀ ਗੱਲ ਹੁੰਦੀ ਹੈ ਭਾਵ ਉਨ੍ਹਾਂ ਨੂੰ ਆਪਣੇ ਅੰਦਰੋਂ ਮਾਰਨ ਦੀ ਗੱਲ ਹੁੰਦੀ ਹੈ, ਖਤਮ ਕਰਨ ਦੀ ਗੱਲ ਹੁੰਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਆਪਣੇ ਅੰਦਰੋਂ ਕੱਢਣ ਦੀ ਗੱਲ ਆਉਂਦੀ ਹੈ, ਛੱਡਣ ਦੀ ਗੱਲ ਆਉਂਦੀ ਹੈ ਜੋ ਕਿ ਸਾਡੇ ਅੰਦਰ ਦੇ ਮਾੜੇ ਵਿਚਾਰ ਹਨ ਤੇ ਮਨੁੱਖ ਕੋਲੋਂ ਸਾਰੇ ਮਾੜੇ ਕਰਮ ਮਨ ਦੇ ਮਾੜੇ ਵਿਚਾਰ ਹੀ ਕਰਵਾਉਂਦੇ ਹਨ ਜਿਸ ਲਈ ਇਨ੍ਹਾਂ ਔਗੁਣਾਂ ਨੂੰ ਬਾਣੀ ਦੇ ਸ਼ਬਦਾਂ ਰਾਹੀਂ ਸਾਡੇ ਵੈਰੀ ਦੱਸਿਆ ਹੈ ਕਿਉਂਕਿ ਅਸਲ ਵਿੱਚ ਇਹ ਮਾੜੇ ਵਿਚਾਰ ਗੁਰਮਤਿ ਦੇ ਸੱਚੇ ਵਿਚਾਰਾਂ ਦੇ ਵੈਰੀ ਹਨ ਜੋ ਕਿ ਗੁਰਮਤਿ ਦੇ ਸੱਚੇ ਵਿਚਾਰਾਂ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ, ਗੁਣਾਂ ਵਾਲੇ ਵਿਚਾਰਾਂ ਨੂੰ ਸਾਡੇ ਅੰਦਰ ਵੱਸਣ ਨਹੀਂ ਦਿੰਦੇ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੰਨਣ ਨਹੀਂ ਦਿੰਦੇ,

ਅੰਦਰ ਦੀਆਂ ਤ੍ਰਿਸ਼ਨਾਵਾਂ ਨੂੰ ਛੱਡਣ ਨਹੀਂ ਦਿੰਦੇ। ਜਿਸ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਸ੍ਰਿਸ਼ਟੀ ਦਾ ਕਰਤਾ ਆਪਣੀ ਕ੍ਰਿਪਾ ਕਰਦਾ ਹੈ ਉਸਦੇ ਅੰਦਰ ਉਹ ਆਪਣੀ ਸੱਚੀ ਭਗਤੀ ਦੀ ਸਮਝ ਹੀ ਪਾਉਂਦਾ ਹੈ ਜਿਸ ਦੁਆਰਾ ਮਨ ਦੇ ਵਿੱਚ ਉਹ ਸੱਚਾ ਭੋਜਨ ਹੀ ਤਿਆਰ ਕਰਵਾਉਂਦਾ ਹੈ, ਆਪਣਾ ਨਾਮ ਭੋਜਨ ਤਿਆਰ ਕਰਵਾਉਂਦਾ ਹੈ, ਅੰਮ੍ਰਿਤ ਭੋਜਨ ਤਿਆਰ ਕਰਵਾਉਂਦਾ ਹੈ ਭਾਵ ਮਨ ਦੇ ਵਿੱਚ ਆਪਣੇ ਸੱਚੇ ਸ਼ਬਦਾਂ ਦੀ ਸੱਚੀ ਵਿਚਾਰ ਦਿੰਦਾ ਹੈ ਤੇ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਮਨ ਦੇ ਵਿੱਚ ਸਮਝਾਕੇ ਆਪ ਹੀ ਉਸ ਤੇ ਅਮਲ ਕਰਵਾਉਂਦਾ ਹੈ ਭਾਵ ਆਪਣਾ ਭੋਜਨ ਤਿਆਰ ਕਰਵਾਕੇ ਆਪ ਹੀ ਮਨ ਦੇ ਵਿੱਚ ਛਕਾਉਂਦਾ ਹੈ ਜੋ ਉਸਦਾ ਭੋਜਨ ਖਾਣ ਦੇ ਨਾਲ ਫਿਰ ਮਨ ਦੇ ਮਾੜੇ ਵੈਰੀ ਵਿਚਾਰ ਮਨ ਦੇ ਵਿੱਚ ਪੀਸੇ ਜਾਂਦੇ ਹਨ, ਖਤਮ

55/7817

ਹੋ ਜਾਂਦੇ ਹਨ ਤੇ ਫਿਰ ਮਨ ਦੇ ਸਾਰੇ ਮਾੜੇ ਵਿਚਾਰ ਮਨੁੱਖ ਦੇ **"ਮੀਤ"** ਬਣ ਜਾਂਦੇ ਹਨ, ਸੱਜਣ ਬਣ ਜਾਂਦੇ ਹਨ ਭਾਵ ਚੰਗੇ ਬਣ ਜਾਂਦੇ ਹਨ ਜੋ ਵਿਚਾਰ ਫਿਰ ਉਸ ਮਨੁੱਖ ਕੋਲੋਂ ਕੋਈ ਮਾੜਾ ਕਰਮ ਨਹੀਂ ਕਰਵਾਉਂਦੇ ਭਾਵ ਉਸ ਮਨੁੱਖ ਨੂੰ ਫਿਰ ਉਹ ਪੂਰਨ ਸੱਚ ਦੇ ਮਾਰਗ ਤੇ ਚਲਾਉਂਦੇ ਹਨ, ਸੱਚੇ ਧਰਮ ਦੇ ਮਾਰਗ ਤੇ ਚਲਾਉਂਦੇ ਹਨ ਜੋ ਗੁਰੂ ਦੇ ਸਮਝਾਏ ਹੋਏ, ਸੱਚੇ ਧਰਮ ਗ੍ਰੰਥਾਂ ਦੁਆਰਾ ਸਮਝਾਏ ਹੋਏ ਸੱਚ ਤੇ ਚੱਲਣ ਦਾ ਮਾਰਗ ਹੈ। ਇਹੋ ਜਿਹੇ ਮਨੁੱਖ ਨੂੰ ਮਨ ਦੇ ਵਿੱਚੋਂ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਸਭ ਕੁੱਝ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਹਰ ਮਨੁੱਖੀ ਰੂਪ ਵਿੱਚ ਉਹ ਆਪ ਹੀ ਹੈ ਜਿਸਨੇ ਆਪ ਹੀ ਹਰ ਮਨੁੱਖ ਨੂੰ ਭਰਮਾਂ ਵਾਲੀ ਸਮਝ ਵਿੱਚ ਰੱਖਕੇ, ਤ੍ਰੈ ਗੁਣਾਂ ਵਿੱਚ ਰੱਖਕੇ, ਹਉਮੈ ਵਿੱਚ ਰੱਖਕੇ ਆਪਣੇ ਆਪ ਦਾ ਪਰਦਾ ਰੱਖਿਆ ਹੋਇਆ ਹੈ। ਇਸੇ ਲਈ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਵਾਲਾ ਮਨੁੱਖ ਜਿਵੇਂ ਕਿ ਭਗਤਾਂ ਨੇ, ਗੁਰੂ ਸਾਹਿਬਾਨ ਨੇ ਜਾਣਿਆ ਹੈ ਉਹ ਆਪਣੇ ਜੀਵਨ ਵਿੱਚ ਪੂਰੀ ਤਰ੍ਹਾਂ ਸੱਚ ਦੇ ਮਾਰਗ ਤੇ ਹੀ ਚੱਲੇ ਹਨ ਤੇ ਪੂਰੇ ਸੰਸਾਰ ਨੂੰ ਸੱਚ ਦਾ ਮਾਰਗ ਹੀ ਸਮਝਾਇਆ ਹੈ। ਸੱਚ ਦੇ ਮਾਰਗ ਤੇ ਚੱਲਕੇ ਕੋਈ ਇੱਕ ਮਨੁੱਖ ਦੂਸਰੇ ਮਨੁੱਖ ਦਾ ਮਾੜਾ ਕਰ ਹੀ ਨਹੀਂ ਸਕਦਾ ਬਲਕਿ ਸੱਚ ਦੀ ਰੱਖਿਆ ਹੀ ਕਰਦਾ ਹੈ, ਸੱਚ ਦੀ ਰੱਖਿਆ ਲਈ ਕੁਰਬਾਨੀ ਵੀ ਦੇ ਦਿੰਦਾ ਹੈ। ਮਨੁੱਖ ਜੋ ਵੀ ਮਾੜਾ ਕਰਮ ਕਰਦਾ ਹੈ ਉਹ ਮਨ ਦੇ ਮਾੜੇ ਵਿਚਾਰਾਂ ਦੁਆਰਾ ਹੀ ਕਰਦਾ ਹੈ ਜਿਨ੍ਹਾਂ ਨੂੰ ਆਪਣੇ ਅੰਦਰੋਂ ਨਿਤ ਪੀਸਣ ਦੀ ਲੋੜ ਹੈ ਭਾਵ ਹਰ ਰੋਜ ਪੀਸਣ ਦੀ ਲੋੜ ਹੈ। **(ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥)**

ਹੁਣ ਸ਼ਬਦ ਦੇ ਅਗਲੇ ਪਦੇ ਰਾਹੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਪੰਜਵੀਂ ਪਾਤਸ਼ਾਹੀ ਆਪਣੇ ਜੀਵਨ ਵਿੱਚ ਆਪਣੇ ਅਕਾਲ ਪੁਰਖ ਰੂਪ ਗੁਰੂ ਦੇ ਦਾਸ ਕਿਸ ਤਰੀਕੇ ਬਣੇ ਸਨ।

"ਜਿਨਿ ਗੁਰਿ ਮੋ ਕਉ ਦੀਨਾ ਜੀਉ ॥ ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥"

ਆਪਣੇ ਆਪ ਨੂੰ ਗੁਰੂ ਦੇ ਦਾਸ ਕਹਿਣ ਵਾਲੇ, ਸਮਝਣ ਵਾਲੇ ਤਾਂ ਬਹੁਤ ਹਨ ਪਰ ਗੁਰੂ ਦਾ ਦਾਸ ਬਣਨਾ ਕਿਤਨੀ ਕੁ ਵੱਡੀ ਗੱਲ ਹੈ ਇਸ ਗੱਲ ਨੂੰ ਉਪਰ ਵਾਲੇ ਪਦੇ ਦੁਆਰਾ ਸਮਝਿਆ ਜਾ ਸਕਦਾ ਹੈ। ਜਿਨ੍ਹਾਂ ਨੇ ਵੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਹੈ ਕੇਵਲ ਤੇ ਕੇਵਲ ਉਨ੍ਹਾਂ ਨੇ ਹੀ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦਾ ਗੁਰੂ ਰੂਪ ਜਾਣਿਆ ਹੈ, ਉਸਨੂੰ ਸ਼ਬਦ ਰੂਪ ਵਿੱਚ ਗੁਰੂ ਜਾਣਿਆ ਹੈ। ਗੁਰੂ ਕੋਲੋਂ ਆਪਣਾ ਜੀਵਨ ਜਿਉਣ ਦੀ ਸੱਚੀ ਸਮਝ ਹੀ ਮਿਲਦੀ ਹੈ ਜੋ ਕਿ ਸ਼ਬਦਾਂ ਦੇ ਸੱਚੀ ਵਿਚਾਰ ਦੇ ਰੂਪ ਵਿੱਚ ਮਿਲਦੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਰੂਪ ਵਿੱਚ ਮਿਲਦੀ ਹੈ। ਉਸਦੀ ਦਿੱਤੀ ਹੋਈ ਸਮਝ ਮਨੁੱਖੀ ਸਮਝ ਦੇ ਅੰਦਰ ਤਾਂ ਹੀ ਵੱਸਦੀ ਹੈ ਭਾਵ ਉਸਦੀ ਸੱਚੀ ਸਮਝ ਨੂੰ, ਨਾਮ ਵਾਲੀ ਸਮਝ ਨੂੰ ਜੇਕਰ ਉਹ ਮਨੁੱਖੀ ਸਮਝ ਮੰਨ ਲਵੇ, ਪੂਰਨ ਰੂਪ ਵਿੱਚ ਮੰਨ

55/7818

ਲਵੇ ਭਾਵ ਆਪਣੀ ਪੁਰਾਣੀ ਮਤਿ, ਤ੍ਰੈ ਗੁਣਾਂ ਵਾਲੀ ਮਤਿ ਭਾਵ ਮਨਮਤਿ ਪੂਰਨ ਰੂਪ ਵਿੱਚ ਛੱਡ ਦੇਵੇ ਭਾਵ ਗੁਰੂ ਦੀ ਮਤਿ ਗੁਰੂ ਕੋਲੋਂ ਲੈਣ ਲਈ, ਖਰੀਦਣ ਲਈ ਉਸਦਾ ਮੁੱਲ ਚੁਕਾਉਣਾ ਪੈਂਦਾ ਹੈ ਜੋ ਮੁੱਲ ਆਪਣੀ ਮਤਿ ਨੂੰ ਪੂਰਨ ਰੂਪ ਵਿੱਚ ਛੱਡਣ ਦਾ ਹੁੰਦਾ ਹੈ। ਕਿਸੇ ਮਨੁੱਖ ਦੀ ਕੀ ਹਸਤੀ ਹੈ ਕਿ ਉਹ ਗੁਰਮਤਿ ਦਾ ਮੁੱਲ ਚੁਕਾਏ ਭਾਵ ਸ੍ਰਿਸ਼ਟੀ ਦੇ ਕਰਤੇ ਕੋਲੋਂ ਸੱਚੇ ਧਰਮ ਦਾ ਮਾਰਗ ਸਮਝੇ ਭਾਵ ਜਾਣ ਸਕੇ। ਗੁਰੂ ਰੂਪ ਸ੍ਰਿਸ਼ਟੀ ਦਾ ਕਰਤਾ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ, ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਬਖਸ਼ਕੇ ਤ੍ਰੈ ਗੁਣਾਂ ਵਿੱਚੋਂ ਕੱਢਣ ਦੀ ਸਮਰੱਥਾ ਆਪ ਹੀ ਬਖਸ਼ਦਾ ਹੈ ਭਾਵ ਉਸਦਾ ਮੁੱਲ ਆਪ ਹੀ ਚੁਕਾਉਂਦਾ ਹੈ। ਜਿਸਨੂੰ ਵੀ ਉਹ ਆਪਣਾ ਦਾਸ ਬਣਾਉਂਦਾ ਹੈ ਭਾਵ ਆਪਣੀ ਗੁਰਮਤਿ ਨੂੰ ਮੰਨਣ ਦਾ ਦਾਸ ਬਣਾਉਂਦਾ ਹੈ, ਆਪਣੀ ਸਮਝਾਈ ਹੋਈ ਗੁਰਮਤਿ ਤੇ ਚੱਲਣ ਵਾਲਾ ਦਾਸ ਬਣਾਉਂਦਾ ਹੈ ਉਹ ਇਸੇ ਕਰਕੇ ਹੀ ਬਣਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਣਾਇਆ

ਹੈ। ਉਪਰ ਪੰਗਤੀ ਵਿੱਚ ਪੰਜਵੀਂ ਪਾਤਸ਼ਾਹੀ ਨੇ ਆਪਣੇ ਆਪ ਨੂੰ **"ਦਾਸਰਾ"** ਕਿਹਾ ਹੈ ਭਾਵ ਇੱਕ ਛੋਟਾ ਜਿਹਾ ਦਾਸ ਕਿਹਾ ਹੈ ਭਾਵ ਸੰਸਾਰੀਆਂ ਨੂੰ ਇਹ ਸਮਝਾਇਆ ਹੈ ਕਿ ਆਪਣੇ ਆਪ ਨੂੰ ਦਾਸ ਅਖਵਾਉਣਾ ਭਾਵ ਗੁਰੂ ਦੀ ਸੱਚੀ ਭਗਤੀ ਦੀ ਸਮਝ ਵਾਲਾ ਅਖਵਾਉਣਾ ਬਹੁਤ ਵੱਡੀ ਗੱਲ ਹੈ ਤਾਂ ਜੋ ਉਹ ਆਪਣੇ ਆਪ ਨੂੰ ਗੁਰੂ ਦੇ ਦਾਸ ਕਹਿਣ ਤੋਂ ਬੱਚਣ। ਗੁਰੂ ਦਾ ਦਾਸ ਬਣਨ ਲਈ ਪਹਿਲੇ ਗੁਰੂ ਨੂੰ ਆਪਣਾ ਮਨ ਵੇਚਣਾ ਪੈਂਦਾ ਹੈ ਭਾਵ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸਦਾ ਦਾਸ ਬਣਕੇ ਹੀ ਉਸਨੂੰ ਸਿਮਰਿਆ ਜਾ ਸਕਦਾ ਹੈ ਭਾਵ ਉਸਦਾ ਸੱਚਾ ਸਿਮਰਨ ਕੀਤਾ ਜਾ ਸਕਦਾ ਹੈ ਜਿਵੇਂ ਕਿ ਸ਼ਬਦ ਦੀਆਂ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਪਸ਼ਟ ਕੀਤਾ ਹੋਇਆ ਹੈ। **(ਜਿਨਿ ਗੁਰਿ ਮੋ ਕਉ ਦੀਨਾ ਜੀਉ॥ ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥)**

ਆਪਣਾ ਦਾਸ, ਆਪਣਾ ਸੇਵਕ ਕਿਸੇ ਨੂੰ ਅਕਾਲ ਪੁਰਖ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਬਣਾਉਂਦਾ ਹੈ ਜਿਸ ਲਈ ਆਪਣੀ ਮਤਿ ਪੂਰੀ ਤਰ੍ਹਾਂ ਛੱਡਣੀ ਹੀ ਪੈਂਦੀ ਹੈ ਭਾਵ ਆਪਣਾ ਮਨ ਗੁਰੂ ਨੂੰ ਵੇਚਣਾ ਹੀ ਪੈਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਗੁਰੂ ਦਾ ਸੇਵਕ ਬਣਨਾ ਕੀ ਹੈ, ਦਾਸ ਬਣਨਾ ਕੀ ਹੈ ਭਾਵ ਸੱਚੀ ਭਗਤੀ ਵਾਲਾ ਬਣਨਾ ਕੀ ਹੈ, ਸੱਚਾ ਨਾਮ ਰਸੀਆ ਬਣਨਾ ਕੀ ਹੈ।

56/7819

{ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥}

(ਅੰਗ ੨੮੬-੨੮੭)

ਸਿਰੀਰਾਗੁ ਮਹਲਾ ੩ ॥

{ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ॥
ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥ ਭਾਈ ਰੇ ਦਾਸਨਿ ਦਾਸਾ ਹੋਇ ॥
ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥
ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥
ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥
ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥
ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥}

(ਅੰਗ ੬੬-੬੭)

ਸਿਰੀਰਾਗੁ ਮਹਲਾ ੫ ॥

{ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥
ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥
ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥੧॥ ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥

ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥੧॥ ਰਹਾਉ ॥
ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥ ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ॥
ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥ ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥੨॥
ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥ ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥
ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ ॥
ਜੀਉ ਪਿੰਡੁ ਧਨੁ ਤਿਸ ਦਾ ਹਉ ਸਦਾ ਸਦਾ ਕੁਰਬਾਨੁ ॥੩॥ ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰਿ ॥
ਦਾਸਾ ਕੇ ਬੰਧਨ ਕਟਿਆ ਸਾਚੈ ਸਿਰਜਣਹਾਰਿ ॥ ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ ॥
ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ ॥੪॥੧੮॥੯੮॥}

(ਅੰਗ ੪੯-੪੯)

ਗੁਰੂ ਦਾ ਸੱਚਾ ਦਾਸ ਉਸਦੇ ਨਾਲ ਮੇਲ ਹੋਣ ਦੁਆਰਾ ਹੀ ਬਣਿਆ ਜਾ ਸਕਦਾ ਹੈ ਜੋ ਆਪਣਾ ਦਾਸ ਉਹ ਗੁਰੂ ਰੂਪ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਪਾਉਣ ਦੁਆਰਾ ਆਪ ਹੀ ਬਣਾਉਂਦਾ ਹੈ ਜਿਵੇਂ ਕਿ ਅਸੀਂ ਉਪਰਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਤੇ ਹੋਰ ਵੀ ਅਨੇਕਾਂ ਸ਼ਬਦਾਂ ਦੁਆਰਾ ਪਿੱਛੇ ਸਮਝਿਆ ਹੀ ਹੈ। ਜਿਸਨੂੰ ਉਹ ਆਪਣਾ ਦਾਸ ਬਣਾਉਂਦਾ ਹੈ ਭਾਵ ਆਪਣਾ ਭਗਤ ਰੂਪ, ਗੁਰੂ ਰੂਪ, ਸੰਤ ਰੂਪ, ਸਾਧ ਰੂਪ, ਸੇਵਕ ਰੂਪ, ਜਨ ਰੂਪ ਬਣਾਉਂਦਾ ਹੈ ਭਾਵ ਆਪਣੇ ਨਾਲ ਮੇਲ ਕਰਨ ਦੁਆਰਾ ਬਣਾਉਂਦਾ ਹੈ ਉਸ ਮਨੁੱਖੀ ਸਮਝ ਦੇ ਨਾਲ ਹੀ ਉਹ ਆਪਣਾ ਪਿਆਰ ਜੋੜਦਾ ਹੈ ਜੋ ਉਸਦੀ ਸੱਚੀ ਗੁਰਮਤਿ ਦਾ ਸਤਿਕਾਰ ਕਰਦਾ ਹੈ ਭਾਵ ਉਸ ਅਨੁਸਾਰ ਚੱਲਦਾ ਹੈ ਜਿਵੇਂ ਕਿ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਇਆ ਹੋਇਆ ਹੈ।

“ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥”

ਗੁਰੂ ਆਪਣੀ ਸੱਚੀ ਗੁਰਮਤਿ ਦੇ ਰੂਪ ਵਿੱਚ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਗੁਰੂ ਦੀ ਸੱਚੀ ਮਤਿ ਦੇ ਨਾਲ ਪਿਆਰ ਗੁਰੂ ਦੇ ਨਾਲ ਪਿਆਰ ਹੈ ਤੇ ਗੁਰੂ ਦੀ ਮਤਿ ਦੇ ਨਾਲ ਪਿਆਰ ਗੁਰੂ ਦੀ ਮਤਿ ਦੇ ਅੱਗੇ ਨਿਵਣ ਦੁਆਰਾ ਹੀ ਕੀਤਾ ਜਾ ਸਕਦਾ ਹੈ ਭਾਵ ਗੁਰੂ ਦੀ ਮਤਿ ਦੇ ਅੱਗੇ ਝੁੱਕ ਕੇ ਹੀ ਦਿਖਾਇਆ ਜਾ ਸਕਦਾ ਹੈ। ਗੁਰੂ ਦੇ ਅੱਗੇ ਝੁੱਕਣਾ ਕੀ ਹੈ ਭਾਵ ਆਪਣੇ ਆਪ ਨੂੰ ਨੀਵਾਂ ਕਰਨਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਰਾਮਕਲੀ ਮਹਲਾ ੧ ॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥ ਨਾਨਕ ਬਿਰਥਾ ਕੋਇ ਨ ਹੋਇ ॥
ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥ ਪ੍ਰਾਪਤਿ ਪੋਤਾ ਕਰਮੁ ਪਸਾਉ ॥
ਤੂ ਦੇਵਹਿ ਮੰਗਤ ਜਨ ਚਾਉ ॥ ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥ ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥
ਨਾ ਕੋ ਆਵੈ ਨਾ ਕੋ ਜਾਇ ॥੩॥ ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥੪॥੯॥}

(ਅੰਗ ੮੭੯)

56/7820

ਉਪਰ ਵਾਲੇ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਸਾਰੀ ਗੱਲ ਗੁਰੂ ਦੀ ਗੱਲ ਨੂੰ ਮੰਨਣ ਦੀ ਹੈ ਭਾਵ ਮਤਿ ਨੂੰ ਮੰਨਣ ਦੀ ਹੈ ਭਾਵ ਗੁਰੂ ਦੇ ਨਾਮ ਤੇ ਅਮਲ ਕਰਨ ਦੀ ਹੈ ਤੇ ਗੁਰੂ ਦੀ ਮਤਿ ਨੂੰ ਮੰਨਣ ਲਈ ਆਪਣੀ ਮਤਿ ਛੱਡਣੀ ਹੀ ਪੈਂਦੀ ਹੈ

ਭਾਵ ਮਨਮਤਿ ਨੂੰ ਗੁਰਮਤਿ ਦੇ ਅੱਗੇ ਝੁੱਕਣਾ ਹੀ ਪੈਂਦਾ ਹੈ ਤੇ ਸਾਡੀ ਸਤਿਗੁਰੂ ਦੀ ਮਤਿ ਦੇ ਅੱਗੇ ਤਾਂ ਹੀ ਨਿਵੇਗੀ ਜੇਕਰ ਸਾਨੂੰ ਗੁਰੂ ਦੀ ਮਤਿ ਉੱਚੀ ਤੇ ਸੁੱਚੀ ਲੱਗੇਗੀ। ਜੇਕਰ ਅਸੀਂ ਆਪਣੇ ਅੰਦਰ ਕਿਸੇ ਹੋਰ ਦੀ ਮਤਿ ਨੂੰ ਉੱਚਾ ਕਰਕੇ ਮੰਨਿਆ ਹੋਇਆ ਹੈ, ਸੱਚਾ ਸਮਝ ਕੇ ਮੰਨਿਆ ਹੋਇਆ ਹੈ ਤੇ ਉਸਦੀ ਮਤਿ ਨੂੰ ਮੰਨਣ ਦੇ ਨਾਲ ਭਾਵ ਉਹੋ ਜਿਹਿਆਂ ਦੀ ਮਤਿ ਨੂੰ ਮੰਨਣ ਦੇ ਨਾਲ ਜਿਨ੍ਹਾਂ ਨੂੰ ਸੱਚ ਦੀ ਸਮਝ ਹੀ ਨਹੀਂ, ਉਹੋ ਜਿਹਿਆਂ ਦੀ ਮਤਿ ਦੇ ਅੱਗੇ ਸਾਡੀ ਮਤਿ ਤਾਂ ਪਹਿਲੇ ਹੀ ਝੁੱਕੀ ਹੋਈ ਹੈ ਫਿਰ ਅਸੀਂ ਗੁਰਮਤਿ ਅੱਗੇ ਕੀ ਝੁੱਕਾਂਗੇ, ਕੀ ਗੁਰਮਤਿ ਨੂੰ ਮੰਨਾਂਗੇ ਤੇ ਕੀ ਗੁਰੂ ਦੇ ਨਾਲ ਪਿਆਰ ਪਾਵਾਂਗੇ। ਬਹੁਤ ਔਖਾ ਹੈ, ਬਹੁਤ ਔਖਾ ਹੈ, ਬਹੁਤ ਔਖਾ ਹੈ ਗੁਰੂ ਦੇ ਨਾਲ ਆਪਣਾ ਪਿਆਰ ਪਾਉਣਾ। ਆਪਣਾ ਪਿਆਰ ਕਿਸੇ ਨਾਲ ਆਪਣੀ ਸਭ ਤੋਂ ਵੱਡੀ ਕ੍ਰਿਪਾ ਕਰਨ ਦੁਆਰਾ ਆਪ ਹੀ ਜੋੜਦਾ ਹੈ ਜਿਵੇਂ ਕਿ ਅਸੀਂ ਪਿੱਛੇ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਇਹੀ ਗੱਲ ਉਪਰ ਵਾਲੇ ਮੁੱਖ ਸ਼ਬਦ ਦੇ ਪਦੇ ਰਾਹੀਂ ਸਮਝਾਈ ਹੋਈ ਹੈ। **(ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ॥੭॥)**

ਗੁਰੂ ਅੱਗੇ ਝੁੱਕਣਾ ਕੀ ਹੈ ਤੇ ਗੁਰੂ ਨਾਲ ਪਿਆਰ ਪਾਉਣਾ ਕੀ ਹੈ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ ਕਿਉਂਕਿ ਇਹ ਕੇਵਲ ਗੁਰੂ ਆਪ ਹੀ ਜਾਣਦਾ ਹੈ ਕਿ ਉਸਦੇ ਅੱਗੇ ਝੁੱਕਣਾ ਕੀ ਹੈ, ਉਸਦੇ ਨਾਲ ਪਿਆਰ ਪਾਉਣਾ ਕੀ ਹੈ ਤੇ ਗੁਰੂ ਨੂੰ ਛੱਡਕੇ ਦੂਜੇ ਪਾਸੇ ਪਿਆਰ ਪਾਉਣਾ ਕੀ ਹੈ, ਗੁਰੂ ਦੀ ਲਿਖੀ ਹੋਈ ਗੱਲ ਤਾਂ ਕਦੇ ਬਦਲ ਨਹੀਂ ਸਕਦੀ ਭਾਵੇਂ ਜਿਹੜੇ ਮਰਜੀ ਗੁਰੂ ਗੁਰਬਾਣੀ ਰੂਪ ਸ਼ਬਦ ਦੀ ਲਿਖਤ ਵਿੱਚੋਂ ਸਮਝ ਲਈਏ।

ਬਿਲਾਵਲੁ ਮਹਲਾ ੫ ॥

{ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥ ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥੧॥ ਰਹਾਉ ॥
ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥
ਸੁਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ ॥੧॥
ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥੨॥੨॥੮੨॥}

(ਅੰਗ ੮੨੦)

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥ ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥}

(ਅੰਗ ੧੨੯੩)

ਮਲਾਰ ॥

{ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ ਤਾਸ ਸਮ ਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥
ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥

ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ ॥੧॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥
ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥}

(ਅੰਗ ੧੨੯੩)

56/7821

ਸਿਰੀਰਾਗੁ ਮਹਲਾ ੩ ॥

{ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥
ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ ਮਨ ਰੇ ਗੁਰਮੁਖਿ ਨਾਮੁ ਧਿਆਇ ॥
ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥
ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥
ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥
ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥
ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥
ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ॥
ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥
ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}

(ਅੰਗ ੬੫)

ਮਾਰੂ ਮਹਲਾ ੩ ਘਰੁ ੫ ਅਸਟਪਦੀ

ੴ ਸਤਿਗੁਰ ਪ੍ਰਸਾਦਿ ॥

{ਜਿਸ ਨੋ ਪ੍ਰੇਮੁ ਮੰਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥
ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥੧॥ ਆਪੇ ਮੇਲੇ ਆਪਿ ਮਿਲਾਏ ॥
ਆਪਣਾ ਪਿਆਰੁ ਆਪੇ ਲਾਏ ॥ ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥੧॥ ਰਹਾਉ ॥
ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥ ਸੰਜੋਗੀ ਧਨ ਪਿਰ ਮੇਲਾ ਹੋਵੈ ॥
ਗੁਰਮਤਿ ਵਿਚਹੁ ਦੁਰਮਤਿ ਖੋਵੈ ॥ ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥

ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥ ਏਹੁ ਸਬਦੁ ਸਾਰੁ ਜਿਸ ਨੋ ਲਾਏ ॥
ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥ ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥੫॥
ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ ਕਿਰਪਾ ਅਪਨੈ ਘਰਿ ਆਇਆ ॥
ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥੬॥ ਗੁਰਮੁਖਿ ਹੋਵੈ ਸੋ ਤਤੁ ਪਾਏ ॥
ਆਪਣਾ ਆਪੁ ਵਿਚਹੁ ਗਵਾਏ ॥ ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥
ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥ ਗੁਰਮੁਖਿ ਜਿਨੀ ਨਾਮੁ ਨ ਪਾਇਆ ॥
ਮਨਮੁਖਿ ਬਿਰਥਾ ਜਨਮੁ ਗਵਾਇਆ ॥ ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬ੍ਰੂਝੈ ਗੁਰ ਬੀਚਾਰੀ ਜੀਉ ॥੯॥
ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥
ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥}

(ਅੰਗ ੧੦੧੬)

ਸਿਰੀਰਾਗੁ ਮਹਲਾ ੧ ॥

{ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥ ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥
ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥
ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥
ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥
ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥
ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥ ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥
ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥ ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥
ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥ ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥}

(ਅੰਗ ੧੮-੧੯)

ਸਿਰੀਰਾਗੁ ਮਹਲਾ ੩ ॥

{ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥
ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥ ਭਾਈ ਰੇ ਇਸੁ ਮਨ ਕਉ ਸਮਝਾਇ ॥
ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥੧॥ ਰਹਾਉ ॥
ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥ ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥
ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥

ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥੩॥
ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥
ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥
ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ ਨਾਮਿ ਸਮਾਇ ॥੪॥੬॥੩੯॥}

(ਅੰਗ ੨੮-੨੯)

ਸਿਰੀਰਾਗੁ ਮਹਲਾ ੧ ॥

{ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥
ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥ ਭਾਈ ਰੇ ਅਵਰੁ ਨਾਹੀ ਮੈ ਥਾਉ ॥
ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥
ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ॥
ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥੨॥ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥
ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥
ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥ ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥
ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥
ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ ੫੭-੫੮)

ਸਿਰੀਰਾਗੁ ਮਹਲਾ ੫ ਘਰੁ ੭ ॥

{ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥
ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥
ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥ ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥
ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥ ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥
ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥ ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥੨੭॥੯੭॥}

(ਅੰਗ ੫੧-੫੨)

ਸਿਰੀਰਾਗੁ ਮਹਲਾ ੩ ॥

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥

ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥
ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥
ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥
ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥
ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥
ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ॥ ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥੪॥੨੬॥੫੯॥}

(ਅੰਗ ੩੬-੩੭)

ਸਿਰੀਰਾਗੁ ਮਹਲਾ ੩ ॥

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

56/7822

ਸਿਰੀਰਾਗੁ ਮਹਲਾ ੫ ॥

{ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥ ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥
ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥੧॥
ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥ ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥੧॥ ਰਹਾਉ ॥
ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥ ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥ ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥੨॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥ ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥ ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥੩॥
ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥ ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥
ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ ॥

ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ ॥੪॥੨੯॥੯੯॥}

(ਅੰਗ ੫੨)

ਸਿਰੀਰਾਗੁ ਮਹਲਾ ੧ ॥

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥
ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥ ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥੪॥
ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥
ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥੫॥ ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ ॥
ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥ ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥
ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥ ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥ ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ॥
ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥ ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ॥੮॥੧੦॥}

(ਅੰਗ ੫੯)

ਸਿਰੀਰਾਗੁ ਮਹਲਾ ੩ ॥

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥
ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥ ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥
ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥੨॥ ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ॥
ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥
ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥
ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥੪॥ ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ॥
ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ ॥ ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥੫॥
ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥ ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥
ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥੬॥ ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ ॥
ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ ॥ ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ ॥੭॥
ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ ॥ ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ ॥
ਨਾਨਕ ਨਾਮਿ ਵਡਾਈਆ ਕਰਮਿ ਪਰਾਪਤਿ ਹੋਇ ॥੮॥੩॥੨੦॥}

(ਅੰਗ ੬੬)

ੴ ਸਤਿਗੁਰ ਪ੍ਰਸਾਦਿ ॥

ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥

ਸਲੋਕ ਮਃ ੩ ॥

{ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥}

(ਅੰਗ ੮੩)

ਸਲੋਕ ਮਃ ੩ ॥

{ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥ ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ॥
ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ॥ ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥੧॥}

(ਅੰਗ ੮੬)

ਮਾਝ ਮਹਲਾ ੫ ॥

{ਕਹਿਆ ਕਰਣਾ ਦਿਤਾ ਲੈਣਾ ॥ ਗਰੀਬਾ ਅਨਾਥਾ ਤੇਰਾ ਮਾਣਾ ॥
ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥੧॥
ਭਾਣੈ ਉਝੜ ਭਾਣੈ ਰਾਹਾ ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥
ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ ॥੨॥
ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥
ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥
ਖਾਕੁ ਸੰਤਨ ਕੀ ਦੇਹੁ ਪਿਆਰੇ ॥ ਆਇ ਪਇਆ ਹਰਿ ਤੇਰੈ ਦੁਆਰੈ ॥
ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ ॥੪॥੭॥੧੪॥}

(ਅੰਗ ੯੮)

ਮਃ ੧ ॥

{ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥
ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥
ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥
ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥}

(ਅੰਗ ੧੩੭-੧੩੮)

ਰਾਗੁ ਗਉੜੀ ਗੁਆਰੇਰੀ ॥

ਮਹਲਾ ੩ ਚਉਪਦੇ ॥

ੴ ਸਤਿਗੁਰ ਪ੍ਰਸਾਦਿ ॥

{ਗੁਰਿ ਮਿਲਿਐ ਹਰਿ ਮੇਲਾ ਹੋਈ ॥ ਆਪੇ ਮੇਲਿ ਮਿਲਾਵੈ ਸੋਈ ॥
ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ ॥ ਹੁਕਮੇ ਮੇਲੇ ਸਬਦਿ ਪਛਾਣੈ ॥੧॥
ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ॥ ਭੈ ਰਾਚੈ ਸਚ ਰੰਗਿ ਸਮਾਇ ॥੧॥ ਰਹਾਉ ॥
ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ ॥ ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ ॥
ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ ॥ ਮੇਰਾ ਪ੍ਰਭੁ ਬਖਸੇ ਬਖਸਣਹਾਰੁ ॥੨॥
ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥
ਸਾਚਿ ਵਸਿਐ ਸਾਚੀ ਸਭ ਕਾਰ ॥ ਊਤਮ ਕਰਣੀ ਸਬਦ ਬੀਚਾਰ ॥੩॥ ਗੁਰ ਤੇ ਸਾਚੀ ਸੇਵਾ ਹੋਇ ॥
ਗੁਰਮੁਖਿ ਨਾਮੁ ਪਛਾਣੈ ਕੋਇ ॥ ਜੀਵੈ ਦਾਤਾ ਦੇਵਣਹਾਰੁ ॥ ਨਾਨਕ ਹਰਿ ਨਾਮੇ ਲਗੈ ਪਿਆਰੁ ॥੪॥੧॥੨੧॥}

(ਅੰਗ ੧੫੭-੧੫੮)

56/7823

ਗਉੜੀ ਗੁਆਰੇਰੀ ਮਹਲਾ ੩ ॥

{ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥੧॥
ਗਾਵਤ ਰਹੈ ਜੇ ਸਤਿਗੁਰ ਭਾਵੈ ॥ ਮਨੁ ਤਨੁ ਰਾਤਾ ਨਾਮਿ ਸੁਹਾਵੈ ॥੧॥ ਰਹਾਉ ॥
ਇਕਿ ਗਾਵਹਿ ਇਕਿ ਭਗਤਿ ਕਰੇਹਿ ॥ ਨਾਮੁ ਨ ਪਾਵਹਿ ਬਿਨੁ ਅਸਨੇਹ ॥
ਸਚੀ ਭਗਤਿ ਗੁਰ ਸਬਦ ਪਿਆਰਿ ॥ ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥੨॥
ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥
ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥
ਭਗਤਿ ਵਛਲੁ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥}

(ਅੰਗ ੧੫੮-੧੫੯)

ਗਉੜੀ ੧੩ ॥

{ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥ ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥੧॥
ਬੰਦੇ ਬੰਦਗੀ ਇਕਤੀਆਰ ॥ ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ ਰਹਾਉ ॥
ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥
ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥੨॥੧੮॥੬੯॥}

(ਅੰਗ ੩੩੮)

ਗਉੜੀ ॥

{ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥ ਨਿੰਦਾ ਹੋਇ ਤ ਬੈਕੁੰਠਿ ਜਾਈਐ ॥
ਨਾਮੁ ਪਦਾਰਥੁ ਮਨਹਿ ਬਸਾਈਐ ॥ ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥੧॥

ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥ ਨਿੰਦਕੁ ਸੋ ਜੋ ਨਿੰਦਾ ਹੋਰੈ ॥
ਹਮਰਾ ਜੀਵਨੁ ਨਿੰਦਕੁ ਲੋਰੈ ॥੨॥ ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥
ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥}

(ਅੰਗ ੩੩੯)

ਆਸਾ ਮਹਲਾ ੩ ॥

{ਮਨਮੁਖਿ ਝੂਠੋ ਝੂਠੁ ਕਮਾਵੈ ॥ ਖਸਮੈ ਕਾ ਮਹਲੁ ਕਦੇ ਨ ਪਾਵੈ ॥ ਦੂਜੈ ਲਗੀ ਭਰਮਿ ਭੁਲਾਵੈ ॥
ਮਮਤਾ ਬਾਧਾ ਆਵੈ ਜਾਵੈ ॥੧॥ ਦੋਹਾਗਣੀ ਕਾ ਮਨ ਦੇਖੁ ਸੀਗਾਰੁ ॥
ਪੁਤ੍ਰ ਕਲਤਿ ਧਨਿ ਮਾਣਿਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ ॥੧॥ ਰਹਾਓ ॥
ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥ ਗੁਰ ਸਬਦੀ ਸੀਗਾਰੁ ਬਣਾਵੈ ॥
ਸੇਜ ਸੁਖਾਲੀ ਅਨਦਿਨੁ ਹਰਿ ਰਾਵੈ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥੨॥
ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ॥ ਅਪਣਾ ਪਿਰੁ ਰਾਖੈ ਸਦਾ ਉਰ ਧਾਰਿ ॥
ਨੇੜੈ ਵੇਖੈ ਸਦਾ ਹਦੂਰਿ ॥ ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥੩॥
ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥
ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥੪॥੮॥੪੭॥}

(ਅੰਗ ੩੬੩)

ਆਸਾ ਮਹਲਾ ੩ ॥

{ਨਿਰਤਿ ਕਰੇ ਬਹੁ ਵਾਜੇ ਵਜਾਏ ॥ ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥
ਅੰਤਰਿ ਲੋਭੁ ਭਰਮੁ ਅਨਲ ਵਾਉ ॥ ਦੀਵਾ ਬਲੈ ਨ ਸੋਝੀ ਪਾਇ ॥੧॥
ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥
ਗੁਰਮੁਖਿ ਨਿਰਤਿ ਹਰਿ ਲਾਗੈ ਭਾਉ ॥ ਪੂਰੇ ਤਾਲ ਵਿਚਹੁ ਆਪੁ ਗਵਾਇ ॥
ਮੇਰਾ ਪ੍ਰਭੁ ਸਾਚਾ ਆਪੇ ਜਾਣੁ ॥ ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ ॥੨॥
ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ ਗੁਰ ਕਾ ਸਬਦੁ ਸਹਜਿ ਵੀਚਾਰੁ ॥
ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥ ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥੩॥
ਏਹਾ ਭਗਤਿ ਜਨੁ ਜੀਵਤ ਮਰੈ ॥ ਗੁਰ ਪਰਸਾਦੀ ਭਵਜਲੁ ਤਰੈ ॥
ਗੁਰ ਕੈ ਬਚਨਿ ਭਗਤਿ ਥਾਇ ਪਾਇ ॥ ਹਰਿ ਜੀਉ ਆਪਿ ਵਸੈ ਮਨਿ ਆਇ ॥੪॥
ਹਰਿ ਕ੍ਰਿਪਾ ਕਰੇ ਸਤਿਗੁਰੁ ਮਿਲਾਏ ॥ ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ ॥
ਭਗਤਿ ਰਤੇ ਤਿਨ੍ ਸਚੀ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੫॥੧੨॥੫੧॥}

(ਅੰਗ ੩੬੪-੩੬੫)

ਆਸਾ ਮਹਲਾ ੩ ॥

{ਅੰਮ੍ਰਿਤੁ ਜਿਨ੍ਾ ਚਖਾਇਓਨੁ ਰਸੁ ਆਇਆ ਸਹਜਿ ਸੁਭਾਇ ॥
ਸਚਾ ਵੇਪਰਵਾਹੁ ਹੈ ਤਿਸ ਨੋ ਤਿਲੁ ਨ ਤਮਾਇ ॥੧॥ ਅੰਮ੍ਰਿਤੁ ਸਚਾ ਵਰਸਦਾ ਗੁਰਮੁਖਾ ਮੁਖਿ ਪਾਇ ॥
ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ ॥੧॥ ਰਹਾਉ ॥

ਮਨਮੁਖਿ ਸਦਾ ਦੋਹਾਗਣੀ ਦਰਿ ਖੜੀਆ ਬਿਲਲਾਹਿ ॥
ਜਿਨ੍ਹਾ ਪਿਰ ਕਾ ਸੁਆਦੁ ਨ ਆਇਓ ਜੋ ਧੁਰਿ ਲਿਖਿਆ ਸੁ ਕਮਾਹਿ ॥੨॥
ਗੁਰਮੁਖਿ ਬੀਜੇ ਸਚੁ ਜਮੈ ਸਚੁ ਨਾਮੁ ਵਾਪਾਰੁ ॥ ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ ॥੩॥
ਗੁਰਮੁਖਿ ਸਦਾ ਸੋਹਾਗਣੀ ਭੈ ਭਗਤਿ ਸੀਗਾਰਿ ॥ ਅਨਦਿਨੁ ਰਾਵਹਿ ਪਿਰੁ ਆਪਣਾ ਸਚੁ ਰਖਹਿ ਉਰ ਧਾਰਿ ॥੪॥
ਜਿਨ੍ਹਾ ਪਿਰੁ ਰਾਵਿਆ ਆਪਣਾ ਤਿਨ੍ਹਾ ਵਿਟਹੁ ਬਲਿ ਜਾਉ ॥
ਸਦਾ ਪਿਰ ਕੈ ਸੰਗਿ ਰਹਹਿ ਵਿਚਹੁ ਆਪੁ ਗਵਾਇ ॥੫॥
ਤਨੁ ਮਨੁ ਸੀਤਲੁ ਮੁਖ ਉਜਲੇ ਪਿਰ ਕੈ ਭਾਇ ਪਿਆਰਿ ॥ ਸੇਜ ਸੁਖਾਲੀ ਪਿਰੁ ਰਵੈ ਹਉਮੈ ਤ੍ਰਿਸਨਾ ਮਾਰਿ ॥੬॥
ਕਰਿ ਕਿਰਪਾ ਘਰਿ ਆਇਆ ਗੁਰ ਕੈ ਹੇਤਿ ਅਪਾਰਿ ॥ ਵਰੁ ਪਾਇਆ ਸੋਹਾਗਣੀ ਕੇਵਲ ਏਕੁ ਮੁਰਾਰਿ ॥੭॥
ਸਭੇ ਗੁਨਹ ਬਖਸਾਇ ਲਇਓਨੁ ਮੇਲੇ ਮੇਲਣਹਾਰਿ॥ ਨਾਨਕ ਆਖਣੁ ਆਖੀਐ ਜੇ ਸੁਣਿ ਧਰੇ ਪਿਆਰੁ ॥੮॥੧੨॥੩੪॥}

(ਅੰਗ ੪੨੯)

ਸਲੋਕੁ ਮਃ ੩ ॥

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥}

(ਅੰਗ ੫੯੪)

ਉਪਰ ਵਾਲੇ ਸ਼ਬਦਾਂ ਵਿੱਚੋਂ ਬਹਤੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਕਿ ਗੁਰੂ ਅੱਗੇ ਨਮਸਕਾਰ ਕਰਨਾ ਕੀ ਹੈ ਭਾਵ ਗੁਰੂ ਦਾ ਸਤਿਕਾਰ ਕਰਨਾ ਕੀ ਹੈ ਕਿਉਂਕਿ ਮਨੁੱਖ ਉਸਦੇ ਅੱਗੇ ਹੀ ਝੁੱਕਦਾ ਹੈ ਜੋ ਉਸਨੂੰ ਚੰਗਾ ਲੱਗਦਾ ਹੈ। ਸਾਰੀ ਗੱਲ ਸਮਝਣ ਦੀ ਇਹ ਹੈ ਕਿ ਜਿਸ ਤਰੀਕੇ ਅਸੀਂ ਗੁਰੂ ਅੱਗੇ ਝੁੱਕਣਾ ਸਮਝਦੇ ਹਾਂ, ਸੀਸ ਨਿਵਾਉਣਾ, ਸਰੀਰ ਨਿਵਾਉਣਾ ਸਮਝਦੇ ਹਾਂ ਕੀ ਉਸ ਤਰੀਕੇ ਸਾਡੀ ਮਨਮਤਿ ਵੀ ਗੁਰੂ ਅੱਗੇ ਝੁੱਕਦੀ ਹੈ ਭਾਵ ਨੀਵੀਂ ਹੁੰਦੀ ਹੈ ਭਾਵ ਕੀ ਅਸੀਂ ਸਰੀਰਕ ਝੁੱਕਣ ਨਾਲ ਗੁਰੂ ਦੀ ਮਤਿ ਨੂੰ ਭਾਵ ਗੁਰੂ ਦੇ ਸ਼ਬਦਾਂ ਦੇ ਵਿਚਾਰਾਂ ਨੂੰ ਮੰਨਿਆ ਹੈ ਭਾਵ ਜੇਕਰ ਮੰਨਿਆ ਹੈ ਤਾਂ ਸੱਚੇ ਅਕਾਲ ਪੁਰਖ ਗੁਰੂ ਅੱਗੇ ਸਾਡਾ ਇਹੋ

ਜਿਹਾ ਨਿਵਣਾ ਚੰਗਾ ਲੱਗਦਾ ਹੈ ਤੇ ਜੇਕਰ ਸ਼ਬਦ ਰੂਪ ਗੁਰੂ ਦੀਆਂ ਸੱਚੀਆਂ ਵਿਚਾਰਾਂ ਨੂੰ ਅਸੀਂ ਨਹੀਂ ਮੰਨਿਆ ਤਾਂ ਫਿਰ ਸਾਡਾ ਸਰੀਰਕ ਰੂਪ ਵਿੱਚ ਝੁੱਕਣਾ ਭਾਵ ਉਸਨੂੰ ਮੱਥਾ ਟੇਕਣਾ ਕਿਸ ਲੇਖੇ। ਗੁਰੂ ਦੇ ਦੁਨਿਆਵੀ ਦਰ ਤੇ ਜਾ ਕੇ ਉਸਨੂੰ ਮੱਥਾ ਟੇਕਣਾ ਵੀ ਜਰੂਰੀ ਹੈ ਜਿਸ ਮੱਥਾ ਟੇਕਣ ਦੇ ਮਕਸਦ ਨੂੰ ਸਮਝਣਾ ਉਸ ਤੋਂ ਵੀ ਜਰੂਰੀ ਹੈ। ਗੁਰੂ ਕੋਲੋਂ ਉਸਦੀ ਮਤਿ ਸਮਝਣ ਲਈ ਉਸਦੇ ਦਰ ਤੇ ਜਾਣਾ ਹੀ ਪੈਂਦਾ ਹੈ ਭਾਵ ਜਾਣਾ ਵੀ ਚਾਹੀਦਾ ਹੈ ਤੇ ਇਸੇ ਮਕਸਦ ਲਈ ਪੂਰੇ ਗੁਰਬਾਣੀ ਗ੍ਰੰਥ ਦੀ ਤੇ ਹੋਰ ਸੱਚੇ ਧਰਮ ਗ੍ਰੰਥਾਂ ਦੀ ਰਚਨਾ ਹੋਈ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਸ ਗੱਲ ਨੂੰ ਸਮਝਿਆ ਹੀ ਹੈ। ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਆਪਣੇ ਗੁਰੂ ਰੂਪ ਵਿੱਚ ਕਿਸੇ ਮਨੁੱਖੀ ਸਰੀਰ ਦੀ ਸਮਝ ਰਾਹੀਂ ਹੀ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਸੱਚੇ ਭਗਤਾਂ ਤੇ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਉਨ੍ਹਾਂ ਦੇ ਜੀਵਨ ਵਿੱਚ ਉਨ੍ਹਾਂ ਕੋਲੋਂ ਜੇਕਰ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਜਾਨਣ ਲਈ ਉਨ੍ਹਾਂ ਦੇ ਅੱਗੇ ਹੱਥ ਜੋੜੇ ਹਨ ਜਾਂ ਉਨ੍ਹਾਂ ਦੇ ਅੱਗੇ ਸਰੀਰਕ ਰੂਪ ਵਿੱਚ ਨਿਵੇ ਹਨ ਇਹ ਉਨ੍ਹਾਂ ਨੇ ਕੋਈ ਗਲਤ ਕੰਮ ਨਹੀਂ ਕੀਤਾ ਭਾਵ ਉਹ ਉਨ੍ਹਾਂ ਦੇ ਅੱਗੇ ਸੱਚ ਸਮਝਣ ਦੇ ਲਈ ਹੀ ਨਿਵੇ ਹਨ ਭਾਵ ਸੱਚ ਨੂੰ ਉੱਚਾ ਕਰਨ ਲਈ ਹੀ ਨਿਵੇ ਹਨ, ਸੱਚ ਦਾ ਸਤਿਕਾਰ ਕਰਨ ਲਈ ਹੀ ਨਿਵੇ ਹਨ ਤੇ ਉਨ੍ਹਾਂ ਨੇ ਸਭ ਨੂੰ ਸੱਚ ਦਾ ਮਾਰਗ ਹੀ ਸਮਝਾਇਆ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਅੱਗੇ ਨਿਵਣਾ ਹੀ ਸਮਝਾਇਆ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਸਰੀਰ ਨੂੰ ਗੁਰੂ ਨਹੀਂ ਕਿਹਾ ਬਲਕਿ ਸ਼ਬਦ ਨੂੰ ਗੁਰੂ ਕਿਹਾ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣਾ ਗੁਰੂ ਕਿਹਾ ਹੈ ਜੋ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਰੂਪ ਭਾਵ ਗੁਰੂ ਰੂਪ ਪੂਰੇ ਗੁਰਬਾਣੀ ਗ੍ਰੰਥ ਦੇ ਅੰਦਰ ਹਰ ਸ਼ਬਦ ਦੇ ਅੰਦਰ ਦੀ ਵਿਚਾਰ ਦੇ ਅੰਦਰ ਦੇ ਸੱਚ ਦੇ ਰੂਪ ਵਿੱਚ ਹੈ ਜਿਸਦੇ ਅੱਗੇ ਝੁੱਕਣਾ ਹੈ, ਜਿਸਦੇ ਅੱਗੇ ਸ਼ਬਦਾਂ ਦੀ

ਸੱਚੀ ਵਿਚਾਰ ਨੂੰ ਮੰਨਣ ਦੁਆਰਾ ਸਾਡੀ ਮਤਿ ਨੇ ਹੀ ਝੁੱਕਣਾ ਹੈ। ਪੂਰਾ ਗੁਰਬਾਣੀ ਗ੍ਰੰਥ ਜੋ ਦੇਖਣ ਵਿੱਚ ਆਕਾਰ ਰੂਪ ਹੈ ਉਸ ਅੱਗੇ ਝੁੱਕਣਾ ਭਾਵ ਉਸ ਆਕਾਰ ਰੂਪ ਦਾ ਸਤਿਕਾਰ ਕਰਨਾ ਭਾਵ ਉਸਦੇ ਅੱਗੇ ਮੱਥਾ ਟੇਕਣਾ ਕੋਈ ਮਾੜੀ ਗੱਲ ਨਹੀਂ ਭਾਵ ਚੰਗੀ ਗੱਲ ਹੈ ਕਿਉਂਕਿ ਉਹ ਆਪਣੇ ਸ਼ਬਦਾਂ ਦੇ ਵਿਚਾਰ ਦੁਆਰਾ ਸੱਚ ਦਾ ਮਾਲਕ ਹੈ ਤੇ ਉਸਦੇ ਅੱਗੇ ਮੱਥਾ ਟੇਕਣਾ ਭਾਵ ਉਸਦੇ ਅੱਗੇ ਨਿਵਣਾ ਕਿਸੇ ਮਨੁੱਖ ਦਾ ਤਾਂ ਹੀ ਕਬੂਲ ਹੁੰਦਾ ਹੈ ਜਦੋਂ ਉਹ ਮਨੁੱਖ ਗੁਰੂ ਰੂਪ ਸ਼ਬਦਾਂ ਦੀ ਵਿਚਾਰ ਨੂੰ ਅਪਨਾਉਂਦਾ ਹੈ ਭਾਵ ਉਨ੍ਹਾਂ ਤੇ ਅਮਲ ਕਰਨ ਦਾ ਸੱਚਾ ਉਦਮ ਕਰਦਾ ਹੈ ਭਾਵ ਗੁਰੂ ਦੇ ਸੱਚੇ ਵਿਚਾਰਾਂ ਦੁਆਰਾ ਆਪਣਾ ਜੀਵਨ ਜਿਉਂਦਾ ਹੈ ਭਾਵ ਆਪਣੀ ਨਾਮਸਝ ਮਤਿ, ਆਪਣਾ ਮਨਮਤਿ ਤਿਆਗਣ ਦਾ ਸੱਚਾ ਉਦਮ ਕਰਦਾ ਹੈ ਭਾਵ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣ ਦਾ ਸੱਚਾ ਉਦਮ ਕਰਦਾ ਹੈ ਤੇ ਇਹੀ ਦੁਨਿਆਵੀ ਰੂਪ ਗੁਰੂ ਦੇ ਦੁਆਰੇ ਤੇ ਜਾ ਕੇ ਭਾਵ ਗੁਰਦੁਆਰਿਆਂ, ਮੰਦਿਰਾਂ, ਮਸਜਿਦਾਂ, ਗਿਰਜਾ ਘਰਾਂ ਦੇ ਅੰਦਰ ਰੱਖੇ ਸੱਚੇ ਧਰਮ ਗ੍ਰੰਥਾਂ ਭਾਵ ਸੱਚੇ ਗੁਰੂ ਦੇ ਆਕਾਰ ਰੂਪ ਨੂੰ ਭਾਵ ਜਿਸਦੇ ਅੰਦਰ ਉਸਦਾ ਨਿਰੰਕਾਰ ਰੂਪ ਸੱਚੇ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ, ਦੁਨਿਆਵੀ ਧਾਰਮਿਕ ਗਿਆਨ ਦੇ ਰੂਪ ਵਿੱਚ ਵੱਸਿਆ ਹੋਇਆ ਹੈ ਉਸਦੇ ਅੱਗੇ ਝੁੱਕਣਾ, ਉਸਦੇ ਅੰਦਰ ਦੇ ਨਿਰੰਕਾਰ ਰੂਪ ਦੇ ਅੱਗੇ ਝੁੱਕਣ ਦੇ ਲਈ ਭਾਵ ਉਸਦੇ ਅੰਦਰ ਦੇ ਸੱਚੇ ਗਿਆਨ ਨੂੰ ਜਾਨਣ ਦੇ ਲਈ ਹੀ ਹੋਣਾ ਚਾਹੀਦਾ ਹੈ ਜਿਸ ਮਕਸਦ ਲਈ ਸ੍ਰਿਸ਼ਟੀ ਦੇ ਕਰਤੇ ਨੇ ਹਰ ਸੱਚੇ ਧਰਮ ਗ੍ਰੰਥ ਦੀ ਰਚਨਾ ਕੀਤੀ ਹੈ ਜੋ ਸ੍ਰਿਸ਼ਟੀ ਦਾ ਕਰਤਾ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਆਪਣੇ ਦਿੱਤੇ ਹੋਏ ਸ਼ਬਦਾਂ ਦੀ ਸੱਚੇ ਵਿਚਾਰ ਦੇ ਰੂਪ ਵਿੱਚ ਹੀ ਹੈ। ਸ਼ਬਦਾਂ ਦੀ ਸੱਚੀ ਵਿਚਾਰ ਦੇ ਅੱਗੇ ਝੁੱਕਣਾ ਹੀ ਭਾਵ ਆਪਣੀ ਨਾਮਸਝ ਮਤਿ ਨੂੰ ਛੱਡਣਾ ਹੀ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਸੱਚੇ ਗੁਰੂ ਦੇ ਅੱਗੇ ਝੁੱਕਣਾ ਹੈ, ਉਸਨੂੰ ਨਮਸਕਾਰ ਕਰਨਾ ਹੈ, ਉਸਨੂੰ ਡੰਡਉਤ ਬੰਧਨਾ ਕਰਨਾ ਹੈ। ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੇ ਇੱਕੋ ਇੱਕ ਗੁਰੂ ਦੇ ਨਾਲ ਇਸੇ ਤਰੀਕੇ ਹੀ ਉਸਦੇ ਅੱਗੇ ਝੁੱਕਣ ਦੁਆਰਾ ਸ੍ਰਿਸ਼ਟੀ ਦਾ ਕੋਈ ਮਨੁੱਖ ਉਸਦੇ ਨਾਲ ਆਪਣਾ ਪਿਆਰ, ਆਪਣੀ ਮੁਹਬੱਤ ਕਰ ਸਕਦਾ ਹੈ। ਸਭ ਤੋਂ ਜਰੂਰੀ ਗੁਰੂ ਦੇ ਅੱਗੇ

56/7825

ਝੁੱਕਣ ਦੇ ਮਕਸਦ ਨੂੰ ਸਮਝਣ ਦੀ ਹੀ ਹੈ ਭਾਵ ਉਸ ਅੱਗੇ ਮੱਥਾ ਟੇਕਣ ਦੀ, ਉਸਨੂੰ ਨਮਸਕਾਰ ਕਰਨ ਦੀ, ਉਸਦੇ ਅੱਗੇ ਡੰਡਉਤ ਬੰਧਨਾ ਕਰਨ ਦੀ ਹੀ ਹੈ ਭਾਵ ਉਸਦੇ ਅੱਗੇ ਨਿਵਣ ਦੀ ਹੀ ਹੈ ਜੋ ਕਿ ਸਾਡੀ ਮਤਿ ਦਾ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਮਤਿ ਅੱਗੇ ਝੁੱਕਣ ਦਾ ਹੀ ਹੈ ਜਿਵੇਂ ਕਿ ਅਸੀਂ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ ਤੇ ਇਸੇ ਤਰੀਕੇ ਹੀ ਕੋਈ ਸ੍ਰਿਸ਼ਟੀ ਦੇ ਇੱਕੋ ਇੱਕ ਸੱਚੇ ਗੁਰੂ ਭਾਵ ਗਾਡ, ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ ਜਾਂ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਕੋਈ ਉਸਨੂੰ ਕਿਸੇ ਹੋਰ ਨਾਮ ਨਾਲ ਪੁਕਾਰਦਾ ਹੈ ਉਸਦੇ ਨਾਲ ਆਪਣਾ ਪਿਆਰ ਦਿਖਾਉਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ ਜਿਸ ਦੁਆਰਾ ਕੋਈ ਵੀ ਸ੍ਰਿਸ਼ਟੀ ਦਾ ਮਨੁੱਖ ਹਰ ਸਰੀਰ ਦੇ ਮਾਲਕ, ਹਰ ਸਰੀਰ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ। **(ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥)**

ਜਿਵੇਂ ਕਿ ਅਸੀਂ ਮੁੱਖ ਸ਼ਬਦ ਦੇ ਉਪਰ ਪਦੇ ਰਾਹੀਂ ਸਮਝਿਆ ਹੈ ਤੇ ਇਸ ਤੋਂ ਉਪਰ ਪਹਿਲੇ ਪਦਿਆਂ ਰਾਹੀਂ ਸਮਝਿਆ ਹੈ ਤੇ ਸ਼ਬਦ ਦੀ ਸ਼ੁਰੂਆਤ ਵਾਲੀ ਰਹਾਉ ਵਾਲੀਆਂ ਪੰਗਤੀਆਂ ਦੁਆਰਾ ਸਮਝਿਆ ਹੈ ਕਿ ਮਨੁੱਖ ਸੱਚੇ ਧਰਮ ਦੇ ਮਾਰਗ ਤੇ ਗੁਰਮਤਿ ਦੀ ਸੱਚੀ ਸਿੱਖਿਆ ਮਿਲਣ ਦੁਆਰਾ ਹੀ ਚੱਲ ਸਕਦਾ ਹੈ ਭਾਵ ਨਾਮ ਰੂਪ ਸੱਚੀ ਸਿੱਖਿਆ ਮਿਲਣ ਦੁਆਰਾ ਹੀ ਚੱਲ ਸਕਦਾ ਹੈ ਜੋ ਕਿ ਸੱਚ ਰੂਪ ਧਰਮ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋ ਕੇ ਭਾਵ ਆਪਣਾ ਗੁਰੂ ਰੂਪ ਪ੍ਰਗਟ ਕਰਕੇ ਸ੍ਰਿਸ਼ਟੀ ਦਾ ਕਰਤਾ ਕਿਸੀ ਮਨੁੱਖੀ ਸਰੀਰ ਨੂੰ ਮਨ ਦੇ ਵਿੱਚ ਆਪ ਹੀ ਸਮਝਾਉਂਦਾ ਹੈ। ਉਹ ਆਪਣੇ ਉਸ ਮਨੁੱਖੀ ਸਰੀਰ ਨੂੰ ਧਰਮ ਦੇ ਸੱਚੇ ਮਾਰਗ ਤੇ ਚੱਲਣ ਲਈ ਭਾਵ ਆਪਣਾ ਨਾਮ ਜਪਾਉਣ ਲਈ ਕਿਸ ਤਰੀਕੇ ਸਮਰਥਾ ਬਖਸ਼ਦਾ ਹੈ ਭਾਵ ਆਪਣਾ ਹੁਕਮ ਮਨਾਉਣ ਦੀ ਸਮਰਥਾ, ਆਪਣੇ ਭਾਣੇ ਵਿੱਚ ਚਲਾਉਣ ਦੀ ਸਮਰਥਾ, ਆਪਣਾ ਨਾਲ ਪਿਆਰ ਜੋੜਨ ਦੀ ਸਮਰਥਾ, ਆਪਣੀ ਸੇਵਾ ਕਰਵਾਉਣ ਦੀ ਸਮਰਥਾ ਕਿਸ ਤਰੀਕੇ ਬਖਸ਼ਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਭਾਵ ਆਖਰੀ ਪਦੇ ਰਾਹੀਂ ਸਮਝਾਈ ਹੋਈ ਹੈ। ਧਿਆਨ ਨਾਲ ਸਮਝੋ ਤਾਂ ਜੋ ਅਸੀਂ ਗੁਰੂ ਦੇ ਸੱਚੇ ਸਿਮਰਨ ਨੂੰ ਸਮਝ ਸਕੀਏ ਭਾਵ ਨਾਮ ਸਿਮਰਨ ਨੂੰ ਪੂਰਨ ਵਿਸ਼ਵਾਸ ਨਾਲ ਸਮਝ ਸਕੀਏ ਕਿ ਜੋ ਕੁੱਝ ਸ਼ਬਦ ਦੀਆਂ **"ਰਹਾਉ"** ਵਾਲੀਆਂ ਪੰਗਤੀਆਂ ਵਿੱਚ ਲਿਖਿਆ ਹੁੰਦਾ ਹੈ ਉਹੀ ਕੁੱਝ ਹਰ ਸ਼ਬਦ ਦੇ ਅੰਦਰ ਦਾ ਅੰਦਰੂਨੀ ਭਾਵ ਹੁੰਦਾ ਹੈ। ਆਉ ਸਮਝੀਏ।

"ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥"

56/7826

ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਸਮਰਥ ਗੁਰੂ ਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਪੰਜਵੀਂ ਪਾਤਸ਼ਾਹੀ ਨੂੰ ਆਪਣਾ ਗੁਰੂ ਰੂਪ ਬਨਾਉਣ ਲਈ ਭਾਵ ਆਪਣਾ ਨਾਮ ਜਪਾਉਣ ਲਈ ਕਿਹੋ ਜਿਹੀ ਸਮਰਥਾ ਬਖਸ਼ੀ ਹੈ ਜੋ ਸਮਰਥਾ ਕਿਸੇ ਵੀ ਮਨੁੱਖ ਦੇ ਅੰਦਰ ਗੁਰੂ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਪ੍ਰਗਟ ਹੋ ਕੇ ਬਖਸ਼ ਸਕਦਾ ਹੈ ਜੋ ਪੂਰਨ ਕਲਾ ਸਮਰਥ ਹੈ ਭਾਵ ਸਭ ਕੁੱਝ ਕਰਨ ਦੇ ਸਮਰਥ ਹੈ। ਉਸਦੀ ਕਲਾ ਉਸਦਾ ਉੱਚਾ ਗਿਆਨ ਹੈ, ਉਸਦਾ ਬ੍ਰਹਮ ਗਿਆਨ ਹੈ ਜਿਸ ਆਪਣੀ ਕਲਾ ਦੁਆਰਾ ਉਸਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪ ਹੀ ਆਪਣੀ ਕਲਾ ਦੇ ਨਾਲ ਸਾਰੀ ਸ੍ਰਿਸ਼ਟੀ ਨੂੰ ਬਣਾ ਕੇ ਚਲਾ ਰਿਹਾ ਹੈ, ਉਸਦੀ ਕਲਾ ਉਸਦੇ ਨਾਮ ਦੇ ਰੂਪ ਵਿੱਚ ਵਰਤਦੀ ਹੈ ਤੇ ਜਿਸ ਮਨੁੱਖੀ ਸਮਝ ਦੇ ਅੰਦਰ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਸ ਮਨੁੱਖੀ ਸਮਝ ਦੇ ਅੰਦਰ ਉਹ ਆਪਣੀ ਕਲਾ ਦੁਆਰਾ ਨਾਮ ਵਾਲੀ ਉੱਚੀ ਸਮਝ ਹੀ ਪਾਉਂਦਾ ਹੈ ਭਾਵ ਬ੍ਰਹਮ ਗਿਆਨ ਵਾਲੀ ਉੱਚੀ ਸਮਝ ਹੀ ਪਾਉਂਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ। ਉਹ ਸਭ ਕੁੱਝ ਕਰਨ ਦੇ ਸਮਰਥ ਹੈ। ਸਾਨੂੰ ਮਨ ਦੀ ਕਲਿ ਵਿੱਚ, ਮਨ ਦੇ ਕਲੇਸ਼ ਵਿੱਚ, ਮਨ ਦੇ ਭੈ ਵਿੱਚ, ਮਨ ਦੇ ਭਰਮ ਵਿੱਚ, ਮਨ ਦੇ ਦੁੱਖ ਵਿੱਚ ਰੱਖਣ ਵਾਲਾ ਵੀ ਉਹ ਆਪ ਹੈ ਇਸ ਵਿੱਚੋਂ ਕੱਢਣ ਵਾਲਾ ਵੀ ਉਹ ਆਪ ਹੈ। ਸਾਰੀ ਗੱਲ ਮਨੁੱਖੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ। ਸਾਡੇ ਅੰਦਰ ਦੀ **"ਕਲਿ"** ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹ ਸਾਡੇ ਅੰਦਰ ਦੀ ਘੋਰ ਅਗਿਆਨਤਾ ਵਾਲੀ ਸਮਝ ਹੈ ਜਿਸ ਮਨ ਦੀ ਅਗਿਆਨਤਾ ਵਿੱਚ ਰਹਿੰਦੇ ਹੋਏ ਨਾ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਸਕਦਾ ਹੈ ਤੇ ਨਾ ਹੀ ਕੋਈ ਧਰਮ ਦੇ ਸੱਚੇ ਮਾਰਗ ਨੂੰ ਜਾਣ ਸਕਦਾ ਹੈ, ਉਸਦੇ ਨਾਮ ਨੂੰ ਜਾਣ ਸਕਦਾ ਹੈ। ਸ੍ਰਿਸ਼ਟੀ ਦੇ ਕਰਤੇ ਦੇ ਨਾਲ ਸਭ ਦਾ **"ਕਲੇਸ"** ਭਾਵ ਝਗੜਾ ਮਨ ਦੀ ਹਉਮੈ ਕਰਕੇ ਹੀ ਹੈ ਭਾਵ ਨਾਮ ਦੀ ਸਮਝ ਨਾ ਹੋਣ ਕਰਕੇ ਹੈ ਕਿਉਂਕਿ ਨਾਮ ਦੀ ਸਮਝ ਪਏ ਬਿਨ੍ਹਾਂ ਉਸਦਾ ਨਾਮ ਜਪਿਆ ਹੀ ਨਹੀਂ ਜਾ ਸਕਦਾ ਭਾਵ ਧਰਮ ਦੇ ਸੱਚੇ ਮਾਰਗ ਤੇ ਚੱਲਿਆ ਹੀ ਨਹੀਂ ਜਾ ਸਕਦਾ ਜੋ ਉਸਦਾ ਨਾਮ ਜਪੇ ਬਿਨ੍ਹਾਂ ਉਸਦੇ ਨਾਲ ਝਗੜਾ ਨਿਬੜ ਹੀ ਨਹੀਂ ਸਕਦਾ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਇਸੇ ਤਰ੍ਹਾਂ ਮਨ ਦੇ ਭੈ ਦੀ ਗੱਲ ਹੈ। ਮਨੁੱਖ ਦੇ ਅੰਦਰ ਅਨੇਕਾਂ ਹੀ ਡਰ ਬਣੇ ਰਹਿੰਦੇ ਹਨ ਜੋ ਭੈ ਇੱਛਾਵਾਂ ਦੀ ਪੂਰਤੀ ਨਾ ਹੋਣ ਦੇ ਕਾਰਣ ਹੁੰਦੇ ਹਨ ਕਿਉਂਕਿ ਹਰ ਮਨੁੱਖ ਮਨ ਦੀਆਂ ਇੱਛਾਵਾਂ ਦਾ ਭਰਿਆ ਹੋਇਆ ਹੁੰਦਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਸੇ ਤਰ੍ਹਾਂ ਮਨ ਦਾ ਭਰਮ ਹੈ ਜੋ ਸਾਨੂੰ ਸੱਚ ਨੂੰ ਸਮਝਣ ਤੋਂ ਦੂਰ ਰੱਖਦਾ ਹੈ ਜੋ ਕਿ ਸਾਡੇ ਮਨ ਦਾ ਬੰਧਨ ਹੈ, ਤ੍ਰੈ ਗੁਣਾਂ ਵਾਲੀ ਸਮਝ ਵਾਲਾ ਬੰਧਨ ਹੈ ਜਿਸ ਮਨ ਦੇ ਬੰਧਨ ਵਿੱਚ ਰਹਿੰਦੇ ਹੋਏ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਚੌਥੇ ਪਦ ਦੇ ਗਿਆਨ ਵਾਲੀ ਗੁਰੂ ਦੀ ਗਹਿਰੀ ਸ਼ਬਦਾਂ ਦੀ ਵਿਚਾਰ ਨੂੰ ਨਹੀਂ ਸਮਝ ਸਕਦਾ ਤੇ ਗੁਰੂ ਦੇ ਵਿਚਾਰਾਂ ਤੋਂ ਉਲਟ ਚੱਲਦਾ ਹੈ ਭਾਵ ਮਨਮਤਿ ਦੁਆਰਾ ਵਿਚਰਦਾ ਹੈ। ਸਭ ਦੇ ਅੰਦਰ ਦਾ ਅਸਲ

56/7827

"ਦੁਖ" ਕੀ ਹੈ ਜੋ ਮਨੁੱਖ ਦੇ ਸਾਰੇ ਦੁੱਖਾਂ ਦਾ ਕਾਰਣ ਹੈ ਉਹ **"ਦੁਖ"** ਗਾਡ ਨਾਲੋਂ, ਪ੍ਰਮਾਤਮਾ ਨਾਲੋਂ, ਅੱਲ੍ਹਾ ਨਾਲੋਂ, ਅਕਾਲ ਪੁਰਖ ਨਾਲੋਂ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲੋਂ ਵਿਛੋੜੇ ਦਾ ਦੁੱਖ ਹੈ ਭਾਵ ਉਸਨੂੰ ਨਾ ਜਾਨਣ ਦਾ ਦੁੱਖ ਹੈ, ਉਸਦੇ ਨਾਲ ਮੇਲ ਨਾ ਹੋਣ ਦਾ ਦੁੱਖ

ਹੈ ਜੋ ਕਿ ਸਭ ਦੇ ਅੰਦਰ ਹੀ ਹੈ। ਜਿਸਦਾ ਇਹ ਦੁੱਖ ਦੂਰ ਹੋ ਜਾਂਦਾ ਹੈ ਭਾਵ ਜੋ ਮਨੁੱਖ ਸ੍ਰਿਸ਼ਟੀ ਦੇ ਮਾਲਕ, ਆਪਣੇ ਸਰੀਰ ਦੇ ਮਾਲਕ, ਆਪਣੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਸਨੂੰ ਫਿਰ ਸ੍ਰਿਸ਼ਟੀ ਦਾ ਕਰਤਾ ਮਨ ਦੇ ਹਰ ਦੁੱਖ ਵਿੱਚੋਂ ਕੱਢ ਲੈਂਦਾ ਹੈ ਭਾਵ ਫਿਰ ਉਸਨੂੰ ਸ੍ਰਿਸ਼ਟੀ ਦੇ ਕਰਤੇ ਦੀ ਰਜਾ ਅਨੁਸਾਰ ਚੱਲਣ ਤੇ ਭਾਵ ਸੱਚ ਦੇ ਮਾਰਗ ਤੇ ਚੱਲਣ ਵਿੱਚ, ਮਾਇਆ ਮੋਹ ਛੱਡਣ ਵਿੱਚ ਵੀ ਸੁੱਖ ਮਹਿਸੂਸ ਹੁੰਦਾ ਹੈ ਕਿਉਂਕਿ ਉਸਨੂੰ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਸੰਤੋਖ ਬਖਸ਼ ਦਿੰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ।

ਉਹ ਸਭ ਕੁੱਝ ਕਰਨ ਦੇ ਸਮਰਥ ਹੈ ਤੇ ਮਨੁੱਖ ਦੀ ਸਮਰਥਾ ਉਸਦੀ ਮਨ ਦੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ ਤੇ ਕਿਸੇ ਮਨੁੱਖੀ ਸਮਝ ਨੂੰ **"ਕਲਿ ਕਲੇਸ ਭੈ ਭ੍ਰਮ ਦੁਖ"** ਵਾਲੀ ਸਮਝ ਵਿੱਚੋਂ ਕੱਢਕੇ ਉਹ ਸ੍ਰਿਸ਼ਟੀ ਦਾ ਮਾਲਕ ਮਨ ਦੇ ਵਿੱਚ ਇਹ ਸੱਚੀ ਸਮਝ ਬਖਸ਼ਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ ਉਸ ਆਪਣੇ ਮਨੁੱਖੀ ਰੂਪ ਨੂੰ ਆਪ ਹੀ ਆਪਣਾ ਨਾਮ ਜਪਾਉਣ ਦੇ ਲਈ ਸਮਰਥ ਬਣਾਉਂਦਾ ਹੈ ਜਿਵੇਂ ਕਿ ਉਸਨੇ ਆਪਣੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਬਣਾਇਆ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। **(ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥੧॥ ਰਹਾਉ ॥ ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥ ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥ ਤਿਸੁ ਗੁਰ ਕਉ ਝੁਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥ ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥ ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥ ਜਿਨਿ ਗੁਰਿ ਮੋ ਕਉ ਦੀਨਾ ਜੀਉ ॥ ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥ ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥ ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥)**

ਉਹ ਆਪਣੀ ਉੱਚੀ ਕਲਾ ਵਰਤਾਉਣ ਦੁਆਰਾ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਕਿਸ ਤਰੀਕੇ ਆਪਣੀ ਭਗਤੀ ਦੀ ਸੱਚੀ ਸਮਝ ਪਾਉਂਦਾ ਹੈ ਤੇ ਆਪਣਾ ਨਾਮ ਜਪਾਉਣ ਲਈ ਸਮਰਥ ਬਣਾਉਂਦਾ ਹੈ ਇਸ ਗੱਲ ਨੂੰ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਵਿੱਚੋਂ ਕਾਫੀ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤੇ ਨਾਲ ਇਸ ਗੱਲ ਨੂੰ ਵੀ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸਾਡੇ ਅੰਦਰ ਤ੍ਰੈ ਗੁਣਾਂ ਦਾ ਬੰਧਨ ਕੀ ਹੈ ਤੇ ਉਸ ਆਪਣੇ ਪਾਏ ਹੋਏ ਬੰਧਨ ਵਿੱਚੋਂ ਸ੍ਰਿਸ਼ਟੀ ਦਾ ਕਰਤਾ ਕਿਸੀ ਮਨੁੱਖੀ ਸਮਝ ਨੂੰ ਕਿਸ ਤਰੀਕੇ ਮੁਕਤ ਕਰਦਾ ਹੈ ਜਿਸ ਤੋਂ ਮੁਕਤ ਹੋਏ ਬਿਨ੍ਹਾਂ ਹਰ ਕੋਈ ਮਨ ਦੇ ਦੁੱਖ ਵਿੱਚ ਰਹਿੰਦਾ ਹੈ ਭਾਵ ਮਨ ਦੇ ਵਿੱਚ ਅਸਲ ਸੁੱਖ ਦੀ ਪ੍ਰਾਪਤੀ ਤੋਂ ਦੂਰ ਰਹਿੰਦਾ ਹੈ ਜੋ ਸੱਚੇ ਸੁੱਖ ਦੀ ਪ੍ਰਾਪਤੀ ਕਿਸੇ ਨੂੰ ਮਨ ਦੇ ਵਿੱਚ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਉਸਦਾ ਸੱਚਾ ਗਿਆਨ ਮਿਲਣ ਦੁਆਰਾ ਹੀ, ਸਹਜ ਗਿਆਨ ਮਿਲਣ ਦੁਆਰਾ ਹੀ ਭਾਵ ਚੌਥੇ ਪਦ ਦਾ ਗਿਆਨ ਮਿਲਣ ਦੁਆਰਾ ਹੀ ਹੁੰਦੀ ਹੈ ਭਾਵ ਉਸਦਾ ਨਾਮ ਮਿਲਣ ਦੁਆਰਾ, ਉਸਦਾ ਬ੍ਰਹਮ ਗਿਆਨ ਮਿਲਣ ਦੁਆਰਾ ਹੀ ਹੁੰਦੀ ਹੈ ਜੋ ਬ੍ਰਹਮ

56/7828

ਗਿਆਨ ਦਾ ਮਾਲਕ ਆਪਣਾ ਬ੍ਰਹਮ ਗਿਆਨ ਦੇਣ ਲਈ ਕੇਵਲ ਤੇ ਕੇਵਲ ਬ੍ਰਹਮ ਗਿਆਨ ਦਾ ਮਾਲਕ ਆਪ ਹੀ ਸਮਰਥ ਹੈ ਜਿਸਨੇ ਆਪ ਹੀ ਗੁਰਬਾਣੀ ਦੀ ਰਚਨਾ ਕਰਨ ਵਾਲਿਆਂ ਨੂੰ ਇਹ ਸਮਰਥਾ ਬਖਸ਼ੀ ਹੈ।

ਸਲੋਕੁ ॥

{ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥}

(ਅੰਗ ੨੫੬)

ਪਉੜੀ ॥

{ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥ ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥

ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ ਜਾ ਕਾ ਤਸੂ ਨਹੀ ਸੰਗਿ ਚਾਲੈ ॥

ਉਆ ਡੇਰਾ ਕੀ ਸੋ ਮਿਤਿ ਜਾਨੈ ॥ ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥

ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥ ਨਾਨਕ ਤੇ ਜਨ ਨਹ ਡੋਲਾਇਆ ॥੨੯॥}

(ਅੰਗ ੨੫੬)

ਗਉੜੀ ਮਹਲਾ ੫ ॥

{ਆਠ ਪਹਰ ਸੰਗੀ ਬਟਵਾਰੇ ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥
ਐਸਾ ਹਰਿ ਰਸੁ ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥
ਮਹਾ ਤਪਤਿ ਸਾਗਰ ਸੰਸਾਰ ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥
ਅਨਿਕ ਬੰਧਨ ਤੋਰੇ ਨਹੀ ਜਾਹਿ ॥ ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥
ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥}

(ਅੰਗ ੧੯੬)

ਸਲੋਕੁ ॥

{ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥ ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧॥}

(ਅੰਗ ੨੮੨)

ਬਿਲਾਵਲੁ ਮਹਲਾ ੫ ॥

{ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ ॥ ਪਰਤਾਪੁ ਤੁਮ੍ਹਾਰਾ ਦੇਖਿ ਕੈ ਜਮਦੂਤ ਛਡਿ ਜਾਹਿ ॥੧॥
ਤੁਮ੍ਰੀ ਕ੍ਰਿਪਾ ਤੇ ਛੂਟੀਐ ਬਿਨਸੈ ਅਹੰਮੇਵ ॥ ਸਰਬ ਕਲਾ ਸਮਰਥ ਪ੍ਰਭ ਪੂਰੇ ਗੁਰਦੇਵ ॥੧॥ ਰਹਾਉ ॥
ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ ॥ ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ ਪੂਰੁ ॥੨॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ ॥
ਜਤ ਕਤ ਤੁਮ੍ ਭਰਪੂਰ ਹਹੁ ਮੇਰੇ ਦੀਨ ਦਇਆਲੀ ॥੩॥ ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ ॥
ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ ॥੪॥੧੨॥੪੨॥}

(ਅੰਗ ੮੧੧)

ਮਾਝ ਮਹਲਾ ੫ ॥

{ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥
ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥
ਸਤਿਗੁਰੁ ਮੇਰਾ ਵਡ ਸਮਰਥਾ ॥ ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥
ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥੨॥
ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ ॥ ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥
ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥੩॥
ਹਉ ਬਲਿਹਾਰੀ ਸਤਿਗੁਰ ਪੂਰੇ ॥ ਜਿਨਿ ਬੰਧਨ ਕਾਟੇ ਸਗਲੇ ਮੇਰੇ ॥
ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥੪॥੮॥੧੫॥}

(ਅੰਗ ੯੮-੯੯)

ਗਉੜੀ ਮਹਲਾ ੫ ॥

{ਤੁਮ ਹਰਿ ਸੇਤੀ ਰਾਤੇ ਸੰਤਹੁ ॥ ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ ॥੧॥ ਰਹਾਉ ॥
ਤੁਮਰਾ ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ ॥

ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ ॥੧॥
ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ ॥
ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ ॥੨॥
ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ ॥
ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ ॥੩॥
ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ ॥
ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ ॥੪॥੧੪॥੧੩੫॥}

(ਅੰਗ ੨੦੯)

ਦੇਵਗੰਧਾਰੀ ੫ ॥

{ਮਨ ਕਹ ਅਹੰਕਾਰਿ ਅਫਾਰਾ ॥ ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ ॥੧॥ ਰਹਾਉ ॥
ਜਿਨਿ ਕੀਆ ਤਿਸੁ ਸਿਮਰਿ ਪਰਾਨੀ ਜੀਉ ਪ੍ਰਾਨ ਜਿਨਿ ਧਾਰਾ ॥
ਤਿਸਹਿ ਤਿਆਗਿ ਅਵਰ ਲਪਟਾਵਹਿ ਮਰਿ ਜਨਮਹਿ ਮੁਗਧ ਗਵਾਰਾ ॥੧॥
ਅੰਧ ਗੁੰਗ ਪਿੰਗੁਲ ਮਤਿ ਹੀਨਾ ਪ੍ਰਭ ਰਾਖਹੁ ਰਾਖਨਹਾਰਾ ॥
ਕਰਨ ਕਰਾਵਨਹਾਰ ਸਮਰਥਾ ਕਿਆ ਨਾਨਕ ਜੰਤ ਬਿਚਾਰਾ ॥੨॥੧੧॥}

(ਅੰਗ ੫੩੦)

{ਪ੍ਰਭ ਕਰਣ ਕਾਰਣ ਸਮਰਥਾ ਰਾਮ ॥ ਰਖੁ ਜਗਤੁ ਸਗਲ ਦੇ ਹਥਾ ਰਾਮ ॥
ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ ॥ ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ ॥
ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ ॥
ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ ॥੧॥}

(ਅੰਗ ੫੭੮)

56/7829

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥

ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

{ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ ੨੧)

ਮਲਾਰ ਮਹਲਾ ੧ ॥

{ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥
ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥
ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥
ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥
ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥
ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥
ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥}

(ਅੰਗ ੧੨੫੬)

ਉਪਰ ਵਾਲੇ ਸ਼ਬਦਾਂ ਵਿੱਚੋਂ ਅਸੀਂ ਕੁੱਝ ਸ਼ਬਦਾਂ ਨੂੰ ਬਰੀਕੀ ਨਾਲ ਪਿੱਛੇ ਲੇਖ ਵਿੱਚ ਸਮਝਿਆ ਹੀ ਹੋਇਆ ਹੈ ਤੇ ਗੁਰੂ ਦੇ ਸਮਝਾਉਣ ਦਾ ਮਕਸਦ ਤਾਂ ਹਰ ਸ਼ਬਦ ਰਾਹੀਂ ਆਪਣਾ **"ਸਚੁ"** ਸਮਝਾਉਣ ਦਾ ਹੀ ਹੁੰਦਾ ਹੈ ਭਾਵੇਂ ਉਸ ਸ੍ਰਿਸ਼ਟੀ ਦੇ ਕਰਤੇ ਦੇ ਸਮਝਾਏ ਹੋਏ ਸੱਚ ਨੂੰ ਉਸਦੇ ਜਿਹੜੇ ਮਰਜੀ ਸੱਚ ਰੂਪ ਸ਼ਬਦ ਰਾਹੀਂ ਸਮਝ ਲਈਏ ਕਿਉਂਕਿ ਉਹ ਆਪਣੇ ਸ਼ਬਦਾਂ ਦੇ ਸੱਚ ਰੂਪ ਵਿੱਚ ਹੀ ਗੁਰੂ ਹੈ ਜੋ ਆਪਣੇ ਸੱਚ ਰੂਪ ਦੁਆਰਾ ਸੰਸਾਰ ਦਾ ਹਰ ਭਰਮ ਕੱਢਣ ਵਿੱਚ ਸਮਰਥ ਹੈ ਭਾਵ ਉਹ ਸੱਚੇ ਗਿਆਨ ਦਾ ਮਾਲਕ ਮਨੁੱਖ ਦੀ ਅਗਿਆਨਤਾ ਵਾਲੀ ਸਮਝ ਨੂੰ ਕੱਢਣ ਵਿੱਚ ਪੂਰਨ ਸਮਰਥ ਹੈ ਤੇ ਉਸਨੇ ਆਪਣੀ ਉੱਚੀ ਸਮਰਥਾ ਦੁਆਰਾ ਹੀ ਹਰ ਮਨੁੱਖੀ ਸਮਝ ਨੂੰ ਮਨ ਦੀ ਅਗਿਆਨਤਾ ਵਿੱਚ ਰੱਖਿਆ ਹੋਇਆ ਹੈ, ਭਰਮਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ, ਹਉਮੈ ਵਿੱਚ ਰੱਖਿਆ ਹੋਇਆ ਹੈ, ਤ੍ਰੈ ਗੁਣਾਂ ਵਿੱਚ ਰੱਖਿਆ ਹੋਇਆ ਹੈ, ਮਾਇਆ ਦੀ ਛਲ ਵਿੱਚ ਰੱਖਿਆ ਹੋਇਆ ਹੈ, ਮਨ ਦੀ ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ। ਉਹ ਸਭ ਕੁੱਝ ਕਰਨ ਦੇ ਸਮਰਥ ਹੈ ਜੋ ਉਸਦੀ ਸਮਰਥਾ ਨੂੰ ਕੋਈ ਉਸਨੂੰ ਮਨ ਦੇ ਵਿੱਚੋਂ ਜਾਨਣ ਦੁਆਰਾ ਹੀ ਸਮਝ ਸਕਦਾ ਹੈ ਜਿਵੇਂ ਕਿ ਉਸਦੀ ਇਸ ਸਮਰਥਾ ਨੂੰ ਉਸਦੇ ਸੱਚੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਸਮਝਿਆ ਹੈ ਤੇ ਇਸ ਨਿਮਾਣੇ ਜਿਹੇ ਦਾਸ ਨੇ ਸਮਝਿਆ ਹੈ ਜਿਸ ਉਸਦੀ ਸਮਰਥਾ ਬਖਸ਼ਣ ਦੇ ਨਾਲ ਹੀ ਤੁਸੀਂ ਸਾਰੇ ਗੁਰਬਾਣੀ ਦੇ ਸ਼ਬਦਾਂ ਦੇ ਸੱਚੇ ਅਰਥ ਜਾਣ ਰਹੇ ਹੋ ਭਾਵ ਚੌਥੇ ਪਦ ਦੇ ਗਿਆਨ ਵਾਲੇ ਅਰਥਾਂ ਨੂੰ ਜਾਣ ਰਹੇ ਹੋ, ਗੁਰੂ ਦੇ ਸੱਚੇ ਨਾਮ ਨੂੰ ਜਾਣ ਰਹੇ ਹੋ ਭਾਵ ਨਾਮ ਦਰਸ਼ਨ ਕਰ ਰਹੇ ਹੋ। ਬਹੁਤ ਔਖੇ ਹਨ, ਬਹੁਤ ਔਖੇ ਹਨ, ਬਹੁਤ ਔਖੇ ਹਨ ਨਾਮ ਦੇ ਦਰਸ਼ਨ ਕਰਨੇ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਜਾਣ ਲੈਣਾ, ਗੁਰਮਤਿ ਦੀ ਸੱਚੀ ਸਮਝ ਨੂੰ ਜਾਣ ਲੈਣਾ ਭਾਵ ਨਾਮ

ਦੇ ਮਾਲਕ, ਸ਼ਬਦਾਂ ਦੀ ਵਿਚਾਰ ਦੇ ਮਾਲਕ ਨਿਰੰਕਾਰ ਰੂਪ ਨੂੰ, ਬ੍ਰਹਮ ਗਿਆਨ ਦੇ ਮਾਲਕ ਨੂੰ ਭਾਵ ਇਸ ਸਰੀਰ ਦੇ ਮਾਲਕ ਨੂੰ, ਸ੍ਰਿਸ਼ਟੀ ਦੇ ਰਚਨਹਾਰ ਨੂੰ ਆਪ ਅੰਦਰੋਂ ਜਾਣ ਲੈਣਾ। ਸ੍ਰਿਸ਼ਟੀ ਦੇ ਕਿਸੇ ਵੀ ਮਨੁੱਖ ਤੇ ਇਹ ਉਸਤੇ ਇਸ ਸ੍ਰਿਸ਼ਟੀ ਦੇ ਮਾਲਕ ਦੀ ਸਭ ਤੋਂ ਵੱਡੀ ਕ੍ਰਿਪਾ ਹੈ ਕਿ ਉਹ ਨਾਮ ਦੇ ਮਾਲਕ ਦੇ ਆਪਣੇ ਅੰਦਰੋਂ ਦਰਸ਼ਨ ਕਰ ਸਕੇ ਤੇ ਉਸਦੇ ਕੋਲੋਂ ਸ਼ਬਦਾਂ ਦੇ ਸੱਚੇ ਅਰਥ ਸਮਝ ਕੇ ਉਸ ਦੁਆਰਾ ਪੂਰੇ ਗੁਰਬਾਣੀ ਗ੍ਰੰਥ ਵਿੱਚ ਸ਼ਬਦਾਂ ਦੇ ਅੰਦਰ ਦੀ ਸਮਝ ਦੇ ਨਾਮ ਰੂਪ ਦੇ ਕਿਸੇ ਨੂੰ ਦਰਸ਼ਨ ਕਰਵਾ ਸਕੇ ਭਾਵ ਸ਼ਬਦਾਂ ਦੇ ਅੰਦਰ

ਦੀ ਸੱਚੀ ਸੋਝੀ ਪਾ ਸਕੇ।

ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਭਾਵ ਆਪਣੇ ਨਾਮ ਦੇ ਰੂਪ ਵਿੱਚ ਭਾਵ ਆਪਣੇ ਬ੍ਰਹਮ ਗਿਆਨ ਦੇ ਰੂਪ ਵਿੱਚ ਆਪ ਹੀ ਗੁਰੂ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਪਿਛਲੇ ਮੁੱਖ ਸ਼ਬਦ ਦੁਆਰਾ ਅਸੀਂ ਉਸ ਗੁਰੂ ਨੂੰ ਪੱਖਾ ਝੁਲਾਉਣਾ ਕੀ ਹੈ, ਉਸਦੇ ਗ੍ਰਹਿ ਤੇ ਪਾਣੀ ਢੋਣਾ ਕੀ ਹੈ, ਉਸਦੇ ਗ੍ਰਹਿ ਤੇ ਪੀਸਣ ਪੀਸਣਾ ਕੀ ਹੈ ਭਾਵ ਗੁਰੂ ਦੇ ਘਰ ਦਾ ਭੋਜਨ ਕੀ ਹੈ, ਉਸਦੀ ਕ੍ਰਿਪਾ ਦੁਆਰਾ ਆਪਣੇ ਵੈਰੀਆਂ ਨੂੰ ਮਿੱਤਰ ਬਨਾਉਣਾ ਕੀ ਹੈ ਇਸ ਗੱਲ ਨੂੰ ਸਮਝਿਆ ਹੈ ਤੇ ਇਨ੍ਹਾਂ ਗੱਲਾਂ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਦ੍ਰਿੜ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿੱਚੋਂ ਬਹੁਤੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤਾਂ ਜੋ ਸਾਨੂੰ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ ਕਿਉਂਕਿ ਗੁਰੂ ਦੇ ਹਰ ਸ਼ਬਦ ਦਾ ਮਕਸਦ ਮਨੁੱਖ ਨੂੰ ਧਰਮ ਦੇ ਮਾਰਗ ਦਾ ਸੱਚ ਸਮਝਾਉਣ ਦੁਆਰਾ ਉਸਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੀ ਹੁੰਦਾ ਹੈ ਜਿਨ੍ਹਾਂ ਮਨ ਦੇ ਭਰਮਾਂ ਕਰਕੇ ਹਰ ਕੋਈ ਸ਼ਬਦਾਂ ਦੇ ਅੰਦਰ ਦੀ ਸਮਝਾਈ ਹੋਈ ਸੱਚੀ ਗੁਰਮਤਿ ਦੇ ਉਲਟ ਚੱਲਦਾ ਹੈ ਭਾਵ ਮਨਮਤਿ ਵਰਤਦਾ ਹੈ ਭਾਵ ਆਪਣੀ ਹਉਮੈ ਦੁਆਰਾ ਨਾਮ ਦੀ ਵਿਰੋਧਤਾ ਕਰਦਾ ਹੈ।

{ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥੯॥ ਮੈ ਬਧੀ ਸਚੁ ਧਰਮ ਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥
ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥ ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥
ਦੇ ਕੰਨੁ ਸੁਣਹੁ ਅਰਦਾਸਿ ਜੀਉ ॥ ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥
ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥
ਬੋਲਾਇਆ ਬੋਲੀ ਖਸਮ ਦਾ ॥ ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥
ਤੇਰਿਆ ਭਗਤਾ ਭੁਖ ਸਦ ਤੇਰੀਆ ॥ ਹਰਿ ਲੋਚਾ ਪੂਰਨ ਮੇਰੀਆ ॥
ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥ ਤੁਧੁ ਜੇਵਡੁ ਅਵਰੁ ਨ ਭਾਲਿਆ ॥
ਤੂੰ ਦੀਪ ਲੋਅ ਪਇਆਲਿਆ ॥ ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥
ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ ਵਾਤ ਵਜਨਿ ਟੰਮਕ ਭੇਰੀਆ ॥
ਮਲ ਲਥੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥
ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥ ਤੂੰ ਵਰਨਾ ਚਿਹਨਾ ਬਾਹਰਾ ॥
ਹਰਿ ਦਿਸਹਿ ਹਾਜਰੁ ਜਾਹਰਾ ॥ ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥
ਮੈ ਜੁਗਿ ਜੁਗਿ ਦਯੈ ਸੇਵੜੀ ॥ ਗੁਰਿ ਕਟੀ ਮਿਹਡੀ ਜੇਵੜੀ ॥
ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥੨॥੨੯॥}

(ਅੰਗ ੭੩-੭੪)

ਆਸਾ ਮਹਲਾ ੫ ॥

{ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥

ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥੧॥
ਸਾਈ ਸੁਹਾਗਣਿ ਜੋ ਪ੍ਰਭ ਭਾਈ ॥ ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥੧॥ ਰਹਾਉ ॥
ਦਾਸਨਿ ਦਾਸੀ ਕੀ ਪਨਿਹਾਰਿ ॥ ਉਨ੍ ਕੀ ਰੇਣੁ ਬਸੈ ਜੀਅ ਨਾਲਿ ॥ ਮਾਥੈ ਭਾਗੁ ਤ ਪਾਵਉ ਸੰਗੁ ॥
ਮਿਲੈ ਸੁਆਮੀ ਅਪੁਨੈ ਰੰਗਿ ॥੨॥ ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰਪਉ ਸਭ ਹੋਮਾ ॥
ਗਰਬੁ ਮੋਹੁ ਤਜਿ ਹੋਵਉ ਰੇਨ ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ ॥੩॥ ਨਿਮਖ ਨਿਮਖ ਏਹੀ ਆਰਾਧਉ ॥
ਦਿਨਸੁ ਰੈਣਿ ਏਹ ਸੇਵਾ ਸਾਧਉ ॥ ਭਏ ਕ੍ਰਿਪਾਲ ਗੁਪਾਲ ਗੋਬਿੰਦ ॥ ਸਾਧਸੰਗਿ ਨਾਨਕ ਬਖਸਿੰਦ ॥੪॥੩੩॥੮੪॥}

(ਅੰਗ ੩੯੧)

ਆਸਾ ਮਹਲਾ ੫ ॥

{ਮੀਠੀ ਆਗਿਆ ਪਿਰ ਕੀ ਲਾਗੀ ॥ ਸਉਕਨਿ ਘਰ ਕੀ ਕੰਤਿ ਤਿਆਗੀ ॥
ਪ੍ਰਿਅ ਸੋਹਾਗਨਿ ਸੀਗਾਰਿ ਕਰੀ ॥ ਮਨ ਮੇਰੇ ਕੀ ਤਪਤਿ ਹਰੀ ॥੧॥ ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥
ਸੂਖੁ ਸਹਜੁ ਇਸੁ ਘਰ ਕਾ ਜਾਨਿਆ ॥ ਰਹਾਉ ॥ ਹਉ ਬੰਦੀ ਪ੍ਰਿਅ ਖਿਜਮਤਦਾਰ ॥
ਓਹੁ ਅਬਿਨਾਸੀ ਅਗਮ ਅਪਾਰ ॥ ਲੇ ਪਖਾ ਪ੍ਰਿਅ ਝਲਉ ਪਾਏ ॥ ਭਾਗਿ ਗਏ ਪੰਚ ਦੂਤ ਲਾਵੇ ॥੨॥
ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥ ਮੋਹਿ ਅਨਾਥ ਗਰੀਬ ਨਿਮਾਨੀ ॥
ਕੰਤ ਪਕਰਿ ਹਮ ਕੀਨੀ ਰਾਨੀ ॥੩॥ ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥
ਕਹੁ ਨਾਨਕ ਮੋਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥੪॥੧॥੯੫॥}

(ਅੰਗ ੩੯੪)

56/7831

ਪਉੜੀ ॥

{ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥ ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥
ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥ ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥
ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥ ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥
ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥ ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ ॥੩॥}

(ਅੰਗ ੫੧੮)

{ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥
ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥
ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥
ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥੪॥}

(ਅੰਗ ੫੬੧-੫੬੨)

ਧਨਾਸਰੀ ਮਹਲਾ ੫ ॥

{ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥
ਸਾਸਿ ਸਾਸਿ ਮਨੁ ਨਾਮੁ ਸਮ੍ਹਾਰੈ ਇਹੁ ਬਿਸ੍ਰਾਮ ਨਿਧਿ ਪਾਈ ॥੧॥ ਤੁਮ੍ ਕਰਹੁ ਦਇਆ ਮੇਰੇ ਸਾਈ ॥
ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥੧॥ ਰਹਾਉ ॥

ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ ਭਰਮਾਈ ॥
ਅਨਦ ਰੂਪੁ ਰਵਿਓ ਸਭ ਮਧੇ ਜਤ ਕਤ ਪੇਖਉ ਜਾਈ ॥੨॥
ਤੁਮ੍ ਦਇਆਲ ਕਿਰਪਾਲ ਕ੍ਰਿਪਾ ਨਿਧਿ ਪਤਿਤ ਪਾਵਨ ਗੋਸਾਈ ॥
ਕੋਟਿ ਸੂਖ ਆਨੰਦ ਰਾਜ ਪਾਏ ਮੁਖ ਤੇ ਨਿਮਖ ਬੁਲਾਈ ॥੩॥
ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ ॥
ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ ਨਾਨਕ ਤ੍ਰਿਪਤਿ ਅਘਾਈ ॥੪॥੧੦॥}

(ਅੰਗ ੬੭੩)

ਸੂਹੀ ਮਹਲਾ ੫ ॥

{ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥ ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥
ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥ ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩॥
ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥}

(ਅੰਗ ੭੪੯)

ਬਿਲਾਵਲੁ ਮਹਲਾ ੫ ॥

{ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥ ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥
ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥ ਮਾਇਆਧਾਰੀ ਛੜਪਤਿ ਤਿਨ੍ ਛੋਡਉ ਤਿਆਗਿ ॥੧॥ ਰਹਾਉ ॥
ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥
ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥
ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥
ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ॥ ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥੫॥੧੪॥੪੪॥}

(ਅੰਗ ੮੧੧)

ਰਾਮਕਲੀ ਮਹਲਾ ੪ ॥

{ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥
ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥੧॥ ਰਾਮ ਮੋ ਕਉ ਹਰਿ ਜਨ ਕਾਰੈ ਲਾਈਐ॥
ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥੧॥ ਰਹਾਉ ॥
ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ ॥
ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ ॥੨॥
ਸਤਗੁਰ ਸਰਣਿ ਪਰੇ ਤਿਨ ਪਾਇਆ ਮੇਰੇ ਠਾਕੁਰ ਲਾਜ ਰਖਾਈਐ ॥

ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ ਜਿਉ ਬਗੁਲ ਸਮਾਧਿ ਲਗਾਈਐ ॥੩॥
ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥
ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ ॥੪॥੪॥}

(ਅੰਗ ੮੮੧)

ਮਾਰੂ ਮਹਲਾ ੧ ॥

{ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥ ਤੇਰੇ ਲਾਲੇ ਕਿਆ ਚਤੁਰਾਈ ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥ ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥}

(ਅੰਗ ੯੯੧)

{ਨਿਰਗੁਣ ਕਉ ਸੰਗਿ ਲੇਹੁ ਰਲਾਏ ॥ ਕਰਿ ਕਿਰਪਾ ਮੋਹਿ ਟਹਲੈ ਲਾਏ ॥
ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥੧੩॥
ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥ ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥
ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥੧੪॥
ਭਏ ਕ੍ਰਿਪਾਲ ਗੁਸਾਈ ਮੇਰੇ ॥ ਦਰਸਨੁ ਪਾਇਆ ਸਤਿਗੁਰ ਪੂਰੇ ॥
ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ ॥੧੫॥੨॥੭॥}

(ਅੰਗ ੧੦੭੮)

ਪਉੜੀ ॥

{ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥ ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥
ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥ ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ॥
ਗੁਰਿ ਬਖਸਿਆ ਨਾਮੁ ਨਿਧਾਨੁ ਸਭੋ ਦੁਖੁ ਲਥਾ ॥ ਭੋਗਹੁ ਭੁੰਚਹੁ ਭਾਈਹੋ ਪਲੈ ਨਾਮੁ ਅਗਥਾ ॥
ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰ ਕਥਾ॥ ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਭਉ ਲਥਾ ॥੨੦॥}

(ਅੰਗ ੧੧੦੧)

56/7832

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

ਪਉੜੀ ॥

{ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ}

(ਅੰਗ ੧੫੦)

ਗਉੜੀ ਗੁਆਰੇਰੀ ਮਹਲਾ ੫ ॥

{ਮਨੁ ਮੰਦਰੁ ਤਨੁ ਸਾਜੀ ਬਾਰਿ ॥ ਇਸ ਹੀ ਮਧੇ ਬਸਤੁ ਅਪਾਰ ॥
ਇਸ ਹੀ ਭੀਤਰਿ ਸੁਨੀਅਤ ਸਾਹੁ ॥ ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥੧॥
ਨਾਮ ਰਤਨ ਕੋ ਕੋ ਬਿਉਹਾਰੀ ॥ ਅੰਮ੍ਰਿਤ ਭੋਜਨੁ ਕਰੇ ਆਹਾਰੀ ॥੧॥ ਰਹਾਉ ॥
ਮਨੁ ਤਨੁ ਅਰਪੀ ਸੇਵ ਕਰੀਜੈ ॥ ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥
ਪਾਇ ਲਗਉ ਤਜਿ ਮੇਰਾ ਤੇਰੈ ॥ ਕਵਨੁ ਸੁ ਜਨੁ ਜੋ ਸਉਦਾ ਜੋਰੈ ॥੨॥
ਮਹਲੁ ਸਾਹ ਕਾ ਕਿਨ ਬਿਧਿ ਪਾਵੈ ॥ ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥
ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ ॥ ਕਵਨੁ ਸੁ ਦਾਤਾ ਲੇ ਸੰਚਾਰੇ ॥੩॥
ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥
ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੮੫॥}

(ਅੰਗ ੧੮੦- ੧੮੧)

{ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥
ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥}

(ਅੰਗ ੨੨੧)

{ਰਮਈਆ ਕੇ ਗੁਨ ਚੇਤਿ ਪਰਾਨੀ ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥
ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥
ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥੧॥}

(ਅੰਗ ੨੬੬-੨੬੭)

{ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥
ਬ੍ਰਹਮ ਗਿਆਨੀ ਸਦਾ ਸਮਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥}

(ਅੰਗ ੨੭੨-੨੭੩)

{ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥ ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥}

(ਅੰਗ ੪੪੦-੪੪੧)

ਗੂਜਰੀ ਮਹਲਾ ੫ ॥

{ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥੧॥
ਮਾਈ ਖਾਟਿ ਆਇਓ ਘਰਿ ਪੂਤਾ ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ॥
ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥
ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥
ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥
ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥}

(ਅੰਗ ੪੯੫-੪੯੬)

ਪਉੜੀ ॥

{ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ ॥ ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ ॥
ਅੰਮ੍ਰਿਤੁ ਭੋਜਨੁ ਨਾਮੁ ਹਰਿ ਰਜਿ ਰਜਿ ਜਨ ਖਾਹੁ ॥ ਸਭਿ ਪਦਾਰਥ ਪਾਈਅਨਿ ਸਿਮਰਣੁ ਸਚੁ ਲਾਹੁ ॥
ਸੰਤ ਪਿਆਰੇ ਪਾਰਬ੍ਰਹਮ ਨਾਨਕ ਹਰਿ ਅਗਮ ਅਗਾਹੁ ॥੨੦॥}

(ਅੰਗ ੫੫੬)

ਪਉੜੀ ॥

{ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥
ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ ॥
ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥
ਹਰਿ ਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ ॥
ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ ॥੧੭॥}

(ਅੰਗ ੫੯੩)

56/7833

ਸੋਰਠਿ ਮਹਲਾ ੫ ॥

{ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥ ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥
ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥
ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥
ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥
ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥}

(ਅੰਗ ੬੧੧)

ਸਲੋਕੁ ਮਃ ੩ ॥

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥ ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥}

(ਅੰਗ ੬੪੫)

ਪਉੜੀ ॥

{ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥ ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ ॥
ਅੰਮ੍ਰਿਤੁ ਨਾਮੁ ਨਿਧਾਨੁ ਭੋਜਨੁ ਖਾਇਆ ॥ ਸੰਤ ਜਨਾ ਕੀ ਧੂਰਿ ਮਸਤਕਿ ਲਾਇਆ ॥
ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ ॥੨੬॥}

(ਅੰਗ ੬੫੨-੬੫੩)

ਭੈਰਉ ਮਹਲਾ ੫ ॥

{ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥ ਸਹਜ ਬਿਨੋਦ ਚੋਜ ਆਨੰਤਾ ॥
ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥੧॥ ਕਹੁ ਨਾਨਕ ਕੀਰਤਿ ਹਰਿ ਸਾਚੀ ॥
ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥੧॥ ਰਹਾਉ ॥ ਅਚਿੰਤ ਹਮਾਰੈ ਭੋਜਨ ਭਾਉ ॥
ਅਚਿੰਤ ਹਮਾਰੈ ਲੀਚੈ ਨਾਉ ॥ ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥੨॥
ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੈ ਲਥੇ ਵਿਸੂਰੇ ॥ ਅਚਿੰਤ ਹਮਾਰੈ ਬੈਰੀ ਮੀਤਾ ॥
ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥੩॥ ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥
ਅਚਿੰਤ ਹਮਾਰੀ ਪੂਰਨ ਆਸਾ ॥ ਅਚਿੰਤ ਹਮ੍ਰਾ ਕਉ ਸਗਲ ਸਿਧਾਂਤੁ ॥ ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥
ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥ ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥
ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥ ਅਚਿੰਤ ਮਿਟਿਓ ਹੈ ਸਗਲੋ ਭਰਮਾ ॥

ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥ ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥੬॥
ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥ ਅਚਿੰਤੋ ਉਪਜਿਓ ਸਗਲ ਬਿਬੇਕਾ ॥
ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥ ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥
ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥ ਚਿੰਤ ਅਚਿੰਤਾ ਸਗਲੀ ਗਈ ॥
ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥}

(ਅੰਗ ੧੧੫੭)

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥
ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥੧॥ ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥
ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥੧॥ ਰਹਾਉ ॥
ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥
ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥
ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥੩॥
ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥
ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥੪॥੧॥}

(ਅੰਗ ੧੨੬੬)

ਪ੍ਰਭਾਤੀ ਮਹਲਾ ੩ ॥

{ਮੇਰੇ ਮਨ ਗੁਰੁ ਅਪਣਾ ਸਾਲਾਹਿ ॥ ਪੂਰਾ ਭਾਗੁ ਹੋਵੈ ਮੁਖਿ ਮਸਤਕਿ ਸਦਾ ਹਰਿ ਕੇ ਗੁਣ ਗਾਹਿ ॥੧॥ ਰਹਾਉ॥
ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ ਕੋਟਿ ਮਧੇ ਕੋਈ ਵਿਰਲਾ ਲੇਇ ॥ ਜਿਸ ਨੋ ਅਪਣੀ ਨਦਰਿ ਕਰੇਇ ॥੧॥
ਗੁਰ ਕੇ ਚਰਣ ਮਨ ਮਾਹਿ ਵਸਾਇ ॥ ਦੁਖੁ ਅਨ੍ਹੇਰਾ ਅੰਦਰਹੁ ਜਾਇ ॥ ਆਪੇ ਸਾਚਾ ਲਏ ਮਿਲਾਇ ॥੨॥
ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥ ਐਥੈ ਓਥੈ ਏਹੁ ਅਧਾਰੁ ॥ ਆਪੇ ਦੇਵੈ ਸਿਰਜਨਹਾਰੁ ॥੩॥
ਸਚਾ ਮਨਾਏ ਅਪਣਾ ਭਾਣਾ ॥ ਸੋਈ ਭਗਤੁ ਸੁਘੜੁ ਸੁਜਾਣਾ ॥
ਨਾਨਕੁ ਤਿਸ ਕੈ ਸਦ ਕੁਰਬਾਣਾ ॥੪॥੭॥੧੭॥੭॥੨੪॥}

(ਅੰਗ ੧੩੩੪-੧੩੩੫)

ਸਲੋਕ ਮਃ ੩ ॥

{ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥
ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥ ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੧॥}

(ਅੰਗ ੯੪੯)

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥

{ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥
ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥ ਮਾਤਾ ਭੈਸਾ ਅੰਮੁਹਾ ਜਾਇ ॥
ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥ ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥
ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥}

(ਅੰਗ ੩੨੬)

{ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥}

(ਅੰਗ ੭੮੩)

56/7834

ਸੋਰਠਿ ਮਹਲਾ ੫ ਪੰਚਪਦਾ ॥

{ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ ॥੧॥ ਸੰਤਹੁ ਇਹਾ ਬਤਾਵਹੁ ਕਾਰੀ ॥
ਜਿਤੁ ਹਉਮੈ ਗਰਬੁ ਨਿਵਾਰੀ ॥੧॥ ਰਹਾਉ ॥ ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ ॥੨॥
ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥੩॥
ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥}

(ਅੰਗ ੬੧੬)

ਰਾਗੁ ਸੂਹੀ ਮਹਲਾ ੪ ਘਰੁ ੧
ੴ ਸਤਿਗੁਰ ਪ੍ਰਸਾਦਿ ॥

{ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ ॥
ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੇ ॥੧॥ ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ ॥
ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ ॥੧॥ ਰਹਾਉ ॥
ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥੨॥
ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ ॥
ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ ॥੩॥
ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥੪॥੧॥}

(ਅੰਗ ੭੩੧)

ਗੂਜਰੀ ਮਹਲਾ ੪ ਘਰੁ ੨
ੴ ਸਤਿਗੁਰ ਪ੍ਰਸਾਦਿ ॥

{ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ ॥
ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ ॥੧॥
ਮਨ ਰੇ ਹਰਿ ਕੀਰਤਿ ਤਰੁ ਤਾਰੀ ॥ ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ ਜਿਨ ਕਉ ਕ੍ਰਿਪਾ ਤੁਮਾਰੀ ॥ ਰਹਾਉ॥
ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ ॥

ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ ॥੨॥
ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ ॥ ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ ॥੩॥
ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ ॥
ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ ॥੪॥
ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ ॥੫॥
ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਣਿਆਧਾਰੀ ॥
ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ ॥੬॥
ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ ॥
ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ ॥੭॥
ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ ॥
ਨਾਨਕ ਹਰਿ ਬਿਨੁ ਅਵਰੁ ਨ ਮਾਗਉ ਹਰਿ ਰਸ ਪ੍ਰੀਤਿ ਪਿਆਰੀ ॥੮॥੧॥੭॥}

(ਅੰਗ ੫੦੬-੫੦੭)

{ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ ॥੪॥੨॥}

(ਅੰਗ ੮੪੬)

ਰਾਗੁ ਗਉੜੀ ਚੇਤੀ ॥

{ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ ੩੩੧-੩੩੨)

ਪਉੜੀ ॥

{ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥
ਲਖਮੀ ਤੋਟਿ ਨ ਆਵਣੀ ਖਾਇ ਖਰਚਿ ਰਹੰਦਾ ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥
ਏਹ ਵੈਰੀ ਮਿਤ੍ ਸਭਿ ਕੀਤਿਆ ਨਹ ਮੰਗਹਿ ਮੰਦਾ ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥
ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥ ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥}

(ਅੰਗ ੧੦੯੬)

ਪਉੜੀ ॥

{ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥
ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥
ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥}

(ਅੰਗ ੫੯੪)

{ਜੈਸੇ ਮੀਨੁ ਰਸਨ ਸਾਦਿ ਬਿਨਸਿਓ ਓਹੁ ਮੂਠੌ ਮੂੜ ਲੋਭਾਇਲੇ ॥
ਤੂ ਹੋਆ ਪੰਚ ਵਾਸਿ ਵੈਰੀ ਕੈ ਛੂਟਹਿ ਪਰੁ ਸਰਨਾਇਲੇ ॥੩॥
ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਸਭਿ ਤੁਮ੍ਰੇ ਜੀਅ ਜੰਤਾਇਲੇ ॥
ਪਾਵਉ ਦਾਨੁ ਸਦਾ ਦਰਸੁ ਪੇਖਾ ਮਿਲੁ ਨਾਨਕ ਦਾਸ ਦਸਾਇਲੇ ॥੪॥੨॥}

(ਅੰਗ ੮੬੨)

ਮਃ ੫ ॥

{ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ ॥ ਗੁਰਿ ਪੂਰੈ ਦੇਖਾਲਿਆ ਵਿਣੁ ਨਾਵੈ ਸਭ ਬਾਦਿ ॥
ਸਾਕਤ ਦੁਰਜਨ ਭਰਮਿਆ ਜੋ ਲਗੇ ਦੂਜੈ ਸਾਦਿ ॥
ਜਨ ਨਾਨਕਿ ਹਰਿ ਪ੍ਰਭੁ ਬੁਝਿਆ ਗੁਰ ਸਤਿਗੁਰ ਕੈ ਪਰਸਾਦਿ ॥੨॥}

(ਅੰਗ ੯੫੭)

56/7835

ਪਉੜੀ ॥

{ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ ॥
ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ ॥ ਓਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ॥
ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ ॥ ਓਸੁ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ ॥
ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ ॥ ਹੋਆ ਓਹੀ ਅਲੁ ਜਗ ਮਹਿ ਗੁਰ ਗਿਆਨੁ ਜਪਾਈ ॥
ਪੂਰਬਿ ਲਿਖਿਆ ਪਾਇਆ ਹਰਿ ਸਿਉ ਬਣਿ ਆਈ ॥੧੬॥}

(ਅੰਗ ੧੧੦੦)

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

ਗਉੜੀ ਮਹਲਾ ੫ ॥

{ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ ॥
ਸਾਧਸੰਗਤਿ ਮਿਲਿ ਹਰਿ ਰਵਹਿ ਸੇ ਗੁਣੀ ਗਹੀਰ ॥੧॥ ਰਹਾਉ ॥ ਜਾ ਕਉ ਗੁਰਮੁਖਿ ਰਿਦੈ ਬੁਧਿ ॥
ਤਾ ਕੈ ਕਰ ਤਲ ਨਵ ਨਿਧਿ ਸਿਧਿ ॥੧॥ ਜੋ ਜਾਨਹਿ ਹਰਿ ਪ੍ਰਭ ਧਨੀ ॥
ਕਿਛੁ ਨਾਹੀ ਤਾ ਕੈ ਕਮੀ ॥੨॥ ਕਰਣੈਹਾਰੁ ਪਛਾਨਿਆ ॥ ਸਰਬ ਸੂਖ ਰੰਗ ਮਾਣਿਆ ॥੩॥
ਹਰਿ ਧਨੁ ਜਾ ਕੈ ਗ੍ਰਿਹਿ ਵਸੈ ॥ ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥੪॥੯॥੧੪੭॥}

(ਅੰਗ ੨੧੨)

{ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥}

(ਅੰਗ ੨੮੬-੨੮੭)

ਆਸਾ ਮਹਲਾ ੫ ॥

{ਨਿਜ ਭਗਤੀ ਸੀਲਵੰਤੀ ਨਾਰਿ ॥ ਰੂਪਿ ਅਨੂਪ ਪੂਰੀ ਆਚਾਰਿ ॥
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ ॥ ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ ॥੧॥
ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ ॥ ਜਜਿ ਕਾਜਿ ਪਰਥਾਇ ਸੁਹਾਈ ॥੧॥ ਰਹਾਉ ॥
ਜਿਚਰੁ ਵਸੀ ਪਿਤਾ ਕੈ ਸਾਥਿ ॥ ਤਿਚਰੁ ਕੰਤੁ ਬਹੁ ਫਿਰੈ ਉਦਾਸਿ ॥
ਕਰਿ ਸੇਵਾ ਸਤ ਪੁਰਖੁ ਮਨਾਇਆ ॥ ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ ॥੨॥
ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥ ਆਗਿਆਕਾਰੀ ਸੁਘੜ ਸਰੂਪ ॥ ਇਛ ਪੂਰੇ ਮਨ ਕੰਤ ਸੁਆਮੀ ॥
ਸਗਲ ਸੰਤੋਖੀ ਦੇਰ ਜੇਠਾਨੀ ॥੩॥ ਸਭ ਪਰਵਾਰੈ ਮਾਹਿ ਸਰੇਸਟ ॥ ਮਤੀ ਦੇਵੀ ਦੇਵਰ ਜੇਸਟ ॥
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥ ਜਨ ਨਾਨਕ ਸੁਖੇ ਸੁਖਿ ਵਿਹਾਇ ॥੪॥੩॥}

(ਅੰਗ ੩੭੦-੩੭੧)

{ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥ ਜਾ ਕੈ ਗ੍ਰਿਹਿ ਹਰਿ ਨਾਹੁ ਸੁ ਸਦ ਹੀ ਰਾਵਏ ॥
ਅਵਿਨਾਸੀ ਅਵਿਗਤੁ ਸੋ ਪ੍ਰਭੁ ਸਦਾ ਨਵਤਨੁ ਨਿਰਮਲਾ ॥

ਨਹ ਦੂਰਿ ਸਦਾ ਹਦੂਰਿ ਠਾਕੁਰੁ ਦਹ ਦਿਸ ਪੂਰਨੁ ਸਦ ਸਦਾ ॥
ਪ੍ਰਾਨਪਤਿ ਗਤਿ ਮਤਿ ਜਾ ਤੇ ਪ੍ਰਿਅ ਪ੍ਰੀਤਿ ਪ੍ਰੀਤਮੁ ਭਾਵਏ ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥੧॥}

(ਅੰਗ ੪੫੭)

{ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ ॥ ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ ॥
ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ ॥
ਭ੍ਰਮ ਭੀਤਿ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ ॥
ਗ੍ਰਿਹਿ ਲਾਲੁ ਆਵੈ ਮਹਲੁ ਪਾਵੈ ਮਿਲਿ ਸੰਗਿ ਮੰਗਲੁ ਗਾਈਐ ॥
ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ ॥੩॥}

(ਅੰਗ ੫੪੩)

ਸੋਰਠਿ ਮਹਲਾ ੫ ॥

{ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥ ਕਰਿ ਇਸਨਾਨੁ ਗ੍ਰਿਹਿ ਆਏ ॥
ਅਨਦ ਮੰਗਲ ਸੁਖ ਪਾਏ ॥੧॥ ਸੰਤਹੁ ਰਾਮ ਨਾਮਿ ਨਿਸਤਰੀਐ ॥
ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥
ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥
ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥}

(ਅੰਗ ੬੨੧-੬੨੨)

ਸਲੋਕ ॥

{ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥ ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥੧॥
ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥ ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ॥੨॥}

(ਅੰਗ ੯੨੯)

ਬਸੰਤੁ ਮਹਲਾ ੫ ਘਰੁ ੧ ਦੁਤੁਕੇ

ੴ ਸਤਿਗੁਰ ਪ੍ਰਸਾਦਿ ॥

{ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥ ਆਜੁ ਹਮਾਰੈ ਮਹਾ ਅਨੰਦ ॥
ਚਿੰਤ ਲਥੀ ਭੇਟੇ ਗੋਬਿੰਦ ॥੧॥ ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥ ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥੨॥ ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥ ਬਿਰਖੁ ਜਮਿਓ ਹੈ ਪਾਰਜਾਤ ॥

ਫੂਲ ਲਗੇ ਫਲ ਰਤਨ ਭਾਂਤਿ ॥ ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥
ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥}

(ਅੰਗ ੧੧੮੦)

56/7836

ਮਲਾਰ ਮਹਲਾ ੫ ॥

{ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥
ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧॥ ਸੁਨੀਐ ਬਾਜੈ ਬਾਜ ਸੁਹਾਵੀ ॥
ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ ॥੧॥ ਰਹਾਉ ॥
ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਏ ॥
ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ ॥੨॥
ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ ॥
ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥
ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ ॥
ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ ॥੪॥੩॥}

(ਅੰਗ ੧੨੬੬-੧੨੬੭)

{ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥੧੬॥}

(ਅੰਗ ੧੩੬੫)

ਕਾਨੜਾ ਮਹਲਾ ੫ ॥

{ਸਾਜਨਾ ਸੰਤ ਆਉ ਮੇਰੈ ॥੧॥ ਰਹਾਉ ॥ ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ ॥੧॥
ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥੨॥
ਸੰਤ ਪ੍ਰਸਾਦਿ ਕਮਲੁ ਬਿਗਸੈ ਗੋਬਿੰਦ ਭਜਉ ਪੇਖਿ ਨੇਰੈ ॥੩॥
ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ ॥੪॥੫॥੧੬॥}

(ਅੰਗ ੧੩੦੧)

{ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥}

(ਅੰਗ ੮)

ਸਿਰੀਰਾਗੁ ਮਹਲੁ ੧ ॥

{ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥
ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ ਭਾਈ ਰੇ ਸੰਤ ਜਨਾ ਕੀ ਰੇਣੁ ॥
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥ ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥
ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥
ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥
ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥}

(ਅੰਗ ੧੮)

ਸਿਰੀਰਾਗੁ ਮਹਲਾ ੩ ॥

{ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥ ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥
ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥੧॥ ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥
ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥
ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥ ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥
ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥ ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥ ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥
ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥ ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥
ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥੪॥੯॥੪੨॥}

(ਅੰਗ ੨੯-੩੦)

ਮਾਝ ਮਹਲਾ ੩ ॥

{ਸਭ ਘਟ ਆਪੇ ਭੋਗਣਹਾਰਾ ॥ ਅਲਖੁ ਵਰਤੈ ਅਗਮ ਅਪਾਰਾ ॥

ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥
ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥
ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ ॥ ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ ॥
ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ ॥੩॥
ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥
ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥
ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥
ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥
ਸਚੇ ਬਾਝਹੁ ਕੋ ਅਵਰੁ ਨ ਦੂਆ ॥ ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥
ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥
ਜੀਅ ਜੰਤ ਸਭਿ ਸਰਣਿ ਤੁਮਾਰੀ ॥ ਆਪੇ ਧਰਿ ਦੇਖਹਿ ਕਚੀ ਪਕੀ ਸਾਰੀ ॥
ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ ॥੭॥
ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥ ਸਭ ਮਹਿ ਆਪਿ ਰਹਿਆ ਭਰਪੂਰਿ ॥
ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ ॥੮॥੬॥੭॥}

(ਅੰਗ ੧੧੩)

ਗਉੜੀ ਬੈਰਾਗਣਿ ਮਹਲਾ ੪ ॥
{ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥ ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥
ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥੧॥
ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥
ਨਿਤ ਹਰਿ ਗੁਣ ਗਾਵਹ ਹਰਿ ਨਾਮਿ ਸਮਾਇ ॥੧॥ ਰਹਾਉ ॥
ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ ਰਾਜੇ ਅਰਥਿ ਸਭ ਮਾਇਆ ॥
ਕੈ ਬੰਧੈ ਕੈ ਡਾਨਿ ਲੇਇ ਕੈ ਨਰਪਤਿ ਮਰਿ ਜਾਇਆ ॥
ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ ਜਿਤੁ ਹਰਿ ਹਰਿ ਨਾਮੁ ਜਪਿ ਹਰਿ ਸੁਖੁ ਪਾਇਆ ॥੨॥
ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ ॥ ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ॥
ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ ॥੩॥
ਜਿਤਨੀ ਭੂਖ ਅਨ ਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥
ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ ॥
ਜਨ ਨਾਨਕ ਹਰਿ ਰਸਿ ਤ੍ਰਿਪਤਿਆ ਫਿਰਿ ਭੂਖ ਨ ਲਾਗੈ ॥੪॥੪॥੧੦॥੪੮॥}

(ਅੰਗ ੧੬੬-੧੬੭)

{ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥
ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥
ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥}

(ਅੰਗ ੨੪੧)

ਗਉੜੀ ਕਬੀਰ ਜੀ ॥

{ਉਪਜੈ ਨਿਪਜੈ ਨਿਪਜਿ ਸਮਾਈ ॥ ਨੈਨਹ ਦੇਖਤ ਇਹੁ ਜਗੁ ਜਾਈ ॥੧॥
ਲਾਜ ਨ ਮਰਹੁ ਕਹਹੁ ਘਰੁ ਮੇਰਾ ॥ ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ ਰਹਾਉ ॥
ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥੨॥
ਚੋਆ ਚੰਦਨੁ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥੩॥
ਕਹੁ ਕਬੀਰ ਸੁਨਹੁ ਰੇ ਗੁਨੀਆ ॥ ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥੧੧॥}

(ਅੰਗ ੩੨੫)

56/7837

ਗਉੜੀ ੧੩ ॥

{ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥ ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥੧॥
ਬੰਦੇ ਬੰਦਗੀ ਇਕਤੀਆਰ ॥ ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ ਰਹਾਉ ॥
ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥
ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥੨॥੧੮॥੬੯॥}

(ਅੰਗ ੩੩੮)

{ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥ ਉਲਟ ਭਈ ਘਰੁ ਘਰ ਮਹਿ ਆਣਿਆ ॥
ਅਹਿਨਿਸਿ ਭਗਤਿ ਕਰੇ ਲਿਵ ਲਾਇ ॥ ਨਾਨਕੁ ਤਿਨ ਕੈ ਲਾਗੈ ਪਾਇ ॥੪॥੧੨॥}

(ਅੰਗ ੩੫੨)

{ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥ ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥
ਜੰਮਣ ਮਰਣਾ ਆਖੀਐ ਤਿਨਿ ਕਰਤੈ ਕੀਆ ॥ ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ ॥੬॥
ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ ॥ ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ ॥੭॥
ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ ॥ ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥੮॥੧੭॥}

(ਅੰਗ ੪੨੦)

{ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ ॥ ਜੇ ਘਰੁ ਬੂਝੈ ਆਪਣਾ ਤਾਂ ਨੀਦ ਨ ਹੋਈ ॥੫॥
ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥ ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥
ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥
ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥}

(ਅੰਗ ੪੧੮)

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਮਹਲਾ ੩ ਅਸਟਪਦੀਆ ਘਰੁ ੮ ਕਾਫੀ ॥

{ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥ ਗੁਰ ਤੇ ਨਾਮੁ ਪਾਈਐ ਵਡੀ ਵਡਿਆਈ ॥੧॥
ਏਕੋ ਨਾਮੁ ਚੇਤਿ ਮੇਰੇ ਭਾਈ ॥ ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ ॥੧॥ ਰਹਾਉ ॥
ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥ ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥
ਗੁਰਮੁਖਿ ਨਾਮੁ ਧਿਆਈਐ ਬੂਝੈ ਵੀਚਾਰਾ ॥ ਗੁਰਮੁਖਿ ਭਗਤਿ ਸਲਾਹ ਹੈ ਅੰਤਰਿ ਸਬਦੁ ਅਪਾਰਾ ॥੩॥
ਗੁਰਮੁਖਿ ਸੂਖੁ ਊਪਜੈ ਦੁਖੁ ਕਦੇ ਨ ਹੋਈ ॥ ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ ॥੪॥
ਸਤਿਗੁਰਿ ਮਿਲਿਐ ਆਪੁ ਗਇਆ ਤ੍ਰਿਭਵਣ ਸੋਝੀ ਪਾਈ ॥
ਨਿਰਮਲ ਜੋਤਿ ਪਸਰਿ ਰਹੀ ਜੋਤੀ ਜੋਤਿ ਮਿਲਾਈ ॥੫॥ ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ ॥
ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥੬॥ ਪੂਰਾ ਸਤਿਗੁਰੁ ਤਾਂ ਮਿਲੈ ਜਾਂ ਨਦਰਿ ਕਰੇਈ ॥
ਕਿਲਵਿਖ ਪਾਪ ਸਭ ਕਟੀਅਹਿ ਫਿਰਿ ਦੁਖੁ ਬਿਘਨੁ ਨ ਹੋਈ ॥੭॥ ਆਪਣੈ ਹਥਿ ਵਡਿਆਈਆ ਦੇ ਨਾਮੇ ਲਾਏ॥
ਨਾਨਕ ਨਾਮੁ ਨਿਧਾਨੁ ਮਨਿ ਵਸਿਆ ਵਡਿਆਈ ਪਾਏ ॥੮॥੪॥੨੬॥}

(ਅੰਗ ੪੨੪-੪੨੫)

ਆਸਾ ਮਹਲਾ ੩ ॥

{ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥
ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ॥
ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥
ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥੩॥
ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥੪॥
ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥
ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥
ਜਿਨ੍ੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥
ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥੬॥੨੮॥}

(ਅੰਗ ੪੨੫)

ਉਪਰ ਵਾਲੇ ਸਾਰੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਇਸ ਤੋਂ ਪਹਿਲੇ ਸਮਝੇ ਮੁੱਖ ਸ਼ਬਦ ਦੇ ਅੰਦਰ ਅਸੀਂ ਜੋ ਕੁੱਝ ਸਮਝਿਆ ਹੈ, ਉਸ ਸ਼ਬਦ ਦੇ ਪਦਿਆਂ ਰਾਹੀਂ ਜੋ ਕੁੱਝ ਸਮਝਾਇਆ ਹੋਇਆ ਹੈ ਉਸ ਗੱਲ ਨੂੰ ਹੋਰ ਬਰੀਕੀ ਨਾਲ ਸਮਝਣ ਦਾ ਉਪਰਾਲਾ ਹੀ ਕੀਤਾ ਹੈ ਤਾਂ ਜੋ ਅਸੀਂ ਗੁਰੂ ਦੇ ਹਰ ਸ਼ਬਦ ਦੀ ਵਿਚਾਰ ਰਾਹੀਂ ਆਪਣੀ ਸਮਝ ਨੂੰ ਭਰਮਾਂ ਵਿੱਚੋਂ ਕੱਢਣ ਦਾ ਲਾਭ ਲੈ ਸਕੀਏ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਭਾਵ ਗੁਰੂ ਦੇ ਸੱਚੇ ਨਾਮ ਨੂੰ ਸਮਝ ਕੇ ਤੇ ਉਨ੍ਹਾਂ ਸੱਚੇ ਵਿਚਾਰਾਂ ਨੂੰ ਮੰਨ ਕੇ ਤੇ ਉਨ੍ਹਾਂ ਤੇ ਅਮਲ ਕਰਕੇ ਗੁਰੂ ਦਾ ਸੱਚਾ ਨਾਮ ਜਪਣ ਦਾ ਲਾਭ ਲੈ ਸਕੀਏ ਭਾਵ ਲਾਹਾ ਲੈ ਸਕੀਏ ਜੋ ਲਾਹਾ ਖੱਟਣਾ ਹੀ ਹਰ ਮਨੁੱਖੀ ਸਰੀਰ ਦਾ ਸਭ ਤੋਂ ਵੱਡਾ ਮਕਸਦ ਹੈ ਜੋ ਲਾਹਾ ਖੱਟਣ ਦਾ ਸੱਚਾ ਉਦਮ ਕਰਨ ਦੁਆਰਾ ਹੀ ਕੋਈ ਲਾਹਾ ਦੇਣ ਦੇ ਮਾਲਕ ਨੂੰ ਭਾਵ ਨਾਮ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ।

ਪਿਛਲੇ ਮੁੱਖ ਸ਼ਬਦ ਵਿੱਚ ਅਸੀਂ ਗੁਰੂ ਦੇ ਚਰਨਾਂ ਨੂੰ ਧੋ-ਧੋ ਕੇ ਪੀਣਾ ਕੀ ਹੈ ਤੇ ਗੁਰੂ ਦੇ ਚਰਣ ਧੂੜ ਦਾ ਇਸ਼ਨਾਨ ਕਰਨਾ ਕੀ ਹੈ ਇਸ ਗੱਲ ਨੂੰ

ਵੀ ਸਮਝਿਆ ਹੈ ਜਿਵੇਂ ਕਿ ਉਸ ਸ਼ਬਦ ਦੇ ਹੇਠ ਦਿੱਤੇ ਦੋ ਪਦਿਆਂ ਨੂੰ ਸਾਹਮਣੇ ਰੱਖ ਕੇ ਫਿਰ ਤੋਂ ਯਾਦ ਕੀਤਾ ਜਾ ਸਕਦਾ ਹੈ ਇਸ ਗੱਲ ਨੂੰ ਅਸੀਂ ਹੋਰ ਵੀ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੈ।

{ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥
ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥
ਗੁਰ ਕੀ ਰੇਣੁ ਨਿਤ ਮਜਨੁ ਕਰਉ ॥
ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥}

(ਅੰਗ ੨੩੯)

ਗੁਰੂ ਦੇ ਚਰਨ ਧੋ ਧੋ ਕੇ ਉਹੀ ਪੀ ਸਕਦਾ ਹੈ ਜਿਸਨੂੰ ਗੁਰੂ ਦੇ ਚਰਨਾਂ ਦੀ ਸਮਝ ਵੀ ਪੈ ਜਾਂਦੀ ਹੈ, ਗੁਰੂ ਦੇ ਚਰਨ ਧੋਣ ਦੀ ਸਮਝ ਵੀ ਪੈ ਜਾਂਦੀ ਹੈ ਤੇ ਗੁਰੂ ਦੇ ਚਰਣ ਧੋ ਕੇ ਪੀਣ ਦੀ ਸਮਝ ਵੀ ਪੈ ਜਾਂਦੀ ਹੈ ਜੋ ਕਿ ਗੁਰੂ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਮਨ ਦੇ ਵਿੱਚੋਂ ਦਰਸ਼ਨ ਹੋਣ ਦੁਆਰਾ ਹੀ ਪੈਂਦੀ ਹੈ ਭਾਵ ਉਸਦੇ ਪ੍ਰਗਟ ਹੋਣ ਦੁਆਰਾ ਹੀ ਪੈਂਦੀ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਨੂੰ ਪਈ ਹੈ ਤੇ ਸ਼ਬਦਾਂ ਦੀ ਸੱਚੀ ਵਿਚਾਰ ਤੇ ਅਮਲ ਕਰਨ ਵਾਲਿਆਂ ਨੂੰ ਪਈ ਹੈ, ਜਿਵੇਂ ਕਿ ਉਨ੍ਹਾਂ ਗੁਰੂ ਸਾਹਿਬਾਨ ਨੂੰ ਵੀ ਪਈ ਹੈ ਜਿਨ੍ਹਾਂ ਰਾਹੀਂ ਭਾਵੇਂ ਸ੍ਰਿਸ਼ਟੀ ਦੇ ਕਰਤੇ ਦੇ ਉਨ੍ਹਾਂ ਦੇ ਅੰਦਰ ਪ੍ਰਗਟ ਹੁੰਦੇ ਹੋਏ ਵੀ ਉਨ੍ਹਾਂ ਰਾਹੀਂ ਗੁਰਬਾਣੀ ਗ੍ਰੰਥ ਵਿੱਚ ਪਾਉਣ ਲਈ ਸ਼ਬਦ ਨਹੀਂ ਉਚਾਰੇ। ਆਪਣੇ ਜੀਵਨ ਵਿੱਚ ਸੱਚੇ ਗੁਰੂ ਦੇ ਚਰਨ ਧੋ-ਧੋ ਕੇ ਉਨ੍ਹਾਂ ਨੇ ਵੀ ਪੀਤੇ ਹਨ ਤੇ ਉਨ੍ਹਾਂ ਨੇ ਆਪਣੇ ਪੂਰੇ ਜੀਵਨ ਵਿੱਚ ਆਪਣੇ ਸੱਚੇ ਗੁਰੂ ਦੀ ਚਰਨ ਧੂੜ ਦਾ ਇਸ਼ਨਾਨ ਵੀ ਕੀਤਾ ਹੈ ਭਾਵ ਮਨ ਦੀ ਹਉਮੈ ਤੋਂ ਭਾਵ ਮਨ ਦੀ ਅਗਿਆਨਤਾ ਤੋਂ ਪੂਰੀ ਤਰ੍ਹਾਂ ਰਹਿਤ ਹੋ ਕੇ ਵਿਚਰੇ ਹਨ ਭਾਵ ਆਪਣਾ ਪੂਰਾ ਜੀਵਨ ਸੱਚ ਤੇ ਚੱਲੇ ਹਨ, ਨਾਮ ਦੀ ਸੱਚੀ ਸਮਝ ਦੇ ਨਾਲ ਵਿਚਰੇ ਹਨ। ਜਿਸ ਮਨੁੱਖੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਭਾਵ ਸ੍ਰਿਸ਼ਟੀ ਦਾ ਇੱਕੋ ਇੱਕ ਸੱਚਾ ਗੁਰੂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਉਸ ਮਨੁੱਖੀ ਸਮਝ ਦੇ ਅੰਦਰ ਆਪਣਾ ਪੂਰਨ ਸੱਚ ਹੀ ਸਮਝਾਉਂਦਾ ਹੈ ਤੇ ਉਸ ਮਨੁੱਖੀ ਸਰੀਰ ਨੂੰ ਪੂਰਨ ਸੱਚ ਤੇ ਹੀ ਚਲਾਉਂਦਾ ਹੈ ਭਾਵ ਆਪਣਾ ਨਾਮ ਹੀ ਸਮਝਾਉਂਦਾ ਹੈ ਤੇ ਆਪਣਾ ਨਾਮ ਹੀ ਜਪਾਉਂਦਾ ਹੈ ਭਾਵੇਂ ਉਹ ਮਨੁੱਖ ਆਪਣੇ ਜੀਵਨ ਵਿੱਚ ਜੋ ਕੁੱਝ ਵੀ ਕਰੇ ਉਹ ਗੁਰਬਾਣੀ ਦੀ ਸ਼ਬਦਾਂ ਦੀ ਵਿਚਾਰ ਦੇ ਉਲਟ ਨਹੀਂ ਹੋ ਸਕਦਾ ਕਿਉਂਕਿ ਹਰ ਸੱਚੇ ਸ਼ਬਦ ਦੀ ਵਿਚਾਰ ਦੇਣ ਵਾਲਾ ਵੀ ਉਹ ਹੈ ਤੇ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਤੇ ਕਿਸੇ ਨੂੰ ਚਲਾਉਂਦਾ ਵੀ ਉਹ ਆਪ ਹੈ।

ਹੁਣ ਧਿਆਨ ਨਾਲ ਸਮਝੋ ਕਿ ਕੀ ਗੁਰੂ ਦੇ ਸੱਚੇ ਚਰਨ ਭਾਵ ਗੁਰੂ ਦੀ ਸੱਚੀ ਮਤਿ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਮੈਲੀ ਹੈ ਜਿਸਨੂੰ ਧੋਣ ਦੀ ਲੋੜ ਹੈ। ਧੋਇਆ ਤਾਂ ਉਸਨੂੰ ਜਾਂਦਾ ਹੈ ਜੋ ਚੀਜ ਮੈਲੀ ਹੁੰਦੀ ਹੈ ਤਾਂ ਜੋ ਉਸਦੇ ਉੱਤੇ ਲੱਗੀ ਮੈਲ ਉਤਰ ਜਾਵੇ ਜਿਵੇਂ ਕਿ ਅਸੀਂ ਆਪਣੇ ਸਰੀਰਕ ਕੱਪੜਿਆਂ

ਨੂੰ ਧੋਂਦੇ ਹਾਂ, ਸਕੂਟਰਾਂ ਆਦਿ ਨੂੰ ਧੋਂਦੇ ਹਨ, ਘਰ ਵਿੱਚ ਦਰਵਾਜੇ ਤੇ ਖਿੜਕੀਆਂ ਉੱਤੇ ਲੱਗੇ ਪੜਦਿਆਂ ਨੂੰ ਧੋਂਦੇ ਹਾਂ ਕਿਉਂਕਿ ਉਹ ਮੈਲ ਲੱਗਣ ਨਾਲ ਗੰਦੇ ਹੋ ਜਾਂਦੇ ਹਨ ਜਿਨ੍ਹਾਂ ਨੂੰ ਅਸੀਂ ਸਾਬਣ ਆਦਿ ਲਗਾਕੇ ਧੋਂਦੇ ਹਾਂ ਤੇ ਹੋਰ ਵੀ ਅਨੇਕਾਂ ਚੀਜਾਂ ਨੂੰ ਧੋਇਆ ਜਾਂਦਾ ਹੈ ਭਾਵ ਸਾਫ ਕੀਤਾ ਜਾਂਦਾ ਹੈ ਤਾਂ ਜੋ ਉਹ ਚੀਜ ਚੰਗੀ ਲੱਗੇ, ਗੰਦੀ ਨਾ ਲੱਗੇ ਕਿਉਂਕਿ ਗੰਦੀ ਚੀਜ ਕਿਸੇ ਨੂੰ ਵੀ ਚੰਗੀ ਨਹੀਂ ਲੱਗਦੀ, ਸਭ ਨੂੰ ਸਾਫ-ਸੁਥਰੀ ਚੀਜ ਹੀ ਚੰਗੀ ਲੱਗਦੀ ਹੈ। ਜਿਨ੍ਹਾਂ ਸਰੀਰਾਂ ਨੇ ਭਾਵ ਸੱਚੇ ਭਗਤਾਂ ਨੇ, ਗੁਰੂ ਸਾਹਿਬਾਨ ਨੇ ਜਿਸ ਗੁਰੂ ਕੋਲੋਂ ਚਰਣ ਧੂੜ ਲੈ ਕੇ ਇਸ਼ਨਾਨ ਕੀਤਾ ਹੈ ਉਹ ਉਸਦੇ ਸੱਚੇ ਗਿਆਨ ਦੀ ਧੂੜ ਹੈ, ਉਸਦੇ ਨਾਮ ਦੀ ਧੂੜ ਹੈ ਜਿਸ ਸੱਚ ਰੂਪ ਧੂੜ ਦੇ ਨਾਲ ਉਨ੍ਹਾਂ ਦੀ ਮਨ ਦੀ ਸਮਝ ਨੇ ਇਸ਼ਨਾਨ ਕੀਤਾ ਹੈ ਜਿਸ ਦੁਆਰਾ ਉਨ੍ਹਾਂ ਨੇ ਆਪਣੇ ਸੱਚੇ ਗੁਰੂ ਦੇ ਚਰਣਾਂ ਨੂੰ ਧੋ-ਧੋ ਕੇ ਭਾਵ ਪੂਰੀ ਬਰੀਕੀ ਨਾਲ ਸਮਝ-ਸਮਝ ਕੇ ਭਾਵ ਉਸਦੇ ਦਿੱਤੇ ਹੋਏ ਸੱਚੇ ਸ਼ਬਦਾਂ ਦੀ ਵਿਚਾਰ ਨੂੰ ਬਰੀਕੀ ਨਾਲ ਸਮਝ-ਸਮਝ ਕੇ ਉਨ੍ਹਾਂ ਦੀ ਸਮਝ ਨੇ ਪੀਤਾ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੰਨਿਆ ਹੈ, ਉਸਤੇ ਅਮਲ ਕੀਤਾ ਹੈ। ਉਨ੍ਹਾਂ ਦੇ ਸੱਚੇ ਗੁਰੂ ਦੇ ਚਰਨ ਪਹਿਲੇ ਹੀ ਸੱਚੇ ਸਨ ਭਾਵ ਜਿਨ੍ਹਾਂ ਦਾ ਕੋਈ ਆਕਾਰ ਰੂਪ ਨਹੀਂ ਹੁੰਦਾ ਭਾਵ ਸ਼ਬਦਾਂ ਦੀ ਵਿਚਾਰ ਦਾ ਕੋਈ ਆਕਾਰ ਰੂਪ ਨਹੀਂ ਹੁੰਦਾ ਜਿਸਨੂੰ ਕਿਸੇ ਦੁਨਿਆਵੀ

ਪਾਣੀ ਦੇ ਨਾਲ ਧੋਣ ਦੀ ਲੋੜ ਹੋਵੇ ਜਾਂ ਮਨ ਦੇ ਸੱਚੇ ਵਿਚਾਰਾਂ ਨਾਲ ਧੋਣ ਦੀ ਲੋੜ ਹੋਵੇ ਕਿਉਂਕਿ ਉਹ ਤਾਂ ਪਹਿਲੇ ਹੀ ਧੁਲੇ ਹੋਏ ਹੁੰਦੇ ਹਨ ਭਾਵ ਪੂਰਨ ਰੂਪ ਵਿੱਚ ਸੱਚੀ ਸਮਝ ਵਾਲੇ ਹੁੰਦੇ ਹਨ ਜਿਨ੍ਹਾਂ ਨੂੰ ਕੇਵਲ ਸਮਝਣਾ ਤੇ ਉਨ੍ਹਾਂ ਨੂੰ ਮੰਨਣਾ ਹੀ ਸੱਚੇ ਗੁਰੂ ਦੇ ਚਰਣਾਂ ਨੂੰ ਧੋ ਕੇ ਉਸਦੀ ਚਰਣ ਧੂੜ ਦਾ ਇਸ਼ਨਾਨ ਕਰਨਾ ਹੈ।

ਪੂਰੀ ਗੁਰਬਾਣੀ ਦੇ ਵਿੱਚ ਸੱਚੇ ਗੁਰੂ ਦੀ ਚਰਨ ਧੂੜ ਹੀ ਹੈ ਜੋ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਚਰਨਾਂ ਵਿੱਚੋਂ ਉਤਰ ਕੇ ਆਈ ਹੈ ਭਾਵ ਉਨ੍ਹਾਂ ਸਰੀਰਾਂ ਰਾਹੀਂ ਆਈ ਹੈ ਜਿਨ੍ਹਾਂ ਨੇ ਆਪਣੀ ਸਮਝ ਦੇ ਅੰਦਰ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਚਰਨ ਧੋਏ ਹਨ। ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਸੱਚੇ ਗੁਰੂ ਦੇ ਚਰਨਾਂ ਦੀ ਧੂੜ ਹੈ ਜਿਸਦਾ ਅਸੀਂ ਇਸ਼ਨਾਨ ਕਰਨਾ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਪੂਰਨ ਰੂਪ ਵਿੱਚ ਸਮਝ ਕੇ ਉਸਨੂੰ ਮੰਨਣਾ ਹੈ ਭਾਵ ਗੁਰੂ ਦੇ ਹਰ ਸ਼ਬਦ ਦੀ ਵਿਚਾਰ ਤੇ ਅਮਲ ਕਰਨਾ ਹੈ। ਜਿਨ੍ਹਾਂ ਨੇ ਗੁਰੂ ਦੇ ਚਰਨ ਧੋਏ ਹਨ ਉਨ੍ਹਾਂ ਨੇ ਹੀ ਪੂਰੀ ਗੁਰਬਾਣੀ ਦੇ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਪਾਈ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਪਾਈ ਹੈ ਪਰ ਅਨੇਕਾਂ ਹੀ ਇਹੋ ਜਿਹੇ ਹਨ ਜੋ ਆਪਣੇ ਆਪ ਨੂੰ ਧਰਮ ਦੇ ਵਿਦਵਾਨ ਅਖਵਾਉਂਦੇ ਹਨ, ਸੰਤ ਆਦਿ ਅਖਵਾਉਂਦੇ ਹਨ ਜਿਨ੍ਹਾਂ ਨੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੈਲਾ ਕੀਤਾ ਹੋਇਆ ਹੈ ਭਾਵ ਜਿਹੜੇ ਸ਼ਬਦਾਂ ਦੀ ਸੱਚੀ ਵਿਚਾਰ ਭਾਵ ਜਿਸ ਗੁਰੂ ਦੇ ਸੱਚੇ ਸਾਬਣ ਨੇ ਸਾਡੇ ਮਨ ਦੀ ਅਗਿਆਨਤਾ ਰੂਪ ਮੈਲ ਧੋਣੀ ਸੀ ਉਸੇ ਸਾਬਣ ਨੂੰ ਹੀ ਇਨ੍ਹਾਂ ਨੇ ਮੈਲਾ ਕੀਤਾ ਹੋਇਆ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਸੱਚ ਰੂਪ ਸੱਚੀ ਵਿਚਾਰ ਦੇ ਉੱਤੇ ਆਪਣੇ ਮਨ ਦੀ ਮਨਮਤਿ ਰੂਪ ਮੈਲ ਭਾਵ ਤ੍ਰੈ ਗੁਣਾਂ ਵਾਲੀ ਨਾਸਮਝ ਮਤਿ ਰੂਪ ਮੈਲ ਭਾਵ ਆਪਣੀ ਹਉਮੈ ਦੀ ਮੈਲ ਗੁਰੂ ਦੇ ਸੱਚੇ ਨਾਮ ਵਾਲੀ ਸਮਝ ਦੇ ਉੱਤੇ ਚੜਾਈ ਹੋਈ ਹੈ ਜਿਸ ਇਨ੍ਹਾਂ ਦੀ ਚੜਾਈ ਹੋਈ ਮੈਲ

ਨੂੰ ਧੋਣ ਦੀ ਲੋੜ ਹੈ ਭਾਵ ਇਨ੍ਹਾਂ ਨੇ ਆਪਣੀ ਮਨਮਤਿ ਦੇ ਨਾਲ ਗੁਰਮਤਿ ਨੂੰ ਮੈਲਾ ਕੀਤਾ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਰਾਮਕਲੀ ਮਹਲਾ ੫ ॥

{ਈਂਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥ ਊਪਰਿ ਚਰਨ ਤਲੈ ਆਕਾਸੁ ॥
ਘਟ ਮਹਿ ਸਿੰਧੁ ਕੀਓ ਪਰਗਾਸੁ ॥੧॥ ਐਸਾ ਸੰਮ੍ਰਥੁ ਹਰਿ ਜੀਉ ਆਪਿ ॥
ਨਿਮਖ ਨ ਬਿਸਰੈ ਜੀਅ ਭਗਤਨ ਕੈ ਆਠ ਪਹਰ ਮਨ ਤਾ ਕਉ ਜਾਪਿ ॥੧॥ ਰਹਾਉ ॥
ਪ੍ਰਥਮੇ ਮਾਖਨੁ ਪਾਛੈ ਦੂਧੁ ॥ ਮੈਲੂ ਕੀਨੋ ਸਾਬੁਨੁ ਸੂਧੁ ॥ ਭੈ ਤੇ ਨਿਰਭਉ ਡਰਤਾ ਫਿਰੈ ॥
ਹੋਂਦੀ ਕਉ ਅਣਹੋਂਦੀ ਹਿਰੈ ॥੨॥ ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥
ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥੩॥
ਸੰਤ ਸਭਾ ਮਿਲਿ ਕਰਹੁ ਬਖਿਆਣ ॥ ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥
ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥੫੪॥}

(ਅੰਗ ੯੦੦)

ਮਹਲਾ ੪ ॥

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥}

(ਅੰਗ ੧੪੦)

{ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥

ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥}

(ਅੰਗ ੪)

{ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥}

(ਅੰਗ ੬੧)

ਸਿਰੀਰਾਗੁ ਮਹਲਾ ੩ ॥

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

ਮਾਰੂ ਮਹਲਾ ੧ ॥

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥
ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥੨॥
ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥
ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

ਵਡਹੰਸੁ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ ਜਪਿ ਮਨ ਮੇਰੇ ਤੂ ਏਕੋ ਨਾਮੁ ॥
ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥ ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ ੫੫੮)

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ ॥

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥
ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥ ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ॥
ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥ ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥}

(ਅੰਗ ੯੮੭-੯੮੮)

56/7841

ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਵਿੱਚੋਂ ਅਸੀਂ ਆਪਣੀ-ਆਪਣੀ ਸਮਝ ਦੇ ਅਨੁਸਾਰ ਅਰਥ ਕਰਦੇ ਹਾਂ ਤੇ ਜੋ ਵੀ ਸ਼ਬਦਾਂ ਦੇ ਅਰਥ,

ਸ਼ਬਦਾਂ ਦੀ ਸੱਚੀ ਵਿਚਾਰ ਤੇ ਖਰੇ ਨਹੀਂ ਉਤਰਦੇ ਤੇ ਉਨ੍ਹਾਂ ਸ਼ਬਦਾਂ ਰਾਹੀਂ ਫਿਰ ਵੀ ਜੇਕਰ ਆਪਣੇ ਕੀਤੇ ਹੋਏ ਅਰਥਾਂ ਨੂੰ ਸੱਚਾ ਮੰਨਦੇ ਹਾਂ ਤੇ ਦੂਸਰਿਆਂ ਨੂੰ ਵੀ ਉਹੋ ਕੁੱਝ ਹੀ ਸਮਝਾਉਂਦੇ ਹਾਂ ਫਿਰ ਦੂਸਰੇ ਸੁਣਨ ਵਾਲੇ ਉਸੇ ਗੱਲ ਨੂੰ ਹੀ ਸ਼ਬਦਾਂ ਦੀ ਸੱਚੀ ਵਿਚਾਰ ਸਮਝਦੇ ਹਨ ਭਾਵ ਸਾਡੇ ਮਨ ਦੀ ਮੈਲੀ ਸਮਝ ਨੂੰ ਗੁਰੂ ਦੀ ਸੱਚੀ ਸਮਝ ਦੇ ਬਰਾਬਰ ਸਮਝਦੇ ਹਨ। **ਇਹ ਮਨਮਤਿ ਦੀ ਮੈਲ ਗੁਰਮਤਿ ਦੇ ਸੱਚ ਨੂੰ ਮੈਲਾ ਕਰਦੀ ਹੈ** ਭਾਵ ਸਾਡੀ ਹਉਮੈ ਰੂਪ ਮੈਲ ਗੁਰੂ ਦੇ ਨਾਮ ਨੂੰ ਮੈਲਾ ਕਰਦੀ ਹੈ ਭਾਵ ਸਾਡੀ ਤ੍ਰੈ ਗੁਣਾਂ ਵਾਲੀ ਸਮਝ ਗੁਰੂ ਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਨੂੰ ਮੈਲਾ ਕਰਦੀ ਹੈ, ਸਾਡੀ ਪੁੱਠੇ ਕਮਲ ਵਾਲੀ ਸਮਝ ਗੁਰੂ ਦੇ ਸਿੱਧੇ ਕਮਲ ਵਾਲੀ ਸਮਝ ਨੂੰ ਮੈਲਾ ਕਰਦੀ ਹੈ ਭਾਵ ਸਾਡੇ ਅੰਦਰ ਦੀ ਮਾਇਆ ਦੀ ਜੁਗਤਿ ਵਾਲੀ ਸਮਝ, ਭਰਮਾਂ ਵਾਲੀ ਸਮਝ, ਮਨ ਦੀ ਅਗਿਆਨਤਾ ਵਾਲੀ ਸਮਝ ਗੁਰੂ ਦੇ ਸੱਚੇ ਗਿਆਨ ਵਾਲੀ ਸਮਝ ਨੂੰ, ਬ੍ਰਹਮ ਗਿਆਨ ਵਾਲੀ ਸਮਝ ਨੂੰ ਮੈਲਾ ਕਰਦੀ ਹੈ। ਇਹ ਸੱਚ ਦੇ ਉੱਤੇ ਝੂਠ ਦੀ ਮੈਲ ਚੜਾਉਣ ਵਾਲੀ ਗੱਲ ਹੈ। ਜਿਸ ਮਨੁੱਖੀ ਸਰੀਰ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਭਾਵ ਗਾਡ, ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਉਹੀ ਗੁਰੂ ਦੇ ਚਰਨਾਂ ਨੂੰ ਧੋ ਕੇ ਦੂਸਰਿਆਂ ਨੂੰ ਪਿਆਉਣੇ ਸਿਖਾ ਸਕਦਾ ਹੈ। ਇਸ ਪੂਰੇ ਲੇਖ ਦਾ ਮਕਸਦ ਇਸ ਦਾਸ ਰਾਹੀਂ ਸੰਸਾਰ ਨੂੰ ਗੁਰੂ ਦੇ ਧੋਏ ਹੋਏ ਚਰਣ ਪਿਆਉਣ ਦਾ ਮਕਸਦ ਹੀ ਹੈ, ਗੁਰੂ ਦੀ ਚਰਣ ਧੂੜ ਦਾ ਇਸ਼ਨਾਨ ਕਰਾਉਣ ਦਾ ਹੀ ਹੈ ਭਾਵ ਸੱਚੀ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਚਾਰ ਸਮਝਾਉਣ ਦਾ ਹੀ ਹੈ। ਜਿਵੇਂ ਕਿ ਹੁਣ ਤੱਕ ਸ਼ਬਦਾਂ ਦੀ ਸੱਚੀ ਵਿਚਾਰ ਰਾਹੀਂ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਇਸ ਦਾਸ ਨੂੰ ਆਪਣੀ ਦਿੱਤੀ ਹੋਈ ਸੱਚੀ ਵਿਚਾਰ ਰਾਹੀਂ ਸਮਝਿਆ ਹੀ ਹੋਵੇਗਾ ਕਿ ਸ਼ਬਦਾਂ ਦੇ ਅੰਦਰ ਦੇ ਸੱਚੇ ਅਰਥ ਕੀ ਹਨ ਤੇ ਇਸ ਤੋਂ ਪਹਿਲੇ ਅਸੀਂ ਉਨ੍ਹਾਂ ਸ਼ਬਦਾਂ ਦੇ ਅਰਥਾਂ ਨੂੰ ਕੀ ਸਮਝਿਆ ਹੋਇਆ ਸੀ ਭਾਵ ਸਾਡੇ ਅੰਦਰ ਜੋ ਸ਼ਬਦਾਂ ਦੀ ਵਿਚਾਰ ਨੂੰ ਸਮਝਣ ਦੀ ਝੂਠ ਰੂਪ ਮੈਲ ਭਰੀ ਹੋਈ ਸੀ ਉਹ ਸ਼ਬਦਾਂ ਦੇ ਸੱਚੀ ਵਿਚਾਰ ਨੂੰ ਸਮਝਣ ਦੁਆਰਾ ਅਨੇਕਾਂ ਦੀ ਹੀ ਉਤਰੀ ਹੋਵੇਗੀ। ਆਖਿਰ ਸੱਚ ਝੂਠ ਨੂੰ ਨੀਵਾਂ ਕਰ ਹੀ ਦਿੰਦਾ ਹੈ ਭਾਵ ਝੁੱਕਾ ਹੀ ਦਿੰਦਾ ਹੈ ਕਿਉਂਕਿ ਸੱਚ ਸਦਾ ਰਹਿਣ ਵਾਲਾ ਹੁੰਦਾ ਹੈ ਜਿਸਨੂੰ ਕਦੇ ਬਦਲਿਆ ਨਹੀਂ ਜਾ ਸਕਦਾ ਭਾਵ ਝੂਠਾ ਸਾਬਿਤ ਨਹੀਂ ਕੀਤਾ ਜਾ ਸਕਦਾ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ।

ਸਲੋਕ ਮਃ ੧ ॥

{ਵੇਲਿ ਪਿੰਵਾਇਆ ਕਤਿ ਵੁਣਾਇਆ ॥ ਕਟਿ ਕੁਟਿ ਕਰਿ ਖੁੰਬਿ ਚੜਾਇਆ ॥
ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ ॥ ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ ॥
ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ ॥ ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ ॥
ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥ ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ॥੧॥}

(ਅੰਗ ੯੫੫-੯੫੬)

{ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}

(ਅੰਗ ੬੮੭)

56/7842

{ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥
ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥ ਜਿਉ ਤਾਗਾ ਜਗੁ ਏਵੈ ਜਾਣਹੁ ॥
ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥੧੨॥ ਏਕਾਦਸੀ ਇਕੁ ਰਿਦੈ ਵਸਾਵੈ ॥
ਹਿੰਸਾ ਮਮਤਾ ਮੋਹੁ ਚੁਕਾਵੈ ॥ ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥
ਨਿਰਮਲੁ ਨਿਰਾਹਾਰੁ ਨਿਹਕੇਵਲੁ ॥ ਸੂਚੈ ਸਾਚੇ ਨਾ ਲਾਗੈ ਮਲੁ ॥੧੩॥ ਜਹ ਦੇਖਉ ਤਹ ਏਕੋ ਏਕਾ ॥

ਹੋਰਿ ਜੀਅ ਉਪਾਏ ਵੇਕੋ ਵੇਕਾ ॥ ਫਲੋਹਾਰ ਕੀਏ ਫਲੁ ਜਾਇ ॥ ਰਸ ਕਸ ਖਾਏ ਸਾਦੁ ਗਵਾਇ ॥
ਕੂੜੈ ਲਾਲਚਿ ਲਪਟੈ ਲਪਟਾਇ ॥ ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥}

(ਅੰਗ ੮੪੦)

ਧਨਾਸਰੀ ਮਹਲਾ ੧ ਘਰੁ ੧ ਚਉਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
{ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥
ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥ ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ॥
ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥ ਦਇਆਲ ਤੇਰੈ ਨਾਮਿ ਤਰਾ ॥
ਸਦ ਕੁਰਬਾਣੈ ਜਾਉ ॥੧॥ ਰਹਾਉ ॥ ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥
ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥ ਤੁਧੁ ਬਾਝੁ ਪਿਆਰੇ ਕੇਵ ਰਹਾ ॥
ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥
ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥
ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥ ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥
ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥}

(ਅੰਗ ੬੬੦)

ਪਉੜੀ ॥

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥
ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥
ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥
ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥}

(ਅੰਗ ੧੪੬-੧੪੭)

ਬਸੰਤੁ ਮਹਲਾ ੫ ॥

{ਸਚੁ ਪਰਮੇਸਰੁ ਨਿਤ ਨਵਾ ॥ ਗੁਰ ਕਿਰਪਾ ਤੇ ਨਿਤ ਚਵਾ ॥ ਪ੍ਰਭ ਰਖਵਾਲੇ ਮਾਈ ਬਾਪ ॥
ਜਾ ਕੈ ਸਿਮਰਣਿ ਨਹੀ ਸੰਤਾਪ ॥੧॥ ਖਸਮੁ ਧਿਆਈ ਇਕ ਮਨਿ ਇਕ ਭਾਇ ॥
ਗੁਰ ਪੂਰੇ ਕੀ ਸਦਾ ਸਰਣਾਈ ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ ਰਹਾਉ ॥
ਅਪਣੇ ਜਨ ਪ੍ਰਭਿ ਆਪਿ ਰਖੇ ॥ ਦੁਸਟ ਦੂਤ ਸਭਿ ਭ੍ਰਮਿ ਥਕੇ ॥ ਬਿਨੁ ਗੁਰ ਸਾਚੇ ਨਹੀ ਜਾਇ ॥
ਦੁਖੁ ਦੇਸ ਦਿਸੰਤਰਿ ਰਹੇ ਧਾਇ ॥੨॥ ਕਿਰਤੁ ਓਨ੍ਹਾ ਕਾ ਮਿਟਸਿ ਨਾਹਿ ॥
ਓਇ ਅਪਣਾ ਬੀਜਿਆ ਆਪਿ ਖਾਹਿ ॥ ਜਨ ਕਾ ਰਖਵਾਲਾ ਆਪਿ ਸੋਇ ॥
ਜਨ ਕਉ ਪਹੁਚਿ ਨ ਸਕਸਿ ਕੋਇ ॥੩॥ ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ ॥
ਅਖੰਡ ਪੂਰਨ ਜਾ ਕੋ ਪ੍ਰਤਾਪੁ ॥ ਗੁਣ ਗੋਬਿੰਦ ਨਿਤ ਰਸਨ ਗਾਇ ॥
ਨਾਨਕੁ ਜੀਵੈ ਹਰਿ ਚਰਣ ਧਿਆਇ ॥੪॥੧੨॥}

(ਅੰਗ ੧੧੮੩)

ਬਸੰਤ ਕੀ ਵਾਰ ਮਹਲੁ ੫

ੴ ਸਤਿਗੁਰ ਪ੍ਰਸਾਦਿ ॥

{ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥ ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥
ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥
ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥
ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥੩॥੧॥}

(ਅੰਗ ੧੧੯੩)

ਸਿਰੀਰਾਗੁ ਮਹਲੁ ੧ ॥

{ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥
ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥
ਭਾਈ ਰੇ ਸੰਤ ਜਨਾ ਕੀ ਰੇਣੁ ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥
ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥ ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥ ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥
ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥
ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥}

(ਅੰਗ ੧੮)

ਸਿਰੀਰਾਗੁ ਮਹਲਾ ੧ ॥

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥
ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥
ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥}

(ਅੰਗ ੧੫-੧੬)

ਸਿਰੀਰਾਗੁ ਮਹਲਾ ੧ ॥

{ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥
ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ ਮਨ ਰੇ ਸਾਚੀ ਖਸਮ ਰਜਾਇ ॥
ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥
ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥
ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥
ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

56/7843

ਉਪਰ ਪ੍ਰਮਾਣ ਦੇ ਰੂਪ ਵਿੱਚ ਦਿੱਤੇ ਹੋਏ ਸ਼ਬਦਾਂ ਵਿੱਚੋਂ ਅਸੀਂ ਪਿੱਛੇ ਕੁੱਝ ਸ਼ਬਦਾਂ ਨੂੰ ਬਰੀਕੀ ਨਾਲ ਸਮਝਿਆ ਹੀ ਹੈ। ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਪੂਰਨ ਰੂਪ ਵਿੱਚ ਸਮਝਣਾ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਰਥਾ ਤੋਂ ਬਾਹਰ ਦੀ ਗੱਲ ਹੈ ਪਰ ਫਿਰ ਵੀ ਅਨੇਕਾਂ ਹੀ ਇਹੋ ਜਿਹੇ ਹਨ ਜੋ ਇਹ ਕਹਿੰਦੇ ਹਨ ਸਾਨੂੰ ਸ਼ਬਦਾਂ ਦੇ ਅੰਦਰ ਦੇ ਸੱਚ ਦੀ ਸਮਝ ਹੈ ਤੇ ਅਸੀਂ ਦੂਸਰਿਆਂ ਨੂੰ ਸ਼ਬਦਾਂ ਦੀ ਕਥਾ ਕਰਨ ਦੁਆਰਾ ਸ਼ਬਦਾਂ ਦੇ ਅੰਦਰ ਦਾ ਸੱਚ ਹੀ ਸਮਝਾਉਂਦੇ ਹਾਂ ਜੋ ਕਿ ਉਨ੍ਹਾਂ ਦੇ ਅੰਦਰ ਦਾ ਭਰਮ ਹੀ ਹੈ। ਸਾਡੇ ਅੰਦਰ ਮਨ ਦਾ ਭਰਮ ਹੀ ਸਾਡੇ ਸਭ ਦੇ ਅੰਦਰ ਦਾ ਬੰਧਨ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮਨ ਦੇ ਇਸ ਬੰਧਨ ਨੂੰ ਤ੍ਰੈ ਗੁਣ ਰੂਪ ਬੰਧਨ, ਮਨ ਦਾ ਮਾਇਆ ਰੂਪ ਬੰਧਨ, ਮਨ ਦਾ ਹਉਮੈ ਰੂਪ ਬੰਧਨ ਵੀ ਕਿਹਾ ਹੈ ਜੋ ਕਿ ਅਸਲ ਵਿੱਚ ਮਨ ਦੀ ਅਗਿਆਨਤਾ ਰੂਪ ਬੰਧਨ ਹੈ ਜਿਸ ਬੰਧਨ ਤੋਂ ਮੁਕਤੀ ਹੋਏ ਬਿਨ੍ਹਾਂ ਕੋਈ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਪੂਰਨ ਰੂਪ ਵਿੱਚ ਸਮਝ ਸਕੇ ਇਹ ਨਾਮੁਮਕਿਨ ਹੈ। ਆਪਣੇ ਰਚੇ ਹੋਏ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸੱਚ ਦਾ ਮਾਲਕ ਜੋ ਕਿ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਉਸ ਸੱਚ ਨੂੰ ਉਹ ਆਪ ਹੀ ਜਾਣਦਾ ਹੈ ਤੇ ਆਪ ਹੀ ਕਿਸੇ ਨੂੰ ਸਮਝਾ ਸਕਦਾ ਹੈ ਭਾਵ ਕਿਸੇ ਮਨੁੱਖੀ ਸਰੀਰ ਦੀ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋਣ ਦੁਆਰਾ ਹੀ ਸਮਝਾਉਂਦਾ ਹੈ ਜਿਵੇਂ ਕਿ ਉਹ ਇਸ ਦਾਸ ਦੁਆਰਾ ਸਮਝਾ ਰਿਹਾ ਹੈ। ਮਨ ਦਾ ਇਹ ਬੰਧਨ ਉਹ ਮਨੁੱਖ ਦੇ ਜੀਵਨ ਵਿੱਚ ਵਿਚਰਦੇ ਹੋਏ ਹੀ ਤੋੜਦਾ ਹੈ ਭਾਵ ਇਸ ਜੀਵਨ ਵਿੱਚ ਰਹਿੰਦੇ ਹੋਏ ਹੀ ਆਪਣੇ ਪਾਏ ਹੋਏ ਬੰਧਨ ਤੋਂ ਮੁਕਤ ਕਰਦਾ ਹੈ ਜਿਵੇਂ ਕਿ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਨ੍ਹਾਂ ਸਰੀਰਾਂ ਰਾਹੀਂ ਵੀ ਸਾਰੀ ਗੁਰਬਾਣੀ ਦੇ ਸ਼ਬਦ ਆਏ ਹਨ ਉਨ੍ਹਾਂ ਸਭ ਨੂੰ ਪਹਿਲੇ ਸ੍ਰਿਸ਼ਟੀ ਦੇ ਕਰਤੇ ਨੇ ਉਨ੍ਹਾਂ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਉਨ੍ਹਾਂ ਦੇ ਅੰਦਰ ਦਾ ਇਹ ਬੰਧਨ ਤੋੜਿਆ ਹੈ ਜਿਸ ਰਾਹੀਂ ਉਸਨੇ ਉਨ੍ਹਾਂ ਨੂੰ ਸ਼ਬਦਾਂ ਦੇ ਅੰਦਰ ਦਾ ਸੱਚ ਸਮਝਾਇਆ ਹੈ। ਮਨ ਦਾ ਬੰਧਨ ਟੁੱਟਣ ਤੋਂ ਬਾਅਦ ਮਨੁੱਖ ਨੂੰ ਫਿਰ ਆਪਣੇ ਸਰੀਰ ਬਾਰੇ ਜਾਂ ਸੰਸਾਰ ਬਾਰੇ, ਆਪਣੇ ਮਨ ਬਾਰੇ ਕੀ ਸੋਝੀ ਪੈਂਦੀ ਹੈ ਇਸ ਗੱਲ ਨੂੰ ਗਾਡ ਦੇ, ਅੱਲ੍ਹਾ ਦੇ, ਪ੍ਰਮਾਤਮਾ ਦੇ, ਅਕਾਲ ਪੁਰਖ ਦੇ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਭਗਤ ਕਬੀਰ ਜੀ ਦੇ ਸਰੀਰ ਰਾਹੀਂ ਪ੍ਰਗਟ ਹੋ ਕੇ ਉਚਾਰੇ ਹੋਏ ਹੇਠ ਦਿੱਤੇ ਸ਼ਬਦ ਦੁਆਰਾ ਸਮਝਦੇ ਹਾਂ।

ਆਸਾ ॥

“ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥
ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥ ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥
ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥
ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥
ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥
ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥
ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥ ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ॥
ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥ ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ॥
ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੮॥”

(ਅੰਗ ੪੮੦)

ਉਪਰ ਸ਼ਬਦ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਮੇਲ ਹੀ ਸਮਝਾਇਆ ਹੋਇਆ ਹੈ ਜੋ ਉਸਦੇ ਨਾਲ ਮੇਲ ਹੋਣ ਤੋਂ ਬਾਅਦ ਹੀ

56/7844

ਉਸ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਮੇਰੀ ਸਮਝ ਦਾ ਮਾਲਕ ਕੌਣ ਹੈ, ਮੇਰੇ ਸਰੀਰ ਦਾ ਮਾਲਕ ਕੌਣ ਹੈ ਤੇ ਇਸ ਗੱਲ ਦੀ ਸਮਝ ਪੈਣ ਦੇ ਨਾਲ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਆਪਣੇ ਆਪ ਨੂੰ ਧਰਮ ਦੇ ਮਾਰਗ ਦੀ ਸੱਚੀ ਸਮਝ ਵਾਲਾ ਅਖਵਾਉਣਾ ਕਿਸੇ ਵੀ ਮਨੁੱਖ ਦਾ ਕਿਤਨਾ ਵੱਡਾ ਭਰਮ ਹੈ। ਹੁਣ ਸ਼ਬਦ ਦੇ ਪਹਿਲੇ ਪਦੇ ਨੂੰ ਸਮਝਦੇ ਹਾਂ ਕਿ ਅੱਲ੍ਹਾ, ਅਕਾਲ ਪੁਰਖ, ਪ੍ਰਮਾਤਮਾ, ਸੰਸਾਰ ਦੇ ਹਰ ਮਨੁੱਖ ਨੂੰ ਆਪਣੇ ਨਾਲ ਮਨ ਦੇ ਵਿੱਚ ਮੇਲ ਜੋ ਉਸਦੇ ਨਾਲ ਹੁੰਦਾ ਹੈ, ਉਹ ਕਿਸੇ ਤਰੀਕੇ ਸਮਝਾਉਂਦਾ ਹੈ।

“ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥
ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥”

ਸ਼ਬਦ ਦੇ ਉਪਰ ਵਾਲੇ ਪਦੇ ਰਾਹੀਂ ਮਨੁੱਖ ਦਾ ਮਨ ਕੀ ਹੈ ਤੇ ਮਨ ਕਿਸ ਮਕਸਦ ਲਈ ਬਣਿਆ ਹੈ, ਇਹ ਗੱਲ ਸਮਝਾਈ ਹੋਈ ਹੈ। ਸੰਸਾਰ ਦੇ ਹਰ ਮਨੁੱਖੀ ਮਨ ਦੇ ਵਿੱਚੋਂ ਵਿਚਾਰ ਹੀ ਉਪਜਦੇ ਹਨ, ਸਮਝ ਹੀ ਉਪਜਦੀ ਹੈ ਜਿਸ ਮਨ ਦੇ ਅੰਦਰ ਦੀ ਸਮਝ ਨੂੰ ਹਰ ਮਨੁੱਖ ਆਪਣੀ ਸਮਝ ਕਰਕੇ ਹੀ ਜਾਣਦਾ ਹੈ ਤੇ ਮਨੁੱਖੀ ਸਰੀਰ ਨੂੰ ਵੀ ਆਪਣਾ ਸਰੀਰ ਹੀ ਸਮਝਦਾ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਕਿ ਜਦੋਂ ਕੋਈ ਮਨੁੱਖ ਆਪਣੇ ਅੰਦਰੋਂ ਸਮਝ ਦੇ ਮਾਲਕ ਨੂੰ ਜਾਣ ਲੈਂਦਾ ਹੈ ਜਿਵੇਂ ਕਿ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਤੇ ਉਨ੍ਹਾਂ ਗੁਰੂ ਸਾਹਿਬਾਨ ਨੇ ਵੀ ਜਾਣਿਆ ਹੈ ਜਿਨ੍ਹਾਂ ਰਾਹੀਂ ਭਾਵੇਂ ਗਾਡ ਨੇ ਉਨ੍ਹਾਂ ਦੇ ਅੰਦਰ ਪ੍ਰਗਟ ਹੁੰਦੇ ਹੋਏ ਵੀ ਗੁਰਬਾਣੀ ਗ੍ਰੰਥ ਵਿੱਚ ਦਰਜ ਕਰਨ ਲਈ ਸ਼ਬਦ ਨਹੀਂ ਉਚਾਰੇ ਪਰ ਆਪਣੇ ਅੰਦਰ ਦੇ ਮਨ ਨੂੰ ਤੇ ਆਪਣੇ ਸਰੀਰ ਦੇ ਮਾਲਕ ਨੂੰ ਉਨ੍ਹਾਂ ਸਭ ਨੇ ਇੱਕੋ ਰੂਪ ਵਿੱਚ ਜਾਣਿਆ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਉੱਚਾ ਨਹੀਂ ਕਿਹਾ, ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਤੇ ਸ਼ਬਦ ਨੂੰ ਹੀ ਗੁਰੂ ਮੰਨਿਆ ਹੈ ਤੇ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝਣ ਦੁਆਰਾ ਆਪਣੇ ਜੀਵਨ ਵਿੱਚ ਸੱਚੇ ਮਾਰਗ ਤੇ ਚੱਲਕੇ ਹੀ ਦਿਖਾਇਆ ਹੈ ਭਾਵ ਉਨ੍ਹਾਂ ਦੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਜੋ ਉਨ੍ਹਾਂ ਨੂੰ ਕਰਨ ਲਈ ਸਮਝਾਉਂਦਾ ਸੀ ਉਹੀ ਕੁੱਝ ਉਹ ਆਪਣੇ ਜੀਵਨ ਵਿੱਚ ਕਰਦੇ ਰਹੇ ਹਨ ਕਿਉਂਕਿ ਉਹ ਆਪਣੇ ਮਨ ਦੀ ਸਮਝ ਦੇ ਮਾਲਕ ਨੂੰ ਜਾਣਦੇ ਸਨ, ਸਰੀਰ ਦੇ ਮਾਲਕ ਨੂੰ ਜਾਣਦੇ ਸਨ।

ਸ਼ਬਦ ਦੇ ਉਪਰ ਵਾਲੇ ਪਦੇ ਰਾਹੀਂ ਮਨ ਦੀ ਗੱਲ ਹੀ ਸਮਝਾਈ ਹੋਈ ਹੈ। ਸਾਡੇ ਅੰਦਰ ਦਾ **“ਗਗਨ ਨਗਰਿ”** ਕੀ ਹੈ ਇਸ ਗੱਲ ਦੀ ਸਮਝ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ, ਇਹ ਸਾਡੇ ਮਨ ਦੀ ਸਮਝ ਦੇ ਅੰਦਰ

ਸ੍ਰਿਸ਼ਟੀ ਦੇ ਕਰਤੇ ਦੇ ਰਹਿਣ ਦਾ ਨਗਰ ਹੈ, ਉਸਦੇ ਰਹਿਣ ਦਾ ਸ਼ਹਿਰ ਹੈ, ਉਸਦੇ ਰਹਿਣ ਦੀ ਜਗ੍ਹਾ ਹੈ, ਉਸਦਾ ਮਹਲ ਹੈ ਜੋ ਕਿ ਗਿਆਨ ਦੇ ਰੂਪ ਵਿੱਚ ਹੈ। ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਦੇ ਵਿੱਚ ਰਹਿੰਦੇ ਹੋਏ ਉਸਦੇ ਨਗਰ

56/7845

ਨੂੰ ਕੋਈ ਵੀ ਆਪਣੇ ਅੰਦਰੋਂ ਨਹੀਂ ਜਾਣ ਸਕਦਾ ਕਿਉਂਕਿ ਮਨੁੱਖੀ ਸਮਝ ਨੂੰ ਉਸਨੇ ਆਪ ਹੀ ਬਹੁਤ ਨੀਵਾਂ ਰੱਖਿਆ ਹੋਇਆ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਚੌਥੇ ਪਦ ਦੇ ਗਿਆਨ ਵਾਲੀ ਸਮਝ, ਸਹਜ ਗਿਆਨ ਵਾਲੀ ਸਮਝ, ਤ੍ਰੈ ਗੁਣਾਂ ਵਾਲੀ ਸਮਝ ਤੋਂ ਬਹੁਤ ਉੱਚੀ ਹੈ, ਇਤਨੀ ਉੱਚੀ ਹੈ ਜਿਤਨਾ **"ਗਗਨ"** ਭਾਵ ਆਕਾਸ਼ ਪਾਤਾਲ ਨਾਲੋਂ ਉੱਚਾ ਹੈ। ਤ੍ਰੈ ਗੁਣਾਂ ਵਾਲੀ ਸਮਝ ਵੀ ਮਨੁੱਖ ਦੇ ਅੰਦਰ ਪਾਉਣ ਵਾਲਾ ਚੌਥੇ ਪਦ ਦੇ ਗਿਆਨ ਦਾ ਮਾਲਕ ਆਪ ਹੀ ਹੈ ਭਾਵ ਨਾਮ ਦਾ ਮਾਲਕ ਆਪ ਹੀ ਹੈ ਜਿਸਨੇ ਸਭ ਨੂੰ ਆਪ ਹੀ ਹਉਮੈ ਵਿੱਚ ਰੱਖਿਆ ਹੋਇਆ ਹੈ ਭਾਵ ਮਨ ਦੀ ਅਗਿਆਨਤਾ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਸ ਮਨ ਦੀ ਵੱਡੀ ਅਗਿਆਨਤਾ ਕਰਕੇ ਭਾਵ ਬਹੁਤ ਨੀਵੀਂ ਸਮਝ ਕਰਕੇ ਹੀ ਮਨੁੱਖ ਮੈਂ ਵਿੱਚ ਰਹਿੰਦਾ ਹੈ ਤੇ ਆਪਣੇ ਸਰੀਰ ਨੂੰ, ਆਪਣੇ ਅੰਦਰ ਦੀ ਸਮਝ ਨੂੰ ਆਪਣੀ ਸਮਝ ਸਮਝਦਾ ਹੈ। ਸਾਡੇ ਅੰਦਰ ਦਾ **"ਨਾਦੁ"** ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਇਸ ਸ਼ਬਦ ਤੋਂ ਬਾਅਦ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਵੀ ਦ੍ਰਿੜ ਕਰਾਂਗੇ। **"ਨਾਦੁ"** ਬਾਣੀ ਦੇ ਸ਼ਬਦਾਂ ਦੇ ਵਿੱਚ ਸਾਡੇ ਅੰਦਰ ਦੀ ਸਮਝ ਨੂੰ ਹੀ ਕਿਹਾ ਹੈ, ਮਨ ਦੇ ਵਿਚਾਰਾਂ ਨੂੰ ਹੀ ਕਿਹਾ ਹੈ ਜੋ ਵਿਚਾਰ ਸਾਡੇ ਅੰਦਰ ਹਰ ਵੇਲੇ ਉਪਜਦੇ ਹੀ ਰਹਿੰਦੇ ਹਨ, ਬਰਸਦੇ ਹੀ ਭਾਵ ਵਰਸਦੇ ਹੀ ਰਹਿੰਦੇ ਹਨ ਜੋ ਕਿ ਸਾਡੇ ਅੰਦਰ ਮਾਇਆ ਮੋਹ ਦੇ ਵਿਚਾਰਾਂ ਦੇ ਰੂਪ ਵਿੱਚ ਵਰਸਦੇ ਹਨ, ਤ੍ਰਿਸ਼ਨਾਵਾਂ ਦੇ ਰੂਪ ਵਿੱਚ ਵਰਸਦੇ ਹਨ ਜੋ ਮਨ ਦੇ ਨਾਸਮਝ ਵਿਚਾਰ ਨਾ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਿੰਦੇ ਹਨ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਵਿੱਚ ਮਨ ਦੀ ਘੋਰ ਅਗਿਆਨਤਾ ਵਿੱਚ ਰੱਖਦੇ ਹਨ, ਹਉਮੈ ਵਿੱਚ ਰੱਖਦੇ ਹਨ ਭਾਵ ਸੱਚ ਦਾ ਮਾਰਗ ਸਮਝਣ ਵਿੱਚ ਤੇ ਉਸ ਮਾਰਗ ਤੇ ਚੱਲਣ ਤੋਂ ਦੂਰ ਰੱਖਦੇ ਹਨ। ਜੋ ਮਨੁੱਖ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲੈਂਦਾ ਹੈ ਭਾਵ ਜਿਸ ਮਨੁੱਖੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਉਸਦੀ ਸਮਝ ਦੇ ਅੰਦਰ ਫਿਰ ਉਹ ਆਪਣੇ ਸੱਚ ਰੂਪ ਜਲ ਦੀ ਵਰਖਾ ਕਰਦਾ ਹੈ, ਅੰਮ੍ਰਿਤ ਜਲ ਦੀ ਵਰਖਾ ਕਰਦਾ ਹੈ ਭਾਵ ਚੌਥੇ ਪਦ ਦੇ ਗਿਆਨ ਵਾਲੇ ਵਿਚਾਰਾਂ ਦੀ ਵਰਖਾ ਕਰਦਾ ਹੈ, ਅੰਮ੍ਰਿਤ ਦੀ ਵਰਖਾ ਕਰਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਇਸ ਸ਼ਬਦ ਤੋਂ ਬਾਅਦ ਉਨ੍ਹਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਹੀ ਦ੍ਰਿੜ ਕਰਾਂਗੇ। ਜਦੋਂ ਪ੍ਰਮਾਤਮਾ, ਅੱਲ੍ਹਾ ਕਿਸੇ ਨੂੰ ਮਨ ਦੀ ਸਮਝ ਦੇ ਵਿੱਚ ਸਭ ਤੋਂ ਉੱਚਾ ਗਿਆਨ ਬਖਸ਼ ਦਿੰਦਾ ਹੈ ਭਾਵ ਆਪਣੇ ਮਨ ਰੂਪ **"ਨਗਰਿ"** ਦੇ ਵਿੱਚੋਂ ਆਪਣਾ **"ਗਗਨ"** ਰੂਪ ਗਿਆਨ ਬਖਸ਼ ਦਿੰਦਾ ਹੈ ਭਾਵ ਆਪਣਾ ਨਾਮ ਬਖਸ਼ ਦਿੰਦਾ ਹੈ ਉਸ ਮਨੁੱਖੀ ਸਮਝ ਦੇ ਵਿੱਚੋਂ ਫਿਰ ਨਾਸਮਝ ਵਿਚਾਰਾਂ ਦੀ ਇੱਕ ਬੂੰਦ ਵੀ ਨਹੀਂ ਬਰਸਦੀ ਭਾਵ ਨਹੀਂ ਉਪਜਦੀ ਤੇ ਉਸਦੇ ਅੰਦਰ ਦਾ ਨਾਦ ਭਾਵ ਮਨ ਦੇ ਵਿਚਾਰਾਂ ਦਾ ਸ਼ੋਰ ਫਿਰ ਕਿੱਥੇ ਚਲਾ ਜਾਂਦਾ ਹੈ ਭਾਵ ਸਮਾ ਜਾਂਦਾ ਹੈ ਭਾਵ ਉਨ੍ਹਾਂ ਵਿਚਾਰਾਂ ਨੂੰ ਕੌਣ ਉਸਦੇ ਅੰਦਰੋਂ ਕੱਢਦਾ ਹੈ ਉਹ **"ਪਾਰਬ੍ਰਹਮ ਪਰਮੇਸੁਰ ਮਾਧੋ"** ਆਪ ਹੈ। ਜਦ ਤੱਕ ਕੋਈ ਆਪਣੇ

56/7846

ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੇ ਮਨ ਰੂਪ ਨਗਰ ਨੂੰ ਨਹੀਂ ਜਾਣਦਾ ਭਾਵ ਵਿਚਾਰਾਂ ਦੇ ਮਾਲਕ ਨੂੰ ਨਹੀਂ ਜਾਣਦਾ ਤਦ ਤੱਕ ਹੀ ਕੋਈ ਆਪਣੇ ਆਪ ਨੂੰ **"ਹੰਸੁ"** ਸਮਝ ਸਕਦਾ ਹੈ ਭਾਵ ਹੰਸਾਂ ਵਰਗਾ ਸੋਹਣਾ, ਸਿਆਣਾ ਤੇ ਚੰਗਾ ਸਮਝ ਸਕਦਾ ਹੈ ਤੇ ਜਦੋਂ ਕੋਈ ਮਨੁੱਖ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਭਾਵ ਧਾਰਮਿਕ ਗਿਆਨ ਦੇ ਮਾਰਗ ਤੇ ਭਾਵ ਧਰਮ ਗ੍ਰੰਥਾਂ ਦੇ ਅੰਦਰ ਲਿਖੇ ਹੋਏ ਸ਼ਬਦਾਂ ਦੇ ਅੰਦਰ ਦੇ ਗਿਆਨ ਨੂੰ ਸਮਝਣ ਵਿੱਚ ਉੱਚਾ ਸਮਝ ਲੈਂਦਾ ਹੈ ਉਸਨੂੰ ਉਪਰ ਵਾਲੇ ਪਦੇ ਵਿੱਚ **"ਪਰਮ ਹੰਸੁ"** ਕਿਹਾ ਹੈ ਭਾਵ ਜੋ ਮਨ ਦੀ ਸਮਝ ਨੂੰ ਆਪਣਾ ਸਮਝਣ ਰਾਹੀਂ ਦੂਸਰਿਆਂ ਅੱਗੇ ਆਪਣੇ ਮਨ ਦਾ ਸ਼ੋਰ ਸੁਣਾਉਂਦੇ ਹਨ ਭਾਵ ਆਪਣੇ ਮਨ ਦਾ ਨਾਦ ਵਜਾਉਂਦੇ ਹਨ। ਇਹੋ ਜਿਹਿਆਂ ਦੀ ਸਮਝ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈਂਦੀ ਹੈ ਤੇ ਇਹੋ ਜਿਹੇ ਪਰਮ ਹੰਸ ਅਖਵਾਉਣ ਵਾਲੇ ਫਿਰ ਉਸ ਮਨੁੱਖ ਦੀ ਸਮਝ ਦੇ ਅੰਦਰੋਂ ਨਿਕਲ ਜਾਂਦੇ ਹਨ ਭਾਵ ਫਿਰ ਉਹ ਮਨੁੱਖ ਇਹੋ ਜਿਹਾ ਉੱਚਾ ਅਖਵਾਉਣ ਵਾਲਿਆਂ ਦੀ ਸਮਝ ਪਿੱਛੇ ਨਹੀਂ ਲੱਗਦੇ। **(ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥) {ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇਟੀ ਅੰਗੁ ॥੧੨੩॥}** ਅੰਗ ੧੩੮੪

ਜਿਨ੍ਹਾਂ ਨੂੰ ਅਸੀਂ **"ਪਰਮ ਹੰਸੁ"** ਸਮਝਦੇ ਹਾਂ ਭਾਵ ਮਨ ਦੀ ਅਗਿਆਨਤਾ ਕਰਕੇ ਸਮਝਦੇ ਹਾਂ ਉਹ ਕਿਹੋ ਜਿਹੇ ਹੁੰਦੇ ਹਨ ਤੇ ਉਨ੍ਹਾਂ ਕੋਲੋਂ ਇਹ ਸਭ ਕੁੱਝ ਕੌਣ ਕਰਵਾਉਂਦਾ ਹੈ ਭਾਵ ਉਨ੍ਹਾਂ ਨੂੰ ਕਿਸ ਕਰਕੇ ਉੱਚਾ ਮੰਨਿਆ ਜਾਂਦਾ ਹੈ ਇਹੀ ਗੱਲ ਸ਼ਬਦ ਦੀਆਂ

ਅਗਲੀਆਂ **"ਰਹਾਉ"** ਵਾਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥

ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥"

ਜੋ ਵੀ ਮਨੁੱਖ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ, ਬਾਬਾ, ਸੰਤ ਆਦਿ ਅਖਵਾਉਂਦੇ ਹਨ ਭਾਵ ਧਰਮ ਦੇ ਮਾਰਗ ਦੇ ਵਿਦਵਾਨ ਅਖਵਾਉਂਦੇ ਹਨ ਉਹ ਮਨ ਦੀ ਨਾਸਮਝੀ ਕਰਕੇ ਅਖਵਾਉਂਦੇ ਹਨ ਭਾਵ ਆਪਣੀ ਸਮਝ ਦੇ ਮਾਲਕ ਨੂੰ, ਧਰਮ ਦੇ ਸੱਚੇ ਗਿਆਨ ਦੇ ਮਾਲਕ ਨੂੰ ਨਾ ਜਾਨਣ ਕਰਕੇ ਅਖਵਾਉਂਦੇ ਹਨ। ਇਹੋ ਜਿਹੇ ਮਨੁੱਖ ਆਪਣੀ ਦੇਹ ਨੂੰ ਹੀ ਉੱਚਾ ਸਮਝਦੇ ਹਨ ਕਿ ਇਹ ਦੇਹ ਸਾਡੀ ਹੈ ਭਾਵ ਇਹ ਮਨੁੱਖਾ ਸਰੀਰ ਸਾਡਾ ਹੈ ਭਾਵ ਇਹ ਮਨੁੱਖਾ ਸਰੀਰ ਦਾ ਮਾਲਕ ਵੀ ਮੈਂ ਹਾਂ ਤੇ ਮੇਰੇ ਸਰੀਰ ਦੇ ਅੰਦਰ ਦੀ ਸਮਝ ਵੀ ਮੇਰੀ ਹੈ ਪਰ ਸੱਚ ਦੇ ਸਾਹਮਣੇ ਆਉਣ ਦੇ ਨਾਲ ਭਾਵ ਜੋ ਮਨੁੱਖ ਆਪਣੇ ਅੰਦਰੋਂ ਸੱਚ ਦੇ ਮਾਲਕ ਨੂੰ ਜਾਣ ਲੈਂਦਾ ਹੈ ਉਸ ਦੀਆਂ ਨਜਰਾਂ ਵਿੱਚ ਫਿਰ ਇਹ ਕਿੱਥੇ ਗਏ ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਕਿਉਂਕਿ ਜਿੱਥੇ ਜਾ ਕੇ ਮਨੁੱਖ ਨੂੰ ਸੱਚਾ ਗਿਆਨ ਮਿਲਦਾ ਹੈ ਉਸ ਜਗ੍ਹਾ ਤੇ ਇਹੋ ਜਿਹੇ ਗਏ ਹੀ ਨਹੀਂ ਹੁੰਦੇ ਭਾਵ ਉਨ੍ਹਾਂ ਨੇ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਦੇ ਦਰ ਨੂੰ ਜਾਣਿਆ ਹੀ ਨਹੀਂ ਹੁੰਦਾ। **(ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥)**

56/7847

ਇਹੋ ਜਿਹੇ ਜੋ ਆਪਣੇ ਆਪ ਨੂੰ ਬਾਬੇ, ਸੰਤ ਆਦਿ ਅਖਵਾਉਂਦੇ ਹਨ, ਧਰਮ ਦੇ ਵਿਦਵਾਨ ਅਖਵਾਉਂਦੇ ਹਨ ਤੇ ਸੰਸਾਰੀਆਂ ਨੂੰ ਧਾਰਮਿਕ ਕਥਾ ਵਾਰਤਾ ਵੀ ਸੁਣਾਉਂਦੇ ਹਨ ਉਹ ਇਹ ਸਭ ਕੁੱਝ ਕਿਸ ਵਜ੍ਹਾ ਕਰਕੇ ਕਰਦੇ ਹਨ ਤੇ ਆਪਣੇ ਆਪ ਨੂੰ ਉੱਚਾ ਸਮਝਦੇ ਹਨ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ। ਧਿਆਨ ਨਾਲ ਸਮਝਣ ਦੀ ਲੋੜ ਹੈ।

"ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥"

ਸਾਡੇ ਅੰਦਰ ਦੀ ਸੁਰਤਿ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਡੀ ਸੁਰਤਿ ਸਾਡੀ ਅੰਦਰ ਦੀ ਸਮਝ ਹੈ ਤੇ ਜਦ ਤੱਕ ਸਾਡੀ ਸੁਰਤਿ ਦੇ ਅੰਦਰ ਸ਼ਬਦ ਰੂਪ ਗੁਰੂ ਭਾਵ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤੇ ਪ੍ਰਗਟ ਹੋ ਕੇ ਉਹ ਆਪਣੇ ਸ਼ਬਦਾਂ ਦਾ ਸੱਚਾ ਗਿਆਨ ਹੀ ਦਿੰਦਾ ਹੈ ਜੋ ਕਿ ਉਹ ਮਨੁੱਖੀ ਸੁਰਤਿ ਦੇ ਵਿੱਚ ਹੀ ਦਿੰਦਾ ਹੈ ਜਿਸ ਤਰੀਕੇ ਸ਼ਬਦ ਸੁਰਤਿ ਦਾ ਮੇਲ ਹੁੰਦਾ ਹੈ ਭਾਵ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ ਦਾ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਮੇਲ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਇਸ ਗੱਲ ਨੂੰ ਬਰੀਕੀ ਨਾਲ ਸਮਝਿਆ ਹੀ ਹੈ। ਜਦ ਤੱਕ ਮਨੁੱਖੀ ਸੁਰਤਿ ਦਾ ਸ਼ਬਦ ਦੇ ਨਾਲ ਮੇਲ ਨਹੀਂ ਹੁੰਦਾ ਭਾਵ ਜਦ ਤੱਕ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ ਗਗਨ ਜਿਤਨੀ ਉੱਚੀ ਸਮਝ ਦੇ ਨਾਲ ਮੇਲ ਨਹੀਂ ਹੋ ਜਾਂਦਾ ਤਦ ਤੱਕ ਹਰ ਮਨੁੱਖੀ ਸਮਝ ਸ੍ਰਿਸ਼ਟੀ ਦੇ ਕਰਤੇ ਨੂੰ ਸਮਝਣ ਵਿੱਚ ਬਹੁਤ ਨੀਵੀਂ ਹੁੰਦੀ ਹੈ ਭਾਵ ਤ੍ਰੈ ਗੁਣਾਂ ਵਾਲੀ, ਮਾਇਆ ਦੇ ਛਲ ਵਾਲੀ, ਹਉਮੈ ਵਾਲੀ, ਮਨ ਦੇ ਪੁੱਠੇ ਕਮਲ ਵਾਲੀ ਭਾਵ ਘੋਰ ਅਗਿਆਨਤਾ ਵਾਲੀ ਹੁੰਦੀ ਹੈ। ਮਨ ਦੀ ਇਸ ਅਵਸਥਾ ਦੇ ਅੰਦਰ ਮਨੁੱਖੀ ਸੁਰਤਿ ਦੇ ਵਿੱਚ ਵਿਚਾਰ ਤਾਂ ਉਪਜਦੇ ਹੀ ਰਹਿੰਦੇ ਹਨ ਤੇ ਮਨੁਖ ਉਹੀ ਕੁੱਝ ਕਰਦਾ ਹੈ ਜੋ ਉਸਦੇ ਵਿਚਾਰ ਉਸ ਕੋਲੋਂ ਕਰਵਾਉਂਦੇ ਹਨ ਭਾਵ ਜਿਸ ਤਰੀਕੇ ਮਨੁੱਖ ਦੇ ਵਿਚਾਰ ਉਸਦੇ ਮਨ ਨੂੰ ਨਚਾਉਂਦੇ ਹਨ ਭਾਵ ਖੁਸ਼ੀ ਦਿੰਦੇ ਹਨ ਉਹੀ ਕੁੱਝ ਮਨੁੱਖ ਕਰਦਾ ਹੈ ਭਾਵੇਂ ਉਹ ਵਿਚਾਰ ਸ਼ਬਦਾਂ ਦੀ ਵਿਚਾਰ ਤੋਂ ਚਾਹੇ ਜਿਤਨੇ ਮਰਜੀ ਉਲਟ ਹੋਣ। ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ ਤੇ ਸੰਸਾਰੀਆਂ ਨੂੰ ਆਪਣੀ ਕਥਾ ਵਾਰਤਾ ਕਹਿ ਕੇ ਸੁਣਾਉਂਦੇ ਹਨ ਉਹ ਆਪਣੀ ਸੁਰਤਿ ਦੇ ਵਿਚਾਰਾਂ ਰਾਹੀਂ ਭਾਵ ਆਪਣੀ ਸਮਝ ਦੇ ਗਿਆਨ ਰਾਹੀਂ ਸੁਣਾਉਂਦੇ ਹਨ ਤੇ ਆਪਣੀ ਸੁਰਤਿ ਦੇ ਭਰਮ ਵਾਲੇ ਵਿਚਾਰਾਂ ਕਰਕੇ ਹੀ ਮਨੁੱਖੀ ਸਰੀਰ ਨੂੰ ਆਪਣਾ ਸਰੀਰ ਸਮਝਦੇ ਹਨ ਤੇ ਆਪਣੇ ਆਪ ਨੂੰ ਉੱਚੇ ਅਖਵਾਉਂਦੇ ਹਨ। **(ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥ ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥)**

ਹੁਣ ਸ਼ਬਦ ਦੇ ਅਗਲੇ ਪਦੇ ਨੂੰ ਸਮਝਦੇ ਹਾਂ ਕਿ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਵਾਲੇ ਕਿਸ ਲਈ ਉੱਚਾ ਅਖਵਾਉਂਦੇ ਹਨ ਭਾਵ ਉਨ੍ਹਾਂ ਦੇ ਅੰਦਰ ਦੇ ਭਰਮ ਦਾ ਕਾਰਣ ਕੀ ਹੈ।

"ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥

ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥"

56/7848

ਉਪਰ ਵਾਲੇ ਪਦੇ ਤੋਂ ਪਹਿਲੇ **"ਰਹਾਉ"** ਵਾਲੀਆਂ ਪੰਗਤੀਆਂ ਰਾਹੀਂ ਜੋ ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ ਉਹ **"ਕਹਾ ਗਏ"** ਦੀ ਗੱਲ ਸਮਝੀ ਹੈ ਤੇ ਉਪਰ ਵਾਲੇ ਪਦੇ ਵਿੱਚ ਵੀ **"ਕਹਾ ਗਇਓ"** ਦੀ ਗੱਲ ਕੀਤੀ ਹੋਈ ਹੈ ਭਾਵ ਉਨ੍ਹਾਂ ਬਾਰੇ ਹੀ ਕੀਤੀ ਹੋਈ ਹੈ ਜੋ ਆਪਣੇ ਆਪ ਨੂੰ ਧਰਮ ਦਾ ਵਿਦਵਾਨ ਕਹਿਣ ਦੁਆਰਾ ਆਪਣੇ ਆਪ ਨੂੰ ਉੱਚਾ ਥਾਪਦੇ ਹਨ। ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਇਹੋ ਜਿਹਿਆਂ ਨੂੰ ਭਾਵ ਆਪਣੇ ਆਪ ਨੂੰ ਉੱਚਾ ਅਖਵਾਉਣ ਵਾਲਿਆਂ ਨੂੰ **"ਬਜਾਵਨਹਾਰੋ"** ਕਹਿ ਕੇ ਸੰਬੋਧਨ ਕੀਤਾ ਹੋਇਆ ਹੈ ਕਿ ਉਨ੍ਹਾਂ ਨੇ ਕਿਸ ਜਗ੍ਹਾ ਤੇ ਜਾ ਕੇ ਆਪਣੇ ਸਰੀਰ ਨੂੰ ਇੱਕ **"ਮੰਦਰੁ"** ਬਣਾਇਆ ਹੋਇਆ ਹੈ ਭਾਵ ਆਪਣੇ ਆਪ ਨੂੰ ਹੀ ਧਰਮ ਦਾ ਅਸਥਾਨ ਬਣਾਇਆ ਹੋਇਆ ਹੈ ਭਾਵ ਇਹੋ ਜਿਹਿਆਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੁੰਦੀ ਕਿ ਧਰਮ ਦੇ ਮਾਰਗ ਦੀ ਸੱਚੀ ਸਮਝ ਕੌਣ ਪਾਉਂਦਾ ਹੈ। ਸਾਰੇ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਸੱਚੇ ਧਰਮ ਦੇ ਮਾਰਗ ਦੀ ਇੱਕੋ ਜਿਹੀ ਸਮਝ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹੋ ਜਿਹਿਆਂ ਨੂੰ **"ਬਜਾਵਨਹਾਰੋ"** ਇਸ ਲਈ ਕਿਹਾ ਗਿਆ ਹੈ ਕਿ ਇਹ ਆਪਣੀ ਝੂਠੀ ਵਜਾਉਂਦੇ ਹਨ ਭਾਵ ਆਪਣਾ ਮਾਣ ਉੱਚਾ ਕਰਦੇ ਹਨ ਕਿ ਅਸੀਂ ਧਰਮ ਦੇ ਮਾਰਗ ਦੀ ਉੱਚੀ ਸਮਝ ਰੱਖਣ ਵਾਲੇ ਹਾਂ ਭਾਵ ਝੂਠਾ ਮਾਣ ਲੈਂਦੇ ਹਨ। ਇਹੋ ਜਿਹੇ ਝੂਠਾ ਮਾਣ ਕਿਵੇਂ ਲੈਂਦੇ ਹਨ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸੱਚਾ ਮਾਣ ਉਨ੍ਹਾਂ ਦਾ ਹੈ ਜਿਨ੍ਹਾਂ ਨੇ ਆਪਣੇ ਸੱਚ ਰੂਪ ਖਸਮ ਦੇ ਦਰ ਤੇ ਜਾ ਕੇ ਭਾਵ ਮਨ ਦੇ ਵਿੱਚ ਉਸਦੇ ਨਾਲ ਮੇਲ ਹੋਣ ਦੁਆਰਾ ਧਰਮ ਦੇ ਸੱਚੇ ਮਾਰਗ ਦੀ ਸਿੱਖਿਆ ਲਈ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦ ਰਾਹੀਂ ਸਮਝਿਆ ਹੀ ਹੈ ਤੇ ਇਸ ਸ਼ਬਦ ਤੋਂ ਬਾਅਦ ਉਸ ਸ਼ਬਦ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਸਮਝਾਂਗੇ ਭਾਵ ਦ੍ਰਿੜ ਕਰਾਂਗੇ ਕਿ ਭਗਤੀ ਦੇ ਮਾਰਗ ਤੇ ਸੱਚੇ ਤੇ ਝੂਠੇ ਮਾਣ ਵਿੱਚ ਕੀ ਫਰਕ ਹੈ। ਬਾਣੀ ਦੇ ਸ਼ਬਦ ਰਾਹੀਂ ਮਨੁੱਖੀ ਸਰੀਰ ਨੂੰ ਹੀ **"ਹਰਿਮੰਦਰ"** ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸਮਝਿਆ ਹੀ ਹੈ ਤੇ ਬਾਅਦ ਵਿੱਚ ਉਸ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕਰਾਂਗੇ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਦਾ ਸੱਚਾ ਗਿਆਨ **"ਹਰਿਮੰਦਰ"** ਰੂਪ ਸਰੀਰ ਰਾਹੀਂ ਹੀ ਆਇਆ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੋਂ ਹੀ ਆਇਆ ਹੈ ਭਾਵ ਗਾਡ ਦੇ, ਅਕਾਲ ਪੁਰਖ ਦੇ, ਅੱਲ੍ਹਾ ਦੇ, ਪ੍ਰਮਾਤਮਾ ਦੇ ਦਰ ਤੋਂ ਹੀ ਆਇਆ ਹੈ ਭਾਵ ਸਰੀਰ ਰੂਪ **"ਮੰਦਰੁ"** ਤੋਂ ਹੀ ਆਇਆ ਹੈ ਜਿਸ ਹਰ ਇੱਕ ਮਨੁੱਖੀ ਸਰੀਰ ਦੇ ਵਿੱਚ ਮਨ ਰੂਪ ਜੋਤਿ ਸ੍ਰਿਸ਼ਟੀ ਦੇ ਘਰ ਦਾ **"ਮੰਦਰੁ"** ਹੈ ਜਿਸ **"ਮੰਦਰੁ"** ਦੇ ਵਿੱਚੋਂ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਦਾ ਸੱਚਾ ਗਿਆਨ ਆਇਆ ਹੈ। ਉਸ ਸ੍ਰਿਸ਼ਟੀ ਦੇ ਕਰਤੇ ਦੇ **"ਮੰਦਰੁ"** ਦੀ ਸਮਝ ਕੇਵਲ ਉਸਨੂੰ ਹੀ ਪੈਂਦੀ ਹੈ ਜਿਸ ਆਪਣੇ ਮਨ ਰੂਪ **"ਮੰਦਰੁ"** ਦੇ ਵਿੱਚ ਉਹ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਭਾਵ ਆਪਣਾ ਨਿਰੰਕਾਰ ਰੂਪ, ਸੱਚਾ ਗਿਆਨ ਰੂਪ, ਨਾਮ ਰੂਪ, ਬ੍ਰਹਮ ਗਿਆਨ ਰੂਪ ਪ੍ਰਗਟ ਕਰ ਦਿੰਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਮਨ ਰੂਪ ਜੋਤਿ ਦੇ ਅੰਦਰ ਭਾਵ ਮਨ ਰੂਪ ਮੰਦਰ ਦੇ ਅੰਦਰ, **"ਹਰਿਮੰਦਰ"** ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਸੱਚਾ ਮਾਣ ਕੇਵਲ ਉਸ ਸ੍ਰਿਸ਼ਟੀ ਦੇ ਕਰਤੇ ਦੇ ਸੱਚੇ ਰੂਪ ਮੰਦਰ ਨੂੰ

56/7849

ਜਾਨਣ ਦੁਆਰਾ ਹੀ ਮਿਲਦਾ ਹੈ ਤੇ ਜਿਨ੍ਹਾਂ ਨੇ ਇਹ ਸੱਚਾ ਮਾਣ ਲਿਆ ਹੈ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਸੱਚ ਦੇ ਮਾਰਗ ਤੇ ਚੱਲ ਕੇ ਵੀ ਦਿਖਾਇਆ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਸਮਝ ਕੇ ਉਸਤੇ ਅਮਲ ਵੀ ਕੀਤਾ ਹੈ। ਹੁਣ ਤੁਸੀਂ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਨੂੰ ਸਮਝ ਸਕਦੇ ਹੋ ਕਿ **"ਬਜਾਵਨਹਾਰੋ"** ਭਾਵ ਆਪਣੀ ਝੂਠੀ ਸ਼ਾਨ ਦਾ ਢੋਲ ਵਜਾਉਣ ਵਾਲੇ ਕਿਹੋ ਜਿਹੇ ਹੁੰਦੇ ਹਨ। **(ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥)**

ਇਹੋ ਜਿਹੇ ਆਪਣੀ ਝੂਠੀ ਇੱਜਤ ਦਾ ਢੋਲ ਕਿਸ ਕਰਕੇ ਵਜਾਉਂਦੇ ਹਨ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲੇ ਬਣਾ ਕੇ ਸੰਤ, ਬਾਬੇ ਆਦਿ ਕਿਸ ਕਰਕੇ ਅਖਵਾਉਂਦੇ ਹਨ ਇਹੀ ਗੱਲ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥"

ਉਪਰ ਵਾਲੀ ਪੰਗਤੀ ਰਾਹੀਂ ਮਨ ਦੇ ਵਿੱਚ ਪ੍ਰਮਾਤਮਾ, ਗਾਡ, ਅੱਲ੍ਹਾ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਮੇਲ ਹੀ ਸਮਝਾਇਆ ਹੈ ਜਿਸ ਸ੍ਰਿਸ਼ਟੀ ਦੇ ਮਨ ਰੂਪ ਘਰ ਵਿੱਚ ਜਾ ਕੇ ਉਸਦੇ ਸੱਚੇ ਗੀਤ ਗਾਏ ਜਾ ਸਕਦੇ ਹਨ, ਉਸਦੀ ਸੱਚੀ ਕਥਾ ਵਾਰਤਾ ਕੀਤੀ ਜਾ ਸਕਦੀ ਹੈ ਤੇ ਉਸਦੇ ਦਰ ਦੀ ਸੱਚੀ ਇੱਜਤ ਦੇ, ਉਸਦੇ ਸੱਚੇ ਮਾਣ ਦੇ ਭਾਗੀਦਾਰ ਬਣਿਆ ਜਾ ਸਕਦਾ ਹੈ ਜਿਵੇਂ ਕਿ ਗੁਰਬਾਣੀ ਗ੍ਰੰਥ ਦੀ ਰਚਨਾ ਕਰਨ ਵਾਲੇ ਬਣੇ ਹਨ ਜਿਨ੍ਹਾਂ ਨੇ **"ਸਚੁ"** ਦੇ ਮਾਲਕ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਸੱਚ ਸਮਝ ਕੇ ਭਾਵ ਧਰਮ ਦੇ ਮਾਰਗ ਦਾ ਸੱਚ ਸਮਝ ਕੇ ਆਪ ਆਪਣੇ ਜੀਵਨ ਵਿੱਚ ਸੱਚ ਦੇ ਮਾਰਗ ਤੇ ਚੱਲੇ ਹਨ ਤੇ ਸ਼ਬਦਾਂ ਰਾਹੀਂ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚੇ ਧਰਮ ਦਾ ਮਾਰਗ ਸਮਝਾਇਆ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਸਭ ਨੂੰ ਇੱਕੋ ਜਿਹਾ ਨਾਮ ਜਪਣਾ ਸਮਝਾਇਆ ਹੈ। ਆਉ ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝੀਏ ਕਿ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਮਨ ਦੇ ਵਿੱਚ ਉਸਦੀ ਸੱਚੀ ਸਿੱਖਿਆ ਕਿਸ ਤਰੀਕੇ ਮਿਲਦੀ ਹੈ ਤੇ ਉਸਦੀ ਸੱਚੀ ਸਿੱਖਿਆ ਤੇ ਸੰਸਾਰ ਦੇ ਮਨੁੱਖਾਂ ਦੇ ਕੋਲੋਂ ਕਿਸ ਕਰਕੇ ਨਹੀਂ ਚੱਲਿਆ ਜਾ ਸਕਦਾ। ਗੁਰੂ ਦਾ ਹਰ **"ਸਬਦੁ"** ਸਾਨੂੰ ਸਾਖੀ ਭਾਵ ਸੱਚੀ ਸਿੱਖਿਆ ਹੀ ਦਿੰਦਾ ਹੈ ਜੋ ਸਿੱਖਿਆ ਸਾਡੇ ਅੰਦਰ ਦੀ **"ਸੁਰਤਿ"** ਨੇ ਭਾਵ ਮਨ ਦੀ ਸਮਝ ਨੇ ਪਹਿਲਾਂ ਉਸਨੂੰ ਸਮਝਣਾ ਹੁੰਦਾ ਹੈ ਤੇ ਉਸ ਤੋਂ ਬਾਅਦ ਉਸਨੂੰ ਮੰਨਣਾ ਹੁੰਦਾ ਹੈ ਭਾਵ ਉਸਤੇ ਅਮਲ ਕਰਨਾ ਹੁੰਦਾ ਹੈ। ਗੁਰੂ ਦੀ ਸੱਚੀ ਸਿੱਖਿਆ ਸਾਨੂੰ ਅਉਗੁਣ ਤਿਆਗਣ ਲਈ ਸਮਝਾਉਂਦੀ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਤਿਆਗਣ ਲਈ ਸਮਝਾਉਂਦੀ ਹੈ ਭਾਵ ਹਰ ਔਗੁਣ ਤਿਆਗਣ ਲਈ ਸਮਝਾਉਂਦੀ ਹੈ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ। ਸਾਡੇ ਅੰਦਰ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਾਲੇ ਸੁਰਤਿ ਦੇ ਵਿਚਾਰਾਂ ਨੂੰ ਬਾਣੀ ਦੇ ਵਿੱਚ ਮਹਾਬਲੀ ਕਿਹਾ ਹੈ ਭਾਵ ਵੱਡੇ ਬਲ ਵਾਲੇ, ਵੱਡੀ ਤਾਕਤ ਵਾਲੇ ਕਿਹਾ ਹੈ, ਮਨੁੱਖ ਦੇ ਦੁਸ਼ਮਣ ਵੀ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਿਸ ਮਨੁੱਖੀ ਸੁਰਤਿ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ

56/7850

ਕਰਨ ਦੁਆਰਾ ਆਪਣੇ ਸ਼ਬਦਾਂ ਦੀ ਸੱਚੀ ਸਿੱਖਿਆ ਦਿੰਦਾ ਹੈ ਭਾਵ ਜਿਸਦੀ ਸੁਰਤਿ ਦੇ ਅੰਦਰ ਆਪਣੇ ਸ਼ਬਦਾਂ ਦੀ ਸਾਖੀ ਉਪਜਾਉਂਦਾ ਹੈ ਭਾਵ ਸ਼ਬਦਾਂ ਦੇ ਸੱਚੇ ਵਿਚਾਰ ਉਪਜਾਉਂਦਾ ਹੈ ਉਸਨੂੰ ਆਪਣੀ ਸੱਚੀ ਸਿੱਖਿਆ ਤੇ ਚੱਲਣ ਦਾ **"ਤੇਜੁ"** ਭਾਵ ਬਲ ਵੀ ਬਖਸ਼ਦਾ ਹੈ ਭਾਵ ਆਪਣੇ ਅੰਦਰ ਦੇ ਮਹਾਬਲੀ ਔਗੁਣਾਂ ਦਾ ਮੁਕਾਬਲਾ ਕਰਨ ਲਈ ਹਿੰਮਤ ਵੀ ਬਖਸ਼ਦਾ ਹੈ ਭਾਵ ਮਨ ਦੀਆਂ ਤ੍ਰਿਸ਼ਨਾਵਾਂ ਤਿਆਗਣ ਲਈ ਮਨ ਦੀ ਸਮਝ ਦੇ ਵਿੱਚ, ਸੁਰਤਿ ਦੇ ਵਿੱਚ ਉਨ੍ਹਾਂ ਤ੍ਰਿਸ਼ਨਾਵਾਂ ਨੂੰ ਛੱਡਣ ਦਾ ਤੇਜ ਭਾਵ ਬਲ ਵੀ ਆਪ ਹੀ ਬਖਸ਼ਦਾ ਹੈ ਭਾਵ ਉਸਨੂੰ ਆਪਣਾ ਨਾਮ ਬਖਸ਼ਕੇ ਉਸ ਮਨੁੱਖੀ ਸਰੀਰ ਰਾਹੀਂ ਆਪਣਾ ਨਾਮ ਜਪਾਉਂਦਾ ਵੀ ਆਪ ਹੀ ਹੈ। ਜਿਸ ਮਨੁੱਖੀ ਸਰੀਰ ਦੇ ਅੰਦਰ ਭਾਵ ਸੁਰਤਿ ਦੇ ਅੰਦਰ **"ਸਾਖੀ ਸਬਦੁ"** ਨਹੀਂ ਉਪਜਦੀ ਭਾਵ ਜਿਸ ਮਨੁੱਖੀ ਮਨ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਉਸਨੂੰ ਤਦ ਤੱਕ ਮਨ ਦੇ ਪੰਜੇ ਮਹਾਬਲੀਆਂ ਦੇ ਨਾਲ ਮਨ ਦੇ ਵਿਚਾਰਾਂ ਰਾਹੀਂ ਬਲ ਵੀ ਨਹੀਂ ਬਖਸ਼ਦਾ ਭਾਵ ਉਨ੍ਹਾਂ ਦੇ ਅੰਦਰ ਦਾ ਸਾਰਾ ਤੇਜ ਉਹ ਖਿਚ ਲੈਂਦਾ ਹੈ ਕਿਉਂਕਿ ਉਹ ਆਪ ਹੀ ਸਭ ਦੇ ਵਿਚਾਰਾਂ ਦਾ ਇੱਕੋ ਜਿਹਾ ਮਾਲਕ ਹੈ। ਇਸੇ ਕਰਕੇ ਉਸਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਪੂਰੇ ਸੰਸਾਰ ਵਿੱਚ ਨਾ ਹੀ ਕਿਸੇ ਨੂੰ **"ਸਚੁ"** ਰੂਪ ਸੱਚੇ ਧਰਮ ਦੇ ਮਾਰਗ ਦੀ ਸਮਝ ਲੱਗ ਸਕਦੀ ਹੈ ਤੇ ਨਾ ਹੀ ਉਸ ਸੱਚ ਦੇ ਮਾਰਗ ਤੇ ਕਿਸੇ ਕੋਲੋਂ ਚੱਲਿਆ ਜਾ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਦੇ ਆ ਰਹੇ ਹਾਂ। ਉਪਰ ਵਾਲੀ ਪੰਗਤੀ ਦੀ ਗਹਿਰਾਈ ਨੂੰ ਸਮਝਣ ਲਈ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਜਾ ਸਕਦਾ ਹੈ ਬਾਕੀ ਸ਼ਬਦ ਸੁਰਤਿ ਨਾਲ ਜੁੜੇ, ਸਾਖੀ ਸ਼ਬਦ ਨਾਲ ਜੁੜੇ, ਮਨ ਦੇ **"ਤੇਜੁ"** ਦੇ ਨਾਲ ਜੁੜੇ ਭਾਵ ਮਨ ਦੇ ਬਲ ਦੇ ਨਾਲ ਜੁੜੇ ਹੋਰ ਅਨੇਕਾਂ ਸ਼ਬਦਾਂ ਨੂੰ ਪ੍ਰਮਾਣ ਦੇ ਰੂਪ ਵਿੱਚ ਇਸ ਪੂਰੇ ਸ਼ਬਦ ਦੇ ਲਿਖੇ ਜਾਣ ਤੋਂ ਬਾਅਦ ਸਮਝਾਂਗੇ।

ਰਾਗੁ ਧਨਾਸਰੀ ਮਹਲਾ ੧ ॥

{ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥

ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁਹੀ ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥}

(ਅੰਗ ੧੨)

ਬਸੰਤ ਕੀ ਵਾਰ ਮਹਲੁ ੫
ੴ ਸਤਿਗੁਰ ਪ੍ਰਸਾਦਿ ॥

{ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥ ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥
ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥
ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥
ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥੩॥੧॥}

(ਅੰਗ ੧੧੯੩)

ਮਾਝ ਮਹਲਾ ੩ ॥

{ਸਭ ਘਟ ਆਪੇ ਭੋਗਣਹਾਰਾ ॥ ਅਲਖੁ ਵਰਤੈ ਅਗਮ ਅਪਾਰਾ ॥
ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥ ਪੰਚ ਦੂਤ ਮੁਹਹਿ ਸੰਸਾਰਾ ॥
ਮਨਮੁਖ ਅੰਧੇ ਸੁਧਿ ਨ ਸਾਰਾ ॥ ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥
ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ ॥ ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ ॥
ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ ॥੩॥ ਏਕਮ ਏਕੈ ਆਪੁ ਉਪਾਇਆ ॥
ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥ ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥
ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥
ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥ ਸਚੇ ਬਾਝਹੁ ਕੋ ਅਵਰੁ ਨ ਦੂਆ ॥
ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥ ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥
ਜੀਅ ਜੰਤ ਸਭਿ ਸਰਣਿ ਤੁਮਾਰੀ ॥ ਆਪੇ ਧਰਿ ਦੇਖਹਿ ਕਚੀ ਪਕੀ ਸਾਰੀ ॥
ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ ॥੭॥ ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥
ਸਭ ਮਹਿ ਆਪਿ ਰਹਿਆ ਭਰਪੂਰਿ ॥ ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ ॥੮॥੬॥੭॥}

(ਅੰਗ ੧੧੩)

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

ਮਾਝ ਮਹਲਾ ੩ ਘਰੁ ੧ ॥

{ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥
ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥
ਤਨੁ ਮਨੁ ਖੋਜੇ ਤਾ ਨਾਉ ਪਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥ ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥
ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥ ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥
ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥
ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ ॥੪॥ ਪਾਪ ਪੁੰਨ ਕੀ ਸਾਰ ਨ ਜਾਣੀ ॥
ਦੂਜੈ ਲਾਗੀ ਭਰਮਿ ਭੁਲਾਣੀ ॥ ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥ ਹਉਮੈ ਮਾਰਿ ਮੰਨਿ ਵਸਾਇਆ ॥
ਗੁਰ ਚਰਣੀ ਸਦਾ ਚਿਤੁ ਲਾਇਆ ॥ ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥
ਜੀਵਣੁ ਮਰਣਾ ਸਭੁ ਤੁਧੈ ਤਾਈ ॥ ਜਿਸੁ ਬਖਸੇ ਤਿਸੁ ਦੇ ਵਡਿਆਈ ॥
ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥}

(ਅੰਗ ੧੦੯-੧੧੦)

ਮਾਝ ਮਹਲਾ ੩ ॥

{ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰ ਹੀ ਮਹਿ ਪਾਈ ॥
ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥

ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥
ਘਰ ਮਹਿ ਧਰਤੀ ਥਉਲੁ ਪਾਤਾਲਾ ॥ ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥
ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥ ਕਾਇਆ ਅੰਦਰਿ ਹਉਮੈ ਮੇਰਾ ॥
ਜੰਮਣ ਮਰਣੁ ਨ ਚੂਕੈ ਫੇਰਾ ॥ ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥
ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥
ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥ ਅੰਤਰਿ ਜੋਤਿ ਪਰਗਟੁ ਪਾਸਾਰਾ ॥
ਗੁਰ ਸਾਖੀ ਮਿਟਿਆ ਅੰਧਿਆਰਾ ॥ ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥
ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
ਆਪੇ ਵਥੁ ਰਾਖੈ ਆਪੇ ਦੇਇ ॥ ਗੁਰਮੁਖਿ ਵਣਜਹਿ ਕੇਈ ਕੇਇ ॥
ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥}

(ਅੰਗ ੧੨੬)

{ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ ੧੧੬੧-੧੧੬੨)

{ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥੧॥ ਰਹਾਉ ॥
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥
ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥

ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥}

(ਅੰਗ ੩੩੯)

ਭੈਰਉ ਮਹਲਾ ੫ ॥

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥ ਐਸੋ ਤਿਆਗੀ ਵਿਰਲਾ ਕੋਇ ॥
ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥
ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥ ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥
ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ ੧੧੪੭)

ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹੁਣ ਅਸੀਂ ਮੁੱਖ ਸ਼ਬਦ ਦੇ ਦੂਸਰੇ ਪਦੇ ਦੇ ਭਾਵ ਨੂੰ ਆਸਾਨੀ ਨਾਲ ਸਮਝ ਸਕਾਂਗੇ। **(ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥ ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥ ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥ ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥)**

ਉਪਰ ਸ਼ਬਦ ਦੇ ਪਹਿਲੇ ਪਦੇ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਜਿਹੜੇ ਮਨੁੱਖ ਆਪਣੇ ਆਪ ਨੂੰ ਬਾਬੇ, ਸੰਤ ਆਦਿ ਬੋਲਦੇ ਹਨ ਤੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚੇ ਸਮਝ ਕੇ ਕਥਾ

ਵਾਰਤਾ ਵੀ ਕਰਦੇ ਹਨ ਭਾਵ ਦੂਸਰਿਆਂ ਨੂੰ ਧਰਮ ਦਾ ਮਾਰਗ ਸਮਝਾਉਂਦੇ ਹਨ ਉਹ ਆਪਣੀ ਦੇਹ ਦੇ ਨਾਲ ਹੀ ਜੁੜੇ ਰਹਿੰਦੇ ਹਨ ਭਾਵ ਮਨੁੱਖੀ ਸਰੀਰ ਨੂੰ ਹੀ ਉੱਚਾ ਸਮਝਦੇ ਹਨ ਤੇ ਆਪਣੇ ਮਨ ਦੀ ਸਮਝ ਨੂੰ ਆਪਣੀ ਸਮਝ ਕੇ ਉੱਚਾ ਮੰਨਦੇ ਹਨ ਜਿਸਦਾ ਕਿ ਉਹ ਮਾਣ ਲੈਂਦੇ ਹਨ ਪਰ ਜਿਹੜੇ ਮਨੁੱਖ ਧੰਨ ਧੰਨ ਸ੍ਰਿਸ਼ਟੀ ਦੇ ਕਰਤੇ ਨੂੰ, ਇਸ ਸਰੀਰ ਦੇ ਮਾਲਕ ਨੂੰ, ਮਨ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਲੈਂਦੇ ਹਨ ਉਨ੍ਹਾਂ ਦਾ ਫਿਰ ਆਪਣੀ ਦੇਹੀ ਨਾਲੋਂ ਸੰਗ ਟੁੱਟ ਕੇ ਕਿਸਦੇ ਨਾਲ ਜੁੜਦਾ ਹੈ ਤੇ ਕਿਸ ਰੂਪ ਵਿੱਚ ਜੁੜਦਾ ਹੈ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਸਮਝੀਏ।

“ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥
ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥”

ਸਭ ਤੋਂ ਵੱਡੀ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦੀ ਨਿਸ਼ਾਨੀ ਇਹੀ ਹੈ ਜੋ ਉਪਰ ਵਾਲੀ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **“ਸੰਗਿ ਤੇਰੇ”** ਜੁੜ ਕੇ ਹੀ ਮਨੁੱਖ ਦੇਹੀ ਦੇ ਸੰਗ ਨਾਲੋਂ ਹੱਟਦਾ ਹੈ। ਦੇਹੀ ਦੇ ਸੰਗ ਵਿੱਚ ਰਹਿੰਦੇ ਹੋਏ ਮਨੁੱਖ ਸਰੀਰ ਨੂੰ ਆਪਣਾ ਹੀ ਸਰੀਰ ਸਮਝਦਾ ਹੈ ਤੇ ਹਰ ਸਰੀਰ ਦੇ ਅੰਗ ਨਾਲ ਉਹ ਜੋ ਕੁੱਝ ਕਰਦਾ ਹੈ, ਸਰੀਰ ਦੀਆਂ ਇੰਦ੍ਰੀਆਂ ਦੁਆਰਾ ਕਰਦਾ ਹੈ ਉਨ੍ਹਾਂ ਇੰਦ੍ਰੀਆਂ ਵਿੱਚ ਆਪਣਾ ਹੀ ਬਲ ਸਮਝਦਾ ਹੈ, ਆਪਣਾ ਹੀ ਜੋਰ ਸਮਝਦਾ ਹੈ ਕਿ ਇਹ ਸਭ ਕੁੱਝ ਮੈਂ ਆਪ ਹੀ ਕਰ ਰਿਹਾ ਹਾਂ ਭਾਵ ਇਹ ਕੰਨ ਵੀ ਮੇਰੇ ਹਨ ਜਿਨ੍ਹਾਂ ਰਾਹੀਂ ਮੈਂ ਸੁਣਦਾ ਹਾਂ, ਇਹ ਚਰਨ ਵੀ ਮੇਰੇ ਹਨ ਜਿਨ੍ਹਾਂ ਰਾਹੀਂ ਮੈਂ ਤੁਰਦਾ ਹਾਂ, ਇਹ ਮੁੱਖ ਵੀ ਮੇਰਾ ਹੈ ਜਿਸ ਰਾਹੀਂ ਮੈਂ ਬੋਲਦਾ ਹਾਂ ਤੇ ਮੇਰੇ ਅੰਦਰ ਦੀ ਸਮਝ ਵੀ ਮੇਰੀ ਹੈ ਜੋ ਮੇਰੇ ਕੋਲੋਂ ਸਭ ਕੁੱਝ ਬੁਲਵਾਉਂਦੀ ਹੈ ਤੇ ਕਰਵਾਉਂਦੀ ਹੈ। ਜਦੋਂ ਮਨੁੱਖੀ ਸਮਝ ਦਾ ਸੰਗ ਸ੍ਰਿਸ਼ਟੀ ਦੇ ਮਾਲਕ ਦੇ ਨਾਲ ਹੋ ਜਾਂਦਾ ਹੈ ਭਾਵ ਜਦੋਂ ਉਹ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ ਉਸੇ ਨੂੰ ਹੀ ਇਸ ਗੱਲ ਦੀ ਸਮਝ ਪੈ ਸਕਦੀ ਹੈ ਜਿਵੇਂ ਕਿ ਉਸਦੇ ਸੱਚੇ ਭਗਤਾਂ ਨੂੰ, ਗੁਰੂ ਸਾਹਿਬਾਨ ਨੂੰ ਪਈ ਹੈ ਕਿ ਨਾ ਇਹ ਸਰੀਰ ਮੇਰਾ ਹੈ ਤੇ ਨਾ ਹੀ ਮੇਰੇ ਸਰੀਰ ਦੀਆਂ ਇੰਦ੍ਰੀਆਂ ਉਪਰ ਇਹ ਬਲ ਮੇਰਾ ਹੈ ਭਾਵ ਇਸ ਗੱਲ ਦੀ ਸਮਝ ਪੈ ਜਾਂਦੀ ਹੈ

ਕਿ ਸਭ ਵਿੱਚ ਤੇ ਸਭ ਜਗ੍ਹਾ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਬਲ ਹੀ ਵਰਤਦਾ ਹੈ, ਉਸਦਾ ਬ੍ਰਹਮ ਗਿਆਨ ਰੂਪ ਬਲ ਵਰਸਦਾ ਹੈ, ਉਸਦੀ ਉੱਚੀ ਸਾਇੰਸ ਦਾ ਬਲ ਵਰਤਦਾ ਹੈ ਜੋ ਸਭ ਕੁੱਝ ਇੱਕੋ ਇੱਕ ਆਪ ਹੀ ਹੈ। **(ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥ ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥ ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥ ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥ ਸ੍ਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥ ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥)**

ਸਾਡੇ ਅੰਦਰ ਦੀ ਮਾਇਆ ਕਿਤਨੀ ਬਲੀ ਹੈ ਭਾਵ ਸਾਡੇ ਅੰਦਰ ਦੀ ਮਾਇਆ ਦਾ ਬਲ ਕਿਸ ਤਰੀਕੇ ਵਰਤਦਾ ਹੈ, ਸਾਡੇ ਅੰਦਰ ਦੇ ਪੰਜੇ ਵਿਕਾਰਾਂ ਨੂੰ ਮਹਾਬਲੀ ਕਿਸ ਲਈ ਕਿਹਾ ਹੈ ਇਸ ਗੱਲ ਨੂੰ ਅਸੀਂ ਉਪਰ ਸ਼ਬਦ ਵਿੱਚ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਸਮਝਿਆ ਹੀ ਹੈ। ਜਦ ਤੱਕ ਸ੍ਰਿਸ਼ਟੀ ਦਾ ਕਰਤਾ ਕਿਸੇ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਭਾਵ ਜਦ ਤੱਕ ਕਿਸੇ ਦੀ ਸੁਰਤਿ ਦੇ ਅੰਦਰ ਆਪਣਾ **"ਸਬਦੁ"** ਰੂਪ ਪ੍ਰਗਟ ਕਰਨ ਦੁਆਰਾ ਆਪਣੀ **"ਸਾਖੀ"** ਨਹੀਂ ਉਪਜਾਉਂਦਾ

ਭਾਵ ਸ਼ਬਦਾਂ ਦੀ ਸੱਚੀ ਸਿੱਖਿਆ ਨਹੀਂ ਦਿੰਦਾ, ਸਾਡੇ ਅੰਦਰ ਵਿਕਾਰਾਂ ਵਾਲੀ ਸਮਝ ਦਾ **"ਤੇਜੁ"** ਭਾਵ ਬਲ ਤਦ ਤੱਕ ਹੀ ਵਰਤਦਾ ਹੈ ਤੇ ਜਦੋਂ ਸ੍ਰਿਸ਼ਟੀ ਦਾ ਕਰਤਾ ਮਨੁੱਖੀ ਸਮਝ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ ਫਿਰ ਉਸਦੀ ਸਮਝ ਦੇ ਅੰਦਰ ਵਿਕਾਰਾਂ ਵਾਲੀ ਸਮਝ ਦਾ ਬਲ ਖਤਮ ਹੋ ਜਾਂਦਾ ਹੈ ਜੋ ਮਾਇਆ ਦਾ ਬਲ ਸਾਡੇ ਅੰਦਰ ਮਾਇਆ ਪਾਉਣ ਵਾਲਾ ਭਾਵ ਮਾਇਆ ਦਾ ਸੁਆਮੀ ਆਪ ਹੀ ਦੂਰ ਕਰਦਾ ਹੈ ਤੇ ਉਸ ਮਨੁੱਖੀ ਸਮਝ ਦੇ ਅੰਦਰ ਫਿਰ ਸੱਚ ਦਾ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਸਮਝ ਦਾ **"ਤੇਜੁ"** ਭਾਵ ਬਲ ਵਰਤਦਾ ਹੈ ਜੋ ਆਪਣਾ ਬਲ ਸੱਚ ਦਾ ਮਾਲਕ ਮਨ ਦੇ ਵਿੱਚ ਸ੍ਰਿਸ਼ਟੀ ਦਾ ਕਰਤਾ ਸ਼ਬਦਾਂ ਦੀ ਸੱਚੀ ਵਿਚਾਰ ਸਮਝਾਕੇ ਤੇ ਸ਼ਬਦਾਂ ਦੀ ਸੱਚੀ ਵਿਚਾਰ ਤੇ ਚਲਾਕੇ ਭਾਵ ਉਨ੍ਹਾਂ ਤੇ ਅਮਲ ਕਰਵਾਉਣ ਦੁਆਰਾ ਆਪ ਹੀ ਬਖਸ਼ਦਾ ਹੈ ਜਿਵੇਂ ਕਿ ਸ਼ਬਦ ਦੇ ਅਗਲੇ ਪਦੇ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਆਉ ਧਿਆਨ ਨਾਲ ਸਮਝੀਏ ਤੇ ਮਨ ਦੇ ਵਿਕਾਰਾਂ ਵਿੱਚੋਂ ਨਿਕਲਣ ਦਾ ਸੱਚਾ ਉਦਮ ਕਰੀਏ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਣ ਦਾ ਸੱਚਾ ਉਦਮ ਕਰੀਏ, ਗੁਰੂ ਦੇ ਸੱਚੇ ਨਾਮ ਨੂੰ ਸਮਝਕੇ ਮੰਨਣ ਦਾ ਉਦਮ ਕਰੀਏ ਜੋ ਉਸਦਾ ਨਾਮ ਜਪਣ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਸਮਝਿਆ ਹੀ ਹੈ।

"ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥

ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥"

ਮਨ ਦੀ ਮਾਇਆ ਦਾ **"ਤੇਜੁ"** ਭਾਵ ਮਨ ਦੀ ਮਾਇਆ ਦਾ ਬਲ ਮਨੁੱਖੀ ਮਨ ਦੇ ਵਿੱਚ ਹੀ ਵਰਤਦਾ ਹੈ, ਮਨੁੱਖੀ ਹਿਰਦੇ ਵਿੱਚ ਹੀ ਵੱਸਦਾ ਹੈ ਭਾਵ ਮਨੁੱਖੀ ਵਿਚਾਰਾਂ ਦੇ ਵਿੱਚ ਹੀ ਵਰਤਦਾ ਹੈ ਜੋ ਵਿਚਾਰ ਮਨ ਦੇ ਵਿੱਚ ਇੱਕ ਮਾਲਾ ਦੀ ਤਰ੍ਹਾਂ ਘੁੰਮਦੇ ਹੀ ਰਹਿੰਦੇ ਹਨ ਭਾਵ ਉਪਜਦੇ ਹੀ ਰਹਿੰਦੇ ਹਨ ਜੋ ਵਿਚਾਰ ਮਨ ਦੇ ਅੰਦਰ ਤ੍ਰਿਸ਼ਨਾਵਾਂ ਦੇ ਰੂਪ ਵਿੱਚ ਉਪਜਦੇ ਹੀ ਰਹਿੰਦੇ ਹਨ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਕਰਨ ਲਈ ਹੀ ਮਨੁੱਖ ਮਾੜੇ ਕਰਮ ਕਰਦਾ ਹੈ ਭਾਵ ਮਨ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਕਾਰਾਂ ਵਾਲੇ ਵਿਚਾਰਾਂ ਵਿੱਚ ਰਹਿੰਦਾ ਹੈ ਜਿਹੜੇ ਇਨ੍ਹਾਂ ਮਾੜੇ ਵਿਚਾਰਾਂ ਨੂੰ ਸਾਡੇ **"ਪੰਚ ਦੂਤ"** ਕਿਹਾ ਹੈ ਭਾਵ ਮਨੁੱਖ ਦੇ ਵੈਰੀ ਕਿਹਾ ਹੈ। ਇਹ ਪੰਜੇ ਵਿਕਾਰ ਮਨੁੱਖ ਦੇ ਵੈਰੀ ਇਸ ਕਰਕੇ ਹਨ ਕਿਉਂਕਿ ਇਹ ਗੁਰੂ ਦੀ ਸੱਚੀ ਮਤਿ ਦੇ ਨਾਲ ਵੈਰ ਕਮਾਉਂਦੇ ਹਨ, ਗੁਰੂ ਦੇ ਨਾਮ ਦੇ ਨਾਲ ਵੈਰ ਕਮਾਉਂਦੇ ਹਨ, ਗੁਰੂ ਦੇ ਨਾਮ ਦੇ ਨਾਲ ਝਗੜਾ ਪਾਉਂਦੇ ਹਨ ਕਿਉਂਕਿ ਇਹ ਗੁਰੂ ਦੀ ਸੱਚੀ ਮਤਿ ਨੂੰ ਮਨ ਦੇ ਵਿਚਾਰਾਂ ਵਿੱਚ ਵੱਸਣ ਨਹੀਂ ਦਿੰਦੇ ਭਾਵ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਣ ਨਹੀਂ ਦਿੰਦੇ ਤੇ ਉਨ੍ਹਾਂ ਤੇ ਅਮਲ ਨਹੀਂ ਕਰਨ ਦਿੰਦੇ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਮਨੁੱਖ ਦੇ ਇਨ੍ਹਾਂ ਪੰਜੇ ਔਗੁਣਾਂ ਨੂੰ ਸਾਡੇ ਅੰਦਰ ਦੇ **"ਤਸਕਰ"** ਵੀ ਕਿਹਾ ਹੈ ਭਾਵ ਨਾਮ ਦੇ ਚੋਰ ਕਿਹਾ ਹੈ ਜੋ ਕਿ ਸਾਡੇ

ਅੰਦਰੋਂ ਗੁਰੂ ਦੀ ਸੱਚੀ ਸਮਝ ਵਾਲੇ ਵਿਚਾਰਾਂ ਨੂੰ ਚਲਾਉਂਦੇ ਹਨ ਭਾਵ ਟਿਕਣ ਨਹੀਂ ਦਿੰਦੇ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਇਸ ਸ਼ਬਦ ਤੋਂ ਬਾਅਦ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰਾਂਗੇ। ਜਦ ਤੱਕ ਮਨੁੱਖ ਗੁਰੂ ਦੀ ਸੱਚੀ ਮਤਿ ਨੂੰ ਸਮਝਣ ਵਿੱਚ ਭਾਵ ਉਸਦਾ ਸੱਚਾ ਨਾਮ ਜਪਣ ਵਿੱਚ ਭਰਮਾਂ ਵਾਲੀ ਸਮਝ ਵਿੱਚ ਹੁੰਦਾ ਹੈ ਤਦ ਤੱਕ ਹੀ ਕੋਈ

ਵਿਕਾਰਾਂ ਵਾਲੇ ਵਿਚਾਰਾਂ ਨਾਲ ਜੁੜਿਆ ਰਹਿ ਸਕਦਾ ਹੈ ਭਾਵ ਸੱਚੀ ਭਗਤੀ ਦੇ, ਸੱਚਾ ਨਾਮ ਜਪਣ ਦੇ ਮਾਰਗ ਤੋਂ ਦੂਰ ਰਹਿ ਸਕਦਾ ਹੈ ਤੇ ਜਦੋਂ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਗੁਰਮਤਿ ਦੀ ਸੱਚੀ ਸਮਝ ਪਾ ਦਿੰਦਾ ਹੈ ਫਿਰ ਸਾਰੇ ਵਿਕਾਰਾਂ ਦਾ ਬਲ ਆਪੇ ਹੀ ਥੱਕ ਜਾਂਦਾ ਹੈ ਭਾਵ ਮਾਇਆ ਵਾਲੇ ਵਿਚਾਰਾਂ ਦਾ ਬਲ ਦੂਰ ਹੋ ਜਾਂਦਾ ਹੈ। ਉਪਰ ਪੰਗਤੀ ਵਿੱਚ ਮਨੁੱਖੀ ਮਨ ਨੂੰ **"ਕੁੰਚਰ"** ਕਿਹਾ ਹੈ ਭਾਵ ਹਾਥੀ ਵਰਗਾ ਬਲੀ ਕਿਹਾ ਹੈ ਜੋ ਕਿ ਮਾਇਆ ਮੋਹ ਵਾਲੇ ਵਿਚਾਰਾਂ ਦਾ ਬਲ ਹੈ ਜਿਸ ਕਰਕੇ ਔਗੁਣਾਂ ਵਾਲੇ ਵਿਚਾਰ ਸਾਡੇ ਅੰਦਰ ਬਲੀ ਬਣਕੇ ਵਿਚਰਦੇ ਹਨ ਪਰ ਉਸਦੇ ਅੱਗੇ ਕਿਸਦਾ ਬਲ ਟਿਕਦਾ ਹੈ ਜਿਸਨੇ ਆਪ ਹੀ ਸਭ ਦੇ ਅੰਦਰ ਇਹ ਬਲ ਪਾਇਆ ਹੋਇਆ ਹੈ, ਤ੍ਰੈ ਗੁਣਾਂ ਵਾਲੀ ਨਾਸਮਝ ਮਤਿ ਦੇ ਰੂਪ ਵਿੱਚ, ਹਉਮੈ ਰੂਪ ਅਗਿਆਨਤਾ ਵਾਲੀ ਸਮਝ ਦੇ ਰੂਪ ਵਿੱਚ ਪਾਇਆ ਹੋਇਆ ਹੈ। ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਸਭ ਤੋਂ ਬਲੀ ਹੈ ਤੇ ਜਿਸ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਉਹ ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਭਾਵ ਆਪਣੀ ਨਾਮ ਵਾਲੀ ਸਮਝ ਦੇ ਰੂਪ ਵਿੱਚ, ਬ੍ਰਹਮ ਗਿਆਨ ਵਾਲੀ ਸਮਝ ਦੇ ਰੂਪ ਵਿੱਚ ਹੀ ਪ੍ਰਗਟ ਕਰਦਾ ਹੈ ਜਿਸ ਉੱਚੇ ਤੇ ਸੱਚੇ ਗਿਆਨ ਵਾਲੀ, ਗੁਰਮਤਿ ਦੇ ਸੱਚੇ ਗਿਆਨ ਵਾਲੀ ਸਮਝ ਦੇ ਅੱਗੇ ਫਿਰ ਮਾਇਆ ਵਾਲੀ ਸਮਝ ਦਾ ਬਲ ਮਨ ਦੀ ਸਮਝ ਵਿੱਚ ਨਹੀਂ ਟਿਕ ਸਕਦਾ ਭਾਵ ਮਾਇਆ ਵਾਲੀ ਸਮਝ ਦਾ ਬਲ ਥੱਕ ਜਾਂਦਾ ਹੈ, ਹਾਰ ਕੇ ਬੈਠ ਜਾਂਦਾ ਹੈ ਭਾਵ ਬੇਵੱਸ ਹੋ ਜਾਂਦਾ ਹੈ। **(ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥ ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥ ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥ ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥ ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥ ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥ ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥ ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥)**

ਮਨੁੱਖ ਦੇ ਅੰਦਰ ਦੇ ਸਾਰੇ ਵਿਕਾਰ ਕਿਸ ਤਰੀਕੇ ਖਤਮ ਹੁੰਦੇ ਹਨ ਭਾਵ ਕਿਸ ਤਰੀਕੇ ਮਰਦੇ ਹਨ ਤੇ ਕਿਸ ਤਰੀਕੇ ਮਨ ਦੇ ਮਾੜੇ ਵਿਚਾਰ ਚੰਗੇ ਵਿਚਾਰਾਂ ਵਿੱਚ ਬਦਲ ਜਾਂਦੇ ਹਨ ਭਾਵ ਮਨੁੱਖ ਕਿਸ ਤਰੀਕੇ ਮਨ ਦੇ ਮਾਇਆ ਦੇ ਬੰਧਨ ਵਿੱਚੋਂ ਨਿਕਲਦਾ ਹੈ ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ।

"ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥
ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੮॥"

56/7855

ਬੰਧਨ ਤੋਂ ਮੁਕਤੀ ਕੀ ਹੈ ਭਾਵ ਸਾਡੇ ਅੰਦਰ ਦੇ ਬੰਧਨ ਦਾ ਟੁੱਟਣਾ ਕੀ ਹੈ, ਬੰਧਨ ਤੋਂ ਛੁੱਟਣਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਵਾਰੀ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਇਹ ਸਾਡੇ ਅੰਦਰ ਮਨ ਦਾ ਬੰਧਨ ਭਾਵ ਮਨ ਦੀ ਸਮਝ ਦਾ ਬੰਧਨ ਜਿਸ ਮਨ ਦੇ ਬੰਧਨ ਵਿੱਚ ਸ੍ਰਿਸ਼ਟੀ ਦੇ ਕਰਤੇ ਨੇ ਹਰ ਕਿਸੇ ਮਨੁੱਖ ਨੂੰ ਇੱਕੋ ਜਿਹੇ ਤਰੀਕੇ ਨਾਲ ਹੀ ਰੱਖਿਆ ਹੋਇਆ ਹੈ, ਜਿਸ ਮਨ ਦੇ ਬੰਧਨ ਵਿੱਚੋਂ ਇਸ ਸਰੀਰ ਦੇ ਵਿੱਚ ਰਹਿੰਦੇ ਹੋਏ ਹੀ ਤੋੜਿਆ ਜਾ ਸਕਦਾ ਹੈ ਭਾਵ ਇਸ ਬੰਧਨ ਵਿੱਚੋਂ ਨਿਕਲਿਆ ਜਾ ਸਕਦਾ ਹੈ। ਜਿਸਨੇ ਸਭ ਦੇ ਅੰਦਰ ਇਹ ਬੰਧਨ ਪਾਇਆ ਹੋਇਆ ਹੈ ਉਹ ਆਪ ਹੀ ਕਿਸੇ ਦਾ ਇਹ ਬੰਧਨ ਤੋੜ ਸਕਦਾ ਹੈ ਤੇ ਮਨ ਦਾ ਇਹ ਬੰਧਨ ਟੁੱਟਣ ਦੁਆਰਾ ਹੀ ਕੋਈ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ, ਆਪਣੇ ਸਰੀਰ ਦੇ ਮਾਲਕ ਨੂੰ, ਮਨ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਵੇਂ ਕਿ ਸੱਚੇ ਭਗਤਾਂ ਨੇ ਤੇ ਗੁਰੂ ਸਾਹਿਬਾਨ ਨੇ ਉਸਨੂੰ ਆਪਣੇ ਅੰਦਰੋਂ ਜਾਣਿਆ ਹੈ। ਮਨ ਦੀ ਸਮਝ ਦੇ ਅੰਦਰ ਦਾ ਇਹ ਬੰਧਨ ਸਭ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਦੇ ਰੂਪ ਵਿੱਚ, ਹਉਮੈ ਦੇ ਰੂਪ ਵਿੱਚ, ਮਾਇਆ ਦੀ ਜੁਗਤਿ ਦੇ ਰੂਪ ਵਿੱਚ, ਪੁੱਠੇ ਕਮਲ ਵਾਲੀ ਸਮਝ ਦੇ ਰੂਪ ਵਿੱਚ ਹੈ ਭਾਵ ਭਰਮਾਂ ਵਾਲੀ, ਘੋਰ ਅਗਿਆਨਤਾ ਵਾਲੀ, ਮਨ ਦੀ ਦੁਬਿੱਧਾ, ਮਨ ਦੀ ਦੁਚਿੱਤੀ, ਮਨ ਦੀ ਸਹਸਾ ਵਾਲੀ ਸਮਝ ਦੇ ਰੂਪ ਵਿੱਚ ਹੈ ਜਿਸ ਸਮਝ ਵਿੱਚ ਰਹਿੰਦੇ ਹੋਏ ਕੋਈ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਣ ਲਵੇ, ਮਨ ਦੇ ਗਿਆਨ ਦੇ ਮਾਲਕ ਨੂੰ ਜਾਣ ਲਵੇ ਇਹ ਪੂਰੀ ਤਰ੍ਹਾਂ ਨਾਮੁਮਕਿਨ ਹੈ। ਇਹ ਮਨ ਦੇ ਅੰਦਰ ਦਾ ਉਹ ਪੜਦਾ ਹੈ ਜੋ ਪੜਦਾ ਸ੍ਰਿਸ਼ਟੀ ਦੇ ਕਰਤੇ ਨੇ ਸਭ ਦੇ ਅੰਦਰ ਆਪਣੇ ਆਪ ਨੂੰ ਗੁਪਤ ਰੱਖਣ ਲਈ ਆਪ ਹੀ ਪਾਇਆ ਹੋਇਆ ਹੈ ਤਾਂ ਜੋ ਕੋਈ ਉਸਦੀ ਸੰਸਾਰਿਕ ਖੇਡ ਨੂੰ ਨਾਸਮਝ ਸਕੇ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਉਪਰ ਸ਼ਬਦ ਵਿੱਚ ਅਸੀਂ ਉਨ੍ਹਾਂ ਦੀ ਗੱਲ ਸਮਝੀ ਹੈ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਂਦੇ ਹਨ, ਸੰਤ, ਬਾਬੇ ਆਦਿ

ਅਖਵਾਉਂਦੇ ਹਨ ਜੋ ਮਨੁੱਖੀ ਦੇਹ ਨੂੰ ਆਪਣੇ ਦੇਹ ਸਮਝਦੇ ਹਨ ਤੇ ਮਨ ਦੀ ਸਮਝ ਨੂੰ ਆਪਣੀ ਸਮਝ ਕਹਿੰਦੇ ਹਨ। ਇਹ ਸਭ ਦੇ ਅੰਦਰ ਮਨ ਦੀ ਅਗਿਆਨਤਾ ਰੂਪ ਬੰਧਨ ਹੀ ਸਭ ਨੂੰ ਮਨ ਦੇ ਵਿੱਚ ਮੈਂ ਸਿਖਾਉਂਦਾ ਹੈ। ਜਿਸ ਮਨੁੱਖ ਦਾ ਸ੍ਰਿਸ਼ਟੀ ਦਾ ਕਰਤਾ ਮਨ ਦਾ ਬੰਧਨ ਤੋੜ ਦਿੰਦਾ ਹੈ ਉਹ ਫਿਰ ਆਪਣੇ ਆਪ ਨੂੰ ਕੀ ਸਮਝਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਰਾਹੀਂ ਸਮਝਾਈ ਹੋਈ ਹੈ। ਜਿਸਦਾ ਬੰਧਨ ਟੁੱਟ ਜਾਂਦਾ ਹੈ ਭਾਵ ਜਿਸ ਮਨੁੱਖ ਦੀ ਅਗਿਆਨਤਾ ਦੂਰ ਹੋ ਜਾਂਦੀ ਹੈ ਭਾਵ ਜਿਸਨੂੰ ਆਪਣੇ ਸਰੀਰ ਦੀ ਸੱਚਾਈ ਦੀ ਸਮਝ ਪੈ ਜਾਂਦੀ ਹੈ ਕਿ ਇਹ ਸਰੀਰ ਮੇਰਾ ਨਹੀਂ ਹੈ, ਇਹ ਦੇਹੀ ਮੇਰੀ ਨਹੀਂ ਹੈ ਉਹ ਫਿਰ ਆਪਣੇ ਆਪ ਨੂੰ **"ਮਿਰਤਕ"** ਸਮਝਦਾ ਹੈ ਭਾਵ ਉਸਦੀ ਮਨ ਦੀ ਅਗਿਆਨਤਾ ਮਰ ਜਾਂਦੀ ਹੈ ਫਿਰ ਉਸਨੂੰ ਇਹ ਸਮਝ ਲੱਗ ਜਾਂਦੀ ਹੈ ਕਿ ਨਾ ਇਹ ਸਰੀਰ ਮੇਰਾ ਹੈ ਤੇ ਨਾ ਹੀ ਮਨ ਦੀ ਸਮਝ ਮੇਰੀ ਹੈ ਭਾਵ ਹਰ ਰੂਪ ਵਿੱਚ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ, ਗਾਡ, ਅੱਲ੍ਹਾ, ਪ੍ਰਮਾਤਮਾ, ਅਕਾਲ ਪੁਰਖ ਆਪ ਹੀ ਹੈ ਤੇ ਮਨ ਦੇ ਬੰਧਨ ਕਰਕੇ ਹੀ ਹਰ ਕੋਈ ਉਸਦੇ ਵੱਖਰੇ-ਵੱਖਰੇ ਰੂਪ ਸਮਝਦਾ ਹੈ। ਮਨ ਦੇ ਬੰਧਨ ਤੋਂ ਮੁਕਤੀ ਮਨ ਦੇ ਦਸਵੇਂ ਦੁਆਰ ਵਿੱਚੋਂ ਮਿਲਦੀ ਹੈ, ਦਸਵਾਂ ਦੁਆਰ ਖੁੱਲਣ ਦੁਆਰਾ ਮਿਲਦੀ ਹੈ ਜਿਵੇਂ ਕਿ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ।

56/7856

"ਮਿਰਤਕ ਭਏ ਦਸੈ ਬੰਦ ਛੂਟੇ"

ਮਨ ਦਾ ਦਸਵਾਂ ਦੁਆਰ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਨੌ ਦਰਵਾਜੇ ਸਾਡੇ ਸਰੀਰ ਦੇ ਅੰਗ ਹੀ ਹਨ ਜਿਨ੍ਹਾਂ ਨੂੰ ਸਰੀਰ ਦੀਆਂ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਤੇ ਇਨ੍ਹਾਂ ਸਰੀਰ ਦੇ ਦਰਵਾਜਿਆਂ ਦਾ ਮਾਲਕ ਕੌਣ ਹੈ ਇਸ ਗੱਲ ਨੂੰ ਦਸਮ ਦੁਆਰ ਦੇ ਖੁੱਲਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ ਭਾਵ ਮਨ ਦੀਆਂ ਸਮਝ ਰੂਪ ਅੱਖਾਂ ਖੁੱਲਣ ਨਾਲ ਹੀ ਸਮਝਿਆ ਜਾ ਸਕਦਾ ਹੈ। ਨੌ ਦਰਵਾਜਿਆਂ ਨਾਲ ਜੁੜੇ ਤੇ ਦਸਵੇਂ ਦੁਆਰ ਨਾਲ ਜੁੜੇ ਅਨੇਕਾਂ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸਮਝਿਆ ਹੀ ਹੈ ਤੇ ਇਸ ਸ਼ਬਦ ਤੋਂ ਬਾਅਦ ਉਨ੍ਹਾਂ ਸ਼ਬਦਾਂ ਨੂੰ ਪ੍ਰਮਾਣ ਦੇ ਰੂਪ ਵਿੱਚ ਫਿਰ ਤੋਂ ਦਿੱਤਾ ਜਾਵੇਗਾ। ਮਨ ਦੇ ਬੰਧਨ ਦੇ ਛੁੱਟਣ ਤੋਂ ਬਾਅਦ ਫਿਰ ਮਨੁੱਖੀ ਸਮਝ ਨੂੰ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਵਿੱਚ ਫਿਰ ਕਿਹੋ ਜਿਹੀ ਮਨ ਦੀ ਸਮਝ ਬਣ ਜਾਂਦੀ ਹੈ ਜੋ ਸਮਝ ਸ੍ਰਿਸ਼ਟੀ ਦਾ ਕਰਤਾ ਮਨ ਦੀ ਸਮਝ ਨੂੰ ਆਪ ਹੀ ਬਣਾਉਂਦਾ ਹੈ, ਘੜਦਾ ਹੈ ਭਾਵ ਮਨ ਦੇ ਵਿਚਾਰਾਂ ਨੂੰ ਬਦਲ ਦਿੰਦਾ ਹੈ ਇਹੀ ਗੱਲ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਦੇ ਵਿੱਚ ਹੀ ਸਪਸ਼ਟ ਕੀਤੀ ਹੋਈ ਹੈ।

"ਮਿਤ੍ਰ ਭਾਈ ਸਭ ਛੋਰੇ ॥"

ਉਪਰ ਵਾਲੇ ਪਦੇ ਤੋਂ ਪਹਿਲੇ ਪਦੇ ਰਾਹੀਂ ਅਸੀਂ ਮਨ ਦੇ ਵਿਕਾਰਾਂ ਦੀ ਗੱਲ ਸਮਝੀ ਹੈ, ਪੰਚ ਦੂਤ ਤੇ ਤਸਕਰ ਦੀ ਗੱਲ ਸਮਝੀ ਹੈ ਜੋ ਕਿ ਸਾਡੇ ਮਨ ਦੇ ਵਿਚਾਰ ਹੀ ਹਨ, ਮਾਇਆ ਮੋਹ ਵਾਲੇ ਵਿਚਾਰ ਹੀ ਹਨ ਜਿਨ੍ਹਾਂ ਦੁਆਰਾ ਅਸੀਂ ਮਨ ਦੀ ਤ੍ਰਿਸ਼ਨਾਵਾਂ ਦੀ ਪੂਰਤੀ ਕਰਦੇ ਹਾਂ ਜਿਸ ਕਰਕੇ ਸਾਨੂੰ ਉਹ ਵਿਚਾਰ ਚੰਗੇ ਲੱਗਦੇ ਹਨ ਭਾਵ ਆਪਣੇ ਮਿਤ੍ਰ ਲੱਗਦੇ ਹਨ, ਭਾਈ ਲੱਗਦੇ ਹਨ ਭਾਵ ਪਿਆਰੇ ਲੱਗਦੇ ਹਨ ਤੇ ਜਿਸਨੂੰ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋ ਕੇ ਮਨ ਦੀ ਅਗਿਆਨਤਾ ਦੇ ਬੰਧਨ ਵਿੱਚੋਂ ਕੱਢਕੇ ਧਰਮ ਦੇ ਸੱਚੇ ਮਾਰਗ ਦੀ ਸੋਝੀ ਪਾ ਦਿੰਦਾ ਹੈ ਭਾਵ ਗੁਰਮਤਿ ਦੀ ਸੱਚੀ ਸੋਝੀ ਪਾ ਦਿੰਦਾ ਹੈ, ਆਪਣੇ ਨਾਮ ਦੀ ਸੱਚੀ ਸਮਝ ਪਾ ਦਿੰਦਾ ਹੈ ਉਹ ਫਿਰ ਆਪਣੇ ਮਨ ਦੇ ਪਹਿਲੇ ਵਿਚਾਰਾਂ ਨੂੰ ਜੋ ਉਸਨੂੰ ਚੰਗੇ ਲੱਗਦੇ ਸੀ ਉਹ ਉਨ੍ਹਾਂ ਵਿਚਾਰਾਂ ਨੂੰ ਫਿਰ ਛੱਡ ਦਿੰਦਾ ਹੈ ਜਿਸ ਤਰੀਕੇ ਫਿਰ ਉਹ ਧਰਮ ਦੇ ਸੱਚੇ ਮਾਰਗ ਤੇ ਚੱਲਦਾ ਹੈ, ਭਗਤੀ ਦੇ ਸੱਚੇ ਮਾਰਗ ਤੇ ਚੱਲਦਾ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦੁਆਰਾ ਅੱਲ੍ਹਾ ਦਾ, ਪ੍ਰਮਾਤਮਾ ਦਾ, ਗਾਡ ਦਾ, ਅਕਾਲ ਪੁਰਖ ਦਾ ਭਾਵ ਕੁਦਰਤ ਦੇ ਮਾਲਕ ਦਾ ਨਾਮ ਜਪਦਾ ਹੈ। **(ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥)**

ਪ੍ਰਮਾਤਮਾ ਦਾ ਨਾਮ ਇਸ ਜੀਵਨ ਵਿੱਚ ਜਿਉਂਦੇ ਹੋਏ ਮਨ ਦਾ ਬੰਧਨ ਟੁੱਟਣ ਦੁਆਰਾ ਹੀ ਧਿਆਇਆ ਜਾ ਸਕਦਾ ਹੈ ਜਿਵੇਂ ਕਿ ਨਾਲ ਹੀ ਅਗਲੀ ਪੰਗਤੀ ਰਾਹੀਂ ਅਕਾਲ ਪੁਰਖ ਰੂਪ ਭਗਤ ਕਬੀਰ ਜੀ ਨੇ ਸਪਸ਼ਟ ਕੀਤਾ ਹੋਇਆ ਹੈ।

56/7857

"ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੪॥੫॥੧੮॥"

ਹਰਿ ਧਿਆਉਣਾ ਕੀ ਹੈ ਇਸ ਗੱਲ ਨੂੰ ਅਸੀਂ ਸ਼ਬਦਾਂ ਦੁਆਰਾ ਲੇਖ ਦੇ ਸ਼ੁਰੂ ਤੋਂ ਲੈ ਕੇ ਹੀ ਸਮਝਦੇ ਆ ਰਹੇ ਹਾਂ। ਸ੍ਰਿਸ਼ਟੀ ਦੇ ਮਾਲਕ ਦਾ ਨਾਮ ਉਹੀ ਧਿਆ ਸਕਦਾ ਹੈ ਭਾਵ ਜਪ ਸਕਦਾ ਹੈ ਜਿਸਦਾ ਆਪਣੇ ਜੀਵਨ ਵਿੱਚ ਜਿਉਂਦੇ ਜੀਅ ਮਨ ਦੀ ਮਾਇਆ ਦਾ

ਬੰਧਨ ਟੁੱਟ ਜਾਂਦਾ ਹੈ ਭਾਵ ਜੋ ਮਨ ਦੀ ਅਗਿਆਨਤਾ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਮਨੁੱਖ ਦੀ ਮੁਕਤੀ ਕੀ ਹੈ ਇਸ ਗੱਲ ਦੀ ਸਮਝ ਹੀ ਮਨ ਦੇ ਵਿੱਚ ਸ੍ਰਿਸ਼ਟੀ ਦੇ ਇੱਕੋ ਇੱਕ ਸੱਚੇ ਗੁਰੂ ਕੋਲੋਂ ਉਸਦਾ ਨਾਮ ਮਿਲਣ ਦੁਆਰਾ ਪੈ ਸਕਦੀ ਹੈ ਭਾਵ ਸੱਚਾ ਗਿਆਨ ਮਿਲਣ ਦੁਆਰਾ ਪੈ ਸਕਦੀ ਹੈ ਤੇ ਤਾਂ ਹੀ ਕੋਈ ਉਸਦੇ ਸੱਚੇ ਗਿਆਨ ਅਨੁਸਾਰ ਸੱਚ ਦੇ ਮਾਰਗ ਤੇ ਚੱਲ ਸਕਦਾ ਹੈ ਭਾਵ ਹਰ ਔਗੁਣ ਤਿਆਗਕੇ ਸੰਸਾਰ ਵਿੱਚ ਗੁਣੀ ਬਣ ਕੇ ਵਿਚਰ ਸਕਦਾ ਹੈ। ਸਾਰੀ ਗੱਲ ਸਾਡੇ ਮਨ ਦੀ ਝੂਠੀ ਜਾਂ ਸੱਚੀ ਸਮਝ ਦੇ ਨਾਲ ਜੁੜੀ ਹੈ ਤੇ ਉਪਰ ਵਾਲੇ ਪੂਰੇ ਸ਼ਬਦ ਰਾਹੀਂ ਸੰਸਾਰ ਨੂੰ ਇਹੋ ਕੁੱਝ ਹੀ ਸਮਝਾਇਆ ਹੋਇਆ ਹੈ। **(ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥ ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥ ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥ ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥ ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥ ਚਰਨ ਰਹੇ ਕਰ ਢਰਕ�ि ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥ ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥ ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥ ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥ ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੮॥)**

ਉਪਰ ਵਾਲੇ ਸ਼ਬਦ ਨੂੰ ਸਮਝਣ ਵਿੱਚ ਅਨੇਕਾਂ ਗੱਲਾਂ ਦਾ ਜਿਕਰ ਆਇਆ ਹੈ ਜਿਵੇਂ ਕਿ **"ਗਗਨ ਨਗਰਿ"** ਦਾ ਆਇਆ ਹੈ, **"ਨਾਦੁ"** ਦਾ ਆਇਆ ਹੈ, **"ਪਰਮ ਹੰਸੁ"** ਦੀ ਗੱਲ ਆਈ ਹੈ, **"ਸੁਰਤਿ"** ਵਿੱਚ ਨਿਰਤੇ ਕਰਨ ਦੀ ਗੱਲ ਆਈ ਹੈ, **"ਮੰਦਰੁ"** ਦੀ ਗੱਲ ਆਈ ਹੈ, **"ਸਾਖੀ"** ਦੀ ਗੱਲ ਆਈ ਹੈ, **"ਸਬਦੁ ਸੁਰਤਿ"** ਦੀ ਗੱਲ ਆਈ ਹੈ, **"ਤੇਜੁ"** ਦੀ ਗੱਲ ਆਈ ਹੈ, ਇੰਦ੍ਰੀ ਦੇ **"ਬਲੁ"** ਦੀ ਗੱਲ ਆਈ ਹੈ, **"ਪੰਚ ਦੂਤ"** ਦੀ ਗੱਲ ਆਈ ਹੈ, **"ਤਸਕਰ"** ਦੀ ਗੱਲ ਆਈ ਹੈ, **"ਬੰਧਨ"** ਦੀ ਗੱਲ ਆਈ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਕੁੱਝ ਗੱਲਾਂ ਨੂੰ ਉਪਰ ਵਾਲੇ ਸ਼ਬਦ ਨੂੰ ਸਮਝਣ ਵਿੱਚ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸਮਝਿਆ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਸਮਝਣ ਵਿੱਚ ਤਾਂ ਜੋ ਸਾਡੇ ਅੰਦਰ ਕੋਈ ਭਰਮ ਨਾ ਰਹੇ ਇਸ ਲਈ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਗਉੜੀ ਮਹਲਾ ੧ ॥

{ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥
ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥ ਮਰਣੁ ਲਿਖਾਇ ਆਏ ਨਹੀ ਰਹਣਾ ॥
ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ ਰਹਾਉ ॥ ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥
ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ ॥੨॥
ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ ਊਚੋ ਊਚਾ ॥
ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥ ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥
ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥}

(ਅੰਗ ੧੫੩)

ਗਉੜੀ ਮਹਲਾ ੧ ॥

{ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥
ਦੂਜਾ ਕਉਨੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥
ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥
ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥
ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥
ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥
ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥
ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥
ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥
ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥੫॥}

(ਅੰਗ ੨੨੩)

ਰਾਗੁ ਗਉੜੀ ਪੂਰਬੀ ਕਬੀਰ ਜੀ ॥

ੴ ਸਤਿਗੁਰ ਪ੍ਰਸਾਦਿ ॥

{ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥
ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥੧॥
ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ ॥

ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ ॥੧॥ ਰਹਾਉ ॥
ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ॥
ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥੨॥ ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ॥
ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ ॥੩॥ ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥
ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ ॥੪॥੧॥੫੨॥}

(ਅੰਗ ੩੩੪)

56/7858

ਆਸਾ ਮਹਲਾ ੧ ॥

{ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥
ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥
ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ ॥
ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥ ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥
ਚੀਨੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥ ਭੋਜਨੁ ਭਾਉ ਭਰਮੁ ਭਉ ਭਾਗੈ ॥
ਪਾਹਰੂਅਰਾ ਛਬਿ ਚੋਰੁ ਨ ਲਾਗੈ ॥ ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥
ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥ ਅਸਟ ਦਸੀ ਚਹੁ ਭੇਦੁ ਨ ਪਾਇਆ ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥}

(ਅੰਗ ੩੫੫)

ਗਉੜੀ ॥

{ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥
ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ ਰਹਾਉ ॥
ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥
ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥
ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ ॥
ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ ॥੨॥
ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ ॥
ਤਿਹ ਬਡ ਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ ॥੩॥
ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥
ਕਹਿ ਕਬੀਰ ਗੁਰ ਭੇਟਿ ਮਹਾ ਸੁਖ ਝੂਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥}

(ਅੰਗ ੩੩੯-੩੪੦)

ਰਾਗੁ ਆਸਾ ਮਹਲਾ ੧ ॥

{ਆਪੁ ਵੀਚਾਰੈ ਸੁ ਪਰਖੇ ਹੀਰਾ ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥ ਗੁਰੁ ਮਾਨੈ ਮਨ ਤੇ ਮਨੁ ਧੀਰਾ ॥੧॥

ਐਸਾ ਸਾਹੁ ਸਰਾਫੀ ਕਰੈ ॥ ਸਾਚੀ ਨਦਰਿ ਏਕ ਲਿਵ ਤਰੈ ॥੧॥ ਰਹਾਉ ॥ ਪੂੰਜੀ ਨਾਮੁ ਨਿਰੰਜਨ ਸਾਰੁ ॥
ਨਿਰਮਲੁ ਸਾਚਿ ਰਤਾ ਪੈਕਾਰੁ ॥ ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥੨॥ ਆਸਾ ਮਨਸਾ ਸਬਦਿ ਜਲਾਏ ॥
ਰਾਮ ਨਰਾਇਣੁ ਕਹੈ ਕਹਾਏ ॥ ਗੁਰ ਤੇ ਵਾਟ ਮਹਲੁ ਘਰੁ ਪਾਏ ॥੩॥ ਕੰਚਨ ਕਾਇਆ ਜੋਤਿ ਅਨੂਪੁ ॥
ਤ੍ਰਿਭਵਣ ਦੇਵਾ ਸਗਲ ਸਰੂਪੁ ॥ ਮੈ ਸੋ ਧਨੁ ਪਲੈ ਸਾਚੁ ਅਖੂਟੁ ॥੪॥ ਪੰਚ ਤੀਨਿ ਨਵ ਚਾਰਿ ਸਮਾਵੈ ॥
ਧਰਣਿ ਗਗਨੁ ਕਲ ਧਾਰਿ ਰਹਾਵੈ ॥ ਬਾਹਰਿ ਜਾਤਉ ਉਲਟਿ ਪਰਾਵੈ ॥੫॥ ਮੂਰਖੁ ਹੋਇ ਨ ਆਖੀ ਸੂਝੈ ॥
ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥ ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥ ਹੀਰਾ ਨਾਮੁ ਜਵੇਹਰ ਲਾਲੁ ॥
ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥}

(ਅੰਗ ੪੧੩-੪੧੪)

ਗੋਂਡ ॥

{ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ ॥
ਆਨਦ ਮੂਲੁ ਸਦਾ ਪੁਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ ॥੧॥ ਮੋਹਿ ਬੈਰਾਗੁ ਭਇਓ ॥
ਇਹੁ ਜੀਉ ਆਇ ਕਹਾ ਗਇਓ ॥੧॥ ਰਹਾਉ ॥ ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ ॥
ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥੨॥
ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥
ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥੩॥੩॥}

(ਅੰਗ ੮੭੦)

ਰਾਮਕਲੀ ਦਖਣੀ ਮਹਲਾ ੧ ॥

{ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ ॥੧॥ ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ॥
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ ॥੧॥ ਰਹਾਉ ॥
ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ ॥੨॥
ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ ॥੩॥
ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ ॥੪॥
ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ ॥੫॥
ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ ॥੬॥
ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥੭॥
ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥੮॥
ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ ॥੯॥
ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ ॥੧੦॥੮॥}

(ਅੰਗ ੯੦੭)

{ਨਾਮ ਤਤੁ ਸਭ ਹੀ ਸਿਰਿ ਜਾਪੈ ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ਤਤੋ ਤਤੁ ਮਿਲੈ ਮਨੁ ਮਾਨੈ ॥
ਦੂਜਾ ਜਾਇ ਇਕਤੁ ਘਰਿ ਆਨੈ ॥ ਬੋਲੈ ਪਵਨਾ ਗਗਨੁ ਗਰਜੈ ॥ ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥}

ਮਾਰੂ ਮਹਲਾ ੧ ॥

{ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥
ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥
ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥
ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥
ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥
ਅੰਮ੍ਰਿਤ ਰਸੁ ਪਾਏ ਤ੍ਰਿਸਨਾ ਭਉ ਜਾਏ ॥ ਅਨਭਉ ਪਦੁ ਪਾਵੈ ਆਪੁ ਗਵਾਏ ॥
ਊਚੀ ਪਦਵੀ ਊਚੋ ਊਚਾ ਨਿਰਮਲ ਸਬਦੁ ਕਮਾਇਆ ॥੪॥
ਅਦ੍ਰਿਸਟ ਅਗੋਚਰੁ ਨਾਮੁ ਅਪਾਰਾ ॥ ਅਤਿ ਰਸੁ ਮੀਠਾ ਨਾਮੁ ਪਿਆਰਾ ॥
ਨਾਨਕ ਕਉ ਜੁਗਿ ਜੁਗਿ ਹਰਿ ਜਸੁ ਦੀਜੈ ਹਰਿ ਜਪੀਐ ਅੰਤੁ ਨ ਪਾਇਆ ॥੫॥
ਅੰਤਰਿ ਨਾਮੁ ਪਰਾਪਤਿ ਹੀਰਾ ॥ ਹਰਿ ਜਪਤੇ ਮਨੁ ਮਨ ਤੇ ਧੀਰਾ ॥
ਦੁਘਟ ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ ॥੬॥
ਭਗਤਿ ਹੇਤਿ ਗੁਰ ਸਬਦਿ ਤਰੰਗਾ ॥ ਹਰਿ ਜਸੁ ਨਾਮੁ ਪਦਾਰਥੁ ਮੰਗਾ ॥
ਹਰਿ ਭਾਵੈ ਗੁਰ ਮੇਲਿ ਮਿਲਾਏ ਹਰਿ ਤਾਰੇ ਜਗਤੁ ਸਬਾਇਆ ॥੭॥
ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾ ਕੇ ॥ ਜਮਕੰਕਰ ਕਾਲੁ ਸੇਵਕ ਪਗ ਤਾ ਕੇ ॥
ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥੮॥
ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥
ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦੁ ਸੁਰਤਿ ਬਿਨੁ ਆਈਐ ਜਾਈਐ ॥
ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥
ਨਿਰਭਉ ਸਤਿਗੁਰੁ ਹੈ ਰਖਵਾਲਾ ॥ ਭਗਤਿ ਪਰਾਪਤਿ ਗੁਰ ਗੋਪਾਲਾ ॥
ਧੁਨਿ ਅਨੰਦ ਅਨਾਹਦੁ ਵਾਜੈ ਗੁਰ ਸਬਦਿ ਨਿਰੰਜਨੁ ਪਾਇਆ ॥੧੧॥
ਨਿਰਭਉ ਸੋ ਸਿਰਿ ਨਾਹੀ ਲੇਖਾ ॥ ਆਪਿ ਅਲੇਖੁ ਕੁਦਰਤਿ ਹੈ ਦੇਖਾ ॥
ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ ॥੧੨॥
ਅੰਤਰ ਕੀ ਗਤਿ ਸਤਿਗੁਰੁ ਜਾਣੈ ॥ ਸੋ ਨਿਰਭਉ ਗੁਰ ਸਬਦਿ ਪਛਾਣੈ ॥
ਅੰਤਰੁ ਦੇਖਿ ਨਿਰੰਤਰਿ ਬੂਝੈ ਅਨਤ ਨ ਮਨੁ ਡੋਲਾਇਆ ॥੧੩॥
ਨਿਰਭਉ ਸੋ ਅਭ ਅੰਤਰਿ ਵਸਿਆ ॥ ਅਹਿਨਿਸਿ ਨਾਮਿ ਨਿਰੰਜਨ ਰਸਿਆ ॥
ਨਾਨਕ ਹਰਿ ਜਸੁ ਸੰਗਤਿ ਪਾਈਐ ਹਰਿ ਸਹਜੇ ਸਹਜਿ ਮਿਲਾਇਆ ॥੧੪॥
ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥ ਰਹੈ ਅਲਿਪਤੁ ਚਲਤੇ ਘਰਿ ਆਣੈ ॥
ਊਪਰਿ ਆਦਿ ਸਰਬ ਤਿਹੁ ਲੋਈ ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥੧੫॥੪॥੨੧॥}

(ਅੰਗ ੧੦੪੧-੧੦੪੨)

ਸਲੋਕ ਕਬੀਰ ॥

{ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥}

(ਅੰਗ ੧੧੦੫)

{ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ ॥ ਕਾਲ ਪੁਰਖ ਕਾ ਮਰਦੈ ਮਾਨੁ ॥
ਤਿਸੁ ਮੁਲਾ ਕਉ ਸਦਾ ਸਲਾਮੁ ॥੧॥ ਹੈ ਹਜੂਰਿ ਕਤ ਦੂਰਿ ਬਤਾਵਹੁ ॥
ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥ ਰਹਾਉ ॥ ਕਾਜੀ ਸੋ ਜੁ ਕਾਇਆ ਬੀਚਾਰੈ ॥
ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥ ਸੁਪਨੈ ਬਿੰਦੁ ਨ ਦੇਈ ਝਰਨਾ ॥
ਤਿਸੁ ਕਾਜੀ ਕਉ ਜਰਾ ਨ ਮਰਨਾ ॥੨॥ ਸੋ ਸੁਰਤਾਨੁ ਜੁ ਦੁਇ ਸਰ ਤਾਨੈ ॥ ਬਾਹਰਿ ਜਾਤਾ ਭੀਤਰਿ ਆਨੈ ॥
ਗਗਨ ਮੰਡਲ ਮਹਿ ਲਸਕਰੁ ਕਰੈ ॥ ਸੋ ਸੁਰਤਾਨੁ ਛਤ੍ਰੁ ਸਿਰਿ ਧਰੈ ॥੩॥ ਜੋਗੀ ਗੋਰਖੁ ਗੋਰਖੁ ਕਰੈ ॥
ਹਿੰਦੂ ਰਾਮ ਨਾਮੁ ਉਚਰੈ ॥ ਮੁਸਲਮਾਨ ਕਾ ਏਕੁ ਖੁਦਾਇ ॥ ਕਬੀਰ ਕਾ ਸੁਆਮੀ ਰਹਿਆ ਸਮਾਇ ॥੪॥੩॥੧੧॥}

(ਅੰਗ ੧੧੫੯-੧੧੬੦)

ਪ੍ਰਭਾਤੀ ਮਹਲਾ ੧ ॥

{ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ ॥
ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ ॥੧॥ ਮੇਰਾ ਪ੍ਰਭੁ ਰਾਂਗਿ ਘਣੋ ਅਤਿ ਰੂੜੋ ॥
ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲ ਸਗੂੜੋ ॥੧॥ ਰਹਾਉ ॥
ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ॥
ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ ॥੨॥
ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ ॥
ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ ॥੩॥
ਅਤਿ ਰਸਿ ਰੰਗਿ ਚਲੂਲੈ ਰਾਤੀ ਦੂਜਾ ਰੰਗੁ ਨ ਕੋਈ ॥
ਨਾਨਕ ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ ॥੪॥੧੫॥}

(ਅੰਗ ੧੩੩੧-੧੩੩੨)

56/7859

ਸਿਰੀਰਾਗੁ ਮਹਲਾ ੧ ॥

{ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥
ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ ਜੀਅਰੇ ਰਾਮ ਜਪਤ ਮਨੁ ਮਾਨੁ ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥
ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥

ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥
ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ ੨੦-੨੧)

ਸਿਰੀਰਾਗੁ ਮਹਲਾ ੪ ॥

{ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥ ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥
ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥੧॥
ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ ॥ ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ ॥੧॥ ਰਹਾਉ ॥
ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥
ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥
ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ ॥੨॥
ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥
ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥
ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥
ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥
ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥
ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ ॥੪॥੩੩॥੩੧॥੬॥੭੦॥}

(ਅੰਗ ੪੧-੪੨)

ਮਾਝ ਮਹਲਾ ੫ ॥

{ਚਰਣ ਠਾਕੁਰ ਕੇ ਰਿਦੈ ਸਮਾਣੇ ॥ ਕਲਿ ਕਲੇਸ ਸਭ ਦੂਰਿ ਪਇਆਣੇ ॥
ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥੧॥
ਲਾਗੀ ਪ੍ਰੀਤਿ ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥
ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥੨॥
ਅੰਮ੍ਰਿਤੁ ਵਰਖੈ ਅਨਹਦ ਬਾਣੀ ॥ ਮਨ ਤਨ ਅੰਤਰਿ ਸਾਂਤਿ ਸਮਾਣੀ ॥
ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ ॥੩॥
ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥ ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥
ਆਵਣ ਜਾਣ ਰਹੇ ਵਡਭਾਗੀ ਨਾਨਕ ਪੂਰਨ ਆਸਾ ਜੀਉ ॥੪॥੩੧॥੩੮॥}

(ਅੰਗ ੧੦੫)

ਗਉੜੀ ਗੁਆਰੇਰੀ ਮਹਲਾ ੩ ॥

{ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥ ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥

ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥ ਏ ਮਨ ਮੇਰੇ ਭਰਮੁ ਨ ਕੀਜੈ ॥
ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ ॥
ਆਪਿ ਉਧਰੇ ਕੁਲ ਸਗਲ ਨਿਸਤਾਰੇ ॥ ਹਰਿ ਕਾ ਨਾਮੁ ਰਖਹਿ ਉਰ ਧਾਰੇ ॥
ਨਾਮਿ ਰਤੇ ਭਉਜਲ ਉਤਰਹਿ ਪਾਰੇ ॥੨॥ ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥
ਹਉਮੈ ਮਾਰਿ ਕਮਲੁ ਪਰਗਾਸਾ ॥ ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥੩॥
ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥
ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥ ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥੧੩॥੩੩॥}

(ਅੰਗ ੧੬੧-੧੬੨)

{ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥
ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥
ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥ ਨਾਨਕ ਤਿਨ ਜਨ ਸਰਨੀ ਪਇਆ ॥੭॥}

(ਅੰਗ ੨੬੩)

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥
ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥ ਮਨੁ ਤਨੁ ਅੰਮ੍ਰਿਤਿ ਭਿੰਨਾ ॥
ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥
ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥ ਆਤਮ ਰਾਮੁ ਸੰਸਾਰਾ ॥
ਸਾਚਾ ਖੇਲੁ ਤੁਮ੍ਹਾਰਾ ॥ ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥
ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥ ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ॥
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥}

(ਅੰਗ ੭੬੪)

ਪਉੜੀ ॥

{ਦਰਿ ਮੰਗਤੁ ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ ॥ ਗੁਰਮੁਖਿ ਲੇਹੁ ਮਿਲਾਇ ਜਨੁ ਪਾਵੈ ਨਾਮੁ ਹਰਿ ॥
ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥ ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ ॥
ਜਗ ਮਹਿ ਵਰਤੈ ਆਪਿ ਹਰਿ ਸੇਤੀ ਪ੍ਰੀਤਿ ਕਰਿ ॥੧੫॥}

(ਅੰਗ ੭੯੦)

ਰਾਮਕਲੀ ਮਹਲਾ ੧ ॥

{ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥ ਵਾਜੈ ਅਨਹਦੁ ਮੇਰਾ ਮਨੁ ਲੀਣਾ ॥
ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥ ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ ॥੧॥ ਰਹਾਉ ॥
ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥ ਨਾਮੁ ਰਤਨੁ ਨਿਰਮੋਲਕੁ ਹੀਰਾ ॥
ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥ ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥ ਸਬਦੁ ਬੀਚਾਰਿ ਭਏ ਨਿਰੰਕਾਰੀ ॥
ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥
ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥ ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥ ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥
ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥ ਜਗੁ ਸੂਤਾ ਮਰਿ ਆਵੈ ਜਾਇ ॥
ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥ ਅਨਹਦ ਸਬਦੁ ਵਜੈ ਦਿਨੁ ਰਾਤੀ ॥
ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥ ਤਉ ਜਾਨੀ ਜਾ ਸਬਦਿ ਪਛਾਨੀ ॥
ਏਕੋ ਰਵਿ ਰਹਿਆ ਨਿਰਬਾਨੀ ॥੭॥ ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥
ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥}

(ਅੰਗ ੯੦੩-੯੦੪)

{ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥
ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥
ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥
ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥
ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥
ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥
ਸੁ ਸਬਦੁ ਨਿਰੰਤਰਿ ਨਿਜ ਘਰਿ ਆਢੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥
ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥ ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥
ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥}

(ਅੰਗ ੯੪੫)

8418

ਮਾਰੂ ਮਹਲਾ ੫ ॥

{ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥}

(ਅੰਗ ੧੦੦੨)

56/7860

ਭੈਰਉ ਮਹਲਾ ੫ ॥

{ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ ਆਵੈ ਕਾਮੀ ॥ ਰੋਮਿ ਰੋਮਿ ਰਵਿਆ ਹਰਿ ਨਾਮੁ ॥
ਸਤਿਗੁਰ ਪੂਰੈ ਕੀਨੋ ਦਾਨੁ ॥੧॥ ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥
ਨਾਮੁ ਹਮਾਰੈ ਨਿਹਚਲ ਧਨੀ ॥ ਨਾਮ ਕੀ ਮਹਿਮਾ ਸਭ ਮਹਿ ਬਨੀ ॥ ਨਾਮੁ ਹਮਾਰੈ ਪੂਰਾ ਸਾਹੁ ॥
ਨਾਮੁ ਹਮਾਰੈ ਬੇਪਰਵਾਹੁ ॥੨॥ ਨਾਮੁ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ ॥
ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥ ਨਾਮੁ ਲੈਤ ਅਨਹਦ ਪੂਰੇ ਨਾਦ ॥੩॥
ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥ ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥
ਧਨਵੰਤੇ ਸੇਈ ਪਰਧਾਨ ॥ ਨਾਨਕ ਜਾ ਕੈ ਨਾਮੁ ਨਿਧਾਨ ॥੪॥੧੭॥੩੦॥}

(ਅੰਗ ੧੧੪੪)

ਕਾਨੜਾ ਮਹਲਾ ੪ ॥

{ਮਨੁ ਹਰਿ ਰੰਗਿ ਰਾਤਾ ਗਾਵੈਗੋ ॥ ਭੈ ਭੈ ਤ੍ਰਾਸ ਭਏ ਹੈ ਨਿਰਮਲ ਗੁਰਮਤਿ ਲਾਗਿ ਲਗਾਵੈਗੋ ॥੧॥ ਰਹਾਉ ॥
ਹਰਿ ਰੰਗਿ ਰਾਤਾ ਸਦ ਬੈਰਾਗੀ ਹਰਿ ਨਿਕਟਿ ਤਿਨਾ ਘਰਿ ਆਵੈਗੋ ॥
ਤਿਨ ਕੀ ਪੰਕ ਮਿਲੈ ਤਾਂ ਜੀਵਾ ਕਰਿ ਕਿਰਪਾ ਆਪਿ ਦਿਵਾਵੈਗੋ ॥੧॥
ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥
ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥
ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ ॥
ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ ॥੩॥
ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥
ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥੪॥

ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥
ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥੫॥
ਜੀਅ ਜੰਤ ਸਭ ਸਿਸਟਿ ਉਪਾਈ ਗੁਰਮੁਖਿ ਸੋਭਾ ਪਾਵੈਗੋ ॥
ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ ਆਇ ਜਾਇ ਦੁਖੁ ਪਾਵੈਗੋ ॥੬॥
ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੂ ਮਿਲਾਵੈਗੋ ॥
ਸਤਿਗੁਰ ਮਿਲਤ ਮਹਾ ਸੁਖੁ ਪਾਇਆ ਮਤਿ ਮਲੀਨ ਬਿਗਸਾਵੈਗੋ ॥੭॥
ਹਰਿ ਹਰਿ ਕ੍ਰਿਪਾ ਕਰਹੁ ਜਗਜੀਵਨ ਮੈ ਸਰਧਾ ਨਾਮਿ ਲਗਾਵੈਗੋ ॥
ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥੮॥੪॥}

(ਅੰਗ ੧੩੧੦)

ਪਉੜੀ ॥

{ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ ॥
ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ ॥
ਆਦਿ ਜੁਗਾਦਿ ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ ॥
ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ ਲਜਿਆ ॥
ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ ॥੭॥}

(ਅੰਗ ੧੩੧੫-੧੩੧੬)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ ॥

{ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨ੍ਹਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥
ਗਾਵਨ੍ਹਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਨ੍ਹਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨ੍ਹਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਨ੍ਹਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨ੍ਹਿ ਤੁਧਨੋ ਸਾਧ ਬੀਚਾਰੇ ॥
ਗਾਵਨ੍ਹਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥
ਗਾਵਨ੍ਹਿ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ ॥
ਗਾਵਨ੍ਹਿ ਤੁਧਨੋ ਜੋਧ ਮਹਾਬਲ ਸੂਰਾ ਗਾਵਨ੍ਹਿ ਤੁਧਨੋ ਖਾਣੀ ਚਾਰੇ ॥
ਗਾਵਨ੍ਹਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥

ਸੇਈ ਤੁਧਨੋ ਗਾਵਨ੍ਹਿ ਜੋ ਤੁਧੁ ਭਾਵਨ੍ਹਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥੧॥}

(ਅੰਗ ੩੪੭-੩੪੮)

ਸਲੋਕ ਮਃ ੧ ॥

{ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥੧॥}

(ਅੰਗ ੪੬੩-੪੬੪)

ਬਿਲਾਵਲੁ ਮਹਲਾ ੫ ॥

{ਸਿਮਰਿ ਸਿਮਰਿ ਪ੍ਰਭੁ ਆਪਨਾ ਨਾਠਾ ਦੁਖ ਠਾਉ ॥
ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਉ ॥੧॥ ਬਲਿਹਾਰੀ ਗੁਰ ਆਪਨੇ ਚਰਨਨ੍ ਬਲਿ ਜਾਉ ॥
ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ ॥੧॥ ਰਹਾਉ ॥
ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥
ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ॥੨॥੬॥੭੦॥}

(ਅੰਗ ੮੧੮)

ਮਃ ੩ ॥

{ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥
ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥
ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥}

(ਅੰਗ ੮੪੯)

ਮਾਰੂ ਮਹਲਾ ੩ ॥

{ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥

ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥੧॥ ਗੁਰਮੁਖਿ ਮਨੂਆ ਉਲਟਿ ਪਰਾਵੈ ॥
ਗੁਰਮੁਖਿ ਬਾਣੀ ਨਾਦੁ ਵਜਾਵੈ ॥ ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥੨॥
ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥
ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥ ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥
ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥
ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥
ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥ ਗੁਰਮੁਖਿ ਸਚੀ ਊਤਮ ਬਾਣੀ ॥
ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥੬॥
ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥
ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥ ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥
ਗੁਰਮੁਖਿ ਪਾਏ ਮੋਖ ਦੁਆਰੁ ॥ ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥੮॥
ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ ਸਚੈ ਨਾਮਿ ਸਦਾ ਲਿਵ ਲਾਏ ॥
ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥੯॥ ਜਾ ਤਿਸੁ ਭਾਵੈ ਸਤਿਗੁਰੂ ਮਿਲਾਏ ॥
ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥ ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ ॥੧੦॥
ਮਨਹਠਿ ਕਰਮ ਕਰੇ ਸੋ ਛੀਜੈ ॥ ਬਹੁਤੇ ਭੇਖ ਕਰੇ ਨਹੀ ਭੀਜੈ ॥
ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥ ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥
ਮਰਣ ਜੀਵਣ ਕੀ ਸੋਝੀ ਪਾਏ ॥ ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ॥੧੨॥
ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥
ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥ ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥
ਹਉਮੈ ਵਿਚਹੁ ਮੋਹੁ ਚੁਕਾਇਆ ॥ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥੧੪॥
ਆਪੇ ਕਰੇ ਕਰਾਏ ਆਪੇ ॥ ਆਪੇ ਵੇਖੈ ਥਾਪਿ ਉਥਾਪੇ ॥
ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥੧੫॥ ਗੁਰਮੁਖਿ ਸਚੋ ਸਚੁ ਕਮਾਵੈ ॥
ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥ ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥੧੬॥੧॥੧੫॥}

(ਅੰਗ ੧੦੫੮-੧੦੫੯)

ਗਉੜੀ ਮਹਲਾ ੧ ॥

{ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥
ਰਹਹਿ ਅਤੀਤ ਸਚੇ ਸਰਣਾਈ ॥੧॥ ਸਚ ਘਰਿ ਬੈਸੈ ਕਾਲੁ ਨ ਜੋਹੈ ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥ ਅਪਿਉ ਪੀਅਉ ਅਕਥੁ ਕਥਿ ਰਹੀਐ ॥
ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥
ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥
ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ ਸਤਿਗੁਰੁ ਦੇਖਿਆ ਦੀਖਿਆ ਲੀਨੀ ॥
ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥੪॥

ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥
ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥ ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥
ਹਰਿ ਜਸਿ ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥
ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਜਿਨ ਕੈ ਮਨਿ ਵਸਿਆ ਸਚੁ ਸੋਈ ॥
ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥}

(ਅੰਗ ੨੨੭-੨੨੮)

56/7861

ਗੂਜਰੀ ਮਹਲਾ ੫ ਘਰੁ ੪
ੴ ਸਤਿਗੁਰ ਪ੍ਰਸਾਦਿ ॥

{ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ ॥ ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ ਸਫਲ ਸੁਆਮੀ ਸੇਵ ॥੧॥
ਹਰਿ ਗੋਪਾਲ ਗੁਰ ਗੋਬਿੰਦ ॥ ਚਰਣ ਸਰਣ ਦਇਆਲ ਕੇਸਵ ਤਾਰਿ ਜਗ ਭਵ ਸਿੰਧ ॥੧॥ ਰਹਾਉ ॥
ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥
ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥੨॥
ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥
ਛੇਦਿ ਅਹੰਬੁਧਿ ਕਰੁਣਾ ਮੈ ਚਿੰਤ ਮੇਟਿ ਪੁਰਖ ਅਨੰਤ ॥੩॥
ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥
ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ ॥੪॥ ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥
ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥੫॥
ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ ॥
ਖਲ ਮੁਗਧ ਮੂੜ ਕਟਾਖ੍ਹ ਸ੍ਰੀਧਰ ਭਏ ਗੁਣ ਮਤਿ ਧੀਰ ॥੬॥
ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ ॥
ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ ॥੭॥
ਦੇਤ ਦਰਸਨੁ ਸ੍ਰਵਨ ਹਰਿ ਜਸੁ ਰਸਨ ਨਾਮ ਉਚਾਰ ॥
ਅੰਗ ਸੰਗ ਭਗਵਾਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ ॥੮॥੧॥੨॥੫॥੧॥੧॥੨॥੫੭॥}

(ਅੰਗ ੫੦੮)

ਸਿਰੀਰਾਗੁ ਮਹਲਾ ੧ ॥

{ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥
ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ ਮਨ ਰੇ ਸਾਚੀ ਖਸਮ ਰਜਾਇ ॥
ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥
ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥

ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥
ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥
ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}

(ਅੰਗ ੬੨)

ਆਸਾ ਮਹਲਾ ੧ ॥

{ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥
ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥
ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥
ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥
ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥
ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥}

(ਅੰਗ ੩੫੦)

ਗਉੜੀ ਗੁਆਰੇਰੀ ਮਹਲਾ ੪ ॥

{ਹਰਿ ਆਪੇ ਜੋਗੀ ਡੰਡਾਧਾਰੀ ॥ ਹਰਿ ਆਪੇ ਰਵਿ ਰਹਿਆ ਬਨਵਾਰੀ ॥
ਹਰਿ ਆਪੇ ਤਪੁ ਤਾਪੈ ਲਾਇ ਤਾਰੀ ॥੧॥ ਐਸਾ ਮੇਰਾ ਰਾਮੁ ਰਹਿਆ ਭਰਪੂਰਿ ॥
ਨਿਕਟਿ ਵਸੈ ਨਾਹੀ ਹਰਿ ਦੂਰਿ ॥੧॥ ਰਹਾਉ ॥ ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥
ਹਰਿ ਆਪੇ ਵੇਖੈ ਵਿਗਸੈ ਆਪੇ ॥ ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥੨॥
ਹਰਿ ਆਪੇ ਸਾਰਿੰਗ ਅੰਮ੍ਰਿਤਧਾਰਾ ॥ ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥
ਹਰਿ ਆਪਿ ਕਰੇ ਆਪੇ ਨਿਸਤਾਰਾ ॥੩॥ ਹਰਿ ਆਪੇ ਬੇੜੀ ਤੁਲਹਾ ਤਾਰਾ ॥
ਹਰਿ ਆਪੇ ਗੁਰਮਤੀ ਨਿਸਤਾਰਾ ॥ ਹਰਿ ਆਪੇ ਨਾਨਕ ਪਾਵੈ ਪਾਰਾ ॥੪॥੬॥੪੪॥}

(ਅੰਗ ੧੬੫)

ਸੋਰਠਿ ਮਃ ੧ ਚਉਤੁਕੇ ॥

{ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥ ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥

ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ ॥
ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ ॥੧॥ ਮਨੁ ਮਾਨਿਆ ਨਾਮੁ ਸਖਾਈ ॥
ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥
ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ ॥
ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥
ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥
ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥੨॥
ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥
ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥
ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥
ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥
ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥
ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ ॥ ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ॥
ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥}

(ਅੰਗ ੫੯੬)

ੴ ਸਤਿਗੁਰ ਪ੍ਰਸਾਦਿ ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥

{ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥ ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥}

(ਅੰਗ ੧੪)

ਸਿਰੀਰਾਗੁ ਮਹਲਾ ੧ ॥

{ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥
ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥
ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥}

(ਅੰਗ ੧੬-੧੭)

ਮਹਲਾ ੧ ॥

{ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥ ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥
ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥ ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥
ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥
ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥ ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥

ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥ ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥
ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥ ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥
ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥ ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥}

(ਅੰਗ ੫੩-੫੪)

56/7862

ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ

ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮ ਸਹਾਈ ॥੧॥ ਰਹਾਉ ॥
ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥ ਊਚੇ ਮੰਦਰ ਸੁੰਦਰ ਛਾਇਆ ॥ ਝੂਠੇ ਲਾਲਚਿ ਜਨਮੁ ਗਵਾਇਆ ॥੧॥
ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੇ ਫਾਸਾ ॥੨॥
ਰਾਜੁ ਕਮਾਵੈ ਦਹ ਦਿਸ ਸਾਰੀ ॥ ਮਾਣੈ ਰੰਗ ਭੋਗ ਬਹੁ ਨਾਰੀ ॥ ਜਿਉ ਨਰਪਤਿ ਸੁਪਨੈ ਭੇਖਾਰੀ ॥੩॥
ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥
ਜਨ ਨਾਨਕ ਹਉਮੈ ਮਾਰਿ ਸਮਾਇਆ ॥੪॥ ਇਨਿ ਬਿਧਿ ਕੁਸਲ ਹੋਤ ਮੇਰੇ ਭਾਈ ॥
ਇਉ ਪਾਈਐ ਹਰਿ ਰਾਮ ਸਹਾਈ ॥੧॥ ਰਹਾਉ ਦੂਜਾ ॥}

(ਅੰਗ ੧੭੫-੧੭੬)

ਗਉੜੀ ਮਹਲਾ ੫ ॥

{ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥
ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ॥
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥੧॥ ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥
ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥ ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥
ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ ॥
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥
ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥੨॥
ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥ ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥

ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥੩॥ ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥ ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥੪॥੨॥}

(ਅੰਗ ੨੪੯)

{ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥
ਜਿਉ ਪਾਖਾਣੁ ਨਾਵ ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥
ਜਿਉ ਅੰਧਕਾਰ ਦੀਪਕ ਪਰਗਾਸੁ ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥
ਤਿਨ ਸੰਤਨ ਕੀ ਬਾਛਉ ਧੂਰਿ ॥ ਨਾਨਕ ਕੀ ਹਰਿ ਲੋਚਾ ਪੂਰਿ ॥੩॥}

(ਅੰਗ ੨੮੨)

ਮਃ ੫ ॥

{ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥੨॥}

(ਅੰਗ ੩੧੯)

ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭ ॥

{ਬਾਰ ਬਾਰ ਹਰਿ ਕੇ ਗੁਨ ਗਾਵਉ ॥ ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥੧॥ ਰਹਾਉ ॥
ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥ ਅਹਿਨਿਸਿ ਅਖੰਡ ਸੁਰਹੀ ਜਾਇ ॥
ਤਉ ਅਨਹਦ ਬੇਣੁ ਸਹਜ ਮਹਿ ਬਾਇ ॥੧॥ ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥ ਚਾਖਤ ਬੇਗਿ ਸਗਲ ਬਿਖ ਹਰੈ ॥
ਬਾਣੀ ਰੋਕਿਆ ਰਹੈ ਦੁਆਰ ॥ ਤਉ ਮਨੁ ਮਤਵਾਰੋ ਪੀਵਨਹਾਰ ॥੨॥ ਮੰਗਲਵਾਰੇ ਲੇ ਮਾਹੀਤਿ ॥
ਪੰਚ ਚੋਰ ਕੀ ਜਾਣੈ ਰੀਤਿ ॥ ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥੩॥
ਬੁਧਵਾਰਿ ਬੁਧਿ ਕਰੈ ਪ੍ਰਗਾਸ ॥ ਹਿਰਦੈ ਕਮਲ ਮਹਿ ਹਰਿ ਕਾ ਬਾਸ ॥ ਗੁਰ ਮਿਲਿ ਦੋਊ ਏਕ ਸਮ ਧਰੈ ॥
ਉਰਧ ਪੰਕ ਲੈ ਸੂਧਾ ਕਰੈ ॥੪॥ ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥ ਤੀਨਿ ਦੇਵ ਏਕ ਸੰਗਿ ਲਾਇ ॥
ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥ ਅਹਿਨਿਸਿ ਕਸਮਲ ਧੋਵਹਿ ਨਾਹਿ ॥੫॥
ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ ॥ ਅਨਦਿਨ ਆਪਿ ਆਪ ਸਿਉ ਲੜੈ ॥ ਸੁਰਖੀ ਪਾਂਚਉ ਰਾਖੈ ਸਬੈ ॥
ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥੬॥ ਥਾਵਰ ਥਿਰੁ ਕਰਿ ਰਾਖੈ ਸੋਇ ॥ ਜੋਤਿ ਦੀ ਵਟੀ ਘਟ ਮਹਿ ਜੋਇ ॥
ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ ॥੭॥
ਜਬ ਲਗੁ ਘਟ ਮਹਿ ਦੂਜੀ ਆਨ ॥ ਤਉ ਲਉ ਮਹਲਿ ਨ ਲਾਭੈ ਜਾਨ ॥

ਰਮਤ ਰਾਮ ਸਿਉ ਲਾਗੋ ਰੰਗੁ ॥ ਕਹਿ ਕਬੀਰ ਤਬ ਨਿਰਮਲ ਅੰਗ ॥੮॥੧॥}

(ਅੰਗ ੩੪੪-੩੪੫)

ਗੂਜਰੀ ॥

{ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥ ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥}

(ਅੰਗ ੫੨੬)

ਬਿਹਾਗੜਾ ਮਹਲਾ ੫ ਛੰਤ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ ॥
ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ ॥
ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ ॥
ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੂਲੇ ਫਿਰਦਿਆ ॥
ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ ॥
ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ ॥੧॥
ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ ਹਰਿ ਹਰਿ ਨਾਮੁ ਅਰਾਧੇ ਰਾਮ ॥
ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ ਜਮ ਕਾ ਮਾਰਗੁ ਸਾਧੇ ਰਾਮ ॥
ਮਾਰਗੁ ਬਿਖੜਾ ਸਾਧਿ ਗੁਰਮੁਖਿ ਹਰਿ ਦਰਗਹ ਸੋਭਾ ਪਾਈਐ ॥
ਜਿਨ ਕਉ ਬਿਧਾਤੈ ਧੁਰਹੁ ਲਿਖਿਆ ਤਿਨ੍ਹਾ ਰੈਣਿ ਦਿਨੁ ਲਿਵ ਲਾਈਐ ॥
ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥
ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ ॥੨॥
ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ ॥
ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ਇਹੁ ਮਨੁ ਤਨੁ ਸਭੁ ਅਰਪੇਹਾ ਰਾਮ ॥
ਮਨੁ ਤਨੁ ਧਨੁ ਸਭੁ ਪ੍ਰਭੂ ਕੇਰਾ ਕਿਆ ਕੋ ਪੂਜ ਚੜਾਵਏ ॥
ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ ਸੋ ਪ੍ਰਭ ਅੰਕਿ ਸਮਾਵਏ ॥
ਭਾਗੁ ਮਸਤਕਿ ਹੋਇ ਜਿਸ ਕੈ ਤਿਸੁ ਗੁਰ ਨਾਲਿ ਸਨੇਹਾ ॥
ਜਨੁ ਕਹੈ ਨਾਨਕੁ ਮਿਲਿ ਸਾਧਸੰਗਤਿ ਹਰਿ ਹਰਿ ਨਾਮੁ ਪੂਜੇਹਾ ॥੩॥
ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥

ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥
ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥
ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥ ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ॥
ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ ॥੪॥੧॥}

(ਅੰਗ ੫੪੧-੫੪੨)

ਪਉੜੀ ॥

{ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ॥ ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ ॥
ਹਰ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ ॥
ਜਨ ਲਾਵਹੁ ਚਿਤੁ ਹਰਿ ਨਾਮ ਸਿਉ ਅੰਤਿ ਹੋਇ ਸਖਾਈ ॥
ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਸੁਖੁ ਪਾਈ ॥੧੫॥}

(ਅੰਗ ੬੪੯)

56/7863

{ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥
ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥ ਬੰਕੇ ਬਾਲ ਪਾਗ ਸਿਰਿ ਡੇਰੀ ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥ ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥੪॥
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥}

(ਅੰਗ ੬੫੯)

ਤਿਲੰਗ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥ ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ ॥੧॥
ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ ॥ ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ ॥ ਰਹਾਉ ॥
ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ ॥
ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ ॥੨॥੧॥}

(ਅੰਗ ੭੨੩)

ੴ ਸਤਿਗੁਰ ਪ੍ਰਸਾਦਿ ॥

ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥

{ਗੁਰਮੁਖਿ ਹਰਿ ਗੁਣ ਗਾਏ ॥ ਹਿਰਦੈ ਰਸਨ ਰਸਾਏ ॥
ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥
ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥
ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥

ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥ ਸੰਗਤਿ ਸੰਤ ਮਿਲਾਏ ॥
ਹਰਿ ਸਰਿ ਨਿਰਮਲਿ ਨਾਏ ॥ ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥
ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥
ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥ ਅੰਤਰਿ ਰਤਨੁ ਬੀਚਾਰੇ ॥
ਗੁਰਮੁਖਿ ਨਾਮੁ ਪਿਆਰੇ ॥ ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥
ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥ ਹਰਿ ਪ੍ਰਭਿ ਕਾਜੁ ਰਚਾਇਆ ॥
ਗੁਰਮੁਖਿ ਵੀਆਹਣਿ ਆਇਆ ॥ ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥੧॥੩॥}

(ਅੰਗ ੭੭੫)

ਸੂਹੀ ਮਹਲਾ ੫ ॥

{ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥
ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥
ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥
ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥
ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥
ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥
ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥ ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ॥
ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥
ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ ॥
ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥
ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥
ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥
ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥੩॥

ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥}

(ਅੰਗ ੭੮੩)

ਰਾਮਕਲੀ ਮਹਲਾ ੧ ॥

{ਜਿਉ ਆਇਆ ਤਿਉ ਜਾਵਹਿ ਬਉਰੇ ਜਿਉ ਜਨਮੇ ਤਿਉ ਮਰਣੁ ਭਇਆ ॥
ਜਿਉ ਰਸ ਭੋਗ ਕੀਏ ਤੇਤਾ ਦੁਖੁ ਲਾਗੈ ਨਾਮੁ ਵਿਸਾਰਿ ਭਵਜਲਿ ਪਇਆ ॥੧॥
ਤਨੁ ਧਨੁ ਦੇਖਤ ਗਰਬਿ ਗਇਆ ॥
ਕਨਿਕ ਕਾਮਨੀ ਸਿਉ ਹੇਤੁ ਵਧਾਇਹਿ ਕੀ ਨਾਮੁ ਵਿਸਾਰਹਿ ਭਰਮਿ ਗਇਆ ॥੧॥ ਰਹਾਉ ॥
ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਾਸਟੁ ਭਇਆ ॥
ਪੁੰਨੁ ਦਾਨੁ ਇਸਨਾਨੁ ਨ ਸੰਜਮੁ ਸਾਧਸੰਗਤਿ ਬਿਨੁ ਬਾਦਿ ਜਇਆ ॥੨॥
ਲਾਲਚਿ ਲਾਗੈ ਨਾਮੁ ਬਿਸਾਰਿਓ ਆਵਤ ਜਾਵਤ ਜਨਮੁ ਗਇਆ ॥
ਜਾ ਜਮੁ ਧਾਇ ਕੇਸ ਗਹਿ ਮਾਰੈ ਸੁਰਤਿ ਨਹੀ ਮੁਖਿ ਕਾਲ ਗਇਆ ॥੩॥
ਅਹਿਨਿਸਿ ਨਿੰਦਾ ਤਾਤਿ ਪਰਾਈ ਹਿਰਦੈ ਨਾਮੁ ਨ ਸਰਬ ਦਇਆ ॥
ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ ਰਾਮ ਨਾਮ ਬਿਨੁ ਨਰਕਿ ਗਇਆ ॥੪॥
ਖਿਨ ਮਹਿ ਵੇਸ ਕਰਹਿ ਨਟੂਆ ਜਿਉ ਮੋਹ ਪਾਪ ਮਹਿ ਗਲਤੁ ਗਇਆ ॥
ਇਤ ਉਤ ਮਾਇਆ ਦੇਖਿ ਪਸਾਰੀ ਮੋਹ ਮਾਇਆ ਕੈ ਮਗਨੁ ਭਇਆ ॥੫॥
ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ ॥
ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ ॥੬॥
ਸੁਖ ਸੰਪਤਿ ਕਉ ਆਵਤ ਦੇਖੈ ਸਾਕਤ ਮਨਿ ਅਭਿਮਾਨੁ ਭਇਆ ॥
ਜਿਸ ਕਾ ਇਹੁ ਤਨੁ ਧਨੁ ਸੋ ਫਿਰਿ ਲੇਵੈ ਅੰਤਰਿ ਸਹਸਾ ਦੂਖੁ ਪਇਆ ॥੭॥
ਅੰਤਿ ਕਾਲਿ ਕਿਛੁ ਸਾਥਿ ਨ ਚਾਲੈ ਜੋ ਦੀਸੈ ਸਭੁ ਤਿਸਹਿ ਮਇਆ ॥
ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ ਹਰਿ ਨਾਮੁ ਰਿਦੈ ਲੈ ਪਾਰਿ ਪਇਆ ॥੮॥
ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ ਪਇਆ ॥
ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ ॥੯॥
ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ ॥
ਜੋ ਕਿਛੁ ਕਰਣਾ ਸੋ ਕਰ�ि ਰਹਿਆ ਬਖਸਣਹਾਰੈ ਬਖਸਿ ਲਇਆ ॥੧੦॥
ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ ॥
ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ ਮੁਕਤਿ ਪਦਾਰਥੁ ਸਰਣਿ ਪਇਆ ॥੧੧॥

ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ ॥
ਆਪੁ ਮਾਰਿ ਗੁਰਮੁਖਿ ਹਰਿ ਪਾਏ ਨਾਨਕ ਸਹਜਿ ਸਮਾਇ ਲਇਆ ॥੧੨॥੭॥}

(ਅੰਗ ੯੦੬-੯੦੭)

{ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥ ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥}

(ਅੰਗ ੯੨੧-੯੨੨)

ਪਉੜੀ ॥

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥}

(ਅੰਗ ੯੫੨)

56/7864

ਪ੍ਰਭਾਤੀ ਮਹਲਾ ੩ ਬਿਭਾਸ

ੴ ਸਤਿਗੁਰ ਪ੍ਰਸਾਦਿ ॥

{ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥੧॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥ ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ॥
ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥ ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥
ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥ ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥
ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥ ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥

ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥}

(ਅੰਗ ੧੩੪੬)

{ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥
ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥
ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥
ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥੪੮॥}

(ਅੰਗ ੧੪੧੮)

ਆਸਾ ਮਹਲਾ ੧ ॥

{ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥}

(ਅੰਗ ੩੬੦)

ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥
ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥
ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥
ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥
ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥
ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ ਰਹਾਉ ॥
ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥
ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥ ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥

ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥
ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥ ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥
ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥੩॥
ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥
ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ ॥ ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ॥
ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥੪॥
ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥
ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥
ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥
ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥ ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥
ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥
ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥
ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ ॥ ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥
ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥੭॥ ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥
ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥ ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ॥
ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੮॥੧॥}

(ਅੰਗ ੭੫੩-੭੫੪)

ਮਾਰੂ ਮਹਲਾ ੩ ॥

{ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥
ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥੧॥ ਗੁਰਮੁਖਿ ਮਨੂਆ ਉਲਟਿ ਪਰਾਵੈ ॥
ਗੁਰਮੁਖਿ ਬਾਣੀ ਨਾਦੁ ਵਜਾਵੈ ॥ ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥੨॥
ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥
ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥ ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥
ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥
ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥
ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥ ਗੁਰਮੁਖਿ ਸਚੀ ਊਤਮ ਬਾਣੀ ॥
ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥੬॥
ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥
ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥ ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥
ਗੁਰਮੁਖਿ ਪਾਏ ਮੋਖ ਦੁਆਰੁ ॥ ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥੮॥
ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ ਸਚੈ ਨਾਮਿ ਸਦਾ ਲਿਵ ਲਾਏ ॥

ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥੯॥ ਜਾ ਤਿਸੁ ਭਾਵੈ ਸਤਿਗੁਰੁ ਮਿਲਾਏ ॥
ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥ ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ ॥੧੦॥
ਮਨਹਠਿ ਕਰਮ ਕਰੇ ਸੋ ਛੀਜੈ ॥ ਬਹੁਤੇ ਭੇਖ ਕਰੇ ਨਹੀ ਭੀਜੈ ॥
ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥ ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥
ਮਰਣ ਜੀਵਣ ਕੀ ਸੋਝੀ ਪਾਏ ॥ ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ॥੧੨॥
ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥
ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥ ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥
ਹਉਮੈ ਵਿਚਹੁ ਮੋਹੁ ਚੁਕਾਇਆ ॥ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥੧੪॥
ਆਪੇ ਕਰੇ ਕਰਾਏ ਆਪੇ ॥ ਆਪੇ ਵੇਖੈ ਥਾਪਿ ਉਥਾਪੇ ॥
ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥੧੫॥ ਗੁਰਮੁਖਿ ਸਚੋ ਸਚੁ ਕਮਾਵੈ ॥
ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥ ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥੧੬॥੧॥੧੫॥}

(ਅੰਗ ੧੦੫੮-੧੦੫੯)

ਮਾਰੂ ਮਹਲਾ ੩ ॥

{ਆਦਿ ਜੁਗਾਦਿ ਦਇਆਪਤਿ ਦਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥
ਤੁਧੁਨੋ ਸੇਵਹਿ ਸੇ ਤੁਝਹਿ ਸਮਾਵਹਿ ਤੂ ਆਪੇ ਮੇਲਿ ਮਿਲਾਇਦਾ ॥੧॥
ਅਗਮ ਅਗੋਚਰੁ ਕੀਮਤਿ ਨਹੀ ਪਾਈ ॥ ਜੀਅ ਜੰਤ ਤੇਰੀ ਸਰਣਾਈ ॥
ਜਿਉ ਤੁਧੁ ਭਾਵੈ ਤਿਵੈ ਚਲਾਵਹਿ ਤੂ ਆਪੇ ਮਾਰਗਿ ਪਾਇਦਾ ॥੨॥
ਹੈ ਭੀ ਸਾਚਾ ਹੋਸੀ ਸੋਈ ॥ ਆਪੇ ਸਾਜੇ ਅਵਰੁ ਨ ਕੋਈ ॥
ਸਭਨਾ ਸਾਰ ਕਰੇ ਸੁਖਦਾਤਾ ਆਪੇ ਰਿਜਕੁ ਪਹੁਚਾਇਦਾ ॥੩॥
ਅਗਮ ਅਗੋਚਰੁ ਅਲਖ ਅਪਾਰਾ ॥ ਕੋਇ ਨ ਜਾਣੈ ਤੇਰਾ ਪਰਵਾਰਾ ॥
ਆਪਣਾ ਆਪੁ ਪਛਾਣਹਿ ਆਪੇ ਗੁਰਮਤੀ ਆਪਿ ਬੁਝਾਇਦਾ ॥੪॥
ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥
ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥੫॥
ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥ ਅਗਮ ਅਗੋਚਰ ਵੇਪਰਵਾਹੇ ॥
ਜੇਹੀ ਮਤਿ ਦੇਹਿ ਸੋ ਹੋਵੈ ਤੂ ਆਪੇ ਸਬਦਿ ਬੁਝਾਇਦਾ ॥੬॥
ਅਨਦਿਨੁ ਆਰਜਾ ਛਿਜਦੀ ਜਾਏ ॥ ਰੈਣਿ ਦਿਨਸੁ ਦੁਇ ਸਾਖੀ ਆਏ ॥
ਮਨਮੁਖੁ ਅੰਧੁ ਨ ਚੇਤੈ ਮੂੜਾ ਸਿਰ ਊਪਰਿ ਕਾਲੁ ਰੁਆਇਦਾ ॥੭॥
ਮਨੁ ਤਨੁ ਸੀਤਲੁ ਗੁਰ ਚਰਣੀ ਲਾਗਾ ॥ ਅੰਤਰਿ ਭਰਮੁ ਗਇਆ ਭਉ ਭਾਗਾ ॥
ਸਦਾ ਅਨੰਦੁ ਸਚੇ ਗੁਣ ਗਾਵਹਿ ਸਚੁ ਬਾਣੀ ਬੋਲਾਇਦਾ ॥੮॥
ਜਿਨਿ ਤੂ ਜਾਤਾ ਕਰਮ ਬਿਧਾਤਾ ॥ ਪੂਰੈ ਭਾਗਿ ਗੁਰ ਸਬਦਿ ਪਛਾਤਾ ॥
ਜਤਿ ਪਤਿ ਸਚੁ ਸਚਾ ਸਚੁ ਸੋਈ ਹਉਮੈ ਮਾਰਿ ਮਿਲਾਇਦਾ ॥੯॥
ਮਨੁ ਕਠੋਰੁ ਦੂਜੈ ਭਾਇ ਲਾਗਾ ॥ ਭਰਮੇ ਭੂਲਾ ਫਿਰੈ ਅਭਾਗਾ ॥

ਕਰਮੁ ਹੋਵੈ ਤਾ ਸਤਿਗੁਰੁ ਸੇਵੇ ਸਹਜੇ ਹੀ ਸੁਖੁ ਪਾਇਦਾ ॥੧੦॥
ਲਖ ਚਉਰਾਸੀਹ ਆਪਿ ਉਪਾਏ ॥ ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥
ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ ॥੧੧॥
ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ ॥ ਵਿਣੁ ਕਰਮਾ ਕਿਉ ਪਾਇਆ ਜਾਏ ॥
ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ ॥੧੨॥
ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ ਮੂਰਖੁ ਅੰਧਾ ਤਤੁ ਨ ਪਛਾਣੈ ॥
ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥੧੩॥
ਸਭੁ ਕਿਛੁ ਆਪੇ ਆਪਿ ਕਰਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥
ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ ॥੧੪॥
ਸਚਾ ਸਾਹਿਬੁ ਗਹਿਰ ਗੰਭੀਰਾ ॥ ਸਦਾ ਸਲਾਹੀ ਤਾ ਮਨੁ ਧੀਰਾ ॥
ਅਗਮ ਅਗੋਚਰੁ ਕੀਮਤਿ ਨਹੀ ਪਾਈ ਗੁਰਮੁਖਿ ਮੰਨਿ ਵਸਾਇਦਾ ॥੧੫॥
ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥}

(ਅੰਗ ੧੦੬੦-੧੦੬੧)

ਰਾਮਕਲੀ ਮਹਲਾ ੫ ॥

{ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥ ਅਪਨੀ ਗਤਿ ਆਪਿ ਜਾਨੈ ॥
ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥੨॥ ਅਪਨੈ ਰੰਗਿ ਕਰਤਾ ਕੇਲ ॥
ਆਪਿ ਬਿਛੋਰੈ ਆਪੇ ਮੇਲ ॥ ਇਕਿ ਭਰਮੇ ਇਕਿ ਭਗਤੀ ਲਾਏ ॥ ਅਪਣਾ ਕੀਆ ਆਪਿ ਜਣਾਏ ॥੩॥
ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥ ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥
ਨਾਨਕ ਕਾ ਪ੍ਰਭੁ ਆਪੇ ਆਪਿ ॥੪॥੨੫॥੩੬॥}

(ਅੰਗ ੮੯੪)

ਧਨਾਸਰੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ ਨਾਮੁ ਜਪਉ ਹਰਿ ਰੰਗਿ ॥੧॥ ਜਨ ਕਉ ਪ੍ਰਭ ਅਪਨੇ ਕਾ ਤਾਣੁ ॥
ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ ਰਹਾਉ ॥
ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ ॥
ਚਰਨ ਸਰਨ ਨਾਨਕ ਦਾਸ ਹਰਿ ਹਰਿ ਸੰਤੀ ਇਹ ਬਿਧਿ ਜਾਤੀ ॥੨॥੧॥੨੫॥}

(ਅੰਗ ੬੭੭)

ਰਾਮਕਲੀ ਬਾਣੀ ਬੇਣੀ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥ ਸੰਤਹੁ ਤਹਾ ਨਿਰੰਜਨ ਰਾਮੁ ਹੈ ॥
ਗੁਰ ਗਮਿ ਚੀਨੈ ਬਿਰਲਾ ਕੋਇ ॥ ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥
ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ ਸਾਖੀ ਜਾਗੀ ਗੁਰਮੁਖਿ ਜਾਣੀ ॥੨॥
ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥ ਏਸੁ ਕਲਾ ਜੋ ਜਾਣੈ ਭੇਉ ॥
ਭੇਟੈ ਤਾਸੁ ਪਰਮ ਗੁਰਦੇਉ ॥੩॥ ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥ ਜਾਗਤੁ ਰਹੈ ਸੁ ਕਬਹੁ ਨ ਸੋਵੈ ॥
ਤੀਨਿ ਤਿਲੋਕ ਸਮਾਧਿ ਪਲੋਵੈ ॥ ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥ ਗੁਰ ਕੀ ਸਾਖੀ ਰਾਖੈ ਚੀਤਿ ॥
ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥ ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ਨ ਜੂਐ ਹਾਰੇ ॥
ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥ ਅਜਰੁ ਜਰੈ ਸੁ ਨਿਝਰੁ ਝਰੈ ॥
ਜਗੰਨਾਥ ਸਿਉ ਗੋਸਟਿ ਕਰੈ ॥੭॥ ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥
ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥ ਮਸਤਕਿ ਪਦਮੁ ਦੁਆਲੈ ਮਣੀ ॥
ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥ ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ ਸੰਖ ਘਨ ਗਾਜੇ ॥
ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥}

(ਅੰਗ ੯੭੪)

ਸਾਰਗ ਮਹਲਾ ੫ ॥

{ਮਾਧੀ ਰਾਮ ਕੀ ਤੂ ਮਾਧੀ ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥੧॥ ਰਹਾਉ ॥
ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ ॥
ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ ॥੧॥
ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ ॥
ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥}

(ਅੰਗ ੧੨੨੭)

ਤੁਖਾਰੀ ਮਹਲਾ ੧ ॥

{ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥
ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥
ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥
ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥ ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ॥
ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ ॥੧॥ ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥

ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥ ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥
ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥
ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ ॥
ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ॥
ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ ॥੩॥ ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥
ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥ ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥
ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥ ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥੪॥੩॥}

(ਅੰਗ ੧੧੧੦-੧੧੧੧)

ਪਉੜੀ ॥

{ਸਚਾ ਸਤਿਗੁਰੁ ਸੇਵਿ ਸਚੁ ਸਮ੍ਹਾਲਿਆ ॥ ਅੰਤਿ ਖਲੋਆ ਆਇ ਜਿ ਸਤਿਗੁਰ ਅਗੈ ਘਾਲਿਆ ॥
ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥ ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥
ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥ ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥
ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ ॥ ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥੧੪॥}

(ਅੰਗ ੧੨੮੪)

{ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ ॥
ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥
ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥}

(ਅੰਗ ੧੩੯੯)

{ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥ ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥}

(ਅੰਗ ੧੪੧੨)

{ਸੰਤ ਕੇ ਦੂਖਨ ਤੇ ਮੁਖੁ ਭਵੈ ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥
ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥ ਸੰਤ ਕੈ ਦੂਖਨਿ ਸਭੁ ਕੋ ਛਲੈ ॥
ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥ ਸੰਤ ਕੈ ਦੂਖਨਿ ਨੀਚੁ ਨੀਚਾਇ ॥
ਸੰਤ ਦੋਖੀ ਕਾ ਥਾਉ ਕੋ ਨਾਹਿ ॥ ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥੨॥}

(ਅੰਗ ੨੭੯-੨੮੦)

ਮਲਾਰ ਮਹਲਾ ੧ ॥

{ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥
ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥
ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥
ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥ ਮਨਿ ਭਾਵੈ ਸਬਦੁ ਸੁਹਾਇਆ ॥
ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨ੍ਹੇ ਗੁਰਿ ਰਾਖੇ ਸਚੁ ਪਾਇਆ ॥੧॥ ਰਹਾਉ ॥
ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮੁ ਨ ਭਾਇਆ ॥
ਰਤਨ ਪਦਾਰਥੁ ਪਰਹਰਿ ਤਿਆਗਿਆ ਜਤ ਕੋ ਤਤ ਹੀ ਆਇਆ ॥
ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ ॥
ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥੨॥
ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥
ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥
ਹਮ ਨੀਚ ਹੁਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥
ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥੩॥
ਬੈਸਿ ਸੁਥਾਨਿ ਕਹਾਂ ਗੁਣ ਤੇਰੇ ਕਿਆ ਕਿਆ ਕਥਉ ਅਪਾਰਾ ॥
ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ ॥
ਕਿਸੁ ਪਹਿ ਦੇਖਿ ਕਹਉ ਤੂ ਕੈਸਾ ਸਭਿ ਜਾਚਕ ਤੂ ਦਾਤਾਰਾ ॥
ਭਗਤਿਹੀਣੁ ਨਾਨਕੁ ਦਰਿ ਦੇਖਹੁ ਇਕੁ ਨਾਮੁ ਮਿਲੈ ਉਰਿ ਧਾਰਾ ॥੪॥੩॥}

(ਅੰਗ ੧੨੫੪-੧੨੫੫)

{ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥
ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ ॥
ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ ॥
ਬਿਦ੍ਮਾਨ ਗੁਰਿ ਆਪਿ ਥਪ੍ਯੋ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥੬॥}

(ਅੰਗ ੧੪੦੪)

56/7866

{ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥}

(ਅੰਗ ੧੪੦੮)

ਸਿਰੀਰਾਗੁ ਮਹਲਾ ੩ ॥

{ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥

ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥ ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥
ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥
ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥
ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥
ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥ ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥
ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥ ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥
ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥}

(ਅੰਗ ੨੯)

ਗਉੜੀ ਗੁਆਰੇਰੀ ਮਹਲਾ ੫ ॥
{ਤਿਸ ਕੀ ਸਰਣਿ ਨਾਹੀ ਭਉ ਸੋਗੁ ॥ ਉਸ ਤੇ ਬਾਹਰਿ ਕਛੂ ਨ ਹੋਗੁ ॥
ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨਹਾਰ ॥੧॥
ਜਪਿ ਮਨ ਮੇਰੇ ਰਾਮ ਰਾਮ ਰੰਗਿ ॥ ਘਰਿ ਬਾਹਰਿ ਤੇਰੈ ਸਦ ਸੰਗਿ ॥੧॥ ਰਹਾਉ ॥
ਤਿਸ ਕੀ ਟੇਕ ਮਨੈ ਮਹਿ ਰਾਖੁ ॥ ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥
ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥੨॥
ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ ॥
ਕਰਣ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥੩॥
ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥
ਜਾ ਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥੪॥੭॥੭੬॥}

(ਅੰਗ ੧੭੭-੧੭੮)

ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ
ੴ ਸਤਿਗੁਰ ਪ੍ਰਸਾਦਿ ॥
{ਰਾਮ ਕੋ ਬਲੁ ਪੂਰਨ ਭਾਈ ॥ ਤਾ ਤੇ ਬ੍ਰਿਥਾ ਨ ਬਿਆਪੈ ਕਾਈ ॥੧॥ ਰਹਾਉ ॥
ਜੋ ਜੋ ਚਿਤਵੈ ਦਾਸੁ ਹਰਿ ਮਾਈ ॥ ਸੋ ਸੋ ਕਰਤਾ ਆਪਿ ਕਰਾਈ ॥੧॥
ਨਿੰਦਕ ਕੀ ਪ੍ਰਭਿ ਪਤਿ ਗਵਾਈ ॥ ਨਾਨਕ ਹਰਿ ਗੁਣ ਨਿਰਭਉ ਗਾਈ ॥੨॥੧੧੪॥}

(ਅੰਗ ੨੦੨)

ਰਾਗੁ ਗਉੜੀ ਪੂਰਬੀ ਮਹਲਾ ੫
ੴ ਸਤਿਗੁਰ ਪ੍ਰਸਾਦਿ ॥
{ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ਰਹਾਉ ॥
ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥੧॥
ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥੨॥

ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥
ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥}

(ਅੰਗ ੨੦੪)

ਗਉੜੀ ਮਹਲਾ ੫ ॥

{ਹਰਿ ਹਰਿ ਹਰਿ ਆਰਾਧੀਐ ॥ ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥੧॥ ਰਹਾਉ ॥
ਬੇਦ ਪੁਰਾਣ ਸਿਮ੍ਰਿਤਿ ਭਨੇ ॥ ਸਭ ਊਚ ਬਿਰਾਜਿਤ ਜਨ ਸੁਨੇ ॥੧॥ ਸਗਲ ਅਸਥਾਨ ਭੈ ਭੀਤ ਚੀਨ ॥
ਰਾਮ ਸੇਵਕ ਭੈ ਰਹਤ ਕੀਨ ॥੨॥ ਲਖ ਚਉਰਾਸੀਹ ਜੋਨਿ ਫਿਰਹਿ ॥ ਗੋਬਿੰਦ ਲੋਕ ਨਹੀ ਜਨਮਿ ਮਰਹਿ ॥੩॥
ਬਲ ਬੁਧਿ ਸਿਆਨਪ ਹਉਮੈ ਰਹੀ ॥ ਹਰਿ ਸਾਧ ਸਰਣਿ ਨਾਨਕ ਗਹੀ ॥੪॥੬॥੧੪੪॥}

(ਅੰਗ ੨੧੧)

{ਇਸ ਕਾ ਬਲੁ ਨਾਹੀ ਇਸੁ ਹਾਥ ॥ ਕਰਨ ਕਰਾਵਨ ਸਰਬ ਕੋ ਨਾਥ ॥
ਆਗਿਆਕਾਰੀ ਬਪੁਰਾ ਜੀਉ ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥
ਕਬਹੂ ਊਚ ਨੀਚ ਮਹਿ ਬਸੈ ॥ ਕਬਹੂ ਸੋਗ ਹਰਖ ਰੰਗਿ ਹਸੈ ॥
ਕਬਹੂ ਨਿੰਦ ਚਿੰਦ ਬਿਉਹਾਰ ॥ ਕਬਹੂ ਊਭ ਅਕਾਸ ਪਇਆਲ ॥
ਕਬਹੂ ਬੇਤਾ ਬ੍ਰਹਮ ਬੀਚਾਰ ॥ ਨਾਨਕ ਆਪਿ ਮਿਲਾਵਣਹਾਰ ॥੫॥}

(ਅੰਗ ੨੭੭)

{ਧਨਵੰਤਾ ਹੋਇ ਕਰਿ ਗਰਬਾਵੈ ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾ ਕਾ ਹੋਇ ਬਿਨਾਸ ॥
ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ ਹੋਇ ਜਾਇ ਭਸਮੰਤੁ ॥
ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮ ਰਾਇ ਤਿਸੁ ਕਰੇ ਖੁਆਰੀ ॥
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥}

(ਅੰਗ ੨੭੮)

ਆਸਾ ਮਹਲਾ ੫ ॥

{ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥ ਏਕੁ ਨਾਮੁ ਸੰਤਨ ਆਧਾਰੁ ॥
ਹੋਇ ਰਹੇ ਸਭ ਕੀ ਪਗ ਛਾਰੁ ॥੧॥ ਸੰਤ ਰਹਤ ਸੁਨਹੁ ਮੇਰੇ ਭਾਈ ॥
ਉਆ ਕੀ ਮਹਿਮਾ ਕਥਨੁ ਨ ਜਾਈ ॥੧॥ ਰਹਾਉ ॥ ਵਰਤਣਿ ਜਾ ਕੈ ਕੇਵਲ ਨਾਮ ॥
ਅਨਦ ਰੂਪ ਕੀਰਤਨੁ ਬਿਸ੍ਰਾਮ ॥ ਮਿਤ੍ਰ ਸਤ੍ਰੂ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥
ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥ ਸੂਰਬੀਰ ਬਚਨ ਕੇ ਬਲੀ ॥
ਕਉਲਾ ਬਪੁਰੀ ਸੰਤੀ ਛਲੀ ॥੩॥ ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥
ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥੩੭॥੯੮॥}

(ਅੰਗ ੩੯੨)

ਆਸਾ ਮਹਲਾ ੫ ॥

{ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥ ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥

ਕੂੜੇ ਲੁਭਾਇਆ ਧੋਹੁ ਮਾਇਆ ਕਰਹਿ ਪਾਪ ਅਮਿਤਿਆ ॥
ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ ॥ ਮਾਲੁ ਜੋਬਨੁ ਛੋਡਿ ਵੈਸੀ ਰਹਿਓ ਪੈਨਣੁ ਖਾਇਆ ॥
ਨਾਨਕ ਕਮਾਣਾ ਸੰਗਿ ਜੁਲਿਆ ਨਹ ਜਾਇ ਕਿਰਤੁ ਮਿਟਾਇਆ ॥੧॥
ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ ॥ ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ ॥
ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ ॥ ਹਰਿਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ ॥
ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ ॥
ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ ॥੨॥ ਮਿਠੈ ਮਖੁ ਮੁਆ ਕਿਉ ਲਏ ਓਡਾਰੀ ॥
ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ ॥ ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ॥
ਦੂਖਾ ਸਜਾਈ ਗਣਤ ਨਾਹੀ ਕੀਆ ਅਪਣਾ ਪਾਇਓ ॥ ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ ॥
ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ ॥੩॥ ਹਰਿ ਕੇ ਦਾਸ ਜੀਵੇ ਲਗਿ ਪ੍ਰਭ ਕੀ ਚਰਣੀ ॥
ਕੰਠਿ ਲਗਾਇ ਲੀਏ ਤਿਸੁ ਠਾਕੁਰ ਸਰਣੀ ॥ ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥
ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥ ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥
ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥}

(ਅੰਗ ੪੫੯-੪੬੦)

56/7867

ਆਸਾ ਇਕਤੁਕੇ ੪ ॥

{ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥
ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥ ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥
ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥
ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥ ਬਲੁ ਅਬਲੁ ਕਿਆ ਇਸ ਤੇ ਹੋਈ ॥੪॥
ਇਹ ਬਸਤੀ ਤਾ ਬਸਤ ਸਰੀਰਾ ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥}

(ਅੰਗ ੪੮੦-੪੮੧)

ਸੋਰਠਿ ਮਹਲਾ ੪ ॥

{ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ ॥
ਆਪੇ ਗੁਣ ਗਾਵਾਇਦਾ ਪਿਆਰਾ ਆਪੇ ਸਬਦਿ ਸਮਾਹਾ ॥
ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ ॥੧॥ ਮੇਰੇ ਮਨ ਜਪਿ ਰਾਮ ਨਾਮੁ ਓਮਾਹਾ ॥
ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿ ਲਾਹਾ ॥ ਰਹਾਉ ॥
ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ॥ ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ॥
ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ ॥੨॥
ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ ॥
ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ ॥

ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੈ ਮੂਰਖ ਮੁਗਧਾਹਾ ॥੩॥
ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ ॥
ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ ਜਾਹਾ ॥
ਜੋ ਗਰਬੈ ਸੋ ਪਚਸੀ ਪਿਆਰੇ ਜਪਿ ਨਾਨਕ ਭਗਤਿ ਸਮਾਹਾ ॥੪॥੬॥}

(ਅੰਗ ੬੦੬-੬੦੭)

ਸੋਰਠਿ ਮਹਲਾ ੫ ॥

{ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥
ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਅਪੁਨੋ ਕਰਿ ਮਾਨੈ ॥੧॥ ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ॥
ਜੋ ਕਿਛੁ ਕਰਹਿ ਸੋਈ ਸੋਈ ਜਾਣੈ ਰਹੈ ਨ ਕਛੂਐ ਛਾਨੀ ॥ ਰਹਾਉ ॥
ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥
ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥੨॥
ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਨੁ ਪੜਦਾ ਤੇਰਾ ਢਾਕੈ ॥੩॥
ਦੀਨ ਦਇਆਲ ਪੂਰਨ ਦੁਖ ਭੰਜਨ ਤੁਮ ਬਿਨੁ ਓਟ ਨ ਕਾਈ ॥
ਕਾਢਿ ਲੇਹੁ ਸੰਸਾਰ ਸਾਗਰ ਮਹਿ ਨਾਨਕ ਪ੍ਰਭ ਸਰਣਾਈ ॥੪॥੧੫॥੨੬॥}

(ਅੰਗ ੬੧੬)

ਧਨਾਸਰੀ ਮਹਲਾ ੫ ॥

{ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ ॥
ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥੧॥ ਸਤਿਗੁਰਿ ਪੂਰੈ ਕੀਨੀ ਦਾਤਿ ॥
ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ ॥ ਰਹਾਉ ॥
ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥
ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥}

(ਅੰਗ ੬੮੧)

ਧਨਾਸਰੀ ਮਹਲਾ ੫ ॥

{ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥
ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥ ਹਰਿ ਜਨ ਰਾਖੇ ਗੁਰ ਗੋਵਿੰਦ ॥
ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥
ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥}

(ਅੰਗ ੬੮੧)

ਬਿਲਾਵਲੁ ਮਹਲਾ ੫ ॥

{ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥ ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥੧॥ ਰਹਾਉ ॥

ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥
ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ ॥੧॥
ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥੨॥੨॥੮੨॥}

(ਅੰਗ ੮੨੦)

ਪਉੜੀ ॥

{ਸੋ ਐਸਾ ਦਾਤਾਰੁ ਮਨਹੁ ਨ ਵੀਸਰੈ ॥ ਘੜੀ ਨ ਮੁਹਤੁ ਚਸਾ ਤਿਸੁ ਬਿਨੁ ਨਾ ਸਰੈ ॥
ਅੰਤਰਿ ਬਾਹਰਿ ਸੰਗਿ ਕਿਆ ਕੋ ਲੁਕਿ ਕਰੈ ॥ ਜਿਸੁ ਪਤਿ ਰਖੈ ਆਪਿ ਸੋ ਭਵਜਲੁ ਤਰੈ ॥
ਭਗਤੁ ਗਿਆਨੀ ਤਪਾ ਜਿਸੁ ਕਿਰਪਾ ਕਰੈ ॥ ਸੋ ਪੂਰਾ ਪਰਧਾਨੁ ਜਿਸ ਨੋ ਬਲੁ ਧਰੈ ॥
ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ ॥ ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ ॥੩॥}

(ਅੰਗ ੯੫੮)

ਮਾਰੂ ਮਹਲਾ ੫ ॥

{ਕਰਿ ਅਨੁਗ੍ਰਹੁ ਰਾਖਿ ਲੀਨੋ ਭਇਓ ਸਾਧੂ ਸੰਗੁ ॥ ਹਰਿ ਨਾਮ ਰਸੁ ਰਸਨਾ ਉਚਾਰੈ ਮਿਸਟ ਗੂੜਾ ਰੰਗੁ ॥੧॥
ਮੇਰੇ ਮਾਨ ਕੋ ਅਸਥਾਨੁ ॥ ਮੀਤ ਸਾਜਨ ਸਖਾ ਬੰਧਪੁ ਅੰਤਰਜਾਮੀ ਜਾਨੁ ॥੧॥ ਰਹਾਉ ॥
ਸੰਸਾਰ ਸਾਗਰੁ ਜਿਨਿ ਉਪਾਇਓ ਸਰਣਿ ਪ੍ਰਭ ਕੀ ਗਹੀ ॥
ਗੁਰ ਪ੍ਰਸਾਦੀ ਪ੍ਰਭੁ ਅਰਾਧੇ ਜਮਕੰਕਰੁ ਕਿਛੁ ਨ ਕਹੀ ॥੨॥ ਮੋਖ ਮੁਕਤਿ ਦੁਆਰਿ ਜਾ ਕੈ ਸੰਤ ਰਿਦਾ ਭੰਡਾਰੁ ॥
ਜੀਅ ਜੁਗਤਿ ਸੁਜਾਣੁ ਸੁਆਮੀ ਸਦਾ ਰਾਖਣਹਾਰੁ ॥੩॥ ਦੂਖ ਦਰਦ ਕਲੇਸ ਬਿਨਸਹਿ ਜਿਸੁ ਬਸੈ ਮਨ ਮਾਹਿ ॥
ਮਿਰਤੁ ਨਰਕੁ ਅਸਥਾਨ ਬਿਖੜੇ ਬਿਖੁ ਨ ਪੋਹੈ ਤਾਹਿ ॥੪॥ ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ॥
ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ ॥੫॥ ਸਿਧ ਸਾਧਿਕ ਦੇਵ ਮੁਨਿ ਜਨ ਬੇਦ ਕਰਹਿ ਉਚਾਰੁ ॥
ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ ਨਹੀ ਅੰਤੁ ਪਾਰਾਵਾਰੁ ॥੬॥
ਅਨਿਕ ਪ੍ਰਾਛਤ ਮਿਟਹਿ ਖਿਨ ਮਹਿ ਰਿਦੈ ਜਪਿ ਭਗਵਾਨ ॥
ਪਾਵਨਾ ਤੇ ਮਹਾ ਪਾਵਨ ਕੋਟਿ ਦਾਨ ਇਸਨਾਨ ॥੭॥ ਬਲ ਬੁਧਿ ਸੁਧਿ ਪਰਾਣ ਸਰਬਸੁ ਸੰਤਨਾ ਕੀ ਰਾਸਿ ॥
ਬਿਸਰੁ ਨਾਹੀ ਨਿਮਖ ਮਨ ਤੇ ਨਾਨਕ ਕੀ ਅਰਦਾਸਿ ॥੮॥੨॥}

(ਅੰਗ ੧੦੧੭)

56/7868

ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥
ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥
ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥}

(ਅੰਗ ੧੧੦੬)

ਸਾਰਗ ਮਹਲਾ ੫ ॥

{ਜਾ ਕੈ ਰਾਮ ਕੋ ਬਲੁ ਹੋਇ ॥ ਸਗਲ ਮਨੋਰਥ ਪੂਰਨ ਤਾਹੂ ਕੇ ਦੂਖੁ ਨ ਬਿਆਪੈ ਕੋਇ ॥੧॥ ਰਹਾਉ ॥
ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ ਸੁਣਿ ਜੀਵਾਂ ਤਿਸੁ ਸੋਇ ॥
ਉਦਮੁ ਕਰਉ ਦਰਸਨੁ ਪੇਖਨ ਕੌ ਕਰਮਿ ਪਰਾਪਤਿ ਹੋਇ ॥੧॥
ਗੁਰ ਪਰਸਾਦੀ ਦ੍ਰਿਸਟਿ ਨਿਹਾਰਉ ਦੂਸਰ ਨਾਹੀ ਕੋਇ ॥
ਦਾਨੁ ਦੇਹਿ ਨਾਨਕ ਅਪਨੇ ਕਉ ਚਰਨ ਜੀਵਾਂ ਸੰਤ ਧੋਇ ॥੨॥੭੪॥੯੭॥}

(ਅੰਗ ੧੨੨੩)

ਕਾਨੜਾ ਮਹਲਾ ੪ ॥

{ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥
ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟਿ ਕੋਟਿ ਧਿਆਵੈਗੋ ॥੧॥ ਰਹਾਉ ॥
ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥
ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥੧॥
ਜਿਨ ਤੂ ਜਪਿਓ ਤੇਈ ਜਨ ਨੀਕੇ ਹਰਿ ਜਪਤਿਅਹੁ ਕਉ ਸੁਖੁ ਪਾਵੈਗੋ ॥
ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ ॥੨॥
ਜਲ ਤੇ ਓਪਤਿ ਭਈ ਹੈ ਕਾਸਟ ਕਾਸਟ ਅੰਗਿ ਤਰਾਵੈਗੋ ॥
ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ ਰਖਾਵੈਗੋ ॥੩॥
ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ ॥
ਜਿਉ ਸਤਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ ॥੪॥
ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥
ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥
ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗਹੀਨ ਨਹੀ ਭਾਵੈਗੋ ॥
ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ ॥੭॥
ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥
ਨਾਨਕ ਦਇਆ ਦਇਆ ਕਰਿ ਠਾਕੁਰ ਮੈ ਸਤਿਗੁਰ ਭਸਮ ਲਗਾਵੈਗੋ ॥੮॥੩॥}

(ਅੰਗ ੧੩੦੬-੧੩੧੦)

ਪ੍ਰਭਾਤੀ ਮਹਲਾ ੧ ॥

{ਇਕਿ ਧੁਰਿ ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ ॥
ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ ॥੧॥
ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥

ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ ॥
ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੇਲਿ ਲਏ ਸਰਣਾਈ ॥੨॥
ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ ॥
ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ ॥੩॥
ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ ॥
ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ ॥੪॥
ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥
ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥
ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥
ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥੬॥
ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥
ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥੭॥}

(ਅੰਗ ੧੩੪੫)

{ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ ॥ ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ ॥
ਸਰਬ ਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ ॥
ਸਰਬਗ੍ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰੁਣਾ ਮਯਹ ॥
ਘਟਿ ਘਟਿ ਬਸੰਤ ਬਾਸੁਦੇਵਹ ਪਾਰਬ੍ਰਹਮ ਪਰਮੇਸੁਰਹ ॥
ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧॥
ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ ॥
ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥੨੨॥}

(ਅੰਗ ੧੩੫੫-੧੩੫੬)

{ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥ ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥
ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥ ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥
ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥}

(ਅੰਗ ੧੩੯੨)

ਦੋਹਰਾ ॥

{ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥}

(ਅੰਗ ੧੪੨੯)

ਆਸਾ ਮਹਲਾ ੫ ॥

{ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥੧॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥
ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ ॥੨॥੩॥੧੩੨॥}

(ਅੰਗ ੪੦੪)

ਕੇਦਾਰਾ ਮਹਲਾ ੫ ਘਰੁ ੫

ੴ ਸਤਿਗੁਰ ਪ੍ਰਸਾਦਿ ॥

{ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਧੈ ਜਰੀ ॥ ਰਹਾਉ ॥
ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥
ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ ॥੧॥ ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ ॥
ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥੨॥੧॥੯॥}

(ਅੰਗ ੧੧੨੦-੧੧੨੧)

56/7869

ਮਾਝ ਮਹਲਾ ੫ ॥

{ਕੀਨੀ ਦਇਆ ਗੋਪਾਲ ਗੁਸਾਈ ॥ ਗੁਰ ਕੇ ਚਰਣ ਵਸੇ ਮਨ ਮਾਹੀ ॥
ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ ॥੧॥
ਮਨਿ ਤਨਿ ਵਸਿਆ ਸਚਾ ਸੋਈ ॥ ਬਿਖੜਾ ਥਾਨੁ ਨ ਦਿਸੈ ਕੋਈ ॥
ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ ॥੨॥
ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥
ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥
ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥
ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥}

(ਅੰਗ ੧੦੭)

ਮਾਝ ਮਹਲਾ ੩ ॥

{ਸਭ ਘਟ ਆਪੇ ਭੋਗਣਹਾਰਾ ॥ ਅਲਖੁ ਵਰਤੈ ਅਗਮ ਅਪਾਰਾ ॥
ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ ਸਚਿ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥

ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥
ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥
ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ ॥ ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ ॥
ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ ॥੩॥ ਏਕਮ ਏਕੈ ਆਪੁ ਉਪਾਇਆ ॥
ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥ ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥
ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥
ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥ ਸਚੇ ਬਾਝਹੁ ਕੋ ਅਵਰੁ ਨ ਦੂਆ ॥
ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥ ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥
ਜੀਅ ਜੰਤ ਸਭਿ ਸਰਣਿ ਤੁਮਾਰੀ ॥ ਆਪੇ ਧਰਿ ਦੇਖਹਿ ਕਚੀ ਪਕੀ ਸਾਰੀ ॥
ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ ॥੭॥ ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥
ਸਭ ਮਹਿ ਆਪਿ ਰਹਿਆ ਭਰਪੂਰਿ ॥ ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ ॥੮॥੬॥੭॥}

(ਅੰਗ ੧੧੩)

ਮਾਰੂ ਮਹਲਾ ੩ ॥

{ਏਕੋ ਏਕੁ ਵਰਤੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥ ਲਖ ਚਉਰਾਸੀਹ ਜੀਅ ਉਪਾਏ ॥
ਗਿਆਨੀ ਧਿਆਨੀ ਆਖਿ ਸੁਣਾਏ ॥ ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ ॥੨॥
ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥ ਆਪੇ ਜੋੜਿ ਵਿਛੋੜੇ ਆਪੇ ॥
ਆਪੇ ਥਾਪਿ ਉਥਾਪੇ ਆਪੇ ॥ ਸਚਾ ਹੁਕਮੁ ਸਚਾ ਪਾਸਾਰਾ ਹੋਰਨਿ ਹੁਕਮੁ ਨ ਹੋਈ ਹੇ ॥੪॥
ਆਪੇ ਲਾਇ ਲਏ ਸੋ ਲਾਗੈ ॥ ਗੁਰ ਪਰਸਾਦੀ ਜਮ ਕਾ ਭਉ ਭਾਗੈ ॥
ਅੰਤਰਿ ਸਬਦੁ ਸਦਾ ਸੁਖਦਾਤਾ ਗੁਰਮੁਖਿ ਬੂਝੈ ਕੋਈ ਹੇ ॥੫॥ ਆਪੇ ਮੇਲੇ ਮੇਲਿ ਮਿਲਾਏ ॥
ਪੁਰਬਿ ਲਿਖਿਆ ਸੋ ਮੇਟਣਾ ਨ ਜਾਏ ॥ ਅਨਦਿਨੁ ਭਗਤਿ ਕਰੇ ਦਿਨੁ ਰਾਤੀ ਗੁਰਮੁਖਿ ਸੇਵਾ ਹੋਈ ਹੇ ॥੬॥
ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥ ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥
ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ ॥੭॥ ਕਾਇਆ ਕੁਟੰਬੁ ਮੋਹੁ ਨ ਬੂਝੈ ॥
ਗੁਰਮੁਖਿ ਹੋਵੈ ਤ ਆਖੀ ਸੂਝੈ ॥ ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥
ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥
ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥ ਪੰਚ ਦੂਤ ਕਾਇਆ ਸੰਘਾਰਹਿ ॥
ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥

ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥ ਗੁਰ ਕੀ ਚਾਲ ਗੁਰੂ ਤੇ ਜਾਪੈ ॥
ਪੂਰਾ ਸੇਵਕੁ ਸਬਦਿ ਸਿਞਾਪੈ ॥ ਸਦਾ ਸਬਦੁ ਰਵੈ ਘਟ ਅੰਤਰਿ ਰਸਨਾ ਰਸੁ ਚਾਖੈ ਸਚੁ ਸੋਈ ਹੇ ॥੧੩॥
ਹਉਮੈ ਮਾਰੇ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰਿ ਧਾਰੇ ॥
ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ ॥੧੪॥ ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ॥
ਗੁਰਮੁਖਿ ਬੂਝੈ ਸਚਿ ਸਮਾਇਆ ॥ ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ ॥੧੫॥
ਆਪੇ ਗੁਣਦਾਤਾ ਬੀਚਾਰੀ ॥ ਗੁਰਮੁਖਿ ਦੇਵਹਿ ਪਕੀ ਸਾਰੀ ॥
ਨਾਨਕ ਨਾਮਿ ਸਮਾਵਹਿ ਸਾਚੈ ਸਾਚੇ ਤੇ ਪਤਿ ਹੋਈ ਹੇ ॥੧੬॥੨॥}

(ਅੰਗ ੧੦੪੪-੧੦੪੫)

ਮਾਰੂ ਮਹਲਾ ੩ ॥

{ਨਦਰੀ ਭਗਤਾ ਲੈਹੁ ਮਿਲਾਏ ॥ ਭਗਤ ਸਲਾਹਨਿ ਸਦਾ ਲਿਵ ਲਾਏ ॥
ਤਉ ਸਰਣਾਈ ਉਬਰਹਿ ਕਰਤੇ ਆਪੇ ਮੇਲਿ ਮਿਲਾਇਆ ॥੧॥ ਪੂਰੈ ਸਬਦਿ ਭਗਤਿ ਸੁਹਾਈ ॥
ਅੰਤਰਿ ਸੁਖੁ ਤੇਰੈ ਮਨਿ ਭਾਈ ॥ ਮਨੁ ਤਨੁ ਸਚੀ ਭਗਤੀ ਰਾਤਾ ਸਚੇ ਸਿਉ ਚਿਤੁ ਲਾਇਆ ॥੨॥
ਹਉਮੈ ਵਿਚਿ ਸਦ ਜਲੈ ਸਰੀਰਾ ॥ ਕਰਮੁ ਹੋਵੈ ਭੇਟੇ ਗੁਰੁ ਪੂਰਾ ॥
ਅੰਤਰਿ ਅਗਿਆਨੁ ਸਬਦਿ ਬੁਝਾਏ ਸਤਿਗੁਰ ਤੇ ਸੁਖੁ ਪਾਇਆ ॥੩॥ ਮਨਮੁਖੁ ਅੰਧਾ ਅੰਧੁ ਕਮਾਏ ॥
ਬਹੁ ਸੰਕਟ ਜੋਨੀ ਭਰਮਾਏ ॥ ਜਮ ਕਾ ਜੇਵੜਾ ਕਦੇ ਨ ਕਾਟੈ ਅੰਤੇ ਬਹੁ ਦੁਖੁ ਪਾਇਆ ॥੪॥
ਆਵਣ ਜਾਣਾ ਸਬਦਿ ਨਿਵਾਰੇ ॥ ਸਚੁ ਨਾਮੁ ਰਖੈ ਉਰ ਧਾਰੇ ॥
ਗੁਰ ਕੈ ਸਬਦਿ ਮਰੈ ਮਨੁ ਮਾਰੇ ਹਉਮੈ ਜਾਇ ਸਮਾਇਆ ॥੫॥ ਆਵਣ ਜਾਣੈ ਪਰਜ ਵਿਗੋਈ ॥
ਬਿਨੁ ਸਤਿਗੁਰ ਥਿਰੁ ਕੋਇ ਨ ਹੋਈ ॥ ਅੰਤਰਿ ਜੋਤਿ ਸਬਦਿ ਸੁਖੁ ਵਸਿਆ ਜੋਤੀ ਜੋਤਿ ਮਿਲਾਇਆ ॥੬॥
ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥
ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥ ਬਾਝੁ ਗੁਰੂ ਹੈ ਮੋਹੁ ਗੁਬਾਰਾ ॥
ਫਿਰਿ ਫਿਰਿ ਡੁਬੈ ਵਾਰੋ ਵਾਰਾ ॥ ਸਤਿਗੁਰ ਭੇਟੇ ਸਚੁ ਦ੍ਰਿੜਾਏ ਸਚੁ ਨਾਮੁ ਮਨਿ ਭਾਇਆ ॥੮॥
ਸਾਚਾ ਦਰੁ ਸਾਚਾ ਦਰਵਾਰਾ ॥ ਸਚੇ ਸੇਵਹਿ ਸਬਦਿ ਪਿਆਰਾ ॥
ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ ॥੯॥ ਘਰੈ ਅੰਦਰਿ ਕੋ ਘਰੁ ਪਾਏ ॥
ਗੁਰ ਕੈ ਸਬਦੇ ਸਹਜਿ ਸੁਭਾਏ ॥ ਓਥੈ ਸੋਗੁ ਵਿਜੋਗੁ ਨ ਵਿਆਪੈ ਸਹਜੇ ਸਹਜਿ ਸਮਾਇਆ ॥੧੦॥
ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥੧੧॥ ਸਤਿਗੁਰ ਬਾਝਹੁ ਸੰਗਤਿ ਨ ਹੋਈ ॥
ਬਿਨੁ ਸਬਦੇ ਪਾਰੁ ਨ ਪਾਏ ਕੋਈ ॥ ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥੧੨॥
ਕਾਇਆ ਬਿਰਖੁ ਪੰਖੀ ਵਿਚਿ ਵਾਸਾ ॥ ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ॥
ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ ॥੧੩॥ ਕਾਇਆ ਸੋਧਹਿ ਸਬਦੁ ਵੀਚਾਰਹਿ॥
ਮੋਹ ਠਗਉਰੀ ਭਰਮੁ ਨਿਵਾਰਹਿ ॥ ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ ॥੧੪॥
ਸਦ ਹੀ ਨੇੜੈ ਦੂਰਿ ਨ ਜਾਣਹੁ ॥ ਗੁਰ ਕੈ ਸਬਦਿ ਨਜੀਕਿ ਪਛਾਣਹੁ ॥
ਬਿਗਸੈ ਕਮਲੁ ਕਿਰਣਿ ਪਰਗਾਸੈ ਪਰਗਟੁ ਕਰਿ ਦੇਖਾਇਆ ॥੧੫॥

ਆਪੇ ਕਰਤਾ ਸਚਾ ਸੋਈ ॥ ਆਪੇ ਮਾਰਿ ਜੀਵਾਲੇ ਅਵਰੁ ਨ ਕੋਈ ॥
ਨਾਨਕ ਨਾਮੁ ਮਿਲੈ ਵਡਿਆਈ ਆਪੁ ਗਵਾਇ ਸੁਖੁ ਪਾਇਆ ॥੧੬॥੨॥੨੪॥}

(ਅੰਗ ੧੦੬੮-੧੦੬੯)

{ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥}

(ਅੰਗ ੯੧੭)

ਆਸਾ ਮਹਲਾ ੫ ਇਕਤੁਕੇ ਚਉਪਦੇ ॥

{ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥
ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥੧॥ ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥
ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥੧॥ ਰਹਾਉ ॥
ਚਾਰਿ ਪਹਰ ਚਹੁ ਜੁਗਹ ਸਮਾਨੇ ॥ ਰੈਣਿ ਭਈ ਤਬ ਅੰਤੁ ਨ ਜਾਨੇ ॥੨॥
ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ ਝੂਮਿ ਝੂਮਿ ਰੋਵੈ ਹਾਥ ਪਛੋੜੀ ॥੩॥
ਜਨ ਨਾਨਕ ਕਉ ਹਰਿ ਦਰਸੁ ਦਿਖਾਇਆ ॥ ਆਤਮੁ ਚੀਨ੍ਹਿ ਪਰਮ ਸੁਖੁ ਪਾਇਆ ॥੪॥੧੫॥}

(ਅੰਗ ੩੭੪-੩੭੫)

ਆਸਾ ਮਹਲਾ ੫ ॥

{ਨਾਮੁ ਜਪਤ ਮਨੁ ਤਨੁ ਸਭੁ ਹਰਿਆ ॥ ਕਲਮਲ ਦੋਖ ਸਗਲ ਪਰਹਰਿਆ ॥੧॥
ਸੋਈ ਦਿਵਸੁ ਭਲਾ ਮੇਰੇ ਭਾਈ ॥ ਹਰਿ ਗੁਨ ਗਾਇ ਪਰਮ ਗਤਿ ਪਾਈ ॥ ਰਹਾਉ ॥
ਸਾਧ ਜਨਾ ਕੇ ਪੂਜੇ ਪੈਰ ॥ ਮਿਟੇ ਉਪਦ੍ਰਹ ਮਨ ਤੇ ਬੈਰ ॥੨॥
ਗੁਰ ਪੂਰੇ ਮਿਲਿ ਝਗਰੁ ਚੁਕਾਇਆ ॥ ਪੰਚ ਦੂਤ ਸਭਿ ਵਸਗਤਿ ਆਇਆ ॥੩॥
ਜਿਸੁ ਮਨਿ ਵਸਿਆ ਹਰਿ ਕਾ ਨਾਮੁ ॥ ਨਾਨਕ ਤਿਸੁ ਊਪਰਿ ਕੁਰਬਾਨ ॥੪॥੪॥੬੮॥}

(ਅੰਗ ੩੬੫)

ਰਾਗੁ ਧਨਾਸਰੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਹਾ ਹਾ ਪ੍ਰਭ ਰਾਖਿ ਲੇਹੁ ॥ ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ ਰਹਾਉ॥
ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥੧॥ ਊਚ ਨੀਚ ਸੂਖ ਦੂਖ ॥
ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥ ਮਨਿ ਬਾਸਨਾ ਰਚਿ ਬਿਖੈ ਬਿਆਧਿ ॥ ਪੰਚ ਦੂਤ ਸੰਗਿ ਮਹਾ ਅਸਾਧ ॥੩॥
ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥ ਨਾਨਕ ਜਾਨੁ ਸਦਾ ਹਰਿ ਨੇਰਾ ॥੪॥੧॥੧੯॥}

(ਅੰਗ ੬੭੫)

ਟੋਡੀ ਮਹਲਾ ੫ ਘਰੁ ੨ ਚਉਪਦੇ

ੴ ਸਤਿਗੁਰ ਪ੍ਰਸਾਦਿ ॥

{ਧਾਇਓ ਰੇ ਮਨ ਦਹ ਦਿਸ ਧਾਇਓ ॥
ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ ॥ ਰਹਾਉ ॥
ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ ਇਕੁ ਮੁਹਤੁ ਨ ਇਹੁ ਮਨੁ ਲਾਇਓ ॥
ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ ॥੧॥
ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ ਮਨਾਇਓ ॥
ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ ॥੨॥
ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ ॥
ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ ॥੩॥
ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥
ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥੪॥
ਕਰਉ ਬੇਨਤੀ ਸਾਧਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ ॥੫॥੧॥੩॥}

(ਅੰਗ ੭੧੨)

56/7870

{ਅਬ ਮੋ ਕਉ ਭਏ ਰਾਜਾ ਰਾਮ ਸਹਾਈ ॥ ਜਨਮ ਮਰਨ ਕਟਿ ਪਰਮ ਗਤਿ ਪਾਈ ॥੧॥ ਰਹਾਉ ॥
ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥ ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥
ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥ ਸਤਿਗੁਰ ਕੀਨੋ ਪਰਉਪਕਾਰੁ ॥ ਕਾਢਿ ਲੀਨ ਸਾਗਰ ਸੰਸਾਰ ॥
ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੋਬਿੰਦੁ ਬਸੈ ਨਿਤਾ ਨਿਤ ਚੀਤ ॥੨॥
ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥
ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥੩॥
ਅਪਨੀ ਭਗਤਿ ਆਪ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥
ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥}

(ਅੰਗ ੩੩੧)

ਗੋਂਡ ਮਹਲਾ ੫ ॥

{ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥ ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥
ਗੁਰ ਸੁਪ੍ਰਸੰਨ ਭਏ ਵਡ ਭਾਗਿ ॥੧॥ ਆਠ ਪਹਰ ਗਾਈਐ ਗੋਬਿੰਦੁ ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥੧॥ ਰਹਾਉ ॥ ਹਰਿ ਗੁਣ ਰਮਤ ਭਏ ਆਨੰਦ ॥
ਪਾਰਬ੍ਰਹਮ ਪੂਰਨ ਬਖਸੰਦ ॥ ਕਰਿ ਕਿਰਪਾ ਜਨ ਸੇਵਾ ਲਾਏ ॥ ਜਨਮ ਮਰਣ ਦੁਖ ਮੇਟਿ ਮਿਲਾਏ ॥੨॥
ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧਸੰਗਿ ਜਪੀਐ ਹਰਿ ਨਾਮੁ ॥ ਸਾਗਰ ਤਰਿ ਬੋਹਿਥ ਪ੍ਰਭ ਚਰਣ ॥
ਅੰਤਰਜਾਮੀ ਪ੍ਰਭ ਕਾਰਣ ਕਰਣ ॥੩॥ ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥
ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥੧੨॥੧੪॥}

(ਅੰਗ ੮੬੬)

ਗਉੜੀ ਗੁਆਰੇਰੀ ਮਹਲਾ ੫ ॥

{ਬਿਆਪਤ ਹਰਖ ਸੋਗ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ ॥
ਬਿਆਪਤ ਧਨ ਨਿਰਧਨ ਪੇਖਿ ਸੋਭਾ ॥ ਮੂਲੁ ਬਿਆਧੀ ਬਿਆਪਸਿ ਲੋਭਾ ॥੧॥
ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ ਰਹਾਉ ॥
ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥
ਬਿਆਪਤ ਹਸਤਿ ਘੋੜੇ ਅਰੁ ਬਸਤਾ ॥ ਬਿਆਪਤ ਰੂਪ ਜੋਬਨ ਮਦ ਮਸਤਾ ॥੨॥
ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥
ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥
ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤਿ ਗਿਰਸਤ ਬਿਆਪਤ ਉਦਾਸਾ ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੮੮॥}

(ਅੰਗ ੧੮੨)

{ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥ ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥
ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਰਾਈਐ ॥ ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥੧੬॥
ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ ॥ ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ ॥
ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥ ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ ॥੧੭॥
ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ ॥ ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ ॥
ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ ॥ ਸਾਜਨ ਮਨਿ ਆਨੰਦੁ ਨਾਨਕ ਨਾਮੁ ਜਪਿ ॥੧੮॥
ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ ॥ ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ ॥
ਹਰਿਚੰਦਉਰੀ ਪੇਖਿ ਕਾਹੇ ਸੁਖੁ ਮਾਨਿਆ ॥ ਹਰਿਹਾਂ ਹਉ ਬਲਿਹਾਰੀ ਤਿੰਨ ਜਿ ਦਰਗਹਿ ਜਾਨਿਆ ॥੧੯॥
ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ ॥ ਮਹਾ ਦੁਗੰਧਤ ਵਾਸੁ ਸਠ ਕਾ ਛਾਰੁ ਤਨ ॥
ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ ॥ ਹਰਿਹਾਂ ਹਰਿਚੰਦਉਰੀ ਪੇਖਿ ਕਾਹੇ ਸਚੁ ਮਾਨਈ ॥੨੦॥
ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ ॥ ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥
ਏਕੋ ਚੇਤਿ ਗਵਾਰ ਕਾਜਿ ਤੇਰੈ ਆਵਈ ॥ ਹਰਿਹਾਂ ਬਿਨੁ ਨਾਵੈ ਤਨੁ ਛਾਰੁ ਬ੍ਰਿਥਾ ਸਭੁ ਜਾਵਈ ॥੨੧॥
ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ ॥ ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ ॥
ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ ॥ ਹਰਿਹਾਂ ਹਉ ਬਲਿਹਾਰੀ ਤਿੰਨ੍ ਜਿ ਹਰਿ ਰੰਗੁ ਰਾਵਣੇ ॥੨੨॥
ਵੈਦਾ ਸੰਦਾ ਸੰਗੁ ਇਕਠਾ ਹੋਇਆ ॥ ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥
ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥ ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥੨੩॥}

(ਅੰਗ ੧੩੬੩)

ਪਉੜੀ ॥

{ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥

ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥
ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥
ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥}

(ਅੰਗ ੩੦੪)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

ਗਉੜੀ ਗੁਆਰੇਰੀ ਮਹਲਾ ੧ ॥

{ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥
ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥
ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥
ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥
ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥
ਸਾਗਰਿ ਡੂਗਰਿ ਨਿਰਭਉ ਐਸਾ ॥੪॥ ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥
ਸਬਦਿ ਪਛਾਨੈ ਤੀਨੇ ਭਉਨ ॥੫॥ ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥
ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥
ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥
ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥
ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥}

(ਅੰਗ ੨੨੧-੨੨੨)

ਸਲੋਕ ਮਃ ੪ ॥

{ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥
ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ ॥
ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ ॥
ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥
ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥
ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥
ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ ॥੧॥}

(ਅੰਗ ੩੦੩)

ਗਉੜੀ ॥

{ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥
ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ ॥੧॥
ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥
ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ ॥
ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥੨॥
ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਬੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥ ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥੪॥੧॥੭॥੫੮॥}

(ਅੰਗ ੩੩੬)

ਮਃ ੩ ॥

{ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ ॥
ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ ॥
ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥
ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ ॥ ਧਨੁ ਵਾਪਾਰੀ ਨਾਨਕਾ ਜਿਨ੍ਹਾ ਨਾਮ ਧਨੁ ਖਟਿਆ ਆਇ ॥੨॥}

(ਅੰਗ ੫੧੧)

56/7871

ਬਿਲਾਵਲੁ ਮਹਲਾ ੪ ਅਸਟਪਦੀਆ ਘਰੁ ੧੧

ੴ ਸਤਿਗੁਰ ਪ੍ਰਸਾਦਿ ॥

{ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਣੀਆ ॥

ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਣੀਆ॥੧॥ ਮੈ ਹਰਿ ਹਰਿ ਨਾਮੁ ਅਧਾਰੁ ਰਮਣੀਆ॥
ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਣੀਆ ॥੧॥ ਰਹਾਉ ॥
ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਣੀਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਣੀਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਣੀਆ ॥੩॥
ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਣੀਆ ॥
ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਣੀਆ ॥੪॥
ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥
ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋਪਾਲ ਨੀਸਾਨੁ ਬਜਣੀਆ ॥੫॥
ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਣੀਆ ॥
ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਣੀਆ ॥੬॥
ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਣੀਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਣੀਆ ॥੮॥੧॥੪॥}

(ਅੰਗ ੮੩੩)

ਰਾਮਕਲੀ ਮਹਲਾ ੧ ॥

{ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥ ਵਾਜੈ ਅਨਹਦੁ ਮੇਰਾ ਮਨੁ ਲੀਣਾ ॥
ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥ ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ ॥੧॥ ਰਹਾਉ ॥
ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥ ਨਾਮੁ ਰਤਨੁ ਨਿਰਮੋਲਕੁ ਹੀਰਾ ॥
ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥ ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥ ਸਬਦੁ ਬੀਚਾਰਿ ਭਏ ਨਿਰੰਕਾਰੀ ॥
ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥
ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥ ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥
ਤਸਕਰ ਪੰਚ ਸਬਦਿ ਸੰਘਾਰੇ ॥ ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥
ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥ ਜਗੁ ਸੂਤਾ ਮਰਿ ਆਵੈ ਜਾਇ ॥
ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥ ਅਨਹਦ ਸਬਦੁ ਵਜੈ ਦਿਨੁ ਰਾਤੀ ॥
ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥ ਤਉ ਜਾਨੀ ਜਾ ਸਬਦਿ ਪਛਾਨੀ ॥
ਏਕੋ ਰਵਿ ਰਹਿਆ ਨਿਰਬਾਨੀ ॥੭॥ ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥
ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥}

(ਅੰਗ ੯੦੩-੯੦੪)

ਸਲੋਕ ਮਹਲਾ ੫ ॥

{ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥ ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥੧॥}

(ਅੰਗ ੯੬੫)

ਮਹਲਾ ੫ ॥

{ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥੨॥}

(ਅੰਗ ੯੬੫)

ਪਉੜੀ ॥

{ਆਪੇ ਹੀ ਵਡ ਪਰਵਾਰੁ ਆਪਿ ਇਕਾਤੀਆ ॥ ਆਪਣੀ ਕੀਮਤਿ ਆਪਿ ਆਪੇ ਹੀ ਜਾਤੀਆ ॥
ਸਭੁ ਕਿਛੁ ਆਪੇ ਆਪਿ ਆਪਿ ਉਪੰਨਿਆ ॥ ਆਪਣਾ ਕੀਤਾ ਆਪਿ ਆਪਿ ਵਰੰਨਿਆ ॥
ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ ॥ ਧੰਨੁ ਸੁ ਤੇਰੇ ਭਗਤ ਜਿਨ੍ੀ ਸਚੁ ਤੂੰ ਡਿਠਾ ॥
ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ ॥ ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ ॥੨੦॥}

(ਅੰਗ ੯੬੫-੯੬੬)

ਪ੍ਰਭਾਤੀ ਮਹਲਾ ੧ ॥

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥ ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥
ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ॥ ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ॥੨॥
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥
ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥}

(ਅੰਗ ੧੩੨੯)

ਪ੍ਰਭਾਤੀ ਮਹਲਾ ੩ ॥

{ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ ॥੧॥
ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥ ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ ॥੧॥ ਰਹਾਉ ॥
ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥
ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥
ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ ॥ ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ ॥੩॥
ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ ॥੪॥

ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥੫॥
ਜਿਨ ਕਉ ਸਤਿਗੁਰੁ ਭੇਟਿਆ ਤਿਨਾ ਵਿਟਹੁ ਬਲਿ ਜਾਉ ॥
ਤਿਨ ਕੀ ਸੰਗਤਿ ਮਿਲਿ ਰਹਾਂ ਸਚੇ ਸਚਿ ਸਮਾਉ ॥੬॥
ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ ॥
ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ ॥੭॥
ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ ॥
ਨਾਨਕ ਨਾਮੁ ਨ ਵੀਸਰੈ ਜੋ ਕਿਛੁ ਕਰੈ ਸੁ ਹੋਗੁ ॥੮॥੨॥੭॥੨॥੯॥}

(ਅੰਗ ੧੩੪੬-੧੩੪੭)

ਸਿਰੀਰਾਗੁ ਮਹਲਾ ੧ ਘਰੁ ੪ ॥

{ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥
ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥
ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥
ਧਾਣਕ ਰੂਪਿ ਰਹਾ ਕਰਤਾਰ ॥੨॥ ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥
ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੩॥ ਮੈ ਕੀਤਾ ਨ ਜਾਤਾ ਹਰਾਮਖੋਰੁ ॥
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੪॥੨੯॥}

(ਅੰਗ ੨੪)

ਗਉੜੀ ਪੂਰਬੀ ਮਹਲਾ ੪ ॥

{ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ ਨਸੀਐ ॥
ਹਰਿ ਆਪੇ ਬਖਸਿ ਲਏ ਪ੍ਰਭੁ ਸਾਚਾ ਹਰਿ ਆਪਿ ਛਡਾਏ ਛੁਟੀਐ ॥੧॥
ਮੇਰੇ ਮਨ ਜਪਿ ਹਰਿ ਹਰਿ ਹਰਿ ਮਨਿ ਜਪੀਐ ॥
ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ ਗੁਰ ਸਤਿਗੁਰ ਪੀਛੈ ਛੁਟੀਐ ॥੧॥ ਰਹਾਉ ॥
ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ ਜਿਤੁ ਸੇਵਿਐ ਨਿਜ ਘਰਿ ਵਸੀਐ ॥
ਗੁਰਮੁਖਿ ਜਾਇ ਲਹਹੁ ਘਰੁ ਅਪਨਾ ਘਸਿ ਚੰਦਨੁ ਹਰਿ ਜਸੁ ਘਸੀਐ ॥੨॥
ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ ਲੈ ਲਾਹਾ ਹਰਿ ਮਨਿ ਹਸੀਐ ॥
ਹਰਿ ਹਰਿ ਆਪਿ ਦਇਆ ਕਰਿ ਦੇਵੈ ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥੩॥
ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥
ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥
ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ ਜਿਤੁ ਸੇਵਿਐ ਲੇਖਾ ਛੁਟੀਐ ॥
ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ ॥੫॥੫॥੧੯॥੫੭॥}

8458

(ਅੰਗ ੧੭੦)

ਗਉੜੀ ਮਹਲਾ ੫ ॥

{ਅਨਿਕ ਰਸਾ ਖਾਏ ਜੈਸੇ ਢੋਰ ॥ ਮੋਹ ਕੀ ਜੇਵਰੀ ਬਾਧਿਓ ਚੋਰ ॥੧॥
ਮਿਰਤਕ ਦੇਹ ਸਾਧਸੰਗ ਬਿਹੂਨਾ ॥ ਆਵਤ ਜਾਤ ਜੋਨੀ ਦੁਖ ਖੀਨਾ ॥੧॥ ਰਹਾਉ ॥
ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥ ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥
ਸਗਲ ਸਰੀਰ ਆਵਤ ਸਭ ਕਾਮ ॥ ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥
ਕਹੁ ਨਾਨਕ ਜਾ ਕਉ ਭਏ ਦਇਆਲਾ ॥ ਸਾਧਸੰਗਿ ਮਿਲਿ ਭਜਹਿ ਗੋਪਾਲਾ ॥੪॥੫੫॥੧੨੪॥}

(ਅੰਗ ੧੯੦)

ਗਉੜੀ ਮਹਲਾ ੫ ॥

{ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥੧॥ ਰਾਮੁ ਰਮੈ ਸੋਈ ਰਾਮਾਣਾ ॥
ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ ਰਹਾਉ ॥ ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥
ਜਮ ਪੁਰਿ ਬਾਧਾ ਚੋਟਾ ਖਾਵੈ ॥੨॥ ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥੩॥
ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥}

(ਅੰਗ ੧੯੪)

56/7872

ਗਉੜੀ ਚੇਤੀ ਮਹਲਾ ੧ ॥

{ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ ਮੇਰੇ ਸਾਹਿਬਾ ਕਉਨੁ ਜਾਣੈ ਗੁਣ ਤੇਰੇ ॥
ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥
ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥
ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥
ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥}

(ਅੰਗ ੧੫੬)

ਗਉੜੀ ਮਹਲਾ ੫ ॥

{ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥੧॥ ਰਹਾਉ ॥
ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰੁ ਜੂਠਨ ਮਹਿ ਪਾਇ ॥੧॥
ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥੨॥
ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥

ਨਾਮੁ ਤਿਆਗਿ ਕਰੇ ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ ॥੪॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ ॥੬॥
ਲਾਖ ਅਡੰਬਰ ਬਹੁਤੁ ਬਿਸਥਾਰਾ ॥ ਨਾਮ ਬਿਨਾ ਝੂਠੇ ਪਾਸਾਰਾ ॥੭॥
ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥}

(ਅੰਗ ੨੪੦)

ਗਉੜੀ ॥

{ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥
ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥ ਅਬ ਮਨ ਜਾਗਤ ਰਹੁ ਰੇ ਭਾਈ ॥
ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥
ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥
ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥
ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥}

(ਅੰਗ ੩੩੯)

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਘਰੁ ੨ ਮਹਲਾ ੪ ॥

{ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥
ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥ ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ ॥
ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥
ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥ ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥
ਏਹ ਸਭਿ ਧੜੇ ਮਾਇਆ ਮੋਹ ਪਸਾਰੀ ॥ ਮਾਇਆ ਕਉ ਲੂਝਹਿ ਗਾਵਾਰੀ ॥
ਜਨਮਿ ਮਰਹਿ ਜੂਐ ਬਾਜੀ ਹਾਰੀ ॥ ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥ ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥
ਜੈਸਾ ਬੀਜੈ ਤੈਸਾ ਖਾਵੈ ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥}

(ਅੰਗ ੩੬੬)

ਸਲੋਕੁ ਮਃ ੧ ॥

{ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ ॥

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥}

(ਅੰਗ ੪੭੨)

ਗੂਜਰੀ ਅਸਟਪਦੀਆ ਮਹਲਾ ੧ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥ ਚੇਤਹੁ ਬਾਸੁਦੇਉ ਬਨਵਾਲੀ ॥
ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥ ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥
ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥੩॥
ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥ ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥
ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ ੫੦੩)

ਸੋਰਠਿ ਮਹਲਾ ੩ ॥

{ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥ ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੂਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥
ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥

ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ ੬੦੦)

ਮਃ ੧ ॥

{ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥}

(ਅੰਗ ੭੮੬)

ਬਿਲਾਵਲੁ ਮਹਲਾ ੫ ॥

{ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥ ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥
ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥੧॥ ਰਹਾਉ ॥ ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥ ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥
ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥ ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥
ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥੯॥੩੯॥}

(ਅੰਗ ੮੧੦)

56/7873

ਸਲੋਕ ਮਃ ੩ ॥

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ ॥ ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਿ ॥੧॥}

(ਅੰਗ ੮੫੪)

ਮਾਰੂ ਮਹਲਾ ੧ ॥

{ਆਪੇ ਧਰਤੀ ਧਉਲੁ ਅਕਾਸੰ ॥ ਆਪੇ ਸਾਚੇ ਗੁਣ ਪਰਗਾਸੰ ॥
ਜਤੀ ਸਤੀ ਸੰਤੋਖੀ ਆਪੇ ਆਪੇ ਕਾਰ ਕਮਾਈ ਹੇ ॥੧॥ ਜਿਸੁ ਕਰਣਾ ਸੋ ਕਰਿ ਕਰਿ ਵੇਖੈ ॥
ਕੋਇ ਨ ਮੇਟੈ ਸਾਚੇ ਲੇਖੈ ॥ ਆਪੇ ਕਰੇ ਕਰਾਏ ਆਪੇ ਆਪੇ ਦੇ ਵਡਿਆਈ ਹੇ ॥੨॥
ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥ ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥
ਮਨਸਾ ਮਾਰਿ ਮਨੈ ਸਿਉ ਲੂਝੈ ॥ ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥
ਆਪੇ ਸੁਰਗੁ ਮਛੁ ਪਇਆਲਾ ॥ ਆਪੇ ਜੋਤਿ ਸਰੂਪੀ ਬਾਲਾ ॥
ਜਟਾ ਬਿਕਟ ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ ॥੫॥ ਬੇਦ ਕਤੇਬੀ ਭੇਦੁ ਨ ਜਾਤਾ ॥
ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥ ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥
ਕਰਿ ਕਰਿ ਥਾਕੀ ਮੀਤ ਘਨੇਰੇ ॥ ਕੋਇ ਨ ਕਾਟੈ ਅਵਗੁਣ ਮੇਰੇ ॥

ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ ਭਾਇ ਮਿਲੈ ਭਉ ਜਾਈ ਹੇ ॥੭॥ ਭੂਲੇ ਚੂਕੇ ਮਾਰਗਿ ਪਾਵਹਿ ॥
ਆਪਿ ਭੁਲਾਇ ਤੂਹੈ ਸਮਝਾਵਹਿ ॥ ਬਿਨੁ ਨਾਵੈ ਮੈ ਅਵਰੁ ਨ ਦੀਸੈ ਨਾਵਹੁ ਗਤਿ ਮਿਤਿ ਪਾਈ ਹੇ ॥੮॥
ਗੰਗਾ ਜਮੁਨਾ ਕੇਲ ਕੇਦਾਰਾ ॥ ਕਾਸੀ ਕਾਂਤੀ ਪੁਰੀ ਦੁਆਰਾ ॥
ਗੰਗਾ ਸਾਗਰੁ ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ ॥੯॥ ਆਪੇ ਸਿਧ ਸਾਧਿਕੁ ਵੀਚਾਰੀ ॥
ਆਪੇ ਰਾਜਨੁ ਪੰਚਾ ਕਾਰੀ ॥ ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ ॥੧੦॥
ਆਪੇ ਕਾਜੀ ਆਪੇ ਮੁਲਾ ॥ ਆਪਿ ਅਭੁਲੁ ਨ ਕਬਹੂ ਭੁਲਾ ॥
ਆਪੇ ਮਿਹਰ ਦਇਆਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥੧੧॥ ਜਿਸੁ ਬਖਸੇ ਤਿਸੁ ਦੇ ਵਡਿਆਈ ॥
ਸਭਸੈ ਦਾਤਾ ਤਿਲੁ ਨ ਤਮਾਈ ॥ ਭਰਪੁਰਿ ਧਾਰਿ ਰਹਿਆ ਨਿਹਕੇਵਲੁ ਗੁਪਤੁ ਪ੍ਰਗਟੁ ਸਭ ਠਾਈ ਹੇ ॥੧੨॥
ਕਿਆ ਸਾਲਾਹੀ ਅਗਮ ਅਪਾਰੈ ॥ ਸਾਚੇ ਸਿਰਜਣਹਾਰ ਮੁਰਾਰੈ ॥
ਜਿਸ ਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ ਮੇਲਾਈ ਹੇ ॥੧੩॥ ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥
ਊਭੇ ਸੇਵਹਿ ਅਲਖ ਅਪਾਰੈ ॥ ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ ॥੧੪॥
ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥
ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥੧੫॥ ਜੁਗੁ ਜੁਗੁ ਸਾਚਾ ਹੈ ਭੀ ਹੋਸੀ ॥
ਕਉਣੁ ਨ ਮੂਆ ਕਉਣੁ ਨ ਮਰਸੀ ॥ ਨਾਨਕੁ ਨੀਚੁ ਕਹੈ ਬੇਨੰਤੀ ਦਰਿ ਦੇਖਹੁ ਲਿਵ ਲਾਈ ਹੇ ॥੧੬॥੨॥}

(ਅੰਗ ੧੦੨੧-੧੦੨੨)

ਪਉੜੀ ॥

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁੋਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥ ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ॥
ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥ ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ॥
ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥}

(ਅੰਗ ੧੦੯੬)

ਤੁਖਾਰੀ ਮਹਲਾ ੪ ॥

{ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥
ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥੧॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥
ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥
ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥੨॥

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥ ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥
ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ॥
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥ ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥
ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥੪॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ॥
ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ ॥
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ ॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥੫॥
ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥
ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ ॥
ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥
ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥੬॥੪॥੧੦॥}

(ਅੰਗ ੧੧੧੬-੧੧੧੭)

ਬਸੰਤੁ ਹਿੰਡੋਲ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥ ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥

ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥}

(ਅੰਗ ੧੧੭੯)

ਸਲੋਕੁ ਮਃ ੩ ॥

{ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥੧॥}

(ਅੰਗ ੧੨੪੭)

{ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥
ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥
ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥
ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥}

(ਅੰਗ ੫)

ਭੈਰਉ ਕਬੀਰ ਜੀਉ ਅਸਟਪਦੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਅਗਮ ਦੁਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥
ਬਿਜੁਲੀ ਚਮਕੈ ਹੋਇ ਅਨੰਦੁ ॥ ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥੧॥
ਇਹੁ ਜੀਉ ਰਾਮ ਨਾਮ ਲਿਵ ਲਾਗੈ ॥ ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥੧॥ ਰਹਾਉ ॥
ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥ ਹਉਮੈ ਗਾਵਨਿ ਗਾਵਹਿ ਗੀਤ ॥
ਅਨਹਦ ਸਬਦ ਹੋਤ ਝੁਨਕਾਰ ॥ ਜਿਹ ਪਉੜੇ ਪ੍ਰਭ ਸ੍ਰੀ ਗੋਪਾਲ ॥੨॥
ਖੰਡਲ ਮੰਡਲ ਮੰਡਲ ਮੰਡਾ ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥
ਅਗਮ ਅਗੋਚਰੁ ਰਹਿਆ ਅਭ ਅੰਤ ॥ ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥੩॥
ਕਦਲੀ ਪੁਹਪ ਧੂਪ ਪਰਗਾਸ ॥ ਰਜ ਪੰਕਜ ਮਹਿ ਲੀਓ ਨਿਵਾਸ ॥
ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾ ਕੰਤ ॥੪॥
ਅਰਧ ਉਰਧ ਮੁਖਿ ਲਾਗੋ ਕਾਸੁ ॥ ਸੁੰਨ ਮੰਡਲ ਮਹਿ ਕਰਿ ਪਰਗਾਸੁ ॥
ਊਹਾਂ ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ ਕਰੈ ਅਨੰਦ ॥੫॥ ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥
ਮਾਨ ਸਰੋਵਰਿ ਕਰਿ ਇਸਨਾਨੁ ॥ ਸੋਹੰ ਸੋ ਜਾ ਕਉ ਹੈ ਜਾਪ ॥
ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥੬॥ ਅਬਰਨ ਬਰਨ ਘਾਮ ਨਹੀ ਛਾਮ ॥
ਅਵਰ ਨ ਪਾਈਐ ਗੁਰ ਕੀ ਸਾਮ ॥ ਟਾਰੀ ਨ ਟਰੈ ਆਵੈ ਨ ਜਾਇ ॥
ਸੁੰਨ ਸਹਜ ਮਹਿ ਰਹਿਓ ਸਮਾਇ ॥੭॥ ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥
ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥}

(ਅੰਗ ੧੧੬੨)

ਰਾਮਕਲੀ ਮਹਲਾ ੫ ॥

{ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥੧॥ ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥
ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥੩॥
ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}

(ਅੰਗ ੮੮੫)

56/7874

ਮਾਰੂ ਮਹਲਾ ੫ ॥

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੂਟੀ ਤਉ ਕਹਾ ਕਰੈ ਕੋਟਵਾਰ ॥੨॥ ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥ ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥}

(ਅੰਗ ੧੦੦੨)

ਸਿਰੀਰਾਗੁ ਮਹਲਾ ੩ ॥

{ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥
ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥ ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥
ਗੁਰ ਪਰਸਾਦੀ ਛੂਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥
ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥ ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ॥
ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥ ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥
ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥ ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥
ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥੪॥੧੮॥੫੧॥}

(ਅੰਗ ੩੩)

ਮਾਝ ਮਹਲਾ ੫ ॥

{ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥
ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥ ਸਤਿਗੁਰੁ ਮੇਰਾ ਵਡ ਸਮਰਥਾ ॥
ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥ ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥੨॥
ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ ॥ ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥
ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥੩॥ ਹਉ ਬਲਿਹਾਰੀ ਸਤਿਗੁਰ ਪੂਰੇ ॥
ਜਿਨਿ ਬੰਧਨ ਕਾਟੇ ਸਗਲੇ ਮੇਰੇ ॥ ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥੪॥੮॥੧੫॥}

(ਅੰਗ ੯੮-੯੯)

ਗਉੜੀ ਗੁਆਰੇਰੀ ਮਹਲਾ ੫ ॥

{ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥ ਪ੍ਰਭ ਕਿਰਪਾ ਤੇ ਬੰਧਨ ਛੂਟੈ ॥
ਤਉ ਕਿਰਪਾ ਤੇ ਹਉਮੈ ਤੂਟੈ ॥੧॥ ਤੁਮ ਲਾਵਹੁ ਤਉ ਲਾਗਹ ਸੇਵ ॥ ਹਮ ਤੇ ਕਛੂ ਨ ਹੋਵੈ ਦੇਵ ॥੧॥ ਰਹਾਉ ॥
ਤੁਧੁ ਭਾਵੈ ਤਾ ਗਾਵਾ ਬਾਣੀ ॥ ਤੁਧੁ ਭਾਵੈ ਤਾ ਸਚੁ ਵਖਾਣੀ ॥ ਤੁਧੁ ਭਾਵੈ ਤਾ ਸਤਿਗੁਰ ਮਇਆ ॥
ਸਰਬ ਸੁਖਾ ਪ੍ਰਭ ਤੇਰੀ ਦਇਆ ॥੨॥ ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ ਸੋ ਸਚੁ ਧਰਮਾ ॥
ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥ ਤੂੰ ਸਾਹਿਬੁ ਸੇਵਕ ਅਰਦਾਸਿ ॥੩॥
ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ ॥ ਸਰਬ ਸੁਖਾ ਪਾਵਉ ਸਤਸੰਗਿ ॥
ਨਾਮਿ ਤੇਰੈ ਰਹੈ ਮਨੁ ਰਾਤਾ ॥ ਇਹੁ ਕਲਿਆਣੁ ਨਾਨਕ ਕਰਿ ਜਾਤਾ ॥੪॥੧੪॥੯੩॥}

(ਅੰਗ ੧੮੦)

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

ਰਾਗੁ ਗਉੜੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥ ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੂਝੀ ਹੇ ॥੧॥ ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥
ਬੁਰਾ ਭਲਾ ਨਹੀ ਸੁਝੀ ਹੇ ॥੨॥ ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥
ਮਨ ਬਿਧੇ ਹੀ ਮਹਿ ਲੂਝੀ ਹੇ ॥੩॥ ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥
ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥}

(ਅੰਗ ੨੧੩)

ਗਉੜੀ ਮਹਲਾ ੧ ॥

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥
ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥
ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥
ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥
ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥
ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ ੨੨੬-੨੨੭)

ਗਉੜੀ ਮਹਲਾ ੩ ॥

{ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟਹਿ ਮੁਕਤਿ ਨ ਪਾਇ ॥
ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥
ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ ਅੰਧੇ ਗੁਰੂ ਤੇ ਭਰਮੁ ਨ ਜਾਈ ॥
ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥
ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥
ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥ ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥
ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ ਸਹਜਿ ਸੁਭਾਏ ॥੫॥
ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ ਹਉਮੈ ਮਾਇਆ ਸਬਦਿ ਜਲਾਏ ॥
ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥ ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਪੂਰੇ ਗੁਰ ਤੇ ਸੋਝੀ ਪਾਏ ॥੭॥ ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥
ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥}

8468

(ਅੰਗ ੨੩੧-੨੩੨)

ਸਲੋਕੁ ॥

{ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥੧॥}

(ਅੰਗ ੨੫੫)

56/7875

ਆਸਾ ਮਹਲਾ ੫ ॥

{ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥੧॥
ਸੋਇ ਰਹੇ ਮਾਇਆ ਮਦ ਮਾਤੇ ॥ ਜਾਗਤ ਭਗਤ ਸਿਮਰਤ ਹਰਿ ਰਾਤੇ ॥੧॥ ਰਹਾਉ ॥
ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥
ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥}

(ਅੰਗ ੩੮੮)

ਮਹਲਾ ੨ ॥

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ ੪੬੬)

ਬਿਹਾਗੜਾ ਮਹਲਾ ੫ ਛੰਤ ॥

{ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥ ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥
ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ ॥ ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ ॥
ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ॥ ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ ॥੧॥
ਤੂ ਸਮਰਥੁ ਸਦਾ ਹਮ ਦੀਨ ਭੇਖਾਰੀ ਰਾਮ ॥ ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ ॥
ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥ ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ॥
ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ ॥
ਬਿਨਵੰਤਿ ਨਾਨਕ ਦਾਸੁ ਹਰਿ ਕਾ ਪ੍ਰਭ ਜੀਅ ਪ੍ਰਾਨ ਅਧਾਰੀ ॥੨॥ ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥
ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥ ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ॥
ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ॥ ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ॥
ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥੩॥ ਜਾ ਤੇ ਵੀਛੁੜਿਆ ਤਿਨਿ ਆਪਿ ਮਿਲਾਇਆ ਰਾਮ॥
ਸਾਧੂ ਸੰਗਮੇ ਹਰਿ ਗੁਣ ਗਾਇਆ ਰਾਮ ॥ ਗੁਣ ਗਾਇ ਗੋਵਿਦ ਸਦਾ ਨੀਕੇ ਕਲਿਆਣ ਮੈ ਪਰਗਟ ਭਏ ॥
ਸੇਜਾ ਸੁਹਾਵੀ ਸੰਗਿ ਪ੍ਰਭ ਕੈ ਆਪਣੇ ਪ੍ਰਭ ਕਰਿ ਲਏ ॥ ਛੋਡਿ ਚਿੰਤ ਅਚਿੰਤ ਹੋਏ ਬਹੁੜਿ ਦੂਖੁ ਨ ਪਾਇਆ ॥
ਨਾਨਕ ਦਰਸਨੁ ਪੇਖਿ ਜੀਵੇ ਗੋਵਿੰਦ ਗੁਣ ਨਿਧਿ ਗਾਇਆ ॥੪॥੫॥੮॥}

(ਅੰਗ ੫੪੭)

ਸਲੋਕ ਮਃ ੩ ॥

{ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥ ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥}

(ਅੰਗ ੫੫੧)

ਸੋਰਠਿ ਮਹਲਾ ੧ ॥

{ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥
ਘਟਿ ਘਟਿ ਰਵਿ ਰਹਿਆ ਬਨਵਾਰੀ ॥
ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥
ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥
ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥
ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥
ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥
ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥}

(ਅੰਗ ੫੯੭-੫੯੮)

ਟੋਡੀ ਮਹਲਾ ੫ ਘਰੁ ੫ ਦੁਪਦੇ

ੴ ਸਤਿਗੁਰ ਪ੍ਰਸਾਦਿ ॥

{ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥ ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥
ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥
ਰੂਪੁ ਅਨਰੂਪੁ ਮੋਰੋ ਕਛੂ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥
ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ ॥
ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥}

(ਅੰਗ ੭੧੬)

ਰਾਗੁ ਕਾਨੜਾ ਬਾਣੀ ਨਾਮਦੇਵ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਐਸੋ ਰਾਮ ਰਾਇ ਅੰਤਰਜਾਮੀ ॥ ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥
ਬਸੈ ਘਟਾ ਘਟ ਲੀਪ ਨ ਛੀਪੈ ॥ ਬੰਧਨ ਮੁਕਤਾ ਜਾਤੁ ਨ ਦੀਸੈ ॥੧॥
ਪਾਨੀ ਮਾਹਿ ਦੇਖੁ ਮੁਖੁ ਜੈਸਾ ॥ ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥੧॥}

(ਅੰਗ ੧੩੧੮)

ਦੋਹਰਾ ॥

{ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥
ਬਲੁ ਹੋਆ ਬੰਧਨ ਛੂਟੇ ਸਭੁ ਕਿਛੁ ਹੋਤ ਉਪਾਇ ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥}

(ਅੰਗ ੧੪੨੯)

56/7876

ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ ॥
ਪਹਰਿਆ ਕੈ ਘਰਿ ਗਾਵਣਾ ॥
ੴ ਸਤਿਗੁਰ ਪ੍ਰਸਾਦਿ ॥

{ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥
ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥
ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥
ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥
ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥
ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥੧॥ ਰਹਾਉ ॥
ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ ॥
ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ॥
ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥

ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥
ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥
ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥
ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ ॥੩॥
ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥
ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥
ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥
ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥੪॥
ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥ ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥}

(ਅੰਗ ੯੩)

ਮਾਰੂ ਮਹਲਾ ੩ ॥

{ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥
ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ ਓਅੰਕਾਰਿ ਸਭ ਸ੍ਰਿਸਟਿ ਉਪਾਈ ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥
ਬਾਜੀਗਰਿ ਇਕ ਬਾਜੀ ਪਾਈ ॥ ਪੂਰੇ ਗੁਰ ਤੇ ਨਦਰੀ ਆਈ ॥
ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ ॥੩॥ ਬਾਜਹਿ ਬਾਜੇ ਧੁਨਿ ਆਕਾਰਾ ॥
ਆਪਿ ਵਜਾਏ ਵਜਾਵਣਹਾਰਾ ॥ ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ ॥੪॥
ਕਰਤਾ ਕਰੇ ਸੁ ਨਿਹਚਉ ਹੋਵੈ ॥ ਗੁਰ ਕੈ ਸਬਦੇ ਹਉਮੈ ਖੋਵੈ ॥
ਗੁਰ ਪਰਸਾਦੀ ਕਿਸੈ ਦੇ ਵਡਿਆਈ ਨਾਮੋ ਨਾਮੁ ਧਿਆਇਦਾ ॥੫॥ ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ॥
ਨਾਮੁ ਮੰਨਿ ਵਸੈ ਨਾਮੋ ਸਾਲਾਹੀ ॥ ਨਾਮੋ ਨਾਮੁ ਸਦਾ ਸੁਖਦਾਤਾ ਨਾਮੋ ਲਾਹਾ ਪਾਇਦਾ ॥੬॥
ਬਿਨੁ ਨਾਵੈ ਸਭ ਦੁਖੁ ਸੰਸਾਰਾ ॥ ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥
ਨਾਮੁ ਨ ਸੇਵਹਿ ਕਿਉ ਸੁਖੁ ਪਾਈਐ ਬਿਨੁ ਨਾਵੈ ਦੁਖੁ ਪਾਇਦਾ ॥੭॥ ਆਪਿ ਕਰੇ ਤੈ ਆਪਿ ਕਰਾਏ ॥
ਗੁਰ ਪਰਸਾਦੀ ਕਿਸੈ ਬੁਝਾਏ ॥ ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥੮॥
ਗਣਤ ਗਣੈ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥
ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥੯॥ ਜੇ ਸਚੁ ਦੇਇ ਤ ਪਾਏ ਕੋਈ ॥
ਗੁਰ ਪਰਸਾਦੀ ਪਰਗਟੁ ਹੋਈ ॥ ਸਚੁ ਨਾਮੁ ਸਾਲਾਹੇ ਰੰਗਿ ਰਾਤਾ ਗੁਰ ਕਿਰਪਾ ਤੇ ਸੁਖੁ ਪਾਇਦਾ ॥੧੦॥
ਜਪੁ ਤਪੁ ਸੰਜਮੁ ਨਾਮੁ ਪਿਆਰਾ ॥ ਕਿਲਵਿਖ ਕਾਟੇ ਕਾਟਣਹਾਰਾ ॥
ਹਰਿ ਕੈ ਨਾਮਿ ਤਨੁ ਮਨੁ ਸੀਤਲੁ ਹੋਆ ਸਹਜੇ ਸਹਜਿ ਸਮਾਇਦਾ ॥੧੧॥ ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥
ਮੈਲੇ ਕਰਮ ਕਰੇ ਦੁਖੁ ਪਾਏ ॥ ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥੧੨॥

ਨਿਰਮਲ ਬਾਣੀ ਕੋ ਮੰਨਿ ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥
ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥ ਆਪਿ ਸਿਰੰਦਾ ਸਚਾ ਸੋਈ ॥
ਆਪਿ ਉਪਾਇ ਖਪਾਏ ਸੋਈ ॥ ਗੁਰਮੁਖਿ ਹੋਵੈ ਸੁ ਸਦਾ ਸਲਾਹੇ ਮਿਲਿ ਸਾਚੇ ਸੁਖੁ ਪਾਇਦਾ ॥੧੪॥
ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥ ਕਾਮਿ ਕਰੋਧਿ ਜਲੈ ਸਭੁ ਕੋਈ ॥
ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ ॥੧੫॥ ਮੇਰਾ ਤੇਰਾ ਤੁਧੁ ਆਪੇ ਕੀਆ ॥
ਸਭਿ ਤੇਰੇ ਜੰਤ ਤੇਰੇ ਸਭਿ ਜੀਆ ॥ ਨਾਨਕ ਨਾਮੁ ਸਮਾਲਿ ਸਦਾ ਤੂ ਗੁਰਮਤੀ ਮੰਨਿ ਵਸਾਇਦਾ ॥੧੬॥੪॥੧੮॥}

(ਅੰਗ ੧੦੬੧-੧੦੬੨)

ਗਉੜੀ ਮਹਲਾ ੧ ॥

{ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥
ਕਿਉ ਅਬਿਨਾਸੀ ਸਹਜਿ ਸਮਾਵੈ ॥੧॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥
ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥
ਤਰਵਰ ਪੰਖੀ ਬਹੁ ਨਿਸਿ ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥ ਸਾਝ ਬਿਹਾਗ ਤਕਹਿ ਆਗਾਸੁ ॥
ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥ ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥ ਸਾਧੁ ਮਿਲੈ ਪੂਰਬ ਸੰਜੋਗ ॥
ਸਚਿ ਰਹਸੇ ਪੂਰੇ ਹਰਿ ਲੋਗ ॥ ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬॥}

(ਅੰਗ ੧੫੨-੧੫੩)

ਮਾਝ ਮਹਲਾ ੩ ॥

{ਐਥੈ ਸਾਚੇ ਸੁ ਆਗੈ ਸਾਚੇ ॥ ਮਨੁ ਸਚਾ ਸਚੈ ਸਬਦਿ ਰਾਚੇ ॥
ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥
ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥੧॥ ਰਹਾਉ ॥
ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ ਸਤਿਗੁਰੁ ਮਿਲੈ ਤਾ ਤਤੁ ਪਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥ ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥
ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥ ਅੰਤਰਿ ਰਤਨੁ ਮਿਲੈ ਮਿਲਾਇਆ ॥
ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥ ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥
ਆਪੇ ਰੰਗੇ ਰੰਗੁ ਚੜਾਏ ॥ ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥
ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ ॥੬॥
ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥
ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥ ਗੁਰਮੁਖਿ ਥਾਪੇ ਥਾਪਿ ਉਥਾਪੇ ॥

ਗੁਰਮੁਖਿ ਜਾਤਿ ਪਤਿ ਸਭੁ ਆਪੇ ॥ ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥}

(ਅੰਗ ੧੧੬-੧੧੭)

ਮਾਝ ਮਹਲਾ ੩ ॥

{ਗੋਵਿੰਦੁ ਊਜਲੁ ਊਜਲ ਹੰਸਾ ॥ ਮਨੁ ਬਾਣੀ ਨਿਰਮਲ ਮੇਰੀ ਮਨਸਾ ॥
ਮਨਿ ਊਜਲ ਸਦਾ ਮੁਖ ਸੋਹਹਿ ਅਤਿ ਊਜਲ ਨਾਮੁ ਧਿਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੋਬਿੰਦ ਗੁਣ ਗਾਵਣਿਆ ॥
ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ ॥੧॥ ਰਹਾਉ ॥
ਗੋਬਿਦੁ ਗਾਵਹਿ ਸਹਜਿ ਸੁਭਾਏ ॥ ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥
ਸਦਾ ਅਨੰਦਿ ਰਹਹਿ ਭਗਤਿ ਕਰਹਿ ਦਿਨੁ ਰਾਤੀ ਸੁਣਿ ਗੋਬਿਦ ਗੁਣ ਗਾਵਣਿਆ ॥੨॥
ਮਨੂਆ ਨਾਚੈ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥
ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥ ਊਚਾ ਕੂਕੇ ਤਨਹਿ ਪਛਾੜੇ ॥
ਮਾਇਆ ਮੋਹਿ ਜੋਹਿਆ ਜਮਕਾਲੇ ॥ ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥
ਗੁਰਮੁਖਿ ਭਗਤਿ ਜਾ ਆਪਿ ਕਰਾਏ ॥ ਤਨੁ ਮਨੁ ਰਾਤਾ ਸਹਜਿ ਸੁਭਾਏ ॥
ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ ॥੫॥ ਬਹੁ ਤਾਲ ਪੂਰੇ ਵਾਜੇ ਵਜਾਏ ॥
ਨਾ ਕੋ ਸੁਣੇ ਨ ਮੰਨਿ ਵਸਾਏ ॥ ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ ॥੬॥
ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥
ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥ ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥
ਹੋਰਤੁ ਭਗਤਿ ਨ ਪਾਏ ਕੋਈ ॥ ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ ॥੮॥੨੦॥੨੧॥}

(ਅੰਗ ੧੨੧-੧੨੨)

ਮਾਝ ਮਹਲਾ ੩ ॥

{ਏਕਾ ਜੋਤਿ ਜੋਤਿ ਹੈ ਸਰੀਰਾ ॥ ਸਬਦਿ ਦਿਖਾਏ ਸਤਿਗੁਰੁ ਪੂਰਾ ॥
ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥
ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ ॥੧॥ ਰਹਾਉ ॥
ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ ॥ ਤੂੰ ਆਪੇ ਨਦਰੀ ਜਗਤੁ ਪਰੋਵਹਿ ॥
ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ ॥੨॥ ਆਪੇ ਕਰਤਾ ਕਰੇ ਕਰਾਏ ॥
ਆਪੇ ਸਬਦੁ ਗੁਰ ਮੰਨਿ ਵਸਾਏ ॥ ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥੩॥
ਆਪੇ ਕਰਤਾ ਆਪੇ ਭੁਗਤਾ ॥ ਬੰਧਨ ਤੋੜੇ ਸਦਾ ਹੈ ਮੁਕਤਾ ॥
ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥ ਆਪੇ ਮਾਇਆ ਆਪੇ ਛਾਇਆ ॥
ਆਪੇ ਮੋਹੁ ਸਭੁ ਜਗਤੁ ਉਪਾਇਆ ॥ ਆਪੇ ਗੁਣਦਾਤਾ ਗੁਣ ਗਾਵੈ ਆਪੇ ਆਖਿ ਸੁਣਾਵਣਿਆ ॥੫॥
ਆਪੇ ਕਰੇ ਕਰਾਏ ਆਪੇ ॥ ਆਪੇ ਥਾਪਿ ਉਥਾਪੇ ਆਪੇ ॥
ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥੬॥ ਆਪੇ ਮਾਰੇ ਆਪਿ ਜੀਵਾਏ ॥

ਆਪੇ ਮੇਲੇ ਮੇਲਿ ਮਿਲਾਏ ॥ ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥੭॥
ਆਪੇ ਊਚਾ ਊਚੋ ਹੋਈ ॥ ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ ॥੮॥੨੬॥੨੭॥}

(ਅੰਗ ੧੨੫-੧੨੬)

ਧਨਾਸਰੀ ਛੰਤ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥ ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ॥
ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥
ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥ ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ॥
ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥੧॥ ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ ॥
ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ ॥
ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ ॥
ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥
ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥ ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥੨॥
ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥
ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥
ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥
ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ ॥
ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥
ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥੩॥
ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥
ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥
ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ ॥
ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥
ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥
ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥
ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥ ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ॥
ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥
ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥
ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥
ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥੧॥}

(ਅੰਗ ੬੯੦)

ਸਾਰਗ ਮਹਲਾ ੫ ॥

{ਮੋਹਨੀ ਮੋਹਤ ਰਹੈ ਨ ਹੋਰੀ ॥ ਸਾਧਿਕ ਸਿਧ ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ ॥੧॥ ਰਹਾਉ ॥
ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥
ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥੧॥
ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥
ਸਾਧਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥੨॥੩੭॥੬੦॥}

(ਅੰਗ ੧੨੧੬)

56/7877

ਗਉੜੀ ਮਹਲਾ ੧ ॥

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ ੨੨੩)

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

{ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥ ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥
ਰਾਮ ਗੁਸਈਆ ਜੀਅ ਕੇ ਜੀਵਨਾ ॥ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥ ਚਰਣ ਨ ਛਾਡਉ ਸਰੀਰ ਕਲ ਜਾਈ ॥੨॥
ਕਹੁ ਰਵਿਦਾਸ ਪਰਉ ਤੇਰੀ ਸਾਭਾ ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥
ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥ ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥ ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥}

(ਅੰਗ ੩੪੫)

ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ

ੴ ਸਤਿਗੁਰ ਪ੍ਰਸਾਦਿ ॥

ਸਲੋਕ ਮਃ ੩ ॥

{ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥ ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥
ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥
ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥੧॥}

(ਅੰਗ ੫੮੫)

{ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥}

(ਅੰਗ ੧੩੮੪)

ਮਃ ੩ ॥

{ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥ ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥੨॥}

(ਅੰਗ ੫੮੫)

ਮਃ ੩ ॥

{ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੩॥}

(ਅੰਗ ੫੮੫)

ਪਉੜੀ ॥

{ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ ॥ ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ ॥
ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ ॥ ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥
ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥}

(ਅੰਗ ੫੮੫)

ਆਸਾ ॥

{ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥ ਅੰਤ ਕੀ ਬਾਰ ਲਹੈਗੀ ਨ ਆਢੈ ॥੧॥ ਰਹਾਉ ॥
ਘੂੰਘਟੁ ਕਾਢਿ ਗਈ ਤੇਰੀ ਆਗੈ ॥ ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥੧॥
ਘੂੰਘਟ ਕਾਢੇ ਕੀ ਇਹੈ ਬਡਾਈ ॥ ਦਿਨ ਦਸ ਪਾਂਚ ਬਹੂ ਭਲੇ ਆਈ ॥੨॥
ਘੂੰਘਟੁ ਤੇਰੋ ਤਉ ਪਰਿ ਸਾਚੈ ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥੩॥
ਕਹਤ ਕਬੀਰ ਬਹੂ ਤਬ ਜੀਤੈ ॥ ਹਰਿ ਗੁਨ ਗਾਵਤ ਜਨਮੁ ਬਿਤੀਤੈ ॥੪॥੧॥੩੪॥}

(ਅੰਗ ੪੮੪)

ਗੂਜਰੀ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਨਿਰਤਿ ਕਰੀ ਇਹੁ ਮਨੁ ਨਚਾਈ ॥ ਗੁਰ ਪਰਸਾਦੀ ਆਪੁ ਗਵਾਈ ॥
ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ ॥੧॥ ਨਾਚੁ ਰੇ ਮਨ ਗੁਰ ਕੈ ਆਗੈ ॥
ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ ॥ ਰਹਾਉ ॥

ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ॥
ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥੨॥
ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ ॥
ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥੩॥
ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥
ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥
ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥
ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥
ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥੭॥
ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥੮॥
ਇਕੁ ਦਮੁ ਸਾਚਾ ਵੀਸਰੈ ਸਾ ਵੇਲਾ ਬਿਰਥਾ ਜਾਇ ॥
ਸਾਹਿ ਸਾਹਿ ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ ॥੯॥
ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ ॥
ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ ॥੧੦॥੧॥੬॥}

(ਅੰਗ ੫੦੬)

ਮਾਝ ਮਹਲਾ ੩ ॥

{ਗੁਰਮੁਖਿ ਮਿਲੈ ਮਿਲਾਏ ਆਪੇ ॥ ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥
ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥
ਗੁਰਮੁਖਿ ਜੀਵੈ ਮਰੈ ਪਰਵਾਣੁ ॥ ਆਰਜਾ ਨ ਛੀਜੈ ਸਬਦੁ ਪਛਾਣੁ ॥
ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥
ਗੁਰਮੁਖਿ ਹਰਿ ਦਰਿ ਸੋਭਾ ਪਾਏ ॥ ਗੁਰਮੁਖਿ ਵਿਚਹੁ ਆਪੁ ਗਵਾਏ ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥
ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ ਗੁਰਮੁਖਿ ਹਉਮੈ ਚੂਕੈ ਪੀਰ ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥
ਗੁਰਮੁਖਿ ਨਾਮੁ ਮਿਲੈ ਵਡਿਆਈ ॥ ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥੫॥

ਗੁਰਮੁਖਿ ਅਨਦਿਨੁ ਸਬਦੇ ਰਾਤਾ ॥ ਗੁਰਮੁਖਿ ਜੁਗ ਚਾਰੇ ਹੈ ਜਾਤਾ ॥
ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥
ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥
ਗੁਰਮੁਖਿ ਆਪੇ ਕਰੇ ਕਰਾਏ ॥ ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥
ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥}

(ਅੰਗ ੧੨੪-੧੨੫)

56/7878

ਬਿਲਾਵਲੁ ਮਹਲਾ ੪ ॥

{ਗੁਰਮੁਖਿ ਅਗਮ ਅਗੋਚਰੁ ਧਿਆਇਆ ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ ॥
ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ ॥੧॥
ਜਨ ਕੀ ਟੇਕ ਹਰਿ ਨਾਮੁ ਟਿਕਈਆ ॥
ਸਤਿਗੁਰ ਕੀ ਧਰ ਲਾਗਾ ਜਾਵਾ ਗੁਰ ਕਿਰਪਾ ਤੇ ਹਰਿ ਦਰੁ ਲਹੀਆ ॥੧॥ ਰਹਾਉ ॥
ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥
ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ ॥੨॥
ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥
ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥੩॥
ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥
ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥
ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥
ਹਰਿ ਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ ॥
ਨਿਜ ਘਰਿ ਧਾਰ ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ ॥੬॥
ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ ॥
ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥੭॥
ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥
ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ ॥੮॥੩॥੬॥}

(ਅੰਗ ੮੩੪-੮੩੫)

ਆਸਾ ਮਹਲਾ ੫ ॥

{ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥ ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥੧॥
ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥ ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ ਰਹਾਉ ॥
ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥

ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥
ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥੩॥
ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥
ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥}

(ਅੰਗ ੩੮੧)

ਗੋਂਡ ॥

{ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨ ਕੂਟੈ ਤਉ ਜਮ ਤੇ ਛੂਟੈ ॥ ਕੁਟਿ ਕੁਟਿ ਮਨੁ ਕਸਵਟੀ ਲਾਵੈ ॥
ਸੋ ਕੂਟਨੁ ਮੁਕਤਿ ਬਹੁ ਪਾਵੈ ॥੧॥ ਕੂਟਨੁ ਕਿਸੈ ਕਹਹੁ ਸੰਸਾਰ ॥ ਸਗਲ ਬੋਲਨ ਕੇ ਮਾਹਿ ਬੀਚਾਰ ॥੧॥ ਰਹਾਉ॥
ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਝੂਠਿ ਨ ਪਤੀਐ ਪਰਚੈ ਸਾਚੈ ॥ ਇਸੁ ਮਨ ਆਗੇ ਪੂਰੈ ਤਾਲ ॥
ਇਸੁ ਨਾਚਨ ਕੇ ਮਨ ਰਖਵਾਲ ॥੨॥ ਬਜਾਰੀ ਸੋ ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥
ਨਉ ਨਾਇਕ ਕੀ ਭਗਤਿ ਪਛਾਨੈ ॥ ਸੋ ਬਾਜਾਰੀ ਹਮ ਗੁਰ ਮਾਨੇ ॥੩॥ ਤਸਕਰੁ ਸੋਇ ਜਿ ਤਾਤਿ ਨ ਕਰੈ ॥
ਇੰਦ੍ਰੀ ਕੈ ਜਤਨਿ ਨਾਮੁ ਉਚਰੈ ॥ ਕਹੁ ਕਬੀਰ ਹਮ ਐਸੇ ਲਖਨ ॥ ਧੰਨੁ ਗੁਰਦੇਵ ਅਤਿ ਰੂਪ ਬਿਚਖਨ॥੪॥੭॥੧੦॥}

(ਅੰਗ ੮੭੨)

ਰਾਮਕਲੀ ਮਹਲਾ ੫ ॥

{ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ ॥ ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ॥
ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ ॥੧॥ ਰਾਮ ਕੋ ਨਿਰਤਿਕਾਰੀ ॥
ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ ॥੧॥ ਰਹਾਉ ॥
ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥ ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ॥
ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥੨॥
ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ ॥ ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ ॥
ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ ॥੩॥
ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥
ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥
ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ ॥੪॥੭॥}

(ਅੰਗ ੮੮੪)

ਮਾਰੂ ਮਹਲਾ ੧ ॥

{ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥

ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥}

(ਅੰਗ ੯੯੧)

ਨਟ ਮਹਲਾ ੪ ॥

{ਮੇਰੇ ਮਨ ਭਜੁ ਠਾਕੁਰ ਅਗਮ ਅਪਾਰੇ ॥
ਹਮ ਪਾਪੀ ਬਹੁ ਨਿਰਗੁਣੀਆਰੇ ਕਰਿ ਕਿਰਪਾ ਗੁਰਿ ਨਿਸਤਾਰੇ ॥੧॥ ਰਹਾਉ ॥
ਸਾਧੂ ਪੁਰਖ ਸਾਧ ਜਨ ਪਾਏ ਇਕ ਬਿਨਉ ਕਰਉ ਗੁਰ ਪਿਆਰੇ ॥
ਰਾਮ ਨਾਮੁ ਧਨੁ ਪੂਜੀ ਦੇਵਹੁ ਸਭੁ ਤਿਸਨਾ ਭੂਖ ਨਿਵਾਰੇ ॥੧॥
ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ ॥
ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ ॥੨॥
ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ ॥
ਰਾਮ ਨਾਮੁ ਪੜਹੁ ਗਤਿ ਪਾਵਹੁ ਸਤਸੰਗਤਿ ਗੁਰਿ ਨਿਸਤਾਰੇ ॥੩॥
ਪ੍ਰੀਤਮ ਪ੍ਰੀਤਿ ਲਗੀ ਪ੍ਰਭ ਕੇਰੀ ਜਿਵ ਸੂਰਜੁ ਕਮਲੁ ਨਿਹਾਰੇ ॥
ਮੇਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ ॥੪॥
ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ ॥
ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ ॥੫॥
ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ ॥
ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ ॥੬॥
ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ ॥੭॥
ਰਾਖੁ ਰਾਖੁ ਰਾਖੁ ਪ੍ਰਭ ਮੇਰੇ ਮੈ ਰਾਖਹੁ ਕਿਰਪਾ ਧਾਰੇ ॥
ਨਾਨਕ ਮੈ ਧਰ ਅਵਰ ਨ ਕਾਈ ਮੈ ਸਤਿਗੁਰੁ ਗੁਰੁ ਨਿਸਤਾਰੇ ॥੮॥੬॥}

(ਅੰਗ ੯੮੩)

{ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥
ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥}

(ਅੰਗ ੯੨੨)

ਕਲਿਆਨ ਮਹਲਾ ੪ ਅਸਟਪਦੀਆ ॥

ੴ ਸਤਿਗੁਰ ਪ੍ਰਸਾਦਿ ॥

{ਰਾਮਾ ਰਮ ਰਾਮੋ ਸੁਨਿ ਮਨੁ ਭੀਜੈ ॥ ਹਰਿ ਹਰਿ ਨਾਮੁ ਅੰਮ੍ਰਿਤੁ ਰਸੁ ਮੀਠਾ ਗੁਰਮਤਿ ਸਹਜੇ ਪੀਜੈ ॥੧॥ ਰਹਾਉ॥

ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥
ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥੧॥
ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥
ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥੨॥
ਕਾਇਆ ਨਗਰੁ ਨਗਰੁ ਹੈ ਨੀਕੋ ਵਿਚਿ ਸਉਦਾ ਹਰਿ ਰਸੁ ਕੀਜੈ ॥
ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥੩॥
ਸਤਿਗੁਰੁ ਅਗਮੁ ਅਗਮੁ ਹੈ ਠਾਕੁਰੁ ਭਰਿ ਸਾਗਰ ਭਗਤਿ ਕਰੀਜੈ ॥
ਕ੍ਰਿਪਾ ਕ੍ਰਿਪਾ ਕਰਿ ਦੀਨ ਹਮ ਸਾਰਿੰਗ ਇਕ ਬੂੰਦ ਨਾਮੁ ਮੁਖਿ ਦੀਜੈ ॥੪॥
ਲਾਲਨੁ ਲਾਲੁ ਲਾਲੁ ਹੈ ਰੰਗਨੁ ਮਨੁ ਰੰਗਨ ਕਉ ਗੁਰ ਦੀਜੈ ॥
ਰਾਮ ਰਾਮ ਰਾਮ ਰੰਗਿ ਰਾਤੇ ਰਸ ਰਸਿਕ ਗਟਕ ਨਿਤ ਪੀਜੈ ॥੫॥
ਬਸੁਧਾ ਸਪਤ ਦੀਪ ਹੈ ਸਾਗਰ ਕਢਿ ਕੰਚਨੁ ਕਾਢਿ ਧਰੀਜੈ ॥
ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ ਹਰਿ ਮਾਗਹਿ ਹਰਿ ਰਸੁ ਦੀਜੈ ॥੬॥
ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ ॥
ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਥਿ ਦੀਜੈ ॥੭॥
ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ ਤਿਨ੍ ਦੀਜੈ ॥
ਰਾਮ ਨਾਮ ਤੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ ॥੮॥੧॥}

(ਅੰਗ ੧੩੨੩-੧੩੨੪)

56/7879

ਮਾਝ ਮਹਲਾ ੩ ਘਰੁ ੧ ॥

{ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥
ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥
ਤਨੁ ਮਨੁ ਖੋਜੇ ਤਾ ਨਾਉ ਪਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥
ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥
ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥
ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ ॥੪॥
ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥
ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥

ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥
ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥
ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥
ਜੀਵਣੁ ਮਰਣਾ ਸਭੁ ਤੁਧੈ ਤਾਈ ॥ ਜਿਸੁ ਬਖਸੇ ਤਿਸੁ ਦੇ ਵਡਿਆਈ ॥
ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥}

(ਅੰਗ ੧੦੯-੧੧੦)

ਵਡਹੰਸੁ ਮਹਲਾ ੧ ਦਖਣੀ ॥

{ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥ ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ ॥
ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ ॥
ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥੧॥
ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥ ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥
ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ ॥ ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥
ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥੨॥ ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥
ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥ ਡੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥
ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥੩॥ ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ ॥
ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥ ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥
ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥੪॥ ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥
ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੈ ਬਾਰੇ ॥
ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰ ਬਾਰੇ ॥ ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ ॥੫॥
ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥ ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥
ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥
ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥ ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ ॥
ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ ॥
ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ ॥ ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ॥੭॥
ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ ॥ ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ ॥
ਬਣੀਅਰਿ ਨਾਮਿ ਸੁੋਹਾਗਣੀ ਸਚੁ ਸਵਾਰਣਹਾਰੋ ॥ ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥੮॥੩॥}

(ਅੰਗ ੫੮੦-੫੮੧)

ਪਉੜੀ ॥

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ ੯੫੪)

ਮਾਰੂ ਮਹਲਾ ੧ ॥

{ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥
ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥
ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥
ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥
ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥
ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥
ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥
ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥
ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥
ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥
ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥
ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥
ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥
ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥
ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੇਲੀ ਕੋਈ ॥
ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥
ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥
ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥
ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੧-੧੦੩੨)

ਮਾਰੂ ਮਹਲਾ ੧ ਦਖਣੀ ॥

{ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥੧॥ ਅੰਦਰਿ ਕੋਟ ਛਜੇ ਹਟਨਾਲੇ ॥
ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥
ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥ ਪਉਣ ਪਾਣੀ ਅਗਨੀ ਇਕ ਵਾਸਾ ॥
ਆਪੇ ਕੀਤੋ ਖੇਲੁ ਤਮਾਸਾ ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥
ਧਰਤਿ ਉਪਾਇ ਧਰੀ ਧਰਮ ਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ ॥
ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥੫॥ ਭਾਰ ਅਠਾਰਹ ਮਾਲਣਿ ਤੇਰੀ ॥
ਚਉਰੁ ਢੁਲੈ ਪਵਣੈ ਲੈ ਫੇਰੀ ॥ ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥
ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥ ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥
ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥ ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥
ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥ ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥
ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥ ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥
ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥
ਅਵਰੁ ਨ ਜਾਣਾ ਦੂਆ ਤੀਆ ॥ ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥
ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥
ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥ ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥
ਵੇਪਰਵਾਹ ਅਖੁਟ ਭੰਡਾਰੈ ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥੧੪॥
ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥
ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥੧੫॥ ਜੇਤੀ ਹੈ ਤੇਤੀ ਤੁਧੁ ਅੰਦਰਿ ॥
ਦੇਖਹਿ ਆਪਿ ਬੈਸਿ ਬਿਜ ਮੰਦਰਿ ॥ ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥}

(ਅੰਗ ੧੦੩੩-੧੦੩੪)

ਮਾਰੂ ਮਹਲਾ ੧ ॥

{ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥
ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥ ਨਉ ਘਰ ਥਾਪੇ ਥਾਪਣਹਾਰੈ ॥
ਦਸਵੈ ਵਾਸਾ ਅਲਖ ਅਪਾਰੈ ॥ ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥
ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥

ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ ਗੜ ਮਹਿ ਹਾਟ ਪਟਣ ਵਾਪਾਰਾ ॥
ਪੂਰੈ ਤੋਲਿ ਤੋਲੈ ਵਣਜਾਰਾ ॥ ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥
ਕੀਮਤਿ ਪਾਈ ਪਾਵਣਹਾਰੈ ॥ ਵੇਪਰਵਾਹ ਪੂਰੇ ਭੰਡਾਰੈ ॥
ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥੫॥ ਨਦਰਿ ਕਰੇ ਪੂਰਾ ਗੁਰੁ ਭੇਟੈ ॥
ਜਮ ਜੰਦਾਰੁ ਨ ਮਾਰੈ ਫੇਟੈ ॥ ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ ॥੬॥
ਆਪੇ ਵਰਖੈ ਅੰਮ੍ਰਿਤ ਧਾਰਾ ॥ ਰਤਨ ਜਵੇਹਰ ਲਾਲ ਅਪਾਰਾ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ ॥੭॥ ਪ੍ਰੇਮ ਪਦਾਰਥੁ ਲਹੈ ਅਮੋਲੋ ॥
ਕਬ ਹੀ ਨ ਘਾਟਸਿ ਪੂਰਾ ਤੋਲੋ ॥ ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥
ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥ ਹੁਕਮੇ ਆਇਆ ਹੁਕਮਿ ਸਮਾਇਆ ॥
ਹੁਕਮੇ ਦੀਸੈ ਜਗਤੁ ਉਪਾਇਆ ॥ ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥ ਹੁਕਮੇ ਆਡਾਣੇ ਆਗਾਸੀ ॥
ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥
ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥ ਹੁਕਮੇ ਜੁਗ ਛਤੀਹ ਗੁਦਾਰੇ ॥
ਹੁਕਮੇ ਸਿਧ ਸਾਧਿਕ ਵੀਚਾਰੇ ॥ ਆਪਿ ਨਾਥੁ ਨਥੰ਀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥
ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥ ਸਤੁ ਸੰਤੋਖੁ ਨਗਰ ਮਹਿ ਕਾਰੀ ॥
ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥ ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥}

(ਅੰਗ ੧੦੩੬-੧੦੩੭)

ਮਾਰੂ ਮਹਲਾ ੧ ॥

{ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥
ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥੧॥ ਤੂ ਏਕੰਕਾਰੁ ਨਿਰਾਲਮੁ ਰਾਜਾ ॥
ਤੂ ਆਪਿ ਸਵਾਰਹਿ ਜਨ ਕੇ ਕਾਜਾ ॥ ਅਮਰੁ ਅਡੋਲੁ ਅਪਾਰੁ ਅਮੋਲਕੁ ਹਰਿ ਅਸਥਿਰ ਥਾਨਿ ਸੁਹਾਇਆ ॥੨॥
ਦੇਹੀ ਨਗਰੀ ਊਤਮ ਥਾਨਾ ॥ ਪੰਚ ਲੋਕ ਵਸਹਿ ਪਰਧਾਨਾ ॥
ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥੩॥ ਦੇਹੀ ਨਗਰੀ ਨਉ ਦਰਵਾਜੇ ॥
ਸਿਰਿ ਸਿਰਿ ਕਰਣੈਹਾਰੈ ਸਾਜੇ ॥ ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥
ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥
ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥ ਸਰਬ ਨਿਰੰਜਨ ਪੁਰਖੁ ਸੁਜਾਨਾ ॥
ਅਦਲੁ ਕਰੇ ਗੁਰ ਗਿਆਨ ਸਮਾਨਾ ॥ ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥
ਸਚੈ ਥਾਨਿ ਵਸੈ ਨਿਰੰਕਾਰਾ ॥ ਆਪਿ ਪਛਾਣੈ ਸਬਦੁ ਵੀਚਾਰਾ ॥

ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥੭॥ ਨਾ ਮਨੁ ਚਲੈ ਨ ਪਉਣੁ ਉਡਾਵੈ ॥
ਜੋਗੀ ਸਬਦੁ ਅਨਾਹਦੁ ਵਾਵੈ ॥ ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥
ਭਉ ਬੈਰਾਗਾ ਸਹਜਿ ਸਮਾਤਾ ॥ ਹਉਮੈ ਤਿਆਗੀ ਅਨਹਦਿ ਰਾਤਾ ॥
ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੯॥ ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ ॥
ਰੋਗ ਕਟੇ ਕਾਟੀ ਜਮ ਫਾਸੀ ॥ ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ ਗੁਰਿ ਮਿਲਿਐ ਹਰਿ ਪ੍ਰਭੁ ਪਾਇਆ ॥੧੦॥
ਕਾਲੈ ਕਵਲੁ ਨਿਰੰਜਨੁ ਜਾਣੈ ॥ ਬੂਝੈ ਕਰਮੁ ਸੁ ਸਬਦੁ ਪਛਾਣੈ ॥
ਆਪੇ ਜਾਣੈ ਆਪਿ ਪਛਾਣੈ ਸਭੁ ਤਿਸ ਕਾ ਚੋਜੁ ਸਬਾਇਆ ॥੧੧॥ ਆਪੇ ਸਾਹੁ ਆਪੇ ਵਣਜਾਰਾ ॥
ਆਪੇ ਪਰਖੇ ਪਰਖਣਹਾਰਾ ॥ ਆਪੇ ਕਸਿ ਕਸਵਟੀ ਲਾਏ ਆਪੇ ਕੀਮਤਿ ਪਾਇਆ ॥੧੨॥
ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਘਟਿ ਘਟਿ ਰਵਿ ਰਹਿਆ ਬਨਵਾਰੀ ॥
ਪੁਰਖੁ ਅਤੀਤੁ ਵਸੈ ਨਿਹਕੇਵਲੁ ਗੁਰ ਪੁਰਖੈ ਪੁਰਖੁ ਮਿਲਾਇਆ ॥੧੩॥ ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥
ਦੂਜਾ ਮੇਟੈ ਏਕੁ ਦਿਖਾਏ ॥ ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ ॥੧੪॥
ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥
ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥੧੫॥੨॥੧੯॥}

(ਅੰਗ ੧੦੩੯-੧੦੪੦)

ਮਾਰੂ ਮਹਲਾ ੧ ॥

{ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥
ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥
ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥
ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥
ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥
ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥
ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥
ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥
ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥
ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥
ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥

ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥
ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ ਗੁਰਮਤਿ ਸਾਇਰਿ ਪਾਹਣ ਤਾਰੇ ॥
ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥
ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥
ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥
ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥
ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥
ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥
ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥
ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥
ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ ੧੦੪੦-੧੦੪੧)

{ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥
ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥੧॥ ਬੋਲਹੁ ਭਈਆ ਰਾਮ ਕੀ ਦੁਹਾਈ ॥
ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥੧॥ ਰਹਾਉ ॥
ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥
ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥
ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥੩॥
ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥
ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ ॥੪॥੩॥}

(ਅੰਗ ੧੧੨੩)

56/7880

ਗਉੜੀ ਮਹਲਾ ੧ ॥

{ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥ ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥ ਦੇਹੀ ਮਾਟੀ ਬੋਲੈ ਪਉਨੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਨੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥ ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ॥

ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ ੧੫੨)

ਮਾਝ ਮਹਲਾ ੩ ॥

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥
ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥
ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥ ਬਿਨੁ ਸਬਦੈ ਅੰਤਰਿ ਆਨੇਰਾ ॥
ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥
ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ ੧੨੪)

ਉਪਰ ਅਨੇਕਾਂ ਹੀ ਸ਼ਬਦਾਂ ਦੇ ਪ੍ਰਮਾਣ ਦੁਆਰਾ ਜਿਨ੍ਹਾਂ ਸ਼ਬਦਾਂ ਵਿੱਚੋਂ ਕਾਫੀ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝ ਹੀ ਚੁੱਕੇ ਹਾਂ, ਹਰ ਸ਼ਬਦ ਰਾਹੀਂ ਮਨੁੱਖੀ ਮਨ ਬਾਰੇ ਹੀ ਸਮਝਾਇਆ ਹੋਇਆ ਹੈ ਜਿਸ ਰਾਹੀਂ ਮਨੁੱਖ ਨੂੰ ਸਾਰੀ ਸਮਝ ਮਿਲਦੀ ਹੈ। ਝੂਠੀ ਸਮਝ ਵੀ ਮਨ ਦੇ ਵਿੱਚੋਂ ਉਪਜਦੀ ਹੈ ਤੇ ਸੱਚੀ ਸਮਝ ਵੀ ਮਨ ਦੇ ਵਿੱਚੋਂ ਹੀ ਉਪਜਦੀ ਹੈ, ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨੁੱਖ ਦਾ ਭੇਦ ਸੱਚ-ਝੂਠ ਦੇ ਨਾਲ ਹੀ ਜੁੜਿਆ ਹੋਇਆ ਹੈ। ਸ੍ਰਿਸ਼ਟੀ ਦਾ ਕਰਤਾ ਆਪ ਸੱਚ ਰੂਪ ਹੈ ਤੇ ਹਰ ਸ਼ਬਦ ਦੇ ਅੰਦਰ ਉਹ ਸੱਚ ਰੂਪ ਵਿੱਚ ਹੀ ਹੈ ਤੇ ਜਦ ਤੱਕ ਸ੍ਰਿਸ਼ਟੀ ਦਾ ਕਰਤਾ ਆਪਣਾ ਸੱਚ ਰੂਪ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਨਹੀਂ ਕਰਦਾ ਤਦ ਤੱਕ ਕੋਈ ਮਨੁੱਖੀ ਸਮਝ ਮਨ ਦੇ ਇਸ ਝੂਠ ਵਿੱਚੋਂ ਨਹੀਂ ਨਿਕਲ ਸਕਦਾ ਕਿ ਅੱਲ੍ਹਾ ਦਾ, ਪ੍ਰਮਾਤਮਾ ਦਾ, ਗਾਡ ਦਾ, ਅਕਾਲ ਪੁਰਖ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਰੂਪ ਕੀ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਸੱਚ ਰੂਪ ਕੀ ਹੈ ਜੋ ਉਸਦਾ ਸੱਚ ਰੂਪ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ, ਉਸਦੇ ਨਾਮ ਦੇ ਰੂਪ ਵਿੱਚ ਹੈ। ਉਸਦਾ ਨਾਮ ਰੂਪ ਹੀ ਉਸਦਾ ਸੱਚ ਰੂਪ ਹੈ ਤੇ ਜਦ ਤੱਕ ਉਹ ਆਪਣਾ ਸੱਚ ਰੂਪ ਖਸਮ ਕਿਸੇ ਦੇ ਅੰਦਰ ਆਪਣਾ ਸੱਚ ਰੂਪ ਪ੍ਰਗਟ ਨਹੀਂ ਕਰਦਾ ਤਦ ਤੱਕ ਕੋਈ ਧਰਮ ਗ੍ਰੰਥਾਂ ਦੇ ਅੰਦਰ ਦੇ ਪੂਰਨ ਸੱਚ ਨੂੰ ਸਮਝ ਸਕੇ ਇਸ ਗੱਲ ਨੂੰ **"ਸਚੁ"** ਦੇ ਮਾਲਕ ਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਆਪਣਾ ਸੱਚ ਸਮਝਣ ਤੋਂ ਭਾਵ ਜਾਨਣ ਤੋਂ ਮਨੁੱਖੀ ਸਮਝ ਨੂੰ ਅਸਮਰਥ ਰੱਖਿਆ ਹੋਇਆ ਹੈ। ਸੱਚੇ ਧਰਮ ਗ੍ਰੰਥਾਂ ਦੇ ਸ਼ਬਦਾਂ ਦੇ ਅਰਥ ਕਰਨ ਵਾਲੇ ਤਾਂ ਬਹੁਤ ਹਨ ਜੋ ਕਿ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਅਰਥ ਕਰਦੇ ਹਨ ਤੇ ਆਪਣੇ ਆਪ ਨੂੰ ਇਸੇ ਗੱਲ ਲਈ ਧਾਰਮਿਕ ਵਿਦਵਾਨ ਵੀ ਅਖਵਾਉਂਦੇ ਹਨ। ਆਪਣੇ ਆਪ ਨੂੰ ਕੋਈ

ਧਾਰਮਿਕ ਵਿਦਵਾਨ ਤਦ ਤੱਕ ਹੀ ਅਖਵਾ ਸਕਦਾ ਹੈ ਜਦ ਤੱਕ ਧਰਮ ਗ੍ਰੰਥਾਂ ਦੇ ਅੰਦਰ ਦਾ ਸੱਚ ਸਾਹਮਣੇ ਨਹੀਂ ਆ ਜਾਂਦਾ ਭਾਵ ਧਰਮ ਗ੍ਰੰਥਾਂ ਦੇ ਅੰਦਰ ਦੇ ਚੌਥੇ ਪਦ ਦੇ ਗਿਆਨ ਵਾਲੀ ਵਿਚਾਰ ਸਾਹਮਣੇ ਨਹੀਂ ਆ ਜਾਂਦੀ। ਗੁਰਬਾਣੀ ਧਾਰਮਿਕ ਗ੍ਰੰਥ ਦੇ ਸ਼ਬਦਾਂ ਦੀ ਵਿਚਾਰ ਸਮਝਾਉਣ ਵਾਲੇ ਬਹੁਤ ਹਨ, ਧਾਰਮਿਕ ਗਿਆਨੀ ਤੇ ਉੱਚੀ ਸੂਝ-ਬੂਝ ਅਖਵਾਉਣ ਵਾਲੇ ਭਾਵ ਸ਼ਬਦਾਂ ਦੀ ਉੱਚੀ ਵਿਚਾਰ ਰੱਖਣ ਵਾਲੇ ਤੇ ਦੂਸਰਿਆਂ ਨੂੰ ਸਮਝਾਉਣ ਵਾਲੇ ਬਹੁਤ ਹਨ ਜਿਸਦਾ ਕਿ ਉਨ੍ਹਾਂ ਨੂੰ ਸੰਸਾਰ ਵਿੱਚੋਂ ਉੱਚਾ ਮਾਣ ਤੇ ਰੁਤਬਾ ਵੀ ਮਿਲਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਮਨੁੱਖ ਦਾ ਆਪਣਾ

ਮਾਣ ਭਾਵ ਆਪਣੀ ਉੱਚੀ ਸਮਝ ਦਾ ਮਾਣ ਤਦ ਤੱਕ ਹੀ ਹੁੰਦਾ ਹੈ ਜਦ ਤੱਕ ਕੋਈ ਆਪਣੇ ਅੰਦਰੋਂ ਸੱਚੇ ਮਾਣ ਦੇ ਮਾਲਕ ਨੂੰ ਭਾਵ ਮਨ ਦੀ ਸਮਝ ਦੇ ਮਾਲਕ ਨੂੰ ਜਾਣ ਨਹੀਂ ਲੈਂਦਾ ਜਿਵੇਂ ਕਿ ਉਸਦੇ ਸੱਚੇ ਭਗਤਾਂ ਨੇ ਤੇ ਗੁਰੂ ਸਾਹਿਬਾਨ ਨੇ ਉਸਨੂੰ ਆਪਣੇ ਮਨ ਦੇ ਅੰਦਰੋਂ ਜਾਣਿਆ ਹੈ। ਆਉ ਇਹੀ ਗੱਲ ਉਸਦੇ ਸੱਚੇ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਅੱਲ੍ਹਾ, ਪ੍ਰਮਾਤਮਾ ਦੇ ਹੇਠ ਦਿੱਤੇ ਸ਼ਬਦ ਦੁਆਰਾ ਸਮਝੀਏ।

“ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥
ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ ॥੧॥
ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥੪॥੨॥”

(ਅੰਗ ੧੨੫੨)

ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੇ ਸੱਚੇ ਭਗਤਾਂ ਦਾ ਜਿਨ੍ਹਾਂ ਦੁਆਰਾ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਹੋਈ ਹੈ ਇਸ ਗੱਲ ਨੂੰ ਭਗਤ ਕਬੀਰ ਜੀ ਨੇ ਉਪਰ ਵਾਲੇ ਸ਼ਬਦ ਦੀਆਂ ਪਹਿਲੀਆਂ **“ਰਹਾਉ”** ਵਾਲੀਆਂ ਪੰਗਤੀਆਂ ਦੁਆਰਾ ਹੀ ਸਪਸ਼ਟ ਕੀਤਾ ਹੋਇਆ ਹੈ ਕਿ ਸੱਚਾ ਮਾਣ ਕਿਸਦਾ ਹੈ ਤੇ ਕਿਸ ਵਜ੍ਹਾ ਕਰਕੇ ਹੈ। ਆਉ ਧਿਆਨ ਨਾਲ ਸਮਝੀਏ।

“ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥”

ਉਪਰ ਪਹਿਲੀ ਪੰਗਤੀ ਰਾਹੀਂ ਉਸਦੇ ਸੱਚੇ ਭਗਤ ਭਾਵ ਜਿਨ੍ਹਾਂ ਨੂੰ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਉਸਦੇ ਦਰ ਤੋਂ ਸੱਚਾ ਮਾਣ ਮਿਲਿਆ ਹੈ ਉਨ੍ਹਾਂ ਨੇ ਉਸਦੇ ਦਰ ਨੂੰ **“ਰਾਜਾਸ੍ਮ”** ਕਿਹਾ ਹੈ ਭਾਵ ਰਾਜੇ ਦਾ ਆਸ਼ਰਮ ਕਿਹਾ ਹੈ, ਸੰਸਾਰ ਦੇ ਰਾਜੇ ਦਾ ਟਿਕਾਣਾ ਕਿਹਾ ਹੈ ਜਿਸ ਉਸਦੇ ਆਸ਼ਰਮ ਨੂੰ ਉਨ੍ਹਾਂ ਨੇ ਆਪਣੇ ਮਨ ਦੇ ਵਿੱਚੋਂ ਹੀ ਜਾਣਿਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸਾਰੇ ਸੰਸਾਰ ਦਾ ਰਾਜਾ ਭਾਵ ਸਾਰੀ ਸ੍ਰਿਸ਼ਟੀ ਤੇ ਰਾਜ ਕਰਨ ਵਾਲਾ, ਸਾਰੀ ਸ੍ਰਿਸ਼ਟੀ ਦਾ ਇੱਕੋ ਇੱਕ ਮਾਲਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਆਪਣੇ ਉੱਚੇ ਗਿਆਨ ਦੁਆਰਾ, ਆਪਣੀ ਉੱਚੀ ਸਾਇੰਸ ਦੁਆਰਾ ਬਣਾਕੇ ਆਪ ਹੀ ਚਲਾ ਰਿਹਾ ਹੈ ਜਿਸ ਸੰਸਾਰ ਦੇ ਰਾਜੇ ਦਾ ਟਿਕਾਣਾ ਮਨੁੱਖ ਦੇ ਅੰਦਰ ਮਨੁੱਖੀ ਸਮਝ ਹੈ, ਮਨੁੱਖੀ ਮਨ ਹੈ ਭਾਵ ਉਸਦੀ ਜੋਤਿ ਰੂਪ ਸਮਝ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਜਦ ਦੀ ਸ੍ਰਿਸ਼ਟੀ ਬਣੀ ਹੈ ਜਿਸਨੇ ਵੀ ਸ੍ਰਿਸ਼ਟੀ ਦੇ ਕਰਤੇ ਨੂੰ ਜਾਣਿਆ ਹੈ ਉਸੇ ਨੇ ਹੀ ਉਸਦੇ ਨਾਮ ਰੂਪ, ਬ੍ਰਹਮ ਗਿਆਨ ਰੂਪ, ਨਿਰੰਕਾਰ ਰੂਪ ਨੂੰ ਸਮਝਿਆ ਹੈ ਜੋ ਕਿ ਮਨ ਦੇ ਵਿੱਚ ਉਸਦਾ ਸਹਜ ਗਿਆਨ ਰੂਪ ਹੈ ਭਾਵ ਚੌਥੇ ਪਦ ਦੇ ਗਿਆਨ ਵਾਲਾ ਉੱਚਾ ਰੂਪ ਹੈ ਜੋ ਆਪਣਾ ਉੱਚਾ ਰੂਪ ਉਹ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਕਿਸੇ ਨੂੰ ਆਪ ਹੀ ਦਿਖਾਉਂਦਾ ਹੈ ਤੇ ਉਹ ਮਨੁੱਖ ਹੀ ਫਿਰ ਉਸਦੇ ਵੱਡੇਪਨ ਨੂੰ ਸਮਝ ਸਕਦਾ ਹੈ ਕਿ ਉਹ ਕਿਤਨੀ ਕੁ ਵਡਿਆਈ ਦਾ ਮਾਲਕ ਹੈ, ਕਿਤਨੇ ਕੁ ਉੱਚੇ ਮਾਣ ਦਾ ਮਾਲਕ ਹੈ। ਉਸਦੀ ਇਹ ਵਡਿਆਈ, ਉਸਦੇ ਦਰ ਤੇ ਪਹੁੰਚਕੇ ਹੀ ਸਮਝ ਪੈਂਦੀ ਹੈ। ਜਿਸਨੂੰ ਪਹਿਲੇ ਗਾਡ ਦੇ, ਪ੍ਰਮਾਤਮਾ ਦੇ, ਅੱਲ੍ਹਾ ਦੇ, ਅਕਾਲ ਪੁਰਖ ਦੇ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਮਨ ਰੂਪ ਦਰ ਤੇ ਪਹੁੰਚਕੇ ਉਸਦੇ

ਉੱਚੇ ਤੇ ਸੱਚੇ ਮਾਣ ਦੀ ਸਮਝ ਪੈਂਦੀ ਹੈ ਉਸੇ ਮਨੁੱਖ ਨੂੰ ਹੀ ਫਿਰ ਉਹ ਆਪਣਾ ਸੱਚਾ ਮਾਣ ਬਖਸ਼ਦਾ ਹੈ ਕਿਉਂਕਿ ਪਹਿਲੇ ਉਹ ਉਸਦੀ

ਸੱਚੀ ਗੁਰਮਤਿ ਨੂੰ ਸਮਝਕੇ ਤੇ ਉਸਤੇ ਚੱਲ ਕੇ ਭਾਵ ਉਸਦਾ ਸੱਚਾ ਨਾਮ ਜਪਕੇ ਨਾਮ ਦੇ ਮਾਲਕ ਦਾ ਸੱਚਾ ਮਾਣ ਕਰਦੇ ਹਨ ਤੇ ਉਸਨੂੰ ਉਸਦਾ ਇਹੋ ਜਿਹਾ ਮਾਣ ਕਰਨਾ ਹੀ ਚੰਗਾ ਲੱਗਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਸਦੇ ਦਰ ਤੋਂ ਮਾਣ ਮਿਲੇ ਬਿਨ੍ਹਾਂ ਸੰਸਾਰਿਕ ਮਾਣ ਲੈਣਾ ਮਨੁੱਖ ਦਾ ਵੱਡਾ ਭਰਮ ਹੈ ਜੋ ਕਿ ਕੇਵਲ ਇੱਕ ਝੂਠਾ ਦੁਨਿਆਵੀ ਮਾਣ ਹੈ। ਇਹੋ ਜਿਹਾ ਝੂਠਾ ਮਾਣ ਲੈਣ ਵਾਲਿਆਂ ਨੂੰ ਬਾਣੀ ਦੇ ਸ਼ਬਦਾਂ ਰਾਹੀਂ ਅਨੇਕਾਂ ਵਾਰੀ ਨਿੰਦਿਆ ਗਿਆ ਹੈ ਤੇ ਇਹੋ ਜਿਹਿਆ ਨੂੰ ਝੂਠਾ ਮਾਣ ਦੇਣ ਵਾਲਿਆਂ ਨੂੰ ਵੀ ਨਿੰਦਿਆ ਗਿਆ ਹੈ ਭਾਵ ਨਿੰਦਣ ਦੁਆਰਾ ਸਮਝਾਇਆ ਗਿਆ ਹੈ ਕਿ ਝੂਠਾ ਧਾਰਮਿਕ ਮਾਣ ਲੈਣਾ ਤੇ ਦੇਣਾ ਦੋਨੋਂ ਗੱਲਾਂ ਗਲਤ ਹਨ ਜਿਵੇਂ ਕਿ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ ਫਿਰ ਉਪਰ ਵਾਲੇ ਸ਼ਬਦ ਰਾਹੀਂ ਵੀ ਭਗਤ ਕਬੀਰ ਜੀ ਸੰਸਾਰ ਨੂੰ ਇਹੀ ਗੱਲ ਸਮਝਾ ਰਹੇ ਹਨ ਕਿ ਝੂਠਾ ਮਾਣ ਸਦਾ ਰਹਿਣ ਵਾਲਾ ਨਹੀਂ ਹੁੰਦਾ ਭਾਵ ਜਦੋਂ ਧਰਮ ਦੇ ਮਾਰਗ ਦਾ ਸੱਚ ਸਾਹਮਣੇ ਆ ਜਾਂਦਾ ਹੈ ਫਿਰ ਸੱਚੇ ਮਾਣ ਦੇ ਅੱਗੇ ਝੂਠਾ ਮਾਣ ਨਹੀਂ ਟਿਕਦਾ। ਇਹ ਸੱਚੇ ਗੁਰੂ ਦਾ ਆਪਣਾ ਫੁਰਮਾਨ ਹੈ ਜੋ ਉਸਦਾ ਸੱਚਾ ਫੁਰਮਾਨ ਗੁਰਬਾਣੀ ਦੇ ਸੱਚੇ ਸ਼ਬਦਾਂ ਰਾਹੀਂ ਸਦਾ ਹੀ ਰਹਿਣ ਵਾਲਾ ਹੈ।

ਆਉ ਹੁਣ ਉਪਰ ਵਾਲੇ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਭਗਤ ਕਬੀਰ ਜੀ ਨੂੰ ਕਿਸ ਤਰੀਕੇ **"ਸਚੁ"** ਦੀ ਭਾਵ ਧਰਮ ਦੇ ਮਾਰਗ ਦੇ ਸੱਚੇ ਗਿਆਨ ਦੀ ਪ੍ਰਾਪਤੀ ਹੋਈ ਹੈ ਜਿਸ ਤਰੀਕੇ ਉਨ੍ਹਾਂ ਨੂੰ ਪ੍ਰਮਾਤਮਾ ਨੇ ਸੱਚਾ ਮਾਣ ਬਖਸ਼ਿਆ ਹੈ, ਸੰਸਾਰੀਆਂ ਨੇ ਉਨ੍ਹਾਂ ਨੂੰ ਸੱਚਾ ਮਾਣ ਬਖਸ਼ਿਆ ਹੈ ਜਿਸ ਤਰੀਕੇ ਸਾਰੇ ਭਗਤਾਂ ਤੇ ਗੁਰੂ ਸਾਹਿਬਾਨ ਨੂੰ ਬਖਸ਼ਿਆ ਹੈ।

"ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥"

ਉਪਰ ਪੰਗਤੀ ਵਿੱਚ **"ਰਾਜਾਸ੍ਮ"** ਕੀ ਹੈ ਇਸ ਗੱਲ ਨੂੰ ਅਸੀਂ ਉਪਰ ਸਮਝਿਆ ਹੀ ਹੈ ਭਾਵ ਇਹ ਮਨੁੱਖ ਦੀ ਸਮਝ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਘਰ ਹੈ ਜੋ ਘਰ ਉਸਦਾ ਹਰ ਮਨੁੱਖੀ ਸਮਝ ਦੇ ਅੰਦਰ ਹੀ ਹੈ ਜਿਸ ਉਸਦੇ ਘਰ ਨੂੰ ਕੋਈ ਆਪਣੇ ਆਪ ਜਾਣ ਲਵੇ ਇਸ ਗੱਲ ਨੂੰ ਘਰ ਦੇ ਮਾਲਕ ਨੇ ਆਪ ਹੀ ਸੰਸਾਰ ਦੇ ਹਰ ਮਨੁੱਖ ਨੂੰ ਮਨ ਦੀ ਮਾਇਆ ਦੀ ਜੁਗਤਿ ਵਿੱਚ ਰੱਖਕੇ, ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖ ਕੇ, ਹਉਮੈ ਵਿੱਚ ਰੱਖ ਕੇ, ਪੁੱਠੇ ਕਮਲ ਵਾਲੀ ਸਮਝ ਵਿੱਚ ਰੱਖ ਕੇ ਭਾਵ ਮਨ ਦੀ ਘੋਰ ਦੁਬਿੱਧਾ ਵਿੱਚ ਰੱਖ ਕੇ, ਭਰਮਾਂ ਵਾਲੀ ਸਮਝ ਵਿੱਚ ਪਾ ਕੇ, ਮਨ ਦੀ ਸਭ ਤੋਂ ਵੱਡੀ ਅਗਿਆਨਤਾ ਵਿੱਚ ਪਾ ਕੇ ਆਪਣੇ ਆਪ ਨੂੰ ਜਾਨਣ ਤੋਂ ਅਸਮਰਥ ਕੀਤਾ ਹੋਇਆ ਹੈ। ਆਪਣੇ ਆਪ ਨੂੰ ਮਨ ਦੀ ਸਮਝ ਦੇ ਵਿੱਚੋਂ ਜਾਨਣ ਦੀ ਸਮਰਥਾ ਕਿਸੇ ਨੂੰ ਉਹ ਆਪਣਾ ਸੱਚਾ ਭਗਤ ਰੂਪ ਬਨਾਉਣ ਦੁਆਰਾ, ਸੱਚਾ ਸਾਧ ਰੂਪ ਬਨਾਉਣ ਦੁਆਰਾ, ਸੱਚਾ ਸੰਤ ਰੂਪ ਬਨਾਉਣ ਦੁਆਰਾ, ਸੱਚਾ ਬਾਬਾ ਰੂਪ ਬਨਾਉਣ ਦੁਆਰਾ, ਸੱਚਾ ਜਨ ਰੂਪ ਬਨਾਉਣ ਦੁਆਰਾ, ਸੱਚਾ ਸੇਵਕ ਰੂਪ ਬਨਾਉਣ ਦੁਆਰਾ, ਸੱਚਾ ਗੁਰੂ ਰੂਪ ਬਨਾਉਣ

ਦੁਆਰਾ ਆਪ ਹੀ ਬਖਸ਼ਦਾ ਹੈ। ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਕਿਤਨੇ ਕੁ ਉੱਚੇ ਗਿਆਨ ਦਾ ਮਾਲਕ ਹੈ ਉਸਨੂੰ ਕੋਈ ਆਪਣੇ ਆਪ ਸਮਝ ਲਵੇ ਭਾਵ ਇਹ ਮਨੁੱਖੀ ਸਮਝ ਲਈ ਨਾਮੁਮਕਿਨ ਹੈ, ਉਸਦੇ ਗਿਆਨ ਦੇ ਅੰਤ ਤੱਕ ਕੋਈ ਪਹੁੰਚ ਸਕੇ ਭਾਵ ਉਸਦਾ ਅੰਦਾਜਾ ਤੱਕ ਵੀ ਕੋਈ ਲਗਾ ਸਕੇ, ਜਾਣ ਸਕੇ ਇਹ ਅੱਜ ਤੱਕ ਨਾ ਕੋਈ ਜਾਣ ਸਕਿਆ ਹੈ ਤੇ ਨਾ ਹੀ ਕੋਈ ਜਾਣ ਸਕੇਗਾ।
(ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥)

ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੇ ਰਾਜੇ ਨੂੰ ਉਸਦੇ ਮਨ ਰੂਪ **"ਰਾਜਾਸ੍ਮ"** ਵਿੱਚੋਂ ਕਿਸ ਰੂਪ ਵਿੱਚ ਤੇ ਕਿੱਥੋਂ ਤੱਕ ਜਾਣਿਆ ਜਾ ਸਕਦਾ ਹੈ ਜਿਸ ਦੁਆਰਾ ਉਸਦੀ ਸੱਚੀ ਵਡਿਆਈ ਦੀ ਸਮਝ ਪੈਂਦੀ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ, ਖਾਸ ਕਰਕੇ ਉਨ੍ਹਾਂ ਅੱਗੇ ਇਸ ਨਿਮਾਣੇ ਜਿਹੇ ਦਾਸ ਦੀ ਦਿਲੋਂ ਬੇਨਤੀ ਹੈ ਜੋ ਆਪਣੇ ਆਪ ਨੂੰ ਸੰਤ, ਬਾਬੇ ਆਦਿ ਸਮਝਦੇ ਹਨ ਭਾਵ ਧਰਮ ਦੇ ਮਾਰਗ ਦੇ ਉੱਚੇ ਵਿਚਵਾਨ ਸਮਝਦੇ ਹਨ ਤੇ ਉਨ੍ਹਾਂ ਅੱਗੇ ਵੀ ਇਸ ਦਾਸ ਦੀ ਤਹਿ ਦਿਲੋਂ ਬੇਨਤੀ ਹੈ ਤੇ ਉਹ ਵੀ ਕ੍ਰਿਪਾ ਕਰਕੇ ਧਿਆਨ ਨਾਲ ਸਮਝਣ ਕਿ ਸੱਚੀ ਵਡਿਆਈ ਕਿਸਦੀ ਹੈ ਤੇ ਕਿਸ ਵਜ੍ਹਾ ਕਰਕੇ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਇੱਕੋ ਇੱਕ ਗੁਰੂ ਰੂਪ ਦੇ ਅੱਗੇ ਭਾਵ ਧਰਮ ਦੇ ਮਾਰਗ ਦਾ ਸੱਚਾ ਗਿਆਨ ਰੱਖਣ ਵਾਲੇ ਦੇ ਅੱਗੇ ਸੱਚੀ ਵਡਿਆਈ ਕਰਨੀ ਕੀ ਹੈ ਜੋ ਉਸਦੀ ਸੱਚੀ ਵਡਿਆਈ ਕਰਨਾ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹੀ ਹੀ ਹੈ।

"ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥"

ਉਪਰ ਵਾਲੀ ਪੰਗਤੀ ਰਾਹੀਂ ਭਗਤ ਕਬੀਰ ਜੀ ਆਪਣੇ ਆਪ ਨੂੰ ਅਕਾਲ ਪੁਰਖ ਦੇ ਸੰਤਾਂ ਦੀ **"ਚੇਰੀ"** ਕਹਿ ਰਹੇ ਹਨ, ਚੇਲੀ ਭਾਵ ਦਾਸੀ ਕਹਿ ਰਹੇ ਹਨ। ਸਮਝਣ ਦੀ ਗੱਲ ਇਹ ਹੈ ਕਿ ਭਗਤ ਕਬੀਰ ਜੀ ਆਪਣੇ ਜੀਵਨ ਵਿੱਚ ਆਪਣੇ ਗੁਰੂ ਸ੍ਰਿਸ਼ਟੀ ਦੇ ਕਰਤੇ

ਦੇ ਦਾਸ ਬਣਕੇ ਰਹੇ ਹਨ ਕਿਉਂਕਿ ਉਹ ਪੁਰਸ਼ ਰੂਪ ਸਨ ਪਰ ਫਿਰ ਵੀ ਉਨ੍ਹਾਂ ਨੇ **"ਚੇਰੀ"** ਸ਼ਬਦ ਦੀ ਵਰਤੋਂ ਕਿਸ ਲਈ ਕੀਤੀ ਹੈ, ਇਸ ਗੱਲ ਨੂੰ ਸਮਝਣ ਦੀ ਲੋੜ ਹੈ। **"ਹਉ ਚੇਰੀ"** ਕਿਹਾ ਹੈ, ਹਉ ਤੋਂ ਭਾਵ ਮਨੁੱਖ ਦੇ ਅੰਦਰ ਦੀ ਹਉਮੈ ਵਾਲੀ ਸਮਝ ਜੋ ਨਾਸਮਝ ਮਤਿ ਮਨੁੱਖ ਨੂੰ ਮੈਂ ਵਿੱਚ ਪਾ ਕੇ ਰੱਖਦੀ ਹੈ ਭਾਵ ਭਰਮਾਂ ਵਿੱਚ ਪਾ ਕੇ ਰੱਖਦੀ ਹੈ ਕਿ ਇਹ ਸਰੀਰ ਮੇਰਾ ਹੈ, ਮਨ ਦੇ ਅੰਦਰ ਦੀ ਸਮਝ ਮੇਰੀ ਹੈ। ਸਾਰੀ ਗੱਲ ਧਰਮ ਦਾ ਸੱਚਾ ਮਾਰਗ ਸਿੱਖਣ ਲਈ ਆਪਣੇ ਅੰਦਰ ਦੀ ਸਮਝ ਨੂੰ ਬਦਲਣ ਦੀ ਹੈ ਤੇ ਸਾਡੇ ਅੰਦਰ ਦੀ ਸਮਝ ਤਾਂ ਹੀ ਬਦਲ ਸਕੇਗੀ ਭਾਵ ਸਾਡੀ **"ਹਉ"** ਤਾਂ ਹੀ ਨਿਕਲ ਸਕੇਗੀ ਜੇਕਰ ਸਾਡੇ ਅੰਦਰ ਦੀ **"ਹਉ"** ਵਾਲੀ ਸਮਝ ਅਕਾਲ ਪੁਰਖ ਦੇ ਸੰਤਾਂ ਦੀ ਚੇਲੀ ਬਣੇਗੀ ਭਾਵ ਉਸਦੇ ਸੰਤਾਂ ਦੀ ਸੱਚੀ ਸਮਝ ਨੂੰ ਮੰਨੇਗੀ। ਸ੍ਰਿਸ਼ਟੀ ਦਾ ਕਰਤਾ ਜੋ ਕਿ ਆਪ ਹੀ ਗੁਰੂ ਹੈ ਉਹ ਆਪਣੇ ਗੁਰੂ ਰੂਪ ਵਿੱਚ ਹੀ ਸੰਤ ਹੈ। ਉਸਦਾ ਸੰਤ ਰੂਪ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਿਸ ਰੂਪ ਵਿੱਚ ਸ੍ਰਿਸ਼ਟੀ ਦਾ ਕਰਤਾ ਗੁਰੂ ਹੈ ਉਸੇ ਰੂਪ ਵਿੱਚ ਹੀ ਉਹ ਸੰਤ ਹੈ। ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਜੋ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਹੈ ਉਹ ਅੱਲ੍ਹਾ ਦਾ, ਪ੍ਰਮਾਤਮਾ ਦਾ, ਗਾਡ ਦਾ

ਅਕਾਲ ਪੁਰਖ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਗੁਰੂ ਰੂਪ ਹੈ, ਸਾਧ ਰੂਪ ਹੈ, ਸੰਤ ਰੂਪ ਹੈ। ਉਪਰ ਪੰਗਤੀ ਵਿੱਚ ਭਗਤ ਕਬੀਰ ਜੀ ਜਿਹੜੇ **"ਤੇਰੇ ਸੰਤਨ"** ਦੀ ਗੱਲ ਕਰ ਰਹੇ ਹਨ ਉਹ ਉਨ੍ਹਾਂ ਸਾਰੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦੀ ਗੱਲ ਕਰ ਰਹੇ ਹਨ ਜੋ ਸੱਚੇ ਵਿਚਾਰ ਉਨ੍ਹਾਂ ਨੂੰ ਸ਼ਬਦਾਂ ਰਾਹੀਂ ਸ੍ਰਿਸ਼ਟੀ ਦੇ ਕਰਤੇ ਦੇ ਕੋਲੋਂ ਉਨ੍ਹਾਂ ਦੀ ਸਮਝ ਦੇ ਅੰਦਰ ਮਿਲੇ ਹਨ, ਧਰਮ ਦਾ ਸੱਚਾ ਮਾਰਗ ਸਮਝਣ ਲਈ ਮਿਲੇ ਹਨ ਜਿਨ੍ਹਾਂ ਸੰਤ ਰੂਪ ਸੱਚੇ ਵਿਚਾਰਾਂ ਨੂੰ ਉਨ੍ਹਾਂ ਦੀ ਸਮਝ ਨੇ ਸੱਚੇ ਵਿਚਾਰਾਂ ਦੀ **"ਚੇਰੀ"** ਬਣਕੇ ਮੰਨਿਆ ਹੈ ਭਾਵ ਧਰਮ ਦੇ ਸੱਚੇ ਮਾਰਗ ਤੇ ਅਮਲ ਕੀਤਾ ਹੈ। **(ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥)**

{ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥}

(ਅੰਗ ੯੪੩)

ਮਾਝ ਮਹਲਾ ੩ ॥

{ਸੇ ਸਚਿ ਲਾਗੇ ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ ਸਹਜ ਸੁਭਾਏ ॥
ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥
ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥੧॥ ਰਹਾਉ ॥ ਜਹ ਦੇਖਾ ਸਚੁ ਸਭਨੀ ਥਾਈ ॥
ਗੁਰ ਪਰਸਾਦੀ ਮੰਨਿ ਵਸਾਈ ॥ ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥੨॥
ਮਨਸਾ ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥
ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥ ਗੁਰ ਕੈ ਸਬਦਿ ਰਿਦੈ ਦਿਖਾਇਆ ॥
ਮਾਇਆ ਮੋਹੁ ਸਬਦਿ ਜਲਾਇਆ ॥ ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥
ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥ ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥
ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥੫॥
ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥
ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥
ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥

ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ ੧੧੯-੧੨੦)

ਸ੍ਰਿਸ਼ਟੀ ਦਾ ਕਰਤਾ ਭਾਵ ਸਾਡੇ ਸਰੀਰ ਦਾ ਮਾਲਕ ਤਾਂ ਸਾਡੇ ਸਭ ਦੇ ਅੰਦਰ ਹੀ ਹੈ ਜੋ ਗੱਲ ਬਾਣੀ ਦੇ ਸ਼ਬਦਾਂ ਰਾਹੀਂ ਸਭ ਤੋਂ ਵੱਧ ਭਾਵ ਸ਼ਬਦਾਂ ਰਾਹੀਂ ਬਾਰ-ਬਾਰ ਸਮਝਾਈ ਹੋਈ ਹੈ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਲੈ ਕੇ ਇਸ ਗੱਲ ਨੂੰ ਹਰ ਸ਼ਬਦ ਰਾਹੀਂ ਸਮਝਦੇ ਆ ਰਹੇ ਹਾਂ। ਬਾਣੀ ਦੇ ਸ਼ਬਦਾਂ ਦੇ ਰਾਹੀਂ ਬਾਰ-ਬਾਰ ਇਸ ਗੱਲ ਨੂੰ ਸਮਝਾਇਆ ਗਿਆ ਹੈ ਕਿ ਆਪਣੀ ਮਤਿ ਨੂੰ ਛੱਡੇ ਬਿਨ੍ਹਾਂ ਤੇ ਗੁਰੂ ਦੀ ਸੱਚੀ ਮਤਿ ਨੂੰ ਮੰਨੇ ਬਿਨ੍ਹਾਂ ਭਾਵ ਗੁਰੂ ਦੀ ਮਤਿ ਤੇ ਅਮਲ ਕੀਤੇ ਬਿਨ੍ਹਾਂ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਨਹੀਂ ਕਰ ਸਕਦਾ ਪਰ ਫਿਰ ਵੀ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਸੰਸਾਰ ਵਿੱਚ ਅਨੇਕਾਂ ਹੀ ਮਨੁੱਖ ਜੋ ਆਪਣੇ ਆਪ ਨੂੰ ਆਪਣੀ-ਆਪਣੀ ਸਮਝ ਅਨੁਸਾਰ ਧਰਮ ਦੇ ਮਾਰਗ ਦੇ ਸਿਆਣੇ ਸਮਝਦੇ ਹਨ, ਉੱਚੀ ਸਮਝ ਵਾਲੇ ਸਮਝਦੇ ਹਨ ਤੇ ਜਿਨ੍ਹਾਂ ਵਿੱਚੋਂ ਅਨੇਕਾਂ ਸੰਸਾਰ ਵਿੱਚੋਂ ਇਹੋ ਜਿਹੇ ਵੀ ਹੋ ਕੇ ਗਏ ਹਨ ਜਿਨ੍ਹਾਂ ਨੇ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਸ੍ਰਿਸ਼ਟੀ ਦੇ ਮਾਲਕ ਨੂੰ ਜਾਨਣ ਵਾਲੇ ਅਖਵਾਇਆ ਹੈ ਤੇ ਸੰਸਾਰ ਵਿੱਚ ਅੱਜ ਵੀ ਇਹੋ ਜਿਹੇ ਆਪਣੇ ਆਪ ਨੂੰ ਉੱਚਾ ਥਾਪ ਕੇ ਬੈਠੇ ਹਨ ਕਿ ਉਹ ਗਾਡ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਅਕਾਲ ਪੁਰਖ ਨੂੰ ਭਾਵ ਸ੍ਰਿਸ਼ਟੀ ਦੇ ਮਾਲਕ ਨੂੰ ਜਾਣਦੇ ਹਨ ਜਾਂ ਉਸਦੇ ਬਹੁਤ ਨੇੜੇ ਹਨ ਤੇ ਦੂਸਰਿਆਂ ਨੂੰ ਵੀ ਉਸਦੇ ਨੇੜੇ ਲਗਾ ਸਕਦੇ ਹਨ, ਉਸਨੂੰ ਕਹਿ ਕੇ ਭਾਵ ਉਸਨੂੰ ਸਿਫਾਰਿਸ਼ ਕਰਕੇ ਦੂਸਰਿਆਂ ਦੇ ਕੰਮ ਸਵਾਰ ਸਕਦੇ ਹਨ ਜਿਵੇਂ ਕਿ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਸੰਸਾਰ ਵਿੱਚ ਸਭ ਪਾਸੇ ਹੀ ਇਹੋ ਜਿਹੇ ਮਿਲ ਜਾਂਦੇ ਹਨ। ਇਹੋ ਜਿਹਿਆਂ ਦੀ ਮਤਿ ਵਿੱਚ ਤੇ ਗੁਰੂ ਦੀ ਮਤਿ ਵਿੱਚ ਕਿਤਨਾ ਕੁ ਵੱਡਾ ਫਰਕ ਹੈ ਤੇ ਜਦੋਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮਨ ਦੇ ਵਿੱਚ ਸੱਚੇ ਮੇਲ ਦੀ ਸੱਚਾਈ ਪੂਰੇ ਸੰਸਾਰ ਦੇ ਸਾਹਮਣੇ ਆ ਜਾਂਦੀ ਹੈ ਫਿਰ ਇਹੋ ਜਿਹੇ ਆਪਣੇ

ਆਪ ਨੂੰ ਉੱਚੇ ਅਖਵਾਉਣ ਵਾਲਿਆਂ ਦੀ ਕਦਰ ਸੰਸਾਰ ਦੇ ਵਿੱਚ ਕਿਹੋ ਜਿਹੀ ਰਹਿ ਜਾਂਦੀ ਹੈ ਤੇ ਇਹੋ ਜਿਹੇ ਉੱਚੇ ਅਖਵਾਉਣ ਵਾਲਿਆਂ ਦਾ ਮਾਣ ਫਿਰ ਕਿਤਨਾ ਨੀਵਾਂ ਹੋ ਜਾਂਦਾ ਹੈ ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦਿਆਂ ਰਾਹੀਂ ਸਮਝਾਈ ਹੋਈ ਹੈ ਜਿਸ ਭਗਤ ਕਬੀਰ ਜੀ ਦੇ ਮੁੱਖੋਂ ਸ਼ਬਦ ਦੀਆਂ **"ਰਹਾਉ"** ਵਾਲੀਆਂ ਪੰਗਤੀਆਂ ਨੂੰ ਅਸੀਂ ਪਹਿਲੇ ਉਪਰ ਸਮਝਿਆ ਹੀ ਹੈ। ਹੁਣ ਸ਼ਬਦ ਦੇ ਬਾਕੀ ਪਦਿਆਂ ਨੂੰ ਸਮਝਦੇ ਹਾਂ।

"ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ ॥੧॥
ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥੪॥੨॥"

ਹੁਣ ਉਪਰ ਵਾਲੇ ਪਹਿਲੇ ਪਦੇ ਨੂੰ ਸਮਝਦੇ ਹਾਂ ਜਿਸਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ।

"ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ ॥੧॥"

ਉਪਰ ਵਾਲੇ ਪਦੇ ਰਾਹੀਂ, ਪ੍ਰਮਾਤਮਾ ਦੇ ਨਾਲ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਕਿਸ ਤਰੀਕੇ ਕਰਨ ਦਾ ਤਰੀਕਾ ਅਪਨਾਉਂਦੇ ਹਨ ਭਾਵ ਉਸਨੂੰ ਜਾਨਣ ਦਾ ਤਰੀਕਾ ਅਪਨਾਉਂਦੇ ਹਨ ਤੇ ਉਸਨੂੰ ਜਾਨਣ ਦਾ ਅਸਲ ਤਰੀਕਾ ਕੀ ਹੈ ਇਸ ਗੱਲ ਵਿੱਚ ਫਰਕ ਹੀ ਸਮਝਾਇਆ ਹੋਇਆ ਹੈ।

ਅਸੀਂ ਪ੍ਰਮਾਤਮਾ ਦੇ ਦਰ ਤੇ ਆਪਣੀ ਖੁਸ਼ੀ ਨਾਲ ਜਾਣਾ ਚਾਹੁੰਦੇ ਹਾਂ ਭਾਵ ਉਸਨੂੰ ਆਪਣੀ ਮਰਜੀ ਨਾਲ ਜਾਨਣਾ ਚਾਹੁੰਦੇ ਹਾਂ। ਸਾਨੂੰ ਮਾਇਆ ਮੋਹ ਚੰਗਾ ਲੱਗਦਾ ਹੈ, ਮਨ ਦੀਆਂ ਤ੍ਰਿਸ਼ਨਾਵਾਂ ਚੰਗੀਆਂ ਲੱਗਦੀਆਂ ਹਨ ਜਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਹੋਣ ਵਿੱਚ ਸਾਨੂੰ ਖੁਸ਼ੀ ਮਿਲਦੀ ਹੈ ਤੇ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਮਨੁੱਖ ਅਨੇਕਾਂ ਮਾੜੇ ਕਰਮ ਵੀ ਕਰਦਾ ਹੈ ਜੋ ਕਿ ਗੁਰੂ ਦੀ ਮਤਿ ਦੇ ਉਲਟ ਹੈ ਤੇ ਗੁਰੂ ਦੀ ਮਤਿ ਨੂੰ ਅਪਨਾਏ ਬਿਨ੍ਹਾਂ ਭਾਵ ਕੇਵਲ ਸੱਚੇ ਸੁੱਚੇ ਕਰਮ ਕਰਨ ਦਾ ਤਰੀਕਾ ਅਪਨਾਏ ਬਿਨ੍ਹਾਂ ਪ੍ਰਮਾਤਮਾ ਦੇ ਦਰ ਤੇ

ਨਹੀਂ ਜਾਇਆ ਜਾ ਸਕਦਾ ਭਾਵ ਇਹੋ ਜਿਹਿਆਂ ਨੂੰ ਆਪਣੀ ਨਾਮਸਝ ਮਤਿ ਤੋਂ ਰੋ ਕੇ ਹੀ ਮੁੜਨਾ ਪੈਂਦਾ ਹੈ ਭਾਵ ਪ੍ਰਮਾਤਮਾ ਨੂੰ ਨਾ ਜਾਣ ਸਕਣ ਦਾ ਦੁੱਖ ਹੀ ਮਹਿਸੂਸ ਹੁੰਦਾ ਹੈ। **(ਹਸਤੋ ਜਾਇ ਸੁ ਰੋਵਤੁ ਆਵੈ)**

ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਮਾਰਗ ਭਾਵ ਉਸਦੇ ਦਰ ਤੇ ਜਾਣ ਦਾ ਮਾਰਗ ਉਸ ਤੋਂ ਉਲਟ ਮਾਰਗ ਹੈ ਜੋ ਸੰਸਾਰੀ ਅਪਨਾਉਂਦੇ ਹਨ। ਸੱਚੀ ਭਗਤੀ ਦਾ ਮਾਰਗ ਬੜਾ ਔਖਾ ਮਾਰਗ ਹੈ ਜੋ ਕਿ ਮਾਇਆ ਮੋਹ ਤਿਆਗਣ ਦਾ ਹੈ, ਤ੍ਰਿਸ਼ਨਾਵਾਂ ਛੱਡਣ ਦਾ ਹੈ ਇਨ੍ਹਾਂ ਨੂੰ ਛੱਡਣਾ ਸਭ ਲਈ ਬਹੁਤ ਔਖਾ ਹੈ ਜਿਸ ਲਈ ਮਨ ਦੀਆਂ ਖੁਸ਼ੀਆਂ ਨੂੰ ਰੁਆਉਣਾ ਪੈਂਦਾ ਹੈ ਤੇ ਜੋ ਮਨ ਦਾ ਰੋਣਾ ਕਬੂਲ ਕਰ ਲੈਂਦਾ ਹੈ ਭਾਵ ਭਗਤੀ ਦਾ ਔਖਾਪਨ ਕਬੂਲ ਕਰ ਲੈਂਦਾ ਹੈ, ਗੁਰੂ ਦਾ ਨਾਮ ਜਪਣ ਦਾ ਔਖਾਪਨ ਕਬੂਲ ਕਰ ਲੈਂਦਾ ਹੈ ਉਹੀ ਫਿਰ ਉਸਦੇ ਦਰ ਤੇ ਜਾ ਸਕਦਾ ਹੈ ਭਾਵ ਆਪਣੇ ਅੰਦਰੋਂ ਜਾਣ ਸਕਦਾ ਹੈ ਜਿਸਤੋਂ ਵੱਡੀ ਖੁਸ਼ੀ ਦੀ ਪ੍ਰਾਪਤੀ ਸੰਸਾਰ ਵਿੱਚ ਕੋਈ ਹੋਰ ਨਹੀਂ ਹੋ ਸਕਦੀ। **(ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥)**

56/7886

ਹੁਣ ਅਗਲੀ ਪੰਗਤੀ ਨੂੰ ਵੀ ਧਿਆਨ ਨਾਲ ਸਮਝੀਏ।

“ਬਸਤੋ ਹੋਇ ਹੋਇ ਸੁ ਊਜਰੁ ਊਜਰੁ ਹੋਇ ਸੁ ਬਸੈ ॥੧॥”

ਇਹੋ ਜਿਹੇ ਅਨੇਕਾਂ ਹੀ ਹਨ ਕਿ ਅਸੀਂ ਰੱਬ ਦੇ ਘਰ ਵਿੱਚ ਵੱਸੇ ਹੋਏ ਹਾਂ ਭਾਵ ਅਸੀਂ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਜੁੜੇ ਹੋਏ ਹਾਂ ਪਰ ਜਦੋਂ ਉਸਦੇ ਘਰ ਦੀ ਸੱਚਾਈ ਸਾਹਮਣੇ ਆ ਜਾਂਦੀ ਹੈ ਭਾਵ ਗੁਰਬਾਣੀ ਦੇ ਸ਼ਬਦਾਂ ਦਾ ਸੱਚ ਸਾਹਮਣੇ ਆ ਜਾਂਦਾ ਹੈ ਫਿਰ ਇਹੋ ਜਿਹੇ ਜੋ ਆਪਣੇ ਆਪ ਨੂੰ ਉਸਦੇ ਘਰ ਵਿੱਚ ਵੱਸਿਆ ਹੋਇਆ ਸਮਝਦੇ ਹਨ ਇਹੋ ਜਿਹੇ ਫਿਰ ਉਸਦੇ ਘਰ ਵਿੱਚੋਂ ਉੱਜੜ ਜਾਂਦੇ ਹਨ। ਉਸਦੇ ਮਨ ਰੂਪ ਘਰ ਵਿੱਚ ਉਹੀ ਵੱਸਦਾ ਹੈ ਭਾਵ ਉਸਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਘਰ ਵਿੱਚ ਉਸੇ ਮਨੁੱਖ ਦੀ ਸਮਝ ਹੀ ਵੱਸਦੀ ਹੈ, ਸੱਚ ਤੇ ਟਿਕਦੀ ਹੈ, ਸੱਚੇ ਨਾਮ ਤੇ ਟਿਕਦੀ ਹੈ ਭਾਵ ਉਸਨੂੰ ਆਪਣੇ ਅੰਦਰੋਂ ਜਾਣਦੀ ਹੈ ਜੋ ਪਹਿਲੇ ਇਸ ਗੱਲ ਨੂੰ ਮੰਨਦੇ ਹਨ ਕਿ ਸਾਨੂੰ ਉਸਦੇ ਘਰ ਦੀ ਕੋਈ ਸਮਝ ਨਹੀਂ ਹੈ ਭਾਵ ਅਸੀਂ ਉਸਦੇ ਘਰ ਵਿੱਚੋਂ ਉਜੜੇ ਹੋਏ ਹਾਂ ਭਾਵ ਉਸਨੂੰ ਜਾਣ ਸਕਣ ਦੀ ਸਾਡੇ ਕੋਲ ਕੋਈ ਸਮਰਥਾ ਨਹੀਂ ਹੈ ਭਾਵ ਸਾਡੀ ਸਮਝ ਗੁਰੂ ਦੀ ਉੱਚੀ ਸਮਝ ਦੇ ਅੱਗੇ ਬਹੁਤ ਨੀਵੀਂ ਹੈ। **(ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੁ ਊਜਰੁ ਊਜਰੁ ਹੋਇ ਸੁ ਬਸੈ ॥੧॥)**

ਸ੍ਰਿਸ਼ਟੀ ਦੇ ਕਰਤੇ ਦੀ ਜਦੋਂ ਸੱਚਾਈ ਸਾਹਮਣੇ ਆ ਜਾਂਦੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਕੌਣ ਹੈ ਤੇ ਕਿਸ ਰੂਪ ਵਿੱਚ ਹੈ ਤੇ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਮਾਰਗ ਕੀ ਹੈ ਭਾਵੇਂ ਉਸ ਕਰਤੇ ਨੂੰ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਕਿਸੇ ਨਾਮ ਨਾਲ ਵੀ ਕੋਈ ਪੁਕਾਰਦਾ ਹੋਵੇ ਤੇ ਮਨ ਦੀ ਅਗਿਆਨਤਾ ਕਰਕੇ ਭਾਵੇਂ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਜਿਤਨਾ ਮਰਜੀ ਵੱਡਾ ਵਿਦਵਾਨ ਅਖਵਾਉਂਦਾ ਹੋਵੇ, ਸੰਤ, ਬਾਬਾ ਆਦਿ ਅਖਵਾਉਂਦਾ ਹੋਵੇ ਇਹੋ ਜਿਹਿਆਂ ਦੀ ਫਿਰ ਸਮਝ ਨੂੰ ਗਾਡ, ਅੱਲ੍ਹਾ, ਪ੍ਰਮਾਤਮਾ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਆਪਣੇ ਸ਼ਬਦਾਂ ਦਾ ਸੱਚ ਸਾਹਮਣੇ ਲਿਆਉਣ ਦੁਆਰਾ ਉਨ੍ਹਾਂ ਦੀ ਮਤਿ ਕਿਤਨੀ ਕੁ ਨੀਵੀਂ ਸਾਬਿਤ ਕਰਦਾ ਹੈ ਇਸ ਗੱਲ ਨੂੰ ਫਿਰ ਹਰ ਕੋਈ ਸਮਝ ਸਕਦਾ ਹੈ ਤੇ ਜੋ ਪਹਿਲੇ ਹੀ ਆਪਣੀ ਮਤਿ ਨੂੰ ਨੀਵੀਂ ਸਮਝਦੇ ਹਨ ਭਾਵ ਗੁਰੂ ਦੀ ਮਤਿ ਤੋਂ ਬਹੁਤ ਨੀਵੀਂ ਸਮਝਦੇ ਹਨ ਉਨ੍ਹਾਂ ਦੀ ਸਮਝ ਨੂੰ ਆਪਣੀ ਉੱਚੀ ਸਮਝ ਦੇ ਨਾਲ ਮੇਲਣ ਦੁਆਰਾ ਭਾਵ ਉਸ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਕਿਤਨੀ ਕੁ ਉੱਚੀ ਸਮਝ ਵਾਲਾ ਬਣਾ ਦਿੰਦਾ ਹੈ ਜਿਸ ਉੱਚੀ ਸਮਝ ਦੁਆਰਾ ਉਹ ਆਪਣੇ ਅੰਦਰੋਂ ਸ੍ਰਿਸ਼ਟੀ ਦੇ ਮਾਲਕ ਨੂੰ ਜਾਣ ਲੈਂਦਾ ਹੈ ਤੇ ਮਨ ਦੇ ਵਿੱਚ ਉਸਦੇ ਕੋਲੋਂ ਸ੍ਰਿਸ਼ਟੀ ਦੇ ਸੱਚ ਨੂੰ ਸਮਝ ਲੈਂਦਾ ਹੈ, ਭਗਤੀ ਦੇ ਮਾਰਗ ਦੇ ਸੱਚ ਨੂੰ ਸਮਝ ਲੈਂਦਾ ਹੈ, ਉਸਦਾ ਸੱਚਾ ਨਾਮ ਜਪਣਾ ਸਮਝ ਲੈਂਦਾ ਹੈ ਜੋ ਉਸਦਾ ਨਾਮ ਜਪਣ ਦਾ ਮਾਰਗ ਭਾਵ ਸੱਚੇ ਧਰਮ ਦਾ ਮਾਰਗ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ, ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸ੍ਰਿਸ਼ਟੀ ਦੇ ਕਰਤੇ ਨੇ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

“ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥
ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥”

56/7887

ਜਿਸ ਧਰਤੀ ਤੇ ਜਲ ਹੁੰਦਾ ਹੈ ਉਸ ਧਰਤੀ ਨੂੰ ਚੰਗਾ ਮੰਨਿਆ ਜਾਂਦਾ ਹੈ ਕਿਉਂਕਿ ਉਸ ਧਰਤੀ ਦੇ ਉੱਤੇ ਸਭ ਕੁੱਝ ਬੀਜਿਆ ਜਾ ਸਕਦਾ ਹੈ ਜਿਸਨੂੰ ਹਰ ਕੋਈ ਖੁਸ਼ ਹੋ ਕੇ ਖਾਂਦਾ ਹੈ ਜੋ ਕਿ ਸਭ ਲਈ ਜਰੂਰੀ ਹੀ ਹੈ। ਇਸੇ ਤਰ੍ਹਾਂ ਮਨੁੱਖੀ ਮਨ ਵੀ ਮਨੁੱਖ ਦੇ ਅੰਦਰ

ਦੀ ਉਹ ਧਰਤੀ ਹੈ, ਉਹ ਖੇਤ ਹੈ ਜਿਸਦੇ ਅੰਦਰ ਵਿਚਾਰ ਬੀਜੇ ਜਾਂਦੇ ਹਨ ਜਿਨ੍ਹਾਂ ਵਿੱਚੋਂ ਸਮਝ ਪੈਦਾ ਹੁੰਦੀ ਹੈ। ਸਾਡੀ ਮਨ ਰੂਪ ਧਰਤੀ, ਖੇਤ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਉਪਰ ਵਾਲੇ ਪਦੇ ਨੂੰ ਸਮਝਣ ਤੋਂ ਬਾਅਦ ਇਸ ਗੱਲ ਨੂੰ ਉਨ੍ਹਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕਰਾਂਗੇ। ਉਪਰ ਵਾਲੇ ਪਦੇ ਵਿੱਚ ਮਨੁੱਖੀ ਮਨ ਦੀ ਗੱਲ ਹੀ ਸਮਝਾਈ ਹੈ ਜਿੱਥੋਂ ਮਨੁੱਖ ਦੇ ਅੰਦਰ ਸਾਰੀ ਸਮਝ ਉਪਜਦੀ ਹੈ, ਹਉਮੈ ਵਾਲੇ ਵਿਚਾਰ ਵੀ ਮਨ ਦੇ ਵਿੱਚੋਂ ਹੀ ਉਪਜਦੇ ਹਨ ਤੇ ਨਾਮ ਵਾਲੇ ਭਾਵ ਚੌਥੇ ਪਦ ਦੇ ਗਿਆਨ ਵਾਲੇ ਵਿਚਾਰ ਭਾਵ ਬ੍ਰਹਮ ਗਿਆਨ ਵਾਲੇ ਵਿਚਾਰ ਵੀ ਭਾਵ ਸਹਜ ਗਿਆਨ ਵਾਲੇ ਵਿਚਾਰ ਵੀ ਮਨ ਦੇ ਵਿੱਚੋਂ ਹੀ ਉਪਜਦੇ ਹਨ ਜਿਸ ਗੱਲ ਦੀ ਸਮਝ ਕਿਸੇ ਮਨੁੱਖ ਨੂੰ ਤਾਂ ਹੀ ਲੱਗ ਸਕਦੀ ਹੈ ਜਦੋਂ ਮਨ ਦੀ ਸਮਝ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪਣੇ ਨਿਰੰਕਾਰ ਰੂਪ ਵਿੱਚ ਭਾਵ ਸੱਚੇ ਗਿਆਨ ਦੇ ਰੂਪ ਵਿੱਚ ਕਿਸੀ ਮਨੁੱਖੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ ਜਿਵੇਂ ਕਿ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪ ਹੀ ਉਸਨੇ ਪੂਰੇ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦੀ ਰਚਨਾ ਕਰਵਾਈ ਹੈ। ਜਦੋਂ ਉਹ ਆਪਣੇ ਆਪ ਨੂੰ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਕਰਦਾ ਹੈ ਤਾਂ ਹੀ ਕਿਸੇ ਨੂੰ ਭਗਤੀ ਦੇ ਸੱਚੇ ਮਾਰਗ ਦੀ ਸਮਝ ਪੈਂਦੀ ਹੈ। ਇਹੋ ਜਿਹੇ ਅਨੇਕਾਂ ਹੀ ਹਨ ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਦੀ, ਨਾਮ ਜਪਣ ਦੇ ਮਾਰਗ ਦੀ ਉੱਚੀ ਸਮਝ ਵਾਲਾ ਸਮਝਦੇ ਹਨ ਭਾਵ ਮਨ ਦੀ ਜਲ ਵਾਲੀ ਸਮਝ ਵਾਲੇ ਸਮਝਦੇ ਹਨ ਭਾਵ ਅੰਮ੍ਰਿਤ ਜਲ ਵਾਲੀ ਸਮਝ ਵਾਲੇ ਸਮਝਦੇ ਹਨ ਤੇ ਜਦੋਂ ਭਗਤੀ ਦੇ ਮਾਰਗ ਦੀ ਸੱਚਾਈ ਸਾਹਮਣੇ ਆ ਜਾਂਦੀ ਹੈ ਭਾਵ ਗੁਰੂ ਦੇ ਸੱਚੇ ਸ਼ਬਦਾਂ ਦੀ ਵਿਚਾਰ ਸਾਹਮਣੇ ਆ ਜਾਂਦੀ ਹੈ, ਸਾਰੇ ਸੰਸਾਰ ਦੇ ਸਾਹਮਣੇ ਆ ਜਾਂਦੀ ਹੈ ਜਿਵੇਂ ਕਿ ਇਸ ਪੂਰੇ ਲੇਖ ਦੇ ਰਾਹੀਂ ਸ਼ਬਦਾਂ ਦੇ ਅੰਦਰ ਦੀ ਸੱਚਾਈ ਸੰਸਾਰ ਦੇ ਸਾਹਮਣੇ ਆ ਰਹੀ ਹੈ ਫਿਰ ਸੱਚਾਈ ਸਾਹਮਣੇ ਆਉਣ ਤੋਂ ਬਾਅਦ ਜੋ ਆਪਣੀ ਮਨ ਰੂਪ ਧਰਤੀ ਨੂੰ ਜਲ ਵਾਲੀ ਭਾਵ ਅੰਮ੍ਰਿਤ ਜਲ ਵਾਲੀ ਸਮਝਦੇ ਹਨ ਇਹੋ ਜਿਹਿਆਂ ਦੀ ਸਮਝ ਨੂੰ ਫਿਰ ਗਾਡ, ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਭਾਵ ਹਰ ਮਨੁੱਖੀ ਸਮਝ ਦਾ ਮਾਲਕ ਉਹੋ ਜਿਹੇ ਉੱਚੀ ਸਮਝ ਅਖਵਾਉਣ ਵਾਲਿਆਂ ਨੂੰ **"ਥਲ"** ਵਾਲੀ ਸਮਝ ਦੇ ਵਿੱਚ ਬਦਲ ਦਿੰਦਾ ਹੈ ਭਾਵ ਇਹ ਅਹਿਸਾਸ ਕਰਾ ਦਿੰਦਾ ਹੈ ਕਿ ਤੁਹਾਡੀ ਸਮਝ ਇੱਕ ਮਾਰੂਥਲ ਜਮੀਨ ਵਰਗੀ ਹੈ ਜਿੱਥੇ ਬਹੁਤ ਘੱਟ ਖੇਤੀ ਹੋ ਸਕਦੀ ਹੈ, ਝਾੜੀਆਂ ਆਦਿ ਹੀ ਉੱਗ ਸਕਦੀਆਂ ਹਨ ਭਾਵ ਧਰਮ ਦੇ ਉੱਚੇ ਮਾਰਗ ਨੂੰ ਸਮਝਣ ਵਿੱਚ ਇਹੋ ਜਿਹਿਆਂ ਦੀ ਸਮਝ ਬਹੁਤ ਹੀ ਛੋਟੀ ਹੈ ਤੇ ਜਦੋਂ ਥਲ ਦੇ ਵਿੱਚ **"ਕੂਆ"** ਭਾਵ ਖੂਹ ਪੁੱਟ ਦਿੱਤਾ ਜਾਂਦਾ ਹੈ, ਖੂਹ ਦੇ ਵਿੱਚ ਫਿਰ ਕੁੱਝ ਵੀ ਨਹੀਂ ਉੱਗਦਾ ਭਾਵ ਕੋਈ ਖੇਤੀ ਨਹੀਂ ਹੁੰਦੀ ਭਾਵ ਮਨੁੱਖੀ ਸਮਝ ਕੇਵਲ ਸ੍ਰਿਸ਼ਟੀ ਦੇ ਕਰਤੇ ਦੇ ਆਪਣੇ ਵੱਸ ਹੈ ਤੇ ਜਿਸਦੀ ਸਮਝ ਨੂੰ ਜਿਹੋ ਜਿਹੀ ਉਹ ਚਾਹੇ ਉਹੋ ਜਿਹੀ ਬਣਾ ਸਕਦਾ ਹੈ ਤੇ ਮਨੁੱਖ ਦੀ ਖੂਹ ਜਿਹੀ ਨੀਵੀਂ ਸਮਝ ਨੂੰ ਵੀ ਉਹ **"ਮੇਰੁ"** ਭਾਵ ਪਰਬਤ ਜਿੰਨੀ ਉਹ ਉੱਚੀ ਬਣਾ ਸਕਦਾ ਹੈ ਭਾਵ

56/7888

ਤ੍ਰੈ ਗੁਣਾਂ ਵਾਲੀ ਨੀਵੀਂ ਸਮਝ ਨੂੰ ਉਹ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਸਮਝ ਵਾਲਾ ਬਣਾ ਸਕਦਾ ਹੈ, ਹਉਮੈ ਵਾਲੀ ਨੀਵੀਂ ਸਮਝ ਨੂੰ ਨਾਮ ਵਾਲੀ ਉੱਚੀ ਸਮਝ ਬਣਾ ਸਕਦਾ ਹੈ ਭਾਵ ਮਨ ਦੀ ਘੋਰ ਅਗਿਆਨਤਾ ਵਾਲੀ ਸਮਝ ਨੂੰ ਸਭ ਤੋਂ ਉੱਚੇ ਗਿਆਨ ਵਾਲੀ ਸਮਝ ਬਣਾ ਸਕਦਾ ਹੈ ਜਿਸ ਉੱਚੇ ਗਿਆਨ ਵਾਲੀ ਸਮਝ ਦੇ ਨਾਲ ਹੀ ਕੇਵਲ ਕੋਈ ਸ੍ਰਿਸ਼ਟੀ ਦੇ ਰਚਨਹਾਰ ਨੂੰ ਜਾਣ ਸਕਦਾ ਹੈ, ਪੂਰਨ ਸਾਇੰਸ ਦੇ ਮਾਲਕ ਨੂੰ ਜਾਣ ਸਕਦਾ ਹੈ ਤੇ ਸੰਸਾਰਿਕ ਰਚਨਾ ਦੇ ਸੱਚ ਨੂੰ ਸਮਝ ਸਕਦਾ ਹੈ। **(ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥)**

ਜੋ ਆਪਣੇ ਆਪ ਨੂੰ ਨੀਵੀਂ ਮਤਿ ਵਾਲਾ ਸਮਝਦਾ ਹੈ ਭਾਵ ਭਗਤੀ ਦੇ ਸੱਚੇ ਮਾਰਗ ਨੂੰ ਸਮਝਣ ਤੋਂ ਅਨਜਾਣ ਸਮਝਦਾ ਹੈ ਸ੍ਰਿਸ਼ਟੀ ਦਾ ਕਰਤਾ ਇਹੋ ਜਿਹੇ ਮਨੁੱਖਾਂ ਦੀ ਨੀਵੀਂ ਸਮਝ ਨੂੰ ਉੱਚੀ ਸਮਝ ਵਾਲਾ ਬਣਾਉਂਦਾ ਹੈ ਤੇ ਜਿਹੜੇ ਪਹਿਲੇ ਹੀ ਆਪਣੇ ਆਪ ਨੂੰ ਭਗਤੀ ਦੇ ਮਾਰਗ ਦੀ, ਨਾਮ ਦੇ ਮਾਰਗ ਦੀ ਉੱਚੀ ਸਮਝ ਵਾਲਾ ਸਮਝਦੇ ਹਨ ਉਨ੍ਹਾਂ ਨੂੰ ਫਿਰ ਸੱਚਾਈ ਸਾਹਮਣੇ ਆਉਣ ਤੋਂ ਬਾਅਦ ਸ਼ਬਦਾਂ ਦੀ ਸੱਚੀ ਸਮਝ ਦੇ ਅੱਗੇ ਬਹੁਤ ਨੀਵੀਂ ਸਮਝ ਵਾਲੇ ਬਣਾ ਦਿੰਦਾ ਹੈ ਭਾਵ ਇਹ ਮਹਿਸੂਸ ਕਰਵਾ ਦਿੰਦਾ ਹੈ ਕਿ ਉਹ ਗੁਰੂ ਦੀ ਉੱਚੀ ਸਮਝ ਦੇ ਅੱਗੇ ਬਹੁਤ ਨੀਵੀਂ ਸਮਝ ਵਾਲੇ ਹਨ। ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥"

ਧਰਤੀ ਆਕਾਸ਼ ਤੋਂ ਬਹੁਤ ਨੀਵੀਂ ਜਗ੍ਹਾ ਤੇ ਹੈ। ਅਕਾਲ ਪੁਰਖ ਨੂੰ ਆਪਣੇ ਅੰਦਰੋਂ ਜਾਣੇ ਬਿਨ੍ਹਾਂ ਤੇ ਚੌਥੇ ਪਦ ਦੇ ਗਿਆਨ ਦੀ ਪ੍ਰਾਪਤੀ ਹੋਏ ਬਿਨ੍ਹਾਂ ਹਰ ਕਿਸੇ ਦੀ ਸਮਝ ਤ੍ਰੈ ਗੁਣਾਂ ਵਾਲੀ ਸਮਝ ਹੈ, ਹਉਮੈ ਵਾਲੀ ਸਮਝ ਹੈ, ਮਾਇਆ ਦੀ ਜੁਗਤਿ ਵਾਲੀ ਸਮਝ

ਹੈ, ਮਨ ਦੇ ਪੁੱਠੇ ਕਮਲ ਵਾਲੀ ਸਮਝ ਹੈ ਭਾਵ ਮਨਮਤਿ ਵਾਲੀ ਸਮਝ ਹੈ ਜਿਸ ਹਰ ਮਨੁੱਖ ਦੇ ਅੰਦਰ ਦੀ ਸਮਝ ਦੀ ਤੁਲਨਾ **"ਧਰਤੀ"** ਦੇ ਨਾਲ ਕੀਤੀ ਹੋਈ ਹੈ ਤੇ ਚੌਥੇ ਪਦ ਦੇ ਉੱਚੇ ਗਿਆਨ ਦੀ ਤੁਲਨਾ **"ਆਕਾਸਿ"** ਦੇ ਨਾਲ ਕੀਤੀ ਹੋਈ ਹੈ। ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਸਾਹਮਣੇ ਆਏ ਬਿਨ੍ਹਾਂ ਭਾਵ ਸ਼ਬਦਾਂ ਦੇ ਅੰਦਰ ਦੇ ਗਹਿਰੇ ਤੇ ਉੱਚੇ ਸੱਚ ਵਾਲੀ ਸਮਝ ਦੇ ਸਾਹਮਣੇ ਆਏ ਬਿਨ੍ਹਾਂ ਆਪਣੇ ਆਪ ਨੂੰ ਜੋ ਧਰਮ ਦੇ ਵਿਦਵਾਨ ਅਖਵਾਉਂਦੇ ਹਨ ਉਹ ਧਰਤੀ ਤੋਂ ਆਕਾਸ ਤੇ ਚੜੇ ਹੋਏ ਹੁੰਦੇ ਹਨ ਭਾਵ ਆਪਣੀ ਨੀਵੀਂ ਮਤਿ ਨੂੰ ਹੀ, ਮਨਮਤਿ ਨੂੰ ਹੀ ਗੁਰਮਤਿ ਦੀ ਉੱਚੀ ਸਮਝ ਸਮਝੀ ਰੱਖਦੇ ਹਨ ਤੇ ਜਦੋਂ ਸੱਚ ਸਾਹਮਣੇ ਆ ਜਾਂਦਾ ਹੈ ਫਿਰ ਝੂਠ ਨੂੰ ਨੀਵਾਂ ਹੋਣਾ ਹੀ ਪੈਂਦਾ ਹੈ ਭਾਵ ਜੋ ਆਪਣੀ ਮਤਿ ਨੂੰ ਮਨ ਦੇ ਭਰਮ ਕਰਕੇ ਹੀ, ਮਨ ਦੀ ਅਗਿਆਨਤਾ ਕਰਕੇ ਹੀ ਧਰਮ ਦੇ ਮਾਰਗ ਦੀ ਆਕਾਸ਼ ਵਰਗੀ ਉੱਚੀ ਸਮਝ ਵਾਲੇ ਅਖਵਾਉਂਦੇ ਹਨ, ਸੱਚ ਦਾ ਮਾਲਕ ਆਪਣਾ ਸੱਚ ਸਾਹਮਣੇ ਲਿਆਉਣ ਦੇ ਨਾਲ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਪ੍ਰਗਟ ਕਰਨ ਦੇ ਨਾਲ ਉੱਚੀ ਮਤਿ ਨੂੰ ਨੀਵਾਂ ਕਰਵਾ ਦਿੰਦਾ ਹੈ ਭਾਵ ਉਨ੍ਹਾਂ ਦਾ ਭਰਮ ਨਿਕਲ ਜਾਂਦਾ ਹੈ ਕਿ ਉਹ ਮਨ ਦੀ ਨਾਸਮਝੀ ਕਰਕੇ ਆਪਣੇ ਆਪ ਨੂੰ ਧਰਮ ਦੇ ਉੱਚੇ ਵਿਦਵਾਨ ਸਮਝੀ ਬੈਠੇ ਸਨ, ਸੰਤ, ਬਾਬੇ ਆਦਿ ਸਮਝੀ ਬੈਠੇ ਸਨ। **(ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥ ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ ॥੧॥ ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥)**

56/7889

ਸ਼ਬਦ ਦੇ ਉਪਰ ਵਾਲੇ ਪਦੇ ਵਿੱਚ ਅਸੀਂ ਮਨ ਰੂਪ ਜਲ ਤੇ ਥਲ ਦੀ ਗੱਲ ਕੀਤੀ ਹੈ, ਮਨ ਰੂਪ ਖੇਤ ਦੀ ਗੱਲ ਕੀਤੀ ਹੈ ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਨ੍ਹਾਂ ਗੱਲਾਂ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ। ਇਹ ਸਾਰੀਆਂ ਗੱਲਾਂ ਸਾਡੇ ਮਨ ਦੀ ਸਮਝ ਦੇ ਨਾਲ ਹੀ ਜੁੜੀਆਂ ਹੋਈਆਂ ਹਨ।

ਸੂਹੀ ਮਹਲਾ ੫ ॥

{ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥
ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥
ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥
ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥
ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥੩॥
ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥ ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪॥੭॥੧੦॥}

(ਅੰਗ ੭੮੩-੭੮੪)

ਸੋਰਠਿ ਮਹਲਾ ੫ ਪੰਚਪਦਾ ॥

{ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ ॥੧॥ ਸੰਤਹੁ ਇਹਾ ਬਤਾਵਹੁ ਕਾਰੀ ॥
ਜਿਤੁ ਹਉਮੈ ਗਰਬੁ ਨਿਵਾਰੀ ॥੧॥ ਰਹਾਉ ॥ ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ ॥੨॥
ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥੩॥
ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥

ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥}

(ਅੰਗ ੬੧੬)

ਸੂਹੀ ਮਹਲਾ ੧ ਘਰੁ ੭

ੴ ਸਤਿਗੁਰ ਪ੍ਰਸਾਦਿ ॥

{ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥ ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥}

(ਅੰਗ ੭੩੦)

ਗੂਜਰੀ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ ॥
ਅਗਮ ਅਗੋਚਰ ਪ੍ਰਭੁ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ ॥੧॥
ਮਨ ਰੇ ਹਰਿ ਕੀਰਤਿ ਤਰੁ ਤਾਰੀ ॥ ਗੁਰਮੁਖਿ ਨਾਮੁ ਅੰਮ੍ਰਿਤ ਜਲੁ ਪਾਈਐ ਜਿਨ ਕਉ ਕ੍ਰਿਪਾ ਤੁਮਾਰੀ ॥ ਰਹਾਉ॥
ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ ॥
ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ ॥੨॥
ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ ॥ ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ ॥੩॥
ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ ॥
ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ ॥੪॥
ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ ॥੫॥
ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ ॥
ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ ॥੬॥

ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ ॥
ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ ॥੭॥
ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ ॥
ਨਾਨਕ ਹਰਿ ਬਿਨੁ ਅਵਰੁ ਨ ਮਾਗਉ ਹਰਿ ਰਸ ਪ੍ਰੀਤਿ ਪਿਆਰੀ ॥੮॥੧॥੭॥}

(ਅੰਗ ੫੦੬-੫੦੭)

ਬਿਲਾਵਲੁ ਮਹਲਾ ੪ ॥

{ਗੁਰਮੁਖਿ ਅਗਮ ਅਗੋਚਰੁ ਧਿਆਇਆ ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ ॥
ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ ॥੧॥
ਜਨ ਕੀ ਟੇਕ ਹਰਿ ਨਾਮੁ ਟਿਕਈਆ ॥
ਸਤਿਗੁਰ ਕੀ ਧਰ ਲਾਗਾ ਜਾਵਾ ਗੁਰ ਕਿਰਪਾ ਤੇ ਹਰਿ ਦਰੁ ਲਹੀਆ ॥੧॥ ਰਹਾਉ ॥
ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥
ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ ॥੨॥
ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥
ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥੩॥
ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥
ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥
ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥
ਹਰਿ ਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ ॥
ਨਿਜ ਘਰਿ ਧਾਰ ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ ॥੬॥
ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ ॥
ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥੭॥
ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥
ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ ॥੮॥੩॥੬॥}

(ਅੰਗ ੮੩੪-੮੩੫)

ਸਿਰੀਰਾਗੁ ਮਹਲਾ ੪ ॥

{ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥
ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥
ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥
ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥

ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥ ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥}

(ਅੰਗ ੪੧)

56/7890

ਮਾਰੂ ਸੋਲਹੇ ਮਹਲਾ ੪
ੴ ਸਤਿਗੁਰ ਪ੍ਰਸਾਦਿ ॥

{ਸਚਾ ਆਪਿ ਸਵਾਰਣਹਾਰਾ ॥ ਅਵਰ ਨ ਸੂਝਸਿ ਬੀਜੀ ਕਾਰਾ ॥
ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥ ਸਭਨਾ ਸਚੁ ਵਸੈ ਮਨ ਮਾਹੀ ॥
ਗੁਰ ਪਰਸਾਦੀ ਸਹਜਿ ਸਮਾਹੀ ॥ ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥
ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥
ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥
ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥ ਜਿਨ ਕਉ ਕਰਤੈ ਧੁਰਿ ਲਿਖਿ ਪਾਈ॥
ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥ ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥
ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ ਗਿਆਨ ਰਤਨੁ ਮਨਿ ਪਰਗਟੁ ਭਇਆ ॥
ਨਾਮੁ ਪਦਾਰਥੁ ਸਹਜੇ ਲਇਆ ॥ ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥ ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
ਚਹੁ ਜੁਗਿ ਨਿਰਮਲੁ ਹਛਾ ਲੋਇ ॥ ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥
ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥ ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥ ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥

ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥
ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥
ਜਿਨ ਕਉ ਆਦਿ ਮਿਲੀ ਵਡਿਆਈ ॥ ਸਤਿਗੁਰੁ ਮਨਿ ਵਸਿਆ ਲਿਵ ਲਾਈ ॥
ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥}

(ਅੰਗ ੧੦੬੯-੧੦੭੦)

ੴ ਸਤਿਗੁਰ ਪ੍ਰਸਾਦਿ ॥
ਰਾਮਕਲੀ ਕੀ ਵਾਰ ਮਹਲਾ ੩ ॥
ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥
ਸਲੋਕੁ ਮਃ ੩ ॥

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੮੬)

ਸਲੋਕ ਮਃ ੪ ॥

{ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ ॥
ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥
ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ ॥
ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥
ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ ॥
ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥
ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥੧॥}

(ਅੰਗ ੩੦੮)

{ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥
ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥
ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥੨੪॥}

(ਅੰਗ ੫)

{ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥}

(ਅੰਗ ੭)

{ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੯੧॥}

(ਅੰਗ ੧੩੮੨)

ਆਪਣੇ ਅੰਦਰੋਂ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਮਾਰਗ, ਉਸਦੀ ਸੱਚੀ ਭਗਤੀ ਦਾ ਮਾਰਗ, ਉਸਦਾ ਸੱਚਾ ਨਾਮ ਜਪਣ ਦਾ ਮਾਰਗ ਪੂਰਨ ਤੌਰ ਤੇ ਮਨੁੱਖੀ ਸਮਝ ਦੇ ਨਾਲ ਜੁੜਿਆ ਹੋਇਆ ਹੈ ਜਿਵੇਂ ਕਿ ਅਸੀਂ ਲੇਖ ਦੇ ਸ਼ੁਰੂ ਤੋਂ ਇਸ ਗੱਲ ਨੂੰ ਹਰ ਸ਼ਬਦ ਰਾਹੀਂ ਸਮਝਦੇ ਆ ਰਹੇ ਹਾਂ ਤੇ ਉਹੀ ਗੱਲ ਉਪਰ ਵਾਲੇ ਸ਼ਬਦਾਂ ਦੁਆਰਾ ਸਮਝਾਈ ਹੋਈ ਹੈ। ਹਰ ਸ਼ਬਦ ਦਾ ਮਾਲਕ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੈ ਤੇ ਉਹ ਆਪਣੇ ਹਰ ਸ਼ਬਦ ਰਾਹੀਂ ਭਾਵ ਆਪਣੇ ਗੁਰੂ ਰੂਪ ਰਾਹੀਂ ਉਹ ਸੱਚ ਹੀ

ਸਮਝਾਉਂਦਾ ਹੈ। ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਜਾਣੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਦੀ ਉੱਚੀ ਸਮਝ ਵਾਲਾ ਕਹਿ ਸਕਦਾ ਹੈ। ਸੱਚ ਸਾਹਮਣੇ ਆਉਣ ਤੋਂ ਬਾਅਦ ਕੇਵਲ ਤੇ ਕੇਵਲ ਸੱਚ ਹੀ ਉੱਚਾ ਰਹਿ ਜਾਂਦਾ ਹੈ ਭਾਵ ਸੱਚ ਨੂੰ ਹੀ ਉੱਚਾ ਕਿਹਾ ਤੇ ਮੰਨਿਆ ਜਾ ਸਕਦਾ ਹੈ ਤੇ ਇਹੀ ਧਰਮ ਦੇ ਮਾਰਗ ਦੀ ਪੂਰਨ ਸੱਚਾਈ ਹੈ, ਧਰਮ ਦੇ ਮਾਰਗ ਦੀ ਪੂਰਨ ਉੱਚਾਈ ਹੈ ਕਿ ਹਰ ਸ਼ਬਦ ਦੇ ਅੰਦਰ ਸੱਚ ਪਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਇੱਕੋ ਇੱਕ ਆਪ ਹੀ ਹੈ ਤੇ ਆਪਣਾ ਉੱਚਾ ਸੱਚ ਉਹ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ, ਉਸ ਮਨੁੱਖੀ ਸਮਝ ਨੂੰ ਸੱਚੀ ਬਣਾ ਕੇ ਹਰ ਸ਼ਬਦ ਦੇ ਅੰਦਰ ਪਾਇਆ ਹੋਇਆ ਆਪਣਾ ਸੱਚ ਆਪ ਹੀ ਸਮਝਾ ਸਕਦਾ ਹੈ ਤੇ ਆਪਣੀ ਸ੍ਰਿਸ਼ਟੀ ਦਾ ਸੱਚ ਸਮਝਾ ਸਕਦਾ ਹੈ। ਉਹ ਮਨੁੱਖ ਦੀ ਨੀਵੀਂ ਤੋਂ ਨੀਵੀਂ ਮਤਿ ਨੂੰ ਕਿਤਨੀ ਕੁ ਉੱਚੀ ਚੁੱਕ ਸਕਦਾ ਹੈ ਤੇ ਮਨ ਦੇ ਭਰਮ ਵਿੱਚ ਰਹਿੰਦੇ ਹੋਏ ਆਪਣੇ ਆਪ ਨੂੰ ਉੱਚੀ ਮਤਿ ਕਹਿਣ ਵਾਲਿਆਂ ਦੀ ਮਤਿ ਨੂੰ ਕਿਤਨੀ ਨੀਵੀਂ ਮਤਿ ਹੋਣ ਦਾ ਅਹਿਸਾਸ ਕਰਾ ਦਿੰਦਾ ਹੈ, ਇਹੀ ਗੱਲ ਮੁੱਖ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ।

“ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥”

ਜਿਵੇਂ ਕਿ ਹੁਣ ਤੱਕ ਅਸੀਂ ਸਮਝਦੇ ਆਏ ਹਾਂ ਕਿ ਸ਼ਬਦ ਦਾ ਹਰ ਪਦਾ ਦੂਸਰੇ ਪਦੇ ਨਾਲ ਜੁੜਿਆ ਹੁੰਦਾ ਹੈ ਭਾਵ ਪੂਰੇ ਸ਼ਬਦ ਦੇ ਅੰਦਰ ਦੇ ਭਾਵ ਨੂੰ ਸਪਸ਼ਟ ਕਰਨ ਲਈ ਜੁੜਿਆ ਹੁੰਦਾ ਹੈ ਇਸੇ ਤਰ੍ਹਾਂ ਹਰ ਪਦੇ ਦੀ ਪੰਗਤੀ ਉਸ ਪਦੇ ਦੀ ਦੂਸਰੀ ਪੰਗਤੀ ਦੇ ਨਾਲ ਜੁੜੀ ਹੁੰਦੀ ਹੈ ਭਾਵ ਇੱਕ ਪੰਗਤੀ ਰਾਹੀਂ ਸਮਝਾਇਆ ਹੋਇਆ ਸੱਚ ਦੂਸਰੀ ਪੰਗਤੀ ਦੇ ਨਾਲ ਜੁੜਿਆ ਹੁੰਦਾ ਹੈ ਤਾਂ ਜੋ ਅਸੀਂ ਸ਼ਬਦਾਂ ਦੇ ਅੰਦਰ ਦੇ ਉਸ ਸੱਚ ਨੂੰ ਸਮਝ ਸਕੀਏ ਜੋ ਸੱਚ ਸਮਝਾਉਣ ਲਈ ਗੁਰਬਾਣੀ ਗ੍ਰੰਥ ਦੇ ਵਿੱਚ ਉਸ ਸ਼ਬਦ ਨੂੰ ਲਿਖਕੇ ਪਾਇਆ ਗਿਆ ਹੈ। ਸ਼ਬਦ ਦੇ ਉਪਰ ਵਾਲੇ ਪਦੇ ਦੀਆਂ ਦੋਨੋਂ ਪੰਗਤੀਆਂ ਆਪਸ ਵਿੱਚ ਪਦੇ ਦੇ ਅੰਦਰ ਦਾ ਸੱਚ ਤੇ ਪੂਰੇ ਸ਼ਬਦ ਦੇ ਅੰਦਰੂਨੀ

ਭਾਵ ਦੇ ਸੱਚ ਨੂੰ ਸਮਝਾਉਣ ਦੇ ਨਾਲ ਹੀ ਜੁੜੀਆਂ ਹੋਈਆਂ ਹਨ। ਆਉ ਦੋਨੋਂ ਪੰਗਤੀਆਂ ਦੇ ਅੰਦਰ ਦੇ ਸੱਚ ਦੀ ਗਹਿਰਾਈ ਨੂੰ ਸਮਝੀਏ।

"ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥"

ਉਪਰ ਵਾਲੀ ਪੰਗਤੀ ਵਿੱਚ **"ਭੇਖਾਰੀ"** ਉਸ ਮਨੁੱਖ ਨੂੰ ਕਿਹਾ ਗਿਆ ਹੈ ਜੋ ਗਾਡ ਦਾ, ਅੱਲ੍ਹਾ ਦਾ, ਅਕਾਲ ਪੁਰਖ ਦਾ, ਪ੍ਰਮਾਤਮਾ ਦਾ, ਰੱਬ ਦਾ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਭੇਦ ਜਾਨਣ ਲਈ ਭਾਵ ਉਸਨੂੰ ਜਾਨਣ ਲਈ ਭਾਵ ਉਸਦੇ ਨੇੜੇ ਲੱਗਣ ਲਈ, ਉਸਦੀ ਭਗਤੀ ਦਾ ਮਾਰਗ ਸਿੱਖਣ ਲਈ, ਉਸਦਾ ਨਾਮ ਜਪਣ ਦਾ ਮਾਰਗ ਸਿੱਖਣ ਲਈ ਉਨ੍ਹਾਂ ਦੇ ਕੋਲ ਜਾਂਦੇ ਹਨ ਜਿਨ੍ਹਾਂ ਨੂੰ ਉਹ ਭਗਤੀ ਦੇ ਮਾਰਗ ਦੇ ਰਾਜੇ ਸਮਝਦੇ ਹਨ ਭਾਵ ਅੱਲ੍ਹਾ ਦੇ ਨਾਲ, ਅਕਾਲ ਪੁਰਖ

56/7892

ਦੇ ਨਾਲ ਜੁੜੇ ਹੋਏ ਸਮਝਦੇ ਹਨ ਕਿ ਇਹ ਰੱਬ ਦੇ ਜਾਨਣ ਵਾਲੇ ਹਨ ਭਾਵ ਉਸਦੇ ਨਾਲ ਨੇੜੇ ਲਗਾਉਣ ਦੀ ਸਮਰਥਾ ਰੱਖਦੇ ਹਨ ਭਾਵ ਇਹ ਧਰਮ ਦੇ ਮਾਰਗ ਨੂੰ ਸਮਝਣ ਵਿੱਚ ਬਹੁਤ ਉੱਚੀ ਸਮਰਥਾ ਰੱਖਦੇ ਹਨ। ਜੋ ਵੀ ਇਹੋ ਜਿਹਿਆਂ ਦੇ ਕੋਲ ਜਾਂਦਾ ਹੈ ਉਹ ਇਨ੍ਹਾਂ ਕੋਲੋਂ ਧਰਮ ਦੇ ਮਾਰਗ ਦੀ ਸਿੱਖਿਆ, ਪ੍ਰਮਾਤਮਾ ਦਾ ਨਾਮ ਜਪਣ ਦੀ ਸਿੱਖਿਆ ਲੈਣ ਲਈ ਹੀ ਜਾਂਦਾ ਹੈ ਜਾਂ ਇਹੋ ਜਿਹਿਆਂ ਦੀ ਦੁਨਿਆਵੀ ਸੇਵਾ ਕਰਨ ਲਈ ਹੀ ਜਾਂਦਾ ਹੈ ਤਾਂ ਜੋ ਉਨ੍ਹਾਂ ਦੇ ਉਹ ਕਾਰਜ ਪੂਰੇ ਹੋ ਸਕਣ ਜੋ ਆਪਣੇ ਕਾਰਜ ਉਹ ਪੂਰੇ ਕਰਨੇ ਚਾਹੁੰਦੇ ਹਨ। ਕਿਸੇ ਦੇ ਕੋਲੋਂ ਕੁੱਝ ਮੰਗਣ ਦੇ ਲਈ ਜਾਣਾ ਉਸ ਕੋਲੋਂ ਭਿਖਿਆ ਮੰਗਣ ਵਾਲੀ ਗੱਲ ਹੈ ਜਿਵੇਂ ਕਿ ਸ੍ਰਿਸ਼ਟੀ ਦੇ ਵਿੱਚ ਕਿਸੇ ਦੁਨਿਆਵੀ ਰਾਜੇ ਦੇ ਕੋਲੋਂ ਜੋ ਕੁੱਝ ਵੀ ਮੰਗਿਆ ਜਾਂਦਾ ਹੈ, ਆਪਣੀਆਂ ਜਰੂਰਤਾਂ ਲਈ ਮੰਗਿਆ ਜਾਂਦਾ ਹੈ ਉਹ ਉਸਦੇ ਕੋਲੋਂ ਭਿਖਿਆ ਭਾਵ ਉਸਦੇ ਦਾਨ ਦੇ ਰੂਪ ਵਿੱਚ ਹੀ ਮੰਗਿਆ ਜਾਂਦਾ ਹੈ। ਧਰਮ ਦੇ ਮਾਰਗ ਦੇ ਰਾਜੇ ਅਖਵਾਉਣ ਵਾਲੇ ਬਹੁਤ ਹਨ ਜਿਵੇਂ ਕਿ ਦੁਨਿਆਵੀ ਧਾਰਮਿਕ ਆਸਥਾ ਅਨੁਸਾਰ ਸਾਰੇ ਸੰਸਾਰ ਵਿੱਚ ਸਭ ਪਾਸੇ ਦੇਖਿਆ ਜਾ ਸਕਦਾ ਹੈ ਜੋ ਆਪਣੇ ਆਪ ਨੂੰ ਸਾਧ, ਸੰਤ ਜਾਂ ਕਿਸੇ ਵੀ ਹੋਰ ਨਾਮ ਦੁਆਰਾ ਅਖਵਾਉਂਦੇ ਹਨ। ਸਾਰੇ ਸੰਸਾਰ ਦਾ ਰਾਜਾ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜੋ ਕਿ ਆਪਣੇ ਸੱਚ ਰਾਹੀਂ ਭਾਵ ਹਰ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਸੱਚ ਦੇ ਰੂਪ ਵਿੱਚ ਆਪ ਹੀ ਸੱਚ ਰੂਪ ਰਾਜਾ ਹੈ, ਪੂਰੀ ਸ੍ਰਿਸ਼ਟੀ ਦਾ ਰਾਜਾ ਹੈ ਜਿਸਨੇ ਆਪਣੇ ਸੱਚ ਰੂਪ ਦੁਆਰਾ ਭਾਵ ਸੱਚ ਰੂਪ ਗਿਆਨ ਦੁਆਰਾ, ਸੱਚ ਰੂਪ ਉੱਚੀ ਸਾਇੰਸ ਦੁਆਰਾ ਭਾਵ ਆਪਣੇ ਉੱਚੇ ਸੱਚ ਰੂਪ ਨਾਮ ਦੁਆਰਾ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪਣੇ ਸੱਚ ਰੂਪ ਦੁਆਰਾ ਹੀ ਉਹ ਆਪਣੀ ਪੂਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ, ਜੁਗਾਂ-ਜੁਗਾਂ ਤੋਂ ਚਲਾ ਰਿਹਾ ਹੈ ਤੇ ਜੁਗਾਂ-ਜੁਗਾਂ ਤੱਕ ਆਪਣੇ ਸੱਚ ਦੁਆਰਾ ਹੀ ਭਾਵ ਆਪਣੇ ਸੱਚੇ ਨਾਮ ਦੁਆਰਾ ਹੀ ਚਲਾਉਂਦਾ ਰਹੇਗਾ ਜੋ ਉਸਦਾ ਸੱਚਾ ਨਾਮ ਕਦੇ ਬਿਨਸ ਹੀ ਨਹੀਂ ਸਕਦਾ ਕਿਉਂਕਿ ਆਪਣੇ ਸੱਚੇ ਨਾਮ ਦੇ ਰੂਪ ਵਿੱਚ ਹੀ ਉਹ ਆਪ ਹੈ। ਆਪਣੇ ਆਪ ਨੂੰ ਪੂਰੀ ਸ੍ਰਿਸ਼ਟੀ ਵਿੱਚ ਕੋਈ ਧਰਮ ਦੇ ਮਾਰਗ ਦਾ ਰਾਜਾ ਤਦ ਤੱਕ ਹੀ ਅਖਵਾ ਸਕਦਾ ਹੈ ਜਦ ਤੱਕ ਧਰਮ ਦੇ ਮਾਰਗ ਦਾ ਸੱਚ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦਾ ਸੱਚ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਸੱਚ ਸੰਸਾਰ ਦੇ ਸਾਹਮਣੇ ਨਹੀਂ ਆਉਂਦਾ ਤੇ ਸੱਚ ਦੇ ਆਉਣ ਤੋਂ ਬਾਅਦ ਭਾਵ ਸ਼ਬਦਾਂ ਦੇ ਅੰਦਰ ਦੇ ਸੱਚ ਦੇ ਸਾਹਮਣੇ ਆਉਣ ਤੋਂ ਬਾਅਦ ਉਹ ਧਰਮ ਦੇ ਮਾਰਗ ਦੇ ਰਾਜੇ ਅਖਵਾਉਣ ਵਾਲਿਆਂ ਨੂੰ ਵੀ ਭਿਖਾਰੀ ਬਣਾ ਦਿੰਦਾ ਹੈ ਭਾਵ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਜਾਨਣ ਲਈ ਵੀ ਮੰਗਤਾ ਬਣਾ ਦਿੰਦਾ ਹੈ ਭਾਵ ਇਹ ਮਨ ਦੇ ਵਿੱਚ ਅਹਿਸਾਸ ਕਰਵਾ ਦਿੰਦਾ ਹੈ ਕਿ ਮੈਂ ਹੁਣ ਤੱਕ ਆਪਣੇ ਆਪ ਨੂੰ ਮਨ ਦੇ ਭਰਮ ਕਰਕੇ ਧਰਮ ਦੇ ਮਾਰਗ ਤੇ ਉੱਚਾ ਸਮਝਿਆ ਹੋਇਆ ਸੀ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਰਾਜਾ ਸਮਝ ਕੇ ਦੂਸਰਿਆਂ ਨੂੰ ਧਰਮ ਦਾ ਮਾਰਗ ਸਮਝਾਉਣ ਵਾਲਾ ਸਮਝਿਆ ਹੋਇਆ ਸੀ, ਧਰਮ ਦੇ ਮਾਰਗ ਦੀ, ਨਾਮ ਦੀ ਭਿਖਿਆ ਦੇਣ ਵਾਲਾ ਸਮਝਿਆ ਹੋਇਆ ਸੀ। **(ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥)**

56/7893

ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਰਾਜੇ ਸਮਝਦੇ ਹਨ ਭਾਵ ਸੰਸਾਰ ਦੇ ਵਿੱਚ ਆਪਣੇ ਆਪ ਨੂੰ ਉੱਚਾ ਥਾਪ ਕੇ ਰਾਜ ਕਰਦੇ ਹਨ ਉਹ ਆਪਣੇ ਆਪ ਨੂੰ ਕਿਹੋ ਜਿਹੇ ਸਮਝਦੇ ਹਨ ਭਾਵ ਕਿਸ ਵਜ੍ਹਾ ਕਰਕੇ ਆਪਣੇ ਆਪ ਨੂੰ ਰਾਜੇ ਸਮਝਦੇ ਹਨ ਤੇ ਜਿਨ੍ਹਾਂ ਨੂੰ ਉਹ ਧਰਮ ਦੇ ਮਾਰਗ ਦੀ ਭਿਖਿਆ ਦਿੰਦੇ ਹਨ ਤੇ ਅਗਰ ਧੰਨ ਧੰਨ ਧੰਨ ਸ੍ਰਿਸ਼ਟੀ ਦਾ ਕਰਤਾ ਇਹੋ ਜਿਹਿਆਂ ਕੋਲੋਂ ਭਿਖਿਆ ਲੈਣ ਵਾਲਿਆਂ ਨੂੰ ਭਾਵ ਇਹੋ ਜਿਹਿਆਂ ਨੂੰ ਧਰਮ ਦੇ ਮਾਰਗ ਤੇ ਉੱਚਾ ਸਮਝਣ ਵਾਲਿਆਂ ਨੂੰ ਆਪ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣੀ ਸੱਚੀ ਭਗਤੀ ਦਾ ਮਾਰਗ ਸਮਝਾ ਦੇਵੇ ਫਿਰ ਉਸ ਮਨੁੱਖ ਦੀ ਸਮਝ ਦੇ ਅੰਦਰ ਇਹੋ ਜਿਹੇ ਧਰਮ ਦੇ ਮਾਰਗ ਤੇ ਰਾਜੇ ਅਖਵਾਉਣ ਵਾਲਿਆਂ ਦੀ ਕਦਰ ਕਿਹੋ ਜਿਹੀ ਰਹਿ ਜਾਂਦੀ ਹੈ ਤੇ ਸੰਸਾਰੀਆਂ ਨੂੰ ਧਰਮ ਦੇ ਮਾਰਗ ਦਾ ਸੱਚ ਸਮਝ ਆਉਣ ਤੋਂ ਬਾਅਦ ਫਿਰ ਕਿਹੋ ਜਿਹੇ ਲੱਗ ਸਕਦੇ

ਹਨ ਭਾਵ ਉਨ੍ਹਾਂ ਦੀਆਂ ਨਜਰਾਂ ਵਿੱਚ ਉਹ ਕਿਤਨੇ ਕੁ ਨੀਵੇਂ ਹੋ ਸਕਦੇ ਹਨ ਇਹੀ ਗੱਲ ਉਪਰ ਵਾਲੇ ਪਦੇ ਦੀ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਕਰਣਹਾਰ ਹੈ ਤੇ ਉਹ ਕੁੱਝ ਵੀ ਕਰ ਸਕਦਾ ਹੈ ਜੋ ਹਰ ਮਨੁੱਖੀ ਸਮਝ ਦਾ ਮਾਲਕ ਹੈ। ਇਹ ਪੂਰਾ ਸੰਸਾਰ ਉਸਦੀ ਆਪਣੀ ਬਣਾਈ ਹੋਈ ਖੇਡ ਹੈ ਜਿਸਨੂੰ ਉਸਨੇ ਹੁਣ ਤੱਕ ਭਾਵ ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਹੁਣ ਤੱਕ ਆਪ ਹੀ ਚਲਾਇਆ ਹੈ ਤੇ ਜੋ ਉਸਨੂੰ ਚੰਗਾ ਲੱਗਦਾ ਹੈ ਉਸਨੇ ਉਸੇ ਅਨੁਸਾਰ ਹੀ ਪੂਰੀ ਸ੍ਰਿਸ਼ਟੀ ਨੂੰ ਚਲਾਉਣਾ ਹੈ ਭਾਵ ਜਿਸਨੂੰ ਉਸਨੇ ਹੁਣ ਤੱਕ ਸੱਚ ਦੇ ਭਾਵ ਆਪਣੇ ਨੇੜੇ ਲਗਾਇਆ ਹੈ ਉਸੇ ਨੂੰ ਹੀ ਉਸਨੇ ਆਪਣਾ ਸੱਚ ਸਮਝਾਇਆ ਹੈ ਤੇ ਆਪਣੇ ਸ਼ਬਦਾਂ ਦੀ ਵਿਚਾਰ ਦਾ ਸੱਚ ਹੀ ਇਸ ਬਹੁਤ ਹੀ ਨਿਮਾਣੇ ਜਿਹੇ ਆਪਣੇ ਦਾਸ ਦੀ ਮਨੁੱਖੀ ਮਨ ਰੂਪ ਆਪਣੀ ਜੋਤਿ ਰਾਹੀਂ ਪ੍ਰਗਟ ਹੋ ਕੇ ਪੂਰੇ ਸੰਸਾਰ ਨੂੰ ਸਮਝਾ ਰਿਹਾ ਹੈ।

“ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥”

ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਸਿਆਣੇ ਅਖਵਾਉਣ ਵਾਲੇ ਤਾਂ ਬਹੁਤ ਹਨ। ਕਈ ਆਪਣੇ ਆਪ ਨੂੰ ਬਹੁਤ ਹੀ ਸਿਆਣੇ ਅਖਵਾਉਂਦੇ ਹਨ ਤੇ ਅਨੇਕਾਂ ਹੀ ਆਪਣੇ ਆਪ ਨੂੰ ਕੁੱਝ ਘੱਟ ਸਿਆਣੇ ਅਖਵਾਉਂਦੇ ਹਨ ਪਰ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਮੂਰਖ ਕੋਈ ਨਹੀਂ ਅਖਵਾਉਂਦਾ ਕਿ ਉਸਨੂੰ ਧਰਮ ਦੇ ਮਾਰਗ ਦੀ ਕੁੱਝ ਵੀ ਸਮਝ ਨਹੀਂ ਭਾਵੇਂ ਕੋਈ ਕਿਹੋ ਜਿਹੀ ਵੀ ਧਾਰਮਿਕ ਆਸਥਾ ਰੱਖਦਾ ਹੋਵੇ। ਸੱਚ ਕਰਕੇ ਜਾਣੋ ਸ੍ਰਿਸ਼ਟੀ ਦੇ ਮਾਲਕ ਨੂੰ, ਇੱਕੋ ਇੱਕ ਸੱਚ ਦੇ ਮਾਲਕ ਨੂੰ ਜਦ ਤੱਕ ਕੋਈ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਭਾਵ ਜਦ ਤੱਕ ਉਹ ਆਪਣੇ ਆਪ ਨੂੰ ਕਿਸੇ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਨਹੀਂ ਕਰਦਾ ਤਦ ਤੱਕ ਹੀ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਸਿਆਣਾ ਭਾਵ ਪੰਡਿਤ, ਗਿਆਨੀ ਆਦਿ ਅਖਵਾ ਸਕਦਾ ਹੈ। ਹਕੀਕਤ ਵਿੱਚ ਆਪਣੇ ਆਪ ਨੂੰ ਧਰਮ ਦੇ ਮਾਰਗ ਦਾ ਜਾਨਣ ਵਾਲਾ ਸਮਝਣਾ ਮਨੁੱਖ ਦੀ ਮੂਰਖਤਾ ਹੈ ਜਿਸਦੀ ਸਮਝ ਗਾਡ ਨੂੰ, ਪ੍ਰਮਾਤਮਾ ਨੂੰ, ਅੱਲ੍ਹਾ ਨੂੰ, ਅਕਾਲ ਪੁਰਖ ਨੂੰ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਭਾਵ ਆਪਣੀ ਸਮਝ ਦੇ ਤੇ ਆਪਣੇ ਸਰੀਰ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਤੋਂ

ਬਾਅਦ ਹੀ ਪੈਂਦੀ ਹੈ ਜਿਵੇਂ ਕਿ ਅਸੀਂ ਪਿੱਛੇ ਵੀ ਇਸ ਗੱਲ ਨੂੰ ਸ਼ਬਦਾਂ ਦੁਆਰਾ ਸਮਝਿਆ ਹੈ। ਧੰਨ ਧੰਨ ਸ੍ਰਿਸ਼ਟੀ ਦੇ ਕਰਤੇ ਦੇ ਰੂਪ ਬਾਬਾ ਨਾਨਕ ਜੀ ਨੇ ਵੀ ਆਪਣੇ ਅੰਦਰੋਂ ਉਸਨੂੰ ਜਾਨਣ ਤੋਂ ਬਾਅਦ ਸ਼ਬਦਾਂ ਰਾਹੀਂ ਆਪਣੇ ਆਪ ਨੂੰ ਮੂਰਖ ਕਿਹਾ ਹੈ ਜਿਸ ਰਾਹੀਂ ਉਨ੍ਹਾਂ ਨੇ ਸਾਰੇ ਸੰਸਾਰੀ ਮਨੁੱਖਾਂ ਦੀ ਸਮਝ ਦੀ ਸੱਚਾਈ ਹੀ ਬਿਆਨ ਕੀਤੀ ਹੈ ਤੇ ਉਨ੍ਹਾਂ ਸ਼ਬਦਾਂ ਨੂੰ ਤੇ ਕੁੱਝ ਹੋਰ ਸ਼ਬਦਾਂ ਨੂੰ ਉਪਰ ਵਾਲੇ ਪਦੇ ਨੂੰ ਸਮਝਣ ਤੋਂ ਬਾਅਦ ਪ੍ਰਮਾਣ ਦੇ ਰੂਪ ਵਿੱਚ ਫਿਰ ਤੋਂ ਦ੍ਰਿੜ ਕਰਾਂਗੇ। ਉਪਰ ਵਾਲੇ ਪਦੇ ਦੀ ਪੰਗਤੀ ਨੂੰ ਧਿਆਨ ਨਾਲ ਸਮਝੋ ਕਿ ਪ੍ਰਮਾਤਮਾ ਕਿਹੋ ਜਿਹੇ ਮਨੁੱਖ ਨੂੰ ਆਪਣਾ **“ਪੰਡਿਤੁ”** ਰੂਪ ਬਣਾਉਂਦਾ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸਮਝ ਰੱਖਣ ਵਾਲਾ ਬਣਾਉਂਦਾ ਹੈ। ਉਪਰ ਪੰਗਤੀ ਵਿੱਚ ਇਹ ਲਿਖਿਆ ਹੈ, **“ਖਲ ਮੂਰਖ ਤੇ ਪੰਡਿਤੁ ਕਰਿਬੋ”** ਭਾਵ ਉਸਨੂੰ ਉਹੋ ਜਿਹਾ ਮਨੁੱਖ ਭਾਉਂਦਾ ਹੈ ਜੋ ਆਪਣੇ ਆਪ ਨੂੰ ਭਗਤੀ ਦਾ ਮਾਰਗ ਜਾਨਣ ਵਿੱਚ, ਉਸਦੀ ਪੂਜਾ ਦਾ ਮਾਰਗ ਜਾਨਣ ਵਿੱਚ, ਉਸਦਾ ਨਾਮ ਜਪਣ ਦਾ ਮਾਰਗ ਜਾਨਣ ਵਿੱਚ ਆਪਣੇ ਆਪ ਨੂੰ ਖਲ ਮੂਰਖ ਸਮਝਦਾ ਹੋਵੇ ਭਾਵ ਮਹਾ ਮੂਰਖ ਸਮਝਦਾ ਹੋਵੇ ਕਿ ਮੈਨੂੰ ਸ੍ਰਿਸ਼ਟੀ ਦੇ ਕਰਤੇ ਨੂੰ ਪਾਉਣ ਦਾ ਤਰੀਕਾ ਕੀ ਹੈ, ਉਸਨੂੰ ਖੁਸ਼ ਕਰਨ ਦਾ ਤਰੀਕਾ ਕੀ ਹੈ, ਉਸਦੇ ਨਾਲ ਪਿਆਰ ਦਿਖਾਉਣ ਦਾ ਤਰੀਕਾ ਕੀ ਹੈ, ਉਸਦੀ ਸੇਵਾ ਕਰਨ ਦਾ ਤਰੀਕਾ ਕੀ ਹੈ ਇਸ ਗੱਲ ਦੀ ਮੈਨੂੰ ਕੁੱਝ ਵੀ ਸਮਝ ਨਹੀਂ ਹੈ, ਮੈਂ ਧਰਮ ਦੇ ਮਾਰਗ ਦੀ ਸਮਝ ਰੱਖਣ ਵਿੱਚ ਬਿਲਕੁਲ ਹੀ ਇੱਕ ਅਨਜਾਣ ਮਨੁੱਖ ਹਾਂ, ਮੈਂ ਗੁਰੂ ਦੇ ਉੱਚੇ ਗਿਆਨ ਵਾਲੀਆਂ ਗੱਲਾਂ ਨੂੰ ਸਮਝਣ ਵਿੱਚ ਵੱਡੀ ਅਗਿਆਨਤਾ ਵਿੱਚ ਹਾਂ ਭਾਵ ਬਿਲਕੁਲ ਹੀ ਅਸਮਰਥ ਹਾਂ। ਉਹ ਸ੍ਰਿਸ਼ਟੀ ਦੇ ਕਰਤੇ ਨੂੰ ਇਹੋ ਜਿਹੇ ਮਨੁੱਖ ਹੀ ਭਾਉਂਦੇ ਹਨ ਜਿਨ੍ਹਾਂ ਤੇ ਉਹ ਆਪਣੀ ਕ੍ਰਿਪਾ ਕਰਦਾ ਹੈ। ਇਸ ਨਿਮਾਣੇ ਜਿਹੇ ਦਾਸ ਦਾ ਜੀਵਨ ਵੀ ਕੁੱਝ ਇਸੇ ਤਰ੍ਹਾਂ ਹੀ ਰਿਹਾ ਹੈ ਤੇ ਗੁਰੂ ਦੀ ਇਸ ਗੱਲ ਤੇ ਬਹੁਤ ਵੱਡਾ ਭਰੋਸਾ ਸੀ ਕਿ ਮਨੁੱਖ ਨੂੰ ਆਪਣੀ ਨੀਯਤ ਸਾਫ ਰੱਖਣੀ ਚਾਹੀਦੀ ਹੈ ਭਾਵ ਕਿਸੇ ਦਾ ਮਾੜਾ ਨਹੀਂ ਕਰਨਾ ਚਾਹੀਦਾ ਤੇ ਦਾਸ ਕਦੇ ਕਦੇ ਹੀ ਗੁਰਦੁਆਰੇ ਜਾਇਆ ਕਰਦਾ ਸੀ ਪਰ ਦਾਸ ਦੀ ਇੱਛਾ ਸ਼ਬਦਾਂ ਦੀ ਵਿਚਾਰ ਨੂੰ ਸਮਝਣ ਦੀ ਹੀ ਹੁੰਦੀ ਸੀ। ਇੱਕੋ ਸ਼ਬਦ ਦੀ ਕੋਈ ਹੋਰ ਤਰੀਕੇ ਦੀ ਵਿਚਾਰ ਸੁਣਾਉਂਦਾ ਸੀ ਤੇ ਕੋਈ ਉਸੇ ਸ਼ਬਦ ਦੀ ਹੋਰ ਵਿਚਾਰ ਸੁਣਾਉਂਦਾ ਸੀ ਜਿਨ੍ਹਾਂ ਨੂੰ ਸੁਣਕੇ ਦਾਸ ਦੀ ਅੰਦਰੋਂ ਤਸੱਲੀ ਨਹੀਂ ਸੀ ਹੁੰਦੀ ਤੇ ਆਪਣੇ ਆਪ ਬਾਣੀ ਪੜਨ ਦੇ ਨਾਲ ਕੁੱਝ ਹੋਰ ਮਹਿਸੂਸ ਹੁੰਦਾ ਸੀ ਕਿ ਸ਼ਬਦਾਂ ਦੀ ਵਿਚਾਰ ਤਾਂ ਕੁੱਝ ਹੋਰ ਲੱਗ ਰਹੀ ਹੈ। ਇਸ ਨਿਮਾਣੇ ਜਿਹੇ ਦਾਸ ਨੂੰ ਹੀ ਸ੍ਰਿਸ਼ਟੀ ਦੇ ਕਰਤੇ ਨੇ ਸੰਸਾਰ ਨੂੰ ਗੁਰਬਾਣੀ ਦੇ ਸ਼ਬਦਾਂ ਦਾ ਸੱਚ ਸਮਝਾਉਣ ਦੇ ਲਈ ਕਿਸ ਲਈ ਚੁਣਿਆ ਹੈ ਇਹ ਉਹ ਆਪ ਹੀ ਜਾਨਣ। ਦਾਸ ਨੂੰ ਉਸਨੇ ਜੋ ਆਪਣਾ ਫਰਜ ਸੌਂਪਿਆ ਹੈ ਉਹ ਫਰਜ ਉਹ ਦਾਸ ਦੇ ਕੋਲੋਂ ਆਪ ਹੀ ਪੂਰਾ ਕਰਵਾ ਰਿਹਾ ਹੈ। ਦਾਸ ਦੀ ਔਕਾਤ ਇਸ ਮਿੱਟੀ ਦੇ ਪੁਤਲੇ ਤੋਂ ਇਲਾਵਾ ਕੁੱਝ ਵੀ ਨਹੀਂ ਹੈ ਭਾਵ ਦਾਸ ਦੀ ਸਮਝ ਉਸਦੀ

ਸਮਝ ਦੇ ਅੱਗੇ ਬਿਲਕੁਲ ਮਿੱਟੀ ਹੈ। ਉਸ ਮਿੱਟੀ ਵਿੱਚ ਆਪਣਾ ਜਲ ਪਾ ਕੇ, ਆਪਣਾ ਅੰਮ੍ਰਿਤ ਜਲ ਪਾ ਕੇ, ਆਪਣਾ ਨਾਮ ਜਲ ਪਾ ਕੇ ਆਪ ਹੀ ਆਪਣੀ ਉਪਜਾਉ ਧਰਤੀ ਬਣਾਇਆ ਹੈ ਜਿਸ ਵਿੱਚ ਉਸਨੇ ਆਪਣੇ ਆਪ ਹੀ ਆਪਣੇ ਨਾਮ ਦੇ ਬੀਜ ਬੀਜੇ ਹਨ ਤੇ ਆਪ ਹੀ ਆਪਣੇ ਨਾਮ ਦੀ ਫਸਲ ਤਿਆਰ ਕਰਵਾਈ ਹੈ ਜੋ ਕਿ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇ

56/7895

ਰੂਪ ਵਿੱਚ ਹੀ ਕਰਵਾਈ ਹੈ। ਮਨ ਦੇ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਦੀ ਫਸਲ ਦੇ ਰੂਪ ਵਿੱਚ ਹੀ ਉਸਨੇ ਦਾਸ ਨੂੰ ਆਪਣਾ **"ਪੰਡਿਤੁ"** ਰੂਪ ਬਣਾਇਆ ਹੈ ਭਾਵ ਧਰਮ ਦੇ ਮਾਰਗ ਦੀ ਸੱਚੀ ਸੋਝੀ ਵਾਲਾ ਬਣਾਇਆ ਹੈ ਜੋ ਧਰਮ ਦਾ ਮਾਰਗ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ। ਉਸਦਾ ਸੱਚਾ **"ਪੰਡਿਤੁ"** ਬਣਨ ਦੁਆਰਾ ਹੀ ਕੋਈ ਉਸਦੇ ਆਪਣੇ **"ਪੰਡਿਤੁ"** ਰੂਪ ਨੂੰ ਸਮਝ ਸਕਦਾ ਹੈ ਭਾਵ ਆਪਣੇ ਅੰਦਰੋਂ ਸੱਚੇ ਗਿਆਨ ਦੇ ਮਾਲਕ ਨੂੰ ਜਾਣ ਸਕਦਾ ਹੈ, ਉਸਦੇ ਗੁਰੂ ਰੂਪ ਨੂੰ, ਉਸਦੇ ਭਗਤ ਰੂਪ ਨੂੰ ਜਾਣ ਸਕਦਾ ਹੈ ਤੇ ਸਾਰੀ ਸ੍ਰਿਸ਼ਟੀ ਦੀ ਰਚਨਾ ਦੇ ਸੱਚ ਨੂੰ ਜਾਣ ਸਕਦਾ ਹੈ, ਸਾਇੰਸ ਦੇ ਮਾਲਕ ਨੂੰ ਜਾਣ ਸਕਦਾ ਹੈ। **(ਖਲ ਮੂਰਖ ਤੇ ਪੰਡਿਤੁ ਕਰਿਬੋ)**

ਹੁਣ ਉਪਰ ਵਾਲੀ ਪੰਗਤੀ ਦੇ ਬਾਕੀ ਹਿੱਸੇ ਨੂੰ ਸਮਝਦੇ ਹਾਂ ਕਿ ਜੋ ਆਪਣੇ ਆਪ ਨੂੰ ਪਹਿਲਾ ਹੀ ਧਰਮ ਦੇ ਮਾਰਗ ਦਾ ਪੰਡਿਤ ਬਣਾਈ ਬੈਠੇ ਹਨ ਭਾਵ ਧਰਮ ਦੇ ਮਾਰਗ ਦੇ ਗਿਆਨਵਾਨ ਬਣਾਈ ਬੈਠੇ ਹਨ, ਸੰਤ, ਬਾਬੇ ਆਦਿ ਬਣੀ ਬੈਠੇ ਹਨ ਉਨ੍ਹਾਂ ਬਾਰੇ ਅਕਾਲ ਪੁਰਖ ਨੇ ਕੀ ਲਿਖਿਆ ਹੋਇਆ ਹੈ।

"ਪੰਡਿਤ ਤੇ ਮੁਗਧਾਰੀ ॥੩॥"

ਪਹਿਲੀ ਗੱਲ ਤਾਂ ਇਸ ਗੱਲ ਨੂੰ ਸਮਝੋ ਕਿ ਉਪਰ ਵਾਲੀ ਪੂਰੀ ਪੰਗਤੀ ਵਿੱਚ ਦੋ ਵਾਰੀ ਪੰਡਿਤ ਦੀ ਗੱਲ ਆਈ ਹੈ। ਪਹਿਲੀ ਵਾਰੀ **"ਪੰਡਿਤੁ"** ਇਸ ਤਰੀਕੇ ਲਿਖਿਆ ਹੋਇਆ ਹੈ ਭਾਵ ਤ ਅੱਖਰ ਦੇ ਥੱਲੇ ਔਂਕੜ ਪਾਈ ਹੋਈ ਹੈ ਤੇ ਦੂਸਰੀ ਵਾਰੀ ਪੰਡਿਤ ਲਿਖਣ ਵਿੱਚ **"ਪੰਡਿਤ"** ਦੇ ਤ ਅੱਖਰ ਦੇ ਥੱਲੇ ਔਂਕੜ ਦੀ ਵਰਤੋਂ ਨਹੀਂ ਕੀਤੀ ਹੋਈ। ਇਸ ਗੱਲ ਨੂੰ ਵੀ ਸਮਝਣ ਦੀ ਲੋੜ ਹੈ। ਪਹਿਲਾ ਪੰਡਿਤੁ ਉਸਨੂੰ ਲਿਖਿਆ ਹੈ ਜਿਸਨੂੰ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਆਪਣਾ ਪੰਡਿਤੁ ਰੂਪ ਬਣਾਉਂਦਾ ਹੈ ਭਾਵ ਧਰਮ ਦੇ ਸੱਚੇ ਮਾਰਗ ਦੀ ਸੋਝੀ ਵਾਲਾ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰੂ ਸਾਹਿਬਾਨ ਨੂੰ ਤੇ ਆਪਣੇ ਸੱਚੇ ਭਗਤਾਂ ਨੂੰ ਬਣਾਇਆ ਹੈ ਤੇ ਉਨ੍ਹਾਂ ਰਾਹੀਂ ਸੱਚੀ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਵਾਈ ਹੈ ਤੇ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੀ ਉਨ੍ਹਾਂ ਗੁਰੂ ਸਾਹਿਬਾਨ ਨੂੰ ਸੋਝੀ ਪਾਈ ਹੈ ਜਿਨ੍ਹਾਂ ਨੇ ਭਾਵੇਂ ਗੁਰਬਾਣੀ ਗ੍ਰੰਥ ਰਾਹੀਂ ਸ਼ਬਦ ਨਹੀਂ ਉਚਾਰੇ ਪਰ ਆਪਣੇ ਜੀਵਨ ਵਿੱਚ ਸ਼ਬਦਾਂ ਦੇ ਸੱਚੇ ਵਿਚਾਰਾਂ ਤੇ ਪੂਰਾ ਜੀਵਨ ਅਮਲ ਕੀਤਾ ਹੈ ਤੇ ਦੂਸਰਿਆਂ ਨੂੰ ਵੀ ਆਪਣੇ ਜੀਵਨ ਵਿੱਚ ਉਹੋ ਜਿਹਾ ਸੱਚਾ ਜੀਵਨ ਹੀ ਜਿਉਣਾ ਸਿਖਾਇਆ ਹੈ ਕਿਉਂਕਿ ਸ਼ਬਦਾਂ ਦੀ ਸੱਚੀ ਵਿਚਾਰ ਸਮਝਾਉਣ ਵਾਲਾ ਸ੍ਰਿਸ਼ਟੀ ਦਾ ਕਰਤਾ ਤਾਂ ਉਨ੍ਹਾਂ ਦੇ ਅੰਦਰ ਵੀ ਭਾਵ ਉਨ੍ਹਾਂ ਦੀ ਸਮਝ ਦੇ ਅੰਦਰ ਵੀ ਉਸੇ ਤਰ੍ਹਾਂ ਹੀ ਪ੍ਰਗਟ ਸੀ ਜਿਸਨੇ ਪੂਰੇ ਗੁਰਬਾਣੀ ਗ੍ਰੰਥ ਵਿੱਚ ਹਰ ਸ਼ਬਦ ਦੀ ਵਿਚਾਰ ਲਿਖਵਾਈ ਹੋਈ ਹੈ। ਜੋ ਸ਼ਬਦਾਂ ਦੀ ਵਿਚਾਰ ਲਿਖਵਾਉਣ ਵਾਲਾ ਹੈ, ਉਹੀ ਸ਼ਬਦਾਂ ਦੀ ਸੱਚੀ ਵਿਚਾਰ ਸਮਝਾਉਣ ਵਾਲਾ ਹੈ ਤੇ ਉਨ੍ਹਾਂ ਵਿਚਾਰਾਂ ਤੇ ਅਮਲ ਕਰਵਾਉਣ ਵਾਲਾ ਹੈ ਭਾਵ ਆਪ ਹੀ ਆਪਣਾ ਨਾਮ ਦੇਣ ਵਾਲਾ ਹੈ ਤੇ ਆਪ ਹੀ ਆਪਣਾ ਨਾਮ ਜਪਣ ਵਾਲਾ ਤੇ ਜਪਾਉਣ ਵਾਲਾ ਹੈ। ਉਪਰ ਪੰਗਤੀ ਵਿੱਚ ਜੋ ਦੂਸਰੀ ਵਾਰੀ ਪੰਡਿਤ ਲਿਖਿਆ ਹੋਇਆ ਹੈ ਭਾਵ ਧਰਮ ਦੇ ਮਾਰਗ ਤੇ ਉੱਚੇ ਅਖਵਾਉਣ ਵਾਲੇ ਤੇ ਦੂਸਰਿਆਂ ਨੂੰ ਸਮਝਾਉਣ ਵਾਲੇ ਲਿਖਿਆ ਹੋਇਆ ਹੈ, ਉਹ ਝੂਠੇ ਪੰਡਿਤ ਲਿਖਿਆ ਹੋਇਆ ਹੈ ਭਾਵ ਝੂਠੇ ਧਰਮ ਦੇ ਵਿਦਵਾਨ ਲਿਖਿਆ ਹੋਇਆ ਹੈ। ਜਦੋਂ ਧਰਮ ਦੇ ਮਾਰਗ ਦਾ ਸੱਚ ਸ਼ਬਦਾਂ ਦੀ ਸੱਚੀ ਵਿਚਾਰ ਸਾਹਮਣੇ ਆਉਣ ਤੋਂ ਬਾਅਦ ਸੰਸਾਰ ਦੇ ਸਾਹਮਣੇ ਆ ਜਾਂਦਾ ਹੈ ਇਹੋ ਜਿਹੇ ਪੰਡਿਤ ਅਖਵਾਉਣ ਵਾਲਿਆਂ ਨੂੰ ਫਿਰ ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ, ਗਾਡ ਭਾਵ ਸ੍ਰਿਸ਼ਟੀ ਦਾ ਕਰਤਾ ਜੋ ਸਭ ਦੀ ਸਮਝ ਦਾ ਮਾਲਕ ਹੈ ਉਨ੍ਹਾਂ ਨੂੰ

56/7896

"ਮੁਗਧਾਰੀ" ਸਾਬਿਤ ਕਰ ਦਿੰਦਾ ਹੈ ਭਾਵ ਮੂਰਖ ਸਾਬਿਤ ਕਰ ਦਿੰਦਾ ਹੈ ਭਾਵ ਧਰਮ ਦੇ ਮਾਰਗ ਦੇ ਸੱਚ ਨੂੰ ਸਮਝਣ ਵਿੱਚ ਅਗਿਆਨੀ ਸਾਬਿਤ ਕਰ ਦਿੰਦਾ ਹੈ ਭਾਵ ਸੱਚ ਦਾ ਮਾਲਕ ਸਭ ਤੋਂ ਉੱਚਾ ਹੈ ਤੇ ਝੂਠ ਨੂੰ ਨੀਵਾਂ ਸਾਬਿਤ ਕਰਕੇ ਦਿਖਾ ਦਿੰਦਾ ਹੈ। **(ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥ ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੁ ਊਜਰੁ ਊਜਰੁ ਹੋਇ ਸੁ ਬਸੈ ॥੧॥ ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥ ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ**

ਭੇਖਾਰੀ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥)

ਉਪਰ ਵਾਲੇ ਪਦੇ ਰਾਹੀਂ ਅਸੀਂ ਆਪਣੇ ਆਪ ਨੂੰ ਧਰਮ ਦੇ ਰਾਜੇ ਅਖਵਾਉਣ ਵਾਲਿਆਂ ਦੀ ਗੱਲ ਵੀ ਸਮਝੀ ਹੈ ਤੇ ਧਰਮ ਦੇ ਮਾਰਗ ਦਾ ਅਸਲ ਰਾਜਾ ਕੌਣ ਹੈ ਤੇ ਸੱਚੀ ਸਿੱਖਿਆ ਦੇਣ ਵਾਲਾ ਕੌਣ ਹੈ ਇਸ ਗੱਲ ਨੂੰ ਵੀ ਸਮਝਿਆ ਹੈ। ਧਰਮ ਦੇ ਮਾਰਗ ਦਾ ਅਸਲ ਪੰਡਿਤੁ ਕੋਣ ਹੈ ਤੇ ਝੂਠਾ ਪੰਡਿਤ ਕੌਣ ਹੈ, ਅਸਲ ਮੂਰਖ ਕੌਣ ਹੈ ਇਸ ਗੱਲ ਨੂੰ ਵੀ ਸਮਝਿਆ ਹੈ। ਮਨ ਰੂਪ ਧਰਤੀ ਭਾਵ ਮਨ ਰੂਪ ਖੇਤ ਕੀ ਹੈ ਤੇ ਉਸ ਖੇਤ ਦੇ ਵਿੱਚ ਨਾਮ ਦਾ ਬੀਜਿਆ ਜਾਣਾ ਤੇ ਨਾਮ ਰੂਪ ਫਸਲ ਦਾ ਉੱਗਣਾ ਕੀ ਹੈ ਇਸ ਗੱਲ ਦਾ ਜਿਕਰ ਵੀ ਕੀਤਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਨ੍ਹਾਂ ਸਾਰੇ ਸ਼ਬਦਾਂ ਦੇ ਅੰਦਰੂਨੀ ਸੱਚੇ ਭਾਵ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਸਮਝਿਆ ਹੀ ਹੈ।

ਸਿਰੀਰਾਗੁ ਮਹਲਾ ੧ ॥

{ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੦-੬੧)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

{ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥}

(ਅੰਗ ੭੯੫)

ਮਾਰੂ ਮਹਲਾ ੧ ॥

{ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥
ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥
ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥
ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥
ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥
ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥ ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥}

(ਅੰਗ ੧੦੧੫-੧੦੧੬)

ਸਿਰੀਰਾਗੁ ਮਹਲਾ ੧ ॥

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥}

(ਅੰਗ ੧੫)

ਸੂਹੀ ਮਹਲਾ ੫ ॥

{ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥
ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥}

(ਅੰਗ ੭੪੯-੭੫੦)

56/7897

ਮਲਾਰ ਮਹਲਾ ੧ ॥

{ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥
ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥
ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥
ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥
ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥
ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥
ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥}

(ਅੰਗ ੧੨੫੬)

ਸਿਰੀਰਾਗੁ ਮਹਲਾ ੫ ਘਰੁ ੭ ॥

{ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥
ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥
ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥ ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥
ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥ ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥
ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥ ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥੨੭॥੯੭॥}

(ਅੰਗ ੫੧-੫੨)

ਮਲਾਰ ਮਹਲਾ ੧ ॥

{ਦੁਖ ਮਹੁਰਾ ਮਾਰਣ ਹਰਿ ਨਾਮੁ ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ ਨਿਤ ਨਿਤ ਲੇਹੁ ਨ ਛੀਜੈ ਦੇਹ ॥
ਅੰਤ ਕਾਲਿ ਜਮੁ ਮਾਰੈ ਠੇਹ ॥੧॥ ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ॥
ਰਾਜੁ ਮਾਲੁ ਜੋਬਨੁ ਸਭੁ ਛਾਂਵ ॥ ਰਥਿ ਫਿਰੰਦੈ ਦੀਸਹਿ ਥਾਵ ॥ ਦੇਹ ਨ ਨਾਉ ਨ ਹੋਵੈ ਜਾਤਿ ॥
ਓਥੈ ਦਿਹੁ ਐਥੈ ਸਭ ਰਾਤਿ ॥੨॥ ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥
ਹੋਮ ਜਗ ਅਰੁ ਪਾਠ ਪੁਰਾਣ ॥ ਜੋ ਤਿਸੁ ਭਾਵੈ ਸੋ ਪਰਵਾਣ ॥੩॥ ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥
ਜਿਨ ਕਉ ਲਿਖਿਆ ਏਹੁ ਨਿਧਾਨੁ ॥ ਸੇ ਧਨਵੰਤ ਦਿਸਹਿ ਘਰਿ ਜਾਇ ॥ ਨਾਨਕ ਜਨਨੀ ਧੰਨੀ ਮਾਇ॥੪॥੩॥੮॥}

(ਅੰਗ ੧੨੫੬-੧੨੫੮)

{ਉਤੰਗੀ ਪੈਓਹਰੀ ਗਹਿਰੀ ਗੰਭੀਰੀ ॥ ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ ॥
ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ ॥ ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ ॥੧॥
ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥ ਪਹਿਲਾ ਵਸਤੁ ਸਿਵਾਣਿ ਕੈ ਤਾਂ ਕੀਚੈ ਵਾਪਾਰੁ ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥
ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥
ਨਾਨਕ ਜਿਨ੍ੀ ਇਵ ਕਰਿ ਬੁਝਿਆ ਤਿਨ੍ਾ ਵਿਟਹੁ ਕੁਰਬਾਣੁ ॥੨॥ ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ ॥
ਤਾਹੂ ਖਰੇ ਸੁਜਾਣ ਵੰਞਾ ਏਨ੍ੀ ਕਪਰੀ ॥੩॥ ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ ॥
ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥ ਨਾਨਕ ਦੁਨੀਆ ਕੈਸੀ ਹੋਈ ॥
ਸਾਲਕੁ ਮਿਤੁ ਨ ਰਹਿਓ ਕੋਈ ॥ ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨੁ ਗਵਾਇਆ ॥੫॥
ਹੈ ਹੈ ਕਰਿ ਕੈ ਓਹਿ ਕਰੇਨਿ ॥ ਗਲ੍ਾ ਪਿਟਨਿ ਸਿਰੁ ਖੋਹੇਨਿ ॥ ਨਾਉ ਲੈਨਿ ਅਰੁ ਕਰਨਿ ਸਮਾਇ ॥
ਨਾਨਕ ਤਿਨ ਬਲਿਹਾਰੈ ਜਾਇ ॥੬॥ ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥
ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ ॥ ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ ॥
ਨਾਨਕ ਗੁਰਮੁਖਿ ਛੁਟੀਐ ਹਰਿ ਪ੍ੀਤਮ ਸਿਉ ਸੰਗੁ ॥੭॥
ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥ ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ॥
ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥ ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥੮॥
ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥ ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ॥
ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ ॥ ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ ॥੯॥
ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ੀਤਿ ਹੈ ਬੂਝਹੁ ਗਿਆਨੀ ਰੰਗਿ ॥
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨ੍ਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥੧੦॥
ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ ॥ ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ ॥
ਵੇਖਣੁ ਸੁਨਣਾ ਝੂਠੁ ਹੈ ਮੁਖਿ ਝੂਠਾ ਆਲਾਉ ॥ ਨਾਨਕ ਨਾਮੁ ਸਲਾਹਿ ਤੂ ਹੋਰੁ ਹਉਮੈ ਆਵਉ ਜਾਉ ॥੧੧॥
ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥੧੨॥ ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ ॥
ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ॥ ਜਿਸ ਨੋ ਲਾਏ ਤਿਸੁ ਲਗੈ ਲਗੀ ਤਾ ਪਰਵਾਣੁ ॥
ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ ॥੧੩॥ ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥
ਧਾਤੂ ਪੰਜਿ ਰਲਾਇ ਕੂੜਾ ਪਾਜਿਆ ॥ ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥
ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥ ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥
ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥ ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥ ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥
ਜਪੁ ਤਪੁ ਸੰਜਮੁ ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥

ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥ ਖੜ੍ਹੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖੜ੍ਹੀ ਦਰਗਹ ਪਰਵਾਣੁ ॥ ਲਬੁ ਲੋਭੁ ਜੇ ਕੂੜੁ ਕਮਾਵੈ ॥
ਅਪਣਾ ਕੀਤਾ ਆਪੇ ਪਾਵੈ ॥੧੭॥ ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ॥੧੮॥ ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ॥
ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟੁ ਹੋਇ ॥੧੯॥ ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥}

(ਅੰਗ ੧੪੧੦-੧੪੧੨)

ਮਹਲਾ ੨ ॥

{ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥
ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ ॥ ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥
ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥ ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ॥
ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥੨॥}

(ਅੰਗ ੧੪੯)

ਗੂਜਰੀ ਅਸਟਪਦੀਆ ਮਹਲਾ ੧ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥ ਚੇਤਹੁ ਬਾਸੁਦੇਉ ਬਨਵਾਲੀ ॥
ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥ ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥
ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥੩॥
ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥ ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥
ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ ੫੦੩)

ਸਲੋਕ ਮਃ ੫ ॥

{ਆਪੇ ਵੈਦੁ ਆਪਿ ਨਾਰਾਇਣੁ ॥ ਏਹਿ ਵੈਦ ਜੀਅ ਕਾ ਦੁਖੁ ਲਾਇਣ ॥

ਗੁਰ ਕਾ ਸਬਦੁ ਅੰਮ੍ਰਿਤ ਰਸੁ ਖਾਇਣ ॥ ਨਾਨਕ ਜਿਸੁ ਮਨਿ ਵਸੈ ਤਿਸ ਕੇ ਸਭਿ ਦੂਖ ਮਿਟਾਇਣ ॥੧॥}

(ਅੰਗ ੯੬੨)

ਮਃ ੫ ॥

{ਹੁਕਮਿ ਉਛਲੈ ਹੁਕਮੇ ਰਹੈ ॥ ਹੁਕਮੇ ਦੁਖੁ ਸੁਖੁ ਸਮ ਕਰਿ ਸਹੈ ॥ ਹੁਕਮੇ ਨਾਮੁ ਜਪੈ ਦਿਨੁ ਰਾਤਿ ॥
ਨਾਨਕ ਜਿਸ ਨੋ ਹੋਵੈ ਦਾਤਿ ॥ ਹੁਕਮਿ ਮਰੈ ਹੁਕਮੇ ਹੀ ਜੀਵੈ ॥ ਹੁਕਮੇ ਨਾਨ੍ਹਾ ਵਡਾ ਥੀਵੈ ॥
ਹੁਕਮੇ ਸੋਗ ਹਰਖ ਆਨੰਦ ॥ ਹੁਕਮੇ ਜਪੈ ਨਿਰੋਧਰ ਗੁਰਮੰਤ ॥ ਹੁਕਮੇ ਆਵਣੁ ਜਾਣੁ ਰਹਾਏ ॥
ਨਾਨਕ ਜਾ ਕਉ ਭਗਤੀ ਲਾਏ ॥੨॥}

(ਅੰਗ ੯੬੨)

ਪਉੜੀ ॥

{ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ ॥ ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ ॥
ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ ॥ ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ ॥
ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥ ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ ॥
ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ ॥ ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ ॥੧੧॥}

(ਅੰਗ ੯੬੨)

ਪਉੜੀ ॥

{ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥}

(ਅੰਗ ੪੬੮)

ਮਾਰੂ ਮਹਲਾ ੫ ॥

{ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ ॥੧॥
ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ ॥੨॥
ਘਟਿ ਘਟੇ ਵਾਸੀ ਸਰਬ ਨਿਵਾਸੀ ਅਸਥਿਰੁ ਜਾ ਕਾ ਥਾਨੁ ਹੇ ॥੩॥
ਆਵੈ ਨ ਜਾਵੈ ਸੰਗੇ ਸਮਾਵੈ ਪੂਰਨ ਜਾ ਕਾ ਕਾਮੁ ਹੇ ॥੪॥ ਭਗਤ ਜਨਾ ਕਾ ਰਾਖਣਹਾਰਾ ॥
ਸੰਤ ਜੀਵਹਿ ਜਪਿ ਪ੍ਰਾਨ ਅਧਾਰਾ ॥ ਕਰਨ ਕਾਰਨ ਸਮਰਥੁ ਸੁਆਮੀ ਨਾਨਕੁ ਤਿਸੁ ਕੁਰਬਾਨੁ ਹੇ ॥੫॥੨॥੩੨॥}

(ਅੰਗ ੧੦੦੮)

56/7898

ਮਾਰੂ ਮਹਲਾ ੩ ਘਰੁ ੫ ਅਸਟਪਦੀ

ੴ ਸਤਿਗੁਰ ਪ੍ਰਸਾਦਿ ॥

{ਜਿਸ ਨੋ ਪ੍ਰੇਮੁ ਮੰਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥
ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥੧॥ ਆਪੇ ਮੇਲੇ ਆਪਿ ਮਿਲਾਏ ॥
ਆਪਣਾ ਪਿਆਰੁ ਆਪੇ ਲਾਏ ॥ ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥੧॥ ਰਹਾਉ ॥

ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥ ਸੰਜੋਗੀ ਧਨ ਪਿਰ ਮੇਲਾ ਹੋਵੈ ॥
ਗੁਰਮਤਿ ਵਿਚਹੁ ਦੁਰਮਤਿ ਖੋਵੈ ॥ ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥
ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥ ਏਹੁ ਸਬਦੁ ਸਾਰੁ ਜਿਸ ਨੋ ਲਾਏ ॥
ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥ ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥੫॥
ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ ਕਿਰਪਾ ਅਪਨੈ ਘਰਿ ਆਇਆ ॥
ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥੬॥ ਗੁਰਮੁਖਿ ਹੋਵੈ ਸੋ ਤਤੁ ਪਾਏ ॥
ਆਪਣਾ ਆਪੁ ਵਿਚਹੁ ਗਵਾਏ ॥ ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥
ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥ ਗੁਰਮੁਖਿ ਜਿਨੀ ਨਾਮੁ ਨ ਪਾਇਆ ॥
ਮਨਮੁਖਿ ਬਿਰਥਾ ਜਨਮੁ ਗਵਾਇਆ ॥ ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ ॥੯॥
ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥
ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥}

(ਅੰਗ ੧੦੧੬)

ਸਲੋਕ ਮਃ ੧ ॥

{ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥}

(ਅੰਗ ੧੨੭੬)

ਮਃ ੨ ॥

{ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥ ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥}

(ਅੰਗ ੧੨੭੬)

ਪਉੜੀ ॥

{ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥ ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ ॥ ਸਚੀ ਕੀਮਤਿ ਪਾਇ ਤਖਤੁ ਰਚਾਇਆ ॥
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥}

(ਅੰਗ ੧੨੭੬-੧੨੮੦)

ਆਸਾ ਮਹਲਾ ੧ ॥

{ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿ ਕਾ ਭਾਉ ॥
ਜਤੀ ਸਤੀ ਕਹ ਰਾਖਹਿ ਪਾਉ ॥੧॥ ਨਾਨਕ ਨਾਮ ਵਿਟਹੁ ਕੁਰਬਾਣੁ ॥
ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥ ਗੁਰੂ ਪਾਸਹੁ ਫਿਰਿ ਚੇਲਾ ਖਾਇ ॥

ਤਾਮਿ ਪਰੀਤਿ ਵਸੈ ਘਰਿ ਆਇ ॥ ਜੇ ਸਉ ਵਰ੍ਹਿਆ ਜੀਵਣ ਖਾਣੁ ॥ ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥
ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ ॥ ਰਾਜਾ ਨਿਆਉ ਕਰੇ ਹਥਿ ਹੋਇ ॥
ਕਹੈ ਖੁਦਾਇ ਨ ਮਾਨੈ ਕੋਇ ॥੩॥ ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥
ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥}

(ਅੰਗ ੩੪੯-੩੫੦)

{ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥ ਰਾਮ ਨਾਮ ਸਾਰੁ ਰਸੁ ਪੀਵੈ ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਹਰਿ ਕੀ ਕਥਾ ਹਿਰਦੈ ਬਸਾਵੈ ॥
ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥ ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥
ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥}

(ਅੰਗ ੨੭੪)

ਮਃ ੫ ॥

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥
ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥
ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥
ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥
ਸਤਿਗੁਰੁ ਨਿਰਵੈਰੁ ਪੁੜ੍ ਸੜ੍ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥
ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ ੯੬੦-੯੬੧)

ਪਉੜੀ ॥

{ਜੋ ਤੁਧੁ ਭਾਣਾ ਜੰਤੁ ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ ॥
ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥
ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥
ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ ੯੬੧)

ਸਲੋਕ ਮਃ ੨ ॥

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥}

(ਅੰਗ ੧੨੯੮)

ਸਲੋਕੁ ਮਃ ੩ ॥

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥
ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥}

(ਅੰਗ ੯੪੭)

ਸਲੋਕ ਮਃ ੧ ॥

{ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥}

(ਅੰਗ ੧੨੯੬)

ਪਉੜੀ ॥

{ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥ ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥
ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥
ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥
ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥}

(ਅੰਗ ੧੪੦)

56/7899

ਸਿਰੀਰਾਗੁ ਮਹਲਾ ੩ ॥

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥

ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

ਮਾਰੂ ਮਹਲਾ ੧ ॥

{ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥
ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥
ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥
ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥
ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥
ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥
ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥
ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥ ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥}

(ਅੰਗ ੧੦੧੫-੧੦੧੬)

ਗੂਜਰੀ ਮਹਲਾ ੩ ਤੀਜਾ ॥

{ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥
ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ ॥੧॥
ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥
ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥੧॥ ਰਹਾਉ ॥
ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥ ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥ ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥੪॥ ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥੫॥੭॥੯॥}

(ਅੰਗ ੪੯੨)

ਦੇਵਗੰਧਾਰੀ ਮਹਲਾ ੯ ॥

{ਜਗਤ ਮੈ ਝੂਠੀ ਦੇਖੀ ਪ੍ਰੀਤਿ ॥ ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥ ਰਹਾਉ ॥
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥੧॥
ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥
ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭॥}

(ਅੰਗ ੫੩੬)

ਸਲੋਕ ਮਃ ੩ ॥

{ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥ ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥
ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ ਨੋ ਕਿਰਪਾ ਕਰੇ ਰਜਾਇ ॥੧॥}

(ਅੰਗ ੫੫੬)

ਸਲੋਕ ਮਃ ੩ ॥

{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇੰਦੇ ਮਰਿ ਜੰਮਹਿ ਹੋਇ ਖੁਆਰੁ ॥
ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥ ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥}

(ਅੰਗ ੫੮੯)

ਸੋਰਠਿ ਮਹਲਾ ੧ ਦੁਤੁਕੇ ॥

{ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥੧॥ ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥ ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪॥੪॥}

(ਅੰਗ ੫੯੬)

ਸੋਰਠਿ ਮਹਲਾ ੫ ॥

{ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥ ਹਰਿ ਆਰਾਧਿ ਨ ਜਾਨਾ ਰੇ ॥
ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥}

(ਅੰਗ ੬੧੨)

ਸੋਰਠਿ ਮਹਲਾ ੫ ॥

{ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ ॥
ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥੧॥
ਮਾਧੋ ਹਮ ਐਸੇ ਤੂ ਐਸਾ ॥ ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ ॥ ਰਹਾਉ ॥
ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ ॥
ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ ॥੨॥
ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ ॥
ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ ॥੩॥
ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ ॥
ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ ॥੪॥੬॥੧੭॥}

(ਅੰਗ ੬੧੩)

56/7900

ਸਲੋਕੁ ਮਃ ੩ ॥

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੂਖ ਹੈ ਮੂਰਖ ਭੂਖਿਆ ਮੁਏ ਗਵਾਰ ॥
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਅੰਦਰਹੁ ਤ੍ਰਿਸਨਾ ਭੂਖ ਗਈ ਸਚੈ ਨਾਇ ਪਿਆਰਿ॥
ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}

(ਅੰਗ ੬੪੭)

ਸੂਹੀ ਮਹਲਾ ੪ ॥

{ਤਿਨ੍ੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥
ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥੧॥
ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥੧॥ ਰਹਾਉ॥
ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥੨॥
ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ॥
ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥੩॥
ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ ॥੪॥੨॥੯॥}

(ਅੰਗ ੭੩੩)

ਮਃ ੧ ॥

{ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥
ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥}

(ਅੰਗ ੭੯੯)

ਸਲੋਕ ਮਃ ੩ ॥

{ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥ ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥
ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥ ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥
ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ ॥ ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਣਾ ॥
ਹਰਿ ਨਾਮੁ ਜਪੈ ਆਪਿ ਉਧਰੈ ਓਸੁ ਪਿਛੈ ਡੁਬਦੇ ਭੀ ਤਰਣਾ ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜੋ ਦੇਇ ਸੁ ਸਹਣਾ ॥੧॥}

(ਅੰਗ ੯੫੩)

{ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ ਮੂਰਖੁ ਅੰਧਾ ਤਤੁ ਨ ਪਛਾਣੈ ॥
ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥੧੩॥ ਸਭੁ ਕਿਛੁ ਆਪੇ ਆਪਿ ਕਰਾਏ ॥
ਆਪੇ ਸਿਰਿ ਸਿਰਿ ਧੰਧੈ ਲਾਏ ॥ ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ ॥੧੪॥
ਸਚਾ ਸਾਹਿਬੁ ਗਹਿਰ ਗੰਭੀਰਾ ॥ ਸਦਾ ਸਲਾਹੀ ਤਾ ਮਨੁ ਧੀਰਾ ॥
ਅਗਮ ਅਗੋਚਰੁ ਕੀਮਤਿ ਨਹੀ ਪਾਈ ਗੁਰਮੁਖਿ ਮੰਨਿ ਵਸਾਇਦਾ ॥੧੫॥ ਆਪਿ ਨਿਰਾਲਮੁ ਹੋਰ ਧੰਧੈ ਲੋਈ ॥
ਗੁਰ ਪਰਸਾਦੀ ਬੂਝੈ ਕੋਈ ॥ ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥}

(ਅੰਗ ੧੦੬੧)

ਮਃ ੧ ॥

{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ॥
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ॥
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਥੈ ਹਉ ਬਹੁ ਬਿਧਿ ਹਢਾ ਤੋਐ ਬਹੁਤੁ ਬਿਕਾਰਾ ॥

ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥}

(ਅੰਗ ੧੨੮੯-੧੨੯੦)

ਪਉੜੀ ॥

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥੨੫॥}

(ਅੰਗ ੧੨੯੦)

ਰਾਗੁ ਕਲਿਆਨ ਮਹਲਾ ੪

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

{ਰਾਮਾ ਰਮ ਰਾਮੈ ਅੰਤੁ ਨ ਪਾਇਆ ॥
ਹਮ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ ॥੧॥ ਰਹਾਉ ॥
ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ ॥
ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ ॥੧॥
ਗੋਬਿਦ ਗੁਣ ਗੋਬਿਦ ਸਦ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ ॥
ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ ॥੨॥
ਉਸਤਤਿ ਕਰਹਿ ਤੁਮਰੀ ਜਨ ਮਾਧੌ ਗੁਨ ਗਾਵਹਿ ਹਰਿ ਰਾਇਆ ॥
ਤੁਮ੍ ਜਲ ਨਿਧਿ ਹਮ ਮੀਨੇ ਤੁਮਰੇ ਤੇਰਾ ਅੰਤੁ ਨ ਕਤਹੂ ਪਾਇਆ ॥੩॥
ਜਨ ਕਉ ਕ੍ਰਿਪਾ ਕਰਹੁ ਮਧਸੂਦਨ ਹਰਿ ਦੇਵਹੁ ਨਾਮੁ ਜਪਾਇਆ ॥
ਮੈ ਮੂਰਖ ਅੰਧੁਲੇ ਨਾਮੁ ਟੇਕ ਹੈ ਜਨ ਨਾਨਕ ਗੁਰਮੁਖਿ ਪਾਇਆ ॥੪॥੧॥}

(ਅੰਗ ੧੩੧੯)

ਪ੍ਰਭਾਤੀ ਮਹਲਾ ੧ ॥

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥
ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥
ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥
ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥
ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨॥}

(ਅੰਗ ੧੩੨੭-੧੩੨੮)

ਪ੍ਰਭਾਤੀ ਮਹਲਾ ੧ ॥

{ਆਖਣਾ ਸੁਨਣਾ ਨਾਮੁ ਅਧਾਰੁ ॥ ਧੰਧਾ ਛੁਟਕਿ ਗਇਆ ਵੇਕਾਰੁ ॥ ਜਿਉ ਮਨਮੁਖਿ ਦੂਜੈ ਪਤਿ ਖੋਈ ॥
ਬਿਨੁ ਨਾਵੈ ਮੈ ਅਵਰੁ ਨ ਕੋਈ ॥੧॥ ਸੁਣਿ ਮਨ ਅੰਧੇ ਮੂਰਖ ਗਵਾਰ ॥
ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ ॥੧॥ ਰਹਾਉ ॥
ਇਸੁ ਮਨ ਮਾਇਆ ਮੋਹਿ ਬਿਨਾਸੁ ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥
ਗੁਰਮੁਖਿ ਵਿਰਲਾ ਚੀਨੈ ਕੋਈ ॥ ਨਾਮ ਬਿਹੂਨਾ ਮੁਕਤਿ ਨ ਹੋਈ ॥੨॥ ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ॥
ਬਿਨੁ ਗੁਰ ਬੂਝੇ ਜਮ ਕੀ ਫਾਸੀ ॥ ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ ॥
ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥੩॥ ਆਪੇ ਸਦੇ ਢਿਲ ਨ ਹੋਇ ॥ ਸਬਦਿ ਮਰੈ ਸਹਿਲਾ ਜੀਵੈ ਸੋਇ ॥
ਬਿਨੁ ਗੁਰ ਸੋਝੀ ਕਿਸੈ ਨ ਹੋਇ ॥ ਆਪੇ ਕਰੈ ਕਰਾਵੈ ਸੋਇ ॥੪॥ ਝਗੜੁ ਚੁਕਾਵੈ ਹਰਿ ਗੁਣ ਗਾਵੈ ॥
ਪੂਰਾ ਸਤਿਗੁਰੁ ਸਹਜਿ ਸਮਾਵੈ ॥ ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥੫॥
ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥ ਗੁਰਮੁਖਿ ਕੋਈ ਸਚੁ ਕਮਾਵੈ ॥
ਆਵਣੁ ਜਾਣਾ ਠਾਕਿ ਰਹਾਵੈ ॥੬॥ ਭਉ ਖਾਣਾ ਪੀਣਾ ਸੁਖੁ ਸਾਰੁ ॥ ਹਰਿ ਜਨ ਸੰਗਤਿ ਪਾਵੈ ਪਾਰੁ ॥
ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥ ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥
ਕਾਮ ਕ੍ਰੋਧ ਅਗਨੀ ਮਹਿ ਭੁੰਜਾ ॥ ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥
ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥}

(ਅੰਗ ੧੩੪੪-੧੩੪੫)

56/7901

{ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ ॥ ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥੧੭੨॥}

(ਅੰਗ ੧੩੭੩)

ਜੈਜਾਵੰਤੀ ਮਹਲਾ ੯ ॥

{ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥ ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥
ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ ਰਹਾਉ ॥
ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥ ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ॥੧॥
ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥
ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ ॥੨॥੪॥}

(ਅੰਗ ੧੩੫੨-੧੩੫੩)

{ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥}

(ਅੰਗ ੧੪੨੭)

ਉਪਰ ਵਾਲੇ ਬਹੁਤੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਹੁਣ ਉਪਰ ਵਾਲੇ ਸ਼ਬਦਾਂ ਦਾ ਪ੍ਰਮਾਣ ਇਸ ਕਰਕੇ ਦਿੱਤਾ ਗਿਆ ਹੈ ਤਾਂ ਜੋ ਅਸੀਂ ਭਗਤੀ ਦੀ ਸੱਚੀ ਸਮਝ ਰੱਖਣ ਵਾਲੇ ਗੁਰੂ ਵਿੱਚ ਤੇ ਭਗਤੀ ਦੇ ਮਾਰਗ ਦੀ ਸੱਚੀ ਸਮਝ ਨਾ ਰੱਖਣ ਵਾਲਿਆਂ ਵਿੱਚ ਭਾਵ ਨਾਮ ਦੀ ਸੱਚੀ ਸਮਝ ਨਾ ਰੱਖਣ ਵਾਲਿਆਂ ਵਿੱਚ ਫਰਕ ਸਮਝ ਸਕੀਏ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਜੁੜ ਸਕੀਏ ਜੋ ਜਗਤ ਦਾ ਸੱਚਾ ਗੁਰੂ ਆਪਣੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦੁਆਰਾ ਹੀ ਭਾਵ ਆਪਣੇ ਬ੍ਰਹਮ ਗਿਆਨ

ਦੁਆਰਾ ਹੀ ਭਾਵ ਆਪਣੇ ਨਾਮ ਦੁਆਰਾ ਹੀ ਸੱਚੀ ਭਗਤੀ ਦੇ ਮਾਰਗ ਦਾ ਰਾਜਾ ਹੈ ਤੇ ਉਸਦੀ ਸੱਚੀ ਮਤਿ ਉਸਦੇ ਕੋਲੋਂ ਉਸਦੀ ਸੱਚੀ ਮਤਿ ਦੇ ਭਿਖਾਰੀ ਬਣਨ ਦੁਆਰਾ ਹੀ ਉਸ ਇੱਕੋ ਇੱਕ ਸੰਸਾਰ ਦੇ ਰਾਜੇ ਕੋਲੋਂ ਉਸਦਾ ਸੱਚ ਲਿਆ ਜਾ ਸਕਦਾ ਹੈ ਭਾਵ ਸਮਝਿਆ ਜਾ ਸਕਦਾ ਹੈ ਜੋ ਉਸ ਰਾਜੇ ਦਾ ਦਿੱਤਾ ਹੋਇਆ ਸੱਚ ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਲਿਖਿਆ ਹੋਇਆ ਹੈ। ਸੱਚੀ ਭਗਤੀ ਦੀ ਸਮਝ ਦਾ ਰਾਜਾ, ਆਪਣੇ ਨਾਮ ਦਾ ਰਾਜਾ ਉਹ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਸਾਰੀ ਸ੍ਰਿਸ਼ਟੀ ਨੂੰ ਸੱਚ ਸਮਝਾਉਣ ਦਾ ਪੰਡਿਤ ਹੈ ਭਾਵ ਧਰਮ ਦੇ ਮਾਰਗ ਦਾ ਸੱਚਾ ਵਿਦਵਾਨ ਹੈ ਜੋ ਆਪਣੇ ਸੱਚੇ ਧਰਮ ਦਾ ਮਾਰਗ ਉਸਨੇ ਸਾਰੇ ਸੰਸਾਰ ਨੂੰ ਆਪਣੇ ਲਿਖਵਾਏ ਹੋਏ ਸੱਚੇ ਧਰਮ ਗ੍ਰੰਥਾਂ ਦੇ ਸ਼ਬਦਾਂ ਰਾਹੀਂ ਇੱਕੋ ਜਿਹਾ ਹੀ ਸਮਝਾਇਆ ਹੋਇਆ ਹੈ ਭਾਵ ਸੱਚ ਤੇ ਚੱਲਣ ਦਾ ਸਮਝਾਇਆ ਹੋਇਆ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਸਮਝਾਇਆ ਹੋਇਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਉਪਰ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਸੱਚੀ ਭਗਤੀ ਦੇ ਮਾਰਗ ਨੂੰ ਭਾਵ ਉਸਦਾ ਨਾਮ ਜਪਣ ਦੇ ਮਾਰਗ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸੱਚੇ ਧਰਮ ਦਾ ਮਾਰਗ ਭਾਵ ਸ੍ਰਿਸ਼ਟੀ ਦੇ ਕਰਤੇ ਦਾ ਸੱਚਾ ਨਾਮ ਜਪਣ ਦਾ ਮਾਰਗ ਸੰਸਾਰ ਦੇ ਹਰ ਮਨੁੱਖ ਲਈ ਔਗੁਣ ਤਿਆਗਕੇ, ਮਨ ਦੀਆਂ ਤ੍ਰਿਸ਼ਨਾਵਾਂ ਤਿਆਗਕੇ, ਗੁਣੀ ਬਣਕੇ ਵਿਚਰਨ ਦਾ ਹੀ ਹੈ ਭਾਵ ਸੱਚੇ ਸੁੱਚੇ ਕਰਮ ਕਰਨ ਦਾ ਹੀ ਹੈ ਤਾਂ ਜੋ ਕੋਈ ਵੀ ਮਨੁੱਖ ਦੂਸਰੇ ਮਨੁੱਖ ਦਾ ਮਾੜਾ ਨਾ ਕਰੇ। ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਅਸੀਂ ਪਹਿਲੀ ਪਾਤਸ਼ਾਹੀ ਦੇ ਸ਼ਬਦਾਂ ਦਾ ਵੀ ਜਿਕਰ ਕੀਤਾ ਹੈ, ਤੀਸਰੀ ਪਾਤਸ਼ਾਹੀ, ਚੌਥੀ ਪਾਤਸ਼ਾਹੀ, ਪੰਜਵੀਂ ਪਾਤਸ਼ਾਹੀ ਦੇ ਮੁੱਖੋਂ ਉਚਾਰੇ ਹੋਏ ਸ਼ਬਦਾਂ ਦਾ ਜਿਕਰ ਕੀਤਾ ਹੈ ਜਿਨ੍ਹਾਂ ਸ਼ਬਦਾਂ ਰਾਹੀਂ ਸਭ ਨੇ ਆਪਣੀ ਸਮਝ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਉੱਚੀ ਸਮਝ ਦੇ ਅੱਗੇ ਆਪਣੀ

ਸਮਝ ਨੂੰ ਮਨ ਦੀ ਮੂਰਖਤਾ ਵਾਲੀ ਸਮਝ ਕਿਹਾ ਹੈ ਭਾਵ ਭਗਤੀ ਦੇ ਮਾਰਗ ਦੇ ਸੱਚ ਨੂੰ ਸਮਝਣ ਵਿੱਚ, ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਸਮਝਣ ਦੇ ਵਿੱਚ ਸ਼ਬਦ ਦੇ ਮਾਲਕ ਦੀ ਸਮਝ ਦੇ ਅੱਗੇ ਭਾਵ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦ ਰੂਪ ਸੱਚੀ ਵਿਚਾਰਾਂ ਦੇ ਮਾਲਕ ਦੀ ਸਮਝ ਦੇ ਅੱਗੇ ਆਪਣੀ ਸਮਝ ਨੂੰ ਨੀਵੀਂ ਕਿਹਾ ਹੈ ਤੇ ਨੌਵੀਂ ਪਾਤਸ਼ਾਹੀ ਨੇ ਵੀ ਆਪਣੀ ਸਮਝ ਨੂੰ ਸ੍ਰਿਸ਼ਟੀ ਦੇ ਸੱਚੇ ਗੁਰੂ ਦੀ ਸਮਝ ਅੱਗੇ ਉਪਰ ਦਿੱਤੇ ਹੋਏ ਸ਼ਬਦ ਵਿੱਚ ਆਪਣੀ ਸਮਝ ਨੂੰ ਨੀਵੀਂ ਸਮਝ ਮੰਨਿਆ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਹੀ ਸ਼ਬਦਾਂ ਦੇ ਅੰਦਰ ਦੇ ਸੱਚੇ ਗਿਆਨ ਦੇ ਮਾਲਕ ਨੂੰ ਹੀ ਉੱਚੀ ਸਮਝ ਵਾਲਾ ਮੰਨਿਆ ਹੈ। ਉਪਰ ਸ਼ਬਦਾਂ ਦੇ ਪ੍ਰਮਾਣ ਰਾਹੀਂ ਦਿੱਤੇ ਹੋਏ ਅਗਰ ਸਾਰੇ ਸ਼ਬਦਾਂ ਨੂੰ ਧਿਆਨ ਨਾਲ ਵਿਚਾਰਾਂਗੇ ਤਾਂ ਬੜੇ ਸਪਸ਼ਟ ਤਰੀਕੇ ਨਾਲ ਸਮਝ ਪੈ ਜਾਂਦੀ ਹੈ ਕਿ ਅਸਲ ਵਿੱਚ ਮੂਰਖ ਕਿਨ੍ਹਾਂ ਨੂੰ ਕਿਹਾ ਹੈ ਭਾਵ ਉਨ੍ਹਾਂ ਨੂੰ ਕਿਹਾ ਹੈ ਜੋ ਮਨ ਦੀ ਮੂਰਖਤਾ ਕਰਕੇ ਆਪਣੇ ਆਪ ਨੂੰ ਸ਼ਬਦਾਂ ਦੀ ਸੱਚੀ ਵਿਚਾਰ ਰੱਖਣ ਵਾਲੇ ਸਮਝਦੇ ਹਨ ਭਾਵ ਧਰਮ ਦੇ ਪੰਡਿਤ ਅਖਵਾਉਂਦੇ ਹਨ ਤੇ ਉਹੋ ਜਿਹੇ ਸਾਰਿਆਂ ਨੂੰ ਮੂਰਖ ਕਿਹਾ ਹੈ ਜੋ ਇਹੋ ਜਿਹੇ ਮੂਰਖਾਂ ਦੀ ਮਤਿ ਦੇ ਪਿੱਛੇ ਲੱਗਦੇ ਹਨ। ਇਹੋ ਜਿਹਿਆਂ ਮੂਰਖਾਂ ਦੀ ਮਤਿ ਦੇ ਪਿੱਛੇ ਲੱਗਣ ਵਾਲਿਆਂ ਦੇ ਅੱਗੇ ਦਾਸ ਦੀ ਫਿਰ ਤੋਂ ਤਹਿ ਦਿਲੋਂ ਬੇਨਤੀ ਹੈ ਕਿ ਇਹੋ ਜਿਹਿਆਂ ਭਰਮਿਆਂ ਹੋਇਆ ਦੀ ਮਤਿ ਦੇ ਪਿੱਛੇ ਲੱਗ ਕੇ ਭਾਵ ਇਹੋ ਜਿਹਿਆਂ ਦੀ ਮਤਿ ਨੂੰ ਧਰਮ ਦਾ ਮਾਰਗ ਸਮਝਾਉਣ ਲਈ, ਭਗਤੀ ਦਾ ਮਾਰਗ ਸਮਝਾਉਣ ਲਈ, ਨਾਮ ਜਪਣ ਦਾ ਮਾਰਗ ਸਮਝਾਉਣ ਲਈ ਇਹੋ ਜਿਹਿਆਂ ਦੀ ਸਮਝ ਨੂੰ ਉੱਚੀ ਤੇ ਸੱਚੀ ਸਮਝ ਮੰਨਕੇ ਗੁਰੂ ਦੀ ਸੱਚੀ ਸਮਝ ਨੂੰ ਨੀਵਾਂ ਸਾਬਿਤ ਕਰਨ ਤੋਂ ਬਚਣ ਭਾਵ ਕੇਵਲ ਤੇ ਕੇਵਲ ਗੁਰੂ ਦੀ ਸੱਚੀ ਮਤਿ ਨੂੰ ਮੰਨਣ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਮੰਨਣ ਤਾਂ ਜੋ ਅਸੀਂ ਸੱਚੇ ਦਿਲੋਂ ਸੱਚੇ ਗੁਰੂ ਦੇ ਨਾਲ ਜੁੜ ਸਕੀਏ ਭਾਵ ਗੁਰੂ ਦੇ ਪਿਆਰੇ ਬਣ ਸਕੀਏ, ਗੁਰੂ ਦਾ ਸੱਚਾ ਸਤਿਕਾਰ ਕਰਨ ਵਾਲੇ ਬਣ ਸਕੀਏ। ਉਪਰ ਵਾਲੇ ਪੂਰੇ ਸ਼ਬਦਾਂ ਦੇ ਪ੍ਰਮਾਣ ਤੇ ਲੇਖ ਵਿੱਚ ਹੁਣ ਤੱਕ ਸਮਝਏ ਹੋਏ ਹੋਰ ਵੀ ਅਨੇਕਾਂ ਸ਼ਬਦਾਂ ਨੂੰ ਧਿਆਨ ਨਾਲ ਵਿਚਾਰਨ ਤੋਂ ਬਾਅਦ ਹੁਣ ਅਸੀਂ ਇਸ ਗੱਲ ਨੂੰ ਧਿਆਨ ਨਾਲ ਵਿਚਾਰ ਸਕਦੇ ਹਾਂ ਕਿ ਸ੍ਰਿਸ਼ਟੀ ਦੇ ਕਰਤੇ ਦੇ ਆਪਣੇ ਹੀ ਧੰਨ ਧੰਨ ਭਗਤ ਕਬੀਰ ਜੀ ਮੁੱਖ ਸ਼ਬਦ ਦੇ ਹਰ ਪਦੇ ਰਾਹੀਂ ਸਾਨੂੰ ਕਿਸ ਗੱਲ ਲਈ ਪ੍ਰੇਰ ਰਹੇ ਹਨ। **(ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥ ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ॥ ਬਸਤੋ ਹੋਇ ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ ॥੧॥ ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥ ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥)**

ਕਿਸੇ ਵੀ ਮਨੁੱਖ ਦਾ ਧਰਮ ਦੇ ਮਾਰਗ ਦੀ ਸੱਚਾਈ ਨੂੰ ਜਾਨਣ ਦਾ ਸੱਚ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਤੋਂ ਬਾਅਦ ਹੀ ਪੈਂਦਾ ਹੈ ਭਾਵ ਮਨ ਦੇ ਵਿੱਚ ਉਸਦੇ ਨਾਲ ਮੇਲ ਹੋਣ ਤੋਂ ਬਾਅਦ ਹੀ ਪੈਂਦਾ ਹੈ ਤੇ ਤਾਂ ਹੀ ਕਿਸੇ ਮਨੁੱਖ ਨੂੰ ਭਾਵ ਉਸਦੇ ਮਨੁੱਖੀ ਰੂਪ ਨੂੰ ਇਸ ਗੱਲ ਦਾ ਸਮਝ ਪੈਂਦੀ ਹੈ ਕਿ ਉਹ ਕਿਤਨੇ ਕੁ ਉੱਚੇ ਗਿਆਨ ਦਾ ਮਾਲਕ ਹੈ। ਇਹੀ ਗੱਲ ਸ਼ਬਦ ਦੇ ਅਗਲੇ ਪਦੇ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ ਤੇ ਗੁਰੂ ਦੀਆਂ ਝੂਠੀਆਂ ਵਡਿਆਈਆਂ ਵਿੱਚੋਂ ਨਿਕਲਕੇ ਉਸਦੀ ਸੱਚੀ ਵਡਿਆਈ ਦੇ ਨਾਲ ਜੁੜੀਏ ਜਿਹੋ ਜਿਹੀ ਸੱਚੀ ਵਡਿਆਈ ਕਰਨ ਦੇ ਉਦਮ ਦੁਆਰਾ ਹੀ ਕੋਈ ਉਸ ਸ੍ਰਿਸ਼ਟੀ ਦੇ ਮਾਲਕ ਨੂੰ, ਮਨ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦਾ ਸੱਚਾ ਉਪਰਾਲਾ ਕਰ ਸਕਦਾ ਹੈ।

56/7903

“ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥

ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥”

ਸ਼ਬਦ ਦੇ ਉਪਰ ਵਾਲੇ ਪਦੇ ਦੇ ਅੰਦਰ ਦੀ ਗਹਿਰਾਈ ਨੂੰ ਅਸੀਂ ਤਾਂ ਹੀ ਸਮਝ ਸਕਾਂਗੇ ਜੇਕਰ ਪਹਿਲੇ **“ਨਾਰੀ”** ਤੇ **“ਪੁਰਖੁ”** ਦੇ ਵਿੱਚ ਉਹ ਕਿਹੜਾ ਫਰਕ ਹੈ ਜੋ ਫਰਕ ਸਾਨੂੰ ਉਪਰ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਉਪਰ ਵਾਲੀ ਪੰਗਤੀ ਦੇ ਅਰਥ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੋਣ ਵਾਲੀ ਅਵਸਥਾ ਤੇ ਮੇਲ ਨਾ ਹੋਣ ਵਾਲੀ ਅਵਸਥਾ ਦੇ ਨਾਲ ਹੀ ਜੁੜੇ ਹੋਏ ਹਨ। ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਕਿ ਪੂਰੇ ਜਗ ਵਿੱਚ ਭਾਵ ਪੂਰੇ ਸੰਸਾਰ ਵਿੱਚ **“ਪੁਰਖੁ”** ਇੱਕੋ ਹੀ ਹੈ ਤੇ ਉਸ ਤੋਂ ਬਿਨ੍ਹਾਂ ਸ੍ਰਿਸ਼ਟੀ ਦਾ ਹਰ ਮਨੁੱਖ ਨਾਰ ਰੂਪ ਹੈ ਭਾਵ ਨਾਰੀ ਰੂਪ ਹੈ ਭਾਵ ਔਰਤ ਰੂਪ ਹੈ। ਇਸ ਗੱਲ ਨੂੰ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਮਃ ੩ ॥

{ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥

ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥

ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥

ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥ ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥

ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥

ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥}

(ਅੰਗ ੫੯੧-੫੯੨)

ਪਉੜੀ ॥

{ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥

ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥

ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥

ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥

ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥}

(ਅੰਗ ੫੯੨)

ਉਪਰ ਵਾਲੇ ਸ਼ਬਦ ਨੂੰ ਅਸੀਂ ਲੇਖ ਵਿੱਚ ਕਾਫੀ ਪਿੱਛੇ ਸਮਝਿਆ ਹੀ ਹੈ। ਜਦ ਤੱਕ ਕੋਈ **“ਪੁਰਖੁ”** ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਨਹੀਂ ਲੈਂਦਾ ਤਦ ਤੱਕ ਸ੍ਰਿਸ਼ਟੀ ਦਾ ਹਰ ਮਨੁੱਖੀ ਰੂਪ ਇੱਕ ਨਾਰੀ ਰੂਪ ਹੀ ਹੈ ਭਾਵੇਂ ਦੁਨਿਆਵੀ ਅੱਖਾਂ ਦੁਆਰਾ ਵੇਖਣ ਨਾਲ ਉਸਨੂੰ ਕੋਈ ਪੁਰਸ਼ ਸਮਝੇ, ਨਾਰੀ ਸਮਝੇ ਜਾਂ ਖੁਸਰਾ ਸਮਝੇ ਇੱਕੋ ਹੀ ਗੱਲ ਹੈ। ਸ੍ਰਿਸ਼ਟੀ ਦਾ **“ਪੁਰਖੁ”** ਰੂਪ ਜਾਂ ਇਸਤਰੀ ਰੂਪ ਮਨੁੱਖੀ ਸਮਝ ਹੀ ਹੈ। ਮਨੁੱਖ ਦੀ ਤ੍ਰੈ ਗੁਣੀ ਸਮਝ ਭਾਵ ਭਰਮਾਂ ਵਾਲੀ ਸਮਝ ਜੋ ਮਨੁੱਖੀ ਸਰੀਰ ਨੂੰ ਆਪਣਾ ਸਰੀਰ

ਸਮਝਾਉਂਦੀ ਹੈ ਉਹ ਹਰ ਕਿਸੇ ਦੇ ਅੰਦਰ ਦਾ **"ਨਾਰੀ"** ਰੂਪ ਹੈ ਤੇ ਜਦੋਂ ਮਨੁੱਖੀ ਸਮਝ ਨੂੰ ਸ੍ਰਿਸ਼ਟੀ ਦਾ ਇੱਕੋ ਇੱਕ **"ਪੁਰਖੁ"** ਮਨੁੱਖੀ ਮਨ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸਦੀ ਸਮਝ ਨੂੰ ਚੌਥੇ ਪਦ ਦੇ ਗਿਆਨ ਵਾਲੀ ਭਾਵ ਨਾਮ ਦੇ ਗਿਆਨ ਵਾਲੀ ਭਾਵ ਬ੍ਰਹਮ ਗਿਆਨ ਰੂਪ ਸਮਝ ਬਣਾ ਦਿੰਦਾ ਹੈ ਉਸਤੋਂ ਬਾਅਦ ਮਨੁੱਖੀ ਸਮਝ ਦਾ **"ਨਾਰੀ"** ਰੂਪ ਫਿਰ **"ਪੁਰਖੁ"** ਰੂਪ ਵਿੱਚ ਬਦਲ ਜਾਂਦਾ ਹੈ ਜੋ ਆਪਣਾ **"ਪੁਰਖੁ"** ਰੂਪ ਕਿਸੇ ਦੀ ਸਮਝ ਦੇ ਅੰਦਰ ਪ੍ਰਗਟ ਕਰਨ ਦੁਆਰਾ ਹੀ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦਿੰਦਾ ਹੈ ਭਾਵ ਆਪਣੇ ਨਾਮ ਵਾਲੀ, ਬ੍ਰਹਮ ਗਿਆਨ ਵਾਲੀ ਵਿਚਾਰ ਦਿੰਦਾ ਹੈ ਜਿਸ ਉੱਚੀ ਤੇ ਸੱਚੀ ਵਿਚਾਰ ਦੁਆਰਾ ਉਹ ਸਾਰੇ ਸੰਸਾਰ ਲਈ ਇੱਕੋ ਜਿਹੇ ਸੱਚੇ ਧਰਮ ਦਾ ਮਾਰਗ ਭਾਵ ਸੱਚ ਤੇ ਚੱਲਣ ਦਾ ਮਾਰਗ ਹੀ ਸਮਝਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦੀ ਰਚਨਾ ਕਰਨ ਵਾਲਿਆਂ ਸਰੀਰਾਂ ਨੂੰ ਉਨ੍ਹਾਂ ਦੇ ਅੰਦਰ ਦੀ **"ਨਾਰੀ"** ਰੂਪ ਸਮਝ ਵਿੱਚੋਂ ਕੱਢ ਕੇ ਆਪਣੀ **"ਪੁਰਖੁ"** ਰੂਪ ਸਮਝ ਦੇ ਨਾਲ ਇੱਕ ਕੀਤਾ ਹੈ ਭਾਵ ਨਾਰੀ ਰੂਪ ਸਮਝ ਦਾ ਮੇਲ ਆਪਣੀ **"ਪੁਰਖੁ"** ਰੂਪ

ਸਮਝ ਦੇ ਨਾਲ ਕੀਤਾ ਹੈ ਭਾਵ ਉਨ੍ਹਾਂ ਦੀ ਤ੍ਰੈ ਗੁਣਾਂ ਵਾਲੀ ਸੁਰਤਿ ਦੀ ਸਮਝ ਦਾ ਮੇਲ ਆਪਣੀ ਸ਼ਬਦ ਰੂਪ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਕੀਤਾ ਹੈ ਭਾਵ ਉਨ੍ਹਾਂ ਦੇ ਅੰਦਰ ਦੀ ਹਉਮੈ ਵਾਲੀ ਸਮਝ ਨੂੰ ਆਪਣੇ ਚੌਥੇ ਪਦ ਦੇ ਉੱਚੇ ਗਿਆਨ ਵਾਲੀ ਸਮਝ ਦੇ ਵਿੱਚ ਬਦਲਿਆ ਹੈ, ਆਪਣੇ ਉੱਚੇ ਨਾਮ ਦੀ ਭਾਵ ਬ੍ਰਹਮ ਗਿਆਨ ਦੀ ਸਮਝ ਦੇ ਵਿੱਚ ਬਦਲਿਆ ਹੈ। ਉਹ ਬ੍ਰਹਮ ਗਿਆਨੀ ਹੈ ਜੋ ਆਪਣਾ ਬ੍ਰਹਮ ਗਿਆਨ ਮਨ ਦੇ ਵਿੱਚ ਹੀ ਸਮਝਾਉਂਦਾ ਹੈ, ਮਨ ਦੇ ਵਿੱਚ ਆਪਣੇ ਬੋਲੇ ਹੋਏ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੀ ਸਮਝਾਉਂਦਾ ਹੈ ਭਾਵ ਉਸਦੇ ਨਾਲ ਮਨ ਦੇ ਵਿੱਚ ਗੱਲਾਂ ਵੀ ਹੁੰਦੀਆਂ ਹਨ ਜੋ ਗੱਲਾਂ ਕੇਵਲ ਮਨ ਦੀ ਸਮਝ ਦੇ ਵਿੱਚ ਹੀ ਹੁੰਦੀਆਂ ਹਨ ਭਾਵ ਮਨ ਦੇ ਵਿਚਾਰਾਂ ਵਿੱਚ ਹੀ ਹੁੰਦੀਆਂ ਹਨ ਜੋ ਉਸ ਦੀਆਂ ਗੱਲਾਂ ਸਰੀਰਕ ਕੰਨਾਂ ਦੇ ਸੁਣਨ ਤੋਂ ਬਾਹਰ ਹਨ ਭਾਵ ਮਨ ਦੀਆਂ ਗੱਲਾਂ ਮਨ ਦੇ ਵਿੱਚ ਹੀ ਹੁੰਦੀਆਂ ਹਨ। ਮਨ ਦਾ ਮਾਲਕ, ਮਨ ਦੀ ਸਮਝ ਦਾ ਮਾਲਕ ਜਦੋਂ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਉਸ ਮਨੁੱਖੀ ਸਰੀਰ ਦੀ ਸਮਝ ਨੂੰ ਆਪਣਾ ਨਾਮ ਬਖਸ਼ਦਾ ਹੈ ਉਹ ਮਨ ਦੇ ਵਿੱਚ ਉਸ ਮਨੁੱਖੀ ਸਮਝ ਦੇ ਅੰਦਰ ਉਸਦੇ ਨਾਲ **"ਮਸਲਤਿ"** ਭਾਵ ਮਸ਼ਵਰਾ ਕਰਕੇ ਹੀ ਸ਼ਬਦਾਂ ਦੀ ਵਿਚਾਰ ਮਨ ਦੇ ਵਿੱਚ ਸਮਝਾਉਂਦਾ ਹੈ ਭਾਵ ਉਸ ਮਨੁੱਖੀ ਸਮਝ ਦਾ ਹਰ ਭਰਮ ਕੱਢਣ ਦੁਆਰਾ ਹੀ ਸਮਝਾਉਂਦਾ ਹੈ ਕਿਉਂਕਿ ਹਰ ਮਨੁੱਖ ਦੀ ਤ੍ਰੈ ਗੁਣਾਂ ਵਾਲੀ, ਹਉਮੈ ਵਾਲੀ ਸਮਝ ਭਰਮਾਂ ਨਾਲ ਭਰੀ ਹੋਈ ਹੈ ਜਿਸ ਸਮਝ ਵਿੱਚੋਂ ਸ੍ਰਿਸ਼ਟੀ ਦਾ ਕਰਤਾ ਕੱਢਣ ਦੁਆਰਾ ਹੀ ਕਿਸੇ ਨਾਰੀ ਰੂਪ ਸਮਝ ਨੂੰ ਜੋ ਨਾਰੀ ਰੂਪ ਸਮਝ ਸਭ ਦੇ ਅੰਦਰ ਉਸਦੀ ਆਪਣੀ ਹੀ ਪਾਈ ਹੋਈ ਹੈ ਉਸਦੇ ਅੰਦਰ ਆਪਣਾ **"ਪੁਰਖੁ"** ਰੂਪ ਪ੍ਰਗਟ ਕਰਨ ਦੁਆਰਾ ਉਹ ਕਿਸੇ ਨੂੰ ਆਪਣਾ **"ਪੁਰਖੁ"** ਰੂਪ ਬਣਾਉਂਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਉਪਰ ਦਿੱਤੇ ਸਲੋਕ ਤੇ ਪਉੜੀ ਦੇ ਪ੍ਰਮਾਣ ਦੁਆਰਾ ਵੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ ਜਿਸ ਸ਼ਬਦ ਨੂੰ ਅਸੀਂ ਪਿੱਛੇ ਲੇਖ ਵਿੱਚ ਪਹਿਲੇ ਸਮਝ ਹੀ ਚੁਕੇ ਹਾਂ। ਹੁਣ ਅਸੀਂ ਮੁੱਖ ਸ਼ਬਦ ਦੇ ਚੌਥੇ ਪਦੇ ਨੂੰ ਵਿਸ਼ਵਾਸ ਨਾਲ ਸਮਝ ਪਾਵਾਂਗੇ ਕਿ ਜੋ ਕੁੱਝ ਸਾਨੂੰ ਉਸ ਪੂਰੇ ਸ਼ਬਦ ਵਿੱਚ ਉਸਦੇ ਪਹਿਲੇ ਪਦਿਆਂ ਦੁਆਰਾ ਸਮਝਾਇਆ ਹੋਇਆ ਹੈ ਉਹੀ ਅੰਦਰੂਨੀ ਭਾਵ ਸ਼ਬਦ ਦੇ ਚੌਥੇ ਭਾਵ ਆਖਰੀ ਪਦੇ ਰਾਹੀਂ ਸਮਝਾਇਆ ਹੋਇਆ ਹੈ। ਆਉ ਧਿਆਨ ਨਾਲ ਸਮਝੀਏ।

"ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥"

ਸ੍ਰਿਸ਼ਟੀ ਦਾ ਕਰਤਾ ਕਿਹੋ ਜਿਹੇ ਮਨੁੱਖਾਂ ਨੂੰ ਆਪਣੇ ਨਾਲ ਮਿਲਾਉਣ ਲਈ ਚੰਗਾ ਸਮਝਦਾ ਹੈ ਤੇ ਕਿਹੋ ਜਿਹਿਆਂ ਨੂੰ ਚੰਗਾ ਨਹੀਂ ਸਮਝਦਾ ਇਹੀ ਗੱਲ ਉਪਰ ਵਾਲੀ ਪਹਿਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। **"ਨਾਰੀ"** ਵਿੱਚ ਤੇ **"ਪੁਰਖੁ"** ਵਿੱਚ ਕੀ ਫਰਕ ਹੈ ਇਸ ਗੱਲ ਨੂੰ ਅਸੀਂ ਪਹਿਲੇ ਸਮਝਿਆ ਹੀ ਹੈ। ਜੋ ਮਨੁੱਖ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਦੀ ਨਾਰੀ ਦੇ ਰੂਪ ਵਿੱਚ ਸਮਝਦੇ ਹਨ ਭਾਵ **"ਪੁਰਖੁ"** ਤੋਂ ਵਿਛੜੇ ਹੋਏ ਸਮਝਦੇ ਹਨ ਭਾਵ ਗੁਰੂ ਦੀ ਉੱਚੀ ਮਤਿ ਦੇ ਅੱਗੇ ਆਪਣੀ

ਮਤਿ ਨੂੰ ਨੀਵੀਂ ਸਮਝਦੇ ਹਨ ਭਾਵ ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਦੇ ਗਿਆਤਾ, ਭਗਤੀ ਦੇ ਮਾਰਗ ਦੀ ਉੱਚੀ ਸਮਝ ਵਾਲੇ ਭਾਵ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਵਿਦਵਾਨ ਨਹੀਂ ਮੰਨਦੇ, ਇਹੋ ਜਿਹਿਆਂ ਨੂੰ ਉਹ ਇੱਕੋ ਇੱਕ **"ਪੁਰਖੁ"** ਭਾਵ ਇੱਕੋ ਇੱਕ ਪੁਰਖ ਰੂਪ ਸ੍ਰਿਸ਼ਟੀ ਦਾ ਕਰਤਾ ਇਹੋ ਜਿਹੇ ਨਿਮਾਣੇ ਮਨੁੱਖਾਂ ਨੂੰ ਭਾਵ ਆਪਣੇ ਆਪ ਨੂੰ ਨਾਰੀ ਸਮਝਣ ਵਾਲੇ ਮਨੁੱਖਾਂ ਨੂੰ, ਭਗਤੀ ਦੇ

ਮਾਰਗ ਤੇ ਆਪਣੇ ਆਪ ਨੂੰ ਛੋਟਾ ਸਮਝਣ ਵਾਲਿਆਂ ਨੂੰ ਹੀ ਆਪਣਾ ਪੁਰਖ ਰੂਪ ਬਣਾਉਂਦਾ ਹੈ ਜੋ ਕਿ ਉਹ ਮਨ ਦੇ ਵਿੱਚ ਆਪਣੇ ਪੁਰਖ ਰੂਪ ਉੱਚੇ ਗਿਆਨ ਵਾਲੀ ਸਮਝ ਬਖਸ਼ਣ ਦੁਆਰਾ ਹੀ ਬਣਾਉਂਦਾ ਹੈ ਭਾਵ ਮਨ ਦੇ ਵਿੱਚ ਪ੍ਰਗਟ ਹੋ ਕੇ ਆਪਣਾ ਚੌਥੇ ਪਦ ਦਾ ਗਿਆਨ, ਸਹਜ ਗਿਆਨ, ਬ੍ਰਹਮ ਗਿਆਨ ਭਾਵ ਆਪਣਾ ਸੱਚਾ ਨਾਮ ਬਖਸ਼ਣ ਦੁਆਰਾ ਹੀ ਸਮਝਾਉਂਦਾ ਹੈ ਤੇ ਜੋ ਆਪਣੇ ਆਪ ਨੂੰ ਪਹਿਲੇ ਹੀ ਉੱਚਾ ਥਾਪ ਲੈਂਦੇ ਹਨ, ਸੰਤ, ਸਾਧ ਆਦਿ ਥਾਪ ਲੈਂਦੇ ਹਨ ਭਾਵ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਕਰਤੇ ਦਾ ਪੁਰਖ ਰੂਪ ਥਾਪ ਲੈਂਦੇ ਹਨ ਭਾਵ ਉਸਦੇ ਨਾਲ ਮੇਲ ਦੀਆਂ ਗੱਲਾਂ ਕਰਦੇ ਹਨ ਤੇ ਸੰਸਾਰੀਆਂ ਨੂੰ ਆਪਣੀ-ਆਪਣੀ ਮਤਿ ਅਨੁਸਾਰ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਜੋ ਵੱਖਰੇ-ਵੱਖਰੇ ਧਰਮ ਦੇ ਮਾਰਗ ਸਮਝਾਉਂਦੇ ਹਨ, ਗੁਰੂ ਦੇ ਸ਼ਬਦਾਂ ਦੀ ਝੂਠੀ ਵਿਆਖਿਆ ਸਮਝਾਉਂਦੇ ਹਨ ਇਹੋ ਜਿਹਿਆਂ ਨੂੰ ਫਿਰ ਆਪਣੇ ਸ਼ਬਦਾਂ ਦਾ ਸੱਚ ਜਾਹਿਰ ਕਰਨ ਤੋਂ ਬਾਅਦ ਉਨ੍ਹਾਂ ਦਾ ਨਾਰੀ ਰੂਪ ਦਿਖਾ ਦਿੰਦਾ ਹੈ ਭਾਵ ਉਨ੍ਹਾਂ ਦੀ ਮਤਿ ਦਾ ਪੁੱਠਾ ਰੂਪ ਦਿਖਾ ਦਿੰਦਾ ਹੈ ਭਾਵ ਇਹੋ ਜਿਹਿਆਂ ਦੀ ਨਾਸਮਝੀ ਸੰਸਾਰ ਦੇ ਸਾਹਮਣੇ ਆ ਜਾਂਦੀ ਹੈ। **(ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥)**

ਜੋ ਕੁੱਝ ਅਸੀਂ ਉਪਰ ਵਾਲੇ ਪਦੇ ਤੋਂ ਪਹਿਲੇ ਪਦਿਆਂ ਰਾਹੀਂ ਸਮਝਿਆ ਹੈ ਉਹੀ ਕੁੱਝ ਉਪਰ ਵਾਲੇ ਪਦੇ ਦੀ ਪਹਿਲੀ ਪੰਗਤੀ ਰਾਹੀਂ ਸਮਝਾਇਆ ਹੋਇਆ ਹੈ। ਸ਼ਬਦ ਦਾ ਹਰ ਪਦਾ ਇੱਕ ਦੂਸਰੇ ਨਾਲ ਮਿਲਿਆ ਹੁੰਦਾ ਹੈ ਭਾਵ ਪੂਰੇ ਸ਼ਬਦ ਦਾ ਭਾਵ ਕੁੱਝ ਖਾਸ ਗੱਲ ਸਮਝਾਉਣ ਤੇ ਹੀ ਕੇਂਦ੍ਰਿਤ ਹੁੰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਸੇ ਲਈ ਜਦ ਤੱਕ ਇੱਕ ਪਦੇ ਦਾ ਭਾਵ ਸ਼ਬਦ ਦੇ ਦੂਸਰੇ ਪਦਿਆਂ ਦੇ ਅੰਦਰੂਨੀ ਭਾਵ ਦੇ ਨਾਲ ਮੇਲ ਨਹੀਂ ਖਾਂਦਾ ਤੇ ਹਰ ਪਦੇ ਦੀਆਂ ਪੰਗਤੀਆਂ ਦਾ ਭਾਵ ਅਗਰ ਆਪਸ ਵਿੱਚ ਮੇਲ ਨਹੀਂ ਖਾਂਦਾ ਤੇ ਪੂਰੇ ਸ਼ਬਦ ਦਾ ਭਾਵ ਜੇਕਰ ਸ਼ਬਦ ਦੀਆਂ **"ਰਹਾਉ"** ਵਾਲੀਆਂ ਪੰਗਤੀਆਂ ਦੇ ਨਾਲ ਮੇਲ ਨਹੀਂ ਖਾਂਦਾ ਤਾਂ ਇਸ ਤੋਂ ਮਤਲਬ ਇਹ ਹੁੰਦਾ ਹੈ ਕਿ ਸ਼ਬਦ ਦੇ ਅੰਦਰੂਨੀ ਭਾਵ ਨੂੰ ਸਮਝਣ ਵਿੱਚ ਅਸੀਂ ਭੁੱਲ ਵਿੱਚ ਹਾਂ, ਭਰਮ ਵਿੱਚ ਹਾਂ ਭਾਵ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝਣ ਤੋਂ ਦੂਰ ਹਾਂ, ਸ਼ਬਦਾਂ ਦੇ ਅੰਦਰ ਦੀ ਹਕੀਕਤ ਜਾਨਣ ਤੋਂ ਦੂਰ ਹਾਂ। ਬਾਣੀ ਸਾਨੂੰ ਸ਼ਬਦਾਂ ਰਾਹੀਂ ਬਾਰ-ਬਾਰ ਸਮਝਾਉਂਦੀ ਹੈ ਕਿ ਉਹ ਸ੍ਰਿਸ਼ਟੀ ਦਾ ਕਰਤਾ ਭਾਵ ਗਾਡ, ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ ਜਾਂ ਉਸਨੂੰ ਕਿਸੇ ਵੀ ਹੋਰ ਨਾਮ ਨਾਲ ਪੁਕਾਰੋ ਉਹ ਹਰ ਮਨੁੱਖੀ ਸਮਝ ਦੇ ਅੰਦਰ ਹੀ ਹੈ ਜੋ ਕਿ ਉਹ ਆਪਣੀ **"ਜੋਤਿ"** ਦੇ ਰੂਪ ਵਿੱਚ ਹੈ, ਜੋ ਕਿ ਸੰਸਾਰ ਦਾ ਸਭ ਤੋਂ ਵੱਡਾ ਸੱਚ ਹੈ ਤੇ ਆਪ ਹੀ ਪੂਰਨ ਸੱਚ ਦਾ ਮਾਲਕ ਹੈ ਜੋ ਕਿ ਅਸਲ ਵਿੱਚ ਹੈ ਹੀ ਸੱਚ ਦੇ ਰੂਪ ਵਿੱਚ ਤੇ ਆਪਣੇ ਸੱਚ ਰੂਪ ਵਿੱਚ ਹੀ ਉਹ ਪੂਰੀ ਸ੍ਰਿਸ਼ਟੀ ਦੇ ਮਨੁੱਖਾਂ ਦਾ ਖਸਮ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਉਹ ਆਪਣੇ ਖਸਮ ਰੂਪ ਵਿੱਚ ਹੀ **"ਪੁਰਖੁ"** ਹੈ ਤੇ ਉਸਦੇ ਖਸਮ ਰੂਪ ਨੂੰ ਜਾਣੇ ਬਿਨ੍ਹਾਂ ਭਾਵ ਮਨ ਦੇ ਵਿੱਚ ਮਨ ਦੀ ਸਮਝ

ਰਾਹੀਂ ਉਸ ਖਸਮ ਨਾਲ ਵਿਆਹ ਹੋਏ ਬਿਨ੍ਹਾਂ ਭਾਵ ਮਨੁੱਖੀ ਤ੍ਰੈ ਗੁਣਾਂ ਵਾਲੀ ਸਮਝ ਦਾ ਵਿਆਹ ਉਸਦੇ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਨਾਲ ਹੋਏ ਬਿਨ੍ਹਾਂ ਇਸ ਗੱਲ ਦੇ ਭੇਦ ਨੂੰ ਕੋਈ ਵੀ ਨਹੀਂ ਸਮਝ ਸਕਦਾ ਕਿ ਉਸਦੇ **"ਪੁਰਖੁ"** ਰੂਪ ਵਿੱਚ ਤੇ ਨਾਰੀ ਰੂਪ ਵਿੱਚ ਕੀ ਫਰਕ ਹੈ। ਮਨ ਦੇ ਵਿੱਚ ਚੌਥੇ ਪਦ ਵਾਲਾ ਗਿਆਨ, ਸਹਜ ਗਿਆਨ ਭਾਵ ਬ੍ਰਹਮ ਗਿਆਨ ਉਸਦਾ **"ਪੁਰਖੁ"** ਰੂਪ ਹੈ ਤੇ ਮਨ ਦੇ ਵਿੱਚ ਹੀ ਹਰ ਮਨੁੱਖ ਦੀ ਤ੍ਰੈ ਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ, ਮਾਇਆ ਦੀ ਜੁਗਤਿ ਵਾਲੀ ਸਮਝ, ਪੁੱਠੇ ਕਮਲ ਵਾਲੀ ਸਮਝ ਭਾਵ ਮਨ ਦੇ ਭਰਮਾਂ ਵਾਲੇ ਵਿਚਾਰਾਂ ਦੀ ਭਰੀ ਹੋਈ ਸਮਝ ਉਸਦਾ **"ਨਾਰੀ"** ਰੂਪ ਹੈ।

ਜਿਸ ਮਨੁੱਖੀ ਸਮਝ ਨੂੰ ਉਹ ਆਪਣਾ **"ਪੁਰਖੁ"** ਰੂਪ ਬਣਾਉਂਦਾ ਹੈ ਭਾਵ ਜਿਸ ਮਨੁੱਖੀ ਸਮਝ ਨੂੰ ਉਹ **"ਨਾਰੀ"** ਰੂਪ ਸਮਝ ਵਿੱਚੋਂ ਕੱਢਦਾ ਹੈ ਉਸਨੂੰ ਫਿਰ ਉਹ ਆਪਣਾ ਹੀ ਰੂਪ ਬਣਾ ਲੈਂਦਾ ਹੈ ਭਾਵ ਭਗਤੀ ਦੇ ਮਾਰਗ ਨੂੰ ਸਮਝਣ ਵਿੱਚ ਪੂਰਨਤਾ ਬਖਸ਼ ਦਿੰਦਾ ਹੈ ਜਿਵੇਂ ਕਿ ਪਦੇ ਦੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ।

"ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥"

ਉਪਰ ਵਾਲੀ ਪੰਗਤੀ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ ਜਿਸ ਰਾਹੀਂ ਮਨ ਦੇ ਵਿੱਚ **"ਪ੍ਰੀਤਮੁ"** ਦੇ ਨਾਲ ਭਾਵ ਸ੍ਰਿਸ਼ਟੀ ਦੇ ਮਾਲਕ ਦੇ ਨਾਲ ਜੋ ਕਿ ਸਭ ਦਾ ਪਿਆਰਾ ਹੈ ਉਸਦੇ ਨਾਲ ਮੇਲ ਹੀ ਸਮਝਾਇਆ ਹੈ ਜਿਸ ਤਰੀਕੇ ਉਹ ਕਿਸੇ ਨੂੰ **"ਪੁਰਖੁ"** ਰੂਪ ਹੀ ਬਣਾਉਂਦਾ ਹੈ। ਉਪਰ ਵਾਲੇ ਪੂਰੇ ਸ਼ਬਦ ਵਿੱਚ ਅਸੀਂ ਉਨ੍ਹਾਂ ਦੀ ਗੱਲ ਸਮਝੀ ਹੈ ਜੋ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਉੱਚੇ ਗਿਆਤਾ ਅਖਵਾਉਂਦੇ ਹਨ, ਸਾਧੂ, ਸੰਤ ਆਦਿ ਅਖਵਾਉਂਦੇ ਹਨ ਜਿਨ੍ਹਾਂ ਦਾ ਕਿ ਪੂਰੇ ਸ਼ਬਦ ਦੇ ਹਰ ਪਦੇ ਰਾਹੀਂ ਵੱਡਾ ਭਰਮ ਕੱਢਿਆ ਹੋਇਆ ਹੈ। ਭਗਤੀ ਦੇ ਮਾਰਗ ਦਾ ਸੱਚਾ ਗਿਆਤਾ ਕਿਹੋ ਜਿਹਾ ਹੁੰਦਾ ਹੈ, ਅਸਲ ਸਾਧੂ ਕਿਹੋ ਜਿਹਾ ਹੁੰਦਾ ਹੈ ਉਪਰ ਵਾਲੀ ਪੰਗਤੀ ਵਿੱਚ ਇਹੋ ਗੱਲ ਹੀ ਸਮਝਾਈ ਹੋਈ ਹੈ। **"ਸਾਧੂ ਕੋ ਪ੍ਰੀਤਮੁ"** ਤੋਂ ਭਾਵ ਹੈ ਸਾਧੂ ਕੋਈ ਹੀ ਹੁੰਦਾ ਹੈ ਭਾਵ ਵਿਰਲਾ ਹੀ ਹੁੰਦਾ ਹੈ ਜੋ

ਕਿ **"ਪ੍ਰੀਤਮੁ"** ਰੂਪ ਹੀ ਹੁੰਦਾ ਹੈ ਭਾਵ ਪ੍ਰਮਾਤਮਾ ਦਾ ਆਪਣਾ ਹੀ ਰੂਪ ਹੁੰਦਾ ਹੈ। **(ਕਹੁ ਕਬੀਰ ਸਾਧੂ ਕੋ ਪ੍ਰੀਤਮੁ)**

ਪ੍ਰਮਾਤਮਾ ਰੂਪ ਕੋਈ ਵਿਰਲਾ ਸਾਧੂ ਭਾਵ ਉਸਦੇ ਨਾਲ ਮਨ ਦੇ ਵਿੱਚ ਮੇਲ ਹੋ ਜਾਣ ਵਾਲਾ ਕਿਹੋ ਜਿਹਾ ਹੁੰਦਾ ਹੈ ਇਹ ਗੱਲ ਨਾਲ ਹੀ ਸਪਸ਼ਟ ਕੀਤੀ ਹੋਈ ਹੈ।

"ਤਿਸੁ ਮੂਰਤਿ ਬਲਿਹਾਰੀ ॥੪॥੨॥"

"ਤਿਸੁ ਮੂਰਤਿ " ਤੋਂ ਭਾਵ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੀ ਮੂਰਤਿ ਹੋ ਜਾਣਾ ਭਾਵ ਉਸੇ ਦਾ ਰੂਪ ਹੋ ਜਾਣਾ। ਉਹ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਤੇ ਉਸ ਅਕਾਲ ਦੀ ਸਮਝ ਦੇ ਨਾਲ ਇੱਕ ਹੋਣਾ ਹੀ ਉਸਦਾ ਅਕਾਲ ਮੂਰਤਿ ਰੂਪ ਬਣਨਾ ਹੈ ਜੋ ਉਸਦਾ ਰੂਪ ਮਨੁੱਖੀ ਸਮਝ ਹੀ ਬਣਦੀ ਹੈ ਜਿਵੇਂ ਕਿ

56/7907

ਅਸੀਂ ਪਿੱਛੇ ਸਮਝਿਆ ਹੀ ਹੈ ਕਿ ਉਸਦਾ **"ਅਕਾਲ ਮੂਰਤਿ"** ਕੀ ਹੈ। ਉਹ ਅਕਾਲ ਹੋਣ ਦੀ ਆਪਣੀ ਇੱਕੋ ਇੱਕ **"ਮੂਰਤਿ"** ਆਪ ਹੀ ਹੈ, ਇੱਕੋ ਇੱਕ ਰੂਪ ਆਪ ਹੀ ਹੈ ਜਿਸਦੀ ਅਕਾਲ ਰੂਪ ਹੋਣ ਦੀ ਹੋਰ ਕੋਈ ਮਿਸਾਲ ਨਹੀਂ ਹੋ ਸਕਦੀ ਕਿਉਂਕਿ ਉਸਦਾ ਇਹ ਅਕਾਲ ਰੂਪ ਉਸਦਾ ਨਿਰੰਕਾਰ ਰੂਪ ਹੈ ਜਿਸ ਉਸਦੀ ਮੂਰਤਿ ਦਾ ਕੋਈ ਆਕਾਰ ਰੂਪ ਨਹੀਂ ਬਣਾਇਆ ਜਾ ਸਕਦਾ ਭਾਵ ਕੋਈ ਦੁਨਿਆਵੀ ਚਿੱਤਰ ਨਹੀਂ ਬਣਾਇਆ ਜਾ ਸਕਦਾ। ਇਹ ਉਸਦੀ ਸਭ ਤੋਂ ਉੱਚੇ ਗਿਆਨ ਦੀ ਸਮਝ ਵਾਲੀ ਮੂਰਤਿ ਹੈ ਜਿਸ ਉਸਦੀ ਮੂਰਤਿ ਦੇ ਨਾਲ ਮਨ ਦੀ ਸਮਝ ਦਾ ਮੇਲ ਹੀ ਹੋ ਸਕਦਾ ਹੈ ਜਿਵੇਂ ਕਿ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਦੀ ਰਚਨਾ ਕਰਨ ਵਾਲੇ ਮਨੁੱਖੀ ਸਰੀਰਾਂ ਦੇ ਅੰਦਰ ਦੀ ਸਮਝ ਦਾ ਹੋਇਆ ਹੈ ਜਿਸ ਉੱਚੀ ਸਮਝ ਦੁਆਰਾ ਉਨ੍ਹਾਂ ਨੇ ਸ਼ਬਦਾਂ ਦੇ ਅੰਦਰ ਚੌਥੇ ਪਦ ਦੇ ਗਿਆਨ ਵਾਲੀ, ਸੱਚੇ ਨਾਮ ਵਾਲੀ ਸਮਝ ਪਾਈ ਹੈ। ਉਸ **"ਪ੍ਰੀਤਮੁ"** ਦੀ ਉੱਚੀ ਸਮਝ ਦੇ ਅੱਗੇ ਮਨੁੱਖੀ ਸਮਝ ਦਾ ਬਲ ਹਾਰ ਜਾਂਦਾ ਹੈ ਭਾਵ ਮਨੁੱਖੀ ਤ੍ਰੈ ਗੁਣਾਂ ਵਾਲੀ ਸਮਝ ਦਾ ਬਲ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਸਮਝ ਦੇ ਅੱਗੇ ਹਾਰ ਜਾਂਦਾ ਹੈ, ਹਉਮੈ ਦਾ ਬਲ ਨਾਮ ਦੀ ਉੱਚੀ ਸਮਝ ਦੇ ਅੱਗੇ ਹਾਰ ਜਾਂਦਾ ਹੈ ਜਿਸ ਦੁਆਰਾ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰ ਸ੍ਰਿਸ਼ਟੀ ਦੇ ਕਰਤੇ ਦੇ ਬਲਿਹਾਰੀ ਹੋਏ ਹਨ ਭਾਵ ਉਸਦੀ ਮਤਿ ਤੇ ਵਾਰੇ ਵਾਰੇ ਗਏ ਹਨ। **(ਰਾਜਾਸ੍ਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥ ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ॥੧॥ ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥ ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥ ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥)**

ਉਪਰ ਵਾਲੇ ਪੂਰੇ ਸ਼ਬਦ ਨੂੰ ਸਮਝਣ ਲਈ, ਸ਼ਬਦਾਂ ਦੇ ਅੰਦਰ ਦੀ ਗਹਿਰਾਈ ਤੱਕ ਪਹੁੰਚਣ ਲਈ ਭਾਵ ਉਨ੍ਹਾਂ ਦੇ ਅੰਦਰ ਦੀ ਸੱਚਾਈ ਨੂੰ ਦ੍ਰਿੜ ਕਰਨ ਲਈ ਅਸੀਂ ਅਨੇਕਾਂ ਸ਼ਬਦਾਂ ਦੇ ਪ੍ਰਮਾਣ ਦੇ ਕੇ ਸਮਝਣ ਦਾ ਉਪਰਾਲਾ ਵੀ ਕੀਤਾ ਹੈ। ਇਸੇ ਲਈ ਪੂਰੀ ਗੁਰਬਾਣੀ ਦੇ ਸ਼ਬਦ ਹੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝਣ ਦੀ ਕਸਵੱਟੀ ਹਨ ਕਿਉਂਕਿ ਗੁਰਬਾਣੀ ਦੀ ਕਸਵੱਟੀ ਤੇ ਸੱਚ-ਝੂਠ ਦੀ ਪਰਖ ਆਪੇ ਹੀ ਹੋ ਜਾਂਦੀ ਹੈ ਭਾਵ ਗੁਰੂ ਦੇ ਸੱਚੇ ਸ਼ਬਦ ਮਨੁੱਖੀ ਤ੍ਰੈ ਗੁਣਾਂ ਵਾਲੀ ਸਮਝ ਦੁਆਰਾ ਕੀਤੇ ਹੋਏ ਖਰੇ-ਖੋਟੇ ਸ਼ਬਦਾਂ ਦੇ ਅਰਥਾਂ ਦੀ ਪਹਿਚਾਣ ਆਪੇ ਹੀ ਕਰਵਾ ਦਿੰਦੇ ਹਨ। ਕਿਸੇ ਵੀ ਸ਼ਬਦ ਦਾ ਖੋਟਾ ਅਰਥ ਗੁਰੂ ਦੀ ਸੱਚ ਰੂਪ ਕਸਵੱਟੀ ਤੇ ਪੂਰਾ ਉਤਰ ਹੀ ਨਹੀਂ ਸਕਦਾ ਜਿਵੇਂ ਕਿ ਪੂਰੇ ਲੇਖ ਨੂੰ ਪੜਨ ਵਾਲਿਆਂ ਨੇ ਇਸ ਗੱਲ ਨੂੰ ਮਹਿਸੂਸ ਜਰੂਰ ਕੀਤਾ ਹੋਣਾ ਹੈ। ਉਪਰ ਵਾਲੇ ਮੁੱਖ ਸ਼ਬਦ ਦੇ ਆਖਰੀ ਪਦੇ ਰਾਹੀਂ ਅਸੀਂ ਪੁਰਖ ਤੇ ਨਾਰੀ ਵਿੱਚ ਭੇਦ ਸਮਝਿਆ ਹੈ ਤੇ ਜਿਸ ਆਪਣੀ ਨਾਰ ਨੂੰ ਉਹ ਸੁਹਾਗਣ ਬਣਾਉਂਦਾ ਹੈ ਭਾਵ ਮਨ ਦੇ ਵਿੱਚ ਉਸਦੇ ਨਾਲ ਵਿਆਹ ਕਰਨ ਦੁਆਰਾ ਬਣਾਉਂਦਾ ਹੈ ਇਸ ਗੱਲ ਨੂੰ ਵੀ ਸਮਝਿਆ ਹੈ ਤੇ ਉਸਦੀ ਸੁਹਾਗਣ ਬਣਨ ਤੋਂ ਬਿਨ੍ਹਾਂ ਹਰ ਕਿਸੇ ਦੀ ਸਮਝ ਸਭ ਨੂੰ ਉਸਦੀ ਦੁਹਾਗਣ ਬਣਾ ਕੇ ਹੀ ਰੱਖਦੀ ਹੈ। ਉਸਦੀ ਸੁਹਾਗਣ ਬਣਨ ਦੁਆਰਾ ਹੀ ਕੋਈ ਉਸਦਾ ਸਾਧੂ ਰੂਪ, ਸੰਤ ਰੂਪ ਭਾਵ ਗੁਰੂ ਰੂਪ ਬਣ ਸਕਦਾ ਹੈ ਜੋ ਗੁਰੂ ਰੂਪ ਮਨ ਦੀ ਸਮਝ ਹੀ ਬਣਦੀ ਹੈ, ਸ਼ਬਦਾਂ ਦੀ ਸੱਚੀ ਵਿਚਾਰ ਨੂੰ ਜਾਨਣ ਦੁਆਰਾ ਬਣਦੀ ਹੈ ਜਿਸ ਦੁਆਰਾ ਕੋਈ ਉਸਦੇ ਪ੍ਰੀਤਮ ਰੂਪ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਚੌਥੇ ਪਦ ਦੇ ਗਿਆਨ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਤੇ ਉਸਦੀ ਸਮਝ ਫਿਰ ਆਪਣੇ ਪ੍ਰੀਤਮ ਦੀ ਮੂਰਤਿ ਬਣ ਜਾਂਦੀ ਹੈ ਭਾਵ ਉਸੇ ਦੀ ਸਮਝ ਵਾਲੀ ਬਣ ਜਾਂਦੀ ਹੈ। ਕੇਵਲ

56/7908

ਉਸਦੀ ਮੂਰਤਿ ਹੀ ਅਕਾਲ ਮੂਰਤਿ ਹੈ ਭਾਵ ਕਾਲ ਤੋਂ ਰਹਿਤ ਮੂਰਤਿ ਹੈ ਭਾਵ ਮਨ ਦੀ ਅਗਿਆਨਤਾ ਰੂਪ ਕਾਲਿ ਤੋਂ ਰਹਿਤ ਹੈ ਭਾਵ ਸਦਾ ਟਿਕੇ ਰਹਿਣ ਵਾਲੀ ਸਮਝ ਹੈ ਜਿਸਨੂੰ ਅਗਿਆਨਤਾ ਰੂਪ ਕਾਲਿ ਕਦੇ ਖਾ ਹੀ ਨਹੀਂ ਸਕਦਾ। ਸਦਾ ਰਹਿਣ ਵਾਲਾ ਕੇਵਲ ਸੱਚ ਹੈ ਤੇ ਹਰ ਸ਼ਬਦ ਦੇ ਅੰਦਰ ਦੀ ਪੂਰਨ ਸੱਚੀ ਵਿਚਾਰ ਹੀ ਸੱਚ ਹੈ ਜੋ ਸੱਚ ਕਾਲਿ ਤੋਂ ਪੂਰੀ ਤਰ੍ਹਾਂ ਰਹਿਤ ਹੈ ਭਾਵ ਅਕਾਲ ਮੂਰਤਿ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਸਹ ਕੀ ਸਾਰ ਸੁਹਾਗਨਿ ਜਾਨੈ ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ ॥ ਅਵਰਾ ਦੇਖਿ ਨ ਸੁਨੈ ਅਭਾਖੈ ॥੧॥ ਸੋ ਕਤ ਜਾਨੈ ਪੀਰ ਪਰਾਈ ॥
ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥ ਦੁਖੀ ਦੁਹਾਗਨਿ ਦੁਇ ਪਖ ਹੀਨੀ ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥ ਪੁਰ ਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥੨॥
ਦੁਖੀਆ ਦਰਦਵੰਦੁ ਦਰਿ ਆਇਆ ॥ ਬਹੁਤੁ ਪਿਆਸ ਜਬਾਬੁ ਨ ਪਾਇਆ ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥ ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥}

(ਅੰਗ ੭੯੩)

ਗੋਂਡ ॥

{ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ॥ ਨਾਮ ਬਿਨਾ ਕੈਸੇ ਪਾਰਿ ਉਤਰੈ ॥ ਕੁੰਭ ਬਿਨਾ ਜਲੁ ਨਾ ਟੀਕਾਵੈ ॥
ਸਾਧੂ ਬਿਨੁ ਐਸੇ ਅਬਗਤੁ ਜਾਵੈ ॥੧॥ ਜਾਰਉ ਤਿਸੈ ਜੁ ਰਾਮੁ ਨ ਚੇਤੈ ॥
ਤਨ ਮਨ ਰਮਤ ਰਹੈ ਮਹਿ ਖੇਤੈ ॥੧॥ ਰਹਾਉ ॥ ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥
ਸੂਤ ਬਿਨਾ ਕੈਸੇ ਮਣੀ ਪਰੋਈਐ ॥ ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥
ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥੨॥ ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥
ਬਿੰਬ ਬਿਨਾ ਕੈਸੇ ਕਪਰੇ ਧੋਈ ॥ ਘੋਰ ਬਿਨਾ ਕੈਸੇ ਅਸਵਾਰ ॥ ਸਾਧੂ ਬਿਨੁ ਨਾਹੀ ਦਰਵਾਰ ॥੩॥
ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ ॥ ਖਸਮਿ ਦੁਹਾਗਨਿ ਤਜਿ ਅਉਹੇਰੀ ॥
ਕਹੈ ਕਬੀਰੁ ਏਕੈ ਕਰਿ ਕਰਨਾ ॥ ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥੪॥੬॥੯॥}

(ਅੰਗ ੮੭੨)

ਭੈਰਉ ਮਹਲਾ ੫ ॥

{ਮੋਹਿ ਦੁਹਾਗਨਿ ਆਪਿ ਸੀਗਾਰੀ ॥ ਰੂਪ ਰੰਗ ਦੇ ਨਾਮਿ ਸਵਾਰੀ ॥ ਮਿਟਿਓ ਦੁਖੁ ਅਰੁ ਸਗਲ ਸੰਤਾਪ ॥
ਗੁਰ ਹੋਏ ਮੇਰੇ ਮਾਈ ਬਾਪ ॥੧॥ ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ ॥
ਕਰਿ ਕਿਰਪਾ ਭੇਟੇ ਮੋਹਿ ਕੰਤ ॥੧॥ ਰਹਾਉ ॥ ਤਪਤਿ ਬੁਝੀ ਪੂਰਨ ਸਭ ਆਸਾ ॥
ਮਿਟੇ ਅੰਧੇਰ ਭਏ ਪਰਗਾਸਾ ॥ ਅਨਹਦ ਸਬਦ ਅਚਰਜ ਬਿਸਮਾਦ ॥ ਗੁਰੁ ਪੂਰਾ ਪੂਰਾ ਪਰਸਾਦ ॥੨॥
ਜਾ ਕਉ ਪ੍ਰਗਟ ਭਏ ਗੋਪਾਲ ॥ ਤਾ ਕੈ ਦਰਸਨਿ ਸਦਾ ਨਿਹਾਲ ॥ ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥
ਜਾ ਕਉ ਸਤਿਗੁਰਿ ਦੀਓ ਨਾਮੁ ॥੩॥ ਜਾ ਕਉ ਭੇਟਿਓ ਠਾਕੁਰੁ ਅਪਨਾ ॥
ਮਨੁ ਤਨੁ ਸੀਤਲੁ ਹਰਿ ਹਰਿ ਜਪਨਾ ॥ ਕਹੁ ਨਾਨਕ ਜੋ ਜਨ ਪ੍ਰਭ ਭਾਏ ॥

ਤਾ ਕੀ ਰੇਨੁ ਬਿਰਲਾ ਕੋ ਪਾਏ ॥੪॥੧੪॥੨੭॥}

(ਅੰਗ ੧੧੪੩)

ਬਸੰਤੁ ਮਹਲਾ ੧ ॥

{ਮੇਰੀ ਸਖੀ ਸਹੇਲੀ ਸੁਨਹੁ ਭਾਇ ॥ ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥ ਓਹੁ ਅਲਖੁ ਨ ਲਖੀਐ ਕਹਹੁ ਕਾਇ॥
ਗੁਰਿ ਸੰਗਿ ਦਿਖਾਇਓ ਰਾਮ ਰਾਇ ॥੧॥ ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥
ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥
ਮਨਮੁਖੀ ਦੁਹਾਗਣਿ ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥ ਗੁਰਮੁਖਿ ਬਿਰੁ ਚੀਨੈ ਸੰਗਿ ਦੇਉ ॥
ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥ ਬਿਨੁ ਗੁਰ ਭਗਤਿ ਨ ਭਾਉ ਹੋਇ ॥
ਬਿਨੁ ਗੁਰ ਸੰਤ ਨ ਸੰਗੁ ਦੇਇ ॥ ਬਿਨੁ ਗੁਰ ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥
ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥
ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥}

(ਅੰਗ ੧੧੬੯-੧੧੭੦)

ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਮਾਤ ਪਿਤਾ ਭਾਈ ਸੁਤੁ ਬਨਿਤਾ ॥ ਚੁਗਹਿ ਚੋਗ ਅਨੰਦ ਸਿਉ ਜੁਗਤਾ ॥
ਉਰਝਿ ਪਰਿਓ ਮਨ ਮੀਠ ਮੋਹਾਰਾ ॥ ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥ ਏਕੁ ਹਮਾਰਾ ਅੰਤਰਜਾਮੀ ॥
ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧॥ ਰਹਾਉ ॥
ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥ ਮੁਖਿ ਮੀਠੀ ਖਾਈ ਕਉਰਾਇ ॥
ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥ ਲੋਭ ਮੋਹ ਸਿਉ ਗਈ ਵਿਖੋਟਿ ॥
ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥ ਇਹ ਠਗਵਾਰੀ ਬਹੁਤੁ ਘਰ ਗਾਲੇ ॥
ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥ ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥
ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥ ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥
ਦਸ ਨਾਰੀ ਮੈ ਕਰੀ ਦੁਹਾਗਨਿ ॥ ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥
ਇਨ ਸਨਬੰਧੀ ਰਸਾਤਲਿ ਜਾਇ ॥ ਹਮ ਗੁਰਿ ਰਾਖੇ ਹਰਿ ਲਿਵ ਲਾਇ ॥੫॥ ਅਹੰਮੇਵ ਸਿਉ ਮਸਲਤਿ ਛੋਡੀ ॥
ਗੁਰਿ ਕਹਿਆ ਇਹੁ ਮੂਰਖੁ ਹੋਡੀ ॥ ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥
ਇਨ ਲੋਗਨ ਸਿਉ ਹਮ ਭਏ ਬੈਰਾਈ ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥
ਆਏ ਪ੍ਰਭ ਪਹਿ ਅੰਚਰਿ ਲਾਗਿ ॥ ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥ ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥
ਸਗਲ ਦੂਤ ਮੇਰੀ ਸੇਵਾ ਲਾਏ ॥ ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥}

(ਅੰਗ ੧੩੪੭)

ਸਿਰੀਰਾਗੁ ਮਹਲਾ ੩ ॥

{ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ॥
ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥ ਭਾਈ ਰੇ ਦਾਸਨਿ ਦਾਸਾ ਹੋਇ ॥

ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥
ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥
ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥
ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥
ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥
ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥
ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥
ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥}

(ਅੰਗ ੬੬-੬੭)

ਸਿਰੀਰਾਗੁ ਮਹਲਾ ੧ ॥

{ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥ ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥
ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥
ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥
ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥
ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥
ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥ ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥
ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥ ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥
ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥ ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥}

(ਅੰਗ ੧੮-੧੯)

56/7909

ਬਿਹਾਗੜਾ ਮਹਲਾ ੫ ਘਰੁ ੨

ੴ ਸਤਿ ਨਾਮੁ ਗੁਰ ਪ੍ਰਸਾਦਿ ॥

{ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ ॥ ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ ॥
ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ ॥
ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ ॥
ਗਹਿ ਭੁਜਾ ਲੀਨ੍ਹੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ ॥੧॥
ਮੇਰੀ ਸਖੀ ਸਹੇਲੜੀਹੋ ਪ੍ਰਭ ਕੈ ਚਰਣਿ ਲਗਹ ॥ ਮਨਿ ਪ੍ਰਿਅ ਪ੍ਰੇਮੁ ਘਣਾ ਹਰਿ ਕੀ ਭਗਤਿ ਮੰਗਹ ॥
ਹਰਿ ਭਗਤਿ ਪਾਈਐ ਪ੍ਰਭੁ ਧਿਆਈਐ ਜਾਇ ਮਿਲੀਐ ਹਰਿ ਜਨਾ ॥
ਮਾਨੁ ਮੋਹੁ ਬਿਕਾਰੁ ਤਜੀਐ ਅਰਪਿ ਤਨੁ ਧਨੁ ਇਹੁ ਮਨਾ ॥
ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥
ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥
ਹਰਿ ਨਾਰਿ ਸੁਹਾਗਣੇ ਸਭਿ ਰੰਗ ਮਾਣੇ ॥ ਰਾਂਡ ਨ ਬੈਸਈ ਪ੍ਰਭ ਪੁਰਖ ਚਿਰਾਣੇ ॥
ਨਹ ਦੂਖ ਪਾਵੈ ਪ੍ਰਭ ਧਿਆਵੈ ਧੰਨਿ ਤੇ ਬਡਭਾਗੀਆ ॥
ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ ਨਾਮ ਰਸਿ ਰੰਗਿ ਜਾਗੀਆ ॥
ਮਿਲਿ ਪ੍ਰੇਮ ਰਹਣਾ ਹਰਿ ਨਾਮੁ ਗਹਣਾ ਪ੍ਰਿਅ ਬਚਨ ਮੀਠੇ ਭਾਣੇ ॥
ਬਿਨਵੰਤਿ ਨਾਨਕ ਮਨ ਇਛ ਪਾਈ ਹਰਿ ਮਿਲੇ ਪੁਰਖ ਚਿਰਾਣੇ ॥੩॥
ਤਿਤੁ ਗ੍ਰਿਹਿ ਸੋਹਿਲੜੇ ਕੋਡ ਅਨੰਦਾ ॥ ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ ॥
ਹਰਿ ਕੰਤ ਅਨੰਤ ਦਇਆਲ ਸ੍ਰੀਧਰ ਗੋਬਿੰਦ ਪਤਿਤ ਉਧਾਰਣੋ ॥
ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ ਤਾਰਣੋ ॥
ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥
ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ ॥੪॥੧॥੪॥}

(ਅੰਗ ੫੪੪)

ਸਲੋਕੁ ਮਃ ੩ ॥

{ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥
ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥
ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥
ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥
ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥
ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥੧॥}

(ਅੰਗ ੭੮੬)

ਸਲੋਕ ਮਃ ੩ ॥

{ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥ ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥੧॥}

(ਅੰਗ ੧੨੮੫)

{ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥ ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥੧੧੪॥}

(ਅੰਗ ੧੩੮੪)

ਮਃ ੩ ॥

{ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥
ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥
ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥
ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥ ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥
ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥ ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ॥੨॥}

(ਅੰਗ ੫੯੧-੫੯੨)

ਪਉੜੀ ॥

{ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥
ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥}

(ਅੰਗ ੫੯੨)

{ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥}

(ਅੰਗ ੧੩੩-੧੩੪)

ਮਾਰੂ ਮਹਲਾ ੧ ॥

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥ ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥

ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥
ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ ॥
ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥ ਮਰਣੁ ਲਿਖਾਇ ਮੰਡਲ ਮਹਿ ਆਏ ॥
ਕਿਉ ਰਹੀਐ ਚਲਣਾ ਪਰਥਾਏ ॥ ਸਚਾ ਅਮਰੁ ਸਚੇ ਅਮਰਾ ਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥
ਆਪਿ ਉਪਾਇਆ ਜਗਤੁ ਸਬਾਇਆ ॥ ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥
ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥ ਐਥੈ ਗੋਇਲੜਾ ਦਿਨ ਚਾਰੇ ॥
ਖੇਲੁ ਤਮਾਸਾ ਧੁੰਧੂਕਾਰੇ ॥ ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥
ਤਿਨ ਕਉ ਤਖਤਿ ਮਿਲੀ ਵਡਿਆਈ ॥ ਨਿਰਭਉ ਮਨਿ ਵਸਿਆ ਲਿਵ ਲਾਈ ॥
ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥ ਸਾਚੀ ਨਗਰੀ ਤਖਤੁ ਸਚਾਵਾ ॥
ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥ ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥
ਗਣਤ ਗਣੀਐ ਸਹਸਾ ਜੀਐ ॥ ਕਿਉ ਸੁਖੁ ਪਾਵੈ ਦੂਐ ਤੀਐ ॥
ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥ ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥
ਸਾਚਾ ਰਵਿ ਰਹਿਆ ਮਨੁ ਰਾਤਾ ॥ ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥
ਜੀਭ ਰਸਾਇਣਿ ਸਾਚੈ ਰਾਤੀ ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥
ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥ ਰਖਿ ਰਖਿ ਪੈਰ ਧਰੇ ਪਉ ਧਰਣਾ ॥
ਜਤ ਕਤ ਦੇਖਉ ਤੇਰੀ ਸਰਣਾ ॥ ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥
ਅੰਤ ਕਾਲਿ ਕੋ ਬੇਲੀ ਨਾਹੀ ॥ ਗੁਰਮੁਖਿ ਜਾਤਾ ਤੁਧੁ ਸਾਲਾਹੀ ॥
ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥}

(ਅੰਗ ੧੦੨੨-੧੦੨੩)

ਮਹਲਾ ੧ ॥

{ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥ ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥
ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥ ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥
ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥
ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥ ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥
ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥ ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥
ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥ ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥
ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥

ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥ ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥}

(ਅੰਗ ੫੩-੫੪)

{ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥}

(ਅੰਗ ੧੩੫-੧੩੬)

56/7910

ਗਉੜੀ ਪੂਰਬੀ ਮਹਲਾ ੪ ॥

{ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥
ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥
ਸਾਕਤ ਹਰਿ ਰਸ ਸਾਦੁ ਨ ਜਾਨਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥
ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥
ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੮॥੨੨॥੬੦॥}

(ਅੰਗ ੧੭੧)

ਪਉੜੀ ॥

{ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥
ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥
ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥}

(ਅੰਗ ੩੦੪)

ਆਸਾ ਮਹਲਾ ੪ ॥

{ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥
ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥

ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥
ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥
ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥
ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥
ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ ॥
ਜਿਨ੍ਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ ॥੨॥
ਜਿਨ੍ਾ ਅੰਤਰਿ ਗੁਰਮੁਖਿ ਪ੍ਰੀਤਿ ਹੈ ਤਿਨ੍ ਹਰਿ ਰਖਣਹਾਰਾ ਰਾਮ ਰਾਜੇ ॥
ਤਿਨ੍ ਕੀ ਨਿੰਦਾ ਕੋਈ ਕਿਆ ਕਰੇ ਜਿਨ੍ ਹਰਿ ਨਾਮੁ ਪਿਆਰਾ ॥
ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ ॥ ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ॥੩॥
ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥੧੩॥੨੦॥}

(ਅੰਗ ੪੫੧)

ਵਡਹੰਸੁ ਮਹਲਾ ੪ ॥

{ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥
ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥
ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥
ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥
ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥
ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥
ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ ॥
ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥
ਜਿਥੈ ਪੁਤੁ ਕਲਤ੍ਰ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ ॥
ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ ॥
ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥੨॥
ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ ॥
ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ ॥
ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥
ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥
ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥

ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ॥੩॥
ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ ॥
ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ ॥
ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥
ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਹਾਰੇ ॥
ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ ਹਰਿ ਹਰਿ ਨਾਮੁ ਹਰਿ ਸਤੀ ॥
ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ॥੪॥੩॥}

(ਅੰਗ ੫੭੩-੫੭੪)

ਪਉੜੀ ॥

{ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥
ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥
ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ ॥
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥੧੬॥}

(ਅੰਗ ੫੯੨)

ਸੋਰਠਿ ਮਹਲਾ ੫ ॥

{ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥
ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ ॥੧॥ ਮੇਰਾ ਗੁਰੁ ਪੂਰਾ ਸੁਖਦਾਤਾ ॥
ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖੁ ਬਿਧਾਤਾ ॥ ਰਹਾਉ ॥
ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ ॥
ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥}

(ਅੰਗ ੬੧੯)

ਜੈਤਸਰੀ ਮਹਲਾ ੪ ॥

{ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥
ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥੧॥
ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ ॥
ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧ ਗੁਰ ਹਰਿ ਨਾਮੈ ਹਰਿ ਰਸੁ ਚਾਖਿਬਾ ॥ ਰਹਾਉ ॥
ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥
ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ ਹਰਿ ਨਿਰਮਲ ਨਿਰਮਲ ਗੁਨ ਗਾਇਬਾ ॥੨॥
ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ ਪਾਇਬਾ ॥
ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ ਸਭੁ ਬਿਰਥਾ ਜਨਮੁ ਤਿਨ ਜਾਇਬਾ ॥੩॥
ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ ਲਗਾਇਬਾ ॥
ਜਨੁ ਨਾਨਕੁ ਰੇਣ ਸਾਧ ਪਗ ਮਾਗੈ ਹਰਿ ਹੋਇ ਦਇਆਲੁ ਦਿਵਾਇਬਾ ॥੪॥੪॥}

(ਅੰਗ ੬੯੭)

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥ ਕਿਆ ਬਗੁ ਬਪੁੜਾ ਛਪੜੀ ਨਾਇ ॥
ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥ ਰਖਿ ਰਖਿ ਚਰਨ ਧਰੇ ਵੀਚਾਰੀ ॥
ਦੁਬਿਧਾ ਛੋਡਿ ਭਏ ਨਿਰੰਕਾਰੀ ॥ ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥
ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥
ਅਕਥ ਕਥਾ ਗੁਰ ਬਚਨੀ ਆਦਰੁ ॥੩॥ ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥੪॥ ਆਨੰਦ ਮੂਲੁ ਅਨਾਥ ਅਧਾਰੀ ॥
ਗੁਰਮੁਖਿ ਭਗਤਿ ਸਹਜਿ ਬੀਚਾਰੀ ॥ ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥
ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥ ਜਨਮੁ ਪਦਾਰਥੁ ਦੁਬਿਧਾ ਖੋਵੈ ॥
ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥ ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥ ਸਾਚੇ ਨਿਰਮਲ ਮੈਲੁ ਨ ਲਾਗੈ ॥

ਗੁਰ ਕੈ ਸਬਦਿ ਭਰਮ ਭਉ ਭਾਗੈ ॥ ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥}

(ਅੰਗ ੬੮੫-੬੮੬)

56/7911

ਰਾਗੁ ਸੂਹੀ ਮਹਲਾ ੪ ਅਸਟਪਦੀਆ ਘਰੁ ੧੦

ੴ ਸਤਿਗੁਰ ਪ੍ਰਸਾਦਿ ॥

{ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥ ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥੧॥

ਮੈ ਹਰਿ ਹਰਿ ਨਾਮੁ ਵਿਸਾਹੁ ॥ ਗੁਰ ਪੂਰੇ ਤੇ ਪਾਇਆ ਅੰਮ੍ਰਿਤੁ ਅਗਮ ਅਥਾਹੁ ॥੧॥ ਰਹਾਉ ॥

ਹਉ ਸਤਿਗੁਰੁ ਵੇਖਿ ਵਿਗਸੀਆ ਹਰਿ ਨਾਮੇ ਲਗਾ ਪਿਆਰੁ ॥

ਕਿਰਪਾ ਕਰਿ ਕੈ ਮੇਲਿਅਨੁ ਪਾਇਆ ਮੋਖ ਦੁਆਰੁ ॥੨॥ ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ॥

ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ ॥੩॥

ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ ॥

ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ ॥੪॥

ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ ॥

ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ ॥੫॥

ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥

ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥੬॥

ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥

ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ ॥੭॥

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥ ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥

ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥

ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥

ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥ ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥

ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥੧੧॥ ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥

ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥੧੨॥

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥

ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥ ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥੧੪॥੧॥੨॥੧੧॥}

(ਅੰਗ ੭੫੮-੭੫੯)

ਰਾਗੁ ਸੂਹੀ ਮਹਲਾ ੪ ਛੰਤ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥

ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥

ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥
ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥
ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥੨॥
ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ ॥
ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥
ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥
ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥੩॥
ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥
ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ ॥
ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥
ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥
ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥
ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥}

(ਅੰਗ ੭੭੩)

ਸੂਹੀ ਲਲਿਤ ਕਬੀਰ ਜੀਉ ॥

{ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥ ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥
ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥੨॥
ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥
ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥੩॥
ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥

ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥}

(ਅੰਗ ੭੯੩)

ਸਿਰੀਰਾਗੁ ਮਹਲਾ ੪ ਘਰੁ ੨ ਛੰਤ

ੴ ਸਤਿਗੁਰ ਪ੍ਰਸਾਦਿ ॥

{ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥
ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥
ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥
ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥
ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥
ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥
ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੁੋਹੰਦੀ ॥੩॥
ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥
ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥
ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥
ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥
ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥

ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥}

(ਅੰਗ ੭੮-੭੯)

ਸਲੋਕ ਮਃ ੩ ॥

{ਆਪਣੇ ਪ੍ਰੀਤਮ ਮਿਲਿ ਰਹਾ ਅੰਤਰਿ ਰਖਾ ਉਰਿ ਧਾਰਿ ॥ ਸਾਲਾਹੀ ਸੋ ਪ੍ਰਭ ਸਦਾ ਸਦਾ ਗੁਰ ਕੈ ਹੇਤਿ ਪਿਆਰਿ॥
ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ ਸਾਈ ਸੁਹਾਗਣਿ ਨਾਰਿ ॥੧॥}

(ਅੰਗ ੯੦)

ਗਉੜੀ ਮਹਲਾ ੩ ॥

{ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥
ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ ॥
ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥
ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ ॥
ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ ॥
ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥੧॥
ਸਾ ਧਨ ਰੰਗੁ ਮਾਣੇ ਜੀਉ ਆਪਣੇ ਨਾਲਿ ਪਿਆਰੇ ॥ ਅਹਿਨਿਸਿ ਰੰਗਿ ਰਾਤੀ ਜੀਉ ਗੁਰ ਸਬਦੁ ਵੀਚਾਰੇ ॥
ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ ॥
ਸਾ ਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ ਪਿਆਰੇ ॥
ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥੨॥
ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ ॥ ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ ॥
ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ ॥ ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ ॥
ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ ॥
ਨਾਨਕ ਕਾਮਣਿ ਸਹਜਿ ਸਮਾਣੀ ਜਿਸੁ ਸਾਚਾ ਨਾਮੁ ਅਧਾਰੋ ॥੩॥
ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥ ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥
ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥
ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥੪॥੨॥}

(ਅੰਗ ੨੪੪-੨੪੫)

ਵਡਹੰਸੁ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ ॥
ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥

ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ ॥
ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ ॥੧॥
ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ ॥
ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ ॥
ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ ॥
ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨॥
ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥
ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥
ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥
ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥੩॥
ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥
ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥
ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥
ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥੪॥
ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ ॥
ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ ॥
ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥
ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥
ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥
ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥
ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥
ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥}

(ਅੰਗ ੫੬੧-੫੬੨)

56/7912

ਰਾਗੁ ਸੂਹੀ ਛੰਤ ਮਹਲਾ ੧ ਘਰੁ ੧
ੴ ਸਤਿਗੁਰ ਪ੍ਰਸਾਦਿ ॥

{ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥
ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥
ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥
ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥
ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥
ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥

ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥
ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥
ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥ ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥
ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥
ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥੨॥
ਬਾਬਾ ਲਗਨੁ ਗਣਾਇ ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥
ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥
ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥
ਜਾਵੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ ॥ ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ ॥
ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥੩॥
ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ ॥
ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥
ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥
ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ॥ ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥੪॥੧॥}

(ਅੰਗ ੭੬੩-੭੬੪)

ਸਲੋਕ ਮਃ ੫ ॥

{ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ ॥
ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾਰਣੁ ॥
ਦੁਰਜਨ ਸੇਤੀ ਨੇਹੁ ਰਚਾਇਓ ਦਸਿ ਵਿਖਾ ਮੈ ਕਾਰਣੁ ॥ ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ ॥
ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ ॥
ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ ਨਾਹੀ ਦੋਸਾ ॥ ਜਿਤੁ ਹਉ ਲਾਈ ਤਿਤੁ ਹਉ ਲਗੀ ਤੂ ਸੁਣਿ ਸਚੁ ਸੰਦੇਸਾ॥
ਸਾਈ ਸੋਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ ॥
ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ ॥
ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥
ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ ॥੧॥}

(ਅੰਗ ੯੫੯)

{ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥}

(ਅੰਗ ੧)

ਸਾਰਗ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥

{ਮਨ ਕਹਾ ਲੁਭਾਈਐ ਆਨ ਕਉ ॥ ਈਤ ਊਤ ਪ੍ਰਭੁ ਸਦਾ ਸਹਾਈ ਜੀਅ ਸੰਗਿ ਤੇਰੇ ਕਾਮ ਕਉ ॥੧॥ ਰਹਾਉ॥
ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ ॥

ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ ॥੧॥
ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥}

(ਅੰਗ ੧੨੦੯)

ਸੋਰਠਿ ਮਹਲਾ ੫ ॥

{ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥
ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥੧॥ ਅਪੁਨੇ ਸਤਿਗੁਰ ਕੈ ਬਲਿਹਾਰੈ ॥
ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ ਰਹਾਉ ॥ ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ॥
ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥੨॥
ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥
ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥੩॥
ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥
ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥੪॥੫॥}

(ਅੰਗ ੬੦੯-੬੧੦)

ਮਾਰੂ ਮਹਲਾ ੫ ॥

{ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ ॥ ਮਧੁਸੂਦਨ ਦਾਮੋਦਰ ਸੁਆਮੀ ॥
ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ ॥੧॥ ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥
ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥ ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ ॥੨॥
ਧਰਣੀਧਰ ਈਸ ਨਰਸਿੰਘ ਨਾਰਾਇਣ ॥ ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥
ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ ॥੩॥ ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥
ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥ ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ ॥੪॥
ਭਗਤਿ ਵਛਲੁ ਅਨਾਥਹ ਨਾਥੇ ॥ ਗੋਪੀ ਨਾਥੁ ਸਗਲ ਹੈ ਸਾਥੇ ॥
ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ ॥੫॥ ਮੁਕੰਦ ਮਨੋਹਰ ਲਖਮੀ ਨਾਰਾਇਣ ॥
ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥ ਕਮਲਾਕੰਤ ਕਰਹਿ ਕੰਤ੍ਰੁਹਲ ਅਨਦ ਬਿਨੋਦੀ ਨਿਹਸੰਗਾ ॥੬॥
ਅਮੋਘ ਦਰਸਨ ਆਜੂਨੀ ਸੰਭਉ ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥
ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ ॥੭॥ ਸ੍ਰੀਰੰਗ ਬੈਕੁੰਠ ਕੇ ਵਾਸੀ ॥
ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥ ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥੮॥
ਨਿਰਾਹਾਰੀ ਨਿਰਵੈਰੁ ਸਮਾਇਆ ॥ ਧਾਰਿ ਖੇਲੁ ਚਤੁਰਭੁਜੁ ਕਹਾਇਆ ॥
ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ ॥੯॥ ਬਨਮਾਲਾ ਬਿਭੂਖਨ ਕਮਲ ਨੈਨ ॥
ਸੁੰਦਰ ਕੁੰਡਲ ਮੁਕਟ ਬੈਨ ॥ ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ ॥੧੦॥
ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥੁ ਗੋਪਾਲੁ ਮੁਖਿ ਭਣੀ ॥
ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ ॥੧੧॥ ਨਿਹਕੰਟਕੁ ਨਿਹਕੇਵਲੁ ਕਹੀਐ ॥

ਧਨੰਜੈ ਜਲਿ ਥਲਿ ਹੈ ਮਹੀਐ ॥ ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ ॥੧੨॥
ਪਤਿਤ ਪਾਵਨ ਦੁਖ ਭੈ ਭੰਜਨੁ ॥ ਅਹੰਕਾਰ ਨਿਵਾਰਣੁ ਹੈ ਭਵ ਖੰਡਨੁ ॥
ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ ॥੧੩॥ ਨਿਰੰਕਾਰੁ ਅਛਲ ਅਡੋਲੋ ॥
ਜੋਤਿ ਸਰੂਪੀ ਸਭੁ ਜਗੁ ਮਉਲੋ ॥ ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ ਕੋਇ ਨ ਪਾਵੈਗਾ ॥੧੪॥
ਆਪੇ ਗੋਪੀ ਆਪੇ ਕਾਨਾ ॥ ਆਪੇ ਗਊ ਚਰਾਵੈ ਬਾਨਾ ॥
ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ ॥੧੫॥ ਏਕ ਜੀਹ ਗੁਣ ਕਵਨ ਬਖਾਨੈ ॥
ਸਹਸ ਫਨੀ ਸੇਖ ਅੰਤੁ ਨ ਜਾਨੈ ॥ ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥
ਓਟ ਗਹੀ ਜਗਤ ਪਿਤ ਸਰਣਾਇਆ ॥ ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥
ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ ਸਾਧ ਸੰਤਨ ਕੈ ਸੰਗਿ ਸੰਗਾ ॥੧੭॥ ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥
ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ ॥ ਮਸਤਕਿ ਲਾਇ ਪਰਮ ਪਦੁ ਪਾਵਉ ਜਿਸੁ ਪ੍ਰਾਪਤਿ ਸੋ ਪਾਵੈਗਾ ॥੧੮॥
ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥ ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥
ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ ਵਾਜੰਗਾ ॥੧੯॥ ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ ॥ ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥
ਤੇਰੀ ਗਤਿ ਮਿਤਿ ਤੂਹੈ ਜਾਣਹਿ ॥ ਤੂ ਆਪੇ ਕਥਹਿ ਤੈ ਆਪਿ ਵਖਾਣਹਿ ॥
ਨਾਨਕ ਦਾਸੁ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ ॥੨੧॥੨॥੧੧॥}

(ਅੰਗ ੧੦੮੨-੧੦੮੩)

ਸੋਰਠਿ ਮਃ ੫ ॥

{ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ ॥
ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ ਪਦੁ ਨਿਰਬਾਨੀ ॥੧॥ ਪਿਆਰੇ ਤੂ ਮੇਰੋ ਸੁਖਦਾਤਾ ॥
ਗੁਰਿ ਪੂਰੈ ਦੀਆ ਉਪਦੇਸਾ ਤੁਮ ਹੀ ਸੰਗਿ ਪਰਾਤਾ ॥ ਰਹਾਉ ॥
ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥੨॥
ਘਾਲ ਨ ਭਾਨੈ ਅੰਤਰ ਬਿਧਿ ਜਾਨੈ ਤਾ ਕੀ ਕਰਿ ਮਨ ਸੇਵਾ ॥
ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥੩॥
ਗੋਬਿਦ ਦਾਮੋਦਰ ਦਇਆਲ ਮਾਧਵੇ ਪਾਰਬ੍ਰਹਮ ਨਿਰੰਕਾਰਾ ॥
ਨਾਮੁ ਵਰਤਣਿ ਨਾਮੋ ਵਾਲੇਵਾ ਨਾਮੁ ਨਾਨਕ ਪ੍ਰਾਨ ਅਧਾਰਾ ॥੪॥੯॥੨੦॥}

(ਅੰਗ ੬੧੪)

ਗਉੜੀ ਮਹਲਾ ੫ ॥

{ਗੁਰ ਕਾ ਸਬਦੁ ਰਾਖੁ ਮਨ ਮਾਹਿ ॥ ਨਾਮੁ ਸਿਮਰਿ ਚਿੰਤਾ ਸਭ ਜਾਹਿ ॥੧॥
ਬਿਨੁ ਭਗਵੰਤ ਨਾਹੀ ਅਨ ਕੋਇ ॥ ਮਾਰੈ ਰਾਖੈ ਏਕੋ ਸੋਇ ॥੧॥ ਰਹਾਉ ॥
ਗੁਰ ਕੇ ਚਰਣ ਰਿਦੈ ਉਰਿ ਧਾਰਿ ॥ ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥੨॥
ਗੁਰ ਮੂਰਤਿ ਸਿਉ ਲਾਇ ਧਿਆਨੁ ॥ ਈਹਾ ਊਹਾ ਪਾਵਹਿ ਮਾਨੁ ॥੩॥

ਸਗਲ ਤਿਆਗਿ ਗੁਰ ਸਰਣੀ ਆਇਆ ॥ ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥੪॥੬੧॥੧੩੦॥}

(ਅੰਗ ੧੯੨)

56/7913

ਗਉੜੀ ਮਹਲਾ ੫ ॥

{ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥
ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥
ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥
ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥
ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥
ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥
ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥}

(ਅੰਗ ੨੦੮)

ਗਉੜੀ ਮਹਲਾ ੯ ॥

{ਸਾਧੋ ਰਚਨਾ ਰਾਮ ਬਨਾਈ ॥
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥}

(ਅੰਗ ੨੧੯)

ਗਉੜੀ ਮਹਲਾ ੯ ॥

{ਸਾਧੋ ਰਾਮ ਸਰਨਿ ਬਿਸਰਾਮਾ ॥ ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥੧॥ ਰਹਾਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥
ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥੨॥
ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥}

(ਅੰਗ ੨੨੦)

ੴ ਸਤਿਗੁਰ ਪ੍ਰਸਾਦਿ ॥

ਗਉੜੀ ਬਾਵਨ ਅਖਰੀ ਮਹਲਾ ੫ ॥

ਸਲੋਕੁ ॥

{ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥}

(ਅੰਗ ੨੫੦)

ਸਲੋਕ ਮਃ ੪ ॥

{ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥
ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ ॥
ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ ॥
ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥
ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥
ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥
ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ ॥੧॥}

(ਅੰਗ ੩੦੩)

ਸਲੋਕ ਮਃ ੧ ॥

{ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥ ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥ ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ ॥
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥ ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥ ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥
ਇਕਿ ਹੋਦਾ ਖਾਇ ਚਲਹਿ ਐਬਾਊ ਤਿਨਾ ਭਿ ਕਾਈ ਕਾਰ ॥

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥
ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥ ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥}

(ਅੰਗ ੪੬੫-੪੬੬)

ਗੂਜਰੀ ਮਹਲਾ ੫ ਘਰੁ ੪ ਦੁਪਦੇ
ੴ ਸਤਿਗੁਰ ਪ੍ਰਸਾਦਿ ॥

{ਆਰਾਧਿ ਸ੍ਰੀਧਰ ਸਫਲ ਮੂਰਤਿ ਕਰਣ ਕਾਰਣ ਜੋਗੁ ॥
ਗੁਣ ਰਮਣ ਸ੍ਰਵਣ ਅਪਾਰ ਮਹਿਮਾ ਫਿਰਿ ਨ ਹੋਤ ਬਿਓਗੁ ॥੧॥ ਮਨ ਚਰਣਾਰਬਿੰਦ ਉਪਾਸ ॥
ਕਲਿ ਕਲੇਸ ਮਿਟੰਤ ਸਿਮਰਣਿ ਕਾਟਿ ਜਮਦੂਤ ਫਾਸ ॥੧॥ ਰਹਾਉ ॥
ਸਤ੍ਰੁ ਦਹਨ ਹਰਿ ਨਾਮ ਕਹਨ ਅਵਰ ਕਛੁ ਨ ਉਪਾਉ ॥
ਕਰਿ ਅਨੁਗ੍ਰਹੁ ਪ੍ਰਭੂ ਮੇਰੇ ਨਾਨਕ ਨਾਮ ਸੁਆਉ ॥੨॥੧॥੩੧॥}

(ਅੰਗ ੫੦੨)

ਦੇਵਗੰਧਾਰੀ ੫ ॥

{ਸਰਬ ਸੁਖਾ ਗੁਰ ਚਰਨਾ ॥ ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ॥੧॥ ਰਹਾਉ ॥
ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ ॥ ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ॥੧॥
ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥
ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ ॥੨॥੧੬॥}

(ਅੰਗ ੫੩੧)

56/7914

ਕਾਨੜਾ ਮਹਲਾ ੫ ॥

{ਪੇਖਿ ਪੇਖਿ ਬਿਗਸਾਉ ਸਾਜਨ ਪ੍ਰਭੂ ਆਪਨਾ ਇਕਾਂਤ ॥੧॥ ਰਹਾਉ ॥
ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ ॥੧॥
ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ ॥੨॥
ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸਾਂਤਿ ॥੩॥
ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ ॥੪॥੪॥੧੫॥}

(ਅੰਗ ੧੩੦੦-੧੩੦੧)

ਨਟ ਅਸਟਪਦੀਆ ਮਹਲਾ ੪
ੴ ਸਤਿਗੁਰ ਪ੍ਰਸਾਦਿ ॥

{ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ ॥
ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮ੍ਹਾਰੇ ॥੧॥ ਰਹਾਉ ॥
ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ਮੈ ਹਰਿ ਹਰਿ ਨਾਮੁ ਪਿਆਰੇ ॥
ਦੀਨ ਦਇਆਲ ਭਏ ਪ੍ਰਭ ਠਾਕੁਰ ਗੁਰ ਕੈ ਸਬਦਿ ਸਵਾਰੇ ॥੧॥

ਮਧਸੂਦਨ ਜਗਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ ॥
ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈ ਸਾਧੂ ਚਰਨ ਪਖਾਰੇ ॥੨॥
ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ਪ੍ਰਭ ਏਕੋ ਪੁਰਖੁ ਨਿਰਾਰੇ ॥
ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ਪ੍ਰਭੁ ਏਕੋ ਗੁਰਮਤਿ ਤਾਰੇ ॥੩॥
ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ ॥
ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮ੍ਾਰੇ ॥੪॥
ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥
ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥
ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥੭॥
ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ ਮੋ ਕਉ ਹਰਿ ਜਨ ਮੇਲਿ ਪਿਆਰੇ ॥
ਨਾਨਕ ਦਾਸਨਿ ਦਾਸੁ ਕਹਤੁ ਹੈ ਹਮ ਦਾਸਨ ਕੇ ਪਨਿਹਾਰੇ ॥੮॥੧॥}

(ਅੰਗ ੯੮੦-੯੮੧)

ਰਾਗੁ ਗੋਂਡ ਅਸਟਪਦੀਆ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਕਰਿ ਨਮਸਕਾਰ ਪੂਰੇ ਗੁਰਦੇਵ ॥ ਸਫਲ ਮੂਰਤਿ ਸਫਲ ਜਾ ਕੀ ਸੇਵ ॥ ਅੰਤਰਜਾਮੀ ਪੁਰਖੁ ਬਿਧਾਤਾ ॥
ਆਠ ਪਹਰ ਨਾਮ ਰੰਗਿ ਰਾਤਾ ॥੧॥ ਗੁਰੁ ਗੋਬਿੰਦ ਗੁਰੂ ਗੋਪਾਲ ॥ ਅਪਨੇ ਦਾਸ ਕਉ ਰਾਖਨਹਾਰ ॥੧॥ ਰਹਾਉ॥
ਪਾਤਿਸਾਹ ਸਾਹ ਉਮਰਾਉ ਪਤੀਆਏ ॥ ਦੁਸਟ ਅਹੰਕਾਰੀ ਮਾਰਿ ਪਚਾਏ ॥ ਨਿੰਦਕ ਕੈ ਮੁਖਿ ਕੀਨੋ ਰੋਗੁ ॥
ਜੈ ਜੈ ਕਾਰੁ ਕਰੈ ਸਭੁ ਲੋਗੁ ॥੨॥ ਸੰਤਨ ਕੈ ਮਨਿ ਮਹਾ ਅਨੰਦੁ ॥ ਸੰਤ ਜਪਹਿ ਗੁਰਦੇਉ ਭਗਵੰਤੁ ॥
ਸੰਗਤਿ ਕੇ ਮੁਖ ਊਜਲ ਭਏ ॥ ਸਗਲ ਥਾਨ ਨਿੰਦਕ ਕੇ ਗਏ ॥੩॥ ਸਾਸਿ ਸਾਸਿ ਜਨੁ ਸਦਾ ਸਲਾਹੇ ॥
ਪਾਰਬ੍ਰਹਮ ਗੁਰ ਬੇਪਰਵਾਹੇ ॥ ਸਗਲ ਭੈ ਮਿਟੇ ਜਾ ਕੀ ਸਰਨਿ ॥ ਨਿੰਦਕ ਮਾਰਿ ਪਾਏ ਸਭਿ ਧਰਨਿ ॥੪॥
ਜਨ ਕੀ ਨਿੰਦਾ ਕਰੈ ਨ ਕੋਇ ॥ ਜੋ ਕਰੈ ਸੋ ਦੁਖੀਆ ਹੋਇ ॥ ਆਠ ਪਹਰ ਜਨੁ ਏਕੁ ਧਿਆਏ ॥
ਜਮੂਆ ਤਾ ਕੈ ਨਿਕਟਿ ਨ ਜਾਏ ॥੫॥ ਜਨ ਨਿਰਵੈਰ ਨਿੰਦਕ ਅਹੰਕਾਰੀ ॥ ਜਨ ਭਲ ਮਾਨਹਿ ਨਿੰਦਕ ਵੇਕਾਰੀ॥
ਗੁਰ ਕੈ ਸਿਖਿ ਸਤਿਗੁਰੂ ਧਿਆਇਆ ॥ ਜਨ ਉਬਰੇ ਨਿੰਦਕ ਨਰਕਿ ਪਾਇਆ ॥੬॥
ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਤਿ ਬਚਨ ਵਰਤਹਿ ਹਰਿ ਦੁਆਰੇ ॥ ਜੈਸਾ ਕਰੇ ਸੁ ਤੈਸਾ ਪਾਏ ॥
ਅਭਿਮਾਨੀ ਕੀ ਜੜ ਸਰਪਰ ਜਾਏ ॥੭॥ ਨੀਧਰਿਆ ਸਤਿਗੁਰ ਧਰ ਤੇਰੀ ॥ ਕਰਿ ਕਿਰਪਾ ਰਾਖਹੁ ਜਨ ਕੇਰੀ॥
ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਾ ਕੈ ਸਿਮਰਨਿ ਪੈਜ ਸਵਾਰੀ ॥੮॥੧॥੨੯॥}

(ਅੰਗ ੮੬੯)

ਸੂਹੀ ਮਹਲਾ ੫ ॥

{ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ ਰਸਨਾ ਜਾਪੁ ਜਪਉ ਬਨਵਾਰੀ ॥੧॥

ਸਫਲ ਮੂਰਤਿ ਦਰਸਨ ਬਲਿਹਾਰੀ ॥ ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ ਰਹਾਉ ॥
ਸਾਧਸੰਗਿ ਜਨਮ ਮਰਣ ਨਿਵਾਰੀ ॥ ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥
ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥
ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥}

(ਅੰਗ ੭੪੦)

ਮਾਰੂ ਮਹਲਾ ੧ ॥

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥ ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥
ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥ ਨਿਜ ਘਰਿ ਬੈਸਿ ਰਹੇ ਭਉ ਖਾਇਆ॥
ਧਾਵਤ ਰਾਖੇ ਠਾਕਿ ਰਹਾਇਆ ॥ ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥
ਮਰਣੁ ਲਿਖਾਇ ਮੰਡਲ ਮਹਿ ਆਏ ॥ ਕਿਉ ਰਹੀਐ ਚਲਣਾ ਪਰਥਾਏ ॥
ਸਚਾ ਅਮਰੁ ਸਚੇ ਅਮਰਾ ਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥ ਆਪਿ ਉਪਾਇਆ ਜਗਤੁ ਸਬਾਇਆ ॥
ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥ ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥
ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥
ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥ ਤਿਨ ਕਉ ਤਖਤਿ ਮਿਲੀ ਵਡਿਆਈ ॥
ਨਿਰਭਉ ਮਨਿ ਵਸਿਆ ਲਿਵ ਲਾਈ ॥ ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥
ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥ ਗਣਤ ਗਣੀਐ ਸਹਸਾ ਜੀਐ ॥
ਕਿਉ ਸੁਖੁ ਪਾਵੈ ਦੂਐ ਤੀਐ ॥ ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥
ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥
ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥ ਜੀਭ ਰਸਾਇਣਿ ਸਾਚੈ ਰਾਤੀ ॥
ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥ ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥
ਰਖਿ ਰਖਿ ਪੈਰ ਧਰੇ ਪਉ ਧਰਣਾ ॥ ਜਤ ਕਤ ਦੇਖਉ ਤੇਰੀ ਸਰਣਾ ॥
ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥ ਅੰਤ ਕਾਲਿ ਕੋ ਬੇਲੀ ਨਾਹੀ ॥
ਗੁਰਮੁਖਿ ਜਾਤਾ ਤੁਧੁ ਸਾਲਾਹੀ ॥ ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥}

(ਅੰਗ ੧੦੨੨-੧੦੨੩)

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

{ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ ਤੇਰਾ ਜਨੁ ਏਕੁ ਆਧੁ ਕੋਈ ॥
ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥
ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥
ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ ੧੧੨੩)

ਭੈਰਉ ਮਹਲਾ ੫ ॥

{ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥
ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ ਡਰੁ ਸਗਲ ਚੁਕਾਇਆ ॥੧॥
ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥
ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥ ਪਾਰਬ੍ਰਹਮੁ ਪਰਮੇਸਰੁ ਅਨੂਪੁ ॥
ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥ ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥
ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥
ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥ ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥
ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥੪੩॥੫੬॥}

(ਅੰਗ ੧੧੫੨)

ਮਲਾਰ ਮਹਲਾ ੫ ॥

{ਪ੍ਰੀਤਮ ਸਾਚਾ ਨਾਮੁ ਧਿਆਇ ॥ ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ ॥੧॥ ਰਹਾਉ॥
ਦੁਸਮਨ ਹਤੇ ਦੋਖੀ ਸਭਿ ਵਿਆਪੇ ਹਰਿ ਸਰਣਾਈ ਆਇਆ ॥
ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ ॥੧॥
ਕਰਿ ਕਿਰਪਾ ਕਿਲਵਿਖ ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ ॥
ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖ ਨ ਥੀਆ ॥੨॥੪॥੮॥}

(ਅੰਗ ੧੨੬੮)

{ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ ॥
ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥
ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧ੍ਯਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੨॥}

(ਅੰਗ ੧੪੦੫)

56/7915

{ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥ ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥}

(ਅੰਗ ੧੪੦੮)

{ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥}

(ਅੰਗ ੧੪੨੭)

ਸਿਰੀਰਾਗੁ ਮਹਲਾ ੩ ॥

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥

ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥
ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥
ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥
ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥
ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥
ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ॥੪॥੨੬॥੫੯॥}

(ਅੰਗ ੩੬-੩੭)

ਸਿਰੀਰਾਗੁ ਮਹਲਾ ੫ ॥

{ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥
ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥
ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥੧॥ ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥
ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥੧॥ ਰਹਾਉ ॥
ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥ ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ॥
ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥ ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥੨॥
ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥ ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ॥
ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ ॥
ਜੀਉ ਪਿੰਡੁ ਧਨੁ ਤਿਸ ਦਾ ਹਉ ਸਦਾ ਸਦਾ ਕੁਰਬਾਨੁ ॥੩॥ ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰਿ ॥
ਦਾਸਾ ਕੇ ਬੰਧਨ ਕਟਿਆ ਸਾਚੈ ਸਿਰਜਣਹਾਰਿ ॥ ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ ॥
ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ ॥੪॥੧੮॥੮੮॥}

(ਅੰਗ ੪੮-੪੯)

ਸਿਰੀਰਾਗੁ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

{ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥ ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ॥
ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਏ ॥
ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥
ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥੧॥
ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ ॥ ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ ॥
ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ ॥ ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ॥

ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ ॥੨॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥
ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥
ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥੩॥
ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ ॥
ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ ॥
ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ ॥
ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ ॥੪॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ ॥
ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ ॥ ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ॥
ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ ॥
ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥}

(ਅੰਗ ੭੯-੮੦)

ਮਾਝ ਮਹਲਾ ੪ ॥

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥
ਆਵਹੁ ਸੰਤ ਮੈ ਗਲਿ ਮੇਲਾਈਐ ॥ ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥
ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ ॥੨॥
ਵਡਭਾਗੀ ਹਰਿ ਸੰਤੁ ਮਿਲਾਇਆ ॥ ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥
ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥੩॥
ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਮਲੁ ਹਉਮੈ ਬਿਖਿਆ ਸਭ ਨਿਵਾਰੀ ॥
ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥}

(ਅੰਗ ੯੫)

ਮਾਝ ਮਹਲਾ ੩ ॥

{ਆਪੇ ਰੰਗੇ ਸਹਜਿ ਸੁਭਾਏ ॥ ਗੁਰ ਕੈ ਸਬਦਿ ਹਰਿ ਰੰਗੁ ਚੜਾਏ ॥

ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ ਭੈ ਭਾਇ ਰੰਗੁ ਚੜਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਨਿਰਭਉ ਮੰਨਿ ਵਸਾਵਣਿਆ ॥
ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ ਬਿਖੁ ਭਉਜਲੁ ਸਬਦਿ ਤਰਾਵਣਿਆ ॥੧॥ ਰਹਾਉ ॥
ਮਨਮੁਖ ਮੁਗਧ ਕਰਹਿ ਚਤੁਰਾਈ ॥ ਨਾਤਾ ਧੋਤਾ ਥਾਇ ਨ ਪਾਈ ॥
ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥ ਮਨਮੁਖ ਅੰਧੇ ਕਿਛੂ ਨ ਸੂਝੈ ॥
ਮਰਣੁ ਲਿਖਾਇ ਆਏ ਨਹੀ ਬੂਝੈ ॥ ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥੩॥
ਸਚੁ ਕਰਣੀ ਸਬਦੁ ਹੈ ਸਾਰੁ ॥ ਪੂਰੈ ਗੁਰਿ ਪਾਈਐ ਮੋਖ ਦੁਆਰੁ ॥
ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥੪॥ ਰਸਨਾ ਹਰਿ ਰਸਿ ਰਾਤੀ ਰੰਗੁ ਲਾਏ ॥
ਮਨੁ ਤਨੁ ਮੋਹਿਆ ਸਹਜਿ ਸੁਭਾਏ ॥ ਸਹਜੇ ਪ੍ਰੀਤਮੁ ਪਿਆਰਾ ਪਾਇਆ ਸਹਜੇ ਸਹਜਿ ਮਿਲਾਵਣਿਆ ॥੫॥
ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥ ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ ॥
ਹਉ ਬਲਿਹਾਰੀ ਸਦਾ ਤਿਨ ਵਿਟਹੁ ਗੁਰ ਸੇਵਾ ਚਿਤੁ ਲਾਵਣਿਆ ॥੬॥ ਸਚਾ ਸਚੋ ਸਚਿ ਪਤੀਜੈ ॥
ਗੁਰ ਪਰਸਾਦੀ ਅੰਦਰੁ ਭੀਜੈ ॥ ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ ਮਨਾਵਣਿਆ ॥੭॥
ਜਿਸ ਨੋ ਨਦਰਿ ਕਰੇ ਸੋ ਪਾਏ ॥ ਗੁਰ ਪਰਸਾਦੀ ਹਉਮੈ ਜਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਦਰਿ ਸਚੈ ਸੋਭਾ ਪਾਵਣਿਆ ॥੮॥੮॥੯॥}

(ਅੰਗ ੧੧੪)

ਮਾਝ ਮਹਲਾ ੩ ॥

{ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥
ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥
ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ ਰਹਾਉ ॥
ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥ ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥
ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥
ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥ ਸਚਾ ਸਾਹੁ ਸਚੇ ਵਣਜਾਰੇ ॥
ਸਚੁ ਵਣੰਜਹਿ ਗੁਰ ਹੇਤਿ ਅਪਾਰੇ ॥ ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੪॥
ਬਿਨੁ ਰਾਸੀ ਕੋ ਵਥੁ ਕਿਉ ਪਾਏ ॥ ਮਨਮੁਖ ਭੂਲੇ ਲੋਕ ਸਬਾਏ ॥
ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥੫॥
ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ ਆਪਿ ਤਰਹਿ ਸਗਲੇ ਕੁਲ ਤਾਰੇ ॥
ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥
ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥
ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥
ਆਪੇ ਦੇਵੈ ਸਬਦਿ ਬੁਲਾਏ ॥ ਮਹਲੀ ਮਹਲਿ ਸਹਜ ਸੁਖੁ ਪਾਏ ॥

ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥}

(ਅੰਗ ੧੧੭)

ਗਉੜੀ ਮਾਝ ਮਹਲਾ ੪ ॥

{ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥
ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥ ਹਰਿ ਪਾਇਅੜਾ ਮਨਿ ਜੀਵਾ ਜੀਉ ॥੧॥
ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ ॥ ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ ॥
ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥ ਹਉ ਨਾਮ ਵਿਟਹੁ ਕੁਰਬਾਣੁ ਜੀਉ ॥੨॥
ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ ॥ ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ ॥
ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥ ਹਰਿ ਨਾਮੇ ਨਾਮਿ ਸਮਾਈ ਜੀਉ ॥੩॥
ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ ॥ ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖਿ ਪਾਈ ਜੀਉ ॥
ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ ॥
ਜਨ ਨਾਨਕ ਹਰਿ ਰਸੁ ਪਾਈ ਜੀਉ ॥੪॥੬॥੨੦॥੧੮॥੩੨॥੭੦॥}

(ਅੰਗ ੧੭੫)

56/7916

ਗਉੜੀ ਮਹਲਾ ੩ ॥

{ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥
ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ ॥
ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥
ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ ॥
ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ ॥
ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥੧॥
ਸਾ ਧਨ ਰੰਗੁ ਮਾਣੇ ਜੀਉ ਆਪਣੇ ਨਾਲਿ ਪਿਆਰੇ ॥ ਅਹਿਨਿਸਿ ਰੰਗਿ ਰਾਤੀ ਜੀਉ ਗੁਰ ਸਬਦੁ ਵੀਚਾਰੇ ॥
ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ ॥
ਸਾ ਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ ਪਿਆਰੇ ॥
ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥੨॥
ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ ॥ ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ ॥
ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ ॥ ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ ॥
ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ ॥
ਨਾਨਕ ਕਾਮਣਿ ਸਹਜਿ ਸਮਾਣੀ ਜਿਸੁ ਸਾਚਾ ਨਾਮੁ ਅਧਾਰੋ ॥੩॥
ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥ ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥

ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥
ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥
ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥੪॥੨॥}

(ਅੰਗ ੨੪੪-੨੪੫)

ਆਸਾ ਮਹਲਾ ੧ ॥

{ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥}

(ਅੰਗ ੩੬੦)

ਆਸਾ ਮਹਲਾ ੫ ॥

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥}

(ਅੰਗ ੩੭੭)

ਆਸਾ ਮਹਲਾ ੫ ॥

{ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥
ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥੧॥ ਮਨ ਮਹਿ ਰਾਮ ਨਾਮਾ ਜਾਪਿ ॥
ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ ਰਹਾਉ ॥
ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ ॥
ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ ॥੨॥
ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥
ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥੩॥

ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥
ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥}

(ਅੰਗ ੪੦੫-੪੦੬)

ਆਸਾ ਮਹਲਾ ੫ ॥

{ਹਰਿ ਹਰਿ ਨਾਮੁ ਅਮੋਲਾ ॥ ਓਹੁ ਸਹਜਿ ਸੁਹੇਲਾ ॥੧॥ ਰਹਾਉ ॥
ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ ॥੧॥
ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ ॥੨॥
ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ ॥੩॥੫॥੧੪੫॥}

(ਅੰਗ ੪੦੭)

ਜੈਤਸਰੀ ਮਹਲਾ ੫ ਘਰੁ ੩
ੴ ਸਤਿਗੁਰ ਪ੍ਰਸਾਦਿ ॥

{ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥
ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥੧॥ ਰਹਾਉ ॥
ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥੧॥
ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥
ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥੨॥
ਹਸਤਿ ਰਥ ਅਸ੍ਵ ਪਵਨ ਤੇਜ ਧਨੀ ਭੂਮਨ ਚਤੁਰਾਂਗਾ ॥
ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥੩॥
ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥
ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥੪॥੧॥}

(ਅੰਗ ੭੦੦)

ਧਨਾਸਰੀ ਛੰਤ ਮਹਲਾ ੧ ॥

{ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥
ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥
ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥
ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥
ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥ ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥
ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥
ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥
ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥
ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥੨॥ ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥

ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥
ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥
ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ॥
ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥
ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥
ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥
ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥
ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥ ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ॥
ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ॥
ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥
ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥
ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥}

(ਅੰਗ ੬੮੯)

ਜੈਤਸਰੀ ਮਹਲਾ ੫ ॥
{ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥ ਅਗਿਆਨ ਮੋਹ ਮਗਨ ਮਹਾ ਪ੍ਰਾਨੀ ਅੰਧਿਆਰੇ ਮਹਿ ਦੀਪ ॥੧॥ ਰਹਾਉ ॥
ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਆਨੂਪ ॥
ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ ॥੧॥
ਹਾਰਿ ਪਰਿਓ ਤੁਮ੍ਰੈ ਪ੍ਰਭ ਦੁਆਰੈ ਦ੍ਰਿੜੁ ਕਰਿ ਗਹੀ ਤੁਮ੍ਾਰੀ ਲੂਕ ॥
ਕਾਢਿ ਲੇਹੁ ਨਾਨਕ ਅਪੁਨੇ ਕਉ ਸੰਸਾਰ ਪਾਵਕ ਕੇ ਕੂਪ ॥੨॥੪॥੮॥}

(ਅੰਗ ੭੦੧)

56/7917

ਟੋਡੀ ਮਹਲਾ ੫ ॥
{ਪ੍ਰਭ ਜੀ ਮਿਲੁ ਮੇਰੇ ਪ੍ਰਾਨ ॥ ਬਿਸਰੁ ਨਹੀ ਨਿਮਖ ਹੀਅਰੇ ਤੇ ਅਪਨੇ ਭਗਤ ਕਉ ਪੂਰਨ ਦਾਨ ॥ ਰਹਾਉ ॥
ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ ਅੰਤਰਜਾਮੀ ਸੁਘੜ ਸੁਜਾਨ ॥
ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ ॥੧॥
ਆਠ ਪਹਰ ਰਸਨਾ ਗੁਨ ਗਾਵੈ ਜਸੁ ਪੂਰਿ ਅਘਾਵਹਿ ਸਮਰਥ ਕਾਨ ॥
ਤੇਰੀ ਸਰਣਿ ਜੀਅਨ ਕੇ ਦਾਤੇ ਸਦਾ ਸਦਾ ਨਾਨਕ ਕੁਰਬਾਨ ॥੨॥੩॥੨੨॥}

(ਅੰਗ ੭੧੬)

ਸੂਹੀ ਮਹਲਾ ੫ ॥
{ਲਾਲਨੁ ਰਾਵਿਆ ਕਵਨ ਗਤੀ ਰੀ ॥ ਸਖੀ ਬਤਾਵਹੁ ਮੁਝਹਿ ਮਤੀ ਰੀ ॥੧॥
ਸੂਹਬ ਸੂਹਬ ਸੂਹਵੀ ॥ ਅਪਨੇ ਪ੍ਰੀਤਮ ਕੈ ਰੰਗਿ ਰਤੀ ॥੧॥ ਰਹਾਉ ॥
ਪਾਵ ਮਲੋਵਉ ਸੰਗਿ ਨੈਨ ਭਤੀਰੀ ॥ ਜਹਾ ਪਠਾਵਹੁ ਜਾਂਉ ਤਤੀ ਰੀ ॥੨॥

ਜਪ ਤਪ ਸੰਜਮ ਦੇਉ ਜਤੀ ਰੀ ॥ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ ॥੩॥
ਮਾਨੁ ਤਾਨੁ ਅਹੰਬੁਧਿ ਹਤੀ ਰੀ ॥ ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥}

(ਅੰਗ ੭੩੯)

ਰਾਗੁ ਸੂਹੀ ਮਹਲਾ ੫ ਘਰੁ ੭
ੴ ਸਤਿਗੁਰ ਪ੍ਰਸਾਦਿ ॥

{ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥
ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ ॥੧॥ ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਹਾਰੀ ॥
ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ ॥੧॥ ਰਹਾਉ ॥
ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ ਮਨਸਾ ਪੂਰਣਹਾਰਾ ॥
ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ ॥੨॥
ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ ॥
ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ ॥੩॥
ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ ॥
ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥੪॥੧॥੪੮॥}

(ਅੰਗ ੭੪੭)

ਰਾਗੁ ਸੂਹੀ ਮਹਲਾ ੪ ਅਸਟਪਦੀਆ ਘਰੁ ੧੦
ੴ ਸਤਿਗੁਰ ਪ੍ਰਸਾਦਿ ॥

{ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥ ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥੧॥
ਮੈ ਹਰਿ ਹਰਿ ਨਾਮੁ ਵਿਸਾਹੁ ॥ ਗੁਰ ਪੂਰੇ ਤੇ ਪਾਇਆ ਅੰਮ੍ਰਿਤੁ ਅਗਮ ਅਥਾਹੁ ॥੧॥ ਰਹਾਉ ॥
ਹਉ ਸਤਿਗੁਰੁ ਵੇਖਿ ਵਿਗਸੀਆ ਹਰਿ ਨਾਮੇ ਲਗਾ ਪਿਆਰੁ ॥
ਕਿਰਪਾ ਕਰਿ ਕੈ ਮੇਲਿਅਨੁ ਪਾਇਆ ਮੋਖ ਦੁਆਰੁ ॥੨॥ ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ॥
ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ ॥੩॥
ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ ॥
ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ ॥੪॥
ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ ॥
ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ ॥੫॥
ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥੬॥
ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥
ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ ॥੭॥
ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥ ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥

ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥
ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥ ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਪੈ ਆਇ ॥
ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥੧੧॥ ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥
ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥੧੨॥
ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥
ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥ ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥੧੪॥੧॥੨॥੧੧॥}

(ਅੰਗ ੭੫੮-੭੫੯)

ਬਿਲਾਵਲੁ ਮਹਲਾ ੩ ॥

{ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥ ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥
ਮੰਗਲੁ ਨਾਰੀ ਗਾਵਹਿ ਆਏ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥੧॥
ਹਉ ਤਿਨ ਬਲਿਹਾਰੈ ਜਿਨ੍ ਹਰਿ ਮੰਨਿ ਵਸਾਏ ॥
ਹਰਿ ਜਨ ਕਉ ਮਿਲਿਆ ਸੁਖੁ ਪਾਈਐ ਹਰਿ ਗੁਣ ਗਾਵੈ ਸਹਜਿ ਸੁਭਾਏ ॥੧॥ ਰਹਾਉ ॥
ਸਦਾ ਰੰਗਿ ਰਾਤੇ ਤੇਰੈ ਚਾਏ ॥ ਹਰਿ ਜੀਉ ਆਪਿ ਵਸੈ ਮਨਿ ਆਏ ॥ ਆਪੇ ਸੋਭਾ ਸਦ ਹੀ ਪਾਏ ॥
ਗੁਰਮੁਖਿ ਮੇਲੈ ਮੇਲਿ ਮਿਲਾਏ ॥੨॥ ਗੁਰਮੁਖਿ ਰਾਤੇ ਸਬਦਿ ਰੰਗਾਏ ॥ ਨਿਜ ਘਰਿ ਵਾਸਾ ਹਰਿ ਗੁਣ ਗਾਏ ॥
ਰੰਗਿ ਚਲੂਲੈ ਹਰਿ ਰਸਿ ਭਾਏ ॥ ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥੩॥
ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥}

(ਅੰਗ ੭੯੮)

ਬਿਲਾਵਲੁ ਮਹਲਾ ੧ ਛੰਤ ਦਖਣੀ

ੴ ਸਤਿਗੁਰ ਪ੍ਰਸਾਦਿ ॥

{ਮੁੰਧ ਨਵੇਲੜੀਆ ਗੋਇਲਿ ਆਈ ਰਾਮ ॥ ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ ॥
ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ ॥
ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ ॥ ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ॥੧॥
ਸਚਿ ਨਵੇਲੜੀਏ ਜੋਬਨਿ ਬਾਲੀ ਰਾਮ ॥ ਆਉ ਨ ਜਾਉ ਕਹੀ ਅਪਨੇ ਸਹ ਨਾਲੀ ਰਾਮ ॥
ਨਾਹ ਅਪਨੇ ਸੰਗਿ ਦਾਸੀ ਮੈ ਭਗਤਿ ਹਰਿ ਕੀ ਭਾਵਏ ॥ ਅਗਾਧਿ ਬੋਧਿ ਅਕਥੁ ਕਥੀਐ ਸਹਜਿ ਪ੍ਰਭ ਗੁਣ ਗਾਵਏ॥
ਰਾਮ ਨਾਮ ਰਸਾਲ ਰਸੀਆ ਰਵੈ ਸਾਚਿ ਪਿਆਰੀਆ ॥ ਗੁਰਿ ਸਬਦੁ ਦੀਆ ਦਾਨੁ ਕੀਆ ਨਾਨਕਾ ਵੀਚਾਰੀਆ॥੨॥
ਸ੍ਰੀਧਰ ਮੋਹਿਅੜੀ ਪਿਰ ਸੰਗਿ ਸੂਤੀ ਰਾਮ ॥ ਗੁਰ ਕੈ ਭਾਇ ਚਲੋ ਸਾਚਿ ਸੰਗੂਤੀ ਰਾਮ ॥
ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ ਸੰਗਿ ਸਖੀ ਸਹੇਲੀਆ ॥
ਇਕ ਭਾਇ ਇਕ ਮਨਿ ਨਾਮੁ ਵਸਿਆ ਸਤਿਗੁਰੂ ਹਮ ਮੇਲੀਆ ॥
ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥

ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ ॥੩॥ ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥
ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ ॥ ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ ॥
ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ ॥ ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ॥
ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ ॥੪॥੧॥}

(ਅੰਗ ੮੪੩)

ਧਨਾਸਰੀ ਮਹਲਾ ੫ ॥

{ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ ॥
ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ ॥੧॥ ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥
ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥ ਰਹਾਉ ॥
ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥
ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ ॥੨॥੧੬॥੪੭॥}

(ਅੰਗ ੬੮੨)

{ਟੂਟੈ ਨੇਹੁ ਕਿ ਬੋਲਹਿ ਸਹੀ ॥ ਟੂਟੈ ਬਾਹ ਦੁਹੂ ਦਿਸ ਗਹੀ ॥ ਟੂਟਿ ਪਰੀਤਿ ਗਈ ਬੁਰ ਬੋਲਿ ॥
ਦੁਰਮਤਿ ਪਰਹਰਿ ਛਾਡੀ ਢੋਲਿ ॥ ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥
ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੮॥}

(ਅੰਗ ੯੩੩)

56/7918

ਸਲੋਕੁ ਮਃ ੫ ॥

{ਸੁਣਿ ਸਜਣ ਪ੍ਰੀਤਮ ਮੇਰਿਆ ਮੈ ਸਤਿਗੁਰੁ ਦੇਹੁ ਦਿਖਾਲਿ ॥
ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ ॥ ਇਕਸੁ ਸਤਿਗੁਰ ਬਾਹਰਾ ਧ੍ਰਿਗੁ ਜੀਵਣੁ ਸੰਸਾਰਿ॥
ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ ਜਿਨ ਸਦ ਹੀ ਵਰਤੈ ਨਾਲਿ ॥੧॥}

(ਅੰਗ ੯੫੭)

ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

ੴ ਸਤਿਗੁਰ ਪ੍ਰਸਾਦਿ ॥

{ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ ॥
ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ ॥
ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥
ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ ॥੧॥}

(ਅੰਗ ੧੧੦੭)

ਤੁਖਾਰੀ ਮਹਲਾ ੧ ॥

{ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥

ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥
ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥
ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥
ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥
ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੧॥
ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ ॥ ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥
ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥
ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥
ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥
ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥੨॥
ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ॥
ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥
ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥
ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥
ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥
ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥
ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥
ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥
ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥
ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥
ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ॥
ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥
ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥
ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥
ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥੫॥੬॥}

(ਅੰਗ ੧੧੧੨-੧੧੧੩)

ਉਪਰ ਵਾਲੇ ਹਰ ਸ਼ਬਦ ਦਾ ਪ੍ਰਮਾਣ ਸਾਨੂੰ ਮਨੁੱਖ ਦੀ ਸੱਚੀ ਮਤਿ ਵਿੱਚ ਤੇ ਮਨ ਦੀ ਝੂਠੀ ਮਤਿ ਵਿੱਚ ਫਰਕ ਸਮਝਾਉਣ ਲਈ ਹੀ ਹੈ ਤਾਂ ਜੋ ਅਸੀਂ ਕੇਵਲ ਤੇ ਕੇਵਲ ਸੱਚੀ ਮਤਿ ਨਾਲ ਜੁੜੀਏ ਜੋ ਮਤਿ ਸਦਾ ਟਿਕਣ ਵਾਲੀ ਮਤਿ ਹੈ, ਜੋ ਸੱਚੀ ਮਤਿ ਮਨ ਦੀ ਅਗਿਆਨਤਾ ਰੂਪ ਕਲਿ ਤੋਂ ਰਹਿਤ ਹੈ ਤੇ ਇਸੇ ਲਈ ਸੱਚੀ ਮਤਿ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ, ਰਹਿੰਦੀ ਦੁਨਿਆ ਤੱਕ ਕਦੇ ਬਦਲਿਆ ਨਹੀਂ ਜਾ ਸਕਦਾ। ਸੱਚੀ ਮਤਿ ਕੇਵਲ ਗੁਰੂ ਦੀ ਮਤਿ ਹੈ ਭਾਵ ਹਰ ਸ਼ਬਦ ਦੇ ਅੰਦਰ ਦੀ ਸੱਚ ਰੂਪ ਮਤਿ ਹੈ ਭਾਵ ਸੱਚੀ ਗੁਰਮਤਿ ਹੈ ਜੋ ਗੁਰੂ ਦੀ ਮਤਿ ਕਦੇ ਬਿਨਸ ਨਹੀਂ ਸਕਦੀ, ਜਿਸਨੂੰ ਮਨਮਤਿ ਰੂਪ ਕਾਲਿ ਕਦੇ ਖਾ ਨਹੀਂ ਸਕਦਾ ਤੇ ਇਸੇ ਲਈ ਸੱਚੀ

ਗੁਰਮਤਿ ਸ੍ਰਿਸ਼ਟੀ ਦੇ ਕਰਤੇ ਦੀ ਅਕਾਲ ਮੂਰਤਿ ਹੈ। ਪੂਰੀ ਗੁਰਬਾਣੀ ਦੇ ਸ਼ਬਦਾਂ ਦੀ ਵਿਚਾਰ **"ਅਕਾਲ ਮੂਰਤਿ"** ਰੂਪ ਹੈ ਤੇ ਪੂਰਾ ਗੁਰਬਾਣੀ ਗ੍ਰੰਥ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਸੱਚੇ ਗੁਰੂ ਦਾ ਅਕਾਲ ਤਖਤ ਹੈ ਜਿਸ ਤਖਤ ਦੇ ਉੱਤੇ ਉਸਦੀ ਅਕਾਲ ਰੂਪ ਮਤਿ ਟਿਕੀ ਹੋਈ ਹੈ, ਬਿਰਾਜਮਾਨ ਹੈ ਜਿਸ ਉਸਦੇ ਅਕਾਲ ਤਖਤ ਤੇ ਸਾਰੇ ਸੰਸਾਰ ਨੂੰ ਇੱਕੋ ਜਿਹਾ ਸੱਚ ਰੂਪ ਫੁਰਮਾਨ ਹੀ ਸੁਣਾਇਆ ਜਾਂਦਾ ਹੈ ਜੋ ਕਿ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਦਰਜ ਹੈ। ਹਰ ਸ਼ਬਦ ਦੇ ਅੰਦਰ ਦੀ ਸੱਚੀ ਵਿਚਾਰ ਸੰਸਾਰਿਕ ਮਨੁੱਖਾਂ ਨੂੰ ਕੁੱਝ ਸਮਝਾਉਣ ਲਈ, ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਧਰਮ ਦਾ ਸੱਚਾ ਮਾਰਗ ਸਮਝਾਉਣ ਲਈ ਹੁੰਦੀ ਹੈ, ਸੱਚ ਦੇ ਮਾਰਗ ਤੇ ਚੱਲਣ ਲਈ, ਸਮਝਾਉਣ ਲਈ ਹੁੰਦੀ ਹੈ ਤੇ ਸੱਚ ਰੂਪ ਧਰਮ ਦੇ ਮਾਰਗ ਤੇ ਚੱਲਣਾ ਕੀ ਹੈ ਇਸ ਗੱਲ ਨੂੰ ਪੂਰੇ ਲੇਖ ਵਿੱਚ ਹੁਣ ਤੱਕ ਸ਼ਬਦਾਂ ਦੇ ਮਾਲਕ ਨੇ, ਗਾਡ ਨੇ, ਪ੍ਰਮਾਤਮਾ ਨੇ, ਅੱਲ੍ਹਾ ਨੇ, ਅਕਾਲ ਪੁਰਖ ਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਇਸ ਬਹੁਤ ਹੀ ਇੱਕ ਨਿਮਾਣੇ ਜਿਹੇ ਮਨੁੱਖ ਦੀ ਸਮਝ ਦੇ ਅੰਦਰ ਪ੍ਰਗਟ ਹੋ ਕੇ ਆਪਣੇ ਸ਼ਬਦਾਂ ਦੇ ਅੰਦਰ ਦਾ ਸੱਚ ਸਮਝਾਉਣ ਵਿੱਚ ਕੋਈ ਕਸਰ ਛੱਡੀ ਹੋਵੇ ਇਹ ਦਾਸ ਨੂੰ ਤਾਂ ਯਕੀਨ ਨਹੀਂ ਆ

56/7919

ਸਕਦਾ ਕਿਉਂਕਿ ਦਾਸ ਦੇ ਅੰਦਰ ਦੀ ਸਮਝ ਹਰ ਵੇਲੇ ਉਸੇ ਦੀ ਸਮਝ ਦੇ ਨਾਲ ਹੀ ਬੱਝੀ ਹੋਈ ਹੈ ਜੋ ਇਸ ਸਰੀਰ ਦਾ ਮਾਲਕ ਹੈ, ਪੂਰੀ ਸ੍ਰਿਸ਼ਟੀ ਦੇ ਆਕਾਰ ਦਾ ਮਾਲਕ ਹੈ ਜਿਸ ਗੱਲ ਲਈ ਕਿਸੇ ਨੂੰ ਵੀ ਮਨਾਉਣਾ ਬਹੁਤ ਔਖਾ ਹੈ, ਜਿਸ ਗੱਲ ਨੂੰ ਮੰਨੇ ਬਿਨ੍ਹਾਂ ਸੱਚ ਨੂੰ ਮੰਨਣਾ ਵੀ ਔਖਾ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਮੰਨਣਾ ਵੀ ਔਖਾ ਹੈ ਤੇ ਸ਼ਬਦਾਂ ਦੇ ਅੰਦਰ ਦੀ ਵਿਚਾਰ ਹੀ ਅਸਲ ਸੱਚ ਹੈ ਜਿਸ ਆਪਣੇ ਸੱਚ ਰੂਪ ਵਿੱਚ ਹੀ ਪੂਰੇ ਗੁਰਬਾਣੀ ਗ੍ਰੰਥ ਦੇ ਅੰਦਰ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੈ। ਸ਼ਬਦਾਂ ਦੇ ਅੰਦਰ ਦੇ ਸੱਚ ਦੇ ਨਾਲ ਜੁੜੇ ਬਿਨ੍ਹਾਂ ਭਾਵ ਮੰਨੇ ਬਿਨ੍ਹਾਂ ਕੋਈ ਉਸ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦਾ ਸੱਚਾ ਉਪਰਾਲਾ ਕਰ ਸਕੇ ਇਹ ਨਹੀਂ ਹੋ ਸਕਦਾ, ਨਹੀਂ ਹੋ ਸਕਦਾ, ਨਹੀਂ ਹੋ ਸਕਦਾ ਕਿਉਂਕਿ ਇਹ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਹੀ ਸੁਣਾਇਆ ਹੋਇਆ ਫੁਰਮਾਨ ਹੈ ਜਿਵੇਂ ਕਿ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਸ਼ਬਦਾਂ ਦੀ ਸੱਚੀ ਵਿਚਾਰ ਰਾਹੀਂ ਸਮਝਿਆ ਹੀ ਹੈ।

ਦਾਸ ਦੀ ਸਭ ਦੇ ਚਰਣਾ ਅੱਗੇ ਫਿਰ ਤੋਂ ਤਹਿ ਦਿਲੋਂ ਬੇਨਤੀ ਹੈ ਕਿ ਗੁਰੂ ਦੇ ਸਮਝਾਏ ਹੋਏ ਸੱਚ ਤੋਂ ਮੂੰਹ ਨਾ ਫੇਰੋ ਤੇ ਉਨ੍ਹਾਂ ਤੋਂ ਮੂੰਹ ਫੇਰੋ ਜਿਨ੍ਹਾਂ ਅੱਜ ਤੱਕ ਸਾਨੂੰ ਗੁਰੂ ਦੇ ਸੱਚ ਦੇ ਮਾਰਗ ਤੋਂ ਉਲਟ ਮਾਰਗ ਸਮਝਾਇਆ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਗਲਤ ਵਿਚਾਰ ਸਮਝਾਈ ਹੈ ਤੇ ਗੁਰੂ ਦੇ ਸੱਚ ਤੋਂ ਉਲਟ ਸਮਝਾਉਣ ਵਾਲੇ ਜਗ੍ਹਾ ਜਗ੍ਹਾ ਹੁਣ ਵੀ ਆਪਣੇ ਆਪ ਨੂੰ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਤੇ ਉੱਚਾ ਥਾਪਕੇ ਬੈਠੇ ਹਨ ਜਿਹੋ ਜਿਹਿਆਂ ਦਾ ਬਾਣੀ ਦੇ ਸ਼ਬਦਾਂ ਰਾਹੀਂ ਬਾਰ-ਬਾਰ ਖੰਡਨ ਕੀਤਾ ਹੋਇਆ ਹੈ ਤੇ ਉਨ੍ਹਾਂ ਦੇ ਪਿੱਛੇ ਲੱਗਣ ਵਾਲਿਆਂ ਦੀ ਵੀ ਗੁਰੂ ਸਾਹਿਬ ਨੇ ਨਿਖੇਧੀ ਕੀਤੀ ਹੋਈ ਹੈ।

ਇਸ ਲੇਖ ਦੀ ਸਮਾਪਤੀ ਕਰਨ ਤੋਂ ਪਹਿਲਾ ਇਹੋ ਜਿਹੇ ਭਰਮੇ ਹੋਇਆ ਨੂੰ ਸੁਚੇਤ ਕਰਨ ਲਈ ਕੁੱਝ ਸ਼ਬਦਾਂ ਦਾ ਪ੍ਰਮਾਣ ਫਿਰ ਤੋਂ ਦਿੱਤਾ ਜਾ ਰਿਹਾ ਹੈ ਤਾਂ ਜੋ ਅਸੀਂ ਸੱਚ ਤੇ ਝੂਠ ਦੇ ਮਾਰਗ ਦੇ ਵਿੱਚ ਮਨ ਦੀ ਦ੍ਰਿੜਤਾ ਦੇ ਨਾਲ ਵਿਸ਼ਵਾਸ ਕਰ ਸਕੀਏ ਤੇ ਗੁਰੂ ਦੇ ਸੱਚ ਦੇ ਨਾਲ ਭਾਵ ਗੁਰੂ ਦੇ ਨਾਮ ਦੇ ਨਾਲ ਜੁੜਨ ਦਾ ਸੱਚੇ ਦਿਲੋਂ ਉਪਰਾਲਾ ਕਰ ਸਕੀਏ, ਦਿਲੋਂ ਸੱਚ ਨਾਲ ਪਿਆਰ ਦਿਖਾਉਣ ਦਾ ਸੱਚਾ ਉਪਰਾਲਾ ਕਰ ਸਕੀਏ।

ਆਸਾ ਮਹਲਾ ੧ ॥

{ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥ ਖਾਣਾ ਪੀਣਾ ਹਸਣਾ ਬਾਦਿ ॥
ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥ ਤਉ ਪਰਵਾਹ ਕੇਹੀ ਕਿਆ ਕੀਜੈ ॥
ਜਨਮਿ ਜਨਮਿ ਕਿਛੁ ਲੀਜੀ ਲੀਜੈ ॥੧॥ ਰਹਾਉ ॥ ਮਨ ਕੀ ਮਤਿ ਮਤਾਗਲੁ ਮਤਾ ॥
ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥
ਜੈਸਾ ਤੂੰ ਕਰਹਿ ਤੈਸਾ ਕੋ ਹੋਇ ॥ ਤੁਝ ਬਿਨੁ ਦੂਜਾ ਨਾਹੀ ਕੋਇ ॥ ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥
ਤੁਧੁ ਆਪੇ ਭਾਵੈ ਤਿਵੈ ਚਲਾਵੈ ॥੩॥ ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥}

(ਅੰਗ ੩੫੧)

ਮਃ ੩ ॥

{ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ ॥
ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥
ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥੨॥}

(ਅੰਗ ੫੮੬)

ਪਉੜੀ ॥

{ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥
ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥
ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਰਿ ਸਵਾਰੀ ॥
ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ ॥
ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥}

(ਅੰਗ ੫੮੬)

ਸਿਰੀਰਾਗੁ ਮਹਲਾ ੫ ਘਰੁ ੫ ॥

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥

ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ ੨੧)

56/7920

ਆਸਾ ਮਹਲਾ ੧ ॥

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥ ਸਾਚ ਧਣੀ ਜਗੁ ਆਇ ਬਿਨਾਸਾ ॥
ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥ ਜਗੁ ਮੋਹਿ ਬਾਧਾ ਬਹੁਤੀ ਆਸਾ ॥
ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥
ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ ਕਲਤ੍ ਲਗਿ ਨਾਮੁ ਵਿਸਾਰੀ ॥
ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥੩॥
ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥ ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥
ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥ ਰੂੜੋ ਕਹਉ ਨ ਕਹਿਆ ਜਾਈ ॥
ਅਕਥ ਕਥਉ ਨਹ ਕੀਮਤਿ ਪਾਈ ॥ ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥
ਨਦਰਿ ਕਰੇ ਰਾਖੈ ਰਖਵਾਲਾ ॥੭॥ ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}

(ਅੰਗ ੪੧੨)

ਸਿਰੀਰਾਗੁ ਮਹਲਾ ੧ ॥

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥

ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ ੫੬)

ਆਸਾ ਮਹਲਾ ੧ ॥

{ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿ ਕਾ ਭਾਉ ॥
ਜਤੀ ਸਤੀ ਕਹ ਰਾਖਹਿ ਪਾਉ ॥੧॥ ਨਾਨਕ ਨਾਮ ਵਿਟਹੁ ਕੁਰਬਾਣੁ ॥
ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥ ਗੁਰੂ ਪਾਸਹੁ ਫਿਰਿ ਚੇਲਾ ਖਾਇ ॥
ਤਾਮਿ ਪਰੀਤਿ ਵਸੈ ਘਰਿ ਆਇ ॥ ਜੇ ਸਉ ਵਰ੍ਹਿਆ ਜੀਵਣ ਖਾਣੁ ॥ ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥
ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ ॥ ਰਾਜਾ ਨਿਆਉ ਕਰੇ ਹਥਿ ਹੋਇ ॥
ਕਹੈ ਖੁਦਾਇ ਨ ਮਾਨੈ ਕੋਇ ॥੩॥ ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥
ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥}

(ਅੰਗ ੩੪੯-੩੫੦)

ਮਹਲਾ ੪ ॥

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥}

(ਅੰਗ ੧੪੦)

ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥
ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥੧॥
ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥
ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥
ਅੰਧਾ ਸਚਾ ਅੰਧੀ ਸਟ ॥੨॥ ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥

ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ ੧੫੧)

ਸਲੋਕ ਮਹਲਾ ੧ ॥

{ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥
ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥ ਧਰਤੀ ਪਾਣੀ ਪਰਬਤ ਭਾਰੁ ॥
ਕਿਉ ਕੰਡੈ ਤੋਲੈ ਸੁਨਿਆਰੁ ॥ ਤੋਲਾ ਮਾਸਾ ਰਤਕ ਪਾਇ ॥ ਨਾਨਕ ਪੁਛਿਆ ਦੇਇ ਪੁਜਾਇ ॥
ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ ੧੨੩੯)

ਸਲੋਕ ਮਃ ੧ ॥

{ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥
ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥
ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥
ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ ॥
ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥}

(ਅੰਗ ੯੫੨)

ਸਿਰੀਰਾਗੁ ਮਹਲਾ ੧ ॥

{ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥}

(ਅੰਗ ੧੪)

ਸਿਰੀਰਾਗੁ ਮਹਲਾ ੧ ॥

{ਮਨਮੁਖਿ ਭੂਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ ਬਾਬਾ ਮਾਇਆ ਭਰਮਿ ਭੁਲਾਇ ॥

ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥
ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥੩॥
ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥
ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥
ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ ੬੦)

{ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ ੧੩੯੫)

ਮਹਲਾ ੨ ॥

{ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥}

(ਅੰਗ ੪੬੩)

ਮਃ ੧ ॥

{ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥}

(ਅੰਗ ੪੬੩)

ਪਉੜੀ ॥

{ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥}

(ਅੰਗ ੪੬੩)

56/7921

ਸਲੋਕੁ ਮਃ ੧ ॥

{ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥}

(ਅੰਗ ੪੭੨)

ਮਃ ੧ ॥

{ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥}

(ਅੰਗ ੪੭੨)

ਪਉੜੀ ॥

{ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥
ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥ ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ॥
ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥ ਜਰੁ ਆਈ ਜੋਬਨਿ ਹਾਰਿਆ ॥੧੭॥}

(ਅੰਗ ੪੭੨)

ਮਃ ੧ ॥

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥}

(ਅੰਗ ੪੭੨)

ਮਃ ੧ ॥

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ ॥੩॥}

(ਅੰਗ ੪੭੨)

ਪਉੜੀ ॥

{ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥
ਸਹਿ ਮੇਲੇ ਤਾ ਨਦਰੀ ਆਈਆ ॥ ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥
ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥
ਸਹਿ ਤੁਠੈ ਨਉ ਨਿਧਿ ਪਾਈਆ ॥੧੮॥}

(ਅੰਗ ੪੭੩)

{ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥
ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥੯੧॥}

(ਅੰਗ ੧੩੬੯)

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥}

(ਅੰਗ ੧੩੭੬)

{ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ ਕਸਿ ਕਸਵਟੀ ਸਹੈ ਸੁ ਤਾਉ ॥

ਨਦਰਿ ਸਰਾਫ ਵੰਨੀ ਸਚੜਾਉ ॥ ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥
ਜਿਨਿ ਕੀਤੀ ਤਿਨਿ ਕੀਮਤਿ ਪਾਈ ॥ ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥੧੮॥}

(ਅੰਗ ੯੩੨)

ਸਿਰੀਰਾਗੁ ਮਹਲਾ ੧ ॥

{ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥
ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥ ਮਨ ਰੇ ਹਉਮੈ ਛੋਡਿ ਗੁਮਾਨੁ ॥
ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥
ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥
ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥}

(ਅੰਗ ੨੧)

ਸਲੋਕ ਮਃ ੧ ॥

{ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥ ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥ ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥}

(ਅੰਗ ੧੨੪੫)

ਮਃ ੧ ॥

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥
ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥}

(ਅੰਗ ੧੨੪੬)

ਪਉੜੀ ॥

{ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥ ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥
ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥
ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥}

(ਅੰਗ ੧੨੪੬)

ਸਿਰੀਰਾਗੁ ਮਹਲਾ ੧ ਘਰੁ ੨ ॥

{ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥}

(ਅੰਗ ੨੩)

ਸਲੋਕੁ ਮਃ ੩ ॥

{ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ ॥ ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥
ਗੁਰ ਪਰਸਾਦੀ ਗੁਣ ਪਾਈਅਨ੍ਹਿ ਜਿਸ ਨੋ ਨਦਰਿ ਕਰੇਇ ॥੧॥}

(ਅੰਗ ੧੦੯੨)

ਮਃ ੩ ॥

{ਗੁਣ ਅਵਗੁਣ ਸਮਾਨਿ ਹਹਿ ਜਿ ਆਪਿ ਕੀਤੇ ਕਰਤਾਰਿ ॥
ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ ॥੨॥}

(ਅੰਗ ੧੦੯੨)

ਪਉੜੀ ॥

{ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥
ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥੧੮॥}

(ਅੰਗ ੧੦੯੨)

ਮਃ ੧ ॥

{ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥੨॥}

(ਅੰਗ ੪੭੧-੪੭੨)

ਪਉੜੀ ॥

{ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥
ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥ ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥ ਦਰਿ ਮੰਗਨਿ ਭਿਖ ਨ ਪਾਇਦਾ ॥੧੬॥}

(ਅੰਗ ੪੭੨)

56/7922

ਸਿਰੀਰਾਗੁ ਮਹਲਾ ੧ ॥

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥
ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥
ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ॥੪॥੪॥}

(ਅੰਗ ੧੫)

ਸਿਰੀਰਾਗੁ ਮਹਲਾ ੩ ॥

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥
ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥
ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥
ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥
ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}

(ਅੰਗ ੩੯)

ਸਿਰੀਰਾਗੁ ਮਹਲਾ ੧ ॥

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥
ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥
ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥ ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥

ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥ ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥
ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥
ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥ ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥
ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥ ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥
ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥
ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥
ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥}

(ਅੰਗ ੫੫-੫੬)

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰ�ि ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥
ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥}

(ਅੰਗ ੧੪੧੪)

{ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ ॥
ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ ॥੪੭॥}

(ਅੰਗ ੧੩੬੬)

ਆਸਾ ਮਹਲਾ ੧ ਚਉਪਦੇ ॥

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥
ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥
ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥
ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥੪॥੨੫॥}

(ਅੰਗ ੩੫੬)

ਮਹਲਾ ੧ ॥

{ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥ ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥
ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥ ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥
ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥
ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥ ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥
ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥ ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥
ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥ ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥
ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥
ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥ ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥
ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥}

(ਅੰਗ ੫੪)

ਸਿਰੀਰਾਗੁ ਮਹਲਾ ੧ ॥

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥
ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥
ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥}

(ਅੰਗ ੧੫)

ਸਿਰੀਰਾਗੁ ਮਹਲਾ ੧ ॥

{ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥
ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ ਜੀਅਰੇ ਰਾਮ ਜਪਤ ਮਨੁ ਮਾਨੁ ॥
ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥
ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥
ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥
ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥
ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥}

(ਅੰਗ ੨੦-੨੧)

56/7923

{ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥
ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥੧॥ ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥
ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ ॥
ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰ ਧਰਿਆ ॥ ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ॥੨॥
ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥
ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥}

(ਅੰਗ ੯੭੦)

ਆਸਾ ਮਹਲਾ ੧ ॥

{ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥
ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥
ਬਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥੨॥
ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥੩॥
ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥੪॥੨੮॥}

(ਅੰਗ ੩੫੭)

ਗਉੜੀ ਮਹਲਾ ੫ ॥

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥

ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥ ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁਗਿਆਨੀ ॥
ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥ ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੭-੨੩੮)

ਮਾਰੂ ਮਹਲਾ ੩ ॥

{ਜੋ ਤੁਧੁ ਕਰਣਾ ਸੋ ਕਰਿ ਪਾਇਆ ॥ ਭਾਣੇ ਵਿਚਿ ਕੋ ਵਿਰਲਾ ਆਇਆ ॥
ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥੧॥ ਗੁਰਮੁਖਿ ਤੇਰਾ ਭਾਣਾ ਭਾਵੈ ॥
ਸਹਜੇ ਹੀ ਸੁਖੁ ਸਚੁ ਕਮਾਵੈ ॥ ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ ॥੨॥
ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥ ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥
ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥੩॥
ਜਾ ਤਿਸੁ ਭਾਵੈ ਤਾ ਗੁਰੂ ਮਿਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥
ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥੪॥
ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥ ਸਤਿਗੁਰੁ ਮੇਲੇ ਦੇ ਵਡਿਆਈ ॥
ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ॥ ਸਤਿਗੁਰ ਸੇਵੇ ਤਾ ਨਾਮੁ ਪਾਏ ਨਾਮੇ ਹੀ ਸੁਖੁ ਪਾਇਦਾ ॥੬॥
ਸਭ ਨਾਵਹੁ ਉਪਜੈ ਨਾਵਹੁ ਛੀਜੈ ॥ ਗੁਰ ਕਿਰਪਾ ਤੇ ਮਨੁ ਤਨੁ ਭੀਜੈ ॥
ਰਸਨਾ ਨਾਮੁ ਧਿਆਏ ਰਸਿ ਭੀਜੈ ਰਸ ਹੀ ਤੇ ਰਸੁ ਪਾਇਦਾ ॥੭॥ ਮਹਲੈ ਅੰਦਰਿ ਮਹਲੁ ਕੋ ਪਾਏ ॥
ਗੁਰ ਕੈ ਸਬਦਿ ਸਚਿ ਚਿਤੁ ਲਾਏ ॥ ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ ॥੮॥
ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥ ਮਾਇਆ ਮੋਹੁ ਸਭੁ ਰੋਗੁ ਕਮਾਇਆ ॥
ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥ ਨਾਮਿ ਰਤੇ ਤਿਨ ਨਿਰਮਲ ਦੇਹਾ ॥
ਨਿਰਮਲ ਹੰਸਾ ਸਦਾ ਸੁਖੁ ਨੇਹਾ ॥ ਨਾਮੁ ਸਲਾਹਿ ਸਦਾ ਸੁਖੁ ਪਾਇਆ ਨਿਜ ਘਰਿ ਵਾਸਾ ਪਾਇਦਾ ॥੧੦॥
ਸਭੁ ਕੋ ਵਣਜੁ ਕਰੇ ਵਾਪਾਰਾ ॥ ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥

ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ ॥੧੧॥
ਜਿਸ ਨੋ ਨਾਮੁ ਦੇਇ ਸੋ ਪਾਏ ॥ ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥
ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ ॥੧੨॥
ਨਾਵੈ ਨੋ ਲੋਚੈ ਜੇਤੀ ਸਭ ਆਈ ॥ ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ ॥
ਜਿਨੀ ਨਾਉ ਪਾਇਆ ਸੇ ਵਡਭਾਗੀ ਗੁਰ ਕੈ ਸਬਦਿ ਮਿਲਾਇਦਾ ॥੧੩॥ ਕਾਇਆ ਕੋਟੁ ਅਤਿ ਅਪਾਰਾ ॥
ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ ॥ ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ ॥੧੪॥
ਅੰਤਰ ਘਰ ਬੰਕੇ ਥਾਨੁ ਸੁਹਾਇਆ ॥ ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ ॥
ਇਤੁ ਸਾਥਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ ॥੧੫॥
ਮੇਰੈ ਕਰਤੈ ਇਕ ਬਣਤ ਬਣਾਈ ॥ ਇਸੁ ਦੇਹੀ ਵਿਚਿ ਸਭ ਵਥੁ ਪਾਈ ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥੧੬॥੬॥੨੦॥}

(ਅੰਗ ੧੦੬੩-੧੦੬੪)

ਮਃ ੪ ॥

{ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥
ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ ਸਭੁ ਕਰਤਾ ਆਪਣੀ ਕਲਾ ਵਧਾਏ ॥
ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥
ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥
ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ ॥
ਅਨਦਿਨੁ ਨਾਮੁ ਜਪਹੁ ਗੁਰਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥
ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ ਰਖਾਏ ॥੨॥}

(ਅੰਗ ੩੦੮)

{ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥}

(ਅੰਗ ੧੦੨੮)

ਆਸਾ ਮਹਲਾ ੫ ਅਸਟਪਦੀਆ ਘਰੁ ੨

ੴ ਸਤਿਗੁਰ ਪ੍ਰਸਾਦਿ ॥

{ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥ ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ ॥
ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥ ਸਾਚ ਧਰਮ ਕੀ ਕਰਿ ਦੀਨੀ ਵਾਰਿ ॥
ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥ ਨਾਮੁ ਖੇਤੀ ਬੀਜਹੁ ਭਾਈ ਮੀਤ ॥
ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥ ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥
ਜੇਜੀਆ ਡੰਨੁ ਕੋ ਲਏ ਨ ਜਗਾਤਿ ॥ ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥

ਵਖਰੁ ਨਾਮੁ ਲਦਿ ਖੇਪ ਚਲਾਵਹੁ ॥ ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥
ਸਤਿਗੁਰੁ ਸਾਹੁ ਸਿਖ ਵਣਜਾਰੇ ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ ॥੭॥
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥੮॥੧॥}

(ਅੰਗ ੪੩੦)

ੴ ਸਤਿਗੁਰ ਪ੍ਰਸਾਦਿ ॥

ਆਸਾ ਘਰੁ ੬ ਮਹਲਾ ੧ ॥

{ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥ ਲਾਲ ਬਹੁ ਗੁਣਿ ਕਾਮਣਿ ਮੋਹੀ ॥
ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥}

(ਅੰਗ ੩੫੯)

{ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥}

(ਅੰਗ ੧੪੨੭)

56/7924

ਤੁਖਾਰੀ ਮਹਲਾ ੧ ॥

{ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥ ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥
ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥
ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ॥
ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥੧॥ ਭਰਿਪੁਰਿ ਧਾਰਿ ਰਹੇ ਅਤਿ ਪਿਆਰੇ ॥
ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥ ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ ॥
ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ ॥ ਅਪਰੰਪਰੁ ਆਪੇ ਥਾਪਿ ਉਥਾਪੇ ਤਿਸੁ ਭਾਵੈ ਸੋ ਹੋਵੈ॥
ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ ॥੨॥ ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥
ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥ ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥
ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥ ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥
ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥੩॥ ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥
ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥ ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਣਾ ॥
ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ ॥
ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥
ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ ॥੪॥੫॥}

(ਅੰਗ ੧੧੧੨)

ੴ ਸਤਿਗੁਰ ਪ੍ਰਸਾਦਿ ॥

ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥

{ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥
ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥
ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥
ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥
ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥
ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥
ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥
ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥
ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥
ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥
ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥੪॥੧॥੪॥}

(ਅੰਗ ੭੬੫-੭੬੬)

ਸੂਹੀ ਮਹਲਾ ੧ ॥

{ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥
ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥ ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥
ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥
ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥੨॥੪॥}

(ਅੰਗ ੭੨੯)

ਸਿਰੀਰਾਗੁ ਮਹਲਾ ੧ ॥

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ॥
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥
ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥ ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥
ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥੪॥
ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥

ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥੫॥ ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ ॥
ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥ ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥
ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥ ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥ ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ॥
ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥ ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ॥੮॥੧੦॥}

(ਅੰਗ ੫੯)

ਗਉੜੀ ਮਾਝ ਮਹਲਾ ੪ ॥

{ਆਉ ਸਖੀ ਗੁਣ ਕਾਮਣ ਕਰੀਹਾ ਜੀਉ ॥ ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ ॥
ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥ ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥੧॥
ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ ॥ਮੈ ਮੇਲੇ ਮਿਤ੍ਰੁ ਸਤਿਗੁਰੁ ਵੇਚੋਲੇ ਜੀਉ ॥
ਮਨੁ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ ॥ ਹਰਿ ਵਿਟੜਿਅਹੁ ਸਦਾ ਘੋਲੇ ਜੀਉ ॥੨॥
ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥
ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ ਵਿਗਸੁ ਜੀਉ ॥
ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ ਅਨਦੁ ਰਹਸੁ ਜੀਉ ॥
ਹਰਿ ਪਾਇਅੜਾ ਵਡਭਾਗੀਏ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ ॥੩॥
ਹਰਿ ਆਪਿ ਉਪਾਏ ਹਰਿ ਆਪੇ ਵੇਖੈ ਹਰਿ ਆਪੇ ਕਾਰੈ ਲਾਇਆ ਜੀਉ ॥
ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ ॥
ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ ਮੰਗਾਇਆ ਜੀਉ ॥
ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ ਜਨ ਨਾਨਕ ਨਾਮੁ ਧਿਆਇਆ ਜੀਉ ॥੪॥੨॥੨੮॥੬੬॥}

(ਅੰਗ ੧੭੩)

ਮਾਰੂ ਮਹਲਾ ੧ ॥

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥ ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥
ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥
ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥
ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥ ਨਿਜ ਘਰਿ ਬੈਸਿ ਰਹੇ ਭਉ ਖਾਇਆ॥
ਧਾਵਤ ਰਾਖੇ ਠਾਕਿ ਰਹਾਇਆ ॥ ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥
ਮਰਣੁ ਲਿਖਾਇ ਮੰਡਲ ਮਹਿ ਆਏ ॥ ਕਿਉ ਰਹੀਐ ਚਲਣਾ ਪਰਥਾਏ ॥
ਸਚਾ ਅਮਰੁ ਸਚੇ ਅਮਰਾ ਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥ ਆਪਿ ਉਪਾਇਆ ਜਗਤੁ ਸਬਾਇਆ ॥

ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥ ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥
ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥
ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥ ਤਿਨ ਕਉ ਤਖਤਿ ਮਿਲੀ ਵਡਿਆਈ ॥
ਨਿਰਭਉ ਮਨਿ ਵਸਿਆ ਲਿਵ ਲਾਈ ॥ ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥
ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥ ਗਣਤ ਗਣੀਐ ਸਹਸਾ ਜੀਐ ॥
ਕਿਉ ਸੁਖੁ ਪਾਵੈ ਦੂਐ ਤੀਐ ॥ ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥
ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥
ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥ ਜੀਭ ਰਸਾਇਣਿ ਸਾਚੈ ਰਾਤੀ ॥
ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥ ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥
ਰਖਿ ਰਖਿ ਪੈਰ ਧਰੇ ਪਉ ਧਰਣਾ ॥ ਜਤ ਕਤ ਦੇਖਉ ਤੇਰੀ ਸਰਣਾ ॥
ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥ ਅੰਤ ਕਾਲਿ ਕੋ ਬੇਲੀ ਨਾਹੀ ॥
ਗੁਰਮੁਖਿ ਜਾਤਾ ਤੁਧੁ ਸਾਲਾਹੀ ॥ ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥}

(ਅੰਗ ੧੦੨੩)

ਬਸੰਤੁ ਹਿੰਡੋਲ ਮਹਲਾ ੧ ॥

{ਸਾਚਾ ਸਾਹੁ ਗੁਰੂ ਸੁਖਦਾਤਾ ਹਰਿ ਮੇਲੇ ਭੁਖ ਗਵਾਏ ॥
ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ ਅਨਦਿਨੁ ਹਰਿ ਗੁਣ ਗਾਏ ॥੧॥ ਮਤ ਭੂਲਹਿ ਰੇ ਮਨ ਚੇਤਿ ਹਰੀ ॥
ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ ॥੧॥ ਰਹਾਉ ॥
ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ ॥
ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ ॥੨॥
ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥
ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥
ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥
ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥}

(ਅੰਗ ੧੧੭੧-੧੧੭੨)

ਮਾਰੂ ਸੋਲਹੇ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਰੈ ਅਨੰਦੁ ਅਨੰਦੀ ਮੇਰਾ ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥
ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ ॥੧॥ ਹਰਖਵੰਤ ਆਨੰਤ ਦਇਆਲਾ ॥
ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥ ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ ॥੨॥
ਆਪੇ ਕੁਦਰਤਿ ਕਰੇ ਵੀਚਾਰਾ ॥ ਆਪੇ ਹੀ ਸਚੁ ਕਰੇ ਪਸਾਰਾ ॥
ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ ॥੩॥ ਸਾਚਾ ਤਖਤੁ ਸਚੀ ਪਾਤਿਸਾਹੀ ॥

ਸਚੁ ਖਜੀਨਾ ਸਾਚਾ ਸਾਹੀ ॥ ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ ॥੪॥
ਸਚੁ ਤਪਾਵਸੁ ਸਚੇ ਕੇਰਾ ॥ ਸਾਚਾ ਥਾਨੁ ਸਦਾ ਪ੍ਰਭ ਤੇਰਾ ॥
ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ ॥੫॥ ਏਕੋ ਆਪਿ ਤੂਹੈ ਵਡ ਰਾਜਾ ॥
ਹੁਕਮਿ ਸਚੇ ਕੈ ਪੂਰੇ ਕਾਜਾ ॥ ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ ॥੬॥
ਤੂ ਵਡ ਰਸੀਆ ਤੂ ਵਡ ਭੋਗੀ ॥ ਤੂ ਨਿਰਬਾਣੁ ਤੂਹੈ ਹੀ ਜੋਗੀ ॥
ਸਰਬ ਸੂਖ ਸਹਜ ਘਰਿ ਤੇਰੈ ਅਮਿਉ ਤੇਰੀ ਦ੍ਰਿਸਟੀਜਾ ਹੇ ॥੭॥ ਤੇਰੀ ਦਾਤਿ ਤੁਝੈ ਤੇ ਹੋਵੈ ॥
ਦੇਹਿ ਦਾਨੁ ਸਭਸੈ ਜੰਤ ਲੋਐ ॥ ਤੋਟਿ ਨ ਆਵੈ ਪੂਰ ਭੰਡਾਰੈ ਤ੍ਰਿਪਤਿ ਰਹੇ ਆਘੀਜਾ ਹੇ ॥੮॥
ਜਾਚਹਿ ਸਿਧ ਸਾਧਿਕ ਬਨਵਾਸੀ ॥ ਜਾਚਹਿ ਜਤੀ ਸਤੀ ਸੁਖਵਾਸੀ ॥
ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥ ਕਰਹਿ ਭਗਤਿ ਅਰੁ ਰੰਗ ਅਪਾਰਾ ॥
ਖਿਨ ਮਹਿ ਥਾਪਿ ਉਥਾਪਨਹਾਰਾ ॥ ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ ਭਗਤੀਜਾ ਹੇ ॥੧੦॥
ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥ ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥
ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ ॥੧੧॥
ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ॥ ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ॥
ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ ਅਵਰੁ ਕਹਾ ਕਿਛੁ ਕੀਜਾ ਹੇ ॥੧੨॥ ਤ੍ਰਿਸਨਾ ਬੂਝੀ ਅੰਤਰੁ ਠੰਢਾ ॥
ਗੁਰਿ ਪੂਰੈ ਲੈ ਤੂਟਾ ਗੰਢਾ ॥ ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥
ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥ ਪੂਰੇ ਗੁਰ ਕੀ ਪੂਰੀ ਬਾਣੀ ॥
ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੫॥
ਬਾਰਹਾ ਕੰਚਨੁ ਸੁਧੁ ਕਰਾਇਆ ॥ ਨਦਰਿ ਸਰਾਫ ਵੰਨੀ ਸਚੜਾਇਆ ॥
ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ ॥੧੬॥ ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥
ਨਾਨਕ ਦਾਸ ਸਦਾ ਕੁਰਬਾਨੀ ॥ ਸੰਤਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥}

(ਅੰਗ ੧੦੭੩-੧੦੭੪)

56/7925

ਸੋਰਠਿ ਮਹਲਾ ੫ ॥

{ਜੀਅ ਜੰਤ ਸਭਿ ਵਸਿ ਕਰਿ ਦੀਨੇ ਸੇਵਕ ਸਭਿ ਦਰਬਾਰੇ ॥
ਅੰਗੀਕਾਰੁ ਕੀਓ ਪ੍ਰਭ ਅਪੁਨੇ ਭਵ ਨਿਧਿ ਪਾਰਿ ਉਤਾਰੇ ॥੧॥ ਸੰਤਨ ਕੇ ਕਾਰਜ ਸਗਲ ਸਵਾਰੇ ॥
ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ ॥ ਰਹਾਉ ॥
ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ ॥
ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥}

(ਅੰਗ ੬੩੧)

ਮਾਰੂ ਮਹਲਾ ੧ ॥

{ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥
ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥
ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥
ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥
ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥
ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥
ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥
ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥
ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥
ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥
ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥
ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥
ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥
ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੇਲੀ ਕੋਈ ॥
ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥
ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥
ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥
ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥
ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥}

(ਅੰਗ ੧੦੩੧-੧੦੩੨)

{ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥
ਜਿਉ ਪਾਖਾਣੁ ਨਾਵ ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥ ਜਿਉ ਅੰਧਕਾਰ ਦੀਪਕ ਪਰਗਾਸੁ ॥
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥ ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥ ਤਿਨ ਸੰਤਨ ਕੀ ਬਾਛਉ ਧੂਰਿ ॥ ਨਾਨਕ ਕੀ ਹਰਿ ਲੋਚਾ ਪੂਰਿ ॥੩॥}

(ਅੰਗ ੨੮੨)

ਗਉੜੀ ਮਹਲਾ ੫ ॥

{ਗੁਰ ਸੇਵਾ ਤੇ ਨਾਮੇ ਲਾਗਾ ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥ ਤਿਸ ਕੈ ਹਿਰਦੈ ਰਵਿਆ ਸੋਇ॥
ਮਨੁ ਤਨੁ ਸੀਤਲੁ ਨਿਹਚਲੁ ਹੋਇ ॥੧॥ ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥੧॥
ਰਹਾਉ ॥ ਜਾਸੁ ਜਪਤ ਭਉ ਅਪਦਾ ਜਾਇ ॥ ਧਾਵਤ ਮਨੂਆ ਆਵੈ ਠਾਇ ॥ ਜਾਸੁ ਜਪਤ ਫਿਰਿ ਦੂਖੁ ਨ ਲਾਗੈ॥
ਜਾਸੁ ਜਪਤ ਇਹ ਹਉਮੈ ਭਾਗੈ ॥੨॥ ਜਾਸੁ ਜਪਤ ਵਸਿ ਆਵਹਿ ਪੰਚਾ ॥ ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥
ਜਾਸੁ ਜਪਤ ਇਹ ਤ੍ਰਿਸਨਾ ਬੁਝੈ ॥ ਜਾਸੁ ਜਪਤ ਹਰਿ ਦਰਗਹ ਸਿਝੈ ॥੩॥ ਜਾਸੁ ਜਪਤ ਕੋਟਿ ਮਿਟਹਿ ਅਪਰਾਧ॥
ਜਾਸੁ ਜਪਤ ਹਰਿ ਹੋਵਹਿ ਸਾਧ ॥ ਜਾਸੁ ਜਪਤ ਮਨੁ ਸੀਤਲੁ ਹੋਵੈ ॥ ਜਾਸੁ ਜਪਤ ਮਲੁ ਸਗਲੀ ਖੋਵੈ ॥੪॥
ਜਾਸੁ ਜਪਤ ਰਤਨੁ ਹਰਿ ਮਿਲੈ ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥ ਜਾਸੁ ਜਪਤ ਕਈ ਬੈਕੁੰਠ ਵਾਸੁ ॥
ਜਾਸੁ ਜਪਤ ਸੁਖ ਸਹਜਿ ਨਿਵਾਸੁ ॥੫॥ ਜਾਸੁ ਜਪਤ ਇਹ ਅਗਨਿ ਨ ਪੋਹਤ ॥
ਜਾਸੁ ਜਪਤ ਇਹੁ ਕਾਲੁ ਨ ਜੋਹਤ ॥ ਜਾਸੁ ਜਪਤ ਤੇਰਾ ਨਿਰਮਲ ਮਾਥਾ ॥ ਜਾਸੁ ਜਪਤ ਸਗਲਾ ਦੁਖੁ ਲਾਥਾ ॥੬॥
ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥ ਜਾਸੁ ਜਪਤ ਸੁਣਿ ਅਨਹਤ ਧੁਨੈ ॥ ਜਾਸੁ ਜਪਤ ਇਹ ਨਿਰਮਲ ਸੋਇ ॥
ਜਾਸੁ ਜਪਤ ਕਮਲੁ ਸੀਧਾ ਹੋਇ ॥੭॥ ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ॥
ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥}

(ਅੰਗ ੨੩੬)

{ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥}

(ਅੰਗ ੮)

{ਘਰੁ ਦਰੁ ਮੰਦਰੁ ਜਾਣੈ ਸੋਈ ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥੧੨॥}

(ਅੰਗ ੧੦੩੯)

{ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ ॥ ਸਚੈ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ ॥
ਸਚਿ ਸਿਰਜ੍ਹਿਉ ਸੰਸਾਰੁ ਆਪਿ ਆਭੁਲੁ ਨ ਭੁਲਓ ॥ ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਓ ॥
ਜਿਹ ਕ੍ਰਿਪਾਲੁ ਹੋਯਉ ਗੋਬਿੰਦੁ ਸਰਬ ਸੁਖ ਤਿਨਹੂ ਪਾਏ ॥
ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥}

(ਅੰਗ ੧੩੮੬)

ਰਾਮਕਲੀ ਦਖਣੀ ਮਹਲਾ ੧ ॥

{ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ ॥੧॥ ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ॥
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ ॥੧॥ ਰਹਾਉ ॥
ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ ॥੨॥
ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ ॥੩॥
ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ ॥੪॥
ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ ॥੫॥
ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ ॥੬॥
ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥੭॥
ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥੮॥
ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ ॥੯॥
ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ ॥੧੦॥੮॥}

(ਅੰਗ ੯੦੭)

ਰਾਮਕਲੀ ਮਹਲਾ ੫ ॥

{ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥ ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥ ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ ਬਾਜਾ ਮਾਨੁ ਤਾਨੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥ ਨਾਰਦੀ ਨਰਹਰ ਜਾਣਿ ਹਦੂਰੇ ॥
ਘੂੰਘਰ ਖੜਕੁ ਤਿਆਗਿ ਵਿਸੂਰੇ ॥ ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥
ਜੇ ਕੋ ਅਪਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥
ਸਾਧਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੯॥}

(ਅੰਗ ੯੮੫)

ਆਸਾ ਮਹਲਾ ੪ ॥

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥
ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥
ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥
ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥੨॥ ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮ ਰਾਜੇ ॥

ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ ॥
ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ ॥
ਜਨ ਨਾਨਕ ਸਤਿਗੁਰੁ ਭੇਟਿਆ ਹਰਿ ਨਾਮਿ ਤਰਾਏ ॥੩॥
ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥}

(ਅੰਗ ੪੫੦)

56/7926

ਪਉੜੀ ॥

{ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥ ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥
ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥੨੧॥੧॥ ਸੁਧੁ}

(ਅੰਗ ੯੧)

ਪਉੜੀ ॥

{ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥ ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ ॥
ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥ ਮੰਨੇ ਨਾਉ ਬਿਸੰਖ ਦਰਗਹ ਪਾਵਣਾ ॥
ਖਾਲਕ ਕਉ ਆਦੇਸੁ ਢਾਢੀ ਗਾਵਣਾ ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥੨੧॥}

(ਅੰਗ ੧੪੮)

ਪਉੜੀ ॥

{ਖਸਮੈ ਕੈ ਦਰਬਾਰਿ ਢਾਢੀ ਵਸਿਆ ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ ॥
ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥ ਦੁਸਮਨ ਕਢੇ ਮਾਰਿ ਸਜਣ ਸਰਸਿਆ ॥
ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥
ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ ॥੨੩॥}

(ਅੰਗ ੧੪੮-੧੪੯)

ਪਉੜੀ ॥

{ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ ॥ ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ ॥
ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ ॥ ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥
ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ ॥੨੧॥੧॥ ਸੁਧੁ ਕੀਚੇ}

(ਅੰਗ ੩੨੩)

ਪਉੜੀ ॥

{ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ॥
ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥
ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥}

(ਅੰਗ ੪੬੮)

ਪਉੜੀ ॥

{ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ ॥ ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ ॥
ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ ॥ ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ ॥
ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ ॥੧੮॥}

(ਅੰਗ ੫੧੬)

ਪਉੜੀ ॥

{ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ ॥ ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ ॥
ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ ॥ ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ ॥
ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥ ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ ॥
ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ ॥ ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ ॥੧੧॥}

(ਅੰਗ ੯੬੨)

ਪਉੜੀ ॥

{ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ ॥ ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ ॥
ਸੋ ਮੰਗਾ ਦਾਨੁ ਗੋਸਾਈਆ ਜਿਤੁ ਭੁਖ ਲਹਿ ਜਾਵੈ ॥ ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ॥
ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ ॥
ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ ॥
ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥ ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ ॥੯॥}

(ਅੰਗ ੧੦੯੭)

ਪਉੜੀ ॥

{ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ ॥ ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥
ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥
ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥ ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥
ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥
ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ॥ ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥੧੯॥}

(ਅੰਗ ੧੨੮੬)

{ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥}

(ਅੰਗ ੧੩੭੮)

{ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥ ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥}

(ਅੰਗ ੧੩੭੮)

56/7927

ਉਪਰ ਵਾਲੇ ਹਰ ਸ਼ਬਦ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ ਕਿ ਉਸ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਦੇ ਵਿੱਚ ਤੇ ਝੂਠੀ ਭਗਤੀ ਦੇ ਵਿੱਚ ਕੀ ਫਰਕ ਹੈ, ਉਸਦਾ ਸੱਚਾ ਨਾਮ ਜਪਣ ਵਿੱਚ ਤੇ ਝੂਠਾ ਨਾਮ ਜਪਣ ਵਿੱਚ ਕੀ ਫਰਕ ਹੈ, ਗੁਰੂ ਦੀ ਸੱਚੀ ਸੇਵਾ ਤੇ ਝੂਠੀ ਸੇਵਾ ਵਿੱਚ ਕੀ ਫਰਕ ਹੈ, ਗੁਰੂ ਨਾਲ ਆਪਣਾ ਸੱਚਾ ਪਿਆਰ ਜੋੜਨ ਵਿੱਚ ਤੇ ਝੂਠਾ ਪਿਆਰ ਦਿਖਾਉਣ ਵਿੱਚ ਕੀ ਫਰਕ ਹੈ। ਸਾਰੀ ਗੱਲ ਸੱਚ ਤੇ ਝੂਠ ਦੇ ਫਰਕ ਨੂੰ ਸਮਝਣ ਵਿੱਚ ਹੀ ਹੈ ਜਿਸਨੂੰ ਸਮਝੇ ਬਿਨ੍ਹਾਂ ਸੱਚ ਦੇ ਮਾਰਗ ਤੇ ਚੱਲਣ ਦਾ ਉਪਰਾਲਾ ਭਾਵ ਉਸਦਾ ਸੱਚਾ ਨਾਮ ਜਪਣ ਦਾ ਉਪਰਾਲਾ ਵੀ ਨਹੀਂ ਕੀਤਾ ਜਾ ਸਕਦਾ। ਜਿਸਨੂੰ ਹਰ ਕੋਈ ਜਾਨਣਾ ਚਾਹੁੰਦਾ ਹੈ, ਪਾਉਣਾ ਚਾਹੁੰਦਾ ਹੈ, ਉਸਦੇ ਨਾਲ ਮਿਲਣਾ ਚਾਹੁੰਦਾ ਹੈ ਉਹ **"ਸਚੁ"** ਰੂਪ ਹੈ ਜੋ ਉਸਦਾ ਸੱਚ ਰੂਪ ਹੀ ਪੂਰੀ ਗੁਰਬਾਣੀ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੀ ਹੈ। ਪੂਰੀ ਗੁਰਬਾਣੀ ਉਸਦੇ ਸੱਚ ਰੂਪ ਘਰ ਦੇ ਵਿੱਚੋਂ ਹੀ ਆਈ ਹੈ, ਉਸਦੇ ਸੱਚ ਰੂਪ ਮਹਲ ਵਿੱਚੋਂ ਹੀ ਆਈ ਹੈ ਜੋ ਉਸਦਾ ਸੱਚਾ ਘਰ, ਸੱਚਾ ਮਹਲ ਮਨੁੱਖੀ ਮਨ ਹੀ ਹੈ, ਮਨੁੱਖ ਦੇ ਅੰਦਰ ਦੀ ਜੋਤਿ ਹੀ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਲੇਖ ਵਿੱਚ ਸਮਝਿਆ ਹੀ ਹੈ। ਇਸ ਗੱਲ ਦੀ ਸਮਝ ਕੇਵਲ ਤੇ ਕੇਵਲ ਉਸੇ ਮਨੁੱਖੀ ਸਰੀਰ ਨੂੰ ਹੀ ਪੈਂਦੀ ਹੈ ਜਦੋਂ ਉਹ ਗਾਡ, ਅੱਲ੍ਹਾਂ, ਪ੍ਰਮਾਤਮਾ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਆਪਣੇ ਆਪ ਨੂੰ ਕਿਸੀ ਮਨੁੱਖੀ ਸਮਝ ਦੇ ਅੰਦਰ ਪ੍ਰਗਟ ਕਰਦਾ ਹੈ ਜਿਵੇਂ ਕਿ ਉਸਨੇ ਆਪਣੇ ਆਪ ਨੂੰ ਆਪਣੇ ਸੱਚੇ ਭਗਤਾਂ ਦੀ, ਗੁਰੂ ਸਾਹਿਬਾਨ ਦੀ ਸਮਝ ਦੇ ਅੰਦਰ ਆਪਣੇ ਆਪ ਨੂੰ ਪ੍ਰਗਟ ਕਰਨ ਦੁਆਰਾ ਆਪਣਾ ਸੱਚਾ ਘਰ ਭਾਵ ਸੱਚਾ ਮਹਲ ਮਨ ਦੇ ਵਿੱਚੋਂ ਹੀ ਦਿਖਾਇਆ ਹੈ, ਆਪਣੇ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਭਾਵ ਆਪਣਾ ਨਾਮ ਬਖਸ਼ਣ ਦੁਆਰਾ, ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ ਉਨ੍ਹਾਂ ਨੂੰ ਦਿਖਾਇਆ ਹੈ। ਪੂਰੀ ਗੁਰਬਾਣੀ ਦਾ ਹਰ ਸ਼ਬਦ ਉਸਦੇ ਮਨ ਰੂਪ ਸੱਚੇ ਘਰ ਵਿੱਚੋਂ ਭਾਵ ਮਨ ਰੂਪ ਸੱਚੇ ਮਹਲ ਵਿੱਚੋਂ ਹੀ ਆਇਆ ਹੈ।

ਭਗਤਾਂ ਦੀ ਬਾਣੀ ਦੇ ਵਿੱਚ ਭਗਤਾਂ ਦੇ ਨਾਮ ਲਿਖੇ ਹੁੰਦੇ ਹਨ ਕਿ ਉਹ ਸ਼ਬਦ ਕਿਸ ਭਗਤ ਦੀ ਮਨ ਰੂਪ ਸਮਝ ਦੇ ਵਿੱਚੋਂ ਆਏ ਹਨ ਪਰ ਜਦੋਂ ਗੁਰੂ ਸਾਹਿਬਾਨ ਦੀ ਗੱਲ ਆਉਂਦੀ ਹੈ ਉੱਥੇ **"ਘਰ"** ਤੇ **"ਮਹਲਾ"** ਦੀ ਗੱਲ ਵੀ ਆਉਂਦੀ ਹੈ ਜਿਵੇਂ ਕਿ ਘਰ ੧, ਘਰ ੨, ਘਰ ੩ ਤੇ ਹੋਰ ਗੁਰੂ ਸਾਹਿਬਾਨ ਦੇ ਨਾਲ ਵੀ ਘਰ ਦੀ ਗੱਲ ਜੁੜੀ ਹੋਈ ਹੁੰਦੀ ਹੈ ਤੇ ਇਸੇ ਤਰ੍ਹਾਂ ਉਨ੍ਹਾਂ ਦੇ ਨਾਮ ਦੇ ਨਾਲ **"ਮਹਲਾ"** ਜੁੜਿਆ ਹੋਇਆ ਹੁੰਦਾ ਹੈ। ਇਸ ਗੱਲ ਨੂੰ ਕੁੱਝ ਧਿਆਨ ਨਾਲ ਸਮਝਣ ਦੀ ਲੋੜ ਹੈ। **"ਮਹਲਾ"** ਤੋਂ ਭਾਵ ਹੈ ਉਸਦੇ ਮਹਲ ਵਿੱਚ ਰਹਿਣ ਵਾਲਾ ਭਾਵ ਉਸਦੇ ਮਨ ਰੂਪ ਘਰ ਨੂੰ ਭਾਵ ਉਸਦੇ ਮਨ ਰੂਪ ਮਹਲ ਨੂੰ ਜਾਨਣ ਵਾਲਾ। ਜੋ ਉਸਦਾ ਮਨ ਰੂਪ ਘਰ ਹੈ ਉਹ ਹੀ ਉਸਦਾ ਮਨ ਰੂਪ ਮਹਲ ਹੈ। ਉਸਦਾ ਘਰ ਬਹੁਤ ਵੱਡਾ ਹੈ, ਉਸਦਾ ਮਹਲ ਬਹੁਤ ਵੱਡਾ ਹੈ ਜੋ ਉਸਦਾ ਘਰ, ਉਸਦਾ ਮਹਲ ਨਿਰੰਕਾਰ ਰੂਪ ਵਿੱਚ ਹੈ ਭਾਵ

56/7928

ਆਕਾਰ ਰੂਪ ਤੋਂ ਰਹਿਤ ਹੈ। ਪੂਰਾ ਗੁਰਬਾਣੀ ਗ੍ਰੰਥ ਉਸਦਾ ਆਪਣਾ ਘਰ ਹੀ ਹੈ, ਉਸਦਾ ਆਪਣਾ ਮਹਲ ਹੀ ਹੈ ਜੋ ਕਿ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੀ ਹੈ ਭਾਵ ਉਸਦੇ **"ਸਚੁ"** ਰੂਪ ਵਿੱਚ ਹੀ ਹੈ ਜਿਸ ਗੱਲ ਦੀ ਸਮਝ ਕਿਸੇ ਨੂੰ ਉਸਦੇ ਸਚੁ ਰੂਪ ਘਰ ਵਿੱਚ ਜਾ ਕੇ ਹੀ ਪੈ ਸਕਦੀ ਹੈ ਭਾਵ ਉਸਦੇ ਸਚੁ ਰੂਪ **"ਘਰ"** ਨੂੰ, ਉਸਦੇ ਸਚੁ ਰੂਪ **"ਮਹਲ"** ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਤੇ ਉਸਦੇ ਸੱਚੇ ਘਰ ਨੂੰ, ਸੱਚੇ ਮਹਲ ਨੂੰ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਆਪਣੇ ਆਪ ਜਾਣ ਲਵੇ ਇਸ ਗੱਲ ਨੂੰ ਉਸਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਮਨੁੱਖੀ ਸਮਰਥਾ ਤੋਂ ਬਾਹਰ ਰੱਖਿਆ ਹੋਇਆ ਹੈ, ਹਰ ਮਨੁੱਖੀ ਸਮਝ ਦੇ ਅੰਦਰ ਤ੍ਰੈ ਗੁਣਾਂ ਵਾਲੀ ਸਮਝ ਪਾ ਕੇ, ਹਉਮੈ ਵਾਲੀ ਸਮਝ ਪਾ ਕੇ, ਮਾਇਆ ਦੀ ਜੁਗਤਿ ਵਾਲੀ ਸਮਝ ਪਾ ਕੇ, ਮਨ ਦੇ ਪੁੱਠੇ ਕਮਲ ਵਾਲੀ ਸਮਝ ਵਿੱਚ ਪਾ ਕੇ ਅਸਮਰਥ ਰੱਖਿਆ ਹੋਇਆ ਹੈ। ਇਹ ਕੇਵਲ ਤੇ ਕੇਵਲ ਉਸਦੀ ਆਪਣੀ ਸਮਰਥਾ ਹੈ, ਆਪਣਾ ਬਣਾਇਆ ਹੋਇਆ ਪੱਕਾ ਅਸੂਲ ਹੈ ਕਿ ਉਹ ਕਿਸੇ ਨੂੰ ਉਹ ਆਪਣਾ ਮਨ ਰੂਪ ਭਾਵ ਜੋਤਿ ਰੂਪ ਸੱਚਾ ਘਰ ਦਿਖਾਵੇ, ਆਪਣਾ ਸੱਚਾ ਮਹਲ ਦਿਖਾਵੇ। ਉਸਦੇ ਮਨ ਰੂਪ ਸੱਚੇ ਘਰ ਵਿੱਚ ਪਹੁੰਚ ਕੇ ਹੀ ਭਾਵ ਜਾਣਕੇ ਹੀ ਕੋਈ ਇਸ ਗੱਲ ਨੂੰ ਸਮਝ ਸਕਦਾ ਹੈ ਕਿ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਸੱਚੇ ਵਿਚਾਰ ਪਾਉਣ ਵਾਲਾ ਕੌਣ ਹੈ। ਸੱਚੇ ਵਿਚਾਰਾਂ ਦੇ ਮਾਲਕ ਨੂੰ ਜਾਣੇ ਬਿਨ੍ਹਾਂ ਹੀ ਕੋਈ ਆਪਣੇ ਆਪ ਨੂੰ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੇ ਵਿਚਾਰਾਂ

ਨੂੰ ਆਪਣੇ ਵਿਚਾਰ ਕਹਿ ਸਕਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਲੇਖ ਵਿੱਚ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਦੇ ਸੱਚੇ ਵਿਚਾਰਾਂ ਦੀ ਸਮਝ ਵੀ ਉਸ ਇੱਕੋ ਇੱਕ ਸਚੁ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣਨ ਤੋਂ ਬਾਅਦ ਹੀ ਪੈ ਸਕਦੀ ਹੈ ਭਾਵ ਉਸਦੇ ਮਨ ਰੂਪ ਘਰ ਨੂੰ, ਸਚੁ ਰੂਪ ਘਰ ਨੂੰ, ਉਸਦੇ ਸਚੁ ਰੂਪ ਮਹਲ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਜੋ ਆਪਣੇ ਸੱਚੇ ਵਿਚਾਰਾਂ ਦੀ ਸੱਚੀ ਸਮਝ ਉਹ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਜਿਸਦੇ ਹੁਕਮ ਅਨੁਸਾਰ ਹੀ ਮਨੁੱਖੀ ਮਨ ਦੀ ਸਮਝ ਵਰਤਦੀ ਹੈ ਭਾਵ ਹਰ ਗੱਲ ਵਿੱਚ ਹੁਕਮ ਉਸੇ ਦਾ ਹੀ ਵਰਤਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਅਨੇਕਾਂ ਸ਼ਬਦਾਂ ਦੁਆਰਾ ਪੂਰੇ ਲੇਖ ਵਿੱਚ ਸਮਝਿਆ ਹੀ ਹੈ। ਜੋ ਹੁਣ ਤੱਕ ਤੁਸੀ ਸ਼ਬਦਾਂ ਦੇ ਅਰਥ ਪੜੇ ਹਨ ਇਹ ਸਭ ਉਸਦੇ ਹੁਕਮ ਵਿੱਚ, ਹੁਕਮ ਅਨੁਸਾਰ ਹੀ ਆਏ ਹਨ ਤੇ ਇਸ ਤੋਂ ਬਾਅਦ ਵੀ ਜੋ ਸ਼ਬਦਾਂ ਦੇ ਅਰਥ ਤੁਸੀਂ ਪੜੋਗੇ ਉਹ ਸਭ ਉਸਦੇ ਹੁਕਮ ਅਨੁਸਾਰ ਹੀ ਹੋਣਗੇ। ਉਸਦਾ ਹੁਕਮ ਆਪਾਰ ਹੈ ਉਸਨੂੰ ਕੋਈ ਮੇਟ ਨਹੀਂ ਸਕਦਾ।

{ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

56/7928-A

ਜੋ ਆਪਣੇ ਅੰਦਰੋਂ ਉਸਦੇ ਹੁਕਮ ਨੂੰ ਬੁੱਝ ਲੈਂਦਾ ਹੈ ਉਹੀ ਆਪਣੇ ਅੰਦਰੋਂ ਉਸਦੇ ਸਚੁ ਰੂਪ **"ਘਰ"** ਨੂੰ, ਸਚੁ ਰੂਪ **"ਮਹਲ"** ਨੂੰ ਜਾਣ ਸਕਦਾ ਹੈ। ਆਪਣੇ ਅੰਦਰੋਂ ਉਸਦੇ ਸਚੁ ਰੂਪ **"ਘਰ"** ਨੂੰ, ਸਚੁ ਰੂਪ **"ਮਹਲ"** ਨੂੰ ਜਾਨਣਾ ਹੀ ਆਪਣੇ ਅੰਦਰੋਂ ਸਚੁ ਰੂਪ ਖਸਮ ਨੂੰ ਜਾਨਣਾ ਹੈ ਜਿਸ ਆਪਣੇ ਸਚੁ ਰੂਪ ਖਸਮ ਨੂੰ ਜਾਨਣ ਦੁਆਰਾ ਹੀ ਕੋਈ ਉਸਦੀ ਸੁਹਾਗਣ ਬਣ ਸਕਦੀ ਹੈ। ਉਹ ਸਭ ਦਾ ਖਸਮ ਭਾਵ ਸਭ ਦਾ **"ਭਤਾਰ"** ਮਨ ਦੇ ਵਿੱਚ ਹੀ ਹੈ ਭਾਵ ਮਨ ਦੀ ਸਮਝ ਦੇ ਰੂਪ ਵਿੱਚ ਹੀ ਹੈ ਜਿਸ ਦੁਆਰਾ ਉਹ ਆਪਣੀ ਹਰ ਮਨੁੱਖੀ ਰੂਪ ਨਾਰ ਨੂੰ ਚਲਾਉਂਦਾ ਹੈ ਭਾਵ **"ਭਰਮੁ"** ਰੂਪ **"ਭਤਾਰ"** ਬਣ ਕੇ ਚਲਾਉਂਦਾ ਹੈ ਭਾਵ ਹਰ ਕਿਸੇ ਨੂੰ ਮਨਮੁੱਖ ਬਣਾ ਕੇ ਹੀ ਰੱਖਦਾ ਹੈ, ਮਨਮਤਿ ਵਿੱਚ ਹੀ ਰੱਖਦਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

{ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥
ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥}

(ਅੰਗ ੧੦੫੮)

ਉਪਰ ਵਾਲੇ ਸ਼ਬਦ ਦੇ ਪਦਿਆਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਹਰ ਮਨੁੱਖੀ ਰੂਪ ਉਸ ਸਚੁ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਭਾਵ ਸਚੁ ਰੂਪ ਖਸਮ ਦੀ ਨਾਰ ਹੀ ਹੈ ਜੋ ਹਰ ਕੋਈ ਉਸਦੀ ਨਾਰ ਮਨ ਦੀ ਸਮਝ ਦੇ ਰੂਪ ਵਿੱਚ ਹੈ ਜਿਸ ਮਨ ਦੀ ਸਮਝ ਦੁਆਰਾ ਉਹ ਇੱਕੋ ਇੱਕ ਸਮਝ ਦਾ ਮਾਲਕ ਆਪਣੇ ਬਣਾਏ ਹੋਏ ਇੱਕ ਮਨੁੱਖੀ ਰੂਪ ਨੂੰ ਚਲਾਉਂਦਾ ਹੈ ਭਾਵ ਉਸਦੀ ਸੰਸਾਰਿਕ ਵਿਚਰਨ ਕਰਵਾਉਂਦਾ ਹੈ। ਆਪਣੇ ਰਚੇ ਹੋਏ ਧਰਮ ਗ੍ਰੰਥਾਂ ਦੇ ਸੱਚ ਤੋਂ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਤੋਂ ਭਰਮਾਉਣ ਵਾਲਾ ਹੀ ਉਹ ਆਪ ਹੈ, ਆਪਣੀ ਸ੍ਰਿਸ਼ਟੀ ਦਾ ਤੇ ਆਪਣੇ ਆਪ ਦਾ ਸਚੁ ਸਮਝਾਉਣ ਤੋਂ ਭਰਮਾਉਣ ਵਾਲਾ ਵੀ ਉਹ ਆਪ ਹੈ ਤੇ ਆਪਣੇ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਭਾਵ ਸ਼ਬਦਾਂ ਦੇ ਅੰਦਰ ਦਾ ਸੱਚ ਸਮਝਾਉਣ ਵਾਲਾ ਵੀ ਉਹ ਆਪ ਹੈ ਜੋ ਮਨੁੱਖੀ ਸਮਝ ਦਾ ਇੱਕੋ ਇੱਕ ਮਾਲਕ ਹੈ ਜਿਸਨੇ ਪੂਰੇ ਸੰਸਾਰ ਦਾ ਹਰ ਮਨੁੱਖੀ ਸਰੀਰ ਆਪ ਹੀ ਬਣਾਇਆ ਹੈ ਤੇ ਆਪ ਹੀ ਹਰ ਮਨੁੱਖੀ ਸਰੀਰ ਦੀ ਸਮਝ ਦਾ ਮਾਲਕ ਹੈ, ਉਸ ਕੋਲੋਂ ਕਰਮ ਕਰਵਾ ਰਿਹਾ ਹੈ। ਆਪਣੀ ਬਣਾਈ ਹੋਈ ਹਰ ਮਨੁੱਖੀ ਨਾਰ ਦਾ ਸਮਝ ਰੂਪ **"ਭਤਾਰ"** ਭਾਵ ਖਸਮ ਉਹ ਆਪ ਹੀ ਹੈ। ਜਦ ਤੱਕ ਉਹ ਆਪਣੇ ਆਪ ਨੂੰ ਆਪਣੀ ਮਨੁੱਖੀ ਨਾਰ ਦੀ ਸਮਝ ਦੇ ਅੰਦਰ ਪ੍ਰਗਟ

ਨਹੀਂ ਕਰਦਾ ਤਦ ਤੱਕ ਹਰ ਕੋਈ ਉਸਨੂੰ ਜਾਨਣ ਵਿੱਚ, ਆਪਣੇ ਆਪ ਦੀ ਅਸਲੀਅਤ ਨੂੰ ਜਾਨਣ ਵਿੱਚ, ਸ੍ਰਿਸ਼ਟੀ ਦੀ ਰਚਨਾ ਨੂੰ ਤੇ ਸ੍ਰਿਸ਼ਟੀ ਦੇ ਰਚਨਹਾਰ ਨੂੰ ਜਾਨਣ ਵਿੱਚ ਤੇ ਸ੍ਰਿਸ਼ਟੀ ਦੇ ਇੱਕੋ ਇੱਕ ਸੱਚੇ ਧਰਮ ਦੇ ਮਾਰਗ ਨੂੰ ਜਾਨਣ ਵਿੱਚ

56/7929

ਮਨ ਦੇ ਭਰਮ ਵਿੱਚ ਰਹਿੰਦਾ ਹੈ ਭਾਵ ਤਦ ਤੱਕ ਉਸਦਾ **"ਭਤਾਰ"** ਮਨ ਦਾ ਭਰਮ ਹੀ ਹੁੰਦਾ ਹੈ ਜਿਸ ਕਰਕੇ ਤਦ ਤੱਕ ਹਰ ਮਨੁੱਖ ਮਨਮੁੱਖ ਵਾਲੀ ਅਵਸਥਾ ਵਾਲਾ ਹੀ ਹੁੰਦਾ ਹੈ ਭਾਵ ਮਨਮਤਿ ਵਾਲਾ ਹੀ ਹੁੰਦਾ ਹੈ ਭਾਵ ''ਗੁਰਮਤਿ'' ਦੀ ਸੱਚੀ ਸਮਝ ਵਾਲਾ ਨਹੀਂ ਹੁੰਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਭਾਵ ਗੁਰੂ ਦੇ ਸੱਚੇ ਨਾਮ ਨੂੰ ਸਮਝਣ ਵਾਲਾ ਨਹੀਂ ਹੁੰਦਾ ਭਾਵ ਉਸਦੇ ਅੰਦਰ ਦੀ ਸਮਝ ਕੰਚਨ ਵਰਗੀ ਭਾਵ ਸੋਨੇ ਵਰਗੀ ਖਰੀ ਨਹੀਂ ਹੁੰਦੀ ਭਾਵ ਹਉਮੈ ਦੀ ਮੈਲ ਤੋਂ ਰਹਿਤ ਨਹੀਂ ਹੁੰਦੀ, ਭਰਮਾਂ ਵਾਲੀ ਸਮਝ ਦੀ ਖੋਟ ਤੋਂ ਰਹਿਤ ਨਹੀਂ ਹੁੰਦੀ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਜਿਸ ਆਪਣੀ ਬਣਾਈ ਹੋਈ ਮਨੁੱਖੀ ਨਾਰ ਦੀ ਸਮਝ ਦੇ ਵਿੱਚ ਪ੍ਰਮਾਤਮਾ, ਗਾਡ, ਅੱਲ੍ਹਾ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦਾ ਕਰਤਾ ਜਦ ਤੱਕ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਦ ਤੱਕ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ **"ਸਬਦ"** ਰੂਪ ਭਤਾਰ ਗੁਰਬਾਣੀ ਗ੍ਰੰਥ ਵਿੱਚ ਕਿਸਨੂੰ ਕਿਹਾ ਹੈ। ਹਰ ਸ਼ਬਦ ਦਾ ਮਾਲਕ ਭਾਵ ਹਰ ਸੱਚੇ ਧਰਮ ਗ੍ਰੰਥਾਂ ਦੇ ਅੰਦਰ ਹਰ ਸ਼ਬਦ ਲਿਖਵਾਉਣ ਵਾਲਾ ਹਰ ਇੱਕ ਸਮਝ ਦਾ ਮਾਲਕ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸ ਗੱਲ ਦੀ ਸਮਝ ਉਸਨੇ ਗੁਰਬਾਣੀ ਗ੍ਰੰਥ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਹੀ ਪਾਈ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਭਾਵ ਸ਼ਬਦ ਨੂੰ ਗੁਰੂ ਕਿਹਾ ਹੈ ਤੇ ਇਸੇ ਲਈ ਉਨ੍ਹਾਂ ਨੇ ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦ ਰੂਪ ਨੂੰ ਭਾਵ ਸੱਚੇ ਗਿਆਨ ਦੇ ਰੂਪ ਨੂੰ ਭਾਵ ਸੱਚੇ ਗਿਆਨ ਦੇ ਮਾਲਕ ਨੂੰ ਆਪਣਾ ਗੁਰੂ ਕਿਹਾ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਮਨ ਦੇ ਭਰਮ ਵਿੱਚੋਂ ਉਹੀ ਨਿਕਲ ਸਕਦਾ ਹੈ ਭਾਵ ਆਪਣੇ ਆਪ ਦੀ ਅਸਲੀਅਤ ਨੂੰ, ਸੰਸਾਰ ਦੀ ਅਸਲੀਅਤ ਨੂੰ, ਸ੍ਰਿਸ਼ਟੀ ਦੇ ਕਰਤੇ ਦੀ ਅਸਲੀਅਤ ਨੂੰ, ਸ੍ਰਿਸ਼ਟੀ ਦੇ ਇੱਕੋ ਇੱਕ ਸੱਚੇ ਧਰਮ ਦੇ ਮਾਰਗ ਨੂੰ ਜਾਨਣ ਦੀ ਅਸਲੀਅਤ ਦੇ ਭਰਮ ਵਿੱਚੋਂ ਉਹੀ ਨਿਕਲ ਸਕਦਾ ਹੈ ਜੋ ਆਪਣੇ ਅੰਦਰੋਂ **"ਸਬਦੁ ਰੂਪ ਭਤਾਰ"** ਨੂੰ ਜਾਣ ਲੈਂਦਾ ਹੈ ਭਾਵ ਸਚੁ ਰੂਪ ਖਸਮ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ, ਉਸਦੀ ਆਪਣੀ ਕਿਸੇ ਸੰਸਾਰਿਕ ਮਨੁੱਖੀ ਨਾਰ ਦੇ ਉੱਤੇ ਸਭ ਤੋਂ ਵੱਡੀ ਕ੍ਰਿਪਾ ਹੋਣ ਦੁਆਰਾ ਜਾਣ ਲੈਂਦਾ ਹੈ। ਹੁਣ ਅਸੀਂ ਉਪਰ ਵਾਲੇ ਸ਼ਬਦਾਂ ਦੇ ਪਦਿਆਂ ਨੂੰ ਜਿਨ੍ਹਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਵੀ ਹੈ, ਹੁਣ ਕੁੱਝ ਮਨ ਦੀ ਹੋਰ ਦ੍ਰਿੜਤਾ ਨਾਲ ਸਮਝ ਸਕਦੇ ਹਾਂ ਕਿਉਂਕਿ ਉਸ ਤੋਂ ਬਾਅਦ ਅਸੀਂ ਇਸ ਗੱਲ ਨੂੰ ਸਮਝਣ ਲਈ ਹੋਰ ਸ਼ਬਦਾਂ ਨੂੰ ਵੀ ਸਮਝਿਆ ਹੈ। ਗੁਰੂ ਦਾ ਹਰ ਸ਼ਬਦ ਸਾਨੂੰ ਸੱਚ ਹੀ ਸਮਝਾਉਂਦਾ ਹੈ ਭਾਵ ਸੱਚ ਤੋਂ ਭਟਕਣ ਨਹੀਂ ਦਿੰਦਾ। ਗੁਰੂ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਸਚੁ ਦੇ ਨਾਲ ਜੋੜਕੇ ਰੱਖਣ ਦਾ ਹੀ ਹੈ ਭਾਵ ਮਨ ਦੇ ਹਰ ਭਰਮ ਵਿੱਚੋਂ ਕੱਢਣ ਦਾ ਹੀ ਹੈ।

{ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥
ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥}

(ਅੰਗ ੧੦੫੮)

56/7930

ਜੋ ਵੀ ਸੰਸਾਰਿਕ ਮਨੁੱਖੀ ਨਾਰ ਭਾਵ ਸੰਸਾਰਿਕ ਮਨੁੱਖ ਆਪਣੇ ਅੰਦਰੋਂ ਆਪਣੇ **"ਭਤਾਰ"** ਨੂੰ ਭਾਵ ਸਚੁ ਰੂਪ ਖਸਮ ਨੂੰ ਆਪਣੇ ਅੰਦਰੋਂ ਜਾਣ ਲੈਂਦਾ ਹੈ ਉਹੀ ਭਾਵ ਕੇਵਲ ਤੇ ਕੇਵਲ ਉਹੀ ਮਨੁੱਖ ਆਪਣੇ ਅੰਦਰੋਂ ਮਨੁੱਖੀ ਸਮਝ ਦੇ ਘਰ ਨੂੰ, ਮਨੁੱਖੀ ਸਮਝ ਦੇ ਮਹਲ ਨੂੰ ਜਾਣ ਸਕਦਾ ਹੈ ਕਿ ਉਹ ਆਪਣੀ ਮਨੁੱਖੀ ਰੂਪ ਨਾਰ ਨੂੰ ਭਾਵ ਆਪਣੀ ਮਨੁੱਖੀ ਰੂਪ ਸੁਹਾਗਣ ਨੂੰ ਆਪਣੇ ਸਚੁ ਰੂਪ ਘਰ ਵਿੱਚ ਭਾਵ ਆਪਣੇ ਸਚੁ ਰੂਪ ਮਹਲ ਵਿੱਚ ਕਿਸ ਤਰੀਕੇ ਰੱਖਦਾ ਹੈ, ਉਸਦੇ ਨਾਲ ਮਨ ਦੇ ਵਿੱਚ ਕਿਸ ਤਰੀਕੇ ਭੋਗ ਕਰਦਾ ਹੈ ਤੇ ਕਿਸ ਮਕਸਦ ਲਈ ਕਰਦਾ ਹੈ। ਉਹ ਸਚੁ ਰੂਪ ਖਸਮ ਮਨੁੱਖੀ ਸਮਝ ਦੇ ਨਾਲ ਹੀ ਭੋਗ ਕਰਦਾ ਹੈ ਜਿਸ ਰਾਹੀਂ ਉਹ ਆਪਣੀ ਮਨੁੱਖੀ ਨਾਰ ਨੂੰ ਸੱਚ ਹੀ ਸਮਝਾਉਂਦਾ ਹੈ, ਸ਼ਬਦਾਂ ਦੇ ਵਿਚਾਰ ਦੇਣ ਦੁਆਰਾ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਵੀ ਸਮਝਾਉਂਦਾ ਹੈ ਭਾਵ ਆਪਣਾ ਸੱਚ ਬਖਸ਼ਣ ਦੁਆਰਾ ਉਸ ਸੱਚ ਦਾ ਮਕਸਦ ਸਮਝਾਕੇ ਉਸ ਸੱਚ ਤੇ ਚੱਲਣਾ ਵੀ ਸਮਝਾਉਂਦਾ ਹੈ। ਉਸਦੇ ਮਨ ਰੂਪ ਸੱਚੇ ਘਰ ਨੂੰ, ਮਨ

ਰੂਪ ਸੱਚੇ ਮਹਲ ਨੂੰ ਜਿਨ੍ਹਾਂ ਨੇ ਜਾਣਿਆ ਹੈ ਜਿਵੇਂ ਕਿ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕਰਨ ਵਾਲਿਆਂ ਨੇ ਜਾਣਿਆ ਹੈ ਉਨ੍ਹਾਂ ਨੇ ਉਸਦੇ ਸਮਝਾਏ ਹੋਏ ਸ਼ਬਦਾਂ ਦੇ ਵਿਚਾਰ ਦੇ ਸੱਚ ਤੇ ਆਪ ਵੀ ਚੱਲ ਕੇ ਦਿਖਾਇਆ ਹੈ ਤੇ ਸ਼ਬਦਾਂ ਦੀ ਵਿਚਾਰ ਰਾਹੀਂ ਪੂਰੇ ਸੰਸਾਰ ਨੂੰ ਉਹੋ ਜਿਹੇ ਸੱਚ ਤੇ ਚੱਲਣਾ ਹੀ ਸਿਖਾਇਆ ਹੈ ਭਾਵ ਜਿਹੋ ਜਿਹਾ ਨਾਮ ਉਨ੍ਹਾਂ ਦੇ ਕੋਲੋਂ ਗਾਡ ਨੇ, ਪ੍ਰਮਾਤਮਾ ਨੇ, ਅੱਲ੍ਹਾ ਨੇ, ਅਕਾਲ ਪੁਰਖ ਨੇ ਭਾਵ ਸ੍ਰਿਸ਼ਟੀ ਦੇ ਕਰਤੇ ਨੇ ਆਪ ਜਪਵਾਇਆ ਹੈ ਉਹੋ ਜਿਹਾ ਨਾਮ ਜਪਣਾ ਹੀ ਉਨ੍ਹਾਂ ਨੇ ਧੰਨ ਧੰਨ ਗੁਰਬਾਣੀ ਗ੍ਰੰਥ ਦੇ ਸ਼ਬਦਾਂ ਰਾਹੀਂ ਪੂਰੀ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਜਪਣਾ ਸਿਖਾਇਆ ਹੈ ਭਾਵ ਉਹ ਆਪਣੇ-ਆਪਣੇ ਜੀਵਨ ਵਿੱਚ ਪੂਰਨ ਸੱਚ ਦੇ ਮਾਰਗ ਤੇ ਚੱਲੇ ਹਨ ਤੇ ਪੂਰੀ ਸ੍ਰਿਸ਼ਟੀ ਦੇ ਹਰ ਮਨੁੱਖ ਨੂੰ ਪੂਰਨ ਸੱਚ ਦੇ ਮਾਰਗ ਤੇ ਚੱਲਣਾ ਸਿਖਾਇਆ ਹੈ।

ਪੂਰੀ ਗੁਰਬਾਣੀ ਗ੍ਰੰਥ ਦਾ ਹਰ ਸ਼ਬਦ ਉਸ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਸੱਚਾ ਘਰ ਹੈ, ਆਪਣਾ ਸੱਚਾ ਮਹਲ ਹੈ ਜੋ ਕਿ ਹਰ ਸ਼ਬਦ ਦੀ ਵਿਚਾਰ ਦੇ ਅੰਦਰ ਦੇ ਸੱਚ ਦੇ ਰੂਪ ਵਿੱਚ ਹੈ ਭਾਵ ਸੱਚੀ ਸਮਝ ਦੇ ਰੂਪ ਵਿੱਚ ਹੈ ਜਿਸ ਸੱਚੀ ਸਮਝ ਦੀ ਸੋਝੀ ਹੀ ਉਹ ਸ਼ਬਦਾਂ ਦਾ ਰਚਨਹਾਰ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਪਾਉਂਦਾ ਹੈ ਭਾਵ ਆਪਣਾ ਨਾਮ ਬਖਸ਼ਣ ਦੁਆਰਾ, ਆਪਣਾ ਬ੍ਰਹਮ ਗਿਆਨ ਬਖਸ਼ਣ ਦੁਆਰਾ, ਆਪਣਾ ਚੌਥੇ ਪਦ ਦਾ ਗਿਆਨ ਬਖਸ਼ਣ ਦੁਆਰਾ ਪਾਉਂਦਾ ਹੈ। ਉਸਦਾ ਇਹ ਸੱਚਾ ਗਿਆਨ ਮਿਲਣ ਦੁਆਰਾ ਕੋਈ ਉਸਦੇ ਸੱਚੇ ਘਰ ਦਾ ਵਾਸੀ ਬਣ ਸਕਦਾ ਹੈ, ਉਸਦੇ ਮਹਲ ਦਾ ਵਾਸੀ ਬਣ ਸਕਦਾ ਹੈ ਤੇ ਉਸਦੇ ਸੱਚੇ ਘਰ ਦਾ ਵਾਸੀ ਬਣੇ ਬਿਨ੍ਹਾਂ ਭਾਵ ਉਸਦੇ ਮਨ ਰੂਪ ਸੱਚੇ ਘਰ ਨੂੰ ਜਾਣੇ ਬਿਨ੍ਹਾਂ ਹਰ ਕੋਈ ਮਨ ਦੇ ਭਰਮ ਵਿੱਚ ਹੀ ਹੈ ਭਾਵ ਮਨ ਦੇ ਸੁਵੈ ਘਰ ਵਿੱਚ ਹੀ ਹੈ, ਮਨ ਦੀ ਸਮਝ ਰੂਪ ਸੁਵੈ ਘਰ ਵਿੱਚ ਹੀ ਹੈ, ਮਨ ਦੀ ਸਮਝ ਰੂਪ ਉਸ ਖਾਲੀ ਘਰ ਵਿੱਚ ਹੀ ਹੈ ਜਿਸ ਮਨ ਰੂਪ ਘਰ ਦੇ ਵਿੱਚ ਆਪਣੇ ਆਪ ਨੂੰ ਪ੍ਰਗਟ ਨਾ ਕਰਨ ਦੁਆਰਾ ਆਪਣੇ ਆਪ ਦੇ ਸੱਚ ਰੂਪ ਦੀ ਸੋਝੀ ਨਹੀਂ ਪਾਈ, ਸੰਸਾਰਿਕ ਰਚਨਾ ਦੇ ਸੱਚ ਦੀ ਸੋਝੀ ਨਹੀਂ ਪਾਈ, ਪੂਰੇ ਸੰਸਾਰ ਦੇ ਇੱਕੋ ਇੱਕ ਸਚੁ ਦੇ ਧਰਮ ਦੇ ਮਾਰਗ ਦੀ ਸੋਝੀ ਨਹੀਂ ਪਾਈ, ਸਾਰੇ ਸੰਸਾਰ ਲਈ ਉਸਦਾ ਇੱਕੋ ਇੱਕ ਨਾਮ ਜਪਣ ਦੀ ਸੋਝੀ ਨਹੀਂ ਪਾਈ ਜਿਸ ਮਾਰਗ ਤੇ ਚੱਲਕੇ ਉਸ ਸਚੁ ਦੇ ਮਾਲਕ ਦੇ ਘਰ ਨੂੰ ਭਾਵ ਮਨ ਰੂਪ ਸਮਝ ਦੇ ਮਾਲਕ ਦੇ ਘਰ ਨੂੰ ਜਾਣਿਆ ਜਾ ਸਕਦਾ ਹੈ। ਉਸਦੇ ਸੱਚ ਰੂਪ ਘਰ ਨੂੰ ਆਪਣੇ ਅੰਦਰੋਂ

56/7931

ਜਾਣੇ ਬਿਨ੍ਹਾਂ ਹਰ ਕਿਸੇ ਮਨੁੱਖੀ ਰੂਪ ਨਾਰ ਦਾ ਘਰ **"ਸੁੰਵਾ"** ਘਰ ਹੀ ਹੈ ਜਿਸ ਸੁੰਵੇ ਘਰ ਵਾਲੀ ਸਮਝ ਦੇ ਨਾਲ ਜੁੜਕੇ ਭਾਵ ਭਰਮਾਂ ਦੇ ਨਾਲ ਭਰੇ ਹੋਏ ਮਨੁੱਖ ਦੀ ਸਮਝ ਦੇ ਨਾਲ ਜੁੜਕੇ ਕੋਈ ਉਸ ਸੱਚ ਰੂਪ ਘਰ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਣ ਸਕੇ ਭਾਵ ਉਸਦੇ ਸੱਚ ਰੂਪ ਘਰ ਤੱਕ ਪਹੁੰਚ ਕਰ ਸਕੇ ਇਹ ਨਾਮੁਮਕਿਨ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਗੁਰੂ ਦੇ ਸੱਚੇ ਘਰ ਨੂੰ ਛੱਡ ਕੇ, ਗੁਰਮਤਿ ਰੂਪ ਸੱਚੇ ਘਰ ਨੂੰ ਛੱਡ ਕੇ ਮਨਮਤਿ ਰੂਪ ਝੂਠੇ ਘਰ ਨਾਲ ਨਾ ਜੁੜੀਏ ਭਾਵ ਉਨ੍ਹਾਂ ਦੀ ਮਤਿ ਦੇ ਪਿੱਛੇ ਨਾ ਲੱਗੀਏ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮਾਂ ਕਰਕੇ ਅਸੀਂ ਗੁਰਮਤਿ ਦੀ ਉੱਚੀ ਸਮਝ ਵਾਲੇ ਸਮਝਿਆ ਹੈ ਭਾਵ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਧਰਮ ਦੇ ਮਾਰਗ ਦੇ ਉੱਚੇ ਵਿਦਵਾਨ ਸਮਝਿਆ ਹੈ। ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਗੁਰੂ ਦੇ ਸ਼ਬਦਾਂ ਦੇ ਅੰਦਰ ਦੀ ਸੱਚਾਈ ਨੂੰ ਸਮਝਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ ਭਾਵ ਕੇਵਲ ਤੇ ਕੇਵਲ ਆਪਣੇ ਸਬਦੁ ਰੂਪ ਭਤਾਰ ਨਾਲ, ਆਪਣੇ ਸਚੁ ਰੂਪ ਖਸਮ ਨਾਲ ਜੁੜਨ ਦਾ ਸੱਚਾ ਉਪਰਾਲਾ ਕਰੀਏ।

ਸਿਰੀਰਾਗੁ ਮਹਲਾ ੧ ॥

{ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥
ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥ ਭਾਈ ਰੇ ਅਵਰੁ ਨਾਹੀ ਮੈ ਥਾਉ ॥
ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥
ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ॥
ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥੨॥ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥
ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥
ਆਇ ਗਇਆ ਪਛੁਤਾਵਣਾ ਜਿਉ ਸੁੰਵੈ ਘਰਿ ਕਾਉ ॥੩॥ ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥
ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥
ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥
ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ॥੬॥
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥

ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥
ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੯॥}

(ਅੰਗ ੫੭-੫੮)

ਸਿਰੀਰਾਗੁ ਮਹਲਾ ੩ ॥

{ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥
ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥ ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥
ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥
ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥
ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥
ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥
ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥ ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥
ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥ ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥
ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥
ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ ੩੪-੩੫)

ਕਾਂ ਭਾਵ ਕਊਆ ਪੰਛੀ ਜਦੋਂ ਕਿਸੇ ਵੀ ਘਰ ਵਿੱਚ ਜਾਂਦਾ ਹੈ ਉਹ ਉਸਦੇ ਘਰ ਵਿੱਚ ਬੈਠਕੇ ਆਪਣੀ ਬੋਲੀ ਅਨੁਸਾਰ ਭਾਵ ਕੁਦਰਤ ਦੀ ਬਖਸ਼ੀ ਹੋਈ ਬੋਲੀ ਅਨੁਸਾਰ ਕਾਂ-ਕਾਂ ਕਰਕੇ ਬੋਲਦਾ ਹੈ ਭਾਵ ਦੂਸਰਿਆਂ ਨੂੰ ਸੁਣਾਉਂਦਾ ਹੈ, ਜਿਸ ਘਰ ਵਿੱਚ ਉਹ ਜਾਕੇ ਕਾਂ-ਕਾਂ ਕਰਦਾ ਹੈ ਉਸ ਘਰ ਦੇ ਵਿੱਚ ਵੀ ਉਹ ਕੁੱਝ ਕਹਿਣ ਲਈ ਹੀ ਬੋਲਦਾ ਹੈ ਭਾਵ ਆਪਣੀ ਜਰੂਰਤ ਲਈ ਬੋਲਦਾ ਹੈ, ਆਪਣੀ ਭੁੱਖ ਪੂਰੀ ਕਰਨ ਲਈ ਬੋਲਦਾ ਹੈ ਕਿਉਂਕਿ ਉਹ ਆਪਣੀ ਸਰੀਰਕ ਰੂਪ ਭੁੱਖ ਭਾਵ ਪੇਟ ਦੀ ਭੁੱਖ ਦੂਰ ਕਰਨ ਲਈ ਬੋਲਦਾ ਹੈ ਕਿ ਮੈਨੂੰ ਇਸ ਘਰ ਵਿੱਚੋਂ ਕੁੱਝ ਮਿਲ ਜਾਵੇ, ਕੁੱਝ ਖਾਣ ਲਈ ਭੋਜਨ ਮਿਲ ਜਾਵੇ ਜਿਸ ਨਾਲ ਮੇਰੇ ਪੇਟ ਦੀ ਭੁੱਖ ਪੂਰੀ ਹੋ ਜਾਵੇ। ਉਪਰ ਵਾਲਾ ਪਹਿਲਾ ਸ਼ਬਦ ਸਾਨੂੰ ਇੱਕ ਕਊਏ ਦਾ ਪ੍ਰਮਾਣ ਦੇਣ ਦੁਆਰਾ ਮਨੁੱਖੀ ਮਨ ਦੀ ਭੁੱਖ ਦੂਰ ਕਰਨ ਲਈ ਉਚਾਰਿਆ ਹੋਇਆ ਹੈ ਕਿ ਅਸੀਂ ਸੰਸਾਰਿਕ ਮਨੁੱਖ ਮਨ ਦੀ ਭੁੱਖ ਦੂਰ ਕਰਨ ਲਈ ਭਾਵ ਮਨ ਦੀ ਸੱਚੀ ਸਮਝ ਦੀ ਭੁੱਖ ਦੂਰ ਕਰਨ ਲਈ ਭਾਵ ਧਰਮ ਦਾ ਸੱਚਾ ਮਾਰਗ

ਸਮਝਣ ਦੀ ਭੁੱਖ ਦੂਰ ਕਰਨ ਲਈ, ਨਾਮ ਜਪਣ ਦਾ ਮਾਰਗ ਸਮਝਣ ਦੀ ਭੁੱਖ ਭਾਵ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਭੁੱਖ ਨੂੰ ਦੂਰ ਕਰਨ ਲਈ ਕਿਸਦੇ ਦਰ ਤੇ ਜਾਂਦੇ ਹਾਂ ਤੇ ਕਿਸਦੇ ਦਰ ਤੇ ਜਾਣਾ ਚਾਹੀਦਾ ਹੈ ਜਿੱਥੇ ਜਾ ਕੇ ਮਨੁੱਖ ਆਪਣੀ ਇਹ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਇਸ ਭੁੱਖ ਨੂੰ ਪੂਰੀ ਕਰਨ ਦਾ, ਸਭ ਤੋਂ ਵੱਡੀ ਇੱਛਾ ਦੀ ਪੂਰਤੀ ਕਰਨ ਦਾ ਸੱਚਾ ਉਪਰਾਲਾ ਕਰ ਸਕਦਾ ਹੈ। ਅਸੀਂ ਆਪਣੀ ਇਹ ਇੱਛਾ ਦੀ ਪੂਰਤੀ ਕਰਨ ਦੇ ਲਈ ਜਾਂਦੇ ਕਿਨ੍ਹਾਂ ਦੇ ਦਰ ਤੇ ਹਾਂ ਤੇ ਅਸਲ ਵਿੱਚ ਜਾਣਾ ਕਿਸ ਦਰ ਤੇ ਚਾਹੀਦਾ ਹੈ ਭਾਵ ਉੱਚੀ ਕਿਨ੍ਹਾਂ ਦੀ ਮਤਿ ਨੂੰ ਸਮਝਦੇ ਹਾਂ ਤੇ ਅਸਲ ਵਿੱਚ ਉੱਚੀ ਮਤਿ ਕਿਸਦੀ ਹੈ ਭਾਵ ਅਸੀਂ ਸੰਸਾਰਿਕ ਮਨੁੱਖਾਂ ਨੇ ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਸੱਚੇ ਧਰਮ ਦੇ ਮਾਰਗ ਦੀ ਸੋਝੀ ਰੱਖਣ ਵਾਲੇ ਕਿਹੜੇ ਜਿਹਿਆਂ ਨੂੰ ਸਮਝਿਆ ਹੋਇਆ ਹੈ, ਕਿਨ੍ਹਾਂ ਦੇ ਦਰ ਨੂੰ ਸਮਝਿਆ ਹੋਇਆ ਹੈ ਤੇ ਅਸਲ ਵਿੱਚ ਸਾਰੇ ਸੰਸਾਰ ਨੂੰ ਅਸਲ ਸੱਚੇ ਧਰਮ ਦਾ ਮਾਰਗ ਕੌਣ ਸਮਝਾ ਸਕਦਾ ਹੈ ਭਾਵ ਕੇਵਲ ਗੁਰੂ ਹੀ ਸਮਝਾ ਸਕਦਾ ਹੈ ਭਾਵ ਹਰ ਸੱਚੇ ਧਰਮ ਗ੍ਰੰਥ ਦੇ ਅੰਦਰ ਦਾ ਸੱਚਾ ਗਿਆਨ ਹੀ ਸਮਝਾ ਸਕਦਾ ਹੈ ਭਾਵ ਉਨ੍ਹਾਂ ਦੇ ਅੰਦਰ ਦੇ ਸ਼ਬਦਾਂ

ਦੀ ਸੱਚੀ ਵਿਚਾਰ ਹੀ ਸਮਝਾ ਸਕਦੀ ਹੈ, ਉਨ੍ਹਾਂ ਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਦਾ ਦਰ ਹੀ ਭਾਵ ਘਰ ਹੀ ਉਹ ਸੱਚਾ ਘਰ ਹੈ ਜਿਸ ਸੱਚੇ ਘਰ ਦੇ ਨਾਲ ਜੁੜਨ ਨਾਲ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਮੰਨਣ ਨਾਲ ਅਸੀਂ ਉਸ ਸੱਚੇ ਭੋਜਨ ਦੀ ਪ੍ਰਾਪਤੀ ਦਾ, ਉਸ ਸੱਚੇ ਨਾਮ ਰੂਪ ਸਮਝ ਦੀ ਪ੍ਰਾਪਤੀ ਦਾ ਸੱਚਾ ਉਪਰਾਲਾ ਕਰ ਸਕਦੇ ਹਾਂ ਜੋ ਉਸਦਾ ਘਰ ਗੁਰਮਤਿ ਦੀ ਸੱਚੀ ਸਮਝ ਤੋਂ ਸੁੰਞਾ ਨਹੀਂ ਹੈ, ਨਾਮ ਤੋਂ ਸੁੰਞਾ ਨਹੀਂ ਹੈ, ਸੱਚ ਤੋਂ ਖਾਲੀ ਨਹੀਂ ਹੈ ਕਿਉਂਕਿ ਉਸਦਾ ਘਰ ਸੱਚੇ ਗਿਆਨ ਦਾ ਘਰ ਹੈ, ਬ੍ਰਹਮ ਗਿਆਨ ਦਾ ਘਰ ਹੈ, ਉਸਦੇ ਨਾਮ ਦਾ ਘਰ ਹੈ ਜਿਸ ਉਸਦੇ ਸੱਚੇ ਘਰ ਵਿੱਚੋਂ ਕੋਈ ਜਿਤਨਾ ਚਾਹੇ ਸੱਚ ਲੈ ਸਕਦਾ ਹੈ, ਜਿਤਨੀ ਚਾਹੇ ਸੱਚੀ ਮਤਿ ਲੈ ਸਕਦਾ ਹੈ ਭਾਵ ਜਿਤਨਾ ਚਾਹੇ ਉਸਦਾ ਨਾਮ ਰੂਪ ਭੋਜਨ ਛੱਕ ਸਕਦਾ ਹੈ ਤੇ ਆਪਣੀ ਅਗਿਆਨਤਾ ਵਾਲੀ ਸਮਝ ਨੂੰ ਛੱਡਣ ਦੁਆਰਾ, ਮਨ ਦੀ ਭਰਮਾਂ ਵਾਲੀ ਸਮਝ ਨੂੰ ਛੱਡਣ ਦੁਆਰਾ, ਮਨ ਦੀ ਹਉਮੈ ਵਾਲੀ ਸਮਝ ਨੂੰ ਛੱਡਣ ਦੁਆਰਾ ਭਾਵ ਮਨ ਦੀ ਮਨਮਤਿ ਨੂੰ, ਦੁਰਮਤਿ ਨੂੰ ਛੱਡਣ ਦੁਆਰਾ ਸੱਚੀ ਗੁਰਮਤਿ ਦੇ ਨੇੜੇ ਭਾਵ ਗੁਰੂ ਦਾ ਸੱਚਾ ਨਾਮ ਜਪਣ ਦੇ ਨੇੜੇ ਲੱਗ ਸਕਦਾ ਹੈ ਭਾਵ ਮਨ ਦਾ ਹਰ ਔਗੁਣ ਤਿਆਗਕੇ ਅੱਠੇ ਪਹਿਰ ਭਾਵ ਆਪਣਾ ਪੂਰਾ ਜੀਵਨ ਸੱਚੇ ਸੁੱਚੇ ਕਰਮ ਕਰਨ ਦੇ ਨੇੜੇ ਲੱਗ ਸਕਦਾ ਹੈ ਜਿਸ ਦੁਆਰਾ ਸੰਸਾਰ ਦਾ ਕੋਈ ਵੀ ਮਨੁੱਖ ਉਸ ਸ੍ਰਿਸ਼ਟੀ ਦੇ ਕਰਤੇ ਦੇ ਸੱਚ ਰੂਪ ਘਰ ਨੂੰ ਆਪਣੇ ਅੰਦਰੋਂ ਜਾਣ ਸਕਦਾ ਹੈ ਭਾਵ ਆਪਣੀ ਮਨ ਦੀ ਸਮਝ ਦੇ ਸੁੰਞੇ ਘਰ ਵਿੱਚ ਆਪਣਾ ਜੀਵਨ ਪਾ ਸਕਦਾ ਹੈ ਭਾਵ ਆਪਣਾ ਰਹਿਣ ਪਾ ਸਕਦਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦੀ ਇੱਛਾ ਦੀ ਪੂਰਤੀ ਕਰ ਸਕਦਾ ਹੈ। ਜਿਨ੍ਹਾਂ ਨੇ ਸਾਨੂੰ ਪੂਰੀ ਗੁਰਬਾਣੀ ਦੇ ਸ਼ਬਦਾਂ

56/7933

ਰਾਹੀਂ ਸੱਚ ਦਾ ਘਰ ਸਮਝਾਇਆ ਹੈ ਉਨ੍ਹਾਂ ਦਾ ਪਹਿਲਾ ਸੁੰਞਾ ਘਰ ਸ੍ਰਿਸ਼ਟੀ ਦੇ ਕਰਤੇ ਨੇ ਭਾਵ ਪ੍ਰਮਾਤਮਾ ਨੇ, ਅੱਲ੍ਹਾ ਨੇ, ਗਾਡ ਨੇ, ਅਕਾਲ ਪੁਰਖ ਨੇ ਪਹਿਲੇ ਆਪ ਹੀ ਉਨ੍ਹਾਂ ਦਾ ਸੁੰਞਾ ਘਰ ਆਬਾਦ ਕੀਤਾ ਹੈ, ਆਪਣਾ ਤੇ ਪੂਰੀ ਸ੍ਰਿਸ਼ਟੀ ਦਾ ਸੱਚ ਸਮਝਾਉਣ ਦੁਆਰਾ ਆਬਾਦ ਕੀਤਾ ਹੈ, ਸਾਰੀ ਸ੍ਰਿਸ਼ਟੀ ਦੇ ਹਰ ਮਨੁੱਖ ਲਈ ਇੱਕੋ ਜਿਹਾ ਸੱਚ ਰੂਪ ਧਰਮ ਦਾ ਮਾਰਗ ਸਮਝਾਉਣ ਲਈ ਕੀਤਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਸੁੰਞੇ ਘਰ ਵਿੱਚੋਂ ਸੱਚ ਨਹੀਂ ਮਿਲਦਾ ਤੇ ਨਾ ਹੀ ਉਮੀਦ ਰੱਖਣੀ ਚਾਹੀਦੀ ਹੈ। ਸੁੰਞੇ ਘਰ ਦਾ ਪ੍ਰਾਹੁਣਾ ਭਾਵ ਜੋ ਕੋਈ ਵੀ ਉਸ ਘਰ ਵਿੱਚੋਂ ਸੱਚ ਸਮਝਣ ਲਈ ਆਉਂਦਾ ਹੈ ਭਾਵ ਨਾਮ ਲੈਣ ਲਈ, ਭਗਤੀ ਦਾ ਮਾਰਗ ਸਿੱਖਣ ਲਈ ਜਿਹੋ ਜਿਹੀ ਭਰਮਾਂ ਵਾਲੀ ਸਮਝ ਲੈ ਕੇ ਉਹੋ ਜਿਹਿਆਂ ਦੇ ਘਰ ਵਿੱਚ ਜਾਂਦਾ ਹੈ ਜਿਨ੍ਹਾਂ ਨੂੰ ਉਹ ਆਪਣੇ ਵੱਲੋਂ ਧਰਮ ਦਾ ਮਾਰਗ ਸਮਝਾਉਣ ਵਿੱਚ ਉੱਚਾ ਸਮਝਦਾ ਹੈ ਭਾਵ ਸੰਤ, ਬਾਬੇ ਆਦਿ ਸਮਝਦਾ ਹੈ ਇਹੋ ਜਿਹਿਆਂ ਦੇ ਦਰ ਤੋਂ ਸੁੰਞੇ ਘਰ ਦਾ ਪ੍ਰਾਹੁਣਾ ਫਿਰ ਖਾਲੀ ਹੱਥ ਹੀ ਵਾਪਿਸ ਜਾਂਦਾ ਹੈ ਭਾਵ ਸੱਚਾਈ ਦੀ ਸਮਝ ਮਿਲੇ ਬਿਨ੍ਹਾਂ ਹੀ ਵਾਪਿਸ ਆਉਂਦਾ ਹੈ ਭਾਵ ਭਰਮਾਂ ਵਾਲੀ ਸਮਝ ਵਿੱਚ ਹੀ ਵਾਪਿਸ ਆ ਜਾਂਦਾ ਹੈ ਕਿਉਂਕਿ ਜਿਸ ਘਰ ਵਿੱਚ ਉਹ ਜਾਂਦਾ ਹੈ ਉਹ ਆਪ ਹੀ ਭਰਮਾਂ ਵਾਲੀ ਸਮਝ ਨਾਲ ਭਰੇ ਹੁੰਦੇ ਹਨ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਹੁੰਦੇ ਹੋਏ ਜਿਨ੍ਹਾਂ ਦੀ ਸਮਝ ਗੁਰੂ ਦੇ ਸੱਚੇ ਘਰ ਦੀ ਸਮਝ ਦੇ ਅੱਗੇ ਭਾਵ ਚੌਥੇ ਪਦ ਦੇ ਗਿਆਨ ਵਾਲੀ ਸਮਝ ਦੇ ਅੱਗੇ, ਬ੍ਰਹਮ ਗਿਆਨ ਵਾਲੀ, ਸੱਚੇ ਨਾਮ ਦੇ ਗਿਆਨ ਦੀ ਸਮਝ ਦੇ ਅੱਗੇ, ਸਹਜ ਗਿਆਨ ਦੀ ਸਮਝ ਦੇ ਅੱਗੇ ਬਹੁਤ ਨੀਵੀਂ ਹੁੰਦੀ ਹੈ। ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਰਾਹੀਂ ਜਿਨ੍ਹਾਂ ਸ਼ਬਦਾਂ ਨੂੰ ਅਸੀਂ ਕੁੱਝ ਪਿੱਛੇ ਵੀ ਸਮਝਿਆ ਹੈ, ਸਾਨੂੰ ਇਹੋ ਕੁੱਝ ਸਮਝਾਇਆ ਹੋਇਆ ਹੈ ਕਿ ਸਾਨੂੰ ਕੇਵਲ ਤੇ ਕੇਵਲ ਗੁਰੂ ਦੇ ਘਰ ਨਾਲ ਜੁੜਨਾ ਚਾਹੀਦਾ ਹੈ ਭਾਵ ਗੁਰਮਤਿ ਦੀ ਪੂਰਨ ਸੱਚੀ ਸਮਝ ਦੇ ਘਰ ਨਾਲ ਜੁੜਨਾ ਚਾਹੀਦਾ ਹੈ ਭਾਵ ਕੇਵਲ ਤੇ ਕੇਵਲ ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਜੁੜਨਾ ਚਾਹੀਦਾ ਹੈ ਨਾ ਕਿ ਉਹੋ ਜਿਹਿਆਂ ਦੀ ਵਿਚਾਰ ਦੇ ਨਾਲ ਜਿਨ੍ਹਾਂ ਨੂੰ ਅਸੀਂ ਮਨ ਦੇ ਭਰਮ ਕਰਕੇ ਗੁਰਮਤਿ ਦੀ ਸੱਚੀ ਸਮਝ ਵਾਲੇ ਸਮਝਿਆ ਹੈ, ਨਾਮ ਦੀ ਸਮਝ ਵਾਲੇ ਸਮਝਿਆ ਹੈ। **(ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥ ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥ ਭਾਈ ਰੇ ਅਵਰੁ ਨਾਹੀ ਮੈ ਥਾਉ ॥ ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥ ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ॥ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ ॥ ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥੨॥ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥ ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥ ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥ ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥ ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥ ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥ ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ**

ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥ ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੯॥) (ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥ ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥ ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥ ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥ ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥ ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥ ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥ ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥ ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥ ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥ ਸੁੰਵੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥ ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥ ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥ ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ ॥ ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥)

ਗੁਰੂ ਦੇ ਸੱਚੇ ਨਾਮ ਤੋਂ ਸੁੰਵਾ ਘਰ ਕੀ ਹੈ ਭਾਵ ਗੁਰਮਤਿ ਦੀ ਸੱਚੀ ਸਮਝ ਤੋਂ ਸੁੰਵਾ ਘਰ ਕੀ ਹੈ ਤੇ ਜਿਸ ਮਨ ਰੂਪ ਘਰ ਦੇ ਵਿੱਚ ਨਾਮ ਵੱਸਿਆ ਹੁੰਦਾ ਹੈ ਭਾਵ ਜਿਸ ਮਨੁੱਖੀ ਸਮਝ ਦੇ ਅੰਦਰ ਸ੍ਰਿਸ਼ਟੀ ਦਾ ਕਰਤਾ ਆਪ ਆਪਣਾ ਸਚੁ ਰੂਪ ਪ੍ਰਗਟ ਕਰਨ ਦੁਆਰਾ ਆਪਣੀ ਸ੍ਰਿਸ਼ਟੀ ਦਾ ਸੱਚ ਸਮਝਾ ਦਿੰਦਾ ਹੈ, ਹਰ ਮਨੁੱਖੀ ਰੂਪ ਦਾ ਸੱਚ ਸਮਝਾ ਦਿੰਦਾ ਹੈ, ਧਰਮ ਗ੍ਰੰਥਾਂ ਦੇ ਅੰਦਰ ਦਾ ਆਪਣਾ

ਪਾਇਆ ਹੋਇਆ ਸੱਚ ਸਮਝਾ ਦਿੰਦਾ ਹੈ ਉਸੇ ਆਪਣੇ ਮਨ ਰੂਪ ਘਰ ਨੂੰ ਹੀ ਉਹ ਵਸਾਉਂਦਾ ਹੈ ਤੇ ਸਦਾ ਲਈ ਹੀ ਵਸਾ ਦਿੰਦਾ ਹੈ, ਸਦਾ ਲਈ ਹੀ ਆਬਾਦ ਕਰ ਦਿੰਦਾ ਹੈ। ਜਿਨ੍ਹਾਂ ਦੇ ਮਨ ਰੂਪ ਘਰ ਨੂੰ ਪਹਿਲੇ ਉਸਨੇ ਵਸਾਇਆ ਹੈ ਉਨ੍ਹਾਂ ਨੇ ਹੀ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਰਾਹੀਂ ਪੂਰੀ ਗੁਰਬਾਣੀ ਦੇ ਅੰਦਰ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਸਚੁ ਰੂਪ ਘਰ ਵਸਾਇਆ ਹੈ ਜੋ ਉਸਦਾ ਸੱਚ ਰੂਪ ਘਰ ਸਦਾ ਹੀ ਰਹਿਣ ਵਾਲਾ ਹੈ, ਸਦਾ ਹੀ ਟਿੱਕਿਆ ਰਹਿਣ ਵਾਲਾ ਹੈ ਜਿਸ ਉਸਦੇ ਆਬਾਦ ਘਰ ਨੂੰ ਰਹਿੰਦੀ ਦੁਨੀਆ ਤੱਕ ਕਦੇ ਕੋਈ ਬਰਬਾਦ ਨਹੀਂ ਕਰ ਸਕਦਾ, ਉਸਦੇ ਸੱਚੇ ਘਰ ਨੂੰ ਉਜਾੜ ਨਹੀਂ ਸਕਦਾ ਭਾਵ ਸ਼ਬਦਾਂ ਦੇ ਅੰਦਰ ਦੀ ਚੌਥੇ ਪਦ ਦੇ ਗਿਆਨ ਵਾਲੀ ਉੱਚੀ ਸਮਝ ਨੂੰ, ਨਾਮ ਵਾਲੀ ਉੱਚੀ ਸਮਝ ਨੂੰ, ਬ੍ਰਹਮ ਗਿਆਨ ਵਾਲੀ ਸਮਝ ਨੂੰ, ਸੰਸਾਰ ਦੇ ਇੱਕੋ ਇੱਕ ਬ੍ਰਹਮ ਗਿਆਨੀ ਦੀ ਉੱਚੀ ਸਮਝ ਨੂੰ ਕਦੇ ਕੋਈ ਨਹੀਂ ਬਦਲ ਸਕਦਾ ਕਿਉਂਕਿ ਸੱਚ ਤੋਂ ਉਪਰ ਕੁੱਝ ਵੀ ਨਹੀਂ, ਸ਼ਬਦ ਦੀ ਵਿਚਾਰ ਤੋਂ ਉੱਚੀ ਹੋਰ ਕੋਈ ਵਿਚਾਰ ਹੋ ਹੀ ਨਹੀਂ ਸਕਦੀ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ।

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ ੯੦੪)

ਪਹਿਲਾਂ ਉਪਰ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਸਭਦਾ ਭਰਮ ਰੂਪ ਭਤਾਰ ਕਿਸ ਰੂਪ ਵਿੱਚ ਹੈ ਜਿਸ ਕਰਕੇ ਉਸ ਮਨੁੱਖੀ ਰੂਪ ਨੂੰ ਮਨਮੁੱਖ ਦੇਹੀ ਕਿਹਾ ਹੈ ਭਾਵ ਆਪਣੀ ਮਤਿ ਪਿੱਛੇ ਚੱਲਣ ਵਾਲੇ ਕਿਹਾ ਹੈ ਜੋ ਮਤਿ ਭਰਮਾਂ ਦੀ ਭਰੀ ਹੋਈ ਹੈ ਤੇ ਜਿਨ੍ਹਾਂ ਦਾ ਭਤਾਰ **"ਸਬਦੁ"** ਰੂਪ ਬਣ ਜਾਂਦਾ ਹੈ ਉਨ੍ਹਾਂ ਨੂੰ **"ਗੁਰਮੁਖਿ"** ਸਮਝ ਵਾਲੇ ਕਿਹਾ ਹੈ ਭਾਵ ਗੁਰੂ ਦੀ ਸੱਚੀ ਸਮਝ ਨੂੰ ਜਾਨਣ ਤੇ ਮੰਨਣ ਵਾਲੇ ਕਿਹਾ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਸਮਝ ਕੇ ਮੰਨਣ ਵਾਲੇ ਕਿਹਾ ਹੈ ਜੋ ਸ਼ਬਦਾਂ ਦੀ ਸੱਚੀ ਵਿਚਾਰ **"ਸਬਦੁ"** ਰੂਪ ਸ੍ਰਿਸ਼ਟੀ ਦਾ ਗੁਰੂ ਮਨ ਦੀ ਸਮਝ ਵਿੱਚ ਪ੍ਰਗਟ ਹੋ ਕੇ ਆਪਣੇ ਸੱਚੇ ਸ਼ਬਦਾਂ ਦੀ ਸੱਚੀ ਸਮਝ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਜਿਸ ਤਰੀਕੇ ਉਹ ਕਿਸੇ ਨੂੰ **"ਕੰਚਨ ਦੇਹੀ"** ਵਾਲਾ ਬਣਾਉਂਦਾ ਹੈ ਭਾਵ ਪੂਰਨ ਸ਼ੁੱਧੀ ਵਾਲੀ ਸੋਝੀ ਵਾਲਾ ਬਣਾਉਂਦਾ ਹੈ, ਸ਼ਬਦਾਂ ਦੀ ਪੂਰਨ ਸੱਚੀ ਵਿਚਾਰ ਵਾਲੀ ਸਮਝ ਵਾਲੇ ਬਣਾਉਂਦਾ ਹੈ। ਉਹ ਸ਼ਬਦ ਰੂਪ ਭਤਾਰ ਕਿਸੇ ਨੂੰ ਆਪਣਾ ਕੰਚਨ ਦੇਹੀ ਰੂਪ ਕਿਸ ਤਰੀਕੇ ਬਣਾਉਂਦਾ ਹੈ ਜਿਵੇਂ ਕਿ ਉਸਨੇ ਗੁਰਬਾਣੀ ਗ੍ਰੰਥ ਦੀ ਰਚਨਾ ਕਰਨ ਵਾਲੇ ਸਰੀਰਾਂ ਦੀ ਸਮਝ ਨੂੰ ਬਣਾਇਆ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਨ੍ਹਾਂ ਸਾਰੇ ਸ਼ਬਦਾਂ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝ ਹੀ ਚੁੱਕੇ ਹਾਂ।

{ਕਾਇਆ ਕੰਚਨੁ ਸਬਦੇ ਰਾਤੀ ਸਾਚੈ ਨਾਇ ਪਿਆਰੀ ॥੧੮॥
ਕਾਇਆ ਅੰਮ੍ਰਿਤਿ ਰਹੀ ਭਰਪੂਰੇ ਪਾਈਐ ਸਬਦਿ ਵੀਚਾਰੀ ॥੧੯॥
ਜੋ ਪ੍ਰਭੁ ਖੋਜਹਿ ਸੇਈ ਪਾਵਹਿ ਹੋਰਿ ਫੂਟਿ ਮੂਏ ਅਹੰਕਾਰੀ ॥੨੦॥
ਬਾਦੀ ਬਿਨਸਹਿ ਸੇਵਕ ਸੇਵਹਿ ਗੁਰ ਕੈ ਹੇਤਿ ਪਿਆਰੀ ॥੨੧॥
ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ ॥੨੨॥
ਸਤਿਗੁਰੁ ਦਾਤਾ ਤਿਨੈ ਪਛਾਤਾ ਜਿਸ ਨੋ ਕ੍ਰਿਪਾ ਤੁਮਾਰੀ ॥੨੩॥
ਸਤਿਗੁਰੁ ਨ ਸੇਵਹਿ ਮਾਇਆ ਲਾਗੇ ਡੂਬਿ ਮੂਏ ਅਹੰਕਾਰੀ ॥੨੪॥}

(ਅੰਗ ੯੧੧)

56/7934-A

ਆਸਾ ਮਹਲਾ ੩ ॥

{ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥ ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ ॥੧॥
ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥ ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥੧॥ ਰਹਾਉ॥
ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥
ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ॥੨॥
ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥ ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥੩॥
ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥
ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ॥ ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ॥੫॥
ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥੬॥
ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥
ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥੭॥ ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥
ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥੮॥੯॥੩੧॥}

(ਅੰਗ ੪੨੬-੪੨੭)

ਰਾਗੁ ਆਸਾ ਮਹਲਾ ੧ ॥

{ਆਪੁ ਵੀਚਾਰੈ ਸੁ ਪਰਖੇ ਹੀਰਾ ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥ ਗੁਰੁ ਮਾਨੈ ਮਨ ਤੇ ਮਨੁ ਧੀਰਾ ॥੧॥
ਐਸਾ ਸਾਹੁ ਸਰਾਫੀ ਕਰੈ ॥ ਸਾਚੀ ਨਦਰਿ ਏਕ ਲਿਵ ਤਰੈ ॥੧॥ ਰਹਾਉ ॥ ਪੂੰਜੀ ਨਾਮੁ ਨਿਰੰਜਨ ਸਾਰੁ ॥
ਨਿਰਮਲੁ ਸਾਚਿ ਰਤਾ ਪੈਕਾਰੁ ॥ ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥੨॥ ਆਸਾ ਮਨਸਾ ਸਬਦਿ ਜਲਾਏ ॥
ਰਾਮ ਨਰਾਇਣੁ ਕਹੈ ਕਹਾਏ ॥ ਗੁਰ ਤੇ ਵਾਟ ਮਹਲੁ ਘਰੁ ਪਾਏ ॥੩॥ ਕੰਚਨ ਕਾਇਆ ਜੋਤਿ ਅਨੂਪੁ ॥
ਤ੍ਰਿਭਵਣ ਦੇਵਾ ਸਗਲ ਸਰੂਪੁ ॥ ਮੈ ਸੋ ਧਨੁ ਪਲੈ ਸਾਚੁ ਅਖੂਟੁ ॥੪॥ ਪੰਚ ਤੀਨਿ ਨਵ ਚਾਰਿ ਸਮਾਵੈ ॥
ਧਰਣਿ ਗਗਨੁ ਕਲ ਧਾਰਿ ਰਹਾਵੈ ॥ ਬਾਹਰਿ ਜਾਤਉ ਉਲਟਿ ਪਰਾਵੈ ॥੫॥ ਮੂਰਖੁ ਹੋਇ ਨ ਆਖੀ ਸੂਝੈ ॥
ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥ ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥ ਹੀਰਾ ਨਾਮੁ ਜਵੇਹਰ ਲਾਲੁ ॥

ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥}

(ਅੰਗ ੪੧੩-੪੧੪)

ਗੂਜਰੀ ਮਹਲਾ ੧ ॥

{ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ ॥
ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ ॥੧॥ ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ॥
ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥
ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ ॥
ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ ॥੨॥
ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ ॥
ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ ॥੩॥
ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ ॥
ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ ॥੪॥
ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ ॥
ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ ॥੫॥
ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ ॥
ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥੬॥
ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ ॥
ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ ॥੭॥
ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ ॥
ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ ॥੮॥੪॥}

(ਅੰਗ ੫੦੪-੫੦੫)

ਵਡਹੰਸੁ ਮਹਲਾ ੩ ॥

{ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ ॥ ਗੁਰਿ ਰਾਖੇ ਸੇ ਉਬਰੇ ਹੋਰੁ ਮਰਿ ਜੰਮੈ ਆਵੈ ਜਾਏ ॥
ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ ॥
ਐਥੈ ਕਮਾਵੈ ਸੋ ਫਲੁ ਪਾਵੈ ਮਨਮੁਖਿ ਹੈ ਪਤਿ ਖੋਈ ॥
ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ ॥
ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ ॥੧॥
ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੁ ਲਏ ਮਿਲਾਏ ॥
ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ ॥
ਸਚੈ ਨਾਮਿ ਸਮਾਏ ਹਰਿ ਗੁਣ ਗਾਏ ਮਿਲਿ ਪ੍ਰੀਤਮ ਸੁਖੁ ਪਾਏ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਵਿਚਹੁ ਹਉਮੈ ਜਾਏ ॥
ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ ਤਿਨ ਕੈ ਹਉ ਲਾਗਉ ਪਾਏ ॥

ਕਾਂਇਆ ਕੰਚਨੁ ਤਾਂ ਥੀਐ ਜਾ ਸਤਿਗੁਰੁ ਲਏ ਮਿਲਾਏ ॥੨॥
ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥
ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ ॥
ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ ॥
ਨਾਮਿ ਰਤੀਆ ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ ॥
ਤਿਸੁ ਜੇਵਡੁ ਅਵਰੁ ਨ ਸੂਝਈ ਕਿਸੁ ਆਗੈ ਕਹੀਐ ਜਾਏ ॥
ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥੩॥
ਜਿਨੀ ਸਚੜਾ ਸਚੁ ਸਲਾਹਿਆ ਹੰਉ ਤਿਨ ਲਾਗਉ ਪਾਏ ॥
ਸੇ ਜਨ ਸਚੇ ਨਿਰਮਲੇ ਤਿਨ ਮਿਲਿਆ ਮਲੁ ਸਭ ਜਾਏ ॥
ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ ਸਚੈ ਸਹਜਿ ਸੁਭਾਏ ॥
ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ ॥
ਅਨਦਿਨੁ ਭਗਤਿ ਕਰਹਿ ਰੰਗਿ ਰਾਤੇ ਨਾਨਕ ਸਚਿ ਸਮਾਏ ॥
ਜਿਨੀ ਸਚੜਾ ਸਚੁ ਧਿਆਇਆ ਹੰਉ ਤਿਨ ਕੈ ਲਾਗਉ ਪਾਏ ॥੪॥੪॥}

(ਅੰਗ ੫੮੪-੫੮੫)

56/7934-B

ਧਨਾਸਰੀ ਮਹਲਾ ੪ ਘਰੁ ੧ ਚਉਪਦੇ
ੴ ਸਤਿਗੁਰ ਪ੍ਰਸਾਦਿ ॥
{ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥
ਹਮ ਊਪਰਿ ਕਿਰਪਾ ਕਰਿ ਸੁਆਮੀ ਰਖੁ ਸੰਗਤਿ ਤੁਮ ਜੁ ਪਿਆਰੀ ॥੧॥ ਹਰਿ ਗੁਣ ਕਹਿ ਨ ਸਕਉ ਬਨਵਾਰੀ॥
ਹਮ ਪਾਪੀ ਪਾਥਰ ਨੀਰਿ ਡੁਬਤ ਕਰਿ ਕਿਰਪਾ ਪਾਖਣ ਹਮ ਤਾਰੀ ॥ ਰਹਾਉ ॥
ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ ॥
ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ ॥੨॥
ਹਰਿ ਹਰਿ ਜਪਨੁ ਜਪਉ ਦਿਨੁ ਰਾਤੀ ਜਪਿ ਹਰਿ ਹਰਿ ਹਰਿ ਉਰਿ ਧਾਰੀ ॥
ਹਰਿ ਹਰਿ ਹਰਿ ਅਉਖਧੁ ਜਗਿ ਪੂਰਾ ਜਪਿ ਹਰਿ ਹਰਿ ਹਉਮੈ ਮਾਰੀ ॥੩॥
ਹਰਿ ਹਰਿ ਅਗਮ ਅਗਾਧਿ ਬੋਧਿ ਅਪਰੰਪਰ ਪੁਰਖ ਅਪਾਰੀ ॥
ਜਨ ਕਉ ਕ੍ਰਿਪਾ ਕਰਹੁ ਜਗਜੀਵਨ ਜਨ ਨਾਨਕ ਪੈਜ ਸਵਾਰੀ ॥੪॥੧॥}

(ਅੰਗ ੬੬੬-੬੬੭)

ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦
ੴ ਸਤਿਗੁਰ ਪ੍ਰਸਾਦਿ ॥
{ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥ ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥
ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ ਰਹਾਉ ॥

ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥ ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥ ਹਰਿ ਜੀਉ ਸੇਵੀਐ ਅੰਤਰਜਾਮੀ ॥
ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥ ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥
ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥
ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥ ਸਤਿਗੁਰਿ ਮਿਲਿਐ ਵਡੀ ਵਡਿਆਈ ॥
ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥੭॥ ਗੁਰਮਤਿ ਮਾਨਿਆ ਕਰਣੀ ਸਾਰੁ ॥
ਗੁਰਮਤਿ ਮਾਨਿਆ ਮੋਖ ਦੁਆਰੁ ॥ ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥}

(ਅੰਗ ੮੩੨-੮੩੩)

ਬਿਲਾਵਲੁ ਮਹਲਾ ੪ ਅਸਟਪਦੀਆ ਘਰੁ ੧੧

ੴ ਸਤਿਗੁਰ ਪ੍ਰਸਾਦਿ ॥

{ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ॥੧॥ ਮੈ ਹਰਿ ਹਰਿ ਨਾਮੁ ਅਧਾਰੁ ਰਮਈਆ॥
ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਈਆ ॥੧॥ ਰਹਾਉ ॥
ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥
ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥
ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥੪॥
ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥
ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋਪਾਲ ਨੀਸਾਨੁ ਬਜਈਆ ॥੫॥
ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥
ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥੬॥
ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥}

(ਅੰਗ ੮੩੩)

ਹੁਣ ਤੱਕ ਸੰਸਾਰ ਵਿੱਚ ਗੁਰਬਾਣੀ ਗ੍ਰੰਥ ਦੀ ਰਚਨਾ ਤੋਂ ਬਾਅਦ ਅਨੇਕਾਂ ਨੇ ਹੀ ਗੁਰੂ ਦੇ ਸ਼ਬਦਾਂ ਦੀ ਵਿਚਾਰ ਕਰਨ ਦਾ ਤੇ ਦੂਸਰਿਆਂ ਨੂੰ ਸਮਝਾਉਣ ਦਾ ਉਪਰਾਲਾ ਕੀਤਾ ਹੈ ਤੇ ਹੁਣ ਵੀ ਇਹੋ ਜਿਹੇ ਬਹੁਤ ਹਨ ਜੋ ਸ਼ਬਦਾਂ ਦੀ ਵਿਚਾਰ ਕਰਕੇ ਸਮਝਾਉਣ ਦੁਆਰਾ ਉੱਚਾ

ਮਾਣ ਲੈਂਦੇ ਹਨ ਜਿਨ੍ਹਾਂ ਨੂੰ ਕਿ ਦੁਨਿਆਵੀ ਮਾਣ ਦਿੱਤਾ ਵੀ ਜਾਂਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਲੇਖ ਵਿੱਚ ਸ਼ੁਰੂ ਤੋਂ ਲੈ ਕੇ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਹਰ ਕੋਈ ਆਪਣੇ-ਆਪਣੇ ਦੁਆਰਾ ਕੀਤੇ ਹੋਏ ਅਰਥਾਂ ਨੂੰ ਸੱਚ ਹੀ ਸਮਝਦਾ ਹੈ ਤੇ ਆਪਣੇ ਵੱਲੋਂ ਦੂਸਰਿਆਂ ਨੂੰ ਸੱਚ ਹੀ ਸਮਝਾਉਂਦੇ ਹਨ ਪਰ ਇਹੋ ਜਿਹੇ ਕੀ ਜਾਨਣ ਕਿ ਸੱਚ ਆਉਂਦਾ ਕਿੱਥੋਂ ਹੈ ਭਾਵ ਸੱਚ ਦਾ ਮਾਲਕ ਕੌਣ ਹੈ ਭਾਵ ਮਨ ਦੀ ਸਮਝ ਦਾ ਮਾਲਕ ਕੌਣ ਹੈ ਜਿਸਨੇ ਗੁਰਬਾਣੀ ਗ੍ਰੰਥ ਦੇ ਵਿੱਚ ਦਰਜ ਹਰ ਸ਼ਬਦ ਦਾ ਸੱਚ ਉਚਾਰਿਆ ਹੈ, ਮਨ ਦੀ ਸਮਝ ਰੂਪ ਆਪਣੇ ਘਰ ਰਾਹੀਂ ਆਪਣਾ ਸੱਚ ਰੂਪ ਪ੍ਰਗਟ ਕਰਨ ਦੁਆਰਾ ਪੂਰੀ ਗੁਰਬਾਣੀ ਦੇ ਸ਼ਬਦਾਂ ਵਿੱਚ ਸਭ ਕੁੱਝ ਸੱਚ ਹੀ ਸੱਚ ਸਮਝਾਇਆ ਹੈ ਜਿਸ ਉਸਦੇ ਉੱਚੇ ਸੱਚ ਨੂੰ ਕੋਈ ਮਨ ਦੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵ ਮਨ ਦੀ ਸਮਝ ਨੂੰ ਆਪਣੀ ਸਮਝ ਸਮਝਦੇ ਹੋਏ ਜਾਣ ਲਵੇ, ਸਮਝ ਲਵੇ ਇਹ ਪੂਰੀ ਤਰ੍ਹਾਂ ਨਾਮੁਮਕਿਨ ਹੈ ਜਿਸ ਗੱਲ ਦੀ ਸਮਝ ਕੇਵਲ ਤੇ ਕੇਵਲ ਮਨ ਦੀ ਸਮਝ ਦੇ ਮਾਲਕ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ ਜੋ ਕਿ ਕੇਵਲ ਤੇ ਕੇਵਲ ਉਸਦੀ ਆਪਣੀ ਰਜਾ ਹੈ ਕਿ ਉਹ ਕਿਸਨੂੰ ਆਪਣਾ ਸਚੁ ਰੂਪ ਸਮਝਾਉਣਾ ਚਾਹੁੰਦਾ ਹੈ ਜੋ ਕਿ ਉਸਨੇ ਕਿਸੇ ਵਿਰਲੇ ਸਰੀਰਾਂ ਰਾਹੀਂ ਭਾਵ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੁਆਰਾ ਸਮਝਾਇਆ ਹੈ।

56/7935

ਸਭ ਤੋਂ ਉੱਚਾ ਸਚੁ ਹੀ ਹੈ ਤੇ ਜਦੋਂ ਸਚੁ ਸਾਹਮਣੇ ਆ ਜਾਂਦਾ ਹੈ ਫਿਰ ਉਸਦੇ ਅੱਗੇ ਝੂਠ ਨੂੰ ਕਿਤਨਾ ਕੁ ਨੀਵਾਂ ਹੋਣਾ ਪੈਂਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਨੂੰ ਆਪਣੀ ਨਾਸਮਝੀ ਕਰਕੇ ਝੂਠੀ ਵਿਚਾਰ ਬਣਾਕੇ ਸਮਝਾਉਣ ਵਾਲੇ ਬਹੁਤ ਹਨ ਜਿਨ੍ਹਾਂ ਨਾਸਮਝਾਂ ਦਾ ਪੜਦਾ ਸ਼ਬਦਾਂ ਦੀ ਸੱਚੀ ਵਿਚਾਰ ਆਉਣ ਤੋਂ ਬਾਅਦ ਹੀ ਖੁੱਲ ਸਕਦਾ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਉਸ ਤੋਂ ਬਾਅਦ ਹੀ ਇਹੋ ਜਿਹਿਆਂ ਨੂੰ ਆਪਣੀ ਨਾਸਮਝੀ ਤੇ ਪਛਤਾਵਾ ਹੁੰਦਾ ਹੈ ਕਿ ਅਸੀਂ ਹੁਣ ਤੱਕ ਸੰਸਾਰ ਨੂੰ ਮਨੁੱਖਤਾ ਦੇ ਸੱਚੇ ਧਰਮ ਦਾ ਝੂਠਾ ਮਾਰਗ ਹੀ ਸਮਝਾਇਆ ਹੈ, ਆਪਣੀ-ਆਪਣੀ ਮਤਿ ਅਨੁਸਾਰ ਸਮਝਾਇਆ ਹੈ। ਇਸ ਗੱਲ ਨੂੰ ਧੰਨ ਧੰਨ ਸ਼ੇਖ ਫਰੀਦ ਜੀ ਦੇ ਹੇਠ ਦਿੱਤੇ ਕੁੱਝ ਸ਼ਬਦਾਂ ਦੁਆਰਾ ਵੀ ਬਰੀਕੀ ਨਾਲ ਸਮਝਿਆ ਜਾ ਸਕਦਾ ਹੈ ਕਿਉਂਕਿ ਸਾਰੇ ਸੰਸਾਰ ਦੇ ਹਰ ਮਨੁੱਖ ਦੇ ਲਈ ਸੱਚੇ ਧਰਮ ਦਾ ਮਾਰਗ ਤਾਂ ਇੱਕੋ ਜਿਹਾ ਹੀ ਹੈ ਜੋ ਕਿ ਧਰਮ ਗ੍ਰੰਥਾਂ ਦੇ ਅੰਦਰ ਸਮਝਾਏ ਹੋਏ ਸੱਚ ਤੇ ਚੱਲਣ ਦਾ ਹੈ। ਸ਼ੇਖ ਫਰੀਦ ਜੀ ਦੇ ਮਨ ਰੂਪ ਮਹਲ ਰਾਹੀਂ ਪ੍ਰਗਟ ਹੋ ਕੇ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਨੇ ਆਪਣੇ ਸਮਝਾਏ ਹੋਏ ਸ਼ਬਦਾਂ ਰਾਹੀਂ ਉਹੀ ਸੱਚ ਦਾ ਮਾਰਗ ਸਮਝਾਇਆ ਹੈ ਜੋ ਕਿ ਉਹੀ ਉਸਨੇ ਕੁੱਝ ਹਿੰਦੂ ਪਰਿਵਾਰਾਂ ਵਿੱਚੋਂ ਆਏ ਭਗਤਾਂ ਦੇ ਮਨ ਰੂਪ ਮਹਲ ਵਿੱਚ ਪ੍ਰਗਟ ਹੋ ਕੇ ਸਮਝਾਇਆ ਹੈ, ਜੋ ਉਹੀ ਕੁੱਝ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਮਨ ਰੂਪ ਮਹਲ ਵਿੱਚ ਪ੍ਰਗਟ ਹੋ ਕੇ ਸਮਝਾਇਆ ਹੈ ਕਿਉਂਕਿ ਆਪਣਾ ਸੱਚ ਰੂਪ ਸਮਝਾਉਣ ਵਾਲਾ ਤਾਂ ਇੱਕੋ ਇੱਕ ਸਚੁ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਭਾਵੇਂ ਉਸਨੂੰ ਪੂਰੀ ਸ੍ਰਿਸ਼ਟੀ ਵਿੱਚ ਕੋਈ ਮਨੁੱਖ ਕਿਸੇ ਵੀ ਨਾਮ ਨਾਲ ਪੁਕਾਰੇ। ਸਾਰੇ ਨਾਮ ਉਸੇ ਦੇ ਹੀ ਹਨ। ਝੂਠੀ ਸਮਝ ਦਾ ਮਾਣ ਬੜਿਆਂ ਨੇ ਲਿਆ ਹੈ ਪਰ ਆਖਿਰ ਝੂਠਾ ਮਾਣ ਟਿੱਕ ਨਹੀਂ ਸਕਦਾ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸੱਚ ਦੇ ਉਲਟ ਚੱਲਣਾ ਕਿਤਨੀ ਕੁ ਮਾੜੀ ਗੱਲ ਹੈ ਇਸ ਗੱਲ ਦੀ ਸਮਝ ਸੱਚ ਸਾਹਮਣੇ ਆਉਣ ਤੇ ਹੀ ਪੈਂਦੀ ਹੈ ਤੇ ਇਸੇ ਗੱਲ ਨੂੰ ਸ਼ੇਖ ਫਰੀਦ ਜੀ ਦੇ ਮੁੱਖੋਂ ਉਚਾਰੇ ਹੋਏ ਗਾਡ, ਪ੍ਰਮਾਤਮਾ, ਅੱਲ੍ਹਾ, ਅਕਾਲ ਪੁਰਖ ਭਾਵ ਸ੍ਰਿਸ਼ਟੀ ਦੇ ਕਰਤੇ ਦੇ ਹੇਠ ਦਿੱਤੇ ਸ਼ਬਦਾਂ ਦੁਆਰਾ ਸਮਝਦੇ ਹਾਂ।

“ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥ ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥
ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥ ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥
ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥ ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥ ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥ ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥ ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥”

(ਅੰਗ ੧੩੮੨-੧੩੮੩)

56/7935-A

ਉਪਰ ਵਾਲੇ ਪਹਿਲੇ ਸ਼ਬਦ ਰਾਹੀਂ ਮਨ ਦੇ ਵਿੱਚ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਸਮਝਾਇਆ ਹੋਇਆ ਹੈ ਜਿਸ ਮੇਲ ਦੁਆਰਾ ਹੀ ਕਿਸੇ ਮਨੁੱਖ ਨੂੰ ਅਸਲ **"ਸੁਖੁ"** ਦੀ ਪ੍ਰਾਪਤੀ ਹੁੰਦੀ ਹੈ। ਆਉ ਸਮਝੀਏ।

"ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥

ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥"

ਉਪਰ ਸ਼ਬਦ ਰਾਹੀਂ **"ਮੈਂ"** ਤੇ **"ਤੂੰ"** ਦਾ ਆਪਸ ਵਿੱਚ ਮੇਲ ਹੀ ਸਮਝਾਇਆ ਹੋਇਆ ਹੈ। ਜਦ ਤੱਕ ਮਨੁੱਖ ਦੇ ਅੰਦਰ ਮੈਂ ਹੈ ਭਾਵ ਹਉਮੈ ਹੈ ਭਾਵ ਜਦ ਤੱਕ ਕੋਈ ਵੀ ਮਨੁੱਖ ਮਨੁੱਖੀ ਸਰੀਰ ਨੂੰ ਆਪਣਾ ਸਰੀਰ ਸਮਝਦਾ ਹੈ ਤੇ ਮਨ ਦੀ ਸਮਝ ਨੂੰ ਆਪਣੀ ਸਮਝ ਕਰਕੇ ਜਾਣਦਾ ਹੈ ਇਹ ਮਨੁੱਖ ਦੀ ਮੈਂ ਹੈ। ਕਿਸੇ ਵੀ ਮਨੁੱਖ ਦੀ ਮੈਂ ਤਾਂ ਹੀ ਮਿੱਟਦੀ ਹੈ ਜਦੋਂ ਉਸਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਇਸ ਮਨੁੱਖੀ ਸਰੀਰ ਦੇ ਰੂਪ ਵਿੱਚ **"ਮੈਂ"** ਨਹੀਂ ਬਲਕਿ **"ਤੂੰ"** ਹੈ ਭਾਵ ਗਾਡ, ਅੱਲ੍ਹਾ, ਪ੍ਰਮਾਤਮਾ, ਅਕਾਲ ਪੁਰਖ, ਰੱਬ ਭਾਵ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੈ ਭਾਵੇਂ ਉਸਨੂੰ ਕੋਈ ਕਿਸੇ ਵੀ ਨਾਮ ਨਾਲ ਪੁਕਾਰਦਾ ਹੈ, ਆਪਣੀ-ਆਪਣੀ ਧਾਰਮਿਕ ਆਸਥਾ ਅਨੁਸਾਰ ਜਿਹੜੇ ਮਰਜੀ ਨਾਮ ਨਾਲ ਪੁਕਾਰਦਾ ਹੈ। ਉਹ **"ਤੂੰ"** ਰੂਪ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਸਭ ਦੇ ਅੰਦਰ ਹੀ ਹੈ ਭਾਵ ਮਨ ਦੀ ਜੋਤਿ ਰੂਪ ਦੇ ਵਿੱਚ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪੂਰੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ। ਉਸ ਇੱਕੋ ਇੱਕ ਰੱਬ ਦੇ ਨਾਲ ਮੇਲ ਕਰਨ ਦਾ ਤਰੀਕਾ **"ਆਪੁ"** ਸਵਾਰਣ ਦਾ ਹੈ ਜਿਵੇਂ ਕਿ ਅਸੀਂ ਹਰ ਸ਼ਬਦ ਰਾਹੀਂ ਇਸ ਗੱਲ ਨੂੰ ਸਮਝਿਆ ਹੈ ਕਿ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਨਣ ਦਾ ਉਹੀ ਤਰੀਕਾ ਸਾਨੂੰ ਸ਼ੇਖ ਫਰੀਦ ਜੀ ਸਮਝਾ ਰਹੇ ਹਨ। ਆਪਣੇ **"ਆਪੁ"** ਨੂੰ ਸਵਾਰਣਾ ਕੀ ਹੈ ਇਹ ਆਪਣੀ ਸਮਝ ਨੂੰ ਸਵਾਰਣਾ ਹੈ, ਆਪਣੀ ਮਤਿ ਨੂੰ ਸਵਾਰਣਾ ਹੈ ਜੋ ਭਰਮਾਂ ਵਾਲੇ, ਔਗੁਣਾਂ ਵਾਲੇ, ਮਾੜੇ ਵਿਚਾਰਾਂ ਨਾਲ ਭਰੀ ਹੋਈ ਹੈ, ਤ੍ਰਿਸ਼ਨਾਵਾਂ ਦੀ ਭਰੀ ਹੋਈ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਵਿਚਾਰਾਂ ਨਾਲ ਭਰੀ ਹੋਈ ਹੈ, ਜੋ ਮਨ ਦੇ ਮਾੜੇ ਵਿਚਾਰ ਮਨੁੱਖ ਕੋਲੋਂ ਮਾੜੇ ਕਰਮ ਕਰਵਾਉਂਦੇ ਹਨ ਭਾਵ ਗੁਰੂ ਦੀ ਮਤਿ ਤੋਂ ਉਲਟ ਚਲਾਉਂਦੇ ਹਨ ਭਾਵ ਸੱਚੀ ਭਗਤੀ ਦੇ ਮਾਰਗ ਤੋਂ, ਉਸਦਾ ਸੱਚਾ ਨਾਮ ਜਪਣ ਦੇ ਮਾਰਗ ਤੋਂ ਉਲਟ ਚਲਾਉਂਦੇ ਹਨ ਜਿਸ ਗਲਤ ਮਾਰਗ ਤੇ ਚੱਲਦਿਆਂ ਕੋਈ ਸ੍ਰਿਸ਼ਟੀ ਦੇ ਕਰਤੇ ਨੂੰ ਆਪਣੇ ਅੰਦਰੋਂ ਜਾਣ ਲਵੇ ਇਹ ਨਾਮੁਮਕਿਨ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ। ਸਾਰੀ ਗੱਲ ਗੁਰੂ ਦੀ ਸੱਚੀ ਮਤਿ ਦੇ ਨਾਲ ਆਪਣੀ ਨਾਸਮਝ ਮਤਿ ਨੂੰ ਸਵਾਰਣ ਦੀ ਹੈ ਭਾਵ ਹਰ ਔਗੁਣ ਛੱਡਕੇ, ਗੁਣਾਂ ਨੂੰ ਧਾਰਨ ਕਰਕੇ ਗੁਣੀ ਬਣਕੇ ਵਿਚਰਨ ਦੀ ਹੈ। ਇਹੀ ਆਪਣੇ ਆਪ ਨੂੰ ਸਵਾਰਣਾ ਹੈ। ਮਨ ਦੇ ਵਿੱਚ ਜੋ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਹੁੰਦਾ ਹੈ ਉਹ **"ਮੈਂ"** ਤੇ **"ਤੂੰ"** ਦਾ ਹੀ ਹੁੰਦਾ ਹੈ ਜੋ ਕਿ

56/7936

ਮਨ ਦੇ ਵਿੱਚ **"ਤੂੰ"** ਦੇ ਪ੍ਰਗਟ ਹੋਣ ਦੁਆਰਾ ਹੀ ਹੁੰਦਾ ਹੈ ਜਿਸ ਦੁਆਰਾ ਮਨੁੱਖ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਜਿਸ ਮਨੁੱਖੀ ਸਰੀਰ ਨੂੰ ਤੇ ਮਨੁੱਖੀ ਸਮਝ ਨੂੰ ਮੈਂ ਆਪਣਾ ਸਮਝਿਆ ਹੋਇਆ ਸੀ ਉਹ ਅਸਲ ਵਿੱਚ **"ਤੂੰ"** ਹੈ ਭਾਵ ਮਨੁੱਖ ਦਾ ਭਰਮ ਹੀ ਮਿਟਦਾ ਹੈ ਜੋ ਮਨ ਦੀ ਸਮਝ ਦਾ ਮਾਲਕ ਮਨ ਦੇ ਵਿੱਚ ਆਪ ਹੀ ਪਾਉਂਦਾ ਹੈ ਤੇ ਆਪ ਹੀ ਮਿਟਾਉਂਦਾ ਹੈ। ਅਸਲ **"ਸੁਖੁ"** ਦੀ ਪ੍ਰਾਪਤੀ ਮਨੁੱਖ ਦੀ **"ਮੈਂ"** ਮਿੱਟਣ ਦੁਆਰਾ ਹੀ ਹੁੰਦੀ ਹੈ ਭਾਵ ਜਦੋਂ **"ਮੈਂ"** **"ਤੂੰ"** ਵਿੱਚ ਬਦਲ ਜਾਂਦੀ ਹੈ ਉਦੋਂ ਅਸਲ **"ਸੁਖੁ"** ਦੀ ਪ੍ਰਾਪਤੀ ਹੁੰਦੀ ਹੈ। ਮਨ ਦਾ ਸੰਤੋਖ ਰੂਪ ਸੁੱਖ, ਤ੍ਰਿਸ਼ਨਾਵਾਂ ਤੋਂ ਮੁਕਤਿ ਹੋਣ ਦਾ ਸੁੱਖ, ਸ੍ਰਿਸ਼ਟੀ ਦੇ ਇੱਕੋ ਇੱਕ ਕਰਤੇ ਨੂੰ ਜਾਨਣ ਦਾ ਸੁੱਖ, ਉਸਦੇ ਰਚੇ ਹੋਏ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਜਾਨਣ ਦਾ ਸੁੱਖ ਕੀ ਹੁੰਦਾ ਹੈ ਇਸਨੂੰ ਕੇਵਲ ਉਹੀ ਜਾਣ ਸਕਦਾ ਹੈ ਜਿਨ੍ਹਾਂ ਨੂੰ ਇਸ ਸੱਚੇ ਸੁੱਖ ਦੀ ਪ੍ਰਾਪਤੀ ਹੋਈ ਹੈ ਜਿਵੇਂ ਕਿ ਭਗਤਾਂ ਨੂੰ ਤੇ ਗੁਰੂ ਸਾਹਿਬਾਨ ਨੂੰ ਉਸਦੇ ਨਾਲ ਮੇਲ ਦੀ ਪ੍ਰਾਪਤੀ ਹੋਈ ਹੈ। ਸੰਸਾਰ ਦਾ ਇਹ ਸਭ ਤੋਂ ਵੱਡਾ ਸੁਖੁ ਉਹ ਹਰ ਸੁੱਖ ਦਾ ਮਾਲਕ ਕਿਸੇ ਨੂੰ ਆਪ ਹੀ ਦੇ ਸਕਦਾ ਹੈ। ਇਸ **"ਸੁਖੁ"** ਦੀ ਪ੍ਰਾਪਤੀ ਹੋਣ ਨਾਲ ਹੀ ਕਿਸੇ ਨੂੰ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਸਭ ਜਗ ਉਸੇ ਦਾ ਹੀ ਹੈ, ਸਭ ਜਗ੍ਹਾ ਤੇ ਸਭ ਵਿੱਚ ਤੂੰ ਹੀ ਤੂੰ ਹੈ। **(ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥ ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥)**

ਸ੍ਰਿਸ਼ਟੀ ਦੇ ਕਰਤੇ ਦੇ ਨਾਲ ਮੇਲ ਦੁਆਰਾ ਜੋ "ਸੁਖੁ" ਦੀ ਪ੍ਰਾਪਤੀ ਹੁੰਦੀ ਹੈ ਉਹ ਸਚੁ ਜਾਨਣ ਦੇ ਰੂਪ ਵਿੱਚ ਹੀ ਹੁੰਦੀ ਹੈ ਭਾਵ ਉਸਦੇ ਕੋਲੋਂ ਸੱਚਾ ਗਿਆਨ ਮਿਲਣ ਦੇ ਰੂਪ ਵਿੱਚ ਹੀ ਹੁੰਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ

ਹੈ ਤੇ ਹੇਠ ਦਿੱਤੇ ਸ਼ਬਦ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥
ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥
ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥
ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥
ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥
ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ ੩੩੦)

ਉਪਰ ਵਾਲੇ ਪੂਰੇ ਸ਼ਬਦ ਨੂੰ ਤੇ ਇਹੋ ਕੁੱਝ ਸਮਝਣ ਲਈ ਕਿ ਸਾਰੀ ਗੱਲ ਸ੍ਰਿਸ਼ਟੀ ਦੇ ਕਰਤੇ ਨੂੰ ਜਾਨਣ ਦੀ ਮਨੁੱਖੀ ਮਨ ਭਾਵ ਮਨੁੱਖੀ ਸਮਝ ਦੇ ਨਾਲ ਹੀ ਜੁੜੀ ਹੋਈ ਹੈ ਜਿਵੇਂ ਕਿ ਅਸੀਂ ਅਨੇਕਾਂ ਹੀ ਹੋਰ ਸ਼ਬਦਾਂ ਦੁਆਰਾ ਸਮਝਿਆ ਹੈ। ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਵੀ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਕਰਤੇ ਦੇ ਨਾਲ ਹਰ ਮਨੁੱਖ ਦਾ ਪੜਦਾ ਭਾਵ ਉਸਨੂੰ ਆਪਣੇ ਅੰਦਰੋਂ ਨਾ ਜਾਣ ਸਕਣ ਦਾ ਕਾਰਣ ਮਨ ਦਾ ਭਰਮ ਹੀ ਹੈ ਜਿਸ ਮਨ ਦੇ ਭਰਮ ਵਿੱਚੋਂ ਨਿਕਲਣਾ ਉਸਨੇ ਆਪ ਹੀ ਹਰ ਮਨੁੱਖ ਦੀ ਸਮਰਥਾ ਤੋਂ ਬਾਹਰ ਰੱਖਿਆ ਹੋਇਆ ਹੈ। ਹੇਠ ਦਿੱਤੇ ਸ਼ਬਦਾਂ ਨੂੰ ਅਸੀਂ ਲੇਖ ਵਿੱਚ ਪਹਿਲਾਂ ਬਰੀਕੀ ਨਾਲ ਸਮਝ ਹੀ ਚੁੱਕੇ ਹਾਂ।

56/7937

ਗਉੜੀ ਕਬੀਰ ਜੀ ॥

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥
ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥
ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ ੩੨੭)

ਮਾਝ ਮਹਲਾ ਪ ਘਰੁ ੧ ॥

{ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥੧॥ ਰਹਾਉ ॥
ਸਾਧਿਕ ਸਿਧ ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥
ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨॥
ਆਠ ਪਹਰ ਤੁਧੁ ਜਾਪੇ ਪਵਨਾ ॥ ਧਰਤੀ ਸੇਵਕ ਪਾਇਕ ਚਰਨਾ ॥
ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ ॥੩॥
ਸਾਚਾ ਸਾਹਿਬੁ ਗੁਰਮੁਖਿ ਜਾਪੈ ॥ ਪੂਰੇ ਗੁਰ ਕੈ ਸਬਦਿ ਸਿਞਾਪੈ ॥
ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥੪॥
ਤਿਸੁ ਘਰਿ ਸਹਜਾ ਸੋਈ ਸੁਹੇਲਾ ॥ ਅਨਦ ਬਿਨੋਦ ਕਰੇ ਸਦ ਕੇਲਾ ॥
ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥੫॥
ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ ॥
ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥੬॥
ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥ ਸਾਧ ਜਨਾ ਕਾ ਮੰਤ੍ਰੁ ਕਮਾਏ ॥
ਆਪਿ ਤਰੈ ਸਗਲੇ ਕੁਲ ਤਾਰੇ ਤਿਸੁ ਦਰਗਹ ਠਾਕ ਨ ਪਾਵਣਿਆ ॥੭॥
ਤੂੰ ਵਡਾ ਤੂੰ ਊਚੋ ਊਚਾ ॥ ਤੂੰ ਬੇਅੰਤੁ ਅਤਿ ਮੂਚੋ ਮੂਚਾ ॥
ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ ॥੮॥੧॥੩੫॥}

(ਅੰਗ ੧੩੦-੧੩੧)

ਰਾਗੁ ਗਉੜੀ ਪੂਰਬੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

{ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ ੨੦੪-੨੦੫)

ਉਪਰ ਵਾਲੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਕਿ ਸ੍ਰਿਸ਼ਟੀ ਦਾ ਕਰਤਾ ਸਭ ਦੀ ਸਮਝ ਦੇ ਅੰਦਰ ਹੀ ਹੈ ਜੋ ਕਿ ਆਪਣੇ ਸੱਚੇ ਗਿਆਨ ਦੁਆਰਾ ਹੀ ਭਾਵ ਆਪਣੇ ਬ੍ਰਹਮ ਗਿਆਨ ਦੁਆਰਾ ਹੀ ਕਿਸੀ ਮਨੁੱਖੀ ਸਮਝ ਦੇ ਅੰਦਰ ਆਪਣਾ ਸੱਚ ਰੂਪ ਪ੍ਰਗਟ ਕਰਦਾ ਹੈ ਭਾਵ ਆਪਣਾ **"ਨਾਮੁ ਰੂਪ"** ਭਾਵ ਆਪਣਾ **"ਅੰਮ੍ਰਿਤੁ"** ਰੂਪ ਪ੍ਰਗਟ ਕਰਦਾ ਹੈ ਜੋ ਆਪਣਾ ਉੱਚਾ ਗਿਆਨ ਪ੍ਰਗਟ ਕਰਨ ਦੁਆਰਾ ਉਹ ਉਸ ਮਨੁੱਖੀ ਸਮਝ ਨੂੰ ਆਪਣਾ **"ਅੰਮ੍ਰਿਤੁ"** ਜਲ ਹੀ ਪਿਆਉਂਦਾ ਹੈ ਜੋ ਕਿ ਉਹ ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਮਨ ਦੀ ਸਮਝ ਨੂੰ ਪਿਆਉਂਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਮਨੁੱਖੀ ਸਮਝ ਨੂੰ ਉਹ ਆਪਣਾ ਅੰਮ੍ਰਿਤ ਜਲ ਕਿਵੇਂ ਪਿਆਉਂਦਾ ਹੈ ਭਾਵ ਉਸਦੀ ਸਮਝ ਦੇ ਅੰਦਰ **"ਅੰਮ੍ਰਿਤੁ ਧਾਰਾ"** ਕਿਸ ਰੂਪ ਵਿੱਚ ਵਰਸਾਉਂਦਾ ਹੈ। ਉਹ ਅੰਮ੍ਰਿਤ ਜਲ ਦਾ ਮਾਲਕ ਭਾਵ ਸੱਚੇ ਗਿਆਨ ਦਾ ਜਲ ਰੂਪ ਸਰੋਵਰ, ਸੱਚੇ ਗਿਆਨ ਦੀ ਜਲ ਰੂਪ ਨਦੀ ਮਨੁੱਖੀ ਸਮਝ ਦੇ ਅੰਦਰ ਹੀ ਹੈ ਜਿਸ ਸੱਚ ਰੂਪ ਵਿਚਾਰਾਂ ਦੀ ਨਦੀ ਵਿੱਚੋਂ ਮਨੁੱਖੀ ਸਮਝ ਆਪ ਉਸ ਵਿੱਚੋਂ ਸੱਚੇ ਵਿਚਾਰਾਂ ਦਾ ਜਲ ਭਰ ਸਕੇ ਇਹ ਮਨੁੱਖੀ ਸਮਰਥਾ ਤੋਂ ਬਾਹਰ ਦੀ ਗੱਲ ਹੈ ਤੇ ਇਹੀ ਗੱਲ ਸ਼ੇਖ ਫਰੀਦ ਜੀ ਦੇ ਅਕਾਲ ਪੁਰਖ ਦੀ ਸੱਚੀ ਸਮਝ ਰਾਹੀਂ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਜਿਸਨੂੰ ਕਿ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਗੁਰੂ ਦੇ ਸੱਚੇ ਨਾਮ ਦੀ ਸੱਚੀ ਮਤਿ ਤੋਂ ਬਿਨ੍ਹਾਂ ਕੋਈ ਹੋਰ ਮਨੁੱਖੀ ਕੱਚੀ ਮਤਿ ਟਿੱਕ ਨਹੀਂ ਸਕਦੀ ਭਾਵ ਆਖਿਰ ਨੂੰ ਸੱਚ ਸਾਹਮਣੇ ਆਉਣ ਤੋਂ ਬਾਅਦ ਝੂਠ ਟਿੱਕ ਨਹੀਂ ਸਕਦਾ ਭਾਵ ਸੱਚ ਦੀ ਬੁਨਿਆਦ ਸਦਾ ਲਈ ਹੈ ਤੇ ਕੱਚ ਦੀ ਭਾਵ ਝੂਠੀ ਮਤਿ ਦੀ ਬੁਨਿਆਦ ਸਦਾ ਰਹਿਣ ਵਾਲੀ ਨਹੀਂ ਹੈ।

"ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥ ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥"

(ਅੰਗ ੧੩੮੨)

ਉਪਰ ਵਾਲੇ ਸ਼ਬਦ ਵਿੱਚ ਮਨੁੱਖ ਦੀ ਕੱਚੀ ਮਤਿ ਦੀ ਤੁਲਨਾ ਇੱਕ ਕੱਚੇ ਭਾਂਡੇ ਦੇ ਨਾਲ ਕੀਤੀ ਹੋਈ ਹੈ ਇਸੇ ਤਰ੍ਹਾਂ ਮਨੁੱਖ ਦੀ ਕੱਚੀ ਮਤਿ ਦੀ ਤੁਲਨਾ ਉਸ ਰੁੱਖ ਦੇ ਨਾਲ ਕੀਤੀ ਹੋਈ ਹੈ ਜੋ ਰੁੱਖ ਦਰਿਆਵਾਂ ਦੇ ਕੰਢੇ ਉਪਰ ਹੁੰਦੇ ਹਨ। ਜਿਵੇਂ ਦਰਿਆਵਾਂ ਦੇ ਕੰਢੇ

ਉਪਰ ਉੱਗਿਆ ਹੋਇਆ ਰੁੱਖ ਦਰਿਆ ਦਾ ਪਾਣੀ ਚੜਨ ਦੇ ਨਾਲ ਕਦੇ ਵੀ ਰੁੜ ਸਕਦਾ ਹੈ, ਇਸੇ ਤਰ੍ਹਾਂ ਮਨੁੱਖ ਦੀ ਕੱਚੀ ਨਾਸਮਝ ਮਤਿ ਮਨੁੱਖ ਨੂੰ ਕਦੇ ਵੀ ਇਸ ਧੀਰਜ ਵਿੱਚ ਨਹੀਂ ਰੱਖ ਸਕਦੀ ਕਿ ਮੇਰੀ ਸਮਝ ਟਿਕਣ ਵਾਲੀ ਮਤਿ ਹੈ ਭਾਵੇਂ ਉਸਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ। ਜਦੋਂ ਸਚੁ ਰੂਪ ਭਾਵ ਗੁਰਮਤਿ ਦਾ ਸੱਚਾ ਗਿਆਨ ਆਪਣਾ ਉੱਚਾ ਰੂਪ ਦਿਖਾ ਦਿੰਦਾ ਹੈ ਜਿਵੇਂ ਕਿ ਦਰਿਆ ਦਾ ਪਾਣੀ, ਦਰਿਆ ਦਾ ਸੱਚਾ ਜਲ ਆਪਣਾ ਉੱਚਾ ਰੂਪ ਦਿਖਾ ਦਿੰਦਾ ਹੈ ਫਿਰ ਕੱਚੀ ਮਤਿ ਰੱਖਣ ਵਾਲਿਆਂ ਦਾ ਧੀਰਜ ਭਾਵ ਹੌਂਸਲਾ ਟੁੱਟ ਜਾਂਦਾ ਹੈ ਭਾਵ ਉਨ੍ਹਾਂ ਨੂੰ ਆਪਣੀ ਹਾਰ ਮੰਨਣੀ ਪੈਂਦੀ ਹੈ, ਸੱਚ ਦੇ ਅੱਗੇ ਭਾਵ ਗੁਰੂ ਦੀ ਸੱਚੀ ਮਤਿ ਦੇ ਅੱਗੇ ਮਨਮਤਿ ਨੂੰ ਡਿਗਣਾ ਪੈਂਦਾ ਹੈ, ਝੁੱਕਣਾ ਪੈਂਦਾ ਹੈ। **(ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥)**

ਜੋ ਗੱਲ ਅਸੀਂ ਉਪਰ ਵਾਲੀ ਪੰਗਤੀ ਰਾਹੀਂ ਸਮਝੀ ਹੈ, ਉਹੀ ਗੱਲ ਅਗਲੀ ਪੰਗਤੀ ਰਾਹੀਂ ਦੂਸਰੇ ਢੰਗ ਨਾਲ ਸਮਝਾਈ ਹੋਈ ਹੈ। ਪੂਰੇ ਸ਼ਬਦ ਦਾ ਅੰਦਰੂਨੀ ਭਾਵ ਆਪਸ ਵਿੱਚ ਮਿਲਿਆ ਹੋਇਆ ਹੀ ਹੁੰਦਾ ਹੈ। ਆਉ ਸਮਝੀਏ।

“ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥”

ਗੁਰਬਾਣੀ ਦੇ ਵਿੱਚ ਸ਼ਬਦਾਂ ਰਾਹੀਂ ਕੱਚਾ ਭਾਂਡਾ ਕਿਸਨੂੰ ਕਿਹਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਕੱਚਾ ਭਾਂਡਾ ਸਾਡੀ ਕੱਚੀ ਮਤਿ ਰੂਪ ਭਾਂਡਾ ਹੀ ਹੈ ਜੋ ਮਨੁੱਖ ਦੀ ਕੱਚੀ ਮਤਿ ਗੁਰੂ ਦੀ ਸੱਚੀ ਮਤਿ ਰੂਪ ਭਾਂਡੇ ਦੇ ਸਾਹਮਣੇ ਕਿਤਨੀ ਕੁ ਅਹਿਮੀਅਤ ਰੱਖਦੀ ਹੈ ਇਸ ਗੱਲ ਨੂੰ ਹਰ ਕੋਈ ਸਮਝ ਸਕਦਾ ਹੈ। ਮਨੁੱਖ ਦੇ ਮਨ ਦੇ ਅੰਦਰ ਦੀ ਸੱਚ ਰੂਪ ਮਤਿ ਨੂੰ ਭਾਵ ਗੁਰਮਤਿ ਦੇ ਸੱਚੇ ਗਿਆਨ ਵਾਲੀ ਮਤਿ ਨੂੰ ਸ਼ਬਦਾਂ ਰਾਹੀਂ ਸੱਚਾ ਭਾਂਡਾ ਕਿਹਾ ਗਿਆ ਹੈ ਭਾਵ ਪੱਕਾ ਭਾਂਡਾ ਕਿਹਾ ਗਿਆ ਹੈ ਜਿਸਨੂੰ ਕਿ ਅਸੀਂ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਮਨੁੱਖੀ ਸੱਚੇ ਮਨ ਰੂਪ ਭਾਂਡੇ ਦੇ ਅੰਦਰ ਦਾ ਨੀਰ ਭਾਵ ਜਲ ਗੁਰਮਤਿ ਰੂਪ ਜਲ ਹੈ ਭਾਵ ਨਾਮ ਰੂਪ ਜਲ ਹੈ ਭਾਵ **“ਅੰਮ੍ਰਿਤੁ”** ਜਲ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੇ ਵਿਚਾਰਾਂ ਵਾਲੀ ਸਮਝ ਹੈ ਜਿਵੇਂ ਕਿ ਅਸੀਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਦੁਨਿਆਵੀ ਕੱਚਾ ਭਾਂਡਾ ਕਿਹੋ ਜਿਹਾ ਹੁੰਦਾ ਹੈ ਜੋ ਕਿ ਕੱਚੀ ਮਿੱਟੀ ਦਾ ਭਾਂਡਾ ਹੁੰਦਾ ਹੈ ਉਸਨੂੰ ਹਰ ਕੋਈ ਸਮਝ ਹੀ ਸਕਦਾ ਹੈ। ਕੱਚੇ ਭਾਂਡੇ ਦੇ ਅੰਦਰ ਅਗਰ ਪਾਣੀ ਪਾਇਆ ਜਾਵੇ, ਜਲ ਪਾਇਆ ਜਾਵੇ ਤਾਂ ਫਿਰ ਉਹ ਜਲ ਉਸਦੇ ਅੰਦਰ ਬਹੁਤੀ ਦੇਰ ਨਹੀਂ ਟਿਕਦਾ ਭਾਵ ਸਿੰਮਦਾ ਰਹਿੰਦਾ ਹੈ ਤੇ ਕੱਚੀ ਮਿੱਟੀ ਦੇ ਨਾਲ ਰੱਲ ਕੇ ਮੈਲਾ ਵੀ ਹੋ ਜਾਂਦਾ ਹੈ ਭਾਵ ਮਨੁੱਖ ਦੀ ਕੱਚੀ ਮਤਿ ਭਾਵ ਮਨਮਤਿ ਉਸ ਅੰਮ੍ਰਿਤ ਜਲ ਨੂੰ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੈਲਾ ਕਰ ਦਿੰਦੀ ਹੈ ਭਾਵ ਸੱਚੀ ਗੁਰਮਤਿ ਨੂੰ ਮੈਲੀ ਮਨਮਤਿ ਵਿੱਚ ਬਦਲ ਦਿੰਦੀ ਹੈ। ਲੇਕਿਨ ਮੈਲ ਨੂੰ ਭਾਵ ਮੈਲੀ ਮਤਿ ਨੂੰ ਤਦ ਤੱਕ ਹੀ ਆਪਣੇ ਅੰਦਰ ਰੱਖਿਆ ਜਾ ਸਕਦਾ ਹੈ ਜਦ ਤੱਕ ਗੁਰਮਤਿ ਦਾ ਸੱਚ ਸੰਸਾਰ

ਦੇ ਸਾਹਮਣੇ ਨਹੀਂ ਆ ਜਾਂਦਾ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਦਾ ਸੱਚ ਸਾਹਮਣੇ ਨਹੀਂ ਆ ਜਾਂਦਾ ਭਾਵ ਗੁਰਮਤਿ ਦੀ ਸੱਚੀ ਸਮਝ ਦੇ ਅੱਗੇ ਆਖਿਰ ਨੂੰ ਕੱਚੀ ਮਤਿ ਭਾਵ ਮਨਮਤਿ ਝੂਠੀ ਸਾਬਿਤ ਹੋ ਹੀ ਜਾਂਦੀ ਹੈ ਭਾਵ ਝੂਠੀ ਮਤਿ ਸਦਾ ਲਈ ਨਹੀਂ ਟਿਕ ਸਕਦੀ। ਸੱਚ ਰੂਪ ਅੰਮ੍ਰਿਤ ਜਲ ਪੱਕੇ ਭਾਂਡੇ ਵਿੱਚ ਹੀ ਟਿਕ ਸਕਦਾ ਹੈ ਜਿਸ ਮਨ ਰੂਪ ਕੱਚੇ ਭਾਂਡੇ ਨੂੰ ਸ੍ਰਿਸ਼ਟੀ ਦਾ ਕਰਤਾ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪੱਕਾ ਕਰਦਾ ਹੈ, ਆਪਣਾ ਸੱਚਾ ਗਿਆਨ ਬਖਸ਼ਣ ਦੁਆਰਾ, ਆਪਣੇ ਸ਼ਬਦਾਂ ਦੀ ਸੱਚੀ ਵਿਚਾਰ ਬਖਸ਼ਣ ਦੁਆਰਾ ਕਰਦਾ ਹੈ। **(ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥ ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥)**

ਮਨ ਰੂਪ ਕੱਚਾ ਭਾਂਡਾ ਕੀ ਹੈ ਤੇ ਪੱਕਾ ਭਾਵ ਸੱਚਾ ਭਾਂਡਾ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸਾਰੀ ਗੱਲ ਮਨ ਦੀ ਕੱਚੀ ਤੇ ਸੱਚੀ ਮਤਿ ਦੇ ਨਾਲ ਹੀ ਜੁੜੀ ਹੋਈ ਹੈ ਭਾਵ ਸ਼ਬਦਾਂ ਦੀ ਵਿਚਾਰ ਨੂੰ ਸਮਝਣ ਦੇ ਨਾਲ ਹੀ ਜੁੜੀ ਹੋਈ ਹੈ, ਭਗਤੀ ਦੇ ਮਾਰਗ ਦੀ ਨਾਸਮਝੀ ਜਾਂ ਸਮਝੀ ਦੇ ਨਾਲ ਹੀ ਜੁੜੀ ਹੋਈ ਹੈ, ਗੁਰੂ ਦੇ ਨਾਮ ਦੀ ਸਮਝੀ ਜਾਂ ਨਾਸਮਝੀ ਦੇ ਨਾਲ ਜੁੜੀ ਹੋਈ ਹੈ।

ਗਉੜੀ ਗੁਆਰੇਰੀ ਮਹਲਾ ੩ ॥

{ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥
ਸਚੀ ਬਾਣੀ ਜੁਗ ਚਾਰੇ ਜਾਪੈ ॥ ਸਭੁ ਕਿਛੁ ਸਾਚਾ ਆਪੇ ਆਪੈ ॥੧॥
ਕਰਮੁ ਹੋਵੈ ਸਤਸੰਗਿ ਮਿਲਾਏ ॥ ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ ਰਹਾਉ ॥

ਜਲਉ ਇਹ ਜਿਹਵਾ ਦੂਜੈ ਭਾਇ ॥ ਹਰਿ ਰਸੁ ਨ ਚਾਖੈ ਫੀਕਾ ਆਲਾਇ ॥
ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥
ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥ ਗੁਰ ਕਿਰਪਾ ਤੇ ਸਚਿ ਸਮਾਇ ॥
ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥
ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥
ਗੁਰ ਸਬਦੀ ਮਨਿ ਨਾਮਿ ਨਿਵਾਸੁ ॥ ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥}

(ਅੰਗ ੧੫੮)

ਸੋਰਠਿ ਮਹਲਾ ੧ ॥

{ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥
ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥
ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥}

(ਅੰਗ ੫੯੭)

ਧਨਾਸਰੀ ਮਹਲਾ ੧ ॥

{ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥
ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥
ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥
ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥ ਹਰਿ ਕੇ ਲੋਗ ਅਵਰ ਨਹੀ ਕਾਰਾ ॥
ਸਾਚਉ ਠਾਕੁਰੁ ਸਾਚੁ ਪਿਆਰਾ ॥੨॥ ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥
ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥ ਆਪਿ ਦਿਖਾਵੈ ਆਪੇ ਦੇਖੈ ॥
ਹਠਿ ਨ ਪਤੀਜੈ ਨਾ ਬਹੁ ਭੇਖੈ ॥ ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥
ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥ ਪੜਿ ਪੜਿ ਭੂਲਹਿ ਚੋਟਾ ਖਾਹਿ ॥
ਬਹੁਤੁ ਸਿਆਣਪ ਆਵਹਿ ਜਾਹਿ ॥ ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥੫॥
ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥ ਮਨਿ ਮੈਲੈ ਸੂਚਾ ਕਿਉ ਹੋਇ ॥
ਸਾਚਿ ਮਿਲੈ ਪਾਵੈ ਪਤਿ ਸੋਇ ॥੬॥ ਆਚਾਰਾ ਵੀਚਾਰੁ ਸਰੀਰਿ ॥ ਆਦਿ ਜੁਗਾਦਿ ਸਹਜਿ ਮਨੁ ਧੀਰਿ ॥
ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥

ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥
ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥ ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥}

(ਅੰਗ ੬੮੬)

ਰਾਮਕਲੀ ਮਹਲਾ ੧ ॥

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥੧॥ ਨਾਨਕ ਬਿਰਥਾ ਕੋਇ ਨ ਹੋਇ ॥
ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥ ਪ੍ਰਾਪਤਿ ਪੋਤਾ ਕਰਮੁ ਪਸਾਉ ॥
ਤੂ ਦੇਵਹਿ ਮੰਗਤ ਜਨ ਚਾਉ ॥ ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥ ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥
ਨਾ ਕੋ ਆਵੈ ਨਾ ਕੋ ਜਾਇ ॥੩॥ ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥੪॥੮॥}

(ਅੰਗ ੮੭੮)

{ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥}

(ਅੰਗ ੮)

56/7940

ਰਾਗੁ ਰਾਮਕਲੀ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥
ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥੧॥ ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ ॥
ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥੧॥ ਰਹਾਉ ॥
ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥
ਜੈਸਾ ਲਿਖਤੁ ਲਿਖਿਆ ਧੁਰਿ ਕਰਤੈ ਹਮ ਤੈਸੀ ਕਿਰਤਿ ਕਮਾਈ ॥੨॥
ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ ॥
ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ ॥੩॥
ਜਿਨਿ ਕੀਆ ਸੋਈ ਪ੍ਰਭੁ ਜਾਣੈ ਹਰਿ ਕਾ ਮਹਲੁ ਅਪਾਰਾ ॥
ਭਗਤਿ ਕਰੀ ਹਰਿ ਕੇ ਗੁਣ ਗਾਵਾ ਨਾਨਕ ਦਾਸੁ ਤੁਮਾਰਾ ॥੪॥੧॥}

(ਅੰਗ ੮੮੨-੮੮੩)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

{ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਨੁ ਹੋਇ ਨਿਰਾਸ ਜਮਾਵਹੁ ॥੧॥
ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇੜ੍ਹਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥
ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥}

(ਅੰਗ ੭੨੮)

{ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ ॥ ਧਾਤੁ ਪੰਜਿ ਰਲਾਇ ਕੂੜਾ ਪਾਜਿਆ ॥
ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ ਵਾਜਾ ਵਾਵਸੀ ॥੧੪॥}

(ਅੰਗ ੧੪੧੧)

ਸੂਹੀ ਮਹਲਾ ੧ ॥

{ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥
ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥
ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥੪॥੬॥}

(ਅੰਗ ੭੩੦)

ਸੂਹੀ ਮਹਲਾ ੫ ॥

{ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥
ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥੧॥ ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥
ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥੧॥ ਰਹਾਉ ॥ ਘੋਰ ਮਹਲ ਸਦਾ ਰੰਗਿ ਰਾਤਾ ॥
ਸੰਗਿ ਤੁਮ੍ਹਾਰੈ ਕਛੂ ਨ ਜਾਤਾ ॥੨॥ ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥ ਅਤਿ ਕੁਚੀਲ ਮਿਲੈ ਜਮ ਡਾਂਡਾ ॥੩॥
ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥ ਮਹਾ ਗਰਤ ਮਹਿ ਨਿਘਰਤ ਜਾਤਾ ॥੪॥
ਨਾਨਕ ਕੀ ਅਰਦਾਸਿ ਸੁਣੀਜੈ ॥ ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥੫॥੧੪॥੨੦॥}

(ਅੰਗ ੭੪੧)

ਸਲੋਕ ਮਃ ੧ ॥

{ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥}

(ਅੰਗ ੧੨੯੧)

ਮਨ ਰੂਪ ਕੱਚਾ ਭਾਂਡਾ ਕਿਸਨੂੰ ਕਿਹਾ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਹਰ ਕੋਈ ਆਸਾਨੀ ਨਾਲ ਸਮਝ ਸਕਦਾ ਹੈ ਜਿਨ੍ਹਾਂ ਵਿੱਚੋਂ ਕੁੱਝ ਸ਼ਬਦਾਂ ਨੂੰ ਅਸੀਂ ਪਿੱਛੇ ਸਮਝਿਆ ਹੀ ਹੈ। ਕੱਚੀ ਮਤਿ ਰੂਪ ਭਾਂਡੇ ਵਿੱਚ ਕੱਚੀ ਮਤਿ ਹੀ ਪਨਪਦੀ ਹੈ ਜੋ ਮਨ ਦੀ ਸਮਝ ਨੂੰ ਮੈਲਾ ਹੀ ਕਰਦੀ ਹੈ। ਮਨ ਦੀ ਮੈਲ ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਮਨ ਦੇ ਕੱਚੇ ਭਾਂਡੇ ਦੀ ਮੈਲ ਮਨੁੱਖ ਦੀ ਭਰਮਾਂ ਵਾਲੀ ਸਮਝ, ਮਨੁੱਖ ਦੀ ਹਉਮੈ ਵਾਲੀ ਸਮਝ, ਮਨ ਦੀ ਤ੍ਰੈ ਗੁਣਾਂ ਵਾਲੀ, ਮਾਇਆ ਦੀ ਜੁਗਤਿ ਵਾਲੀ ਸਮਝ ਭਾਵ ਮਨ ਦੀ ਅਗਿਆਨਤਾ ਰੂਪ ਸਮਝ ਦੀ ਮੈਲ ਹੈ ਜਿਸ ਸਾਡੇ ਅੰਦਰ ਦੀ ਮੈਲ ਨੂੰ ਗੁਰੂ ਦਾ ਸੱਚਾ ਗਿਆਨ ਹੀ ਧੋ ਸਕਦਾ ਹੈ, ਗੁਰੂ ਦਾ ਨਾਮ ਹੀ ਧੋ ਸਕਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ

ਵਿਚਾਰ ਹੀ ਧੋ ਸਕਦੀ ਹੈ ਤੇ ਮਨ ਦੀ ਮੈਲ ਤਾਂ ਹੀ ਧੁਪੇਗੀ ਜੇਕਰ ਗੁਰੂ ਦੇ ਸੱਚੇ ਵਿਚਾਰਾਂ ਨੂੰ ਮੰਨਾਂਗੇ ਤੇ ਜੇਕਰ ਉਨ੍ਹਾਂ ਦੀਆਂ ਗੱਲਾਂ ਨੂੰ ਮੰਨਾਂਗੇ ਭਾਵ ਉਨ੍ਹਾਂ ਕੋਲੋਂ ਭਗਤੀ ਦਾ ਮਾਰਗ ਸਿੱਖਾਂਗੇ, ਗੁਰੂ ਦਾ ਨਾਮ ਜਪਣਾ ਸਿੱਖਾਂਗੇ, ਸੱਚ ਦਾ ਮਾਰਗ ਸਿੱਖਾਂਗੇ ਜੋ ਪਹਿਲੇ ਹੀ ਅਗਿਆਨਤਾ ਵਾਲੇ ਵਿਚਾਰਾਂ ਦੀ, ਹਉਮੈ ਵਾਲੇ ਵਿਚਾਰਾਂ ਦੀ, ਮਨਮਤਿ ਵਾਲੇ ਵਿਚਾਰਾਂ ਦੀ ਮੈਲ ਦੇ ਨਾਲ ਭਰੇ ਹੋਏ ਹਨ ਫਿਰ ਅਸੀਂ ਮਨ ਦੀ ਮੈਲ ਉਤਾਰਨ ਦਾ ਭਾਵ ਸੱਚ ਦੇ ਮਾਰਗ ਤੇ ਚੱਲਣ ਦਾ ਸੱਚਾ ਉਪਰਾਲਾ ਕਿਵੇਂ ਕਰ ਸਕਦੇ ਹਾਂ ਜਿਵੇਂ ਕਿ ਅਸੀਂ ਬਾਰ-ਬਾਰ ਸ਼ਬਦਾਂ ਰਾਹੀਂ ਇਸ ਗੱਲ ਨੂੰ ਸਮਝਿਆ ਹੀ ਹੈ ਤੇ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਕਿ ਸਾਡੇ ਅੰਦਰ ਦੀ ਮੈਲ ਕੀ ਹੈ ਤੇ ਇਸ ਮੈਲ ਨੂੰ ਧੋਣ ਦਾ ਤਰੀਕਾ ਕੀ ਹੈ।

ਸਲੋਕ ਮਃ ੩ ॥

{ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥
ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥
ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥ ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ॥
ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥ ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ॥
ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥ ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥
ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥}

(ਅੰਗ ੮੭)

ਗਉੜੀ ਮਃ ੩ ॥

{ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥ ਐਥੈ ਅਗੈ ਹਰਿ ਨਾਮੁ ਸਖਾਈ ॥੧॥
ਰਾਮ ਪੜਹੁ ਮਨਿ ਕਰਹੁ ਬੀਚਾਰੁ ॥ ਗੁਰ ਪਰਸਾਦੀ ਮੈਲੁ ਉਤਾਰੁ ॥੧॥ ਰਹਾਉ ॥
ਵਾਦਿ ਵਿਰੋਧਿ ਨ ਪਾਇਆ ਜਾਇ ॥ ਮਨੁ ਤਨੁ ਫੀਕਾ ਦੂਜੈ ਭਾਇ ॥ ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥
ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥
ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥
ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ॥ ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥
ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥ ਆਪੁ ਨ ਚੀਨੈ ਬਾਜੀ ਹਾਰੀ ॥੬॥
ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥
ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥ ਨਾਮਿ ਰਤੇ ਸਦਾ ਬੈਰਾਗੀ ॥
ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥ ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥੩॥}

(ਅੰਗ ੨੩੦)

{ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥}

(ਅੰਗ ੭੫੬)

{ਛੂਟਤ ਨਹੀ ਕੋਟਿ ਲਖ ਬਾਹੀ ॥ ਨਾਮੁ ਜਪਤ ਤਹ ਪਾਰਿ ਪਰਾਹੀ ॥ ਅਨਿਕ ਬਿਘਨ ਜਹ ਆਇ ਸੰਘਾਰੈ ॥
ਹਰਿ ਕਾ ਨਾਮੁ ਤਤਕਾਲ ਉਧਾਰੈ ॥ ਅਨਿਕ ਜੋਨਿ ਜਨਮੈ ਮਰਿ ਜਾਮ ॥ ਨਾਮੁ ਜਪਤ ਪਾਵੈ ਬਿਸ੍ਰਾਮ ॥
ਹਉ ਮੈਲਾ ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥
ਐਸਾ ਨਾਮੁ ਜਪਹੁ ਮਨ ਰੰਗਿ ॥ ਨਾਨਕ ਪਾਈਐ ਸਾਧ ਕੈ ਸੰਗਿ ॥੩॥}

(ਅੰਗ ੨੬੪)

ਮਾਰੂ ਮਹਲਾ ੧ ॥

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥
ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥
ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥੨॥
ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ॥
ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥
ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥
ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੂਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ ੯੯੨)

ਮਾਝ ਮਹਲਾ ੩ ॥

{ਤੇਰੀਆ ਖਾਣੀ ਤੇਰੀਆ ਬਾਣੀ ॥ ਬਿਨੁ ਨਾਵੈ ਸਭ ਭਰਮਿ ਭੁਲਾਣੀ ॥
ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥
ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ॥੧॥ ਰਹਾਉ ॥
ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥ ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥
ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥੨॥
ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥
ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥
ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥

ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥
ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥ ਮੁਕਤੇ ਸੇਵੇ ਮੁਕਤਾ ਹੋਵੈ ॥
ਹਉਮੈ ਮਮਤਾ ਸਬਦੇ ਖੋਵੈ ॥ ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥੬॥
ਆਪੇ ਬਖਸੇ ਮੇਲਿ ਮਿਲਾਏ ॥ ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥
ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥੭॥ ਸਦਾ ਹਜੂਰਿ ਦੂਰਿ ਨ ਜਾਣਹੁ ॥
ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥ ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥}

(ਅੰਗ ੧੧੬)

ਮਾਝ ਮਹਲਾ ੩ ॥

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥
ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥
ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥
ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥
ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥
ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥
ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥
ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥
ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥
ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ ਤਨੁ ਮੋਹੈ ॥
ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥ ਮਨੁ ਮੈਲਾ ਹੈ ਦੂਜੈ ਭਾਇ ॥
ਮੈਲਾ ਚਉਕਾ ਮੈਲੈ ਥਾਇ ॥ ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥
ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ ਸੇ ਨਿਰਮਲ ਜੋ ਹਰਿ ਸਾਚੇ ਭਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥}

(ਅੰਗ ੧੨੧)

ਗਉੜੀ ਮਹਲਾ ੫ ॥

{ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥

ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ ੨੩੭-੨੩੮)

56/7942

ਗਉੜੀ ॥

{ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥
ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥
ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥੨॥
ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥੩॥
ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥}

(ਅੰਗ ੩੩੬-੩੩੭)

ਆਸਾ ਮਹਲਾ ੫ ॥

{ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥੧॥ ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥
ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥
ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥੨॥
ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥
ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥੩॥
ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥
ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥੪॥੩॥੪੨॥}

(ਅੰਗ ੩੮੧)

ਆਸਾ ਮਹਲਾ ੧ ॥

{ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥
ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥
ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥
ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥
ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥ ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥
ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥੫॥
ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥
ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥੭॥
ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥
ਹਰਿ ਜੀਉ ਆਗੈ ਕਰੀ ਅਰਦਾਸਿ ॥ ਸਾਧੂ ਜਨ ਸੰਗਤਿ ਹੋਇ ਨਿਵਾਸੁ ॥
ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥ ਕਰਿ ਬੀਚਾਰੁ ਆਚਾਰੁ ਪਰਾਤਾ ॥
ਸਤਿਗੁਰ ਬਚਨੀ ਏਕੋ ਜਾਤਾ ॥ ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥}

(ਅੰਗ ੪੧੪-੪੧੫)

ਧਨਾਸਰੀ ਮਹਲਾ ੩ ਤੀਜਾ ॥

{ਜਗੁ ਮੈਲਾ ਮੈਲੋ ਹੋਇ ਜਾਇ ॥ ਆਵੈ ਜਾਇ ਦੂਜੈ ਲੋਭਾਇ ॥ ਦੂਜੈ ਭਾਇ ਸਭ ਪਰਜ ਵਿਗੋਈ ॥
ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ ॥੧॥ ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥
ਅੰਤਰਿ ਨਾਮੁ ਵਸੈ ਪਤਿ ਊਤਮ ਹੋਇ ॥ ਰਹਾਉ ॥ ਗੁਰਮੁਖਿ ਉਬਰੇ ਹਰਿ ਸਰਣਾਈ ॥
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥ ਭਗਤਿ ਕਰੇ ਜਨੁ ਵਡਿਆਈ ਪਾਏ ॥
ਸਾਚਿ ਰਤੇ ਸੁਖ ਸਹਜਿ ਸਮਾਏ ॥੨॥ ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ ਗੁਰ ਕੈ ਸਬਦਿ ਆਪੁ ਪਛਾਣੁ ॥
ਸਾਚੀ ਰਾਸਿ ਸਾਚਾ ਵਾਪਾਰੁ ॥ ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥
ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ ॥ ਊਤਮ ਬਾਣੀ ਸਬਦੁ ਸੁਣਾਏ ॥
ਪ੍ਰਭ ਸਾਚੇ ਕੀ ਸਾਚੀ ਕਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੪॥}

(ਅੰਗ ੬੬੪-੬੬੫)

ਬਿਲਾਵਲੁ ਮਹਲਾ ੫ ॥

{ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥
ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥ ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ ਰਹਾਉ॥
ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥ ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥
ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥ ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥
ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥੩॥੩੩॥}

(ਅੰਗ ੮੦੮-੮੦੯)

ਮਾਰੂ ਮਹਲਾ ੧ ॥

{ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥ ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥
ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ ॥੧॥ ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ ॥
ਜਿਸੁ ਤੂ ਮੇਲਹਿ ਸੋ ਮਿਲੈ ਧੁਰਿ ਹੁਕਮੁ ਅਪਾਰਾ ॥੧॥ ਰਹਾਉ ॥ ਜਿਉ ਤੂ ਰਾਖਹਿ ਤਿਉ ਰਹਾ ਜੋ ਦੇਹਿ ਸੁ ਖਾਉ॥
ਜਿਉ ਤੂ ਚਲਾਵਹਿ ਤਿਉ ਚਲਾ ਮੁਖਿ ਅੰਮ੍ਰਿਤ ਨਾਉ ॥ ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ॥੨॥
ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥ ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥
ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥੩॥ ਪੰਡਿਤੁ ਪੜਿ ਨ ਪਹੁਚਈ ਬਹੁ ਆਲ ਜੰਜਾਲਾ ॥
ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ ॥ ਵਿਛੋੜਾ ਭਉ ਵੀਸਰੈ ਪੂਰਾ ਰਖਵਾਲਾ ॥੪॥
ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥
ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥ ਖਾਰ ਸਮੁਦ੍ਰੁ ਢੰਢੋਲੀਐ ਇਕੁ ਮਣੀਆ ਪਾਵੈ ॥
ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥ ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ ॥੬॥
ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥ ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥
ਵੰਨੀ ਸਾਚੇ ਲਾਲ ਕੀ ਕਿਨਿ ਕੀਮਤਿ ਕੀਜੈ ॥੭॥ ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥
ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥ ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥}

(ਅੰਗ ੧੦੧੨)

ਮਾਰੂ ਸੋਲਹੇ ੩ ॥

{ਆਪੇ ਕਰਤਾ ਸਭੁ ਜਿਸੁ ਕਰਣਾ ॥ ਜੀਅ ਜੰਤ ਸਭਿ ਤੇਰੀ ਸਰਣਾ ॥
ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ ॥੧॥ ਹਰਿ ਕੇ ਭਗਤਿ ਭਰੇ ਭੰਡਾਰਾ ॥
ਆਪੇ ਬਖਸੇ ਸਬਦਿ ਵੀਚਾਰਾ ॥ ਜੋ ਤੁਧੁ ਭਾਵੈ ਸੋਈ ਕਰਸਹਿ ਸਚੇ ਸਿਉ ਮਨੁ ਰਾਤਾ ਹੇ ॥੨॥
ਆਪੇ ਹੀਰਾ ਰਤਨੁ ਅਮੋਲੋ ॥ ਆਪੇ ਨਦਰੀ ਤੋਲੇ ਤੋਲੋ ॥
ਜੀਅ ਜੰਤ ਸਭਿ ਸਰਣਿ ਤੁਮਾਰੀ ਕਰਿ ਕਿਰਪਾ ਆਪਿ ਪਛਾਤਾ ਹੇ ॥੩॥
ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥ ਮਰੈ ਨ ਜੰਮੈ ਚੂਕੈ ਫੇਰੀ ॥
ਸਾਚੇ ਗੁਣ ਗਾਵੈ ਦਿਨੁ ਰਾਤੀ ਜੁਗਿ ਜੁਗਿ ਏਕੋ ਜਾਤਾ ਹੇ ॥੪॥ ਮਾਇਆ ਮੋਹਿ ਸਭੁ ਜਗਤੁ ਉਪਾਇਆ ॥
ਬ੍ਰਹਮਾ ਬਿਸਨੁ ਦੇਵ ਸਬਾਇਆ ॥ ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥
ਪਾਪ ਪੁੰਨ ਵਰਤੈ ਸੰਸਾਰਾ ॥ ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥
ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥ ਕਿਰਤੁ ਨ ਕੋਈ ਮੇਟਣਹਾਰਾ ॥
ਗੁਰ ਕੈ ਸਬਦੇ ਮੋਖ ਦੁਆਰਾ ॥ ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ ॥੭॥
ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ ॥੮॥ ਹਰਿ ਕੈ ਭਾਣੈ ਹਰਿ ਗੁਣ ਗਾਏ ॥
ਸਭਿ ਕਿਲਬਿਖ ਕਾਟੇ ਦੂਖ ਸਬਾਏ ॥ ਹਰਿ ਨਿਰਮਲੁ ਨਿਰਮਲ ਹੈ ਬਾਣੀ ਹਰਿ ਸੇਤੀ ਮਨੁ ਰਾਤਾ ਹੇ ॥੯॥
ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ ॥ ਹਉਮੈ ਮੇਰਾ ਠਾਕਿ ਰਹਾਏ ॥
ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ ॥੧੦॥ ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥
ਆਪੇ ਮੇਲੈ ਗੁਰ ਸਬਦਿ ਵੀਚਾਰਾ ॥ ਆਪੇ ਬਖਸੇ ਸਚੁ ਦ੍ਰਿੜਾਏ ਮਨੁ ਤਨੁ ਸਾਚੈ ਰਾਤਾ ਹੇ ॥੧੧॥

ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ ਗੁਰਮਤਿ ਬੂਝੈ ਕਰਿ ਵੀਚਾਰਾ ॥
ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥੧੨॥
ਗੜ ਕਾਇਆ ਅੰਦਰਿ ਬਹੁ ਹਟ ਬਾਜਾਰਾ ॥ ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥
ਗੁਰ ਕੈ ਸਬਦਿ ਸਦਾ ਦਰਿ ਸੋਹੈ ਹਉਮੈ ਮਾਰਿ ਪਛਾਤਾ ਹੇ ॥੧੩॥ ਰਤਨੁ ਅਮੋਲਕੁ ਅਗਮ ਅਪਾਰਾ ॥
ਕੀਮਤਿ ਕਵਣੁ ਕਰੇ ਵੇਚਾਰਾ ॥ ਗੁਰ ਕੈ ਸਬਦੇ ਤੋਲਿ ਤੋਲਾਏ ਅੰਤਰਿ ਸਬਦਿ ਪਛਾਤਾ ਹੇ ॥੧੪॥
ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥੧੫॥ ਆਪੇ ਕਰਤਾ ਕਰੇ ਕਰਾਏ ॥
ਸਚੀ ਬਾਣੀ ਸਚੁ ਦ੍ਰਿੜਾਏ ॥ ਨਾਨਕ ਨਾਮੁ ਮਿਲੈ ਵਡਿਆਈ ਜੁਗਿ ਜੁਗਿ ਏਕੋ ਜਾਤਾ ਹੇ ॥੧੬॥੯॥}

(ਅੰਗ ੧੦੫੨-੧੦੫੩)

ਸਲੋਕੁ ਮਃ ੧ ॥

{ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥ ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥੧॥}

(ਅੰਗ ੧੦੮੯)

ਵਡਹੰਸੁ ਮਹਲਾ ੩ ਘਰੁ ੧

ੴ ਸਤਿਗੁਰ ਪ੍ਰਸਾਦਿ ॥

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥
ਜਪਿ ਮਨ ਮੇਰੇ ਤੂ ਏਕੋ ਨਾਮੁ ॥ ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥ ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੁ ਨ ਜਾਇ ॥੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ ੫੫੮)

56/7943

ਸਲੋਕੁ ਮਃ ੩ ॥

{ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ ॥
ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ ॥ ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ ॥
ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ ॥
ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰੁ ਮੈਲਾ ਸਭੁ ਆਕਾਰੁ ॥
ਨਾਨਕ ਨਾਮੁ ਨ ਚੇਤਨੀ ਹੋਇ ਮੈਲੇ ਮਰਹਿ ਗਵਾਰ ॥੧॥}

(ਅੰਗ ੧੦੯੧)

ਭੈਰਉ ਮਹਲਾ ੫ ॥

{ਪੰਚ ਮਜਮੀ ਜੋ ਪੰਚਨ ਰਾਧੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥ ਚਕ੍ਰ ਬਣਾਇ ਕਰੈ ਪਾਖੰਡ ॥
ਝੂਰਿ ਝੂਰਿ ਪਚੈ ਜੈਸੇ ਤ੍ਰਿਅ ਰੰਡ ॥੧॥ ਹਰਿ ਕੇ ਨਾਮ ਬਿਨਾ ਸਭ ਝੂਠੁ ॥
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥੧॥ ਰਹਾਉ ॥
ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥
ਮਾਇਆ ਕਾਰਣਿ ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥ ਜਿਨਿ ਕੀਆ ਤਿਸੁ ਚੀਤਿ ਨ ਆਣੈ ॥
ਕੂੜੀ ਕੂੜੀ ਮੁਖਹੁ ਵਖਾਣੈ ॥੩॥ ਜਿਸ ਨੋ ਕਰਮੁ ਕਰੇ ਕਰਤਾਰੁ ॥ ਸਾਧਸੰਗਿ ਹੋਇ ਤਿਸੁ ਬਿਉਹਾਰੁ ॥
ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥ ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥੪॥੪੦॥੫੩॥}

(ਅੰਗ ੧੧੫੧)

ਭੈਰਉ ਮਹਲਾ ੫ ॥

{ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥ ਨਿੰਦਕ ਕਾ ਮੈਲਾ ਆਚਾਰੁ ॥
ਦਾਸ ਅਪੁਨੇ ਕਉ ਰਾਖਨਹਾਰੁ ॥੧॥ ਨਿੰਦਕੁ ਮੁਆ ਨਿੰਦਕ ਕੈ ਨਾਲਿ ॥
ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ ਰਹਾਉ ॥
ਨਿੰਦਕ ਕਾ ਕਹਿਆ ਕੋਇ ਨ ਮਾਨੈ ॥ ਨਿੰਦਕ ਝੂਠੁ ਬੋਲਿ ਪਛੁਤਾਨੇ ॥ ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥
ਨਿੰਦਕ ਕਉ ਦਈ ਛੋਡੈ ਨਾਹਿ ॥੨॥ ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ ਨਿੰਦਕ ਕਉ ਲਾਗੈ ਦੁਖ ਸਾਂਗੈ ॥
ਬਗੁਲੇ ਜਿਉ ਰਹਿਆ ਪੰਖ ਪਸਾਰਿ ॥ ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ ॥੩॥
ਅੰਤਰਜਾਮੀ ਕਰਤਾ ਸੋਇ ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥ ਹਰਿ ਕਾ ਦਾਸੁ ਸਾਚਾ ਦਰਬਾਰਿ ॥
ਜਨ ਨਾਨਕ ਕਹਿਆ ਤਤੁ ਬੀਚਾਰਿ ॥੪॥੪੧॥੫੪॥}

(ਅੰਗ ੧੧੫੧-੧੧੫੨)

{ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥੧॥ ਮੈਲਾ ਮਲਤਾ ਇਹੁ ਸੰਸਾਰੁ ॥
ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥ ਮੈਲੇ ਬ੍ਰਹਮੰਡਾਇ ਕੈ ਈਸ ॥
ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥ ਮੈਲਾ ਮੋਤੀ ਮੈਲਾ ਹੀਰੁ ॥ ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥
ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥੪॥ ਮੈਲੇ ਜੋਗੀ ਜੰਗਮ ਜਟਾ ਸਹੇਤਿ ॥
ਮੈਲੀ ਕਾਇਆ ਹੰਸ ਸਮੇਤਿ ॥੫॥ ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥}

(ਅੰਗ ੧੧੫੮)

ਬਸੰਤੁ ਮਹਲਾ ੩ ਤੀਜਾ ॥

{ਬਸਤ੍ਰ ਉਤਾਰਿ ਦਿਗੰਬਰੁ ਹੋਗੁ ॥ ਜਟਾਧਾਰਿ ਕਿਆ ਕਮਾਵੈ ਜੋਗੁ ॥
ਮਨੁ ਨਿਰਮਲੁ ਨਹੀ ਦਸਵੈ ਦੁਆਰ ॥ ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ ॥੧॥
ਏਕੁ ਧਿਆਵਹੁ ਮੂੜ੍ ਮਨਾ ॥ ਪਾਰਿ ਉਤਰਿ ਜਾਹਿ ਇਕ ਖਿਨਾਂ ॥੧॥ ਰਹਾਉ ॥
ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥ ਨਾਦੀ ਬੇਦੀ ਪੜ੍ਹਿ ਪੁਰਾਣ ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ ਨੇੜਿ ਨਾਹਿ ॥੨॥
ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ ਕਰੇਇ ॥ ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥
ਓਇ ਨਿਰੰਜਨੁ ਕੈਸੇ ਪਾਹਿ ॥੩॥ ਕੀਤਾ ਹੋਆ ਕਰੇ ਕਿਆ ਹੋਇ ॥ ਜਿਸ ਨੋ ਆਪਿ ਚਲਾਏ ਸੋਇ ॥
ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥ ਜਿਸੁ ਜੀਉ ਅੰਤਰੁ ਮੈਲਾ ਹੋਇ ॥
ਤੀਰਥ ਭਵੈ ਦਿਸੰਤਰ ਲੋਇ ॥ ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤ੍ਰੁਟਸਿ ਬੰਧ ॥੫॥੪॥}

(ਅੰਗ ੧੧੬੯)

ਸਾਰਗ ਮਹਲਾ ੫ ॥

{ਮੈਲਾ ਹਰਿ ਕੇ ਨਾਮ ਬਿਨੁ ਜੀਉ ॥
ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ ॥੧॥ ਰਹਾਉ ॥
ਕੋਟਿ ਜਨਮ ਭ੍ਰਮਤੋ ਬਹੁ ਭਾਂਤੀ ਥਿਤਿ ਨਹੀ ਕਤਹੂ ਪਾਈ ॥
ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥੧॥

ਰਾਖਿ ਲੇਹੁ ਪ੍ਰਭ ਸੰਮ੍ਰਿਥ ਦਾਤੇ ਤੁਮ ਪ੍ਰਭ ਅਗਮ ਅਪਾਰ ॥
ਨਾਨਕ ਦਾਸ ਤੇਰੀ ਸਰਣਾਈ ਭਵਜਲੁ ਉਤਰਿਓ ਪਾਰ ॥੨॥੭੯॥੧੦੨॥}

(ਅੰਗ ੧੨੨੪)

ਮਃ ੩ ॥

{ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥
ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ ॥੨॥}

(ਅੰਗ ੧੨੪੯)

{ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥
ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥੧੦॥}

(ਅੰਗ ੧੪੧੧)

ਉਪਰ ਪਹਿਲੇ ਸ਼ੇਖ ਫਰੀਦ ਜੀ ਦੇ ਮੁੱਖੋਂ ਉਚਾਰੇ ਹੋਏ ਅਕਾਲ ਪੁਰਖ ਦੇ ਸ਼ਬਦਾਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਭਗਤੀ ਦੇ ਮਾਰਗ ਦੀ ਸੱਚਾਈ ਸਾਹਮਣੇ ਆਉਣ ਤੋਂ ਬਾਅਦ ਝੂਠੀ ਭਗਤੀ ਸਮਝਾਉਣ ਵਾਲਿਆਂ ਨੂੰ ਫਿਰ ਸੱਚੀ ਮਤਿ ਦੇ ਅੱਗੇ ਝੁੱਕਣਾ ਹੀ ਪੈਂਦਾ ਹੈ ਭਾਵ ਮਨਮਤਿ ਵਾਲੇ ਵਿਚਾਰਾਂ ਨੂੰ, ਮਨੁੱਖੀ ਸੁਰਤਿ ਦੇ ਤ੍ਰੈ ਗੁਣਾਂ ਵਾਲੇ ਵਿਚਾਰਾਂ ਨੂੰ ਸ਼ਬਦਾਂ ਦੇ ਸੱਚੇ ਵਿਚਾਰਾਂ ਦੇ ਅੱਗੇ ਭਾਵ ਚੌਥੇ ਪਦ ਦੇ ਗਿਆਨ ਵਾਲੇ ਵਿਚਾਰਾਂ ਦੇ ਅੱਗੇ ਆਖਿਰ ਇੱਕ ਦਿਨ ਝੁੱਕਣਾ ਹੀ ਪੈਂਦਾ ਹੈ। ਗੱਲ ਕੇਵਲ ਸੱਚ ਦੇ ਸਾਹਮਣੇ ਆਉਣ ਦੀ ਹੈ ਕਿ ਉਹ ਕਿਸ ਵੇਲੇ ਸਾਹਮਣੇ ਆਉਂਦਾ ਹੈ। ਇਹੀ ਗੱਲ ਸ਼ੇਖ ਫਰੀਦ ਜੀ ਨੇ ਸੰਸਾਰ ਨੂੰ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਆਉ ਧਿਆਨ ਨਾਲ ਸਮਝੀਏ ਤੇ ਸੱਚ ਦੇ ਨਾਲ ਜੁੜਨ ਦਾ ਸੱਚਾ ਉਦਮ ਕਰੀਏ।

56/7944

“ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥
ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥ ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥”

ਉਪਰ ਪਹਿਲੀ ਪੰਗਤੀ ਵਿੱਚ **“ਮਹਲ”** ਵਿੱਚ ਰਹਿਣ ਵਾਲਿਆਂ ਦੀ ਗੱਲ ਵੀ ਕੀਤੀ ਹੋਈ ਹੈ ਤੇ **“ਤਲਿ”** ਉੱਤੇ ਭਾਵ ਧਰਤੀ ਤੇ ਰਹਿਣ ਵਾਲਿਆਂ ਦੀ ਗੱਲ ਵੀ ਕੀਤੀ ਹੋਈ ਹੈ। ਜੋ ਮਹਲਾਂ ਵਿੱਚ ਰਹਿੰਦੇ ਹਨ ਉਹ ਆਪਣੇ ਆਪ ਨੂੰ ਉੱਚੇ ਸਮਝਦੇ ਹਨ ਜਿਨ੍ਹਾਂ ਨੂੰ ਦੁਨਿਆਵੀ ਮਾਣ ਮਿਲਦਾ ਹੈ, ਵੱਡੇਪਨ ਦਾ ਮਾਣ ਮਿਲਦਾ ਹੈ ਤੇ ਜੋ ਧਰਤੀ ਤੇ ਰਹਿੰਦੇ ਹਨ ਭਾਵ ਛੋਟੇ ਘਰਾਂ ਵਿੱਚ ਰਹਿੰਦੇ ਹਨ ਉਨ੍ਹਾਂ ਨੂੰ ਛੋਟੇ ਮਨੁੱਖ ਸਮਝਿਆ ਜਾਂਦਾ ਹੈ ਜਿਨ੍ਹਾਂ ਨੂੰ ਕੋਈ ਮਾਣ ਨਹੀਂ ਦਿੰਦਾ, ਦੁਨਿਆਵੀ ਇੱਜਤ ਨਹੀਂ ਮਿਲਦੀ ਜਿਵੇਂ ਕਿ ਸਭ ਪਾਸੇ ਦੇਖਿਆ ਜਾ ਸਕਦਾ ਹੈ। ਬਾਣੀ ਦੇ ਹਰ ਸ਼ਬਦ ਦਾ ਮਕਸਦ ਸਾਨੂੰ ਭਗਤੀ ਦਾ ਸੱਚ ਸਮਝਾਉਣ ਦੇ ਨਾਲ ਹੀ ਹੁੰਦਾ ਹੈ ਤੇ ਇਹੀ ਗੱਲ ਉਪਰ ਵਾਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ ਕਿ ਭਗਤੀ ਦੇ ਮਾਰਗ ਵਿੱਚ ਸੱਚਾ ਮਾਣ ਕਿਸਦਾ ਹੁੰਦਾ ਹੈ ਤੇ ਝੂਠਾ ਮਾਣ ਕੌਣ ਲੈਂਦਾ ਹੈ ਭਾਵ ਕਿਸਨੂੰ ਦਿੱਤਾ ਜਾਂਦਾ ਹੈ ਤੇ ਜਦੋਂ ਸੱਚ ਸਾਹਮਣੇ ਆ ਜਾਂਦਾ ਹੈ ਫਿਰ ਝੂਠਾ ਮਾਣ ਲੈਣ ਵਾਲਿਆਂ ਨੂੰ ਕਿਤਨਾ ਨੀਵਾਂ ਹੋਣਾ ਪੈਂਦਾ ਹੈ ਇਸ ਗੱਲ ਨੂੰ ਸ਼ਬਦ ਦੀਆਂ ਉਪਰਲੀਆਂ ਪੰਗਤੀਆਂ ਰਾਹੀਂ ਸਮਝਿਆ ਜਾ ਸਕਦਾ ਹੈ। ਉਪਰ ਜਿਨ੍ਹਾਂ ਦੀ ਮਹਲ ਵਿੱਚ ਰਹਿਣ ਦੀ ਗੱਲ ਕੀਤੀ ਹੋਈ ਹੈ ਇਹ ਉਨ੍ਹਾਂ ਦੀ ਗੱਲ ਕੀਤੀ ਹੋਈ ਹੈ ਜੋ ਆਪਣੇ ਆਪ ਨੂੰ ਭਗਤੀ ਦੇ ਮਾਰਗ ਤੇ ਉੱਚਾ ਸਮਝਦੇ ਹਨ, ਸੰਤ ਆਦਿ ਸਮਝਦੇ ਹਨ, ਭਗਤੀ ਦੇ ਮਾਰਗ ਦੇ ਉੱਚੇ ਵਿਦਵਾਨ ਸਮਝਦੇ ਹਨ। ਉਪਰ ਸ਼ਬਦ ਦੀ ਦੂਜੀ ਪੰਗਤੀ ਵਿੱਚ **“ਗੋਰਾਂ”** ਦੀ ਗੱਲ ਕੀਤੀ ਹੋਈ ਹੈ ਭਾਵ ਕਬਰਾਂ ਦੀ ਗੱਲ ਕੀਤੀ ਹੋਈ ਹੈ ਜਿੱਥੇ ਮੁਰਦਾ ਮਨੁੱਖਾਂ ਨੂੰ ਦਫਨਾਇਆ ਜਾਂਦਾ ਹੈ। ਇਹੋ ਜਿਹੇ ਅਸਥਾਨਾਂ ਨੂੰ ਇੱਕ ਨਿਮਾਣਾ ਜਿਹਾ ਅਸਥਾਨ ਸਮਝਿਆ ਜਾਂਦਾ ਹੈ, ਮਾੜਾ ਅਸਥਾਨ ਸਮਝਿਆ ਜਾਂਦਾ ਹੈ ਜਿਸ ਅਸਥਾਨ ਤੋਂ ਨਫਰਤ ਕੀਤੀ ਜਾਂਦੀ ਹੈ, ਜਿਸ ਜਗ੍ਹਾ ਤੇ ਜਾਕੇ ਕੋਈ ਖੁਸ਼ ਨਹੀਂ ਹੁੰਦਾ। ਜਿਸ ਮਨੁੱਖੀ ਸਰੀਰ ਨੂੰ ਸੱਚ ਦੀ ਸਮਝ ਪੈ ਜਾਂਦੀ ਹੈ, ਸੱਚੀ ਭਗਤੀ ਦੇ ਮਾਰਗ ਦੀ ਸਮਝ ਪੈ ਜਾਂਦੀ ਹੈ ਜੋ ਸੱਚੀ ਸਮਝ ਸੱਚ ਦਾ ਮਾਲਕ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਪਾਉਂਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਦੇ ਆ ਰਹੇ ਹਾਂ, ਉਸੇ ਮਨੁੱਖ ਨੂੰ ਇਸ ਗੱਲ ਦੀ ਸਮਝ ਪੈ ਸਕਦੀ ਹੈ ਕਿ ਮਨੁੱਖ

ਦੀ ਤ੍ਰੈ ਗੁਣਾਂ ਵਾਲੀ ਸਮਝ, ਅਗਿਆਨਤਾ ਵਾਲੀ ਸਮਝ, ਹਉਮੈ ਵਾਲੀ ਸਮਝ ਤਾਂ ਇੱਕ ਦੁਨਿਆਵੀ ਕਬਰ ਦੀ ਤਰ੍ਹਾਂ ਹੀ ਹੈ ਭਾਵ ਇੱਕ ਮਰੀ ਹੋਈ ਸਮਝ ਦੀ ਤਰ੍ਹਾਂ ਹੀ ਹੈ ਜਿਹੋ ਜਿਹੀ ਸਮਝ ਕਰਕੇ ਹੀ ਸਾਰੇ ਸੰਸਾਰ ਦੇ ਮਨੁੱਖਾਂ ਨੂੰ ਹੀ ਮ੍ਰਿਤਕ ਸਮਝ ਵਾਲੇ ਕਿਹਾ ਹੈ, ਭਗਤੀ ਦੇ ਮਾਰਗ ਦੇ ਸੱਚ ਨੂੰ ਸਮਝਣ ਤੋਂ ਮਰੀ ਹੋਈ ਸਮਝ ਵਾਲੇ ਕਿਹਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜੋ ਆਪਣੀ ਸਮਝ ਨੂੰ ਮਰੀ ਹੋਈ ਸਮਝ ਦੀ ਤਰ੍ਹਾਂ ਜਾਣ ਲੈਂਦੇ ਹਨ ਉਹੀ ਆਪਣੇ ਅੰਦਰੋਂ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੇ ਮਹਲ ਨੂੰ ਜਾਣਦੇ ਹਨ, ਉਸਦੇ ਸਭ ਤੋਂ ਉੱਚੇ ਅਸਥਾਨ ਨੂੰ ਜਾਣਦੇ ਹਨ, ਉਸਦੇ ਬ੍ਰਹਮ ਗਿਆਨ ਰੂਪ ਮਹਲ ਨੂੰ ਆਪਣੇ ਮਨ ਦੇ ਵਿੱਚੋਂ ਜਾਣਦੇ ਹਨ ਜਿਵੇਂ ਕਿ ਇਸ ਗੱਲ ਨੂੰ ਅਸੀਂ

56/7945

ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਉਪਰ ਸ਼ਬਦ ਵਿੱਚ **"ਰੂਹਾਂ"** ਦੀ ਗੱਲ ਵੀ ਆਈ ਹੋਈ ਹੈ ਜਿਨ੍ਹਾਂ ਰੂਹਾਂ ਦੀ ਗੱਲ ਸੰਸਾਰਿਕ ਸਮਝ ਅਨੁਸਾਰ ਕਬਰਾਂ ਉੱਤੇ ਵੱਸਣ ਦੀ ਗੱਲ ਕੀਤੀ ਜਾਂਦੀ ਹੈ। ਕਿਸੇ ਨੂੰ ਰੂਹਾਂ ਸਮਝਣਾ ਕੇਵਲ ਮਨ ਦਾ ਭਰਮ ਹੈ। ਉਪਰ ਭਰਮਾਂ ਵਾਲੀ ਸਮਝ ਵਾਲੇ ਦੁਨਿਆਵੀ ਮਨੁੱਖਾਂ ਨੂੰ ਹੀ ਰੂਹਾਂ ਕਿਹਾ ਗਿਆ ਹੈ, ਸ੍ਰਿਸ਼ਟੀ ਦੇ ਕਰਤੇ ਦੀਆਂ ਭਰਮੀਆਂ ਹੋਈਆਂ ਰੂਹਾਂ ਕਿਹਾ ਗਿਆ ਹੈ ਜੋ ਧਰਮ ਦੇ ਮਾਰਗ ਨੂੰ ਸਮਝਣ ਲਈ ਇੱਧਰ-ਉੱਧਰ ਦੂਸਰਿਆਂ ਦੇ ਕੋਲ ਜਾਂਦੇ ਹਨ ਜਿਨ੍ਹਾਂ ਨੂੰ ਧਰਮ ਦੇ ਸੱਚੇ ਮਾਰਗ ਦੀ, ਨਾਮ ਦੇ ਸੱਚੇ ਮਾਰਗ ਦੀ ਸਮਝ ਨਹੀਂ ਹੁੰਦੀ। ਜਦੋਂ ਭਗਤੀ ਦੇ ਮਾਰਗ ਦਾ ਸੱਚ ਸੰਸਾਰ ਦੇ ਸਾਹਮਣੇ ਆ ਜਾਂਦਾ ਹੈ ਇਹੋ ਜਿਹੀਆਂ ਰੂਹਾਂ ਭਾਵ ਭਰਮੀ ਹੋਈ ਸਮਝ ਵਾਲੇ ਮਨੁੱਖ ਫਿਰ ਧਰਮ ਦੇ ਸੱਚੇ ਮਾਰਗ ਨੂੰ ਸਮਝਣ ਲਈ ਫਿਰ ਉਹੋ ਜਿਹਿਆਂ ਦੀ ਸਮਝ ਦੇ ਨਾਲ ਹੀ ਜੁੜਨਾ ਚਾਹੁੰਦੇ ਹਨ ਭਾਵ ਉਹੋ ਜਿਹਿਆਂ ਦੀ ਸਮਝ ਦੇ ਨਾਲ ਹੀ ਮਿਲਣਾ ਚਾਹੁੰਦੇ ਹਨ ਜੋ ਆਪਣੀ ਮਨੁੱਖੀ ਸਮਝ ਨੂੰ ਇੱਕ ਗੋਰ ਦੀ ਤਰ੍ਹਾਂ ਸਮਝਦੇ ਹਨ ਭਾਵ ਇੱਕ ਕਬਰ ਦੀ ਤਰ੍ਹਾਂ ਸਮਝਦੇ ਹਨ ਭਾਵ ਆਪਣੀ ਮਤਿ ਦਾ ਨਾ ਹੋਣਾ ਹੀ ਸਮਝਦੇ ਹਨ। ਜਦ ਤੱਕ ਪੂਰੀ ਸ੍ਰਿਸ਼ਟੀ ਦੇ ਸਾਹਮਣੇ ਉਹੋ ਜਿਹਿਆਂ ਦਾ ਸਮਝਾਇਆ ਹੋਇਆ ਸੱਚ ਸਾਹਮਣੇ ਨਹੀਂ ਆਉਂਦਾ ਤਦ ਤੱਕ ਉਹੋ ਜਿਹੇ ਧਰਮ ਦਾ ਸੱਚਾ ਮਾਰਗ ਸਮਝਾਉਣ ਵਾਲੇ ਸੰਸਾਰੀਆਂ ਨੂੰ ਕਬੂਲ ਨਹੀਂ ਹੁੰਦੇ ਕਿਉਂਕਿ ਉਹ ਉਹੋ ਜਿਹਿਆਂ ਦੀ ਮਤਿ ਦੇ ਨਾਲ ਜੁੜੇ ਹੁੰਦੇ ਹਨ ਜਿਨ੍ਹਾਂ ਦੀ ਸਮਝ ਨੂੰ ਉਹ **"ਮਹਲ"** ਵਰਗੀ ਉੱਚੀ ਸਮਝ ਵਾਲੇ ਮੰਨਦੇ ਹਨ ਭਾਵ ਧਰਮ ਦਾ ਮਾਰਗ ਸਮਝਾਉਣ ਦੇ ਲਈ ਉੱਚੇ ਬਣਦੇ ਹਨ ਪਰ ਜਦੋਂ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਰੂਪ ਸੱਚ ਸੰਸਾਰ ਦੇ ਸਾਹਮਣੇ ਆ ਜਾਂਦਾ ਹੈ ਫਿਰ ਜੋ ਆਪਣੇ ਆਪ ਨੂੰ **"ਮਹਲ"** ਵਾਲੀ ਉੱਚੀ ਮਤਿ ਵਾਲੇ ਸਮਝਦੇ ਹਨ ਉਨ੍ਹਾਂ ਦਾ ਮਹਲ ਖਾਲੀ ਹੋ ਜਾਂਦਾ ਹੈ ਭਾਵ ਉਨ੍ਹਾਂ ਦੀ ਮਤਿ ਸੰਸਾਰੀਆਂ ਦੇ ਸਾਹਮਣੇ ਬਿਲਕੁਲ ਨੀਵੀਂ ਪੈ ਜਾਂਦੀ ਹੈ ਭਾਵ ਮਹਲ ਤੋਂ ਧਰਤੀ ਤੇ ਆ ਜਾਂਦੀ ਹੈ। ਕਿਸੇ ਨੂੰ ਮਹਲ ਰੂਪ ਉੱਚੇ ਸਮਝ ਵਾਲੇ ਮੰਨਣ ਵਾਲੀਆਂ ਰੂਹਾਂ ਭਾਵ ਮਨੁੱਖ ਭਰਮਾਂ ਵਾਲੀ ਸਮਝ ਵਾਲੇ ਹੁੰਦੇ ਹਨ ਤੇ ਉਨ੍ਹਾਂ ਨੂੰ ਜੋ ਆਪਣੇ ਆਪ ਨੂੰ ਉੱਚੀ ਮਤਿ ਵਾਲੇ ਅਖਵਾਉਂਦੇ ਹਨ ਉਨ੍ਹਾਂ ਨੂੰ ਨੀਵਾਂ ਬਨਾਉਣ ਵਾਲੇ ਵੀ ਉਹ ਹੀ ਹੁੰਦੇ ਹਨ ਕਿਉਂਕਿ ਸੱਚ ਉਨ੍ਹਾਂ ਦੇ ਸਾਹਮਣੇ ਆ ਜਾਂਦਾ ਹੈ। ਇਹ ਨਿਮਾਣਾ ਜਿਹਾ ਦਾਸ ਆਪਣੇ ਜੀਵਨ ਵਿੱਚ ਸਭ ਕੁੱਝ ਮਹਿਸੂਸ ਕਰ ਹੀ ਚੁੱਕਾ ਹੈ ਕਿ ਭਰਮਿਆਂ ਹੋਇਆਂ ਨੂੰ ਸੱਚ ਸਮਝਾਉਣਾ ਬਹੁਤ ਔਖਾ ਹੈ, ਕਿਸੇ ਨੂੰ ਇਹ ਸਮਝਾਉਣਾ ਕਿ ਮਨੁੱਖੀ ਸਮਝ ਮਨੁੱਖ ਦੀ ਨਹੀਂ ਹੈ ਤੇ ਜੋ ਕੁੱਝ ਧਰਮ ਦਾ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਉਸ ਵਿੱਚ ਸੱਚ ਨਹੀਂ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਵੀ ਲੇਖ ਵਿੱਚ ਸਮਝਿਆ ਹੈ। ਸੱਚ ਨੂੰ ਤਾਂ ਸੱਚ ਦਾ ਮਾਲਕ ਇੱਕ ਦਿਨ ਸਾਹਮਣੇ ਲੈ ਹੀ ਆਉਂਦਾ ਹੈ ਫਿਰ ਇਸ ਪੂਰੇ ਲੇਖ ਰਾਹੀਂ ਸ਼ਬਦਾਂ ਦੀ ਵਿਚਾਰ ਰੂਪ ਸੱਚ ਸੰਸਾਰ ਦੇ ਸਾਹਮਣੇ ਲਿਆਉਂਦਾ ਹੀ ਜਾ ਰਿਹਾ ਹੈ ਜਿਵੇਂ ਕਿ ਗੁਰਬਾਣੀ ਅੰਗ ਸੱਤ ਸੌ ਬਾਈ ਤੇ ਸੱਤ ਸੌ ਤੇਈ (722-723) ਤੇ ਦਰਜ ਸ਼ਬਦ ਦੁਆਰਾ ਅਸੀਂ ਇਸ ਗੱਲ ਨੂੰ ਸਮਝਿਆ ਹੀ ਹੈ। **{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥}** ਅੰਗ ੭੨੨-੭੨੩ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸੰਸਾਰ ਦੇ ਸਾਹਮਣੇ ਲਿਆਉਣ ਦਾ ਫੈਸਲਾ ਸੱਚ ਦੇ ਮਾਲਕ ਨੇ ਸਦੀਆਂ ਪਹਿਲੇ ਹੀ ਕਰ ਲਿਆ ਹੋਇਆ ਹੈ ਭਾਵ ਗੁਰਬਾਣੀ ਗ੍ਰੰਥ ਦੀ ਰਚਨਾ

ਕਰਨ ਵੇਲੇ ਹੀ ਕਰ ਲਿਆ ਹੋਇਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਬਰੀਕੀ ਨਾਲ ਸਮਝਿਆ ਹੀ ਹੈ। **(ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥ ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥)**

56/7946

ਸੱਚ ਤਾਂ ਇੱਕ ਦਿਨ ਸਾਹਮਣੇ ਆ ਹੀ ਜਾਂਦਾ ਹੈ ਭਾਵ ਸੱਚ ਦੇ ਮਾਲਕ ਨੇ ਆਪਣਾ ਸੱਚ ਆਪਣੇ ਸ਼ਬਦਾਂ ਰਾਹੀਂ ਸਮਝਾਏ ਹੋਏ ਸੱਚ ਨੂੰ ਸੰਸਾਰ ਦੇ ਸਾਹਮਣੇ ਲਿਆਉਣ ਲਈ ਹੀ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪੂਰੀ ਗੁਰਬਾਣੀ ਵਿੱਚ ਲਿਖਵਾਇਆ ਹੋਇਆ ਹੈ ਤੇ ਸ਼ਬਦਾਂ ਦੇ ਅੰਦਰ ਦੀ ਅਸਲ ਭਗਤੀ ਦੇ ਮਾਰਗ ਨੂੰ ਸਮਝਣਾ ਹੀ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝਣਾ ਹੈ ਕਿ ਉਹ ਸੱਚ ਕਿਸ ਮਕਸਦ ਲਈ ਹੈ। ਸੱਚ ਦੀ ਸਮਝ ਆਉਣ ਨਾਲ ਹੀ ਇਸ ਗੱਲ ਦੀ ਸਮਝ ਪੈਂਦੀ ਹੈ ਕਿ ਭਗਤੀ ਦਾ ਅਸਲ ਮਾਰਗ ਕੀ ਹੈ ਤੇ ਭਗਤੀ ਦੇ ਸੱਚੇ ਮਾਰਗ ਤੇ ਚੱਲਣ ਵਾਲੇ ਦੀ ਹੀ ਸ੍ਰਿਸ਼ਟੀ ਦੇ ਮਾਲਕ ਦੀ ਨਜਰਾਂ ਵਿੱਚ ਅਸਲ ਵਡਿਆਈ ਹੁੰਦੀ ਹੈ ਭਾਵ ਸੱਚੀ ਵਡਿਆਈ ਦੇ ਮਾਲਕ ਉਹ ਹੁੰਦੇ ਹਨ ਜੋ ਆਪ ਸੱਚੀ ਭਗਤੀ ਦੇ ਮਾਰਗ ਤੇ ਚੱਲਦੇ ਹਨ ਤੇ ਸ਼ਬਦਾਂ ਰਾਹੀਂ ਪੂਰੇ ਸੰਸਾਰ ਨੂੰ ਇੱਕੋ ਜਿਹੀ ਸੱਚੀ ਭਗਤੀ ਦਾ ਮਾਰਗ ਸਮਝਾਉਂਦੇ ਹਨ ਜਿਵੇਂ ਕਿ ਉਪਰ ਵਾਲੇ ਸ਼ਬਦ ਦੀ ਅਗਲੀ ਪੰਗਤੀ ਰਾਹੀਂ ਸਪਸ਼ਟ ਕੀਤਾ ਹੋਇਆ ਹੈ। ਆਉ ਧਿਆਨ ਨਾਲ ਸਮਝੀਏ।

“ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥”

ਉਪਰ ਵਾਲੀ ਪੰਗਤੀ ਤੋਂ ਪਹਿਲੀਆਂ ਪੰਗਤੀਆਂ ਰਾਹੀਂ ਅਸੀਂ ਇਸ ਗੱਲ ਨੂੰ ਸਮਝਿਆ ਹੈ ਕਿ ਨਾਸਮਝੀ ਵਾਲੀ ਭਗਤੀ ਵਾਲੇ ਆਪਣੇ ਆਪ ਨੂੰ ਉੱਚਾ ਸਮਝਦੇ ਹਨ ਤੇ ਸੱਚੀ ਭਗਤੀ ਦੀ ਸਮਝ ਵਾਲੇ ਆਪਣੇ ਆਪ ਨੂੰ ਨੀਵਾਂ ਸਮਝਦੇ ਹਨ ਪਰ ਅਸਲ ਵਡਿਆਈ ਕਿਸਨੂੰ ਮਿਲਣੀ ਚਾਹੀਦੀ ਹੈ ਇਹੀ ਗੱਲ ਉਪਰ ਵਾਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ। ਜਿਨ੍ਹਾਂ ਸਰੀਰਾਂ ਨੇ ਆਪਣੇ ਜੀਵਨ ਵਿੱਚ ਸ੍ਰਿਸ਼ਟੀ ਦੇ ਕਰਤੇ ਦੀ **“ਬੰਦਗੀ”** ਆਖੀ ਹੈ, ਉਸਦੀ ਬੰਦਗੀ ਕੀਤੀ ਹੈ ਭਾਵ ਉਸਦੀ ਸੱਚੀ ਭਗਤੀ ਕੀਤੀ ਹੈ, ਉਸਦਾ ਸੱਚਾ ਨਾਮ ਜਪਿਆ ਹੈ ਉਹੀ ਅਸਲ ਵਿੱਚ ਭਗਤੀ ਦੇ ਮਾਰਗ ਦੇ **“ਸੇਖ”** ਹਨ ਭਾਵ ਭਗਤੀ ਦੇ ਮਾਰਗ ਤੇ ਉੱਚਾ ਅਖਵਾਉਣ ਦੇ ਕਾਬਿਲ ਹਨ। ਅਕਾਲ ਪੁਰਖ ਦੀ, ਅੱਲ੍ਹਾ ਦੀ ਬੰਦਗੀ ਦਾ, ਪ੍ਰਮਾਤਮਾ ਦੀ, ਗਾਡ ਦੀ ਭਾਵ ਸ੍ਰਿਸ਼ਟੀ ਦੇ ਮਾਲਕ ਦੀ ਬੰਦਗੀ ਦਾ ਅਸਲ ਮਾਰਗ ਕੀ ਹੈ ਜੋ ਕਿ ਸਾਰੇ ਸੰਸਾਰ ਦੇ ਹਰ ਮਨੁੱਖ ਲਈ ਇੱਕੋ ਜਿਹਾ ਹੀ ਹੈ, ਉਹ ਬੰਦਗੀ ਦਾ ਮਾਰਗ ਉਪਰ ਵਾਲੀ ਪੰਗਤੀ ਦੇ ਵਿੱਚ ਨਾਲ ਹੀ ਸਪਸ਼ਟ ਕੀਤਾ ਹੋਇਆ ਹੈ ਜੋ ਕਿ ਇਸ ਤਰੀਕੇ ਹੈ। **“ਚਲਣੁ ਅਜੁ ਕਿ ਕਲਿ”** ਸਾਰੀ ਗੱਲ **“ਚਲਣੁ”** ਨੂੰ ਸਮਝਣ ਦੀ ਹੈ।

56/7947

ਹਰ ਮਨੁੱਖ ਦਾ ਆਪਣੇ ਜੀਵਨ ਵਿੱਚ **“ਚਲਣੁ”** ਕਿਹੋ ਜਿਹਾ ਹੋਣਾ ਚਾਹੀਦਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਉਪਰ ਪੰਗਤੀ ਵਿੱਚ ਸੰਸਾਰ ਦੇ ਵਿੱਚ ਮਨੁੱਖ ਦਾ ਆਪਣੇ ਜੀਵਨ ਵਿੱਚ ਚਾਲ-ਚਲਣ ਕਿਹੋ ਜਿਹਾ ਹੋਣਾ ਚਾਹੀਦਾ ਹੈ ਭਾਵ ਮਨੁੱਖ ਦੇ ਆਚਾਰ ਕਿਹੋ ਜਿਹੇ ਹੋਣੇ ਚਾਹੀਦੇ ਹਨ ਇਸ ਦੀ ਗੱਲ ਕੀਤੀ ਹੋਈ ਹੈ। ਆਪਣੇ ਜੀਵਨ ਵਿੱਚ ਜੋ ਮਨੁੱਖ ਸੱਚੇ ਸੁੱਚੇ ਕਰਮ ਕਰਦਾ ਹੈ ਭਾਵ ਔਗੁਣ ਤਿਆਗਣ ਦੁਆਰਾ ਵਿਚਰਦਾ ਹੈ, ਤ੍ਰਿਸ਼ਨਾਵਾਂ ਤਿਆਗਣ ਦੁਆਰਾ ਵਿਚਰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਾਲੇ ਮਾੜੇ ਵਿਚਾਰ ਤਿਆਗਣ ਦੁਆਰਾ ਵਿਚਰਦਾ ਹੈ ਉਸੇ ਮਨੁੱਖ ਦਾ ਹੀ ਸੰਸਾਰ ਵਿੱਚ **“ਚਲਣੁ”** ਚੰਗਾ ਹੁੰਦਾ ਹੈ ਜੋ ਕਿ ਪ੍ਰਮਾਤਮਾ ਦੀ ਬੰਦਗੀ ਦਾ ਭਾਵ ਉਸਦੀ ਸੱਚੀ ਭਗਤੀ ਦਾ ਮਾਰਗ ਹੈ ਜੋ ਸੱਚੀ ਭਗਤੀ ਦਾ ਮਾਰਗ, ਸੱਚਾ ਨਾਮ ਜਪਣ ਦਾ ਮਾਰਗ ਅਸੀਂ ਹਰ ਸ਼ਬਦ ਰਾਹੀਂ ਸਮਝਿਆ ਹੈ। ਜਦ ਤੋਂ ਵੀ ਸ੍ਰਿਸ਼ਟੀ ਦੇ ਕਰਤੇ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤਦ ਤੋਂ ਉਸਦੀ ਸੱਚੀ ਬੰਦਗੀ ਦਾ ਮਾਰਗ ਸਭ ਦੇ ਲਈ ਇੱਕੋ ਜਿਹਾ ਹੀ ਚਲੱਦਾ ਆ ਰਿਹਾ ਹੈ। ਉਪਰ ਸ਼ਬਦ ਵਿੱਚ ਭਗਤ ਫਰੀਦ ਜੀ ਸੰਸਾਰ ਨੂੰ ਇਹ ਸਮਝਾ ਰਹੇ ਹਨ ਕਿ ਬੰਦਗੀ ਦਾ ਮਾਰਗ ਜੋ ਮੇਰੇ ਲਈ **“ਅਜੁ”** ਹੈ ਉਹੀ **“ਕਲਿ”** ਨੂੰ ਰਹਿਣਾ ਹੈ ਭਾਵ ਜੋ ਬੰਦਗੀ ਦਾ ਮਾਰਗ ਮੇਰੇ ਜੀਵਨ ਵਿੱਚ ਹੈ ਉਹੀ ਬਾਅਦ ਵਿੱਚ ਰਹਿਣਾ ਹੈ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਬੰਦਗੀ ਦਾ ਮਾਰਗ ਕਦੇ ਬਦਲ ਨਹੀਂ ਸਕਦਾ ਜੋ ਮਾਰਗ ਸੱਚ ਤੇ ਚੱਲਣ ਦਾ ਹੈ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਤੇ ਚੱਲਣ ਦਾ ਹੈ ਭਾਵੇਂ ਕੋਈ ਸ਼ਬਦਾਂ ਦੀ ਸੱਚੀ ਵਿਚਾਰ ਜਿਹੜੇ ਮਰਜੀ ਸੱਚੇ ਧਰਮ ਗ੍ਰੰਥ ਵਿੱਚੋਂ ਲੈ ਲਵੇ ਕਿਉਂਕਿ ਹਰ ਸੱਚਾ ਧਰਮ ਗ੍ਰੰਥ ਸੱਚ ਦੇ ਮਾਲਕ ਦੀ ਸਮਝ ਰਾਹੀਂ ਹੀ ਆਇਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਰੀ ਗੱਲ ਸੱਚੀ ਭਗਤੀ ਦੇ ਮਾਰਗ ਵਿੱਚ ਤੇ ਝੂਠੀ ਭਗਤੀ ਦੇ ਮਾਰਗ ਵਿੱਚ ਫਰਕ ਸਮਝਣ ਦੀ ਹੀ ਹੈ। ਸੱਚੀ ਭਗਤੀ ਦਾ ਮਾਰਗ ਕੇਵਲ ਗੁਰੂ ਦੇ ਕੋਲ ਹੈ ਜੋ ਕਿ ਸ਼ਬਦਾਂ ਦੀ ਸੱਚੀ ਵਿਚਾਰ ਦੇ ਰੂਪ ਵਿੱਚ ਹੈ, ਨਾ ਕਿ ਉਨ੍ਹਾਂ ਦੇ ਕੋਲ ਹੈ ਜਿਨ੍ਹਾਂ ਦੀ ਵਿਚਾਰ ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ ਮੇਲ ਨਹੀਂ ਖਾਂਦੀ ਤੇ ਹਰ ਕੋਈ ਮਨ ਦੇ

ਭਰਮ ਕਰਕੇ ਹੀ ਆਪਣੇ ਆਪ ਨੂੰ ਭਗਤੀ ਦੇ ਮਾਰਗ ਦਾ ਉੱਚਾ ਸਮਝੀ ਬੈਠਾ ਹੈ ਤੇ ਮਨ ਦੇ ਭਰਮ ਕਰਕੇ ਹੀ ਹਰ ਕੋਈ ਉਹੋ ਜਿਹਿਆਂ ਦੀ ਮਤਿ ਦੇ ਪਿੱਛੇ ਲੱਗਦਾ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪੂਰੇ ਲੇਖ ਵਿੱਚ ਅਨੇਕਾਂ ਹੀ ਸ਼ਬਦਾਂ ਦੁਆਰਾ ਸਮਝਿਆ ਹੈ ਤੇ ਇਹੀ ਗੱਲ ਉਪਰ ਵਾਲੇ ਸ਼ਬਦ ਰਾਹੀਂ ਸੰਸਾਰ ਨੂੰ ਸਮਝਾਈ ਹੋਈ ਹੈ। **(ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥ ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥)**

ਉਪਰ ਵਾਲੇ ਸ਼ਬਦ ਵਿੱਚ ਜਿਨ੍ਹਾਂ ਕੁੱਝ ਗੱਲਾਂ ਨੂੰ ਅਸੀਂ ਸਮਝਿਆ ਹੈ ਉਨ੍ਹਾਂ ਗੱਲਾਂ ਨੂੰ ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਜਿਨ੍ਹਾਂ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ।

56/7948

ਸਿਰੀਰਾਗੁ ਮਹਲੁ ੧ ॥

{ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥
ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ ਭਾਈ ਰੇ ਸੰਤ ਜਨਾ ਕੀ ਰੇਨੁ ॥
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਨੁ ॥੧॥ ਰਹਾਉ ॥
ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥ ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥ ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥
ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥
ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥}

(ਅੰਗ ੧੮)

ਸਿਰੀਰਾਗੁ ਮਹਲਾ ੩ ॥

{ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥
ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥੧॥ ਭਾਈ ਰੇ ਇਕ ਮਨਿ ਨਾਮੁ ਧਿਆਇ ॥
ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ ॥੧॥ ਰਹਾਉ ॥
ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥ ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥
ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥੨॥ ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ॥
ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥ ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥੩॥
ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥ ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥੧੩॥੪੬॥}

(ਅੰਗ ੩੧)

ਸਿਰੀਰਾਗੁ ਮਹਲਾ ੩ ॥

{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥

ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥
ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥
ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥
ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥
ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ ੩੫)

ਸਿਰੀਰਾਗੁ ਮਹਲਾ ੩ ॥

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥
ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥
ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥
ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥
ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥
ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥
ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥ ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ॥੪॥੨੬॥੫੯॥}

(ਅੰਗ ੩੬-੩੭)

ਸਿਰੀਰਾਗੁ ਮਹਲਾ ੫ ॥

{ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥
ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥੧॥ ਮੇਰੇ ਮਨ ਏਕਸ ਸਿਉ ਚਿਤੁ ਲਾਇ ॥
ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥੧॥ ਰਹਾਉ ॥
ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥
ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥
ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥੨॥
ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥ ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ॥
ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ ॥੩॥ ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥
ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥੪॥੬॥੭੬॥}

(ਅੰਗ ੪੪)

ਸਿਰੀਰਾਗੁ ਮਹਲਾ ੫ ॥

{ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥
ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥ ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥
ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ ॥
ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥
ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥ ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥
ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥ ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥
ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥ ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥
ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥
ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥੪॥੧੧॥੯੧॥}

(ਅੰਗ ੪੬)

ਸਿਰੀਰਾਗੁ ਮਹਲਾ ੧ ॥

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥
ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥
ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥
ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥
ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ ੫੬-੫੭)

ਸਿਰੀਰਾਗੁ ਮਹਲਾ ੩ ॥

{ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥
ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥
ਪੰਖੀ ਬਿਰਖ ਸੁਹਾਵੜੇ ਉਡਹਿ ਚਹੁ ਦਿਸਿ ਜਾਹਿ ॥ ਜੇਤਾ ਉਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥
ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥੨॥ ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ॥
ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥
ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥
ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥੪॥ ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ॥
ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ ॥ ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥੫॥
ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥ ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥
ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥੬॥ ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ ॥
ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ ॥ ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ ॥੭॥
ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ ॥ ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ ॥
ਨਾਨਕ ਨਾਮਿ ਵਡਾਈਆ ਕਰਮਿ ਪਰਾਪਤਿ ਹੋਇ ॥੮॥੩॥੨੦॥}

(ਅੰਗ ੬੬)

ਮਾਝ ਮਹਲਾ ੫ ॥

{ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ ਜਨਮੁ ਪਦਾਰਥੁ ਗਹਿਰ ਗੰਭੀਰੈ ॥
ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥੧॥
ਦਰਸਨੁ ਪੇਖਤ ਭਏ ਪੁਨੀਤਾ ॥ ਸਗਲ ਉਧਾਰੇ ਭਾਈ ਮੀਤਾ ॥
ਅਗਮ ਅਗੋਚਰੁ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥
ਜਾ ਕਉ ਖੋਜਹਿ ਸਰਬ ਉਪਾਏ ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥
ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥
ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥
ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥}

(ਅੰਗ ੧੦੧)

56/7949

{ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥
ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥}

(ਅੰਗ ੧੦੫੮)

ਸਲੋਕ ਮਃ ੩ ॥

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ ੮੮)

ਪਉੜੀ ॥

{ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥}

(ਅੰਗ ੧੪੫)

ਗਉੜੀ ਮਾਲਾ ਮਹਲਾ ੫ ॥

{ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥
ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥}

(ਅੰਗ ੨੧੬)

ਮਲਾਰ ਮਹਲਾ ੩ ॥

{ਗੁਰੁ ਸਾਲਾਹੀ ਸਦਾ ਸੁਖਦਾਤਾ ਪ੍ਰਭੁ ਨਾਰਾਇਣੁ ਸੋਈ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਵਡੀ ਵਡਿਆਈ ਹੋਈ ॥
ਅਨਦਿਨੁ ਗੁਣ ਗਾਵੈ ਨਿਤ ਸਾਚੇ ਸਚਿ ਸਮਾਵੈ ਸੋਈ ॥੧॥ ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥
ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ ॥੧॥ ਰਹਾਉ ॥
ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥ ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ ॥
ਅਨਦਿਨੁ ਹਰਿ ਰਵਿਆ ਰਿਦ ਅੰਤਰਿ ਸਹਜਿ ਸਮਾਧਿ ਲਗਾਹੀ ॥੨॥
ਸਤਿਗੁਰ ਸਬਦੀ ਇਹੁ ਮਨੁ ਭੇਦਿਆ ਹਿਰਦੈ ਸਾਚੀ ਬਾਣੀ ॥
ਮੇਰਾ ਪ੍ਰਭੁ ਅਲਖੁ ਨ ਜਾਈ ਲਖਿਆ ਗੁਰਮੁਖਿ ਅਕਥ ਕਹਾਣੀ ॥
ਆਪੇ ਦਇਆ ਕਰੇ ਸੁਖਦਾਤਾ ਜਪੀਐ ਸਾਰਿੰਗਪਾਣੀ ॥੩॥
ਆਵਣ ਜਾਣਾ ਬਹੁੜਿ ਨ ਹੋਵੈ ਗੁਰਮੁਖਿ ਸਹਜਿ ਧਿਆਇਆ ॥
ਮਨ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮੰਨੁ ਸਮਾਇਆ ॥
ਸਾਚੇ ਹੀ ਸਚੁ ਸਾਚਿ ਪਤੀਜੈ ਵਿਚਹੁ ਆਪੁ ਗਵਾਇਆ ॥੪॥
ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ ॥ ਏਕੋ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ॥
ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ ॥੫॥੪॥}

(ਅੰਗ ੧੨੫੮-੧੨੫੯)

ਸਿਰੀਰਾਗੁ ਮਹਲਾ ੪ ॥

{ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥ ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥
ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥੧
ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ ॥ ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ ॥੧॥ ਰਹਾਉ ॥
ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥

ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥
ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ ॥੨॥
ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥
ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥
ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥
ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥
ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥
ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ ॥੪॥੩੩॥੩੧॥੬॥੭੦॥}

(ਅੰਗ ੪੧-੪੨)

ਮਃ ੧ ॥

{ਜਾ ਤੂੰ ਵਡਾ ਸਭਿ ਵਡਿਆਂਈਆ ਚੰਗੈ ਚੰਗਾ ਹੋਈ ॥ ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ ॥
ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥}

(ਅੰਗ ੧੪੫)

ੴ ਸਤਿਗੁਰ ਪ੍ਰਸਾਦਿ ॥

ਰਾਗੁ ਆਸਾ ਘਰੁ ੮ ਕੇ ਕਾਫੀ ਮਹਲਾ ੪ ॥

{ਆਇਆ ਮਰਣੁ ਧੁਰਾਹੁ ਹਉਮੈ ਰੋਈਐ ॥ ਗੁਰਮੁਖਿ ਨਾਮੁ ਧਿਆਇ ਅਸਥਿਰੁ ਹੋਈਐ ॥੧॥
ਗੁਰ ਪੂਰੇ ਸਾਬਾਸਿ ਚਲਣੁ ਜਾਣਿਆ ॥ ਲਾਹਾ ਨਾਮੁ ਸੁ ਸਾਰੁ ਸਬਦਿ ਸਮਾਣਿਆ ॥੧॥ ਰਹਾਉ ॥
ਪੂਰਬਿ ਲਿਖੇ ਡੇਹ ਸਿ ਆਏ ਮਾਇਆ ॥ ਚਲਣੁ ਅਜੁ ਕਿ ਕਲ੍ਹਿ ਧੁਰਹੁ ਫੁਰਮਾਇਆ ॥੨॥
ਬਿਰਥਾ ਜਨਮੁ ਤਿਨਾ ਜਿਨ੍ੀ ਨਾਮੁ ਵਿਸਾਰਿਆ ॥ ਜੂਐ ਖੇਲਣੁ ਜਗਿ ਕਿ ਇਹੁ ਮਨੁ ਹਾਰਿਆ ॥੩॥
ਜੀਵਣਿ ਮਰਣਿ ਸੁਖੁ ਹੋਇ ਜਿਨ੍ਾ ਗੁਰੁ ਪਾਇਆ ॥ ਨਾਨਕ ਸਚੇ ਸਚਿ ਸਚਿ ਸਮਾਇਆ ॥੪॥੧੨॥੬੪॥}

(ਅੰਗ ੧੩੬੯)

ਵਡਹੰਸੁ ਮਃ ੩ ॥

{ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥
ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ ॥
ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ ਸਤਿਗੁਰੁ ਸੇਵਿ ਸੁਖੁ ਪਾਇਆ ॥
ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣ ਜਾਣੁ ਨ ਹੋਇਆ ॥
ਸਚਾ ਸਾਹਿਬੁ ਸਚੀ ਨਾਈ ਵੇਖੈ ਨਦਰਿ ਨਿਹਾਲੇ ॥
ਰੋਵਹਿ ਪਿਰਹੁ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥੧॥
ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਵ ਮਿਲਾਂ ਪ੍ਰੀਤਮ ਪਿਆਰੇ ॥
ਸਤਿਗੁਰਿ ਮੇਲੀ ਤਾਂ ਸਹਜਿ ਮਿਲੀ ਪਿਰੁ ਰਾਖਿਆ ਉਰ ਧਾਰੇ ॥
ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ ਸਤਿਗੁਰ ਤੇ ਪਿਰੁ ਦਿਸੈ ॥

ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ ॥
ਪਿਰ ਰੰਗਿ ਰਾਤਾ ਸੋ ਸਚਾ ਚੋਲਾ ਤਿਤੁ ਪੈਧੈ ਤਿਖਾ ਨਿਵਾਰੇ ॥
ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਉ ਮਿਲਾ ਪ੍ਰੀਤਮ ਪਿਆਰੇ ॥੨॥
ਮੈ ਪ੍ਰਭੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥
ਮੈ ਸਦਾ ਰਾਵੇ ਪਿਰੁ ਆਪਣਾ ਸਚੜੈ ਸਬਦਿ ਵੀਚਾਰੇ ॥
ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ ਮਿਲਿ ਸਤਿਗੁਰ ਪ੍ਰੀਤਮੁ ਪਾਇਆ ॥
ਅੰਤਰਿ ਰੰਗਿ ਰਾਤੀ ਸਹਜੇ ਮਾਤੀ ਗਇਆ ਦੁਸਮਨੁ ਦੂਖੁ ਸਬਾਇਆ ॥
ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ ਤ੍ਰਿਸਨਾ ਦੂਖ ਨਿਵਾਰੇ ॥
ਮੈ ਪਿਰੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥੩॥
ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥
ਆਪਿ ਮਿਲਾਏ ਆਪਿ ਮਿਲੈ ਆਪੇ ਦੇਇ ਪਿਆਰੋ ॥
ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥
ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥
ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥
ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥੩॥}

(ਅੰਗ ੫੯੯)

56/7950

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯
ੴ ਸਤਿਗੁਰ ਪ੍ਰਸਾਦਿ ॥

{ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ ॥
ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥
ਤਿਨ੍ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥
ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥
ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥੧॥ ਰਹਾਉ ॥
ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥ ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥
ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥੨॥
ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥
ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥
ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥੩॥
ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥ ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥
ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥੪॥
ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥

ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥
ਮਨ ਤੇ ਕਬਹੁ ਨ ਵੀਸਰੈ ਜਾ ਆਪੇ ਹੋਇ ਦਇਆਲ ਜੀਉ ॥੫॥
ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥ ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ॥
ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥੬॥
ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥
ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥
ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥੭॥
ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥ ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥
ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥}

(ਅੰਗ ੭੬੦-੭੬੧)

ਸਲੋਕੁ ਮਃ ੨ ॥

{ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥ ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥}

(ਅੰਗ ੭੮੭)

ਮਃ ੨ ॥

{ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥ ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥੨॥}

(ਅੰਗ ੭੮੭)

ਮਃ ੨ ॥

{ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥}

(ਅੰਗ ੭੮੭)

ਮਃ ੨ ॥

{ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥ ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥੪॥}

(ਅੰਗ ੭੮੭)

ਪਉੜੀ ॥

{ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥ ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥
ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥ ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥
ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥੭॥}

(ਅੰਗ ੭੮੮)

ਮਹਲਾ ੧ ॥

{ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ॥ ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ ॥
ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ ॥ ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ॥
ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥}

(ਅੰਗ ੧੨੩੮)

ਸ੍ਰਿਸ਼ਟੀ ਦੇ ਕਰਤੇ ਦੇ ਸੱਚੇ ਵਿਚਾਰ ਰੂਪ ਮਨ ਦੇ ਮਹਲ ਵਿੱਚ ਭਾਵ ਭਗਤੀ ਦੇ ਮਾਰਗ ਦੀ ਸੱਚੀ ਤੇ ਉੱਚੀ ਸਮਝ ਰੱਖਣ ਵਾਲੇ ਕਿਹੋ ਜਿਹੇ ਹੁੰਦੇ ਹਨ ਤੇ ਆਪਣੇ ਵਿਚਾਰਾਂ ਦਾ ਝੂਠਾ ਮਹਲ ਪਾਉਣ ਵਾਲੇ ਕਿਹੋ ਜਿਹੇ ਹੁੰਦੇ ਹਨ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੇ ਰੂਪ ਵਿੱਚ ਪੜਨ ਦੇ ਨਾਲ ਮਨ ਦੇ ਵਿੱਚ ਇਹ ਤਸੱਲੀ ਜਰੂਰ ਆਈ ਹੋਵੇਗੀ ਕਿ ਸੱਚੀ ਭਗਤੀ ਦੀ ਸਮਝ ਦੇ ਵਿੱਚ ਤੇ ਝੂਠੀ ਭਗਤੀ ਦੀ ਸਮਝ ਦੇ ਵਿੱਚ ਕਿਤਨਾ ਵੱਡਾ ਫਰਕ ਹੈ ਤੇ ਦੂਸਰਿਆਂ ਨੂੰ ਝੂਠੀ ਭਗਤੀ ਦਾ ਮਾਰਗ ਸਮਝਾਉਣਾ ਕਿਤਨੀ ਮਾੜੀ ਗੱਲ ਹੈ। ਮਰੀ ਹੋਈ ਮਤਿ ਵਾਲੇ ਭਾਵ ਝੂਠੀ ਸਮਝ ਰੱਖਣ ਵਾਲੇ ਭਾਵ ਮਨ ਦੀ ਅਗਿਆਨਤਾ ਵਿੱਚ ਰਹਿਣ ਵਾਲੇ ਕਿਹੋ ਜਿਹੇ ਹੁੰਦੇ ਹਨ ਤੇ ਕਿਸ ਵਜ੍ਹਾ ਕਰਕੇ ਹੁੰਦੇ ਹਨ ਇਸ ਗੱਲ ਨੂੰ ਵੀ ਉਪਰ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਸਮਝਿਆ ਜਾ ਸਕਦਾ ਹੈ। ਗੱਲ ਕੇਵਲ ਗੁਰੂ ਦੇ ਸ਼ਬਦਾਂ ਦੀ ਵਿਚਾਰ ਤੇ ਮਨ ਨੂੰ ਟਿਕਾਉਣ ਦੀ ਹੈ। ਇਸੇ ਤਰ੍ਹਾਂ ਬਾਣੀ ਦੇ ਸ਼ਬਦਾਂ ਰਾਹੀਂ **"ਚਲਣੁ"** ਕਿਸਨੂੰ ਕਿਹਾ ਹੈ ਇਸ ਗੱਲ ਨੂੰ ਉਪਰ ਵਾਲੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਦੁਹਰਾਇਆ ਗਿਆ ਹੈ ਤਾਂ ਜੋ ਅਸੀਂ ਭਗਤੀ ਦੇ ਸਹੀ ਮਾਰਗ ਨੂੰ ਸਮਝਕੇ ਆਪਣਾ ਚਲਣ ਸੁਧਾਰ ਸਕੀਏ ਭਾਵ ਆਪਣੀ ਸੰਸਾਰਿਕ ਵਿਚਰਣ ਸੁਧਾਰ ਸਕੀਏ ਭਾਵ ਸੱਚੇ ਸੁੱਚੇ ਕਰਮ ਕਰੀਏ ਜੋ ਕਿ ਹਰ ਮਨੁੱਖ ਲਈ ਸੱਚੀ ਭਗਤੀ ਦਾ, ਸੱਚਾ ਨਾਮ ਜਪਣ ਦਾ ਮਾਰਗ ਹੈ।

ਆਪਣਾ ਚਲਣ ਸੁਧਾਰ ਕੇ ਅਸੀਂ ਉਸਨੂੰ ਸੰਸਾਰ ਦੇ ਵਿੱਚ ਕਿਸ ਰੂਪ ਵਿੱਚ ਦਿਖਾਉਣਾ ਹੈ ਇਸ ਗੱਲ ਨੂੰ ਸ਼ੇਖ ਫਰੀਦ ਜੀ ਨੇ ਅਗਲੇ ਸ਼ਬਦ ਰਾਹੀਂ ਸਪਸ਼ਟ ਕੀਤਾ ਹੋਇਆ ਹੈ ਭਾਵ ਚੰਗੇ ਚੱਲਣ ਵਾਲਾ ਮਨੁੱਖ ਫਿਰ ਆਪਣੇ ਜੀਵਨ ਵਿੱਚ ਚੰਗੇ ਅਮਲ ਹੀ ਕਰਦਾ ਹੈ ਜੋ ਕਿ ਗੁਰੂ ਦੀ ਮਤਿ ਨੂੰ ਮੰਨਣ ਦੁਆਰਾ

56/7951

ਭਾਵ ਗੁਰੂ ਦੀ ਮਤਿ ਤੇ ਅਮਲ ਕਰਨ ਦੁਆਰਾ ਚੰਗੇ ਕਰਮ ਕਰਦਾ ਹੈ। ਸੱਚੀ ਭਗਤੀ ਦਾ ਮਾਰਗ ਸਾਹਮਣੇ ਆਉਣ ਤੇ ਫਿਰ ਝੂਠੀ ਭਗਤੀ ਸਮਝਾਉਣ ਵਾਲਿਆਂ ਦਾ ਪਾਜ ਕਿਵੇਂ ਖੁੱਲਦਾ ਹੈ ਤੇ ਉਨ੍ਹਾਂ ਨੂੰ ਫਿਰ ਆਪਣੀ ਨਾਸਮਝੀ ਵਾਲੀ ਭਗਤੀ ਤੇ ਕਿਨ੍ਹਾਂ ਕੁ ਦੁੱਖ ਮਹਿਸੂਸ ਹੁੰਦਾ ਹੈ ਇਹ ਵੀ ਸ਼ਬਦ ਵਿੱਚ ਨਾਲ ਹੀ ਸਮਝਾਇਆ ਹੋਇਆ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਸ਼ੇਖ ਫਰੀਦ ਜੀ ਦੇ ਇਸ ਤੋਂ ਪਹਿਲੇ ਸ਼ਬਦਾਂ ਰਾਹੀਂ ਸਮਝਿਆ ਹੈ। ਇਨ੍ਹਾਂ ਸਾਰੇ ਸ਼ਬਦਾਂ ਦਾ ਭਾਵ ਆਪਸ ਵਿੱਚ ਜੁੜਿਆ ਹੋਇਆ ਹੀ ਹੈ ਜਿਨ੍ਹਾਂ ਸ਼ਬਦਾਂ ਦਾ ਭਾਵ ਸਾਨੂੰ ਝੂਠੀ ਭਗਤੀ ਦੇ ਮਾਰਗ ਵਿੱਚੋਂ ਕੱਢਕੇ ਸੱਚੀ ਭਗਤੀ ਦੇ ਮਾਰਗ ਨਾਲ ਜੋੜਨ ਦਾ ਹੀ ਹੈ ਭਾਵ ਝੂਠੀ ਭਗਤੀ ਸਮਝਾਉਣ ਵਾਲਿਆਂ ਨੂੰ ਮਨ ਦੇ ਭਰਮਾਂ ਵਿੱਚੋਂ ਕੱਢਕੇ ਸੱਚ ਦੇ ਮਾਰਗ ਦੇ ਨਾਲ ਜੋੜਨ ਦਾ ਹੀ ਹੈ ਤਾਂ ਜੋ ਉਹ ਭਰਮ ਫੈਲਾਉਣ ਤੋਂ ਬੱਚਣ, ਆਪਣੀ ਮਤਿ ਨੂੰ ਉੱਚਾ ਬਣਾਕੇ ਗੁਰੂ ਦੀ ਮਤਿ ਨੂੰ ਨੀਵਾਂ ਕਰਨ ਤੋਂ ਬੱਚਣ। ਆਉ ਸਮਝੀਏ।

"ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥ ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥"

ਸ਼ਬਦ ਦੀਆਂ ਉਪਰ ਵਾਲੀਆਂ ਪਹਿਲੀਆਂ ਦੋ ਪੰਗਤੀਆਂ ਨੂੰ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ ਕਿਉਂਕਿ ਇਨ੍ਹਾਂ ਪੰਗਤੀਆਂ ਰਾਹੀਂ ਉਹੋ ਜਿਹਿਆਂ ਦਾ ਵੱਡਾ ਭਰਮ ਹੀ ਕੱਢਿਆ ਹੋਇਆ ਹੈ ਜੋ ਇਹ ਸਮਝਦੇ ਹਨ ਕਿ ਉਨ੍ਹਾਂ ਦੀ ਮਤਿ ਭਾਵ ਉਨ੍ਹਾਂ ਦੁਆਰਾ ਸਮਝਾਇਆ ਹੋਇਆ ਧਰਮ ਦਾ ਝੂਠਾ ਮਾਰਗ ਕਦੇ ਖਤਮ ਨਹੀਂ ਹੋ ਸਕਦਾ ਭਾਵ ਉਨ੍ਹਾਂ ਦੀਆਂ ਸਮਝਾਈਆਂ ਹੋਈਆਂ ਝੂਠੀਆਂ ਗੱਲਾਂ ਦੀ, ਭਗਤੀ ਦੇ ਮਾਰਗ ਦੀਆਂ ਝੂਠੀਆਂ ਗੱਲਾਂ ਦੀ ਕਦੇ ਮੌਤ ਨਹੀਂ ਹੋ ਸਕਦੀ। ਉਨ੍ਹਾਂ ਨੂੰ ਇਹ ਕੁੱਝ ਇੱਕ ਦਰਿਆ ਦੇ ਕੰਢੇ ਤੇ ਜੋ ਬੰਨਾਂ ਹੁੰਦਾ ਹੈ ਉਸਦੇ ਨਾਲ ਤੁਲਨਾ ਕਰਕੇ ਸਮਝਾਇਆ ਹੋਇਆ ਹੈ। ਬੰਨਾਂ ਦਰਿਆ ਦੇ ਪਾਣੀ ਨੂੰ ਰੋਕਣ ਲਈ ਹੀ ਹੁੰਦਾ ਹੈ ਕਿ ਦਰਿਆ ਦਾ ਪਾਣੀ ਨੀਵਾਂ ਹੈ ਤੇ ਮੈਂ ਉਸ ਤੋਂ ਉੱਚਾ ਹਾਂ। ਉਨ੍ਹਾਂ ਦੇ ਲਈ ਦਰਿਆ ਦਾ ਪਾਣੀ ਗੁਰਮਤਿ ਦੀ ਤਰ੍ਹਾਂ ਹੈ ਜਿਸਨੂੰ ਕਿ ਉਹ ਆਪਣੇ ਆਪ ਤੋਂ ਨੀਵੀਂ ਸਮਝਦੇ ਹਨ ਤੇ ਆਪਣੀ ਮਤਿ ਨੂੰ ਬੰਨੇ ਦੀ ਤਰ੍ਹਾਂ ਉੱਚੀ ਸਮਝਦੇ ਹਨ ਪਰ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਹੁੰਦੀ ਕਿ ਜਦੋਂ ਦਰਿਆ ਵਿੱਚ ਹੜ੍ਹ ਆ ਜਾਂਦਾ ਹੈ ਉਦੋਂ ਦਰਿਆ ਦਾ ਪਾਣੀ ਬਹੁਤ ਉੱਚਾ ਹੋ ਜਾਂਦਾ ਹੈ ਜੋ ਕਿ ਬੰਨੇ ਨੂੰ ਢਾਹ ਦਿੰਦਾ ਹੈ, ਉਸਨੂੰ ਰੋੜ ਦਿੰਦਾ ਹੈ, ਉਸਨੂੰ ਮਾਰ ਦਿੰਦਾ ਹੈ ਭਾਵ ਖਤਮ ਕਰ ਦਿੰਦਾ ਹੈ। ਜਿਨ੍ਹਾਂ ਨੇ ਗੁਰਮਤਿ ਨੂੰ ਆਪਣੀ ਮਤਿ ਨਾਲੋਂ ਬਹੁਤ ਨੀਵਾਂ ਸਮਝਿਆ ਹੋਇਆ ਹੈ ਉਹ ਕੀ ਜਾਨਣ ਕਿ ਇੱਕ ਦਿਨ ਸੱਚ ਵੀ ਸਾਹਮਣੇ ਆ ਜਾਂਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਵੀ ਇੱਕ ਦਿਨ ਸਾਹਮਣੇ ਆ ਜਾਣੀ ਹੈ ਜੋ ਸ਼ਬਦਾਂ ਦੀ ਸੱਚੀ ਵਿਚਾਰ ਬਹੁਤ ਉੱਚੀ ਹੈ, ਉਨ੍ਹਾਂ ਦੇ ਬੰਨੇ ਵਾਲੀ ਸਮਝ ਤੋਂ ਬਹੁਤ ਉੱਚੀ ਹੈ ਭਾਵ ਤ੍ਰੈ ਗੁਣਾਂ ਵਾਲੀ ਸਮਝ ਨਾਲੋਂ, ਹਉਮੈ ਵਾਲੀ ਸਮਝ ਨਾਲੋਂ ਗੁਰੂ ਦੇ ਚੌਥੇ ਪਦ ਵਾਲੇ ਵਿਆਨ ਵਾਲੀ ਸਮਝ, ਸਹਜ ਗਿਆਨ

ਵਾਲੀ ਸਮਝ, ਨਾਮ ਵਾਲੀ ਸਮਝ, ਬ੍ਰਹਮ ਗਿਆਨ ਵਾਲੀ ਸਮਝ ਬਹੁਤ ਉੱਚੀ ਸਮਝ ਹੈ ਜਿਸਨੇ ਤ੍ਰੈ ਗੁਣਾਂ ਵਾਲੇ ਬੰਨੇ ਵਾਲੀ ਸਮਝ ਨੂੰ ਇੱਕ ਦਿਨ ਢਾਹ ਦੇਣਾ ਹੈ ਭਾਵ ਉਨ੍ਹਾਂ ਦੇ ਭਰਮਾਂ

56/7952

ਵਾਲੀ ਸਮਝ ਨੂੰ ਮਾਰ ਦੇਣਾ ਹੈ ਭਾਵ ਭਗਤੀ ਦੇ ਝੂਠ ਨੂੰ ਖਤਮ ਕਰ ਦੇਣਾ ਹੈ। **(ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥)**

ਭਗਤੀ ਦੇ ਮਾਰਗ ਦੀ ਝੂਠੀ ਸਮਝ ਪਾਉਣ ਵਾਲਿਆਂ ਦਾ, ਸੱਚ ਦੇ ਸਾਹਮਣੇ ਆਉਣ ਦੇ ਨਾਲ ਫਿਰ ਉਨ੍ਹਾਂ ਦਾ ਜੋ ਝੂਠਾ ਮਾਣ ਟੁੱਟਦਾ ਹੈ ਉਸ ਗੱਲ ਦਾ ਫਿਰ ਉਨ੍ਹਾਂ ਨੂੰ ਕਿਤਨਾ ਕੁ ਦੁੱਖ ਮਹਿਸੂਸ ਹੁੰਦਾ ਹੈ, ਇਹੀ ਗੱਲ ਅਗਲੀ ਪੰਗਤੀ ਰਾਹੀਂ ਸਮਝਾਈ ਹੋਈ ਹੈ।

“ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥”

“ਦੋਜਕੁ” ਕੀ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਦੋਜਕ ਨਰਕ ਨੂੰ ਕਹਿੰਦੇ ਹਨ ਜੋ ਨਰਕ ਸਭ ਦੇ ਅੰਦਰ ਦੇ ਵਿਚਾਰਾਂ ਦੇ ਵਿੱਚ ਹੀ ਹੈ। ਮਨ ਨੂੰ ਦੁੱਖ ਦੇਣ ਵਾਲੇ ਵਿਚਾਰ ਮਨ ਦਾ ਨਰਕ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਜਦੋਂ ਵੀ ਕਿਸੇ ਮਨੁੱਖ ਦੀ ਕੋਈ ਤ੍ਰਿਸ਼ਨਾ ਪੂਰੀ ਨਹੀਂ ਹੁੰਦੀ ਉਸਨੂੰ ਫਿਰ ਬਹੁਤ ਦੁੱਖ ਮਹਿਸੂਸ ਹੁੰਦਾ ਹੈ। ਜਿਤਨੀ ਕਿਸੇ ਦੀ ਵੱਡੀ ਤ੍ਰਿਸ਼ਨਾ ਹੁੰਦੀ ਹੈ ਉਤਨਾ ਹੀ ਉਸ ਤ੍ਰਿਸ਼ਨਾ ਦੀ ਪੂਰਤੀ ਨਾ ਹੋਣ ਦਾ ਵੱਡਾ ਦੁੱਖ ਮਹਿਸੂਸ ਹੁੰਦਾ ਹੈ। **“ਦੋਜਕੁ ਤਪਿਆ”** ਤੋਂ ਭਾਵ ਹੈ ਵੱਡੇ ਦੁੱਖ ਦਾ ਮਹਿਸੂਸ ਕਰਨਾ, ਔਖੇ ਦੁੱਖ ਨਾਲ ਮਨ ਦੇ ਵਿਚਾਰਾਂ ਵਿੱਚ ਸੜਨਾ ਭਾਵ ਕਿਸੇ ਗੱਲ ਦਾ ਮਾੜਾ ਮਹਿਸੂਸ ਹੋਣਾ ਕਿ ਮੈਂ ਕੀ ਚਾਹੁੰਦਾ ਸੀ ਤੇ ਮੇਰੇ ਨਾਲ ਹੋ ਕੀ ਗਿਆ। ਉਪਰ **“ਹੂਲ ਪਵੈ”** ਦੀ ਗੱਲ ਵੀ ਕੀਤੀ ਹੋਈ ਹੈ ਜੋ ਕਿ ਪੁਰਾਣੇ ਸਮੇਂ ਦੀ ਠੇਠ ਪੰਜਾਬੀ ਦੇ ਲਫਜ ਹਨ। ਆਪ ਤੌਰ ਤੇ ਹੋਲ ਪੈਣੇ ਦੀ ਗੱਲ ਵੀ ਕੀਤੀ ਜਾਂਦੀ ਹੈ ਜਿਸਦਾ ਭਾਵ ਹੁੰਦਾ ਹੈ ਕੋਈ ਗੱਲ ਬਰਦਾਸ਼ਤ ਕਰਨ ਤੋਂ ਬਾਹਰ ਹੋ ਜਾਣੀ ਭਾਵ ਫਿਰ ਮਨੁੱਖ ਦੇ ਅੰਦਰ ਦੇ ਵਿਚਾਰ ਚੀਖਦੇ ਹਨ, ਦੁੱਖ ਦੇ ਨਾਲ ਚੀਖਦੇ ਹਨ। ਜਦੋਂ ਸੱਚ ਸਾਹਮਣੇ ਆਉਣ ਤੋਂ ਬਾਅਦ ਮਨੁੱਖ ਦਾ ਝੂਠਾ ਮਾਣ ਮਿਟਦਾ ਹੈ ਇਸ ਦੁੱਖ ਨੂੰ ਸਹਿਣਾ ਸਭ ਤੋਂ ਔਖਾ ਹੁੰਦਾ ਹੈ ਤੇ ਜਦੋਂ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਥਾਪ ਕੇ ਬੈਠਾ ਹੁੰਦਾ ਹੈ, ਸੰਤ, ਬਾਬੇ ਆਦਿ ਥਾਪ ਕੇ ਬੈਠਾ ਹੁੰਦਾ ਹੈ ਉਸਨੂੰ ਝੂਠੇ ਮਾਣ ਦੇ ਨਾਲ ਮਾਇਆ ਦੇ ਗੱਫੇ ਵੀ ਬੜੇ ਮਿਲਦੇ ਹਨ ਜਿਸ ਮਾਇਆ ਨੂੰ ਛੱਡਣਾ ਹੋਰ ਵੀ ਔਖਾ ਲੱਗਦਾ ਹੈ। ਇਹ ਸਭ ਕੁੱਝ ਸੁਣਕੇ ਮਨੁੱਖ ਮਨ ਦੇ ਵਿੱਚ ਹੀ ਕੁਰਲਾਉਂਦਾ ਹੈ ਕਿ ਇਹ ਮੇਰੇ ਨਾਲ ਕੀ ਬਣਿਆ। ਸੱਚ ਆਉਣ ਤੋਂ ਬਾਅਦ ਅੱਗੇ ਭਾਵ ਉਸ ਤੋਂ ਬਾਅਦ ਫਿਰ ਇਹ ਕੁੱਝ ਹੀ ਸਹਿਣਾ ਪੈਂਦਾ ਹੈ। **(ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥ ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥)**

ਜਦੋਂ ਭਗਤੀ ਦੇ ਮਾਰਗ ਦਾ ਸੱਚ ਸਾਹਮਣੇ ਆ ਜਾਂਦਾ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਸਾਹਮਣੇ ਆ ਜਾਂਦੀ ਹੈ ਉਸ ਸੱਚੀ ਸਮਝ ਤੋਂ ਲਾਭ ਲੈਣ ਵਾਲੇ ਵੀ ਹੁੰਦੇ ਹਨ ਤੇ ਉਸ ਤੋਂ ਲਾਭ ਨਾ ਲੈਣ ਵਾਲੇ ਵੀ ਹੁੰਦੇ ਹਨ ਭਾਵ ਗੁਰੂ ਦੀ ਸੱਚੀ ਸਿੱਖਿਆ ਨੂੰ ਮੰਨਣ ਵਾਲੇ ਵੀ ਹੁੰਦੇ ਹਨ

56/7953

ਜਿਸਨੂੰ ਮੰਨਣਾ ਭਾਵੇਂ ਔਖਾ ਹੁੰਦਾ ਹੈ ਤੇ ਉਹੋ ਜਿਹੇ ਵੀ ਹੁੰਦੇ ਹਨ ਜੋ ਸੱਚੀ ਸਿੱਖਿਆ ਦਾ ਔਖਾਪਨ ਮੰਨਣ ਤੋਂ ਬੇਪਰਵਾਹ ਹੀ ਰਹਿੰਦੇ ਹਨ ਕਿਉਂਕਿ ਮਾਇਆ ਮੋਹ ਛੱਡਣਾ ਸਭ ਲਈ ਬਹੁਤ ਔਖਾ ਹੈ, ਸੰਸਾਰ ਵਿੱਚ ਅਉਗੁਣ ਤਿਆਗਕੇ, ਗੁਣਾਂ ਦੁਆਰਾ ਵਿਚਰਕੇ ਗੁਰੂ ਦੀ ਮਤਿ ਤੇ ਅਮਲ ਕਰਨਾ ਬਹੁਤ ਔਖਾ ਹੈ ਤੇ ਇਹੀ ਗੱਲ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਰਾਹੀਂ ਸਮਝਾਈ ਹੋਈ ਹੈ।

“ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥”

ਸੱਚ ਸਾਹਮਣੇ ਆਉਣ ਤੋਂ ਬਾਅਦ ਸੱਚ ਦੀ ਸੋਝੀ ਤਾਂ ਪੈ ਜਾਂਦੀ ਹੈ ਕਿਉਂਕਿ ਗੁਰੂ ਦੇ ਸ਼ਬਦਾਂ ਦੇ ਵਿਚਾਰ ਦੀ ਸਮਝ ਸਭ ਲਈ ਇੱਕੋ ਜਿਹੀ ਹੀ ਹੁੰਦੀ ਹੈ ਜੋ ਸਭ ਨੂੰ ਇੱਕੋ ਜਿਹਾ ਸੱਚ ਹੀ ਸਮਝਾਉਂਦੀ ਹੈ। ਉਪਰ **“ਇਕਨਾ”** ਤੋਂ ਭਾਵ ਹੈ ਅਨੇਕਾਂ ਤੇ **“ਇਕਿ”** ਤੋਂ ਭਾਵ ਹੈ ਕੋਈ ਇੱਕ ਆਪ ਭਾਵ ਬਹੁਤ ਘੱਟ ਭਾਵ ਬਹੁਤੇ ਸੱਚ ਨੂੰ ਸਮਝਣ ਵਾਲੇ ਹੁੰਦੇ ਹਨ ਤੇ ਬਹੁਤ ਘੱਟ ਉਹੋ ਜਿਹੇ ਹੁੰਦੇ ਹਨ ਜੋ

ਸੱਚ ਨੂੰ ਸਮਝਣ ਤੇ ਮੰਨਣ ਤੋਂ ਬੇਪਰਵਾਹ ਰਹਿੰਦੇ ਹਨ ਭਾਵ ਜੋ ਸੱਚ ਦੀ ਕਦਰ ਕਰਨੀ ਨਹੀਂ ਜਾਣਦੇ ਭਾਵ ਗੁਰਮਤਿ ਤੋਂ ਉਲਟ ਹੀ ਚੱਲਣਾ ਚਾਹੁੰਦੇ ਹਨ। ਜਿਨ੍ਹਾਂ ਨੂੰ ਸ਼ਬਦਾਂ ਦੇ ਵਿਚਾਰ ਦੀ ਸੱਚੀ ਸੋਝੀ ਪੈ ਜਾਂਦੀ ਹੈ ਉਨ੍ਹਾਂ ਨੂੰ ਫਿਰ ਇਸ ਗੱਲ ਦੀ ਸਮਝ ਵੀ ਪੈ ਜਾਂਦੀ ਹੈ ਕਿ ਅਸੀਂ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਤੇ ਭਾਵ ਗੁਰੂ ਦੀ ਸੱਚੀ ਮਤਿ ਤੇ ਅਮਲ ਵੀ ਕਰਨਾ ਹੈ ਭਾਵ ਗੁਰੂ ਦੀ ਸੱਚੀ ਮਤਿ ਨੂੰ ਮੰਨਣਾ ਵੀ ਹੈ ਭਾਵ ਸੱਚੇ ਸੁੱਚੇ ਕਰਮ ਹੀ ਕਰਨੇ ਹਨ, ਹਰ ਔਗੁਣ ਨੂੰ ਤਿਆਗਣਾ ਵੀ ਹੈ ਜਿਸ ਤਰੀਕੇ ਹੀ ਸੱਚੇ ਗੁਰੂ ਦੀ, ਪ੍ਰਮਾਤਮਾ ਦੀ, ਅੱਲ੍ਹਾ ਦੀ, ਅਕਾਲ ਪੁਰਖ ਦੀ, ਗਾਡ ਦੀ ਭਾਵ ਸ੍ਰਿਸ਼ਟੀ ਦੇ ਕਰਤੇ ਦੀ ਸੱਚੀ ਭਗਤੀ ਕੀਤੀ ਜਾ ਸਕਦੀ ਹੈ, ਉਸਦਾ ਸੱਚਾ ਨਾਮ ਜਪਿਆ ਜਾ ਸਕਦਾ ਹੈ ਜਿਸ ਤਰੀਕੇ ਉਸ ਸ੍ਰਿਸ਼ਟੀ ਦੇ ਕਰਤੇ ਦੀ ਦਰਗਾਹ ਵਿੱਚ ਭਾਵ ਉਸਦੇ ਮਨੁੱਖੀ ਮਨ ਰੂਪ ਘਰ ਵਿੱਚ, ਉਸਦੇ ਮਨ ਰੂਪ ਸੱਚਖੰਡ ਵਿੱਚ ਉਹ ਆਪਣੀ ਸੱਚੀ ਭਗਤੀ ਕਰਨ ਦਾ ਆਪ ਗਵਾਹ ਬਣਦਾ ਹੈ ਕਿ ਹੇ ਮਨੁੱਖ ਤੂੰ ਮੇਰੀ ਸਿਖਾਈ ਹੋਈ ਸੱਚੀ ਭਗਤੀ ਦੇ ਮਾਰਗ ਤੇ ਚੱਲਣ ਦਾ ਉਪਰਾਲਾ ਕੀਤਾ ਹੈ, ਤੂੰ ਮੇਰਾ ਸੱਚਾ ਨਾਮ ਜਪਣ ਦਾ ਸੱਚਾ ਉੱਦਮ ਕੀਤਾ ਹੈ ਭਾਵ ਤੂੰ ਮੇਰੇ ਨਾਲ ਮੇਲ ਕਰਨ ਦਾ ਸੱਚਾ ਉੱਦਮ ਕੀਤਾ ਹੈ, ਤੂੰ ਆਪਣੇ ਅੰਦਰੋਂ ਆਪਣੇ ਸੱਚ ਰੂਪ ਖਸਮ ਨੂੰ ਜਾਨਣ ਦਾ ਸੱਚਾ ਪਿਆਰ ਦਿਖਾਉਣ ਦਾ ਸੱਚਾ ਉਪਰਾਲਾ ਕੀਤਾ ਹੈ ਭਾਵ ਤੂੰ ਸੱਚ ਦੀ ਕਦਰ ਪਾਉਣ ਦਾ, ਸ਼ਬਦਾਂ ਦੀ ਸੱਚੀ ਵਿਚਾਰ ਦੀ ਕਦਰ ਪਾਉਣ ਦਾ ਸਹੀ ਉਦਮ ਕੀਤਾ ਹੈ, ਸਹੀ ਮਾਰਗ ਚੁਣਿਆ ਹੈ। **(ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥ ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥ ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥ ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥)**

ਉਪਰ ਸ਼ਬਦ ਵਿੱਚ ਦੋਜਕ ਦੀ ਗੱਲ ਵੀ ਕੀਤੀ ਹੋਈ ਹੈ ਭਾਵ ਮਨ ਦੀ ਨਰਕ ਰੂਪ ਸਮਝ ਦੀ ਗੱਲ ਵੀ ਕੀਤੀ ਹੋਈ ਹੈ ਜੋ ਮਨ ਦੀ ਮਾੜੀ ਸਮਝ ਮਨ ਦੀ ਚੰਗੀ ਸਮਝ ਤੋਂ ਭਾਵ ਸਵਰਗ ਰੂਪ ਸਮਝ ਤੋਂ ਉਲਟੀ

ਸਮਝ ਹੈ ਜਿਵੇਂ ਕਿ ਅਸੀਂ ਪਿੱਛੇ ਇਸ ਗੱਲ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ ਤੇ ਉਪਰ ਸ਼ਬਦ ਵਿੱਚ ਅਮਲ ਦੀ ਗੱਲ ਵੀ ਕੀਤੀ ਹੋਈ ਹੈ ਤੇ ਮਨੁੱਖ ਦਾ ਸੱਚਾ ਅਮਲ ਕੀ ਹੈ ਇਸ ਗੱਲ ਨੂੰ ਵੀ ਅਸੀਂ ਪਿੱਛੇ ਲੇਖ ਵਿੱਚ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਹੇਠ ਦਿੱਤੇ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਨ੍ਹਾਂ ਗੱਲਾਂ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝਕੇ ਉਸਨੂੰ ਮੰਨਣ ਵਿੱਚ ਕਿਸੇ ਭਰਮ ਵਿੱਚ ਨਾ ਰਹੀਏ। ਗੁਰੂ ਦੇ ਸਮਝਾਏ ਹੋਏ ਸੱਚ ਨੂੰ ਸਮਝਣਾ ਬਹੁਤ ਔਖਾ ਹੈ, ਸ਼ਬਦਾਂ ਦੇ ਅੰਦਰ ਦੇ ਚੌਥੇ ਪਦ ਦੇ ਗਿਆਨ ਰੂਪ ਤੱਕ ਪਹੁੰਚਣਾ ਭਾਵ ਬ੍ਰਹਮ ਗਿਆਨ ਰੂਪ ਸਮਝ ਤੱਕ ਪਹੁੰਚਣਾ ਬਹੁਤ ਔਖਾ ਹੈ ਜੋ ਉਸ ਉੱਚੇ ਤੇ ਸੱਚੇ ਗਿਆਨ ਤੱਕ ਪਹੁੰਚਣ ਤੇ ਸਮਝਣ ਤੱਕ ਦੀ ਸਮਰਥਾ ਸੱਚ ਦੇ ਮਾਲਕ ਨੇ ਆਪ ਹੀ ਹਰ ਮਨੁੱਖੀ ਸਮਝ ਤੋਂ ਦੂਰ ਰੱਖੀ ਹੋਈ ਹੈ, ਹਰ ਮਨੁੱਖੀ ਸਮਝ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖ ਕੇ ਦੂਰ ਰੱਖੀ ਹੋਈ ਹੈ। ਆਪਣੇ ਚੌਥੇ ਪਦ ਦੇ ਗਿਆਨ ਵਾਲੀ ਸਮਰਥਾ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਉਹ ਕਿਸੇ ਮਨੁੱਖੀ ਸਰੀਰ ਨੂੰ ਬਖਸ਼ ਦੇਵੇ ਇਹ ਉਸਦੀ ਪੂਰੇ ਸੰਸਾਰ ਦੇ ਕਿਸੇ ਵੀ ਮਨੁੱਖ ਤੇ ਸਭ ਤੋਂ ਵੱਡੀ ਕ੍ਰਿਪਾ ਹੈ। ਧੰਨ ਹੈ ਸੱਚ ਦਾ ਮਾਲਕ ਸ੍ਰਿਸ਼ਟੀ ਦਾ ਕਰਤਾ, ਧੰਨ ਹੈ ਉਸਦੇ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਜਿਸ ਆਪਣੀ ਸੱਚੀ ਵਿਚਾਰ ਦੇ ਰੂਪ ਵਿੱਚ ਹੀ ਉਹ ਪੂਰੇ ਗੁਰਬਾਣੀ ਗ੍ਰੰਥ ਵਿੱਚ **"ਸਬਦੁ"** ਰੂਪ ਗੁਰੂ ਹੈ। ਸੱਚ ਤੋਂ ਉੱਚਾ ਇਸ ਪੂਰੇ ਸੰਸਾਰ ਵਿੱਚ ਕੁੱਝ ਵੀ ਨਹੀਂ ਹੈ ਜਿਸ ਧਾਰਮਿਕ ਸੱਚ ਨੂੰ, ਇਹ ਸੰਸਾਰ ਦੇ ਸੱਚ ਨੂੰ ਮਨ ਦੀ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਕੇ ਹੀ ਜਾਣਿਆ ਜਾ ਸਕਦਾ ਹੈ ਜੋ ਭਰਮਾਂ ਵਾਲੀ ਸਮਝ ਭਾਵ ਤ੍ਰੈ ਗੁਣਾਂ ਵਾਲੀ ਸਮਝ, ਹਉਮੈ ਵਾਲੀ ਸਮਝ ਸੱਚ ਦਾ ਮਾਲਕ, ਨਾਮ ਦਾ ਮਾਲਕ, ਬ੍ਰਹਮ ਗਿਆਨ ਦਾ ਮਾਲਕ ਇੱਕੋ ਇੱਕ ਸੱਚ ਰੂਪ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ।

ਪਉੜੀ ॥

{ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥੧੪॥}

(ਅੰਗ ੪੭੦-੪੭੧)

ਗਉੜੀ ਗੁਆਰੇਰੀ ਮਹਲਾ ੫ ॥

{ਬਿਆਪਤ ਹਰਖ ਸੋਗ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ ॥

ਬਿਆਪਤ ਧਨ ਨਿਰਧਨ ਪੇਖਿ ਸੋਭਾ ॥ ਮੂਲੁ ਬਿਆਧੀ ਬਿਆਪਸਿ ਲੋਭਾ ॥੧॥
ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ ਰਹਾਉ ॥
ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥
ਬਿਆਪਤ ਹਸਤਿ ਘੋੜੇ ਅਰੁ ਬਸਤਾ ॥ ਬਿਆਪਤ ਰੂਪ ਜੋਬਨ ਮਦ ਮਸਤਾ ॥੨॥
ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥
ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥
ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤਿ ਗਿਰਸਤ ਬਿਆਪਤ ਉਦਾਸਾ ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੯੯॥}

(ਅੰਗ ੧੯੨)

ਗਉੜੀ ਮਹਲਾ ੯ ॥
{ਸਾਧੋ ਰਾਮ ਸਰਨਿ ਬਿਸਰਾਮਾ ॥ ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥੧॥ ਰਹਾਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥
ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥੨॥
ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥}

(ਅੰਗ ੨੨੦)

{ਕਈ ਕੋਟਿ ਪਾਤਾਲ ਕੇ ਵਾਸੀ ॥ ਕਈ ਕੋਟਿ ਨਰਕ ਸੁਰਗ ਨਿਵਾਸੀ ॥
ਕਈ ਕੋਟਿ ਜਨਮਹਿ ਜੀਵਹਿ ਮਰਹਿ ॥ ਕਈ ਕੋਟਿ ਬਹੁ ਜੋਨੀ ਫਿਰਹਿ ॥
ਕਈ ਕੋਟਿ ਬੈਠਤ ਹੀ ਖਾਹਿ ॥ ਕਈ ਕੋਟਿ ਘਾਲਹਿ ਥਕਿ ਪਾਹਿ ॥
ਕਈ ਕੋਟਿ ਕੀਏ ਧਨਵੰਤ ॥ ਕਈ ਕੋਟਿ ਮਾਇਆ ਮਹਿ ਚਿੰਤ ॥
ਜਹ ਜਹ ਭਾਣਾ ਤਹ ਤਹ ਰਾਖੇ ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥੫॥}

(ਅੰਗ ੨੨੬)

56/7955

ਪਉੜੀ ॥
{ਤ੍ਰਿਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਤ ਨਰਕ ਅਵਤਾਰ ॥
ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥
ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘ ਰੋਗੁ ਮਾਇਆ ਆਸਾਧਿਓ ॥

ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥
ਹਰਿ ਬਿਸਰਤ ਹੋਵਤ ਏਹ ਹਾਲ ॥ ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥੧੩॥}

(ਅੰਗ ੨੯੯)

{ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥ ਅਨਿਕ ਤਪਸਿਆ ਕਰੇ ਅਹੰਕਾਰ ॥
ਨਰਕ ਸੁਰਗ ਫਿਰਿ ਫਿਰਿ ਅਵਤਾਰ ॥ ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥
ਹਰਿ ਦਰਗਹ ਕਹੁ ਕੈਸੇ ਗਵੈ ॥ ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥
ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥}

(ਅੰਗ ੨੭੮)

{ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥
ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥}

(ਅੰਗ ੭੫੫)

ਸਲੋਕ ॥

{ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥
ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥
ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥ ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥}

(ਅੰਗ ੭੦੭)

ਗੋਂਡ ॥

{ਖਸਮੁ ਮਰੈ ਤਉ ਨਾਰਿ ਨ ਰੋਵੈ ॥ ਉਸੁ ਰਖਵਾਰਾ ਅਉਰੋ ਹੋਵੈ ॥ ਰਖਵਾਰੇ ਕਾ ਹੋਇ ਬਿਨਾਸ ॥
ਆਗੈ ਨਰਕੁ ਈਹਾ ਭੋਗ ਬਿਲਾਸ ॥੧॥ ਏਕ ਸੁਹਾਗਨਿ ਜਗਤ ਪਿਆਰੀ ॥
ਸਗਲੇ ਜੀਅ ਜੰਤ ਕੀ ਨਾਰੀ ॥੧॥ ਰਹਾਉ ॥ ਸੋਹਾਗਨਿ ਗਲਿ ਸੋਹੈ ਹਾਰੁ ॥
ਸੰਤ ਕਉ ਬਿਖੁ ਬਿਗਸੈ ਸੰਸਾਰੁ ॥ ਕਰਿ ਸੀਗਾਰੁ ਬਹੈ ਪਖਿਆਰੀ ॥
ਸੰਤ ਕੀ ਠਿਠਕੀ ਫਿਰੈ ਬਿਚਾਰੀ ॥੨॥ ਸੰਤ ਭਾਗਿ ਓਹ ਪਾਛੈ ਪਰੈ ॥ ਗੁਰ ਪਰਸਾਦੀ ਮਾਰਹੁ ਡਰੈ ॥
ਸਾਕਤ ਕੀ ਓਹ ਪਿੰਡ ਪਰਾਇਣਿ ॥ ਹਮ ਕਉ ਦ੍ਰਿਸਟਿ ਪਰੈ ਤ੍ਰੁਖਿ ਡਾਇਣਿ ॥੩॥
ਹਮ ਤਿਸ ਕਾ ਬਹੁ ਜਾਨਿਆ ਭੇਉ ॥ ਜਬ ਹੂਏ ਕ੍ਰਿਪਾਲ ਮਿਲੇ ਗੁਰਦੇਉ ॥
ਕਹੁ ਕਬੀਰ ਅਬ ਬਾਹਰਿ ਪਰੀ ॥ ਸੰਸਾਰੈ ਕੈ ਅੰਚਲਿ ਲਰੀ ॥੪॥੪॥੭॥}

(ਅੰਗ ੮੭੧)

{ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥}

(ਅੰਗ ੧੦੭੩)

ਸਲੋਕੁ ਮਃ ੧ ॥

{ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥ ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥}

(ਅੰਗ ੧੪੦)

ਸੂਹੀ ਕਬੀਰ ਜੀਉ ॥

{ਅਮਲੁ ਸਿਰਾਨੋ ਲੇਖਾ ਦੇਨਾ ॥ ਆਏ ਕਠਿਨ ਦੂਤ ਜਮ ਲੇਨਾ ॥
ਕਿਆ ਤੈ ਖਟਿਆ ਕਹਾ ਗਵਾਇਆ ॥ ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥
ਚਲੁ ਦਰਹਾਲੁ ਦੀਵਾਨਿ ਬੁਲਾਇਆ ॥ ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ ਰਹਾਉ ॥
ਕਰਉ ਅਰਦਾਸਿ ਗਾਵ ਕਿਛੁ ਬਾਕੀ ॥ ਲੇਉ ਨਿਬੇਰਿ ਆਜੁ ਕੀ ਰਾਤੀ ॥
ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥ ਸੁਬਹ ਨਿਵਾਜ ਸਰਾਇ ਗੁਜਾਰਉ ॥੨॥
ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ ॥ ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥
ਈਤ ਊਤ ਜਨ ਸਦਾ ਸੁਹੇਲੇ ॥ ਜਨਮੁ ਪਦਾਰਥੁ ਜੀਤਿ ਅਮੋਲੇ ॥੩॥
ਜਾਗਤੁ ਸੋਇਆ ਜਨਮੁ ਗਵਾਇਆ ॥ ਮਾਲੁ ਧਨੁ ਜੋਰਿਆ ਭਇਆ ਪਰਾਇਆ ॥
ਕਹੁ ਕਬੀਰ ਤੇਈ ਨਰ ਭੂਲੇ ॥ ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥੪॥੩॥}

(ਅੰਗ ੭੯੨)

{ਸਗਲੀ ਜਾਨਿ ਕਰਹੁ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥}

(ਅੰਗ ੧੦੮੪)

{ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥ ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥}

(ਅੰਗ ੧੩੮੦)

{ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥}

(ਅੰਗ ੧੩੮੩)

56/7956

ਉਪਰ ਵਾਲੇ ਸ਼ਬਦ ਰਾਹੀਂ ਤੇ ਉਨ੍ਹਾਂ ਤੋਂ ਪਹਿਲੇ ਸ਼ੇਖ ਫਰੀਦ ਜੀ ਦੀ ਸੱਚੀ ਸਮਝ ਰਾਹੀਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੀ ਸਮਝ ਰਾਹੀਂ ਜੋ ਕੁੱਝ ਹੁਣ ਤੱਕ ਅਸੀਂ ਸਮਝਿਆ ਹੈ ਭਾਵ ਭਗਤੀ ਦੇ ਸੱਚੇ ਮਾਰਗ ਦੀ ਤੇ ਭਗਤੀ ਦੇ ਝੂਠੇ ਮਾਰਗ ਦੀ ਸਮਝ ਵਿੱਚ ਫਰਕ ਸਮਝਿਆ ਹੈ, ਉਹੀ ਗੱਲ ਸ੍ਰਿਸ਼ਟੀ ਦੇ ਕਰਤੇ ਨੇ ਭਾਵ ਅੱਲ੍ਹਾ, ਅਕਾਲ ਪੁਰਖ, ਪ੍ਰਮਾਤਮਾ ਨੇ, ਗਾਡ ਨੇ ਆਪਣੇ ਅਗਲੇ ਸ਼ਬਦ ਰਾਹੀਂ ਸਮਝਾਈ ਹੋਈ ਹੈ। ਧਰਮ ਦੇ ਮਾਰਗ ਦਾ ਭਾਵ ਨਾਮ ਜਪਣ ਦੇ, ਭਗਤੀ ਦੇ ਸੱਚੇ ਮਾਰਗ ਦੀ ਸਮਝ ਆਉਣ ਤੋਂ ਪਹਿਲੇ ਹੀ ਕੋਈ ਆਪਣੇ ਆਪ ਨੂੰ ਉੱਚਾ ਅਖਵਾ ਸਕਦਾ ਹੈ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ ਖੇਡ ਸਕਦਾ ਹੈ ਭਾਵ ਉਸਨੂੰ ਨੀਵਾਂ ਸਾਬਿਤ ਕਰ ਸਕਦਾ

ਹੈ ਪਰ ਗੁਰਮਤਿ ਦਾ ਸੱਚ ਸਾਹਮਣੇ ਆਉਣ ਤੋਂ ਬਾਅਦ ਭਾਵ ਗੁਰਮਤਿ ਰੂਪ ਉੱਚੀ ਤੇ ਸੱਚੀ ਸਮਝ ਆਉਣ ਤੋਂ ਬਾਅਦ ਭਾਵ ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਸਾਹਮਣੇ ਆਉਣ ਤੋਂ ਬਾਅਦ ਉਹ ਫਿਰ ਗੁਰੂ ਦੀ ਮਤਿ ਦੇ ਨਾਲ ਫਿਰ ਖੇਡ ਨਹੀਂ ਸਕਦਾ ਭਾਵ ਉਸਦੇ ਨਾਲ ਮੁਕਾਬਲਾ ਨਹੀਂ ਕਰ ਸਕਦਾ ਭਾਵ ਉਨ੍ਹਾਂ ਨੂੰ ਆਪਣੀ ਨਾਸਮਝ ਮਤਿ ਛੱਡਣੀ ਹੀ ਪੈਂਦੀ ਹੈ ਜਿਸ ਗੱਲ ਦੀ ਉਨ੍ਹਾਂ ਨੂੰ ਸਮਝ ਹੀ ਨਹੀਂ ਹੁੰਦੀ ਕਿ ਅਸੀਂ ਗੁਰੂ ਦੀ ਮਤਿ ਦੇ ਨਾਲ ਇੱਕ ਝੂਠੀ ਖੇਡ ਖੇਡਦੇ ਆਏ ਹਾਂ।

“ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥

ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥”

ਇਸ ਤੋਂ ਪਹਿਲੇ ਸ਼ਬਦ ਰਾਹੀਂ ਵੀ ਅਸੀਂ ਦਰਿਆ ਤੇ ਬੰਨੇ ਦੀ ਗੱਲ ਸਮਝੀ ਹੈ ਕਿ ਉਸ ਰਾਹੀਂ ਸਾਨੂੰ ਕੀ ਸਮਝਾਇਆ ਹੋਇਆ ਹੈ। ਉਪਰ ਵਾਲੇ ਸ਼ਬਦ ਵਿੱਚ ਦਰਿਆ ਦੇ **“ਕੰਨੈ”** ਦੀ ਗੱਲ ਕੀਤੀ ਹੋਈ ਹੈ ਭਾਵ ਦਰਿਆ ਦੇ ਕੰਡੇ ਦਾ ਹਵਾਲਾ ਦੇ ਕੇ ਉਹੀ ਗੱਲ ਸਮਝਾਈ ਹੋਈ ਹੈ ਜੋ ਕੁੱਝ ਅਸੀਂ ਇਸ ਤੋਂ ਪਹਿਲੇ ਸ਼ਬਦ ਰਾਹੀਂ ਸਮਝਿਆ ਹੈ। ਦਰਿਆ ਬਹੁਤ ਵੱਡਾ ਹੁੰਦਾ ਹੈ ਜਿਸ ਵਿੱਚ ਪਾਣੀ ਦੀ ਗਹਿਰਾਈ ਵੀ ਬਹੁਤ ਹੁੰਦੀ ਹੈ। ਦਰਿਆ ਦੇ ਪਾਣੀ ਦੀ ਤੁਲਨਾ ਗੁਰੂ ਦੀ ਮਤਿ ਦੇ ਗਹਿਰੇਪਨ ਨਾਲ, ਉੱਚੇਪਨ ਨਾਲ, ਵੱਡੇਪਨ ਨਾਲ ਕੀਤੀ ਹੋਈ ਹੈ। ਉਪਰ ਵਾਲੀਆਂ ਪਹਿਲੀਆਂ ਦੋ ਪੰਗਤੀਆਂ ਵਿੱਚ ਦਰਿਆ ਦੇ ਕੱਢੇ ਤੇ ਬੈਠਣ ਵਾਲੇ ਬਗਲੇ ਦੀ ਤੇ ਹੰਝ ਦੀ ਭਾਵ ਹੰਸ ਦੀ ਗੱਲ ਕੀਤੀ ਹੋਈ ਹੈ। ਪਹਿਲੇ ਬਗਲੇ ਦੀ ਗੱਲ ਕੀਤੀ ਹੈ ਤੇ ਬਾਅਦ ਵਿੱਚ ਹੰਸ ਦੀ ਗੱਲ ਕੀਤੀ ਹੈ। ਬਗਲਾ ਤੇ ਹੰਸ ਉਨ੍ਹਾਂ ਨੂੰ ਕਿਹਾ ਹੈ ਜੋ ਗੁਰਮਤਿ ਰੂਪ ਦਰਿਆ ਦੇ ਵਿੱਚੋਂ ਚੋਗ ਚੁੱਗਣ ਲਈ ਭਾਵ ਸ਼ਬਦਾਂ ਦੀ ਸੋਝੀ ਜਾਨਣ ਲਈ ਉਸਦੇ ਕੰਡੇ ਤੇ ਬੈਠਦੇ ਹਨ। ਚੋਗ ਚੁੱਗਣ ਤੋਂ ਪਹਿਲਾਂ ਇਹੋ ਜਿਹੇ ਜੋ ਆਪਣੇ ਆਪ ਨੂੰ, ਗੁਰਮਤਿ ਰੂਪ ਚੋਗ ਚੁੱਗਣ ਤੋਂ ਪਹਿਲਾਂ ਆਪਣੇ ਆਪ ਨੂੰ ਛੋਟੀ ਮਤਿ ਵਾਲੇ ਸਮਝਦੇ ਹਨ, ਗੁਰਮਤਿ ਦੀ ਘੱਟ ਮਤਿ ਵਾਲੇ ਸਮਝਦੇ ਹਨ ਉਨ੍ਹਾਂ ਨੂੰ ਬਗਲੇ

ਕਹਿ ਕੇ ਸੰਬੋਧਨ ਕੀਤਾ ਹੈ ਤੇ ਜਦੋਂ ਉਹ ਕੁੱਝ ਚੋਗ ਚੁੱਗ ਲੈਂਦੇ ਹਨ ਭਾਵ ਸ਼ਬਦਾਂ ਦੀ ਕੁੱਝ ਵਿਚਾਰ ਨੂੰ ਸਮਝ ਲੈਂਦੇ ਹਨ, ਆਪਣੀ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਭਾਵੇਂ ਜੋ ਕੁੱਝ ਵੀ ਸਮਝਦੇ ਹਨ ਉਸਨੂੰ ਉਹ ਸੱਚ ਹੀ ਸਮਝਦੇ ਹਨ ਕਿ ਮੈਂ ਸੱਚੀ ਚੋਗ ਚੁਗੀ ਹੈ ਭਾਵ ਮੈਂ ਸ਼ਬਦਾਂ ਦੀ ਸੱਚੀ ਵਿਚਾਰ ਨੂੰ ਜਾਣਿਆ ਹੈ ਤੇ ਹੁਣ ਮੈਨੂੰ ਗੁਰਮਤਿ ਦੀ ਪੂਰਨ ਸਮਝ ਪੈ ਗਈ ਹੈ, ਮੈਨੂੰ ਗੁਰੂ ਦੇ ਨਾਮ ਦੀ ਪੂਰੀ ਸਮਝ ਪੈ ਗਈ ਹੈ ਤੇ ਮੈਂ ਹੁਣ ਧਰਮ ਦਾ ਵਿਦਵਾਨ ਬਣ ਗਿਆ ਹਾਂ ਜਿਨ੍ਹਾਂ ਵਿੱਚੋਂ ਕੋਈ ਆਪਣੇ ਆਪ ਨੂੰ ਧਰਮ ਦੇ ਮਾਰਗ ਦੇ ਸੰਤ ਵੀ ਭਾਵ ਉੱਚੇ ਰੁਤਬੇ ਵਾਲੇ ਅਖਵਾਉਣਾ ਵੀ ਸ਼ੁਰੂ ਕਰ ਦਿੰਦੇ ਹਨ ਤੇ ਦੂਸਰਿਆਂ ਨੂੰ ਧਰਮ ਦਾ ਮਾਰਗ ਸਮਝਾਉਣਾ ਸ਼ੁਰੂ ਕਰ ਦਿੰਦੇ ਹਨ। ਇਹੋ ਜਿਹਿਆਂ ਨੂੰ ਉਪਰ ਦੂਸਰੀ ਪੰਗਤੀ ਵਿੱਚ **“ਹੰਝ”** ਕਹਿ ਕੇ ਸੰਬੋਧਨ ਕੀਤਾ ਹੋਇਆ ਹੈ ਕਿ ਅਸੀਂ ਹੁਣ ਬਗਲੇ ਤੋਂ ਹੰਸ ਬਣ ਗਏ ਹਾਂ ਭਾਵ ਸਾਡਾ ਰੁਤਬਾ ਹੁਣ ਆਮ ਮਨੁੱਖ ਨਾਲੋਂ ਉੱਚਾ ਹੋ ਗਿਆ ਹੈ ਭਾਵ ਅਸੀਂ ਹੁਣ ਗੁਰਮਤਿ ਦੀ ਉੱਚੀ ਸਮਝ ਵਾਲੇ ਬਣ ਗਏ ਹਾਂ ਪਰ ਇਹੋ ਜਿਹਿਆਂ ਨੂੰ ਉਪਰ ਸ਼ਬਦ ਦੇ ਵਿੱਚ ਗੁਰੂ ਦੇ ਨਾਲ ਭਾਵ ਗੁਰੂ ਦੀ ਸੱਚੀ ਮਤਿ ਦੇ ਨਾਲ, ਗੁਰੂ ਦੇ ਸ਼ਬਦਾਂ ਦੀ ਸੱਚੀ ਵਿਚਾਰ ਦੇ ਨਾਲ **“ਕੇਲ”** ਕਰਨ ਵਾਲੇ ਕਿਹਾ ਹੋਇਆ ਹੈ ਭਾਵ ਗੁਰੂ ਦੇ ਸ਼ਬਦਾਂ ਦੀ ਵਿਚਾਰ ਦੇ ਨਾਲ ਖੇਡਣ ਵਾਲੇ ਕਿਹਾ ਹੋਇਆ ਹੈ। **“ਖੇਡ”** ਉਸੇ ਦੇ ਨਾਲ ਖੇਡੀ ਜਾ ਸਕਦੀ ਹੈ ਜਿਸਦੇ ਨਾਲ ਮੁਕਾਬਲਾ ਕੀਤਾ ਜਾ ਸਕੇ ਭਾਵ ਖੇਡ ਖੇਡਣ ਦੀ ਪੂਰੀ ਸਮਝ ਵੀ ਹੋਵੇ। ਬਗਲੇ ਵਿੱਚ ਤੇ ਹੰਸ ਵਿੱਚ ਕੀ ਫਰਕ ਹੈ ਭਾਵ ਬਾਣੀ ਦੇ ਸ਼ਬਦਾਂ ਰਾਹੀਂ ਬਗਲਾ ਕਿਸਨੂੰ ਕਿਹਾ ਹੈ ਤੇ ਹੰਸ ਕਿਸਨੂੰ ਕਿਹਾ ਹੈ ਇਸ ਗੱਲ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਇਸ ਸ਼ਬਦ ਤੋਂ ਬਾਅਦ ਉਨ੍ਹਾਂ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕਰਾਂਗੇ। ਇਸੇ ਤਰ੍ਹਾਂ ਮਨੁੱਖ ਦੇ ਜੀਵਨ ਦੀ ਅਸਲ ਖੇਡ ਕੀ ਹੈ ਜੋ ਖੇਡ ਗੁਰਮਤਿ ਦੀ ਸੱਚੀ ਸਮਝ ਅਨੁਸਾਰ ਹੀ ਖੇਡੀ ਜਾ ਸਕਦੀ ਹੈ ਭਾਵ ਗੁਰੂ ਦੀ ਸੱਚੀ ਮਤਿ ਅਨੁਸਾਰ ਵਿਚਰਨ ਦੁਆਰਾ ਹੀ ਖੇਡੀ ਜਾ ਸਕਦੀ ਹੈ ਜਿਵੇਂ ਕਿ ਇਸ ਗੱਲ ਨੂੰ ਅਸੀਂ ਪਿੱਛੇ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਇਸ ਸ਼ਬਦ ਤੋਂ ਬਾਅਦ ਉਨ੍ਹਾਂ ਸ਼ਬਦਾਂ ਦੇ ਪ੍ਰਮਾਣ ਦੁਆਰਾ ਫਿਰ ਤੋਂ ਇਸ ਗੱਲ ਨੂੰ ਦ੍ਰਿੜ ਕਰਾਂਗੇ ਤਾਂ ਜੋ ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝਣ ਵਿੱਚ ਕੋਈ ਭਰਮ ਨਾ ਰਹੇ।

ਉਪਰ ਸ਼ਬਦ ਵਿੱਚ ਜੋ ਆਪਣੀ ਮਨ ਦੀ ਸਮਝ ਰਾਹੀਂ ਭਾਵ ਭਰਮਾਂ ਵਾਲੀ ਸਮਝ ਰਾਹੀਂ ਭਾਵ ਬਗਲਾ ਰੂਪ ਸਮਝ ਰਾਹੀਂ ਆਪਣੇ ਆਪ ਨੂੰ ਗੁਰਮਤਿ ਦੀ ਸੱਚੀ ਸਮਝ ਵਾਲੇ ਬਣਾ ਲੈਂਦੇ ਹਨ, ਸ਼ਬਦਾਂ ਦੇ ਅੰਦਰ ਦੇ ਸੱਚ ਨੂੰ ਸਮਝੇ ਬਿਨ੍ਹਾਂ ਹੀ ਆਪਣੇ ਆਪ ਨੂੰ ਹੰਸ ਵਾਲੀ ਸਮਝ ਵਾਲੇ ਭਾਵ ਗੁਰਮਤਿ ਦੀ ਸੱਚੀ ਸਮਝ ਵਾਲੇ ਬਣਾ ਲੈਂਦੇ ਹਨ ਉਨ੍ਹਾਂ ਨੂੰ ਹੀ ਉਪਰ ਸ਼ਬਦ ਵਿੱਚ **“ਹੰਝ”** ਕਿਹਾ ਹੈ ਭਾਵ ਝੂਠੇ, ਨਾਸਮਝ ਹੰਸ ਕਿਹਾ ਹੈ। ਜਦੋਂ ਸ਼ਬਦਾਂ ਦੇ ਅੰਦਰ ਦਾ ਸੱਚ ਸਾਹਮਣੇ ਆ ਜਾਂਦਾ ਹੈ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਸਮਝ ਸਾਹਮਣੇ ਆ ਜਾਂਦੀ ਹੈ ਉਨ੍ਹਾਂ ਸੱਚੇ ਵਿਚਾਰਾਂ ਨੂੰ ਹੀ ਉਪਰ ਸ਼ਬਦ ਵਿੱਚ **“ਬਾਜ”** ਕਿਹਾ ਹੈ। ਬਾਜ ਇੱਕ ਉੱਚੀ ਉਡਾਰੀ ਕਰਨ ਵਾਲਾ ਤਾਕਤਵਰ ਪੰਛੀ ਹੁੰਦਾ ਹੈ ਜੋ ਆਪਣੇ ਤੋਂ ਛੋਟੇ ਪੰਛੀਆਂ ਤੇ ਹਮਲਾ

ਕਰਨ ਦੀ ਸਮਰਥਾ ਰੱਖਦਾ ਹੈ। ਦੁਨਿਆਵੀ ਬਗਲਾ ਜਾਂ ਹੰਸ ਬਾਜ ਦੇ ਸਾਹਮਣੇ ਛੋਟੇ ਪੰਛੀ ਹੁੰਦੇ ਹਨ, ਉਸ ਤੋਂ ਕਮਜੋਰ ਪੰਛੀ ਹੁੰਦੇ

ਹਨ ਜਿਨ੍ਹਾਂ ਤੇ ਬਾਜ ਹਮਲਾ ਕਰਕੇ ਉਹ ਉਨ੍ਹਾਂ ਨੂੰ ਉਨ੍ਹਾਂ ਦੇ ਬੈਠਣ ਦੀ ਜਗ੍ਹਾ ਤੋਂ ਭਜਾ ਸਕਦਾ ਹੈ ਭਾਵ ਉਨ੍ਹਾਂ ਨੂੰ ਨੀਵਾਪਨ ਦਿਖਾ ਸਕਦਾ ਹੈ ਕਿ ਤੁਸੀਂ ਮੇਰਾ ਮੁਕਾਬਲਾ ਨਹੀਂ ਕਰ ਸਕਦੇ। ਸਮਝਾਇਆ ਸਾਨੂੰ ਇਹ ਹੋਇਆ ਹੈ ਕਿ ਗੁਰਮਤਿ ਦੀ ਸੱਚੀ ਸਮਝ ਦੇ ਅੱਗੇ ਮਨਮਤਿ ਦੀ ਕੱਚੀ ਸਮਝ ਨਹੀਂ ਟਿਕ ਸਕਦੀ, ਚੌਥੇ ਪਦ ਦੇ ਉੱਚੇ ਗਿਆਨ ਵਾਲੀ ਸਮਝ ਦੇ ਅੱਗੇ ਤ੍ਰੈ ਗੁਣਾਂ ਵਾਲੀ ਸਮਝ ਨਹੀਂ ਟਿਕ ਸਕਦੀ ਭਾਵ ਗੁਰੂ ਦੀ ਸੱਚੀ ਸਮਝ ਵਾਲਾ ਸੱਚ ਜੋ ਮਨਮਤਿ ਨੂੰ ਹੀ ਸੱਚੀ ਸਮਝ ਮੰਨਦੇ ਹਨ ਉਨ੍ਹਾਂ ਨੂੰ ਉਹ ਇਸ ਤਰ੍ਹਾਂ ਹਰਾ ਦਿੰਦਾ ਹੈ ਜਿਵੇਂ ਕਿ ਬਾਜ ਪੰਛੀ ਦੁਨਿਆਵੀ ਬਗਲੇ, ਹੰਸ ਪੰਛੀ ਨੂੰ ਹਰਾ ਦਿੰਦਾ ਹੈ। ਇਹੋ ਜਿਹੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਉੱਚਾ ਅਖਵਾਉਣ ਵਾਲਿਆਂ ਦੇ ਨਾਲ **"ਅਚਿੰਤੇ"** ਹੀ ਹੁੰਦਾ ਹੈ ਭਾਵ ਉਨ੍ਹਾਂ ਦੀ ਅਚਨਚੇਤੀ ਵਿੱਚ ਹੀ ਹੁੰਦਾ ਹੈ ਜਿਸ ਗੱਲ ਦੀ ਉਨ੍ਹਾਂ ਨੇ ਕਦੇ ਉਮੀਦ ਨਹੀਂ ਕੀਤੀ ਹੁੰਦੀ ਕਿ ਸਾਨੂੰ ਕਦੇ ਕੋਈ ਝੂਠਾ ਵੀ ਸਾਬਿਤ ਕਰ ਸਕਦਾ ਹੈ। **(ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥)**

ਇਹ ਸੱਚੇ ਗਿਆਨ ਰੂਪ **"ਬਾਜ"** ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਰੂਪ ਬਾਜ ਕਿੱਥੋਂ ਆਉਂਦੇ ਹਨ ਤੇ ਕਿਸ ਮਕਸਦ ਲਈ ਆਉਂਦੇ ਹਨ, ਇਹੀ ਗੱਲ ਅਗਲੀਆਂ ਪੰਗਤੀਆਂ ਰਾਹੀਂ ਸਪਸ਼ਟ ਕੀਤੀ ਹੋਈ ਹੈ।

"ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥"

ਪੂਰੇ ਗੁਰਬਾਣੀ ਗ੍ਰੰਥ ਦੇ ਅੰਦਰ ਦੇ ਸ਼ਬਦਾਂ ਦੀ ਸੱਚੀ ਵਿਚਾਰ ਕਿੱਥੋਂ ਆਈ ਹੈ ਇਸ ਗੱਲ ਨੂੰ ਅਸੀਂ ਪੂਰੇ ਲੇਖ ਵਿੱਚ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਭਾਵ ਇੱਕੋ ਇੱਕ ਸ੍ਰਿਸ਼ਟੀ ਦੇ ਮਾਲਕ ਰੂਪ ਗੁਰੂ ਦੇ ਕੋਲੋਂ ਆਈ ਹੈ, ਸ਼ਬਦ ਰੂਪ ਗੁਰੂ ਦੇ ਕੋਲੋਂ ਆਈ ਹੈ, ਸੱਚ ਰੂਪ ਗੁਰੂ ਦੇ ਕੋਲੋਂ ਆਈ ਹੈ ਭਾਵੇਂ ਉਸ ਸੱਚੇ ਗੁਰੂ ਨੂੰ ਅਸੀਂ ਰੱਬ ਕਹਿ ਕੇ ਪੁਕਾਰੀਏ, ਅੱਲ੍ਹਾ ਕਹਿ ਕੇ ਪੁਕਾਰੀਏ, ਪ੍ਰਮਾਤਮਾ ਕਹਿ ਕੇ ਪੁਕਾਰੀਏ, ਗਾਡ ਕਹਿ ਕੇ ਪੁਕਾਰੀਏ, ਅਕਾਲ ਪੁਰਖ ਕਹਿ ਕੇ ਪੁਕਾਰੀਏ ਜਾਂ ਕਿਸੇ ਹੋਰ ਨਾਮ ਨਾਲ ਪੁਕਾਰੀਏ ਇੱਕੋ ਹੀ ਗੱਲ ਹੈ ਜੋ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹਰ ਕਿਸੇ ਦੀ ਸਮਝ ਦਾ ਮਾਲਕ ਹੈ। ਇਹ ਸਾਰਾ ਲੇਖ ਵੀ ਸੱਚ ਦਾ ਮਾਲਕ ਹੈ ਇਸ ਦਾਸ ਕੋਲੋਂ ਮਨ ਦੀ ਸਮਝ ਰਾਹੀਂ ਪ੍ਰਗਟ ਹੋ ਕੇ ਆਪ ਹੀ ਲਿਖਵਾ ਰਿਹਾ ਹੈ ਭਾਵ ਸ਼ਬਦਾਂ ਦੇ ਅੰਦਰ ਦਾ ਸੱਚ ਆਪ ਹੀ ਸਮਝਾ ਰਿਹਾ ਹੈ ਜਿਨ੍ਹਾਂ ਸ਼ਬਦਾਂ ਦੇ ਸੱਚੇ ਵਿਚਾਰਾਂ ਨੂੰ ਹੀ ਉਪਰ ਸ਼ਬਦ ਵਿੱਚ ਬਾਜ ਕਿਹਾ ਗਿਆ ਹੈ ਤੇ ਜਦੋਂ ਇਹ ਰੱਬ ਦੇ ਬਾਜ ਉਨ੍ਹਾਂ ਝੂਠੇ ਹੰਸਾਂ ਨੂੰ ਪੈ ਜਾਣਗੇ ਭਾਵ ਝੂਠਾ ਧਰਮ ਦਾ ਮਾਰਗ ਸਮਝਾਉਣ ਵਾਲਿਆਂ ਦੀ ਮਤਿ ਨੂੰ ਪੈ ਜਾਣਗੇ ਫਿਰ ਉਨ੍ਹਾਂ ਨੂੰ ਆਪਣੀਆਂ **"ਕੇਲਾਂ"** ਵੀ ਵਿਸਰ ਜਾਣਗੀਆਂ ਭਾਵ ਇਹ ਸਮਝ ਪੈ ਜਾਵੇਗੀ ਕਿ ਹੁਣ ਤੱਕ ਅਸੀਂ ਆਪ ਵੀ ਧਰਮ ਦੇ ਮਾਰਗ ਦੇ ਸੱਚ ਨੂੰ ਨਹੀਂ ਸਮਝ ਸਕੇ, ਸ਼ਬਦਾਂ ਦੀ ਸੱਚੀ ਵਿਚਾਰ ਨੂੰ ਨਹੀਂ ਸਮਝ ਸਕੇ ਤੇ ਹੁਣ ਤੱਕ

ਦੂਸਰਿਆਂ ਨੂੰ ਵੀ ਆਪਣੀ ਝੂਠੀ ਸਮਝ ਦੇ ਨਾਲ ਹੀ ਜੋੜਿਆ ਹੈ। ਉਸ ਰੱਬ ਦੀਆਂ ਗੱਲਾਂ ਨੂੰ ਕੋਈ ਕੀ ਜਾਣੇ, ਉਸਦੇ ਕੰਮ ਅਚਿੰਤ ਹੀ ਹੁੰਦੇ ਹਨ। ਉਹ ਸ੍ਰਿਸ਼ਟੀ ਦਾ ਕਰਤਾ ਉਹੋ ਕੁੱਝ ਕਰਵਾ ਦਿੰਦਾ ਹੈ ਜੋ ਮਨੁੱਖੀ ਮਨ ਦੇ ਅੰਦਰ, ਚਿੱਤ ਦੇ ਅੰਦਰ ਚੇਤੇ ਵੀ ਨਹੀਂ ਹੁੰਦਾ ਭਾਵ ਉਹ ਜੋ ਕੁੱਝ ਚਾਹੇ ਉਹ ਕਰਵਾ ਸਕਦਾ ਹੈ। ਉਹ ਸੱਚ ਰੂਪ ਹੈ ਤੇ ਆਪਣਾ ਸੱਚ ਭਾਵ ਸ਼ਬਦਾਂ ਦੇ ਅੰਦਰ ਦੀ ਸੱਚੀ ਵਿਚਾਰ ਸੰਸਾਰ ਦੇ ਸਾਹਮਣੇ ਇਸ ਪੂਰੇ ਲੇਖ ਰਾਹੀਂ ਕਿਸ ਮਕਸਦ ਲਈ ਲਿਆ ਰਿਹਾ ਹੈ ਭਾਵ ਸ੍ਰਿਸ਼ਟੀ ਦੇ ਹਰ ਮਨੁੱਖ ਦੇ ਅਨੇਕਾਂ ਭਰਮ ਕੱਢਣ ਕਰਕੇ ਹੀ ਲਿਆ ਰਿਹਾ ਹੈ, ਆਪਣੀ ਸ੍ਰਿਸ਼ਟੀ ਦਾ ਸੱਚ ਸਮਝਾਉਣ ਲਈ, ਸ੍ਰਿਸ਼ਟੀ ਦੇ ਹਰ ਮਨੁੱਖ ਦਾ ਇੱਕੋ ਜਿਹਾ ਸੱਚੇ ਧਰਮ ਦਾ ਮਾਰਗ ਸਮਝਾਉਣ ਲਈ ਹੀ ਲਿਆ ਰਿਹਾ ਹੈ ਤਾਂ ਜੋ ਕੋਈ ਸਾਨੂੰ ਭਰਮਾਂ ਵਿੱਚ ਨਾ ਪਾ ਸਕੇ, ਸੱਚ ਨੂੰ ਸਮਝਣ ਵਿੱਚ ਭਰਮ ਵਿੱਚ ਨਾ ਪਾ ਸਕੇ। **(ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥ ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥)**

ਉਪਰ ਸ਼ਬਦ ਵਿੱਚ ਕੁੱਝ ਗੱਲਾਂ ਨੂੰ ਸਮਝਣ ਲਈ ਅਸੀਂ ਕੁੱਝ ਸ਼ਬਦਾਂ ਦੇ ਪ੍ਰਮਾਣ ਦੇ ਰੂਪ ਵਿੱਚ ਸਮਝਣ ਦੀ ਗੱਲ ਵੀ ਕੀਤੀ ਹੈ। ਉਨ੍ਹਾਂ ਸ਼ਬਦਾਂ ਦੇ ਪ੍ਰਮਾਣ ਹੇਠਾਂ ਦਿੱਤੇ ਜਾ ਰਹੇ ਹਨ ਤਾਂ ਜੋ ਅਸੀਂ ਸ਼ਬਦਾਂ ਦੇ ਅੰਦਰ ਦੇ ਸੱਚ ਦੇ ਨਾਲ ਹੋਰ ਵੀ ਬਰੀਕੀ ਨਾਲ ਜੁੜ ਸਕੀਏ।

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

{ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥ ਕਿਆ ਬਗੁ ਬਪੁੜਾ ਛਪੜੀ ਨਾਇ ॥

ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥ ਰਖਿ ਰਖਿ ਚਰਨ ਧਰੇ ਵੀਚਾਰੀ ॥
ਦੁਬਿਧਾ ਛੋਡਿ ਭਏ ਨਿਰੰਕਾਰੀ ॥ ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥
ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥
ਅਕਥ ਕਥਾ ਗੁਰ ਬਚਨੀ ਆਦਰੁ ॥੩॥ ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥੪॥
ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥ ਭਗਤਿ ਵਛਲ ਭੈ ਕਾਟਣਹਾਰੇ ॥
ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥ ਅਨਿਕ ਜਤਨ ਕਰਿ ਕਾਲੁ ਸੰਤਾਏ ॥
ਮਰਣੁ ਲਿਖਾਇ ਮੰਡਲ ਮਹਿ ਆਏ ॥ ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥
ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥ ਜਤੁ ਸਤੁ ਸੰਜਮੁ ਰਿਦੈ ਸਮਾਏ ॥
ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥ ਸਾਚੇ ਨਿਰਮਲ ਮੈਲੁ ਨ ਲਾਗੈ ॥
ਗੁਰ ਕੈ ਸਬਦਿ ਭਰਮ ਭਉ ਭਾਗੈ ॥ ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥}

(ਅੰਗ ੬੮੫-੬੮੬)

ਸਲੋਕੁ ਮਃ ੧ ॥

{ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥ ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ ॥ ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ ॥
ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ ॥
ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ ॥੧॥}

(ਅੰਗ ੯੫੬)

ਸਲੋਕ ਮਃ ੫ ॥

{ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ ॥ ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ ॥
ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ ॥
ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ ॥
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ ॥
ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ ॥
ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ ॥
ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ ॥ ਉਡਰਿਆ ਵੇਚਾਰਾ ਬਗੁਲਾ ਮਤੁ ਹੋਵੈ ਮੰਦੁ ਲਖਾਵੈ ॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਕਿਸੁ ਦੋਸੁ ਦਿਚੈ ਜਾ ਹਰਿ ਏਵੈ ਭਾਵੈ ॥
ਸਤਿਗੁਰੁ ਸਰਵਰੁ ਰਤਨੀ ਭਰਪੂਰੇ ਜਿਸੁ ਪ੍ਰਾਪਤਿ ਸੋ ਪਾਵੈ ॥
ਸਿਖ ਹੰਸ ਸਰਵਰਿ ਇਕਠੇ ਹੋਏ ਸਤਿਗੁਰ ਕੈ ਹੁਕਮਾਵੈ ॥
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ ਖਾਇ ਖਰਚਿ ਰਹੇ ਤੋਟਿ ਨ ਆਵੈ ॥
ਸਰਵਰ ਹੰਸੁ ਦੂਰਿ ਨ ਹੋਈ ਕਰਤੇ ਏਵੈ ਭਾਵੈ ॥

ਜਨ ਨਾਨਕ ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ ਸੋ ਸਿਖੁ ਗੁਰੂ ਪਹਿ ਆਵੈ ॥
ਆਪਿ ਤਰਿਆ ਕੁਟੰਬ ਸਭਿ ਤਾਰੇ ਸਭਾ ਸ੍ਰਿਸਟਿ ਛਡਾਵੈ ॥੧॥}

(ਅੰਗ ੯੬੦)

ਮਾਰੂ ਮਹਲਾ ੧ ॥

{ਹਰਿ ਸਾ ਮੀਤੁ ਨਾਹੀ ਮੈ ਕੋਈ ॥ ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ ॥
ਸਰਬ ਜੀਆ ਪ੍ਰਤਿਪਾਲਿ ਸਮਾਲੇ ਸੋ ਅੰਤਰਿ ਦਾਨਾ ਬੀਨਾ ਹੇ ॥੧॥ ਗੁਰੁ ਸਰਵਰੁ ਹਮ ਹੰਸ ਪਿਆਰੇ ॥
ਸਾਗਰ ਮਹਿ ਰਤਨ ਲਾਲ ਬਹੁ ਸਾਰੇ ॥ ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ ॥੨॥
ਹਰਿ ਅਗਮ ਅਗਾਹੁ ਅਗਾਧਿ ਨਿਰਾਲਾ ॥ ਹਰਿ ਅੰਤੁ ਨ ਪਾਈਐ ਗੁਰ ਗੋਪਾਲਾ ॥
ਸਤਿਗੁਰ ਮਤਿ ਤਾਰੇ ਤਾਰਣਹਾਰਾ ਮੇਲਿ ਲਏ ਰੰਗਿ ਲੀਨਾ ਹੇ ॥੩॥ ਸਤਿਗੁਰ ਬਾਝਹੁ ਮੁਕਤਿ ਕਿਨੇਹੀ ॥
ਓਹੁ ਆਦਿ ਜੁਗਾਦੀ ਰਾਮ ਸਨੇਹੀ ॥ ਦਰਗਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਨਾ ਹੇ ॥੪॥
ਸਤਿਗੁਰੁ ਦਾਤਾ ਮੁਕਤਿ ਕਰਾਏ ॥ ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ ॥
ਜਮੁ ਜਾਗਾਤਿ ਨਾਹੀ ਕਰੁ ਲਾਗੈ ਜਿਸੁ ਅਗਨਿ ਬੁਝੀ ਠਰੁ ਸੀਨਾ ਹੇ ॥੫॥ ਕਾਇਆ ਹੰਸ ਪ੍ਰੀਤਿ ਬਹੁ ਧਾਰੀ ॥
ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ ॥ ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ ॥੬॥
ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ ॥ ਪਉਣ ਪਾਣੀ ਬੈਸੰਤਰੁ ਗਾਜੈ ॥
ਮਨੂਆ ਡੋਲੈ ਦੂਤ ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ ॥੭॥ ਨਾਮੁ ਵਿਸਾਰਿ ਦੋਖ ਦੁਖ ਸਹੀਐ ॥
ਹੁਕਮੁ ਭਇਆ ਚਲਣਾ ਕਿਉ ਰਹੀਐ ॥ ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ ॥੮॥
ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ ॥
ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥੯॥
ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥੧੦॥
ਮੀਤ ਸਖੇ ਕੇਤੇ ਜਗ ਮਾਹੀ ॥ ਬਿਨੁ ਗੁਰ ਪਰਮੇਸਰ ਕੋਈ ਨਾਹੀ ॥
ਗੁਰ ਕੀ ਸੇਵਾ ਮੁਕਤਿ ਪਰਾਇਣਿ ਅਨਦਿਨੁ ਕੀਰਤਨੁ ਕੀਨਾ ਹੇ ॥੧੧॥
ਕੂੜੁ ਛੋਡਿ ਸਾਚੇ ਕਉ ਧਾਵਹੁ ॥ ਜੋ ਇਛਹੁ ਸੋਈ ਫਲੁ ਪਾਵਹੁ ॥
ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥ ਹਰਿ ਹਰਿ ਨਾਮੁ ਵਖਰੁ ਲੈ ਚਲਹੁ ॥
ਦਰਸਨੁ ਪਾਵਹੁ ਸਹਜਿ ਮਹਲਹੁ ॥ ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ ॥੧੩॥
ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥ ਨਾਰਦ ਸਾਰਦ ਸੇਵਕ ਤੇਰੇ॥
ਤ੍ਰਿਭਵਣਿ ਸੇਵਕ ਵਡਹੁ ਵਡੇਰੇ ॥ ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ ਸਭੁ ਤੇਰੋ ਕਾਰਣੁ ਕੀਨਾ ਹੇ ॥੧੫॥
ਇਕਿ ਦਰਿ ਸੇਵਹਿ ਦਰਦੁ ਵਞਾਏ ॥ ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥
ਹਉਮੈ ਬੰਧਨ ਸਤਿਗੁਰਿ ਤੋੜੇ ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥੧੬॥
ਸਤਿਗੁਰ ਮਿਲਹੁ ਚੀਨਹੁ ਬਿਧਿ ਸਾਈ ॥ ਜਿਤੁ ਪ੍ਰਭੁ ਪਾਵਹੁ ਗਣਤ ਨ ਕਾਈ ॥

ਹਉਮੈ ਮਾਰਿ ਕਰਹੁ ਗੁਰ ਸੇਵਾ ਜਨ ਨਾਨਕ ਹਰਿ ਰੰਗਿ ਭੀਨਾ ਹੇ ॥੧੭॥੨॥੯॥}

(ਅੰਗ ੧੦੨੭-੧੦੨੯)

ਤੁਖਾਰੀ ਮਹਲਾ ੧ ॥

{ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ॥ ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ॥
ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥ ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ ॥
ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥
ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ ॥
ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ॥
ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥ ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥
ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥
ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥
ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥
ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ ਸਹਜਿ ਮਿਲੀਜੈ ॥
ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥
ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥
ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥}

(ਅੰਗ ੧੧੧੧-੧੧੧੨)

56/7960

{ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥
ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥
ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥ ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥}

(ਅੰਗ ੧੩੯੪)

ਸਲੋਕ ਡਖਣਾ ਮਃ ੫ ॥

{ਭੋਰੀ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ ॥ ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ ॥੧॥}

(ਅੰਗ ੩੨੨)

ਮਃ ੫ ॥

{ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ ॥ ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ ॥੨॥}

(ਅੰਗ ੩੨੨)

ਗਉੜੀ ਕਬੀਰ ਜੀ ਕੀ ਨਾਲਿ ਰਲਾਇ

ਲਿਖਿਆ ਮਹਲਾ ੫ ॥

{ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥
ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥੧॥
ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥
ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥
ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥}

(ਅੰਗ ੩੨੬)

ਮਃ ੧ ॥

{ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥}

(ਅੰਗ ੪੬੯)

ਪਉੜੀ ॥

{ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥ ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥ ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥
ਮੁਹਿ ਚਲੈ ਸੁ ਅਗੈ ਮਾਰੀਐ ॥੧੨॥}

(ਅੰਗ ੪੬੯)

ਬਸੰਤੁ ਮਹਲਾ ੫ ਘਰੁ ੨ ਹਿੰਡੋਲ

ੴ ਸਤਿਗੁਰ ਪ੍ਰਸਾਦਿ ॥

{ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥}

(ਅੰਗ ੧੧੮੫)

ਇਸ ਪੂਰੇ ਲੇਖ ਰਾਹੀਂ ਅਸੀਂ ਧੰਨ ਧੰਨ ਧੰਨ ਗੁਰੂ ਗੁਰਬਾਣੀ ਜੀ ਦੇ ਸ਼ਬਦਾਂ ਦੇ ਅੰਦਰ ਦਾ ਸੱਚ ਹੀ ਸਮਝਿਆ ਹੈ ਜੋ ਆਪਣਾ ਸੱਚ ਸ੍ਰਿਸ਼ਟੀ ਦੇ ਕਰਤੇ ਨੇ ਇਸ ਨਿਮਾਣੇ ਜਿਹੇ ਮਨੁੱਖ ਦੇ ਅੰਦਰ ਆਪਣਾ ਸੱਚ ਰੂਪ ਪ੍ਰਗਟ ਕਰਨ ਦੁਆਰਾ ਸਮਝਾਇਆ ਹੈ ਤੇ ਉਸਦਾ ਸੱਚ ਰੂਪ ਹੀ ਹਰ ਸ਼ਬਦ ਦੇ ਅੰਦਰ ਦੀ ਸੱਚੀ ਵਿਚਾਰ ਹੈ। ਸੰਸਾਰ ਵਿੱਚ ਸਦਾ ਟਿਕਣ ਵਾਲਾ, ਸਦਾ ਰਹਿਣ ਵਾਲਾ ਕੇਵਲ ਸੱਚ ਹੀ ਹੈ, ਕੇਵਲ ਨਾਮ ਹੀ ਹੈ ਭਾਵ ਕੇਵਲ ਬ੍ਰਹਮ ਗਿਆਨ ਹੀ ਹੈ ਜੋ ਸ੍ਰਿਸ਼ਟੀ ਦੇ ਕਰਤੇ ਦਾ ਆਪਣਾ ਸੱਚ ਰੂਪ ਹੈ। ਕਿਸੇ ਵੀ ਮਨੁੱਖੀ ਸਮਝ

ਦੇ ਅੰਦਰ ਦਾ ਸ਼ਬਦ ਰੂਪ ਸੱਚ ਭਾਵ ਸ਼ਬਦਾਂ ਦੀ ਸੱਚੀ ਵਿਚਾਰ ਰੂਪ ਸੱਚ ਤਾਂ ਹੀ ਸਦਾ ਲਈ ਟਿਕ ਸਕਦਾ ਹੈ ਜੇਕਰ ਉਹ ਸੱਚ ਸ੍ਰਿਸ਼ਟੀ ਦੇ ਕਰਤੇ ਨੇ ਮਨ ਦੇ ਵਿੱਚ ਪ੍ਰਗਟ ਹੋ ਕੇ ਆਪ ਹੀ ਕਿਸੇ ਨੂੰ ਸਮਝਾਇਆ ਹੋਵੇ। ਇਸ ਪੂਰੇ ਲੇਖ ਦੇ ਅੰਦਰ ਜੋ ਵੀ ਹਰ ਸ਼ਬਦ ਦੇ ਅੰਦਰ ਦੀ ਵਿਚਾਰ ਹੈ ਉਸ ਵਿੱਚ ਪੂਰਨ ਸੱਚ ਹੈ ਜਿਸਨੂੰ ਅੱਖਰਾਂ ਦੇ ਰੂਪ ਵਿੱਚ ਲਿਖਣ ਦੇ ਅੰਦਰ ਕੋਈ **"ਗਰੈਮਰ"** ਰੂਪ ਵਿੱਚ ਭਾਵ ਬਿੰਦੀ, ਟਿੱਪੀ ਲਗਾਉਣ ਵਿੱਚ, ਕਿਸੇ ਸਿਹਾਰੀ-ਬਿਹਾਰੀ ਲਗਾਉਣ ਵਿੱਚ ਭਾਵ ਅੱਖਰਾਂ ਦੀ ਬਨਾਵਟ ਲਿਖਣ ਵਿੱਚ ਤਾਂ ਕੋਈ ਫਰਕ ਹੋ ਸਕਦਾ ਹੈ ਜਿਸ ਲਈ ਦਾਸ ਦੀ ਸਭ ਅੱਗੇ ਬੇਨਤੀ ਹੈ ਕਿ ਉਹ ਉਸਨੂੰ ਠੀਕ ਕਰਕੇ ਪੜ ਲੈਣ ਪਰ ਹਰ ਸ਼ਬਦ ਦੇ ਅੰਦਰ ਦਾ ਸਮਝਾਇਆ ਹੋਇਆ ਭਾਵ ਕੀ ਹੈ ਜੋ ਸੱਚ ਹੀ ਹੈ ਜਿਨ੍ਹਾਂ ਸੱਚੇ ਵਿਚਾਰਾਂ ਨੂੰ ਰਹਿੰਦੀ ਦੁਨੀਆਂ ਤੱਕ ਕਦੇ ਕੋਈ ਮਨੁੱਖ ਬਦਲ ਨਹੀਂ ਸਕੇਗਾ ਭਾਵ ਇਹ ਸ਼ਬਦਾਂ ਦੇ ਸਾਰੇ ਅਰਥ ਸਦਾ ਰਹਿਣ ਵਾਲੇ ਹਨ ਕਿਉਂਕਿ ਸੱਚ ਅਡੋਲ ਹੁੰਦਾ ਹੈ ਜੋ ਕਦੇ ਡੋਲ ਹੀ ਨਹੀਂ ਸਕਦਾ। ਪੂਰੇ ਗੁਰਬਾਣੀ ਗ੍ਰੰਥ ਵਿੱਚ ਗਾਡ ਦੀ, ਪ੍ਰਮਾਤਮਾ ਦੀ, ਅੱਲ੍ਹਾ ਦੀ, ਅਕਾਲ ਪੁਰਖ ਦੀ ਭਾਵ ਇੱਕੋ ਇੱਕ ਸ੍ਰਿਸ਼ਟੀ ਦੇ ਕਰਤੇ ਦੀ ਅਡੋਲ ਮਤਿ ਹੈ ਭਾਵ ਸੱਚੀ ਗੁਰਮਤਿ ਹੈ ਜਿਸ ਸੱਚੀ ਮਤਿ ਨੂੰ ਕਦੇ ਵੀ ਕੋਈ ਮਨਮਤਿ ਬਦਲ ਨਹੀਂ ਸਕੇਗੀ।

56/7961

ਧੰਨ ਹੈ, ਧੰਨ ਹੈ, ਧੰਨ ਹੈ ਗੁਰੂ ਰੂਪ ਸਿਸ਼੍ਟੀ ਦਾ ਕਰਤਾ ਜਿਸਨੇ ਇਸ ਪੂਰੇ ਲੇਖ ਰਾਹੀਂ ਆਪਣਾ ਸੱਚ ਰੂਪ, ਗੁਰੂ ਰੂਪ, ਭਗਤ ਰੂਪ, ਜਨ ਰੂਪ, ਸੇਵਕ ਰੂਪ ਸਾਰੇ ਸੰਸਾਰ ਦੇ ਸਾਹਮਣੇ ਪ੍ਰਗਟ ਕੀਤਾ ਹੈ। ਸ੍ਰਿਸ਼ਟੀ ਦੇ ਕਰਤੇ ਦੇ ਸੱਚ ਰੂਪ ਨਾਲ ਜੁੜੇ ਅਨੇਕਾਂ ਹੀ ਸ਼ਬਦਾਂ ਨੂੰ ਅਸੀਂ ਲੇਖ ਦੇ ਵਿੱਚ ਸਮਝਿਆ ਹੈ ਤੇ ਉਹ ਆਪਣਾ ਸੱਚ ਰੂਪ ਕਿਸੀ ਮਨੁੱਖੀ ਸਮਝ ਦੇ ਅੰਦਰ ਕਿਸ ਮਕਸਦ ਲਈ ਪ੍ਰਗਟ ਕਰਦਾ ਹੈ ਇਸ ਗੱਲ ਨੂੰ ਅਸੀਂ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੀ ਹੈ ਤੇ ਇਸ ਪੁਸਤਕ ਦੀ ਸਮਾਪਤੀ ਤੋਂ ਪਹਿਲੇ ਹੇਠ ਦਿੱਤੇ ਕੁੱਝ ਸ਼ਬਦਾਂ ਦੇ ਪ੍ਰਮਾਣ ਦੁਆਰਾ ਇਸ ਗੱਲ ਨੂੰ ਫਿਰ ਤੋਂ ਦ੍ਰਿੜ ਕੀਤਾ ਜਾ ਸਕਦਾ ਹੈ।

ਸਲੋਕ ਮਃ ੧ ॥

{ਵੇਲਿ ਪਿੰਵਾਇਆ ਕਤਿ ਵੁਣਾਇਆ ॥ ਕਟਿ ਕੁਟਿ ਕਰਿ ਖੁੰਬਿ ਚੜਾਇਆ ॥
ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ ॥ ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ ॥
ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ ॥ ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ ॥
ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥ ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ॥੧॥}

(ਅੰਗ ੯੫੫-੯੫੬)

ਮਃ ੩ ॥

{ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥
ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ ॥੨॥}

(ਅੰਗ ੧੨੪੯)

ਗਉੜੀ ਮਹਲਾ ੧ ॥

{ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥
ਰਹਹਿ ਅਤੀਤ ਸਚੇ ਸਰਣਾਈ ॥੧॥ ਸਚ ਘਰਿ ਬੈਸੈ ਕਾਲੁ ਨ ਜੋਹੈ ॥
ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥ ਅਪਿਉ ਪੀਅਉ ਅਕਥੁ ਕਥਿ ਰਹੀਐ ॥
ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥
ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥
ਸਤਿਗੁਰੁ ਦੇਖਿਆ ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥
ਗਤਿ ਮਿਤਿ ਪਾਈ ਆਤਮੁ ਚੀਨੀ ॥੪॥ ਭੋਜਨੁ ਨਾਮੁ ਨਿਰੰਜਨ ਸਾਰੁ ॥

ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥ ਰਹੈ ਨਿਰਾਲਮੁ ਏਕਾ ਸਚੁ ਕਰਣੀ ॥
ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥ ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥
ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥ ਹਰਿ ਜਸਿ ਸੰਤ ਭਗਤ ਨਿਸਤਾਰਿਆ ॥
ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥ ਸਾਚ ਮਹਲਿ ਗੁਰਿ ਅਲਖੁ ਲਖਾਇਆ ॥
ਨਿਹਚਲ ਮਹਲੁ ਨਹੀ ਛਾਇਆ ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥
ਜਿਨ ਕੈ ਮਨਿ ਵਸਿਆ ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ ਹੋਈ ॥
ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥}

(ਅੰਗ ੨੨੭-੨੨੮)

ਗਉੜੀ ਗੁਆਰੇਰੀ ਮਹਲਾ ੫ ॥

{ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥}

(ਅੰਗ ੧੮੫-੧੮੬)

ਪਉੜੀ ॥

{ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥
ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥}

(ਅੰਗ ੫੯੨)

ਸਲੋਕ ਮਃ ੨ ॥

{ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥}

(ਅੰਗ ੧੨੪੩)

ਮਹਲਾ ੧ ॥

{ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ ॥ ਉਦੋਸੀਅ ਘਰੇ ਹੀ ਵੁਠੀ ਕੁੜਿਈਂ ਰੰਨੀ ਧੰਮੀ ॥
ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ ॥ ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ ॥੨੯॥

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥ ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥
ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥ ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥੩੦॥
ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ ॥ ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ॥
ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ ॥ ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ ॥੩੧॥
ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ ॥ ਗਲਾਂ ਕਰੇ ਘਣੇਰੀਆ ਤਾਂ ਅੰਨ੍ਹੇ ਪਵਣਾ ਖਾਤੀ ਟੋਵੈ ॥੩੨॥
ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥੩੩॥}

(ਅੰਗ ੧੪੧੨)

56/7962

ਰਾਗੁ ਗਉੜੀ ਚੇਤੀ ॥

{ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਣਿਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ ੩੩੧-੩੩੨)

“ਧੰਨ ਹੈ ਸਚੁ, ਧੰਨ ਹੈ ਸਚੁ, ਧੰਨ ਹੈ ਸਚੁ,
ਧੰਨ ਹੈ ਦਸਮ ਦੁਆਰ, ਧੰਨ ਹੈ ਦਸਮ ਦੁਆਰ, ਧੰਨ ਹੈ ਦਸਮ ਦੁਆਰ,
ਧੰਨ ਹੈ ਬ੍ਰਹਮਗਿਆਨ, ਧੰਨ ਹੈ ਬ੍ਰਹਮਗਿਆਨ, ਧੰਨ ਹੈ ਬ੍ਰਹਮਗਿਆਨ,
ਧੰਨ ਹੈ ਚੌਥਾ ਪਦ, ਧੰਨ ਹੈ ਚੌਥਾ ਪਦ, ਧੰਨ ਹੈ ਚੌਥਾ ਪਦ ।”

ਹੁਣ ਤੱਕ ਅਸੀਂ ਪਿੱਛੇ ਇਸ ਪੁਸਤਕ ਦੇ ਪਹਿਲੇ ਭਾਗ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਚਾਰੇ ਹੋਏ ਅਕਾਲ ਪੁਰਖ ਦੇ ਅਨੇਕਾਂ ਹੀ ਸ਼ਬਦਾਂ ਦੁਆਰਾ ਜੋ ਉਸ ਪ੍ਰਮਾਤਮਾ ਨੇ ਵੱਖਰੇ-ਵੱਖਰੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਚਾਰੇ ਹਨ ਤੇ ਪੁਸਤਕ ਵਿੱਚ ਅੱਗੇ ਚੱਲਕੇ ਅਗਲੇ ਭਾਗਾਂ ਰਾਹੀਂ ਹੋਰ ਵੀ ਅਨੇਕਾਂ ਸ਼ਬਦਾਂ ਦੀ ਵਿਆਖਿਆ ਨੂੰ ਸਮਝਾਂਗੇ। ਹੁਣ ਤੱਕ ਜੋ ਅਸੀਂ ਪਿਛੇ ਸਮਝਿਆ ਹੈ **"ਸ਼ਬਦ"** ਦੇ ਕਿਸੇ ਵੀ ਭਾਵ ਦੇ ਅਰਥ ਕਿਸੇ ਹੋਰ ਸ਼ਬਦ ਦੇ ਭਾਵ ਦੇ ਉਲਟ ਅਰਥ ਨਹੀਂ ਹੋ ਸਕਦੇ ਜਿਸ ਰਾਹੀਂ ਸਾਨੂੰ ਇੱਕੋ ਜਿਹੀ ਗੱਲ ਬਾਰੇ ਸਮਝ ਪਾਈ ਹੁੰਦੀ ਹੈ ਜਿਵੇਂ ਕਿ ਅਸੀਂ ਜੋ ਕੁਝ **"ਹਉਮੈ"** ਬਾਰੇ ਕਿਸੇ ਸ਼ਬਦ ਰਾਹੀਂ ਸਮਝਿਆ ਹੈ ਤਾਂ ਫਿਰ ਹਉਮੈ ਨੂੰ ਭਾਵੇਂ ਜਿਹੜੇ ਮਰਜੀ ਸ਼ਬਦ ਦੁਆਰਾ ਸਮਝੀਏ, ਭਾਵੇਂ ਭਗਤਾਂ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਉਚਾਰੇ ਹੋਏ ਅਕਾਲ ਪੁਰਖ ਦੇ ਸ਼ਬਦਾਂ ਰਾਹੀਂ ਸਮਝੀਏ ਤੇ ਭਾਵੇਂ ਗੁਰੂ ਸਾਹਿਬਾਨ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਅਕਾਲ ਪੁਰਖ ਦੇ ਸ਼ਬਦਾਂ ਰਾਹੀਂ ਸਮਝੀਏ ਕੋਈ ਫਰਕ ਨਹੀਂ ਪੈਂਦਾ। ਸਾਰੀ ਬਾਣੀ ਦਾ ਸ੍ਰੋਤ ਇੱਕੋ ਇੱਕ ਪ੍ਰਮਾਤਮਾ ਆਪ ਹੀ ਹੈ ਜਿਸ ਕਰਕੇ ਹਰ ਸ਼ਬਦ ਦਾ ਭਾਵ ਦੂਸਰੇ ਸ਼ਬਦ ਦੇ ਭਾਵ ਦੇ ਨਾਲ ਮੇਲ ਖਾਂਦਾ ਹੈ ਤੇ ਗੱਲ ਸਿਰਫ ਸ਼ਬਦਾਂ ਦੀ ਮਤਿ ਤੇ ਭਾਵ ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖਣ ਦੀ ਹੈ ਕਿ ਗੁਰੂ ਸਾਨੂੰ ਕਦੇ ਗਲਤ ਗੱਲ ਨਹੀਂ ਸਮਝਾ ਸਕਦਾ। ਗੁਰੂ ਦੀ ਗੱਲ ਤੇ ਵਿਸ਼ਵਾਸ ਕੀਤੇ ਬਿਨਾ ਕੋਈ ਪੂਰੀ ਗੁਰਬਾਣੀ ਦੇ ਅੰਦਰੂਨੀ ਭਾਵ ਨੂੰ ਸਮਝ ਸਕੇ ਇਹ ਨਾਮੁਮਕਿਨ ਹੈ। ਗੁਰੂ ਤੇ ਸਾਡਾ ਪੂਰਨ ਵਿਸ਼ਵਾਸ ਨਾ ਟਿਕਣ ਦਾ ਕਾਰਨ ਸਾਡੇ ਅੰਦਰ ਉਹਨਾਂ ਦੀ ਸਮਝ ਦਾ ਵੱਸਿਆ ਹੋਣਾ ਹੈ ਜਿੰਨ੍ਹਾਂ ਨੂੰ ਅਸੀਂ ਮਨ ਦੀ ਨਾਮਸਝੀ ਕਰਕੇ ਧਰਮ ਦੀ ਉੱਚੀ ਮਤਿ ਰੱਖਣ ਵਾਲੇ ਸਮਝਿਆ ਹੋਇਆ ਹੈ। ਗੁਰਬਾਣੀ ਦਾ ਅਸਲ ਮਕਸਦ ਹੀ ਸਾਨੂੰ ਭਰਮਾਂ ਵਾਲੀ ਸਮਝ ਵਿੱਚੋਂ ਕੱਢਣ ਦਾ ਹੈ ਤਾਂ ਜੋ ਅਸੀਂ ਗੁਰੂ ਦੀ ਸਿੱਖਿਆ ਨੂੰ ਪੂਰੀ ਤਰ੍ਹਾਂ ਸਮਝ ਸਕੀਏ ਤੇ ਉਸ ਅਨੁਸਾਰ ਵਿਚਰ ਸਕੀਏ ਜੋ ਸੱਚੀ ਸਿੱਖਿਆ ਸਾਰੇ ਸੰਸਾਰ ਲਈ ਇੱਕੋ ਜਿਹੀ ਹੀ ਹੈ ਭਾਵੇਂ ਉਸ ਧਾਰਮਿਕ ਸਿੱਖਿਆ ਨੂੰ ਜਿਹੜੇ ਮਰਜੀ ਧਰਮ ਗ੍ਰੰਥ ਰਾਹੀਂ ਪੜ ਲਈਏ ਕਿਉਂਕਿ ਹਰ ਸੱਚੇ ਧਰਮ ਗ੍ਰੰਥ ਦਾ ਰਚਨਹਾਰ ਉਹ ਗਿਆਨ ਦਾ ਮਾਲਕ ਅਲ੍ਹਾ, ਪ੍ਰਮਾਤਮਾ, ਗਾਡ, ਅਕਾਲ ਪੁਰਖ ਭਾਵ ਇੱਕੋ ਇੱਕ ਸ੍ਰਿਸ਼ਟੀ ਦਾ ਕਰਤਾ ਆਪ ਹੀ ਹੈ ਜਿਸ ਦੀ ਸਮਝ ਕੇਵਲ ਕਿਸੇ ਮਨੁੱਖੀ ਸਰੀਰ ਨੂੰ ਤਾਂ ਹੀ ਪੈਂਦੀ ਹੈ ਜਦੋਂ ਉਹ ਸਚੁ ਰੂਪ ਸੱਚ ਦਾ ਮਾਲਕ, ਨਾਮ ਰੂਪ ਨਾਮ ਦਾ ਮਾਲਕ ਆਪਣੇ ਆਪ ਨੂੰ ਕਿਸੇ ਸਰੀਰ ਰਾਹੀਂ ਪ੍ਰਗਟ ਕਰਦਾ ਹੈ ਜਿਵੇਂ ਕਿ ਉਸ ਨੇ ਗੁਰਬਾਣੀ ਦੀ ਰਚਨਾ ਕਰਨ ਵਾਲੇ ਸਰੀਰਾਂ ਦੇ ਰਾਹੀਂ ਪ੍ਰਗਟ ਕੀਤਾ ਹੈ ਤੇ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਇੱਕੋ ਜਿਹਾ ਸੱਚ ਦਾ ਮਾਰਗ ਸਮਝਾਇਆ ਹੈ, ਨਾਮ ਜਪਣ ਦਾ ਮਾਰਗ ਸਮਝਾਇਆ ਹੈ ਜੋ ਨਾਮ ਜਪਣ ਦਾ ਮਾਰਗ ਜੁਗਾਂ-ਜੁਗਾਂ ਤੋਂ ਸਾਰੇ ਸੰਸਾਰ ਲਈ ਇੱਕੋ ਜਿਹਾ ਹੀ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਅਨੇਕਾਂ ਹੀ ਅਨੇਕਾਂ ਸ਼ਬਦਾਂ ਦੁਆਰਾ ਸਮਝਿਆ ਹੈ। ਗੁਰੂ ਦੀ ਗੱਲ ਬੜੀ ਗਹਿਰਾਈ ਵਿੱਚ ਹੁੰਦੀ ਹੈ ਭਾਵ ਚਉਥੇ ਪਦ ਦੇ ਗਿਆਨ ਵਾਲੀ ਹੁੰਦੀ ਹੈ ਜਿੰਨ੍ਹਾਂ ਬਰੀਕੀਆਂ ਨੂੰ ਅਸੀਂ ਤਾਂ ਹੀ ਸਮਝ ਪਾਉਂਦੇ ਹਾਂ ਜਦੋਂ ਸਾਡੀ ਸਮਝ ਬਰੀਕੀਆਂ ਨੂੰ ਸਮਝਣ ਲਈ ਗਹਿਰੀ ਹੁੰਦੀ ਜਾਂਦੀ ਹੈ। ਪਿੱਛੇ ਲਿਖੀਆਂ ਹੋਈਆਂ ਇਹਨਾਂ ਸਾਰੀਆਂ ਗੱਲਾਂ ਦੀ ਸੋਝੀ ਸਾਨੂੰ ਸ਼ਬਦਾਂ ਦੁਆਰਾ ਹੀ ਪਈ ਹੈ ਜਿਵੇਂ ਕਿ ਚਰਨ ਕਮਲ, ਗੁਰੂ ਦੇ ਚਰਨ, ਚਰਨ ਧੂੜ, ਧੂੜੀ ਮਜਨ, ਸਾਧੂ ਧੂੜ, ਸੰਤ ਧੂੜ, ਸੰਤ ਰੇਨ, ਕਮਲ ਪ੍ਰਗਾਸ, ਕਮਲ ਦਾ ਬਿਗਸਨਾ, ਕਮਲ ਦਾ ਸਿੱਧਾ ਹੋਣਾ, ਦਿਬ ਦ੍ਰਿਸ਼ਟਿ, ਨਾਮ ਧਨ, ਹਰਿ ਧਨ, ਨਾਮ ਰਸ, ਹਰਿ ਰਸ, ਮਹਾਂ ਰਸ, ਰਾਮ ਰਸ, ਰਾਮ ਲਿਵ, ਹਰਿ ਲਿਵ, ਨਾਮ ਲਿਵ, ਹਰਿ ਰਸ ਚੱਖਣਾ, ਅਨ ਰਸ, ਅੰਮ੍ਰਿਤ ਰਸ, ਅੰਮ੍ਰਿਤ, ਅੰਮ੍ਰਿਤ ਭੋਜਨ, ਅੰਮ੍ਰਿਤ ਵੇਲਾ, ਨਾਮ ਭੋਜਨ, ਨਾਮ ਪਦਾਰਥ, ਨਾਮ ਰੰਗ, ਹਰਿ ਰੰਗ, ਹਰਿ ਕੀਰਤ, ਹਰਿ ਗੁਣ, ਧਰਮ, ਸੱਚ, ਤੀਰਥ, ਤੀਰਥ ਇਸ਼ਨਾਨ, ਅੰਮ੍ਰਿਤਸਰ ਦਾ ਇਸ਼ਨਾਨ, ਸੰਤ, ਸਾਧ, ਸਾਧ ਸੰਗਤਿ, ਸਤਿ ਸੰਗਤ, ਸੰਤ ਸਭਾ, ਬ੍ਰਹਮ ਗਿਆਨੀ, ਸੰਤ ਦਾ ਦੋਖੀ, ਸੰਤ ਕਾ ਨਿੰਦਕ, ਸ਼ਬਦ, ਸੁਰਤਿ, ਧੁਨਿ, ਅਨਹਦ, ਅਨਹਦ ਸ਼ਬਦ, ਅਨਹਦ ਧੁਨਿ, ਅਨਹਤ ਸ਼ਬਦ, ਅਨਹਤ ਤੂਰੇ, ਅਨਹਦ ਵਾਜੇ, ਗੁਰਮੁਖਿ, ਮਨਮੁਖਿ, ਗੁਰਮਤਿ, ਮਨਮਤਿ, ਜਪਣਾ, ਅਰਾਧਣਾ, ਧਿਆਉਣਾ, ਸਿਮਰਨਾ, ਗਾਉਣਾ, ਗੁਰੂ ਦਾ ਮੰਤਰ ਕੀ ਹੈ, ਮੰਤਰ ਦਾ ਜਾਪ ਕੀ ਹੈ, ਨਾਮ ਮਿਲਣਾ ਕੀ ਹੈ, ਨਾਮ ਪ੍ਰਾਪਤ ਕਰਨ ਦਾ ਤਰੀਕਾ ਕੀ ਹੈ, ਪ੍ਰਮਾਤਮਾ ਦੀ ਸਿਫਤ ਸਾਲਾਹ ਕੀ ਹੈ, ਸਾਸ ਗਿਰਾਸ ਜਪਣਾ ਕੀ ਹੈ, ਸਵਾਸ-ਸਵਾਸ ਜਪਣਾ ਕੀ ਹੈ, ਅਨਦਿਨ, ਅੱਠੇ ਪਹਿਰ, ਦਿਨ ਰਾਤ ਜਪਣਾ ਕੀ ਹੈ, ਸੁਕ੍ਰਿਤ ਕਰਨੀ ਕੀ ਹੈ, ਵੇਦਾਂ ਸ਼ਾਸਤਰਾਂ ਵਿੱਚ ਨਾਮ ਕੀ ਹੈ, ਨਾਮ ਦੀ ਪਰਖ ਕੀ ਹੈ, ਨਾਮ ਦੀ ਵਣਜ ਕੀ ਹੈ, ਹਉਮੈ, ਹਉਮੈ ਦਾ ਪੜਦਾ, ਕੂੜੈ ਦੀ ਪਾਲਿ, ਮਨੁੱਖ ਦਾ ਪ੍ਰਮਾਤਮਾ ਤੋਂ ਵੱਖਰਾ ਹੋਣਾ ਕੀ ਹੈ, ਮੁਕਤੀ ਕੀ ਹੈ, ਬੰਧਨ ਕੀ ਹੈ, ਬੰਧਨ ਟੁੱਟਣਾ ਕੀ ਹੈ, ਹਉ ਵਾਰੀ, ਜੀਉ ਵਾਰੀ ਕੀ ਹੈ, ਹੁਕਮ ਕੀ ਹੈ, ਹੀਰੇ ਹੀਰਾ ਬੇਧਣਾ ਕੀ ਹੈ, ਭਵਸਾਗਰ ਕੀ ਹੈ, ਇਸ ਤੋਂ ਪਾਰ ਪਾਉਣਾ ਕੀ ਹੈ, ਗੁਰੂ ਦਾ ਬੋਹਿਥ ਕੀ ਹੈ, ਪ੍ਰਭਾਤ ਵੇਲਾ ਕੀ ਹੈ, ਅੰਮ੍ਰਿਤ ਵੇਲਾ ਕੀ ਹੈ, ਗੁਰੂ ਦਾ ਕੁਲ ਪਰਿਵਾਰ ਕੀ ਹੈ, ਨਾਮ ਦੀ ਜਾਤਿ ਕੀ ਹੈ, ਧਰਮ ਕਰਮ ਕੀ ਹਨ, ਨਾਮ ਅਉਖਧ ਕੀ ਹੈ, ਸੱਚਾ ਜਪ ਤਪ ਕੀ ਹੈ, ਸ਼ਬਦ ਦੁਆਰਾ ਮਰਨਾ ਕੀ ਹੈ, ਜੁਗ ਕੀ ਹੈ, ਹਰ ਜੁਗ ਦਾ ਧਰਮ ਕੀ ਹੈ, ਨਾਮ ਬੀਜਣਾ ਕੀ ਹੈ, ਗੁਰੂ ਦੀ ਵਡਿਆਈ ਕਰਨਾ ਕੀ ਹੈ, ਗੁਰੂ ਦੇ ਅੱਗੇ ਸਾਡੇ ਬੋਲ ਬੋਲਣਾ ਕੀ ਹੈ, ਕਥਨੀ ਤੇ ਕਰਣੀ ਕੀ ਹੈ, ਪਾਪ ਪੁੰਨ ਕੀ ਹੈ, ਉਸਤਤ ਨਿੰਦਾ ਕੀ ਹੈ, ਰਾਮ ਰਾਮ ਕਹਿਣਾ ਕੀ ਹੈ, ਹੁਕਮ ਬੁੱਝਣਾ ਕੀ ਹੈ, ਪ੍ਰਮਾਤਮਾ ਹਰ ਕਿਸੇ ਨੂੰ ਆਪਣੇ ਹੁਕਮ ਵਿੱਚ ਕਿਵੇਂ ਚਲਾ ਰਿਹਾ ਹੈ, ਗਿਆਨ ਦੀ ਨੱਥ

ਕੀ ਹੈ, ਚਾਰੇ ਜੁਗਾਂ ਵਿੱਚ ਨਾਮ ਕੀ ਹੈ, ਚਾਰੇ ਜੁਗਾਂ ਦਾ ਗੁਰੂ ਕੌਣ ਹੈ, ਮਨੁੱਖਤਾ ਦਾ ਧਰਮ ਕੀ ਹੈ, ਬਾਣੀ ਸਾਰੀ ਦੁਨੀਆਂ ਦੀ ਸਾਂਝੀ ਕਿਵੇਂ ਹੈ, ਖਾਲਸਾ ਬਣਨਾ ਕੀ ਹੈ, ਅਕਾਲ ਪੁਰਖ ਦੀ ਫੌਜ ਕੀ ਹੈ, ਖਾਲਸਾ ਰਾਜ ਕੀ ਹੈ, ਰਾਮ ਰਾਜ ਕੀ ਹੈ, ਬਾਣੀ ਵਿੱਚ ਮਾਸ ਖਾਣ ਬਾਰੇ ਸ਼ਬਦਾਂ ਦੁਆਰਾ ਸੋਝੀ, ਸਾਡੇ ਨਾਲ ਅੱਗੇ ਕੀ ਜਾਂਦਾ ਹੈ, ਸਾਡਾ ਅੱਗਾ ਕਿਵੇਂ ਸੰਵਰਨਾ ਹੈ, ਸਾਡੇ ਸੱਜਣ ਕੌਣ ਹਨ, ਸਾਡੇ ਦੁਸ਼ਮਨ ਕੌਣ ਹਨ, ਜੋਤਿ ਕੀ ਹੈ, ਸਾਡੇ ਅੰਦਰ ਪ੍ਰਮਾਤਮਾ ਦੀ ਜੋਤਿ ਕਿਵੇਂ ਵਰਤਦੀ ਹੈ, ਪ੍ਰਮਾਤਮਾ ਹਰ ਇੱਕ ਵਸਤੂ ਵਿੱਚ ਕਿਵੇਂ ਸਮਾਇਆ ਹੋਇਆ ਹੈ, ਗਿਆਨ ਕੀ ਹੈ, ਗਿਆਨ ਕਿੱਥੋਂ ਆਉਂਦਾ ਹੈ, ਬਾਣੀ ਕਿੱਥੋਂ ਆਈ ਹੈ ਤੇ ਕਿਵੇਂ ਆਈ ਹੈ, ਪ੍ਰਮਾਤਮਾ ਸਾਡੇ ਅੰਦਰ ਕਿਵੇਂ ਵਰਤ ਰਿਹਾ ਹੈ ਤੇ ਕਿੱਥੇ ਵਰਤ ਰਿਹਾ ਹੈ, ਅਕਥ ਕਥਾ ਕੀ ਹੈ, ਸ਼ਬਦ ਸੁਰਤਿ ਦੀ ਨੀਂਵ ਕੀ ਹੈ, ਤ੍ਰੈ ਗੁਣ ਮਾਇਆ ਦੀ ਜੁਗਤਿ ਕੀ ਹੈ, ਚੌਥਾ ਪਦ ਕੀ ਹੈ, ਦੀਪਕ ਕੀ ਹੈ ਤੇ ਦੀਪਕ ਪਰਗਾਸਿਆ ਕੀ ਹੈ। ਸਾਡੇ ਅੰਦਰ ਪੁੱਠਾ ਕਮਲ ਕੀ ਹੈ, ਕਮਲ ਦਾ ਸਿੱਧਾ ਹੋਣਾ ਕੀ ਹੈ, ਕਮਲ ਦਾ ਖਿੜਨਾ ਕੀ ਹੈ।

ਨਿਰਗੁਣ ਸਰੂਪ, ਸਰਗੁਣ ਸਰੂਪ ਕੀ ਹੈ, ਪ੍ਰਮਾਤਮਾ ਦੇ ਨਾਲ ਮੇਲ ਕੀ ਹੈ, ਪ੍ਰਮਾਤਮਾ ਦੇ ਨਾਲ ਵਿਆਹ ਕੀ ਹੈ, ਪ੍ਰਮਾਤਮਾ ਦਾ ਸਾਡੇ ਅੰਦਰ ਪ੍ਰਗਟ ਹੋਣਾ ਕੀ ਹੈ, ਪ੍ਰਮਾਤਮਾ ਦੀ ਸਾਡੇ ਤੇ ਕ੍ਰਿਪਾ ਕੀ ਹੈ, ਅਰਦਾਸ ਕੀ ਹੈ, ਭਾਣਾ ਕੀ ਹੈ, ਸਾਡੇ ਅੰਦਰ ਹਜਾਰਾਂ ਸੂਰਜਾਂ ਦਾ ਪ੍ਰਕਾਸ਼ ਹੋਣਾ ਕੀ ਹੈ, ਮਨ ਕੀ ਹੈ, ਦਸਮ ਦੁਆਰ ਕੀ ਹੈ, ਸੱਚਖੰਡ ਕੀ ਹੈ, ਦਰਗਾਹ ਕੀ ਹੈ, ਪ੍ਰਮਾਤਮਾ ਦੇ ਮਹਿਲ ਕੀ ਹਨ, ਸਹਜ ਸਮਾਧ ਕੀ ਹੈ, ਸੁੰਨ ਸਮਾਧ ਕੀ ਹੈ, ਗੁਰੂ ਦਾ ਤੋਲ ਤੁਲਣਾ ਕੀ ਹੈ, ਹੌਲੀ ਮਤਿ ਕੀ ਹੈ, ਹੌਲੇ ਬੋਲ ਕੀ ਹਨ, ਗੁਰੂ ਅੱਗੇ ਨਿਵਣਾ ਕੀ ਹੈ, ਨਿਰਤ ਕਰਨਾ ਕੀ ਹੈ, ਸੱਚੀ ਸਿੱਖਿਆ ਕੀ ਹੈ, ਗੁਰੂ ਨਾਲ ਪਿਆਰ ਕੀ ਹੈ, ਅਲਖ ਕੀ ਹੈ, ਬੀਜ ਬੀਜਣਾ ਕੀ ਹੈ, ਅਘੜ ਘੜਾਵੈ ਕੀ ਹੈ, ਅਪਿਉ ਪੀਉ ਕੀ ਹੈ, ਅਕਥ ਕਥਾ ਕੀ ਹੈ, ਉਰਵਾਰ ਪਾਰ ਪਾਉਣਾ ਕੀ ਹੈ, ਗਰਭ ਜੋਨਿ ਕੀ ਹੈ, ਕੋਟਿ ਜਨਮ ਕੀ ਹੈ, ਪਰਵਿਰਤ-ਨਿਰਵਿਰਤ ਕੀ ਹੈ, ਦੇਹੁਰਾ ਫਿਰਨਾ ਕੀ ਹੈ, ਰਥੁ ਕੀ ਹੈ, ਮੇਰੁ ਕੀ ਹੈ, ਚੀਰੀ ਕੀ ਹੈ, ਚੀਰੀ ਫਿਰਨਾ ਕੀ ਹੈ, ਪ੍ਰੇਮ ਪਾਉਣਾ ਕੀ ਹੈ, ਸੁੰਞੇ ਘਰੁ ਕਾ ਪਾਹੁਣਾ ਕੀ ਹੈ, ਸੁੰਞਾ ਘਰ ਕੀ ਹੈ, ਪਵਨ ਰੂਪ ਕੀ ਹੈ, ਬ੍ਰਹਮ ਗਿਆਨ ਰੂਪ ਕੀ ਹੈ, ਰਸਨਾ ਗਾਉਣਾ ਕੀ ਹੈ, ਇੰਦਰੀਆਂ ਨੂੰ ਕਾਬੂ ਕਰਨਾ ਕੀ ਹੈ, ਸੁੱਖ-ਦੁੱਖ ਕੀ ਹੈ, ਪਵਿੱਤਰਤਾ-ਅਪਵਿੱਤਰਤਾ ਕੀ ਹੈ, ਦੁਬਿਧਾ, ਸਹਿਸਾ, ਦੁਚਿੱਤੀ ਕੀ ਹੈ, ਕਲਿ ਕੀ ਹੈ, ਰੋਗ ਕੀ ਹੈ, ਅਵਖਧ ਕੀ ਹੈ, ਸੁੱਚੀਆਂ ਚੁੱਲੀਆਂ ਕੀ ਹਨ, ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਕੀ ਹੈ, ਪ੍ਰਮਾਤਮਾ ਦਾ ਘਰ ਕੀ ਹੈ, ਦਰਗਾਹ ਕੀ ਹੈ, ਅਸਥਿਰ ਹੋਣਾ ਕੀ ਹੈ, ਦਿਬ ਦ੍ਰਿਸਟਿ ਕੀ ਹੈ, ਸਉਣਾ ਜਾਗਣਾ ਕੀ ਹੈ, ਕੀਰਤਨ ਕਰਨਾ ਕੀ ਹੈ, ਦੂਜਾ ਭਾਉ ਕੀ ਹੈ, ਹਨੇਰਾ ਚਾਨਣ ਕੀ ਹੈ, ਬਾਣੀ ਮਿੱਠੀ ਲੱਗਣਾ ਕੀ ਹੈ, ਸੱਚੀ ਭਗਤੀ ਕੀ ਹੈ, ਭੋਗਣਾ ਕੀ ਹੈ, ਗਤਿ-ਅਵਗਤਿ ਕੀ ਹੈ, ਸੁੱਚਾ ਹੋਣਾ ਕੀ ਹੈ, ਨਿਰਮਲ ਹੋਣਾ ਕੀ ਹੈ, ਮੈਲਾ ਕੀ ਹੈ, ਲਾਹਾ ਤੋਟਾ ਕੀ ਹੈ, ਮੋਨੀ ਹੋਣਾ ਕੀ ਹੈ, ਉਦਾਸ ਹੋਣਾ ਕੀ ਹੈ, ਸੰਨਿਆਸੀ ਹੋਣਾ ਕੀ ਹੈ, ਜੋਗੀ ਹੋਣਾ ਕੀ ਹੈ, ਅਸਲ ਪੰਡਿਤ ਕੌਣ ਹੈ, ਜਪ, ਤਪ, ਸੰਜਮ ਕੀ ਹੈ, ਜਨੇਊ ਕੀ ਹੈ, ਸੁੱਚੀ ਪਾਕਸਾਲ ਕੀ ਹੈ, ਨਾਮ ਦੇ ਨਾਲ ਰੱਤਣਾ ਕੀ ਹੈ, ਰੱਤਣਾ ਦੀ ਖਾਨ ਕੀ ਹੈ, ਸ਼ਬਦ ਸੁਰਤਿ ਦਾ ਮੇਲ ਕੀ ਹੈ, ਗੁਰੂ ਦੇ ਚਰਨ ਧੋ ਕੇ ਪੀਣਾ ਕੀ ਹੈ, ਨਮਾਜ ਅਦਾ ਕਰਨਾ ਕੀ ਹੈ, ਬੈਕੁੰਠ ਕੀ ਹੈ, ਪਾਹੁੰ ਨਿਵਲ ਕੀ ਹੈ, ਕੁੰਜੀ ਕੀ ਹੈ, ਤੁਰੀਆ ਅਵਸਥਾ ਕੀ ਹੈ, ਬੇਗਮਪੁਰਾ ਕੀ ਹੈ, ਸਹਸ ਸਿਆਣਪ ਕੀ ਹੈ, ਅੱਖਰ ਕੀ ਹੈ, ਅੰਧਾ ਅੱਖਰ ਕੀ ਹੈ , ਰਾਗ ਰਤਨ ਪਰਵਾਰ ਪਰੀਆ ਕੀ ਹੈ, ਮੋਹ ਕੀ ਹੈ, ਮਾਇਆ ਤੋਂ ਨਿਰਲੇਪ ਹੋਣਾ ਕੀ ਹੈ, ਭੈ ਕੀ ਹੈ, ਭੈ ਤੋਂ ਪਾਰ ਪਾਉਣਾ ਕੀ ਹੈ, ਚਾਰ ਪਦਾਰਥ ਕੀ ਹੈ, ਸਹਜ ਕੀ ਹੈ, ਸ਼ਬਦ ਰਤਨ ਕੀ ਹੈ, ਸ਼ਬਦ ਵਿਚਾਰ ਕੀ ਹੈ, ਨਿਜ ਘਰ ਕੀ ਹੈ, ਗੁਰੂ ਦੀ ਸੇਵਾ ਕੀ ਹੈ, ਗੁਰੂ ਦੀ ਪੂਜਾ ਕੀ ਹੈ, ਘਰ ਕੀ ਹੈ, ਮੰਦਰ ਕੀ ਹੈ, ਪਤਿ ਕੀ ਹੈ, ਗੁਰੂ ਵਾਲਾ ਬਣਨਾ ਕੀ ਹੈ, ਅਜਰ ਜਰਨਾ ਕੀ ਹੈ, ਅਚਰ ਚਰਨਾ ਕੀ ਹੈ, ਬਾਣੀ ਵਿੱਚ ਪਾਈ ਹੋਈ ਬੁਝਾਰਤ ਕੀ ਹੈ, ਮੁੰਦਾਵਣੀ ਕੀ ਹੈ, ਰਾਗ ਨਾਦ ਕੀ ਹੈ, ਗੁਰੂ ਗੁਰੂ ਕਰਨਾ ਕੀ ਹੈ, ਹਰਿ ਹਰਿ ਕਰਨਾ ਕੀ ਹੈ, ਰਾਮ ਨਾਮ ਕੀ ਹੈ, ਰਾਮ ਰਾਮ ਕੀ ਹੈ, ਵਾਹੁ ਵਾਹੁ ਕੀ ਹੈ, ਜਨਮ ਮਰਨ ਕੀ ਹੈ, ਮਨੁੱਖ ਕਿੱਥੋਂ ਆਉਂਦਾ ਹੈ, ਕਿੱਥੇ ਜਾਂਦਾ ਹੈ, ਪੂਰਬ ਜਨਮ ਕੀ ਹੈ, ਨਰਕ-ਸਵਰਗ ਕੀ ਹੈ, ਲੋਕ-ਪਰਲੋਕ ਕੀ ਹੈ, ਜਮਾਂ ਦੀ ਮਾਰ ਕੀ ਹੈ, ਚਉਰਾਸੀ ਲੱਖ ਜੂਨਾਂ ਕੀ ਹਨ, ਜੂਨਾਂ ਵਿੱਚੋਂ ਨਿਕਲਣਾ ਕੀ ਹੈ, ਕਲਜੁਗਿ-ਸਤਿਜੁਗਿ ਕੀ ਹੈ, ਕਾਲ-ਅਕਾਲ ਕੀ ਹੈ, ਪ੍ਰਮਾਤਮਾ ਦੇ ਘਰ ਵਿੱਚ ਜੰਮਣਾ ਕੀ ਹੈ, ਉਸਦੇ ਘਰ ਰੂਪ ਦਰਬਾਰ ਵਿੱਚ ਉਸਦਾ ਕੁੱਤਾ ਬਣਨਾ ਕੀ ਹੈ, ਅਮਰ ਹੋਣਾ ਕੀ ਹੈ, ਤੱਤ ਕੀ ਹੈ, ਅੰਤ ਜਾਣਨਾ ਕੀ ਹੈ, ਸ੍ਰਿਸ਼ਟੀ ਦੀ ਉਪਜ ਕਿਵੇਂ ਹੋਈ ਹੈ, ਸਾਇੰਸ ਦਾ ਜਨਮ ਕੀ ਹੈ, ਸ੍ਰਿਸ਼ਟੀ ਕਿਸ ਤਰੀਕੇ ਚੱਲ ਰਹੀ ਹੈ। ਸਭ ਤੋਂ ਵੱਡੀ ਗੱਲ ਕਿ ਸਾਡੇ ਅੰਦਰ ਦਾ ਮਨ ਕੀ ਹੈ, ਸਾਡੇ ਅੰਦਰ ਦੀ ਜੋਤਿ ਕੀ ਹੈ ਭਾਵ ਪ੍ਰਮਾਤਮਾ ਕੀ ਹੈ, ਮਨ ਦੀ ਸਮਝ ਕੀ ਹੈ ਤੇ ਕਿੱਥੋਂ ਆਉਂਦੀ ਹੈ ਤੇ ਕਿਸ ਤਰੀਕੇ ਆਉਂਦੀ ਹੈ ਭਾਵ ਮਨੁੱਖ ਭਰਮਾਂ ਵਿੱਚ ਕਿਸ ਤਰੀਕੇ ਪੈਂਦਾ ਹੈ ਤੇ ਭਰਮਾਂ ਵਿੱਚੋਂ ਨਿਕਲਦਾ ਕਿਵੇਂ ਹੈ ਭਾਵ ਪ੍ਰਮਾਤਮਾ ਨਾਲ ਸਾਡਾ ਵਿਛੋੜਾ ਕੀ ਹੈ ਤੇ ਵਿਛੋੜੇ ਦਾ ਦੂਰ ਹੋਣਾ ਕੀ ਹੈ ਭਾਵ ਪ੍ਰਮਾਤਮਾ ਦਾ ਸਾਡੇ ਅੰਦਰ ਪ੍ਰਗਟ ਹੋਣਾ ਕੀ ਹੈ ਜਿਸ ਦੇ ਪ੍ਰਗਟ ਹੋਏ ਬਿਨਾ ਗੁਰਬਾਣੀ ਦੇ ਮਾਲਕ ਨੂੰ, ਧਰਮ ਗ੍ਰੰਥਾਂ ਦੇ ਮਾਲਕ ਨੂੰ ਕੋਈ ਸਮਝ ਲਵੇ ਭਾਵ ਉਹਨਾਂ ਦੇ ਅੰਦਰ ਦੀ ਬਰੀਕੀ ਨੂੰ ਜਾਣ ਲਵੇ, ਗੁਰਬਾਣੀ ਦੀ ਅਸਲੀਅਤ ਨੂੰ ਜਾਣ ਲਵੇ ਇਹ ਨਾਮੁਮਕਿਨ ਹੈ। ਪੂਰੀ ਗੁਰਬਾਣੀ ਵਿੱਚ ਸ਼ਬਦਾਂ

ਦੀ ਅਸਲੀਅਤ ਹੀ ਛੁੱਪੀ ਹੋਈ ਹੈ ਜੋ ਉਸਦੀ ਅਸਲੀਅਤ ਉਸਦੇ ਸੱਚੇ ਗਿਆਨ ਦੇ ਰੂਪ ਵਿੱਚ ਹੈ, ਬ੍ਰਹਮ ਗਿਆਨ ਦੇ ਰੂਪ ਵਿੱਚ ਹੈ ਭਾਵ ਉਸਦੇ ਨਾਮ ਦੇ ਰੂਪ ਵਿੱਚ ਹੈ। ਪੂਰੀ ਗੁਰਬਾਣੀ ਦੀ ਅਸਲੀਅਤ ਨੂੰ ਜਾਨਣ ਦੁਆਰਾ ਹੀ ਕੋਈ ਮਨੁੱਖ ਭਰਮਾਂ ਵਾਲੀ ਸਮਝ ਵਿੱਚੋਂ ਨਿਕਲ ਸਕਦਾ ਹੈ, ਮਨ ਦੀ ਮਾਇਆ ਵਿੱਚੋਂ ਨਿਕਲ ਸਕਦਾ ਹੈ ਭਾਵ ਮਨ ਦੇ ਬੰਧਨ ਵਿੱਚੋਂ ਨਿਕਲ ਸਕਦਾ ਹੈ ਭਾਵ ਹਉਮੈ ਦੇ ਪੜਦੇ ਵਿੱਚੋਂ ਨਿਕਲ ਸਕਦਾ ਹੈ ਤੇ ਆਪਣੇ ਅੰਦਰੋਂ ਨਾਮ ਦੇ ਮਾਲਕ ਬ੍ਰਹਮ ਗਿਆਨ ਦੇ ਦਾਤੇ ਨੂੰ ਜਾਣ ਸਕਦਾ ਹੈ। ਇਹ ਮਨੁੱਖੀ ਸਮਝ ਹੀ ਸਭ ਕੁਝ ਹੈ ਜੋ ਮਨੁੱਖ ਦੇ ਵੱਸ ਨਹੀਂ ਹੈ। ਗੁਰੂ ਦੀ ਸਮਝ ਬਹੁਤ ਉੱਚੀ ਹੈ, ਬਹੁਤ ਹੀ ਜਿਆਦਾ ਉੱਚੀ ਹੈ ਤੇ ਮਨੁੱਖੀ ਸਮਝ ਨੂੰ ਪ੍ਰਮਾਤਮਾ ਨੇ ਆਪ ਹੀ ਬੜੀ ਛੋਟੀ ਸਮਝ ਵਿੱਚ ਰੱਖਿਆ ਹੋਇਆ ਹੈ ਤੇ ਪੂਰੀ ਗੁਰਬਾਣੀ ਜੋ ਕਿ ਆਪਣੇ ਉੱਚੇ ਗਿਆਨ ਰਾਹੀਂ ਹੀ ਭਾਵ ਆਪਣੇ ਨਾਮ ਰਾਹੀਂ ਹੀ ਪ੍ਰਮਾਤਮਾ ਦਾ ਆਪਣਾ ਰੂਪ ਹੈ ਉਸ ਦਾ ਮਕਸਦ ਸਾਨੂੰ ਮਨ ਦੀ ਬਹੁਤ ਛੋਟੀ ਸਮਝ ਵਿੱਚੋਂ ਕੱਢਕੇ ਆਪਣੀ ਉੱਚੀ ਸਮਝ ਵਿੱਚ ਮਿਲਾਉਣ ਦਾ ਹੀ ਹੈ। ਗੁਰਬਾਣੀ ਦੀ ਉੱਚੀ ਸਮਝ ਦੇ ਨਾਲ ਮੇਲ ਹੀ ਪ੍ਰਮਾਤਮਾ ਦੇ ਨਾਲ ਮੇਲ ਹੈ। ਇਸੇ ਲਈ ਕੋਈ ਆਪਣੇ ਆਪ ਆਪਣੇ ਅੰਦਰੋਂ ਪ੍ਰਮਾਤਮਾ ਨੂੰ ਜਾਣ ਸਕੇ ਇਹ ਨਾਮੁਮਕਿਨ ਹੈ, ਨਾਮੁਮਕਿਨ ਹੈ, ਨਾਮੁਮਕਿਨ ਹੈ। ਇਸੇ ਲਈ ਭਾਵੇਂ ਕਿਸੇ ਨੇ ਆਪਣੇ ਆਪ ਨੂੰ ਧਰਮ ਦੇ ਮਾਰਗ ਤੇ ਭਾਵੇਂ ਕਿਤਨਾ ਵੱਡਾ ਕਹਾਇਆ ਹੈ, ਆਪਣੇ ਆਪ ਨੂੰ ਪ੍ਰਮਾਤਮਾ ਦਾ ਰੂਪ ਅਖਵਾਇਆ ਹੈ, ਬ੍ਰਹਮਾ, ਬਿਸਨ, ਮਹੇਸ ਆਦਿ ਅਖਵਾਇਆ ਹੈ, ਦੇਵੀ, ਦੇਵਤੇ ਆਦਿ ਅਖਵਾਇਆ ਹੈ, ਸੰਤ, ਬ੍ਰਹਮ ਗਿਆਨੀ ਆਦਿ ਅਖਵਾਇਆ ਹੈ ਉਹ ਮਨ ਦੇ ਭਰਮ ਰਾਹੀਂ ਹੀ ਅਖਵਾਇਆ ਹੈ ਜਿਵੇਂ ਕਿ ਅਸੀਂ ਪਿਛੇ ਅਨੇਕਾਂ ਸ਼ਬਦਾਂ ਦੁਆਰਾ ਇਸ ਗੱਲ ਨੂੰ ਸਮਝਿਆ ਹੈ। ਇਸ ਲੇਖ ਰਾਹੀਂ ਸ੍ਰਿਸ਼ਟੀ ਦਾ ਕਰਤਾ ਇਸ ਛੋਟੇ ਜਿਹੇ ਇੱਕ ਨਿਮਾਣੀ ਜਿਹੀ ਸਮਝ ਰੱਖਣ ਵਾਲੇ ਮਨੁੱਖ ਰਾਹੀਂ ਆਪਣੀ ਅਸਲੀਅਤ ਕਿਸ ਕਰਕੇ ਸਮਝਾ ਰਿਹਾ ਹੈ ਇਸ ਗੱਲ ਨੂੰ ਉਹ ਆਪ ਹੀ ਜਾਣਦਾ ਹੈ ਜੋ ਸਾਡੀ ਸਾਰਿਆਂ ਦੀ ਸਮਝ ਦਾ ਮਾਲਕ ਹੈ। ਇਸ ਲੇਖ ਰਾਹੀਂ ਅਕਾਲ ਪੁਰਖ ਵੱਡੇ-ਵੱਡੇ ਗਿਆਨੀ, ਬ੍ਰਹਮਗਿਆਨੀ ਅਖਵਾਉਣ ਵਾਲਿਆਂ ਨੂੰ, ਸੰਤ ਆਦਿ ਅਖਵਾਉਣ ਵਾਲਿਆਂ ਨੂੰ ਜੋ ਆਪਣੇ ਆਪ ਨੂੰ ਉੱਚੀ ਧਾਰਮਿਕ ਸਮਝ ਵਾਲੇ ਸਮਝਦੇ ਹਨ ਇਹ ਖੁੱਲ ਕੇ ਚੁਣੋਤੀ ਭਾਵ ਚੈਲੰਜ ਦੇ ਰਹੇ ਹਨ ਕਿ ਇਸ ਪੂਰੇ ਲੇਖ ਵਿੱਚ ਲਿੱਖੇ ਹੋਏ ਕਿਸੇ ਸ਼ਬਦ ਦੇ ਅਰਥ ਨੂੰ ਬਦਲ ਕੇ ਦਿਖਾਉਣ ਤੇ ਦੂਜੇ ਸ਼ਬਦਾਂ ਦੇ ਅਰਥਾਂ ਮੁਤਾਬਿਕ ਉਸਤੇ ਪੂਰਾ ਉਤਰਕੇ ਦਿਖਾਉਣ। ਇਹ ਪ੍ਰਮਾਤਮਾ ਦਾ ਆਪਣਾ ਖੁੱਲ ਕੇ ਦਿੱਤਾ ਹੋਇਆ ਬਿਆਨ ਹੈ ਕਿ ਜਦ ਤੱਕ ਇਹ ਸ੍ਰਿਸ਼ਟੀ ਰਹੇਗੀ, ਤਦ ਤੱਕ ਇਸ ਸ੍ਰਿਸ਼ਟੀ ਵਿੱਚ ਗੁਰਬਾਣੀ ਰਹੇਗੀ ਭਾਵ ਗੁਰੂ ਗ੍ਰੰਥ ਸਾਹਿਬ ਰੂਪ ਪੋਥੀ ਰਹੇਗੀ ਤੇ ਇਸ ਪੂਰੇ ਲੇਖ ਵਿੱਚੋਂ ਜਿਤਨਾ ਲੇਖ ਲਿਖਿਆ ਜਾ ਚੁਕਿਆ ਹੈ ਤੇ ਜਿਤਨਾ ਲੇਖ ਲਿਖਣਾ ਬਾਕੀ ਹੈ ਉਸ ਪੂਰੇ ਲੇਖ ਵਿੱਚੋਂ ਅਗਰ ਕੋਈ ਕਿਸੇ ਸ਼ਬਦ ਦੇ ਕਿਸੇ ਮੂਲ ਰੂਪ ਭਾਵ ਨੂੰ ਬਦਲ ਸਕੇ ਇਹ ਨਾਮੁਮਕਿਨ ਹੈ। ਜਿਸ ਨੇ ਕੋਸ਼ਿਸ਼ ਕਰਨੀ ਹੈ ਉਹ ਕਰਕੇ ਦੇਖ ਲਵੇ ਤੇ ਉਸ ਦਾ ਨਤੀਜਾ ਕੀ ਨਿਕਲੇਗਾ ਇਸ ਨੂੰ ਵੀ ਧਿਆਨ ਵਿੱਚ ਰੱਖ ਲਵੇ ਕਿ ਉਹ ਕਿਸ ਦੀ ਲਿਖਤ ਨੂੰ ਬਦਲਣਾ ਚਾਹੁੰਦਾ ਹੈ ਜੋ ਕਿ ਸਭ ਕੁਝ ਆਪ ਹੀ ਹੈ ਤੇ ਮਨੁੱਖ ਉਸ ਦੇ ਸਾਹਮਣੇ ਕੇਵਲ ਇੱਕ ਕੀੜੇ-ਮਕੌੜੇ ਦੀ ਤਰ੍ਹਾਂ ਹੈ ਤੇ ਜਿਸਨੂੰ ਉਹ ਜਦੋਂ ਚਾਹੇ ਉਸਨੂੰ ਮਸਲ ਕੇ ਸੁੱਟ ਸਕਦਾ ਹੈ।

ਪੂਰੇ ਲੇਖ ਰਾਹੀਂ ਅਕਾਲ ਪੁਰਖ ਦਾ ਅਸਲ ਮਕਸਦ ਆਪਣੇ ਆਪ ਦੀ ਅਸਲੀਅਤ ਸਮਝਾਉਣ ਨਾਲ ਹੀ ਹੈ ਤੇ ਹੋਰ ਕੁਝ ਵੀ ਨਹੀਂ। ਦਾਸ ਦਾ ਇਸ ਵਿੱਚ ਆਪਣਾ ਕੁਝ ਵੀ ਨਹੀਂ ਹੈ ਤੇ ਨਾ ਹੀ ਦਾਸ ਨੂੰ ਕਿਸੇ ਮਾਣ ਦੀ ਲੋੜ ਹੈ। ਦਾਸ ਦਾ ਮਕਸਦ ਕਿਸੇ ਦਾ ਦਿਲ ਦੁਖਾਉਣ ਨਾਲ ਨਹੀਂ ਹੈ ਤੇ ਉਹ ਕੇਵਲ ਪ੍ਰਮਾਤਮਾ ਦੀ ਰਜ਼ਾ ਨੂੰ ਮੰਨ ਕੇ ਹੀ ਉਹ ਕੁੱਝ ਲਿਖ ਰਿਹਾ ਹੈ ਜੋ ਉਹ ਕਿ ਅੰਦਰ ਬੈਠਾ ਆਪ ਹੀ ਲਿਖਵਾ ਰਿਹਾ ਹੈ। ਦਾਸ ਦੀ ਕੀ ਔਕਾਤ ਕਿ ਉਹ ਕਿਸੇ ਨੂੰ ਇਤਨੀ ਵੱਡੀ ਗੁਰਬਾਣੀ ਦੇ ਸੱਚੇ ਗਿਆਨ ਨਾਲ ਜੋੜ ਸਕੇ ਤੇ ਪ੍ਰਮਾਤਮਾ ਬਾਰੇ ਕੁੱਝ ਸਮਝਾ ਸਕੇ। ਜਿਸ ਨੂੰ ਵੀ ਇਹ ਲੇਖ ਪੜਨ ਤੋਂ ਬਾਅਦ ਔਖਾਪਨ ਮਹਿਸੂਸ ਹੋਵੇ, ਆਪਣਾ ਨੀਵਾਂਪਨ ਮਹਿਸੂਸ ਹੋਵੇ ਉਹ ਆਪਣਾ ਨੀਵਾਂਪਨ ਦੂਰ ਕਰਨ ਲਈ ਭਾਵ ਆਪਣਾ ਮਾਣ ਵਧਾਉਣ ਲਈ ਭਾਵ ਆਪਣਾ ਮਾਣ ਨਾ ਛੱਡ ਸਕਣ ਲਈ ਜਦੋਂ ਚਾਹੇ ਦਾਸ ਦੇ ਕੋਲ ਆ ਕੇ ਆਪਣਾ ਗੁੱਸਾ ਜਾਹਿਰ ਕਰ ਸਕਦਾ ਹੈ ਭਾਵ ਆਪਣੇ ਅੰਦਰ ਦਾ ਦੁੱਖ ਸੁਣਾ ਸਕਦਾ ਹੈ। ਜਦ ਤੱਕ ਸੱਚ ਸਾਹਮਣੇ ਨਹੀਂ ਆਉਂਦਾ ਤਦ ਤੱਕ ਹੀ ਝੂਠ ਸੱਚ ਨੂੰ ਦਬਾ ਸਕਦਾ ਹੈ ਤੇ ਜਦੋਂ ਸੱਚ ਸਾਹਮਣੇ ਆ ਜਾਵੇ ਫਿਰ ਵੀ ਅਗਰ ਝੂਠ ਨਿਵਣਾ ਨਾ ਚਾਹੇ ਇਹ ਝੂਠ ਦੀ ਗਲਤੀ ਹੈ, ਗੁਰਮਤਿ ਦੇ ਸੱਚ ਨੂੰ ਨੀਵਾਂ ਦਿਖਾਉਣ ਦੀ ਗਲਤੀ ਹੈ। ਦਾਸ ਦੇ ਇਸ ਸਰੀਰ ਰਾਹੀਂ ਜੋ ਸ੍ਰਿਸ਼ਟੀ ਦੇ ਕਰਤੇ ਨੇ ਆਪਣਾ ਸੱਚ ਸਮਝਾਇਆ ਹੈ ਉਸ ਸੱਚ ਦੀ ਰਾਖੀ ਕਰਨਾ ਵੀ ਦਾਸ ਦਾ ਦੁਨਿਆਵੀ ਫਰਜ ਹੈ ਕਿਉਂਕਿ ਦਾਸ ਉਸਦੇ ਦਰਬਾਰ ਦਾ, ਉਸਦੇ ਮਹਲ ਰੂਪ ਘਰ ਦੀ ਰਾਖੀ ਕਰਨ ਵਾਲਾ ਕੁੱਤਾ ਹੈ ਤੇ ਉਸਦੇ ਦਰ ਦਾ ਕੁੱਤਾ ਕੇਵਲ ਤੇ ਕੇਵਲ ਗੁਰਮਤਿ ਦੇ ਸੱਚ ਦੇ ਉਲਟ ਬੋਲਣ ਵਾਲਿਆਂ ਨੂੰ ਹੀ ਭੌਂਕਦਾ ਹੈ ਜਿਸ ਉਸਦੇ ਸੱਚੇ ਗੁਰਮਤਿ ਰੂਪ ਦਰ ਦੇ, ਸੱਚ ਰੂਪ ਘਰ ਦੀ ਰਾਖੀ ਕਰਨ ਵਾਲੇ ਕੁੱਤੇ ਨੂੰ ਇਸ ਗੱਲ ਦਾ ਡਰ ਨਹੀਂ ਹੁੰਦਾ ਕਿ ਉਸਦੇ ਉੱਤੇ ਜਿਹੜਾ ਮਰਜੀ ਸੱਚ ਨੂੰ ਨਾ ਸਮਝਣ ਵਾਲਾ ਭੌਂਕ ਲਵੇ ਕਿਉਂਕਿ ਉਸਨੂੰ ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦਾ ਆਪਣੇ ਮਨ ਰੂਪ ਘਰ ਵਿੱਚ ਰੱਖਣ ਦਾ ਤੇ ਪਾਲਣ ਦਾ ਮਕਸਦ ਹੀ ਇਹ ਹੁੰਦਾ ਹੈ ਕਿ ਕੋਈ ਉਸਦੇ ਸੱਚ ਰੂਪ ਘਰ ਨੂੰ ਮਨੁੱਖੀ ਮਨਮਤਿ ਰੂਪ ਝੂਠ ਦੇ ਨਾਲ ਲੁੱਟ ਨਾ ਸਕੇ ਭਾਵ ਆਪਣੀ ਤ੍ਰੈ ਗੁਣਾਂ ਵਾਲੀ ਸਮਝ ਦੇ ਘਰ ਜੋ ਸਭ ਦੇ ਅੰਦਰ

ਹੀ ਹੈ ਉਸਦੇ ਨਾਲ ਉਸਦੇ ਚੌਥੇ ਪਦ ਰੂਪ ਘਰ ਨੂੰ ਲੁੱਟ ਨਾ ਸਕੇ। ਇਸ ਗੱਲ ਨੂੰ ਸ੍ਰਿਸ਼ਟੀ ਦਾ ਕੋਈ ਵੀ ਮਨੁੱਖ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਜੋ ਕਿ ਹਰ ਕਿਸੇ ਨੂੰ ਸ੍ਰਿਸ਼ਟੀ ਦੇ ਕਰਤੇ ਨੇ ਆਪ ਹੀ ਰੱਖਿਆ ਹੋਇਆ ਹੈ ਇਸ ਗੱਲ ਨੂੰ ਨਹੀਂ ਸਮਝ ਸਕਦਾ ਕਿ ਸਾਡੇ ਉੱਤੇ ਇਹ ਕੁੱਤਾ ਕਿਉਂ ਭੌਂਕਦਾ ਹੈ ਭਾਵ ਮਨਮਤਿ ਦਾ, ਤ੍ਰੈ ਗੁਣਾਂ ਵਾਲੀ ਸਮਝ ਦਾ ਝੂਠ ਸਮਝਾਉਣ ਲਈ, ਹਉਮੈ ਵਾਲੀ ਸਮਝ ਦਾ ਝੂਠ ਸਮਝਾਉਣ ਲਈ ਕਿਸ ਲਈ ਸਾਡੇ ਉਲਟ ਬੋਲਿਆ ਹੈ ਭਾਵ ਆਪਣੀ ਝੂਠੀ ਸਮਝ ਦਾ ਮਾਣ ਉੱਚਾ ਰੱਖਣ ਵਾਲਿਆਂ ਦੇ ਉਲਟ ਕਿਸ ਲਈ ਬੋਲਦਾ ਹੈ। ਇੱਕ ਦੁਨਿਆਵੀ ਕੁੱਤੇ ਨੂੰ ਆਪਣੇ ਘਰ ਵਿੱਚ ਦੁਨਿਆਵੀ ਮਨੁੱਖ ਕਿਸ ਲਈ ਰੱਖਦੇ ਹਨ ਭਾਵ ਆਪਣੇ ਘਰ ਦੀ ਰਾਖੀ ਕਰਨ ਲਈ ਰੱਖਦੇ ਹਨ ਇਸ ਗੱਲ ਨੂੰ ਤਾਂ ਉਹ ਸਮਝ ਹੀ ਸਕਦੇ ਹਨ ਤੇ ਉਸਨੂੰ ਕਿਸ ਲਈ ਪਾਲਦੇ ਹਨ ਤੇ ਉਸਦੇ ਨਾਲ ਪਿਆਰ ਕਿਸ ਲਈ ਕਰਦੇ ਹਨ। ਉਸ ਸੱਚ ਰੂਪ ਦਰ ਦੇ ਕੁੱਤੇ ਨੂੰ ਉਹ ਸੱਚ ਦਾ ਮਾਲਕ ਕਿਸ ਮਕਸਦ ਲਈ ਪਿਆਰ ਕਰਦਾ ਹੈ ਇਸ ਗੱਲ ਦੀ ਸਮਝ ਉਸ ਸੱਚ ਰੂਪ ਮਾਲਕ ਦੇ ਦਰ ਨੂੰ, ਉਸਦੇ ਮਨ ਰੂਪ, ਜੋਤਿ ਰੂਪ ਘਰ ਨੂੰ ਆਪਣੇ ਅੰਦਰੋਂ ਜਾਨਣ ਦੁਆਰਾ ਹੀ ਪੈ ਸਕਦੀ ਹੈ। ਉਸਦੇ ਸੱਚ ਰੂਪ ਦਰ ਦੇ ਕੁੱਤੇ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਸਦੇ ਭੌਂਕਣ ਨਾਲ ਅਗਰ ਕੋਈ ਗੁਰਮਤਿ ਦਾ ਚੋਰ ਭਾਵ ਸੱਚ ਦਾ ਚੋਰ ਉਸਦੀ ਚੋਰੀ ਰੋਕਣ ਤੇ ਉਸਦੇ ਨਾਲ ਲੜਦਾ ਹੈ ਭਾਵ ਉਸਦੇ ਨਾਲ ਗੁੱਸਾ ਦਿਖਾਉਂਦਾ ਹੈ ਕਿਉਂਕਿ ਉਸਨੂੰ ਇਹ ਪਤਾ ਹੁੰਦਾ ਹੈ ਕਿ ਇਹ ਮੇਰਾ ਫਰਜ ਹੈ, ਇਸ ਸੱਚ ਰੂਪ ਘਰ ਦੀ ਰਾਖੀ ਕਰਨਾ ਮੇਰਾ ਫਰਜ ਹੈ ਭਾਵੇਂ ਇਸ ਫਰਜ ਨੂੰ ਪੂਰਾ ਕਰਨ ਲਈ ਮੈਨੂੰ ਆਪਣੀ ਜਾਨ ਵੀ ਦੇਣੀ ਪਵੇ। ਅਕਾਲ ਪੁਰਖ ਦੇ ਸੱਚ ਰੂਪ ਘਰ ਦੇ ਵਿੱਚ ਗੁਰਮਤਿ ਰੂਪ ਭਾਵ ਸ਼ਬਦਾਂ ਦੀ ਵਿਚਾਰ ਰੂਪ ਸੱਚ ਹੀ ਹੁੰਦਾ ਹੈ ਜਿਸਨੂੰ ਕੋਈ ਚੁਰਾਏ ਤੇ ਸੱਚ ਦੇ ਮਾਲਕ ਨੂੰ ਕਬੂਲ ਨਹੀਂ ਭਾਵੇਂ ਉਸ ਸੱਚ ਦੀ ਰਾਖੀ ਕਰਨ ਵਾਲੇ ਕੁੱਤੇ ਨੂੰ ਭਾਵੇਂ ਕੋਈ ਜਿਤਨਾ ਮਰਜੀ ਮਾੜਾ ਕਹੇ ਭਾਵ ਭੌਂਕਣ ਤੋਂ ਮਨ੍ਹਾ ਕਰੇ ਪਰ ਉਸਨੇ ਤਾਂ ਭੌਂਕਣਾ ਹੀ ਹੈ, ਸੱਚ ਰੂਪ ਸ੍ਰਿਸ਼ਟੀ ਦੇ ਕਰਤੇ ਦੀ ਸੱਚ ਰੂਪ, ਗੁਰਮਤਿ ਰੂਪ ਨੂੰ ਚੁਰਾਉਣ ਵਾਲਿਆਂ ਦੇ ਅੱਗੇ ਭੌਂਕਣਾ ਹੀ ਹੈ ਜੋ ਕਿ ਉਸਦਾ ਫਰਜ ਹੈ ਜਿਸ ਭੌਂਕਣ ਦੁਆਰਾ ਹੀ ਉਹ ਆਪਣਾ ਫਰਜ ਪੂਰਾ ਕਰਦਾ ਹੈ ਜਿਵੇਂ ਕਿ ਉਸਦੇ ਸੱਚ ਰੂਪ ਦਰਬਾਰ ਦੇ ਇਸ ਕੁੱਤੇ ਨੇ ਆਪਣਾ ਫਰਜ ਹੁਣ ਤੱਕ ਪੂਰਾ ਕੀਤਾ ਹੈ ਤੇ ਜਦ ਤੱਕ ਅਕਾਲ ਪੁਰਖ ਨੇ ਆਪਣੇ ਇਸ ਦਾਸ ਨੂੰ ਸੰਸਾਰ ਵਿੱਚ ਜੀਵਨ ਬਖਸ਼ਣਾ ਹੈ ਤਦ ਤੱਕ ਦਾਸ ਨੇ ਆਪਣਾ ਇਹ ਫਰਜ ਪੂਰਾ ਕਰਦੇ ਹੀ ਰਹਿਣਾ ਹੈ ਜੋ ਕਿ ਸੱਚ ਦੇ ਮਾਲਕ ਨੇ, ਨਾਮ ਦੇ ਮਾਲਕ ਨੇ ਆਪਣਾ ਨਾਮ ਜਪਾਉਣ ਦੁਆਰਾ ਆਪ ਹੀ ਕਰਵਾਉਣਾ ਹੈ। ਉਸ ਸ੍ਰਿਸ਼ਟੀ ਦੇ ਮਾਲਕ ਦੇ ਦਰ ਤੋਂ ਆਈ ਹੋਈ ਸੱਚੀ ਬਾਣੀ ਨੂੰ ਜੇਕਰ ਹੁਣ ਤੱਕ ਸੰਸਾਰ ਨੂੰ ਸਮਝ ਨਹੀਂ ਪਈ ਇਸ ਗੱਲ ਨੂੰ ਦਾਸ ਪੂਰਨ ਰੂਪ ਵਿੱਚ ਸਮਝਦਾ ਹੈ ਕਿ ਉਸਦਾ ਕਾਰਣ ਕੀ ਹੈ ਭਾਵ ਸੱਚ ਨੂੰ ਨਾ ਸਮਝ ਸਕਣ ਦਾ ਕਾਰਣ ਕੀ ਹੈ ਭਾਵ ਸੱਚ ਦੇ ਦਰ ਦੇ ਕੁੱਤੇ ਦੇ ਨਾਲ ਸੰਸਾਰੀਆਂ ਦੇ ਲੜਨ ਦਾ ਕਾਰਣ ਕੀ ਹੈ, ਅੰਖੇ ਹੋਣ ਦਾ ਕਾਰਣ ਕੀ ਹੈ, ਉਸਦੀ ਗੱਲ ਨਾ ਮੰਨਣ ਦਾ ਕਾਰਣ ਕੀ ਹੈ ਜਿਸ ਕਰਕੇ ਉਹ ਸ੍ਰਿਸ਼ਟੀ ਦੇ ਕਰਤੇ ਦੇ ਦਰ ਤੋਂ ਆਈ ਸੱਚੀ ਬਾਣੀ ਦੇ ਸੱਚੇ ਅਰਥਾਂ ਨੂੰ ਹੁਣ ਤੱਕ ਨਹੀਂ ਸਮਝ ਸਕੇ। ਉਸ ਸੱਚ ਦੇ ਮਾਲਕ ਨੇ ਆਪ ਹੀ ਸਭ ਨੂੰ ਭਰਮਾਂ ਵਾਲੀ ਭਾਵ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰੱਖਿਆ ਹੋਇਆ ਹੈ ਜਿਵੇਂ ਕਿ ਤੁਸੀਂ ਲੇਖ ਵਿੱਚ ਪੜੇ ਧੰਨ ਧੰਨ ਧੰਨ ਭਗਤ ਕਬੀਰ ਜੀ ਦੇ ਮੁੱਖੋਂ ਉਚਾਰੇ ਹੋਏ ਸ੍ਰਿਸ਼ਟੀ ਦੇ ਕਰਤੇ ਦੇ ਸ਼ਬਦ ਦੁਆਰਾ ਇਸ ਗੱਲ ਨੂੰ ਸਮਝਿਆ ਹੀ ਹੈ ਕਿ ਮੇਰੇ ਦਰ ਦਾ ਕੁੱਤਾ ਬਣਨਾ ਕੀ ਹੈ ਤੇ ਕੁੱਤਾ ਬਣਕੇ ਭੌਂਕਣਾ ਕੀ ਹੈ। ਲੇਖ ਵਿੱਚ ਸ਼ਬਦਾਂ ਰਾਹੀਂ ਆਪ ਜੀ ਨੇ ਇਸ ਗੱਲ ਨੂੰ ਵੀ ਸਮਝਿਆ ਹੈ ਕਿ ਪੂਰੀ ਗੁਰਬਾਣੀ ਉਸ "**ਨਿਰਭਉ**" ਦੇ ਦਰ ਤੋਂ ਆਈ ਹੈ ਜੋ ਭਉ ਤੋਂ ਰਹਿਤ ਹੈ ਭਾਵ ਜਿਸ ਨੂੰ ਕਿਸੇ ਦਾ ਭਉ ਹਉ ਹੀ ਨਹੀਂ ਹੋ ਸਕਦਾ ਤੇ ਜਿਸ ਮਨੁੱਖੀ ਸਮਝ ਨੂੰ ਉਹ "**ਨਿਰਭਉ**" ਰੂਪ ਆਪਣੀ ਸਮਝ ਦੇ ਨਾਲ ਮਿਲਾ ਲੈਂਦਾ ਹੈ ਉਸ ਮਨੁੱਖੀ ਮਨ ਦੀ ਸਮਝ ਵੀ ਫਿਰ "**ਨਿਰਭਉ**" ਹੋ ਜਾਂਦੀ ਹੈ ਭਾਵ ਹਰ ਭਉ ਤੋਂ ਭਾਵ ਹਰ ਦੁਨਿਆਵੀ ਭਉ ਤੋਂ, ਡਰ ਤੋਂ ਰਹਿਤ ਹੋ ਜਾਂਦੀ ਹੈ ਭਾਵ ਉਹ ਮਨੁੱਖ ਫਿਰ ਕਿਸੇ ਵੀ ਮਨੁੱਖ ਕੋਲੋਂ ਇਸ ਗੱਲੋਂ ਨਹੀਂ ਡਰਦਾ ਕਿ ਇਹ ਮਨੁੱਖ ਆਪਣਾ ਝੂਠਾ ਮਾਣ ਉੱਚਾ ਕਰਨ ਲਈ ਅਗਰ ਮੇਰਾ ਕੁਝ ਮਾੜਾ ਕਰਨਾ ਚਾਹੁੰਦਾ ਹੈ ਤਾਂ ਮੈਨੂੰ ਇਸ ਦਾ ਕੋਈ ਡਰ ਨਹੀਂ ਹੈ ਕਿਉਂਕਿ ਉਸ "**ਨਿਰਭਉ**" ਰੂਪ ਦੀ ਮਤਿ ਦੀ ਸਮਝ ਦੇ ਨਾਲ ਜੁੜੇ ਹੋਏ ਨੂੰ ਇਸ ਗੱਲ ਦੀ ਸਮਝ ਹੁੰਦੀ ਹੈ ਕਿ ਇਸ ਮਨੁੱਖ ਨੂੰ ਗੁਰਮਤਿ ਤੇ ਚੱਲਣ ਦੇ ਸੱਚੇ ਭਉ ਦੀ ਸਮਝ ਨਹੀਂ ਹੈ ਭਾਵ ਗੁਰਮਤਿ ਨੂੰ ਮੰਨਣ ਦੇ ਭਉ ਨੂੰ ਸਮਝਣ ਦੀ ਸਮਰਥਾ ਨਹੀਂ ਹੈ ਜਿਸ ਗੁਰਮਤਿ ਦਾ ਮਾਲਕ ਆਪ ਉਹੀ ਹੈ ਜੋ ਸਭ ਦੇ ਅੰਦਰ ਦੀ ਸਮਝ ਦਾ ਮਾਲਕ ਜਿਸ ਨੇ ਆਪ ਹੀ ਸਭ ਨੂੰ ਗੁਰਮਤਿ ਨੂੰ ਮੰਨਣ ਦਾ ਭਉ ਪਾਇਆ ਹੋਇਆ ਹੈ, ਜਿਸ ਗੁਰਮਤਿ ਦੇ ਭਉ ਨੂੰ ਮੰਨੇ ਬਿਨਾ ਕੋਈ ਉਸ ਦਾ "**ਨਿਰਭਉ**" ਰੂਪ ਨਹੀਂ ਹੋ ਸਕਦਾ ਭਾਵ ਸੱਚ ਤੇ ਚੱਲਣ ਦੇ ਭਉ ਨੂੰ ਨਹੀਂ ਕਬੂਲ ਕਰ ਸਕਦਾ ਤੇ ਉਨ੍ਹਾਂ ਨੂੰ ਭਉ ਵਿੱਚ ਪਾਉਣਾ ਚਾਹੁੰਦਾ ਹੈ ਜਿੰਨ੍ਹਾਂ ਨੇ ਗੁਰੂ ਦੀ ਸੱਚੀ ਮਤਿ ਤੇ ਚੱਲਣ ਦੇ ਭਉ ਨੂੰ ਕਬੂਲ ਕੀਤਾ ਹੁੰਦਾ ਹੈ ਭਾਵ ਸੱਚ ਦੇ ਭਉ ਨੂੰ ਕਰਨ ਵਾਲਾ ਝੂਠੇ ਗੁਰਮਤਿ ਦੇ ਭਉ ਵਾਲਿਆਂ ਦਾ ਭਉ ਕਬੂਲ ਨਹੀਂ ਕਰਦਾ ਭਾਵ ਝੂਠਾ ਮਾਣ ਮੰਨਣ ਵਾਲਿਆਂ ਦੇ ਭਉ ਦਾ ਭਉ ਮਹਿਸੂਸ ਨਹੀਂ ਕਰਦਾ ਕਿਉਂਕਿ ਉਸ ਦੇ ਅੰਦਰ ਸੱਚ ਨੂੰ ਉੱਚਾ ਰੱਖਣ ਦਾ ਭਉ ਹੁੰਦਾ ਹੈ ਜਿਵੇਂ ਕਿ ਅਸੀਂ ਇਸ ਗੱਲ ਨੂੰ ਪਿੱਛੇ ਲੇਖ ਵਿੱਚ ਸ਼ਬਦਾਂ ਦੁਆਰਾ ਸਮਝਿਆ ਹੀ ਹੈ। ਇਸੇ ਤਰ੍ਹਾਂ ਜੋ ਆਪਣੇ ਅੰਦਰੋਂ ਗੁਰਮਤਿ ਦੇ ਮਾਲਕ ਨੂੰ ਜਾਣ ਲੈਂਦਾ ਹੈ ਉਹ ਫਿਰ ਉਸ ਦੇ ਸਮਝਾਏ ਹੋਏ ਸੱਚ ਤੇ ਅਡੋਲ ਹੋ

ਕੇ ਚੱਲਦਾ ਹੈ ਕਿਉਂਕਿ ਉਸ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ "**ਗੁਰਮਤਿ ਰੂਪ ਸਚੁ**" ਕਦੇ ਡੋਲ ਨਹੀਂ ਸਕਦਾ ਭਾਵ ਸਦਾ ਸੱਚ ਤੇ ਦ੍ਰਿੜ ਰਹਿੰਦਾ ਹੈ ਤੇ ਉਸ ਨੂੰ ਕੋਈ ਵੀ ਡੋਲਾਣਾ ਚਾਹੇ ਭਾਵ ਗੁਰਮਤਿ ਦੀ ਸੱਚੀ ਸਮਝ ਨਾ ਹੋਣ ਕਰਕੇ ਡੋਲਾਣਾ ਚਾਹੇ ਤਾਂ ਉਹ ਮਨੁੱਖ ਕਦੇ ਗੁਰਮਤਿ ਦੇ ਸੱਚ ਤੋਂ ਡੋਲ ਨਹੀਂ ਸਕਦਾ ਕਿਉਂਕਿ ਉਹ "**ਅਡੋਲੁ**" ਦੀ ਮਤਿ ਦੇ ਨਾਲ ਜੁੜਿਆ ਹੁੰਦਾ ਹੈ। ਗੁਰੂ ਦੀ ਸੱਚੀ ਮਤਿ ਹੀ ਕੇਵਲ ਅਡੋਲ ਹੈ ਜਿਸ ਨੂੰ ਡੋਲਾਇਆ ਨਹੀਂ ਜਾ ਸਕਦਾ ਭਾਵ ਕਦੇ ਉਸ ਨੂੰ ਹਿਲਾਇਆ ਨਹੀਂ ਜਾ ਸਕਦਾ, ਉਸ ਨੂੰ ਕਦੇ ਬਦਲਿਆ ਨਹੀਂ ਜਾ ਸਕਦਾ ਤੇ ਇਸੇ ਲਈ ਉਸ ਦੀ ਅਡੋਲ ਮਤਿ ਨਾਲ ਜੁੜੇ ਹੋਏ ਕਦੇ ਉਸ ਦੀ ਸਮਝਾਈ ਹੋਈ ਸੱਚੀ ਮਤਿ ਤੋਂ ਡੋਲ ਨਹੀਂ ਸਕਦੇ ਭਾਵ ਬਦਲ ਨਹੀਂ ਸਕਦੇ ਭਾਵੇਂ ਕੋਈ ਉਨ੍ਹਾਂ ਨੂੰ ਜਿਤਨਾ ਮਰਜੀ ਡੋਲਾਣਾ ਚਾਹੇ, ਧਮਕੀਆਂ ਦੇਣ ਦੁਆਰਾ ਡੋਲਾਣਾ ਚਾਹੇ, ਆਪਣੀ ਝੂਠੀ ਮਤਿ ਉੱਚੀ ਰੱਖਣ ਲਈ ਡੋਲਾਣਾ ਚਾਹੇ ਪਰ ਉਹ ਕਦੇ ਨਹੀਂ ਡੋਲਦਾ ਕਿਉਂਕਿ ਉਹ ਗੁਰਮਤਿ ਦੀ ਸੱਚੀ ਸਮਝ ਦੇ ਨਾਲ ਇੱਕ ਹੋਇਆ ਹੁੰਦਾ ਹੈ, "**ਇਕ ਮਨ ਇਕ ਚਿਤਿ**" ਹੋਇਆ ਹੁੰਦਾ ਹੈ ਜਿਵੇਂ ਕਿ ਅਸੀਂ ਪਿੱਛੇ ਲੇਖ ਵਿੱਚ ਇਹਨਾਂ ਸਾਰੀਆਂ ਗੱਲਾਂ ਨੂੰ ਸ਼ਬਦਾਂ ਰਾਹੀਂ ਸਮਝਿਆ ਹੀ ਹੈ। ਸਾਰੀ ਗੱਲ ਝੂਠੇ ਦੁਨਿਆਵੀ ਮਾਣ ਨੂੰ ਸਮਝਣ ਵਿੱਚ ਤੇ ਗੁਰੂ ਦੇ ਸੱਚੇ ਮਾਣ ਨੂੰ ਸਮਝਣ ਵਿੱਚ ਹੈ। ਜਿਸ ਨੂੰ ਉਹ ਆਪਣਾ ਦਾਸ ਬਣਾ ਲੈਂਦਾ ਹੈ ਉਹ ਆਪਣੇ ਦੁਨਿਆਵੀ ਮਾਣ ਦੀ ਪਰਵਾਹ ਨਾ ਕਰਦੇ ਹੋਏ ਗੁਰੂ ਦੇ ਸੱਚੇ ਮਾਣ ਨੂੰ ਹੀ ਉੱਚਾ ਕਰਦਾ ਹੈ ਜੋ ਦਾਸ ਦਾ ਆਪਣਾ ਕੋਈ ਮਾਣ ਹੀ ਨਹੀਂ ਉਸਨੂੰ ਇਸ ਗੱਲ ਨਾਲ ਕੋਈ ਫਰਕ ਵੀ ਨਹੀਂ ਪੈਂਦਾ। ਜੋ ਚਾਹੇ ਅਜਮਾ ਕੇ ਦੇਖ ਲਵੇ ਦਾਸ ਸਭ ਕੁਝ ਸਹਿਣ ਨੂੰ ਤਿਆਰ ਹੈ। ਜਿਸਨੂੰ ਅਕਾਲ ਪੁਰਖ ਦੇ ਦਰ ਤੋਂ ਸੱਚਾ ਮਾਣ ਮਿਲ ਜਾਵੇ, ਸੱਚ ਤੇ ਚੱਲਣ ਦਾ ਮਾਣ ਮਿਲ ਜਾਵੇ ਤੇ ਸੰਸਾਰ ਨੂੰ ਗੁਰੂ ਦੇ ਸ਼ਬਦਾਂ ਦੇ ਅੰਦਰ ਦਾ ਸੱਚਾ ਗਿਆਨ, ਬ੍ਰਹਮ ਗਿਆਨ ਸਮਝਾਉਣ ਦਾ ਮਾਣ ਮਿਲ ਜਾਵੇ, ਉਸਦਾ ਸੱਚਾ ਨਾਮ ਸਮਝਾਉਣ ਦਾ ਮਾਣ ਮਿਲ ਜਾਵੇ ਉਸਨੂੰ ਫਿਰ ਸੰਸਾਰਿਕ ਮਾਣ ਨਾਲ ਮੋਹ ਨਹੀਂ ਰਹਿ ਜਾਂਦਾ ਕਿਉਂਕਿ ਗੁਰਮਤਿ ਦੇ ਮਾਣ ਦੇ ਅੱਗੇ ਹਰ ਮਾਣ ਨੀਵਾਂ ਹੈ।

ਗੁਰਬਾਣੀ ਦੇ ਵਿੱਚੋਂ ਸੱਚ ਸਮਝਣ ਲਈ ਅਸੀਂ ਅਨੇਕਾਂ ਹੀ ਸ਼ਬਦਾਂ ਨੂੰ ਲੇਖ ਰਾਹੀਂ ਸਮਝਿਆ ਹੈ। ਅਸੀਂ ਅਨੇਕਾਂ ਹੀ ਗੱਲਾਂ ਨੂੰ ਸ਼ਬਦਾਂ ਦੀ ਗਹਿਰਾਈ ਦੁਆਰਾ ਸਮਝਿਆ ਹੈ। ਅਨੇਕਾਂ ਹੀ ਸ਼ਬਦਾਂ ਦੁਆਰਾ ਅਸੀਂ ਕਿਸੇ ਗੱਲ ਨੂੰ ਸ਼ਬਦ ਦੀਆਂ ਕੁੱਝ ਪੰਗਤੀਆਂ ਦੁਆਰਾ ਹੀ ਭਾਵ ਸ਼ਬਦ ਦੀਆਂ ਇੱਕ ਦੋ ਪੰਗਤੀਆਂ ਦੁਆਰਾ ਹੀ ਆਸਾਨੀ ਨਾਲ ਸਮਝ ਸਕਦੇ ਹਾਂ ਜਿੰਨ੍ਹਾਂ ਗੱਲਾਂ ਦਾ ਜਿਕਰ ਅਸੀਂ ਕੁੱਝ ਪਿੱਛੇ ਕੀਤਾ ਹੀ ਹੈ। ਗੁਰਬਾਣੀ ਦੇ ਅੰਦਰ ਦੀ ਹਰ ਗੱਲ ਨੂੰ ਸਮਝਣਾ ਬਹੁਤ ਜਰੂਰੀ ਹੈ ਕਿਉਂਕਿ ਗੁਰਬਾਣੀ ਦੀ ਸੱਚੀ ਸਮਝ ਦੇ ਰੂਪ ਵਿੱਚ ਹੀ, ਸੱਚੇ ਗਿਆਨ ਦੇ ਰੂਪ ਵਿੱਚ ਹੀ ਗੁਰੂ ਰੂਪ ਪ੍ਰਮਾਤਮਾ ਆਪ ਹੈ। ਹੁਣ ਅਸੀਂ ਸ਼ਬਦਾਂ ਦੀਆਂ ਛੋਟੀਆਂ-ਛੋਟੀਆਂ ਪੰਗਤੀਆਂ ਦੁਆਰਾ ਅਨੇਕਾਂ ਹੀ ਸ਼ਬਦਾਂ ਦੀਆਂ ਗੱਲਾਂ ਨੂੰ ਆਸਾਨੀ ਨਾਲ ਸਮਝਣ ਦਾ ਉਦਮ ਕਰਦੇ ਹਾਂ। ਸ਼ਬਦਾਂ ਦੀ ਬਰੀਕੀ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ ਤੇ ਅਗਲੀਆਂ ਅਨੇਕਾਂ ਹੀ ਸ਼ਬਦਾਂ ਦੀਆਂ ਛੋਟੀਆਂ-ਛੋਟੀਆਂ ਪੰਗਤੀਆਂ ਦੁਆਰਾ ਅਸੀਂ ਗੁਰਬਾਣੀ ਦੀਆਂ ਗੱਲਾਂ ਨੂੰ ਭਾਵ ਪ੍ਰਮਾਤਮਾ ਦੀ ਭਗਤੀ ਦੇ ਮਾਰਗ ਨੂੰ ਬੜੀ ਹੀ ਆਸਾਨੀ ਨਾਲ ਸਮਝ ਸਕਦੇ ਹਾਂ ਤਾਂ ਜੋ ਅਸੀਂ ਕਿਸੇ ਭਰਮ ਵਿੱਚ ਨਾ ਰਹੀਏ ਕਿਉਂਕਿ ਮਨ ਦਾ ਭਰਮ ਹੀ ਸਾਡਾ ਅਸਲ ਵਿੱਚ ਪ੍ਰਮਾਤਮਾ ਦੇ ਨਾਲ ਪੜਦਾ ਹੈ ਤੇ ਜਿਉਂ-ਜਿਉਂ ਅਸੀਂ ਭਰਮ ਰੂਪ ਪੜਦੇ ਵਿੱਚੋਂ, ਹਉਮੈ ਰੂਪ ਪੜਦੇ ਵਿੱਚੋਂ, ਮਾਇਆ ਰੂਪ ਪੜਦੇ ਵਿੱਚੋਂ ਨਿਕਲਦੇ ਜਾਵਾਂਗੇ ਤਿਉਂ-ਤਿਉਂ ਅਸੀਂ ਮਨ ਦੀ ਸਮਝ ਰਾਹੀਂ ਗੁਰੂ ਪ੍ਰਮਾਤਮਾ ਦੀ ਸਮਝ ਦੇ ਨੇੜੇ ਲੱਗਦੇ ਜਾਵਾਂਗੇ ਜਿਸ ਪੂਰਨ ਭਰਮ ਰਹਿਤ ਸਮਝ ਵਿੱਚ ਭਾਵ ਪੂਰਨ ਸੱਚ ਰੂਪ ਸਮਝ ਵਿੱਚ ਹੀ ਗੁਰੂ ਪ੍ਰਮਾਤਮਾ ਆਪ ਹੈ। ਸ਼ਬਦਾਂ ਦੀਆਂ ਪੰਗਤੀਆਂ ਨੂੰ ਹਰ ਕੋਈ ਜਰੂਰ ਪੜੋ ਤੇ ਸਮਝ ਕੇ ਪੜੋ। ਹਰ ਕੋਈ ਆਸਾਨੀ ਨਾਲ ਸਮਝ ਲਵੇਗਾ ਜਿਸ ਲਈ ਕਿਸੇ ਵੱਖਰੀ ਵਿਆਖਿਆ ਦੀ ਲੋੜ ਨਹੀਂ ਹੈ। ਹੌਲੀ-ਹੌਲੀ ਤੁਸੀਂ ਮਨ ਦੇ ਵਿੱਚ ਗੁਰਮਤਿ ਦੀ ਸੱਚੀ ਸਮਝ ਦੁਆਰਾ ਗੁਰਮਤਿ ਦੇ ਮਾਲਕ ਗੁਰੂ ਪ੍ਰਮਾਤਮਾ ਦੇ ਨੇੜੇ ਲੱਗਦੇ ਜਾਵੋਗੇ ਜੋ ਕਿ ਉਸ ਦੀ ਸੱਚੀ ਸਮਝ ਨੂੰ ਮੰਨਣ ਦੁਆਰਾ ਹੀ ਲੱਗਿਆ ਜਾ ਸਕਦਾ ਹੈ। ਸੱਚੀ ਸਮਝ ਨੂੰ ਅਸੀਂ ਤਾਂ ਹੀ ਮੰਨਾਗੇ ਜੇ ਪਹਿਲਾਂ ਸੱਚੀ ਸਮਝ ਨਾਲ ਜੁੜਾਂਗੇ ਭਾਵ ਭਰਮਾਂ ਵਾਲੀ ਸਮਝ ਵਿੱਚੋਂ ਨਿਕਲਾਂਗੇ। ਵਿਸ਼ਵਾਸ ਕਰਕੇ ਮੰਨੋ ਜਿਉਂ-ਜਿਉਂ ਤੁਸੀਂ ਹੇਠ ਦਿੱਤੇ ਸ਼ਬਦਾਂ ਦੀਆਂ ਪੰਗਤੀਆਂ ਨੂੰ ਸਮਝਦੇ ਜਾਵੋਗੇ ਤਿਉਂ-ਤਿਉਂ ਤੁਹਾਡਾ ਗੁਰੂ ਦੇ ਨਾਲ ਵਿਸ਼ਵਾਸ ਵੱਧਦਾ ਜਾਵੇਗਾ ਤੇ ਉਹਨਾਂ ਦੇ ਨਾਲੋਂ ਵਿਸ਼ਵਾਸ ਟੁੱਟਦਾ ਜਾਵੇਗਾ ਜਿੰਨ੍ਹਾਂ ਨੇ ਸਾਨੂੰ ਝੂਠੀ ਭਗਤੀ ਦੇ ਮਾਰਗ ਨਾਲ ਜੋੜਕੇ ਉਲਝਾਇਆ ਹੋਇਆ ਹੈ, ਝੂਠੇ ਨਾਮ ਨੂੰ ਜਪਣ ਦੇ ਨਾਲ ਜੋੜਕੇ ਉਲਝਾਇਆ ਹੋਇਆ ਹੈ ਭਾਵ ਭਰਮਾਂ ਵਿੱਚ ਪਾਇਆ ਹੋਇਆ ਹੈ ਭਾਵ ਸਾਨੂੰ ਪ੍ਰਮਾਤਮਾ ਦੇ ਨਾਲ ਵਿਛੋੜੇ ਵਾਲੀ ਸਮਝ ਦੇ ਨਾਲ ਜੋੜਿਆ ਹੋਇਆ ਹੈ। ਗੁਰਮਤਿ ਦੀ ਸੱਚੀ ਸਮਝ ਦਾ ਵਿਛੋੜਾ ਹੀ ਨਾਮ ਨਾਲੋਂ ਵਿਛੋੜਾ ਹੈ, ਗੁਰੂ ਪ੍ਰਮਾਤਮਾ ਦੇ ਨਾਲੋਂ ਵਿਛੋੜਾ ਹੈ। ਆਉ ਗੁਰੂ ਦੇ ਵਿਛੋੜੇ ਵਿੱਚੋਂ ਨਿਕਲਣ ਦਾ ਸੱਚਾ ਉਦਮ ਕਰੀਏ ਜੋ ਸਾਡੇ ਸਭ ਲਈ ਸਾਡਾ ਸਭ ਤੋਂ ਵੱਡਾ ਉਦਮ ਹੋਣਾ ਚਾਹੀਦਾ ਹੈ। ਹੇਠ ਦਿੱਤੇ ਸ਼ਬਦਾਂ ਦੇ ਅੰਦਰ ਦੀਆਂ ਛੋਟੀਆਂ-ਛੋਟੀਆਂ ਪੰਗਤੀਆਂ ਦੁਆਰਾ ਗੁਰੂ ਦੀ ਗੱਲ ਨੂੰ ਤ੍ਰੈ ਗੁਣਾਂ ਵਾਲੀ ਸਮਝ ਵਿੱਚ ਰਹਿੰਦੇ ਹੋਏ ਵੀ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਪੂਰੇ ਸ਼ਬਦਾਂ ਨੂੰ ਅਸੀਂ ਪਿੱਛੇ ਲੇਖ ਵਿੱਚ ਸਮਝਿਆ ਹੀ ਹੈ। ਸ਼ਬਦ ਦੀ ਹਰ ਪੰਗਤੀ ਰਾਹੀਂ ਸਾਨੂੰ ਸੱਚ ਹੀ ਸਮਝਾਇਆ ਹੁੰਦਾ ਹੈ ਭਾਵ ਗੁਰੂ ਦਾ ਸੱਚਾ ਨਾਮ

ਹੀ ਸਮਝਾਇਆ ਹੁੰਦਾ ਹੈ। ਗੁਰੂ ਦੀ ਮਤਿ ਤੇ ਵਿਸ਼ਵਾਸ ਰੱਖ ਕੇ ਸਮਝੋ ਤੇ ਗੁਰੂ ਦੀ ਗੱਲ ਨੂੰ ਮੰਨਣ ਦੀ ਕ੍ਰਿਪਾਲਤਾ ਵੀ ਕਰੋ ਕਿਉਂਕਿ ਗੁਰੂ ਨੂੰ ਉਹੀ ਮਨੁੱਖ ਚੰਗਾ ਲੱਗਦਾ ਹੈ ਜੋ ਉਸਦੀ ਗੱਲ ਨੂੰ ਸੱਚ ਸਮਝਕੇ ਮੰਨਦਾ ਹੈ ਤੇ ਝੂਠੀ ਬਹਿਸ ਵਿੱਚ ਨਹੀਂ ਪੈਂਦਾ।

{ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥}

(ਅੰਗ ੧)

{ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥}

(ਅੰਗ ੧)

{ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥}

(ਅੰਗ ੨)

{ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥}

(ਅੰਗ ੨)

{ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥}

(ਅੰਗ ੨)

{ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥}

(ਅੰਗ ੨)

{ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥}

(ਅੰਗ ੨)

{ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥}

(ਅੰਗ ੩)

{ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥}

(ਅੰਗ ੩)

{ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥}

(ਅੰਗ ੩)

{ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥}

(ਅੰਗ ੩)

{ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥}

(ਅੰਗ ੩)

{ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥}

(ਅੰਗ ੪)

{ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥}

(ਅੰਗ ੪)

{ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥}

(ਅੰਗ ੪)

{ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥}

(ਅੰਗ ੪)

{ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥}

(ਅੰਗ ੪)

{ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥}

(ਅੰਗ ੫)

{ਪਵਹਿ ਸਮੁੰਦਿ ਨ ਜਾਣੀਅਹਿ ਸਮੁੰਦ ਸਾਹ ਸੁਲਤਾਨ}

(ਅੰਗ ੫)

{ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥}

(ਅੰਗ ੫)

{ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥}

(ਅੰਗ ੫)

{ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥}

(ਅੰਗ ੫)

{ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥}

(ਅੰਗ ੫)

{ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥}

(ਅੰਗ ੫)

{ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥}

(ਅੰਗ ੫)

{ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥}

(ਅੰਗ ੫)

{ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥}

(ਅੰਗ ੫)

{ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥}

(ਅੰਗ ੫)

{ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥}

(ਅੰਗ ੫)

{ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥}

(ਅੰਗ ੫)

{ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥}

(ਅੰਗ ੫)

{ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥}

(ਅੰਗ ੬)

{ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥}

(ਅੰਗ ੬)

{ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥}

(ਅੰਗ ੬)

{ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥}

(ਅੰਗ ੬)

{ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥}
(ਅੰਗ ੭)

{ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥}
(ਅੰਗ ੭)

{ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥}
(ਅੰਗ ੭)

{ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥}
(ਅੰਗ ੭)

{ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥}
(ਅੰਗ ੭)

{ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥}
(ਅੰਗ ੭)

{ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥}
(ਅੰਗ ੭)

{ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥}
(ਅੰਗ ੭)

{ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥}
(ਅੰਗ ੭)

{ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥}
(ਅੰਗ ੭)

{ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥}
(ਅੰਗ ੭)

{ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥}
(ਅੰਗ ੭)

{ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥}
(ਅੰਗ ੮)

{ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥}
(ਅੰਗ ੮)

{ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥}
(ਅੰਗ ੮)

{ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥}
(ਅੰਗ ੮)

{ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥}
(ਅੰਗ ੮)

{ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥}
(ਅੰਗ ੮)

{ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥}
(ਅੰਗ ੮)

{ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥}
(ਅੰਗ ੮)

{ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥}
(ਅੰਗ ੮)

{ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ॥੩੮॥}
(ਅੰਗ ੮)

{ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥}
(ਅੰਗ ੮)

{ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥}
(ਅੰਗ ੮)

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥}
(ਅੰਗ ੯)

{ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥}
(ਅੰਗ ੯)

{ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥}
(ਅੰਗ ੯)

{ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥}
(ਅੰਗ ੯)

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}
(ਅੰਗ ੯)

{ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥}
(ਅੰਗ ੯)

{ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}
(ਅੰਗ ੯)

{ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥}
(ਅੰਗ ੯)

{ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥}
(ਅੰਗ ੧੦)

{ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥}
(ਅੰਗ ੧੧)

{ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥}
(ਅੰਗ ੧੧)

{ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥}
(ਅੰਗ ੧੧)

{ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}
(ਅੰਗ ੧੩)

{ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥}

(ਅੰਗ ੧੩)

{ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥}

(ਅੰਗ - ੧੫)

{ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥}

(ਅੰਗ - ੧੫)

{ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥}

(ਅੰਗ - ੧੫)

{ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥}

(ਅੰਗ - ੧੫)

{ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥}

(ਅੰਗ - ੧੫)

{ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥}

(ਅੰਗ - ੧੫)

{ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥}

(ਅੰਗ - ੧੫)

{ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥ ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥}

(ਅੰਗ - ੧੬)

{ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥}

(ਅੰਗ - ੧੬)

{ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥}

(ਅੰਗ - ੧੬)

{ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ ॥ ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ ॥}

(ਅੰਗ - ੧੭)

{ਬਾਬਾ ਹੋਰ ਮਤਿ ਹੋਰ ਹੋਰ ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥}

(ਅੰਗ - ੧੭)

{ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ॥੨॥}

(ਅੰਗ - ੧੮)

{ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ ਭਾਈ ਰੇ ਸੰਤ ਜਨਾ ਕੀ ਰੇਨੁ ॥
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਨੁ ॥੧॥ ਰਹਾਉ ॥}

(ਅੰਗ - ੧੮)

{ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥}
(ਅੰਗ - ੧੮)

{ਮਨ ਰੇ ਸਚੁ ਮਿਲੈ ਭਉ ਜਾਇ ॥ ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ ॥੧॥ ਰਹਾਉ ॥}
(ਅੰਗ - ੧੮)

{ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ ॥ ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥੪॥੧੧॥}
(ਅੰਗ - ੧੮)

{ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੁ ਭਏ ਕੂਰਿ ਵਜਾਵੈ ਤੂਰੁ ॥ ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥}
(ਅੰਗ - ੧੯)

{ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥
ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥੪॥੧੫॥}
(ਅੰਗ - ੧੯)

{ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥ ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥
ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥੨॥}
(ਅੰਗ - ੧੯)

{ਮੂੜੇ ਰਾਮੁ ਜਪਹੁ ਗੁਣ ਸਾਰਿ ॥ ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥}
(ਅੰਗ - ੧੯)

{ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥}
(ਅੰਗ - ੧੯)

{ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥}
(ਅੰਗ - ੧੯)

{ਜੀਅਰੇ ਰਾਮ ਜਪਤ ਮਨੁ ਮਾਨੁ ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥}
(ਅੰਗ - ੨੦)

{ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥ ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥
ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥੨॥}
(ਅੰਗ - ੨੦)

{ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥੧॥ ਮੇਰੇ ਮਨ ਲੈ ਲਾਹਾ ਘਰਿ ਜਾਹਿ ॥
ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ ॥੧॥ ਰਹਾਉ ॥}
(ਅੰਗ - ੨੦)

{ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥ ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥}
(ਅੰਗ - ੨੦)

{ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥}
(ਅੰਗ - ੨੦)

{ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥}
(ਅੰਗ - ੨੦)

{ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥}
(ਅੰਗ - ੨੧)

{ਮਨ ਰੇ ਹਉਮੈ ਛੋਡਿ ਗੁਮਾਨੁ ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥}
(ਅੰਗ - ੨੧)

{ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥}
(ਅੰਗ - ੨੧)

{ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥}
(ਅੰਗ - ੨੧)

{ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥
ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥}
(ਅੰਗ - ੨੧)

{ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥
ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥}
(ਅੰਗ - ੨੧)

{ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥
ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥}
(ਅੰਗ - ੨੧)

{ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੈ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥}
(ਅੰਗ - ੨੨)

{ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥}
(ਅੰਗ - ੨੨)

{ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥
ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥}
(ਅੰਗ - ੨੨)

{ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥}
(ਅੰਗ - ੨੨)

{ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥}
(ਅੰਗ - ੨੨)

{ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥
ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥
ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥}
(ਅੰਗ - ੨੨)

{ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥}
(ਅੰਗ - ੨੨)

{ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥ ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥

ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥}

(ਅੰਗ - ੨੨)

{ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥}

(ਅੰਗ - ੨੨)

{ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥}

(ਅੰਗ - ੨੩)

{ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥੧॥}

(ਅੰਗ - ੨੩)

{ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥
ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਮਾਈ ॥੨॥}

(ਅੰਗ - ੨੩)

{ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥}

(ਅੰਗ - ੨੪)

{ਮਤੁ ਜਾਣ ਸਹਿ ਗਲੀ ਪਾਇਆ ॥
ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥}

(ਅੰਗ - ੨੪)

{ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥}

(ਅੰਗ - ੨੪)

{ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ ॥
ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ ॥੩॥}

(ਅੰਗ - ੨੪)

{ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥
ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥}

(ਅੰਗ - ੨੪)

{ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥}

(ਅੰਗ - ੨੪)

{ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥}

(ਅੰਗ - ੨੪)

{ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥}

(ਅੰਗ - ੨੪)

{ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥੨॥}

(ਅੰਗ - ੨੪)

{ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥}

(ਅੰਗ - ੨੪)

{ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੩॥}

(ਅੰਗ - ੨੪)

{ਮੈ ਕੀਤਾ ਨ ਜਾਤਾ ਹਰਾਮਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥}

(ਅੰਗ - ੨੪)

{ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥}

(ਅੰਗ - ੨੫)

{ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥}

(ਅੰਗ - ੨੫)

{ਆਪੇ ਸਚੁ ਭਾਵੈ ਤਿਸੁ ਸਚੁ ॥ ਅੰਧਾ ਕਚਾ ਕਚੁ ਨਿਕਚੁ ॥੧॥ ਰਹਾਉ ॥}

(ਅੰਗ - ੨੫)

{ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥}

(ਅੰਗ - ੨੫)

{ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ ॥੨॥}

(ਅੰਗ - ੨੫)

{ਇਤੁ ਤਨਿ ਲਾਗੈ ਬਾਣੀਆ ॥ ਸੁਖੁ ਹੋਵੈ ਸੇਵ ਕਮਾਣੀਆ ॥}

(ਅੰਗ - ੨੫)

{ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥}

(ਅੰਗ - ੨੬)

{ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ ॥
ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥}

(ਅੰਗ - ੨੬)

{ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ ॥ ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥੧॥ ਰਹਾਉ ॥}

(ਅੰਗ - ੨੬)

{ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ॥}

(ਅੰਗ - ੨੬)

{ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥}

(ਅੰਗ - ੨੬)

{ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ॥ ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ ॥}

(ਅੰਗ - ੨੬)

{ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥}

(ਅੰਗ - ੨੬)

{ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥}

(ਅੰਗ - ੨੬)

{ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥
ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥੨॥}

(ਅੰਗ - ੨੬)

{ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥ ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥}
(ਅੰਗ - ੨੭)

{ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥
ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ ॥}
(ਅੰਗ - ੨੭)

{ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥ ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ॥}
(ਅੰਗ - ੨੯)

{ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥}
(ਅੰਗ - ੨੯)

{ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥}
(ਅੰਗ - ੨੭)

{ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥}
(ਅੰਗ - ੨੭)

{ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥}
(ਅੰਗ - ੨੭)

{ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥}
(ਅੰਗ - ੨੭)

{ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ॥੧॥}
(ਅੰਗ - ੨੭)

{ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥
ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥}
(ਅੰਗ - ੨੭)

{ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥}
(ਅੰਗ - ੨੭)

{ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥}
(ਅੰਗ - ੨੭)

{ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥}
(ਅੰਗ - ੨੮)

{ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥
ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥}
(ਅੰਗ - ੨੮)

{ਪਾਖੰਡਿ ਭਗਤਿ ਨ ਹੋਵਣੀ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥}
(ਅੰਗ - ੨੮)

{ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ ॥ ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ ॥}
(ਅੰਗ - ੨੮)

{ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥}

(ਅੰਗ - ੨੮)

{ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥
ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥}

(ਅੰਗ - ੨੯)

{ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥}

(ਅੰਗ - ੨੯)

{ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥
ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥
ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥}

(ਅੰਗ - ੨੯)

{ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥ ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥}

(ਅੰਗ - ੨੯)

{ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥}

(ਅੰਗ - ੨੯)

{ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥ ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥}

(ਅੰਗ - ੨੯)

{ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥ ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥
ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥}

(ਅੰਗ - ੨੯)

{ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥}

(ਅੰਗ - ੨੯)

{ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥}

(ਅੰਗ - ੩੦)

{ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥}

(ਅੰਗ - ੩੦)

{ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ ॥ ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥}

(ਅੰਗ - ੩੦)

{ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥}

(ਅੰਗ - ੩੦)

{ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥}

(ਅੰਗ - ੩੦)

{ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥}

(ਅੰਗ - ੩੦)

{ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥}

(ਅੰਗ - ੩੦)

{ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥

ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥}

(ਅੰਗ - ੩੧)

{ਮਨ ਰੇ ਸਦਾ ਭਜਹੁ ਹਰਿ ਸਰਣਾਈ ॥ ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ॥}

(ਅੰਗ - ੩੧)

{ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥ ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥
ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥੨॥}

(ਅੰਗ - ੩੧)

{ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥ ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥੩॥}

(ਅੰਗ - ੩੧)

{ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥ ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥੧੩॥੪੬॥}

(ਅੰਗ - ੩੧)

{ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥ ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥੧॥ ਰਹਾਉ ॥}

(ਅੰਗ - ੩੧)

{ਸਤਗੁਰਿ ਮਿਲਿਐ ਧਨੁ ਪਾਇਆ ਹਰਿ ਨਾਮਾ ਰਿਦੈ ਸਮਾਲਿ ॥੩॥}

(ਅੰਗ - ੩੨)

{ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ ॥੧॥}

(ਅੰਗ - ੩੧)

{ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥
ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥੧੬॥੪੯॥}

(ਅੰਗ - ੩੨)

{ਮੇਰੇ ਮਨ ਗੁਰ ਮੁਖਿ ਧਿਆਇ ਹਰਿ ਸੋਇ ॥
ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥੧॥ ਰਹਾਉ ॥}

(ਅੰਗ - ੩੨)

{ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥
ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥}

(ਅੰਗ - ੩੨)

{ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥ ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ॥
ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ ॥੪॥੧੭॥੫੦॥}

(ਅੰਗ - ੩੩)

{ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥}

(ਅੰਗ - ੩੩)

{ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥}

(ਅੰਗ - ੩੩)

{ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥ ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ॥
ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥}

(ਅੰਗ - ੩੩)

{ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥
ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥}

(ਅੰਗ - ੩੩)

{ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥
ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥}

(ਅੰਗ - ੩੩)

{ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥ ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥
ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥੪॥੧੮॥੫੧॥}

(ਅੰਗ - ੩੩)

{ਮਨ ਰੇ ਦੂਜਾ ਭਾਉ ਚੁਕਾਇ ॥ ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥}

(ਅੰਗ - ੩੩)

{ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥}

(ਅੰਗ - ੩੩)

{ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥ ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥੧॥}

(ਅੰਗ - ੩੩)

{ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥
ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥}

(ਅੰਗ - ੩੩)

{ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥ ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥
ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥}

(ਅੰਗ - ੩੪)

{ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥ ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥}

(ਅੰਗ - ੩੪)

{ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥
ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥}

(ਅੰਗ - ੩੪)

{ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥
ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥}

(ਅੰਗ - ੩੪)

{ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥}

(ਅੰਗ - ੩੪)

{ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥
ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ ॥
ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥}

(ਅੰਗ - ੩੪)

{ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥}

(ਅੰਗ - ੩੪)

{ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥}

(ਅੰਗ - ੩੪)
{ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ ॥ ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥੪॥}
(ਅੰਗ - ੩੪)
{ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥
ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ ॥}
(ਅੰਗ - ੩੪)
{ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥੨॥}
(ਅੰਗ - ੩੪)
{ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥}
(ਅੰਗ - ੩੪)
{ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰ ਧਾਰਿ ॥ ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ॥੩॥}
(ਅੰਗ - ੩੪)
{ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥ ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥}
(ਅੰਗ - ੩੪)
{ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ॥੨॥}
(ਅੰਗ - ੩੫)
{ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥}
(ਅੰਗ - ੩੫)
{ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥}
(ਅੰਗ - ੩੫)
{ਮੇਰੇ ਮਨ ਹਰਿ ਕਾ ਨਾਮੁ ਧਿਆਇ ॥ ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥}
(ਅੰਗ - ੩੫)
{ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥}
(ਅੰਗ - ੩੫)
{ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥ ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥}
(ਅੰਗ - ੩੬)
{ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥
ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥}
(ਅੰਗ - ੩੫)
{ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥ ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥}
(ਅੰਗ - ੩੫)
{ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥ ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥}
(ਅੰਗ - ੩੫)
{ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥}
(ਅੰਗ - ੩੫)
{ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥}

(ਅੰਗ - ੩੫)

{ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥
ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥}

(ਅੰਗ - ੩੫)

{ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ ॥
ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ ॥}

(ਅੰਗ - ੩੬)

{ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ॥ ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ ॥੪॥੨੫॥੫੮॥}

(ਅੰਗ - ੩੬)

{ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥}

(ਅੰਗ - ੩੭)

{ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥
ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥}

(ਅੰਗ - ੩੬)

{ਮਨ ਰੇ ਸਦਾ ਅਨੰਦੁ ਗੁਣ ਗਾਇ ॥ ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੧॥ ਰਹਾਉ ॥}

(ਅੰਗ - ੩੬)

{ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥
ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥}

(ਅੰਗ - ੩੬)

{ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥}

(ਅੰਗ - ੩੭)

{ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ॥}

(ਅੰਗ - ੩੭)

{ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ॥}

(ਅੰਗ - ੩੭)

{ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥}

(ਅੰਗ - ੩੭)

{ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥੧॥}

(ਅੰਗ - ੩੭)

{ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥ ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥੧॥ ਰਹਾਉ ॥}

(ਅੰਗ - ੩੭)

{ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥}

(ਅੰਗ - ੩੭)

{ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ ॥}

(ਅੰਗ - ੩੭)

{ਮੁੰਧੇ ਕੂੜਿ ਮੁਠੀ ਕੂੜਿਆਰਿ ॥ ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ ॥੧॥ ਰਹਾਉ ॥}

(ਅੰਗ - ੩੮)

{ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ ॥
ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥}

(ਅੰਗ - ੩੮)

{ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥}

(ਅੰਗ - ੩੮)

{ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ ॥ ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ ॥}

(ਅੰਗ - ੩੮)

{ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ ॥
ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ ॥੪॥੨੮॥੬੧॥}

(ਅੰਗ - ੩੮)

{ਮੁੰਧੇ ਤੂ ਚਲੁ ਗੁਰ ਕੈ ਭਾਇ ॥ ਅਨਦਿਨੁ ਰਾਵਹਿ ਪਿਰੁ ਆਪਣਾ ਸਹਜੇ ਸਚਿ ਸਮਾਇ ॥੧॥ ਰਹਾਉ ॥}

(ਅੰਗ - ੩੮)

{ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥
ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥੨॥}

(ਅੰਗ - ੩੮)

{ਪਿਰੁ ਸਾਲਾਹਨਿ ਆਪਣਾ ਤਿਨ ਕੈ ਹਉ ਸਦ ਬਲਿਹਾਰੈ ਜਾਉ ॥
ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ ॥}

(ਅੰਗ - ੩੮)

{ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ ॥ ਗੁਰਮੁਖਿ ਨਾਮੁ ਪਛਾਣੀਐ ਨਾਨਕ ਸਚਿ ਸਮਾਇ ॥੩॥੨੯॥੬੨॥}

(ਅੰਗ - ੩੮)

{ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ ਰਹਾਉ ॥}

(ਅੰਗ - ੩੯)

{ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥
ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥}

(ਅੰਗ - ੩੯)

{ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥}

(ਅੰਗ - ੩੯)

{ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥}

(ਅੰਗ - ੩੯)

{ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥}

(ਅੰਗ - ੩੯)

{ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥੧॥}

(ਅੰਗ - ੩੯)

{ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥}

(ਅੰਗ - ੩੯)
{ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥}
(ਅੰਗ - ੩੯)
{ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥}
(ਅੰਗ - ੩੯)
{ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥}
(ਅੰਗ - ੩੯)
{ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥}
(ਅੰਗ - ੩੯)
{ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥ ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥
ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥}
(ਅੰਗ - ੩੯)
{ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥
ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥
ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥੨॥}
(ਅੰਗ - ੩੯)
{ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥
ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥
ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥੩॥}
(ਅੰਗ - ੩੯)
{ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥}
(ਅੰਗ - ੪੦)
{ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥}
(ਅੰਗ - ੪੦)
{ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ ॥
ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ ॥
ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥੧॥}
(ਅੰਗ - ੪੦)
{ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥
ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥}
(ਅੰਗ - ੪੦)
{ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥
ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧॥ ਰਹਾਉ ॥}
(ਅੰਗ - ੪੦)

{ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥}
(ਅੰਗ - ੪੦)

{ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥
ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥}
(ਅੰਗ - ੪੦)

{ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ॥}
(ਅੰਗ - ੪੧)

{ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥}
(ਅੰਗ - ੪੧)

{ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥}
(ਅੰਗ - ੪੧)

{ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥
ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥੧॥}
(ਅੰਗ - ੪੧)

{ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥
ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥}
(ਅੰਗ - ੪੧)

{ਕਿਆ ਤੂ ਰਤਾ ਦੇਖਿ ਕੈ ਪੁੜ੍ ਕਲੜ੍ ਸੀਗਾਰ ॥ ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ॥
ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ ॥ ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ ॥੧॥}
(ਅੰਗ - ੪੨)

{ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ ॥
ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ ॥}
(ਅੰਗ - ੪੨)

{ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ ॥ ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ ॥
ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ ॥ ਸਿਰਜਣਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ ॥੨॥}
(ਅੰਗ - ੪੨)

{ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥}
(ਅੰਗ - ੪੨)

{ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ ॥੪॥੧॥੭੧॥}
(ਅੰਗ - ੪੨)

{ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥ ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥
ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥੩॥}
(ਅੰਗ - ੪੩)

{ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ ॥ ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ ॥}

(ਅੰਗ - ੪੨)

{ਅੰਧੇ ਤੂੰ ਬੈਠਾ ਕੰਧੀ ਪਾਹਿ ॥ ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥੧॥ ਰਹਾਉ ॥}

(ਅੰਗ - ੪੩)

{ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥ ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥
ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥੪॥੪॥੭੪॥}

(ਅੰਗ - ੪੩)

{ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ॥ ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ ॥੧॥}

(ਅੰਗ - ੪੩)

{ਮਨ ਮੇਰੇ ਕਰਤੇ ਨੋ ਸਾਲਾਹਿ ॥ ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥੧॥ ਰਹਾਉ ॥}

(ਅੰਗ - ੪੩)

{ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥}

(ਅੰਗ - ੪੩)

{ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥ ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥}

(ਅੰਗ - ੪੩)

{ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥
ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥੪॥੫॥੭੫॥}

(ਅੰਗ - ੪੪)

{ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥}

(ਅੰਗ - ੪੪)

{ਮੇਰੇ ਮਨ ਏਕਸ ਸਿਉ ਚਿਤੁ ਲਾਇ ॥ ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥੧॥ ਰਹਾਉ ॥}

(ਅੰਗ - ੪੪)

{ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥
ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥
ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥੨॥}

(ਅੰਗ - ੪੪)

{ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥
ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥}

(ਅੰਗ - ੪੪)

{ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥
ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥੪॥੬॥੭੬॥}

(ਅੰਗ - ੪੪)

{ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥੧॥}

(ਅੰਗ - ੪੪)

{ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥
ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧॥ ਰਹਾਉ ॥}

(ਅੰਗ - ੪੪)

{ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥ ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ ॥
ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥੪॥੭॥੭੭॥}

(ਅੰਗ - ੪੪)
{ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥ ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥
ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥੧॥}

(ਅੰਗ - ੪੪)
{ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥}

(ਅੰਗ - ੪੫)
{ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੯॥੭੯॥}

(ਅੰਗ - ੪੫)
{ਮਨ ਮੇਰੇ ਸਗਲ ਉਪਾਵ ਤਿਆਗੁ ॥ ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥੧॥ ਰਹਾਉ ॥}

(ਅੰਗ - ੪੫)
{ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥
ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ॥੧॥}

(ਅੰਗ - ੪੫)
{ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥}

(ਅੰਗ - ੪੫)
{ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥}

(ਅੰਗ - ੪੬)
{ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥ ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥}

(ਅੰਗ - ੪੬)
{ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥ ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ ॥}

(ਅੰਗ - ੪੬)
{ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥}

(ਅੰਗ - ੪੬)
{ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥}

(ਅੰਗ - ੪੬)
{ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥}

(ਅੰਗ - ੪੬)
{ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥
ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥}

(ਅੰਗ - ੪੬)
{ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥
ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥}

(ਅੰਗ - ੪੬)
{ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥ ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥੧॥ ਰਹਾਉ ॥}

(ਅੰਗ - ੪੭)

{ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥ ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥}

(ਅੰਗ - ੪੭)

{ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ ॥
ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ ॥ ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰ ਧਾਰਿ ॥੧॥}

(ਅੰਗ - ੪੭)

{ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ ॥ ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥
ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ ॥੨॥}

(ਅੰਗ - ੪੭)

{ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥ ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥੩॥}

(ਅੰਗ - ੪੭)

{ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥੧॥ ਰਹਾਉ॥}

(ਅੰਗ - ੪੭)

{ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ ॥ ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥
ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲੁ ॥੧॥}

(ਅੰਗ - ੪੮)

{ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥ ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ ॥}

(ਅੰਗ - ੪੮)

{ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥
ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥੧॥}

(ਅੰਗ - ੪੮)

{ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ਰਹਾਉ ॥}

(ਅੰਗ - ੪੮)

{ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥}

(ਅੰਗ - ੪੮)

{ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥
ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥}

(ਅੰਗ - ੪੮)

{ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥}

(ਅੰਗ - ੪੮)

{ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ ॥ ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥}

(ਅੰਗ - ੪੮)

{ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥}

(ਅੰਗ - ੪੯)

{ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ ॥
ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ ॥੪॥੧੮॥੮੮॥}

(ਅੰਗ - ੪੯)

{ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥ ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥੩॥}

(ਅੰਗ - ੪੯)

{ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥
ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲਿ ॥}

(ਅੰਗ - ੪੯)

{ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ॥ ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥}

(ਅੰਗ - ੪੯)

{ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥੧॥ ਰਹਾਉ ॥}

(ਅੰਗ - ੪੯)

{ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥ ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥੩॥}

(ਅੰਗ - ੪੯)

{ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥ ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥}

(ਅੰਗ - ੫੦)

{ਗੁਰ ਨਾਲਿ ਤੁਲਿ ਨ ਲਗਣੀ ਖੋਜਿ ਡਿਠਾ ਬ੍ਰਹਮੰਡੁ ॥
ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥੪॥੨੦॥੯੦॥}

(ਅੰਗ - ੫੦)

{ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥
ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥੧॥}

(ਅੰਗ - ੫੦)

{ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥}

(ਅੰਗ - ੫੦)

{ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥}

(ਅੰਗ - ੫੦)

{ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥}

(ਅੰਗ - ੫੦)

{ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥}

(ਅੰਗ - ੫੦)

{ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥ ਕਿਆ ਥੋੜੜੀ ਬਾਤ ਗੁਮਾਨੁ ॥੧॥ ਰਹਾਉ ॥}

(ਅੰਗ - ੫੦)

{ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥ ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥}

(ਅੰਗ - ੫੦)

{ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥ ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ॥
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥}

(ਅੰਗ - ੫੧)

{ਗੁਰ ਕੇ ਚਰਨ ਮਨ ਮਹਿ ਧਿਆਇ ॥ ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥੧॥ ਰਹਾਉ ॥}

(ਅੰਗ - ੫੧)

{ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ ॥
ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥੨॥}

(ਅੰਗ - ੫੧)

{ਦੇਖਿ ਦਰਸਨੁ ਮਨੁ ਸਾਧਾਰੈ ਪਾਪ ਸਗਲੇ ਜਾਹਿ ॥ ਹਉ ਤਿਨ ਕੈ ਬਲਿਹਾਰਣੈ ਜਿ ਗੁਰ ਕੀ ਪੈਰੀ ਪਾਹਿ ॥੩॥}

(ਅੰਗ - ੫੧)

{ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥
ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥}

(ਅੰਗ - ੫੧)

{ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥ ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥}

(ਅੰਗ - ੫੧)

{ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥}

(ਅੰਗ - ੫੧)

{ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥}

(ਅੰਗ - ੫੧)

{ਕਹਨ ਕਹਾਵਨ ਇਹੁ ਕੀਰਤਿ ਕਰਲਾ ॥ ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥}

(ਅੰਗ - ੫੧)

{ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥}

(ਅੰਗ - ੫੧)

{ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮਕਾਲੁ ॥ ਸਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ ॥
ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ ॥੧॥}

(ਅੰਗ - ੫੨)

{ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ ॥
ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ ॥੧॥ ਰਹਾਉ ॥}

(ਅੰਗ - ੫੨)

{ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥}

(ਅੰਗ - ੫੨)

{ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥੧॥}

(ਅੰਗ - ੫੨)

{ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥ ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥}

(ਅੰਗ - ੫੨)

{ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥ ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ ॥}

(ਅੰਗ - ੫੨)

{ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥ ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥}

(ਅੰਗ - ੫੨)

{ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ ॥ ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ ॥
ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥੨॥}

(ਅੰਗ - ੫੨)

{ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ ॥ ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ॥੨॥}

(ਅੰਗ - ੫੨)

{ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥}

(ਅੰਗ - ੫੪)

{ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥ ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥
ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥}

(ਅੰਗ - ੫੪)

{ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥ ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥
ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥}

(ਅੰਗ - ੫੪)

{ਹਰਿ ਜੀਉ ਤੂੰ ਕਰਤਾ ਕਰਤਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥}

(ਅੰਗ - ੫੪)

{ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥
ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥}

(ਅੰਗ - ੫੫)

{ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥ ਸਾਚੀ ਦਰਗਹ ਬੈਸਣੀ ਭਗਤਿ ਸਚੀ ਅਰਦਾਸਿ ॥
ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥}

(ਅੰਗ - ੫੫)

{ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥}

(ਅੰਗ - ੫੫)

{ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥
ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥}

(ਅੰਗ - ੫੫)

{ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥ ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥
ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥}

(ਅੰਗ - ੫੫)

{ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥ ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥੭॥}

(ਅੰਗ - ੫੫)

{ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥}

(ਅੰਗ - ੫੫ - ੫੬)

{ਮੁੰਧੇ ਗੁਣਹੀਣੀ ਸੁਖੁ ਕੇਹਿ ॥ ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥}

(ਅੰਗ - ੫੬)

{ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥}

(ਅੰਗ - ੫੬)

{ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥}

(ਅੰਗ - ੫੬)

{ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥ ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥
ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥}

(ਅੰਗ - ੫੬)

{ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥}

(ਅੰਗ - ੫੬)

{ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥}

(ਅੰਗ - ੫੬)

{ਮੁੰਧੇ ਗੁਣ ਦਾਸੀ ਸੁਖੁ ਹੋਇ ॥ ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥}

(ਅੰਗ - ੫੬)

{ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥}

(ਅੰਗ - ੫੬)

{ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥}

(ਅੰਗ - ੫੭)

{ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥}

(ਅੰਗ - ੫੭)

{ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥}

(ਅੰਗ - ੫੭)

{ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥ ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥
ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥}

(ਅੰਗ - ੫੭)

{ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ॥ ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ ॥੬॥}

(ਅੰਗ - ੫੭)

{ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥ ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥}

(ਅੰਗ - ੫੭)

{ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥ ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ ॥੮॥੭॥}

(ਅੰਗ - ੫੭)

{ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥
ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥}

(ਅੰਗ - ੫੭)

{ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥
ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥}

(ਅੰਗ - ੫੭)

{ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥}

(ਅੰਗ - ੫੮)

{ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥ ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥}

(ਅੰਗ - ੫੮)

{ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥
ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥}

(ਅੰਗ - ੫੮)

{ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥
ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥}

(ਅੰਗ - ੫੮)

{ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥}

(ਅੰਗ - ੫੮)

{ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥}

(ਅੰਗ - ੫੮)

{ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥

ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥}

(ਅੰਗ - ੫੮)

{ਮਨ ਰੇ ਰਾਮ ਜਪਹੁ ਸੁਖੁ ਹੋਇ ॥ ਬਿਨੁ ਗੁਰ ਪ੍ਰੇਮੁ ਨ ਪਾਈਐ ਸਬਦਿ ਮਿਲੈ ਰੰਗੁ ਹੋਇ ॥੧॥ ਰਹਾਉ ॥}

(ਅੰਗ - ੫੮)

{ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ ॥ ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ ॥
ਗੁਰਮੁਖਿ ਜਾਣਿ ਸਿਞਾਣੀਐ ਗੁਰਿ ਮੇਲੀ ਗੁਣ ਚਾਰੁ ॥੨॥}

(ਅੰਗ - ੫੮)

{ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ ॥
ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥੫॥}

(ਅੰਗ - ੫੮-੫੯)

{ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥ ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ ॥੬॥}

(ਅੰਗ - ੫੯)

{ਗੁਰਮੁਖਿ ਤੋਲਿ ਤੁਲਾਇਸੀ ਸਚੁ ਤਰਾਜੀ ਤੋਲੁ ॥ ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥}

(ਅੰਗ - ੫੯)

{ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥ ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ॥}

(ਅੰਗ - ੫੯)

{ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥੮॥੯॥}

(ਅੰਗ - ੫੯)

{ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥}

(ਅੰਗ - ੫੯)

{ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥}

(ਅੰਗ - ੫੯)

{ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥ ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥}

(ਅੰਗ - ੫੯)

{ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥
ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥}

(ਅੰਗ - ੫੯)

{ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥}

(ਅੰਗ - ੫੯)

{ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥ ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ॥੮॥੧੦॥}

(ਅੰਗ - ੫੯)

{ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥ ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ ॥੧॥ਰਹਾਉ ॥}

(ਅੰਗ - ੬੦)

{ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥ ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥
ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥੬॥}

(ਅੰਗ - ੬੦)

{ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥ ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥
ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥੭॥}

(ਅੰਗ - ੬੦)

{ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥}

(ਅੰਗ - ੬੦)

{ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥ ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥}

(ਅੰਗ - ੬੦)

{ਬਾਬਾ ਮਾਇਆ ਭਰਮਿ ਭੁਲਾਇ ॥ ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥}

(ਅੰਗ - ੬੦)

{ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥}

(ਅੰਗ - ੬੦)

{ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥}

(ਅੰਗ - ੬੧)

{ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥ ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥}

(ਅੰਗ - ੬੧)

{ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥
ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥}

(ਅੰਗ - ੬੧)

{ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥}

(ਅੰਗ - ੬੧)

{ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥ ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥}

(ਅੰਗ - ੬੧)

{ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥ ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥}

(ਅੰਗ - ੬੧)

{ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥ ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥}

(ਅੰਗ - ੬੨)

{ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥}

(ਅੰਗ - ੬੨)

{ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥}

(ਅੰਗ - ੬੨)

{ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥ ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ॥੫॥}

(ਅੰਗ - ੬੨)

{ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥
ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥}

(ਅੰਗ - ੬੨)

{ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥ ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥}
(ਅੰਗ - ੬੨)

{ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥ ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥}
(ਅੰਗ - ੬੨)

{ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥}
(ਅੰਗ - ੬੨)

{ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥ ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥}
(ਅੰਗ - ੬੨)

{ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥}
(ਅੰਗ - ੬੨)

{ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥}
(ਅੰਗ - ੬੨)

{ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥}
(ਅੰਗ - ੬੨)

{ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥}
(ਅੰਗ - ੬੨)

{ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥}
(ਅੰਗ - ੬੨)

{ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥}
(ਅੰਗ - ੬੨)

{ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥}
(ਅੰਗ - ੬੨)

{ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥}
(ਅੰਗ - ੬੨)

{ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥ ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ ਰਹਾਉ ॥}
(ਅੰਗ - ੬੨)

{ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥ ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ॥ ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥੭॥}
(ਅੰਗ - ੬੩)

{ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ ॥੮॥੧੫॥}
(ਅੰਗ - ੬੩)

{ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥ ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥}
(ਅੰਗ - ੬੩)

{ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥}
(ਅੰਗ - ੬੩)

{ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥ ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥

ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥੮॥੧੬॥}

(ਅੰਗ - ੬੩)

{ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥}

(ਅੰਗ - ੬੪)

{ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥੫॥}

(ਅੰਗ - ੬੪)

{ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥}

(ਅੰਗ - ੬੪)

{ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥}

(ਅੰਗ - ੬੪)

{ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥੮॥੧੭॥}

(ਅੰਗ - ੬੪)

{ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਇ ॥
ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ ॥ ਹਰਿ ਜੀਉ ਸਚਾ ਸਚੀ ਬਾਣੀ ਸਬਦਿ ਮਿਲਾਵਾ ਹੋਇ॥੧॥}

(ਅੰਗ - ੬੪)

{ਭਾਈ ਰੇ ਭਗਤਿਹੀਨੁ ਕਾਹੇ ਜਗਿ ਆਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥}

(ਅੰਗ - ੬੪)

{ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਕੀ ਕੀਮ ਨ ਪਾਈ ॥
ਪ੍ਰਭੁ ਸਖਾ ਹਰਿ ਜੀਉ ਮੇਰਾ ਅੰਤੇ ਹੋਇ ਸਖਾਈ ॥੩॥}

(ਅੰਗ - ੬੫)

{ਪੇਈਅੜੈ ਜਗਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥ ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ॥
ਹਰਿ ਸੁਖਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ ॥੪॥}

(ਅੰਗ - ੬੫)

{ਪੇਈਅੜੈ ਜਗਜੀਵਨੁ ਦਾਤਾ ਗੁਰਮਤਿ ਮੰਨਿ ਵਸਾਇਆ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ ਚੁਕਾਇਆ ॥
ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ ॥੫॥}

(ਅੰਗ - ੬੫)

{ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ ॥ ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ॥
ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ ॥੬॥}

(ਅੰਗ - ੬੫)

{ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ ॥
ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ ॥
ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ ॥੭॥}

(ਅੰਗ - ੬੫)

{ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥
ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥}

(ਅੰਗ - ੬੫)

{ਮਨ ਰੇ ਗੁਰਮੁਖਿ ਨਾਮੁ ਧਿਆਇ ॥
ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥}

(ਅੰਗ - ੬੫)

{ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥
ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥}

(ਅੰਗ - ੬੫)

{ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥
ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥}

(ਅੰਗ - ੬੫)

{ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥
ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥}

(ਅੰਗ - ੬੫)

{ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥}

(ਅੰਗ - ੬੫)

{ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥}

(ਅੰਗ - ੬੫)

{ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ ॥
ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥}

(ਅੰਗ - ੬੫)

{ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥}

(ਅੰਗ - ੬੫)

{ਮਨ ਰੇ ਗੁਰ ਕੀ ਕਾਰ ਕਮਾਇ ॥ ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ॥}

(ਅੰਗ - ੬੬)

{ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥੨॥
ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ ॥}

(ਅੰਗ - ੬੬)

{ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥}

(ਅੰਗ - ੬੬)

{ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥
ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥੪॥}

(ਅੰਗ - ੬੬)

{ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥ ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥
ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥੬॥}

(ਅੰਗ - ੬੬)

{ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ ॥ ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ ॥}

(ਅੰਗ - ੬੬)

{ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ॥
ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥}

(ਅੰਗ - ੬੬)

{ਭਾਈ ਰੇ ਦਾਸਨਿ ਦਾਸਾ ਹੋਇ ॥ ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥}

(ਅੰਗ - ੬੬)

{ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥}

(ਅੰਗ - ੬੬)

{ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥}

(ਅੰਗ - ੬੬)

{ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥ ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ॥੨॥}

(ਅੰਗ - ੬੬)

{ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥}

(ਅੰਗ - ੬੬)

{ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥
ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥}

(ਅੰਗ - ੬੬)

{ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥}

(ਅੰਗ - ੬੭)

{ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥}

(ਅੰਗ - ੬੭)

{ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥}

(ਅੰਗ - ੬੭)

{ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥}

(ਅੰਗ - ੬੭)

{ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥}

(ਅੰਗ - ੬੭)

{ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥
ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥}

(ਅੰਗ - ੬੭)

{ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥}

(ਅੰਗ - ੬੭)

{ਮਨ ਰੇ ਨਾਮੁ ਜਪਹੁ ਸੁਖੁ ਹੋਇ ॥ ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥}

(ਅੰਗ - ੬੭)

{ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥

ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ ॥}

(ਅੰਗ - ੬੭)

{ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥}

(ਅੰਗ - ੬੭)

{ਸਤਿਗੁਰੁ ਭੇਟਿਐ ਨਿਰਮਲੁ ਹੋਆ ਅਨਦਿਨੁ ਨਾਮੁ ਵਖਾਣੈ ॥
ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ ॥੪॥}

(ਅੰਗ - ੬੭)

{ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥
ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥੫॥}

(ਅੰਗ - ੬੭)

{ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ॥}

(ਅੰਗ - ੬੭)

{ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ ॥੬॥}

(ਅੰਗ - ੬੭)

{ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ ॥}

(ਅੰਗ - ੬੭)

{ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ ॥}

(ਅੰਗ - ੬੭-੬੮)

{ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ॥}

(ਅੰਗ - ੬੮)

{ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ ॥
ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ ॥੮॥੫॥੨੨॥}

(ਅੰਗ - ੬੮)

{ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥ ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥}

(ਅੰਗ - ੬੮)

{ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥}

(ਅੰਗ - ੬੮)

{ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ॥}

(ਅੰਗ - ੬੮)

{ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥}

(ਅੰਗ - ੬੮)

{ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥}

(ਅੰਗ - ੬੮)

{ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥}

(ਅੰਗ - ੬੮)

{ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥}
(ਅੰਗ - ੬੮)

{ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥}
(ਅੰਗ - ੬੮)

{ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥}
(ਅੰਗ - ੬੮)

{ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥}
(ਅੰਗ - ੬੮)

{ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥}
(ਅੰਗ - ੬੮)

{ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥}
(ਅੰਗ - ੬੮)

{ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥}
(ਅੰਗ - ੬੮)

{ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥}
(ਅੰਗ - ੬੮)

{ਸਤਿਗੁਰਿ ਮਿਲਿਐ ਫੇਰੁ ਨ ਪਵੈ ਜਨਮ ਮਰਣ ਦੁਖੁ ਜਾਇ ॥
ਪੂਰੈ ਸਬਦਿ ਸਭ ਸੋਝੀ ਹੋਈ ਹਰਿ ਨਾਮੈ ਰਹੈ ਸਮਾਇ ॥੧॥}
(ਅੰਗ - ੬੯)

{ਮਨ ਮੇਰੇ ਸਤਿਗੁਰ ਸਿਉ ਚਿਤੁ ਲਾਇ ॥
ਨਿਰਮਲੁ ਨਾਮੁ ਸਦ ਨਵਤਨੋ ਆਪਿ ਵਸੈ ਮਨਿ ਆਇ ॥੧॥ ਰਹਾਉ ॥}
(ਅੰਗ - ੬੯)

{ਵਡੈ ਭਾਗਿ ਨਾਉ ਪਾਈਐ ਗੁਰਮਤਿ ਸਬਦਿ ਸੁਹਾਈ ॥
ਆਪੇ ਮਨਿ ਵਸਿਆ ਪ੍ਰਭੁ ਕਰਤਾ ਸਹਜੇ ਰਹਿਆ ਸਮਾਈ ॥੩॥}
(ਅੰਗ - ੬੯)

{ਭਗਤਾ ਮਨਿ ਆਨੰਦੁ ਹੈ ਸਚੈ ਸਬਦਿ ਰੰਗਿ ਰਾਤੇ ॥
ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ ॥੫॥}
(ਅੰਗ - ੬੯)

{ਆਪੇ ਕਰੇ ਕਰਾਏ ਆਪੇ ਇਕਨਾ ਸੁਤਿਆ ਦੇਇ ਜਗਾਇ ॥
ਆਪੇ ਮੇਲਿ ਮਿਲਾਇਦਾ ਨਾਨਕ ਸਬਦਿ ਸਮਾਇ ॥੮॥੭॥੨੪॥}
(ਅੰਗ - ੬੯)

{ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥
ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ ॥
ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥੧॥}
(ਅੰਗ - ੬੯)

{ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥ ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ ॥੧॥ ਰਹਾਉ ॥}
(ਅੰਗ - ੬੯)

{ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥}
(ਅੰਗ - ੬੯)

{ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥੨॥}
(ਅੰਗ - ੬੯)

{ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥ ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥
ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥੩॥}
(ਅੰਗ - ੬੯)

{ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥}
(ਅੰਗ - ੬੯)

{ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥}
(ਅੰਗ - ੬੯)

{ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ ॥
ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ ॥
ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ॥੬॥}
(ਅੰਗ - ੭੦)

{ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥}
(ਅੰਗ - ੭੦)

{ਸਤਿਗੁਰਿ ਸਬਦੁ ਸੁਣਾਇਆ ਬਿਨੁ ਸਚੇ ਅਵਰੁ ਨ ਕੋਈ ॥੭॥}
(ਅੰਗ - ੭੦)

{ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥
ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ ॥
ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥੮॥੧੭॥੮॥੨੫॥}
(ਅੰਗ - ੭੦)

{ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੁ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥}
(ਅੰਗ - ੭੦)

{ਸਾਹਿਬੁ ਨਿਤਾਣਿਆ ਕਾ ਤਾਣੁ ॥ ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧॥ ਰਹਾਉ ॥}
(ਅੰਗ - ੭੦)

{ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥}
(ਅੰਗ - ੭੦)

{ਸਤਿਗੁਰ ਤੁਠੈ ਪਾਇਆ ਨਾਨਕ ਸਚਾ ਨਾਉ ॥੯॥੧॥੨੬॥}
(ਅੰਗ - ੭੧)

{ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥
ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥

ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁ ਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥}

(ਅੰਗ - ੭੧)

{ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥੩॥}

(ਅੰਗ - ੭੧)

{ਸਤਿਗੁਰ ਕਉ ਬਲਿ ਜਾਈਐ ॥ ਜਿਤੁ ਮਿਲਿਐ ਪਰਮ ਗਤਿ ਪਾਈਐ ॥}

(ਅੰਗ - ੭੧)

{ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥}

(ਅੰਗ - ੭੨)

{ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥
ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥}

(ਅੰਗ - ੭੨)

{ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥}

(ਅੰਗ - ੭੨)

{ਜਿਨਾ ਭਾਣੇ ਕਾ ਰਸੁ ਆਇਆ ॥ ਤਿਨ ਵਿਚਹੁ ਭਰਮੁ ਚੁਕਾਇਆ ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥}

(ਅੰਗ - ੭੨)

{ਸਤਿਗੁਰਿ ਮਿਲਿਐ ਫਲੁ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥}

(ਅੰਗ - ੭੨)

{ਅੰਮ੍ਰਿਤੁ ਤੇਰੀ ਬਾਣੀਆ ॥ ਤੇਰਿਆ ਭਗਤਾ ਰਿਦੈ ਸਮਾਣੀਆ ॥
ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥}

(ਅੰਗ - ੭੨)

{ਸਤਿਗੁਰੁ ਮਿਲਿਆ ਜਾਣੀਐ ॥ ਜਿਤੁ ਮਿਲਿਐ ਨਾਮੁ ਵਖਾਣੀਐ ॥
ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥੧੩॥}

(ਅੰਗ - ੭੨)

{ਹਉ ਸਤਿਗੁਰ ਵਿਟਹੁ ਘੁਮਾਇਆ ॥ ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥
ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥੧੪॥}

(ਅੰਗ - ੭੨)

{ਜਿਨ ਸਤਿਗੁਰ ਸਿਉ ਚਿਤੁ ਲਾਇਆ ॥ ਤਿਨੀ ਦੂਜਾ ਭਾਉ ਚੁਕਾਇਆ ॥
ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ ॥੨੩॥}

(ਅੰਗ - ੭੩)

{ਪੈ ਪਾਇ ਮਨਾਈ ਸੋਇ ਜੀਉ ॥
ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ ਰਹਾਉ ॥}

(ਅੰਗ - ੭੩)

{ਤੇਰੈ ਹੁਕਮੇ ਸਾਵਣੁ ਆਇਆ ॥ ਮੈ ਸਤ ਕਾ ਹਲੁ ਜੋਆਇਆ ॥
ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ ॥੨॥}

(ਅੰਗ - ੭੩)

{ਗੁਰਿ ਦੀਬਾਣਿ ਕਵਾਇ ਪੈਨਾਈਓ ॥ ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥੪॥}

(ਅੰਗ - ੭੩)

{ਹਉ ਆਇਆ ਸਾਮ੍ਹੈ ਤਿਹੰਡੀਆ ॥ ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥}

(ਅੰਗ - ੭੩)

{ਹਰਿ ਇਠੈ ਨਿਤ ਧਿਆਇਦਾ ॥ ਮਨਿ ਚਿੰਦੀ ਸੋ ਫਲੁ ਪਾਇਦਾ ॥
ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ ॥੭॥}

(ਅੰਗ - ੭੩)

{ਮੈ ਛਡਿਆ ਸਭੋ ਧੰਧੜਾ ॥ ਗੋਸਾਈ ਸੇਵੀ ਸਚੜਾ ॥
ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥੮॥}

(ਅੰਗ - ੭੩)

{ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥੯॥}

(ਅੰਗ - ੭੩)

{ਮੈ ਬਧੀ ਸਚੁ ਧਰਮ ਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥}

(ਅੰਗ - ੭੩)

{ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥}

(ਅੰਗ - ੭੪)

{ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥}

(ਅੰਗ - ੭੪)

{ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ ॥
ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥}

(ਅੰਗ - ੭੪)

{ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥}

(ਅੰਗ - ੭੪)

{ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥}

(ਅੰਗ - ੭੫)

{ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥}

(ਅੰਗ - ੭੫)

{ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥
ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥}

(ਅੰਗ - ੭੫)

{ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥੨॥}

(ਅੰਗ - ੭੫)

{ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ ॥}

(ਅੰਗ - ੭੬)

{ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥}

(ਅੰਗ - ੭੬)

{ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ ॥}

(ਅੰਗ - ੭੬)

{ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥}

(ਅੰਗ - ੭੬)

{ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ ॥
ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ ਸਾਚੇ ਤੇ ਪਤਿ ਪਾਵੈ ॥੪॥੨॥}

(ਅੰਗ - ੭੬)

{ਕੋਈ ਗੁਰਮੁਖਿ ਹੋਵੈ ਸੁ ਕਰੈ ਵੀਚਾਰੁ ਹਰਿ ਧਿਆਵੈ ਮਨਿ ਲਿਵ ਲਾਇ ॥
ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਤਿਸੁ ਕਾਲੁ ਨ ਕਬਹੂੰ ਖਾਇ ॥੨॥}

(ਅੰਗ - ੭੬)

{ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ ਆਲਿ ਜੰਜਾਲਿ ॥
ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ ॥}

(ਅੰਗ - ੭੬ - ੭੭)

{ਜਿਸ ਨੋ ਕਿਰਪਾ ਕਰੇ ਗੁਰੁ ਮੇਲੇ ਸੋ ਹਰਿ ਹਰਿ ਨਾਮੁ ਸਮਾਲਿ ॥}

(ਅੰਗ - ੭੬ - ੭੭)

{ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥}

(ਅੰਗ - ੭੭)

{ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ ॥
ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥}

(ਅੰਗ - ੭੭)

{ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ ॥
ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ ॥}

(ਅੰਗ - ੭੭)

{ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ ॥}

(ਅੰਗ - ੭੭)

{ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ ॥
ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ ॥}

(ਅੰਗ - ੭੮)

{ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ ॥}

(ਅੰਗ - ੭੮)

{ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥
ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ ॥੫॥੧॥੪॥}

(ਅੰਗ - ੭੮)

{ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥}

(ਅੰਗ - ੭੮)

{ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥}

(ਅੰਗ - ੭੮)

{ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥
ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥}

(ਅੰਗ - ੭੮)

{ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥}

(ਅੰਗ - ੭੯)

{ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥}

(ਅੰਗ - ੭੯)

{ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥}

(ਅੰਗ - ੭੯)

{ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥
ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥੧॥}

(ਅੰਗ - ੭੯)

{ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ ॥ ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ॥}

(ਅੰਗ - ੭੯)

{ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ॥ ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ॥}

(ਅੰਗ - ੭੯)

{ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ ॥

ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ ॥੨॥}

(ਅੰਗ - ੭੯)

{ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥
ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥}

(ਅੰਗ - ੭੯)

{ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥੩॥}

(ਅੰਗ - ੭੯)

{ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ ॥}

(ਅੰਗ - ੭੯ - ੮੦)

{ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ ॥
ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ ॥}

(ਅੰਗ - ੭੯ - ੮੦)

{ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ ॥੪॥}

(ਅੰਗ - ੭੯ - ੮੦)

{ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ ॥ ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ॥}

(ਅੰਗ - ੮੦)

{ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ ॥
ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥}

(ਅੰਗ - ੮੦)

{ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ ॥ ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ ॥੧॥}

(ਅੰਗ - ੮੦)

{ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ ॥
ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ ॥}

(ਅੰਗ - ੮੦)

{ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ ॥ ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥੧॥}

(ਅੰਗ - ੮੦)

{ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥}

(ਅੰਗ - ੮੦)

{ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥ ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥੧॥}

(ਅੰਗ - ੮੦)

{ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ ॥
ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧਸੰਗਤਿ ਨਿਧਿ ਮਾਨਿਆ ॥}

(ਅੰਗ - ੮੧)

{ਸਰਬਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥
ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥੩॥}

(ਅੰਗ - ੮੧)

{ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ ॥ ਆਪੇ ਹੀ ਆਪਿ ਮੋਹਿਓਹੁ ਜਸੁ ਨਾਨਕ ਆਪਿ ਸੁਣਿਓਹਿ ॥੧॥}
(ਅੰਗ - ੮੧)

{ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥}
(ਅੰਗ - ੮੧)

{ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ ॥}
(ਅੰਗ - ੮੧)

{ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥
ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ ॥੫॥੧॥੩॥}
(ਅੰਗ - ੮੧)

{ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥
ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥
ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥}
(ਅੰਗ - ੮੧)

{ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥
ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧॥}
(ਅੰਗ - ੮੧)

{ਮੈ ਹਰਿ ਬਿਨੁ ਅਵਰੁ ਨ ਕੋਇ ॥
ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧॥ ਰਹਾਉ ॥}
(ਅੰਗ - ੮੧)

{ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥
ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥}
(ਅੰਗ - ੮੨)

{ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥
ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥}
(ਅੰਗ - ੮੨)

{ਮਨਿ ਹਰਿ ਹਰਿ ਲਗਾ ਚਾਉ ॥ ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ ਰਹਾਉ॥}
(ਅੰਗ - ੮੨)

{ਮਨ ਹਰਿ ਹਰਿ ਪ੍ਰੀਤਿ ਲਗਾਇ ॥ ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ ॥੧॥ ਰਹਾਉ ॥}
(ਅੰਗ - ੮੨)

{ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ॥
ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥}
(ਅੰਗ - ੮੨)

{ਮਨਿ ਹਰਿ ਹਰਿ ਜਪਨੁ ਕਰੇ ॥
ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ ॥੧॥ ਰਹਾਉ ॥}
(ਅੰਗ - ੮੨)

{ਹਰਿ ਧਿਆਵਹੁ ਹਰਿ ਪ੍ਰਭੁ ਸਤਿ ॥
ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ ॥੧॥ ਰਹਾਉ ॥}
(ਅੰਗ - ੮੨)

{ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥}
(ਅੰਗ - ੮੩)

{ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥}
(ਅੰਗ - ੮੩)

{ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥
ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ ॥}
(ਅੰਗ - ੮੩)

{ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ ॥ ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ ॥੨॥}
(ਅੰਗ - ੮੩)

{ਆਪਹੁ ਜੇ ਕੋ ਭਲਾ ਕਹਾਏ ॥ ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥੧॥}
(ਅੰਗ - ੮੩)

{ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ ॥ ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ ॥}
(ਅੰਗ - ੮੩)

{ਸਰੈ ਸਰੀਅਤਿ ਕਰਹਿ ਬੀਚਾਰੁ ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥}
(ਅੰਗ - ੮੪)

{ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥ ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥}
(ਅੰਗ - ੮੪)

{ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥}
(ਅੰਗ - ੮੪)

{ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ ॥
ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ ॥}
(ਅੰਗ - ੮੪)

{ਸਤਿਗੁਰਿ ਸਚੁ ਦ੍ਰਿੜਾਇਆ ਸਚਿ ਰਹਹੁ ਲਿਵ ਲਾਇ ॥ ਨਾਨਕ ਸਬਦੀ ਸਚੁ ਹੈ ਕਰਮੀ ਪਲੈ ਪਾਇ ॥੨॥}
(ਅੰਗ - ੮੪)

{ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥
ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ ॥੫॥}
(ਅੰਗ - ੮੪)

{ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥}
(ਅੰਗ - ੮੪)

{ਗਲੰ੍ਹੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥}
(ਅੰਗ - ੮੫)

{ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥}
(ਅੰਗ - ੮੫)

{ਜੇ ਧਨ ਖਸਮੈ ਚਲੈ ਰਜਾਈ ॥ ਦਰਿ ਘਰਿ ਸੋਭਾ ਮਹਲਿ ਬੁਲਾਈ ॥}
(ਅੰਗ - ੮੫)

{ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥੧॥}
(ਅੰਗ - ੮੫)

{ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ॥ ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ ॥}
(ਅੰਗ - ੮੫)

{ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ ॥ ਭਗਤੀ ਰੰਗੁ ਨ ਉਤਰੈ ਸਹਜੇ ਰਹੈ ਸਮਾਇ ॥੨॥}
(ਅੰਗ - ੮੫)

{ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ ॥}
(ਅੰਗ - ੮੫)

{ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥
ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥}
(ਅੰਗ - ੮੫)

{ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ ॥}
(ਅੰਗ - ੮੫ - ੮੬)

{ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥ ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥}
(ਅੰਗ - ੮੬)

{ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥ ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ॥}
(ਅੰਗ - ੮੬)

{ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ॥ ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥੧॥}
(ਅੰਗ - ੮੬)

{ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ ॥
ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ ॥}
(ਅੰਗ - ੮੬)

{ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥
ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥੨॥}
(ਅੰਗ - ੮੬)

{ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ ॥ ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ ਸੋ ਹਰਿ ਨਾਮੁ ਧਿਆਇ॥}
(ਅੰਗ - ੮੬)

{ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲਘਾਇ ॥ ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ ॥
ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ ॥੧੦॥}
(ਅੰਗ - ੮੬)

{ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥}
(ਅੰਗ - ੮੬)

{ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥ ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥}
(ਅੰਗ - ੮੬)

{ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥੧॥}
(ਅੰਗ - ੮੬)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥}
(ਅੰਗ - ੮੬ - ੮੭)

{ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥
ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥}

(ਅੰਗ - ੮੬ - ੮੭)

{ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥ ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ॥}

(ਅੰਗ - ੮੭)

{ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥ ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥}

(ਅੰਗ - ੮੭)

{ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥}

(ਅੰਗ - ੮੭)

{ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥}

(ਅੰਗ - ੮੭)

{ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥}

(ਅੰਗ - ੮੭)

{ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ॥ ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ ॥}

(ਅੰਗ - ੮੭)

{ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ॥}

(ਅੰਗ - ੮੭)

{ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ॥ ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ॥੨॥}

(ਅੰਗ - ੮੭)

{ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥}

(ਅੰਗ - ੯੮)

{ਸਤਿਗੁਰੁ ਜਿਨੀ ਨ ਸੇਵਿਓ ਤਿਨਾ ਬਿਰਥਾ ਜਨਮੁ ਗਵਾਇ ॥}

(ਅੰਗ - ੮੮)

{ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੈ ਲਾਇ ॥ ਵਿਚਹੁ ਆਪੁ ਗਵਾਇ ਕੈ ਰਹਨਿ ਸਚਿ ਲਿਵ ਲਾਇ ॥}

(ਅੰਗ - ੮੮)

{ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥ ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥}

(ਅੰਗ - ੮੮)

{ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ ॥
ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥}

(ਅੰਗ - ੮੮)

{ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥
ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ ॥}

(ਅੰਗ - ੮੮)

{ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥}

(ਅੰਗ - ੮੮)

{ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥}

(ਅੰਗ - ੮੮)

{ਸੋ ਭਗਉਤੀ ਜੁ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥}

(ਅੰਗ - ੮੮)

{ਜੀਵਤੁ ਮਰੈ ਹਰਿ ਨਾਮੁ ਵਖਾਣੈ ॥ ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥੨॥}

(ਅੰਗ - ੮੮)

{ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥}

(ਅੰਗ - ੮੮)

{ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥
ਸਤਸੰਗਤਿ ਸਿਉ ਬਾਦੁ ਰਚਾਏ ॥}

(ਅੰਗ - ੮੮)

{ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥}

(ਅੰਗ - ੮੮)

{ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੈ ਲਾਇ ॥ ਵਿਚਹੁ ਆਪੁ ਗਵਾਇ ਕੈ ਰਹਨਿ ਸਚਿ ਲਿਵ ਲਾਇ ॥}

(ਅੰਗ - ੮੮)

{ਸਤਿਗੁਰੁ ਜਿਨੀ ਧਿਆਇਆ ਸੇ ਕੜਿ ਨ ਸਵਾਹੀ ॥ ਸਤਿਗੁਰੁ ਜਿਨੀ ਧਿਆਇਆ ਸੇ ਤ੍ਰਿਪਤਿ ਅਘਾਹੀ ॥}

(ਅੰਗ - ੮੮)

{ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ ॥ ਕਸਤੂਰੀ ਕੈ ਭੋਲੜੈ ਗੰਦੇ ਭੁੰਮਿ ਪਈਆਸੁ ॥੨॥}

(ਅੰਗ - ੮੯)

{ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ ॥}

(ਅੰਗ - ੮੯)

{ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥
ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥}

(ਅੰਗ - ੮੯)

{ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥}

(ਅੰਗ - ੮੯)

{ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥}

(ਅੰਗ - ੮੯)

{ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥}

(ਅੰਗ - ੮੯)

{ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥
ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ ॥੧॥}

(ਅੰਗ - ੮੯)

{ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ ॥}

(ਅੰਗ - ੮੯)

{ਸਤਿਗੁਰੁ ਸੇਵਹਿ ਆਪਣਾ ਭਉਜਲੁ ਉਤਰੇ ਪਾਰਿ ॥
ਨਾਨਕ ਗੁਰਮੁਖਿ ਸਚਿ ਸਮਾਵਹਿ ਸਚੁ ਨਾਮੁ ਉਰ ਧਾਰਿ ॥੨॥}

(ਅੰਗ - ੮੯)

{ਹਰਿ ਜਲਿ ਥਲਿ ਮਹੀਅਲਿ ਭਰਪੂਰਿ ਦੂਜਾ ਨਾਹਿ ਕੋਇ ॥
ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ ॥}

(ਅੰਗ - ੮੯)

{ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ ॥}

(ਅੰਗ - ੮੯)

{ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ ॥੧੬॥}

(ਅੰਗ - ੮੯)

{ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥ ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥}

(ਅੰਗ - ੮੯)

{ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥
ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥੧॥}

(ਅੰਗ - ੮੯)

{ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥}

(ਅੰਗ - ੯੦)

{ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ॥ ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ॥੨॥}

(ਅੰਗ - ੯੦)

{ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ ॥ ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ ॥}

(ਅੰਗ - ੯੦)

{ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥ ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥੨॥}

(ਅੰਗ - ੯੦)

{ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ ਕਾਢਿਆ ॥
ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ ॥}

(ਅੰਗ - ੯੦)

{ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥
ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ ॥}

(ਅੰਗ - ੯੦)

{ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥
ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥}

(ਅੰਗ - ੯੦)

{ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥
ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥}

(ਅੰਗ - ੯੦)

{ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥}

(ਅੰਗ - ੯੦)

{ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥

ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ ॥੨॥}

(ਅੰਗ - ੯੦)

{ਹਰਿ ਕੀ ਭਗਤਾ ਪਰਤੀਤਿ ਹਰਿ ਸਭ ਕਿਛੁ ਜਾਣਦਾ ॥
ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ॥
ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ ॥}

(ਅੰਗ - ੯੦)

ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ ॥}

(ਅੰਗ - ੯੦)

{ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ ॥
ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ ॥੨॥}

(ਅੰਗ - ੯੦)

{ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ ॥
ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥
ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ॥}

(ਅੰਗ - ੯੦ - ੯੧)

{ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ ॥}

(ਅੰਗ - ੯੧)

{ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥}

(ਅੰਗ - ੯੧)

{ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥}

(ਅੰਗ - ੯੧)

{ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥}

(ਅੰਗ - ੯੧)

{ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ ॥
ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ ॥}

(ਅੰਗ - ੯੧)

{ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥੨੧॥੧॥ ਸੁਧੁ}

(ਅੰਗ - ੯੧)

{ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥}

(ਅੰਗ - ੯੨)

{ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥}

(ਅੰਗ - ੯੨)

{ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ ॥
ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ ॥੧॥}

(ਅੰਗ - ੯੨)

{ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ ॥੨॥}

(ਅੰਗ - ੯੨)

{ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥
ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥}

(ਅੰਗ - ੯੨)

{ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥
ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥}

(ਅੰਗ - ੯੨)

{ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ॥}

(ਅੰਗ - ੯੩)

{ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥}

(ਅੰਗ - ੯੩)

{ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥}

(ਅੰਗ - ੯੩)

{ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ॥ ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥}

(ਅੰਗ - ੯੩)

{ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥}

(ਅੰਗ - ੯੩)

{ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥}

(ਅੰਗ - ੯੩)

{ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥}

(ਅੰਗ - ੯੪)

{ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥ ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥
ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥੨॥}

(ਅੰਗ - ੯੪)

{ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥ ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥
ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥}

(ਅੰਗ - ੯੪)

{ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥ ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥
ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥}

(ਅੰਗ - ੯੪)

{ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥
ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥੨॥}

(ਅੰਗ - ੯੪)

{ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ ॥੩॥}

(ਅੰਗ - ੯੫)

{ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥੧॥}

(ਅੰਗ - ੯੫)

{ਮਿਲਿ ਸਤਸੰਗਿ ਬੋਲੀ ਹਰਿ ਬਾਣੀ ॥ ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥
ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥੨॥}

(ਅੰਗ - ੯੫)

{ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥}

(ਅੰਗ - ੯੫)

{ਗੁਰਮਤਿ ਨਾਮੁ ਮੀਠਾ ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥੪॥੪॥}

(ਅੰਗ - ੯੫)

{ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥}

(ਅੰਗ - ੯੫)

{ਆਵਹੁ ਸੰਤ ਮੈ ਗਲਿ ਮੇਲਾਈਐ ॥ ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥
ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ ॥੨॥}

(ਅੰਗ - ੯੫)

{ਵਡਭਾਗੀ ਹਰਿ ਸੰਤੁ ਮਿਲਾਇਆ ॥ ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥}

(ਅੰਗ - ੯੫)

{ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਮਲੁ ਹਉਮੈ ਬਿਖਿਆ ਸਭ ਨਿਵਾਰੀ ॥
ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥}

(ਅੰਗ - ੯੫)

{ਹਉ ਗੁਣ ਗੋਵਿੰਦ ਹਰਿ ਨਾਮੁ ਧਿਆਈ ॥ ਮਿਲਿ ਸੰਗਤਿ ਮਨਿ ਨਾਮੁ ਵਸਾਈ ॥}

(ਅੰਗ - ੯੫)

{ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥
ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥੧॥}

(ਅੰਗ - ੯੫)

{ਸਤਿਗੁਰ ਦਾਤੈ ਨਾਮੁ ਦਿੜਾਇਆ ॥ ਵਡਭਾਗੀ ਗੁਰ ਦਰਸਨੁ ਪਾਇਆ ॥
ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥}

(ਅੰਗ - ੯੬)

{ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ ॥ ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ ॥
ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ ਗੁਰਮਤਿ ਹਰਿ ਨਾਮਿ ਪਰੀਚੈ ਜੀਉ ॥੪॥੬॥}

(ਅੰਗ - ੯੬)

{ਮਿਲਿ ਸਤਸੰਗਤਿ ਲਧਾ ਹਰਿ ਸਜਣੁ ਹਉ ਸਤਿਗੁਰ ਵਿਟਹੁ ਘੁਮਾਈਆ ਜੀਉ ॥੧॥}

(ਅੰਗ - ੯੬)

{ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥
ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥੪॥੭॥}

(ਅੰਗ - ੯੬)

{ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥}

(ਅੰਗ - ੯੬)

{ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥

ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥}

(ਅੰਗ - ੯੬)

{ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥ ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥
ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ॥੧॥}

(ਅੰਗ - ੯੬)

{ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ ਨਉ ਨਿਧਿ ਤੇਰੈ ਅਖੁਟ ਭੰਡਾਰਾ ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥੨॥}

(ਅੰਗ - ੯੬ - ੯੭)

{ਅਨਹਦੁ ਵਾਜੈ ਸਹਜਿ ਸੁਹੇਲਾ ॥ ਸਬਦਿ ਅਨੰਦ ਕਰੇ ਸਦ ਕੇਲਾ ॥}

(ਅੰਗ - ੯੭)

{ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ ॥੨॥}

(ਅੰਗ - ੯੭)

{ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥
ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥੪॥੩॥੧੦॥}

(ਅੰਗ - ੯੭)

{ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥
ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥੧॥}

(ਅੰਗ - ੯੭)

{ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥
ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥}

(ਅੰਗ - ੯੭)

{ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥
ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥}

(ਅੰਗ - ੯੭)

{ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ ॥੩॥}

(ਅੰਗ - ੯੭)

{ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥ ਮਨੁ ਤਨੁ ਸੀਤਲੁ ਧੀਰਜੁ ਪਾਇਆ ॥
ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ ॥੪॥੫॥੧੨॥}

(ਅੰਗ - ੯੮)

{ਵਡ ਸਮਰਥੁ ਸਦਾ ਦਾਤਾਰਾ ॥
ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ ॥੪॥੬॥੧੩॥}

(ਅੰਗ - ੯੮)

{ਖਾਕੁ ਸੰਤਨ ਕੀ ਦੇਹੁ ਪਿਆਰੇ ॥ ਆਇ ਪਇਆ ਹਰਿ ਤੇਰੈ ਦੁਆਰੈ ॥
ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ ॥੪॥੭॥੧੪॥}

(ਅੰਗ - ੯੮)

{ਦੁਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥}

(ਅੰਗ - ੯੮)

{ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥}

(ਅੰਗ - ੯੮)

{ਸਤਿਗੁਰੁ ਮੇਰਾ ਵਡ ਸਮਰਥਾ ॥ ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥
ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥੨॥}

(ਅੰਗ - ੯੮)

{ਹਉ ਬਲਿਹਾਰੀ ਸਤਿਗੁਰ ਪੂਰੇ ॥ ਜਿਨਿ ਬੰਧਨ ਕਾਟੇ ਸਗਲੇ ਮੇਰੇ ॥
ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥੪॥੮॥੧੫॥}

(ਅੰਗ - ੯੯)

{ਦੁਖ ਭੰਜਨ ਨਿਧਾਨ ਅਮੋਲੇ ॥ ਨਿਰਭਉ ਨਿਰਵੈਰ ਅਥਾਹ ਅਤੋਲੇ ॥
ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ ॥੨॥}

(ਅੰਗ - ੯੯)

{ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥੩॥}

(ਅੰਗ - ੯੯)

{ਉਦਮੁ ਕਰਤ ਮਨੁ ਨਿਰਮਲੁ ਹੋਆ ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥੨॥}

(ਅੰਗ - ੯੯)

{ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ ਹਰਿ ਪੈਨਣੁ ਨਾਮੁ ਭੋਜਨੁ ਥੀਆ ॥
ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥}

(ਅੰਗ - ੯੯)

{ਕਰਉ ਬਿਨੰਤੀ ਮਾਨੁ ਤਿਆਗਉ ॥}

(ਅੰਗ - ੯੯)

{ਦਰਸਨਿ ਤੇਰੈ ਭਵਨ ਪੁਨੀਤਾ ॥ ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥}

(ਅੰਗ - ੯੯)

{ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ ॥ ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥}

(ਅੰਗ - ੧੦੦)

{ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ ॥੪॥੧੧॥੧੮॥}

(ਅੰਗ - ੧੦੦)

{ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ ॥੪॥੧੨॥੧੯॥}

(ਅੰਗ - ੧੦੦)

{ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥
ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥}

(ਅੰਗ - ੧੦੦)

{ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ ॥ ਜੋ ਸਾਹਿਬ ਤੇਰੈ ਮਨਿ ਭਾਵੈ ॥
ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ ॥੨॥}

(ਅੰਗ - ੧੦੦)

{ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ ॥ ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ ॥
ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ ॥੪॥੧੩॥੨੦॥}

(ਅੰਗ - ੧੦੦)

{ਤੂੰ ਜਲਨਿਧਿ ਹਮ ਮੀਨ ਤੁਮਾਰੇ ॥ ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ ॥
ਤੁਮਰੀ ਆਸ ਪਿਆਸਾ ਤੁਮਰੀ ਤੁਮ ਹੀ ਸੰਗਿ ਮਨੁ ਲੀਨਾ ਜੀਉ ॥੧॥}

(ਅੰਗ - ੧੦੦)

{ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ ॥੨॥}

(ਅੰਗ - ੧੦੦)

{ਜਿਉ ਅੰਧਿਆਰੈ ਦੀਪਕੁ ਪਰਗਾਸਾ ॥ ਭਰਤਾ ਚਿਤਵਤ ਪੂਰਨ ਆਸਾ ॥
ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥੩॥}

(ਅੰਗ - ੧੦੦)

{ਸੰਤਨ ਮੋ ਕਉ ਹਰਿ ਮਾਰਗਿ ਪਾਇਆ ॥ ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ ॥
ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥੪॥੧੪॥੨੧॥}

(ਅੰਗ - ੧੦੦)

{ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ ਦੂਖ ਬਿਡਾਰਨ ਹਰੀਆ ॥
ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥}

(ਅੰਗ - ੧੦੦ - ੧੦੧)

{ਜੋ ਜੋ ਪੀਵੈ ਸੋ ਤ੍ਰਿਪਤਾਵੈ ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥
ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥}

(ਅੰਗ - ੧੦੦ - ੧੦੧)

{ਨਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ ਜਨਮੁ ਪਦਾਰਥੁ ਗਹਿਰ ਗੰਭੀਰੈ ॥
ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥੧॥}

(ਅੰਗ - ੧੦੧)

{ਦਰਸਨੁ ਪੇਖਤ ਭਏ ਪੁਨੀਤਾ ॥ ਸਗਲ ਉਧਾਰੇ ਭਾਈ ਮੀਤਾ ॥
ਅਗਮ ਅਗੋਚਰੁ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥}

(ਅੰਗ - ੧੦੧)

{ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥
ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥}

(ਅੰਗ - ੧੦੧)

{ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥
ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥੨॥}

(ਅੰਗ - ੧੦੧)

{ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥
ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥੩॥}

(ਅੰਗ - ੧੦੧)

{ਜਬ ਤੇ ਸਾਧੂ ਸੰਗਤਿ ਪਾਏ ॥ ਗੁਰ ਭੇਟਤ ਹਉ ਗਈ ਬਲਾਏ ॥
ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥੪॥੧੭॥੨੪॥}

(ਅੰਗ - ੧੦੧)

{ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥
ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥}

(ਅੰਗ - ੧੦੧)

{ਸਾਧ ਕ੍ਰਿਪਾ ਤੇ ਸੂਕਾ ਹਰਿਆ ॥ ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥}

(ਅੰਗ - ੧੦੨)

{ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥}

(ਅੰਗ - ੧੦੨)

{ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥੨॥}

(ਅੰਗ - ੧੦੨)

{ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ ਜੀਉ ॥੩॥}

(ਅੰਗ - ੧੦੨)

{ਤਿਨ ਕੀ ਸਰਣਿ ਪਰਿਆ ਮਨੁ ਮੇਰਾ ॥ ਮਾਣੁ ਤਾਣੁ ਤਜਿ ਮੋਹੁ ਅੰਧੇਰਾ ॥}

(ਅੰਗ - ੧੦੨)

{ਨਾਮੁ ਦਾਨੁ ਦੀਜੈ ਨਾਨਕ ਕਉ ਤਿਸੁ ਪ੍ਰਭ ਅਗਮ ਅਗਾਧੇ ਜੀਉ ॥੪॥੨੦॥੨੭॥}

(ਅੰਗ - ੧੦੨)

{ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥ ਗੁਰ ਪਰਸਾਦਿ ਕਿਨੈ ਵਿਰਲੈ ਜਾਣੀ ॥}

(ਅੰਗ - ੧੦੩)

{ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਾਧਸੰਗਿ ਖਿਨ ਮਾਹਿ ਉਧਾਰੇ ॥
ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥੩॥}

(ਅੰਗ - ੧੦੩)

{ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਪ੍ਰਭ ਨਾਨਕ ਮਨਿ ਭਾਣਾ ਜੀਉ ॥੪॥੨੨॥੨੯॥}

(ਅੰਗ - ੧੦੩)

{ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥}

(ਅੰਗ - ੧੦੩)

{ਗੁਰਮੁਖਿ ਨਾਨਕ ਤਿਸੈ ਅਰਾਧੇ ਮਨ ਕੀ ਆਸ ਪੁਜਾਏ ਜੀਉ ॥੪॥੨੩॥੩੦॥}

(ਅੰਗ - ੧੦੩)

{ਨਾਮੁ ਧਿਆਇ ਮਹਾ ਸੁਖੁ ਪਾਇਆ ॥ ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥
ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥}

(ਅੰਗ - ੧੦੩)

{ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥}

(ਅੰਗ - ੧੦੩)

{ਅਨਦ ਮੰਗਲ ਕਲਿਆਣ ਨਿਧਾਨਾ ॥ ਸੂਖ ਸਹਜ ਹਰਿ ਨਾਮੁ ਵਖਾਨਾ ॥
ਹੋਇ ਕ੍ਰਿਪਾਲੁ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ਜੀਉ ॥੪॥੨੫॥੩੨॥}

(ਅੰਗ - ੧੦੩ - ੧੦੪)

{ਗੁਣ ਗਾਵਤ ਮਨੁ ਹਰਿਆ ਹੋਵੈ ॥ ਕਥਾ ਸੁਣਤ ਮਲੁ ਸਗਲੀ ਖੋਵੈ ॥
ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ ਜੀਉ ॥੨॥}

(ਅੰਗ - ੧੦੪)

{ਹੁਕਮੀ ਵਰਸਣ ਲਾਗੇ ਮੇਹਾ ॥ ਸਾਜਨ ਸੰਤ ਮਿਲਿ ਨਾਮੁ ਜਪੇਹਾ ॥}

(ਅੰਗ - ੧੦੪)

{ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥੧॥}

(ਅੰਗ - ੧੦੪)

{ਪ੍ਰਭੁ ਅਪੁਨਾ ਸਾਸਿ ਸਾਸਿ ਸਮਾਰਉ ॥ ਇਹ ਮਤਿ ਗੁਰ ਪ੍ਰਸਾਦਿ ਮਨਿ ਧਾਰਉ ॥
ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ ਮਇਆ ਪ੍ਰਤਿਪਾਲਾ ਜੀਉ ॥੩॥}

(ਅੰਗ - ੧੦੪)

{ਸਾਸਿ ਸਾਸਿ ਨਾਨਕੁ ਸਾਲਾਹੇ ॥ ਸਿਮਰਤ ਨਾਮੁ ਕਾਟੇ ਸਭਿ ਫਾਹੇ ॥

ਪੂਰਨ ਆਸ ਕਰੀ ਖਿਨ ਭੀਤਰਿ ਹਰਿ ਹਰਿ ਹਰਿ ਗੁਣ ਜਾਪੇ ਜੀਉ ॥੪॥੨੭॥੩੪॥}

(ਅੰਗ - ੧੦੪)

{ਨਾਮੁ ਜਪਤ ਸਰਬ ਸੁਖੁ ਪਾਈਐ ॥ ਸਭੁ ਭਉ ਬਿਨਸੈ ਹਰਿ ਹਰਿ ਧਿਆਈਐ ॥
ਜਿਨਿ ਸੇਵਿਆ ਸੋ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ ॥੩॥}

(ਅੰਗ - ੧੦੪)

{ਆਇ ਪਇਆ ਤੇਰੀ ਸਰਣਾਈ ॥ ਜਿਉ ਭਾਵੈ ਤਿਉ ਲੈਹਿ ਮਿਲਾਈ ॥
ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥੪॥੨੮॥੩੫॥}

(ਅੰਗ - ੧੦੪ - ੧੦੫)

{ਰਾਖਿ ਲੀਏ ਸਗਲੇ ਪ੍ਰਭਿ ਆਪੇ ॥ ਉਤਰਿ ਗਏ ਸਭ ਸੋਗ ਸੰਤਾਪੇ ॥
ਨਾਮੁ ਜਪਤ ਮਨੁ ਤਨੁ ਹਰੀਆਵਲੁ ਪ੍ਰਭ ਨਾਨਕ ਨਦਰਿ ਨਿਹਾਰੇ ਜੀਉ ॥੪॥੨੯॥੩੬॥}

(ਅੰਗ - ੧੦੫)

{ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥੨॥}

(ਅੰਗ - ੧੦੫)

{ਚਰਣ ਠਾਕੁਰ ਕੇ ਰਿਦੈ ਸਮਾਣੇ ॥ ਕਲਿ ਕਲੇਸ ਸਭ ਦੂਰਿ ਪਇਆਣੇ ॥
ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥੧॥}

(ਅੰਗ - ੧੦੫)

{ਸੰਤਾ ਸੇਤੀ ਰੰਗੁ ਨ ਲਾਏ ॥ ਸਾਕਤ ਸੰਗਿ ਵਿਕਰਮ ਕਮਾਏ ॥
ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ ॥੩॥}

(ਅੰਗ - ੧੦੫)

{ਲਾਗੀ ਪ੍ਰੀਤਿ ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥}

(ਅੰਗ - ੧੦੫)

{ਅੰਮ੍ਰਿਤੁ ਵਰਖੈ ਅਨਹਦ ਬਾਣੀ ॥ ਮਨ ਤਨ ਅੰਤਰਿ ਸਾਂਤਿ ਸਮਾਣੀ ॥
ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ ॥੩॥}

(ਅੰਗ - ੧੦੫)

{ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ ਜੀਉ ॥੧॥}

(ਅੰਗ - ੧੦੫)

{ਮਨ ਕੀ ਇਛ ਪੁਜਾਵਣਹਾਰਾ ॥ ਸਦਾ ਸਦਾ ਜਾਈ ਬਲਿਹਾਰਾ ॥
ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ ॥੪॥੩੨॥੩੯॥}

(ਅੰਗ - ੧੦੫ - ੧੦੬)

{ਮਨੁ ਤਨੁ ਤੇਰਾ ਧਨੁ ਭੀ ਤੇਰਾ ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥
ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥੧॥}

(ਅੰਗ - ੧੦੬)

{ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥ ਆਠ ਪਹਰ ਤੇਰੇ ਗੁਣ ਗਾਇਆ ॥
ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ ॥੪॥੩੩॥੪੦॥}

(ਅੰਗ - ੧੦੬)

{ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ ॥੧॥}

(ਅੰਗ - ੧੦੬)

{ਜਾ ਕੀ ਸਰਣਿ ਪਇਆ ਗਤਿ ਪਾਈਐ ॥ ਸਾਸਿ ਸਾਸਿ ਹਰਿ ਨਾਮੁ ਧਿਆਈਐ ॥

ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ ਸਭ ਤਿਸੈ ਕੀਆ ਜਾਈ ਜੀਉ ॥੩॥}

(ਅੰਗ - ੧੦੬)

{ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥}

(ਅੰਗ - ੧੦੬)

{ਕੀਨੀ ਦਇਆ ਗੋਪਾਲ ਗੁਸਾਈ ॥ ਗੁਰ ਕੇ ਚਰਣ ਵਸੇ ਮਨ ਮਾਹੀ ॥
ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ ॥੧॥}

(ਅੰਗ - ੧੦੭)

{ਮਨਿ ਤਨਿ ਵਸਿਆ ਸਚਾ ਸੋਈ ॥ ਬਿਖੜਾ ਥਾਨੁ ਨ ਦਿਸੈ ਕੋਈ ॥
ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ ॥੨॥}

(ਅੰਗ - ੧੦੭)

{ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥
ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥}

(ਅੰਗ - ੧੦੭)

{ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥
ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥}

(ਅੰਗ - ੧੦੭)

{ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥ ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥
ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥}

(ਅੰਗ - ੧੦੭)

{ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥੨॥}

(ਅੰਗ - ੧੦੭)

{ਸਚੁ ਸਾਲਾਹਣੁ ਵਡਭਾਗੀ ਪਾਈਐ ॥ ਗੁਰ ਪਰਸਾਦੀ ਹਰਿ ਗੁਣ ਗਾਈਐ ॥
ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥੩॥}

(ਅੰਗ - ੧੦੭)

{ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥
ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥੧॥}

(ਅੰਗ - ੧੦੭)

{ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥
ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥}

(ਅੰਗ - ੧੦੭)

{ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਜਾਚਿਕੁ ਜਾਚੈ ਸਾਧ ਰਵਾਲਾ ॥
ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥੪॥੩੮॥੪੫॥}

(ਅੰਗ - ੧੦੭)

{ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ ॥ ਜਨਮ ਜਨਮ ਕਾ ਰੋਗੁ ਗਵਾਇਆ ॥
ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥੩॥}

(ਅੰਗ - ੧੦੭)

{ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥ ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥

ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥੩੯॥੪੬॥}

(ਅੰਗ - ੧੦੭ - ੧੦੮)

{ਮਨੁ ਤਨੁ ਰਤਾ ਰਾਮ ਪਿਆਰੇ ॥ ਸਰਬਸੁ ਦੀਜੈ ਅਪਨਾ ਵਾਰੇ ॥}

(ਅੰਗ - ੧੦੮)

{ਸੋਈ ਸਾਜਨ ਮੀਤੁ ਪਿਆਰਾ ॥ ਰਾਮ ਨਾਮੁ ਸਾਧਸੰਗਿ ਬੀਚਾਰਾ ॥}

(ਅੰਗ - ੧੦੮)

{ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥}

(ਅੰਗ - ੧੦੮)

{ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧਸੰਗਿ ਮਿਲੇ ਸਾਰੰਗਪਾਣੀ ॥
ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥}

(ਅੰਗ - ੧੦੮)

{ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ ਕਰਿ ਕਿਰਪਾ ਭਗਤੰਹੀ ਪ੍ਰਗਟਾਇਆ ॥
ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥}

(ਅੰਗ - ੧੦੮)

{ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥
ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥}

(ਅੰਗ - ੧੦੮)

{ਅੰਚਲਿ ਲਾਇ ਸਭ ਸਿਸਟਿ ਤਰਾਈ ॥ ਆਪਣਾ ਨਾਉ ਆਪਿ ਜਪਾਈ ॥
ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥੪॥੪੧॥੪੮॥}

(ਅੰਗ - ੧੦੮)

{ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ ॥
ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥}

(ਅੰਗ - ੧੦੮)

{ਸਭ ਪਰੋਈ ਇਕਤੁ ਧਾਗੈ ॥ ਜਿਸੁ ਲਾਇ ਲਏ ਸੋ ਚਰਣੀ ਲਾਗੈ ॥
ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥}

(ਅੰਗ - ੧੦੮)

{ਤੇਰੀ ਮਹਿਮਾ ਤੂੰਹੈ ਜਾਣਹਿ ॥ ਅਪਣਾ ਆਪੁ ਤੂੰ ਆਪਿ ਪਛਾਣਹਿ ॥
ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥}

(ਅੰਗ - ੧੦੮)

{ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰਹਿ ਕਲਮਲ ॥
ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥੪॥੪੨॥੪੯॥}

(ਅੰਗ - ੧੦੮)

{ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥ ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥
ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ ॥੨॥}

(ਅੰਗ - ੧੦੯)

{ਚਰਨ ਕਮਲ ਭਗਤਾਂ ਮਨਿ ਵੁਠੇ ॥ ਵਿਣੁ ਪਰਮੇਸਰ ਸਗਲੇ ਮੁਠੇ ॥
ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥੩॥}

(ਅੰਗ - ੧੦੯)

{ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ॥੧॥}

(ਅੰਗ - ੧੦੯)

{ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ ॥
ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥੧॥ ਰਹਾਉ ॥}

(ਅੰਗ - ੧੦੯)

{ਨਾ ਕੋ ਮੇਰਾ ਹਉ ਕਿਸੁ ਕੇਰਾ ॥ ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥}

(ਅੰਗ - ੧੦੯)

{ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ - ੧੦੯)

{ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥}

(ਅੰਗ - ੧੦੯)

{ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥}

(ਅੰਗ - ੧੦੯)

{ਮਨਮੁਖੁ ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥}

(ਅੰਗ - ੧੦੯)

{ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥}

(ਅੰਗ - ੧੦੯)

{ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥}

(ਅੰਗ - ੧੦੯)

{ਪੇਈਅੜੈ ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ ਰੋਵੈ ਧਾਹੀ ॥}

(ਅੰਗ - ੧੦੯)

{ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥}

(ਅੰਗ - ੧੦੯)

{ਗੁਰਮੁਖਿ ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥}

(ਅੰਗ - ੧੦੯)

{ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥}

(ਅੰਗ - ੧੦੯)

{ਝੂਠਾ ਮੰਗਣੁ ਜੇ ਕੋਈ ਮਾਗੈ ॥ ਤਿਸ ਕਉ ਮਰਤੇ ਘੜੀ ਨ ਲਾਗੈ ॥}

(ਅੰਗ - ੧੦੯)

{ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ ॥੧॥}

(ਅੰਗ - ੧੦੯)

{ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥}

(ਅੰਗ - ੧੦੯)

{ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥}

(ਅੰਗ - ੧੦੯ - ੧੧੦)

{ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥
ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥}

(ਅੰਗ - ੧੧੦)

{ਧਾਵਤੁ ਰਾਖੈ ਠਾਕਿ ਰਹਾਏ ॥ ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥}

(ਅੰਗ - ੧੧੦)

{ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥
ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ ॥੪॥}

(ਅੰਗ - ੧੧੦)

{ਦੂਜੈ ਲਾਗੀ ਭਰਮਿ ਭੁਲਾਣੀ ॥ ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥}

(ਅੰਗ - ੧੧੦)

{ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ ਹਉਮੈ ਮੇਰਾ ਠਾਕਿ ਰਹਾਇਆ ॥
ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥}

(ਅੰਗ - ੧੧੦)

{ਹਉਮੈ ਮਾਰਿ ਮੰਨਿ ਵਸਾਇਆ ॥ ਗੁਰ ਚਰਣੀ ਸਦਾ ਚਿਤੁ ਲਾਇਆ ॥}

(ਅੰਗ - ੧੧੦)

{ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥}

(ਅੰਗ - ੧੧੦)

{ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ ॥੧॥}

(ਅੰਗ - ੧੧੦)

{ਹਉ ਵਾਰੀ ਜੀਉ ਵਾਰੀ ਹਰਿ ਕਾ ਨਾਮੁ ਮੰਨਿ ਵਸਾਵਣਿਆ ॥
ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥}

(ਅੰਗ - ੧੧੦)

{ਆਪਿ ਸੁਣੈ ਤੈ ਆਪੇ ਵੇਖੈ ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥
ਆਪੇ ਲਾਇ ਲਏ ਸੋ ਲਾਗੈ ਗੁਰਮੁਖਿ ਸਚੁ ਕਮਾਵਣਿਆ ॥੨॥}

(ਅੰਗ - ੧੧੦)

{ਪੇਈਅੜੈ ਧਨ ਅਨਦਿਨੁ ਸੁਤੀ ॥ ਕੰਤਿ ਵਿਸਾਰੀ ਅਵਗਣਿ ਮੁਤੀ ॥}

(ਅੰਗ - ੧੧੦)

{ਪੇਈਅੜੈ ਸੁਖਦਾਤਾ ਜਾਤਾ ॥ ਹਉਮੈ ਮਾਰਿ ਗੁਰ ਸਬਦਿ ਪਛਾਤਾ ॥}

(ਅੰਗ - ੧੧੦)

{ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥
ਕਿਲਬਿਖ ਕਾਟਿ ਸਦਾ ਜਨ ਨਿਰਮਲ ਦਰਿ ਸਚੈ ਨਾਮਿ ਸੁਹਾਵਣਿਆ ॥੬॥}

(ਅੰਗ - ੧੧੧)

{ਆਪਿ ਕਰੇ ਤੈ ਆਪਿ ਕਰਾਏ ॥ ਪੂਰੇ ਗੁਰ ਕੈ ਸਬਦਿ ਮਿਲਾਏ ॥
ਨਾਨਕ ਨਾਮੁ ਮਿਲੈ ਵਡਿਆਈ ਆਪੇ ਮੇਲਿ ਮਿਲਾਵਣਿਆ ॥੮॥੨॥੩॥}

(ਅੰਗ - ੧੧੧)

{ਇਕੋ ਆਪਿ ਫਿਰੈ ਪਰਛੰਨਾ ॥ ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ ॥}

(ਅੰਗ - ੧੧੧)

{ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ ॥੧॥}

(ਅੰਗ - ੧੧੧)

{ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ ॥

ਗੁਰਮਤੀ ਮਨੁ ਇਕਤੁ ਘਰਿ ਆਇਆ ਸਚੈ ਰੰਗਿ ਰੰਗਾਵਣਿਆ ॥੧॥ ਰਹਾਉ ॥}

(ਅੰਗ - ੧੧੧)

{ਇਕੁ ਵਿਸਾਰਿ ਦੂਜੈ ਲੋਭਾਣਿਆ ॥}

(ਅੰਗ - ੧੧੧)

{ਮਾਣਿਆ ਮੋਹਿ ਹਰਿ ਚੇਤੈ ਨਾਹੀ ॥}

(ਅੰਗ - ੧੧੧)

{ਜਮਪੁਰਿ ਬਧਾ ਦੁਖ ਸਹਾਹੀ ॥ ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ ॥੪॥}

(ਅੰਗ - ੧੧੧)

{ਗੁਰ ਸੇਵਾ ਤੇ ਜੁਗ ਚਾਰੇ ਜਾਤੇ ॥ ਜਿਸ ਨੋ ਆਪਿ ਦੇਇ ਵਡਿਆਈ ਹਰਿ ਕੈ ਨਾਮਿ ਸਮਾਵਣਿਆ ॥੩॥}

(ਅੰਗ - ੧੧੧)

{ਇਕਿ ਰੰਗਿ ਰਾਤੇ ਜੋ ਤੁਧੁ ਆਪਿ ਲਿਵ ਲਾਏ ॥ ਭਾਇ ਭਗਤਿ ਤੇਰੈ ਮਨਿ ਭਾਏ ॥}

(ਅੰਗ - ੧੧੧)

{ਸਤਿਗੁਰੁ ਸੇਵਨਿ ਸਦਾ ਸੁਖਦਾਤਾ ਸਭ ਇਛਾ ਆਪਿ ਪੁਜਾਵਣਿਆ ॥੫॥}

(ਅੰਗ - ੧੧੧)

{ਅਨਦਿਨੁ ਰਾਤੇ ਜੋ ਹਰਿ ਭਾਏ ॥ ਮੇਰੈ ਪ੍ਰਭਿ ਮੇਲੇ ਮੇਲਿ ਮਿਲਾਏ ॥
ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ ॥੭॥}

(ਅੰਗ - ੧੧੧)

{ਜਿਨ ਸਚੁ ਜਾਤਾ ਸੇ ਸਚਿ ਸਮਾਣੇ ॥ ਹਰਿ ਗੁਣ ਗਾਵਹਿ ਸਚੁ ਵਖਾਣੇ ॥}

(ਅੰਗ - ੧੧੧)

{ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਵਣਿਆ ॥੮॥੩॥੪॥}

(ਅੰਗ - ੧੧੧)

{ਸਬਦਿ ਮਰੈ ਸੁ ਮੁਆ ਜਾਪੈ ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥}

(ਅੰਗ - ੧੧੧)

{ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥੧॥}

(ਅੰਗ - ੧੧੧)

{ਹਉ ਵਾਰੀ ਜੀਉ ਵਾਰੀ ਹਰਿ ਕੈ ਨਾਇ ਸੋਭਾ ਪਾਵਣਿਆ ॥
ਸਤਿਗੁਰੁ ਸੇਵਿ ਸਚਿ ਚਿਤੁ ਲਾਇਆ ਗੁਰਮਤੀ ਸਹਜਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੧੧)

{ਕਾਇਆ ਕਚੀ ਕਚਾ ਚੀਰੁ ਹੰਢਾਏ ॥ ਦੂਜੈ ਲਾਗੀ ਮਹਲੁ ਨ ਪਾਏ ॥}

(ਅੰਗ - ੧੧੧)

{ਦੇਹੀ ਜਾਤਿ ਨ ਆਗੈ ਜਾਏ ॥
ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥
ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ ॥੩॥}

(ਅੰਗ - ੧੧੧ - ੧੧੨)

{ਭੈ ਭਾਇ ਸੀਗਾਰੁ ਬਣਾਏ ॥ ਗੁਰ ਪਰਸਾਦੀ ਮਹਲੁ ਘਰੁ ਪਾਏ ॥
ਅਨਦਿਨੁ ਸਦਾ ਰਵੈ ਦਿਨੁ ਰਾਤੀ ਮਜੀਠੈ ਰੰਗੁ ਬਣਾਵਣਿਆ ॥੪॥}

(ਅੰਗ - ੧੧੨)

{ਮਾਣਿਆ ਮੋਹਿ ਇਹੁ ਜਗੁ ਸੁਤਾ ॥ ਨਾਮੁ ਵਿਸਾਰਿ ਅੰਤਿ ਵਿਗੁਤਾ ॥}

(ਅੰਗ - ੧੧੨)

{ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥}

(ਅੰਗ - ੧੧੨)

{ਅਪਿਉ ਪੀਐ ਸੋ ਭਰਮੁ ਗਵਾਏ ॥ ਗੁਰ ਪਰਸਾਦਿ ਮੁਕਤਿ ਗਤਿ ਪਾਏ ॥}

(ਅੰਗ - ੧੧੨)

{ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥}

(ਅੰਗ - ੧੧੨)

{ਅੰਦਰਿ ਹੀਰਾ ਲਾਲੁ ਬਣਾਇਆ ॥ ਗੁਰ ਕੈ ਸਬਦਿ ਪਰਖਿ ਪਰਖਾਇਆ ॥}

(ਅੰਗ - ੧੧੨)

{ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥੧॥}

(ਅੰਗ - ੧੧੨)

{ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥
ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੧॥ ਰਹਾਉ ॥}

(ਅੰਗ - ੧੧੨)

{ਮੇਰਾ ਠਾਕੁਰੁ ਸਚੁ ਦ੍ਰਿੜਾਏ ॥ ਗੁਰ ਪਰਸਾਦੀ ਸਚਿ ਚਿਤੁ ਲਾਏ ॥
ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥੨॥}

(ਅੰਗ - ੧੧੨)

{ਵੇਪਰਵਾਹੁ ਸਚੁ ਮੇਰਾ ਪਿਆਰਾ ॥ ਕਿਲਵਿਖ ਅਵਗਣ ਕਾਟਣਹਾਰਾ ॥}

(ਅੰਗ - ੧੧੨)

{ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ ॥੪॥}

(ਅੰਗ - ੧੧੨)

{ਤੇਰੀ ਭਗਤਿ ਸਚੀ ਜੇ ਸਚੇ ਭਾਵੈ ॥ ਆਪੇ ਦੇਇ ਨ ਪਛੋਤਾਵੈ ॥
ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥੫॥}

(ਅੰਗ - ੧੧੨)

{ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥
ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੧੩)

{ਪੰਚ ਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥}

(ਅੰਗ - ੧੧੩)

{ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥}

(ਅੰਗ - ੧੧੩)

{ਏਕਮ ਏਕੈ ਆਪੁ ਉਪਾਇਆ ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥}

(ਅੰਗ - ੧੧੩)

{ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥}

(ਅੰਗ - ੧੧੩)

{ਸਭੁ ਹੈ ਸਚਾ ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥}

(ਅੰਗ - ੧੧੩)

{ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥}

(ਅੰਗ - ੧੧੩)

{ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥}

(ਅੰਗ - ੧੧੩)

{ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥}

(ਅੰਗ - ੧੧੩)

{ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥
ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥੨॥}

(ਅੰਗ - ੧੧੩)

{ਏਕੋ ਵੇਖਾ ਅਵਰੁ ਨ ਬੀਆ ॥ ਗੁਰ ਪਰਸਾਦੀ ਅੰਮ੍ਰਿਤੁ ਪੀਆ ॥}

(ਅੰਗ - ੧੧੩)

{ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥੩॥}

(ਅੰਗ - ੧੧੩)

{ਰਤਨੁ ਪਦਾਰਥੁ ਪਲਰਿ ਤਿਆਗੈ ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ ॥}

(ਅੰਗ - ੧੧੩)

{ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥}

(ਅੰਗ - ੧੧੩)

{ਗੁਰ ਕਾ ਸਬਦੁ ਮੰਨਿ ਵਸਾਏ ॥ ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥}

(ਅੰਗ - ੧੧੩ - ੧੧੪)

{ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥}

(ਅੰਗ - ੧੧੪)

{ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥}

(ਅੰਗ - ੧੧੪)

{ਮਨਮੁਖ ਮੁਗਧ ਕਰਹਿ ਚਤੁਰਾਈ ॥ ਨਾਤਾ ਧੋਤਾ ਥਾਇ ਨ ਪਾਈ ॥
ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ - ੧੧੪)

{ਸਚੁ ਕਰਣੀ ਸਬਦੁ ਹੈ ਸਾਰੁ ॥}

(ਅੰਗ - ੧੧੪)

{ਪੂਰੈ ਗੁਰਿ ਪਾਈਐ ਮੋਖ ਦੁਆਰੁ ॥ ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥੪॥}

(ਅੰਗ - ੧੧੪)

{ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥ ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ ॥}

(ਅੰਗ - ੧੧੪)

{ਹਉ ਬਲਿਹਾਰੀ ਸਦਾ ਤਿਨ ਵਿਟਹੁ ਗੁਰ ਸੇਵਾ ਚਿਤੁ ਲਾਵਣਿਆ ॥੬॥}

(ਅੰਗ - ੧੧੪)

{ਜਿਸ ਨੋ ਨਦਰਿ ਕਰੇ ਸੋ ਪਾਏ ॥ ਗੁਰ ਪਰਸਾਦੀ ਹਉਮੈ ਜਾਏ ॥
ਨਾਨਕ ਨਾਮੁ ਵਸੈ ਮਨ ਅੰਤਰਿ ਦਰਿ ਸਚੈ ਸੋਭਾ ਪਾਵਣਿਆ ॥੮॥੮॥੯॥}

(ਅੰਗ - ੧੧੪)

{ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ ॥
ਹਰਿ ਸਤਸੰਗਤਿ ਆਪੇ ਮੇਲੈ ਗੁਰ ਸਬਦੀ ਹਰਿ ਗੁਣ ਗਾਵਣਿਆ ॥੧॥ ਰਹਾਉ ॥}
(ਅੰਗ - ੧੧੪)

{ਸਤਿਗੁਰੁ ਸੇਵੀ ਸਬਦਿ ਸੁਹਾਇਆ ॥ ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥}
(ਅੰਗ - ੧੧੫)

{ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥੨॥}
(ਅੰਗ - ੧੧੫)

{ਬਿਨੁ ਗੁਰ ਨਾਮੁ ਨ ਪਾਇਆ ਜਾਇ ॥}
(ਅੰਗ - ੧੧੫)

{ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥}
(ਅੰਗ - ੧੧੫)

{ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥੪॥}
(ਅੰਗ - ੧੧੫)

{ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥ ਦੂਜਾ ਭਰਮੁ ਗੁਰ ਸਬਦਿ ਜਲਾਏ ॥}
(ਅੰਗ - ੧੧੫)

{ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥}
(ਅੰਗ - ੧੧੫)

{ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥}
(ਅੰਗ - ੧੧੫)

{ਸਤਿਗੁਰੁ ਦਾਤਾ ਮਿਲੈ ਮਿਲਾਇਆ ॥ ਪੂਰੈ ਭਾਗਿ ਮਨਿ ਸਬਦੁ ਵਸਾਇਆ ॥}
(ਅੰਗ - ੧੧੫)

{ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ ॥੮॥੯॥੧੦॥}
(ਅੰਗ - ੧੧੫)

{ਆਪੁ ਵੰਞਾਏ ਤਾ ਸਭ ਕਿਛੁ ਪਾਏ ॥ ਗੁਰ ਸਬਦੀ ਸਚੀ ਲਿਵ ਲਾਏ ॥}
(ਅੰਗ - ੧੧੫)

{ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥੧॥}
(ਅੰਗ - ੧੧੫)

{ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ ਗਾਵਣਿਆ ॥
ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ ਦੇਵਣਿਆ ॥੧॥ ਰਹਾਉ ॥}
(ਅੰਗ - ੧੧੫)

{ਵੇਲਾ ਵਖਤ ਸਭਿ ਸੁਹਾਇਆ ॥ ਜਿਤੁ ਸਚਾ ਮੇਰੇ ਮਨਿ ਭਾਇਆ ॥}
(ਅੰਗ - ੧੧੫)

{ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥}
(ਅੰਗ - ੧੧੫)

{ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥}
(ਅੰਗ - ੧੧੫)

{ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥}
(ਅੰਗ - ੧੧੫)

{ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥}
(ਅੰਗ - ੧੧੫)

{ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥ ਨਿਰਮਲ ਬਾਣੀ ਸਬਦਿ ਵਖਾਣਹਿ ॥}
(ਅੰਗ - ੧੧੫)

{ਸਚੇ ਸੇਵਿ ਸਦਾ ਸੁਖੁ ਪਾਇਨਿ ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥}
(ਅੰਗ - ੧੧੫)

{ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ ਸਤਸੰਗਤਿ ਬਹਿ ਹਰਿ ਗੁਣ ਗਾਇਆ ॥}
(ਅੰਗ - ੧੧੫)

{ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥}
(ਅੰਗ - ੧੧੬)

{ਸਚਾ ਸਾਹਿਬੁ ਮੈ ਅਤਿ ਪਿਆਰਾ ॥ ਪੂਰੇ ਗੁਰ ਕੈ ਸਬਦਿ ਅਧਾਰਾ ॥}
(ਅੰਗ - ੧੧੬)

{ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥}
(ਅੰਗ - ੧੧੬)

{ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥}
(ਅੰਗ - ੧੧੬)

{ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥
ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ॥੧॥ ਰਹਾਉ ॥}
(ਅੰਗ - ੧੧੬)

{ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥}
(ਅੰਗ - ੧੧੬)

{ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੨॥}
(ਅੰਗ - ੧੧੬)

{ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥}
(ਅੰਗ - ੧੧੬)

{ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥}
(ਅੰਗ - ੧੧੬)

{ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅਗਿਆਨੀ ਅੰਧਾ ਅੰਧੁ ਅੰਧਾਰਾ ॥}
(ਅੰਗ - ੧੧੬)

{ਮੁਕਤੇ ਸੇਵੇ ਮੁਕਤਾ ਹੋਵੈ ॥ ਹਉਮੈ ਮਮਤਾ ਸਬਦੇ ਖੋਵੈ ॥}
(ਅੰਗ - ੧੧੬)

{ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥੬॥}
(ਅੰਗ - ੧੧੬)

{ਆਪੇ ਬਖਸੇ ਮੇਲਿ ਮਿਲਾਏ ॥ ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥}
(ਅੰਗ - ੧੧੬)

{ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥੭॥}
(ਅੰਗ - ੧੧੬)

{ਸਦਾ ਹਜੂਰਿ ਦੂਰਿ ਨ ਜਾਣਹੁ ॥ ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥}

(ਅੰਗ - ੧੧੬)

{ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥}

(ਅੰਗ - ੧੧੬)

{ਮਨੁ ਸਚਾ ਸਚੈ ਸਬਦਿ ਰਾਚੇ ॥ ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੧॥}

(ਅੰਗ - ੧੧੬)

{ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥
ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥੧॥ ਰਹਾਉ ॥}

(ਅੰਗ - ੧੧੬)

{ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥}

(ਅੰਗ - ੧੧੬)

{ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥}

(ਅੰਗ - ੧੧੬)

{ਸਤਿਗੁਰੁ ਮਿਲੈ ਤਾ ਤਤੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥}

(ਅੰਗ - ੧੧੭)

{ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥}

(ਅੰਗ - ੧੧੬ - ੧੧੭)

{ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ ਰਖੈ ਉਰ ਧਾਰੇ ॥}

(ਅੰਗ - ੧੧੭)

{ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥}

(ਅੰਗ - ੧੧੭)

{ਅੰਤਰਿ ਰਤਨੁ ਮਿਲੈ ਮਿਲਾਇਆ ॥}

(ਅੰਗ - ੧੧੭)

{ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥ ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ॥੫॥}

(ਅੰਗ - ੧੧੭)

{ਆਪੇ ਰੰਗੇ ਰੰਗੁ ਚੜਾਏ ॥ ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥}

(ਅੰਗ - ੧੧੭)

{ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ ॥੬॥}

(ਅੰਗ - ੧੧੭)

{ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥}

(ਅੰਗ - ੧੧੭)

{ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥}

(ਅੰਗ - ੧੧੭)

{ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥}

(ਅੰਗ - ੧੧੭)

{ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥
ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ ਰਹਾਉ ॥}

(ਅੰਗ - ੧੧੭)

{ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥}

(ਅੰਗ - ੧੧੭)

{ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥ ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥}

(ਅੰਗ - ੧੧੭)

{ਸਚਾ ਸਾਹੁ ਸਚੇ ਵਣਜਾਰੇ ॥ ਸਚੁ ਵਣੰਜਹਿ ਗੁਰ ਹੇਤਿ ਅਪਾਰੇ ॥}

(ਅੰਗ - ੧੧੭)

{ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੪॥}

(ਅੰਗ - ੧੧੭)

{ਬਿਨੁ ਰਾਸੀ ਕੋ ਵਥੁ ਕਿਉ ਪਾਏ ॥ ਮਨਮੁਖ ਭੂਲੇ ਲੋਕ ਸਬਾਏ ॥
ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥੫॥}

(ਅੰਗ - ੧੧੭)

{ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ ਆਪਿ ਤਰਹਿ ਸਗਲੇ ਕੁਲ ਤਾਰੇ ॥}

(ਅੰਗ - ੧੧੭)

{ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥}

(ਅੰਗ - ੧੧੭)

{ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥}

(ਅੰਗ - ੧੧੭)

{ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥}

(ਅੰਗ - ੧੧੭)

{ਸਤਿਗੁਰ ਸਾਚੀ ਸਿਖ ਸੁਣਾਈ ॥ ਹਰਿ ਚੇਤਹੁ ਅੰਤਿ ਹੋਇ ਸਖਾਈ ॥}

(ਅੰਗ - ੧੧੭)

{ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ ॥੧॥}

(ਅੰਗ - ੧੧੭)

{ਹਉ ਵਾਰੀ ਜੀਉ ਵਾਰੀ ਆਪੁ ਨਿਵਾਰਣਿਆ ॥
ਆਪੁ ਗਵਾਏ ਤਾ ਹਰਿ ਪਾਏ ਹਰਿ ਸਿਉ ਸਹਜਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੧੮)

{ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥
ਬਿਨੁ ਭਾਗਾ ਗੁਰੁ ਪਾਈਐ ਨਾਹੀ ਸਬਦੈ ਮੇਲਿ ਮਿਲਾਵਣਿਆ ॥੨॥}

(ਅੰਗ - ੧੧੮)

{ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥ ਗੁਰ ਕੈ ਤਕੀਐ ਨਾਮਿ ਅਧਾਰੇ ॥}

(ਅੰਗ - ੧੧੮)

{ਮਨਮੁਖਿ ਅੰਧੇ ਸੁਧਿ ਨ ਕਾਈ ॥ ਆਤਮ ਘਾਤੀ ਹੈ ਜਗਤ ਕਸਾਈ ॥}

(ਅੰਗ - ੧੧੮)

{ਮਨਮੁਖੁ ਰੋਗੀ ਹੈ ਸੰਸਾਰਾ ॥ ਸੁਖਦਾਤਾ ਵਿਸਰਿਆ ਅਗਮ ਅਪਾਰਾ ॥}

(ਅੰਗ - ੧੧੮)

{ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ ॥੬॥}

(ਅੰਗ - ੧੧੮)

{ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ ॥ ਜਿਸੁ ਲਾਇ ਲਏ ਸੋ ਨਿਰਮਲੁ ਹੋਈ ॥}

(ਅੰਗ - ੧੧੮)

{ਨਾਨਕ ਨਾਮੁ ਵਸੈ ਘਟ ਅੰਤਰਿ ਜਿਸੁ ਦੇਵੈ ਸੋ ਪਾਵਣਿਆ ॥੮॥੧੪॥੧੫॥}

(ਅੰਗ - ੧੧੮)

{ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥}

(ਅੰਗ - ੧੧੮)

{ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥}

(ਅੰਗ - ੧੧੮)

{ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥}

(ਅੰਗ - ੧੧੮)

{ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ ਅੰਮ੍ਰਿਤੁ ਗੁਰ ਪਰਸਾਦੀ ਪਾਏ ॥}

(ਅੰਗ - ੧੧੮)

{ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥}

(ਅੰਗ - ੧੧੮)

{ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥}

(ਅੰਗ - ੧੧੯)

{ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥}

(ਅੰਗ - ੧੧੯)

{ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥}

(ਅੰਗ - ੧੧੯)

{ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥}

(ਅੰਗ - ੧੧੯)

{ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥}

(ਅੰਗ - ੧੧੯)

{ਗੁਰ ਪਰਸਾਦੀ ਸਹਜੁ ਕੋ ਪਾਏ ॥ ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥}

(ਅੰਗ - ੧੧੯)

{ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥}

(ਅੰਗ - ੧੧੯)

{ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥ ਕਿਸੈ ਥੋੜੀ ਕਿਸੈ ਹੈ ਘਣੇਰੀ ॥
ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ ॥੩॥}

(ਅੰਗ - ੧੧੯)

{ਗੁਰਮੁਖਿ ਤਤੁ ਹੈ ਬੀਚਾਰਾ ॥ ਅੰਮ੍ਰਿਤਿ ਭਰੇ ਤੇਰੇ ਭੰਡਾਰਾ ॥}

(ਅੰਗ - ੧੧੯)

{ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ ॥੪॥}

(ਅੰਗ - ੧੧੯)

{ਸਤਿਗੁਰੁ ਸੇਵੈ ਸੋ ਜਨੁ ਸੋਹੈ ॥ ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ ॥}

(ਅੰਗ - ੧੧੯)

{ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ ॥੫॥}

(ਅੰਗ - ੧੧੯)

{ਮਨਮੁਖੁ ਭੂਲਾ ਦੂਜੈ ਭਾਇ ਖੁਆਏ ॥ ਨਾਮੁ ਨ ਲੇਵੈ ਮਰੈ ਬਿਖੁ ਖਾਏ ॥}

(ਅੰਗ - ੧੧੯)

{ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ ॥੬॥}

(ਅੰਗ - ੧੧੯)

{ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥ ਗੁਰ ਪਰਸਾਦੀ ਸਹਜਿ ਲਿਵ ਲਾਏ ॥}

(ਅੰਗ - ੧੧੯)

{ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ ॥੭॥}

(ਅੰਗ - ੧੧੯)

{ਨਾਨਕ ਨਾਮੁ ਸਮਾਲਿ ਸਦਾ ਤੂੰ ਸਹਜੇ ਸਚਿ ਸਮਾਵਣਿਆ ॥੮॥੧੬॥੧੭॥}

(ਅੰਗ - ੧੧੯)

{ਸੇ ਸਚਿ ਲਾਗੇ ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ ਸਹਜ ਸੁਭਾਏ ॥}

(ਅੰਗ - ੧੧੯)

{ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥੧॥}

(ਅੰਗ - ੧੧੯)

{ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥
ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੧੯)

{ਜਹ ਦੇਖਾ ਸਚੁ ਸਭਨੀ ਥਾਈ ॥ ਗੁਰ ਪਰਸਾਦੀ ਮੰਨਿ ਵਸਾਈ ॥}

(ਅੰਗ - ੧੧੯)

{ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥੨॥}

(ਅੰਗ - ੧੧੯)

{ਮਨਸਾ ਮਾਰਿ ਸਚਿ ਸਮਾਣੀ ॥ ਇਨਿ ਮਨਿ ਡੀਠੀ ਸਭ ਆਵਣ ਜਾਣੀ ॥}

(ਅੰਗ - ੧੨੦)

{ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥}

(ਅੰਗ - ੧੨੦)

{ਗੁਰ ਕੈ ਸਬਦਿ ਰਿਦੈ ਦਿਖਾਇਆ ॥ ਮਾਇਆ ਮੋਹੁ ਸਬਦਿ ਜਲਾਇਆ ॥}

(ਅੰਗ - ੧੨੦)

{ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥}

(ਅੰਗ - ੧੨੦)

{ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥ ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥}

(ਅੰਗ - ੧੨੦)

{ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥੫॥}

(ਅੰਗ - ੧੨੦)

{ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥}

(ਅੰਗ - ੧੨੦)

{ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥}

(ਅੰਗ - ੧੨੦)

{ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥}

(ਅੰਗ - ੧੨੦)

{ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥}

(ਅੰਗ - ੧੨੦)

{ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥}

(ਅੰਗ - ੧੨੦)

{ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥}

(ਅੰਗ - ੧੨੦)

{ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥੧॥}

(ਅੰਗ - ੧੨੦)

{ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥
ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥}

(ਅੰਗ - ੧੨੦)

{ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥}

(ਅੰਗ - ੧੨੦)

{ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥}

(ਅੰਗ - ੧੨੦)

{ਮਾਇਆ ਮਹਿ ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ ਸਦ ਰਹੈ ਸਮਾਏ ॥}

(ਅੰਗ - ੧੨੦)

{ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥}

(ਅੰਗ - ੧੨੦)

{ਸਚੁ ਸਾਲਾਹੀ ਸਦਾ ਹਜੂਰੇ ॥ ਗੁਰ ਕੈ ਸਬਦਿ ਰਹਿਆ ਭਰਪੂਰੇ ॥}

(ਅੰਗ - ੧੨੦)

{ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥}

(ਅੰਗ - ੧੨੦)

{ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥}

(ਅੰਗ - ੧੨੦)

{ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥}

(ਅੰਗ - ੧੨੦)

{ਸਚੁ ਸਾਲਾਹੀ ਅਵਰੁ ਨ ਕੋਈ ॥ ਜਿਤੁ ਸੇਵਿਐ ਸਦਾ ਸੁਖੁ ਹੋਈ ॥}

(ਅੰਗ - ੧੨੦ - ੧੨੧)

{ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥੧੮॥੧੯॥}

(ਅੰਗ - ੧੨੦ - ੧੨੧)

{ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥}

(ਅੰਗ - ੧੨੧)

{ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥}

(ਅੰਗ - ੧੨੧)

{ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥
ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥}

(ਅੰਗ - ੧੨੧)

{ਨਿਰਮਲ ਨਾਮੁ ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥}

(ਅੰਗ - ੧੨੧)

{ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥}

(ਅੰਗ - ੧੨੧)

{ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥}
(ਅੰਗ - ੧੨੧)

{ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥}
(ਅੰਗ - ੧੨੧)

{ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ ਹਉਮੈ ਮੈਲੁ ਗੁਰ ਸਬਦੇ ਧੋਵੈ ॥}
(ਅੰਗ - ੧੨੧)

{ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥}
(ਅੰਗ - ੧੨੧)

{ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥}
(ਅੰਗ - ੧੨੧)

{ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥}
(ਅੰਗ - ੧੨੧)

{ਸੋ ਨਿਰਮਲੁ ਜੋ ਸਬਦੇ ਸੋਹੈ ॥ ਨਿਰਮਲ ਨਾਮਿ ਮਨੁ ਤਨੁ ਮੋਹੈ ॥}
(ਅੰਗ - ੧੨੧)

{ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥}
(ਅੰਗ - ੧੨੧)

{ਮਨੁ ਮੈਲਾ ਹੈ ਦੂਜੈ ਭਾਇ ॥ ਮੈਲਾ ਚਉਕਾ ਮੈਲੈ ਥਾਇ ॥}
(ਅੰਗ - ੧੨੧)

{ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥}
(ਅੰਗ - ੧੨੧)

{ਸੇ ਨਿਰਮਲ ਜੋ ਹਰਿ ਸਾਚੇ ਭਾਏ ॥ ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥}
(ਅੰਗ - ੧੨੧)

{ਮਨੁ ਬਾਣੀ ਨਿਰਮਲ ਮੇਰੀ ਮਨਸਾ ॥ ਮਨਿ ਊਜਲ ਸਦਾ ਮੁਖ ਸੋਹਹਿ ਅਤਿ ਊਜਲ ਨਾਮੁ ਧਿਆਵਣਿਆ ॥੧॥}
(ਅੰਗ - ੧੨੧)

{ਹਉ ਵਾਰੀ ਜੀਉ ਵਾਰੀ ਗੋਬਿੰਦ ਗੁਣ ਗਾਵਣਿਆ ॥
ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ ॥੧॥ ਰਹਾਉ ॥}
(ਅੰਗ - ੧੨੧)

{ਗੋਬਿਦੁ ਗਾਵਹਿ ਸਹਜਿ ਸੁਭਾਏ ॥ ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥}
(ਅੰਗ - ੧੨੧)

{ਮਨੂਆ ਨਾਚੈ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥}
(ਅੰਗ - ੧੨੧)

{ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥}
(ਅੰਗ - ੧੨੧)

{ਊਚਾ ਕੂਕੇ ਤਨਹਿ ਪਛਾੜੇ ॥ ਮਾਇਆ ਮੋਹਿ ਜੋਹਿਆ ਜਮਕਾਲੇ ॥}
(ਅੰਗ - ੧੨੨)

{ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥}
(ਅੰਗ - ੧੨੨)

{ਗੁਰਮੁਖਿ ਭਗਤਿ ਜਾ ਆਪਿ ਕਰਾਏ ॥ ਤਨੁ ਮਨੁ ਰਾਤਾ ਸਹਜਿ ਸੁਭਾਏ ॥}

(ਅੰਗ - ੧੨੨)

{ਬਹੁ ਤਾਲ ਪੂਰੇ ਵਾਜੇ ਵਜਾਏ ॥ ਨਾ ਕੋ ਸੁਣੇ ਨ ਮੰਨਿ ਵਸਾਏ ॥
ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ ॥੬॥}

(ਅੰਗ - ੧੨੨)

{ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥}

(ਅੰਗ - ੧੨੨)

{ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥}

(ਅੰਗ - ੧੨੨)

{ਹੋਰਤੁ ਭਗਤਿ ਨ ਪਾਏ ਕੋਈ ॥ ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ॥੮॥੨੦॥੨੧॥}

(ਅੰਗ - ੧੨੨)

{ਸਚਾ ਸੇਵੀ ਸਚੁ ਸਾਲਾਹੀ ॥ ਸਚੈ ਨਾਇ ਦੁਖੁ ਕਬ ਹੀ ਨਾਹੀ ॥}

(ਅੰਗ - ੧੨੨)

{ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥੧॥}

(ਅੰਗ - ੧੨੨)

{ਸਭੁ ਕੋ ਤੇਰਾ ਭਗਤੁ ਕਹਾਏ ॥ ਸੇਈ ਭਗਤ ਤੇਰੈ ਮਨਿ ਭਾਏ ॥}

(ਅੰਗ - ੧੨੨)

{ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥}

(ਅੰਗ - ੧੨੨)

{ਸਭੁ ਕੋ ਸਚੇ ਹਰਿ ਜੀਉ ਤੇਰਾ ॥ ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥}

(ਅੰਗ - ੧੨੨)

{ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ ॥੩॥}

(ਅੰਗ - ੧੨੨)

{ਗੁਰਮਤੀ ਹਰਿ ਮੰਨਿ ਵਸਾਇਆ ॥ ਹਰਖੁ ਸੋਗੁ ਸਭੁ ਮੋਹੁ ਗਵਾਇਆ ॥}

(ਅੰਗ - ੧੨੨)

{ਇਕਸੁ ਸਿਉ ਲਿਵ ਲਾਗੀ ਸਦ ਹੀ ਹਰਿ ਨਾਮੁ ਮੰਨਿ ਵਸਾਵਣਿਆ ॥੪॥}

(ਅੰਗ - ੧੨੨)

{ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥ ਨਉ ਨਿਧਿ ਨਾਮੁ ਵਸਿਆ ਮਨਿ ਆਏ ॥}

(ਅੰਗ - ੧੨੨)

{ਪੂਰੈ ਭਾਗਿ ਸਤਿਗੁਰੁ ਪਾਇਆ ਸਬਦੇ ਮੇਲਿ ਮਿਲਾਵਣਿਆ ॥੫॥}

(ਅੰਗ - ੧੨੨)

{ਤੂੰ ਦਇਆਲੁ ਸਦਾ ਸੁਖਦਾਤਾ ॥ ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ ॥}

(ਅੰਗ - ੧੨੨)

{ਤੂੰ ਆਪੇ ਦੇਵਹਿ ਨਾਮੁ ਵਡਾਈ ਨਾਮਿ ਰਤੇ ਸੁਖੁ ਪਾਵਣਿਆ ॥੬॥}

(ਅੰਗ - ੧੨੨)

{ਸਦਾ ਸਦਾ ਸਾਚੇ ਤੁਧੁ ਸਾਲਾਹੀ ॥ ਗੁਰਮੁਖਿ ਜਾਤਾ ਦੂਜਾ ਕੋ ਨਾਹੀ ॥}

(ਅੰਗ - ੧੨੨)

{ਏਕਸੁ ਸਿਉ ਮਨੁ ਰਹਿਆ ਸਮਾਏ ਮਨਿ ਮੰਨਿਐ ਮਨਹਿ ਮਿਲਾਵਣਿਆ ॥੭॥ ਗੁਰਮੁਖਿ ਹੋਵੈ ਸੋ ਸਾਲਾਹੇ ॥}

(ਅੰਗ - ੧੨੨)

{ਸਾਚੇ ਠਾਕੁਰ ਵੇਪਰਵਾਹੇ ॥ ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ ॥੮॥੨੧॥੨੨॥}

(ਅੰਗ - ੧੨੨)

{ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥ ਗੁਰ ਕੈ ਸਬਦਿ ਨਾਮਿ ਸਵਾਰੇ ॥}

(ਅੰਗ - ੧੨੨)

{ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥}

(ਅੰਗ - ੧੨੨)

{ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ ਵਸਾਵਣਿਆ ॥
ਹਰਿ ਜੀਉ ਸਚਾ ਊਚੋ ਊਚਾ ਹਉਮੈ ਮਾਰਿ ਮਿਲਾਵਣਿਆ ॥੧॥ ਰਹਾਉ ॥}

(ਅੰਗ - ੧੨੩)

{ਹਰਿ ਜੀਉ ਸਾਚਾ ਸਾਚੀ ਨਾਈ ॥}

(ਅੰਗ - ੧੨੩)

{ਗੁਰ ਪਰਸਾਦੀ ਕਿਸੈ ਮਿਲਾਈ ॥ ਗੁਰ ਸਬਦਿ ਮਿਲਹਿ ਸੇ ਵਿਛੁੜਹਿ ਨਾਹੀ ਸਹਜੇ ਸਚਿ ਸਮਾਵਣਿਆ ॥੨॥}

(ਅੰਗ - ੧੨੩)

{ਆਪੇ ਕਰੇ ਕਰਾਏ ਕਰਤਾ ਗੁਰਮਤਿ ਆਪਿ ਮਿਲਾਵਣਿਆ ॥੩॥}

(ਅੰਗ - ੧੨੩)

{ਕਾਮਣਿ ਗੁਣਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥}

(ਅੰਗ - ੧੨੩)

{ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥੪॥}

(ਅੰਗ - ੧੨੩)

{ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥ ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥}

(ਅੰਗ - ੧੨੩)

{ਦੂਜੈ ਭਾਇ ਸੁਖੁ ਪਾਏ ਨ ਕੋਈ ॥ ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥}

(ਅੰਗ - ੧੨੩)

{ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥ ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥}

(ਅੰਗ - ੧੨੩)

{ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੯॥੨੨॥੨੩॥}

(ਅੰਗ - ੧੨੩)

{ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥}

(ਅੰਗ - ੧੨੩)

{ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥੧॥}

(ਅੰਗ - ੧੨੩)

{ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥ ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥}

(ਅੰਗ - ੧੨੩)

{ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ ॥੪॥}

(ਅੰਗ - ੧੨੩)

{ਧਾਵਤੁ ਰਾਖੈ ਠਾਕਿ ਰਹਾਏ ॥ ਗੁਰ ਪਰਸਾਦੀ ਪਰਮ ਪਦੁ ਪਾਏ ॥}

(ਅੰਗ - ੧੨੩)

{ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥}

(ਅੰਗ - ੧੨੩)

{ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ ਭਾਇ ਬਿਰਥਾ ਜਨਮੁ ਗਵਾਏ ॥}

(ਅੰਗ - ੧੨੪)

{ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥}

(ਅੰਗ - ੧੨੪)

{ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥}

(ਅੰਗ - ੧੨੪)

{ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥}

(ਅੰਗ - ੧੨੪)

{ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥}

(ਅੰਗ - ੧੨੪)

{ਇਸੁ ਗੁਫਾ ਮਹਿ ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥}

(ਅੰਗ - ੧੨੪)

{ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥}

(ਅੰਗ - ੧੨੪)

{ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥}

(ਅੰਗ - ੧੨੪)

{ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥}

(ਅੰਗ - ੧੨੪)

{ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥}

(ਅੰਗ - ੧੨੪)

{ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥}

(ਅੰਗ - ੧੨੪)

{ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥}

(ਅੰਗ - ੧੨੪)

{ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥}

(ਅੰਗ - ੧੨੪)

{ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥}

(ਅੰਗ - ੧੨੪)

{ਗੁਰ ਪਰਸਾਦੀ ਸਚਾ ਹਰਿ ਪਾਏ ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥}

(ਅੰਗ - ੧੨੪)

{ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥}

(ਅੰਗ - ੧੨੪)

{ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥}

(ਅੰਗ - ੧੨੪)

{ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥}

(ਅੰਗ - ੧੨੪)

{ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੁਕੈ ਫੇਰਾ ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥}

(ਅੰਗ - ੧੨੪)

{ਗੁਪਤੁ ਪਰਗਟੁ ਤੂੰ ਸਭਨੀ ਥਾਈ ॥ ਗੁਰ ਪਰਸਾਦੀ ਮਿਲਿ ਸੋਝੀ ਪਾਈ ॥}

(ਅੰਗ - ੧੨੪)

{ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥}

(ਅੰਗ - ੧੨੪)

{ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥ ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥}

(ਅੰਗ - ੧੨੪)

{ਆਰਜਾ ਨ ਛੀਜੈ ਸਬਦੁ ਪਛਾਣੁ ॥ ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥}

(ਅੰਗ - ੧੨੫)

{ਗੁਰਮੁਖਿ ਹਰਿ ਦਰਿ ਸੋਭਾ ਪਾਏ ॥ ਗੁਰਮੁਖਿ ਵਿਚਹੁ ਆਪੁ ਗਵਾਏ ॥}

(ਅੰਗ - ੧੨੫)

{ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥}

(ਅੰਗ - ੧੨੫)

{ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ ਗੁਰਮੁਖਿ ਹਉਮੈ ਚੁਕੈ ਪੀਰ ॥}

(ਅੰਗ - ੧੨੫)

{ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥}

(ਅੰਗ - ੧੨੫)

{ਗੁਰਮੁਖਿ ਨਾਮੁ ਮਿਲੈ ਵਡਿਆਈ ॥ ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥੫॥}

(ਅੰਗ - ੧੨੫)

{ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥}

(ਅੰਗ - ੧੨੫)

{ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥}

(ਅੰਗ - ੧੨੫)

{ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥}

(ਅੰਗ - ੧੨੫)

{ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥
ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੨੫)

{ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥੩॥}

(ਅੰਗ - ੧੨੫)

{ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥੭॥}

(ਅੰਗ - ੧੨੫)

{ਆਪੇ ਦੇਵੈ ਸਦਿ ਬੁਲਾਏ ॥ ਆਪਣਾ ਨਾਉ ਮੰਨਿ ਵਸਾਏ ॥}

(ਅੰਗ - ੧੨੫)

{ਨਾਨਕ ਨਾਮੁ ਮਿਲੈ ਵਡਿਆਈ ਅਨਦਿਨੁ ਸਦਾ ਗੁਣ ਗਾਵਣਿਆ ॥੮॥੨੮॥੨੯॥}

(ਅੰਗ - ੧੨੫)

{ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥
ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥}

(ਅੰਗ - ੧੨੬)

{ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥}

(ਅੰਗ - ੧੨੬)

{ਕਾਇਆ ਅੰਦਰਿ ਹਉਮੈ ਮੇਰਾ ॥ ਜੰਮਣ ਮਰਣੁ ਨ ਚੂਕੈ ਫੇਰਾ ॥}

(ਅੰਗ - ੧੨੬)

{ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥}

(ਅੰਗ - ੧੨੬)

{ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥}

(ਅੰਗ - ੧੨੬)

{ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥}

(ਅੰਗ - ੧੨੬)

{ਗੁਰ ਸਾਖੀ ਮਿਟਿਆ ਅੰਧਿਆਰਾ ॥ ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥}

(ਅੰਗ - ੧੨੬)

{ਹਰਿ ਆਪੇ ਮੇਲੇ ਸੇਵ ਕਰਾਏ ॥ ਗੁਰ ਕੈ ਸਬਦਿ ਭਾਉ ਦੂਜਾ ਜਾਏ ॥}

(ਅੰਗ - ੧੨੬)

{ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੭॥}

(ਅੰਗ - ੧੨੬)

{ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥
ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥੧॥ ਰਹਾਉ ॥}

(ਅੰਗ - ੧੨੬)

{ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥ ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥}

(ਅੰਗ - ੧੨੬)

{ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥੨॥}

(ਅੰਗ - ੧੨੬)

{ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥}

(ਅੰਗ - ੧੨੬)

{ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥}

(ਅੰਗ - ੧੨੭)

{ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥}

(ਅੰਗ - ੧੨੭)

{ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥ ਨਾਵਹੁ ਭੂਲੇ ਦੇਇ ਸਜਾਏ ॥}

(ਅੰਗ - ੧੨੭)

{ਪੇਈਅੜੈ ਪਿਰੁ ਚੇਤੇ ਨਾਹੀ ॥ ਦੂਜੈ ਮੁਠੀ ਰੋਵੈ ਧਾਹੀ ॥
ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥੬॥}

(ਅੰਗ - ੧੨੭)

{ਸਤਿਗੁਰੁ ਸੇਵਹਿ ਘਰ ਮਾਹਿ ਉਦਾਸਾ ॥
ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ ਤ੍ਰਿਪਤਾਵਣਿਆ ॥੧॥}

(ਅੰਗ - ੧੨੭)

{ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥
ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥}

(ਅੰਗ - ੧੨੭)

{ਉਪਾਇ ਨ ਕਿਤੀ ਪਾਇਆ ਜਾਏ ॥
ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ ॥੨॥}

(ਅੰਗ - ੧੨੭)

{ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥}

(ਅੰਗ - ੧੨੭)

{ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥}

(ਅੰਗ - ੧੨੭)

{ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥}

(ਅੰਗ - ੧੨੭)

{ਹਉ ਹਉ ਕਰੇ ਤੈ ਆਪੁ ਜਣਾਏ ॥ ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥}

(ਅੰਗ - ੧੨੭)

{ਅਨਦਿਨੁ ਦੂਜੈ ਭਾਇ ਫਿਰਾਹੀ ॥ ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ ॥੬॥}

(ਅੰਗ - ੧੨੭)

{ਪਿਰੁ ਪਰਦੇਸਿ ਸਿਗਾਰੁ ਬਣਾਏ ॥ ਮਨਮੁਖ ਅੰਧੁ ਐਸੇ ਕਰਮ ਕਮਾਏ ॥}

(ਅੰਗ - ੧੨੭)

{ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥}

(ਅੰਗ - ੧੨੭)

{ਅਨਦਿਨੁ ਭਗਤਿ ਕਰੇ ਦਿਨੁ ਰਾਤੀ ਸਹਜੇ ਹੀ ਸੁਖੁ ਪਾਵਣਿਆ ॥੮॥}

(ਅੰਗ - ੧੨੭)

{ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥}

(ਅੰਗ - ੧੨੭)

{ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥}

(ਅੰਗ - ੧੨੮)

{ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥}

(ਅੰਗ - ੧੨੮)

{ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥}

(ਅੰਗ - ੧੨੮)

{ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥}

(ਅੰਗ - ੧੨੮)

{ਅਕਥੋ ਕਥੀਐ ਸਬਦਿ ਸੁਹਾਵੈ ॥ ਗੁਰਮਤੀ ਮਨਿ ਸਚੋ ਭਾਵੈ ॥}

(ਅੰਗ - ੧੨੮)

{ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥੩॥}

(ਅੰਗ - ੧੨੮)

{ਜੋ ਸਚਿ ਰਤੇ ਤਿਨ ਸਚੋ ਭਾਵੈ ॥ ਆਪੇ ਦੇਇ ਨ ਪਛੋਤਾਵੈ ॥
ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥}

(ਅੰਗ - ੧੨੮)

{ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ ਗੁਰ ਪਰਸਾਦੀ ਅਨਦਿਨੁ ਜਾਗੈ ॥}

(ਅੰਗ - ੧੨੮)

{ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥}

(ਅੰਗ - ੧੨੮)

{ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥}

(ਅੰਗ - ੧੨੮)

{ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥}

(ਅੰਗ - ੧੨੮)

{ਮਨਮੁਖ ਨ ਬੂਝਹਿ ਦੂਜੈ ਭਾਇਆ ॥ ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥}

(ਅੰਗ - ੧੨੮)

{ਗੁਰ ਸਬਦੀ ਸਹਸਾ ਦੂਖੁ ਚੁਕਾਏ ॥
ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥}

(ਅੰਗ - ੧੨੮)

{ਤਤੁ ਪਛਾਣੈ ਸੋ ਪੰਡਿਤੁ ਹੋਈ ॥}

(ਅੰਗ - ੧੨੮)

{ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥}

(ਅੰਗ - ੧੨੮)

{ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥}

(ਅੰਗ - ੧੨੮)

{ਹਉਮੈ ਕਰੈ ਨਿਹਕਰਮੀ ਨ ਹੋਵੈ ॥}

(ਅੰਗ - ੧੨੮)

{ਗੁਰ ਪਰਸਾਦੀ ਹਉਮੈ ਖੋਵੈ ॥ ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥}

(ਅੰਗ - ੧੨੮)

{ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥}

(ਅੰਗ - ੧੨੮)

{ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥}

(ਅੰਗ - ੧੨੮)

{ਨਿਰਮਲ ਹੰਸਾ ਪ੍ਰੇਮ ਪਿਆਰਿ ॥ ਹਰਿ ਸਰਿ ਵਸੈ ਹਉਮੈ ਮਾਰਿ ॥}

(ਅੰਗ - ੧੨੮)

{ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥}

(ਅੰਗ - ੧੨੮)

{ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥}

(ਅੰਗ - ੧੨੮)

{ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥}

(ਅੰਗ - ੧੨੯)

{ਰਤਨੁ ਪਦਾਰਥੁ ਘਰ ਤੇ ਪਾਇਆ ॥ ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥}

(ਅੰਗ - ੧੨੯)

{ਸਤਿਗੁਰੁ ਸੇਵੈ ਸੋ ਜਨੁ ਲੇਖੈ ॥ ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥}

(ਅੰਗ - ੧੨੯)

{ਮਾਇਆ ਮੋਹੁ ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥}

(ਅੰਗ - ੧੨੯)

{ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥}

(ਅੰਗ - ੧੨੯)

{ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥}

(ਅੰਗ - ੧੨੯)

{ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥}

(ਅੰਗ - ੧੨੯)

{ਦੇਵੀ ਦੇਵਾ ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥}

(ਅੰਗ - ੧੨੯)

{ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥}

(ਅੰਗ - ੧੨੯)

{ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥
ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥}

(ਅੰਗ - ੧੨੯)

{ਪੇਈਅੜੈ ਧਨ ਭਰਮਿ ਭੁਲਾਣੀ ॥ ਦੂਜੈ ਲਾਗੀ ਫਿਰਿ ਪਛੋਤਾਣੀ ॥}

(ਅੰਗ - ੧੨੯)

{ਪੇਈਅੜੈ ਧਨ ਕੰਤੁ ਸਮਾਲੇ ॥ ਗੁਰ ਪਰਸਾਦੀ ਵੇਖੈ ਨਾਲੇ ॥
ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥੫॥}

(ਅੰਗ - ੧੨੯)

{ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ ਦੂਜਾ ਭਾਉ ਗੁਰ ਸਬਦਿ ਜਲਾਇਆ ॥}

(ਅੰਗ - ੧੨੯)

{ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥}

(ਅੰਗ - ੧੨੯)

{ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥
ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥}

(ਅੰਗ - ੧੨੯)

{ਆਪੇ ਮੇਲੈ ਸਬਦਿ ਪਛਾਣੈ ॥
ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥}
(ਅੰਗ - ੧੨੯)

{ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥ ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥੨॥}
(ਅੰਗ - ੧੩੦)

{ਤੂੰ ਆਪੇ ਸਚਾ ਸਿਰਜਣਹਾਰਾ ॥ ਭਗਤੀ ਭਰੇ ਤੇਰੇ ਭੰਡਾਰਾ ॥
ਗੁਰਮੁਖਿ ਨਾਮੁ ਮਿਲੈ ਮਨੁ ਭੀਜੈ ਸਹਜਿ ਸਮਾਧਿ ਲਗਾਵਣਿਆ ॥੩॥}
(ਅੰਗ - ੧੩੦)

{ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥
ਤੁਧੁ ਬਿਨੁ ਅਵਰੁ ਨ ਕੋਈ ਜਾਚਾ ਗੁਰ ਪਰਸਾਦੀ ਤੂੰ ਪਾਵਣਿਆ ॥੪॥}
(ਅੰਗ - ੧੩੦)

{ਅਗਮੁ ਅਗੋਚਰੁ ਮਿਤਿ ਨਹੀ ਪਾਈ ॥ ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ ॥
ਪੂਰੇ ਗੁਰ ਕੈ ਸਬਦਿ ਧਿਆਈਐ ਸਬਦੁ ਸੇਵਿ ਸੁਖੁ ਪਾਵਣਿਆ ॥੫॥}
(ਅੰਗ - ੧੩੦)

{ਨਾਮੁ ਸਲਾਹੇ ਸਚੇ ਭਾਵੈ ॥ ਗੁਰਮੁਖਿ ਸਦਾ ਰਹੈ ਰੰਗਿ ਰਾਤੀ ਮਿਲਿ ਸਚੇ ਸੋਭਾ ਪਾਵਣਿਆ ॥੬॥}
(ਅੰਗ - ੧੩੦)

{ਮਨਮੁਖੁ ਕਰਮ ਕਰੇ ਅਹੰਕਾਰੀ ॥ ਜੂਐ ਜਨਮੁ ਸਭ ਬਾਜੀ ਹਾਰੀ ॥}
(ਅੰਗ - ੧੩੦)

{ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥੭॥}
(ਅੰਗ - ੧੩੦)

{ਨਾਨਕ ਨਾਮੁ ਮਿਲੈ ਭਉ ਭੰਜਨੁ ਗੁਰ ਸਬਦੀ ਸੁਖੁ ਪਾਵਣਿਆ ॥੮॥੧॥੩੪॥}
(ਅੰਗ - ੧੩੦)

{ਨਾਮੁ ਰਤਨੁ ਲੈ ਗੁਝਾ ਰਖਿਆ ॥ ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥}
(ਅੰਗ - ੧੩੦)

{ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨॥}
(ਅੰਗ - ੧੩੦)

{ਸਾਚਾ ਸਾਹਿਬੁ ਗੁਰਮੁਖਿ ਜਾਪੈ ॥ ਪੂਰੇ ਗੁਰ ਕੈ ਸਬਦਿ ਸਿਞਾਪੈ ॥
ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥੪॥}
(ਅੰਗ - ੧੩੦)

{ਤਿਸੁ ਘਰਿ ਸਹਜਾ ਸੋਈ ਸੁਹੇਲਾ ॥ ਅਨਦ ਬਿਨੋਦ ਕਰੇ ਸਦ ਕੇਲਾ ॥
ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥੫॥}
(ਅੰਗ - ੧੩੦)

{ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥ ਸਾਧ ਜਨਾ ਕਾ ਮੰਤ੍ਰੁ ਕਮਾਏ ॥}
(ਅੰਗ - ੧੩੦)

{ਹਉਮੈ ਬਾਧਾ ਗੁਰਮੁਖਿ ਛੂਟਾ ॥ ਗੁਰਮੁਖਿ ਆਵਣੁ ਜਾਵਣੁ ਤੂਟਾ ॥}

(ਅੰਗ - ੧੩੧)

{ਤੇਰਾ ਕੀਤਾ ਜਿਸੁ ਲਾਗੈ ਮੀਠਾ ॥ ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ ॥
ਥਾਨਿ ਥਨੰਤਰਿ ਤੂੰਹੈ ਤੂੰਹੈ ਇਕੋ ਇਕੁ ਵਰਤਾਵਣਿਆ ॥੨॥}

(ਅੰਗ - ੧੩੧)

{ਅੰਧ ਕੂਪ ਤੇ ਕੰਢੈ ਚਾੜੇ ॥ ਕਰਿ ਕਿਰਪਾ ਦਾਸ ਨਦਰਿ ਨਿਹਾਲੇ ॥}

(ਅੰਗ - ੧੩੨)

{ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ ॥੫॥}

(ਅੰਗ - ੧੩੨)

{ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥੬॥}

(ਅੰਗ - ੧੩੨)

{ਕਰਤਾ ਮੰਨਿ ਵਸਾਇਆ ॥ ਜਨਮੈ ਕਾ ਫਲੁ ਪਾਇਆ ॥
ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥੭॥}

(ਅੰਗ - ੧੩੨)

{ਸਰਨਿ ਆਵੈ ਪਾਰਬ੍ਰਹਮ ਕੀ ਤਾ ਫਿਰਿ ਕਾਹੇ ਝੂਰੇ ॥੨॥ ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ ॥੩॥}

(ਅੰਗ - ੧੩੨ - ੩੩)

{ਘਟਿ ਘਟਿ ਏਕੁ ਵਰਤਦਾ ਜਲਿ ਥਲਿ ਮਹੀਅਲਿ ਪੂਰੇ ॥੪॥
ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ ॥੫॥}

(ਅੰਗ - ੧੩੨ - ੩੩)

{ਸਭ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ ॥੬॥ ਕਰਤੈ ਕੀਆ ਤਪਾਵਸੋ ਦੁਸਟ ਮੁਏ ਹੋਇ ਮੂਰੇ॥੭॥}

(ਅੰਗ - ੧੩੩)

{ਨਾਨਕ ਰਤਾ ਸਚਿ ਨਾਇ ਹਰਿ ਵੇਖੈ ਸਦਾ ਹਜੂਰੇ ॥੮॥੫॥੩੯॥੧॥੩੨॥੧॥੫॥੩੯॥}

(ਅੰਗ - ੧੩੩)

{ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥}

(ਅੰਗ - ੧੩੩)

{ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥}

(ਅੰਗ - ੧੩੩)

{ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥ ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥}

(ਅੰਗ - ੧੩੩)

{ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥੧॥}

(ਅੰਗ - ੧੩੩)

{ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥}

(ਅੰਗ - ੧੩੩)

{ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥}

(ਅੰਗ - ੧੩੪)

{ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥}

(ਅੰਗ - ੧੩੪)

{ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥}

(ਅੰਗ - ੧੩੪)

{ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥}

(ਅੰਗ - ੧੩੪)

{ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥}

(ਅੰਗ - ੧੩੪)

{ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥}

(ਅੰਗ - ੧੩੪)

{ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥}

(ਅੰਗ - ੧੩੪)

{ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥}

(ਅੰਗ - ੧੩੪ - ੧੩੫)

{ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥}

(ਅੰਗ - ੧੩੪ - ੧੩੫)

{ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥ ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥}

(ਅੰਗ - ੧੩੪ - ੧੩੫)

{ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥ ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥}

(ਅੰਗ - ੧੩੫)

{ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥}

(ਅੰਗ - ੧੩੫)

{ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥}

(ਅੰਗ - ੧੩੫)

{ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥}

(ਅੰਗ - ੧੩੫)

{ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥}

(ਅੰਗ - ੧੩੫)

{ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥}

(ਅੰਗ - ੧੩੫ - ੧੩੬)

{ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥}

(ਅੰਗ - ੧੩੫ - ੧੩੬)

{ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥}

(ਅੰਗ - ੧੩੫ - ੧੩੬)

{ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥ ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥}

(ਅੰਗ - ੧੩੬)

{ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥}

(ਅੰਗ - ੧੩੬)

{ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥}

(ਅੰਗ - ੧੩੬)

{ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥
ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ ॥}

(ਅੰਗ - ੧੩੬)

{ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥}

(ਅੰਗ - ੧੩੬)

{ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ ॥ ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ॥}

(ਅੰਗ - ੧੩੭)

{ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ ॥}

(ਅੰਗ - ੧੩੭)

{ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥ ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥}

(ਅੰਗ - ੧੩੭)

{ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥ ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ॥}

(ਅੰਗ - ੧੩੭)

{ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥੪॥੧॥}

(ਅੰਗ - ੧੩੭)

{ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥ ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥੧॥}

(ਅੰਗ - ੧੩੭)

{ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥}

(ਅੰਗ - ੧੩੮)

{ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥੧॥}

(ਅੰਗ - ੧੩੮)

{ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥}

(ਅੰਗ - ੧੩੮)

{ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥}

(ਅੰਗ - ੧੩੮)

{ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥}

(ਅੰਗ - ੧੩੮)

{ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥੧॥}

(ਅੰਗ - ੧੩੯)

{ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥ ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥੨॥}
(ਅੰਗ - ੧੩੯)

{ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥}
(ਅੰਗ - ੧੩੯)

{ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ ॥ ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ ॥}
(ਅੰਗ - ੧੩੯)

{ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥
ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥}
(ਅੰਗ - ੧੩੯)

{ਅੰਧਾ ਭੂਲਿ ਪਇਆ ਜਮ ਜਾਲੇ ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥}
(ਅੰਗ - ੧੩੯)

{ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥
ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ ॥੨॥}
(ਅੰਗ - ੧੩੯)

{ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥}
(ਅੰਗ - ੧੩੯)

{ਕੂੜੁ ਬੋਲਿ ਮੁਰਦਾਰੁ ਖਾਇ ॥}
(ਅੰਗ - ੧੩੯)

{ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥}
(ਅੰਗ - ੧੪੦)

{ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥}
(ਅੰਗ - ੧੪੦)

{ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥
ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥}
(ਅੰਗ - ੧੪੦)

{ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥}
(ਅੰਗ - ੧੪੦)

{ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥}
(ਅੰਗ - ੧੪੦)

{ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ॥ ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ॥੫॥}
(ਅੰਗ - ੧੪੦)

{ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥}
(ਅੰਗ - ੧੪੦)

{ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥ ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥}
(ਅੰਗ - ੧੪੦)

{ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥}
(ਅੰਗ - ੧੪੦)

{ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥}
(ਅੰਗ - ੧੪੦)

{ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥}
(ਅੰਗ - ੧੪੦)

{ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥}
(ਅੰਗ - ੧੪੦)

{ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥}
(ਅੰਗ - ੧੪੦)

{ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥}
(ਅੰਗ - ੧੪੦)

{ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥}
(ਅੰਗ - ੧੪੧)

{ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥}
(ਅੰਗ - ੧੪੧)

{ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥}
(ਅੰਗ - ੧੪੧)

{ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥}
(ਅੰਗ - ੧੪੧)

{ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥}
(ਅੰਗ - ੧੪੧)

{ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥}
(ਅੰਗ - ੧੪੧)

{ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥}
(ਅੰਗ - ੧੪੧)

{ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥}
(ਅੰਗ - ੧੪੧)

{ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥}
(ਅੰਗ - ੧੪੧)

{ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥}
(ਅੰਗ - ੧੪੧)

{ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥}
(ਅੰਗ - ੧੪੧)

{ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥ ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥}
(ਅੰਗ - ੧੪੨)

{ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥ ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥}
(ਅੰਗ - ੧੪੨)

{ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥ ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥੯॥}
(ਅੰਗ - ੧੪੨)

{ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥}
(ਅੰਗ - ੧੪੨)

{ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥}
(ਅੰਗ - ੧੪੨)

{ਰਾਜਿ ਰੰਗੁ ਮਾਲਿ ਰੰਗੁ ॥ ਰੰਗਿ ਰਤਾ ਨਚੈ ਨੰਗੁ ॥}
(ਅੰਗ - ੧੪੨)

{ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥੧॥}
(ਅੰਗ - ੧੪੨)

{ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥}
(ਅੰਗ - ੧੪੨)

{ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ ॥}
(ਅੰਗ - ੧੪੨)

{ਫੁਰਮਾਨੀ ਹੈ ਕਾਰ ਖਸਮਿ ਪਠਾਇਆ ॥ ਤਬਲਬਾਜ ਬੀਚਾਰ ਸਬਦਿ ਸੁਣਾਇਆ ॥}
(ਅੰਗ - ੧੪੨)

{ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥ ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥}
(ਅੰਗ - ੧੪੩)

{ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ ॥}
(ਅੰਗ - ੧੪੩)

{ਬੇਦਾ ਗੰਢੁ ਬੋਲੇ ਸਚੁ ਕੋਇ ॥ ਮੁਇਆ ਗੰਢੁ ਨੇਕੀ ਸਤੁ ਹੋਇ ॥}
(ਅੰਗ - ੧੪੩)

{ਨਾਨਕੁ ਆਖੈ ਏਹੁ ਬੀਚਾਰੁ ॥ ਸਿਫਤੀ ਗੰਢੁ ਪਵੈ ਦਰਬਾਰਿ ॥੨॥}
(ਅੰਗ - ੧੪੩)

{ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥}
(ਅੰਗ - ੧੪੩)

{ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥ ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥}
(ਅੰਗ - ੧੪੩)

{ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥}
(ਅੰਗ - ੧੪੪)

{ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥}
(ਅੰਗ - ੧੪੪)

{ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥
ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥}
(ਅੰਗ - ੧੪੪)

{ਪੂਰੇ ਗੁਰ ਕੀ ਕਾਰ ਕਰਮਿ ਕਮਾਈਐ ॥ ਗੁਰਮਤੀ ਆਪੁ ਗਵਾਇ ਨਾਮੁ ਧਿਆਈਐ ॥}

(ਅੰਗ - ੧੪੪)

{ਦੂਜੀ ਕਾਰੈ ਲਗਿ ਜਨਮੁ ਗਵਾਈਐ ॥ ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ ॥}

(ਅੰਗ - ੧੪੪)

{ਸਚਾ ਸਬਦੁ ਸਾਲਾਹਿ ਸਚਿ ਸਮਾਈਐ ॥}

(ਅੰਗ - ੧੪੪)

{ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ ॥ ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥}

(ਅੰਗ - ੧੪੪)

{ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ ॥੧੪॥}

(ਅੰਗ - ੧੪੪)

{ਜਾ ਤੁਧੁ ਭਾਵੈ ਨਾਇ ਰਚਾਵਹਿ ਤੁਧੁ ਭਾਣੇ ਤੂੰ ਭਾਵਹਿ ॥
ਨਾਨਕੁ ਏਕ ਕਹੈ ਬੇਨੰਤੀ ਹੋਰਿ ਸਗਲੇ ਕੂੜੁ ਕਮਾਵਹਿ ॥੧॥}

(ਅੰਗ - ੧੪੫)

{ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕਾਈਐ ॥ ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ ॥}

(ਅੰਗ - ੧੪੫)

{ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ ॥ ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥}

(ਅੰਗ - ੧੪੫)

{ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ ॥}

(ਅੰਗ - ੧੪੪)

{ਸਚੇ ਦੈ ਦਰਿ ਜਾਇ ਸਚੁ ਚਵਾਂਈਐ ॥}

(ਅੰਗ - ੧੪੪)

{ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥ ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ ॥੧੫॥}

(ਅੰਗ - ੧੪੫)

{ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥}

(ਅੰਗ - ੧੪੫)

{ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥}

(ਅੰਗ - ੧੪੫)

{ਵਿਚਿ ਹਉਮੈ ਕਰਿ ਦੁਖੁ ਰੋਈ ॥ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥}

(ਅੰਗ - ੧੪੫)

{ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥}

(ਅੰਗ - ੧੪੫)

{ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥}

(ਅੰਗ - ੧੪੫)

{ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥}

(ਅੰਗ - ੧੪੫)

{ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥}

(ਅੰਗ - ੧੪੫)

{ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥}

(ਅੰਗ - ੧੪੫)

{ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥}

(ਅੰਗ - ੧੪੫)

{ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥੧॥}

(ਅੰਗ - ੧੪੬)

{ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ ॥ ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥}

(ਅੰਗ - ੧੪੬)

{ਮੁਠੀ ਧੰਧੈ ਚੋਰਿ ਮਹਲੁ ਨ ਪਾਈਐ ॥ ਏਨੈ ਚਿਤਿ ਕਠੋਰਿ ਸੇਵ ਗਵਾਈਐ ॥}

(ਅੰਗ - ੧੪੬)

{ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ ॥ ਕੋਇ ਨ ਆਖੈ ਘਟਿ ਹਉਮੈ ਜਾਈਐ ॥}

(ਅੰਗ - ੧੪੬)

{ਲਈਅਨਿ ਖਰੇ ਪਰਖਿ ਦਰਿ ਬੀਨਾਈਐ ॥ ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ ॥੧੭॥}

(ਅੰਗ - ੧੪੬)

{ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥}

(ਅੰਗ - ੧੪੬)

{ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥}

(ਅੰਗ - ੧੪੬)

{ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥}

(ਅੰਗ - ੧੪੬)

{ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥੨॥}

(ਅੰਗ - ੧੪੬)

{ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥}

(ਅੰਗ - ੧੪੬)

{ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ ਸਚੇ ਹੀ ਪਤੀਆਇ ਸਚਿ ਵਿਗਸਿਆ ॥}

(ਅੰਗ - ੧੪੬)

{ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥}

(ਅੰਗ - ੧੪੬)

{ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥}

(ਅੰਗ - ੧੪੬)

{ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥ ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥੨॥}

(ਅੰਗ - ੧੪੭)

{ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ ॥ ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥}

(ਅੰਗ - ੧੪੭)

{ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ ॥ ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥}

(ਅੰਗ - ੧੪੭)

{ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥ ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥}

(ਅੰਗ - ੧੪੭)

{ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥}

(ਅੰਗ - ੧੪੭)

{ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥
ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥}

(ਅੰਗ - ੧੪੭)

{ਸਚਿ ਨ ਧਰੇ ਪਿਆਰੁ ਧੰਧੈ ਧਾਈਐ ॥ ਕਾਲੁ ਬੁਰਾ ਥੈ ਕਾਲੁ ਸਿਰਿ ਦੁਨੀਆਈਐ ॥}

(ਅੰਗ - ੧੪੭)

{ਗੁਰ ਪਰਸਾਦੀ ਬੁਝਿ ਸਚਿ ਸਮਾਈਐ ॥੨੦॥}

(ਅੰਗ - ੧੪੭)

{ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥ ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥}

(ਅੰਗ - ੧੪੮)

{ਖਾਲਕ ਕਉ ਆਦੇਸੁ ਢਾਢੀ ਗਾਵਣਾ ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥੨੧॥}

(ਅੰਗ - ੧੪੮)

{ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥}

(ਅੰਗ - ੧੪੮)

{ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥}

(ਅੰਗ - ੧੪੮)

{ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥ ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥}

(ਅੰਗ - ੧੪੮)

{ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥}

(ਅੰਗ - ੧੪੮)

{ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥ ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ ॥}

(ਅੰਗ - ੧੪੮)

{ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ ॥ ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ ॥੨੨॥}

(ਅੰਗ - ੧੪੮)

{ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥}

(ਅੰਗ - ੧੪੮)

{ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥ ਦੁਸਮਨ ਕਢੇ ਮਾਰਿ ਸਜਣ ਸਰਸਿਆ ॥}

(ਅੰਗ - ੧੪੮)

{ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥}

(ਅੰਗ - ੧੪੮ - ੧੪੯)

{ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ ॥੨੩॥}

(ਅੰਗ - ੧੪੯)

{ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥ ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥}

(ਅੰਗ - ੧੪੯)

{ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥}

(ਅੰਗ - ੧੪੯)

{ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥}

(ਅੰਗ - ੧੪੯)

{ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ ॥੧॥}

(ਅੰਗ - ੧੪੯)

{ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ ॥ ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥੨॥}

(ਅੰਗ - ੧੪੯)

{ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥ ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥੨੫॥}

(ਅੰਗ - ੧੪੯)

{ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥}

(ਅੰਗ - ੧੫੦)

{ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥}

(ਅੰਗ - ੧੫੦)

{ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥੨॥}

(ਅੰਗ - ੧੫੦)

{ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥
ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥}

(ਅੰਗ - ੧੫੦)

{ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥ ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥੨੬॥}

(ਅੰਗ - ੧੫੦)

{ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥}

(ਅੰਗ - ੧੫੦)

{ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥}

(ਅੰਗ - ੧੫੦)

{ਕਹਿ ਕਹਿ ਕਥਨਾ ਮਾਇਆ ਲੂਝੈ ॥}

(ਅੰਗ - ੧੫੦)

{ਅਖਰ ਨਾਨਕ ਅਖਿਓ ਆਪਿ ॥ ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥}

(ਅੰਗ - ੧੫੦)

{ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥}

(ਅੰਗ - ੧੫੦)

{ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ}

(ਅੰਗ - ੧੫੦)

{ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥}

(ਅੰਗ - ੧੫੦)

{ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥੧॥}

(ਅੰਗ - ੧੫੧)

{ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥}

(ਅੰਗ - ੧੫੧)

{ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥}

(ਅੰਗ - ੧੫੧)

{ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥}

(ਅੰਗ - ੧੫੧)

{ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥
ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥}

(ਅੰਗ - ੧੫੧)

{ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥}

(ਅੰਗ - ੧੫੧)

{ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥}

(ਅੰਗ - ੧੫੧)

{ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥੪॥੨॥}

(ਅੰਗ - ੧੫੧)

{ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥੧॥}

(ਅੰਗ - ੧੫੧)

{ਸਰਮ ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ ॥੨॥}

(ਅੰਗ - ੧੫੨)

{ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥੩॥੩॥}

(ਅੰਗ - ੧੫੨)

{ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥}

(ਅੰਗ - ੧੫੨)

{ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥}

(ਅੰਗ - ੧੫੨)

{ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥}

(ਅੰਗ - ੧੫੨)

{ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥}

(ਅੰਗ - ੧੫੨)

{ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥}

(ਅੰਗ - ੧੫੨)

{ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥}

(ਅੰਗ - ੧੫੨)

{ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥}

(ਅੰਗ - ੧੫੨)

{ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥}

(ਅੰਗ - ੧੫੨)

{ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥}

(ਅੰਗ - ੧੫੨)

{ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥}

(ਅੰਗ - ੧੫੨)

{ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥}

(ਅੰਗ - ੧੫੨)

{ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥}

(ਅੰਗ - ੧੫੩)

{ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥੫॥੬॥}

(ਅੰਗ - ੧੫੩)

{ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥}

(ਅੰਗ - ੧੫੩)

{ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥}

(ਅੰਗ - ੧੫੩)

{ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ ॥੧॥ ਰਹਾਉ ॥}

(ਅੰਗ - ੧੫੩)

{ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥}

(ਅੰਗ - ੧੫੩)

{ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥}

(ਅੰਗ - ੧੫੩)

{ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥}

(ਅੰਗ - ੧੫੩)

{ਸਚੁ ਸਾਲਾਹੀ ਧੰਨੁ ਗੁਰਦੁਆਰੁ ॥ ਨਾਨਕ ਦਰਿ ਘਰਿ ਏਕੰਕਾਰੁ ॥੪॥੭॥}

(ਅੰਗ - ੧੫੩)

{ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥
ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥}

(ਅੰਗ - ੧੫੩)

{ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ - ੧੫੩)

{ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥}

(ਅੰਗ - ੧੫੩)

{ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥}

(ਅੰਗ - ੧੫੩)

{ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥}

(ਅੰਗ - ੧੫੩)

{ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥}

(ਅੰਗ - ੧੫੩)

{ਸਤਿਗੁਰੁ ਮਿਲੈ ਤ ਦੁਬਿਧਾ ਭਾਗੈ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ॥੨॥}

(ਅੰਗ - ੧੫੩)

{ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ ਊਚੋ ਊਚਾ ॥}

(ਅੰਗ - ੧੫੩)

{ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥}

(ਅੰਗ - ੧੫੩)

{ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥}

(ਅੰਗ - ੧੫੪)

{ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥੩॥}

(ਅੰਗ - ੧੫੪)

{ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥}

(ਅੰਗ - ੧੫੪)

{ਤੇਰਾ ਤਾਣੁ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥}

(ਅੰਗ - ੧੫੪)

{ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥}

(ਅੰਗ - ੧੫੪)

{ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ ਸਹਜਿ ਸੁਭਾਇ ਮਿਲੇ ਸਾਬਾਸਿ ॥੨॥}

(ਅੰਗ - ੧੫੪)

{ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥}

(ਅੰਗ - ੧੫੪)

{ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾਨੰਦੁ ॥੩॥}

(ਅੰਗ - ੧੫੪)

{ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥ ਆਸਾ ਮਾਹਿ ਨਿਰਾਸੁ ਬੁਝਾਇਆ ॥}

(ਅੰਗ - ੧੫੪)

{ਦੀਨਾ ਨਾਥੁ ਸਰਬ ਸੁਖਦਾਤਾ ॥ ਨਾਨਕ ਹਰਿ ਚਰਣੀ ਮਨੁ ਰਾਤਾ ॥੪॥੧੨॥}

(ਅੰਗ - ੧੫੪)

{ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥}

(ਅੰਗ - ੧੫੪)

{ਸੁਣਿ ਸੁਣਿ ਸਿਖ ਹਮਾਰੀ ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥}

(ਅੰਗ - ੧੫੪)

{ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥ ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ॥
ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥੨॥}

(ਅੰਗ - ੧੫੪)

{ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ ॥
ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥੩॥}

(ਅੰਗ - ੧੫੪)

{ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥

ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥}

(ਅੰਗ - ੧੫੫)

{ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ ਲੁੜੇਨਿ ਸੁ ਖਾਧਾਤਾ ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥੨॥੧੪॥}

(ਅੰਗ - ੧੫੫)

{ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥ ਜੋਗ ਜੁਗਤਿ ਇਵ ਪਾਵਸਿਤਾ ॥
ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥}

(ਅੰਗ - ੧੫੫)

{ਮੁੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥
ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥੨॥}

(ਅੰਗ - ੧੫੫ - ੧੫੬)

{ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥
ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥੩॥}

(ਅੰਗ - ੧੫੫ - ੧੫੬)

{ਜਪਸਿ ਨਿਰੰਜਨੁ ਰਚਸਿ ਮਨਾ ॥ ਕਾਹੇ ਬੋਲਹਿ ਜੋਗੀ ਕਪਟੁ ਘਨਾ ॥੧॥ ਰਹਾਉ ॥}

(ਅੰਗ - ੧੫੬)

{ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ ॥
ਤਿਨ ਕੀ ਪੰਕ ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ ॥੪॥੪॥੧੬॥}

(ਅੰਗ - ੧੫੬)

{ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥}

(ਅੰਗ - ੧੫੬)

{ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥}

(ਅੰਗ - ੧੫੬)

{ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥}

(ਅੰਗ - ੧੫੬)

{ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥}

(ਅੰਗ - ੧੫੬)

{ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥
ਨਾਮੁ ਨ ਜਾਨਿਆ ਰਾਮ ਕਾ ॥ ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥੧॥ ਰਹਾਉ ॥}

(ਅੰਗ - ੧੫੬)

{ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ॥੪॥੧॥੧੮॥}
(ਅੰਗ - ੧੫੭)

{ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ ॥ ਹੁਕਮੇ ਮੇਲੇ ਸਬਦਿ ਪਛਾਣੈ ॥੧॥}
(ਅੰਗ - ੧੫੭)

{ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ॥ ਭੈ ਰਾਚੈ ਸਚ ਰੰਗਿ ਸਮਾਇ ॥੧॥ ਰਹਾਉ ॥}
(ਅੰਗ - ੧੫੭)

{ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ ॥ ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ ॥
ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ ॥ ਮੇਰਾ ਪ੍ਰਭੁ ਬਖਸੇ ਬਖਸਣਹਾਰੁ ॥੨॥}
(ਅੰਗ - ੧੫੭)

{ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥}
(ਅੰਗ - ੧੫੭)

{ਸਾਚਿ ਵਸਿਐ ਸਾਚੀ ਸਭ ਕਾਰ ॥ ਊਤਮ ਕਰਣੀ ਸਬਦ ਬੀਚਾਰ ॥੩॥}
(ਅੰਗ - ੧੫੭)

{ਗੁਰ ਤੇ ਸਾਚੀ ਸੇਵਾ ਹੋਇ ॥ ਗੁਰਮੁਖਿ ਨਾਮੁ ਪਛਾਣੈ ਕੋਇ ॥}
(ਅੰਗ - ੧੫੮)

{ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥}
(ਅੰਗ - ੧੫੮)

{ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥੧॥}
(ਅੰਗ - ੧੫੮)

{ਪੂਰੈ ਭਾਗਿ ਮਿਲੈ ਗੁਰੁ ਆਇ ॥ ਸਾਚੈ ਸਹਜਿ ਸਾਚਿ ਸਮਾਇ ॥੧॥ ਰਹਾਉ ॥}
(ਅੰਗ - ੧੫੮)

{ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ ॥ ਗੁਰ ਤੇ ਸਾਂਤਿ ਵਸੈ ਮਨਿ ਆਏ ॥}
(ਅੰਗ - ੧੫੮)

{ਗੁਰ ਤੇ ਪਵਿਤ ਪਾਵਨ ਸੁਚਿ ਹੋਇ ॥ ਗੁਰ ਤੇ ਸਬਦਿ ਮਿਲਾਵਾ ਹੋਇ ॥੨॥}
(ਅੰਗ - ੧੫੮)

{ਬਾਝੁ ਗੁਰੂ ਸਭ ਭਰਮਿ ਭੁਲਾਈ ॥ ਬਿਨੁ ਨਾਵੈ ਬਹੁਤਾ ਦੁਖੁ ਪਾਈ ॥}
(ਅੰਗ - ੧੫੮)

{ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥ ਦਰਸਨਿ ਸਚੈ ਸਚੀ ਪਤਿ ਹੋਈ ॥੩॥}
(ਅੰਗ - ੧੫੮)

{ਕਿਸ ਨੋ ਕਹੀਐ ਦਾਤਾ ਇਕੁ ਸੋਈ ॥ ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥
ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥}
(ਅੰਗ - ੧੫੮)

{ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥}
(ਅੰਗ - ੧੫੮)

{ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥}
(ਅੰਗ - ੧੫੮)

{ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥}
(ਅੰਗ - ੧੫੮)

{ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥}

(ਅੰਗ - ੧੫੮)

{ਗੁਰ ਸਬਦੀ ਮਨਿ ਨਾਮਿ ਨਿਵਾਸੁ ॥ ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥}

(ਅੰਗ - ੧੫੮)

{ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥}

(ਅੰਗ - ੧੫੮)

{ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥੧॥}

(ਅੰਗ - ੧੫੮)

{ਗਾਵਤ ਰਹੈ ਜੇ ਸਤਿਗੁਰ ਭਾਵੈ ॥ ਮਨੁ ਤਨੁ ਰਾਤਾ ਨਾਮਿ ਸੁਹਾਵੈ ॥੧॥ ਰਹਾਉ ॥}

(ਅੰਗ - ੧੫੮)

{ਇਕਿ ਗਾਵਹਿ ਇਕਿ ਭਗਤਿ ਕਰੇਹਿ ॥ ਨਾਮੁ ਨ ਪਾਵਹਿ ਬਿਨੁ ਅਸਨੇਹ ॥}

(ਅੰਗ - ੧੫੮)

{ਸਚੀ ਭਗਤਿ ਗੁਰ ਸਬਦ ਪਿਆਰਿ ॥ ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥੨॥}

(ਅੰਗ - ੧੫੮)

{ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥}

(ਅੰਗ - ੧੫੮)

{ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥}

(ਅੰਗ - ੧੫੯)

{ਭਗਤਿ ਵਛਲੁ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥}

(ਅੰਗ - ੧੫੮)

{ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥}

(ਅੰਗ - ੧੫੯)

{ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥}

{ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥}

(ਅੰਗ - ੧੫੯)

{ਜਿਸ ਨੋ ਬਖਸੇ ਦੇ ਵਡਿਆਈ ॥ ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ ਰਹਾਉ ॥}

(ਅੰਗ - ੧੫੯)

{ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥}

{ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥}

(ਅੰਗ - ੧੫੯)

{ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥}

(ਅੰਗ - ੧੫੮)

{ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥੩॥}

(ਅੰਗ - ੧੫੯)

{ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥
ਆਪਣੀ ਕਲਾ ਆਪੇ ਹੀ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥}

(ਅੰਗ - ੧੫੯)

{ਹਉਮੈ ਵਿਚਿ ਸਭੁ ਜਗੁ ਬਉਰਾਨਾ ॥ ਦੂਜੈ ਭਾਇ ਭਰਮਿ ਭੁਲਾਨਾ ॥}

(ਅੰਗ - ੧੫੯)

{ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ ਧੰਧਾ ਕਰਤਿਆ ਅਨਦਿਨੁ ਵਿਹਾਨਾ ॥੧॥}

(ਅੰਗ - ੧੫੯)

{ਹਿਰਦੈ ਰਾਮੁ ਰਮਹੁ ਮੇਰੇ ਭਾਈ ॥ ਗੁਰਮੁਖਿ ਰਸਨਾ ਹਰਿ ਰਸਨ ਰਸਾਈ ॥੧॥ ਰਹਾਉ ॥}

(ਅੰਗ - ੧੫੯)

{ਹਉਮੈ ਮਾਰਿ ਗੁਰ ਸਬਦਿ ਪਛਾਤਾ ॥ ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥੨॥}

(ਅੰਗ - ੧੫੯)

{ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥ ਧਾਵਤ ਵਰਜੇ ਠਾਕਿ ਰਹਾਏ ॥}

{ਨਾਮੁ ਨਵ ਨਿਧਿ ਗੁਰ ਤੇ ਪਾਏ ॥ ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ॥੩॥}

(ਅੰਗ - ੧੫੯)

{ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ ਅੰਤਰਿ ਵਸੈ ਨ ਲਾਗੈ ਜਮ ਪੀਰ ॥
ਆਪੇ ਸਾਹਿਬੁ ਆਪਿ ਵਜੀਰ ॥ ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥੪॥੬॥੨੬॥}

(ਅੰਗ - ੧੫੯)

{ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ ॥ ਸੋ ਕਿਉ ਵਿਸਰੈ ਸਭ ਮਾਹਿ ਸਮਾਨਾ ॥
ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥੧॥}

(ਅੰਗ - ੧੫੯)

{ਹਰਿ ਕੇ ਨਾਮ ਵਿਟਹੁ ਬਲਿ ਜਾਉ ॥ ਤੂੰ ਵਿਸਰਹਿ ਤਦਿ ਹੀ ਮਰਿ ਜਾਉ ॥੧॥ ਰਹਾਉ ॥}

(ਅੰਗ - ੧੫੯)

{ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥ ਤਿਨ ਤੂੰ ਵਿਸਰਹਿ ਜਿ ਦੂਜੈ ਭਾਏ ॥
ਮਨਮੁਖ ਅਗਿਆਨੀ ਜੋਨੀ ਪਾਏ ॥੨॥}

(ਅੰਗ - ੧੫੯ - ੧੬੦)

{ਜਿਨ ਇਕ ਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ ॥ ਜਿਨ ਇਕ ਮਨਿ ਤੁਠਾ ਤਿਨ ਹਰਿ ਮੰਨਿ ਵਸਾਏ ॥
ਗੁਰਮਤੀ ਹਰਿ ਨਾਮਿ ਸਮਾਏ ॥੩॥}

(ਅੰਗ - ੧੬੦)

{ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥ ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥}

(ਅੰਗ - ੧੬੦)

ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥੪॥੭॥੨੭॥}

(ਅੰਗ - ੧੬੦)

{ਤੂੰ ਅਕਥੁ ਕਿਉ ਕਥਿਆ ਜਾਹਿ ॥ ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ ॥
ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ ॥੧॥}

(ਅੰਗ - ੧੬੦)

{ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ ॥ ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ ॥੧॥ ਰਹਾਉ ॥}

(ਅੰਗ - ੧੬੦)

{ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥
ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥੨॥}

(ਅੰਗ - ੧੬੦)

{ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥ ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥}

(ਅੰਗ - ੧੬੦)

{ਗੁਰਮੁਖਿ ਭਗਤਿ ਹਰਿ ਨਾਮਿ ਸਮਾਏ ॥੩॥}

(ਅੰਗ - ੧੬੦)

{ਆਪੇ ਦਾਤਿ ਕਰੇ ਦਾਤਾਰੁ ॥ ਪੂਰੇ ਸਤਿਗੁਰ ਸਿਉ ਲਗੈ ਪਿਆਰੁ ॥}

(ਅੰਗ - ੧੬੦)

{ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੪॥੮॥੨੮॥}

(ਅੰਗ - ੧੬੦)

{ਏਕੁ ਅਚਰਜੁ ਏਕੋ ਹੈ ਸੋਈ ॥ ਗੁਰਮੁਖਿ ਵੀਚਾਰੇ ਵਿਰਲਾ ਕੋਈ ॥੧॥ ਰਹਾਉ ॥}

(ਅੰਗ - ੧੬੦)

{ਤਿਸ ਕੀ ਕੀਮਤਿ ਕਿਨੈ ਨ ਹੋਈ ॥ ਕਹਿ ਕਹਿ ਕਥਨੁ ਕਹੈ ਸਭੁ ਕੋਈ ॥
ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥੩॥}

(ਅੰਗ - ੧੬੦)

{ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥ ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥
ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥੪॥੯॥੨੯॥}

(ਅੰਗ - ੧੬੦)

{ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥}

(ਅੰਗ - ੧੬੦)

{ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥}

(ਅੰਗ - ੧੬੦)

{ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥}

(ਅੰਗ - ੧੬੦)

{ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥੨॥}

(ਅੰਗ - ੧੬੦)

{ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥
ਆਪਿ ਤਰੈ ਸਗਲੇ ਕੁਲ ਉਧਾਰਾ ॥੩॥}

(ਅੰਗ - ੧੬੦)

{ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥}

(ਅੰਗ - ੧੬੧)

{ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥}

(ਅੰਗ - ੧੬੧)

{ਸਚਾ ਅਮਰੁ ਸਚਾ ਪਾਤਿਸਾਹੁ ॥ ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥ ਸਚੈ ਮਹਲਿ ਸਚਿ ਨਾਮਿ ਸਮਾਹੁ ॥੧॥}

(ਅੰਗ - ੧੬੧)

{ਸੁਣਿ ਮਨ ਮੇਰੇ ਸਬਦੁ ਵੀਚਾਰਿ ॥ ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥੧॥ ਰਹਾਉ ॥}

(ਅੰਗ - ੧੬੧)

{ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ ॥੨॥}

(ਅੰਗ - ੧੬੧)

{ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥
ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥}

(ਅੰਗ - ੧੬੧)

{ਕਿਰਪਾ ਕਰਿ ਸਤਿਗੁਰੂ ਮਿਲਾਏ ॥ ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥}

(ਅੰਗ - ੧੬੧)

{ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ ॥ ਗੁਰ ਸੇਵਾ ਤੇ ਮਨੁ ਪਤੀਆਇ ॥}

(ਅੰਗ - ੧੬੧)

{ਸੇ ਧਨਵੰਤ ਹਰਿ ਨਾਮੁ ਕਮਾਇ ॥ ਪੂਰੇ ਗੁਰ ਤੇ ਸੋਝੀ ਪਾਇ ॥੧॥}

(ਅੰਗ - ੧੬੧)

{ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥ ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ ॥੧॥ ਰਹਾਉ ॥}

(ਅੰਗ - ੧੬੧)

{ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥}

(ਅੰਗ - ੧੬੧)

{ਹਰਿ ਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥੨॥}

(ਅੰਗ - ੧੬੧)

{ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥}

(ਅੰਗ - ੧੬੧)

{ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥੩॥}

(ਅੰਗ - ੧੬੧)

{ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥}

(ਅੰਗ - ੧੬੧)

{ਗੁਰਮਤਿ ਵਿਰਲਾ ਬੂਝੈ ਕੋਇ ॥ ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥}

(ਅੰਗ - ੧੬੧)

{ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥}

(ਅੰਗ - ੧੬੧)

{ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ ॥ ਆਪਿ ਉਧਰੇ ਕੁਲ ਸਗਲ ਨਿਸਤਾਰੇ ॥
ਹਰਿ ਕਾ ਨਾਮੁ ਰਖਹਿ ਉਰ ਧਾਰੇ ॥ ਨਾਮਿ ਰਤੇ ਭਉਜਲ ਉਤਰਹਿ ਪਾਰੇ ॥੨॥}

(ਅੰਗ - ੧੬੧)

{ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥}

(ਅੰਗ - ੧੬੧)

{ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥੩॥}

(ਅੰਗ - ੧੬੧)

{ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥
ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥}

(ਅੰਗ - ੧੬੧ - ੧੬੨)

ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥੧੩॥੩੩॥}

(ਅੰਗ - ੧੬੧ - ੧੬੨)

{ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥}

(ਅੰਗ - ੧੬੨)

{ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥}

(ਅੰਗ - ੧੬੨)

{ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥}

(ਅੰਗ - ੧੬੨)

{ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥}

(ਅੰਗ - ੧੬੨)

{ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥}

(ਅੰਗ - ੧੬੨)

{ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥
ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥}

(ਅੰਗ - ੧੬੨)

{ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥
ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥}

(ਅੰਗ - ੧੬੨)

{ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ ॥ ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥੧॥}

(ਅੰਗ - ੧੬੨)

{ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥ ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ ॥੧॥ ਰਹਾਉ ॥}

(ਅੰਗ - ੧੬੨)

{ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ ॥ ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ॥੨॥}

(ਅੰਗ - ੧੬੨)

{ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥
ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥੩॥}

(ਅੰਗ - ੧੬੨)

{ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥}

(ਅੰਗ - ੧੬੨)

{ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ ॥}

(ਅੰਗ - ੧੬੨)

{ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ ॥ ਗੁਰਮੁਖਿ ਸਹਜਿ ਸਮਾਣੀਆ ਹਰਿ ਹਰਿ ਮਨਿ ਭਾਇਆ ॥੧॥}

(ਅੰਗ - ੧੬੨)

{ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥}

(ਅੰਗ - ੧੬੩)

{ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ॥੨॥}

(ਅੰਗ - ੧੬੩)

{ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥}

(ਅੰਗ - ੧੬੩)

{ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ ॥ ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ॥}
(ਅੰਗ - ੧੬੩)

{ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ ਬੀਰਾ ॥
ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ ॥੪॥੩॥੧੭॥੩੭॥}
(ਅੰਗ - ੧੬੩)

{ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥}
(ਅੰਗ - ੧੬੩)

{ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥
ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥}
(ਅੰਗ - ੧੬੩)

{ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ ਹਰਿ ਹਰਿ ਗਤਿ ਕੀਨੀ ॥
ਹਰਿ ਰਸੁ ਗੁਰ ਤੇ ਪਾਇਆ ਮੇਰਾ ਮਨੁ ਤਨੁ ਲੀਨੀ ॥}
(ਅੰਗ - ੧੬੩)

{ਗੁਣਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ ॥ ਪਾਪੀ ਪਾਥਰ ਡੁਬਦੇ ਗੁਰਮਤਿ ਹਰਿ ਤਾਰੇ ॥}
(ਅੰਗ - ੧੬੩)

{ਤੂੰ ਗੁਣਦਾਤਾ ਨਿਰਮਲਾ ਹਮ ਅਵਗਣਿਆਰੇ ॥ ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ ॥੩॥}
(ਅੰਗ - ੧੬੩)

{ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥ ਗੁਰਮੁਖਿ ਨਾਨਕ ਦੇ ਵਡਿਆਈ ॥
ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥੧॥੩੯॥}
(ਅੰਗ - ੧੬੪)

{ਨਿਰਗੁਣ ਕਥਾ ਕਥਾ ਹੈ ਹਰਿ ਕੀ ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥}
(ਅੰਗ - ੧੬੪)

{ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥ ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥}
(ਅੰਗ - ੧੬੪)

{ਜਨ ਕੀ ਸੇਵਾ ਊਤਮ ਕਾਮਾ ॥੨॥}
(ਅੰਗ - ੧੬੪)

{ਜੋ ਹਰਿ ਕੀ ਹਰਿ ਕਥਾ ਸੁਣਾਵੈ ॥ ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥}
(ਅੰਗ - ੧੬੪)

{ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥
ਤੇ ਜਨ ਨਾਨਕ ਨਾਮਿ ਸਮਾਈ ॥੪॥੨॥੪੦॥}
(ਅੰਗ - ੧੬੪)

{ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥ ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥}
(ਅੰਗ - ੧੬੪)

{ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥੪॥੩॥੪੧॥}
(ਅੰਗ - ੧੬੪)

{ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥ ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ ॥੧॥}
(ਅੰਗ - ੧੬੪)

{ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ ॥ ਬਿਨਸਿ ਜਾਇ ਕੂਰਾ ਕਚੁ ਪਾਚਾ ॥}

(ਅੰਗ - ੧੬੪)

{ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ ॥੪॥੪॥੪੨॥}

(ਅੰਗ - ੧੬੪)

{ਸਤਿਗੁਰ ਸੇਵਾ ਸਫਲ ਹੈ ਬਣੀ ॥ ਜਿਤੁ ਮਿਲਿ ਹਰਿ ਨਾਮੁ ਧਿਆਇਆ ਹਰਿ ਧਣੀ ॥}

(ਅੰਗ - ੧੬੫)

{ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥ ਹਰਿ ਬੋਲਤ ਸਭ ਪਾਪ ਲਹਿ ਜਾਈ ॥੧॥ ਰਹਾਉ ॥}

(ਅੰਗ - ੧੬੫)

{ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥ ਧਾਵਤ ਪੰਚ ਰਹੇ ਹਰਿ ਧਿਆਇਆ ॥
ਅਨਦਿਨੁ ਨਗਰੀ ਹਰਿ ਗੁਣ ਗਾਇਆ ॥੨॥}

(ਅੰਗ - ੧੬੫)

{ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥ ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥}

(ਅੰਗ - ੧੬੫)

{ਹਰਿ ਆਪੇ ਬੇੜੀ ਤੁਲਹਾ ਤਾਰਾ ॥ ਹਰਿ ਆਪੇ ਗੁਰਮਤੀ ਨਿਸਤਾਰਾ ॥
ਹਰਿ ਆਪੇ ਨਾਨਕ ਪਾਵੈ ਪਾਰਾ ॥੪॥੬॥੪੪॥}

(ਅੰਗ - ੧੬੫)

{ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥
ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥੧॥}

(ਅੰਗ - ੧੬੫)

{ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥
ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥੪॥੧॥੭॥੪੫॥}

(ਅੰਗ - ੧੬੫)

{ਮੇਰੇ ਰਾਮ ਮੈ ਮੂਰਖ ਹਰਿ ਰਾਖੁ ਮੇਰੇ ਗੁਸਈਆ ॥ ਜਨ ਕੀ ਉਪਮਾ ਤੁਝਹਿ ਵਡਈਆ ॥੧॥ ਰਹਾਉ ॥}

(ਅੰਗ - ੧੬੬)

{ਮੰਦਰਿ ਘਰਿ ਆਨੰਦੁ ਹਰਿ ਹਰਿ ਜਸੁ ਮਨਿ ਭਾਵੈ ॥ ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿ ਗੁਣ ਗਾਵੈ ॥
ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥੨॥}

(ਅੰਗ - ੧੬੬)

{ਜੋ ਕਿਛੁ ਕੀਆ ਸੋ ਹਰਿ ਕੀਆ ਹਰਿ ਕੀ ਵਡਿਆਈ ॥ ਹਰਿ ਜੀਅ ਤੇਰੇ ਤੂੰ ਵਰਤਦਾ ਹਰਿ ਪੂਜ ਕਰਾਈ ॥
ਹਰਿ ਭਗਤਿ ਭੰਡਾਰ ਲਹਾਇਦਾ ਆਪੇ ਵਰਤਾਈ ॥੩॥}

(ਅੰਗ - ੧੬੬)

{ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ ॥
ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ ॥੪॥੨॥੮॥੪੬॥}

(ਅੰਗ - ੧੬੬)

{ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥ ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥੧॥ ਰਹਾਉ ॥}

(ਅੰਗ - ੧੬੬)

{ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥ ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥
ਤਿਉ ਹਰਿ ਜਨਿ ਹਰਿ ਧਨੁ ਸੰਚਿਆ ਹਰਿ ਖਰਚੁ ਲੈ ਜਾਇ ॥੩॥}

(ਅੰਗ - ੧੬੬)

{ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੈ ਫਾਸ ॥}

(ਅੰਗ - ੧੬੬)

{ਗੁਰਮਤੀ ਸੋ ਜਨੁ ਤਰੈ ਜੋ ਦਾਸਨਿ ਦਾਸ॥ ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ ॥੪॥੩॥੯॥੪੭॥}

(ਅੰਗ - ੧੬੬)

{ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥
ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥}

(ਅੰਗ - ੧੬੬)

{ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥੧॥}

(ਅੰਗ - ੧੬੬)

{ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥
ਨਿਤ ਹਰਿ ਗੁਣ ਗਾਵਹ ਹਰਿ ਨਾਮਿ ਸਮਾਇ ॥੧॥ ਰਹਾਉ ॥}

(ਅੰਗ - ੧੬੬)

{ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ ॥
ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ ॥ ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ ॥੩॥}

(ਅੰਗ - ੧੬੬)

{ਜਿਤਨੀ ਭੂਖ ਅਨ ਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥
ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ ॥
ਜਨ ਨਾਨਕ ਹਰਿ ਰਸਿ ਤ੍ਰਿਪਤਿਆ ਫਿਰਿ ਭੂਖ ਨ ਲਾਗੈ ॥੪॥੪॥੧੦॥੪੮॥}

(ਅੰਗ - ੧੬੭)

{ਮੇਰੇ ਰਾਮ ਹਮ ਪਾਪੀ ਸਰਣਿ ਪਰੇ ਹਰਿ ਦੁਆਰਿ ॥
ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ ॥੧॥ ਰਹਾਉ ॥}

(ਅੰਗ - ੧੬੭)

{ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥
ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥
ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥੨॥}

(ਅੰਗ - ੧੬੭)

{ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥
ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥੩॥}

(ਅੰਗ - ੧੬੭)

{ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥}

(ਅੰਗ - ੧੬੭)

{ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ ॥ ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ॥
ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ ॥੧॥}

(ਅੰਗ - ੧੬੭)

{ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥
ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥੧॥ ਰਹਾਉ ॥}

(ਅੰਗ - ੧੬੭)

{ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥
ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥
ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ॥੨॥}

(ਅੰਗ - ੧੬੭)

{ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ ਰਹਾਉ ॥}

(ਅੰਗ - ੧੬੮)

{ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ
ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ ॥੪॥੭॥੧੩॥੫੧॥}

(ਅੰਗ - ੧੬੮)

{ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥}

(ਅੰਗ - ੧੬੮)

{ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ ॥
ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ ॥੩॥}

(ਅੰਗ - ੧੬੮)

{ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ ॥
ਨਾਨਕ ਤਿਸੁ ਗੁਰ ਮਿਲਿ ਉਧਰੈ ਹਰਿ ਗੁਣ ਗਾਵਾਹੀ ॥੪॥੮॥੧੪॥੫੨॥}

(ਅੰਗ - ੧੬੮)

{ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥
ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥੨॥}

(ਅੰਗ - ੧੬੮)

{ਹਰਿ ਹਰਿ ਨਿਕਟਿ ਵਸੈ ਸਭ ਜਗ ਕੈ ਅਪਰੰਪਰ ਪੁਰਖੁ ਅਤੋਲੀ ॥
ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ ॥੩॥}

(ਅੰਗ - ੧੬੯)

{ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥
ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥੨॥}

(ਅੰਗ - ੧੬੯)

{ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥
ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥੩॥}

(ਅੰਗ - ੧੬੯)

{ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ ॥
ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਹਰਿ ਜਪੀਐ ਹਰਿ ਕਿਰਪਾ ਤੇ ॥੪॥੨॥੧੬॥੫੪॥}

(ਅੰਗ - ੧੬੯)

{ਰਾਮ ਮੇਰਾ ਮਨੁ ਤਨੁ ਬੇਧਿ ਲੀਓ ਹਰਿ ਸਾਚੇ ॥ ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ ॥੧॥ ਰਹਾਉ ॥}

(ਅੰਗ - ੧੬੯)

{ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ ॥
ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ ਪਾਚੇ ॥੨॥}

(ਅੰਗ - ੧੬੯)

{ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥੧॥ ਰਹਾਉ ॥}

(ਅੰਗ - ੧੭੦)

{ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥
ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥੩॥}

(ਅੰਗ - ੧੭੦)

{ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥
ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ ॥੪॥੪॥੧੮॥੫੬॥}

(ਅੰਗ - ੧੭੦)

{ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ ਜਿਤੁ ਸੇਵਿਐ ਲੇਖਾ ਛੁਟੀਐ ॥
ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ ॥੫॥੫॥੧੯॥੫੭॥}

(ਅੰਗ - ੧੭੦)

{ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ ॥
ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ ॥੧॥}

(ਅੰਗ - ੧੭੦ - ੧੭੧)

{ਰਾਮ ਹਮ ਸਤਿਗੁਰ ਲਾਲੇ ਕਾਂਢੇ ॥੧॥ ਰਹਾਉ ॥}

(ਅੰਗ - ੧੭੦ - ੧੭੧)

{ਹਮਰੈ ਮਸਤਕਿ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ ॥
ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਢੇ ॥੨॥}

(ਅੰਗ - ੧੭੦ - ੧੭੧)

{ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ ॥
ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ ॥੩॥}

(ਅੰਗ - ੧੭੧)

{ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥
ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥}

(ਅੰਗ - ੧੭੧)

{ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥}

(ਅੰਗ - ੧੭੧)

{ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੇ ॥
ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ ॥੪॥੭॥੨੧॥੫੯॥}

(ਅੰਗ - ੧੭੧)

{ਸਾਕਤ ਹਰਿ ਰਸ ਸਾਦੁ ਨ ਜਾਨਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥}

(ਅੰਗ - ੧੭੧)

{ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥

ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੮॥੨੨॥੬੦॥}

(ਅੰਗ - ੧੭੧)

{ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ ॥
ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ ਹਰਿ ਗੁਰ ਸਬਦੀ ਚਖਿ ਡੀਠਾ ॥੧॥}

(ਅੰਗ - ੧੭੧)

{ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ ॥੧॥ ਰਹਾਉ ॥}

(ਅੰਗ - ੧੭੧)

{ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜ ਸਬਦੁ ਮੁਖਿ ਲੀਠਾ ॥
ਜਨ ਨਾਨਕ ਗੁਰ ਕੇ ਲਾਲੇ ਗੋਲੇ ਲਗਿ ਸੰਗਤਿ ਕਰੂਆ ਮੀਠਾ ॥੪॥੯॥੨੩॥੬੧॥}

(ਅੰਗ - ੧੭੧)

{ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥
ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥੧॥}

(ਅੰਗ - ੧੭੧)

{ਰਾਮ ਗੁਰਮਤਿ ਹਰਿ ਲਿਵ ਲਾਗੇ ॥੧॥ ਰਹਾਉ ॥}

(ਅੰਗ - ੧੭੧)

{ਘਟਿ ਘਟਿ ਰਮਈਆ ਰਮਤ ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥
ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥੨॥}

(ਅੰਗ - ੧੭੨)

{ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥
ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ ॥੩॥}

(ਅੰਗ - ੧੭੨)

{ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥
ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ ॥੫॥੧੦॥੨੪॥੬੨॥}

(ਅੰਗ - ੧੭੨)

{ਹਮ ਅਹੰਕਾਰੀ ਅਹੰਕਾਰ ਅਗਿਆਨ ਮਤਿ ਗੁਰਿ ਮਿਲਿਐ ਆਪੁ ਗਵਾਇਆ ॥
ਹਉਮੈ ਰੋਗੁ ਗਇਆ ਸੁਖੁ ਪਾਇਆ ਧਨੁ ਧੰਨੁ ਗੁਰੂ ਹਰਿ ਰਾਇਆ ॥੧॥}

(ਅੰਗ - ੧੭੨)

{ਰਾਮ ਗੁਰ ਕੈ ਬਚਨਿ ਹਰਿ ਪਾਇਆ ॥੧॥ ਰਹਾਉ ॥}

(ਅੰਗ - ੧੭੨)

{ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ ਗੁਰਿ ਹਿਰਦੇ ਨਾਲਿ ਦਿਖਾਇਆ ॥
ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ ਵੇਚਾਇਆ ॥੩॥}

(ਅੰਗ - ੧੭੨)

{ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ ॥
ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ ਭਾਇਆ ॥੪॥੧੧॥੨੫॥੬੩॥}

(ਅੰਗ - ੧੭੨)

{ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ॥
ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧੰਨੁ ਗੁਰੂ ਲਿਵ ਲਾਵੈ ॥੧॥}

(ਅੰਗ - ੧੭੨)

{ਗੁਰਮੁਖਿ ਹਰਿ ਲਿਵ ਲਾਵੈ ॥੧॥ ਰਹਾਉ ॥}

(ਅੰਗ - ੧੭੨)

{ਹਮਰਾ ਠਾਕੁਰੁ ਸਤਿਗੁਰੁ ਪੂਰਾ ਮਨੁ ਗੁਰ ਕੀ ਕਾਰ ਕਮਾਵੈ ॥
ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ ॥੨॥}

(ਅੰਗ - ੧੭੨)

{ਹਿਰਦੈ ਗੁਰਮਤਿ ਰਾਮ ਰਸਾਇਣੁ ਜਿਹਵਾ ਹਰਿ ਗੁਣ ਗਾਵੈ ॥
ਮਨ ਰਸਕਿ ਰਸਕਿ ਹਰਿ ਰਸਿ ਆਘਾਨੇ ਫਿਰਿ ਬਹੁਰਿ ਨ ਭੂਖ ਲਗਾਵੈ ॥੩॥}

(ਅੰਗ - ੧੭੨)

{ਕੋਈ ਕਰੈ ਉਪਾਵ ਅਨੇਕ ਬਹੁਤੇਰੇ ਬਿਨੁ ਕਿਰਪਾ ਨਾਮੁ ਨ ਪਾਵੈ ॥
ਜਨ ਨਾਨਕ ਕਉ ਹਰਿ ਕਿਰਪਾ ਧਾਰੀ ਮਤਿ ਗੁਰਮਤਿ ਨਾਮੁ ਦ੍ਰਿੜਾਵੈ ॥੪॥੧੨॥੨੬॥੬੪॥}

(ਅੰਗ - ੧੭੨)

{ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ ॥ ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥
ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ ॥}

(ਅੰਗ - ੧੭੨ - ੧੭੩)

{ਵਡਭਾਗੀ ਮਿਲੁ ਰਾਮਾ ॥੧॥}

(ਅੰਗ - ੧੭੨ - ੧੭੩)

{ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥}

(ਅੰਗ - ੧੭੩)

{ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ ॥ ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ ॥}

(ਅੰਗ - ੧੭੩)

{ਜਨ ਨਾਨਕ ਪ੍ਰੇਮਿ ਰਤੰਨਾ ॥੪॥੧॥੨੭॥੬੫॥}

(ਅੰਗ - ੧੭੩)

{ਆਉ ਸਖੀ ਗੁਣ ਕਾਮਣ ਕਰੀਹਾ ਜੀਉ ॥ ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ ॥}

(ਅੰਗ - ੧੭੩)

{ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥ ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥੧॥}

(ਅੰਗ - ੧੭੩)

{ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਹੀ ਜੀਉ ॥
ਹਰਿ ਪਦੁ ਊਤਮੁ ਪਾਇਆ ਮੇਰੇ ਗੋਵਿੰਦਾ ਵਡਭਾਗੀ ਨਾਮਿ ਸਮਾਹੀ ਜੀਉ ॥੧॥}

(ਅੰਗ - ੧੭੩)

{ਹਰਿ ਰਾਇਆ ਮੇਰਾ ਸਜਣੁ ਪਿਆਰਾ ਗੁਰੁ ਮੇਲੇ ਮੇਰਾ ਮਨੁ ਜੀਵਾਈਆ ਜੀਉ ॥
ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ ਹਰਿ ਮਿਲਿਆ ਮਨਿ ਵਾਧਾਈਆ ਜੀਉ ॥੩॥}

(ਅੰਗ - ੧੭੪)

{ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ ॥
ਹਰਿ ਨਾਮੁ ਦਇਆ ਕਰਿ ਪਾਇਆ ਮੇਰੇ ਗੋਵਿੰਦਾ ਜਨ ਨਾਨਕੁ ਸਰਣਿ ਤੁਮਾਰੀ ਜੀਉ ॥੪॥੩॥੨੯॥੬੭॥}

(ਅੰਗ - ੧੭੪)

{ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ ਹਰਿ ਆਪਿ ਰਹਿਆ ਭਰਪੂਰੀ ਜੀਉ ॥
ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ ਹਰਿ ਵੇਖੈ ਆਪਿ ਹਦੂਰੀ ਜੀਉ ॥੩॥}

(ਅੰਗ - ੧੭੪)

{ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ ॥ ਮੇਰਾ ਹਰਿ ਪ੍ਰਭੁ ਮਿਤੁ ਮਿਲੈ ਸੁਖੁ ਪਾਈ ਜੀਉ ॥}
(ਅੰਗ - ੧੭੫)

{ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥ ਮੇਰਾ ਨਾਮੁ ਸਖਾ ਹਰਿ ਭਾਈ ਜੀਉ ॥੧॥}
(ਅੰਗ - ੧੭੫)

{ਗੁਣ ਗਾਵਹੁ ਸੰਤ ਜੀਉ ਮੇਰੇ ਹਰਿ ਪ੍ਰਭ ਕੇਰੇ ਜੀਉ ॥ ਜਪਿ ਗੁਰਮੁਖਿ ਨਾਮੁ ਜੀਉ ਭਾਗ ਵਡੇਰੇ ਜੀਉ ॥}
(ਅੰਗ - ੧੭੫)

{ਗੁਰ ਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ॥ ਵਡਭਾਗੀ ਜਪਿ ਨਾਉ ਜੀਉ ॥੩॥}
(ਅੰਗ - ੧੭੫)

{ਸਤਿਗੁਰ ਮਤਿ ਨਾਮੁ ਸਦਾ ਪਰਗਾਸਾ ਜੀਉ ॥ ਜਨ ਨਾਨਕ ਪੂਰਿਅੜੀ ਮਨਿ ਆਸਾ ਜੀਉ ॥੪॥੫॥੩੧॥੬੯॥}
(ਅੰਗ - ੧੭੫)

{ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥}
(ਅੰਗ - ੧੭੫)

{ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥ ਹਉ ਨਾਮ ਵਿਟਹੁ ਕੁਰਬਾਣੁ ਜੀਉ ॥੨॥}
(ਅੰਗ - ੧੭੫)

{ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥ ਹਰਿ ਨਾਮੇ ਨਾਮਿ ਸਮਾਈ ਜੀਉ ॥੩॥}
(ਅੰਗ - ੧੭੫)

{ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ ॥
ਜਨ ਨਾਨਕ ਹਰਿ ਰਸੁ ਪਾਈ ਜੀਉ ॥੪॥੬॥੨੦॥੧੮॥੩੨॥੭੦॥}
(ਅੰਗ - ੧੭੫)

{ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥ ਊਚੇ ਮੰਦਰ ਸੁੰਦਰ ਛਾਇਆ ॥ ਝੂਠੇ ਲਾਲਚਿ ਜਨਮੁ ਗਵਾਇਆ ॥੧॥}
(ਅੰਗ - ੧੭੫)

{ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੇ ਫਾਸਾ ॥੨॥}
(ਅੰਗ - ੧੭੬)

{ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥
ਜਨ ਨਾਨਕ ਹਉਮੈ ਮਾਰਿ ਸਮਾਇਆ ॥੪॥}
(ਅੰਗ - ੧੭੬)

{ਇਨਿ ਬਿਧਿ ਕੁਸਲ ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ ॥੧॥ ਰਹਾਉ ਦੂਜਾ ॥}
(ਅੰਗ - ੧੭੬)

{ਕਿਉ ਭ੍ਰਮੀਐ ਭ੍ਰਮੁ ਕਿਸ ਕਾ ਹੋਈ ॥ ਜਾ ਜਲਿ ਥਲਿ ਮਹੀਅਲਿ ਰਵਿਆ ਸੋਈ ॥
ਗੁਰਮੁਖਿ ਉਬਰੇ ਮਨਮੁਖ ਪਤਿ ਖੋਈ ॥੧॥}
(ਅੰਗ - ੧੭੬)

{ਮਨਮੁਖ ਮੁਏ ਜਿਨ ਦੂਜੀ ਪਿਆਸਾ ॥ ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ ॥}
(ਅੰਗ - ੧੭੬)

{ਜੈਸਾ ਬੀਜਹਿ ਤੈਸਾ ਖਾਸਾ ॥੩॥}
(ਅੰਗ - ੧੭੬)

{ਦੇਖਿ ਦਰਸੁ ਮਨਿ ਭਇਆ ਵਿਗਾਸਾ ॥ ਸਭੁ ਨਦਰੀ ਆਇਆ ਬ੍ਰਹਮੁ ਪਰਗਾਸਾ ॥
ਜਨ ਨਾਨਕ ਕੀ ਹਰਿ ਪੂਰਨ ਆਸਾ ॥੪॥੨॥੭੧॥}
(ਅੰਗ - ੧੭੬)

{ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥}

(ਅੰਗ - ੧੭੬)

{ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥}

(ਅੰਗ - ੧੭੬)

{ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥}

(ਅੰਗ - ੧੭੬)

{ਫਲ ਪਾਵਹਿ ਮਿਟੈ ਜਮ ਤ੍ਰਾਸ ॥ ਨਿਤ ਗਾਵਹਿ ਹਰਿ ਹਰਿ ਗੁਣ ਜਾਸ ॥੧॥}

(ਅੰਗ - ੧੭੬)

{ਹਰਿ ਹਰਿ ਨਾਮੁ ਅੰਤਰਿ ਉਰਿ ਧਾਰਿ ॥ ਸੀਘਰ ਕਾਰਜੁ ਲੇਹੁ ਸਵਾਰਿ ॥੧॥ ਰਹਾਉ ॥}

(ਅੰਗ - ੧੭੬)

{ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ ॥ ਤਾ ਤੂੰ ਦਰਗਹ ਪਾਵਹਿ ਮਾਨੁ ॥}

(ਅੰਗ - ੧੭੬)

{ਉਕਤਿ ਸਿਆਣਪ ਸਗਲੀ ਤਿਆਗੁ ॥ ਸੰਤ ਜਨਾ ਕੀ ਚਰਣੀ ਲਾਗੁ ॥੨॥}
(ਅੰਗ - ੧੭੬)

{ਸਦਾ ਨਿਕਟਿ ਕਰਿ ਤਿਸ ਨੋ ਜਾਣੁ ॥ ਪ੍ਰਭ ਕੀ ਆਗਿਆ ਸਤਿ ਕਰਿ ਮਾਨੁ ॥}
(ਅੰਗ - ੧੭੭)

{ਗੁਰ ਕੈ ਬਚਨਿ ਮਿਟਾਵਹੁ ਆਪੁ ॥ ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥੪॥੪॥੭੩॥}
(ਅੰਗ - ੧੭੭)

{ਗੁਰ ਕਾ ਬਚਨੁ ਸਦਾ ਅਬਿਨਾਸੀ ॥ ਗੁਰ ਕੈ ਬਚਨਿ ਕਟੀ ਜਮ ਫਾਸੀ ॥}
(ਅੰਗ - ੧੭੭)

{ਗੁਰ ਕਾ ਬਚਨੁ ਜੀਅ ਕੈ ਸੰਗਿ ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥੧॥}
(ਅੰਗ - ੧੭੭)

{ਜੋ ਗੁਰਿ ਦੀਆ ਸੁ ਮਨ ਕੈ ਕਾਮਿ ॥ ਸੰਤ ਕਾ ਕੀਆ ਸਤਿ ਕਰਿ ਮਾਨਿ ॥੧॥ ਰਹਾਉ ॥}
(ਅੰਗ - ੧੭੭)

{ਗੁਰ ਕਾ ਬਚਨੁ ਜੀਅ ਕੈ ਸਾਥ ॥ ਗੁਰ ਕਾ ਬਚਨੁ ਅਨਾਥ ਕੋ ਨਾਥ ॥}
(ਅੰਗ - ੧੭੭)

{ਗੁਰ ਕੈ ਬਚਨਿ ਨਰਕਿ ਨ ਪਵੈ ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ ॥੩॥}
(ਅੰਗ - ੧੭੭)

{ਰਮਣੀਆ ਰੇਨੁ ਸਾਧ ਜਨ ਪਾਵਉ ॥ ਗੁਰ ਮਿਲਿ ਅਪੁਨਾ ਖਸਮੁ ਧਿਆਵਉ ॥੧॥ ਰਹਾਉ ॥}
(ਅੰਗ - ੧੭੭)

{ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ ॥ ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ ॥
ਕਹੁ ਨਾਨਕ ਇਸ ਤੇ ਕਿਛੁ ਨਾਹੀ ॥ ਰਾਖਨਹਾਰੇ ਕਉ ਸਾਲਾਹੀ ॥੪॥੬॥੭੫॥}
(ਅੰਗ - ੧੭੭)

{ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨਹਾਰ ॥੧॥}
(ਅੰਗ - ੧੭੭)

{ਤਿਸ ਕੀ ਟੇਕ ਮਨੈ ਮਹਿ ਰਾਖੁ ॥ ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥}
(ਅੰਗ - ੧੭੭ - ੧੭੮)

{ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥੨॥}
(ਅੰਗ - ੧੭੭ - ੧੭੮)

{ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ ॥}
(ਅੰਗ - ੧੭੮)

{ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥}
(ਅੰਗ - ੧੭੮)

{ਜਾ ਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥੪॥੭॥੭੬॥}
(ਅੰਗ - ੧੭੮)

{ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥}
(ਅੰਗ - ੧੭੮)

{ਵਡੈ ਭਾਗਿ ਪਾਇਆ ਸਾਧਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥੧॥}
(ਅੰਗ - ੧੭੮)

{ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥ ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥੧॥ ਰਹਾਉ ॥}

(ਅੰਗ - ੧੭੮)

{ਕਰਿ ਕੀਰਤਨੁ ਮਨ ਸੀਤਲ ਭਏ ॥ ਜਨਮ ਜਨਮ ਕੇ ਕਿਲਵਿਖ ਗਏ ॥}

(ਅੰਗ - ੧੭੮)

{ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣਤਾਸ ॥੩॥}

(ਅੰਗ - ੧੭੮)

{ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥}

(ਅੰਗ - ੧੭੮)

{ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥}

(ਅੰਗ - ੧੭੮)

{ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥}

(ਅੰਗ - ੧੭੮)

{ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥}

(ਅੰਗ - ੧੭੮)

{ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੂਝੈ ਬਿਗਾਨਾ ॥੩॥}

(ਅੰਗ - ੧੭੮)

{ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂ ਨ ਵਿਸਰੈ ਨਾਨਕ ਨਾਮੁ ॥੫॥੯॥੭੯॥}

(ਅੰਗ - ੧੭੮)

{ਉਤਰਿ ਜਾਇ ਤੇਰੇ ਮਨ ਕੀ ਪਿਆਸ ॥ ਪੂਰਨ ਹੋਵੈ ਸਗਲੀ ਆਸ ॥}

(ਅੰਗ - ੧੭੯)

{ਡੋਲੈ ਨਾਹੀ ਤੁਮਰਾ ਚੀਤੁ ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ ॥੩॥}

(ਅੰਗ - ੧੭੯)

{ਨਾਮੁ ਅਉਖਧੁ ਸੋਈ ਜਨੁ ਪਾਵੈ ॥ ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥}

(ਅੰਗ - ੧੭੯)

{ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ ॥ ਦੂਖੁ ਦਰਦੁ ਤਿਹ ਨਾਨਕ ਨਸੈ ॥੪॥੧੦॥੭੯॥}

(ਅੰਗ - ੧੭੯)

{ਬਿਨੁ ਹਰਿ ਭਜਨ ਦੇਖਉ ਬਿਲਲਾਤੇ ॥ ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥੧॥ ਰਹਾਉ ॥}

(ਅੰਗ - ੧੭੯)

{ਜਿਸ ਕਾ ਰਾਜੁ ਤਿਸੈ ਕਾ ਸੁਪਨਾ ॥ ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ ॥
ਆਪਿ ਬਿਨਾਹੇ ਆਪਿ ਕਰੇ ਰਾਸਿ ॥ ਨਾਨਕ ਪ੍ਰਭ ਆਗੈ ਅਰਦਾਸਿ ॥੪॥੧੧॥੮੦॥}

(ਅੰਗ - ੧੭੯)

{ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥}

(ਅੰਗ - ੧੭੯)

{ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ ਰਹਾਉ ॥}

(ਅੰਗ - ੧੭੯)

{ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥੩॥}

(ਅੰਗ - ੧੭੯)

{ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥੪॥}

(ਅੰਗ - ੧੭੯)
{ਜਾ ਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥੧॥ ਰਹਾਉ ਦੂਜਾ ॥੧੨॥੯੧॥}
(ਅੰਗ - ੧੭੯)
{ਜੋ ਭਲਾਈ ਸੋ ਬੁਰਾ ਜਾਨੈ ॥ ਸਾਚੁ ਕਹੈ ਸੋ ਬਿਖੈ ਸਮਾਨੈ ॥
ਜਾਣੈ ਨਾਹੀ ਜੀਤ ਅਰੁ ਹਾਰ ॥ ਇਹੁ ਵਲੇਵਾ ਸਾਕਤ ਸੰਸਾਰ ॥੨॥}
(ਅੰਗ - ੧੮੦)
{ਜੋ ਹਲਾਹਲ ਸੋ ਪੀਵੈ ਬਉਰਾ ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥ ਸਾਧਸੰਗ ਕੈ ਨਾਹੀ ਨੇਰਿ ॥}
(ਅੰਗ - ੧੮੦)
{ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥}
(ਅੰਗ - ੧੮੦)
{ਪ੍ਰਭ ਕਿਰਪਾ ਤੇ ਬੰਧਨ ਛੂਟੈ ॥ ਤਉ ਕਿਰਪਾ ਤੇ ਹਉਮੈ ਤੂਟੈ ॥੧॥}
(ਅੰਗ - ੧੮੦)
{ਤੁਮ ਲਾਵਹੁ ਤਉ ਲਾਗਹ ਸੇਵ ॥ ਹਮ ਤੇ ਕਛੂ ਨ ਹੋਵੈ ਦੇਵ ॥੧॥ ਰਹਾਉ ॥}
(ਅੰਗ - ੧੮੦)
{ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ ॥ ਸਰਬ ਸੁਖਾ ਪਾਵਉ ਸਤਸੰਗਿ ॥}
(ਅੰਗ - ੧੮੦)
{ਨਾਮਿ ਤੇਰੈ ਰਹੈ ਮਨੁ ਰਾਤਾ ॥ ਇਹੁ ਕਲਿਆਣੁ ਨਾਨਕ ਕਰਿ ਜਾਤਾ ॥੪॥੧੪॥੯੩॥}
(ਅੰਗ - ੧੮੦)
{ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥}
(ਅੰਗ - ੧੮੦)
{ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥੧॥}
(ਅੰਗ - ੧੮੦)
{ਅੰਮ੍ਰਿਤੁ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥੧॥ ਰਹਾਉ ॥}
(ਅੰਗ - ੧੮੦)
{ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥}
(ਅੰਗ - ੧੮੧)
{ਕਰਿ ਕਿਰਪਾ ਜਬ ਮੇਲੇ ਸਾਹਿ ॥ ਕਹੁ ਨਾਨਕ ਗੁਰ ਕੈ ਵੇਸਾਹਿ ॥੪॥੧੬॥੯੫॥}
(ਅੰਗ - ੧੮੧)
{ਹਰਿ ਸੰਗਿ ਰਾਤੇ ਮਨ ਤਨ ਹਰੇ ॥ ਗੁਰ ਪੂਰੇ ਕੀ ਸਰਨੀ ਪਰੇ ॥੧॥ ਰਹਾਉ ॥}
(ਅੰਗ - ੧੮੧)
{ਚਰਣ ਕਮਲ ਆਤਮ ਆਧਾਰ ॥ ਏਕੁ ਨਿਹਾਰਹਿ ਆਗਿਆਕਾਰ ॥}
(ਅੰਗ - ੧੮੧)
{ਏਕੋ ਬਨਜੁ ਏਕੋ ਬਿਉਹਾਰੀ ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥੨॥}
(ਅੰਗ - ੧੮੧)
{ਸੰਤਨ ਕੀ ਮਹਿਮਾ ਕਵਨ ਵਖਾਨਉ ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥}
(ਅੰਗ - ੧੮੧)
{ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥੪॥੧੭॥੯੬॥}
(ਅੰਗ - ੧੮੧)

{ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ ਤੁਮਾਰਾ ਗੁਰ ਤੇ ਪਾਇਆ ॥}
(ਅੰਗ - ੧੮੧)

{ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੮॥੯੭॥}
(ਅੰਗ - ੧੮੧)

{ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥}
(ਅੰਗ - ੧੮੨)

{ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥}
(ਅੰਗ - ੧੮੨)

{ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ ਨ ਆਵੈ ਮਾਈ ॥੫॥੧੯॥੯੯॥}
(ਅੰਗ - ੧੮੨)

{ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥}
(ਅੰਗ - ੧੮੨)

{ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥}
(ਅੰਗ - ੧੮੨)

{ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥}
(ਅੰਗ - ੧੮੨)

{ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥੨॥}
(ਅੰਗ - ੧੮੨)

{ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥}
(ਅੰਗ - ੧੮੨)

{ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥}
(ਅੰਗ - ੧੮੨)

{ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥}
(ਅੰਗ - ੧੮੨)

{ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੯੯॥}
(ਅੰਗ - ੧੮੨)

{ਸੰਤ ਸਭਾ ਕਉ ਸਦਾ ਜੈਕਾਰੁ ॥ ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥}
(ਅੰਗ - ੧੮੩)

{ਕਹੁ ਨਾਨਕ ਮੇਰੀ ਸੁਣੀ ਅਰਦਾਸਿ ॥ ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ ॥੪॥੨੧॥੯੦॥}
(ਅੰਗ - ੧੮੩)

{ਸਤਿਗੁਰ ਦਰਸਨਿ ਅਗਨਿ ਨਿਵਾਰੀ ॥ ਸਤਿਗੁਰ ਭੇਟਤ ਹਉਮੈ ਮਾਰੀ ॥}
(ਅੰਗ - ੧੮੩)

{ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥}
(ਅੰਗ - ੧੮੩)

{ਸਭੁ ਜਗੁ ਸਾਚਾ ਜਾ ਸਚ ਮਹਿ ਰਾਤੇ ॥ ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ ॥੧॥ ਰਹਾਉ ॥}
(ਅੰਗ - ੧੮੩)

{ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥ ਸਾਧ ਰੇਣ ਮਜਨ ਸਭਿ ਧਰਮ ॥}

(ਅੰਗ - ੧੮੩)

{ਕਿਰਪਾ ਨਿਧਿ ਕਿਰਪਾਲ ਧਿਆਵਉ ॥ ਸਾਧਸੰਗਿ ਤਾ ਬੈਠਣੁ ਪਾਵਉ ॥}

(ਅੰਗ - ੧੮੩)

{ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ ॥ ਸਾਧਸੰਗਿ ਨਾਨਕ ਨਾਮੁ ਲਇਆ ॥੪॥੨੨॥੯੧॥}

(ਅੰਗ - ੧੮੩)

{ਸਾਧਸੰਗਿ ਜਪਿਓ ਭਗਵੰਤੁ ॥ ਕੇਵਲ ਨਾਮੁ ਦੀਓ ਗੁਰਿ ਮੰਤੁ ॥}

(ਅੰਗ - ੧੮੩)

{ਤਜਿ ਅਭਿਮਾਨ ਭਏ ਨਿਰਵੈਰ ॥ ਆਠ ਪਹਰ ਪੂਜਹੁ ਗੁਰ ਪੈਰ ॥੧॥}

(ਅੰਗ - ੧੮੩)

{ਪੇਖੈ ਬੋਲੈ ਸੁਣੈ ਸਭੁ ਆਪਿ ॥ ਸਦਾ ਸੰਗਿ ਤਾ ਕਉ ਮਨ ਜਾਪਿ ॥}

(ਅੰਗ - ੧੮੩)

{ਸੰਤ ਪ੍ਰਸਾਦਿ ਭਇਓ ਪਰਗਾਸੁ ॥ ਪੂਰਿ ਰਹੇ ਏਕੈ ਗੁਣਤਾਸੁ ॥੩॥}

(ਅੰਗ - ੧੮੩)

{ਬੰਧਨ ਤੋੜਿ ਬੋਲਾਵੈ ਰਾਮੁ ॥ ਮਨ ਮਹਿ ਲਾਗੈ ਸਾਚੁ ਧਿਆਨੁ ॥}

(ਅੰਗ - ੧੮੩)

{ਮਿਟਹਿ ਕਲੇਸ ਸੁਖੀ ਹੋਇ ਰਹੀਐ ॥ ਐਸਾ ਦਾਤਾ ਸਤਿਗੁਰੁ ਕਹੀਐ ॥੧॥}

(ਅੰਗ - ੧੮੩)

{ਆਪੁ ਤਿਆਗਿ ਮਿਟੈ ਆਵਣ ਜਾਣਾ ॥ ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ ॥੨॥}

(ਅੰਗ - ੧੮੩)

{ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥}

(ਅੰਗ - ੧੮੪)

{ਗੁਰਿ ਪੂਰੈ ਮੇਟਿਆ ਅੰਧਿਆਰਾ ॥ ਨਾਨਕ ਕਾ ਪ੍ਰਭੁ ਅਪਰ ਅਪਾਰਾ ॥੪॥੨੪॥੯੩॥}

(ਅੰਗ - ੧੮੪)

{ਕਰਿ ਕਿਰਪਾ ਪ੍ਰਭ ਅੰਤਰਜਾਮੀ ॥ ਸੁਖ ਨਿਧਾਨ ਹਰਿ ਅਲਖ ਸੁਆਮੀ ॥}

(ਅੰਗ - ੧੮੪)

{ਜੀਅ ਜੰਤ ਤੇਰੀ ਸਰਣਾਈ ॥ ਨਾਨਕ ਨਾਮੁ ਮਿਲੈ ਵਡਿਆਈ ॥੪॥੨੫॥੯੪॥}

(ਅੰਗ - ੧੮੪)

{ਆਠ ਪਹਰ ਸਿਮਰਹੁ ਪ੍ਰਭ ਨਾਮੁ ॥ ਅਨਿਕ ਤੀਰਥ ਮਜਨੁ ਇਸਨਾਨੁ ॥}

(ਅੰਗ - ੧੮੪)

{ਪਾਰਬ੍ਰਹਮ ਕੀ ਸਰਣੀ ਪਾਹਿ ॥ ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥੩॥}

(ਅੰਗ - ੧੮੪)

{ਬੇਮੁਹਤਾਜੁ ਪੂਰਾ ਪਾਤਿਸਾਹੁ ॥ ਪ੍ਰਭ ਸੇਵਕ ਸਾਚਾ ਵੇਸਾਹੁ ॥}

(ਅੰਗ - ੧੮੪)

{ਗੁਰਿ ਪੂਰੈ ਰਾਖੇ ਦੇ ਹਾਥ ॥ ਨਾਨਕ ਪਾਰਬ੍ਰਹਮ ਸਮਰਾਥ ॥੪॥੨੬॥੯੫॥}

(ਅੰਗ - ੧੮੪)

{ਗੁਰ ਪਰਸਾਦਿ ਨਾਮਿ ਮਨੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥}

(ਅੰਗ - ੧੮੪ - ੧੮੫)

{ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ ॥ ਪੂਰੇ ਗੁਰ ਕੀ ਸੁਮਤਿ ਪਰਾਣੀ ॥੧॥}

(ਅੰਗ - ੧੮੪ - ੧੮੫)

{ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ ॥ ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ ॥}

(ਅੰਗ - ੧੮੫)

{ਸਾਚਾ ਧਨੁ ਪਾਇਓ ਹਰਿ ਰੰਗਿ ॥ ਦੁਤਰੁ ਤਰੇ ਸਾਧ ਕੈ ਸੰਗਿ ॥੩॥}

(ਅੰਗ - ੧੮੫)

{ਹਸਤ ਪੁਨੀਤ ਹੋਹਿ ਤਤਕਾਲ ॥ ਬਿਨਸਿ ਜਾਹਿ ਮਾਇਆ ਜੰਜਾਲ ॥}

(ਅੰਗ - ੧੮੫)

{ਇਹ ਕਾਰਜਿ ਤੇਰੇ ਜਾਹਿ ਬਿਕਾਰ ॥ ਸਿਮਰਤ ਰਾਮ ਨਾਹੀ ਜਮ ਮਾਰ ॥}

(ਅੰਗ - ੧੮੫)

{ਧਰਮ ਰਾਇ ਕੇ ਦੂਤ ਨ ਜੋਹੈ ॥ ਮਾਇਆ ਮਗਨ ਨ ਕਛੂਐ ਮੋਹੈ ॥੨॥}

(ਅੰਗ - ੧੮੫)

{ਉਧਰਹਿ ਆਪਿ ਤਰੈ ਸੰਸਾਰੁ ॥ ਰਾਮ ਨਾਮ ਜਪਿ ਏਕੰਕਾਰੁ ॥}

(ਅੰਗ - ੧੮੫)

{ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥}

(ਅੰਗ - ੧੮੫)

{ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥੩॥
ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ ॥੪॥੨੯॥੯੮॥}

(ਅੰਗ - ੧੮੫)

{ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥੩॥}

(ਅੰਗ - ੧੮੫)

{ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥ ਧੰਨੁ ਸਤੀ ਦਰਗਹ ਪਰਵਾਨਿਆ ॥੪॥੩੦॥੯੯॥}

(ਅੰਗ - ੧੮੫)

{ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥}

(ਅੰਗ - ੧੮੬)

{ਬੁਰਾ ਭਲਾ ਕੋਈ ਨ ਕਹੀਜੈ ॥ ਛੋਡਿ ਮਾਨੁ ਹਰਿ ਚਰਨ ਗਹੀਜੈ ॥੩॥}

(ਅੰਗ - ੧੮੬)

{ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ ॥ ਸੁਖੁ ਪਾਵਹਿ ਸਾਚੈ ਦਰਬਾਰਿ ॥੪॥੩੨॥੧੦੧॥}

(ਅੰਗ - ੧੮੬)

{ਜਾ ਕਉ ਰਸੁ ਹਰਿ ਰਸੁ ਹੈ ਆਇਓ ॥ ਸੋ ਅਨ ਰਸ ਨਾਹੀ ਲਪਟਾਇਓ ॥੨॥}

(ਅੰਗ - ੧੮੬)

{ਜਾ ਕੈ ਅਚਿੰਤੁ ਵਸੈ ਮਨਿ ਆਇ ॥ ਤਾ ਕਉ ਚਿੰਤਾ ਕਤਹੂੰ ਨਾਹਿ ॥੨॥}

(ਅੰਗ - ੧੮੬)

{ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥}

(ਅੰਗ - ੧੮੬)

{ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ ਮਿਲੈ ਦਇਆਲ ॥੪॥}

(ਅੰਗ - ੧੮੭)

{ਤਿਸ ਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸ ਕੀ ਮਾਨਿ ਲੇਇ ਸੁਖਦਾਤਾ ॥੧॥ ਰਹਾਉ ਦੂਜਾ ॥੩੬॥੧੦੫॥}

(ਅੰਗ - ੧੮੭)
{ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥ ਤਿਸ ਕਾ ਸਭੁ ਕਿਛੁ ਜਿਸ ਕਾ ਹਰਿ ਰਾਇਆ ॥੪॥੩੭॥੧੦੬॥}
(ਅੰਗ - ੧੮੭)
{ਸਤਿਗੁਰ ਅਪੁਨੇ ਕਉ ਕੁਰਬਾਨੀ ॥ ਆਤਮ ਚੀਨਿ ਪਰਮ ਰੰਗ ਮਾਨੀ ॥੧॥ ਰਹਾਉ ॥}
(ਅੰਗ - ੧੮੭)
{ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥}
(ਅੰਗ - ੧੮੭)
{ਹਮ ਦਾਸੇ ਤੁਮ ਠਾਕੁਰ ਮੇਰੇ ॥ ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥੪॥੪੦॥੧੦੯॥}
(ਅੰਗ - ੧੮੭ - ੧੮੮)
{ਜਾ ਕਉ ਤੁਮ ਭਏ ਸਮਰਥ ਅੰਗਾ ॥ ਤਾ ਕਉ ਕਛੁ ਨਾਹੀ ਕਾਲੰਗਾ ॥੧॥}
(ਅੰਗ - ੧੮੮)
{ਜਾ ਕੈ ਹਿਰਦੈ ਠਾਕੁਰੁ ਹੋਇ ॥ ਤਾ ਕਉ ਸਹਸਾ ਨਾਹੀ ਕੋਇ ॥੨॥}
(ਅੰਗ - ੧੮੮)
{ਕਹੁ ਨਾਨਕ ਮੈ ਸੋ ਗੁਰੁ ਪਾਇਆ ॥ ਪਾਰਬ੍ਰਹਮ ਪੂਰਨ ਦੇਖਾਇਆ ॥੪॥੪੧॥੧੧੦॥}
(ਅੰਗ - ੧੮੮)
{ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ਕੇਵਲ ਨਾਮੁ ਰਿਦ ਮਾਹਿ ਸਮਾਇਆ ॥੪॥੪੨॥੧੧੧॥}
(ਅੰਗ - ੧੮੮)
{ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥੩॥
ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥੪॥੪੩॥੧੧੨॥}
(ਅੰਗ - ੧੮੮)
{ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥}
(ਅੰਗ - ੧੮੮)
{ਕਉਨ ਵਡਾ ਮਾਇਆ ਵਡਿਆਈ ॥ ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ ਰਹਾਉ ॥}
(ਅੰਗ - ੧੮੮)
{ਭੂਮੀਆ ਭੂਮਿ ਊਪਰਿ ਨਿਤ ਲੁਝੈ ॥ ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥੨॥}
(ਅੰਗ - ੧੮੮)
{ਕਹੁ ਨਾਨਕ ਇਹੁ ਤਤੁ ਬੀਚਾਰਾ ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥੩॥੪੪॥੧੧੩॥}
(ਅੰਗ - ੧੮੮)
{ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥੧॥}
(ਅੰਗ - ੧੮੮)
{ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੧॥ ਰਹਾਉ ॥}
(ਅੰਗ - ੧੮੮)
{ਪੂਰਾ ਸੁਖੁ ਪੂਰਾ ਸੰਤੋਖੁ ॥ ਪੂਰਾ ਤਪੁ ਪੂਰਨ ਰਾਜੁ ਜੋਗੁ ॥੨॥}
(ਅੰਗ - ੧੮੮)
{ਹਰਿ ਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥੩॥}
(ਅੰਗ - ੧੮੮)
{ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥੪॥੪੫॥੧੧੪॥}
(ਅੰਗ - ੧੮੮)

{ਸੰਤ ਕੀ ਧੂਰਿ ਮਿਟੇ ਅਘ ਕੋਟ ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥੧॥}
(ਅੰਗ - ੧੮੮ - ੧੮੯)

{ਸੰਤ ਕਾ ਦਰਸੁ ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ ਜਪੀਐ ਨਾਮੁ ॥੧॥ ਰਹਾਉ ॥}
(ਅੰਗ - ੧੮੯)

{ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥ ਦ੍ਰਿਸਟਿ ਆਵੈ ਸਭੁ ਏਕੰਕਾਰੁ ॥੨॥}
(ਅੰਗ - ੧੮੯)

{ਸੰਤ ਸੁਪ੍ਰਸੰਨ ਆਏ ਵਸਿ ਪੰਚਾ ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥੩॥}
(ਅੰਗ - ੧੮੯)

{ਕਹੁ ਨਾਨਕ ਜਾ ਕਾ ਪੂਰਾ ਕਰਮ ॥ ਤਿਸੁ ਭੇਟੇ ਸਾਧੂ ਕੇ ਚਰਨ ॥੪॥੪੬॥੧੧੫॥}
(ਅੰਗ - ੧੮੯)

{ਹਰਿ ਗੁਣ ਜਪਤ ਕਮਲੁ ਪਰਗਾਸੈ ॥ ਹਰਿ ਸਿਮਰਤ ਤ੍ਰਾਸ ਸਭ ਨਾਸੈ ॥੧॥}
(ਅੰਗ - ੧੮੯)

{ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ ॥ ਵਡੈ ਭਾਗਿ ਸਾਧੂ ਸੰਗੁ ਪਾਵੈ ॥੧॥ ਰਹਾਉ ॥}
(ਅੰਗ - ੧੮੯)

{ਸਾਧਸੰਗਿ ਪਾਈਐ ਨਿਧਿ ਨਾਮਾ ॥ ਸਾਧਸੰਗਿ ਪੂਰਨ ਸਭਿ ਕਾਮਾ ॥੨॥}
(ਅੰਗ - ੧੮੯)

{ਹਰਿ ਕੀ ਭਗਤਿ ਜਨਮੁ ਪਰਵਾਣੁ ॥ ਗੁਰ ਕਿਰਪਾ ਤੇ ਨਾਮੁ ਵਖਾਣੁ ॥੩॥}
(ਅੰਗ - ੧੮੯)

{ਕਹੁ ਨਾਨਕ ਸੋ ਜਨੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥੪॥੪੭॥੧੧੬॥}
(ਅੰਗ - ੧੮੯)

{ਏਕਸੁ ਸਿਉ ਜਾ ਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ ॥੧॥}
(ਅੰਗ - ੧੮੯)

{ਬਿਨੁ ਗੋਬਿੰਦ ਨ ਦੀਸੈ ਕੋਈ ॥ ਕਰਨ ਕਰਾਵਨ ਕਰਤਾ ਸੋਈ ॥੧॥ ਰਹਾਉ ॥}
(ਅੰਗ - ੧੮੯)

{ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥੨॥}
(ਅੰਗ - ੧੮੯)

{ਜਾ ਕੈ ਹਰਿ ਧਨੁ ਸੋ ਸਚ ਸਾਹੁ ॥ ਗੁਰਿ ਪੂਰੈ ਕਰਿ ਦੀਨੋ ਵਿਸਾਹੁ ॥੩॥}
(ਅੰਗ - ੧੮੯)

{ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥ ਕਹੁ ਨਾਨਕ ਪਰਮ ਪਦੁ ਪਾਇਆ ॥੪॥੪੮॥੧੧੭॥}
(ਅੰਗ - ੧੮੯)

{ਨਾਮੁ ਭਗਤ ਕੈ ਪ੍ਰਾਨ ਅਧਾਰੁ ॥ ਨਾਮੋ ਧਨੁ ਨਾਮੋ ਬਿਉਹਾਰੁ ॥੧॥}
(ਅੰਗ - ੧੮੯)

{ਨਾਮੁ ਭਗਤ ਕੈ ਸੁਖ ਅਸਥਾਨੁ ॥ ਨਾਮ ਰਤੁ ਸੋ ਭਗਤੁ ਪਰਵਾਨੁ ॥੨॥}
(ਅੰਗ - ੧੮੯)

{ਕਹੁ ਨਾਨਕ ਜਿਸੁ ਪੂਰਾ ਭਾਗੁ ॥ ਨਾਮ ਸੰਗਿ ਤਾ ਕਾ ਮਨੁ ਲਾਗੁ ॥੪॥੪੯॥੧੧੮॥}
(ਅੰਗ - ੧੮੯)

{ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ॥ ਤਬ ਤੇ ਧਾਵਤੁ ਮਨੁ ਤ੍ਰਿਪਤਾਇਆ ॥੧॥}
(ਅੰਗ - ੧੮੯)

{ਸੁਖ ਬਿਸ੍ਰਾਮੁ ਪਾਇਆ ਗੁਣ ਗਾਇ ॥ ਸ੍ਰਮੁ ਮਿਟਿਆ ਮੇਰੀ ਹਤੀ ਬਲਾਇ ॥੧॥ ਰਹਾਉ ॥}
(ਅੰਗ - ੧੮੯)

{ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥}
(ਅੰਗ - ੧੮੯)

{ਸਭ ਤਜਿ ਅਨਾਥੁ ਏਕ ਸਰਣਿ ਆਇਓ ॥ ਊਚ ਅਸਥਾਨੁ ਤਬ ਸਹਜੇ ਪਾਇਓ ॥੩॥}
(ਅੰਗ - ੧੮੯)

{ਦੂਖੁ ਦਰਦੁ ਭਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥੪॥੫੦॥੧੧੯॥}
(ਅੰਗ - ੧੮੯)

{ਚਰਣ ਕਮਲ ਠਾਕੁਰ ਉਰਿ ਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥}
(ਅੰਗ - ੧੯੦)

{ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥੧॥ ਰਹਾਉ ॥}
(ਅੰਗ - ੧੯੦)

{ਹਰਿ ਕੀ ਟਹਲ ਕਰਤ ਜਨੁ ਸੋਹੈ ॥ ਤਾ ਕਉ ਮਾਇਆ ਅਗਨਿ ਨ ਪੋਹੈ ॥੩॥}
(ਅੰਗ - ੧੯੦)

{ਮਨਿ ਤਨਿ ਮੁਖਿ ਹਰਿ ਨਾਮੁ ਦਇਆਲ ॥ ਨਾਨਕ ਤਜੀਅਲੇ ਅਵਰਿ ਜੰਜਾਲ ॥੪॥੫੨॥੧੨੧॥}
(ਅੰਗ - ੧੯੦)

{ਛਾਡਿ ਸਿਆਨਪ ਬਹੁ ਚਤੁਰਾਈ ॥ ਗੁਰ ਪੂਰੇ ਕੀ ਟੇਕ ਟਿਕਾਈ ॥੧॥}
(ਅੰਗ - ੧੯੦)

{ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥ ਗੁਰੁ ਪੂਰਾ ਭੇਟਿਆ ਲਿਵ ਲਾਇ ॥੧॥ ਰਹਾਉ ॥}
(ਅੰਗ - ੧੯੦)

{ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ ਉਤਰੀ ਚਿੰਤ ॥੨॥}
(ਅੰਗ - ੧੯੦)

{ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥੩॥}
(ਅੰਗ - ੧੯੦)

{ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾ ਤੇ ਬਹੁਰਿ ਨ ਬਿਆਪੈ ਮਾਇਆ ॥੪॥੫੩॥੧੨੨॥}
(ਅੰਗ - ੧੯੦)

{ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥੨॥}
(ਅੰਗ - ੧੯੦)

{ਅਨਿਕ ਰਸਾ ਖਾਏ ਜੈਸੇ ਢੋਰ ॥ ਮੋਹ ਕੀ ਜੇਵਰੀ ਬਾਧਿਓ ਚੋਰ ॥੧॥}
(ਅੰਗ - ੧੯੦)

{ਕਲਿ ਕਲੇਸ ਗੁਰ ਸਬਦਿ ਨਿਵਾਰੇ ॥ ਆਵਣ ਜਾਣ ਰਹੇ ਸੁਖ ਸਾਰੇ ॥੧॥}
(ਅੰਗ - ੧੯੧)

{ਭੈ ਬਿਨਸੇ ਨਿਰਭਉ ਹਰਿ ਧਿਆਇਆ ॥ ਸਾਧਸੰਗਿ ਹਰਿ ਕੇ ਗੁਣ ਗਾਇਆ ॥੧॥ ਰਹਾਉ ॥}
(ਅੰਗ - ੧੯੧)

{ਬੂਡਤ ਜਾਤ ਪੂਰੈ ਗੁਰਿ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥੩॥}
(ਅੰਗ - ੧੯੧)

{ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ ਗਤਿ ਭਈ ਹਮਾਰੀ ॥੪॥੫੬॥੧੨੫॥}
(ਅੰਗ - ੧੯੧)

{ਸਾਧਸੰਗਿ ਤਾ ਕੀ ਸਰਨੀ ਪਰਹੁ ॥ ਮਨੁ ਤਨੁ ਅਪਨਾ ਆਗੈ ਧਰਹੁ ॥੧॥}
(ਅੰਗ - ੧੯੧)

{ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥੧॥ ਰਹਾਉ ॥}
(ਅੰਗ - ੧੯੧)

{ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥ ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥੨॥}
(ਅੰਗ - ੧੯੧)

{ਮਿਟਿ ਗਈ ਚਿੰਤ ਪੁਨੀ ਮਨ ਆਸਾ ॥ ਕਰੀ ਦਇਆ ਸਤਿਗੁਰਿ ਗੁਣਤਾਸਾ ॥੨॥}
(ਅੰਗ - ੧੯੧)

{ਦੁਖ ਨਾਠੇ ਸੁਖ ਆਇ ਸਮਾਏ ॥ ਢੀਲ ਨ ਪਰੀ ਜਾ ਗੁਰਿ ਫੁਰਮਾਏ ॥੩॥}
(ਅੰਗ - ੧੯੧)

{ਤਾਪ ਗਏ ਪਾਈ ਪ੍ਰਭਿ ਸਾਂਤਿ ॥ ਸੀਤਲ ਭਏ ਕੀਨੀ ਪ੍ਰਭ ਦਾਤਿ ॥੧॥}
(ਅੰਗ - ੧੯੧)

{ਸਹਜਿ ਸੁਭਾਇ ਬੋਲੈ ਹਰਿ ਬਾਣੀ ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥੩॥}
(ਅੰਗ - ੧੯੧)

{ਭਲੇ ਦਿਨਸ ਭਲੇ ਸੰਜੋਗ ॥ ਜਿਤੁ ਭੇਟੇ ਪਾਰਬ੍ਰਹਮ ਨਿਰਜੋਗ ॥੧॥}
(ਅੰਗ - ੧੯੧)

{ਓਹ ਬੇਲਾ ਕਉ ਹਉ ਬਲਿ ਜਾਉ ॥ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥੧॥ ਰਹਾਉ ॥}
(ਅੰਗ - ੧੯੧)

{ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥ ਚਰਣ ਪੁਨੀਤ ਚਲਹਿ ਹਰਿ ਮਾਰਗਿ ॥੩॥}
(ਅੰਗ - ੧੯੧)

{ਕਹੁ ਨਾਨਕ ਭਲਾ ਮੇਰਾ ਕਰਮ ॥ ਜਿਤੁ ਭੇਟੇ ਸਾਧੂ ਕੇ ਚਰਨ ॥੪॥੬੦॥੧੨੬॥}
(ਅੰਗ - ੧੯੧)

{ਗੁਰ ਕਾ ਸਬਦੁ ਰਾਖੁ ਮਨ ਮਾਹਿ ॥ ਨਾਮੁ ਸਿਮਰਿ ਚਿੰਤਾ ਸਭ ਜਾਹਿ ॥੧॥}
(ਅੰਗ - ੧੯੧)

{ਬਿਨੁ ਭਗਵੰਤ ਨਾਹੀ ਅਨ ਕੋਇ ॥ ਮਾਰੈ ਰਾਖੈ ਏਕੋ ਸੋਇ ॥੧॥ ਰਹਾਉ ॥}
(ਅੰਗ - ੧੯੨)

{ਸਗਲ ਤਿਆਗਿ ਗੁਰ ਸਰਣੀ ਆਇਆ ॥ ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥੪॥੬੧॥੧੩੦॥}
(ਅੰਗ - ੧੯੨)

{ਜਿਸੁ ਸਿਮਰਤ ਦੂਖੁ ਸਭੁ ਜਾਇ ॥ ਨਾਮੁ ਰਤਨੁ ਵਸੈ ਮਨਿ ਆਇ ॥੧॥}
(ਅੰਗ - ੧੯੨)

{ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ ਸਾਧੂ ਜਨ ਰਾਮੁ ਰਸਨ ਵਖਾਣੀ ॥੧॥ ਰਹਾਉ ॥}
(ਅੰਗ - ੧੯੨)

{ਇਕਸੁ ਬਿਨੁ ਨਾਹੀ ਦੂਜਾ ਕੋਇ ॥ ਜਾ ਕੀ ਦ੍ਰਿਸਟਿ ਸਦਾ ਸੁਖੁ ਹੋਇ ॥੨॥}
(ਅੰਗ - ੧੯੨)

{ਸਾਜਨੁ ਮੀਤੁ ਸਖਾ ਕਰਿ ਏਕੁ ॥ ਹਰਿ ਹਰਿ ਅਖਰ ਮਨ ਮਹਿ ਲੇਖੁ ॥੩॥}
(ਅੰਗ - ੧੯੨)

{ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥ ਸੇ ਸੀਤਲ ਜਿਨ ਸਤਿਗੁਰੁ ਪਾਇਆ ॥੩॥}
(ਅੰਗ - ੧੯੨)

{ਰਾਖਿ ਲੇਇ ਪ੍ਰਭੁ ਰਾਖਨਹਾਰਾ ॥ ਕਹੁ ਨਾਨਕ ਕਿਆ ਜੰਤ ਵਿਚਾਰਾ ॥੪॥੬੩॥੧੩੨॥}
(ਅੰਗ - ੧੯੨)

{ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥੧॥}
(ਅੰਗ - ੧੯੨)

{ਤੁਝ ਬਿਨੁ ਪਾਰਬ੍ਰਹਮ ਨਹੀ ਕੋਇ ॥ ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ ॥੧॥ ਰਹਾਉ ॥}
(ਅੰਗ - ੧੯੨)

{ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ ॥ ਨਾਨਕ ਨਾਮੁ ਮਿਲੈ ਸਚੁ ਰਾਸਿ ॥੪॥੬੪॥੧੩੩॥}
(ਅੰਗ - ੧੯੨)

{ਨਾਮੁ ਬਿਸਾਰਿ ਲਗੈ ਅਨ ਸੁਆਇ ॥ ਤਾ ਕੀ ਆਸ ਨ ਪੂਜੈ ਕਾਇ ॥੩॥}
(ਅੰਗ - ੧੯੨)

{ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥ ਨਾਨਕ ਨਾਮੁ ਜਪੈ ਦਿਨ ਰਾਤਿ ॥੪॥੬੫॥੧੩੪॥}
(ਅੰਗ - ੧੯੨)

{ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਚਿ ਸਮਾਣਾ ॥੩॥}
(ਅੰਗ - ੧੯੩)

{ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥ ਨਾਨਕ ਸਿਮਰੈ ਨਾਮੁ ਨਿਧਾਨੁ ॥੪॥੬੬॥੧੩੫॥}
(ਅੰਗ - ੧੯੩)

{ਸਰਬ ਨਿਧਾਨ ਰਾਖੇ ਜਨ ਮਾਹਿ ॥ ਤਾ ਕੈ ਸੰਗਿ ਕਿਲਵਿਖ ਦੁਖ ਜਾਹਿ ॥੨॥}
(ਅੰਗ - ੧੯੩)

{ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ ॥ ਦਾਸ ਕੀ ਧੂਰਿ ਨਾਨਕ ਕਉ ਦੀਜੈ ॥੪॥੬੭॥੧੩੬॥}
(ਅੰਗ - ੧੯੩)

{ਹਰਿ ਸਿਮਰਤ ਤੇਰੀ ਜਾਇ ਬਲਾਇ ॥ ਸਰਬ ਕਲਿਆਣ ਵਸੈ ਮਨਿ ਆਇ ॥੧॥}
(ਅੰਗ - ੧੯੩)

{ਭਜੁ ਮਨ ਮੇਰੇ ਏਕੋ ਨਾਮ ॥ ਜੀਅ ਤੇਰੇ ਕੈ ਆਵੈ ਕਾਮ ॥੧॥ ਰਹਾਉ ॥}
(ਅੰਗ - ੧੯੩)

{ਛੋਡਿ ਉਪਾਵ ਏਕ ਟੇਕ ਰਾਖੁ ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੨॥}
(ਅੰਗ - ੧੯੩)

{ਬਿਖਮ ਸਾਗਰੁ ਤੇਈ ਜਨ ਤਰੇ ॥ ਨਾਨਕ ਜਾ ਕਉ ਨਦਰਿ ਕਰੇ ॥੪॥੬੮॥੧੩੭॥}
(ਅੰਗ - ੧੯੩)

{ਹਿਰਦੈ ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥}
(ਅੰਗ - ੧੯੩)

{ਗੋਵਿੰਦ ਗੁਣ ਗਾਵਹੁ ਮੇਰੇ ਭਾਈ ॥ ਮਿਲਿ ਸਾਧੂ ਹਰਿ ਨਾਮੁ ਧਿਆਈ ॥੧॥ ਰਹਾਉ ॥}
(ਅੰਗ - ੧੯੩)

{ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧਸੰਗਿ ਭੈ ਭਰਮ ਮਿਟਾਇਆ ॥੨॥}
(ਅੰਗ - ੧੯੩)

{ਜਤ ਕਤ ਦੇਖਉ ਤਤ ਰਹਿਆ ਸਮਾਇ ॥ ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥}
(ਅੰਗ - ੧੯੩)

{ਸਫਲ ਜਨਮੁ ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥੩॥}
(ਅੰਗ - ੧੯੩)

{ਸੰਤ ਧੂਰਿ ਪਾਈਐ ਵਡਭਾਗੀ ॥ ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥੪॥੭੦॥੧੩੯॥}
(ਅੰਗ - ੧੯੩)

{ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥੧॥}
(ਅੰਗ - ੧੯੪)

{ਰਾਮੁ ਰਮੈ ਸੋਈ ਰਾਮਾਣਾ ॥ ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ ਰਹਾਉ ॥}
(ਅੰਗ - ੧੯੪)

{ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥੨॥}
(ਅੰਗ - ੧੯੪)

{ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥}
(ਅੰਗ - ੧੯੪)

{ਰਾਮ ਰੰਗੁ ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥}
(ਅੰਗ - ੧੯੪)

{ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ ਰਹਾਉ ॥}
(ਅੰਗ - ੧੯੪)

{ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ ਆਨ ਰੰਗ ਫੀਕੇ ਸਭ ਮਾਇਆ ॥੩॥}
(ਅੰਗ - ੧੯੪)

{ਗੁਰਿ ਰੰਗੇ ਸੇ ਭਏ ਨਿਹਾਲ ॥ ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥}
(ਅੰਗ - ੧੯੪)

{ਸਿਮਰਤ ਸੁਆਮੀ ਕਿਲਵਿਖ ਨਾਸੇ ॥ ਸੂਖ ਸਹਜ ਆਨੰਦ ਨਿਵਾਸੇ ॥੧॥}
(ਅੰਗ - ੧੯੪)

{ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ ਰਹਾਉ ॥}
(ਅੰਗ - ੧੯੪)

{ਸਾਧਸੰਗਿ ਕਛੁ ਭਉ ਨ ਭਰਾਤੀ ॥ ਗੁਣ ਗੋਪਾਲ ਗਾਈਅਹਿ ਦਿਨੁ ਰਾਤੀ ॥੨॥}
(ਅੰਗ - ੧੯੪)

{ਕਹੁ ਨਾਨਕ ਮਨਿ ਭਈ ਪਰਤੀਤਿ ॥ ਨਿਰਮਲ ਜਸੁ ਪੀਵਹਿ ਜਨ ਨੀਤਿ ॥੪॥੭੩॥੧੪੨॥}
(ਅੰਗ - ੧੯੪)

{ਹਰਿ ਚਰਣੀ ਜਾ ਕਾ ਮਨੁ ਲਾਗਾ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥}
(ਅੰਗ - ੧੯੪)

{ਹਰਿ ਧਨ ਕੋ ਵਾਪਾਰੀ ਪੂਰਾ ॥ ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ ਰਹਾਉ ॥}
(ਅੰਗ - ੧੯੪)

{ਸੂਖ ਸਹਜ ਸਾਂਤਿ ਆਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੩॥}
(ਅੰਗ - ੧੯੪)

{ਨਾਮ ਰਾਸਿ ਸਾਧ ਸੰਗਿ ਖਾਟੀ ॥ ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥੪॥੭੪॥੧੪੩॥}
(ਅੰਗ - ੧੯੪)

{ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥}
(ਅੰਗ - ੧੯੪)

{ਕਾਮ ਕ੍ਰੋਧ ਲੋਭ ਮਦ ਖੋਏ ॥ ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥}
(ਅੰਗ - ੧੯੪)

{ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੪॥}
(ਅੰਗ - ੧੯੪)

{ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥ ਕਉਡੀ ਬਦਲੇ ਰਤਨੁ ਤਿਆਗਹਿ ॥੧॥ ਰਹਾਉ ॥}
(ਅੰਗ - ੧੯੫)

{ਪ੍ਰਭੂ ਤਿਆਗਿ ਲਾਗਤ ਅਨ ਲੋਭਾ ॥ ਦਾਸਿ ਸਲਾਮੁ ਕਰਤ ਕਤ ਸੋਭਾ ॥੨॥}
(ਅੰਗ - ੧੯੫)

{ਕਹੁ ਨਾਨਕ ਹਮ ਲੂਣ ਹਰਾਮੀ ॥ ਬਖਸਿ ਲੇਹੁ ਪ੍ਰਭ ਅੰਤਰਜਾਮੀ ॥੪॥੭੬॥੧੪੫॥}
(ਅੰਗ - ੧੯੫)

{ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ ਸਗਲ ਤੀਰਥ ਮਜਨ ਇਸਨਾਨੁ ॥੧॥}
(ਅੰਗ - ੧੯੫)

{ਹਰਿ ਕੀ ਕਥਾ ਰਿਦ ਮਾਹਿ ਬਸਾਈ ॥ ਮਨ ਬਾਂਛਤ ਸਗਲੇ ਫਲ ਪਾਈ ॥੨॥}
(ਅੰਗ - ੧੯੫)

{ਜੀਵਨ ਮਰਣੁ ਜਨਮੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥੩॥}
(ਅੰਗ - ੧੯੫)

{ਕਹੁ ਨਾਨਕ ਸੇਈ ਜਨ ਪੂਰੇ ॥ ਜਿਨਾ ਪਰਾਪਤਿ ਸਾਧੂ ਧੂਰੇ ॥੪॥੭੭॥੧੪੬॥}
(ਅੰਗ - ੧੯੫)

{ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥}
(ਅੰਗ - ੧੯੫)

{ਬਧੇ ਬਿਕਾਰ ਲਿਖੇ ਬਹੁ ਕਾਗਰ ॥ ਨਾਨਕ ਉਧਰੁ ਕ੍ਰਿਪਾ ਸੁਖ ਸਾਗਰ ॥੪॥}
(ਅੰਗ - ੧੯੫)

{ਪਾਰਬ੍ਰਹਮ ਤੇਰੀ ਸਰਣਾਇ ॥ ਬੰਧਨ ਕਾਟਿ ਤਰੈ ਹਰਿ ਨਾਇ ॥੧॥ ਰਹਾਉ ਦੂਜਾ ॥੭੮॥੧੪੭॥}
(ਅੰਗ - ੧੯੫)

{ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥}
(ਅੰਗ - ੧੯੫)

{ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥੧॥ ਰਹਾਉ ॥}
(ਅੰਗ - ੧੯੫)

{ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥੩॥}
(ਅੰਗ - ੧੯੫)

{ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ ॥ ਜਪਿ ਹਰਿ ਚਰਣ ਮਿਟੀ ਖੁਧਿ ਤਾਸੁ ॥੧॥ ਰਹਾਉ ॥}
(ਅੰਗ - ੧੯੫)

{ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥}
(ਅੰਗ - ੧੯੫)

{ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥ ਇਹ ਆਸਰ ਪੂਰਨ ਭਏ ਕਾਮ ॥੨॥}
(ਅੰਗ - ੧੯੬)

{ਮਾਨ ਮੋਹ ਖੋਏ ਗੁਰਿ ਭਰਮ ॥ ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੮੧॥੧੫੦॥}
(ਅੰਗ - ੧੯੬)

{ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥੩॥}
(ਅੰਗ - ੧੯੬)

{ਆਠ ਪਹਰ ਸੰਗੀ ਬਟਵਾਰੇ ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥}

(ਅੰਗ - ੧੯੬)

{ਐਸਾ ਹਰਿ ਰਸੁ ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥}

(ਅੰਗ - ੧੯੬)

{ਅਨਿਕ ਬੰਧਨ ਤੋਰੇ ਨਹੀ ਜਾਹਿ ॥ ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥}

(ਅੰਗ - ੧੯੬)

{ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥}

(ਅੰਗ - ੧੯੬)

{ਵਡਭਾਗੀ ਹਰਿ ਕੀਰਤਨੁ ਗਾਈਐ ॥ ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ ਰਹਾਉ ॥}

(ਅੰਗ - ੧੯੬)

{ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ ॥ ਨਾਨਕ ਦਰਗਹ ਪਾਈਐ ਮਾਨੁ ॥੪॥੮੪॥੧੫੩॥}

(ਅੰਗ - ੧੯੬)

{ਜਲਿ ਥਲਿ ਮਹੀਅਲਿ ਪੂਰਨ ਹਰਿ ਮੀਤ ॥ ਭ੍ਰਮ ਬਿਨਸੇ ਗਾਏ ਗੁਣ ਨੀਤ ॥੧॥}

(ਅੰਗ - ੧੯੬)

{ਊਠਤ ਸੋਵਤ ਹਰਿ ਸੰਗਿ ਪਹਰੂਆ ॥ ਜਾ ਕੈ ਸਿਮਰਣਿ ਜਮ ਨਹੀ ਡਰੂਆ ॥੧॥ ਰਹਾਉ ॥}

(ਅੰਗ - ੧੯੬)

{ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸੁ ॥੨॥}

(ਅੰਗ - ੧੯੬)

{ਆਸਾ ਮਾਣੁ ਤਾਣੁ ਧਨੁ ਏਕ ॥ ਸਾਚੇ ਸਾਹ ਕੀ ਮਨ ਮਹਿ ਟੇਕ ॥੩॥}

(ਅੰਗ - ੧੯੬)

{ਮਹਾ ਗਰੀਬ ਜਨ ਸਾਧ ਅਨਾਥ ॥ ਨਾਨਕ ਪ੍ਰਭਿ ਰਾਖੇ ਦੇ ਹਾਥ ॥੪॥੮੫॥੧੫੪॥}

(ਅੰਗ - ੧੯੬)

{ਮਨ ਬਚ ਕ੍ਰਮ ਗੋਵਿੰਦ ਅਧਾਰੁ ॥ ਤਾ ਤੇ ਛੁਟਿਓ ਬਿਖੁ ਸੰਸਾਰੁ ॥੩॥}
(ਅੰਗ - ੧੯੭)

{ਕਰਿ ਕਿਰਪਾ ਪ੍ਰਭਿ ਕੀਨੋ ਅਪਨਾ ॥ ਨਾਨਕ ਜਾਪੁ ਜਪੇ ਹਰਿ ਜਪਨਾ ॥੪॥੯੬॥੧੫੫॥}
(ਅੰਗ - ੧੯੭)

{ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥ ਕੋਟਿ ਗ੍ਰਹਣ ਪੁੰਨ ਫਲ ਮੂਚੇ ॥੧॥ ਰਹਾਉ ॥}
(ਅੰਗ - ੧੯੭)

{ਹਰਿ ਕੇ ਚਰਣ ਰਿਦੇ ਮਹਿ ਬਸੇ ॥ ਜਨਮ ਜਨਮ ਕੇ ਕਿਲਵਿਖ ਨਸੇ ॥੧॥}
(ਅੰਗ - ੧੯੭)

{ਸਾਧਸੰਗਿ ਕੀਰਤਨ ਫਲੁ ਪਾਇਆ ॥ ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥੨॥}
(ਅੰਗ - ੧੯੭)

{ਮੀਤੁ ਸਾਜਨੁ ਸਖਾ ਪ੍ਰਭੁ ਏਕ ॥ ਨਾਮੁ ਸੁਆਮੀ ਕਾ ਨਾਨਕ ਟੇਕ ॥੪॥੯੭॥੧੫੬॥}
(ਅੰਗ - ੧੯੭)

{ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥੩॥}
(ਅੰਗ - ੧੯੭)

{ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥ ਕੁਸਲ ਖੇਮ ਪ੍ਰਭਿ ਆਪਿ ਬਸਾਏ ॥੧॥ ਰਹਾਉ ॥}
(ਅੰਗ - ੧੯੭)

{ਸੋ ਵਡਭਾਗੀ ਨਿਹਚਲ ਥਾਨੁ ॥ ਜਹ ਜਪੀਐ ਪ੍ਰਭ ਕੇਵਲ ਨਾਮੁ ॥੩॥}
(ਅੰਗ - ੧੯੭)

{ਸਾਧੂ ਸੰਗਿ ਸਿਮਰਿ ਗੋਪਾਲ ॥ ਬਿਨੁ ਨਾਵੈ ਝੂਠਾ ਧਨੁ ਮਾਲੁ ॥੧॥ ਰਹਾਉ ॥}
(ਅੰਗ - ੧੯੭)

{ਰੂਪਵੰਤੁ ਸੋ ਚਤੁਰੁ ਸਿਆਣਾ ॥ ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥੨॥}
(ਅੰਗ - ੧੯੮)

{ਜਗ ਮਹਿ ਆਇਆ ਸੋ ਪਰਵਾਣੁ ॥ ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥}
(ਅੰਗ - ੧੯੮)

{ਕਹੁ ਨਾਨਕ ਜਾ ਕੇ ਪੂਰਨ ਭਾਗ ॥ ਹਰਿ ਚਰਣੀ ਤਾ ਕਾ ਮਨੁ ਲਾਗ ॥੪॥੯੦॥੧੫੯॥}
(ਅੰਗ - ੧੯੮)

{ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ ਰਹਾਉ ॥}
(ਅੰਗ - ੧੯੮)

{ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥ ਰਾਮ ਰੰਗਿ ਨਿਰਮਲ ਪਰਤਾਪੁ ॥੨॥}
(ਅੰਗ - ੧੯੮)

{ਸਾਧਸੰਗਿ ਮਿਟਿ ਜਾਤ ਬਿਕਾਰ ॥ ਸਭ ਤੇ ਊਚ ਏਹੋ ਉਪਕਾਰ ॥੩॥}
(ਅੰਗ - ੧੯੮)

{ਲੋਭੀ ਅਨਦੁ ਕਰੈ ਪੇਖਿ ਧਨਾ ॥ ਜਨ ਚਰਨ ਕਮਲ ਸਿਉ ਲਾਗੋ ਮਨਾ ॥੩॥}
(ਅੰਗ - ੧੯੮)

{ਬਿਸਰੁ ਨਹੀ ਇਕੁ ਤਿਲੁ ਦਾਤਾਰ ॥ ਨਾਨਕ ਕੇ ਪ੍ਰਭ ਪ੍ਰਾਨ ਅਧਾਰ ॥੪॥੯੩॥੧੬੨॥}
(ਅੰਗ - ੧੯੮)

{ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ ਰਹਾਉ ॥}
(ਅੰਗ - ੧੯੮)

{ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥੧॥}
(ਅੰਗ - ੧੯੮)

{ਅੰਧ ਕੂਪ ਤੇ ਕਾਢੇ ਆਪਿ ॥ ਗੁਣ ਗੋਵਿੰਦ ਅਚਰਜ ਪਰਤਾਪ ॥੨॥}
(ਅੰਗ - ੧੯੮)

{ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥ ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥੩॥}
(ਅੰਗ - ੧੯੮)

{ਕਹੁ ਨਾਨਕ ਸਾ ਕਥਨੀ ਸਾਰੁ ॥ ਮਾਨਿ ਲੇਤੁ ਜਿਸੁ ਸਿਰਜਨਹਾਰੁ ॥੪॥੯੪॥੧੬੩॥}
(ਅੰਗ - ੧੯੮)

{ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥੧॥}
(ਅੰਗ - ੧੯੮)

{ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥੪॥੯੫॥੧੬੪॥}
(ਅੰਗ - ੧੯੯)

{ਏਕੋ ਸਿਮਰਿ ਨ ਦੂਜਾ ਭਾਉ ॥ ਸੰਤਸੰਗਿ ਜਪਿ ਕੇਵਲ ਨਾਉ ॥੧॥}
(ਅੰਗ - ੧੯੯)

{ਸੋ ਬੈਸਨੋ ਹੈ ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥}
(ਅੰਗ - ੧੯੯)

{ਬਿਖੈ ਠਗਉਰੀ ਜਿਨਿ ਜਿਨਿ ਖਾਈ ॥ ਤਾ ਕੀ ਤ੍ਰਿਸਨਾ ਕਬਹੂੰ ਨ ਜਾਈ ॥੨॥}
(ਅੰਗ - ੧੯੯)

{ਦਾਰਨ ਦੁਖ ਦੁਤਰ ਸੰਸਾਰੁ ॥ ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ ॥੩॥}
(ਅੰਗ - ੧੯੯)

{ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥}
(ਅੰਗ - ੧੯੯)

{ਸਾਚੀ ਦਰਗਹ ਬੋਲੈ ਕੂੜੁ ॥ ਸਿਰੁ ਹਾਥ ਪਛੋੜੈ ਅੰਧਾ ਮੂੜੁ ॥੨॥}
(ਅੰਗ - ੧੯੯)

{ਰੋਗ ਬਿਆਪੇ ਕਰਦੇ ਪਾਪ ॥ ਅਦਲੀ ਹੋਇ ਬੈਠਾ ਪ੍ਰਭੁ ਆਪਿ ॥੩॥}
(ਅੰਗ - ੧੯੯)

{ਅਪਨ ਕਮਾਇਐ ਆਪੇ ਬਾਧੇ ॥ ਦਰਬੁ ਗਇਆ ਸਭੁ ਜੀਅ ਕੈ ਸਾਥੈ ॥੪॥}
(ਅੰਗ - ੧੯੯)

{ਨਾਨਕ ਸਰਨਿ ਪਰੇ ਦਰਬਾਰਿ ॥ ਰਾਖੀ ਪੈਜ ਮੇਰੈ ਕਰਤਾਰਿ ॥੫॥੯੯॥੧੬੯॥}
(ਅੰਗ - ੧੯੯)

{ਅਹੰਬੁਧਿ ਮਨ ਪੂਰਿ ਬਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥੧॥}
(ਅੰਗ - ੨੦੦)

{ਅਨਿਕ ਜਲਾ ਜੇ ਧੋਵੈ ਦੇਹੀ ॥ ਮੈਲੁ ਨ ਉਤਰੈ ਸੁਧੁ ਨ ਤੇਹੀ ॥੨॥}
(ਅੰਗ - ੨੦੦)

{ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥ ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥੩॥}
(ਅੰਗ - ੨੦੦)

{ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥ ਪ੍ਰੇਮ ਭਗਤਿ ਨਾਨਕ ਗੁਣ ਗਾਉ ॥੪॥੧੦੦॥੧੬੯॥}
(ਅੰਗ - ੨੦੦)

{ਜੀਵਨ ਪਦਵੀ ਹਰਿ ਕੇ ਦਾਸ ॥ ਜਿਨ ਮਿਲਿਆ ਆਤਮ ਪਰਗਾਸੁ ॥੧॥}
(ਅੰਗ - ੨੦੦)

{ਸਾਂਤਿ ਭਈ ਗੁਰ ਗੋਬਿਦਿ ਪਾਈ ॥ ਤਾਪ ਪਾਪ ਬਿਨਸੇ ਮੇਰੇ ਭਾਈ ॥੧॥ ਰਹਾਉ ॥}
(ਅੰਗ - ੨੦੦)

{ਰਾਮ ਨਾਮੁ ਨਿਤ ਰਸਨ ਬਖਾਨ ॥ ਬਿਨਸੇ ਰੋਗ ਭਏ ਕਲਿਆਨ ॥੧॥}
(ਅੰਗ - ੨੦੦)

{ਪਾਰਬ੍ਰਹਮ ਗੁਣ ਅਗਮ ਬੀਚਾਰ ॥ ਸਾਧੂ ਸੰਗਮਿ ਹੈ ਨਿਸਤਾਰ ॥੨॥}
(ਅੰਗ - ੨੦੦)

{ਨਿਰਮਲ ਗੁਣ ਗਾਵਹੁ ਨਿਤ ਨੀਤ ॥ ਗਈ ਬਿਆਧਿ ਉਬਰੇ ਜਨ ਮੀਤ ॥੩॥}
(ਅੰਗ - ੨੦੦)

{ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ ॥ ਨਾਨਕ ਦਾਸ ਤੇਰੀ ਸਰਣਾਈ ॥੪॥੧੦੨॥੧੭੧॥}
(ਅੰਗ - ੨੦੦)

{ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥}
(ਅੰਗ - ੨੦੦)

{ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥}
(ਅੰਗ - ੨੦੦)

{ਧਨੁ ਓਹੁ ਮਸਤਕੁ ਧਨੁ ਤੇਰੇ ਨੇਤ ॥ ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ ॥੧॥}
(ਅੰਗ - ੨੦੦)

{ਪਤਿ ਪਰਵਾਣੁ ਸਚੁ ਨੀਸਾਣੁ ॥ ਜਾ ਕਉ ਆਪਿ ਕਰਹਿ ਫੁਰਮਾਨੁ ॥੩॥}
(ਅੰਗ - ੨੦੦)

{ਆਪੇ ਦਾਤਾ ਆਪਿ ਪ੍ਰਤਿਪਾਲਿ ॥ ਨਿਤ ਨਿਤ ਨਾਨਕ ਰਾਮ ਨਾਮੁ ਸਮਾਲਿ ॥੪॥੧੦੫॥੧੭੪॥}
(ਅੰਗ - ੨੦੦)

{ਸਤਿਗੁਰੁ ਪੂਰਾ ਭਇਆ ਕ੍ਰਿਪਾਲੁ ॥ ਹਿਰਦੈ ਵਸਿਆ ਸਦਾ ਗੁਪਾਲੁ ॥੧॥}
(ਅੰਗ - ੨੦੦)

{ਕਹੁ ਨਾਨਕ ਜਾ ਕੇ ਪੂਰੇ ਭਾਗ ॥ ਹਰਿ ਹਰਿ ਨਾਮੁ ਅਸਥਿਰੁ ਸੋਹਾਗੁ ॥੨॥੧੦੬॥}
(ਅੰਗ - ੨੦੧)

{ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥}
(ਅੰਗ - ੨੦੧)

{ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥੩॥}
(ਅੰਗ - ੨੦੧)

{ਕਹੁ ਨਾਨਕ ਜਿਸੁ ਕਿਰਪਾ ਧਾਰੈ ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥੪॥੧੦੭॥}
(ਅੰਗ - ੨੦੧)

{ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ ਰਹਾਉ ॥}
(ਅੰਗ - ੨੦੧)

{ਦੁਸਟ ਦੂਤ ਪਰਮੇਸਰਿ ਮਾਰੇ ॥ ਜਨ ਕੀ ਪੈਜ ਰਖੀ ਕਰਤਾਰੇ ॥੧॥}
(ਅੰਗ - ੨੦੧)

{ਨਿਰਭਉ ਹੋਇ ਭਜਹੁ ਭਗਵਾਨ ॥ ਸਾਧਸੰਗਤਿ ਮਿਲਿ ਕੀਨੋ ਦਾਨੁ ॥੩॥}
(ਅੰਗ - ੨੦੧)

{ਹਰਿ ਸੰਗਿ ਰਾਤੇ ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥}
(ਅੰਗ - ੨੦੧)

{ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ ਸੁਫਲ ਫਲਾ ॥੧॥}
(ਅੰਗ - ੨੦੧)

{ਸਭ ਭੈ ਮਿਟਹਿ ਤੁਮਾਰੈ ਨਾਇ ॥ ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥}
(ਅੰਗ - ੨੦੧)

{ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥}
(ਅੰਗ - ੨੦੧)

{ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥ ਹਰਿ ਸੰਗਿ ਰਾਤੇ ਪੂਰਨ ਆਸ ॥੨॥}
(ਅੰਗ - ੨੦੧)

{ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥}
(ਅੰਗ - ੨੦੧)

{ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥੩॥}
(ਅੰਗ - ੨੦੧)

{ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ ॥}
(ਅੰਗ - ੨੦੧)

{ਕਹੁ ਨਾਨਕ ਤਿਨ ਕਉ ਬਲਿ ਜਾਈ ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥੪॥੧੦੯॥}
(ਅੰਗ - ੨੦੧)

{ਉਦਮੁ ਕਰਤ ਸੀਤਲ ਮਨ ਭਏ ॥ ਮਾਰਗਿ ਚਲਤ ਸਗਲ ਦੁਖ ਗਏ ॥}
(ਅੰਗ - ੨੦੧)

{ਨਾਮੁ ਜਪਤ ਮਨਿ ਭਏ ਅਨੰਦ ॥ ਰਸਿ ਗਾਏ ਗੁਨ ਪਰਮਾਨੰਦ ॥੧॥}
(ਅੰਗ - ੨੦੧)

{ਖੇਮ ਭਇਆ ਕੁਸਲ ਘਰਿ ਆਏ ॥ ਭੇਟਤ ਸਾਧਸੰਗਿ ਗਈ ਬਲਾਏ ॥ ਰਹਾਉ ॥}
(ਅੰਗ - ੨੦੧)

{ਨੇਤ੍ਰ ਪੁਨੀਤ ਪੇਖਤ ਹੀ ਦਰਸ ॥ ਧਨਿ ਮਸਤਕ ਚਰਨ ਕਮਲ ਹੀ ਪਰਸ ॥}
(ਅੰਗ - ੨੦੧)

{ਗੋਬਿੰਦ ਕੀ ਟਹਲ ਸਫਲ ਇਹ ਕਾਂਇਆ ॥ ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥੨॥}
(ਅੰਗ - ੨੦੧)

{ਜਨ ਕੀ ਕੀਨੀ ਆਪਿ ਸਹਾਇ ॥ ਸੁਖੁ ਪਾਇਆ ਲਗਿ ਦਾਸਹ ਪਾਇ ॥}
(ਅੰਗ - ੨੦੨)

{ਆਪੁ ਗਇਆ ਤਾ ਆਪਹਿ ਭਏ ॥ ਕ੍ਰਿਪਾ ਨਿਧਾਨ ਕੀ ਸਰਨੀ ਪਏ ॥੩॥}
(ਅੰਗ - ੨੦੨)

{ਕੋਟਿ ਮਜਨ ਕੀਨੋ ਇਸਨਾਨ ॥ ਲਾਖ ਅਰਬ ਖਰਬ ਦੀਨੋ ਦਾਨੁ ॥ ਜਾ ਮਨਿ ਵਸਿਓ ਹਰਿ ਕੋ ਨਾਮੁ ॥੧॥}
(ਅੰਗ - ੨੦੨)

{ਅਸਥਿਰ ਭਏ ਬਸੇ ਸੁਖ ਆਸਨ ॥ ਗੁਰ ਪ੍ਰਸਾਦਿ ਨਾਨਕ ਸੁਖ ਬਾਸਨ ॥੪॥੧੧੦॥}
(ਅੰਗ - ੨੦੨)

{ਸਗਲ ਪਵਿਤ ਗੁਨ ਗਾਇ ਗੁਪਾਲ ॥ ਪਾਪ ਮਿਟਹਿ ਸਾਧੂ ਸਰਨਿ ਦਇਆਲ ॥ ਰਹਾਉ ॥}
(ਅੰਗ - ੨੦੨)

{ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ॥੩॥}

(ਅੰਗ - ੨੦੨)

{ਅਗਾਧਿ ਬੋਧਿ ਹਰਿ ਅਗਮ ਅਪਾਰੇ ॥}

(ਅੰਗ - ੨੦੨)

{ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ ਨਾਨਕ ਕਉ ਪ੍ਰਭ ਕਿਰਪਾ ਧਾਰੇ ॥੪॥੧੧੧॥}

(ਅੰਗ - ੨੦੨)

{ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ ਚਰਨ ਕਮਲ ਗੁਰ ਰਿਦੈ ਬਸਾਇਆ ॥੧॥}

(ਅੰਗ - ੨੦੨)

{ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ ਰਹਾਉ ॥}

(ਅੰਗ - ੨੦੨)

{ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥}

(ਅੰਗ - ੨੦੨)

{ਕਹੁ ਨਾਨਕ ਕਹਾ ਭੈ ਭਾਈ ॥ ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥੪॥੧੧੨॥}

(ਅੰਗ - ੨੦੨)

{ਅਬ ਮਨਿ ਬਸਿਆ ਕਰਨੈਹਾਰਾ ॥ ਭੈ ਬਿਨਸੇ ਆਤਮ ਸੁਖ ਸਾਰਾ ॥੨॥}

(ਅੰਗ - ੨੦੨)

{ਕਰਿ ਕਿਰਪਾ ਅਪਨੇ ਜਨ ਰਾਖੇ ॥ ਜਨਮ ਜਨਮ ਕੇ ਕਿਲਬਿਖ ਲਾਥੇ ॥੩॥}

(ਅੰਗ - ੨੦੨)

{ਕਹਨੁ ਨ ਜਾਇ ਪ੍ਰਭ ਕੀ ਵਡਿਆਈ ॥ ਨਾਨਕ ਦਾਸ ਸਦਾ ਸਰਨਾਈ ॥੪॥੧੧੩॥}

(ਅੰਗ - ੨੦੨)

{ਰਾਮ ਕੋ ਬਲੁ ਪੂਰਨ ਭਾਈ ॥ ਤਾ ਤੇ ਬ੍ਰਿਥਾ ਨ ਬਿਆਪੈ ਕਾਈ ॥੧॥ ਰਹਾਉ ॥}

(ਅੰਗ - ੨੦੨)

{ਜੋ ਜੋ ਚਿਤਵੈ ਦਾਸੁ ਹਰਿ ਮਾਈ ॥ ਸੋ ਸੋ ਕਰਤਾ ਆਪਿ ਕਰਾਈ ॥੧॥}

(ਅੰਗ - ੨੦੨)

{ਨਿੰਦਕ ਕੀ ਪ੍ਰਭਿ ਪਤਿ ਗਵਾਈ ॥ ਨਾਨਕ ਹਰਿ ਗੁਣ ਨਿਰਭਉ ਗਾਈ ॥੨॥੧੧੪॥}

(ਅੰਗ - ੨੦੨)

{ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ ॥੧॥ ਰਹਾਉ ॥}

(ਅੰਗ - ੨੦੨)

{ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥
ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥੨॥੨॥੧੧੫॥}

(ਅੰਗ - ੨੦੩)

{ਹਸਤ ਅਲੰਬਨੁ ਦੇਹੁ ਪ੍ਰਭ ਗਰਤਹੁ ਉਧਰੁ ਗੋਪਾਲ ॥
ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ ॥੨॥}

(ਅੰਗ - ੨੦੩)

{ਸਗਲ ਪਦਾਰਥ ਅਸਟ ਸਿਧਿ ਨਾਮ ਮਹਾ ਰਸ ਮਾਹਿ ॥ ਸੁਪ੍ਰਸੰਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ ॥੪॥}

(ਅੰਗ - ੨੦੩)

{ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥ ਸਾਧਸੰਗਿ ਨਾਨਕੁ ਭਜੈ ਬਿਖੁ ਤਰਿਆ ਸੰਸਾਰੁ ॥੫॥੧॥੧੧੬॥}

(ਅੰਗ - ੨੦੩)

{ਹੈ ਕੋਈ ਰਾਮ ਪਿਆਰੋ ਗਾਵੈ ॥ ਸਰਬ ਕਲਿਆਣ ਸੂਖ ਸਚੁ ਪਾਵੈ ॥ ਰਹਾਉ ॥}

(ਅੰਗ - ੨੦੩)

{ਤਾ ਕੀ ਸਰਣਿ ਜਿਨ ਬਿਸਰਤ ਨਾਹੀ ॥ ਵਡਭਾਗੀ ਹਰਿ ਸੰਤ ਮਿਲਾਹੀ ॥ ਜਨਮ ਮਰਣ ਤਿਹ ਮੂਲੇ ਨਾਹੀ॥੩॥}

(ਅੰਗ - ੨੦੩)

{ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ ॥ ਬਿਨਉ ਸੁਨਹੁ ਪ੍ਰਭ ਊਚ ਅਪਾਰੇ ॥
ਨਾਨਕੁ ਮਾਂਗਤੁ ਨਾਮੁ ਅਧਾਰੇ ॥੪॥੧॥੧੧੭॥}

(ਅੰਗ - ੨੦੩)

{ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥
ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥}

(ਅੰਗ - ੨੦੪)

{ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥}

(ਅੰਗ - ੨੦੪)

{ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥}

(ਅੰਗ - ੨੦੪)

{ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਣ ਮੋਹ ਕੀ ਫਾਸ ॥
ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ ॥੧॥}

(ਅੰਗ - ੨੦੪)

{ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥
ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥}

(ਅੰਗ - ੨੦੪)

{ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥
ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥}

(ਅੰਗ - ੨੦੪)

{ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ ॥
ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥੨॥੪॥੧੨੧॥}

(ਅੰਗ - ੨੦੪)

{ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥}

(ਅੰਗ - ੨੦੪)

{ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥}

(ਅੰਗ - ੨੦੪)

{ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥}

(ਅੰਗ - ੨੦੫)

{ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥

ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥}

(ਅੰਗ - ੨੦੫)

{ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥}

(ਅੰਗ - ੨੦੫)

{ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥
ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥}

(ਅੰਗ - ੨੦੫)

{ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥
ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥}

(ਅੰਗ - ੨੦੫)

{ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥}

(ਅੰਗ - ੨੦੫)

{ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥}

(ਅੰਗ - ੨੦੫)

{ਰਾਖੁ ਪਿਤਾ ਪ੍ਰਭ ਮੇਰੇ ॥
ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ ਰਹਾਉ ॥}

(ਅੰਗ - ੨੦੫)

{ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥}

(ਅੰਗ - ੨੦੫)

{ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥
ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥੩॥}

(ਅੰਗ - ੨੦੬)

{ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥੪॥੧੨੫॥}

(ਅੰਗ - ੨੦੬)

{ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥
ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ ॥੩॥}

(ਅੰਗ - ੨੦੬)

{ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ ॥
ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ ॥੫॥੫॥੧੨੬॥}

(ਅੰਗ - ੨੦੬)

{ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥
ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥}

(ਅੰਗ - ੨੦੬)

{ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥
ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥}

(ਅੰਗ - ੨੦੬)

{ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥
ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥੩॥}

(ਅੰਗ - ੨੦੭)

{ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥੪॥੭॥੧੨੮॥}

(ਅੰਗ - ੨੦੭)

{ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥
ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥}

(ਅੰਗ - ੨੦੭)

{ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ ॥
ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ ॥੨॥}

(ਅੰਗ - ੨੦੭)

{ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧਸੰਗਤਿ ਕੈ ਪਾਛੈ ॥
ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ ॥੪॥੯॥੧੩੦॥}

(ਅੰਗ - ੨੦੭)

{ਹਉ ਤਾ ਕੈ ਬਲਿਹਾਰੀ ॥ ਜਾ ਕੈ ਕੇਵਲ ਨਾਮੁ ਅਧਾਰੀ ॥੧॥ ਰਹਾਉ ॥}

(ਅੰਗ - ੨੦੭)

{ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ ॥
ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੂ ਕਿਰਪਾਲਾ ॥੩॥}

(ਅੰਗ - ੨੦੭)

{ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ ॥
ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ ॥੪॥੧੦॥੧੩੧॥}

(ਅੰਗ - ੨੦੭)

{ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥}

(ਅੰਗ - ੨੦੮)

{ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥}

(ਅੰਗ - ੨੦੮)

{ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥}

(ਅੰਗ - ੨੦੮)

{ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥
ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥}

(ਅੰਗ - ੨੦੮)

{ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥}

(ਅੰਗ - ੨੦੮)

{ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥}

(ਅੰਗ - ੨੦੮)

{ਅਨੂਪ ਪਦਾਰਥੁ ਨਾਮੁ ਸੁਨਹੁ ਸਗਲ ਧਿਆਇਲੇ ਮੀਤਾ ॥
ਹਰਿ ਅਉਖਧੁ ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ ॥੧॥ ਰਹਾਉ ॥}

(ਅੰਗ - ੨੦੮)

{ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ॥੧॥}

(ਅੰਗ - ੨੦੮)

{ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ ॥
ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥}

(ਅੰਗ - ੨੦੮)

{ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥
ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ ॥੩॥}

(ਅੰਗ - ੨੦੮)

{ਤੁਮ ਸਮਰਥ ਅਪਾਰ ਅਤਿ ਊਚੇ ਸੁਖਦਾਤੇ ਪ੍ਰਭ ਪ੍ਰਾਨ ਅਧੋਰੀ ॥
ਨਾਨਕ ਕਉ ਪ੍ਰਭ ਕੀਜੈ ਕਿਰਪਾ ਉਨ ਸੰਤਨ ਕੈ ਸੰਗਿ ਸੰਗੋਰੀ ॥੪॥੧੩॥੧੩੪॥}

(ਅੰਗ - ੨੦੮)

{ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ ॥
ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ ॥੨॥}

(ਅੰਗ - ੨੦੯)

{ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ ॥
ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ ॥੪॥੧੪॥੧੩੫॥}

(ਅੰਗ - ੨੦੯)

{ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ
ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥}

(ਅੰਗ - ੨੦੯)

{ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥}

(ਅੰਗ - ੨੦੯)

{ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥
ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥}

(ਅੰਗ - ੨੦੯)

{ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥
ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥}

(ਅੰਗ - ੨੦੯)

{ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥

ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥}

(ਅੰਗ - ੨੦੯)

{ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥
ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥}

(ਅੰਗ - ੨੦੯)

{ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥
ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥}

(ਅੰਗ - ੨੧੦)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥
ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥੪॥੧॥੧੩੮॥}

(ਅੰਗ - ੨੧੦)

{ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥ ਰਹਾਉ ॥}

(ਅੰਗ - ੨੧੦)

{ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥}

(ਅੰਗ - ੨੧੦)

{ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥}

(ਅੰਗ - ੨੧੦)

{ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥}

(ਅੰਗ - ੨੧੦)

{ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥}

(ਅੰਗ - ੨੧੦)

{ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥}

(ਅੰਗ - ੨੧੦)

{ਅਨਿਕ ਜੁਗਤਿ ਨਹੀ ਪਾਇਆ ॥ ਗੁਰਿ ਚਾਕਰ ਲੈ ਲਾਇਆ ॥੧॥}

(ਅੰਗ - ੨੧੦)

{ਮਾਰੇ ਪੰਚ ਬਿਖਾਦੀਆ ॥ ਗੁਰ ਕਿਰਪਾ ਤੇ ਦਲੁ ਸਾਧਿਆ ॥੨॥}

(ਅੰਗ - ੨੧੦)

{ਬਖਸੀਸ ਵਜਹੁ ਮਿਲਿ ਏਕੁ ਨਾਮ ॥ ਸੂਖ ਸਹਜ ਆਨੰਦ ਬਿਸ੍ਰਾਮ ॥੩॥}

(ਅੰਗ - ੨੧੦)

{ਅਹੰਬੁਧਿ ਕਰਮ ਕਮਾਵਨੇ ॥ ਗ੍ਰਿਹ ਬਾਲੂ ਨੀਰਿ ਬਹਾਵਨੇ ॥੩॥}

(ਅੰਗ - ੨੧੧)

{ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥ ਨਾਮੁ ਨਾਨਕ ਸਾਧੂ ਸੰਗਿ ਮਿਲੈ ॥੪॥੪॥੧੪੨॥}

(ਅੰਗ - ੨੧੧)

{ਈਹਾ ਊਹਾ ਤੁਮ ਰਖੇ ॥ ਗੁਰ ਕਿਰਪਾ ਤੇ ਕੋ ਲਖੇ ॥੩॥}

(ਅੰਗ - ੨੧੧)

{ਅੰਤਰਜਾਮੀ ਪ੍ਰਭ ਸੁਜਾਨੁ ॥ ਨਾਨਕ ਤਕੀਆ ਤੁਹੀ ਤਾਨੁ ॥੪॥੫॥੧੪੩॥}

(ਅੰਗ - ੨੧੧)

{ਬਲ ਬੁਧਿ ਸਿਆਨਪ ਹਉਮੈ ਰਹੀ ॥ ਹਰਿ ਸਾਧ ਸਰਣਿ ਨਾਨਕ ਗਹੀ ॥੪॥੬॥੧੪੪॥}

(ਅੰਗ - ੨੧੧)

{ਹਰਿ ਹਰਿ ਹਰਿ ਆਰਾਧੀਐ ॥ ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥੧॥ ਰਹਾਉ ॥}

(ਅੰਗ - ੨੧੧)

{ਹਰਿ ਹਰਿ ਹਰਿ ਆਰਾਧੀਐ ॥ ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥੧॥ ਰਹਾਉ ॥}

(ਅੰਗ - ੨੧੧)

{ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ ਮਾਇਆ ਅਗਨਿ ਤੇ ॥੩॥}

(ਅੰਗ - ੨੧੧)

{ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧॥}

(ਅੰਗ - ੨੧੧)

{ਹਰਿ ਰਸੁ ਜਿਨਿ ਜਨਿ ਚਾਖਿਆ ॥ ਤਾ ਕੀ ਤ੍ਰਿਸਨਾ ਲਾਥੀਆ ॥੨॥}

(ਅੰਗ - ੨੧੧)

{ਹਰਿ ਬਿਸ੍ਰਾਮ ਨਿਧਿ ਪਾਇਆ ॥ ਸੋ ਬਹੁਰਿ ਨ ਕਤ ਹੀ ਧਾਇਆ ॥੩॥}

(ਅੰਗ - ੨੧੧)

{ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥ ਨਾਨਕ ਤਾ ਕਾ ਭਉ ਗਇਆ ॥੪॥੮॥੧੪੬॥}

(ਅੰਗ - ੨੧੧)

{ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ ॥
ਸਾਧਸੰਗਤਿ ਮਿਲਿ ਹਰਿ ਰਵਹਿ ਸੇ ਗੁਣੀ ਗਹੀਰ ॥੧॥ ਰਹਾਉ ॥}

(ਅੰਗ - ੨੧੨)

{ਜਾ ਕਉ ਗੁਰਮੁਖਿ ਰਿਦੈ ਬੁਧਿ ॥ ਤਾ ਕੈ ਕਰ ਤਲ ਨਵ ਨਿਧਿ ਸਿਧਿ ॥੧॥}

(ਅੰਗ - ੨੧੨)

{ਕਰਣੈਹਾਰੁ ਪਛਾਨਿਆ ॥ ਸਰਬ ਸੂਖ ਰੰਗ ਮਾਣਿਆ ॥੩॥}

(ਅੰਗ - ੨੧੨)

{ਹਰਿ ਧਨੁ ਜਾ ਕੈ ਗ੍ਰਿਹਿ ਵਸੈ ॥ ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥੪॥੯॥੧੪੭॥}

(ਅੰਗ - ੨੧੨)

{ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ ॥
ਨਾਨਕ ਉਧਰੇ ਸਾਧਸੰਗਿ ਕਿਰਪਾ ਨਿਧਿ ਮੈ ਦਿਤਨੋ ॥੨॥੧੦॥੧੪੮॥}

(ਅੰਗ - ੨੧੨)

{ਕਾਮੁ ਕਰੀ ਜੇ ਠਾਕੁਰ ਭਾਵਾ ॥ ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥੨॥}

(ਅੰਗ - ੨੧੨)

{ਏਕ ਟੇਕ ਏਕੋ ਆਧਾਰਾ ॥ ਜਨ ਨਾਨਕ ਹਰਿ ਕੀ ਲਾਗਾ ਕਾਰਾ ॥੪॥੧੧॥੧੪੯॥}

(ਅੰਗ - ੨੧੨)

{ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ ॥੧॥ ਰਹਾਉ ॥}

(ਅੰਗ - ੨੧੨)

{ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ ॥
ਕਹੁ ਨਾਨਕ ਕਿਰਪਾ ਭਈ ਸਾਧਸੰਗਤਿ ਨਿਧਿ ਮੋਰੈ ॥੨॥੧੨॥੧੫੦॥}

(ਅੰਗ - ੨੧੨)

{ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥ ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ ॥੧॥}

(ਅੰਗ - ੨੧੨)

{ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ ॥
ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥੪॥੧੪॥੧੫੨॥}

(ਅੰਗ - ੨੧੩)

{ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ ॥
ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ ॥੩॥}

(ਅੰਗ - ੨੧੩)

{ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ ॥
ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ ॥੪॥੧੫॥੧੫੩॥}

(ਅੰਗ - ੨੧੩)

{ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥
ਮਨ ਬਿਖੈ ਹੀ ਮਹਿ ਲੁਝੀ ਹੇ ॥੩॥}

(ਅੰਗ - ੨੧੩)

{ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥
ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥}

(ਅੰਗ - ੨੧੩)

{ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥ ਨਾਨਕਾ ਭਗਤਿ ਪ੍ਰਿਅ ਹੋ ॥੩॥੨॥੧੫੫॥}

(ਅੰਗ - ੨੧੩)

{ਤੂਹੀ ਮਾਨ ਤੁੰਹੀ ਧਾਨ ਤੂਹੀ ਪਤਿ ਤੂਹੀ ਪ੍ਰਾਨ ॥ ਗੁਰਿ ਤੂਟੀ ਲੈ ਜੋਰੀ ॥੨॥}

(ਅੰਗ - ੨੧੩)

{ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥
ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥੪॥੧॥੧੫੯॥}

(ਅੰਗ - ੨੧੪)

{ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥}

(ਅੰਗ - ੨੧੪)

{ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ ॥ ਨਾਨਕ ਗੁਰ ਸਬਦਿ ਪਰਾਤੋ ॥੩॥੪॥੧੫੭॥}

(ਅੰਗ - ੨੧੪)

{ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ ॥ ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ ॥੧॥}

(ਅੰਗ - ੨੧੪)

{ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥੩॥}

(ਅੰਗ - ੨੧੪)

{ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥ ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥੨॥}

(ਅੰਗ - ੨੧੪)

{ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥
ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥੩॥}

(ਅੰਗ - ੨੧੪)

{ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ ॥

ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ ॥੧॥}

(ਅੰਗ - ੨੧੪)

{ਭਾਵਨੁ ਤਿਆਗਿਓ ਰੀ ਤਿਆਗਿਓ ॥ ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥
ਸਰਬ ਸੁਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ॥੧॥ ਰਹਾਉ ॥}

(ਅੰਗ - ੨੧੪)

{ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥ ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ॥੨॥}

(ਅੰਗ - ੨੧੪)

{ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ ॥
ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥੪॥੨॥੧੬੦॥}

(ਅੰਗ - ੨੧੫)

{ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥੧॥ ਰਹਾਉ ॥}

(ਅੰਗ - ੨੧੫)

{ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥}

(ਅੰਗ - ੨੧੫)

{ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥}

(ਅੰਗ - ੨੧੫)

{ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ ॥
ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥੩॥}

(ਅੰਗ - ੨੧੫)

{ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥੩॥}

(ਅੰਗ - ੨੧੫)

{ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥
ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥}

(ਅੰਗ - ੨੧੫)

{ਉਬਰਤ ਰਾਜਾ ਰਾਮ ਕੀ ਸਰਣੀ ॥ ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ ॥੧॥ ਰਹਾਉ॥}

(ਅੰਗ - ੨੧੫)

{ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ ॥
ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ ॥੨॥}

(ਅੰਗ - ੨੧੫)

{ਅਨਿਕ ਬਿਲਾਸ ਕਰਤ ਮਨ ਮੋਹਨ ਪੂਰਨ ਹੋਤ ਨ ਕਾਮਾ ॥
ਜਲਤੋ ਜਲਤੋ ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ ॥੩॥}

(ਅੰਗ - ੨੧੫)

{ਹਰਿ ਕਾ ਨਾਮੁ ਜਪਹੁ ਮੇਰੇ ਮੀਤਾ ਇਹੈ ਸਾਰ ਸੁਖੁ ਪੂਰਾ ॥
ਸਾਧਸੰਗਤਿ ਜਨਮ ਮਰਣੁ ਨਿਵਾਰੈ ਨਾਨਕ ਜਨ ਕੀ ਧੂਰਾ ॥੪॥੪॥੧੬੨॥}

(ਅੰਗ - ੨੧੫)

{ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥
ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥੨॥}

(ਅੰਗ - ੨੧੫)

{ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥
ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥}

(ਅੰਗ - ੨੧੬)

{ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥}

(ਅੰਗ - ੨੧੬)

{ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥}

(ਅੰਗ - ੨੧੬)

{ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ ॥
ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ ॥੨॥੭॥੧੬੫॥}

(ਅੰਗ - ੨੧੬)

{ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ ॥ ਸੰਤਾ ਦਾਸੀ ਸੇਵਾ ਚਰਣੀ ਜੀਉ ॥}

(ਅੰਗ - ੨੧੬)

{ਇਹੁ ਜੀਉ ਵਤਾਈ ਬਲਿ ਬਲਿ ਜਾਈ ਜੀਉ ॥ ਤਿਸੁ ਨਿਵਿ ਨਿਵਿ ਲਾਗਉ ਪਾਈ ਜੀਉ ॥੨॥}

(ਅੰਗ - ੨੧੬)

{ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥ ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ ॥}

(ਅੰਗ - ੨੧੬ - ੨੧੭)

{ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ ॥ ਗੁਰ ਮਨ ਕੀ ਆਸ ਪੂਰਾਈ ਜੀਉ ॥੪॥}

(ਅੰਗ - ੨੧੬ - ੨੧੭)

{ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥ ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ ॥}

(ਅੰਗ - ੨੧੭)

{ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ ਜੀਉ ॥ ਜਨ ਨਾਨਕ ਸਹਜਿ ਸਮਾਈ ਜੀਉ ॥੫॥੧॥੧੬੬॥}

(ਅੰਗ - ੨੧੭)

{ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ ॥ ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ ॥੨॥}

(ਅੰਗ - ੨੧੭)

{ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥ ਬਿਨਉ ਠਾਕੁਰ ਪਹਿ ਕਹੀਐ ਜੀਉ ॥੩॥}

(ਅੰਗ - ੨੧੭)

{ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥ ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ ॥}

(ਅੰਗ - ੨੧੭)

{ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥ ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ ॥੪॥੨॥੧੬੭॥}

(ਅੰਗ - ੨੧੭)

{ਜਿਸੁ ਮਿਲਿਐ ਮਨੁ ਜੀਵੈ ਭਾਈ ਜੀਉ ॥ਗੁਰ ਪਰਸਾਦੀ ਸੋ ਹਰਿ ਹਰਿ ਪਾਈ ਜੀਉ ॥}

(ਅੰਗ - ੨੧੭)

{ਸਭ ਕਿਛੁ ਪ੍ਰਭ ਕਾ ਪ੍ਰਭ ਕੀਆ ਜਾਈ ਜੀਉ ॥ਪ੍ਰਭ ਕਉ ਸਦ ਬਲਿ ਜਾਈ ਜੀਉ ॥੨॥}

(ਅੰਗ - ੨੧੭)

{ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥ ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥}

(ਅੰਗ - ੨੧੭)

{ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥ ਜਨ ਨਾਨਕ ਸਦ ਬਲਿਹਾਰਾ ਜੀਉ ॥੪॥੩॥੧੬੮॥}

(ਅੰਗ - ੨੧੭)

{ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥੧॥}

(ਅੰਗ - ੨੧੭)

{ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥
ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥}

(ਅੰਗ - ੨੧੭)

{ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥}

(ਅੰਗ - ੨੧੮)

{ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥
ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥੨॥੧੭੦॥}

(ਅੰਗ - ੨੧੮)

{ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥
ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥੪॥੩॥੧੭੧॥}

(ਅੰਗ - ੨੧੮)

{ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ ॥ ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ ॥੧॥}

(ਅੰਗ - ੨੧੮)

{ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥ ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ ॥੩॥}

(ਅੰਗ - ੨੧੮)

{ਮਾਲੁ ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ ॥ ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ॥੪॥੪॥੧੭੨॥}

(ਅੰਗ - ੨੧੮)

{ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥}

(ਅੰਗ - ੨੧੯)

{ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥}

(ਅੰਗ - ੨੧੯)

{ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥}

(ਅੰਗ - ੨੧੯)

{ਸਾਧੋ ਇਹੁ ਮਨੁ ਗਹਿਓ ਨ ਜਾਈ ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ॥}

(ਅੰਗ - ੨੧੯)

{ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥}

(ਅੰਗ - ੨੧੯)

{ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥}

(ਅੰਗ - ੨੧੯)

{ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥
ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥੧॥}

(ਅੰਗ - ੨੨੦)

{ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥}

(ਅੰਗ - ੨੨੦)

{ਮਨ ਰੇ ਕਹਾ ਭਇਓ ਤੈ ਬਉਰਾ ॥

ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥}

(ਅੰਗ - ੨੨੦)

{ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥
ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥੩॥੮॥}

(ਅੰਗ - ੨੨੦)

{ਨਰ ਅਚੇਤ ਪਾਪ ਤੇ ਡਰੁ ਰੇ ॥ ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥੧॥ ਰਹਾਉ ॥}

(ਅੰਗ - ੨੨੦)

{ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥
ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥}

(ਅੰਗ - ੨੨੦)

{ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥}

(ਅੰਗ - ੨੨੦ - ੨੨੧)

{ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥}

(ਅੰਗ - ੨੨੧)

{ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥
ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥}

(ਅੰਗ - ੨੨੧)

{ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥
ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥}

(ਅੰਗ - ੨੨੧)

{ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥}

(ਅੰਗ - ੨੨੧)

{ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥
ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥}

(ਅੰਗ - ੨੨੧)

{ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥
ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥}

(ਅੰਗ - ੨੨੧)

{ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥}

(ਅੰਗ - ੨੨੧)

{ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥}

(ਅੰਗ - ੨੨੧)

{ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥}

(ਅੰਗ - ੨੨੧)

{ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥
ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥}

(ਅੰਗ - ੨੨੧)

{ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥
ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥}

(ਅੰਗ - ੨੨੧)

{ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥
ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥}

(ਅੰਗ - ੨੨੧ - ੨੨੨)

{ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥}

(ਅੰਗ - ੨੨੨)

{ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥}

(ਅੰਗ - ੨੨੨)

{ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥}

(ਅੰਗ - ੨੨੨)

{ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥}

(ਅੰਗ - ੨੨੨)

{ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥}

(ਅੰਗ - ੨੨੨)

{ਨਦਰਿ ਕਰੇ ਤਾ ਮੇਲਿ ਮਿਲਾਏ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ॥੬॥}

(ਅੰਗ - ੨੨੨)

{ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥
ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥}

(ਅੰਗ - ੨੨੨)

{ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥}

(ਅੰਗ - ੨੨੨)

{ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥}

(ਅੰਗ - ੨੨੨)

{ਐਸਾ ਜਗੁ ਦੇਖਿਆ ਜੂਆਰੀ ॥ ਸਭਿ ਸੁਖ ਮਾਗੈ ਨਾਮੁ ਬਿਸਾਰੀ ॥੧॥ ਰਹਾਉ ॥}

(ਅੰਗ - ੨੨੨)

{ਗੁਰਮੁਖਿ ਦੀਸੈ ਸਹਜਿ ਸੁਭਾਇ ॥ ਸੇਵਾ ਸੁਰਤਿ ਏਕ ਲਿਵ ਲਾਇ ॥੨॥}

(ਅੰਗ - ੨੨੨)

{ਸੁਖੁ ਮਾਂਗਤ ਦੁਖੁ ਆਗਲ ਹੋਇ ॥ ਸਗਲ ਵਿਕਾਰੀ ਹਾਰੁ ਪਰੋਇ ॥
ਏਕ ਬਿਨਾ ਝੂਠੇ ਮੁਕਤਿ ਨ ਹੋਇ ॥ ਕਰਿ ਕਰਿ ਕਰਤਾ ਦੇਖੈ ਸੋਇ ॥੩॥}

(ਅੰਗ - ੨੨੨)

{ਤ੍ਰਿਸਨਾ ਅਗਨਿ ਸਬਦਿ ਬੁਝਾਏ ॥ ਦੂਜਾ ਭਰਮੁ ਸਹਜਿ ਸੁਭਾਏ ॥
ਗੁਰਮਤੀ ਨਾਮੁ ਰਿਦੈ ਵਸਾਏ ॥ ਸਾਚੀ ਬਾਣੀ ਹਰਿ ਗੁਣ ਗਾਏ ॥੪॥}

(ਅੰਗ - ੨੨੨)

{ਤਨ ਮਹਿ ਸਾਚੋ ਗੁਰਮੁਖਿ ਭਾਉ ॥ ਨਾਮ ਬਿਨਾ ਨਾਹੀ ਨਿਜ ਠਾਉ ॥
ਪ੍ਰੇਮ ਪਰਾਇਣ ਪ੍ਰੀਤਮ ਰਾਉ ॥ ਨਦਰਿ ਕਰੇ ਤਾ ਬੂਝੈ ਨਾਉ ॥੫॥}

(ਅੰਗ - ੨੨੨)

{ਮਾਇਆ ਮੋਹੁ ਸਰਬ ਜੰਜਾਲਾ ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥
ਸਤਿਗੁਰੁ ਸੇਵੇ ਚੂਕੈ ਜੰਜਾਲਾ ॥ ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥}

(ਅੰਗ - ੨੨੨)

{ਗੁਰਮੁਖਿ ਬੂਝੈ ਏਕ ਲਿਵ ਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥
ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥੭॥}

(ਅੰਗ - ੨੨੨)

{ਕਥਨੀ ਕਥਉ ਨ ਆਵੈ ਓਰੁ ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥}

(ਅੰਗ - ੨੨੨)

{ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥}

(ਅੰਗ - ੨੨੩)

{ਦੂਜੀ ਦੁਰਮਤਿ ਆਧੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥}

(ਅੰਗ - ੨੨੩)

{ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥}

(ਅੰਗ - ੨੨੩)

{ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥}

(ਅੰਗ - ੨੨੩)

{ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥}

(ਅੰਗ - ੨੨੩)

{ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥}

(ਅੰਗ - ੨੨੩)

{ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥}

(ਅੰਗ - ੨੨੩)

{ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥}

(ਅੰਗ - ੨੨੩)

{ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥}

(ਅੰਗ - ੨੨੩)

{ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥}

(ਅੰਗ - ੨੨੩)

{ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥}

(ਅੰਗ - ੨੨੩)

{ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥}

(ਅੰਗ - ੨੨੩)

{ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨੁ ਜਾਗੈ ਸਚਿ ਲਿਵ ਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥੨॥}

(ਅੰਗ - ੨੨੩)

{ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ ਮਰਣ ਗਤੁ ਗਰਬੁ ਨਿਵਾਰੇ ॥}

(ਅੰਗ - ੨੨੩)

{ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥੪॥}

(ਅੰਗ - ੨੨੩)

{ਨਰ ਨਿਹਕੇਵਲ ਨਿਰਭਉ ਨਾਉ ॥ ਅਨਾਥਹ ਨਾਥ ਕਰੇ ਬਲਿ ਜਾਉ ॥ ਪੁਨਰਪਿ ਜਨਮੁ ਨਾਹੀ ਗੁਣ ਗਾਉ ॥੫॥}
(ਅੰਗ - ੨੨੪)

{ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥ ਸਾਚੈ ਸਬਦਿ ਦਰਿ ਨੀਸਾਣੈ ॥੬॥}
(ਅੰਗ - ੨੨੪)

{ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥}
(ਅੰਗ - ੨੨੪)

{ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥}
(ਅੰਗ - ੨੨੪)

{ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥}
(ਅੰਗ - ੨੨੪)

{ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥
ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥}
(ਅੰਗ - ੨੨੪)

{ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥}
(ਅੰਗ - ੨੨੪)

{ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥}
(ਅੰਗ - ੨੨੪)

{ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥}
(ਅੰਗ - ੨੨੪)

{ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥}
(ਅੰਗ - ੨੨੪)

{ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥}
(ਅੰਗ - ੨੨੪ - ੨੨੫)

{ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥
ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥}
(ਅੰਗ - ੨੨੫)

{ਖਾਨੁ ਮਲੂਕੁ ਕਹਾਵਉ ਰਾਜਾ ॥ ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥}
(ਅੰਗ - ੨੨੫)

{ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥}
(ਅੰਗ - ੨੨੫)

{ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ ਬਿਆਧਿ ਤਿਆਗੈ ਕਵਰੇ ॥ ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥
ਐਸਾ ਰਾਮ ਭਗਤੁ ਜਨੁ ਹੋਈ ॥ ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥}
(ਅੰਗ - ੨੨੫)

{ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥}
(ਅੰਗ - ੨੨੫)

{ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥ ਮਿਰਗੁ ਮਰੈ ਸਹਿ ਅਪੁਨਾ ਕੀਨਾ ॥ ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥}
(ਅੰਗ - ੨੨੫)

{ਕਾਮੁ ਚਿਤੈ ਕਾਮਣਿ ਹਿਤਕਾਰੀ ॥ ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥ ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥}
(ਅੰਗ - ੨੨੫)

{ਪਰ ਘਰਿ ਚੀਤੁ ਮਨਮੁਖਿ ਡੋਲਾਇ ॥ ਗਲਿ ਜੇਵਰੀ ਧੰਧੈ ਲਪਟਾਇ ॥ ਗੁਰਮੁਖਿ ਛੂਟਸਿ ਹਰਿ ਗੁਣ ਗਾਇ॥੫॥}
(ਅੰਗ - ੨੨੬)

{ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥ ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥}
(ਅੰਗ - ੨੨੬)

{ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥ ਜਿਉ ਮੀਨਾ ਜਲ ਮਾਹਿ ਉਲਾਸਾ ॥
ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥੮॥੧੧॥}
(ਅੰਗ - ੨੨੬)

{ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥ ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥
ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥ ਨਾਮੁ ਬਿਸਾਰਿ ਸਹਹਿ ਜਮ ਦੂਖ ॥੧॥ ਰਹਾਉ ॥}
(ਅੰਗ - ੨੨੬)

{ਮਾਇਆ ਮਗਨੁ ਪਰਮ ਪਦੁ ਦੂਰਿ ॥ ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥}
(ਅੰਗ - ੨੨੬)

{ਅਧਕੀ ਤ੍ਰਿਸਨਾ ਵਿਆਪੈ ਕਾਮੁ ॥ ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥}
(ਅੰਗ - ੨੨੬)

{ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ ॥ ਦੂਜੈ ਭਾਇ ਅਗਿਆਨੁ ਦੁਹੇਲਾ ॥੪॥}
(ਅੰਗ - ੨੨੬)

{ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥
ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥ ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥
ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ ਨਾਮ ਵਡਾਈ ਤੁਧੁ ਭਾਣੈ ਦੀਉ ॥੭॥}
(ਅੰਗ - ੨੨੬)

{ਨਾਮ ਬਿਨਾ ਕਿਉ ਜੀਵਾ ਮਾਇ ॥ ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥
ਨਾਨਕ ਨਾਮਿ ਰਤੇ ਪਤਿ ਪਾਇ ॥੮॥੧੨॥}
(ਅੰਗ - ੨੨੬)

{ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥}
(ਅੰਗ - ੨੨੬)

{ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥}
(ਅੰਗ - ੨੨੬)

{ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥}
(ਅੰਗ - ੨੨੬)

{ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥}
(ਅੰਗ - ੨੨੬)

{ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥}
(ਅੰਗ - ੨੨੬ - ੨੨੭)

{ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥}
(ਅੰਗ - ੨੨੭)

{ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥}

(ਅੰਗ - ੨੨੭)

{ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥}

(ਅੰਗ - ੨੨੭)

{ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥}

(ਅੰਗ - ੨੨੭)

{ਓਹੁ ਅਬਿਨਾਸੀ ਅਲਖ ਅਭੇਵਾ ॥੨॥}

(ਅੰਗ - ੨੨੭)

{ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਦਾਮ ॥}

(ਅੰਗ - ੨੨੭)

{ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥}

(ਅੰਗ - ੨੨੭)

{ਨਿਹਚਲੁ ਕੋਇ ਨ ਦਿਸੈ ਸੰਸਾਰੈ ॥ ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥}

(ਅੰਗ - ੨੨੭)

{ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥
ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥}

(ਅੰਗ - ੨੨੭)

{ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ॥੭॥}

(ਅੰਗ - ੨੨੭)

{ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥}

(ਅੰਗ - ੨੨੭)

{ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥ ਨਾਨਕ ਗੁਰਮੁਖਿ ਸਬਦਿ ਸਮਾਇ॥੯॥੧੪॥}

(ਅੰਗ - ੨੨੭)

{ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥ ਰਹਹਿ ਅਤੀਤ ਸਚੇ ਸਰਣਾਈ॥੧॥}

(ਅੰਗ - ੨੨੭)

{ਸਚ ਘਰਿ ਬੈਸੈ ਕਾਲੁ ਨ ਜੋਹੈ ॥ ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥}

(ਅੰਗ - ੨੨੭)

{ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥}

(ਅੰਗ - ੨੨੭)

{ਸਤਿਗੁਰੁ ਦੇਖਿਆ ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥
ਗਤਿ ਮਿਤਿ ਪਾਈ ਆਤਮੁ ਚੀਨੀ ॥੪॥}

(ਅੰਗ - ੨੨੭)

{ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥}

(ਅੰਗ - ੨੨੭)

{ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥}

(ਅੰਗ - ੨੨੭)

{ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥
ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥}

(ਅੰਗ - ੨੨੮)

{ਜਿਨ ਕੈ ਮਨਿ ਵਸਿਆ ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ ਹੋਈ ॥
ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥}

(ਅੰਗ - ੨੨੮)

{ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥}

(ਅੰਗ - ੨੨੮)

{ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥}

(ਅੰਗ - ੨੨੮)

{ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥੬॥}

(ਅੰਗ - ੨੨੮)

{ਅਰਧ ਉਰਧ ਕੀ ਸੰਧਿ ਕਿਉ ਜਾਨੈ ॥ ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥੭॥}

(ਅੰਗ - ੨੨੮)

{ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥ ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥੮॥੧੬॥}

(ਅੰਗ - ੨੨੮)

{ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ॥੩॥}

(ਅੰਗ - ੨੨੮)

{ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥੪॥}

(ਅੰਗ - ੨੨੮)

{ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥ ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ ॥੫॥}

(ਅੰਗ - ੨੨੮)

{ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥ ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ ॥੭॥}

(ਅੰਗ - ੨੨੮)

{ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ ॥ ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥੮॥੧॥੧੭॥}

(ਅੰਗ - ੨੨੮)

{ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ॥}

(ਅੰਗ - ੨੨੯)

{ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੨॥}

(ਅੰਗ - ੨੨੯)

{ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥}

(ਅੰਗ - ੨੨੯)

{ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥}

(ਅੰਗ - ੨੨੯)

{ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥}

(ਅੰਗ - ੨੨੯)

{ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥}

(ਅੰਗ - ੨੨੯)

{ਮਨਮੁਖਿ ਸੂਤਕੁ ਕਬਹਿ ਨ ਜਾਇ ॥ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥}

(ਅੰਗ - ੨੨੯)

{ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥}

(ਅੰਗ - ੨੨੯)

{ਸਤਿਗੁਰੁ ਸੇਵਿਐ ਸੂਤਕੁ ਜਾਇ ॥ ਮਰੈ ਨ ਜਨਮੈ ਕਾਲੁ ਨ ਖਾਇ ॥੫॥}

(ਅੰਗ - ੨੨੯)

{ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥}

(ਅੰਗ - ੨੨੯)

{ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥}

(ਅੰਗ - ੨੨੯)

{ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥}

(ਅੰਗ - ੨੨੯)

{ਗੁਰਮੁਖਿ ਵਿਚਹੁ ਹਉਮੈ ਜਾਇ ॥ ਗੁਰਮੁਖਿ ਮੈਲੁ ਨ ਲਾਗੈ ਆਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥}

(ਅੰਗ - ੨੩੦)

{ਗੁਰਮੁਖਿ ਕਰਮ ਧਰਮ ਸਚਿ ਹੋਈ॥ ਗੁਰਮੁਖਿ ਅਹੰਕਾਰੁ ਜਲਾਏ ਦੋਈ ॥ ਗੁਰਮੁਖਿ ਨਾਮਿ ਰਤੇ ਸੁਖੁ ਹੋਈ॥੩॥}

(ਅੰਗ - ੨੩੦)

{ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥ ਲੋਕ ਸਮਝਾਵਹੁ ਸੁਣੇ ਨ ਕੋਈ ॥
ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥੪॥}

(ਅੰਗ - ੨੩੦)

{ਮਨਮੁਖਿ ਡੰਫੁ ਬਹੁਤੁ ਚਤੁਰਾਈ ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥ ਆਵੈ ਜਾਵੈ ਠਉਰ ਨ ਕਾਈ ॥੫॥}

(ਅੰਗ - ੨੩੦)

{ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥ ਬਗ ਜਿਉ ਲਾਇ ਬਹੈ ਨਿਤ ਧਿਆਨਾ ॥
ਜਮਿ ਪਕੜਿਆ ਤਬ ਹੀ ਪਛੁਤਾਨਾ ॥੬॥}

(ਅੰਗ - ੨੩੦)

{ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥ ਸਾਇਰ ਕੀ ਪੁੜੀ ਬਿਦਾਰਿ ਗਵਾਈ ॥}

(ਅੰਗ - ੨੩੦)

{ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥੮॥੨॥}

(ਅੰਗ - ੨੩੦)

{ਰਾਮ ਪੜਹੁ ਮਨਿ ਕਰਹੁ ਬੀਚਾਰੁ ॥ ਗੁਰ ਪਰਸਾਦੀ ਮੈਲੁ ਉਤਾਰੁ ॥੧॥ ਰਹਾਉ ॥}

(ਅੰਗ - ੨੩੦)

{ਵਾਦਿ ਵਿਰੋਧਿ ਨ ਪਾਇਆ ਜਾਇ ॥ ਮਨੁ ਤਨੁ ਫੀਕਾ ਦੂਜੈ ਭਾਇ ॥}

(ਅੰਗ - ੨੩੦)

{ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥}

(ਅੰਗ - ੨੩੦)

{ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥
ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥}

(ਅੰਗ - ੨੩੦)

{ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥}

(ਅੰਗ - ੨੩੦)

{ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ ॥}

(ਅੰਗ - ੨੩੦)

{ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥}

(ਅੰਗ - ੨੩੦)

{ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥ ਆਪੁ ਨ ਚੀਨੈ ਬਾਜੀ ਹਾਰੀ ॥੬॥}

(ਅੰਗ - ੨੩੦)

{ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥
ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥}

(ਅੰਗ - ੨੩੦)

{ਨਾਮਿ ਰਤੇ ਸਦਾ ਬੈਰਾਗੀ ॥ ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥}

(ਅੰਗ - ੨੩੦)

{ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥੩॥}

(ਅੰਗ - ੨੩੦)

{ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥}

(ਅੰਗ - ੨੩੦)

{ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥}

(ਅੰਗ - ੨੩੦ - ੨੩੧)

{ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥}

(ਅੰਗ - ੨੩੧)

{ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥}

(ਅੰਗ - ੨੩੧)

{ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥}

(ਅੰਗ - ੨੩੧)

{ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ ॥
ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥}

(ਅੰਗ - ੨੩੧)

{ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥}

(ਅੰਗ - ੨੩੧)

{ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥}

(ਅੰਗ - ੨੩੧)

{ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥}

(ਅੰਗ - ੨੩੧)

{ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥}

(ਅੰਗ - ੨੩੧)

{ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥}

(ਅੰਗ - ੨੩੧)

{ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥}

(ਅੰਗ - ੨੩੧)

{ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥ ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥
ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥}

(ਅੰਗ - ੨੩੧)

{ਬਿਨੁ ਗੁਰ ਸਾਚੇ ਭਰਮਿ ਭੁਲਾਏ ॥ ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥}

(ਅੰਗ - ੨੩੧)

{ਹਉਮੈ ਮਾਰਿ ਸਚਿ ਲਿਵ ਲਾਈ ॥ ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥}

(ਅੰਗ - ੨੩੧)

{ਸਤਿਗੁਰੂ ਸੇਵੇ ਸੋ ਫਲੁ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥ ਅਨਹਦ ਬਾਣੀ ਸਬਦੁ ਵਜਾਏ ॥੭॥}

(ਅੰਗ - ੨੩੧)

{ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥}

(ਅੰਗ - ੨੩੧)

{ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥}

(ਅੰਗ - ੨੩੧ - ੨੩੨)

{ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥}

(ਅੰਗ - ੨੩੨)

{ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਏ ॥}

(ਅੰਗ - ੨੩੨)

{ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥}

(ਅੰਗ - ੨੩੨)

{ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥}

(ਅੰਗ - ੨੩੨)

{ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥੭॥}

(ਅੰਗ - ੨੩੨)

{ਨਾਮੁ ਅਮੋਲਕੁ ਗੁਰਮੁਖਿ ਪਾਵੈ ॥ ਨਾਮੋ ਸੇਵੇ ਨਾਮਿ ਸਹਜਿ ਸਮਾਵੈ ॥}

(ਅੰਗ - ੨੩੨)

{ਅੰਮ੍ਰਿਤੁ ਨਾਮੁ ਰਸਨਾ ਨਿਤ ਗਾਵੈ ॥ ਜਿਸ ਨੋ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ ॥੧॥}

(ਅੰਗ - ੨੩੨)

{ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥}

(ਅੰਗ - ੨੩੨)

{ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥}

(ਅੰਗ - ੨੩੨)

{ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥}

(ਅੰਗ - ੨੩੨)

{ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥}

(ਅੰਗ - ੨੩੨)

{ਤੂੰ ਕਰਤਾ ਮੈ ਅਵਰੁ ਨ ਕੋਇ ॥ ਤੁਝੁ ਸੇਵੀ ਤੁਝ ਤੇ ਪਤਿ ਹੋਇ ॥}

(ਅੰਗ - ੨੩੨)

{ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ ਨਾਮ ਰਤਨੁ ਸਭ ਜਗ ਮਹਿ ਲੋਇ ॥੫॥}

(ਅੰਗ - ੨੩੨)

{ਗੁਰਮੁਖਿ ਬਾਣੀ ਮੀਠੀ ਲਾਗੀ ॥ ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥}

(ਅੰਗ - ੨੩੨)

{ਸਹਜੇ ਸਚੁ ਮਿਲਿਆ ਪਰਸਾਦੀ ॥ ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥}

(ਅੰਗ - ੨੩੨)

{ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮ ਗੁਣਤਾਸੁ ॥}

(ਅੰਗ - ੨੩੨)

{ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥}

(ਅੰਗ - ੨੩੨)

{ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ ਗੁਰਮੁਖਿ ਮੇਲੇ ਆਪੁ ਗਵਾਏ ॥}

(ਅੰਗ - ੨੩੨)

{ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥੮॥੭॥}

(ਅੰਗ - ੨੩੨)

{ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥ ਗੋਵਿਦੁ ਪਾਈਐ ਗੁਣੀ ਨਿਧਾਨੁ ॥੧॥ ਰਹਾਉ ॥}

(ਅੰਗ - ੨੩੩)

{ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥ ਸਬਦਿ ਮਨੁ ਰੰਗਿਆ ਲਿਵ ਲਾਇ ॥
ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥}

(ਅੰਗ - ੨੩੨)

{ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥ ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥
ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥}

(ਅੰਗ - ੨੩੩)

{ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥ ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥
ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ ॥੪॥}

(ਅੰਗ - ੨੩੩)

{ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥ ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥੫॥}

(ਅੰਗ - ੨੩੩)

{ਸਤਿਗੁਰ ਤੇ ਹਮ ਗਤਿ ਪਤਿ ਪਾਈ ॥ ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥}

(ਅੰਗ - ੨੩੩)

{ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥}

(ਅੰਗ - ੨੩੩)

{ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥}

(ਅੰਗ - ੨੩੩)

{ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥ ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥
ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥}

(ਅੰਗ - ੨੩੩)

{ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥ ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ ॥੧॥}
(ਅੰਗ - ੨੩੩)

{ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥}
(ਅੰਗ - ੨੩੩)

{ਜਿਸ ਦਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ ॥
ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ ॥੩॥}
(ਅੰਗ - ੨੩੩)

{ਨਾਮਿ ਮਿਲਿਐ ਪਤਿ ਪਾਈਐ ਨਾਮਿ ਮੰਨਿਐ ਸੁਖੁ ਹੋਇ ॥
ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ ॥੪॥}
(ਅੰਗ - ੨੩੩)

{ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥}
(ਅੰਗ - ੨੩੩)

{ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥
ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥੬॥}
(ਅੰਗ - ੨੩੩)

{ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥ ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥}
(ਅੰਗ - ੨੩੩ - ੨੩੪)

{ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥
ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥੮॥੧॥੯॥}
(ਅੰਗ - ੨੩੩ - ੨੩੪)

{ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥
ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥੨॥}
(ਅੰਗ - ੨੩੪)

{ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥}
(ਅੰਗ - ੨੩੪)

{ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥}
(ਅੰਗ - ੨੩੪)

{ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥
ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮॥}
(ਅੰਗ - ੨੩੪)

{ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥
ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥੯॥}
(ਅੰਗ - ੨੩੪)

{ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥
ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥੧੦॥੧॥}
(ਅੰਗ - ੨੩੪)

{ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ ॥
ਬਨ ਫਿਰਿ ਥਕੇ ਬਨ ਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥
ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥੧॥ ਰਹਾਉ ॥}

(ਅੰਗ - ੨੩੪)

{ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ ॥
ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥੨॥}

(ਅੰਗ - ੨੩੪)

{ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥
ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥੩॥}

(ਅੰਗ - ੨੩੪)

{ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ ॥
ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥੪॥}

(ਅੰਗ - ੨੩੪ - ੨੩੫)

{ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥
ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥}

(ਅੰਗ - ੨੩੫)

{ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥}

(ਅੰਗ - ੨੩੫)

{ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥
ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥}

(ਅੰਗ - ੨੩੫)

{ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ ॥ ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ॥੮॥}

(ਅੰਗ - ੨੩੫)

{ਜਬ ਇਹੁ ਮਨ ਮਹਿ ਕਰਤ ਗੁਮਾਨਾ ॥ ਤਬ ਇਹੁ ਬਾਵਰੁ ਫਿਰਤ ਬਿਗਾਨਾ ॥}

(ਅੰਗ - ੨੩੫)

{ਜਬ ਇਹੁ ਹੂਆ ਸਗਲ ਕੀ ਰੀਨਾ ॥ ਤਾ ਤੇ ਰਮਈਆ ਘਟਿ ਘਟਿ ਚੀਨਾ ॥੧॥}

(ਅੰਗ - ੨੩੫)

{ਸਹਜ ਸੁਹੇਲਾ ਫਲੁ ਮਸਕੀਨੀ ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥੧॥ ਰਹਾਉ ॥}

(ਅੰਗ - ੨੩੫)

{ਜਬ ਇਹੁ ਧਾਵੈ ਮਾਇਆ ਅਰਥੀ ॥ ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥}

(ਅੰਗ - ੨੩੫)

{ਜਬ ਇਨਿ ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ ॥}

(ਅੰਗ - ੨੩੫)

{ਜਬ ਇਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥}

(ਅੰਗ - ੨੩੫)

{ਜਬ ਇਨਿ ਏਕੋ ਏਕੀ ਬੂਝਿਆ ॥ ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥੫॥}

(ਅੰਗ - ੨੩੫)

{ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥}

(ਅੰਗ - ੨੩੫)

{ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥}

(ਅੰਗ - ੨੩੫)

{ਕਰਨ ਕਰਾਵਨ ਸਭੁ ਕਿਛੁ ਏਕੈ ॥ ਆਪੇ ਬੁਧਿ ਬੀਚਾਰਿ ਬਿਬੇਕੈ ॥}

(ਅੰਗ - ੨੩੬)

{ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥}

(ਅੰਗ - ੨੩੬)

{ਗੁਰ ਸੇਵਾ ਤੇ ਨਾਮੇ ਲਾਗਾ ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥}

(ਅੰਗ - ੨੩੬)

{ਤਿਸ ਕੈ ਹਿਰਦੈ ਰਵਿਆ ਸੋਇ ॥ ਮਨੁ ਤਨੁ ਸੀਤਲੁ ਨਿਹਚਲੁ ਹੋਇ ॥੧॥}

(ਅੰਗ - ੨੩੬)

{ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥੧॥ ਰਹਾਉ ॥}

(ਅੰਗ - ੨੩੬)

{ਜਾਸੁ ਜਪਤ ਭਉ ਅਪਦਾ ਜਾਇ ॥ ਧਾਵਤ ਮਨੂਆ ਆਵੈ ਠਾਇ ॥}

(ਅੰਗ - ੨੩੬)

{ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥ ਜਾਸੁ ਜਪਤ ਇਹ ਹਉਮੈ ਭਾਗੈ ॥੨॥}

(ਅੰਗ - ੨੩੬)

{ਜਾਸੁ ਜਪਤ ਵਸਿ ਆਵਹਿ ਪੰਚਾ ॥ ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥}

(ਅੰਗ - ੨੩੬)

{ਜਾਸੁ ਜਪਤ ਇਹ ਤ੍ਰਿਸਨਾ ਬੁਝੈ ॥ ਜਾਸੁ ਜਪਤ ਹਰਿ ਦਰਗਹ ਸਿਝੈ ॥੩॥}

(ਅੰਗ - ੨੩੬)

{ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥ ਜਾਸੁ ਜਪਤ ਹਰਿ ਹੋਵਹਿ ਸਾਧ ॥}

(ਅੰਗ - ੨੩੬)

{ਜਾਸੁ ਜਪਤ ਮਨੁ ਸੀਤਲੁ ਹੋਵੈ ॥ ਜਾਸੁ ਜਪਤ ਮਲੁ ਸਗਲੀ ਖੋਵੈ ॥੪॥}

(ਅੰਗ - ੨੩੬)

{ਜਾਸੁ ਜਪਤ ਰਤਨੁ ਹਰਿ ਮਿਲੈ ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥}

(ਅੰਗ - ੨੩੬)

{ਜਾਸੁ ਜਪਤ ਕਈ ਬੈਕੁੰਠ ਵਾਸੁ ॥ ਜਾਸੁ ਜਪਤ ਸੁਖ ਸਹਜਿ ਨਿਵਾਸੁ ॥੫॥}

(ਅੰਗ - ੨੩੬)

{ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥}

(ਅੰਗ - ੨੩੬)

{ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੯॥੨॥}

(ਅੰਗ - ੨੩੬)

{ਜਾਸੁ ਜਪਤ ਇਹ ਅਗਨਿ ਨ ਪੋਹਤ ॥ ਜਾਸੁ ਜਪਤ ਇਹੁ ਕਾਲੁ ਨ ਜੋਹਤ ॥}

(ਅੰਗ - ੨੩੬)

{ਜਾਸੁ ਜਪਤ ਇਹ ਨਿਰਮਲ ਸੋਇ ॥ ਜਾਸੁ ਜਪਤ ਕਮਲੁ ਸੀਧਾ ਹੋਇ ॥੭॥}

(ਅੰਗ - ੨੩੬)

{ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥}

(ਅੰਗ - ੨੩੬)

{ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥}

(ਅੰਗ - ੨੩੬)

{ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥}

(ਅੰਗ - ੨੩੬)

{ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥}

(ਅੰਗ - ੨੩੬)

{ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥੨॥}

(ਅੰਗ - ੨੩੬)

{ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥}

(ਅੰਗ - ੨੩੬)

{ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥}

(ਅੰਗ - ੨੩੬)

{ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥}

(ਅੰਗ - ੨੩੬)

{ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥}

(ਅੰਗ - ੨੩੬)

{ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ ॥}

(ਅੰਗ - ੨੩੬)

{ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥}

(ਅੰਗ - ੨੩੬)

{ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥}

(ਅੰਗ - ੨੩੬)

{ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥੬॥}

(ਅੰਗ - ੨੩੬)

{ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ ਜੀਅ ਕੋ ਦਾਨੁ ॥}

(ਅੰਗ - ੨੩੭)

{ਸਹਜੇ ਜਾ ਕਉ ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥}

(ਅੰਗ - ੨੩੭)

{ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥}

(ਅੰਗ - ੨੩੭)

{ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧਸੰਗਿ ਤਰੈ ॥੮॥੪॥}

(ਅੰਗ - ੨੩੭)

{ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥}

(ਅੰਗ - ੨੩੭)

{ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥}

(ਅੰਗ - ੨੩੮)

{ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥}

(ਅੰਗ - ੨੩੮)

{ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥}

(ਅੰਗ - ੨੩੮)

{ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥}

(ਅੰਗ - ੨੩੮)

{ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥}

(ਅੰਗ - ੨੩੮)

{ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥}

(ਅੰਗ - ੨੩੮)

{ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥}

(ਅੰਗ - ੨੩੮)

{ਹਰਿ ਸਿਉ ਜੁਰੈ ਤ ਸਭੁ ਕੋ ਮੀਤੁ ॥ ਹਰਿ ਸਿਉ ਜੁਰੈ ਤ ਨਿਹਚਲੁ ਚੀਤੁ ॥}

(ਅੰਗ - ੨੩੮)

{ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥੩॥}

(ਅੰਗ - ੨੩੮)

{ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥ ਬਿਨਸਿ ਜਾਹਿ ਮਾਇਆ ਕੇ ਹੇਤ ॥}

(ਅੰਗ - ੨੩੮)

{ਮਨ ਮੇਰੇ ਰਚੁ ਰਾਮ ਕੈ ਰੰਗਿ ॥੪॥ ਜਾ ਕੈ ਕਾਮਿ ਉਤਰੈ ਸਭ ਭੂਖ ॥ ਜਾ ਕੈ ਕਾਮਿ ਨ ਜੋਹਹਿ ਦੂਤ ॥}

(ਅੰਗ - ੨੩੮)

{ਬਿਨੁ ਸਿਮਰਨ ਜੈਸੇ ਸੀਝ ਛਤਾਰਾ ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥੪॥}

(ਅੰਗ - ੨੩੯)

{ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥੬॥}

(ਅੰਗ - ੨੩੯)

{ਬਿਨੁ ਸਿਮਰਨ ਹੈ ਆਤਮ ਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥}

(ਅੰਗ - ੨੩੯)

{ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥ ਕਹੁ ਨਾਨਕ ਗੁਰਿ ਜਗਤੁ ਤਰਾਇਆ ॥੮॥੭॥}

(ਅੰਗ - ੨੩੯)

{ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥੧॥ ਰਹਾਉ ॥}

(ਅੰਗ - ੨੩੯)

{ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥}

(ਅੰਗ - ੨੩੯)

{ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥੮॥੮॥}

(ਅੰਗ - ੨੩੯)

{ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥}

(ਅੰਗ - ੨੩੯)

{ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥}

(ਅੰਗ - ੨੪੦)

{ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥੧॥ ਰਹਾਉ ॥}

(ਅੰਗ - ੨੪੦)

{ਨਾਮੁ ਤਿਆਗਿ ਕਰੇ ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ ॥੪॥}

(ਅੰਗ - ੨੪੦)

{ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥}

(ਅੰਗ - ੨੪੦)

{ਮਾਇਆ ਸਿਲਕ ਕਾਟੀ ਗੋਪਾਲਿ ॥ ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥੫॥}

(ਅੰਗ - ੨੪੦)

{ਕਹੁ ਨਾਨਕ ਹਰਿ ਹਰਿ ਪਦੁ ਚੀਨ ॥ ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥}

(ਅੰਗ - ੨੪੦)

{ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥ ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥੬॥}

(ਅੰਗ - ੨੪੧)

{ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ ॥ ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ ॥੮॥੧੨॥}

(ਅੰਗ - ੨੪੧)

{ਤਜਿ ਹਉਮੈ ਗੁਰ ਗਿਆਨ ਭਜੋ ॥}

(ਅੰਗ - ੨੪੧)

{ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥੬॥}

(ਅੰਗ - ੨੪੧)

{ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥}

(ਅੰਗ - ੨੪੧)

{ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥
ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥੨॥}

(ਅੰਗ - ੨੪੧)

{ਰੰਗ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ ॥੧॥
ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ ॥ ਰਹਾਉ ॥}

(ਅੰਗ - ੨੪੨)

{ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥੭॥
ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ ॥੮॥੩॥੧੫॥੪੪॥ ਜੁਮਲਾ}

(ਅੰਗ - ੨੪੨)

{ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥
ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ ॥੨॥}

(ਅੰਗ - ੨੪੨)

{ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ॥ ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ॥੩॥}

(ਅੰਗ - ੨੪੨)

{ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥
ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ ॥}

(ਅੰਗ - ੨੪੨)

{ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥ ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥}

(ਅੰਗ - ੨੪੩)

{ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ ॥
ਨਾਨਕ ਸਾ ਧਨ ਤਾ ਪਿਰੁ ਰਾਵੇ ਜਾ ਤਿਸ ਕੈ ਮਨਿ ਭਾਣੀ ॥੨॥}

(ਅੰਗ - ੨੪੩)

{ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ ॥
ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥}

(ਅੰਗ - ੨੪੩)

{ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥ ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥
ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥}

(ਅੰਗ - ੨੪੩)

{ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥
ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥੨॥}

(ਅੰਗ - ੨੪੩)

{ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ ॥
ਜੋ ਗੁਰੁ ਕਹੈ ਸੋਈ ਪਰੁ ਕੀਜੈ ਤਿਸਨਾ ਅਗਨਿ ਬੁਝਾਈਐ ॥}

(ਅੰਗ - ੨੪੩)

{ਸਤਿਗੁਰੁ ਸੇਵੇ ਭਾਉ ਕਰੇ ਜੀਉ ਵਿਚਹੁ ਆਪੁ ਗਵਾਏ ॥
ਵਿਚਹੁ ਆਪੁ ਗਵਾਏ ਹਰਿ ਗੁਣ ਗਾਏ ਅਨਦਿਨੁ ਲਾਗਾ ਭਾਓ ॥}

(ਅੰਗ - ੨੪੩ - ੨੪੪)

{ਸੁਣਿ ਸਖੀ ਸਹੇਲੀ ਜੀਅ ਕੀ ਮੇਲੀ ਗੁਰ ਕੈ ਸਬਦਿ ਸਮਾਓ ॥
ਹਰਿ ਗੁਣ ਸਾਰੀ ਤਾ ਕੰਤ ਪਿਆਰੀ ਨਾਮੇ ਧਰੀ ਪਿਆਰੋ ॥}

(ਅੰਗ - ੨੪੩ - ੨੪੪)

{ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥}

(ਅੰਗ - ੨੪੪)

{ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ ॥
ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ ॥}

(ਅੰਗ - ੨੪੪)

{ਗੁਰ ਸਬਦੇ ਰਾਤੀ ਸਹਜੇ ਮਾਤੀ ਅਨਦਿਨੁ ਰਹੈ ਸਮਾਏ ॥
ਨਾਨਕ ਕਾਮਣਿ ਸਦਾ ਰੰਗਿ ਰਾਤੀ ਹਰਿ ਜੀਉ ਆਪਿ ਮਿਲਾਏ ॥੩॥}

(ਅੰਗ - ੨੪੪)

{ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥੧॥}

(ਅੰਗ - ੨੪੪)

{ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥
ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ ॥}

(ਅੰਗ - ੨੪੪)

{ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ ॥
ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥੧॥}

(ਅੰਗ - ੨੪੪)

{ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ ॥
ਸਾ ਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ ਪਿਆਰੇ ॥}

(ਅੰਗ - ੨੪੪)

{ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥
ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥੨॥}

(ਅੰਗ - ੨੪੪)

{ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ ॥ ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ ॥}

(ਅੰਗ - ੨੪੪)

{ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ ॥}

(ਅੰਗ - ੨੪੪)

{ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ ॥}

(ਅੰਗ - ੨੪੪)

{ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ ॥
ਨਾਨਕ ਕਾਮਣਿ ਸਹਜਿ ਸਮਾਣੀ ਜਿਸੁ ਸਾਚਾ ਨਾਮੁ ਅਧਾਰੋ ॥੩॥}

(ਅੰਗ - ੨੪੪)

{ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥
ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥
ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥੪॥੨॥}

(ਅੰਗ - ੨੪੫)

{ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥}

(ਅੰਗ - ੨੪੫)

{ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥}

(ਅੰਗ - ੨੪੫)

{ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥
ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥}

(ਅੰਗ - ੨੪੫)

{ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥
ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥}

(ਅੰਗ - ੨੪੫)

{ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥}

(ਅੰਗ - ੨੪੫)

{ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ ॥
ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ ॥}

(ਅੰਗ - ੨੪੫)

{ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ ॥}

(ਅੰਗ - ੨੪੫)

{ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ ॥੩॥}

(ਅੰਗ - ੨੪੫)

{ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ ॥

ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰਿ ਬੂਝ ਬੁਝਾਈ ॥}

(ਅੰਗ - ੨੪੫)

{ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ ॥
ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ ॥}

(ਅੰਗ - ੨੪੫)

{ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵ ਲਾਈ ॥
ਨਾਨਕ ਸਹਜੇ ਹਰਿ ਵਰੁ ਪਾਇਆ ਸਾ ਧਨ ਨਉ ਨਿਧਿ ਪਾਈ ॥੪॥੩॥}

(ਅੰਗ - ੨੪੫)

{ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ ॥}

(ਅੰਗ - ੨੪੬)

{ਨਾਨਕ ਰਾਮ ਨਾਮਿ ਨਿਸਤਾਰਾ ਕੰਚਨ ਭਏ ਮਨੂਰਾ ॥੧॥}

(ਅੰਗ - ੨੪੬)

{ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ ॥
ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ ॥}

(ਅੰਗ - ੨੪੬)

{ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ ਆਪਿ ਤਰੈ ਕੁਲ ਤਾਰੇ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤਿ ਮਿਲੇ ਪਿਆਰੇ ॥੨॥}

(ਅੰਗ - ੨੪੬)

{ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ ॥
ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥}

(ਅੰਗ - ੨੪੬)

{ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ ॥
ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ ॥੩॥}

(ਅੰਗ - ੨੪੬)

{ਆਪੇ ਦਾਨਾ ਆਪੇ ਬੀਨਾ ਆਪੇ ਸੇਵ ਕਰਾਏ ॥ ਆਪੇ ਗੁਣਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ ॥
ਨਾਨਕ ਸਦ ਬਲਿਹਾਰੀ ਸਚੇ ਵਿਟਹੁ ਆਪੇ ਕਰੇ ਕਰਾਏ ॥੪॥੪॥}

(ਅੰਗ - ੨੪੬)

{ਗੁਰ ਕੀ ਸੇਵਾ ਖਰੀ ਸੁਖਾਲੀ ਜਿਸ ਨੋ ਆਪਿ ਕਰਾਏ ॥ ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਏ ॥
ਨਾਨਕ ਸਚਿ ਨਾਮਿ ਵਡਿਆਈ ਪੂਰਬਿ ਲਿਖਿਆ ਪਾਏ ॥੧॥}

(ਅੰਗ - ੨੪੬)

{ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ ॥ ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ ਲਵਾਏ ॥੨॥}

(ਅੰਗ - ੨੪੬)

{ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ ॥}

(ਅੰਗ - ੨੪੭)

{ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ ॥
ਨਾਨਕ ਮਾਇਆ ਕਾ ਦੁਖੁ ਤਦੇ ਚੂਕੈ ਜਾ ਗੁਰ ਸਬਦੀ ਚਿਤੁ ਲਾਏ ॥੩॥}

(ਅੰਗ - ੨੪੭)

{ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ ॥}

(ਅੰਗ - ੨੪੭)

{ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ ॥
ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ ਆਪੁ ਗਣਾਏ ॥}

(ਅੰਗ - ੨੪੭)

{ਹਰਿ ਕੇ ਚਾਕਰ ਸਦਾ ਸੁਹੇਲੇ ਗੁਰ ਚਰਣੀ ਚਿਤੁ ਲਾਏ ॥
ਜਿਸ ਨੋ ਹਰਿ ਜੀਉ ਕਰੇ ਕਿਰਪਾ ਸਦਾ ਹਰਿ ਕੇ ਗੁਣ ਗਾਏ ॥
ਨਾਨਕ ਨਾਮੁ ਰਤਨੁ ਜਗਿ ਲਾਹਾ ਗੁਰਮੁਖਿ ਆਪਿ ਬੁਝਾਏ ॥੪॥੫॥੭॥}

(ਅੰਗ - ੨੪੭)

{ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ ॥
ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ ॥}

(ਅੰਗ - ੨੪੭)

{ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ ॥
ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ ॥}

(ਅੰਗ - ੨੪੭)

{ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ ॥}

(ਅੰਗ - ੨੪੭)

{ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥}

(ਅੰਗ - ੨੪੮)

{ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥}

(ਅੰਗ - ੨੪੮)

{ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥}

(ਅੰਗ - ੨੪੮)

{ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥
ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥}

(ਅੰਗ - ੨੪੮)

{ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥੪॥੨॥}

(ਅੰਗ - ੨੪੮)

{ਪਤਿਤ ਅਸੰਖ ਪੁਨੀਤ ਕਰਿ ਪੁਨਹ ਪੁਨਹ ਬਲਿਹਾਰ ॥
ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ ॥੧॥}

(ਅੰਗ - ੨੪੮)

{ਭਗਤਿ ਵਛਲ ਪੁਰਖ ਪੂਰਨ ਮਨਹਿ ਚਿੰਦਿਆ ਪਾਈਐ ॥ ਤਮ ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ ॥}

(ਅੰਗ - ੨੪੯)

{ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ॥ ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ॥}

(ਅੰਗ - ੨੪੯)

{ਕਲਿਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ ॥
ਬਿਨਵੰਤਿ ਨਾਨਕ ਕਰਹੁ ਕਿਰਪਾ ਗੋਪਾਲ ਗੋਬਿੰਦ ਮਾਧੋ ॥੧॥}

(ਅੰਗ - ੨੪੯)

{ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ ॥
ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ ॥}

(ਅੰਗ - ੨੪੯)

{ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥
ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ ॥}

(ਅੰਗ - ੨੪੯)

{ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ ॥
ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ ॥}

(ਅੰਗ - ੨੪੯)

{ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ ॥
ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ ॥੨॥}

(ਅੰਗ - ੨੪੯)

{ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥
ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ ॥੪॥੪॥੨॥੫॥੧੧॥}

(ਅੰਗ - ੨੪੯)

{ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥}

(ਅੰਗ - ੨੫੦)

{ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ ॥}

(ਅੰਗ - ੨੫੦)

{ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥}

(ਅੰਗ - ੨੫੦)

{ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ ॥}

(ਅੰਗ - ੨੫੦)

{ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥ ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥੧॥}

(ਅੰਗ - ੨੫੦)

{ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥}

(ਅੰਗ - ੨੫੦)

{ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥}

(ਅੰਗ - ੨੫੦)

{ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥
ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥}

(ਅੰਗ - ੨੫੦)

{ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥ ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥੧॥}

(ਅੰਗ - ੨੫੦ - ੨੫੧)

{ਜਾ ਕੈ ਹੀਐ ਦੀਓ ਪ੍ਰਭ ਨਾਮ ॥ ਨਾਨਕ ਸਾਧ ਪੂਰਨ ਭਗਵਾਨ ॥੪॥}

(ਅੰਗ - ੨੫੧)

{ਅਨਿਕ ਭੇਖ ਅਰੁ ਛਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ ॥
ਕਹੁ ਨਾਨਕ ਕਿਰਪਾ ਭਈ ਭਗਤੁ ਛਿਆਨੀ ਸੋਇ ॥੧॥}

(ਅੰਗ - ੨੫੧)

{ਛੰਛਾ ਛਿਆਨੁ ਨਹੀ ਮੁਖ ਬਾਤਉ ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥
ਛਿਆਨੀ ਸੋਇ ਜਾ ਕੈ ਦ੍ਰਿੜ ਸੋਊ ॥ ਕਹਤ ਸੁਨਤ ਕਛੁ ਜੋਗੁ ਨ ਹੋਊ ॥}

(ਅੰਗ - ੨੫੧)

{ਛਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ ॥ ਉਸਨ ਸੀਤ ਸਮਸਰਿ ਸਭ ਤਾ ਕੈ ॥}

(ਅੰਗ - ੨੫੧)

{ਛਿਆਨੀ ਤਤੁ ਗੁਰਮੁਖਿ ਬੀਚਾਰੀ ॥ ਨਾਨਕ ਜਾ ਕਉ ਕਿਰਪਾ ਧਾਰੀ ॥੫॥}

(ਅੰਗ - ੨੫੧)

{ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨਹਾਰੁ ਮਨਹਿ ਬਿਸਰਾਨਾ ॥}

(ਅੰਗ - ੨੫੧)

{ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥ ਆਪਨ ਮੋਹ ਘਟੇ ਘਟਿ ਦੀਨੇ ॥}

(ਅੰਗ - ੨੫੧)

{ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾ ਕੈ ਨਿਕਟਿ ਨ ਮਾਏ ॥੭॥}

(ਅੰਗ - ੨੫੧)

{ਏਕਹਿ ਤੇ ਸਗਲਾ ਬਿਸਥਾਰਾ ॥ ਨਾਨਕ ਆਪਿ ਸਵਾਰਨਹਾਰਾ ॥੮॥}

(ਅੰਗ - ੨੫੧)

{ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥ ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥}

(ਅੰਗ - ੨੫੨)

{ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥ ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ ॥}

(ਅੰਗ - ੨੫੨)

{ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥ ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥੯॥}

(ਅੰਗ - ੨੫੨)

{ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥}

(ਅੰਗ - ੨੫੨)

{ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥ ਹਰਿ ਸੰਪੈ ਨਾਨਕ ਘਰਿ ਤਾ ਕੈ ॥੧੦॥}

(ਅੰਗ - ੨੫੨)

{ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥੧॥}

(ਅੰਗ - ੨੫੨)

{ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥ ਇਆ ਮਾਇਆ ਮਹਿ ਜਨਮਹਿ ਮਰਨਾ ॥}

(ਅੰਗ - ੨੫੨)

{ਜਾ ਕਉ ਦੀਨੋ ਹਰਿ ਰਸੁ ਅਪਨਾ ॥ ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥੧੨॥}

(ਅੰਗ - ੨੫੨)

{ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥੧॥}

(ਅੰਗ - ੨੫੨)

{ਆਵਤ ਸੋ ਜਨੁ ਨਾਮਹਿ ਰਾਤਾ ॥ ਜਾ ਕਉ ਦਇਆ ਮਇਆ ਬਿਧਾਤਾ ॥}

(ਅੰਗ - ੨੫੨)

{ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥}

(ਅੰਗ - ੨੫੨)

{ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ ॥ ਦੂਖ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ ॥੧॥}

(ਅੰਗ - ੨੫੨)

{ਯਯਾ ਜਾਰਉ ਦੁਰਮਤਿ ਦੋਊ ॥ ਤਿਸਹਿ ਤਿਆਗਿ ਸੁਖ ਸਹਜੇ ਸੋਊ ॥}

(ਅੰਗ - ੨੫੩)

{ਯਯਾ ਜਾਇ ਪਰਹੁ ਸੰਤ ਸਰਨਾ ॥ ਜਿਹ ਆਸਰ ਇਆ ਭਵਜਲੁ ਤਰਨਾ ॥}

(ਅੰਗ - ੨੫੩)

{ਯਯਾ ਜਨਮਿ ਨ ਆਵੈ ਸੋਊ ॥ ਏਕ ਨਾਮ ਲੇ ਮਨਹਿ ਪਰੋਊ ॥}

(ਅੰਗ - ੨੫੩)

{ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥ ਨਾਨਕ ਤਿਹ ਸੁਖੁ ਪਾਇਆ ਜਾ ਕੈ ਹੀਅਰੈ ਏਕ ॥੧੪॥}

(ਅੰਗ - ੨੫੩)

{ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ ॥ ਗੁਰਿ ਪੂਰੈ ਉਪਦੇਸਿਆ ਨਾਨਕ ਜਪੀਐ ਨੀਤ ॥੧॥}

(ਅੰਗ - ੨੫੩)

{ਐਸੀ ਸੰਚਿ ਜੁ ਬਿਨਸਤ ਨਾਹੀ ॥ ਪਤਿ ਸੇਤੀ ਅਪੁਨੈ ਘਰਿ ਜਾਹੀ ॥}

(ਅੰਗ - ੨੫੩)

{ਸਾਧਸੰਗਿ ਕਲਿ ਕੀਰਤਨੁ ਗਾਇਆ ॥ ਨਾਨਕ ਤੇ ਤੇ ਬਹੁਰਿ ਨ ਆਇਆ ॥੧੫॥}

(ਅੰਗ - ੨੫੩)

{ਅਤਿ ਸੁੰਦਰ ਕੁਲੀਨ ਚਤੁਰ ਮੁਖਿ ਛਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥}

(ਅੰਗ - ੨੫੩)

{ਛੰਛਾ ਖਟੁ ਸਾਸਤ੍ਰ ਹੋਇ ਛਿਆਤਾ ॥ ਪੂਰਕੁ ਕੁੰਭਕ ਰੇਚਕ ਕਰਮਾਤਾ ॥ ਛਿਆਨ ਧਿਆਨ ਤੀਰਥ ਇਸਨਾਨੀ ॥ ਸੋਮਪਾਕ ਅਪਰਸ ਉਦਿਆਨੀ ॥ ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ ਜੋ ਕਛੁ ਕੀਨੋ ਸੋਊ ਅਨੇਤਾ ॥}

(ਅੰਗ - ੨੫੩)

{ਉਆ ਤੇ ਊਤਮੁ ਗਨਉ ਚੰਡਾਲਾ ॥ ਨਾਨਕ ਜਿਹ ਮਨਿ ਬਸਹਿ ਗੁਪਾਲਾ ॥੧੬॥}

(ਅੰਗ - ੨੫੩)

{ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥}

(ਅੰਗ - ੨੫੩)

{ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥ ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ॥}

(ਅੰਗ - ੨੫੩)

{ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ ॥ ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥}

(ਅੰਗ - ੨੫੩)

{ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ ॥ ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ ॥੧੯॥}

(ਅੰਗ - ੨੫੪)

{ਘੂਲਹਿ ਤਉ ਮਨ ਜਉ ਆਵਹਿ ਸਰਨਾ ॥ ਨਾਮ ਤਤੁ ਕਲਿ ਮਹਿ ਪੁਨਹਚਰਨਾ ॥}

(ਅੰਗ - ੨੫੪)

{ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥ ਨਾਨਕ ਹਰਿ ਗੁਰਿ ਜਾ ਕਉ ਦੀਆ ॥੨੦॥}

(ਅੰਗ - ੨੫੪)

{ਛਿਆਨ ਧਿਆਨ ਤਾਹੂ ਕਉ ਆਏ ॥ ਕਰਿ ਕਿਰਪਾ ਜਿਹ ਆਪਿ ਦਿਵਾਏ ॥}
(ਅੰਗ - ੨੫੪)

{ਛਣਤੀ ਛਣੀ ਨਹੀ ਕੋਊ ਛੂਟੈ ॥ ਕਾਚੀ ਗਾਗਰਿ ਸਰਪਰ ਫੂਟੈ ॥}
(ਅੰਗ - ੨੫੪)

{ਚਾਰ ਬਿਚਾਰ ਬਿਨਸਿਓ ਸਭ ਦੂਆ ॥ ਸਾਧਸੰਗਿ ਮਨੁ ਨਿਰਮਲ ਹੂਆ ॥}
(ਅੰਗ - ੨੫੪)

{ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥}
(ਅੰਗ - ੨੫੪)

{ਛਾਡਿ ਸਿਆਨਪ ਬਹੁ ਚਤੁਰਾਈ ॥ ਸੰਤਨ ਕੀ ਮਨ ਟੇਕ ਟਿਕਾਈ ॥}
(ਅੰਗ - ੨੫੫)

{ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥ ਨਾਨਕ ਜਾ ਕਉ ਸੰਤ ਸਹਾਈ ॥੨੩॥}
(ਅੰਗ - ੨੫੫)

{ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥ ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥}
(ਅੰਗ - ੨੫੫)

{ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥}
(ਅੰਗ - ੨੫੫)

{ਸਾਧਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾ ਕਉ ਮਿਲੇ ਮੁਰਾਰੀ ॥੨੪॥}
(ਅੰਗ - ੨੫੫)

{ਝੂਰਤ ਝੂਰਤ ਸਾਕਤ ਮੂਆ ॥ ਜਾ ਕੈ ਰਿਦੈ ਹੋਤ ਭਾਉ ਬੀਆ ॥}
(ਅੰਗ - ੨੫੫)

{ਝਰਹਿ ਕਸੰਮਲ ਪਾਪ ਤੇਰੇ ਮਨੂਆ ॥ ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥}
(ਅੰਗ - ੨੫੫)

{ਝਰਹਿ ਕਾਮ ਕ੍ਰੋਧ ਦੁਸਟਾਈ ॥ ਨਾਨਕ ਜਾ ਕਉ ਕ੍ਰਿਪਾ ਗੁਸਾਈ ॥੨੫॥}
(ਅੰਗ - ੨੫੫)

{ਞੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ ॥ ਞਾਣਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ ॥}
(ਅੰਗ - ੨੫੫)

{ਞਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ ॥ ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ ॥}
(ਅੰਗ - ੨੫੫)

{ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ ॥}
(ਅੰਗ - ੨੫੫)

{ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸੇ ਕਦਿ ਕੇ ॥੨੭॥}
(ਅੰਗ - ੨੫੫)

{ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥੧॥}
(ਅੰਗ - ੨੫੫)

{ਠਠਾ ਮਨੂਆ ਠਾਹਹਿ ਨਾਹੀ ॥ ਜੋ ਸਗਲ ਤਿਆਗਿ ਏਕਹਿ ਲਪਟਾਹੀ ॥}
(ਅੰਗ - ੨੫੬)

{ਠਹਕਿ ਠਹਕਿ ਮਾਇਆ ਸੰਗਿ ਮੂਏ ॥ ਉਆ ਕੈ ਕੁਸਲ ਨ ਕਤਹੂ ਹੂਏ ॥}
(ਅੰਗ - ੨੫੬)

{ਠਾਂਢਿ ਪਰੀ ਸੰਤਹ ਸੰਗਿ ਬਸਿਆ ॥ ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥}

(ਅੰਗ - ੨੫੬)

{ਠਾਕੁਰ ਅਪੁਨੇ ਜੋ ਜਨੁ ਭਾਇਆ ॥ ਨਾਨਕ ਉਆ ਕਾ ਮਨੁ ਸੀਤਲਾਇਆ ॥੨੮॥}

(ਅੰਗ - ੨੫੬)

{ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥}

(ਅੰਗ - ੨੫੬)

{ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥ ਨਾਨਕ ਤੇ ਜਨ ਨਹ ਡੋਲਾਇਆ ॥੨੯॥}

(ਅੰਗ - ੨੫੬)

{ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ ॥ ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥}

(ਅੰਗ - ੨੫੬)

{ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ ॥ ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ ॥}

(ਅੰਗ - ੨੫੬)

{ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ ॥}

(ਅੰਗ - ੨੫੬)

{ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥}

(ਅੰਗ - ੨੫੬)

{ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥ ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ ॥੧॥}

(ਅੰਗ - ੨੫੬)

{ਤਾਤਾ ਕਛੂ ਨ ਹੋਈ ਹੈ ਜਉ ਤਾਪ ਨਿਵਾਰੈ ਆਪ ॥ ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪ ॥੩੨॥}

(ਅੰਗ - ੨੫੬)

{ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ॥੧॥}

(ਅੰਗ - ੨੫੬)

{ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ ॥ ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ॥}

(ਅੰਗ - ੨੫੬)

{ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥ ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ॥}

(ਅੰਗ - ੨੫੬)

{ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ ॥ ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ ॥}

(ਅੰਗ - ੨੫੭)

{ਦੈਨਹਾਰੁ ਸਦ ਜੀਵਨਹਾਰਾ ॥ ਮਨ ਮੂਰਖ ਕਿਉ ਤਾਹਿ ਬਿਸਾਰਾ ॥}

(ਅੰਗ - ੨੫੭)

{ਦੋਸੁ ਨਹੀ ਕਾਹੂ ਕਉ ਮੀਤਾ ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥}

(ਅੰਗ - ੨੫੭)

{ਦਰਦ ਨਿਵਾਰਹਿ ਜਾ ਕੇ ਆਪੇ ॥ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥੩੪॥}

(ਅੰਗ - ੨੫੭)

{ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥੧॥}

(ਅੰਗ - ੨੫੭)

{ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥ ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥}

(ਅੰਗ - ੨੫੭)

{ਧਨੁ ਸਾਚਾ ਤੇਊ ਸਚ ਸਾਹਾ ॥ ਹਰਿ ਹਰਿ ਪੂੰਜੀ ਨਾਮ ਬਿਸਾਹਾ ॥}
(ਅੰਗ - ੨੫੭)

{ਧੀਰਜੁ ਜਸੁ ਸੋਭਾ ਤਿਹ ਬਨਿਆ ॥ ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥}
(ਅੰਗ - ੨੫੭)

{ਗੁਰਮੁਖਿ ਜਿਹ ਘਟਿ ਰਹੇ ਸਮਾਈ ॥ ਨਾਨਕ ਤਿਹ ਜਨ ਮਿਲੀ ਵਡਾਈ ॥੩੫॥}
(ਅੰਗ - ੨੫੭)

{ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥ ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ॥੧॥}
(ਅੰਗ - ੨੫੭)

{ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥}
(ਅੰਗ - ੨੫੭)

{ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥}
(ਅੰਗ - ੨੫੭)

{ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥}
(ਅੰਗ - ੨੫੭)

{ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥ ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰੁ ॥੧॥}
(ਅੰਗ - ੨੫੮)

{ਹੋਤ ਪੁਨੀਤ ਕੋਟ ਅਪਰਾਧੂ ॥ ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥}
(ਅੰਗ - ੨੫੮)

{ਪਾਤਿਸਾਹੁ ਛਤ੍ਰ ਸਿਰ ਸੋਊ ॥ ਨਾਨਕ ਦੂਸਰ ਅਵਰੁ ਨ ਕੋਊ ॥੩੭॥}
(ਅੰਗ - ੨੫੮)

{ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥ ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ॥੧॥}
(ਅੰਗ - ੨੫੮)

{ਬੀਰਾ ਆਪਨ ਬੁਰਾ ਮਿਟਾਵੈ ॥ ਤਾਹੂ ਬੁਰਾ ਨਿਕਟਿ ਨਹੀ ਆਵੈ ॥}
(ਅੰਗ - ੨੫੮)

{ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥}
(ਅੰਗ - ੨੫੮)

{ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥
ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥੧॥}
(ਅੰਗ - ੨੫੮)

{ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥}
(ਅੰਗ - ੨੫੮)

{ਮਾਗਨਿ ਮਾਗ ਤ ਏਕਹਿ ਮਾਗ ॥ ਨਾਨਕ ਜਾ ਤੇ ਪਰਹਿ ਪਰਾਗ ॥੪੧॥}
(ਅੰਗ - ੨੫੮)

{ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ ॥ ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥੧॥}
(ਅੰਗ - ੨੫੮)

{ਮਮਾ ਜਾਹੂ ਮਰਮੁ ਪਛਾਨਾ ॥ ਭੇਟਤ ਸਾਧਸੰਗ ਪਤੀਆਨਾ ॥}
(ਅੰਗ - ੨੫੮)

{ਉਆ ਰਸ ਮਹਿ ਉਆਹੂ ਸੁਖੁ ਪਾਇਆ ॥ ਨਾਨਕ ਲਿਪਤ ਨਹੀ ਤਿਹ ਮਾਇਆ ॥੪੨॥}

(ਅੰਗ - ੨੫੯)

{ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥ ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥੧॥}

(ਅੰਗ - ੨੫੮)

{ਯਾਹੂ ਜਤਨ ਕਰਿ ਹੋਤ ਛੁਟਾਰਾ ॥ ਉਆਹੂ ਜਤਨ ਸਾਧ ਸੰਗਾਰਾ ॥}

(ਅੰਗ - ੨੫੮)

{ਯਾਹੂ ਤਰਨ ਤਾਰਨ ਸਮਰਾਥਾ ॥ ਰਾਖਿ ਲੇਹੁ ਨਿਰਗੁਨ ਨਰਨਾਥਾ ॥}

(ਅੰਗ - ੨੫੯)

{ਮਨ ਬਚ ਕ੍ਰਮ ਜਿਹ ਆਪਿ ਜਨਾਈ ॥ ਨਾਨਕ ਤਿਹ ਮਤਿ ਪ੍ਰਗਟੀ ਆਈ ॥੪੩॥}

(ਅੰਗ - ੨੫੯)

{ਰਾਰਾ ਰੇਨ ਹੋਤ ਸਭ ਜਾ ਕੀ ॥ ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥}

(ਅੰਗ - ੨੫੯)

{ਰਣਿ ਦਰਗਹਿ ਤਉ ਸੀਝਹਿ ਭਾਈ ॥ ਜਉ ਗੁਰਮੁਖਿ ਰਾਮ ਨਾਮ ਲਿਵ ਲਾਈ ॥}

(ਅੰਗ - ੨੫੯)

{ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥}

(ਅੰਗ - ੨੫੯)

{ਰਾਤੇ ਰੰਗ ਨਾਮ ਰਸ ਮਾਤੇ ॥ ਨਾਨਕ ਹਰਿ ਗੁਰ ਕੀਨੀ ਦਾਤੇ ॥੪੪॥}

(ਅੰਗ - ੨੫੯)

{ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ॥
ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥੧॥}

(ਅੰਗ - ੨੫੯)

{ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ ਸੁਪਨੈ ਨਹੀ ਆਵੈ ॥}

(ਅੰਗ - ੨੫੯)

{ਹਰਿ ਅਉਖਧੁ ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥}

(ਅੰਗ - ੨੫੯)

{ਗੁਰਿ ਪੂਰੈ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥੪੫॥}

(ਅੰਗ - ੨੫੯)

{ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥ ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥੧॥}

(ਅੰਗ - ੨੫੯)

{ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥}

(ਅੰਗ - ੨੫੯)

{ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥}

(ਅੰਗ - ੨੫੯)

{ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥
ਝੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥੧॥}

(ਅੰਗ - ੨੬੦)

{ਝਾੜਿ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥}

(ਅੰਗ - ੨੬੦)

{ਝਾੜਾ ਗੁਰਮੁਖਿ ਝਾੜਿ ਮਿਟਾਈ ॥ ਨਿਮਖ ਮਾਹਿ ਨਾਨਕ ਸਮਝਾਈ ॥੪੭॥}

(ਅੰਗ - ੨੬੦)

{ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ॥
ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ ॥੧॥}

(ਅੰਗ - ੨੬੦)

{ਸਾਸਿ ਸਾਸਿ ਹਮ ਭੂਲਨਹਾਰੇ ॥ ਤੁਮ ਸਮਰਥ ਅਗਨਤ ਅਪਾਰੇ ॥}

(ਅੰਗ - ੨੬੦)

{ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥੪੮॥}

(ਅੰਗ - ੨੬੦)

{ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥ ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥੧॥}

(ਅੰਗ - ੨੬੦)

{ਖਖਾ ਖਰਾ ਸਰਾਹਉ ਤਾਹੂ ॥ ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥}

(ਅੰਗ - ੨੬੦)

{ਖਰਾ ਨਿਮਾਨਾ ਹੋਤ ਪਰਾਨੀ ॥ ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥}

(ਅੰਗ - ੨੬੦)

{ਭਾਵੈ ਖਸਮ ਤ ਉਆ ਸੁਖੁ ਦੇਤਾ ॥ ਪਾਰਬ੍ਰਹਮੁ ਐਸੋ ਆਗਨਤਾ ॥}

(ਅੰਗ - ੨੬੦)

{ਅਸੰਖ ਖਤੇ ਖਿਨ ਬਖਸਨਹਾਰਾ ॥ ਨਾਨਕ ਸਾਹਿਬ ਸਦਾ ਦਇਆਰਾ ॥੪੯॥}

(ਅੰਗ - ੨੬੦)

{ਸਸਾ ਸਿਆਨਪ ਛਾਡੁ ਇਆਨਾ ॥ ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥}

(ਅੰਗ - ੨੬੦)

{ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ ॥
ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ ॥੧॥}

(ਅੰਗ - ੨੬੦)

{ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥ ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥}

(ਅੰਗ - ੨੬੦)

{ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥ ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ ॥}

(ਅੰਗ - ੨੬੦)

{ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥}

(ਅੰਗ - ੨੬੧)

{ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥}

(ਅੰਗ - ੨੬੧)

{ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥}

(ਅੰਗ - ੨੬੧)

{ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥}

(ਅੰਗ - ੨੬੧)

{ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥}

(ਅੰਗ - ੨੬੧)

{ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥ ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥}

(ਅੰਗ - ੨੬੧)

{ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥ ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥}

(ਅੰਗ - ੨੬੧)

{ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥
ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥}

(ਅੰਗ - ੨੬੧)
{ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥ ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥੧॥}
(ਅੰਗ - ੨੬੧)
{ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥}
(ਅੰਗ - ੨੬੧)
{ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥ ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥}
(ਅੰਗ - ੨੬੧)
{ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥ ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥੫੫॥}
(ਅੰਗ - ੨੬੧ - ੨੬੨)
{ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥}
(ਅੰਗ - ੨੬੨)
{ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥}
(ਅੰਗ - ੨੬੨)
{ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥}
(ਅੰਗ - ੨੬੨)
{ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥}
(ਅੰਗ - ੨੬੨)
{ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥}
(ਅੰਗ - ੨੬੨)
{ਕਿਨਕਾ ਏਕ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ ਗਨੀ ਨ ਆਵੈ ॥}
(ਅੰਗ - ੨੬੨)
{ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥}
(ਅੰਗ - ੨੬੨)
{ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ ॥ ਕੀਨੇ ਰਾਮ ਨਾਮ ਇਕ ਆਖ੍ਰਰ ॥}
(ਅੰਗ - ੨੬੨)
{ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥}
(ਅੰਗ - ੨੬੨)
{ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥}
(ਅੰਗ - ੨੬੨)
{ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥}
(ਅੰਗ - ੨੬੨)
{ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥}
(ਅੰਗ - ੨੬੨)
{ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥}
(ਅੰਗ - ੨੬੨)

{ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥}
(ਅੰਗ - ੨੬੨)

{ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥}
(ਅੰਗ - ੨੬੨)

{ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥}
(ਅੰਗ - ੨੬੨)

{ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥}
(ਅੰਗ - ੨੬੩)

{ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥}
(ਅੰਗ - ੨੬੩)

{ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥}
(ਅੰਗ - ੨੬੩)

{ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥}
(ਅੰਗ - ੨੬੩)

{ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥}
(ਅੰਗ - ੨੬੩)

{ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ ਨਾਨਕ ਸਿਮਰਨੁ ਪੂਰੈ ਭਾਗਿ ॥੬॥}
(ਅੰਗ - ੨੬੩)

{ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥}
(ਅੰਗ - ੨੬੩)

{ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥}
(ਅੰਗ - ੨੬੩)

{ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥}
(ਅੰਗ - ੨੬੩)

{ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥ ਨਾਨਕ ਤਿਨ ਜਨ ਸਰਨੀ ਪਇਆ ॥੭॥}
(ਅੰਗ - ੨੬੩)

{ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥}
(ਅੰਗ - ੨੬੩)

{ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥}
(ਅੰਗ - ੨੬੩)

{ਹਰਿ ਸਿਮਰਨਿ ਕੀਓ ਸਗਲ ਅਕਾਰਾ ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥}
(ਅੰਗ - ੨੬੩)

{ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥ ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥}
(ਅੰਗ - ੨੬੩)

{ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥}
(ਅੰਗ - ੨੬੩)

{ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥}
(ਅੰਗ - ੨੬੩)

{ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥}
(ਅੰਗ - ੨੬੩)

{ਜਿਹ ਮਾਰਗਿ ਇਹੁ ਜਾਤ ਇਕੇਲਾ ॥ ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥}
(ਅੰਗ - ੨੬੩)

{ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥}
(ਅੰਗ - ੨੬੪)

{ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥੧॥}
(ਅੰਗ - ੨੬੪)

{ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ ਹਰਿ ਕਾ ਨਾਮੁ ਜਪਤ ਆਘਾਵੈ ॥}
(ਅੰਗ - ੨੬੪)

{ਐਸਾ ਨਾਮੁ ਮਨ ਸਦਾ ਧਿਆਈਐ ॥ ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥}
(ਅੰਗ - ੨੬੪)

{ਅਨਿਕ ਜੋਨਿ ਜਨਮੈ ਮਰਿ ਜਾਮ ॥ ਨਾਮੁ ਜਪਤ ਪਾਵੈ ਬਿਸ੍ਰਾਮ ॥}
(ਅੰਗ - ੨੬੪)

{ਹਉ ਮੈਲਾ ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥}
(ਅੰਗ - ੨੬੪)

{ਐਸਾ ਨਾਮੁ ਜਪਹੁ ਮਨ ਰੰਗਿ ॥ ਨਾਨਕ ਪਾਈਐ ਸਾਧ ਕੈ ਸੰਗਿ ॥੩॥}
(ਅੰਗ - ੨੬੪)

{ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥}
(ਅੰਗ - ੨੬੪)

{ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥}
(ਅੰਗ - ੨੬੪)

{ਭਗਤ ਜਨਾ ਕੀ ਬਰਤਨਿ ਨਾਮੁ ॥ ਸੰਤ ਜਨਾ ਕੈ ਮਨਿ ਬਿਸ੍ਰਾਮੁ ॥}
(ਅੰਗ - ੨੬੪)

{ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ ਪਾਰਬ੍ਰਹਮਿ ਜਨ ਕੀਨੋ ਦਾਨ ॥}
(ਅੰਗ - ੨੬੪)

{ਮਨ ਤਨ ਰੰਗਿ ਰਤੇ ਰੰਗ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥}
(ਅੰਗ - ੨੬੪)

{ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥}
(ਅੰਗ - ੨੬੪)

{ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥ ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥}
(ਅੰਗ - ੨੬੫)

{ਜਨੁ ਰਾਤਾ ਹਰਿ ਨਾਮ ਕੀ ਸੇਵਾ ॥ ਨਾਨਕ ਪੂਜੈ ਹਰਿ ਹਰਿ ਦੇਵਾ ॥੬॥}
(ਅੰਗ - ੨੬੫)

{ਹਰਿ ਹਰਿ ਜਨ ਕੈ ਮਾਲੁ ਖਜੀਨਾ ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥}
(ਅੰਗ - ੨੬੫)

{ਹਰਿ ਹਰਿ ਜਨ ਕੈ ਓਟ ਸਤਾਣੀ ॥ ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥}
(ਅੰਗ - ੨੬੫)

{ਓਤਿ ਪੋਤਿ ਜਨ ਹਰਿ ਰਸਿ ਰਾਤੇ ॥ ਸੁੰਨ ਸਮਾਧਿ ਨਾਮ ਰਸ ਮਾਤੇ ॥}
(ਅੰਗ - ੨੬੫)

{ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥ ਨਾਨਕ ਜਨ ਸੰਗਿ ਕੇਤੇ ਤਰੇ ॥੭॥}
(ਅੰਗ - ੨੬੫)

{ਨਾਮ ਕੀ ਮਹਿਮਾ ਸੰਤ ਰਿਦ ਵਸੈ ॥ ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥}
(ਅੰਗ - ੨੬੫)

{ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥}
(ਅੰਗ - ੨੬੫)

{ਨਾਮ ਤੁਲਿ ਕਛੁ ਅਵਰੁ ਨ ਹੋਇ ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥}
(ਅੰਗ - ੨੬੫)

{ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥}
(ਅੰਗ - ੨੬੫)

{ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥}
(ਅੰਗ - ੨੬੫)

{ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥}
(ਅੰਗ - ੨੬੫)

{ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥}
(ਅੰਗ - ੨੬੫)

{ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥}
(ਅੰਗ - ੨੬੫)

{ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥}
(ਅੰਗ - ੨੬੫)

{ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥}
(ਅੰਗ - ੨੬੫)

{ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥}
(ਅੰਗ - ੨੬੫)

{ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥}
(ਅੰਗ - ੨੬੫)

{ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥}
(ਅੰਗ - ੨੬੫)

{ਛੂਟਸਿ ਨਾਹੀ ਊਭ ਪਇਆਲਿ ॥ ਮੋਹਿ ਬਿਆਪਹਿ ਮਾਇਆ ਜਾਲਿ ॥}
(ਅੰਗ - ੨੬੬)

{ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥}
(ਅੰਗ - ੨੬੬)

{ਹਰਿ ਕਾ ਨਾਮੁ ਜਪਤ ਦੁਖੁ ਜਾਇ ॥ ਨਾਨਕ ਬੋਲੈ ਸਹਜਿ ਸੁਭਾਇ ॥੪॥}
(ਅੰਗ - ੨੬੬)

{ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥ ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥}

(ਅੰਗ - ੨੬੬)

{ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧਸੰਗਿ ਇਹ ਹਉਮੈ ਛੋਰੈ ॥}

(ਅੰਗ - ੨੬੬)

{ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ ॥}

(ਅੰਗ - ੨੬੬)

{ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥}

(ਅੰਗ - ੨੬੬)

{ਜੇ ਕੋ ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥}

(ਅੰਗ - ੨੬੬)

{ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥}

(ਅੰਗ - ੨੬੬)

{ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥}

(ਅੰਗ - ੨੬੬)

{ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥}

(ਅੰਗ - ੨੬੬)

{ਸੂਖ ਦੂਖ ਜਨ ਸਮ ਦ੍ਰਿਸਟੇਤਾ ॥ ਨਾਨਕ ਪਾਪ ਪੁੰਨ ਨਹੀ ਲੇਪਾ ॥੬॥}

(ਅੰਗ - ੨੬੬)

{ਨਿਰਧਨ ਕਉ ਧਨੁ ਤੇਰੋ ਨਾਉ ॥ ਨਿਥਾਵੇ ਕਉ ਨਾਉ ਤੇਰਾ ਥਾਉ ॥}

(ਅੰਗ - ੨੬੬)

{ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ ਸਗਲ ਘਟਾ ਕਉ ਦੇਵਹੁ ਦਾਨੁ ॥}

(ਅੰਗ - ੨੬੬)

{ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥}

(ਅੰਗ - ੨੬੬)

{ਅਪਨੀ ਗਤਿ ਮਿਤਿ ਜਾਨਹੁ ਆਪੇ ॥ ਆਪਨ ਸੰਗਿ ਆਪਿ ਪ੍ਰਭ ਰਾਤੇ ॥}

(ਅੰਗ - ੨੬੬)

{ਤੁਮ੍ਰੀ ਉਸਤਤਿ ਤੁਮ ਤੇ ਹੋਇ ॥ ਨਾਨਕ ਅਵਰੁ ਨ ਜਾਨਸਿ ਕੋਇ ॥੭॥}

(ਅੰਗ - ੨੬੬)

{ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥}

(ਅੰਗ - ੨੬੬)

{ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧਸੰਗਿ ਦੁਰਮਤਿ ਮਲੁ ਹਿਰਿਆ ॥}

(ਅੰਗ - ੨੬੬)

{ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥}

(ਅੰਗ - ੨੬੬)

{ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥}

(ਅੰਗ - ੨੬੬)

{ਸਗਲ ਥਾਨ ਤੇ ਓਹੁ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥}

(ਅੰਗ - ੨੬੬)

{ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥

ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥੧॥}

(ਅੰਗ - ੨੬੭)

{ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥੧॥}

(ਅੰਗ - ੨੬੭)

{ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥}

(ਅੰਗ - ੨੬੭)

{ਐਸੇ ਦੋਖ ਮੂੜ ਅੰਧ ਬਿਆਪੇ ॥ ਨਾਨਕ ਕਾਢਿ ਲੇਹੁ ਪ੍ਰਭ ਆਪੇ ॥੨॥}

(ਅੰਗ - ੨੬੭)

{ਆਦਿ ਅੰਤਿ ਜੋ ਰਾਖਨਹਾਰੁ ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥}

(ਅੰਗ - ੨੬੬)

{ਜਾ ਕੀ ਸੇਵਾ ਨਵ ਨਿਧਿ ਪਾਵੈ ॥ ਤਾ ਸਿਉ ਮੂੜਾ ਮਨੁ ਨਹੀ ਲਾਵੈ ॥}

(ਅੰਗ - ੨੬੬)

{ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ ਅੰਧਾ ਜਾਨਤ ਦੂਰੇ ॥}

(ਅੰਗ - ੨੬੬)

{ਜਾ ਕੀ ਟਹਲ ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ ਮੁਗਧੁ ਅਜਾਨੁ ॥}

(ਅੰਗ - ੨੬੭)

{ਸਦਾ ਸਦਾ ਇਹੁ ਭੂਲਨਹਾਰੁ ॥ ਨਾਨਕ ਰਾਖਨਹਾਰੁ ਅਪਾਰੁ ॥੩॥}

(ਅੰਗ - ੨੬੭)

{ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥}

(ਅੰਗ - ੨੬੭)

{ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥}

(ਅੰਗ - ੨੬੭)

{ਅੰਧ ਕੂਪ ਮਹਿ ਪਤਿਤ ਬਿਕਰਾਲ ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥}

(ਅੰਗ - ੨੬੭)

{ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥}

(ਅੰਗ - ੨੬੭)

{ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥}

(ਅੰਗ - ੨੬੭)

{ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥}

(ਅੰਗ - ੨੬੭)

{ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ ਸਹਜਿ ਸਮਾਤਿ ॥੫॥}

(ਅੰਗ - ੨੬੭)

{ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ ਕਰੁ ਗਹਿ ਲੇਹੁ ਓੜਿ ਨਿਬਹਾਵੈ ॥}

(ਅੰਗ - ੨੬੭)

{ਕਹਾ ਬੁਝਾਰਤਿ ਬੂਝੈ ਡੋਰਾ ॥ ਨਿਸਿ ਕਹੀਐ ਤਉ ਸਮਝੈ ਭੋਰਾ ॥}

(ਅੰਗ - ੨੬੭)

{ਕਹ ਪਿੰਗੁਲ ਪਰਬਤ ਪਰ ਭਵਨ ॥ ਨਹੀ ਹੋਤ ਊਹਾ ਉਸੁ ਗਵਨ ॥}

(ਅੰਗ - ੨੬੭)

{ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥੬॥}

(ਅੰਗ - ੨੬੭)

{ਬਲੂਆ ਕੇ ਗ੍ਰਿਹ ਭੀਤਰਿ ਬਸੈ ॥ ਅਨਦ ਕੇਲ ਮਾਇਆ ਰੰਗਿ ਰਸੈ ॥}

(ਅੰਗ - ੨੬੭)

{ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ ਕਾਲੁ ਨ ਆਵੈ ਮੂੜੇ ਚੀਤਿ ॥}

(ਅੰਗ - ੨੬੭)

{ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥}

(ਅੰਗ - ੨੬੭ - ੨੬੮)

{ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥}

(ਅੰਗ - ੨੬੮)

{ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥}

(ਅੰਗ - ੨੬੮)

{ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥ ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥}

(ਅੰਗ - ੨੬੮)

{ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥ ਸਰਬ ਸੂਖ ਤਾਹੂ ਮਨਿ ਵੂਠਾ ॥}

(ਅੰਗ - ੨੬੮)

{ਜਿਸੁ ਠਾਕੁਰ ਸਿਉ ਨਾਹੀ ਚਾਰਾ ॥ ਤਾ ਕਉ ਕੀਜੈ ਸਦ ਨਮਸਕਾਰਾ ॥}

(ਅੰਗ - ੨੬੮)

{ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨਿ ਪਾਇਆ ॥੧॥}

(ਅੰਗ - ੨੬੮)

{ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥}

(ਅੰਗ - ੨੬੮)

{ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥}

(ਅੰਗ - ੨੬੮)

{ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥}

(ਅੰਗ - ੨੬੮)

{ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥੨॥}

(ਅੰਗ - ੨੬੮)

{ਬਟਾਊ ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ ਕੇਹ ॥}

(ਅੰਗ - ੨੬੮)

{ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥ ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥}

(ਅੰਗ - ੨੬੮)

{ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥}

(ਅੰਗ - ੨੬੮)

{ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥}

(ਅੰਗ - ੨੬੮)

{ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥}

(ਅੰਗ - ੨੬੮)

{ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥}

(ਅੰਗ - ੨੬੮)

{ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥}

(ਅੰਗ - ੨੬੮)

{ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥}

(ਅੰਗ - ੨੬੮)

{ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥}

(ਅੰਗ - ੨੬੮)

{ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥}

(ਅੰਗ - ੨੬੮)

{ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥}

(ਅੰਗ - ੨੬੮)

{ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥}

(ਅੰਗ - ੨੬੮)

{ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥}

(ਅੰਗ - ੨੬੮)

{ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥}

(ਅੰਗ - ੨੬੮)

{ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥}

(ਅੰਗ - ੨੬੯)

{ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥}

(ਅੰਗ - ੨੬੯)

{ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥}

(ਅੰਗ - ੨੬੯)

{ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ ਜਿਉ ਕਿਰਪਨ ਕੇ ਨਿਰਾਰਥ ਦਾਮ ॥}

(ਅੰਗ - ੨੬੯)

{ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੬॥}

(ਅੰਗ - ੨੬੯)

{ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥}

(ਅੰਗ - ੨੬੯)

{ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥}

(ਅੰਗ - ੨੬੯)

{ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥}

(ਅੰਗ - ੨੬੯)

{ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥ ਨਾਨਕ ਉਨ ਜਨ ਚਰਨ ਪਰਾਤਾ ॥੭॥}

(ਅੰਗ - ੨੬੯)

{ਉਪਾਵ ਸਿਆਨਪ ਸਗਲ ਤੇ ਰਹਤ ॥ ਸਭੁ ਕਛੁ ਜਾਨੈ ਆਤਮ ਕੀ ਰਹਤ ॥}

(ਅੰਗ - ੨੬੯)

{ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥ ਥਾਨ ਥਨੰਤਰਿ ਰਹਿਆ ਸਮਾਇ ॥}

(ਅੰਗ - ੨੬੯)

{ਸੋ ਸੇਵਕੁ ਜਿਸੁ ਕਿਰਪਾ ਕਰੀ ॥ ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥}

(ਅੰਗ - ੨੬੯)

{ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥ ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥}

(ਅੰਗ - ੨੬੯)

{ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥}

(ਅੰਗ - ੨੭੦)

{ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥}

(ਅੰਗ - ੨੭੦)

{ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥}

(ਅੰਗ - ੨੭੦)

{ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥}

(ਅੰਗ - ੨੭੦)

{ਜਿਹ ਪ੍ਰਸਾਦਿ ਪਾਈ ਦੁਲਭ ਦੇਹ ॥ ਨਾਨਕ ਤਾ ਕੀ ਭਗਤਿ ਕਰੇਹ ॥੩॥}

(ਅੰਗ - ੨੭੦)

{ਜਿਨਿ ਤੇਰੀ ਮਨ ਬਨਤ ਬਨਾਈ ॥ ਊਠਤ ਬੈਠਤ ਸਦ ਤਿਸਹਿ ਧਿਆਈ ॥}

(ਅੰਗ - ੨੭੦)

{ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥}

(ਅੰਗ - ੨੭੦)

{ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥ ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥}

(ਅੰਗ - ੨੭੦)

{ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥ ਨਾਨਕ ਜਾਪੁ ਜਪੈ ਜਪੁ ਸੋਇ ॥੭॥}

(ਅੰਗ - ੨੭੦)

{ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿ ਗੁਨ ਗਾਉ ॥}

(ਅੰਗ - ੨੭੦)

{ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥}

(ਅੰਗ - ੨੭੦)

{ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥ ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥੬॥}

(ਅੰਗ - ੨੭੦)

{ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥}

(ਅੰਗ - ੨੭੧)

{ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥}

(ਅੰਗ - ੨੭੧)

{ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ ਨ ਕਿਨਹੂ ਲਇਆ ॥}

(ਅੰਗ - ੨੭੧)

{ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥ ਨਾਨਕ ਇਨ ਕੈ ਕਛੂ ਨ ਹਾਥ ॥੮॥੬॥}

(ਅੰਗ - ੨੭੧)

{ਸਾਧ ਕੈ ਸੰਗਿ ਮੁਖ ਊਜਲ ਹੋਤ ॥ ਸਾਧਸੰਗਿ ਮਲੁ ਸਗਲੀ ਖੋਤ ॥}

(ਅੰਗ - ੨੭੧)

{ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥}

(ਅੰਗ - ੨੭੧)

{ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥ ਸਾਧਸੰਗਿ ਸਭੁ ਹੋਤ ਨਿਬੇਰਾ ॥}

(ਅੰਗ - ੨੭੧)

{ਸਾਧ ਕੈ ਸੰਗਿ ਪਾਏ ਨਾਮ ਰਤਨੁ ॥ ਸਾਧ ਕੈ ਸੰਗਿ ਏਕ ਊਪਰਿ ਜਤਨੁ ॥}

(ਅੰਗ - ੨੭੧)

{ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥ ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥}

(ਅੰਗ - ੨੭੧)

{ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥ ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥}

(ਅੰਗ - ੨੭੧)

{ਸਾਧ ਕੈ ਸੰਗਿ ਨ ਕਤਹੂੰ ਧਾਵੈ ॥ ਸਾਧਸੰਗਿ ਅਸਥਿਤਿ ਮਨੁ ਪਾਵੈ ॥}

(ਅੰਗ - ੨੭੧)

ਸਾਧ ਕੈ ਸੰਗਿ ਮਾਇਆ ਤੇ ਭਿੰਨ ॥ ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥}

(ਅੰਗ - ੨੭੧)

{ਸਾਧਸੰਗਿ ਦੁਸਮਨ ਸਭਿ ਮੀਤ ॥ ਸਾਧੂ ਕੈ ਸੰਗਿ ਮਹਾ ਪੁਨੀਤ ॥}

(ਅੰਗ - ੨੭੧)

{ਸਾਧਸੰਗਿ ਕਿਸ ਸਿਉ ਨਹੀ ਬੈਰੁ ॥ ਸਾਧ ਕੈ ਸੰਗਿ ਨ ਬੀਗਾ ਪੈਰੁ ॥}

(ਅੰਗ - ੨੭੧)

{ਸਾਧ ਕੈ ਸੰਗਿ ਨਾਹੀ ਕੋ ਮੰਦਾ ॥ ਸਾਧਸੰਗਿ ਜਾਨੇ ਪਰਮਾਨੰਦਾ ॥}

(ਅੰਗ - ੨੭੧)

{ਸਾਧ ਕੈ ਸੰਗਿ ਨਾਹੀ ਹਉ ਤਾਪੁ ॥ ਸਾਧ ਕੈ ਸੰਗਿ ਤਜੈ ਸਭੁ ਆਪੁ ॥}

(ਅੰਗ - ੨੭੧)

{ਆਪੇ ਜਾਨੈ ਸਾਧ ਬਡਾਈ ॥ ਨਾਨਕ ਸਾਧ ਪ੍ਰਭੂ ਬਨਿ ਆਈ ॥੩॥}

(ਅੰਗ - ੨੭੧)

{ਸਾਧ ਕੈ ਸੰਗਿ ਬਸੈ ਥਾਨਿ ਊਚੈ ॥ ਸਾਧੂ ਕੈ ਸੰਗਿ ਮਹਲਿ ਪਹੂਚੈ ॥}

(ਅੰਗ - ੨੭੧)

{ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥ ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥}

(ਅੰਗ - ੨੭੧)

{ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥ ਨਾਨਕ ਸਾਧੂ ਕੈ ਕੁਰਬਾਨ ॥੪॥}

(ਅੰਗ - ੨੭੧)

{ਸਾਧ ਕੈ ਸੰਗਿ ਸਭ ਕੁਲ ਉਧਾਰੈ ॥ ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥}

(ਅੰਗ - ੨੭੧)

{ਸਾਧੂ ਕੈ ਸੰਗਿ ਸੋ ਧਨੁ ਪਾਵੈ ॥ ਜਿਸੁ ਧਨ ਤੇ ਸਭੁ ਕੋ ਵਰਸਾਵੈ ॥}

(ਅੰਗ - ੨੭੧)

{ਸਾਧੂ ਕੈ ਸੰਗਿ ਪਾਪ ਪਲਾਇਨ ॥ ਸਾਧਸੰਗਿ ਅੰਮ੍ਰਿਤ ਗੁਨ ਗਾਇਨ ॥}

(ਅੰਗ - ੨੭੧)

{ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥}

(ਅੰਗ - ੨੭੧ - ੨੭੨)

{ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥}

(ਅੰਗ - ੨੭੨)

{ਸਾਧ ਕੈ ਸੰਗਿ ਕਲੂਖਤ ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ ॥}

(ਅੰਗ - ੨੭੨)

{ਜੋ ਇਛੈ ਸੋਈ ਫਲੁ ਪਾਵੈ ॥ ਸਾਧ ਕੈ ਸੰਗਿ ਨ ਬਿਰਥਾ ਜਾਵੈ ॥}

(ਅੰਗ - ੨੭੨)

{ਪਾਰਬ੍ਰਹਮੁ ਸਾਧ ਰਿਦ ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ ॥੬॥}

(ਅੰਗ - ੨੭੨)

{ਸਾਧ ਕੈ ਸੰਗਿ ਸੁਨਉ ਹਰਿ ਨਾਉ ॥ ਸਾਧਸੰਗਿ ਹਰਿ ਕੇ ਗੁਨ ਗਾਉ ॥}

(ਅੰਗ - ੨੭੨)

{ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥ ਸਾਧਸੰਗਿ ਬਿਛੁਰਤ ਹਰਿ ਮੇਲਾ ॥}

(ਅੰਗ - ੨੭੨)

{ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥ ਸਾਧਸੰਗਿ ਸਰਪਰ ਨਿਸਤਰੈ ॥}

(ਅੰਗ - ੨੭੨)

{ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥}

(ਅੰਗ - ੨੭੨)

{ਸਾਧਸੰਗਿ ਭਏ ਆਗਿਆਕਾਰੀ ॥ ਸਾਧਸੰਗਿ ਗਤਿ ਭਈ ਹਮਾਰੀ ॥}

(ਅੰਗ - ੨੭੨)

{ਸਾਧ ਕੈ ਸੰਗਿ ਮਿਟੇ ਸਭਿ ਰੋਗ ॥ ਨਾਨਕ ਸਾਧ ਭੇਟੇ ਸੰਜੋਗ ॥੭॥}

(ਅੰਗ - ੨੭੨)

{ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥}

(ਅੰਗ - ੨੭੨)

{ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥}

(ਅੰਗ - ੨੭੨)

{ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥}

(ਅੰਗ - ੨੭੨)

{ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥}

(ਅੰਗ - ੨੭੨)

{ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥}

(ਅੰਗ - ੨੭੨)

{ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥}

(ਅੰਗ - ੨੭੨)

{ਬ੍ਰਹਮ ਗਿਆਨੀ ਸਦਾ ਨਿਰਦੋਖ ॥ ਜੈਸੇ ਸੂਰੁ ਸਰਬ ਕਉ ਸੋਖ ॥}

(ਅੰਗ - ੨੭੨)

{ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥}
(ਅੰਗ - ੨੭੨)

{ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥}
(ਅੰਗ - ੨੭੨)

{ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥}
(ਅੰਗ - ੨੭੨)

{ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥}
(ਅੰਗ - ੨੭੨)

{ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਆਕਾਸੁ ॥}
(ਅੰਗ - ੨੭੨)

{ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥}
(ਅੰਗ - ੨੭੨)

{ਬ੍ਰਹਮ ਗਿਆਨੀ ਊਚ ਤੇ ਊਚਾ ॥ ਮਨਿ ਅਪਨੈ ਹੈ ਸਭ ਤੇ ਨੀਚਾ ॥}
(ਅੰਗ - ੨੭੨)

{ਬ੍ਰਹਮ ਗਿਆਨੀ ਸੇ ਜਨ ਭਏ ॥ ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥}
(ਅੰਗ - ੨੭੨)

{ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥}
(ਅੰਗ - ੨੭੨)

{ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥}
(ਅੰਗ - ੨੭੨)

{ਬ੍ਰਹਮ ਗਿਆਨੀ ਸਦਾ ਸਮਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥}
(ਅੰਗ - ੨੭੨)

{ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥}
(ਅੰਗ - ੨੭੩)

{ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ ਬ੍ਰਹਮ ਗਿਆਨੀ ਸੁਫਲ ਫਲਾ ॥}
(ਅੰਗ - ੨੭੩)

{ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥ ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥}
(ਅੰਗ - ੨੭੩)

{ਬ੍ਰਹਮ ਗਿਆਨੀ ਕੈ ਏਕੈ ਰੰਗ ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥}
(ਅੰਗ - ੨੭੩)

{ਬ੍ਰਹਮ ਗਿਆਨੀ ਸਦਾ ਸਦ ਜਾਗਤ ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥}
(ਅੰਗ - ੨੭੩)

{ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥}
(ਅੰਗ - ੨੭੩)

{ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥ ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥}
(ਅੰਗ - ੨੭੩)

{ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ ਬਡ ਪਰਤਾਪ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥ ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥}
(ਅੰਗ - ੨੭੩)

{ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥}
(ਅੰਗ - ੨੭੩)

{ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥}
(ਅੰਗ - ੨੭੩)(ਅੰਗ - ੨੭੩)(ਅੰਗ - ੨੭੩)

{ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥}
(ਅੰਗ - ੨੭੩)

{ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥}
(ਅੰਗ - ੨੭੩)

{ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥}
(ਅੰਗ - ੨੭੩ - ੨੭੪)

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥}
(ਅੰਗ - ੨੭੩ - ੨੭੪)

{ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥}
(ਅੰਗ - ੨੭੪)

{ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥}
(ਅੰਗ - ੨੭੪)

{ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤਸੰਗਿ ਹੇਤ ॥}
(ਅੰਗ - ੨੭੪)

{ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥}
(ਅੰਗ - ੨੭੪)

{ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥}
(ਅੰਗ - ੨੭੪)

{ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥}
(ਅੰਗ - ੨੭੪)

{ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥}
(ਅੰਗ - ੨੭੪)

{ਮਨ ਤਨ ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥}
(ਅੰਗ - ੨੭੪)

{ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥}
(ਅੰਗ - ੨੭੪)

{ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥}
(ਅੰਗ - ੨੭੪)

{ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥}
(ਅੰਗ - ੨੭੪)

{ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥}
(ਅੰਗ - ੨੭੪)

{ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥}

(ਅੰਗ - ੨੭੪)

{ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥}

(ਅੰਗ - ੨੭੪)

{ਸਾਧਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥}

(ਅੰਗ - ੨੭੪)

{ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥}

(ਅੰਗ - ੨੭੪)

{ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥}

(ਅੰਗ - ੨੭੪)

{ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥}

(ਅੰਗ - ੨੭੪)

{ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥}

(ਅੰਗ - ੨੭੪)

{ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥}

(ਅੰਗ - ੨੭੪)

{ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥}

(ਅੰਗ - ੨੭੪)

{ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧਸੰਗਿ ਪਾਵੈ ਜਨੁ ਕੋਇ ॥}

(ਅੰਗ - ੨੭੪)

{ਕਰਿ ਕਿਰਪਾ ਅੰਤਰਿ ਉਰ ਧਾਰੈ ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥}

(ਅੰਗ - ੨੭੪)

{ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥}

(ਅੰਗ - ੨੭੪)

{ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥}

(ਅੰਗ - ੨੭੪)

{ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥ ਤਿਸ ਕਾ ਨਾਮੁ ਸਤਿ ਰਾਮਦਾਸੁ ॥}

(ਅੰਗ - ੨੭੪ - ੨੭੫)

{ਸਦਾ ਨਿਕਟਿ ਨਿਕਟਿ ਹਰਿ ਜਾਨੁ ॥ ਸੋ ਦਾਸੁ ਦਰਗਹ ਪਰਵਾਨੁ ॥}

(ਅੰਗ - ੨੭੪)

{ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥ ਤਿਸੁ ਦਾਸ ਕਉ ਸਭ ਸੋਝੀ ਪਰੈ ॥}

(ਅੰਗ - ੨੭੫)

{ਸਗਲ ਸੰਗਿ ਆਤਮ ਉਦਾਸੁ ॥ ਐਸੀ ਜੁਗਤਿ ਨਾਨਕ ਰਾਮਦਾਸੁ ॥੬॥}

(ਅੰਗ - ੨੭੫)

{ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥}

(ਅੰਗ - ੨੭੫)

{ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥}

(ਅੰਗ - ੨੭੫)

{ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥}

(ਅੰਗ - ੨੭੫)

{ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥}

(ਅੰਗ - ੨੭੫)

{ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥}

(ਅੰਗ - ੨੭੫)

{ਪਾਰਬ੍ਰਹਮ ਕੇ ਸਗਲੇ ਠਾਉ ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥}

(ਅੰਗ - ੨੭੫)

{ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥}

(ਅੰਗ - ੨੭੫)

{ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥}

(ਅੰਗ - ੨੭੫)

{ਜੈਸੀ ਮਤਿ ਦੇਇ ਤੈਸਾ ਪਰਗਾਸ ॥ ਪਾਰਬ੍ਰਹਮੁ ਕਰਤਾ ਅਬਿਨਾਸ ॥}

(ਅੰਗ - ੨੭੫)

{ਆਤਮ ਰਾਮੁ ਤਿਸੁ ਨਦਰੀ ਆਇਆ ॥ ਦਾਸ ਦਸੰਤਣ ਭਾਇ ਤਿਨਿ ਪਾਇਆ ॥}

(ਅੰਗ - ੨੭੫)

{ਸਦਾ ਨਿਕਟਿ ਨਿਕਟਿ ਹਰਿ ਜਾਨੁ ॥ ਸੋ ਦਾਸੁ ਦਰਗਹ ਪਰਵਾਨੁ ॥}

(ਅੰਗ - ੨੭੫)

{ਕਈ ਕੋਟਿ ਨਵਤਨ ਨਾਮ ਧਿਆਵਹਿ ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥}

(ਅੰਗ - ੨੭੬)

{ਕਈ ਕੋਟਿ ਪਰ ਦਰਬ ਕਉ ਹਿਰਹਿ ॥ ਕਈ ਕੋਟਿ ਪਰ ਦੂਖਨਾ ਕਰਹਿ ॥}

(ਅੰਗ - ੨੭੬)

{ਕਈ ਕੋਟਿ ਮਾਇਆ ਸ੍ਰਮ ਮਾਹਿ ॥ ਕਈ ਕੋਟਿ ਪਰਦੇਸ ਭ੍ਰਮਾਹਿ ॥}

(ਅੰਗ - ੨੭੬)

{ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥}

(ਅੰਗ - ੨੭੬)

{ਸਭ ਤੇ ਨੇਰੈ ਸਭਹੂ ਤੇ ਦੂਰਿ ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥੪॥}

(ਅੰਗ - ੨੭੬)

{ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥}

(ਅੰਗ - ੨੭੬)

{ਕਈ ਕੋਟਿ ਮਾਗਹਿ ਸਤਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ ॥}

(ਅੰਗ - ੨੭੬)

{ਜਿਨ ਕਉ ਹੋਏ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥}

(ਅੰਗ - ੨੭੬)

{ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥}

(ਅੰਗ - ੨੭੬)

{ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥}

(ਅੰਗ - ੨੭੬)

{ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥ ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥}

(ਅੰਗ - ੨੭੬)

{ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥}

(ਅੰਗ - ੨੭੬)

{ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥}

(ਅੰਗ - ੨੭੭)

{ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ ਆਪਨ ਬੀਚਾਰੈ ॥}

(ਅੰਗ - ੨੭੭)

{ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥}

(ਅੰਗ - ੨੭੭)

{ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥}

(ਅੰਗ - ੨੭੭)

{ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥ ਨਾਨਕ ਤੇ ਜਨ ਨਾਮਿ ਮਿਲੇਇ ॥੩॥}

(ਅੰਗ - ੨੭੭)

{ਖਿਨ ਮਹਿ ਨੀਚ ਕੀਟ ਕਉ ਰਾਜ ॥ ਪਾਰਬ੍ਰਹਮ ਗਰੀਬ ਨਿਵਾਜ ॥}

(ਅੰਗ - ੨੭੭)

{ਜੀਉ ਪਿੰਡੁ ਸਭ ਤਿਸ ਕੀ ਰਾਸਿ ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥}

(ਅੰਗ - ੨੭੭)

{ਅਪਨੀ ਬਣਤ ਆਪਿ ਬਨਾਈ ॥ ਨਾਨਕ ਜੀਵੈ ਦੇਖਿ ਬਡਾਈ ॥੪॥}

(ਅੰਗ - ੨੭੭)

{ਇਸ ਕਾ ਬਲੁ ਨਾਹੀ ਇਸੁ ਹਾਥ ॥ ਕਰਨ ਕਰਾਵਨ ਸਰਬ ਕੋ ਨਾਥ ॥}

(ਅੰਗ - ੨੭੭)

{ਕਬਹੂ ਬੇਤਾ ਬ੍ਰਹਮ ਬੀਚਾਰ ॥ ਨਾਨਕ ਆਪਿ ਮਿਲਾਵਣਹਾਰ ॥੫॥}

(ਅੰਗ - ੨੭੭)

{ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥ ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥੬॥}

(ਅੰਗ - ੨੭੭)

{ਕਬਹੂ ਤਟ ਤੀਰਥ ਇਸਨਾਨ ॥ ਕਬਹੂ ਸਿਧ ਸਾਧਿਕ ਮੁਖਿ ਗਿਆਨ ॥}

(ਅੰਗ - ੨੭੮)

{ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥ ਅਨਿਕ ਜੋਨਿ ਭਰਮੈ ਭਰਮੀਆ ॥}

(ਅੰਗ - ੨੭੮)

{ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥}

(ਅੰਗ - ੨੭੮)

ਜੋ ਤਿਸੁ ਭਾਵੈ ਸੋਈ ਹੋਇ ॥ ਨਾਨਕ ਦੂਜਾ ਅਵਰੁ ਨ ਕੋਇ ॥੭॥}

(ਅੰਗ - ੨੭੮)

{ਕਬਹੂ ਸਾਧਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨ ਆਵੈ ॥}

(ਅੰਗ - ੨੭੮)

{ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥}

(ਅੰਗ - ੨੭੮)

{ਮਨ ਤਨ ਨਾਮਿ ਰਤੇ ਇਕ ਰੰਗਿ ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥}

(ਅੰਗ - ੨੭੮)

{ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥}

(ਅੰਗ - ੨੭੮)

{ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥}

(ਅੰਗ - ੨੭੮)

{ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥ ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥}

(ਅੰਗ - ੨੭੮)

{ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥}

(ਅੰਗ - ੨੭੮)

{ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥}

(ਅੰਗ - ੨੭੮)

{ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥}

(ਅੰਗ - ੨੭੮)

{ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥}

(ਅੰਗ - ੨੭੮)

{ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮ ਰਾਇ ਤਿਸੁ ਕਰੇ ਖੁਆਰੀ ॥}

(ਅੰਗ - ੨੭੮)

{ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥}

(ਅੰਗ - ੨੭੮)

{ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥}

(ਅੰਗ - ੨੭੮)

{ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥}

(ਅੰਗ - ੨੭੮)

{ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥}

(ਅੰਗ - ੨੭੮)

{ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥}

(ਅੰਗ - ੨੭੮)

{ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥}

(ਅੰਗ - ੨੭੮)

{ਜਬ ਲਗੁ ਮੋਹ ਮਗਨ ਸੰਗਿ ਮਾਇ ॥ ਤਬ ਲਗੁ ਧਰਮ ਰਾਇ ਦੇਇ ਸਜਾਇ ॥}

(ਅੰਗ - ੨੭੮)

{ਪ੍ਰਭ ਕਿਰਪਾ ਤੇ ਬੰਧਨ ਤੂਟੈ ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥੪॥}

(ਅੰਗ - ੨੭੮)

{ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥}

(ਅੰਗ - ੨੭੮ - ੨੭੯)

{ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥}

(ਅੰਗ - ੨੭੮ - ੨੭੯)

{ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥}

(ਅੰਗ - ੨੭੯)

{ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪਰਾਪਤਿ ਹੋਇ ॥}

(ਅੰਗ - ੨੭੯)

{ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ ਨਾਨਕ ਹਰਿ ਜਾਪਿ ॥੫॥}

(ਅੰਗ - ੨੭੯)

{ਬੂਝੈ ਦੇਖੈ ਕਰੈ ਬਿਬੇਕ ॥ ਆਪਹਿ ਏਕ ਆਪਹਿ ਅਨੇਕ ॥}

(ਅੰਗ - ੨੭੯)

{ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ ਰਹਿਆ ਸਮਾਇ ॥੬॥}

(ਅੰਗ - ੨੭੯)

{ਆਪਿ ਉਪਦੇਸੈ ਸਮਝੈ ਆਪਿ ॥ ਆਪੇ ਰਚਿਆ ਸਭ ਕੈ ਸਾਥਿ ॥}

(ਅੰਗ - ੨੭੯)

{ਮਨ ਮਹਿ ਆਪਿ ਮਨ ਅਪੁਨੇ ਮਾਹਿ ॥ ਨਾਨਕ ਕੀਮਤਿ ਕਹਨੁ ਨ ਜਾਇ ॥੭॥}

(ਅੰਗ - ੨੭੯)

{ਸਤਿ ਸਤਿ ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ ਕਿਨੈ ਵਖਿਆਨੀ ॥}

(ਅੰਗ - ੨੭੯)

{ਸਚੁ ਸਚੁ ਸਚੁ ਸਭੁ ਕੀਨਾ ॥ ਕੋਟਿ ਮਧੇ ਕਿਨੈ ਬਿਰਲੈ ਚੀਨਾ ॥}

(ਅੰਗ - ੨੭੯)

{ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥}

(ਅੰਗ - ੨੭੯)

{ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥}

(ਅੰਗ - ੨੭੯)

{ਪਵਿਤ੍ ਪਵਿਤ੍ ਪਵਿਤ੍ ਪੁਨੀਤ ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥}

(ਅੰਗ - ੨੭੯)

{ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥ ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥}

(ਅੰਗ - ੨੭੯)

{ਸੰਤ ਕੈ ਦੂਖਨਿ ਆਰਜਾ ਘਟੈ ॥ ਸੰਤ ਕੈ ਦੂਖਨਿ ਜਮ ਤੇ ਨਹੀ ਛੂਟੈ ॥}

(ਅੰਗ - ੨੭੯)

{ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ ਨਰਕ ਮਹਿ ਪਾਇ ॥}

(ਅੰਗ - ੨੭੯)

{ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ ਸੋਭਾ ਤੇ ਹੀਨ ॥}

(ਅੰਗ - ੨੭੯)

{ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥ ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥੧॥}

(ਅੰਗ - ੨੭੯)

{ਸੰਤ ਕੇ ਦੂਖਨ ਤੇ ਮੁਖੁ ਭਵੈ ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥}

(ਅੰਗ - ੨੭੯)

{ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥}

(ਅੰਗ - ੨੭੯)

{ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥ ਸੰਤ ਕੈ ਦੂਖਨਿ ਸਭੁ ਕੋ ਛਲੈ ॥}

(ਅੰਗ - ੨੭੯)

{ਸੰਤ ਦੋਖੀ ਕਾ ਥਾਉ ਕੋ ਨਾਹਿ ॥ ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥੨॥}

(ਅੰਗ - ੨੭੯ - ੨੮੦)

{ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥}

(ਅੰਗ - ੨੮੦)

{ਸੰਤ ਕੇ ਨਿੰਦਕ ਕਉ ਸਰਬ ਰੋਗ ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥}

(ਅੰਗ - ੨੮੦)

{ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥ ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥}

(ਅੰਗ - ੨੮੦)

{ਸੰਤ ਕਾ ਦੋਖੀ ਸਦਾ ਅਪਵਿਤੁ ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥}

(ਅੰਗ - ੨੮੦)

{ਸੰਤ ਕੇ ਦੋਖੀ ਕਉ ਡਾਨੁ ਲਾਗੈ ॥ ਸੰਤ ਕੇ ਦੋਖੀ ਕਉ ਸਭ ਤਿਆਗੈ ॥}

(ਅੰਗ - ੨੮੦)

{ਸੰਤ ਕਾ ਦੋਖੀ ਮਹਾ ਅਹੰਕਾਰੀ ॥ ਸੰਤ ਕਾ ਦੋਖੀ ਸਦਾ ਬਿਕਾਰੀ ॥

(ਅੰਗ - ੨੮੦)

ਸੰਤ ਕਾ ਦੋਖੀ ਜਨਮੈ ਮਰੈ ॥ ਸੰਤ ਕੀ ਦੂਖਨਾ ਸੁਖ ਤੇ ਟਰੈ ॥}

(ਅੰਗ - ੨੮੦)

{ਸੰਤ ਕੇ ਦੋਖੀ ਕਉ ਨਾਹੀ ਠਾਉ ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥}

(ਅੰਗ - ੨੮੦)

{ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥}

(ਅੰਗ - ੨੮੦)

{ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥ ਸੰਤ ਕਾ ਦੋਖੀ ਉਝੜਿ ਪਾਈਐ ॥}

(ਅੰਗ - ੨੮੦)

{ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥}

(ਅੰਗ - ੨੮੦)

{ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥}

(ਅੰਗ - ੨੮੦)

{ਸੰਤ ਕਾ ਦੋਖੀ ਧਰਮ ਤੇ ਰਹਤ ॥ ਸੰਤ ਕਾ ਦੋਖੀ ਸਦ ਮਿਥਿਆ ਕਹਤ ॥}

(ਅੰਗ - ੨੮੦)

{ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥ ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥}

(ਅੰਗ - ੨੮੦)

{ਸੰਤ ਕਾ ਦੋਖੀ ਸਦਾ ਸਹਕਾਈਐ ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥}

(ਅੰਗ - ੨੮੦)

{ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥}

(ਅੰਗ - ੨੮੦)

{ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ ਜੈਸਾ ਭਾਵੈ ਤੈਸਾ ਕੋਈ ਹੋਇ ॥}

(ਅੰਗ - ੨੮੦)

{ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥ ਸਦਾ ਸਦਾ ਤਿਸ ਕਉ ਨਮਸਕਾਰੁ ॥}

(ਅੰਗ - ੨੮੦)

{ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ ਕਹੈ ਬੀਚਾਰੁ ॥}

(ਅੰਗ - ੨੮੦)

ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥ ਬਡਭਾਗੀ ਨਾਨਕ ਜਨ ਸੇਇ ॥੮॥੧੩॥}

(ਅੰਗ - ੨੮੦ - ੨੮੧)

{ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥}

(ਅੰਗ - ੨੮੧)

{ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥੧॥}

(ਅੰਗ - ੨੮੧)

{ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥}

(ਅੰਗ - ੨੮੧)

{ਜਿਸ ਕੈ ਦੀਐ ਰਹੈ ਅਘਾਇ ॥ ਬਹੁਰਿ ਨ ਤ੍ਰਿਸਨਾ ਲਾਗੈ ਆਇ ॥

(ਅੰਗ - ੨੮੧)

{ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥}

(ਅੰਗ - ੨੮੧)

{ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥}

(ਅੰਗ - ੨੮੧)

{ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥}

(ਅੰਗ - ੨੮੧)

{ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥}

(ਅੰਗ - ੨੮੧)

{ਚਰਨ ਚਲਉ ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ ॥}

(ਅੰਗ - ੨੮੧)

{ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਊਜਲ ਮਥਾ ॥੨॥}

(ਅੰਗ - ੨੮੧)

{ਰਾਮ ਨਾਮ ਜੋ ਕਰਹਿ ਬੀਚਾਰ ॥ ਸੇ ਧਨਵੰਤ ਗਨੀ ਸੰਸਾਰ ॥}

(ਅੰਗ - ੨੮੧)

{ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ ਸਦਾ ਸਦਾ ਜਾਨਹੁ ਤੇ ਸੁਖੀ ॥}

(ਅੰਗ - ੨੮੧)

{ਏਕੋ ਏਕੁ ਏਕੁ ਪਛਾਨੈ ॥ ਇਤ ਉਤ ਕੀ ਓਹੁ ਸੋਝੀ ਜਾਨੈ ॥}

(ਅੰਗ - ੨੮੧)

{ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥ ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥}

(ਅੰਗ - ੨੮੧)

{ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥}

(ਅੰਗ - ੨੮੧)

{ਸਾਧਸੰਗਿ ਹਰਿ ਹਰਿ ਜਸੁ ਕਹਤ ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥}

(ਅੰਗ - ੨੮੧)

{ਏਕ ਊਪਰਿ ਜਿਸੁ ਜਨ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥}

(ਅੰਗ - ੨੮੧)

{ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥ ਨਾਨਕ ਤਿਸਹਿ ਨ ਲਾਗਹਿ ਦੂਖ ॥੪॥}

(ਅੰਗ - ੨੮੧)

{ਸੋਧਤ ਸੋਧਤ ਸੋਧਤ ਸੀਝਿਆ ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥}

(ਅੰਗ - ੨੮੧)

{ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥}

(ਅੰਗ - ੨੮੧)

{ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥}

(ਅੰਗ - ੨੮੧)

{ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥}

(ਅੰਗ - ੨੮੧)

{ਆਪੇ ਆਪਿ ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥}

(ਅੰਗ - ੨੮੧)

{ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥}

(ਅੰਗ - ੨੮੧)

{ਅਲਖ ਅਭੇਵ ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥੬॥}

(ਅੰਗ - ੨੮੨)

{ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥ ਸਗਲ ਸੰਸਾਰੁ ਉਧਰੈ ਤਿਨ ਮੰਤ ॥}

(ਅੰਗ - ੨੮੨)

{ਆਪੇ ਮੇਲਿ ਲਏ ਕਿਰਪਾਲ ॥ ਗੁਰ ਕਾ ਸਬਦੁ ਜਪਿ ਭਏ ਨਿਹਾਲ ॥}

(ਅੰਗ - ੨੮੨)

{ਉਨ ਕੀ ਸੇਵਾ ਸੋਈ ਲਾਗੈ ॥ ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥}

(ਅੰਗ - ੨੮੨)

{ਨਾਮੁ ਜਪਤ ਪਾਵਹਿ ਬਿਸ੍ਰਾਮੁ ॥ ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥੭॥}

(ਅੰਗ - ੨੮੨)

{ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ ਜੈਸਾ ਸਾ ਤੈਸਾ ਦ੍ਰਿਸਟਾਨਾ ॥}

(ਅੰਗ - ੨੮੨)

{ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥ ਓਇ ਸੁਖ ਨਿਧਾਨ ਉਨਹੂ ਬਨਿ ਆਏ ॥}

(ਅੰਗ - ੨੮੨)

{ਆਪਸ ਕਉ ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥}

(ਅੰਗ - ੨੮੨)

{ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥ ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧॥}

(ਅੰਗ - ੨੮੨)

{ਟੂਟੀ ਗਾਢਨਹਾਰ ਗੁੋਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥}

(ਅੰਗ - ੨੮੨)

{ਆਪਨ ਕੀਆ ਕਛੂ ਨ ਹੋਇ ॥ ਜੇ ਸਉ ਪ੍ਰਾਨੀ ਲੋਚੈ ਕੋਇ ॥}

(ਅੰਗ - ੨੮੨)

{ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥}

(ਅੰਗ - ੨੮੨)

{ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥}

(ਅੰਗ - ੨੮੨)

{ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥ ਨਾਨਕ ਸੋ ਜਨੁ ਸਦਾ ਅਰੋਗੁ ॥੨॥}

(ਅੰਗ - ੨੮੨)

{ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥}

(ਅੰਗ - ੨੮੨)

{ਜਿਉ ਪਾਖਾਣੁ ਨਾਵ ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥}

(ਅੰਗ - ੨੮੨)

{ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥}

(ਅੰਗ - ੨੮੨)

{ਤਿਨ ਸੰਤਨ ਕੀ ਬਾਛਉ ਧੂਰਿ ॥ ਨਾਨਕ ਕੀ ਹਰਿ ਲੋਚਾ ਪੂਰਿ ॥੩॥}

(ਅੰਗ - ੨੮੨)

{ਦੂਖ ਸੂਖ ਪ੍ਰਭ ਦੇਵਨਹਾਰੁ ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥}

(ਅੰਗ - ੨੮੩)

{ਜੋ ਕਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨ ॥}

(ਅੰਗ - ੨੮੩)

{ਕਉਨ ਬਸਤੁ ਆਈ ਤੇਰੈ ਸੰਗ ॥ ਲਪਟਿ ਰਹਿਓ ਰਸਿ ਲੋਭੀ ਪਤੰਗ ॥}

(ਅੰਗ - ੨੮੩)

{ਰਾਮ ਨਾਮ ਜਪਿ ਹਿਰਦੇ ਮਾਹਿ ॥ ਨਾਨਕ ਪਤਿ ਸੇਤੀ ਘਰਿ ਜਾਹਿ ॥੪॥}

(ਅੰਗ - ੨੮੩)

{ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥}

(ਅੰਗ - ੨੮੩)

{ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥}

(ਅੰਗ - ੨੮੩)

{ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅਵਰ ਤਿਆਗਿ ਬਿਖਿਆ ਜੰਜਾਲ ॥}

(ਅੰਗ - ੨੮੩)

{ਚਰਨ ਸਾਧ ਕੇ ਧੋਇ ਧੋਇ ਪੀਉ ॥ ਅਰਪਿ ਸਾਧ ਕਉ ਅਪਨਾ ਜੀਉ ॥}

(ਅੰਗ - ੨੮੩)

{ਸਾਧ ਕੀ ਧੂਰਿ ਕਰਹੁ ਇਸਨਾਨੁ ॥ ਸਾਧ ਊਪਰਿ ਜਾਈਐ ਕੁਰਬਾਨੁ ॥}

(ਅੰਗ - ੨੮੩)

{ਓਟ ਗਹੀ ਸੰਤਹ ਦਰਿ ਆਇਆ ॥ ਸਰਬ ਸੂਖ ਨਾਨਕ ਤਿਹ ਪਾਇਆ ॥੬॥}

(ਅੰਗ - ੨੮੩)

{ਮਿਰਤਕ ਕਉ ਜੀਵਾਲਨਹਾਰ ॥ ਭੂਖੇ ਕਉ ਦੇਵਤ ਅਧਾਰ ॥}

(ਅੰਗ - ੨੮੩)

{ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥ ਪੁਰਬ ਲਿਖੇ ਕਾ ਲਹਣਾ ਪਾਹਿ ॥}

(ਅੰਗ - ੨੮੩)

{ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ ॥}

(ਅੰਗ - ੨੮੩)

{ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥ ਨਾਨਕ ਸੋ ਜਨੁ ਨਿਰਮਲੁ ਥੀਆ ॥੭॥}

(ਅੰਗ - ੨੮੩)

{ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥}

(ਅੰਗ - ੨੮੩)

{ਭਗਤੁ ਭਗਤੁ ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ ਏਕੋ ਹੋਇ ॥}

(ਅੰਗ - ੨੮੩)

{ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥}

(ਅੰਗ - ੨੮੩)

{ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥}

(ਅੰਗ - ੨੮੩)

{ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥}

(ਅੰਗ - ੨੮੩)

{ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥}

(ਅੰਗ - ੨੮੩)

{ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥}

(ਅੰਗ - ੨੮੩)

{ਤਿਸ ਤੇ ਪਰੈ ਨਾਹੀ ਕਿਛੁ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥}

(ਅੰਗ - ੨੮੩)

{ਸਾਧ ਤੇਰੇ ਕੀ ਚਰਨੀ ਪਾਉ ॥ ਨਾਨਕ ਕੈ ਮਨਿ ਇਹੁ ਅਨਰਾਉ ॥੧॥}

(ਅੰਗ - ੨੮੩)

{ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥}

(ਅੰਗ - ੨੮੪)

{ਅਨਦ ਰੂਪ ਮੰਗਲ ਸਦ ਜਾ ਕੈ ॥ ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥}

(ਅੰਗ - ੨੮੪)

{ਧਿਆਇ ਧਿਆਇ ਭਗਤਹ ਸੁਖੁ ਪਾਇਆ ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥}

(ਅੰਗ - ੨੮੪)

{ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥}

(ਅੰਗ - ੨੮੪)

{ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥}

(ਅੰਗ - ੨੮੪)

{ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥}

(ਅੰਗ - ੨੮੪)

{ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥}

(ਅੰਗ - ੨੮੪)

{ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ ਏਕੰਕਾਰੁ ॥}

(ਅੰਗ - ੨੮੪)

{ਨਾਨਾ ਬਿਧਿ ਕਰਿ ਬਨਤ ਬਨਾਈ ॥ ਅਪਨੀ ਕੀਮਤਿ ਆਪੇ ਪਾਈ ॥}

(ਅੰਗ - ੨੮੪)

{ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥}

(ਅੰਗ - ੨੮੪)

{ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥}

(ਅੰਗ - ੨੮੪)

{ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥}

(ਅੰਗ - ੨੮੪)

{ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥}

(ਅੰਗ - ੨੮੪)

{ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥}

(ਅੰਗ - ੨੮੪)

{ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥ ਪੁਰਖੁ ਸਤਿ ਕੇਵਲ ਪਰਧਾਨੁ ॥}

(ਅੰਗ - ੨੮੪)

{ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥ ਸਤਿ ਪੁਰਖ ਸਭ ਮਾਹਿ ਸਮਾਣੀ ॥}

(ਅੰਗ - ੨੮੪)

{ਸਤਿ ਕਰਮੁ ਜਾ ਕੀ ਰਚਨਾ ਸਤਿ ॥ ਮੂਲੁ ਸਤਿ ਸਤਿ ਉਤਪਤਿ ॥}

(ਅੰਗ - ੨੮੪)

{ਸਤਿ ਕਰਣੀ ਨਿਰਮਲ ਨਿਰਮਲੀ ॥ ਜਿਸਹਿ ਬੁਝਾਏ ਤਿਸਹਿ ਸਭ ਭਲੀ ॥}

(ਅੰਗ - ੨੮੪)

{ਸਤਿ ਨਾਮੁ ਪ੍ਰਭ ਕਾ ਸੁਖਦਾਈ ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥}

(ਅੰਗ - ੨੮੪)

{ਸਤਿ ਬਚਨ ਸਾਧੂ ਉਪਦੇਸ ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥}

(ਅੰਗ - ੨੮੪ - ੨੮੫)

{ਸਤਿ ਨਿਰਤਿ ਬੂਝੈ ਜੇ ਕੋਇ ॥ ਨਾਮੁ ਜਪਤ ਤਾ ਕੀ ਗਤਿ ਹੋਇ ॥}

(ਅੰਗ - ੨੮੪ - ੨੮੫)

{ਆਪਿ ਸਤਿ ਕੀਆ ਸਭੁ ਸਤਿ ॥ ਆਪੇ ਜਾਨੈ ਅਪਨੀ ਮਿਤਿ ਗਤਿ ॥}

(ਅੰਗ - ੨੮੪ - ੨੮੫)

{ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ ਅਵਰ ਨ ਬੂਝਿ ਕਰਤ ਬੀਚਾਰੁ ॥}

(ਅੰਗ - ੨੮੪ - ੨੮੫)

{ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥}

(ਅੰਗ - ੨੮੪ - ੨੮੫)

{ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥ ਗੁਰ ਕੈ ਬਚਨਿ ਪਦਾਰਥ ਲਹੇ ॥}

(ਅੰਗ - ੨੮੫)

{ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥ ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥}

(ਅੰਗ - ੨੮੫)

{ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥}

(ਅੰਗ - ੨੮੫)

{ਚਰਨ ਸਤਿ ਸਤਿ ਪਰਸਨਹਾਰ ॥ ਪੂਜਾ ਸਤਿ ਸਤਿ ਸੇਵਦਾਰ ॥}

(ਅੰਗ - ੨੮੫)

{ਦਰਸਨੁ ਸਤਿ ਸਤਿ ਪੇਖਨਹਾਰ ॥ ਨਾਮੁ ਸਤਿ ਸਤਿ ਧਿਆਵਨਹਾਰ ॥}

(ਅੰਗ - ੨੮੫)

{ਆਪਿ ਸਤਿ ਸਤਿ ਸਭ ਧਾਰੀ ॥ ਆਪੇ ਗੁਣ ਆਪੇ ਗੁਣਕਾਰੀ ॥}

(ਅੰਗ - ੨੮੫)

{ਸਬਦੁ ਸਤਿ ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ ਸਤਿ ਜਸੁ ਸੁਨਤਾ ॥}

(ਅੰਗ - ੨੮੫)

{ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥}

(ਅੰਗ - ੨੮੫)

{ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥}

(ਅੰਗ - ੨੮੫)

{ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥}

(ਅੰਗ - ੨੮੫)

{ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥}

(ਅੰਗ - ੨੮੫)

{ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥}

(ਅੰਗ - ੨੮੫)

{ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥}

(ਅੰਗ - ੨੮੫)

{ਠਾਕੁਰ ਕਾ ਸੇਵਕੁ ਆਗਿਆਕਾਰੀ ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥}

(ਅੰਗ - ੨੮੫)

{ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥}

(ਅੰਗ - ੨੮੫)

{ਠਾਕੁਰ ਕਉ ਸੇਵਕੁ ਜਾਨੈ ਸੰਗਿ ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥}

(ਅੰਗ - ੨੮੫)

{ਸੇਵਕ ਕਉ ਪ੍ਰਭ ਪਾਲਨਹਾਰਾ ॥ ਸੇਵਕ ਕੀ ਰਾਖੈ ਨਿਰੰਕਾਰਾ ॥}

(ਅੰਗ - ੨੮੫)

{ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥}

(ਅੰਗ - ੨੮੫)

{ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥}

(ਅੰਗ - ੨੮੫)

{ਅਪਨੇ ਦਾਸ ਕਉ ਦੇਇ ਵਡਾਈ ॥ ਅਪਨੇ ਸੇਵਕ ਕਉ ਨਾਮੁ ਜਪਾਈ ॥}

(ਅੰਗ - ੨੮੫)

{ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥}

(ਅੰਗ - ੨੮੫)

{ਪ੍ਰਭ ਕੇ ਸੇਵਕ ਕਉ ਕੋ ਨ ਪਹੁਚੈ ॥ ਪ੍ਰਭ ਕੇ ਸੇਵਕ ਊਚ ਤੇ ਊਚੇ ॥}

(ਅੰਗ - ੨੮੫)

{ਜੋ ਪ੍ਰਭਿ ਅਪਨੀ ਸੇਵਾ ਲਾਇਆ ॥ ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥੪॥}

(ਅੰਗ - ੨੮੫)

{ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥}

(ਅੰਗ - ੨੮੫ - ੨੮੬)

{ਜਿਸ ਕਾ ਸਾਸੁ ਨ ਕਾਢਤ ਆਪਿ ॥ ਤਾ ਕਉ ਰਾਖਤ ਦੇ ਕਰਿ ਹਾਥ ॥}

(ਅੰਗ - ੨੮੫ - ੨੮੬)

{ਮਾਨਸ ਜਤਨ ਕਰਤ ਬਹੁ ਭਾਤਿ ॥ ਤਿਸ ਕੇ ਕਰਤਬ ਬਿਰਥੇ ਜਾਤਿ ॥}

(ਅੰਗ - ੨੮੬)

{ਮਾਰੈ ਨ ਰਾਖੈ ਅਵਰੁ ਨ ਕੋਇ ॥ ਸਰਬ ਜੀਆ ਕਾ ਰਾਖਾ ਸੋਇ ॥}

(ਅੰਗ - ੨੮੬)

{ਕਾਹੇ ਸੋਚ ਕਰਹਿ ਰੇ ਪ੍ਰਾਣੀ ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥}

(ਅੰਗ - ੨੮੬)

{ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥}

(ਅੰਗ - ੨੮੬)

{ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥}

(ਅੰਗ - ੨੮੬)

{ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥}

(ਅੰਗ - ੨੮੬)

{ਨਾਮ ਰਸਿ ਜੋ ਜਨ ਤ੍ਰਿਪਤਾਨੇ ॥ ਮਨ ਤਨ ਨਾਮਹਿ ਨਾਮਿ ਸਮਾਨੇ ॥}

(ਅੰਗ - ੨੮੬)

{ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥}

(ਅੰਗ - ੨੮੬)

{ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥}

(ਅੰਗ - ੨੮੬)

{ਕਰਹਿ ਭਗਤਿ ਆਤਮ ਕੈ ਚਾਇ ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥}

(ਅੰਗ - ੨੮੬)

{ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥}

(ਅੰਗ - ੨੮੬)

{ਤਿਸ ਕੀ ਮਹਿਮਾ ਕਉਨ ਬਖਾਨਉ ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥}

(ਅੰਗ - ੨੮੬)

{ਆਠ ਪਹਰ ਪ੍ਰਭ ਬਸਹਿ ਹਜੂਰੇ ॥ ਕਹੁ ਨਾਨਕ ਸੇਈ ਜਨ ਪੂਰੇ ॥੭॥}

(ਅੰਗ - ੨੮੬)

{ਮਨ ਮੇਰੇ ਤਿਨ ਕੀ ਓਟ ਲੇਹਿ ॥ ਮਨੁ ਤਨੁ ਅਪਨਾ ਤਿਨ ਜਨ ਦੇਹਿ ॥}

(ਅੰਗ - ੨੮੬)

{ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥ ਸੋ ਜਨੁ ਸਰਬ ਥੋਕ ਕਾ ਦਾਤਾ ॥}

(ਅੰਗ - ੨੮੬)

{ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥}

(ਅੰਗ - ੨੮੬)

{ਅਵਰ ਸਿਆਨਪ ਸਗਲੀ ਛਾਡੁ ॥ ਤਿਸੁ ਜਨ ਕੀ ਤੂ ਸੇਵਾ ਲਾਗੁ ॥}

(ਅੰਗ - ੨੮੬)

{ਆਵਨੁ ਜਾਨੁ ਨ ਹੋਵੀ ਤੇਰਾ ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥}
(ਅੰਗ - ੨੮੬)

{ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥}
(ਅੰਗ - ੨੮੬)

{ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥}
(ਅੰਗ - ੨੮੬)

{ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥}
(ਅੰਗ - ੨੮੬)

{ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥}
(ਅੰਗ - ੨੮੬)

{ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥}
(ਅੰਗ - ੨੮੬)

{ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥}
(ਅੰਗ - ੨੮੬ - ੨੮੭)

{ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥}
(ਅੰਗ - ੨੮੬ - ੨੮੭)

{ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥}
(ਅੰਗ - ੨੮੬ - ੨੮੭)

{ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥}
(ਅੰਗ - ੨੮੬ - ੨੮੭)

ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥}
(ਅੰਗ - ੨੮੬ - ੨੮੭)

{ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥}
(ਅੰਗ - ੨੮੭)

{ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥}
(ਅੰਗ - ੨੮੭)

{ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥}
(ਅੰਗ - ੨੮੭)

{ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥}
(ਅੰਗ - ੨੮੭)

{ਸਹਸ ਸਿਆਨਪ ਲਇਆ ਨ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥}
(ਅੰਗ - ੨੮੭)

{ਸਫਲ ਦਰਸਨੁ ਪੇਖਤ ਪੁਨੀਤ ॥ ਪਰਸਤ ਚਰਨ ਗਤਿ ਨਿਰਮਲ ਰੀਤਿ ॥}
(ਅੰਗ - ੨੮੭)

{ਭੇਟਤ ਸੰਗਿ ਰਾਮ ਗੁਨ ਰਵੇ ॥ ਪਾਰਬ੍ਰਹਮ ਕੀ ਦਰਗਹ ਗਵੇ ॥}
(ਅੰਗ - ੨੮੭)

{ਸੁਨਿ ਕਰਿ ਬਚਨ ਕਰਨ ਆਘਾਨੇ ॥ ਮਨਿ ਸੰਤੋਖੁ ਆਤਮ ਪਤੀਆਨੇ ॥}
(ਅੰਗ - ੨੮੭)

{ਪੂਰਾ ਗੁਰੁ ਅਖਉ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥}
(ਅੰਗ - ੨੮੭)

{ਗੁਣ ਬਿਅੰਤ ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥੪॥}
(ਅੰਗ - ੨੮੭)

{ਜਿਹਬਾ ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ ॥}
(ਅੰਗ - ੨੮੭)

{ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ ਪ੍ਰਭ ਨਿਰਬਾਨੀ ॥}
(ਅੰਗ - ੨੮੭)

{ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥}
(ਅੰਗ - ੨੮੭)

{ਸਦ ਬਲਿਹਾਰੀ ਸਤਿਗੁਰ ਅਪਨੇ ॥ ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥}
(ਅੰਗ - ੨੮੭)

{ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥}
(ਅੰਗ - ੨੮੭)

{ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ ਗੁਨਤਾਸ ॥}
(ਅੰਗ - ੨੮੭)

{ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥}
(ਅੰਗ - ੨੮੭)

{ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥}
(ਅੰਗ - ੨੮੭)

{ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥}
(ਅੰਗ - ੨੮੭)

{ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥}
(ਅੰਗ - ੨੮੭)

{ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥}
(ਅੰਗ - ੨੮੭)

{ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ ਮਨ ਤੇ ਖੈ ਨਸੇ ॥}
(ਅੰਗ - ੨੮੭)

{ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥ ਸਾਧਸੰਗਿ ਜਪਿ ਨਾਮੁ ਮੁਰਾਰੀ ॥}
(ਅੰਗ - ੨੮੭)

{ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥}
(ਅੰਗ - ੨੮੭)

{ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥}
(ਅੰਗ - ੨੮੭)

{ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥}
(ਅੰਗ - ੨੮੭)

{ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥}
(ਅੰਗ - ੨੮੭)

{ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥}
(ਅੰਗ - ੨੮੭)

{ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥}
(ਅੰਗ - ੨੮੮)

{ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥}
(ਅੰਗ - ੨੮੮)

{ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥ ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥}
(ਅੰਗ - ੨੮੮)

{ਕਰਨ ਕਾਰਨ ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥}
(ਅੰਗ - ੨੮੮)

{ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥ ਸੰਤ ਜਨਾ ਕਾ ਨਿਰਮਲ ਮੰਤ ॥}
(ਅੰਗ - ੨੮੮)

{ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥੧॥}
(ਅੰਗ - ੨੮੮)

{ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥ ਸੋ ਸੁਖੁ ਸਾਧੂ ਸੰਗਿ ਪਰੀਤਿ ॥}
(ਅੰਗ - ੨੮੮)

{ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥ ਸਾ ਸੋਭਾ ਭਜੁ ਹਰਿ ਕੀ ਸਰਨੀ ॥}
(ਅੰਗ - ੨੮੮)

{ਅਨਿਕ ਉਪਾਵੀ ਰੋਗੁ ਨ ਜਾਇ ॥ ਰੋਗੁ ਮਿਟੈ ਹਰਿ ਅਵਖਧੁ ਲਾਇ ॥}
(ਅੰਗ - ੨੮੮)

{ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥ ਜਪਿ ਨਾਨਕ ਦਰਗਹਿ ਪਰਵਾਨੁ ॥੨॥}
(ਅੰਗ - ੨੮੮)

{ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹ ਦਿਸਿ ਧਾਵਤ ਆਵੈ ਠਾਇ ॥}
(ਅੰਗ - ੨੮੮)

{ਤਾ ਕਉ ਬਿਘਨੁ ਨ ਲਾਗੈ ਕੋਇ ॥ ਜਾ ਕੈ ਰਿਦੈ ਬਸੈ ਹਰਿ ਸੋਇ ॥}
(ਅੰਗ - ੨੮੮)

{ਕਲਿ ਤਾਤੀ ਠਾਂਢਾ ਹਰਿ ਨਾਉ ॥ ਸਿਮਰਿ ਸਿਮਰਿ ਸਦਾ ਸੁਖ ਪਾਉ ॥}
(ਅੰਗ - ੨੮੮)

{ਭਉ ਬਿਨਸੈ ਪੂਰਨ ਹੋਇ ਆਸ ॥ ਭਗਤਿ ਭਾਇ ਆਤਮ ਪਰਗਾਸ ॥}
(ਅੰਗ - ੨੮੮)

{ਤਿਤੁ ਘਰਿ ਜਾਇ ਬਸੈ ਅਬਿਨਾਸੀ ॥ ਕਹੁ ਨਾਨਕ ਕਾਟੀ ਜਮ ਫਾਸੀ ॥੩॥}
(ਅੰਗ - ੨੮੮)

{ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥}
(ਅੰਗ - ੨੮੮)

{ਆਵਾ ਗਵਨੁ ਮਿਟੈ ਪ੍ਰਭ ਸੇਵ ॥ ਆਪੁ ਤਿਆਗਿ ਸਰਨਿ ਗੁਰਦੇਵ ॥}
(ਅੰਗ - ੨੮੮)

{ਇਉ ਰਤਨ ਜਨਮ ਕਾ ਹੋਇ ਉਧਾਰੁ ॥ ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥}
(ਅੰਗ - ੨੮੮)

{ਅਨਿਕ ਉਪਾਵ ਨ ਛੂਟਨਹਾਰੇ ॥ ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥}

(ਅੰਗ - ੨੮੮)

ਹਰਿ ਕੀ ਭਗਤਿ ਕਰਹੁ ਮਨੁ ਲਾਇ ॥ ਮਨਿ ਬੰਛਤ ਨਾਨਕ ਫਲ ਪਾਇ ॥੪॥}

(ਅੰਗ - ੨੮੮)

{ਰਾਜ ਰੰਗ ਮਾਇਆ ਬਿਸਥਾਰ ॥ ਇਨ ਤੇ ਕਹਹੁ ਕਵਨ ਛੁਟਕਾਰ ॥}

(ਅੰਗ - ੨੮੮)

{ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥ ਨਾਮੁ ਬਿਸਾਰਿ ਨਾਨਕ ਪਛੁਤਾਨਾ ॥੫॥}

(ਅੰਗ - ੨੮੮)

{ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥}

(ਅੰਗ - ੨੮੮)

{ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ ਤੁਮ੍ਹਾਰੋ ਚੀਤ ॥}

(ਅੰਗ - ੨੮੮)

{ਚਰਨ ਕਮਲ ਰਾਖਹੁ ਮਨ ਮਾਹਿ ॥ ਜਨਮ ਜਨਮ ਕੇ ਕਿਲਬਿਖ ਜਾਹਿ ॥}

(ਅੰਗ - ੨੮੮)

{ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਸੁਨਤ ਕਹਤ ਰਹਤ ਗਤਿ ਪਾਵਹੁ ॥}

(ਅੰਗ - ੨੮੯)

{ਸਾਰ ਭੂਤ ਸਤਿ ਹਰਿ ਕੋ ਨਾਉ ॥ ਸਹਜਿ ਸੁਭਾਇ ਨਾਨਕ ਗੁਨ ਗਾਉ ॥੬॥}

(ਅੰਗ - ੨੮੯)

{ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ ॥}

(ਅੰਗ - ੨੮੯)

{ਹੋਹਿ ਅਚਿੰਤੁ ਬਸੈ ਸੁਖ ਨਾਲਿ ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥}

(ਅੰਗ - ੨੮੯)

{ਛਾਡਿ ਸਿਆਨਪ ਸਗਲੀ ਮਨਾ ॥ ਸਾਧਸੰਗਿ ਪਾਵਹਿ ਸਚੁ ਧਨਾ ॥}

(ਅੰਗ - ੨੮੯)

{ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥ ਈਹਾ ਸੁਖੁ ਦਰਗਹ ਜੈਕਾਰੁ ॥}

(ਅੰਗ - ੨੮੯)

{ਸਰਬ ਨਿਰੰਤਰਿ ਏਕੋ ਦੇਖੁ ॥ ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥੭॥}

(ਅੰਗ - ੨੮੯)

{ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥}

(ਅੰਗ - ੨੮੯)

{ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥}

(ਅੰਗ - ੨੮੯)

{ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥}

(ਅੰਗ - ੨੮੯)

{ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥੧॥}

(ਅੰਗ - ੨੮੯)

{ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥}

(ਅੰਗ - ੨੮੯)

{ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਰਧਾ ਪੂਰਿ ॥}
(ਅੰਗ - ੨੮੯)

{ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥}
(ਅੰਗ - ੨੮੯)

{ਏਕ ਓਟ ਏਕੋ ਆਧਾਰੁ ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥੧॥}
(ਅੰਗ - ੨੮੯)

{ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ ਬਿਰਲਾ ਕੋਇ ॥}
(ਅੰਗ - ੨੮੯)

{ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ ਨਹੀ ਡੋਲਾਨੇ ॥}
(ਅੰਗ - ੨੮੯)

{ਸੁਭਰ ਭਰੇ ਪ੍ਰੇਮ ਰਸ ਰੰਗਿ ॥ ਉਪਜੈ ਚਾਉ ਸਾਧ ਕੈ ਸੰਗਿ ॥}
(ਅੰਗ - ੨੮੯)

{ਪਰੇ ਸਰਨਿ ਆਨ ਸਭ ਤਿਆਗਿ ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥}
(ਅੰਗ - ੨੯੦)

{ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੨॥}
(ਅੰਗ - ੨੮੯)

{ਸੇਵਕ ਕੀ ਮਨਸਾ ਪੂਰੀ ਭਈ ॥ ਸਤਿਗੁਰ ਤੇ ਨਿਰਮਲ ਮਤਿ ਲਈ ॥}
(ਅੰਗ - ੨੯੦)

{ਜਨ ਕਉ ਪ੍ਰਭੁ ਹੋਇਓ ਦਇਆਲੁ ॥ ਸੇਵਕੁ ਕੀਨੋ ਸਦਾ ਨਿਹਾਲੁ ॥}
(ਅੰਗ - ੨੯੦)

{ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥}
(ਅੰਗ - ੨੯੦)

{ਇਛ ਪੁਨੀ ਸਰਧਾ ਸਭ ਪੂਰੀ ॥ ਰਵਿ ਰਹਿਆ ਸਦ ਸੰਗਿ ਹਜੂਰੀ ॥}
(ਅੰਗ - ੨੯੦)

{ਜਿਸ ਕਾ ਸਾ ਤਿਨਿ ਲੀਆ ਮਿਲਾਇ ॥ ਨਾਨਕ ਭਗਤੀ ਨਾਮਿ ਸਮਾਇ ॥੩॥}
(ਅੰਗ - ੨੮੯)

{ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥ ਸੋ ਕਿਉ ਬਿਸਰੈ ਜਿ ਜੀਵਨ ਜੀਆ ॥}
(ਅੰਗ - ੨੯੦)

{ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥}
(ਅੰਗ - ੨੯੦)

{ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥}
(ਅੰਗ - ੨੯੦)

{ਗੁਰਿ ਪੂਰੈ ਤਤੁ ਇਹੈ ਬੁਝਾਇਆ ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥}
(ਅੰਗ - ੨੯੦)

{ਸਾਜਨ ਸੰਤ ਕਰਹੁ ਇਹੁ ਕਾਮੁ ॥ ਆਨ ਤਿਆਗਿ ਜਪਹੁ ਹਰਿ ਨਾਮੁ ॥}
(ਅੰਗ - ੨੯੦)

{ਸਰਬ ਕਲਿਆਣ ਸੂਖ ਨਿਧਿ ਨਾਮੁ ॥ ਬੂਡਤ ਜਾਤ ਪਾਏ ਬਿਸ੍ਰਾਮੁ ॥}
(ਅੰਗ - ੨੯੦)

{ਸਗਲ ਦੂਖ ਕਾ ਹੋਵਤ ਨਾਸੁ ॥ ਨਾਨਕ ਨਾਮੁ ਜਪਹੁ ਗੁਨਤਾਸੁ ॥੫॥}
(ਅੰਗ - ੨੯੦)

{ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥ ਮਨੁ ਬਿਗਸੈ ਸਾਧ ਚਰਨ ਧੋਇ ॥}
(ਅੰਗ - ੨੯੦)

{ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥}
(ਅੰਗ - ੨੯੦)

{ਏਕ ਬਸਤੁ ਦੀਜੈ ਕਰਿ ਮਇਆ ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥}
(ਅੰਗ - ੨੯੦)

{ਤਾ ਕੀ ਉਪਮਾ ਕਹੀ ਨ ਜਾਇ ॥ ਨਾਨਕ ਰਹਿਆ ਸਰਬ ਸਮਾਇ ॥੬॥}
(ਅੰਗ - ੨੯੦)

{ਪ੍ਰਭ ਬਖਸੰਦ ਦੀਨ ਦਇਆਲ ॥ ਭਗਤਿ ਵਛਲ ਸਦਾ ਕਿਰਪਾਲ ॥}
(ਅੰਗ - ੨੯੦)

{ਅਨਾਥ ਨਾਥ ਗੋਬਿੰਦ ਗੁਪਾਲ ॥ ਸਰਬ ਘਟਾ ਕਰਤ ਪ੍ਰਤਿਪਾਲ ॥}
(ਅੰਗ - ੨੯੦)

{ਜੋ ਜੋ ਜਪੈ ਸੁ ਹੋਇ ਪੁਨੀਤ ॥ ਭਗਤਿ ਭਾਇ ਲਾਵੈ ਮਨ ਹੀਤ ॥}
(ਅੰਗ - ੨੯੦)

{ਹਮ ਨਿਰਗੁਨੀਆਰ ਨੀਚ ਅਜਾਨ ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥੭॥}
(ਅੰਗ - ੨੯੦)

{ਅਨਿਕ ਰਾਜ ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥}
(ਅੰਗ - ੨੯੦)

{ਭਲੀ ਸੁ ਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰ ਮੰਤ ॥}
(ਅੰਗ - ੨੯੦)

{ਸਾਧਸੰਗਿ ਪ੍ਰਭ ਦੇਹੁ ਨਿਵਾਸ ॥ ਸਰਬ ਸੂਖ ਨਾਨਕ ਪਰਗਾਸ ॥੮॥੨੦॥}
(ਅੰਗ - ੨੯੦)

{ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥}
(ਅੰਗ - ੨੯੦)

{ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥}
(ਅੰਗ - ੨੯੦)

{ਜਬ ਆਪਨ ਆਪ ਆਪਿ ਪਾਰਬ੍ਰਹਮ ॥ ਤਬ ਮੋਹ ਕਹਾ ਕਿਸੁ ਹੋਵਤ ਭਰਮ ॥}
(ਅੰਗ - ੨੯੦)

{ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥੧॥}
(ਅੰਗ - ੨੯੦)

{ਜਬ ਏਕਹਿ ਹਰਿ ਅਗਮ ਅਪਾਰ ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥}
(ਅੰਗ - ੨੯੧)

{ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥}
(ਅੰਗ - ੨੯੧)

{ਆਪਨ ਚਲਿਤ ਆਪਿ ਕਰਨੈਹਾਰ ॥ ਨਾਨਕ ਠਾਕੁਰ ਅਗਮ ਅਪਾਰ ॥੨॥}
(ਅੰਗ - ੨੯੧)

{ਅਬਿਨਾਸੀ ਸੁਖ ਆਪਨ ਆਸਨ ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥}
(ਅੰਗ - ੨੯੧)

{ਆਪਨ ਆਪ ਆਪ ਹੀ ਅਚਰਜਾ ॥ ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥}
(ਅੰਗ - ੨੯੧)

{ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥}
(ਅੰਗ - ੨੯੧)

{ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥}
(ਅੰਗ - ੨੯੧)

{ਕਰਨ ਕਰਾਵਨ ਕਰਨੈਹਾਰੁ ॥ ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥}
(ਅੰਗ - ੨੯੧)

{ਜਹ ਸਰਬ ਕਲਾ ਆਪਹਿ ਪਰਬੀਨ ॥ ਤਹ ਬੇਦ ਕਤੇਬ ਕਹਾ ਕੋਊ ਚੀਨ ॥}
(ਅੰਗ - ੨੯੧)

{ਬਿਸਮਨ ਬਿਸਮ ਰਹੇ ਬਿਸਮਾਦ ॥ ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥}
(ਅੰਗ - ੨੯੧)

{ਜਹ ਅਛਲ ਅਛੇਦ ਅਭੇਦ ਸਮਾਇਆ ॥ ਊਹਾ ਕਿਸਹਿ ਬਿਆਪਤ ਮਾਇਆ ॥}
(ਅੰਗ - ੨੯੧)

{ਆਪਸ ਕਉ ਆਪਹਿ ਆਦੇਸੁ ॥ ਤਿਹੁ ਗੁਣ ਕਾ ਨਾਹੀ ਪਰਵੇਸੁ ॥}
(ਅੰਗ - ੨੯੧)

{ਜਹ ਏਕਹਿ ਏਕ ਏਕ ਭਗਵੰਤਾ ॥ ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥}
(ਅੰਗ - ੨੯੧)

{ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ ॥੬॥}
(ਅੰਗ - ੨੯੧)

{ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥}
(ਅੰਗ - ੨੯੧)

{ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥}
(ਅੰਗ - ੨੯੧)

{ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥}
(ਅੰਗ - ੨੯੨)

{ਜਹ ਅਬਿਗਤੁ ਭਗਤੁ ਤਹ ਆਪਿ ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥}
(ਅੰਗ - ੨੯੨)

{ਦੁਹੂ ਪਾਖ ਕਾ ਆਪਹਿ ਧਨੀ ॥ ਉਨ ਕੀ ਸੋਭਾ ਉਨਹੂ ਬਨੀ ॥}
(ਅੰਗ - ੨੯੨)

{ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥}
(ਅੰਗ - ੨੯੨)

{ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥}
(ਅੰਗ - ੨੯੨)

{ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥ ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥੧॥}
(ਅੰਗ - ੨੯੨)

{ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥ ਸਚੁ ਨਾਮੁ ਸੋਈ ਜਨੁ ਪਾਏ ॥}
(ਅੰਗ - ੨੯੨)

{ਤੁਮ ਤੇ ਭਿੰਨ ਨਹੀ ਕਿਛੁ ਹੋਇ ॥ ਆਪਨ ਸੂਤਿ ਸਭੁ ਜਗਤੁ ਪਰੋਇ ॥}
(ਅੰਗ - ੨੯੨)

{ਸੋ ਸਮਦਰਸੀ ਤਤ ਕਾ ਬੇਤਾ ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥੧॥}
(ਅੰਗ - ੨੯੨)

{ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥ ਸੋ ਮੂਆ ਜਿਸੁ ਮਨਹੁ ਬਿਸਾਰੈ ॥}
(ਅੰਗ - ੨੯੨)

{ਤਿਸੁ ਤਜਿ ਅਵਰ ਕਹਾ ਕੋ ਜਾਇ ॥ ਸਭ ਸਿਰਿ ਏਕੁ ਨਿਰੰਜਨ ਰਾਇ ॥}
(ਅੰਗ - ੨੯੨)

{ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥ ਅੰਤਰਿ ਬਾਹਰਿ ਜਾਨਹੁ ਸਾਥਿ ॥}
(ਅੰਗ - ੨੯੨)

{ਗੁਨ ਨਿਧਾਨ ਬੇਅੰਤ ਅਪਾਰ ॥ ਨਾਨਕ ਦਾਸ ਸਦਾ ਬਲਿਹਾਰ ॥੨॥}
(ਅੰਗ - ੨੯੨)

{ਜਿਸੁ ਭਾਵੈ ਤਿਸੁ ਲਏ ਮਿਲਾਇ ॥ ਭਗਤਿ ਕਰਹਿ ਹਰਿ ਕੇ ਗੁਣ ਗਾਇ ॥}
(ਅੰਗ - ੨੯੨)

{ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ ਨਾਨਕ ਇਕੁ ਜਾਨਿਆ ॥੩॥}
(ਅੰਗ - ੨੯੨)

{ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥}
(ਅੰਗ - ੨੯੨)

{ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥}
(ਅੰਗ - ੨੯੨)

{ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥}
(ਅੰਗ - ੨੯੨)

{ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥}
(ਅੰਗ - ੨੯੨ - ੨੯੩)

{ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥}
(ਅੰਗ - ੨੯੨ - ੨੯੩)

{ਸਾਧਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥}
(ਅੰਗ - ੨੯੩)

{ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦੁਲਭ ਦੇਹ ਕਾ ਕਰਹੁ ਉਧਾਰੁ ॥}
(ਅੰਗ - ੨੯੩)

{ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ॥}
(ਅੰਗ - ੨੯੩)

{ਆਠ ਪਹਰ ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥}
(ਅੰਗ - ੨੯੩)

{ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥੫॥}
(ਅੰਗ - ੨੯੩)

{ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿ ਧਾਰਿ ॥}
(ਅੰਗ - ੨੯੩)

{ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥}
(ਅੰਗ - ੨੯੩)

{ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥}
(ਅੰਗ - ੨੯੩)

{ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥}
(ਅੰਗ - ੨੯੩)

{ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥}
(ਅੰਗ - ੨੯੩)

{ਚਿੰਤਾ ਜਾਇ ਮਿਟੈ ਅਹੰਕਾਰੁ ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥}
(ਅੰਗ - ੨੯੩)

{ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥}
(ਅੰਗ - ੨੯੩)

{ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥ ਦਰਸਨੁ ਪੇਖਤ ਉਧਰਤ ਸ੍ਰਿਸਟਿ ॥}
(ਅੰਗ - ੨੯੩)

{ਚਰਨ ਕਮਲ ਜਾ ਕੇ ਅਨੂਪ ॥ ਸਫਲ ਦਰਸਨੁ ਸੁੰਦਰ ਹਰਿ ਰੂਪ ॥}
(ਅੰਗ - ੨੯੩)

{ਧੰਨੁ ਸੇਵਾ ਸੇਵਕੁ ਪਰਵਾਨੁ ॥ ਅੰਤਰਜਾਮੀ ਪੁਰਖੁ ਪ੍ਰਧਾਨੁ ॥}
(ਅੰਗ - ੨੯੩)

{ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ ਨ ਆਵਤ ਕਾਲੁ ॥}
(ਅੰਗ - ੨੯੩)

{ਅਮਰ ਭਏ ਅਮਰਾ ਪਦੁ ਪਾਇਆ ॥ ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥}
(ਅੰਗ - ੨੯੩)

{ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥}
(ਅੰਗ - ੨੯੩)

{ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥}
(ਅੰਗ - ੨੯੩)

{ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥}
(ਅੰਗ - ੨੯੩)

{ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥}
(ਅੰਗ - ੨੯੩)

{ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥}
(ਅੰਗ - ੨੯੩)

{ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥}
(ਅੰਗ - ੨੯੪)

{ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥}

(ਅੰਗ - ੨੯੪)

{ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ॥}

(ਅੰਗ - ੨੯੪)

{ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥}

(ਅੰਗ - ੨੯੪)

{ਸਰਬ ਜੋਤਿ ਮਹਿ ਜਾ ਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥}

(ਅੰਗ - ੨੯੪)

{ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥}

(ਅੰਗ - ੨੯੪)

{ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥ ਸੰਤ ਜਨਾ ਕੈ ਹਿਰਦੈ ਸਭਿ ਧਰਮ ॥}

(ਅੰਗ - ੨੯੪)

{ਸੰਤ ਜਨਾ ਸੁਨਹਿ ਸੁਭ ਬਚਨ ॥ ਸਰਬ ਬਿਆਪੀ ਰਾਮ ਸੰਗਿ ਰਚਨ ॥}

(ਅੰਗ - ੨੯੪)

{ਜਿਨਿ ਜਾਤਾ ਤਿਸ ਕੀ ਇਹ ਰਹਤ ॥ ਸਤਿ ਬਚਨ ਸਾਧੂ ਸਭਿ ਕਹਤ ॥}

(ਅੰਗ - ੨੯੪)

{ਜੋ ਜੋ ਹੋਇ ਸੋਈ ਸੁਖੁ ਮਾਨੈ ॥ ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥}

(ਅੰਗ - ੨੯੪)

{ਅੰਤਰਿ ਬਸੇ ਬਾਹਰਿ ਭੀ ਓਹੀ ॥ ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥}

(ਅੰਗ - ੨੯੪)

{ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥}

(ਅੰਗ - ੨੯੪)

{ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥}

(ਅੰਗ - ੨੯੪)

{ਅਨਿਕ ਕਲਾ ਲਖੀ ਨਹ ਜਾਇ ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥}

(ਅੰਗ - ੨੯੪)

{ਕਵਨ ਨਿਕਟਿ ਕਵਨ ਕਹੀਐ ਦੂਰਿ ॥ ਆਪੇ ਆਪਿ ਆਪ ਭਰਪੂਰਿ ॥}

(ਅੰਗ - ੨੯੪)

{ਅੰਤਰਗਤਿ ਜਿਸੁ ਆਪਿ ਜਨਾਏ ॥ ਨਾਨਕ ਤਿਸੁ ਜਨ ਆਪਿ ਬੁਝਾਏ ॥੫॥}

(ਅੰਗ - ੨੯੪)

{ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥}

(ਅੰਗ - ੨੯੪)

{ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥}

(ਅੰਗ - ੨੯੪)

{ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥}

(ਅੰਗ - ੨੯੪)

{ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥}

(ਅੰਗ - ੨੯੪)

{ਆਪਿ ਭਲਾ ਕਰਤੂਤਿ ਅਤਿ ਨੀਕੀ ॥ ਆਪੇ ਜਾਨੈ ਅਪਨੇ ਜੀ ਕੀ ॥}

(ਅੰਗ - ੨੯੪)

{ਆਪਿ ਸਾਚੁ ਧਾਰੀ ਸਭ ਸਾਚੁ ॥ ਓਤਿ ਪੋਤਿ ਆਪਨ ਸੰਗਿ ਰਾਚੁ ॥}

(ਅੰਗ - ੨੯੪)

{ਤਾ ਕੀ ਗਤਿ ਮਿਤਿ ਕਹੀ ਨ ਜਾਇ ॥ ਦੂਸਰ ਹੋਇ ਤ ਸੋਝੀ ਪਾਇ ॥}

(ਅੰਗ - ੨੯੪)

{ਤਿਸ ਕਾ ਕੀਆ ਸਭੁ ਪਰਵਾਨੁ ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥}

(ਅੰਗ - ੨੯੪)

{ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥}

(ਅੰਗ - ੨੯੪)

{ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥}

(ਅੰਗ - ੨੯੪)

{ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥}

(ਅੰਗ - ੨੯੪)

{ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥}

(ਅੰਗ - ੨੯੫)

{ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥}

(ਅੰਗ - ੨੯੫)

{ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥ ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥}

(ਅੰਗ - ੨੯੫)

{ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥}

(ਅੰਗ - ੨੯੫)

{ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥}

(ਅੰਗ - ੨੯੫)

{ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥}

(ਅੰਗ - ੨੯੫)

{ਆਪੁ ਛੋਡਿ ਬੇਨਤੀ ਕਰਹੁ ॥ ਸਾਧਸੰਗਿ ਅਗਨਿ ਸਾਗਰੁ ਤਰਹੁ ॥}

(ਅੰਗ - ੨੯੫)

{ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥੧॥}

(ਅੰਗ - ੨੯੫)

{ਖੇਮ ਕੁਸਲ ਸਹਜ ਆਨੰਦ ॥ ਸਾਧਸੰਗਿ ਭਜੁ ਪਰਮਾਨੰਦ ॥}

(ਅੰਗ - ੨੯੫)

{ਨਰਕ ਨਿਵਾਰਿ ਉਧਾਰਹੁ ਜੀਉ ॥ ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥}

(ਅੰਗ - ੨੯੫)

{ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥੨॥}

(ਅੰਗ - ੨੯੫)

{ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ ॥}

(ਅੰਗ - ੨੯੫)

{ਸੁਨਤ ਕਮਾਵਤ ਹੋਤ ਉਧਾਰ ॥ ਆਪਿ ਤਰੈ ਲੋਕਹ ਨਿਸਤਾਰ ॥}

(ਅੰਗ - ੨੯੫)

{ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥ ਜਾ ਕੈ ਮਨਿ ਲਾਗਾ ਹਰਿ ਰੰਗੁ ॥}

(ਅੰਗ - ੨੯੫)

{ਸਰਨਿ ਜੋਗੁ ਸੁਨਿ ਸਰਨੀ ਆਏ ॥ ਕਰਿ ਕਿਰਪਾ ਪ੍ਰਭ ਆਪ ਮਿਲਾਏ ॥}

(ਅੰਗ - ੨੯੫)

{ਮਿਟਿ ਗਏ ਬੈਰ ਭਏ ਸਭ ਰੇਨ ॥ ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥}

(ਅੰਗ - ੨੯੫)

{ਸੁਪ੍ਰਸੰਨ ਭਏ ਗੁਰਦੇਵ ॥ ਪੂਰਨ ਹੋਈ ਸੇਵਕ ਕੀ ਸੇਵ ॥}

(ਅੰਗ - ੨੯੫)

{ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ ਕਹਤੇ ॥}

(ਅੰਗ - ੨੯੫)

{ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ ਨਾਨਕ ਨਿਬਹੀ ਖੇਪ ਹਮਾਰੀ ॥੪॥}

(ਅੰਗ - ੨੯੫)

{ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥}

(ਅੰਗ - ੨੯੫)

{ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥}

(ਅੰਗ - ੨੯੫)

{ਸਰਬ ਇਛਾ ਤਾ ਕੀ ਪੂਰਨ ਹੋਇ ॥ ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥}

(ਅੰਗ - ੨੯੫)

{ਸਭ ਤੇ ਊਚ ਪਾਏ ਅਸਥਾਨੁ ॥ ਬਹੁਰਿ ਨ ਹੋਵੈ ਆਵਨ ਜਾਨੁ ॥}

(ਅੰਗ - ੨੯੫)

{ਹਰਿ ਧਨੁ ਖਾਟਿ ਚਲੈ ਜਨੁ ਸੋਇ ॥ ਨਾਨਕ ਜਿਸਹਿ ਪਰਾਪਤਿ ਹੋਇ ॥੫॥}

(ਅੰਗ - ੨੯੫)

{ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥}

(ਅੰਗ - ੨੯੫)

{ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥}

(ਅੰਗ - ੨੯੫)

{ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥}

(ਅੰਗ - ੨੯੫)

{ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥}

(ਅੰਗ - ੨੯੫)

{ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥}

(ਅੰਗ - ੨੯੫ - ੨੯੬)

{ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥}

(ਅੰਗ - ੨੯੬)

{ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥}

(ਅੰਗ - ੨੯੬)

{ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥}

(ਅੰਗ - ੨੯੬)

{ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥}

(ਅੰਗ - ੨੯੬)

{ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥ ਸਾਧ ਸਰਣਿ ਨਾਨਕ ਤੇ ਆਏ ॥੭॥}

(ਅੰਗ - ੨੯੬)

{ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥}

(ਅੰਗ - ੨੯੬)

{ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥ ਦੁਲਭ ਦੇਹ ਤਤਕਾਲ ਉਧਾਰੈ ॥}

(ਅੰਗ - ੨੯੬)

{ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥ ਏਕੁ ਨਾਮੁ ਮਨ ਮਾਹਿ ਸਮਾਨੀ ॥}

(ਅੰਗ - ੨੯੬)

{ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥}

(ਅੰਗ - ੨੯੬)

{ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥}

(ਅੰਗ - ੨੯੬)

{ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥ ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥੧॥}

(ਅੰਗ - ੨੯੬)

{ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ ॥ ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥੧॥}

(ਅੰਗ - ੨੯੬)

{ਗੋਬਿੰਦ ਜਸੁ ਗਾਈਐ ਹਰਿ ਨੀਤ ॥ ਮਿਲਿ ਭਜੀਐ ਸਾਧਸੰਗਿ ਮੇਰੇ ਮੀਤ ॥੧॥ ਰਹਾਉ ॥}

(ਅੰਗ - ੨੯੬)

ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥
ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥੨॥}

(ਅੰਗ - ੨੯੬)

{ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥}

(ਅੰਗ - ੨੯੬)

{ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥ ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥}

(ਅੰਗ - ੨੯੬)

{ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥ ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥}
(ਅੰਗ - ੨੯੭)

{ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥}
(ਅੰਗ - ੨੯੭)

{ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ ॥
ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ ॥੩॥}
(ਅੰਗ - ੨੯੭)

{ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥}
(ਅੰਗ - ੨੯੭)

{ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ ॥
ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ ॥}
(ਅੰਗ - ੨੯੭)

{ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ ॥ ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ ॥}
(ਅੰਗ - ੨੯੭)

{ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥੩॥}
(ਅੰਗ - ੨੯੭)

{ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ ॥
ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿ ਨਾਮੁ ॥੪॥}
(ਅੰਗ - ੨੯੭)

{ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ ॥ ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥}
(ਅੰਗ - ੨੯੭)

{ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ ॥ ਮੀਚੁ ਹੁਟੈ ਜਮ ਤੇ ਛੂਟੈ ਹਰਿ ਕੀਰਤਨ ਪਰਵੇਸ ॥}
(ਅੰਗ - ੨੯੭)

{ਭਉ ਬਿਨਸੈ ਅੰਮ੍ਰਿਤੁ ਰਸੈ ਰੰਗਿ ਰਤੇ ਨਿਰੰਕਾਰ ॥ ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ ॥}
(ਅੰਗ - ੨੯੭)

{ਮਨੁ ਨਿਰਮਲੁ ਮੁਖੁ ਊਜਲਾ ਹੋਇ ਨਾਨਕ ਸਾਧ ਰਵਾਲ ॥੪॥}
(ਅੰਗ - ੨੯੭)

{ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥}
(ਅੰਗ - ੨੯੭)

{ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥ ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥}
(ਅੰਗ - ੨੯੭)

{ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥ ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ ॥}
(ਅੰਗ - ੨੯੭)

{ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥ ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ॥੫॥}
(ਅੰਗ - ੨੯੭)

{ਮੋਹ ਮਾਨ ਭ੍ਰਮੁ ਬਿਨਸਿਓ ਪਾਈ ਸਰਨਿ ਦਇਆਲ ॥ ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ॥}
(ਅੰਗ - ੨੯੮)

{ਲਾਭੁ ਮਿਲੈ ਤੋਟਾ ਹਿਰੈ ਸਾਧਸੰਗਿ ਲਿਵ ਲਾਇ ॥ ਖਾਟਿ ਖਜਾਨਾ ਗੁਣ ਨਿਧਿ ਹਰੇ ਨਾਨਕ ਨਾਮੁ ਧਿਆਇ ॥੬॥}

(ਅੰਗ - ੨੯੮)

{ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ ॥ ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ ॥੭॥}

(ਅੰਗ - ੨੯੮)

{ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ ॥ ਦੂਖ ਹਰੈ ਭਵਜਲੁ ਤਰੈ ਮਨ ਚਿੰਦਿਆ ਫਲੁ ਪਾਇ ॥}

(ਅੰਗ - ੨੯੮)

{ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ ॥ ਅੰਤਰਿ ਬਾਹਰਿ ਸਦਾ ਸੰਗਿ ਕਰਨੈਹਾਰੁ ਪਛਾਣੁ ॥}

(ਅੰਗ - ੨੯੮)

{ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ ॥ ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ ॥੭॥}

(ਅੰਗ - ੨੯੮)

{ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ ॥
ਜਮਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ ॥੮॥}

(ਅੰਗ - ੨੯੮)

{ਅਸਟਮੀ ਅਸਟ ਸਿਧਿ ਨਵ ਨਿਧਿ ॥ ਸਗਲ ਪਦਾਰਥ ਪੂਰਨ ਬੁਧਿ ॥}

(ਅੰਗ - ੨੯੮)

{ਕਵਲ ਪ੍ਰਗਾਸ ਸਦਾ ਆਨੰਦ ॥ ਨਿਰਮਲ ਰੀਤਿ ਨਿਰੋਧਰ ਮੰਤ ॥}

(ਅੰਗ - ੨੯੮)

{ਹਰਿ ਹਰਿ ਭਜਨੁ ਪੂਰੇ ਗੁਰ ਸੰਗਿ ॥ ਜਪਿ ਤਰੀਐ ਨਾਨਕ ਨਾਮ ਹਰਿ ਰੰਗਿ ॥੮॥}

(ਅੰਗ - ੨੯੮)

{ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥}

(ਅੰਗ - ੨੯੮)

{ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ ॥ ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ॥੯॥}

(ਅੰਗ - ੨੯੮)

{ਨਉਮੀ ਨਵੇ ਛਿਦ੍ਰ ਅਪਵੀਤ ॥ ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ ॥}

(ਅੰਗ - ੨੯੮)

{ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥ ਕਰਨ ਨ ਸੁਨਹੀ ਹਰਿ ਜਸੁ ਬਿੰਦ ॥}

(ਅੰਗ - ੨੯੮)

{ਹਿਰਹਿ ਪਰ ਦਰਬੁ ਉਦਰ ਕੈ ਤਾਈ ॥ ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥}

(ਅੰਗ - ੨੯੮)

{ਹਰਿ ਸੇਵਾ ਬਿਨੁ ਏਹ ਫਲ ਲਾਗੇ ॥ ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥੯॥}

(ਅੰਗ - ੨੯੮)

{ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥ ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥੧੦॥}

(ਅੰਗ - ੨੯੮)

{ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ ॥}

(ਅੰਗ - ੨੯੮)

{ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥੧੦॥}

(ਅੰਗ - ੨੯੮)

{ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ ॥ ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ ॥੧੧॥}

(ਅੰਗ - ੨੯੮)

{ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥}
(ਅੰਗ - ੨੯੮)

{ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥}
(ਅੰਗ - ੨੯੮)

{ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥}
(ਅੰਗ - ੨੯੯)

{ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥ ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥੧੧॥}
(ਅੰਗ - ੨੯੯)

{ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ ॥ ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ ਸਗਲ ਜੰਜਾਲ ॥੧੨॥}
(ਅੰਗ - ੨੯੯)

{ਦੁਆਦਸੀ ਦਾਨੁ ਨਾਮੁ ਇਸਨਾਨੁ ॥ ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥}
(ਅੰਗ - ੨੯੯)

{ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥ ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥}
(ਅੰਗ - ੨੯੯)

{ਕੋਮਲ ਬਾਣੀ ਸਭ ਕਉ ਸੰਤੋਖੈ ॥ ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥}
(ਅੰਗ - ੨੯੯)

{ਗੁਰ ਪੂਰੇ ਤੇ ਏਹ ਨਿਹਚਉ ਪਾਈਐ ॥ ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ ॥੧੨॥}
(ਅੰਗ - ੨੯੯)

{ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ ॥ ਪਤਿਤ ਉਧਾਰਣੁ ਮਨਿ ਬਸੈ ਨਾਨਕ ਛੂਟੈ ਨਾਮ ॥੧੩॥}
(ਅੰਗ - ੨੯੯)

{ਤ੍ਰਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਤ ਨਰਕ ਅਵਤਾਰ ॥}
(ਅੰਗ - ੨੯੯)

{ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥}
(ਅੰਗ - ੨੯੯)

{ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘ ਰੋਗੁ ਮਾਇਆ ਆਸਾਧਿਓ ॥}
(ਅੰਗ - ੨੯੯)

{ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥}
(ਅੰਗ - ੨੯੯)

{ਹਰਿ ਬਿਸਰਤ ਹੋਵਤ ਏਹ ਹਾਲ ॥ ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥੧੩॥}
(ਅੰਗ - ੨੯੯)

{ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥ ਨਾਨਕ ਊਨ ਨ ਦੇਖੀਐ ਪੂਰਨ ਤਾ ਕੇ ਕਾਮ ॥੧੪॥}
(ਅੰਗ - ੨੯੯)

{ਸੂਖਮ ਅਸਥੂਲ ਸਗਲ ਭਗਵਾਨ ॥ ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥੧੪॥}
(ਅੰਗ - ੨੯੯)

{ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥ ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ ॥੧੫॥}
(ਅੰਗ - ੨੯੯ - ੩੦੦)

{ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥ ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ ॥}
(ਅੰਗ - ੨੯੯)

{ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥ ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ॥}
(ਅੰਗ - ੨੯੯)

{ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ ॥ ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ॥}
(ਅੰਗ - ੩੦੦)

{ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥ ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥੧੫॥}
(ਅੰਗ - ੩੦੦)

{ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥ ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੬॥}
(ਅੰਗ - ੩੦੦)

{ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ॥ ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ ॥
(ਅੰਗ - ੩੦੦)

{ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ॥ ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ ॥}
(ਅੰਗ - ੩੦੦)

{ਦੁਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿ ਰਾਇ ॥}
(ਅੰਗ - ੩੦੦)

{ਮਨਿ ਚਿੰਦੇ ਫਲ ਪਾਇਆ ਨਾਨਕ ਹਰਿ ਗੁਨ ਗਾਇ ॥੧੭॥}
(ਅੰਗ - ੩੦੦)

{ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥}
(ਅੰਗ - ੩੦੦)

{ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥
ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥}
(ਅੰਗ - ੩੦੦)

{ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥}
(ਅੰਗ - ੩੦੦)

{ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ॥੧੭॥}
(ਅੰਗ - ੩੦੦)

{ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ॥
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥}
(ਅੰਗ - ੩੦੦)

{ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿ ਪਦੁ ਸੋਇ ॥
ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ ॥੧॥}
(ਅੰਗ - ੩੦੦)

{ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥
ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥}
(ਅੰਗ - ੩੦੧)

{ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥
ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥
ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥੨॥}
(ਅੰਗ - ੩੦੧)

{ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ ॥ ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ ॥੧॥}

(ਅੰਗ - ੩੦੧)

{ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥}

(ਅੰਗ - ੩੦੧)

{ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥
ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ ॥੧॥}

(ਅੰਗ - ੩੦੧)

{ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ ॥
ਤੁਧੁ ਜੇਵਡੁ ਦਾਤਾ ਤੂਹੈ ਨਿਰੰਜਨਾ ਤੂਹੈ ਸਚੁ ਮੇਰੈ ਮਨਿ ਭਾਇਆ ॥
ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ ॥੨॥}

(ਅੰਗ - ੩੦੧)

{ਸਤਿਗੁਰ ਹਰਿ ਪ੍ਰਭੁ ਦਸਿ ਨਾਮੁ ਧਿਆਈ ਮਨਿ ਹਰੀ ॥
ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ ॥੨॥}

(ਅੰਗ - ੩੦੧)

{ਤੂ ਆਪੇ ਆਪਿ ਨਿਰੰਕਾਰੁ ਹੈ ਨਿਰੰਜਨ ਹਰਿ ਰਾਇਆ ॥
ਜਿਨੀ ਤੂ ਇਕ ਮਨਿ ਸਚੁ ਧਿਆਇਆ ਤਿਨ ਕਾ ਸਭੁ ਦੁਖੁ ਗਵਾਇਆ ॥}

(ਅੰਗ - ੩੦੧)

{ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ॥੧॥}

(ਅੰਗ - ੩੦੧)

{ਮਨੁ ਤਨੁ ਰਤਾ ਰੰਗ ਸਿਉ ਗੁਰਮੁਖਿ ਹਰਿ ਗੁਣਤਾਸੁ ॥
ਜਨ ਨਾਨਕ ਹਰਿ ਸਰਣਾਗਤੀ ਹਰਿ ਮੇਲੇ ਗੁਰ ਸਾਬਾਸਿ ॥੨॥}

(ਅੰਗ - ੩੦੧)

{ਤੂ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗੜੀਐ ॥ ਤੂ ਸਚਾ ਸਭਸ ਦਾ ਖਸਮੁ ਹੈ ਸਭ ਦੂ ਤੂ ਚੜੀਐ ॥
ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ ॥੩॥}

(ਅੰਗ - ੩੦੧)

{ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ ॥ ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ ॥
ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ ॥}

(ਅੰਗ - ੩੦੧)

{ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ ॥
ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥}

(ਅੰਗ - ੩੦੨)

{ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ ॥}

(ਅੰਗ - ੩੦੨)

{ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥}

(ਅੰਗ - ੩੦੨)

{ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥ ਜਿਸ ਨੋ ਸਤਿਗੁਰੁ ਮੇਲੇ ਸੁ ਗੁਣ ਰਵੈ ਗੁਣ ਆਖਿ ਵਖਾਣੀ ॥ ਨਾਨਕ ਸਚਾ ਸਚੁ ਹੈ ਬੁਝਿ ਸਚਿ ਸਮਾਣੀ ॥੫॥}

(ਅੰਗ - ੩੦੨)

{ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ ॥
ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ ॥
ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ ॥}

(ਅੰਗ - ੩੦੨)

{ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ ॥
ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ ਤਾਸੁ ॥੨॥}

(ਅੰਗ - ੩੦੨)

{ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ ॥ ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ ਨੇੜਿ ਨ ਆਵੈ ॥}

(ਅੰਗ - ੩੦੨)

{ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥
ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ ॥੬॥}

(ਅੰਗ - ੩੦੨)

{ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥
ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥
ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨਾਏ ॥}

(ਅੰਗ - ੩੦੨)

{ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥}

(ਅੰਗ - ੩੦੨)

{ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ ॥
ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ ॥}

(ਅੰਗ - ੩੦੩)

{ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ ॥}

(ਅੰਗ - ੩੦੩)

{ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥
ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥}

(ਅੰਗ - ੩੦੩)

{ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥
ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ ॥}

(ਅੰਗ - ੩੦੩)

{ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥}

(ਅੰਗ - ੩੦੩)

{ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥
ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥}

(ਅੰਗ - ੩੦੩)

{ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥}

(ਅੰਗ - ੩੦੩)

{ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਏ ॥
ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ ॥}

(ਅੰਗ - ੩੦੩)

{ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥
ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥੭॥}

(ਅੰਗ - ੩੦੩)

{ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥}

(ਅੰਗ - ੩੦੩)

{ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥}

(ਅੰਗ - ੩੦੪)

{ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥
ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥}

(ਅੰਗ - ੩੦੪)

{ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ ॥
ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ ॥}

(ਅੰਗ - ੩੦੪)

{ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ ॥
ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ ॥}

(ਅੰਗ - ੩੦੪)

{ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ ॥
ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ ॥}

(ਅੰਗ - ੩੦੪)

{ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ ॥}

(ਅੰਗ - ੩੦੪)

{ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥
ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ ॥}

(ਅੰਗ - ੩੦੪)

{ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥}

(ਅੰਗ - ੩੦੪)

{ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥
ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ ॥}

(ਅੰਗ - ੩੦੫)

{ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ॥
ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥}

(ਅੰਗ - ੩੦੫)

{ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥}

(ਅੰਗ - ੩੦੫)

{ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ ॥
ਨਾਨਕ ਸਚੁ ਧਿਆਇ ਤੂ ਬਿਨੁ ਸਚੇ ਪਚਿ ਪਚਿ ਮੁਏ ਅਜਾਣਾ ॥੧੦॥}

(ਅੰਗ - ੩੦੫)

{ਗੁਰ ਪੂਰੇ ਕੀ ਵਡੀ ਵਡਿਆਈ ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥
ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ ਚੜੈ ਸਵਾਇਆ ॥}

(ਅੰਗ - ੩੦੫)

{ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ ਸੁ ਕੂੜੀ ਆਵੈ ਕੂੜੀ ਜਾਵੈ ॥}

(ਅੰਗ - ੩੦੫)

{ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥
ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥}

(ਅੰਗ - ੩੦੫)

{ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥}

(ਅੰਗ - ੩੦੫)

{ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥}

(ਅੰਗ - ੩੦੬)

{ਮਨਿ ਖੋਟੇ ਦਯਿ ਵਿਛੋੜੇ ॥੧੧॥}

(ਅੰਗ - ੩੦੬)

{ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥}

(ਅੰਗ - ੩੦੬)

{ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ ॥
ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥੧॥}

(ਅੰਗ - ੩੦੬)

{ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥
ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ ॥}

(ਅੰਗ - ੩੦੬)

{ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ ॥
ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ ॥੨॥}

(ਅੰਗ - ੩੦੬)

{ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥}

(ਅੰਗ - ੩੦੬)

{ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥ ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥}
(ਅੰਗ - ੩੦੬)

{ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥ ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥}
(ਅੰਗ - ੩੦੬)

{ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥ ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥}
(ਅੰਗ - ੩੦੬)

{ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥}
(ਅੰਗ - ੩੦੬)

{ਅੰਤਰਿ ਹਰਿ ਗੁਰੂ ਧਿਆਇਦਾ ਵਡੀ ਵਡਿਆਈ ॥
ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ ॥}
(ਅੰਗ - ੩੦੭)

{ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋਕਾਈ ॥
ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ ॥}
(ਅੰਗ - ੩੦੭)

{ਤੂਹੈ ਸਚਾ ਸਚੁ ਤੂ ਸਭ ਦੂ ਉਪਰਿ ਤੂ ਦੀਬਾਣੁ ॥ ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥}
(ਅੰਗ - ੩੦੭)

{ਜਨ ਨਾਨਕ ਅਨਦਿਨੁ ਨਾਮੁ ਧਿਆਇਆ ਹਰਿ ਸਿਮਰਤ ਕਿਲਵਿਖ ਪਾਪ ਗਇਆ ॥੨॥}
(ਅੰਗ - ੩੦੭)

{ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥
ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥੧੩॥}
(ਅੰਗ - ੩੦੭)

{ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ ॥
ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰਸਿਖ ਮਿਤ ਪਿਆਰੇ ॥੧॥}
(ਅੰਗ - ੩੦੭)

{ਅਨਦਿਨੁ ਨਾਮੁ ਜਪਹੁ ਗੁਰਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥}
(ਅੰਗ - ੩੦੮)

{ਤੂ ਸਚਾ ਸਾਹਿਬੁ ਆਪਿ ਹੈ ਸਚੁ ਸਾਹ ਹਮਾਰੇ ॥ ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ ॥}
(ਅੰਗ - ੩੦੮)

{ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ ॥ ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ ॥}
(ਅੰਗ - ੩੦੮)

{ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ ॥੧੪॥}
(ਅੰਗ - ੩੦੮)

{ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ ॥}
(ਅੰਗ - ੩੦੮)

{ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥
ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ ॥}

(ਅੰਗ - ੩੦੮)

{ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥
ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥੧॥}

(ਅੰਗ - ੩੦੮)

{ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ ॥
ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ ॥ ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ॥}

(ਅੰਗ - ੩੦੮)

{ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥
ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ ॥}

(ਅੰਗ - ੩੦੯)

{ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ ॥
ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ ॥
ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ ਰਖੈ ਪ੍ਰਭੁ ਸੋਈ ॥੩॥}

(ਅੰਗ - ੩੦੯)

{ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥ ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥
ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥}

(ਅੰਗ - ੩੦੯)

{ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥}

(ਅੰਗ - ੩੦੯)

{ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥}

(ਅੰਗ - ੩੦੯)

{ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥
ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥}

(ਅੰਗ - ੩੦੯)

{ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥
ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥}

(ਅੰਗ - ੩੦੯)

{ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥੨॥}

(ਅੰਗ - ੩੦੯)

{ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥}

(ਅੰਗ - ੩੦੯)

{ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥}

(ਅੰਗ - ੩੦੯)

{ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥
ਹਰਿ ਉਤਮੁ ਤਿਨੀ ਸਰੇਵਿਆ ਜਿਨ ਕਉ ਧੁਰਿ ਲਿਖਿਆ ਆਹਿ ॥
ਤੇ ਹਰਿ ਦਰਗਹਿ ਪੈਨਾਈਅਹਿ ਜਿਨ ਹਰਿ ਵੁਠਾ ਮਨ ਮਾਹਿ ॥}

(ਅੰਗ - ੩੧੦)

{ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ ॥੨॥}

(ਅੰਗ - ੩੧੦)

{ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥
ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥}

(ਅੰਗ - ੩੧੦)

{ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ ॥
ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ ॥ ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥੧੭॥}

(ਅੰਗ - ੩੧੦)

{ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ ਧਿਆਇਸੀ ॥
ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ ਵਸਾਇਸੀ ॥}

(ਅੰਗ - ੩੧੦)

{ਜਿਨ ਅੰਦਰਿ ਨਾਮੁ ਨਿਧਾਨੁ ਹੈ ਤਿਨ ਕਾ ਭਉ ਸਭੁ ਗਵਾਇਸੀ ॥
ਜਿਨ ਰਖਣ ਕਉ ਹਰਿ ਆਪਿ ਹੋਇ ਹੋਰ ਕੇਤੀ ਝਖਿ ਝਖਿ ਜਾਇਸੀ ॥
ਜਨ ਨਾਨਕ ਨਾਮੁ ਧਿਆਇ ਤੂ ਹਰਿ ਹਲਤਿ ਪਲਤਿ ਛੋਡਾਇਸੀ ॥੧॥}

(ਅੰਗ - ੩੧੦)

{ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥
ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ ॥}

(ਅੰਗ - ੩੧੦)

{ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਛਡਾਈ ॥
ਗੁਰ ਸਤਿਗੁਰ ਤਾਣੁ ਦੀਬਾਣੁ ਹਰਿ ਤਿਨਿ ਸਭ ਆਣਿ ਨਿਵਾਈ ॥}

(ਅੰਗ - ੩੧੦)

{ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ ਤਿਨ ਕੇ ਸਭਿ ਪਾਪ ਗਵਾਈ ॥
ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ ॥ ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ॥੨॥}

(ਅੰਗ - ੩੧੦)

{ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥
ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥}

(ਅੰਗ - ੩੧੦)

{ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥
ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥
ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ ॥੧੮॥}

(ਅੰਗ - ੩੧੧)

{ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ ॥
ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ ॥}

(ਅੰਗ - ੩੧੧)

{ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ ॥
ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ ॥੧॥}

(ਅੰਗ - ੩੧੧)

{ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ ॥
ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ ॥}

(ਅੰਗ - ੩੧੧)

{ਸਚੁ ਵਣੰਜਹਿ ਰੰਗ ਸਿਉ ਸਚੁ ਸਉਦਾ ਹੋਇ ॥ ਤੋਟਾ ਮੂਲਿ ਨ ਆਵਈ ਲਾਹਾ ਹਰਿ ਭਾਵੈ ਸੋਇ ॥}

(ਅੰਗ - ੩੧੧)

{ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ ॥ ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ ॥
ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ ॥}

(ਅੰਗ - ੩੧੧)

{ਸਚੁ ਵਣੰਜਹਿ ਰੰਗ ਸਿਉ ਸਚੁ ਸਉਦਾ ਹੋਇ ॥ ਤੋਟਾ ਮੂਲਿ ਨ ਆਵਈ ਲਾਹਾ ਹਰਿ ਭਾਵੈ ਸੋਇ ॥}

(ਅੰਗ - ੩੧੧)

{ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ ॥
ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ ॥੧੯॥}

(ਅੰਗ - ੩੧੧)

{ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥}

(ਅੰਗ - ੩੧੧)

{ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ ॥ ਜਿਉ ਉਬਲੀ ਮਜੀਠੈ ਰੰਗੁ ਗਹਗਹਾ ਤਿਉ ਸਚੇ ਨੋ ਜੀਉ ਦੇਇ॥
ਰੰਗਿ ਚਲੂਲੈ ਅਤਿ ਰਤੀ ਸਚੇ ਸਿਉ ਲਗਾ ਨੇਹੁ ॥}

(ਅੰਗ - ੩੧੧)

{ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ ॥ ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ ॥}

{ਨਾਨਕ ਸਚਾ ਆਪਿ ਹੈ ਆਪੇ ਨਦਰਿ ਕਰੇਇ ॥੧॥}

(ਅੰਗ - ੩੧੧)

{ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥
ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥}

(ਅੰਗ - ੩੧੧)

{ਤੁਧੁ ਆਪੇ ਆਪੁ ਰਖਿਆ ਸਤਿਗੁਰ ਵਿਚਿ ਗੁਰੁ ਆਪੇ ਤੁਧੁ ਸਵਾਰਿਆ ॥
ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣਹਾਰਿਆ ॥}

(ਅੰਗ - ੩੧੧)

{ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ ਜਿਨ ਹਿਰਦੈ ਨਾਮੁ ਸਮਾਰਿਆ ॥
ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥੨॥}

(ਅੰਗ - ੩੧੧)

{ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥
ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ ॥
ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ ॥੩॥}

(ਅੰਗ - ੩੧੨)

{ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥
ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥}

(ਅੰਗ - ੩੧੨)

{ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥
ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥}

(ਅੰਗ - ੩੧੨)

{ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥
ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥
ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥}

(ਅੰਗ - ੩੧੨)

{ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥}

(ਅੰਗ - ੩੧੨)

{ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥
ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥}

(ਅੰਗ - ੩੧੨)

{ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ ॥
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ ॥}

(ਅੰਗ - ੩੧੨)

{ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ ॥
ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ ॥੨੧॥}

(ਅੰਗ - ੩੧੨)

{ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥
ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥ ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥}

(ਅੰਗ - ੩੧੨)

{ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥ ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥੧॥}

(ਅੰਗ - ੩੧੨)

{ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥
ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥}

(ਅੰਗ - ੩੧੩)

{ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥ ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥
ਜਨ ਨਾਨਕ ਜਿਨ ਕਉ ਕ੍ਰਿਪਾ ਭਈ ਤਿਨ ਸੇਵਿਆ ਸਿਰਜਣਹਾਰੁ ॥੨॥}

(ਅੰਗ - ੩੧੩)

{ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥ ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥}

(ਅੰਗ - ੩੧੩)

{ਹਰਿ ਪ੍ਰਭੁ ਆਪਿ ਦਇਆਲ ਹੋਹਿ ਤਾਂ ਸਤਿਗੁਰੁ ਮਿਲਿਆ ਆਇ ॥
ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥੧॥}

(ਅੰਗ - ੩੧੩)

{ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥
ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥

(ਅੰਗ - ੩੧੩)

{ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥
ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ॥੨੩॥}

(ਅੰਗ - ੩੧੩)

{ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥੨॥}

(ਅੰਗ - ੩੧੩)

{ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ ॥
ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ ॥੧॥}

(ਅੰਗ - ੩੧੩)

{ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥}

(ਅੰਗ - ੩੧੩)

{ਗੁਰਮੁਖਿ ਜਾਪੈ ਸਬਦਿ ਲਿਵ ਲਾਇ ॥ ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ ॥}

(ਅੰਗ - ੩੧੩)

{ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ ॥
ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ ॥੨੪॥}

(ਅੰਗ - ੩੧੪)

{ਇਹੁ ਮਨੂਆ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ ਚਿਤੁ ॥
ਕਿਉ ਸਾਸਿ ਗਿਰਾਸਿ ਵਿਸਾਰੀਐ ਬਹਦਿਆ ਉਠਦਿਆ ਨਿਤ ॥}

(ਅੰਗ - ੩੧੪)

{ਮਰਣ ਜੀਵਣ ਕੀ ਚਿੰਤਾ ਗਈ ਇਹੁ ਜੀਅੜਾ ਹਰਿ ਪ੍ਰਭ ਵਸਿ ॥
ਜਿਉ ਭਾਵੈ ਤਿਉ ਰਖੁ ਤੂ ਜਨ ਨਾਨਕ ਨਾਮੁ ਬਖਸਿ ॥੧॥}

(ਅੰਗ - ੩੧੪)

{ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ ॥
ਸਦਾ ਬੁਲਾਈਐ ਮਹਲਿ ਨ ਆਵੈ ਕਿਉ ਕਰਿ ਦਰਗਹ ਸੀਝੈ ॥}

(ਅੰਗ - ੩੧੪)

{ਸਤਿਗੁਰ ਕਾ ਮਹਲੁ ਵਿਰਲਾ ਜਾਣੈ ਸਦਾ ਰਹੈ ਕਰ ਜੋੜਿ ॥
ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ ॥੨॥}

(ਅੰਗ - ੩੧੪)

{ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥}

(ਅੰਗ - ੩੧੪)

{ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥
ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥}

(ਅੰਗ - ੩੧੪)

{ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥}

(ਅੰਗ - ੩੧੪)

{ਜਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥ ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥}

(ਅੰਗ - ੩੧੪)

{ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ ॥
ਨਾਨਕ ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ ॥੧॥}

(ਅੰਗ - ੩੧੪)

{ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥}

(ਅੰਗ - ੩੧੪)

{ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥}

(ਅੰਗ - ੩੧੪)

{ਅੰਨਾ ਬੋਲਾ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥}

(ਅੰਗ - ੩੧੪)

{ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ਨਾਨਕ ਪੂਰਬਿ ਲਿਖਿਆ ਕਮਾਇ ॥੨॥}

(ਅੰਗ - ੩੧੪)

{ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥ ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥}

(ਅੰਗ - ੩੧੪)

{ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥
ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥
ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥੨੬॥}

(ਅੰਗ - ੩੧੪)

{ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥}

(ਅੰਗ - ੩੧੫)

{ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥}

(ਅੰਗ - ੩੧੫)

{ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥ ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ ॥੧॥}

(ਅੰਗ - ੩੧੫)

{ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ ॥ ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ ॥}

(ਅੰਗ - ੩੧੫)

{ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥ ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥੧॥}

(ਅੰਗ - ੩੧੫)

{ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥}

(ਅੰਗ - ੩੧੫)

{ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ ॥੨੮॥}

(ਅੰਗ - ੩੧੫)

{ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥}

(ਅੰਗ - ੩੧੫)

{ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ ਅੰਦਰਿ ਬਹੈ ਤਪਾ ਪਾਪ ਕਮਾਏ ॥}

(ਅੰਗ - ੩੧੫)

{ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥ ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥}

(ਅੰਗ - ੩੧੫)

{ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ ॥
ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥ ਸੋ ਬੂਝੈ ਜੁ ਦਯਿ ਸਵਾਰਿਆ ॥੧॥}

(ਅੰਗ - ੩੧੫)

{ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥
ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ ॥

(ਅੰਗ - ੩੧੬)

{ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ ॥
ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥}

(ਅੰਗ - ੩੧੬)

ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥}

(ਅੰਗ - ੩੧੬)

{ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ ਕਿਆ ਪਾਪੀ ਕਰੀਐ ॥
ਗੁਮਾਨੁ ਕਰਹਿ ਮੂੜ ਗੁਮਾਨੀਆ ਵਿਸੁ ਖਾਧੀ ਮਰੀਐ ॥}

(ਅੰਗ - ੩੧੬)

{ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ ॥ ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ ॥}

(ਅੰਗ - ੩੧੬)

{ਜਨ ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ ਧਣੀਐ ॥੩੦॥}

(ਅੰਗ - ੩੧੬)

{ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥}

(ਅੰਗ - ੩੧੬)

{ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਹਾਰੁ ॥}

(ਅੰਗ - ੩੧੬)

{ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥}

(ਅੰਗ - ੩੧੬)

{ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਹਾ ਗੁਰਮੁਖਿ ਪ੍ਰੀਤਿ ਨ ਹੋਇ ॥
ਓਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ ॥}

(ਅੰਗ - ੩੧੬)

{ਕੂੜੁ ਕਮਾਵੈ ਕੂੜੁ ਉਚਰੈ ਕੂੜਿ ਲਗਿਆ ਕੂੜੁ ਹੋਇ ॥ ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ ॥}

(ਅੰਗ - ੩੧੬)

{ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ ॥
ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ ॥੨॥}

(ਅੰਗ - ੩੧੬)

{ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥
ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ ॥੧॥}

(ਅੰਗ - ੩੧੭)

{ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ ॥ ਨਾਨਕੁ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗੁ ॥੨॥}

(ਅੰਗ - ੩੧੭)

{ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥ ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ ॥
ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ ॥}

(ਅੰਗ - ੩੧੭)

{ਕਾਈ ਆਸ ਨ ਪੁੰਨੀਆ ਨਿਤ ਪਰ ਮਲੁ ਹਿਰਤੇ ॥ ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ ॥}

(ਅੰਗ - ੩੧੭)

{ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥੩੨॥}

(ਅੰਗ - ੩੧੭)

{ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥}

(ਅੰਗ - ੩੧੭)

{ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥}

(ਅੰਗ - ੩੧੭)

{ਅੰਤਰਿ ਹਰਿ ਨਾਮੁ ਬਾਸਨਾ ਸਮਾਣੀ ॥ ਹਰਿ ਦਰਿ ਸੋਭਾ ਮਹਾ ਉਤਮ ਬਾਣੀ ॥}

(ਅੰਗ - ੩੧੭)

{ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥ ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ ॥੧॥}

(ਅੰਗ - ੩੧੭)

{ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥}

(ਅੰਗ - ੩੧੭)

{ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ ॥}

(ਅੰਗ - ੩੧੭)

{ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ ॥}

(ਅੰਗ - ੩੧੭)

{ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ ॥
ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ ॥੨॥}

(ਅੰਗ - ੩੧੭)

{ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ ॥
ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ ॥
ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ ॥੩੩॥੧॥ ਸੁਧੁ ॥}

(ਅੰਗ - ੩੧੭)

{ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ ॥
ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ ॥}

(ਅੰਗ - ੩੧੮)

{ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ ॥
ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ ॥੧॥}

(ਅੰਗ - ੩੧੮)

{ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ ॥ ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ ॥
ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ ॥

(ਅੰਗ - ੩੧੮)

{ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ ਹਰਿ ਕੇ ਗੁਣ ਗਾਵਉ ॥ ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥੨॥}

(ਅੰਗ - ੩੧੮)

{ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥ ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ ॥}

(ਅੰਗ - ੩੧੮)

{ਥਾਨ ਥਨੰਤਰਿ ਰਵਿ ਰਹਿਆ ਜੀਅ ਅੰਦਰਿ ਜਾਣਾ ॥ ਸਾਧਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ ॥
ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥੧॥}

(ਅੰਗ - ੩੧੮)

{ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ ॥ ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ ॥੧॥}

(ਅੰਗ - ੩੧੮)

{ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥ ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ ॥੨॥}

(ਅੰਗ - ੩੧੮)

{ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥ ਮੁਹਿ ਡਿਠੈ ਤਿਨ ਕੈ ਜੀਵੀਐ ਹਰਿ ਅੰਮ੍ਰਿਤੁ ਚਖੇ ॥}

(ਅੰਗ - ੩੧੮)

{ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥ ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ ॥}

(ਅੰਗ - ੩੧੮)

{ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ ॥੨॥}

(ਅੰਗ - ੩੧੮)

{ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥੧॥}

(ਅੰਗ - ੩੧੮)

{ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥
ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ ॥੨॥}

(ਅੰਗ - ੩੧੮)

{ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥ ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥}

(ਅੰਗ - ੩੧੮)

{ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥ ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ ॥
ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ ॥੩॥}

(ਅੰਗ - ੩੧੮)

{ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥ ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥
ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ ॥੪॥}

(ਅੰਗ - ੩੧੯)

{ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ ॥੧॥}

(ਅੰਗ - ੩੧੯)

{ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ ॥ ਨਾਨਕ ਸੇ ਸਾਬਾਸਿ ਜਿਨੀ ਗੁਰ ਮਿਲਿ ਇਕੁ ਪਛਾਣਿਆ ॥੨॥}

(ਅੰਗ - ੩੧੯)

{ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥}

(ਅੰਗ - ੩੧੯)

{ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ ॥ ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥੬॥}

(ਅੰਗ - ੩੧੯)

{ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥ ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥
ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥੫॥}

(ਅੰਗ - ੩੧੯)

{ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥ ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ॥੨॥}

(ਅੰਗ - ੩੧੯)

{ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ ॥ ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ ॥}

(ਅੰਗ - ੩੧੯)

{ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ ॥ ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ ॥
ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥੬॥}

(ਅੰਗ - ੩੧੯)

{ਵਿਸਾਰੇਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ ॥ ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ ॥੨॥}

(ਅੰਗ - ੩੧੯)

{ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥ ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ॥}

(ਅੰਗ - ੩੧੯)

{ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ ॥ ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ ॥
ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ ॥੭॥}

(ਅੰਗ - ੩੧੯)

{ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥}

(ਅੰਗ - ੩੧੯)

{ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ ॥ ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ ॥੨॥}

(ਅੰਗ - ੩੧੯)

{ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ ॥ ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ ॥}

(ਅੰਗ - ੩੨੦)

{ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ ॥ ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥
ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ ॥੮॥}

(ਅੰਗ - ੩੨੦)

{ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ ॥ ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ ॥}

(ਅੰਗ - ੩੨੦)

{ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ ॥ ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ ॥੧॥}

(ਅੰਗ - ੩੨੦)

{ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥੨॥}

(ਅੰਗ - ੩੨੦)

{ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥ ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥
ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥}

(ਅੰਗ - ੩੨੦)

{ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ॥੯॥}

(ਅੰਗ - ੩੨੦)

{ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ ॥ ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥੧॥}

(ਅੰਗ - ੩੨੦)

{ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥
ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ ॥੨॥}

(ਅੰਗ - ੩੨੦)

{ਤਿਨ ਕੀ ਸੋਭਾ ਕਿਆ ਗਣੀ ਜਿਨੀ ਹਰਿ ਹਰਿ ਲਧਾ ॥ ਸਾਧਾ ਸਰਣੀ ਜੋ ਪਵੈ ਸੋ ਛੁਟੈ ਬਧਾ ॥}

(ਅੰਗ - ੩੨੦)

{ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ ॥ ਗੁਰੁ ਭੇਟਿਆ ਪਾਰਬ੍ਰਹਮੁ ਹਰਿ ਪੜਿ ਬੁਝਿ ਸਮਧਾ ॥
ਨਾਨਕ ਪਾਇਆ ਸੋ ਧਣੀ ਹਰਿ ਅਗਮ ਅਗਧਾ ॥੧੦॥}

(ਅੰਗ - ੩੨੦)

{ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ ॥
ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥੨॥}

(ਅੰਗ - ੩੨੦)

{ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥ ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥}

(ਅੰਗ - ੩੨੦)

{ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥ ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥ ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥੧੧॥}

(ਅੰਗ - ੩੨੦)

{ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ ॥ ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥੧॥}

(ਅੰਗ - ੩੨੦)

{ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ ॥
ਨਾਨਕ ਰਾਮ ਨਾਮੁ ਧਨੁ ਕੀਤਾ ਪੂਰੇ ਗੁਰ ਪਰਸਾਦਿ ॥੨॥}

(ਅੰਗ - ੩੨੦ - ੩੨੧)

{ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥ ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥}

(ਅੰਗ - ੩੨੧)

{ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗਿ ਮੁਤੇ ॥ ਕੀਤਾ ਪਾਇਨਿ ਆਪਣਾ ਦੁਖ ਸੇਤੀ ਜੁਤੇ ॥}

(ਅੰਗ - ੩੨੧)

{ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ ॥੧੨॥}

(ਅੰਗ - ੩੨੧)

{ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ॥ ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ ॥੧॥}

(ਅੰਗ - ੩੨੧)

{ਲਾਲਚਿ ਅਟਿਆ ਨਿਤ ਫਿਰੈ ਸੁਆਰਥੁ ਕਰੇ ਨ ਕੋਇ ॥
ਜਿਸੁ ਗੁਰੁ ਭੇਟੈ ਨਾਨਕਾ ਤਿਸੁ ਮਨਿ ਵਸਿਆ ਸੋਇ ॥੨॥}

(ਅੰਗ - ੩੨੧)

{ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥ ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ ॥}

(ਅੰਗ - ੩੨੧)

{ਇਕੁ ਨਿਰੰਜਨੁ ਰਵਿ ਰਹਿਆ ਭਾਉ ਦੁਯਾ ਕੁਠਾ ॥ ਹਰਿ ਨਾਨਕੁ ਮੰਗੈ ਜੋੜਿ ਕਰ ਪ੍ਰਭੁ ਦੇਵੈ ਤੁਠਾ ॥੧੩॥}

(ਅੰਗ - ੩੨੧)

{ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ ॥ ਗਾਲ੍ਹੀ ਬਿਆ ਵਿਕਾਰ ਨਾਨਕ ਧਣੀ ਵਿਹੂਣੀਆ ॥੧॥}

(ਅੰਗ - ੩੨੧)

{ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ ॥ ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ ॥੨॥}

(ਅੰਗ - ੩੨੧)

{ਸੋਈ ਸੇਵਿਹੁ ਜੀਅੜੇ ਦਾਤਾ ਬਖਸਿੰਦੁ ॥ ਕਿਲਵਿਖ ਸਭਿ ਬਿਨਾਸੁ ਹੋਨਿ ਸਿਮਰਤ ਗੋਵਿੰਦੁ ॥}

(ਅੰਗ - ੩੨੧)

{ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰਮੰਤੁ ॥ ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ ॥}

(ਅੰਗ - ੩੨੧)

{ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ ॥੧੪॥}

(ਅੰਗ - ੩੨੧)

{ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥ ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ ॥੧॥}

(ਅੰਗ - ੩੨੧)

{ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ ॥ ਜਿਤੁ ਖਾਧੈ ਮਨੁ ਤ੍ਰਿਪਤੀਐ ਨਾਨਕ ਸਾਹਿਬ ਦਾਤਿ ॥੨॥}

(ਅੰਗ - ੩੨੧)

{ਲਾਹਾ ਜਗ ਮਹਿ ਸੇ ਖਟਹਿ ਜਿਨ ਹਰਿ ਧਨੁ ਰਾਸਿ ॥ ਦੁਤੀਆ ਭਾਉ ਨ ਜਾਣਨੀ ਸਚੇ ਦੀ ਆਸ ॥

ਨਿਹਚਲੁ ਏਕੁ ਸਰੇਵਿਆ ਹੋਰੁ ਸਭ ਵਿਣਾਸੁ ॥}

(ਅੰਗ - ੩੨੧)

{ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ ॥
ਪੂਰਬਿ ਲਿਖਿਆ ਪਾਇਆ ਮਿਲਿਆ ਤਿਸੈ ਰਜਾਇ ॥ ਪਰਮੇਸਰਿ ਜੀਵਾਲਿਆ ਨਾਨਕ ਤਿਸੈ ਧਿਆਇ ॥੧॥}

(ਅੰਗ - ੩੨੧)

{ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ ॥ ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ ॥}

(ਅੰਗ - ੩੨੧)

{ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥ ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥}

(ਅੰਗ - ੩੨੧)

{ਰੰਗ ਰੂਪ ਰਸ ਬਾਦਿ ਕਿ ਕਰਹਿ ਪਰਾਣੀਆ ॥ ਜਿਸੁ ਭੁਲਾਏ ਆਪਿ ਤਿਸੁ ਕਲ ਨਹੀ ਜਾਣੀਆ ॥}

(ਅੰਗ - ੩੨੧)

{ਰੰਗਿ ਰਤੇ ਨਿਰਬਾਣੁ ਸਚਾ ਗਾਵਹੀ ॥ ਨਾਨਕ ਸਰਣਿ ਦੁਆਰਿ ਜੇ ਤੁਧੁ ਭਾਵਹੀ ॥੨॥}

(ਅੰਗ - ੩੨੨)

{ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥ ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥
ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥}

(ਅੰਗ - ੩੨੨)

{ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ ॥
ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥੧॥}

(ਅੰਗ - ੩੨੨)

{ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥ ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥}

(ਅੰਗ - ੩੨੨)

{ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥
ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥੧੭॥}

(ਅੰਗ - ੩੨੨)

{ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ ॥ ਜੀਉ ਹਮਾਰਾ ਧੰਨੀਐ ਹਰਿ ਮਨ ਤਨ ਸੰਦੜੀ ਵਥੁ ॥੧॥}

(ਅੰਗ - ੩੨੨)

{ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥ ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥੨॥}

(ਅੰਗ - ੩੨੨)

{ਸਭਿ ਨਿਧਾਨ ਘਰਿ ਜਿਸ ਦੈ ਹਰਿ ਕਰੇ ਸੁ ਹੋਵੈ ॥ ਜਪਿ ਜਪਿ ਜੀਵਹਿ ਸੰਤ ਜਨ ਪਾਪਾ ਮਲੁ ਧੋਵੈ ॥}

(ਅੰਗ - ੩੨੨)

{ਚਰਨ ਕਮਲ ਹਿਰਦੈ ਵਸਹਿ ਸੰਕਟ ਸਭਿ ਖੋਵੈ ॥ ਗੁਰੁ ਪੂਰਾ ਜਿਸੁ ਭੇਟੀਐ ਮਰਿ ਜਨਮਿ ਨ ਰੋਵੈ ॥
ਪ੍ਰਭ ਦਰਸ ਪਿਆਸ ਨਾਨਕ ਘਣੀ ਕਿਰਪਾ ਕਰਿ ਦੇਵੈ ॥੧੮॥}

(ਅੰਗ - ੩੨੨)

{ਭੋਰੀ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ ॥ ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ ॥੧॥}

(ਅੰਗ - ੩੨੨)

{ਸੰਸਾਰ ਸਾਗਰ ਤੇ ਉਧਰੇ ਬਿਖਿਆ ਗੜੁ ਜਿਤਾ ॥ ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ॥੧੯॥}

(ਅੰਗ - ੩੨੨ - ੩੨੩)

{ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ ॥ ਨਾਨਕ ਸੇਈ ਤੰਨ ਫੁਟੰਨਿ ਜਿਨਾ ਸਾਂਈ ਵਿਸਰੈ ॥੧॥}

(ਅੰਗ - ੩੨੩)

{ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ ॥ ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥}

(ਅੰਗ - ੩੨੩)

{ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥ ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ ॥੨॥}

(ਅੰਗ - ੩੨੩)

{ਮਿਹਰਵਾਨੁ ਬਖਸਿੰਦੁ ਆਪਿ ਜਪਿ ਸਚੇ ਤਰਣਾ ॥ ਜੋ ਤੁਧੁ ਭਾਵੈ ਸੋ ਭਲਾ ਨਾਨਕ ਦਾਸ ਸਰਣਾ ॥੨੦॥}

(ਅੰਗ - ੩੨੩)

{ਤਿੰਨਾ ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ ॥ ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ ॥੧॥}

(ਅੰਗ - ੩੨੩)

{ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ ॥ ਨਾਨਕ ਪਰਮੇਸਰੁ ਜਜਮਾਨੁ ਤਿਸਹਿ ਭੁਖ ਨ ਮੂਲਿ ॥੨॥}

(ਅੰਗ - ੩੨੩)

{ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ ॥ ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ ॥}

(ਅੰਗ - ੩੨੩)

{ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ ॥ ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥
ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ ॥੨੧॥੧॥}

(ਅੰਗ - ੩੨੩)

{ਅਬ ਮੋਹਿ ਜਲਤ ਰਾਮ ਜਲੁ ਪਾਇਆ ॥ ਰਾਮ ਉਦਕਿ ਤਨੁ ਜਲਤ ਬੁਝਾਇਆ ॥੧॥ ਰਹਾਉ ॥

(ਅੰਗ - ੩੨੩)

{ਜਿਹ ਪਾਵਕ ਸੁਰਿ ਨਰ ਹੈ ਜਾਰੇ ॥ ਰਾਮ ਉਦਕਿ ਜਨ ਜਲਤ ਉਬਾਰੇ ॥੨॥}

(ਅੰਗ - ੩੨੩)

{ਮਨੁ ਮਾਰਣ ਕਾਰਣਿ ਬਨ ਜਾਈਐ ॥ ਸੋ ਜਲੁ ਬਿਨੁ ਭਗਵੰਤ ਨ ਪਾਈਐ ॥੧॥}

(ਅੰਗ - ੩੨੩)

{ਕਹਿ ਕਬੀਰ ਭਜੁ ਸਾਰਿੰਗਪਾਨੀ ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥੪॥੧॥}

(ਅੰਗ - ੩੨੩)

{ਮਾਧਉ ਜਲ ਕੀ ਪਿਆਸ ਨ ਜਾਇ ॥ ਜਲ ਮਹਿ ਅਗਨਿ ਉਠੀ ਅਧਿਕਾਇ ॥੧॥ ਰਹਾਉ ॥}

(ਅੰਗ - ੩੨੩)

{ਤੂੰ ਜਲਨਿਧਿ ਹਉ ਜਲ ਕਾ ਮੀਨੁ ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥੧॥}

(ਅੰਗ - ੩੨੩)

{ਹਮ ਅਪਤਹ ਅਪੁਨੀ ਪਤਿ ਖੋਈ ॥ ਹਮਰੈ ਖੋਜਿ ਪਰਹੁ ਮਤਿ ਕੋਈ ॥੧॥ ਰਹਾਉ ॥}

(ਅੰਗ - ੩੨੩)

{ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥੧॥ ਰਹਾਉ ॥}

(ਅੰਗ - ੩੨੩)

{ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥੪॥੪॥}

(ਅੰਗ - ੩੨੩)

{ਜਉ ਪੈ ਰਾਮ ਰਾਮ ਰਤਿ ਨਾਹੀ ॥ ਤੇ ਸਭਿ ਧਰਮ ਰਾਇ ਕੈ ਜਾਹੀ ॥੧॥ ਰਹਾਉ ॥}

(ਅੰਗ - ੩੨੩)

{ਕਹੁ ਕਬੀਰ ਪਤਿ ਹਰਿ ਪਰਵਾਨੁ ॥ ਸਰਬ ਤਿਆਗਿ ਭਜੁ ਕੇਵਲ ਰਾਮੁ ॥੪॥੩॥}

(ਅੰਗ - ੩੨੪)

{ਚਾਰਿ ਚਰਨ ਕਹਹਿ ਬਹੁ ਆਗਰ ॥ ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥}
(ਅੰਗ - ੩੨੪)

{ਕਹੁ ਕਬੀਰ ਬਹੁ ਕਾਇ ਕਰੀਜੈ ॥ ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥}
(ਅੰਗ - ੩੨੪)

{ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥}
(ਅੰਗ - ੩੨੪)

{ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ਰਹਾਉ ॥}
(ਅੰਗ - ੩੨੪)

{ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥}
(ਅੰਗ - ੩੨੪)

{ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥}
(ਅੰਗ - ੩੨੪)

{ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥}
(ਅੰਗ - ੩੨੪)

{ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥}
(ਅੰਗ - ੩੨੪)

{ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥}
(ਅੰਗ - ੩੨੪)

{ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥}
(ਅੰਗ - ੩੨੫)

{ਕਵਨੁ ਸੁ ਘਰੁ ਜੋ ਨਿਰਭਉ ਕਹੀਐ ॥ ਭਉ ਭਜਿ ਜਾਇ ਅਭੈ ਹੋਇ ਰਹੀਐ ॥੧॥ ਰਹਾਉ ॥}
(ਅੰਗ - ੩੨੫)

{ਕਹਨ ਕਹਾਵਨ ਨਹ ਪਤੀਅਈ ਹੈ ॥ ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥}
(ਅੰਗ - ੩੨੫)

{ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥}
(ਅੰਗ - ੩੨੪)

{ਕਹੁ ਕਬੀਰ ਇਹ ਕਹੀਐ ਕਾਹਿ ॥ ਸਾਧਸੰਗਤਿ ਬੈਕੁੰਠੈ ਆਹਿ ॥੪॥੧੦॥}
(ਅੰਗ - ੩੨੫)

{ਮੈ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥੧॥ ਰਹਾਉ ॥}
(ਅੰਗ - ੩੨੫)

{ਕੂਅਟਾ ਏਕੁ ਪੰਚ ਪਨਿਹਾਰੀ ॥ ਟੂਟੀ ਲਾਜੁ ਭਰੈ ਮਤਿ ਹਾਰੀ ॥੩॥}
(ਅੰਗ - ੩੨੫)

{ਕਹੁ ਕਬੀਰ ਇਕ ਬੁਧਿ ਬੀਚਾਰੀ ॥ ਨਾ ਓਹੁ ਕੂਅਟਾ ਨਾ ਪਨਿਹਾਰੀ ॥੪॥੧੨॥}
(ਅੰਗ - ੩੨੫)

{ਸਾਕਤ ਮਰਹਿ ਸੰਤ ਸਭਿ ਜੀਵਹਿ ॥ ਰਾਮ ਰਸਾਇਨੁ ਰਸਨਾ ਪੀਵਹਿ ॥੩॥}
(ਅੰਗ - ੩੨੫)

{ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥ ਹਾਰਿ ਪਰੇ ਅਬ ਪੂਰਾ ਦੀਜੈ ॥੪॥੧੩॥}
(ਅੰਗ - ੩੨੬)

{ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥}

(ਅੰਗ - ੩੨੬)

{ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ ॥ ਰਾਮੈ ਰਾਮ ਰਮਤ ਸੁਖੁ ਪਾਵੈ ॥੪॥
ਕਿਰਪਾ ਕਰਿ ਕੈ ਨਾਮੁ ਦ੍ਰਿੜਾਈ ॥ ਹਰਿ ਹਰਿ ਬਾਸੁ ਸੁਗੰਧ ਬਸਾਈ ॥੫॥}

(ਅੰਗ - ੩੨੬)

{ਕਹਤ ਕਬੀਰ ਚੇਤਿ ਰੇ ਅੰਧਾ ॥ ਸਤਿ ਰਾਮੁ ਝੂਠਾ ਸਭੁ ਧੰਧਾ ॥੬॥੧੬॥}

(ਅੰਗ - ੩੨੬)

{ਜਮ ਤੇ ਉਲਟਿ ਭਏ ਹੈ ਰਾਮ ॥ ਦੁਖ ਬਿਨਸੇ ਸੁਖ ਕੀਓ ਬਿਸਰਾਮ ॥}

(ਅੰਗ - ੩੨੬)

{ਬੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥੧॥}

(ਅੰਗ - ੩੨੬)

{ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥ ਸਾਂਤਿ ਭਈ ਜਬ ਗੋਬਿਦੁ ਜਾਨਿਆ ॥੧॥ ਰਹਾਉ ॥}

(ਅੰਗ - ੩੨੬)

{ਤਨ ਮਹਿ ਹੋਤੀ ਕੋਟਿ ਉਪਾਧਿ ॥ ਉਲਟਿ ਭਈ ਸੁਖ ਸਹਜਿ ਸਮਾਧਿ ॥}

(ਅੰਗ - ੩੨੬)

{ਆਪੁ ਪਛਾਨੈ ਆਪੈ ਆਪ ॥ ਰੋਗੁ ਨ ਬਿਆਪੈ ਤੀਨੌ ਤਾਪ ॥੨॥}

(ਅੰਗ - ੩੨੬)

{ਅਬ ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥}

(ਅੰਗ - ੩੨੬)

{ਕਹੁ ਕਬੀਰ ਸੁਖਿ ਸਹਜਿ ਸਮਾਵਉ ॥ ਆਪਿ ਨ ਡਰਉ ਨ ਅਵਰ ਡਰਾਵਉ ॥੩॥੧੭॥}

(ਅੰਗ - ੩੨੬ - ੩੨੭)

{ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥ ਜਿਉ ਗੂੰਗੇ ਸਾਕਰ ਮਨੁ ਮਾਨਿਆ ॥੧॥}

(ਅੰਗ - ੩੨੭)

{ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥ ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥}

(ਅੰਗ - ੩੨੭)

{ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥ ਐਸੇ ਮਰਹੁ ਜਿ ਬਹੁਰਿ ਨ ਮਰਨਾ ॥੨॥}

(ਅੰਗ - ੩੨੭)

{ਉਲਟੀ ਗੰਗਾ ਜਮੁਨ ਮਿਲਾਵਉ ॥ ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥}

(ਅੰਗ - ੩੨੭)

{ਲੋਚਾ ਸਮਸਰਿ ਇਹੁ ਬਿਉਹਾਰਾ ॥ ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥੩॥}

(ਅੰਗ - ੩੨੭)

{ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥}

(ਅੰਗ - ੩੨੭)

{ਕਹੈ ਕਬੀਰ ਨਿਰੰਜਨ ਧਿਆਵਉ ॥ ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥੪॥੧੮॥}

(ਅੰਗ - ੩੨੭)

{ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥}

(ਅੰਗ - ੩੨੭)

{ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ ਰਹਾਉ ॥}

(ਅੰਗ - ੩੨੭)

{ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥}

(ਅੰਗ - ੩੨੭)

{ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥}

(ਅੰਗ - ੩੨੭)

{ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥}

(ਅੰਗ - ੩੨੭)

{ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥}

(ਅੰਗ - ੩੨੭)

{ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨੦॥}

(ਅੰਗ - ੩੨੭)

{ਕਹੁ ਕਬੀਰ ਜਾ ਕੈ ਮਸਤਕਿ ਭਾਗੁ ॥ ਸਭ ਪਰਹਰਿ ਤਾ ਕਉ ਮਿਲੈ ਸੁਹਾਗੁ ॥੩॥੨੧॥}

(ਅੰਗ - ੩੨੭)

{ਜਾ ਕੈ ਹਰਿ ਸਾ ਠਾਕੁਰੁ ਭਾਈ ॥ ਮੁਕਤਿ ਅਨੰਤ ਪੁਕਾਰਣਿ ਜਾਈ ॥੧॥}

(ਅੰਗ - ੩੨੮)

{ਅਬ ਕਹੁ ਰਾਮ ਭਰੋਸਾ ਤੋਰਾ ॥ ਤਬ ਕਾਹੂ ਕਾ ਕਵਨੁ ਨਿਹੋਰਾ ॥੧॥ ਰਹਾਉ ॥}

(ਅੰਗ - ੩੨੮)

{ਕਹੁ ਕਬੀਰ ਇਕ ਬੁਧਿ ਬੀਚਾਰੀ ॥ ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥੩॥੨੨॥}

(ਅੰਗ - ੩੨੮)

{ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥ ਪੰਡਿਤ ਦੇਖਹੁ ਰਿਦੈ ਬੀਚਾਰਿ ॥੧॥}

(ਅੰਗ - ੩੨੮)

{ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥ ਜਬ ਲਗੁ ਰਸੁ ਤਬ ਲਗੁ ਨਹੀ ਨੇਹੁ ॥੧॥ ਰਹਾਉ ॥}

(ਅੰਗ - ੩੨੮)

{ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥ ਸੋਈ ਸੁਹਾਗਨਿ ਕਹੈ ਕਬੀਰੁ ॥੩॥੨੩॥}

(ਅੰਗ - ੩੨੮)

{ਬਿਖਿਆ ਬਿਆਪਿਆ ਸਗਲ ਸੰਸਾਰੁ ॥ ਬਿਖਿਆ ਲੈ ਡੂਬੀ ਪਰਵਾਰੁ ॥੧॥}

(ਅੰਗ - ੩੨੮)

{ਰੇ ਨਰ ਨਾਵ ਚਉੜਿ ਕਤ ਬੋੜੀ ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥੧॥ ਰਹਾਉ ॥}

(ਅੰਗ - ੩੨੮)

{ਸੁਰਿ ਨਰ ਦਾਧੇ ਲਾਗੀ ਆਗਿ ॥ ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥੨॥}

(ਅੰਗ - ੩੨੮)

{ਚੇਤਤ ਚੇਤਤ ਨਿਕਸਿਓ ਨੀਰੁ ॥ ਸੋ ਜਲੁ ਨਿਰਮਲੁ ਕਥਤ ਕਬੀਰੁ ॥੩॥੨੪॥}

(ਅੰਗ - ੩੨੮)

{ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥੧॥ ਰਹਾਉ ॥}

(ਅੰਗ - ੩੨੮)

{ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥ ਬੁਡਭੁਜ ਰੂਪ ਜੀਵੇ ਜਗ ਮਝਿਆ ॥੨॥}

(ਅੰਗ - ੩੨੮)

{ਕਹੁ ਕਬੀਰ ਜੈਸੇ ਸੁੰਦਰ ਸਰੂਪ ॥ ਨਾਮ ਬਿਨਾ ਜੈਸੇ ਕੁਬਜ ਕੁਰੂਪ ॥੩॥੨੫॥}

(ਅੰਗ - ੩੨੮)

{ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥੧॥}

(ਅੰਗ - ੩੨੮)

{ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥ ਸੋ ਭਾਈ ਮੇਰੈ ਮਨਿ ਭਾਵੈ ॥੧॥ ਰਹਾਉ ॥}

(ਅੰਗ - ੩੨੮)

{ਜਾਤਿ ਜੁਲਾਹਾ ਮਤਿ ਕਾ ਧੀਰੁ ॥ ਸਹਜਿ ਸਹਜਿ ਗੁਣ ਰਮੈ ਕਬੀਰੁ ॥੩॥੨੬॥}

(ਅੰਗ - ੩੨੮)

{ਕਵਨੁ ਸੁ ਮੁਨਿ ਜੋ ਮਨੁ ਮਾਰੈ ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥੧॥ ਰਹਾਉ ॥}

(ਅੰਗ - ੩੨੮)

{ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ ਭਗਤਿ ਨ ਹੋਈ ॥੨॥}

(ਅੰਗ - ੩੨੮)

{ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥੩॥੨੮॥}

(ਅੰਗ - ੩੨੯)

{ਸੂਰਜ ਚੰਦੁ ਕਰਹਿ ਉਜੀਆਰਾ ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੨॥}

(ਅੰਗ - ੩੨੯)

{ਕਹੁ ਕਬੀਰ ਜਾਨੈਗਾ ਸੋਇ ॥ ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥੨੯॥}

(ਅੰਗ - ੩੨੯)

{ਆਪਨ ਨਗਰੁ ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥੧॥ ਰਹਾਉ ॥}

(ਅੰਗ - ੩੨੯)

{ਅਪਨੈ ਬੀਚਾਰਿ ਅਸਵਾਰੀ ਕੀਜੈ ॥ ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥੧॥ ਰਹਾਉ ॥}

(ਅੰਗ - ੩੨੯)

{ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥ ਅਗਨਿ ਦਹੈ ਅਰੁ ਗਰਭ ਬਸੇਰਾ ॥੧॥ ਰਹਾਉ ॥}

(ਅੰਗ - ੩੩੦)

{ਨਾ ਮੈ ਜੋਗ ਧਿਆਨ ਚਿਤੁ ਲਾਇਆ ॥ ਬਿਨੁ ਬੈਰਾਗ ਨ ਛੂਟਸਿ ਮਾਇਆ ॥੧॥}

(ਅੰਗ - ੩੩੦)

{ਕੈਸੇ ਜੀਵਨੁ ਹੋਇ ਹਮਾਰਾ ॥ ਜਬ ਨ ਹੋਇ ਰਾਮ ਨਾਮ ਅਧਾਰਾ ॥੧॥ ਰਹਾਉ ॥}

(ਅੰਗ - ੩੩੦)

{ਕਹੁ ਕਬੀਰ ਖੋਜਉ ਅਸਮਾਨ ॥ ਰਾਮ ਸਮਾਨ ਨ ਦੇਖਉ ਆਨ ॥੨॥੩੪॥}

(ਅੰਗ - ੩੩੦)

{ਇਸੁ ਤਨ ਧਨ ਕੋ ਕਿਆ ਗਰਬਈਆ ॥ ਰਾਮ ਨਾਮੁ ਕਾਹੇ ਨ ਦ੍ਰਿੜੀਆ ॥੧॥ ਰਹਾਉ ॥}

(ਅੰਗ - ੩੩੦)

{ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥}

(ਅੰਗ - ੩੩੦)

{ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥}

(ਅੰਗ - ੩੩੦)

{ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥੪॥}

(ਅੰਗ - ੩੩੦)

{ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥}

(ਅੰਗ - ੩੩੦)

{ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥}

(ਅੰਗ - ੩੩੦)

{ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥੭॥}

(ਅੰਗ - ੩੩੦)

{ਇਸ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖਦੇਉ ॥੮॥}

(ਅੰਗ - ੩੩੦)

{ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥੯॥੧॥੩੬॥}

(ਅੰਗ - ੩੩੦)

{ਅਹਿਨਿਸਿ ਏਕ ਨਾਮ ਜੋ ਜਾਗੇ ॥ ਕੇਤਕ ਸਿਧ ਭਏ ਲਿਵ ਲਾਗੇ ॥੧॥ ਰਹਾਉ ॥}

(ਅੰਗ - ੩੩੦)

{ਜੋ ਹਰਿ ਹਰੇ ਸੁ ਹੋਹਿ ਨ ਆਨਾ ॥ ਕਹਿ ਕਬੀਰ ਰਾਮ ਨਾਮ ਪਛਾਨਾ ॥੨॥੩੭॥}

(ਅੰਗ - ੩੩੦)

{ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥੧॥}

(ਅੰਗ - ੩੩੦)

{ਕਵਲਾ ਚਰਨ ਸਰਨ ਹੈ ਜਾ ਕੇ ॥ ਕਹੁ ਜਨ ਕਾ ਨਾਹੀ ਘਰ ਤਾ ਕੇ ॥੩॥}

(ਅੰਗ - ੩੩੦)

{ਕਹੈ ਕਬੀਰੁ ਪੂਰਨ ਜਗ ਸੋਈ ॥ ਜਾ ਕੇ ਹਿਰਦੈ ਅਵਰੁ ਨ ਹੋਈ ॥੪॥੩੮॥}

(ਅੰਗ - ੩੩੦)

{ਹਰਿ ਠਗ ਜਗ ਕਉ ਠਗਉਰੀ ਲਾਈ ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥}

(ਅੰਗ - ੩੩੧)

{ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥੩॥੩੯॥}

(ਅੰਗ - ੩੩੧)

{ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥}

(ਅੰਗ - ੩੩੧)

{ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥}

(ਅੰਗ - ੩੩੧)

{ਸਤਿਗੁਰ ਕੀਨੋ ਪਰਉਪਕਾਰੁ ॥ ਕਾਢਿ ਲੀਨ ਸਾਗਰ ਸੰਸਾਰ ॥}

(ਅੰਗ - ੩੩੧)

{ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੋਬਿੰਦੁ ਬਸੈ ਨਿਤਾ ਨਿਤ ਚੀਤ ॥੨॥}

(ਅੰਗ - ੩੩੧)

{ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥}

(ਅੰਗ - ੩੩੧)

{ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥ ਜਤ ਪੇਖਉ ਤਤ ਅੰਤਰਜਾਮੀ ॥੩॥}

(ਅੰਗ - ੩੩੧)

{ਅਪਨੀ ਭਗਤਿ ਆਪ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥}

(ਅੰਗ - ੩੩੧)

{ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥}

(ਅੰਗ - ੩੩੧)

{ਅਪਨੀ ਭਗਤਿ ਆਪ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥}

(ਅੰਗ - ੩੩੧)

{ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥੪॥੪੦॥}

(ਅੰਗ - ੩੩੧)

{ਕਹੁ ਰੇ ਪੰਡੀਆ ਕਉਨ ਪਵੀਤਾ ॥ ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥}

(ਅੰਗ - ੩੩੧)

{ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥੩॥੪੧॥}

(ਅੰਗ - ੩੩੧)

{ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥੨॥}

(ਅੰਗ - ੩੩੧)

{ਕਹਿ ਕਬੀਰ ਹਉ ਭਇਆ ਉਦਾਸੁ ॥ ਤੀਰਥੁ ਬਡਾ ਕਿ ਹਰਿ ਕਾ ਦਾਸੁ ॥੩॥੪੨॥}

(ਅੰਗ - ੩੩੧)

{ਦੇਖੋ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥}

(ਅੰਗ - ੩੩੧)

{ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥}

(ਅੰਗ - ੩੩੧)

{ਬੈਠਤ ਉਠਤ ਕੁਟਿਲਤਾ ਚਾਲਹਿ ॥ ਆਪੁ ਗਏ ਅਉਰਨ ਹੂ ਘਾਲਹਿ ॥੩॥}

(ਅੰਗ - ੩੩੧)

{ਅਵਰਨ ਹਸਤ ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥੬॥੧॥੪੪॥}

(ਅੰਗ - ੩੩੧)

{ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥}

(ਅੰਗ - ੩੩੧)

{ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥}

(ਅੰਗ - ੩੩੧)

{ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ ॥੩॥}

(ਅੰਗ - ੩੩੨)

{ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥
ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥੪॥੧॥੪੫॥}

(ਅੰਗ - ੩੩੨)

{ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥
ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥੧॥}

(ਅੰਗ - ੩੩੨)

{ਮੇਰੇ ਰਾਮ ਐਸਾ ਖੀਰੁ ਬਿਲੋਈਐ ॥
ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥੧॥ ਰਹਾਉ ॥}

(ਅੰਗ - ੩੩੨)

{ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥
ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥੨॥}

(ਅੰਗ - ੩੩੨)

{ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੨॥੪੬॥}

(ਅੰਗ - ੩੩੩)

{ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ ॥ ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ॥੧॥}

(ਅੰਗ - ੩੩੩)

{ਮੇਰੇ ਮਨ ਮਨ ਹੀ ਉਲਟਿ ਸਮਾਨਾ ॥ ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ ॥੧॥ ਰਹਾਉ॥}

(ਅੰਗ - ੩੩੩)

{ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ ॥
ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ ॥੩॥੩॥੪੭॥}

(ਅੰਗ - ੩੩੩)

{ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥
ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥੩॥੪॥੪੮॥}

(ਅੰਗ - ੩੩੩)

{ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ ॥
ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ ॥੨॥}

(ਅੰਗ - ੩੩੩)

{ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ॥ ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ॥੩॥}

(ਅੰਗ - ੩੩੩ - ੩੩੪)

{ਭਈ ਨਿਰਾਸੀ ਉਠਿ ਚਲੀ ਚਿਤ ਬੰਧਿ ਨ ਧੀਰਾ ॥
ਹਰਿ ਕੀ ਚਰਣੀ ਲਾਗਿ ਰਹੁ ਭਜੁ ਸਰਣਿ ਕਬੀਰਾ ॥੫॥੬॥੫੦॥}

(ਅੰਗ - ੩੩੪)

{ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ ॥
ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ ॥੩॥}

(ਅੰਗ - ੩੩੪)

{ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ॥
ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥੨॥}

(ਅੰਗ - ੩੩੪)

{ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥
ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥੧॥}

(ਅੰਗ - ੩੩੪)

{ਮੇਰੇ ਰਾਜਨ ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥੧॥ ਰਹਾਉ ॥}

(ਅੰਗ - ੩੩੪)

{ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ ॥
ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ ॥੪॥੨॥੫੩॥}

(ਅੰਗ - ੩੩੫)

{ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥
ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥੧॥}

(ਅੰਗ - ੩੩੫)

{ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥
ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥੨॥}

(ਅੰਗ - ੩੩੫)

{ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ ॥
ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ ॥੩॥}

(ਅੰਗ - ੩੩੫)

{ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ ॥
ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ ॥੪॥੧॥੫॥੫੬॥}

(ਅੰਗ - ੩੩੫)

{ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥
ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ ॥੧॥ ਰਹਾਉ ॥}

(ਅੰਗ - ੩੩੬)

{ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥
ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥੪॥੧॥੬॥੫੭॥}

(ਅੰਗ - ੩੩੬)

{ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥
ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥}

(ਅੰਗ - ੩੩੬)

{ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ ॥
ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ ॥੧॥}

(ਅੰਗ - ੩੩੬)

{ਭਗਤਿ ਬਿਨੁ ਬਿਰਥੇ ਜਨਮੁ ਗਇਓ॥ ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ ॥੧॥ ਰਹਾਉ॥}

(ਅੰਗ - ੩੩੬)

{ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥
ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ ॥੨॥}

(ਅੰਗ - ੩੩੬)

{ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥}

(ਅੰਗ - ੩੩੭)

{ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥}

(ਅੰਗ - ੩੩੭)

{ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥

(ਅੰਗ - ੩੩੭)

ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥}

(ਅੰਗ - ੩੩੭)

{ਕਹੁ ਕਬੀਰ ਭਜੁ ਸਾਰਿਗਪਾਨੀ ॥ ਆਵਤ ਦੀਸੈ ਜਾਤ ਨ ਜਾਨੀ ॥੪॥੧॥੧੧॥੬੨॥}

(ਅੰਗ - ੩੩੭)

{ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥
ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥੨॥}

(ਅੰਗ - ੩੩੭)

{ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ ॥
ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ ॥੪॥੧॥੧੨॥੬੩॥}

(ਅੰਗ - ੩੩੭)

{ਰਮਈਆ ਗੁਨ ਗਾਈਐ ॥ ਜਾ ਤੇ ਪਾਈਐ ਪਰਮ ਨਿਧਾਨੁ ॥੧॥ ਰਹਾਉ ॥}

(ਅੰਗ - ੩੩੭)

{ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥੧॥ ਰਹਾਉ ॥}

(ਅੰਗ - ੩੩੭)

{ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥੧॥ ਰਹਾਉ ॥}

(ਅੰਗ - ੩੩੮)

{ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥
ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ ॥੨॥੧॥੧੪॥੬੫॥}

(ਅੰਗ - ੩੩੮)

{ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥
ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥}

(ਅੰਗ - ੩੩੮)

{ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥
ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥੨॥੨॥੧੭॥੬੮॥}

(ਅੰਗ - ੩੩੮)

{ਬੰਦੇ ਬੰਦਗੀ ਇਕਤੀਆਰ ॥ ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ ਰਹਾਉ ॥}

(ਅੰਗ - ੩੩੮)

{ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥
ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥੨॥੧੮॥੬੯॥}

(ਅੰਗ - ੩੩੮)

{ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥੧੯॥੭੦॥}

(ਅੰਗ - ੩੩੯)

{ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥੧॥}

(ਅੰਗ - ੩੩੯)

{ਨਿੰਦਕੁ ਸੋ ਜੋ ਨਿੰਦਾ ਹੋਰੈ ॥ ਹਮਰਾ ਜੀਵਨੁ ਨਿੰਦਕੁ ਲੋਰੈ ॥੨॥}

(ਅੰਗ - ੩੩੯)

{ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥}

(ਅੰਗ - ੩੩੯)

{ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥}

(ਅੰਗ - ੩੩੯)

{ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥}

(ਅੰਗ - ੩੩੯)

{ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥}

(ਅੰਗ - ੩੩੯)

{ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥}

(ਅੰਗ - ੩੩੯)

{ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥
ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥}

(ਅੰਗ - ੩੩੯)

{ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥}

(ਅੰਗ - ੩੩੯)

{ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥
ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ ਰਹਾਉ ॥}

(ਅੰਗ - ੩੩੯)

{ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥
ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥}

(ਅੰਗ - ੩੩੯)

{ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ ॥
ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ ॥੨॥}

(ਅੰਗ - ੩੩੯)

{ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥
ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥}

(ਅੰਗ - ੩੩੯)

{ਨਿੰਦਾ ਜਨ ਕਉ ਖਰੀ ਪਿਆਰੀ ॥ ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥}
(ਅੰਗ - ੩੩੯)

{ਨਿੰਦਾ ਹੋਇ ਤ ਬੈਕੁੰਠਿ ਜਾਈਐ ॥ ਨਾਮੁ ਪਦਾਰਥੁ ਮਨਹਿ ਬਸਾਈਐ ॥}
(ਅੰਗ - ੩੩੯)

{ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥}
(ਅੰਗ - ੩੩੯)

{ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥}
(ਅੰਗ - ੩੩੯)

{ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥}
(ਅੰਗ - ੩੩੯)

{ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥ ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥੫॥}
(ਅੰਗ - ੩੪੦)

{ਕਕਾ ਕਿਰਣਿ ਕਮਲ ਮਹਿ ਪਾਵਾ ॥ ਸਸਿ ਬਿਗਾਸ ਸੰਪਟ ਨਹੀ ਆਵਾ ॥}
(ਅੰਗ - ੩੪੦)

{ਖਖਾ ਇਹੈ ਖੋੜਿ ਮਨ ਆਵਾ ॥ ਖੋੜੇ ਛਾਡਿ ਨ ਦਹ ਦਿਸ ਧਾਵਾ ॥}
(ਅੰਗ - ੩੪੦)

{ਗਗਾ ਗੁਰ ਕੇ ਬਚਨ ਪਛਾਨਾ ॥ ਦੂਜੀ ਬਾਤ ਨ ਧਰਣੀ ਕਾਨਾ ॥}
(ਅੰਗ - ੩੪੦)

{ਘਘਾ ਘਟਿ ਘਟਿ ਨਿਮਸੈ ਸੋਈ ॥ ਘਟ ਫੂਟੇ ਘਟਿ ਕਬਹਿ ਨ ਹੋਈ ॥}
(ਅੰਗ - ੩੪੦)

{ਤਾ ਘਟ ਮਾਹਿ ਘਾਟ ਜਉ ਪਾਵਾ ॥ ਸੋ ਘਟੁ ਛਾਡਿ ਅਵਘਟ ਕਤ ਧਾਵਾ ॥੧੦॥}
(ਅੰਗ - ੩੪੦)

{ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ ॥ ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ ॥੧੧॥}
(ਅੰਗ - ੩੪੦)

{ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥੧੨॥}
(ਅੰਗ - ੩੪੦)

{ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥ ਤਾਹਿ ਛਾਡਿ ਕਤ ਆਪੁ ਬਧਾਵਾ ॥੧੩॥}
(ਅੰਗ - ੩੪੦)

{ਜਜਾ ਜਉ ਤਨ ਜੀਵਤ ਜਰਾਵੈ ॥ ਜੋਬਨ ਜਾਰਿ ਜੁਗਤਿ ਸੋ ਪਾਵੈ ॥}
(ਅੰਗ - ੩੪੦)

{ਅਸ ਜਰਿ ਪਰ ਜਰਿ ਜਰਿ ਜਬ ਰਹੈ ॥ ਤਬ ਜਾਇ ਜੋਤਿ ਉਜਾਰਉ ਲਹੈ ॥੧੪॥}
(ਅੰਗ - ੩੪੦)

{ਝਝਾ ਉਰਝਿ ਸੁਰਝਿ ਨਹੀ ਜਾਨਾ ॥ ਰਹਿਓ ਝਝਕਿ ਨਾਹੀ ਪਰਵਾਨਾ ॥
ਕਤ ਝਖਿ ਝਖਿ ਅਉਰਨ ਸਮਝਾਵਾ ॥ ਝਗਰੁ ਕੀਏ ਝਗਰਉ ਹੀ ਪਾਵਾ ॥੧੫॥}
(ਅੰਗ - ੩੪੧)

{ਦੇਖਿ ਅਟਲ ਟਲਿ ਕਤਹਿ ਨ ਜਾਵਾ ॥ ਰਹੈ ਲਪਟਿ ਘਟ ਪਰਚਉ ਪਾਵਾ ॥੧੭॥}
(ਅੰਗ - ੩੪੧)

{ਜਉ ਡਰ ਡਰੈ ਤ ਫਿਰਿ ਡਰੁ ਲਾਗੈ ॥ ਨਿਡਰ ਹੂਆ ਡਰੁ ਉਰ ਹੋਇ ਭਾਗੈ ॥੧੯॥}

(ਅੰਗ - ੩੪੧)

{ਚੜਿ ਸੁਮੇਰਿ ਢੂਢਿ ਜਬ ਆਵਾ ॥ ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥੨੦॥}

(ਅੰਗ - ੩੪੧)

{ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥ ਨਾ ਨਿਵੈ ਨਾ ਫੁਨਿ ਸੰਚਰੈ ॥}

(ਅੰਗ - ੩੪੧)

{ਧੰਨਿ ਜਨਮੁ ਤਾਹੀ ਕੋ ਗਣੈ ॥ ਮਾਰੈ ਏਕਹਿ ਤਜਿ ਜਾਇ ਘਣੈ ॥੨੧॥}

(ਅੰਗ - ੩੪੧)

{ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥ ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥੨੨॥}

(ਅੰਗ - ੩੪੧)

{ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥੨੪॥}

(ਅੰਗ - ੩੪੧)

{ਪਪਾ ਅਪਰ ਪਾਰੁ ਨਹੀ ਪਾਵਾ ॥ ਪਰਮ ਜੋਤਿ ਸਿਉ ਪਰਚਉ ਲਾਵਾ ॥}

(ਅੰਗ - ੩੪੧)

{ਪਾਂਚਉ ਇੰਦ੍ਰੀ ਨਿਗ੍ਰਹ ਕਰਣੀ ॥ ਪਾਪੁ ਪੁੰਨੁ ਦੋਊ ਨਿਰਵਰਣੀ ॥੨੭॥}

(ਅੰਗ - ੩੪੧)

{ਫਫਾ ਬਿਨੁ ਫੂਲਹ ਫਲੁ ਹੋਈ ॥ ਤਾ ਫਲ ਫੰਕ ਲਖੈ ਜਉ ਕੋਈ ॥}

(ਅੰਗ - ੩੪੧)

{ਦੂਣਿ ਨ ਪਰਈ ਫੰਕ ਬਿਚਾਰੈ ॥ ਤਾ ਫਲ ਫੰਕ ਸਭੈ ਤਨ ਫਾਰੈ ॥੨੮॥}

(ਅੰਗ - ੩੪੧)

{ਬੰਦਉ ਹੋਇ ਬੰਦਗੀ ਗਹੈ ॥ ਬੰਦਕ ਹੋਇ ਬੰਧ ਸੁਧਿ ਲਹੈ ॥੨੯॥}

(ਅੰਗ - ੩੪੧)

{ਭਭਾ ਭੇਦਹਿ ਭੇਦ ਮਿਲਾਵਾ ॥ ਅਬ ਭਉ ਭਾਨਿ ਭਰੋਸਉ ਆਵਾ ॥}

(ਅੰਗ - ੩੪੨)

{ਜੋ ਬਾਹਰਿ ਸੋ ਭੀਤਰਿ ਜਾਨਿਆ ॥ ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥}

(ਅੰਗ - ੩੪੨)

{ਮਮਾ ਮੂਲ ਗਹਿਆ ਮਨੁ ਮਾਨੈ ॥ ਮਰਮੀ ਹੋਇ ਸੁ ਮਨ ਕਉ ਜਾਨੈ ॥}

(ਅੰਗ - ੩੪੨)

{ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥੩੧॥}

(ਅੰਗ - ੩੪੨)

{ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥੩੨॥}

(ਅੰਗ - ੩੪੨)

{ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥}

(ਅੰਗ - ੩੪੨)

{ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥}

(ਅੰਗ - ੩੪੨)

{ਯਯਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ ਗਾਉ ॥
ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥੩੪॥}

(ਅੰਗ - ੩੪੨)

{ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥}

{ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥}

(ਅੰਗ - ੩੪੨)

{ਲਲਾ ਐਸੇ ਲਿਵ ਮਨੁ ਲਾਵੈ ॥ ਅਨਤ ਨ ਜਾਇ ਪਰਮ ਸਚੁ ਪਾਵੈ ॥}

(ਅੰਗ - ੩੪੨)

{ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥ ਤਉ ਅਲਹ ਲਹੈ ਲਹਿ ਚਰਨ ਸਮਾਵੈ ॥੩੬॥}

(ਅੰਗ - ੩੪੨)

{ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥ ਬਿਸਨ ਸੰਮ੍ਹਾਰਿ ਨ ਆਵੈ ਹਾਰਿ ॥}

(ਅੰਗ - ੩੪੨)

{ਬਲਿ ਬਲਿ ਜੇ ਬਿਸਨਤਨਾ ਜਸੁ ਗਾਵੈ ॥ ਵਿਸਨ ਮਿਲੇ ਸਭ ਹੀ ਸਚੁ ਪਾਵੈ ॥੩੭॥}

(ਅੰਗ - ੩੪੨)

{ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ ॥ ਇਹੁ ਅਰੁ ਓਹੁ ਜਬ ਮਿਲੈ ਤਬ ਮਿਲਤ ਨ ਜਾਨੈ ਕੋਇ ॥੩੮॥}

(ਅੰਗ - ੩੪੨)

{ਸਸਾ ਸੋ ਨੀਕਾ ਕਰਿ ਸੋਧਹੁ ॥ ਘਟ ਪਰਚਾ ਕੀ ਬਾਤ ਨਿਰੋਧਹੁ ॥}

(ਅੰਗ - ੩੪੨)

{ਘਟ ਪਰਚੈ ਜਉ ਉਪਜੈ ਭਾਉ ॥ ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥੩੯॥}

(ਅੰਗ - ੩੪੨)

{ਖਖਾ ਖੋਜਿ ਪਰੈ ਜਉ ਕੋਈ ॥ ਜੋ ਖੋਜੈ ਸੋ ਬਹੁਰਿ ਨ ਹੋਈ ॥}

(ਅੰਗ - ੩੪੨)

{ਖੋਜ ਬੂਝਿ ਜਉ ਕਰੈ ਬੀਚਾਰਾ ॥ ਤਉ ਭਵਜਲ ਤਰਤ ਨ ਲਾਵੈ ਬਾਰਾ ॥੪੦॥}

(ਅੰਗ - ੩੪੨)

{ਸਸਾ ਸੋ ਸਹ ਸੇਜ ਸਵਾਰੈ ॥ ਸੋਈ ਸਹੀ ਸੰਦੇਹ ਨਿਵਾਰੈ ॥}

(ਅੰਗ - ੩੪੨)

{ਅਲਪ ਸੁਖ ਛਾਡਿ ਪਰਮ ਸੁਖ ਪਾਵਾ ॥ ਤਬ ਇਹ ਤ੍ਰੀਅ ਉਹੁ ਕੰਤੁ ਕਹਾਵਾ ॥੪੧॥}

(ਅੰਗ - ੩੪੨)

{ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕੁ ਪਛਾਨਿ ॥}

(ਅੰਗ - ੩੪੩)

{ਸਤ ਕਾ ਸਬਦੁ ਕਬੀਰਾ ਕਹੈ ॥ ਪੰਡਿਤ ਹੋਇ ਸੁ ਅਨਭੈ ਰਹੈ ॥}

(ਅੰਗ - ੩੪੩)

{ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥}

(ਅੰਗ - ੩੪੩)

{ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥੪੫॥}

(ਅੰਗ - ੩੪੩)

{ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥ ਤਾ ਕਾਰਣਿ ਬਿਆਪੈ ਬਹੁ ਸੋਗੁ ॥}

(ਅੰਗ - ੩੪੩)

{ਲਖਿਮੀ ਬਰ ਸਿਉ ਜਉ ਲਿਉ ਲਾਵੈ ॥ ਸੋਗੁ ਮਿਟੈ ਸਭ ਹੀ ਸੁਖ ਪਾਵੈ ॥੪੩॥}

(ਅੰਗ - ੩੪੩)

{ਪੰਦ੍ਰਹ ਥਿਤੰਤੀ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥}

(ਅੰਗ - ੩੪੩)

{ਸਾਧਿਕ ਸਿਧ ਲਖੈ ਜਉ ਭੇਉ ॥ ਆਪੇ ਕਰਤਾ ਆਪੇ ਦੇਉ ॥੧॥}

(ਅੰਗ - ੩੪੩)

{ਅੰਮਾਵਸ ਮਹਿ ਆਸ ਨਿਵਾਰਹੁ ॥ ਅੰਤਰਜਾਮੀ ਰਾਮੁ ਸਮਾਰਹੁ ॥}

(ਅੰਗ - ੩੪੩)

{ਜੀਵਤ ਪਾਵਹੁ ਮੋਖ ਦੁਆਰ ॥ ਅਨਭਉ ਸਬਦੁ ਤਤੁ ਨਿਜੁ ਸਾਰ ॥੧॥}

(ਅੰਗ - ੩੪੩)

{ਚਰਨ ਕਮਲ ਗੋਬਿੰਦ ਰੰਗੁ ਲਾਗਾ ॥
ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥੧॥ ਰਹਾਉ ॥}

(ਅੰਗ - ੩੪੩)

{ਪਰਿਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥}

(ਅੰਗ - ੩੪੩)

{ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥੨॥}

(ਅੰਗ - ੩੪੩)

{ਦੁਤੀਆ ਦੁਹ ਕਰਿ ਜਾਨੈ ਅੰਗ ॥ ਮਾਇਆ ਬ੍ਰਹਮ ਰਮੈ ਸਭ ਸੰਗ ॥}

(ਅੰਗ - ੩੪੩)

{ਨਾ ਓਹੁ ਬਢੈ ਨ ਘਟਤਾ ਜਾਇ ॥ ਅਕੁਲ ਨਿਰੰਜਨ ਏਕੈ ਭਾਇ ॥੩॥}

(ਅੰਗ - ੩੪੩)

{ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥ ਆਨਦ ਮੂਲ ਪਰਮ ਪਦੁ ਪਾਵੈ ॥}

(ਅੰਗ - ੩੪੩)

{ਸਾਧਸੰਗਤਿ ਉਪਜੈ ਬਿਸ੍ਵਾਸ ॥ ਬਾਹਰਿ ਭੀਤਰਿ ਸਦਾ ਪ੍ਰਗਾਸ ॥੪॥}

(ਅੰਗ - ੩੪੩)

{ਚਉਥਹਿ ਚੰਚਲ ਮਨ ਕਉ ਗਹਹੁ ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥}

(ਅੰਗ - ੩੪੩)

{ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥੫॥}

(ਅੰਗ - ੩੪੩)

{ਪਾਂਚੈ ਪੰਚ ਤਤ ਬਿਸਥਾਰ ॥ ਕਨਿਕ ਕਾਮਿਨੀ ਜੁਗ ਬਿਉਹਾਰ ॥}

(ਅੰਗ - ੩੪੩)

{ਪ੍ਰੇਮ ਸੁਧਾ ਰਸੁ ਪੀਵੈ ਕੋਇ ॥ ਜਰਾ ਮਰਣ ਦੁਖੁ ਫੇਰਿ ਨ ਹੋਇ ॥੬॥}

(ਅੰਗ - ੩੪੩)

{ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥੭॥}

(ਅੰਗ - ੩੪੩)

{ਸਾਤੈਂ ਸਤਿ ਕਰਿ ਬਾਚਾ ਜਾਣਿ ॥ ਆਤਮ ਰਾਮੁ ਲੇਹੁ ਪਰਵਾਣਿ ॥}

(ਅੰਗ - ੩੪੩)

{ਛੂਟੈ ਸੰਸਾ ਮਿਟਿ ਜਾਹਿ ਦੁਖ ॥ ਸੁੰਨ ਸਰੋਵਰਿ ਪਾਵਹੁ ਸੁਖ ॥੮॥}

(ਅੰਗ - ੩੪੩)

{ਅਸਟਮੀ ਅਸਟ ਧਾਤੁ ਕੀ ਕਾਇਆ ॥ ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥}

(ਅੰਗ - ੩੪੩)

{ਗੁਰ ਗਮ ਗਿਆਨ ਬਤਾਵੈ ਭੇਦ ॥ ਉਲਟਾ ਰਹੈ ਅਭੰਗ ਅਛੇਦ ॥੯॥}

(ਅੰਗ - ੩੪੩)

{ਨਉਮੀ ਨਵੈ ਦੁਆਰ ਕਉ ਸਾਧਿ ॥ ਬਹਤੀ ਮਨਸਾ ਰਾਖਹੁ ਬਾਂਧਿ ॥}

(ਅੰਗ - ੩੪੩)

{ਲੋਭ ਮੋਹ ਸਭ ਬੀਸਰਿ ਜਾਹੁ ॥ ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥੧੦॥}

(ਅੰਗ - ੩੪੩)

{ਦਸਮੀ ਦਹ ਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥}

(ਅੰਗ - ੩੪੪)

{ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲ ਨ ਛਾਹ ਨਹੀ ਧੂਪ ॥੧੧॥}

(ਅੰਗ - ੩੪੪)

{ਏਕਾਦਸੀ ਏਕ ਦਿਸ ਧਾਵੈ ॥ ਤਉ ਜੋਨੀ ਸੰਕਟ ਬਹੁਰਿ ਨ ਆਵੈ ॥}

(ਅੰਗ - ੩੪੪)

{ਸੀਤਲ ਨਿਰਮਲ ਭਇਆ ਸਰੀਰਾ ॥ ਦੂਰਿ ਬਤਾਵਤ ਪਾਇਆ ਨੀਰਾ ॥੧੨॥}

(ਅੰਗ - ੩੪੪)

{ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥}

(ਅੰਗ - ੩੪੪)

{ਦੇਖਿਆ ਤਿਹੂੰ ਲੋਕ ਕਾ ਪੀਉ ॥ ਅਚਰਜੁ ਭਇਆ ਜੀਵ ਤੇ ਸੀਉ ॥੧੩॥}

(ਅੰਗ - ੩੪੪)

{ਤੇਰਸਿ ਤੇਰਹ ਅਗਮ ਬਖਾਣਿ ॥ ਅਰਧ ਉਰਧ ਬਿਚਿ ਸਮ ਪਹਿਚਾਣਿ ॥}

(ਅੰਗ - ੩੪੪)

{ਨੀਚ ਊਚ ਨਹੀ ਮਾਨ ਅਮਾਨ ॥ ਬਿਆਪਿਕ ਰਾਮ ਸਗਲ ਸਾਮਾਨ ॥੧੪॥}

(ਅੰਗ - ੩੪੪)

{ਚਉਦਸਿ ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥}

(ਅੰਗ - ੩੪੪)

{ਸਤ ਸੰਤੋਖ ਕਾ ਧਰਹੁ ਧਿਆਨ ॥ ਕਥਨੀ ਕਥੀਐ ਬ੍ਰਹਮ ਗਿਆਨ ॥੧੫॥}

(ਅੰਗ - ੩੪੪)

{ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥}

(ਅੰਗ - ੩੪੪)

{ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥ ਸੁਖ ਸਾਗਰ ਮਹਿ ਰਮਹਿ ਕਬੀਰ ॥੧੬॥}

(ਅੰਗ - ੩੪੪)

{ਬਾਰ ਬਾਰ ਹਰਿ ਕੇ ਗੁਨ ਗਾਵਉ ॥ ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥੧॥ ਰਹਾਉ ॥}

(ਅੰਗ - ੩੪੪)

{ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥}

(ਅੰਗ - ੩੪੪)

{ਅਹਿਨਿਸਿ ਅਖੰਡ ਸੁਰਹੀ ਜਾਇ ॥ ਤਉ ਅਨਹਦ ਬੇਨੁ ਸਹਜ ਮਹਿ ਬਾਇ ॥੧॥}

(ਅੰਗ - ੩੪੪)

{ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥ ਚਾਖਤ ਬੇਗਿ ਸਗਲ ਬਿਖ ਹਰੈ ॥}

(ਅੰਗ - ੩੪੪)

{ਬਾਣੀ ਰੋਕਿਆ ਰਹੈ ਦੁਆਰ ॥ ਤਉ ਮਨੁ ਮਤਵਾਰੋ ਪੀਵਨਹਾਰ ॥੨॥}

(ਅੰਗ - ੩੪੪)

{ਮੰਗਲਵਾਰੇ ਲੇ ਮਾਹੀਤਿ ॥ ਪੰਚ ਚੋਰ ਕੀ ਜਾਣੈ ਰੀਤਿ ॥}

(ਅੰਗ - ੩੪੪)

{ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥੩॥}

(ਅੰਗ - ੩੪੪)

{ਬੁਧਵਾਰਿ ਬੁਧਿ ਕਰੈ ਪ੍ਰਗਾਸ ॥ ਹਿਰਦੈ ਕਮਲ ਮਹਿ ਹਰਿ ਕਾ ਬਾਸ ॥}

(ਅੰਗ - ੩੪੪)

{ਗੁਰ ਮਿਲਿ ਦੋਊ ਏਕ ਸਮ ਧਰੈ ॥ ਉਰਧ ਪੰਕ ਲੈ ਸੂਧਾ ਕਰੈ ॥੪॥}

(ਅੰਗ - ੩੪੪)

{ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥ ਤੀਨਿ ਦੇਵ ਏਕ ਸੰਗਿ ਲਾਇ ॥}

(ਅੰਗ - ੩੪੪)

{ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥ ਅਹਿਨਿਸਿ ਕਸਮਲ ਧੋਵਹਿ ਨਾਹਿ ॥੫॥}

(ਅੰਗ - ੩੪੪)

{ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ ॥ ਅਨਦਿਨ ਆਪਿ ਆਪ ਸਿਉ ਲੜੈ ॥}

(ਅੰਗ - ੩੪੪)

{ਸੁਰਖੀ ਪਾਂਚਉ ਰਾਖੈ ਸਬੈ ॥ ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥੬॥}

(ਅੰਗ - ੩੪੪)

{ਬਾਵਰ ਥਿਰੁ ਕਰਿ ਰਾਖੈ ਸੋਇ ॥ ਜੋਤਿ ਦੀ ਵਟੀ ਘਟ ਮਹਿ ਜੋਇ ॥}

(ਅੰਗ - ੩੪੪)

{ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ ॥੭॥}

(ਅੰਗ - ੩੪੪)

{ਜਬ ਲਗੁ ਘਟ ਮਹਿ ਦੂਜੀ ਆਨ ॥ ਤਉ ਲਉ ਮਹਲਿ ਨ ਲਾਭੈ ਜਾਨ ॥}

(ਅੰਗ - ੩੪੫)

{ਰਮਤ ਰਾਮ ਸਿਉ ਲਾਗੋ ਰੰਗੁ ॥ ਕਹਿ ਕਬੀਰ ਤਬ ਨਿਰਮਲ ਅੰਗ ॥੮॥੧॥}

(ਅੰਗ - ੩੪੫)

{ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥ ਚਰਣ ਨ ਛਾਡਉ ਸਰੀਰ ਕਲ ਜਾਈ ॥੨॥}

(ਅੰਗ - ੩੪੫)

{ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ ॥ ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥}

(ਅੰਗ - ੩੪੫)

{ਕੂਪੁ ਭਰਿਓ ਜੈਸੇ ਦਾਦਿਰਾ ਕਛੂ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੂ ਆਰਾ ਪਾਰੁ ਨ ਸੂਝ ॥੧॥}

(ਅੰਗ - ੩੪੫)

{ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥}

(ਅੰਗ - ੩੪੬)

{ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥}
(ਅੰਗ - ੩੪੬)

{ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥}
(ਅੰਗ - ੩੪੬)

{ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥}
(ਅੰਗ - ੩੪੬)

{ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥}
(ਅੰਗ - ੩੪੬)

{ਸੇਈ ਤੁਧਨੋ ਗਾਵਨ੍ਹਿ ਜੋ ਤੁਧੁ ਭਾਵਨ੍ਹਿ ਰਤੇ ਤੇਰੇ ਭਗਤ ਰਸਾਲੇ ॥}
(ਅੰਗ - ੩੪੭)

{ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥}
(ਅੰਗ - ੩੪੭)

{ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥}
(ਅੰਗ - ੩੪੭)

{ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥}
(ਅੰਗ - ੩੪੭)

{ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥}
(ਅੰਗ - ੩੪੮)

{ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥}
(ਅੰਗ - ੩੪੮)

{ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥}
(ਅੰਗ - ੩੪੮)

{ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥}
(ਅੰਗ - ੩੪੮)

{ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੨॥}
(ਅੰਗ - ੩੪੮)

{ਸੁਣਿ ਵਡਾ ਆਖੈ ਸਭ ਕੋਈ ॥ ਕੇਵਡੁ ਵਡਾ ਡੀਠਾ ਹੋਈ ॥}
(ਅੰਗ - ੩੪੯)

{ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥}
(ਅੰਗ - ੩੪੯)

{ਗਿਆਨੀ ਧਿਆਨੀ ਗੁਰ ਗੁਰ ਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥}
(ਅੰਗ - ੩੪੯)

{ਆਖਣ ਵਾਲਾ ਕਿਆ ਬੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥}
(ਅੰਗ - ੩੪੯)

{ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੧॥}

(ਅੰਗ - ੩੪੯)

{ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥}

(ਅੰਗ - ੩੪੯)

{ਸਾਚੇ ਨਾਮ ਕੀ ਲਾਗੈ ਭੂਖ ॥ ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥}

(ਅੰਗ - ੩੪੯)

{ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥}

(ਅੰਗ - ੩੪੯)

{ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥}

(ਅੰਗ - ੩੪੯)

{ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥}

(ਅੰਗ - ੩੪੯)

{ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੨॥}

(ਅੰਗ - ੩੪੯)

{ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥ ਰਹਾਉ ॥}

(ਅੰਗ - ੩੪੯)

{ਆਪਿ ਉਪਾਏ ਆਪੇ ਦੇਇ ॥ ਆਪੇ ਦੁਰਮਤਿ ਮਨਹਿ ਕਰੇਇ ॥
ਗੁਰ ਪਰਸਾਦਿ ਵਸੈ ਮਨਿ ਆਇ ॥ ਦੁਖੁ ਅਨ੍ਹੇਰਾ ਵਿਚਹੁ ਜਾਇ ॥੩॥}

(ਅੰਗ - ੩੪੯)

{ਸਾਚੁ ਪਿਆਰਾ ਆਪਿ ਕਰੇਇ ॥ ਅਵਰੀ ਕਉ ਸਾਚੁ ਨ ਦੇਇ ॥}

(ਅੰਗ - ੩੪੯)

{ਜੇ ਕਿਸੈ ਦੇਇ ਵਖਾਣੈ ਨਾਨਕੁ ਆਗੈ ਪੂਛ ਨ ਲੇਇ ॥੪॥੩॥}

(ਅੰਗ - ੩੪੯)

{ਨਾਰਦੁ ਨਾਚੈ ਕਲਿ ਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥੧॥}

(ਅੰਗ - ੩੪੯)

{ਨਾਨਕ ਨਾਮ ਵਿਟਹੁ ਕੁਰਬਾਣੁ ॥ ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥}

(ਅੰਗ - ੩੪੯)

{ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥}

(ਅੰਗ - ੩੫੦)

{ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥}

(ਅੰਗ - ੩੫੦)

{ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥}

(ਅੰਗ - ੩੫੦)

{ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ॥ ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ॥੩॥}

(ਅੰਗ - ੩੫੦)

{ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥
ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥}

(ਅੰਗ - ੩੫੦)

{ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥}

(ਅੰਗ - ੩੫੦)

{ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥}

(ਅੰਗ - ੩੫੦)

{ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥}

(ਅੰਗ - ੩੫੦)

{ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥}

(ਅੰਗ - ੩੫੦)

{ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆ ਉਠਦਿਆ ਨੀਤਾ ਨੀਤਿ ॥}

(ਅੰਗ - ੩੫੦)

{ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥}

(ਅੰਗ - ੩੫੦)

{ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥}

(ਅੰਗ - ੩੫੦)

{ਨਾਨਕ ਆਖਣੁ ਵੇਰਾ ਵੇਰ ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬॥}

(ਅੰਗ - ੩੫੦)

{ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥}

(ਅੰਗ - ੩੫੧)

{ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥
ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥੧॥}

(ਅੰਗ - ੩੫੧)

{ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥
ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥੨॥}

(ਅੰਗ - ੩੫੧)

{ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥੩॥}

(ਅੰਗ - ੩੫੧)

{ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥}

(ਅੰਗ - ੩੫੧)

{ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥}

(ਅੰਗ - ੩੫੧)

{ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥}

(ਅੰਗ - ੩੫੧)

{ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥}

(ਅੰਗ - ੩੫੧)

{ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥}

(ਅੰਗ - ੩੫੧)

{ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥}

(ਅੰਗ - ੩੫੧)

{ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥
ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥}
(ਅੰਗ - ੩੫੧)

{ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥}
(ਅੰਗ - ੩੫੧)

{ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ॥ ਦੁਰਮਤਿ ਗਤੁ ਭਈ ਕੀਰਤਿ ਠਾਇ ॥}
(ਅੰਗ - ੩੫੧)

{ਸਚ ਪਉੜੀ ਸਾਚਉ ਮੁਖਿ ਨਾਂਉ ॥ ਸਤਿਗੁਰੁ ਸੇਵਿ ਪਾਏ ਨਿਜ ਥਾਉ ॥੧॥}
(ਅੰਗ - ੩੫੧)

{ਮਨ ਚੂਰੇ ਖਟੁ ਦਰਸਨ ਜਾਣੁ ॥ ਸਰਬ ਜੋਤਿ ਪੂਰਨ ਭਗਵਾਨੁ ॥੧॥ ਰਹਾਉ ॥}
(ਅੰਗ - ੩੫੧)

{ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥}
(ਅੰਗ - ੩੫੨)

{ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥}
(ਅੰਗ - ੩੫੨)

{ਝੂਠ ਵਿਕਾਰ ਮਹਾ ਦੁਖੁ ਦੇਹ ॥ ਭੇਖ ਵਰਨ ਦੀਸਹਿ ਸਭਿ ਖੇਹ ॥}
(ਅੰਗ - ੩੫੨)

{ਜੋ ਉਪਜੈ ਸੋ ਆਵੈ ਜਾਇ ॥ ਨਾਨਕ ਅਸਥਿਰੁ ਨਾਮੁ ਰਜਾਇ ॥੪॥੧੧॥}
(ਅੰਗ - ੩੫੨)

{ਏਕੋ ਸਰਵਰੁ ਕਮਲ ਅਨੂਪ ॥ ਸਦਾ ਬਿਗਾਸੈ ਪਰਮਲ ਰੂਪ ॥}
(ਅੰਗ - ੩੫੨)

{ਊਜਲ ਮੋਤੀ ਚੂਗਹਿ ਹੰਸ ॥ ਸਰਬ ਕਲਾ ਜਗਦੀਸੈ ਅੰਸ ॥੧॥}
(ਅੰਗ - ੩੫੨)

{ਜੋ ਦੀਸੈ ਸੋ ਉਪਜੈ ਬਿਨਸੈ ॥ ਬਿਨੁ ਜਲ ਸਰਵਰਿ ਕਮਲੁ ਨ ਦੀਸੈ ॥੧॥ ਰਹਾਉ ॥}
(ਅੰਗ - ੩੫੨)

{ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥ ਉਲਟ ਭਈ ਘਰੁ ਘਰ ਮਹਿ ਆਣਿਆ ॥}
(ਅੰਗ - ੩੫੨)

{ਅਹਿਨਿਸਿ ਭਗਤਿ ਕਰੇ ਲਿਵ ਲਾਇ ॥ ਨਾਨਕੁ ਤਿਨ ਕੈ ਲਾਗੈ ਪਾਇ ॥੪॥੧੨॥}
(ਅੰਗ - ੩੫੨)

{ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥}

{ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥੧॥}
(ਅੰਗ - ੩੫੨)

{ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥}
(ਅੰਗ - ੩੫੨)

{ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥}
(ਅੰਗ - ੩੫੨)

{ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥}

(ਅੰਗ - ੩੫੨)

{ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥}

(ਅੰਗ - ੩੫੨)

{ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥}

(ਅੰਗ - ੩੫੨)

{ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥}

(ਅੰਗ - ੩੫੨)

{ਜੋ ਤਿਨਿ ਕੀਆ ਸੋ ਸਚੁ ਥੀਆ ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥}

(ਅੰਗ - ੩੫੨)

{ਹਿਰਦੈ ਨਾਮੁ ਨਾਹੀ ਮਨਿ ਭੰਗੁ ॥ ਅਨਦਿਨੁ ਨਾਲਿ ਪਿਆਰੇ ਸੰਗੁ ॥੧॥}

(ਅੰਗ - ੩੫੨)

{ਹਰਿ ਜੀਉ ਰਾਖਹੁ ਅਪਨੀ ਸਰਣਾਈ ॥
ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥੧॥ ਰਹਾਉ ॥}

(ਅੰਗ - ੩੫੨)

{ਕਰਮ ਧਰਮ ਸਚੁ ਸਾਚਾ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥}

(ਅੰਗ - ੩੫੩)

{ਜੋ ਹਰਿ ਰਾਤੇ ਸੇ ਜਨ ਪਰਵਾਣੁ ॥ ਤਿਨ ਕੀ ਸੰਗਤਿ ਪਰਮ ਨਿਧਾਨੁ ॥੨॥}

(ਅੰਗ - ੩੫੩)

{ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥ ਹਰਿ ਸਿਉ ਰਾਤੀ ਸਬਦੁ ਵੀਚਾਰੀ ॥}

(ਅੰਗ - ੩੫੩)

{ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥}

(ਅੰਗ - ੩੫੩)

{ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥}

(ਅੰਗ - ੩੫੩)

{ਨਾਨਕ ਬਖਸੇ ਪੂਛ ਨ ਹੋਇ ॥ ਦੂਜਾ ਮੇਟੇ ਏਕੋ ਸੋਇ ॥੪॥੧੪॥}

(ਅੰਗ - ੩੫੩)

{ਗੁਰ ਪੂਰੇ ਤੇ ਗਤਿ ਮਿਤਿ ਪਾਈ ॥
ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥੧॥ ਰਹਾਉ ॥}

(ਅੰਗ - ੩੫੩)

{ਜਿਨ੍ ਕਉ ਆਪਿ ਲਏ ਪ੍ਰਭੁ ਮੇਲਿ ॥ ਤਿਨ ਕਉ ਕਾਲੁ ਨ ਸਾਕੈ ਪੇਲਿ ॥}

(ਅੰਗ - ੩੫੩)

{ਗੁਰਮੁਖਿ ਨਿਰਮਲ ਰਹਹਿ ਪਿਆਰੇ ॥ ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥੨॥}

(ਅੰਗ - ੩੫੩)

{ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥}

(ਅੰਗ - ੩੫੩)

{ਅਕਥੁ ਕਥਉ ਗੁਰਮਤਿ ਵੀਚਾਰੁ ॥ ਮਿਲਿ ਗੁਰ ਸੰਗਤਿ ਪਾਵਉ ਪਾਰੁ ॥੩॥}

(ਅੰਗ - ੩੫੩)

{ਗੁਰਮੁਖਿ ਨਿਰਮਲੁ ਮੈਲੁ ਨ ਲਾਗੈ ॥ ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ ॥੪॥੧੫॥}

(ਅੰਗ - ੩੫੩)

{ਬੋਲਹੁ ਰਾਮੁ ਕਰੇ ਨਿਸਤਾਰਾ ॥
ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥}

(ਅੰਗ - ੩੫੩)

{ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥}

(ਅੰਗ - ੩੫੩)

{ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰ ਧਾਰੇ ॥
ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ ॥੩॥}

(ਅੰਗ - ੩੫੩)

{ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥
ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ ॥੪॥੧੬॥}

(ਅੰਗ - ੩੫੩)

{ਐਸਾ ਗੁਰਮਤਿ ਰਮਤੁ ਸਰੀਰਾ ॥ ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ ॥੧॥ ਰਹਾਉ ॥}

(ਅੰਗ - ੩੫੪)

{ਅਨਤ ਤਰੰਗ ਭਗਤਿ ਹਰਿ ਰੰਗਾ ॥ ਅਨਦਿਨੁ ਸੂਚੇ ਹਰਿ ਗੁਣ ਸੰਗਾ ॥}

(ਅੰਗ - ੩੫੪)

{ਮਿਥਿਆ ਜਨਮੁ ਸਾਕਤ ਸੰਸਾਰਾ ॥ ਰਾਮ ਭਗਤਿ ਜਨੁ ਰਹੈ ਨਿਰਾਰਾ ॥੨॥}

(ਅੰਗ - ੩੫੪)

{ਸੂਚੀ ਕਾਇਆ ਹਰਿ ਗੁਣ ਗਾਇਆ ॥ ਆਤਮੁ ਚੀਨਿ ਰਹੈ ਲਿਵ ਲਾਇਆ ॥}

(ਅੰਗ - ੩੫੪)

{ਆਦਿ ਅਪਾਰੁ ਅਪਰੰਪਰੁ ਹੀਰਾ ॥ ਲਾਲਿ ਰਤਾ ਮੇਰਾ ਮਨੁ ਧੀਰਾ ॥੩॥}

(ਅੰਗ - ੩੫੪)

{ਕਥਨੀ ਕਹਹਿ ਕਹਹਿ ਸੇ ਮੂਏ ॥ ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥}

(ਅੰਗ - ੩੫੪)

{ਸਭੁ ਜਗੁ ਦੇਖਿਆ ਮਾਇਆ ਛਾਇਆ ॥ ਨਾਨਕ ਗੁਰਮਤਿ ਨਾਮੁ ਧਿਆਇਆ ॥੪॥੧੭॥}

(ਅੰਗ - ੩੫੪)

{ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥}

(ਅੰਗ - ੩੫੪)

{ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ ॥}

(ਅੰਗ - ੩੫੪)

{ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥}

(ਅੰਗ - ੩੫੪)

{ਅਹਿਨਿਸਿ ਅੰਧੁਲੇ ਦੀਪਕੁ ਦੇਇ ॥ ਭਉਜਲ ਡੂਬਤ ਚਿੰਤ ਕਰੇਇ ॥}

(ਅੰਗ - ੩੫੪)

{ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥}

(ਅੰਗ - ੩੫੪)

{ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥}

(ਅੰਗ - ੩੫੪)

{ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥}

(ਅੰਗ - ੩੫੪)

{ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥}

(ਅੰਗ - ੩੫੪)

{ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥}

(ਅੰਗ - ੩੫੪)

{ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥
ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥}
(ਅੰਗ - ੩੫੪)

{ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥
ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥}
(ਅੰਗ - ੩੫੪)

{ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥}
(ਅੰਗ - ੩੫੫)

{ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥}
(ਅੰਗ - ੩੫੫)

{ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥}
(ਅੰਗ - ੩੫੫)

{ਚੀਨ੍ਹੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥}
(ਅੰਗ - ੩੫੫)

{ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥}
(ਅੰਗ - ੩੫੫)

{ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥}
(ਅੰਗ - ੩੫੫)

{ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥}
(ਅੰਗ - ੩੫੫)

{ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥}
(ਅੰਗ - ੩੫੫)

{ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥}
(ਅੰਗ - ੩੫੫)

{ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥}
(ਅੰਗ - ੩੫੫)

{ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥}
(ਅੰਗ - ੩੫੫)

{ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥}
(ਅੰਗ - ੩੫੫)

{ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥}
(ਅੰਗ - ੩੫੫)

{ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥}
(ਅੰਗ - ੩੫੫)

{ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥}
(ਅੰਗ - ੩੫੫)

{ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥}
(ਅੰਗ - ੩੫੫)

{ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ ਤੁਝ ਬਿਨੁ ਅਵਰੁ ਨ ਕੋਇ ਹਰੇ ॥
ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥ ਰਹਾਉ ॥}

(ਅੰਗ - ੩੫੫)

{ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ ॥
ਜਿਉ ਤੂੰ ਰਾਖਹਿ ਤਿਵ ਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ ॥੩॥}

(ਅੰਗ - ੩੫੬)

{ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥
ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥੪॥}

(ਅੰਗ - ੩੫੬)

{ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥
ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫॥੨੨॥}

(ਅੰਗ - ੩੫੬)

{ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥}

(ਅੰਗ - ੩੫੬)

{ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥}

(ਅੰਗ - ੩੫੬)

{ਸਚੁ ਨਾਮੁ ਜਾ ਨਵ ਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥੨॥}

(ਅੰਗ - ੩੫੬)

{ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥੩॥}

(ਅੰਗ - ੩੫੬)

{ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥}

(ਅੰਗ - ੩੫੬)

{ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥}

(ਅੰਗ - ੩੫੬)

{ਨਦਰਿ ਕਰੇ ਤਾ ਏਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥੬॥੨੩॥}

(ਅੰਗ - ੩੫੬)

{ਤੇਰਾ ਭਾਣਾ ਸਭੁ ਕਿਛੁ ਹੋਵੈ ॥ ਮਨਹਠਿ ਕੀਚੈ ਅੰਤਿ ਵਿਗੋਵੈ ॥੧॥ ਰਹਾਉ ॥}

(ਅੰਗ - ੩੫੬)

{ਮਨਮੁਖ ਕੀ ਮਤਿ ਕੂੜਿ ਵਿਆਪੀ ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ॥੨॥}

(ਅੰਗ - ੩੫੬)

{ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ ॥ ਜੋ ਉਪਜੈ ਸੋ ਅਲਖ ਅਭੇਵਹੁ ॥੩॥}

(ਅੰਗ - ੩੫੬)

{ਐਸਾ ਹਮਰਾ ਸਖਾ ਸਹਾਈ ॥ ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥੪॥}

(ਅੰਗ - ੩੫੬)

{ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥}

(ਅੰਗ - ੩੫੬)

{ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥}

(ਅੰਗ - ੩੫੬)

{ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥}
(ਅੰਗ - ੩੫੬)

{ਏਕ ਨ ਭਰੀਆ ਗੁਣ ਕਰਿ ਧੋਵਾ ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥੧॥}
(ਅੰਗ - ੩੫੬)

{ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ ਜਾਗੈ ਹਉ ਨਿਸ ਭਰਿ ਸੋਵਾ ॥੧॥ ਰਹਾਉ ॥}
(ਅੰਗ - ੩੫੬)

{ਹਉਮੈ ਖੋਇ ਕਰੇ ਸੀਗਾਰੁ ॥ ਤਉ ਕਾਮਣਿ ਸੇਜੈ ਰਵੈ ਭਤਾਰੁ ॥੪॥}
(ਅੰਗ - ੩੫੭)

{ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥}
(ਅੰਗ - ੩੫੭)

{ਅਜੈ ਸੁ ਜਾਗਉ ਆਸ ਪਿਆਸੀ ॥ ਭਈਲੇ ਉਦਾਸੀ ਰਹਉ ਨਿਰਾਸੀ ॥੧॥ ਰਹਾਉ ॥}
(ਅੰਗ - ੩੫੭)

{ਤਉ ਨਾਨਕ ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ ਖਸਮ ਸਮਾਵੈ ॥੧॥ ਰਹਾਉ ॥੨੬॥}
(ਅੰਗ - ੩੫੭)

{ਪੇਵਕੜੈ ਧਨ ਖਰੀ ਇਆਣੀ ॥ ਤਿਸੁ ਸਹ ਕੀ ਮੈ ਸਾਰ ਨ ਜਾਣੀ ॥੧॥}
(ਅੰਗ - ੩੫੭)

{ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥ ਨਦਰਿ ਕਰੇ ਮੇਲਾਵਾ ਹੋਈ ॥੧॥ ਰਹਾਉ ॥}
(ਅੰਗ - ੩੫੭)

{ਸਾਹੁਰੜੈ ਧਨ ਸਾਚੁ ਪਛਾਣਿਆ ॥ ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥੨॥}
(ਅੰਗ - ੩੫੭)

{ਗੁਰ ਪਰਸਾਦੀ ਐਸੀ ਮਤਿ ਆਵੈ ॥ ਤਾਂ ਕਾਮਣਿ ਕੰਤੈ ਮਨਿ ਭਾਵੈ ॥੩॥}
(ਅੰਗ - ੩੫੭)

{ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥ ਸਦ ਹੀ ਸੇਜੈ ਰਵੈ ਭਤਾਰੁ ॥੪॥੨੭॥}
(ਅੰਗ - ੩੫੭)

{ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥}
(ਅੰਗ - ੩੫੭)

{ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥}
(ਅੰਗ - ੩੫੭)

{ਬਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥੨॥}
(ਅੰਗ - ੩੫੭)

{ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥੩॥}
(ਅੰਗ - ੩੫੭)

{ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥੪॥੨੮॥}
(ਅੰਗ - ੩੫੭)

{ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥
ਪ੍ਰਣਵਤਿ ਨਾਨਕ ਤਿਨ੍ ਕੀ ਸਰਣਾ ਜਿਨ੍ ਤੂੰ ਨਾਹੀ ਵੀਸਰਿਆ ॥੨॥੨੯॥}
(ਅੰਗ - ੩੫੭)

{ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਹਿ ॥੧॥ ਰਹਾਉ ॥}

(ਅੰਗ - ੩੫੭)
{ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥ ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ॥੪॥੧॥੩੧॥}

(ਅੰਗ - ੩੫੮)
{ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥}

(ਅੰਗ - ੩੫੮)
{ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥}

(ਅੰਗ - ੩੫੮)
{ਭੀਤਰਿ ਪੰਚ ਗੁਪਤ ਮਨਿ ਵਾਸੇ ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥}

(ਅੰਗ - ੩੫੯)
{ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥ ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥੧॥ਰਹਾਉ॥}

(ਅੰਗ - ੩੫੯)
{ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥}

(ਅੰਗ - ੩੫੯)
{ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥}

(ਅੰਗ - ੩੫੯)
{ਤੇਰਾ ਹੁਕਮੁ ਭਲਾ ਤੁਧੁ ਭਾਵੈ ॥ ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥੧॥ ਰਹਾਉ ॥}

(ਅੰਗ - ੩੫੯)
{ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥
ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥੪॥੨॥੩੬॥}

(ਅੰਗ - ੩੫੯)
{ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥}

(ਅੰਗ - ੩੫੯)
{ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥}

(ਅੰਗ - ੩੬੦)
{ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥}

(ਅੰਗ - ੩੬੦)
{ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥}

(ਅੰਗ - ੩੬੦)
{ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥}

(ਅੰਗ - ੩੬੦)
{ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥

ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥}

(ਅੰਗ - ੩੬੦)

{ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥}

(ਅੰਗ - ੩੬੦)

{ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥}

(ਅੰਗ - ੩੬੦)

{ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥}

(ਅੰਗ - ੩੬੦)

{ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥}

(ਅੰਗ - ੩੬੦)

{ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥}

(ਅੰਗ - ੩੬੦)

{ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥}

(ਅੰਗ - ੩੬੦)

{ਗੁਰ ਦਰਸਨਿ ਉਧਰੈ ਸੰਸਾਰਾ ॥ ਜੇ ਕੋ ਲਾਏ ਭਾਉ ਪਿਆਰਾ ॥}

(ਅੰਗ - ੩੬੧)

{ਭਾਉ ਪਿਆਰਾ ਲਾਏ ਵਿਰਲਾ ਕੋਇ ॥ ਗੁਰ ਕੈ ਦਰਸਨਿ ਸਦਾ ਸੁਖੁ ਹੋਇ ॥੨॥}

(ਅੰਗ - ੩੬੧)

{ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥੩॥}

(ਅੰਗ - ੩੬੧)

{ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥ ਗੁਰਮੁਖਿ ਤਾ ਕਉ ਲਗੈ ਨ ਪੀਰ ॥}

(ਅੰਗ - ੩੬੧)

{ਜਮਕਾਲੁ ਤਿਸੁ ਨੇੜਿ ਨ ਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੪॥੧॥੪੦॥}

(ਅੰਗ - ੩੬੧)

{ਸਬਦਿ ਮੁਆ ਵਿਚਹੁ ਆਪੁ ਗਵਾਇ ॥ ਸਤਿਗੁਰੁ ਸੇਵੇ ਤਿਲੁ ਨ ਤਮਾਇ ॥}

(ਅੰਗ - ੩੬੧)

{ਨਿਰਭਉ ਦਾਤਾ ਸਦਾ ਮਨਿ ਹੋਇ ॥ ਸਚੀ ਬਾਣੀ ਪਾਏ ਭਾਗਿ ਕੋਇ ॥੧॥}

(ਅੰਗ - ੩੬੧)

{ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥}

(ਅੰਗ - ੩੬੧)

{ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥}

(ਅੰਗ - ੩੬੧)

{ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ - ੩੬੧)

{ਗੁਣ ਅਮੋਲਕ ਪਾਏ ਨ ਜਾਹਿ ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥}
(ਅੰਗ - ੩੬੧)

{ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥ ਸਦਾ ਗੁਣਦਾਤਾ ਮੰਨਿ ਵਸਾਇਆ ॥੩॥}
(ਅੰਗ - ੩੬੧)

{ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ ॥ ਦਰਿ ਸਾਚੈ ਸਾਚੇ ਗੁਣ ਗਾਉ ॥}
(ਅੰਗ - ੩੬੧)

{ਆਪੇ ਦੇਵੈ ਸਹਜਿ ਸੁਭਾਇ ॥ ਨਾਨਕ ਕੀਮਤਿ ਕਹਣੁ ਨ ਜਾਇ ॥੪॥੨॥੪੧॥}
(ਅੰਗ - ੩੬੧)

{ਗੁਰਮੁਖਿ ਕੀਮਤਿ ਜਾਣੈ ਕੋਇ ॥ ਵਿਰਲੇ ਕਰਮਿ ਪਰਾਪਤਿ ਹੋਇ ॥}
(ਅੰਗ - ੩੬੧)

{ਊਚੀ ਬਾਣੀ ਊਚਾ ਹੋਇ ॥ ਗੁਰਮੁਖਿ ਸਬਦਿ ਵਖਾਣੈ ਕੋਇ ॥੨॥}
(ਅੰਗ - ੩੬੧)

{ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ ॥ ਪੀਵਤ ਰਹੈ ਪੀਆਏ ਸੋਇ ॥}
(ਅੰਗ - ੩੬੧)

{ਗੁਰ ਕਿਰਪਾ ਤੇ ਹਰਿ ਰਸੁ ਪਾਏ ॥ ਨਾਨਕ ਨਾਮਿ ਰਤੇ ਗਤਿ ਪਾਏ ॥੪॥੩॥੪੨॥}
(ਅੰਗ - ੩੬੧)

{ਮੇਰਾ ਪ੍ਰਭੁ ਸਾਚਾ ਗਹਿਰ ਗੰਭੀਰ ॥ ਸੇਵਤ ਹੀ ਸੁਖੁ ਸਾਂਤਿ ਸਰੀਰ ॥}
(ਅੰਗ - ੩੬੨)

{ਸਬਦਿ ਤਰੇ ਜਨ ਸਹਜਿ ਸੁਭਾਇ ॥ ਤਿਨ ਕੈ ਹਮ ਸਦ ਲਾਗਹ ਪਾਇ ॥੧॥}
(ਅੰਗ - ੩੬੨)

{ਜੋ ਮਨਿ ਰਾਤੇ ਹਰਿ ਰੰਗੁ ਲਾਇ ॥
ਤਿਨ ਕਾ ਜਨਮ ਮਰਣ ਦੁਖੁ ਲਾਥਾ ਤੇ ਹਰਿ ਦਰਗਹ ਮਿਲੇ ਸੁਭਾਇ ॥੧॥ ਰਹਾਉ ॥}
(ਅੰਗ - ੩੬੨)

{ਸਬਦੁ ਚਾਖੈ ਸਾਚਾ ਸਾਦੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥}
(ਅੰਗ - ੩੬੨)

{ਹਰਿ ਪ੍ਰਭੁ ਸਦਾ ਰਹਿਆ ਭਰਪੂਰਿ ॥ ਆਪੇ ਨੇੜੈ ਆਪੇ ਦੂਰਿ ॥੨॥}
(ਅੰਗ - ੩੬੨)

{ਆਖਣਿ ਆਖੈ ਬਕੈ ਸਭੁ ਕੋਇ ॥ ਆਪੇ ਬਖਸਿ ਮਿਲਾਏ ਸੋਇ ॥}
(ਅੰਗ - ੩੬੨)

{ਕਹਣੈ ਕਥਨਿ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥੩॥}
(ਅੰਗ - ੩੬੨)

{ਗੁਰਮੁਖਿ ਵਿਚਹੁ ਆਪੁ ਗਵਾਇ ॥ ਹਰਿ ਰੰਗਿ ਰਾਤੇ ਮੋਹੁ ਚੁਕਾਇ ॥}
(ਅੰਗ - ੩੬੨)

{ਅਤਿ ਨਿਰਮਲੁ ਗੁਰ ਸਬਦ ਵੀਚਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੪॥੪੩॥}
(ਅੰਗ - ੩੬੨)

{ਦੂਜੈ ਭਾਇ ਲਗੇ ਦੁਖੁ ਪਾਇਆ ॥ ਬਿਨੁ ਸਬਦੈ ਬਿਰਥਾ ਜਨਮੁ ਗਵਾਇਆ ॥}
(ਅੰਗ - ੩੬੨)

{ਸਤਿਗੁਰੁ ਸੇਵੈ ਸੋਝੀ ਹੋਇ ॥ ਦੂਜੈ ਭਾਇ ਨ ਲਾਗੈ ਕੋਇ ॥੧॥}

(ਅੰਗ - ੩੬੨)
{ਮੂਲਿ ਲਾਗੇ ਸੇ ਜਨ ਪਰਵਾਨੁ ॥ ਅਨਦਿਨੁ ਰਾਮ ਨਾਮੁ ਜਪਿ ਹਿਰਦੈ ਗੁਰ ਸਬਦੀ ਹਰਿ ਏਕੋ ਜਾਨੁ ॥੧॥ਰਹਾਉ॥}
(ਅੰਗ - ੩੬੨)
{ਡਾਲੀ ਲਾਗੈ ਨਿਹਫਲੁ ਜਾਇ ॥ ਅੰਧੀ ਕੰਮੀ ਅੰਧ ਸਜਾਇ ॥}
(ਅੰਗ - ੩੬੨)
{ਮਨਮੁਖੁ ਅੰਧਾ ਠਉਰ ਨ ਪਾਇ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥੨॥}
(ਅੰਗ - ੩੬੨)
{ਗੁਰ ਕੀ ਸੇਵਾ ਸਦਾ ਸੁਖੁ ਪਾਏ ॥ ਸੰਤਸੰਗਤਿ ਮਿਲਿ ਹਰਿ ਗੁਣ ਗਾਏ ॥}
(ਅੰਗ - ੩੬੨)
{ਨਾਮੇ ਨਾਮਿ ਕਰੇ ਵੀਚਾਰੁ ॥ ਆਪਿ ਤਰੈ ਕੁਲ ਉਧਰਣਹਾਰੁ ॥੩॥}
(ਅੰਗ - ੩੬੨)
{ਗੁਰ ਕੀ ਬਾਣੀ ਨਾਮਿ ਵਜਾਏ ॥ ਨਾਨਕ ਮਹਲੁ ਸਬਦਿ ਘਰੁ ਪਾਏ ॥}
(ਅੰਗ - ੩੬੨)
{ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥੪॥੫॥੪੪॥}
(ਅੰਗ - ੩੬੨)
{ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ ॥ ਦੂਜੈ ਭਾਇ ਆਤਮ ਸੰਘਾਰਹਿ ॥}
(ਅੰਗ - ੩੬੨)
{ਮੇਰਾ ਮੇਰਾ ਕਰਿ ਕਰਿ ਵਿਗੂਤਾ ॥ ਆਤਮੁ ਨ ਚੀਨ੍ਹੈ ਭਰਮੈ ਵਿਚਿ ਸੂਤਾ ॥੧॥}
(ਅੰਗ - ੩੬੨)
{ਮਰੁ ਮੁਇਆ ਸਬਦੇ ਮਰਿ ਜਾਇ ॥ ਉਸਤਤਿ ਨਿੰਦਾ ਗੁਰਿ ਸਮ ਜਾਣਾਈ}
(ਅੰਗ - ੩੬੨)
{ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ ॥੧॥ ਰਹਾਉ ॥}
(ਅੰਗ - ੩੬੨)
{ਨਾਮ ਵਿਹੂਣ ਗਰਭ ਗਲਿ ਜਾਇ ॥ ਬਿਰਥਾ ਜਨਮੁ ਦੂਜੈ ਲੋਭਾਇ ॥}
(ਅੰਗ - ੩੬੨)
{ਨਾਮ ਬਿਹੂਣੀ ਦੁਖਿ ਜਲੈ ਸਬਾਈ ॥ ਸਤਿਗੁਰਿ ਪੂਰੈ ਬੂਝ ਬੁਝਾਈ ॥੨॥}
(ਅੰਗ - ੩੬੨)
{ਮਨੁ ਚੰਚਲੁ ਬਹੁ ਚੋਟਾ ਖਾਇ ॥ ਏਥਹੁ ਛੁੜਕਿਆ ਠਉਰ ਨ ਪਾਇ ॥}
(ਅੰਗ - ੩੬੨)
{ਗਰਭ ਜੋਨਿ ਵਿਸਟਾ ਕਾ ਵਾਸੁ ॥ ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥੩॥}
(ਅੰਗ - ੩੬੨)
{ਅਪੁਨੇ ਸਤਿਗੁਰ ਕਉ ਸਦਾ ਬਲਿ ਜਾਈ ॥ ਗੁਰਮੁਖਿ ਜੋਤੀ ਜੋਤਿ ਮਿਲਾਈ ॥}
(ਅੰਗ - ੩੬੨)
{ਨਿਰਮਲ ਬਾਣੀ ਨਿਜ ਘਰਿ ਵਾਸਾ ॥ ਨਾਨਕ ਹਉਮੈ ਮਾਰੇ ਸਦਾ ਉਦਾਸਾ ॥੪॥੬॥੪੫॥}
(ਅੰਗ - ੩੬੨)
{ਲਾਲੈ ਆਪਣੀ ਜਾਤਿ ਗਵਾਈ ॥ ਤਨੁ ਮਨੁ ਅਰਪੇ ਸਤਿਗੁਰ ਸਰਣਾਈ ॥}
(ਅੰਗ - ੩੬੨)
{ਹਿਰਦੈ ਨਾਮੁ ਵਡੀ ਵਡਿਆਈ ॥ ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥੧॥}

(ਅੰਗ - ੩੬੨)
{ਸੋ ਲਾਲਾ ਜੀਵਤੁ ਮਰੈ ॥ ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰ ਪਰਸਾਦੀ ਸਬਦਿ ਉਧਰੈ ॥੧॥ ਰਹਾਉ ॥}
(ਅੰਗ - ੩੬੩)
{ਕਰਣੀ ਕਾਰ ਧੁਰਹੁ ਫੁਰਮਾਈ ॥ ਬਿਨੁ ਸਬਦੈ ਕੋ ਥਾਇ ਨ ਪਾਈ ॥}
(ਅੰਗ - ੩੬੩)
{ਕਰਣੀ ਕੀਰਤਿ ਨਾਮੁ ਵਸਾਈ ॥ ਆਪੇ ਦੇਵੈ ਢਿਲ ਨ ਪਾਈ ॥੨॥}
(ਅੰਗ - ੩੬੩)
{ਮਨਮੁਖਿ ਭਰਮਿ ਭੁਲੈ ਸੰਸਾਰੁ ॥ ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥}
(ਅੰਗ - ੩੬੩)
{ਵਿਣੁ ਰਾਸੀ ਵਖਰੁ ਪਲੈ ਨ ਪਾਇ ॥ ਮਨਮੁਖਿ ਭੁਲਾ ਜਨਮੁ ਗਵਾਇ ॥੩॥}
(ਅੰਗ - ੩੬੩)
{ਸਤਿਗੁਰੁ ਸੇਵੇ ਸੁ ਲਾਲਾ ਹੋਇ ॥ ਊਤਮ ਜਾਤੀ ਊਤਮੁ ਸੋਇ ॥}
(ਅੰਗ - ੩੬੩)
{ਗੁਰ ਪਉੜੀ ਸਭ ਦੂ ਊਚਾ ਹੋਇ ॥ ਨਾਨਕ ਨਾਮਿ ਵਡਾਈ ਹੋਇ ॥੪॥੭॥੪੬॥}
(ਅੰਗ - ੩੬੩)
{ਮਨਮੁਖਿ ਝੂਠੋ ਝੂਠੁ ਕਮਾਵੈ ॥ ਖਸਮੈ ਕਾ ਮਹਲੁ ਕਦੇ ਨ ਪਾਵੈ ॥}
(ਅੰਗ - ੩੬੩)
{ਦੂਜੈ ਲਗੀ ਭਰਮਿ ਭੁਲਾਵੈ ॥ ਮਮਤਾ ਬਾਧਾ ਆਵੈ ਜਾਵੈ ॥੧॥}
(ਅੰਗ - ੩੬੩)
{ਦੋਹਾਗਣੀ ਕਾ ਮਨ ਦੇਖੁ ਸੀਗਾਰੁ ॥
ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ ॥੧॥ ਰਹਾਓ ॥}
(ਅੰਗ - ੩੬੩)
{ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥ ਗੁਰ ਸਬਦੀ ਸੀਗਾਰੁ ਬਣਾਵੈ ॥}
(ਅੰਗ - ੩੬੩)
{ਸੇਜ ਸੁਖਾਲੀ ਅਨਦਿਨੁ ਹਰਿ ਰਾਵੈ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥੨॥}
(ਅੰਗ - ੩੬੩)
{ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ॥ ਅਪਣਾ ਪਿਰੁ ਰਾਖੈ ਸਦਾ ਉਰ ਧਾਰਿ ॥}
(ਅੰਗ - ੩੬੩)
{ਨੇੜੈ ਵੇਖੈ ਸਦਾ ਹਦੂਰਿ ॥ ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥੩॥}
(ਅੰਗ - ੩੬੩)
{ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥}
(ਅੰਗ - ੩੬੩)
{ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥੪॥੮॥੪੭॥}
(ਅੰਗ - ੩੬੩)
{ਭਗਤਿ ਰਤਾ ਜਨੁ ਸਹਜਿ ਸੁਭਾਇ ॥ ਗੁਰ ਕੈ ਭੈ ਸਾਚੈ ਸਾਚਿ ਸਮਾਇ ॥}
(ਅੰਗ - ੩੬੩)
{ਬਿਨੁ ਗੁਰ ਪੂਰੇ ਭਗਤਿ ਨ ਹੋਇ ॥ ਮਨਮੁਖ ਰੁੰਨੇ ਅਪਨੀ ਪਤਿ ਖੋਇ ॥੧॥}
(ਅੰਗ - ੩੬੩)

{ਮੇਰੇ ਮਨ ਹਰਿ ਜਪਿ ਸਦਾ ਧਿਆਇ ॥
ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ ਸੋਈ ਫਲੁ ਪਾਇ ॥੧॥ ਰਹਾਉ ॥}
(ਅੰਗ - ੩੬੩)

{ਗੁਰ ਪੂਰੇ ਤੇ ਪੂਰਾ ਪਾਏ ॥ ਹਿਰਦੈ ਸਬਦੁ ਸਚੁ ਨਾਮੁ ਵਸਾਏ ॥}
(ਅੰਗ - ੩੬੩)

{ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥ ਸਦਾ ਸੂਚੇ ਸਾਚਿ ਸਮਾਏ ॥੨॥}
(ਅੰਗ - ੩੬੩)

{ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥ ਗੁਰ ਪਰਸਾਦਿ ਰਹਿਆ ਭਰਪੂਰਿ ॥}
(ਅੰਗ - ੩੬੩)

{ਜਹਾ ਜਾਉ ਤਹ ਵੇਖਾ ਸੋਇ ॥ ਗੁਰ ਬਿਨੁ ਦਾਤਾ ਅਵਰੁ ਨ ਕੋਇ ॥੩॥}
(ਅੰਗ - ੩੬੩)

{ਗੁਰੁ ਸਾਗਰੁ ਪੂਰਾ ਭੰਡਾਰ ॥ ਊਤਮ ਰਤਨ ਜਵਾਹਰ ਅਪਾਰ ॥}
(ਅੰਗ - ੩੬੩)

{ਗੁਰ ਪਰਸਾਦੀ ਦੇਵਣਹਾਰੁ ॥ ਨਾਨਕ ਬਖਸੇ ਬਖਸਣਹਾਰੁ ॥੪॥੯॥੪੮॥}
(ਅੰਗ - ੩੬੩)

{ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥ ਪੂਰੈ ਭਾਗਿ ਗੁਰ ਸੇਵਾ ਹੋਇ ॥}
(ਅੰਗ - ੩੬੩)

{ਸੋ ਬੂਝੈ ਜਿਸੁ ਆਪਿ ਬੁਝਾਏ ॥ ਗੁਰ ਪਰਸਾਦੀ ਸੇਵ ਕਰਾਏ ॥੧॥}
(ਅੰਗ - ੩੬੩)

{ਗਿਆਨ ਰਤਨਿ ਸਭ ਸੋਝੀ ਹੋਇ ॥
ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥}
(ਅੰਗ - ੩੬੪)

{ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ ਪੂਰੇ ਗੁਰ ਤੇ ਸੋਝੀ ਪਾਏ ॥}
(ਅੰਗ - ੩੬੪)

{ਅੰਤਰਿ ਮਹਲੁ ਗੁਰ ਸਬਦਿ ਪਛਾਣੈ ॥ ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ ॥੨॥}
(ਅੰਗ - ੩੬੪)

{ਜੰਮਣੁ ਮਰਣਾ ਹੈ ਸੰਸਾਰੁ ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥}
(ਅੰਗ - ੩੬੪)

{ਪਰ ਨਿੰਦਾ ਬਹੁ ਕੂੜੁ ਕਮਾਵੈ ॥ ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥੩॥}
(ਅੰਗ - ੩੬੪)

{ਸਤਸੰਗਤਿ ਮਿਲਿ ਸਭ ਸੋਝੀ ਪਾਏ ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥}
(ਅੰਗ - ੩੬੪)

{ਭਾਣਾ ਮੰਨੇ ਸਦਾ ਸੁਖੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥੪॥੧੦॥੪੯॥}
(ਅੰਗ - ੩੬੪)

{ਸਬਦਿ ਮਰੈ ਤਿਸੁ ਸਦਾ ਅਨੰਦ ॥ ਸਤਿਗੁਰ ਭੇਟੇ ਗੁਰ ਗੋਬਿੰਦ ॥}
(ਅੰਗ - ੩੬੪)

{ਨਾ ਫਿਰਿ ਮਰੈ ਨ ਆਵੈ ਜਾਇ ॥ ਪੂਰੇ ਗੁਰ ਤੇ ਸਾਚਿ ਸਮਾਇ ॥੧॥}
(ਅੰਗ - ੩੬੪)

{ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ ॥
ਤੇ ਅਨਦਿਨੁ ਨਾਮੁ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ ਵਿਸੇਖੁ ॥੧॥ ਰਹਾਉ ॥}
(ਅੰਗ - ੩੬੪)

{ਜਿਨ੍ ਕਉ ਹਰਿ ਪ੍ਰਭੁ ਲਏ ਮਿਲਾਇ ॥ ਤਿਨ੍ ਕੀ ਗਹਣ ਗਤਿ ਕਹੀ ਨ ਜਾਇ ॥}
(ਅੰਗ - ੩੬੪)

{ਪੂਰੈ ਸਤਿਗੁਰ ਦਿਤੀ ਵਡਿਆਈ ॥ ਊਤਮ ਪਦਵੀ ਹਰਿ ਨਾਮਿ ਸਮਾਈ ॥੨॥}
(ਅੰਗ - ੩੬੪)

{ਜੋ ਕਿਛੁ ਕਰੇ ਸੁ ਆਪੇ ਆਪਿ ॥ ਏਕ ਘੜੀ ਮਹਿ ਥਾਪਿ ਉਥਾਪਿ ॥}
(ਅੰਗ - ੩੬੪)

{ਕਹਿ ਕਹਿ ਕਹਣਾ ਆਖਿ ਸੁਣਾਏ ॥ ਜੇ ਸਉ ਘਾਲੇ ਥਾਇ ਨ ਪਾਏ ॥੩॥}
(ਅੰਗ - ੩੬੪)

{ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ ॥ ਸਚੁ ਬਾਣੀ ਗੁਰੁ ਸਬਦੁ ਸੁਣਾਏ ॥}
(ਅੰਗ - ੩੬੪)

{ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥}
(ਅੰਗ - ੩੬੪)

{ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ ॥ ਜਿਸ ਨੋ ਬਖਸੇ ਸਾਚਾ ਸੋਇ ॥}
(ਅੰਗ - ੩੬੪)

{ਪੂਰੈ ਸਬਦਿ ਮੰਨਿ ਵਸਾਏ ॥ ਨਾਨਕ ਨਾਮਿ ਰਤੇ ਸੁਖੁ ਪਾਏ ॥੫॥੧੧॥੫੦॥}
(ਅੰਗ - ੩੬੪)

{ਨਿਰਤਿ ਕਰੇ ਬਹੁ ਵਾਜੇ ਵਜਾਏ ॥ ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥}
(ਅੰਗ - ੩੬੪)

{ਅੰਤਰਿ ਲੋਭੁ ਭਰਮੁ ਅਨਲ ਵਾਉ ॥ ਦੀਵਾ ਬਲੈ ਨ ਸੋਝੀ ਪਾਇ ॥੧॥}
(ਅੰਗ - ੩੬੪)

{ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥}
(ਅੰਗ - ੩੬੪)

{ਗੁਰਮੁਖਿ ਨਿਰਤਿ ਹਰਿ ਲਾਗੈ ਭਾਉ ॥ ਪੂਰੇ ਤਾਲ ਵਿਚਹੁ ਆਪੁ ਗਵਾਇ ॥}
(ਅੰਗ - ੩੬੪)

{ਮੇਰਾ ਪ੍ਰਭੁ ਸਾਚਾ ਆਪੇ ਜਾਣੁ ॥ ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ ॥੨॥}
(ਅੰਗ - ੩੬੪)

{ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ ਗੁਰ ਕਾ ਸਬਦੁ ਸਹਜਿ ਵੀਚਾਰੁ ॥}
(ਅੰਗ - ੩੬੪)

{ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥ ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥੩॥}
(ਅੰਗ - ੩੬੪)

{ਏਹਾ ਭਗਤਿ ਜਨੁ ਜੀਵਤ ਮਰੈ ॥ ਗੁਰ ਪਰਸਾਦੀ ਭਵਜਲੁ ਤਰੈ ॥}
(ਅੰਗ - ੩੬੫)

{ਗੁਰ ਕੈ ਬਚਨਿ ਭਗਤਿ ਥਾਇ ਪਾਇ ॥ ਹਰਿ ਜੀਉ ਆਪਿ ਵਸੈ ਮਨਿ ਆਇ ॥੪॥}
(ਅੰਗ - ੩੬੫)

{ਹਰਿ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ ॥}

(ਅੰਗ - ੩੬੫)

{ਭਗਤਿ ਰਤੇ ਤਿਨ੍ ਸਚੀ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੫॥੧੨॥੫੧॥}

(ਅੰਗ - ੩੬੫)

{ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ ॥ ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ ॥੧॥}

(ਅੰਗ - ੩੬੫)

{ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ ॥
ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ ॥੧॥ ਰਹਾਉ ॥}

(ਅੰਗ - ੩੬੫)

{ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ ॥੨॥}

(ਅੰਗ - ੩੬੫)

{ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥
ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ॥}

(ਅੰਗ - ੩੬੫)

{ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ ॥
ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ ॥੩॥}

(ਅੰਗ - ੩੬੫)

{ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ॥
ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ॥੪॥੩੯॥੧੩॥੫੨॥}

(ਅੰਗ - ੩੬੫)

{ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥}

(ਅੰਗ - ੩੬੫)

{ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥}

(ਅੰਗ - ੩੬੫)

{ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥੩॥}

(ਅੰਗ - ੩੬੫)

{ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥}

(ਅੰਗ - ੩੬੫)

{ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੧॥੫੩॥}

(ਅੰਗ - ੩੬੫)

{ਮਾਇਆ ਕਉ ਲੂਝਹਿ ਗਾਵਾਰੀ ॥}

(ਅੰਗ - ੩੬੫)

{ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ ॥}

(ਅੰਗ - ੩੬੫)

{ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥}

(ਅੰਗ - ੩੬੬)

{ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥ ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ ॥}

(ਅੰਗ - ੩੬੬)
{ਜੈਸਾ ਬੀਜੈ ਤੈਸਾ ਖਾਵੈ ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥}
(ਅੰਗ - ੩੬੬)
{ਦੂਜੈ ਭਾਇ ਭਵਹਿ ਬਿਖੁ ਮਾਇਆ ॥ ਭਾਗਹੀਨ ਨਹੀ ਸਤਿਗੁਰੁ ਪਾਇਆ ॥੩॥}
(ਅੰਗ - ੩੬੬)
{ਅੰਮ੍ਰਿਤੁ ਹਰਿ ਰਸੁ ਹਰਿ ਆਪਿ ਪੀਆਇਆ ॥ ਗੁਰਿ ਪੂਰੈ ਨਾਨਕ ਹਰਿ ਪਾਇਆ ॥੪॥੩॥੫੫॥}
(ਅੰਗ - ੩੬੬)
{ਨਾਮੁ ਜਪਹੁ ਮੇਰੇ ਸਾਜਨ ਸੈਨਾ ॥
ਨਾਮ ਬਿਨਾ ਮੈ ਅਵਰੁ ਨ ਕੋਈ ਵਡੈ ਭਾਗਿ ਗੁਰਮੁਖਿ ਹਰਿ ਲੈਨਾ ॥੧॥ ਰਹਾਉ ॥}
(ਅੰਗ - ੩੬੬)
{ਨਾਮ ਬਿਨਾ ਨਹੀ ਜੀਵਿਆ ਜਾਇ ॥ ਵਡੈ ਭਾਗਿ ਗੁਰਮੁਖਿ ਹਰਿ ਪਾਇ ॥੨॥}
(ਅੰਗ - ੩੬੬)
{ਨਾਮਹੀਨ ਕਾਲਖ ਮੁਖਿ ਮਾਇਆ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ ॥੩॥}
(ਅੰਗ - ੩੬੬)
{ਗੁਣ ਵਿਹੂਣ ਮਾਇਆ ਮਲੁ ਧਾਰੀ ॥ ਵਿਣੁ ਗੁਣ ਜਨਮਿ ਮੁਏ ਅਹੰਕਾਰੀ ॥੩॥}
(ਅੰਗ - ੩੬੭)
{ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥ ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥੪॥੫॥੫੭॥}
(ਅੰਗ - ੩੬੭)
{ਨਾਮੁ ਜਪਹੁ ਗੁਰਮੁਖਿ ਪਰਗਾਸਾ ॥
ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥੧॥ ਰਹਾਉ ॥}
(ਅੰਗ - ੩੬੭)
{ਨਾਮੈ ਸੁਰਤਿ ਸੁਨੀ ਮਨਿ ਭਾਈ ॥ ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥੨॥}
(ਅੰਗ - ੩੬੭)
{ਆਪੇ ਥਾਪੇ ਥਾਪਿ ਉਥਾਪੇ ॥ ਨਾਨਕ ਨਾਮੁ ਦੇਵੈ ਹਰਿ ਆਪੇ ॥੪॥੬॥੫੮॥}
(ਅੰਗ - ੩੬੭)
{ਨਾਮਹੀਣ ਗਏ ਮੂੜ ਨੰਗਾ ॥ ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ ॥੩॥}
(ਅੰਗ - ੩੬੭)
{ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥
ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮਕੰਕਰ ਭੁਇਅੰਗਾ ॥੧॥ ਰਹਾਉ ॥}
(ਅੰਗ - ੩੬੭)
{ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ ॥ ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥੩॥}
(ਅੰਗ - ੩੬੭)
{ਜੇ ਵਡ ਭਾਗ ਹੋਵਹਿ ਵਡ ਊਚੇ ॥ ਨਾਨਕ ਨਾਮੁ ਜਪਹਿ ਸਚਿ ਸੂਚੇ ॥੪॥੭॥੫੯॥}
(ਅੰਗ - ੩੬੭)
{ਨਾਮੁ ਜਪਹੁ ਮੇਰੇ ਗੁਰਸਿਖ ਮੀਤਾ ॥
ਨਾਮੁ ਜਪਹੁ ਨਾਮੇ ਸੁਖੁ ਪਾਵਹੁ ਨਾਮੁ ਰਖਹੁ ਗੁਰਮਤਿ ਮਨਿ ਚੀਤਾ ॥੧॥ ਰਹਾਉ ॥}
(ਅੰਗ - ੩੬੭)
{ਨਾਮੋ ਨਾਮੁ ਸੁਣੀ ਮਨੁ ਸਰਸਾ ॥ ਨਾਮੁ ਲਾਹਾ ਲੈ ਗੁਰਮਤਿ ਬਿਗਸਾ ॥੨॥}

(ਅੰਗ - ੩੬੭)

{ਨਾਮ ਬਿਨਾ ਕੁਸਟੀ ਮੋਹ ਅੰਧਾ ॥ ਸਭ ਨਿਹਫਲ ਕਰਮ ਕੀਏ ਦੁਖੁ ਧੰਧਾ ॥੩॥}

(ਅੰਗ - ੩੬੭)

{ਹਰਿ ਹਰਿ ਹਰਿ ਜਸੁ ਜਪੈ ਵਡਭਾਗੀ ॥ ਨਾਨਕ ਗੁਰਮਤਿ ਨਾਮਿ ਲਿਵ ਲਾਗੀ ॥੪॥੮॥੬੦॥}

(ਅੰਗ - ੩੬੭)

{ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥}

(ਅੰਗ - ੩੬੮)

{ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥}

(ਅੰਗ - ੩੬੮)

{ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ ॥
ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਤਾ ਜੈ ਜੈ ਕਰੇ ਸਭੁ ਕੋਇ ॥੪॥੧੦॥੬੨॥}

(ਅੰਗ - ੩੬੮)

{ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥
ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥}

(ਅੰਗ - ੩੬੮)

{ਨਾਨਕੁ ਆਖਿ ਨ ਰਾਜੈ ਹਰਿ ਗੁਣ ਜਿਉ ਆਖੈ ਤਿਉ ਸੁਖੁ ਪਾਇ ॥
ਭਗਤਿ ਭੰਡਾਰ ਦੀਏ ਹਰਿ ਅਪੁਨੇ ਗੁਣ ਗਾਹਕੁ ਵਣਜਿ ਲੈ ਜਾਇ ॥੪॥੧੧॥੬੩॥}

(ਅੰਗ - ੩੬੮)

{ਆਇਆ ਮਰਣੁ ਧੁਰਾਹੁ ਹਉਮੈ ਰੋਈਐ ॥ ਗੁਰਮੁਖਿ ਨਾਮੁ ਧਿਆਇ ਅਸਥਿਰੁ ਹੋਈਐ ॥੧॥}

(ਅੰਗ - ੩੬੯)

{ਜੀਵਣਿ ਮਰਣਿ ਸੁਖੁ ਹੋਇ ਜਿਨ੍ਹਾ ਗੁਰੁ ਪਾਇਆ ॥ ਨਾਨਕ ਸਚੇ ਸਚਿ ਸਚਿ ਸਮਾਇਆ ॥੪॥੧੨॥੬੪॥}

(ਅੰਗ - ੩੬੯)

{ਜਨਮੁ ਪਦਾਰਥੁ ਪਾਇ ਨਾਮੁ ਧਿਆਇਆ ॥ ਗੁਰ ਪਰਸਾਦੀ ਬੁਝਿ ਸਚਿ ਸਮਾਇਆ ॥੧॥}

(ਅੰਗ - ੩੬੯)

{ਜਿਨ੍ ਧੁਰਿ ਲਿਖਿਆ ਲੇਖੁ ਤਿਨ੍ੀ ਨਾਮੁ ਕਮਾਇਆ॥ ਦਰਿ ਸਚੈ ਸਚਿਆਰ ਮਹਲਿ ਬੁਲਾਇਆ ॥੧॥ ਰਹਾਉ॥}

(ਅੰਗ - ੩੬੯)

{ਅੰਤਰਿ ਵਸਤੁ ਅਨੇਕ ਮਨਮੁਖਿ ਨਹੀ ਪਾਈਐ ॥ ਹਉਮੈ ਗਰਬੈ ਗਰਬੁ ਆਪਿ ਖੁਆਈਐ ॥੩॥}

(ਅੰਗ - ੩੬੯)

{ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥
ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥}

(ਅੰਗ - ੩੬੯)

{ਨਾਨਕ ਆਪੇ ਆਪਿ ਆਪਿ ਖੁਆਈਐ ॥ ਗੁਰਮਤਿ ਮਨਿ ਪਰਗਾਸੁ ਸਚਾ ਪਾਈਐ ॥੪॥੧੩॥੬੫॥}

(ਅੰਗ - ੩੬੯)

{ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥}

(ਅੰਗ - ੩੬੯)

{ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥੩॥}

(ਅੰਗ - ੩੭੦)

{ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥
ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ ॥੧॥ ਰਹਾਉ ॥}

(ਅੰਗ - ੩੭੦)

{ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥}

(ਅੰਗ - ੩੭੦)

{ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥੨॥}

(ਅੰਗ - ੩੭੦)

{ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ ॥੩॥}

(ਅੰਗ - ੩੭੦)

{ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥ ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥}

(ਅੰਗ - ੩੭੦)

{ਜਨਮਿ ਨ ਮਰੈ ਨ ਆਵੈ ਨ ਜਾਇ ॥ ਹਰਿ ਸੇਤੀ ਓਹੁ ਰਹੈ ਸਮਾਇ ॥੪॥੨॥}

(ਅੰਗ - ੩੭੦)

{ਨਿਜ ਭਗਤੀ ਸੀਲਵੰਤੀ ਨਾਰਿ ॥ ਰੂਪਿ ਅਨੂਪ ਪੂਰੀ ਆਚਾਰਿ ॥}

(ਅੰਗ - ੩੭੦)

{ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ ॥ ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ ॥੧॥}

(ਅੰਗ - ੩੭੦)

{ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ ॥ ਜਜਿ ਕਾਜਿ ਪਰਥਾਇ ਸੁਹਾਈ ॥੧॥ ਰਹਾਉ ॥}

(ਅੰਗ - ੩੭੦)

{ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥ ਜਨ ਨਾਨਕ ਸੁਖੇ ਸੁਖਿ ਵਿਹਾਇ ॥੪॥੩॥}

(ਅੰਗ - ੩੭੦)

{ਹੋਛੀ ਸਰਣਿ ਪਇਆ ਰਹਣੁ ਨ ਪਾਈ ॥ ਕਹੁ ਮੀਤਾ ਹਉ ਕੈ ਪਹਿ ਜਾਈ ॥੩॥}

(ਅੰਗ - ੩੭੦)

{ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥ ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥}

(ਅੰਗ - ੩੭੦)

{ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥ ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥੪॥}

(ਅੰਗ - ੩੭੦)

{ਘਰੁ ਮੇਰਾ ਇਹ ਨਾਇਕਿ ਹਮਾਰੀ ॥ ਇਹ ਆਮਰਿ ਹਮ ਗੁਰਿ ਕੀਏ ਦਰਬਾਰੀ ॥੧॥ ਰਹਾਉ ਦੂਜਾ ॥੪॥੪॥}

(ਅੰਗ - ੩੭੦)

{ਮਹਾ ਅਨੰਦ ਅਚਿੰਤ ਸਹਜਾਇਆ ॥ ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ ਰਹਾਉ ॥}

(ਅੰਗ - ੩੭੦)

{ਸਤਿਗੁਰਿ ਮੋ ਕਉ ਦੀਆ ਉਪਦੇਸੁ ॥ ਜੀਉ ਪਿੰਡੁ ਸਭੁ ਹਰਿ ਕਾ ਦੇਸੁ ॥}

(ਅੰਗ - ੩੭੦)

{ਜੋ ਕਿਛੁ ਕਰੀ ਸੁ ਤੇਰਾ ਤਾਣੁ ॥ ਤੂੰ ਮੇਰੀ ਓਟ ਤੂੰਹੈ ਦੀਬਾਣੁ ॥੨॥}

(ਅੰਗ - ੩੭੦)

{ਨਾਨਕ ਦਾਸ ਤੇਰੀ ਸਰਣਾਈ ॥ ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥੪॥੫॥}

(ਅੰਗ - ੩੭੦)

{ਪਰਦੇਸੁ ਝਾਗਿ ਸਉਦੇ ਕਉ ਆਇਆ ॥ ਵਸਤੁ ਅਨੂਪ ਸੁਣੀ ਲਾਭਾਇਆ ॥}

(ਅੰਗ - ੩੭੨)

{ਗੁਣ ਰਾਸਿ ਬੰਨ੍ਹਿ ਪਲੈ ਆਨੀ ॥ ਦੇਖਿ ਰਤਨੁ ਇਹੁ ਮਨੁ ਲਪਟਾਨੀ ॥੧॥}

(ਅੰਗ - ੩੭੨)

{ਸਤ ਕੈ ਖਟਿਐ ਦੁਖੁ ਨਹੀ ਪਾਇਆ ॥ ਸਹੀ ਸਲਾਮਤਿ ਘਰਿ ਲੈ ਆਇਆ ॥੩॥}

(ਅੰਗ - ੩੭੨)

{ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥ ਦੁਸਟ ਦੂਤ ਕੀ ਚੂਕੀ ਕਾਨਿ ॥੩॥}

(ਅੰਗ - ੩੭੨)

{ਕਹੁ ਨਾਨਕ ਜਉ ਪਿਰਹਿ ਸੀਗਾਰੀ ॥ ਥਿਰੁ ਸੋਹਾਗਨਿ ਸੰਗਿ ਭਤਾਰੀ ॥੪॥੭॥}

(ਅੰਗ - ੩੭੨)

{ਐਸੇ ਬ੍ਰਾਹਮਣ ਡੂਬੇ ਭਾਈ ॥ ਨਿਰਾਪਰਾਧ ਚਿਤਵਹਿ ਬੁਰਿਆਈ ॥੧॥ ਰਹਾਉ ॥}

(ਅੰਗ - ੩੭੨)

{ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥}

(ਅੰਗ - ੩੭੨)

{ਮਾਇਆ ਮੂਠਾ ਚੇਤੈ ਨਾਹੀ ॥ ਭਰਮੇ ਭੂਲਾ ਬਹੁਤੀ ਰਾਹੀ ॥੨॥}

(ਅੰਗ - ੩੭੨)

{ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥}

(ਅੰਗ - ੩੭੨)

{ਕਹੁ ਨਾਨਕ ਜੇ ਹੋਵੀ ਭਾਗੁ ॥ ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥੮॥}

(ਅੰਗ - ੩੭੨)

{ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ ਰਹਾਉ ॥}

(ਅੰਗ - ੩੭੩)

{ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥
ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥}

(ਅੰਗ - ੩੭੩)

{ਅਰੜਾਵੈ ਬਿਲਲਾਵੈ ਨਿੰਦਕੁ ॥ ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥੧॥ ਰਹਾਉ ॥}

(ਅੰਗ - ੩੭੩)

{ਜਿਸੁ ਮਸਤਕਿ ਭਾਗੁ ਤਿਨਿ ਸਤਿਗੁਰੁ ਪਾਇਆ ॥ ਪੂਰੀ ਆਸਾ ਮਨੁ ਤ੍ਰਿਪਤਾਇਆ ॥}

(ਅੰਗ - ੩੭੪)

{ਪ੍ਰਭ ਮਿਲਿਆ ਤਾ ਚੂਕੀ ਡੰਝਾ ॥ ਨਾਨਕ ਲਧਾ ਮਨ ਤਨ ਮੰਝਾ ॥੪॥੧੧॥}

(ਅੰਗ - ੩੭੪)

{ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥ ਸਭਿ ਬਿਧਿ ਖੋਈ ਲੋਭਿ ਸੁਆਨ ॥੨॥}

(ਅੰਗ - ੩੭੪)

{ਸੁਇਨਾ ਰੂਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥੪॥}

(ਅੰਗ - ੩੭੪)

{ਜੀਵਤ ਮੁਏ ਮੁਏ ਸੇ ਜੀਵੇ ॥
ਹਰਿ ਹਰਿ ਨਾਮੁ ਅਵਖਧੁ ਮੁਖਿ ਪਾਇਆ ਗੁਰ ਸਬਦੀ ਰਸੁ ਅੰਮ੍ਰਿਤੁ ਪੀਵੇ ॥੧॥ ਰਹਾਉ ॥}

(ਅੰਗ - ੩੭੪)

{ਕਾਚੀ ਮਟੁਕੀ ਬਿਨਸਿ ਬਿਨਾਸਾ ॥ ਜਿਸੁ ਛੂਟੈ ਤ੍ਰਿਕੁਟੀ ਤਿਸੁ ਨਿਜ ਘਰਿ ਵਾਸਾ ॥੨॥}

(ਅੰਗ - ੩੭੪)

{ਊਚਾ ਚੜੈ ਸੁ ਪਵੈ ਪਇਆਲਾ ॥ ਧਰਨਿ ਪੜੈ ਤਿਸੁ ਲਗੈ ਨ ਕਾਲਾ ॥੩॥}

(ਅੰਗ - ੩੭੪)

{ਭ੍ਰਮਤ ਫਿਰੇ ਤਿਨ ਕਿਛੂ ਨ ਪਾਇਆ ॥ ਸੇ ਅਸਥਿਰ ਜਿਨ ਗੁਰ ਸਬਦੁ ਕਮਾਇਆ ॥੪॥}
(ਅੰਗ - ੩੭੪)

{ਜੀਉ ਪਿੰਡੁ ਸਭੁ ਹਰਿ ਕਾ ਮਾਲੁ ॥ ਨਾਨਕ ਗੁਰ ਮਿਲਿ ਭਏ ਨਿਹਾਲ ॥੫॥੧੩॥}
(ਅੰਗ - ੩੭੪)

{ਮੂਲੁ ਸਮਾਲਹੁ ਅਚੇਤ ਗਵਾਰਾ ॥ ਇਤਨੇ ਕਉ ਤੁਮ੍ ਕਿਆ ਗਰਬੇ ॥੧॥ ਰਹਾਉ ॥}
(ਅੰਗ - ੩੭੪)

{ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥੩॥}
(ਅੰਗ - ੩੭੫)

{ਜਨ ਨਾਨਕ ਕਉ ਹਰਿ ਦਰਸੁ ਦਿਖਾਇਆ ॥ ਆਤਮੁ ਚੀਨ੍ਹਿ ਪਰਮ ਸੁਖੁ ਪਾਇਆ ॥੪॥੧੫॥}
(ਅੰਗ - ੩੭੫)

{ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥ ਬਿਨੁ ਬੂਝੇ ਤੂੰ ਸਦਾ ਨਾਪਾਕ ॥੪॥}
(ਅੰਗ - ੩੭੫)

{ਹਰਿ ਮੇਰੀ ਓਟ ਮੈ ਹਰਿ ਕਾ ਤਾਣੁ ॥ ਹਰਿ ਮੇਰਾ ਸਖਾ ਮਨ ਮਾਹਿ ਦੀਬਾਣੁ ॥੨॥}
(ਅੰਗ - ੩੭੫)

{ਹਰਿ ਮੇਰੀ ਪੂੰਜੀ ਮੇਰਾ ਹਰਿ ਵੇਸਾਹੁ ॥ ਗੁਰਮੁਖਿ ਧਨੁ ਖਟੀ ਹਰਿ ਮੇਰਾ ਸਾਹੁ ॥੩॥}
(ਅੰਗ - ੩੭੫)

{ਗੁਰ ਕਿਰਪਾ ਤੇ ਇਹ ਮਤਿ ਆਵੈ ॥ ਜਨ ਨਾਨਕੁ ਹਰਿ ਕੈ ਅੰਕਿ ਸਮਾਵੈ ॥੪॥੧੬॥}
(ਅੰਗ - ੩੭੫)

{ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥}
(ਅੰਗ - ੩੭੫)

{ਪੰਚ ਸਖੀ ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦੁ ਵਜਾਇਆ ॥੩॥}
(ਅੰਗ - ੩੭੫)

{ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ॥ ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ ॥੪॥੧੭॥}
(ਅੰਗ - ੩੭੫)

{ਕਰਿ ਕਿਰਪਾ ਹਰਿ ਪਰਗਟੀ ਆਇਆ ॥ ਮਿਲਿ ਸਤਿਗੁਰ ਧਨੁ ਪੂਰਾ ਪਾਇਆ ॥੧॥}
(ਅੰਗ - ੩੭੫)

{ਤੋਟਿ ਨ ਆਵੈ ਨਿਖੁਟਿ ਨ ਜਾਇ ॥ ਖਾਇ ਖਰਚਿ ਮਨੁ ਰਹਿਆ ਅਘਾਇ ॥੨॥}
(ਅੰਗ - ੩੭੫)

{ਜੋ ਜਨਮੈ ਸੋ ਜਾਨਹੁ ਮੂਆ ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥੧॥ ਰਹਾਉ ॥}
(ਅੰਗ - ੩੭੫)

{ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥}
(ਅੰਗ - ੩੭੫)

{ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥੪॥੧੮॥}
(ਅੰਗ - ੩੭੫)

{ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥ ਤੂੰ ਮਨਿ ਵਸਿਆ ਲਗੈ ਨ ਦੂਖਾ ॥੧॥ ਰਹਾਉ ॥}
(ਅੰਗ - ੩੭੫)

{ਜਾ ਤੁਧੁ ਭਾਵੈ ਤਾ ਹਰਿ ਗੁਣ ਗਾਉ ॥ ਤੇਰੈ ਘਰਿ ਸਦਾ ਸਦਾ ਹੈ ਨਿਆਉ ॥੩॥}
(ਅੰਗ - ੩੭੬)

{ਸਾਚੇ ਸਾਹਿਬ ਅਲਖ ਅਭੇਵ ॥ ਨਾਨਕ ਲਾਇਆ ਲਾਗਾ ਸੇਵ ॥੪॥੨੦॥}
(ਅੰਗ - ੩੭੬)

{ਜੋ ਲਉਡਾ ਪ੍ਰਭਿ ਕੀਆ ਅਜਾਤਿ ॥ ਤਿਸੁ ਲਉਡੇ ਕਉ ਕਿਸ ਕੀ ਤਾਤਿ ॥੩॥}
(ਅੰਗ - ੩੭੬)

{ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ ॥੪॥੨੧॥}
(ਅੰਗ - ੩੭੬)

{ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥}
(ਅੰਗ - ੩੭੬)

{ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ ॥੧॥ ਰਹਾਉ ॥}
(ਅੰਗ - ੩੭੬)

{ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹ ਅਛਾਦਿਓ ਪ੍ਰਾਨੀ ॥੨॥}
(ਅੰਗ - ੩੭੬)

{ਬਿਨੁ ਹਰਿ ਨਾਮ ਅਵਰੁ ਸਭੁ ਥੋਰਾ ॥ ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ ॥੧॥ ਰਹਾਉ ॥}
(ਅੰਗ - ੩੭੬)

{ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ ॥੨॥}
(ਅੰਗ - ੩੭੬)

{ਚਰਣ ਕਮਲ ਸਿਉ ਲਾਗੋ ਮਾਨੁ ॥ ਸਤਿਗੁਰਿ ਤੂਠੈ ਕੀਨੋ ਦਾਨੁ ॥੩॥}
(ਅੰਗ - ੩੭੬)

{ਨਾਨਕ ਕਉ ਗੁਰਿ ਦੀਖਿਆ ਦੀਨ੍ ॥ ਪ੍ਰਭ ਅਬਿਨਾਸੀ ਘਟਿ ਘਟਿ ਚੀਨ੍ ॥੪॥੨੩॥}
(ਅੰਗ - ੩੭੬)

{ਨਾਮੁ ਨਿਧਾਨੁ ਜਾ ਕੀ ਨਿਰਮਲ ਸੋਇ ॥ ਆਪੇ ਕਰਤਾ ਅਵਰੁ ਨ ਕੋਇ ॥੨॥}
(ਅੰਗ - ੩੭੬)

{ਪੂਰਾ ਗੁਰੁ ਪੂਰੀ ਬਣਤ ਬਣਾਈ ॥ ਨਾਨਕ ਭਗਤ ਮਿਲੀ ਵਡਿਆਈ ॥੪॥੨੪॥}
(ਅੰਗ - ੩੭੬)

{ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥ ਗੁਰ ਕਾ ਦਰਸਨੁ ਸੰਚਹੁ ਹਰਿ ਧਨੁ ॥੧॥}
(ਅੰਗ - ੩੭੭)

{ਊਤਮ ਮਤਿ ਮੇਰੈ ਰਿਦੈ ਤੂੰ ਆਉ ॥
ਧਿਆਵਉ ਗਾਵਉ ਗੁਣ ਗੋਵਿੰਦਾ ਅਤਿ ਪ੍ਰੀਤਮ ਮੋਹਿ ਲਾਗੈ ਨਾਉ ॥੧॥ ਰਹਾਉ ॥}
(ਅੰਗ - ੩੭੭)

{ਤ੍ਰਿਪਤਿ ਅਘਾਵਨੁ ਸਾਚੈ ਨਾਇ ॥ ਅਠਸਠਿ ਮਜਨੁ ਸੰਤ ਧੂਰਾਇ ॥੨॥}
(ਅੰਗ - ੩੭੭)

{ਸਭ ਮਹਿ ਜਾਨਉ ਕਰਤਾ ਏਕ ॥ ਸਾਧਸੰਗਤਿ ਮਿਲਿ ਬੁਧਿ ਬਿਬੇਕ ॥੩॥}
(ਅੰਗ - ੩੭੭)

{ਦਾਸੁ ਸਗਲ ਕਾ ਛੋਡਿ ਅਭਿਮਾਨੁ ॥ ਨਾਨਕ ਕਉ ਗੁਰਿ ਦੀਨੋ ਦਾਨੁ ॥੪॥੨੫॥}
(ਅੰਗ - ੩੭੭)

{ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥}
(ਅੰਗ - ੩੭੭)

{ਐਸੀ ਗੁਰਮਤਿ ਪਾਈਅਲੇ ॥ ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥੧॥ ਰਹਾਉ ॥}

(ਅੰਗ - ੩੭੭)

{ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥}

(ਅੰਗ - ੩੭੭)

{ਦੁਤਰ ਅੰਧ ਬਿਖਮ ਇਹ ਮਾਇਆ ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥}

(ਅੰਗ - ੩੭੭)

{ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੋਰੀ ॥੪॥੨੬॥}

(ਅੰਗ - ੩੭੭)

{ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥}

(ਅੰਗ - ੩੭੭)

{ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ ਰਹਾਉ ॥}

(ਅੰਗ - ੩੭੭)

{ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥}

(ਅੰਗ - ੩੭੭)

{ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥}

(ਅੰਗ - ੩੭੭)

{ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥}

(ਅੰਗ - ੩੭੭)

{ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥}

(ਅੰਗ - ੩੭੭)

{ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥}

(ਅੰਗ - ੩੭੭)

{ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥}

(ਅੰਗ - ੩੭੭)

{ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥}

(ਅੰਗ - ੩੭੭)

{ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥}

(ਅੰਗ - ੩੭੮)

{ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥}

(ਅੰਗ - ੩੭੮)

{ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੨੯॥}

(ਅੰਗ - ੩੭੮)

{ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥ ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥੧॥}

(ਅੰਗ - ੩੭੮)

{ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ ॥

ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮਲ ਸਰਨਾਇ ॥੧॥}

(ਅੰਗ - ੩੭੮)

{ਤਾਪੁ ਗਇਆ ਬਚਨਿ ਗੁਰ ਪੂਰੇ ॥ ਅਨਦੁ ਭਇਆ ਸਭਿ ਮਿਟੇ ਵਿਸੂਰੇ ॥੧॥ ਰਹਾਉ ॥}

(ਅੰਗ - ੩੭੮)

{ਬਾਂਛਤ ਨਾਹੀ ਸੁ ਬੇਲਾ ਆਈ ॥ ਬਿਨੁ ਹੁਕਮੈ ਕਿਉ ਬੁਝੈ ਬੁਝਾਈ ॥੧॥}

(ਅੰਗ - ੩੭੮)

{ਠੰਢੀ ਤਾਤੀ ਮਿਟੀ ਖਾਈ ॥ ਓਹੁ ਨ ਬਾਲਾ ਬ੍ਰਿਧਾ ਭਾਈ ॥੧॥ ਰਹਾਉ ॥}

(ਅੰਗ - ੩੭੮)

{ਨਾਨਕ ਦਾਸ ਸਾਧ ਸਰਣਾਈ ॥ ਗੁਰ ਪ੍ਰਸਾਦਿ ਭਉ ਪਾਰਿ ਪਰਾਈ ॥੨॥੩੩॥}

(ਅੰਗ - ੩੭੮)

{ਸਦਾ ਸਦਾ ਆਤਮ ਪਰਗਾਸੁ ॥ ਸਾਧਸੰਗਤਿ ਹਰਿ ਚਰਣ ਨਿਵਾਸੁ ॥੧॥}

(ਅੰਗ - ੩੭੮)

{ਕਰਿ ਕਿਰਪਾ ਚਰਨ ਸੰਗਿ ਮੇਲੀ ॥ ਸੂਖ ਸਹਜ ਆਨੰਦ ਸੁਹੇਲੀ ॥੧॥}

(ਅੰਗ - ੩੭੯)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥}

(ਅੰਗ - ੩੭੯)

{ਜਨਮ ਮਰਨ ਚੂਕੇ ਸਭਿ ਭਾਰੇ ॥
ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥}

(ਅੰਗ - ੩੭੯)

{ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ ॥
ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ ॥੩॥}

(ਅੰਗ - ੩੭੯)

{ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ ਧਾਰਿ ॥
ਦੇਹੁ ਸੁਮਤਿ ਸਦਾ ਗੁਣ ਗਾਵਾ ਮੇਰੇ ਠਾਕੁਰ ਅਗਮ ਅਪਾਰ ॥੧॥ ਰਹਾਉ ॥}

(ਅੰਗ - ੩੭੯)

{ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥
ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ॥੩॥}

(ਅੰਗ - ੩੭੯)

{ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥ ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ॥
ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥੩॥}

(ਅੰਗ - ੩੭੯)

{ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥੧॥}

(ਅੰਗ - ੩੮੦)

{ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ ॥ ਕੋਊ ਤਿਆਗੈ ਵਿਰਲਾ ॥੨॥}

(ਅੰਗ - ੩੮੦)

{ਚਰਨ ਕਮਲ ਆਨੂਪ ਹਰਿ ਸੰਤ ਮੰਤ ॥ ਕੋਊ ਲਾਗੈ ਸਾਧੂ ॥੩॥}

(ਅੰਗ - ੩੮੦)

{ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥੪॥੧॥੩੯॥}

(ਅੰਗ - ੩੮੦)

{ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ ॥
ਵਰਤਣਿ ਨਾਮੁ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਆ ॥੪॥੧॥੪੦॥}

(ਅੰਗ - ੩੮੦)

{ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ ॥
ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥੪॥੨॥੪੧॥}

(ਅੰਗ - ੩੮੦)

{ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥੧॥}

(ਅੰਗ - ੩੮੧)

{ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥ ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥}

(ਅੰਗ - ੩੮੧)

{ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥
ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥੩॥}

(ਅੰਗ - ੩੮੧)

{ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥
ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥੪॥੩॥੪੨॥}

(ਅੰਗ - ੩੮੧)

{ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥ ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ॥੧॥}

(ਅੰਗ - ੩੮੧)

{ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥}

(ਅੰਗ - ੩੮੧)

{ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥
ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥੩॥}

(ਅੰਗ - ੩੮੧)

{ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥
ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥}

(ਅੰਗ - ੩੮੧)

{ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥
ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥}

(ਅੰਗ - ੩੮੨)

{ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮ੍ਹਾਰਿਆ ॥
ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ ॥੧॥}

(ਅੰਗ - ੩੮੨)

{ਗੁਰਸਿਖ ਰਾਖੇ ਗੁਰ ਗੋਪਾਲਿ ॥ ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ ॥੧॥ ਰਹਾਉ ॥}

(ਅੰਗ - ੩੮੨)

{ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸੁ ਸਾਲਾਹੀ ॥

ਏਕੁ ਤੂੰ ਤਾ ਸਭੁ ਕਿਛੁ ਹੈ ਮੈ ਤੁਧੁ ਬਿਨੁ ਦੂਜਾ ਨਾਹੀ ॥੧॥}

(ਅੰਗ - ੩੮੨)

{ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ ॥
ਸਭੁ ਕਿਛੁ ਕੀਤਾ ਤੇਰਾ ਵਰਤੈ ਸਦਾ ਸਦਾ ਤੇਰੀ ਆਸ ॥੩॥}

(ਅੰਗ - ੩੮੨)

{ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ ਇਤ ਉਤ ਤੁਝਹਿ ਧਿਆਉ ॥
ਨਾਨਕ ਕੇ ਪ੍ਰਭ ਸਦਾ ਸੁਖਦਾਤੇ ਮੈ ਤਾਣੁ ਤੇਰਾ ਇਕੁ ਨਾਉ ॥੪॥੭॥੪੬॥}

(ਅੰਗ - ੩੮੨)

{ਅੰਮ੍ਰਿਤੁ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥}

(ਅੰਗ - ੩੮੨)

{ਤੁਮ੍ਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ ਆਪਿ ਕੀਓ ॥
ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ ॥੨॥}

(ਅੰਗ - ੩੮੨)

{ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥
ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥}

(ਅੰਗ - ੩੮੨)

{ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥
ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥੪॥੮॥੪੭॥}

(ਅੰਗ - ੩੮੨)

{ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥
ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥੨॥}

(ਅੰਗ - ੩੮੩)

{ਗੁਣ ਨਿਧਾਨ ਸਾਹਿਬ ਮਨਿ ਮੇਲਾ ॥ ਸਰਣਿ ਪਇਆ ਨਾਨਕ ਸੋਹੇਲਾ ॥੪॥੯॥੪੮॥}

(ਅੰਗ - ੩੮੩)

{ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥
ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥੩॥}

(ਅੰਗ - ੩੮੩)

{ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥੪॥੧੦॥੪੯॥}

(ਅੰਗ - ੩੮੩)

{ਤਨੁ ਧਨੁ ਥਾਪਿ ਕੀਓ ਸਭੁ ਅਪਨਾ ਕੋਮਲ ਬੰਧਨ ਬਾਂਧਿਆ ॥
ਗੁਰ ਪਰਸਾਦਿ ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ ॥੩॥}

(ਅੰਗ - ੩੮੩)

{ਰਾਖਿ ਲੀਏ ਪ੍ਰਭਿ ਰਾਖਨਹਾਰੈ ਜੋ ਪ੍ਰਭ ਅਪੁਨੇ ਭਾਣੇ ॥
ਜੀਉ ਪਿੰਡੁ ਸਭੁ ਤੁਮ੍ਰਾ ਦਾਤੇ ਨਾਨਕ ਸਦ ਕੁਰਬਾਣੇ ॥੪॥੧੧॥੫੦॥}

(ਅੰਗ - ੩੮੩)

{ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ ॥

ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ ॥੧॥}

(ਅੰਗ - ੩੮੩)

{ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥
ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥}

(ਅੰਗ - ੩੮੩)

{ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥
ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥੪॥੧੨॥੫੧॥}

(ਅੰਗ - ੩੮੩)

{ਤੁਮ ਹੀ ਸੁੰਦਰਿ ਤੁਮਹਿ ਸੁਹਾਗੁ ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥੨॥}

(ਅੰਗ - ੩੮੩)

{ਤੂੰ ਸਤਵੰਤੀ ਤੂੰ ਪਰਧਾਨਿ ॥ ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ ॥੩॥}

(ਅੰਗ - ੩੮੩)

{ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥ ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ ॥੪॥}

(ਅੰਗ - ੩੮੩)

{ਸੁਨਿ ਰੀ ਸਖੀ ਇਹ ਹਮਰੀ ਘਾਲ ॥ ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥੧॥ ਰਹਾਉ ਦੂਜਾ ॥੧॥੫੨॥}

(ਅੰਗ - ੩੮੪)

{ਮੰਦਰਿ ਮੇਰੈ ਸਬਦਿ ਉਜਾਰਾ ॥ ਅਨਦ ਬਿਨੋਦੀ ਖਸਮੁ ਹਮਾਰਾ ॥੩॥}

(ਅੰਗ - ੩੮੪)

{ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥ ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥੨॥੫੩॥}

(ਅੰਗ - ੩੮੪)

{ਨਾਨਕ ਜਨਿ ਗੁਰੁ ਪੂਰਾ ਪਾਇਆ ॥ ਅੰਤਰਿ ਬਾਹਰਿ ਏਕੁ ਦਿਖਾਇਆ ॥੪॥੩॥੫੪॥}

(ਅੰਗ - ੩੮੪)

{ਮਾਇਆ ਛਲੀਆ ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥੪॥੪॥੫੫॥}

(ਅੰਗ - ੩੮੫)

{ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥ ਨਾਨਕ ਦਾਸ ਤਰੀ ਤਿਨਿ ਮਾਇਆ ॥੪॥੫॥੫੬॥}

(ਅੰਗ - ੩੮੫)

{ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥}

(ਅੰਗ - ੩੮੫)

{ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥}

(ਅੰਗ - ੩੮੫)

{ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥੪॥}

(ਅੰਗ - ੩੮੫)

{ਸਾਧਸੰਗਿ ਹਰਿ ਕੀਰਤਨੁ ਗਾਈਐ ॥ ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ ਰਹਾਉ ਦੂਜਾ ॥੭॥੫੮॥}

(ਅੰਗ - ੩੮੫)

{ਹੁਕਮੁ ਬੂਝੈ ਸੋਈ ਪਰਵਾਨੁ ॥ ਸਾਚੁ ਸਬਦੁ ਜਾ ਕਾ ਨੀਸਾਨੁ ॥੩॥}

(ਅੰਗ - ੩੮੫)

{ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥੪॥੮॥੫੯॥}

(ਅੰਗ - ੩੮੬)

{ਸਦਾ ਚੇਰੇ ਗੋਵਿੰਦ ਗੋਸਾਈ ॥ ਤੁਮ੍ਰੀ ਕ੍ਰਿਪਾ ਤੇ ਤ੍ਰਿਪਤਿ ਅਘਾਈ ॥੧॥ ਰਹਾਉ ॥}
(ਅੰਗ - ੩੮੬)

{ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥੧॥}
(ਅੰਗ - ੩੮੬)

{ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥ ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥੨॥}
(ਅੰਗ - ੩੮੬)

{ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥}
(ਅੰਗ - ੩੮੬)

{ਦਰਸਨੁ ਮਾਗਉ ਦੇਹਿ ਪਿਆਰੇ ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ ॥੧॥ ਰਹਾਉ ॥}
(ਅੰਗ - ੩੮੬)

{ਸਾਧਸੰਗਿ ਮਨ ਸੋਵਤ ਜਾਗੇ ॥ ਤਬ ਪ੍ਰਭ ਨਾਨਕ ਮੀਠੇ ਲਾਗੇ ॥੪॥੧੨॥੬੩॥}
(ਅੰਗ - ੩੮੬)

{ਏਕੋ ਏਕੀ ਨੈਨ ਨਿਹਾਰਉ ॥ ਸਦਾ ਸਦਾ ਹਰਿ ਨਾਮੁ ਸਮ੍ਹਾਰਉ ॥੧॥}
(ਅੰਗ - ੩੮੭)

{ਕਰਨ ਕਰਾਵਨ ਅੰਤਰਜਾਮੀ ॥ ਅਨੰਦ ਕਰੈ ਨਾਨਕ ਕਾ ਸੁਆਮੀ ॥੪॥੧੩॥੬੪॥}
(ਅੰਗ - ੩੮੭)

{ਕੋਟਿ ਜਨਮ ਕੇ ਰਹੇ ਭਵਾਰੇ ॥ ਦੁਲਭ ਦੇਹ ਜੀਤੀ ਨਹੀ ਹਾਰੇ ॥੧॥}
(ਅੰਗ - ੩੮੭)

{ਕਿਲਬਿਖ ਬਿਨਾਸੇ ਦੁਖ ਦਰਦ ਦੂਰਿ ॥ ਭਏ ਪੁਨੀਤ ਸੰਤਨ ਕੀ ਧੂਰਿ ॥੧॥ ਰਹਾਉ ॥}
(ਅੰਗ - ੩੮੭)

{ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥ ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥੩॥}
(ਅੰਗ - ੩੮੭)

{ਨਾਮੁ ਪਦਾਰਥੁ ਨਉ ਨਿਧਿ ਸਿਧਿ ॥ ਨਾਨਕ ਗੁਰ ਤੇ ਪਾਈ ਬੁਧਿ ॥੪॥੧੪॥੬੫॥}
(ਅੰਗ - ੩੮੭)

{ਮਿਟੀ ਤਿਆਸ ਅਗਿਆਨ ਅੰਧੇਰੇ ॥ ਸਾਧ ਸੇਵਾ ਅਘ ਕਟੇ ਘਨੇਰੇ ॥੧॥}
(ਅੰਗ - ੩੮੭)

{ਸੁਖ ਸਹਜ ਆਨੰਦੁ ਘਨਾ ॥
ਗੁਰ ਸੇਵਾ ਤੇ ਭਏ ਮਨ ਨਿਰਮਲ ਹਰਿ ਹਰਿ ਹਰਿ ਹਰਿ ਨਾਮੁ ਸੁਨਾ ॥੧॥ ਰਹਾਉ ॥}
(ਅੰਗ - ੩੮੭)

{ਬਿਨਸਿਓ ਮਨ ਕਾ ਮੂਰਖੁ ਢੀਠਾ ॥ ਪ੍ਰਭ ਕਾ ਭਾਣਾ ਲਾਗਾ ਮੀਠਾ ॥੨॥}
(ਅੰਗ - ੩੮੭)

{ਗੁਰ ਪੂਰੇ ਕੇ ਚਰਣ ਗਹੇ ॥ ਕੋਟਿ ਜਨਮ ਕੇ ਪਾਪ ਲਹੇ ॥੩॥}
(ਅੰਗ - ੩੮੭)

{ਰਤਨ ਜਨਮੁ ਇਹੁ ਸਫਲ ਭਇਆ ॥ ਕਹੁ ਨਾਨਕ ਪ੍ਰਭ ਕਰੀ ਮਇਆ ॥੪॥੧੫॥੬੬॥}
(ਅੰਗ - ੩੮੭)

{ਜਾਗੁ ਰੇ ਮਨ ਜਾਗਨਹਾਰੇ ॥ ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥੧॥ ਰਹਾਉ॥}
(ਅੰਗ - ੩੮੭)

{ਗੁਰ ਕੀ ਬਾਣੀ ਸਿਉ ਰੰਗੁ ਲਾਇ ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥੨॥}

(ਅੰਗ - ੩੮੭)

{ਗੁਰ ਬਿਨੁ ਦੂਜਾ ਨਾਹੀ ਥਾਉ ॥ ਗੁਰੁ ਦਾਤਾ ਗੁਰੁ ਦੇਵੈ ਨਾਉ ॥੩॥}

(ਅੰਗ - ੩੮੭)

{ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ ਆਠ ਪਹਰ ਨਾਨਕ ਗੁਰ ਜਾਪਿ ॥੪॥੧੬॥੬੭॥}

(ਅੰਗ - ੩੮੭)

{ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥੩॥}

(ਅੰਗ - ੩੮੭)

{ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥ ਅਨਦ ਰੂਪੁ ਸਭੁ ਨੈਨ ਅਲੋਇਆ ॥੪॥੧੭॥੬੮॥}

(ਅੰਗ - ੩੮੭)

{ਮੈ ਨਿਰਗੁਨ ਗੁਣੁ ਨਾਹੀ ਕੋਇ ॥ ਕਰਨ ਕਰਾਵਨਹਾਰ ਪ੍ਰਭ ਸੋਇ ॥੧॥ ਰਹਾਉ ॥}

(ਅੰਗ - ੩੮੮)

{ਮੂਰਖ ਮੁਗਧ ਅਗਿਆਨ ਅਵੀਚਾਰੀ ॥ ਨਾਮ ਤੇਰੇ ਕੀ ਆਸ ਮਨਿ ਧਾਰੀ ॥੨॥}

(ਅੰਗ - ੩੮੮)

{ਜਪੁ ਤਪੁ ਸੰਜਮੁ ਕਰਮ ਨ ਸਾਧਾ ॥ ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥੩॥}

(ਅੰਗ - ੩੮੮)

{ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥ ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥੪॥੧੮॥੬੯॥}

(ਅੰਗ - ੩੮੮)

{ਹਰਿ ਮਾਲਾ ਉਰ ਅੰਤਰਿ ਧਾਰੈ ॥ ਜਨਮ ਮਰਣ ਕਾ ਦੂਖੁ ਨਿਵਾਰੈ ॥੨॥}

(ਅੰਗ - ੩੮੮)

{ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥੩॥}

(ਅੰਗ - ੩੮੮)

{ਕਹੁ ਨਾਨਕ ਜੋ ਰਾਚੈ ਨਾਇ ॥ ਹਰਿ ਮਾਲਾ ਤਾ ਕੈ ਸੰਗਿ ਜਾਇ ॥੪॥੧੯॥੭੦॥}

(ਅੰਗ - ੩੮੮)

{ਸਗਲ ਤਿਆਗਿ ਹਰਿ ਸਰਣੀ ਆਇਆ ॥ ਤਿਸੁ ਜਨ ਕਹਾ ਬਿਆਪੈ ਮਾਇਆ ॥੨॥}

(ਅੰਗ - ੩੮੮)

{ਨਾਮੁ ਨਿਧਾਨੁ ਜਾ ਕੇ ਮਨ ਮਾਹਿ ॥ ਤਿਸ ਕਉ ਚਿੰਤਾ ਸੁਪਨੈ ਨਾਹਿ ॥੩॥}

(ਅੰਗ - ੩੮੮)

{ਕਹੁ ਨਾਨਕ ਗੁਰੁ ਪੂਰਾ ਪਾਇਆ ॥ ਭਰਮੁ ਮੋਹੁ ਸਗਲ ਬਿਨਸਾਇਆ ॥੪॥੨੦॥੭੧॥}

(ਅੰਗ - ੩੮੮)

{ਮਿਟਿ ਗਇਆ ਦੂਖੁ ਬਿਸਾਰੀ ਚਿੰਤਾ ॥ ਫਲੁ ਪਾਇਆ ਜਪਿ ਸਤਿਗੁਰ ਮੰਤਾ ॥੨॥}

(ਅੰਗ - ੩੮੮)

{ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥੧॥}

(ਅੰਗ - ੩੮੮)

{ਸੋਇ ਰਹੇ ਮਾਇਆ ਮਦ ਮਾਤੇ ॥ ਜਾਗਤ ਭਗਤ ਸਿਮਰਤ ਹਰਿ ਰਾਤੇ ॥੧॥ ਰਹਾਉ ॥}

(ਅੰਗ - ੩੮੮)

{ਮੋਹ ਭਰਮਿ ਬਹੁ ਜੋਨਿ ਭਵਾਇਆ ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥}

(ਅੰਗ - ੩੮੮)

{ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੂਝਹਿ ਹਰਿ ਨੇਰਾ ॥੩॥}

(ਅੰਗ - ੩੮੮)

{ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥ ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥੧॥ ਰਹਾਉ ॥

(ਅੰਗ - ੩੮੮)

ਤੂ ਮੇਰਾ ਜੀਵਨੁ ਤੂ ਆਧਾਰੁ ॥ ਤੁਝਹਿ ਪੇਖਿ ਬਿਗਸੈ ਕਉਲਾਰੁ ॥੨॥}

(ਅੰਗ - ੩੮੯)

{ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ ਤੂ ਸਮਰਥੁ ਮੈ ਤੇਰਾ ਤਾਣੁ ॥੩॥}

(ਅੰਗ - ੩੮੯)

{ਰੋਵਨਹਾਰੈ ਝੂਠੁ ਕਮਾਨਾ ॥ ਹਸਿ ਹਸਿ ਸੋਗੁ ਕਰਤ ਬੇਗਾਨਾ ॥੧॥}

(ਅੰਗ - ੩੮੯)

{ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥੩॥}

(ਅੰਗ - ੩੮੯)

{ਕਹੁ ਨਾਨਕ ਜੋ ਲਾਇਆ ਨਾਮ ॥ ਸਫਲ ਜਨਮੁ ਤਾ ਕਾ ਪਰਵਾਨ ॥੪॥੨੪॥੭੫॥}

(ਅੰਗ - ੩੮੯)

{ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ ਧਰਉ ਰੀ ॥
ਪ੍ਰਭ ਮਿਲਬੇ ਕੀ ਲਾਲਸਾ ਤਾ ਤੇ ਆਲਸੁ ਕਹਾ ਕਰਉ ਰੀ ॥੧॥ ਰਹਾਉ ॥}

(ਅੰਗ - ੩੮੯)

{ਸਾਦਿ ਮੋਹਿ ਲਾਦੀ ਅਹੰਕਾਰੇ ॥ ਦੋਸੁ ਨਾਹੀ ਪ੍ਰਭ ਕਰਣੈਹਾਰੇ ॥੩॥}

(ਅੰਗ - ੩੮੯)

{ਸਾਧਸੰਗਿ ਮਿਟੇ ਭਰਮ ਅੰਧਾਰੇ ॥ ਨਾਨਕ ਮੇਲੀ ਸਿਰਜਣਹਾਰੇ ॥੪॥੨੫॥੭੬॥}

(ਅੰਗ - ੩੮੯)

{ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥ ਸਹਜ ਅਨੰਦ ਬਸੈ ਬੈਰਾਗੀ ॥੩॥}

(ਅੰਗ - ੩੮੯)

{ਨਾਨਕ ਕੀ ਅਰਦਾਸਿ ਸੁਣੀਜੈ ॥ ਕੇਵਲ ਨਾਮੁ ਰਿਦੇ ਮਹਿ ਦੀਜੈ ॥੪॥੨੬॥੭੭॥}

(ਅੰਗ - ੩੮੯)

{ਮਨੁ ਤ੍ਰਿਪਤਾਨੋ ਮਿਟੇ ਜੰਜਾਲ ॥ ਪ੍ਰਭੁ ਅਪੁਨਾ ਹੋਇਆ ਕਿਰਪਾਲ ॥੧॥}

(ਅੰਗ - ੩੮੯)

{ਸੰਤ ਪ੍ਰਸਾਦਿ ਭਲੀ ਬਨੀ ॥
ਜਾ ਕੈ ਗ੍ਰਿਹਿ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ ਧਨੀ ॥੧॥ ਰਹਾਉ ॥}

(ਅੰਗ - ੩੮੯)

{ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ ॥ ਮਿਟਿ ਗਈ ਭੂਖ ਮਹਾ ਬਿਕਰਾਲ ॥੨॥}

(ਅੰਗ - ੩੮੯)

{ਠਾਕੁਰਿ ਅਪੁਨੈ ਕੀਨੀ ਦਾਤਿ ॥ ਜਲਨਿ ਬੁਝੀ ਮਨਿ ਹੋਈ ਸਾਂਤਿ ॥੩॥}

(ਅੰਗ - ੩੮੯)

{ਮਿਟਿ ਗਈ ਭਾਲ ਮਨੁ ਸਹਜਿ ਸਮਾਨਾ ॥ ਨਾਨਕ ਪਾਇਆ ਨਾਮ ਖਜਾਨਾ ॥੪॥੨੭॥੭੮॥}

(ਅੰਗ - ੩੮੯)

{ਠਾਕੁਰ ਸਿਉ ਜਾ ਕੀ ਬਨਿ ਆਈ ॥ ਭੋਜਨ ਪੂਰਨ ਰਹੇ ਅਘਾਈ ॥੧॥}

(ਅੰਗ - ੩੯੦)

{ਜਉ ਮੈ ਅਪੁਨਾ ਸਤਿਗੁਰੁ ਧਿਆਇਆ ॥ ਤਬ ਮੇਰੈ ਮਨਿ ਮਹਾ ਸੁਖੁ ਪਾਇਆ ॥੧॥}

(ਅੰਗ - ੩੯੦)

{ਮਿਟਿ ਗਈ ਗਣਤ ਬਿਨਾਸਿਉ ਸੰਸਾ ॥ ਨਾਮਿ ਰਤੇ ਜਨ ਭਏ ਭਗਵੰਤਾ ॥੧॥ ਰਹਾਉ ॥}

(ਅੰਗ - ੩੯੦)

{ਜਉ ਮੈ ਓਟ ਗਹੀ ਪ੍ਰਭ ਤੇਰੀ ॥ ਤਾਂ ਪੂਰਨ ਹੋਈ ਮਨਸਾ ਮੇਰੀ ॥੩॥}

(ਅੰਗ - ੩੯੦)

{ਅਨਦਿਨੁ ਮੂਸਾ ਲਾਜੁ ਟੁਕਾਈ ॥ ਗਿਰਤ ਕੂਪ ਮਹਿ ਖਾਹਿ ਮਿਠਾਈ ॥੧॥}

(ਅੰਗ - ੩੯੦)

{ਸੋਚਤ ਸਾਚਤ ਰੈਨਿ ਬਿਹਾਨੀ ॥
ਅਨਿਕ ਰੰਗ ਮਾਇਆ ਕੇ ਚਿਤਵਤ ਕਬਹੂ ਨ ਸਿਮਰੈ ਸਾਰਿੰਗਪਾਨੀ ॥੧॥ ਰਹਾਉ ॥}

(ਅੰਗ - ੩੯੦)

{ਦ੍ਰੁਮ ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ ॥ ਕਾਲ ਕੈ ਫਾਂਸਿ ਸਕਤ ਸਰੁ ਸਾਂਧਿਆ ॥੨॥}

(ਅੰਗ - ੩੯੦)

{ਸਾਧਸੰਗਿ ਜਪਿਓ ਹਰਿ ਰਾਇ ॥ ਨਾਨਕ ਜੀਵੈ ਹਰਿ ਗੁਣ ਗਾਇ ॥੪॥੩੦॥੮੧॥}

(ਅੰਗ - ੩੯੦)

{ਉਨ੍ ਕੈ ਸੰਗਿ ਤੇਰੀ ਸਭ ਬਿਧਿ ਥਾਟੀ ॥ ਓਸੁ ਬਿਨਾ ਤੂੰ ਹੋਈ ਹੈ ਮਾਟੀ ॥੩॥}

(ਅੰਗ - ੩੯੦)

{ਓਹੁ ਬੈਰਾਗੀ ਮਰੈ ਨ ਜਾਇ ॥ ਹੁਕਮੇ ਬਾਧਾ ਕਾਰ ਕਮਾਇ ॥}

(ਅੰਗ - ੩੯੦)

{ਜੋੜਿ ਵਿਛੋੜੇ ਨਾਨਕ ਥਾਪਿ ॥ ਅਪਨੀ ਕੁਦਰਤਿ ਜਾਣੈ ਆਪਿ ॥੪॥੩੧॥੮੨॥}

(ਅੰਗ - ੩੯੦)

{ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥}

(ਅੰਗ - ੩੯੧)

{ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ ਇਕ ਰੰਗਾ ॥੪॥੩੨॥੮੩॥}

(ਅੰਗ - ੩੯੧)

{ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥੧॥}

(ਅੰਗ - ੩੯੧)

{ਦਾਸਨਿ ਦਾਸੀ ਕੀ ਪਨਿਹਾਰਿ ॥ ਉਨ੍ ਕੀ ਰੇਨੁ ਬਸੈ ਜੀਅ ਨਾਲਿ ॥}

(ਅੰਗ - ੩੯੧)

{ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰਪਉ ਸਭ ਹੋਮਾ ॥}

(ਅੰਗ - ੩੯੧)

{ਗਰਬੁ ਮੋਹੁ ਤਜਿ ਹੋਵਉ ਰੇਨ ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ ॥੩॥}

(ਅੰਗ - ੩੯੧)

{ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥ ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥੧॥}

(ਅੰਗ - ੩੯੧)

{ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥ ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥

(ਅੰਗ - ੩੯੧)

{ਪ੍ਰਭ ਕੀ ਪ੍ਰੀਤਿ ਸਗਲ ਉਧਾਰੈ ॥ ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ॥੩॥}

(ਅੰਗ - ੩੯੧)

{ਆਪਹੁ ਕੋਈ ਮਿਲੈ ਨ ਭੂਲੈ ॥ ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੂਲੈ ॥}

(ਅੰਗ - ੩੯੧)

{ਊਚੇ ਮੰਦਰ ਮਹਲ ਅਰੁ ਰਾਨੀ ॥ ਹਸਤਿ ਘੋੜੇ ਜੋੜੇ ਮਨਿ ਭਾਨੀ ॥}

(ਅੰਗ - ੩੯੧)

{ਵਡ ਪਰਵਾਰੁ ਪੂਤ ਅਰੁ ਧੀਆ ॥ ਮੋਹਿ ਪਚੇ ਪਚਿ ਅੰਧਾ ਮੂਆ ॥੩॥}

(ਅੰਗ - ੩੯੨)

{ਸੋਈ ਮੁਕਤਾ ਤਿਸੁ ਰਾਜੁ ਮਾਲੁ ॥ ਨਾਨਕ ਦਾਸ ਜਿਸੁ ਖਸਮੁ ਦਇਆਲੁ ॥੪॥੩੫॥੮੬॥}

(ਅੰਗ - ੩੯੨)

{ਗਲਿ ਚਮੜੀ ਜਉ ਛੋਡੈ ਨਾਹੀ ॥ ਲਾਗਿ ਛੁਟੋ ਸਤਿਗੁਰ ਕੀ ਪਾਈ ॥੧॥}

(ਅੰਗ - ੩੯੨)

{ਜਗ ਮੋਹਨੀ ਹਮ ਤਿਆਗਿ ਗਵਾਈ ॥ ਨਿਰਗੁਨੁ ਮਿਲਿਓ ਵਜੀ ਵਧਾਈ ॥੧॥ ਰਹਾਉ ॥}

(ਅੰਗ - ੩੯੨)

{ਮਨਿ ਤਨਿ ਲਾਗੈ ਹੋਇ ਕੈ ਮੀਠੀ ॥ ਗੁਰ ਪ੍ਰਸਾਦਿ ਮੈ ਖੋਟੀ ਡੀਠੀ ॥੨॥}

(ਅੰਗ - ੩੯੨)

{ਅਬ ਮੋਰੈ ਮਨਿ ਭਇਆ ਅਨੰਦ ॥ ਭਉ ਚੂਕਾ ਟੂਟੇ ਸਭਿ ਫੰਦ ॥}

(ਅੰਗ - ੩੯੨)

{ਕਹੁ ਨਾਨਕ ਜਾ ਸਤਿਗੁਰੁ ਪਾਇਆ ॥ ਘਰੁ ਸਗਲਾ ਮੈ ਸੁਖੀ ਬਸਾਇਆ ॥੪॥੩੬॥੮੭॥}

(ਅੰਗ - ੩੯੨)

{ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥}

(ਅੰਗ - ੩੯੨)

{ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥੧॥}

(ਅੰਗ - ੩੯੨)

{ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥੧॥ ਰਹਾਉ ॥}

(ਅੰਗ - ੩੯੨)

{ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥}

(ਅੰਗ - ੩੯੨)

{ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥}

(ਅੰਗ - ੩੯੨)

{ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥}

(ਅੰਗ - ੩੯੨)

{ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥}

(ਅੰਗ - ੩੯੨)

{ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥}

(ਅੰਗ - ੩੯੨)

{ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥੩੭॥੮੮॥}

(ਅੰਗ - ੩੯੨)

{ਸਗਲ ਸੂਖ ਜਪਿ ਏਕੈ ਨਾਮ ॥ ਸਗਲ ਧਰਮ ਹਰਿ ਕੇ ਗੁਣ ਗਾਮ ॥}

(ਅੰਗ - ੩੯੨)

{ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥੧॥}

(ਅੰਗ - ੩੯੩)

{ਗੁਰ ਪ੍ਰਸਾਦਿ ਓਇ ਆਨੰਦ ਪਾਵੈ ॥
ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾ ਕੀ ਗਤਿ ਮਿਤਿ ਕਹਨੁ ਨ ਜਾਵੈ ॥੧॥ ਰਹਾਉ ॥}

(ਅੰਗ - ੩੯੩)

{ਮਹਾ ਪੁਨੀਤ ਜਾ ਕਾ ਨਿਰਮਲ ਥਾਨੁ ॥ ਸਾਧਸੰਗਤਿ ਜਾ ਕੈ ਹਰਿ ਹਰਿ ਨਾਮੁ ॥੨॥}

(ਅੰਗ - ੩੯੩)

{ਪ੍ਰਗਟਿਓ ਸੋ ਜਨੁ ਸਗਲੇ ਭਵਨ ॥ ਪਤਿਤ ਪੁਨੀਤ ਤਾ ਕੀ ਪਗ ਰੇਨ ॥}

(ਅੰਗ - ੩੯੩)

{ਜਾ ਕਉ ਭੇਟਿਓ ਹਰਿ ਹਰਿ ਰਾਇ ॥ ਤਾ ਕੀ ਗਤਿ ਮਿਤਿ ਕਥਨੁ ਨ ਜਾਇ ॥੩॥}

(ਅੰਗ - ੩੯੩)

{ਆਠ ਪਹਰ ਕਰ ਜੋੜਿ ਧਿਆਵਉ ॥ ਉਨ ਸਾਧਾ ਕਾ ਦਰਸਨੁ ਪਾਵਉ ॥}

(ਅੰਗ - ੩੯੩)

{ਮੋਹਿ ਗਰੀਬ ਕਉ ਲੇਹੁ ਰਲਾਇ ॥ ਨਾਨਕ ਆਇ ਪਏ ਸਰਣਾਇ ॥੪॥੩੮॥੯੯॥}

(ਅੰਗ - ੩੯੩)

{ਆਠ ਪਹਰ ਉਦਕ ਇਸਨਾਨੀ ॥ ਸਦ ਹੀ ਭੋਗੁ ਲਗਾਇ ਸੁਗਿਆਨੀ ॥}

(ਅੰਗ - ੩੯੩)

{ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥ ਅਭਗ ਸਭਾ ਸੰਗਿ ਹੈ ਸਾਧਾ ॥}

(ਅੰਗ - ੩੯੩)

{ਆਰਤੀ ਕੀਰਤਨੁ ਸਦਾ ਅਨੰਦ ॥ ਮਹਿਮਾ ਸੁੰਦਰ ਸਦਾ ਬੇਅੰਤ ॥੩॥}

(ਅੰਗ - ੩੯੩)

{ਜਿਸਹਿ ਪਰਾਪਤਿ ਤਿਸ ਹੀ ਲਹਨਾ ॥ ਸੰਤ ਚਰਨ ਓਹੁ ਆਇਓ ਸਰਨਾ ॥}

(ਅੰਗ - ੩੯੩)

{ਹਾਥਿ ਚੜਿਓ ਹਰਿ ਸਾਲਗਿਰਾਮੁ ॥ ਕਹੁ ਨਾਨਕ ਗੁਰਿ ਕੀਨੋ ਦਾਨੁ ॥੪॥੩੯॥੯੦॥}

(ਅੰਗ - ੩੯੩)

{ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ ॥੨॥}

(ਅੰਗ - ੩੯੩)

{ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥}

(ਅੰਗ - ੩੯੩)

{ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥}

(ਅੰਗ - ੩੯੩)

{ਸਾਧੂ ਸੰਗਿ ਸਿਖਾਇਓ ਨਾਮੁ ॥ ਸਰਬ ਮਨੋਰਥ ਪੂਰਨ ਕਾਮ ॥}

(ਅੰਗ - ੩੯੩)

{ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ ॥ ਜਪਿ ਜਪਿ ਜੀਵਾ ਸਾਰਿਗਪਾਨੇ ॥੧॥}

(ਅੰਗ - ੩੯੩)

{ਕਰਨ ਕਰਾਵਨ ਸਰਨਿ ਪਰਿਆ ॥
ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥}

(ਅੰਗ - ੩੯੩)

{ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥ ਸੰਗੀ ਸਾਥੀ ਸਗਲ ਤਰਾਂਈ ॥੧॥}

(ਅੰਗ - ੩੯੪)

{ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥}

(ਅੰਗ - ੩੯੪)

{ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥}
(ਅੰਗ - ੩੯੪)

{ਲਾਲ ਜਵੇਹਰ ਭਰੇ ਭੰਡਾਰ ॥ ਤੋਟਿ ਨ ਆਵੈ ਜਪਿ ਨਿਰੰਕਾਰ ॥}
(ਅੰਗ - ੩੯੪)

{ਅੰਮ੍ਰਿਤ ਸਬਦੁ ਪੀਵੈ ਜਨੁ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥੨॥੪੧॥੯੨॥}
(ਅੰਗ - ੩੯੪)

{ਸਾਧੂ ਸੰਗਤਿ ਤਰਿਆ ਸੰਸਾਰੁ ॥ ਹਰਿ ਕਾ ਨਾਮੁ ਮਨਹਿ ਆਧਾਰੁ ॥੧॥}
(ਅੰਗ - ੩੯੪)

{ਚਰਨ ਕਮਲ ਗੁਰਦੇਵ ਪਿਆਰੇ ॥ ਪੂਜਹਿ ਸੰਤ ਹਰਿ ਪ੍ਰੀਤਿ ਪਿਆਰੇ ॥੧॥ ਰਹਾਉ ॥}
(ਅੰਗ - ੩੯੪)

{ਜਾ ਕੈ ਮਸਤਕਿ ਲਿਖਿਆ ਭਾਗੁ ॥ ਕਹੁ ਨਾਨਕ ਤਾ ਕਾ ਥਿਰੁ ਸੋਹਾਗੁ ॥੨॥੪੩॥੯੪॥}
(ਅੰਗ - ੩੯੪)

{ਮੀਠੀ ਆਗਿਆ ਪਿਰ ਕੀ ਲਾਗੀ ॥ ਸਉਕਨਿ ਘਰ ਕੀ ਕੰਤਿ ਤਿਆਗੀ ॥}
(ਅੰਗ - ੩੯੪)

{ਪ੍ਰਿਅ ਸੋਹਾਗਨਿ ਸੀਗਾਰਿ ਕਰੀ ॥ ਮਨ ਮੇਰੇ ਕੀ ਤਪਤਿ ਹਰੀ ॥੧॥}
(ਅੰਗ - ੩੯੪)

{ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥ ਸੂਖੁ ਸਹਜੁ ਇਸੁ ਘਰ ਕਾ ਜਾਨਿਆ ॥ ਰਹਾਉ ॥}
(ਅੰਗ - ੩੯੪)

{ਲੇ ਪਖਾ ਪ੍ਰਿਅ ਝਲਉ ਪਾਏ ॥ ਭਾਗਿ ਗਏ ਪੰਚ ਦੂਤ ਲਾਵੇ ॥੨॥}
(ਅੰਗ - ੩੯੪)

{ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥੩॥}
(ਅੰਗ - ੩੯੪)

{ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥}
(ਅੰਗ - ੩੯੪)

{ਕਹੁ ਨਾਨਕ ਮੋਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥੪॥੧॥੯੫॥}
(ਅੰਗ - ੩੯੪)

{ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥ ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥}
(ਅੰਗ - ੩੯੪)

{ਐਸੀ ਇਸਤ੍ਰੀ ਇਕ ਰਾਮਿ ਉਪਾਈ ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥}
(ਅੰਗ - ੩੯੪)

{ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥}
(ਅੰਗ - ੩੯੪)

{ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥}
(ਅੰਗ - ੩੯੪)

{ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥}
(ਅੰਗ - ੩੯੪)

{ਸੰਤ ਤ੍ਰਿਪਤਾਸੇ ਹਰਿ ਹਰਿ ਧ੍ਯਾਇ ॥
ਕਰਿ ਕਿਰਪਾ ਅਪੁਨੈ ਨਾਇ ਲਾਏ ਸਰਬ ਸੂਖ ਪ੍ਰਭ ਤੁਮਰੀ ਰਜਾਇ ॥ ਰਹਾਉ ॥}

(ਅੰਗ - ੩੯੫)

{ਸੰਗਿ ਹੋਵਤ ਕਉ ਜਾਨਤ ਦੂਰਿ ॥ ਸੋ ਜਨੁ ਮਰਤਾ ਨਿਤ ਨਿਤ ਝੂਰਿ ॥੨॥}

(ਅੰਗ - ੩੯੫)

{ਜਿਨਿ ਸਭੁ ਕਿਛੁ ਦੀਆ ਤਿਸੁ ਚਿਤਵਤ ਨਾਹਿ ॥ ਮਹਾ ਬਿਖਿਆ ਮਹਿ ਦਿਨੁ ਰੈਨਿ ਜਾਹਿ ॥੩॥}

(ਅੰਗ - ੩੯੫)

{ਕਹੁ ਨਾਨਕ ਪ੍ਰਭੁ ਸਿਮਰਹੁ ਏਕ ॥ ਗਤਿ ਪਾਈਐ ਗੁਰ ਪੂਰੇ ਟੇਕ ॥੪॥੩॥੯੭॥}

(ਅੰਗ - ੩੯੫)

{ਨਾਮੁ ਜਪਤ ਮਨੁ ਤਨੁ ਸਭੁ ਹਰਿਆ ॥ ਕਲਮਲ ਦੋਖ ਸਗਲ ਪਰਹਰਿਆ ॥੧॥}

(ਅੰਗ - ੩੯੫)

{ਸੋਈ ਦਿਵਸੁ ਭਲਾ ਮੇਰੇ ਭਾਈ ॥ ਹਰਿ ਗੁਨ ਗਾਇ ਪਰਮ ਗਤਿ ਪਾਈ ॥ ਰਹਾਉ ॥}

(ਅੰਗ - ੩੯੫)

{ਸਾਧ ਜਨਾ ਕੇ ਪੂਜੇ ਪੈਰ ॥ ਮਿਟੇ ਉਪਦ੍ਰਹ ਮਨ ਤੇ ਬੈਰ ॥੨॥}

(ਅੰਗ - ੩੯੫)

{ਗੁਰ ਪੂਰੇ ਮਿਲਿ ਝਗਰੁ ਚੁਕਾਇਆ ॥ ਪੰਚ ਦੂਤ ਸਭਿ ਵਸਗਤਿ ਆਇਆ ॥੩॥}

(ਅੰਗ - ੩੯੫)

{ਜਿਸੁ ਮਨਿ ਵਸਿਆ ਹਰਿ ਕਾ ਨਾਮੁ ॥ ਨਾਨਕ ਤਿਸੁ ਊਪਰਿ ਕੁਰਬਾਨ ॥੪॥੪॥੯੮॥}

(ਅੰਗ - ੩੯੫)

{ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ ਨਿਤ ਨਿਤ ਜਾਪੀਐ ॥
ਬਲਿਹਾਰੀ ਤਿਸੁ ਸੰਤ ਪਿਆਰੇ ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ ॥ ਰਹਾਉ ॥}

(ਅੰਗ - ੩੯੫)

{ਜਾ ਕਾ ਦਾਨੁ ਨਿਖੂਟੈ ਨਾਹੀ ॥ ਭਲੀ ਭਾਤਿ ਸਭ ਸਹਜਿ ਸਮਾਹੀ ॥}

(ਅੰਗ - ੩੯੫)

{ਜਾ ਕੀ ਬਖਸ ਨ ਮੇਟੈ ਕੋਈ ॥ ਮਨਿ ਵਾਸਾਈਐ ਸਾਚਾ ਸੋਈ ॥੨॥}

(ਅੰਗ - ੩੯੫)

{ਦੂਰਿ ਨ ਹੋਈ ਕਤਹੂ ਜਾਈਐ ॥ ਨਦਰਿ ਕਰੇ ਤਾ ਹਰਿ ਹਰਿ ਪਾਈਐ ॥}

(ਅੰਗ - ੩੯੫)

{ਅਰਦਾਸਿ ਕਰੀ ਪੂਰੇ ਗੁਰ ਪਾਸਿ ॥ ਨਾਨਕੁ ਮੰਗੈ ਹਰਿ ਧਨੁ ਰਾਸਿ ॥੪॥੫॥੯੯॥}

(ਅੰਗ - ੩੯੫)

{ਕਰਿ ਕਿਰਪਾ ਗੁਰ ਦੀਨੋ ਨਾਉ ॥ ਬਲਿ ਬਲਿ ਤਿਸੁ ਸਤਿਗੁਰ ਕਉ ਜਾਉ ॥੧॥}

(ਅੰਗ - ੩੯੫)

{ਗੁਰੁ ਪੂਰਾ ਪਾਇਓ ਮੇਰੇ ਭਾਈ ॥ ਰੋਗ ਸੋਗ ਸਭ ਦੂਖ ਬਿਨਾਸੇ ਸਤਿਗੁਰ ਕੀ ਸਰਣਾਈ ॥ ਰਹਾਉ ॥}

(ਅੰਗ - ੩੯੫)

{ਗੁਰ ਕੇ ਚਰਨ ਹਿਰਦੈ ਵਸਾਏ ॥ ਮਨ ਚਿੰਤਤ ਸਗਲੇ ਫਲ ਪਾਏ ॥}

(ਅੰਗ - ੩੯੫)

{ਅਗਨਿ ਬੁਝੀ ਸਭ ਹੋਈ ਸਾਂਤਿ ॥ ਕਰਿ ਕਿਰਪਾ ਗੁਰਿ ਕੀਨੀ ਦਾਤਿ ॥੨॥}

(ਅੰਗ - ੩੯੫)

{ਨਿਥਾਵੇ ਕਉ ਗੁਰਿ ਦੀਨੋ ਥਾਨੁ ॥ ਨਿਮਾਨੇ ਕਉ ਗੁਰਿ ਕੀਨੋ ਮਾਨੁ ॥}

(ਅੰਗ - ੩੯੫)

{ਬੰਧਨ ਕਾਟਿ ਸੇਵਕ ਕਰਿ ਰਾਖੇ ॥ ਅੰਮ੍ਰਿਤ ਬਾਨੀ ਰਸਨਾ ਚਾਖੇ ॥੩॥}

(ਅੰਗ - ੩੯੫)

{ਵਡੈ ਭਾਗਿ ਪੂਜ ਗੁਰ ਚਰਨਾ ॥ ਸਗਲ ਤਿਆਗਿ ਪਾਈ ਪ੍ਰਭ ਸਰਨਾ ॥}

(ਅੰਗ - ੩੯੫)

{ਗੁਰੁ ਨਾਨਕ ਜਾ ਕਉ ਭਇਆ ਦਇਆਲਾ ॥ ਸੋ ਜਨੁ ਹੋਆ ਸਦਾ ਨਿਹਾਲਾ ॥੪॥੬॥੧੦੦॥}

(ਅੰਗ - ੩੯੫)

{ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥}

(ਅੰਗ - ੩੯੬)

{ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥}

(ਅੰਗ - ੩੯੬)

{ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥}

(ਅੰਗ - ੩੯੬)

{ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥}

(ਅੰਗ - ੩੯੬)

{ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥}

(ਅੰਗ - ੩੯੬)

{ਸਰਨਿ ਪਰੇ ਸਾਚੇ ਗੁਰਦੇਵ ॥ ਪੂਰਨ ਹੋਈ ਸੇਵਕ ਸੇਵ ॥੨॥}

(ਅੰਗ - ੩੯੬)

{ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ ॥ ਕਹੁ ਨਾਨਕ ਗੁਰ ਕਉ ਕੁਰਬਾਨ ॥੩॥੮॥੧੦੨॥}

(ਅੰਗ - ੩੯੬)

{ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥ ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ॥੧॥ ਰਹਾਉ ॥}

(ਅੰਗ - ੩੯੬)

{ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ ॥੨॥}

(ਅੰਗ - ੩੯੬)

{ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥੩॥}

(ਅੰਗ - ੩੯੬)

{ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ ॥
ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ ॥੪॥੧॥੧੦੩॥}

(ਅੰਗ - ੩੯੬)

{ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥ ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ ॥੨॥}

(ਅੰਗ - ੩੯੬)

{ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥ ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥}

(ਅੰਗ - ੩੯੬)

{ਨਾਮੁ ਧਿਆਵਹੁ ਸਦ ਸਦਾ ਹਰਿ ਹਰਿ ਮਨੁ ਰੰਗੇ ॥ ਜੀਉ ਪ੍ਰਾਣ ਧਨੁ ਗੁਰੂ ਹੈ ਨਾਨਕ ਕੈ ਸੰਗੇ ॥੪॥੨॥੧੦੪॥}

(ਅੰਗ - ੩੯੬)

{ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ ॥ ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ ॥੧॥}

(ਅੰਗ - ੩੯੭)

{ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥}

(ਅੰਗ - ੩੯੭)
{ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ ॥ ਵਿਸਰਿਆ ਜਿਨ੍ਹਾ ਨਾਮੁ ਤਿਨਾੜਾ ਹਾਲੁ ਕਉਣੁ ॥੩॥}
(ਅੰਗ - ੩੯੭)
{ਜੈਸੇ ਪਸੁ ਹਰਿਆਉ ਤੈਸਾ ਸੰਸਾਰੁ ਸਭ ॥ ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ ॥੪॥੪॥੧੦੬॥}
(ਅੰਗ - ੩੯੭)
{ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ ॥ ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ ॥੧॥}
(ਅੰਗ - ੩੯੭)
{ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥ ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ ॥੨॥}
(ਅੰਗ - ੩੯੭)
{ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥ ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥੩॥}
(ਅੰਗ - ੩੯੭)
{ਤਿਨ੍ਹਾ ਪਿਆਰਾ ਰਾਮੁ ਜੋ ਪ੍ਰਭ ਭਾਣਿਆ ॥ ਗੁਰ ਪਰਸਾਦਿ ਅਕਥੁ ਨਾਨਕਿ ਵਖਾਣਿਆ ॥੪॥੫॥੧੦੭॥}
(ਅੰਗ - ੩੯੭)
{ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥}
(ਅੰਗ - ੩੯੭)
{ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ ॥ ਸੁਖੁ ਪਾਇਆ ਜਨ ਪਰਸਾਦਿ ਦੁਖੁ ਸਭੁ ਮੇਟਿਆ ॥੧॥ਰਹਾਉ॥}
(ਅੰਗ - ੩੯੭)
{ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥ ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ ॥੧॥}
(ਅੰਗ - ੩੯੭)
ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ ॥ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ ॥੧॥ ਰਹਾਉ ॥}
(ਅੰਗ - ੩੯੮)
{ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥ ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥੧॥ ਰਹਾਉ ॥}
(ਅੰਗ - ੩੯੭)
{ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਵਿਆ ॥ ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥੨॥}
(ਅੰਗ - ੩੯੮)
{ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ ॥ ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ ॥੪॥੮॥੧੧੦॥}
(ਅੰਗ - ੩੯੮)
{ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ ॥ ਦੇਖਿ ਤੁਮ੍ਹਾਰਾ ਦਰਸਨੋ ਮੇਰਾ ਮਨੁ ਧੀਰੇ ॥੧॥ ਰਹਾਉ ॥}
(ਅੰਗ - ੩੯੮)
{ਜੇਤੇ ਮਾਇਆ ਰੰਗ ਤੇਤ ਪਛਾਵਿਆ ॥ ਸੁਖ ਕਾ ਨਾਮੁ ਨਿਧਾਨੁ ਗੁਰਮੁਖਿ ਗਾਵਿਆ ॥੩॥}
(ਅੰਗ - ੩੯੮)
{ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ ॥ ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ॥੪॥੯॥੧੧੧॥}
(ਅੰਗ - ੩੯੮)
{ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ ॥ ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ ॥੧॥ ਰਹਾਉ ॥}
(ਅੰਗ - ੩੯੮)
{ਅੰਤਰਿ ਬਾਹਰਿ ਸੰਗਿ ਸਹਾਈ ਗਿਆਨ ਜੋਗੁ ॥ ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ ॥੨॥}
(ਅੰਗ - ੩੯੮)

{ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥ ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥੩॥}
(ਅੰਗ - ੩੯੮)

{ਸੂਖ ਸਹਜ ਆਨੰਦ ਘਣਾ ਨਾਨਕ ਜਨ ਧੂਰਾ ॥ ਕਾਰਜ ਸਗਲੇ ਸਿਧਿ ਭਏ ਭੇਟਿਆ ਗੁਰੁ ਪੂਰਾ ॥੪॥੧੦॥੧੧੨॥}
(ਅੰਗ - ੩੯੮)

{ਜਨਮ ਮਰਣ ਦੁਖ ਕਾਲ ਸਿਮਰਤ ਮਿਟਿ ਜਾਵਈ ॥ ਨਾਨਕ ਕੈ ਸੁਖੁ ਸੋਇ ਜੋ ਪ੍ਰਭ ਭਾਵਈ ॥੪॥੧੧॥੧੧੩॥}
(ਅੰਗ - ੩੯੯)

{ਗੋਬਿੰਦੁ ਗੁਣੀ ਨਿਧਾਨੁ ਗੁਰਮੁਖਿ ਜਾਣੀਐ ॥ ਹੋਇ ਕ੍ਰਿਪਾਲੁ ਦਇਆਲੁ ਹਰਿ ਰੰਗੁ ਮਾਣੀਐ ॥੧॥}
(ਅੰਗ - ੩੯੯)

{ਆਵਹੁ ਸੰਤ ਮਿਲਾਹ ਹਰਿ ਕਥਾ ਕਹਾਣੀਆ ॥ ਅਨਦਿਨੁ ਸਿਮਰਹ ਨਾਮੁ ਤਜਿ ਲਾਜ ਲੋਕਾਣੀਆ ॥੧॥ਰਹਾਉ॥}
(ਅੰਗ - ੩੯੯)

{ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ॥ ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ ॥੩॥}
(ਅੰਗ - ੩੯੯)

{ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ ॥ ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥੧॥}
(ਅੰਗ - ੩੯੯)

{ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥
ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥}
(ਅੰਗ - ੩੯੯)

{ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥}
(ਅੰਗ - ੩੯੯)

{ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥ ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥੩॥}
(ਅੰਗ - ੩੯੯)

{ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥੪॥੧੨॥੧੧੪॥}
(ਅੰਗ - ੩੯੯)

{ਉਦਮੁ ਕੀਆ ਕਰਾਇਆ ਆਰੰਭੁ ਰਚਾਇਆ ॥ ਨਾਮੁ ਜਪੇ ਜਪਿ ਜੀਵਣਾ ਗੁਰਿ ਮੰਤ੍ਰੁ ਦ੍ਰਿੜਾਇਆ ॥੧॥}
(ਅੰਗ - ੩੯੯)

{ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ ॥
ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥੧॥ ਰਹਾਉ ॥}
(ਅੰਗ - ੩੯੯)

{ਕਰੁ ਗਹਿ ਲੀਨੇ ਆਪਣੇ ਸਚੁ ਹੁਕਮਿ ਰਜਾਈ ॥ ਜੋ ਪ੍ਰਭਿ ਦਿਤੀ ਦਾਤਿ ਸਾ ਪੂਰਨ ਵਡਿਆਈ ॥੨॥}
(ਅੰਗ - ੩੯੯)

{ਨਾਮੁ ਧਨੁ ਗੁਣ ਗਾਉ ਲਾਭੁ ਪੂਰੈ ਗੁਰਿ ਦਿਤਾ ॥ ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ ॥੪॥੧੩॥੧੧੫॥}
(ਅੰਗ - ੩੯੯)

{ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ ॥ ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ ॥੧॥ਰਹਾਉ॥}
(ਅੰਗ - ੩੯੯)

{ਦ੍ਰਿਸਟਿ ਤੇਰੀ ਸੁਖੁ ਪਾਈਐ ਮਨ ਮਾਹਿ ਨਿਧਾਨਾ ॥ ਜਾ ਕਉ ਤੁਮ ਕਿਰਪਾਲ ਭਏ ਸੇਵਕ ਸੇ ਪਰਵਾਨਾ ॥੩॥}
(ਅੰਗ - ੩੯੯)

{ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ ॥

ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ ॥੪॥੧੪॥੧੧੬॥}

(ਅੰਗ - ੩੯੯)

{ਜਾ ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ ॥ ਸਭੁ ਕਿਛੁ ਤਾ ਕਾ ਕਾਂਢੀਐ ਥੋਰਾ ਅਰੁ ਮੂਚਾ ॥੧॥}

(ਅੰਗ - ੩੯੯)

{ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ ॥ ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ ॥੧॥ ਰਹਾਉ॥}

(ਅੰਗ - ੪੦੦)

{ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ ॥ ਰਜੀ ਧਾਈ ਸਦਾ ਸੁਖੁ ਜਾ ਕਾ ਤੂੰ ਮੀਰਾ ॥੨॥}

(ਅੰਗ - ੪੦੦)

{ਸਖੀ ਸਹੇਰੀ ਸੰਗ ਕੀ ਸੁਮਤਿ ਦ੍ਰਿੜਾਵਉ ॥ ਸੇਵਹੁ ਸਾਧੂ ਭਾਉ ਕਰਿ ਤਉ ਨਿਧਿ ਹਰਿ ਪਾਵਉ ॥੩॥}

(ਅੰਗ - ੪੦੦)

{ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥ ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ॥੧॥}

(ਅੰਗ - ੪੦੦)

{ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ ॥
ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ ॥੧॥ ਰਹਾਉ ॥}

(ਅੰਗ - ੪੦੦)

{ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ॥ ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ ॥੨॥}

(ਅੰਗ - ੪੦੦)

{ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ ॥
ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ ॥੩॥}

(ਅੰਗ - ੪੦੦)

{ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥}

(ਅੰਗ - ੪੦੦)

{ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥}

(ਅੰਗ - ੪੦੦)

{ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥}

(ਅੰਗ - ੪੦੦)

{ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥}

(ਅੰਗ - ੪੦੦)

{ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥}

(ਅੰਗ - ੪੦੦)

{ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥ ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥੧॥}

(ਅੰਗ - ੪੦੧)

{ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥ ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥੧੮॥੧੨੦॥}

(ਅੰਗ - ੪੦੧)

{ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ ॥
ਕਹੁ ਨਾਨਕ ਜਉ ਸਾਧਸੰਗੁ ਪਾਇਓ ਤਉ ਫਿਰਿ ਜਨਮਿ ਨ ਆਵਉ ॥੪॥੧॥੧੨੧॥}

(ਅੰਗ - ੪੦੧)

{ਅਵਰ ਬਿਸਾਰੀ ਬਿਸਾਰੀ ॥ ਨਾਮ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ ॥੧॥ ਰਹਾਉ ॥}

(ਅੰਗ - ੪੦੧)

{ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਹਾਰੀ ॥
ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ ॥੨॥}

(ਅੰਗ - ੪੦੧)

{ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ ॥
ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ ॥੩॥}

(ਅੰਗ - ੪੦੧)

{ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ ॥
ਸਦਾ ਕੀਰਤਿ ਕਰਿ ਨਾਨਕ ਹਰਿ ਕੀ ਉਬਰੇ ਸਤਿਗੁਰ ਚਰਣ ਓਟਾਹਾ ॥੪॥੧॥੧੨੩॥}

(ਅੰਗ - ੪੦੧)

{ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥}

(ਅੰਗ - ੪੦੨)

{ਜਉ ਕਿਰਪਾ ਗੋਬਿੰਦ ਭਈ ॥ ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ ਰਹਾਉ ॥}

(ਅੰਗ - ੪੦੨)

{ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ ॥
ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ ॥੩॥}

(ਅੰਗ - ੪੦੨)

{ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ ॥
ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ ॥੧॥}

(ਅੰਗ - ੪੦੨)

{ਸਤਿਗੁਰ ਤੇਰੀ ਆਸਾਇਆ ॥ ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ ॥੧॥ ਰਹਾਉ ॥}

(ਅੰਗ - ੪੦੨)

{ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥
ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥੨॥}

(ਅੰਗ - ੪੦੨)

{ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ ॥
ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ ॥੧॥}

(ਅੰਗ - ੪੦੨)

{ਮਨ ਬੈਰਾਗੀ ਕਿਉ ਨ ਅਰਾਧੇ ॥
ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ ॥੧॥ ਰਹਾਉ ॥}

(ਅੰਗ - ੪੦੨)

{ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ ॥
ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ ॥੩॥}

(ਅੰਗ - ੪੦੨)

{ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਤਉ ਗੁਰ ਮਿਲਿ ਸਭ ਸੁਖ ਲਾਧੇ ॥
ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ ॥੪॥}

(ਅੰਗ - ੪੦੨)

{ਇਉ ਜਪਿਓ ਭਾਈ ਪੁਰਖੁ ਬਿਧਾਤੇ ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਜਨਮ ਮਰਣ ਦੁਖ ਲਾਥੇ ॥੧॥ ਰਹਾਉ ਦੂਜਾ ॥੪॥੪॥੧੨੬॥}
(ਅੰਗ - ੪੦੩)

{ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ॥
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥੨॥}
(ਅੰਗ - ੪੦੩)

{ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ ॥
ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ ॥੩॥}
(ਅੰਗ - ੪੦੩)

{ਲੂਕਿ ਕਮਾਨੋ ਸੋਈ ਤੁਮ੍ ਪੇਖਿਓ ਮੂੜ ਮੁਗਧ ਮੁਕਰਾਨੀ ॥
ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ ਪਛੁਤਾਨੀ ॥੧॥}
(ਅੰਗ - ੪੦੩)

{ਪ੍ਰਭ ਮੇਰੇ ਸਭ ਬਿਧਿ ਆਗੈ ਜਾਨੀ ॥
ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ ॥੧॥ ਰਹਾਉ ॥}
(ਅੰਗ - ੪੦੩)

{ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥}
(ਅੰਗ - ੪੦੩)

{ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ ॥
ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ ਪਰਵੇਸਾ ਰੇ ॥੧॥}
(ਅੰਗ - ੪੦੩)

{ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ ॥
ਸਾਧਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾ ਰੇ ॥੧॥ ਰਹਾਉ ॥}
(ਅੰਗ - ੪੦੪)

{ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥}
(ਅੰਗ - ੪੦੪)

{ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ ॥
ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ ॥੩॥੧॥੧੩੦॥}
(ਅੰਗ - ੪੦੪)

{ਗੁਰ ਪਰਸਾਦਿ ਮੇਰੈ ਮਨਿ ਵਸਿਆ ਜੋ ਮਾਗਉ ਸੋ ਪਾਵਉ ਰੇ ॥
ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ ਬਹੁਰਿ ਨ ਕਤਹੂੰ ਧਾਵਉ ਰੇ ॥੧॥}
(ਅੰਗ - ੪੦੪)

{ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ ਅਵਰਹਿ ਚੀਤਿ ਨ ਪਾਵਉ ਰੇ ॥
ਨਾਨਕੁ ਦਾਸੁ ਪ੍ਰਭਿ ਆਪਿ ਪਹਿਰਾਇਆ ਭ੍ਰਮੁ ਭਉ ਮੇਟਿ ਲਿਖਾਵਉ ਰੇ ॥੨॥੨॥੧੩੧॥}
(ਅੰਗ - ੪੦੪)

{ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥੧॥}

(ਅੰਗ - ੪੦੪)

{ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥}

(ਅੰਗ - ੪੦੪)

{ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀ ਰੇ ॥੧॥ ਰਹਾਉ ॥}

(ਅੰਗ - ੪੦੪)

{ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ ॥੧॥}

(ਅੰਗ - ੪੦੪)

{ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ ॥੨॥੪॥੧੩੩॥}

(ਅੰਗ - ੪੦੪)

{ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥੧॥ ਰਹਾਉ ॥}

(ਅੰਗ - ੪੦੪)

{ਚਾਲਤ ਬੈਸਤ ਸੋਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ ॥੨॥}

(ਅੰਗ - ੪੦੪)

{ਹੰਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ ॥੩॥੬॥੧੩੫॥}

(ਅੰਗ - ੪੦੪)

{ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ ॥ ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ ॥੧॥}

(ਅੰਗ - ੪੦੫)

{ਜਨਮ ਮਰਣੁ ਨਿਵਾਰੀਐ ਦੁਖੁ ਨ ਜਮ ਪੁਰਿ ਹੋਇ ॥ ਨਾਮੁ ਨਿਧਾਨੁ ਸੋਈ ਪਾਏ ਕ੍ਰਿਪਾ ਕਰੇ ਪ੍ਰਭੁ ਸੋਇ ॥੨॥}

(ਅੰਗ - ੪੦੫)

{ਏਕ ਟੇਕ ਅਧਾਰੁ ਏਕੋ ਏਕ ਕਾ ਮਨਿ ਜੋਰੁ ॥
ਨਾਨਕ ਜਪੀਐ ਮਿਲਿ ਸਾਧਸੰਗਤਿ ਹਰਿ ਬਿਨੁ ਅਵਰੁ ਨ ਹੋਰੁ ॥੪॥੧॥੧੩੬॥}

(ਅੰਗ - ੪੦੫)

{ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥}

(ਅੰਗ - ੪੦੫)

{ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥
ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥}

(ਅੰਗ - ੪੦੫)

{ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ ਖਾਟਿ ਲਾਭੁ ਗੋਬਿੰਦ ਹਰਿ ਰਸੁ ਪਾਰਬ੍ਰਹਮ ਇਕ ਰੰਗ॥੧॥}

(ਅੰਗ - ੪੦੫)

{ਹਰਿ ਕੋ ਨਾਮੁ ਜਪੀਐ ਨੀਤਿ ॥ ਸਾਸਿ ਸਾਸਿ ਧਿਆਇ ਸੋ ਪ੍ਰਭੁ ਤਿਆਗਿ ਅਵਰ ਪਰੀਤਿ ॥੧॥ ਰਹਾਉ ॥}

(ਅੰਗ - ੪੦੫)

{ਕਰਣ ਕਾਰਣ ਸਮਰਥ ਸੋ ਪ੍ਰਭੁ ਜੀਅ ਦਾਤਾ ਆਪਿ ॥
ਤਿਆਗਿ ਸਗਲ ਸਿਆਣਪਾ ਆਠ ਪਹਰ ਪ੍ਰਭੁ ਜਾਪਿ ॥੨॥}

(ਅੰਗ - ੪੦੫)

{ਕਰਿ ਕਿਰਪਾ ਪ੍ਰਭ ਪਾਰਬ੍ਰਹਮ ਗੁਣ ਤੇਰਾ ਜਸੁ ਗਾਉ ॥
ਸਰਬ ਸੂਖ ਵਡੀ ਵਡਿਆਈ ਜਪਿ ਜੀਵੈ ਨਾਨਕੁ ਨਾਉ ॥੪॥੩॥੧੩੮॥}

(ਅੰਗ - ੪੦੫)
{ਮਨ ਮਹਿ ਰਾਮ ਨਾਮਾ ਜਾਪਿ ॥ ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ ਰਹਾਉ ॥}
(ਅੰਗ - ੪੦੫)
{ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥
ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥੩॥}
(ਅੰਗ - ੪੦੫)
{ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥
ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥}
(ਅੰਗ - ੪੦੫)
{ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥
ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ ॥੧॥}
(ਅੰਗ - ੪੦੬)
{ਕਲਿਜੁਗੁ ਉਧਾਰਿਆ ਗੁਰਦੇਵ ॥ ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ ਰਹਾਉ ॥}
(ਅੰਗ - ੪੦੬)
{ਸਤਿਗੁਰ ਬਚਨ ਤੁਮ੍ਹਾਰੇ ॥ ਨਿਰਗੁਣ ਨਿਸਤਾਰੇ ॥੧॥ ਰਹਾਉ ॥}
(ਅੰਗ - ੪੦੬)
{ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥}
(ਅੰਗ - ੪੦੬)
{ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ ॥੨॥}
(ਅੰਗ - ੪੦੬)
{ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ ॥੩॥}
(ਅੰਗ - ੪੦੬)
{ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ ॥੪॥੧॥੧੪੧॥}
(ਅੰਗ - ੪੦੬)
{ਬਾਵਰ ਸੋਇ ਰਹੇ ॥੧॥ ਰਹਾਉ ॥ ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ ॥੧॥}
(ਅੰਗ - ੪੦੬)
{ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿ ਮੁਖਿ ਸਤਿ ਕਹੇ ॥੨॥}
(ਅੰਗ - ੪੦੬)
{ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ ਲਹੇ ॥੩॥}
(ਅੰਗ - ੪੦੬)
{ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥ ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥੩॥੩॥੧੪੩॥}
(ਅੰਗ - ੪੦੬)
{ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥}
(ਅੰਗ - ੪੦੬)
{ਈਤਹਿ ਊਤਹਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥੧॥}
(ਅੰਗ - ੪੦੬)
{ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥੨॥
ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ ॥੩॥੪॥੧੪੪॥}

(ਅੰਗ - ੪੦੭)

{ਹਰਿ ਹਰਿ ਨਾਮੁ ਅਮੋਲਾ ॥ ਓਹੁ ਸਹਜਿ ਸੁਹੇਲਾ ॥੧॥ ਰਹਾਉ ॥}

(ਅੰਗ - ੪੦੭)

{ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ ॥੧॥
ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ ॥੨॥}

(ਅੰਗ - ੪੦੭)

{ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ ॥੩॥੫॥੧੪੫॥}

(ਅੰਗ - ੪੦੭)

{ਆਪੁਨੀ ਭਗਤਿ ਨਿਬਾਹਿ ॥ ਠਾਕੁਰ ਆਇਓ ਆਹਿ ॥੧॥ ਰਹਾਉ ॥}

(ਅੰਗ - ੪੦੭)

{ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੈ ਚਰਨ ਬਸਾਹਿ ॥੧॥}

(ਅੰਗ - ੪੦੭)

{ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਹਿ ॥੨॥
ਨਾਮੁ ਧਿਆਵਉ ਸਹਜਿ ਸਮਾਵਉ ਨਾਨਕ ਹਰਿ ਗੁਨ ਗਾਹਿ ॥੩॥੬॥੧੪੬॥}

(ਅੰਗ - ੪੦੭)

{ਠਾਕੁਰ ਚਰਣ ਸੁਹਾਵੇ ॥ ਹਰਿ ਸੰਤਨ ਪਾਵੇ ॥੧॥ ਰਹਾਉ ॥}

(ਅੰਗ - ੪੦੭)

{ਆਪੁ ਗਵਾਇਆ ਸੇਵ ਕਮਾਇਆ ਗੁਨ ਰਸਿ ਰਸਿ ਗਾਵੇ ॥੧॥
ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੇ ॥੨॥}

(ਅੰਗ - ੪੦੭)

{ਦਇਆ ਤੁਹਾਰੀ ਕਿਆ ਜੰਤ ਵਿਚਾਰੀ ਨਾਨਕ ਬਲਿ ਬਲਿ ਜਾਵੇ ॥੩॥੭॥੧੪੭॥}

(ਅੰਗ - ੪੦੭)

{ਏਕੁ ਸਿਮਰਿ ਮਨ ਮਾਹੀ ॥੧॥ ਰਹਾਉ ॥ ਨਾਮੁ ਧਿਆਵਹੁ ਰਿਦੈ ਬਸਾਵਹੁ ਤਿਸੁ ਬਿਨੁ ਕੋ ਨਾਹੀ ॥੧॥}

(ਅੰਗ - ੪੦੭)

{ਹਰਿ ਬਿਸਰਤ ਸੋ ਮੂਆ ॥੧॥ ਰਹਾਉ ॥ ਨਾਮੁ ਧਿਆਵੈ ਸਰਬ ਫਲ ਪਾਵੈ ਸੋ ਜਨੁ ਸੁਖੀਆ ਹੂਆ ॥੧॥}

(ਅੰਗ - ੪੦੭)

{ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ ॥੨॥
ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ ਸੋ ਜਨੁ ਨਿਹਚਲੁ ਥੀਆ ॥੩॥੮॥੧੪੮॥}

(ਅੰਗ - ੪੦੭)

{ਪ੍ਰਭ ਸੰਗਿ ਮਿਲੀਜੈ ਇਹੁ ਮਨੁ ਦੀਜੈ ॥ ਨਾਨਕ ਨਾਮੁ ਮਿਲੈ ਅਪਨੀ ਦਇਆ ਕਰਹੁ ॥੨॥੧॥੧੫੦॥}

(ਅੰਗ - ੪੦੭)

{ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ॥ ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ॥੧॥}

(ਅੰਗ - ੪੦੭)

{ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥
ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥੧॥ ਰਹਾਉ ॥}

(ਅੰਗ - ੪੦੮)

{ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ ॥
ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ ॥੪॥੧॥੧੫੨॥}

(ਅੰਗ - ੪੦੮)

{ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ ॥
ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ ॥੪॥੧॥੧੫੨॥}

(ਅੰਗ - ੪੦੮)

{ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ ॥
ਸਭ ਤਜੀ ਮਨੈ ਕੀ ਕਾਮ ਕਰਾ ॥}

(ਅੰਗ - ੪੦੮)

{ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ ॥
ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥ ਨਾਨਕ ਦੀਨ ਸਰਣਿ ਆਏ ਗਲਿ ਲਾਏ ॥੨॥੨॥੧੫੩॥}

(ਅੰਗ - ੪੦੮)

{ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥
ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥}

(ਅੰਗ - ੪੦੯)

{ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥ ਅਨਦਿਨੋ ਪ੍ਰਭ ਧਿਆਵਉ ॥
ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥}

(ਅੰਗ - ੪੦੮)

{ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥}

(ਅੰਗ - ੪੦੮)

{ਹਰਿ ਭਜਨ ਸਫਲ ਕਾਮ ॥੧॥ ਰਹਾਉ ॥}

(ਅੰਗ - ੪੦੮)

{ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥ ਮਨ ਸੰਤਨਾ ਕੈ ਚਰਨਿ ਲਾਗੁ ॥੧॥}

{ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ ॥
ਕਰਿ ਭਗਤਿ ਨਾਨਕ ਪੂਰਨ ਭਾਗੁ ॥੨॥੪॥੧੫੫॥}

(ਅੰਗ - ੪੦੮)

{ਗੋਬਿੰਦ ਗੋਬਿੰਦ ਕਰਿ ਹਾਂ ॥ ਹਰਿ ਹਰਿ ਮਨਿ ਪਿਆਰਿ ਹਾਂ ॥}

(ਅੰਗ - ੪੦੯)

{ਗੁਰਿ ਕਹਿਆ ਸੁ ਚਿਤਿ ਧਰਿ ਹਾਂ ॥ ਅਨ ਸਿਉ ਤੋਰਿ ਫੇਰਿ ਹਾਂ ॥
ਐਸੇ ਲਾਲਨੁ ਪਾਇਓ ਰੀ ਸਖੀ ॥੧॥ ਰਹਾਉ ॥}

(ਅੰਗ - ੪੦੯)

{ਮਨਸਾ ਏਕ ਮਾਨਿ ਹਾਂ ॥ ਗੁਰ ਸਿਉ ਨੇਤ ਧਿਆਨਿ ਹਾਂ ॥}

(ਅੰਗ - ੪੦੯)

{ਦ੍ਰਿੜੁ ਸੰਤ ਮੰਤ ਗਿਆਨਿ ਹਾਂ ॥ ਸੇਵਾ ਗੁਰ ਚਰਾਨਿ ਹਾਂ ॥}

(ਅੰਗ - ੪੦੯)

{ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ ॥੧॥ ਰਹਾਉ ॥}

(ਅੰਗ - ੪੦੯)

{ਟੂਟੇ ਅਨ ਭਰਾਨਿ ਹਾਂ ॥ ਰਵਿਓ ਸਰਬ ਥਾਨਿ ਹਾਂ ॥}

(ਅੰਗ - ੪੦੯)

{ਲਹਿਓ ਜਮ ਭਇਆਨਿ ਹਾਂ ॥ ਪਾਇਓ ਪੇਡ ਥਾਨਿ ਹਾਂ ॥ ਤਉ ਚੂਕੀ ਸਗਲ ਕਾਨਿ ॥੧॥}

(ਅੰਗ - ੪੦੯)

{ਹਰਿ ਹਰਿ ਹਰਿ ਗੁਨੀ ਹਾਂ ॥ ਜਪੀਐ ਸਹਜ ਧੁਨੀ ਹਾਂ ॥}

(ਅੰਗ - ੪੦੯)

{ਮਨ ਸੋ ਸੇਵੀਐ ਹਾਂ ॥ ਅਲਖ ਅਭੇਵੀਐ ਹਾਂ ॥}

(ਅੰਗ - ੪੦੯)

{ਤਾਂ ਸਿਉ ਪ੍ਰੀਤਿ ਕਰਿ ਹਾਂ ॥ ਬਿਨਸਿ ਨ ਜਾਇ ਮਰਿ ਹਾਂ ॥}

(ਅੰਗ - ੪੦੯)

{ਗੁਰ ਤੇ ਜਾਨਿਆ ਹਾਂ ॥ ਨਾਨਕ ਮਨੁ ਮਾਨਿਆ ਮੇਰੇ ਮਨਾ ॥੨॥੩॥੧੫੯॥}

(ਅੰਗ - ੪੦੯)

{ਏਕਾ ਓਟ ਗਹੁ ਹਾਂ ॥ ਗੁਰ ਕਾ ਸਬਦੁ ਕਹੁ ਹਾਂ ॥}

(ਅੰਗ - ੪੦੯)

{ਆਗਿਆ ਸਤਿ ਸਹੁ ਹਾਂ ॥ ਮਨਹਿ ਨਿਧਾਨੁ ਲਹੁ ਹਾਂ ॥}

(ਅੰਗ - ੪੦੯)

{ਸੁਖਹਿ ਸਮਾਈਐ ਮੇਰੇ ਮਨਾ ॥੧॥ ਰਹਾਉ ॥॥

(ਅੰਗ - ੪੧੦)

{ਜੀਵਤ ਜੋ ਮਰੈ ਹਾਂ ॥ ਦੁਤਰੁ ਸੋ ਤਰੈ ਹਾਂ ॥}

(ਅੰਗ - ੪੧੦)

{ਸਭ ਕੀ ਰੇਨੁ ਹੋਇ ਹਾਂ ॥ ਨਿਰਭਉ ਕਹਉ ਸੋਇ ਹਾਂ ॥}

(ਅੰਗ - ੪੧੦)

{ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥੧॥॥

(ਅੰਗ - ੪੧੦)

{ਜਿਸੁ ਜਨ ਨਾਮ ਸੁਖੁ ਹਾਂ ॥ ਤਿਸੁ ਨਿਕਟਿ ਨ ਕਦੇ ਦੁਖੁ ਹਾਂ ॥}

(ਅੰਗ - ੪੧੦)

{ਸੰਤ ਪਗ ਧੋਈਐ ਹਾਂ ॥ ਦੁਰਮਤਿ ਖੋਈਐ ਹਾਂ ॥}

(ਅੰਗ - ੪੧੦)

।ਦਾਸਹ ਰੇਨੁ ਹੋਇ ਹਾਂ ॥ ਬਿਆਪੈ ਦੁਖੁ ਨ ਕੋਇ ਹਾਂ ॥}

(ਅੰਗ - ੪੧੦)

{ਸਾਜਨੁ ਮੀਤੁ ਤੂੰ ਹਾਂ ॥ ਨਾਮੁ ਦ੍ਰਿੜਾਇ ਮੂੰ ਹਾਂ ॥ ਤਿਸੁ ਬਿਨੁ ਨਾਹਿ ਕੋਇ ਹਾਂ ॥}

(ਅੰਗ - ੪੧੦)

{ਗੁਰ ਕਉ ਕੁਰਬਾਨੁ ਜਾਉ ਹਾਂ ॥ ਨਾਨਕੁ ਜਪੇ ਨਾਉ ਮੇਰੇ ਮਨਾ ॥੨॥੫॥੧੬੧॥}

(ਅੰਗ - ੪੧੦)

{ਕਾਰਨ ਕਰਨ ਤੂੰ ਹਾਂ ॥ ਅਵਰੁ ਨਾ ਸੁਝੈ ਮੂੰ ਹਾਂ ॥}

(ਅੰਗ - ੪੧੦)

{ਕਰਹਿ ਸੁ ਹੋਈਐ ਹਾਂ ॥ ਸਹਜਿ ਸੁਖਿ ਸੋਈਐ ਹਾਂ ॥}

(ਅੰਗ - ੪੧੦)

{ਧੀਰਜ ਮਨਿ ਭਏ ਹਾਂ ॥ ਪ੍ਰਭ ਕੈ ਦਰਿ ਪਏ ਮੇਰੇ ਮਨਾ ॥੧॥ ਰਹਾਉ ॥}

(ਅੰਗ - ੪੧੦)

{ਸਾਧੂ ਸੰਗਮੇ ਹਾਂ ॥ ਪੂਰਨ ਸੰਜਮੇ ਹਾਂ ॥}

(ਅੰਗ - ੪੧੦)

{ਜਬ ਤੇ ਛੂਟੇ ਆਪ ਹਾਂ ॥ ਤਬ ਤੇ ਮਿਟੇ ਤਾਪ ਹਾਂ ॥}

(ਅੰਗ - ੪੧੦)

{ਕਿਰਪਾ ਧਾਰੀਆ ਹਾਂ ॥ ਪਤਿ ਰਖੁ ਬਨਵਾਰੀਆ ਮੇਰੇ ਮਨਾ ॥੧॥}

(ਅੰਗ - ੪੧੦)

{ਇਹੁ ਸੁਖੁ ਜਾਨੀਐ ਹਾਂ ॥ ਹਰਿ ਕਰੇ ਸੁ ਮਾਨੀਐ ਹਾਂ ॥}

(ਅੰਗ - ੪੧੦)

{ਮੰਦਾ ਨਾਹਿ ਕੋਇ ਹਾਂ ॥ ਸੰਤ ਕੀ ਰੇਨ ਹੋਇ ਹਾਂ ॥}

(ਅੰਗ - ੪੧੦)

{ਆਪੇ ਜਿਸੁ ਰਖੈ ਹਾਂ ॥ ਹਰਿ ਅੰਮ੍ਰਿਤੁ ਸੋ ਚਖੈ ਮੇਰੇ ਮਨਾ ॥੨॥}

(ਅੰਗ - ੪੧੦)

{ਜਿਸ ਕਾ ਨਾਹਿ ਕੋਇ ਹਾਂ ॥ ਤਿਸ ਕਾ ਪ੍ਰਭੂ ਸੋਇ ਹਾਂ ॥}

(ਅੰਗ - ੪੧੦)

{ਅੰਤਰਗਤਿ ਬੁਝੈ ਹਾਂ ॥ ਸਭੁ ਕਿਛੁ ਤਿਸੁ ਸੁਝੈ ਹਾਂ ॥}

(ਅੰਗ - ੪੧੦)

{ਪਤਿਤ ਉਧਾਰਿ ਲੇਹੁ ਹਾਂ ॥ ਨਾਨਕ ਅਰਦਾਸਿ ਏਹੁ ਮੇਰੇ ਮਨਾ ॥੩॥੬॥੧੬੨॥}

(ਅੰਗ - ੪੧੦)

{ਸੁਪਨਾ ਜਿਉ ਭਏ ਹਾਂ ॥ ਹਰਿ ਨਾਮੁ ਜਿਨ੍ਹਿ ਲਏ ॥੧॥}

(ਅੰਗ - ੪੧੦)

{ਹਰਿ ਤਜਿ ਅਨ ਲਗੇ ਹਾਂ ॥ ਜਨਮਹਿ ਮਰਿ ਭਗੇ ਹਾਂ ॥}

(ਅੰਗ - ੪੧੦)

{ਹਰਿ ਹਰਿ ਜਨਿ ਲਹੇ ਹਾਂ ॥ ਜੀਵਤ ਸੇ ਰਹੇ ਹਾਂ ॥}

(ਅੰਗ - ੪੧੦)

{ਜਿਸਹਿ ਕ੍ਰਿਪਾਲੁ ਹੋਇ ਹਾਂ ॥ ਨਾਨਕ ਭਗਤੁ ਸੋਇ ॥੨॥੭॥੧੬੩॥੨੩੨॥}

(ਅੰਗ - ੪੧੦)

{ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥}

(ਅੰਗ - ੪੧੦)

{ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥}

(ਅੰਗ - ੪੧੧)

{ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥੨॥੧॥੨੩੩॥}

(ਅੰਗ - ੪੧੧)

{ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥ ਸਤਿਗੁਰ ਸਬਦਿ ਕਰੋਧੁ ਜਲਾਵੈ ॥}

(ਅੰਗ - ੪੧੧)

{ਸਚੁ ਮਨ ਕਾਰਣਿ ਤਤੁ ਬਿਲੋਵੈ ॥ ਸੁਭਰ ਸਰਵਰਿ ਮੈਲੁ ਨ ਧੋਵੈ ॥}

(ਅੰਗ - ੪੧੧)

{ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ ॥}

(ਅੰਗ - ੪੧੧)

{ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥੪॥}

(ਅੰਗ - ੪੧੧)

{ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥}

(ਅੰਗ - ੪੧੧)

{ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥}

(ਅੰਗ - ੪੧੧)

{ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥ ਕਾਰ ਕਮਾਈ ਖਸਮ ਰਜਾਇ ॥}

(ਅੰਗ - ੪੧੧)

{ਅੰਤਰਿ ਬਾਹਰਿ ਅਵਰੁ ਨ ਕੋਇ ॥ ਜੋ ਤਿਸੁ ਭਾਵੈ ਸੋ ਫੁਨਿ ਹੋਇ ॥}

(ਅੰਗ - ੪੧੧)

{ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥ ਨਿਰਮਲ ਨਾਮੁ ਮੇਰਾ ਆਧਾਰੁ ॥੮॥੧॥}

(ਅੰਗ - ੪੧੧)

{ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥}

(ਅੰਗ - ੪੧੨)

{ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥}

(ਅੰਗ - ੪੧੨)

{ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥}

(ਅੰਗ - ੪੧੨)

{ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥}

(ਅੰਗ - ੪੧੨)

{ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ ਕਲਤ੍ ਲਗਿ ਨਾਮੁ ਵਿਸਾਰੀ ॥}

(ਅੰਗ - ੪੧੨)

{ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥੩॥}

(ਅੰਗ - ੪੧੨)

{ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥}

(ਅੰਗ - ੪੧੨)

{ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥}

(ਅੰਗ - ੪੧੨)

{ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥}

(ਅੰਗ - ੪੧੨)

{ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ ॥}

(ਅੰਗ - ੪੧੨)

{ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥}

(ਅੰਗ - ੪੧੨)

{ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥}

(ਅੰਗ - ੪੧੨)

{ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥}

(ਅੰਗ - ੪੧੨)

{ਕਥਨੀ ਬਦਨੀ ਪੜਿ ਪੜਿ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥੧॥}

(ਅੰਗ - ੪੧੨)

{ਮਾਇਆ ਮੋਹਿ ਜਗੁ ਬਾਧਾ ਜਮਕਾਲਿ ॥ ਬਾਂਧਾ ਛੂਟੈ ਨਾਮੁ ਸਮ੍ਹਾਲਿ ॥}

(ਅੰਗ - ੪੧੨)

{ਸਬਦਿ ਮਰੈ ਤਾਂ ਏਕ ਲਿਵ ਲਾਏ ॥ ਅਚਰੁ ਚਰੈ ਤਾਂ ਭਰਮੁ ਚੁਕਾਏ ॥}

(ਅੰਗ - ੪੧੨)

{ਜੀਵਨ ਮੁਕਤੁ ਮਨਿ ਨਾਮੁ ਵਸਾਏ ॥ ਗੁਰਮੁਖਿ ਹੋਇ ਤ ਸਚਿ ਸਮਾਏ ॥੩॥}

(ਅੰਗ - ੪੧੨)

{ਤੂ ਪੁਰੁ ਸਾਗਰੁ ਮਾਣਕ ਹੀਰੁ ॥ ਤੂ ਨਿਰਮਲੁ ਸਚੁ ਗੁਣੀ ਗਹੀਰੁ ॥}

(ਅੰਗ - ੪੧੨)

{ਸੁਖੁ ਮਾਨੈ ਭੇਟੈ ਗੁਰ ਪੀਰੁ ॥ ਏਕੋ ਸਾਹਿਬੁ ਏਕੁ ਵਜੀਰੁ ॥੫॥}

(ਅੰਗ - ੪੧੨)

{ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥}

(ਅੰਗ - ੪੧੨)

{ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥}

(ਅੰਗ - ੪੧੨)

{ਜਗੁ ਦੁਖੀਆ ਸੁਖੀਆ ਜਨੁ ਕੋਇ ॥ ਜਗੁ ਰੋਗੀ ਭੋਗੀ ਗੁਣ ਰੋਇ ॥}

(ਅੰਗ - ੪੧੨)

{ਜਗੁ ਉਪਜੈ ਬਿਨਸੈ ਪਤਿ ਖੋਇ ॥ ਗੁਰਮੁਖਿ ਹੋਵੈ ਬੂਝੈ ਸੋਇ ॥੭॥}

(ਅੰਗ - ੪੧੨)

{ਮਹਘੋ ਮੋਲਿ ਭਾਰਿ ਅਫਾਰੁ ॥ ਅਟਲ ਅਛਲੁ ਗੁਰਮਤੀ ਧਾਰੁ ॥}

(ਅੰਗ - ੪੧੨)

{ਭਾਇ ਮਿਲੈ ਭਾਵੈ ਭਇਕਾਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥੮॥੩॥}

(ਅੰਗ - ੪੧੨)

{ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥}

(ਅੰਗ - ੪੧੩)

{ਸਮਝਿ ਸੂਝਿ ਸਹਜ ਘਰਿ ਹੋਵਹਿ ॥ ਬਿਨੁ ਬੂਝੇ ਸਗਲੀ ਪਤਿ ਖੋਵਹਿ ॥੧॥}

(ਅੰਗ - ੪੧੩)

{ਜੀਵਤ ਮਰਣਾ ਤਾਰੇ ਤਰਣਾ ॥ ਜੈ ਜਗਦੀਸ ਪਰਮ ਗਤਿ ਸਰਣਾ ॥}

(ਅੰਗ - ੪੧੩)

{ਹਉ ਬਲਿਹਾਰੀ ਸਤਿਗੁਰ ਚਰਣਾ ॥ ਗੁਰੁ ਬੋਹਿਥੁ ਸਬਦਿ ਭੈ ਤਰਣਾ ॥੩॥}

(ਅੰਗ - ੪੧੩)

{ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥ ਜਨਮਿ ਮੂਏ ਬਿਨੁ ਭਗਤਿ ਸਰੋਤਿ ॥੪॥}

(ਅੰਗ - ੪੧੩)

{ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥ ਤਨੁ ਮਨੁ ਸਉਪਉ ਕ੍ਰਿਸਨ ਪਰੀਤਿ ॥੫॥}

(ਅੰਗ - ੪੧੩)

{ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥}

(ਅੰਗ - ੪੧੩)

{ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥ ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਂਤਿ ॥੭॥}

(ਅੰਗ - ੪੧੩)

{ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥੮॥੪॥}

(ਅੰਗ - ੪੧੩)

{ਆਪੁ ਵੀਚਾਰੈ ਸੁ ਪਰਖੇ ਹੀਰਾ ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥ ਗੁਰੁ ਮਾਨੈ ਮਨ ਤੇ ਮਨੁ ਧੀਰਾ ॥੧॥}

(ਅੰਗ - ੪੧੩)

{ਐਸਾ ਸਾਹੁ ਸਰਾਫੀ ਕਰੈ ॥ ਸਾਚੀ ਨਦਰਿ ਏਕ ਲਿਵ ਤਰੈ ॥੧॥ ਰਹਾਉ ॥}

(ਅੰਗ - ੪੧੩)

{ਪੂੰਜੀ ਨਾਮੁ ਨਿਰੰਜਨ ਸਾਰੁ ॥ ਨਿਰਮਲੁ ਸਾਚਿ ਰਤਾ ਪੈਕਾਰੁ ॥ ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥੨॥}

(ਅੰਗ - ੪੧੩)

{ਆਸਾ ਮਨਸਾ ਸਬਦਿ ਜਲਾਏ ॥ ਰਾਮ ਨਰਾਇਣੁ ਕਹੈ ਕਹਾਏ ॥ ਗੁਰ ਤੇ ਵਾਟ ਮਹਲੁ ਘਰੁ ਪਾਏ ॥੩॥}

(ਅੰਗ - ੪੧੩)

{ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥}

(ਅੰਗ - ੪੧੩)

{ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥}

(ਅੰਗ - ੪੧੩)

{ਹੀਰਾ ਨਾਮੁ ਜਵੇਹਰ ਲਾਲੁ ॥ ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥}

(ਅੰਗ - ੪੧੩)

{ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥
ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥}

(ਅੰਗ - ੪੧੪)

{ਐਸੇ ਪ੍ਰੇਮ ਭਗਤਿ ਵੀਚਾਰੀ ॥ ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥}

(ਅੰਗ - ੪੧੪)

{ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥ ਤੀਨ ਭਵਨ ਨਿਹਕੇਵਲ ਗਿਆਨੁ ॥ ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥}

(ਅੰਗ - ੪੧੪)

{ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥}

(ਅੰਗ - ੪੧੪)

{ਸਤਿਗੁਰਿ ਰਾਖੇ ਸੇ ਵਡਭਾਗੇ ॥ ਨਾਨਕ ਗੁਰ ਕੀ ਚਰਣੀ ਲਾਗੇ ॥੮॥੬॥}

(ਅੰਗ - ੪੧੪)

{ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥}

(ਅੰਗ - ੪੧੪)

{ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥}

(ਅੰਗ - ੪੧੪)

{ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥}

(ਅੰਗ - ੪੧੪)

{ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥}

(ਅੰਗ - ੪੧੪)

{ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥੫॥}

(ਅੰਗ - ੪੧੪)

{ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥}

(ਅੰਗ - ੪੧੪)

{ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥੭॥}

(ਅੰਗ - ੪੧੪)

{ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥}

(ਅੰਗ - ੪੧੪)

{ਸਾਧੂ ਜਨ ਸੰਗਤਿ ਹੋਇ ਨਿਵਾਸੁ ॥ ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥}

(ਅੰਗ - ੪੧੪)

{ਕਰਿ ਬੀਚਾਰੁ ਆਚਾਰੁ ਪਰਾਤਾ ॥ ਸਤਿਗੁਰ ਬਚਨੀ ਏਕੋ ਜਾਤਾ ॥ ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥}

(ਅੰਗ - ੪੧੪)

{ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥}

(ਅੰਗ - ੪੧੫)

{ਇਤ ਉਤ ਜਾਹਿ ਕਾਲ ਕੇ ਚਾਪੇ ॥ ਗੁਰਮੁਖਿ ਖੋਜਿ ਲਹੈ ਘਰੁ ਆਪੇ ॥੧॥}

(ਅੰਗ - ੪੧੫)

{ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥
ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥੧॥ ਰਹਾਉ ॥}

(ਅੰਗ - ੪੧੫)

{ਆਪੇ ਬਖਸੇ ਸਤਿਗੁਰੁ ਮੇਲੈ ॥ ਕਾਲੁ ਕੰਟਕੁ ਮਾਰੇ ਸਚੁ ਪੇਲੈ ॥੨॥}

(ਅੰਗ - ੪੧੫)

{ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥}

(ਅੰਗ - ੪੧੫)

{ਮਨੁ ਬੈਰਾਗੀ ਹਉਮੈ ਤਿਆਗੀ ॥}

(ਅੰਗ - ੪੧੫)

{ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥}

(ਅੰਗ - ੪੧੫)

{ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥}

(ਅੰਗ - ੪੧੫)

{ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨ੍ਹਿ ਭਏ ਨਿਰੰਕਾਰੀ ॥੭॥}

(ਅੰਗ - ੪੧੫)

{ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ ॥}

(ਅੰਗ - ੪੧੫)

{ਭਗਤਿ ਹੇਤੁ ਗੁਰ ਚਰਣ ਨਿਵਾਸਾ ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥੯॥੮॥}

(ਅੰਗ - ੪੧੫)

{ਰਾਮ ਨਾਮ ਬਿਨੁ ਕਵਨੁ ਹਮਾਰਾ ॥
ਸੁਖ ਦੁਖ ਸਮ ਕਰਿ ਨਾਮੁ ਨ ਛੋਡਉ ਆਪੇ ਬਖਸਿ ਮਿਲਾਵਣਹਾਰਾ ॥੧॥ ਰਹਾਉ ॥}

(ਅੰਗ - ੪੧੬)

{ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥}

(ਅੰਗ - ੪੧੬)

{ਜਿਸੁ ਤੂੰ ਬਖਸਹਿ ਨਾਮੁ ਜਪਾਇ ॥ ਦੂਤੁ ਨ ਲਾਗਿ ਸਕੈ ਗੁਨ ਗਾਇ ॥੨॥}

(ਅੰਗ - ੪੧੬)

{ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥}

(ਅੰਗ - ੪੧੬)

{ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ ॥ ਤੂੰ ਆਪੇ ਰਾਖਹਿ ਕਿਰਪਾ ਧਾਰਿ ॥੪॥}

(ਅੰਗ - ੪੧੬)

{ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥}

(ਅੰਗ - ੪੧੬)

{ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥}

(ਅੰਗ - ੪੧੬)

{ਨਾ ਜਮਦੂਤ ਦੂਖੁ ਤਿਸੁ ਲਾਗੈ ॥ ਜੋ ਜਨੁ ਰਾਮ ਨਾਮਿ ਲਿਵ ਜਾਗੈ ॥}

(ਅੰਗ - ੪੧੬)

{ਗੁਰੁ ਸੇਵੇ ਸੋ ਠਾਕੁਰ ਜਾਨੈ ॥ ਦੂਖੁ ਮਿਟੈ ਸਚੁ ਸਬਦਿ ਪਛਾਨੈ ॥੧॥}

(ਅੰਗ - ੪੧੬)

{ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ ॥੩॥}

(ਅੰਗ - ੪੧੬)

{ਬੰਧਨ ਸਉਦਾ ਅਣਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥੫॥}

(ਅੰਗ - ੪੧੬)

{ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥੭॥}

(ਅੰਗ - ੪੧੬)

{ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰਿ ਰਾਖੇ ਬੰਧੁ ਨ ਪਾਈ ॥੮॥੧੦॥}

(ਅੰਗ - ੪੧੬)

{ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥}

(ਅੰਗ - ੪੧੭)

{ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥੩॥}

(ਅੰਗ - ੪੧੭)

{ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥}

(ਅੰਗ - ੪੧੮)

{ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥}

(ਅੰਗ - ੪੧੮)

{ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥੯॥}

(ਅੰਗ - ੪੧੮)

{ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥}

(ਅੰਗ - ੪੧੮)

{ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥ ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ ॥੩॥}

(ਅੰਗ - ੪੧੮)

{ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥੪॥}

(ਅੰਗ - ੪੧੮)

{ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ॥੫॥}

(ਅੰਗ - ੪੧੮)

{ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥੬॥}

(ਅੰਗ - ੪੧੮)

{ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥੭॥}

(ਅੰਗ - ੪੧੮)

{ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਵਾਣੈ ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥੮॥੧੪॥}

(ਅੰਗ - ੪੧੮)

{ਮਨਸਾ ਮਨਹਿ ਸਮਾਇਲੇ ਭਉਜਲੁ ਸਚਿ ਤਰਣਾ ॥ ਆਦਿ ਜੁਗਾਦਿ ਦਇਆਲੁ ਤੂ ਠਾਕੁਰ ਤੇਰੀ ਸਰਣਾ ॥੧॥}

(ਅੰਗ - ੪੧੯)

{ਤੂ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ ॥ ਗੁਰਮੁਖਿ ਨਾਮੁ ਧਿਆਈਐ ਮਨ ਮੰਦਰੁ ਭੀਜੈ ॥੧॥ ਰਹਾਉ ॥}

(ਅੰਗ - ੪੧੯)

{ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥}

(ਅੰਗ - ੪੧੯)

{ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥}

(ਅੰਗ - ੪੧੯)

{ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥}

(ਅੰਗ - ੪੧੯)

{ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥}
(ਅੰਗ - ੪੧੯)

{ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥}
(ਅੰਗ - ੪੧੯)

{ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ ॥ ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ ॥੮॥੧੫॥}
(ਅੰਗ - ੪੧੯)

{ਚਲੇ ਚਲਣਹਾਰ ਵਾਟ ਵਟਾਇਆ ॥ ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ ॥੧॥}
(ਅੰਗ - ੪੧੯)

{ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ ॥
ਮਮਤਾ ਮੋਹੁ ਵਿਸਰਜਿਆ ਅਪਨੈ ਘਰਿ ਆਇਆ ॥੧॥ ਰਹਾਉ ॥}
(ਅੰਗ - ੪੧੯)

{ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ॥ ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ ॥੨॥}
(ਅੰਗ - ੪੧੯)

{ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੂ ॥ ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੂ ॥੩॥}
(ਅੰਗ - ੪੧੯)

{ਲਾਹਾ ਸਚੁ ਨਿਆਉ ਮਨਿ ਵਸਾਈਐ ॥ ਲਿਖਿਆ ਪਲੈ ਪਾਇ ਗਰਬੁ ਵਞਾਈਐ ॥੬॥}
(ਅੰਗ - ੪੧੯)

{ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ ॥ ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ ॥੭॥}
(ਅੰਗ - ੪੧੯)

{ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ ॥ ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ ॥੮॥}
(ਅੰਗ - ੪੧੯)

{ਨਾਨਕੁ ਮੰਗੈ ਸਚੁ ਗੁਰਮੁਖਿ ਘਾਲੀਐ ॥ ਮੈ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਲੀਐ ॥੯॥੧੬॥}
(ਅੰਗ - ੪੧੯)

{ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ ॥ ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ ॥੧॥}
(ਅੰਗ - ੪੨੦)

{ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ ॥ ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥੧॥ ਰਹਾਉ ॥}
(ਅੰਗ - ੪੨੦)

{ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥ ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥}
(ਅੰਗ - ੪੨੦)

{ਜੰਮਣ ਮਰਣਾ ਆਖੀਐ ਤਿਨਿ ਕਰਤੈ ਕੀਆ ॥ ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ ॥੬॥}
(ਅੰਗ - ੪੨੦)

{ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ ॥ ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ ॥੭॥}

(ਅੰਗ - ੪੨੦)

{ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ ॥ ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥੮॥੧੭॥}
(ਅੰਗ - ੪੨੦)

{ਜਿਨ੍ੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥ ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥੧॥}
(ਅੰਗ - ੪੨੦)

{ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ ॥ ਗੁਰਮੁਖਿ ਹੋਇ ਤ ਛੂਟੀਐ ਮਨਮੁਖਿ ਪਤਿ ਖੋਈ ॥੧॥ ਰਹਾਉ ॥}
(ਅੰਗ - ੪੨੦)

{ਜਿਨ੍ੀ ਏਕੋ ਸੇਵਿਆ ਪੂਰੀ ਮਤਿ ਭਾਈ ॥ ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ ॥੨॥}
(ਅੰਗ - ੪੨੦)

{ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ ॥ ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ ॥੩॥}
(ਅੰਗ - ੪੨੦)

{ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ ॥ ਆਪਿ ਦਿਖਾਵੈ ਵਾਟੜੀਂ ਸਚੀ ਭਗਤਿ ਦ੍ਰਿੜਾਏ ॥੪॥}
(ਅੰਗ - ੪੨੦)

{ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ ॥ ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ ॥੫॥}
(ਅੰਗ - ੪੨੦)

{ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥ ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ ॥੮॥੧੮॥}
(ਅੰਗ - ੪੨੦)

{ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥ ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ ॥੧॥}
(ਅੰਗ - ੪੨੧)

{ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ॥ ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ ॥੫॥}
(ਅੰਗ - ੪੨੧)

{ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ ॥ ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ ॥੬॥}
(ਅੰਗ - ੪੨੧)

{ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ ॥ ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ ॥੭॥}
(ਅੰਗ - ੪੨੧)

{ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ ॥ ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ ॥੮॥੧੯॥}
(ਅੰਗ - ੪੨੧)

{ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ ॥ ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ ॥੧॥ ਰਹਾਉ॥}
(ਅੰਗ - ੪੨੧)

{ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ ॥ ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥੨॥}
(ਅੰਗ - ੪੨੧)

{ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥ ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ ॥੩॥}
(ਅੰਗ - ੪੨੧)

{ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥ ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥੪॥}
(ਅੰਗ - ੪੨੧)

{ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ ॥ ਖੋਟੇ ਨਦਰਿ ਨ ਆਵਨੀ ਲੇ ਅਗਨਿ ਜਲਾਈਐ ॥੫॥}
(ਅੰਗ - ੪੨੧)

{ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ ॥ ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ ॥੭॥}
(ਅੰਗ - ੪੨੧)

{ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ ॥ ਅਉਗਣਿਆਰੇ ਕਉ ਗੁਣੁ ਨਾਨਕੈ ਸਚੁ ਮਿਲੈ ਵਡਾਈ॥੮॥੨੦॥}
(ਅੰਗ - ੪੨੧)

{ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥ ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥੨॥}
(ਅੰਗ - ੪੨੨)

{ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥}
(ਅੰਗ - ੪੨੨)

{ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥ ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥}
(ਅੰਗ - ੪੨੨)

{ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥ ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥}
(ਅੰਗ - ੪੨੨)

{ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ ॥ ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥੧॥}
(ਅੰਗ - ੪੨੨)

{ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥
ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥੧॥ ਰਹਾਉ ॥}
(ਅੰਗ - ੪੨੨)

{ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ ॥ ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਝੂਮੁ ਕੂੜਾ ॥੨॥}
(ਅੰਗ - ੪੨੨)

{ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ॥ ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ ॥੫॥}
(ਅੰਗ - ੪੨੨)

{ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ ॥ ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ ॥੬॥}

{ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ॥ ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ ॥੮॥੨੨॥}
(ਅੰਗ - ੪੨੨)

{ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ ॥

ਜਾ ਕਉ ਨਦਰਿ ਕਰਹਿ ਤੂੰ ਅਪਣੀ ਸਾਈ ਸਚਿ ਸਮਾਣੀ ॥੪॥}

(ਅੰਗ - ੪੨੨)

{ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥੫॥}

(ਅੰਗ - ੪੨੨)

{ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ ॥
ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ ॥੮॥੧॥੨੩॥}

(ਅੰਗ - ੪੨੨)

{ਸਤਿਗੁਰ ਹਮਰਾ ਭਰਮੁ ਗਵਾਇਆ ॥
ਹਰਿ ਨਾਮੁ ਨਿਰੰਜਨੁ ਮੰਨਿ ਵਸਾਇਆ ॥ ਸਬਦੁ ਚੀਨਿ ਸਦਾ ਸੁਖੁ ਪਾਇਆ ॥੧॥}

(ਅੰਗ - ੪੨੩)

{ਸੁਣਿ ਮਨ ਮੇਰੇ ਤਤੁ ਗਿਆਨੁ ॥
ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥}

(ਅੰਗ - ੪੨੩)

{ਸਤਿਗੁਰ ਭੇਟੇ ਕੀ ਵਡਿਆਈ ॥
ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ ॥ ਸਹਜੇ ਮਾਤਾ ਹਰਿ ਗੁਣ ਗਾਈ ॥੨॥}

(ਅੰਗ - ੪੨੩)

{ਵਿਣੁ ਗੁਰ ਪੂਰੇ ਕੋਇ ਨ ਜਾਣੀ ॥ ਮਾਇਆ ਮੋਹਿ ਦੂਜੈ ਲੋਭਾਣੀ ॥ ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥੩॥}

(ਅੰਗ - ੪੨੩)

{ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥
ਆਪੁ ਪਛਾਣਿ ਹਰਿ ਪਾਵੈ ਸੋਇ ॥ ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥੫॥}

(ਅੰਗ - ੪੨੩)

{ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਨਿਰਮਲ ਨਾਮੁ ਰਖੈ ਉਰਿ ਧਾਰੇ ॥ ਸਾਚੀ ਸੋਭਾ ਸਾਚਿ ਦੁਆਰੇ ॥੬॥}

{ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥ ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ ॥ ਨਾਮੇ ਉਧਰੇ ਕੁਲ ਸਬਾਏ ॥੭॥}

(ਅੰਗ - ੪੨੩)

{ਨਾਨਕੁ ਸਾਚੁ ਕਹੈ ਵੀਚਾਰੁ ॥
ਹਰਿ ਕਾ ਨਾਮੁ ਰਖਹੁ ਉਰਿ ਧਾਰਿ ॥ ਹਰਿ ਭਗਤੀ ਰਾਤੇ ਮੋਖ ਦੁਆਰੁ ॥੮॥੨॥੨੪॥}

(ਅੰਗ - ੪੨੩)

{ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥
ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ ॥੧॥ ਰਹਾਉ ॥}

(ਅੰਗ - ੪੨੩)

{ਕਲਿ ਕੀਰਤਿ ਸਬਦੁ ਪਛਾਨੁ ॥ ਏਹਾ ਭਗਤਿ ਚੂਕੈ ਅਭਿਮਾਨੁ ॥}

(ਅੰਗ - ੪੨੩)

{ਤਿਸੁ ਕਿਆ ਦੀਜੈ ਜਿ ਸਬਦੁ ਸੁਣਾਏ ॥ ਕਰਿ ਕਿਰਪਾ ਨਾਮੁ ਮੰਨਿ ਵਸਾਏ ॥
ਇਹੁ ਸਿਰੁ ਦੀਜੈ ਆਪੁ ਗਵਾਏ ॥ ਹੁਕਮੈ ਬੂਝੈ ਸਦਾ ਸੁਖੁ ਪਾਏ ॥੩॥}

(ਅੰਗ - ੪੨੩)

{ਆਪਿ ਕਰੇ ਤੈ ਆਪਿ ਕਰਾਏ ॥ ਆਪੇ ਗੁਰਮੁਖਿ ਨਾਮੁ ਵਸਾਏ ॥
ਆਪਿ ਭੁਲਾਵੈ ਆਪਿ ਮਾਰਗਿ ਪਾਏ ॥ ਸਚੈ ਸਬਦਿ ਸਚਿ ਸਮਾਏ ॥੪॥}

(ਅੰਗ - ੪੨੩)

{ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਜੁਗਿ ਜੁਗਿ ਆਖਿ ਵਖਾਣੀ ॥}

(ਅੰਗ - ੪੨੩)

{ਮਨਮੁਖਿ ਮੋਹਿ ਭਰਮਿ ਭੋਲਾਣੀ ॥ ਬਿਨੁ ਨਾਵੈ ਸਭ ਫਿਰੈ ਬਉਰਾਣੀ ॥੫॥}

(ਅੰਗ - ੪੨੩)

{ਤੀਨਿ ਭਵਨ ਮਹਿ ਏਕਾ ਮਾਇਆ ॥ ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥
ਬਹੁ ਕਰਮ ਕਮਾਵੈ ਦੁਖੁ ਸਬਾਇਆ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥੬॥}

(ਅੰਗ - ੪੨੩)

{ਅੰਮ੍ਰਿਤੁ ਮੀਠਾ ਸਬਦੁ ਵੀਚਾਰਿ ॥ ਅਨਦਿਨੁ ਭੋਗੇ ਹਉਮੈ ਮਾਰਿ ॥}

(ਅੰਗ - ੪੨੩)

{ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥ ਹਰਿ ਜਪਿ ਪੜੀਐ ਹਉਮੈ ਮਾਰਿ ॥}

(ਅੰਗ - ੪੨੩)

{ਹਰਿ ਜਪੀਐ ਭਇ ਸਚਿ ਪਿਆਰਿ ॥ ਨਾਨਕ ਨਾਮੁ ਗੁਰਮਤਿ ਉਰ ਧਾਰਿ ॥੮॥੩॥੨੫॥}

(ਅੰਗ - ੪੨੩)

{ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥ ਗੁਰ ਤੇ ਨਾਮੁ ਪਾਈਐ ਵਡੀ ਵਡਿਆਈ ॥੧॥}

(ਅੰਗ - ੪੨੩)

{ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥ ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥}

(ਅੰਗ - ੪੨੪)

{ਗੁਰਮੁਖਿ ਨਾਮੁ ਧਿਆਈਐ ਬੂਝੈ ਵੀਚਾਰਾ ॥ ਗੁਰਮੁਖਿ ਭਗਤਿ ਸਲਾਹ ਹੈ ਅੰਤਰਿ ਸਬਦੁ ਅਪਾਰਾ ॥੩॥}

(ਅੰਗ - ੪੨੪)

{ਗੁਰਮੁਖਿ ਸੂਖੁ ਊਪਜੈ ਦੁਖੁ ਕਦੇ ਨ ਹੋਈ ॥ ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ ॥੪॥}

(ਅੰਗ - ੪੨੪)

{ਸਤਿਗੁਰਿ ਮਿਲਿਐ ਆਪੁ ਗਇਆ ਤ੍ਰਿਭਵਣ ਸੋਝੀ ਪਾਈ ॥
ਨਿਰਮਲ ਜੋਤਿ ਪਸਰਿ ਰਹੀ ਜੋਤੀ ਜੋਤਿ ਮਿਲਾਈ ॥੫॥}

(ਅੰਗ - ੪੨੪)

{ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ ॥ ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥੬॥}

(ਅੰਗ - ੪੨੪)

{ਪੂਰਾ ਸਤਿਗੁਰੁ ਤਾਂ ਮਿਲੈ ਜਾਂ ਨਦਰਿ ਕਰੇਈ ॥
ਕਿਲਵਿਖ ਪਾਪ ਸਭ ਕਟੀਅਹਿ ਫਿਰਿ ਦੁਖੁ ਬਿਘਨੁ ਨ ਹੋਈ ॥੭॥}

(ਅੰਗ - ੪੨੪)

{ਆਪਣੈ ਹਥਿ ਵਡਿਆਈਆ ਦੇ ਨਾਮੇ ਲਾਏ ॥
ਨਾਨਕ ਨਾਮੁ ਨਿਧਾਨੁ ਮਨਿ ਵਸਿਆ ਵਡਿਆਈ ਪਾਏ ॥੮॥੪॥੨੬॥}

(ਅੰਗ - ੪੨੪)

{ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥

(ਅੰਗ - ੪੨੫)

{ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥ ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥੫॥}

(ਅੰਗ - ੪੨੫)

{ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ ॥ ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ ॥੧॥ ਰਹਾਉ॥}

(ਅੰਗ - ੪੨੫)

{ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ ॥
ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ਹੀ ਨਾਮਿ ਹਉਮੈ ਮਾਰੀ ॥੮॥੫॥੨੭॥}

(ਅੰਗ - ੪੨੫)

{ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥}

(ਅੰਗ - ੪੨੫)

{ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥}

(ਅੰਗ - ੪੨੫)

{ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ ॥
ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥੧॥ ਰਹਾਉ ॥}

(ਅੰਗ - ੪੨੬)

{ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥ ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥੨॥}

(ਅੰਗ - ੪੨੬)

{ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ ॥
ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ ॥੮॥੭॥੨੯॥}

(ਅੰਗ - ੪੨੬)

{ਇਹੁ ਮਨੂਆ ਕਿਉ ਕਰਿ ਵਸਿ ਆਵੈ ॥ ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥}

(ਅੰਗ - ੪੨੬)

{ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ ॥ ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ॥੨॥}

(ਅੰਗ - ੪੨੬)

{ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥ ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ ॥੪॥}
(ਅੰਗ - ੪੨੬)

{ਸੋਹਾਗਣੀ ਵਿਚਿ ਰੰਗੁ ਰਖਿਓਨੁ ਸਚੈ ਅਲਖਿ ਅਪਾਰਿ ॥ ਸਤਿਗੁਰੁ ਸੇਵਨਿ ਆਪਣਾ ਸਚੈ ਭਾਇ ਪਿਆਰਿ॥੫॥}
(ਅੰਗ - ੪੨੬)

{ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ॥ ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ॥੬॥}
(ਅੰਗ - ੪੨੬)

{ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥ ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥੧॥ ਰਹਾਉ॥}
(ਅੰਗ - ੪੨੭)

{ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥
ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ॥੨॥}
(ਅੰਗ - ੪੨੭)

{ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥}
(ਅੰਗ - ੪੨੭)

{ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥
ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥੭॥}
(ਅੰਗ - ੪੨੭)

{ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥
ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥੮॥੯॥੩੧॥}
(ਅੰਗ - ੪੨੭)

{ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ ॥ ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥੧॥ ਰਹਾਉ ॥}
(ਅੰਗ - ੪੨੭)

{ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ ॥
ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ ॥੫॥}
(ਅੰਗ - ੪੨੭)

{ਨਦਰਿ ਕਰੇ ਜਿਸੁ ਆਪਣੀ ਤਿਸ ਨੋ ਭਾਵਨੀ ਲਾਏ ॥
ਸਤੁ ਸੰਤੋਖੁ ਇਹ ਸੰਜਮੀ ਮਨੁ ਨਿਰਮਲੁ ਸਬਦੁ ਸੁਣਾਏ ॥੬॥}
(ਅੰਗ - ੪੨੭)

{ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ॥
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ ਪਾਈਐ ਗੁਰ ਕੈ ਹੇਤਿ ਅਪਾਰਿ ॥੮॥੧੦॥੩੨॥}
(ਅੰਗ - ੪੨੭)

{ਸਚਿ ਰਤੀਆ ਸੋਹਾਗਣੀ ਜਿਨਾ ਗੁਰ ਕੈ ਸਬਦਿ ਸੀਗਾਰਿ ॥
ਘਰ ਹੀ ਸੋ ਪਿਰੁ ਪਾਇਆ ਸਚੈ ਸਬਦਿ ਵੀਚਾਰਿ ॥੧॥}
(ਅੰਗ - ੪੨੮)

{ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ ਲਾਈ ॥
ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ ॥੧॥ ਰਹਾਉ ॥}
(ਅੰਗ - ੪੨੮)

{ਜਿਨ ਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ ॥ ਅਨਦਿਨੁ ਸੇਵਹਿ ਸਹਜ ਸਿਉ ਸਚੇ ਮਾਹਿ ਸਮਾਇ ॥੩॥}
(ਅੰਗ - ੪੨੮)

{ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ॥ ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ॥੪॥}

(ਅੰਗ - ੪੨੮)

{ਤਨੁ ਮਨੁ ਸੀਤਲੁ ਮੁਖ ਉਜਲੇ ਪਿਰ ਕੈ ਭਾਇ ਪਿਆਰਿ ॥ ਸੇਜ ਸੁਖਾਲੀ ਪਿਰੁ ਰਵੈ ਹਉਮੈ ਤ੍ਰਿਸਨਾ ਮਾਰਿ ॥੬॥}
(ਅੰਗ - ੪੨੮)

{ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥ ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥}
(ਅੰਗ - ੪੨੯)

{ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ ॥ ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ॥੪॥}
(ਅੰਗ - ੪੨੯)

{ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ ॥
ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ ॥੭॥}
(ਅੰਗ - ੪੨੯)

{ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥
ਨਾਨਕ ਨਾਮੁ ਤਿਨ੍ਹਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ॥੯॥੧੩॥੩੫॥}
(ਅੰਗ - ੪੨੯)

{ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥ ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥੨॥}
(ਅੰਗ - ੪੨੯)

{ਆਵਹਿ ਇਸੁ ਰਾਸੀ ਕੇ ਵਾਪਾਰੀਏ ਜਿਨ੍ਹਾ ਨਾਮੁ ਪਿਆਰਾ ॥
ਗੁਰਮੁਖਿ ਹੋਵੈ ਸੋ ਧਨੁ ਪਾਏ ਤਿਨ੍ਹਾ ਅੰਤਰਿ ਸਬਦੁ ਵੀਚਾਰਾ ॥੪॥}
(ਅੰਗ - ੪੨੯)

{ਭਗਤੀ ਸਾਰ ਨ ਜਾਣਨ੍ਹੀ ਮਨਮੁਖ ਅਹੰਕਾਰੀ ॥ ਧੁਰਹੁ ਆਪਿ ਖੁਆਇਅਨੁ ਜੂਐ ਬਾਜੀ ਹਾਰੀ ॥੫॥}
(ਅੰਗ - ੪੨੯)

{ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ ॥
ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ॥੬॥}
(ਅੰਗ - ੪੨੯)

{ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥ ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥੭॥}
(ਅੰਗ - ੪੨੯)

{ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ ॥
ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰਿ ॥੯॥੧੪॥੩੬॥}
(ਅੰਗ - ੪੨੯)

{ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ ॥ ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ ॥੩॥}
(ਅੰਗ - ੪੩੦)

{ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ ॥
ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ ॥੫॥}
(ਅੰਗ - ੪੩੦)

{ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥
ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ ॥੭॥}

(ਅੰਗ - ੪੩੦)

{ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ ॥
ਨਾਨਕ ਨਾਮਿ ਸਮਾਣੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥੮॥੨੨॥੧੫॥੩੭॥}

(ਅੰਗ - ੪੩੦)

{ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥
ਇਨ੍ ਬਿਧਿ ਨਗਰੁ ਢੂਠਾ ਮੇਰੇ ਭਾਈ ॥ ਦੂਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥}

(ਅੰਗ - ੪੩੦)

{ਸਾਚ ਧਰਮ ਕੀ ਕਰਿ ਦੀਨੀ ਵਾਰਿ ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥}

(ਅੰਗ - ੪੩੦)

{ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥੮॥੧॥}

(ਅੰਗ - ੪੩੦)

{ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ ॥ ਸਾਧਸੰਗਿ ਹਰਿ ਹਰਿ ਜਪਤ ਨਿਰਮਲ ਸਾਚੀ ਰੀਤਿ ॥੧॥ ਰਹਾਉ ॥}

(ਅੰਗ - ੪੩੧)

{ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ ॥ ਭੇਟਿਓ ਪੂਰਾ ਸਤਿਗੁਰੂ ਸਾਚਾ ਪ੍ਰਭ ਸਿਉ ਨੇਹ ॥੬॥}

(ਅੰਗ - ੪੩੧)

{ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ ॥੩॥}

(ਅੰਗ - ੪੩੧)

{ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥੪॥}

(ਅੰਗ - ੪੩੧)

{ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥੫॥}

(ਅੰਗ - ੪੩੧)

{ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ ॥੩॥}

(ਅੰਗ - ੪੩੧)

{ਸੁੰਦਰੁ ਸੁਘਰੁ ਸੁਜਾਣੁ ਪ੍ਰਭੁ ਮੇਰਾ ਜੀਵਨੁ ਦਰਸੁ ਦਿਖਾਇ ॥੨॥}

(ਅੰਗ - ੪੩੧)

{ਜਨਮ ਮਰਣ ਦੁਖੁ ਕਟੀਐ ਪਿਆਰੇ ਜਬ ਭੇਟੈ ਹਰਿ ਰਾਇ ॥੧॥}

(ਅੰਗ - ੪੩੧)

{ਸਾਈ ਕਾਰ ਕਮਾਵਣੀ ਪਿਆਰੇ ਧੁਰਿ ਮਸਤਕਿ ਲੇਖੁ ਲਿਖਾਇ ॥੬॥
ਏਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ ॥੭॥}

(ਅੰਗ - ੪੩੨)

{ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨ੍ੀ ਸਚੁ ਕਮਾਇਆ ॥੩॥}

(ਅੰਗ - ੪੩੨)

{ਛੰਛੈ ਛਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥੪॥}

(ਅੰਗ - ੪੩੨)

{ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ ॥
ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥੮॥}

(ਅੰਗ - ੪੩੨)

{ਵੰਵੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ ॥
ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥੧੩॥}

(ਅੰਗ - ੪੩੩)

{ਞਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ ॥
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ ॥੧੮॥}

(ਅੰਗ - ੪੩੩)

{ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥}

(ਅੰਗ - ੪੩੩)

{ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ੍ ਕਉ ਭਉ ਪਇਆ ॥
ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ ॥੨੭॥}

(ਅੰਗ - ੪੩੪)

{ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ ॥
ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥੨੮॥}

(ਅੰਗ - ੪੩੪)

{ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ ॥
ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ ॥੨੯॥}

(ਅੰਗ - ੪੩੪)

{ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ ॥
ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ ॥੩੦॥}

(ਅੰਗ - ੪੩੪)

{ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ ॥
ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ ॥੩੧॥}

(ਅੰਗ - ੪੩੪)

{ਝਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ ॥
ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣੁ ਕੀਆ ॥੩੩॥}

(ਅੰਗ - ੪੩੪)

{ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥
ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥੩੪॥}

(ਅੰਗ - ੪੩੪)

{ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ ॥
ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥}

(ਅੰਗ - ੪੩੪)

{ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥
ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥}

(ਅੰਗ - ੪੩੪)

{ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥੫॥}

(ਅੰਗ - ੪੩੪)

{ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥
ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥}

(ਅੰਗ - ੪੩੫)

{ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ ॥
ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥}

(ਅੰਗ - ੪੩੫)

{ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ ॥
ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ ॥੯॥}

(ਅੰਗ - ੪੩੫)

{ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ ॥
ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ ॥੧੦॥}

(ਅੰਗ - ੪੩੫)

{ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥
ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥੧੧॥}

(ਅੰਗ - ੪੩੫)

{ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ ॥
ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥}

(ਅੰਗ - ੪੩੫)

{ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥}

(ਅੰਗ - ੪੩੫)

{ਧਧੈ ਧਾਵਤ ਵਰਜਿ ਰਖੁ ਮੂੜੇ ਅੰਤਰਿ ਤੇਰੈ ਨਿਧਾਨੁ ਪਇਆ ॥
ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ ਜੁਗਾ ਜੁਗੰਤਰਿ ਖਾਹਿ ਪਇਆ ॥੧੪॥}

(ਅੰਗ - ੪੩੫)

{ਗਗੈ ਗੋਬਿਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ ਪਾਇਆ ॥
ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ ॥੧੫॥}

(ਅੰਗ - ੪੩੫)

{ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ ॥
ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ ॥੧੬॥}

(ਅੰਗ - ੪੩੫)

{ਰਾਰੈ ਰਾਮੁ ਚਿਤਿ ਕਰਿ ਮੂੜੇ ਹਿਰਦੈ ਜਿਨ੍ ਕੈ ਰਵਿ ਰਹਿਆ ॥
ਗੁਰ ਪਰਸਾਦੀ ਜਿਨ੍ੀ ਰਾਮੁ ਪਛਾਤਾ ਨਿਰਗੁਣ ਰਾਮੁ ਤਿਨ੍ੀ ਬੂਝਿ ਲਹਿਆ ॥੧੭॥
ਤੇਰਾ ਅੰਤੁ ਨ ਜਾਈ ਲਖਿਆ ਅਕਥੁ ਨ ਜਾਈ ਹਰਿ ਕਥਿਆ ॥
ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ ॥੧੮॥੧॥੨॥}

(ਅੰਗ - ੪੩੫)

{ਕਰਿ ਦਇਆ ਮਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ ॥
ਨਾਨਕਾ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ ॥੧॥}

(ਅੰਗ - ੪੩੬)

{ਪ੍ਰਭ ਪ੍ਰੇਮਿ ਰਾਤੀ ਹਰਿ ਬਿਨੰਤੀ ਨਾਮਿ ਹਰਿ ਕੈ ਸੁਖਿ ਵਸੈ ॥
ਤਉ ਗੁਣ ਪਛਾਣਹਿ ਤਾ ਪ੍ਰਭੁ ਜਾਣਹਿ ਗੁਣਹ ਵਸਿ ਅਵਗਣ ਨਸੈ ॥}

(ਅੰਗ - ੪੩੬)

{ਕਰਣ ਕਾਰਣ ਸਮਰਥ ਸ੍ਰੀਧਰ ਆਪਿ ਕਾਰਜੁ ਸਾਰਏ॥ ਨਾਨਕ ਨਦਰੀ ਧਨ ਸੋਹਾਗਣਿ ਸਬਦੁ ਅਭ ਸਾਧਾਰਏ॥੩॥}

(ਅੰਗ - ੪੩੬)

{ਤਨੁ ਮਨੁ ਪਿਰ ਆਗੈ ਸਬਦਿ ਸਭਾਗੈ ਘਰਿ ਅੰਮ੍ਰਿਤ ਫਲੁ ਪਾਵਣੇ ॥
ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ ॥}

(ਅੰਗ - ੪੩੬)

{ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ ॥
ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ॥}

(ਅੰਗ - ੪੩੬)

{ਤਿਤੁ ਅਗਮ ਤਿਤੁ ਅਗਮ ਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥
ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥}

(ਅੰਗ - ੪੩੬)

{ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥
ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥੨॥}

(ਅੰਗ - ੪੩੬)

{ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ ॥
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥}

(ਅੰਗ - ੪੩੭)

{ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥}

(ਅੰਗ - ੪੩੭)

{ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕੁ ਕਹੈ ਵੀਚਾਰਾ ॥੪॥੨॥}

(ਅੰਗ - ੪੩੭)

{ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥
ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ ॥੧॥}

(ਅੰਗ - ੪੩੭)

{ਸਾਇਰ ਕੀ ਪੁੜੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ ॥
ਆਦਿ ਪੁਰਖਿ ਇਕੁ ਚਲਤੁ ਦਿਖਾਇਆ ਜਹ ਦੇਖਾ ਤਹ ਸੋਈ ॥
ਨਾਨਕ ਹਰਿ ਕੀ ਭਗਤਿ ਨ ਛੋਡਉ ਸਹਜੇ ਹੋਇ ਸੁ ਹੋਈ ॥੨॥}

(ਅੰਗ - ੪੩੭)

{ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥
ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥}

(ਅੰਗ - ੪੩੭)

{ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥
ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥}

(ਅੰਗ - ੪੩੭)

{ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥
ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥੪॥੩॥}

(ਅੰਗ - ੪੩੭)

{ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥
ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥}

(ਅੰਗ - ੪੩੮)

{ਜੰਮਣੁ ਮਰਣੁ ਤਿਨ੍ਹਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥
ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ ॥}

(ਅੰਗ - ੪੩੮)

{ਹਰਿ ਦਰਗਹ ਮਾਨੁ ਸੋਈ ਜਨੁ ਪਾਵੈ ਜੋ ਨਰੁ ਏਕੁ ਪਛਾਣੈ ॥
ਓਹੁ ਨਵ ਨਿਧਿ ਪਾਵੈ ਗੁਰਮਤਿ ਹਰਿ ਧਿਆਵੈ ਨਿਤ ਹਰਿ ਗੁਣ ਆਖਿ ਵਖਾਣੈ ॥}

(ਅੰਗ - ੪੩੮)

{ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥
ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥
ਨਾਮੁ ਲੈਨ੍ਹਿ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥੪॥੧॥੪॥}

(ਅੰਗ - ੪੩੮)

{ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ ॥}

(ਅੰਗ - ੪੩੮)

{ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ ॥
ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ ॥੨॥}

(ਅੰਗ - ੪੩੯)

{ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥
ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ ॥}

(ਅੰਗ - ੪੩੯)

{ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ ॥
ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ ॥੩॥}

(ਅੰਗ - ੪੩੯)

{ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥}

(ਅੰਗ - ੪੩੯)

ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥}

(ਅੰਗ - ੪੩੯)

{ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥
ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥੧॥}

(ਅੰਗ - ੪੩੯)

{ਦੂਜੜੈ ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ ॥ ਕਾਮਣਿ ਗੁਣੁ ਨਾਹੀ ਬਿਰਥਾ ਜਨਮੁ ਗਵਾਏ ਰਾਮ ॥}

(ਅੰਗ - ੪੩੯)

{ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣਵੰਤੀ ਝੂਰੇ ॥
ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ ॥}

(ਅੰਗ - ੪੩੯)

{ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ॥

ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ॥}

(ਅੰਗ - ੪੪੦)

{ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥
ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥੩॥}

(ਅੰਗ - ੪੪੦)

{ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮਨਿ ਵਸੇ ॥
ਸੇਜ ਸੁਹਾਵੀ ਜਾ ਪਿਰਿ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ ॥}

(ਅੰਗ - ੪੪੦)

{ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ ॥
ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ॥੪॥੧॥੬॥}

(ਅੰਗ - ੪੪੦)

{ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ ॥ ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ ਲੇਹੋ ॥}

(ਅੰਗ - ੪੪੦)

{ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ ਭਾਵਏ ॥
ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥}

(ਅੰਗ - ੪੪੦)

{ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ ॥
ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥੧॥}

(ਅੰਗ - ੪੪੦)

{ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥
ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥}

(ਅੰਗ - ੪੪੦)

{ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥
ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥੨॥}

(ਅੰਗ - ੪੪੦)

{ਮਨ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ ॥}

(ਅੰਗ - ੪੪੦)

{ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥}

(ਅੰਗ - ੪੪੦)

{ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥}

(ਅੰਗ - ੪੪੧)

{ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥}

(ਅੰਗ - ੪੪੧)

{ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥}

(ਅੰਗ - ੪੪੧)

{ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥ ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ॥}

(ਅੰਗ - ੪੪੧)

{ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ ॥
ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ ॥}

(ਅੰਗ - ੪੪੧)

{ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥}

(ਅੰਗ - ੪੪੧)

{ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥
ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥}

(ਅੰਗ - ੪੪੧)

{ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥
ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥੭॥}

(ਅੰਗ - ੪੪੧)

{ਸੋ ਸਹੁ ਚਿਤਿ ਆਇਆ ਮੰਨਿ ਵਸਾਇਆ ਅਵਗਣ ਸਭਿ ਵਿਸਾਰੇ ॥
ਜਾ ਤਿਸੁ ਭਾਣਾ ਗੁਣ ਪਰਗਟ ਹੋਏ ਸਤਿਗੁਰ ਆਪਿ ਸਵਾਰੇ ॥}

(ਅੰਗ - ੪੪੧)

{ਸੇ ਜਨ ਪਰਵਾਣੁ ਹੋਏ ਜਿਨ੍ੀ ਇਕੁ ਨਾਮੁ ਦਿੜਿਆ ਦੁਤੀਆ ਭਾਉ ਚੁਕਾਇਆ ॥
ਇਉ ਕਹੈ ਨਾਨਕੁ ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥੮॥}

(ਅੰਗ - ੪੪੧)

{ਸਚੀ ਤੇਰੀ ਵਡਿਆਈ ਜਾ ਕਉ ਤੁਧੁ ਮੰਨਿ ਵਸਾਈ ਸਦਾ ਤੇਰੇ ਗੁਣ ਗਾਵਹੇ ॥
ਤੇਰੇ ਗੁਣ ਗਾਵਹਿ ਜਾ ਤੁਧੁ ਭਾਵਹਿ ਸਚੇ ਸਿਉ ਚਿਤੁ ਲਾਵਹੇ ॥}

(ਅੰਗ - ੪੪੨)

{ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ ॥ ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ ਪ੍ਰਾਨਿ ਵਸਾਏ ਰਾਮ ॥
ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ ਸਭੁ ਸੰਸਾ ਦੂਖੁ ਗਵਾਇਆ ॥
ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ ਪਵਿਤ੍ ਪਰਮ ਪਦੁ ਪਾਇਆ ॥}

(ਅੰਗ - ੪੪੨)

{ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ ॥
ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ ॥}

(ਅੰਗ - ੪੪੨)

{ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ ॥
ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ ॥੨॥}

(ਅੰਗ - ੪੪੨)

{ਹਰਿ ਪੂਜੀ ਚਾਹੀ ਨਾਮੁ ਬਿਸਾਹੀ ਗੁਣ ਗਾਵੈ ਗੁਣ ਭਾਵੈ ॥
ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥}

(ਅੰਗ - ੪੪੨)

{ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥}

(ਅੰਗ - ੪੪੨)

{ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥}

(ਅੰਗ - ੪੪੨)

{ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੯॥}

(ਅੰਗ - ੪੪੨)

{ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ ॥
ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ ॥੧॥}

(ਅੰਗ - ੪੪੩)

{ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥
ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥}

(ਅੰਗ - ੪੪੨)

{ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥
ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥}

(ਅੰਗ - ੪੪੩)

{ਰਾਮ ਨਾਮੁ ਧਿਆਏ ਪਵਿਤੁ ਹੋਇ ਆਏ ਤਿਸੁ ਰੂਪੁ ਨ ਰੇਖਿਆ ਕਾਈ ॥
ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ ॥}

(ਅੰਗ - ੪੪੩)

{ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ ਗੁਰਮਤਿ ਰਾਮੁ ਪ੍ਰਗਾਸਾ ॥
ਨਾਨਕ ਆਪਿ ਅਨੁਗ੍ਰਹੁ ਕੀਆ ਹਮ ਦਾਸਨਿ ਦਾਸਨਿ ਦਾਸਾ ॥੩॥}

(ਅੰਗ - ੪੪੩)

{ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥

ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥}

(ਅੰਗ - ੪੪੩)

{ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ ॥
ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ ॥}

(ਅੰਗ - ੪੪੩)

{ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥
ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥੪॥}

(ਅੰਗ - ੪੪੩)

{ਰਾਮੋ ਰਾਮ ਨਾਮੁ ਗੁਰੂ ਰਾਮੁ ਗੁਰਮੁਖੇ ਜਾਣੈ ਰਾਮ ॥
ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ ॥}

(ਅੰਗ - ੪੪੩)

{ਮਨ ਚਿੰਦਿਆ ਫਲੁ ਪਾਇਆ ਰਾਮ ਨਾਮੁ ਧਿਆਇਆ ਰਾਮ ਨਾਮ ਗੁਣ ਗਾਏ ॥
ਦੁਰਮਤਿ ਕਬੁਧਿ ਗਈ ਸੁਧਿ ਹੋਈ ਰਾਮ ਨਾਮਿ ਮਨੁ ਲਾਏ ॥}

(ਅੰਗ - ੪੪੩)

{ਰਾਮ ਨਾਮੁ ਇਸੁ ਜੁਗ ਮਹਿ ਤੁਲਹਾ ਜਮਕਾਲੁ ਨੇੜਿ ਨ ਆਵੈ ॥
ਨਾਨਕ ਗੁਰਮੁਖਿ ਰਾਮੁ ਪਛਾਤਾ ਕਰਿ ਕਿਰਪਾ ਆਪਿ ਮਿਲਾਵੈ ॥੭॥}

(ਅੰਗ - ੪੪੪)

{ਰਾਮੋ ਰਾਮ ਨਾਮੁ ਸਤੇ ਸਤਿ ਗੁਰਮੁਖਿ ਜਾਣਿਆ ਰਾਮ ॥
ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ ॥}

(ਅੰਗ - ੪੪੪)

{ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥}

(ਅੰਗ - ੪੪੪)

{ਹਰਿ ਊਤਮੁ ਕਾਮੁ ਜਪੀਐ ਹਰਿ ਨਾਮੁ ਹਰਿ ਜਪੀਐ ਅਸਥਿਰੁ ਹੋਵੈ ॥
ਜਨਮ ਮਰਣ ਦੋਵੈ ਦੁਖ ਮੇਟੇ ਸਹਜੇ ਹੀ ਸੁਖਿ ਸੋਵੈ ॥}

(ਅੰਗ - ੪੪੪)

{ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥
ਗੁਰਮੁਖਿ ਹਰਿ ਪੜੀਐ ਗੁਰਮੁਖਿ ਹਰਿ ਸੁਣੀਐ ਹਰਿ ਜਪਤ ਸੁਣਤ ਦੁਖੁ ਜਾਇ ਜੀਉ ॥}

(ਅੰਗ - ੪੪੪)

{ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥
ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥}

(ਅੰਗ - ੪੪੪)

{ਆਵਣ ਜਾਣਾ ਭ੍ਰਮੁ ਭਉ ਭਾਗਾ ਹਰਿ ਹਰਿ ਹਰਿ ਗੁਣ ਗਾਇਆ ॥

ਜਨਮ ਜਨਮ ਕੇ ਕਿਲਵਿਖ ਦੁਖ ਉਤਰੇ ਹਰਿ ਹਰਿ ਨਾਮਿ ਸਮਾਇਆ ॥}

(ਅੰਗ - ੪੪੪)

{ਜਿਨ ਹਰਿ ਧਿਆਇਆ ਧੁਰਿ ਭਾਗ ਲਿਖਿ ਪਾਇਆ ਤਿਨ ਸਫਲੁ ਜਨਮੁ ਪਰਵਾਣੁ ਜੀਉ ॥
ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥੩॥}

(ਅੰਗ - ੪੪੪)

{ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ ॥
ਹਰਿ ਨਾਮੁ ਵਡਾਈ ਹਰਿ ਨਾਮੁ ਸਖਾਈ ਗੁਰ ਸਬਦੀ ਹਰਿ ਰਸ ਭੋਗ ਜੀਉ ॥}

(ਅੰਗ - ੪੪੫)

{ਹਰਿ ਰਸ ਭੋਗ ਮਹਾ ਨਿਰਜੋਗ ਵਡਭਾਗੀ ਹਰਿ ਰਸੁ ਪਾਇਆ ॥
ਸੇ ਧੰਨੁ ਵਡੇ ਸਤ ਪੁਰਖਾ ਪੂਰੇ ਜਿਨ ਗੁਰਮਤਿ ਨਾਮੁ ਧਿਆਇਆ ॥}

(ਅੰਗ - ੪੪੫)

{ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥
ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥}

(ਅੰਗ - ੪੪੫)

{ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥}

(ਅੰਗ - ੪੪੫)

{ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥}

(ਅੰਗ - ੪੪੫)

{ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥
ਮਹਾ ਜੁਧ ਜੋਧ ਬਹੁ ਕੀਨੇ ਵਿਚਿ ਹਉਮੈ ਪਚੈ ਪਚਾਇ ਜੀਉ ॥}

(ਅੰਗ - ੪੪੫)

{ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥
ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥}

(ਅੰਗ - ੪੪੬)

{ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥
ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ ਧੁਰਿ ਮਸਤਕਿ ਭਾਗ ਪੁਰਾਨ ਜੀਉ ॥}

(ਅੰਗ - ੪੪੬)

{ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ ਹਰਿ ਨਾਮਾ ਕੰਠਿ ਧਾਰੇ ॥
ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ ਸਭੁ ਆਤਮ ਰਾਮੁ ਪਛਾਨ ਜੀਉ ॥}

(ਅੰਗ - ੪੪੬)

{ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥

ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ ਬੀਜਾ ਅਵਰੁ ਨ ਕੋਇ ਜੀਉ ॥}

(ਅੰਗ - ੪੪੬)

{ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ ॥
ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥}

(ਅੰਗ - ੪੪੬)

{ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥
ਜੋ ਜਨ ਮਰਿ ਜੀਵੇ ਤਿਨ੍ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ ॥}

(ਅੰਗ - ੪੪੭)

{ਹਰਿ ਦਰਗਹ ਪੈਧੇ ਹਰਿ ਨਾਮੈ ਸੀਧੇ ਹਰਿ ਨਾਮੈ ਤੇ ਸੁਖੁ ਪਾਇਆ ॥
ਜਨਮ ਮਰਣ ਦੋਵੈ ਦੁਖ ਮੇਟੇ ਹਰਿ ਰਾਮੈ ਨਾਮਿ ਸਮਾਇਆ ॥}

(ਅੰਗ - ੪੪੭)

{ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥
ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥}

(ਅੰਗ - ੪੪੭)

{ਜਿਸ ਨੋ ਨਦਰਿ ਕਰਹਿ ਤੂੰ ਅਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥
ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥੧॥}

(ਅੰਗ - ੪੪੮)

{ਗੁਰਮੁਖਿ ਬੁਧਿ ਪਾਈਐ ਆਪੁ ਗਵਾਈਐ ਸਬਦੇ ਰਹਿਆ ਸਮਾਈ ॥
ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ ਨਾਨਕ ਨਾਮਿ ਸਮਾਇ ਜੀਉ ॥}

(ਅੰਗ - ੪੪੮)

{ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥}
(ਅੰਗ - ੪੪੯)

{ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥
ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ ॥
ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ ॥
ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ ॥੩॥}
(ਅੰਗ - ੪੪੯)

{ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥
ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ ॥੪॥੮॥੧੫॥}
(ਅੰਗ - ੪੪੯)

{ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥ ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥}
(ਅੰਗ - ੪੪੯)

{ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ ॥
ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ ॥੨॥}
(ਅੰਗ - ੪੪੯)

{ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥
ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ ॥
ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥੩॥}
(ਅੰਗ - ੪੪੯)

{ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥ ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥
ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥ ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥੪॥੯॥੧੬॥}
(ਅੰਗ - ੪੪੯)

{ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ ॥
ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ ॥}
(ਅੰਗ - ੪੪੯)

{ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ ॥
ਹਰਿ ਨਾਮੁ ਸਾਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ ॥ ਹਮ ਮੂਰਖ ਕਿਛੂਅ ਨ ਜਾਣਹਾ ਕਿਵ ਪਾਵਹ ਪਾਰੋ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੋ ॥੩॥}
(ਅੰਗ - ੪੫੦)

{ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥
ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥ ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥
ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ ॥੪॥੧੦॥੧੭॥}
(ਅੰਗ - ੪੫੦)

{ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥}

(ਅੰਗ - ੪੫੦)

{ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ ॥
ਜਨ ਨਾਨਕ ਸਤਿਗੁਰੁ ਭੇਟਿਆ ਹਰਿ ਨਾਮਿ ਤਰਾਏ ॥੩॥}

(ਅੰਗ - ੪੫੦)

{ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥}

(ਅੰਗ - ੪੫੦)

{ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥}

(ਅੰਗ - ੪੫੦)

{ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ ॥ ਜਨ ਨਾਨਕ ਨਾਮੁ ਦੀਬਾਣੁ ਹੈ ਹਰਿ ਤਾਣੁ ਸਤਾਣੇ ॥੧॥}

(ਅੰਗ - ੪੫੦)

{ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥
ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥}

(ਅੰਗ - ੪੫੦)

{ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਾ ਮੇਰਾ ਸਤਿਗੁਰੁ ਤੁਠਾ ॥
ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥੪॥੧੨॥੧੯॥}

(ਅੰਗ - ੪੫੧)

{ਜਿਨ੍ਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥
ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥
ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥
ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥}

(ਅੰਗ - ੪੫੧)

{ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥
ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥
ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ ॥
ਜਿਨ੍ਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ ॥੨॥}

(ਅੰਗ - ੪੫੧)

{ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥}

(ਅੰਗ - ੪੫੨)

{ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥}

(ਅੰਗ - ੪੫੨)

{ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ ॥
ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ ॥
ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ॥ ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵ ਨਿਧਿ ਪਾਈ॥੩॥}

(ਅੰਗ - ੪੫੨)

{ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤ੍ਰੁਟੀ ਭੀਤਾ ਭਰਮ ਗੜਾ ॥
ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥
ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥
ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥੪॥੧॥}

(ਅੰਗ - ੪੫੩)

{ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥
ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥੧॥}

(ਅੰਗ - ੪੫੩)

{ਵਡਭਾਗੀ ਪਾਏ ਨਾਮੁ ਧਿਆਏ ਲਾਥੇ ਦੂਖ ਸੰਤਾਪੈ ॥
ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਆਪੁ ਮਿਟਾਇਆ ਆਪੈ ॥}

(ਅੰਗ - ੪੫੩)

{ਗੁਰੁ ਪੂਰਾ ਪਾਇਆ ਨਾਮੁ ਧਿਆਇਆ ਜੂਐ ਜਨਮੁ ਨ ਹਾਰੇ ॥
ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ ॥੩॥}

(ਅੰਗ - ੪੫੩)

{ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ ॥
ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ ॥}

(ਅੰਗ - ੪੫੩)

{ਹਰਿ ਘਟਿ ਘਟੇ ਡੀਠਾ ਅੰਮ੍ਰਿਤੁ ਵੂਠਾ ਜਨਮ ਮਰਨ ਦੁਖ ਨਾਠੇ ॥
ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ ॥}

(ਅੰਗ - ੪੫੩)

{ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸਿ ਮਾਤੇ ਰਾਮ ਰਾਜੇ ॥
ਗੁਰ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ ॥}

(ਅੰਗ - ੪੫੪)

{ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥ ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥}

(ਅੰਗ - ੪੫੪)

{ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ ॥
ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ ॥}

(ਅੰਗ - ੪੫੪)

{ਸੂਖ ਸਹਜ ਆਨੰਦ ਘਨੇਰੇ ਪਤਿਤ ਪਾਵਨ ਸਾਧੂ ਧੂਰਾ ॥
ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੁ ਪੂਰਾ ॥੪॥੧॥੩॥}

(ਅੰਗ - ੪੫੪)

{ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ ॥
ਜਹ ਦੂਖੁ ਸੁਣੀਐ ਜਮ ਪੰਥੁ ਭਣੀਐ ਤਹ ਸਾਧਸੰਗਿ ਨ ਡਰਪੀਐ ॥}

(ਅੰਗ - ੪੫੪)

{ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ ਅਤਿ ਲਾਈਐ ਚਿਤੁ ਮੁਰਾਰੀ ॥
ਮਾਨੁ ਨ ਕੀਜੈ ਸਰਣਿ ਪਰੀਜੈ ਦਰਸਨ ਕਉ ਬਲਿਹਾਰੀ ॥}

(ਅੰਗ - ੪੫੫)

{ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਭਿ ਪਾਹੁਣਿਆ ॥
ਅਬ ਕਿਆ ਰੰਗੁ ਲਾਇਓ ਮੋਹੁ ਰਚਾਇਓ ਨਾਗੇ ਆਵਣ ਜਾਵਣਿਆ ॥}

(ਅੰਗ - ੪੫੫)

{ਥਿਰੁ ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹੁ ਜੁ ਕਿਤੀਐ ॥
ਕਹੁ ਨਾਨਕ ਛੰਤ ਦਇਆਲ ਪੁਰਖ ਕੇ ਮਨ ਹਰਿ ਲਾਇ ਪਰੀਤਿ ਕਬ ਦਿਨੀਅਰੁ ਦੇਖੀਐ ॥੩॥}

(ਅੰਗ - ੪੫੫)

{ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ ॥
ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ ਇਹੁ ਮਨੁ ਲਾਲ ਦੀਜੈ ॥}

(ਅੰਗ - ੪੫੫)

{ਮਨੁ ਲਾਲਹਿ ਦੀਜੈ ਭੋਗ ਕਰੀਜੈ ਹਭਿ ਖੁਸੀਆ ਰੰਗ ਮਾਣੇ ॥
ਪਿਰੁ ਅਪਨਾ ਪਾਇਆ ਰੰਗੁ ਲਾਲੁ ਬਣਾਇਆ ਅਤਿ ਮਿਲਿਓ ਮਿਤ੍ ਚਿਰਾਣੇ ॥}

(ਅੰਗ - ੪੫੫)

{ਗੁਰੁ ਥੀਆ ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ ॥
ਕਹੁ ਨਾਨਕ ਛੰਤ ਦਇਆਲ ਮੋਹਨ ਕੇ ਮਨ ਹਰਿ ਚਰਣ ਗਹੀਜੈ ਐਸੀ ਮਨ ਪ੍ਰੀਤਿ ਕੀਜੈ ॥੪॥੧॥੪॥}

(ਅੰਗ - ੪੫੫)

{ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥ ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥੧॥}

(ਅੰਗ - ੪੫੫)

{ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ॥ ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ॥}

(ਅੰਗ - ੪੫੬)

{ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ ॥
ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ ॥੪॥੨॥੫॥}

(ਅੰਗ - ੪੫੬)

{ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥

ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥੧॥}

(ਅੰਗ - ੪੫੬)

{ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥}

(ਅੰਗ - ੪੫੬)

{ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥}

(ਅੰਗ - ੪੫੬)

{ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥}

(ਅੰਗ - ੪੫੬)

{ਹਰਿ ਚਰਨ ਕਾਰਨ ਕਰਨ ਸੁਆਮੀ ਪਤਿਤ ਉਧਰਨ ਹਰਿ ਹਰੇ ॥
ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁ ਤਰੇ ॥}

(ਅੰਗ - ੪੫੬)

{ਆਦਿ ਅੰਤਿ ਬੇਅੰਤ ਖੋਜਹਿ ਸੁਨੀ ਉਧਰਨ ਸੰਤਸੰਗ ਬਿਧੇ ॥
ਨਾਨਕੁ ਪਇਅੰਪੈ ਚਰਨ ਜੰਪੈ ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥੩॥}

(ਅੰਗ - ੪੫੬)

{ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ ॥}

(ਅੰਗ - ੪੫੬)

{ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ ॥
ਆਨੰਦ ਹਰਿ ਜਸ ਮਹਾ ਮੰਗਲ ਸਰਬ ਦੂਖ ਵਿਸਾਰਿਆ ॥}

(ਅੰਗ - ੪੫੬)

{ਚਮਤਕਾਰ ਪ੍ਰਗਾਸੁ ਦਹ ਦਿਸ ਏਕੁ ਤਹ ਦ੍ਰਿਸਟਾਇਆ ॥
ਨਾਨਕੁ ਪਇਅੰਪੈ ਚਰਣ ਜੰਪੈ ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥੪॥੩॥੬॥}

(ਅੰਗ - ੪੫੬)

{ਪ੍ਰਾਨਪਤਿ ਗਤਿ ਮਤਿ ਜਾ ਤੇ ਪ੍ਰਿਅ ਪ੍ਰੀਤਿ ਪ੍ਰੀਤਮੁ ਭਾਵਏ ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥੧॥}

(ਅੰਗ - ੪੫੭)

{ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੋ ਰਾਮੁ ਭਤਾਰੁ ਤਾ ਕੈ ਅਨਦੁ ਘਣਾ ॥੨॥}

(ਅੰਗ - ੪੫੭)

{ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥ ਪੀਸਉ ਚਰਣ ਪਖਾਰਿ ਆਪੁ ਤਿਆਗੀਐ ॥}

(ਅੰਗ - ੪੫੭)

{ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ ॥ ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ ॥}

(ਅੰਗ - ੪੫੭)

{ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥}
(ਅੰਗ - ੪੫੭)

{ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥ ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ॥}
(ਅੰਗ - ੪੫੭)

{ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥
ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥੪॥੪॥੭॥}
(ਅੰਗ - ੪੫੭)

{ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥ ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥੧॥}
(ਅੰਗ - ੪੫੭)

{ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ੍ ਦਇਆ ॥
ਕਤਹੂੰ ਨ ਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ ॥}
(ਅੰਗ - ੪੫੭)

{ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥
ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ ॥}
(ਅੰਗ - ੪੫੭)

{ਭਰਮੇ ਜਨਮ ਅਨੇਕ ਸੰਕਟ ਮਹਾ ਜੋਨ ॥ ਲਪਟਿ ਰਹਿਓ ਤਿਹ ਸੰਗਿ ਮੀਠੇ ਭੋਗ ਸੋਨ ॥}
(ਅੰਗ - ੪੫੮)

{ਭ੍ਰਮਤ ਭਾਰ ਅਗਨਤ ਆਇਓ ਬਹੁ ਪ੍ਰਦੇਸਹ ਧਾਇਓ ॥
ਅਬ ਓਟ ਧਾਰੀ ਪ੍ਰਭ ਮੁਰਾਰੀ ਸਰਬ ਸੁਖ ਹਰਿ ਨਾਇਓ ॥}
(ਅੰਗ - ੪੫੮)

{ਰਾਖਨਹਾਰੇ ਪ੍ਰਭ ਪਿਆਰੇ ਮੁਝ ਤੇ ਕਛੁ ਨ ਹੋਆ ਹੋਨ॥ ਸੂਖ ਸਹਜ ਆਨੰਦ ਨਾਨਕ ਕ੍ਰਿਪਾ ਤੇਰੀ ਤਰੈ ਭਉਨ॥੩॥}
(ਅੰਗ - ੪੫੮)

{ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ ਨਿਧਾਨਾ ਪਾਵਹੇ ॥
ਹਰਿ ਰੰਗਿ ਰਾਤੇ ਪ੍ਰਭ ਬਿਧਾਤੇ ਰਾਮ ਕੇ ਗੁਣ ਗਾਵਹੇ ॥}
(ਅੰਗ - ੪੫੮)

{ਪੁਰਖ ਪਤੇ ਭਗਵਾਨ ਤਾ ਕੀ ਸਰਣਿ ਗਹੀ ॥ ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ ॥}
(ਅੰਗ - ੪੫੮)

{ਮਾਤ ਪਿਤਾ ਸੁਤ ਮੀਤ ਸੁਰਿਜਨ ਇਸਟ ਬੰਧਪ ਜਾਣਿਆ ॥
ਗਹਿ ਕੰਠਿ ਲਾਇਆ ਗੁਰਿ ਮਿਲਾਇਆ ਜਸੁ ਬਿਮਲ ਸੰਤ ਵਖਾਣਿਆ ॥}
(ਅੰਗ - ੪੫੮)

{ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੁ ਨ ਜਾਇ ਕਹੀ ॥
ਪ੍ਰਭ ਏਕ ਅਨਿਕ ਅਲਖ ਠਾਕੁਰ ਓਟ ਨਾਨਕ ਤਿਸੁ ਗਹੀ ॥੧॥}
(ਅੰਗ - ੪੫੮)

{ਅੰਮ੍ਰਿਤ ਬਨੁ ਸੰਸਾਰੁ ਸਹਾਈ ਆਪਿ ਭਏ ॥ ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ ॥}

(ਅੰਗ - ੪੫੮)

{ਗਤੁ ਭਰਮ ਮੋਹ ਬਿਕਾਰ ਬਿਨਸੇ ਜੋਨਿ ਆਵਣ ਸਭ ਰਹੇ ॥
ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥}

(ਅੰਗ - ੪੫੮)

{ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ ॥
ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ ॥}

(ਅੰਗ - ੪੫੮)

{ਬ੍ਰਹਮੁ ਪਸਰਿਆ ਬ੍ਰਹਮ ਲੀਲਾ ਗੋਵਿੰਦ ਗੁਣ ਨਿਧਿ ਜਨਿ ਕਹਿਆ ॥
ਸਿਮਰਿ ਸੁਆਮੀ ਅੰਤਰਜਾਮੀ ਹਰਿ ਏਕੁ ਨਾਨਕ ਰਵਿ ਰਹਿਆ ॥੩॥}

(ਅੰਗ - ੪੫੮)

{ਦਿਨੁ ਰੈਣਿ ਸੁਹਾਵੜੀ ਆਈ ਸਿਮਰਤ ਨਾਮੁ ਹਰੇ ॥ ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ ॥}

(ਅੰਗ - ੪੫੮)

{ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸੰਬੂਹਾ ਸਭਿ ਤਰੇ ॥
ਦਿਨਸੁ ਰੈਣਿ ਅਨੰਦ ਅਨਦਿਨੁ ਸਿਮਰੰਤ ਨਾਨਕ ਹਰਿ ਹਰੇ ॥੪॥੬॥੯॥}

(ਅੰਗ - ੪੫੮)

{ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥
ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥੧॥}

(ਅੰਗ - ੪੫੯)

{ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥}

(ਅੰਗ - ੪੫੯)

{ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ ॥
ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ ॥}

(ਅੰਗ - ੪੫੯)

{ਸਗਲ ਗੁਣ ਸੁਗਿਆਨ ਪੂਰਨ ਆਪਣੇ ਪ੍ਰਭ ਭਾਣੀ ॥ ਬਿਨਵੰਤਿ ਨਾਨਕ ਰੰਗਿ ਰਾਤੀ ਪ੍ਰੇਮ ਸਹਜਿ ਸਮਾਣੀ॥੩॥}

(ਅੰਗ - ੪੫੯)

{ਸੁਖ ਸੋਹਿਲੜੇ ਹਰਿ ਗਾਵਣ ਲਾਗੇ ॥ ਸਾਜਨ ਸਰਸਿਅੜੇ ਦੁਖ ਦੁਸਮਨ ਭਾਗੇ ॥}

(ਅੰਗ - ੪੫੯)

{ਸੁਖ ਸਹਜ ਸਰਸੇ ਹਰਿ ਨਾਮਿ ਰਹਸੇ ਪ੍ਰਭਿ ਆਪਿ ਕਿਰਪਾ ਧਾਰੀਆ ॥
ਹਰਿ ਚਰਣ ਲਾਗੇ ਸਦਾ ਜਾਗੇ ਮਿਲੇ ਪ੍ਰਭ ਬਨਵਾਰੀਆ ॥}

(ਅੰਗ - ੪੫੯)

{ਕੂੜੇ ਲੁਭਾਣਿਆ ਧੋਹੁ ਮਾਣਿਆ ਕਰਹਿ ਪਾਪ ਅਮਿਤਿਆ ॥

ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ ॥}

(ਅੰਗ - ੪੫੯)

{ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ ॥ ਹਰਿਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ ॥}

(ਅੰਗ - ੪੬੦)

{ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ ॥
ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ ॥੨॥}

(ਅੰਗ - ੪੬੦)

{ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ ॥
ਦੂਖਾ ਸਜਾਈ ਗਣਤ ਨਾਹੀ ਕੀਆ ਅਪਣਾ ਪਾਇਓ ॥}

(ਅੰਗ - ੪੬੦)

{ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ ॥ ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ ॥੩॥}

(ਅੰਗ - ੪੬੦)

{ਹਰਿ ਕੇ ਦਾਸ ਜੀਵੇ ਲਗਿ ਪ੍ਰਭ ਕੀ ਚਰਣੀ ॥ ਕੰਠਿ ਲਗਾਇ ਲੀਏ ਤਿਸੁ ਠਾਕੁਰ ਸਰਣੀ ॥}

(ਅੰਗ - ੪੬੦)

{ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥
ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥}

(ਅੰਗ - ੪੬੦)

{ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥
ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥}

(ਅੰਗ - ੪੬੦)

{ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥ ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ ॥}

(ਅੰਗ - ੪੬੦)

{ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ ॥
ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥}

(ਅੰਗ - ੪੬੦)

{ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ ॥
ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ ॥੧॥}

(ਅੰਗ - ੪੬੦)

{ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥ ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥}

(ਅੰਗ - ੪੬੦)

{ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ ॥
ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ ॥੨॥}

(ਅੰਗ - ੪੬੦)

{ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥ ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ ॥}

(ਅੰਗ - ੪੬੦)

{ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ ॥ ਕਰਿ ਅਨੁਗ੍ਰਹੁ ਰਾਖਿ ਲੀਨੇ ਮੋਹ ਮਮਤਾ ਸਭ ਤਜੇ ॥}

(ਅੰਗ - ੪੬੦)

{ਗਹਿ ਭੁਜਾ ਲੀਨੇ ਨਾਮ ਦੀਨੇ ਕਰੁ ਧਾਰਿ ਮਸਤਕਿ ਰਾਖਿਆ ॥
ਸੰਸਾਰ ਸਾਗਰੁ ਨਹ ਵਿਆਪੈ ਅਮਿਉ ਹਰਿ ਰਸੁ ਚਾਖਿਆ ॥}

(ਅੰਗ - ੪੬੦)

{ਸਾਧਸੰਗੇ ਨਾਮ ਰੰਗੇ ਰਣੁ ਜੀਤਿ ਵਡਾ ਅਖਾੜਾ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਬਹੁੜਿ ਜਮਿ ਨ ਉਪਾੜਾ ॥੪॥੩॥੧੨॥}

(ਅੰਗ - ੪੬੦)

{ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥ ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥}

(ਅੰਗ - ੪੬੧)

{ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ ॥ ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ ॥}

(ਅੰਗ - ੪੬੧)

{ਸੰਸਾਰੁ ਸਾਗਰੁ ਤਿਨ੍ੀ ਤਰਿਆ ਜਿਨ੍ੀ ਏਕੁ ਧਿਆਇਆ ॥
ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥}

(ਅੰਗ - ੪੬੧)

{ਜਲਿ ਥਲਿ ਮਹੀਅਲਿ ਰਵਿਆ ਸੁਆਮੀ ਊਚ ਅਗਮ ਅਪਾਰਾ ॥
ਬਿਨਵੰਤਿ ਨਾਨਕ ਟੇਕ ਜਨ ਕੀ ਚਰਣ ਕਮਲ ਅਧਾਰਾ ॥੩॥}

(ਅੰਗ - ੪੬੧)

{ਪੇਖੁ ਹਰਿਚੰਦਉਰੜੀ ਅਸਥਿਰੁ ਕਿਛੁ ਨਾਹੀ ॥ ਮਾਇਆ ਰੰਗ ਜੇਤੇ ਸੇ ਸੰਗਿ ਨ ਜਾਹੀ ॥}

(ਅੰਗ - ੪੬੧)

{ਹਰਿ ਸੰਗਿ ਸਾਥੀ ਸਦਾ ਤੇਰੈ ਦਿਨਸੁ ਰੈਣਿ ਸਮਾਲੀਐ ॥
ਹਰਿ ਏਕ ਬਿਨੁ ਕਛੁ ਅਵਰੁ ਨਾਹੀ ਭਾਉ ਦੁਤੀਆ ਜਾਲੀਐ ॥}

(ਅੰਗ - ੪੬੧)

{ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਥ ਜਾਤ ॥
ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ ਦਿਨਕਰੋ ਅਨਦਿਨੁ ਖਾਤ ॥}

(ਅੰਗ - ੪੬੧)

{ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ ਪਤੇ ॥
ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ ॥}

(ਅੰਗ - ੪੬੨)

{ਕੁਲ ਰੂਪ ਧੂਪ ਗਿਆਨਹੀਨੀ ਤੁਝ ਬਿਨਾ ਮੋਹਿ ਕਵਨ ਮਾਤ ॥
ਕਰ ਜੋੜਿ ਨਾਨਕੁ ਸਰਣਿ ਆਇਓ ਪ੍ਰਿਅ ਨਾਥ ਨਰਹਰ ਕਰਹੁ ਗਾਤ ॥੧॥}

(ਅੰਗ - ੪੬੨)

{ਸ੍ਰੀਰੰਗ ਰਾਤੇ ਨਾਮ ਮਾਤੇ ਭੈ ਭਰਮ ਦੁਤੀਆ ਸਗਲ ਖੋਤ ॥
ਕਰਿ ਮਇਆ ਦਇਆ ਦਇਆਲ ਪੂਰਨ ਹਰਿ ਪ੍ਰੇਮ ਨਾਨਕ ਮਗਨ ਹੋਤ ॥੨॥}

(ਅੰਗ - ੪੬੨)

{ਗਹਿ ਭੁਜਾ ਲੇਵਹੁ ਨਾਮੁ ਦੇਵਹੁ ਦ੍ਰਿਸਟਿ ਧਾਰਤ ਮਿਟਤ ਪਾਪ ॥
ਨਾਨਕੁ ਜੰਪੈ ਪਤਿਤ ਪਾਵਨ ਹਰਿ ਦਰਸੁ ਪੇਖਤ ਨਹ ਸੰਤਾਪ ॥੩॥}

(ਅੰਗ - ੪੬੨)

{ਪ੍ਰਭ ਦ੍ਰਿਸਟਿ ਧਾਰੀ ਮਿਲੇ ਮੁਰਾਰੀ ਸਗਲ ਕਲਮਲ ਭਏ ਹਾਨ ॥
ਬਿਨਵੰਤਿ ਨਾਨਕ ਮੇਰੀ ਆਸ ਪੂਰਨ ਮਿਲੇ ਸ੍ਰੀਧਰ ਗੁਣ ਨਿਧਾਨ ॥੪॥੧॥੧੪॥}

(ਅੰਗ - ੪੬੨)

{ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥}

(ਅੰਗ - ੪੬੨)

{ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥}

(ਅੰਗ - ੪੬੩)

{ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥}

(ਅੰਗ - ੪੬੩)

{ਸਚਾ ਤੇਰਾ ਹੁਕਮੁ ਸਚਾ ਫੁਰਮਾਨੁ ॥ ਸਚਾ ਤੇਰਾ ਕਰਮੁ ਸਚਾ ਨੀਸਾਨੁ ॥}

(ਅੰਗ - ੪੬੩)

{ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥}

(ਅੰਗ - ੪੬੩)

{ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥}

(ਅੰਗ - ੪੬੩)

{ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥}

(ਅੰਗ - ੪੬੩)

{ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥}

(ਅੰਗ - ੪੬੩)

{ਵਡੀ ਵਡਿਆਈ ਬੁਝੈ ਸਭਿ ਭਾਉ ॥ ਵਡੀ ਵਡਿਆਈ ਜਾ ਪੁਛਿ ਨ ਦਾਤਿ ॥
ਵਡੀ ਵਡਿਆਈ ਜਾ ਆਪੇ ਆਪਿ ॥}

(ਅੰਗ - ੪੬੩)

{ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥}

(ਅੰਗ - ੪੬੩)

{ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥

ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥}

(ਅੰਗ - ੪੬੩)

{ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥}

(ਅੰਗ - ੪੬੩)

{ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥}

(ਅੰਗ - ੪੬੩)

{ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ ਲਿਖਿ ਨਾਵੈ ਧਰਮੁ ਬਹਾਲਿਆ ॥੨॥}

(ਅੰਗ - ੪੬੩)

{ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ॥}

(ਅੰਗ - ੪੬੪)

{ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥੧॥}

(ਅੰਗ - ੪੬੪)

{ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥}

(ਅੰਗ - ੪੬੪)

{ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥}

(ਅੰਗ - ੪੬੪)

{ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥}

(ਅੰਗ - ੪੬੪)

{ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥੩॥}

(ਅੰਗ - ੪੬੪)

{ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥}

(ਅੰਗ - ੪੬੪)

{ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥}

(ਅੰਗ - ੪੬੪)

{ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥ ਜਿਨਿ ਸਚੋ ਸਚੁ ਬੁਝਾਇਆ ॥੪॥}

(ਅੰਗ - ੪੬੫)

{ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥}

(ਅੰਗ - ੪੬੫)

{ਨਿਰਭਉ ਨਿਰੰਕਾਰੁ ਸਚੁ ਨਾਮੁ ॥ ਜਾ ਕਾ ਕੀਆ ਸਗਲ ਜਹਾਨੁ ॥}

(ਅੰਗ - ੪੬੫)

{ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨ੍ਹਾ ਮਨਿ ਚਾਉ ॥}

(ਅੰਗ - ੪੬੫)

{ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥}

(ਅੰਗ - ੪੬੫)

{ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ ॥੨॥}

(ਅੰਗ - ੪੬੫)

{ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥
ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ॥ ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥}

(ਅੰਗ - ੪੬੫)

{ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥}

(ਅੰਗ - ੪੬੬)

{ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥}

(ਅੰਗ - ੪੬੬)

{ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥ ਜਗਜੀਵਨੁ ਦਾਤਾ ਪਾਇਆ ॥੬॥}

(ਅੰਗ - ੪੬੬)

{ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥}

(ਅੰਗ - ੪੬੬)

{ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥}

(ਅੰਗ - ੪੬੬)

{ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥}

(ਅੰਗ - ੪੬੬)

{ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥}

(ਅੰਗ - ੪੬੬)

{ਸੇਵ ਕੀਤੀ ਸੰਤੋਖੀਣੀਂ ਜਿਨ੍ੀ ਸਚੋ ਸਚੁ ਧਿਆਇਆ ॥
ਓਨ੍ੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥}

(ਅੰਗ - ੪੬੬)

{ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥}

(ਅੰਗ - ੪੬੭)

{ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ੀ ਸਚੁ ਕਮਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥}

(ਅੰਗ - ੪੬੭)

{ਮੂਰਖ ਸਚੁ ਨ ਜਾਣਨ੍ੀ ਮਨਮੁਖੀ ਜਨਮੁ ਗਵਾਇਆ ॥ ਵਿਚਿ ਦੁਨੀਆ ਕਾਹੇ ਆਇਆ ॥੮॥}

(ਅੰਗ - ੪੬੭)

{ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥}

(ਅੰਗ - ੪੬੭)

{ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥}

(ਅੰਗ - ੪੬੭)

{ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥}

(ਅੰਗ - ੪੬੮)

{ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥}

(ਅੰਗ - ੪੬੮)

{ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ੀ ਧਾਵਦੇ॥
ਇਕਿ ਮੂਲੁ ਨ ਬੁਝਨ੍ਿ ਆਪਣਾ ਅਣਹੋਦਾ ਆਪੁ ਗਣਾਇਦੇ ॥}

(ਅੰਗ - ੪੬੮)

{ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥}

(ਅੰਗ - ੪੬੮)

{ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥}

(ਅੰਗ - ੪੬੮)

{ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥}

(ਅੰਗ - ੪੬੮)

{ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥}

(ਅੰਗ - ੪੬੮)

{ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥}

(ਅੰਗ - ੪੬੮)

{ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥
ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥ ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥}

(ਅੰਗ - ੪੬੮)

{ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ ॥ ਮਤਿ ਥੋੜੀ ਸੇਵ ਗਵਾਈਐ ॥੧੦॥}

(ਅੰਗ - ੪੬੮)

{ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥}

(ਅੰਗ - ੪੬੮)

{ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥੨॥}

(ਅੰਗ - ੪੬੯)

{ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥ ਸਹਜੇ ਹੀ ਸਚਿ ਸਮਾਇਆ ॥੧੧॥}

(ਅੰਗ - ੪੬੯)

{ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥}

(ਅੰਗ - ੪੬੯)

{ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥}

(ਅੰਗ - ੪੬੯)

{ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥}

(ਅੰਗ - ੪੬੯)

{ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥ ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥
ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥ ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥
ਮੁਹਿ ਚਲੈ ਸੁ ਅਗੈ ਮਾਰੀਐ ॥੧੨॥}

(ਅੰਗ - ੪੬੯)

{ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੈਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥}

(ਅੰਗ - ੪੭੦)

{ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥
ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥}

(ਅੰਗ - ੪੭੦)

{ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ੀ ਨੇਤ੍ੀ ਜਗਤੁ ਨਿਹਾਲਿਆ ॥}

(ਅੰਗ - ੪੭੦)

{ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥
ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥੧੩॥}

(ਅੰਗ - ੪੭੦)

{ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥}

(ਅੰਗ - ੪੭੦)

{ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥}

(ਅੰਗ - ੪੭੦)

{ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥ ਵਿਨੁ ਸਤਿਗੁਰ ਵਾਟ ਨ ਪਾਵੈ ॥੨॥}

(ਅੰਗ - ੪੭੦)

{ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥}

(ਅੰਗ - ੪੭੦)

{ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥੧੪॥}

(ਅੰਗ - ੪੭੦)

{ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥}
(ਅੰਗ - ੪੭੧)

{ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥}
(ਅੰਗ - ੪੭੧)

{ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥}
(ਅੰਗ - ੪੭੧)

{ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥}
(ਅੰਗ - ੪੭੧)

{ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥}
(ਅੰਗ - ੪੭੧)

{ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥}
(ਅੰਗ - ੪੭੧)

{ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥}
(ਅੰਗ - ੪੭੧)

{ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥}
(ਅੰਗ - ੪੭੧)

{ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥}
(ਅੰਗ - ੪੭੧)

{ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥੧॥}
(ਅੰਗ - ੪੭੧)

{ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥}
(ਅੰਗ - ੪੭੧)

{ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥}
(ਅੰਗ - ੪੭੧)

{ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥}
(ਅੰਗ - ੪੭੨)

{ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥ ਦਰਿ ਮੰਗਨਿ ਭਿਖ ਨ ਪਾਇਦਾ ॥੧੬॥}
(ਅੰਗ - ੪੭੨)

{ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ ॥}

(ਅੰਗ - ੪੭੨)

{ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥}

(ਅੰਗ - ੪੭੨)

{ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥}

(ਅੰਗ - ੪੭੨)

{ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥}

(ਅੰਗ - ੪੭੨)

{ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥}

(ਅੰਗ - ੪੭੨)

{ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥}

(ਅੰਗ - ੪੭੨)

{ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥}

(ਅੰਗ - ੪੭੨)

{ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥}

(ਅੰਗ - ੪੭੨)

{ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ੀ ਗੁਰਮੁਖਿ ਬੁਝਿਆ ਤਿਨ੍ਾ ਸੂਤਕੁ ਨਾਹਿ॥੩॥}

(ਅੰਗ - ੪੭੨)

{ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥ਸਹਿ ਮੇਲੇ ਤਾ ਨਦਰੀ ਆਈਆ ॥}

(ਅੰਗ - ੪੭੨)

{ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥ ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥ ਸਹਿ ਤੁਠੈ ਨਉ ਨਿਧਿ ਪਾਈਆ ॥੧੮॥}

(ਅੰਗ - ੪੭੨)

{ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥}

(ਅੰਗ - ੪੭੩)

{ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥}

(ਅੰਗ - ੪੭੩)

{ਸਭੁ ਕੋ ਆਪੇ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥ ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥ ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥}

(ਅੰਗ - ੪੭੩)

{ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥੧੯॥}

(ਅੰਗ - ੪੭੩)

{ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥}
(ਅੰਗ - ੪੭੩)

{ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥}
(ਅੰਗ - ੪੭੩)

{ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ ਵੀਚਾਰਿ ॥}
(ਅੰਗ - ੪੭੩)

{ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥}
(ਅੰਗ - ੪੭੪)

{ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥ ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥}
(ਅੰਗ - ੪੭੪)

{ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥ ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥}
(ਅੰਗ - ੪੭੪)

{ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥}
(ਅੰਗ - ੪੭੪)

{ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥}
(ਅੰਗ - ੪੭੪)

{ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥ ਕਿਛੁ ਲਾਹੇ ਉਪਰਿ ਘਾਲੀਐ ॥੨੧॥}
(ਅੰਗ - ੪੭੪)

{ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥ ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
(ਅੰਗ - ੪੭੪)

{ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥}
(ਅੰਗ - ੪੭੪)

{ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ ਬੀਜੇ ਬਿਖੁ ਮੰਗੈ ਅੰਮ੍ਿਤੁ ਵੇਖਹੁ ਏਹੁ ਨਿਆਉ ॥੨॥}
(ਅੰਗ - ੪੭੪)

{ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥ ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥}
(ਅੰਗ - ੪੭੪)

{ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥}
(ਅੰਗ - ੪੭੪)

{ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥}
(ਅੰਗ - ੪੭੪)

{ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥ ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥੫॥}
(ਅੰਗ - ੪੭੪)

{ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥}
(ਅੰਗ - ੪੭੪)

{ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥ ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥}
(ਅੰਗ - ੪੭੪)

{ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥੨੨॥}
(ਅੰਗ - ੪੭੪)

{ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥ ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੧॥}
(ਅੰਗ - ੪੭੫)

{ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥ ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥}
(ਅੰਗ - ੪੭੫)

{ਆਪੇ ਸਾਜੇ ਕਰੇ ਆਪਿ ਜਾਣੀ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥
ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥}
(ਅੰਗ - ੪੭੫)

{ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥
ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥}
(ਅੰਗ - ੪੭੫)

{ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ}
(ਅੰਗ - ੪੭੫)

{ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥
ਆਪਾ ਪਦੁ ਨਿਰਬਾਨੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥}
(ਅੰਗ - ੪੭੫)

{ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥}
(ਅੰਗ - ੪੭੫)

{ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥ ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥}
(ਅੰਗ - ੪੭੬)

{ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥}

(ਅੰਗ - ੪੭੬)

{ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥੨॥}

(ਅੰਗ - ੪੭੬)

{ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥}

(ਅੰਗ - ੪੭੬)

{ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥}

(ਅੰਗ - ੪੭੬)

{ਬਲਿ ਤਿਸੁ ਬਾਪੈ ਜਿਨਿ ਹਉ ਜਾਇਆ ॥ ਪੰਚਾ ਤੇ ਮੇਰਾ ਸੰਗੁ ਚੁਕਾਇਆ ॥}

(ਅੰਗ - ੪੭੬)

{ਪੰਚ ਮਾਰਿ ਪਾਵਾ ਤਲਿ ਦੀਨੇ ॥ ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥੨॥}

(ਅੰਗ - ੪੭੬)

{ਸਤਿਗੁਰ ਮਿਲੇ ਤ ਮਾਰਗੁ ਦਿਖਾਇਆ ॥ ਜਗਤ ਪਿਤਾ ਮੇਰੈ ਮਨਿ ਭਾਇਆ ॥੩॥}

(ਅੰਗ - ੪੭੬)

{ਕਹੁ ਕਬੀਰ ਜਨਿ ਏਕੋ ਬੂਝਿਆ ॥ ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥੪॥੩॥}

(ਅੰਗ - ੪੭੬)

{ਨਕਟੀ ਕੋ ਠਨਗਨੁ ਬਾਡਾ ਭੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥}

(ਅੰਗ - ੪੭੬)

{ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥
ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥}

(ਅੰਗ - ੪੭੬)

{ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥}

(ਅੰਗ - ੪੭੬)

{ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥
ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥}

(ਅੰਗ - ੪੭੭)

{ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ ॥
ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥}

(ਅੰਗ - ੪੭੭)

{ਕਾਜੀ ਤੈ ਕਵਨ ਕਤੇਬ ਬਖਾਨੀ ॥ ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥}
(ਅੰਗ - ੪੭੭)

{ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥}
(ਅੰਗ - ੪੭੮)

{ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥ ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥}
(ਅੰਗ - ੪੭੮)

{ਕਹੁ ਕਬੀਰ ਨਦਰਿ ਕਰੇ ਜੇ ਮੰਹੀਰਾ ॥ ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧੦॥}
(ਅੰਗ - ੪੭੮)

{ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥ ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥੧॥ ਰਹਾਉ ॥}
(ਅੰਗ - ੪੭੮)

{ਕਥਨੀ ਬਦਨੀ ਕਹਨੁ ਕਹਾਵਨੁ ॥ ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥}
(ਅੰਗ - ੪੭੮)

{ਕਹਤ ਕਬੀਰ ਪੰਚ ਜੋ ਚੂਰੇ ॥ ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥}
(ਅੰਗ - ੪੭੮)

{ਰਾਮਈਆ ਹਉ ਬਾਰਿਕੁ ਤੇਰਾ ॥ ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ ॥}
(ਅੰਗ - ੪੭੮)

{ਚਿੰਤ ਭਵਨਿ ਮਨੁ ਪਰਿਓ ਹਮਾਰਾ ॥ ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥}
(ਅੰਗ - ੪੭੮)

{ਦੇਹਿ ਬਿਮਲ ਮਤਿ ਸਦਾ ਸਰੀਰਾ ॥ ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥}
(ਅੰਗ - ੪੭੮)

{ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥

ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥}
(ਅੰਗ - ੪੭੯)

{ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ ਨਾਮੁ ਲੀਓ ॥
ਗੁਰ ਪਰਸਾਦੀ ਹਰਿ ਧਨੁ ਪਾਇਓ ਅੰਤੇ ਚਲਦਿਆ ਨਾਲਿ ਚਲਿਓ ॥੪॥
(ਅੰਗ - ੪੭੯)

ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ ॥
ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥}
(ਅੰਗ - ੪੭੯)

{ਅਹਿਰਖ ਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥੧॥ ਰਹਾਉ ॥}
(ਅੰਗ - ੪੭੯)

{ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥
ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥੪॥}

(ਅੰਗ - ੪੭੯)

{ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥
ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥੩॥}

(ਅੰਗ - ੪੮੦)

{ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥
ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥੪॥}

(ਅੰਗ - ੪੮੦)

{ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥
ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੮॥}

(ਅੰਗ - ੪੮੦)

{ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥}

(ਅੰਗ - ੪੮੦)

{ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥ ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥}

(ਅੰਗ - ੪੮੦)

{ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥}

(ਅੰਗ - ੪੮੦)

{ਇਹ ਬਸਤੀ ਤਾ ਬਸਤ ਸਰੀਰਾ ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥}

(ਅੰਗ - ੪੮੦)

{ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥}

(ਅੰਗ - ੪੮੧)

{ਗੁਰਮਤਿ ਰਾਮੈ ਨਾਮਿ ਬਸਾਈ ॥ ਅਸਥਿਰੁ ਰਹੈ ਨ ਕਤਹੂੰ ਜਾਈ ॥੪॥}

(ਅੰਗ - ੪੮੧)

{ਕਹਤ ਕਬੀਰ ਸੁਨਹੁ ਰੇ ਲੋਈ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ॥੫॥੮॥੨੧॥}

(ਅੰਗ - ੪੮੧)

{ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥
ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥੧॥ ਰਹਾਉ ॥}

(ਅੰਗ - ੪੮੧)

{ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥ ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ ॥੩॥੧॥੨੩॥}

(ਅੰਗ - ੪੮੨)

{ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ ॥
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ ॥੧॥}

(ਅੰਗ - ੪੮੨)

{ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ ॥
ਝੂਠੀ ਮਾਇਆ ਸਭੁ ਜਗੁ ਬਾਧਿਆ ਮੈ ਰਾਮ ਰਮਤ ਸੁਖੁ ਪਾਇਆ ॥੩॥੩॥੨੫॥}

(ਅੰਗ - ੪੮੨)

{ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ ॥
ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ ॥੩॥੪॥੨੬॥}

(ਅੰਗ - ੪੮੨)

{ਬਾਬਾ ਮਾਇਆ ਮੋਹ ਹਿਤੁ ਕੀਨ੍ ॥ ਜਿਨਿ ਗਿਆਨੁ ਰਤਨੁ ਹਿਰਿ ਲੀਨ੍ ॥੧॥ ਰਹਾਉ ॥}

(ਅੰਗ - ੪੮੨)

{ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ ॥
ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ ॥੩॥੫॥੨੭॥}

(ਅੰਗ - ੪੮੨)

{ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥
ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ ॥੨॥}

(ਅੰਗ - ੪੮੩)

{ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ ॥
ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ ॥੩॥੬॥੨੮॥}

(ਅੰਗ - ੪੮੩)

{ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥
ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥੨॥}

(ਅੰਗ - ੪੮੩)

{ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥੩॥੭॥੨੯॥}

(ਅੰਗ - ੪੮੩)

{ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥ ਰਾਮ ਬਡੇ ਮੈ ਤਨਕ ਲਹੁਰੀਆ ॥੧॥ ਰਹਾਉ ॥}

(ਅੰਗ - ੪੮੩)

{ਧੰਨਿ ਸੁਹਾਗਨਿ ਜੋ ਪੀਅ ਭਾਵੈ ॥ ਕਹਿ ਕਬੀਰ ਫਿਰਿ ਜਨਮਿ ਨ ਆਵੈ ॥੩॥੮॥੩੦॥}

(ਅੰਗ - ੪੮੩)

{ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥
ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥੧॥}

(ਅੰਗ - ੪੮੩)

{ਹਰਿ ਕੀ ਕਥਾ ਅਨਾਹਦ ਬਾਨੀ ॥ ਹੰਸੁ ਹੁਇ ਹੀਰਾ ਲੇਇ ਪਛਾਨੀ ॥੧॥ ਰਹਾਉ ॥}

(ਅੰਗ - ੪੮੩)

{ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ ॥
ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ ॥੨॥੧॥੩੧॥}

(ਅੰਗ - ੪੮੩)

{ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ ॥
ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ ॥੧॥}

(ਅੰਗ - ੪੮੩)

{ਮੇਰੀ ਬਹੁਰੀਆ ਕੋ ਧਨੀਆ ਨਾਉ ॥ ਲੇ ਰਾਖਿਓ ਰਾਮ ਜਨੀਆ ਨਾਉ ॥੧॥}

(ਅੰਗ - ੪੮੪)

{ਇਨ੍ ਮੁੰਡੀਅਨ ਮੇਰਾ ਘਰੁ ਧੁੰਧਰਾਵਾ ॥ ਬਿਟਵਹਿ ਰਾਮ ਰਮਊਆ ਲਾਵਾ ॥੧॥ ਰਹਾਉ ॥}

(ਅੰਗ - ੪੮੪)

{ਕਹਤੁ ਕਬੀਰ ਸੁਨਹੁ ਮੇਰੀ ਮਾਈ ॥ ਇਨ੍ ਮੁੰਡੀਅਨ ਮੇਰੀ ਜਾਤਿ ਗਵਾਈ ॥੨॥੩॥੩੩॥}

(ਅੰਗ - ੪੮੪)

{ਘੂੰਘਟੁ ਤੇਰੋ ਤਉ ਪਰਿ ਸਾਚੈ ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥੩॥}

(ਅੰਗ - ੪੮੪)

{ਕਹਤ ਕਬੀਰ ਬਹੂ ਤਬ ਜੀਤੈ ॥ ਹਰਿ ਗੁਨ ਗਾਵਤ ਜਨਮੁ ਬਿਤੀਤੈ ॥੪॥੧॥੩੪॥}

(ਅੰਗ - ੪੮੪)

{ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ ॥
ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ ॥੩॥}

(ਅੰਗ - ੪੮੪)

{ਕਹਤੁ ਕਬੀਰੁ ਕਾਰਗਹ ਤੋਰੀ ॥ ਸੂਤੈ ਸੂਤ ਮਿਲਾਏ ਕੋਰੀ ॥੪॥੩॥੩੬॥}

(ਅੰਗ - ੪੮੪)

{ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਜਾਨਾ ॥੧॥}

(ਅੰਗ - ੪੮੪)

{ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥}

(ਅੰਗ - ੪੮੪)

{ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥}

(ਅੰਗ - ੪੮੪)

{ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ ਬਚਿਤ੍ ਬਿਮੋਹਿਤ ਬਿਰਲਾ ਬੂਝੈ ਕੋਈ ॥੧॥}

(ਅੰਗ - ੪੮੫)

{ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥}

(ਅੰਗ - ੪੮੫)

{ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥}

(ਅੰਗ - ੪੮੫)

{ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥}

(ਅੰਗ - ੪੮੫)

{ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥}

(ਅੰਗ - ੪੮੫)

{ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥}

(ਅੰਗ - ੪੮੫)

{ਭਗਤਿ ਕਰਉ ਹਰਿ ਕੇ ਗੁਨ ਗਾਵਉ ॥ ਆਠ ਪਹਰ ਅਪਨਾ ਖਸਮੁ ਧਿਆਵਉ ॥੩॥
ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥ ਨਾਮੇ ਕਾ ਚਿਤੁ ਹਰਿ ਸਉ ਲਾਗਾ ॥੪॥੩॥}

(ਅੰਗ - ੪੮੫)

{ਕਹਾ ਕਰਉ ਜਾਤੀ ਕਹ ਕਰਉ ਪਾਤੀ ॥ ਰਾਮ ਕੋ ਨਾਮੁ ਜਪਉ ਦਿਨ ਰਾਤੀ ॥੧॥ ਰਹਾਉ ॥}

(ਅੰਗ - ੪੮੫)

{ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥}

(ਅੰਗ - ੪੮੫)

{ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥}

(ਅੰਗ - ੪੮੫)

{ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥੨॥}

(ਅੰਗ - ੪੮੫)

{ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥ ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥}

(ਅੰਗ - ੪੮੫)

{ਪਾਰਬ੍ਰਹਮੁ ਜਿ ਚੀਨ੍ਸੀ ਆਸਾ ਤੇ ਨ ਭਾਵਸੀ ॥ ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥੧॥}

(ਅੰਗ - ੪੮੬)

{ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥ ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥੧॥ ਰਹਾਉ॥}

(ਅੰਗ - ੪੮੬)

{ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ ॥ ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥੨॥੫॥}

(ਅੰਗ - ੪੮੬)

{ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥}

(ਅੰਗ - ੪੮੬)

{ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥੧॥ ਰਹਾਉ ॥}

(ਅੰਗ - ੪੮੬)

{ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥}

(ਅੰਗ - ੪੮੬)

{ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥}

(ਅੰਗ - ੪੮੬)

{ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥}

(ਅੰਗ - ੪੮੬)

{ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥ ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥}

(ਅੰਗ - ੪੮੬)

{ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥}

(ਅੰਗ - ੪੮੬)

{ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥ ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥}

(ਅੰਗ - ੪੮੬)

{ਤੁਝਹਿ ਚਰਨ ਅਰਬਿੰਦ ਭਵਨ ਮਨੁ ॥ ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥}

(ਅੰਗ - ੪੮੬)

{ਸੰਪਤਿ ਬਿਪਤਿ ਪਟਲ ਮਾਇਆ ਧਨੁ ॥ ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥}

(ਅੰਗ - ੪੮੬)

{ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥ ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥}

(ਅੰਗ - ੪੮੬)

{ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥}

(ਅੰਗ - ੪੮੭)

{ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥}

(ਅੰਗ - ੪੮੭)

{ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥}

(ਅੰਗ - ੪੮੭)

{ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥}

(ਅੰਗ - ੪੮੭)

{ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥}

(ਅੰਗ - ੪੮੭)

{ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥
ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥}

(ਅੰਗ - ੪੮੭)

{ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥ ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥}

(ਅੰਗ - ੪੮੭)

{ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥ ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ॥}

(ਅੰਗ - ੪੮੭)

{ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਅ ਗਹੀਰਾ ॥੧॥}

(ਅੰਗ - ੪੮੭)

{ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥}

(ਅੰਗ - ੪੮੭)

{ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥}

(ਅੰਗ - ੪੮੮)

{ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥}

(ਅੰਗ - ੪੮੮)

{ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥}

(ਅੰਗ - ੪੮੮)

{ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥}

(ਅੰਗ - ੪੮੮)

{ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥}

(ਅੰਗ - ੪੮੮)

{ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥}

(ਅੰਗ - ੪੮੮)

{ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥}

(ਅੰਗ - ੪੮੮)

{ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥
ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥}

(ਅੰਗ - ੪੮੮)

{ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥}
(ਅੰਗ - ੪੮੯)

{ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥}
(ਅੰਗ - ੪੮੯)

{ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥}
(ਅੰਗ - ੪੮੯)

{ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥
ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥}
(ਅੰਗ - ੪੮੯)

{ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥}
(ਅੰਗ - ੪੮੯)

{ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥
ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ ॥੪॥੨॥}
(ਅੰਗ - ੪੮੯)

{ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ ॥ ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ ॥੧॥}
(ਅੰਗ - ੪੯੦)

{ਐਸਾ ਸਤਿਗੁਰੁ ਸੇਵੀਐ ਮਨਾ ਜਿਤੁ ਸੇਵਿਐ ਗੋਵਿਦ ਪ੍ਰੀਤਿ ਊਪਜੈ ਅਵਰ ਵਿਸਰਿ ਸਭ ਜਾਇ ॥
ਹਰਿ ਸੇਤੀ ਚਿਤੁ ਗਹਿ ਰਹੈ ਜਰਾ ਕਾ ਭਉ ਨ ਹੋਵਈ ਜੀਵਨ ਪਦਵੀ ਪਾਇ ॥੧॥ ਰਹਾਉ ॥}
(ਅੰਗ - ੪੯੦)

{ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ ਵੇਖੁ ਜੈਸੀ ਭਗਤਿ ਬਨੀ ॥
ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਈ ॥੨॥}
(ਅੰਗ - ੪੯੦)

{ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭੁ ਕੋਇ ॥
ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ ॥੩॥}
(ਅੰਗ - ੪੯੦)

{ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ ॥
ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥੧॥੩॥}
(ਅੰਗ - ੪੯੦)

{ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ॥
ਕਹੈ ਨਾਨਕੁ ਹਰਿ ਕਾ ਭਾਣਾ ਹੋਆ ਕਹਣਾ ਕਛੂ ਨ ਜਾਈ ॥੪॥੨॥੪॥}
(ਅੰਗ - ੪੯੦)

{ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥੧॥}

(ਅੰਗ - ੪੯੦)

{ਜੁਗ ਮਾਹਿ ਨਾਮੁ ਦੁਲੰਭੁ ਹੈ ਗੁਰਮੁਖਿ ਪਾਇਆ ਜਾਇ ॥ ਬਿਨੁ ਨਾਵੈ ਮੁਕਤਿ ਨ ਹੋਵਈ ਵੇਖਹੁ ਕੋ ਵਿਉਪਾਇ॥੧॥}

(ਅੰਗ - ੪੯੦)

{ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥
ਸਤਿਗੁਰ ਮਿਲਿਐ ਹਰਿ ਮਨਿ ਵਸੈ ਸਹਜੇ ਰਹੈ ਸਮਾਇ ॥੧॥ ਰਹਾਉ ॥}

(ਅੰਗ - ੪੯੦)

{ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥ ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥੨॥}

(ਅੰਗ - ੪੯੦)

{ਸੋਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥}

(ਅੰਗ - ੪੯੦)

{ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥੩॥੫॥}

(ਅੰਗ - ੪੯੦)

{ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥}
(ਅੰਗ - ੪੯੧)

{ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥}
(ਅੰਗ - ੪੯੧)

{ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥}
(ਅੰਗ - ੪੯੧)

{ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ॥੪॥੪॥੬॥}
(ਅੰਗ - ੪੯੧)

{ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ ਜਿਸ ਕਾ ਅਭਿਮਾਨੁ ਗਵਾਏ ॥
ਸੋ ਜਨੁ ਨਿਰਮਲੁ ਜਿ ਗੁਰਮੁਖਿ ਬੂਝੈ ਹਰਿ ਚਰਣੀ ਚਿਤੁ ਲਾਏ ॥੧॥}
(ਅੰਗ - ੪੯੧)

{ਹਰਿ ਚੇਤਿ ਅਚੇਤ ਮਨਾ ਜੋ ਇਛਹਿ ਸੋ ਫਲੁ ਹੋਈ ॥
ਗੁਰ ਪਰਸਾਦੀ ਹਰਿ ਰਸੁ ਪਾਵਹਿ ਪੀਵਤ ਰਹਹਿ ਸਦਾ ਸੁਖੁ ਹੋਈ ॥੧॥ ਰਹਾਉ ॥}
(ਅੰਗ - ੪੯੧)

{ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥
ਜੋ ਉਸੁ ਪੂਜੇ ਸੋ ਫਲੁ ਪਾਏ ਦੀਖਿਆ ਦੇਵੈ ਸਾਚੁ ਬੁਝਾਏ ॥੨॥}
(ਅੰਗ - ੪੯੧)

{ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥
ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥੩॥}
(ਅੰਗ - ੪੯੧)

{ਨਾਨਕ ਵਿਣੁ ਨਦਰੀ ਕਿਛੂ ਨ ਪਾਈਐ ਜਿਸੁ ਨਦਰਿ ਕਰੇ ਸੋ ਪਾਏ ॥
ਗੁਰ ਪਰਸਾਦੀ ਦੇ ਵਡਿਆਈ ਅਪਣਾ ਸਬਦੁ ਵਰਤਾਏ ॥੪॥੫॥੭॥}
(ਅੰਗ - ੪੯੧)

{ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ॥੧॥}
(ਅੰਗ - ੪੯੧)

{ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥
ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥}
(ਅੰਗ - ੪੯੧)

{ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥
ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥੨॥}
(ਅੰਗ - ੪੯੧)

{ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥

ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥}

(ਅੰਗ - ੪੯੧)

{ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥
ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥੫॥੬॥੮॥}

(ਅੰਗ - ੪੯੧)

{ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥
ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ ॥੧॥}

(ਅੰਗ - ੪੯੨)

{ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥
ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥੧॥ ਰਹਾਉ ॥}

(ਅੰਗ - ੪੯੨)

{ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥}

(ਅੰਗ - ੪੯੨)

{ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥}

(ਅੰਗ - ੪੯੨)

{ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥੪॥}

(ਅੰਗ - ੪੯੨)

{ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥}

(ਅੰਗ - ੪੯੨)

{ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥}

(ਅੰਗ - ੪੯੨)

{ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਨਾਨਕ ਨਾਮੁ ਪਰਗਾਸਿ ॥੪॥੧॥}

(ਅੰਗ - ੪੯੨)

{ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ ॥
ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ ॥੧॥}

(ਅੰਗ - ੪੯੨)

{ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥
ਜਨ ਕਉ ਰਾਮ ਨਾਮੁ ਆਧਾਰਾ ਹਰਿ ਨਾਮੁ ਜਪਤ ਹਰਿ ਨਾਮੇ ਸੋਹੈ ॥੨॥}

(ਅੰਗ - ੪੯੨)

{ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥੩॥}

(ਅੰਗ - ੪੯੩)

{ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥}

(ਅੰਗ - ੪੯੩)

{ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥
ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥੧॥}

(ਅੰਗ - ੪੯੩)

{ਰਾਮ ਮੋ ਕਉ ਹਰਿ ਜਨ ਮੇਲਿ ਪਿਆਰੇ ॥
ਮੇਰੇ ਪ੍ਰੀਤਮ ਪ੍ਰਾਨ ਸਤਿਗੁਰੁ ਗੁਰੁ ਪੂਰਾ ਹਮ ਪਾਪੀ ਗੁਰਿ ਨਿਸਤਾਰੇ ॥੧॥ ਰਹਾਉ ॥}

(ਅੰਗ - ੪੯੩)

{ਗੁਰਮੁਖਿ ਵਡਭਾਗੀ ਵਡਭਾਗੇ ਜਿਨ ਹਰਿ ਹਰਿ ਨਾਮੁ ਅਧਾਰੇ ॥
ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ ਗੁਰਮਤਿ ਭਗਤਿ ਭੰਡਾਰੇ ॥੨॥}

(ਅੰਗ - ੪੯੩)

{ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰੇ ॥
ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਫਿ ਮਾਰੇ ਮਹਾ ਹਤਿਆਰੇ ॥੩॥}

(ਅੰਗ - ੪੯੩)

{ਮਨ ਮੇਰੇ ਮੇਰਾ ਰਾਮ ਨਾਮੁ ਸਖਾ ਹਰਿ ਭਾਈ ॥
ਗੁਰਮਤਿ ਰਾਮ ਨਾਮੁ ਜਸੁ ਗਾਵਾ ਅੰਤਿ ਬੇਲੀ ਦਰਗਹ ਲਏ ਛਡਾਈ ॥੧॥ ਰਹਾਉ ॥}

(ਅੰਗ - ੪੯੩)

{ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥
ਨਾਮ ਬਿਨਾ ਰਸ ਕਸ ਦੁਖੁ ਖਾਵੈ ਮੁਖੁ ਫੀਕਾ ਥੁਕ ਥੂਕ ਮੁਖਿ ਪਾਈ ॥੩॥}

(ਅੰਗ - ੪੯੩)

{ਗੁਰਮੁਖਿ ਸਖੀ ਸਹੇਲੀ ਮੇਰੀ ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ ॥
ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨ੍ਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥੧॥}

(ਅੰਗ - ੪੯੩)

{ਮੇਰੈ ਮਨਿ ਤਨਿ ਬਿਰਹੁ ਗੁਰਸਿਖ ਪਗ ਲਾਇਆ ॥
ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ ॥੧॥ ਰਹਾਉ ॥}

(ਅੰਗ - ੪੯੩)

{ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਇਆ ॥
ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥੨॥}

(ਅੰਗ - ੪੯੪)

{ਆਪਿ ਕ੍ਰਿਪਾਲੁ ਕ੍ਰਿਪਾ ਪ੍ਰਭੁ ਧਾਰੇ ਹਰਿ ਆਪੇ ਗੁਰਮੁਖਿ ਮਿਲੈ ਮਿਲਾਇਆ ॥
ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ ॥੪॥੫॥}

(ਅੰਗ - ੪੯੪)

{ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥
ਮਨੁ ਤਨੁ ਸੀਤਲੁ ਸਭ ਹਰਿਆ ਹੋਆ ਵਡਭਾਗੀ ਹਰਿ ਨਾਮੁ ਧਿਆਵੈ ॥੧॥}

(ਅੰਗ - ੪੯੪)

{ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ ॥
ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥੧॥ ਰਹਾਉ ॥}

(ਅੰਗ - ੪੯੪)

{ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥
ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥}

(ਅੰਗ - ੪੯੪)

{ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥
ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗਹੀਣ ਮੁਏ ਮਰਿ ਜਾਵੈ ॥੩॥}

(ਅੰਗ - ੪੯੪)

{ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥
ਤੂੰ ਦਾਤਾ ਜੀਅ ਸਭਿ ਤੇਰੇ ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥੪॥੬॥}

(ਅੰਗ - ੪੯੪)

{ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥ ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥੧॥ ਰਹਾਉ ॥}

(ਅੰਗ - ੪੯੪)

{ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥ ਵਿਚੇ ਗ੍ਰਿਸਤ ਉਦਾਸ ਰਹਾਈ ॥੨॥}

(ਅੰਗ - ੪੯੪)

{ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿ ਆਈ ॥ ਤਬ ਜੋ ਕਿਛੁ ਕਰੇ ਸੁ ਮੇਰੇ ਹਰਿ ਪ੍ਰਭ ਭਾਈ ॥੩॥}

(ਅੰਗ - ੪੯੪)

{ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥ ਸੋ ਹਮ ਕਰਹ ਜੁ ਆਪਿ ਕਰਾਏ ॥੪॥}

(ਅੰਗ - ੪੯੪)

{ਜਿਨ ਕੀ ਭਗਤਿ ਮੇਰੇ ਪ੍ਰਭ ਭਾਈ ॥ ਤੇ ਜਨ ਨਾਨਕ ਰਾਮ ਨਾਮ ਲਿਵ ਲਾਈ ॥੫॥੧॥੭॥੧੬॥}

(ਅੰਗ - ੪੯੪)

{ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥}

(ਅੰਗ - ੪੯੫)

{ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧॥}

(ਅੰਗ - ੪੯੫)

{ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥
ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥}

(ਅੰਗ - ੪੯੫)

{ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥੧॥}

(ਅੰਗ - ੪੯੫)

{ਮਾਈ ਖਾਟਿ ਆਇਓ ਘਰਿ ਪੂਤਾ ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ॥}

(ਅੰਗ - ੪੯੫)

{ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥
ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥}

(ਅੰਗ - ੪੯੫)

{ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥
ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥}

(ਅੰਗ - ੪੯੬)

{ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ ॥੧॥}

(ਅੰਗ - ੪੯੬)

{ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥}

(ਅੰਗ - ੪੯੬)

{ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥}

(ਅੰਗ - ੪੯੬)

{ਭਵਰੁ ਤੁਮ੍ਹਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬ੍ਰੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥}

(ਅੰਗ - ੪੯੬)

{ਹੋਇ ਅਨੰਨਿ ਮਨਹਠ ਕੀ ਦ੍ਰਿੜਤਾ ਆਪਸ ਕਉ ਜਾਨਾਤ ॥
ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ ॥੩॥}

(ਅੰਗ - ੪੯੬)

{ਸਹਜ ਸੁਭਾਇ ਭਏ ਕਿਰਪਾਲਾ ਤਿਸੁ ਜਨ ਕੀ ਕਾਟੀ ਫਾਸ ॥
ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ ॥੪॥੪॥੫॥}

(ਅੰਗ - ੪੯੬)

{ਨਾਮੁ ਨਿਧਾਨੁ ਜਿਨਿ ਜਨਿ ਜਪਿਓ ਤਿਨ ਕੇ ਬੰਧਨ ਕਾਟੇ ॥
ਕਾਮ ਕ੍ਰੋਧ ਮਾਇਆ ਬਿਖੁ ਮਮਤਾ ਇਹ ਬਿਆਧਿ ਤੇ ਹਾਟੇ ॥੧॥}

(ਅੰਗ - ੪੯੬)

{ਜੋ ਕਿਛੁ ਕੀਓ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ ॥
ਮਿਤ੍ਰ ਸਤ੍ਰੁ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥੨॥}

(ਅੰਗ - ੪੯੬)

{ਭਏ ਕ੍ਰਿਪਾਲ ਦਇਆਲ ਗੁਪਾਲਾ ਤਾ ਨਿਰਭੈ ਕੈ ਘਰਿ ਆਇਆ ॥
ਕਲਿ ਕਲੇਸ ਮਿਟੇ ਖਿਨ ਭੀਤਰਿ ਨਾਨਕ ਸਹਜਿ ਸਮਾਇਆ ॥੪॥੫॥੬॥}

(ਅੰਗ - ੪੯੬)

{ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥
ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ ॥੧॥}

(ਅੰਗ - ੪੯੭)

{ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖੁ ਕਾਟੈ ॥
ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈ ਹੈ ਤਿਤੁ ਮਾਨੁ ਮਹਤੁ ਜਸੁ ਘਾਟੈ ॥੧॥ ਰਹਾਉ ॥}

(ਅੰਗ - ੪੯੭)

{ਮਾਇਆ ਕੇ ਸਨਬੰਧ ਸੈਨ ਸਾਕ ਕਿਤ ਹੀ ਕਾਮਿ ਨ ਆਇਆ ॥
ਹਰਿ ਕਾ ਦਾਸੁ ਨੀਚ ਕੁਲੁ ਊਚਾ ਤਿਸੁ ਸੰਗਿ ਮਨ ਬਾਂਛਤ ਫਲ ਪਾਇਆ ॥੨॥}

(ਅੰਗ - ੪੯੭)

{ਅਵਰ ਸਭ ਮਿਥਿਆ ਲੋਭ ਲਬੀ ॥ ਗੁਰਿ ਪੂਰੈ ਦੀਓ ਹਰਿ ਨਾਮਾ ਜੀਅ ਕਉ ਏਹਾ ਵਸਤੁ ਫਬੀ ॥੧॥ ਰਹਾਉ॥}

(ਅੰਗ - ੪੯੭)

{ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ ॥
ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ ॥੩॥}

(ਅੰਗ - ੪੯੭)

{ਨਾਮੁ ਧਨੁ ਨਾਮੁ ਸੁਖ ਰਾਜਾ ਨਾਮੁ ਕੁਟੰਬ ਸਹਾਈ ॥
ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ ਓਹ ਮਰੈ ਨ ਆਵੈ ਜਾਈ ॥੫॥੧॥੮॥}

(ਅੰਗ - ੪੯੭)

{ਦੁਖ ਬਿਨਸੇ ਸੁਖ ਕੀਆ ਨਿਵਾਸਾ ਤ੍ਰਿਸਨਾ ਜਲਨਿ ਬੁਝਾਈ ॥
ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ ਬਿਨਸਿ ਨ ਆਵੈ ਜਾਈ ॥੧॥}

(ਅੰਗ - ੪੯੭)

{ਹਰਿ ਜਪਿ ਮਾਇਆ ਬੰਧਨ ਤੂਟੇ ॥ ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ ਸਾਧਸੰਗਤਿ ਮਿਲਿ ਛੂਟੇ ॥੧॥ ਰਹਾਉ॥}

(ਅੰਗ - ੪੯੭)

{ਠਾਕੁਰ ਐਸੋ ਨਾਮੁ ਤੁਮ੍ਹਾਰੋ ॥ ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ ਨਿਰਾਰੋ ॥੧॥ ਰਹਾਉ ॥}

(ਅੰਗ - ੪੯੮)

{ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ ॥੨॥੧॥੧੦॥}

(ਅੰਗ - ੪੯੮)

{ਪ੍ਰਭ ਕੀ ਅਗਮ ਅਗਾਧਿ ਕਥਾ ॥ ਸੁਨੀਐ ਅਵਰ ਅਵਰ ਬਿਧਿ ਬੁਝੀਐ ਬਕਨ ਕਥਨ ਰਹਤਾ ॥੧॥ ਰਹਾਉ ॥}

(ਅੰਗ - ੪੯੮)

{ਆਪੇ ਭਗਤਾ ਆਪਿ ਸੁਆਮੀ ਆਪਨ ਸੰਗਿ ਰਤਾ ॥
ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ ਪੇਖਿਓ ਜਤ੍ਰ ਕਤਾ ॥੨॥੨॥੧੧॥}

(ਅੰਗ - ੪੯੮)

{ਜਪ ਤਪ ਸੰਜਮ ਕਰਮ ਧਰਮ ਹਰਿ ਕੀਰਤਨੁ ਜਨਿ ਗਾਇਓ ॥
ਸਰਨਿ ਪਰਿਓ ਨਾਨਕ ਠਾਕੁਰ ਕੀ ਅਭੈ ਦਾਨੁ ਸੁਖੁ ਪਾਇਓ ॥੨॥੩॥੧੨॥}

(ਅੰਗ - ੪੯੮)

{ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥
ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ ॥੧॥}

(ਅੰਗ - ੪੯੮)

{ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ ॥
ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥੨॥੪॥੧੩॥}

(ਅੰਗ - ੪੯੮)

{ਬਲਵੰਤਿ ਬਿਆਪਿ ਰਹੀ ਸਭ ਮਹੀ ॥ ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥੧॥ ਰਹਾਉ ॥}

(ਅੰਗ - ੪੯੯)

{ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ ॥
ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥੧॥}

(ਅੰਗ - ੪੯੯)

{ਮਾਤ ਪਿਤਾ ਭਾਈ ਸੁਤ ਬੰਧਪ ਤਿਨ ਕਾ ਬਲੁ ਹੈ ਥੋਰਾ ॥
ਅਨਿਕ ਰੰਗ ਮਾਇਆ ਕੇ ਪੇਖੇ ਕਿਛੁ ਸਾਥਿ ਨ ਚਾਲੈ ਭੋਰਾ ॥੧॥}

(ਅੰਗ - ੪੯੯)

{ਬਲਿ ਬਲਿ ਬਲਿ ਬਲਿ ਚਰਣ ਤੁਮ੍ਹਾਰੇ ਈਹਾ ਊਹਾ ਤੁਮ੍ਹਾਰਾ ਜੋਰਾ ॥
ਸਾਧਸੰਗਿ ਨਾਨਕ ਦਰਸੁ ਪਾਇਓ ਬਿਨਸਿਓ ਸਗਲ ਨਿਹੋਰਾ ॥੨॥੭॥੧੬॥}

(ਅੰਗ - ੪੯੯)

{ਆਲ ਜਾਲ ਭ੍ਰਮ ਮੋਹ ਤਜਾਵੈ ਪ੍ਰਭ ਸੇਤੀ ਰੰਗੁ ਲਾਈ ॥
ਮਨ ਕਉ ਇਹ ਉਪਦੇਸੁ ਦ੍ਰਿੜਾਵੈ ਸਹਜਿ ਸਹਜਿ ਗੁਣ ਗਾਈ ॥੧॥}

(ਅੰਗ - ੪੯੯)

{ਸਾਜਨ ਐਸੋ ਸੰਤੁ ਸਹਾਈ ॥ ਜਿਸੁ ਭੇਟੇ ਤੂਟਹਿ ਮਾਇਆ ਬੰਧ ਬਿਸਰਿ ਨ ਕਬਹੂੰ ਜਾਈ ॥੧॥ ਰਹਾਉ ॥}

(ਅੰਗ - ੪੯੯)

{ਤੁਮ੍ਰੀ ਟੇਕ ਪੂਰੇ ਮੇਰੇ ਸਤਿਗੁਰ ਮਨ ਸਰਨਿ ਤੁਮ੍ਹਾਰੈ ਪਰੀ ॥
ਅਚੇਤ ਇਆਨੇ ਬਾਰਿਕ ਨਾਨਕ ਹਮ ਤੁਮ ਰਾਖਹੁ ਧਾਰਿ ਕਰੀ ॥੨॥੯॥੧੮॥}

(ਅੰਗ - ੪੯੯)

{ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥
ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥}

(ਅੰਗ - ੪੯੯)

{ਸਾਸਿ ਸਾਸਿ ਤੇਰਾ ਨਾਮੁ ਸਮਾਰਉ ਤੁਮ ਹੀ ਕਉ ਪ੍ਰਭ ਆਹੀ ॥
ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥੨॥੧੦॥੧੯॥}

(ਅੰਗ - ੪੯੯)

{ਅਬ ਮੋਹਿ ਆਇ ਪਰਿਓ ਸਰਨਾਇ ॥
ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ ॥੧॥ ਰਹਾਉ ॥}

(ਅੰਗ - ੫੦੦)

{ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥੧॥}

(ਅੰਗ - ੫੦੦)

{ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥
ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥੧੫॥੨੪॥}

(ਅੰਗ - ੫੦੦)

{ਕਉਡੀ ਕਉਡੀ ਜੋਰਤ ਕਪਟੇ ਅਨਿਕ ਜੁਗਤਿ ਕਰਿ ਧਾਇਓ ॥
ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ ਮਹਾ ਮੋਹਨੀ ਖਾਇਓ ॥੧॥}

(ਅੰਗ - ੫੦੦)

{ਰਸਨਾ ਰਾਮ ਰਾਮ ਰਵੰਤ ॥ ਛੋਡਿ ਆਨ ਬਿਉਹਾਰ ਮਿਥਿਆ ਭਜੁ ਸਦਾ ਭਗਵੰਤ ॥੧॥ ਰਹਾਉ ॥}

(ਅੰਗ - ੫੦੧)

{ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥ ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥੧॥}

(ਅੰਗ - ੫੦੧)

{ਛਾਡਿ ਸਗਲ ਸਿਆਣਪਾ ਸਾਧ ਸਰਣੀ ਆਉ ॥ ਪਾਰਬ੍ਰਹਮ ਪਰਮੇਸਰੋ ਪ੍ਰਭੂ ਕੇ ਗੁਣ ਗਾਉ ॥੧॥}

(ਅੰਗ - ੫੦੧)

{ਰੇ ਚਿਤ ਚਰਣ ਕਮਲ ਅਰਾਧਿ ॥ ਸਰਬ ਸੂਖ ਕਲਿਆਣ ਪਾਵਹਿ ਮਿਟੈ ਸਗਲ ਉਪਾਧਿ ॥੧॥ ਰਹਾਉ ॥}

(ਅੰਗ - ੫੦੧)

{ਸਾਧਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ ॥ ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ॥੨॥}

(ਅੰਗ - ੫੦੧)

{ਪਾਰਬ੍ਰਹਮਿ ਪ੍ਰਭਿ ਦਇਆ ਧਾਰੀ ਬਖਸਿ ਲੀਨੇ ਆਪਿ ॥
ਸਰਬ ਸੁਖ ਹਰਿ ਨਾਮੁ ਦੀਆ ਨਾਨਕ ਸੋ ਪ੍ਰਭੁ ਜਾਪਿ ॥੪॥੨॥੨੮॥}

(ਅੰਗ - ੫੦੧)

{ਗੁਰ ਪ੍ਰਸਾਦੀ ਪ੍ਰਭੁ ਧਿਆਇਆ ਗਈ ਸੰਕਾ ਤੂਟਿ ॥ ਦੁਖ ਅਨੇਰਾ ਭੈ ਬਿਨਾਸੇ ਪਾਪ ਗਏ ਨਿਖੂਟਿ ॥੧॥}
(ਅੰਗ - ੫੦੨)

{ਹਰਿ ਹਰਿ ਨਾਮ ਕੀ ਮਨਿ ਪ੍ਰੀਤਿ ॥ ਮਿਲਿ ਸਾਧ ਬਚਨ ਗੋਬਿੰਦ ਧਿਆਏ ਮਹਾ ਨਿਰਮਲ ਰੀਤਿ ॥੧॥ਰਹਾਉ॥}
(ਅੰਗ - ੫੦੨)

{ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥
ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ ॥੧॥}
(ਅੰਗ - ੫੦੨)

{ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ ॥ ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ॥੨॥}
(ਅੰਗ - ੫੦੨)

{ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ ॥ ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ ॥੩॥}
(ਅੰਗ - ੫੦੨)

{ਸਤ੍ਰੁ ਦਹਨ ਹਰਿ ਨਾਮ ਕਹਨ ਅਵਰ ਕਛੁ ਨ ਉਪਾਉ ॥
ਕਰਿ ਅਨੁਗ੍ਰਹੁ ਪ੍ਰਭੂ ਮੇਰੇ ਨਾਨਕ ਨਾਮ ਸੁਆਉ ॥੨॥੧॥੩੧॥}
(ਅੰਗ - ੫੦੨)

{ਸਤਿਗੁਰ ਸੇਵਿ ਲਗੇ ਹਰਿ ਚਰਨੀ ਵਡੈ ਭਾਗਿ ਲਿਵ ਲਾਗੀ ॥
ਕਵਲ ਪ੍ਰਗਾਸ ਭਏ ਸਾਧਸੰਗੇ ਦੁਰਮਤਿ ਬੁਧਿ ਤਿਆਗੀ ॥੨॥}
(ਅੰਗ - ੫੦੨)

{ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥}
(ਅੰਗ - ੫੦੩)

{ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥}
(ਅੰਗ - ੫੦੩)

{ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥ ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ॥੩॥}
(ਅੰਗ - ੫੦੩)

{ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥}
(ਅੰਗ - ੫੦੩)

{ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥}
(ਅੰਗ - ੫੦੩)

{ਮਹਾ ਗੰਭੀਰ ਪੜ੍ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥}

(ਅੰਗ - ੫੦੩)

{ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ ॥
ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ ਤੇਰੀ ਭਗਤਿ ਭਰੇ ਭੰਡਾਰ ॥੧॥ ਰਹਾਉ ॥}

(ਅੰਗ - ੫੦੩)

{ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥੨॥}

(ਅੰਗ - ੫੦੩)

{ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ ॥
ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥}

(ਅੰਗ - ੫੦੪)

{ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥
ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ ॥੭॥}

(ਅੰਗ - ੫੦੪)

{ਐ ਜੀ ਜਨਮਿ ਮਰੈ ਆਵੈ ਫੁਨਿ ਜਾਵੈ ਬਿਨੁ ਗੁਰ ਗਤਿ ਨਹੀ ਕਾਈ ॥
ਗੁਰਮੁਖਿ ਪ੍ਰਾਣੀ ਨਾਮੇ ਰਾਤੇ ਨਾਮੇ ਗਤਿ ਪਤਿ ਪਾਈ ॥੧॥}

(ਅੰਗ - ੫੦੪)

{ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ ਜਨਮਿ ਜਨਮਿ ਵੈਰਾਈ ॥
ਸਾਚੈ ਸਬਦਿ ਰਤੇ ਸੇ ਬਾਚੇ ਸਤਿਗੁਰ ਬੂਝ ਬੁਝਾਈ ॥੩॥}

(ਅੰਗ - ੫੦੪)

{ਗੁਰ ਸਰਣਾਈ ਜੋਹਿ ਨ ਸਾਕੈ ਦੂਤੁ ਨ ਸਕੈ ਸੰਤਾਈ ॥
ਅਵਿਗਤ ਨਾਥ ਨਿਰੰਜਨਿ ਰਾਤੇ ਨਿਰਭਉ ਸਿਉ ਲਿਵ ਲਾਈ ॥੪॥}

(ਅੰਗ - ੫੦੪)

{ਐ ਜੀ ਭਾਗਿ ਪਰੇ ਗੁਰ ਸਰਣਿ ਤੁਮ੍ਹਾਰੀ ਮੈ ਅਵਰ ਨ ਦੂਜੀ ਭਾਈ ॥
ਅਬ ਤਬ ਏਕੋ ਏਕੁ ਪੁਕਾਰਉ ਆਦਿ ਜੁਗਾਦਿ ਸਖਾਈ ॥੬॥}

(ਅੰਗ - ੫੦੪)

{ਐ ਜੀ ਰਾਖਹੁ ਪੈਜ ਨਾਮ ਅਪੁਨੇ ਕੀ ਤੁਝ ਹੀ ਸਿਉ ਬਨਿ ਆਈ ॥
ਕਰਿ ਕਿਰਪਾ ਗੁਰ ਦਰਸੁ ਦਿਖਾਵਹੁ ਹਉਮੈ ਸਬਦਿ ਜਲਾਈ ॥੭॥}

(ਅੰਗ - ੫੦੪)

{ਐ ਜੀ ਕਿਆ ਮਾਗਉ ਕਿਛੁ ਰਹੈ ਨ ਦੀਸੈ ਇਸੁ ਜਗ ਮਹਿ ਆਇਆ ਜਾਈ ॥
ਨਾਨਕ ਨਾਮੁ ਪਦਾਰਥੁ ਦੀਜੈ ਹਿਰਦੈ ਕੰਠਿ ਬਣਾਈ ॥੮॥੩॥}

(ਅੰਗ - ੫੦੪)

{ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ॥
ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥}
(ਅੰਗ - ੫੦੪)

{ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ ॥
ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ ॥੨॥}
(ਅੰਗ - ੫੦੫)

{ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ ॥
ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ ਚੜੈ ਸਵਾਈ ॥੩॥}
(ਅੰਗ - ੫੦੫)

{ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ ॥
ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ ॥੪॥}
(ਅੰਗ - ੫੦੫)

{ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ ॥
ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥੬॥}
(ਅੰਗ - ੫੦੫)

{ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ ॥
ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ ॥੭॥}
(ਅੰਗ - ੫੦੫)

{ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ ॥
ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ ॥੮॥੪॥}
(ਅੰਗ - ੫੦੫)

{ਜਪਿ ਮਨ ਨਾਮੁ ਹਰਿ ਸਰਣੀ ॥ ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ ॥੧॥ ਰਹਾਉ ॥}
(ਅੰਗ - ੫੦੫)

{ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ ॥੨॥}
(ਅੰਗ - ੫੦੫)

{ਚਲ ਚਿਤ ਵਿਤ ਭ੍ਰਮਾ ਭ੍ਰਮੰ ਜਗੁ ਮੋਹ ਮਗਨ ਹਿਤੰ ॥
ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ ॥੩॥}
(ਅੰਗ - ੫੦੫)

{ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ ॥
ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥੬॥}
(ਅੰਗ - ੫੦੫)

{ਭੈ ਭਾਇ ਭਗਤਿ ਤਰੁ ਭਵਜਲੁ ਮਨਾ ਚਿਤੁ ਲਾਇ ਹਰਿ ਚਰਣੀ ॥

ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ ਇਹੁ ਸਰੀਰੁ ਤਉ ਸਰਣੀ ॥੭॥}

(ਅੰਗ - ੫੦੫)

{ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਤੁਹੀ ਨਿਰੰਜਨਾ ਕਹੁ ਨਾਨਕਾ ਸਰਨੰ ॥੮॥੧॥੫॥}

(ਅੰਗ - ੫੦੬)

{ਨਿਰਤਿ ਕਰੀ ਇਹੁ ਮਨੁ ਨਚਾਈ ॥ ਗੁਰ ਪਰਸਾਦੀ ਆਪੁ ਗਵਾਈ ॥
ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ ॥੧॥}

(ਅੰਗ - ੫੦੬)

{ਆਪਿ ਨਚਾਏ ਸੋ ਭਗਤੁ ਕਹੀਐ ਆਪਣਾ ਪਿਆਰੁ ਆਪਿ ਲਾਏ ॥
ਆਪੇ ਗਾਵੈ ਆਪਿ ਸੁਣਾਵੈ ਇਸੁ ਮਨ ਅੰਧੇ ਕਉ ਮਾਰਗਿ ਪਾਏ ॥੨॥}

(ਅੰਗ - ੫੦੬)

{ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ ॥
ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ ॥੩॥}

(ਅੰਗ - ੫੦੬)

{ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥
ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥}

(ਅੰਗ - ੫੦੬)

{ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥}

(ਅੰਗ - ੫੦੬)

{ਏਹਾ ਭਗਤਿ ਸਚੇ ਸਿਉ ਲਿਵ ਲਾਗੈ ਬਿਨੁ ਸੇਵਾ ਭਗਤਿ ਨ ਹੋਈ ॥
ਜੀਵਤੁ ਮਰੈ ਤਾ ਸਬਦੁ ਬੀਚਾਰੈ ਤਾ ਸਚੁ ਪਾਵੈ ਕੋਈ ॥੭॥}

(ਅੰਗ - ੫੦੬)

{ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥੮॥}

(ਅੰਗ - ੫੦੬)

{ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ ॥
ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ ॥੧੦॥੧॥੬॥}

(ਅੰਗ - ੫੦੬)

{ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ ॥
ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ ॥੪॥}

(ਅੰਗ - ੫੦੭)

{ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ ॥

ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ ॥੫॥}

(ਅੰਗ - ੫੦੭)

{ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ ॥
ਜੁਗਤਨ ਮਹਿ ਤੇਰੀ ਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ ॥੬॥}

(ਅੰਗ - ੫੦੭)

{ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥
ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥੨॥}

(ਅੰਗ - ੫੦੮)

{ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ ॥
ਛੇਦਿ ਅਹੰਬੁਧਿ ਕਰੁਣਾ ਮੈ ਚਿੰਤ ਮੇਟਿ ਪੁਰਖ ਅਨੰਤ ॥੩॥}

(ਅੰਗ - ੫੦੮)

{ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥ ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ॥੫॥}

(ਅੰਗ - ੫੦੮)

{ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ ॥
ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ ॥੭॥}

(ਅੰਗ - ੫੦੮)

{ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥ ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ ॥}

(ਅੰਗ - ੫੦੮)

{ਓਇ ਸਦਾ ਸਦਾ ਜਨ ਜੀਵਤੇ ਜੋ ਹਰਿ ਚਰਣੀ ਚਿਤੁ ਲਾਹਿ ॥
ਨਾਨਕ ਨਦਰੀ ਮਨਿ ਵਸੈ ਗੁਰਮੁਖਿ ਸਹਜਿ ਸਮਾਹਿ ॥੧॥}

(ਅੰਗ - ੫੦੮)

{ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ ॥ ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ॥}

(ਅੰਗ - ੫੦੮)

{ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥
ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥੨॥}

(ਅੰਗ - ੫੦੮)

{ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ॥ ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ ॥}

(ਅੰਗ - ੫੦੯)

{ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥}

(ਅੰਗ - ੫੦੯)

{ਸਚਾ ਨਾਮੁ ਧਿਆਈਐ ਸਭੋ ਵਰਤੈ ਸਚੁ ॥ ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ ॥}

(ਅੰਗ - ੫੦੯)

{ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥੨॥}

(ਅੰਗ - ੫੦੯)

{ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥}

(ਅੰਗ - ੫੦੯)

{ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ ॥੨॥}

(ਅੰਗ - ੫੦੯)

{ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥ ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥੧॥}

(ਅੰਗ - ੫੦੯)

{ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥
ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥}

(ਅੰਗ - ੫੦੯)

{ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥
ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ॥੩॥}

(ਅੰਗ - ੫੦੯)

{ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ ॥
ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ ॥}

(ਅੰਗ - ੫੧੦)

{ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ ॥
ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ ॥੨॥}

(ਅੰਗ - ੫੧੦)

{ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ ॥
ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥}

(ਅੰਗ - ੫੧੦)

{ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ ॥
ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ॥}

(ਅੰਗ - ੫੧੦)

{ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ ॥
ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ ॥}

(ਅੰਗ - ੫੧੦)

{ਜਾ ਹੋਵੈ ਖਸਮੁ ਦਇਆਲੁ ਤਾ ਮਹਲੁ ਘਰੁ ਪਾਇਸੀ ॥

ਸੋ ਪ੍ਰਭੁ ਮੇਰਾ ਅਤਿ ਵਡਾ ਗੁਰਮੁਖਿ ਮੇਲਾਇਸੀ ॥੫॥}

(ਅੰਗ - ੫੧੦)

{ਹੁਕਮੁ ਭੀ ਤਿਨ੍ਹਾ ਮਨਾਇਸੀ ਜਿਨ੍ ਕਉ ਨਦਰਿ ਕਰੇਇ ॥
ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ ॥੧॥}

(ਅੰਗ - ੫੧੦)

{ਗੁਰ ਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥ ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥}

(ਅੰਗ - ੫੧੦)

{ਹਉ ਤਾ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ ॥
ਨਾਨਕ ਹੁਕਮੁ ਨ ਜਾਤੋ ਖਸਮ ਕਾ ਜਿ ਰਹਾ ਸਚਿ ਸਮਾਇ ॥੧॥}

(ਅੰਗ - ੫੧੧)

{ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ ॥
ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ ॥}

(ਅੰਗ - ੫੧੧)

{ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ ॥
ਧਨੁ ਵਾਪਾਰੀ ਨਾਨਕਾ ਜਿਨ੍ਾ ਨਾਮ ਧਨੁ ਖਟਿਆ ਆਇ ॥੨॥}

(ਅੰਗ - ੫੧੧)

{ਕਿਰਪਾ ਤੇ ਹਰਿ ਮਨਿ ਵਸੈ ਭੇਟੈ ਗੁਰੁ ਸੂਰਾ ॥ ਗੁਣਵੰਤੀ ਸਾਲਾਹਿਆ ਸਦਾ ਥਿਰੁ ਨਿਹਚਲੁ ਹਰਿ ਪੂਰਾ ॥੭॥}

(ਅੰਗ - ੫੧੧)

{ਧ੍ਰਿਗੁ ਤਿਨ੍ਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ ॥
ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ ॥}

(ਅੰਗ - ੫੧੧)

{ਗੁਰ ਪਰਸਾਦੀ ਕੋ ਨਾਮੁ ਧਿਆਏ ਤਿਸੁ ਹਉਮੈ ਵਿਚਹੁ ਜਾਇ ॥
ਨਾਨਕ ਜਿਸੁ ਪੂਰਬਿ ਹੋਵੈ ਲਿਖਿਆ ਸੋ ਗੁਰ ਚਰਣੀ ਆਇ ਪਾਇ ॥੧॥}

(ਅੰਗ - ੫੧੧)

{ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥ ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥}

(ਅੰਗ - ੫੧੧)

{ਓਇ ਧਰਮਿ ਰਲਾਏ ਨਾ ਰਲਨ੍ਿ ਓਨਾ ਅੰਦਰਿ ਕੂੜੁ ਸੁਆਉ ॥
ਨਾਨਕ ਕਰਤੈ ਬਣਤ ਬਣਾਈ ਮਨਮੁਖ ਕੂੜੁ ਬੋਲਿ ਬੋਲਿ ਡੁਬੇ ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥}

(ਅੰਗ - ੫੧੧)

{ਬਿਨੁ ਬੂਝੇ ਵਡਾ ਫੇਰੁ ਪਇਆ ਫਿਰਿ ਆਵੈ ਜਾਈ ॥
ਸਤਿਗੁਰ ਕੀ ਸੇਵਾ ਨ ਕੀਤੀਆ ਅੰਤਿ ਗਇਆ ਪਛੁਤਾਈ ॥}

(ਅੰਗ - ੫੧੧)

{ਆਪਣੀ ਕਿਰਪਾ ਕਰੇ ਗੁਰੁ ਪਾਈਐ ਵਿਚਹੁ ਆਪੁ ਗਵਾਈ ॥
ਤ੍ਰਿਸਨਾ ਭੁਖ ਵਿਚਹੁ ਉਤਰੈ ਸੁਖੁ ਵਸੈ ਮਨਿ ਆਈ ॥}

(ਅੰਗ - ੫੧੧)

{ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ ॥
ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ ॥}

(ਅੰਗ - ੫੧੧)

{ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ ॥
ਅੰਮ੍ਿਤੁ ਖਾਣਾ ਅੰਮ੍ਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ ॥੧॥}

(ਅੰਗ - ੫੧੧)

{ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥ ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ॥}
(ਅੰਗ - ੫੧੨)

{ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥}
(ਅੰਗ - ੫੧੨)

{ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥੯॥}
(ਅੰਗ - ੫੧੨)

{ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥}
(ਅੰਗ - ੫੧੨)

{ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥
ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥}
(ਅੰਗ - ੫੧੨)

{ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥
ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ ॥}

{ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ ॥
ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥}
(ਅੰਗ - ੫੧੨)

{ਸਾਹਿਬੁ ਸੇਵਨ੍ਹਿ ਆਪਣਾ ਪੂਰੈ ਸਬਦਿ ਵੀਚਾਰਿ ॥ ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥}
(ਅੰਗ - ੫੧੨)

{ਹਰਿ ਕਾ ਮਹਲੁ ਤਿਨ੍ਹੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ ॥
ਨਾਨਕ ਗੁਰਮੁਖਿ ਮਿਲਿ ਰਹੇ ਜਪਿ ਹਰਿ ਨਾਮਾ ਉਰ ਧਾਰਿ ॥੧੦॥}
(ਅੰਗ - ੫੧੨)

{ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚਿ ਨਾਮਿ ਚਿਤੁ ਲਾਇਆ ॥}
(ਅੰਗ - ੫੧੨)

{ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥੧॥}
(ਅੰਗ - ੫੧੨)

{ਸਤਿਗੁਰੁ ਜਿਨਾ ਨ ਸੇਵਿਓ ਸਬਦਿ ਨ ਲਗੋ ਪਿਆਰੁ ॥ ਸਹਜੇ ਨਾਮੁ ਨ ਧਿਆਇਆ ਕਿਤੁ ਆਇਆ ਸੰਸਾਰਿ॥
ਫਿਰਿ ਫਿਰਿ ਜੂਨੀ ਪਾਈਐ ਵਿਸਟਾ ਸਦਾ ਖੁਆਰੁ ॥}
(ਅੰਗ - ੫੧੨)

{ਕੂੜੈ ਲਾਲਚਿ ਲਗਿਆ ਨਾ ਉਰਵਾਰੁ ਨ ਪਾਰੁ ॥ ਨਾਨਕ ਗੁਰਮੁਖਿ ਉਬਰੇ ਜਿ ਆਪਿ ਮੇਲੇ ਕਰਤਾਰਿ ॥੨॥}
(ਅੰਗ - ੫੧੨)

{ਸਫਲੁ ਜਨਮੁ ਜਿਨ੍ੀ ਗੁਰਮੁਖਿ ਜਾਤਾ ਹਰਿ ਜੀਉ ਰਿਦੈ ਵਸਾਏ ॥
ਬਾਝੁ ਗੁਰੂ ਫਿਰੈ ਬਿਲਲਾਦੀ ਦੂਜੈ ਭਾਇ ਖੁਆਏ ॥੧੧॥}
(ਅੰਗ - ੫੧੩)

{ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ ਉਤਮ ਪਦੁ ਪਾਇਆ ॥
ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ ਅਨਦਿਨੁ ਨਾਮੁ ਧਿਆਇਆ ॥}
(ਅੰਗ - ੫੧੩)

{ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ ॥
ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ ॥}
(ਅੰਗ - ੫੧੩)

{ਤ੍ੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ ॥
ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ ॥
ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ ॥}
(ਅੰਗ - ੫੧੩)

{ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਾ ਅਹੰਕਾਰੁ ਬਹੁ ਗਰਬੁ ਵਧਾਇਆ ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ ॥}
(ਅੰਗ - ੫੧੩)

{ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
ਏਹ ਜਮ ਕੀ ਸਿਰਕਾਰ ਹੈ ਏਨ੍ਾ ਉਪਰਿ ਜਮ ਕਾ ਡੰਡੁ ਕਰਾਰਾ ॥}
(ਅੰਗ - ੫੧੩)

{ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥
ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ ॥}
(ਅੰਗ - ੫੧੩)

{ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥
ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥੧॥}
(ਅੰਗ - ੫੧੩)

{ਜਾ ਹਰਿ ਬਖਸੇ ਤਾ ਗੁਰ ਮਿਲੈ ਅਸਥਿਰੁ ਰਹੈ ਸਮਾਇ ॥
ਨਾਨਕ ਮਨ ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ ॥੨॥}
(ਅੰਗ - ੫੧੪)

{ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ ॥ ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬ੍ਹੁਝੈ ਕੋਇ॥}
(ਅੰਗ - ੫੧੪)

{ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ ॥੧॥}

(ਅੰਗ - ੫੧੪)

{ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥}

(ਅੰਗ - ੫੧੪)

{ਗੁਰ ਸਬਦੀ ਖੋਲਾਈਅਨ੍ ਹਰਿ ਨਾਮੁ ਜਪਾਨੀ ॥ ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ॥੧੪॥}

(ਅੰਗ - ੫੧੪)

{ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥ ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥}

(ਅੰਗ - ੫੧੪)

{ਵਾਹੁ ਵਾਹੁ ਕਰਤਿਆ ਸੋਭਾ ਪਾਇ ॥ ਨਾਨਕ ਵਾਹੁ ਵਾਹੁ ਸਤਿ ਰਜਾਇ॥੧॥}

(ਅੰਗ - ੫੧੪)

{ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥ ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥}

(ਅੰਗ - ੫੧੪)

{ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ ॥
ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥੨॥}

(ਅੰਗ - ੫੧੪)

{ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ ॥ ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ ॥}

(ਅੰਗ - ੫੧੪)

{ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ ॥
ਜਿਨਾ ਗੁਰਮੁਖਿ ਅੰਮ੍ਰਿਤੁ ਚਾਖਿਆ ਸੇ ਜਨ ਤ੍ਰਿਪਤਾਤਾ ॥੧੫॥}

(ਅੰਗ - ੫੧੪)

{ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ॥
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ ॥੧॥}

(ਅੰਗ - ੫੧੫)

{ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥}

(ਅੰਗ - ੫੧੫)

{ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥
ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ ॥੨॥}

(ਅੰਗ - ੫੧੫)

{ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ ॥
ਹਰਿ ਕਾ ਭਾਣਾ ਤਿਨੀ ਮੰਨਿਆ ਜਿਨਾ ਗੁਰੂ ਮਿਲੀਜੈ ॥੧੬॥}

(ਅੰਗ - ਪ੧੫)

{ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ ॥
ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥}

(ਅੰਗ - ਪ੧੫)

{ਵਾਹੁ ਵਾਹੁ ਸਾਹਿਬੁ ਸਚੁ ਹੈ ਅੰਮ੍ਰਿਤੁ ਜਾ ਕਾ ਨਾਉ ॥
ਜਿਨਿ ਸੇਵਿਆ ਤਿਨਿ ਫਲੁ ਪਾਇਆ ਹਉ ਤਿਨ ਬਲਿਹਾਰੈ ਜਾਉ ॥}

(ਅੰਗ - ਪ੧੫)

{ਵਾਹੁ ਵਾਹੁ ਗੁਣੀ ਨਿਧਾਨੁ ਹੈ ਜਿਸ ਨੋ ਦੇਇ ਸੁ ਖਾਇ ॥
ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ ॥}

(ਅੰਗ - ਪ੧੫)

{ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ ॥
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ ॥੨॥}

(ਅੰਗ - ਪ੧੫)

{ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥ ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥

(ਅੰਗ - ਪ੧੫)

{ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ ॥ ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ ॥
ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ ॥੧੭॥}

(ਅੰਗ - ਪ੧੫)

{ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥}

(ਅੰਗ - ਪ੧੫)

{ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥ ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥}

(ਅੰਗ - ਪ੧੫)

{ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥੧॥}

(ਅੰਗ - ਪ੧੬)

{ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ ਦੂਜੀ ਨਾਹੀ ਜਾਇ ॥
ਜੇ ਬਹੁਤੇਰਾ ਲੋਚੀਐ ਵਿਣੁ ਕਰਮੈ ਨ ਪਾਇਆ ਜਾਇ ॥}

(ਅੰਗ - ਪ੧੬)

{ਜਿਨ੍ਹਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥}

(ਅੰਗ - ਪ੧੬)

{ਜਿਨ੍ਹਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੨॥}

(ਅੰਗ - ੫੧੬)

{ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ ॥ ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ ॥}

(ਅੰਗ - ੫੧੬)

{ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥
ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥}

(ਅੰਗ - ੫੧੬)

{ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ॥ ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ॥}

(ਅੰਗ - ੫੧੬)

{ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥}

(ਅੰਗ - ੫੧੬)

{ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ ॥ ਨਾਨਕ ਏਕੁ ਛੋਡਿ ਦੂਜੈ ਲਗੈ ਸਾ ਜਿਹਵਾ ਜਲਿ ਜਾਉ ॥੨॥}

(ਅੰਗ - ੫੧੬)

{ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ॥}

(ਅੰਗ - ੫੧੬)

{ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ॥
ਤਿਥੈ ਸੋਗੁ ਵਿਜੋਗੁ ਨ ਵਿਆਪਈ ਅਸਥਿਰੁ ਜਗਿ ਥੀਆ ॥੧੯॥}

(ਅੰਗ - ੫੧੬)

{ਨਾਨਕ ਜੇ ਕੋ ਆਪੁ ਗਣਾਇਦਾ ਸੋ ਮੂਰਖੁ ਗਾਵਾਰੁ ॥੧॥}

(ਅੰਗ - ੫੧੬)

{ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥੨॥}

(ਅੰਗ - ੫੧੬)

{ਅੰਮ੍ਰਿਤ ਹਰਿ ਕਾ ਨਾਉ ਸਦਾ ਧਿਆਇਆ ॥ ਸੰਤ ਜਨਾ ਕੈ ਸੰਗਿ ਦੁਖੁ ਮਿਟਾਇਆ ॥
ਨਾਨਕ ਭਏ ਅਚਿੰਤੁ ਹਰਿ ਧਨੁ ਨਿਹਚਲਾਇਆ ॥੨੦॥}

(ਅੰਗ - ੫੧੭)

{ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ ॥
ਨਾਨਕ ਤਿਨ੍ ਬਲਿਹਾਰਣੈ ਜਿਨ੍ ਗੁਰਮੁਖਿ ਪਾਇਆ ਮਨ ਮਾਹਿ ॥੧॥}

(ਅੰਗ - ੫੧੭)

{ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੨॥}

(ਅੰਗ - ੫੧੭)

{ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥ ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥
ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥}

(ਅੰਗ - ੫੧੭)

{ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ ॥ ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥੨੧॥}

(ਅੰਗ - ੫੧੭)

{ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ ॥ ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ ॥੧॥}

(ਅੰਗ - ੫੧੭)

{ਆਸਾ ਮਨਸਾ ਮਰਿ ਜਾਇਸੀ ਜਿਨਿ ਕੀਤੀ ਸੋ ਲੈ ਜਾਇ ॥
ਨਾਨਕ ਨਿਹਚਲੁ ਕੋ ਨਹੀ ਬਾਝਹੁ ਹਰਿ ਕੈ ਨਾਇ ॥੨॥}

(ਅੰਗ - ੫੧੭)

{ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥
ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਾਟੁ ॥੨੨॥੧॥ ਸੁਧੁ}

(ਅੰਗ - ੫੧੭)

{ਰਖੇ ਰਖਣਹਾਰਿ ਆਪਿ ਉਬਾਰਿਅਨੁ ॥ ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥}

(ਅੰਗ - ੫੧੭)

{ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥ ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥
ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥}

(ਅੰਗ - ੫੧੭)

{ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥ ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥}

(ਅੰਗ - ੫੧੭)

{ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ॥ ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ ॥}

(ਅੰਗ - ੫੧੭)

{ਜਾ ਤੂੰ ਤੁਸਹਿ ਮਿਹਰਵਾਨ ਤਾ ਗੁਰ ਕਾ ਮੰਤ੍ਰੁ ਕਮਾਹਿ ॥
ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ ॥੧॥}

(ਅੰਗ - ੫੧੮)

{ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥ ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥੨॥}

(ਅੰਗ - ੫੧੮)

{ਚੰਗਿਆਣੀ ਆਲਕੁ ਕਰੇ ਬੁਰਿਆਣੀ ਹੋਇ ਸੇਰੁ ॥ ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥੧॥}

(ਅੰਗ - ੫੧੮)

{ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥ ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥

(ਅੰਗ - ੫੧੮)

{ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥ ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ ॥੩॥}

(ਅੰਗ - ੫੧੮)

{ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਣੀ ਮਨੁ ਲਾਗ ॥
ਅਠਸਠਿ ਤੀਰਥ ਨਾਮੁ ਪ੍ਰਭ ਜਿਸੁ ਨਾਨਕ ਮਸਤਕਿ ਭਾਗ ॥੨॥}

(ਅੰਗ - ੫੧੮)

{ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥ ਜਿਸ ਨੋ ਲਾਇ ਸਚਿ ਤਿਸਹਿ ਉਧਾਰਦਾ ॥}

(ਅੰਗ - ੫੧੮)

{ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥ ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥੪॥}

(ਅੰਗ - ੫੧੮)

{ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥ ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥}

(ਅੰਗ - ੫੧੯)

{ਸਿਮਰਤ ਸਿਮਰਤ ਪ੍ਰਭੁ ਆਪਣਾ ਸਭ ਫਲ ਪਾਏ ਆਹਿ ॥
ਨਾਨਕ ਨਾਮੁ ਅਰਾਧਿਆ ਗੁਰ ਪੂਰੈ ਦੀਆ ਮਿਲਾਇ ॥੨॥}

(ਅੰਗ - ੫੧੯)

{ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥ ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥}

(ਅੰਗ - ੫੧੯)

{ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥ ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥
ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥}

(ਅੰਗ - ੫੧੯)

{ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥ ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥}

(ਅੰਗ - ੫੧੯)

{ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥ ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥੫॥}

(ਅੰਗ - ੫੧੯)

{ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ ॥
ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ ॥੧॥}

(ਅੰਗ - ੫੧੯)

{ਦ੍ਰਿਸਟਿ ਧਾਰਿ ਪ੍ਰਭਿ ਰਾਖਿਆ ਮਨੁ ਤਨੁ ਰਤਾ ਮੂਲਿ ॥ ਨਾਨਕ ਜੋ ਪ੍ਰਭ ਭਾਣੀਆ ਮਰਉ ਵਿਚਾਰੀ ਸੂਲਿ ॥੨॥}

(ਅੰਗ - ੫੧੯)

{ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥ ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥}

(ਅੰਗ - ੫੧੯)

{ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥ ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ ॥}

(ਅੰਗ - ੫੧੯)

{ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ ॥ ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ ॥}

(ਅੰਗ - ੫੧੯)

{ਮਨ ਕਉ ਹੋਇ ਸੰਤੋਖੁ ਧਿਆਈਐ ਸਦਾ ਹਰਿ ॥ ਸੋ ਲਗਾ ਸਤਿਗੁਰ ਸੇਵ ਜਾ ਕਉ ਕਰਮੁ ਧੁਰਿ ॥੬॥}

(ਅੰਗ - ੫੧੯)

{ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥ ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ ॥}

(ਅੰਗ - ੫੧੯)

{ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ ॥ ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥}

(ਅੰਗ - ੫੨੦)

{ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥ ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ ॥}

(ਅੰਗ - ੫੨੦)

{ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥੨॥}

(ਅੰਗ - ੫੨੦)

{ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥ ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥}

(ਅੰਗ - ੫੨੦)

{ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ ॥ ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ ॥}

(ਅੰਗ - ੫੨੦)

{ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ ॥
ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ ॥੯॥}

(ਅੰਗ - ੫੨੦)

{ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥
ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥੨॥}

(ਅੰਗ - ੫੨੦)

{ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥ ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ ॥}

(ਅੰਗ - ੫੨੦)

{ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ ॥ ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥}

(ਅੰਗ - ੫੨੦)

{ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ ॥ ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥੧੦॥}

(ਅੰਗ - ੫੨੦)

{ਤੇਰੈ ਹਥਿ ਨਿਧਾਨੁ ਭਾਵੈ ਤਿਸੁ ਦੇਹਿ ॥ ਜਿਸ ਨੋ ਹੋਇ ਦਇਆਲੁ ਹਰਿ ਨਾਮੁ ਸੇਇ ਲੇਹਿ ॥}

(ਅੰਗ - ੫੨੧)

{ਅਗਮ ਅਗੋਚਰ ਬੇਅੰਤ ਅੰਤੁ ਨ ਪਾਈਐ ॥ ਜਿਸ ਨੋ ਹੋਹਿ ਕ੍ਰਿਪਾਲੁ ਸੁ ਨਾਮੁ ਧਿਆਈਐ ॥੧੧॥}

(ਅੰਗ - ੫੨੧)

{ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ॥ ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥}
(ਅੰਗ - ੫੨੧)

{ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥ ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥}
(ਅੰਗ - ੫੨੧)

{ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥ ਪਾਈਅਨ੍ਹਿ ਸਭਿ ਨਿਧਾਨ ਸਾਹਿਬਿ ਤੁਠਿਆ ॥੧੨॥}
(ਅੰਗ - ੫੨੧)

{ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ ॥ ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥੨॥}
(ਅੰਗ - ੫੨੧)

{ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ ॥ ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ ॥}
(ਅੰਗ - ੫੨੧)

{ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ ॥ ਵਡੀ ਹੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ॥੧੩॥}
(ਅੰਗ - ੫੨੧)

{ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ ॥ ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ ॥}
(ਅੰਗ - ੫੨੧)

{ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ ॥ ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥}
(ਅੰਗ - ੫੨੧)

{ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥ ਫਉਜ ਸਤਾਣੀ ਹਾਠ ਪੰਚਾ ਜੋੜੀਐ ॥}
(ਅੰਗ - ੫੨੨)

{ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ ॥ ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥}
(ਅੰਗ - ੫੨੨)

{ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥ ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਐ ॥੧੫॥}
(ਅੰਗ - ੫੨੨)

{ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥}
(ਅੰਗ - ੫੨੨)

{ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥}
(ਅੰਗ - ੫੨੨)

{ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥}
(ਅੰਗ - ੫੨੨)

{ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥੧॥}
(ਅੰਗ - ੫੨੨)

{ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥

ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥੨॥}

(ਅੰਗ - ੫੨੨)

{ਤੇਰਾ ਕੀਤਾ ਹੋਇ ਤ ਕਾਹੇ ਡਰਪੀਐ ॥ ਜਿਸੁ ਮਿਲਿ ਜਪੀਐ ਨਾਉ ਤਿਸੁ ਜੀਉ ਅਰਪੀਐ ॥}

(ਅੰਗ - ੫੨੨)

{ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ ॥ ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ ॥੧॥}

(ਅੰਗ - ੫੨੩)

{ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥}

(ਅੰਗ - ੫੨੩)

{ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ ॥ ਅੰਤਰਿ ਬਾਹਰਿ ਇਕੁ ਨੈਣ ਅਲੋਵਣਾ ॥}

(ਅੰਗ - ੫੨੩)

{ਜਿਨ੍ੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ ॥ ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ ॥੧੮॥}

(ਅੰਗ - ੫੨੩)

{ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ ॥ ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ ਨਪਾਕ ॥੧॥}

(ਅੰਗ - ੫੨੩)

{ਜੀਵੰਦਿਆ ਹਰਿ ਚੇਤਿਆ ਮਰੰਦਿਆ ਹਰਿ ਰੰਗਿ ॥ ਜਨਮੁ ਪਦਾਰਥੁ ਤਾਰਿਆ ਨਾਨਕ ਸਾਧੂ ਸੰਗਿ ॥੨॥}

(ਅੰਗ - ੫੨੩)

{ਜਿਨ੍ ਮਨਿ ਵੁਠਾ ਆਪਿ ਸੇ ਸਦਾ ਸੁਖਾਲਿਆ ॥ ਆਪੇ ਰਚਨੁ ਰਚਾਇ ਆਪੇ ਹੀ ਪਾਲਿਆ ॥}

(ਅੰਗ - ੫੨੩)

{ਸਭੁ ਕਿਛੁ ਆਪੇ ਆਪਿ ਬੇਅੰਤ ਅਪਾਰਿਆ ॥ ਗੁਰ ਪੂਰੇ ਕੀ ਟੇਕ ਨਾਨਕ ਸੰਮ੍ਾਲਿਆ ॥੧੯॥}

(ਅੰਗ - ੫੨੩)

{ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥ ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਿਤੁ ਚਖਿਆ ॥}

(ਅੰਗ - ੫੨੩)

{ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥ ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥}

(ਅੰਗ - ੫੨੩)

{ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ ॥ ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥੧॥}

(ਅੰਗ - ੫੨੩)

{ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ ॥ ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ ॥}

(ਅੰਗ - ੫੨੪)

{ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥ ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ ॥}

(ਅੰਗ - ੫੨੩)

{ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥੨॥}

(ਅੰਗ - ੫੨੩)

{ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥ ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥੨੦॥}
(ਅੰਗ - ੫੨੪)

{ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ ॥ ਇਛ ਪੁੰਨੀ ਮਨਿ ਆਸ ਗਏ ਵਿਸੂਰਿਆ ॥}
(ਅੰਗ - ੫੨੪)

{ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ ॥ ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ ॥}
(ਅੰਗ - ੫੨੪)

{ਸੂਖ ਸਹਜ ਆਨੰਦ ਵੁਠੇ ਤਿਤੁ ਘਰਿ ॥ ਆਵਣ ਜਾਣ ਰਹੇ ਜਨਮੁ ਨ ਤਹਾ ਮਰਿ ॥}
(ਅੰਗ - ੫੨੪)

{ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ ॥ ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ ॥੨੧॥੧॥੨॥}
(ਅੰਗ - ੫੨੪)

{ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥ ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ ॥੧॥ ਰਹਾਉ ॥}
(ਅੰਗ - ੫੨੪)

{ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ ॥
ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ ॥੨॥}
(ਅੰਗ - ੫੨੪)

{ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥}
(ਅੰਗ - ੫੨੪)

{ਸਭ ਤੈ ਉਪਾਈ ਭਰਮ ਭੁਲਾਈ ॥ ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥}
(ਅੰਗ - ੫੨੫)

{ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥ ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥}
(ਅੰਗ - ੫੨੫)

{ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥}
(ਅੰਗ - ੫੨੫)

{ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥}
(ਅੰਗ - ੫੨੬)

{ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥}
(ਅੰਗ - ੫੨੬)

{ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥}
(ਅੰਗ - ੫੨੬)

{ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥}

(ਅੰਗ - ੫੨੬)

{ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥}

(ਅੰਗ - ੫੨੬)

{ਇਛਸਿ ਜਮਾਦਿ ਪਰਾਭਯੰ ਜਸੁ ਸ੍ਰੁਸਤਿ ਸੁਕ੍ਰਿਤ ਕ੍ਰਿਤੰ ॥ ਭਵ ਭੂਤ ਭਾਵ ਸਮਬ੍ਹਿਅੰ ਪਰਮੰ ਪ੍ਰਸੰਨਮਿਦੰ ॥੨॥}

(ਅੰਗ - ੫੨੬)

{ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥ ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥੩॥}

(ਅੰਗ - ੫੨੬)

{ਸੇਵਕ ਜਨ ਬਨੇ ਠਾਕੁਰ ਲਿਵ ਲਾਗੇ ॥ ਜੋ ਤੁਮਰਾ ਜਸੁ ਕਹਤੇ ਗੁਰਮਤਿ ਤਿਨ ਮੁਖ ਭਾਗ ਸਭਾਗੇ ॥੧॥ ਰਹਾਉ॥}

(ਅੰਗ - ੫੨੭)

{ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵ ਲਾਗੇ ॥
ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ ॥੧॥}

(ਅੰਗ - ੫੨੭)

{ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥
ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ ॥੨॥੧॥}

(ਅੰਗ - ੫੨੭)

{ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ ॥
ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥}

(ਅੰਗ - ੫੨੭)

{ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ ॥
ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥੨॥੩॥}

(ਅੰਗ - ੫੨੭)

{ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ ਹਮ ਕਿਉ ਕਰਿ ਮਿਲਹ ਜੂਠਾਰੀ ॥
ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ ਹਮ ਕਰਮਹੀਣ ਕੂੜਿਆਰੀ ॥੧॥}

(ਅੰਗ - ੫੨੮)

{ਹਮਰੀ ਮੁਦ੍ ਨਾਮੁ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ ॥
ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਣਿ ਤੁਮ੍ਹਾਰੀ ॥੨॥੫॥}

(ਅੰਗ - ੫੨੮)

{ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ ਤਿਨਾ ਸਾਧ ਜਨਾ ਪਗ ਚਕਟੀ ॥
ਨਾਨਕ ਪਤਿਤ ਪਵਿਤ ਮਿਲਿ ਸੰਗਤਿ ਗੁਰ ਸਤਿਗੁਰ ਪਾਛੈ ਛੁਕਟੀ ॥੨॥੬॥}

(ਅੰਗ - ੫੨੮)

{ਮਾਈ ਗੁਰ ਚਰਣੀ ਚਿਤੁ ਲਾਈਐ ॥
ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ ਸਦਾ ਸਦਾ ਹਰਿ ਧਿਆਈਐ ॥੧॥ ਰਹਾਉ ॥}

(ਅੰਗ - ੫੨੮)

{ਮਾਈ ਸੁਨਤ ਸੋਚ ਭੈ ਡਰਤ ॥ ਮੇਰ ਤੇਰ ਤਜਉ ਅਭਿਮਾਨਾ ਸਰਨਿ ਸੁਆਮੀ ਕੀ ਪਰਤ ॥੧॥ ਰਹਾਉ ॥}

(ਅੰਗ - ੫੨੯)

{ਜੋ ਜੋ ਕਹੈ ਸੋਈ ਭਲ ਮਾਨਉ ਨਾਹਿ ਨ ਕਾ ਬੋਲ ਕਰਤ ॥
ਨਿਮਖ ਨ ਬਿਸਰਉ ਹੀਏ ਮੋਰੇ ਤੇ ਬਿਸਰਤ ਜਾਈ ਹਉ ਮਰਤ ॥੧॥}

(ਅੰਗ - ੫੨੯)

{ਸੁਖਦਾਈ ਪੂਰਨ ਪ੍ਰਭੁ ਕਰਤਾ ਮੇਰੀ ਬਹੁਤੁ ਇਆਨਪ ਜਰਤ ॥
ਨਿਰਗੁਨਿ ਕਰੂਪਿ ਕੁਲਹੀਣ ਨਾਨਕ ਹਉ ਅਨਦ ਰੂਪ ਸੁਆਮੀ ਭਰਤ ॥੨॥੩॥}

(ਅੰਗ - ੫੨੯)

{ਸੁਖੁ ਆਇਓ ਭੈ ਭਰਮ ਬਿਨਾਸੇ ਕ੍ਰਿਪਾਲ ਹੂਏ ਪ੍ਰਭ ਜਬਹੂ ॥
ਕਹੁ ਨਾਨਕ ਮੇਰੇ ਪੂਰੇ ਮਨੋਰਥ ਸਾਧਸੰਗਿ ਤਜਿ ਲਬਹੂੰ ॥੨॥੪॥}

(ਅੰਗ - ੫੨੯)

{ਮਨ ਜਿਉ ਅਪੁਨੇ ਪ੍ਰਭ ਭਾਵਉ ॥ ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ ਬੁਲਾਵਉ ॥੧॥ ਰਹਾਉ ॥}

(ਅੰਗ - ੫੨੯)

{ਅਨਿਕ ਅਡੰਬਰ ਮਾਇਆ ਕੇ ਬਿਰਥੇ ਤਾ ਸਿਉ ਪ੍ਰੀਤਿ ਘਟਾਵਉ ॥
ਜਿਉ ਅਪੁਨੋ ਸੁਆਮੀ ਸੁਖੁ ਮਾਨੈ ਤਾ ਮਹਿ ਸੋਭਾ ਪਾਵਉ ॥੧॥}

(ਅੰਗ - ੫੨੯)

{ਪ੍ਰਭ ਜੀ ਤਉ ਪ੍ਰਸਾਦਿ ਭ੍ਰਮੁ ਡਾਰਿਓ ॥
ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ ਮਨ ਮਹਿ ਇਹੈ ਬੀਚਾਰਿਓ ॥੧॥ ਰਹਾਉ ॥}

(ਅੰਗ - ੫੨੯)

{ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ ॥
ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ ॥੧॥}

(ਅੰਗ - ੫੨੯)

{ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਸਾਰਿਓ ॥
ਮਾਇਆ ਬੰਧ ਕਾਟੇ ਕਿਰਪਾ ਨਿਧਿ ਨਾਨਕ ਆਪਿ ਉਧਾਰਿਓ ॥੨॥੬॥}

(ਅੰਗ - ੫੨੯)

{ਮਨ ਸਗਲ ਸਿਆਨਪ ਰਹੀ ॥ ਕਰਨ ਕਰਾਵਨਹਾਰ ਸੁਆਮੀ ਨਾਨਕ ਓਟ ਗਹੀ ॥੧॥ ਰਹਾਉ ॥}

(ਅੰਗ - ੫੨੯)

{ਆਪੁ ਮੇਟਿ ਪਏ ਸਰਣਾਈ ਇਹ ਮਤਿ ਸਾਧੂ ਕਹੀ ॥
ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ਭਰਮੁ ਅਧੇਰਾ ਲਹੀ ॥੧॥}

(ਅੰਗ - ੫੨੯)

{ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥ ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥੧॥}

(ਅੰਗ - ੫੨੯)

{ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥
ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ ॥੨॥੯॥}

(ਅੰਗ - ੫੨੯)

{ਅਗਿਆਨੁ ਅਧੇਰਾ ਸੰਤੀ ਕਾਟਿਆ ਜੀਅ ਦਾਨੁ ਗੁਰ ਦੈਣੀ ॥
ਕਰਿ ਕਿਰਪਾ ਕਰਿ ਲੀਨੋ ਅਪੁਨਾ ਜਲਤੇ ਸੀਤਲ ਹੋਣੀ ॥੧॥}

(ਅੰਗ - ੫੩੦)

{ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ ॥
ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ ॥੨॥੯॥}

(ਅੰਗ - ੫੩੦)

{ਹਰਿ ਰਾਮ ਨਾਮੁ ਜਪਿ ਲਾਹਾ ॥ ਗਤਿ ਪਾਵਹਿ ਸੁਖ ਸਹਜ ਅਨੰਦਾ ਕਾਟੇ ਜਮ ਕੇ ਫਾਹਾ ॥੧॥ ਰਹਾਉ ॥}

(ਅੰਗ - ੫੩੦)

{ਮਨ ਕਹ ਅਹੰਕਾਰਿ ਅਫਾਰਾ ॥ ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ ॥੧॥ ਰਹਾਉ ॥}

(ਅੰਗ - ੫੩੦)

{ਤਿਸਹਿ ਤਿਆਗਿ ਅਵਰ ਲਪਟਾਵਹਿ ਮਰਿ ਜਨਮਹਿ ਮੁਗਧ ਗਵਾਰਾ ॥੧॥}

(ਅੰਗ - ੫੩੦)

{ਅੰਧ ਗੁੰਗ ਪਿੰਗੁਲ ਮਤਿ ਹੀਨਾ ਪ੍ਰਭ ਰਾਖਹੁ ਰਾਖਨਹਾਰਾ ॥
ਕਰਨ ਕਰਾਵਨਹਾਰ ਸਮਰਥਾ ਕਿਆ ਨਾਨਕ ਜੰਤ ਬਿਚਾਰਾ ॥੨॥੧੧॥}

(ਅੰਗ - ੫੩੦)

{ਅੰਧ ਬਿਲਾ ਤੇ ਕਾਢਹੁ ਕਰਤੇ ਕਿਆ ਨਾਹੀ ਘਰਿ ਤੇਰੈ ॥
ਨਾਮੁ ਅਧਾਰੁ ਦੀਜੈ ਨਾਨਕ ਕਉ ਆਨਦ ਸੂਖ ਘਨੇਰੈ ॥੨॥੧੨॥}

(ਅੰਗ - ੫੩੦)

{ਮਨ ਗੁਰ ਮਿਲਿ ਨਾਮੁ ਅਰਾਧਿਓ ॥ ਸੂਖ ਸਹਜ ਆਨੰਦ ਮੰਗਲ ਰਸ ਜੀਵਨ ਕਾ ਮੂਲੁ ਬਾਧਿਓ ॥੧॥ ਰਹਾਉ॥}

(ਅੰਗ - ੫੩੦)

{ਕਰਿ ਕਿਰਪਾ ਅਪੁਨਾ ਦਾਸੁ ਕੀਨੋ ਕਾਟੇ ਮਾਇਆ ਫਾਧਿਓ ॥
ਭਾਉ ਭਗਤਿ ਗਾਇ ਗੁਣ ਗੋਬਿਦ ਜਮ ਕਾ ਮਾਰਗੁ ਸਾਧਿਓ ॥੧॥}

(ਅੰਗ - ੫੩੦)

{ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥ ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ ਧਾਵੈ ॥੧॥}

(ਅੰਗ - ੫੩੧)

{ਪੂਰਨ ਬ੍ਰਹਮੁ ਰਵਿਆ ਮਨ ਤਨ ਮਹਿ ਆਨ ਨ ਦ੍ਰਿਸਟੀ ਆਵੈ ॥
ਨਰਕ ਰੋਗ ਨਹੀ ਹੋਵਤ ਜਨ ਸੰਗਿ ਨਾਨਕ ਜਿਸੁ ਲੜਿ ਲਾਵੈ ॥੨॥੧੪॥}

(ਅੰਗ - ੫੩੧)

{ਚੰਚਲੁ ਸੁਪਨੈ ਹੀ ਉਰਝਾਇਓ॥ ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ ॥੧॥ ਰਹਾਉ॥}

(ਅੰਗ - ੫੩੧)

{ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ ॥
ਲੋਭ ਸੁਨੈ ਮਨਿ ਸੁਖੁ ਕਰਿ ਮਾਨੈ ਬੇਗਿ ਤਹਾ ਉਠਿ ਧਾਇਓ ॥੧॥}

(ਅੰਗ - ੫੩੧)

{ਸਰਬ ਸੁਖਾ ਗੁਰ ਚਰਨਾ ॥ ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ ॥੧॥ ਰਹਾਉ ॥}
(ਅੰਗ - ੫੩੧)

{ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ ॥
ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ ॥੧॥}
(ਅੰਗ - ੫੩੧)

{ਅਪੁਨੇ ਹਰਿ ਪਹਿ ਬਿਨਤੀ ਕਹੀਐ ॥
ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ ॥੧॥ ਰਹਾਉ ॥}
(ਅੰਗ - ੫੩੧)

{ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ ਅੰਚਲੁ ਗਹੀਐ ॥
ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ ॥੧॥}
(ਅੰਗ - ੫੩੧)

{ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ ॥
ਕਰੁਣਾ ਮੈ ਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ ॥੨॥੧੭॥}
(ਅੰਗ - ੫੩੧)

{ਕਰਿ ਕਿਰਪਾ ਅਪੁਨਾ ਦਾਸੁ ਕੀਨੋ ਬੰਧਨ ਤੋਰਿ ਨਿਰਾਰੇ ॥
ਜਪਿ ਜਪਿ ਨਾਮੁ ਜੀਵਾ ਤੇਰੀ ਬਾਣੀ ਨਾਨਕ ਦਾਸ ਬਲਿਹਾਰੇ ॥੨॥੧੮॥}
(ਅੰਗ - ੫੩੧)

{ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥
ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥੧॥}
(ਅੰਗ - ੫੩੧)

{ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ ॥
ਨਾਮ ਨਿਧਾਨੁ ਨਾਨਕ ਦਾਨੁ ਪਾਵਉ ਕੰਠਿ ਲਾਇ ਉਰਿ ਧਾਰਉ ॥੨॥੧੯॥}
(ਅੰਗ - ੫੩੨)

{ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ ॥
ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ ॥੧॥}
(ਅੰਗ - ੫੩੨)

{ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥੨॥੨੧॥}
(ਅੰਗ - ੫੩੨)

{ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥
ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥੧॥ ਰਹਾਉ ॥}
(ਅੰਗ - ੫੩੨)

{ਮੋਹ ਰੋਗ ਸੋਗ ਤਨੁ ਬਾਧਿਓ ਬਹੁ ਜੋਨੀ ਭਰਮਾਈਐ ॥
ਟਿਕਨੁ ਨ ਪਾਵੈ ਬਿਨੁ ਸਤਸੰਗਤਿ ਕਿਸੁ ਆਗੈ ਜਾਇ ਰੂਆਈਐ ॥੧॥}

(ਅੰਗ - ੫੩੨)

{ਦੁਇ ਕਰ ਜੋੜਿ ਕਰੀ ਬੇਨੰਤੀ ਪਾਰਬ੍ਰਹਮੁ ਮਨਿ ਧਿਆਇਆ ॥
ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ ॥੧॥}

(ਅੰਗ - ੫੩੨)

{ਹਮ ਪਾਪੀ ਪਾਖੰਡੀ ਲੋਭੀ ਹਮਰਾ ਗੁਨੁ ਅਵਗੁਨੁ ਸਭੁ ਸਹਿਆ ॥
ਕਰੁ ਮਸਤਕਿ ਧਾਰਿ ਸਾਜਿ ਨਿਵਾਜੇ ਮੁਏ ਦੁਸਟ ਜੋ ਖਇਆ ॥੧॥}

(ਅੰਗ - ੫੩੩)

{ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ ॥
ਕਹੁ ਨਾਨਕ ਨਿਰਗੁਣ ਕਉ ਦਾਤਾ ਚਰਣ ਕਮਲ ਉਰ ਧਰਿਆ ॥੨॥੨੪॥}

(ਅੰਗ - ੫੩੩)

{ਸੁਨਿ ਗਾਵਉ ਗੁਰ ਬਚਨਾਰੇ ॥ ਬਲਿ ਬਲਿ ਜਾਉ ਸਾਧ ਦਰਸਾਰੇ ॥੩॥}

(ਅੰਗ - ੫੩੩)

{ਮਨ ਮਹਿ ਰਾਖਉ ਏਕ ਅਸਾਰੇ ॥ ਨਾਨਕ ਪ੍ਰਭ ਮੇਰੇ ਕਰਨੈਹਾਰੇ ॥੪॥੨੫॥}

(ਅੰਗ - ੫੩੩)

{ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥
ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥੧॥}

(ਅੰਗ - ੫੩੩)

{ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ ਮਾਇ ਆਛੈ ॥
ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ ॥੨॥੨॥੨੮॥}

(ਅੰਗ - ੫੩੩)

{ਦੀਨੁ ਦੁਆਰੈ ਆਇਓ ਠਾਕੁਰ ਸਰਨਿ ਪਰਿਓ ਸੰਤ ਹਾਰੇ ॥
ਕਹੁ ਨਾਨਕ ਪ੍ਰਭ ਮਿਲੇ ਮਨੋਹਰ ਮਨੁ ਸੀਤਲ ਬਿਗਸਾਰੇ ॥੨॥੩॥੨੯॥}

(ਅੰਗ - ੫੩੪)

{ਸਾਧਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ ॥
ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ ॥੧॥}

(ਅੰਗ - ੫੩੪)

{ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ ॥੩॥
ਕਹੁ ਨਾਨਕ ਤਿਨਿ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ ॥੪॥੧॥੩੧॥}

(ਅੰਗ - ੫੩੪)

{ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ ॥
ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਊ ॥੧॥ ਰਹਾਉ ॥}

(ਅੰਗ - ੫੩੫)

{ਗੁਰਿ ਸਬਦੁ ਦ੍ਰਿੜਾਇਆ ਪਰਮ ਪਦੁ ਪਾਇਆ ਦੁਤੀਅ ਗਏ ਸੁਖ ਹੋਊ ॥

ਕਹੁ ਨਾਨਕ ਭਵ ਸਾਗਰੁ ਤਰਿਆ ਹਰਿ ਨਿਧਿ ਪਾਈ ਸਹਜੋਊ ॥੨॥੨॥੩੩॥}

(ਅੰਗ - ਪ੩੫)

{ਏਕੈ ਰੇ ਹਰਿ ਏਕੈ ਜਾਨ ॥ ਏਕੈ ਰੇ ਗੁਰਮੁਖਿ ਜਾਨ ॥੧॥ ਰਹਾਉ ॥}

(ਅੰਗ - ਪ੩੫)

{ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥
ਮਿਲਿ ਸੰਗਤਿ ਤਜਿ ਅਭਿਮਾਨ ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥੨॥੧॥੩੪॥}

(ਅੰਗ - ਪ੩੫)

{ਧਿਆਏ ਗਾਏ ਕਰਨੈਹਾਰ ॥ ਭਉ ਨਾਹੀ ਸੁਖ ਸਹਜ ਅਨੰਦਾ ਅਨਿਕ ਓਹੀ ਰੇ ਏਕ ਸਮਾਰ ॥੧॥ ਰਹਾਉ ॥}

(ਅੰਗ - ਪ੩੫)

{ਸਫਲ ਮੂਰਤਿ ਗੁਰੁ ਮੇਰੈ ਮਾਥੈ ॥ ਜਤ ਕਤ ਪੇਖਉ ਤਤ ਤਤ ਸਾਥੈ ॥ ਚਰਨ ਕਮਲ ਮੇਰੇ ਪ੍ਰਾਨ ਅਧਾਰ ॥੧॥}

(ਅੰਗ - ਪ੩੫)

{ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ ॥
ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥੧॥}

(ਅੰਗ - ਪ੩੫)

{ਯਹ ਮਨੁ ਨੈਕ ਨ ਕਹਿਓ ਕਰੈ ॥ ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥੧॥ ਰਹਾਉ ॥}

(ਅੰਗ - ਪ੩੬)

{ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥੧॥}

(ਅੰਗ - ਪ੩੬)

{ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥
ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ ॥੨॥੧॥}

(ਅੰਗ - ਪ੩੬)

{ਦੂਤਨ ਸੰਗਰੀਆ ॥ ਭੂਇਅੰਗਨਿ ਬਸਰੀਆ ॥ ਅਨਿਕ ਉਪਰੀਆ ॥੧॥
ਤਉ ਮੈ ਹਰਿ ਹਰਿ ਕਰੀਆ ॥ ਤਉ ਸੁਖ ਸਹਜਰੀਆ ॥੧॥ ਰਹਾਉ ॥}

(ਅੰਗ - ਪ੩੭)

{ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥}

(ਅੰਗ - ਪ੩੭)

{ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥
ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧॥}

(ਅੰਗ - ਪ੩੮)

{ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ ਨਾਮੁ ਪਰਗਾਸੇ ਰਾਮ ॥
ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥}

(ਅੰਗ - ੫੩੮)

{ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥
ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਬਿਗਾਸੇ ਰਾਮ ॥੪॥੧॥}

(ਅੰਗ - ੫੩੮)

{ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥}

(ਅੰਗ - ੫੩੮)

{ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ ॥
ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਸਮਾਏ ਰਾਮ ॥੧॥}

(ਅੰਗ - ੫੩੮)

{ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ ਬਿਖੁ ਬਾਧੇ ਹਉਮੈ ਜਾਲੇ ਰਾਮ ॥
ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥}

(ਅੰਗ - ੫੩੮)

{ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਮਨਮੁਖ ਮੂੜ ਬਿਤਾਲੇ ਰਾਮ ॥
ਜਨ ਤ੍ਰਾਹਿ ਤ੍ਰਾਹਿ ਸਰਣਾਗਤੀ ਮੇਰੀ ਜਿੰਦੁੜੀਏ ਗੁਰ ਨਾਨਕ ਹਰਿ ਰਖਵਾਲੇ ਰਾਮ ॥੩॥}

(ਅੰਗ - ੫੩੮)

{ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ ਗੁਰ ਖੇਵਟ ਸਬਦਿ ਤਰਾਇਆ ਰਾਮ ॥}

(ਅੰਗ - ੫੩੮)

{ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ ਹਰਿ ਕੀਰਤਿ ਹਰਿ ਮਨਿ ਧਾਰੇ ਰਾਮ ॥
ਹਰਿ ਹਰਿ ਨਾਮੁ ਪਵਿਤੁ ਹੈ ਮੇਰੀ ਜਿੰਦੁੜੀਏ ਜਪਿ ਹਰਿ ਹਰਿ ਨਾਮੁ ਉਧਾਰੇ ਰਾਮ ॥}

(ਅੰਗ - ੫੩੯)

{ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ ਆਏ ਰਾਮ ॥}

(ਅੰਗ - ੫੩੯)

{ਗੁਰਿ ਆਸਾ ਮਨਸਾ ਪੂਰੀਆ ਮੇਰੀ ਜਿੰਦੁੜੀਏ ਹਰਿ ਮਿਲਿਆ ਭੁਖ ਸਭ ਜਾਏ ਰਾਮ ॥}

(ਅੰਗ - ੫੩੯)

{ਹਮ ਪਾਪੀ ਬਲਵੰਚੀਆ ਮੇਰੀ ਜਿੰਦੁੜੀਏ ਪਰਦ੍ਰੋਹੀ ਠਗ ਮਾਇਆ ਰਾਮ ॥
ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ ॥}

(ਅੰਗ - ੫੩੯)

{ਅਤਿ ਊਤਮੁ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਜਿਤੁ ਜਪਿਐ ਪਾਪ ਗਵਾਤੇ ਰਾਮ ॥
ਪਤਿਤ ਪਵਿਤ੍ਰ ਗੁਰਿ ਹਰਿ ਕੀਏ ਮੇਰੀ ਜਿੰਦੁੜੀਏ ਚਹੁ ਕੁੰਡੀ ਚਹੁ ਜੁਗਿ ਜਾਤੇ ਰਾਮ ॥}

(ਅੰਗ - ੫੩੯)

{ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ ॥}

(ਅੰਗ - ੫੩੯)

{ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ ਬਿਖੁ ਭਉਜਲੁ ਤਾਰਣਹਾਰੋ ਰਾਮ ॥}
(ਅੰਗ - ੫੩੯)

{ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ ॥
ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥੩॥}
(ਅੰਗ - ੫੪੦)

{ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ ਤੇ ਮਨਮੁਖ ਮੂੜ ਇਆਣੇ ਰਾਮ ॥
ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਅੰਤਿ ਗਏ ਪਛੁਤਾਣੇ ਰਾਮ ॥}
(ਅੰਗ - ੫੪੦)

{ਹਰਿ ਦਰਗਹ ਢੋਈ ਨਾ ਲਹਨ੍ਹਿ ਮੇਰੀ ਜਿੰਦੁੜੀਏ ਜੋ ਮਨਮੁਖ ਪਾਪਿ ਲੁਭਾਣੇ ਰਾਮ ॥
ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ ਹਰਿ ਜਪਿ ਹਰਿ ਨਾਮਿ ਸਮਾਣੇ ਰਾਮ ॥੧॥}
(ਅੰਗ - ੫੪੦)

{ਹਰਿ ਵੇਪੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ ਸੋ ਡਰੈ ਜਿਨਿ ਪਾਪ ਕਮਤੇ ਰਾਮ ॥
ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥}
(ਅੰਗ - ੫੪੦)

{ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੁੜੀਏ ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ ॥
ਜਿਸੁ ਦਇਆ ਕਰੇ ਮੇਰਾ ਪਾਰਬ੍ਰਹਮੁ ਮੇਰੀ ਜਿੰਦੁੜੀਏ ਤਿਸੁ ਮਨਿ ਨਾਮੁ ਵਸਾਏ ਰਾਮ ॥}
(ਅੰਗ - ੫੪੧)

{ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ ਜਨ ਨਾਨਕ ਗੁਰਮੁਖਿ ਜਾਤਾ ਰਾਮ ॥੪॥੬॥}
(ਅੰਗ - ੫੪੧)

{ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ ॥
ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ ॥੨॥}
(ਅੰਗ - ੫੪੧)

{ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥
ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥}
(ਅੰਗ - ੫੪੧)

{ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥ ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥੧॥}
(ਅੰਗ - ੫੪੨)

{ਸੰਤਨ ਕੈ ਪਰਸਾਦਿ ਹਰਿ ਹਰਿ ਪਾਇਆ ਰਾਮ ॥ ਇਛ ਪੁੰਨੀ ਮਨਿ ਸਾਂਤਿ ਤਪਤਿ ਬੁਝਾਇਆ ਰਾਮ ॥}
(ਅੰਗ - ੫੪੨)

{ਭ੍ਰਮ ਲੋਭ ਮੋਹ ਬਿਕਾਰ ਥਾਕੇ ਮਿਲਿ ਸਖੀ ਮੰਗਲੁ ਗਾਇਆ ॥
ਨਾਨਕੁ ਪਇਅੰਪੈ ਸੰਤ ਜੰਪੈ ਜਿਨਿ ਹਰਿ ਹਰਿ ਸੰਜੋਗਿ ਮਿਲਾਇਆ ॥੪॥੨॥}
(ਅੰਗ - ੫੪੨)

{ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ॥ ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ॥}

(ਅੰਗ - ੫੪੩)

{ਲਗਿ ਸੰਤ ਚਰਣੀ ਪੜੇ ਸਰਣੀ ਮਨਿ ਤਿਨਾ ਓਮਾਹਾ ॥
ਬਿਨਵੰਤਿ ਨਾਨਕੁ ਜਿਨ ਨਾਮੁ ਪਲੈ ਸੇਈ ਸਚੇ ਸਾਹਾ ॥੩॥}

(ਅੰਗ - ੫੪੩)

{ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ਅਨਦਿਨੁ ਨਾਮੁ ਵਖਾਣਾ ਰਾਮ ॥
ਅੰਮ੍ਰਿਤ ਬਾਣੀ ਉਚਰਾ ਹਰਿ ਜਸੁ ਮਿਠਾ ਲਾਗੈ ਤੇਰਾ ਭਾਣਾ ਰਾਮ ॥}

(ਅੰਗ - ੫੪੩)

{ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ ॥
ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ ਇਛ ਪੁੰਨੀ ਹਮਾਰੀ ॥੪॥੩॥}

(ਅੰਗ - ੫੪੩)

{ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ ॥
ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ ॥}

(ਅੰਗ - ੫੪੪)

{ਹਰਿ ਭਗਤਿ ਪਾਈਐ ਪ੍ਰਭੁ ਧਿਆਈਐ ਜਾਇ ਮਿਲੀਐ ਹਰਿ ਜਨਾ ॥
ਮਾਨੁ ਮੋਹੁ ਬਿਕਾਰੁ ਤਜੀਐ ਅਰਪਿ ਤਨੁ ਧਨੁ ਇਹੁ ਮਨਾ ॥}

(ਅੰਗ - ੫੪੪)

{ਨਹ ਦੁਖ ਪਾਵੈ ਪ੍ਰਭ ਧਿਆਵੈ ਧੰਨਿ ਤੇ ਬਡਭਾਗੀਆ ॥
ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ ਨਾਮ ਰਸਿ ਰੰਗਿ ਜਾਗੀਆ ॥}

(ਅੰਗ - ੫੪੪)

{ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥ ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ ॥}

(ਅੰਗ - ੫੪੫)

{ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ ॥ ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥}

(ਅੰਗ - ੫੪੫)

{ਮਿਲੁ ਸਾਧਸੰਗੇ ਨਾਮ ਰੰਗੇ ਤਹਾ ਪੂਰਨ ਆਸੋ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਹਰਿ ਚਰਣ ਕਮਲ ਨਿਵਾਸੋ ॥੧॥}

(ਅੰਗ - ੫੪੫)

{ਮਿਲਿ ਸੰਤ ਗਾਵਹਿ ਖਸਮ ਭਾਵਹਿ ਹਰਿ ਪ੍ਰੇਮ ਰਸ ਰੰਗਿ ਭਿੰਨੀਆ ॥
ਹਰਿ ਲਾਭੁ ਪਾਇਆ ਆਪੁ ਮਿਟਾਇਆ ਮਿਲੇ ਚਿਰੀ ਵਿਛੁੰਨਿਆ ॥}

(ਅੰਗ - ੫੪੫)

{ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥ ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ ॥}

(ਅੰਗ - ੫੪੫)

{ਮਿਲਿ ਬ੍ਰਹਮ ਜੋਤੀ ਓਤਿ ਪੋਤੀ ਉਦਕੁ ਉਦਕਿ ਸਮਾਇਆ ॥
ਜਲਿ ਥਲਿ ਮਹੀਅਲਿ ਏਕੁ ਰਵਿਆ ਨਹ ਦੂਜਾ ਦ੍ਰਿਸਟਾਇਆ ॥}

(ਅੰਗ - ੫੪੫)

{ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ ॥
ਦੇਹਿ ਨਾਮੁ ਅਪਨਾ ਜਪਉ ਸੁਆਮੀ ਹਰਿ ਦਰਸ ਪੇਖੇ ਜੀਜੀਐ ॥}

(ਅੰਗ - ੫੪੫)

{ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ ॥ ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ ॥}

(ਅੰਗ - ੫੪੫)

{ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥ ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ ॥}

(ਅੰਗ - ੫੪੫)

{ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥ ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥}

(ਅੰਗ - ੫੪੬)

{ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ ॥
ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ ॥}

(ਅੰਗ - ੫੪੬)

{ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥ ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥}

(ਅੰਗ - ੫੪੬)

{ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥
ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥੩॥}

(ਅੰਗ - ੫੪੬)

{ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥ ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ॥}

(ਅੰਗ - ੫੪੭)

{ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ ॥
ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ ॥}

(ਅੰਗ - ੫੪੭)

{ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ ॥ ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ॥}

(ਅੰਗ - ੫੪੭)

{ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ ॥
ਬਿਨਵੰਤ ਨਾਨਕ ਬਿਨੁ ਸਾਧਸੰਗਮ ਸਭ ਮਿਥਿਆ ਸੰਸਾਰੀ ॥੧॥}

(ਅੰਗ - ੫੪੭)

{ਹਉ ਹਉ ਕਰਤ ਨ ਤ੍ਰਿਸਨ ਬੂਝੈ ਨਹ ਕਾਂਮ ਪੂਰਨ ਗਿਆਨੇ ॥
ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਨੇ ॥੩॥}

(ਅੰਗ - ੫੪੭)

{ਰਸਨਾ ਅਰਾਧੈ ਏਕੁ ਸੁਆਮੀ ਹਰਿ ਨਾਮਿ ਮਨੁ ਤਨੁ ਭੀਨਾ ॥

ਨਾਨਕ ਜਿਸ ਨੋ ਹਰਿ ਮਿਲਾਏ ਸੋ ਸਰਬ ਗੁਣ ਪਰਬੀਨਾ ॥੪॥੬॥੯॥}

(ਅੰਗ - ੫੪੭)

{ਗੁਰ ਸੇਵਾ ਤੇ ਸੁਖੁ ਪਾਈਐ ਹੋਰ ਥੈ ਸੁਖੁ ਨ ਭਾਲਿ ॥}

(ਅੰਗ - ੫੪੮)

ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ ॥
ਨਾਨਕ ਨਾਮੁ ਤਿਨਾ ਕਉ ਮਿਲੈ ਜਿਨ ਹਰਿ ਵੇਖੈ ਨਦਰਿ ਨਿਹਾਲਿ ॥੧॥}

(ਅੰਗ - ੫੪੮)

{ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥}

(ਅੰਗ - ੫੪੮)

{ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥}

(ਅੰਗ - ੫੪੮)

{ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ॥}

(ਅੰਗ - ੫੪੮)

{ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥}

(ਅੰਗ - ੫੪੮)

{ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ ॥}

(ਅੰਗ - ੫੪੮)

{ਮਿਲਿ ਪ੍ਰੀਤਮ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ ਨਾਨਕ ਸੁਖਦਾਤਾ ਸੇਵਿਆ ਆਪੇ ਪਰਖਣਹਾਰੁ ॥੨॥}

(ਅੰਗ - ੫੪੯)

{ਗੁਰਮੁਖਿ ਸਚੈ ਭਾਵਦੇ ਦਰਿ ਸਚੈ ਸਚਿਆਰ ॥ ਸਾਜਨ ਮਨਿ ਆਨੰਦੁ ਹੈ ਗੁਰ ਕਾ ਸਬਦੁ ਵੀਚਾਰ ॥}

(ਅੰਗ - ੫੪੯)

{ਅੰਤਰਿ ਸਬਦੁ ਵਸਾਇਆ ਦੁਖੁ ਕਟਿਆ ਚਾਨਣੁ ਕੀਆ ਕਰਤਾਰਿ ॥
ਨਾਨਕ ਰਖਣਹਾਰਾ ਰਖਸੀ ਆਪਣੀ ਕਿਰਪਾ ਧਾਰਿ ॥੧॥}

(ਅੰਗ - ੫੪੯)

{ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥ ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ ॥}

(ਅੰਗ - ੫੪੯)

{ਨਾਨਕ ਸਭੁ ਕਿਛੁ ਆਪਿ ਹੈ ਅਵਰੁ ਨ ਦੂਜੀ ਜਾਇ ॥੨॥}

(ਅੰਗ - ੫੪੯)

{ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥ ਸਬਦੈ ਸਾਦੁ ਨ ਪਾਇਓ ਮਨਹਠਿ ਕਿਆ ਗੁਣ ਗਾਇ॥}

(ਅੰਗ - ੫੪੯)

{ਨਾਨਕ ਆਇਆ ਸੋ ਪਰਵਾਣੁ ਹੈ ਜਿ ਗੁਰਮੁਖਿ ਸਚਿ ਸਮਾਇ ॥੧॥}

(ਅੰਗ - ੫੪੯)

{ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥
ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥}

(ਅੰਗ - ੫੫੦)

{ਸਚਾ ਨਾਮੁ ਨ ਲਗੋ ਮੀਠਾ ਜਿਤੁ ਨਾਮਿ ਨਵ ਨਿਧਿ ਪਾਏ ॥ ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ॥}

(ਅੰਗ - ੫੫੦)

{ਗੁਰ ਕਾ ਸਬਦੁ ਸਮਾਲਿ ਤੂ ਮੂੜੇ ਗਤਿ ਮਤਿ ਸਬਦੇ ਪਾਏ ॥
ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ ॥੨॥}

(ਅੰਗ - ੫੫੦)

{ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨ ਪਾਇਆ ॥
ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਹਰਿ ਮੰਨਿ ਵਸਾਇਆ ॥੧॥}

(ਅੰਗ - ੫੫੦)

{ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥
ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ ॥੨॥}

(ਅੰਗ - ੫੫੦)

{ਹਰਿ ਸਚਾ ਸਾਹਿਬੁ ਸਚੁ ਤਪਾਵਸੁ ਕਰਿ ਵੇਖੈ ਚਲਤ ਸਬਾਏ ॥
ਗੁਰ ਪਰਸਾਦਿ ਕਹੈ ਜਨੁ ਨਾਨਕੁ ਹਰਿ ਸਚੇ ਕੇ ਗੁਣ ਗਾਏ ॥੫॥}

(ਅੰਗ - ੫੫੦)

{ਜੇ ਆਸਾ ਅੰਦੇਸਾ ਤਜਿ ਰਹੈ ਗੁਰਮੁਖਿ ਭਿਖਿਆ ਨਾਉ ॥
ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ ॥੧॥}

(ਅੰਗ - ੫੫੦)

{ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ ॥
ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ ॥੬॥}

(ਅੰਗ - ੫੫੦)

{ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥ ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥}

(ਅੰਗ - ੫੫੧)

{ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥}

(ਅੰਗ - ੫੫੧)

{ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥}

(ਅੰਗ - ੫੫੧)

{ਆਪੇ ਸੇਵ ਬਣਾਈਅਨੁ ਗੁਰਮੁਖਿ ਆਪੇ ਅੰਮ੍ਰਿਤੁ ਪੀਆ ॥
ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ ॥੭॥}

(ਅੰਗ - ੫੫੧)

{ਗੁਰਮੁਖਿ ਪ੍ਰਭੁ ਸੇਵਹਿ ਸਦ ਸਾਚਾ ਅਨਦਿਨੁ ਸਹਜਿ ਪਿਆਰਿ ॥
ਸਦਾ ਅਨੰਦਿ ਗਾਵਹਿ ਗੁਣ ਸਾਚੇ ਅਰਧਿ ਉਰਧਿ ਉਰਿ ਧਾਰਿ ॥}

(ਅੰਗ - ੫੫੧)

{ਕਹਿਐ ਕਥਿਐ ਨ ਪਾਈਐ ਅਨਦਿਨੁ ਰਹੈ ਸਦਾ ਗੁਣ ਗਾਇ ॥
ਵਿਣੁ ਕਰਮੈ ਕਿਨੈ ਨ ਪਾਇਓ ਭਉਕਿ ਮੁਏ ਬਿਲਲਾਇ ॥}

(ਅੰਗ - ੫੫੧)

{ਗੁਰ ਕੈ ਸਬਦਿ ਮਨੁ ਤਨੁ ਭਿਜੈ ਆਪਿ ਵਸੈ ਮਨਿ ਆਇ ॥ ਨਾਨਕ ਨਦਰੀ ਪਾਈਐ ਆਪੇ ਲਏ ਮਿਲਾਇ॥੨॥}

(ਅੰਗ - ੫੫੧)

{ਆਪੇ ਵੇਦ ਪੁਰਾਣ ਸਭਿ ਸਾਸਤ ਆਪਿ ਕਥੈ ਆਪਿ ਭੀਜੈ ॥
ਆਪੇ ਹੀ ਬਹਿ ਪੂਜੇ ਕਰਤਾ ਆਪਿ ਪਰਪੰਚੁ ਕਰੀਜੈ ॥}

(ਅੰਗ - ੫੫੧)

{ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ॥ ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ॥}

(ਅੰਗ - ੫੫੧)

{ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥੧॥}

(ਅੰਗ - ੫੫੧)

{ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥}

(ਅੰਗ - ੫੫੨)

{ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥੨॥}

(ਅੰਗ - ੫੫੨)

{ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ ॥
ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ ॥}

(ਅੰਗ - ੫੫੨)

{ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ ॥
ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ ॥੯॥}

(ਅੰਗ - ੫੫੨)

{ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥ ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ ॥}

{ਜਨਮ ਮਰਨ ਦੁਖੁ ਕਟੀਐ ਹਉਮੈ ਮਮਤਾ ਜਾਇ ॥ ਉਤਮ ਪਦਵੀ ਪਾਈਐ ਸਚੇ ਰਹੈ ਸਮਾਇ ॥}

(ਅੰਗ - ੫੫੨)

{ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ॥ ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ ॥}
(ਅੰਗ - ੫੫੨)

{ਨਾਮੁ ਸਮ੍ਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥ ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ ॥੨॥}
(ਅੰਗ - ੫੫੨)

{ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ ॥
ਆਪਿ ਬਿਬੇਕੁ ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ ॥}
(ਅੰਗ - ੫੫੨)

{ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ ॥
ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਹਿ ਮੁਹਿ ਕਾਲੈ ਉਠਿ ਜਾਹਿ ॥੧॥}
(ਅੰਗ - ੫੫੨)

{ਇਕਨਾ ਅੰਦਰਿ ਮਹਲਿ ਬੁਲਾਏ ਜਾ ਆਪਿ ਤੇਰੈ ਮਨਿ ਸਚੇ ਭਾਣੇ ॥
ਜਿਨਾ ਆਪੇ ਗੁਰਮੁਖਿ ਦੇ ਵਡਿਆਈ ਸੇ ਜਨ ਸਚੀ ਦਰਗਹਿ ਜਾਣੇ ॥੧੧॥}
(ਅੰਗ - ੫੫੨)

{ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥ ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥}
(ਅੰਗ - ੫੫੩)

{ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥ ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥}
(ਅੰਗ - ੫੫੩)

{ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥ ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥}
(ਅੰਗ - ੫੫੩)

{ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥ ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥}
(ਅੰਗ - ੫੫੩)

{ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥}
(ਅੰਗ - ੫੫੩)

{ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥
ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥}
(ਅੰਗ - ੫੫੩)

{ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥
ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥੧॥}
(ਅੰਗ - ੫੫੩)

{ਆਪਿ ਅਭੁਲੁ ਨ ਭੁਲੈ ਕਬ ਹੀ ਸਭੁ ਸਚੁ ਤਪਾਵਸੁ ਸਚੁ ਥਿਆ ॥

ਆਪੇ ਜਿਨਾ ਬੁਝਾਏ ਗੁਰਮੁਖਿ ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩॥}

(ਅੰਗ - ੫੫੩)

{ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ॥ ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ॥}

(ਅੰਗ - ੫੫੪)

{ਆਪਿ ਦਇਆਲੁ ਹੋਇ ਭਉ ਖੰਡਨੁ ਆਪਿ ਕਰੈ ਸਭੁ ਦਾਨੁ ॥
ਜਿਸ ਨੋ ਗੁਰਮੁਖਿ ਆਪਿ ਬੁਝਾਏ ਸੋ ਸਦ ਹੀ ਦਰਗਹਿ ਪਾਏ ਮਾਨੁ ॥}

(ਅੰਗ - ੫੫੪)

{ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ ॥
ਸਬਦੈ ਸਿਉ ਚਿਤੁ ਨ ਲਾਵਈ ਜਿਤੁ ਸੁਖੁ ਵਸੈ ਮਨਿ ਆਇ ॥
ਤਾਮਸਿ ਲਗਾ ਸਦਾ ਫਿਰੈ ਅਹਿਨਿਸਿ ਜਲਤੁ ਬਿਹਾਇ ॥}

(ਅੰਗ - ੫੫੪)

{ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥}

(ਅੰਗ - ੫੫੪)

{ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥੧॥}

(ਅੰਗ - ੫੫੪)

{ਨਾਨਕ ਨਦਰਿ ਕਰੇ ਜੇ ਆਪਣੀ ਸਤਿਗੁਰੁ ਮੇਲੈ ਸੋਇ ॥
ਗੁਰ ਪ੍ਰਸਾਦਿ ਜੀਵਤੁ ਮਰੈ ਤਾ ਫਿਰਿ ਮਰਣੁ ਨ ਹੋਇ ॥੨॥}

(ਅੰਗ - ੫੫੪)

{ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥੧॥}

(ਅੰਗ - ੫੫੫)

{ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥}

(ਅੰਗ - ੫੫੫)

{ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥ ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥੨॥}

(ਅੰਗ - ੫੫੫)

{ਜਾ ਆਪਿ ਕ੍ਰਿਪਾਲੁ ਹੋਵੈ ਹਰਿ ਸੁਆਮੀ ਤਾ ਆਪਣਾਂ ਨਾਉ ਹਰਿ ਆਪਿ ਜਪਾਵੈ ॥
ਆਪੇ ਸਤਿਗੁਰੁ ਮੇਲਿ ਸੁਖੁ ਦੇਵੈ ਆਪਣਾਂ ਸੇਵਕੁ ਆਪਿ ਹਰਿ ਭਾਵੈ ॥}

(ਅੰਗ - ੫੫੫)

{ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥

ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ॥}

(ਅੰਗ - ੫੫੫)

{ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ ॥
ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ ॥੧॥}

(ਅੰਗ - ੫੫੫)

{ਏ ਮਨ ਇਹੁ ਧਨੁ ਨਾਮੁ ਹੈ ਜਿਤੁ ਸਦਾ ਸਦਾ ਸੁਖੁ ਹੋਇ ॥ ਤੋਟਾ ਮੂਲਿ ਨ ਆਵਈ ਲਾਹਾ ਸਦ ਹੀ ਹੋਇ ॥}

(ਅੰਗ - ੫੫੫)

{ਖਾਧੈ ਖਰਚਿਐ ਤੋਟਿ ਨ ਆਵਈ ਸਦਾ ਸਦਾ ਓਹੁ ਦੇਇ ॥ ਸਹਸਾ ਮੂਲਿ ਨ ਹੋਵਈ ਹਾਣਤ ਕਦੇ ਨ ਹੋਇ ॥
ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥੨॥}

(ਅੰਗ - ੫੫੫)

{ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥}

(ਅੰਗ - ੫੫੫)

{ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥}

(ਅੰਗ - ੫੫੬)

{ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥}

(ਅੰਗ - ੫੫੬)

{ਸੋ ਜੋਗੀ ਜੁਗਤਿ ਸੋ ਪਾਏ ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ ॥
ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ ॥
ਨਾਨਕ ਐਸਾ ਵਿਰਲਾ ਕੋ ਜੋਗੀ ਜਿਸੁ ਘਟਿ ਪਰਗਟੁ ਹੋਇ ॥੨॥}

(ਅੰਗ - ੫੫੬)

{ਨਾਨਕੁ ਮੰਗੈ ਦਾਨੁ ਹਰਿ ਸੰਤਾ ਰੇਨਾਰੁ ॥ ਹੋਰੁ ਦਾਤਾਰੁ ਨ ਸੁਝਈ ਤੂ ਦੇਵਣਹਾਰੁ ॥੨੧॥੧॥ ਸੁਧੁ ॥}

(ਅੰਗ - ੫੫੬)

{ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥
ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ ॥੨॥}

(ਅੰਗ - ੫੫੭)

{ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥ ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥੪॥੧॥}

(ਅੰਗ - ੫੫੭)

{ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥ ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ ॥੧॥}

(ਅੰਗ - ੫੫੭)

{ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ ॥ ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥੨॥}

(ਅੰਗ - ੫੫੭)

{ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ ॥ ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥੩॥}
(ਅੰਗ - ੫੫੭)

{ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥ ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥੪॥੨॥}
(ਅੰਗ - ੫੫੭)

{ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥}

(ਅੰਗ - ੫੫੮)

{ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥}

(ਅੰਗ - ੫੫੮)

{ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥}

(ਅੰਗ - ੫੫੮)

{ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥ ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ ॥੨॥}

(ਅੰਗ - ੫੫੮)

{ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ ॥
ਅਨ ਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੈ ਭਾਇ ॥੩॥}

(ਅੰਗ - ੫੫੮)

{ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥ ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ॥੧॥}

(ਅੰਗ - ੫੫੯)

{ਮਨ ਮੇਰੇ ਗੁਰਮਤਿ ਕਰਣੀ ਸਾਰੁ ॥ ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥}

(ਅੰਗ - ੫੫੯)

{ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥ ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥}

(ਅੰਗ - ੫੫੯)

{ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥ ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ॥੪॥੩॥}

(ਅੰਗ - ੫੫੯)

{ਸੋਹਾਗਣੀ ਸਦਾ ਮੁਖੁ ਉਜਲਾ ਗੁਰ ਕੈ ਸਹਜਿ ਸੁਭਾਇ॥ ਸਦਾ ਪਿਰੁ ਰਾਵਹਿ ਆਪਣਾ ਵਿਚਹੁ ਆਪੁ ਗਵਾਇ॥੧॥}

(ਅੰਗ - ੫੫੯)

{ਗੁਣਵੰਤੀ ਨਿਤ ਗੁਣ ਰਵੈ ਹਿਰਦੈ ਨਾਮੁ ਵਸਾਇ ॥ ਅਉਗਣਵੰਤੀ ਕਾਮਣੀ ਦੁਖੁ ਲਾਗੈ ਬਿਲਲਾਇ ॥੩॥}

(ਅੰਗ - ੫੫੯)

{ਅੰਮ੍ਰਿਤ ਨਾਮੁ ਸਦ ਮੀਠਾ ਲਾਗਾ ਗੁਰ ਸਬਦੀ ਸਾਦੁ ਆਇਆ ॥
ਸਚੀ ਬਾਣੀ ਸਹਜਿ ਸਮਾਣੀ ਹਰਿ ਜੀਉ ਮਨਿ ਵਸਾਇਆ ॥੧॥}

(ਅੰਗ - ੫੫੯)

{ਹਰਿ ਕਰਿ ਕਿਰਪਾ ਸਤਗੁਰੂ ਮਿਲਾਇਆ ॥ ਪੂਰੈ ਸਤਗੁਰਿ ਹਰਿ ਨਾਮੁ ਧਿਆਇਆ ॥੧॥ ਰਹਾਉ ॥}

(ਅੰਗ - ੫੫੯)

{ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥੩॥}

(ਅੰਗ - ੫੫੯)

{ਸਤਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰਾ ॥ ਸਾਚੈ ਨਾਇ ਰਤੇ ਬੈਰਾਗੀ ਪਾਇਨਿ ਮੋਖ ਦੁਆਰਾ ॥੪॥}
(ਅੰਗ - ੫੫੯)

{ਏਕੋ ਸਚੁ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ ॥
ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ ਸਭਨਾ ਦੀਵਾਨੁ ਦਇਆਲਾ ॥੫॥੫॥}
(ਅੰਗ - ੫੫੯)

{ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਿ ਸਾਚੇ ਲਗੈ ਧਿਆਨੁ ॥੧॥}
(ਅੰਗ - ੫੬੦)

{ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪॥੬॥}
(ਅੰਗ - ੫੬੦)

{ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ ॥ ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ ॥੧॥}
(ਅੰਗ - ੫੬੦)

{ਸਦਾ ਸੁਖੁ ਸਾਚੈ ਸਬਦਿ ਵੀਚਾਰੀ ॥ ਆਪਣੇ ਸਤਗੁਰ ਵਿਟਹੁ ਸਦਾ ਬਲਿਹਾਰੀ ॥੧॥ ਰਹਾਉ ॥}
(ਅੰਗ - ੫੬੦)

{ਅਖੀ ਸੰਤੋਖੀਆ ਏਕ ਲਿਵ ਲਾਇ ॥ ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥੨॥}
(ਅੰਗ - ੫੬੦)

{ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ ॥ ਨਾਮੁ ਪਰਮਲੁ ਹਿਰਦੈ ਰਹਿਆ ਸਮਾਇ ॥੩॥}
(ਅੰਗ - ੫੬੦)

{ਨਾਨਕ ਮਸਤਕਿ ਜਿਸੁ ਵਡਭਾਗੁ ॥ ਗੁਰ ਕੀ ਬਾਣੀ ਸਹਜ ਬੈਰਾਗੁ ॥੪॥੭॥}
(ਅੰਗ - ੫੬੦)

{ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥ ਨਿਰਮਲੁ ਨਾਮੁ ਵਸੈ ਮਨਿ ਆਇ ॥੨॥}
(ਅੰਗ - ੫੬੦)

{ਭਰਮੇ ਭੂਲਾ ਫਿਰੈ ਸੰਸਾਰੁ ॥ ਮਰਿ ਜਨਮੈ ਜਮੁ ਕਰੇ ਖੁਆਰੁ ॥੩॥}
(ਅੰਗ - ੫੬੦)

{ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥}
(ਅੰਗ - ੫੬੦)

{ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥}
(ਅੰਗ - ੫੬੦)

{ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥}
(ਅੰਗ - ੫੬੦)

{ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥}

(ਅੰਗ - ੫੬੦)

{ਮੈ ਅਵਗਣ ਭਰਪੂਰਿ ਸਰੀਰੇ ॥ ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥੨॥}

(ਅੰਗ - ੫੬੧)

{ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ ॥ ਸੇ ਮੈ ਗੁਣ ਨਾਹੀ ਹਉ ਕਿਉ ਮਿਲਾ ਮੇਰੀ ਮਾਇਆ ॥੩॥}

(ਅੰਗ - ੫੬੧)

{ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ ॥ ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ ॥੧॥}

(ਅੰਗ - ੫੬੧)

{ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ ॥ ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ ॥੫॥੨॥}

(ਅੰਗ - ੫੬੧)

{ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ ॥
ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ ॥੧॥}

(ਅੰਗ - ੫੬੧)

{ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥}

(ਅੰਗ - ੫੬੧)

{ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥
ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥੩॥}

(ਅੰਗ - ੫੬੧)

{ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ ॥
ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨॥}

(ਅੰਗ - ੫੬੧)

{ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥}

(ਅੰਗ - ੫੬੨)

{ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥ ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥}

(ਅੰਗ - ੫੬੨)

{ਤੁਮ ਮਿਹਰਵਾਨ ਦਾਸ ਹਮ ਦੀਨਾ ॥ ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥}

(ਅੰਗ - ੫੬੨)

{ਤੂ ਬੇਅੰਤੁ ਕੋ ਵਿਰਲਾ ਜਾਣੈ ॥ ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥}

(ਅੰਗ - ੫੬੩)

{ਸੇਵਕ ਕੀ ਅਰਦਾਸਿ ਪਿਆਰੇ ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ ਰਹਾਉ ॥}

(ਅੰਗ - ੫੬੩)

{ਤੂ ਵਡ ਦਾਤਾ ਅੰਤਰਜਾਮੀ ॥ ਸਭ ਮਹਿ ਰਵਿਆ ਪੂਰਨ ਪ੍ਰਭ ਸੁਆਮੀ ॥੧॥}

(ਅੰਗ - ਪਏਤ)

{ਸਾਧਸੰਗਿ ਹਰਿ ਅੰਮ੍ਰਿਤੁ ਪੀਜੈ ॥ ਨਾ ਜੀਉ ਮਰੈ ਨ ਕਬਹੂ ਛੀਜੈ ॥੧॥}

(ਅੰਗ - ਪਏਤ)

{ਨਾਮੁ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸੁ ਬਖਸੀਸ ਤੁਮਾਰੀ ॥੩॥੮॥}

(ਅੰਗ - ਪਏਤ)

{ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥
ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ ਤਾ ਆਸਾ ਮਨਸਾ ਸਭ ਪੂਰੇ ॥}

(ਅੰਗ - ਪਏਥ)

{ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ ਪਿਰੁ ਸਰਬ ਰਹਿਆ ਭਰਪੂਰੇ ॥
ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ ਗੁਰ ਸਤਿਗੁਰ ਕੈ ਲਗਿ ਪੈਰੇ ॥੫॥੧॥੯॥}

(ਅੰਗ - ਪਏਥ)

{ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥ ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥੧॥}

(ਅੰਗ - ਪਏਥ)

{ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ ॥ ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ ॥੨॥}

(ਅੰਗ - ਪਏਥ)

{ਨਾਨਕ ਸਚੈ ਮੇਲੇ ਤਾ ਮਿਲੇ ਆਪੇ ਲਏ ਮਿਲਾਇ ॥ ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ ॥੮॥੧॥}

(ਅੰਗ - ਪਏਥ)

{ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ ॥ ਸਚੈ ਥਾਨਿ ਸਚੁ ਸਾਲਾਹਣਾ ਸਤਿਗੁਰ ਬਲਿਹਾਰੈ ਜਾਉ ॥੬॥}

(ਅੰਗ - ਪਏਥ)

{ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥
ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ ॥੧॥}

(ਅੰਗ - ਪਏਪ)

{ਵਾਹੁ ਵਾਹੁ ਸਹਜੇ ਗੁਣ ਰਵੀਜੈ ॥
ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ॥੧॥ ਰਹਾਉ ॥}

(ਅੰਗ - ਪਏਪ)

{ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥
ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥੨॥}

(ਅੰਗ - ਪਏਪ)

{ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥ ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥੫॥}

(ਅੰਗ - ਪਏਪ)

{ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥ ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ ॥੬॥}

(ਅੰਗ - ਪਏਪ)

{ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥}

(ਅੰਗ - ੫੬੫)

{ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥}

(ਅੰਗ - ੫੬੫)

{ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ ਨਾਤਾ ਸੋ ਪਰਵਾਣੁ ਸਚੁ ਕਮਾਈਐ ॥}

(ਅੰਗ - ੫੬੫)

{ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ ॥ ਦੂਖੁ ਗਇਆ ਸੁਖੁ ਆਇ ਸਮਾਣਾ ॥}

(ਅੰਗ - ੫੬੫)

{ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥}

(ਅੰਗ - ੫੬੬)

{ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ ॥ ਸਦਾ ਦਇਆ ਕਰਹੁ ਅਪਣੀ ਤਾਮਿ ਨਾਮੁ ਵਖਾਣਾ ॥੧॥}

(ਅੰਗ - ੫੬੬)

{ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ ॥}

(ਅੰਗ - ੫੬੬)

{ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥}

(ਅੰਗ - ੫੬੬)

{ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥ ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥}

(ਅੰਗ - ੫੬੬)

{ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥ ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥}

(ਅੰਗ - ੫੬੬)

{ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ ॥ ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ ॥}

(ਅੰਗ - ੫੬੬)

{ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ ॥ ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ ॥}

{ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ ॥ ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ ॥੪॥}

(ਅੰਗ - ੫੬੬)

{ਬਿਨਵੰਤਿ ਨਾਨਕੁ ਜਾਇ ਸਹਸਾ ਬੁਝੈ ਗੁਰ ਬੀਚਾਰਾ ॥ ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥}

(ਅੰਗ - ੫੬੭)

{ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ ॥
ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ ॥}

(ਅੰਗ - ਪਏ੭)

{ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ ॥
ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ ॥}

(ਅੰਗ - ਪਏ੭)

{ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ ॥
ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ ॥}

(ਅੰਗ - ਪਏ੭)

{ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ ॥
ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ ॥੨॥}

(ਅੰਗ - ਪਏ੭)

{ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥
ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ ॥}

(ਅੰਗ - ਪਏ੭)

{ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ ॥
ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ ॥੩॥}

(ਅੰਗ - ਪਏ੭)

{ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥ ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ ॥}

(ਅੰਗ - ਪਏ੭)

{ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ ॥
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥੪॥੧॥}

(ਅੰਗ - ਪਏ੮)

{ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ ॥
ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ ॥}

(ਅੰਗ - ਪਏ੮)

{ਗੁਰਮਤਿ ਪਾਈ ਵਡੀ ਵਡਿਆਈ ਸਚੈ ਸਬਦਿ ਰਸੁ ਪੀਜੈ ॥
ਨਾਨਕ ਹਰਿ ਕੀ ਭਗਤਿ ਨਿਰਾਲੀ ਗੁਰਮੁਖਿ ਵਿਰਲੈ ਕੀਜੈ ॥੧॥}

(ਅੰਗ - ਪਏ੮)

{ਲਾਹਾ ਪਰਥਾਏ ਹਰਿ ਮੰਨਿ ਵਸਾਏ ਧਨੁ ਖੇਤੀ ਵਾਪਾਰਾ ॥
ਹਰਿ ਨਾਮੁ ਧਿਆਏ ਮੰਨਿ ਵਸਾਏ ਬੂਝੈ ਗੁਰ ਬੀਚਾਰਾ ॥}

(ਅੰਗ - ਪਏ੮)

{ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ ॥
ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ ॥੨॥}

(ਅੰਗ - ਪਏ੮)

{ਮੁਖਿ ਮਸਤਕਿ ਭਾਗੋ ਸਚਿ ਬੈਰਾਗੋ ਸਾਚਿ ਰਤੇ ਵੀਚਾਰੀ ॥
ਨਾਮ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ ॥}

(ਅੰਗ - ਪਏ੮)

{ਸਾਚੈ ਸਬਦਿ ਲਾਗਿ ਮਤਿ ਉਪਜੈ ਗੁਰਮੁਖਿ ਨਾਮੁ ਸੋਹਾਗੋ ॥
ਨਾਨਕ ਸਬਦਿ ਮਿਲੈ ਭਉ ਭੰਜਨੁ ਹਰਿ ਰਾਵੈ ਮਸਤਕਿ ਭਾਗੋ ॥੩॥}

(ਅੰਗ - ਪਏ੮)

{ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ ॥}

(ਅੰਗ - ਪਏ੮)

{ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥}

(ਅੰਗ - ਪਏ੮)

{ਹੁਕਮਿ ਮਿਲਾਈ ਸਹਜਿ ਸਮਾਈ ਗੁਰ ਕਾ ਸਬਦੁ ਅਪਾਰਾ ॥
ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥}

(ਅੰਗ - ਪਏ੮)

{ਭਉ ਭੰਜਨੁ ਪਾਇਆ ਆਪੁ ਗਵਾਇਆ ਗੁਰਮੁਖਿ ਮੇਲਿ ਮਿਲਾਈ ॥
ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ਹੁਕਮੇ ਰਹਿਆ ਸਮਾਈ ॥੪॥੨॥}

(ਅੰਗ - ਪਏ੮)

{ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ ॥
ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ ॥}

(ਅੰਗ - ਪਏ੯)

{ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ ॥
ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥੧॥}

(ਅੰਗ - ਪਏ੯)

{ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ ॥
ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ ॥}

(ਅੰਗ - ਪਏ੯)

{ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ ॥
ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥੨॥}

(ਅੰਗ - ਪਏ੯)

{ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ ॥}

(ਅੰਗ - ਪਏ੯)

{ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ ॥
ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ ॥੩॥}

(ਅੰਗ - ਪਏ੯)

{ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ ॥
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥}

(ਅੰਗ - ੫੬੯)

{ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ॥
ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ ॥}

(ਅੰਗ - ੫੬੯)

{ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ ਮਨਮੁਖ ਸੋਇ ਰਹੇ ਅਭਾਗੇ ॥
ਨਾਨਕ ਸਹਜੇ ਸੇਵਹਿ ਗੁਰੁ ਅਪਣਾ ਸੇ ਪੂਰੇ ਵਡਭਾਗੇ ॥੪॥੩॥}

(ਅੰਗ - ੫੬੯)

{ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥}

(ਅੰਗ - ੫੭੦)

{ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥
ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥}

(ਅੰਗ - ੫੭੦)

{ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥
ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥੧॥}

(ਅੰਗ - ੫੭੦)

{ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥ ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ॥}

(ਅੰਗ - ੫੭੦)

{ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥}

(ਅੰਗ - ੫੭੦)

{ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥ ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥}

(ਅੰਗ - ੫੭੦)

{ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥
ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥}

(ਅੰਗ - ੫੭੦)

{ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ ॥
ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ ॥}

(ਅੰਗ - ੫੭੦)

{ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ ॥
ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ॥੪॥੪॥}

(ਅੰਗ - ੫੭੦)

{ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ ॥ ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ॥}
(ਅੰਗ - ੫੭੦)

{ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ ॥
ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥੧॥}
(ਅੰਗ - ੫੭੦)

{ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥੨॥}
(ਅੰਗ - ੫੭੦)

{ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥
ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ ॥}
(ਅੰਗ - ੫੭੦)

{ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਰਾ ਮਾਹਿ ਸਮਾਈ ॥}
(ਅੰਗ - ੫੭੧)

{ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥
ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ ॥}
(ਅੰਗ - ੫੭੧)

{ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥ ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ ॥}
(ਅੰਗ - ੫੭੧)

{ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥}
(ਅੰਗ - ੫੭੧)

{ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ ॥
ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ ॥੧॥}
(ਅੰਗ - ੫੭੧)

{ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥ ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ ॥}
(ਅੰਗ - ੫੭੧)

{ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ ॥
ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ ॥੨॥}
(ਅੰਗ - ੫੭੧)

{ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ ॥
ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ ॥}
(ਅੰਗ - ੫੭੧)

{ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ ॥
ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ ॥}

(ਅੰਗ - ੫੭੧)

{ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ ॥
ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ ॥੪॥੬॥}

(ਅੰਗ - ੫੭੧)

{ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ ॥
ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ ॥੩॥}

(ਅੰਗ - ੫੭੨)

{ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ ॥
ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ ॥੪॥੬॥}

(ਅੰਗ - ੫੭੨)

{ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ॥ ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ॥}

(ਅੰਗ - ੫੭੨)

{ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ਰਾਮ ॥
ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ ਵਿਗਸੇ ਰਾਮ ॥}

(ਅੰਗ - ੫੭੨)

{ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੰ ਨਿਧਿ ਪਾਈ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ ॥}

(ਅੰਗ - ੫੭੨)

{ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ ਪਰਸੇ ॥
ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ॥੨॥}

(ਅੰਗ - ੫੭੨)

{ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ ॥
ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ ॥}

(ਅੰਗ - ੫੭੨)

{ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ ॥
ਹਰਿ ਦਾਨੋ ਹਰਿ ਦਾਨੁ ਦੇਵੈ ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥}

(ਅੰਗ - ੫੭੨)

{ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕਾ ਦੁਖੁ ਭਰਮੁ ਭਉ ਭਾਗਾ ॥
ਸੇਵਕ ਭਾਇ ਮਿਲੇ ਵਡਭਾਗੀ ਜਿਨ ਗੁਰ ਚਰਨੀ ਮਨੁ ਲਾਗਾ ॥}

(ਅੰਗ - ੫੭੨)

{ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥

ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਅੰਮ੍ਰਿਤੁ ਪੀਵਾਂ ॥}

(ਅੰਗ - ੫੭੩)

{ਜੋ ਹਰਿ ਪ੍ਰਭ ਭਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ ॥
ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ ॥}

(ਅੰਗ - ੫੭੩)

{ਗੁਰ ਪ੍ਰਸਾਦਿ ਜਨ ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ ਨ ਕੋਈ ॥
ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ॥੪॥੨॥}

(ਅੰਗ - ੫੭੩)

{ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥
ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥}

(ਅੰਗ - ੫੭੩)

{ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥
ਜਿਥੈ ਪੁਤੁ ਕਲਤ੍ਰ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ ॥}

(ਅੰਗ - ੫੭੩)

{ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥
ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥}

(ਅੰਗ - ੫੭੩)

{ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥
ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ ॥}

(ਅੰਗ - ੫੭੩)

{ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ ਹਰਿ ਹਰਿ ਨਾਮੁ ਹਰਿ ਸਤੀ ॥
ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ॥੪॥੩॥}

(ਅੰਗ - ੫੭੩)

{ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥
ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ ॥}

(ਅੰਗ - ੫੭੩)

{ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥
ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥}

(ਅੰਗ - ੫੭੪)

{ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥੩॥}

(ਅੰਗ - ੫੭੪)

{ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਹਰਿ ਦੈਆਲ ਸਰਣਾਇਆ ॥

ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ ਤਰਾਇਆ ॥}

(ਅੰਗ - ੫੭੪)

{ਸਤਿਗੁਰ ਭੇਟਿ ਰਾਮ ਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ ॥
ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪॥੪॥}

(ਅੰਗ - ੫੭੪)

{ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥
ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ ॥}

(ਅੰਗ - ੫੭੫)

{ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥੧॥}

(ਅੰਗ - ੫੭੫)

{ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥
ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥}

(ਅੰਗ - ੫੭੫)

{ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥}

(ਅੰਗ - ੫੭੫)

{ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ ॥
ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ ॥੪॥੧॥੫॥}

(ਅੰਗ - ੫੭੫)

{ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ ॥ ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ ॥}

(ਅੰਗ - ੫੭੬)

{ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ ਮਿਤਿ ਜਾਣੀਆ ॥
ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ ॥}

(ਅੰਗ - ੫੭੬)

{ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ ॥
ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ ॥}

(ਅੰਗ - ੫੭੬)

{ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ ॥ ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ ॥}

(ਅੰਗ - ੫੭੬)

{ਗੁਣ ਰਾਮ ਗਾਏ ਮਨਿ ਸੁਭਾਏ ਹਰਿ ਗੁਰਮਤੀ ਮਨਿ ਧਿਆਇਆ ॥
ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਚੜਿ ਹਰਿ ਪਾਇਆ ॥੪॥੨॥੬॥}

(ਅੰਗ - ੫੭੬)

{ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ ॥
ਅਸਥਿਰੁ ਥੀਆ ਅੰਮ੍ਰਿਤੁ ਪੀਆ ਰਹਿਆ ਆਵਣ ਜਾਣੀ ॥}

(ਅੰਗ - ੫੭੬)

{ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ ॥
ਸੋ ਪ੍ਰਭੁ ਪਾਇਆ ਕਤਹਿ ਨ ਜਾਇਆ ਸਦਾ ਸਦਾ ਸੰਗਿ ਬੈਸਾ ॥}

(ਅੰਗ - ੫੭੬)

{ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਜੇ ਦੀਤਾ ॥
ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ ਲੀਤਾ ॥੨॥}

(ਅੰਗ - ੫੭੬)

{ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥
ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ ॥੩॥}

(ਅੰਗ - ੫੭੭)

{ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥}

(ਅੰਗ - ੫੭੭)

{ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥
ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥}

(ਅੰਗ - ੫੭੭)

{ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥
ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥੨॥}

(ਅੰਗ - ੫੭੭)

{ਦੇਹ ਅੰਧਾਰੀ ਅੰਧ ਸੁੰਵੀ ਨਾਮ ਵਿਹੂਣੀਆ॥ ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੧॥}

(ਅੰਗ - ੫੭੭)

{ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤ੍ਰੂਟਾ ॥
ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥}

(ਅੰਗ - ੫੭੭)

{ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥ ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥੧॥}

(ਅੰਗ - ੫੭੮)

{ਮਿਲਿ ਜਲੁ ਜਲਹਿ ਖਟਾਨਾ ਰਾਮ ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥}

(ਅੰਗ - ੫੭੮)

{ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥
ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥}

(ਅੰਗ - ੫੭੮)

{ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥
ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥੨॥}

(ਅੰਗ - ੫੭੮)

{ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ ॥ ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ ॥}

(ਅੰਗ - ੫੭੮)

{ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ ॥
ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ ॥੧॥}

(ਅੰਗ - ੫੭੮)

{ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ ॥
ਬਿਨਵੰਤਿ ਨਾਨਕ ਦਾਸੁ ਤੇਰਾ ਸਭਿ ਜੀਅ ਤੇਰੇ ਤੂ ਕਰਤਾ ॥੨॥}

(ਅੰਗ - ੫੭੮)

{ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥
ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥}

(ਅੰਗ - ੫੭੮)

{ਦਰਿ ਵਾਜਹਿ ਅਨਹਤ ਵਾਜੇ ਰਾਮ ॥ ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥}

(ਅੰਗ - ੫੭੮)

{ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥ ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ॥}

(ਅੰਗ - ੫੭੮)

{ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ ॥
ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ ॥੪॥੩॥}

(ਅੰਗ - ੫੭੮)

{ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥
ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥}

(ਅੰਗ - ੫੭੯)

{ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ ॥
ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥}

(ਅੰਗ - ੫੭੯)

{ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥}

(ਅੰਗ - ੫੭੯)

{ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥੪॥੧॥}

(ਅੰਗ - ੫੭੯)

{ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥ ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ ॥}

(ਅੰਗ - ੫੭੯)

{ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥}

(ਅੰਗ - ੫੭੯)

{ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥}

(ਅੰਗ - ੫੭੯)

{ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥}

(ਅੰਗ - ੫੭੯)

{ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥}

(ਅੰਗ - ੫੭੯)

{ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥}

(ਅੰਗ - ੫੮੦)

{ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥ ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ ॥}

(ਅੰਗ - ੫੮੦)

{ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥ ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥੨॥}

(ਅੰਗ - ੫੮੦)

{ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥ ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥}

(ਅੰਗ - ੫੮੦)

{ਡੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥ ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥੩॥}
(ਅੰਗ - ੫੮੦)

{ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰ ਬਾਰੇ ॥ ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ ॥੫॥}
(ਅੰਗ - ੫੮੦)

{ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥ ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥}
(ਅੰਗ - ੫੮੦)

{ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥
ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥}
(ਅੰਗ - ੫੮੦)

{ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ ॥ ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ॥}
(ਅੰਗ - ੫੮੦)

{ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ ॥
ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ ॥੭॥}
(ਅੰਗ - ੫੮੦)

{ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ ॥ ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ ॥}
(ਅੰਗ - ੫੮੦)

{ਬਈਅਰਿ ਨਾਮਿ ਸੁੋਹਾਗਣੀ ਸਚੁ ਸਵਾਰਣਹਾਰੋ ॥ ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥੮॥੩॥}
(ਅੰਗ - ੫੮੦)

{ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ ॥
ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ ॥}
(ਅੰਗ - ੫੮੧)

{ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੈ ਜੀਅ ਨਾਲੇ ॥ ਜੇਹੇ ਕਰਮ ਕਰਾਏ ਕਰਤਾ ਦੂਜੀ ਕਾਰ ਨ ਭਾਲੇ ॥}
(ਅੰਗ - ੫੮੧)

{ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ ॥
ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ ॥੨॥}
(ਅੰਗ - ੫੮੧)

{ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥ ਬਿਨੁ ਸਾਚੇ ਕੋ ਬੇਲੀ ਨਾਹੀ ਸਾਚਾ ਏਹੁ ਬੀਚਾਰੋ ॥੩॥}
(ਅੰਗ - ੫੮੧)

{ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ ॥ ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ॥}
(ਅੰਗ - ੫੮੧)

{ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ ॥ ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ ॥}

(ਅੰਗ - ੫੮੧)

{ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ॥ ਨਾਮਿ ਰਤੇ ਗੁਰਿ ਪੂਰੈ ਰਾਖੇ ਨਾਨਕ ਸਹਜਿ ਸੁਭਾਏ॥੪॥੪॥}

(ਅੰਗ - ੫੮੧)

{ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ ॥ ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ॥}

(ਅੰਗ - ੫੮੧)

{ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ ॥
ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ ॥੧॥}

(ਅੰਗ - ੫੮੧)

{ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ ॥
ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ ॥}

(ਅੰਗ - ੫੮੨)

{ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ ॥
ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ ॥੨॥}

(ਅੰਗ - ੫੮੨)

{ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ ॥
ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥੩॥}

(ਅੰਗ - ੫੮੨)

{ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ ॥
ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ ॥੪॥੫॥}

(ਅੰਗ - ੫੮੨)

{ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ ॥
ਸਚੜਾ ਪਿਰੁ ਸਾਲਾਹੀਐ ਸਭੁ ਕਿਛੁ ਕਰਣੈ ਜੋਗੋ ॥੧॥}

(ਅੰਗ - ੫੮੨)

{ਵਿਚਹੁ ਆਪੁ ਗਵਾਏ ਫਿਰਿ ਕਾਲੁ ਨ ਖਾਏ ਗੁਰਮੁਖਿ ਏਕੋ ਜਾਤਾ ॥
ਕਾਮਣਿ ਇਛ ਪੁੰਨੀ ਅੰਤਰਿ ਭਿੰਨੀ ਮਿਲਿਆ ਜਗਜੀਵਨੁ ਦਾਤਾ ॥}

(ਅੰਗ - ੫੮੨)

{ਸਬਦ ਰੰਗਿ ਰਾਤੀ ਜੋਬਨਿ ਮਾਤੀ ਪਿਰ ਕੈ ਅੰਕਿ ਸਮਾਏ ॥
ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ ॥੨॥}

(ਅੰਗ - ੫੮੨)

{ਪਿਰੁ ਸਚਾ ਮਿਲੈ ਆਏ ਸਾਚੁ ਕਮਾਏ ਸਾਚਿ ਸਬਦਿ ਧਨ ਰਾਤੀ ॥
ਕਦੇ ਨ ਰਾਂਡ ਸਦਾ ਸੋਹਾਗਣਿ ਅੰਤਰਿ ਸਹਜ ਸਮਾਧੀ ॥}

(ਅੰਗ - ੫੮੨)

{ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ ॥

ਸਚੈ ਸਬਦਿ ਸਦਾ ਸੁਖੁ ਪਾਇਆ ਹਉਮੈ ਗਈ ਭਰਾਤੀ ॥}

(ਅੰਗ - ੫੮੨)

{ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥
ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ ॥}

(ਅੰਗ - ੫੮੩)

{ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ ॥
ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ ॥}

(ਅੰਗ - ੫੮੩)

{ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥
ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ ॥}

(ਅੰਗ - ੫੮੩)

{ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥ ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ॥}

(ਅੰਗ - ੫੮੩)

{ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ॥
ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥}

(ਅੰਗ - ੫੮੩)

{ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ॥
ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ॥}

(ਅੰਗ - ੫੮੩)

{ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ ॥
ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥}

(ਅੰਗ - ੫੮੩)

{ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥
ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ ॥}

(ਅੰਗ - ੫੮੪)

{ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ ਸਤਿਗੁਰੁ ਸੇਵਿ ਸੁਖੁ ਪਾਇਆ ॥
ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣ ਜਾਣੁ ਨ ਹੋਇਆ ॥}

(ਅੰਗ - ੫੮੪)

{ਸਚਾ ਸਾਹਿਬੁ ਸਚੀ ਨਾਈ ਵੇਖੈ ਨਦਰਿ ਨਿਹਾਲੇ ॥}

(ਅੰਗ - ੫੮੪)

{ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ ਸਤਿਗੁਰ ਤੇ ਪਿਰੁ ਦਿਸੈ ॥
ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ ॥}

(ਅੰਗ - ੫੮੪)

{ਪਿਰ ਰੰਗਿ ਰਾਤਾ ਸੋ ਸਚਾ ਚੋਲਾ ਤਿਤੁ ਪੈਧੈ ਤਿਖਾ ਨਿਵਾਰੇ ॥}

(ਅੰਗ - ੫੮੪)

{ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ ਤ੍ਰਿਸਨਾ ਦੂਖ ਨਿਵਾਰੇ ॥
ਮੈ ਪਿਰੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥੩॥}

(ਅੰਗ - ੫੮੪)

{ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥
ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥}

(ਅੰਗ - ੫੮੪)

{ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥
ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥੩॥}

(ਅੰਗ - ੫੮੪)

{ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ ॥ ਗੁਰਿ ਰਾਖੇ ਸੇ ਉਬਰੇ ਹੋਰੁ ਮਰਿ ਜੰਮੈ ਆਵੈ ਜਾਏ ॥}

(ਅੰਗ - ੫੮੪)

{ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ ॥
ਐਥੈ ਕਮਾਵੈ ਸੋ ਫਲੁ ਪਾਵੈ ਮਨਮੁਖਿ ਹੈ ਪਤਿ ਖੋਈ ॥}

(ਅੰਗ - ੫੮੪)

{ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ ॥
ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ ॥੧॥}

(ਅੰਗ - ੫੮੪)

{ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੁ ਲਏ ਮਿਲਾਏ ॥
ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ ॥}

(ਅੰਗ - ੫੮੪)

{ਸਚੈ ਨਾਮਿ ਸਮਾਏ ਹਰਿ ਗੁਣ ਗਾਏ ਮਿਲਿ ਪ੍ਰੀਤਮ ਸੁਖੁ ਪਾਏ ॥
ਸਦਾ ਅਨੰਦਿ ਰਹੈ ਦਿਨੁ ਰਾਤੀ ਵਿਚਹੁ ਹਉਮੈ ਜਾਏ ॥}

(ਅੰਗ - ੫੮੫)

{ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥
ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ ॥}

(ਅੰਗ - ੫੮੫)

{ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ ॥
ਨਾਮਿ ਰਤੀਆ ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ ॥}

(ਅੰਗ - ੫੮੫)

{ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ ਸਚੈ ਸਹਜਿ ਸੁਭਾਏ ॥
ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ ॥}

(ਅੰਗ - ੫੮੫)

{ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥}

(ਅੰਗ - ੫੮੫)

{ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥
ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥੧॥}

(ਅੰਗ - ੫੮੫)

{ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ ॥ ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ ॥}
(ਅੰਗ - ੫੮੫)

{ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥
ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥}

(ਅੰਗ - ੫੮੬)

{ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ॥ ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ॥
ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥੧॥}

(ਅੰਗ - ੫੮੬)

{ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥
ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥੨॥}

(ਅੰਗ - ੫੮੬)

{ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥
ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥}

(ਅੰਗ - ੫੮੬)

{ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਰਿ ਸਵਾਰੀ ॥
ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ ॥
ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥}

(ਅੰਗ - ੫੮੬)

{ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ ॥ ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥}
(ਅੰਗ - ੫੮੬)

{ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰੁ ॥
ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੋ ਨਦਰਿ ਕਰੈ ਕਰਤਾਰੁ ॥੧॥}

(ਅੰਗ - ੫੮੬)

{ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ ॥}
(ਅੰਗ - ੫੮੬)

{ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥ ਐਥੈ ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ ॥}

(ਅੰਗ - ੫੮੬)

{ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ ॥
ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ ॥}

(ਅੰਗ - ੫੮੬)

{ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ ॥
ਨਾਨਕ ਪੂਰਬਿ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸੁ ॥੨॥}

(ਅੰਗ - ੫੮੬)

{ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ॥
ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥}

(ਅੰਗ - ੫੮੬)

{ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ॥
ਸੋ ਸਤਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥੩॥}

(ਅੰਗ - ੫੮੬)

{ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ ॥ ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ॥}

{ਅੰਦਰਿ ਸਹਜੁ ਨ ਆਇਓ ਸਹਜੇ ਹੀ ਲੈ ਖਾਇ ॥ ਮਨਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ ॥}

(ਅੰਗ - ੫੮੬)

{ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥ ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ॥}

(ਅੰਗ - ੫੮੬)

{ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ॥}

(ਅੰਗ - ੫੮੭)

{ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥}

(ਅੰਗ - ੫੮੭)

{ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥ ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥}

(ਅੰਗ - ੫੮੭)

{ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥}

(ਅੰਗ - ੫੮੭)

{ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥
ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ ॥}

(ਅੰਗ - ੫੮੭)

{ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ॥ ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ॥}

(ਅੰਗ - ੫੮੭)

{ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ ॥
ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥}

(ਅੰਗ - ੫੮੭)

{ਇਕਨਾ ਦਰਸਨ ਕੀ ਪਰਤੀਤਿ ਨ ਆਈਆ ਸਬਦਿ ਨ ਕਰਹਿ ਵੀਚਾਰੁ ॥
ਵਿਛੁੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ ॥}

(ਅੰਗ - ੫੮੭)

{ਇਕਿ ਸਦਾ ਇਕਤੈ ਰੰਗਿ ਰਹਹਿ ਤਿਨ ਕੈ ਹਉ ਸਦ ਬਲਿਹਾਰੈ ਜਾਉ ॥
ਤਨੁ ਮਨੁ ਧਨੁ ਅਰਪੀ ਤਿਨ ਕਉ ਨਿਵਿ ਨਿਵਿ ਲਾਗਉ ਪਾਇ ॥}

(ਅੰਗ - ੫੮੭)

{ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥
ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ ॥੨॥}

(ਅੰਗ - ੫੮੭)

{ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥
ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥}

(ਅੰਗ - ੫੮੭)

{ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥
ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ ॥੫॥}

(ਅੰਗ - ੫੮੭)

{ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ ॥ ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ॥}

(ਅੰਗ - ੫੮੭)

{ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥}

(ਅੰਗ - ੫੮੭)

{ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ ॥ ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ ॥}

(ਅੰਗ - ੫੮੮)

{ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ ॥ ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ॥}

(ਅੰਗ - ੫੮੮)

{ਸੁਖਾ ਸਿਰਿ ਸਦਾ ਸੁਖੁ ਹੋਇ ਜਾ ਵਿਚਹੁ ਆਪੁ ਗਵਾਇ ॥
ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵ ਲਾਇ ॥}

(ਅੰਗ - ੫੮੮)

{ਚਿੰਤਾ ਮੂਲਿ ਨ ਹੋਵਈ ਹਰਿ ਨਾਮਿ ਰਜਾ ਆਘਾਇ ॥
ਨਾਨਕ ਨਾਮ ਬਿਨਾ ਨਹ ਛੂਟੀਐ ਹਉਮੈ ਪਚਹਿ ਪਚਾਇ ॥੨॥}

(ਅੰਗ - ੫੮੮)

{ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ ਪਾਇਅੜੇ ਸਰਬ ਸੁਖਾ ॥
ਸਭੁ ਜਨਮੁ ਤਿਨਾ ਕਾ ਸਫਲੁ ਹੈ ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥}

(ਅੰਗ - ੫੮੮)

{ਜਿਨੀ ਗੁਰ ਕੈ ਬਚਨਿ ਆਰਾਧਿਆ ਤਿਨ ਵਿਸਰਿ ਗਏ ਸਭਿ ਦੁਖਾ ॥
ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ ॥
ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥}

(ਅੰਗ - ੫੮੮)

{ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ ॥ ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ ॥}

(ਅੰਗ - ੫੮੮)

{ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ ॥
ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥੧॥}

(ਅੰਗ - ੫੮੮)

{ਏਹਾ ਕਾਇਆ ਰੋਗਿ ਭਰੀ ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ ॥
ਸਤਿਗੁਰੁ ਮਿਲੈ ਤਾ ਨਿਰਮਲ ਹੋਵੈ ਹਰਿ ਨਾਮੋ ਮੰਨਿ ਵਸਾਇ ॥}

(ਅੰਗ - ੫੮੮)

{ਨਾਨਕ ਨਾਮੁ ਧਿਆਇਆ ਸੁਖਦਾਤਾ ਦੁਖੁ ਵਿਸਰਿਆ ਸਹਜਿ ਸੁਭਾਇ ॥੨॥}

(ਅੰਗ - ੫੮੮)

{ਤਿਸੁ ਗੁਰ ਕਉ ਹਉ ਖੰਨੀਐ ਜਿਨਿ ਮਧੁਸੂਦਨੁ ਹਰਿ ਨਾਮੁ ਸੁਣਾਇਆ ॥
ਤਿਸੁ ਗੁਰ ਕਉ ਹਉ ਵਾਰਣੈ ਜਿਨਿ ਹਉਮੈ ਬਿਖੁ ਸਭੁ ਰੋਗੁ ਗਵਾਇਆ ॥}

(ਅੰਗ - ੫੮੮)

{ਤਿਸੁ ਸਤਿਗੁਰ ਕਉ ਵਡ ਪੁੰਨੁ ਹੈ ਜਿਨਿ ਅਵਗਣ ਕਟਿ ਗੁਣੀ ਸਮਝਾਇਆ ॥
ਸੋ ਸਤਿਗੁਰੁ ਤਿਨ ਕਉ ਭੇਟਿਆ ਜਿਨ ਕੈ ਮੁਖਿ ਮਸਤਕਿ ਭਾਗੁ ਲਿਖਿ ਪਾਇਆ ॥੭॥}

(ਅੰਗ - ੫੮੮)

{ਗੁਣ ਨਿਧਾਨੁ ਮਨਿ ਪਾਇਆ ਏਕੋ ਸਚਾ ਸੋਇ ॥
ਨਾਨਕ ਗੁਰਮੁਖਿ ਮਿਲਿ ਰਹੇ ਫਿਰਿ ਵਿਛੋੜਾ ਕਦੇ ਨ ਹੋਇ ॥੧॥}

(ਅੰਗ - ੫੮੯)

{ਅਗਿਆਨੀ ਅੰਧੁ ਬਹੁ ਕਰਮ ਕਮਾਵੈ ਦੂਜੈ ਭਾਇ ਪਿਆਰੁ ॥
ਅਣਹੋਦਾ ਆਪੁ ਗਣਾਇਦੇ ਜਮੁ ਮਾਰਿ ਕਰੇ ਤਿਨ ਖੁਆਰੁ ॥}

(ਅੰਗ - ੫੮੯)

{ਜਿਸੁ ਤੂ ਮੇਲਹਿ ਪਿਆਰਿਆ ਸੋ ਤੁਧੁ ਮਿਲੈ ਗੁਰਮੁਖਿ ਵੀਚਾਰੇ ॥
ਹਉ ਬਲਿਹਾਰੀ ਸਤਿਗੁਰ ਆਪਣੇ ਜਿਨਿ ਮੇਰਾ ਹਰਿ ਅਲਖੁ ਲਖਾਰੇ ॥੮॥}

(ਅੰਗ - ੫੮੯)

{ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥}

(ਅੰਗ - ੫੮੯)

{ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥}

(ਅੰਗ - ੫੮੯)

{ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥ ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ॥
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥}

(ਅੰਗ - ੫੮੯)

{ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥
ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ ॥}

(ਅੰਗ - ੫੮੯)

{ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥੨॥}

(ਅੰਗ - ੫੮੯)

{ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥
ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥}

(ਅੰਗ - ੫੮੯)

{ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥ ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ॥}

(ਅੰਗ - ੫੮੯)

{ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥}

(ਅੰਗ - ੫੮੯)

{ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ ॥
ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥}

(ਅੰਗ - ੫੯੦)

{ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨ ਮਾਹਿ ॥
ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਹਿ ॥੧॥}

(ਅੰਗ - ੫੯੦)

{ਜਿਨਿ ਸੇਵਿਆ ਤਿਨਿ ਫਲੁ ਪਾਇਆ ਤਿਸੁ ਜਨ ਕੀ ਸਭ ਭੁਖ ਗਵਾਈਐ ॥
ਨਾਨਕੁ ਤਿਨ ਵਿਟਹੁ ਵਾਰਿਆ ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ ॥੧੦॥}

(ਅੰਗ - ੫੯੦)

{ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥
ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ ॥}

(ਅੰਗ - ੫੯੦)

{ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥}

(ਅੰਗ - ੫੯੦)

{ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ ॥
ਨਾਨਕ ਨਾਮਿ ਮਿਲੈ ਵਡਿਆਈ ਹਰਿ ਦਰਿ ਸੋਹਨਿ ਆਗੈ ॥੨॥}

(ਅੰਗ - ੫੯੦)

{ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ ॥
ਹਰਿ ਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿ ਨਾਮੁ ਲੈ ਜਾਵਹਿ ॥}

(ਅੰਗ - ੫੯੦)

{ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ ॥
ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥}

(ਅੰਗ - ੫੯੦)

{ਨਾਨਕ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥
ਮਨਮੁਖ ਘਰਿ ਹੋਦੀ ਵਥੁ ਨ ਜਾਣਨੀ ਅੰਧੇ ਭਉਕਿ ਮੁਏ ਬਿਲਲਾਇ ॥੧॥}

(ਅੰਗ - ੫੯੦)

{ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ ॥
ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥}

(ਅੰਗ - ੫੯੦)

{ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ ॥੨॥}

(ਅੰਗ - ੫੯੦)

{ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥}

(ਅੰਗ - ੫੯੦)

{ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ ॥
ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ ॥੧੨॥}

(ਅੰਗ - ੫੯੦)

{ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ॥ ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ ॥}

(ਅੰਗ - ੫੯੧)

{ਗੁਰਮੁਖਿ ਸਦਾ ਦਰਿ ਸੋਹਣੇ ਗੁਰ ਕਾ ਸਬਦੁ ਕਮਾਹਿ ॥ ਅੰਤਰਿ ਸਾਂਤਿ ਸਦਾ ਸੁਖੁ ਦਰਿ ਸਚੈ ਸੋਭਾ ਪਾਹਿ ॥
ਨਾਨਕ ਗੁਰਮੁਖਿ ਹਰਿ ਨਾਮੁ ਪਾਇਆ ਸਹਜੇ ਸਚਿ ਸਮਾਹਿ ॥੨॥}

(ਅੰਗ - ੫੯੧)

{ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥ ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥੧੩॥}

(ਅੰਗ - ੫੯੧)

{ਸਤਿਗੁਰ ਕੀ ਪਰਤੀਤਿ ਨ ਆਣੀਆ ਸਬਦਿ ਨ ਲਾਗੋ ਭਾਉ ॥
ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ ॥}

(ਅੰਗ - ੫੯੧)

{ਨਾਨਕ ਗੁਰਮੁਖਿ ਸਹਜਿ ਮਿਲੈ ਸਚੇ ਸਿਉ ਲਿਵ ਲਾਉ ॥੧॥}

(ਅੰਗ - ੫੯੧)

{ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥
ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥}

(ਅੰਗ - ੫੯੧)

{ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥
ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚ ਸੰਜਮਿ ਕਾਰ ਕਮਾਇ ॥}

(ਅੰਗ - ੫੯੧)

{ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕਿਰਪਾ ਕਰੇ ਰਜਾਇ ॥੨॥}

(ਅੰਗ - ੫੯੧)

{ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥
ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥}

(ਅੰਗ - ੫੯੧)

{ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥
ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧॥}

(ਅੰਗ - ੫੯੧)

{ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥ ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥}

(ਅੰਗ - ੫੯੨)

{ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥}

(ਅੰਗ - ੫੯੨)

{ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ ॥
ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ ਸਚੈ ਸਬਦਿ ਸਮਾਹਿ ॥}

(ਅੰਗ - ੫੯੨)

{ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥ ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥}

(ਅੰਗ - ੫੯੨)

{ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥
ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥੨॥}

(ਅੰਗ - ੫੯੨)

{ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥
ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥}

(ਅੰਗ - ੫੯੨)

{ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥੧੬॥}

(ਅੰਗ - ੫੯੨)

{ਗੁਰਮੁਖਿ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥ ਸਬਦੈ ਸਾਦੁ ਨ ਆਇਓ ਮਰਿ ਜਨਮੈ ਵਾਰੋ ਵਾਰ॥}

(ਅੰਗ - ੫੯੨)

{ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥
ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥}

(ਅੰਗ - ੫੯੨)

{ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ ॥
ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥}

(ਅੰਗ - ੫੯੩)

{ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥
ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ ॥}

(ਅੰਗ - ੫੯੩)

{ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥}

(ਅੰਗ - ੫੯੩)

{ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥ ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ॥}

(ਅੰਗ - ੫੯੩)

{ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ ॥ ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ॥}

(ਅੰਗ - ੫੯੩)

{ਸਤਗੁਰੁ ਦਾਤਾ ਜੀਅ ਕਾ ਸਦ ਜੀਵੈ ਦੇਵਣਹਾਰਾ ॥ ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ॥}

(ਅੰਗ - ੫੯੩)

{ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥
ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥}

(ਅੰਗ - ੫੯੩)

{ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥}

(ਅੰਗ - ੫੯੩)

{ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥}

(ਅੰਗ - ੫੯੩)

{ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥

ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥}

(ਅੰਗ - ੫੯੩)

{ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥ ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥}

(ਅੰਗ - ੫੯੪)

{ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥
ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥}

(ਅੰਗ - ੫੯੪)

{ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥ ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥੧॥}

(ਅੰਗ - ੫੯੪)

{ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ ॥ ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ ॥੨॥}

(ਅੰਗ - ੫੯੪)

{ਜਿਨਿ ਉਪਾਏ ਜੀਅ ਤਿਨਿ ਹਰਿ ਰਾਖਿਆ ॥ ਅੰਮ੍ਰਿਤੁ ਸਚਾ ਨਾਉ ਭੋਜਨੁ ਚਾਖਿਆ ॥
ਤਿਪਤਿ ਰਹੇ ਆਘਾਇ ਮਿਟੀ ਭਭਾਖਿਆ ॥}

(ਅੰਗ - ੫੯੪)

{ਸਭ ਅੰਦਰਿ ਇਕੁ ਵਰਤੈ ਕਿਨੈ ਵਿਰਲੈ ਲਾਖਿਆ ॥ ਜਨ ਨਾਨਕ ਭਏ ਨਿਹਾਲੁ ਪ੍ਰਭ ਕੀ ਪਾਖਿਆ ॥੨੦॥}

(ਅੰਗ - ੫੯੪)

{ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥}

(ਅੰਗ - ੫੯੪)

{ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥}

(ਅੰਗ - ੫੯੪)

{ਸਤਿਗੁਰੂ ਨ ਸੇਵਿਓ ਮੂਰਖ ਅੰਧ ਗਵਾਰਿ ॥ ਦੂਜੈ ਭਾਇ ਬਹੁਤੁ ਦੁਖੁ ਲਾਗਾ ਜਲਤਾ ਕਰੇ ਪੁਕਾਰ ॥}

(ਅੰਗ - ੫੯੪)

{ਜਿਨ ਕਾਰਣਿ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ ॥
ਨਾਨਕ ਗੁਰਮਤੀ ਸੁਖੁ ਪਾਇਆ ਬਖਸੇ ਬਖਸਣਹਾਰ ॥੨॥}

(ਅੰਗ - ੫੯੪)

{ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥
ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ
ਗੁਰਮੁਖਿ ਹਰਿ ਲਹੀਐ ॥੨੧॥੧॥ ਸੁਧੁ}

(ਅੰਗ - ੫੯੪)

{ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥੩॥}

(ਅੰਗ - ੫੯੫)

{ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥

ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥}

(ਅੰਗ - ਪਦ੍ਯ)

{ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥}

(ਅੰਗ - ਪਦ੍ਯ)

{ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥}

(ਅੰਗ - ਪਦ੍ਯ)

{ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥}

(ਅੰਗ - ਪਦ੍ਯ)

{ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥}

(ਅੰਗ - ਪਦ੍ਯ)

{ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥}

(ਅੰਗ - ਪਦ੍ਯ)

{ਮਨੁ ਮਾਨਿਆ ਨਾਮੁ ਸਖਾਈ ॥ ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥}
(ਅੰਗ - ੫੯੬)

{ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ ॥
ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥}
(ਅੰਗ - ੫੯੬)

{ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥
ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ ॥}
(ਅੰਗ - ੫੯੬)

{ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ ॥
ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥}
(ਅੰਗ - ੫੯੬)

{ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥}
(ਅੰਗ - ੫੯੬)

{ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪॥੪॥}
(ਅੰਗ - ੫੯੬)

{ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥
ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥੧॥}
(ਅੰਗ - ੫੯੬)

{ਕਰਤਾ ਤੂ ਮੈ ਮਾਣੁ ਨਿਮਾਣੇ ॥ ਮਾਣੁ ਮਹਤੁ ਨਾਮੁ ਧਨੁ ਪਲੈ ਸਾਚੈ ਸਬਦਿ ਸਮਾਣੇ ॥ ਰਹਾਉ ॥}
(ਅੰਗ - ੫੯੬)

{ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ ਭੇਦਿ ਫੁਨਿ ਸਾਚੇ ॥
ਅਹਿਨਿਸਿ ਨਾਮਿ ਰਤੇ ਸੇ ਸੂਚੇ ਮਰਿ ਜਨਮੇ ਸੇ ਕਾਚੇ ॥੩॥}
(ਅੰਗ - ੫੯੬)

{ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਗੁਰਮਤਿ ਜਾਨਿਆ ਸੋਈ ॥੪॥੫॥}
(ਅੰਗ - ੫੯੬)

{ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥}
(ਅੰਗ - ੫੯੬)

{ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥}
(ਅੰਗ - ੫੯੬)

{ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥

ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥}

(ਅੰਗ - ੫੯੭)

{ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥}

(ਅੰਗ - ੫੯੭)

{ਮਨ ਰੇ ਰਾਮ ਨਾਮ ਜਸੁ ਲੇਇ ॥ ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥}

(ਅੰਗ - ੫੯੭)

{ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥}

(ਅੰਗ - ੫੯੭)

{ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥
ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥੪॥੭॥}

(ਅੰਗ - ੫੯੭)

{ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥ ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ॥੨॥}

(ਅੰਗ - ੫੯੭)

{ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥}

(ਅੰਗ - ੫੯੭)

{ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥
ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥}

(ਅੰਗ - ੫੯੮)

{ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥
ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥}

(ਅੰਗ - ੫੯੮)

{ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥}

(ਅੰਗ - ੫੯੮)

{ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥}

(ਅੰਗ - ੫੯੮)

{ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥}

(ਅੰਗ - ੫੯੮)

{ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥

ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥}

(ਅੰਗ - ੫੯੮)

{ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥
ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥੩॥}

(ਅੰਗ - ੫੯੮)

{ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥
ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥੧॥}

(ਅੰਗ - ੫੯੮)

{ਮਨ ਰੇ ਸਮਝੁ ਕਵਨ ਮਤਿ ਲਾਗਾ ॥ ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥}

(ਅੰਗ - ੫੯੮)

{ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥
ਨਾਨਕ ਰਾਮ ਨਾਮੁ ਜਪਿ ਗੁਰਮੁਖਿ ਹਰਿ ਪਾਏ ਮਸਤਕਿ ਭਾਗਾ ॥੫॥੧੦॥}

(ਅੰਗ - ੫੯੮)

{ਮਨ ਰੇ ਰਾਮ ਜਪਹੁ ਸੁਖੁ ਹੋਈ ॥ ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥}

(ਅੰਗ - ੫੯੮)

{ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥
ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥}

(ਅੰਗ - ੫੯੮)

{ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥
ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥}

(ਅੰਗ - ੫੯੯)

{ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥}

(ਅੰਗ - ੫੯੯)

{ਗੁਰ ਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥}

(ਅੰਗ - ੫੯੯)

{ਗੁਰ ਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥੨॥}

(ਅੰਗ - ੫੯੯)

{ਜਾ ਤਿਸੁ ਭਾਵਾ ਤਦ ਹੀ ਗਾਵਾ ॥ ਤਾ ਗਾਵੇ ਕਾ ਫਲੁ ਪਾਵਾ ॥}

(ਅੰਗ - ੫੯੯)

{ਗਾਵੇ ਕਾ ਫਲੁ ਹੋਈ ॥ ਜਾ ਆਪੇ ਦੇਵੈ ਸੋਈ ॥੧॥}

(ਅੰਗ - ੫੯੯)

{ਮਨ ਮੇਰੇ ਗੁਰ ਬਚਨੀ ਨਿਧਿ ਪਾਈ ॥ ਤਾ ਤੇ ਸਚ ਮਹਿ ਰਹਿਆ ਸਮਾਈ ॥ ਰਹਾਉ ॥}

(ਅੰਗ - ੫੯੯)

{ਗੁਰ ਚਰਨੀ ਮਨੁ ਲਾਗਾ ॥ ਤਾ ਜਮ ਕਾ ਮਾਰਗੁ ਭਾਗਾ ॥}

(ਅੰਗ - ੫੯੯)

{ਭੈ ਵਿਚਿ ਨਿਰਭਉ ਪਾਇਆ ॥ ਤਾ ਸਹਜੈ ਕੈ ਘਰਿ ਆਇਆ ॥੩॥}

(ਅੰਗ - ੫੯੯)

{ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥ ਇਸੁ ਜਗ ਮਹਿ ਕਰਣੀ ਸਾਰੀ ॥}

(ਅੰਗ - ੫੯੯)

{ਕਰਣੀ ਕੀਰਤਿ ਹੋਈ ॥ ਜਾ ਆਪੇ ਮਿਲਿਆ ਸੋਈ ॥੪॥੧॥੧੨॥}

(ਅੰਗ - ੫੯੯)

{ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ ॥
ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ ॥
ਅਨਦਿਨੁ ਗੁਣ ਗਾਵਹਿ ਨਿਤ ਸਾਚੇ ਗੁਰ ਕੈ ਸਬਦਿ ਸੁਹਾਇਆ ॥੧॥}

(ਅੰਗ - ੫੯੯)

{ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥ ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ ॥ ਰਹਾਉ ॥}

(ਅੰਗ - ੫੯੯)

{ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥
ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥}

(ਅੰਗ - ੫੯੯)

{ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥
ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ ॥}

(ਅੰਗ - ੫੯੯)

{ਸਤਿਗੁਰੁ ਭੇਟੇ ਤਾ ਨਾਉ ਪਾਏ ਹਉਮੈ ਮੋਹੁ ਚੁਕਾਇਆ ॥੩॥}

(ਅੰਗ - ੫੯੯)

{ਹਰਿ ਜਨ ਸਾਚੇ ਸਾਚੁ ਕਮਾਵਹਿ ਗੁਰ ਕੈ ਸਬਦਿ ਵੀਚਾਰੀ ॥
ਆਪੇ ਮੇਲਿ ਲਏ ਪ੍ਰਭਿ ਸਾਚੈ ਸਾਚੁ ਰਖਿਆ ਉਰ ਧਾਰੀ ॥
ਨਾਨਕ ਨਾਵਹੁ ਗਤਿ ਮਤਿ ਪਾਈ ਏਹਾ ਰਾਸਿ ਹਮਾਰੀ ॥੪॥੧॥}

(ਅੰਗ - ੬੦੦)

{ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥
ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥}

(ਅੰਗ - ੬੦੦)

{ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥

ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥}

(ਅੰਗ - ੬੦੦)

{ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥}

(ਅੰਗ - ੬੦੦)

{ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥
ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥}

(ਅੰਗ - ੬੦੦)

{ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥}

(ਅੰਗ - ੬੦੦)

{ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥}

(ਅੰਗ - ੬੦੦)

{ਦਾਸਨਿ ਦਾਸੁ ਹੋਵੈ ਤਾ ਹਰਿ ਪਾਏ ਵਿਚਹੁ ਆਪੁ ਗਵਾਈ ॥
ਭਗਤਾ ਕਾ ਕਾਰਜੁ ਹਰਿ ਅਨੰਦੁ ਹੈ ਅਨਦਿਨੁ ਹਰਿ ਗੁਣ ਗਾਈ ॥}
ਸਬਦਿ ਰਤੇ ਸਦਾ ਇਕ ਰੰਗੀ ਹਰਿ ਸਿਉ ਰਹੇ ਸਮਾਈ ॥੧॥}

(ਅੰਗ - ੬੦੦)

{ਸਬਦਿ ਸਲਾਹੀ ਸਦਾ ਹਉ ਜੀਵਾ ਗੁਰਮਤੀ ਭਉ ਭਾਗਾ ॥
ਮੇਰਾ ਪ੍ਰਭੁ ਸਾਚਾ ਅਤਿ ਸੁਆਲਿਉ ਗੁਰੁ ਸੇਵਿਆ ਚਿਤੁ ਲਾਗਾ ॥}

(ਅੰਗ - ੬੦੦)

{ਸਾਚਾ ਸਬਦੁ ਸਚੀ ਸਚੁ ਬਾਣੀ ਸੋ ਜਨੁ ਅਨਦਿਨੁ ਜਾਗਾ ॥੨॥}

(ਅੰਗ - ੬੦੦)

{ਪੂਰੇ ਗੁਰ ਕੀ ਸੇਵਾ ਕੀਨੀ ਅਚਿੰਤੁ ਹਰਿ ਮੰਨਿ ਵਸਾਇਆ ॥
ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ ਵਿਚਹੁ ਭਰਮੁ ਚੁਕਾਇਆ ॥੩॥}

(ਅੰਗ - ੬੦੦)

{ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ ਕੋ ਪਾਏ ਗੁਰ ਵੀਚਾਰਾ ॥
ਹਰਿ ਕੈ ਰੰਗਿ ਰਾਤਾ ਸਬਦੇ ਮਾਤਾ ਹਉਮੈ ਤਜੇ ਵਿਕਾਰਾ ॥}

(ਅੰਗ - ੬੦੦)

{ਨਾਨਕ ਨਾਮਿ ਰਤਾ ਇਕ ਰੰਗੀ ਸਬਦਿ ਸਵਾਰਣਹਾਰਾ ॥੪॥੩॥}

(ਅੰਗ - ੬੦੦)

{ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥੨॥}

(ਅੰਗ - ੬੦੧)

{ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥}

(ਅੰਗ - ੬੦੧)

{ਆਪੇ ਕਰਿ ਵੇਖੈ ਮਾਰਗਿ ਲਾਏ ਭਾਈ ਤਿਸੁ ਬਿਨੁ ਅਵਰੁ ਨ ਕੋਈ ॥
ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ ॥
ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ ॥੪॥੪॥}

(ਅੰਗ - ੬੦੧)

{ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ ॥
ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ ॥
ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ ॥੧॥}

(ਅੰਗ - ੬੦੧)

{ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ ॥
ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ ॥
ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ ॥੨॥}

(ਅੰਗ - ੬੦੧)

{ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ ॥
ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ ॥
ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ ॥੩॥}

(ਅੰਗ - ੬੦੧)

{ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥ ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥}

(ਅੰਗ - ੬੦੧)

{ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥}

(ਅੰਗ - ੬੦੧)

{ਹਰਿ ਕੇ ਦਾਸ ਸੁਹੇਲੇ ਭਾਈ ॥ ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ ਰਹਾਉ ॥}

(ਅੰਗ - ੬੦੧)

{ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥੨॥}

(ਅੰਗ - ੬੦੨)

{ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ॥
ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥੪॥੬॥}

(ਅੰਗ - ੬੦੨)

{ਸਚੀ ਭਗਤਿ ਸਤਿਗੁਰ ਤੇ ਹੋਵੈ ਸਚੀ ਹਿਰਦੈ ਬਾਣੀ ॥ ਸਤਿਗੁਰੁ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ॥}
(ਅੰਗ - ੬੦੨)

{ਭਾਈ ਰੇ ਸਦਾ ਰਹਹੁ ਸਰਣਾਈ ॥ ਆਪਣੀ ਨਦਰਿ ਕਰੇ ਪਤਿ ਰਾਖੈ ਹਰਿ ਨਾਮੋ ਦੇ ਵਡਿਆਈ ॥ ਰਹਾਉ ॥}
(ਅੰਗ - ੬੦੨)

{ਪੂਰੇ ਗੁਰ ਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ ॥
ਹਿਰਦੈ ਜਗਜੀਵਨੁ ਸਦ ਵਸਿਆ ਤਜਿ ਕਾਮੁ ਕ੍ਰੋਧੁ ਅਹੰਕਾਰਾ ॥}
(ਅੰਗ - ੬੦੨)

{ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ ॥
ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ ॥੨॥}
(ਅੰਗ - ੬੦੨)

{ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥੩॥}
(ਅੰਗ - ੬੦੨)

{ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ॥
ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ ॥}
(ਅੰਗ - ੬੦੨)

{ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ ॥
ਗੁਰਮੁਖਿ ਹੋਵੈ ਸੁ ਮਗੁ ਪਛਾਣੈ ਹਰਿ ਰਸਿ ਰਸਨ ਰਸਾਈ ॥}
(ਅੰਗ - ੬੦੨)

{ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥
ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥੪॥੭॥}
(ਅੰਗ - ੬੦੨)

{ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬ੍ਰੂਝ ਪਾਇ ॥
ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥੧॥}
(ਅੰਗ - ੬੦੨)

{ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ ॥
ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥}
(ਅੰਗ - ੬੦੨)

{ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥
ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥੨॥}
(ਅੰਗ - ੬੦੩)

{ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ ਸਾਚੀ ਪ੍ਰੀਤਿ ਪਿਆਰਿ ॥
ਸਦਾ ਹਰਿ ਕੇ ਗੁਣ ਰਵੈ ਭਾਈ ਗੁਰ ਕੈ ਹੇਤਿ ਅਪਾਰਿ ॥੩॥}

(ਅੰਗ - ੬੦੩)

{ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥
ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥੪॥੮॥}

(ਅੰਗ - ੬੦੩)

{ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥
ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥}

(ਅੰਗ - ੬੦੩)

{ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥
ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥੨॥}

(ਅੰਗ - ੬੦੩)

{ਗੁਰ ਸਰਣਾਈ ਉਬਰੇ ਭਾਈ ਰਾਮ ਨਾਮਿ ਲਿਵ ਲਾਇ ॥
ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ ॥੪॥੯॥}

(ਅੰਗ - ੬੦੩)

{ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥}

(ਅੰਗ - ੬੦੩)

{ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਏ ॥
ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥੩॥}

(ਅੰਗ - ੬੦੩)

{ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥੪॥੧੦॥}

(ਅੰਗ - ੬੦੩)

{ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥
ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥}

(ਅੰਗ - ੬੦੩)

{ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥}

(ਅੰਗ - ੬੦੩)

{ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥}

(ਅੰਗ - ੬੦੩)

{ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥੪॥੧੧॥}

(ਅੰਗ - ੬੦੩)

{ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥}

(ਅੰਗ - ੬੦੪)

{ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥}

(ਅੰਗ - ੬੦੪)

{ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥}

(ਅੰਗ - ੬੦੪)

{ਜਪਿ ਮਨ ਹਰਿ ਹਰਿ ਨਾਮੁ ਸਲਾਹ ॥ ਗੁਰ ਕਿਰਪਾ ਤੇ ਪਾਈਐ ਪਿਆਰਾ ਅੰਮ੍ਰਿਤੁ ਅਗਮ ਅਥਾਹ ॥ ਰਹਾਉ॥}

(ਅੰਗ - ੬੦੪)

{ਮੇਰੇ ਮਨ ਮੈ ਹਰਿ ਬਿਨੁ ਅਵਰੁ ਨ ਕੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥ ਰਹਾਉ ॥}

(ਅੰਗ - ੬੦੪)

{ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰ ਸਬਦੀ ਚਖਿ ਜਾਪੈ ॥ ਰਹਾਉ ॥}

(ਅੰਗ - ੬੦੫)

{ਆਪੇ ਜੋਗੀ ਪੁਰਖੁ ਹੈ ਪਿਆਰਾ ਆਪੇ ਹੀ ਤਪੁ ਤਾਪੈ ॥
ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ ॥੩॥}

(ਅੰਗ - ੬੦੫)

{ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥
ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥}

(ਅੰਗ - ੬੦੫)

{ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ ॥
ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ ॥੪॥੪॥}

(ਅੰਗ - ੬੦੫)

{ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ ॥
ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ ॥
ਆਪੇ ਆਪਿ ਸਲਾਹਦਾ ਪਿਆਰਾ ਜਨ ਨਾਨਕ ਹਰਿ ਰਸਿ ਧ੍ਰਾਪੈ ॥੪॥੩॥}

(ਅੰਗ - ੬੦੫)

{ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥
ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥੧॥}

(ਅੰਗ - ੬੦੭)

{ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥
ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ ॥੨॥}

(ਅੰਗ - ੬੦੭)

{ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ ॥
ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥੩॥}

(ਅੰਗ - ੬੦੭)

{ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ ॥
ਨਾਨਕ ਅਤੁਲੁ ਸਹਜ ਸੁਖੁ ਪਾਇਆ ਅਨਦਿਨੁ ਜਾਗਤੁ ਰਹੈ ਬਨਵਾਰੀ ॥੪॥੭॥}

(ਅੰਗ - ੬੦੭)

{ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥
ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ ਨਾਮੇ ਹੀ ਸਾਂਤਿ ਪਾਈ ॥ ਰਹਾਉ ॥}

(ਅੰਗ - ੬੦੭)

{ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ ਹਰਿ ਰਸੁ ਅੰਤਰਿ ਪਾਈ ॥
ਨਾਨਕ ਦੀਨ ਦਇਆਲ ਭਏ ਹੈ ਤ੍ਰਿਸਨਾ ਸਬਦਿ ਬੁਝਾਈ ॥੪॥੮॥}

(ਅੰਗ - ੬੦੭)

{ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥
ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ ॥ ਰਹਾਉ ॥}

(ਅੰਗ - ੬੦੭)

{ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥੨॥}

(ਅੰਗ - ੬੦੭)

{ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥
ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥੫॥੯॥}

(ਅੰਗ - ੬੦੭)

{ਮਨ ਨਾਮੁ ਜਪਿ ਨਾਮੁ ਆਰਾਧਿ ਅਨਦਿਨੁ ਨਾਮੁ ਵਖਾਣੀ ॥
ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ ॥}

(ਅੰਗ - ੬੦੮)

{ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ ॥੩॥}

(ਅੰਗ - ੬੦੮)

{ਨਾਮ ਵਿਹੂਣੇ ਪਚਿ ਮੁਏ ਭਾਈ ਗਣਤ ਨ ਜਾਇ ਗਣੀ ॥
ਵਿਣੁ ਸਚ ਸੋਚ ਨ ਪਾਈਐ ਭਾਈ ਸਾਚਾ ਅਗਮ ਧਣੀ ॥}

(ਅੰਗ - ੬੦੮)

{ਆਵਣ ਜਾਣੁ ਨ ਚੁਕਈ ਭਾਈ ਝੂਠੀ ਦੁਨੀ ਮਣੀ ॥ ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥੨॥}

(ਅੰਗ - ੬੦੮)

{ਕੋਟਿ ਮਧੇ ਜਨੁ ਪਾਈਐ ਭਾਈ ਵਿਰਲਾ ਕੋਈ ਕੋਇ ॥
ਨਾਨਕ ਰਤਾ ਸਚਿ ਨਾਮਿ ਭਾਈ ਸੁਣਿ ਮਨੁ ਤਨੁ ਨਿਰਮਲੁ ਹੋਇ ॥੪॥੨॥}

(ਅੰਗ - ੬੦੮)

{ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੂਰਾਈ ॥
ਆਨ ਆਪਨਾ ਕਰਤ ਬੀਚਾਰਾ ਤਉ ਲਉ ਬੀਚੁ ਬਿਖਾਈ ॥੧॥}

(ਅੰਗ - ੬੦੯)

{ਸੋਗੁ ਨ ਬਿਆਪੈ ਆਪੁ ਨ ਥਾਪੈ ਸਾਧਸੰਗਤਿ ਬੁਧਿ ਪਾਈ ॥
ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ ॥੩॥}

(ਅੰਗ - ੬੦੯)

{ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥
ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥੧॥}

(ਅੰਗ - ੬੦੯)

{ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥
ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥੪॥੫॥}

(ਅੰਗ - ੬੦੯)

{ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ ॥
ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ ॥੧॥}

(ਅੰਗ - ੬੧੦)

{ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥
ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ ॥੨॥}

(ਅੰਗ - ੬੧੦)

{ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥
ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥}

(ਅੰਗ - ੬੧੦)

{ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥
ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥}

(ਅੰਗ - ੬੧੦)

{ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥
ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥੪॥੭॥}

(ਅੰਗ - ੬੧੦)

{ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਧੁ ਆਪਿ ਬੁਝਾਈ ॥
ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ ॥੩॥}

(ਅੰਗ - ੬੧੦)

{ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥
ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥}

(ਅੰਗ - ੬੧੦)

{ਪਾਰਬ੍ਰਹਮ ਪਰਮੇਸੁਰ ਸਤਿਗੁਰ ਸਭਨਾ ਕਰਤ ਉਧਾਰਾ ॥
ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ ਬੀਚਾਰਾ ॥੪॥੯॥}

(ਅੰਗ - ੬੧੧)

{ਮੇਰੇ ਮਨ ਸਾਧ ਸਰਣਿ ਛੁਟਕਾਰਾ ॥
ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ ਫਿਰਿ ਆਵਤ ਬਾਰੋ ਬਾਰਾ ॥ ਰਹਾਉ ॥}

(ਅੰਗ - ੬੧੧)

{ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥}

(ਅੰਗ - ੬੧੧)

{ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥
ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥੨॥}

(ਅੰਗ - ੬੧੧)

{ਪ੍ਰਭ ਬਾਣੀ ਸਬਦੁ ਸੁਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥}

(ਅੰਗ - ੬੧੧)

{ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥}

(ਅੰਗ - ੬੧੧)

{ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥}

(ਅੰਗ - ੬੧੧)

{ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥}

(ਅੰਗ - ੬੧੧)

{ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥}

(ਅੰਗ - ੬੧੨)

{ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥੩॥}

(ਅੰਗ - ੬੧੨)

{ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥

ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥੧॥੧੨॥}

(ਅੰਗ - ੬੧੨)

{ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ ॥
ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ ॥੧॥}

(ਅੰਗ - ੬੧੨)

{ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ ॥
ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ ॥੨॥}

(ਅੰਗ - ੬੧੨)

{ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥
ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥੩॥}

(ਅੰਗ - ੬੧੨)

{ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥}

(ਅੰਗ - ੬੧੨)

{ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ ॥
ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ ਤ੍ਰਿਸਨ ਤ੍ਰਿਖਾਈ ॥੧॥}

(ਅੰਗ - ੬੧੨)

{ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ ॥
ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥੩॥}

(ਅੰਗ - ੬੧੩)

{ਜੈਸੀ ਭੂਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ ॥
ਨਾਨਕ ਪਿਆਸ ਲਗੀ ਦਰਸਨ ਕੀ ਪ੍ਰਭੁ ਮਿਲਿਆ ਅੰਤਰਜਾਮੀ ॥੪॥੫॥੧੬॥}

(ਅੰਗ - ੬੧੩)

{ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ ॥
ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ ਪਦੁ ਨਿਰਬਾਨੀ ॥੧॥}

(ਅੰਗ - ੬੧੪)

{ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥
ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥੨॥}

(ਅੰਗ - ੬੧੪)

{ਗੋਬਿਦ ਦਾਮੋਦਰ ਦਇਆਲ ਮਾਧਵੇ ਪਾਰਬ੍ਰਹਮ ਨਿਰੰਕਾਰਾ ॥
ਨਾਮੁ ਵਰਤਣਿ ਨਾਮੋ ਵਾਲੇਵਾ ਨਾਮੁ ਨਾਨਕ ਪ੍ਰਾਨ ਅਧਾਰਾ ॥੪॥੯॥੨੦॥}

(ਅੰਗ - ੬੧੪)

{ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ ॥

ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥}

(ਅੰਗ - ੬੧੪)

{ਸਿਮਰਹੁ ਹਰਿ ਹਰਿ ਨਾਮੁ ਪਰਾਨੀ ॥ ਬਿਨਸੈ ਕਾਚੀ ਦੇਹ ਅਗਿਆਨੀ ॥ ਰਹਾਉ ॥}

(ਅੰਗ - ੬੧੫)

{ਹਉ ਹਉ ਕਰਤ ਬਿਹਾਇ ਅਵਰਦਾ ਜੀਅ ਕੋ ਕਾਮੁ ਨ ਕੀਨਾ ॥
ਧਾਵਤ ਧਾਵਤ ਨਹ ਤ੍ਰਿਪਤਾਸਿਆ ਰਾਮ ਨਾਮੁ ਨਹੀ ਚੀਨਾ ॥੩॥}

(ਅੰਗ - ੬੧੫)

{ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ ॥
ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ ॥੪॥੧੧॥੨੨॥}

(ਅੰਗ - ੬੧੫)

{ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥
ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥}

(ਅੰਗ - ੬੧੫)

{ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥
ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥}

(ਅੰਗ - ੬੧੫)

{ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥੧੩॥੨੪॥}

(ਅੰਗ - ੬੧੫)

{ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥
ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥੨॥}

(ਅੰਗ - ੬੧੫)

{ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋਪਾਲਾ ॥
ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥}

(ਅੰਗ - ੬੧੫)

{ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥
ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥੪॥੧੨॥੨੩॥}

(ਅੰਗ - ੬੧੫)

{ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥
ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਅਪੁਨੋ ਕਰਿ ਮਾਨੈ ॥੧॥}

(ਅੰਗ - ੬੧੬)

{ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥
ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥੨॥}

(ਅੰਗ - ੬੧੬)

{ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ ॥
ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ ॥੨॥}

(ਅੰਗ - ੬੧੬)

{ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥}

(ਅੰਗ - ੬੧੬)

{ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ ਧੁਖੀ ॥
ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ ॥੨॥੨॥੩੦॥}

(ਅੰਗ - ੬੧੭)

{ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥
ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥੧॥}

(ਅੰਗ - ੬੧੭)

{ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥
ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥}

(ਅੰਗ - ੬੧੭)

{ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ ॥ ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ॥੧॥}

(ਅੰਗ - ੬੧੮)

{ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ ਰਹਾਉ ॥}

(ਅੰਗ - ੬੧੮)

{ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰਾ ॥
ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ ॥੨॥੬॥੩੪॥}

(ਅੰਗ - ੬੧੮)

{ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ ॥
ਅਸਥਿਰ ਭਏ ਲਾਗਿ ਹਰਿ ਚਰਣੀ ਗੋਵਿੰਦ ਕੇ ਗੁਣ ਗਾਏ ॥੧॥}

(ਅੰਗ - ੬੧੮)

{ਭਲੋ ਸਮੂਰਤੁ ਪੂਰਾ ॥ ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ ॥੧॥ ਰਹਾਉ ॥}

(ਅੰਗ - ੬੧੮)

{ਮਿਲੇ ਸੁਆਮੀ ਪ੍ਰੀਤਮ ਅਪੁਨੇ ਘਰ ਮੰਦਰ ਸੁਖਦਾਈ ॥
ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ਸਗਲੀ ਇਛ ਪੁਜਾਈ ॥੨॥੮॥੩੬॥}

(ਅੰਗ - ੬੧੮)

{ਗੁਰ ਕੇ ਚਰਨ ਬਸੇ ਰਿਦ ਭੀਤਰਿ ਸੁਭ ਲਖਣ ਪ੍ਰਭਿ ਕੀਨੇ ॥
ਭਏ ਕ੍ਰਿਪਾਲ ਪੂਰਨ ਪਰਮੇਸਰ ਨਾਮ ਨਿਧਾਨ ਮਨਿ ਚੀਨੇ ॥੧॥}

(ਅੰਗ - ੬੧੮)

{ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ ॥
ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥੧॥}

(ਅੰਗ - ੬੧੮)

{ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ ॥
ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥}

(ਅੰਗ - ੬੧੮)

{ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥
ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥੧॥}

(ਅੰਗ - ੬੧੯)

{ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ ॥
ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ ॥੨॥੧੪॥੪੨॥}

(ਅੰਗ - ੬੧੯)

{ਸਾਚਾ ਸਾਹਿਬੁ ਸਦ ਮਿਹਰਵਾਣ ॥ ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ ॥ ਰਹਾਉ ॥}

(ਅੰਗ - ੬੧੯)

{ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ ॥
ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ ॥੧॥}

(ਅੰਗ - ੬੨੦)

{ਹਰਿ ਕੇ ਚਰਣ ਰਿਦੈ ਉਰਿ ਧਾਰਿ ॥
ਸਦਾ ਸਦਾ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ ॥੧॥ ਰਹਾਉ ॥}

(ਅੰਗ - ੬੨੦)

{ਹਰਿ ਜਨਿ ਸਿਮਰਿਆ ਨਾਮ ਅਧਾਰਿ ॥
ਤਾਪੁ ਉਤਾਰਿਆ ਸਤਿਗੁਰਿ ਪੂਰੈ ਅਪਣੀ ਕਿਰਪਾ ਧਾਰਿ ॥ ਰਹਾਉ ॥}

(ਅੰਗ - ੬੨੦)

{ਸਰਬ ਨਿਧਾਨ ਮੰਗਲ ਰਸ ਰੂਪਾ ਹਰਿ ਕਾ ਨਾਮੁ ਅਧਾਰੋ ॥
ਨਾਨਕ ਪਤਿ ਰਾਖੀ ਪਰਮੇਸਰਿ ਉਧਰਿਆ ਸਭੁ ਸੰਸਾਰੋ ॥੨॥੨੦॥੪੯॥}

(ਅੰਗ - ੬੨੦)

{ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ ॥
ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ ॥੧॥}

(ਅੰਗ - ੬੨੦)

{ਅਨਦਿਨੁ ਨਾਨਕੁ ਨਾਮੁ ਧਿਆਏ ਜੀਅ ਪ੍ਰਾਨ ਕਾ ਦਾਤਾ ॥
ਅਪੁਨੇ ਦਾਸ ਕਉ ਕੰਠਿ ਲਾਇ ਰਾਖੈ ਜਿਉ ਬਾਰਿਕ ਪਿਤ ਮਾਤਾ ॥੨॥੨੨॥੫੦॥}

(ਅੰਗ - ੬੨੦)

{ਆਇਆ ਪ੍ਰਭ ਦਰਬਾਰਾ ॥ ਤਾ ਸਗਲੀ ਮਿਟੀ ਪੂਕਾਰਾ ॥}

(ਅੰਗ - ੬੨੧)

{ਤਿਸੁ ਪਹਿ ਕਿਆ ਚਤੁਰਾਈ ॥ ਮਿਲੁ ਨਾਨਕ ਆਪੁ ਗਵਾਈ ॥੪॥੧॥੫੧॥}

(ਅੰਗ - ੬੨੧)

{ਗੁਣ ਨਿਧਾਨ ਹਰਿ ਨਾਮਾ ॥ ਜਪਿ ਪੂਰਨ ਹੋਏ ਕਾਮਾ ॥੩॥}

(ਅੰਗ - ੬੨੧)

{ਸੰਤਹੁ ਰਾਮ ਨਾਮਿ ਨਿਸਤਰੀਐ ॥
ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥}

(ਅੰਗ - ੬੨੧)

{ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥}

(ਅੰਗ - ੬੨੧)

{ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥
ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥}

(ਅੰਗ - ੬੨੧)

{ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥
ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥}

(ਅੰਗ - ੬੨੧)

{ਕਰਿ ਕਿਰਪਾ ਨਾਮ ਰਸੁ ਦੀਆ ॥ ਕੁਸਲ ਖੇਮ ਸਭ ਥੀਆ ॥੩॥}

(ਅੰਗ - ੬੨੨)

{ਨਿਰਭਉ ਨਾਮੁ ਧਿਆਇਆ ॥ ਅਟਲ ਸੁਖੁ ਨਾਨਕ ਪਾਇਆ ॥੪॥੫॥੫੫॥}

(ਅੰਗ - ੬੨੨)

{ਹਰਿ ਹਰਿ ਨਾਮੁ ਦੀਓ ਦਾਰੂ ॥ ਤਿਨਿ ਸਗਲਾ ਰੋਗੁ ਬਿਦਾਰੂ ॥}

(ਅੰਗ - ੬੨੨)

{ਤੇਰਿਆ ਦਾਸਾ ਰਿਦੈ ਮੁਰਾਰੀ ॥ ਪ੍ਰਭਿ ਅਬਿਚਲ ਨੀਵ ਉਸਾਰੀ ॥}

(ਅੰਗ - ੬੨੨)

{ਬਲੁ ਧਨੁ ਤਕੀਆ ਤੇਰਾ ॥ ਤੂ ਭਾਰੋ ਠਾਕੁਰੁ ਮੇਰਾ ॥੨॥}

(ਅੰਗ - ੬੨੨)

{ਬੋਲਾਇਆ ਬੋਲੀ ਤੇਰਾ ॥ ਤੂ ਸਾਹਿਬੁ ਗੁਣੀ ਗਹੇਰਾ ॥}

(ਅੰਗ - ੬੨੨)

{ਜਪਿ ਨਾਨਕ ਨਾਮੁ ਸਚੁ ਸਾਖੀ ॥ ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥}

(ਅੰਗ - ੬੨੨)

{ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥}

(ਅੰਗ - ੬੨੩)

{ਸੰਤਹੁ ਰਾਮਦਾਸ ਸਰੋਵਰੁ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥}

(ਅੰਗ - ੬੨੩)

{ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥}

(ਅੰਗ - ੬੨੩)

{ਗੁਰਿ ਚਰਨ ਲਾਇ ਨਿਸਤਾਰੇ ॥ ਹਰਿ ਹਰਿ ਨਾਮੁ ਸਮ੍ਹਾਰੇ ॥੧॥}

(ਅੰਗ - ੬੨੩)

{ਮਰੈ ਨ ਆਵੈ ਜਾਈ ॥ ਹਰਿ ਹਰਿ ਨਾਮੁ ਧਿਆਈ ॥੩॥}

(ਅੰਗ - ੬੨੩)

{ਹਰਿ ਅੰਮ੍ਰਿਤ ਬਾਣੀ ਗਾਵੈ ॥ ਸਾਧਾ ਕੀ ਧੂਰੀ ਨਾਵੈ ॥}

(ਅੰਗ - ੬੨੩)

{ਅਪੁਨਾ ਨਾਮੁ ਆਪੇ ਦੀਆ ॥ ਪ੍ਰਭ ਕਰਣਹਾਰ ਰਖਿ ਲੀਆ ॥੩॥}

(ਅੰਗ - ੬੨੩)

{ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥}

(ਅੰਗ - ੬੨੩)

{ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥੩॥}

(ਅੰਗ - ੬੨੩)

{ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥}

(ਅੰਗ - ੬੨੩)

{ਗੁਰਿ ਪੂਰੈ ਕੀਤੀ ਪੂਰੀ ॥ ਪ੍ਰਭੁ ਰਵਿ ਰਹਿਆ ਭਰਪੂਰੀ ॥}

(ਅੰਗ - ੬੨੩)

{ਖੇਮ ਕੁਸਲ ਭਇਆ ਇਸਨਾਨਾ ॥ ਪਾਰਬ੍ਰਹਮ ਵਿਟਹੁ ਕੁਰਬਾਨਾ ॥੧॥}

(ਅੰਗ - ੬੨੪)

{ਗੁਰ ਕੇ ਚਰਨ ਕਵਲ ਰਿਦ ਧਾਰੇ ॥ ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ ॥੧॥ ਰਹਾਉ ॥}

(ਅੰਗ - ੬੨੪)

{ਮਿਲਿ ਸਾਧੂ ਦੁਰਮਤਿ ਖੋਏ ॥ ਪਤਿਤ ਪੁਨੀਤ ਸਭ ਹੋਏ ॥}

(ਅੰਗ - ੬੨੪)

{ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥੨॥}

(ਅੰਗ - ੬੨੪)

{ਜਨ ਨਾਨਕ ਨਾਮੁ ਧਿਆਇਆ ॥ ਪ੍ਰਭ ਅਪਨਾ ਬਿਰਦੁ ਰਖਾਇਆ ॥੪॥੧੦॥੬੦॥}

(ਅੰਗ - ੬੨੪)

{ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥੪॥}

(ਅੰਗ - ੬੨੪)

{ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥}

(ਅੰਗ - ੬੨੪)

{ਜਗਜੀਵਨ ਨਾਮੁ ਤੁਮਾਰਾ ॥ ਗੁਰ ਪੂਰੇ ਦੀਓ ਉਪਦੇਸਾ ਜਪਿ ਭਉਜਲੁ ਪਾਰਿ ਉਤਾਰਾ ॥ ਰਹਾਉ ॥}

(ਅੰਗ - ੬੨੫)

{ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ ਪਤਿ ਮਤਿ ਕੀਨੀ ਪੂਰੀ ॥
ਸਦਾ ਸਦਾ ਨਾਨਕ ਬਲਿਹਾਰੀ ਬਾਛਉ ਸੰਤਾ ਧੂਰੀ ॥੪॥੧੩॥੬੩॥}

(ਅੰਗ - ੬੨੫)

{ਕਰਤੈ ਪੁਰਖਿ ਤਾਲੁ ਦਿਵਾਇਆ ॥ ਪਿਛੈ ਲਗਿ ਚਲੀ ਮਾਇਆ ॥}

(ਅੰਗ - ੬੨੫)

{ਤੋਟਿ ਨ ਕਤਹੂ ਆਵੈ ॥ ਮੇਰੇ ਪੂਰੇ ਸਤਗੁਰ ਭਾਵੈ ॥੨॥}

(ਅੰਗ - ੬੨੫)

{ਤੂ ਭਾਰੋ ਸੁਆਮੀ ਮੋਰਾ ॥ ਇਹੁ ਪੁੰਨੁ ਪਦਾਰਥੁ ਤੇਰਾ ॥}

(ਅੰਗ - ੬੨੫)

{ਜਨ ਨਾਨਕ ਏਕੁ ਧਿਆਇਆ ॥ ਸਰਬ ਫਲਾ ਪੁੰਨੁ ਪਾਇਆ ॥੪॥੧੪॥੬੪॥}

(ਅੰਗ - ੬੨੫)

{ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥}

(ਅੰਗ - ੬੨੫)

{ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥}

(ਅੰਗ - ੬੨੫)

{ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥}

(ਅੰਗ - ੬੨੫)

{ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥}

(ਅੰਗ - ੬੨੫)

{ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥}

(ਅੰਗ - ੬੨੫)

{ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥ ਗੁਰ ਪੂਰੇ ਤੇ ਪਾਈ ॥ ਰਹਾਉ ॥}

(ਅੰਗ - ੬੨੬)

{ਪ੍ਰਭ ਕੀ ਅਕਥ ਕਹਾਣੀ ॥ ਜਨ ਬੋਲਹਿ ਅੰਮ੍ਰਿਤ ਬਾਣੀ ॥}

(ਅੰਗ - ੬੨੬)

{ਨਾਨਕ ਦਾਸ ਵਖਾਣੀ ॥ ਗੁਰ ਪੂਰੇ ਤੇ ਜਾਣੀ ॥੨॥੨॥੬੬॥}

(ਅੰਗ - ੬੨੬)

{ਸਰਬ ਨਿਧਾਨ ਸੁਖ ਪਾਇਆ ॥ ਗੁਰੁ ਅਪੁਨਾ ਰਿਦੈ ਧਿਆਇਆ ॥੧॥}

(ਅੰਗ - ੬੨੬)

{ਅਪਨੇ ਸਤਿਗੁਰ ਕੀ ਵਡਿਆਈ ॥
ਮਨ ਇਛੇ ਫਲ ਪਾਈ ॥ ਸੰਤਹੁ ਦਿਨੁ ਦਿਨੁ ਚੜੈ ਸਵਾਈ ॥ ਰਹਾਉ ॥}

(ਅੰਗ - ੬੨੬)

{ਜੀਅ ਜੰਤ ਸਭਿ ਭਏ ਦਇਆਲਾ ਪ੍ਰਭਿ ਅਪਨੇ ਕਰਿ ਦੀਨੇ ॥
ਸਹਜ ਸੁਭਾਇ ਮਿਲੇ ਗੋਪਾਲਾ ਨਾਨਕ ਸਾਚਿ ਪਤੀਨੇ ॥੨॥੩॥੬੭॥}

(ਅੰਗ - ੬੨੬)

{ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥}

(ਅੰਗ - ੬੨੬)

{ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥੧॥}

(ਅੰਗ - ੬੨੬)

{ਪ੍ਰਭ ਜੀ ਤੂ ਮੇਰੋ ਸੁਖਦਾਤਾ ॥ ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥ਰਹਾਉ॥}

(ਅੰਗ - ੬੨੬)

{ਜਨ ਨਾਨਕ ਨਾਮੁ ਧਿਆਇਆ ॥ ਤਾ ਸਗਲੇ ਦੂਖ ਮਿਟਾਇਆ ॥੨॥੫॥੬੯॥}

(ਅੰਗ - ੬੨੬)

{ਬੇਦਨ ਸਤਿਗੁਰਿ ਆਪਿ ਗਵਾਈ ॥
ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ ॥ ਰਹਾਉ ॥}

(ਅੰਗ - ੬੨੬)

{ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥
ਹਮ ਬਾਰਿਕ ਤਉ ਸਰਣਾਈ ॥ ਪ੍ਰਭਿ ਆਪੇ ਪੈਜ ਰਖਾਈ ॥੧॥}

(ਅੰਗ - ੬੨੬)

{ਮੇਰਾ ਮਾਤ ਪਿਤਾ ਹਰਿ ਰਾਇਆ ॥
ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੰਮੀ ਤੇਰਾ ਕਰਾਇਆ ॥ ਰਹਾਉ ॥}

(ਅੰਗ - ੬੨੬)

{ਜੀਅ ਜੰਤ ਤੇਰੇ ਧਾਰੇ ॥ ਪ੍ਰਭ ਡੋਰੀ ਹਾਥਿ ਤੁਮਾਰੇ ॥

ਜਿ ਕਰਾਵੈ ਸੋ ਕਰਣਾ ॥ ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥}

(ਅੰਗ - ੬੨੬)

{ਹਰਿ ਨਾਮੁ ਰਿਦੈ ਪਰੋਇਆ ॥ ਸਭੁ ਕਾਜੁ ਹਮਾਰਾ ਹੋਇਆ ॥
ਪ੍ਰਭ ਚਰਣੀ ਮਨੁ ਲਾਗਾ ॥ ਪੂਰਨ ਜਾ ਕੇ ਭਾਗਾ ॥੧॥}

(ਅੰਗ - ੬੨੭)

{ਪਰਾ ਪੂਰਬਲਾ ਅੰਕੁਰੁ ਜਾਗਿਆ ॥ ਰਾਮ ਨਾਮਿ ਮਨੁ ਲਾਗਿਆ ॥
ਮਨਿ ਤਨਿ ਹਰਿ ਦਰਸਿ ਸਮਾਵੈ ॥ ਨਾਨਕ ਦਾਸ ਸਚੇ ਗੁਣ ਗਾਵੈ ॥੨॥੮॥੭੨॥}

(ਅੰਗ - ੬੨੭)

{ਗੁਰ ਮਿਲਿ ਪ੍ਰਭੂ ਚਿਤਾਰਿਆ ॥ ਕਾਰਜ ਸਭਿ ਸਵਾਰਿਆ ॥
ਮੰਦਾ ਕੋ ਨ ਅਲਾਏ ॥ ਸਭ ਜੈ ਜੈ ਕਾਰੁ ਸੁਣਾਏ ॥੧॥}

(ਅੰਗ - ੬੨੭)

{ਪਤਿਤ ਪਾਵਨ ਪ੍ਰਭ ਨਾਮਾ ॥ ਜਨ ਨਾਨਕ ਸਦ ਕੁਰਬਾਨਾ ॥੨॥੯॥੭੩॥}

(ਅੰਗ - ੬੨੭)

{ਪਾਰਬ੍ਰਹਮਿ ਸਾਜਿ ਸਵਾਰਿਆ ॥ ਇਹੁ ਲਹੁੜਾ ਗੁਰੂ ਉਬਾਰਿਆ ॥
ਅਨਦ ਕਰਹੁ ਪਿਤ ਮਾਤਾ ॥ ਪਰਮੇਸਰੁ ਜੀਅ ਕਾ ਦਾਤਾ ॥੧॥}

(ਅੰਗ - ੬੨੭)

{ਸੁਭ ਚਿਤਵਨਿ ਦਾਸ ਤੁਮਾਰੇ ॥ਰਾਖਹਿ ਪੈਜ ਦਾਸ ਅਪੁਨੇ ਕੀ ਕਾਰਜ ਆਪਿ ਸਵਾਰੇ ॥ਰਹਾਉ ॥}

(ਅੰਗ - ੬੨੭)

{ਮੇਰਾ ਪ੍ਰਭੁ ਪਰਉਪਕਾਰੀ ॥ ਪੂਰਨ ਕਲ ਜਿਨਿ ਧਾਰੀ ॥
ਨਾਨਕ ਸਰਣੀ ਆਇਆ ॥ ਮਨ ਚਿੰਦਿਆ ਫਲੁ ਪਾਇਆ ॥੨॥੧੦॥੭੪॥}

(ਅੰਗ - ੬੨੭)

{ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥
ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥}

(ਅੰਗ - ੬੨੭)

{ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥
ਜਨ ਨਾਨਕ ਨਾਮੁ ਧਿਆਇਆ ॥ ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥੭੬॥}

(ਅੰਗ - ੬੨੭)

{ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥
ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥}

(ਅੰਗ - ੬੨੭)

{ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥}

(ਅੰਗ - ੬੨੭)

{ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥}

(ਅੰਗ - ੬੨੮)

{ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥}

(ਅੰਗ - ੬੨੮)

{ਐਥੈ ਓਥੈ ਰਖਵਾਲਾ ॥ ਪ੍ਰਭ ਸਤਿਗੁਰ ਦੀਨ ਦਇਆਲਾ ॥
ਦਾਸ ਅਪਨੇ ਆਪਿ ਰਾਖੇ ॥ ਘਟਿ ਘਟਿ ਸਬਦੁ ਸੁਭਾਖੇ ॥੧॥}

(ਅੰਗ - ੬੨੮)

{ਗੁਰ ਕੇ ਚਰਣ ਊਪਰਿ ਬਲਿ ਜਾਈ ॥
ਦਿਨਸੁ ਰੈਨਿ ਸਾਸਿ ਸਾਸਿ ਸਮਾਲੀ ਪੂਰਨੁ ਸਭਨੀ ਥਾਈ ॥ ਰਹਾਉ ॥}

(ਅੰਗ - ੬੨੮)

{ਆਪਿ ਸਹਾਈ ਹੋਆ ॥ ਸਚੇ ਦਾ ਸਚਾ ਢੋਆ ॥
ਤੇਰੀ ਭਗਤਿ ਵਡਿਆਈ ॥ ਪਾਈ ਨਾਨਕ ਪ੍ਰਭ ਸਰਣਾਈ ॥੨॥੧੪॥੭੮॥}

(ਅੰਗ - ੬੨੮)

{ਸਤਿਗੁਰ ਪੂਰੇ ਭਾਣਾ ॥ ਤਾ ਜਪਿਆ ਨਾਮੁ ਰਮਾਣਾ ॥
ਗੋਬਿੰਦ ਕਿਰਪਾ ਧਾਰੀ ॥ ਪ੍ਰਭਿ ਰਾਖੀ ਪੈਜ ਹਮਾਰੀ ॥੧॥}

(ਅੰਗ - ੬੨੮)

{ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ ਸੋਈ ਸੰਤੁ ਗੁਣ ਗਾਵੈ ॥
ਪ੍ਰੇਮ ਭਗਤਿ ਤਾ ਕਾ ਮਨੁ ਲੀਣਾ ਪਾਰਬ੍ਰਹਮ ਮਨਿ ਭਾਵੈ ॥੨॥}

(ਅੰਗ - ੬੨੮)

{ਆਠ ਪਹਰ ਹਰਿ ਕਾ ਜਸੁ ਰਵਣਾ ਬਿਖੈ ਠਗਉਰੀ ਲਾਥੀ ॥
ਸੰਗਿ ਮਿਲਾਇ ਲੀਆ ਮੇਰੈ ਕਰਤੈ ਸੰਤ ਸਾਧ ਭਏ ਸਾਥੀ ॥੩॥}

(ਅੰਗ - ੬੨੮)

{ਕਰੁ ਗਹਿ ਲੀਨੇ ਸਰਬਸੁ ਦੀਨੇ ਆਪਹਿ ਆਪੁ ਮਿਲਾਇਆ ॥
ਕਹੁ ਨਾਨਕ ਸਰਬ ਥੋਕ ਪੂਰਨ ਪੂਰਾ ਸਤਿਗੁਰੁ ਪਾਇਆ ॥੪॥੧੫॥੭੯॥}

(ਅੰਗ - ੬੨੮)

{ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥੧॥}

(ਅੰਗ - ੬੨੮)

{ਸੰਤ ਸੰਗਿ ਜਸੁ ਗਾਇਆ ॥ ਇਹੁ ਪੂਰਨ ਹਰਿ ਧਨੁ ਪਾਇਆ ॥}

(ਅੰਗ - ੬੨੮)

{ਕਹੁ ਨਾਨਕ ਆਪੁ ਮਿਟਾਇਆ ॥ ਸਭੁ ਪਾਰਬ੍ਰਹਮੁ ਨਦਰੀ ਆਇਆ ॥੨॥੧੬॥੮੦॥}

(ਅੰਗ - ੬੨੮)

{ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥
ਨਾਨਕ ਨਾਮੁ ਧਿਆਇਆ ॥ ਪੂਰਬਿ ਲਿਖਿਆ ਪਾਇਆ ॥੨॥੧੭॥੮੧॥}

(ਅੰਗ - ੬੨੮)

{ਗੁਰੁ ਪੂਰਾ ਆਰਾਧੇ ॥ ਕਾਰਜ ਸਗਲੇ ਸਾਧੇ ॥ ਸਗਲ ਮਨੋਰਥ ਪੂਰੇ ॥ ਬਾਜੇ ਅਨਹਦ ਤੂਰੇ ॥੧॥}

(ਅੰਗ - ੬੨੮)

{ਸੰਤਹੁ ਰਾਮੁ ਜਪਤ ਸੁਖੁ ਪਾਇਆ ॥ ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ॥੧॥ ਰਹਾਉ॥}

(ਅੰਗ - ੬੨੯)

{ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥
ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ ॥੨॥੧੮॥੮੨॥}

(ਅੰਗ - ੬੨੯)

{ਜਿਉ ਮਾਤਾ ਬਾਲਿ ਲਪਟਾਵੈ ॥ ਤਿਉ ਗਿਆਨੀ ਨਾਮੁ ਕਮਾਵੈ ॥੩॥}

(ਅੰਗ - ੬੨੯)

{ਗੁਰ ਪੂਰੇ ਤੇ ਪਾਵੈ ॥ ਜਨ ਨਾਨਕ ਨਾਮੁ ਧਿਆਵੈ ॥੪॥੧੯॥੮੩॥}

(ਅੰਗ - ੬੨੯)

{ਬੋਲੇ ਸਾਹਿਬ ਕੈ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥}

(ਅੰਗ - ੬੨੯)

{ਨਾਨਕ ਪ੍ਰਭ ਸੁਖਦਾਈ ॥ ਜਿਨਿ ਪੂਰੀ ਬਣਤ ਬਣਾਈ ॥੨॥੨੦॥੮੪॥}

(ਅੰਗ - ੬੨੯)

{ਹਰਿ ਨਾਮੁ ਰਿਦੈ ਉਰਿ ਧਾਰੇ ॥ ਤਿਨਿ ਸਭੇ ਥੋਕ ਸਵਾਰੇ ॥}

(ਅੰਗ - ੬੨੯)

{ਗੁਰਿ ਪੂਰੈ ਤੁਸਿ ਦੀਆ ॥ ਫਿਰਿ ਨਾਨਕ ਦੂਖੁ ਨ ਥੀਆ ॥੨॥੨੧॥੮੫॥}

(ਅੰਗ - ੬੨੯)

{ਹਉ ਕੁਰਬਾਨੁ ਜਾਈ ਤੇਰੇ ਨਾਵੈ ॥ ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥}

(ਅੰਗ - ੬੨੯)

{ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥ ਨਾਨਕ ਪ੍ਰਭ ਸਰਣਾਈ॥ ਮੁਖਿ ਨਿੰਦਕ ਕੈ ਛਾਈ॥੨॥੨੨॥੮੬॥}

(ਅੰਗ - ੬੨੯)

{ਆਗੈ ਸੁਖੁ ਮੇਰੇ ਮੀਤਾ ॥ ਪਾਛੇ ਆਨਦੁ ਪ੍ਰਭਿ ਕੀਤਾ ॥}

(ਅੰਗ - ੬੨੯)

{ਪਰਮੇਸੁਰਿ ਬਣਤ ਬਣਾਈ ॥ ਫਿਰਿ ਡੋਲਤ ਕਤਹੂ ਨਾਹੀ ॥੧॥}

(ਅੰਗ - ੬੨੯)

{ਸਾਚੇ ਸਾਹਿਬ ਸਿਉ ਮਨੁ ਮਾਨਿਆ ॥ ਹਰਿ ਸਰਬ ਨਿਰੰਤਰਿ ਜਾਨਿਆ ॥੧॥ ਰਹਾਉ ॥}

(ਅੰਗ - ੬੨੯)

{ਸਭ ਜੀਅ ਤੇਰੇ ਦਇਆਲਾ ॥ ਅਪਨੇ ਭਗਤ ਕਰਹਿ ਪ੍ਰਤਿਪਾਲਾ ॥}

(ਅੰਗ - ੬੨੯)

{ਅਚਰਜੁ ਤੇਰੀ ਵਡਿਆਈ ॥ ਨਿਤ ਨਾਨਕ ਨਾਮੁ ਧਿਆਈ ॥੨॥੨੩॥੯੭॥}

(ਅੰਗ - ੬੨੯)

{ਨਾਲਿ ਨਰਾਇਣੁ ਮੇਰੈ ॥ ਜਮਦੂਤੁ ਨ ਆਵੈ ਨੇਰੈ ॥}

(ਅੰਗ - ੬੩੦)

{ਕੰਠਿ ਲਾਇ ਪ੍ਰਭ ਰਾਖੈ ॥ ਸਤਿਗੁਰ ਕੀ ਸਚੁ ਸਾਖੈ ॥੧॥}

(ਅੰਗ - ੬੩੦)

{ਪ੍ਰਭਿ ਸਗਲੇ ਥਾਨ ਵਸਾਏ ॥ ਸੁਖਿ ਸਾਂਦਿ ਫਿਰਿ ਆਏ ॥}

(ਅੰਗ - ੬੩੦)

{ਨਾਨਕ ਪ੍ਰਭ ਸਰਣਾਏ ॥ ਜਿਨਿ ਸਗਲੇ ਰੋਗ ਮਿਟਾਏ ॥੨॥੨੪॥੯੮॥}

(ਅੰਗ - ੬੩੦)

{ਗੁਰਿ ਪੂਰੈ ਪੂਰੀ ਕੀਤੀ ॥ ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ ਦੀਤੀ ॥੧॥ ਰਹਾਉ ॥}

(ਅੰਗ - ੬੩੦)

{ਹਰਿ ਰਸੁ ਪੀਵਹੁ ਭਾਈ ॥ ਨਾਮੁ ਜਪਹੁ ਨਾਮੋ ਆਰਾਧਹੁ ਗੁਰ ਪੂਰੇ ਕੀ ਸਰਨਾਈ ॥ ਰਹਾਉ ॥}

(ਅੰਗ - ੬੩੦)

{ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ ॥
ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ ॥੨॥੨੫॥੯੯॥}

(ਅੰਗ - ੬੩੦)

{ਕਰਨ ਕਰਾਵਨ ਹਰਿ ਅੰਤਰਜਾਮੀ ਜਨ ਅਪੁਨੇ ਕੀ ਰਾਖੈ ॥
ਜੈ ਜੈ ਕਾਰੁ ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ ॥੧॥}

(ਅੰਗ - ੬੩੦)

{ਜੋ ਜਨੁ ਭਜਨੁ ਕਰੇ ਪ੍ਰਭ ਤੇਰਾ ਤਿਸੈ ਅੰਦੇਸਾ ਨਾਹੀ ॥
ਸਤਿਗੁਰ ਚਰਨ ਲਗੇ ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ ॥੨॥}

(ਅੰਗ - ੬੩੦)

{ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ ॥
ਜਿਣਿ ਘਰਿ ਆਏ ਸੋਭਾ ਸੇਤੀ ਪੂਰਨ ਹੋਈ ਆਸਾ ॥੩॥}

(ਅੰਗ - ੬੩੦)

{ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥
ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ ਜਪਿ ਨਾਨਕ ਹਰਿ ਹਰਿ ਨਾਮਾ ॥੪॥੨੬॥੯੦॥}

(ਅੰਗ - ੬੩੦)

{ਭਇਓ ਕਿਰਪਾਲੁ ਦੀਨ ਦੁਖ ਭੰਜਨੁ ਆਪੇ ਸਭ ਬਿਧਿ ਥਾਟੀ ॥
ਖਿਨ ਮਹਿ ਰਾਖਿ ਲੀਓ ਜਨੁ ਅਪੁਨਾ ਗੁਰ ਪੂਰੈ ਬੇੜੀ ਕਾਟੀ ॥੧॥}

(ਅੰਗ - ੬੩੦)

{ਜੀਅ ਜੰਤ ਜਾ ਕੇ ਸਭਿ ਕੀਨੇ ਪ੍ਰਭੁ ਊਚਾ ਅਗਮ ਅਪਾਰਾ ॥
ਸਾਧਸੰਗਿ ਨਾਨਕ ਨਾਮੁ ਧਿਆਇਆ ਮੁਖ ਊਜਲ ਭਏ ਦਰਬਾਰਾ ॥੨॥੨੭॥੯੧॥}
(ਅੰਗ - ੬੩੦)

{ਸਿਮਰਉ ਅਪੁਨਾ ਸਾਂਈ ॥ ਦਿਨਸੁ ਰੈਨਿ ਸਦ ਧਿਆਈ ॥}
(ਅੰਗ - ੬੩੧)

{ਹਾਥ ਦੇਇ ਜਿਨਿ ਰਾਖੇ ॥ ਹਰਿ ਨਾਮ ਮਹਾ ਰਸ ਚਾਖੇ ॥੧॥}
(ਅੰਗ - ੬੩੧)

{ਅਪਨੇ ਗੁਰ ਊਪਰਿ ਕੁਰਬਾਨੁ ॥ ਭਏ ਕਿਰਪਾਲ ਪੂਰਨ ਪ੍ਰਭ ਦਾਤੇ ਜੀਅ ਹੋਏ ਮਿਹਰਵਾਨ ॥ ਰਹਾਉ ॥}
(ਅੰਗ - ੬੩੧)

{ਨਾਨਕ ਜਨ ਸਰਨਾਈ ॥ ਜਿਨਿ ਪੂਰਨ ਪੈਜ ਰਖਾਈ ॥
ਸਗਲੇ ਦੂਖ ਮਿਟਾਈ ॥ ਸੁਖੁ ਭੁੰਚਹੁ ਮੇਰੇ ਭਾਈ ॥੨॥੨੮॥੯੨॥}
(ਅੰਗ - ੬੩੧)

{ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥ ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥੧॥}
(ਅੰਗ - ੬੩੧)

{ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥
ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟੁ ਪਹਾਰੇ ॥੨॥੨੯॥੯੩॥}
(ਅੰਗ - ੬੩੧)

{ਸੰਤਨ ਕੇ ਕਾਰਜ ਸਗਲ ਸਵਾਰੇ ॥ ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ ॥ ਰਹਾਉ ॥}
(ਅੰਗ - ੬੩੧)

{ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ ॥
ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥}
(ਅੰਗ - ੬੩੧)

{ਕਰਿ ਸਾਧਸੰਗਤਿ ਸਿਮਰਿ ਮਾਧੋ ਹੋਹਿ ਪਤਿਤ ਪੁਨੀਤ ॥
ਕਾਲੁ ਬਿਆਲ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥}
(ਅੰਗ - ੬੩੧)

{ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਹੁ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥੧॥}
(ਅੰਗ - ੬੩੧)

{ਮਨ ਕੀ ਮਨ ਹੀ ਮਾਹਿ ਰਹੀ ॥ ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥੧॥ ਰਹਾਉ ॥}
(ਅੰਗ - ੬੩੧)

{ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦੁ ਹਰਿ ਭਜੁ ਨਾਨਕਿ ਬਾਤ ਬਤਾਈ ॥੩॥੩॥}
(ਅੰਗ - ੬੩੧)

{ਕਲਿ ਮਹਿ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮ ਨਾਹਿਨ ਇਹ ਬਿਧਿ ਬੇਦੁ ਬਤਾਵੈ ॥੨॥}

(ਅੰਗ - ੬੩੨)

{ਮਾਈ ਮੈ ਕਿਹ ਬਿਧਿ ਲਖਉ ਗੁਸਾਈ ॥
ਮਹਾ ਮੋਹ ਅਗਿਆਨ ਤਿਮਰਿ ਮੋ ਮਨੁ ਰਹਿਓ ਉਰਝਾਈ ॥੧॥ ਰਹਾਉ ॥}

(ਅੰਗ - ੬੩੨)

{ਸਗਲ ਜਨਮੁ ਭਰਮ ਹੀ ਭਰਮਿ ਖੋਇਓ ਨਹ ਅਸਥਿਰ ਮਤਿ ਪਾਈ ॥
ਬਿਖਿਆਸਕਤ ਰਹਿਓ ਨਿਸਿ ਬਾਸੁਰ ਨਹ ਛੂਟੀ ਅਧਮਾਈ ॥੧॥}

(ਅੰਗ - ੬੩੨)

{ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥
ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥੨॥੬॥}

(ਅੰਗ - ੬੩੨)

{ਮਾਈ ਮਨੁ ਮੇਰੋ ਬਸਿ ਨਾਹਿ॥ ਨਿਸਿ ਬਾਸੁਰ ਬਿਖਿਅਨ ਕਉ ਧਾਵਤ ਕਿਹ ਬਿਧਿ ਰੋਕਉ ਤਾਹਿ ॥੧॥ ਰਹਾਉ॥}

(ਅੰਗ - ੬੩੨)

{ਬੇਦ ਪੁਰਾਨ ਸਿੰਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥
ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥੧॥}

(ਅੰਗ - ੬੩੨)

{ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥
ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥੨॥}

(ਅੰਗ - ੬੩੨)

{ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥}

(ਅੰਗ - ੬੩੨)

{ਅਜਹੂ ਸਮਝਿ ਕਛੁ ਬਿਗਰਿਓ ਨਾਹਿਨ ਭਜਿ ਲੇ ਨਾਮੁ ਮੁਰਾਰਿ ॥
ਕਹੁ ਨਾਨਕ ਨਿਜ ਮਤਿ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥੨॥੮॥}

(ਅੰਗ - ੬੩੩)

{ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ ॥
ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ ॥੩॥੯॥}

(ਅੰਗ - ੬੩੩)

{ਮਨ ਰੇ ਗਹਿਓ ਨ ਗੁਰ ਉਪਦੇਸੁ ॥ ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥}

(ਅੰਗ - ੬੩੩)

{ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥੧॥}

(ਅੰਗ - ੬੩੩)

{ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥}

(ਅੰਗ - ੬੩੩)

{ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥}

(ਅੰਗ - ੬੩੩)

{ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥}

(ਅੰਗ - ੬੩੩)

{ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥}

(ਅੰਗ - ੬੩੪)

{ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥ ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥੧॥ ਰਹਾਉ ॥}

(ਅੰਗ - ੬੩੪)

{ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥}

(ਅੰਗ - ੬੩੪)

{ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥
ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥}

(ਅੰਗ - ੬੩੪)

{ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥
ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥}

(ਅੰਗ - ੬੩੪)

{ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ ॥
ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥}

(ਅੰਗ - ੬੩੪)

{ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥ ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥੨॥}

(ਅੰਗ - ੬੩੪)

{ਮਨੂਆ ਪਉਣੂ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥
ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥}

(ਅੰਗ - ੬੩੪)

{ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥
ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥੩॥}

(ਅੰਗ - ੬੩੪)

{ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥ ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ॥}

(ਅੰਗ - ੬੩੪)

{ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥
ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥}

(ਅੰਗ - ੬੩੪)

{ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥}

(ਅੰਗ - ੬੩੫)

{ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥
ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ ॥੬॥}

(ਅੰਗ - ੬੩੫)

{ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥
ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ ॥੭॥}

(ਅੰਗ - ੬੩੫)

{ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥}

(ਅੰਗ - ੬੩੫)

{ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥
ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥}

(ਅੰਗ - ੬੩੫)

{ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥}

(ਅੰਗ - ੬੩੫)

{ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥}

(ਅੰਗ - ੬੩੫)

{ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥}

(ਅੰਗ - ੬੩੫)

{ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥ ਪਾਖੰਡਿ ਮੈਲੁ ਨ ਚੁਕਈ ਭਾਈ ਅੰਤਰਿ ਮੈਲੁ ਵਿਕਾਰੀ॥}

(ਅੰਗ - ੬੩੫)

{ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥}

(ਅੰਗ - ੬੩੫)

{ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥}

(ਅੰਗ - ੬੩੫)

{ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥}

(ਅੰਗ - ੬੩੫)

{ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥}

(ਅੰਗ - ੬੩੫)

{ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥}

(ਅੰਗ - ੬੩੫)

{ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥}

(ਅੰਗ - ੬੩੬)

{ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥}

(ਅੰਗ - ੬੩੬)

{ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ॥ ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ॥}

(ਅੰਗ - ੬੩੬)

{ਨਾਉ ਮਿਲੈ ਸੰਤੋਖੀਆਂ ਪਿਆਰੇ ਨਦਰੀ ਮੇਲਿ ਮਿਲਾਉ ॥੭॥}

(ਅੰਗ - ੬੩੬)

{ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥}

(ਅੰਗ - ੬੩੬)

{ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥}

(ਅੰਗ - ੬੩੬)

{ਬਣੀਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ ॥
ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ ॥੮॥}

(ਅੰਗ - ੬੩੬)

{ਸਭੁ ਕੋ ਆਧੈ ਆਪਣਾ ਭਾਈ ਗੁਰ ਤੇ ਬੁਝੈ ਸੁਜਾਨੁ ॥ ਜੋ ਬੀਧੇ ਸੇ ਊਬਰੇ ਭਾਈ ਸਬਦੁ ਸਚਾ ਨੀਸਾਨੁ ॥੯॥}

(ਅੰਗ - ੬੩੬)

{ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ ॥
ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ ॥}

(ਅੰਗ - ੬੩੭)

{ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥੨॥}

(ਅੰਗ - ੬੩੭)

{ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ ॥}

(ਅੰਗ - ੬੩੭)

{ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ ॥
ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥੩॥}

(ਅੰਗ - ੬੩੭)

{ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥
ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥੪॥}

(ਅੰਗ - ੬੩੭)

{ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ ॥
ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ ॥}

(ਅੰਗ - ੬੩੭)

{ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ਸਹਜੇ ਸਾਚਿ ਸਮਾਈ ॥੬॥}

(ਅੰਗ - ੬੩੭)

{ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥੭॥}

(ਅੰਗ - ੬੩੭)

{ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥}

(ਅੰਗ - ੬੩੮)

{ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ ॥੪॥}

(ਅੰਗ - ੬੩੮)

{ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥੫॥}

(ਅੰਗ - ੬੩੮)

{ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ॥ ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥੬॥}

(ਅੰਗ - ੬੩੮)

{ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥}

(ਅੰਗ - ੬੩੮)

{ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ ਲਾਇ ॥
ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ ਹਰਿ ਆਪਿ ਵਸੈ ਮਨਿ ਆਇ ॥੨॥}

(ਅੰਗ - ੬੩੯)

{ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ ॥
ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥੩॥}

(ਅੰਗ - ੬੩੯)

{ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ ॥
ਗੁਰਮੁਖਿ ਹੋਵੈ ਤ ਗੁਣ ਰਵੈ ਭਾਈ ਮਿਲਿ ਪ੍ਰੀਤਮ ਸਾਚਿ ਸਮਾਉ ॥੬॥}

(ਅੰਗ - ੬੩੯)

{ਏਤੁ ਜਨਮਿ ਹਰਿ ਨ ਚੇਤਿਓ ਭਾਈ ਕਿਆ ਮੁਹੁ ਦੇਸੀ ਜਾਇ ॥
ਕਿੜੀ ਪਵੰਦੀ ਮੁਹਾਇਓਨੁ ਭਾਈ ਬਿਖਿਆ ਨੋ ਲੋਭਾਇ ॥੭॥}

(ਅੰਗ - ੬੩੯)

{ਨਾਮੁ ਸਮਾਲਹਿ ਸੁਖਿ ਵਸਹਿ ਭਾਈ ਸਦਾ ਸੁਖੁ ਸਾਂਤਿ ਸਰੀਰ ॥
ਨਾਨਕ ਨਾਮੁ ਸਮਾਲਿ ਤੂ ਭਾਈ ਅਪਰੰਪਰ ਗੁਣੀ ਗਹੀਰ ॥੮॥੩॥}

(ਅੰਗ - ੬੩੯)

{ਮੇਰੇ ਮਨ ਜਪੀਐ ਹਰਿ ਭਗਵੰਤਾ ॥ ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ ॥ ਰਹਾਉ ॥}

(ਅੰਗ - ੬੩੯)

{ਸਚੇ ਚਰਣ ਸਰੇਵੀਅਹਿ ਭਾਈ ਕ੍ਰਮੁ ਭਉ ਹੋਵੈ ਨਾਸੁ ॥
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥}

(ਅੰਗ - ੬੩੯)

{ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥
ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥}

(ਅੰਗ - ੬੩੯)

{ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥ ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ॥}

(ਅੰਗ - ੬੩੯)

{ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥
ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥}

(ਅੰਗ - ੬੩੯)

{ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥
ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥੫॥}

(ਅੰਗ - ੬੩੯)

{ਗੁਰਿ ਪੂਰੈ ਸੰਤੋਖਿਆ ਭਾਈ ਅਹਿਨਿਸਿ ਲਾਗਾ ਭਾਉ ॥ ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ ॥}

(ਅੰਗ - ੬੩੯)

{ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ ॥
ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥੯॥੧॥}

(ਅੰਗ - ੬੩੯)

{ਕੋਟਿ ਜਨਮ ਭ੍ਰਮਿ ਆਇਆ ਪਿਆਰੇ ਅਨਿਕ ਜੋਨਿ ਦੁਖੁ ਪਾਇ ॥
ਸਾਚਾ ਸਾਹਿਬੁ ਵਿਸਰਿਆ ਪਿਆਰੇ ਬਹੁਤੀ ਮਿਲੈ ਸਜਾਇ ॥}

(ਅੰਗ - ੬੪੦)

{ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ ਸੇ ਲਾਗੇ ਸਾਚੈ ਨਾਇ ॥
ਤਿਨਾ ਪਿਛੈ ਛੁਟੀਐ ਪਿਆਰੇ ਜੋ ਸਾਚੀ ਸਰਣਾਇ ॥੨॥}

(ਅੰਗ - ੬੪੦)

{ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ ॥
ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ ॥}

(ਅੰਗ - ੬੪੦)

{ਮਾਇਆ ਲਾਲਚਿ ਅਟਿਆ ਪਿਆਰੇ ਚਿਤਿ ਨ ਆਵਹਿ ਮੂਲਿ ॥
ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ ॥}

(ਅੰਗ - ੬੪੦)

{ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੁੋ ਮੁਹਿ ਕਾਲੈ ਉਠਿ ਜਾਇ ॥}

(ਅੰਗ - ੬੪੦)

{ਮਨਮੁਖਿ ਢੋਈ ਨਹ ਮਿਲੈ ਪਿਆਰੇ ਦਰਗਹ ਮਿਲੈ ਸਜਾਇ ॥
ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨਾ ਪੂਰੀ ਪਾਇ ॥੫॥}

(ਅੰਗ - ੬੪੦)

{ਹੋਦੀ ਵਸਤੁ ਨ ਜਾਤੀਆ ਪਿਆਰੇ ਕੂੜੁ ਨ ਚਲੀ ਨਾਲਿ ॥
ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ ਸਾਚਾ ਨਾਮੁ ਸਮਾਲਿ ॥੬॥}

(ਅੰਗ - ੬੪੦)

{ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥}

(ਅੰਗ - ੬੪੦)

{ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥}

(ਅੰਗ - ੬੪੧)

{ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥}

(ਅੰਗ - ੬੪੧)

{ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥}

(ਅੰਗ - ੬੪੨)

{ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥ ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥
ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥}

(ਅੰਗ - ੬੪੨)

{ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥ ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥}

(ਅੰਗ - ੬੪੨)

{ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥ ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥}

(ਅੰਗ - ੬੪੨)

{ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੋਲ ਗੋਲੇ ॥੨॥}

(ਅੰਗ - ੬੪੨)

{ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥ ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ ॥}

(ਅੰਗ - ੬੪੨)

{ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ॥
ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ ॥੧॥}

(ਅੰਗ - ੬੪੩)

{ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥ ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥}

(ਅੰਗ - ੬੪੩)

{ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ ॥
ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ ॥}

(ਅੰਗ - ੬੪੩)

{ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ ॥
ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ ॥੨॥}

(ਅੰਗ - ੬੪੩)

{ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥ ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥}

(ਅੰਗ - ੬੪੩)

{ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥
ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥੧॥}

(ਅੰਗ - ੬੪੩)

{ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ ॥
ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ ਰਹੇ ਸਮਾਇ ॥}

(ਅੰਗ - ੬੪੩)

{ਦੂਜੈ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ ॥
ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ ॥}

(ਅੰਗ - ੬੪੩)

{ਤ੍ਰੈ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ ॥ ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ॥}

(ਅੰਗ - ੬੪੩)

{ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥}

(ਅੰਗ - ੬੪੪)

{ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥
ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥}

(ਅੰਗ - ੬੪੪)

{ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ ॥

ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ ॥੧॥}

(ਅੰਗ - ੬੪੪)

{ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥ ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ॥}

(ਅੰਗ - ੬੪੪)

{ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥}

(ਅੰਗ - ੬੪੪)

{ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥ ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥}

(ਅੰਗ - ੬੪੪)

{ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ॥
ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ ॥ ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ ॥੨॥}

(ਅੰਗ - ੬੪੪)

{ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ॥ ਜੀਉ ਵੰਞੈ ਚਉ ਖੰਨੀਐ ਸਚੇ ਸੰਦੜੈ ਨੇਹਿ ॥}

(ਅੰਗ - ੬੪੪)

{ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥ ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥}

(ਅੰਗ - ੬੪੪)

{ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥ ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ ॥}

(ਅੰਗ - ੬੪੪)

{ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥ ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥}

(ਅੰਗ - ੬੪੪)

{ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥

(ਅੰਗ - ੬੪੪)

{ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ॥
ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥੨॥}

(ਅੰਗ - ੬੪੪)

{ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ ॥ ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ॥
ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ॥}

(ਅੰਗ - ੬੪੪)

{ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ ॥ ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥}

(ਅੰਗ - ੬੪੪)

{ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ॥

ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥}

(ਅੰਗ - ੬੪੫)

{ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥}

(ਅੰਗ - ੬੪੫)

{ਹਰਿ ਸੇਵਹਿ ਸੇਈ ਪੁਰਖ ਜਿਨਾ ਹਰਿ ਭੁਧੁ ਮਇਆ ॥
ਗੁਣ ਗਾਵਾ ਪਿਆਰੇ ਨਿਤ ਗੁਰਮੁਖਿ ਭ੍ਰਮ ਭਉ ਗਇਆ ॥੨॥}

(ਅੰਗ - ੬੪੫)

{ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥ ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ॥}

(ਅੰਗ - ੬੪੫)

ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥}

(ਅੰਗ - ੬੪੫)

{ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ ॥ ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ॥}

(ਅੰਗ - ੬੪੫)

{ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ ॥ ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ ॥}

(ਅੰਗ - ੬੪੫)

{ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥}

(ਅੰਗ - ੬੪੬)

{ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥}

(ਅੰਗ - ੬੪੬)

{ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥}

(ਅੰਗ - ੬੪੬)

{ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥}

(ਅੰਗ - ੬੪੬)

{ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥ ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥੯॥}

(ਅੰਗ - ੬੪੬)

{ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ॥}

(ਅੰਗ - ੬੪੬)

{ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥}

(ਅੰਗ - ੬੪੬)

{ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥}

(ਅੰਗ - ੬੪੬)

{ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥ ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥}

(ਅੰਗ - ੬੪੬)

{ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥ ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥}

(ਅੰਗ - ੬੪੬)

{ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥ ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥}

(ਅੰਗ - ੬੪੬)

{ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ ॥ ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ॥੧੦॥}

(ਅੰਗ - ੬੪੬)

{ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ ॥ ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ ॥}

(ਅੰਗ - ੬੪੬)

{ਨਾਨਕ ਗੁਰਮੁਖਿ ਹਰਿ ਗੁਣ ਰਵਹਿ ਗੁਣ ਮਹਿ ਰਹੈ ਸਮਾਇ ॥੨॥}

(ਅੰਗ - ੬੪੬)

{ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ ॥
ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ ॥}

(ਅੰਗ - ੬੪੬)

{ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ ॥ ਸੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ ॥}

(ਅੰਗ - ੬੪੬)

{ਜਨੁ ਨਾਨਕੁ ਕਹੈ ਵਿਚਾਰਾ ਗੁਰਮੁਖਿ ਹਰਿ ਸਤਿ ਹਰਿ ॥੧੧॥}

(ਅੰਗ - ੬੪੬)

{ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥
ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ ॥}

(ਅੰਗ - ੬੪੭)

{ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ ॥੧॥}

(ਅੰਗ - ੬੪੭)

{ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ ॥
ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥}

(ਅੰਗ - ੬੪੭)

{ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥ ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥੨॥}

(ਅੰਗ - ੬੪੭)

{ਗੁਣ ਸਾਝੀ ਤਿਨ ਸਿਉ ਕਰੀ ਹਰਿ ਨਾਮੁ ਧਿਆਈ ॥ ਹਰਿ ਸੇਵੀ ਪਿਆਰਾ ਨਿਤ ਸੇਵਿ ਹਰਿ ਸੁਖੁ ਪਾਈ ॥
ਬਲਿਹਾਰੀ ਸਤਿਗੁਰ ਤਿਸੁ ਜਿਨਿ ਸੋਝੀ ਪਾਈ ॥੧੨॥}

(ਅੰਗ - ੬੪੭)

{ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥}

(ਅੰਗ - ੬੪੭)

{ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ ਅੰਤਰਿ ਤ੍ਰਿਸਨਾ ਭੂਖ ਹੈ ਮੂਰਖ ਭੂਖਿਆ ਮੁਏ ਗਵਾਰ ॥}

(ਅੰਗ - ੬੪੭)

{ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ॥ ਅੰਦਰਹੁ ਤ੍ਰਿਸਨਾ ਭੂਖ ਗਈ ਸਚੈ ਨਾਇ ਪਿਆਰਿ॥}

(ਅੰਗ - ੬੪੭)

{ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥}

(ਅੰਗ - ੬੪੭)

{ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ ॥
ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ ॥}

(ਅੰਗ - ੬੪੭)

{ਮਨਹਠਿ ਸਹਜਿ ਨ ਬੀਜਿਓ ਭੂਖਾ ਕਿ ਅਗੈ ਖਾਇ ॥ ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ ॥}

(ਅੰਗ - ੬੪੭)

{ਜੋ ਗੁਰਮੁਖਿ ਚਖੈ ਸਾਦੁ ਸਾ ਤ੍ਰਿਪਤਾਵਣੀ ॥ ਗੁਣ ਗਾਵੈ ਪਿਆਰੇ ਨਿਤ ਗੁਣ ਗਾਇ ਗੁਣੀ ਸਮਝਾਵਣੀ ॥}

(ਅੰਗ - ੬੪੭)

{ਜਿਸੁ ਹੋਵੈ ਆਪਿ ਦਇਆਲੁ ਸਾ ਸਤਿਗੁਰੂ ਗੁਰੂ ਬੁਲਾਵਣੀ ॥੧੩॥}

(ਅੰਗ - ੬੪੭)

{ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥}

(ਅੰਗ - ੬੪੮)

{ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥
ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥੨॥}

(ਅੰਗ - ੬੪੮)

{ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥
ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥}

(ਅੰਗ - ੬੪੮)

{ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥੧੪॥}

(ਅੰਗ - ੬੪੮)

{ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ ॥
ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ ॥੧॥}

(ਅੰਗ - ੬੪੮)

{ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥
ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ ॥੨॥}

(ਅੰਗ - ੬੪੮)

{ਬਿਨੁ ਕਰਮੈ ਨਾਉ ਨ ਪਾਈਐ ਪੂਰੈ ਕਰਮਿ ਪਾਇਆ ਜਾਇ ॥
ਨਾਨਕ ਨਦਰਿ ਕਰੇ ਜੇ ਆਪਣੀ ਤਾ ਗੁਰਮਤਿ ਮੇਲਿ ਮਿਲਾਇ ॥੧॥}

(ਅੰਗ - ੬੪੮)

{ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੬॥}

(ਅੰਗ - ੬੪੮)

{ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ ॥ ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ॥}

(ਅੰਗ - ੬੪੮)

{ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥ ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥}

(ਅੰਗ - ੬੪੯)

{ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥ ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥}

(ਅੰਗ - ੬੪੯)

{ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥੨॥}

(ਅੰਗ - ੬੪੯)

{ਜੋ ਹਰਿ ਨਾਮੁ ਧਿਆਇਦੇ ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ॥
ਜਿਨਾ ਮਨਿ ਚਿਤਿ ਇਕੁ ਅਰਾਧਿਆ ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ॥}

(ਅੰਗ - ੬੪੯)

{ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥}

(ਅੰਗ - ੬੪੯)

{ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ॥ ਸਦਾ ਸਚੇ ਕਾ ਭਉ ਮਨਿ ਵਸੈ ਤਾ ਸਭਾ ਸੋਝੀ ਪਾਇ॥}

(ਅੰਗ - ੬੪੯)

{ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥
ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥੧੮॥}

(ਅੰਗ - ੬੪੯)

{ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥
ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥}

(ਅੰਗ - ੬੪੯)

{ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥
ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥੧॥}

(ਅੰਗ - ੬੪੯)

{ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥
ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥}

(ਅੰਗ - ੬੪੯)

{ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥
ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥੨॥}

(ਅੰਗ - ੬੪੯)

{ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ ॥
ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥੧੯॥}

(ਅੰਗ - ੬੪੯)

{ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥}

(ਅੰਗ - ੬੫੦)

{ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥}

(ਅੰਗ - ੬੫੦)

{ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥}

(ਅੰਗ - ੬੫੦)

{ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥}

(ਅੰਗ - ੬੫੦)

{ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥}

(ਅੰਗ - ੬੫੦)

{ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥ ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ॥੧॥}

(ਅੰਗ - ੬੫੦)

{ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥੨॥}

(ਅੰਗ - ੬੫੦)

{ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ ਸਭਿ ਕਿਲਬਿਖ ਕਾਟੈ ਇਕ ਪਲਕਾ ॥
ਹਰਿ ਹਰਿ ਦਇਆਲੁ ਹੋਵੈ ਜਿਸੁ ਉਪਰਿ ਸੋ ਗੁਰਮੁਖਿ ਹਰਿ ਜਪਿ ਜਿਣਕਾ ॥੨੧॥}

(ਅੰਗ - ੬੫੦)

{ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥ ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ॥੧॥}

(ਅੰਗ - ੬੫੧)

{ਹਰਿ ਹਰਿ ਮੇਲਿ ਸਾਧ ਜਨ ਸੰਗਤਿ ਮੁਖਿ ਬੋਲੀ ਹਰਿ ਹਰਿ ਭਲੀ ਬਾਣਿ ॥
ਹਰਿ ਗੁਣ ਗਾਵਾ ਹਰਿ ਨਿਤ ਚਵਾ ਗੁਰਮਤੀ ਹਰਿ ਰੰਗੁ ਸਦਾ ਮਾਣਿ ॥}

(ਅੰਗ - ੬੫੧)

{ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ ॥
ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ ॥}

(ਅੰਗ - ੬੫੧)

{ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥}

(ਅੰਗ - ੬੫੧)

{ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ ਨਾਨਕ ਗੁਰ ਸਰਣਾਈ ਉਬਰੇ ਸਚੁ ਮਨਿ ਸਬਦਿ ਧਿਆਇ ॥੧॥}

(ਅੰਗ - ੬੫੧)

{ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ ॥ ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ ॥}

(ਅੰਗ - ੬੫੧)

{ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ ॥}

(ਅੰਗ - ੬੫੧)

{ਨਾ ਹਰਿ ਮਰੈ ਨ ਕਦੇ ਦੁਖੁ ਲਾਗੈ ਸਦਾ ਸੁਹਾਗਣਿ ਨਾਰਿ ॥
ਨਾਨਕ ਹਰਿ ਪ੍ਰਭ ਮੇਲਿ ਲਈ ਗੁਰ ਕੈ ਹੇਤਿ ਪਿਆਰਿ ॥੨॥}

(ਅੰਗ - ੬੫੧)

{ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥
ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥
ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥}

(ਅੰਗ - ੬੫੧)

{ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥ ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥}

(ਅੰਗ - ੬੫੨)

{ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥ ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ॥}

(ਅੰਗ - ੬੫੨)

{ਸੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿ ਜਨੁ ਇਕ ਸਮਾਨਿ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਪੈਜ ਰਖਹੁ ਭਗਵਾਨ ॥੧॥}

(ਅੰਗ - ੬੫੨)

{ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥ ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥}

(ਅੰਗ - ੬੫੨)

{ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥
ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥}

(ਅੰਗ - ੬੫੨)

{ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ ॥}

(ਅੰਗ - ੬੫੨)

{ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ ॥}

(ਅੰਗ - ੬੫੨)

{ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ ॥
ਨਾਨਕ ਬਖਸਿ ਲਏ ਪ੍ਰਭੁ ਸਾਚਾ ਜਿ ਗੁਰ ਚਰਨੀ ਚਿਤੁ ਲਾਹਿ ॥੨॥}

(ਅੰਗ - ੬੫੨)

{ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥ ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ ॥}

(ਅੰਗ - ੬੫੨)

{ਅੰਮ੍ਰਿਤੁ ਨਾਮੁ ਨਿਧਾਨੁ ਭੋਜਨੁ ਖਾਇਆ ॥ ਸੰਤ ਜਨਾ ਕੀ ਧੂਰਿ ਮਸਤਕਿ ਲਾਇਆ ॥
ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ ॥੨੬॥}

(ਅੰਗ - ੬੫੨)

{ਨਾਮੁ ਪਦਾਰਥੁ ਪਾਇਆ ਚਿੰਤਾ ਗਈ ਬਿਲਾਇ ॥ ਸਤਿਗੁਰਿ ਮਿਲਿਐ ਨਾਮੁ ਊਪਜੈ ਤਿਸਨਾ ਭੁਖ ਸਭ ਜਾਇ॥}

(ਅੰਗ - ੬੫੨)

{ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੧॥}

(ਅੰਗ - ੬੫੩)

{ਗੁਰਿ ਸਚੈ ਬਧਾ ਬੇਹੁ ਰਖਵਾਲੇ ਗੁਰਿ ਦਿਤੇ ॥ ਪੂਰਨ ਹੋਈ ਆਸ ਗੁਰ ਚਰਣੀ ਮਨ ਰਤੇ ॥}

(ਅੰਗ - ੬੫੩)

{ਗੁਰਿ ਕ੍ਰਿਪਾਲਿ ਬੇਅੰਤਿ ਅਵਗੁਣ ਸਭਿ ਹਤੇ ॥ ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ ਲਿਤੇ ॥}

(ਅੰਗ - ੬੫੩)

{ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ ॥ ਨਾਨਕ ਭਗਤਾ ਸਦਾ ਅਨੰਦੁ ਭਾਉ ਦੂਜਾ ਜਾਲਿਓਨੁ ॥੨੮॥}

(ਅੰਗ - ੬੫੩)

{ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥
ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧॥}

(ਅੰਗ - ੬੫੩)

{ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥
ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥}

(ਅੰਗ - ੬੫੩)

{ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥}

(ਅੰਗ - ੬੫੩)

{ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥
ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥੪॥੧॥}

(ਅੰਗ - ੬੫੪)

{ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ ॥

ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ ॥੪॥੨॥}

(ਅੰਗ - ੬੫੪)

{ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥}

(ਅੰਗ - ੬੫੪)

{ਹਮਰਾ ਭਰਮੁ ਗਇਆ ਭਉ ਭਾਗਾ ॥ ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥}

(ਅੰਗ - ੬੫੫)

{ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥}

(ਅੰਗ - ੬੫੫)

{ਜਾ ਕਉ ਗੁਰਮੁਖਿ ਆਪਿ ਬੁਝਾਈ ॥ ਤਾ ਕੇ ਹਿਰਦੈ ਰਹਿਆ ਸਮਾਈ ॥੩॥}

(ਅੰਗ - ੬੫੫)

{ਗੁਰ ਕਿੰਚਤ ਕਿਰਪਾ ਕੀਨੀ ॥ ਸਭੁ ਤਨੁ ਮਨੁ ਦੇਹ ਹਰਿ ਲੀਨੀ ॥}

(ਅੰਗ - ੬੫੫)

{ਕਹਿ ਕਬੀਰ ਰੰਗਿ ਰਾਤਾ ॥ ਮਿਲਿਓ ਜਗਜੀਵਨ ਦਾਤਾ ॥੪॥੪॥}

(ਅੰਗ - ੬੫੫)

{ਸਦ ਜੀਵਨੁ ਭਲੋ ਕਹਾਂਹੀ ॥ ਮੂਏ ਬਿਨੁ ਜੀਵਨੁ ਨਾਹੀ ॥੧॥}

(ਅੰਗ - ੬੫੫)

{ਜੋ ਜੀਵਨ ਮਰਨਾ ਜਾਨੈ ॥ ਸੋ ਪੰਚ ਸੈਲ ਸੁਖ ਮਾਨੈ ॥}

(ਅੰਗ - ੬੫੫)

{ਕਬੀਰੈ ਸੋ ਧਨੁ ਪਾਇਆ ॥ ਹਰਿ ਭੇਟਤ ਆਪੁ ਮਿਟਾਇਆ ॥੪॥੬॥}

(ਅੰਗ - ੬੫੫)

{ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥}

(ਅੰਗ - ੬੫੬)

{ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥੧॥}

(ਅੰਗ - ੬੫੬)

{ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥}

(ਅੰਗ - ੬੫੬)

{ਲਉਕੀ ਅਠਸਠਿ ਤੀਰਥ ਨ੍ਹਾਈ ॥ ਕਉਰਾਪਨੁ ਤਊ ਨ ਜਾਈ ॥੨॥
ਕਹਿ ਕਬੀਰ ਬੀਚਾਰੀ ॥ ਭਵ ਸਾਗਰੁ ਤਾਰਿ ਮੁਰਾਰੀ ॥੩॥੮॥}

(ਅੰਗ - ੬੫੬)

{ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥}

(ਅੰਗ - ੬੫੬)

{ਕਹੁ ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨੁ ਮਾਨਿਆ ॥੨॥੧੦॥}

(ਅੰਗ - ੬੫੬)

{ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥}

(ਅੰਗ - ੬੫੬)

{ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥ ਕਹਿ ਕਬੀਰ ਮਨੁ ਮਾਨਿਆ ॥
ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥}

(ਅੰਗ - ੬੫੬)

{ਗੁਰ ਪਰਸਾਦੀ ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ ॥੪॥੧॥}

(ਅੰਗ - ੬੫੭)

{ਮਿਲਿ ਪਾਰਸ ਕੰਚਨੁ ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥}

(ਅੰਗ - ੬੫੭)

{ਨਿਜ ਭਾਉ ਭਇਆ ਭ੍ਰਮੁ ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥੨॥}

(ਅੰਗ - ੬੫੭)

{ਜਲ ਭੀਤਰਿ ਕੁੰਭ ਸਮਾਨਿਆ ॥ ਸਭ ਰਾਮੁ ਏਕੁ ਕਰਿ ਜਾਨਿਆ ॥}

(ਅੰਗ - ੬੫੭)

{ਗੁਰ ਚੇਲੇ ਹੈ ਮਨੁ ਮਾਨਿਆ ॥ ਜਨ ਨਾਮੈ ਤਤੁ ਪਛਾਨਿਆ ॥੩॥੩॥}

(ਅੰਗ - ੬੫੭)

{ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥}

(ਅੰਗ - ੬੫੭)

{ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥ ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ ਰਹਾਉ ॥}

(ਅੰਗ - ੬੫੭)

{ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥੨॥}

(ਅੰਗ - ੬੫੮)

{ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥
ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥}

(ਅੰਗ - ੬੫੮)

{ਹਰਿ ਹਰਿ ਹਰਿ ਨ ਜਪਹਿ ਰਸਨਾ ॥ ਅਵਰ ਸਭ ਤਿਆਗਿ ਬਚਨ ਰਚਨਾ ॥੧॥ ਰਹਾਉ ॥}

(ਅੰਗ - ੬੫੮)

{ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥੩॥੪॥}

(ਅੰਗ - ੬੫੮)

{ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥}

(ਅੰਗ - ੬੫੮)

{ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥}

(ਅੰਗ - ੬੫੯)

{ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥
ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥}

(ਅੰਗ - ੬੬੦)

{ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ ॥
ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ ॥੪॥}

(ਅੰਗ - ੬੬੦)

{ਵਖਰੁ ਨਾਮੁ ਦੇਖਣ ਕੋਈ ਜਾਇ ॥ ਨਾ ਕੋ ਚਾਖੈ ਨਾ ਕੋ ਖਾਇ ॥}

(ਅੰਗ - ੬੬੦)

{ਲੋਕਿ ਪਤੀਣੈ ਨਾ ਪਤਿ ਹੋਇ ॥ ਤਾ ਪਤਿ ਰਹੈ ਰਾਖੈ ਜਾ ਸੋਇ ॥੨॥}

(ਅੰਗ - ੬੬੦)

{ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥}

(ਅੰਗ - ੬੬੧)

{ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥}

(ਅੰਗ - ੬੬੧)

{ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ਰਹਾਉ ॥}

(ਅੰਗ - ੬੬੧)

{ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥}

(ਅੰਗ - ੬੬੧)

{ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥
ਸਾਹਿਬ ਭਾਵੈ ਸੋ ਪਰਵਾਣੁ ॥ ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥}

(ਅੰਗ - ੬੬੧)

{ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ ਜੋ ਇਛੈ ਸੋਈ ਫਲੁ ਪਾਏ ॥}

(ਅੰਗ - ੬੬੧)

{ਭਨਤਿ ਨਾਨਕੁ ਕਰੇ ਵੀਚਾਰੁ ॥ ਸਾਚੀ ਬਾਣੀ ਸਿਉ ਧਰੇ ਪਿਆਰੁ ॥}

(ਅੰਗ - ੬੬੧)

{ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥}

(ਅੰਗ - ੬੬੧)

{ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥}

(ਅੰਗ - ੬੬੧)

{ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥}

(ਅੰਗ - ੬੬੧)

{ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥}

(ਅੰਗ - ੬੬੨)

{ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥੧॥}

(ਅੰਗ - ੬੬੨)

{ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥}

(ਅੰਗ - ੬੬੨)

{ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥}

(ਅੰਗ - ੬੬੨)

{ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥}

(ਅੰਗ - ੬੬੨)

{ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥}

(ਅੰਗ - ੬੬੨)

{ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥}

(ਅੰਗ - ੬੬੨)

{ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥}

(ਅੰਗ - ੬੬੩)

{ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥}

(ਅੰਗ - ੬੬੩)

{ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥}

(ਅੰਗ - ੬੬੩)

{ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥
ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥ ਰਹਾਉ ॥}

(ਅੰਗ - ੬੬੩)

{ਅਵਗੁਣ ਕਾਟਿ ਗੁਣ ਰਿਦੈ ਸਮਾਇ ॥ ਪੂਰੇ ਗੁਰ ਕੈ ਸਹਜਿ ਸੁਭਾਇ ॥}

(ਅੰਗ - ੬੬੩)

{ਪੂਰੇ ਗੁਰ ਕੀ ਸਾਚੀ ਬਾਣੀ ॥ ਸੁਖ ਮਨ ਅੰਤਰਿ ਸਹਜਿ ਸਮਾਣੀ ॥੨॥}

(ਅੰਗ - ੬੬੩)

{ਏਕੁ ਅਚਰਜੁ ਜਨ ਦੇਖਹੁ ਭਾਈ ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥}

(ਅੰਗ - ੬੬੩)

{ਨਾਮੁ ਅਮੋਲਕੁ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥੩॥}

(ਅੰਗ - ੬੬੩)

{ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥ ਗੁਰਮਤੀ ਘਟਿ ਪਰਗਟੁ ਹੋਇ ॥}

(ਅੰਗ - ੬੬੩)

{ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥ ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥੧॥}

(ਅੰਗ - ੬੬੩)

{ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥}

(ਅੰਗ - ੬੬੪)

{ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ ਮਾਇਆ ਮੋਹਿ ਜਲੈ ਅਭਿਮਾਨੁ ॥੧॥}

(ਅੰਗ - ੬੬੪)

{ਗੁਰਮੁਖਿ ਹਰਿ ਰਸੁ ਚਾਖੈ ਕੋਇ ॥ ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ॥}

(ਅੰਗ - ੬੬੪)

{ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥}

(ਅੰਗ - ੬੬੪)

{ਨਿਰਮਲ ਨਾਮਿ ਹਉਮੈ ਮਲੁ ਧੋਇ ॥ ਸਾਚੀ ਭਗਤਿ ਸਦਾ ਸੁਖੁ ਹੋਇ ॥੨॥}

(ਅੰਗ - ੬੬੪)

{ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥ ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥}

(ਅੰਗ - ੬੬੪)

{ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥੩॥}

(ਅੰਗ - ੬੬੪)

{ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥ ਅਨਦਿਨੁ ਦਾਝਹਿ ਸਾਤਿ ਨ ਪਾਇ ॥}

(ਅੰਗ - ੬੬੪)

{ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥ ਨਾਨਕ ਨਾਮਿ ਸਾਂਤਿ ਸੁਖੁ ਪਾਏ ॥੪॥੨॥}

(ਅੰਗ - ੬੬੪)

{ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ ॥ ਅੰਤਰਿ ਪਰਗਾਸੁ ਹਰਿ ਨਾਮੁ ਧਿਆਵੈ ॥ ਰਹਾਉ ॥}

(ਅੰਗ - ੬੬੪)

{ਹਉਮੈ ਵਿਚਿ ਪ੍ਰਭੁ ਕੋਇ ਨ ਪਾਏ ॥ ਮੂਲਹੁ ਭੁਲਾ ਜਨਮੁ ਗਵਾਏ ॥੨॥}

(ਅੰਗ - ੬੬੪)

{ਗੁਰ ਤੇ ਸਾਤਿ ਸਹਜ ਸੁਖੁ ਬਾਣੀ ॥ ਸੇਵਾ ਸਾਚੀ ਨਾਮਿ ਸਮਾਣੀ ॥}

(ਅੰਗ - ੬੬੪)

{ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ ॥ ਸਾਚ ਨਾਮਿ ਵਡਿਆਈ ਪਾਏ ॥੩॥}

(ਅੰਗ - ੬੬੪)

{ਗੁਰਬਾਣੀ ਤੇ ਹਰਿ ਮੰਨਿ ਵਸਾਏ ॥ ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ ॥੪॥੩॥}

(ਅੰਗ - ੬੬੪)

{ਜਗੁ ਮੈਲਾ ਮੈਲੋ ਹੋਇ ਜਾਇ ॥ ਆਵੈ ਜਾਇ ਦੂਜੈ ਲੋਭਾਇ ॥}

(ਅੰਗ - ੬੬੪)

{ਦੂਜੈ ਭਾਇ ਸਭ ਪਰਜ ਵਿਗੋਈ ॥ ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ ॥੧॥}

(ਅੰਗ - ੬੬੪)

{ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥ ਅੰਤਰਿ ਨਾਮੁ ਵਸੈ ਪਤਿ ਊਤਮ ਹੋਇ ॥ ਰਹਾਉ ॥}

(ਅੰਗ - ੬੬੪)

{ਗੁਰਮੁਖਿ ਉਬਰੇ ਹਰਿ ਸਰਣਾਈ ॥ ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥}

(ਅੰਗ - ੬੬੪)

{ਸਾਚੀ ਰਾਸਿ ਸਾਚਾ ਵਾਪਾਰੁ ॥ ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥}

(ਅੰਗ - ੬੬੪)

{ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ ਗੁਰ ਕੈ ਸਬਦਿ ਆਪੁ ਪਛਾਣੁ ॥}

(ਅੰਗ - ੬੬੪)

{ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ ॥ ਊਤਮ ਬਾਣੀ ਸਬਦੁ ਸੁਣਾਏ ॥}

(ਅੰਗ - ੬੬੪)

{ਪ੍ਰਭ ਸਾਚੇ ਕੀ ਸਾਚੀ ਕਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੪॥}

(ਅੰਗ - ੬੬੪)

{ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ ਰਹਾਉ ॥}

(ਅੰਗ - ੬੬੫)

{ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ ॥ ਅੰਤਰਿ ਸਾਂਤਿ ਸਹਜਿ ਸੁਖੁ ਪਾਏ ॥}

(ਅੰਗ - ੬੬੫)

{ਗੁਰ ਕੈ ਭਾਣੈ ਚਲੈ ਤਾ ਆਪੁ ਜਾਇ ॥ ਸਾਚੁ ਮਹਲੁ ਪਾਏ ਹਰਿ ਗੁਣ ਗਾਇ ॥੨॥}

(ਅੰਗ - ੬੬੫)

{ਸਤਿਗੁਰੁ ਭੇਟੇ ਤਾ ਸੁਖੁ ਪਾਏ ॥ ਹਉਮੈ ਵਿਚਹੁ ਠਾਕਿ ਰਹਾਏ ॥੩॥}

(ਅੰਗ - ੬੬੫)

{ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥}

(ਅੰਗ - ੬੬੫)

{ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥}

(ਅੰਗ - ੬੬੫)

{ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੈ ਵਿਕਾਰ ॥੩॥}

(ਅੰਗ - ੬੬੫)

{ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥}

(ਅੰਗ - ੬੬੫)

{ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥}

(ਅੰਗ - ੬੬੫)

{ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥}

(ਅੰਗ - ੬੬੫)

{ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥}

(ਅੰਗ - ੬੬੫)

{ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥}

(ਅੰਗ - ੬੬੫)

{ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥}

(ਅੰਗ - ੬੬੫)

{ਗੁਰਮਤਿ ਸਾਚੀ ਸਾਚਾ ਵੀਚਾਰੁ ॥ ਆਪੇ ਬਖਸੇ ਦੇ ਵੀਚਾਰੁ ॥੧॥}

(ਅੰਗ - ੬੬੬)

{ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ ॥ ਕਲੀ ਕਾਲ ਵਿਚਿ ਗੁਰਮੁਖਿ ਪਾਏ ॥੧॥ ਰਹਾਉ ॥}

(ਅੰਗ - ੬੬੬)

{ਆਪੁ ਛੋਡਿ ਸਦਾ ਸੁਖੁ ਹੋਈ ॥ ਗੁਰਮਤਿ ਸਾਲਾਹੀ ਸਚੁ ਸੋਈ ॥੩॥}

(ਅੰਗ - ੬੬੬)

{ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥ ਅਹੰਕਾਰਿ ਡੂਬੈ ਨ ਪਾਵੈ ਮਾਨੁ ॥}

(ਅੰਗ - ੬੬੬)

{ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥
ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥੧॥ ਰਹਾਉ ॥}

(ਅੰਗ - ੬੬੬)

{ਭਨਤਿ ਨਾਨਕ ਭਰਮ ਪਟ ਖੁਲ੍ਹੇ ਗੁਰ ਪਰਸਾਦੀ ਜਾਨਿਆ ॥
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥੩॥੧॥੯॥}

(ਅੰਗ - ੬੬੬)

{ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ ॥
ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ ॥੨॥}

(ਅੰਗ - ੬੬੬)

{ਹਰਿ ਕੈ ਨਾਮਿ ਰਤਾ ਬੈਰਾਗੀ ॥
ਹਰਿ ਹਰਿ ਕਥਾ ਸੁਣੀ ਮਨਿ ਭਾਈ ਗੁਰਮਤਿ ਹਰਿ ਲਿਵ ਲਾਗੀ ॥੧॥ ਰਹਾਉ ॥}

(ਅੰਗ - ੬੬੭)

{ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ॥}

(ਅੰਗ - ੬੬੭)

{ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ ॥
ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲ੍ਹੀ ॥੨॥}

(ਅੰਗ - ੬੬੭)

{ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ ਲਗਿ ਸੰਗਤਿ ਸਾਧ ਜਨਾ ਕੀ ॥
ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ ॥੩॥}

(ਅੰਗ - ੬੬੮)

{ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮੁ ਧਿਆਈ ॥
ਹਰਿ ਦਰਗਹ ਭਾਵਹਿ ਫਿਰਿ ਜਨਮਿ ਨ ਆਵਹਿ ਹਰਿ ਹਰਿ ਹਰਿ ਜੋਤਿ ਸਮਾਈ ॥੧॥}

(ਅੰਗ - ੬੬੯)

{ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ ॥
ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ ਭਣੁ ਹਰਿ ਨਾਮੁ ਮੁਰਾਰੀ ॥੧॥}

(ਅੰਗ - ੬੬੯)

{ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥}

(ਅੰਗ - ੬੬੯)

{ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥
ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ ਅਵਰ ਸਭ ਤਿਆਗਿ ਓਹਾ ਹਰਿ ਭਾਨੀ ॥੨॥੫॥੧੧॥}

(ਅੰਗ - ੬੬੯)

{ਮੇਰਾ ਮਨੁ ਲਾਗਾ ਹੈ ਰਾਮ ਪਿਆਰੇ ॥
ਦੀਨ ਦਇਆਲਿ ਕਰੀ ਪ੍ਰਭਿ ਕਿਰਪਾ ਵਸਿ ਕੀਨੇ ਪੰਚ ਦੂਤਾਰੇ ॥੧॥ ਰਹਾਉ ॥}

(ਅੰਗ - ੬੭੦)

{ਸਾਧਸੰਗਿ ਚਿੰਤ ਬਿਰਾਨੀ ਛਾਡੀ ॥ ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ ॥੧॥ ਰਹਾਉ ॥}

(ਅੰਗ - ੬੭੦)

{ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥੨॥}

(ਅੰਗ - ੬੭੦)

{ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥੪॥੩॥}

(ਅੰਗ - ੬੭੦)

{ਅਬ ਮੋਹਿ ਰਾਮ ਜਸੋ ਮਨਿ ਗਾਇਓ ॥
ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥੧॥ ਰਹਾਉ ॥}

(ਅੰਗ - ੬੭੧)

{ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥ ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥੩॥}

(ਅੰਗ - ੬੭੧)

{ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥
ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥੪॥੪॥}

(ਅੰਗ - ੬੭੧)

{ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥
ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥}

(ਅੰਗ - ੬੭੧)

{ਓਇ ਜੁ ਬੀਚ ਹਮ ਤੁਮ ਕਛੂ ਹੋਤੇ ਤਿਨ ਕੀ ਬਾਤ ਬਿਲਾਨੀ ॥
ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥}

(ਅੰਗ - ੬੭੧)

{ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥
ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥੪॥੫॥}

(ਅੰਗ - ੬੭੧)

{ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥ ਰਹਾਉ ॥}

(ਅੰਗ - ੬੭੨)

{ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ ॥

ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ ॥੩॥}

(ਅੰਗ - ੬੭੨)

{ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤਸੰਗਿ ਰਹਿਓ ਓਲ੍ਹਾ ॥
ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ ॥੪॥੮॥}

(ਅੰਗ - ੬੭੨)

{ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥੨॥}

(ਅੰਗ - ੬੭੩)

{ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥
ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥੪॥੯॥}

(ਅੰਗ - ੬੭੩)

{ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ ॥
ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ ਨਾਨਕ ਤ੍ਰਿਪਤਿ ਅਘਾਈ ॥੪॥੧੦॥}

(ਅੰਗ - ੬੭੩)

{ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥
ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ ॥੧॥}

(ਅੰਗ - ੬੭੪)

{ਹੈ ਕੋਊ ਐਸੋ ਹਮਰਾ ਮੀਤੁ ॥ ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ ॥੧॥ ਰਹਾਉ ॥}

(ਅੰਗ - ੬੭੪)

{ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥
ਸਿਮਰਿ ਸਿਮਰਿ ਪੂਰਨ ਨਾਰਾਇਨ ਸੰਗੀ ਸਗਲੇ ਤਾਰਿਆ ॥੧॥}

(ਅੰਗ - ੬੭੪)

{ਹਾ ਹਾ ਪ੍ਰਭ ਰਾਖਿ ਲੇਹੁ ॥ ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ ਰਹਾਉ॥}

(ਅੰਗ - ੬੭੫)

{ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥੧॥}

(ਅੰਗ - ੬੭੫)

{ਮਨਿ ਬਾਸਨਾ ਰਚਿ ਬਿਖੈ ਬਿਆਧਿ ॥ ਪੰਚ ਦੂਤ ਸੰਗਿ ਮਹਾ ਅਸਾਧ ॥੩॥}

(ਅੰਗ - ੬੭੫)

{ਸਾਧੂ ਸੰਗਿ ਭਜਹੁ ਗੁਪਾਲ ॥ ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥}

(ਅੰਗ - ੬੭੫)

{ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥}

(ਅੰਗ - ੬੭੬)

{ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥੨॥}

(ਅੰਗ - ੬੭੬)

{ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੇ ॥੩॥}

(ਅੰਗ - ੬੭੬)

{ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥}

(ਅੰਗ - ੬੭੬)

{ਏਕੁ ਨਿਰੰਜਨੁ ਜਾ ਕੀ ਰਾਸਿ ॥ ਮਿਲਿ ਸਾਧਸੰਗਤਿ ਹੋਵਤ ਪਰਗਾਸ ॥੧॥}

(ਅੰਗ - ੬੭੭)

{ਸੇਈ ਭਗਤ ਜਿ ਸਾਚੇ ਭਾਣੇ ॥ ਜਮਕਾਲ ਤੇ ਭਏ ਨਿਕਾਣੇ ॥੩॥}

(ਅੰਗ - ੬੭੭)

{ਘਟਿ ਘਟਿ ਅੰਤਰਿ ਸਗਲ ਅਧਾਰੁ ॥ ਨਾਨਕੁ ਜਾਚੈ ਸੰਤ ਰੇਣਾਰੁ ॥੪॥੩॥੨੪॥}

(ਅੰਗ - ੬੭੭)

{ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥
ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥}

(ਅੰਗ - ੬੭੮)

{ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥
ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥}

(ਅੰਗ - ੬੭੮)

{ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥
ਜੀਵਨ ਦੇਵਾ ਪਾਰਬ੍ਰਹਮ ਸੇਵਾ ਇਹੁ ਉਪਦੇਸੁ ਮੋ ਕਉ ਗੁਰਿ ਦੀਨਾ ਜੀਉ ॥੧॥}

(ਅੰਗ - ੬੭੮)

{ਪਾਇਓ ਰੇ ਪਰਮ ਨਿਧਾਨੁ ਮਿਟਿਓ ਹੈ ਅਭਿਮਾਨੁ ਏਕੈ ਨਿਰੰਕਾਰ ਨਾਨਕ ਮਨੁ ਲਗਨਾ ॥੨॥੨॥੩੦॥}

(ਅੰਗ - ੬੭੮)

{ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥
ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ ॥ ਰਹਾਉ ॥}

(ਅੰਗ - ੬੭੯)

{ਗੁਰ ਕਾ ਬਚਨੁ ਬਸੈ ਜੀਅ ਨਾਲੇ ॥ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥}

(ਅੰਗ - ੬੭੯)

{ਆਨ ਤਿਆਗਿ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ ॥
ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿ ਗੁਨ ਗਾਏ ॥੨॥੩॥੩੪॥}

(ਅੰਗ - ੬੭੯)

{ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥}

(ਅੰਗ - ੬੮੦)

{ਜਤਨ ਕਰੈ ਮਾਨੁਖ ਭਹਕਾਵੈ ਓਹੁ ਅੰਤਰਜਾਮੀ ਜਾਨੈ ॥ ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥}
(ਅੰਗ - ੬੮੦)

{ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥}
(ਅੰਗ - ੬੮੦)

{ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥
ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥}
(ਅੰਗ - ੬੮੦)

{ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ ॥
ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ ॥੧॥}
(ਅੰਗ - ੬੮੦)

{ਜਨ ਕਉ ਨਾਮੁ ਵਡਾਈ ਸੋਭ ॥ ਨਾਮੋ ਗਤਿ ਨਾਮੋ ਪਤਿ ਜਨ ਕੀ ਮਾਨੈ ਜੋ ਜੋ ਹੋਗ ॥੧॥ ਰਹਾਉ ॥}
(ਅੰਗ - ੬੮੦)

{ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ ॥
ਨਾਮੁ ਬਿਉਹਾਰਾ ਨਾਨਕ ਆਧਾਰਾ ਨਾਮੁ ਪਰਾਪਤਿ ਲਾਹਾ ॥੨॥੬॥੩੭॥}
(ਅੰਗ - ੬੮੦)

{ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥
ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥੨॥੭॥੩੮॥}
(ਅੰਗ - ੬੮੦)

{ਮੀਤ ਸਾਜਨ ਸਰਬ ਗੁਣ ਨਾਇਕ ਸਦਾ ਸਲਾਮਤਿ ਦੇਵਾ ॥
ਈਤ ਊਤ ਜਤ ਕਤ ਤਤ ਤੁਮ ਹੀ ਮਿਲੈ ਨਾਨਕ ਸੰਤ ਸੇਵਾ ॥੨॥੮॥੩੯॥}
(ਅੰਗ - ੬੮੦)

{ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ ॥
ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ ॥੧॥}
(ਅੰਗ - ੬੮੦)

{ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ ॥
ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ ਨਮਸਕਾਰੇ ॥੨॥੯॥੪੦॥}
(ਅੰਗ - ੬੮੦)

{ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ ॥
ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥੧॥}
(ਅੰਗ - ੬੮੧)

{ਪਰ ਹਰਨਾ ਲੋਭੁ ਝੂਠ ਨਿੰਦ ਇਵ ਹੀ ਕਰਤ ਗੁਦਾਰੀ ॥
ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ ਇਹ ਟੇਕ ਮਨਹਿ ਸਾਧਾਰੀ ॥੧॥}
(ਅੰਗ - ੬੮੧)

{ਦੂਤ ਦੁਸਮਨ ਸਭਿ ਤੁਝ ਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ ॥
ਜੋ ਜੋ ਤੇਰੇ ਭਗਤ ਦੁਖਾਏ ਓਹੁ ਤਤਕਾਲ ਤੁਮ ਮਾਰਾ ॥੧॥}

(ਅੰਗ - ੬੮੧)

{ਹਰਿ ਜਨ ਰਾਖੇ ਗੁਰ ਗੋਵਿੰਦ ॥ ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥}

(ਅੰਗ - ੬੮੧)

{ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥
ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ ॥੨॥੧੬॥੪੭॥}

(ਅੰਗ - ੬੮੨)

{ਜਨ ਕੇ ਪੂਰਨ ਹੋਏ ਕਾਮ ॥ ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥੧॥ਰਹਾਉ ॥}

(ਅੰਗ - ੬੮੨)

{ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ ॥
ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ ॥੧॥}

(ਅੰਗ - ੬੮੨)

{ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ ਰਹਾਉ॥}

(ਅੰਗ - ੬੮੨)

{ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥
ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥੧॥}

(ਅੰਗ - ੬੮੩)

{ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ ॥
ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ ॥੧॥ ਰਹਾਉ ॥}

(ਅੰਗ - ੬੮੩)

{ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥੪॥}

(ਅੰਗ - ੬੮੩)

{ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥੫॥੧॥੫੫॥}

(ਅੰਗ - ੬੮੩)

{ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥ ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥}

(ਅੰਗ - ੬੮੩)

{ਜੀਵਨਾ ਹਰਿ ਜੀਵਨਾ ॥ ਜੀਵਨੁ ਹਰਿ ਜਪਿ ਸਾਧਸੰਗਿ ॥੧॥ ਰਹਾਉ ॥}

(ਅੰਗ - ੬੮੪)

{ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥ ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥ ਰਹਾਉ ॥}

(ਅੰਗ - ੬੮੪)

{ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ ॥ ਦਾਸ ਤੇਰੇ ਕੀ ਨਿਰਮਲ ਰੀਤਿ ॥੧॥ ਰਹਾਉ ॥}

(ਅੰਗ - ੬੮੪)

{ਜੀਅ ਪ੍ਰਾਨ ਮਨ ਧਨ ਤੇ ਪਿਆਰਾ ॥ ਹਉਮੈ ਬੰਧੁ ਹਰਿ ਦੇਵਣਹਾਰਾ ॥੧॥}

(ਅੰਗ - ੬੮੪)

{ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥}

(ਅੰਗ - ੬੮੪)

{ਤਿਹ ਜੋਗੀ ਕਉ ਜੁਗਤਿ ਨ ਜਾਨਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥੧॥ ਰਹਾਉ ॥}

(ਅੰਗ - ੬੮੫)

{ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥੨॥੩॥}

(ਅੰਗ - ੬੮੫)

{ਗੁਰਮਤਿ ਸੁਨਿ ਕਛੂ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥੨॥੪॥੯॥੯॥੧੩॥੫੮॥੪॥੯੩॥}

(ਅੰਗ - ੬੮੫)

{ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥}

(ਅੰਗ - ੬੮੫)

{ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥}

(ਅੰਗ - ੬੮੫)

{ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥}

(ਅੰਗ - ੬੮੫)

{ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥}

(ਅੰਗ - ੬੮੫)

{ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥}

(ਅੰਗ - ੬੮੬)

{ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥}

(ਅੰਗ - ੬੮੬)

{ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥}

(ਅੰਗ - ੬੮੩)

{ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥}

(ਅੰਗ - ੬੮੩)

{ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥ ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥}

(ਅੰਗ - ੬੮੬)

{ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥}

(ਅੰਗ - ੬੮੬)

{ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥੫॥}

(ਅੰਗ - ੬੮੬)

{ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥੬॥}

(ਅੰਗ - ੬੮੬)

{ਆਚਾਰਾ ਵੀਚਾਰੁ ਸਰੀਰਿ ॥ ਆਦਿ ਜੁਗਾਦਿ ਸਹਜਿ ਮਨੁ ਧੀਰਿ ॥}

(ਅੰਗ - ੬੮੬)

{ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥}

(ਅੰਗ - ੬੮੭)

{ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥
ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥}

(ਅੰਗ - ੬੮੭)

{ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ ॥
ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥}

(ਅੰਗ - ੬੮੭)

{ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥
ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥੮॥}

(ਅੰਗ - ੬੮੭)

{ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥੧॥ ਰਹਾਉ ਦੂਜਾ ॥੧॥੩॥}

(ਅੰਗ - ੬੮੭)

{ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥}

(ਅੰਗ - ੬੮੭)

{ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥}

(ਅੰਗ - ੬੮੭)

{ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥}

(ਅੰਗ - ੬੮੭)

{ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥}

(ਅੰਗ - ੬੮੭)

{ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥}

(ਅੰਗ - ੬੮੭)

{ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥}

(ਅੰਗ - ੬੮੭)

{ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥}

(ਅੰਗ - ੬੮੮)

{ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥}

(ਅੰਗ - ੬੮੮)

{ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥}

(ਅੰਗ - ੬੮੮)

{ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ ॥ ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ ॥}

(ਅੰਗ - ੬੮੮)

{ਗੁਰੁ ਭਰਮੁ ਚੁਕਾਏ ਅਕਥੁ ਕਹਾਏ ਸਚ ਮਹਿ ਸਾਚੁ ਸਮਾਣਾ ॥
ਆਪਿ ਉਪਾਏ ਆਪਿ ਸਮਾਏ ਹੁਕਮੀ ਹੁਕਮੁ ਪਛਾਣਾ ॥}

(ਅੰਗ - ੬੮੮)

{ਸਚੀ ਵਡਿਆਈ ਗੁਰ ਤੇ ਪਾਈ ਤੂ ਮਨਿ ਅੰਤਿ ਸਖਾਈ ॥
ਨਾਨਕ ਸਾਹਿਬੁ ਅਵਰੁ ਨ ਦੂਜਾ ਨਾਮਿ ਤੇਰੈ ਵਡਿਆਈ ॥੨॥}

(ਅੰਗ - ੬੮੮)

{ਦੁਇ ਰਾਹ ਚਲਾਏ ਹੁਕਮਿ ਸਬਾਏ ਜਨਮਿ ਮੁਆ ਸੰਸਾਰਾ ॥
ਨਾਮ ਬਿਨਾ ਨਾਹੀ ਕੋ ਬੇਲੀ ਬਿਖੁ ਲਾਦੀ ਸਿਰਿ ਭਾਰਾ ॥}

(ਅੰਗ - ੬੮੮)

{ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ ॥
ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਣਹਾਰਾ ॥੩॥}

(ਅੰਗ - ੬੮੮)

{ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ॥ ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ॥}

(ਅੰਗ - ੬੮੮)

{ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ॥
ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ ॥੪॥}

(ਅੰਗ - ੬੮੮)

{ਸਚੁ ਨਾਮੁ ਧਿਆਈ ਸਾਚੁ ਚਵਾਈ ਗੁਰਮੁਖਿ ਸਾਚੁ ਪਛਾਣਾ ॥
ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ ॥}

(ਅੰਗ - ੬੮੮)

{ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ ॥
ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥੫॥੨॥}

(ਅੰਗ - ੬੮੮)

{ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥}

(ਅੰਗ - ੬੮੯)

{ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥}

(ਅੰਗ - ੬੮੯)

{ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥
ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥}

(ਅੰਗ - ੬੮੯)

{ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥
ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥}

(ਅੰਗ - ੬੮੯)

{ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥
ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥}

(ਅੰਗ - ੬੮੯)

{ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥}

(ਅੰਗ - ੬੮੯)

{ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥
ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥}

(ਅੰਗ - ੬੮੯)

{ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥}

(ਅੰਗ - ੬੮੯)

{ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥
ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥}

(ਅੰਗ - ੬੮੯)

{ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥ ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ॥}

(ਅੰਗ - ੬੯੦)

{ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥
ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥}

(ਅੰਗ - ੬੯੦)

{ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ ॥ ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ॥੧॥}

(ਅੰਗ - ੬੯੦)

{ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ ॥

ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥}

(ਅੰਗ - ੬੯੦)

{ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥ ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥੨॥}

(ਅੰਗ - ੬੯੦)

{ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥
ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ ॥}

(ਅੰਗ - ੬੯੦)

{ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥
ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥}

(ਅੰਗ - ੬੯੦)

{ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥
ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥}

(ਅੰਗ - ੬੯੦)

{ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥
ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥}

(ਅੰਗ - ੬੯੦)

{ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥
ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥੧॥}

(ਅੰਗ - ੬੯੦)

{ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥
ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ ॥}

(ਅੰਗ - ੬੯੧)

{ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ ॥
ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿ ਗੁਣ ਗਾਵੀਐ ॥੧॥}

(ਅੰਗ - ੬੯੧)

{ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ ॥
ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ ॥੨॥}

(ਅੰਗ - ੬੯੧)

{ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ ॥
ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ ॥}

(ਅੰਗ - ੬੯੧)

{ਸਦ ਸਦਾ ਸਿੰਮ੍ਰਤਬ੍ਰ ਸੁਆਮੀ ਸਾਸਿ ਸਾਸਿ ਗੁਣ ਬੋਲਣੀ ॥

ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ ॥੪॥੧॥}

(ਅੰਗ - ੬੯੧)

{ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥}

(ਅੰਗ - ੬੯੧)

{ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੁ ਨ ਬੂਝੈ ॥
ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥੨॥}

(ਅੰਗ - ੬੯੨)

{ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥੩॥੨॥}

(ਅੰਗ - ੬੯੧)

{ਕਹਤ ਕਬੀਰ ਅਵਰ ਨਹੀ ਕਾਮਾ ॥ ਹਮਰੈ ਮਨ ਧਨ ਰਾਮ ਕੋ ਨਾਮਾ ॥੪॥੪॥}

(ਅੰਗ - ੬੯੨)

{ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ ॥ ਇਨ੍ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ ॥੧॥}

(ਅੰਗ - ੬੯੨)

{ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ ॥ ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ ॥੩॥}

(ਅੰਗ - ੬੯੨)

{ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ ॥ ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ ॥੪॥੫॥}

(ਅੰਗ - ੬੯੨)

{ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ ॥
ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ ॥੧॥}

(ਅੰਗ - ੬੯੩)

{ਪਾਛੈ ਬਹੁਰਿ ਨ ਆਵਨੁ ਪਾਵਉ ॥ ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥੧॥ ਰਹਾਉ ॥}

(ਅੰਗ - ੬੯੩)

{ਬਜਰ ਕੁਠਾਰੁ ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ ॥
ਸੰਤਨ ਕੇ ਹਮ ਉਲਟੇ ਸੇਵਕ ਭਗਤਨ ਤੇ ਡਰਪਾਵਉ ॥੨॥}

(ਅੰਗ - ੬੯੩)

{ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ ॥
ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ ॥੩॥}

(ਅੰਗ - ੬੯੩)

{ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥
ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥}

(ਅੰਗ - ੬੯੩)

{ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥ ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥}

(ਅੰਗ - ੬੯੪)

{ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥}

(ਅੰਗ - ੬੯੪)

{ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥}

(ਅੰਗ - ੬੯੪)

{ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀ ਨਿਰੰਜਨੁ ਕਮਲਾ ਪਾਤੀ ॥੨॥}

(ਅੰਗ - ੬੯੫)

{ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥}

(ਅੰਗ - ੬੯੫)

{ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥}

(ਅੰਗ - ੬੯੬)

{ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥}

(ਅੰਗ - ੬੯੬)

{ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥੪॥੧॥}

(ਅੰਗ - ੬੯੬)

{ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥}

(ਅੰਗ - ੬੯੬)

{ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ ਤੇਰੇ ਮੂਰਖ ਮੁਗਧ ਇਆਨਾ ॥
ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ ਕਰਿ ਲੀਜੈ ਮੁਗਧੁ ਸਿਆਨਾ ॥੧॥}

(ਅੰਗ - ੬੯੭)

{ਮੇਰਾ ਮਨੁ ਆਲਸੀਆ ਉਘਲਾਨਾ ॥
ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ ਮਿਲਿ ਸਾਧੂ ਕਪਟ ਖੁਲਾਨਾ ॥ ਰਹਾਉ ॥}

(ਅੰਗ - ੬੯੭)

{ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ ਪਰਾਨਾ ॥
ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ ਅਮਲੀ ਅਮਲਿ ਲੁਭਾਨਾ ॥੨॥}

(ਅੰਗ - ੬੯੭)

{ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥
ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥੧॥}

(ਅੰਗ - ੬੯੭)

{ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥}

(ਅੰਗ - ੬੯੭)

{ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥
ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ ਹਰਿ ਨਿਰਮਲ ਨਿਰਮਲ ਗੁਨ ਗਾਇਬਾ ॥੨॥}

(ਅੰਗ - ੬੯੭)

{ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ ਪਾਇਬਾ ॥
ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ ਸਭੁ ਬਿਰਥਾ ਜਨਮੁ ਤਿਨ ਜਾਇਬਾ ॥੩॥}

(ਅੰਗ - ੬੯੭)

{ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ ਲਗਾਇਬਾ ॥
ਜਨੁ ਨਾਨਕੁ ਰੇਣ ਸਾਧ ਪਗ ਮਾਗੈ ਹਰਿ ਹੋਇ ਦਇਆਲੁ ਦਿਵਾਇਬਾ ॥੪॥੪॥}

(ਅੰਗ - ੬੯੭)

{ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥
ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥}

(ਅੰਗ - ੬੯੭)

{ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥}

(ਅੰਗ - ੬੯੭)

{ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥
ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥੩॥}

(ਅੰਗ - ੬੯੭)

{ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥
ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥}

(ਅੰਗ - ੬੯੭)

{ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥
ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥}

(ਅੰਗ - ੬੯੮)

{ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥
ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥੨॥}

(ਅੰਗ - ੬੯੮)

{ਹਰਿ ਗੁਣ ਗਾਵਹੁ ਮੀਤ ਹਮਾਰੇ ॥ ਹਰਿ ਹਰਿ ਨਾਮੁ ਰਖਹੁ ਉਰ ਧਾਰੇ ॥}

(ਅੰਗ - ੬੯੮)

{ਹਰਿ ਹਰਿ ਨਾਮੁ ਸਦਾ ਸੁਖਦਾਤਾ ॥ ਹਰਿ ਕੈ ਰੰਗਿ ਮੇਰਾ ਮਨੁ ਰਾਤਾ ॥
ਹਰਿ ਹਰਿ ਮਹਾ ਪੁਰਖੁ ਗੁਰੁ ਮੇਲਹੁ ਗੁਰ ਨਾਨਕ ਨਾਮਿ ਸੁਖੁ ਹੋਈ ਰਾਮ ॥੪॥੧॥੭॥}

(ਅੰਗ - ੬੯੮)

{ਹਰਿ ਹਰਿ ਗੁਣ ਗੋਵਿੰਦ ਜਪਾਹਾ ॥ ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥}

(ਅੰਗ - ੬੯੯)

{ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ ॥੨॥}

(ਅੰਗ - ੬੯੯)

{ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ ਕਿਲਵਿਖ ਮੈਲੁ ਪਾਪ ਧੋਵਾਹਾ ॥}

(ਅੰਗ - ੬੯੯)

{ਦੀਨ ਦਇਆਲ ਹੋਹੁ ਜਨ ਊਪਰਿ ਦੇਹੁ ਨਾਨਕ ਨਾਮੁ ਓਮਾਹਾ ਰਾਮ ॥੪॥੫॥੧੧॥}

(ਅੰਗ - ੬੯੯)

{ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥
ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥੧॥ ਰਹਾਉ ॥}

(ਅੰਗ - ੭੦੦)

{ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥
ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥੨॥}

(ਅੰਗ - ੭੦੦)

{ਸੁਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ ॥
ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥}

(ਅੰਗ - ੭੦੦)

{ਬਾਨਿ ਬਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ ॥
ਸੰਤਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥੪॥}

(ਅੰਗ - ੭੦੦)

{ਅਬ ਮੈ ਸੁਖੁ ਪਾਇਓ ਗੁਰ ਆਗ੍ਰਿ ॥ ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗ੍ਰਿ ॥੧॥ਰਹਾਉ॥}

(ਅੰਗ - ੭੦੧)

{ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥}

(ਅੰਗ - ੭੦੧)

{ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥
ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥}

(ਅੰਗ - ੭੦੧)

{ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥}

(ਅੰਗ - ੭੦੧)

{ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥
ਏਕੈ ਰੰਗਿ ਤਤ ਕੇ ਬੇਤੇ ਸਤਿਗੁਰ ਤੇ ਬੁਧਿ ਪਾਈ ॥੧॥}

(ਅੰਗ - ੭੦੧)

{ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥ ਅਗਿਆਨ ਮੋਹ ਮਗਨ ਮਹਾ ਪ੍ਰਾਨੀ ਅੰਧਿਆਰੇ ਮਹਿ ਦੀਪ ॥੧॥ ਰਹਾਉ ॥}

(ਅੰਗ - ੭੦੧)

{ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥
ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥}

(ਅੰਗ - ੭੦੧)

{ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀ ਮਨ ਮਹਿ ਧਰਣੀ ॥
ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ ॥੨॥੮॥੧੨॥}

(ਅੰਗ - ੭੦੨)

{ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ ॥
ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ ॥੨॥੯॥੧੩॥}

(ਅੰਗ - ੭੦੨)

{ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥}

(ਅੰਗ - ੭੦੨)

{ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥੧॥}

(ਅੰਗ - ੭੦੨)

{ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥
ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥}

(ਅੰਗ - ੭੦੩)

{ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥
ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥੩॥੨॥}

(ਅੰਗ - ੭੦੩)

{ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥
ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥੧॥}

(ਅੰਗ - ੭੦੩)

{ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ ॥

ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ॥੩॥}

(ਅੰਗ - ੭੦੩)

{ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥ ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ ॥}

(ਅੰਗ - ੭੦੪)

{ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ ॥
ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ ॥੧॥}

(ਅੰਗ - ੭੦੪)

{ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥}

(ਅੰਗ - ੭੦੪)

{ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥੨॥}

(ਅੰਗ - ੭੦੪)

{ਭਜੁ ਸਰਣਿ ਸੁਆਮੀ ਸੁਖਹ ਗਾਮੀ ਤਿਸੁ ਬਿਨਾ ਅਨ ਨਾਹਿ ਕੋਇ ॥
ਬਿਨਵੰਤਿ ਨਾਨਕ ਦਇਆ ਧਾਰਹੁ ਤਿਸੁ ਪਰਾਪਤਿ ਨਾਮੁ ਹੋਇ ॥੩॥}

(ਅੰਗ - ੭੦੪)

{ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ ॥ ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ ॥}

(ਅੰਗ - ੭੦੫)

{ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ ॥
ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ ॥}

(ਅੰਗ - ੭੦੫)

{ਪਾਧਾਨੂ ਸੰਸਾਰੁ ਗਾਰਬਿ ਅਟਿਆ ॥ ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥}

(ਅੰਗ - ੭੦੫)

{ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥ ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ॥}

(ਅੰਗ - ੭੦੫)

{ਮਿਲਿ ਸਾਧਸੰਗੇ ਭਜੇ ਸ੍ਰੀਧਰ ਕਰਿ ਅੰਗੁ ਪ੍ਰਭ ਜੀ ਤਾਰਿਆ ॥
ਹਰਿ ਮਾਨਿ ਲੀਏ ਨਾਮ ਦੀਏ ਅਵਰੁ ਕਛੁ ਨ ਬੀਚਾਰਿਆ ॥}

(ਅੰਗ - ੭੦੫)

{ਗੁਣ ਨਿਧਾਨ ਅਪਾਰ ਠਾਕੁਰ ਮਨਿ ਲੋੜੀਦਾ ਪਾਇਆ ॥
ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ ॥੪॥੨॥੩॥}

(ਅੰਗ - ੭੦੫)

{ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥੧॥}

(ਅੰਗ - ੭੦੫)

{ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥ ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥੨॥}
(ਅੰਗ - ੭੦੫)

{ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ ॥
ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥ ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥੪॥}
(ਅੰਗ - ੭੦੬)

{ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ ॥ ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ ॥}
(ਅੰਗ - ੭੦੭)

{ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ ॥ ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ ॥
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ ॥੫॥}
(ਅੰਗ - ੭੦੭)

{ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ ॥
ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ ॥੧॥}
(ਅੰਗ - ੭੦੭)

{ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥ ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥}
(ਅੰਗ - ੭੦੭)

{ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥ ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥੨॥}
(ਅੰਗ - ੭੦੭)

{ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ ਰੰਜੀਐ ॥ ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥}
(ਅੰਗ - ੭੦੮)

{ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ ॥ ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥
ਜੀਉ ਪ੍ਰਾਣ ਤਨੁ ਮਨੁ ਪ੍ਰਭੂ ਬਿਨਸੇ ਸਭਿ ਝੂਠਾ ॥੧੧॥}
(ਅੰਗ - ੭੦੮)

{ਛਡਿਓ ਹਭੁ ਆਪੁ ਲਗੜੋ ਚਰਣਾ ਪਾਸਿ ॥ ਨਠੜੋ ਦੁਖ ਤਾਪੁ ਨਾਨਕ ਪ੍ਰਭੁ ਪੇਖੰਦਿਆ ॥੨॥}
(ਅੰਗ - ੭੦੯)

{ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ ਅਪ ਦਸੇ ॥ ਗੁਣ ਗਾਏ ਬੇਅੰਤ ਰਸਨਾ ਹਰਿ ਜਸੇ ॥੧੯॥}
(ਅੰਗ - ੭੧੦)

{ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥ ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥}
(ਅੰਗ - ੭੧੦)

{ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥ ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥
ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥੧੮॥}
(ਅੰਗ - ੭੧੦)

{ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ ॥
ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥੧॥}

(ਅੰਗ - ੭੧੦)

{ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥ ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ॥੨॥}

(ਅੰਗ - ੭੧੦)

{ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ ॥ ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ ॥੨੦॥੧॥}

(ਅੰਗ - ੭੧੦)

{ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥}

(ਅੰਗ - ੭੧੦)

{ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥}

(ਅੰਗ - ੭੧੦)

{ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥}

(ਅੰਗ - ੭੧੦)

{ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥੩॥}

(ਅੰਗ - ੭੧੧)

{ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥}

(ਅੰਗ - ੭੧੧)

{ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥
ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥੨॥੨॥}

(ਅੰਗ - ੭੧੧)

{ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥
ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥੪॥}

(ਅੰਗ - ੭੧੨)

{ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ ॥
ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ ॥੩॥}

(ਅੰਗ - ੭੧੨)

{ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ ॥
ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ ॥੩॥}

(ਅੰਗ - ੭੧੨)

{ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ ਤਿਸੁ ਹਿਰਦੈ ਨਾਮੁ ਵਸਾਇਆ ॥

ਸਾਧਸੰਗਤਿ ਕੈ ਪਾਛੈ ਪਰਿਅਉ ਜਨ ਨਾਨਕ ਹਰਿ ਰਸੁ ਪਾਇਆ ॥੪॥੨॥੪॥}

(ਅੰਗ - ੭੧੨)

{ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥ ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ॥ ਰਹਾਉ ॥}

(ਅੰਗ - ੭੧੨)

{ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥
ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ ॥੨॥}

(ਅੰਗ - ੭੧੨)

{ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥
ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥੪॥੩॥੫॥}

(ਅੰਗ - ੭੧੨)

{ਮਾਗਉ ਦਾਨੁ ਠਾਕੁਰ ਨਾਮ ॥ ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥੧॥ ਰਹਾਉ ॥}

(ਅੰਗ - ੭੧੩)

{ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥
ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥੨॥੧॥੬॥}

(ਅੰਗ - ੭੧੩)

{ਬਿਖੈ ਬਿਲਾਸ ਕਹੀਅਤ ਬਹੁਤੇਰੇ ਚਲਤ ਨ ਕਛੂ ਸੰਗਾਰੈ ॥
ਇਸਟੁ ਮੀਤੁ ਨਾਮੁ ਨਾਨਕ ਕੋ ਹਰਿ ਨਾਮੁ ਮੇਰੈ ਭੰਡਾਰੈ ॥੨॥੨॥੭॥}

(ਅੰਗ - ੭੧੩)

{ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ ॥
ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ ॥੧॥}

(ਅੰਗ - ੭੧੩)

{ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥}

(ਅੰਗ - ੭੧੩)

{ਰਸਨਾ ਗੁਣ ਗੋਪਾਲ ਨਿਧਿ ਗਾਇਣ ॥
ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥੧॥ ਰਹਾਉ ॥}

(ਅੰਗ - ੭੧੩)

{ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥
ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥੧॥}

(ਅੰਗ - ੭੧੩)

{ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥੨॥੫॥੧੦॥}

(ਅੰਗ - ੭੧੩)

{ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥

ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ ॥}

(ਅੰਗ - ੭੧੪)

{ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਬਾਟਿਓ ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥}

(ਅੰਗ - ੭੧੪)

{ਕਿਰਪਨ ਤਨ ਮਨ ਕਿਲਵਿਖ ਭਰੇ ॥
ਸਾਧਸੰਗਿ ਭਜਨੁ ਕਰਿ ਸੁਆਮੀ ਢਾਕਨ ਕਉ ਇਕੁ ਹਰੇ ॥੧॥ ਰਹਾਉ ॥}

(ਅੰਗ - ੭੧੪)

{ਹਰਿ ਕੇ ਚਰਨ ਕਮਲ ਮਨਿ ਧਿਆਉ ॥
ਕਾਢਿ ਕੁਠਾਰੁ ਪਿਤ ਬਾਤ ਹੰਤਾ ਅਉਖਧੁ ਹਰਿ ਕੋ ਨਾਉ ॥੧॥ ਰਹਾਉ ॥}

(ਅੰਗ - ੭੧੪)

{ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ ॥
ਸਾਧਸੰਗਿ ਪਰਮ ਗਤਿ ਪਾਈਐ ਮਾਇਆ ਰਚਿ ਬੰਧਿ ਹਾਰੇ ॥੧॥}

(ਅੰਗ - ੭੧੪)

{ਨਾਮੁ ਸੰਗੀ ਸੋ ਮਨਿ ਨ ਬਸਾਇਓ ॥ ਛੋਡਿ ਜਾਹਿ ਵਾਹੂ ਚਿਤੁ ਲਾਇਓ ॥੨॥}

(ਅੰਗ - ੭੧੫)

{ਸੋ ਸੰਚਿਓ ਜਿਤੁ ਭੂਖ ਤਿਸਾਇਓ ॥ ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ ॥੩॥}

(ਅੰਗ - ੭੧੫)

{ਕਾਮ ਕ੍ਰੋਧਿ ਮੋਹ ਕੂਪਿ ਪਰਿਆ ॥ ਗੁਰ ਪ੍ਰਸਾਦਿ ਨਾਨਕ ਕੋ ਤਰਿਆ ॥੪॥੧॥੧੬॥}

(ਅੰਗ - ੭੧੫)

{ਵਡੈ ਭਾਗਿ ਗੁਰੁ ਅਪੁਨਾ ਪਾਇਓ ॥ ਗੁਰਿ ਮੋ ਕਉ ਹਰਿ ਨਾਮੁ ਦ੍ਰਿੜਾਇਓ ॥੧॥}

(ਅੰਗ - ੭੧੫)

{ਆਚਾਰ ਬਿਉਹਾਰ ਜਾਤਿ ਹਰਿ ਗੁਨੀਆ ॥ ਮਹਾ ਅਨੰਦ ਕੀਰਤਨ ਹਰਿ ਸੁਨੀਆ ॥੩॥}

(ਅੰਗ - ੭੧੫)

{ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ ॥
ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥}

(ਅੰਗ - ੭੧੫)

{ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥ ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥}

(ਅੰਗ - ੭੧੬)

{ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥
ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥}

(ਅੰਗ - ੭੧੬)

{ਮਾਈ ਮੇਰੇ ਮਨ ਕੀ ਪ੍ਰੀਤਿ ॥ ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ ॥ ਰਹਾਉ ॥}
(ਅੰਗ - ੭੧੬)

{ਪ੍ਰਾਨ ਅਧਾਰ ਜੀਵਨ ਧਨ ਮੋਰੈ ਦੇਖਨ ਕਉ ਦਰਸਨ ਪ੍ਰਭ ਨੀਤਿ ॥
ਬਾਟ ਘਾਟ ਤੋਸਾ ਸੰਗਿ ਮੋਰੈ ਮਨ ਅਪੁਨੇ ਕਉ ਮੈ ਹਰਿ ਸਖਾ ਕੀਤ ॥੧॥}
(ਅੰਗ - ੭੧੬)

{ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ ਅੰਤਰਜਾਮੀ ਸੁਘੜ ਸੁਜਾਨ ॥
ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ ॥੧॥}
(ਅੰਗ - ੭੧੬)

{ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ ॥
ਸੁਖ ਸੰਪਤਿ ਭੋਗ ਇਸੁ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ ॥੨॥੪॥੨੩॥}
(ਅੰਗ - ੭੧੬)

{ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ ॥
ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥}
(ਅੰਗ - ੭੧੬)

{ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥}
(ਅੰਗ - ੭੧੭)

{ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥}
(ਅੰਗ - ੭੧੭)

{ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥
ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥}
(ਅੰਗ - ੭੧੭)

{ਮਾਈ ਚਰਨ ਗੁਰ ਮੀਠੇ ॥ ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ॥ ਰਹਾਉ ॥}
(ਅੰਗ - ੭੧੭)

{ਗੁਨ ਗਾਵਤ ਅਚੁਤ ਅਬਿਨਾਸੀ ਕਾਮ ਕ੍ਰੋਧ ਬਿਨਸੇ ਮਦ ਢੀਠੇ ॥
ਅਸਥਿਰ ਭਏ ਸਾਚ ਰੰਗਿ ਰਾਤੇ ਜਨਮ ਮਰਨ ਬਾਹੁਰਿ ਨਹੀ ਪੀਠੇ ॥੧॥}
(ਅੰਗ - ੭੧੭)

{ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਅਨੰਦ ਰਾਜ ਸੁਖ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥੧॥ ਰਹਾਉ ॥}
(ਅੰਗ - ੭੧੭)

{ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ ॥
ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ ॥੧॥}
(ਅੰਗ - ੭੧੮)

{ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥ ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥੨॥}

(ਅੰਗ - ੭੧੮)

{ਸੁਨਿ ਮਨ ਅਕਥ ਕਥਾ ਹਰਿ ਨਾਮ ॥
ਰਿਧਿ ਬੁਧਿ ਸਿਧਿ ਸੁਖ ਪਾਵਹਿ ਭਜੁ ਗੁਰਮਤਿ ਹਰਿ ਰਾਮ ਰਾਮ ॥੧॥ ਰਹਾਉ ॥}
(ਅੰਗ - ੭੧੯)

{ਮਨ ਮਿਲਿ ਸੰਤ ਜਨਾ ਜਸੁ ਗਾਇਓ ॥
ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ ॥੧॥ ਰਹਾਉ ॥}
(ਅੰਗ - ੭੧੯)

{ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ ॥
ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ ॥੨॥੨॥}
(ਅੰਗ - ੭੧੯)

{ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ ॥
ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥੨॥੩॥}
(ਅੰਗ - ੭੧੯)

{ਜਪਿ ਮਨ ਰਾਮ ਨਾਮੁ ਨਿਸਤਾਰਾ ॥
ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ ॥੧॥ ਰਹਾਉ ॥}
(ਅੰਗ - ੭੨੦)

{ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥
ਹਰਿ ਨਿਕਟਿ ਬਸਤ ਕਛੂ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ ॥੧॥}
(ਅੰਗ - ੭੨੦)

{ਜਾ ਕੈ ਹਿਰਦੈ ਬਸਿਆ ਮੇਰਾ ਹਰਿ ਹਰਿ ਤਿਸੁ ਜਨ ਕਉ ਕਰਹੁ ਨਮਸਕਾਰਾ ॥
ਹਰਿ ਕਿਰਪਾ ਤੇ ਪਾਈਐ ਹਰਿ ਜਪੁ ਨਾਨਕ ਨਾਮੁ ਅਧਾਰਾ ॥੨॥੫॥}
(ਅੰਗ - ੭੨੦)

{ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥ ਕੋਟਿ ਜਨਮ ਕੇ ਦੂਖ ਗਵਾਇਓ ॥੧॥ ਰਹਾਉ ॥}
(ਅੰਗ - ੭੨੦)

{ਜੋ ਚਾਹਤ ਸੋਈ ਮਨਿ ਪਾਇਓ ॥ ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥}
(ਅੰਗ - ੭੨੦)

{ਸਰਬ ਸੂਖ ਹਰਿ ਨਾਮਿ ਵਡਾਈ ॥ ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥੧॥੭॥}
(ਅੰਗ - ੭੨੦)

{ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥}
(ਅੰਗ - ੭੨੧)

{ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥}
(ਅੰਗ - ੭੨੧)

{ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥}

(ਅੰਗ - ੭੨੧)

{ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥}

(ਅੰਗ - ੭੨੧)

{ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥}

(ਅੰਗ - ੭੨੧)

{ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥}

(ਅੰਗ - ੭੨੧)

{ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥}

(ਅੰਗ - ੭੨੧)

{ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥}

(ਅੰਗ - ੭੨੨)

{ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥}

(ਅੰਗ - ੭੨੨)

{ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥}

(ਅੰਗ - ੭੨੨)

{ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥}

(ਅੰਗ - ੭੨੨)

{ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥}

(ਅੰਗ - ੭੨੨)

{ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥}

(ਅੰਗ - ੭੨੨)

{ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥}

(ਅੰਗ - ੭੨੨)

{ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ ॥
ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ ॥੧॥}

(ਅੰਗ - ੭੨੩)

{ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ ॥ ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ ॥ ਰਹਾਉ॥}

(ਅੰਗ - ੭੨੩)

{ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥
ਤਿਸੁ ਨਾਨਕ ਲਏ ਛਡਾਇ ਜਿਸੁ ਕਿਰਪਾ ਕਰਿ ਹਿਰਦੈ ਵਸੈ ॥੨॥੨॥}

(ਅੰਗ - ੭੨੩)

{ਬੰਦੇ ਚਸਮ ਦੀਦੰ ਫਨਾਇ ॥ ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ ॥ ਰਹਾਉ ॥}

(ਅੰਗ - ੭੨੩)

{ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥ ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥੨॥}

(ਅੰਗ - ੭੨੩)

{ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥ ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥੪॥੧॥}

(ਅੰਗ - ੭੨੩)

{ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥}

(ਅੰਗ - ੭੨੩)

{ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥}

(ਅੰਗ - ੭੨੩)

{ਸਿਮਰਿ ਸਿਮਰਿ ਸਿਮਰਿ ਜਨ ਸੋਇ ॥ ਨਾਨਕ ਕਰਮਿ ਪਰਾਪਤਿ ਹੋਇ ॥੩॥}

(ਅੰਗ - ੭੨੩)

{ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥
ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥}

(ਅੰਗ - ੭੨੪)

{ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ ॥ ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥੩॥}

(ਅੰਗ - ੭੨੪)

{ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ॥ ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ॥੪॥੪॥}

(ਅੰਗ - ੭੨੪)

{ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ॥ ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥੨॥੫॥}

(ਅੰਗ - ੭੨੪)

{ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥੬॥}

(ਅੰਗ - ੭੨੫)

{ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥ ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੯॥}

(ਅੰਗ - ੭੨੫)

{ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥ ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥੧੦॥੧॥}

(ਅੰਗ - ੭੨੫)

{ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥}

(ਅੰਗ - ੭੨੫)

{ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥
ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥੩॥}

(ਅੰਗ - ੭੨੫)

{ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥ ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥੧੬॥}

(ਅੰਗ - ੭੨੫)

{ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥}

(ਅੰਗ - ੭੨੫)

{ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ॥ ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ॥੧੯॥}

(ਅੰਗ - ੭੨੫)

{ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥}

(ਅੰਗ - ੭੨੫)

{ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥ ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥}

(ਅੰਗ - ੭੨੬)

{ਜਾਨਿ ਬੂਝਿ ਕੈ ਬਾਵਰੇ ਤੈ ਕਾਜੁ ਬਿਗਾਰਿਓ ॥ ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥੨॥}

(ਅੰਗ - ੭੨੭)

{ਜਿਹ ਬਿਧਿ ਗੁਰਿ ਉਪਦੇਸਿਆ ਸੋ ਸੁਨੁ ਰੇ ਭਾਈ ॥ ਨਾਨਕੁ ਕਹਤੁ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥੩॥੩॥}

(ਅੰਗ - ੭੨੭)

{ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥}

(ਅੰਗ - ੭੨੭)

{ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥੧॥ ਰਹਾਉ ॥}

(ਅੰਗ - ੭੨੭)

{ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥
ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥੨॥}

(ਅੰਗ - ੭੨੭)

{ਅਸਮਾਨ ਮੈ੍ਹਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥
ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥੩॥}

(ਅੰਗ - ੭੨੭)

{ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥ ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥}

(ਅੰਗ - ੭੨੭)

{ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥ ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥੨॥}

(ਅੰਗ - ੭੨੭)

{ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥ ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥੩॥੧॥੨॥}

(ਅੰਗ - ੭੨੭)

{ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥ ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥
ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥੧॥ ਰਹਾਉ ॥}

(ਅੰਗ - ੭੨੭)

{ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਨੁ ਹੋਇ ਨਿਰਾਸ ਜਮਾਵਹੁ ॥੧॥}

(ਅੰਗ - ੭੨੮)

{ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥}

(ਅੰਗ - ੭੨੮)

{ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥}

(ਅੰਗ - ੭੨੮)

{ਅੰਤਰਿ ਵਸੈ ਨ ਬਾਹਰਿ ਜਾਇ ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥੧॥}

(ਅੰਗ - ੭੨੮)

{ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥੧॥ ਰਹਾਉ ॥}

(ਅੰਗ - ੭੨੮)

{ਸੇਵਾ ਕਰੇ ਸੁ ਚਾਕਰੁ ਹੋਇ ॥ ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥੨॥}

(ਅੰਗ - ੭੨੮)

{ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੪॥੧॥੩॥}

(ਅੰਗ - ੭੨੯)

{ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥}

(ਅੰਗ - ੭੨੯)

{ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥}

(ਅੰਗ - ੭੨੯)

{ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥}

(ਅੰਗ - ੭੨੯)

{ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥
ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥੧॥}

(ਅੰਗ - ੭੨੯)

{ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥ ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥
ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥੨॥}

(ਅੰਗ - ੭੨੯)

{ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ ॥ ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ ॥
ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ ॥੪॥੩॥੫॥}

(ਅੰਗ - ੭੨੯)

{ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥}

(ਅੰਗ - ੭੩੦)

{ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥}

(ਅੰਗ - ੭੩੦)

{ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥ ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥}

(ਅੰਗ - ੭੩੦)

{ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥}

(ਅੰਗ - ੭੩੦)

{ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥
ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥}

(ਅੰਗ - ੭੩੦)

{ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥}

(ਅੰਗ - ੭੩੦)

{ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥}

(ਅੰਗ - ੭੩੦)

{ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥}

(ਅੰਗ - ੭੩੦)

{ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥}

(ਅੰਗ - ੭੩੦)

{ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥}

(ਅੰਗ - ੭੩੧)

{ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ ॥
ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੇ ॥੧॥}

(ਅੰਗ - ੭੩੧)

{ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ ॥
ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ ॥੧॥ ਰਹਾਉ ॥}

(ਅੰਗ - ੭੩੧)

{ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ ॥
ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ ॥੩॥}

(ਅੰਗ - ੭੩੧)

{ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥੪॥੧॥}

(ਅੰਗ - ੭੩੧)

{ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ ॥
ਭਉ ਜਨਮ ਮਰਣਾ ਮੇਟਿਓ ਗੁਰ ਸਬਦੀ ਹਰਿ ਅਸਥਿਰੁ ਸੇਵਿ ਸੁਖਿ ਸਮਘਾ ॥੧॥}

(ਅੰਗ - ੭੩੧)

{ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ ॥
ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ ਸਿਰੁ ਵੇਚਿ ਲੀਓ ਮੁਲਿ ਮਹਘਾ ॥੧॥ ਰਹਾਉ ॥}

(ਅੰਗ - ੭੩੧)

{ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥
ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ ॥੧॥ ਰਹਾਉ ॥}

(ਅੰਗ - ੭੩੧)

{ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ ਮੋ ਕਉ ਕੀਜੈ ਦਾਨੁ ਹਰਿ ਨਿਮਘਾ ॥
ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ ਹਮ ਨਾਮ ਵਿਟਹੁ ਸਦ ਘੁਮਘਾ ॥੪॥੨॥}

(ਅੰਗ - ੭੩੧)

{ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥
ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥੩॥}

(ਅੰਗ - ੭੩੨)

{ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥}

(ਅੰਗ - ੭੩੨)

{ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥}

(ਅੰਗ - ੭੩੨)

{ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥}

(ਅੰਗ - ੭੩੨)

{ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥}

(ਅੰਗ - ੭੩੨)

{ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥}

(ਅੰਗ - ੭੩੨)

{ਗੁਰਮਤਿ ਨਗਰੀ ਖੋਜਿ ਖੋਜਾਈ ॥ ਹਰਿ ਹਰਿ ਨਾਮੁ ਪਦਾਰਥੁ ਪਾਈ ॥੧॥}

(ਅੰਗ - ੭੩੨)

{ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ ॥
ਤਿਸਨਾ ਅਗਨਿ ਬੁਝੀ ਖਿਨ ਅੰਤਰਿ ਗੁਰਿ ਮਿਲਿਐ ਸਭ ਭੁਖ ਗਵਾਈ ॥੧॥ ਰਹਾਉ ॥}

(ਅੰਗ - ੭੩੨)

{ਹਰਿ ਗੁਣ ਗਾਵਾ ਜੀਵਾ ਮੇਰੀ ਮਾਈ ॥ ਸਤਿਗੁਰਿ ਦਇਆਲਿ ਗੁਣ ਨਾਮੁ ਦ੍ਰਿੜਾਈ ॥੨॥}

(ਅੰਗ - ੭੩੨)

{ਹਰਿ ਕ੍ਰਿਪਾ ਕਰੇ ਮਨਿ ਹਰਿ ਰੰਗੁ ਲਾਏ ॥ ਗੁਰਮੁਖਿ ਹਰਿ ਹਰਿ ਨਾਮਿ ਸਮਾਏ ॥੧॥}

(ਅੰਗ - ੭੩੨)

{ਹਰਿ ਰਸੁ ਜਨ ਚਾਖਹੁ ਜੇ ਭਾਈ ॥ ਤਉ ਕਤ ਅਨਤ ਸਾਦਿ ਲੋਭਾਈ ॥੧॥ ਰਹਾਉ ॥}

(ਅੰਗ - ੭੩੨)

{ਗੁਰਮਤਿ ਰਸੁ ਰਾਖਹੁ ਉਰ ਧਾਰਿ ॥ ਹਰਿ ਰਸਿ ਰਾਤੇ ਰੰਗਿ ਮੁਰਾਰਿ ॥੨॥}

(ਅੰਗ - ੭੩੩)

{ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥ ਹਉਮੈ ਕਰੈ ਬਹੁਤੀ ਮਿਲੈ ਸਜਾਇ ॥੩॥}

(ਅੰਗ - ੭੩੩)

{ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ ॥
ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ
ਦਰਗਹ ਢੋਈ ਨ ਪਾਈ ॥੫॥}

(ਅੰਗ - ੭੩੩)

{ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ॥
ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥੩॥}

(ਅੰਗ - ੭੩੩)

{ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ ॥
ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ ॥੨॥}

(ਅੰਗ - ੭੩੪)

{ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥}

(ਅੰਗ - ੭੩੪)

{ਮੈ ਹਰਿ ਹਰਿ ਨਾਮੁ ਧਰ ਸੋਈ ॥
ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ ॥੧॥ ਰਹਾਉ ॥}
(ਅੰਗ - ੭੩੫)

{ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥
ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥}
(ਅੰਗ - ੭੩੫)

{ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥}
(ਅੰਗ - ੭੩੫)

{ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥}
(ਅੰਗ - ੭੩੬)

{ਮੇਰੇ ਰਾਮ ਹਰਿ ਜਨ ਆਰੋਗ ਭਏ ॥
ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥}
(ਅੰਗ - ੭੩੬)

{ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥}
(ਅੰਗ - ੭੩੬)

{ਲੋਕ ਪਤੀਆਰੈ ਕਛੂ ਨ ਪਾਈਐ ॥ ਸਾਚਿ ਲਗੈ ਤਾ ਹਉਮੈ ਜਾਈਐ ॥੨॥}
(ਅੰਗ - ੭੩੬)

{ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥}
(ਅੰਗ - ੭੩੬)

{ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥}
(ਅੰਗ - ੭੩੬)

{ਦੁਰਮਤਿ ਜਾਇ ਪਰਮ ਪਦੁ ਪਾਏ ॥ ਗੁਰ ਪਰਸਾਦੀ ਨਾਮੁ ਧਿਆਏ ॥੩॥}
(ਅੰਗ - ੭੩੬)

{ਦੁਇ ਕਰ ਜੋੜਿ ਕਰਉ ਅਰਦਾਸਿ ॥ ਤੁਧੁ ਭਾਵੈ ਤਾ ਆਣਹਿ ਰਾਸਿ ॥}
(ਅੰਗ - ੭੩੬)

{ਕਰਿ ਕਿਰਪਾ ਅਪਨੀ ਭਗਤੀ ਲਾਇ ॥ ਜਨ ਨਾਨਕ ਪ੍ਰਭੁ ਸਦਾ ਧਿਆਇ ॥੪॥੨॥}
(ਅੰਗ - ੭੩੬)

{ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥}
(ਅੰਗ - ੭੩੭)

{ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥}
(ਅੰਗ - ੭੩੭)

{ਗਰਬਿ ਗਹੇਲੀ ਮਹਲੁ ਨ ਪਾਵੈ ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥}

(ਅੰਗ - ੭੩੭)

{ਸਤੁ ਸੀਗਾਰੁ ਭਉ ਅੰਜਨੁ ਪਾਇਆ ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥}

(ਅੰਗ - ੭੩੭)

{ਗੁਣ ਕਾਮਣ ਕਰਿ ਕੰਤੁ ਰੀਝਾਇਆ ॥ ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥}

(ਅੰਗ - ੭੩੭)

{ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ ਸੇਜ ਵਿਛਾਈ ਸਰਧ ਅਪਾਰਾ ॥
ਨਵ ਰੰਗ ਲਾਲੁ ਸੇਜ ਰਾਵਣ ਆਇਆ ॥ ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥}

(ਅੰਗ - ੭੩੭)

{ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥}

(ਅੰਗ - ੭੩੭)

{ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥ ਕੂੜੇ ਮੂਰਖ ਕੀ ਹਾਠੀਸਾ ॥੧॥ ਰਹਾਉ ॥}

(ਅੰਗ - ੭੩੮)

{ਭੇਖ ਦਿਖਾਵੈ ਸਚੁ ਨ ਕਮਾਵੈ ॥ ਕਹਤੋ ਮਹਲੀ ਨਿਕਟਿ ਨ ਆਵੈ ॥੨॥}

(ਅੰਗ - ੭੩੮)

{ਅਤੀਤੁ ਸਦਾਏ ਮਾਇਆ ਕਾ ਮਾਤਾ ॥ ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥੩॥}

(ਅੰਗ - ੭੩੮)

{ਕਹੁ ਨਾਨਕ ਪ੍ਰਭ ਬਿਨਉ ਸੁਨੀਜੈ ॥ ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ ॥੪॥}

(ਅੰਗ - ੭੩੮)

{ਬੁਰੇ ਕਾਮ ਕਉ ਊਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ ॥੧॥}

(ਅੰਗ - ੭੩੮)

{ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ ॥ ਸਾਧ ਜਨਾ ਕਾ ਦਰਸੁ ਨ ਡੀਠਾ ॥੨॥}

(ਅੰਗ - ੭੩੮)

{ਤਉ ਕਿਛੁ ਪਾਈਐ ਜਉ ਹੋਈਐ ਰੇਨਾ ॥ ਜਿਸਹਿ ਬੁਝਾਏ ਤਿਸੁ ਨਾਮੁ ਲੈਨਾ ॥੧॥ ਰਹਾਉ ॥੨॥੮॥}

(ਅੰਗ - ੭੩੮)

{ਗੁਨਹਗਾਰ ਲੂਣ ਹਰਾਮੀ ॥ ਪਾਹਣ ਨਾਵ ਨ ਪਾਰਗਿਰਾਮੀ ॥੩॥}

(ਅੰਗ - ੭੩੯)

{ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥੪॥੩॥੯॥}

(ਅੰਗ - ੭੩੯)

{ਜਪ ਤਪ ਸੰਜਮ ਦੇਉ ਜਤੀ ਰੀ ॥ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ ॥੩॥}

(ਅੰਗ - ੭੩੯)

{ਮਾਣੁ ਤਾਣੁ ਅਹੰਬੁਧਿ ਹਤੀ ਰੀ ॥ ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥}

(ਅੰਗ - ੭੩੯)

{ਬੈ ਖਰੀਦੁ ਹਉ ਦਾਸਰੋ ਤੇਰਾ ॥ ਤੂੰ ਭਾਰੋ ਠਾਕੁਰੁ ਗੁਣੀ ਗਹੇਰਾ ॥੨॥}

(ਅੰਗ - ੭੩੯)

{ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥ ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥੫॥੧੧॥}

(ਅੰਗ - ੭੩੯)

{ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥ ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥}

(ਅੰਗ - ੭੩੯)

{ਗੁਹਜ ਕਥਾ ਇਹ ਗੁਰ ਤੇ ਜਾਣੀ ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥}

(ਅੰਗ - ੭੩੯)

{ਓਇ ਸਾਜਨ ਓਇ ਮੀਤ ਪਿਆਰੇ ॥ ਜੋ ਹਮ ਕਉ ਹਰਿ ਨਾਮੁ ਚਿਤਾਰੇ ॥੧॥ ਰਹਾਉ ॥}

(ਅੰਗ - ੭੩੯)

{ਕਵਨ ਕਾਜ ਮਾਇਆ ਵਡਿਆਈ ॥ ਜਾ ਕਉ ਬਿਨਸਤ ਬਾਰ ਨ ਕਾਈ ॥੧॥
ਇਹੁ ਸੁਪਨਾ ਸੋਵਤ ਨਹੀ ਜਾਨੈ ॥ ਅਚੇਤ ਬਿਵਸਥਾ ਮਹਿ ਲਪਟਾਨੈ ॥੧॥ ਰਹਾਉ ॥}

(ਅੰਗ - ੭੪੦)

{ਕੂੜੈ ਮੋਹਿ ਲਪਟਿ ਲਪਟਾਨਾ ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥੩॥
ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥ ਨਾਮੁ ਤੇਰਾ ਜਪੀ ਦਿਨੁ ਰਾਤਿ ॥੪॥੮॥੧੪॥}

(ਅੰਗ - ੭੪੦)

{ਮਹਾ ਮੋਹਿ ਮੋਹਿਓ ਗਾਵਾਰਾ ॥ ਪੇਖਤ ਪੇਖਤ ਊਠਿ ਸਿਧਾਰਾ ॥੨॥}

{ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦॥੧੬॥}

(ਅੰਗ - ੭੪੦)

{ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥ ਆਠ ਪਹਰ ਤੇਰੇ ਗੁਣ ਗਾਵਾ ॥੨॥}

(ਅੰਗ - ੭੪੦)

{ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥}

(ਅੰਗ - ੭੪੦)

{ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥}

(ਅੰਗ - ੭੪੦)

{ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ ਰਸਨਾ ਜਾਪੁ ਜਪਉ ਬਨਵਾਰੀ ॥੧॥}

(ਅੰਗ - ੭੪੦)

{ਲੋਭਿ ਮੋਹਿ ਮਗਨ ਅਪਰਾਧੀ ॥ ਕਰਣਹਾਰ ਕੀ ਸੇਵ ਨ ਸਾਧੀ ॥੧॥}

(ਅੰਗ - ੭੪੦)

{ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥ ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥੧॥ ਰਹਾਉ ॥}

(ਅੰਗ - ੭੪੦)

{ਤੂੰ ਦਾਤਾ ਪ੍ਰਭ ਅੰਤਰਜਾਮੀ ॥ ਕਾਚੀ ਦੇਹ ਮਾਨੁਖ ਅਭਿਮਾਨੀ ॥੨॥}

(ਅੰਗ - ੭੪੧)

{ਸੁਆਦ ਬਾਦ ਈਰਖ ਮਦ ਮਾਇਆ ॥ ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥੩॥}

(ਅੰਗ - ੭੪੧)

{ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥
ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥੧॥}

(ਅੰਗ - ੭੪੧)

{ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥ ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥੧॥ ਰਹਾਉ ॥}

(ਅੰਗ - ੭੪੧)

{ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥ ਮਹਾ ਗਰਤ ਮਹਿ ਨਿਘਰਤ ਜਾਤਾ ॥੪॥}

(ਅੰਗ - ੭੪੧)

{ਨਾਨਕ ਕੀ ਅਰਦਾਸਿ ਸੁਣੀਜੈ ॥ ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥੫॥੧੪॥੨੦॥}

(ਅੰਗ - ੭੪੧)

{ਜੀਵਤ ਮਰੈ ਬੁਝੈ ਪ੍ਰਭੁ ਸੋਇ ॥ ਤਿਸੁ ਜਨ ਕਰਮਿ ਪਰਾਪਤਿ ਹੋਇ ॥੧॥}

(ਅੰਗ - ੭੪੧)

{ਸੁਣਿ ਸਾਜਨ ਇਉ ਦੁਤਰੁ ਤਰੀਐ ॥ ਮਿਲਿ ਸਾਧੂ ਹਰਿ ਨਾਮੁ ਉਚਰੀਐ ॥੧॥ ਰਹਾਉ ॥}

(ਅੰਗ - ੭੪੧)

{ਏਕ ਬਿਨਾ ਦੂਜਾ ਨਹੀ ਜਾਨੈ ॥ ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥੨॥}

(ਅੰਗ - ੭੪੧)

{ਜੋ ਕਿਛੁ ਕਰੈ ਸੋਈ ਭਲ ਮਾਨੈ ॥ ਆਦਿ ਅੰਤ ਕੀ ਕੀਮਤਿ ਜਾਨੈ ॥੩॥}

(ਅੰਗ - ੭੪੧)

{ਕਹੁ ਨਾਨਕ ਤਿਸੁ ਜਨ ਬਲਿਹਾਰੀ ॥ ਜਾ ਕੈ ਹਿਰਦੈ ਵਸਹਿ ਮੁਰਾਰੀ ॥੪॥੧੫॥੨੧॥}

(ਅੰਗ - ੭੪੧)

{ਗੁਰ ਕੇ ਚਰਣ ਕਮਲ ਮਨ ਧਿਆਇ ॥ ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ ਰਹਾਉ ॥}

(ਅੰਗ - ੭੪੧)

{ਗੁਰ ਕੀ ਸੇਵਾ ਕਰਹੁ ਦਿਨੁ ਰਾਤਿ ॥ ਸੂਖ ਸਹਜ ਮਨਿ ਆਵੈ ਸਾਂਤਿ ॥੩॥
ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥ ਨਾਨਕ ਗੁਰ ਕਉ ਸਦ ਬਲਿ ਜਾਵੈ ॥੪॥੧੬॥੨੨॥}

(ਅੰਗ - ੭੪੧)

{ਚਰਣ ਕਮਲ ਸਿਉ ਲਾਗੀ ਪ੍ਰੀਤਿ ॥ ਸਾਚੀ ਪੂਰਨ ਨਿਰਮਲ ਰੀਤਿ ॥੨॥}

(ਅੰਗ - ੭੪੧)

{ਸੰਤ ਪ੍ਰਸਾਦਿ ਵਸੈ ਮਨ ਮਾਹੀ ॥ ਜਨਮ ਜਨਮ ਕੇ ਕਿਲਵਿਖ ਜਾਹੀ ॥੩॥}

(ਅੰਗ - ੭੪੧)

{ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ ਰਹਾਉ ॥}

(ਅੰਗ - ੭੪੨)

{ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥੩॥}

(ਅੰਗ - ੭੪੨)

{ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥ ਸੂਖ ਸਹਜ ਆਨੰਦ ਬਿਸਰਾਮ ॥੧॥ ਰਹਾਉ ॥}

(ਅੰਗ - ੭੪੨)

{ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥ ਕੋਟਿ ਆਵਧ ਤਿਸੁ ਬੇਧਤ ਨਾਹਿ ॥੨॥}

(ਅੰਗ - ੭੪੨)

{ਹਰਿ ਚਰਨ ਸਰਣ ਗੜ ਕੋਟ ਹਮਾਰੈ ॥ ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥੩॥}

(ਅੰਗ - ੭੪੨)

{ਮਨੁ ਤਨੁ ਪ੍ਰਾਣ ਜੀਉ ਅਰਪਾਹਾ ॥ ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ ॥੩॥}

(ਅੰਗ - ੭੪੨)

{ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥}

(ਅੰਗ - ੭੪੨)

{ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥}

(ਅੰਗ - ੭੪੨)

{ਜਨਮ ਜਨਮ ਕੇ ਭੈ ਮੋਹ ਨਿਵਾਰੇ ॥ ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੨॥}

(ਅੰਗ - ੭੪੨)

{ਅਨਿਕ ਬੀਂਗ ਦਾਸ ਕੇ ਪਰਹਰਿਆ ॥ ਕਰਿ ਕਿਰਪਾ ਪ੍ਰਭਿ ਅਪਨਾ ਕਰਿਆ ॥੧॥}

(ਅੰਗ - ੭੪੨)

{ਪਰਬਤ ਦੋਖ ਮਹਾ ਬਿਕਰਾਲਾ ॥ ਖਿਨ ਮਹਿ ਦੂਰਿ ਕੀਏ ਦਇਆਲਾ ॥੨॥}

(ਅੰਗ - ੭੪੨)

{ਸੋਗ ਰੋਗ ਬਿਪਤਿ ਅਤਿ ਭਾਰੀ ॥ ਦੂਰਿ ਭਈ ਜਪਿ ਨਾਮੁ ਮੁਰਾਰੀ ॥੩॥}

(ਅੰਗ - ੭੪੨)

{ਸਚਾ ਧਰਮੁ ਪੁੰਨੁ ਭਲਾ ਕਰਾਏ ॥ ਦੀਨ ਕੈ ਤੋਸੈ ਦੁਨੀ ਨ ਜਾਏ ॥੨॥}

(ਅੰਗ - ੭੪੩)

{ਸਰਬ ਨਿਰੰਤਰਿ ਏਕੋ ਜਾਗੈ ॥ ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ॥੩॥}

(ਅੰਗ - ੭੪੩)

{ਸਦਾ ਸਦਾ ਜਪੀਐ ਹਰਿ ਨਾਮ ॥ ਪੂਰਨ ਹੋਵਹਿ ਮਨ ਕੇ ਕਾਮ ॥੧॥ ਰਹਾਉ ॥}

(ਅੰਗ - ੭੪੩)

{ਸਦਾ ਸਦਾ ਜਪੀਐ ਹਰਿ ਨਾਮ ॥ ਪੂਰਨ ਹੋਵਹਿ ਮਨ ਕੇ ਕਾਮ ॥੧॥ ਰਹਾਉ ॥}

(ਅੰਗ - ੭੪੩)

{ਪ੍ਰਭੁ ਅਬਿਨਾਸੀ ਰੈਣਿ ਦਿਨੁ ਗਾਉ ॥ ਜੀਵਤ ਮਰਤ ਨਿਹਚਲੁ ਪਾਵਹਿ ਥਾਉ ॥੨॥}

(ਅੰਗ - ੭੪੩)

{ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥ ਖਾਤ ਖਰਚਤ ਸੁਖਿ ਅਨਦਿ ਵਿਹਾਵੈ ॥੩॥}

(ਅੰਗ - ੭੪੩)

{ਜਗਜੀਵਨ ਪੁਰਖੁ ਸਾਧਸੰਗਿ ਪਾਇਆ ॥ ਗੁਰ ਪ੍ਰਸਾਦਿ ਨਾਨਕ ਨਾਮੁ ਧਿਆਇਆ ॥੪॥੨੪॥੩੦॥}

(ਅੰਗ - ੭੪੩)

{ਜਪਿ ਹਰਿ ਹਰਿ ਨਾਮੁ ਅਚਰਜੁ ਪਰਤਾਪ ॥ ਜਾਲਿ ਨ ਸਾਕਹਿ ਤੀਨੇ ਤਾਪ ॥੩॥}

(ਅੰਗ - ੭੪੩)

{ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਹਾਰੇ ॥ ਨਾਨਕੁ ਮਾਗੈ ਦਾਨੁ ਪਿਆਰੇ ॥੪॥੨੫॥੩੧॥}

(ਅੰਗ - ੭੪੩)

{ਜੀਵਨ ਰੂਪੁ ਸਿਮਰਨੁ ਪ੍ਰਭ ਤੇਰਾ ॥ ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥੨॥}

(ਅੰਗ - ੭੪੩)

{ਜਨ ਕੀ ਭੂਖ ਤੇਰਾ ਨਾਮੁ ਅਹਾਰੁ ॥ ਤੂੰ ਦਾਤਾ ਪ੍ਰਭ ਦੇਵਣਹਾਰੁ ॥੩॥}

(ਅੰਗ - ੭੪੩)

{ਰਾਮ ਰਮਤ ਸੰਤਨ ਸੁਖੁ ਮਾਨਾ ॥ ਨਾਨਕ ਦੇਵਨਹਾਰ ਸੁਜਾਨਾ ॥੪॥੨੬॥੩੨॥}

(ਅੰਗ - ੭੪੩)

{ਕਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥੨॥}

(ਅੰਗ - ੭੪੩)

{ਸਿਮਰਿ ਸਿਮਰਿ ਜੀਵਾ ਨਾਰਾਇਣ ॥
ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ ॥੧॥ ਰਹਾਉ ॥}
(ਅੰਗ - ੭੪੪)

{ਜੀਵਨ ਪਦਵੀ ਹਰਿ ਕਾ ਨਾਉ ॥ ਮਨੁ ਤਨੁ ਨਿਰਮਲੁ ਸਾਚੁ ਸੁਆਉ ॥੨॥}
(ਅੰਗ - ੭੪੪)

{ਘਰ ਕਾ ਕਾਜੁ ਨ ਜਾਣੀ ਰੂੜਾ ॥ ਝੂਠੈ ਧੰਧੈ ਰਚਿਓ ਮੂੜਾ ॥੧॥}
(ਅੰਗ - ੭੪੪)

{ਜਿਤੁ ਤੂੰ ਲਾਵਹਿ ਤਿਤੁ ਤਿਤੁ ਲਗਨਾ ॥ ਜਾ ਤੂੰ ਦੇਹਿ ਤੇਰਾ ਨਾਉ ਜਪਨਾ ॥੧॥ ਰਹਾਉ ॥}
(ਅੰਗ - ੭੪੪)

{ਸੰਤ ਪ੍ਰਸਾਦਿ ਨਿਹਚਲੁ ਘਰੁ ਪਾਇਆ ॥ ਸਰਬ ਸੂਖ ਫਿਰਿ ਨਹੀ ਡੋਲਾਇਆ ॥੧॥}
(ਅੰਗ - ੭੪੪)

{ਗੁਰੂ ਧਿਆਇ ਹਰਿ ਚਰਨ ਮਨਿ ਚੀਨੇ ॥ ਤਾ ਤੇ ਕਰਤੈ ਅਸਥਿਰੁ ਕੀਨੇ ॥੧॥ ਰਹਾਉ ॥}
(ਅੰਗ - ੭੪੪)

{ਅੰਮ੍ਰਿਤ ਬਚਨ ਸਾਧ ਕੀ ਬਾਣੀ ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ ਰਹਾਉ ॥}
(ਅੰਗ - ੭੪੪)

{ਕਲੀ ਕਾਲ ਕੇ ਮਿਟੇ ਕਲੇਸਾ ॥ ਏਕੋ ਨਾਮੁ ਮਨ ਮਹਿ ਪਰਵੇਸਾ ॥੧॥}
(ਅੰਗ - ੭੪੪)

{ਅੰਮ੍ਰਿਤ ਨਾਮੁ ਚਲੈ ਜਪਿ ਨਾਲਾ ॥ ਨਾਨਕੁ ਜਾਚੈ ਸੰਤ ਰਵਾਲਾ ॥੨॥੩੨॥੩੮॥}
(ਅੰਗ - ੭੪੪)

{ਹਰਿ ਹਰਿ ਨਾਮੁ ਮੇਰਾ ਆਧਾਰੁ ॥ ਕਰਣ ਕਾਰਣ ਸਮਰਥੁ ਅਪਾਰੁ ॥੧॥ ਰਹਾਉ ॥}
(ਅੰਗ - ੭੪੪)

{ਅਨਿਕ ਜਨਮ ਬੀਤੀਅਨ ਭਰਮਾਈ ॥ ਘਰਿ ਵਾਸੁ ਨ ਦੇਵੈ ਦੁਤਰ ਮਾਈ ॥੩॥}
(ਅੰਗ - ੭੪੫)

{ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥ ਮਹਾ ਮੋਹਨੀ ਦੂਤਾ ਲਾਈ ॥੧॥}
(ਅੰਗ - ੭੪੫)

{ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥ ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥}
(ਅੰਗ - ੭੪੫)

{ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥ ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥}
(ਅੰਗ - ੭੪੫)

{ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ ॥
ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ ॥੨॥}

(ਅੰਗ - ੭੪੫)

{ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥ ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥੧॥}

(ਅੰਗ - ੭੪੫)

{ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥
ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥੧॥ ਰਹਾਉ ॥}

(ਅੰਗ - ੭੪੫)

{ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥
ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ ਰਹਾਉ ॥}

(ਅੰਗ - ੭੪੬)

{ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥ ਬਿਖਨਾ ਘਿਰੀਆ ॥}

(ਅੰਗ - ੭੪੬)

{ਅਬ ਸਾਧੂ ਸੰਗਿ ਪਰੀਆ ॥ ਹਰਿ ਦੁਆਰੈ ਖਰੀਆ ॥ ਦਰਸਨੁ ਕਰੀਆ ॥
ਨਾਨਕ ਗੁਰ ਮਿਰੀਆ ॥ ਬਹੁਰਿ ਨ ਫਿਰੀਆ ॥੨॥੧॥੪੪॥}

(ਅੰਗ - ੭੪੬)

{ਮਹਾ ਦੁਤਰੁ ਮਾਇਆ ॥ ਜੈਸੇ ਪਵਨੁ ਝੁਲਾਇਆ ॥੧॥}

(ਅੰਗ - ੭੪੬)

{ਗ੍ਰਿਹ ਅੰਧ ਕੂਪਾਇਆ ॥ ਪਾਵਕੁ ਸਗਰਾਇਆ ॥੩॥}

(ਅੰਗ - ੭੪੬)

{ਗਹੀ ਓਟ ਸਾਧਾਇਆ ॥ ਨਾਨਕ ਹਰਿ ਧਿਆਇਆ ॥ ਅਬ ਮੈ ਪੂਰਾ ਪਾਇਆ ॥੪॥੩॥੪੬॥}

(ਅੰਗ - ੭੪੬)

{ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥ ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥੧॥}

(ਅੰਗ - ੭੪੬)

{ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥}

(ਅੰਗ - ੭੪੬)

{ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ ॥
ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥੪॥੧॥੪੮॥}

(ਅੰਗ - ੭੪੭)

{ਸਹਜ ਸੂਖ ਆਨੰਦ ਨਾਮ ਰਸ ਹਰਿ ਸੰਤੀ ਮੰਗਲੁ ਗਾਇਆ ॥
ਸਫਲ ਦਰਸਨੁ ਭੇਟਿਓ ਗੁਰ ਨਾਨਕ ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥}

(ਅੰਗ - ੭੪੭)

{ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥}

(ਅੰਗ - ੭੪੭)

{ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥}

(ਅੰਗ - ੭੪੭)

{ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥}

(ਅੰਗ - ੭੪੭)

{ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥}

(ਅੰਗ - ੭੪੭)

{ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥}

(ਅੰਗ - ੭੪੭)

{ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥
ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ ॥੧॥ ਰਹਾਉ ॥}

(ਅੰਗ - ੭੪੮)

{ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥
ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥}

(ਅੰਗ - ੭੪੮)

{ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ ॥
ਤੇਰੀ ਟੇਕ ਭਰਵਾਸਾ ਤੁਮ੍ਰਾ ਜਪਿ ਨਾਮੁ ਤੁਮ੍ਹਾਰਾ ਉਧਰੇ ॥੧॥ ਰਹਾਉ ॥}

(ਅੰਗ - ੭੪੮)

{ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ ॥
ਨਾਨਕ ਦਇਆ ਕਰੀ ਸੁਖਦਾਤੈ ਭੇਟਿਆ ਸਤਿਗੁਰੁ ਪੂਰਾ ॥੪॥੫॥੫੨॥}

(ਅੰਗ - ੭੪੮)

{ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ ॥
ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ ॥੩॥}

(ਅੰਗ - ੭੪੮)

{ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥
ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥੪॥੬॥੫੩॥}

(ਅੰਗ - ੭੪੮)

{ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥}

(ਅੰਗ - ੭੪੯)

{ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥ ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩॥}
(ਅੰਗ - ੭੪੯)

{ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ ॥
ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥੧॥ ਰਹਾਉ ॥}
(ਅੰਗ - ੭੪੯)

{ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥
ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥੩॥}
(ਅੰਗ - ੭੪੯)

{ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥
ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ ॥੪॥੮॥੫੫॥}
(ਅੰਗ - ੭੪੯)

{ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥
ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥}
(ਅੰਗ - ੭੪੯)

{ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥}
(ਅੰਗ - ੭੪੯)

{ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥}
(ਅੰਗ - ੭੫੦)

{ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ॥
ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥੨॥}
(ਅੰਗ - ੭੫੦)

{ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥
ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥੩॥}
(ਅੰਗ - ੭੫੦)

{ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ਤੇਰੀ ਸਰਣਿ ਦਇਆਲਾ ॥
ਕਰਿ ਕਿਰਪਾ ਅਪਨਾ ਨਾਮੁ ਦੀਜੈ ਨਾਨਕ ਸਾਧ ਰਵਾਲਾ ॥੪॥੧੧॥੫੮॥}
(ਅੰਗ - ੭੫੦)

{ਸਭਿ ਅਵਗਣ ਮੈ ਗੁਣੁ ਨਹੀ ਕੋਈ ॥ ਕਿਉ ਕਰਿ ਕੰਤ ਮਿਲਾਵਾ ਹੋਈ ॥੧॥}
(ਅੰਗ - ੭੫੦)

{ਸਹਜਿ ਸੀਗਾਰ ਕਾਮਣਿ ਕਰਿ ਆਵੈ ॥ ਤਾ ਸੋਹਾਗਣਿ ਜਾ ਕੰਤੈ ਭਾਵੈ ॥੨॥}
(ਅੰਗ - ੭੫੦)

{ਖਰੀ ਸਿਆਣੀ ਕੰਤ ਨ ਭਾਣੀ ॥ ਮਾਇਆ ਲਾਗੀ ਭਰਮਿ ਭੁਲਾਣੀ ॥੫॥}

(ਅੰਗ - ੭੫੦)

{ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥}

(ਅੰਗ - ੭੫੦)

{ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥ ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥}

(ਅੰਗ - ੭੫੦)

{ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥
ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ ॥}

(ਅੰਗ - ੭੫੧)

{ਸਚੇ ਸੇਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ ॥੧॥}

(ਅੰਗ - ੭੫੧)

{ਅਵਗਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ ॥
ਗੁਰਿ ਰਾਖੇ ਸੇ ਉਬਰੇ ਸਬਦਿ ਰਤੇ ਮਨ ਮਾਹਿ ਜੀਉ ॥੨॥}

(ਅੰਗ - ੭੫੧)

{ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥ ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥੩॥}

(ਅੰਗ - ੭੫੧)

{ਗਾਫਲ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥
ਖਿੰਚੋਤਾਣਿ ਵਿਗੁਚੀਐ ਬੁਰਾ ਭਲਾ ਦੁਇ ਨਾਲਿ ਜੀਉ ॥
ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮਕਾਲਿ ਜੀਉ ॥੭॥}

(ਅੰਗ - ੭੫੧)

{ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥ ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥}

(ਅੰਗ - ੭੫੧)

{ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥ ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ ਰਹਾਉ ॥}

(ਅੰਗ - ੭੫੧)

{ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥ ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥੨॥}

(ਅੰਗ - ੭੫੧)

{ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥ ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥੩॥}

(ਅੰਗ - ੭੫੧)

{ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥ ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥੫॥}

(ਅੰਗ - ੭੫੨)

{ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥ ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥੬॥}

(ਅੰਗ - ੭੫੨)

{ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥}
(ਅੰਗ - ੭੫੨)

{ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥ ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥੧॥੩॥}
(ਅੰਗ - ੭੫੨)

{ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥}
(ਅੰਗ - ੭੫੨)

{ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ ॥ ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ ॥੨॥}
(ਅੰਗ - ੭੫੨)

{ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥ ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥੫॥}
(ਅੰਗ - ੭੫੨)

{ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ ॥ ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥੬॥}
(ਅੰਗ - ੭੫੨)

{ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥ ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥}
(ਅੰਗ - ੭੫੭)

{ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ ॥ ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ ॥੮॥੨॥੪॥}
(ਅੰਗ - ੭੫੨)

{ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥ ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥੧॥}
(ਅੰਗ - ੭੫੨)

{ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥ ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥੧॥ ਰਹਾਉ ॥}
(ਅੰਗ - ੭੫੨)

{ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ ॥ ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ ॥੨॥}
(ਅੰਗ - ੭੫੨)

{ਸੇਵੀ ਸਤਿਗੁਰ ਭਾਇ ਨਾਮੁ ਨਿਰੰਜਨਾ ॥ ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ ॥੩॥}
(ਅੰਗ - ੭੫੨)

{ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ ॥ ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ ॥੪॥}
(ਅੰਗ - ੭੫੨)

{ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ ॥ ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ ॥੭॥}
(ਅੰਗ - ੭੫੩)

{ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥ ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੮॥੩॥੫॥}
(ਅੰਗ - ੭੫੩)

{ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥
ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥}

(ਅੰਗ - ੭੫੩)

{ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥
ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥}

(ਅੰਗ - ੭੫੩)

{ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥
ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ ਰਹਾਉ ॥}

(ਅੰਗ - ੭੫੩)

{ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥
ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥}

(ਅੰਗ - ੭੫੩)

{ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥
ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥}

(ਅੰਗ - ੭੫੩)

{ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥ ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥}

(ਅੰਗ - ੭੫੩)

{ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥੩॥}

(ਅੰਗ - ੭੫੩)

{ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥
ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥੪॥}

(ਅੰਗ - ੭੫੩)

{ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥
ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ ॥}

(ਅੰਗ - ੭੫੩)

{ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥}

(ਅੰਗ - ੭੫੩)

{ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥ ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ॥੫॥}

(ਅੰਗ - ੭੫੩)

{ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥
ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥}

(ਅੰਗ - ੭੫੩)

{ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥
ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥}

(ਅੰਗ - ੭੫੩)

{ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥
ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ ॥}

(ਅੰਗ - ੭੫੪)

{ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥ ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥੭॥}

(ਅੰਗ - ੭੫੪)

{ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ ॥
ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੮॥੧॥}

(ਅੰਗ - ੭੫੪)

{ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ ॥
ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥੧॥}

(ਅੰਗ - ੭੫੪)

{ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥}

(ਅੰਗ - ੭੫੪)

{ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ ॥੨॥}

(ਅੰਗ - ੭੫੪)

{ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥}

(ਅੰਗ - ੭੫੪)

{ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥
ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥}

(ਅੰਗ - ੭੫੪)

{ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥
ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥
ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥੬॥}

(ਅੰਗ - ੭੫੪)

{ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ ॥ ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ॥
ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ ॥੮॥੨॥}

(ਅੰਗ - ੭੫੪)

{ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥}

(ਅੰਗ - ੭੫੫)

{ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥੩॥}
(ਅੰਗ - ੭੫੫)

{ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥}
(ਅੰਗ - ੭੫੫)

{ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥}
(ਅੰਗ - ੭੫੫)

{ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥ ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ॥੯॥}
(ਅੰਗ - ੭੫੫)

{ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥
ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥}
(ਅੰਗ - ੭੫੫)

{ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥ ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥}
(ਅੰਗ - ੭੫੫)

{ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥ ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥੧੫॥}
(ਅੰਗ - ੭੫੫)

{ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥}
(ਅੰਗ - ੭੫੫)

{ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥ ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥੧੭॥}
(ਅੰਗ - ੭੫੫)

{ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥ ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥}
(ਅੰਗ - ੭੫੬)

{ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥}
(ਅੰਗ - ੭੫੬)

{ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥}
(ਅੰਗ - ੭੫੬)

{ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ॥ ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ॥੨੧॥}
(ਅੰਗ - ੭੫੬)

{ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ॥ ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ॥੨੨॥}
(ਅੰਗ - ੭੫੬)

{ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥ ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥੨੩॥}
(ਅੰਗ - ੭੫੬)

{ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥ ਅਵਗਣ ਵਿਕਣਿ ਪਲ੍ਰਹਨਿ ਗੁਣ ਕੀ ਸਾਝ ਕਰੰਨ੍ਹਿ ॥੨੫॥}
(ਅੰਗ - ੭੫੬)

{ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ॥ ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ॥੨੬॥}
(ਅੰਗ - ੭੫੬)

{ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥
ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥}
(ਅੰਗ - ੭੫੬)

{ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ ॥ ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥੨੮॥}
(ਅੰਗ - ੭੫੬)

{ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥
ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ ॥੨੯॥}
(ਅੰਗ - ੭੫੬)

{ਹਰਿ ਕੀ ਕੀਮਤਿ ਨ ਪਵੈ ਹਰਿ ਜਸੁ ਲਿਖਣੁ ਨ ਜਾਇ ॥
ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ ॥੩੦॥}
(ਅੰਗ - ੭੫੬)

{ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥ ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥੩੧॥}
(ਅੰਗ - ੭੫੬)

{ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥
ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥੩੨॥}
(ਅੰਗ - ੭੫੬)

{ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥ ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ॥੩੩॥}
(ਅੰਗ - ੭੫੬)

{ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥
ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥੩੪॥੧॥੩॥}
(ਅੰਗ - ੭੫੬)

{ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥੨॥}
(ਅੰਗ - ੭੫੬)

{ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥ ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥੫॥}
(ਅੰਗ - ੭੫੬)

{ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ ॥
ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ ॥੩॥}
(ਅੰਗ - ੭੫੭)

{ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ ॥ ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥੪॥}
(ਅੰਗ - ੭੫੭)

{ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥ ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥}
(ਅੰਗ - ੭੫੭)

{ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥ ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥}
(ਅੰਗ - ੭੫੭)

{ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥
ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ ॥੮॥੨॥੪॥੯॥}
(ਅੰਗ - ੭੫੭)

{ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥}
(ਅੰਗ - ੭੫੭)

{ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥੨੮॥
ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥੨੯॥}
(ਅੰਗ - ੭੫੮)

{ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥੩੦॥
ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥}
(ਅੰਗ - ੭੫੮)

{ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥੩੨॥੧॥}
(ਅੰਗ - ੭੫੮)

{ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥੬॥}
(ਅੰਗ - ੭੫੮)

{ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥ ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥}
(ਅੰਗ - ੭੫੮)

{ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥
ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥}
(ਅੰਗ - ੭੫੯)

{ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ॥ ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ॥੧੧॥}
(ਅੰਗ - ੭੫੯)

{ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥}
(ਅੰਗ - ੭੫੯)

{ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥ ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥੧੪॥੧॥੨॥੧੧॥}
(ਅੰਗ - ੭੫੯)

{ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥ ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥੧॥}
(ਅੰਗ - ੭੫੯)

{ਮੈ ਹਰਿ ਹਰਿ ਨਾਮੁ ਵਿਸਾਹੁ ॥ ਗੁਰ ਪੂਰੇ ਤੇ ਪਾਇਆ ਅੰਮ੍ਰਿਤੁ ਅਗਮ ਅਥਾਹੁ ॥੧॥ ਰਹਾਉ ॥}
(ਅੰਗ - ੭੫੯)

{ਮੋਹ ਮਗਨ ਮਹਿ ਰਹਿਆ ਬਿਆਪੇ ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥}
(ਅੰਗ - ੭੫੯)

{ਬਸਇ ਕਰੋਧੁ ਸਰੀਰਿ ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥}
(ਅੰਗ - ੭੫੯)

{ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥}
(ਅੰਗ - ੭੫੯)

{ਕਰਉ ਬੇਨਤੀ ਸੰਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥੮॥}
(ਅੰਗ - ੭੫੯)

{ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥ ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥}
(ਅੰਗ - ੭੫੯)

{ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥ ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥}
(ਅੰਗ - ੭੫੯)

{ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥੩॥}
(ਅੰਗ - ੭੬੦)

{ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥੪॥}
(ਅੰਗ - ੭੬੦)

{ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥੫॥}
(ਅੰਗ - ੭੬੦)

{ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥੬॥}
(ਅੰਗ - ੭੬੦)

{ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ ਕੇਵਲ ਨਾਮੁ ਭਗਤਿ ਰਸੁ ਦੀਨਾ ॥੭॥}
(ਅੰਗ - ੭੬੦)

{ਆਦਿ ਮਧਿ ਅੰਤਿ ਪ੍ਰਭੁ ਸੋਈ ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥੮॥੧॥੨॥}
(ਅੰਗ - ੭੬੦)

{ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥
ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥੧॥ ਰਹਾਉ ॥}

(ਅੰਗ - ੭੬੦)

{ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥ ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥}
(ਅੰਗ - ੭੬੦)

{ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥੨॥}
(ਅੰਗ - ੭੬੦)

{ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥ ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥
ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥੪॥}
(ਅੰਗ - ੭੬੦)

{ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥
ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥}
(ਅੰਗ - ੭੬੦)

{ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥ ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ॥}
(ਅੰਗ - ੭੬੦)

{ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥
ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥}
(ਅੰਗ - ੭੬੧)

{ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥ ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥}
(ਅੰਗ - ੭੬੧)

{ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥}
(ਅੰਗ - ੭੬੧)

{ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥}
(ਅੰਗ - ੭੬੧)

{ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥੧॥ ਰਹਾਉ ॥}
(ਅੰਗ - ੭੬੧)

{ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥
ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥੮॥੧॥੪॥}
(ਅੰਗ - ੭੬੧)

{ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥ ਸੁਖੁ ਨ ਪਾਇਨ੍ਹਿ ਮੂਲਿ ਨਾਮ ਵਿਛੁੰਨਿਆ ॥੨॥}
(ਅੰਗ - ੭੬੧)

{ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥ ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥੩॥}
(ਅੰਗ - ੭੬੧)

{ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥ ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥੪॥}

(ਅੰਗ - ੭੬੧)

{ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ॥ ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ੀ ਜਨੀ ਜਪਿ ਲਇਆ॥੬॥}
(ਅੰਗ - ੭੬੧)

{ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥੨॥੫॥੧੬॥}
(ਅੰਗ - ੭੬੧)

{ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ੀ ਹੋਛੀਆ ॥੧॥}
(ਅੰਗ - ੭੬੧)

{ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥}
(ਅੰਗ - ੭੬੨)

{ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥}
(ਅੰਗ - ੭੬੨)

{ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥
ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥}
(ਅੰਗ - ੭੬੨)

{ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥}
(ਅੰਗ - ੭੬੨)

{ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥੨॥}
(ਅੰਗ - ੭੬੨)

{ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥}
(ਅੰਗ - ੭੬੩)

{ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥}
(ਅੰਗ - ੭੬੩)

{ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥}
(ਅੰਗ - ੭੬੩)

{ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥
ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥}
(ਅੰਗ - ੭੬੩)

{ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥
ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥}

(ਅੰਗ - ੭੬੩)

{ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥
ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥}

(ਅੰਗ - ੭੬੩)

{ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥ ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥}

(ਅੰਗ - ੭੬੩)

{ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ॥}

(ਅੰਗ - ੭੬੩)

{ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥
ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥੪॥੧॥}

(ਅੰਗ - ੭੬੩)

{ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥}

(ਅੰਗ - ੭੬੩)

{ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥}

(ਅੰਗ - ੭੬੪)

{ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥}

(ਅੰਗ - ੭੬੪)

{ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥}

(ਅੰਗ - ੭੬੪)

{ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥ ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥}

(ਅੰਗ - ੭੬੪)

{ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥}

(ਅੰਗ - ੭੬੪)

{ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥}

(ਅੰਗ - ੭੬੪)

{ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥
ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥੧॥}

(ਅੰਗ - ੭੬੪)

{ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ ॥
ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥}

(ਅੰਗ - ੭੬੪)

{ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥
ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ॥੨॥}

(ਅੰਗ - ੭੬੫)

{ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ ॥
ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ ॥੩॥}

(ਅੰਗ - ੭੬੫)

{ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥ ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ॥}

(ਅੰਗ - ੭੬੫)

{ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥}

(ਅੰਗ - ੭੬੫)

{ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥}
(ਅੰਗ - ੭੬੫)

{ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥}
(ਅੰਗ - ੭੬੫)

{ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥}
(ਅੰਗ - ੭੬੬)

{ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ॥੪॥੭॥੪॥}
(ਅੰਗ - ੭੬੬)

{ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥ ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ ॥}
(ਅੰਗ - ੭੬੬)

{ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ ॥ ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥੧॥}
(ਅੰਗ - ੭੬੬)

{ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥ ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ ॥}
(ਅੰਗ - ੭੬੬)

{ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ ॥
ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ ॥}
(ਅੰਗ - ੭੬੬)

{ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ ॥ ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ॥੩॥}
(ਅੰਗ - ੭੬੬)

{ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ ॥੪॥}
(ਅੰਗ - ੭੬੬)

{ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ ॥ ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ ॥}
(ਅੰਗ - ੭੬੬)

{ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ ॥
ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ ॥}
(ਅੰਗ - ੭੬੬)

{ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ ॥ ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ ॥੫॥}
(ਅੰਗ - ੭੬੬)

{ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥}
(ਅੰਗ - ੭੬੭)

{ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ॥}

(ਅੰਗ - ੭੬੭)

{ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥੬॥}

(ਅੰਗ - ੭੬੭)

{ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥ ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥੭॥}

(ਅੰਗ - ੭੬੭)

{ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ ॥ ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ ॥੮॥}

(ਅੰਗ - ੭੬੭)

{ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ ॥ ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥੯॥੨॥੫॥}

(ਅੰਗ - ੭੬੭)

{ਸੁਖ ਸੋਹਿਲੜਾ ਹਰਿ ਧਿਆਵਹੁ ॥ ਗੁਰਮੁਖਿ ਹਰਿ ਫਲੁ ਪਾਵਹੁ ॥}

(ਅੰਗ - ੭੬੭)

{ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥
ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥}

(ਅੰਗ - ੭੬੭)

{ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ ਗੁਰਮਤਿ ਸਹਜੇ ਨਾਮੁ ਧਿਆਏ ॥}

(ਅੰਗ - ੭੬੭)

{ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥
ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥}

(ਅੰਗ - ੭੬੮)

{ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥
ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ ॥}

(ਅੰਗ - ੭੬੮)

{ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥ ਜੁਗ ਮਹਿ ਰਾਮ ਨਾਮੁ ਨਿਸਤਾਰਾ ॥੩॥}

(ਅੰਗ - ੭੬੮)

{ਸਾਜਨ ਆਇ ਵੁਠੇ ਘਰ ਮਾਹੀ ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥}

(ਅੰਗ - ੭੬੮)

{ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ ॥
ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ ॥}

(ਅੰਗ - ੭੬੮)

{ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥}

(ਅੰਗ - ੭੬੮)

{ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥
ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥}

(ਅੰਗ - ੭੬੮)

{ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥}

(ਅੰਗ - ੭੬੮)

{ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥}

(ਅੰਗ - ੭੬੮)

{ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥}

(ਅੰਗ - ੭੬੮)

{ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥}

(ਅੰਗ - ੭੬੮)

{ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੨॥}

(ਅੰਗ - ੭੬੯)

{ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ ॥
ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥}

(ਅੰਗ - ੭੬੯)

{ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ ॥
ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ ॥}

(ਅੰਗ - ੭੬੯)

{ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥
ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥}

(ਅੰਗ - ੭੬੯)

{ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ ॥
ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥}

(ਅੰਗ - ੭੬੯)

{ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥
ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥੧॥}

(ਅੰਗ - ੭੬੯)

{ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥}

(ਅੰਗ - ੭੬੯)

{ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥}

(ਅੰਗ - ੭੬੯)

{ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥
ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥}

(ਅੰਗ - ੭੬੯)

{ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥ ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥}

(ਅੰਗ - ੭੬੯)

{ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ ॥ ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥}

(ਅੰਗ - ੭੬੯)

{ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥
ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥}

(ਅੰਗ - ੭੬੯)

{ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ ॥
ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ ॥}

(ਅੰਗ - ੭੭੦)

{ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥
ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥੧॥}

(ਅੰਗ - ੭੭੦)

{ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥
ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥}

(ਅੰਗ - ੭੭੦)

{ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ ॥
ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ ॥}

(ਅੰਗ - ੭੭੦)

{ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ ॥
ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ ॥੩॥}

(ਅੰਗ - ੭੭੦)

{ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥

ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥੪॥੩॥੪॥}

(ਅੰਗ - ੭੭੦)

{ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ ॥
ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ ॥੧॥}

(ਅੰਗ - ੭੭੦)

{ਤੇਰੇ ਗੁਣ ਗਾਵਹਿ ਸਹਜਿ ਸਮਾਵਹਿ ਸਬਦੇ ਮੇਲਿ ਮਿਲਾਏ ॥
ਨਾਨਕ ਸਫਲ ਜਨਮੁ ਤਿਨ ਕੇਰਾ ਜਿ ਸਤਿਗੁਰਿ ਹਰਿ ਮਾਰਗਿ ਪਾਏ ॥੨॥}

(ਅੰਗ - ੭੭੧)

{ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥
ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥}

(ਅੰਗ - ੭੭੧)

{ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ ॥
ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮ੍ਹਾਲੇ ॥}

(ਅੰਗ - ੭੭੧)

{ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ॥
ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ ॥੩॥}

(ਅੰਗ - ੭੭੧)

{ਸਾਚੀ ਭਗਤਿ ਕਰਹਿ ਦਰਿ ਜਾਪਹਿ ਘਰਿ ਦਰਿ ਸਚਾ ਸੋਈ ॥
ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ ਸਬਦੇ ਹੀ ਸੁਖੁ ਹੋਈ ॥੪॥੪॥੫॥}

(ਅੰਗ - ੭੭੧)

{ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥
ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥}

(ਅੰਗ - ੭੭੧)

{ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥
ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥}

(ਅੰਗ - ੭੭੧)

{ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ ॥}

(ਅੰਗ - ੭੭੧)

{ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ ॥
ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥੨॥}

(ਅੰਗ - ੭੭੧)

{ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ ॥
ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ ॥}

(ਅੰਗ - ੭੭੧)

{ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ ॥
ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ ॥}

(ਅੰਗ - ੭੭੨)

{ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ ॥
ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ ॥੪॥੫॥੬॥}

(ਅੰਗ - ੭੭੨)

{ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ਰਾਮ ॥
ਹਰਿ ਮਨੁ ਤਨੋ ਗੁਰਮੁਖਿ ਭੀਜੈ ਰਾਮ ਨਾਮੁ ਪਿਆਰੇ ਰਾਮ ॥}

(ਅੰਗ - ੭੭੨)

{ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮ ਨਾਮੁ ਮੁਖਿ ਬਾਣੀ ॥
ਆਵਣ ਜਾਣ ਰਹੇ ਸੁਖੁ ਪਾਇਆ ਘਰਿ ਅਨਹਦ ਸੁਰਤਿ ਸਮਾਣੀ ॥}

(ਅੰਗ - ੭੭੨)

{ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ ॥
ਗੁਰਿ ਮੇਲੀ ਬਹੁ ਕਿਰਪਾ ਧਾਰੀ ਹਰਿ ਕੈ ਸਬਦਿ ਸੁਭਾਏ ਰਾਮ ॥}

(ਅੰਗ - ੭੭੨)

{ਮਿਲੁ ਸਬਦਿ ਸੁਭਾਏ ਆਪੁ ਗਵਾਏ ਰੰਗ ਸਿਉ ਰਲੀਆ ਮਾਣੇ ॥
ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ ॥}

(ਅੰਗ - ੭੭੨)

{ਨਾਨਕ ਸੋਹਾਗਣਿ ਸਾ ਵਡਭਾਗੀ ਜੇ ਚਲੈ ਸਤਿਗੁਰ ਭਾਏ ॥}

(ਅੰਗ - ੭੭੨)

{ਸਹਜੇ ਅਨਦੁ ਹੋਆ ਮਨੁ ਮਾਨਿਆ ਨਾਨਕ ਬ੍ਰਹਮ ਬੀਚਾਰੋ ॥
ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥੩॥}

(ਅੰਗ - ੭੭੨)

{ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ ॥
ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ ॥}

(ਅੰਗ - ੭੭੨)

{ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥
ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥}

(ਅੰਗ - ੭੭੨)

{ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥}

(ਅੰਗ - ੭੭੩)

{ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥
ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥}

(ਅੰਗ - ੭੭੩)

{ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥}

(ਅੰਗ - ੭੭੩)

{ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥੨॥}

(ਅੰਗ - ੭੭੩)

{ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ ॥}

(ਅੰਗ - ੭੭੩)

{ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥}

(ਅੰਗ - ੭੭੩)

{ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥
ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥੩॥}

(ਅੰਗ - ੭੭੩)

{ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥
ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥}

(ਅੰਗ - ੭੭੩)

{ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥
ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥}

(ਅੰਗ - ੭੭੩)

{ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥}

(ਅੰਗ - ੭੭੩)

{ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥}

(ਅੰਗ - ੭੭੩)

{ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥}

(ਅੰਗ - ੭੭੩)

{ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥}

(ਅੰਗ - ੭੭੪)

{ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥}

(ਅੰਗ - ੭੭੪)

{ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥

(ਅੰਗ - ੭੭੪)

{ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥}

(ਅੰਗ - ੭੭੪)

{ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥}

(ਅੰਗ - ੭੭੪)

{ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥}

(ਅੰਗ - ੭੭੪)

{ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥}

(ਅੰਗ - ੭੭੪)

{ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥}

(ਅੰਗ - ੭੭੪)

{ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥}

(ਅੰਗ - ੭੭੪)

{ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥
ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥}

(ਅੰਗ - ੭੭੪)

{ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥}

(ਅੰਗ - ੭੭੫)

{ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥

ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥}

(ਅੰਗ - ੭੭੫)

{ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥
ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥}

(ਅੰਗ - ੭੭੫)

{ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥
ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥}

(ਅੰਗ - ੭੭੫)

{ਪ੍ਰਭੁ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ ॥
ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ ॥}

(ਅੰਗ - ੭੭੫)

{ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥}

(ਅੰਗ - ੭੭੫)

{ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ ॥
ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ ॥}

(ਅੰਗ - ੭੭੫)

{ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ ॥
ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ ॥੪॥੧॥੪॥}

(ਅੰਗ - ੭੭੫)

{ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥
ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ ॥}

(ਅੰਗ - ੭੭੬)

{ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ ॥
ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ ॥੧॥}

(ਅੰਗ - ੭੭੬)

{ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥
ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥}

(ਅੰਗ - ੭੭੬)

{ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥
ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥}

(ਅੰਗ - ੭੭੬)

{ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ ॥
ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ ॥੧॥}

(ਅੰਗ - ੭੭੬)

{ਹਉ ਗੁਰ ਵਿਟਹੁ ਘੋਲਿ ਘੁਮਾਇਆ ਰਾਮ ਰਾਜਿਆ ਜੀਉ ਸਤਿਗੁਰ ਆਗੈ ਦੇਈ ॥
ਗੁਰੁ ਤੁਠਾ ਜੀਉ ਰਾਮ ਰਾਜਿਆ ਜਨ ਨਾਨਕ ਹਰਿ ਮੇਲੇਈ ॥੪॥੨॥੬॥੫॥੭॥੬॥੧੮॥}

(ਅੰਗ - ੭੭੬)

{ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ ॥
ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ ॥}

(ਅੰਗ - ੭੭੭)

{ਏਹੁ ਮਨੁ ਦੀਜੈ ਸੰਕ ਨ ਕੀਜੈ ਗੁਰਮੁਖਿ ਤਜਿ ਬਹੁ ਮਾਣਾ ॥
ਨਾਨਕ ਦੀਨ ਭਗਤ ਭਵ ਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ ॥੨॥}

(ਅੰਗ - ੭੭੭)

{ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ ॥
ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ ਬਲਿ ਬਲਿ ਸਦ ਕੁਰਬਾਨੋ ॥੩॥}

(ਅੰਗ - ੭੭੭)

{ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ ਵਡਭਾਗੀ ਦਰਸਨੁ ਪਾਈਐ ॥
ਥੀਉ ਨਿਮਾਣਾ ਸਦ ਕੁਰਬਾਣਾ ਸਗਲਾ ਆਪੁ ਮਿਟਾਈਐ ॥}

(ਅੰਗ - ੭੭੭)

{ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ ਹਮ ਤਿਸੁ ਪਹਿ ਆਪੁ ਵੇਚਾਇਆ ॥
ਨਾਨਕ ਦੀਨ ਸਰਣਿ ਸੁਖ ਸਾਗਰ ਰਾਖੁ ਲਾਜ ਅਪਨਾਇਆ ॥੪॥੧॥}

(ਅੰਗ - ੭੭੭)

{ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥
ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥੧॥}

(ਅੰਗ - ੭੭੭)

{ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਹਾਰੀ ॥
ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥੨॥}

(ਅੰਗ - ੭੭੭)

{ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥ ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥੩॥}

(ਅੰਗ - ੭੭੭)

{ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥
ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥}

(ਅੰਗ - ੭੭੭)

{ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥
ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥੪॥੨॥}

(ਅੰਗ - ੭੭੭)

{ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ ॥
ਗੁਰ ਚਰਣ ਲਾਗੇ ਭਰਮ ਭਾਗੇ ਕਾਜ ਸਗਲ ਸਵਾਰਿਆ ॥}

(ਅੰਗ - ੭੭੮)

{ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ॥
ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ ॥}

(ਅੰਗ - ੭੭੮)

{ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ ॥
ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ ॥}

(ਅੰਗ - ੭੭੮)

{ਪਤਿਤ ਪਾਵਨ ਹਰਿ ਨਾਮਾ ॥ ਪੂਰਨ ਸੰਤ ਜਨਾ ਕੇ ਕਾਮਾ ॥}

(ਅੰਗ - ੭੭੮)

{ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥
ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥}

(ਅੰਗ - ੭੭੮)

{ਮਨਿ ਸਾਂਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ ॥
ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ ॥੪॥੧॥੩॥}

(ਅੰਗ - ੭੭੮)

{ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥
ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥}

(ਅੰਗ - ੭੭੯)

{ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥
ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥੧॥}

(ਅੰਗ - ੭੭੯)

{ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ ॥ ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥}

{ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ ॥
ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ ॥੩॥}

(ਅੰਗ - ੭੭੯)

{ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥
ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥}

(ਅੰਗ - ੭੭੯)

{ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ ॥
ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥}

(ਅੰਗ - ੭੮੦)

{ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥
ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥੨॥}

(ਅੰਗ - ੭੮੦)

{ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ ॥
ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ ॥}

(ਅੰਗ - ੭੮੦)

{ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ ॥
ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥੪॥੨॥੫॥}

(ਅੰਗ - ੭੮੦)

{ਪਰਮ ਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ ॥
ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ ॥}

(ਅੰਗ - ੭੮੦)

{ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ ॥
ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥੩॥}

(ਅੰਗ - ੭੮੦)

{ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰ ਹੂ ਤੇ ਨੇਰਾ॥ ਨਾਨਕ ਕਉ ਪ੍ਰਭ ਕਿਰਪਾ ਕੀਜੈ ਨੇਤ੍ਰ ਦੇਖਹਿ ਦਰਸੁ ਤੇਰਾ॥੧॥}

(ਅੰਗ - ੭੮੦)

{ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥
ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥}

(ਅੰਗ - ੭੮੧)

{ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥੨॥}

(ਅੰਗ - ੭੮੧)

{ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥
ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥}

(ਅੰਗ - ੭੮੧)

{ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣ ਕਾਰਣ ਗੋਪਾਲਾ ॥
ਸਭੁ ਕਿਛੁ ਤੇਰਾ ਤੂ ਪ੍ਰਭੁ ਮੇਰਾ ਮੇਰੇ ਠਾਕੁਰ ਦੀਨ ਦਇਆਲਾ ॥}

(ਅੰਗ - ੭੮੧)

{ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ ਸੰਤਸੰਗਿ ਮਨੁ ਜਾਗਾ ॥
ਕਹੁ ਨਾਨਕ ਪ੍ਰਭਿ ਕਿਰਪਾ ਕੀਨ੍ਹੀ ਚਰਣ ਕਮਲ ਮਨੁ ਲਾਗਾ ॥੪॥੩॥੬॥}

(ਅੰਗ - ੭੮੧)

{ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥}

(ਅੰਗ - ੭੮੧)

{ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥
ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥}

(ਅੰਗ - ੭੮੧)

{ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥
ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥੨॥}

(ਅੰਗ - ੭੮੧)

{ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ ॥
ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥}

(ਅੰਗ - ੭੮੧)

{ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ ॥
ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥}

(ਅੰਗ - ੭੮੧)

{ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥
ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥੩॥}

(ਅੰਗ - ੭੮੧)

{ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥
ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥}

(ਅੰਗ - ੭੮੧)

{ਗੁਰ ਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ ॥
ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥}

(ਅੰਗ - ੭੮੨)

{ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥
ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥}

(ਅੰਗ - ੭੮੨)

{ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥
ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ ॥}

(ਅੰਗ - ੭੮੨)

{ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ ॥
ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ ॥੩॥}

(ਅੰਗ - ੭੮੨)

{ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥
ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥੪॥੫॥੯॥}

(ਅੰਗ - ੭੮੨)

{ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥}

(ਅੰਗ - ੭੮੩)

{ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥}

(ਅੰਗ - ੭੮੩)

{ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥}

(ਅੰਗ - ੭੮੩)

{ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥}

(ਅੰਗ - ੭੮੩)

{ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥
ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥}

(ਅੰਗ - ੭੮੩)

{ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥}

(ਅੰਗ - ੭੮੪)

{ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥}

(ਅੰਗ - ੭੮੪)

{ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥੩॥}

(ਅੰਗ - ੭੮੪)

{ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥}

(ਅੰਗ - ੭੮੪)

{ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥}

(ਅੰਗ - ੭੮੪)

{ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪॥੭॥੧੦॥}

(ਅੰਗ - ੭੮੪)

{ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ ॥

ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ ॥}

(ਅੰਗ - ੭੮੪)

{ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥
ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥}

(ਅੰਗ - ੭੮੪)

{ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥ ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥}

(ਅੰਗ - ੭੮੫)

{ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥
ਸਹਜਿ ਸਚੁ ਪਿਰੁ ਰਾਵਿਆ ਹਰਿ ਨਾਮਾ ਉਰ ਧਾਰਿ ॥}

(ਅੰਗ - ੭੮੫)

{ਆਗਿਆਕਾਰੀ ਸਦਾ ਸੋਹਾਗਣਿ ਆਪਿ ਮੇਲੀ ਕਰਤਾਰਿ ॥
ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋਹਾਗਣਿ ਨਾਰਿ ॥੧॥}

(ਅੰਗ - ੭੮੫)

{ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥
ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥}

(ਅੰਗ - ੭੮੫)

{ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥
ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥੧॥}

(ਅੰਗ - ੭੮੫)

{ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥
ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥੨॥}

(ਅੰਗ - ੭੮੫)

{ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥ ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥}

(ਅੰਗ - ੭੮੫)

{ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥}

{ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥
ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥
ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥}

(ਅੰਗ - ੭੮੬)

{ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥ ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ ॥
ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੁਭਾਇ ॥}

(ਅੰਗ - ੭੮੬)

ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ ॥
ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥੨॥}

(ਅੰਗ - ੭੮੬)

{ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ ॥ ਮਨਮੁਖ ਠਉਰ ਨ ਪਾਇਨ੍ਹੀ ਫਿਰਿ ਆਵੈ ਜਾਈ ॥}

(ਅੰਗ - ੭੮੬)

{ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥}

(ਅੰਗ - ੭੮੬)

{ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥}

(ਅੰਗ - ੭੮੬)

{ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥ ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥੨॥}

(ਅੰਗ - ੭੮੬)

{ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥ ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥
ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥}

(ਅੰਗ - ੭੮੬)

{ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥ ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ॥੪॥}

(ਅੰਗ - ੭੮੬)

{ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥
ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥}

(ਅੰਗ - ੭੮੭)

{ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥
ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ ॥੧॥}

(ਅੰਗ - ੭੮੭)

{ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ ॥ ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ ॥}

(ਅੰਗ - ੭੮੭)

{ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥ ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥
ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥}

(ਅੰਗ - ੭੮੭)

{ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ ॥੨॥}

(ਅੰਗ - ੭੮੭)

{ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ ॥ ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨ ਲਿਖਿਆ ॥
ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ ॥੬॥}

(ਅੰਗ - ੭੮੭)

{ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥}
(ਅੰਗ - ੭੮੭)

{ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥ ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥੪॥}
(ਅੰਗ - ੭੮੭)

{ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ ॥ ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿ ਧਾਰੀ ॥}
(ਅੰਗ - ੭੮੮)

{ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ ॥ ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥੧॥}
(ਅੰਗ - ੭੮੮)

{ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ॥ ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ॥}
(ਅੰਗ - ੭੮੮)

{ਤਨੁ ਮਨੁ ਰਤਾ ਰੰਗ ਸਿਉ ਹਉਮੈ ਤ੍ਰਿਸਨਾ ਮਾਰਿ ॥
ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸਨ ਮੁਰਾਰਿ ॥}
(ਅੰਗ - ੭੮੮)

{ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ ॥ ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥}
(ਅੰਗ - ੭੮੮)

{ਹਰਿ ਸਾਲਾਹੀ ਸਦਾ ਸਦਾ ਤਨੁ ਮਨੁ ਸਉਪਿ ਸਰੀਰੁ ॥ ਗੁਰ ਸਬਦੀ ਸਚੁ ਪਾਇਆ ਸਚਾ ਗਹਿਰ ਗੰਭੀਰੁ ॥}
(ਅੰਗ - ੭੮੯)

{ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥ ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥}
(ਅੰਗ - ੭੮੯)

{ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥ ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥
ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥੧੧॥}
(ਅੰਗ - ੭੮੯)

{ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥}
(ਅੰਗ - ੭੮੯)

{ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥}
(ਅੰਗ - ੭੮੯)

{ਧਰਮੁ ਦਲਾਲੁ ਪਾਏ ਨੀਸਾਣੁ ॥ ਨਾਨਕ ਨਾਮੁ ਲਾਹਾ ਪਰਵਾਣੁ ॥}
(ਅੰਗ - ੭੮੯)

{ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥ ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ ॥}
(ਅੰਗ - ੭੮੯)

{ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥}
(ਅੰਗ - ੭੮੯)

{ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥ ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥}
(ਅੰਗ - ੭੮੯)

{ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥ ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥੧੩॥}
(ਅੰਗ - ੭੮੯)

{ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥}
(ਅੰਗ - ੭੯੦)

{ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥}
(ਅੰਗ - ੭੯੦)

{ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥}
(ਅੰਗ - ੭੯੦)

{ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥ ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥}
(ਅੰਗ - ੭੯੦)

{ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥}
(ਅੰਗ - ੭੯੦)

{ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥ ਹਉਮੈ ਗਰਬੁ ਨਿਵਾਰੀਐ ਕਾਮੁ ਕ੍ਰੋਧੁ ਅਹੰਕਾਰੁ ॥
ਲਬੁ ਲੋਭੁ ਪਰਜਾਲੀਐ ਨਾਮੁ ਮਿਲੈ ਆਧਾਰੁ ॥}
(ਅੰਗ - ੭੯੦)

{ਦਰਿ ਮੰਗਤੁ ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ ॥ ਗੁਰਮੁਖਿ ਲੇਹੁ ਮਿਲਾਇ ਜਨੁ ਪਾਵੈ ਨਾਮੁ ਹਰਿ ॥}
(ਅੰਗ - ੭੯੦)

{ਗੁਰਮੁਖਿ ਸੇਵਿ ਸਲਾਹਿ ਸਚਾ ਉਰ ਧਾਰਿਆ ॥ ਘਰੁ ਦਰੁ ਪਾਵੈ ਮਹਲੁ ਨਾਮੁ ਪਿਆਰਿਆ ॥}
(ਅੰਗ - ੭੯੧)

{ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ ॥ ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ ॥੧੬॥}
(ਅੰਗ - ੭੯੧)

{ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥}
(ਅੰਗ - ੭੯੧)

{ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥}
(ਅੰਗ - ੭੯੧)

{ਬੇਦ ਪਾਠ ਸੰਸਾਰ ਕੀ ਕਾਰ ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ ॥}
(ਅੰਗ - ੭੯੧)

{ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥}
(ਅੰਗ - ੭੯੧)

{ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥ ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥}
(ਅੰਗ - ੭੯੧)

{ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥ ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ ॥}
(ਅੰਗ - ੭੯੧)

{ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ ॥
ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥੧੭॥}
(ਅੰਗ - ੭੯੧)

{ਸਤਿਗੁਰ ਚਰਣੀ ਲਗਿਆ ਹਰਿ ਨਾਮੁ ਨਿਤ ਜਪਨੀ ॥
ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ ॥੧੮॥}
(ਅੰਗ - ੭੯੧)

{ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ ॥ ਦੂਜੀ ਕਾਰੈ ਲਗਿਆ ਫਿਰਿ ਜੋਨੀ ਪਾਵੈ ॥}
(ਅੰਗ - ੭੯੧)

{ਨਾਮਿ ਰਤਿਆ ਨਾਮੁ ਪਾਈਐ ਨਾਮੇ ਗੁਣ ਗਾਵੈ ॥ ਗੁਰ ਕੈ ਸਬਦਿ ਸਲਾਹੀਐ ਹਰਿ ਨਾਮਿ ਸਮਾਵੈ ॥}
(ਅੰਗ - ੭੯੧)

{ਸਤਿਗੁਰ ਸੇਵਾ ਸਫਲ ਹੈ ਸੇਵਿਐ ਫਲ ਪਾਵੈ ॥੧੯॥}
(ਅੰਗ - ੭੯੧)

{ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥ ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥}
(ਅੰਗ - ੭੯੩)

{ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥
ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥}
(ਅੰਗ - ੭੯੩)

{ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥ ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥}
(ਅੰਗ - ੭੯੩)

{ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥}
(ਅੰਗ - ੭੯੩)

{ਸਹ ਕੀ ਸਾਰ ਸੁਹਾਗਨਿ ਜਾਨੈ ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥}
(ਅੰਗ - ੭੯੩)

{ਕਰਿ ਬੰਦਿਗੀ ਛਾਡਿ ਮੈ ਮੇਰਾ ॥ ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥}
(ਅੰਗ - ੭੯੪)

{ਜਨਮੁ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹ ਦਿਸ ਅੰਧਿਆਰਾ ॥}
(ਅੰਗ - ੭੯੪)

{ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥}

(ਅੰਗ - ੭੯੫)

{ਜੀਅ ਜੰਤ ਸਭਿ ਸਰਣਿ ਤੁਮ੍ਹਾਰੀ ਸਰਬ ਚਿੰਤ ਤੁਧੁ ਪਾਸੇ ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥}

(ਅੰਗ - ੭੯੫)

{ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ ॥}

(ਅੰਗ - ੭੯੬)

{ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥}

(ਅੰਗ - ੭੯੬)

{ਸਬਦਿ ਮੁਏ ਮਨੁ ਮਨ ਤੇ ਮਾਰਿਆ ॥ ਠਾਕਿ ਰਹੇ ਮਨੁ ਸਾਚੈ ਧਾਰਿਆ ॥}

(ਅੰਗ - ੭੯੬)

{ਅਵਰੁ ਨ ਸੂਝੈ ਗੁਰ ਕਉ ਵਾਰਿਆ ॥ ਨਾਨਕ ਨਾਮਿ ਰਤੇ ਨਿਸਤਾਰਿਆ ॥੪॥੩॥}

(ਅੰਗ - ੭੯੬)

{ਗੁਰ ਬਚਨੀ ਮਨੁ ਸਹਜ ਧਿਆਨੇ ॥ ਹਰਿ ਕੈ ਰੰਗਿ ਰਤਾ ਮਨੁ ਮਾਨੇ ॥}

(ਅੰਗ - ੭੯੬)

{ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥੩॥}

(ਅੰਗ - ੭੯੬)

{ਬਿਨੁ ਗੁਰ ਕਰਣੀ ਕਿਆ ਕਾਰ ਕਮਾਇ ॥ ਹਉਮੈ ਮੇਟਿ ਚਲੈ ਗੁਰ ਸਬਦਿ ਸਮਾਇ ॥੩॥}

(ਅੰਗ - ੭੯੬)

{ਮਨਮੁਖੁ ਵਿਛੁੜੈ ਖੋਟੀ ਰਾਸਿ ॥ ਗੁਰਮੁਖਿ ਨਾਮਿ ਮਿਲੈ ਸਾਬਾਸਿ ॥}

(ਅੰਗ - ੭੯੬)

{ਹਰਿ ਕਿਰਪਾ ਧਾਰੀ ਦਾਸਨਿ ਦਾਸ ॥ ਜਨ ਨਾਨਕ ਹਰਿ ਨਾਮ ਧਨੁ ਰਾਸਿ ॥੪॥੪॥}

(ਅੰਗ - ੭੯੬)

{ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮ੍ਹਾਲੇ ॥ ਹਰਿ ਜਨ ਮਾਇਆ ਮਾਹਿ ਨਿਸਤਾਰੇ ॥
ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ ॥੪॥੧॥}

(ਅੰਗ - ੭੯੭)

{ਗੁਰ ਪਰਸਾਦਿ ਵਸੈ ਮਨਿ ਆਇ ॥ ਤਾ ਕੋ ਜਾਣੈ ਦੁਬਿਧਾ ਜਾਇ ॥੧॥ ਰਹਾਉ ॥}

(ਅੰਗ - ੭੯੭)

{ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥
ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ ਅਨਦਿਨੁ ਲਾਗੈ ਸਹਜ ਧਿਆਨਾ ॥੧॥ ਰਹਾਉ ॥}

(ਅੰਗ - ੭੯੭)

{ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥}

(ਅੰਗ - ੭੯੭)

{ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥}

(ਅੰਗ - ੭੯੭)

{ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥}

(ਅੰਗ - ੭੯੮)

{ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥}

(ਅੰਗ - ੭੯੮)

{ਪੂਰੇ ਗੁਰ ਤੇ ਵਡਿਆਈ ਪਾਈ ॥ ਅਚਿੰਤ ਨਾਮੁ ਵਸਿਆ ਮਨਿ ਆਈ ॥}

(ਅੰਗ - ੭੯੮)

{ਹਉਮੈ ਮਾਇਆ ਸਬਦਿ ਜਲਾਈ ॥ ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥}

(ਅੰਗ - ੭੯੮)

{ਮਨ ਕੀ ਪਰਤੀਤਿ ਮਨ ਤੇ ਪਾਈ ॥ ਪੂਰੇ ਗੁਰ ਤੇ ਸਬਦਿ ਬੁਝਾਈ ॥}

(ਅੰਗ - ੭੯੮)

{ਘਰ ਹੀ ਮਹਿ ਸਭਿ ਕੋਟ ਨਿਧਾਨ ॥ ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥}

(ਅੰਗ - ੭੯੮)

{ਸਦ ਹੀ ਲਾਗਾ ਸਹਜਿ ਧਿਆਨੁ ॥ ਅਨਦਿਨੁ ਗਾਵੈ ਏਕੋ ਨਾਮੁ ॥੩॥}

(ਅੰਗ - ੭੯੮)

{ਪੂਰੇ ਗੁਰ ਤੇ ਨਾਮੁ ਧਿਆਈ ॥ ਜਹ ਦੇਖਾ ਤਹ ਰਹਿਆ ਸਮਾਈ ॥}

(ਅੰਗ - ੭੯੮)

{ਪੂਰੈ ਭਾਗਿ ਗੁਰੁ ਪੂਰਾ ਪਾਇਆ ॥ ਅੰਤਰਿ ਨਾਮੁ ਨਿਧਾਨੁ ਦਿਖਾਇਆ ॥}

(ਅੰਗ - ੭੯੮)

{ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥ ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ ॥੫॥੬॥੪॥੬॥੧੦॥}

(ਅੰਗ - ੭੯੮)

{ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥
ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ ॥੧॥}

(ਅੰਗ - ੭੯੯)

{ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ ॥
ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ ॥੨॥}

(ਅੰਗ - ੭੯੯)

{ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ ॥
ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ ਦਾਸੰਨਾ ॥੪॥੧॥}

(ਅੰਗ - ੭੯੬)

{ਮੇਰੇ ਮਨ ਭਜੁ ਰਾਮ ਨਾਮੈ ਰਾਮਾ ॥
ਗੁਰਮਤਿ ਹਰਿ ਰਸੁ ਪਾਈਐ ਹੋਰਿ ਤਿਆਗਹੁ ਨਿਹਫਲ ਕਾਮਾ ॥੧॥ ਰਹਾਉ ॥}

(ਅੰਗ - ੭੯੬)

{ਹਰਿ ਜਨ ਨਾਮੁ ਅਧਾਰੁ ਹੈ ਧੁਰਿ ਪੂਰਬਿ ਲਿਖੇ ਵਡ ਕਰਮਾ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ ॥੪॥੨॥}

(ਅੰਗ - ੭੯੬)

{ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਾਏ ਸੰਤੋਖ ਗੁਰ ਸਰਾ ॥
ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥੩॥}

(ਅੰਗ - ੭੯੬)

{ਸਾਕਤ ਨਰ ਹੋਛੀ ਮਤਿ ਮਧਿਮ ਜਿਨ੍ ਹਰਿ ਹਰਿ ਸੇਵ ਨ ਕਰਾ ॥
ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ ॥੩॥}

(ਅੰਗ - ੭੯੬)

{ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥
ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥੧॥}

(ਅੰਗ - ੭੯੬)

{ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥
ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥੩॥}

(ਅੰਗ - ੭੯੬)

{ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥
ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥੪॥੪॥}

(ਅੰਗ - ੭੯੬)

{ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥੧॥}

(ਅੰਗ - ੭੯੬)

{ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥}

(ਅੰਗ - ੮੦੦)

{ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥
ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤ੍ਰੁਟੇ ਮਾਇਆ ਫੰਦੇ ॥੩॥}

(ਅੰਗ - ੮੦੦)

{ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥

ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥}

(ਅੰਗ - ੮੦੦)

{ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥
ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥੪॥੬॥}

(ਅੰਗ - ੮੦੦)

{ਮਨ ਰਾਮ ਨਾਮ ਕਰਿ ਆਸਾ ॥ ਭਾਉ ਦੂਜਾ ਬਿਨਸਿ ਬਿਨਾਸਾ ॥}

(ਅੰਗ - ੮੦੧)

{ਵਿਚਿ ਆਸਾ ਹੋਇ ਨਿਰਾਸੀ ॥ ਸੋ ਜਨੁ ਮਿਲਿਆ ਹਰਿ ਪਾਸੀ ॥}

(ਅੰਗ - ੮੦੧)

{ਕੋਈ ਰਾਮ ਨਾਮ ਗੁਨ ਗਾਵਨੋ ॥ ਜਨੁ ਨਾਨਕੁ ਤਿਸੁ ਪਗਿ ਲਾਵਨੋ ॥੨॥੧॥੭॥੪॥੬॥੭॥੧੭॥}

(ਅੰਗ - ੮੦੧)

{ਕਿਉ ਤਰੀਐ ਬਿਖਿਆ ਸੰਸਾਰੁ ॥ ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ ਰਹਾਉ ॥}

(ਅੰਗ - ੮੦੧)

{ਪਵਨ ਝੁਲਾਰੇ ਮਾਇਆ ਦੇਇ ॥ ਹਰਿ ਕੇ ਭਗਤ ਸਦਾ ਥਿਰੁ ਸੇਇ ॥}

(ਅੰਗ - ੮੦੧)

{ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥ ਹਉਮੈ ਪਚੇ ਦੀਪਕ ਦੇਖਿ ਪਤੰਗਾ ॥}

(ਅੰਗ - ੮੦੧)

{ਆਨਦ ਰੂਪੁ ਸਭੁ ਨਦਰੀ ਆਇਆ ॥ ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥}

(ਅੰਗ - ੮੦੧)

{ਧਰਤਿ ਪੁਨੀਤ ਭਈ ਗੁਨ ਗਾਏ ॥ ਦੁਰਤੁ ਗਇਆ ਹਰਿ ਨਾਮੁ ਧਿਆਏ ॥੧॥ ਰਹਾਉ ॥}

(ਅੰਗ - ੮੦੧)

{ਗੁਰ ਕੇ ਚਰਨ ਲਗੇ ਮਨਿ ਮੀਠੇ ॥ ਨਿਰਬਿਘਨ ਹੋਇ ਸਭ ਥਾਂਈ ਵੂਠੇ ॥ ਸਭਿ ਸੁਖ ਪਾਏ ਸਤਿਗੁਰ ਤੂਠੇ ॥੩॥}

(ਅੰਗ - ੮੦੧)

{ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥ ਬਿਸਰਿ ਗਈ ਸਭ ਦੁਰਮਤਿ ਰੀਤਿ ॥}

(ਅੰਗ - ੮੦੨)

{ਮਨ ਤਨ ਅੰਤਰਿ ਹਰਿ ਹਰਿ ਮੰਤ ॥ ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥੪॥੩॥}

(ਅੰਗ - ੮੦੨)

{ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤਸੰਗਤਿ ਜਿਨਾ ਵਾਸੋ ॥
ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥}

(ਅੰਗ - ੮੦੨)

{ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥
ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥੩॥}

(ਅੰਗ - ੮੦੨)

{ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਜਿ ਸੁਭਾਏ ॥
ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ ॥}

(ਅੰਗ - ੮੦੩)

{ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥
ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥}

(ਅੰਗ - ੮੦੩)

{ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥}

(ਅੰਗ - ੮੦੩)

{ਕੋਟਿ ਜਤਨ ਸੰਤੋਖੁ ਨ ਪਾਇਆ ॥ ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥੩॥}

(ਅੰਗ - ੮੦੩)

{ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥ ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥੧॥ ਰਹਾਉ ॥}

(ਅੰਗ - ੮੦੪)

{ਨੀਚਾ ਤੇ ਊਚ ਊਨ ਪੂਰੀਨਾ ॥ ਅੰਮ੍ਰਿਤ ਨਾਮੁ ਮਹਾ ਰਸੁ ਲੀਨਾ ॥੩॥}

(ਅੰਗ - ੮੦੪)

{ਮਨ ਤਨ ਨਿਰਮਲ ਪਾਪ ਜਲਿ ਖੀਨਾ ॥ ਕਹੁ ਨਾਨਕ ਪ੍ਰਭ ਭਏ ਪ੍ਰਸੀਨਾ ॥੪॥੭॥੧੨॥}

(ਅੰਗ - ੮੦੪)

{ਮਹਾ ਮੋਹ ਅੰਧ ਕੂਪ ਪਰਿਆ ॥ ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥੩॥}

(ਅੰਗ - ੮੦੫)

{ਆਪਹੁ ਕਛੂ ਨ ਹੋਵਤ ਭਾਈ ॥ ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ ॥੩॥}

(ਅੰਗ - ੮੦੫)

{ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥ ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ ॥੪॥੧੦॥੧੫॥}

(ਅੰਗ - ੮੦੫)

{ਅਰਥ ਧਰਮ ਕਾਮ ਮੋਖ ਕਾ ਦਾਤਾ ॥ ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥੩॥}

(ਅੰਗ - ੮੦੫)

{ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥ ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥}

(ਅੰਗ - ੮੦੬)

{ਹਰਿ ਹਰਿ ਨਾਮੁ ਜਪਤ ਨਰ ਜੀਵੇ ॥ ਮਰਿ ਖੁਆਰੁ ਸਾਕਤ ਨਰ ਥੀਵੇ ॥੧॥}

(ਅੰਗ - ੮੦੬)

{ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥}

(ਅੰਗ - ੮੦੬)

{ਤਾਪ ਪਾਪ ਸੰਤਾਪ ਬਿਨਾਸੇ ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥}

(ਅੰਗ - ੮੦੬)

{ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ ॥
ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ ॥੧॥}

(ਅੰਗ - ੮੦੬)

{ਮਨ ਮਹਿ ਸਿੰਚਹੁ ਹਰਿ ਹਰਿ ਨਾਮ ॥ ਅਨਦਿਨੁ ਕੀਰਤਨੁ ਹਰਿ ਗੁਣ ਗਾਮ ॥੧॥}

(ਅੰਗ - ੮੦੭)

{ਰੋਗੁ ਗਇਆ ਪ੍ਰਭਿ ਆਪਿ ਗਵਾਇਆ ॥ ਨੀਦ ਪਈ ਸੁਖ ਸਹਜ ਘਰੁ ਆਇਆ ॥੧॥ ਰਹਾਉ ॥}

(ਅੰਗ - ੮੦੭)

{ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥ ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥੧॥}

(ਅੰਗ - ੮੦੭)

{ਨਾਨਕ ਗੁਰ ਪੂਰੇ ਸਰਨਾਈ ॥ ਜਿਨਿ ਅਪਨੇ ਨਾਮ ਕੀ ਪੈਜ ਰਖਾਈ ॥੨॥੮॥੨੬॥}

(ਅੰਗ - ੮੦੭)

{ਸਤਿਗੁਰ ਕਰਿ ਦੀਨੇ ਅਸਥਿਰ ਘਰ ਬਾਰ ॥ ਰਹਾਉ ॥}

(ਅੰਗ - ੮੦੭)

{ਨਾਨਕ ਦਾਸ ਤਾ ਕੀ ਸਰਨਾਈ ਜਾ ਕੋ ਸਬਦੁ ਅਖੰਡ ਅਪਾਰ ॥੨॥੯॥੨੭॥}

(ਅੰਗ - ੮੦੭)

{ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ ॥ ਬਹੁ ਜੋਨੀ ਜਨਮਹਿ ਮਰਹਿ ਬਿਖਿਆ ਬਿਕਰਾਲ ॥੧॥}

(ਅੰਗ - ੮੦੭)

{ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ ॥
ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ ॥੨॥੧੧॥੨੯॥}

(ਅੰਗ - ੮੦੭)

{ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥ ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ ॥ ਰਹਾਉ ॥}

{ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ ॥੪॥੧॥੩੧॥}

(ਅੰਗ - ੮੦੮)

{ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ ॥
ਲਪਟਿ ਰਹਿਓ ਮਨੁ ਬਾਸਨਾ ਗੁਰ ਮਿਲਿ ਇਹ ਤਿਆਗਉ ॥੧॥ ਰਹਾਉ ॥}

(ਅੰਗ - ੮੦੮)

{ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ ॥ ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ ॥੨॥}

(ਅੰਗ - ੮੦੮)

{ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ॥ ਰਿਦੈ ਪ੍ਰਗਾਸੁ ਪ੍ਰਗਟੁ ਭਇਆ ਨਿਸਿ ਬਾਸੁਰ ਜਾਗਉ ॥੩॥}

(ਅੰਗ - ੮੦੮)

{ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥੩॥੩੩॥}

(ਅੰਗ - ੮੦੮)

{ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥੨॥}

(ਅੰਗ - ੮੦੯)

{ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ ॥ ਜਿਤੁ ਸੇਵਿਐ ਸੁਖੁ ਹੋਇ ਘਨਾ ਮਨ ਸੋਈ ਗਾਈਐ ॥੧॥}

(ਅੰਗ - ੮੦੯)

{ਕਹੀਐ ਕਾਇ ਪਿਆਰੇ ਤੁਝੁ ਬਿਨਾ ॥ ਤੁਮ੍ ਦਇਆਲ ਸੁਆਮੀ ਸਭ ਅਵਗਨ ਹਮਾ ॥੧॥ ਰਹਾਉ ॥}

(ਅੰਗ - ੮੦੯)

{ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥ ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥੧॥}

(ਅੰਗ - ੮੦੯)

{ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥ ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ ॥੨॥}

(ਅੰਗ - ੮੦੯)

{ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥ ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ ॥੩॥}

(ਅੰਗ - ੮੦੯)

{ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨॥}

(ਅੰਗ - ੮੦੯)

{ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥੪॥੭॥੩੭॥}

(ਅੰਗ - ੮੦੯)

{ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ ॥ ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦਿ ॥੧॥}

(ਅੰਗ - ੮੧੦)

{ਐਸੀ ਪੇਖੀ ਨੇਤ੍ ਮਹਿ ਪੂਰੇ ਗੁਰ ਪਰਸਾਦਿ ॥ ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ ॥੧॥ ਰਹਾਉ ॥}

(ਅੰਗ - ੮੧੦)

{ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥}

(ਅੰਗ - ੮੧੦)

{ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥}

(ਅੰਗ - ੮੧੦)

{ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥ ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ॥੪॥੯॥੩੯॥}

(ਅੰਗ - ੮੧੦)

{ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ ॥ ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ ॥੧॥}

(ਅੰਗ - ੮੧੦)

{ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ ॥ ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪਧਾਰੀ ॥੨॥}
(ਅੰਗ - ੮੧੦)

{ਤਨ ਮਨ ਸੀਤਲ ਭਏ ਅਬ ਮੁਕਤੇ ਸੰਸਾਰੀ ॥ ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ ॥੪॥੧੦॥੪੦॥}
(ਅੰਗ - ੮੧੦)

{ਤੁਮ੍ਰੀ ਕ੍ਰਿਪਾ ਤੇ ਛੂਟੀਐ ਬਿਨਸੈ ਅਹੰਮੇਵ ॥ ਸਰਬ ਕਲਾ ਸਮਰਥ ਪ੍ਰਭ ਪੂਰੇ ਗੁਰਦੇਵ ॥੧॥ ਰਹਾਉ ॥}
(ਅੰਗ - ੮੧੦)

{ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ ॥ ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ ਪੂਰੁ ॥੨॥}
(ਅੰਗ - ੮੧੧)

{ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ ॥
ਜਤ ਕਤ ਤੁਮ੍ ਭਰਪੂਰ ਹਹੁ ਮੇਰੇ ਦੀਨ ਦਇਆਲੀ ॥੩॥}
(ਅੰਗ - ੮੧੧)

{ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ ॥ ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ ॥੪॥੧੨॥੪੨॥}
(ਅੰਗ - ੮੧੧)

{ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥ ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ॥}
(ਅੰਗ - ੮੧੧)

{ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥ ਬੁਧਿ ਪ੍ਰਗਾਸ ਪ੍ਰਗਟੁ ਭਈ ਉਲਟਿ ਕਮਲੁ ਬਿਗਸਨਾ ॥੨॥}
(ਅੰਗ - ੮੧੧)

{ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥ ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥}
(ਅੰਗ - ੮੧੧)

{ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥ ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥੧੩॥੪੩॥}
(ਅੰਗ - ੮੧੧)

{ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ ॥੨॥}
(ਅੰਗ - ੮੧੧)

{ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥}
(ਅੰਗ - ੮੧੧)

{ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥ ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ॥੫॥੧੪॥੪੪॥}
(ਅੰਗ - ੮੧੧)

{ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥}
(ਅੰਗ - ੮੧੧)

{ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ॥ ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ॥੨॥}
(ਅੰਗ - ੮੧੨)

{ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥ ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥}
(ਅੰਗ - ੮੧੨)

{ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥}
(ਅੰਗ - ੮੧੨)

{ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ ॥ ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ ॥੨॥}
(ਅੰਗ - ੮੧੨)

{ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ ॥
ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥੪॥੧੬॥੪੬॥}
(ਅੰਗ - ੮੧੨)

{ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥ ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ ॥੨॥}
(ਅੰਗ - ੮੧੨)

{ਜਿਨਿ ਅਨਿਕ ਏਕ ਬਹੁ ਰੰਗ ਕੀਏ ਹੈ ਹੋਸੀ ਏਹ ॥ ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ ॥੩॥}
(ਅੰਗ - ੮੧੨)

{ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ ॥ ਦਾਸ ਦਾਸ ਕੋ ਦਾਸਰਾ ਨਾਨਕ ਕਰਿ ਲੇਹ ॥੪॥੧੭॥੪੭॥}
(ਅੰਗ - ੮੧੨)

{ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ ॥ ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ ॥੧॥}
(ਅੰਗ - ੮੧੨)

{ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥ ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥੧॥ ਰਹਾਉ ॥}
(ਅੰਗ - ੮੧੨)

{ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥ ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥੩॥}
(ਅੰਗ - ੮੧੨)

{ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥
ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ ॥੪॥੧੮॥੪੮॥}
(ਅੰਗ - ੮੧੨)

{ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ ॥ ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ ॥੧॥}
(ਅੰਗ - ੮੧੩)

{ਓਇ ਹਮਾਰੇ ਸਾਜਨਾ ਹਮ ਉਨ ਕੀ ਰੇਨ ॥ ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ ਦੇਨ ॥੧॥ ਰਹਾਉ ॥}
(ਅੰਗ - ੮੧੩)

{ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ ॥ ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ ॥੩॥}
(ਅੰਗ - ੮੧੩)

{ਨਾਨਕ ਕੀ ਤੂ ਟੇਕ ਪ੍ਰਭ ਤੇਰਾ ਆਧਾਰ ॥ ਕਰਣ ਕਾਰਣ ਸਮਰਥ ਪ੍ਰਭ ਹਰਿ ਅਗਮ ਅਪਾਰ ॥੪॥੧੯॥੪੯॥}
(ਅੰਗ - ੮੧੩)

{ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥ ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥੧॥}
(ਅੰਗ - ੮੧੩)

{ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥
ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥}
(ਅੰਗ - ੮੧੩)

{ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥ ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ॥੪॥੨੧॥੫੧॥}
(ਅੰਗ - ੮੧੩)

{ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥ ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥੩॥}
(ਅੰਗ - ੮੧੩)

{ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥ ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥੨॥}
(ਅੰਗ - ੮੧੪)

{ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥ ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ॥੩॥}
(ਅੰਗ - ੮੧੪)

{ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥ ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ॥੪॥੨੨॥੫੨॥}
(ਅੰਗ - ੮੧੪)

{ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ ॥ ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ ॥੨॥}
(ਅੰਗ - ੮੧੪)

{ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ ॥ ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥੩॥}
(ਅੰਗ - ੮੧੪)

{ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ ॥
ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ ॥੧॥ ਰਹਾਉ ॥}
(ਅੰਗ - ੮੧੪)

{ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥ ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ॥੪॥੨੩॥੫੩॥}
(ਅੰਗ - ੮੧੪)

{ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥}
(ਅੰਗ - ੮੧੪)

{ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥ ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ॥}
(ਅੰਗ - ੮੧੪)

{ਨਿਧਿ ਨਿਧਾਨ ਅੰਮ੍ਰਿਤੁ ਪੀਆ ਮਨਿ ਤਨਿ ਆਨੰਦ ॥ ਨਾਨਕ ਕਬਹੁ ਨ ਵੀਸਰੈ ਪ੍ਰਭ ਪਰਮਾਨੰਦ ॥੪॥੨੪॥੫੪॥}
(ਅੰਗ - ੮੧੪)

{ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥ ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥੧॥}
(ਅੰਗ - ੮੧੪)

{ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ ॥ ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ ॥੪॥੨੫॥੫੫॥}
(ਅੰਗ - ੮੧੪)

{ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ ॥ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ ॥੩॥}
(ਅੰਗ - ੮੧੪)

{ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ ॥ ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ ॥੩॥}
(ਅੰਗ - ੮੧੫)

{ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ ॥ ਪ੍ਰਭ ਕੇ ਸੇਵਕ ਸਰਣਿ ਪ੍ਰਭ ਤਿਨ ਕਉ ਭਉ ਨਾਹਿ॥੪॥੨੬॥੫੬॥}
(ਅੰਗ - ੮੧੫)

{ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ ॥ ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ ॥੧॥}
(ਅੰਗ - ੮੧੫)

{ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ॥ ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ ॥੧॥}
(ਅੰਗ - ੮੧੫)

{ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥ ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥੨॥}
(ਅੰਗ - ੮੧੫)

{ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਹਾਰੇ ॥ ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥੩॥}
(ਅੰਗ - ੮੧੫)

{ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ॥ ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ॥੪॥੨੭॥੫੭॥}
(ਅੰਗ - ੮੧੫)

{ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥ ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥੩॥}
(ਅੰਗ - ੮੧੫)

{ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥
ਖਰ ਕਾ ਪੈਖਰੁ ਤਉ ਛੂਟੈ ਜਉ ਊਪਰਿ ਲਾਦਾ ॥੧॥ ਰਹਾਉ ॥}
(ਅੰਗ - ੮੧੫)

{ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥
ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ ॥੪॥੨੮॥੫੮॥}
(ਅੰਗ - ੮੧੫)

{ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥ ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥੧॥}
(ਅੰਗ - ੮੧੫)

{ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥ ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੂ ਪੋਚ ॥੨॥}
(ਅੰਗ - ੮੧੫)

{ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥ ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ ॥੩॥}
(ਅੰਗ - ੮੧੫)

{ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ ॥ ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ ॥੨॥}
(ਅੰਗ - ੮੧੬)

{ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥ ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥੪॥੩੦॥੬੦॥}
(ਅੰਗ - ੮੧੬)

{ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ ॥ ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ ॥੪॥੩੧॥੬੧॥}
(ਅੰਗ - ੮੧੬)

{ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੁਟ ॥ ਪੂਰਨ ਭਈ ਸਮਗਰੀ ਕਬਹੂ ਨਹੀ ਤੂਟ ॥੧॥ ਰਹਾਉ ॥}
(ਅੰਗ - ੮੧੬)

{ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ ॥ ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥੨॥}
(ਅੰਗ - ੮੧੬)

{ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ ॥ ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥੩॥}
(ਅੰਗ - ੮੧੬)

{ਜੈ ਜੈ ਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ ॥
ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ ॥੪॥੩੩॥੬੩॥}
(ਅੰਗ - ੮੧੬)

{ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗੁ ॥ ਨਾਨਕ ਪ੍ਰਭ ਸਰਣਾਗਤੀ ਕਰਣ ਕਾਰਣ ਜੋਗੁ ॥੨॥੩੪॥੬੪॥}
(ਅੰਗ - ੮੧੭)

{ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥
ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥੧॥}
(ਅੰਗ - ੮੧੭)

{ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ ॥ ਰਾਖਨਹਾਰੈ ਰਾਖਿਆ ਅਪਨੀ ਕਰਿ ਮਇਆ ॥੧॥ ਰਹਾਉ ॥}
(ਅੰਗ - ੮੧੭)

{ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥ ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ ॥੧॥}
(ਅੰਗ - ੮੧੭)

{ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ ॥ ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ॥੨॥੨॥੬੬॥}
(ਅੰਗ - ੮੧੭)

{ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥ ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ ॥੧॥}
(ਅੰਗ - ੮੧੭)

{ਰਾਖਨਹਾਰ ਅਪਾਰ ਪ੍ਰਭ ਤਾ ਕੀ ਨਿਰਮਲ ਸੇਵ ॥ ਰਾਮ ਰਾਜ ਰਾਮਦਾਸ ਪੁਰਿ ਕੀਨੇ ਗੁਰਦੇਵ ॥੧॥ ਰਹਾਉ ॥}
(ਅੰਗ - ੮੧੭)

{ਸਦਾ ਸਦਾ ਹਰਿ ਧਿਆਈਐ ਕਿਛੁ ਬਿਘਨੁ ਨ ਲਾਗੈ ॥ ਨਾਨਕ ਨਾਮੁ ਸਲਾਹੀਐ ਭਇ ਦੁਸਮਨ ਭਾਗੈ॥੨॥੩॥੬੭॥}
(ਅੰਗ - ੮੧੭)

{ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥ ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥੧॥ ਰਹਾਉ ॥}
(ਅੰਗ - ੮੧੭)

{ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥ ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ ॥੨॥੪॥੬੮॥}
(ਅੰਗ - ੮੧੮)

{ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ ॥ ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ ॥੧॥}
(ਅੰਗ - ੮੧੮)

{ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ ॥
ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧॥ ਰਹਾਉ ॥}
(ਅੰਗ - ੮੧੮)

{ਸਿਮਰਿ ਸਿਮਰਿ ਪ੍ਰਭੁ ਆਪਨਾ ਨਾਠਾ ਦੁਖ ਠਾਉ ॥
ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਉ ॥੧॥}
(ਅੰਗ - ੮੧੮)

{ਬਲਿਹਾਰੀ ਗੁਰ ਆਪਨੇ ਚਰਨਨ੍ ਬਲਿ ਜਾਉ ॥ ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ ॥੧॥ ਰਹਾਉ ॥}
(ਅੰਗ - ੮੧੮)

{ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥
ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ॥੨॥੬॥੭੦॥}
(ਅੰਗ - ੮੧੮)

{ਕਰਣ ਕਾਰਣ ਸਮਰਥੁ ਹੈ ਤਿਸੁ ਬਿਨੁ ਨਹੀ ਹੋਰੁ ॥ ਨਾਨਕ ਪ੍ਰਭ ਸਰਣਾਗਤੀ ਸਾਚਾ ਮਨਿ ਜੋਰੁ ॥੨॥੫॥੬੯॥}
(ਅੰਗ - ੮੧੮)

{ਸੂਖ ਸਹਜ ਕਲਿਆਣ ਰਸ ਪੂਰੈ ਗੁਰਿ ਕੀਨ੍ ॥ ਜੀਅ ਸਗਲ ਦਇਆਲ ਭਏ ਹਰਿ ਹਰਿ ਨਾਮੁ ਚੀਨ੍॥੧॥ਰਹਾਉ॥}
(ਅੰਗ - ੮੧੮)

{ਪੂਰਿ ਰਹਿਓ ਸਰਬਤ੍ਰ ਮਹਿ ਪ੍ਰਭ ਗੁਣੀ ਗਹੀਰ ॥ ਨਾਨਕ ਭਗਤ ਆਨੰਦ ਮੈ ਪੇਖਿ ਪ੍ਰਭ ਕੀ ਧੀਰ ॥੨॥੮॥੭੨॥}
(ਅੰਗ - ੮੧੮)

{ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥ ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ ॥੧॥}
(ਅੰਗ - ੮੧੮)

{ਮੀਤ ਹਮਾਰੇ ਸਾਜਨਾ ਰਾਖੇ ਗੋਵਿੰਦ ॥ ਨਿੰਦਕ ਮਿਰਤਕ ਹੋਇ ਗਏ ਤੁਮ੍ ਹੋਹੁ ਨਿਚਿੰਦ ॥੧॥ ਰਹਾਉ ॥}
(ਅੰਗ - ੮੧੮)

{ਗੁਰੁ ਪੂਰਾ ਆਰਾਧਿਆ ਹੋਏ ਕਿਰਪਾਲ ॥ ਮਾਰਗੁ ਸੰਤਿ ਬਤਾਇਆ ਤੂਟੇ ਜਮ ਜਾਲ ॥੧॥}
(ਅੰਗ - ੮੧੯)

{ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ ॥ ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ ॥੧॥ ਰਹਾਉ ॥}

(ਅੰਗ - ੮੧੯)

{ਜਲਨਿ ਬੁਝੀ ਸੀਤਲ ਭਏ ਰਾਖੇ ਪ੍ਰਭਿ ਆਪ ॥ ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪ ॥੨॥੧੧॥੭੫॥}
(ਅੰਗ - ੮੧੯)

{ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੧੩॥੭੭॥}
(ਅੰਗ - ੮੧੯)

{ਮਰਿ ਮਰਿ ਜਨਮੇ ਜਿਨ ਬਿਸਰਿਆ ਜੀਵਨ ਕਾ ਦਾਤਾ॥ ਪਾਰਬ੍ਰਹਮੁ ਜਨਿ ਸੇਵਿਆ ਅਨਦਿਨੁ ਰੰਗਿ ਰਾਤਾ॥੧॥}
(ਅੰਗ - ੮੧੯)

{ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ ॥ ਭਉ ਨਾਠਾ ਭ੍ਰਮੁ ਮਿਟਿ ਗਇਆ ਰਵਿਆ ਨਿਤ ਰਾਮ ॥੧॥}
(ਅੰਗ - ੮੧੯)

{ਸਾਧ ਜਨਾ ਕੈ ਸੰਗਿ ਬਸਤ ਸੁਖ ਸਹਜ ਬਿਸ੍ਰਾਮ ॥ ਸਾਈ ਘੜੀ ਸੁਲਖਣੀ ਸਿਮਰਤ ਹਰਿ ਨਾਮ ॥੧॥ ਰਹਾਉ॥}
(ਅੰਗ - ੮੧੯)

{ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ ॥ ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ ॥੧॥}
(ਅੰਗ - ੮੧੯)

{ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੧੩॥੭੭॥}
(ਅੰਗ - ੮੧੯)

{ਸਾਂਤਿ ਸਹਜੁ ਆਨਦੁ ਘਨਾ ਪੂਰਨ ਭਈ ਆਸ ॥ ਸੁਖੁ ਪਾਇਆ ਹਰਿ ਸਾਧਸੰਗਿ ਸਿਮਰਤ ਗੁਣਤਾਸ॥੧॥ਰਹਾਉ॥}
(ਅੰਗ - ੮੧੯)

{ਸੁਣਿ ਸੁਆਮੀ ਅਰਦਾਸਿ ਜਨ ਤੁਮ੍ ਅੰਤਰਜਾਮੀ ॥ ਥਾਨ ਥਨੰਤਰਿ ਰਵਿ ਰਹੇ ਨਾਨਕ ਕੇ ਸੁਆਮੀ ॥੨॥੧੪॥੭੮॥}
(ਅੰਗ - ੮੧੯)

{ਸਾਂਤਿ ਸਹਜੁ ਆਨਦੁ ਘਨਾ ਪੂਰਨ ਭਈ ਆਸ ॥
ਸੁਖੁ ਪਾਇਆ ਹਰਿ ਸਾਧਸੰਗਿ ਸਿਮਰਤ ਗੁਣਤਾਸ ॥੧॥ ਰਹਾਉ ॥}
(ਅੰਗ - ੮੧੯)

{ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥}
(ਅੰਗ - ੮੧੯)

{ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ਰਹਾਉ॥}
(ਅੰਗ - ੮੧੯)

{ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥ ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥੧॥}
(ਅੰਗ - ੮੧੯)

{ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ ॥
ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥੩॥}
(ਅੰਗ - ੮੨੦)

{ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥

ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ ॥੧॥}

(ਅੰਗ - ੮੨੦)

{ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ ॥
ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥੨॥੨॥੮੨॥}

(ਅੰਗ - ੮੨੦)

{ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥
ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥}

(ਅੰਗ - ੮੨੦)

{ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ ॥
ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ ॥੨॥੩॥੮੩॥}

(ਅੰਗ - ੮੨੦)

{ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥
ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥}

(ਅੰਗ - ੮੨੦)

{ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥
ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ ਮਿਲਾਤ ॥੨॥੪॥੮੪॥}

(ਅੰਗ - ੮੨੦)

{ਰਾਖਿ ਲੀਏ ਅਪਨੇ ਜਨ ਆਪ ॥
ਕਰਿ ਕਿਰਪਾ ਹਰਿ ਹਰਿ ਨਾਮੁ ਦੀਨੋ ਬਿਨਸਿ ਗਏ ਸਭ ਸੋਗ ਸੰਤਾਪ ॥੧॥ ਰਹਾਉ ॥}

(ਅੰਗ - ੮੨੧)

{ਚਰਣ ਗਹੇ ਸਰਣਿ ਸੁਖਦਾਤੇ ਗੁਰ ਕੈ ਬਚਨਿ ਜਪੇ ਹਰਿ ਜਾਪ ॥
ਸਾਗਰ ਤਰੇ ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ ॥੨॥੫॥੮੫॥}

(ਅੰਗ - ੮੨੧)

{ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ ॥ ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ ॥੧॥}

(ਅੰਗ - ੮੨੧)

{ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ਰਹਾਉ॥}

(ਅੰਗ - ੮੨੧)

{ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥}

(ਅੰਗ - ੮੨੧)

{ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥੩॥}

(ਅੰਗ - ੮੨੧)

{ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥
ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥੩॥}

(ਅੰਗ - ੮੨੧)

{ਸਹਜਿ ਸਮਾਇਓ ਗੁਰਹਿ ਬਤਾਇਓ ਰੰਗਿ ਰੰਗੀ ਮੇਰੇ ਤਨ ਕੀ ਚੋਲੀ ॥
ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ ॥੧॥}

(ਅੰਗ - ੮੨੨)

{ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥}

(ਅੰਗ - ੮੨੨)

{ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥}

(ਅੰਗ - ੮੨੨)

{ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥}

(ਅੰਗ - ੮੨੨)

{ਜੋ ਮਾਨੁਖੁ ਮਾਨੁਖ ਕੀ ਸੇਵਾ ਓਹੁ ਤਿਸ ਕੀ ਲਈ ਲਈ ਫੁਨਿ ਜਾਈਐ ॥
ਨਾਨਕ ਸਰਨਿ ਸਰਣਿ ਸੁਖ ਸਾਗਰ ਮੋਹਿ ਟੇਕ ਤੇਰੋ ਇਕ ਨਾਈਐ ॥੨॥੬॥੯੨॥}

(ਅੰਗ - ੮੨੨)

{ਸੂਖ ਸਹਜ ਅਰੁ ਘਨੋ ਅਨੰਦਾ ਗੁਰ ਤੇ ਪਾਇਓ ਨਾਮੁ ਹਰੀ ॥
ਐਸੋ ਹਰਿ ਰਸੁ ਬਰਨਿ ਨ ਸਾਕਉ ਗੁਰਿ ਪੂਰੈ ਮੇਰੀ ਉਲਟਿ ਧਰੀ ॥੧॥}

(ਅੰਗ - ੮੨੨)

{ਪੇਖਿਓ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ ॥
ਪੂਰਨ ਪੂਰਿ ਰਹਿਓ ਕਿਰਪਾ ਨਿਧਿ ਕਹੁ ਨਾਨਕ ਮੇਰੀ ਪੂਰੀ ਪਰੀ ॥੨॥੭॥੯੩॥}

(ਅੰਗ - ੮੨੩)

{ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ ॥
ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ ॥੧॥}

(ਅੰਗ - ੮੨੩)

{ਨਿੰਦਕੁ ਐਸੇ ਹੀ ਝਰਿ ਪਰੀਐ॥ ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥੧॥ਰਹਾਉ॥}

(ਅੰਗ - ੮੨੩)

{ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥
ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥੧॥}

(ਅੰਗ - ੮੨੩)

{ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ॥
ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥੨॥੧੦॥੯੬॥}

(ਅੰਗ - ੮੨੩)

{ਇਆਨਪ ਤੇ ਸਭ ਭਈ ਸਿਆਨਪ ਪ੍ਰਭੁ ਮੇਰਾ ਦਾਨਾ ਬੀਨਾ ॥

ਹਾਥ ਦੇਇ ਰਾਖੈ ਅਪਨੇ ਕਉ ਕਾਹੂ ਨ ਕਰਤੇ ਕਛੁ ਖੀਨਾ ॥੧॥}

(ਅੰਗ - ੮੨੩)

{ਬਲਿ ਜਾਵਉ ਦਰਸਨ ਸਾਧੂ ਕੈ ਜਿਹ ਪ੍ਰਸਾਦਿ ਹਰਿ ਨਾਮੁ ਲੀਨਾ ॥
ਕਹੁ ਨਾਨਕ ਠਾਕੁਰ ਭਾਰੋਸੈ ਕਹੂ ਨ ਮਾਨਿਓ ਮਨਿ ਛੀਨਾ ॥੨॥੧੧॥੯੭॥}

(ਅੰਗ - ੮੨੩)

{ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥
ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥}

(ਅੰਗ - ੮੨੩)

{ਗੁਰਿ ਪੂਰੈ ਮੇਰੀ ਰਾਖਿ ਲਈ ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥੧॥ ਰਹਾਉ ॥}

(ਅੰਗ - ੮੨੩)

{ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥
ਜਨਮ ਮਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ ॥੧॥}

(ਅੰਗ - ੮੨੪)

{ਜੋ ਤੁਮ੍ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥
ਕਹੁ ਨਾਨਕ ਤਾ ਕੀ ਸਰਣਾਈ ਜਾ ਕਾ ਕੀਆ ਸਗਲ ਜਹਾਨੁ ॥੨॥੧੩॥੯੯॥}

(ਅੰਗ - ੮੨੪)

{ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥੧॥}

(ਅੰਗ - ੮੨੪)

{ਅਚੁਤ ਪੂਜਾ ਜੋਗ ਗੋਪਾਲ॥ ਮਨੁ ਤਨੁ ਅਰਪਿ ਰਖਉ ਹਰਿ ਆਗੈ ਸਰਬ ਜੀਆ ਕਾ ਹੈ ਪ੍ਰਤਿਪਾਲ ॥੧॥ਰਹਾਉ॥}

(ਅੰਗ - ੮੨੪)

{ਸਿਮਰਤ ਨਾਮੁ ਕੋਟਿ ਜਤਨ ਭਏ ॥ ਸਾਧਸੰਗਿ ਮਿਲਿ ਹਰਿ ਗੁਨ ਗਾਏ ਜਮਦੂਤਨ ਕਉ ਤ੍ਰਾਸ ਅਹੇ ॥੧॥ਰਹਾਉ॥}

(ਅੰਗ - ੮੨੪)

{ਜੇਤੇ ਪੁਨਹਚਰਨ ਸੇ ਕੀਨ੍ਹੇ ਮਨਿ ਤਨਿ ਪ੍ਰਭ ਕੇ ਚਰਣ ਗਹੇ ॥
ਆਵਣ ਜਾਣੁ ਭਰਮੁ ਭਉ ਨਾਠਾ ਜਨਮ ਜਨਮ ਕੇ ਕਿਲਵਿਖ ਦਹੇ ॥੧॥}

(ਅੰਗ - ੮੨੪)

{ਪਾਰਬ੍ਰਹਮ ਪਰਮੇਸੁਰ ਸਤਿਗੁਰ ਵਸਿ ਕੀਨ੍ਹੇ ਜਿਨਿ ਸਗਲੇ ਜੰਤ ॥
ਚਰਨ ਕਮਲ ਨਾਨਕ ਸਰਣਾਈ ਰਾਮ ਨਾਮ ਜਪਿ ਨਿਰਮਲ ਮੰਤ ॥੨॥੧੯॥੧੦੫॥}

(ਅੰਗ - ੮੨੫)

{ਤਾਪ ਪਾਪ ਤੇ ਰਾਖੇ ਆਪ ॥ ਸੀਤਲ ਭਏ ਗੁਰ ਚਰਨੀ ਲਾਗੇ ਰਾਮ ਨਾਮ ਹਿਰਦੇ ਮਹਿ ਜਾਪ ॥੧॥ ਰਹਾਉ ॥}

(ਅੰਗ - ੮੨੫)

{ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥
ਸਾਸਿ ਸਾਸਿ ਆਰਾਧੈ ਨਾਨਕੁ ਸਦਾ ਸਦਾ ਜਾਈਐ ਕੁਰਬਾਣੁ ॥੨॥੨੧॥੧੦੭॥}

(ਅੰਗ - ੮੨੫)

{ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥
ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ ॥੧॥}

(ਅੰਗ - ੮੨੫)

{ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥
ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥੨॥੨੨॥੧੦੮॥}

(ਅੰਗ - ੮੨੫)

{ਦਰਸਨੁ ਦੇਖਤ ਦੋਖ ਨਸੇ ॥ ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ ॥੧॥ ਰਹਾਉ ॥}

(ਅੰਗ - ੮੨੬)

{ਆਠ ਪਹਰ ਤੇਰਾ ਨਾਮੁ ਜਨੁ ਜਾਪੇ ॥ ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ ॥੪॥੨੩॥੧੦੯॥}

(ਅੰਗ - ੮੨੬)

{ਅਨਿਕ ਪ੍ਰਕਾਰ ਭੋਜਨ ਨਿਤ ਖਾਤੇ ਮੁਖ ਦੰਤਾ ਘਸਿ ਖੀਨ ਖਇਆ ॥
ਮੇਰੀ ਮੇਰੀ ਕਰਿ ਕਰਿ ਮੂਠਉ ਪਾਪ ਕਰਤ ਨਹ ਪਰੀ ਦਇਆ ॥੧॥}

(ਅੰਗ - ੮੨੬)

{ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਣੀ ਗਲਤੁ ਪਇਆ ॥
ਸਰਨਿ ਪਰੇ ਨਾਨਕ ਸੁਆਮੀ ਕੀ ਬਾਹ ਪਕਰਿ ਪ੍ਰਭਿ ਕਾਢਿ ਲਇਆ ॥੨॥੨੪॥੧੧੦॥}

(ਅੰਗ - ੮੨੬)

{ਆਪਨਾ ਪ੍ਰਭੁ ਆਇਆ ਚੀਤਿ ॥
ਦੁਸਮਨ ਦੁਸਟ ਰਹੇ ਝਖ ਮਾਰਤ ਕੁਸਲੁ ਭਇਆ ਮੇਰੇ ਭਾਈ ਮੀਤ ॥੧॥ ਰਹਾਉ ॥}

(ਅੰਗ - ੮੨੬)

{ਗਈ ਬਿਆਧਿ ਉਪਾਧਿ ਸਭ ਨਾਸੀ ਅੰਗੀਕਾਰੁ ਕੀਓ ਕਰਤਾਰਿ ॥
ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥੧॥}

(ਅੰਗ - ੮੨੬)

{ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ ॥
ਦਾਸ ਅਪੁਨੇ ਕਉ ਰਾਖਨਹਾਰਾ ਨਾਨਕ ਦਾਸ ਸਦਾ ਹੈ ਚੇਰਾ ॥੨॥੨੫॥੧੧੧॥}

(ਅੰਗ - ੮੨੬)

{ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਣਿ ॥
ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹ ਵਖਾਣਿ ॥੨॥੨੬॥੧੧੨॥}

(ਅੰਗ - ੮੨੬)

{ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ ॥
ਕੰਠਿ ਲਾਇ ਰਾਖੇ ਜਨ ਅਪਨੇ ਉਧਰਿ ਲੀਏ ਲਾਇ ਅਪਨੈ ਪਾਲ ॥੧॥}

(ਅੰਗ - ੮੨੬)

{ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖ ਹੋਏ ਕਾਲ ॥

ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ ॥੨॥੨੭॥੧੧੩॥}

(ਅੰਗ - ੮੨੬)

{ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥ ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥}

(ਅੰਗ - ੮੨੭)

{ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥}

(ਅੰਗ - ੮੨੭)

{ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥
ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ ਕੋਟਿ ਅਘਾ ਤੇਰੋ ਨਾਮ ਹਰਨ ॥੧॥}

(ਅੰਗ - ੮੨੮)

{ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ ॥
ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥੧॥}

(ਅੰਗ - ੮੨੮)

{ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥
ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ ॥੨॥੪॥੧੨੦॥}

(ਅੰਗ - ੮੨੮)

{ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮ੍ਰੀ ਘਾਲ ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ ॥੧॥}

(ਅੰਗ - ੮੨੮)

{ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ ॥
ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ ॥੨॥੬॥੧੨੨॥}

(ਅੰਗ - ੮੨੮)

{ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ॥
ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥੧॥ ਰਹਾਉ ॥}

(ਅੰਗ - ੮੨੯)

{ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੋ ਹਮਰੇ ਦੋਖ ਰਿਦੈ ਮਤ ਧਾਰਹੁ ॥
ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ ॥੧॥}

(ਅੰਗ - ੮੨੯)

{ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ ॥
ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ ॥੧॥}

(ਅੰਗ - ੮੨੯)

{ਬਿਨੁ ਭੈ ਭਗਤੀ ਤਰਨੁ ਕੈਸੇ ॥ ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ ॥੧॥ ਰਹਾਉ ॥}

(ਅੰਗ - ੮੨੯)

{ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ ॥
ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ ॥੧॥}

(ਅੰਗ - ੮੨੯)

{ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥
ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥੧॥}

(ਅੰਗ - ੮੨੯)

{ਜੀਵਉ ਨਾਮੁ ਸੁਨੀ ॥ ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥੧॥ ਰਹਾਉ ॥}

(ਅੰਗ - ੮੨੯)

{ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ ॥
ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ ॥੧॥}

(ਅੰਗ - ੮੨੯)

{ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥
ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ ॥੨॥੨॥੧੨੭॥}

(ਅੰਗ - ੮੨੯)

{ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥}

(ਅੰਗ - ੮੩੦)

{ਮੋਰੀ ਅਹੰ ਜਾਇ ਦਰਸਨ ਪਾਵਤ ਹੇ ॥ ਰਾਚਹੁ ਨਾਥ ਹੀ ਸਹਾਈ ਸੰਤਨਾ ॥ ਅਬ ਚਰਨ ਗਹੇ ॥੧॥ ਰਹਾਉ॥}

(ਅੰਗ - ੮੩੦)

{ਅਨ ਤੇ ਟੂਟੀਐ ਰਿਖ ਤੇ ਛੂਟੀਐ ॥ ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ ॥}

(ਅੰਗ - ੮੩੦)

{ਅਨ ਨਾਹੀ ਨਾਹੀ ਰੇ ॥ ਨਾਨਕ ਪ੍ਰੀਤਿ ਚਰਨ ਚਰਨ ਹੇ ॥੨॥੨॥੧੨੯॥}

(ਅੰਗ - ੮੩੦)

{ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤ ਕਹਾਵੈ ॥੨॥੨॥}

(ਅੰਗ - ੮੩੦)

{ਜਾ ਮੈ ਭਜਨੁ ਰਾਮ ਕੋ ਨਾਹੀ ॥ ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥ ਰਹਾਉ ॥}

(ਅੰਗ - ੮੩੧)

{ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਵੈ ॥
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥੩॥੩॥}

(ਅੰਗ - ੮੩੧)

{ਵਿਨੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥੧॥}

(ਅੰਗ - ੮੩੧)

{ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥}

(ਅੰਗ - ੮੩੧)

{ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥}

(ਅੰਗ - ੮੩੧)

{ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥}

(ਅੰਗ - ੮੩੧)

{ਮਨੁ ਮਾਇਆ ਬੰਧਿਓ ਸਰ ਜਾਲਿ ॥ਬਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥}

(ਅੰਗ - ੮੩੧)

{ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥}

(ਅੰਗ - ੮੩੧)

{ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥}

(ਅੰਗ - ੮੩੧)

{ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥}

(ਅੰਗ - ੮੩੧)

{ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤ੍ਰੂਟੇ ਇਕੁ ਨਾਮੁ ਵਸਾਮੰ ॥੭॥}

(ਅੰਗ - ੮੩੧)

{ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥}

(ਅੰਗ - ੮੩੧)

{ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥}

(ਅੰਗ - ੮੩੨)

{ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥}

(ਅੰਗ - ੮੩੨)

{ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥}

(ਅੰਗ - ੮੩੨)

{ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥}

(ਅੰਗ - ੮੩੨)

{ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥}

(ਅੰਗ - ੮੩੨)

{ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥}

(ਅੰਗ - ੮੩੨)

{ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥}

(ਅੰਗ - ੮੩੨)

{ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥}

(ਅੰਗ - ੮੩੨)

{ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥}

(ਅੰਗ - ੮੩੨)

{ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥}

(ਅੰਗ - ੮੩੨)

{ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥}

(ਅੰਗ - ੮੩੨)

{ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥}

(ਅੰਗ - ੮੩੨)

{ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥}

(ਅੰਗ - ੮੩੨)

{ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥ ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥}

(ਅੰਗ - ੮੩੨)

{ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥
ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ ਰਹਾਉ ॥}

(ਅੰਗ - ੮੩੨)

{ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥ ਸਾਚੈ ਨਾਇ ਵਡਾਈ ਪਾਵਹੁ ॥੨॥}

(ਅੰਗ - ੮੩੨)

{ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥ ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥}

(ਅੰਗ - ੮੩੨)

{ਸਾਚਾ ਨਾਮੁ ਸਾਚੈ ਸਬਦਿ ਜਾਨੈ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ ਗੁਰਮੁਖਿ ਨਾਮੁ ਸਦਾ ਸਦਾ ਵਖਾਨੈ॥੫॥}

(ਅੰਗ - ੮੩੨)

{ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥ ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥}

(ਅੰਗ - ੮੩੨)

{ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥}

(ਅੰਗ - ੮੩੨)

{ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਣੀਆ ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਣੀਆ ॥੧॥}

(ਅੰਗ - ੮੩੩)

{ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਣੀਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥}

(ਅੰਗ - ੮੩੩)

{ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥}

(ਅੰਗ - ੮੩੩)

{ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥
ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥੪॥}

(ਅੰਗ - ੮੩੩)

{ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਣੀਆ ॥੭॥}

(ਅੰਗ - ੮੩੩)

{ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥}

(ਅੰਗ - ੮੩੩)

{ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥੨॥}

(ਅੰਗ - ੮੩੪)

{ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ ॥
ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥}

(ਅੰਗ - ੮੩੪)

{ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥
ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥}

(ਅੰਗ - ੮੩੪)

{ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥
ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ ॥੭॥}

(ਅੰਗ - ੮੩੪)

{ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥
ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ ॥੨॥}

(ਅੰਗ - ੮੩੪)

{ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥

ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥੩॥}

(ਅੰਗ - ੮੩੪)

{ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥
ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥}

(ਅੰਗ - ੮੩੪)

{ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ ॥
ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥੭॥}

(ਅੰਗ - ੮੩੪)

{ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥
ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ ॥੮॥੩॥੬॥}

(ਅੰਗ - ੮੩੪)

{ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥
ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥੨॥}

(ਅੰਗ - ੮੩੫)

{ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥
ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥}

(ਅੰਗ - ੮੩੫)

{ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥
ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥੫॥}

(ਅੰਗ - ੮੩੫)

{ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥
ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥}

(ਅੰਗ - ੮੩੬)

{ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥
ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥੨॥}

(ਅੰਗ - ੮੩੬)

{ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥
ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥੪॥}

(ਅੰਗ - ੮੩੬)

{ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥
ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥}

(ਅੰਗ - ੮੩੬)

{ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥

ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਣੀਆ ॥੮॥੫॥੮॥}

(ਅੰਗ - ੮੩੬)

{ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਣੀਆ ॥
ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਣੀਆ ॥੬॥}

(ਅੰਗ - ੮੩੭)

{ਮਿਲੁ ਮਿਲੁ ਸਖੀ ਹਰਿ ਕਥਾ ਸੁਨਣੀਆ ॥
ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਣੀਆ ॥੧॥ ਰਹਾਉ ॥}

(ਅੰਗ - ੮੩੭)

{ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ ॥ ਤਜਿ ਆਨ ਸਰਣਿ ਗਹੀ ॥੧॥ ਰਹਾਉ ॥}

(ਅੰਗ - ੮੩੭)

{ਪ੍ਰਭ ਚਰਨ ਕਮਲ ਅਪਾਰ ॥ ਹਉ ਜਾਉ ਸਦ ਬਲਿਹਾਰ ॥
ਮਨਿ ਪ੍ਰੀਤਿ ਲਾਗੀ ਤਾਹਿ ॥ ਤਜਿ ਆਨ ਕਤਹਿ ਨ ਜਾਹਿ ॥੧॥}

(ਅੰਗ - ੮੩੭)

{ਹਰਿ ਨਾਮ ਰਸਨਾ ਕਹਨ ॥ ਮਲ ਪਾਪ ਕਲਮਲ ਦਹਨ ॥}

(ਅੰਗ - ੮੩੭)

{ਚੜਿ ਨਾਵ ਸੰਤ ਉਧਾਰਿ ॥ ਭੈ ਤਰੇ ਸਾਗਰ ਪਾਰਿ ॥੨॥}

(ਅੰਗ - ੮੩੭)

{ਤਜਿ ਗਏ ਪਾਪ ਬਿਕਾਰ ॥ ਹਰਿ ਮਿਲੇ ਪ੍ਰਭ ਨਿਰੰਕਾਰ ॥੩॥}

(ਅੰਗ - ੮੩੭)

{ਪ੍ਰਭ ਕਰਹੁ ਸਾਧੂ ਧੂਰਿ ॥ ਨਾਨਕ ਮਨਸਾ ਪੂਰਿ ॥੮॥੧॥}

(ਅੰਗ - ੮੩੭)

{ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥}

(ਅੰਗ - ੮੩੭)

{ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪੁਨਾ ਦੇਹੁ ॥ ਪ੍ਰਭ ਤੁਝ ਬਿਨਾ ਨਹੀ ਠਾਉ ॥}

(ਅੰਗ - ੮੩੭)

{ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥}

(ਅੰਗ - ੮੩੮)

{ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥੯॥}

(ਅੰਗ - ੮੩੮)

{ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹ ॥}

(ਅੰਗ - ੮੩੮)

{ਹਰਿ ਗੁਣ ਨਿਧੇ ਗੋਪਾਲ ॥ ਸਰਬ ਘਟ ਪ੍ਰਤਿਪਾਲ ॥}

(ਅੰਗ - ੮੩੮)

{ਹਰਿ ਪੈਜ ਰਖੈ ਮੁਰਾਰਿ ॥ ਹਰਿ ਨਾਨਕ ਸਰਨਿ ਦੁਆਰਿ ॥੧੦॥੨॥}

(ਅੰਗ - ੮੩੮)

{ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥}

(ਅੰਗ - ੮੩੯)

{ਅਗਮ ਅਗੋਚਰੁ ਰੂਪੁ ਨ ਰੇਖਿਆ ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥}

(ਅੰਗ - ੮੩੯)

{ਕਿਆ ਜਪੁ ਜਾਪਉ ਬਿਨੁ ਜਗਦੀਸੈ ॥ ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ ਰਹਾਉ ॥}

(ਅੰਗ - ੮੩੯)

{ਦੂਜੈ ਭਾਇ ਲਗੇ ਪਛੁਤਾਣੇ ॥ ਜਮ ਦਰਿ ਬਾਧੇ ਆਵਣ ਜਾਣੇ ॥}

(ਅੰਗ - ੮੩੯)

{ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥}

(ਅੰਗ - ੮੩੯)

{ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥}

(ਅੰਗ - ੮੩੯)

{ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥ ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥}

(ਅੰਗ - ੮੩੯)

{ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥}

(ਅੰਗ - ੮੩੯)

{ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥}

(ਅੰਗ - ੮੩੯)

{ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ ਸਬਦੇ ਭੇਦੇ ਤਉ ਪਤਿ ਪਾਵੈ ॥}

(ਅੰਗ - ੮੩੯)

{ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥}

(ਅੰਗ - ੮੩੯)

{ਮਨਿ ਸਾਚਾ ਮੁਖਿ ਸਾਚਉ ਭਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੯॥}

(ਅੰਗ - ੮੩੯)

{ਪਉਣ ਪਾਣੀ ਅਗਨੀ ਬਿਸਰਾਉ ॥ ਤਹੀ ਨਿਰੰਜਨੁ ਸਾਚੋ ਨਾਉ ॥}

(ਅੰਗ - ੮੩੯)

{ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੧੦॥}

(ਅੰਗ - ੮੩੯)

{ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥}

(ਅੰਗ - ੮੪੦)

{ਸਚਿ ਮੈਲੁ ਨ ਲਾਗੈ ਕ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥}

(ਅੰਗ - ੮੪੦)

{ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥੧੨॥}

(ਅੰਗ - ੮੪੦)

{ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ॥}

(ਅੰਗ - ੮੪੦)

{ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥}

(ਅੰਗ - ੮੪੦)

{ਕੂੜੈ ਲਾਲਚਿ ਲਪਟੈ ਲਪਟਾਇ ॥ ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥}

(ਅੰਗ - ੮੪੦)

{ਅਤੀਤ ਭਏ ਮਾਰੇ ਬੈਰਾਈ ॥ ਪ੍ਰਣਵਤਿ ਨਾਨਕ ਤਹ ਲਿਵ ਲਾਈ ॥੧੫॥}

(ਅੰਗ - ੮੪੦)

{ਬਰਤੀ ਬਰਤ ਰਹੈ ਨਿਹਕਾਮ ॥ ਅਜਪਾ ਜਾਪੁ ਜਪੈ ਮੁਖਿ ਨਾਮ ॥}

(ਅੰਗ - ੮੪੦)

{ਤੀਨਿ ਭਵਣ ਮਹਿ ਏਕੋ ਜਾਣੈ ॥ ਸਭਿ ਸੁਚਿ ਸੰਜਮ ਸਾਚੁ ਪਛਾਣੈ ॥੧੬॥}

(ਅੰਗ - ੮੪੦)

{ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥}

(ਅੰਗ - ੮੪੦)

{ਸਸੀਅਰ ਕੈ ਘਰਿ ਸੂਰੁ ਸਮਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥}

(ਅੰਗ - ੮੪੦)

{ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ ਬੂਝਹੁ ਗਿਆਨੀ ਸਬਦੁ ਬੀਚਾਰਿ ॥}

(ਅੰਗ - ੮੪੦)

{ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥੧੯॥}

(ਅੰਗ - ੮੪੦)

{ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥}

(ਅੰਗ - ੮੪੦)

{ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥}

(ਅੰਗ - ੮੪੦)

{ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੨੦॥੧॥}

(ਅੰਗ - ੮੪੦)

{ਓਤਿ ਪੋਤਿ ਜਗੁ ਰਹਿਆ ਪਰੋਈ ॥ ਆਪੇ ਕਰਤਾ ਕਰੈ ਸੁ ਹੋਈ ॥}

(ਅੰਗ - ੮੪੧)

{ਨਾਮਿ ਰਤੇ ਸਦਾ ਸੁਖੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੧॥}

(ਅੰਗ - ੮੪੧)

{ਆਖਿ ਆਖਿ ਰਹੇ ਸਭਿ ਲਿਵ ਲਾਇ ॥ ਜਿਸੁ ਦੇਵੈ ਤਿਸੁ ਪਲੈ ਪਾਇ ॥}

(ਅੰਗ - ੮੪੧)

{ਅਗਮ ਅਗੋਚਰੁ ਲਖਿਆ ਨ ਜਾਇ ॥ ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥੨॥}

(ਅੰਗ - ੮੪੧)

{ਮੰਗਲਿ ਮਾਇਆ ਮੋਹੁ ਉਪਾਇਆ ॥ ਆਪੇ ਸਿਰਿ ਸਿਰਿ ਧੰਧੈ ਲਾਇਆ ॥}

(ਅੰਗ - ੮੪੧)

{ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ ਦਰੁ ਘਰੁ ਸੂਝੈ ॥}

(ਅੰਗ - ੮੪੧)

{ਪ੍ਰੇਮ ਭਗਤਿ ਕਰੇ ਲਿਵ ਲਾਇ ॥ ਹਉਮੈ ਮਮਤਾ ਸਬਦਿ ਜਲਾਇ ॥੩॥}

(ਅੰਗ - ੮੪੧)

{ਬੁਧਵਾਰਿ ਆਪੇ ਬੁਧਿ ਸਾਰੁ ॥ ਗੁਰਮੁਖਿ ਕਰਣੀ ਸਬਦੁ ਵੀਚਾਰੁ ॥}

(ਅੰਗ - ੮੪੧)

{ਨਾਮਿ ਰਤੇ ਮਨੁ ਨਿਰਮਲੁ ਹੋਇ ॥ ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥}

(ਅੰਗ - ੮੪੧)

{ਲਾਹਾ ਨਾਮੁ ਪਾਏ ਗੁਰ ਦੁਆਰਿ ॥ ਆਪੇ ਦੇਵੈ ਦੇਵਣਹਾਰੁ ॥}

(ਅੰਗ - ੮੪੧)

{ਜੋ ਦੇਵੈ ਤਿਸ ਕਉ ਬਲਿ ਜਾਈਐ ॥ ਗੁਰ ਪਰਸਾਦੀ ਆਪੁ ਗਵਾਈਐ ॥}

(ਅੰਗ - ੮੪੧)

{ਆਪਿ ਉਪਾਏ ਕਰਿ ਵੇਖੈ ਵੇਕਾ ॥ ਸਭਨਾ ਕਰਤੇ ਤੇਰੀ ਟੇਕਾ ॥}

(ਅੰਗ - ੮੪੧)

{ਜੀਅ ਜੰਤ ਤੇਰੀ ਸਰਣਾਈ ॥ ਸੋ ਮਿਲੈ ਜਿਸੁ ਲੈਹਿ ਮਿਲਾਈ ॥੪॥}

(ਅੰਗ - ੮੪੧)

{ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥ ਸਚੁ ਸੰਜਮੁ ਕਰਣੀ ਹੈ ਕਾਰ ॥}

(ਅੰਗ - ੮੪੧)

{ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥}

(ਅੰਗ - ੮੪੧)

{ਗੁਰ ਪਰਸਾਦੀ ਸਦਾ ਸੁਖੁ ਪਾਏ ॥ ਸਚੁ ਕਰਣੀ ਸਾਚਿ ਲਿਵ ਲਾਏ ॥੫॥}

(ਅੰਗ - ੮੪੧)

{ਸਤਿਗੁਰੁ ਸੇਵਹਿ ਸੇ ਵਡਭਾਗੀ ॥ ਹਉਮੈ ਮਾਰਿ ਸਚਿ ਲਿਵ ਲਾਗੀ ॥}

(ਅੰਗ - ੮੪੧)

{ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥ ਤੂ ਸੁਖਦਾਤਾ ਲੈਹਿ ਮਿਲਾਇ ॥}

(ਅੰਗ - ੮੪੧)

{ਏਕਸ ਤੇ ਦੂਜਾ ਨਾਹੀ ਕੋਇ ॥ ਗੁਰਮੁਖਿ ਬੂਝੈ ਸੋਝੀ ਹੋਇ ॥੯॥}

(ਅੰਗ - ੮੪੧)

{ਨਿਹਚਲੁ ਸਾਚੁ ਰਹਿਆ ਕਲ ਧਾਰਿ ॥ ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥੧੦॥੧॥}

(ਅੰਗ - ੮੪੨)

{ਦੂਜੈ ਭਾਇ ਪਰਪੰਚਿ ਲਾਗੇ ॥ ਆਵਹਿ ਜਾਵਹਿ ਮਰਹਿ ਅਭਾਗੇ ॥}

(ਅੰਗ - ੮੪੨)

{ਸਤਿਗੁਰਿ ਭੇਟਿਐ ਸੋਝੀ ਪਾਇ ॥ ਪਰਪੰਚੁ ਚੂਕੈ ਸਚਿ ਸਮਾਇ ॥੧॥}

(ਅੰਗ - ੮੪੨)

{ਸਿਧ ਸਾਧਿਕ ਜੇ ਕੋ ਕਹੈ ਕਹਾਏ ॥ ਭਰਮੇ ਭੂਲਾ ਆਵੈ ਜਾਏ ॥}

(ਅੰਗ - ੮੪੨)

{ਏਕਸੁ ਤੇ ਸਭੁ ਦੂਜਾ ਹੂਆ ॥ ਏਕੋ ਵਰਤੈ ਅਵਰੁ ਨ ਬੀਆ ॥}

(ਅੰਗ - ੮੪੨)

{ਦੂਜੇ ਤੇ ਜੇ ਏਕੋ ਜਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥}

(ਅੰਗ - ੮੪੨)

{ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥}

(ਅੰਗ - ੮੪੨)

{ਸਤਿਗੁਰੁ ਸੇਵੈ ਸੋ ਜਨੁ ਬੂਝੈ ॥ ਹਉਮੈ ਮਾਰੇ ਤਾ ਦਰੁ ਸੂਝੈ ॥੨॥}

(ਅੰਗ - ੮੪੨)

{ਸਤਿਗੁਰੁ ਭੇਟੇ ਤਾ ਏਕੋ ਪਾਏ ॥ ਵਿਚਹੁ ਦੂਜਾ ਠਾਕਿ ਰਹਾਏ ॥੩॥}

(ਅੰਗ - ੮੪੨)

{ਗੁਰਮਤੀ ਸਾਂਤਿ ਵਸੈ ਸਰੀਰ ॥ ਸਬਦੁ ਚੀਨ੍ਹਿ ਫਿਰਿ ਲਗੈ ਨ ਪੀਰ ॥}

(ਅੰਗ - ੮੪੨)

{ਆਵੈ ਨ ਜਾਇ ਨਾ ਦੁਖੁ ਪਾਏ ॥ ਨਾਮੇ ਰਾਤੇ ਸਹਜਿ ਸਮਾਏ ॥}

(ਅੰਗ - ੮੪੨)

{ਨਾਨਕ ਗੁਰਮੁਖਿ ਵੇਖੈ ਹਦੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥੫॥}

(ਅੰਗ - ੮੪੨)

{ਸਤਿਗੁਰੁ ਸੇਵੇ ਕਰਣੀ ਸਾਰੀ ॥ ਦਰਿ ਸਾਚੈ ਸਾਚੇ ਵੀਚਾਰੀ ॥੬॥}

(ਅੰਗ - ੮੪੨)

{ਥਿਤੀ ਵਾਰ ਤਾ ਜਾ ਸਚਿ ਰਾਤੇ ॥ ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥}

(ਅੰਗ - ੮੪੨)

{ਅਚੇਤ ਪਿੰਡੀ ਅਗਿਆਨ ਅੰਧਾਰੁ ॥ ਬਿਨੁ ਸਬਦੈ ਕਿਉ ਪਾਏ ਪਾਰੁ ॥}

(ਅੰਗ - ੮੪੨)

{ਬਹੁਤੇ ਭੇਖ ਕਰਹਿ ਭੇਖਧਾਰੀ ॥ ਭਵਿ ਭਵਿ ਭਰਮਹਿ ਕਾਚੀ ਸਾਰੀ ॥}

(ਅੰਗ - ੮੪੨)

{ਐਥੈ ਸੁਖੁ ਨ ਆਗੈ ਹੋਇ ॥ ਮਨਮੁਖ ਮੁਏ ਅਪਣਾ ਜਨਮੁ ਖੋਇ ॥}

(ਅੰਗ - ੮੪੨)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥}

(ਅੰਗ - ੮੪੩)

{ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥}

(ਅੰਗ - ੮੪੩)

{ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥}

(ਅੰਗ - ੮੪੩)

{ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ ॥}

(ਅੰਗ - ੮੪੩)

{ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ॥ ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ॥੧॥}

(ਅੰਗ - ੮੪੩)

{ਰਾਮ ਨਾਮ ਰਸਾਲ ਰਸੀਆ ਰਵੈ ਸਾਚਿ ਪਿਆਰੀਆ ॥ ਗੁਰਿ ਸਬਦੁ ਦੀਆ ਦਾਨੁ ਕੀਆ ਨਾਨਕਾ ਵੀਚਾਰੀਆ॥੨॥}

(ਅੰਗ - ੮੪੩)

{ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥
ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ ॥੩॥}

(ਅੰਗ - ੮੪੩)

{ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ ॥ ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ॥}

(ਅੰਗ - ੮੪੩)

{ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥
ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥੧॥}

(ਅੰਗ - ੮੪੩)

{ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥
ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥}

(ਅੰਗ - ੮੪੪)

{ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥
ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥੨॥}

(ਅੰਗ - ੮੪੪)

{ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥}

(ਅੰਗ - ੮੪੪)

{ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥
ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥}

(ਅੰਗ - ੮੪੪)

{ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ॥
ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ ॥}

(ਅੰਗ - ੮੪੪)

{ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥
ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥੪॥੨॥}

(ਅੰਗ - ੮੪੪)

{ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥
ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥}

(ਅੰਗ - ੮੪੪)

{ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥
ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥੧॥}

(ਅੰਗ - ੮੪੪)

{ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ॥
ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥}

(ਅੰਗ - ੮੪੪)

{ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥
ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ ॥੨॥}

(ਅੰਗ - ੮੪੪)

{ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ ॥ ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ॥}

(ਅੰਗ - ੮੪੪)

{ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ ॥
ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥੪॥੧॥੩॥}

(ਅੰਗ - ੮੪੪)

{ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥
ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥}

(ਅੰਗ - ੮੪੫)

{ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥
ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥}

(ਅੰਗ - ੮੪੫)

{ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥
ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥}

(ਅੰਗ - ੮੪੫)

{ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥
ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥੩॥}

(ਅੰਗ - ੮੪੫)

{ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥
ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥}

(ਅੰਗ - ੮੪੫)

{ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥
ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥੨॥੪॥}

(ਅੰਗ - ੮੪੫)

{ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥}

(ਅੰਗ - ੮੪੫)

{ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥
ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥}

(ਅੰਗ - ੮੪੫)

{ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥
ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥੩॥}

(ਅੰਗ - ੮੪੫)

{ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥ ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥}

(ਅੰਗ - ੮੪੫)

{ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥
ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥}

(ਅੰਗ - ੮੪੫)

{ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥੪॥੧॥}

(ਅੰਗ - ੮੪੫)

{ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ ॥

ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ ॥}

(ਅੰਗ - ੮੪੬)

{ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ ॥
ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ ਪਾਵਹ ॥੨॥}

(ਅੰਗ - ੮੪੬)

{ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ ॥
ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥}

(ਅੰਗ - ੮੪੬)

{ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ ॥
ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥੩॥}

(ਅੰਗ - ੮੪੬)

{ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥}

(ਅੰਗ - ੮੪੬)

{ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥}

(ਅੰਗ - ੮੪੬)

{ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥}

(ਅੰਗ - ੮੪੬)

{ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥
ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥}

(ਅੰਗ - ੮੪੭)

{ਨਹ ਚਤੁਰਿ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ ॥
ਨਹ ਰੂਪ ਧੂਪ ਨ ਨੈਣ ਬੰਕੇ ਜਹ ਭਾਵੈ ਤਹ ਰਖੁ ਤੁਹੀ ॥}

(ਅੰਗ - ੮੪੭)

{ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ ॥
ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ ਮਛੁਲੀ ਨੀਰੁ ਨ ਵੀਸਰੈ ॥੪॥}

(ਅੰਗ - ੮੪੭)

{ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ ॥
ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ॥੫॥੧॥੩॥}

(ਅੰਗ - ੮੪੭)

{ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ ॥
ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੁਹਾਗੋ ਰਾਮ ॥੧॥}

(ਅੰਗ - ੮੪੮)

{ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ ॥
ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ ॥}

(ਅੰਗ - ੮੪੮)

{ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ॥
ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ ॥੩॥}

(ਅੰਗ - ੮੪੮)

{ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ ॥
ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ॥}

(ਅੰਗ - ੮੪੮)

{ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ ॥
ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ ॥}

(ਅੰਗ - ੮੪੮)

{ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ ॥
ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ ॥੪॥੧॥੪॥}

(ਅੰਗ - ੮੪੮)

{ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ ॥
ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ ॥੨॥}

(ਅੰਗ - ੮੪੮)

{ਅੰਮ੍ਰਿਤ ਰਸੁ ਹਰਿ ਪਾਇਆ ਬਿਖਿਆ ਰਸ ਫੀਕੇ ਰਾਮ ॥
ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ ॥੪॥੨॥੫॥੯॥}

(ਅੰਗ - ੮੪੮)

{ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥}

(ਅੰਗ - ੮੪੯)

{ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥}

(ਅੰਗ - ੮੪੯)

{ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥
ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥}

(ਅੰਗ - ੮੪੯)

{ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥}

(ਅੰਗ - ੮੪੯)

{ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥

ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥}

(ਅੰਗ - ੮੪੯)

{ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ॥ ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਇ॥}

(ਅੰਗ - ੮੪੯)

{ਆਪੇ ਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ॥ ਜੰਮਣੁ ਮਰਣਾ ਕਟਿਆ ਜੋਤੀ ਜੋਤਿ ਮਿਲਾਇ॥੧॥}

(ਅੰਗ - ੮੪੯)

{ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ ਏਕਸੁ ਸਿਉ ਲਿਵ ਲਾਇ ॥ ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ॥}

(ਅੰਗ - ੮੪੯)

{ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ ॥
ਸਤਸੰਗਤੀ ਬਹਿ ਭਾਉ ਕਰਿ ਸਦਾ ਹਰਿ ਕੇ ਗੁਣ ਗਾਇ ॥
ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ ॥੨॥}

(ਅੰਗ - ੮੪੯)

{ਹਰਿ ਸਭਨਾ ਕਾ ਹੈ ਖਸਮੁ ਸੋ ਭਗਤ ਜਨ ਚਿਤਿ ਕਰਿ ॥
ਤੁਧੁ ਅਪੜਿ ਕੋਇ ਨ ਸਕੈ ਸਭ ਝਖਿ ਝਖਿ ਪਵੈ ਝੜਿ ॥੨॥}

(ਅੰਗ - ੮੪੯)

{ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ॥ ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥}

(ਅੰਗ - ੮੫੦)

{ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ ॥
ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ ॥}

(ਅੰਗ - ੮੫੦)

{ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ ॥ ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ ॥
ਮਨਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ ॥}

(ਅੰਗ - ੮੫੦)

{ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ ॥
ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ ॥੨॥}

(ਅੰਗ - ੮੫੦)

{ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ ॥
ਗੁਰੁ ਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿ ਜਾਈਐ ॥
ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ ॥੩॥}

(ਅੰਗ - ੮੫੦)

{ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ ॥ ਹਰਿ ਰਸੁ ਪੀ ਸੰਤੋਖੁ ਹੋਆ ਸਚੁ ਵਸਿਆ ਮਨਿ ਆਏ॥}

(ਅੰਗ - ੮੫੦)

{ਸਚੁ ਧਿਆਇ ਅਮਰਾ ਪਦੁ ਪਾਇਆ ਅਨਹਦ ਸਬਦ ਵਜਾਏ ॥

ਸਚੋ ਦਹ ਦਿਸਿ ਪਸਰਿਆ ਗੁਰ ਕੈ ਸਹਜਿ ਸੁਭਾਏ ॥}

(ਅੰਗ - ੮੫੦)

{ਨਾਨਕ ਜਿਨ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਏ ॥੧॥}

(ਅੰਗ - ੮੫੦)

{ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ ॥ ਨਾਨਕ ਸਹਜੇ ਮਿਲਿ ਰਹੇ ਨਾਮੁ ਵਡਿਆਈ ਦੇਇ ॥੨॥}

(ਅੰਗ - ੮੫੦)

{ਧ੍ਰਿਗੁ ਏਹ ਆਸਾ ਦੂਜੇ ਭਾਵ ਕੀ ਜੋ ਮੋਹਿ ਮਾਇਆ ਚਿਤੁ ਲਾਏ ॥
ਹਰਿ ਸੁਖੁ ਪਲ੍ਰਿ ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ ॥}

(ਅੰਗ - ੮੫੧)

{ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ ॥
ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ ॥}

(ਅੰਗ - ੮੫੧)

{ਜਿਸੁ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ ਸੋ ਹਰਿ ਹਰਿ ਨਾਮੁ ਧਿਆਏ ॥
ਨਾਮਿ ਰਤੇ ਜਨ ਸਦਾ ਸੁਖੁ ਪਾਇਨ੍ਹਿ ਜਨ ਨਾਨਕ ਤਿਨ ਬਲਿ ਜਾਏ ॥੧॥}

(ਅੰਗ - ੮੫੧)

{ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ ॥
ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ ॥੨॥}

(ਅੰਗ - ੮੫੧)

{ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤਿ ਵਡਿਆਈ ॥
ਸਚੁ ਸਾਹਿਬੁ ਸਚਾ ਨਿਆਉ ਹੈ ਸਿਰਿ ਨਿੰਦਕ ਛਾਈ ॥}

(ਅੰਗ - ੮੫੧)

{ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ ॥੫॥}

(ਅੰਗ - ੮੫੧)

{ਪੂਰੈ ਭਾਗਿ ਸਤਿਗੁਰੁ ਪਾਈਐ ਜੇ ਹਰਿ ਪ੍ਰਭੁ ਬਖਸ ਕਰੇਇ॥ ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ॥}

(ਅੰਗ - ੮੫੧)

{ਅੰਦਰੁ ਸੀਤਲੁ ਸਾਂਤਿ ਹੈ ਹਿਰਦੈ ਸਦਾ ਸੁਖੁ ਹੋਇ॥ ਅੰਮ੍ਰਿਤੁ ਖਾਣਾ ਪੈਨ੍ਹਣਾ ਨਾਨਕ ਨਾਇ ਵਡਿਆਈ ਹੋਇ॥੧॥}

(ਅੰਗ - ੮੫੧)

{ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥ ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ ॥
ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥੨॥}

(ਅੰਗ - ੮੫੧)

{ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ
ਦੁਸਮਨ ਦੂਤ ਸਭਿ ਮਾਰਿ ਕਢੀਏ ॥
ਹਰਿ ਹਰਿ ਕਿਰਪਾਲੁ ਹੋਆ ਭਗਤ ਜਨਾ ਉਪਰਿ ਹਰਿ ਆਪਣੀ ਕਿਰਪਾ ਕਰਿ ਹਰਿ ਆਪਿ ਰਖਿ ਲੀਏ ॥੬॥}

(ਅੰਗ - ੮੫੧)

{ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥ ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥}
(ਅੰਗ - ੮੫੧)

{ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ॥ ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ॥੧॥}
(ਅੰਗ - ੮੫੧)

{ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ ॥
ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥
ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥੨॥}

(ਅੰਗ - ੮੫੨)

{ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥}

(ਅੰਗ - ੮੫੨)

{ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥
ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥}

(ਅੰਗ - ੮੫੨)

{ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥
ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥੩॥}

(ਅੰਗ - ੮੫੨)

{ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥}

(ਅੰਗ - ੮੫੨)

{ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥}

(ਅੰਗ - ੮੫੨)

{ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥}

(ਅੰਗ - ੮੫੨)

{ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ ॥
ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ ॥}

(ਅੰਗ - ੮੫੩)

{ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥}

(ਅੰਗ - ੮੫੩)

{ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥}

(ਅੰਗ - ੮੫੩)

{ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥}

(ਅੰਗ - ੮੫੩)

{ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥੨॥}

(ਅੰਗ - ੮੫੩)

{ਜਿਸੁ ਮਨਿ ਵਸਿਆ ਤਰਿਆ ਸੋਇ ॥ ਨਾਨਕ ਜੋ ਭਾਵੈ ਸੋ ਹੋਇ ॥੨॥}

(ਅੰਗ - ੮੫੪)

{ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥ ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥}
(ਅੰਗ - ੮੫੪)

{ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥ ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥}
(ਅੰਗ - ੮੫੪)

{ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਿ ਹਉਮੈ ਅੰਦਰਿ ਸੰਨ੍ਿ ॥}
(ਅੰਗ - ੮੫੪)

{ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ॥ ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ॥}
(ਅੰਗ - ੮੫੪)

{ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ ॥}
(ਅੰਗ - ੮੫੪)

{ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ ॥
ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ ॥੧੨॥}
(ਅੰਗ - ੮੫੪)

{ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ ॥ ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ ॥੧॥}
(ਅੰਗ - ੮੫੪)

{ਹਰਿ ਪ੍ਰਭੁ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥ ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥}
(ਅੰਗ - ੮੫੪)

{ਵਡਭਾਗੀ ਹਰਿ ਪਾਇਆ ਪੂਰਨੁ ਪਰਮਾਨੰਦੁ ॥ ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ॥੨॥}
(ਅੰਗ - ੮੫੪)

{ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਿਸੰਗਤਿ ਨਾਲਿ ਰਲਾਵੈ ॥}
(ਅੰਗ - ੮੫੫)

{ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੂਖ ਉਤਰੈ ਹਰਿ ਸਾਂਤਿ ਤੜ ਆਵੈ ॥
ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥੧੩॥੧॥ ਸੁਧੁ॥}
(ਅੰਗ - ੮੫੫)

{ਪੁਤ੍ ਕਲਤ੍ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥
ਕਹਤ ਕਬੀਰੁ ਸੁਨਹੁ ਰੇ ਸੰਤਹੁ ਮਿਲਿਹੈ ਸਾਰਿਗਪਾਨੀ ਰੇ ॥੪॥੧॥}
(ਅੰਗ - ੮੫੫)

{ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥੩॥}
(ਅੰਗ - ੮੫੫)

{ਆਪਿ ਨ ਬਉਰਾ ਰਾਮ ਕੀਓ ਬਉਰਾ ॥ ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥}

(ਅੰਗ - ੮੫੫)

{ਸੋ ਬਉਰਾ ਜੋ ਆਪੁ ਨ ਪਛਾਨੈ ॥ ਆਪੁ ਪਛਾਨੈ ਤ ਏਕੈ ਜਾਨੈ ॥੪॥}

(ਅੰਗ - ੮੫੫)

{ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥ ਕਹਿ ਕਬੀਰ ਰਾਮੈ ਰੰਗਿ ਰਾਤਾ ॥੫॥੨॥}

(ਅੰਗ - ੮੫੫)

{ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥}

(ਅੰਗ - ੮੫੫)

{ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥ ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥੩॥}

(ਅੰਗ - ੮੫੫)

{ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ ॥
ਕਹਤ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ ॥੪॥੪॥}

(ਅੰਗ - ੮੫੬)

{ਕੋਊ ਹਰਿ ਸਮਾਨਿ ਨਹੀ ਰਾਜਾ ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ ਰਹਾਉ ॥}

(ਅੰਗ - ੮੫੬)

{ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥ ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ॥੨॥੫॥}

(ਅੰਗ - ੮੫੬)

{ਰਾਖਿ ਲੇਹੁ ਹਮ ਤੇ ਬਿਗਰੀ ॥ ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ ॥੧॥ ਰਹਾਉ॥}

(ਅੰਗ - ੮੫੬)

{ਦਰਮਾਦੇ ਠਾਢੇ ਦਰਬਾਰਿ ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ ਰਹਾਉ ॥}

(ਅੰਗ - ੮੫੬)

{ਆਸਨੁ ਪਵਨ ਦੂਰਿ ਕਰਿ ਬਵਰੇ ॥ ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥੧॥ ਰਹਾਉ ॥}

(ਅੰਗ - ੮੫੭)

{ਇਨ੍ਹਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥੧॥ ਰਹਾਉ ॥}

(ਅੰਗ - ੮੫੭)

{ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ ॥
ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ ॥੨॥੯॥}

(ਅੰਗ - ੮੫੭)

{ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥੧॥ ਰਹਾਉ ॥}

(ਅੰਗ - ੮੫੭)

{ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥ ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ॥੩॥੧੦॥}

(ਅੰਗ - ੮੫੭)

{ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ ॥
ਜੀਵਤ ਸੁੰਨਿ ਸਮਾਨਿਆ ਗੁਰ ਸਾਖੀ ਜਾਗੀ ॥੧॥ ਰਹਾਉ ॥}

(ਅੰਗ - ੮੫੭)

{ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ ॥ ਕਹੁ ਕਬੀਰ ਅਬ ਜਾਨਿਆ ਗੋਬਿਦ ਮਨੁ ਮਾਨਾ ॥੩॥੧੧॥}

(ਅੰਗ - ੮੫੭)

{ਚਰਨ ਕਮਲ ਜਾ ਕੈ ਰਿਦੈ ਬਸਹਿ ਸੋ ਜਨੁ ਕਿਉ ਡੋਲੈ ਦੇਵ ॥
ਮਾਨੌ ਸਭ ਸੁਖ ਨਉ ਨਿਧਿ ਤਾ ਕੈ ਸਹਜਿ ਸਹਜਿ ਜਸੁ ਬੋਲੈ ਦੇਵ ॥ ਰਹਾਉ ॥}

(ਅੰਗ - ੮੫੭)

{ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ ॥
ਬਾਰੰ ਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ ॥੧॥}

(ਅੰਗ - ੮੫੭)

{ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ ॥
ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤਿ ਕੀ ਓਲੈ ਦੇਵ ॥੨॥੧੨॥}

(ਅੰਗ - ੮੫੭)

{ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥}

(ਅੰਗ - ੮੫੮)

{ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥}

(ਅੰਗ - ੮੫੮)

{ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥}

(ਅੰਗ - ੮੫੮)

{ਜੇ ਕਿਛੁ ਆਸ ਅਵਰ ਕਰਹਿ ਪਰਮਿੜੀ ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥
ਇਹ ਆਸ ਪਰਮਿੜੀ ਭਾਉ ਦੂਜਾ ਹੈ ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥}

(ਅੰਗ - ੮੫੯)

{ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ ਜੋ ਤੇਰਾ ਘਾਲਿਆ ਸਭੁ ਥਾਇ ਪਾਈ ॥੩॥}

(ਅੰਗ - ੮੫੯)

{ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ ॥
ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ ਇਹੁ ਛੂਟਣ ਕਾ ਸਾਚਾ ਭਰਵਾਸਾ ॥੪॥੨॥}

(ਅੰਗ - ੮੬੦)

{ਹਰਿ ਸਿਮਰਤ ਸਦਾ ਹੋਇ ਅਨੰਦੁ ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ ॥
ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ ॥੧॥}

(ਅੰਗ - ੮੬੦)

{ਮੇਰੇ ਮਨ ਨਾਮੁ ਹਰੀ ਭਜੁ ਸਦਾ ਦੀਬਾਨੁ ॥

ਜੋ ਹਰਿ ਮਹਲੁ ਪਾਵੈ ਗੁਰ ਬਚਨੀ ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥੧॥ ਰਹਾਉ ॥}

(ਅੰਗ - ੮੬੦)

{ਹਰਿ ਅੰਤਰਿ ਨਾਲੇ ਬਾਹਰਿ ਨਾਲੇ ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ ॥
ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ ॥੩॥}

(ਅੰਗ - ੮੬੧)

{ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ ॥੩॥
ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥੪॥੬॥ ਛਕਾ ੧ ॥}

(ਅੰਗ - ੮੬੧)

{ਸਭੁ ਕਰਤਾ ਸਭੁ ਭੁਗਤਾ ॥੧॥ ਰਹਾਉ ॥}

(ਅੰਗ - ੮੬੧)

{ਬਕਤੋ ਕਰਤਾ ਬੂਝਤ ਕਰਤਾ ॥ ਆਵਤੁ ਕਰਤਾ ਜਾਤੁ ਭੀ ਕਰਤਾ ॥}

(ਅੰਗ - ੮੬੨)

{ਨਿਰਗੁਨ ਕਰਤਾ ਸਰਗੁਨ ਕਰਤਾ ॥ ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ ॥੨॥੧॥}

(ਅੰਗ - ੮੬੨)

{ਜੈਸੇ ਮੀਨੁ ਰਸਨ ਸਾਦਿ ਬਿਨਸਿਓ ਓਹੁ ਮੂਠੌ ਮੂੜ ਲੋਭਾਇਲੇ ॥
ਤੂ ਹੋਆ ਪੰਚ ਵਾਸਿ ਵੈਰੀ ਕੈ ਛੂਟਹਿ ਪਰੁ ਸਰਨਾਇਲੇ ॥੩॥}

(ਅੰਗ - ੮੬੨)

{ਪਾਰਬ੍ਰਹਮ ਕੀ ਲਾਗਉ ਸੇਵ ॥ ਗੁਰ ਤੇ ਸੁਝੈ ਨਿਰੰਜਨ ਦੇਵ ॥੧॥ ਰਹਾਉ ॥}

(ਅੰਗ - ੮੬੨)

{ਆਇਨ ਜਾਵੈ ਨਿਹਚਲੁ ਧਨੀ ॥ ਬੇਅੰਤ ਗੁਨਾ ਤਾ ਕੇ ਕੇਤਕ ਗਨੀ ॥}

(ਅੰਗ - ੮੬੨)

{ਲਾਲ ਨਾਮ ਜਾ ਕੈ ਭਰੇ ਭੰਡਾਰ ॥ ਸਗਲ ਘਟਾ ਦੇਵੈ ਆਧਾਰ ॥੩॥}

(ਅੰਗ - ੮੬੨)

{ਸਤਿ ਪੁਰਖੁ ਜਾ ਕੋ ਹੈ ਨਾਉ ॥ ਮਿਟਹਿ ਕੋਟਿ ਅਘ ਨਿਮਖ ਜਸੁ ਗਾਉ ॥}

(ਅੰਗ - ੮੬੨)

{ਨਾਮ ਸੰਗਿ ਕੀਨੋ ਬਿਉਹਾਰੁ ॥ ਨਾਮੋ ਹੀ ਇਸੁ ਮਨ ਕਾ ਅਧਾਰੁ ॥}

(ਅੰਗ - ੮੬੨)

{ਨਾਮੋ ਹੀ ਚਿਤਿ ਕੀਨੀ ਓਟ ॥ ਨਾਮੁ ਜਪਤ ਮਿਟਹਿ ਪਾਪ ਕੋਟਿ ॥੧॥}

(ਅੰਗ - ੮੬੩)

{ਰਾਸਿ ਦੀਈ ਹਰਿ ਏਕੋ ਨਾਮੁ ॥ ਮਨ ਕਾ ਇਸਟੁ ਗੁਰ ਸੰਗਿ ਧਿਆਨੁ ॥੧॥ ਰਹਾਉ ॥}

(ਅੰਗ - ੮੬੩)

{ਨਾਮੁ ਹਮਾਰੇ ਜੀਅ ਕੀ ਰਾਸਿ ॥ ਨਾਮੋ ਸੰਗੀ ਜਤ ਕਤ ਜਾਤ ॥}

(ਅੰਗ - ੮੬੩)

{ਨਾਮੋ ਹੀ ਮਨਿ ਲਾਗਾ ਮੀਠਾ ॥ ਜਲਿ ਥਲਿ ਸਭ ਮਹਿ ਨਾਮੋ ਡੀਠਾ ॥੨॥}

(ਅੰਗ - ੮੬੩)

{ਨਾਮੇ ਦਰਗਹ ਮੁਖ ਉਜਲੇ ॥ ਨਾਮੇ ਸਗਲੇ ਕੁਲ ਉਧਰੇ ॥}

(ਅੰਗ - ੮੬੩)

{ਨਾਮਿ ਹਮਾਰੇ ਕਾਰਜ ਸੀਧ ॥ ਨਾਮ ਸੰਗਿ ਇਹੁ ਮਨੂਆ ਗੀਧ ॥੩॥}

(ਅੰਗ - ੮੬੩)

{ਨਾਮੇ ਹੀ ਹਮ ਨਿਰਭਉ ਭਏ ॥ ਨਾਮੇ ਆਵਨ ਜਾਵਨ ਰਹੇ ॥}

(ਅੰਗ - ੮੬੩)

{ਗੁਰਿ ਪੂਰੈ ਮੇਲੇ ਗੁਣਤਾਸ ॥ ਕਹੁ ਨਾਨਕ ਸੁਖਿ ਸਹਜਿ ਨਿਵਾਸੁ ॥੪॥੨॥੪॥}

(ਅੰਗ - ੮੬੩)

{ਨਿਮਾਨੇ ਕਉ ਜੋ ਦੇਤੋ ਮਾਨੁ ॥ ਸਗਲ ਭੂਖੇ ਕਉ ਕਰਤਾ ਦਾਨੁ ॥}

(ਅੰਗ - ੮੬੩)

{ਗਰਭ ਘੋਰ ਮਹਿ ਰਾਖਨਹਾਰੁ ॥ ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥੧॥}

(ਅੰਗ - ੮੬੩)

{ਨਾਮ ਰੰਗਿ ਭਗਤ ਭਏ ਲਾਲ ॥ ਜਸੁ ਕਰਤੇ ਸੰਤ ਸਦਾ ਨਿਹਾਲ ॥}

(ਅੰਗ - ੮੬੩)

{ਨਾਮ ਰੰਗਿ ਜਨ ਰਹੇ ਅਘਾਇ ॥ ਨਾਨਕ ਤਿਨ ਜਨ ਲਾਗੈ ਪਾਇ ॥੪॥੩॥੫॥}

(ਅੰਗ - ੮੬੩)

{ਜਾ ਕਾ ਅੰਤੁ ਨ ਜਾਨਸਿ ਕੋਇ ॥ ਆਪੇ ਆਪਿ ਨਿਰੰਜਨੁ ਸੋਇ ॥}

(ਅੰਗ - ੮੬੩)

{ਆਪਿ ਅਕਾਰੁ ਆਪਿ ਨਿਰੰਕਾਰੁ ॥ ਘਟ ਘਟ ਘਟਿ ਸਭ ਘਟ ਆਧਾਰੁ ॥੩॥}

(ਅੰਗ - ੮੬੩)

{ਜਾ ਕੈ ਸੰਗਿ ਇਹੁ ਮਨੁ ਨਿਰਮਲੁ ॥ ਜਾ ਕੈ ਸੰਗਿ ਹਰਿ ਹਰਿ ਸਿਮਰਨੁ ॥}

(ਅੰਗ - ੮੬੩)

{ਜਾ ਕੈ ਸੰਗਿ ਕਿਲਬਿਖ ਹੋਹਿ ਨਾਸ ॥ ਜਾ ਕੈ ਸੰਗਿ ਰਿਦੈ ਪਰਗਾਸ ॥੧॥}

(ਅੰਗ - ੮੬੩)

{ਸੇ ਸੰਤਨ ਹਰਿ ਕੇ ਮੇਰੇ ਮੀਤ ॥ ਕੇਵਲ ਨਾਮੁ ਗਾਈਐ ਜਾ ਕੈ ਨੀਤ ॥੧॥ ਰਹਾਉ ॥}

(ਅੰਗ - ੮੬੩)

{ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ ॥ ਜਾ ਕੈ ਉਪਦੇਸਿ ਭਰਮੁ ਭਉ ਨਸੈ ॥}

(ਅੰਗ - ੮੬੩)

{ਕੋਟਿ ਪਤਿਤ ਜਾ ਕੈ ਸੰਗਿ ਉਧਾਰ ॥ ਏਕੁ ਨਿਰੰਕਾਰੁ ਜਾ ਕੈ ਨਾਮ ਅਧਾਰ ॥}
(ਅੰਗ - ੮੬੩)

{ਸਰਬ ਜੀਆਂ ਕਾ ਜਾਨੈ ਭੇਉ ॥ ਕ੍ਰਿਪਾ ਨਿਧਾਨ ਨਿਰੰਜਨ ਦੇਉ ॥੩॥}
(ਅੰਗ - ੮੬੩)

{ਪਾਰਬ੍ਰਹਮ ਜਬ ਭਏ ਕ੍ਰਿਪਾਲ ॥ ਤਬ ਭੇਟੇ ਗੁਰ ਸਾਧ ਦਇਆਲ ॥}
(ਅੰਗ - ੮੬੩)

{ਦਿਨੁ ਰੈਣਿ ਨਾਨਕੁ ਨਾਮੁ ਧਿਆਏ ॥ ਸੂਖ ਸਹਜ ਆਨੰਦ ਹਰਿ ਨਾਏ ॥੪॥੪॥੬॥}
(ਅੰਗ - ੮੬੩)

{ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥}
(ਅੰਗ - ੮੬੪)

{ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥}
(ਅੰਗ - ੮੬੪)

{ਮਤ ਕੋ ਭਰਮਿ ਭੁਲੈ ਸੰਸਾਰਿ ॥ਵਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥}
(ਅੰਗ - ੮੬੪)

{ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥}
(ਅੰਗ - ੮੬੪)

{ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥੨॥}
(ਅੰਗ - ੮੬੪)

{ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥}
(ਅੰਗ - ੮੬੪)

{ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥}
(ਅੰਗ - ੮੬੪)

{ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥}
(ਅੰਗ - ੮੬੪)

{ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥}
(ਅੰਗ - ੮੬੪)

{ਗੁਰ ਕੀ ਮਹਿਮਾ ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥}
(ਅੰਗ - ੮੬੪)

{ਕਹੁ ਨਾਨਕ ਜਾ ਕੇ ਪੂਰੇ ਭਾਗ ॥ ਗੁਰ ਚਰਣੀ ਤਾ ਕਾ ਮਨੁ ਲਾਗ ॥੪॥੬॥੮॥}
(ਅੰਗ - ੮੬੪)

{ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥ ਗੁਰੂ ਬਿਨਾ ਮੈ ਨਾਹੀ ਹੋਰ ॥}
(ਅੰਗ - ੮੬੪)

{ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥ ਜਾ ਕੀ ਕੋਇ ਨ ਮੇਟੈ ਦਾਤਿ ॥੧॥}

(ਅੰਗ - ੮੬੪)

{ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥੧॥ ਰਹਾਉ ॥}

(ਅੰਗ - ੮੬੪)

{ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥ ਅਨਦਿਨੁ ਜਪਉ ਗੁਰੂ ਗੁਰ ਨਾਉ ॥੧॥ ਰਹਾਉ ॥}

(ਅੰਗ - ੮੬੪)

{ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥}

(ਅੰਗ - ੮੬੪)

{ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥}

(ਅੰਗ - ੮੬੪)

{ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥}

(ਅੰਗ - ੮੬੪)

{ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥}

(ਅੰਗ - ੮੬੪)

{ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥}

(ਅੰਗ - ੮੬੪)

{ਸਭ ਤੇ ਊਚ ਰਾਮ ਪਰਗਾਸ ॥ ਨਿਸਿ ਬਾਸੁਰ ਜਪਿ ਨਾਨਕ ਦਾਸ ॥੪॥੮॥੧੦॥}

(ਅੰਗ - ੮੬੫)

{ਰਾਮ ਰਾਮ ਜਪਿ ਨਿਰਮਲ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥}

(ਅੰਗ - ੮੬੫)

{ਰਾਮ ਰਾਮ ਧਨੁ ਸੰਚਿ ਭੰਡਾਰ ॥ ਰਾਮ ਰਾਮ ਰਾਮ ਕਰਿ ਆਹਾਰ ॥}

(ਅੰਗ - ੮੬੫)

{ਸਗਲ ਸ੍ਰਿਸਟਿ ਕੇ ਪੰਚ ਸਿਕਦਾਰ ॥ ਰਾਮ ਭਗਤ ਕੇ ਪਾਨੀਹਾਰ ॥੧॥ ਰਹਾਉ ॥}

(ਅੰਗ - ੮੬੫)

{ਪੰਚ ਪੂਤ ਜਣੇ ਇਕ ਮਾਇ ॥ ਉਤਭੁਜ ਖੇਲੁ ਕਰਿ ਜਗਤ ਵਿਆਇ ॥}

(ਅੰਗ - ੮੬੫)

{ਤੀਨਿ ਗੁਣਾ ਕੈ ਸੰਗਿ ਰਚਿ ਰਸੇ ॥ ਇਨ ਕਉ ਛੋਡਿ ਊਪਰਿ ਜਨ ਬਸੇ ॥੩॥}

(ਅੰਗ - ੮੬੫)

{ਕਰਿ ਕਿਰਪਾ ਜਨ ਲੀਏ ਛਡਾਇ ॥ ਜਿਸ ਕੇ ਸੇ ਤਿਨਿ ਰਖੇ ਹਟਾਇ ॥}

(ਅੰਗ - ੮੬੫)

{ਕਹੁ ਨਾਨਕ ਭਗਤਿ ਪ੍ਰਭ ਸਾਰੁ ॥ ਬਿਨੁ ਭਗਤੀ ਸਭ ਹੋਇ ਖੁਆਰੁ ॥੪॥੯॥੧੧॥}

(ਅੰਗ - ੮੬੫)

{ਕਲਿ ਕਲੇਸ ਮਿਟੇ ਹਰਿ ਨਾਇ ॥ ਦੁਖ ਬਿਨਸੇ ਸੁਖ ਕੀਨੋ ਠਾਉ ॥

(ਅੰਗ - ੮੬੫)

{ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥}

(ਅੰਗ - ੮੬੫)

{ਰਾਮ ਜਪਤ ਜਨ ਪਾਰਿ ਪਰੇ ॥ ਜਨਮ ਜਨਮ ਕੇ ਪਾਪ ਹਰੇ ॥੧॥ ਰਹਾਉ ॥}

(ਅੰਗ - ੮੬੫)

{ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥੨॥}

(ਅੰਗ - ੮੬੫)

{ਜਾ ਕੈ ਅੰਤਰਿ ਵਸੈ ਪ੍ਰਭੁ ਆਪਿ ॥ ਤਾ ਕੈ ਹਿਰਦੈ ਹੋਇ ਪ੍ਰਗਾਸੁ ॥}

(ਅੰਗ - ੮੬੫)

{ਥਾਨ ਥਨੰਤਰਿ ਏਕੋ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥}

(ਅੰਗ - ੮੬੫)

{ਕਰਿ ਕਿਰਪਾ ਜਾ ਕਉ ਮਤਿ ਦੇਇ ॥ ਆਠ ਪਹਰ ਪ੍ਰਭ ਕਾ ਨਾਉ ਲੇਇ ॥੩॥}

(ਅੰਗ - ੮੬੫)

{ਗੁਰ ਕੇ ਚਰਨ ਕਮਲ ਨਮਸਕਾਰਿ ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥}

(ਅੰਗ - ੮੬੬)

{ਇਨ ਬਿਧਿ ਰਮਹੁ ਗੋਪਾਲ ਗੁੋਬਿੰਦੁ ॥ ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥੧॥ ਰਹਾਉ ॥}

(ਅੰਗ - ੮੬੬)

{ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥ ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ ॥੨॥}

(ਅੰਗ - ੮੬੬)

{ਮਨੁ ਤਨੁ ਨਿਰਮਲ ਹੋਇ ਨਿਹਾਲੁ ॥ ਰਸਨਾ ਨਾਮੁ ਜਪਤ ਗੋਪਾਲ ॥੩॥}

(ਅੰਗ - ੮੬੬)

{ਹੋਹੁ ਦਇਆਲ ਦੇਹੁ ਪ੍ਰਭ ਦਾਨੁ ॥ ਨਾਨਕੁ ਜਪਿ ਜੀਵੈ ਪ੍ਰਭ ਨਾਮੁ ॥੪॥੧੧॥੧੩॥}

(ਅੰਗ - ੮੬੬)

{ਆਠ ਪਹਰ ਗਾਈਐ ਗੋਬਿੰਦੁ ॥ ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥੧॥ ਰਹਾਉ ॥}

(ਅੰਗ - ੮੬੬)

{ਕਰਮ ਧਰਮ ਇਹੁ ਤਤੁ ਗਿਆਨੁ ॥ ਸਾਧਸੰਗਿ ਜਪੀਐ ਹਰਿ ਨਾਮੁ ॥}

(ਅੰਗ - ੮੬੬)

{ਰਾਖਿ ਲੀਏ ਅਪਨੀ ਕਿਰਪਾ ਧਾਰਿ ॥ ਪੰਚ ਦੂਤ ਭਾਗੇ ਬਿਕਰਾਲ ॥}

(ਅੰਗ - ੮੬੬)

{ਜੂਐ ਜਨਮੁ ਨ ਕਬਹੂ ਹਾਰਿ ॥ ਨਾਨਕ ਕਾ ਅੰਗੁ ਕੀਆ ਕਰਤਾਰਿ ॥੪॥੧੨॥੧੪॥}

(ਅੰਗ - ੮੬੬)

{ਕਰਨ ਕਾਰਨ ਸਮਰਥ ਦਇਆਰ ॥ ਸਰਬ ਨਿਧਾਨ ਮਹਾ ਬੀਚਾਰ ॥}
(ਅੰਗ - ੮੬੬)

{ਨਾਨਕ ਬਖਸਿ ਲੀਏ ਪ੍ਰਭਿ ਆਪਿ ॥ ਸਦਾ ਸਦਾ ਏਕੋ ਹਰਿ ਜਾਪਿ ॥੪॥੧੩॥੧੫॥}
(ਅੰਗ - ੮੬੬)

{ਹਰਿ ਹਰਿ ਨਾਮੁ ਜਪਹੁ ਮੇਰੇ ਮੀਤ ॥ ਨਿਰਮਲ ਹੋਇ ਤੁਮ੍ਹਾਰਾ ਚੀਤ ॥}
(ਅੰਗ - ੮੬੬)

{ਮਨ ਤਨ ਕੀ ਸਭ ਮਿਟੈ ਬਲਾਇ ॥ ਦੂਖੁ ਅੰਧੇਰਾ ਸਗਲਾ ਜਾਇ ॥੧॥}
(ਅੰਗ - ੮੬੬)

{ਤੰਤੁ ਮੰਤੁ ਭਜੀਐ ਭਗਵੰਤ ॥ ਰੋਗ ਸੋਗ ਮਿਟੇ ਪ੍ਰਭ ਧਿਆਏ ॥}
(ਅੰਗ - ੮੬੬)

{ਹਰਿ ਗੁਣ ਗਾਵੈ ਸੰਤ ਪ੍ਰਸਾਦਿ ॥ ਕਾਮ ਕ੍ਰੋਧ ਮਿਟਹਿ ਉਨਮਾਦ ॥}
(ਅੰਗ - ੮੬੭)

{ਸਦਾ ਹਜੂਰਿ ਜਾਣੁ ਭਗਵੰਤ ॥ ਪੂਰੇ ਗੁਰ ਕਾ ਪੂਰਨ ਮੰਤ ॥੩॥}
(ਅੰਗ - ੮੬੭)

{ਹਰਿ ਧਨੁ ਖਾਟਿ ਕੀਏ ਭੰਡਾਰ ॥ ਮਿਲਿ ਸਤਿਗੁਰ ਸਭਿ ਕਾਜ ਸਵਾਰ ॥}
(ਅੰਗ - ੮੬੭)

{ਹਰਿ ਕੇ ਨਾਮ ਰੰਗ ਸੰਗਿ ਜਾਗਾ ॥ ਹਰਿ ਚਰਣੀ ਨਾਨਕ ਮਨੁ ਲਾਗਾ ॥੪॥੧੪॥੧੬॥}
(ਅੰਗ - ੮੬੭)

{ਭਵ ਸਾਗਰ ਬੋਹਿਥ ਹਰਿ ਚਰਣ ॥ ਸਿਮਰਤ ਨਾਮੁ ਨਾਹੀ ਫਿਰਿ ਮਰਣ ॥}
(ਅੰਗ - ੮੬੭)

{ਹਰਿ ਗੁਣ ਰਮਤ ਨਾਹੀ ਜਮ ਪੰਥ ॥ ਮਹਾ ਬੀਚਾਰ ਪੰਚ ਦੂਤਹ ਮੰਥ ॥੧॥}
(ਅੰਗ - ੮੬੭)

{ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥ ਪਾਰਬ੍ਰਹਮ ਕਾ ਕਰਹਿ ਵਖਿਆਣ ॥}
(ਅੰਗ - ੮੬੭)

{ਪ੍ਰੇਮ ਭਗਤਿ ਜਿਸੁ ਆਪੇ ਦੇਇ ॥ ਜਗ ਮਹਿ ਵਿਰਲੇ ਕੇਈ ਕੇਇ ॥੩॥}
(ਅੰਗ - ੮੬੭)

{ਮੋਹਿ ਨਿਰਗੁਣ ਗੁਣੁ ਕਿਛਹੁ ਨਾਹਿ ॥ ਸਰਬ ਨਿਧਾਨ ਤੇਰੀ ਦ੍ਰਿਸਟੀ ਮਾਹਿ ॥}
(ਅੰਗ - ੮੬੭)

{ਨਾਨਕੁ ਦੀਨੁ ਜਾਚੈ ਤੇਰੀ ਸੇਵ ॥ ਕਰਿ ਕਿਰਪਾ ਦੀਜੈ ਗੁਰਦੇਵ ॥੪॥੧੫॥੧੭॥}
(ਅੰਗ - ੮੬੭)

{ਸੋਈ ਸੰਤੁ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ ॥੧॥ ਰਹਾਉ ॥}
(ਅੰਗ - ੮੬੭)

{ਪ੍ਰਭ ਅਪਨੇ ਕਾ ਭਇਆ ਬਿਸਾਸੁ ॥ ਜੀਉ ਪਿੰਡੁ ਸਭੁ ਤਿਸ ਕੀ ਰਾਸਿ ॥}

(ਅੰਗ - ੮੬੭)

{ਨਾਨਕ ਕਉ ਉਪਜੀ ਪਰਤੀਤਿ ॥ ਮਨਮੁਖ ਹਾਰ ਗੁਰਮੁਖ ਸਦ ਜੀਤਿ ॥੪॥੧੬॥੧੮॥}

(ਅੰਗ - ੮੬੭)

{ਨਾਮੁ ਨਿਰੰਜਨੁ ਨੀਰਿ ਨਰਾਇਣ ॥ ਰਸਨਾ ਸਿਮਰਤ ਪਾਪ ਬਿਲਾਇਣ ॥੧॥ ਰਹਾਉ ॥}

(ਅੰਗ - ੮੬੭)

{ਨਾਰਾਇਣ ਸਭ ਮਾਹਿ ਨਿਵਾਸ ॥ ਨਾਰਾਇਣ ਘਟਿ ਘਟਿ ਪਰਗਾਸ ॥}

(ਅੰਗ - ੮੬੭)

{ਨਾਰਾਇਣ ਕਹਤ ਜਮੁ ਭਾਗਿ ਪਲਾਇਣ ॥ ਨਾਰਾਇਣ ਦੰਤ ਭਾਨੇ ਡਾਇਣ ॥੨॥}

(ਅੰਗ - ੮੬੭)

{ਬਸਤੁ ਅਗੋਚਰ ਗੁਰ ਮਿਲਿ ਲਹੀ ॥ ਨਾਰਾਇਣ ਓਟ ਨਾਨਕ ਦਾਸ ਗਹੀ ॥੪॥੧੭॥੧੯॥}

(ਅੰਗ - ੮੬੭)

{ਜਾ ਕਉ ਰਾਖੈ ਰਾਖਣਹਾਰੁ ॥ ਤਿਸ ਕਾ ਅੰਗੁ ਕਰੇ ਨਿਰੰਕਾਰੁ ॥੧॥ ਰਹਾਉ ॥}

(ਅੰਗ - ੮੬੮)

{ਮਾਤ ਗਰਭ ਮਹਿ ਅਗਨਿ ਨ ਜੋਹੈ ॥ ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥}

(ਅੰਗ - ੮੬੮)

{ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥}

(ਅੰਗ - ੮੬੮)

{ਜੋ ਜੋ ਗਰਬੁ ਕਰੇ ਸੋ ਜਾਇ ॥ ਗਰੀਬ ਦਾਸ ਕੀ ਪ੍ਰਭੁ ਸਰਣਾਇ ॥੨॥}

(ਅੰਗ - ੮੬੮)

{ਜੇ ਕੋ ਬਹੁਤੁ ਕਰੇ ਅਹੰਕਾਰੁ ॥ ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥੩॥}

(ਅੰਗ - ੮੬੮)

{ਹੈ ਭੀ ਸਾਚਾ ਹੋਵਣਹਾਰੁ ॥ ਸਦਾ ਸਦਾ ਜਾਈਂ ਬਲਿਹਾਰ ॥}

(ਅੰਗ - ੮੬੮)

{ਅਪਣੇ ਦਾਸ ਰਖੇ ਕਿਰਪਾ ਧਾਰਿ ॥ ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥੪॥੧੮॥੨੦॥}

(ਅੰਗ - ੮੬੮)

{ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥}

(ਅੰਗ - ੮੬੮)

{ਤੀਨਿ ਗੁਣਾ ਇਕ ਸਕਤਿ ਉਪਾਇਆ ॥ ਮਹਾ ਮਾਇਆ ਤਾ ਕੀ ਹੈ ਛਾਇਆ ॥}

(ਅੰਗ - ੮੬੮)

{ਅਛਲ ਅਛੇਦ ਅਭੇਦ ਦਇਆਲ ॥ ਦੀਨ ਦਇਆਲ ਸਦਾ ਕਿਰਪਾਲ ॥}

(ਅੰਗ - ੮੬੮)

{ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥੨॥}

(ਅੰਗ - ੮੬੯)

{ਸੰਤ ਪ੍ਰਸਾਦਿ ਕਿਲਵਿਖ ਸਭਿ ਗਏ ॥ ਸੰਤ ਸਰਣਿ ਵਡਭਾਗੀ ਪਏ ॥੧॥}

(ਅੰਗ - ੮੬੯)

{ਰਾਮੁ ਜਪਤ ਕਛੁ ਬਿਘਨੁ ਨ ਵਿਆਪੈ ॥ ਗੁਰ ਪ੍ਰਸਾਦਿ ਅਪੁਨਾ ਪ੍ਰਭੁ ਜਾਪੈ ॥੧॥ ਰਹਾਉ ॥}

(ਅੰਗ - ੮੬੯)

{ਜਨ ਨਿਰਵੈਰ ਨਿੰਦਕ ਅਹੰਕਾਰੀ ॥ ਜਨ ਭਲ ਮਾਨਹਿ ਨਿੰਦਕ ਵੇਕਾਰੀ ॥}

(ਅੰਗ - ੮੬੯)

{ਗੁਰ ਕੈ ਸਿਖਿ ਸਤਿਗੁਰੂ ਧਿਆਇਆ ॥ ਜਨ ਉਬਰੇ ਨਿੰਦਕ ਨਰਕਿ ਪਾਇਆ ॥੬॥}

(ਅੰਗ - ੮੬੯)

{ਸੁਣਿ ਸਾਜਨ ਮੇਰੇ ਮੀਤ ਪਿਆਰੇ ॥ ਸਤਿ ਬਚਨ ਵਰਤਹਿ ਹਰਿ ਦੁਆਰੇ ॥}

(ਅੰਗ - ੮੬੯)

{ਜੈਸਾ ਕਰੇ ਸੁ ਤੈਸਾ ਪਾਏ ॥ ਅਭਿਮਾਨੀ ਕੀ ਜੜ ਸਰਪਰ ਜਾਏ ॥੭॥}

(ਅੰਗ - ੮੬੯)

{ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ ਝਖ ਮਾਰੀ ॥੨॥}

(ਅੰਗ - ੮੭੦)

{ਕਹੁ ਕਬੀਰ ਛੂਛਾ ਘਟੁ ਬੋਲੈ ॥ ਭਰਿਆ ਹੋਇ ਸੁ ਕਬਹੁ ਨ ਡੋਲੈ ॥੪॥੧॥}

(ਅੰਗ - ੮੭੦)

{ਨਰੂ ਮਰੈ ਨਰੁ ਕਾਮਿ ਨ ਆਵੈ ॥ ਪਸੂ ਮਰੈ ਦਸ ਕਾਜ ਸਵਾਰੈ ॥੧॥}

(ਅੰਗ - ੮੭੦)

{ਕਹਿ ਕਬੀਰ ਹਮਰਾ ਗੋਬਿੰਦੁ ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥੪॥੧॥੪॥}

(ਅੰਗ - ੮੭੧)

{ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥}

(ਅੰਗ - ੮੭੧)

{ਕਹੁ ਕਬੀਰ ਅਬ ਬਾਹਰਿ ਪਰੀ ॥ ਸੰਸਾਰੈ ਕੈ ਅੰਚਲਿ ਲਰੀ ॥੪॥੪॥੭॥}

(ਅੰਗ - ੮੭੧)

{ਸੋਹਾਗਨਿ ਉਰਵਾਰਿ ਨ ਪਾਰਿ ॥ ਪਾਂਚ ਨਾਰਦ ਕੈ ਸੰਗਿ ਬਿਧਵਾਰਿ ॥}

(ਅੰਗ - ੮੭੨)

{ਪਾਂਚ ਨਾਰਦ ਕੇ ਮਿਟਵੇ ਫੂਟੇ ॥ ਕਹੁ ਕਬੀਰ ਗੁਰ ਕਿਰਪਾ ਛੂਟੇ ॥੫॥੫॥੮॥}

(ਅੰਗ - ੮੭੨)

{ਕਹੈ ਕਬੀਰੁ ਏਕੈ ਕਰਿ ਕਰਨਾ ॥ ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥੪॥੬॥੯॥}

(ਅੰਗ - ੮੭੨)

{ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨ ਕੂਟੈ ਤਉ ਜਮ ਤੇ ਛੂਟੈ ॥}

(ਅੰਗ - ੮੭੨)

{ਕੁਟਿ ਕੁਟਿ ਮਨੁ ਕਸਵਟੀ ਲਾਵੈ ॥ ਸੋ ਕੂਟਨੁ ਮੁਕਤਿ ਬਹੁ ਪਾਵੈ ॥੧॥}

(ਅੰਗ - ੮੭੨)

{ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਝੂਠਿ ਨ ਪਤੀਐ ਪਰਚੈ ਸਾਚੈ ॥}

(ਅੰਗ - ੮੭੨)

{ਬਜਾਰੀ ਸੋ ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥}

(ਅੰਗ - ੮੭੨)

{ਤਸਕਰੁ ਸੋਇ ਜਿ ਤਾਤਿ ਨ ਕਰੈ ॥ ਇੰਦ੍ਰੀ ਕੈ ਜਤਨਿ ਨਾਮੁ ਉਚਰੈ ॥}

(ਅੰਗ - ੮੭੨)

{ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥੩॥}

(ਅੰਗ - ੮੭੩)

{ਕਹੁ ਕਬੀਰ ਹਮ ਐਸੇ ਜਾਨਿਆ ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥੪॥੮॥੧੧॥}

(ਅੰਗ - ੮੭੩)

{ਮਨ ਛੋਡਿ ਛੋਡਿ ਸਗਲ ਭੇਦੰ ॥ ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥੪॥੧॥}

(ਅੰਗ - ੮੭੩)

{ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥
ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥੧॥}

(ਅੰਗ - ੮੭੩)

{ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥ ਹਰਿ ਕੋ ਨਾਮੁ ਲੈ ਊਤਮ ਧਰਮਾ ॥}

(ਅੰਗ - ੮੭੪)

{ਪ੍ਰਣਵੈ ਨਾਮਾ ਐਸੋ ਹਰੀ ॥ ਜਾਸੁ ਜਪਤ ਭੈ ਅਪਦਾ ਟਰੀ ॥੪॥੧॥੫॥}

(ਅੰਗ - ੮੭੪)

{ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥}

(ਅੰਗ - ੮੭੪)

{ਉਪਜਿਓ ਗਿਆਨੁ ਹੂਆ ਪਰਗਾਸ ॥ ਕਰਿ ਕਿਰਪਾ ਲੀਨੇ ਕੀਟ ਦਾਸ ॥}

(ਅੰਗ - ੮੭੫)

{ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥ ਜਪਿ ਮੁਕੰਦ ਸੇਵਾ ਤਾਹੂ ਕੀ ॥੪॥੧॥}

(ਅੰਗ - ੮੭੫)

{ਨਿੰਦਕੁ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥੧੧॥੭॥੨॥੪੯॥ ਜੋੜੁ ॥}

(ਅੰਗ - ੮੭੫)

{ਸਤਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥੩॥}

(ਅੰਗ - ੮੭੬)

{ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ॥ ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥੪॥}

(ਅੰਗ - ੮੭੭)

{ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥ ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥}

(ਅੰਗ - ੮੭੭)

{ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥੪॥੪॥}

(ਅੰਗ - ੮੭੭)

{ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥}

(ਅੰਗ - ੮੭੭)

{ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥}

(ਅੰਗ - ੮੭੭)

{ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥}

(ਅੰਗ - ੮੭੭)

{ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥}

(ਅੰਗ - ੮੭੭)

{ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ ॥}

(ਅੰਗ - ੮੭੭)

{ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥
ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥}

(ਅੰਗ - ੮੭੮)

{ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬॥}

(ਅੰਗ - ੮੭੮)

{ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥}

(ਅੰਗ - ੮੭੮)

{ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥੧॥ ਰਹਾਉ ॥}

(ਅੰਗ - ੮੭੮)

{ਅੰਤਰਿ ਭਾਹਿ ਤਿਸੈ ਤੂ ਰਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥੧॥}

(ਅੰਗ - ੮੭੮)

{ਹਛੀ ਮਿਟੀ ਸੋਝੀ ਹੋਇ ॥ ਤਾ ਕਾ ਕੀਆ ਮਾਨੈ ਸੋਇ ॥}

(ਅੰਗ - ੮੭੮)

{ਕਰਣੀ ਤੇ ਕਰਿ ਚਕਹੁ ਢਾਲਿ ॥ ਐਥੈ ਓਥੈ ਨਿਬਹੀ ਨਾਲਿ ॥੨॥}

(ਅੰਗ - ੮੭੮)

{ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥}

(ਅੰਗ - ੮੭੮)

{ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥}

(ਅੰਗ - ੮੭੮)

{ਨਾਨਕ ਬਿਰਥਾ ਕੋਇ ਨ ਹੋਇ ॥ ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥}

(ਅੰਗ - ੮੭੮)

{ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ ਨਾ ਕੋ ਜਾਇ ॥੩॥}

(ਅੰਗ - ੮੭੮)

{ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥}

(ਅੰਗ - ੮੭੯)

{ਜਾ ਹਰਿ ਪ੍ਰਭਿ ਕਿਰਪਾ ਧਾਰੀ ॥ ਤਾ ਹਉਮੈ ਵਿਚਹੁ ਮਾਰੀ ॥}

(ਅੰਗ - ੮੭੯)

{ਸੋ ਸੇਵਕਿ ਰਾਮ ਪਿਆਰੀ ॥ ਜੋ ਗੁਰ ਸਬਦੀ ਬੀਚਾਰੀ ॥੧॥}

(ਅੰਗ - ੮੭੯)

{ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਲਾਜ ਛੋਡਿ ਹਰਿ ਕੇ ਗੁਣ ਗਾਵੈ ॥੧॥ ਰਹਾਉ ॥}

(ਅੰਗ - ੮੭੯)

{ਧੁਨਿ ਵਾਜੇ ਅਨਹਦ ਘੋਰਾ ॥ ਮਨੁ ਮਾਨਿਆ ਹਰਿ ਰਸਿ ਮੋਰਾ ॥}

(ਅੰਗ - ੮੭੯)

{ਗੁਰ ਪੂਰੈ ਸਚੁ ਸਮਾਇਆ ॥ ਗੁਰੁ ਆਦਿ ਪੁਰਖੁ ਹਰਿ ਪਾਇਆ ॥੨॥}

(ਅੰਗ - ੮੭੯)

{ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥}

(ਅੰਗ - ੮੭੯)

{ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥੩॥}

(ਅੰਗ - ੮੭੯)

{ਜਹ ਆਪੁ ਗਇਆ ਭਉ ਭਾਗਾ ॥ ਗੁਰ ਚਰਣੀ ਸੇਵਕੁ ਲਾਗਾ ॥}

(ਅੰਗ - ੮੭੯)

{ਗੁਰਿ ਸਤਿਗੁਰਿ ਭਰਮੁ ਚੁਕਾਇਆ ॥ ਕਹੁ ਨਾਨਕ ਸਬਦਿ ਮਿਲਾਇਆ ॥੪॥੧੦॥}

(ਅੰਗ - ੮੭੯)

{ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥ ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥}

(ਅੰਗ - ੮੭੯)

{ਜੋਗੀ ਜੁਗਤਿ ਸਹਜ ਘਰਿ ਵਾਸੈ ॥
ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ ਰਹਾਉ ॥}

(ਅੰਗ - ੮੭੯)

{ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥}

(ਅੰਗ - ੮੭੯)

{ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥}

(ਅੰਗ - ੮੭੯)

{ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥}

(ਅੰਗ - ੮੭੯)

{ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥}

(ਅੰਗ - ੮੭੯)

{ਸਤਜੁਗਿ ਧਰਮੁ ਪੈਰ ਹੈ ਚਾਰਿ ॥ ਗੁਰਮੁਖਿ ਬੂਝੈ ਕੋ ਬੀਚਾਰਿ ॥੧॥}

(ਅੰਗ - ੮੮੦)

{ਜੁਗ ਚਾਰੇ ਨਾਮਿ ਵਡਿਆਈ ਹੋਈ ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥੧॥ ਰਹਾਉ ॥}

(ਅੰਗ - ੮੮੦)

{ਤ੍ਰੈਤੈ ਇਕ ਕਲ ਕੀਨੀ ਦੂਰਿ ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥}

(ਅੰਗ - ੮੮੦)

{ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਹੋਈ ॥੨॥}

(ਅੰਗ - ੮੮੦)

{ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥}

(ਅੰਗ - ੮੮੦)

{ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥੩॥}

(ਅੰਗ - ੮੮੦)

{ਕਲਜੁਗਿ ਧਰਮ ਕਲਾ ਇਕ ਰਹਾਏ ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥}

(ਅੰਗ - ੮੮੦)

{ਮਾਇਆ ਮੋਹੁ ਅਤਿ ਗੁਬਾਰੁ ॥ ਸਤਗੁਰੁ ਭੇਟੈ ਨਾਮਿ ਉਧਾਰੁ ॥੪॥}

(ਅੰਗ - ੮੮੦)

{ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥}

(ਅੰਗ - ੮੮੦)

{ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥੫॥}

(ਅੰਗ - ੮੮੦)

{ਸਭ ਜੁਗ ਮਹਿ ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥}

(ਅੰਗ - ੮੮੦)

{ਜੇ ਵਡ ਭਾਗ ਹੋਵਹਿ ਵਡਭਾਗੀ ਤਾ ਹਰਿ ਹਰਿ ਨਾਮੁ ਧਿਆਵੈ ॥
ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿ ਨਾਮੇ ਨਾਮਿ ਸਮਾਵੈ ॥੧॥}

(ਅੰਗ - ੮੮੦)

{ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥ ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬॥੧॥}

(ਅੰਗ - ੮੮੦)

{ਗੁਰਮੁਖਿ ਭਗਤਿ ਕਰਹੁ ਸਦ ਪ੍ਰਾਣੀ ॥
ਹਿਰਦੈ ਪ੍ਰਗਾਸੁ ਹੋਵੈ ਲਿਵ ਲਾਗੈ ਗੁਰਮਤਿ ਹਰਿ ਹਰਿ ਨਾਮਿ ਸਮਾਣੀ ॥੧॥ ਰਹਾਉ ॥}

(ਅੰਗ - ੮੮੦)

{ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ਤਾ ਸਤਗੁਰੁ ਸੇਵਾ ਲਾਏ ॥
ਨਾਨਕ ਰਤਨ ਜਵੇਹਰ ਪਾਵੈ ਧਨੁ ਧਨੁ ਗੁਰਮਤਿ ਹਰਿ ਪਾਏ ॥੪॥੧॥}

(ਅੰਗ - ੮੮੦)

{ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥
ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥੧॥}

(ਅੰਗ - ੮੮੧)

{ਰਾਮ ਜਨ ਗੁਰਮਤਿ ਰਾਮੁ ਬੋਲਾਇ ॥ ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥੧॥ ਰਹਾਉ ॥}

(ਅੰਗ - ੮੮੧)

{ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥
ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ ਜਿਨ ਗੁਰ ਕੀ ਪੈਜ ਨ ਭਾਇ ॥੪॥}

(ਅੰਗ - ੮੮੧)

{ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ ॥
ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥੩॥}

(ਅੰਗ - ੮੮੧)

{ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥
ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥੧॥}

(ਅੰਗ - ੮੮੧)

{ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥
ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ ॥੪॥੪॥}

(ਅੰਗ - ੮੮੧)

{ਰਾਮ ਮੈ ਹਰਿ ਹਰਿ ਨਾਮੁ ਮਨਿ ਭਾਣਿਆ ॥
ਮੈ ਹਰਿ ਬਿਨੁ ਅਵਰੁ ਨ ਕੋਈ ਬੇਲੀ ਮੇਰਾ ਪਿਤਾ ਮਾਤਾ ਹਰਿ ਸਖਾਣਿਆ ॥੧॥ ਰਹਾਉ ॥}

(ਅੰਗ - ੮੮੨)

{ਮੋ ਕਉ ਜਗਜੀਵਨ ਜੀਵਾਲਿ ਲੈ ਸੁਆਮੀ ਰਿਦ ਅੰਤਰਿ ਨਾਮੁ ਵਸਾਇਆ ॥
ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ ॥੪॥੫॥}

(ਅੰਗ - ੮੮੨)

{ਸਤਗੁਰੁ ਦਾਤਾ ਵਡਾ ਵਡ ਪੁਰਖੁ ਹੈ ਜਿਤੁ ਮਿਲਿਐ ਹਰਿ ਉਰ ਧਾਰੇ ॥
ਜੀਅ ਦਾਨੁ ਗੁਰਿ ਪੂਰੈ ਦੀਆ ਹਰਿ ਅੰਮ੍ਰਿਤ ਨਾਮੁ ਸਮਾਰੇ ॥੧॥}

(ਅੰਗ - ੮੮੨)

{ਰਾਮ ਗੁਰਿ ਹਰਿ ਹਰਿ ਨਾਮੁ ਕੰਠਿ ਧਾਰੇ ॥
ਗੁਰਮੁਖਿ ਕਥਾ ਸੁਣੀ ਮਨਿ ਭਾਈ ਧਨੁ ਧਨੁ ਵਡ ਭਾਗ ਹਮਾਰੇ ॥੧॥ ਰਹਾਉ ॥}

(ਅੰਗ - ੮੮੨)

{ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ॥ ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥੧॥ਰਹਾਉ॥}

(ਅੰਗ - ੮੮੨)

{ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ ॥
ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ ॥੩॥}

(ਅੰਗ - ੮੮੨)

{ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥
ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥੧॥}

(ਅੰਗ - ੮੮੨)

{ਪਰਪੰਚੁ ਛੋਡਿ ਸਹਜ ਘਰਿ ਬੈਸਹੁ ਝੂਠਾ ਕਹਹੁ ਨ ਕੋਈ ॥
ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ਇਨ ਬਿਧਿ ਤਤੁ ਬਿਲੋਈ ॥੨॥}

(ਅੰਗ - ੮੮੩)

{ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ ॥੩॥}

(ਅੰਗ - ੮੮੩)

{ਸਤਿਗੁਰਿ ਮਿਲਿਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ ॥
ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ ਜਨ ਨਾਨਕ ਸਦ ਕੁਰਬਾਨੀ ॥੪॥੨॥}

(ਅੰਗ - ੮੮੩)

{ਆਗਿਆਕਾਰੀ ਸਦਾ ਸੁਖੁ ਭੁੰਚੈ ਜਤ ਕਤ ਪੇਖਉ ਹਰਿ ਗੁਨੀ ॥੨॥}

(ਅੰਗ - ੮੮੩)

{ਤਨੁ ਮਨੁ ਹਰਿ ਕਾ ਧਨੁ ਸਭੁ ਹਰਿ ਕਾ ਹਰਿ ਕੇ ਗੁਣ ਹਉ ਕਿਆ ਗਨੀ ॥

ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ ॥੪॥੩॥}

(ਅੰਗ - ੮੮੩)

{ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥
ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥}

(ਅੰਗ - ੮੮੩)

{ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ ਤ੍ਰਿਪਤਿ ਰਹੇ ਆਘਾਈ ॥
ਕਹੁ ਨਾਨਕ ਮੇਰੀ ਆਸਾ ਪੂਰੀ ਸਤਿਗੁਰ ਕੀ ਸਰਣਾਈ ॥੪॥੪॥}

(ਅੰਗ - ੮੮੩)

{ਅੰਗੀਕਾਰੁ ਕੀਆ ਪ੍ਰਭਿ ਅਪਨੈ ਬੈਰੀ ਸਗਲੇ ਸਾਧੇ ॥ ਜਿਨਿ ਬੈਰੀ ਹੈ ਇਹੁ ਜਗੁ ਲੂਟਿਆ ਤੇ ਬੈਰੀ ਲੈ ਬਾਧੇ ॥੧॥}

(ਅੰਗ - ੮੮੪)

{ਪੂਰਨ ਹੋਇ ਮਿਲਿਓ ਸੁਖਦਾਈ ਊਨ ਨ ਕਾਈ ਬਾਤਾ ॥
ਤਤੁ ਸਾਰੁ ਪਰਮ ਪਦੁ ਪਾਇਆ ਛੋਡਿ ਨ ਕਤਹੂ ਜਾਤਾ ॥੩॥}

(ਅੰਗ - ੮੮੪)

{ਏਕੈ ਏਕੈ ਏਕ ਤੂਹੀ ॥ ਏਕੈ ਏਕੈ ਤੂ ਰਾਇਆ ॥ ਤਉ ਕਿਰਪਾ ਤੇ ਸੁਖੁ ਪਾਇਆ ॥੧॥ ਰਹਾਉ ॥}

(ਅੰਗ - ੮੮੪)

{ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ ॥
ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ ॥੪॥੬॥}

(ਅੰਗ - ੮੮੪)

{ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥
ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ ॥੪॥੭॥}

(ਅੰਗ - ੮੮੪)

{ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ॥}

(ਅੰਗ - ੮੮੫)

{ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥
ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥}

(ਅੰਗ - ੮੮੫)

{ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥ ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥}

(ਅੰਗ - ੮੮੫)

{ਸਹਜ ਅਨੰਦ ਦਿਖਾਵੈ ਭਾਵੈ ॥ ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥}

(ਅੰਗ - ੮੮੫)

{ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥}

(ਅੰਗ - ੮੮੫)

{ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥}
(ਅੰਗ - ੮੮੫)

{ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥}
(ਅੰਗ - ੮੮੫)

{ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖਲਾਏ ਅੰਧ ॥੨॥}
(ਅੰਗ - ੮੮੫)

{ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣਹਾਰੇ ਕਉ ਬਲਿ ਜਾਉ ॥}
(ਅੰਗ - ੮੮੫)

{ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥}
(ਅੰਗ - ੮੮੫)

{ਜਪਿ ਗੋਬਿੰਦੁ ਗੋਪਾਲ ਲਾਲੁ ॥ ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ ॥੧॥ ਰਹਾਉ ॥}
(ਅੰਗ - ੮੮੫)

{ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥}
(ਅੰਗ - ੮੮੫)

{ਫਿਰਤੀ ਮਾਲਾ ਬਹੁ ਬਿਧਿ ਭਾਇ ॥ ਖਿੰਚਿਆ ਸੂਤੁ ਤ ਆਈ ਥਾਇ ॥੩॥}
(ਅੰਗ - ੮੮੬)

{ਖੋਜਤ ਖੋਜਤ ਦੁਆਰੇ ਆਇਆ ॥ ਤਾ ਨਾਨਕ ਜੋਗੀ ਮਹਲੁ ਘਰੁ ਪਾਇਆ ॥੪॥}
(ਅੰਗ - ੮੮੬)

{ਮਾਗਹਿ ਟੂਕਾ ਤ੍ਰਿਪਤਿ ਨ ਪਾਵੈ ॥ ਨਾਥੁ ਛੋਡਿ ਜਾਚਹਿ ਲਾਜ ਨ ਆਵੈ ॥੨॥}
(ਅੰਗ - ੮੮੬)

{ਜਿਸ ਨੋ ਹੋਆ ਨਾਥੁ ਕ੍ਰਿਪਾਲਾ ॥ ਰਹਰਾਸਿ ਹਮਾਰੀ ਗੁਰ ਗੋਪਾਲਾ ॥}
(ਅੰਗ - ੮੮੬)

{ਕਰਨ ਕਰਾਵਨ ਸੋਈ ॥ ਆਨ ਨ ਦੀਸੈ ਕੋਈ ॥}
(ਅੰਗ - ੮੮੬)

{ਨਿਰਮਲ ਜੋਤਿ ਅੰਮ੍ਰਿਤੁ ਹਰਿ ਨਾਮ ॥ ਪੀਵਤ ਅਮਰ ਭਏ ਨਿਹਕਾਮ ॥}
(ਅੰਗ - ੮੮੬)

{ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥ ਗੁਰ ਕਿਰਪਾ ਤੇ ਨੀਚੁ ਨਿਵਾਜਿਆ ॥੩॥}
(ਅੰਗ - ੮੮੬)

{ਖੋਲਿ ਕਿਵਾਰਾ ਮਹਲਿ ਬੁਲਾਇਆ ॥ ਜੈਸਾ ਸਾ ਤੈਸਾ ਦਿਖਲਾਇਆ ॥}
(ਅੰਗ - ੮੮੬)

{ਤਨੁ ਮਨੁ ਸੀਤਲੁ ਅਗਨਿ ਨਿਵਾਰੀ ॥ ਅਨਦ ਰੂਪ ਪ੍ਰਗਟੇ ਸੰਸਾਰੀ ॥੨॥}

(ਅੰਗ - ੮੮੬)

{ਸੇਵਕੁ ਲਾਇਓ ਅਪੁਨੀ ਸੇਵ ॥ ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ॥}

(ਅੰਗ - ੮੮੭)

{ਜਾ ਕੇ ਬੰਧਨ ਕਾਟੇ ਰਾਇ ॥ ਸੋ ਨਰੁ ਬਹੁਰਿ ਨ ਜੋਨੀ ਪਾਇ ॥੨॥}

(ਅੰਗ - ੮੮੭)

{ਲਾਲੁ ਰਤਨੁ ਤਿਸੁ ਪਾਲੈ ਪਰਿਆ ॥ ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥}

(ਅੰਗ - ੮੮੭)

{ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥ ਏਕੋ ਏਕੁ ਨਿਰੰਜਨ ਪੂਜਾ ॥}

(ਅੰਗ - ੮੮੭)

{ਜਤ ਕਤ ਦੇਖਉ ਆਪਿ ਦਇਆਲ ॥ ਕਹੁ ਨਾਨਕ ਪ੍ਰਭ ਮਿਲੇ ਰਸਾਲ ॥੪॥੪॥੧੫॥}

(ਅੰਗ - ੮੮੭)

{ਤਨ ਤੇ ਛੁਟਕੀ ਅਪਨੀ ਧਾਰੀ ॥ ਪ੍ਰਭ ਕੀ ਆਗਿਆ ਲਗੀ ਪਿਆਰੀ ॥}

(ਅੰਗ - ੮੮੭)

{ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ ॥ ਤਾ ਇਹੁ ਅਚਰਜੁ ਨੈਨਹੁ ਡੀਠਾ ॥੧॥}

(ਅੰਗ - ੮੮੭)

{ਅਬ ਮੋਹਿ ਜਾਨੀ ਰੇ ਮੇਰੀ ਗਈ ਬਲਾਇ ॥
ਬੁਝਿ ਗਈ ਤ੍ਰਿਸਨ ਨਿਵਾਰੀ ਮਮਤਾ ਗੁਰਿ ਪੂਰੈ ਲੀਓ ਸਮਝਾਇ ॥੧॥ ਰਹਾਉ ॥}

(ਅੰਗ - ੮੮੭)

{ਕਰਿ ਕਿਰਪਾ ਰਾਖਿਓ ਗੁਰਿ ਸਰਨਾ ॥ ਗੁਰਿ ਪਕਰਾਏ ਹਰਿ ਕੇ ਚਰਨਾ ॥}

(ਅੰਗ - ੮੮੭)

{ਬੀਸ ਬਿਸੁਏ ਜਾ ਮਨ ਠਹਰਾਨੇ ॥ ਗੁਰ ਪਾਰਬ੍ਰਹਮ ਏਕੈ ਹੀ ਜਾਨੇ ॥੨॥}

(ਅੰਗ - ੮੮੭)

{ਜੋ ਜੋ ਕੀਨੋ ਹਮ ਤਿਸ ਕੇ ਦਾਸ ॥ ਪ੍ਰਭ ਮੇਰੇ ਕੋ ਸਗਲ ਨਿਵਾਸ ॥}

(ਅੰਗ - ੮੮੭)

{ਨਾ ਕੋ ਦੂਤੁ ਨਹੀ ਬੈਰਾਈ ॥ ਗਲਿ ਮਿਲਿ ਚਾਲੇ ਏਕੈ ਭਾਈ ॥੩॥}

(ਅੰਗ - ੮੮੭)

{ਜਾ ਕਉ ਗੁਰਿ ਹਰਿ ਦੀਏ ਸੂਖਾ ॥ ਤਾ ਕਉ ਬਹੁਰਿ ਨ ਲਾਗਹਿ ਦੂਖਾ ॥}

(ਅੰਗ - ੮੮੭)

{ਆਪੇ ਆਪਿ ਸਰਬ ਪ੍ਰਤਿਪਾਲ ॥ ਨਾਨਕ ਰਾਤਉ ਰੰਗਿ ਗੋਪਾਲ ॥੪॥੫॥੧੬॥}

(ਅੰਗ - ੮੮੭)

{ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥}

(ਅੰਗ - ੮੮੭)

{ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥੧॥}

(ਅੰਗ - ੮੮੭)

{ਪੰਡਿਤ ਬੇਦੁ ਬੀਚਾਰਿ ਪੰਡਿਤ ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥}

(ਅੰਗ - ੮੮੭)

{ਆਗੈ ਰਾਖਿਓ ਸਾਲ ਗਿਰਾਮੁ ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥}

(ਅੰਗ - ੮੮੭)

{ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧੁ ਕਮਾਇ ॥੨॥}

(ਅੰਗ - ੮੮੭)

{ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥}

(ਅੰਗ - ੮੮੭)

{ਚਤੁਰ ਬੇਦ ਪੂਰਨ ਹਰਿ ਨਾਇ ॥ ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥}

(ਅੰਗ - ੮੮੭)

{ਸਾਧਸੰਗਿ ਮਿਲਿ ਭਏ ਪ੍ਰਗਾਸ ॥ ਸਹਜ ਸੂਖ ਆਸ ਨਿਵਾਸ ॥}

(ਅੰਗ - ੮੮੮)

{ਭਗਤੁ ਸੋਈ ਕਲਿ ਮਹਿ ਪਰਵਾਨੁ ॥ ਜਾ ਕਉ ਠਾਕੁਰਿ ਦੀਆ ਮਾਨੁ ॥੩॥}

(ਅੰਗ - ੮੮੮)

{ਕੋਟਿ ਬਿਘਨ ਨਹੀ ਆਵਹਿ ਨੇਰਿ ॥ ਅਨਿਕ ਮਾਇਆ ਹੈ ਤਾ ਕੀ ਚੇਰਿ ॥}

(ਅੰਗ - ੮੮੮)

{ਅਨਿਕ ਪਾਪ ਤਾ ਕੇ ਪਾਨੀਹਾਰ ॥ ਜਾ ਕਉ ਮਇਆ ਭਈ ਕਰਤਾਰ ॥੧॥}

(ਅੰਗ - ੮੮੮)

{ਪੂਰੈ ਸਤਿਗੁਰਿ ਦੀਆ ਬਿਸਾਸ ॥ ਨਾਨਕ ਹੋਏ ਦਾਸਨਿ ਦਾਸ ॥੪॥੭॥੧੮॥}

(ਅੰਗ - ੮੮੮)

{ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥}

(ਅੰਗ - ੮੮੮)

{ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥੧॥}

(ਅੰਗ - ੮੮੮)

{ਐਸੀ ਜਾਨੀ ਸੰਤ ਜਨੀ ॥ ਪਰਗਾਸੁ ਭਇਆ ਪੂਰੇ ਗੁਰ ਬਚਨੀ ॥੧॥ ਰਹਾਉ ॥}

(ਅੰਗ - ੮੮੮)

{ਭਰਮਿ ਭੂਲੇ ਬਾਦਿ ਅਹੰਕਾਰੀ ॥ ਸੰਗਿ ਨਾਹੀ ਰੇ ਸਗਲ ਪਸਾਰੀ ॥}

(ਅੰਗ - ੮੮੮)

{ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ ॥ ਏਹੁ ਨਿਧਾਨਾ ਸਾਧੂ ਪਾਹਿ ॥}

(ਅੰਗ - ੮੮੮)

{ਨਾਨਕ ਗੁਰੁ ਗੋਵਿਦੁ ਜਿਸੁ ਤੂਠਾ ॥ ਘਟਿ ਘਟਿ ਰਮਈਆ ਤਿਨ ਹੀ ਡੀਠਾ ॥੪॥੮॥੧੯॥}

(ਅੰਗ - ੮੮੮)

{ਸੁਖ ਸਹਜ ਆਨੰਦ ਭਵਨ ॥
ਸਾਧਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ ॥੧॥ ਰਹਾਉ ॥}

(ਅੰਗ - ੮੮੮)

{ਭੋਜਨੁ ਭਾਉ ਕੀਰਤਨ ਆਧਾਰੁ ॥ ਨਿਹਚਲ ਆਸਨੁ ਬੇਸੁਮਾਰੁ ॥੨॥}

(ਅੰਗ - ੮੮੮)

{ਡਿਗਿ ਨ ਡੋਲੈ ਕਤਹੂ ਨ ਧਾਵੈ ॥ ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ ॥}

(ਅੰਗ - ੮੮੮)

{ਭ੍ਰਮ ਭੈ ਮੋਹ ਨ ਮਾਇਆ ਜਾਲ ॥ ਸੁੰਨ ਸਮਾਧਿ ਪ੍ਰਭੂ ਕਿਰਪਾਲ ॥੩॥}

(ਅੰਗ - ੮੮੮)

{ਤਾ ਕਾ ਅੰਤੁ ਨ ਪਾਰਾਵਾਰੁ ॥ ਆਪੇ ਗੁਪਤੁ ਆਪੇ ਪਾਸਾਰੁ ॥}

(ਅੰਗ - ੮੮੮)

{ਸੰਤਹ ਸੰਗੁ ਦੀਆ ਕਿਰਪਾਲ ॥ ਸੰਤ ਸਹਾਈ ਭਏ ਦਇਆਲ ॥੩॥}

(ਅੰਗ - ੮੮੯)

{ਸੁਰਤਿ ਮਤਿ ਬੁਧਿ ਪਰਗਾਸੁ ॥ ਗਹਿਰ ਗੰਭੀਰ ਅਪਾਰ ਗੁਣਤਾਸੁ ॥}

(ਅੰਗ - ੮੮੯)

{ਜੀਅ ਜੰਤ ਸਗਲੇ ਪ੍ਰਤਿਪਾਲ ॥ ਨਾਨਕ ਸੰਤਹ ਦੇਖਿ ਨਿਹਾਲ ॥੪॥੧੦॥੨੧॥}

(ਅੰਗ - ੮੮੯)

{ਸੰਤਹ ਕੀ ਮੇਰੈ ਮਨਿ ਆਸ ॥ ਸੰਤ ਹਮਾਰੀ ਨਿਰਮਲ ਰਾਸਿ ॥੨॥}

(ਅੰਗ - ੮੮੯)

{ਸੰਤ ਹਮਾਰਾ ਰਾਖਿਆ ਪੜਦਾ ॥ ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ ॥}

(ਅੰਗ - ੮੮੯)

{ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ ॥ ਤੇਰੈ ਕਾਜਿ ਨ ਬਿਖੈ ਜੰਜਾਲੁ ॥}

(ਅੰਗ - ੮੮੯)

{ਗੁਰ ਕਾ ਸਬਦੁ ਜਾਪਿ ਮਨ ਸੁਖਾ ॥ ਈਹਾ ਊਹਾ ਤੇਰੋ ਊਜਲ ਮੁਖਾ ॥੨॥}

(ਅੰਗ - ੮੮੯)

{ਕਰਿ ਕਰਿ ਥਾਕੇ ਵਡੇ ਵਡੇਰੇ ॥ ਕਿਨ ਹੀ ਨ ਕੀਏ ਕਾਜ ਮਾਇਆ ਪੂਰੇ ॥}

(ਅੰਗ - ੮੮੯)

{ਹਰਿ ਹਰਿ ਨਾਮੁ ਜਪੈ ਜਨੁ ਕੋਇ ॥ ਤਾ ਕੀ ਆਸਾ ਪੂਰਨ ਹੋਇ ॥੩॥}

(ਅੰਗ - ੮੮੯)

{ਹਰਿ ਭਗਤਨ ਕੋ ਨਾਮੁ ਅਧਾਰੁ ॥ ਸੰਤੀ ਜੀਤਾ ਜਨਮੁ ਅਪਾਰੁ ॥}

(ਅੰਗ - ੮੮੯)

{ਹਰਿ ਸੰਤੁ ਕਰੇ ਸੋਈ ਪਰਵਾਨੁ ॥ ਨਾਨਕ ਦਾਸੁ ਤਾ ਕੈ ਕੁਰਬਾਨੁ ॥੪॥੧੧॥੨੨॥}

(ਅੰਗ - ੮੮੯)

{ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥ ਤੇਰੈ ਕਾਜਿ ਨ ਅਵਰਾ ਜੋਗ ॥}

(ਅੰਗ - ੮੮੯)

{ਕਰਿ ਅਹੰਕਾਰੁ ਹੋਇ ਵਰਤਹਿ ਅੰਧ ॥ ਜਮ ਕੀ ਜੇਵੜੀ ਤੂ ਆਗੈ ਬੰਧ ॥੧॥}

(ਅੰਗ - ੮੮੯)

{ਛਾਡਿ ਵਿਡਾਣੀ ਤਾਤਿ ਮੂੜੇ ॥ ਈਹਾ ਬਸਨਾ ਰਾਤਿ ਮੂੜੇ ॥}

(ਅੰਗ - ੮੮੯)

{ਤੁਮਹਿ ਛਡਾਵਹੁ ਛੁਟਕਹਿ ਬੰਧ ॥ ਬਖਸਿ ਮਿਲਾਵਹੁ ਨਾਨਕ ਜਗ ਅੰਧ ॥੪॥੧੨॥੨੩॥}

(ਅੰਗ - ੮੮੯)

{ਨਾਮ ਬਿਨਾ ਸਭੁ ਝੂਠੁ ਪਰਾਨੀ ॥
ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ ਤੇ ਸਭਿ ਮਾਇਆ ਮੂਠੁ ਪਰਾਨੀ ॥੧॥ ਰਹਾਉ ॥}
(ਅੰਗ - ੮੯੦)

{ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥}
(ਅੰਗ - ੮੯੦)

{ਸੋ ਨਾਮੁ ਜਪੈ ਜਿਸੁ ਆਪਿ ਜਪਾਏ ॥ ਸਗਲ ਫਲਾ ਸੇ ਸੂਖਿ ਸਮਾਏ ॥੩॥}
(ਅੰਗ - ੮੯੦)

{ਡੋਲਨ ਤੇ ਚੂਕਾ ਠਹਰਾਇਆ ॥ ਸਤਿ ਮਾਹਿ ਲੇ ਸਤਿ ਸਮਾਇਆ ॥੧॥}
(ਅੰਗ - ੮੯੦)

{ਦੂਖੁ ਗਇਆ ਸਭੁ ਰੋਗੁ ਗਇਆ ॥
ਪ੍ਰਭ ਕੀ ਆਗਿਆ ਮਨ ਮਹਿ ਮਾਨੀ ਮਹਾ ਪੁਰਖ ਕਾ ਸੰਗੁ ਭਇਆ ॥੧॥ ਰਹਾਉ ॥}
(ਅੰਗ - ੮੯੦)

{ਸਗਲ ਪਵਿਤ੍ਰ ਸਰਬ ਨਿਰਮਲਾ ॥ ਜੋ ਵਰਤਾਏ ਸੋਈ ਭਲਾ ॥}
(ਅੰਗ - ੮੯੦)

{ਜਹ ਰਾਖੈ ਸੋਈ ਮੁਕਤਿ ਥਾਨੁ ॥ ਜੋ ਜਪਾਏ ਸੋਈ ਨਾਮੁ ॥੨॥}
(ਅੰਗ - ੮੯੦)

{ਆਪੇ ਘਟਿ ਘਟਿ ਰਹਿਆ ਬਿਆਪਿ ॥ ਦਇਆਲ ਪੁਰਖ ਪਰਗਟ ਪਰਤਾਪ ॥}
(ਅੰਗ - ੮੯੦)

{ਕਪਟ ਖੁਲਾਨੇ ਭ੍ਰਮ ਨਾਠੇ ਦੂਰੇ ॥ ਨਾਨਕ ਕਉ ਗੁਰ ਭੇਟੇ ਪੂਰੇ ॥੪॥੧੪॥੨੫॥}
(ਅੰਗ - ੮੯੦)

{ਕੋਟਿ ਜਾਪ ਤਾਪ ਬਿਸ੍ਰਾਮ ॥ ਰਿਧਿ ਬੁਧਿ ਸਿਧਿ ਸੁਰ ਗਿਆਨ ॥}
(ਅੰਗ - ੮੯੦)

{ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥}
(ਅੰਗ - ੮੯੦)

{ਸਦਾ ਮੁਕਤੁ ਤਾ ਕੇ ਪੂਰੇ ਕਾਮ ॥ ਜਾ ਕੈ ਰਿਦੈ ਵਸੈ ਹਰਿ ਨਾਮ ॥੨॥}
(ਅੰਗ - ੮੯੧)

{ਆਇ ਨ ਜਾਇ ਡੋਲੈ ਕਤ ਨਾਹੀ ॥ ਜਾ ਕੈ ਨਾਮੁ ਬਸੈ ਮਨ ਮਾਹੀ ॥੩॥}
(ਅੰਗ - ੮੯੧)

{ਨਾਨਕ ਕਉ ਗੁਰਿ ਦੀਆ ਨਾਮੁ ॥ ਸੰਤਨ ਕੀ ਟਹਲ ਸੰਤ ਕਾ ਕਾਮੁ ॥੪॥੧੫॥੨੬॥}
(ਅੰਗ - ੮੯੧)

{ਗੁਰ ਪੂਰੇ ਕੀ ਚਰਣੀ ਲਾਗੁ ॥ ਜਨਮ ਜਨਮ ਕਾ ਸੋਇਆ ਜਾਗੁ ॥੧॥}
(ਅੰਗ - ੮੯੧)

{ਨਾਮੁ ਨਿਧਾਨੁ ਧਿਆਇ ਮਨ ਅਟਲ ॥ ਤਾ ਛੂਟਹਿ ਮਾਇਆ ਕੇ ਪਟਲ ॥}

(ਅੰਗ - ੮੯੧)

{ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ ॥ ਤਾ ਤੇਰਾ ਹੋਇ ਨਿਰਮਲ ਜੀਉ ॥੨॥}

(ਅੰਗ - ੮੯੧)

{ਛੋਡਿ ਸਿਆਣਪ ਬਹੁ ਚਤੁਰਾਈ ॥ ਮਨ ਬਿਨੁ ਹਰਿ ਨਾਵੈ ਜਾਇ ਨ ਕਾਈ ॥}

(ਅੰਗ - ੮੯੧)

{ਦਇਆ ਧਾਰੀ ਗੋਵਿਦ ਗੁੋਸਾਈ ॥ ਹਰਿ ਹਰਿ ਨਾਨਕ ਟੇਕ ਟਿਕਾਈ ॥੪॥੧੬॥੨੭॥}

(ਅੰਗ - ੮੯੧)

{ਅਹੰਬੁਧਿ ਕਾ ਭਇਆ ਬਿਨਾਸ ॥ ਦੁਰਮਤਿ ਹੋਈ ਸਗਲੀ ਨਾਸ ॥੧॥}

(ਅੰਗ - ੮੯੧)

{ਰਾਮ ਨਾਮ ਗੁਣ ਗਾਇ ਪੰਡਿਤ ॥
ਕਰਮ ਕਾਂਡ ਅਹੰਕਾਰੁ ਨ ਕਾਜੈ ਕੁਸਲ ਸੇਤੀ ਘਰਿ ਜਾਹਿ ਪੰਡਿਤ ॥੧॥ ਰਹਾਉ ॥}

(ਅੰਗ - ੮੯੧)

{ਦੁਖੁ ਨਾਠਾ ਸੁਖੁ ਘਰ ਮਹਿ ਆਇਆ ॥ ਸੰਤ ਪ੍ਰਸਾਦਿ ਕਮਲੁ ਬਿਗਸਾਇਆ ॥੨॥}

(ਅੰਗ - ੮੯੧)

{ਨਾਮ ਰਤਨੁ ਜਿਨਿ ਪਾਇਆ ਦਾਨੁ ॥ ਤਿਸੁ ਜਨ ਹੋਏ ਸਗਲ ਨਿਧਾਨ ॥}

(ਅੰਗ - ੮੯੧)

{ਸੰਤੋਖੁ ਆਇਆ ਮਨਿ ਪੂਰਾ ਪਾਇ ॥ ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥}

(ਅੰਗ - ੮੯੧)

{ਸੋ ਪਰਵਾਣੁ ਜਿਸੁ ਰਿਦੈ ਵਸਾਈ ॥ ਨਾਨਕ ਤੇ ਜਨ ਊਤਮ ਭਾਈ ॥੪॥੧੭॥੨੮॥}

(ਅੰਗ - ੮੯੧)

{ਕਹੁ ਨਾਨਕ ਜਉ ਤਿਆਗਿ ਦਈ ॥ ਤਬ ਓਹ ਚਰਣੀ ਆਇ ਪਈ ॥੧॥}

(ਅੰਗ - ੮੯੧)

{ਸੁਣਿ ਸੰਤਹੁ ਨਿਰਮਲ ਬੀਚਾਰ ॥
ਰਾਮ ਨਾਮ ਬਿਨੁ ਗਤਿ ਨਹੀ ਕਾਈ ਗੁਰੁ ਪੂਰਾ ਭੇਟਤ ਉਧਾਰ ॥੧॥ ਰਹਾਉ ॥}

(ਅੰਗ - ੮੯੧)

{ਅਠ ਦਸ ਬੇਦ ਸੁਨੇ ਕਹ ਡੋਰਾ ॥ ਕੋਟਿ ਪ੍ਰਗਾਸ ਨ ਦਿਸੈ ਅੰਧੇਰਾ ॥}

(ਅੰਗ - ੮੯੨)

{ਪਸੂ ਪਰੀਤਿ ਘਾਸ ਸੰਗਿ ਰਚੈ ॥ ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ ॥੨॥}

(ਅੰਗ - ੮੯੨)

{ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥}

(ਅੰਗ - ੮੯੨)

{ਦੀਨੋ ਨਾਮੁ ਕੀਓ ਪਵਿਤੁ ॥ ਹਰਿ ਧਨੁ ਰਾਸਿ ਨਿਰਾਸ ਇਹ ਬਿਤੁ ॥}

(ਅੰਗ - ੮੯੨)

{ਗਈ ਗਿਲਾਨਿ ਸਾਧ ਕੈ ਸੰਗਿ ॥ ਮਨੁ ਤਨੁ ਰਾਤੋ ਹਰਿ ਕੈ ਰੰਗਿ ॥੨॥}

(ਅੰਗ - ੮੯੨)

{ਕਾਟੀ ਬੰਧਿ ਹਰਿ ਸੇਵਾ ਲਾਏ ॥ ਹਰਿ ਹਰਿ ਭਗਤਿ ਰਾਮ ਗੁਣ ਗਾਏ ॥੧॥}

(ਅੰਗ - ੮੯੨)

{ਗਾਵਤ ਗਾਵਤ ਪਰਮ ਗਤਿ ਪਾਈ ॥ ਗੁਰ ਪ੍ਰਸਾਦਿ ਨਾਨਕ ਲਿਵ ਲਾਈ ॥੪॥੨੦॥੩੧॥}

(ਅੰਗ - ੮੯੨)

{ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥}

(ਅੰਗ - ੮੯੨)

{ਸੋ ਸੰਚੈ ਜੋ ਹੋਛੀ ਬਾਤ ॥ ਮਾਇਆ ਮੋਹਿਆ ਟੇਢਉ ਜਾਤ ॥੧॥}

(ਅੰਗ - ੮੯੨)

{ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥}

(ਅੰਗ - ੮੯੨)

{ਮਾਇਆ ਕਾਰਣਿ ਸਦ ਹੀ ਝੂਰੈ ॥ ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥}

(ਅੰਗ - ੮੯੨)

{ਨਿਰਭਉ ਨਿਰੰਕਾਰ ਦਾਤਾਰੁ ॥ ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ ॥੩॥}

(ਅੰਗ - ੮੯੨)

{ਮੋਹ ਮਗਨ ਲਪਟਿਓ ਭ੍ਰਮ ਗਿਰਹ ॥ ਨਾਨਕ ਤਰੀਐ ਤੇਰੀ ਮਿਹਰ ॥੪॥੨੧॥੩੨॥}

(ਅੰਗ - ੮੯੨)

{ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ ॥
ਬਿਸਮਨ ਬਿਸਮ ਭਏ ਬਿਸਮਾਦਾ ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ ॥੧॥ ਰਹਾਉ ॥}

(ਅੰਗ - ੮੯੩)

{ਦੇਹੀ ਧੋਇ ਨ ਉਤਰੈ ਮੈਲੁ ॥ ਹਉਮੈ ਬਿਆਪੈ ਦੁਬਿਧਾ ਫੈਲੁ ॥}

(ਅੰਗ - ੮੯੩)

{ਗਨਿ ਮਿਨਿ ਦੇਖਹੁ ਸਗਲ ਬੀਚਾਰਿ ॥ ਨਾਮ ਬਿਨਾ ਕੋ ਸਕੈ ਨ ਤਾਰਿ ॥}

(ਅੰਗ - ੮੯੩)

{ਹਰਿ ਹਰਿ ਅਉਖਧੁ ਜੋ ਜਨੁ ਖਾਇ ॥ ਤਾ ਕਾ ਰੋਗੁ ਸਗਲ ਮਿਟਿ ਜਾਇ ॥੩॥}

(ਅੰਗ - ੮੯੩)

{ਕਰਿ ਕਿਰਪਾ ਪਾਰਬ੍ਰਹਮ ਦਇਆਲ ॥ ਮਨ ਤੇ ਕਬਹੁ ਨ ਬਿਸਰੁ ਗੋਪਾਲ ॥}

(ਅੰਗ - ੮੯੩)

{ਤਰਣ ਤਾਰਣ ਪ੍ਰਭ ਤੇਰੋ ਨਾਉ ॥ ਏਕਾ ਸਰਣਿ ਗਹੀ ਮਨ ਮੇਰੈ ਤੁਧੁ ਬਿਨੁ ਦੂਜਾ ਨਾਹੀ ਠਾਉ ॥੧॥ ਰਹਾਉ ॥}

(ਅੰਗ - ੮੯੩)

{ਜਪਿ ਜਪਿ ਜੀਵਾ ਤੇਰਾ ਨਾਉ ॥ ਆਗੈ ਦਰਗਹ ਪਾਵਉ ਠਾਉ ॥}

(ਅੰਗ - ੮੯੩)

{ਦੂਖੁ ਅੰਧੇਰਾ ਮਨ ਤੇ ਜਾਇ ॥ ਦੁਰਮਤਿ ਬਿਨਸੈ ਰਾਚੈ ਹਰਿ ਨਾਇ ॥੨॥}

(ਅੰਗ - ੮੯੩)

{ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੁਰ ਪੂਰੇ ਕੀ ਨਿਰਮਲ ਰੀਤਿ ॥}

(ਅੰਗ - ੮੯੩)

{ਭਉ ਭਾਗਾ ਨਿਰਭਉ ਮਨਿ ਬਸੈ ॥ ਅੰਮ੍ਰਿਤ ਨਾਮੁ ਰਸਨਾ ਨਿਤ ਜਪੈ ॥੩॥}

(ਅੰਗ - ੮੯੩)

{ਕੋਟਿ ਜਨਮ ਕੇ ਕਾਟੇ ਫਾਹੇ ॥ ਪਾਇਆ ਲਾਭੁ ਸਚਾ ਧਨੁ ਲਾਹੇ ॥}

(ਅੰਗ - ੮੯੩)

{ਤੇਰੀ ਸਰਣਿ ਪੂਰੇ ਗੁਰਦੇਵ ॥ ਤੁਧੁ ਬਿਨੁ ਦੂਜਾ ਨਾਹੀ ਕੋਇ ॥}

(ਅੰਗ - ੮੯੩)

{ਤੂ ਸਮਰਥੁ ਪੂਰਨ ਪਾਰਬ੍ਰਹਮੁ ॥ ਸੋ ਧਿਆਏ ਪੂਰਾ ਜਿਸੁ ਕਰਮੁ ॥੧॥}

(ਅੰਗ - ੮੯੩)

{ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥}

(ਅੰਗ - ੮੯੩)

{ਰਤਨ ਜਵੇਹਰ ਨਾਮ ॥ ਸਤੁ ਸੰਤੋਖੁ ਗਿਆਨ ॥}

(ਅੰਗ - ੮੯੩)

{ਸੂਖ ਸਹਜ ਦਇਆ ਕਾ ਪੋਤਾ ॥ ਹਰਿ ਭਗਤਾ ਹਵਾਲੈ ਹੋਤਾ ॥੧॥}

(ਅੰਗ - ੮੯੩)

{ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥}

(ਅੰਗ - ੮੯੩)

{ਕਰਿ ਕਿਰਪਾ ਜਿਸੁ ਆਪਿ ਦਿਵਾਇਆ ॥ ਸਾਧਸੰਗਿ ਤਿਨਿ ਹਰਿ ਧਨੁ ਪਾਇਆ ॥}

(ਅੰਗ - ੮੯੩)

{ਸੁੰਨ ਸਮਾਧਿ ਗੁਫਾ ਤਹ ਆਸਨੁ ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ ॥}

(ਅੰਗ - ੮੯੩)

{ਦਇਆਲ ਪੁਰਖ ਨਾਨਕ ਅਰਦਾਸਿ ॥ ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ ॥੪॥੨੪॥੩੫॥}

(ਅੰਗ - ੮੯੩)

{ਇਕਿ ਭਰਮੇ ਇਕਿ ਭਗਤੀ ਲਾਏ ॥ ਅਪਣਾ ਕੀਆ ਆਪਿ ਜਣਾਏ ॥੩॥}

(ਅੰਗ - ੮੯੪)

{ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥}

(ਅੰਗ - ੮੯੪)

{ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ ॥ ਬਿਖੈ ਬਿਆਧਿ ਕੇ ਗਾਵ ਮਹਿ ਬਾਸੁ ॥}

(ਅੰਗ - ੮੯੪)

{ਕਰਣਹਾਰ ਮੇਰੇ ਪ੍ਰਭ ਏਕ ॥ ਨਾਮ ਤੇਰੇ ਕੀ ਮਨ ਮਹਿ ਟੇਕ ॥੨॥}

(ਅੰਗ - ੮੯੪)

{ਸੁਣਿ ਸੁਣਿ ਜੀਵਉ ਮਨਿ ਇਹੁ ਬਿਸ੍ਰਾਮੁ ॥ ਪਾਪ ਖੰਡਨ ਪ੍ਰਭ ਤੇਰੋ ਨਾਮੁ ॥}

(ਅੰਗ - ੮੯੪)

{ਤੂ ਅਗਨਤੁ ਜੀਅ ਕਾ ਦਾਤਾ ॥ ਜਿਸਹਿ ਜਣਾਵਹਿ ਤਿਨਿ ਤੂ ਜਾਤਾ ॥੩॥}

(ਅੰਗ - ੮੯੪)

{ਨਾਨਕ ਦਾਸ ਤੇਰੈ ਕੁਰਬਾਣੁ ॥ ਬੇਅੰਤ ਸਾਹਿਬੁ ਮੇਰਾ ਮਿਹਰਵਾਣੁ ॥੪॥੨੬॥੩੭॥}

(ਅੰਗ - ੮੯੪)

{ਸਗਲ ਅਰਾਧਹਿ ਜੰਤ ॥ ਮਿਲੀਐ ਪ੍ਰਭ ਗੁਰ ਮਿਲਿ ਮੰਤ ॥੧॥}

(ਅੰਗ - ੮੯੪)

{ਜੀਅਨ ਕੋ ਦਾਤਾ ਮੇਰਾ ਪ੍ਰਭੁ ॥ ਪੂਰਨ ਪਰਮੇਸੁਰ ਸੁਆਮੀ ਘਟਿ ਘਟਿ ਰਾਤਾ ਮੇਰਾ ਪ੍ਰਭੁ ॥੧॥ ਰਹਾਉ ॥}

(ਅੰਗ - ੮੯੪)

{ਤਾਰਣ ਤਰਣ ਹਰਿ ਸਰਣ ॥ ਜੀਵਨ ਰੂਪ ਹਰਿ ਚਰਣ ॥}

(ਅੰਗ - ੮੯੪)

{ਸੁ ਮਤਿ ਸਾਰੁ ਜਿਤੁ ਹਰਿ ਸਿਮਰੀਜੈ ॥ ਕਰਿ ਕਿਰਪਾ ਜਿਸੁ ਆਪੇ ਦੀਜੈ ॥}

(ਅੰਗ - ੮੯੫)

{ਸੁਖ ਸਹਜ ਆਨੰਦ ਹਰਿ ਨਾਉ ॥ ਨਾਨਕ ਜਪਿਆ ਗੁਰ ਮਿਲਿ ਨਾਉ ॥੪॥੨੭॥੩੮॥}

(ਅੰਗ - ੮੯੫)

{ਸਗਲ ਸਿਆਨਪ ਛਾਡਿ ॥ ਕਰਿ ਸੇਵਾ ਸੇਵਕ ਸਾਜਿ ॥}

(ਅੰਗ - ੮੯੫)

{ਅਪਨਾ ਆਪੁ ਸਗਲ ਮਿਟਾਇ ॥ ਮਨ ਚਿੰਦੇ ਸੇਈ ਫਲ ਪਾਇ ॥੧॥}

(ਅੰਗ - ੮੯੫)

{ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥ ਆਸਾ ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ ॥੧॥ਰਹਾਉ॥}

(ਅੰਗ - ੮੯੫)

{ਦੂਜਾ ਨਹੀ ਜਾਨੈ ਕੋਇ ॥ ਸਤਗੁਰੁ ਨਿਰੰਜਨੁ ਸੋਇ ॥}

(ਅੰਗ - ੮੯੫)

{ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥}

(ਅੰਗ - ੮੯੫)

{ਹਰਿ ਕਾ ਨਾਮੁ ਮਾਗੁ ਨਿਧਾਨੁ ॥ ਤਾ ਦਰਗਹ ਪਾਵਹਿ ਮਾਨੁ ॥੩॥}

(ਅੰਗ - ੮੯੫)

{ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥}

(ਅੰਗ - ੮੯੫)

{ਸਤਿਗੁਰ ਭਏ ਦਇਆਲ ॥ ਨਾਨਕ ਦਾਸ ਨਿਹਾਲ ॥੪॥੨੮॥੩੯॥}

(ਅੰਗ - ੮੯੫)

{ਹੋਵੈ ਸੋਈ ਭਲ ਮਾਨੁ ॥ ਆਪਨਾ ਤਜਿ ਅਭਿਮਾਨੁ ॥}

(ਅੰਗ - ੮੯੫)

{ਆਨੰਦ ਕਰਿ ਸੰਤ ਹਰਿ ਜਪਿ ॥
ਛਾਡਿ ਸਿਆਨਪ ਬਹੁ ਚਤੁਰਾਈ ਗੁਰ ਕਾ ਜਪਿ ਮੰਤੁ ਨਿਰਮਲ ॥੧॥ ਰਹਾਉ ॥}

(ਅੰਗ - ੮੯੫)

{ਏਕ ਕੀ ਕਰਿ ਆਸ ਭੀਤਰਿ ॥ ਨਿਰਮਲ ਜਪਿ ਨਾਮੁ ਹਰਿ ਹਰਿ ॥}

(ਅੰਗ - ੮੯੫)

{ਗੁਰ ਕੇ ਚਰਨ ਨਮਸਕਾਰਿ ॥ ਭਵਜਲੁ ਉਤਰਹਿ ਪਾਰਿ ॥੨॥}

(ਅੰਗ - ੮੯੫)

{ਨਾਨਕ ਪਾਇਆ ਏਹੁ ਨਿਧਾਨ ॥ ਹਰੇ ਹਰਿ ਨਿਰਮਲ ਨਾਮ ॥}

(ਅੰਗ - ੮੯੫)

{ਬੈਰੀ ਸਭਿ ਹੋਵਹਿ ਮੀਤ ॥ ਨਿਰਮਲੁ ਤੇਰਾ ਹੋਵੈ ਚੀਤ ॥੨॥}

(ਅੰਗ - ੮੯੫)

{ਗੁਰ ਕਾ ਉਪਦੇਸੁ ਸੁਨੀਜੈ ॥ ਨਾਨਕ ਸੁਖਿ ਸਹਜਿ ਸਮੀਜੈ ॥੪॥੩੦॥੪੧॥}

(ਅੰਗ - ੮੯੫)

{ਕਾਹੇ ਭ੍ਰਮਿ ਭ੍ਰਮਹਿ ਬਿਗਾਨੇ ॥
ਨਾਮ ਬਿਨਾ ਕਿਛੁ ਕਾਮਿ ਨ ਆਵੈ ਮੇਰਾ ਮੇਰਾ ਕਰਿ ਬਹੁਤੁ ਪਛੁਤਾਨੇ ॥੧॥ ਰਹਾਉ ॥}

(ਅੰਗ - ੮੯੬)

{ਤਿਸ ਕਾ ਭਾਣਾ ਲਾਗੈ ਮੀਠਾ ॥ ਗੁਰ ਪ੍ਰਸਾਦਿ ਵਿਰਲੇ ਮਨਿ ਵੂਠਾ ॥੨॥}

(ਅੰਗ - ੮੯੬)

{ਜਿਸ ਕੀ ਤਿਸ ਕੀ ਕਰਿ ਮਾਨੁ ॥ ਆਪਨ ਲਾਹਿ ਗੁਮਾਨੁ ॥}

(ਅੰਗ - ੮੯੬)

{ਬੂਡਤ ਲੋਹ ਸਾਧਸੰਗਿ ਤਰੈ ॥ ਨਾਨਕ ਜਿਸਹਿ ਪਰਾਪਤਿ ਕਰੈ ॥੪॥੩੧॥੪੨॥}

(ਅੰਗ - ੮੯੬)

{ਮਨ ਮਾਹਿ ਜਾਪਿ ਭਗਵੰਤੁ ॥ ਗੁਰਿ ਪੂਰੈ ਇਹੁ ਦੀਨੋ ਮੰਤੁ ॥}

(ਅੰਗ - ੮੯੬)

{ਕਰਨ ਕਰਾਵਨ ਆਪਿ ॥ ਤਿਸ ਕਉ ਸਦਾ ਮਨ ਜਾਪਿ ॥}

(ਅੰਗ - ੮੯੬)

{ਤਿਸ ਕੀ ਸੇਵਾ ਕਰਿ ਨੀਤ ॥ ਸਚੁ ਸਹਜੁ ਸੁਖੁ ਪਾਵਹਿ ਮੀਤ ॥੨॥}

(ਅੰਗ - ੮੯੬)

{ਏਕੋ ਨਾਮੁ ਧਿਆਇ ਮਨ ਮੇਰੇ ॥ ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ ॥੧॥ ਰਹਾਉ॥}

(ਅੰਗ - ੮੯੬)

{ਤੁਮ ਹੀ ਕਾਰਨ ਕਰਨ ॥ ਚਰਨ ਕਮਲ ਹਰਿ ਸਰਨ ॥}

(ਅੰਗ - ੮੯੬)

{ਸਰਬ ਕੀ ਰੇਣ ਹੋਵੀਜੈ ॥ ਆਪੁ ਮਿਟਾਇ ਮਿਲੀਜੈ ॥}

(ਅੰਗ - ੮੯੬)

{ਓਂ ਨਮੋ ਭਗਵੰਤ ਗੁਸਾਈ ॥ ਖਾਲਕੁ ਰਵਿ ਰਹਿਆ ਸਰਬ ਠਾਈ ॥੧॥ ਰਹਾਉ ॥}

(ਅੰਗ - ੮੯੬)

{ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ ॥}

(ਅੰਗ - ੮੯੭)

{ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥੫॥੩੪॥੪੫॥}

(ਅੰਗ - ੮੯੭)

{ਗੁਰ ਕੇ ਚਰਨ ਕਮਲ ਮਨਿ ਵਸੇ ॥ ਮਹਾ ਬਿਕਾਰ ਤਨ ਤੇ ਸਭਿ ਨਸੇ ॥੧॥}

(ਅੰਗ - ੮੯੭)

{ਗੋਪਾਲ ਕੋ ਜਸੁ ਗਾਉ ਪ੍ਰਾਣੀ ॥ ਅਕਥ ਕਥਾ ਸਾਚੀ ਪ੍ਰਭ ਪੂਰਨ ਜੋਤੀ ਜੋਤਿ ਸਮਾਣੀ ॥੧॥ ਰਹਾਉ ॥}

(ਅੰਗ - ੮੯੭)

{ਤ੍ਰਿਸਨਾ ਭੂਖ ਸਭ ਨਾਸੀ ॥ ਸੰਤ ਪ੍ਰਸਾਦਿ ਜਪਿਆ ਅਬਿਨਾਸੀ ॥}

(ਅੰਗ - ੮੯੭)

{ਧੂਰਿ ਸੰਤਨ ਕੀ ਮਸਤਕਿ ਲਾਇ ॥ ਜਨਮ ਜਨਮ ਕੀ ਦੁਰਮਤਿ ਮਲੁ ਜਾਇ ॥੧॥}

(ਅੰਗ - ੮੯੭)

{ਜਿਸੁ ਭੇਟਤ ਮਿਟੈ ਅਭਿਮਾਨੁ ॥ ਪਾਰਬ੍ਰਹਮੁ ਸਭੁ ਨਦਰੀ ਆਵੈ ਕਰਿ ਕਿਰਪਾ ਪੂਰਨ ਭਗਵਾਨ ॥੧॥ ਰਹਾਉ ॥}

(ਅੰਗ - ੮੯੭)

{ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ ॥ ਗੁਰ ਕਾ ਸਬਦੁ ਸਤਿ ਕਰਿ ਮਾਨੁ ॥੨॥}

(ਅੰਗ - ੮੯੭)

{ਮਨਿ ਸੰਤੋਖੁ ਸਬਦਿ ਗੁਰ ਰਾਜੇ ॥ ਜਪਿ ਗੋਬਿੰਦੁ ਪੜਦੇ ਸਭਿ ਕਾਜੇ ॥੩॥}

(ਅੰਗ - ੮੯੭)

{ਗੁਰ ਚਰਨੀ ਜਾ ਕਾ ਮਨੁ ਲਾਗਾ ॥ ਨਾਨਕ ਦਾਸ ਤਿਸੁ ਪੂਰਨ ਭਾਗਾ ॥੪॥੩੬॥੪੭॥}

(ਅੰਗ - ੮੯੭)

{ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ ॥ ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ ॥੧॥}
(ਅੰਗ - ੮੯੮)

{ਸੋ ਘਰੁ ਸੇਵਿ ਜਿਤੁ ਉਧਰਹਿ ਮੀਤ ॥
ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ ਸਾਧਸੰਗਿ ਕਰਿ ਮਨ ਕੀ ਪ੍ਰੀਤਿ ॥੧॥ ਰਹਾਉ ॥}
(ਅੰਗ - ੮੯੮)

{ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ ॥ ਤ੍ਰਿਪਤਿ ਨ ਆਵੈ ਬਿਖਿਆ ਸਾਦਿ ॥}
(ਅੰਗ - ੮੯੮)

{ਭਰਮਤ ਭਰਮਤ ਮਹਾ ਦੁਖੁ ਪਾਇਆ ॥ ਤਰੀ ਨ ਜਾਈ ਦੁਤਰ ਮਾਇਆ ॥੨॥}
(ਅੰਗ - ੮੯੮)

{ਪਤਿਤ ਪੁਨੀਤ ਪ੍ਰਭ ਤੇਰੋ ਨਾਮੁ ॥ ਅਪਨੇ ਦਾਸ ਕਉ ਕੀਜੈ ਦਾਨੁ ॥}
(ਅੰਗ - ੮੯੮)

{ਜਾਨੀ ਸੰਤ ਕੀ ਮਿਤ੍ਰਾਈ ॥ ਕਰਿ ਕਿਰਪਾ ਦੀਨੋ ਹਰਿ ਨਾਮਾ ਪੂਰਬਿ ਸੰਜੋਗਿ ਮਿਲਾਈ ॥੧॥ ਰਹਾਉ ॥}
(ਅੰਗ - ੮੯੮)

{ਗੁਰ ਕੈ ਚਰਣਿ ਚਿਤੁ ਲਾਗਾ ॥ ਧੰਨਿ ਧੰਨਿ ਸੰਜੋਗੁ ਸਭਾਗਾ ॥}
(ਅੰਗ - ੮੯੮)

{ਸੰਤ ਕੀ ਧੂਰਿ ਲਾਗੀ ਮੇਰੈ ਮਾਥੇ ॥ ਕਿਲਵਿਖ ਦੁਖ ਸਗਲੇ ਮੇਰੇ ਲਾਥੇ ॥੨॥}
(ਅੰਗ - ੮੯੮)

{ਸਾਧ ਕੀ ਸਚੁ ਟਹਲ ਕਮਾਨੀ ॥ ਤਬ ਹੋਏ ਮਨ ਸੁਧ ਪਰਾਨੀ ॥}
(ਅੰਗ - ੮੯੮)

{ਜਨ ਕਾ ਸਫਲ ਦਰਸੁ ਡੀਠਾ ॥ ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ ॥੩॥}
(ਅੰਗ - ੮੯੮)

{ਅਗਨਿ ਨਿਵਾਰੀ ਸਤਿਗੁਰ ਦੇਵ ॥ ਸੇਵਕੁ ਅਪਨੀ ਲਾਇਓ ਸੇਵ ॥੩॥}
(ਅੰਗ - ੮੯੮)

{ਅਕਿਰਤਘਣਾ ਕਾ ਕਰੇ ਉਧਾਰੁ ॥ ਪ੍ਰਭੁ ਮੇਰਾ ਹੈ ਸਦਾ ਦਇਆਰੁ ॥}
(ਅੰਗ - ੮੯੮)

{ਸੰਤ ਜਨਾ ਕਾ ਸਦਾ ਸਹਾਈ ॥ ਚਰਨ ਕਮਲ ਨਾਨਕ ਸਰਣਾਈ ॥੪॥੩੯॥੫੦॥}
(ਅੰਗ - ੮੯੮)

{ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥ ਦਸ ਬਿਘਿਆੜੀ ਲਈ ਨਿਵਾਰਿ ॥}
(ਅੰਗ - ੮੯੯)

{ਤੀਨਿ ਆਵਰਤ ਕੀ ਚੂਕੀ ਘੇਰ ॥ ਸਾਧਸੰਗਿ ਚੂਕੇ ਭੈ ਫੇਰ ॥੧॥}
(ਅੰਗ - ੮੯੯)

{ਦਾਝਿ ਗਏ ਤ੍ਰਿਣ ਪਾਪ ਸੁਮੇਰ ॥ ਜਪਿ ਜਪਿ ਨਾਮੁ ਪੂਜੇ ਪ੍ਰਭ ਪੈਰ ॥}

(ਅੰਗ - ੮੯੯)

{ਅਨਦ ਰੂਪ ਪ੍ਰਗਟਿਓ ਸਭ ਥਾਨਿ ॥ ਪ੍ਰੇਮ ਭਗਤਿ ਜੋਰੀ ਸੁਖ ਮਾਨਿ ॥੨॥}

(ਅੰਗ - ੮੯੯)

{ਨਾ ਤਨੁ ਤੇਰਾ ਨਾ ਮਨੁ ਤੋਹਿ ॥ ਮਾਇਆ ਮੋਹਿ ਬਿਆਪਿਆ ਧੋਹਿ ॥}

(ਅੰਗ - ੮੯੯)

{ਹਰਿ ਚਰਨ ਕਮਲ ਸਰਨਾਇ ਮਨਾ ॥
ਰਾਮ ਨਾਮੁ ਜਪਿ ਸੰਗਿ ਸਹਾਈ ਗੁਰਮੁਖਿ ਪਾਵਹਿ ਸਾਚੁ ਧਨਾ ॥੧॥ ਰਹਾਉ ॥}

(ਅੰਗ - ੮੯੯)

{ਊਨੇ ਕਾਜ ਨ ਹੋਵਤ ਪੂਰੇ ॥ ਕਾਮਿ ਕ੍ਰੋਧਿ ਮਦਿ ਸਦ ਹੀ ਝੂਰੇ ॥}

(ਅੰਗ - ੮੯੯)

{ਕਰੈ ਬਿਕਾਰ ਜੀਅਰੇ ਕੈ ਤਾਈ ॥ ਗਾਫਲ ਸੰਗਿ ਨ ਤਸੂਆ ਜਾਈ ॥੨॥}

(ਅੰਗ - ੮੯੯)

{ਧਰਤ ਧੋਹ ਅਨਿਕ ਛਲ ਜਾਨੈ ॥ ਕਉਡੀ ਕਉਡੀ ਕਉ ਖਾਕੁ ਸਿਰਿ ਛਾਨੈ ॥}

(ਅੰਗ - ੮੯੯)

{ਜਿਨਿ ਦੀਆ ਤਿਸੈ ਨ ਚੇਤੈ ਮੂਲਿ ॥ ਮਿਥਿਆ ਲੋਭੁ ਨ ਉਤਰੈ ਸੂਲੁ ॥੩॥}

(ਅੰਗ - ੮੯੯)

{ਪਾਰਬ੍ਰਹਮ ਜਬ ਭਏ ਦਇਆਲ ॥ ਇਹੁ ਮਨੁ ਹੋਆ ਸਾਧ ਰਵਾਲ ॥}

(ਅੰਗ - ੮੯੯)

{ਹਸਤ ਕਮਲ ਲੜਿ ਲੀਨੋ ਲਾਇ ॥ ਨਾਨਕ ਸਾਚੈ ਸਾਚਿ ਸਮਾਇ ॥੪॥੪੧॥੫੨॥}

(ਅੰਗ - ੮੯੯)

{ਜਿਸ ਕੈ ਮਸਤਕਿ ਹਾਥੁ ਗੁਰੁ ਧਰੈ ॥ ਸੋ ਦਾਸੁ ਅਦੇਸਾ ਕਾਹੇ ਕਰੈ ॥}

(ਅੰਗ - ੮੯੯)

{ਜਨਮ ਮਰਣ ਕੀ ਚੂਕੀ ਕਾਣਿ ॥ ਪੂਰੇ ਗੁਰ ਊਪਰਿ ਕੁਰਬਾਣ ॥੨॥}

(ਅੰਗ - ੮੯੯)

{ਗੁਰੁ ਪਰਮੇਸਰੁ ਭੇਟਿ ਨਿਹਾਲ ॥ ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ ॥}

(ਅੰਗ - ੮੯੯)

{ਅੰਮ੍ਰਿਤੁ ਪੀਵਹੁ ਸਾਧ ਪਿਆਰੇ ॥ ਮੁਖ ਊਜਲ ਸਾਚੈ ਦਰਬਾਰੇ ॥}

(ਅੰਗ - ੮੯੯)

{ਅਨਦ ਕਰਹੁ ਤਜਿ ਸਗਲ ਬਿਕਾਰ ॥ ਨਾਨਕ ਹਰਿ ਜਪਿ ਉਤਰਹੁ ਪਾਰਿ ॥੪॥੪੨॥੫੩॥}

(ਅੰਗ - ੮੯੯)

{ਬ੍ਰਹਮ ਬੀਚਾਰੁ ਬੀਚਾਰੇ ਕੋਇ ॥ ਨਾਨਕ ਤਾ ਕੀ ਪਰਮ ਗਤਿ ਹੋਇ ॥੪॥੪੩॥੫੪॥}

(ਅੰਗ - ੯੦੦)

{ਜੋ ਤਿਸੁ ਭਾਵੈ ਸੋ ਥੀਆ ॥ ਸਦਾ ਸਦਾ ਹਰਿ ਕੀ ਸਰਣਾਈ ਪ੍ਰਭ ਬਿਨੁ ਨਾਹੀ ਆਨ ਬੀਆ ॥੧॥ ਰਹਾਉ ॥}
(ਅੰਗ - ੯੦੦)

{ਪੁਤੁ ਕਲਤ੍ਰ ਲਖਿਮੀ ਦੀਸੈ ਇਨ ਮਹਿ ਕਿਛੂ ਨ ਸੰਗਿ ਲੀਆ ॥
ਬਿਖੈ ਠਗਉਰੀ ਖਾਇ ਭੁਲਾਨਾ ਮਾਇਆ ਮੰਦਰੁ ਤਿਆਗਿ ਗਇਆ ॥੧॥}
(ਅੰਗ - ੯੦੦)

{ਬੋਲੈ ਝੂਠੁ ਕਮਾਵੈ ਅਵਰਾ ਤ੍ਰਿਸਨ ਨ ਬੂਝੈ ਬਹੁਤੁ ਹਇਆ ॥
ਅਸਾਧ ਰੋਗੁ ਉਪਜਿਆ ਸੰਤ ਦੂਖਨਿ ਦੇਹ ਬਿਨਾਸੀ ਮਹਾ ਖਇਆ ॥੨॥}
(ਅੰਗ - ੯੦੦)

{ਜਿਨਹਿ ਨਿਵਾਜੇ ਤਿਨ ਹੀ ਸਾਜੇ ਆਪੇ ਕੀਨੇ ਸੰਤ ਜਇਆ ॥
ਨਾਨਕ ਦਾਸ ਕੰਠਿ ਲਾਇ ਰਾਖੇ ਕਰਿ ਕਿਰਪਾ ਪਾਰਬ੍ਰਹਮ ਮਇਆ ॥੪॥੪੪॥੫੫॥}
(ਅੰਗ - ੯੦੦)

{ਚਰਨ ਕਮਲ ਬਸੇ ਮੇਰੇ ਮਨ ਕੇ ॥ ਕਾਰਜ ਸਵਾਰੇ ਸਗਲੇ ਤਨ ਕੇ ॥੧॥}
(ਅੰਗ - ੯੦੦)

{ਨਿਰਮਲ ਮੰਤੁ ਦੇਇ ਜਿਸੁ ਦਾਨੁ ॥ ਤਜਹਿ ਬਿਕਾਰ ਬਿਨਸੈ ਅਭਿਮਾਨੁ ॥}
(ਅੰਗ - ੯੦੦)

{ਏਕੁ ਧਿਆਈਐ ਸਾਧ ਕੈ ਸੰਗਿ ॥ ਪਾਪ ਬਿਨਾਸੇ ਨਾਮ ਕੈ ਰੰਗਿ ॥੩॥}
(ਅੰਗ - ੯੦੦)

{ਗੁਰ ਪਰਮੇਸੁਰ ਸਗਲ ਨਿਵਾਸ ॥ ਘਟਿ ਘਟਿ ਰਵਿ ਰਹਿਆ ਗੁਣਤਾਸ ॥}
(ਅੰਗ - ੯੦੦)

{ਦਰਸੁ ਦੇਹਿ ਧਾਰਉ ਪ੍ਰਭ ਆਸ ॥ ਨਿਤ ਨਾਨਕੁ ਚਿਤਵੈ ਸਚੁ ਅਰਦਾਸਿ ॥੪॥੪੫॥੫੬॥}
(ਅੰਗ - ੯੦੦)

{ਗਾਵਹੁ ਰਾਮ ਕੇ ਗੁਣ ਗੀਤ ॥ ਨਾਮੁ ਜਪਤ ਪਰਮ ਸੁਖੁ ਪਾਈਐ ਆਵਾ ਗਉਨੁ ਮਿਟੈ ਮੇਰੇ ਮੀਤ ॥੧॥ ਰਹਾਉ ॥}

(ਅੰਗ - ੯੦੧)

{ਗੁਣ ਗਾਵਤ ਹੋਵਤ ਪਰਗਾਸੁ ॥ ਚਰਨ ਕਮਲ ਮਹਿ ਹੋਇ ਨਿਵਾਸੁ ॥੧॥}

(ਅੰਗ - ੯੦੧)

{ਗੁਰੁ ਪੂਰਾ ਮੇਰਾ ਗੁਰੁ ਪੂਰਾ ॥ ਰਾਮ ਨਾਮੁ ਜਪਿ ਸਦਾ ਸੁਹੇਲੇ ਸਗਲ ਬਿਨਾਸੇ ਰੋਗ ਕੂਰਾ ॥੧॥ ਰਹਾਉ ॥}

(ਅੰਗ - ੯੦੧)

{ਏਕੁ ਅਰਾਧਹੁ ਸਾਚਾ ਸੋਇ ॥ ਜਾ ਕੀ ਸਰਨਿ ਸਦਾ ਸੁਖੁ ਹੋਇ ॥੧॥}

(ਅੰਗ - ੯੦੧)

{ਨੀਦ ਸੁਹੇਲੀ ਨਾਮ ਕੀ ਲਾਗੀ ਭੂਖ ॥ ਹਰਿ ਸਿਮਰਤ ਬਿਨਸੇ ਸਭ ਦੂਖ ॥੨॥}

(ਅੰਗ - ੯੦੧)

{ਸਹਜਿ ਅਨੰਦ ਕਰਹੁ ਮੇਰੇ ਭਾਈ ॥ ਗੁਰਿ ਪੂਰੈ ਸਭ ਚਿੰਤ ਮਿਟਾਈ ॥੩॥}

(ਅੰਗ - ੯੦੧)

{ਨਰਨਰਹ ਨਮਸਕਾਰੰ ॥ ਜਲਨ ਥਲਨ ਬਸੁਧ ਗਗਨ ਏਕ ਏਕੰਕਾਰੰ ॥੧॥ ਰਹਾਉ ॥}

(ਅੰਗ - ੯੦੧)

{ਗੰਭੀਰ ਧੀਰ ਨਾਮ ਹੀਰ ਊਚ ਮੂਚ ਅਪਾਰੰ ॥ ਕਰਨ ਕੇਲ ਗੁਣ ਅਮੋਲ ਨਾਨਕ ਬਲਿਹਾਰੰ ॥੨॥੧॥੫੯॥}

(ਅੰਗ - ੯੦੧)

{ਸੁਤ ਕਲਤ੍ਰ ਭ੍ਰਾਤ ਮੀਤ ਉਰਝਿ ਪਰਿਓ ਭਰਮਿ ਮੋਹਿਓ ਇਹ ਬਿਰਖ ਛਾਮਨੀ ॥
ਚਰਨ ਕਮਲ ਸਰਨ ਨਾਨਕ ਸੁਖੁ ਸੰਤ ਭਾਵਨੀ ॥੨॥੨॥੬੦॥}

(ਅੰਗ - ੯੦੧)

{ਰੇ ਮਨ ਓਟ ਲੇਹੁ ਹਰਿ ਨਾਮਾ ॥ ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥੧॥ ਰਹਾਉ ॥}

(ਅੰਗ - ੯੦੧)

{ਬਡਭਾਗੀ ਤਿਹ ਜਨ ਕਉ ਜਾਨਉ ਜੋ ਹਰਿ ਕੇ ਗੁਨ ਗਾਵੈ ॥
ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ ॥੧॥}

(ਅੰਗ - ੯੦੧)

{ਸਾਧੋ ਕਉਨ ਜੁਗਤਿ ਅਬ ਕੀਜੈ ॥ ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥੧॥ ਰਹਾਉ ॥}

(ਅੰਗ - ੯੦੨)

{ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੂ ਗਿਆਨਾ ॥
ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ ॥੧॥}

(ਅੰਗ - ੯੦੨)

{ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥੨॥}

(ਅੰਗ - ੯੦੨)

{ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ ॥
ਬਿਰਧਿ ਭਇਓ ਅਜਹੂ ਨਹੀ ਸਮਝੈ ਕਉਨ ਕੁਮਤਿ ਉਰਝਾਨਾ ॥੧॥}

(ਅੰਗ - ੯੦੨)

{ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ ॥
ਨਾਨਕੁ ਕਹਤੁ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ ॥੩॥੩॥੯੧॥}

(ਅੰਗ - ੯੦੨)

{ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥}

(ਅੰਗ - ੯੦੨)

{ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥}

(ਅੰਗ - ੯੦੨)

{ਜਗੁ ਪਰਬੋਧਹਿ ਮੜੀ ਬਧਾਵਹਿ ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥}

(ਅੰਗ - ੯੦੩)

{ਮਮਤਾ ਮੋਹੁ ਕਾਮਣਿ ਹਿਤਕਾਰੀ ॥ ਨਾ ਅਉਧੂਤੀ ਨਾ ਸੰਸਾਰੀ ॥੧॥}

(ਅੰਗ - ੯੦੩)

{ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥}

(ਅੰਗ - ੯੦੩)

{ਗੁਰ ਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥੨॥}

(ਅੰਗ - ੯੦੩)

{ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ ॥}

(ਅੰਗ - ੯੦੩)

{ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥}

(ਅੰਗ - ੯੦੩)

{ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥੪॥}

(ਅੰਗ - ੯੦੩)

{ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥}

(ਅੰਗ - ੯੦੩)

{ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥}

(ਅੰਗ - ੯੦੩)

{ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥}

(ਅੰਗ - ੯੦੩)

{ਜਿਹਵਾ ਇੰਦ੍ਰੀ ਸਾਦਿ ਲੁਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥੬॥}

(ਅੰਗ - ੯੦੩)

{ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥}

(ਅੰਗ - ੯੦੩)

{ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥}

(ਅੰਗ - ੯੦੩)

{ਜਤੁ ਸਤੁ ਸੰਜਮੁ ਸਚੁ ਸੁਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥}

(ਅੰਗ - ੯੦੩)

{ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥}

(ਅੰਗ - ੯੦੩)

{ਵਾਜੈ ਅਨਹਦੁ ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥}

(ਅੰਗ - ੯੦੩)

{ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥ ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ ॥੧॥ ਰਹਾਉ ॥}

(ਅੰਗ - ੯੦੩)

{ਮਾਇਆ ਮੋਹੁ ਬਿਵਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥}

(ਅੰਗ - ੯੦੪)

{ਨਾਮੁ ਰਤਨੁ ਨਿਰਮੋਲਕੁ ਹੀਰਾ ॥ ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥}

(ਅੰਗ - ੯੦੪)

{ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥}

(ਅੰਗ - ੯੦੪)

{ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥}

(ਅੰਗ - ੯੦੪)

{ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥}

(ਅੰਗ - ੯੦੪)

{ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥}

(ਅੰਗ - ੯੦੪)

{ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥}

(ਅੰਗ - ੯੦੪)

{ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥}

(ਅੰਗ - ੯੦੪)

{ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥}

(ਅੰਗ - ੯੦੪)

{ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥}

(ਅੰਗ - ੯੦੪)

{ਤਉ ਜਾਨੀ ਜਾ ਸਬਦਿ ਪਛਾਨੀ ॥ ਏਕੋ ਰਵਿ ਰਹਿਆ ਨਿਰਬਾਨੀ ॥੭॥}

(ਅੰਗ - ੯੦੪)

{ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥}

(ਅੰਗ - ੯੦੪)

{ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥}

(ਅੰਗ - ੯੦੪)

{ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥}

(ਅੰਗ - ੯੦੪)

{ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥੧॥ ਰਹਾਉ ॥}

(ਅੰਗ - ੯੦੪)

{ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥}

(ਅੰਗ - ੯੦੪)

{ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥}

(ਅੰਗ - ੯੦੪)

{ਨਾਵਹਿ ਧੋਵਹਿ ਪੂਜਹਿ ਸੈਲਾ ॥ ਬਿਨੁ ਹਰਿ ਰਾਤੇ ਮੈਲੋ ਮੈਲਾ ॥}

(ਅੰਗ - ੯੦੪)

{ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ ॥ ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ ॥੩॥}

(ਅੰਗ - ੯੦੪)

{ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥}

(ਅੰਗ - ੯੦੪)

{ਘਟਿ ਘਟਿ ਬ੍ਰਹਮੁ ਚੀਨੈ ਜਨੁ ਕੋਇ ॥ ਸਤਿਗੁਰੁ ਮਿਲੈ ਤ ਸੋਝੀ ਹੋਇ ॥੪॥}

(ਅੰਗ - ੯੦੪)

{ਗਣਤ ਗਣੀਐ ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥}

(ਅੰਗ - ੯੦੪)

{ਕਰਿ ਅਪਰਾਧ ਸਰਣਿ ਹਮ ਆਇਆ ॥ ਗੁਰ ਹਰਿ ਭੇਟੇ ਪੁਰਬਿ ਕਮਾਇਆ ॥੫॥}

(ਅੰਗ - ੯੦੪)

{ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ ਜਨਮਿ ਮਰਿ ਆਈਐ ॥}

(ਅੰਗ - ੯੦੪)

{ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨ ਸਬਦੁ ਅਚਾਰੁ ॥੬॥}

(ਅੰਗ - ੯੦੪)

{ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥}

(ਅੰਗ - ੯੦੪)

{ਜਿਸੁ ਗੁਰ ਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥੭॥}

(ਅੰਗ - ੯੦੫)

{ਏਕੁ ਬੁਰਾ ਭਲਾ ਸਚੁ ਏਕੈ ॥ ਬੂਝੁ ਗਿਆਨੀ ਸਤਿਗੁਰ ਕੀ ਟੇਕੈ ॥}

(ਅੰਗ - ੯੦੫)

{ਗੁਰਮੁਖਿ ਵਿਰਲੀ ਏਕੋ ਜਾਣਿਆ ॥ ਆਵਣੁ ਜਾਣਾ ਮੇਟਿ ਸਮਾਣਿਆ ॥੮॥}

(ਅੰਗ - ੯੦੫)

{ਜਿਨ ਕੈ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥}

(ਅੰਗ - ੯੦੫)

{ਗੁਰ ਕੈ ਭਾਣੈ ਕਰਮ ਕਮਾਵੈ ॥ ਨਾਨਕ ਸਾਚੇ ਸਾਚਿ ਸਮਾਵੈ ॥੯॥੪॥}

(ਅੰਗ - ੯੦੫)

{ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥ ਰਾਮ ਨਾਮ ਸਰਿ ਅਵਰੁ ਨ ਪੂਜੈ ॥੧॥}

(ਅੰਗ - ੯੦੫)

{ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥
ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥੧॥ ਰਹਾਉ ॥}

(ਅੰਗ - ੯੦੫)

{ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥}

(ਅੰਗ - ੯੦੫)

{ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥}

(ਅੰਗ - ੯੦੫)

{ਚਾੜਸਿ ਪਵਨੁ ਸਿੰਘਾਸਨੁ ਭੀਜੈ ॥ ਨਿਉਲੀ ਕਰਮ ਖਟੁ ਕਰਮ ਕਰੀਜੈ ॥}

(ਅੰਗ - ੯੦੫)

{ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥}

(ਅੰਗ - ੯੦੫)

{ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥}

(ਅੰਗ - ੯੦੫)

{ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥}

(ਅੰਗ - ੯੦੫)

{ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥}

(ਅੰਗ - ੯੦੫)

{ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ॥}

(ਅੰਗ - ੯੦੫)

{ਮਨਮੁਖਿ ਜਨਮੈ ਜਨਮਿ ਮਰੀਜੈ ॥੬॥}

(ਅੰਗ - ੯੦੫)

{ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥ ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ ॥}

(ਅੰਗ - ੯੦੫)

{ਰਾਮ ਨਾਮ ਬਿਨੁ ਕਿਆ ਕਰਮੁ ਕੀਜੈ ॥੭॥}

(ਅੰਗ - ੯੦੫)

{ਊਂਦਰ ਦੂੰਦਰ ਪਾਸਿ ਧਰੀਜੈ ॥ ਧੁਰ ਕੀ ਸੇਵਾ ਰਾਮੁ ਰਵੀਜੈ ॥}

(ਅੰਗ - ੯੦੫)

{ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥}

(ਅੰਗ - ੯੦੫)

{ਨਾਮੁ ਰਤਨੁ ਹੀਰਾ ਨਿਰਮੋਲੁ ॥ ਸਾਚਾ ਸਾਹਿਬੁ ਅਮਰੁ ਅਤੋਲੁ ॥
ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ ਨਾਹੀ ਰੋਲੁ ॥੨॥}

(ਅੰਗ - ੯੦੫)

{ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ ॥ ਨਾਮੁ ਬਿਸਾਰਿ ਪਚਹਿ ਅਭਿਮਾਨੁ ॥}

(ਅੰਗ - ੯੦੫)

{ਨਾਮ ਬਿਨਾ ਕਿਆ ਗਿਆਨ ਧਿਆਨੁ ॥ ਗੁਰਮੁਖਿ ਪਾਵਹਿ ਦਰਗਹ ਮਾਨੁ ॥੩॥}

(ਅੰਗ - ੯੦੫)

{ਹਠੁ ਅਹੰਕਾਰੁ ਕਰੈ ਨਹੀ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ ॥}

(ਅੰਗ - ੯੦੫)

{ਤੀਰਥਿ ਭਰਮਸਿ ਬਿਆਧਿ ਨ ਜਾਵੈ ॥ ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥}

(ਅੰਗ - ੯੦੫)

{ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥}

(ਅੰਗ - ੯੦੬)

{ਜਮ ਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥}

(ਅੰਗ - ੯੦੬)

{ਸਬਦੁ ਵੀਚਾਰਿ ਗਹਹਿ ਗੁਰ ਸੇਵਾ ॥ ਮਨਿ ਤਨਿ ਨਿਰਮਲ ਅਭਿਮਾਨ ਅਭੇਵਾ ॥੬॥}

(ਅੰਗ - ੯੦੬)

{ਕਰਮਿ ਮਿਲੈ ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥}

(ਅੰਗ - ੯੦੬)

{ਤੁਮ ਤੇ ਉਪਜਿਓ ਭਗਤੀ ਭਾਉ ॥ ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥}

(ਅੰਗ - ੯੦੬)

{ਹਉਮੈ ਗਰਬੁ ਜਾਇ ਮਨ ਭੀਨੈ ॥ ਝੂਠਿ ਨ ਪਾਵਸਿ ਪਾਖੰਡਿ ਕੀਨੈ ॥}

(ਅੰਗ - ੯੦੬)

{ਬਿਨੁ ਗੁਰ ਸਬਦ ਨਹੀ ਘਰੁ ਬਾਰੁ ॥ ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥੬॥}

(ਅੰਗ - ੯੦੬)

{ਲਾਲਚਿ ਲਾਗੈ ਨਾਮੁ ਬਿਸਾਰਿਓ ਆਵਤ ਜਾਵਤ ਜਨਮੁ ਗਇਆ ॥
ਜਾ ਜਮੁ ਧਾਇ ਕੇਸ ਗਹਿ ਮਾਰੈ ਸੁਰਤਿ ਨਹੀ ਮੁਖਿ ਕਾਲ ਗਇਆ ॥੩॥}

(ਅੰਗ - ੯੦੬)

{ਅਹਿਨਿਸਿ ਨਿੰਦਾ ਤਾਤਿ ਪਰਾਈ ਹਿਰਦੈ ਨਾਮੁ ਨ ਸਰਬ ਦਇਆ ॥
ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ ਰਾਮ ਨਾਮ ਬਿਨੁ ਨਰਕਿ ਗਇਆ ॥੪॥}

(ਅੰਗ - ੯੦੬)

{ਖਿਨ ਮਹਿ ਵੇਸ ਕਰਹਿ ਨਟੂਆ ਜਿਉ ਮੋਹ ਪਾਪ ਮਹਿ ਗਲਤੁ ਗਇਆ ॥
ਇਤ ਉਤ ਮਾਇਆ ਦੇਖਿ ਪਸਾਰੀ ਮੋਹ ਮਾਇਆ ਕੈ ਮਗਨੁ ਭਇਆ ॥੫॥}

(ਅੰਗ - ੯੦੬)

{ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ ॥
ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ ॥੬॥}

(ਅੰਗ - ੯੦੬)

{ਸੁਖ ਸੰਪਤਿ ਕਉ ਆਵਤ ਦੇਖੈ ਸਾਕਤ ਮਨਿ ਅਭਿਮਾਨੁ ਭਇਆ ॥
ਜਿਸ ਕਾ ਇਹੁ ਤਨੁ ਧਨੁ ਸੋ ਫਿਰਿ ਲੇਵੈ ਅੰਤਰਿ ਸਹਸਾ ਦੂਖੁ ਪਇਆ ॥੭॥}

(ਅੰਗ - ੯੦੬)

{ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ ॥
ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ ਮੁਕਤਿ ਪਦਾਰਥੁ ਸਰਣਿ ਪਇਆ ॥੧੧॥}

(ਅੰਗ - ੯੦੬)

{ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ ॥
ਆਪੁ ਮਾਰਿ ਗੁਰਮੁਖਿ ਹਰਿ ਪਾਏ ਨਾਨਕ ਸਹਜਿ ਸਮਾਇ ਲਇਆ ॥੧੨॥੭॥}

(ਅੰਗ - ੯੦੬)

{ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ ॥੧॥}

(ਅੰਗ - ੯੦੭)

{ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ ॥੪॥
ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ ॥੫॥}

(ਅੰਗ - ੯੦੭)

{ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥੭॥
ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥੮॥}

(ਅੰਗ - ੯੦੭)

{ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ ॥੯॥
ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ ॥੧੦॥੯॥}

(ਅੰਗ - ੯੦੭)

{ਮਮਤਾ ਮਾਰਿ ਹਉਮੈ ਸੋਖੈ ਤ੍ਰਿਭਵਣਿ ਜੋਤਿ ਤੁਮਾਰੀ ॥੨॥
ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ ॥੩॥}

(ਅੰਗ - ੯੦੭)

{ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ ॥੧੦॥
ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ ॥੧੧॥}

(ਅੰਗ - ੯੦੭)

{ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥
ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥}

(ਅੰਗ - ੯੦੮)

{ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥
ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥}

(ਅੰਗ - ੯੦੮)

{ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ ॥੧੮॥
ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖਿ ਸਬਦਿ ਬੀਚਾਰੀ ॥੧੯॥}

(ਅੰਗ - ੯੦੮)

{ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ ॥੨੦॥
ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ ॥੨੧॥}

(ਅੰਗ - ੯੦੮)

{ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥੨੪॥
ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ ॥੨੫॥੯॥}

(ਅੰਗ - ੯੦੮)

{ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ ॥
ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ ॥੨॥}

(ਅੰਗ - ੯੦੮)

{ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ ॥
ਗੁਰਮੁਖਿ ਹੋਵਹਿ ਤਾ ਤੰਤੀ ਵਾਜੈ ਇਨ ਬਿਧਿ ਤ੍ਰਿਸਨਾ ਖੰਡੀ ॥੫॥}

(ਅੰਗ - ੯੦੮)

{ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ ॥ ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ ॥੬॥}

(ਅੰਗ - ੯੦੮)

{ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ ॥
ਅਨੇਕ ਜਤਨ ਭੇਖ ਕਰੇ ਜੋਗੀ ਰੋਗੁ ਨ ਜਾਇ ਗਵਾਇਆ ॥੯॥}

(ਅੰਗ - ੯੦੯)

{ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ ॥
ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ ॥੧੦॥}

(ਅੰਗ - ੯੦੯)

{ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ ॥
ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ ॥੧੧॥}

(ਅੰਗ - ੯੦੯)

{ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ ॥੨॥
ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ ॥੩॥}

(ਅੰਗ - ੯੦੯)

{ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ ॥੧੧॥
ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥੧੨॥}

(ਅੰਗ - ੯੦੯)

{ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥੧੩॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥੧੪॥}

(ਅੰਗ - ੯੦੯)

{ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥}

(ਅੰਗ - ੯੦੯)

{ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥}

(ਅੰਗ - ੯੦੯)

{ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥੨੨॥}

(ਅੰਗ - ੯੧੦)

{ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥੨੩॥}

(ਅੰਗ - ੯੧੦)

{ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥
ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥}

(ਅੰਗ - ੯੧੦)

{ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥੩॥}

(ਅੰਗ - ੯੧੦)

{ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥੫॥}

(ਅੰਗ - ੯੧੦)

{ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ ॥੧੦॥
ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥੧੧॥}

(ਅੰਗ - ੯੧੦)

{ਅਪਣਾ ਆਪੁ ਨ ਪਛਾਣਹਿ ਸੰਤਹੁ ਕੂੜਿ ਕਰਹਿ ਵਡਿਆਈ ॥੧੩॥
ਪਾਖੰਡਿ ਕੀਨੈ ਜਮੁ ਨਹੀ ਛੋਡੈ ਲੈ ਜਾਸੀ ਪਤਿ ਗਵਾਈ ॥੧੪॥}

(ਅੰਗ - ੯੧੦)

{ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ ॥੧੫॥
ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥੧੬॥}

(ਅੰਗ - ੯੧੦)

{ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ ॥੧੮॥
ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮਿ ਲਿਵ ਲਾਈ ॥੧੯॥}

(ਅੰਗ - ੯੧੦)

{ਭੈ ਭੰਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ ॥੨੦॥
ਸਭੁ ਕਿਛੁ ਆਪੇ ਆਪਿ ਵਰਤੈ ਨਾਨਕ ਨਾਮਿ ਵਡਿਆਈ ॥੨੧॥੩॥੧੨॥}

(ਅੰਗ - ੯੧੦)

{ਹਮ ਕੁਚਲ ਕੁਚੀਲ ਅਤਿ ਅਭਿਮਾਨੀ ਮਿਲਿ ਸਬਦੇ ਮੈਲੁ ਉਤਾਰੀ ॥੧॥}

(ਅੰਗ - ੯੧੦)

{ਸੰਤਹੁ ਗੁਰਮੁਖਿ ਨਾਮਿ ਨਿਸਤਾਰੀ ॥
ਸਚਾ ਨਾਮੁ ਵਸਿਆ ਘਟ ਅੰਤਰਿ ਕਰਤੈ ਆਪਿ ਸਵਾਰੀ ॥੧॥ ਰਹਾਉ ॥}

(ਅੰਗ - ੯੧੦)

{ਇਕਿ ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਉਰਿ ਧਾਰੀ ॥੪॥
ਅਨਦਿਨੁ ਰਾਤੇ ਸਹਜੇ ਮਾਤੇ ਸਹਜੇ ਹਉਮੈ ਮਾਰੀ ॥੫॥}

(ਅੰਗ - ੯੧੧)

{ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ ॥੬॥
ਮਾਇਆ ਮੋਹੁ ਸਬਦਿ ਜਲਾਇਆ ਗਿਆਨਿ ਤਤਿ ਬੀਚਾਰੀ ॥੭॥}

(ਅੰਗ - ੯੧੧)

{ਹਰਿ ਜੀਉ ਜਪੀ ਹਰਿ ਜੀਉ ਸਾਲਾਹੀ ਵਿਚਹੁ ਆਪੁ ਨਿਵਾਰੀ ॥੧੦॥
ਨਾਮੁ ਪਦਾਰਥੁ ਗੁਰ ਤੇ ਪਾਇਆ ਅਖੁਟ ਸਚੇ ਭੰਡਾਰੀ ॥੧੧॥}

(ਅੰਗ - ੯੧੧)

{ਕਾਇਆ ਕੰਚਨੁ ਸਬਦੇ ਰਾਤੀ ਸਾਚੈ ਨਾਇ ਪਿਆਰੀ ॥੧੮॥
ਕਾਇਆ ਅੰਮ੍ਰਿਤਿ ਰਹੀ ਭਰਪੂਰੇ ਪਾਈਐ ਸਬਦਿ ਵੀਚਾਰੀ ॥੧੯॥}

(ਅੰਗ - ੯੧੧)

{ਜੋ ਪ੍ਰਭੁ ਖੋਜਹਿ ਸੇਈ ਪਾਵਹਿ ਹੋਰਿ ਫੂਟਿ ਮੂਏ ਅਹੰਕਾਰੀ ॥੨੦॥
ਬਾਦੀ ਬਿਨਸਹਿ ਸੇਵਕ ਸੇਵਹਿ ਗੁਰ ਕੈ ਹੇਤਿ ਪਿਆਰੀ ॥੨੧॥}

(ਅੰਗ - ੯੧੧)

{ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ ॥੨੨॥
ਸਤਿਗੁਰੁ ਦਾਤਾ ਤਿਨੈ ਪਛਾਤਾ ਜਿਸ ਨੋ ਕ੍ਰਿਪਾ ਤੁਮਾਰੀ ॥੨੩॥}

(ਅੰਗ - ੯੧੧)

{ਸਤਿਗੁਰੁ ਨ ਸੇਵਹਿ ਮਾਇਆ ਲਾਗੇ ਡੂਬਿ ਮੂਏ ਅਹੰਕਾਰੀ ॥੨੪॥}

(ਅੰਗ - ੯੧੧)

{ਮਾਇਆ ਮੋਹੁ ਬਿਨਸਿ ਜਾਇਗਾ ਉਬਰੇ ਸਬਦਿ ਵੀਚਾਰੀ ॥੨੮॥
ਆਪਿ ਜਗਾਏ ਸੇਈ ਜਾਗੇ ਗੁਰ ਕੈ ਸਬਦਿ ਵੀਚਾਰੀ ॥੨੯॥}

(ਅੰਗ - ੯੧੧)

{ਨਾਨਕ ਸੇਈ ਮੂਏ ਜਿ ਨਾਮੁ ਨ ਚੇਤਹਿ ਭਗਤ ਜੀਵੇ ਵੀਚਾਰੀ ॥੩੦॥੪॥੧੩॥}

(ਅੰਗ - ੯੧੧)

{ਨਾਮੁ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ ॥੧॥}

(ਅੰਗ - ੯੧੧)

{ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ ॥
ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ ਵਡਿਆਈ ॥੧॥ ਰਹਾਉ ॥}

(ਅੰਗ - ੯੧੧)

{ਸੇ ਵਡਭਾਗੀ ਜਿਨੀ ਏਕੋ ਜਾਤਾ ਸਚੇ ਰਹੇ ਸਮਾਈ ॥੯॥
ਆਪਿ ਸਰੂਪੁ ਸਿਆਣਾ ਆਪੇ ਕੀਮਤਿ ਕਹਣੁ ਨ ਜਾਈ ॥੧੦॥}

(ਅੰਗ - ੯੧੧)

{ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ॥੧੬॥
ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ ॥੧੭॥}

(ਅੰਗ - ੯੧੨)

{ਸਚਾ ਆਪਿ ਸਦਾ ਹੈ ਸਾਚਾ ਬਾਣੀ ਸਬਦਿ ਸੁਣਾਈ ॥੨੦॥
ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ ਮੇਰਾ ਪ੍ਰਭੁ ਰਵਿਆ ਸ੍ਰਬ ਥਾਈ ॥੨੧॥੫॥੧੪॥}

(ਅੰਗ - ੯੧੨)

{ਸਗਲੇ ਕਰਮ ਧਰਮ ਜੁਗ ਸੋਧੇ ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥}

(ਅੰਗ - ੯੧੨)

{ਕਹੁ ਨਾਨਕ ਜਉ ਸਾਧਸੰਗੁ ਪਾਇਆ ॥ ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥੮॥੧॥}

(ਅੰਗ - ੯੧੨)

{ਰਾਖਨਹਾਰੁ ਸਮ੍ਹਾਰਿ ਜਨਾ ॥ ਸਗਲੇ ਛੋਡਿ ਬੀਚਾਰ ਮਨਾ ॥੧॥ ਰਹਾਉ ॥}

(ਅੰਗ - ੯੧੨)

{ਹਮ ਅਪਰਾਧੀ ਨਿਰਗੁਨੀਆਰੇ ॥ ਨਾ ਕਿਛੁ ਸੇਵਾ ਨਾ ਕਰਮਾਰੇ ॥
ਗੁਰੁ ਬੋਹਿਥੁ ਵਡਭਾਗੀ ਮਿਲਿਆ ॥ ਨਾਨਕ ਦਾਸ ਸੰਗਿ ਪਾਥਰ ਤਰਿਆ ॥੮॥੨॥}

(ਅੰਗ - ੯੧੩)

{ਰਚਨਾ ਸਾਚੁ ਬਨੀ ॥ ਸਭ ਕਾ ਏਕੁ ਧਨੀ ॥੧॥ ਰਹਾਉ ॥}

(ਅੰਗ - ੯੧੪)

{ਸੰਤ ਰਚੇ ਕੇਵਲ ਨਾਮ ਮੁਰਾਰੀ ॥੨॥
ਕਾਹੂ ਬਿਹਾਵੈ ਖੇਲਤ ਜੂਆ ॥ ਕਾਹੂ ਬਿਹਾਵੈ ਅਮਲੀ ਹੂਆ ॥
ਕਾਹੂ ਬਿਹਾਵੈ ਪਰ ਦਰਬ ਚੁਰਾਏ ॥ ਹਰਿ ਜਨ ਬਿਹਾਵੈ ਨਾਮ ਧਿਆਏ ॥੩॥}

(ਅੰਗ - ੯੧੪)

{ਜਿਤੁ ਕੋ ਲਾਇਆ ਤਿਤੁ ਹੀ ਲਗਾਨਾ ॥ ਨਾ ਕੋ ਮੂੜੁ ਨਹੀ ਕੋ ਸਿਆਨਾ ॥
ਕਰਿ ਕਿਰਪਾ ਜਿਸੁ ਦੇਵੈ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੮॥੩॥}

(ਅੰਗ - ੯੧੪)

{ਲੋਭੀ ਕਾ ਧਨੁ ਪ੍ਰਾਣ ਅਧਾਰੁ ॥ ਤਿਉ ਹਰਿ ਜਨ ਹਰਿ ਹਰਿ ਨਾਮ ਪਿਆਰੁ ॥੨॥}

(ਅੰਗ - ੯੧੪)

{ਜਿਉ ਸਾਬੁਨਿ ਕਾਪਰ ਊਜਲ ਹੋਤ ॥ ਨਾਮ ਜਪਤ ਸਭੁ ਭ੍ਰਮੁ ਭਉ ਖੋਤ ॥੫॥}

(ਅੰਗ - ੯੧੪)

{ਤੁਮਰੀ ਕ੍ਰਿਪਾ ਤੇ ਲਾਗੀ ਪ੍ਰੀਤਿ ॥ ਦਇਆਲ ਭਏ ਤਾ ਆਏ ਚੀਤਿ ॥}

(ਅੰਗ - ੯੧੪)

{ਦਇਆ ਧਾਰੀ ਤਿਨਿ ਧਾਰਣਹਾਰ ॥ ਬੰਧਨ ਤੇ ਹੋਈ ਛੁਟਕਾਰ ॥੭॥}

(ਅੰਗ - ੯੧੫)

{ਸਭਿ ਥਾਨ ਦੇਖੇ ਨੈਣ ਅਲੋਇ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥}

(ਅੰਗ - ੯੧੫)

{ਭ੍ਰਮ ਭੈ ਛੂਟੇ ਗੁਰ ਪਰਸਾਦ ॥ ਨਾਨਕ ਪੇਖਿਓ ਸਭੁ ਬਿਸਮਾਦ ॥੮॥੪॥}

(ਅੰਗ - ੯੧੫)

{ਜੀਅ ਜੰਤ ਸਭਿ ਪੇਖੀਅਹਿ ਪ੍ਰਭ ਸਗਲ ਤੁਮਾਰੀ ਧਾਰਨਾ ॥੧॥
ਇਹੁ ਮਨੁ ਹਰਿ ਕੈ ਨਾਮਿ ਉਧਾਰਨਾ ॥੧॥ ਰਹਾਉ ॥}

(ਅੰਗ - ੯੧੫)

{ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਦਾਰਨਾ ॥੨॥ ਨਾਮੁ ਜਪਤ ਮਨੁ ਨਿਰਮਲ ਹੋਵੈ ਸੂਖੇ ਸੂਖਿ ਗੁਦਾਰਨਾ ॥੪॥}

(ਅੰਗ - ੯੧੫)

{ਭਗਤ ਸਰਣਿ ਜੋ ਆਵੈ ਪ੍ਰਾਣੀ ਤਿਸੁ ਈਹਾ ਊਹਾ ਨ ਹਾਰਨਾ ॥੫॥
ਸੁਖ ਦੂਖ ਇਸੁ ਮਨ ਕੀ ਬਿਰਥਾ ਤੁਮ ਹੀ ਆਗੈ ਸਾਰਨਾ ॥੬॥}

(ਅੰਗ - ੯੧੫)

{ਦਰਸਨੁ ਭੇਟਤ ਪਾਪ ਸਭਿ ਨਾਸਹਿ ਹਰਿ ਸਿਉ ਦੇਇ ਮਿਲਾਈ ॥੧॥}

(ਅੰਗ - ੯੧੫)

{ਮੇਰਾ ਗੁਰੁ ਪਰਮੇਸਰੁ ਸੁਖਦਾਈ ॥ ਪਾਰਬ੍ਰਹਮ ਕਾ ਨਾਮੁ ਦ੍ਰਿੜਾਏ ਅੰਤੇ ਹੋਇ ਸਖਾਈ ॥੧॥ ਰਹਾਉ ॥}

(ਅੰਗ - ੯੧੫)

{ਸਗਲ ਦੂਖ ਕਾ ਡੇਰਾ ਭੰਨਾ ਸੰਤ ਧੂਰਿ ਮੁਖਿ ਲਾਈ ॥੨॥
ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ ॥੩॥}

(ਅੰਗ - ੯੧੫)

{ਕਰਣ ਕਾਰਣ ਸਮਰਥੁ ਸੁਆਮੀ ਨਾਨਕ ਤਿਸੁ ਸਰਣਾਈ ॥੪॥
ਬੰਧਨ ਤੋੜਿ ਚਰਨ ਕਮਲ ਦ੍ਰਿੜਾਏ ਏਕ ਸਬਦਿ ਲਿਵ ਲਾਈ ॥੫॥}

(ਅੰਗ - ੯੧੫)

{ਅੰਧ ਕੂਪ ਬਿਖਿਆ ਤੇ ਕਾਢਿਓ ਸਾਚ ਸਬਦਿ ਬਣਿ ਆਈ ॥੬॥
ਜਨਮ ਮਰਣ ਕਾ ਸਹਸਾ ਚੂਕਾ ਬਾਹੁੜਿ ਕਤਹੁ ਨ ਧਾਈ ॥੭॥}

(ਅੰਗ - ੯੧੫)

{ਪੂਰੈ ਗੁਰਿ ਪੂਰੀ ਮਤਿ ਦੀਨੀ ਹਰਿ ਬਿਨੁ ਆਨ ਨ ਭਾਈ ॥੧੦॥
ਨਾਮੁ ਨਿਧਾਨੁ ਪਾਇਆ ਵਡਭਾਗੀ ਨਾਨਕ ਨਰਕਿ ਨ ਜਾਈ ॥੧੧॥}

(ਅੰਗ - ੯੧੫)

{ਘਾਲ ਸਿਆਣਪ ਉਕਤਿ ਨ ਮੇਰੀ ਪੂਰੈ ਗੁਰੂ ਕਮਾਈ ॥੧੨॥
ਜਪ ਤਪ ਸੰਜਮ ਸੁਚਿ ਹੈ ਸੋਈ ਆਪੇ ਕਰੇ ਕਰਾਈ ॥੧੩॥}

(ਅੰਗ - ੯੧੫)

{ਪੁੜੁ ਕਲੜੁ ਮਹਾ ਬਿਖਿਆ ਮਹਿ ਗੁਰਿ ਸਾਚੈ ਲਾਇ ਤਰਾਈ ॥੧੪॥
ਅਪਣੇ ਜੀਅ ਤੈ ਆਪਿ ਸਮ੍ਹਾਲੇ ਆਪਿ ਲੀਏ ਲੜਿ ਲਾਈ ॥੧੫॥}

(ਅੰਗ - ੯੧੫)

{ਸਾਚ ਧਰਮ ਕਾ ਬੇੜਾ ਬਾਂਧਿਆ ਭਵਜਲੁ ਪਾਰਿ ਪਵਾਈ ॥੧੬॥}

(ਅੰਗ - ੯੧੬)

{ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ ॥੧੮॥
ਅੰਤਰਜਾਮੀ ਜੀਅਨ ਕਾ ਦਾਤਾ ਦੇਖਤ ਤ੍ਰਿਪਤਿ ਅਘਾਈ ॥੧੯॥}

(ਅੰਗ - ੯੧੬)

{ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ ॥੨੦॥
ਭਗਤਿ ਦਾਨੁ ਭਗਤਾ ਕਉ ਦੀਨਾ ਹਰਿ ਨਾਨਕੁ ਜਾਚੈ ਮਾਈ ॥੨੧॥੧॥੬॥}

(ਅੰਗ - ੯੧੬)

{ਖੋਜਤ ਖੋਜਤ ਲਾਲੁ ਇਕੁ ਪਾਇਆ ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥੨॥
ਚਰਨ ਕਮਲ ਸਿਉ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥੩॥}

(ਅੰਗ - ੯੧੬)

{ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖੁ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ ॥੧॥
ਮਨੁ ਤਨੁ ਰਾਤਾ ਰਾਮ ਪਿਆਰੇ ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ ॥੧॥}

(ਅੰਗ - ੯੧੬)

{ਸਤਿਗੁਰਿ ਖੇਪ ਨਿਬਾਹੀ ਸੰਤਹੁ ॥
ਹਰਿ ਨਾਮੁ ਲਾਹਾ ਦਾਸ ਕਉ ਦੀਆ ਸਗਲੀ ਤ੍ਰਿਸਨ ਉਲਾਹੀ ਸੰਤਹੁ ॥੧॥ ਰਹਾਉ ॥}

(ਅੰਗ - ੯੧੬)

{ਖੋਜਤ ਖੋਜਤ ਲਾਲੁ ਇਕੁ ਪਾਇਆ ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥੨॥
ਚਰਨ ਕਮਲ ਸਿਉ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥੩॥}

(ਅੰਗ - ੯੧੬)

{ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ ॥੫॥
ਆਦਿ ਜੁਗਾਦੀ ਹੈ ਭੀ ਹੋਸੀ ਸਭ ਜੀਆ ਕਾ ਸੁਖਦਾਈ ਸੰਤਹੁ ॥੬॥}

(ਅੰਗ - ੯੧੬)

{ਮਨ ਬਚ ਕ੍ਰਮਿ ਰਾਮ ਨਾਮੁ ਚਿਤਾਰੀ ॥
ਘੂਮਨ ਘੇਰਿ ਮਹਾ ਅਤਿ ਬਿਖੜੀ ਗੁਰਮੁਖਿ ਨਾਨਕ ਪਾਰਿ ਉਤਾਰੀ ॥੧॥ ਰਹਾਉ ॥}

(ਅੰਗ - ੯੧੬)

{ਅੰਤਰਿ ਸੂਖਾ ਬਾਹਰਿ ਸੂਖਾ ਹਰਿ ਜਪਿ ਮਲਨ ਭਏ ਦੁਸਟਾਰੀ ॥੧॥
ਜਿਸ ਤੇ ਲਾਗੇ ਤਿਨਹਿ ਨਿਵਾਰੇ ਪ੍ਰਭ ਜੀਉ ਅਪਣੀ ਕਿਰਪਾ ਧਾਰੀ ॥੨॥}

(ਅੰਗ - ੯੧੬)

{ਉਧਰੇ ਸੰਤ ਪਰੇ ਹਰਿ ਸਰਨੀ ਪਚਿ ਬਿਨਸੇ ਮਹਾ ਅਹੰਕਾਰੀ ॥੩॥
ਸਾਧੂ ਸੰਗਤਿ ਇਹੁ ਫਲੁ ਪਾਇਆ ਇਕੁ ਕੇਵਲ ਨਾਮੁ ਅਧਾਰੀ ॥੪॥}

(ਅੰਗ - ੯੧੬)

{ਕੀਮਤਿ ਕਉਣੁ ਕਰੇ ਤੇਰੀ ਕਰਤੇ ਪ੍ਰਭ ਅੰਤੁ ਨ ਪਾਰਾਵਾਰੀ ॥੭॥
ਨਾਮ ਦਾਨੁ ਨਾਨਕ ਵਡਿਆਈ ਤੇਰਿਆ ਸੰਤ ਜਨਾ ਰੇਣਾਰੀ ॥੮॥੩॥੮॥੨੨॥}

(ਅੰਗ - ੯੧੬)

{ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥}

(ਅੰਗ - ੯੧੭)

{ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥}

(ਅੰਗ - ੯੧੭)

{ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥}

(ਅੰਗ - ੯੧੭)

{ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥

ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥}

(ਅੰਗ - ੯੧੭)

{ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥}

(ਅੰਗ - ੯੧੭)

{ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥}

(ਅੰਗ - ੯੧੭)

{ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥}

(ਅੰਗ - ੯੧੭)

{ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥}

(ਅੰਗ - ੯੧੭)

{ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥}

(ਅੰਗ - ੯੧੭)

{ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥}

(ਅੰਗ - ੯੧੭)

{ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥
ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥}

(ਅੰਗ - ੯੧੮)

{ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥}

(ਅੰਗ - ੯੧੮)

{ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥ ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥}

(ਅੰਗ - ੯੧੮)

{ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥}

(ਅੰਗ - ੯੧੮)

{ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥}

(ਅੰਗ - ੯੧੮)

{ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥ ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥}

(ਅੰਗ - ੯੧੮)

{ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥}

(ਅੰਗ - ੯੧੮)

{ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥}

(ਅੰਗ - ੯੧੮)

{ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥}

(ਅੰਗ - ੯੧੮)

{ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥
ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥}

(ਅੰਗ - ੯੧੮)

{ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥ ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥}

(ਅੰਗ - ੯੧੯)

{ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥
ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥}

(ਅੰਗ - ੯੧੯)

{ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥ ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥}

(ਅੰਗ - ੯੧੯)

{ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥}

(ਅੰਗ - ੯੧੯)

{ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥}

(ਅੰਗ - ੯੧੯)

{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥}

(ਅੰਗ - ੯੧੯)

{ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥}

(ਅੰਗ - ੯੧੯)

{ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥}

(ਅੰਗ - ੯੧੯)

{ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥}

(ਅੰਗ - ੯੨੦)

{ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥}

(ਅੰਗ - ੯੨੦)

{ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥}

(ਅੰਗ - ੯੨੦)

{ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥

ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥}

(ਅੰਗ - ੯੨੦)

{ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥}

(ਅੰਗ - ੯੨੦)

{ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥}

(ਅੰਗ - ੯੨੦)

{ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥}

(ਅੰਗ - ੯੨੦)

{ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥}

(ਅੰਗ - ੯੨੦)

{ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥}

(ਅੰਗ - ੯੨੦)

{ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥ ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥}

(ਅੰਗ - ੯੨੦)

{ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥ ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥}

(ਅੰਗ - ੯੨੦)

{ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥}

(ਅੰਗ - ੯੨੦)

{ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥}

(ਅੰਗ - ੯੨੦)

{ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥
ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥}

(ਅੰਗ - ੯੨੧)

{ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥}

(ਅੰਗ - ੯੨੧)

{ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥}

(ਅੰਗ - ੯੨੧)

{ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥
ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥
ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥}

(ਅੰਗ - ੯੨੧)

{ਹਰਿ ਰਾਸਿ ਮੇਰੀ ਮਨੁ ਵਣਜਾਰਾ ॥ ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥}

(ਅੰਗ - ੯੨੧)

{ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥}

(ਅੰਗ - ੯੨੧)

{ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥ ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥}

(ਅੰਗ - ੯੨੧)

{ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥}

(ਅੰਗ - ੯੨੧)

{ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥}

(ਅੰਗ - ੯੨੧)

{ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥}

(ਅੰਗ - ੯੨੧)

{ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥ ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥}

(ਅੰਗ - ੯੨੧)

{ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥}

(ਅੰਗ - ੯੨੧)

{ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥}

(ਅੰਗ - ੯੨੨)

{ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥}

(ਅੰਗ - ੯੨੨)

{ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥}

(ਅੰਗ - ੯੨੨)

{ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥ ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥}

(ਅੰਗ - ੯੨੨)

{ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥}

(ਅੰਗ - ੯੨੨)

{ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥}

(ਅੰਗ - ੯੨੨)

{ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥ ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥}

(ਅੰਗ - ੯੨੨)

{ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥}

(ਅੰਗ - ੯੨੨)

{ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥}

(ਅੰਗ - ੯੨੨)

{ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥}

(ਅੰਗ - ੯੨੨)

{ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ ॥ ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ ॥}

(ਅੰਗ - ੯੨੩)

{ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ ॥
ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ ॥}

(ਅੰਗ - ੯੨੩)

{ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ ॥
ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥}

(ਅੰਗ - ੯੨੩)

{ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥}

(ਅੰਗ - ੯੨੩)

{ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥}

(ਅੰਗ - ੯੨੩)

{ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥}

(ਅੰਗ - ੯੨੪)

{ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥}

(ਅੰਗ - ੯੨੪)

{ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ ॥
ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ ॥੨॥}

(ਅੰਗ - ੯੨੪)

{ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥ ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ ॥}

(ਅੰਗ - ੯੨੪)

{ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥}

(ਅੰਗ - ੯੨੪)

{ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ ॥
ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਨੀਐ ॥੪॥੧॥}

(ਅੰਗ - ੯੨੪)

{ਉਰ ਧਾਰਿ ਹਰਿ ਹਰਿ ਪੁਰਖੁ ਪੂਰਨੁ ਪਾਰਬ੍ਰਹਮੁ ਨਿਰੰਜਨੋ ॥ ਭੈ ਦੂਰਿ ਕਰਤਾ ਪਾਪ ਹਰਤਾ ਦੁਸਹ ਦੁਖ ਭਵ ਖੰਡਨੋ ॥

(ਅੰਗ - ੯੨੫)

{ਜਗਦੀਸ ਈਸ ਗੁੋਪਾਲ ਮਾਧੋ ਗੁਣ ਗੋਵਿੰਦ ਵੀਚਾਰੀਐ ॥
ਬਿਨਵੰਤਿ ਨਾਨਕ ਮਿਲਿ ਸੰਗਿ ਸਾਧੂ ਦਿਨਸੁ ਰੈਣਿ ਚਿਤਾਰੀਐ ॥੧॥}

(ਅੰਗ - ੯੨੫)

{ਕਿਲਵਿਖ ਹਰਣਾ ਨਾਮ ਪੁਨਹਚਰਣਾ ਨਾਮੁ ਜਮ ਕੀ ਤ੍ਰਾਸ ਹਰਾ ॥
ਬਿਨਵੰਤਿ ਨਾਨਕ ਰਾਸਿ ਜਨ ਕੀ ਚਰਨ ਕਮਲਹ ਆਸਰਾ ॥੨॥}

(ਅੰਗ - ੯੨੫)

{ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ ॥
ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ ॥੩॥}

(ਅੰਗ - ੯੨੫)

{ਗੁਰਿ ਨਾਮੁ ਦੀਆ ਕੁਸਲੁ ਥੀਆ ਸਰਬ ਇਛਾ ਪੁੰਨੀਆ ॥
ਜਲਨੇ ਬੁਝਾਈ ਸਾਂਤਿ ਆਈ ਮਿਲੇ ਚਿਰੀ ਵਿਛੁੰਨਿਆ ॥}

(ਅੰਗ - ੯੨੫)

{ਆਨੰਦ ਹਰਖ ਸਹਜ ਸਾਚੇ ਮਹਾ ਮੰਗਲ ਗੁਣ ਗਾਇਆ ॥
ਬਿਨਵੰਤਿ ਨਾਨਕ ਨਾਮੁ ਪ੍ਰਭ ਕਾ ਗੁਰ ਪੂਰੇ ਤੇ ਪਾਇਆ ॥੪॥੨॥}

(ਅੰਗ - ੯੨੫)

{ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥}

(ਅੰਗ - ੯੨੫)

{ਸੁਖ ਸਾਗਰ ਗੋਬਿੰਦ ਸਿਮਰਨੁ ਭਗਤ ਗਾਵਹਿ ਗੁਣ ਤੇਰੇ ਰਾਮ ॥
ਅਨਦ ਮੰਗਲ ਗੁਰ ਚਰਣੀ ਲਾਗੇ ਪਾਏ ਸੂਖ ਘਨੇਰੇ ਰਾਮ ॥}

(ਅੰਗ - ੯੨੫)

{ਸੁਖ ਨਿਧਾਨੁ ਮਿਲਿਆ ਦੂਖ ਹਰਿਆ ਕ੍ਰਿਪਾ ਕਰਿ ਪ੍ਰਭਿ ਰਾਖਿਆ ॥
ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ ਹਰਿ ਨਾਮੁ ਰਸਨਾ ਭਾਖਿਆ ॥}

(ਅੰਗ - ੯੨੫)

{ਹਰਿ ਏਕੁ ਚਿਤਵੈ ਪ੍ਰਭੁ ਏਕੁ ਗਾਵੈ ਹਰਿ ਏਕੁ ਦ੍ਰਿਸਟੀ ਆਇਆ ॥
ਬਿਨਵੰਤਿ ਨਾਨਕ ਪ੍ਰਭਿ ਕਰੀ ਕਿਰਪਾ ਪੂਰਾ ਸਤਿਗੁਰੁ ਪਾਇਆ ॥੨॥}

(ਅੰਗ - ੯੨੫)

{ਦਇਆਲ ਦੁਖ ਹਰ ਸਰਣਿ ਦਾਤਾ ਸਗਲ ਦੋਖ ਨਿਵਾਰਣੋ ॥
ਮੋਹ ਸੋਗ ਵਿਕਾਰ ਬਿਖੜੇ ਜਪਤ ਨਾਮ ਉਧਾਰਣੋ ॥}

(ਅੰਗ - ੯੨੬)

{ਸਭਿ ਜੀਅ ਤੇਰੇ ਪ੍ਰਭੂ ਮੇਰੇ ਕਰਿ ਕਿਰਪਾ ਸਭ ਰੇਣ ਥੀਵਾ ॥
ਬਿਨਵੰਤਿ ਨਾਨਕ ਪ੍ਰਭ ਮਇਆ ਕੀਜੈ ਨਾਮੁ ਤੇਰਾ ਜਪਿ ਜੀਵਾ ॥੩॥}

(ਅੰਗ - ੯੨੬)

{ਰਾਖਿ ਲੀਏ ਪ੍ਰਭਿ ਭਗਤ ਜਨਾ ਅਪਣੀ ਚਰਣੀ ਲਾਏ ਰਾਮ ॥
ਆਠ ਪਹਰ ਅਪਨਾ ਪ੍ਰਭੁ ਸਿਮਰਹ ਏਕੋ ਨਾਮੁ ਧਿਆਏ ਰਾਮ ॥}

(ਅੰਗ - ੯੨੬)

{ਸਭ ਇਛ ਪੁੰਨੀ ਆਸ ਪੂਰੀ ਮਿਲੇ ਸਤਿਗੁਰ ਪੂਰਿਆ ॥
ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੇ ਫਿਰਿ ਨਾਹੀ ਦੂਖ ਵਿਸੂਰਿਆ ॥੪॥੩॥}

(ਅੰਗ - ੯੨੬)

{ਚਰਨ ਕਮਲ ਸਰਣਾਗਤੀ ਅਨਦ ਮੰਗਲ ਗੁਣ ਗਾਮ ॥
ਨਾਨਕ ਪ੍ਰਭੁ ਆਰਾਧੀਐ ਬਿਪਤਿ ਨਿਵਾਰਣ ਰਾਮ ॥੧॥}

(ਅੰਗ - ੯੨੬)

{ਜਲਿ ਥਲਿ ਮਹੀਅਲਿ ਪੂਰਿ ਰਹਿਆ ਇਕ ਨਿਮਖ ਮਨਹੁ ਨ ਵੀਸਰੈ ॥
ਗੁਰ ਚਰਨ ਲਾਗੇ ਦਿਨ ਸਭਾਗੇ ਸਰਬ ਗੁਣ ਜਗਦੀਸਰੈ ॥

(ਅੰਗ - ੯੨੬)

{ਕਰਿ ਸੇਵ ਸੇਵਕ ਦਿਨਸੁ ਰੈਣੀ ਤਿਸੁ ਭਾਵੈ ਸੋ ਹੋਇ ਜੀਉ ॥
ਬਲਿ ਜਾਇ ਨਾਨਕੁ ਸੁਖਹ ਦਾਤੇ ਪਰਗਾਸੁ ਮਨਿ ਤਨਿ ਹੋਇ ਜੀਉ ॥੧॥}

(ਅੰਗ - ੯੨੬)

{ਹਰਿ ਸਿਮਰਤ ਮਨੁ ਤਨੁ ਸੁਖੀ ਬਿਨਸੀ ਦੁਤੀਆ ਸੋਚ ॥

ਨਾਨਕ ਟੇਕ ਗੁੋਪਾਲ ਕੀ ਗੋਵਿੰਦ ਸੰਕਟ ਮੋਚ ॥੧॥}

(ਅੰਗ - ੯੨੬)

{ਪ੍ਰਤਿਪਾਲ ਅਚੁਤ ਪੁਰਖੁ ਏਕੋ ਤਿਸਹਿ ਸਿਉ ਰੰਗੁ ਲਾਗਾ ॥
ਕਰ ਚਰਨ ਮਸਤਕੁ ਮੇਲਿ ਲੀਨੇ ਸਦਾ ਅਨਦਿਨੁ ਜਾਗਾ ॥}

(ਅੰਗ - ੯੨੬)

{ਜੀਉ ਪਿੰਡੁ ਗ੍ਰਿਹੁ ਥਾਨੁ ਤਿਸ ਕਾ ਤਨੁ ਜੋਬਨੁ ਧਨੁ ਮਾਲੁ ਜੀਉ ॥
ਸਦ ਸਦਾ ਬਲਿ ਜਾਇ ਨਾਨਕੁ ਸਰਬ ਜੀਆ ਪ੍ਰਤਿਪਾਲ ਜੀਉ ॥੨॥}

(ਅੰਗ - ੯੨੬)

{ਸੋ ਸੁਆਮੀ ਪ੍ਰਭੁ ਰਖਕੋ ਅੰਚਲਿ ਤਾ ਕੈ ਲਾਗੁ ਜੀਉ ॥
ਭਜੁ ਸਾਧੂ ਸੰਗਿ ਦਇਆਲ ਦੇਵ ਮਨ ਕੀ ਮਤਿ ਤਿਆਗੁ ਜੀਉ ॥}

(ਅੰਗ - ੯੨੬)

{ਜਨਮ ਮਰਣ ਬਿਕਾਰ ਛੂਟੇ ਫਿਰਿ ਨ ਲਾਗੈ ਦਾਗੁ ਜੀਉ ॥
ਬਲਿ ਜਾਇ ਨਾਨਕੁ ਪੁਰਖ ਪੂਰਨ ਥਿਰੁ ਜਾ ਕਾ ਸੋਹਾਗੁ ਜੀਉ ॥੩॥}

(ਅੰਗ - ੯੨੭)

{ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ ॥
ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ ॥੧॥}

(ਅੰਗ - ੯੨੭)

{ਗ੍ਰਿਹਿ ਲਾਲ ਆਏ ਪੁਰਬਿ ਕਮਾਏ ਤਾ ਕੀ ਉਪਮਾ ਕਿਆ ਗਣਾ ॥
ਬੇਅੰਤ ਪੂਰਨ ਸੁਖ ਸਹਜ ਦਾਤਾ ਕਵਨ ਰਸਨਾ ਗੁਣ ਭਣਾ ॥}

(ਅੰਗ - ੯੨੭)

{ਆਪੇ ਮਿਲਾਏ ਗਹਿ ਕੰਠਿ ਲਾਏ ਤਿਸੁ ਬਿਨਾ ਨਹੀ ਜਾਇ ਜੀਉ ॥
ਬਲਿ ਜਾਇ ਨਾਨਕੁ ਸਦਾ ਕਰਤੇ ਸਭ ਮਹਿ ਰਹਿਆ ਸਮਾਇ ਜੀਉ ॥੪॥੪॥}

(ਅੰਗ - ੯੨੭)

{ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ ॥
ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ ॥੧॥}

(ਅੰਗ - ੯੨੭)

{ਗੁਣ ਰੰਗਿ ਰਾਤੇ ਧੰਨਿ ਤੇ ਜਨ ਜਿਨੀ ਇਕ ਮਨਿ ਧਿਆਇਆ ॥
ਸਫਲ ਜਨਮੁ ਭਇਆ ਤਿਨ ਕਾ ਜਿਨੀ ਸੋ ਪ੍ਰਭੁ ਪਾਇਆ ॥}

(ਅੰਗ - ੯੨੭)

{ਉਦਮੁ ਅਗਮੁ ਅਗੋਚਰੋ ਚਰਨ ਕਮਲ ਨਮਸਕਾਰ ॥ ਕਥਨੀ ਸਾ ਤੁਧੁ ਭਾਵਸੀ ਨਾਨਕ ਨਾਮ ਅਧਾਰ ॥੧॥}

(ਅੰਗ - ੯੨੭)

{ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ ॥
ਸੁੰਦਰੁ ਸੁਘੜੁ ਸੁਜਾਣੁ ਬੇਤਾ ਗੁਣ ਗੋਵਿੰਦ ਅਮੁਲਿਆ ॥}

(ਅੰਗ - ੯੨੭)

{ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ ॥
ਬਿਨਵੰਤਿ ਨਾਨਕ ਸਰਣਿ ਤੇਰੀ ਮਿਟੀ ਜਮ ਕੀ ਤ੍ਰਾਸ ਜੀਉ ॥੨॥}

(ਅੰਗ - ੯੨੮)

{ਜੋ ਭਾਣੇ ਸੇ ਮੇਲਿਆ ਵਿਛੋੜੇ ਭੀ ਆਪਿ ॥ ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪੁ ॥੨॥}

(ਅੰਗ - ੯੨੮)

{ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ ॥ ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ ॥}

(ਅੰਗ - ੯੨੮)

{ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ ॥
ਬਿਨਵੰਤਿ ਨਾਨਕ ਓਟ ਤੇਰੀ ਰਾਖੁ ਪੂਰਨ ਕਾਮ ਜੀਉ ॥੩॥}

(ਅੰਗ - ੯੨੮)

{ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ ॥
ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ ॥੨॥}

(ਅੰਗ - ੯੨੮)

{ਪ੍ਰਭੁ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵ ਨਿਧਿ ਗ੍ਰਿਹ ਭਰੇ ॥
ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ ॥}

(ਅੰਗ - ੯੨੮)

{ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ ॥
ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ ॥੨॥}

(ਅੰਗ - ੯੨੮)

{ਜਲਣਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ ॥ ਨਾਨਕ ਪ੍ਰਭ ਪੂਰਨ ਮਿਲੇ ਦੁਤੀਆ ਬਿਨਸੀ ਭ੍ਰਾਂਤਿ ॥੧॥}

(ਅੰਗ - ੯੨੯)

{ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ॥ ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ ॥੨॥}

(ਅੰਗ - ੯੨੯)

{ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥
ਜਲਨਿ ਬੁਝੀ ਦਰਸੁ ਪਾਇਆ ਬਿਨਸੇ ਮਾਇਆ ਧ੍ਰੋਹ ਜੀਉ ॥}

(ਅੰਗ - ੯੨੯)

{ਭਾਉ ਭਗਤਿ ਗੋਵਿੰਦ ਬਾਂਛਤ ਜਮੁ ਨ ਸਾਕੈ ਜੋਹਿ ਜੀਉ ॥
ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹ ਨ ਪ੍ਰੇਮ ਬਿਛੋਹ ਜੀਉ ॥੬॥}

(ਅੰਗ - ੯੨੯)

{ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥ ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥੧॥}

(ਅੰਗ - ੯੨੯)

{ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ ॥
ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ ॥੭॥}

(ਅੰਗ - ੯੨੯)

{ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥ ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥੧॥}

(ਅੰਗ - ੯੨੯)

{ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥}

(ਅੰਗ - ੯੨੯)

{ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ ॥ ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ ॥}

(ਅੰਗ - ੯੨੯)

{ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥
ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥}

(ਅੰਗ - ੯੩੦)

{ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ ॥
ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ ॥}

(ਅੰਗ - ੯੩੦)

{ਛਿਆਨੁ ਗਵਾਇਆ ਦੂਜਾ ਭਾਇਆ ਗਰਬਿ ਗਲੇ ਬਿਖੁ ਖਾਇਆ ॥
ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ ॥}

(ਅੰਗ - ੯੩੦)

{ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥}

(ਅੰਗ - ੯੩੦)

{ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ ॥
ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ ॥}

(ਅੰਗ - ੯੩੦)

{ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ ॥
ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ ॥੬॥}

(ਅੰਗ - ੯੩੦)

{ਗਿਆਨੁ ਧਿਆਨੁ ਲੇ ਸਮਸਰਿ ਰਹੈ ॥ ਗੁਰਮੁਖਿ ਏਕੁ ਵਿਰਲਾ ਕੋ ਲਹੈ ॥}

(ਅੰਗ - ੯੩੦)

{ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥ ਗੁਰੂ ਦੁਆਰੈ ਆਖਿ ਸੁਣਾਏ ॥੭॥}

(ਅੰਗ - ੯੩੦)

{ਊਨਵਿ ਬਰਸੈ ਨੀਝਰ ਧਾਰਾ ॥ ਊਤਮ ਸਬਦਿ ਸਵਾਰਣਹਾਰਾ ॥}

(ਅੰਗ - ੯੩੦)

{ਇਸੁ ਏਕੇ ਕਾ ਜਾਣੈ ਭੇਉ ॥ ਆਪੇ ਕਰਤਾ ਆਪੇ ਦੇਉ ॥੮॥}

(ਅੰਗ - ੯੩੦)

{ਉਗਵੈ ਸੂਰੁ ਅਸੁਰ ਸੰਘਾਰੈ ॥ ਊਚਉ ਦੇਖਿ ਸਬਦਿ ਬੀਚਾਰੈ ॥}

(ਅੰਗ - ੯੩੦)

{ਊਪਰਿ ਆਦਿ ਅੰਤਿ ਤਿਹੁ ਲੋਇ ॥ ਆਪੇ ਕਰੈ ਕਥੈ ਸੁਣੈ ਸੋਇ ॥}

(ਅੰਗ - ੯੩੦)

{ਪ੍ਰਭੁ ਜਗਜੀਵਨੁ ਅਵਰੁ ਨ ਕੋਇ ॥ ਨਾਨਕ ਨਾਮਿ ਰਤੇ ਪਤਿ ਹੋਇ ॥੯॥}

(ਅੰਗ - ੯੩੧)

{ਰਾਜਨ ਰਾਮ ਰਵੈ ਹਿਤਕਾਰਿ ॥ ਰਣ ਮਹਿ ਲੂਝੈ ਮਨੂਆ ਮਾਰਿ ॥}

(ਅੰਗ - ੯੩੧)

{ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ ॥੧੧॥}

(ਅੰਗ - ੯੩੧)

{ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ ॥
ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ ॥੧੨॥}

(ਅੰਗ - ੯੩੧)

{ਲਾਹਾ ਨਾਮੁ ਰਤਨੁ ਜਪਿ ਸਾਰੁ ॥ ਲਬੁ ਲੋਭੁ ਬੁਰਾ ਅਹੰਕਾਰੁ ॥}

(ਅੰਗ - ੯੩੧)

{ਲਾੜੀ ਚਾੜੀ ਲਾਇਤਬਾਰੁ ॥ ਮਨਮੁਖੁ ਅੰਧਾ ਮੁਗਧੁ ਗਵਾਰੁ ॥}

(ਅੰਗ - ੯੩੧)

{ਲਾਹੇ ਕਾਰਣਿ ਆਇਆ ਜਗਿ ॥ ਹੋਇ ਮਜੂਰੁ ਗਇਆ ਠਗਾਇ ਠਗਿ ॥}

(ਅੰਗ - ੯੩੧)

{ਲਾਹਾ ਨਾਮੁ ਪੂੰਜੀ ਵੇਸਾਹੁ ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥}

(ਅੰਗ - ੯੩੧)

{ਸਭ ਮਹਿ ਵਰਤੈ ਏਕੋ ਸੋਇ ॥ ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ ॥੧੪॥}

(ਅੰਗ - ੯੩੧)

{ਕਰਿ ਆਚਾਰੁ ਸਚੁ ਸੁਖੁ ਹੋਈ ॥ ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥}

(ਅੰਗ - ੯੩੧)

{ਵਿਣੁ ਨਾਵੈ ਤੋਟਾ ਸਭ ਥਾਇ ॥ ਲਾਹਾ ਮਿਲੈ ਜਾ ਦੇਇ ਬੁਝਾਇ ॥}

(ਅੰਗ - ੯੩੧)

{ਵਣਜੁ ਵਾਪਾਰੁ ਵਣਜੈ ਵਾਪਾਰੀ ॥ ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥}

(ਅੰਗ - ੯੩੧)

{ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥}

(ਅੰਗ - ੯੩੧)

{ਗੁਣਦਾਤਾ ਵਿਰਲਾ ਸੰਸਾਰਿ ॥ ਸਾਚੀ ਕਰਣੀ ਗੁਰ ਵੀਚਾਰਿ ॥}

(ਅੰਗ - ੯੩੧)

{ਗੁਣਵੰਤੀ ਗੁਣ ਸਾਰੇ ਨੀਤ ॥ ਨਾਨਕ ਗੁਰਮਤਿ ਮਿਲੀਐ ਮੀਤ ॥੧੭॥}

(ਅੰਗ - ੯੩੨)

{ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥}

(ਅੰਗ - ੯੩੨)

{ਕਸਿ ਕਸਵਟੀ ਸਹੈ ਸੁ ਤਾਉ ॥ ਨਦਰਿ ਸਰਾਫ ਵੰਨੀ ਸਚੜਾਉ ॥}

(ਅੰਗ - ੯੩੨)

{ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥}

(ਅੰਗ - ੯੩੨)

{ਖੋਜਤ ਖੋਜਤ ਅੰਮ੍ਰਿਤੁ ਪੀਆ ॥ ਖਿਮਾ ਗਹੀ ਮਨੁ ਸਤਗੁਰਿ ਦੀਆ ॥}

(ਅੰਗ - ੯੩੨)

{ਖਾਤ ਪੀਅੰਤ ਮੂਏ ਨਹੀ ਜਾਨਿਆ ॥ ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥}

(ਅੰਗ - ੯੩੨)

{ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥}

(ਅੰਗ - ੯੩੨)

{ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥ ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥੨੦॥}

(ਅੰਗ - ੯੩੨)

{ਦਹ ਦਿਸ ਢੂਢਿ ਘਰੈ ਮਹਿ ਪਾਇਆ ॥ ਮੇਲੁ ਭਇਆ ਸਤਿਗੁਰੂ ਮਿਲਾਇਆ ॥੨੧॥}

(ਅੰਗ - ੯੩੨)

{ਗੁਰਮੁਖਿ ਆਵੈ ਜਾਇ ਨਿਸੰਗੁ ॥ ਪਰਹਰਿ ਮੈਲੁ ਜਲਾਇ ਕਲੰਕੁ ॥}

(ਅੰਗ - ੯੩੨)

{ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਮਜਨੁ ਚਜੁ ਅਚਾਰੁ ॥}

(ਅੰਗ - ੯੩੨)

{ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥ ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥}

(ਅੰਗ - ੯੩੨)

{ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥}

(ਅੰਗ - ੯੩੨)

{ਚਰਨ ਕਮਲ ਉਰ ਧਾਰੇ ਚੀਤ ॥ ਚਿਰੁ ਜੀਵਨੁ ਚੇਤਨੁ ਨਿਤ ਨੀਤ ॥}

(ਅੰਗ - ੯੩੨)

{ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥}

(ਅੰਗ - ੯੩੨)

{ਚਿਤਿ ਵਸੈ ਰਾਚੈ ਹਰਿ ਨਾਇ ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥}

(ਅੰਗ - ੯੩੨)

{ਧੂਪ ਛਾਵ ਜੇ ਸਮ ਕਰਿ ਜਾਣੈ ॥ ਬੰਧਨ ਕਾਟਿ ਮੁਕਤਿ ਘਰਿ ਆਣੈ ॥}

(ਅੰਗ - ੯੩੨)

{ਛਾਇਆ ਛੂਛੀ ਜਗਤੁ ਭੁਲਾਨਾ ॥ ਲਿਖਿਆ ਕਿਰਤੁ ਧੁਰੇ ਪਰਵਾਨਾ ॥}

(ਅੰਗ - ੯੩੨)

{ਜੈ ਜੈ ਕਾਰੁ ਜਪਉ ਜਗਦੀਸ ॥ ਗੁਰਮਤਿ ਮਿਲੀਐ ਬੀਸ ਇਕੀਸ ॥੨੫॥}

(ਅੰਗ - ੯੩੩)

{ਕਾਲੁ ਨ ਚਾਂਪੈ ਹਰਿ ਗੁਣ ਗਾਇ ॥ ਪਾਈ ਨਵ ਨਿਧਿ ਹਰਿ ਕੈ ਨਾਇ ॥ ਆਪੇ ਦੇਵੈ ਸਹਜਿ ਸੁਭਾਇ ॥੨੬॥}

(ਅੰਗ - ੯੩੩)

{ਗੁਰ ਕਾ ਕਹਿਆ ਅੰਕਿ ਸਮਾਵੈ ॥ ਨਿਰਮਲ ਸੂਚੇ ਸਾਚੋ ਭਾਵੈ ॥}

(ਅੰਗ - ੯੩੩)

{ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥ ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥}

(ਅੰਗ - ੯੩੩)

{ਟੂਟਿ ਪਰੀਤਿ ਗਈ ਬੁਰ ਬੋਲਿ ॥ ਦੁਰਮਤਿ ਪਰਹਰਿ ਛਾਡੀ ਢੋਲਿ ॥}

(ਅੰਗ - ੯੩੩)

{ਟੂਟੈ ਗੰਠਿ ਪੜੈ ਵੀਚਾਰਿ ॥ ਗੁਰ ਸਬਦੀ ਘਰਿ ਕਾਰਜੁ ਸਾਰਿ ॥}

(ਅੰਗ - ੯੩੩)

{ਲਾਹਾ ਸਾਚੁ ਨ ਆਵੈ ਤੋਟਾ ॥ ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੮॥}

(ਅੰਗ - ੯੩੩)

{ਠਾਕਹੁ ਮਨੂਆ ਰਾਖਹੁ ਠਾਇ ॥ ਠਹਕਿ ਮੁਈ ਅਵਗੁਣਿ ਪਛੁਤਾਇ ॥}

(ਅੰਗ - ੯੩੩)

{ਠਾਕੁਰੁ ਏਕੁ ਸਬਾਈ ਨਾਰਿ ॥ ਬਹੁਤੇ ਵੇਸ ਕਰੇ ਕੂੜਿਆਰਿ ॥}

(ਅੰਗ - ੯੩੩)

{ਸਬਦਿ ਸਵਾਰੀ ਸਾਚਿ ਪਿਆਰੀ ॥ ਸਾਈ ਸੋਹਾਗਣਿ ਠਾਕੁਰਿ ਧਾਰੀ ॥੨੯॥}

(ਅੰਗ - ੯੩੩)

{ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ ॥ ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ ॥}

(ਅੰਗ - ੯੩੩)

{ਡਰਪਿ ਮੁਈ ਘਰਿ ਆਪਣੈ ਡੀਠੀ ਕੰਤਿ ਸੁਜਾਣਿ ॥ ਡਰੁ ਰਾਖਿਆ ਗੁਰਿ ਆਪਣੈ ਨਿਰਭਉ ਨਾਮੁ ਵਖਾਣਿ ॥}

(ਅੰਗ - ੯੩੩)

{ਡੂਗਰਿ ਵਾਸੁ ਤਿਖਾ ਘਣੀ ਜਬ ਦੇਖਾ ਨਹੀ ਦੂਰਿ ॥ ਤਿਖਾ ਨਿਵਾਰੀ ਸਬਦੁ ਮੰਨਿ ਅੰਮ੍ਰਿਤੁ ਪੀਆ ਭਰਪੂਰਿ ॥}

(ਅੰਗ - ੯੩੩)

{ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ ॥ ਗੁਰੂ ਦੁਆਰੈ ਦੇਵਸੀ ਤਿਖਾ ਨਿਵਾਰੈ ਸੋਇ ॥੩੦॥}

(ਅੰਗ - ੯੩੩)

{ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ ॥ ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ ॥}

(ਅੰਗ - ੯੩੩)

{ਅਮਰ ਅਜਾਚੀ ਹਰਿ ਮਿਲੇ ਤਿਨ ਕੈ ਹਉ ਬਲਿ ਜਾਉ ॥ ਤਿਨ ਕੀ ਧੂੜਿ ਅਘੁਲੀਐ ਸੰਗਤਿ ਮੇਲਿ ਮਿਲਾਉ ॥}

(ਅੰਗ - ੯੩੩)

{ਮਨੁ ਦੀਆ ਗੁਰਿ ਆਪਣੈ ਪਾਇਆ ਨਿਰਮਲ ਨਾਉ ॥ ਜਿਨਿ ਨਾਮੁ ਦੀਆ ਤਿਸੁ ਸੇਵਸਾ ਤਿਸੁ ਬਲਿਹਾਰੈ ਜਾਉ ॥}

(ਅੰਗ - ੯੩੩)

{ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥}

(ਅੰਗ - ੯੩੪)

{ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥}

(ਅੰਗ - ੯੩੪)

{ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥}

(ਅੰਗ - ੯੩੪)

{ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥}

(ਅੰਗ - ੯੩੪)

{ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥ ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥}

(ਅੰਗ - ੯੩੪)

{ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥ ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ ॥}

(ਅੰਗ - ੯੩੪)

{ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥ ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥}

(ਅੰਗ - ੯੩੪)

{ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ ॥ ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ ॥}

(ਅੰਗ - ੯੩੪)

{ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ ॥ ਸੁਰਿ ਨਰ ਨਾਥਹ ਨਾਥੁ ਤੂ ਨਿਧਾਰਾ ਆਧਾਰੁ ॥}

(ਅੰਗ - ੯੩੪)

{ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ ॥ ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ ॥}

(ਅੰਗ - ੯੩੪)

{ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ ॥ ਅਣਮੰਗਿਆ ਦਾਨੁ ਦੇਵਸੀ ਵਡਾ ਅਗਮ ਅਪਾਰੁ ॥੩੪॥}

(ਅੰਗ - ੯੩੪)

{ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ ॥
ਦਇਆ ਕਰਹਿ ਪ੍ਰਭ ਮੇਲਿ ਲੈਹਿ ਖਿਨ ਮਹਿ ਢਾਹਿ ਉਸਾਰਿ ॥}

(ਅੰਗ - ੯੩੪)

{ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ ॥ ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ ॥੩੫॥}

(ਅੰਗ - ੯੩੪)

{ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ ॥ ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ ॥}

(ਅੰਗ - ੯੩੪)

{ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ ॥ ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥}

(ਅੰਗ - ੯੩੪)

{ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥ ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ ॥}

(ਅੰਗ - ੯੩੪)

{ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ ॥
ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ ॥}

(ਅੰਗ - ੯੩੪)

{ਨਾ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ ॥
ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ ॥}

(ਅੰਗ - ੯੩੫)

{ਪਾਪੁ ਬੁਰਾ ਪਾਪੀ ਕਉ ਪਿਆਰਾ ॥ ਪਾਪਿ ਲਦੇ ਪਾਪੇ ਪਾਸਾਰਾ ॥}

(ਅੰਗ - ੯੩੫)

{ਪਰਹਰਿ ਪਾਪੁ ਪਛਾਣੈ ਆਪੁ ॥ ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥}

(ਅੰਗ - ੯੩੫)

{ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥ ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈ ਕਾਲੁ ॥}

(ਅੰਗ - ੯੩੫)

{ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥ ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥੩੯॥}

(ਅੰਗ - ੯੩੫)

{ਫਿਰਿ ਫਿਰਿ ਫਾਹੀ ਫਾਸੈ ਕਉਆ ॥ ਫਿਰਿ ਪਛੁਤਾਨਾ ਅਬ ਕਿਆ ਹੂਆ ॥}

(ਅੰਗ - ੯੩੫)

{ਫਾਥਾ ਚੋਗ ਚੁਗੈ ਨਹੀ ਬੂਝੈ ॥ ਸਤਗੁਰੁ ਮਿਲੈ ਤ ਆਖੀ ਸੂਝੈ ॥}

(ਅੰਗ - ੯੩੫)

{ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥}

(ਅੰਗ - ੯੩੫)

{ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥
ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥}

(ਅੰਗ - ੯੩੫)

{ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥
ਗੁਰ ਪਰਸਾਦੀ ਆਪੋ ਚੀਨੈ ਜੀਵਤਿਆ ਇਵ ਮਰੀਐ ॥੪੧॥}

(ਅੰਗ - ੯੩੫)

{ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ ॥ ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥}

(ਅੰਗ - ੯੩੫)

{ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥ ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ ॥੪੨॥}

(ਅੰਗ - ੯੩੬)

{ਸੇ ਜਨ ਉਬਰੇ ਜਿਨ ਹਰਿ ਭਾਇਆ ॥ ਧੰਧਾ ਮੁਆ ਵਿਗੂਤੀ ਮਾਇਆ ॥}

(ਅੰਗ - ੯੩੬)

{ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ ॥
ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ ॥੪੩॥}

(ਅੰਗ - ੯੩੬)

{ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ ॥
ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ ॥੪੪॥}

(ਅੰਗ - ੯੩੬)

{ਲਬੁ ਲੋਭੁ ਬੁਰਿਆਈਆ ਛੋਡੇ ਮਨਹੁ ਵਿਸਾਰਿ ॥ ਗੜਿ ਦੋਹੀ ਪਾਤਿਸਾਹ ਕੀ ਕਦੇ ਨ ਆਵੈ ਹਾਰਿ ॥}

(ਅੰਗ - ੯੩੬)

{ਊਤਮੁ ਹੋਵਾ ਪ੍ਰਭੁ ਮਿਲੈ ਇਕ ਮਨਿ ਏਕੈ ਭਾਇ ॥ ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ ਪਰਥਾਇ ॥}

(ਅੰਗ - ੯੩੬)

{ਝਾੜੈ ਰੂੜਾ ਹਰਿ ਜੀਉ ਸੋਈ ॥ ਤਿਸੁ ਬਿਨੁ ਰਾਜਾ ਅਵਰੁ ਨ ਕੋਈ ॥}

(ਅੰਗ - ੯੩੬)

{ਸੋ ਸਾਹੁ ਸਾਚਾ ਜਿਸੁ ਹਰਿ ਧਨੁ ਰਾਸਿ ॥ ਗੁਰਮੁਖਿ ਪੂਰਾ ਤਿਸੁ ਸਾਬਾਸਿ ॥}

(ਅੰਗ - ੯੩੬)

{ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ ॥
ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ ॥੪੭॥}

(ਅੰਗ - ੯੩੬)

{ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥ ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥}

(ਅੰਗ - ੯੩੬)

{ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥ ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥}

(ਅੰਗ - ੯੩੭)

{ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ ॥
ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ ॥}

(ਅੰਗ - ੯੩੭)

{ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ ॥
ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ ॥੪੯॥}

(ਅੰਗ - ੯੩੭)

{ਬਿਨੁ ਸਾਚੇ ਨਹੀ ਦਰਗਹ ਮਾਨੁ ॥ ਹਰਿ ਰਸੁ ਪੀਵੈ ਛੁਟੈ ਨਿਦਾਨਿ ॥੫੦॥}

(ਅੰਗ - ੯੩੭)

{ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥}

(ਅੰਗ - ੯੩੭)

{ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥
ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥੫੧॥}

(ਅੰਗ - ੯੩੭)

{ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ ॥
ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥}

(ਅੰਗ - ੯੩੭)

{ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ॥}

(ਅੰਗ - ੯੩੮)

{ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥}

(ਅੰਗ - ੯੩੮)

{ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥ ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥}

(ਅੰਗ - ੯੩੮)

{ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥}

(ਅੰਗ - ੯੩੮)

{ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥
ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥੧॥}

(ਅੰਗ - ੯੩੮)

{ਕਿਆ ਭਵੀਐ ਸਚਿ ਸੂਚਾ ਹੋਇ ॥ ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥}

(ਅੰਗ - ੯੩੮)

{ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥}

(ਅੰਗ - ੯੩੮)

{ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥ ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੨॥}

(ਅੰਗ - ੯੩੮)

{ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥}

(ਅੰਗ - ੯੩੮)

{ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥

ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥}

(ਅੰਗ - ੯੩੮)

{ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥
ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥}

(ਅੰਗ - ੯੩੮)

{ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥}

(ਅੰਗ - ੯੩੯)

{ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥}

(ਅੰਗ - ੯੩੯)

{ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥}

(ਅੰਗ - ੯੩੯)

{ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥
ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥੧੦॥}

(ਅੰਗ - ੯੩੯)

{ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥}

(ਅੰਗ - ੯੩੯)

{ਮਨਮੁਖਿ ਬਿਨਸੈ ਆਵੈ ਜਾਇ ॥ ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥}

(ਅੰਗ - ੯੩੯)

{ਦੁਰਮਤਿ ਬਾਧਾ ਸਰਪਨਿ ਖਾਧਾ ॥ ਮਨਮੁਖਿ ਖੋਇਆ ਗੁਰਮੁਖਿ ਲਾਧਾ ॥}

(ਅੰਗ - ੯੩੯)

{ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥੧੫॥}

(ਅੰਗ - ੯੩੯)

{ਸੁੰਨ ਨਿਰੰਤਰਿ ਦੀਜੈ ਬੰਧੁ ॥ ਉਡੈ ਨ ਹੰਸਾ ਪੜੈ ਨ ਕੰਧੁ ॥
ਸਹਜ ਗੁਫਾ ਘਰੁ ਜਾਣੈ ਸਾਚਾ ॥ ਨਾਨਕ ਸਾਚੇ ਭਾਵੈ ਸਾਚਾ ॥੧੬॥}

(ਅੰਗ - ੯੩੯)

{ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅਨਹਤਿ ਰਾਤੇ ਇਹੁ ਮਨੁ ਲਾਇਆ ॥}

(ਅੰਗ - ੯੪੦)

{ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥}

(ਅੰਗ - ੯੪੦)

{ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥੨੦॥}

(ਅੰਗ - ੯੪੦)

{ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥
ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥
ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥੨੧॥}

(ਅੰਗ - ੯੪੦)

{ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥ ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੨॥}

(ਅੰਗ - ੯੪੦)

{ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥
ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥}

(ਅੰਗ - ੯੪੦)

{ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥
ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥}

(ਅੰਗ - ੯੪੦)

{ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥
ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥}

(ਅੰਗ - ੯੪੦)

{ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥
ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥}

(ਅੰਗ - ੯੪੦)

{ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥
ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥}

(ਅੰਗ - ੯੪੦)

{ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥}

(ਅੰਗ - ੯੪੦)

{ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥
ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥}

(ਅੰਗ - ੯੪੦)

{ਆਵਾ ਗਉਣੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥
ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥}

(ਅੰਗ - ੯੪੦)

{ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥

ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥੨੫॥}

(ਅੰਗ - ੯੪੧)

{ਮਨਮੁਖਿ ਭਰਮਿ ਭਵੈ ਬੇਬਾਣਿ ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥}

(ਅੰਗ - ੯੪੧)

{ਮਨਮੁਖਿ ਭੂਲੈ ਜਮ ਕੀ ਕਾਣਿ ॥ ਪਰ ਘਰੁ ਜੋਹੈ ਹਾਣੇ ਹਾਣਿ ॥}

(ਅੰਗ - ੯੪੧)

{ਸਬਦੁ ਨ ਚੀਨੈ ਲਵੈ ਕੁਬਾਣਿ ॥ ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥}

(ਅੰਗ - ੯੪੧)

{ਗੁਰਮੁਖਿ ਸਾਚੇ ਕਾ ਭਉ ਪਾਵੈ ॥ ਗੁਰਮੁਖਿ ਬਾਣੀ ਅਘੜੁ ਘੜਾਵੈ ॥}

(ਅੰਗ - ੯੪੧)

{ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥}

(ਅੰਗ - ੯੪੧)

{ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥}

(ਅੰਗ - ੯੪੧)

{ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥}

(ਅੰਗ - ੯੪੧)

{ਗੁਰਮੁਖਿ ਪਰਚੈ ਬੇਦ ਬੀਚਾਰੀ ॥ ਗੁਰਮੁਖਿ ਪਰਚੈ ਤਰੀਐ ਤਾਰੀ ॥}

(ਅੰਗ - ੯੪੧)

{ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥}

(ਅੰਗ - ੯੪੧)

{ਗੁਰਮੁਖਿ ਪਾਈਐ ਅਲਖ ਅਪਾਰੁ ॥ ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥}

(ਅੰਗ - ੯੪੧)

{ਗੁਰਮੁਖਿ ਅਕਥੁ ਕਥੈ ਬੀਚਾਰਿ ॥ ਗੁਰਮੁਖਿ ਨਿਬਹੈ ਸਪਰਵਾਰਿ ॥}

(ਅੰਗ - ੯੪੧)

{ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰਿ ॥}

(ਅੰਗ - ੯੪੧)

{ਸਬਦਿ ਭੇਦਿ ਜਾਣੈ ਜਾਣਾਈ ॥ ਨਾਨਕ ਹਉਮੈ ਜਾਲਿ ਸਮਾਈ ॥੨੯॥}

(ਅੰਗ - ੯੪੧)

{ਗੁਰ ਕੈ ਸਬਦਿ ਰਪੈ ਰੰਗੁ ਲਾਇ ॥ ਸਾਚਿ ਰਤਉ ਪਤਿ ਸਿਉ ਘਰਿ ਜਾਇ ॥}

(ਅੰਗ - ੯੪੧)

{ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥ ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥੩੦॥}

(ਅੰਗ - ੯੪੧)

{ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥}

(ਅੰਗ - ੯੪੧)

{ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥}

(ਅੰਗ - ੯੪੧)

{ਨਾਮੇ ਰਾਤੇ ਹਉਮੈ ਜਾਇ ॥ ਨਾਮਿ ਰਤੇ ਸਚਿ ਰਹੇ ਸਮਾਇ ॥}

(ਅੰਗ - ੯੪੧)

{ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ ਪਾਵਹਿ ਮੋਖ ਦੁਆਰੁ ॥}

(ਅੰਗ - ੯੪੧)

{ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥}

(ਅੰਗ - ੯੪੧)

{ਨਾਮਿ ਰਤੇ ਸਚੁ ਕਰਣੀ ਸਾਰੁ ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥}

(ਅੰਗ - ੯੪੧)

{ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ਜੋਗ ਜੁਗਤਿ ਸਚਿ ਰਹੈ ਸਮਾਇ ॥}

(ਅੰਗ - ੯੪੧)

{ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥}

(ਅੰਗ - ੯੪੧)

{ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥
ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥}

(ਅੰਗ - ੯੪੧)

{ਗੁਰਮੁਖਿ ਰਤਨੁ ਲਹੈ ਲਿਵ ਲਾਇ ॥ ਗੁਰਮੁਖਿ ਪਰਖੈ ਰਤਨੁ ਸੁਭਾਇ ॥}

(ਅੰਗ - ੯੪੨)

{ਗੁਰਮੁਖਿ ਸਾਚੀ ਕਾਰ ਕਮਾਇ ॥ ਗੁਰਮੁਖਿ ਸਾਚੇ ਮਨੁ ਪਤੀਆਇ ॥}

(ਅੰਗ - ੯੪੨)

{ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥}

(ਅੰਗ - ੯੪੨)

{ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥}

(ਅੰਗ - ੯੪੨)

{ਗੁਰਮੁਖਿ ਪਾਵੈ ਦਰਗਹ ਮਾਨੁ ॥ ਗੁਰਮੁਖਿ ਭਉ ਭੰਜਨੁ ਪਰਧਾਨੁ ॥}

(ਅੰਗ - ੯੪੨)

{ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥}

(ਅੰਗ - ੯੪੨)

{ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ਗੁਰਮੁਖਿ ਪਾਵੈ ਘਟਿ ਘਟਿ ਭੇਦ ॥}

(ਅੰਗ - ੯੪੨)

{ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥}

(ਅੰਗ - ੯੪੨)

{ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥}

(ਅੰਗ - ੯੪੨)

{ਬਿਨੁ ਗੁਰ ਭਰਮੈ ਆਵੈ ਜਾਇ ॥ ਬਿਨੁ ਗੁਰ ਘਾਲ ਨ ਪਵਈ ਥਾਇ ॥}

(ਅੰਗ - ੯੪੨)

{ਬਿਨੁ ਗੁਰ ਮਨੂਆ ਅਤਿ ਡੋਲਾਇ ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥}

(ਅੰਗ - ੯੪੨)

{ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥}

(ਅੰਗ - ੯੪੨)

{ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥ ਅਵਗਣ ਮੇਟੈ ਗੁਣਿ ਨਿਸਤਾਰੈ ॥}

(ਅੰਗ - ੯੪੨)

{ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ॥ ਗੁਰਮੁਖਿ ਕਦੇ ਨ ਆਵੈ ਹਾਰਿ ॥}

(ਅੰਗ - ੯੪੨)

{ਤਨੁ ਹਟੜੀ ਇਹੁ ਮਨੁ ਵਣਜਾਰਾ ॥ ਨਾਨਕ ਸਹਜੇ ਸਚੁ ਵਾਪਾਰਾ ॥੩੯॥}

(ਅੰਗ - ੯੪੨)

{ਗੁਰਮੁਖਿ ਚੂਕੈ ਆਵਣ ਜਾਣੁ ॥ ਗੁਰਮੁਖਿ ਦਰਗਹ ਪਾਵੈ ਮਾਣੁ ॥}

(ਅੰਗ - ੯੪੨)

{ਗੁਰਮੁਖਿ ਖੋਟੇ ਖਰੇ ਪਛਾਣੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥}

(ਅੰਗ - ੯੪੨)

{ਗੁਰਮੁਖਿ ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥}

(ਅੰਗ - ੯੪੨)

{ਗੁਰਮੁਖਿ ਨਾਮੁ ਨਿਰੰਜਨ ਪਾਏ ॥ ਗੁਰਮੁਖਿ ਹਉਮੈ ਸਬਦਿ ਜਲਾਏ ॥}

(ਅੰਗ - ੯੪੨)

{ਗੁਰਮੁਖਿ ਸਾਚੇ ਕੇ ਗੁਣ ਗਾਏ ॥ ਗੁਰਮੁਖਿ ਸਾਚੈ ਰਹੈ ਸਮਾਏ ॥}

(ਅੰਗ - ੯੪੨)

{ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥ ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥}

(ਅੰਗ - ੯੪੨)

{ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥}

(ਅੰਗ - ੯੪੩)

{ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥}

(ਅੰਗ - ੯੪੩)

{ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥}

(ਅੰਗ - ੯੪੩)

{ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥}

(ਅੰਗ - ੯੪੩)

{ਅੰਤਰਿ ਬਾਹਰਿ ਏਕੋ ਜਾਣੈ ॥ ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥}

(ਅੰਗ - ੯੪੩)

{ਸਚ ਭੈ ਰਾਤਾ ਗਰਬੁ ਨਿਵਾਰੈ ॥ ਏਕੋ ਜਾਤਾ ਸਬਦੁ ਵੀਚਾਰੈ ॥}

(ਅੰਗ - ੯੪੩)

{ਸਬਦੁ ਵਸੈ ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ਰੰਗਿ ਰੰਗੀਆ ॥}

(ਅੰਗ - ੯੪੩)

{ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ ਨਦਰੀ ਨਦਰਿ ਪਿਆਰੇ ॥੪੭॥}

(ਅੰਗ - ੯੪੩)

{ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥}

(ਅੰਗ - ੯੪੩)

{ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ ਆਪੇ ਪਾਰਿ ਉਤਾਰਣਹਾਰਾ ॥}

(ਅੰਗ - ੯੪੩)

{ਗੁਰ ਪਰਚੈ ਮਨੁ ਸਾਚਿ ਸਮਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥}

(ਅੰਗ - ੯੪੩)

{ਨਾਮ ਤਤੁ ਸਭ ਹੀ ਸਿਰਿ ਜਾਪੈ ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥}

(ਅੰਗ - ੯੪੩)

{ਤਤੋ ਤਤੁ ਮਿਲੈ ਮਨੁ ਮਾਨੈ ॥ ਦੂਜਾ ਜਾਇ ਇਕਤੁ ਘਰਿ ਆਨੈ ॥}

(ਅੰਗ - ੯੪੩)

{ਬੋਲੈ ਪਵਨਾ ਗਗਨੁ ਗਰਜੈ ॥ ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥}

(ਅੰਗ - ੯੪੩)

{ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥੫੧॥}

(ਅੰਗ - ੯੪੩)

{ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥}

(ਅੰਗ - ੯੪੩)

{ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥
ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥੫੩॥}

(ਅੰਗ - ੯੪੩)

{ਸਹਜ ਭਾਇ ਮਿਲੀਐ ਸੁਖੁ ਹੋਵੈ ॥ ਗੁਰਮੁਖਿ ਜਾਗੈ ਨੀਦ ਨ ਸੋਵੈ ॥}

(ਅੰਗ - ੯੪੪)

{ਸੁੰਨ ਸਬਦੁ ਅਪਰੰਪਰਿ ਧਾਰੈ ॥ ਕਹਤੇ ਮੁਕਤੁ ਸਬਦਿ ਨਿਸਤਾਰੈ ॥}

(ਅੰਗ - ੯੪੪)

{ਗੁਰ ਕੀ ਦੀਖਿਆ ਸੇ ਸਚਿ ਰਾਤੇ ॥ ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥}

(ਅੰਗ - ੯੪੪)

{ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥}

(ਅੰਗ - ੯੪੪)

{ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥}

(ਅੰਗ - ੯੪੪)

{ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥}

(ਅੰਗ - ੯੪੪)

{ਸਾਚੁ ਵਖਰੁ ਧਨੁ ਪਲੈ ਹੋਇ ॥ ਆਪਿ ਤਰੈ ਤਾਰੇ ਭੀ ਸੋਇ ॥}

(ਅੰਗ - ੯੪੪)

{ਸਹਜਿ ਰਤਾ ਬੂਝੈ ਪਤਿ ਹੋਇ ॥ ਤਾ ਕੀ ਕੀਮਤਿ ਕਰੈ ਨ ਕੋਇ ॥}

(ਅੰਗ - ੯੪੪)

{ਜਹ ਦੇਖਾ ਤਹ ਰਹਿਆ ਸਮਾਇ ॥ ਨਾਨਕ ਪਾਰਿ ਪਰੈ ਸਚ ਭਾਇ ॥੫੭॥}

(ਅੰਗ - ੯੪੪)

{ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥
ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥}

(ਅੰਗ - ੯੪੪)

{ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥
ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥੫੮॥}

(ਅੰਗ - ੯੪੪)

{ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੁ ਮੰਨਿ ਵਸਾਏ ॥}

(ਅੰਗ - ੯੪੪)

{ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥}

(ਅੰਗ - ੯੪੪)

{ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥
ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥}

(ਅੰਗ - ੯੪੪)

{ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥}

(ਅੰਗ - ੯੪੪)

{ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥}

(ਅੰਗ - ੯੪੪)

{ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥
ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥}

(ਅੰਗ - ੯੪੫)

{ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥
ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥}

(ਅੰਗ - ੯੪੫)

{ਰੰਗਿ ਨ ਰਾਤਾ ਰਸਿ ਨਹੀ ਮਾਤਾ ॥ ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥}

(ਅੰਗ - ੯੪੫)

{ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥ ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥}

(ਅੰਗ - ੯੪੫)

{ਅਕਥ ਕਥਾ ਲੇ ਸਮ ਕਰਿ ਰਹੈ ॥ ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥}

(ਅੰਗ - ੯੪੫)

{ਗੁਰ ਪਰਸਾਦੀ ਰੰਗੇ ਰਾਤਾ ॥ ਅੰਮ੍ਰਿਤੁ ਪੀਆ ਸਾਚੇ ਮਾਤਾ ॥}

(ਅੰਗ - ੯੪੫)

{ਗੁਰ ਵੀਚਾਰੀ ਅਗਨਿ ਨਿਵਾਰੀ ॥ ਅਪਿਉ ਪੀਓ ਆਤਮ ਸੁਖੁ ਧਾਰੀ ॥}

(ਅੰਗ - ੯੪੫)

{ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ ਨਾਨਕ ਬੂਝੈ ਕੋ ਵੀਚਾਰੀ ॥੬੩॥}

(ਅੰਗ - ੯੪੫)

{ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥}

(ਅੰਗ - ੯੪੫)

{ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥

ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥}

(ਅੰਗ - ੯੪੫)

{ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥
ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥}

(ਅੰਗ - ੯੪੫)

{ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥
ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥}

(ਅੰਗ - ੯੪੫)

{ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥}

(ਅੰਗ - ੯੪੬)

{ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥}

(ਅੰਗ - ੯੪੬)

{ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥}

(ਅੰਗ - ੯੪੬)

{ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥}

(ਅੰਗ - ੯੪੬)

{ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥}

(ਅੰਗ - ੯੪੬)

{ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥}

(ਅੰਗ - ੯੪੬)

{ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥}

(ਅੰਗ - ੯੪੬)

{ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥}

(ਅੰਗ - ੯੪੬)

{ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥}

(ਅੰਗ - ੯੪੬)

{ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥}

(ਅੰਗ - ੯੪੬)

{ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥}

(ਅੰਗ - ੯੪੬)

{ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥}

(ਅੰਗ - ੯੪੬)

{ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥}

(ਅੰਗ - ੯੪੬)

{ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥}

(ਅੰਗ - ੯੪੬)

{ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥}

(ਅੰਗ - ੯੪੬)

{ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥}

(ਅੰਗ - ੯੪੬)

{ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥}

(ਅੰਗ - ੯੪੬)

{ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥}

(ਅੰਗ - ੯੪੭)

{ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥ ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ ॥}

(ਅੰਗ - ੯੪੭)

{ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥
ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥}

(ਅੰਗ - ੯੪੭)

{ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥
ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥੩॥}

(ਅੰਗ - ੯੪੭)

{ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥ ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ ॥}

(ਅੰਗ - ੯੪੭)

{ਗੁਰ ਪਰਸਾਦੀ ਹਰਿ ਧਿਆਈਐ ਅੰਤਰਿ ਰਖੀਐ ਉਰ ਧਾਰਿ ॥
ਨਾਨਕ ਘਰਿ ਬੈਠਿਆ ਸਹੁ ਪਾਇਆ ਜਾ ਕਿਰਪਾ ਕੀਤੀ ਕਰਤਾਰਿ ॥੧॥}

(ਅੰਗ - ੯੪੮)

{ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ ॥ ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ ॥}

(ਅੰਗ - ੯੪੮)

{ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ ॥
ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ ॥}

(ਅੰਗ - ੯੪੮)

{ਗੁਰ ਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ ॥
ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ ॥੨॥}

(ਅੰਗ - ੯੪੮)

{ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥੧॥}

(ਅੰਗ - ੯੪੮)

{ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥
ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥}

(ਅੰਗ - ੯੪੮)

{ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥}

(ਅੰਗ - ੯੪੮)

{ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ॥ ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ॥}

(ਅੰਗ - ੯੪੮)

{ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ ਤਰੇਇ ॥
ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥੩॥}

(ਅੰਗ - ੯੪੮)

{ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥ ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥}

(ਅੰਗ - ੯੪੮)

{ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥
ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥}

(ਅੰਗ - ੯੪੮)

{ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥}

(ਅੰਗ - ੯੪੮)

{ਭਰਮੇ ਭੂਲਾ ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮ ਗਤਿ ਲਹੈ ॥}

(ਅੰਗ - ੯੪੮)

{ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥}

(ਅੰਗ - ੯੪੮)

{ਸੋ ਤਪਾ ਜਿ ਇਹੁ ਤਪੁ ਘਾਲੇ ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ ॥}

(ਅੰਗ - ੯੪੮)

{ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ ॥ ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ ॥੨॥}

(ਅੰਗ - ੯੪੮)

{ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥ ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਣਿ ॥}

(ਅੰਗ - ੯੪੮)

{ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥ ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੧॥}

(ਅੰਗ - ੯੪੮)

{ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥
ਉਦਰੈ ਕਾਰਣਿ ਆਪਣੇ ਬਹਲੇ ਭੇਖਿ ਕਰੇਨਿ ॥}

(ਅੰਗ - ੯੪੯)

{ਅਭਿਆਗਤ ਸੇਈ ਨਾਨਕਾ ਜਿ ਆਤਮ ਗਉਨੁ ਕਰੇਨਿ ॥
ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਨੁ ਕਰੇਨਿ ॥੨॥}

(ਅੰਗ - ੯੪੯)

{ਸਭੁ ਸਚਾ ਹੁਕਮੁ ਵਰਤਦਾ ਗੁਰਮੁਖਿ ਸਚਿ ਸਮਾਉ ॥ ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ ॥}

(ਅੰਗ - ੯੪੯)

{ਸਭੁ ਸਚੋ ਸਚੁ ਵਰਤਦਾ ਗੁਰਮੁਖਿ ਅਲਖੁ ਲਖਾਈ ॥੬॥}

(ਅੰਗ - ੯੪੯)

{ਰੈਣਾਇਰ ਮਾਹਿ ਅਨੰਤੁ ਹੈ ਕੂੜੀ ਆਵੈ ਜਾਇ ॥ ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ ॥}

(ਅੰਗ - ੯੪੯)

{ਰੈਣਾਇਰ ਮਹਿ ਸਭੁ ਕਿਛੁ ਹੈ ਕਰਮੀ ਪਲੈ ਪਾਇ ॥ ਨਾਨਕ ਨਉ ਨਿਧਿ ਪਾਈਐ ਜੇ ਚਲੈ ਤਿਸੈ ਰਜਾਇ ॥੧॥}

(ਅੰਗ - ੯੪੯)

{ਸਹਜੇ ਸਤਿਗੁਰੁ ਨ ਸੇਵਿਓ ਵਿਚਿ ਹਉਮੈ ਜਨਮਿ ਬਿਨਾਸੁ ॥
ਰਸਨਾ ਹਰਿ ਰਸੁ ਨ ਚਖਿਓ ਕਮਲੁ ਨ ਹੋਇਓ ਪਰਗਾਸੁ ॥}

(ਅੰਗ - ੯੪੯)

{ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ ॥
ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥}

(ਅੰਗ - ੯੪੯)

{ਜਾ ਆਪੇ ਨਦਰਿ ਕਰੇ ਪ੍ਰਭੁ ਸਚਾ ਤਾ ਹੋਵੈ ਦਾਸਨਿ ਦਾਸੁ ॥
ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ ਪਾਸੁ ॥}

(ਅੰਗ - ੯੪੯)

{ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥

ਜਨ ਨਾਨਕ ਕਰੇ ਕਰਾਇਆ ਸਭੁ ਕੋ ਜਿਉ ਭਾਵੈ ਤਿਵ ਹਰਿ ਗੁਣਤਾਸੁ ॥੨॥}

(ਅੰਗ - ੯੪੯)

{ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ ॥ ਸਭੁ ਆਪੇ ਆਪਿ ਵਰਤਦਾ ਆਪੇ ਬਖਸਿ ਮਿਲਾਈ ॥੭॥}

(ਅੰਗ - ੯੪੯)

{ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ ॥ ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ ॥੨॥}

(ਅੰਗ - ੯੪੯)

{ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ ਜੋ ਸਹਿ ਰਤੇ ਆਪਣੈ ਤਿਨ ਤਨਿ ਲੋਭ ਰਤੁ ਨ ਹੋਇ ॥}

(ਅੰਗ - ੯੫੦)

{ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥੧॥}

(ਅੰਗ - ੯੫੦)

{ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥}

(ਅੰਗ - ੯੫੦)

{ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ ॥
ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ ॥
ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ ॥}

(ਅੰਗ - ੯੫੦)

{ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ ॥
ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ ॥੨॥}

(ਅੰਗ - ੯੫੦)

{ਬਿਨੁ ਸਤਿਗੁਰ ਸੇਵੇ ਸਾਂਤਿ ਨ ਆਵਈ ਦੂਜੀ ਨਾਹੀ ਜਾਇ ॥
ਜੇ ਬਹੁਤੇਰਾ ਲੋਚੀਐ ਵਿਣੁ ਕਰਮਾ ਪਾਇਆ ਨ ਜਾਇ ॥}

(ਅੰਗ - ੯੫੦)

{ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ ॥
ਤਿਨ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥}

(ਅੰਗ - ੯੫੦)

{ਨਿਜ ਘਰਿ ਵਾਸਾ ਪਾਈਐ ਸਚਿ ਸਿਫਤਿ ਸਮਾਵਹਿ ॥
ਸਚਾ ਗਹਿਰ ਗੰਭੀਰੁ ਹੈ ਗੁਰ ਸਬਦਿ ਬੁਝਾਈ ॥੮॥}

(ਅੰਗ - ੯੫੦)

{ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ ॥ ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ ॥}

(ਅੰਗ - ੯੫੦)

{ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥
ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥੧॥}

(ਅੰਗ - ੯੫੦)

{ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥}

(ਅੰਗ - ੯੫੦)

{ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥
ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥}

(ਅੰਗ - ੯੫੧)

{ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥
ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ ॥੨॥}

(ਅੰਗ - ੯੫੧)

{ਤੁਧੁ ਜੇਵਡੁ ਦਾਤਾ ਨਾਹਿ ਕਿਸੁ ਆਖਿ ਸੁਣਾਈਐ ॥
ਗੁਰ ਪਰਸਾਦੀ ਪਾਇ ਜਿਥਹੁ ਹਉਮੈ ਜਾਈਐ ॥ ਰਸ ਕਸ ਸਾਦਾ ਬਾਹਰਾ ਸਚੀ ਵਡਿਆਈਐ ॥}

(ਅੰਗ - ੯੫੧)

{ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥
ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ ॥}

(ਅੰਗ - ੯੫੧)

{ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ ॥ ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ ਤਾਰੇਨਿ ॥੧॥}

(ਅੰਗ - ੯੫੧)

{ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥}

(ਅੰਗ - ੯੫੧)

{ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥ ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥}

(ਅੰਗ - ੯੫੧)

{ਜਿਨ ਕਉ ਪੋਤੈ ਪੁੰਨੁ ਹੈ ਤਿਨ੍ ਵਾਤਿ ਸਿਪੀਤੀ ॥ ਨਾਨਕ ਨਾਮੁ ਧਿਆਈਐ ਸਚੁ ਸਿਫਤਿ ਸਨਾਈ ॥੧੦॥}

(ਅੰਗ - ੯੫੧)

{ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥}

(ਅੰਗ - ੯੫੧)

{ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥}

(ਅੰਗ - ੯੫੧)

{ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥}

(ਅੰਗ - ੯੫੧)

{ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥੧॥}

(ਅੰਗ - ੯੫੧)

{ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥}

(ਅੰਗ - ੯੫੨)

{ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥}

(ਅੰਗ - ੯੫੨)

{ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥}

(ਅੰਗ - ੯੫੨)

{ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥}

(ਅੰਗ - ੯੫੨)

{ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥}

(ਅੰਗ - ੯੫੨)

{ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥}

(ਅੰਗ - ੯੫੨)

{ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥
ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥}

(ਅੰਗ - ੯੫੨)

{ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥}

(ਅੰਗ - ੯੫੨)

{ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥}

(ਅੰਗ - ੯੫੨)

{ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥}

(ਅੰਗ - ੯੫੨)

{ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥}

(ਅੰਗ - ੯੫੨)

{ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥}

(ਅੰਗ - ੯੫੨)

{ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ ॥
ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥}

(ਅੰਗ - ੯੫੨)

{ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥}

(ਅੰਗ - ੯੫੨)

{ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥}

(ਅੰਗ - ੯੫੨)

{ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥}

(ਅੰਗ - ੯੫੨)

{ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥ ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥}

(ਅੰਗ - ੯੫੨)

{ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਣਾ ॥
ਹਰਿ ਨਾਮੁ ਜਪੈ ਆਪਿ ਉਧਰੈ ਓਸੁ ਪਿਛੈ ਡੁਬਦੇ ਭੀ ਤਰਣਾ ॥}

(ਅੰਗ - ੯੫੨)

{ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥}

(ਅੰਗ - ੯੫੨)

{ਗੁਰ ਪਰਸਾਦੀ ਸਾਲਾਹੀਐ ਹਰਿ ਭਗਤੀ ਰਾਪੈ ॥
ਸਭੁ ਮਨੁ ਤਨੁ ਹਰਿਆ ਹੋਇਆ ਅਹੰਕਾਰੁ ਗਵਾਪੈ ॥ ਸਭੁ ਕਿਛੁ ਹਰਿ ਕਾ ਖੇਲੁ ਹੈ ਗੁਰਮੁਖਿ ਕਿਸੈ ਬੁਝਾਈ ॥੧੩॥}

(ਅੰਗ - ੯੫੨)

{ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥}

(ਅੰਗ - ੯੫੪)

{ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥}

(ਅੰਗ - ੯੫੪)

{ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ ॥ ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ ॥੨॥}

(ਅੰਗ - ੯੫੪)

{ਸਚੀ ਬਾਣੀ ਸਚੁ ਹੈ ਸਚੁ ਮੇਲਿ ਮਿਲਾਇਆ ॥ ਸਭੁ ਕਿਛੁ ਆਪੇ ਆਪਿ ਹੈ ਆਪੇ ਦੇਇ ਵਡਿਆਈ ॥੧੪॥}

(ਅੰਗ - ੯੫੪)

{ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ ॥ ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ ॥੧॥}

(ਅੰਗ - ੯੫੪)

{ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥ ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥੨॥}

(ਅੰਗ - ੯੫੪)

{ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥}

(ਅੰਗ - ੯੫੪)

{ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥ ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥੧੫॥}

(ਅੰਗ - ੯੫੪)

{ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥}

(ਅੰਗ - ੯੫੪)

{ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥}

(ਅੰਗ - ੯੫੪)

{ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ ॥ ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ ॥}

(ਅੰਗ - ੯੫੪)

{ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥ ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥}

(ਅੰਗ - ੯੫੪)

{ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ ॥ ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹਕੁ ਹੇਤ ॥
ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ ॥ ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ ॥੧॥}

(ਅੰਗ - ੯੫੫)

{ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ ॥ ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ ॥
ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ ॥ ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ ॥੨॥}

(ਅੰਗ - ੯੫੫)

{ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ ॥ ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ ॥}

(ਅੰਗ - ੯੫੫)

{ਗੁਰਮੁਖਿ ਨਾਮੁ ਧਿਆਈਐ ਮਥਿ ਤਤੁ ਕਢੋਲੈ ॥ ਅੰਤਰਿ ਪਰਗਾਸੁ ਘਟਿ ਚਾਨਣਾ ਹਰਿ ਲਧਾ ਟੋਲੈ ॥}

(ਅੰਗ - ੯੫੫)

{ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ ॥ ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ ॥}

(ਅੰਗ - ੯੫੫)

{ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ ॥ ਨਦਰਿ ਕਰੇ ਜੇ ਆਪਣੀ ਤਾ ਆਪੇ ਲਏ ਮਿਲਾਇ ॥੨॥}

(ਅੰਗ - ੯੫੫)

{ਸੇ ਜਨ ਸਾਚੇ ਸਦਾ ਸਦਾ ਜਿਨੀ ਹਰਿ ਰਸੁ ਪੀਤਾ ॥
ਗੁਰਮੁਖਿ ਸਚਾ ਮਨਿ ਵਸੈ ਸਚੁ ਸਉਦਾ ਕੀਤਾ ॥ ਸਭੁ ਕਿਛੁ ਘਰ ਹੀ ਮਾਹਿ ਹੈ ਵਡਭਾਗੀ ਲੀਤਾ ॥}

(ਅੰਗ - ੯੫੫)

{ਅੰਤਰਿ ਤ੍ਰਿਸਨਾ ਮਰਿ ਗਈ ਹਰਿ ਗੁਣ ਗਾਵੀਤਾ ॥ ਆਪੇ ਮੇਲਿ ਮਿਲਾਇਅਨੁ ਆਪੇ ਦੇਇ ਬੁਝਾਈ ॥੧੮॥}

(ਅੰਗ - ੯੫੫)

{ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥ ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ॥੧॥}

(ਅੰਗ - ੯੫੫)

{ਸਚ ਕੀ ਕਾਤੀ ਸਚੁ ਸਭੁ ਸਾਰੁ ॥ ਘਾੜਤ ਤਿਸ ਕੀ ਅਪਰ ਅਪਾਰ ॥}

(ਅੰਗ - ੯੫੬)

{ਸਬਦੇ ਸਾਣ ਰਖਾਈ ਲਾਇ ॥ ਗੁਣ ਕੀ ਥੇਕੈ ਵਿਚਿ ਸਮਾਇ ॥
ਤਿਸ ਦਾ ਕੁਠਾ ਹੋਵੈ ਸੇਖੁ ॥ ਲੋਹੂ ਲਬੁ ਨਿਕਥਾ ਵੇਖੁ ॥
ਹੋਇ ਹਲਾਲੁ ਲਗੈ ਹਕਿ ਜਾਇ ॥ ਨਾਨਕ ਦਰਿ ਦੀਦਾਰਿ ਸਮਾਇ ॥੨॥}

(ਅੰਗ - ੯੫੬)

{ਸੋ ਸਤਸੰਗਤਿ ਸਬਦਿ ਮਿਲੈ ਜੋ ਗੁਰਮੁਖਿ ਚਲੈ ॥

ਸਚੁ ਧਿਆਇਨਿ ਸੇ ਸਚੇ ਜਿਨ ਹਰਿ ਖਰਚੁ ਧਨੁ ਪਲੈ ॥
ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ ॥}

(ਅੰਗ - ੯੫੬)

{ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ ॥ ਆਪੇ ਮੇਲਿ ਮਿਲਾਇਦਾ ਆਪੇ ਦੇਇ ਵਡਿਆਈ ॥੧੯॥}

(ਅੰਗ - ੯੫੬)

{ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ ॥ ਨਾਨਕ ਜੋ ਮਰਿ ਜੀਵਿਆ ਸਹਿਲਾ ਆਇਆ ਸੋਇ ॥੧॥}

(ਅੰਗ - ੯੫੬)

{ਧ੍ਰਿਗੁ ਜੀਵਣੁ ਸੰਸਾਰ ਸਚੇ ਨਾਮ ਬਿਨੁ ॥ ਪ੍ਰਭੁ ਦਾਤਾ ਦਾਤਾਰ ਨਿਹਚਲੁ ਏਹੁ ਧਨੁ ॥}

(ਅੰਗ - ੯੫੬)

{ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ ॥
ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ ॥੧॥}

(ਅੰਗ - ੯੫੬)

{ਨਾਨਕ ਸੋਈ ਸੇਵੀਐ ਜਿਤੁ ਸੇਵਿਐ ਦੁਖੁ ਜਾਇ ॥ ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ ॥੨॥}

(ਅੰਗ - ੯੫੬)

{ਜਿਸੁ ਆਪਿ ਬੁਝਾਏ ਸੋ ਬੁਝਸੀ ਆਪੇ ਨਾਇ ਲਾਈਅਨੁ ॥
ਨਾਨਕ ਨਾਮੁ ਧਿਆਈਐ ਸਚੀ ਵਡਿਆਈ ॥੨੧॥੧॥ ਸੁਧੁ ॥}

(ਅੰਗ - ੯੫੬)

{ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥
ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥੧॥}

(ਅੰਗ - ੯੫੭)

{ਸਾਕਤ ਦੁਰਜਨ ਭਰਮਿਆ ਜੋ ਲਗੇ ਦੂਜੈ ਸਾਦਿ ॥
ਜਨ ਨਾਨਕਿ ਹਰਿ ਪ੍ਰਭੁ ਬੁਝਿਆ ਗੁਰ ਸਤਿਗੁਰ ਕੈ ਪਰਸਾਦਿ ॥੨॥}

(ਅੰਗ - ੯੫੭)

{ਕੋਇ ਨ ਜਾਣੈ ਕੀਮ ਕੇਵਡੁ ਮਟਿਆ ॥ ਸਚਾ ਸਾਹਿਬੁ ਆਪਿ ਗੁਰਮੁਖਿ ਪਰਗਟਿਆ ॥੧॥}

(ਅੰਗ - ੯੫੭)

{ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ ॥ ਗੁਰਿ ਪੂਰੈ ਦੇਖਾਲਿਆ ਵਿਣੁ ਨਾਵੈ ਸਭ ਬਾਦਿ ॥}

(ਅੰਗ - ੯੫੭)

{ਸੁਣਿ ਸਜਣ ਪ੍ਰੀਤਮ ਮੇਰਿਆ ਮੈ ਸਤਿਗੁਰੁ ਦੇਹੁ ਦਿਖਾਲਿ ॥
ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ ॥}

(ਅੰਗ - ੯੫੭)

{ਗੁਰਿ ਪੂਰੈ ਮੇਲਾਇਆ ਜਤ ਦੇਖਾ ਤਤ ਸੋਇ ॥ ਜਨ ਨਾਨਕ ਸੋ ਪ੍ਰਭੁ ਸੇਵਿਆ ਤਿਸੁ ਜੇਵਡੁ ਅਵਰੁ ਨ ਕੋਇ ॥੨॥}

(ਅੰਗ - ੯੫੭)

{ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥}

(ਅੰਗ - ੯੫੮)

{ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ ॥ ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ ॥੩॥}

(ਅੰਗ - ੯੫੮)

{ਆਖਾ ਬਿਰਥਾ ਜੀਅ ਕੀ ਹਰਿ ਸਜਣੁ ਮੇਲਹੁ ਰਾਇ ॥
ਗੁਰਿ ਪੂਰੈ ਮੇਲਾਇਆ ਜਨਮ ਮਰਣ ਦੁਖੁ ਜਾਇ ॥ ਜਨ ਨਾਨਕ ਪਾਇਆ ਅਗਮ ਰੂਪੁ ਅਨਤ ਨ ਕਾਹੂ ਜਾਇ ॥੧॥}

(ਅੰਗ - ੯੫੮)

{ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥ ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥}

(ਅੰਗ - ੯੫੮)

{ਹਉਮੈ ਤੁਟਾ ਮੋਹੜਾ ਇਕੁ ਸਚੁ ਨਾਮੁ ਆਧਾਰੁ ॥ ਜਨੁ ਨਾਨਕੁ ਲਗਾ ਸੇਵ ਹਰਿ ਉਧਰਿਆ ਸਗਲ ਸੰਸਾਰੁ ॥੨॥}

(ਅੰਗ - ੯੫੮)

{ਜਿਸ ਨੋ ਲਗਾ ਰੰਗੁ ਸੇ ਰੰਗਿ ਰਤਿਆ ॥ ਓਨਾ ਇਕੋ ਨਾਮੁ ਅਧਾਰੁ ਇਕਾ ਉਨ ਭਤਿਆ ॥}

(ਅੰਗ - ੯੫੮)

{ਜਿਸੁ ਮਿਲਿਆ ਗੁਰੁ ਆਇ ਤਿਨਿ ਪ੍ਰਭੁ ਜਾਣਿਆ ॥ ਹਉ ਬਲਿਹਾਰੀ ਤਿਨ ਜਿ ਖਸਮੈ ਭਾਣਿਆ ॥੪॥}

(ਅੰਗ - ੯੫੮)

{ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥
ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥ ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥੧॥}

(ਅੰਗ - ੯੫੮)

{ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥ ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥}

(ਅੰਗ - ੯੫੯)

{ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ ॥ ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ ॥}

(ਅੰਗ - ੯੫੯)

{ਨਉ ਨਿਧਿ ਨਾਮੁ ਨਿਧਾਨੁ ਗੁਰ ਕੈ ਸਬਦਿ ਲਾਗੁ ॥ ਤਿਸੈ ਮਿਲੈ ਸੰਤ ਖਾਕੁ ਮਸਤਕਿ ਜਿਸੈ ਭਾਗੁ ॥੫॥}

(ਅੰਗ - ੯੫੯)

{ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ ॥}

(ਅੰਗ - ੯੫੯)

{ਸਾਈ ਸੋਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ ॥
ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ ॥}

(ਅੰਗ - ੯੫੯)

{ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ ॥
ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ ॥ ਜਨੁ ਨਾਨਕੁ ਮੰਗੈ ਦਾਨੁ ਇਕੁ ਦੇਹੁ ਦਰਸੁ ਮਨਿ ਪਿਆਰੁ ॥੨॥}

(ਅੰਗ - ੯੫੯)

{ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ ॥
ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ ॥ ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ ॥}

(ਅੰਗ - ੯੬੦)

{ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ ॥
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ ॥}

(ਅੰਗ - ੯੬੦)

{ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥}

(ਅੰਗ - ੯੬੦)

{ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥}

(ਅੰਗ - ੯੬੦)

{ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥}

(ਅੰਗ - ੯੬੦)

{ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥
ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥੨॥}

(ਅੰਗ - ੯੬੧)

{ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥}

(ਅੰਗ - ੯੬੧)

{ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥}

(ਅੰਗ - ੯੬੧)

{ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥}

(ਅੰਗ - ੯੬੧)

{ਅੰਮ੍ਰਿਤੁ ਨਾਮੁ ਨਿਧਾਨੁ ਸਚੁ ਗੁਰਮੁਖਿ ਪਾਇਆ ਜਾਇ ॥ ਵਡਭਾਗੀ ਤੇ ਸੰਤ ਜਨ ਜਿਨ ਮਨਿ ਵੁਠਾ ਆਇ ॥}

(ਅੰਗ - ੯੬੧)

{ਜਲਿ ਥਲਿ ਮਹੀਅਲਿ ਰਵਿ ਰਹਿਆ ਦੂਜਾ ਕੋਈ ਨਾਹਿ ॥ ਨਾਮੁ ਧਿਆਈ ਨਾਮੁ ਉਚਰਾ ਨਾਨਕ ਖਸਮ ਰਜਾਇ ॥੨॥}

(ਅੰਗ - ੯੬੧)

{ਸਤਿਗੁਰੁ ਸਿਮਰਹੁ ਆਪਣਾ ਘਟਿ ਅਵਘਟਿ ਘਟ ਘਾਟ ॥ ਹਰਿ ਹਰਿ ਨਾਮੁ ਜਪੰਤਿਆ ਕੋਇ ਨ ਬੰਧੈ ਵਾਟ ॥੨॥}

(ਅੰਗ - ੯੬੧)

{ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ॥ ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥}

(ਅੰਗ - ੯੬੧)

{ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ ॥ ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥}

(ਅੰਗ - ੯੬੧)

{ਦੂਜਾ ਤਿਸੁ ਨ ਬੁਝਾਇਹੁ ਪਾਰਬ੍ਰਹਮ ਨਾਮੁ ਦੇਹੁ ਆਧਾਰੁ ॥
ਅਗਮੁ ਅਗੋਚਰੁ ਸਾਹਿਬੋ ਸਮਰਥੁ ਸਚੁ ਦਾਤਾਰੁ ॥ ਤੂ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ ॥}

(ਅੰਗ - ੯੬੧)

{ਜਿਨਾ ਲਗੀ ਪ੍ਰੀਤਿ ਪ੍ਰਭ ਨਾਮ ਸਹਜ ਸੁਖ ਸਾਰੁ ॥ ਨਾਨਕ ਇਕੁ ਆਰਾਧੇ ਸੰਤਨ ਰੇਣਾਰੁ ॥੧॥}

(ਅੰਗ - ੯੬੧)

{ਪ੍ਰਭੁ ਛੋਡਿ ਹੋਰੁ ਜਿ ਮੰਗਣਾ ਸਭੁ ਬਿਖਿਆ ਰਸ ਛਾਰੁ ॥ ਸੇ ਸੁਖੀਏ ਸਚੁ ਸਾਹ ਸੇ ਜਿਨ ਸਚਾ ਬਿਉਹਾਰੁ ॥}

(ਅੰਗ - ੯੬੧)

{ਅਨਦ ਸੂਖ ਬਿਸ੍ਰਾਮ ਨਿਤ ਹਰਿ ਕਾ ਕੀਰਤਨੁ ਗਾਇ ॥ ਅਵਰ ਸਿਆਣਪ ਛਾਡਿ ਦੇਹਿ ਨਾਨਕ ਉਧਰਸਿ ਨਾਇ ॥੨॥}

(ਅੰਗ - ੯੬੧)

{ਆਪੇ ਵੈਦੁ ਆਪਿ ਨਾਰਾਇਣੁ ॥ ਏਹਿ ਵੈਦ ਜੀਅ ਕਾ ਦੁਖੁ ਲਾਇਣ ॥}

(ਅੰਗ - ੯੬੨)

{ਗੁਰ ਕਾ ਸਬਦੁ ਅੰਮ੍ਰਿਤ ਰਸੁ ਖਾਇਣ ॥ ਨਾਨਕ ਜਿਸੁ ਮਨਿ ਵਸੈ ਤਿਸ ਕੇ ਸਭਿ ਦੂਖ ਮਿਟਾਇਣ ॥੧॥}

(ਅੰਗ - ੯੬੨)

{ਹੁਕਮੇ ਨਾਮੁ ਜਪੈ ਦਿਨੁ ਰਾਤਿ ॥ ਨਾਨਕ ਜਿਸ ਨੋ ਹੋਵੈ ਦਾਤਿ ॥}

(ਅੰਗ - ੯੬੨)

{ਹੁਕਮੇ ਜਪੈ ਨਿਰੋਧਰ ਗੁਰਮੰਤ ॥ ਹੁਕਮੇ ਆਵਣੁ ਜਾਣੁ ਰਹਾਏ ॥ ਨਾਨਕ ਜਾ ਕਉ ਭਗਤੀ ਲਾਏ ॥੨॥}

(ਅੰਗ - ੯੬੨)

{ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ ॥
ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ ॥ ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ ॥੧੧॥}

(ਅੰਗ - ੯੬੨)

{ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥ ਮਨਿ ਤਨਿ ਹਿਰਦੈ ਸਿਮਰਿ ਹਰਿ ਆਠ ਪਹਰ ਗੁਣ ਗਾਉ ॥}

(ਅੰਗ - ੯੬੩)

{ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ ॥ ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ ॥}

(ਅੰਗ - ੯੬੩)

{ਸੂਖ ਸਹਜ ਆਨਦੁ ਘਣਾ ਪ੍ਰਭ ਜਪਤਿਆ ਦੁਖੁ ਜਾਇ ॥ ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ ॥੧॥}

(ਅੰਗ - ੯੬੩)

{ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ ॥ ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ ॥}

(ਅੰਗ - ੯੬੩)

{ਵਡਿਆਈ ਸਚੇ ਨਾਮ ਕੀ ਹਉ ਜੀਵਾ ਸੁਣਿ ਸੁਣੇ ॥ ਪਸੂ ਪਰੇਤ ਅਗਿਆਨ ਉਧਾਰੇ ਇਕ ਖਣੇ ॥}

(ਅੰਗ - ੯੬੩)

{ਦਿਨਸੁ ਰੈਣਿ ਤੇਰਾ ਨਾਉ ਸਦਾ ਸਦ ਜਾਪੀਐ ॥ ਤ੍ਰਿਸਨਾ ਭੁਖ ਵਿਕਰਾਲ ਨਾਇ ਤੇਰੈ ਧ੍ਰਾਪੀਐ ॥}

(ਅੰਗ - ੯੬੩)

{ਰੋਗੁ ਸੋਗੁ ਦੁਖੁ ਵੰਞੈ ਜਿਸੁ ਨਾਉ ਮਨਿ ਵਸੈ ॥ ਤਿਸਹਿ ਪਰਾਪਤਿ ਲਾਲੁ ਜੋ ਗੁਰ ਸਬਦੀ ਰਸੈ ॥}

(ਅੰਗ - ੯੬੩)

{ਜਿਸੁ ਮਿਲਿਆ ਪੂਰਾ ਗੁਰੂ ਸੁ ਸਰਪਰ ਤਾਰਣੋ ॥ ਜਿਸ ਨੋ ਲਾਏ ਸਚਿ ਤਿਸੁ ਸਚੁ ਸਮ੍ਾਲਣੋ ॥}

(ਅੰਗ - ੯੬੩)

{ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ ॥ ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ ॥}

(ਅੰਗ - ੯੬੪)

{ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥ ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ ॥}

(ਅੰਗ - ੯੬੪)

{ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ ॥ ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥੧੪॥}

(ਅੰਗ - ੯੬੪)

{ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ ॥
ਬਿਨਠੀ ਦੁਰਮਤਿ ਦੁਰਤੁ ਸੋਇ ਕੂੜਾਵੀਆ ॥ ਸੀਲਵੰਤਿ ਪਰਧਾਨਿ ਰਿਦੈ ਸਚਾਵੀਆ ॥}

(ਅੰਗ - ੯੬੪)

{ਅੰਤਰਿ ਬਾਹਰਿ ਇਕੁ ਇਕ ਰੀਤਾਵੀਆ ॥
ਮਨਿ ਦਰਸਨ ਕੀ ਪਿਆਸ ਚਰਣ ਦਾਸਾਵੀਆ ॥ ਸੋਭਾ ਬਣੀ ਸੀਗਾਰੁ ਖਸਮਿ ਜਾਂ ਰਾਵੀਆ ॥}

(ਅੰਗ - ੯੬੪)

{ਹਭਿ ਗੁਣ ਤੈਡੇ ਨਾਨਕ ਜੀਉ ਮੈ ਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ ॥
ਤਉ ਜੇਵਡੁ ਦਾਤਾਰੁ ਨ ਕੋਈ ਜਾਚਕੁ ਸਦਾ ਜਾਚੋਵੈ ॥੧॥}

(ਅੰਗ - ੯੬੪)

{ਜੋ ਭਾਵੈ ਪਾਰਬ੍ਰਹਮ ਸੋਈ ਸਚੁ ਨਿਆਉ ॥ ਜੇ ਭਾਵੈ ਪਾਰਬ੍ਰਹਮ ਨਿਥਾਵੇ ਮਿਲੈ ਥਾਉ ॥}

(ਅੰਗ - ੯੬੪)

{ਜੋ ਕੀਨ੍ੀ ਕਰਤਾਰਿ ਸਾਈ ਭਲੀ ਗਲ ॥ ਜਿਨ੍ੀ ਪਛਾਤਾ ਖਸਮੁ ਸੇ ਦਰਗਾਹ ਮਲ ॥}

(ਅੰਗ - ੯੬੪)

{ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ ॥੧॥}

(ਅੰਗ - ੯੬੪)

{ਹਠ ਮੰਝਾਹੂ ਮੈ ਮਾਣਕੁ ਲਧਾ ॥ ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ ॥}

(ਅੰਗ - ੯੬੪)

{ਢੂੰਢ ਵਵਾਈ ਥੀਆ ਥਿਤਾ ॥ ਜਨਮੁ ਪਦਾਰਥੁ ਨਾਨਕ ਜਿਤਾ ॥੨॥}

(ਅੰਗ - ੯੬੪)

{ਜਿਸ ਕੈ ਮਸਤਕਿ ਕਰਮੁ ਹੋਇ ਸੋ ਸੇਵਾ ਲਾਗਾ ॥ ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ ਸੋ ਅਨਦਿਨੁ ਜਾਗਾ ॥}

(ਅੰਗ – ੯੬੪)

{ਲਗਾ ਰੰਗੁ ਚਰਣਾਰਬਿੰਦ ਸਭੁ ਭ੍ਰਮੁ ਭਉ ਭਾਗਾ ॥ ਆਤਮੁ ਜਿਤਾ ਗੁਰਮਤੀ ਆਗੰਜਤ ਪਾਗਾ ॥}

(ਅੰਗ – ੯੬੪)

{ਜਿਸਹਿ ਧਿਆਇਆ ਪਾਰਬ੍ਰਹਮੁ ਸੋ ਕਲਿ ਮਹਿ ਤਾਗਾ ॥ ਸਾਧੂ ਸੰਗਤਿ ਨਿਰਮਲਾ ਅਠਸਠਿ ਮਜਨਾਗਾ ॥
ਜਿਸੁ ਪ੍ਰਭੁ ਮਿਲਿਆ ਆਪਣਾ ਸੋ ਪੁਰਖੁ ਸਭਾਗਾ ॥ ਨਾਨਕ ਤਿਸੁ ਬਲਿਹਾਰਣੈ ਜਿਸੁ ਏਵਡ ਭਾਗਾ ॥੧੭॥}

(ਅੰਗ – ੯੬੪)

{ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ ॥ ਬਿਨੁ ਨਾਵੈ ਬਹੁ ਫੇਰੁ ਫਿਰਾਹਰਿ ॥}

(ਅੰਗ – ੯੬੫)

{ਸਤਿਗੁਰਿ ਸੰਗਿ ਦਿਖਾਇਆ ਜਾਹਰਿ ॥ ਜਨ ਨਾਨਕ ਸਚੇ ਸਚਿ ਸਮਾਹਰਿ ॥੧॥}

(ਅੰਗ – ੯੬੫)

{ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥੨॥}

(ਅੰਗ – ੯੬੫)

{ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ ॥ ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ ॥}

(ਅੰਗ – ੯੬੫)

{ਸਰਬ ਕਲਾ ਭਰਪੂਰੁ ਦਿਸੈ ਜਤ ਕਤਾ ॥ ਨਾਨਕ ਦਾਸਨਿ ਦਾਸੁ ਤੁਧੁ ਆਗੈ ਬਿਨਵਤਾ ॥੧੮॥}

(ਅੰਗ – ੯੬੫)

{ਓਹੁ ਪਿਆਰਾ ਜੀਅ ਕਾ ਜੋ ਖੋਲ੍ਹੈ ਭਿਤਾ ॥
ਸੇਵਾ ਕਰੀ ਤੁਸਾੜੀਆ ਮੈ ਦਸਿਹੁ ਮਿਤਾ ॥ ਕੁਰਬਾਣੀ ਵੰਞਾ ਵਾਰਣੈ ਬਲੇ ਬਲਿ ਕਿਤਾ ॥}

(ਅੰਗ – ੯੬੫

{ਦਸਨਿ ਸੰਤ ਪਿਆਰਿਆ ਸੁਣਹੁ ਲਾਇ ਚਿਤਾ ॥
ਜਿਸੁ ਲਿਖਿਆ ਨਾਨਕ ਦਾਸ ਤਿਸੁ ਨਾਉ ਅੰਮ੍ਰਿਤੁ ਸਤਿਗੁਰਿ ਦਿਤਾ ॥੧੯॥}

(ਅੰਗ – ੯੬੫)

{ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥ ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥੧॥}

(ਅੰਗ – ੯੬੫)

{ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ ॥ ਧੰਨੁ ਸੁ ਤੇਰੇ ਭਗਤ ਜਿਨ੍ੀ ਸਚੁ ਤੂੰ ਡਿਠਾ ॥}

(ਅੰਗ – ੯੬੫)

{ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ ॥ ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ ॥੨੦॥}

(ਅੰਗ – ੯੬੫)

{ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥
ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥}

(ਅੰਗ - ੯੬੬)

{ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ ॥ ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥
ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥ ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥੨੧॥}

(ਅੰਗ - ੯੬੬)

{ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ ॥
ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥}

(ਅੰਗ - ੯੬੬)

{ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥ ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥੨੨॥੧॥੨॥ ਸੁਧੁ ॥}

(ਅੰਗ - ੯੬੬)

{ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ ॥ ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ ॥}

(ਅੰਗ - ੯੬੬)

{ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥ ਲਹਣੇ ਧਰਿਓਨੁ ਛਤ੍ਰ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥}

(ਅੰਗ - ੯੬੬)

{ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥}

(ਅੰਗ - ੯੬੬)

{ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥}

(ਅੰਗ - ੯੬੬)

{ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥ ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥}

(ਅੰਗ - ੯੬੭)

{ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥}

(ਅੰਗ - ੯੬੭)

{ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥}

(ਅੰਗ - ੯੬੭)

{ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ ॥ ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ ॥}

(ਅੰਗ - ੯੬੭)

{ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ ॥
ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ ॥ ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ ॥}

(ਅੰਗ - ੯੬੮)

{ਜਿਨ੍ੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥}

(ਅੰਗ - ੯੬੮)

{ਆਪੀਨੈ੍ ਆਪੁ ਸਾਜਿਓਨੁ ਆਪੇ ਹੀ ਥੰਮ੍ਹਿ ਖਲੋਆ ॥ ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥}

(ਅੰਗ - ੯੬੮)

{ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ॥
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥੧॥}

(ਅੰਗ - ੯੬੯)

{ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ ॥
ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ ॥੩॥}

(ਅੰਗ - ੯੬੯)

{ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ॥
ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ ॥੧॥}

(ਅੰਗ - ੯੬੯)

{ਅਉਧੂ ਮੇਰਾ ਮਨੁ ਮਤਵਾਰਾ ॥ ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ ॥੧॥ ਰਹਾਉ ॥}

(ਅੰਗ - ੯੬੯)

{ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ ॥ ਕਾਮੁ ਕ੍ਰੋਧੁ ਦੁਇ ਕੀਏ ਜਲੇਤਾ ਛੂਟ�ि ਗਈ ਸੰਸਾਰੀ ॥੨॥}

(ਅੰਗ - ੯੬੯)

{ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ ਸਤਿਗੁਰ ਤੇ ਸੁਧਿ ਪਾਈ ॥
ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ ॥੩॥੨॥}

(ਅੰਗ - ੯੬੯)

{ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥
ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥੪॥}

(ਅੰਗ - ੯੬੯)

{ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥}

(ਅੰਗ - ੯੬੯)

{ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥}

(ਅੰਗ - ੯੬੯)

{ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥}

(ਅੰਗ - ੯੬੯)

{ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥
ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥}

(ਅੰਗ - ੯੭੦)

{ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥

ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥}

(ਅੰਗ - ੯੭੦)

{ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥
ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥}

(ਅੰਗ - ੯੭੦)

{ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ ॥
ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ ॥੨॥}

(ਅੰਗ - ੯੭੦)

{ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥
ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ ॥}

(ਅੰਗ - ੯੭੦)

{ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥
ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥}

(ਅੰਗ - ੯੭੦)

{ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ ॥
ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ ॥੨॥}

(ਅੰਗ - ੯੭੦)

{ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ ॥੩॥੭॥}

(ਅੰਗ - ੯੭੦)

{ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥
ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥੨॥}

(ਅੰਗ - ੯੭੧)

{ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੋ ਮੈ ਫੇਰਾ ॥
ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥੩॥}

(ਅੰਗ - ੯੭੧)

{ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥}

(ਅੰਗ - ੯੭੧)

{ਐਸਾ ਸਿਮਰਨੁ ਕਰਿ ਮਨ ਮਾਹਿ ॥ ਬਿਨੁ ਸਿਮਰਨ ਮੁਕਤਿ ਕਤ ਨਾਹਿ ॥੧॥ ਰਹਾਉ ॥}

(ਅੰਗ - ੯੭੧)

{ਜਿਹ ਸਿਮਰਨਿ ਨਾਹੀ ਨਨਕਾਰੁ ॥ ਮੁਕਤਿ ਕਰੈ ਉਤਰੈ ਬਹੁ ਭਾਰੁ ॥}

(ਅੰਗ - ੯੭੧)

{ਨਮਸਕਾਰੁ ਕਰਿ ਹਿਰਦੈ ਮਾਹਿ ॥ ਫਿਰਿ ਫਿਰਿ ਤੇਰਾ ਆਵਨੁ ਨਾਹਿ ॥੨॥}

(ਅੰਗ - ੯੭੧)

{ਜਿਹ ਸਿਮਰਨਿ ਕਰਹਿ ਤੂ ਕੇਲ ॥ ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥}

(ਅੰਗ - ੯੭੧)

{ਸੋ ਦੀਪਕੁ ਅਮਰਕੁ ਸੰਸਾਰਿ ॥ ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ ॥੩॥}

(ਅੰਗ - ੯੭੧)

{ਜਿਹ ਸਿਮਰਨਿ ਤੇਰੀ ਗਤਿ ਹੋਇ ॥ ਸੋ ਸਿਮਰਨੁ ਰਖੁ ਕੰਠਿ ਪਰੋਇ ॥}

(ਅੰਗ - ੯੭੧)

{ਸੋ ਸਿਮਰਨੁ ਕਰਿ ਨਹੀ ਰਾਖੁ ਉਤਾਰਿ ॥ ਗੁਰ ਪਰਸਾਦੀ ਉਤਰਹਿ ਪਾਰਿ ॥੪॥}

(ਅੰਗ - ੯੭੧)

{ਜਿਹ ਸਿਮਰਨਿ ਨਾਹੀ ਤੁਹਿ ਕਾਨਿ ॥ ਮੰਦਰਿ ਸੋਵਹਿ ਪਟੰਬਰ ਤਾਨਿ ॥}

(ਅੰਗ - ੯੭੧)

{ਸੇਜ ਸੁਖਾਲੀ ਬਿਗਸੈ ਜੀਉ ॥ ਸੋ ਸਿਮਰਨੁ ਤੂ ਅਨਦਿਨੁ ਪੀਉ ॥੫॥}

(ਅੰਗ - ੯੭੧)

{ਜਿਹ ਸਿਮਰਨਿ ਤੇਰੀ ਜਾਇ ਬਲਾਇ ॥ ਜਿਹ ਸਿਮਰਨਿ ਤੁਝੁ ਪੋਹੈ ਨ ਮਾਇ ॥}

(ਅੰਗ - ੯੭੧)

{ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥ ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥੬॥}

(ਅੰਗ - ੯੭੧)

{ਜਾਗੁ ਸੋਇ ਸਿਮਰਨ ਰਸ ਭੋਗ ॥ ਹਰਿ ਸਿਮਰਨੁ ਪਾਈਐ ਸੰਜੋਗ ॥੭॥}

(ਅੰਗ - ੯੭੧)

{ਜਿਹ ਸਿਮਰਨਿ ਨਾਹੀ ਤੁਝੁ ਭਾਰ ॥ ਸੋ ਸਿਮਰਨੁ ਰਾਮ ਨਾਮ ਅਧਾਰੁ ॥}

(ਅੰਗ - ੯੭੧)

{ਕਹਿ ਕਬੀਰ ਜਾ ਕਾ ਨਹੀ ਅੰਤੁ ॥ ਤਿਸ ਕੇ ਆਗੇ ਤੰਤੁ ਨ ਮੰਤੁ ॥੮॥੯॥}

(ਅੰਗ - ੯੭੧)

{ਜਬ ਨਖ ਸਿਖ ਇਹੁ ਮਨੁ ਚੀਨ੍ਹਾ ॥ ਤਬ ਅੰਤਰਿ ਮਜਨੁ ਕੀਨ੍ਹਾ ॥੧॥}

(ਅੰਗ - ੯੭੨)

{ਉਲਟੀ ਲੇ ਸਕਤਿ ਸਹਾਰੰ ॥ ਪੈਸੀਲੇ ਗਗਨ ਮਝਾਰੰ ॥}

(ਅੰਗ - ੯੭੨)

{ਬੇਧੀਅਲੇ ਚਕ੍ਰ ਭੁਅੰਗਾ ॥ ਭੇਟੀਅਲੇ ਰਾਇ ਨਿਸੰਗਾ ॥੨॥}

(ਅੰਗ - ੯੭੨)

{ਚੂਕੀਅਲੇ ਮੋਹ ਮਇਆਸਾ ॥ ਸਸਿ ਕੀਨੋ ਸੂਰ ਗਿਰਾਸਾ ॥}

(ਅੰਗ - ੯੭੨)

{ਜਬ ਕੁੰਭਕੁ ਭਰਿਪੁਰਿ ਲੀਣਾ ॥ ਤਹ ਬਾਜੇ ਅਨਹਦ ਬੀਣਾ ॥੩॥}

(ਅੰਗ - ੯੭੨)

{ਬਕਤੈ ਬਕਿ ਸਬਦੁ ਸੁਨਾਇਆ ॥ ਸੁਨਤੈ ਸੁਨਿ ਮੰਨਿ ਬਸਾਇਆ ॥}

(ਅੰਗ - ੯੭੨)

{ਕਰਿ ਕਰਤਾ ਉਤਰਸਿ ਪਾਰੰ ॥ ਕਹੈ ਕਬੀਰਾ ਸਾਰੰ ॥੪॥੧॥੧੦॥}

(ਅੰਗ - ੯੭੨)

{ਬੰਧਚਿ ਬੰਧਨੁ ਪਾਇਆ ॥ ਮੁਕਤੈ ਗੁਰਿ ਅਨਲੁ ਬੁਝਾਇਆ ॥}

(ਅੰਗ - ੯੭੨)

{ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥ ਜੋਤੀ ਅੰਤਰਿ ਧਰਿਆ ਪਸਾਰੁ ॥੧॥ ਰਹਾਉ ॥}

(ਅੰਗ - ੯੭੨)

{ਹੀਰਾ ਦੇਖਿ ਹੀਰੇ ਕਰਉ ਆਦੇਸੁ ॥ ਕਹੈ ਕਬੀਰੁ ਨਿਰੰਜਨ ਅਲੇਖੁ ॥੨॥੨॥੧੧॥}

(ਅੰਗ - ੯੭੨)

{ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ ॥
ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥੧॥ ਰਹਾਉ ॥}

(ਅੰਗ - ੯੭੨)

{ਨੰਨੀਬੁ ਭਇਓ ਆਂਬੁ ਆਂਬੁ ਭਇਓ ਨੰਨੀਬਾ ਕੇਲਾ ਪਾਕਾ ਝਾਰਿ ॥
ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ ॥੧॥}

(ਅੰਗ - ੯੭੨)

{ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੰਹੀ ਚੁਨਿਓ ਨ ਜਾਈ ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ ॥੨॥੩॥੧੨॥}

(ਅੰਗ - ੯੭੨)

{ਮਨੁ ਰਾਮ ਨਾਮਾ ਬੇਧੀਅਲੇ ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ ਰਹਾਉ ॥}

(ਅੰਗ - ੯੭੨)

{ਬੈਰਾਗੀ ਰਾਮਹਿ ਗਾਵਉਗੋ ॥ ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ ॥੧॥ ਰਹਾਉ ॥}

(ਅੰਗ - ੯੭੩)

{ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ॥
ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥੪॥੨॥}

(ਅੰਗ - ੯੭੩)

{ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ ਰਹਾਉ ॥}

(ਅੰਗ - ੯੭੩)

{ਦੇਵ ਸੰਸੈ ਗਾਂਠਿ ਨ ਛੂਟੈ ॥ ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥}

(ਅੰਗ - ੯੭੪)

{ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥}

(ਅੰਗ - ੯੭੪)

{ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥}

(ਅੰਗ - ੯੭੪)

{ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥}

(ਅੰਗ - ੯੭੪)

{ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥}

(ਅੰਗ - ੯੭੪)

{ਉਪਜੈ ਗਿਆਨੁ ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥}

(ਅੰਗ - ੯੭੪)

{ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥}

(ਅੰਗ - ੯੭੪)

{ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥}

(ਅੰਗ - ੯੭੪)

{ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥}

(ਅੰਗ - ੯੭੪)

{ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥}

(ਅੰਗ - ੯੭੪)

{ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥}

(ਅੰਗ - ੯੭੪)

{ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥}

(ਅੰਗ - ੯੭੪)

{ਸਰਬ ਕਲਾ ਲੇ ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥}

(ਅੰਗ - ੯੭੪)

{ਮਸਤਕਿ ਪਦਮੁ ਦੁਆਲੈ ਮਣੀ ॥ ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥}

(ਅੰਗ - ੯੭੪)

{ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥}

(ਅੰਗ - ੯੭੪)

{ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ ॥ ਕੋਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥੧॥ ਰਹਾਉ ॥}

(ਅੰਗ - ੯੭੫)

{ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ ॥
ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ ॥੧॥}

(ਅੰਗ - ੯੭੫)

{ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ ॥
ਪੰਚ ਦੋਖ ਅਸਾਧ ਨਗਰ ਮਹਿ ਇਕੁ ਖਿਨੁ ਪਲੁ ਦੂਰਿ ਕਰੇ ॥੨॥}

(ਅੰਗ - ੯੭੫)

{ਕ੍ਰਿਪਾ ਕ੍ਰਿਪਾ ਧਾਰਿ ਜਗਜੀਵਨ ਰਖਿ ਲੇਵਹੁ ਸਰਨਿ ਪਰੇ ॥
ਨਾਨਕੁ ਜਨੁ ਤੁਮਰੀ ਸਰਨਾਈ ਹਰਿ ਰਾਖਹੁ ਲਾਜ ਹਰੇ ॥੪॥੧॥}

(ਅੰਗ - ੯੭੫)

{ਰਾਮ ਜਪਿ ਜਨ ਰਾਮੈ ਨਾਮਿ ਰਲੇ ॥
ਰਾਮ ਨਾਮੁ ਜਪਿਓ ਗੁਰ ਬਚਨੀ ਹਰਿ ਧਾਰੀ ਹਰਿ ਕ੍ਰਿਪਲੇ ॥੧॥ ਰਹਾਉ ॥}

(ਅੰਗ - ੯੭੫)

{ਹਰਿ ਹਰਿ ਅਗਮ ਅਗੋਚਰੁ ਸੁਆਮੀ ਜਨ ਜਪਿ ਮਿਲਿ ਸਲਲ ਸਲਲੇ ॥
ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ ਹਮ ਜਨ ਕੈ ਬਲਿ ਬਲਲੇ ॥੧॥}

(ਅੰਗ - ੯੭੫)

{ਪੁਰਖੋਤਮੁ ਹਰਿ ਨਾਮੁ ਜਨਿ ਗਾਇਓ ਸਭਿ ਦਾਲਦ ਦੁਖ ਦਲਲੇ ॥
ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ ਪਰਲੇ ॥੨॥}

(ਅੰਗ - ੯੭੫)

{ਹਮਰੈ ਸੁਆਮੀ ਲੋਚ ਹਮ ਲਾਈ ਹਮ ਜੀਵਹਿ ਦੇਖਿ ਹਰਿ ਮਿਲੇ ॥
ਜਨ ਨਾਨਕ ਹਰਿ ਅਮਲ ਹਰਿ ਲਾਏ ਹਰਿ ਮੇਲਹੁ ਅਨਦ ਭਲੇ ॥੪॥੨॥}

(ਅੰਗ - ੯੭੫)

{ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ ॥
ਗੁਰ ਪਰਸਾਦੀ ਹਰਿ ਨਾਮੁ ਧਿਆਇਓ ਹਮ ਸਤਿਗੁਰ ਚਰਨ ਪਖੇ ॥੧॥ ਰਹਾਉ ॥}

(ਅੰਗ - ੯੭੫)

{ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ ॥
ਅਵਗਨਿਆਰੇ ਪਾਥਰ ਭਾਰੇ ਹਰਿ ਤਾਰੇ ਸੰਗਿ ਜਨਖੇ ॥੩॥}

(ਅੰਗ - ੯੭੬)

{ਜਿਨ ਕਉ ਤੁਮ ਹਰਿ ਰਾਖਹੁ ਸੁਆਮੀ ਸਭ ਤਿਨ ਕੇ ਪਾਪ ਕ੍ਰਿਖੇ ॥
ਜਨ ਨਾਨਕ ਕੇ ਦਇਆਲ ਪ੍ਰਭ ਸੁਆਮੀ ਤੁਮ ਦੁਸਟ ਤਾਰੇ ਹਰਣਖੇ ॥੪॥੩॥}

(ਅੰਗ - ੯੭੬)

{ਤੁਮਰੇ ਗੁਨ ਪ੍ਰਭ ਕਹਿ ਨ ਸਕਹਿ ਹਮ ਤੁਮ ਵਡ ਵਡ ਪੁਰਖ ਵਡਗੇ ॥
ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਹਮ ਸੇਵਹ ਤੁਮ ਜਨ ਪਗੇ ॥੪॥੪॥}

(ਅੰਗ - ੯੭੬)

{ਮੇਰੇ ਮਨ ਜਪਿ ਹਰਿ ਹਰਿ ਨਾਮੁ ਮਨੇ ॥ ਜਗੰਨਾਥਿ ਕਿਰਪਾ ਪ੍ਰਭਿ ਧਾਰੀ ਮਤਿ ਗੁਰਮਤਿ ਨਾਮ ਬਨੇ ॥੧॥ ਰਹਾਉ ॥}

(ਅੰਗ - ੯੭੬)

{ਹਰਿ ਜਨ ਹਰਿ ਜਸੁ ਹਰਿ ਹਰਿ ਗਾਇਓ ਉਪਦੇਸਿ ਗੁਰੂ ਗੁਰ ਸੁਨੇ ॥
ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ ਲੁਨੇ ॥੧॥}

(ਅੰਗ - ੯੭੬)

{ਮਾਇਆ ਫਾਸ ਬੰਧ ਬਹੁ ਬੰਧੇ ਹਰਿ ਜਪਿਓ ਖੁਲ ਖੁਲਨੇ ॥
ਜਿਉ ਜਲ ਕੁੰਚਰੁ ਤਦੂਐ ਬਾਂਧਿਓ ਹਰਿ ਚੇਤਿਓ ਮੋਖ ਮੁਖਨੇ ॥੩॥}

(ਅੰਗ - ੯੭੬)

{ਮੇਰੇ ਮਨ ਕਲਿ ਕੀਰਤਿ ਹਰਿ ਪ੍ਰਵਣੇ ॥
ਹਰਿ ਹਰਿ ਦਇਆਲਿ ਦਇਆ ਪ੍ਰਭ ਧਾਰੀ ਲਗਿ ਸਤਿਗੁਰ ਹਰਿ ਜਪਣੇ ॥੧॥ ਰਹਾਉ ॥}

(ਅੰਗ - ੯੭੬)

{ਤੁਮ ਜਲ ਨਿਧਿ ਹਰਿ ਮਾਨ ਸਰੋਵਰ ਜੋ ਸੇਵੈ ਸਭ ਫਲਣੇ ॥
ਜਨੁ ਨਾਨਕੁ ਹਰਿ ਹਰਿ ਹਰਿ ਹਰਿ ਬਾਂਛੈ ਹਰਿ ਦੇਵਹੁ ਕਰਿ ਕ੍ਰਿਪਣੇ ॥੪॥੬॥}

(ਅੰਗ - ੯੭੬)

{ਮੇਰੇ ਮਨ ਸੇਵ ਸਫਲ ਹਰਿ ਘਾਲ ॥ ਲੇ ਗੁਰ ਪਗ ਰੇਨ ਰਵਾਲ ॥}

(ਅੰਗ - ੯੭੭)

{ਸਭਿ ਦਾਲਿਦ ਭੰਜਿ ਦੁਖ ਦਾਲ ॥ ਹਰਿ ਹੋ ਹੋ ਹੋ ਨਦਰਿ ਨਿਹਾਲ ॥੧॥ ਰਹਾਉ ॥}

(ਅੰਗ - ੯੭੭)

{ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਕਥਾ ਭਜੰਤੀ ॥
ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ ॥੧॥}

(ਅੰਗ - ੯੭੭)

{ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ ॥
ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ ਜਪਿ ਹਰਿ ਹਰਿ ਹਰਿ ਹੋਵੰਤੀ ॥੨॥੨॥੮॥}

(ਅੰਗ - ੯੭੭)

{ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲ ॥
ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ ॥੧॥}

(ਅੰਗ - ੯੭੭)

{ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ ॥
ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ ਹਰਿ ਦੇਖਿ ਨਿਕਟਿ ਹਦੂਰਿ ਨਿਹਾਲ ਨਿਹਾਲ ਨਿਹਾਲ ਨਿਹਾਲ ॥੨॥੩॥੯॥}

(ਅੰਗ - ੯੭੭)

{ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ ॥
ਸੰਤਸੰਗਿ ਲਗਿ ਏਹੁ ਸੁਖੁ ਪਾਇਓ ਹਰਿ ਗੁਨ ਸਦ ਹੀ ਗਾਵੈ ॥੩॥}

(ਅੰਗ - ੯੭੮)

{ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ ॥
ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹ ਆਵੈ ॥੪॥੧॥}

(ਅੰਗ - ੯੭੮)

{ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ ਰਹਾਉ ॥}

(ਅੰਗ - ੯੭੮)

{ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥
ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥}

(ਅੰਗ - ੯੭੮)

{ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ ॥
ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ ॥੨॥੧॥੨॥}

(ਅੰਗ - ੯੭੮)

{ਜਾ ਕਉ ਭਈ ਤੁਮਾਰੀ ਧੀਰ ॥ ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ ਨਿਕਸੀ ਹਉਮੈ ਪੀਰ ॥੧॥ ਰਹਾਉ ॥}

(ਅੰਗ - ੯੭੮)

{ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ ॥
ਬਿਸਮ ਭਏ ਨਾਨਕ ਜਸੁ ਗਾਵਤ ਠਾਕੁਰ ਗੁਨੀ ਗਹੀਰ ॥੨॥੨॥੩॥}

(ਅੰਗ - ੯੭੮)

{ਅਪਨਾ ਜਨੁ ਆਪਹਿ ਆਪਿ ਉਧਾਰਿਓ ॥
ਆਠ ਪਹਰ ਜਨ ਕੈ ਸੰਗਿ ਬਸਿਓ ਮਨ ਤੇ ਨਾਹਿ ਬਿਸਾਰਿਓ ॥੧॥ ਰਹਾਉ ॥}

(ਅੰਗ - ੯੭੯)

{ਬਰਨੁ ਚਿਹਨੁ ਨਾਹੀ ਕਿਛੁ ਪੇਖਿਓ ਦਾਸ ਕਾ ਕੁਲੁ ਨ ਬਿਚਾਰਿਓ ॥
ਕਰਿ ਕਿਰਪਾ ਨਾਮੁ ਹਰਿ ਦੀਓ ਸਹਜਿ ਸੁਭਾਇ ਸਵਾਰਿਓ ॥੧॥}

(ਅੰਗ - ੯੭੯)

{ਮਹਾ ਬਿਖਮੁ ਅਗਨਿ ਕਾ ਸਾਗਰੁ ਤਿਸ ਤੇ ਪਾਰਿ ਉਤਾਰਿਓ ॥
ਪੇਖਿ ਪੇਖਿ ਨਾਨਕ ਬਿਗਸਾਨੋ ਪੁਨਹ ਪੁਨਹ ਬਲਿਹਾਰਿਓ ॥੨॥੩॥੪॥}

(ਅੰਗ - ੯੭੯)

{ਖੋਜਤ ਖੋਜਤ ਭਇਓ ਬੈਰਾਗੀ ਸਾਧੂ ਸੰਗਿ ਲਹਿਓ ॥
ਸਗਲ ਤਿਆਗਿ ਏਕ ਲਿਵ ਲਾਗੀ ਹਰਿ ਹਰਿ ਚਰਨ ਗਹਿਓ ॥੧॥}

(ਅੰਗ - ੯੭੯)

{ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥
ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥੧॥}

(ਅੰਗ - ੯੭੯)

{ਪੂਰਨ ਪੂਰਿ ਰਹੇ ਕਿਰਪਾ ਨਿਧਿ ਆਨ ਨ ਪੇਖਉ ਹੋਰੀ ॥
ਨਾਨਕ ਮੇਲਿ ਲੀਓ ਦਾਸੁ ਅਪੁਨਾ ਪ੍ਰੀਤਿ ਨ ਕਬਹੂ ਥੋਰੀ ॥੨॥੫॥੬॥}

(ਅੰਗ - ੯੭੯)

{ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ ॥
ਪੂਰਨ ਪੂਰਿ ਰਹੇ ਕਿਰਪਾ ਨਿਧਿ ਘਟਿ ਘਟਿ ਦਿਸਟਿ ਸਮਾਇਣੁ ॥੧॥}

(ਅੰਗ - ੯੭੯)

{ਮੇਰੈ ਸਰਬਸੁ ਨਾਮੁ ਨਿਧਾਨੁ ॥
ਕਰਿ ਕਿਰਪਾ ਸਾਧੂ ਸੰਗਿ ਮਿਲਿਓ ਸਤਿਗੁਰਿ ਦੀਨੋ ਦਾਨੁ ॥੧॥ ਰਹਾਉ ॥}

(ਅੰਗ - ੯੭੯)

{ਸੁਖਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ ॥
ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੇ ਬਿਨਸਿਓ ਮੂੜ ਅਭਿਮਾਨੁ ॥੧॥}

(ਅੰਗ - ੯੭੯)

{ਕੋਊ ਹੈ ਮੇਰੋ ਸਾਜਨੁ ਮੀਤੁ ॥ ਹਰਿ ਨਾਮੁ ਸੁਨਾਵੈ ਨੀਤ ॥
ਬਿਨਸੈ ਦੁਖੁ ਬਿਪਰੀਤਿ ॥ ਸਭੁ ਅਰਪਉ ਮਨੁ ਤਨੁ ਚੀਤੁ ॥੧॥ ਰਹਾਉ ॥}

(ਅੰਗ - ੯੮੦)

{ਕੋਈ ਵਿਰਲਾ ਆਪਨ ਕੀਤ ॥ ਸੰਗਿ ਚਰਨ ਕਮਲ ਮਨੁ ਸੀਤ ॥ ਕਰਿ ਕਿਰਪਾ ਹਰਿ ਜਸੁ ਦੀਤ ॥੧॥}

(ਅੰਗ - ੯੮੦)

{ਹਰਿ ਭਜਿ ਜਨਮੁ ਪਦਾਰਥੁ ਜੀਤ ॥ ਕੋਟਿ ਪਤਿਤ ਹੋਹਿ ਪੁਨੀਤ ॥
ਨਾਨਕ ਦਾਸ ਬਲਿ ਬਲਿ ਕੀਤ ॥੨॥੧॥੧੦॥੧੯॥}

(ਅੰਗ - ੯੮੦)

{ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ ॥
ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮ੍ਹਾਰੇ ॥੧॥ ਰਹਾਉ ॥}

(ਅੰਗ - ੯੮੦)

{ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ਮੈ ਹਰਿ ਹਰਿ ਨਾਮੁ ਪਿਆਰੇ ॥
ਦੀਨ ਦਇਆਲ ਭਏ ਪ੍ਰਭ ਠਾਕੁਰ ਗੁਰ ਕੈ ਸਬਦਿ ਸਵਾਰੇ ॥੧॥}

(ਅੰਗ - ੯੮੦)

{ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥}

(ਅੰਗ - ੯੮੦)

{ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥}

(ਅੰਗ - ੯੮੦)

{ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥੭॥}

(ਅੰਗ - ੯੮੦)

{ਰਾਮ ਹਮ ਪਾਥਰ ਨਿਰਗੁਨੀਆਰੇ ॥
ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ ਹਮ ਪਾਹਨ ਸਬਦਿ ਗੁਰ ਤਾਰੇ ॥੧॥ ਰਹਾਉ ॥}

(ਅੰਗ - ੯੮੧)

{ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥}

(ਅੰਗ - ੯੮੧)

{ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥}

(ਅੰਗ - ੯੮੧)

{ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ ॥
ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ ॥੬॥}

(ਅੰਗ - ੯੮੧)

{ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ ॥
ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ ॥੭॥}

(ਅੰਗ - ੯੮੧)

{ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ॥
ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ ॥੧॥ ਰਹਾਉ ॥}

(ਅੰਗ - ੯੮੧)

{ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ ॥
ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ ॥੩॥}

(ਅੰਗ - ੯੮੧)

{ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ ॥
ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ ॥੫॥}

(ਅੰਗ - ੯੮੧)

{ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ ਲਗਿ ਸਾਧੂ ਸੰਗਿ ਸਵਾਰੇ ॥
ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ ਮੇਰੇ ਠਾਕੁਰ ਬਹੁਤੁ ਪਿਆਰੇ ॥੬॥}

(ਅੰਗ - ੯੮੨)

{ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥}

(ਅੰਗ - ੯੮੨)

{ਪਵਨ ਸੂਤੁ ਸਭੁ ਨੀਕਾ ਕਰਿਆ ਸਤਿਗੁਰਿ ਸਬਦੁ ਵੀਚਾਰੇ ॥
ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ ਬਿਨੁ ਨੈਨਾ ਜਗਤੁ ਨਿਹਾਰੇ ॥੭॥}

(ਅੰਗ - ੯੮੩)

{ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ ॥
ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ ॥੨॥}

(ਅੰਗ - ੯੮੩)

{ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ ॥
ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ ॥੬॥}

(ਅੰਗ - ੯੮੩)

{ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ ॥੭॥}

(ਅੰਗ - ੯੮੩)

{ਕਾਮੁ ਕ੍ਰੋਧੁ ਲੋਭੁ ਮੋਹੁ ਨਿਤ ਝਗਰਤੇ ਝਗਰਾਇਆ ॥
ਹਮ ਰਾਖੁ ਰਾਖੁ ਦੀਨ ਤੇਰੇ ਹਰਿ ਸਰਨਿ ਹਰਿ ਪ੍ਰਭ ਆਇਆ ॥੧॥}

(ਅੰਗ - ੯੮੪)

{ਹਰਿ ਚੇਤਿ ਰੇ ਮਨ ਮਹਲੁ ਪਾਵਣ ਸਭ ਦੂਖ ਭੰਜਨੁ ਰਾਇਆ ॥
ਭਉ ਜਨਮ ਮਰਨ ਨਿਵਾਰਿ ਠਾਕੁਰ ਹਰਿ ਗੁਰਮਤੀ ਪ੍ਰਭੁ ਪਾਇਆ ॥੩॥}

(ਅੰਗ - ੯੮੪)

{ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥
ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥੧॥}

(ਅੰਗ - ੯੮੪)

{ਲਿਲਾਟ ਲਿਖੇ ਪਾਇਆ ਗੁਰੁ ਸਾਧੂ ਗੁਰ ਬਚਨੀ ਮਨੁ ਤਨੁ ਰਾਤਾ ॥
ਹਰਿ ਪ੍ਰਭ ਆਇ ਮਿਲੇ ਸੁਖੁ ਪਾਇਆ ਸਭ ਕਿਲਵਿਖ ਪਾਪ ਗਵਾਤਾ ॥੩॥}

(ਅੰਗ - ੯੮੪)

{ਰਾਮ ਰਸਾਇਣੁ ਜਿਨ੍ ਗੁਰਮਤਿ ਪਾਇਆ ਤਿਨ੍ ਕੀ ਊਤਮ ਬਾਤਾ ॥
ਤਿਨ ਕੀ ਪੰਕ ਪਾਈਐ ਵਡਭਾਗੀ ਜਨ ਨਾਨਕੁ ਚਰਨਿ ਪਰਾਤਾ ॥੪॥੨॥}

(ਅੰਗ - ੯੮੪)

{ਹਮ ਨੀਚ ਮਧਿਮ ਕਰਮ ਕੀਏ ਨਹੀ ਚੇਤਿਓ ਹਰਿ ਰਾਇਓ ॥
ਹਰਿ ਆਨਿ ਮੇਲਿਓ ਸਤਿਗੁਰੂ ਖਿਨੁ ਬੰਧ ਮੁਕਤਿ ਕਰਾਇਓ ॥੧॥}

(ਅੰਗ - ੯੮੫)

{ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ ॥
ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥੨॥}

(ਅੰਗ - ੯੮੫)

{ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ ਗੁਰ ਚਰਨ ਮਨੁ ਮੈ ਲਾਇਓ ॥
ਹਰਿ ਰਾਮ ਨਾਮੈ ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ ॥੪॥੩॥}

(ਅੰਗ - ੯੮੫)

{ਮੇਰਾ ਮਨੁ ਰਾਮ ਨਾਮਿ ਰਸਿ ਲਾਗਾ ॥
ਕਮਲ ਪ੍ਰਗਾਸੁ ਭਇਆ ਗੁਰੁ ਪਾਇਆ ਹਰਿ ਜਪਿਓ ਭ੍ਰਮੁ ਭਉ ਭਾਗਾ ॥੧॥ ਰਹਾਉ ॥}

(ਅੰਗ - ੯੮੫)

{ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ ਮਨੁ ਸੋਇਓ ਗੁਰਮਤਿ ਜਾਗਾ ॥
ਕਿਲਬਿਖ ਖੀਨ ਭਏ ਸਾਂਤਿ ਆਈ ਹਰਿ ਉਰ ਧਾਰਿਓ ਵਡਭਾਗਾ ॥੧॥}

(ਅੰਗ - ੯੮੫)

{ਗੁਰਮਤਿ ਨਾਮੁ ਧਿਆਈਐ ਹਰਿ ਹਰਿ ਮਨਿ ਜਪੀਐ ਹਰਿ ਜਪਮਾਲਾ ॥
ਜਿਨ੍ ਕੈ ਮਸਤਕਿ ਲੀਖਿਆ ਹਰਿ ਮਿਲਿਆ ਹਰਿ ਬਨਮਾਲਾ ॥੧॥}

(ਅੰਗ - ੯੮੫)

{ਹਮ ਬਾਰਿਕ ਕਿਛੂ ਨ ਜਾਣਹੂ ਹਰਿ ਮਾਤ ਪਿਤਾ ਪ੍ਰਤਿਪਾਲਾ ॥
ਕਰੁ ਮਾਇਆ ਅਗਨਿ ਨਿਤ ਮੇਲਤੇ ਗੁਰਿ ਰਾਖੇ ਦੀਨ ਦਇਆਲਾ ॥੩॥}

(ਅੰਗ - ੯੮੫)

{ਬਹੁ ਮੈਲੇ ਨਿਰਮਲ ਹੋਇਆ ਸਭ ਕਿਲਬਿਖ ਹਰਿ ਜਸਿ ਜਾਲਾ ॥
ਮਨਿ ਅਨਦੁ ਭਇਆ ਗੁਰੁ ਪਾਇਆ ਜਨ ਨਾਨਕ ਸਬਦਿ ਨਿਹਾਲਾ ॥੪॥੫॥}

(ਅੰਗ - ੯੮੫)

{ਹਰਿ ਕੀਰਤਿ ਗੁਰਮਤਿ ਜਸੁ ਗਾਇਓ ਮਨਿ ਉਘਰੇ ਕਪਟ ਕਪਾਟ ॥
ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ ॥੩॥}

(ਅੰਗ - ੯੮੬)

{ਨਿਤ ਚਰਨ ਸੇਵਹੁ ਸਾਧ ਕੇ ਤਜਿ ਲੋਭ ਮੋਹ ਬਿਕਾਰ ॥
ਸਭ ਤਜਹੁ ਦੂਜੀ ਆਸੜੀ ਰਖੁ ਆਸ ਇਕ ਨਿਰੰਕਾਰ ॥੨॥}

(ਅੰਗ - ੯੮੬)

{ਜਾ ਕੈ ਸਿਮਰਨਿ ਭਉ ਦੁਖ ਹਰੈ ॥ ਜਾ ਕੈ ਸਿਮਰਨਿ ਅਪਦਾ ਟਰੈ ॥}

(ਅੰਗ - ੯੮੬)

{ਜਾ ਕੈ ਸਿਮਰਨਿ ਮੁਚਤ ਪਾਪ ॥ ਜਾ ਕੈ ਸਿਮਰਨਿ ਨਹੀ ਸੰਤਾਪ ॥੨॥}

(ਅੰਗ - ੯੮੬)

{ਜਾ ਕੈ ਸਿਮਰਨਿ ਰਿਦ ਬਿਗਾਸ ॥ ਜਾ ਕੈ ਸਿਮਰਨਿ ਕਵਲਾ ਦਾਸਿ ॥}

(ਅੰਗ - ੯੮੬)

{ਜਾ ਕੈ ਸਿਮਰਨਿ ਨਿਧਿ ਨਿਧਾਨ ॥ ਜਾ ਕੈ ਸਿਮਰਨਿ ਤਰੇ ਨਿਦਾਨ ॥੩॥}

(ਅੰਗ - ੯੮੬)

{ਐਸੋ ਸਹਾਈ ਹਰਿ ਕੋ ਨਾਮ ॥ ਸਾਧਸੰਗਤਿ ਭਜੁ ਪੂਰਨ ਕਾਮ ॥੧॥ ਰਹਾਉ ॥}

(ਅੰਗ - ੯੮੬)

{ਬੂਡਤ ਕਉ ਜੈਸੇ ਬੇੜੀ ਮਿਲਤ ॥ ਬੂਝਤ ਦੀਪਕ ਮਿਲਤ ਤਿਲਤ ॥}

(ਅੰਗ - ੯੮੬)

{ਗਰੁੜ ਮੁਖਿ ਨਹੀ ਸਰਪ ਤ੍ਰਾਸ ॥ ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥}

(ਅੰਗ - ੯੮੬)

{ਬਹੁਤੁ ਓਪਮਾ ਥੋਰ ਕਹੀ ॥ ਹਰਿ ਅਗਮ ਅਗਮ ਅਗਾਧਿ ਤੁਹੀ ॥}

(ਅੰਗ - ੯੮੬)

{ਊਚ ਮੂਚੌ ਬਹੁ ਅਪਾਰ ॥ ਸਿਮਰਤ ਨਾਨਕ ਤਰੇ ਸਾਰ ॥੪॥੩॥}

(ਅੰਗ - ੯੮੬)

{ਸੰਤਸੰਗਿ ਮੇਰੇ ਮਨ ਕੀ ਪ੍ਰੀਤਿ ॥ ਸੰਤ ਗੁਨ ਬਸਹਿ ਮੇਰੈ ਚੀਤਿ ॥}

(ਅੰਗ - ੯੮੭)

{ਸੰਤ ਆਗਿਆ ਮਨਹਿ ਮੀਠ ॥ ਮੇਰਾ ਕਮਲੁ ਬਿਗਸੈ ਸੰਤ ਡੀਠ ॥੨॥}

(ਅੰਗ - ੯੮੭)

{ਸੰਤ ਬਚਨ ਮੇਰੇ ਮਨਹਿ ਮੰਤ ॥ ਸੰਤ ਪ੍ਰਸਾਦਿ ਮੇਰੇ ਬਿਖੈ ਹੰਤ ॥੩॥}

(ਅੰਗ - ੯੮੭)

{ਮੁਕਤਿ ਜੁਗਤਿ ਏਹਾ ਨਿਧਾਨ ॥ ਪ੍ਰਭ ਦਇਆਲ ਮੋਹਿ ਦੇਵਹੁ ਦਾਨ ॥}

(ਅੰਗ - ੯੮੭)

{ਨਾਨਕ ਕਉ ਪ੍ਰਭ ਦਇਆ ਧਾਰਿ ॥ ਚਰਨ ਸੰਤਨ ਕੇ ਮੇਰੇ ਰਿਦੇ ਮਝਾਰਿ ॥੪॥੪॥}

(ਅੰਗ - ੯੮੭)

{ਸਭ ਕੈ ਸੰਗੀ ਨਾਹੀ ਦੂਰਿ ॥ ਕਰਨ ਕਰਾਵਨ ਹਾਜਰਾ ਹਜੂਰਿ ॥੧॥ ਰਹਾਉ ॥}

(ਅੰਗ - ੯੮੭)

{ਸੁਨਤ ਜੀਓ ਜਾਸੁ ਨਾਮੁ ॥ ਦੁਖ ਬਿਨਸੇ ਸੁਖ ਕੀਓ ਬਿਸ੍ਰਾਮੁ ॥}

(ਅੰਗ - ੯੮੭)

{ਸਦਾ ਧਰਮੁ ਜਾ ਕੈ ਦੀਬਾਣਿ ॥ ਬੇਮੁਹਤਾਜ ਨਹੀ ਕਿਛੁ ਕਾਣਿ ॥}

(ਅੰਗ - ੯੮੭)

{ਸਭ ਕਿਛੁ ਕਰਨਾ ਆਪਨ ਆਪਿ ॥ ਰੇ ਮਨ ਮੇਰੇ ਤੂ ਤਾ ਕਉ ਜਾਪਿ ॥੩॥}

(ਅੰਗ - ੯੮੭)

{ਨਾਮ ਸੰਗਿ ਮਨ ਤਨਹਿ ਰਾਤ ॥ ਨਾਨਕ ਕਉ ਪ੍ਰਭਿ ਕਰੀ ਦਾਤਿ ॥੪॥੫॥}

(ਅੰਗ - ੯੮੭)

{ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤਿ ਗਾਉ ॥
ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥੨॥੧॥੬॥}

(ਅੰਗ - ੯੮੭)

{ਪ੍ਰਭ ਸਮਰਥ ਦੇਵ ਅਪਾਰ ॥ ਕਉਨੁ ਜਾਨੈ ਚਲਿਤ ਤੇਰੇ ਕਿਛੁ ਅੰਤੁ ਨਾਹੀ ਪਾਰ ॥੧॥ ਰਹਾਉ ॥}

(ਅੰਗ - ੯੮੮)

{ਹਰਿ ਸਰਨਿ ਆਇਓ ਦਾਸੁ ਤੇਰਾ ਪ੍ਰਭ ਊਚ ਅਗਮ ਮੁਰਾਰ ॥
ਕਢਿ ਲੇਹੁ ਭਉਜਲ ਬਿਖਮ ਤੇ ਜਨੁ ਨਾਨਕੁ ਸਦ ਬਲਿਹਾਰ ॥੨॥੨॥੭॥}

(ਅੰਗ - ੯੮੮)

{ਆਦਿ ਅੰਤੇ ਮਧਿ ਤੂਹੈ ਪ੍ਰਭ ਬਿਨਾ ਨਾਹੀ ਕੋਇ ॥
ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ ॥੧॥}

(ਅੰਗ - ੯੮੮)

{ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ ॥
ਬਲਿਹਾਰਿ ਜਾਏ ਸਦਾ ਨਾਨਕੁ ਦੇਹੁ ਅਪਣਾ ਨਾਉ ॥੨॥੩॥੮॥੬॥੧੪॥}

(ਅੰਗ - ੯੮੮)

{ਧਨਿ ਧੰਨਿ ਓ ਰਾਮ ਬੇਨੁ ਬਾਜੈ ॥ ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥}

(ਅੰਗ - ੯੮੮)

{ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ ਰਹਾਉ ॥}

(ਅੰਗ - ੯੮੮)

{ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥
ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ ॥੨॥੨॥}

(ਅੰਗ - ੯੮੮)

{ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥}

(ਅੰਗ - ੯੮੮)

{ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥}

(ਅੰਗ - ੯੮੮)

{ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥ ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥}

(ਅੰਗ - ੯੯੯)

{ਬਾਬਾ ਮੈ ਕਰਮਹੀਣ ਕੂੜਿਆਰ ॥ ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ ॥}

(ਅੰਗ - ੯੯੯)

{ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥ ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥੨॥}

(ਅੰਗ - ੯੯੯)

{ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥}

(ਅੰਗ - ੯੯੯)

{ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥}

(ਅੰਗ - ੯੯੯)

{ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ ॥੪॥੨॥}

(ਅੰਗ - ੯੯੯)

{ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥}

(ਅੰਗ - ੯੯੦)

{ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥}

(ਅੰਗ - ੯੯੦)

{ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥}

(ਅੰਗ - ੯੯੦)

{ਦਾਦਰ ਤੂ ਕਬਹਿ ਨ ਜਾਨਸਿ ਰੇ ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥}

(ਅੰਗ - ੯੯੦)

{ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥}

(ਅੰਗ - ੯੯੦)

{ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥}

(ਅੰਗ - ੯੯੦)

{ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥}

(ਅੰਗ - ੯੯੦)

{ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਨੀ ਮਨੁ ਲਾਗ ॥
ਅਠਸਠਿ ਤੀਰਥ ਨਾਮੁ ਪ੍ਰਭ ਨਾਨਕ ਜਿਸੁ ਮਸਤਕਿ ਭਾਗ ॥੧॥}

(ਅੰਗ - ੯੯੦)

{ਤੂ ਦਾਨਾ ਸਾਹਿਬੁ ਸਿਰਿ ਮੇਰਾ ॥ ਖਿਜਮਤਿ ਕਰੀ ਜਨੁ ਬੰਦਾ ਤੇਰਾ ॥੩॥}

(ਅੰਗ - ੯੯੦)

{ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥}

(ਅੰਗ - ੯੯੧)

{ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥}

(ਅੰਗ - ੯੯੧)

{ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥}

(ਅੰਗ - ੯੯੧)

{ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥}

(ਅੰਗ - ੯੯੧)

{ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥}

(ਅੰਗ - ੯੯੧)

{ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥}

(ਅੰਗ - ੯੯੧)

{ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥}

(ਅੰਗ - ੯੯੧)

{ਇਹੁ ਧਨੁ ਸਰਬ ਰਹਿਆ ਭਰਪੂਰਿ ॥ ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥੧॥}

(ਅੰਗ - ੯੯੧)

{ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ॥ ਜਿਸੁ ਤੂ ਦੇਹਿ ਤਿਸੈ ਨਿਸਤਾਰੈ ॥੧॥ ਰਹਾਉ ॥}

(ਅੰਗ - ੯੯੧)

{ਇਸੁ ਧਨ ਕੀ ਦੇਖਹੁ ਵਡਿਆਈ ॥ ਸਹਜੇ ਮਾਤੇ ਅਨਦਿਨੁ ਜਾਈ ॥੨॥}

(ਅੰਗ - ੯੯੧)

{ਇਕ ਬਾਤ ਅਨੂਪ ਸੁਨਹੁ ਨਰ ਭਾਈ ॥ ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ ॥੪॥}

(ਅੰਗ - ੯੯੧)

{ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ ॥ ਸਤਿਗੁਰੁ ਮਿਲੈ ਤ ਇਹੁ ਧਨੁ ਪਾਏ ॥੫॥੮॥}

(ਅੰਗ - ੯੯੧)

{ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ ॥

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥}

(ਅੰਗ - ੯੯੧)

{ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੩॥੯॥}

(ਅੰਗ - ੯੯੨)

{ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥}

(ਅੰਗ - ੯੯੨)

{ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥}

(ਅੰਗ - ੯੯੨)

{ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥}

(ਅੰਗ - ੯੨੨)

{ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥}

(ਅੰਗ - ੯੯੨)

{ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥}

(ਅੰਗ - ੯੯੨)

{ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥}

(ਅੰਗ - ੯੯੨)

{ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥}

(ਅੰਗ - ੯੯੨)

{ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥}

(ਅੰਗ - ੯੯੨)

{ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥
ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥}

(ਅੰਗ - ੯੯੨)

{ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ ॥
ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ ॥੧॥}

(ਅੰਗ - ੯੨੨)

{ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ ॥
ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ ॥੨॥}

(ਅੰਗ - ੯੯੨)

{ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ ॥
ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥੪॥}

(ਅੰਗ - ੯੯੨)

{ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥੫॥੧੧॥}

(ਅੰਗ - ੯੯੨)

{ਜਿਸ ਨੋ ਸਾਚਾ ਸਿਫਤੀ ਲਾਏ ॥ ਗੁਰਮੁਖਿ ਵਿਰਲੇ ਕਿਸੈ ਬੁਝਾਏ ॥
ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥}

(ਅੰਗ - ੯੯੩)

{ਪਿਰ ਸੇਤੀ ਧਨ ਪ੍ਰੇਮੁ ਰਚਾਏ ॥ ਗੁਰ ਕੈ ਸਬਦਿ ਤਥਾ ਚਿਤੁ ਲਾਏ ॥
ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥}

(ਅੰਗ - ੯੯੩)

{ਸਹਸਾ ਤੋੜੇ ਭਰਮੁ ਚੁਕਾਏ ॥ ਸਹਜੇ ਸਿਫਤੀ ਧਣਖੁ ਚੜਾਏ ॥
ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥}

(ਅੰਗ - ੯੯੩)

{ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥}

(ਅੰਗ - ੯੯੩)

{ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥
ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥}

(ਅੰਗ - ੯੯੩)

{ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥}

(ਅੰਗ - ੯੯੩)

{ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥}

(ਅੰਗ - ੯੯੩)

{ਬਾਬਾ ਦੇਹਿ ਵਸਾ ਸਚ ਗਾਵਾ ॥ ਜਾ ਤੇ ਸਹਜੇ ਸਹਜਿ ਸਮਾਵਾ ॥੧॥ ਰਹਾਉ ॥}

(ਅੰਗ - ੯੯੩)

{ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ ॥
ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ ॥੫॥੧॥}

(ਅੰਗ - ੯੯੩)

{ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥
ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥}

(ਅੰਗ - ੯੯੪)

{ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ ॥ ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ ॥੨॥}

(ਅੰਗ - ੯੯੪)

{ਵਡਭਾਗੀ ਗੁਰੁ ਪਾਇਆ ਪੂਰਬਿ ਲਿਖਿਆ ਮਾਇ ॥ ਅਨਦਿਨੁ ਸਚੀ ਭਗਤਿ ਕਰਿ ਸਚਾ ਲਏ ਮਿਲਾਇ ॥੩॥}

(ਅੰਗ - ੯੯੪)

{ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ ॥ ਨਾਨਕ ਨਾਮਿ ਵਡਿਆਈਆ ਜੈ ਭਾਵੈ ਤੈ ਦੇਇ ॥੪॥੨॥}

(ਅੰਗ - ੯੯੪)

{ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥ ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥੨॥}

(ਅੰਗ - ੯੯੪)

{ਮੇਰੇ ਮਨ ਗੁਰਮੁਖਿ ਨਾਮੁ ਹਰਿ ਧਿਆਇ ॥ ਸਦਾ ਹਰਿ ਚਰਣੀ ਲਾਗਿ ਰਹਾ ਇਕ ਮਨਿ ਏਕੈ ਭਾਇ ॥੧॥ ਰਹਾਉ ॥}

(ਅੰਗ - ੯੯੪)

{ਇਹੁ ਮਨੁ ਲਾਲਚ ਕਰਦਾ ਫਿਰੈ ਲਾਲਚਿ ਲਾਗਾ ਜਾਇ ॥ ਧੰਧੈ ਕੂੜਿ ਵਿਆਪਿਆ ਜਮ ਪੁਰਿ ਚੋਟਾ ਖਾਇ ॥੩॥}

(ਅੰਗ - ੯੯੪)

{ਨਾਨਕ ਸਭੁ ਕਿਛੁ ਆਪੇ ਆਪਿ ਹੈ ਦੂਜਾ ਨਾਹੀ ਕੋਇ ॥ ਭਗਤਿ ਖਜਾਨਾ ਬਖਸਿਓਨੁ ਗੁਰਮੁਖਾ ਸੁਖੁ ਹੋਇ ॥੪॥੩॥}

(ਅੰਗ - ੯੯੪)

{ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥ ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ॥੧॥}

(ਅੰਗ - ੯੯੪)

{ਜਿਸੁ ਨਾਲਿ ਜੋਰੁ ਨ ਚਲਈ ਖਲੇ ਕੀਚੈ ਅਰਦਾਸਿ ॥
ਨਾਨਕ ਗੁਰਮੁਖਿ ਨਾਮੁ ਮਨਿ ਵਸੈ ਤਾ ਸੁਣਿ ਕਰੇ ਸਾਬਾਸਿ ॥੪॥੪॥}

(ਅੰਗ - ੯੯੪)

{ਬਾਬਾ ਸਾਚਾ ਸਾਹਿਬੁ ਰਿਦੈ ਸਮਾਲਿ ॥ ਸਤਿਗੁਰੁ ਅਪਨਾ ਪੁਛਿ ਦੇਖੁ ਲੇਹੁ ਵਖਰੁ ਭਾਲਿ ॥੧॥ ਰਹਾਉ ॥}

(ਅੰਗ - ੯੯੪)

{ਮੇਰੇ ਮਨ ਅਨਦਿਨੁ ਧਿਆਇ ਹਰਿ ਨਾਉ ॥ ਸਤਿਗੁਰ ਕੈ ਬਚਨਿ ਅਰਾਧਿ ਤੂ ਅਨਦਿਨੁ ਗੁਣ ਗਾਉ ॥੧॥ ਰਹਾਉ ॥}

(ਅੰਗ - ੯੯੪)

{ਗੁਰਮੁਖਿ ਏਕੋ ਜਾਣੀਐ ਜਾ ਸਤਿਗੁਰੁ ਦੇਇ ਬੁਝਾਇ ॥ ਸੋ ਸਤਿਗੁਰੁ ਸਾਲਾਹੀਐ ਜਿਦੂ ਏਹ ਸੋਝੀ ਪਾਇ ॥੨॥}

(ਅੰਗ - ੯੯੪)

{ਸਤਿਗੁਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੈ ਜਾਇ ॥ ਜਮ ਪੁਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥੩॥}

(ਅੰਗ - ੯੯੪)

{ਜਪਿਓ ਨਾਮੁ ਸੁਕ ਜਨਕ ਗੁਰ ਬਚਨੀ ਹਰਿ ਹਰਿ ਸਰਣਿ ਪਰੇ ॥
ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ ॥
ਭਗਤਿ ਵਛਲੁ ਹਰਿ ਨਾਮੁ ਕ੍ਰਿਤਾਰਥੁ ਗੁਰਮੁਖਿ ਕ੍ਰਿਪਾ ਕਰੇ ॥੧॥}

(ਅੰਗ - ੯੯੫)

{ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ ॥
ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ ॥
ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲਬਿਖ ਪਾਪ ਟਰੇ ॥੨॥}

(ਅੰਗ - ੯੯੫)

{ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ ॥
ਗੋਬਿਦੁ ਕ੍ਰਿਪਾ ਕਰੇ ਥਾਇ ਪਾਏ ਜੋ ਹਰਿ ਪ੍ਰਭ ਮਨਿ ਭਾਇਆ ॥
ਗੁਰਿ ਧਾਰਿ ਕ੍ਰਿਪਾ ਹਰਿ ਨਾਮੁ ਦ੍ਰਿੜਾਇਓ ਜਨ ਨਾਨਕ ਨਾਮੁ ਲਇਆ ॥੪॥੨॥}

(ਅੰਗ - ੯੯੫)

{ਹਰਿ ਹਰਿ ਨਾਮੁ ਨਿਧਾਨੁ ਲੈ ਗੁਰਮਤਿ ਹਰਿ ਪਤਿ ਪਾਇ ॥
ਹਲਤਿ ਪਲਤਿ ਨਾਲਿ ਚਲਦਾ ਹਰਿ ਅੰਤੇ ਲਏ ਛਡਾਇ ॥
ਜਿਥੈ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿ ਕਰਾਇ ॥੧॥}

(ਅੰਗ - ੯੯੬)

{ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ ॥
ਮੇਰਾ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ ॥੧॥ ਰਹਾਉ ॥}

(ਅੰਗ - ੯੯੬)

{ਮਨ ਪਿਆਰਿਆ ਮਿਤ੍ਰਾ ਮੈ ਹਰਿ ਹਰਿ ਨਾਮੁ ਧਨੁ ਰਾਸਿ ॥
ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਧੀਰਕ ਹਰਿ ਸਾਬਾਸਿ ॥੧॥ ਰਹਾਉ ॥}

(ਅੰਗ - ੯੯੬)

{ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ ॥
ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ ॥}

(ਅੰਗ - ੯੯੬)

{ਮਨਮੁਖਿ ਭਾਗ ਵਿਹੂਣਿਆ ਤਿਖ ਮੁਈਆ ਕੰਧੀ ਪਾਸਿ ॥੩॥}

(ਅੰਗ - ੯੯੬)

{ਗੁਰੁ ਦਾਤਾ ਦਾਤਾਰੁ ਹੈ ਹਉ ਮਾਗਉ ਦਾਨੁ ਗੁਰ ਪਾਸਿ ॥
ਚਿਰੀ ਵਿਛੁੰਨਾ ਮੇਲਿ ਪ੍ਰਭ ਮੈ ਮਨਿ ਤਨਿ ਵਡੜੀ ਆਸ ॥
ਗੁਰ ਭਾਵੈ ਸੁਣਿ ਬੇਨਤੀ ਜਨ ਨਾਨਕ ਕੀ ਅਰਦਾਸਿ ॥੪॥੨॥੪॥}

(ਅੰਗ - ੯੯੬)

{ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ ॥
ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ ॥
ਗੁਰਮੁਖਾ ਮਨਿ ਪਰਤੀਤਿ ਹੈ ਗੁਰਿ ਪੂਰੈ ਨਾਮਿ ਸਮਾਣੀ ॥੧॥}

(ਅੰਗ - ੯੯੭)

{ਹਰਿ ਭਾਉ ਲਗਾ ਬੈਰਾਗੀਆ ਵਡਭਾਗੀ ਹਰਿ ਮਨਿ ਰਾਖੁ ॥
ਮਿਲਿ ਸੰਗਤਿ ਸਰਧਾ ਊਪਜੈ ਗੁਰ ਸਬਦੀ ਹਰਿ ਰਸੁ ਚਾਖੁ ॥
ਸਭੁ ਮਨੁ ਤਨੁ ਹਰਿਆ ਹੋਇਆ ਗੁਰਬਾਣੀ ਹਰਿ ਗੁਣ ਭਾਖੁ ॥੧॥}

(ਅੰਗ - ੯੯੭)

{ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ ॥
ਬਿਨੁ ਨਾਵੈ ਧ੍ਰਿਗੁ ਜੀਵਦੇ ਵਿਚਿ ਬਿਸਟਾ ਮਨਮੁਖ ਰਾਖੁ ॥
ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ ॥੩॥}

(ਅੰਗ - ੯੯੭)

{ਸੰਤਸੰਗਤਿ ਮੇਲਾਪੁ ਕਰਿ ਹਰਿ ਨਾਮੁ ਮਿਲੈ ਪਤਿ ਸਾਖੁ ॥
ਹਰਿ ਹਰਿ ਨਾਮੁ ਧਨੁ ਪਾਇਆ ਜਨ ਨਾਨਕ ਗੁਰਮਤਿ ਭਾਖੁ ॥੪॥੪॥੬॥}

(ਅੰਗ - ੯੯੭)

{ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ ॥ ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ ॥
ਹਰਿ ਸਤਿ ਸਤਿ ਸਦਾ ਹਰਿ ਸਤਿ ਹਰਿ ਸਤਿ ਮੇਰੈ ਮਨਿ ਭਾਵੈ ਜੀਉ ॥੨॥}

(ਅੰਗ - ੯੯੭)

{ਮਾਇਆ ਮੋਹੁ ਬਿਖਮੁ ਹੈ ਭਾਰੀ ॥ ਕਿਉ ਤਰੀਐ ਦੁਤਰੁ ਸੰਸਾਰੀ ॥
ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ ॥੪॥}

(ਅੰਗ - ੯੯੭)

{ਤੂ ਸਰਬਤ੍ਰ ਤੇਰਾ ਸਭੁ ਕੋਈ ॥ ਜੋ ਤੂ ਕਰਹਿ ਸੋਈ ਪ੍ਰਭ ਹੋਈ ॥
ਜਨੁ ਨਾਨਕੁ ਗੁਣ ਗਾਵੈ ਬੇਚਾਰਾ ਹਰਿ ਭਾਵੈ ਹਰਿ ਥਾਇ ਪਾਵੈ ਜੀਉ ॥੫॥੧॥੭॥}

(ਅੰਗ - ੯੯੭)

{ਨਿਰਭਉ ਨਿਰੰਕਾਰੁ ਸਤਿ ਨਾਮੁ ॥ ਜਗ ਮਹਿ ਸ੍ਰੇਸਟੁ ਊਤਮ ਕਾਮੁ ॥
ਦੁਸਮਨ ਦੂਤ ਜਮਕਾਲੁ ਠੇਹ ਮਾਰਉ ਹਰਿ ਸੇਵਕ ਨੇੜਿ ਨ ਜਾਈ ਜੀਉ ॥੨॥}

(ਅੰਗ - ੯੯੮)

{ਜਿਸੁ ਉਪਰਿ ਹਰਿ ਕਾ ਮਨੁ ਮਾਨਿਆ ॥ ਸੋ ਸੇਵਕੁ ਚਹੁ ਜੁਗ ਚਹੁ ਕੁੰਟ ਜਾਨਿਆ ॥
ਜੇ ਉਸ ਕਾ ਬੁਰਾ ਕਹੈ ਕੋਈ ਪਾਪੀ ਤਿਸੁ ਜਮਕੰਕਰੁ ਖਾਈ ਜੀਉ ॥੩॥}

(ਅੰਗ - ੯੯੮)

{ਸਭ ਮਹਿ ਏਕੁ ਨਿਰੰਜਨ ਕਰਤਾ ॥ ਸਭਿ ਕਰਿ ਕਰਿ ਵੇਖੈ ਅਪਣੇ ਚਲਤਾ ॥
ਜਿਸੁ ਹਰਿ ਰਾਖੈ ਤਿਸੁ ਕਉਣੁ ਮਾਰੈ ਜਿਸੁ ਕਰਤਾ ਆਪਿ ਛਡਾਈ ਜੀਉ ॥੪॥}

(ਅੰਗ - ੯੯੮)

{ਹਉ ਅਨਦਿਨੁ ਨਾਮੁ ਲਈ ਕਰਤਾਰੇ ॥ ਜਿਨਿ ਸੇਵਕ ਭਗਤ ਸਭੇ ਨਿਸਤਾਰੇ ॥
ਦਸ ਅਠ ਚਾਰਿ ਵੇਦ ਸਭਿ ਪੂਛਹੁ ਜਨ ਨਾਨਕ ਨਾਮੁ ਛਡਾਈ ਜੀਉ ॥੫॥੨॥੮॥}

(ਅੰਗ - ੯੯੮)

{ਏਕਾ ਨਿਰਭਉ ਬਾਤ ਸੁਨੀ ॥ ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥੧॥ ਰਹਾਉ ॥}

(ਅੰਗ - ੯੯੮)

{ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥
ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥੪॥੧॥}

(ਅੰਗ - ੯੯੮)

{ਕਵਨ ਪਰਾਧ ਬਤਾਵਉ ਅਪੁਨੇ ਮਿਥਿਆ ਮੋਹ ਮਗਨਾਰੇ ॥
ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ ਪਸਾਰੇ ॥੪॥੨॥}

(ਅੰਗ - ੯੯੯)

{ਪੁਤ੍ਰ ਕਲਤ੍ਰ ਗ੍ਰਿਹ ਦੇਖਿ ਪਸਾਰਾ ਇਸ ਹੀ ਮਹਿ ਉਰਝਾਏ ॥
ਮਾਇਆ ਮਦ ਚਾਖਿ ਭਏ ਉਦਮਾਤੇ ਹਰਿ ਹਰਿ ਕਬਹੁ ਨ ਗਾਏ ॥੨॥}

(ਅੰਗ - ੯੯੯)

{ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ ॥
ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ ॥੧॥}

(ਅੰਗ - ੯੯੯)

{ਇਹ ਬਿਧਿ ਖੋਜੀ ਬਹੁ ਪਰਕਾਰਾ ਬਿਨੁ ਸੰਤਨ ਨਹੀ ਪਾਏ ॥
ਤੁਮ ਦਾਤਾਰ ਵਡੇ ਪ੍ਰਭ ਸੰਮ੍ਰਥ ਮਾਗਨ ਕਉ ਦਾਨੁ ਆਏ ॥੩॥}

(ਅੰਗ - ੯੯੯)

{ਤਿਆਗਿਓ ਸਗਲਾ ਮਾਨੁ ਮਹਤਾ ਦਾਸ ਰੇਣ ਸਰਣਾਏ ॥
ਕਹੁ ਨਾਨਕ ਹਰਿ ਮਿਲਿ ਭਏ ਏਕੈ ਮਹਾ ਅਨੰਦ ਸੁਖ ਪਾਏ ॥੪॥੩॥}

(ਅੰਗ - ੯੯੯)

{ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥}

(ਅੰਗ - ੯੯੯)

{ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥}

(ਅੰਗ - ੧੦੦੦)

{ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥}

(ਅੰਗ - ੧੦੦੦)

{ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥}

(ਅੰਗ - ੧੦੦੦)

{ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥

ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥੬॥}

(ਅੰਗ - ੧੦੦੦)

{ਅਪੁਨੇ ਪ੍ਰਭ ਕਉ ਕਿਉ ਨ ਸਮਾਰਸਿ ਰੇ ॥
ਬੈਰੀ ਸੰਗਿ ਰੰਗ ਰਸਿ ਰਚਿਆ ਤਿਸੁ ਸਿਉ ਜੀਅਰਾ ਜਾਰਸਿ ਰੇ ॥੧॥ ਰਹਾਉ ॥}

(ਅੰਗ - ੧੦੦੦)

{ਭਇਓ ਪ੍ਰਸਾਦੁ ਕ੍ਰਿਪਾ ਨਿਧਿ ਠਾਕੁਰ ਸੰਤਸੰਗਿ ਪਤਿ ਪਾਈ ॥
ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ ਜਉ ਪ੍ਰਭ ਭਏ ਸਹਾਈ ॥੪॥੭॥}

(ਅੰਗ - ੧੦੦੦)

{ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ ॥
ਪ੍ਰਭ ਬਿਸਰਤ ਮਹਾ ਦੁਖੁ ਪਾਇਓ ਇਹੁ ਨਾਨਕ ਤਤੁ ਬੀਚਾਰਿਓ ॥੨॥੮॥}

(ਅੰਗ - ੧੦੦੦)

{ਚਰਨ ਕਮਲ ਪ੍ਰਭ ਰਾਖੇ ਚੀਤਿ ॥ ਹਰਿ ਗੁਣ ਗਾਵਹ ਨੀਤਾ ਨੀਤ ॥}

(ਅੰਗ - ੧੦੦੧)

{ਤਿਸੁ ਬਿਨੁ ਦੂਜਾ ਅਵਰੁ ਨ ਕੋਊ ॥ ਆਦਿ ਮਧਿ ਅੰਤਿ ਹੈ ਸੋਊ ॥੧॥}

(ਅੰਗ - ੧੦੦੧)

{ਜਾ ਕੈ ਵਸਿ ਹੈ ਸਗਲ ਸੰਸਾਰੁ ॥ ਆਪੇ ਆਪਿ ਆਪਿ ਨਿਰੰਕਾਰੁ ॥}

(ਅੰਗ - ੧੦੦੧)

{ਨਾਨਕ ਗਹਿਓ ਸਾਚਾ ਸੋਇ ॥ ਸੁਖੁ ਪਾਇਆ ਫਿਰਿ ਦੂਖੁ ਨ ਹੋਇ ॥੨॥੯॥}

(ਅੰਗ - ੧੦੦੧)

{ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ ॥
ਪਰ ਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੂਲਾਨਥ ॥੩॥}

(ਅੰਗ - ੧੦੦੧)

{ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥੪॥੧॥੧੦॥}

(ਅੰਗ - ੧੦੦੧)

{ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥}

(ਅੰਗ - ੧੦੦੧)

{ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥}

(ਅੰਗ - ੧੦੦੧)

{ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥}

(ਅੰਗ - ੧੦੦੧)

{ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥
ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥}

(ਅੰਗ - ੧੦੦੧)

{ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥
ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥}

(ਅੰਗ - ੧੦੦੧)

{ਰੇ ਨਰ ਇਨ ਬਿਧਿ ਪਾਰਿ ਪਰਾਇ ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥੨॥੧੧॥}

(ਅੰਗ - ੧੦੦੧)

{ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥}

(ਅੰਗ - ੧੦੦੨)

{ਰੇ ਮਨ ਵਤ੍ਰ ਬੀਜਣ ਨਾਉ ॥ ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ ॥੧॥ ਰਹਾਉ ॥}

(ਅੰਗ - ੧੦੦੨)

{ਭਾਉ ਲਾਗਾ ਗੋਬਿਦ ਸਿਉ ਘਾਲ ਪਾਈ ਥਾਇ ॥ ਖੇਤਿ ਮੇਰੈ ਜੰਮਿਆ ਨਿਖੁਟਿ ਨ ਕਬਹੂ ਜਾਇ ॥੩॥}

(ਅੰਗ - ੧੦੦੨)

{ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥}

(ਅੰਗ - ੧੦੦੨)

{ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥}

(ਅੰਗ - ੧੦੦੨)

{ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥ ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥}

(ਅੰਗ - ੧੦੦੨)

{ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥}

(ਅੰਗ - ੧੦੦੨)

{ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ ॥ ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥
ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੂਟਕੈ ਨਾਹੀ ਨਾਠਾ ॥੧॥}

(ਅੰਗ - ੧੦੦੩)

{ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥੨॥}

(ਅੰਗ - ੧੦੦੩)

{ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ ॥
ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ ॥
ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ ॥੪॥}

(ਅੰਗ - ੧੦੦੩)

{ਰੂਪ ਰੰਗ ਖੁਸੀਆ ਮਨ ਭੋਗਣ ਤੇ ਤੇ ਛਿਦ੍ਰ ਵਿਕਾਰਾ ॥
ਹਰਿ ਕਾ ਨਾਮੁ ਨਿਧਾਨੁ ਕਲਿਆਣਾ ਸੂਖ ਸਹਜੁ ਇਹੁ ਸਾਰਾ ॥੨॥}

(ਅੰਗ - ੧੦੦੩)

{ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ ॥
ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ ॥੩॥}

(ਅੰਗ - ੧੦੦੩)

{ਊਚ ਮੂਚ ਅਪਾਰ ਸੁਆਮੀ ਅਗਮ ਦਰਬਾਰਾ ॥
ਨਾਮੋ ਵਡਿਆਈ ਸੋਭਾ ਨਾਨਕ ਖਸਮੁ ਪਿਆਰਾ ॥੪॥੭॥੧੬॥}

(ਅੰਗ - ੧੦੦੩)

{ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥}

(ਅੰਗ - ੧੦੦੩)

{ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥}

(ਅੰਗ - ੧੦੦੩)

{ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥}

(ਅੰਗ - ੧੦੦੩)

{ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥}

(ਅੰਗ - ੧੦੦੪)

{ਸੋ ਗੁਰ ਮਿਲਿ ਏਕੁ ਪਛਾਣੈ ॥ ਜਿਸੁ ਹੋਵੈ ਭਾਗੁ ਮਥਾਣੈ ॥੩॥}

(ਅੰਗ - ੧੦੦੪)

{ਸੋ ਮਿਲਿਆ ਜਿ ਹਰਿ ਮਨਿ ਭਾਇਆ ॥}

(ਅੰਗ - ੧੦੦੪)

{ਤੇਰਾ ਅੰਤੁ ਨ ਪਾਰਾਵਾਰਾ ॥ ਜਨ ਨਾਨਕ ਸਦ ਬਲਿਹਾਰਾ ॥੪॥੧॥੧੭॥}

(ਅੰਗ - ੧੦੦੪)

{ਮੋਹਨੀ ਮੋਹਿ ਲੀਏ ਤ੍ਰੈ ਗੁਨੀਆ ॥ ਲੋਭਿ ਵਿਆਪੀ ਝੂਠੀ ਦੁਨੀਆ ॥
ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ ॥੧॥}

(ਅੰਗ - ੧੦੦੪)

{ਕਾਟੇ ਬੰਧਨ ਠਾਕੁਰਿ ਜਾ ਕੇ ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥
ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥੫॥੨॥੧੮॥}

(ਅੰਗ - ੧੦੦੪)

{ਚਰਣ ਕਮਲ ਉਰ ਅੰਤਰਿ ਧਾਰਹੁ ॥ ਬਿਖਿਆ ਬਨ ਤੇ ਜੀਉ ਉਧਾਰਹੁ ॥}

(ਅੰਗ - ੧੦੦੪)

{ਰਾਮ ਨਾਮੁ ਮਨਿ ਤਨਿ ਆਧਾਰਾ ॥ ਜੋ ਸਿਮਰੈ ਤਿਸ ਕਾ ਨਿਸਤਾਰਾ ॥੧॥ ਰਹਾਉ ॥}

(ਅੰਗ - ੧੦੦੪)

{ਕਾਮ ਕ੍ਰੋਧ ਲੋਭ ਮਦ ਮਾਤਾ ॥ ਕਉਡੀ ਬਦਲੈ ਜਨਮੁ ਗਵਾਤਾ ॥}

(ਅੰਗ - ੧੦੦੪)

{ਤ੍ਰਿਸਨ ਨ ਬੂਝੈ ਕਰਤ ਕਲੋਲਾ ॥ ਊਣੀ ਆਸ ਮਿਥਿਆ ਸਭਿ ਬੋਲਾ ॥}

(ਅੰਗ - ੧੦੦੪)

{ਆਵਤ ਇਕੇਲਾ ਜਾਤ ਇਕੇਲਾ ॥ ਹਮ ਤੁਮ ਸੰਗਿ ਝੂਠੇ ਸਭਿ ਬੋਲਾ ॥}

(ਅੰਗ - ੧੦੦੪)

{ਮਨਿ ਤਨਿ ਬਾਸਨਾ ਬਹੁਤੁ ਬਿਸਥਾਰਾ ॥ ਅਹੰਮੇਵ ਮੂਠੋ ਬੇਚਾਰਾ ॥}

(ਅੰਗ - ੧੦੦੫)

{ਅੰਧ ਕੂਪ ਤੇ ਕਾਢਨਹਾਰਾ ॥ ਪ੍ਰੇਮ ਭਗਤਿ ਹੋਵਤ ਨਿਸਤਾਰਾ ॥}

(ਅੰਗ - ੧੦੦੫)

{ਸਾਧ ਰੂਪ ਅਪਨਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥}

(ਅੰਗ - ੧੦੦੫)

{ਨਾਮੁ ਦੇਹਿ ਮਾਗੈ ਦਾਸੁ ਤੇਰਾ ॥ ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ ॥੪॥੩॥੧੯॥}

(ਅੰਗ - ੧੦੦੫)

{ਅਪਨੇ ਕਉ ਕਿਰਪਾ ਕਰੀਅਹੁ ਇਕੁ ਨਾਮੁ ਧਿਆਈ ॥੩॥
ਨਾਨਕੁ ਦੀਨੁ ਨਾਮੁ ਮਾਗੈ ਦੁਤੀਆ ਭਰਮੁ ਚੁਕਾਈ ॥੪॥੪॥੨੦॥}

(ਅੰਗ - ੧੦੦੫)

{ਮੋਹਨੁ ਲਾਲੁ ਮੇਰਾ ਪ੍ਰੀਤਮ ਮਨ ਪ੍ਰਾਨਾ ॥ ਮੋ ਕਉ ਦੇਹੁ ਦਾਨਾ ॥੧॥ ਰਹਾਉ ॥}

(ਅੰਗ - ੧੦੦੫)

{ਜੀਅਨ ਪ੍ਰਤਿਪਾਲਿ ਸਮਾਹੈ ॥ ਹੈ ਹੋਸੀ ਆਹੇ ॥੩॥}

(ਅੰਗ - ੧੦੦੫)

{ਦਇਆ ਮੋਹਿ ਕੀਜੈ ਦੇਵਾ ॥ ਨਾਨਕ ਲਾਗੋ ਸੇਵਾ ॥੪॥੫॥੨੧॥}

(ਅੰਗ - ੧੦੦੫)

{ਤ੍ਰਿਪਤਿ ਆਘਾਏ ਸੰਤਾ ॥ ਗੁਰ ਜਾਨੇ ਜਿਨ ਮੰਤਾ ॥
ਤਾ ਕੀ ਕਿਛੁ ਕਹਨੁ ਨ ਜਾਈ ॥ ਜਾ ਕਉ ਨਾਮ ਬਡਾਈ ॥੧॥}

(ਅੰਗ - ੧੦੦੬)

{ਲਾਲੁ ਅਮੋਲਾ ਲਾਲੋ ॥ ਅਗਹ ਅਤੋਲਾ ਨਾਮੋ ॥੧॥ ਰਹਾਉ ॥}

(ਅੰਗ - ੧੦੦੬)

{ਅਵਿਗਤ ਸਿਉ ਮਾਨਿਆ ਮਾਨੋ ॥ ਗੁਰਮੁਖਿ ਤਤੁ ਗਿਆਨੋ ॥}

(ਅੰਗ - ੧੦੦੬)

{ਪੇਖਤ ਸਗਲ ਧਿਆਨੋ ॥ ਤਜਿਓ ਮਨ ਤੇ ਅਭਿਮਾਨੋ ॥੨॥}

(ਅੰਗ - ੧੦੦੬)

{ਅਨਦਿਨੁ ਗੁਰ ਮਿਲਿ ਜਾਗੇ ॥ ਹਰਿ ਕੀ ਸੇਵਾ ਲਾਗੇ ॥੩॥}

(ਅੰਗ - ੧੦੦੬)

{ਪੂਰਨ ਤ੍ਰਿਪਤਿ ਅਘਾਏ ॥ ਸਹਜ ਸਮਾਧਿ ਸੁਭਾਏ ॥}

(ਅੰਗ - ੧੦੦੬)

{ਹਰਿ ਭੰਡਾਰੁ ਹਾਥਿ ਆਇਆ ॥ ਨਾਨਕ ਗੁਰ ਤੇ ਪਾਇਆ ॥੪॥੭॥੨੩॥}

(ਅੰਗ - ੧੦੦੬)

{ਛੋਡਿ ਸਗਲ ਸਿਆਣਪਾ ਮਿਲਿ ਸਾਧ ਤਿਆਗਿ ਗੁਮਾਨੁ ॥
ਅਵਰੁ ਸਭੁ ਕਿਛੁ ਮਿਥਿਆ ਰਸਨਾ ਰਾਮ ਰਾਮ ਵਖਾਨੁ ॥੧॥}

(ਅੰਗ - ੧੦੦੬)

{ਦੂਖ ਦੀਨ ਨ ਭਉ ਬਿਆਪੈ ਮਿਲੈ ਸੁਖ ਬਿਸ੍ਰਾਮੁ ॥
ਗੁਰ ਪ੍ਰਸਾਦਿ ਨਾਨਕੁ ਬਖਾਨੈ ਹਰਿ ਭਜਨੁ ਤਤੁ ਗਿਆਨੁ ॥੨॥੧॥੨੪॥}

(ਅੰਗ - ੧੦੦੬)

{ਜਿਨੀ ਨਾਮੁ ਵਿਸਾਰਿਆ ਸੇ ਹੋਤ ਦੇਖੇ ਖੇਹ ॥ ਪੁਤ੍ਰ ਮਿਤ੍ਰ ਬਿਲਾਸ ਬਨਿਤਾ ਤ੍ਰੁਟਤੇ ਏ ਨੇਹ ॥੧॥}

(ਅੰਗ - ੧੦੦੬)

{ਬਿਰਖ ਛਾਇਆ ਜੈਸੇ ਬਿਨਸਤ ਪਵਨ ਝੂਲਤ ਮੇਹ ॥
ਹਰਿ ਭਗਤਿ ਦ੍ਰਿੜੁ ਮਿਲੁ ਸਾਧ ਨਾਨਕ ਤੇਰੈ ਕਾਮਿ ਆਵਤ ਏਹ ॥੨॥੨॥੨੫॥}

(ਅੰਗ - ੧੦੦੬)

{ਮੇਰੇ ਮਨ ਨਾਮ ਸਿਉ ਕਰਿ ਪ੍ਰੀਤਿ ॥ ਚੇਤਿ ਮਨ ਮਹਿ ਹਰਿ ਹਰਿ ਨਿਧਾਨਾ ਏਹ ਨਿਰਮਲ ਰੀਤਿ ॥੧॥ਰਹਾਉ॥}

(ਅੰਗ - ੧੦੦੬)

{ਜੀਉ ਮਨੁ ਤਨੁ ਪ੍ਰਾਣ ਪ੍ਰਭ ਕੇ ਤੂ ਆਪਨ ਆਪੁ ਨਿਵਾਰਿ ॥
ਗੋਵਿਦ ਭਜੁ ਸਭਿ ਸੁਆਰਥ ਪੂਰੇ ਨਾਨਕ ਕਬਹੁ ਨ ਹਾਰਿ ॥੨॥੪॥੨੭॥}

(ਅੰਗ - ੧੦੦੭)

{ਤਜਿ ਆਪੁ ਬਿਨਸੀ ਤਾਪੁ ਰੇਣ ਸਾਧੂ ਥੀਉ ॥ ਤਿਸਹਿ ਪਰਾਪਤਿ ਨਾਮੁ ਤੇਰਾ ਕਰਿ ਕ੍ਰਿਪਾ ਜਿਸੁ ਦੀਉ ॥੧॥}

(ਅੰਗ - ੧੦੦੭)

{ਮੇਰੇ ਮਨ ਨਾਮੁ ਅੰਮ੍ਰਿਤੁ ਪੀਉ ॥ ਆਨ ਸਾਦ ਬਿਸਾਰਿ ਹੋਛੇ ਅਮਰੁ ਜੁਗੁ ਜੁਗੁ ਜੀਉ ॥੧॥ ਰਹਾਉ ॥}

(ਅੰਗ - ੧੦੦੭)

{ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ ॥ ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ ॥੧॥}

(ਅੰਗ - ੧੦੦੭)

{ਮੇਰੇ ਮਨ ਨਾਮ ਕੀ ਕਰਿ ਟੇਕ ॥ ਤਿਸਹਿ ਬੂਝੁ ਜਿਨਿ ਤੂ ਕੀਆ ਪ੍ਰਭੁ ਕਰਣ ਕਾਰਣ ਏਕ ॥੧॥ ਰਹਾਉ ॥}
(ਅੰਗ - ੧੦੦੭)

{ਚੇਤਿ ਮਨ ਮਹਿ ਤਜਿ ਸਿਆਣਪ ਛੋਡਿ ਸਗਲੇ ਭੇਖ ॥
ਸਿਮਰਿ ਹਰਿ ਹਰਿ ਸਦਾ ਨਾਨਕ ਤਰੇ ਕਈ ਅਨੇਕ ॥੨॥੬॥੨੯॥}
(ਅੰਗ - ੧੦੦੭)

{ਪਤਿਤ ਪਾਵਨ ਨਾਮੁ ਜਾ ਕੋ ਅਨਾਥ ਕੋ ਹੈ ਨਾਥੁ ॥ ਮਹਾ ਭਉਜਲ ਮਾਹਿ ਤੁਲਹੋ ਜਾ ਕੋ ਲਿਖਿਓ ਮਾਥ ॥੧॥}
(ਅੰਗ - ੧੦੦੭)

{ਸਾਧਸੰਗਤਿ ਗੁਣ ਉਚਾਰਣ ਹਰਿ ਨਾਮ ਅੰਮ੍ਰਿਤ ਪਾਥ ॥
ਕਰਹੁ ਕ੍ਰਿਪਾ ਮੁਰਾਰਿ ਮਾਧਉ ਸੁਣਿ ਨਾਨਕ ਜੀਵੈ ਗਾਥ ॥੨॥੭॥੩੦॥}
(ਅੰਗ - ੧੦੦੭)

{ਜਿਥੈ ਅਗਨਿ ਭਖੈ ਭੜਹਾਰੇ ॥ ਊਰਧ ਮੁਖ ਮਹਾ ਗੁਬਾਰੇ ॥
ਸਾਸਿ ਸਾਸਿ ਸਮਾਲੇ ਸੋਈ ਓਥੈ ਖਸਮਿ ਛਡਾਇ ਲਇਆ ॥੨॥}
(ਅੰਗ - ੧੦੦੭)

{ਮਿਹਰਵਾਨਿ ਰਖਿ ਲਇਅਨੁ ਆਪੇ ॥ ਜੀਅ ਜੰਤ ਸਭਿ ਤਿਸ ਕੇ ਥਾਪੇ ॥
ਜਨਮੁ ਪਦਾਰਥੁ ਜਿਣਿ ਚਲਿਆ ਨਾਨਕ ਆਇਆ ਸੋ ਪਰਵਾਣੁ ਥਿਆ ॥੪॥੧॥੩੧॥}
(ਅੰਗ - ੧੦੦੭)

{ਅਬ ਮੈ ਕਹਾ ਕਰਉ ਰੀ ਮਾਈ ॥
ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹਾਈ ॥੧॥ ਰਹਾਉ ॥}
(ਅੰਗ - ੧੦੦੮)

{ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ ॥
ਰਾਮ ਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ ॥੧॥}
(ਅੰਗ - ੧੦੦੮)

{ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥
ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ ॥੧॥ ਰਹਾਉ ॥}
(ਅੰਗ - ੧੦੦੮)

{ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ ॥
ਸੁਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ ॥੨॥੩॥}
(ਅੰਗ - ੧੦੦੮)

{ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥ ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥
ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥੨॥}
(ਅੰਗ - ੧੦੦੮)

{ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ॥}
(ਅੰਗ - ੧੦੦੮)

{ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥}

(ਅੰਗ - ੧੦੦੮)

{ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥ ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥}

(ਅੰਗ - ੧੦੦੮)

{ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥੪॥}

(ਅੰਗ - ੧੦੦੮)

{ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥ ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥
ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥}

(ਅੰਗ - ੧੦੦੮)

{ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥ ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥}

(ਅੰਗ - ੧੦੦੮)

{ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥੭॥}

(ਅੰਗ - ੧੦੦੮)

{ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥}

(ਅੰਗ - ੧੦੦੮)

{ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥}

(ਅੰਗ - ੧੦੦੮)

{ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਣੀ ਸਚਿ ਰਹੈ ਲਿਵ ਲਾਇ ॥}

(ਅੰਗ - ੧੦੦੯)

{ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥}

(ਅੰਗ - ੧੦੦੯)

{ਸਤਿਗੁਰੁ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥ ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ ॥
ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ ॥੨॥}

(ਅੰਗ - ੧੦੦੯)

{ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ ॥
ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥ ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥੩॥}

(ਅੰਗ - ੧੦੦੯)

{ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥ ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥}

(ਅੰਗ - ੧੦੦੯)

{ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥}

(ਅੰਗ - ੧੦੦੯)

{ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥
ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥}

(ਅੰਗ - ੧੦੧੦)

{ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥
ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥}

(ਅੰਗ - ੧੦੧੦)

{ਸਾਚੀ ਕਾਰ ਕਮਾਵਣੀ ਹੋਰਿ ਲਾਲਚ ਬਾਦਿ ॥ ਇਹੁ ਮਨੁ ਸਾਚੈ ਮੋਹਿਆ ਜਿਹਵਾ ਸਚਿ ਸਾਦਿ ॥
ਬਿਨੁ ਨਾਵੈ ਕੋ ਰਸੁ ਨਹੀ ਹੋਰਿ ਚਲਹਿ ਬਿਖੁ ਲਾਦਿ ॥੧॥}

(ਅੰਗ - ੧੦੧੦)

{ਲਾਲਾ ਗੋਲਾ ਧਣੀ ਕੋ ਕਿਆ ਕਹਉ ਵਡਿਆਈਐ ॥ ਭਾਣੈ ਬਖਸੇ ਪੂਰਾ ਧਣੀ ਸਚੁ ਕਾਰ ਕਮਾਈਐ ॥}

(ਅੰਗ - ੧੦੧੦)

{ਅਨਹਤਿ ਲਾਲਾ ਬੇਧਿਆ ਪ੍ਰਭ ਹੇਤਿ ਪਿਆਰੀ ॥ ਬਿਨੁ ਸਾਚੇ ਜੀਉ ਜਲਿ ਬਲਉ ਝੂਠੇ ਵੇਕਾਰੀ ॥
ਬਾਦਿ ਕਾਰਾ ਸਭਿ ਛੋਡੀਆ ਸਾਚੀ ਤਰੁ ਤਾਰੀ ॥੭॥}

(ਅੰਗ - ੧੦੧੦)

{ਜਿਨੀ ਨਾਮੁ ਵਿਸਾਰਿਆ ਤਿਨਾ ਠਉਰ ਨ ਠਾਉ ॥ ਲਾਲੈ ਲਾਲਚੁ ਤਿਆਗਿਆ ਪਾਇਆ ਹਰਿ ਨਾਉ ॥
ਤੂ ਬਖਸਹਿ ਤਾ ਮੇਲਿ ਲੈਹਿ ਨਾਨਕ ਬਲਿ ਜਾਉ ॥੮॥੪॥}

(ਅੰਗ - ੧੦੧੦)

{ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥
ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥ ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ ॥੭॥}

(ਅੰਗ - ੧੦੧੧)

{ਲਾਲੈ ਗਾਰਬੁ ਛੋਡਿਆ ਗੁਰ ਕੈ ਭੈ ਸਹਜਿ ਸੁਭਾਈ ॥ ਲਾਲੈ ਖਸਮੁ ਪਛਾਣਿਆ ਵਡੀ ਵਡਿਆਈ ॥
ਖਸਮਿ ਮਿਲਿਐ ਸੁਖੁ ਪਾਇਆ ਕੀਮਤਿ ਕਹਣੁ ਨ ਜਾਈ ॥੧॥}

(ਅੰਗ - ੧੦੧੧)

{ਆਪਿ ਸਚਾ ਸਭੁ ਸਚੁ ਹੈ ਗੁਰ ਸਬਦਿ ਬੁਝਾਈ ॥ ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ ॥
ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ ॥੩॥}

(ਅੰਗ - ੧੦੧੧)

{ਸੋ ਕਿਉ ਮਨਹੁ ਵਿਸਾਰੀਐ ਨਿਤ ਦੇਵੈ ਚੜੈ ਸਵਾਇਆ ॥
ਜੀਉ ਪਿੰਡੁ ਸਭੁ ਤਿਸ ਦਾ ਸਾਹੁ ਤਿਨੈ ਵਿਚਿ ਪਾਇਆ॥ ਜਾ ਕ੍ਰਿਪਾ ਕਰੇ ਤਾ ਸੇਵੀਐ ਸੇਵਿ ਸਚਿ ਸਮਾਇਆ॥੪॥}

(ਅੰਗ - ੧੦੧੧)

{ਲਾਲਾ ਸੋ ਜੀਵਤੁ ਮਰੈ ਮਰਿ ਵਿਚਹੁ ਆਪੁ ਗਵਾਏ ॥ ਬੰਧਨ ਤੂਟਹਿ ਮੁਕਤਿ ਹੋਇ ਤ੍ਰਿਸਨਾ ਅਗਨਿ ਬੁਝਾਏ ॥
ਸਭ ਮਹਿ ਨਾਮੁ ਨਿਧਾਨੁ ਹੈ ਗੁਰਮੁਖਿ ਕੋ ਪਾਏ ॥੫॥}

(ਅੰਗ - ੧੦੧੧)

{ਲਾਲੇ ਵਿਚਿ ਗੁਣੁ ਕਿਛੁ ਨਹੀ ਲਾਲਾ ਅਵਗਣਿਆਰੁ ॥

ਤੁਧੁ ਜੇਵਡੁ ਦਾਤਾ ਕੋ ਨਹੀ ਤੂ ਬਖਸਣਹਾਰੁ ॥ ਤੇਰਾ ਹੁਕਮੁ ਲਾਲਾ ਮੰਨੇ ਏਹ ਕਰਣੀ ਸਾਰੁ ॥੬॥}

(ਅੰਗ - ੧੦੧੧)

{ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥ ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥
ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ ॥੭॥}

(ਅੰਗ - ੧੦੧੨)

{ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥}

(ਅੰਗ - ੧੦੧੨)

{ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥}

(ਅੰਗ - ੧੦੧੨)

{ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥}

(ਅੰਗ - ੧੦੧੨)

{ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥ ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥}

(ਅੰਗ - ੧੦੧੨)

{ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥}

(ਅੰਗ - ੧੦੧੨)

{ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥}

(ਅੰਗ - ੧੦੧੨)

{ਬਾਬਾ ਐਸੀ ਰਵਤ ਰਵੈ ਸੰਨਿਆਸੀ ॥
ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥}

(ਅੰਗ - ੧੦੧੨)

{ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥}

(ਅੰਗ - ੧੦੧੨)

{ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥}

(ਅੰਗ - ੧੦੧੨)

{ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥}

(ਅੰਗ - ੧੦੧੩)

{ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥}

(ਅੰਗ - ੧੦੧੩)

{ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ॥੮॥}

(ਅੰਗ - ੧੦੧੩)

{ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥
ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥}

(ਅੰਗ - ੧੦੧੩)

{ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥}

(ਅੰਗ - ੧੦੧੩)

{ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥}

(ਅੰਗ - ੧੦੧੩)

{ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ ॥
ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ ॥੩॥}

(ਅੰਗ - ੧੦੧੩)

{ਕਰਣ ਪਲਾਵ ਕਰੇ ਨਹੀ ਪਾਵੈ ਇਤ ਉਤ ਢੂਢਤ ਥਾਕਿ ਪਰੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਆਪੇ ਕੂੜ ਕੁਟੰਬ ਸਿਉ ਪ੍ਰੀਤਿ ਕਰੇ ॥੪॥}

(ਅੰਗ - ੧੦੧੪)

{ਖੁਸੀ ਖੁਆਰ ਭਏ ਰਸ ਭੋਗਣ ਫੋਕਟ ਕਰਮ ਵਿਕਾਰ ਕਰੇ ॥
ਨਾਮੁ ਬਿਸਾਰਿ ਲੋਭਿ ਮੂਲੁ ਖੋਇਓ ਸਿਰਿ ਧਰਮ ਰਾਇ ਕਾ ਡੰਡੁ ਪਰੇ ॥੧੦॥}

(ਅੰਗ - ੧੦੧੪)

{ਖਾਵੈ ਭੋਗੈ ਸੁਣਿ ਸੁਣਿ ਦੇਖੈ ਪਹਿਰਿ ਦਿਖਾਵੈ ਕਾਲ ਘਰੇ ॥
ਬਿਨੁ ਗੁਰ ਸਬਦ ਨ ਆਪੁ ਪਛਾਣੈ ਬਿਨੁ ਹਰਿ ਨਾਮ ਨ ਕਾਲੁ ਟਰੇ ॥੫॥}

(ਅੰਗ - ੧੦੧੪)

{ਜੇਤਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ ਛੀਨਿ ਖਰੇ ॥
ਤਨੁ ਧਨੁ ਬਿਨਸੈ ਸਹਸੈ ਸਹਸਾ ਫਿਰਿ ਪਛੁਤਾਵੈ ਮੁਖਿ ਧੂਰਿ ਪਰੇ ॥੬॥}

(ਅੰਗ - ੧੦੧੪)

{ਪੂਰਬ ਜਨਮ ਕੋ ਲੇਖੁ ਨ ਮਿਟਈ ਜਨਮਿ ਮਰੈ ਕਾ ਕਉ ਦੋਸੁ ਧਰੇ ॥
ਬਿਨੁ ਗੁਰ ਬਾਦਿ ਜੀਵਣੁ ਹੋਰੁ ਮਰਣਾ ਬਿਨੁ ਗੁਰ ਸਬਦੈ ਜਨਮੁ ਜਰੇ ॥੯॥}

(ਅੰਗ - ੧੦੧੪)

{ਹਰਿ ਸਿਮਰਹੁ ਗੁਰ ਬਚਨ ਸਮਾਰਹੁ ਸੰਗਤਿ ਹਰਿ ਜਨ ਭਾਉ ਕਰੇ ॥
ਹਰਿ ਜਨ ਗੁਰੁ ਪਰਧਾਨੁ ਦੁਆਰੈ ਨਾਨਕ ਤਿਨ ਜਨ ਕੀ ਰੇਣੁ ਹਰੇ ॥੧੨॥੮॥}

(ਅੰਗ - ੧੦੧੪)

{ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ ॥ ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ ॥੨॥}

(ਅੰਗ - ੧੦੧੪)

{ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ॥ ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ ॥੩॥}

(ਅੰਗ - ੧੦੧੪)

{ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥ ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ ॥੬॥}

(ਅੰਗ - ੧੦੧੫)

{ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥ ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥੭॥}

(ਅੰਗ - ੧੦੧੫)

{ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ ॥ ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ ॥੪॥}

(ਅੰਗ - ੧੦੧੫)

{ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ ॥ ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ ॥੫॥}

(ਅੰਗ - ੧੦੧੫)

{ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥ ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥੮॥੨॥੧੦॥}

(ਅੰਗ - ੧੦੧੫)

{ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥}

(ਅੰਗ - ੧੦੧੫)

{ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥}

(ਅੰਗ - ੧੦੧੫)

{ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥
ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥}

(ਅੰਗ - ੧੦੧੫)

{ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥}

(ਅੰਗ - ੧੦੧੫)

{ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥
ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥}

(ਅੰਗ - ੧੦੧੬)

{ਆਪੇ ਮੇਲੇ ਆਪਿ ਮਿਲਾਏ ॥ ਆਪਣਾ ਪਿਆਰੁ ਆਪੇ ਲਾਏ ॥
ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥੧॥ ਰਹਾਉ ॥}

(ਅੰਗ - ੧੦੧੬)

{ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥

ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥}

(ਅੰਗ - ੧੦੧੬)

{ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥
ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥}

(ਅੰਗ - ੧੦੧੬)

{ਸਤਿਗੁਰ ਬਾਝਹੁ ਵੈਦੁ ਨ ਕੋਈ ॥ ਆਪੇ ਆਪਿ ਨਿਰੰਜਨੁ ਸੋਈ ॥
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥}

(ਅੰਗ - ੧੦੧੬)

{ਏਹੁ ਸਬਦੁ ਸਾਰੁ ਜਿਸ ਨੋ ਲਾਏ ॥ ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥}

(ਅੰਗ - ੧੦੧੬)

{ਗੁਰਮੁਖਿ ਹੋਵੈ ਸੋ ਤਤੁ ਪਾਏ ॥ ਆਪਣਾ ਆਪੁ ਵਿਚਹੁ ਗਵਾਏ ॥
ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥}

(ਅੰਗ - ੧੦੧੬)

{ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ ਇਕਨਾ ਗੁਰਮੁਖਿ ਹਉਮੈ ਮਾਰੀ ॥
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥}

(ਅੰਗ - ੧੦੧੬)

{ਗੁਰਮੁਖਿ ਜਿਨੀ ਨਾਮੁ ਨ ਪਾਇਆ ॥ ਮਨਮੁਖਿ ਬਿਰਥਾ ਜਨਮੁ ਗਵਾਇਆ ॥}

(ਅੰਗ - ੧੦੧੬)

{ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ ॥੯॥}

(ਅੰਗ - ੧੦੧੬)

{ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ ਗੁਰਿ ਪੂਰੈ ਜੁਗ ਚਾਰੇ ਜਾਤਾ ॥
ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥}

(ਅੰਗ - ੧੦੧੬)

{ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥੧॥ ਰਹਾਉ॥}
(ਅੰਗ - ੧੦੧੭)

{ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ ॥੨॥
ਜਿਹ ਘਰ ਮਹਿ ਤੁਧੁ ਰਹਨਾ ਬਸਨਾ ਸੋ ਘਰੁ ਚੀਤਿ ਨ ਆਇਓ ॥੩॥}
(ਅੰਗ - ੧੦੧੭)

{ਜਿਤੁ ਕੋ ਲਾਇਓ ਤਿਤ ਹੀ ਲਾਗਾ ਤੈਸੇ ਕਰਮ ਕਮਾਇਓ ॥੭॥
ਜਉ ਭਇਓ ਕ੍ਰਿਪਾਲੁ ਤਾ ਸਾਧਸੰਗੁ ਪਾਇਆ ਜਨ ਨਾਨਕ ਬ੍ਰਹਮੁ ਧਿਆਇਓ ॥੮॥੧॥}
(ਅੰਗ - ੧੦੧੭)

{ਕਰਿ ਅਨੁਗ੍ਰਹੁ ਰਾਖਿ ਲੀਨੋ ਭਇਓ ਸਾਧੂ ਸੰਗੁ ॥ ਹਰਿ ਨਾਮ ਰਸੁ ਰਸਨਾ ਉਚਾਰੈ ਮਿਸਟ ਗੂੜਾ ਰੰਗੁ ॥੧॥}
(ਅੰਗ - ੧੦੧੭)

{ਮੇਰੇ ਮਾਨ ਕੋ ਅਸਥਾਨੁ ॥ ਮੀਤ ਸਾਜਨ ਸਖਾ ਬੰਧਪੁ ਅੰਤਰਜਾਮੀ ਜਾਨੁ ॥੧॥ ਰਹਾਉ ॥}
(ਅੰਗ - ੧੦੧੭)

{ਮੋਖ ਮੁਕਤਿ ਦੁਆਰਿ ਜਾ ਕੈ ਸੰਤ ਰਿਦਾ ਭੰਡਾਰੁ ॥ ਜੀਅ ਜੁਗਤਿ ਸੁਜਾਣੁ ਸੁਆਮੀ ਸਦਾ ਰਾਖਣਹਾਰੁ ॥੩॥}
(ਅੰਗ - ੧੦੧੭)

{ਦੂਖ ਦਰਦ ਕਲੇਸ ਬਿਨਸਹਿ ਜਿਸੁ ਬਸੈ ਮਨ ਮਾਹਿ॥ ਮਿਰਤੁ ਨਰਕੁ ਅਸਥਾਨ ਬਿਖੜੇ ਬਿਖੁ ਨ ਪੋਹੈ ਤਾਹਿ॥੪॥}
(ਅੰਗ - ੧੦੧੭)

{ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ ॥ ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ ॥੫॥}
(ਅੰਗ - ੧੦੧੭)

{ਬਲ ਬੁਧਿ ਸੁਧਿ ਪਰਾਣ ਸਰਬਸੁ ਸੰਤਨਾ ਕੀ ਰਾਸਿ ॥ ਬਿਸਰੁ ਨਾਹੀ ਨਿਮਖ ਮਨ ਤੇ ਨਾਨਕ ਕੀ ਅਰਦਾਸਿ॥੮॥੨॥}
(ਅੰਗ - ੧੦੧੭)

{ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ॥੮॥੩॥}
(ਅੰਗ - ੧੦੧੮)

{ਮਨ ਮੇਰੇ ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ॥}
(ਅੰਗ - ੧੦੧੮)

{ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ ॥੧॥
ਆਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ ॥੨॥}
(ਅੰਗ - ੧੦੧੮)

{ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥}
(ਅੰਗ - ੧੦੧੮)

{ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥੫॥
ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ ॥੬॥}

(ਅੰਗ - ੧੦੧੮)

{ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ ॥੭॥
ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ ॥੮॥੧॥੪॥}

(ਅੰਗ - ੧੦੧੮)

{ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ ॥੨॥
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥੩॥}

(ਅੰਗ - ੧੦੧੮)

{ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ ॥੫॥
ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ ॥੬॥}

(ਅੰਗ - ੧੦੧੮)

{ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ ॥੧॥
ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ ॥੨॥}

(ਅੰਗ - ੧੦੧੯)

{ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਨਾ ॥੩॥
ਭੋਗਨਾ ਮਨ ਮਧੇ ਹਰਿ ਰਸੁ ਸੰਤਸੰਗਤਿ ਮਹਿ ਲੀਵਨਾ ॥੪॥}

(ਅੰਗ - ੧੦੧੯)

{ਮਿਲਿਓ ਤਿਸੁ ਸਰਬ ਨਿਧਾਨਾ ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ ॥੭॥
ਸੁਖੁ ਨਾਨਕ ਸੰਤਨ ਕੀ ਸੇਵਾ ਚਰਣ ਸੰਤ ਧੋਇ ਪੀਵਨਾ ॥੮॥੩॥੬॥}

(ਅੰਗ - ੧੦੧੯)

{ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥੧॥ ਰਹਾਉ ॥}

(ਅੰਗ - ੧੦੧੯)

{ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥}

(ਅੰਗ - ੧੦੧੯)

{ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥}

(ਅੰਗ - ੧੦੧੯)

{ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥}

(ਅੰਗ - ੧੦੧੯)

{ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ ॥੪॥}

(ਅੰਗ - ੧੦੨੦)

{ਖਾਲਕ ਥਾਵਹੁ ਭੁਲਾ ਮੁਠਾ ॥ ਦੁਨੀਆ ਖੇਲੁ ਬੁਰਾ ਰੁਠ ਤੁਠਾ ॥
ਸਿਦਕੁ ਸਬੂਰੀ ਸੰਤੁ ਨ ਮਿਲਿਓ ਵਤੈ ਆਪਣ ਭਾਣੀਆ ॥੬॥}

(ਅੰਗ - ੧੦੨੦)

{ਮਿਹਰ ਕਰੇ ਤਾ ਖਸਮੁ ਧਿਆਈ ॥ ਸੰਤਾ ਸੰਗਤਿ ਨਰਕਿ ਨ ਪਾਈ ॥
ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ ॥੮॥੨॥੮॥੧੨॥੨੦॥}

(ਅੰਗ - ੧੦੨੦)

{ਸਾਚਾ ਸਚੁ ਸੋਈ ਅਵਰੁ ਨ ਕੋਈ ॥}

(ਅੰਗ - ੧੦੨੦)

{ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ ॥੨॥}

(ਅੰਗ - ੧੦੨੦)

{ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥}

(ਅੰਗ - ੧੦੨੦)

{ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥}

(ਅੰਗ - ੧੦੨੦)

{ਆਪੇ ਰਤਨੁ ਅਨੂਪੁ ਅਮੋਲੋ ॥ ਆਪੇ ਪਰਖੇ ਪੂਰਾ ਤੋਲੋ॥ ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ॥੯॥}

(ਅੰਗ - ੧੦੨੦)

{ਸਬਦੁ ਬੁਝਾਏ ਸਤਿਗੁਰੁ ਪੂਰਾ ॥ ਸਰਬ ਕਲਾ ਸਾਚੇ ਭਰਪੂਰਾ ॥}

(ਅੰਗ - ੧੦੨੧)

{ਕਾਲੁ ਬਿਕਾਲੁ ਭਏ ਦੇਵਾਨੇ ॥ ਸਬਦੁ ਸਹਜ ਰਸੁ ਅੰਤਰਿ ਮਾਨੇ ॥}

(ਅੰਗ - ੧੦੨੧)

{ਆਪਿ ਨਿਰਾਲਮੁ ਗੁਰ ਗਮ ਗਿਆਨਾ ॥ ਜੋ ਦੀਸੈ ਤੁਝ ਮਾਹਿ ਸਮਾਨਾ ॥
ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥}

(ਅੰਗ - ੧੦੨੧)

{ਆਪੇ ਧਰਤੀ ਧਉਲੁ ਅਕਾਸੰ ॥ ਆਪੇ ਸਾਚੇ ਗੁਣ ਪਰਗਾਸੰ ॥}

(ਅੰਗ - ੧੦੨੧)

{ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥}

(ਅੰਗ - ੧੦੨੧)

{ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥ ਮਨਸਾ ਮਾਰਿ ਮਨੈ ਸਿਉ ਲੂਝੈ ॥
ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥}

(ਅੰਗ - ੧੦੨੧)

{ਭੂਲੇ ਚੂਕੇ ਮਾਰਗਿ ਪਾਵਹਿ ॥ ਆਪਿ ਭੁਲਾਇ ਤੂਹੈ ਸਮਝਾਵਹਿ ॥
ਬਿਨੁ ਨਾਵੈ ਮੈ ਅਵਰੁ ਨ ਦੀਸੈ ਨਾਵਹੁ ਗਤਿ ਮਿਤਿ ਪਾਈ ਹੇ ॥੮॥}

(ਅੰਗ - ੧੦੨੧)

{ਜਿਸੁ ਬਖਸੇ ਤਿਸੁ ਦੇ ਵਡਿਆਈ ॥ ਸਭਸੈ ਦਾਤਾ ਤਿਲੁ ਨ ਤਮਾਈ ॥
ਭਰਪੁਰਿ ਧਾਰਿ ਰਹਿਆ ਨਿਹਕੇਵਲੁ ਗੁਪਤੁ ਪ੍ਰਗਟੁ ਸਭ ਠਾਈ ਹੇ ॥੧੨॥}

(ਅੰਗ - ੧੦੨੨)

{ਕਿਆ ਸਾਲਾਹੀ ਅਗਮ ਅਪਾਰੈ ॥ ਸਾਚੇ ਸਿਰਜਣਹਾਰ ਮੁਰਾਰੈ ॥
ਜਿਸ ਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ ਮੇਲਾਈ ਹੇ ॥੧੩॥}

(ਅੰਗ - ੧੦੨੨)

{ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥
ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥੧੫॥}

(ਅੰਗ - ੧੦੨੨)

{ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥}

(ਅੰਗ - ੧੦੨੨)

{ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥}

(ਅੰਗ - ੧੦੨੨)

{ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ ॥
ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥}

(ਅੰਗ - ੧੦੨੨)

{ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥}

(ਅੰਗ - ੧੦੨੩)

{ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥
ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥}

(ਅੰਗ - ੧੦੨੩)

{ਅੰਤ ਕਾਲਿ ਕੋ ਬੇਲੀ ਨਾਹੀ ॥ ਗੁਰਮੁਖਿ ਜਾਤਾ ਤੁਧੁ ਸਾਲਾਹੀ ॥
ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥}

(ਅੰਗ - ੧੦੨੩)

{ਆਦਿ ਜੁਗਾਦੀ ਅਪਰ ਅਪਾਰੇ ॥ ਆਦਿ ਨਿਰੰਜਨ ਖਸਮ ਹਮਾਰੇ ॥
ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ ॥੧॥}

(ਅੰਗ - ੧੦੨੩)

{ਸਤਜੁਗਿ ਸਤੁ ਸੰਤੋਖੁ ਸਰੀਰਾ ॥ ਸਤਿ ਸਤਿ ਵਰਤੈ ਗਹਿਰ ਗੰਭੀਰਾ ॥
ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ ॥੩॥}

(ਅੰਗ - ੧੦੨੩)

{ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥}

(ਅੰਗ - ੧੦੨੩)

{ਸਚਿ ਵਰਤੈ ਸਾਚਾ ਸੋਈ ॥ ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ ॥੫॥}

(ਅੰਗ - ੧੦੨੩)

{ਮਨਮੁਖਿ ਕਦੇ ਨ ਦਰਗਹ ਸੀਝੈ ॥ ਬਿਨੁ ਸਬਦੈ ਕਿਉ ਅੰਤਰੁ ਰੀਝੈ ॥
ਬਾਧੇ ਆਵਹਿ ਬਾਧੇ ਜਾਵਹਿ ਸੋਝੀ ਬੂਝ ਨ ਕਾਈ ਹੇ ॥੭॥}

(ਅੰਗ - ੧੦੨੩)

{ਕਰਮ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ ॥੧੦॥}

(ਅੰਗ - ੧੦੨੪)

{ਮਾਇਆ ਮਮਤਾ ਛੋਡੀ ਨ ਜਾਈ ॥ ਸੇ ਛੂਟੇ ਸਚੁ ਕਾਰ ਕਮਾਈ ॥
ਅਹਿਨਿਸਿ ਭਗਤਿ ਰਤੇ ਵੀਚਾਰੀ ਠਾਕੁਰ ਸਿਉ ਬਣਿ ਆਈ ਹੇ ॥੧੧॥}

(ਅੰਗ - ੧੦੨੪)

{ਕਲੀ ਕਾਲ ਮਹਿ ਇਕ ਕਲ ਰਾਖੀ ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥
ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ ॥੧੩॥}

(ਅੰਗ - ੧੦੨੪)

{ਗੁਰ ਮਹਿ ਆਪੁ ਰਖਿਆ ਕਰਤਾਰੇ ॥ ਗੁਰਮੁਖਿ ਕੋਟਿ ਅਸੰਖ ਉਧਾਰੇ ॥
ਸਰਬ ਜੀਆ ਜਗਜੀਵਨੁ ਦਾਤਾ ਨਿਰਭਉ ਮੈਲੁ ਨ ਕਾਈ ਹੇ ॥੧੫॥}

(ਅੰਗ - ੧੦੨੪)

{ਸਗਲੇ ਜਾਚਹਿ ਗੁਰ ਭੰਡਾਰੀ ॥ ਆਪਿ ਨਿਰੰਜਨੁ ਅਲਖ ਅਪਾਰੀ ॥
ਨਾਨਕੁ ਸਾਚੁ ਕਹੈ ਪ੍ਰਭ ਜਾਚੈ ਮੈ ਦੀਜੈ ਸਾਚੁ ਰਜਾਈ ਹੇ ॥੧੬॥੪॥}

(ਅੰਗ - ੧੦੨੪)

{ਸਾਚੈ ਮੇਲੇ ਸਬਦਿ ਮਿਲਾਏ ॥ ਜਾ ਤਿਸੁ ਭਾਣਾ ਸਹਜਿ ਸਮਾਏ ॥
ਤ੍ਰਿਭਵਣ ਜੋਤਿ ਧਰੀ ਪਰਮੇਸਰਿ ਅਵਰੁ ਨ ਦੂਜਾ ਭਾਈ ਹੇ ॥੧॥}

(ਅੰਗ - ੧੦੨੪)

{ਮੂਲੁ ਨ ਬੂਝਹਿ ਸਾਚਿ ਨ ਰੀਝਹਿ ਦੂਜੈ ਭਰਮਿ ਭੁਲਾਈ ਹੇ ॥੨॥}

(ਅੰਗ - ੧੦੨੪)

{ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗੁਰਮਤਿ ਜਾਤੀ ॥}

(ਅੰਗ - ੧੦੨੪)

{ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ ॥੪॥}

(ਅੰਗ - ੧੦੨੪)

{ਕੂੜੇ ਆਵੈ ਕੂੜੇ ਜਾਵੈ ॥ ਕੂੜੇ ਰਾਤੀ ਕੂੜੁ ਕਮਾਵੈ ॥}

(ਅੰਗ - ੧੦੨੪)

{ਸਬਦਿ ਮਿਲੇ ਸੇ ਦਰਗਹ ਪੈਧੇ ਗੁਰਮੁਖਿ ਸੁਰਤਿ ਸਮਾਈ ਹੇ ॥੫॥}

(ਅੰਗ - ੧੦੨੪)

{ਕੂੜਿ ਮੁਠੀ ਠਗੀ ਠਗਵਾੜੀ ॥ ਜਿਉ ਵਾੜੀ ਓਜਾੜਿ ਉਜਾੜੀ ॥
ਨਾਮ ਬਿਨਾ ਕਿਛੁ ਸਾਦਿ ਨ ਲਾਗੈ ਹਰਿ ਬਿਸਰਿਐ ਦੁਖੁ ਪਾਈ ਹੇ ॥੬॥}

(ਅੰਗ - ੧੦੨੪)

{ਭੋਜਨੁ ਸਾਚੁ ਮਿਲੈ ਆਘਾਈ ॥ ਨਾਮ ਰਤਨੁ ਸਾਚੀ ਵਡਿਆਈ ॥
ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥}

(ਅੰਗ - ੧੦੨੪)

{ਨਾਵਹੁ ਭੁਲੀ ਚੋਟਾ ਖਾਏ ॥ ਬਹੁਤੁ ਸਿਆਣਪ ਭਰਮੁ ਨ ਜਾਏ ॥
ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥੮॥}

(ਅੰਗ - ੧੦੨੫)

{ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ ॥੯॥}

(ਅੰਗ - ੧੦੨੫)

{ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ ॥੧੨॥}

(ਅੰਗ - ੧੦੨੫)

{ਗੁਰਮਤਿ ਛੋਡਹਿ ਉਝੜਿ ਜਾਈ ॥ ਮਨਮੁਖਿ ਰਾਮੁ ਨ ਜਪੈ ਅਵਾਈ ॥
ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥੧੫॥}

(ਅੰਗ - ੧੦੨੫)

{ਹੁਕਮੇ ਆਵੈ ਹੁਕਮੇ ਜਾਵੈ ॥ ਬੂਝੈ ਹੁਕਮੁ ਸੋ ਸਾਚਿ ਸਮਾਵੈ ॥
ਨਾਨਕ ਸਾਚੁ ਮਿਲੈ ਮਨਿ ਭਾਵੈ ਗੁਰਮੁਖਿ ਕਾਰ ਕਮਾਈ ਹੇ ॥੧੬॥੫॥}

(ਅੰਗ - ੧੦੨੫)

{ਆਪੇ ਨੇੜੈ ਨਾਹੀ ਦੂਰੇ ॥ ਬੂਝਹਿ ਗੁਰਮੁਖਿ ਸੇ ਜਨ ਪੂਰੇ ॥
ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ ॥੨॥}

(ਅੰਗ - ੧੦੨੫)

{ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ॥ ਹਰਿ ਗੁਣ ਗਾਵਹਿ ਰਸਨ ਰਸੇਰੇ ॥
ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ ॥੩॥}

(ਅੰਗ - ੧੦੨੫)

{ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥
ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ ॥੪॥}

(ਅੰਗ - ੧੦੨੫)

{ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹਾੜਾ ॥
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥੬॥}

(ਅੰਗ - ੧੦੨੫)

{ਛੋਡਿਹੁ ਨਿੰਦਾ ਤਾਤਿ ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥}

(ਅੰਗ - ੧੦੨੬)

{ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ ॥੭॥}

(ਅੰਗ - ੧੦੨੬)

{ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥}

(ਅੰਗ - ੧੦੨੬)

{ਗੁਰ ਬਿਨੁ ਉਰਝਿ ਮਰਹਿ ਬੇਕਾਰਾ ॥ ਜਮੁ ਸਿਰਿ ਮਾਰੇ ਕਰੇ ਖੁਆਰਾ ॥
ਬਾਧੇ ਮੁਕਤਿ ਨਾਹੀ ਨਰ ਨਿੰਦਕ ਡੂਬਹਿ ਨਿੰਦ ਪਰਾਈ ਹੇ ॥੧੧॥}

(ਅੰਗ - ੧੦੨੬)

{ਬੋਲਹੁ ਸਾਚੁ ਪਛਾਣਹੁ ਅੰਦਰਿ ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥
ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ ॥੧੨॥}

(ਅੰਗ - ੧੦੨੬)

{ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥
ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥੧੩॥}

(ਅੰਗ - ੧੦੨੬)

{ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥ ਓਹੁ ਆਪੇ ਤਖਤਿ ਬਹੈ ਸਚਿਆਰਾ ॥}

(ਅੰਗ - ੧੦੨੬)

{ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ ॥੧੪॥}

(ਅੰਗ - ੧੦੨੬)

{ਗੁਰ ਕੇ ਸੇਵਕ ਸਤਿਗੁਰ ਪਿਆਰੇ ॥ ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥
ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ ॥੧੫॥}

(ਅੰਗ - ੧੦੨੬)

{ਆਪਿ ਤਰੈ ਜਨੁ ਪਿਤਰਾ ਤਾਰੇ ॥ ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥
ਨਾਨਕੁ ਤਿਸ ਕਾ ਲਾਲਾ ਗੋਲਾ ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ ॥੧੬॥੬॥}

(ਅੰਗ - ੧੦੨੬)

{ਚਾਰਿ ਪਦਾਰਥ ਲੈ ਜਗਿ ਆਇਆ ॥ ਸਿਵ ਸਕਤੀ ਘਰਿ ਵਾਸਾ ਪਾਇਆ ॥
ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ ॥੬॥}

(ਅੰਗ - ੧੦੨੭)

{ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ ॥੮॥}

(ਅੰਗ - ੧੦੨੭)

{ਦੁਰਮਤਿ ਅੰਧੁਲਾ ਬਿਨਸਿ ਬਿਨਾਸੈ ਮੂਠੇ ਰੋਇ ਪੂਕਾਰਾ ਹੇ ॥੯॥}

(ਅੰਗ - ੧੦੨੭)

{ਆਪੁ ਵੀਚਾਰਿ ਨ ਰੋਵੈ ਕੋਈ ॥ ਸਤਿਗੁਰੁ ਮਿਲੈ ਤ ਸੋਝੀ ਹੋਈ ॥
ਬਿਨੁ ਗੁਰ ਬਜਰ ਕਪਾਟ ਨ ਖੁਲਹਿ ਸਬਦਿ ਮਿਲੈ ਨਿਸਤਾਰਾ ਹੇ ॥੧੦॥}

(ਅੰਗ - ੧੦੨੭)

{ਨਾਮੁ ਵਿਸਾਰਿ ਚਲੈ ਮੁਹਿ ਕਾਲੈ ਦਰਗਹ ਝੂਠੁ ਖੁਆਰਾ ਹੇ ॥੧੧॥}

(ਅੰਗ - ੧੦੨੭)

{ਨਾਮੁ ਵਿਸਾਰਿ ਚਲੈ ਕੂੜਿਆਰੋ ॥ ਆਵਤ ਜਾਤ ਪੜੈ ਸਿਰਿ ਛਾਰੋ ॥}

(ਅੰਗ - ੧੦੨੭)

{ਸਾਚ ਬਿਨਾ ਦਰਿ ਸਿਝੈ ਨ ਕੋਈ ॥ ਸਾਚ ਸਬਦਿ ਪੈਝੈ ਪਤਿ ਹੋਈ ॥
ਆਪੇ ਬਖਸਿ ਲਏ ਤਿਸੁ ਭਾਵੈ ਹਉਮੈ ਗਰਬੁ ਨਿਵਾਰਾ ਹੇ ॥੧੫॥}

(ਅੰਗ - ੧੦੨੭)

{ਗੁਰ ਕਿਰਪਾ ਤੇ ਹੁਕਮੁ ਪਛਾਣੈ ॥ ਜੁਗਹ ਜੁਗੰਤਰ ਕੀ ਬਿਧਿ ਜਾਣੈ ॥
ਨਾਨਕ ਨਾਮੁ ਜਪਹੁ ਤਰੁ ਤਾਰੀ ਸਚੁ ਤਾਰੇ ਤਾਰਣਹਾਰਾ ਹੇ ॥੧੬॥੧॥੭॥}

(ਅੰਗ - ੧੦੨੭)

{ਸਤਿਗੁਰੁ ਦਾਤਾ ਮੁਕਤਿ ਕਰਾਏ ॥ ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ ॥
ਜਮੁ ਜਾਗਾਤਿ ਨਾਹੀ ਕਰੁ ਲਾਗੈ ਜਿਸੁ ਅਗਨਿ ਬੁਝੀ ਠਰੁ ਸੀਨਾ ਹੇ ॥੫॥}

(ਅੰਗ - ੧੦੨੮)

{ਮਨੂਆ ਡੋਲੈ ਦੂਤ ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ ॥੭॥}

(ਅੰਗ - ੧੦੨੮)

{ਕੂੜੁ ਛੋਡਿ ਸਾਚੇ ਕਉ ਧਾਵਹੁ ॥ ਜੋ ਇਛਹੁ ਸੋਈ ਫਲੁ ਪਾਵਹੁ ॥
ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥}

(ਅੰਗ - ੧੦੧੨੮)

{ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥}

(ਅੰਗ - ੧੦੨੮)

{ਹਉਮੈ ਬੰਧਨ ਸਤਿਗੁਰਿ ਤੋੜੇ ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥੧੬॥}

(ਅੰਗ - ੧੦੨੮)

{ਹਉਮੈ ਮਾਰਿ ਕਰਹੁ ਗੁਰ ਸੇਵਾ ਜਨ ਨਾਨਕ ਹਰਿ ਰੰਗਿ ਭੀਨਾ ਹੇ ॥੧੭॥੨॥੮॥}

(ਅੰਗ - ੧੦੨੮)

{ਅਸੁਰ ਸਘਾਰਣ ਰਾਮੁ ਹਮਾਰਾ ॥ ਘਟਿ ਘਟਿ ਰਮਈਆ ਰਾਮੁ ਪਿਆਰਾ ॥}

(ਅੰਗ - ੧੦੧੨੮)

{ਗੁਰਮੁਖਿ ਸਾਧੂ ਸਰਣਿ ਤੁਮਾਰੀ ॥ ਕਰਿ ਕਿਰਪਾ ਪ੍ਰਭਿ ਪਾਰਿ ਉਤਾਰੀ ॥
ਅਗਨਿ ਪਾਣੀ ਸਾਗਰੁ ਅਤਿ ਗਹਰਾ ਗੁਰੁ ਸਤਿਗੁਰੁ ਪਾਰਿ ਉਤਾਰਾ ਹੇ ॥੨॥}

(ਅੰਗ - ੧੦੨੮)

{ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ ॥
ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥੯॥}

(ਅੰਗ - ੧੦੨੮)

{ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ ॥ ਕਿਰਤ ਕੇ ਬਾਧੇ ਪਾਪ ਕਮਾਵਹਿ ॥
ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ ॥੪॥}

(ਅੰਗ - ੧੦੨੯)

{ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥
ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥੬॥}

(ਅੰਗ - ੧੦੨੯)

{ਸੂਰਜੁ ਤਪੈ ਅਗਨਿ ਬਿਖੁ ਝਾਲਾ ॥ ਅਪਤੁ ਪਸੂ ਮਨਮੁਖੁ ਬੇਤਾਲਾ ॥
ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ ਬੁਰਿਆਰਾ ਹੇ ॥੭॥}

(ਅੰਗ - ੧੦੨੯)

{ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ ॥੮॥}

(ਅੰਗ - ੧੦੨੯)

{ਕੂੜਿ ਮੁਠੀ ਚਾਲੈ ਬਹੁ ਰਾਹੀ ॥ ਮਨਮੁਖੁ ਦਾਝੈ ਪੜਿ ਪੜਿ ਭਾਹੀ ॥
ਅੰਮ੍ਰਿਤ ਨਾਮੁ ਗੁਰੂ ਵਡ ਦਾਣਾ ਨਾਮੁ ਜਪਹੁ ਸੁਖ ਸਾਰਾ ਹੇ ॥੧੦॥}

(ਅੰਗ - ੧੦੨੯)

{ਸਤਿਗੁਰੁ ਤੁਠਾ ਸਚੁ ਦ੍ਰਿੜਾਏ ॥ ਸਭਿ ਦੁਖ ਮੇਟੇ ਮਾਰਗਿ ਪਾਏ ॥
ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੇ ॥੧੧॥}

(ਅੰਗ - ੧੦੨੯)

{ਮਾਇਆ ਬਿਖੁ ਭੁਇਅੰਗਮ ਨਾਲੇ ॥ ਇਨਿ ਦੁਬਿਧਾ ਘਰ ਬਹੁਤੇ ਗਾਲੇ ॥
ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥}

(ਅੰਗ - ੧੦੨੯)

{ਸਾਕਤ ਮਾਇਆ ਕਉ ਬਹੁ ਧਾਵਹਿ ॥ ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥
ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥}

(ਅੰਗ - ੧੦੨੯)

{ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ ਭਉ ਹਾਰਾ ॥
ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥}

(ਅੰਗ - ੧੦੨੯)

{ਸਤਿਗੁਰੁ ਮਿਲੈ ਤ ਮਨੂਆ ਟੇਕੈ ॥ ਰਾਮ ਨਾਮੁ ਦੇ ਸਰਣਿ ਪਰੇਕੈ ॥
ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ ॥੧੬॥}

(ਅੰਗ - ੧੦੨੯)

{ਰਾਮ ਨਾਮੁ ਸਾਧੂ ਸਰਣਾਈ ॥ ਸਤਿਗੁਰ ਬਚਨੀ ਗਤਿ ਮਿਤਿ ਪਾਈ ॥
ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ ॥੧੭॥੩॥੯॥}

(ਅੰਗ - ੧੦੩੦)

{ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥}

(ਅੰਗ - ੧੦੩੦)

{ਜਿਸੁ ਬਿਸਰਿਐ ਜਮੁ ਜੋਹਣਿ ਲਾਗੈ ॥ ਸਭਿ ਸੁਖ ਜਾਹਿ ਦੁਖਾ ਫੁਨਿ ਆਗੈ ॥
ਰਾਮ ਨਾਮੁ ਜਪਿ ਗੁਰਮੁਖਿ ਜੀਅੜੇ ਏਹੁ ਪਰਮ ਤਤੁ ਵੀਚਾਰਾ ਹੇ ॥੨॥}

(ਅੰਗ - ੧੦੩੦)

{ਰਾਮ ਨਾਮੁ ਗੁਰ ਬਚਨੀ ਬੋਲਹੁ ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥
ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥੪॥}

(ਅੰਗ - ੧੦੩੦)

{ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ ॥ ਤਤੁ ਵੀਚਾਰਹੁ ਹਰਿ ਲਿਵ ਲਾਵਹੁ ॥
ਅੰਤ ਕਾਲਿ ਜਮੁ ਜੋਹਿ ਨ ਸਾਕੈ ਹਰਿ ਬੋਲਹੁ ਰਾਮੁ ਪਿਆਰਾ ਹੇ ॥੫॥}

(ਅੰਗ - ੧੦੩੦)

{ਸਤਿਗੁਰੁ ਪੁਰਖੁ ਦਾਤਾ ਵਡ ਦਾਨਾ ॥ ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਨਾ ॥
ਜਿਸ ਕਉ ਸਤਿਗੁਰੁ ਮੇਲਿ ਮਿਲਾਏ ਤਿਸੁ ਚੂਕਾ ਜਮ ਭੈ ਭਾਰਾ ਹੇ ॥੬॥}

(ਅੰਗ - ੧੦੩੦)

{ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥}

(ਅੰਗ - ੧੦੩੦)

{ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥}

(ਅੰਗ - ੧੦੩੦)

{ਸਾਕਤ ਕੂੜ ਕਪਟ ਮਹਿ ਟੇਕਾ ॥ ਅਹਿਨਿਸਿ ਨਿੰਦਾ ਕਰਹਿ ਅਨੇਕਾ ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥}

(ਅੰਗ - ੧੦੩੦)

{ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥ ਹਉਮੈ ਕਰਤਾ ਭਵਜਲਿ ਪਰਿਆ ॥
ਬਿਨੁ ਗੁਰ ਪਾਰੁ ਨ ਪਾਵੈ ਕੋਈ ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥}

(ਅੰਗ - ੧੦੩੦)

{ਗੁਰ ਕੀ ਦਾਤਿ ਨ ਮੇਟੈ ਕੋਈ ॥ ਜਿਸੁ ਬਖਸੇ ਤਿਸੁ ਤਾਰੇ ਸੋਈ ॥

ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥੧੨॥}

(ਅੰਗ - ੧੦੩੦)

{ਗੁਰ ਤੇ ਭੂਲੇ ਆਵਹੁ ਜਾਵਹੁ ॥ ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥
ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥}

(ਅੰਗ - ੧੦੩੦)

{ਹਉਮੈ ਮਮਤਾ ਕਰਦਾ ਆਇਆ ॥ ਆਸਾ ਮਨਸਾ ਬੰਧਿ ਚਲਾਇਆ ॥
ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥੧੫॥}

(ਅੰਗ - ੧੦੩੧)

{ਹਰਿ ਗੁਰ ਪੂਰੇ ਕੀ ਓਟ ਪਰਾਤੀ ॥ ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ॥
ਨਾਨਕ ਰਾਮ ਨਾਮਿ ਮਤਿ ਊਤਮ ਹਰਿ ਬਖਸੇ ਪਾਰਿ ਉਤਾਰਾ ਹੇ ॥੧੭॥੪॥੧੦॥}

(ਅੰਗ - ੧੦੩੧)

{ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥}

(ਅੰਗ - ੧੦੩੧)

{ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥}

(ਅੰਗ - ੧੦੩੧)

{ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥}

(ਅੰਗ - ੧੦੩੧)

{ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥
ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥}

(ਅੰਗ - ੧੦੩੧)

{ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥
ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥}

(ਅੰਗ - ੧੦੩੧)

{ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥}

(ਅੰਗ - ੧੦੩੧)

{ਸਤਿਗੁਰ ਬਾਝੁ ਨ ਬੇਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥
ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥}

(ਅੰਗ - ੧੦੩੨)

{ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥
ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥}

(ਅੰਗ - ੧੦੩੨)

{ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥

ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥}

(ਅੰਗ - ੧੦੩੨)

{ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥}

(ਅੰਗ - ੧੦੩੨)

{ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥ ਨਾਮੁ ਨ ਬੂਝਹਿ ਭਰਮਿ ਭੁਲਾਨਾ ॥
ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥੩॥}

(ਅੰਗ - ੧੦੩੨)

{ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥}

(ਅੰਗ - ੧੦੩੨)

{ਸਭ ਸਾਲਾਹੇ ਸੁਣਿ ਸੁਣਿ ਆਖੈ ॥ ਆਪੇ ਦਾਨਾ ਸਚੁ ਪਰਾਖੈ ॥
ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥੫॥}

(ਅੰਗ - ੧੦੩੨)

{ਨੀਕੇ ਸਾਚੇ ਕੇ ਵਾਪਾਰੀ ॥ ਸਚੁ ਸਉਦਾ ਲੈ ਗੁਰ ਵੀਚਾਰੀ ॥
ਸਚਾ ਵਖਰੁ ਜਿਸੁ ਧਨੁ ਪਲੈ ਸਬਦਿ ਸਚੈ ਓਮਾਹਾ ਹੇ ॥੯॥}

(ਅੰਗ - ੧੦੩੨)

{ਕਾਚੀ ਸਉਦੀ ਤੋਟਾ ਆਵੈ ॥ ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ ॥
ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ ॥੧੦॥}

(ਅੰਗ - ੧੦੩੨)

{ਸਭੁ ਕੋ ਬੋਲੈ ਆਪਣ ਭਾਣੈ ॥ ਮਨਮੁਖੁ ਦੂਜੈ ਬੋਲਿ ਨ ਜਾਣੈ ॥
ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ ॥੧੧॥}

(ਅੰਗ - ੧੦੩੩)

{ਸਚੀ ਕਰਣੀ ਗੁਰ ਕੀ ਸਿਰਕਾਰਾ ॥ ਆਵਣੁ ਜਾਣੁ ਨਹੀ ਜਮ ਧਾਰਾ ॥
ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ ॥੧੩॥}

(ਅੰਗ - ੧੦੩੩)

{ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ ॥੧੪॥}

(ਅੰਗ - ੧੦੩੩)

{ਕਿਆ ਕਹੀਐ ਗੁਣ ਕਥਹਿ ਘਨੇਰੇ ॥ ਅੰਤੁ ਨ ਪਾਵਹਿ ਵਡੇ ਵਡੇਰੇ ॥
ਨਾਨਕ ਸਾਚੁ ਮਿਲੈ ਪਤਿ ਰਾਖਹੁ ਤੂ ਸਿਰਿ ਸਾਹਾ ਪਾਤਿਸਾਹਾ ਹੇ ॥੧੬॥੬॥੧੨॥}

(ਅੰਗ - ੧੦੩੩)

{ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥
ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥}

(ਅੰਗ - ੧੦੩੩)

{ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥
ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥}

(ਅੰਗ - ੧੦੩੩)

{ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥}

(ਅੰਗ - ੧੦੩੪)

{ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥
ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥}

(ਅੰਗ - ੧੦੩੪)

{ਸੋਹਨਿ ਭਗਤ ਪ੍ਰਭੂ ਦਰਬਾਰੇ ॥ ਮੁਕਤੁ ਭਏ ਹਰਿ ਦਾਸ ਤੁਮਾਰੇ ॥
ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥੨॥}

(ਅੰਗ - ੧੦੩੪)

{ਮਨਮੁਖੁ ਆਪੁ ਗਣਾਏ ਰੋਵੈ ॥ ਨਾਵਹੁ ਭੁਲਾ ਠਉਰ ਨ ਪਾਏ ਆਇ ਜਾਇ ਦੁਖੁ ਪਾਇਦਾ ॥੫॥}

(ਅੰਗ - ੧੦੩੪)

{ਗਿਆਨ ਵਿਹੂਣੀ ਭਵੈ ਸਬਾਈ ॥ ਸਾਚਾ ਰਵਿ ਰਹਿਆ ਲਿਵ ਲਾਈ ॥
ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ ॥੮॥}

(ਅੰਗ - ੧੦੩੪)

{ਪਲੈ ਸਾਚੁ ਸਚੇ ਸਚਿਆਰਾ ॥ ਸਾਚੇ ਭਾਵੈ ਸਬਦੁ ਪਿਆਰਾ ॥}

(ਅੰਗ - ੧੦੩੫)

{ਆਪੇ ਕਰਤਾ ਆਪੇ ਭੁਗਤਾ ॥ ਆਪੇ ਤ੍ਰਿਪਤਾ ਆਪੇ ਮੁਕਤਾ ॥
ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ ॥੧੪॥}

(ਅੰਗ - ੧੦੩੫)

{ਸੇ ਗੁਣ ਗਾਵਹਿ ਸਾਚੇ ਭਾਵਹਿ ॥ ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥
ਨਾਨਕੁ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ ॥੧੬॥੨॥੧੪॥}

(ਅੰਗ - ੧੦੩੫)

{ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥
ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥}

(ਅੰਗ - ੧੦੩੬)

{ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥}

(ਅੰਗ - ੧੦੩੭)

{ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥
ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥}

(ਅੰਗ - ੧੦੩੭)

{ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥
ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥}

(ਅੰਗ - ੧੦੩੭)

{ਰਜ ਤਮ ਸਤ ਕਲ ਤੇਰੀ ਛਾਇਆ ॥ ਜਨਮ ਮਰਣ ਹਉਮੈ ਦੁਖੁ ਪਾਇਆ ॥}

(ਅੰਗ - ੧੦੩੮)

{ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ ॥੧੧॥}

(ਅੰਗ - ੧੦੩੮)

{ਗੁਰਮੁਖਿ ਸਮਝੈ ਰੋਗੁ ਨ ਹੋਈ ॥ ਇਹ ਗੁਰ ਕੀ ਪਉੜੀ ਜਾਣੈ ਜਨੁ ਕੋਈ ॥}

(ਅੰਗ - ੧੦੩੮)

{ਊਤਮ ਸਤਿਗੁਰ ਪੁਰਖ ਨਿਰਾਲੇ ॥ ਸਬਦਿ ਰਤੇ ਹਰਿ ਰਸਿ ਮਤਵਾਲੇ ॥
ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ ॥੧੫॥}

(ਅੰਗ - ੧੦੩੮)

{ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥ ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥
ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥੧੬॥}

(ਅੰਗ - ੧੦੩੮)

{ਪੰਚ ਤਤੁ ਸੁੰਨਹੁ ਪਰਗਾਸਾ ॥ ਦੇਹ ਸੰਜੋਗੀ ਕਰਮ ਅਭਿਆਸਾ ॥
ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨੁ ਬੀਜਾਇਦਾ ॥੧੪॥}

(ਅੰਗ - ੧੦੩੮)

{ਸਤਿਗੁਰ ਤੇ ਪਾਏ ਵੀਚਾਰਾ ॥ ਸੁੰਨ ਸਮਾਧਿ ਸਚੇ ਘਰ ਬਾਰਾ ॥
ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ ॥੧੭॥੫॥੧੭॥}

(ਅੰਗ - ੧੦੩੮)

{ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥
ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ ॥੩॥}

(ਅੰਗ - ੧੦੩੮)

{ਊਤਮ ਜਨ ਸੰਤ ਭਲੇ ਹਰਿ ਪਿਆਰੇ ॥ ਹਰਿ ਰਸ ਮਾਤੇ ਪਾਰਿ ਉਤਾਰੇ ॥
ਨਾਨਕ ਰੇਣ ਸੰਤ ਜਨ ਸੰਗਤਿ ਹਰਿ ਗੁਰ ਪਰਸਾਦੀ ਪਾਇਆ ॥੫॥}

(ਅੰਗ - ੧੦੩੮)

{ਤੂ ਅੰਤਰਜਾਮੀ ਜੀਅ ਸਭਿ ਤੇਰੇ ॥ ਤੂ ਦਾਤਾ ਹਮ ਸੇਵਕ ਤੇਰੇ ॥
ਅੰਮ੍ਰਿਤ ਨਾਮੁ ਕ੍ਰਿਪਾ ਕਰਿ ਦੀਜੈ ਗੁਰਿ ਗਿਆਨ ਰਤਨੁ ਦੀਪਾਇਆ ॥੬॥}

(ਅੰਗ - ੧੦੩੮)

{ਪੰਚ ਤਤੁ ਮਿਲਿ ਇਹੁ ਤਨੁ ਕੀਆ ॥ ਆਤਮ ਰਾਮ ਪਾਏ ਸੁਖੁ ਥੀਆ ॥
ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ ॥੭॥}

(ਅੰਗ - ੧੦੩੮)

{ਬੇਣੁ ਰਸਾਲ ਵਜਾਵੈ ਸੋਈ ॥ ਜਾ ਕੀ ਤ੍ਰਿਭਵਣ ਸੋਝੀ ਹੋਈ ॥
ਨਾਨਕ ਬੂਝਹੁ ਇਹ ਬਿਧਿ ਗੁਰਮਤਿ ਹਰਿ ਰਾਮ ਨਾਮਿ ਲਿਵ ਲਾਇਆ ॥੧੦॥}

(ਅੰਗ - ੧੦੩੯)

{ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥੧੧॥}

(ਅੰਗ - ੧੦੩੯)

{ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥
ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥੧੪॥}

(ਅੰਗ - ੧੦੩੯)

{ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥}

(ਅੰਗ - ੧੦੩੯)

{ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ ॥੧੫॥੧॥੧੯॥}

(ਅੰਗ - ੧੦੩੯)

{ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥
ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥੧॥}

(ਅੰਗ - ੧੦੩੯)

{ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥
ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥}

(ਅੰਗ - ੧੦੩੯)

{ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥
ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥}

(ਅੰਗ - ੧੦੪੦)

{ਸਚੈ ਥਾਨਿ ਵਸੈ ਨਿਰੰਕਾਰਾ ॥ ਆਪਿ ਪਛਾਣੈ ਸਬਦੁ ਵੀਚਾਰਾ ॥
ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥੭॥}

(ਅੰਗ - ੧੦੪੦)

{ਭਉ ਬੈਰਾਗਾ ਸਹਜਿ ਸਮਾਤਾ ॥ ਹਉਮੈ ਤਿਆਗੀ ਅਨਹਦਿ ਰਾਤਾ ॥
ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੯॥}

(ਅੰਗ - ੧੦੪੦)

{ਕਾਲੈ ਕਵਲੁ ਨਿਰੰਜਨੁ ਜਾਣੈ ॥ ਬੂਝੈ ਕਰਮੁ ਸੁ ਸਬਦੁ ਪਛਾਣੈ ॥
ਆਪੇ ਜਾਣੈ ਆਪਿ ਪਛਾਣੈ ਸਭੁ ਤਿਸ ਕਾ ਚੋਜੁ ਸਬਾਇਆ ॥੧੧॥}

(ਅੰਗ - ੧੦੪੦)

{ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥ ਦੂਜਾ ਮੇਟੈ ਏਕੁ ਦਿਖਾਏ ॥
ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ ॥੧੪॥}

(ਅੰਗ - ੧੦੪੦)

{ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥}

(ਅੰਗ - ੧੦੪੦)

{ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥੧੫॥੨॥੧੯॥}

(ਅੰਗ - ੧੦੪੦)

{ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥
ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥}

(ਅੰਗ - ੧੦੪੦)

{ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥}

(ਅੰਗ - ੧੦੪੦)

{ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥}

(ਅੰਗ - ੧੦੪੦)

{ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੂਤੀਆ ਗਾਇਆ ॥੩॥}

(ਅੰਗ - ੧੦੪੦)

{ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥}

(ਅੰਗ - ੧੦੪੦)

{ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥}

(ਅੰਗ - ੧੦੪੦)

{ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥
ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥}

(ਅੰਗ - ੧੦੪੧)

{ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥
ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥}

(ਅੰਗ - ੧੦੪੧)

{ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥}

(ਅੰਗ - ੧੦੪੧)

{ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥
ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥}

(ਅੰਗ - ੧੦੪੧)

{ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ॥੧੦॥}

(ਅੰਗ - ੧੦੪੧)

{ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥
ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥}

(ਅੰਗ - ੧੦੪੧)

{ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥}

(ਅੰਗ - ੧੦੪੧)

{ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥}

(ਅੰਗ - ੧੦੪੧)

{ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥}

(ਅੰਗ - ੧੦੪੧)

{ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥}

(ਅੰਗ - ੧੦੪੧)

{ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥
ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥}

(ਅੰਗ - ੧੦੪੧)

{ਅੰਮ੍ਰਿਤ ਰਸੁ ਪਾਏ ਤ੍ਰਿਸਨਾ ਭਉ ਜਾਏ ॥ ਅਨਭਉ ਪਦੁ ਪਾਵੈ ਆਪੁ ਗਵਾਏ ॥
ਊਚੀ ਪਦਵੀ ਊਚੋ ਊਚਾ ਨਿਰਮਲ ਸਬਦੁ ਕਮਾਇਆ ॥੪॥}

(ਅੰਗ - ੧੦੪੧)

{ਅਦ੍ਰਿਸਟ ਅਗੋਚਰੁ ਨਾਮੁ ਅਪਾਰਾ ॥ ਅਤਿ ਰਸੁ ਮੀਠਾ ਨਾਮੁ ਪਿਆਰਾ ॥
ਨਾਨਕ ਕਉ ਜੁਗਿ ਜੁਗਿ ਹਰਿ ਜਸੁ ਦੀਜੈ ਹਰਿ ਜਪੀਐ ਅੰਤੁ ਨ ਪਾਇਆ ॥੫॥}

(ਅੰਗ - ੧੦੪੧)

{ਅੰਤਰਿ ਨਾਮੁ ਪਰਾਪਤਿ ਹੀਰਾ ॥ ਹਰਿ ਜਪਤੇ ਮਨੁ ਮਨ ਤੇ ਧੀਰਾ ॥
ਦੁਘਟ ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ ॥੬॥}

(ਅੰਗ - ੧੦੪੧)

{ਭਗਤਿ ਹੇਤਿ ਗੁਰ ਸਬਦਿ ਤਰੰਗਾ ॥ ਹਰਿ ਜਸੁ ਨਾਮੁ ਪਦਾਰਥੁ ਮੰਗਾ ॥
ਹਰਿ ਭਾਵੈ ਗੁਰ ਮੇਲਿ ਮਿਲਾਏ ਹਰਿ ਤਾਰੇ ਜਗਤੁ ਸਬਾਇਆ ॥੭॥}

(ਅੰਗ - ੧੦੪੨)

{ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾ ਕੇ ॥ ਜਮਕੰਕਰ ਕਾਲੁ ਸੇਵਕ ਪਗ ਤਾ ਕੇ ॥
ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥੮॥}

(ਅੰਗ - ੧੦੪੨)

{ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥}

(ਅੰਗ - ੧੦੪੨)

{ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦੁ ਸੁਰਤਿ ਬਿਨੁ ਆਈਐ ਜਾਈਐ ॥}

(ਅੰਗ - ੧੦੪੨)

{ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥}

(ਅੰਗ - ੧੦੪੨)

{ਅੰਤਰ ਕੀ ਗਤਿ ਸਤਿਗੁਰੁ ਜਾਣੈ ॥ ਸੋ ਨਿਰਭਉ ਗੁਰ ਸਬਦਿ ਪਛਾਣੈ ॥
ਅੰਤਰੁ ਦੇਖਿ ਨਿਰੰਤਰਿ ਬੂਝੈ ਅਨਤ ਨ ਮਨੁ ਡੋਲਾਇਆ ॥੧੩॥}

(ਅੰਗ - ੧੦੪੨)

{ਨਿਰਭਉ ਸੋ ਅਭ ਅੰਤਰਿ ਵਸਿਆ ॥ ਅਹਿਨਿਸਿ ਨਾਮਿ ਨਿਰੰਜਨ ਰਸਿਆ ॥
ਨਾਨਕ ਹਰਿ ਜਸੁ ਸੰਗਤਿ ਪਾਈਐ ਹਰਿ ਸਹਜੇ ਸਹਜਿ ਮਿਲਾਇਆ ॥੧੪॥}

(ਅੰਗ - ੧੦੪੨)

{ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥ ਰਹੈ ਅਲਿਪਤੁ ਚਲਤੇ ਘਰਿ ਆਣੈ ॥
ਊਪਰਿ ਆਦਿ ਸਰਬ ਤਿਹੁ ਲੋਈ ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥੧੫॥੪॥੨੧॥}

(ਅੰਗ - ੧੦੪੨)

{ਜਿਸ ਕਉ ਮੇਲੇ ਸੁਰਤਿ ਸਮਾਏ ॥ ਗੁਰ ਸਬਦੀ ਹਰਿ ਨਾਮੁ ਧਿਆਏ ॥
ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ ॥੩॥}

(ਅੰਗ - ੧੦੪੨)

{ਮਨ ਤਨ ਧਨ ਤੇ ਨਾਮੁ ਪਿਆਰਾ ॥ ਅੰਤਿ ਸਖਾਈ ਚਲਣਵਾਰਾ ॥

ਮੋਹ ਪਸਾਰ ਨਹੀ ਸੰਗਿ ਬੇਲੀ ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ ॥੪॥}

(ਅੰਗ - ੧੦੪੨)

{ਜਿਸ ਕਉ ਨਦਰਿ ਕਰੇ ਗੁਰੁ ਪੂਰਾ ॥ ਸਬਦਿ ਮਿਲਾਏ ਗੁਰਮਤਿ ਸੂਰਾ ॥
ਨਾਨਕ ਗੁਰ ਕੇ ਚਰਨ ਸਰੇਵਹੁ ਜਿਨਿ ਭੂਲਾ ਮਾਰਗਿ ਪਾਇਆ ॥੫॥}

(ਅੰਗ - ੧੦੪੩)

{ਸੰਤ ਜਨਾਂ ਹਰਿ ਧਨੁ ਜਸੁ ਪਿਆਰਾ ॥ ਗੁਰਮਤਿ ਪਾਇਆ ਨਾਮੁ ਤੁਮਾਰਾ ॥}

(ਅੰਗ - ੧੦੪੩)

{ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥
ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥}

(ਅੰਗ - ੧੦੪੩)

{ਸਤਿਗੁਰ ਸੇਵਹੁ ਸੰਕ ਨ ਕੀਜੈ ॥ ਆਸਾ ਮਾਹਿ ਨਿਰਾਸੁ ਰਹੀਜੈ ॥
ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ ॥੯॥}

(ਅੰਗ - ੧੦੪੩)

{ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥}

(ਅੰਗ - ੧੦੪੩)

{ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥}

(ਅੰਗ - ੧੦੪੩)

{ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥}

(ਅੰਗ - ੧੦੪੩)

{ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥}

(ਅੰਗ - ੧੦੪੩)

{ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥
ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖੁ ਲਖਾਇਆ ॥੧੫॥੫॥੨੨॥}

(ਅੰਗ - ੧੦੪੩)

{ਮਾਇਆ ਮੋਹੁ ਜਗਤੁ ਗੁਬਾਰਾ ॥ ਗੁਰਮੁਖਿ ਬੂਝੈ ਕੋ ਵੀਚਾਰਾ ॥
ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥}

(ਅੰਗ - ੧੦੪੩)

{ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ ॥੩॥}

(ਅੰਗ - ੧੦੪੪)

{ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥
ਆਪੇ ਖੇਲ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥}

(ਅੰਗ - ੧੦੪੪)

{ਸਤਿਗੁਰੁ ਸੇਵੇ ਆਪੁ ਗਵਾਏ ॥ ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥
ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ ॥੬॥}

(ਅੰਗ - ੧੦੪੪)

{ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥
ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ ॥੯॥}

(ਅੰਗ - ੧੦੪੪)

{ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਾਚੈ ਨਾਮਿ ਸਦਾ ਲਿਵ ਲਾਗੀ ॥}

(ਅੰਗ - ੧੦੪੪)

{ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥}

(ਅੰਗ - ੧੦੪੪)

{ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਵਿਰਲੈ ਕਿਨੈ ਪਛਾਣੀ ॥
ਸਚੇ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ ॥੧੧॥}

(ਅੰਗ - ੧੦੪੪)

{ਸਬਦੁ ਬੁਝੈ ਸੋ ਮੈਲੁ ਚੁਕਾਏ ॥ ਨਿਰਮਲ ਨਾਮੁ ਵਸੈ ਮਨਿ ਆਏ ॥
ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ ॥੧੨॥}

(ਅੰਗ - ੧੦੪੪)

{ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ ॥
ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ ॥੧੩॥}

(ਅੰਗ - ੧੦੪੪)

{ਆਪੇ ਆਪਿ ਮਿਲੈ ਤਾ ਬੂਝੈ ॥ ਗਿਆਨ ਵਿਹੂਣਾ ਕਿਛੂ ਨ ਸੂਝੈ ॥
ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ ॥੧੪॥}

(ਅੰਗ - ੧੦੪੪)

{ਅਪਣੀ ਨਦਰਿ ਕਰੇ ਸੋ ਪਾਏ ॥ ਸਚੈ ਸਬਦਿ ਤਾੜੀ ਚਿਤੁ ਲਾਏ ॥
ਨਾਨਕ ਦਾਸੁ ਕਹੈ ਬੇਨੰਤੀ ਭੀਖਿਆ ਨਾਮੁ ਦਰਿ ਪਾਈ ਹੇ ॥੧੬॥੧॥}

(ਅੰਗ - ੧੦੪੪)

{ਏਕੋ ਏਕੁ ਵਰਤੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥}

(ਅੰਗ - ੧੦੪੪)

{ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥}

(ਅੰਗ - ੧੦੪੫)

{ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥ ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥
ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ ॥੭॥}

(ਅੰਗ - ੧੦੪੫)

{ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥}

(ਅੰਗ - ੧੦੪੫)

{ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥}

(ਅੰਗ - ੧੦੪੫)

{ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥}

(ਅੰਗ - ੧੦੪੫)

{ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥}

(ਅੰਗ - ੧੦੪੫)

{ਹਉਮੈ ਮਾਰੇ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰਿ ਧਾਰੇ ॥
ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ ॥੧੪॥}

(ਅੰਗ - ੧੦੪੫)

{ਆਪੇ ਗੁਣਦਾਤਾ ਬੀਚਾਰੀ ॥ ਗੁਰਮੁਖਿ ਦੇਵਹਿ ਪਕੀ ਸਾਰੀ ॥
ਨਾਨਕ ਨਾਮਿ ਸਮਾਵਹਿ ਸਾਚੈ ਸਾਚੇ ਤੇ ਪਤਿ ਹੋਈ ਹੇ ॥੧੬॥੨॥}

(ਅੰਗ - ੧੦੪੫)

{ਸਬਦਿ ਮਰੈ ਸੋਈ ਜਨੁ ਪੂਰਾ ॥ ਸਤਿਗੁਰੁ ਆਖਿ ਸੁਣਾਏ ਸੂਰਾ ॥
ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ ॥੪॥}

(ਅੰਗ - ੧੦੪੬)

{ਪੜਿ ਪੰਡਿਤੁ ਅਵਰਾ ਸਮਝਾਏ ॥ ਘਰ ਜਲਤੇ ਕੀ ਖਬਰਿ ਨ ਪਾਏ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ ॥੫॥}

(ਅੰਗ - ੧੦੪੬)

{ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥ ਬਿਨੁ ਸਬਦੈ ਹਉਮੈ ਕਿਨਿ ਮਾਰੀ ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਭਰਮਿ ਭੇਖਿ ਭਰਮਾਈ ਹੇ ॥੬॥}

(ਅੰਗ - ੧੦੪੬)

{ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ ॥ ਸਬਦਿ ਮੁਏ ਹਰਿ ਨਾਮਿ ਨਿਵਾਸੀ ॥
ਅਨਦਿਨੁ ਸਦਾ ਰਹਹਿ ਰੰਗਿ ਰਾਤੇ ਭੈ ਭਾਇ ਭਗਤਿ ਚਿਤੁ ਲਾਈ ਹੇ ॥੭॥}

(ਅੰਗ - ੧੦੪੬)

{ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥ ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥
ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ ॥੮॥}

(ਅੰਗ - ੧੦੪੬)

{ਸਚੈ ਸਬਦਿ ਸਚੀ ਪਤਿ ਹੋਈ ॥ ਬਿਨੁ ਨਾਵੈ ਮੁਕਤਿ ਨ ਪਾਵੈ ਕੋਈ ॥
ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ ॥੯॥}

(ਅੰਗ - ੧੦੪੬)

{ਇਸਨਾਨੁ ਦਾਨੁ ਕਰਹਿ ਨਹੀ ਬੂਝਹਿ ॥ ਇਕਿ ਮਨੂਆ ਮਾਰਿ ਮਨੈ ਸਿਉ ਲੂਝਹਿ ॥
ਸਾਚੈ ਸਬਦਿ ਰਤੇ ਇਕ ਰੰਗੀ ਸਾਚੈ ਸਬਦਿ ਮਿਲਾਈ ਹੇ ॥੧੧॥}

(ਅੰਗ - ੧੦੪੬)

{ਸਤਿਗੁਰੁ ਸੇਵਹਿ ਸੇ ਜਨ ਸਾਚੇ ॥ ਮਨਮੁਖ ਸੇਵਿ ਨ ਜਾਣਨਿ ਕਾਚੇ ॥
ਆਪੇ ਕਰਤਾ ਕਰਿ ਕਰਿ ਵੇਖੈ ਜਿਉ ਭਾਵੈ ਤਿਉ ਲਾਈ ਹੇ ॥੧੩॥}

(ਅੰਗ - ੧੦੪੬)

{ਜੁਗਿ ਜੁਗਿ ਸਾਚਾ ਏਕੋ ਦਾਤਾ ॥ ਪੂਰੈ ਭਾਗਿ ਗੁਰ ਸਬਦੁ ਪਛਾਤਾ ॥
ਸਬਦਿ ਮਿਲੇ ਸੇ ਵਿਛੁੜੇ ਨਾਹੀ ਨਦਰੀ ਸਹਜਿ ਮਿਲਾਈ ਹੇ ॥੧੪॥}

(ਅੰਗ - ੧੦੪੬)

{ਹਉਮੈ ਮਾਇਆ ਮੈਲੁ ਕਮਾਇਆ ॥ ਮਰਿ ਮਰਿ ਜੰਮਹਿ ਦੂਜਾ ਭਾਇਆ ॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ਮਨਿ ਦੇਖਹੁ ਲਿਵ ਲਾਈ ਹੇ ॥੧੫॥}

(ਅੰਗ - ੧੦੪੬)

{ਆਪੇ ਕਰਤਾ ਕਰਿ ਕਰਿ ਵੇਖੈ ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥
ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ ਅਗਿਆਨੀ ਅੰਧੁ ਕਮਾਈ ਹੇ ॥੨॥}

(ਅੰਗ - ੧੦੪੭)

{ਮਨਮੁਖ ਸਹਸਾ ਬੂਝ ਨ ਪਾਈ ॥ ਮਰਿ ਮਰਿ ਜੰਮੈ ਜਨਮੁ ਗਵਾਈ ॥
ਗੁਰਮੁਖਿ ਨਾਮਿ ਰਤੇ ਸੁਖੁ ਪਾਇਆ ਸਹਜੇ ਸਾਚਿ ਸਮਾਈ ਹੇ ॥੩॥}

(ਅੰਗ - ੧੦੪੭)

{ਧੰਧੈ ਧਾਵਤ ਮਨੁ ਭਇਆ ਮਨੂਰਾ ॥ ਫਿਰਿ ਹੋਵੈ ਕੰਚਨੁ ਭੇਟੈ ਗੁਰੁ ਪੂਰਾ ॥
ਆਪੇ ਬਖਸਿ ਲਏ ਸੁਖੁ ਪਾਏ ਪੂਰੈ ਸਬਦਿ ਮਿਲਾਈ ਹੇ ॥੪॥}

(ਅੰਗ - ੧੦੪੭)

{ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗਣਿਆਰਿ ॥
ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥੫॥}

(ਅੰਗ - ੧੦੪੭)

{ਅਉਗਣਿਆਰੀ ਕੰਤ ਨ ਭਾਵੈ ॥ ਮਨ ਕੀ ਜੂਠੀ ਜੂਠੁ ਕਮਾਵੈ ॥
ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ ॥੬॥}

(ਅੰਗ - ੧੦੪੭)

{ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥
ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥}

(ਅੰਗ - ੧੦੪੭)

{ਹਉਮੈ ਧਾਤੁ ਮੋਹ ਰਸਿ ਲਾਈ ॥ ਗੁਰਮੁਖਿ ਲਿਵ ਸਾਚੀ ਸਹਜਿ ਸਮਾਈ ॥
ਆਪੇ ਮੇਲੈ ਆਪੇ ਕਰਿ ਵੇਖੈ ਬਿਨੁ ਸਤਿਗੁਰ ਬੂਝ ਨ ਪਾਈ ਹੇ ॥੯॥}

(ਅੰਗ - ੧੦੪੭)

{ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ ॥ ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ ॥
ਆਪੇ ਕਰੇ ਕਰਾਏ ਆਪੇ ਹੋਰੁ ਕਰਣਾ ਕਿਛੂ ਨ ਜਾਈ ਹੇ ॥੧੦॥}

(ਅੰਗ - ੧੦੪੭)

{ਕਾਲੁ ਮਾਰਿ ਗੁਰ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰ ਧਾਰੇ ॥
ਸਤਿਗੁਰ ਸੇਵਾ ਤੇ ਸੁਖੁ ਪਾਇਆ ਹਰਿ ਕੈ ਨਾਮਿ ਸਮਾਈ ਹੇ ॥੧੧॥}

(ਅੰਗ - ੧੦੪੭)

{ਦੂਜੈ ਭਾਇ ਫਿਰੈ ਦੇਵਾਨੀ ॥ ਮਾਇਆ ਮੋਹਿ ਦੁਖ ਮਾਹਿ ਸਮਾਨੀ ॥
ਬਹੁਤੇ ਭੇਖ ਕਰੈ ਨਹ ਪਾਏ ਬਿਨੁ ਸਤਿਗੁਰ ਸੁਖੁ ਨ ਪਾਈ ਹੇ ॥੧੨॥}

(ਅੰਗ - ੧੦੪੭)

{ਗੁਰਮੁਖਿ ਹਰਿ ਜੀਉ ਏਕੋ ਜਾਤਾ ॥ ਅੰਤਰਿ ਨਾਮੁ ਸਬਦਿ ਪਛਾਤਾ ॥
ਜਿਸੁ ਤੂ ਦੇਹਿ ਸੋਈ ਜਨੁ ਪਾਏ ਨਾਨਕ ਨਾਮਿ ਵਡਾਈ ਹੇ ॥੧੬॥੪॥}

(ਅੰਗ - ੧੦੪੮)

{ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥
ਆਪੇ ਆਇ ਵਸਿਆ ਘਟ ਅੰਤਰਿ ਤੂਟੀ ਜਮ ਕੀ ਫਾਸੀ ਹੇ ॥੨॥}

(ਅੰਗ - ੧੦੪੮)

{ਸਤਿਗੁਰੁ ਸੇਵੀ ਸਬਦਿ ਸਾਲਾਹੀ ॥ ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ ॥੩॥}

(ਅੰਗ - ੧੦੪੮)

{ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥੪॥}

(ਅੰਗ - ੧੦੪੮)

{ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥
ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥}

(ਅੰਗ - ੧੦੪੮)

{ਹਉ ਤਿਨ ਬਲਿਹਾਰੀ ਜੋ ਸਾਚੈ ਲਾਗੇ ॥ ਹਰਿ ਗੁਣ ਗਾਵਹਿ ਅਨਦਿਨੁ ਜਾਗੇ ॥
ਸਾਚਾ ਸੂਖੁ ਸਦਾ ਤਿਨ ਅੰਤਰਿ ਰਸਨਾ ਹਰਿ ਰਸਿ ਰਾਸੀ ਹੇ ॥੬॥}

(ਅੰਗ - ੧੦੪੮)

{ਹਰਿ ਨਾਮੁ ਚੇਤਾ ਅਵਰੁ ਨ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥

ਪੂਰੈ ਗੁਰਿ ਸਭੁ ਸਚੁ ਦਿਖਾਇਆ ਸਚੈ ਨਾਮਿ ਨਿਵਾਸੀ ਹੇ ॥੭॥}

(ਅੰਗ - ੧੦੪੮)

{ਕਾਮਿ ਕ੍ਰੋਧਿ ਭਰੇ ਹਮ ਅਪਰਾਧੀ ॥ ਕਿਆ ਮੁਹੁ ਲੈ ਬੋਲਹ ਨਾ ਹਮ ਗੁਣ ਨ ਸੇਵਾ ਸਾਧੀ ॥
ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ ਸਾਚੁ ਨਾਮੁ ਅਬਿਨਾਸੀ ਹੇ ॥੯॥}

(ਅੰਗ - ੧੦੪੮)

{ਨਾ ਕੋਈ ਕਰੇ ਨ ਕਰਣੈ ਜੋਗਾ ॥ ਆਪੇ ਕਰਹਿ ਕਰਾਵਹਿ ਸੁ ਹੋਇਗਾ ॥
ਆਪੇ ਬਖਸਿ ਲੈਹਿ ਸੁਖੁ ਪਾਏ ਸਦ ਹੀ ਨਾਮਿ ਨਿਵਾਸੀ ਹੇ ॥੧੦॥}

(ਅੰਗ - ੧੦੪੮)

{ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ ॥
ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ ॥੧੧॥}

(ਅੰਗ - ੧੦੪੮)

{ਹਰਿ ਜੀਉ ਅਵਗਣਿਆਰੇ ਨੋ ਗੁਣੁ ਕੀਜੈ ॥ ਆਪੇ ਬਖਸਿ ਲੈਹਿ ਨਾਮੁ ਦੀਜੈ ॥
ਗੁਰਮੁਖਿ ਹੋਵੈ ਸੋ ਪਤਿ ਪਾਏ ਇਕਤੁ ਨਾਮਿ ਨਿਵਾਸੀ ਹੇ ॥੧੨॥}

(ਅੰਗ - ੧੦੪੮)

{ਅੰਤਰਿ ਹਰਿ ਧਨੁ ਸਮਝ ਨ ਹੋਈ ॥ ਗੁਰ ਪਰਸਾਦੀ ਬੂਝੈ ਕੋਈ ॥
ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ ॥੧੩॥}

(ਅੰਗ - ੧੦੪੮)

{ਅਨਲ ਵਾਉ ਭਰਮਿ ਭੁਲਾਈ ॥ ਮਾਇਆ ਮੋਹਿ ਸੁਧਿ ਨ ਕਾਈ ॥
ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ ॥੧੪॥}

(ਅੰਗ - ੧੦੪੮)

{ਮਨਮੁਖ ਹਉਮੈ ਮਾਇਆ ਸੂਤੇ ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥੧੫॥}

(ਅੰਗ - ੧੦੪੯)

{ਆਪੇ ਕਰਤੈ ਕਾਰ ਕਰਾਈ ॥ ਆਪੇ ਗੁਰਮੁਖਿ ਦੇਇ ਬੁਝਾਈ ॥
ਨਾਨਕ ਨਾਮਿ ਰਤੇ ਮਨੁ ਨਿਰਮਲੁ ਨਾਮੇ ਨਾਮਿ ਨਿਵਾਸੀ ਹੇ ॥੧੬॥੫॥}

(ਅੰਗ - ੧੦੪੯)

{ਏਕੋ ਸੇਵੀ ਸਦਾ ਥਿਰੁ ਸਾਚਾ ॥ ਦੂਜੈ ਲਾਗਾ ਸਭੁ ਜਗੁ ਕਾਚਾ ॥
ਗੁਰਮਤੀ ਸਦਾ ਸਚੁ ਸਾਲਾਹੀ ਸਾਚੇ ਹੀ ਸਾਚਿ ਪਤੀਜੈ ਹੇ ॥੧॥}

(ਅੰਗ - ੧੦੪੯)

{ਤੇਰੇ ਗੁਣ ਬਹੁਤੇ ਮੈ ਏਕੁ ਨ ਜਾਤਾ ॥ ਆਪੇ ਲਾਇ ਲਏ ਜਗਜੀਵਨੁ ਦਾਤਾ ॥
ਆਪੇ ਬਖਸੇ ਦੇ ਵਡਿਆਈ ਗੁਰਮਤਿ ਇਹੁ ਮਨੁ ਭੀਜੈ ਹੇ ॥੨॥}

(ਅੰਗ - ੧੦੪੯)

{ਮਾਇਆ ਲਹਰਿ ਸਬਦਿ ਨਿਵਾਰੀ ॥ ਇਹੁ ਮਨੁ ਨਿਰਮਲੁ ਹਉਮੈ ਮਾਰੀ ॥

ਸਹਜੇ ਗੁਣ ਗਾਵੈ ਰੰਗਿ ਰਾਤਾ ਰਸਨਾ ਰਾਮੁ ਰਵੀਜੈ ਹੇ ॥੩॥}

(ਅੰਗ - ੧੦੪੯)

{ਅੰਤਰਿ ਲੋਭੁ ਕਰੈ ਨਹੀ ਬੂਝੈ ॥ ਸਿਰ ਊਪਰਿ ਜਮਕਾਲੁ ਨ ਸੂਝੈ ॥
ਐਥੈ ਕਮਾਣਾ ਸੁ ਅਗੈ ਆਇਆ ਅੰਤਕਾਲਿ ਕਿਆ ਕੀਜੈ ਹੇ ॥੫॥}

(ਅੰਗ - ੧੦੪੯)

{ਜੋ ਸਚਿ ਲਾਗੇ ਤਿਨ ਸਾਚੀ ਸੋਇ ॥ ਦੂਜੈ ਲਾਗੇ ਮਨਮੁਖਿ ਰੋਇ ॥}

(ਅੰਗ - ੧੦੪੯)

{ਗੁਰ ਕੈ ਸਬਦਿ ਸਦਾ ਜਨੁ ਸੋਹੈ ॥ ਨਾਮ ਰਸਾਇਣਿ ਇਹੁ ਮਨੁ ਮੋਹੈ ॥
ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥}

(ਅੰਗ - ੧੦੪੯)

{ਸਭਨਾ ਵਿਚਿ ਵਰਤੈ ਇਕੁ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥੯॥}

(ਅੰਗ - ੧੦੪੯)

{ਮਾਇਆ ਅਗਨਿ ਜਲੈ ਸੰਸਾਰੇ ॥ ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥
ਅੰਤਰਿ ਸਾਂਤਿ ਸਦਾ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ ॥੧੦॥}

(ਅੰਗ - ੧੦੪੯)

{ਮਨਮੁਖਿ ਅੰਤਰਿ ਭਗਤਿ ਨ ਹੋਈ ॥ ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ ॥
ਪਵਿਤ੍ਰ ਪਾਵਨ ਸਦਾ ਹੈ ਬਾਣੀ ਗੁਰਮਤਿ ਅੰਤਰੁ ਭੀਜੈ ਹੇ ॥੧੨॥}

(ਅੰਗ - ੧੦੪੯)

{ਆਪੇ ਸਾਚਾ ਏਕੋ ਸੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥
ਨਾਨਕ ਨਾਮਿ ਰਤੇ ਮਨੁ ਸਾਚਾ ਸਚੋ ਸਚੁ ਰਵੀਜੈ ਹੇ ॥੧੬॥੬॥}

(ਅੰਗ - ੧੦੪੯)

{ਸਚੈ ਲਾਏ ਸੇ ਜਨ ਲਾਗੇ ॥ ਅੰਤਰਿ ਸਬਦੁ ਮਸਤਕਿ ਵਡਭਾਗੇ ॥
ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ ॥੩॥}

(ਅੰਗ - ੧੦੫੦)

{ਸਚੋ ਸਚਾ ਸਚੁ ਸਾਲਾਹੀ ॥ ਏਕੋ ਵੇਖਾ ਦੂਜਾ ਨਾਹੀ ॥
ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥}

(ਅੰਗ - ੧੦੫੦)

{ਮਾਇਆ ਮੋਹੁ ਸਬਦਿ ਜਲਾਇਆ ॥ ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥
ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥੫॥}

(ਅੰਗ - ੧੦੫੦)

{ਮਾਇਆ ਮੋਹੁ ਸਭੁ ਆਪੇ ਕੀਨਾ ॥ ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥
ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥੬॥}

(ਅੰਗ - ੧੦੫੦)

{ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥ ਹਉਮੈ ਤ੍ਰਿਸਨਾ ਸਬਦਿ ਬੁਝਾਈ ॥
ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ ॥੭॥}

(ਅੰਗ - ੧੦੫੦)

{ਸਚਿ ਲਗੇ ਤਿਨ ਸਭੁ ਕਿਛੁ ਭਾਵੈ ॥ ਸਚੈ ਸਬਦੇ ਸਚਿ ਸੁਹਾਵੈ ॥
ਐਥੈ ਸਾਚੇ ਸੇ ਦਰਿ ਸਾਚੇ ਨਦਰੀ ਨਦਰਿ ਸਵਾਰੀ ਹੇ ॥੮॥}

(ਅੰਗ - ੧੦੫੦)

{ਬਿਨੁ ਸਾਚੇ ਜੋ ਦੂਜੈ ਲਾਇਆ ॥ ਮਾਇਆ ਮੋਹ ਦੁਖ ਸਬਾਇਆ ॥
ਬਿਨੁ ਗੁਰ ਦੁਖੁ ਸੁਖੁ ਜਾਪੈ ਨਾਹੀ ਮਾਇਆ ਮੋਹ ਦੁਖੁ ਭਾਰੀ ਹੇ ॥੯॥}

(ਅੰਗ - ੧੦੫੦)

{ਸਾਚਾ ਸਬਦੁ ਜਿਨਾ ਮਨਿ ਭਾਇਆ ॥ ਪੂਰਬਿ ਲਿਖਿਆ ਤਿਨੀ ਕਮਾਇਆ ॥
ਸਚੋ ਸੇਵਹਿ ਸਚੁ ਧਿਆਵਹਿ ਸਚਿ ਰਤੇ ਵੀਚਾਰੀ ਹੇ ॥੧੦॥}

(ਅੰਗ - ੧੦੫੦)

{ਗੁਰ ਕੀ ਸੇਵਾ ਮੀਠੀ ਲਾਗੀ ॥ ਅਨਦਿਨੁ ਸੂਖ ਸਹਜ ਸਮਾਧੀ ॥
ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ ਗੁਰ ਕੀ ਸੇਵ ਪਿਆਰੀ ਹੇ ॥੧੧॥}

(ਅੰਗ - ੧੦੫੦)

{ਹਉਮੈ ਮੇਰਾ ਦੂਜਾ ਭਾਇਆ ॥ ਕਿਛੁ ਨ ਚਲੈ ਧੁਰਿ ਖਸਮਿ ਲਿਖਿ ਪਾਇਆ ॥
ਗੁਰ ਸਾਚੇ ਤੇ ਸਾਚੁ ਕਮਾਵਹਿ ਸਾਚੈ ਦੂਖ ਨਿਵਾਰੀ ਹੇ ॥੧੪॥}

(ਅੰਗ - ੧੦੫੧)

{ਜਾ ਤੂ ਦੇਹਿ ਸਦਾ ਸੁਖੁ ਪਾਏ ॥ ਸਾਚੈ ਸਬਦੇ ਸਾਚੁ ਕਮਾਏ ॥
ਅੰਦਰੁ ਸਾਚਾ ਮਨੁ ਤਨੁ ਸਾਚਾ ਭਗਤਿ ਭਰੇ ਭੰਡਾਰੀ ਹੇ ॥੧੫॥}

(ਅੰਗ - ੧੦੫੧)

{ਆਵਾ ਗਉਣੁ ਹੈ ਸੰਸਾਰਾ ॥ ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥
ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥੩॥}

(ਅੰਗ - ੧੦੫੧)

{ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥ ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥}

(ਅੰਗ - ੧੦੫੧)

{ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ ਅਵਗਣ ਛੋਡਿ ਗੁਣ ਮਾਹਿ ਸਮਾਏ ॥
ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥}

(ਅੰਗ - ੧੦੫੧)

{ਜਹ ਦੇਖਾ ਤਹ ਏਕੋ ਸੋਈ ॥ ਦੂਜੀ ਦੁਰਮਤਿ ਸਬਦੇ ਖੋਈ ॥
ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ ॥੭॥}

(ਅੰਗ - ੧੦੫੧)

{ਕਾਇਆ ਕਮਲੁ ਹੈ ਕੁਮਲਾਣਾ ॥ ਮਨਮੁਖੁ ਸਬਦੁ ਨ ਬੁਝੈ ਇਆਣਾ ॥
ਗੁਰ ਪਰਸਾਦੀ ਕਾਇਆ ਖੋਜੇ ਪਾਏ ਜਗਜੀਵਨੁ ਦਾਤਾ ਹੇ ॥੮॥}

(ਅੰਗ - ੧੦੫੧)

{ਕੋਟ ਗਹੀ ਕੇ ਪਾਪ ਨਿਵਾਰੇ ॥ ਸਦਾ ਹਰਿ ਜੀਉ ਰਾਖੈ ਉਰ ਧਾਰੇ ॥
ਜੋ ਇਛੇ ਸੋਈ ਫਲੁ ਪਾਏ ਜਿਉ ਰੰਗੁ ਮਜੀਠੈ ਰਾਤਾ ਹੇ ॥੯॥}

(ਅੰਗ - ੧੦੫੧)

{ਮਨਮੁਖੁ ਗਿਆਨੁ ਕਥੇ ਨ ਹੋਈ ॥ ਫਿਰਿ ਫਿਰਿ ਆਵੈ ਠਉਰ ਨ ਕੋਈ ॥
ਗੁਰਮੁਖਿ ਗਿਆਨੁ ਸਦਾ ਸਾਲਾਹੇ ਜੁਗਿ ਜੁਗਿ ਏਕੋ ਜਾਤਾ ਹੇ ॥੧੦॥}

(ਅੰਗ - ੧੦੫੧)

{ਮਨਮੁਖੁ ਕਾਰ ਕਰੇ ਸਭਿ ਦੁਖ ਸਬਾਏ ॥ ਅੰਤਰਿ ਸਬਦੁ ਨਾਹੀ ਕਿਉ ਦਰਿ ਜਾਏ ॥
ਗੁਰਮੁਖਿ ਸਬਦੁ ਵਸੈ ਮਨਿ ਸਾਚਾ ਸਦ ਸੇਵੇ ਸੁਖਦਾਤਾ ਹੇ ॥੧੧॥}

(ਅੰਗ - ੧੦੫੧)

{ਜਹ ਦੇਖਾ ਤੂ ਸਭਨੀ ਥਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥
ਨਾਮੋ ਨਾਮੁ ਧਿਆਈਐ ਸਦਾ ਸਦ ਇਹੁ ਮਨੁ ਨਾਮੇ ਰਾਤਾ ਹੇ ॥੧੨॥}

(ਅੰਗ - ੧੦੫੨)

{ਜਿਸ ਨੋ ਨਦਰਿ ਕਰੇ ਸੋ ਪਾਏ ॥ ਸਾਚਾ ਸਬਦੁ ਵਸੈ ਮਨਿ ਆਏ ॥
ਨਾਨਕ ਨਾਮਿ ਰਤੇ ਨਿਰੰਕਾਰੀ ਦਰਿ ਸਾਚੈ ਸਾਚੁ ਪਛਾਤਾ ਹੇ ॥੧੬॥੮॥}

(ਅੰਗ - ੧੦੫੨)

{ਮਾਇਆ ਮੋਹਿ ਸਭੁ ਜਗਤੁ ਉਪਾਇਆ ॥ ਬ੍ਰਹਮਾ ਬਿਸਨੁ ਦੇਵ ਸਬਾਇਆ ॥
ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥}

(ਅੰਗ - ੧੦੫੨)

{ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ ਦੂਜੈ ਭਾਇ ਘਣਾ ਦੁਖੁ ਆਗੈ ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ ॥੮॥}

(ਅੰਗ - ੧੦੫੨)

{ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ ॥ ਹਉਮੈ ਮੇਰਾ ਠਾਕਿ ਰਹਾਏ ॥
ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ ॥੧੦॥}

(ਅੰਗ - ੧੦੫੨)

{ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥ ਆਪੇ ਮੇਲੈ ਗੁਰ ਸਬਦਿ ਵੀਚਾਰਾ ॥
ਆਪੇ ਬਖਸੇ ਸਚੁ ਦ੍ਰਿੜਾਏ ਮਨੁ ਤਨੁ ਸਾਚੈ ਰਾਤਾ ਹੇ ॥੧੧॥}

(ਅੰਗ - ੧੦੫੨)

{ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ ਗੁਰਮਤਿ ਬੂਝੈ ਕਰਿ ਵੀਚਾਰਾ ॥
ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥੧੨॥}

(ਅੰਗ - ੧੦੫੩)

{ਮਾਇਆ ਮੋਹੁ ਪਸਰਿਆ ਪਾਸਾਰਾ ॥ ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥੧੫॥}

(ਅੰਗ - ੧੦੫੩)

{ਆਪੇ ਕਰਤਾ ਕਰੇ ਕਰਾਏ ॥ ਸਚੀ ਬਾਣੀ ਸਚੁ ਦ੍ਰਿੜਾਏ ॥
ਨਾਨਕ ਨਾਮੁ ਮਿਲੈ ਵਡਿਆਈ ਜੁਗਿ ਜੁਗਿ ਏਕੋ ਜਾਤਾ ਹੇ ॥੧੬॥੯॥}

(ਅੰਗ - ੧੦੫੩)

{ਆਪੇ ਸਚਾ ਸਚੁ ਵਰਤਾਏ ॥ ਇਕਿ ਜਨ ਸਾਚੈ ਆਪੇ ਲਾਏ ॥
ਸਾਚੋ ਸੇਵਹਿ ਸਾਚੁ ਕਮਾਵਹਿ ਨਾਮੇ ਸਚਿ ਸਮਾਹਾ ਹੇ ॥੨॥}

(ਅੰਗ - ੧੦੫੩)

{ਧੁਰਿ ਭਗਤਾ ਮੇਲੇ ਆਪਿ ਮਿਲਾਏ ॥ ਸਚੀ ਭਗਤੀ ਆਪੇ ਲਾਏ ॥
ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੇ ॥੩॥}

(ਅੰਗ - ੧੦੫੩)

{ਮਾਇਆ ਮੋਹਿ ਦੂਜੈ ਜੰਤ ਪਾਜੇ ॥ ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ ਜਮ ਕਾ ਜੇਵੜਾ ਗਲਿ ਫਾਹਾ ਹੇ॥੬॥}

(ਅੰਗ - ੧੦੫੩)

{ਆਪੇ ਬਖਸੇ ਗੁਰ ਸੇਵਾ ਲਾਏ ॥ ਗੁਰਮਤੀ ਨਾਮੁ ਮੰਨਿ ਵਸਾਏ ॥
ਅਨਦਿਨੁ ਨਾਮੁ ਧਿਆਏ ਸਾਚਾ ਇਸੁ ਜਗ ਮਹਿ ਨਾਮੋ ਲਾਹਾ ਹੇ ॥੭॥}

(ਅੰਗ - ੧੦੫੩)

{ਪੂਰੈ ਸਤਿਗੁਰਿ ਸੋਝੀ ਪਾਈ ॥ ਏਕੋ ਨਾਮੁ ਮੰਨਿ ਵਸਾਈ ॥
ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ ॥੧੧॥}

(ਅੰਗ - ੧੦੫੩)

{ਸੇਵਕ ਸੇਵਹਿ ਮੰਨਿ ਹੁਕਮੁ ਅਪਾਰਾ ॥ ਮਨਮੁਖ ਹੁਕਮੁ ਨ ਜਾਣਹਿ ਸਾਰਾ ॥
ਹੁਕਮੇ ਮੰਨੇ ਹੁਕਮੇ ਵਡਿਆਈ ਹੁਕਮੇ ਵੇਪਰਵਾਹਾ ਹੇ ॥੧੨॥}

(ਅੰਗ - ੧੦੫੪)

{ਗੁਰ ਪਰਸਾਦੀ ਹੁਕਮੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥
ਨਾਮੇ ਰਾਤਾ ਸਦਾ ਬੈਰਾਗੀ ਨਾਮੁ ਰਤਨੁ ਮਨਿ ਤਾਹਾ ਹੇ ॥੧੩॥}

(ਅੰਗ - ੧੦੫੪)

{ਸਦਾ ਸਦਾ ਤੇਰੇ ਗੁਣ ਗਾਵਾ ॥ ਸਚੇ ਸਾਹਿਬ ਤੇਰੈ ਮਨਿ ਭਾਵਾ ॥
ਨਾਨਕੁ ਸਾਚੁ ਕਹੈ ਬੇਨੰਤੀ ਸਚੁ ਦੇਵਹੁ ਸਚਿ ਸਮਾਹਾ ਹੇ ॥੧੬॥੧॥੧੦॥}

(ਅੰਗ - ੧੦੫੪)

{ਕ੍ਰਿਪਾ ਕਰੇ ਤਾ ਮੇਲਿ ਮਿਲਾਏ ॥ ਹਉਮੈ ਮਮਤਾ ਸਬਦਿ ਜਲਾਏ ॥
ਸਦਾ ਮੁਕਤੁ ਰਹੈ ਇਕ ਰੰਗੀ ਨਾਹੀ ਕਿਸੈ ਨਾਲਿ ਕਾਹਾ ਹੇ ॥੩॥}

(ਅੰਗ - ੧੦੫੪)

{ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥ ਗੁਰ ਕੇ ਭੈ ਕੀ ਸਾਰ ਨ ਜਾਣਹਿ ॥
ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ ॥੬॥}

(ਅੰਗ - ੧੦੫੪)

{ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥ ਗੁਰਮੁਖਿ ਹਿਰਦੈ ਨਾਮੁ ਵਸਾਏ ॥
ਗੁਰਮੁਖਿ ਹੋਵੈ ਸੋ ਨਾਮੁ ਬੂਝੈ ਕਾਟੇ ਦੁਰਮਤਿ ਫਾਹਾ ਹੇ ॥੧੨॥}

(ਅੰਗ - ੧੦੫੫)

{ਗੁਰਮੁਖਿ ਉਪਜੈ ਸਾਚਿ ਸਮਾਵੈ ॥ ਨਾ ਮਰਿ ਜੰਮੈ ਨ ਜੂਨੀ ਪਾਵੈ ॥
ਗੁਰਮੁਖਿ ਸਦਾ ਰਹਹਿ ਰੰਗਿ ਰਾਤੇ ਅਨਦਿਨੁ ਲੈਦੇ ਲਾਹਾ ਹੇ ॥੧੩॥}

(ਅੰਗ - ੧੦੫੫)

{ਗੁਣ ਕਾ ਦਾਤਾ ਸਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਨਾਨਕ ਜਨੁ ਨਾਮੁ ਸਲਾਹੇ ਬਿਗਸੈ ਸੋ ਨਾਮੁ ਬੇਪਰਵਾਹਾ ਹੇ ॥੧੬॥੨॥੧੧॥}

(ਅੰਗ - ੧੦੫੫)

{ਪੂਰੈ ਸਤਿਗੁਰਿ ਬੂਝਿ ਬੁਝਾਇਆ ॥ ਹੁਕਮੇ ਹੀ ਸਭੁ ਜਗਤੁ ਉਪਾਇਆ ॥
ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥੩॥}

(ਅੰਗ - ੧੦੫੫)

{ਸਚਾ ਸਤਿਗੁਰੁ ਸਬਦੁ ਅਪਾਰਾ ॥ ਤਿਸ ਦੈ ਸਬਦਿ ਨਿਸਤਰੈ ਸੰਸਾਰਾ ॥
ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ ॥੪॥}

(ਅੰਗ - ੧੦੫੫)

{ਸਤਿਗੁਰੁ ਪੂਰਾ ਸਾਚੁ ਦ੍ਰਿੜਾਏ ॥ ਸਚੈ ਸਬਦਿ ਸਦਾ ਗੁਣ ਗਾਏ ॥
ਗੁਣਦਾਤਾ ਵਰਤੈ ਸਭ ਅੰਤਰਿ ਸਿਰਿ ਸਿਰਿ ਲਿਖਦਾ ਸਾਹਾ ਹੇ ॥੭॥}

(ਅੰਗ - ੧੦੫੫)

{ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ ॥ ਮਨਹਠਿ ਕਰਮ ਫਿਰਿ ਜੋਨੀ ਪਾਏ ॥
ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ ॥੯॥}

(ਅੰਗ - ੧੦੫੫)

{ਪੂਰਾ ਸਤਿਗੁਰੁ ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ ਹਰਿ ਨਾਮਿ ਚਿਤੁ ਲਾਏ ॥
ਮਨਿ ਤਨਿ ਹਰਿ ਰਵਿਆ ਘਟ ਅੰਤਰਿ ਮਨਿ ਭੀਨੈ ਭਗਤਿ ਸਲਾਹਾ ਹੇ ॥੧੦॥}

(ਅੰਗ - ੧੦੫੬)

{ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ ॥ ਗੁਰ ਕੈ ਸਬਦਿ ਭਗਤਿ ਨਿਸਤਾਰਣੁ ॥
ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਸਿਰਿ ਸਾਹਾ ਪਾਤਿਸਾਹਾ ਹੇ ॥੧੧॥}

(ਅੰਗ - ੧੦੫੬)

{ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ ॥ ਤੁਧੁ ਆਪੇ ਕਥੀ ਅਕਥ ਕਹਾਣੀ ॥
ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ ॥੧੪॥}

(ਅੰਗ - ੧੦੫੬)

{ਭਗਤ ਸਚੇ ਤੇਰੈ ਦਰਵਾਰੇ ॥ ਸਬਦੇ ਸੇਵਨਿ ਭਾਇ ਪਿਆਰੇ ॥
ਨਾਨਕ ਨਾਮਿ ਰਤੇ ਬੈਰਾਗੀ ਨਾਮੇ ਕਾਰਜੁ ਸੋਹਾ ਹੇ ॥੧੬॥੩॥੧੨॥}

(ਅੰਗ - ੧੦੫੬)

{ਵਾਜੈ ਪਉਣੁ ਤੈ ਆਪਿ ਵਜਾਏ ॥ ਸਿਵ ਸਕਤੀ ਦੇਹੀ ਮਹਿ ਪਾਏ ॥
ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥}

(ਅੰਗ - ੧੦੫੬)

{ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥
ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥}

(ਅੰਗ - ੧੦੫੬)

{ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥}

(ਅੰਗ - ੧੦੫੬)

{ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥}

(ਅੰਗ - ੧੦੫੭)

{ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥}

(ਅੰਗ - ੧੦੫੭)

{ਮਨਮੁਖੁ ਭੂਲਾ ਠਉਰ ਨ ਪਾਏ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥
ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥}

(ਅੰਗ - ੧੦੫੭)

{ਬਿਨੁ ਗੁਰ ਦਾਤੇ ਕੋਇ ਨ ਪਾਏ ॥ ਲਖ ਕੋਟੀ ਜੇ ਕਰਮ ਕਮਾਏ ॥
ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥}

(ਅੰਗ - ੧੦੫੭)

{ਸਾਚੀ ਬਾਣੀ ਸਬਦਿ ਸੁਹਾਏ ॥ ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ॥੧੬॥੪॥੧੩॥}

(ਅੰਗ - ੧੦੫੭)

{ਨਿਹਚਲੁ ਏਕੁ ਸਦਾ ਸਚੁ ਸੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਹਰਿ ਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ ॥੧॥}

(ਅੰਗ - ੧੦੫੭)

{ਅੰਦਰਿ ਰੰਗੁ ਸਦਾ ਸਚਿਆਰਾ ॥ ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥
ਨਉ ਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ ॥੨॥}

(ਅੰਗ - ੧੦੫੭)

{ਸਚੁ ਸੰਜਮੁ ਸਤਿਗੁਰੂ ਦੁਆਰੈ ॥ ਹਉਮੈ ਕ੍ਰੋਧੁ ਸਬਦਿ ਨਿਵਾਰੈ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥}

(ਅੰਗ - ੧੦੫੭)

{ਹਉਮੈ ਮੋਹੁ ਉਪਜੈ ਸੰਸਾਰਾ ॥ ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ ॥੬॥}

(ਅੰਗ - ੧੦੫੭)

{ਜੀਵਨ ਮੁਕਤਿ ਗੁਰ ਸਬਦੁ ਕਮਾਏ ॥ ਹਰਿ ਸਿਉ ਸਦ ਹੀ ਰਹੈ ਸਮਾਏ ॥
ਗੁਰ ਕਿਰਪਾ ਤੇ ਮਿਲੈ ਵਡਿਆਈ ਹਉਮੈ ਰੋਗੁ ਨ ਤਾਹਾ ਹੇ ॥੯॥}

(ਅੰਗ - ੧੦੫੮)

{ਰਸ ਕਸ ਖਾਏ ਪਿੰਡੁ ਵਧਾਏ ॥ ਭੇਖ ਕਰੈ ਗੁਰ ਸਬਦੁ ਨ ਕਮਾਏ ॥
ਅੰਤਰਿ ਰੋਗੁ ਮਹਾ ਦੁਖੁ ਭਾਰੀ ਬਿਸਟਾ ਮਾਹਿ ਸਮਾਹਾ ਹੇ ॥੧੦॥}

(ਅੰਗ - ੧੦੫੮)

{ਬੇਦ ਪੜਹਿ ਪੜਿ ਬਾਦੁ ਵਖਾਣਹਿ ॥ ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥}

(ਅੰਗ - ੧੦੫੮)

{ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥}

(ਅੰਗ - ੧੦੫੮)

{ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥ ਸਚਾ ਸਾਹਿਬੁ ਠਾਕੁਰੁ ਮੇਰਾ ॥
ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥}

(ਅੰਗ - ੧੦੫੮)

{ਗੁਰਮੁਖਿ ਮਨੂਆ ਉਲਟਿ ਪਰਾਵੈ ॥ ਗੁਰਮੁਖਿ ਬਾਣੀ ਨਾਦੁ ਵਜਾਵੈ ॥
ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥੨॥}

(ਅੰਗ - ੧੦੫੮)

{ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥

ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥}

(ਅੰਗ - ੧੦੫੮)

{ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥ ਮੈਲੁ ਨ ਲਾਗੈ ਸਚਿ ਸਮਾਵੈ ॥
ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥}

(ਅੰਗ - ੧੦੫੮)

{ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥
ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥}

(ਅੰਗ - ੧੦੫੮)

{ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥
ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥}

(ਅੰਗ - ੧੦੫੯)

{ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥
ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥੮॥}

(ਅੰਗ - ੧੦੫੯)

{ਮਨਹਠਿ ਕਰਮ ਕਰੇ ਸੋ ਛੀਜੈ ॥ ਬਹੁਤੇ ਭੇਖ ਕਰੇ ਨਹੀ ਭੀਜੈ ॥
ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥}

(ਅੰਗ - ੧੦੫੯)

{ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥
ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥}

(ਅੰਗ - ੧੦੫੯)

{ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥ ਹਉਮੈ ਵਿਚਹੁ ਮੋਹੁ ਚੁਕਾਇਆ ॥
ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥੧੪॥}

(ਅੰਗ - ੧੦੫੯)

{ਗੁਰਮੁਖਿ ਸਚੋ ਸਚੁ ਕਮਾਵੈ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥
ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥੧੬॥੧॥੧੫॥}

(ਅੰਗ - ੧੦੫੯)

{ਸੋ ਸੂਚਾ ਜਿ ਕਰੋਧੁ ਨਿਵਾਰੇ ॥ ਸਬਦੇ ਬੂਝੈ ਆਪੁ ਸਵਾਰੇ ॥}

(ਅੰਗ - ੧੦੫੯)

{ਨਿਰਮਲ ਭਗਤਿ ਹੈ ਨਿਰਾਲੀ ॥ ਮਨੁ ਤਨੁ ਧੋਵਹਿ ਸਬਦਿ ਵੀਚਾਰੀ ॥}

(ਅੰਗ - ੧੦੫੯)

{ਇਸੁ ਮਨ ਮੰਦਰ ਮਹਿ ਮਨੂਆ ਧਾਵੈ ॥ ਸੁਖੁ ਪਲਰਿ ਤਿਆਗਿ ਮਹਾ ਦੁਖੁ ਪਾਵੈ ॥
ਬਿਨੁ ਸਤਿਗੁਰ ਭੇਟੇ ਠਉਰ ਨ ਪਾਵੈ ਆਪੇ ਖੇਲੁ ਕਰਾਇਦਾ ॥੭॥}

(ਅੰਗ - ੧੦੫੯)

{ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥
ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥੧੧॥}

(ਅੰਗ - ੧੦੬੦)

{ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥੧੨॥}

(ਅੰਗ - ੧੦੬੦)

{ਕਾਮ ਕਰੋਧੁ ਸਬਲ ਸੰਸਾਰਾ ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥
ਸਤਿਗੁਰ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥੧੩॥}

(ਅੰਗ - ੧੦੬੦)

{ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥
ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥}

(ਅੰਗ - ੧੦੬੦)

{ਮਨੁ ਤਨੁ ਸੀਤਲੁ ਗੁਰ ਚਰਣੀ ਲਾਗਾ ॥ ਅੰਤਰਿ ਭਰਮੁ ਗਇਆ ਭਉ ਭਾਗਾ ॥}

(ਅੰਗ - ੧੦੬੧)

{ਹੈ ਭੀ ਸਾਚਾ ਹੋਸੀ ਸੋਈ ॥ ਆਪੇ ਸਾਜੇ ਅਵਰੁ ਨ ਕੋਈ ॥
ਸਭਨਾ ਸਾਰ ਕਰੇ ਸੁਖਦਾਤਾ ਆਪੇ ਰਿਜਕੁ ਪਹੁਚਾਇਦਾ ॥੩॥}

(ਅੰਗ - ੧੦੬੧)

{ਮਨੁ ਕਠੋਰੁ ਦੂਜੈ ਭਾਇ ਲਾਗਾ ॥ ਭਰਮੇ ਭੂਲਾ ਫਿਰੈ ਅਭਾਗਾ ॥
ਕਰਮੁ ਹੋਵੈ ਤਾ ਸਤਿਗੁਰੁ ਸੇਵੇ ਸਹਜੇ ਹੀ ਸੁਖੁ ਪਾਇਦਾ ॥੧੦॥}

(ਅੰਗ - ੧੦੬੧)

{ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥}

(ਅੰਗ - ੧੦੬੧)

{ਕਰਤਾ ਕਰੇ ਸੁ ਨਿਹਚਉ ਹੋਵੈ ॥ ਗੁਰ ਕੈ ਸਬਦੇ ਹਉਮੈ ਖੋਵੈ ॥
ਗੁਰ ਪਰਸਾਦੀ ਕਿਸੈ ਦੇ ਵਡਿਆਈ ਨਾਮੋ ਨਾਮੁ ਧਿਆਇਦਾ ॥੫॥}

(ਅੰਗ - ੧੦੬੨)

{ਗਣਤ ਗਣੈ ਸੋ ਜਲੈ ਸੰਸਾਰਾ ॥ ਸਹਸਾ ਮੂਲਿ ਨ ਚੁਕੈ ਵਿਕਾਰਾ ॥
ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥੯॥}

(ਅੰਗ - ੧੦੬੨)

{ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥
ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥੧੨॥}

(ਅੰਗ - ੧੦੬੨)

{ਨਿਰਮਲ ਬਾਣੀ ਕੋ ਮੰਨਿ ਵਸਾਏ ॥ ਗੁਰ ਪਰਸਾਦੀ ਸਹਸਾ ਜਾਏ ॥

ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥}

(ਅੰਗ - ੧੦੬੨)

{ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥ ਕਾਮਿ ਕਰੋਧਿ ਜਲੈ ਸਭੁ ਕੋਈ ॥
ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ ॥੧੫॥}

(ਅੰਗ - ੧੦੬੨)

{ਮੇਰਾ ਤੇਰਾ ਤੁਧੁ ਆਪੇ ਕੀਆ ॥ ਸਭਿ ਤੇਰੇ ਜੰਤ ਤੇਰੇ ਸਭਿ ਜੀਆ ॥
ਨਾਨਕ ਨਾਮੁ ਸਮਾਲਿ ਸਦਾ ਤੂ ਗੁਰਮਤੀ ਮੰਨਿ ਵਸਾਇਦਾ ॥੧੬॥੪॥੧੮॥}

(ਅੰਗ - ੧੦੬੨)

{ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥ ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ ॥੨॥}

(ਅੰਗ - ੧੦੬੨)

{ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ ॥ ਅਨਦਿਨੁ ਮਾਰੀਅਹਿ ਦੁਖੁ ਸਬਾਇਆ ॥
ਮਥੇ ਕਾਲੇ ਮਹਲੁ ਨ ਪਾਵਹਿ ਦੁਖ ਹੀ ਵਿਚਿ ਦੁਖੁ ਪਾਇਦਾ ॥੫॥}

(ਅੰਗ - ੧੦੬੩)

{ਸਤਿਗੁਰੁ ਸੇਵਹਿ ਸੇ ਵਡਭਾਗੀ ॥ ਸਹਜ ਭਾਇ ਸਚੀ ਲਿਵ ਲਾਗੀ ॥
ਸਚੋ ਸਚੁ ਕਮਾਵਹਿ ਸਦ ਹੀ ਸਚੈ ਮੇਲਿ ਮਿਲਾਇਦਾ ॥੬॥}

(ਅੰਗ - ੧੦੬੩)

{ਜਿਸ ਨੋ ਸਚਾ ਦੇਇ ਸੁ ਪਾਏ ॥ ਅੰਤਰਿ ਸਾਚੁ ਭਰਮੁ ਚੁਕਾਏ ॥
ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ ॥੭॥}

(ਅੰਗ - ੧੦੬੩)

{ਹਉਮੈ ਕਰਦਿਆ ਜਨਮੁ ਗਵਾਇਆ ॥ ਆਗੈ ਮੋਹੁ ਨ ਚੂਕੈ ਮਾਇਆ ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥}

(ਅੰਗ - ੧੦੬੩)

{ਤਿਨ ਸੁਖੁ ਪਾਇਆ ਜੋ ਤੁਧੁ ਭਾਏ ॥ ਪੂਰੈ ਭਾਗਿ ਗੁਰ ਸੇਵਾ ਲਾਏ ॥
ਤੇਰੈ ਹਥਿ ਹੈ ਸਭ ਵਡਿਆਈ ਜਿਸੁ ਦੇਵਹਿ ਸੋ ਪਾਇਦਾ ॥੧੧॥}

(ਅੰਗ - ੧੦੬੩)

{ਅੰਦਰਿ ਪਰਗਾਸੁ ਗੁਰੂ ਤੇ ਪਾਏ ॥ ਨਾਮੁ ਪਦਾਰਥੁ ਮੰਨਿ ਵਸਾਏ ॥
ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥}

(ਅੰਗ - ੧੦੬੩)

{ਅਗਿਆਨੀ ਅੰਧੇ ਦੂਜੈ ਲਾਗੇ ॥ ਬਿਨੁ ਪਾਣੀ ਡੁਬਿ ਮੂਏ ਅਭਾਗੇ ॥}

(ਅੰਗ - ੧੦੬੩)

{ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥ ਮਮਤਾ ਕਾਟਿ ਸਚਿ ਲਿਵ ਲਾਏ ॥
ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ ॥੧੫॥}

(ਅੰਗ - ੧੦੬੩)

{ਆਪੇ ਕਰੇ ਕਰਾਏ ਕਰਤਾ ॥ ਸਬਦਿ ਮਰੈ ਸੋਈ ਜਨੁ ਮੁਕਤਾ ॥
ਨਾਨਕ ਨਾਮੁ ਵਸੈ ਮਨ ਅੰਤਰਿ ਨਾਮੋ ਨਾਮੁ ਧਿਆਇਦਾ ॥੧੬॥੫॥੧੯॥}

(ਅੰਗ - ੧੦੬੩)

{ਜੋ ਤੁਧੁ ਕਰਣਾ ਸੋ ਕਰਿ ਪਾਇਆ ॥ ਭਾਣੇ ਵਿਚਿ ਕੋ ਵਿਰਲਾ ਆਇਆ ॥
ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥੧॥}

(ਅੰਗ - ੧੦੬੩)

{ਗੁਰਮੁਖਿ ਤੇਰਾ ਭਾਣਾ ਭਾਵੈ ॥ ਸਹਜੇ ਹੀ ਸੁਖੁ ਸਚੁ ਕਮਾਵੈ ॥}

(ਅੰਗ - ੧੦੬੩)

{ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥ ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥
ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥੩॥}

(ਅੰਗ - ੧੦੬੩)

{ਜਾ ਤਿਸੁ ਭਾਵੈ ਤਾ ਗੁਰੂ ਮਿਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥
ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥੪॥}

(ਅੰਗ - ੧੦੬੩)

{ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥}

(ਅੰਗ - ੧੦੬੪)

{ਮਹਲੈ ਅੰਦਰਿ ਮਹਲੁ ਕੋ ਪਾਏ ॥ ਗੁਰ ਕੈ ਸਬਦਿ ਸਚਿ ਚਿਤੁ ਲਾਏ ॥
ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ ॥੮॥}

(ਅੰਗ - ੧੦੬੪)

{ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥ ਮਾਇਆ ਮੋਹੁ ਸਭੁ ਰੋਗੁ ਕਮਾਇਆ ॥
ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥}

(ਅੰਗ - ੧੦੬੪)

{ਜਿਸ ਨੋ ਨਾਮੁ ਦੇਇ ਸੋ ਪਾਏ ॥ ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥
ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ ॥੧੨॥}

(ਅੰਗ - ੧੦੬੪)

{ਕਾਇਆ ਕੰਚਨੁ ਸਬਦੁ ਵੀਚਾਰਾ ॥ ਤਿਥੈ ਹਰਿ ਵਸੈ ਜਿਸ ਦਾ ਅੰਤੁ ਨ ਪਾਰਾਵਾਰਾ ॥
ਅਨਦਿਨੁ ਹਰਿ ਸੇਵਿਹੁ ਸਚੀ ਬਾਣੀ ਹਰਿ ਜੀਉ ਸਬਦਿ ਮਿਲਾਇਦਾ ॥੧॥}

(ਅੰਗ - ੧੦੬੫)

{ਹਰਿ ਕੇ ਗੁਣ ਗਾਵਾ ਜੇ ਹਰਿ ਪ੍ਰਭ ਭਾਵਾ ॥ ਅੰਤਰਿ ਹਰਿ ਨਾਮੁ ਸਬਦਿ ਸੁਹਾਵਾ ॥
ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ ॥੩॥}

(ਅੰਗ - ੧੦੬੫)

{ਸੋ ਜਨੁ ਸਾਚਾ ਜਿ ਅੰਤਰੁ ਭਾਲੇ ॥ ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ ॥

ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ ॥੪॥}

(ਅੰਗ - ੧੦੬੫)

{ਇਕਿ ਕਿਤੁ ਆਏ ਜਨਮੁ ਗਵਾਏ ॥ ਮਨਮੁਖ ਲਾਗੇ ਦੂਜੈ ਭਾਏ ॥}

(ਅੰਗ - ੧੦੬੫)

{ਗੁਰ ਕੈ ਸਬਦਿ ਪਵਿਤ੍ਰ ਸਰੀਰਾ ॥ ਤਿਸੁ ਵਿਚਿ ਵਸੈ ਸਚੁ ਗੁਣੀ ਗਹੀਰਾ ॥
ਸਚੋ ਸਚੁ ਵੇਖੈ ਸਭ ਥਾਈ ਸਚੁ ਸੁਣਿ ਮੰਨਿ ਵਸਾਇਦਾ ॥੭॥}

(ਅੰਗ - ੧੦੬੫)

{ਹਉਮੈ ਗਣਤ ਗੁਰ ਸਬਦਿ ਨਿਵਾਰੇ ॥ ਹਰਿ ਜੀਉ ਹਿਰਦੈ ਰਖਹੁ ਉਰ ਧਾਰੇ ॥
ਗੁਰ ਕੈ ਸਬਦਿ ਸਦਾ ਸਾਲਾਹੇ ਮਿਲਿ ਸਾਚੇ ਸੁਖੁ ਪਾਇਦਾ ॥੮॥}

(ਅੰਗ - ੧੦੬੫)

{ਸੋ ਚੇਤੇ ਜਿਸੁ ਆਪਿ ਚੇਤਾਏ ॥ ਗੁਰ ਕੈ ਸਬਦਿ ਵਸੈ ਮਨਿ ਆਏ ॥
ਆਪੇ ਵੇਖੈ ਆਪੇ ਬੂਝੈ ਆਪੈ ਆਪੁ ਸਮਾਇਦਾ ॥੯॥}

(ਅੰਗ - ੧੦੬੫)

{ਜਿਨਿ ਮਨ ਵਿਚਿ ਵਥੁ ਪਾਈ ਸੋਈ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥
ਆਪੁ ਪਛਾਣੈ ਸੋਈ ਜਨੁ ਨਿਰਮਲੁ ਬਾਣੀ ਸਬਦੁ ਸੁਣਾਇਦਾ ॥੧੦॥}

(ਅੰਗ - ੧੦੬੫)

{ਏਹ ਕਾਇਆ ਪਵਿਤੁ ਹੈ ਸਰੀਰੁ ॥ ਗੁਰ ਸਬਦੀ ਚੇਤੈ ਗੁਣੀ ਗਹੀਰੁ ॥
ਅਨਦਿਨੁ ਗੁਣ ਗਾਵੈ ਰੰਗਿ ਰਾਤਾ ਗੁਣ ਕਹਿ ਗੁਣੀ ਸਮਾਇਦਾ ॥੧੧॥}

(ਅੰਗ - ੧੦੬੫)

{ਏਹੁ ਸਰੀਰੁ ਸਭ ਮੂਲੁ ਹੈ ਮਾਇਆ ॥ ਦੂਜੈ ਭਾਇ ਭਰਮਿ ਭੁਲਾਇਆ ॥
ਹਰਿ ਨ ਚੇਤੈ ਸਦਾ ਦੁਖੁ ਪਾਏ ਬਿਨੁ ਹਰਿ ਚੇਤੇ ਦੁਖੁ ਪਾਇਦਾ ॥੧੨॥}

(ਅੰਗ - ੧੦੬੫)

{ਜਿ ਸਤਿਗੁਰੁ ਸੇਵੇ ਸੋ ਪਰਵਾਣੁ ॥ ਕਾਇਆ ਹੰਸੁ ਨਿਰਮਲੁ ਦਰਿ ਸਚੈ ਜਾਣੁ ॥
ਹਰਿ ਸੇਵੇ ਹਰਿ ਮੰਨਿ ਵਸਾਏ ਸੋਹੈ ਹਰਿ ਗੁਣ ਗਾਇਦਾ ॥੧੩॥}

(ਅੰਗ - ੧੦੬੫)

{ਆਪੇ ਸਚਾ ਹੈ ਸੁਖਦਾਤਾ ॥ ਪੂਰੇ ਗੁਰ ਕੈ ਸਬਦਿ ਪਛਾਤਾ ॥
ਨਾਨਕ ਨਾਮੁ ਸਲਾਹੇ ਸਾਚਾ ਪੂਰੈ ਭਾਗਿ ਕੋ ਪਾਇਦਾ ॥੧੬॥੭॥੨੧॥}

(ਅੰਗ - ੧੦੬੫)

{ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥}

(ਅੰਗ - ੧੦੬੬)

{ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥}

(ਅੰਗ - ੧੦੬੬)

{ਮਾਇਆ ਮੋਹਿ ਭਰਮਿ ਨ ਪਾਏ ॥ ਦੂਜੈ ਭਾਇ ਲਗਾ ਦੁਖੁ ਪਾਏ ॥}

(ਅੰਗ - ੧੦੬੬)

{ਏਹੁ ਮਨੁ ਭੈ ਭਾਇ ਰੰਗਾਏ ॥ ਇਤੁ ਰੰਗਿ ਸਾਚੇ ਮਾਹਿ ਸਮਾਏ ॥
ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥}

(ਅੰਗ - ੧੦੬੬)

{ਮਨਮੁਖੁ ਬਹੁਤੁ ਕਰੇ ਅਭਿਮਾਨੁ ॥ ਦਰਗਹ ਕਬ ਹੀ ਨ ਪਾਵੈ ਮਾਨੁ ॥
ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥}

(ਅੰਗ - ੧੦੬੬)

{ਆਪੇ ਸਚਾ ਸਬਦਿ ਮਿਲਾਏ ॥ ਸਬਦੇ ਵਿਚਹੁ ਭਰਮੁ ਚੁਕਾਏ ॥
ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥}

(ਅੰਗ - ੧੦੬੬)

{ਤੁਧੁਨੋ ਸੇਵਹਿ ਜੋ ਤੁਧੁ ਭਾਵਹਿ ॥ ਗੁਰ ਕੈ ਸਬਦੇ ਸਚਿ ਸਮਾਵਹਿ ॥
ਅਨਦਿਨੁ ਗੁਣ ਰਵਹਿ ਦਿਨੁ ਰਾਤੀ ਰਸਨਾ ਹਰਿ ਰਸੁ ਭਾਇਆ ॥੨॥}

(ਅੰਗ - ੧੦੬੭)

{ਸਬਦਿ ਮਰਹਿ ਸੇ ਮਰਣੁ ਸਵਾਰਹਿ ॥ ਹਰਿ ਕੇ ਗੁਣ ਹਿਰਦੈ ਉਰ ਧਾਰਹਿ ॥
ਜਨਮੁ ਸਫਲੁ ਹਰਿ ਚਰਣੀ ਲਾਗੇ ਦੂਜਾ ਭਾਉ ਚੁਕਾਇਆ ॥੩॥}

(ਅੰਗ - ੧੦੬੭)

{ਤੇਰੇ ਗੁਣ ਕਹਾ ਮੈ ਕਹਣੁ ਨ ਜਾਈ ॥ ਅੰਤੁ ਨ ਪਾਰਾ ਕੀਮਤਿ ਨਹੀ ਪਾਈ ॥
ਆਪੇ ਦਇਆ ਕਰੇ ਸੁਖਦਾਤਾ ਗੁਣ ਮਹਿ ਗੁਣੀ ਸਮਾਇਆ ॥੫॥}

(ਅੰਗ - ੧੦੬੭)

{ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥
ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥੬॥}

(ਅੰਗ - ੧੦੬੭)

{ਕਰਮੁ ਹੋਵੈ ਤਾ ਸਤਿਗੁਰੁ ਪਾਏ ॥ ਹਉਮੈ ਮੈਲੁ ਸਬਦਿ ਜਲਾਏ ॥
ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥}

(ਅੰਗ - ੧੦੬੭)

{ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥ ਸਚੁ ਨਾਮੁ ਹਰਿ ਹਿਰਦੈ ਵਸਾਈ ॥
ਕੀਮਤਿ ਕਉਣੁ ਕਰੇ ਪ੍ਰਭ ਤੇਰੀ ਤੂ ਆਪੇ ਸਹਜਿ ਸਮਾਇਆ ॥੮॥}

(ਅੰਗ - ੧੦੬੭)

{ਜਤੁ ਸਤੁ ਸੰਜਮੁ ਜਿ ਸਚੁ ਕਮਾਵੈ ॥ ਇਹੁ ਮਨੁ ਨਿਰਮਲੁ ਜਿ ਹਰਿ ਗੁਣ ਗਾਵੈ ॥
ਇਸੁ ਬਿਖੁ ਮਹਿ ਅੰਮ੍ਰਿਤੁ ਪਰਾਪਤਿ ਹੋਵੈ ਹਰਿ ਜੀਉ ਮੇਰੇ ਭਾਇਆ ॥੧੧॥}

(ਅੰਗ - ੧੦੬੭)

{ਜਿਸ ਨੋ ਬੁਝਾਏ ਸੋਈ ਬੂਝੈ ॥ ਹਰਿ ਗੁਣ ਗਾਵੈ ਅੰਦਰੁ ਸੂਝੈ ॥

ਹਉਮੈ ਮੇਰਾ ਠਾਕਿ ਰਹਾਏ ਸਹਜੇ ਹੀ ਸਚੁ ਪਾਇਆ ॥੧੨॥}

(ਅੰਗ - ੧੦੬੭)

{ਬਿਨੁ ਕਰਮਾ ਹੋਰ ਫਿਰੈ ਘਨੇਰੀ ॥ ਮਰਿ ਮਰਿ ਜੰਮੈ ਚੁਕੈ ਨ ਫੇਰੀ ॥
ਬਿਖੁ ਕਾ ਰਾਤਾ ਬਿਖੁ ਕਮਾਵੈ ਸੁਖੁ ਨ ਕਬਹੂ ਪਾਇਆ ॥੧੩॥}

(ਅੰਗ - ੧੦੬੭)

{ਬਹੁਤੇ ਭੇਖ ਕਰੇ ਭੇਖਧਾਰੀ ॥ ਬਿਨੁ ਸਬਦੈ ਹਉਮੈ ਕਿਨੈ ਨ ਮਾਰੀ ॥
ਜੀਵਤੁ ਮਰੈ ਤਾ ਮੁਕਤਿ ਪਾਏ ਸਚੈ ਨਾਇ ਸਮਾਇਆ ॥੧੪॥}

(ਅੰਗ - ੧੦੬੭)

{ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥ ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥
ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ ਹਉਮੈ ਮਾਰਿ ਸਮਾਇਆ ॥੧੫॥}

(ਅੰਗ - ੧੦੬੭)

{ਪੂਰੈ ਸਬਦਿ ਭਗਤਿ ਸੁਹਾਈ ॥ ਅੰਤਰਿ ਸੁਖੁ ਤੇਰੈ ਮਨਿ ਭਾਈ ॥
ਮਨੁ ਤਨੁ ਸਚੀ ਭਗਤੀ ਰਾਤਾ ਸਚੇ ਸਿਉ ਚਿਤੁ ਲਾਇਆ ॥੨॥}

(ਅੰਗ - ੧੦੬੮)

{ਹਉਮੈ ਵਿਚਿ ਸਦ ਜਲੈ ਸਰੀਰਾ ॥ ਕਰਮੁ ਹੋਵੈ ਭੇਟੇ ਗੁਰੁ ਪੂਰਾ ॥
ਅੰਤਰਿ ਅਗਿਆਨੁ ਸਬਦਿ ਬੁਝਾਏ ਸਤਿਗੁਰ ਤੇ ਸੁਖੁ ਪਾਇਆ ॥੩॥}

(ਅੰਗ - ੧੦੬੮)

{ਮਨਮੁਖੁ ਅੰਧਾ ਅੰਧੁ ਕਮਾਏ ॥ ਬਹੁ ਸੰਕਟ ਜੋਨੀ ਭਰਮਾਏ ॥
ਜਮ ਕਾ ਜੇਵੜਾ ਕਦੇ ਨ ਕਾਟੈ ਅੰਤੇ ਬਹੁ ਦੁਖੁ ਪਾਇਆ ॥੪॥}

(ਅੰਗ - ੧੦੬੮)

{ਆਵਣ ਜਾਣਾ ਸਬਦਿ ਨਿਵਾਰੇ ॥ ਸਚੁ ਨਾਮੁ ਰਖੈ ਉਰ ਧਾਰੇ ॥
ਗੁਰ ਕੈ ਸਬਦਿ ਮਰੈ ਮਨੁ ਮਾਰੇ ਹਉਮੈ ਜਾਇ ਸਮਾਇਆ ॥੫॥}

(ਅੰਗ - ੧੦੬੮)

{ਆਵਣ ਜਾਣੈ ਪਰਜ ਵਿਗੋਈ ॥ ਬਿਨੁ ਸਤਿਗੁਰ ਥਿਰੁ ਕੋਇ ਨ ਹੋਈ ॥
ਅੰਤਰਿ ਜੋਤਿ ਸਬਦਿ ਸੁਖੁ ਵਸਿਆ ਜੋਤੀ ਜੋਤਿ ਮਿਲਾਇਆ ॥੬॥}

(ਅੰਗ - ੧੦੬੮)

{ਪੰਚ ਦੂਤ ਚਿਤਵਹਿ ਵਿਕਾਰਾ ॥ ਮਾਇਆ ਮੋਹ ਕਾ ਏਹੁ ਪਸਾਰਾ ॥
ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥}

(ਅੰਗ - ੧੦੬੮)

{ਬਾਝੁ ਗੁਰੂ ਹੈ ਮੋਹੁ ਗੁਬਾਰਾ ॥ ਫਿਰਿ ਫਿਰਿ ਡੁਬੈ ਵਾਰੋ ਵਾਰਾ ॥
ਸਤਿਗੁਰ ਭੇਟੇ ਸਚੁ ਦ੍ਰਿੜਾਏ ਸਚੁ ਨਾਮੁ ਮਨਿ ਭਾਇਆ ॥੮॥}

(ਅੰਗ - ੧੦੬੮)

{ਸਾਚਾ ਦਰੁ ਸਾਚਾ ਦਰਵਾਰਾ ॥ ਸਚੇ ਸੇਵਹਿ ਸਬਦਿ ਪਿਆਰਾ ॥

ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ ॥੯॥}

(ਅੰਗ - ੧੦੬੮)

{ਘਰੈ ਅੰਦਰਿ ਕੋ ਘਰੁ ਪਾਏ ॥ ਗੁਰ ਕੈ ਸਬਦੇ ਸਹਜਿ ਸੁਭਾਏ ॥
ਓਥੈ ਸੋਗੁ ਵਿਜੋਗੁ ਨ ਵਿਆਪੈ ਸਹਜੇ ਸਹਜਿ ਸਮਾਇਆ ॥੧੦॥}

(ਅੰਗ - ੧੦੬੮)

{ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥੧੧॥}

(ਅੰਗ - ੧੦੬੮)

{ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥
ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥੧੨॥}

(ਅੰਗ - ੧੦੬੮)

{ਕਾਇਆ ਸੋਧਹਿ ਸਬਦੁ ਵੀਚਾਰਹਿ ॥ ਮੋਹ ਠਗਉਰੀ ਭਰਮੁ ਨਿਵਾਰਹਿ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ ॥੧੪॥}

(ਅੰਗ - ੧੦੬੯)

{ਸਦ ਹੀ ਨੇੜੈ ਦੂਰਿ ਨ ਜਾਣਹੁ ॥ ਗੁਰ ਕੈ ਸਬਦਿ ਨਜੀਕਿ ਪਛਾਣਹੁ ॥
ਬਿਗਸੈ ਕਮਲੁ ਕਿਰਣਿ ਪਰਗਾਸੈ ਪਰਗਟੁ ਕਰਿ ਦੇਖਾਇਆ ॥੧੫॥}

(ਅੰਗ - ੧੦੬੯)

{ਆਪੇ ਕਰਤਾ ਸਚਾ ਸੋਈ ॥ ਆਪੇ ਮਾਰਿ ਜੀਵਾਲੇ ਅਵਰੁ ਨ ਕੋਈ ॥
ਨਾਨਕ ਨਾਮੁ ਮਿਲੈ ਵਡਿਆਈ ਆਪੁ ਗਵਾਇ ਸੁਖੁ ਪਾਇਆ ॥੧੬॥੨॥੨੪॥}

(ਅੰਗ - ੧੦੬੯)

{ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥}

(ਅੰਗ - ੧੦੬੯)

{ਬਿਨੁ ਸਤਿਗੁਰ ਜੋ ਦੂਜੈ ਲਾਗੇ ॥ ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥}

(ਅੰਗ - ੧੦੬੯)

{ਜਿਸੁ ਭਾਵੈ ਤਿਸੁ ਆਪੇ ਦੇਇ ॥ ਗੁਰਮੁਖਿ ਨਾਮੁ ਪਦਾਰਥੁ ਲੇਇ ॥
ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥}

(ਅੰਗ - ੧੦੬੯)

{ਗਿਆਨ ਰਤਨੁ ਮਨਿ ਪਰਗਟੁ ਭਇਆ ॥ ਨਾਮੁ ਪਦਾਰਥੁ ਸਹਜੇ ਲਇਆ ॥
ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥}

(ਅੰਗ - ੧੦੬੯)

{ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦}

(ਅੰਗ - ੧੦੬੯)

{ਗੁਰਮੁਖਿ ਨਾਮੁ ਪਰਾਪਤਿ ਹੋਵੈ ॥ ਸਹਜੇ ਜਾਗੈ ਸਹਜੇ ਸੋਵੈ ॥
ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥}

(ਅੰਗ - ੧੦੬੯)

{ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥}

(ਅੰਗ - ੧੦੭੦)

{ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ ਸਰਬੇ ਰਵਿ ਰਹਿਆ ਸੁਖਦਾਤਾ ॥
ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥}

(ਅੰਗ - ੧੦੭੦)

{ਅਨਦਿਨੁ ਨਾਮੁ ਜਪਹੁ ਬਨਵਾਰੀ ॥ ਸਭ ਆਸਾ ਮਨਸਾ ਪੂਰੈ ਥਾਰੀ ॥
ਜਨ ਨਾਨਕ ਨਾਮੁ ਜਪਹੁ ਭਵ ਖੰਡਨੁ ਸੁਖਿ ਸਹਜੇ ਰੈਣਿ ਵਿਹਾਣੀ ਹੇ ॥੯॥}

(ਅੰਗ - ੧੦੭੦)

{ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥}

(ਅੰਗ - ੧੦੭੦)

{ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥}

(ਅੰਗ - ੧੦੭੦)

{ਵਿਚਿ ਹਉਮੈ ਸੇਵਾ ਥਾਇ ਨ ਪਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥
ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ ॥੧੧॥}

(ਅੰਗ - ੧੦੭੦)

{ਗੁਣ ਨਿਧਾਨ ਮਨ ਤਨ ਮਹਿ ਰਵਿਆ ॥ ਜਨਮ ਮਰਣ ਕੀ ਜੋਨਿ ਨ ਭਵਿਆ ॥
ਦੂਖ ਬਿਨਾਸ ਕੀਆ ਸੁਖਿ ਡੇਰਾ ਜਾ ਤ੍ਰਿਪਤਿ ਰਹੇ ਆਘਾਈ ਹੇ ॥੭॥}

(ਅੰਗ - ੧੦੭੧)

{ਹਰਿ ਕਾ ਨਾਮੁ ਕੋਟਿ ਲਖ ਬਾਹਾ ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥
ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥੯॥}

(ਅੰਗ - ੧੦੭੨)

{ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥ ਜੀਤਿ ਆਵਹੁ ਵਸਹੁ ਘਰਿ ਅਪਨੇ ॥}

(ਅੰਗ - ੧੦੭੨)

{ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥ ਕਰਿ ਕਿਰਪਾ ਕੀਨੇ ਘਰ ਗੋਲੇ ॥
ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥੧੨॥}

(ਅੰਗ - ੧੦੭੨)

{ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥
ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥੧੩॥}

(ਅੰਗ - ੧੦੭੨)

{ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪਰਸਾਦਿ ਸਦਾ ਮਨੁ ਰਾਤਾ ॥
ਸਿਮਰਿ ਸਿਮਰਿ ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ ॥੧੫॥}

(ਅੰਗ - ੧੦੭੨)

{ਜਉ ਪ੍ਰਿਅ ਬਚਨ ਕਹੇ ਧਨ ਸਾਚੇ ॥ ਧਨ ਕਛੂ ਨ ਸਮਝੈ ਚੰਚਲਿ ਕਾਚੇ ॥
ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ ॥੯॥}

(ਅੰਗ - ੧੦੭੩)

{ਰੇ ਮਨ ਲੋਭੀ ਸੁਣਿ ਮਨ ਮੇਰੇ ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥
ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥੧੧॥}

(ਅੰਗ - ੧੦੭੩)

{ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥}

(ਅੰਗ - ੧੦੭੩)

{ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥
ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥}

(ਅੰਗ - ੧੦੭੩)

{ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ ਭਗਤੀਜਾ ਹੇ ॥੧੦॥}

(ਅੰਗ - ੧੦੭੪)

{ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ॥ ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ॥
ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ ਅਵਰੁ ਕਹਾ ਕਿਛੁ ਕੀਜਾ ਹੇ ॥੧੨॥}

(ਅੰਗ - ੧੦੭੪)

{ਤ੍ਰਿਸਨਾ ਬੂਝੀ ਅੰਤਰੁ ਠੰਢਾ ॥ ਗੁਰਿ ਪੂਰੈ ਲੈ ਤੂਟਾ ਗੰਢਾ ॥
ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥}

(ਅੰਗ - ੧੦੭੪)

{ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥}

(ਅੰਗ - ੧੦੭੪)

{ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੫॥}

(ਅੰਗ - ੧੦੭੪)

{ਬਾਰਹਾ ਕੰਚਨੁ ਸੁਧੁ ਕਰਾਇਆ ॥ ਨਦਰਿ ਸਰਾਫ ਵੰਨੀ ਸਚੜਾਇਆ ॥
ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ ॥੧੬॥}

(ਅੰਗ - ੧੦੭੪)

{ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥ ਨਾਨਕ ਦਾਸ ਸਦਾ ਕੁਰਬਾਨੀ ॥
ਸੰਤਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥}

(ਅੰਗ - ੧੦੭੪)

{ਗੁਰੁ ਗੋਪਾਲੁ ਗੁਰੁ ਗੋਵਿੰਦਾ ॥ ਗੁਰੁ ਦਇਆਲੁ ਸਦਾ ਬਖਸਿੰਦਾ ॥
ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ ਗੁਰੁ ਪਵਿਤ੍ਰੁ ਅਸਥਾਨਾ ਹੇ ॥੧॥}

(ਅੰਗ - ੧੦੭੪)

{ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ ॥ ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥
ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ ॥੨॥}

(ਅੰਗ - ੧੦੭੫)

{ਅਗਮੁ ਅਗੋਚਰੁ ਗੁਰੂ ਦਿਖਾਇਆ ॥ ਭੂਲਾ ਮਾਰਗਿ ਸਤਿਗੁਰਿ ਪਾਇਆ ॥
ਗੁਰ ਸੇਵਕ ਕਉ ਬਿਘਨੁ ਨ ਭਗਤੀ ਹਰਿ ਪੂਰ ਦ੍ਰਿੜ੍ਹਾਇਆ ਗਿਆਨਾਂ ਹੇ ॥੫॥}

(ਅੰਗ - ੧੦੭੫)

{ਗੁਰਿ ਦ੍ਰਿਸਟਾਇਆ ਸਭਨੀ ਠਾਂਈ ॥ ਜਲਿ ਥਲਿ ਪੂਰਿ ਰਹਿਆ ਗੋਸਾਈ ॥
ਊਚ ਊਨ ਸਭ ਏਕ ਸਮਾਨਾਂ ਮਨਿ ਲਾਗਾ ਸਹਜਿ ਧਿਆਨਾ ਹੇ ॥੬॥}

(ਅੰਗ - ੧੦੭੫)

{ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥ ਗੁਰਿ ਮਿਲਿਐ ਨਹ ਜੋਹੈ ਮਾਈ ॥
ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ ਪਾਨਾਂ ਹੇ ॥੭॥}

(ਅੰਗ - ੧੦੭੫)

{ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥
ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਨਾਂ ਹੇ ॥੯॥੧॥੪॥}

(ਅੰਗ - ੧੦੭੫)

{ਹਰਖ ਸੋਗ ਕਾ ਨਗਰੁ ਇਹੁ ਕੀਆ ॥ ਸੇ ਉਬਰੇ ਜੋ ਸਤਿਗੁਰ ਸਰਣੀਆ ॥
ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ ॥੪॥}

(ਅੰਗ - ੧੦੭੫)

{ਹੁਕਮੁ ਬੂਝੈ ਸੋ ਸੇਵਕੁ ਕਹੀਐ ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥
ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥}

(ਅੰਗ - ੧੦੭੫)

{ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥ ਸਭ ਮਹਿ ਵਰਤੈ ਆਪਿ ਨਿਰਾਰਾ ॥
ਵਰਨੁ ਜਾਤਿ ਚਿਹਨੁ ਨਹੀ ਕੋਈ ਸਭ ਹੁਕਮੇ ਸ੍ਰਿਸਟਿ ਉਪਾਇਦਾ ॥੧॥}

(ਅੰਗ - ੧੦੭੫)

{ਅਨਿਕ ਕਰਮ ਕੀਏ ਬਹੁਤੇਰੇ ॥ ਜੋ ਕੀਜੈ ਸੋ ਬੰਧਨੁ ਪੈਰੇ ॥
ਕੁਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥੫॥}

(ਅੰਗ - ੧੦੭੫)

{ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥੮॥}

(ਅੰਗ - ੧੦੭੫)

{ਇਕੁ ਜਾਚਿਕੁ ਮੰਗੈ ਦਾਨੁ ਦੁਆਰੈ ॥ ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ ॥
ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ ਹਰਿ ਕੀਰਤਨਿ ਮਨੁ ਠਹਰਾਇਦਾ ॥੯॥}

(ਅੰਗ - ੧੦੭੫)

{ਹੁਕਮੁ ਬੂਝੈ ਸੋ ਸੇਵਕੁ ਕਹੀਐ ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥
ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥}

(ਅੰਗ - ੧੦੭੫)

{ਤੂ ਆਪੇ ਕਰਤਾ ਕਾਰਣ ਕਰਣਾ ॥ ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥
ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥}

(ਅੰਗ - ੧੦੭੬)

{ਗੁਰ ਉਪਦੇਸਿ ਜਪੀਐ ਮਨਿ ਸਾਚਾ ॥ ਗੁਰ ਉਪਦੇਸਿ ਰਾਮ ਰੰਗਿ ਰਾਚਾ ॥
ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥}

(ਅੰਗ - ੧੦੭੬)

{ਡਰ ਚੂਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥
ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ ॥੧੪॥}

(ਅੰਗ - ੧੦੭੬)

{ਇਹ ਬਖਸੀਸ ਖਸਮ ਤੇ ਪਾਵਾ ॥ ਆਠ ਪਹਰ ਕਰ ਜੋੜਿ ਧਿਆਵਾ ॥
ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥}

(ਅੰਗ - ੧੦੭੭)

{ਗੁਰ ਪੂਰੇ ਕੀ ਪਉ ਸਰਣਾਈ ॥ ਮੋਹੁ ਸੋਗੁ ਸਭੁ ਭਰਮੁ ਮਿਟਾਈ ॥
ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ ॥੨॥}

(ਅੰਗ - ੧੦੭੭)

{ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥}

(ਅੰਗ - ੧੦੭੮)

{ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥੬॥}

(ਅੰਗ - ੧੦੭੮)

{ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥
ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥੭॥}

(ਅੰਗ - ੧੦੭੮)

{ਜਾ ਕੀ ਸੋਇ ਸੁਣੀ ਮਨੁ ਜੀਵੈ ॥ ਰਿਦੈ ਵਸੈ ਤਾ ਠੰਢਾ ਥੀਵੈ ॥}

(ਅੰਗ - ੧੦੭੮)

{ਸੰਤਨ ਕੀ ਸਰਣਾਈ ਪੜਿਆ ॥ ਜੀਉ ਪ੍ਰਾਣ ਧਨੁ ਆਗੈ ਧਰਿਆ ॥
ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ ॥੧੨॥}

(ਅੰਗ - ੧੦੭੮)

{ਨਿਰਗੁਣ ਕਉ ਸੰਗਿ ਲੇਹੁ ਰਲਾਏ ॥ ਕਰਿ ਕਿਰਪਾ ਮੋਹਿ ਟਹਲੈ ਲਾਏ ॥
ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥੧੩॥}

(ਅੰਗ - ੧੦੭੮)

{ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥ ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥
ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥੧੪॥}

(ਅੰਗ - ੧੦੭੮)

{ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥}

(ਅੰਗ - ੧੦੭੮)

{ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥
ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥੧੦॥}

(ਅੰਗ - ੧੦੭੯)

{ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥
ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥੧੨॥}

(ਅੰਗ - ੧੦੭੯)

{ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥
ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥}

(ਅੰਗ - ੧੦੭੯)

{ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ ਏਕਾ ਓਟ ਤਜਉ ਬਿਖੁ ਕਾਮੀ ॥
ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥}

(ਅੰਗ - ੧੦੮੦)

{ਰਸਨਾ ਗੁਣ ਗਾਵੈ ਹਰਿ ਤੇਰੇ ॥ ਮਿਟਹਿ ਕਮਾਤੇ ਅਵਗੁਣ ਮੇਰੇ ॥
ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥੪॥}

(ਅੰਗ - ੧੦੮੦)

{ਮਨੁ ਤਨੁ ਅਰਪਿ ਧਰੀ ਹਰਿ ਆਗੈ ॥ ਜਨਮ ਜਨਮ ਕਾ ਸੋਇਆ ਜਾਗੈ ॥
ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ ॥੭॥}

(ਅੰਗ - ੧੦੮੦)

{ਜਲਿ ਥਲਿ ਪੂਰਨ ਅੰਤਰਜਾਮੀ ॥ ਘਟਿ ਘਟਿ ਰਵਿਆ ਅਛਲ ਸੁਆਮੀ ॥
ਭਰਮ ਭੀਤਿ ਖੋਈ ਗੁਰਿ ਪੂਰੈ ਏਕੁ ਰਵਿਆ ਸਰਬੰਗਨਾ ॥੮॥}

(ਅੰਗ - ੧੦੮੦)

{ਏਕੋ ਏਕੁ ਰਵਿਆ ਸਭ ਠਾਈ ॥ ਤਿਸੁ ਬਿਨੁ ਦੂਜਾ ਕੋਈ ਨਾਹੀ ॥
ਆਦਿ ਮਧਿ ਅੰਤਿ ਪ੍ਰਭੁ ਰਵਿਆ ਤ੍ਰਿਸਨ ਬੁਝੀ ਭਰਮੰਗਨਾ ॥੧੧॥}

(ਅੰਗ - ੧੦੮੦)

{ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥ ਗੁਰੁ ਕਰਤਾ ਗੁਰੁ ਸਦ ਬਖਸੰਦੁ ॥
ਗੁਰ ਜਪੁ ਜਾਪਿ ਜਪਤ ਫਲੁ ਪਾਇਆ ਗਿਆਨ ਦੀਪਕੁ ਸੰਤ ਸੰਗਨਾ ॥੧੨॥}

(ਅੰਗ - ੧੦੮੦)

{ਕਾਇਆ ਪਾਤ੍ਰ ਪ੍ਰਭੁ ਕਰਣੈਹਾਰਾ ॥ ਲਗੀ ਲਾਗਿ ਸੰਤ ਸੰਗਾਰਾ ॥
ਨਿਰਮਲ ਸੋਇ ਬਣੀ ਹਰਿ ਬਾਣੀ ਮਨੁ ਨਾਮਿ ਮਜੀਠੈ ਰੰਗਨਾ ॥੧੫॥}

(ਅੰਗ - ੧੦੮੧)

{ਤੂ ਸਾਹਿਬੁ ਹਉ ਸੇਵਕੁ ਕੀਤਾ ॥ ਜੀਉ ਪਿੰਡੁ ਸਭੁ ਤੇਰਾ ਦੀਤਾ ॥
ਕਰਨ ਕਰਾਵਨ ਸਭੁ ਤੂਹੈ ਤੂਹੈ ਹੈ ਨਾਹੀ ਕਿਛੁ ਅਸਾੜਾ ॥੧॥}

(ਅੰਗ - ੧੦੮੧)

{ਜਿਸਹਿ ਨਿਵਾਜੇ ਗੁਰਮੁਖਿ ਸਾਜੇ ॥ ਨਾਮੁ ਵਸੈ ਤਿਸੁ ਅਨਹਦ ਵਾਜੇ ॥
ਤਿਸ ਹੀ ਸੁਖੁ ਤਿਸ ਹੀ ਠਕੁਰਾਈ ਤਿਸਹਿ ਨ ਆਵੈ ਜਮੁ ਨੇੜਾ ॥੧੪॥}

(ਅੰਗ - ੧੦੮੧)

{ਨਿਰੰਕਾਰੁ ਅਛਲ ਅਡੋਲੋ ॥ ਜੋਤਿ ਸਰੂਪੀ ਸਭੁ ਜਗੁ ਮਉਲੋ ॥
ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ ਕੋਇ ਨ ਪਾਵੈਗਾ ॥੧੪॥}

(ਅੰਗ - ੧੦੮੧)

{ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥ ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥
ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ ਵਾਜੰਗਾ ॥੧੯॥}

(ਅੰਗ - ੧੦੮੩)

{ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥
ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥}

(ਅੰਗ - ੧੦੮੩)

{ਸਚੁ ਨਿਵਾਜ ਯਕੀਨ ਮੁਸਲਾ ॥ ਮਨਸਾ ਮਾਰਿ ਨਿਵਾਰਿਹੁ ਆਸਾ ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥}

(ਅੰਗ - ੧੦੮੩)

{ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥}

(ਅੰਗ - ੧੦੮੩)

{ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥੪॥}

(ਅੰਗ - ੧੦੮੩)

{ਮਕਾ ਮਿਹਰ ਰੋਜਾ ਪੈ ਖਾਕਾ ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥੫॥}

(ਅੰਗ - ੧੦੮੩)

{ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥}

(ਅੰਗ - ੧੦੮੪)

{ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥੭॥}

(ਅੰਗ - ੧੦੮੪)

{ਅਵਲਿ ਸਿਫਤਿ ਦੂਜੀ ਸਾਬੂਰੀ ॥ ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥}

(ਅੰਗ - ੧੦੮੪)

{ਸਗਲੀ ਜਾਨਿ ਕਰਹੁ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥}

(ਅੰਗ - ੧੦੮੪)

{ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥੧੧॥}

(ਅੰਗ - ੧੦੮੪)

{ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥}

(ਅੰਗ - ੧੦੮੪)

{ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥}

(ਅੰਗ - ੧੦੮੪)

{ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥}

(ਅੰਗ - ੧੦੮੪)

{ਤਿਸਹਿ ਪਰਾਪਤਿ ਹੋਇ ਨਿਧਾਨਾ ॥ ਰਾਮ ਨਾਮ ਰਸੁ ਅੰਤਰਿ ਮਾਨਾ ॥
ਕਰੁ ਗਹਿ ਲੀਨੇ ਅੰਧ ਕੂਪ ਤੇ ਵਿਰਲੇ ਕੇਈ ਸਾਲਕਾ ॥੫॥}

(ਅੰਗ - ੧੦੮੪)

{ਊਤਮ ਬਾਣੀ ਗਾਉ ਗੋਪਾਲਾ ॥ ਸਾਧਸੰਗਤਿ ਕੀ ਮੰਗਹੁ ਰਵਾਲਾ ॥
ਬਾਸਨ ਮੇਟਿ ਨਿਬਾਸਨ ਹੋਈਐ ਕਲਮਲ ਸਗਲੇ ਜਾਲਕਾ ॥੭॥}

(ਅੰਗ - ੧੦੮੫)

{ਤਤੀ ਵਾਉ ਨ ਤਾ ਕਉ ਲਾਗੈ ॥ ਸਿਮਰਤ ਨਾਮੁ ਅਨਦਿਨੁ ਜਾਗੈ ॥
ਅਨਦ ਬਿਨੋਦ ਕਰੇ ਹਰਿ ਸਿਮਰਨੁ ਤਿਸੁ ਮਾਇਆ ਸੰਗਿ ਨ ਤਾਲਕਾ ॥੧੦॥}

(ਅੰਗ - ੧੦੮੫)

{ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥}

(ਅੰਗ - ੧੦੮੫)

{ਤੁਧੁ ਵਿਣੁ ਨਾਹੀ ਕੋਈ ਮੇਰਾ ॥ ਗੁਰਿ ਪਕੜਾਏ ਪ੍ਰਭ ਕੇ ਪੈਰਾ ॥
ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ ॥੧੫॥}

(ਅੰਗ - ੧੦੮੫)

{ਚਰਨ ਕਮਲ ਹਿਰਦੈ ਨਿਤ ਧਾਰੀ ॥ ਗੁਰੁ ਪੂਰਾ ਖਿਨੁ ਖਿਨੁ ਨਮਸਕਾਰੀ ॥
ਤਨੁ ਮਨੁ ਅਰਪਿ ਧਰੀ ਸਭੁ ਆਗੈ ਜਗ ਮਹਿ ਨਾਮੁ ਸੁਹਾਵਣਾ ॥੧॥}

(ਅੰਗ - ੧੦੮੫)

{ਜਨਮੁ ਪਦਾਰਥੁ ਜੀਤੁ ਪਰਾਣੀ ॥ ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥}

(ਅੰਗ - ੧੦੮੬)

{ਆਗਿਆ ਦੂਖ ਸੂਖ ਸਭਿ ਕੀਨੇ ॥ ਅੰਮ੍ਰਿਤ ਨਾਮੁ ਬਿਰਲੈ ਹੀ ਚੀਨੇ ॥
ਤਾ ਕੀ ਕੀਮਤਿ ਕਹਣੁ ਨ ਜਾਈ ਜਤ ਕਤ ਓਹੀ ਸਮਾਵਣਾ ॥੧੧॥}

(ਅੰਗ - ੧੦੮੬)

{ਸੋਈ ਭਗਤੁ ਸੋਈ ਵਡ ਦਾਤਾ ॥ ਸੋਈ ਪੂਰਨ ਪੁਰਖੁ ਬਿਧਾਤਾ ॥
ਬਾਲ ਸਹਾਈ ਸੋਈ ਤੇਰਾ ਜੋ ਤੇਰੈ ਮਨਿ ਭਾਵਣਾ ॥੧੨॥}

(ਅੰਗ - ੧੦੮੬)

{ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥ ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥
ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ ॥}

(ਅੰਗ - ੧੦੮੭)

{ਨਾਮ ਵਿਹੂਣੇ ਭਰਮਸਹਿ ਆਵਹਿ ਜਾਵਹਿ ਨੀਤ ॥ ਇਕਿ ਬਾਂਧੇ ਇਕਿ ਢੀਲਿਆ ਇਕਿ ਸੁਖੀਏ ਹਰਿ ਪ੍ਰੀਤਿ॥
ਨਾਨਕ ਸਚਾ ਮੰਨਿ ਲੈ ਸਚੁ ਕਰਣੀ ਸਚੁ ਰੀਤਿ ॥੨॥}

(ਅੰਗ - ੧੦੮੭)

{ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥ ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥
ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥}

(ਅੰਗ - ੧੦੮੭)

{ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥ ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥੧॥}

(ਅੰਗ - ੧੦੮੭)

{ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥
ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥ ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥}

(ਅੰਗ - ੧੦੮੭)

{ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ ॥
ਨਾਨਕ ਮਿਲਿਆ ਸੋ ਜਾਣੀਐ ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ ॥੧॥}

(ਅੰਗ - ੧੦੮੭)

{ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ ॥ ਗੁਰ ਕੈ ਸਬਦਿ ਸੰਤੋਖੀਆ ਨਾਨਕ ਬਿਗਸਾ ਨਾਇ ॥੨॥}

(ਅੰਗ - ੧੦੮੭)

{ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ ॥
ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ ॥}

(ਅੰਗ - ੧੦੮੭)

{ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿ ਆਈ ॥
ਐਥੈ ਸੁਖਦਾਤਾ ਮਨਿ ਵਸੈ ਅੰਤਿ ਹੋਇ ਸਖਾਈ ॥ ਹਰਿ ਸਿਉ ਪ੍ਰੀਤਿ ਊਪਜੀ ਗੁਰਿ ਸੋਝੀ ਪਾਈ ॥੨॥}

(ਅੰਗ - ੧੦੮੭)

{ਸਤਿਗੁਰੁ ਸਾਚਾ ਮਨਿ ਵਸੈ ਸਾਜਨੁ ਉਤ ਹੀ ਠਾਇ ॥ ਨਾਨਕ ਮਨੁ ਤ੍ਰਿਪਤਾਸੀਐ ਸਿਫਤੀ ਸਾਚੈ ਨਾਇ ॥੧॥}

(ਅੰਗ - ੧੦੮੭)

{ਆਪੇ ਕਰਣੀ ਕਾਰ ਆਪਿ ਆਪੇ ਕਰੇ ਰਜਾਇ ॥ ਆਪੇ ਕਿਸ ਹੀ ਬਖਸਿ ਲਏ ਆਪੇ ਕਾਰ ਕਮਾਇ ॥
ਨਾਨਕ ਚਾਨਣੁ ਗੁਰ ਮਿਲੇ ਦੁਖ ਬਿਖੁ ਜਾਲੀ ਨਾਇ ॥੨॥}

(ਅੰਗ - ੧੦੮੭)

{ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥ ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥}

(ਅੰਗ - ੧੦੮੭)

{ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ ॥ ਗੁਰ ਪਰਸਾਦੀ ਉਬਰੇ ਜਿਨ ਹਰਿ ਰਸੁ ਚਖਾ॥
ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ ॥੩॥}

(ਅੰਗ - ੧੦੮੭)

{ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ ਬਿੰਦ ॥ ਆਵਣੁ ਜਾਵਣੁ ਦੁਖੁ ਘਣਾ ਕਦੇ ਨ ਚੂਕੈ ਚਿੰਦ ॥}

(ਅੰਗ - ੧੦੮੮)

{ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ ॥ ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ ॥੨॥}

(ਅੰਗ - ੧੦੮੮)

{ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥ ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥੧॥}

(ਅੰਗ - ੧੦੮੮)

{ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ ॥ ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ ॥੨॥}

(ਅੰਗ - ੧੦੮੮)

{ਆਪਣਾ ਆਪੁ ਪਛਾਣਿਆ ਨਾਮੁ ਨਿਧਾਨੁ ਪਾਇਆ ॥ ਕਿਰਪਾ ਕਰਿ ਕੈ ਆਪਣੀ ਗੁਰ ਸਬਦਿ ਮਿਲਾਇਆ ॥
ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥}

(ਅੰਗ - ੧੦੮੮)

{ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ ॥
ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥੫॥}

(ਅੰਗ - ੧੦੮੮)

{ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥}

(ਅੰਗ - ੧੦੮੮)

{ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥
ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ ॥}

(ਅੰਗ - ੧੦੮੮)

{ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ ॥ ਗੁਰ ਸਬਦੀ ਕਮਲੁ ਬਿਗਾਸਿਆ ਇਵ ਹਰਿ ਰਸੁ ਪੀਜੈ ॥
ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ ॥੭॥}

(ਅੰਗ - ੧੦੮੮)

{ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥ ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥੧॥}

(ਅੰਗ - ੧੦੮੯)

{ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥ ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥
ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥}

(ਅੰਗ - ੧੦੮੯)

{ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥
ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥}

(ਅੰਗ - ੧੦੮੯)

{ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ ॥
ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ ॥ ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ ॥੧॥}

(ਅੰਗ - ੧੦੮੯)

{ਨਾਨਕ ਸਚੈ ਹੁਕਮਿ ਮੰਨਿਐ ਸਚੀ ਵਡਿਆਈ ਦੇਇ ॥ ਸਚੇ ਮਾਹਿ ਸਮਾਵਸੀ ਜਿਸ ਨੋ ਨਦਰਿ ਕਰੇਇ ॥੨॥}

(ਅੰਗ - ੧੦੮੯)

{ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥੯॥}

(ਅੰਗ - ੧੦੮੯)

{ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥}

(ਅੰਗ - ੧੦੮੯)

{ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥ ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ ॥}

(ਅੰਗ - ੧੦੮੯)

{ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥
ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ ॥੨॥}

(ਅੰਗ - ੧੦੮੯)

{ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ ॥ ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ ॥}

(ਅੰਗ - ੧੦੯੦)

{ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ ॥ ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥
ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥}

(ਅੰਗ - ੧੦੯੦)

{ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥ ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥}

(ਅੰਗ - ੧੦੯੦)

{ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ ॥ ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ ॥੧॥}

(ਅੰਗ - ੧੦੯੦)

{ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ ॥
ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ॥ ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ ॥}

(ਅੰਗ - ੧੦੯੦)

{ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ ॥ ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ ॥੧॥}

(ਅੰਗ - ੧੦੯੦)

{ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ ॥ ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ ॥੨॥}

(ਅੰਗ - ੧੦੯੦)

{ਇਕਨੀ ਸੁਣਿ ਕੈ ਮੰਨਿਆ ਹਰਿ ਊਤਮ ਕਾਮੁ ॥
ਅੰਤਰਿ ਹਰਿ ਰੰਗੁ ਉਪਜਿਆ ਗਾਇਆ ਹਰਿ ਗੁਣ ਨਾਮੁ ॥੧੩॥}

(ਅੰਗ - ੧੦੯੦)

{ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ ॥ ਅਤਿ ਡਾਹਪਣਿ ਦੁਖੁ ਘਣੋ ਤੀਨੇ ਥਾਵ ਭਰੀਡੁ ॥੧॥}

(ਅੰਗ - ੧੦੯੧)

{ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ ॥ ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ॥}

(ਅੰਗ - ੧੦੯੧)

{ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥}

(ਅੰਗ - ੧੦੯੧)

{ਇਸੁ ਜੁਗ ਮਹਿ ਨਾਮੁ ਨਿਧਾਨੁ ਹੈ ਨਾਮੋ ਨਾਲਿ ਚਲੈ ॥ ਏਹੁ ਅਖੁਟੁ ਕਦੇ ਨ ਨਿਖੁਟਈ ਖਾਇ ਖਰਚਿਉ ਪਲੈ॥}

(ਅੰਗ - ੧੦੯੧)

{ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ ॥
ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ ॥}

(ਅੰਗ - ੧੦੯੧)

{ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ ॥

ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ ॥}

(ਅੰਗ - ੧੦੯੧)

{ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰੁ ਮੈਲਾ ਸਭੁ ਆਕਾਰੁ ॥
ਨਾਨਕ ਨਾਮੁ ਨ ਚੇਤਨੀ ਹੋਇ ਮੈਲੇ ਮਰਹਿ ਗਵਾਰ ॥੧}

(ਅੰਗ - ੧੦੯੧)

{ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ ਬਿਨੁ ਨਾਵੈ ਤ੍ਰਿਪਤਿ ਨਾਹੀ॥ ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ॥}

(ਅੰਗ - ੧੦੯੧)

{ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ ॥ ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥}

(ਅੰਗ - ੧੦੯੨)

{ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ ॥ ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ ॥}

(ਅੰਗ - ੧੦੯੨)

{ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥
ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ ॥੧॥}

(ਅੰਗ - ੧੦੯੨)

{ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥
ਪੈਨਣੁ ਸਿਫਤਿ ਸਨਾਇ ਹੈ ਸਦਾ ਸਦਾ ਓਹੁ ਊਜਲਾ ਮੈਲਾ ਕਦੇ ਨ ਹੋਇ ॥}

(ਅੰਗ - ੧੦੯੨)

{ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥}

(ਅੰਗ - ੧੦੯੨)

{ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥ ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥
ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥੧੭॥}

(ਅੰਗ - ੧੦੯੨)

{ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ ॥
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥ ਗੁਰ ਪਰਸਾਦੀ ਗੁਣ ਪਾਈਅਨ੍ਹਿ ਜਿਸ ਨੋ ਨਦਰਿ ਕਰੇਇ ॥੧॥}

(ਅੰਗ - ੧੦੯੨)

{ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ ॥੨॥}

(ਅੰਗ - ੧੦੯੨)

{ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥}

(ਅੰਗ - ੧੦੯੨)

{ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥
ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥੧੮॥}

(ਅੰਗ - ੧੦੯੨)

{ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥
ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥}

(ਅੰਗ - ੧੦੯੩)

{ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥ ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ॥}

(ਅੰਗ - ੧੦੯੩)

{ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥
ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥੨॥}

(ਅੰਗ - ੧੦੯੩)

{ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ ॥ ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ॥੧੯॥}

(ਅੰਗ - ੧੦੯੩)

{ਸਭੇ ਥੋਕ ਵਿਸਾਰਿ ਇਕੋ ਮਿਤੁ ਕਰਿ ॥ ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ ॥
ਆਵਣ ਜਾਣਾ ਚੁਕੈ ਜਨਮਿ ਨ ਜਾਹਿ ਮਰਿ ॥}

(ਅੰਗ - ੧੦੯੩)

{ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ ॥ ਨਾਨਕ ਨਾਮੁ ਨਿਧਾਨੁ ਮਨ ਮਹਿ ਸੰਜਿ ਧਰਿ ॥੨੦॥}

(ਅੰਗ - ੧੦੯੩)

{ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ ॥ ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ ॥੨}

(ਅੰਗ - ੧੦੯੩)

{ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥ ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ ॥
ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥}

(ਅੰਗ - ੧੦੯੩)

{ਜਿਨ ਕਉ ਪੂਰਬਿ ਲਿਖਿਆ ਤਿਨ ਸਚੁ ਕਮਾਇਆ ॥
ਨਾਨਕ ਤਿਸੁ ਸਰਣਾਗਤੀ ਜਿਨਿ ਜਗਤੁ ਉਪਾਇਆ ॥੨੧॥}

(ਅੰਗ - ੧੦੯੩)

{ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ ॥
ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ ॥੧॥}

(ਅੰਗ - ੧੦੯੩)

{ਸੋ ਬ੍ਰਾਹਮਣੁ ਭਲਾ ਆਖੀਐ ਜਿ ਬ੍ਰੂਝੈ ਬ੍ਰਹਮੁ ਬੀਚਾਰੁ ॥ ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥

(ਅੰਗ - ੧੦੯੪)

{ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥ ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥}

(ਅੰਗ - ੧੦੯੪)

{ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ ॥ ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ॥}

(ਅੰਗ - ੧੦੯੪)

{ਨਾਨਕ ਨਾਮਿ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ ॥੨॥}

(ਅੰਗ - ੧੦੯੪)

{ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥ ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥}

(ਅੰਗ - ੧੦੯੪)

{ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ॥ ਸਭਨਾ ਕਾ ਸਾਹਿਬੁ ਏਕੁ ਹੈ ਗੁਰ ਸਬਦੀ ਰਚਾ ॥}

(ਅੰਗ - ੧੦੯੪)

{ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥}

(ਅੰਗ - ੧੦੯੪)

{ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ॥੧॥}

(ਅੰਗ - ੧੦੯੪)

{ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥ ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ ॥੩॥}

(ਅੰਗ - ੧੦੯੪)

{ਜਿਸੁ ਹੋਵਹਿ ਆਪਿ ਦਇਆਲੁ ਤਿਸੁ ਲਾਵਹਿ ਸਤਿਗੁਰ ਚਰਣ ॥
ਤੂ ਹੋਰਤੁ ਉਪਾਇ ਨ ਲਭਹੀ ਅਬਿਨਾਸੀ ਸ੍ਰਿਸਟਿ ਕਰਣ ॥੨॥}

(ਅੰਗ - ੧੦੯੪)

{ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥੩॥}

(ਅੰਗ - ੧੦੯੫)

{ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ ॥ ਇਹੁ ਆਵਾ ਗਵਣੁ ਰਚਾਇਓ ਕਰਿ ਚੋਜ ਦੇਖੰਤਾ ॥}

(ਅੰਗ - ੧੦੯੫)

{ਤਿਸੁ ਬਾਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ ਗੁਰ ਮੰਤਾ ॥
ਜਿਉ ਆਪਿ ਚਲਾਵਹਿ ਤਿਉ ਚਲਦੇ ਕਿਛੁ ਵਸਿ ਨ ਜੰਤਾ ॥੪॥}

(ਅੰਗ - ੧੦੯੫)

{ਸਚੁ ਜਾਣੈ ਕਚੁ ਵੈਦਿਓ ਤੂ ਆਘੁ ਆਘੇ ਸਲਵੇ ॥
ਨਾਨਕ ਆਤਸੜੀ ਮੰਝਿ ਨੈਣੂ ਬਿਆ ਢਲਿ ਪਬਣਿ ਜਿਉ ਜੁੰਮਿਓ ॥੨॥}

(ਅੰਗ - ੧੦੯੫)

{ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥ ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥੩॥}

(ਅੰਗ - ੧੦੯੬)

{ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥
ਏਕੁ ਮੰਦਰੁ ਪੰਚ ਚੋਰ ਹਹਿ ਨਿਤ ਕਰਹਿ ਬੁਰਿਆਈਆ ॥}

(ਅੰਗ - ੧੦੯੬)

{ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੁਭਾਈਆ ॥

ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥}

(ਅੰਗ - ੧੦੯੬)

{ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥}

(ਅੰਗ - ੧੦੯੬)

{ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥ ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥}

(ਅੰਗ - ੧੦੯੬)

{ਜਿਸੁ ਜਨ ਤੇਰੀ ਭੁਖ ਹੈ ਤਿਸੁ ਦੁਖੁ ਨ ਵਿਆਪੈ ॥ ਜਿਨਿ ਜਨਿ ਗੁਰਮੁਖਿ ਬੁਝਿਆ ਸੁ ਚਹੁ ਕੁੰਡੀ ਜਾਪੈ ॥}

(ਅੰਗ - ੧੦੯੬)

{ਢਹਦੀ ਜਾਇ ਕਰਾਰਿ ਵਹਣਿ ਵਹੰਦੇ ਮੈ ਡਿਠਿਆ ॥ ਸੇਈ ਰਹੇ ਅਮਾਣ ਜਿਨਾ ਸਤਿਗੁਰੁ ਭੇਟਿਆ ॥੩॥}

(ਅੰਗ - ੧੦੯੭)

{ਜੋ ਨਰੁ ਉਸ ਕੀ ਸਰਣੀ ਪਰੈ ਤਿਸੁ ਕੰਬਹਿ ਪਾਪੈ ॥ ਜਨਮ ਜਨਮ ਕੀ ਮਲੁ ਉਤਰੈ ਗੁਰ ਧੂੜੀ ਨਾਪੈ ॥}

(ਅੰਗ - ੧੦੯੭)

{ਜਿਨਿ ਹਰਿ ਭਾਣਾ ਮੰਨਿਆ ਤਿਸੁ ਸੋਗੁ ਨ ਸੰਤਾਪੈ ॥ ਹਰਿ ਜੀਉ ਤੂ ਸਭਨਾ ਕਾ ਮਿਤੁ ਹੈ ਸਭਿ ਜਾਣਹਿ ਆਪੈ॥}

(ਅੰਗ - ੧੦੯੭)

{ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ ॥ ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ ॥੨॥}

(ਅੰਗ - ੧੦੯੭)

{ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ ॥ ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ ॥}

(ਅੰਗ - ੧੦੯੭)

{ਸੋ ਮੰਗਾ ਦਾਨੁ ਗੋਸਾਈਆ ਜਿਤੁ ਭੁਖ ਲਹਿ ਜਾਵੈ ॥
ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ ॥}

(ਅੰਗ - ੧੦੯੭)

{ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥ ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ ॥੯॥}

(ਅੰਗ - ੧੦੯੭)

{ਜਾ ਛੁਟੇ ਤਾ ਖਾਕੁ ਤੂ ਸੁੰਞੀ ਕੰਤੁ ਨ ਜਾਣਹੀ ॥ ਦੁਰਜਨ ਸੇਤੀ ਨੇਹੁ ਤੂ ਕੈ ਗੁਣਿ ਹਰਿ ਰੰਗੁ ਮਾਣਹੀ ॥੧॥}

(ਅੰਗ - ੧੦੯੭)

{ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ ॥
ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ ॥੨॥}

(ਅੰਗ - ੧੦੯੭)

{ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ ॥ ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥}

(ਅੰਗ - ੧੦੯੭)

{ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ ਤਾ ਕਿਆ ਮੈ ਕਾੜਾ ॥ ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ॥}

(ਅੰਗ - ੧੦੯੭)

{ਗੁਰਿ ਭਉਜਲੁ ਪਾਰਿ ਲੰਘਾਇਆ ਜਿਤਾ ਪਾਵਾੜਾ ॥ ਗੁਰਮਤੀ ਸਭਿ ਰਸ ਭੋਗਦਾ ਵਡਾ ਆਖਾੜਾ ॥}

(ਅੰਗ - ੧੦੯੭)

{ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ ॥ ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ ॥੧੦॥}

(ਅੰਗ - ੧੦੯੭)

{ਕਪੜ ਭੋਗ ਵਿਕਾਰ ਏ ਹਭੇ ਹੀ ਛਾਰ ॥ ਖਾਕੁ ਲੋੜੇਦਾ ਤੰਨਿ ਖੇ ਜੋ ਰਤੇ ਦੀਦਾਰ ॥੨॥}

(ਅੰਗ - ੧੦੯੮)

{ਕਿਆ ਤਕਹਿ ਬਿਆ ਪਾਸ ਕਰਿ ਹੀਅੜੇ ਹਿਕੁ ਅਧਾਰੁ ॥ ਥੀਉ ਸੰਤਨ ਕੀ ਰੇਨੁ ਜਿਤੁ ਲਭੀ ਸੁਖ ਦਾਤਾਰੁ॥੩॥}

(ਅੰਗ - ੧੦੯੮)

{ਵਿਣੁ ਕਰਮਾ ਹਰਿ ਜੀਉ ਨ ਪਾਈਐ ਬਿਨੁ ਸਤਿਗੁਰ ਮਨੂਆ ਨ ਲਗੈ ॥
ਧਰਮੁ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ ॥}

(ਅੰਗ - ੧੦੯੮)

{ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਇਕ ਘੜੀ ਮੁਹਤੁ ਨ ਲਗੈ ॥
ਚਾਰੇ ਜੁਗ ਮੈ ਸੋਧਿਆ ਵਿਣੁ ਸੰਗਤਿ ਅਹੰਕਾਰੁ ਨ ਭਗੈ ॥}

(ਅੰਗ - ੧੦੯੮)

{ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੈ ॥ ਤਿਚਰੁ ਥਾਹ ਨ ਪਾਵਈ ਜਿਚਰੁ ਸਾਹਿਬ ਸਿਉ ਮਨ ਭੰਗੈ ॥}

(ਅੰਗ - ੧੦੯੮)

{ਜਿਨਿ ਜਨਿ ਗੁਰਮੁਖਿ ਸੇਵਿਆ ਤਿਸੁ ਘਰਿ ਦੀਬਾਣੁ ਅਭਗੈ ॥
ਹਰਿ ਕਿਰਪਾ ਤੇ ਸੁਖੁ ਪਾਇਆ ਗੁਰ ਸਤਿਗੁਰ ਚਰਣੀ ਲਗੈ ॥੧੧॥}

(ਅੰਗ - ੧੦੯੮)

{ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥ ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ॥}

(ਅੰਗ - ੧੦੯੮)

{ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ ॥ ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ ॥੧੨॥}

(ਅੰਗ - ੧੦੯੮)

{ਠਗਾ ਨੀਹੁ ਮਤ੍ਰੋੜਿ ਜਾਣੁ ਗੰਧ੍ਰਬਾ ਨਗਰੀ ॥ ਸੁਖ ਘਟਾਊ ਡੂਇ ਇਸੁ ਪੰਧਾਣੂ ਘਰ ਘਣੇ ॥੩॥}

(ਅੰਗ - ੧੦੯੮)

{ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥}

(ਅੰਗ - ੧੦੯੮)

{ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥੧੩॥}

(ਅੰਗ - ੧੦੯੯)

{ਸੋ ਨਿਵਾਹੂ ਗਡਿ ਜੋ ਚਲਾਊ ਨ ਥੀਐ ॥ ਕਾਰ ਕੂੜਾਵੀ ਛਡਿ ਸੰਮਲੁ ਸਚੁ ਧਣੀ ॥੧॥}

(ਅੰਗ - ੧੦੯੯)

{ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ ॥ ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ ॥}

(ਅੰਗ - ੧੦੯੯)

{ਕਰਮੁ ਖੁਲਾ ਗੁਰੁ ਪਾਇਆ ਹਰਿ ਮਿਲਿਆ ਸੁਆਮੀ ॥ ਜੋ ਜਨੁ ਹਰਿ ਕਾ ਸੇਵਕੋ ਹਰਿ ਤਿਸ ਕੀ ਕਾਮੀ ॥੧੪॥}

(ਅੰਗ - ੧੦੯੯)

{ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ ॥ ਨਾਨਕ ਤਿਨਾ ਖਾਕੁ ਜਿਨਾ ਯਕੀਨਾ ਹਿਕ ਸਿਉ ॥੧॥}

(ਅੰਗ - ੧੦੯੯)

{ਮਤੜੀ ਕਾਂਢਕੁ ਆਹ ਪਾਵ ਧੋਵੰਦੋ ਪੀਵਸਾ ॥ ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ ॥੨॥}

(ਅੰਗ - ੧੦੯੯)

{ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥}

(ਅੰਗ - ੧੦੯੯)

{ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥}

(ਅੰਗ - ੧੦੯੯)

{ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥}

(ਅੰਗ - ੧੦੯੯)

{ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥੧੫॥}

(ਅੰਗ - ੧੦੯੯)

{ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥ ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥੧॥}

(ਅੰਗ - ੧੦੯੯)

{ਦੇਹ ਅੰਧਾਰੀ ਅੰਧੁ ਸੁੰਵੀ ਨਾਮ ਵਿਹੂਣੀਆ ॥ ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੨॥}

(ਅੰਗ - ੧੦੯੯)

{ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ ॥
ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ ॥}

(ਅੰਗ - ੧੧੦੦)

{ਓਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ ॥ ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ ॥}

(ਅੰਗ - ੧੧੦੦)

{ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ ॥ ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ ॥੧॥}

(ਅੰਗ - ੧੧੦੦)

{ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ ॥ ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥੩॥}

(ਅੰਗ - ੧੧੦੦)

{ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥ ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥੧੭॥}

(ਅੰਗ - ੧੧੦੦)

{ਆਸਕੁ ਆਸਾ ਬਾਹਰਾ ਮੂ ਮਨਿ ਵਡੀ ਆਸ ॥ ਆਸ ਨਿਰਾਸਾ ਹਿਕੁ ਤੂ ਹਉ ਬਲਿ ਬਲਿ ਬਲਿ ਗਈਆਸ॥੨॥}

(ਅੰਗ - ੧੧੦੦)

{ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥ ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥੧੮॥}

(ਅੰਗ - ੧੧੦੦)

{ਸੁਖ ਸਮੂਹਾ ਭੋਗ ਭੂਮਿ ਸਬਾਈ ਕੋ ਧਣੀ ॥ ਨਾਨਕ ਹਭੋ ਰੋਗੁ ਮਿਰਤਕ ਨਾਮ ਵਿਹੂਣਿਆ ॥੨॥}

(ਅੰਗ - ੧੧੦੧)

{ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ ॥ ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ ॥
ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ ॥}

(ਅੰਗ - ੧੧੦੧)

{ਮੇਰੀ ਮੇਰੀ ਕਿਆ ਕਰਹਿ ਪੁਤ੍ਰ ਕਲਤ੍ਰ ਸਨੇਹ ॥ ਨਾਨਕ ਨਾਮ ਵਿਹੂਣੀਆ ਨਿਮੁਣੀਆਦੀ ਦੇਹ ॥੩॥}

(ਅੰਗ - ੧੧੦੧)

{ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥ ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥}

(ਅੰਗ - ੧੧੦੧)

{ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥
ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ ॥}

(ਅੰਗ - ੧੧੦੧)

{ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰ ਕਥਾ॥ ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਭਉ ਲਥਾ॥੨੦॥}

(ਅੰਗ - ੧੧੦੧)

{ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ ॥ ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ ॥੧॥}

(ਅੰਗ - ੧੧੦੧)

{ਕਥੜੀਆ ਸੰਤਾਹ ਤੇ ਸੁਖਾਊ ਪੰਧੀਆ ॥ ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ ॥੨॥}

(ਅੰਗ - ੧੧੦੧)

{ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥}

(ਅੰਗ - ੧੧੦੧)

{ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥}

(ਅੰਗ - ੧੧੦੧)

{ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ ॥ ਖੋਜਤ ਖੋਜਤ ਸਹਜੁ ਉਪਜਿਆ ਫਿਰਿ ਜਨਮਿ ਨ ਮਰਣਾ ॥}

(ਅੰਗ - ੧੧੦੧)

{ਹਿਆਇ ਕਮਾਇ ਧਿਆਇਆ ਪਾਇਆ ਸਾਧ ਸਰਣਾ ॥
ਬੋਹਿਥੁ ਨਾਨਕ ਦੇਉ ਗੁਰੁ ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ ॥੨੨॥}

(ਅੰਗ - ੧੧੦੨)

{ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥}

(ਅੰਗ - ੧੧੦੨)

{ਜਿਸੁ ਮਨਿ ਵਸੈ ਪਾਰਬ੍ਰਹਮੁ ਨਿਕਟਿ ਨ ਆਵੈ ਪੀਰ ॥
ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀ ਆਵੈ ਨੀਰ ॥੩॥}

(ਅੰਗ - ੧੧੦੨)

{ਰਿਜਕੁ ਸਮਾਹੇ ਸਭਸੈ ਕਿਆ ਮਾਣਸੁ ਡੋਲੈ ॥ ਗਹਿਰ ਗਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੈ ॥}

(ਅੰਗ - ੧੧੦੨)

{ਸੋਈ ਕੰਮੁ ਕਮਾਵਣਾ ਕੀਆ ਧੁਰਿ ਮਉਲੈ ॥ ਤੁਧਹੁ ਬਾਹਰਿ ਕਿਛੁ ਨਹੀ ਨਾਨਕੁ ਗੁਣ ਬੋਲੈ ॥੨੩॥੧॥੨॥}

(ਅੰਗ - ੧੧੦੨)

{ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥}

(ਅੰਗ - ੧੧੦੨)

{ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥੩॥}

(ਅੰਗ - ੧੧੦੨)

{ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥
ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥੧॥}

(ਅੰਗ - ੧੧੦੨)

{ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ॥ ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ॥੩॥}

(ਅੰਗ - ੧੧੦੨)

{ਗੁਰ ਪ੍ਰਸਾਦਿ ਜਿਹ ਬੂਝਿਆ ਆਸਾ ਤੇ ਭਇਆ ਨਿਰਾਸੁ ॥
ਸਭੁ ਸਚੁ ਨਦਰੀ ਆਇਆ ਜਉ ਆਤਮ ਭਇਆ ਉਦਾਸੁ ॥੩॥}

(ਅੰਗ - ੧੧੦੩)

{ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ ॥
ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ ॥੪॥੩॥}

(ਅੰਗ - ੧੧੦੩)

{ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥
ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥੨॥}

(ਅੰਗ - ੧੧੦੩)

{ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ ॥
ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ ॥੪॥੪॥}

(ਅੰਗ - ੧੧੦੩)

{ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥

ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥੧॥ ਬਾਬਾ ਅਬ ਨ ਬਸਉ ਇਹ ਗਾਉ ॥
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ ॥੧॥ ਰਹਾਉ ॥}

(ਅੰਗ - ੧੧੦੪)

{ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ ॥੨॥}

(ਅੰਗ - ੧੧੦੪)

{ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥੩॥੭॥}

(ਅੰਗ - ੧੧੦੪)

{ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ ॥ ਜੇ ਮਨੁ ਮਿਰਤਕੁ ਹੋਇ ਵਣਾਹੰਬੈ ॥੫॥}

(ਅੰਗ - ੧੧੦੪)

{ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥ ਸਹਜੇ ਪਾਵੈ ਸੋਇ ਵਣਾਹੰਬੈ ॥੭॥}

(ਅੰਗ - ੧੧੦੪)

{ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥}

(ਅੰਗ - ੧੧੦੫)

{ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥
ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥੧॥ ਰਹਾਉ ॥}

(ਅੰਗ - ੧੧੦੫)

{ਸਾਧਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ॥ ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ॥੧॥}

(ਅੰਗ - ੧੧੦੫)

{ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ ॥ ਨਿੰਦਾ ਕਰਤੇ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ ॥੩॥}

(ਅੰਗ - ੧੧੦੫)

{ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥}

(ਅੰਗ - ੧੧੦੬)

{ਰਾਮੁ ਸਿਮਰੁ ਪਛੁਤਾਹਿਗਾ ਮਨ ॥
ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ ॥੧॥ ਰਹਾਉ ॥}

(ਅੰਗ - ੧੧੦੬)

{ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ ॥
ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥੧॥}

(ਅੰਗ - ੧੧੦੬)

{ਹਰਿ ਹਰਿ ਹਰਿ ਨ ਜਪਸਿ ਰਸਨਾ ॥ ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥}

(ਅੰਗ - ੧੧੦੬)

{ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥੩॥੨॥੧੫॥}

(ਅੰਗ - ੧੧੦੬)

{ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥
ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ ॥੧॥}

(ਅੰਗ - ੧੧੦੭)

{ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ ॥੩॥}

(ਅੰਗ - ੧੧੦੭)

{ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥੫॥}

(ਅੰਗ - ੧੧੦੮)

{ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥}

(ਅੰਗ - ੧੧੦੮)

{ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥}

(ਅੰਗ - ੧੧੦੮)

{ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥}

(ਅੰਗ - ੧੧੦੮)

{ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥}

(ਅੰਗ - ੧੧੦੮)

{ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥}

(ਅੰਗ - ੧੧੦੮)

{ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥}

(ਅੰਗ - ੧੧੦੮)

{ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥ ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥}

(ਅੰਗ - ੧੧੦੮)

{ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥}

(ਅੰਗ - ੧੧੦੮)

{ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥}

(ਅੰਗ - ੧੧੦੯)

{ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥ ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥}

(ਅੰਗ - ੧੧੦੯)

{ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥}

(ਅੰਗ - ੧੧੦੯)

{ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥}

(ਅੰਗ - ੧੧੦੯)

{ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪॥}

(ਅੰਗ - ੧੧੦੯)

{ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥}

(ਅੰਗ - ੧੧੦੯)

{ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥੧੫॥}

(ਅੰਗ - ੧੧੦੯)

{ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥}

(ਅੰਗ - ੧੧੦੯)

{ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥}

(ਅੰਗ - ੧੧੦੯)

{ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥}

(ਅੰਗ - ੧੧੦੯)

{ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥}

(ਅੰਗ - ੧੧੦੯)

{ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥੧॥}

(ਅੰਗ - ੧੧੦੯)

{ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥}

(ਅੰਗ - ੧੧੧੦)

{ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥}

(ਅੰਗ - ੧੧੧੦)

{ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥
ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥੨॥}

(ਅੰਗ - ੧੧੧੦)

{ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥}

(ਅੰਗ - ੧੧੧੦)

{ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ॥ ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ॥੩॥}

(ਅੰਗ - ੧੧੧੦)

{ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ॥
ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥}

(ਅੰਗ - ੧੧੧੦)

{ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥
ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥}

(ਅੰਗ - ੧੧੧੦)

{ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥
ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥}

(ਅੰਗ - ੧੧੧੦)

{ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ ॥ ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ ॥੧॥}

(ਅੰਗ - ੧੧੧੦)

{ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥}

(ਅੰਗ - ੧੧੧੧)

{ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥}

(ਅੰਗ - ੧੧੧੧)

{ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥}

(ਅੰਗ - ੧੧੧੧)

{ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥}

(ਅੰਗ - ੧੧੧੧)

{ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥
ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ ॥੩॥}

(ਅੰਗ - ੧੧੧੧)

{ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥}

(ਅੰਗ - ੧੧੧੧)

{ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥}

(ਅੰਗ - ੧੧੧੧)

{ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥
ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥੪॥੩॥}

(ਅੰਗ - ੧੧੧੧)

{ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥}

(ਅੰਗ - ੧੧੧੧)

{ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ ॥
ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ ॥}

(ਅੰਗ - ੧੧੧੧)

{ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ ॥
ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥}

(ਅੰਗ - ੧੧੧੧)

{ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥
ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥}

(ਅੰਗ - ੧੧੧੧)

{ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥
ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥}

(ਅੰਗ - ੧੧੧੨)

{ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ ॥
ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥}

(ਅੰਗ - ੧੧੧੨)

{ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥ ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥}

(ਅੰਗ - ੧੧੧੨)

{ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥ ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ॥}

(ਅੰਗ - ੧੧੧੨)

{ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥
ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥੩॥}

(ਅੰਗ - ੧੧੧੨)

{ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥}

(ਅੰਗ - ੧੧੧੨)

{ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥
ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥}

(ਅੰਗ - ੧੧੧੨)

{ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥
ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥੨॥}

(ਅੰਗ - ੧੧੧੩)

{ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥}

(ਅੰਗ - ੧੧੧੩)

{ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥
ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥}

(ਅੰਗ - ੧੧੧੩)

{ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥
ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥}

(ਅੰਗ - ੧੧੧੩)

{ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥
ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥੫॥੬॥}

(ਅੰਗ - ੧੧੧੩)

{ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ ਹਰਿ ਹਰਿ ਨਾਮੁ ਸਦ ਸਾਰਿਆ ॥
ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ ਹਉ ਸਤਿਗੁਰ ਵਿਟਹੁ ਵਾਰਿਆ ॥੧॥}

(ਅੰਗ - ੧੧੧੩)

{ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ ਬਿਨੁ ਦੇਖੇ ਤ੍ਰਿਪਤਿ ਨ ਆਵਏ ॥
ਸਬਦਿ ਸੀਗਾਰੁ ਹੋਵੈ ਨਿਤ ਕਾਮਣਿ ਹਰਿ ਹਰਿ ਨਾਮੁ ਧਿਆਵਏ ॥}

(ਅੰਗ - ੧੧੧੪)

{ਦਇਆ ਦਾਨੁ ਮੰਗਤ ਜਨ ਦੀਜੈ ਮੈ ਪ੍ਰੀਤਮੁ ਦੇਹੁ ਮਿਲਾਏ ॥
ਅਨਦਿਨੁ ਗੁਰੁ ਗੋਪਾਲੁ ਧਿਆਈ ਹਮ ਸਤਿਗੁਰ ਵਿਟਹੁ ਘੁਮਾਏ ॥੨॥}

(ਅੰਗ - ੧੧੧੪)

{ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ ॥ ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਤਾਰੀਐ ਰਾਮ॥}

(ਅੰਗ - ੧੧੧੪)

{ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ॥
ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ ॥੩॥}

(ਅੰਗ - ੧੧੧੪)

{ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥ ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥}

(ਅੰਗ - ੧੧੧੪)

{ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥
ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥੪॥੧॥}

(ਅੰਗ - ੧੧੧੪)

{ਤਿਨ ਕੇ ਪਾਪ ਦੋਖ ਸਭਿ ਬਿਨਸੇ ਜਿਨ ਮਨਿ ਚਿਤਿ ਇਕੁ ਅਰਾਧਿਆ ॥
ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ ਜਿਨ ਗੁਰ ਬਚਨੀ ਸਚੁ ਭਾਖਿਆ ॥}

(ਅੰਗ - ੧੧੧੪)

{ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ ॥
ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥}

(ਅੰਗ - ੧੧੧੪)

{ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥
ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥}

(ਅੰਗ - ੧੧੧੫)

{ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ ਤਿਨ ਹਰਿ ਹਰਿ ਨਾਮੁ ਅਰਾਧਿਆ ॥
ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ ਜਿਨ ਗੁਰ ਬਚਨੀ ਹਰਿ ਜਾਪਿਆ ॥}

(ਅੰਗ - ੧੧੧੫)

{ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ ॥
ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥੪॥੩॥}

(ਅੰਗ - ੧੧੧੫)

{ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥}

(ਅੰਗ - ੧੧੧੫)

{ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥}

(ਅੰਗ - ੧੧੧੫)

{ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥}

(ਅੰਗ - ੧੧੧੬)

{ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥
ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥੬॥੪॥੧੦॥}

(ਅੰਗ - ੧੧੧੭)

{ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥
ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥}

(ਅੰਗ - ੧੧੧੮)

{ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥
ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ ਰਾਮ ਨਾਮੁ
ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥}

(ਅੰਗ - ੧੧੧੮)

{ਮਾਈ ਸੰਤਸੰਗਿ ਜਾਗੀ ॥ ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ ॥ ਰਹਾਉ ॥}

(ਅੰਗ - ੧੧੧੯)

{ਦਰਸਨ ਪਿਆਸ ਲੋਚਨ ਤਾਰ ਲਾਗੀ ॥ ਬਿਸਰੀ ਤਿਆਸ ਬਿਡਾਨੀ ॥੧॥}

(ਅੰਗ - ੧੧੧੯)

{ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥}

(ਅੰਗ - ੧੧੧੯)

{ਸਰਨੀ ਆਇਓ ਨਾਥ ਨਿਧਾਨ ॥ ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥੧॥ ਰਹਾਉ ॥}

(ਅੰਗ - ੧੧੧੯)

{ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥
ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥੨॥੧॥੩॥}

(ਅੰਗ - ੧੧੧੯)

{ਹਰਿ ਕੇ ਦਰਸਨ ਕੋ ਮਨਿ ਚਾਉ ॥ ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥}

(ਅੰਗ - ੧੧੧੯)

{ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ ॥
ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ ॥੨॥੩॥੫॥}

(ਅੰਗ - ੧੧੨੦)

{ਹਰਿ ਹਰਿ ਹਰਿ ਗੁਨ ਗਾਵਹੁ ॥ ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ ਜਪਾਵਹੁ ॥ ਰਹਾਉ ॥}

(ਅੰਗ - ੧੧੨੦)

{ਕਾਢਿ ਲੀਏ ਪ੍ਰਭ ਆਨ ਬਿਧੇ ਤੇ ਸਾਧਸੰਗਿ ਮਨੁ ਲਾਵਹੁ ॥
ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥੧॥}

(ਅੰਗ - ੧੧੨੦)

{ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥
ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥}

(ਅੰਗ - ੧੧੨੦)

{ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੈ ਖਾਤ ॥
ਕਰੁ ਗਹਿ ਲੇਹੁ ਦਾਸ ਨਾਨਕ ਕਉ ਪ੍ਰਭ ਜੀਉ ਹੋਇ ਸਹਾਤ ॥੨॥੫॥੭॥}

(ਅੰਗ - ੧੧੨੦)

{ਸੁਤ ਸੰਪਤਿ ਬਿਖਿਆ ਰਸ ਭੋਗਵਤ ਨਹ ਨਿਬਹਤ ਜਮ ਕੈ ਪਾਥ ॥
ਨਾਮੁ ਨਿਧਾਨੁ ਗਾਉ ਗੁਨ ਗੋਬਿੰਦ ਉਧਰੁ ਸਾਗਰ ਕੇ ਖਾਤ ॥੧॥}

(ਅੰਗ - ੧੧੨੦)

{ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਧੇ ਜਰੀ ॥ ਰਹਾਉ ॥}

(ਅੰਗ - ੧੧੨੦)

{ਪ੍ਰੀਤਮ ਬਸਤ ਰਿਦ ਮਹਿ ਖੋਰ ॥ ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ ॥੧॥ ਰਹਾਉ ॥}

(ਅੰਗ - ੧੧੨੧)

{ਗਰਭ ਕੁੰਟ ਮਹਿ ਜਿਨਹਿ ਧਾਰਿਓ ਨਹੀ ਬਿਖੈ ਬਨ ਮਹਿ ਹੋਰ ॥
ਹਰਿ ਸਕਤ ਸਰਨ ਸਮਰਥ ਨਾਨਕ ਆਨ ਨਹੀ ਨਿਹੋਰ ॥੨॥੨॥੧੦॥}

(ਅੰਗ - ੧੧੨੧)

{ਤਿਆਗਿ ਚਲਨਾ ਸਗਲ ਸੰਪਤ ਕਾਲੁ ਸਿਰ ਪਰਿ ਜਾਨੁ ॥ ਮਿਥਨ ਮੋਹ ਦੁਰੰਤ ਆਸਾ ਝੂਠੁ ਸਰਪਰ ਮਾਨੁ ॥੧॥}

(ਅੰਗ - ੧੧੨੧)

{ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ ॥
ਨਾਮੁ ਨਿਧਾਨੁ ਲਾਭੁ ਨਾਨਕ ਬਸਤੁ ਇਹ ਪਰਵਾਨੁ ॥੨॥੩॥੧੧॥}

(ਅੰਗ - ੧੧੨੧)

{ਕਰਿ ਅਨੁਗ੍ਰਹੁ ਆਪਿ ਰਾਖਿਓ ਨਹ ਉਪਜਤਉ ਬੇਕਾਰੁ ॥
ਜਿਸੁ ਪਰਾਪਤਿ ਹੋਇ ਸਿਮਰੈ ਤਿਸੁ ਦਹਤ ਨਹ ਸੰਸਾਰੁ ॥੧॥}

(ਅੰਗ - ੧੧੨੧)

{ਸੁਖ ਮੰਗਲ ਆਨੰਦ ਹਰਿ ਹਰਿ ਪ੍ਰਭ ਚਰਨ ਅੰਮ੍ਰਿਤ ਸਾਰੁ ॥
ਨਾਨਕ ਦਾਸ ਸਰਨਾਗਤੀ ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥}

(ਅੰਗ - ੧੧੨੧)

{ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ ॥ ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ ॥ ਰਹਾਉ ॥}

(ਅੰਗ - ੧੧੨੧)

{ਤਜਿ ਗੋਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ ॥
ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ ॥੨॥੫॥੧੩॥}

(ਅੰਗ - ੧੧੨੧)

{ਹਰਿ ਕੇ ਨਾਮ ਕੋ ਆਧਾਰੁ ॥ ਕਲਿ ਕਲੇਸ ਨ ਕਛੁ ਬਿਆਪੈ ਸੰਤਸੰਗਿ ਬਿਉਹਾਰੁ ॥ ਰਹਾਉ ॥}

(ਅੰਗ - ੧੧੨੧)

{ਸੰਤਹ ਧੂਰਿ ਲੇ ਮੁਖਿ ਮਲੀ ॥ ਗੁਣਾ ਅਚੁਤ ਸਦਾ ਪੂਰਨ ਨਹ ਦੋਖ ਬਿਆਪਹਿ ਕਲੀ ॥ ਰਹਾਉ ॥}

(ਅੰਗ - ੧੧੨੧)

{ਗੁਰ ਬਚਨਿ ਕਾਰਜ ਸਰਬ ਪੂਰਨ ਈਤ ਊਤ ਨ ਹਲੀ ॥
ਪ੍ਰਭ ਏਕ ਅਨਿਕ ਸਰਬਤ ਪੂਰਨ ਬਿਖੈ ਅਗਨਿ ਨ ਜਲੀ ॥੧॥}

(ਅੰਗ - ੧੧੨੧)

{ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ ॥ ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੈ ॥੧॥}

(ਅੰਗ - ੧੧੨੧)

{ਸੁਖ ਸਾਗਰੁ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ ॥
ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿ ਹਾਰੇ ॥੪॥੧॥}

(ਅੰਗ - ੧੧੨੨)

{ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥}

(ਅੰਗ - ੧੧੨੩)

{ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥}

(ਅੰਗ - ੧੧੨੩)

{ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥
ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥}

(ਅੰਗ - ੧੧੨੩)

{ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥}

(ਅੰਗ - ੧੧੨੩)

{ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥}

(ਅੰਗ - ੧੧੨੩)

{ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥}

(ਅੰਗ - ੧੧੨੩)

{ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥
ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥੩॥}

(ਅੰਗ - ੧੧੨੩)

{ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥
ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥}

(ਅੰਗ - ੧੧੨੩)

{ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥
ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ ॥੪॥੩॥}

(ਅੰਗ - ੧੧੨੩)

{ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ਗਤਿ ਨਹੀ ਏਕੈ ਜਾਨੀ ॥ ਫੂਟੀ ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ ॥੧॥}

(ਅੰਗ - ੧੧੨੪)

{ਆਪਨ ਕੀਆ ਕਛੂ ਨ ਹੋਵੈ ਕਿਆ ਕੋ ਕਰੈ ਪਰਾਨੀ ॥ ਜਾ ਤਿਸੁ ਭਾਵੈ ਸਤਿਗੁਰੁ ਭੇਟੈ ਏਕੋ ਨਾਮੁ ਬਖਾਨੀ ॥੩॥}

(ਅੰਗ - ੧੧੨੪)

{ਰਾਮੁ ਬਿਸਾਰਿਓ ਹੈ ਅਭਿਮਾਨਿ ॥ ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥}

(ਅੰਗ - ੧੧੨੪)

{ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥
ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥੨॥੫॥}

(ਅੰਗ - ੧੧੨੪)

{ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥੧॥}

(ਅੰਗ - ੧੧੨੪)

{ਭਵਜਲੁ ਬਿਨੁ ਸਬਦੈ ਕਿਉ ਤਰੀਐ ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥ ਰਹਾਉ ॥}

(ਅੰਗ - ੧੧੨੫)

{ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ ॥
ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ ॥੪॥੧॥੨॥}

(ਅੰਗ - ੧੧੨੫)

{ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ ॥
ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ ॥੨॥}

(ਅੰਗ - ੧੧੨੫)

{ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥
ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥੩॥}

(ਅੰਗ - ੧੧੨੫)

{ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ ॥
ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥੪॥੨॥੩॥}

(ਅੰਗ - ੧੧੨੫)

{ਅੰਧੁਲੇ ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥੧॥ ਰਹਾਉ ॥}

(ਅੰਗ - ੧੧੨੬)

{ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥
ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥੩॥}

(ਅੰਗ - ੧੧੨੬)

{ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥੪॥੩॥੪॥}

(ਅੰਗ - ੧੧੨੬)

{ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ ॥
ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥੨॥}

(ਅੰਗ - ੧੧੨੬)

{ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥
ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥੪॥੪॥੫॥}

(ਅੰਗ - ੧੧੨੬)

{ਸੋ ਜਨੁ ਐਸਾ ਮੈ ਮਨਿ ਭਾਵੈ ॥ ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥੧॥ ਰਹਾਉ ॥}

(ਅੰਗ - ੧੧੨੬)

{ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ ॥
ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥੩॥}

(ਅੰਗ - ੧੧੨੬)

{ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ॥
ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥੪॥੫॥੬॥}

(ਅੰਗ - ੧੧੨੬)

{ਮਨ ਰੇ ਰਾਮ ਭਗਤਿ ਚਿਤੁ ਲਾਈਐ ॥
ਗੁਰਮੁਖਿ ਰਾਮ ਨਾਮੁ ਜਪਿ ਹਿਰਦੈ ਸਹਜ ਸੇਤੀ ਘਰਿ ਜਾਈਐ ॥੧॥ ਰਹਾਉ ॥}

(ਅੰਗ - ੧੧੨੭)

{ਅਕੁਲ ਨਿਰੰਜਨ ਸਿਉ ਮਨੁ ਮਾਨਿਆ ਮਨ ਹੀ ਤੇ ਮਨੁ ਮੂਆ ॥
ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ ਨ ਦੂਆ ॥੪॥੬॥੭॥}

(ਅੰਗ - ੧੧੨੭)

{ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥੧॥}

(ਅੰਗ - ੧੧੨੭)

{ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥
ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥}

(ਅੰਗ - ੧੧੨੭)

{ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥}

(ਅੰਗ - ੧੧੨੭)

{ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥}

(ਅੰਗ - ੧੧੨੭)

{ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥}

(ਅੰਗ - ੧੧੨੮)

{ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥}

(ਅੰਗ - ੧੧੨੮)

{ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥੩॥}

(ਅੰਗ - ੧੧੨੮)

{ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥}

(ਅੰਗ - ੧੧੨੮)

{ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥}

(ਅੰਗ - ੧੧੨੮)

{ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥}

(ਅੰਗ - ੧੧੨੮)

{ਜਾ ਕਉ ਰਾਖੈ ਅਪਣੀ ਸਰਣਾਈ ॥ ਸਾਚੇ ਲਾਗੈ ਸਾਚਾ ਫਲੁ ਪਾਈ ॥੧॥}

(ਅੰਗ - ੧੧੨੮)

{ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥ ਤਨੁ ਮਨੁ ਸਾਚੇ ਸਾਹਿਬ ਜੋਗੁ ॥੧॥ ਰਹਾਉ ॥}

(ਅੰਗ - ੧੧੨੮)

{ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥}

(ਅੰਗ - ੧੧੨੮)

{ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥}

(ਅੰਗ - ੧੧੨੮)

{ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੁਲਾਇਆ ॥੨॥}

(ਅੰਗ - ੧੧੨੮)

{ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥}

(ਅੰਗ - ੧੧੨੮)

{ਨਦਰਿ ਕਰੇ ਸਤਿਗੁਰੁ ਮਿਲਾਏ ॥ ਨਾਨਕ ਹਿਰਦੈ ਨਾਮੁ ਵਸਾਏ ॥੪॥੬॥}

(ਅੰਗ - ੧੧੨੯)

{ਹਰਿ ਜੀਉ ਅਪਣੀ ਕ੍ਰਿਪਾ ਕਰੇਇ ॥ ਗੁਰਮੁਖਿ ਨਾਮੁ ਵਡਿਆਈ ਦੇਇ ॥੧॥ ਰਹਾਉ ॥}

(ਅੰਗ - ੧੧੨੯)

{ਨਿਜ ਘਰਿ ਵਸੈ ਸਹਜਿ ਸੁਭਾਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥੩॥}

(ਅੰਗ - ੧੧੨੯)

{ਰਾਮ ਨਾਮੁ ਦੁਲਭੁ ਹੈ ਭਾਈ ॥ ਗੁਰ ਪਰਸਾਦਿ ਵਸੈ ਮਨਿ ਆਈ ॥੧॥ ਰਹਾਉ ॥}

(ਅੰਗ - ੧੧੨੯)

{ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ ॥ ਗੁਰ ਕੈ ਸਬਦਿ ਨਾਮ ਨੀਸਾਣੁ ॥੩॥}

(ਅੰਗ - ੧੧੨੯)

{ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥੨॥}

(ਅੰਗ - ੧੧੨੯)

{ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥}

(ਅੰਗ - ੧੧੨੯)

{ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ॥ ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ॥੪॥੧੦॥}

(ਅੰਗ - ੧੧੨੯)

{ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥}

(ਅੰਗ - ੧੧੩੦)

{ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥
ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥}

(ਅੰਗ - ੧੧੩੦)

{ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥}

(ਅੰਗ - ੧੧੩੦)

{ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥
ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥}

(ਅੰਗ - ੧੧੩੦)

{ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥}

(ਅੰਗ - ੧੧੩੦)

{ਹਰਿ ਜੀਉ ਸਤਸੰਗਤਿ ਮੇਲਾਇ ॥
ਨਾਨਕ ਤਿਸ ਨੋ ਦੇਇ ਵਡਿਆਈ ਜੋ ਰਾਮ ਨਾਮਿ ਚਿਤੁ ਲਾਇ ॥੧॥ ਰਹਾਉ ॥}

(ਅੰਗ - ੧੧੩੦)

{ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥
ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ ਉਰਿ ਧਾਰਾ ॥੨॥}

(ਅੰਗ - ੧੧੩੦)

{ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ ॥ ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ॥੪॥੨॥੧੨॥}

(ਅੰਗ - ੧੧੩੦)

{ਸਤਿਗੁਰੁ ਭੇਟੈ ਤਾ ਫਲੁ ਪਾਏ ਸਚੁ ਕਰਣੀ ਸੁਖ ਸਾਰੁ ॥
ਸੇ ਜਨ ਨਿਰਮਲ ਜੋ ਹਰਿ ਲਾਗੇ ਹਰਿ ਨਾਮੇ ਧਰਹਿ ਪਿਆਰੁ ॥੩॥}

(ਅੰਗ - ੧੧੩੦)

{ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ ॥
ਗਰਭ ਜੋਨੀ ਵਿਚਿ ਕਦੇ ਨ ਨਿਕਲੈ ਬਿਸਟਾ ਮਾਹਿ ਸਮਾਇ ॥੧॥}

(ਅੰਗ - ੧੧੩੦)

{ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ ॥੧॥ ਰਹਾਉ ॥}

(ਅੰਗ - ੧੧੩੦)

{ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥

ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥੨॥}

(ਅੰਗ - ੧੧੩੦)

{ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥
ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥੧॥}

(ਅੰਗ - ੧੧੩੧)

{ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ ॥
ਜਮਕਾਲੁ ਸਦਾ ਹੈ ਸਿਰ ਊਪਰਿ ਦੂਜੈ ਭਾਇ ਪਤਿ ਖੋਈ ॥੨॥}

(ਅੰਗ - ੧੧੩੧)

{ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥
ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥੩॥}

(ਅੰਗ - ੧੧੩੧)

{ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ ਨਾਮਿ ਮਿਲੈ ਵਡਿਆਈ ॥
ਨਾਨਕ ਨਾਮੁ ਜਿਨਾ ਮਨਿ ਵਸਿਆ ਦਰਿ ਸਾਚੈ ਪਤਿ ਪਾਈ ॥੪॥੪॥੧੪॥}

(ਅੰਗ - ੧੧੩੧)

{ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ ॥੧॥}

(ਅੰਗ - ੧੧੩੧)

{ਸਦਾ ਅਨੰਦੁ ਰਾਮ ਰਸਿ ਰਾਤੇ ॥
ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥}

(ਅੰਗ - ੧੧੩੧)

{ਸੋ ਪ੍ਰਭੁ ਸਾਚਾ ਸਦ ਹੀ ਸਾਚਾ ਸਾਚਾ ਸਭੁ ਆਕਾਰਾ ॥
ਨਾਨਕ ਸਤਿਗੁਰਿ ਸੋਝੀ ਪਾਈ ਸਚਿ ਨਾਮਿ ਨਿਸਤਾਰਾ ॥੪॥੫॥੧੫॥}

(ਅੰਗ - ੧੧੩੧)

{ਕਲਿ ਮਹਿ ਪ੍ਰੇਤ ਜਿਨ੍ੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ ॥
ਦੁਆਪੁਰਿ ਤ੍ਰੈਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥੧॥}

(ਅੰਗ - ੧੧੩੧)

{ਕਲਿ ਮਹਿ ਰਾਮ ਨਾਮਿ ਵਡਿਆਈ ॥
ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ ॥੧॥ ਰਹਾਉ ॥}

(ਅੰਗ - ੧੧੩੧)

{ਮੇਰਾ ਪ੍ਰਭੁ ਹੈ ਗੁਣ ਕਾ ਦਾਤਾ ਅਵਗਣ ਸਬਦਿ ਜਲਾਏ ॥
ਜਿਨ ਮਨਿ ਵਸਿਆ ਸੇ ਜਨ ਸੋਹੇ ਹਿਰਦੈ ਨਾਮੁ ਵਸਾਏ ॥੩॥}

(ਅੰਗ - ੧੧੩੧)

{ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ ਰੰਗ ਸਿਉ ਰਲੀਆ ਮਾਣੈ ॥

ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ ਨਾਨਕ ਨਾਮੁ ਵਖਾਣੈ ॥੪॥੬॥੧੬॥}

(ਅੰਗ - ੧੧੩੧)

{ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥ ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥੧॥}

(ਅੰਗ - ੧੧੩੨)

{ਮਨ ਮੇਰੇ ਰਾਮ ਨਾਮੁ ਆਧਾਰੁ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸਭ ਇਛ ਪੁਜਾਵਣਹਾਰੁ ॥੧॥ ਰਹਾਉ॥}

(ਅੰਗ - ੧੧੩੨)

{ਸੁਖਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ ॥
ਸਤਿਗੁਰੁ ਜਿਨੀ ਨ ਸੇਵਿਆ ਦਾਤਾ ਸੇ ਅੰਤਿ ਗਏ ਪਛੁਤਾਹਿ ॥੩॥}

(ਅੰਗ - ੧੧੩੨)

{ਮੇਰੇ ਮਨ ਸਦਾ ਰਹਹੁ ਸਤਿਗੁਰ ਕੀ ਸਰਣਾ ॥
ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ ਗੁਰ ਸਬਦੇ ਭਵਜਲੁ ਤਰਣਾ ॥੧॥ ਰਹਾਉ ॥}

(ਅੰਗ - ੧੧੩੨)

{ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥
ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰੁ ॥੨॥}

(ਅੰਗ - ੧੧੩੨)

{ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ ਤਿਨ ਕਉ ਮੁਕਤਿ ਦੁਆਰਿ ॥
ਅੰਤਰਿ ਸਾਂਤਿ ਸਦਾ ਸੁਖੁ ਹੋਵੈ ਹਰਿ ਰਾਖਿਆ ਉਰ ਧਾਰਿ ॥੩॥}

(ਅੰਗ - ੧੧੩੨)

{ਜਿਉ ਤਿਸੁ ਭਾਵੈ ਤਿਵੈ ਚਲਾਵੈ ਕਰਣਾ ਕਿਛੁ ਨ ਜਾਈ ॥
ਨਾਨਕ ਗੁਰਮੁਖਿ ਸਬਦੁ ਸਮ੍ਾਲੇ ਰਾਮ ਨਾਮਿ ਵਡਿਆਈ ॥੪॥੮॥੧੮॥}

(ਅੰਗ - ੧੧੩੨)

{ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥}

(ਅੰਗ - ੧੧੩੨)

{ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥}

(ਅੰਗ - ੧੧੩੨)

{ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥}

(ਅੰਗ - ੧੧੩੨)

{ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥}

(ਅੰਗ - ੧੧੩੨)

{ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥ ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥}

(ਅੰਗ - ੧੧੩੩)

{ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥
ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥੨॥}

(ਅੰਗ - ੧੧੩੩)

{ਸੰਗਤਿ ਸਾਧ ਮੇਲਿ ਹਰਿ ਗਾਇਣੁ ॥ ਗੁਰਮਤੀ ਲੇ ਰਾਮ ਰਸਾਇਣੁ ॥੨॥}

(ਅੰਗ - ੧੧੩੩)

{ਮੇਰੇ ਮਨ ਹਰਿ ਭਜੁ ਨਾਮੁ ਨਰਹਰੀ ॥
ਕਰਿ ਕਿਰਪਾ ਮੇਲਹੁ ਗੁਰੁ ਪੂਰਾ ਸਤਸੰਗਤਿ ਸੰਗਿ ਸਿੰਧੁ ਭਉ ਤਰੀ ॥੧॥ ਰਹਾਉ ॥}

(ਅੰਗ - ੧੧੩੪)

{ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥ ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥੩॥}

(ਅੰਗ - ੧੧੩੪)

{ਬੋਲਿ ਹਰਿ ਨਾਮੁ ਸਫਲ ਸਾ ਘਰੀ ॥ ਗੁਰ ਉਪਦੇਸਿ ਸਭਿ ਦੁਖ ਪਰਹਰੀ ॥੧॥}

(ਅੰਗ - ੧੧੩੪)

{ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥}

(ਅੰਗ - ੧੧੩੪)

{ਸਤਸੰਗਤਿ ਸਾਧ ਧੂਰਿ ਮੁਖਿ ਪਰੀ ॥ ਇਸਨਾਨੁ ਕੀਓ ਅਠਸਠਿ ਸੁਰਸਰੀ ॥੩॥}

(ਅੰਗ - ੧੧੩੪)

{ਹਰਿ ਹਰਿ ਨਾਮੁ ਜਪਹੁ ਬਨਵਾਲੀ ॥
ਕਰਿ ਕਿਰਪਾ ਮੇਲਹੁ ਸਤਸੰਗਤਿ ਤ੍ਰੁਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥}

(ਅੰਗ - ੧੧੩੪)

{ਗੁਰਮੁਖਿ ਸੇਵਾ ਘਾਲਿ ਜਿਨਿ ਘਾਲੀ ॥ ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥੨॥}

(ਅੰਗ - ੧੧੩੪)

{ਸਭਿ ਘਟ ਤੇਰੇ ਤੂ ਸਭਨਾ ਮਾਹਿ ॥ ਤੁਝ ਤੇ ਬਾਹਰਿ ਕੋਈ ਨਾਹਿ ॥੧॥}

(ਅੰਗ - ੧੧੩੪)

{ਹਰਿ ਸੁਖਦਾਤਾ ਮੇਰੇ ਮਨ ਜਾਪੁ ॥ ਹਉ ਤੁਧੁ ਸਾਲਾਹੀ ਤੂ ਮੇਰਾ ਹਰਿ ਪ੍ਰਭੁ ਬਾਪੁ ॥੧॥ ਰਹਾਉ ॥}

(ਅੰਗ - ੧੧੩੪)

{ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥
ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਹਾਰਿ ॥੧॥}

(ਅੰਗ - ੧੧੩੫)

{ਮਧੁਸੂਦਨੁ ਜਪੀਐ ਉਰ ਧਾਰਿ॥ ਦੇਹੀ ਨਗਰਿ ਤਸਕਰ ਪੰਚ ਧਾਤੂ ਗੁਰ ਸਬਦੀ ਹਰਿ ਕਾਢੇ ਮਾਰਿ ॥੧॥ਰਹਾਉ॥}

(ਅੰਗ - ੧੧੩੫)

{ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ ॥
ਤਿਨ ਕੀ ਸੇਵਾ ਲਾਇ ਹਰਿ ਸੁਆਮੀ ਤਿਨ ਸਿਮਰਤ ਗਤਿ ਹੋਇ ਹਮਾਰੀ ॥੨॥}

(ਅੰਗ - ੧੧੩੫)

{ਹਰਿ ਹਿਰਦੈ ਜਪਿ ਨਾਮੁ ਮੁਰਾਰੀ ॥
ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥੧॥ ਰਹਾਉ ॥}

(ਅੰਗ - ੧੧੩੫)

{ਹਰਿ ਆਪਿ ਬੁਲਾਵੈ ਆਪੇ ਬੋਲੈ ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ ॥

ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥੪॥੨॥੬॥}

(ਅੰਗ - ੧੧੩੫)

{ਗੁਰਸਿਖ ਹਰਿ ਬੋਲਹੁ ਹਰਿ ਗਾਵਹੁ ਲੇ ਗੁਰਮਤਿ ਹਰਿ ਜਪਣੇ ॥
ਜੋ ਉਪਦੇਸੁ ਸੁਣੇ ਗੁਰ ਕੇਰਾ ਸੋ ਜਨੁ ਪਾਵੈ ਹਰਿ ਸੁਖ ਘਣੇ ॥੨॥}

(ਅੰਗ - ੧੧੩੫)

{ਹਰਿ ਹਰਿ ਅਗਮ ਨਾਮ ਹਰਿ ਤੇਰੇ ਵਿਚਿ ਭਗਤਾ ਹਰਿ ਧਰਣੇ ॥
ਨਾਨਕ ਜਨਿ ਪਾਇਆ ਮਤਿ ਗੁਰਮਤਿ ਜਪਿ ਹਰਿ ਹਰਿ ਪਾਰਿ ਪਵਣੇ ॥੪॥੩॥੭॥}

(ਅੰਗ - ੧੧੩੫)

{ਭਰਮਿ ਭੂਲੇ ਨਰ ਕਰਤ ਕਚਰਾਇਣ ॥ ਜਨਮ ਮਰਣ ਤੇ ਰਹਤ ਨਾਰਾਇਣ ॥੧॥ ਰਹਾਉ ॥}

(ਅੰਗ - ੧੧੩੬)

{ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥}

(ਅੰਗ - ੧੧੩੬)

{ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥}

(ਅੰਗ - ੧੧੩੬)

{ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥}

(ਅੰਗ - ੧੧੩੬)

{ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥}

(ਅੰਗ - ੧੧੩੬)

{ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥}

(ਅੰਗ - ੧੧੩੬)

{ਦਸ ਮਿਰਗੀ ਸਹਜੇ ਬੰਧਿ ਆਨੀ ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥}

(ਅੰਗ - ੧੧੩੬)

{ਸੰਤਸੰਗਿ ਲੇ ਚੜਿਓ ਸਿਕਾਰ ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥}

(ਅੰਗ - ੧੧੩੬)

{ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥}

(ਅੰਗ - ੧੧੩੬)

{ਸੰਤ ਜਨਾ ਕੀ ਲੇਹੁ ਮਤੇ ॥ ਸਾਧਸੰਗਿ ਪਾਵਹੁ ਪਰਮ ਗਤੇ ॥੧॥ ਰਹਾਉ ॥}

(ਅੰਗ - ੧੧੩੬)

{ਪ੍ਰਭੁ ਆਰਾਧਨ ਨਿਰਮਲ ਰੀਤਿ ॥ ਸਾਧਸੰਗਿ ਬਿਨਸੀ ਬਿਪਰੀਤਿ ॥੨॥}

(ਅੰਗ - ੧੧੩੭)

{ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਏਕ ਬਿਨਾ ਦੂਜਾ ਨਹੀ ਜਾਣੀ ॥੪॥੬॥}

(ਅੰਗ - ੧੧੩੭)

{ਰਸਨਾ ਨਾਮੁ ਕਰਨ ਸੁਣਿ ਜੀਵੇ ॥ ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥੨॥}

(ਅੰਗ - ੧੧੩੭)

{ਗੰਗਾ ਜਲੁ ਗੁਰ ਗੋਬਿੰਦ ਨਾਮ ॥
ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥੧॥ ਰਹਾਉ ॥}

(ਅੰਗ - ੧੧੩੭)

{ਪੂਜਾ ਜਾਪ ਤਾਪ ਇਸਨਾਨ ॥ ਸਿਮਰਤ ਨਾਮ ਭਏ ਨਿਹਕਾਮ ॥੨॥}

(ਅੰਗ - ੧੧੩੭)

{ਰਾਜ ਮਾਲ ਸਾਦਨ ਦਰਬਾਰ ॥ ਸਿਮਰਤ ਨਾਮ ਪੂਰਨ ਆਚਾਰ ॥੩॥}

(ਅੰਗ - ੧੧੩੭)

{ਨਾਨਕ ਦਾਸ ਇਹੁ ਕੀਆ ਬੀਚਾਰੁ ॥ ਬਿਨੁ ਹਰਿ ਨਾਮ ਮਿਥਿਆ ਸਭ ਛਾਰੁ ॥੪॥੮॥}

(ਅੰਗ - ੧੧੩੭)

{ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥}

(ਅੰਗ - ੧੧੩੭)

{ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥ ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥੧॥ ਰਹਾਉ ॥}

(ਅੰਗ - ੧੧੩੭)

{ਸਾਚ ਪਦਾਰਥੁ ਗੁਰਮੁਖਿ ਲਹਹੁ ॥ ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥੧॥}

(ਅੰਗ - ੧੧੩੮)

{ਕਲਿਜੁਗ ਮਹਿ ਇਕ ਨਾਮਿ ਉਧਾਰੁ ॥ ਨਾਨਕੁ ਬੋਲੈ ਬ੍ਰਹਮ ਬੀਚਾਰੁ ॥੨॥੧੧॥}

(ਅੰਗ - ੧੧੩੮)

{ਸਤਿਗੁਰੁ ਸੇਵਿ ਸਰਬ ਫਲ ਪਾਏ ॥ ਜਨਮ ਜਨਮ ਕੀ ਮੈਲੁ ਮਿਟਾਏ ॥੧॥}

(ਅੰਗ - ੧੧੩੮)

{ਪਤਿਤ ਪਾਵਨ ਪ੍ਰਭ ਤੇਰੋ ਨਾਉ ॥ ਪੂਰਬਿ ਕਰਮ ਲਿਖੇ ਗੁਣ ਗਾਉ ॥੧॥ ਰਹਾਉ ॥}

(ਅੰਗ - ੧੧੩੮)

{ਪਾਪੀ ਤੇ ਰਾਖੇ ਨਾਰਾਇਣ ॥ ਪਾਪੀ ਕੀ ਗਤਿ ਕਤਹੂ ਨਾਹੀ ਪਾਪੀ ਪਚਿਆ ਆਪ ਕਮਾਇਣ ॥੧॥ ਰਹਾਉ॥}

(ਅੰਗ - ੧੧੩੮)

{ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥
ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥}

(ਅੰਗ - ੧੧੩੮)

{ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥
ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥੩॥}

(ਅੰਗ - ੧੧੩੮)

{ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥

ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥੧॥੧੪॥}

(ਅੰਗ - ੧੧੩੮)

{ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥}

(ਅੰਗ - ੧੧੩੯)

{ਹੈ ਨਿਕਟੇ ਅਰੁ ਭੇਦੁ ਨ ਪਾਇਆ ॥ ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥}

(ਅੰਗ - ੧੧੩੯)

{ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ ॥ ਦਰਬੁ ਹਿਰੈ ਮਿਥਿਆ ਕਰਿ ਖਾਇ ॥}

(ਅੰਗ - ੧੧੩੯)

{ਨਿਕਟਿ ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥}

(ਅੰਗ - ੧੧੩੯)

{ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥}

(ਅੰਗ - ੧੧੩੯)

{ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥}

(ਅੰਗ - ੧੧੩੯)

{ਮਾਇਆ ਮੋਹਿ ਕੜੇ ਕੜਿ ਪਚਿਆ ॥ ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥੧॥ ਰਹਾਉ ॥}

(ਅੰਗ - ੧੧੪੦)

{ਪ੍ਰਭ ਤੂਹੈ ਠਾਕੁਰੁ ਸਭੁ ਕੋ ਤੇਰਾ ॥ ਜਿਉ ਭਾਵੈ ਤਿਉ ਕਰਹਿ ਨਿਬੇਰਾ ॥}

(ਅੰਗ - ੧੧੪੦)

{ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥ ਰਾਖਹੁ ਪੈਜ ਨਾਨਕ ਸਰਣਾਇ ॥੪॥੫॥੧੮॥}

(ਅੰਗ - ੧੧੪੦)

{ਨਾਮ ਬਿਨਾ ਕਹਹੁ ਕੋ ਤਰਿਆ ॥ ਬਿਨੁ ਸਤਿਗੁਰ ਕੈਸੇ ਪਾਰਿ ਪਰਿਆ ॥੧॥ ਰਹਾਉ ॥}

(ਅੰਗ - ੧੧੪੦)

{ਬਿਨੁ ਬਸਿ ਪੰਚ ਕਹਾ ਮਨ ਚੂਰੇ ॥ ਨਾਮ ਬਿਨਾ ਸਦ ਸਦ ਹੀ ਝੂਰੇ ॥੪॥}

(ਅੰਗ - ੧੧੪੦)

{ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ॥}

(ਅੰਗ - ੧੧੪੦)

{ਬਿਨੁ ਭੈ ਕਥਨੀ ਸਰਬ ਬਿਕਾਰ ॥ ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥}

(ਅੰਗ - ੧੧੪੦)

{ਬਿਨੁ ਬੂਝੇ ਕਹਾ ਮਨੁ ਠਹਰਾਨਾ ॥ ਨਾਮ ਬਿਨਾ ਸਭੁ ਜਗੁ ਬਉਰਾਨਾ ॥੩॥}

(ਅੰਗ - ੧੧੪੦)

{ਬਿਨੁ ਬੈਰਾਗ ਕਹਾ ਬੈਰਾਗੀ ॥ ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥}

(ਅੰਗ - ੧੧੪੦)

{ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥}

(ਅੰਗ - ੧੧੪੦)

{ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥}

(ਅੰਗ - ੧੧੪੦)

{ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥}

(ਅੰਗ - ੧੧੪੦)

{ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥}

(ਅੰਗ - ੧੧੪੦)

{ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥}

(ਅੰਗ - ੧੧੪੦)

{ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥}

(ਅੰਗ - ੧੧੪੦)

{ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥}

(ਅੰਗ - ੧੧੪੦)

{ਅੰਤਰਿ ਰਾਮ ਰਾਇ ਪ੍ਰਗਟੇ ਆਇ ॥ ਗੁਰਿ ਪੂਰੈ ਦੀਓ ਰੰਗੁ ਲਾਇ ॥੧॥ ਰਹਾਉ ॥}

(ਅੰਗ - ੧੧੪੧)

{ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥ ਚੀਤਿ ਆਵੈ ਤਾਂ ਸੁੰਨਿ ਸਮਾਇਆ ॥}

(ਅੰਗ - ੧੧੪੧)

{ਚੀਤਿ ਆਵੈ ਸਦ ਕੀਰਤਨੁ ਕਰਤਾ ॥ ਮਨੁ ਮਾਨਿਆ ਨਾਨਕ ਭਗਵੰਤਾ ॥੪॥੮॥੨੧॥}

(ਅੰਗ - ੧੧੪੧)

{ਕਹੁ ਨਾਨਕ ਜਉ ਪਿਤਾ ਪਤੀਨੇ ॥ ਪਿਤਾ ਪੂਤ ਏਕੈ ਰੰਗਿ ਲੀਨੇ ॥੪॥੯॥੨੨॥}

(ਅੰਗ - ੧੧੪੧)

{ਪਿਤਾ ਹਮਾਰੇ ਪ੍ਰਗਟੇ ਮਾਝ ॥ ਪਿਤਾ ਪੂਤ ਰਲਿ ਕੀਨੀ ਸਾਂਝ ॥}

(ਅੰਗ - ੧੧੪੧)

{ਸੁਖੁ ਪਾਇਆ ਸਤਿਗੁਰੂ ਮਨਾਇ ॥ ਸਭ ਫਲ ਪਾਏ ਗੁਰੂ ਧਿਆਇ ॥੧॥ ਰਹਾਉ ॥}

(ਅੰਗ - ੧੧੪੧)

{ਪਾਰਬ੍ਰਹਮ ਸਤਿਗੁਰ ਆਦੇਸੁ ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ ॥}

(ਅੰਗ - ੧੧੪੧)

{ਚੂਕਾ ਪੜਦਾ ਤਾਂ ਨਦਰੀ ਆਇਆ ॥ ਖਸਮੁ ਤੂਹੈ ਸਭਨਾ ਕੇ ਰਾਇਆ ॥੨॥}

(ਅੰਗ - ੧੧੪੧)

{ਹਰਾਮਖੋਰ ਨਿਰਗੁਣ ਕਉ ਤੂਠਾ ॥ ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ ॥}

(ਅੰਗ - ੧੧੪੧)

{ਪਾਰਬ੍ਰਹਮ ਗੁਰ ਭਏ ਦਇਆਲਾ ॥ ਨਾਨਕ ਦਾਸ ਦੇਖਿ ਭਏ ਨਿਹਾਲਾ ॥੪॥੧੦॥੨੩॥}

(ਅੰਗ - ੧੧੪੧)

{ਗੁਰ ਜੈਸਾ ਨਾਹੀ ਕੋ ਦੇਵ ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ ਰਹਾਉ ॥}

(ਅੰਗ - ੧੧੪੨)

{ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥}

(ਅੰਗ - ੧੧੪੨)

{ਸਤਿਗੁਰ ਕੈ ਹਉ ਸਦ ਬਲਿ ਜਾਇਆ ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥}

(ਅੰਗ - ੧੧੪੨)

{ਸਤਿਗੁਰੁ ਮੇਰਾ ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ ॥}

(ਅੰਗ - ੧੧੪੨)

{ਨਾਮੁ ਲੈਤ ਮਨੁ ਪਰਗਟੁ ਭਇਆ ॥ ਨਾਮੁ ਲੈਤ ਪਾਪੁ ਤਨ ਤੇ ਗਇਆ ॥}

(ਅੰਗ - ੧੧੪੨)

{ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥੧॥ ਰਹਾਉ ॥}

(ਅੰਗ - ੧੧੪੨)

{ਨਾਮੁ ਲੈਤ ਦੁਖੁ ਦੂਰਿ ਪਰਾਨਾ ॥ ਨਾਮੁ ਲੈਤ ਅਤਿ ਮੂੜ ਸੁਗਿਆਨਾ ॥}

(ਅੰਗ - ੧੧੪੨)

{ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ॥ ਨਾਮੁ ਹਮਾਰੀ ਸਾਚੀ ਰਾਸਿ ॥੩॥}

(ਅੰਗ - ੧੧੪੨)

{ਗੁਰਿ ਉਪਦੇਸੁ ਕਹਿਓ ਇਹੁ ਸਾਰੁ ॥ ਹਰਿ ਕੀਰਤਿ ਮਨ ਨਾਮੁ ਅਧਾਰੁ ॥}

(ਅੰਗ - ੧੧੪੨)

{ਨਮਸਕਾਰ ਤਾ ਕਉ ਲਖ ਬਾਰ ॥ ਇਹੁ ਮਨੁ ਦੀਜੈ ਤਾ ਕਉ ਵਾਰਿ ॥}

(ਅੰਗ - ੧੧੪੨)

{ਸਿਮਰਨਿ ਤਾ ਕੈ ਮਿਟਹਿ ਸੰਤਾਪ ॥ ਹੋਇ ਅਨੰਦੁ ਨ ਵਿਆਪਹਿ ਤਾਪ ॥੧॥}

(ਅੰਗ - ੧੧੪੨)

{ਐਸੋ ਹੀਰਾ ਨਿਰਮਲ ਨਾਮ ॥ ਜਾਸੁ ਜਪਤ ਪੂਰਨ ਸਭਿ ਕਾਮ ॥੧॥ ਰਹਾਉ ॥}

(ਅੰਗ - ੧੧੪੨)

{ਸਭ ਮਹਿ ਏਕੁ ਰਹਿਆ ਭਰਪੂਰਾ ॥ ਸੋ ਜਾਪੈ ਜਿਸੁ ਸਤਿਗੁਰੁ ਪੂਰਾ ॥
ਹਰਿ ਕੀਰਤਨੁ ਤਾ ਕੋ ਆਧਾਰੁ ॥ ਕਹੁ ਨਾਨਕ ਜਿਸੁ ਆਪਿ ਦਇਆਰੁ ॥੪॥੧੩॥੨੬॥}

(ਅੰਗ - ੧੧੪੨)

{ਮੋਹਿ ਦੁਹਾਗਨਿ ਆਪਿ ਸੀਗਾਰੀ ॥ ਰੂਪ ਰੰਗ ਦੇ ਨਾਮਿ ਸਵਾਰੀ ॥}

(ਅੰਗ - ੧੧੪੩)

{ਤਪਤਿ ਬੁਝੀ ਪੂਰਨ ਸਭ ਆਸਾ ॥ ਮਿਟੇ ਅੰਧੇਰ ਭਏ ਪਰਗਾਸਾ ॥}

(ਅੰਗ - ੧੧੪੩)

{ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥ ਜਾ ਕਉ ਸਤਿਗੁਰਿ ਦੀਓ ਨਾਮੁ ॥੩॥}

(ਅੰਗ - ੧੧੪੩)

{ਪੇਖਤ ਮਾਇਆ ਰੰਗ ਬਿਹਾਇ ॥ ਗੜਬੜ ਕਰੈ ਕਉਡੀ ਰੰਗੁ ਲਾਇ ॥}

(ਅੰਗ - ੧੧੪੩)

{ਅੰਧ ਬਿਉਹਾਰ ਬੰਧ ਮਨੁ ਧਾਵੈ ॥ ਕਰਣੈਹਾਰੁ ਨ ਜੀਅ ਮਹਿ ਆਵੈ ॥੨॥}

(ਅੰਗ - ੧੧੪੩)

{ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥੩॥}

(ਅੰਗ - ੧੧੪੩)

{ਜਿਸ ਕੇ ਰਾਖੇ ਹੋਇ ਹਰਿ ਆਪਿ ॥ ਹਰਿ ਹਰਿ ਨਾਮੁ ਸਦਾ ਜਪੁ ਜਾਪਿ ॥}

(ਅੰਗ - ੧੧੪੩)

{ਅਪਣੀ ਦਇਆ ਕਰੇ ਸੋ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥}

(ਅੰਗ - ੧੧੪੩)

{ਰਾਮ ਨਾਮੁ ਜੀਅ ਕੋ ਆਧਾਰੁ ॥ ਗੁਰ ਪਰਸਾਦਿ ਜਪਹੁ ਨਿਤ ਭਾਈ ਤਾਰਿ ਲਏ ਸਾਗਰ ਸੰਸਾਰੁ ॥੧॥ ਰਹਾਉ॥}

(ਅੰਗ - ੧੧੪੩)

{ਸੂਖ ਸਹਜ ਆਨੰਦ ਗੁਣ ਗਾਉ ॥ ਆਗੈ ਮਿਲੈ ਨਿਥਾਵੇ ਥਾਉ ॥੨॥}

(ਅੰਗ - ੧੧੪੩)

{ਜੁਗਹ ਜੁਗੰਤਰਿ ਇਹੁ ਤਤੁ ਸਾਰੁ ॥ ਹਰਿ ਸਿਮਰਣੁ ਸਾਚਾ ਬੀਚਾਰੁ ॥}

(ਅੰਗ - ੧੧੪੩)

{ਤੇਰੇ ਭਗਤ ਭਗਤਨ ਕਾ ਆਪਿ ॥ ਅਪਣੀ ਮਹਿਮਾ ਆਪੇ ਜਾਪਿ ॥}

(ਅੰਗ - ੧੧੪੩)

{ਨਾਮੁ ਹਮਾਰੈ ਅੰਤਰਜਾਮੀ ॥ ਨਾਮੁ ਹਮਾਰੈ ਆਵੈ ਕਾਮੀ ॥}

(ਅੰਗ - ੧੧੪੪)

{ਰੋਮਿ ਰੋਮਿ ਰਵਿਆ ਹਰਿ ਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥੧॥}

(ਅੰਗ - ੧੧੪੪)

{ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥}

(ਅੰਗ - ੧੧੪੪)

{ਨਾਮੁ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ ॥}

(ਅੰਗ - ੧੧੪੪)

{ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥ ਨਾਮੁ ਲੈਤ ਅਨਹਦ ਪੂਰੇ ਨਾਦ ॥੩॥}

(ਅੰਗ - ੧੧੪੪)

{ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥ ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥}

(ਅੰਗ - ੧੧੪੪)

{ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥ ਤੁਮ੍ਰੀ ਉਸਤਤਿ ਕਰਉ ਦਿਨ ਰਾਤਿ ॥੧॥ ਰਹਾਉ ॥}

(ਅੰਗ - ੧੧੪੪)

{ਹਮ ਤੇਰੇ ਜੰਤ ਤੂ ਬਜਾਵਨਹਾਰਾ ॥ ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ ॥}

(ਅੰਗ - ੧੧੪੪)

{ਤਉ ਪਰਸਾਦਿ ਰੰਗ ਰਸ ਮਾਣੇ ॥ ਘਟ ਘਟ ਅੰਤਰਿ ਤੁਮਹਿ ਸਮਾਣੇ ॥੨॥}

(ਅੰਗ - ੧੧੪੪)

{ਤੁਮ੍ਰੀ ਕ੍ਰਿਪਾ ਤੇ ਜਪੀਐ ਨਾਉ ॥ ਸਾਧਸੰਗਿ ਤੁਮਰੇ ਗੁਣ ਗਾਉ ॥}

(ਅੰਗ - ੧੧੪੪)

{ਤੁਮ੍ਰੀ ਦਇਆ ਤੇ ਹੋਇ ਦਰਦ ਬਿਨਾਸੁ ॥ ਤੁਮਰੀ ਮਇਆ ਤੇ ਕਮਲ ਬਿਗਾਸੁ ॥੩॥}

(ਅੰਗ - ੧੧੪੪)

{ਊਚੇ ਤੇ ਊਚਾ ਜਾ ਕਾ ਥਾਨ ॥ ਕੋਟਿ ਅਘਾ ਮਿਟਹਿ ਹਰਿ ਨਾਮ ॥੧॥}

(ਅੰਗ - ੧੧੪੪)

{ਬਿਖਿਆ ਕਾ ਸਭੁ ਧੰਧੁ ਪਸਾਰੁ ॥ ਵਿਰਲੈ ਕੀਨੋ ਨਾਮ ਅਧਾਰੁ ॥੧॥ ਰਹਾਉ ॥}

(ਅੰਗ - ੧੧੪੫)

{ਤ੍ਰਿਬਿਧਿ ਮਾਇਆ ਰਹੀ ਬਿਆਪਿ ॥ ਜੋ ਲਪਟਾਨੋ ਤਿਸੁ ਦੂਖ ਸੰਤਾਪ ॥}

(ਅੰਗ - ੧੧੪੫)

{ਸੁਖੁ ਨਾਹੀ ਬਿਨੁ ਨਾਮ ਧਿਆਏ ॥ ਨਾਮ ਨਿਧਾਨੁ ਬਡਭਾਗੀ ਪਾਏ ॥੨॥}

(ਅੰਗ - ੧੧੪੫)

{ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥ ਨਾਨਕ ਆਇਆ ਸੋ ਪਰਵਾਨੁ ॥੪॥੨੦॥੩੩॥}

(ਅੰਗ - ੧੧੪੫)

{ਮੇਘ ਕੀ ਛਾਇਆ ਜੈਸੇ ਬਰਤਨਹਾਰ ॥ ਤੈਸੋ ਪਰਪੰਚੁ ਮੋਹ ਬਿਕਾਰ ॥੩॥}

(ਅੰਗ - ੧੧੪੫)

{ਏਕ ਵਸਤੁ ਜੇ ਪਾਵੈ ਕੋਇ ॥ ਪੂਰਨ ਕਾਜੁ ਤਾਹੀ ਕਾ ਹੋਇ ॥
ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥ ਨਾਨਕ ਆਇਆ ਸੋ ਪਰਵਾਨੁ ॥੪॥੨੦॥੩੩॥}

(ਅੰਗ - ੧੧੪੫)

{ਨਿੰਦਕ ਕੀ ਗਤਿ ਕਤਹੂ ਨਾਹਿ ॥ ਆਪਿ ਬੀਜਿ ਆਪੇ ਹੀ ਖਾਹਿ ॥}

(ਅੰਗ - ੧੧੪੫)

{ਚੋਰ ਜਾਰ ਜੂਆਰ ਤੇ ਬੁਰਾ ॥ ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥੩॥}

(ਅੰਗ - ੧੧੪੫)

{ਪਾਰਬ੍ਰਹਮ ਕੇ ਭਗਤ ਨਿਰਵੈਰ ॥ ਸੋ ਨਿਸਤਰੈ ਜੋ ਪੂਜੈ ਪੈਰ ॥}

(ਅੰਗ - ੧੧੪੫)

{ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥ ਸਭ ਤੇ ਊਤਮੁ ਹਰਿ ਹਰਿ ਕਾਮੁ ॥੧॥ ਰਹਾਉ ॥}

(ਅੰਗ - ੧੧੪੫)

{ਨਾਮੁ ਹਮਾਰੈ ਮਜਨ ਇਸਨਾਨੁ ॥ ਨਾਮੁ ਹਮਾਰੈ ਪੂਰਨ ਦਾਨੁ ॥}

(ਅੰਗ - ੧੧੪੫)

{ਨਾਮੁ ਹਮਾਰੈ ਸਗਲ ਆਚਾਰ ॥ ਨਾਮੁ ਹਮਾਰੈ ਨਿਰਮਲ ਬਿਉਹਾਰ ॥੩॥}

(ਅੰਗ - ੧੧੪੫)

{ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥ ਸਗਲ ਜਨਾ ਕੀ ਹਰਿ ਹਰਿ ਟੇਕ ॥}

(ਅੰਗ - ੧੧੪੫)

{ਮਨਿ ਤਨਿ ਨਾਨਕ ਹਰਿ ਗੁਣ ਗਾਉ ॥ ਸਾਧਸੰਗਿ ਜਿਸੁ ਦੇਵੈ ਨਾਉ ॥੪॥੨੨॥੩੫॥}

(ਅੰਗ - ੧੧੪੫)

{ਨਿਰਧਨ ਕਉ ਤੁਮ ਦੇਵਹੁ ਧਨਾ ॥ ਅਨਿਕ ਪਾਪ ਜਾਹਿ ਨਿਰਮਲ ਮਨਾ ॥}

(ਅੰਗ - ੧੧੪੬)

{ਸਗਲ ਮਨੋਰਥ ਪੂਰਨ ਕਾਮ ॥ ਭਗਤ ਅਪੁਨੇ ਕਉ ਦੇਵਹੁ ਨਾਮ ॥੧॥}

(ਅੰਗ - ੧੧੪੬)

{ਨਿਮਾਣੇ ਕਉ ਪ੍ਰਭ ਦੇਤੋ ਮਾਨੁ ॥ ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥}

(ਅੰਗ - ੧੧੪੬)

{ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥}

(ਅੰਗ - ੧੧੪੬)

{ਕਰਿ ਕਿਰਪਾ ਸੰਤ ਟਹਲੈ ਲਾਏ ॥ ਨਾਨਕ ਸਾਧੂ ਸੰਗਿ ਸਮਾਏ ॥੪॥੨੩॥੩੬॥}

(ਅੰਗ - ੧੧੪੬)

{ਸੰਤ ਮੰਡਲ ਮਹਿ ਨਿਰਮਲ ਕਥਾ ॥ ਸੰਤਸੰਗਿ ਹਉਮੈ ਦੁਖ ਨਸਾ ॥੩॥}

(ਅੰਗ - ੧੧੪੬)

{ਸੰਤ ਮੰਡਲ ਮਹਿ ਨਿਰਮਲ ਰੀਤਿ ॥ ਸੰਤਸੰਗਿ ਹੋਇ ਏਕ ਪਰੀਤਿ ॥੧॥}

(ਅੰਗ - ੧੧੪੬)

{ਸੰਤ ਮੰਡਲੁ ਤਹਾ ਕਾ ਨਾਉ ॥ ਪਾਰਬ੍ਰਹਮ ਕੇਵਲ ਗੁਣ ਗਾਉ ॥੧॥ ਰਹਾਉ ॥}

(ਅੰਗ - ੧੧੪੬)

{ਸੰਤ ਮੰਡਲ ਕਾ ਨਿਹਚਲ ਆਸਨੁ ॥ ਸੰਤ ਮੰਡਲ ਮਹਿ ਪਾਪ ਬਿਨਾਸਨੁ ॥}

(ਅੰਗ - ੧੧੪੬)

{ਸੰਤ ਮੰਡਲ ਮਹਿ ਨਿਰਮਲ ਕਥਾ ॥ ਸੰਤਸੰਗਿ ਹਉਮੈ ਦੁਖ ਨਸਾ ॥੩॥}

(ਅੰਗ - ੧੧੪੬)

{ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥ ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥}

(ਅੰਗ - ੧੧੪੬)

{ਸੰਤਸੰਗਿ ਹੋਇ ਨਿਰਮਲ ਬਾਣੀ ॥ ਸੰਤ ਮੰਡਲ ਮਹਿ ਨਾਮੁ ਵਖਾਣੀ ॥੨॥}

(ਅੰਗ - ੧੧੪੬)

{ਸੰਤ ਮੰਡਲ ਕਾ ਨਹੀ ਬਿਨਾਸੁ ॥ ਸੰਤ ਮੰਡਲ ਮਹਿ ਹਰਿ ਗੁਣਤਾਸੁ ॥}

(ਅੰਗ - ੧੧੪੬)

{ਸੰਤ ਮੰਡਲ ਠਾਕੁਰ ਬਿਸ੍ਰਾਮੁ ॥ ਨਾਨਕ ਓਤਿ ਪੋਤਿ ਭਗਵਾਨੁ ॥੪॥੨੪॥੩੭॥}

(ਅੰਗ - ੧੧੪੬)

{ਜਿਸੁ ਊਪਰਿ ਪ੍ਰਭੁ ਕਿਰਪਾ ਕਰੈ ॥ ਤਿਸੁ ਊਪਰ ਤੇ ਕਾਲੁ ਪਰਹਰੈ ॥੧॥}

(ਅੰਗ - ੧੧੪੬)

{ਦੁਖ ਭੰਜਨੁ ਤਾ ਕਾ ਹੈ ਨਾਉ ॥ ਸੁਖ ਪਾਵਹਿ ਤਿਸ ਕੇ ਗੁਣ ਗਾਉ ॥੩॥}

(ਅੰਗ - ੧੧੪੬)

{ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ ਗੁਰ ਮੰਤ ॥}

(ਅੰਗ - ੧੧੪੭)

{ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥}

(ਅੰਗ - ੧੧੪੭)

{ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥}

(ਅੰਗ - ੧੧੪੭)

{ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥}

(ਅੰਗ - ੧੧੪੭)

{ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥}

(ਅੰਗ - ੧੧੪੭)

{ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥}

(ਅੰਗ - ੧੧੪੭)

{ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥}

(ਅੰਗ - ੧੧੪੭)

{ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥}

(ਅੰਗ - ੧੧੪੭)

{ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥}

(ਅੰਗ - ੧੧੪੭)

{ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥}

(ਅੰਗ - ੧੧੪੭)

{ਬੰਧਨ ਮਾਤ ਪਿਤਾ ਸੁਤ ਬਨਿਤਾ ॥ ਬੰਧਨ ਕਰਮ ਧਰਮ ਹਉ ਕਰਤਾ ॥}

(ਅੰਗ - ੧੧੪੭)

{ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥}

(ਅੰਗ - ੧੧੪੭)

{ਸੂਖ ਸਹਜ ਆਨੰਦ ਲਹਹੁ ॥ ਸਾਧਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥੧॥ ਰਹਾਉ॥}

(ਅੰਗ - ੧੧੪੭)

{ਜਿਸ ਨੋ ਕਰਮੁ ਕਰੇ ਪ੍ਰਭੁ ਅਪਨਾ ॥ ਹਰਿ ਹਰਿ ਨਾਮੁ ਤਿਨੈ ਜਨਿ ਜਪਨਾ ॥੩॥}

(ਅੰਗ - ੧੧੪੭)

{ਗੁਰ ਮਿਲਿ ਤਿਆਗਿਓ ਦੂਜਾ ਭਾਉ ॥ ਗੁਰਮੁਖਿ ਜਪਿਓ ਹਰਿ ਕਾ ਨਾਉ ॥}

(ਅੰਗ - ੧੧੪੮)

{ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥੧॥}

(ਅੰਗ - ੧੧੪੮)

{ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ ਮਨ ਭੀਤਰਿ ਸਾਰੇ ॥}

(ਅੰਗ - ੧੧੪੮)

{ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥ ਸਾਧਸੰਗਤਿ ਊਂਧ ਕਮਲ ਬਿਗਾਸ ॥}

(ਅੰਗ - ੧੧੪੮)

{ਗੁਣ ਗਾਵਤ ਨਿਹਚਲੁ ਬਿਸ੍ਰਾਮ ॥ ਪੂਰਨ ਹੋਏ ਸਗਲੇ ਕਾਮ ॥੩॥}

(ਅੰਗ - ੧੧੪੮)

{ਸਭ ਤੇ ਊਚਾ ਜਾ ਕਾ ਨਾਉ ॥ ਸਦਾ ਸਦਾ ਤਾ ਕੇ ਗੁਣ ਗਾਉ ॥}

(ਅੰਗ - ੧੧੪੮)

{ਸਾਚਾ ਧਨੁ ਸਾਚੀ ਵਡਿਆਈ ॥ ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥}

(ਅੰਗ - ੧੧੪੮)

{ਕਰਿ ਕਿਰਪਾ ਜਿਸੁ ਰਾਖਨਹਾਰਾ ॥ ਤਾ ਕਾ ਸਗਲ ਮਿਟੈ ਅੰਧਿਆਰਾ ॥੩॥}

(ਅੰਗ - ੧੧੪੮)

{ਭ੍ਰਮ ਭਉ ਮੇਟਿ ਮਿਲੇ ਗੋਪਾਲ ॥ ਨਾਨਕ ਕਉ ਗੁਰ ਭਏ ਦਇਆਲ ॥੪॥੩੦॥੪੩॥}

(ਅੰਗ - ੧੧੪੮)

{ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ॥ ਮਿਟਹਿ ਕਲੇਸ ਸੁਖ ਸਹਜਿ ਨਿਵਾਸੁ ॥}

(ਅੰਗ - ੧੧੪੮)

{ਸਰਬ ਸੁਖਾ ਪ੍ਰਭ ਤੇਰੋ ਨਾਉ ॥ ਆਠ ਪਹਰ ਮੇਰੇ ਮਨ ਗਾਉ ॥੧॥ ਰਹਾਉ ॥}

(ਅੰਗ - ੧੧੪੮)

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥}

(ਅੰਗ - ੧੧੪੮)

{ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥ ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥}

(ਅੰਗ - ੧੧੪੮)

{ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥}

(ਅੰਗ - ੧੧੪੯)

{ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥}

(ਅੰਗ - ੧੧੪੯)

{ਲਾਜ ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ ॥}

(ਅੰਗ - ੧੧੪੯)

{ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥ ਮੂਲ ਬਿਨਾ ਸਾਖਾ ਕਤ ਆਹੈ ॥੧॥}

(ਅੰਗ - ੧੧੪੯)

{ਗੁਰ ਸੁਪ੍ਰਸੰਨ ਹੋਏ ਭਉ ਗਏ ॥ ਨਾਮ ਨਿਰੰਜਨ ਮਨ ਮਹਿ ਲਏ ॥}

(ਅੰਗ - ੧੧੪੯)

{ਚਰਨ ਕਮਲ ਸਿਉ ਲਾਗੋ ਹੇਤੁ ॥ ਖਿਨ ਮਹਿ ਬਿਨਸਿਓ ਮਹਾ ਪਰੇਤੁ ॥}

(ਅੰਗ - ੧੧੪੯)

{ਨਿਰਮਲ ਸੋਭਾ ਨਿਰਮਲ ਰੀਤਿ ॥ ਪਾਰਬ੍ਰਹਮੁ ਆਇਆ ਮਨਿ ਚੀਤਿ ॥}

(ਅੰਗ - ੧੧੪੯)

{ਕਰਿ ਕਿਰਪਾ ਗੁਰਿ ਦੀਨੋ ਦਾਨੁ ॥ ਨਾਨਕ ਪਾਇਆ ਨਾਮੁ ਨਿਧਾਨੁ ॥੪॥੩੩॥੪੬॥}

(ਅੰਗ - ੧੧੪੯)

{ਪੂਰਨ ਕਾਮ ਮਿਲੇ ਗੁਰਦੇਵ ॥ ਸਭਿ ਫਲਦਾਤਾ ਨਿਰਮਲ ਸੇਵ ॥}

(ਅੰਗ - ੧੧੪੯)

{ਕਰੁ ਗਹਿ ਲੀਨੇ ਅਪੁਨੇ ਦਾਸ ॥ ਰਾਮ ਨਾਮੁ ਰਿਦ ਦੀਓ ਨਿਵਾਸ ॥੨॥}

(ਅੰਗ - ੧੧੪੯)

{ਨਿਰਮਲ ਸੋਭਾ ਅਚਰਜ ਬਾਣੀ ॥ ਪਾਰਬ੍ਰਹਮ ਪੂਰਨ ਮਨਿ ਭਾਣੀ ॥}

(ਅੰਗ - ੧੧੪੯)

{ਜਲਿ ਥਲਿ ਮਹੀਅਲਿ ਰਵਿਆ ਸੋਇ ॥ ਨਾਨਕ ਸਭੁ ਕਿਛੁ ਪ੍ਰਭ ਤੇ ਹੋਇ ॥੪॥੩੪॥੪੭॥}

(ਅੰਗ - ੧੧੪੯)

{ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥}

(ਅੰਗ - ੧੧੫੦)

{ਆਠ ਪਹਰ ਗਾਵਤ ਭਗਵੰਤੁ ॥ ਸਤਿਗੁਰਿ ਦੀਨੋ ਪੂਰਾ ਮੰਤੁ ॥੧॥}

(ਅੰਗ - ੧੧੫੦)

{ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥}

(ਅੰਗ - ੧੧੫੦)

{ਨਾਮੁ ਲੈਤ ਸਭ ਦੂਖਹ ਨਾਸੁ ॥ ਨਾਮੁ ਜਪਤ ਹਰਿ ਚਰਣ ਨਿਵਾਸੁ ॥੧॥}

(ਅੰਗ - ੧੧੫੦)

{ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥ ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧॥ ਰਹਾਉ ॥}

(ਅੰਗ - ੧੧੫੦)

{ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥ ਹਰਿ ਸਿਮਰਤ ਗਰਭ ਜੋਨਿ ਨ ਰੁਧੈ ॥੨॥}

(ਅੰਗ - ੧੧੫੦)

{ਹਰਿ ਸਿਮਰਨ ਕੀ ਸਗਲੀ ਬੇਲਾ ॥ ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥}

(ਅੰਗ - ੧੧੫੦)

{ਪ੍ਰਭ ਕੀ ਓਟ ਗਹਹੁ ਮਨ ਮੇਰੇ ॥ ਚਰਨ ਕਮਲ ਗੁਰਮੁਖਿ ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੇ ॥੧॥ ਰਹਾਉ॥}

(ਅੰਗ - ੧੧੫੦)

{ਜਤ ਕਤ ਪੇਖਉ ਤਤ ਤਤ ਸੋਇ ॥ ਤਿਸੁ ਬਿਨੁ ਦੂਜਾ ਨਾਹੀ ਕੋਇ ॥}

(ਅੰਗ - ੧੧੫੦)

{ਸਾਗਰੁ ਤਰੀਐ ਨਾਮ ਕੈ ਰੰਗਿ ॥ ਗੁਣ ਗਾਵੈ ਨਾਨਕੁ ਸਾਧਸੰਗਿ ॥੩॥}

(ਅੰਗ - ੧੧੫੦)

{ਰਾਮ ਰਾਮ ਸੰਤ ਸਦਾ ਸਹਾਇ ॥
ਘਰਿ ਬਾਹਰਿ ਨਾਲੇ ਪਰਮੇਸਰੁ ਰਵਿ ਰਹਿਆ ਪੂਰਨ ਸਭ ਠਾਇ ॥੧॥ ਰਹਾਉ ॥}

(ਅੰਗ - ੧੧੫੦)

{ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ ॥
ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ ਦਾਸ ਕੇ ਹੋਏ ਪੂਰਨ ਕਾਮ ॥੧॥ ਰਹਾਉ ॥}

(ਅੰਗ - ੧੧੫੧)

{ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧਸੰਗਿ ਮਿਟਿਆ ਅਭਿਮਾਨ ॥}

(ਅੰਗ - ੧੧੫੧)

{ਐਸੇ ਸੰਤ ਭੇਟਹਿ ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥}

(ਅੰਗ - ੧੧੫੧)

{ਪੰਚ ਮਜਮੀ ਜੋ ਪੰਚਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥}

(ਅੰਗ - ੧੧੫੧)

{ਹਰਿ ਕੇ ਨਾਮ ਬਿਨਾ ਸਭ ਝੂਠੁ ॥
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥੧॥ ਰਹਾਉ ॥}

(ਅੰਗ - ੧੧੫੧)

{ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥}

(ਅੰਗ - ੧੧੫੧)

{ਮਾਇਆ ਕਾਰਣਿ ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥}

(ਅੰਗ - ੧੧੫੧)

{ਜਿਨਿ ਕੀਆ ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ ਮੁਖਹੁ ਵਖਾਣੈ ॥੩॥}

(ਅੰਗ - ੧੧੫੧)

{ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥ ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥੪॥੪੦॥੫੩॥}

(ਅੰਗ - ੧੧੫੧)

{ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥}

(ਅੰਗ - ੧੧੫੧)

{ਨਿੰਦਕ ਕਾ ਮੈਲਾ ਆਚਾਰੁ ॥ ਦਾਸ ਅਪੁਨੇ ਕਉ ਰਾਖਨਹਾਰੁ ॥੧॥}

(ਅੰਗ - ੧੧੫੧)

{ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ ਨਿੰਦਕ ਕਉ ਲਾਗੈ ਦੁਖ ਸਾਂਗੈ ॥}

(ਅੰਗ - ੧੧੫੧)

{ਅੰਤਰਜਾਮੀ ਕਰਤਾ ਸੋਇ ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥}

(ਅੰਗ - ੧੧੫੧)

{ਹਰਿ ਕਾ ਦਾਸੁ ਸਾਚਾ ਦਰਬਾਰਿ ॥ ਜਨ ਨਾਨਕ ਕਹਿਆ ਤਤੁ ਬੀਚਾਰਿ ॥੪॥੪੧॥੫੪॥}

(ਅੰਗ - ੧੧੫੧)

{ਦੁਇ ਕਰ ਜੋਰਿ ਕਰਉ ਅਰਦਾਸਿ ॥ ਜੀਉ ਪਿੰਡੁ ਧਨੁ ਤਿਸ ਕੀ ਰਾਸਿ ॥}

(ਅੰਗ - ੧੧੫੧)

{ਗੁਰ ਉਪਦੇਸਿ ਦਇਆ ਸੰਤੋਖੁ ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥}

(ਅੰਗ - ੧੧੫੨)

{ਸਾਧੂ ਧੂਰਿ ਪੁਨੀਤ ਕਰੀ ॥
ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥੧॥ ਰਹਾਉ ॥}

(ਅੰਗ - ੧੧੫੨)

{ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਰਜੁ ਆਇਆ ਸਗਲਾ ਰਾਸਿ ॥}

(ਅੰਗ - ੧੧੫੨)

{ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥}

(ਅੰਗ - ੧੧੫੨)

{ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥}

(ਅੰਗ - ੧੧੫੨)

{ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥੪੩॥੫੬॥}

(ਅੰਗ - ੧੧੫੨)

{ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥}

(ਅੰਗ - ੧੧੫੨)

{ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥}

(ਅੰਗ - ੧੧੫੨)

{ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥}

(ਅੰਗ - ੧੧੫੩)

{ਨਾਨਕ ਹਉਮੈ ਰੋਗ ਬੁਰੇ ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥}

(ਅੰਗ - ੧੧੫੩)

{ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ ॥
ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥੭॥}

(ਅੰਗ - ੧੧੫੩)

{ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥੮॥}

(ਅੰਗ - ੧੧੫੩)

{ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥
ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥}

(ਅੰਗ - ੧੧੫੩)

{ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥ ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥੧॥ ਰਹਾਉ ॥}

(ਅੰਗ - ੧੧੫੪)

{ਜੰਮਣੁ ਮਰਣਾ ਮੋਹੁ ਉਪਾਇਆ ॥ ਆਵਣੁ ਜਾਣਾ ਕਰਤੈ ਲਿਖਿ ਪਾਇਆ ॥}

(ਅੰਗ - ੧੧੫੪)

{ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥ ਰਾਜੁ ਮਾਲੁ ਝੂਠੀ ਸਭ ਮਾਇਆ ॥}

(ਅੰਗ - ੧੧੫੪)

{ਲੋਭੀ ਨਰ ਰਹੇ ਲਪਟਾਇ ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥}

(ਅੰਗ - ੧੧੫੪)

{ਕਹੈ ਨਾਨਕੁ ਸਭੁ ਕੋ ਕਰੇ ਕਰਾਇਆ ॥ ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ॥}

(ਅੰਗ - ੧੧੫੪)

{ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ ॥}

(ਅੰਗ - ੧੧੫੪)

{ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ ਕਰਦਾ ਆਇਆ ॥੧॥}

(ਅੰਗ - ੧੧੫੪)

{ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥
ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ ॥੧॥}

(ਅੰਗ - ੧੧੫੫)

{ਹਰਿ ਜੀਉ ਕ੍ਰਿਪਾ ਕਰਹੁ ਮੇਰੇ ਪਿਆਰੇ ॥
ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ ਗੁਰ ਕੈ ਸਬਦਿ ਉਧਾਰੇ ॥੧॥ ਰਹਾਉ ॥}

(ਅੰਗ - ੧੧੫੫)

{ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ ॥
ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥੩॥}

(ਅੰਗ - ੧੧੫੫)

{ਜਗਤੁ ਉਪਾਇ ਤੁਧੁ ਧੰਧੈ ਲਾਇਆ ਭੁੰਡੀ ਕਾਰ ਕਮਾਈ ॥
ਜਨਮੁ ਪਦਾਰਥੁ ਜੂਐ ਹਾਰਿਆ ਸਬਦੈ ਸੁਰਤਿ ਨ ਪਾਈ ॥੫॥}

(ਅੰਗ - ੧੧੫੫)

{ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ ॥
ਭਵਜਲੁ ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ ॥੬॥}

(ਅੰਗ - ੧੧੫੫)

{ਸਾਚੈ ਸਬਦਿ ਰਤੇ ਜਨ ਸਾਚੇ ਹਰਿ ਪ੍ਰਭਿ ਆਪਿ ਮਿਲਾਏ ॥
ਗੁਰ ਕੀ ਬਾਣੀ ਸਬਦਿ ਪਛਾਤੀ ਸਾਚਿ ਰਹੇ ਲਿਵ ਲਾਏ ॥੭॥}

(ਅੰਗ - ੧੧੫੫)

{ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ ਗੁਰ ਕੈ ਸਬਦਿ ਵੀਚਾਰੇ ॥

ਨਾਨਕੁ ਤਿਨ ਕੈ ਸਦ ਬਲਿਹਾਰੈ ਰਾਮ ਨਾਮੁ ਉਰਿ ਧਾਰੇ ॥੮॥੨॥੩॥}

(ਅੰਗ - ੧੧੫੫)

{ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥}

(ਅੰਗ - ੧੧੫੫)

{ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ ਰਹਾਉ ॥}

(ਅੰਗ - ੧੧੫੫)

{ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥੨॥}

(ਅੰਗ - ੧੧੫੫)

{ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥}

(ਅੰਗ - ੧੧੫੫)

{ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥}

(ਅੰਗ - ੧੧੫੬)

{ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥}

(ਅੰਗ - ੧੧੫੬)

{ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥}

(ਅੰਗ - ੧੧੫੬)

{ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ ਨਾਮ ਬਿਨਾ ਫਿਰਿ ਆਵਣ ਜਾਣੁ ॥੭॥}

(ਅੰਗ - ੧੧੫੬)

{ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥ ਸਾਧਸੰਗਤਿ ਮਹਿ ਲਖੇ ਗੋਪਾਲ ॥}

(ਅੰਗ - ੧੧੫੬)

{ਆਵਣ ਜਾਣ ਰਹੇ ਸੁਖੁ ਪਾਇਆ ॥ ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥}

(ਅੰਗ - ੧੧੫੬)

{ਕੋਟਿ ਮਾਇਆ ਜਾ ਕੈ ਸੇਵਕਾਇ ॥ ਕੋਟਿ ਜੀਅ ਜਾ ਕੀ ਸਿਹਜਾਇ ॥}

(ਅੰਗ - ੧੧੫੬)

{ਕੋਟਿ ਪੂਜਾਰੀ ਕਰਤੇ ਪੂਜਾ ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥੫॥}

(ਅੰਗ - ੧੧੫੬)

{ਜਤ ਕਤ ਦੇਖਉ ਤੇਰਾ ਵਾਸਾ ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥}

(ਅੰਗ - ੧੧੫੬)

{ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥}

(ਅੰਗ - ੧੧੫੭)

{ਅਚਿੰਤ ਹਮਾਰੈ ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥੩॥}

(ਅੰਗ - ੧੧੫੭)

{ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥ ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥}

(ਅੰਗ - ੧੧੫੭)

{ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਭੁ ਘਟਿ ਘਟਿ ਡੀਠਾ ॥੫॥}

(ਅੰਗ - ੧੧੫੭)

{ਅਚਿੰਤ ਮਿਟਿਓ ਹੈ ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖ ਬਿਸ੍ਾਮਾ ॥}

(ਅੰਗ - ੧੧੫੭)

{ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥}

(ਅੰਗ - ੧੧੫੭)

{ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥}

(ਅੰਗ - ੧੧੫੭)

{ਅਚਿੰਤ ਪ੍ਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਭੁ ਠਾਕੁਰੁ ਏਕੁ ॥}

(ਅੰਗ - ੧੧੫੭)

{ਚਿੰਤ ਅਚਿੰਤਾ ਸਗਲੀ ਗਈ ॥ ਪ੍ਭ ਨਾਨਕ ਨਾਨਕ ਨਾਨਕ ਮਈ ॥੮॥੩॥੬॥}

(ਅੰਗ - ੧੧੫੭)

{ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥ ਤੁਮਹਿ ਛੋਡਿ ਜਾਨਉ ਨਹੀ ਦੂਜੀ ॥੨॥}

(ਅੰਗ - ੧੧੫੭)

{ਮਾਇਆ ਮਹਿ ਜਿਸੁ ਰਖੈ ਉਦਾਸੁ ॥ ਕਹਿ ਕਬੀਰ ਹਉ ਤਾ ਕੋ ਦਾਸੁ ॥੪॥੧॥}

(ਅੰਗ - ੧੧੫੭)

{ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥ ਚਲੇ ਜੁਆਰੀ ਦੁਇ ਹਥ ਝਾਰਿ ॥੪॥੨॥}

(ਅੰਗ - ੧੧੫੮)

{ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ ਰਹਾਉ ॥}

(ਅੰਗ - ੧੧੫੮)

{ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥}

(ਅੰਗ - ੧੧੫੮)

{ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥ ਭਾਖਿ ਲੇ ਪੰਚੈ ਹੋਇ ਸਬੂਰੀ ॥੨॥}

(ਅੰਗ - ੧੧੫੮)

{ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥}

(ਅੰਗ - ੧੧੫੮)

{ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥}

(ਅੰਗ - ੧੧੫੮)

{ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥੧॥}

(ਅੰਗ - ੧੧੫੮)

{ਜਉ ਹਉ ਬਉਰਾ ਤਉ ਰਾਮ ਤੋਰਾ ॥ ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥}

(ਅੰਗ - ੧੧੫੮)

{ਉਲਟਿ ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥}

(ਅੰਗ - ੧੧੫੯)

{ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥}

(ਅੰਗ - ੧੧੫੯)

{ਕਹਿ ਕਬੀਰ ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥੪॥੮॥}

(ਅੰਗ - ੧੧੫੯)

{ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥}

(ਅੰਗ - ੧੧੫੯)

{ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥
ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥}

(ਅੰਗ - ੧੧੫੯)

{ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥
ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥}

(ਅੰਗ - ੧੧੫੯)

{ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ - ੧੧੫੯)

{ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ ॥}

(ਅੰਗ - ੧੧੬੦)

{ਹੈ ਹਜੂਰਿ ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥ ਰਹਾਉ ॥}

(ਅੰਗ - ੧੧੬੦)

{ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥}

(ਅੰਗ - ੧੧੬੦)

{ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥}

(ਅੰਗ - ੧੧੬੦)

{ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥੧॥ ਰਹਾਉ ॥}

(ਅੰਗ - ੧੧੬੦)

{ਤਪੇ ਰਖੀਸਰ ਮਾਇਆ ਮਹਿ ਸੂਤਾ ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥}

(ਅੰਗ - ੧੧੬੦)

{ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥ ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥}

(ਅੰਗ - ੧੧੬੦)

{ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥}

(ਅੰਗ - ੧੧੬੧)

{ਜਬ ਮੇਰੀ ਮੇਰੀ ਮਿਟਿ ਜਾਇ ॥ ਤਬ ਪ੍ਰਭ ਕਾਜੁ ਸਵਾਰਹਿ ਆਇ ॥੧॥}

(ਅੰਗ - ੧੧੬੧)

{ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ ॥ ਛੋਡਿ ਕਤੇਬ ਕਰੈ ਸੈਤਾਨੀ ॥}

(ਅੰਗ - ੧੧੬੧)

{ਦੁਨੀਆ ਦੋਸੁ ਰੋਸੁ ਹੈ ਲੋਈ ॥ ਅਪਨਾ ਕੀਆ ਪਾਵੈ ਸੋਈ ॥੩॥}

(ਅੰਗ - ੧੧੬੧)

{ਆਪ ਆਪ ਕਾ ਮਰਮੁ ਨ ਜਾਨਾਂ ॥ ਬਾਤਨ ਹੀ ਬੈਕੁੰਠੁ ਬਖਾਨਾਂ ॥੧॥}

(ਅੰਗ - ੧੧੬੧)

{ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥}

(ਅੰਗ - ੧੧੬੧)

{ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥}

(ਅੰਗ - ੧੧੬੧)

{ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥}

(ਅੰਗ - ੧੧੬੧)

{ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥}

(ਅੰਗ - ੧੧੬੧)

{ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥}

(ਅੰਗ - ੧੧੬੧)

{ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜਿ੍ਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥}

(ਅੰਗ - ੧੧੬੧)

{ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥}

(ਅੰਗ - ੧੧੬੨)

{ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥ ਹਉਮੈ ਗਾਵਨਿ ਗਾਵਹਿ ਗੀਤ ॥}

(ਅੰਗ - ੧੧੬੨)

{ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥}

(ਅੰਗ - ੧੧੬੨)

{ਅਰਧ ਉਰਧ ਮੁਖਿ ਲਾਗੋ ਕਾਸੁ ॥ ਸੁੰਨ ਮੰਡਲ ਮਹਿ ਕਰਿ ਪਰਗਾਸੁ ॥}

(ਅੰਗ - ੧੧੬੨)

{ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥ ਮਾਨ ਸਰੋਵਰਿ ਕਰਿ ਇਸਨਾਨੁ ॥}

(ਅੰਗ - ੧੧੬੨)

{ਸੋਹੰ ਸੋ ਜਾ ਕਉ ਹੈ ਜਾਪ ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥੬॥}

(ਅੰਗ - ੧੧੬੨)

{ਅਬਰਨ ਬਰਨ ਘਾਮ ਨਹੀ ਛਾਮ ॥ ਅਵਰ ਨ ਪਾਈਐ ਗੁਰ ਕੀ ਸਾਮ ॥}

(ਅੰਗ - ੧੧੬੨)

{ਟਾਰੀ ਨ ਟਰੈ ਆਵੈ ਨ ਜਾਇ ॥ ਸੁੰਨ ਸਹਜ ਮਹਿ ਰਹਿਓ ਸਮਾਇ ॥੭॥}

(ਅੰਗ - ੧੧੬੨)

{ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥}

(ਅੰਗ - ੧੧੬੨)

{ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥}

(ਅੰਗ - ੧੧੬੨)

{ਮਿਥਿਆ ਜਿਹਬਾ ਅਵਰੇਂ ਕਾਮ ॥ ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥}

(ਅੰਗ - ੧੧੬੩)

{ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥੧॥}

(ਅੰਗ - ੧੧੬੩)

{ਜਿਨ ਕੈ ਭੀਤਰਿ ਹੈ ਅੰਤਰਾ ॥ ਜੈਸੇ ਪਸੁ ਤੈਸੇ ਓਇ ਨਰਾ ॥੨॥}

(ਅੰਗ - ੧੧੬੩)

{ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥ ਰਸਨਾ ਰਾਮ ਰਸਾਇਨੁ ਪੀਜੈ ॥੨॥}

(ਅੰਗ - ੧੧੬੪)

{ਸਾਈ ਪ੍ਰੀਤਿ ਜਿ ਆਪੇ ਲਾਏ ॥ ਗੁਰ ਪਰਸਾਦੀ ਦੁਬਿਧਾ ਜਾਏ ॥}

(ਅੰਗ - ੧੧੬੪)

{ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥}

(ਅੰਗ - ੧੧੬੫)

{ਹਰਿ ਕੀ ਭਗਤਿ ਨ ਦੇਖੈ ਜਾਇ ॥ ਮਾਰਗੁ ਛੋਡਿ ਅਮਾਰਗਿ ਪਾਇ ॥}

(ਅੰਗ - ੧੧੬੫)

{ਮੂਲਹੁ ਭੂਲਾ ਆਵੈ ਜਾਇ ॥ ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥੨॥}

(ਅੰਗ - ੧੧੬੫)

{ਇਸ ਪਤੀਆ ਕਾ ਇਹੈ ਪਰਵਾਨੁ ॥ ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥}

(ਅੰਗ - ੧੧੬੫)

{ਜਉ ਗੁਰਦੇਉ ਤ ਮਿਲੈ ਮੁਰਾਰਿ ॥ ਜਉ ਗੁਰਦੇਉ ਤ ਉਤਰੈ ਪਾਰਿ ॥}

(ਅੰਗ - ੧੧੬੬)

{ਜਉ ਗੁਰਦੇਉ ਤ ਬੈਕੁੰਠ ਤਰੈ ॥ ਜਉ ਗੁਰਦੇਉ ਤ ਜੀਵਤ ਮਰੈ ॥੧॥}

(ਅੰਗ - ੧੧੬੬)

{ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥ ਜਉ ਗੁਰਦੇਉ ਨ ਦਹ ਦਿਸ ਧਾਵੈ ॥}

(ਅੰਗ - ੧੧੬੬)

{ਜਉ ਗੁਰਦੇਉ ਪੰਚ ਤੇ ਦੂਰਿ ॥ ਜਉ ਗੁਰਦੇਉ ਨ ਮਰਿਬੋ ਝੂਰਿ ॥੨॥}

(ਅੰਗ - ੧੧੬੬)

{ਜਉ ਗੁਰਦੇਉ ਸਦਾ ਬੈਰਾਗੀ ॥ ਜਉ ਗੁਰਦੇਉ ਪਰ ਨਿੰਦਾ ਤਿਆਗੀ ॥}

(ਅੰਗ - ੧੧੬੬)

{ਜਉ ਗੁਰਦੇਉ ਕੰਧੁ ਨਹੀ ਹਿਰੈ ॥ ਜਉ ਗੁਰਦੇਉ ਦੇਹੁਰਾ ਫਿਰੈ ॥}

(ਅੰਗ - ੧੧੬੬)

{ਜਉ ਗੁਰਦੇਉ ਤ ਸੰਸਾ ਟੂਟੈ ॥ ਜਉ ਗੁਰਦੇਉ ਤ ਜਮ ਤੇ ਛੂਟੈ ॥}

(ਅੰਗ - ੧੧੬੭)

{ਜਉ ਗੁਰਦੇਉ ਤ ਭਉਜਲ ਤਰੈ ॥ ਜਉ ਗੁਰਦੇਉ ਤ ਜਨਮਿ ਨ ਮਰੈ ॥੮॥}

(ਅੰਗ - ੧੧੬੭)

{ਬਿਨੁ ਗੁਰਦੇਉ ਅਵਰ ਨਹੀ ਜਾਈ ॥ ਨਾਮਦੇਉ ਗੁਰ ਕੀ ਸਰਣਾਈ ॥੯॥੧॥੨॥੧੧॥}

(ਅੰਗ - ੧੧੬੭)

{ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥}

(ਅੰਗ - ੧੧੬੭)

{ਭੋਲਿਆ ਹਉਮੈ ਸੁਰਤਿ ਵਿਸਾਰਿ ॥ ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥}

(ਅੰਗ - ੧੧੬੮)

{ਕਰਮ ਪੇੜੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥ ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥}

(ਅੰਗ - ੧੧੬੮)

{ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥}

(ਅੰਗ - ੧੧੬੯)

{ਮਨੁ ਨਿਰਮਲੁ ਨਹੀ ਦਸਵੈ ਦੁਆਰ ॥ ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ ॥੧॥}

(ਅੰਗ - ੧੧੬੯)

{ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ ਨੇੜਿ ਨਾਹਿ ॥੨॥}

(ਅੰਗ - ੧੧੬੯)

{ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ ਕੈਸੇ ਪਾਹਿ ॥੩॥}

(ਅੰਗ - ੧੧੬੯)

{ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥੪॥}

(ਅੰਗ - ੧੧੬੯)

{ਬਿਨੁ ਹਰਿ ਨਾਮ ਨ ਸੁਧੁ ਹੋਇ ॥ ਗੁਰ ਸਬਦਿ ਸਲਾਹੇ ਸਾਚੁ ਸੋਇ ॥੨॥}

(ਅੰਗ - ੧੧੬੯)

{ਬਿਖੁ ਹਉਮੈ ਮਮਤਾ ਪਰਹਰਾਇ ॥ ਸਭਿ ਦੂਖ ਬਿਨਾਸੇ ਰਾਮ ਰਾਇ ॥੩॥}

(ਅੰਗ - ੧੧੬੯)

{ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥}

(ਅੰਗ - ੧੧੬੯)

{ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥ ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥੪॥੫॥}

(ਅੰਗ - ੧੧੬੯)

{ਬਿਨੁ ਗੁਰ ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥}

(ਅੰਗ - ੧੧੭੦)

{ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥}

(ਅੰਗ - ੧੧੭੦)

{ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥}

(ਅੰਗ - ੧੧੭੦)

{ਗੁਰਮਤਿ ਊਤਮ ਸੰਗਿ ਸਾਥਿ ॥ ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥}

(ਅੰਗ - ੧੧੭੦)

{ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ ਗੁਰ ਸੇਵ ਤਰੇ ਤਜਿ ਮੇਰ ਤੋਰ ॥}

(ਅੰਗ - ੧੧੭੦)

{ਨਰ ਨਿੰਦਕ ਲੋਭੀ ਮਨਿ ਕਠੋਰ ॥ ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥}

(ਅੰਗ - ੧੧੭੦)

{ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥}

(ਅੰਗ - ੧੧੭੦)

{ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥}

(ਅੰਗ - ੧੧੭੦)

{ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥ ਜੀਵਤੁ ਮਰੈ ਸਭਿ ਕੁਲ ਉਧਰੈ ॥੧॥}

(ਅੰਗ - ੧੧੭੦)

{ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥}

(ਅੰਗ - ੧੧੭੧)

{ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥੨॥}

(ਅੰਗ - ੧੧੭੧)

{ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥}

(ਅੰਗ - ੧੧੭੧)

{ਸਾਚਾ ਸਾਹੁ ਗੁਰੂ ਸੁਖਦਾਤਾ ਹਰਿ ਮੇਲੇ ਭੁਖ ਗਵਾਏ ॥
ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ ਅਨਦਿਨੁ ਹਰਿ ਗੁਣ ਗਾਏ ॥੧॥}

(ਅੰਗ - ੧੧੭੧)

{ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥
ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥}

(ਅੰਗ - ੧੧੭੧)

{ਨਾਨਕ ਜਿਸ ਨੋ ਨਦਰਿ ਕਰੇਇ ॥ ਅੰਮ੍ਰਿਤ ਨਾਮੁ ਆਪੇ ਦੇਇ ॥
ਬਿਖਿਆ ਕੀ ਬਾਸਨਾ ਮਨਹਿ ਕਰੇਇ ॥ ਅਪਣਾ ਭਾਣਾ ਆਪਿ ਕਰੇਇ ॥੪॥੧॥}

(ਅੰਗ - ੧੧੭੧)

{ਕਰਮੁ ਹੋਵੈ ਤਾਂ ਸੇਵਾ ਕਰੈ ॥ ਗੁਰ ਪਰਸਾਦੀ ਜੀਵਤ ਮਰੈ ॥}

(ਅੰਗ - ੧੧੭੨)

{ਇਹੁ ਮਨੁ ਲੋਭੀ ਲੋਭਿ ਲੁਭਾਨਾ ॥ ਰਾਮ ਬਿਸਾਰਿ ਬਹੁਰਿ ਪਛੁਤਾਨਾ ॥}

(ਅੰਗ - ੧੧੭੨)

{ਗੁਰਮੁਖਿ ਰਾਮ ਨਾਮ ਦਾਰੂ ਗੁਣ ਗਾਇਆ ॥ ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥੩॥}

(ਅੰਗ - ੧੧੭੨)

{ਤ੍ਰਿਸਨਾ ਜਲਤ ਜਲੇ ਅਹੰਕਾਰੇ ॥ ਗੁਰਿ ਰਾਖੇ ਵਡਭਾਗੀ ਤਾਰੇ ॥ ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ॥੪॥੨॥}

(ਅੰਗ - ੧੧੭੨)

{ਮਨਮੁਖ ਮੁਏ ਨਾਹੀ ਹਰਿ ਮਨ ਮਾਹਿ ॥ ਮਰਿ ਮਰਿ ਜੰਮਹਿ ਭੀ ਮਰਿ ਜਾਹਿ ॥੧॥}

(ਅੰਗ - ੧੧੭੨)

{ਸੇ ਜਨ ਜੀਵੇ ਜਿਨ ਹਰਿ ਮਨ ਮਾਹਿ ॥ ਸਾਚੁ ਸਮ੍ਾਲਹਿ ਸਾਚਿ ਸਮਾਹਿ ॥੧॥ ਰਹਾਉ ॥}

(ਅੰਗ - ੧੧੭੨)

{ਨਦਰਿ ਕਰੇ ਚੂਕੈ ਅਭਿਮਾਨੁ ॥ ਸਾਚੀ ਦਰਗਹ ਪਾਵੈ ਮਾਨੁ ॥}

(ਅੰਗ - ੧੧੭੨)

{ਦਰਿ ਸਾਚੈ ਪਤਿ ਸਿਉ ਘਰਿ ਜਾਇ ॥ ਨਾਨਕ ਨਾਮਿ ਵਡਾਈ ਪਾਇ ॥੪॥੩॥}

(ਅੰਗ - ੧੧੭੨)

{ਅੰਤਰਿ ਪੂਜਾ ਮਨ ਤੇ ਹੋਇ ॥ ਏਕੋ ਵੇਖੈ ਅਉਰੁ ਨ ਕੋਇ ॥}

(ਅੰਗ - ੧੧੭੨)

{ਆਪੁ ਛੋਡਿ ਹੋਹਿ ਦਾਸਤ ਭਾਇ ॥ ਤਉ ਜਗਜੀਵਨੁ ਵਸੈ ਮਨਿ ਆਇ ॥੨॥}

(ਅੰਗ - ੧੧੭੩)

{ਮਨੁ ਤਨੁ ਹਰਿਆ ਸਹਜਿ ਸੁਭਾਏ ॥ ਨਾਨਕ ਨਾਮਿ ਰਹੇ ਲਿਵ ਲਾਏ ॥੪॥੪॥}

(ਅੰਗ - ੧੧੭੩)

{ਭਗਤਿ ਕਰੇ ਸੋ ਜਨੁ ਨਿਰਮਲੁ ਹੋਇ ॥ ਗੁਰ ਸਬਦੀ ਵਿਚਹੁ ਹਉਮੈ ਖੋਇ ॥}

(ਅੰਗ - ੧੧੭੩)

{ਬਿਨੁ ਨਾਵੈ ਸੂਕਾ ਸੰਸਾਰੁ ॥ ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥੩॥}

(ਅੰਗ - ੧੧੭੩)

{ਅਪਣਾ ਪ੍ਰਭੁ ਸੇਵੇ ਸਹਜਿ ਸੁਭਾਇ ॥ ਨਾਨਕ ਨਾਮੁ ਵਸੈ ਮਨਿ ਆਇ ॥੪॥੫॥}

(ਅੰਗ - ੧੧੭੩)

{ਮਾਇਆ ਮੋਹੁ ਸਬਦਿ ਜਲਾਏ ॥ ਮਨੁ ਤਨੁ ਹਰਿਆ ਸਤਿਗੁਰ ਭਾਏ ॥}

(ਅੰਗ - ੧੧੭੩)

{ਸਫਲਿਓ ਬਿਰਖੁ ਹਰਿ ਕੈ ਦੁਆਰਿ ॥ ਸਾਚੀ ਬਾਣੀ ਨਾਮ ਪਿਆਰਿ ॥੧॥}

(ਅੰਗ - ੧੧੭੩)

{ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ ॥ ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ ॥}

(ਅੰਗ - ੧੧੭੩)

{ਵਡਾ ਦਾਤਾ ਤਿਲੁ ਨ ਤਮਾਇ ॥ ਨਾਨਕ ਮਿਲੀਐ ਸਬਦੁ ਕਮਾਇ ॥੪॥੬॥}

(ਅੰਗ - ੧੧੭੩)

{ਪੂਰੈ ਭਾਗਿ ਸਚੁ ਕਾਰ ਕਮਾਵੈ ॥ ਏਕੋ ਚੇਤੈ ਫਿਰਿ ਜੋਨਿ ਨ ਆਵੈ ॥}

(ਅੰਗ - ੧੧੭੪)

{ਗੁਰਮੁਖਿ ਕਾਰ ਕਰਹੁ ਲਿਵ ਲਾਇ ॥ ਹਰਿ ਨਾਮੁ ਸੇਵਹੁ ਵਿਚਹੁ ਆਪੁ ਗਵਾਇ ॥੧॥ ਰਹਾਉ ॥}

(ਅੰਗ - ੧੧੭੪)

{ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ ॥ ਨਾਨਕ ਸਹਜੇ ਨਾਮਿ ਸਮਾਇਆ ॥੪॥੭॥}

(ਅੰਗ - ੧੧੭੪)

{ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥}

(ਅੰਗ - ੧੧੭੪)

{ਗੁਰਮਤਿ ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥੨॥ ਕਲਿ ਮਹਿ ਰਾਮ ਨਾਮਿ ਵਡਿਆਈ ॥
ਗੁਰ ਪੂਰੇ ਤੇ ਪਾਇਆ ਜਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥ ਬਿਨੁ ਨਾਮੈ ਹਉਮੈ ਜਲਿ ਜਾਈ ॥੩॥}

(ਅੰਗ - ੧੧੭੪)

{ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥}

(ਅੰਗ - ੧੧੭੪)

{ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ ॥ ਸਾਚੀ ਬਾਣੀ ਨਾਮ ਪਿਆਰੁ ॥}

(ਅੰਗ - ੧੧੭੪)

{ਮਨਮੁਖ ਭੂਲੇ ਕਾਹੇ ਆਏ ॥ ਨਾਮਹੁ ਭੂਲੇ ਜਨਮੁ ਗਵਾਏ ॥੧॥}

(ਅੰਗ - ੧੧੭੪)

{ਜੀਵਤ ਮਰੈ ਮਰਿ ਮਰਣੁ ਸਵਾਰੈ ॥ ਗੁਰ ਕੈ ਸਬਦਿ ਸਾਚੁ ਉਰ ਧਾਰੈ ॥੧॥ ਰਹਾਉ ॥}

(ਅੰਗ - ੧੧੭੪)

{ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥ ਮਨੁ ਨਿਰਮਲੁ ਸਦ ਗੁਣੀ ਗਹੀਰਾ ॥}

(ਅੰਗ - ੧੧੭੪)

{ਸਾਚਾ ਸੇਵਹੁ ਸਾਚੀ ਬਾਣੀ ॥ ਨਾਨਕ ਨਾਮੇ ਸਾਚਿ ਸਮਾਣੀ ॥੪॥੯॥}

(ਅੰਗ - ੧੧੭੪)

{ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥}

(ਅੰਗ - ੧੧੭੫)

{ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥ ਬਹੁ ਅਭਿਮਾਨਿ ਅਪਣੀ ਪਤਿ ਖੋਇ ॥}

(ਅੰਗ - ੧੧੭੫)

{ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥ ਬਾਹਰਿ ਜਾਦਾ ਘਰ ਮਹਿ ਆਣਿਆ ॥੨॥}

(ਅੰਗ - ੧੧੭੫)

{ਸਾਚਿ ਰਤੇ ਜਿਨ੍ਹਾ ਧੁਰਿ ਲਿਖਿ ਪਾਇਆ ॥ ਹਰਿ ਕਾ ਨਾਮੁ ਸਦਾ ਮਨਿ ਭਾਇਆ ॥}

(ਅੰਗ - ੧੧੭੫)

{ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ ਜੋਤੀ ਜੋਤਿ ਮਿਲਾਏ ਸੋਇ ॥੨॥}

(ਅੰਗ - ੧੧੭੫)

{ਏਕੁ ਨਾਮੁ ਤਾਰੇ ਸੰਸਾਰੁ ॥ ਗੁਰ ਪਰਸਾਦੀ ਨਾਮ ਪਿਆਰੁ ॥}

(ਅੰਗ - ੧੧੭੫)

{ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥ ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥}

(ਅੰਗ - ੧੧੭੫)

{ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥}

(ਅੰਗ - ੧੧੭੫)

{ਨਹਚਲ ਮਤਿ ਸਦਾ ਮਨ ਧੀਰ ॥ ਹਰਿ ਗੁਣ ਗਾਵੈ ਗੁਣੀ ਗਹੀਰ ॥੧॥}

(ਅੰਗ - ੧੧੭੫)

{ਨਾਮਹੁ ਭੂਲੇ ਮਰਹਿ ਬਿਖੁ ਖਾਇ ॥ ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥੧॥ ਰਹਾਉ ॥}

(ਅੰਗ - ੧੧੭੫)

{ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥}

(ਅੰਗ - ੧੧੭੫)

{ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥}

(ਅੰਗ - ੧੧੭੫)

{ਆਪਿ ਕਰੇ ਕਿਛੁ ਕਰਣੁ ਨ ਜਾਇ ॥ ਆਪੇ ਭਾਵੈ ਲਏ ਮਿਲਾਇ ॥
ਤਿਸ ਤੇ ਨੇੜੈ ਨਾਹੀ ਕੋ ਦੂਰਿ ॥ ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧॥}

(ਅੰਗ - ੧੧੭੫)

{ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥ ਜੀਵਤ ਮਰਹਿ ਹਰਿ ਨਾਮਿ ਸਮਾਹਿ ॥੧॥}

(ਅੰਗ - ੧੧੭੫)

{ਗੁਰਮਤਿ ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥੨॥}

(ਅੰਗ - ੧੧੭੫)

{ਨਾਮਿ ਰਤੇ ਸਦਾ ਸੁਖੁ ਪਾਈ ॥ ਬਿਨੁ ਨਾਮੈ ਹਉਮੈ ਜਲਿ ਜਾਈ ॥੩॥}

(ਅੰਗ - ੧੧੭੫)

{ਗੁਰਿ ਕਿਰਪਾ ਕੀਨ੍ਹੀ ਚੂਕਾ ਅਭਿਮਾਨੁ ॥ ਸਹਜ ਭਾਇ ਪਾਇਆ ਹਰਿ ਨਾਮੁ ॥੩॥}

(ਅੰਗ - ੧੧੭੬)

{ਬਨਸਪਤਿ ਮਉਲੀ ਚੜਿਆ ਬਸੰਤੁ ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥}

(ਅੰਗ - ੧੧੭੬)

{ਇਤੁ ਮਨਿ ਮਉਲਿਐ ਭਇਆ ਅਨੰਦੁ ॥ ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥}

(ਅੰਗ - ੧੧੭੬)

{ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥ ਰਾਮ ਨਾਮੁ ਰਾਖੈ ਉਰ ਧਾਰੇ ॥੩॥}

(ਅੰਗ - ੧੧੭੬)

{ਊਤਮੁ ਊਚਾ ਸਬਦ ਕਾਮੁ ॥ ਨਾਨਕੁ ਵਖਾਣੈ ਸਾਚੁ ਨਾਮੁ ॥੪॥੧॥੧੩॥}

(ਅੰਗ - ੧੧੭੬)

{ਹਰਿ ਜੀਉ ਆਪੇ ਲੈਹੁ ਮਿਲਾਇ ॥ ਗੁਰ ਕੈ ਸਬਦਿ ਸਚ ਨਾਮਿ ਸਮਾਇ ॥੧॥ ਰਹਾਉ ॥}

(ਅੰਗ - ੧੧੭੬)

{ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥ ਇਹੁ ਮਨੁ ਜਲਿਆ ਦੂਜੈ ਦੋਇ ॥੧॥ ਰਹਾਉ ॥}

(ਅੰਗ - ੧੧੭੬)

{ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥ ਮਾਇਆ ਮੂਠਾ ਸਦਾ ਬਿਲਲਾਇ ॥੨॥}

(ਅੰਗ - ੧੧੭੬)

{ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥ ਨਾਨਕ ਮਾਇਆ ਮੋਹੁ ਸਬਦਿ ਜਲਾਇ ॥੪॥੪॥੧੬॥}

(ਅੰਗ - ੧੧੭੬)

{ਇਨ ਬਿਧਿ ਇਹੁ ਮਨੁ ਹਰਿਆ ਹੋਇ ॥
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥੧॥ ਰਹਾਉ ॥}

(ਅੰਗ - ੧੧੭੬)

{ਫਲ ਫੂਲ ਲਾਗੇ ਜਾਂ ਆਪੇ ਲਾਏ ॥ ਮੂਲਿ ਲਗੈ ਤਾਂ ਸਤਿਗੁਰੁ ਪਾਏ ॥੩॥}

(ਅੰਗ - ੧੧੭੭)

{ਮੇਰੇ ਮਨ ਰਾਮ ਨਾਮਿ ਚਿਤੁ ਲਾਇ॥ ਮਨੁ ਤਨੁ ਤੇਰਾ ਹਰਿਆ ਹੋਵੈ ਇਕੁ ਹਰਿ ਨਾਮਾ ਫਲੁ ਪਾਇ ॥੧॥ਰਹਾਉ॥}

(ਅੰਗ - ੧੧੭੭)

{ਗੁਰਿ ਰਾਖੇ ਸੇ ਉਬਰੇ ਭਾਈ ਹਰਿ ਰਸੁ ਅੰਮ੍ਰਿਤੁ ਪੀਆਇ ॥
ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੁਠਾ ਮਨਿ ਆਇ ॥੨॥}

(ਅੰਗ - ੧੧੭੭)

{ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥}

(ਅੰਗ - ੧੧੭੭)

{ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥}

(ਅੰਗ - ੧੧੭੭)

{ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥}

(ਅੰਗ - ੧੧੭੭)

{ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥}

(ਅੰਗ - ੧੧੭੭)

{ਹਰਿ ਹਰਿ ਚੇਤਿ ਸਦਾ ਮਨ ਮੇਰੇ ॥
ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥੧॥ ਰਹਾਉ ॥}

(ਅੰਗ - ੧੧੭੭)

{ਮਨਮੁਖ ਫਿਰਿ ਫਿਰਿ ਹਉਮੈ ਮੁਏ ॥ ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ ॥੨॥}

(ਅੰਗ - ੧੧੭੭)

{ਮਾਧੋ ਸਾਧੂ ਜਨ ਦੇਹੁ ਮਿਲਾਇ ॥ ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ॥}

(ਅੰਗ - ੧੧੭੭)

{ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥}

(ਅੰਗ - ੧੧੭੮)

{ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥}

(ਅੰਗ - ੧੧੭੮)

{ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥}

(ਅੰਗ - ੧੧੭੮)

{ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ ॥

ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥}

(ਅੰਗ - ੧੧੭੮)

{ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ ॥
ਜਨ ਨਾਨਕ ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥}

(ਅੰਗ - ੧੧੭੮)

{ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ ॥
ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ ਜਮਿ ਪਕਰੇ ਕਾਲਿ ਸਲੁੰਞੁ ॥੧॥}

(ਅੰਗ - ੧੧੭੯)

{ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ ॥
ਸਤਸੰਗਤਿ ਗੁਰ ਕੀ ਹਰਿ ਪਿਆਰੀ ਮਿਲਿ ਸੰਗਤਿ ਹਰਿ ਰਸੁ ਭੁੰਞੁ ॥੧॥ ਰਹਾਉ ॥}

(ਅੰਗ - ੧੧੭੯)

{ਜਨ ਕੇ ਪੂਰਿ ਮਨੋਰਥ ਹਰਿ ਪ੍ਰਭ ਹਰਿ ਨਾਮੁ ਦੇਵਹੁ ਹਰਿ ਲੰਞੁ ॥
ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ ਗੁਰਿ ਮੰਤ੍ਰੁ ਦੀਓ ਹਰਿ ਭੰਞੁ ॥੪॥੫॥੭॥੧੨॥੧੮॥੭॥੩੭॥}

(ਅੰਗ - ੧੧੭੯)

{ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥}

(ਅੰਗ - ੧੧੭੯)

{ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥}

(ਅੰਗ - ੧੧੮੦)

{ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥}

(ਅੰਗ - ੧੧੮੦)

{ਸਰਬ ਰੰਗ ਇਕ ਰੰਗ ਮਾਹਿ ॥ ਸਰਬ ਸੁਖਾ ਸੁਖ ਹਰਿ ਕੈ ਨਾਇ ॥}

(ਅੰਗ - ੧੧੮੦)

{ਤਿਸਹਿ ਪਰਾਪਤਿ ਇਹੁ ਨਿਧਾਨੁ ॥ ਨਾਨਕ ਗੁਰੁ ਜਿਸੁ ਕਰੇ ਦਾਨੁ ॥੪॥੨॥}

(ਅੰਗ - ੧੧੮੦)

{ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ ਗਿਆਨੁ ਕਮਾਈਐ ਪੂਛਿ ਜਨਾਂ ॥}

(ਅੰਗ - ੧੧੮੦)

{ਨਾਮੁ ਜਪਤ ਪਤਿ ਸੋਭਾ ਹੋਇ ॥ ਨਾਮੁ ਜਪਤ ਬਿਘਨੁ ਨਾਹੀ ਕੋਇ ॥੨॥}

(ਅੰਗ - ੧੧੮੦)

{ਜਾ ਕਾਰਣਿ ਇਹ ਦੁਲਭ ਦੇਹ ॥ ਸੋ ਬੋਲੁ ਮੇਰੇ ਪ੍ਰਭੂ ਦੇਹਿ ॥}

(ਅੰਗ - ੧੧੮੦)

{ਸੇ ਨਿਰਭਉ ਜਿਨ੍ ਭਉ ਪਇਆ ॥ ਸੋ ਸੁਖੀਆ ਜਿਸੁ ਭ੍ਰਮੁ ਗਇਆ ॥}

(ਅੰਗ - ੧੧੮੦)

{ਏਕਾ ਖੋਜੈ ਏਕ ਪ੍ਰੀਤਿ ॥ ਦਰਸਨ ਪਰਸਨ ਹੀਤ ਚੀਤਿ ॥}

(ਅੰਗ - ੧੧੮੦)

{ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥ ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥}

(ਅੰਗ - ੧੧੮੧)

{ਤੁਝ ਬਿਨੁ ਦੂਜਾ ਕੋਇ ਨਾਹਿ ॥ ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥}

(ਅੰਗ - ੧੧੮੧)

{ਜਿਉ ਭਾਵੈ ਤਿਉ ਰਾਖਿ ਲੇ ॥ ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥}

(ਅੰਗ - ੧੧੮੧)

{ਕਉਨ ਉਪਮਾ ਤੇਰੀ ਕਹੀ ਜਾਇ ॥ ਸੁਖਦਾਤਾ ਪ੍ਰਭੁ ਰਹਿਓ ਸਮਾਇ ॥
ਨਾਨਕੁ ਜਾਚੈ ਏਕੁ ਦਾਨੁ ॥ ਕਰਿ ਕਿਰਪਾ ਮੋਹਿ ਦੇਹੁ ਨਾਮੁ ॥੪॥੫॥}

(ਅੰਗ - ੧੧੮੧)

{ਮਿਲਿ ਪਾਣੀ ਜਿਉ ਹਰੇ ਬੂਟ ॥ ਸਾਧਸੰਗਤਿ ਤਿਉ ਹਉਮੈ ਛੂਟ ॥}

(ਅੰਗ - ੧੧੮੧)

{ਜਿਸਹਿ ਪਰਾਪਤਿ ਸਾਧਸੰਗੁ ॥ ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥}

(ਅੰਗ - ੧੧੮੧)

{ਨੇਤ੍ਰ ਸੰਤੋਖੇ ਦਰਸੁ ਪੇਖਿ ॥ ਰਸਨਾ ਗਾਏ ਗੁਣ ਅਨੇਕ ॥}

(ਅੰਗ - ੧੧੮੧)

{ਸਗਲ ਉਧਾਰਣ ਤੇਰੋ ਨਾਮੁ ॥ ਨਾਨਕ ਪਾਇਓ ਇਹੁ ਨਿਧਾਨੁ ॥੪॥੬॥}

(ਅੰਗ - ੧੧੮੧)

{ਜਿਨਿ ਤੂ ਸੇਵਿਆ ਸੁਖੀ ਸੇ ॥ ਸੰਤ ਸਰਣਿ ਨਾਨਕ ਪਰੇ ॥੪॥੭॥}

(ਅੰਗ - ੧੧੮੨)

{ਦੂਜੀ ਸੇਵਾ ਜੀਵਨੁ ਬਿਰਥਾ ॥ ਕਛੂ ਨ ਹੋਈ ਹੈ ਪੂਰਨ ਅਰਥਾ ॥}

(ਅੰਗ - ੧੧੮੨)

{ਮਾਣਸ ਸੇਵਾ ਖਰੀ ਦੁਹੇਲੀ ॥ ਸਾਧ ਕੀ ਸੇਵਾ ਸਦਾ ਸੁਹੇਲੀ ॥੨॥}

(ਅੰਗ - ੧੧੮੨)

{ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ ॥}

(ਅੰਗ - ੧੧੮੨)

{ਹਰਿ ਕੀਰਤਨ ਮਹਿ ਊਤਮ ਧੁਨਾ ॥ ਨਾਨਕ ਗੁਰ ਮਿਲਿ ਗਾਇ ਗੁਨਾ ॥੪॥੮॥}

(ਅੰਗ - ੧੧੮੨)

{ਜਿਸੁ ਬੋਲਤ ਮੁਖੁ ਪਵਿਤੁ ਹੋਇ ॥ ਜਿਸੁ ਸਿਮਰਤ ਨਿਰਮਲ ਹੈ ਸੋਇ ॥}

(ਅੰਗ - ੧੧੮੨)

{ਰਾਮ ਰਾਮ ਬੋਲਿ ਰਾਮ ਰਾਮ ॥ ਤਿਆਗਹੁ ਮਨ ਕੇ ਸਗਲ ਕਾਮ ॥੧॥ ਰਹਾਉ ॥}

(ਅੰਗ - ੧੧੮੨)

{ਸਗਲ ਧਰਮ ਮਹਿ ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥}

(ਅੰਗ - ੧੧੮੨)

{ਆਦਿ ਪੁਰਖਿ ਜਿਸੁ ਕੀਆ ਦਾਨੁ ॥ ਤਿਸ ਕਉ ਮਿਲਿਆ ਹਰਿ ਨਿਧਾਨੁ ॥}

(ਅੰਗ - ੧੧੮੨)

{ਜਿਸ ਕਉ ਚਾਹਹਿ ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥੩॥}

(ਅੰਗ - ੧੧੮੨)

{ਕਿਲਵਿਖ ਕਾਟੇ ਸਾਧਸੰਗਿ ॥ ਨਾਮੁ ਜਪਿਓ ਹਰਿ ਨਾਮ ਰੰਗਿ ॥੧॥}

(ਅੰਗ - ੧੧੮੨)

{ਕਰਿ ਕਿਰਪਾ ਮੋਹਿ ਦੇਹੁ ਦਾਨੁ ॥ ਜਪਿ ਜੀਵੈ ਨਾਨਕੁ ਤੇਰੋ ਨਾਮੁ ॥੪॥੧੦॥}

(ਅੰਗ - ੧੧੮੨)

{ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥ ਹਰਿ ਸਿਮਰਤ ਕਛੁ ਨਾਹਿ ਫੇਰ ॥੧॥}

(ਅੰਗ - ੧੧੮੩)

{ਬਸੰਤੁ ਹਮਾਰੈ ਰਾਮ ਰੰਗੁ ॥ ਸੰਤ ਜਨਾ ਸਿਉ ਸਦਾ ਸੰਗੁ ॥੧॥ ਰਹਾਉ ॥}

(ਅੰਗ - ੧੧੮੩)

{ਖਸਮੁ ਧਿਆਈ ਇਕ ਮਨਿ ਇਕ ਭਾਇ ॥
ਗੁਰ ਪੂਰੇ ਕੀ ਸਦਾ ਸਰਣਾਈ ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ ਰਹਾਉ ॥}

(ਅੰਗ - ੧੧੮੩)

{ਅਪਣੇ ਜਨ ਪ੍ਰਭਿ ਆਪਿ ਰਖੇ ॥ ਦੁਸਟ ਦੂਤ ਸਭਿ ਭ੍ਰਮਿ ਥਕੇ ॥}

(ਅੰਗ - ੧੧੮੩)

{ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥ ਕਾਮ ਕ੍ਰੋਧ ਗੁਰ ਸਬਦਿ ਨਾਸਿ ॥}

(ਅੰਗ - ੧੧੮੩)

{ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥ ਗੁਰ ਮਿਲਿ ਨਾਨਕ ਕਮਲ ਪ੍ਰਗਾਸ ॥੪॥੧੩॥}

(ਅੰਗ - ੧੧੮੩)

{ਕਰਿ ਕਿਰਪਾ ਪ੍ਰਗਟੇ ਗੋਪਾਲ ॥ ਲੜਿ ਲਾਇ ਉਧਾਰੇ ਦੀਨ ਦਇਆਲ ॥੨॥}

(ਅੰਗ - ੧੧੮੪)

{ਇਹੁ ਮਨੁ ਹੋਆ ਸਾਧ ਧੂਰਿ ॥ ਨਿਤ ਦੇਖੈ ਸੁਆਮੀ ਹਜੂਰਿ ॥੩॥}

(ਅੰਗ - ੧੧੮੪)

{ਕਾਮ ਕ੍ਰੋਧ ਤ੍ਰਿਸਨਾ ਗਈ ॥ ਨਾਨਕ ਪ੍ਰਭ ਕਿਰਪਾ ਭਈ ॥੪॥੨॥੧੫॥}

(ਅੰਗ - ੧੧੮੪)

{ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥
ਗੁਰ ਪੂਰੇ ਕੀ ਸਰਣੀ ਆਏ ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥੧॥ ਰਹਾਉ ॥}

(ਅੰਗ - ੧੧੮੪)

{ਜੋ ਜਨੁ ਤੇਰਾ ਜਪੇ ਨਾਉ ॥ ਸਭਿ ਫਲ ਪਾਏ ਨਿਹਚਲ ਗੁਣ ਗਾਉ ॥੩॥}

(ਅੰਗ - ੧੧੮੪)

{ਨਾਨਕ ਭਗਤਾ ਭਲੀ ਰੀਤਿ ॥ ਸੁਖਦਾਤਾ ਜਪਦੇ ਨੀਤ ਨੀਤਿ ॥੪॥੩॥੧੬॥}

(ਅੰਗ - ੧੧੮੪)

{ਗੁਰਿ ਪੂਰੈ ਸਭੁ ਪੂਰਾ ਕੀਆ ॥ ਅੰਮ੍ਰਿਤ ਨਾਮੁ ਰਿਦ ਮਹਿ ਦੀਆ ॥੧॥ ਰਹਾਉ ॥}

(ਅੰਗ - ੧੧੮੪)

{ਪ੍ਰਭਿ ਕਾਟਿ ਮੈਲੁ ਨਿਰਮਲ ਕਰੇ ॥ ਗੁਰ ਪੂਰੇ ਕੀ ਸਰਣੀ ਪਰੇ ॥੩॥}

(ਅੰਗ - ੧੧੮੪)

{ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥ ਚਰਨ ਕਮਲ ਪਾਗੇ ॥}

(ਅੰਗ - ੧੧੮੫)

{ਮਨ ਰੁਤਿ ਨਾਮ ਰੇ ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥੨॥੧੮॥}

(ਅੰਗ - ੧੧੮੫)

{ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥}

(ਅੰਗ - ੧੧੮੫)

{ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥}

(ਅੰਗ - ੧੧੮੫)

{ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥ ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ ॥੨॥}

(ਅੰਗ - ੧੧੮੫)

{ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ ॥੧॥}

(ਅੰਗ - ੧੧੮੬)

{ਪਿਤਾ ਪਾਰਬ੍ਰਹਮ ਪ੍ਰਭ ਧਨੀ ॥ ਮੋਹਿ ਨਿਸਤਾਰਹੁ ਨਿਰਗੁਨੀ ॥੧॥ ਰਹਾਉ ॥}

(ਅੰਗ - ੧੧੮੬)

{ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸੁਖੀਏ ਸੇ ਗਨੀ ॥੩॥
ਅਵਰੁ ਉਪਾਉ ਨ ਕੋਈ ਸੂਝੈ ਨਾਨਕ ਤਰੀਐ ਗੁਰ ਬਚਨੀ ॥੪॥੩॥੨੧॥}

(ਅੰਗ - ੧੧੮੬)

{ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥
ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥੨॥੧॥}

(ਅੰਗ - ੧੧੮੬)

{ਪਾਪੀ ਹੀਐ ਮੈ ਕਾਮੁ ਬਸਾਇ ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥}

(ਅੰਗ - ੧੧੮੬)

{ਜਨ ਨਾਨਕ ਹਰਿ ਕੀ ਸਰਨਾਇ ॥ ਦੀਜੈ ਨਾਮੁ ਰਹੈ ਗੁਨ ਗਾਇ ॥੩॥੨॥}

(ਅੰਗ - ੧੧੮੬)

{ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥}

(ਅੰਗ - ੧੧੮੬)

{ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥}

(ਅੰਗ - ੧੧੮੬)

{ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥}

(ਅੰਗ - ੧੧੮੬)

{ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥ ਕਛੂ ਬਿਗਰਿਓ ਨਾਹਿਨ ਅਜਹੁ ਜਾਗ ॥੧॥ ਰਹਾਉ ॥}

(ਅੰਗ - ੧੧੮੭)

{ਜਗੁ ਕਉਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥}

(ਅੰਗ - ੧੧੮੭)

{ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥੧॥}

(ਅੰਗ - ੧੧੮੭)

{ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥}

(ਅੰਗ - ੧੧੮੭)

{ਨਾਮਿ ਰਤੋ ਚਾਹਉ ਤੁਝ ਓਰੁ ॥ ਨਾਮੁ ਦੁਰਾਇ ਚਲੈ ਸੋ ਚੋਰੁ ॥੩॥}

(ਅੰਗ - ੧੧੮੭)

{ਪਤਿ ਖੋਈ ਬਿਖੁ ਅੰਚਲਿ ਪਾਇ ॥ ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥}

(ਅੰਗ - ੧੧੮੭)

{ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥}

(ਅੰਗ - ੧੧੮੭)

{ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ ਸੂਨਾ ਘਰੁ ਬਾਰੁ ॥੬॥}

(ਅੰਗ - ੧੧੮੭)

{ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥}

(ਅੰਗ - ੧੧੮੭)

{ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮॥੧॥}

(ਅੰਗ - ੧੧੮੭)

{ਮਨੁ ਭੂਲਉ ਭਰਮਸਿ ਆਇ ਜਾਇ ॥ ਅਤਿ ਲੁਬਧ ਲੁਭਾਨਉ ਬਿਖਮ ਮਾਇ ॥}

(ਅੰਗ - ੧੧੮੭)

{ਮਨੁ ਭੂਲਉ ਸਮਝਸਿ ਸਾਚਿ ਨਾਇ ॥ ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ ॥}

(ਅੰਗ - ੧੧੮੮)

{ਮਨੁ ਭੂਲਉ ਭਰਮਸਿ ਭਵਰ ਤਾਰ ॥ ਬਿਲ ਬਿਰਥੇ ਚਾਹੈ ਬਹੁ ਬਿਕਾਰ ॥}

(ਅੰਗ - ੧੧੮੮)

{ਮੈਗਲ ਜਿਉ ਫਾਸਸਿ ਕਾਮਹਾਰ ॥ ਕੜਿ ਬੰਧਨਿ ਬਾਧਿਓ ਸੀਸ ਮਾਰ ॥੨॥}

(ਅੰਗ - ੧੧੮੮)

{ਅਵਗਣ ਛੋਡਉ ਗੁਣ ਕਮਾਇ ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥}

(ਅੰਗ - ੧੧੮੮)

{ਸਤਿਗੁਰ ਮਿਲਿਐ ਮਤਿ ਊਤਮ ਹੋਇ ॥ ਮਨੁ ਨਿਰਮਲੁ ਹਉਮੈ ਕਢੈ ਧੋਇ ॥}

(ਅੰਗ - ੧੧੮੮)

{ਤੂ ਮੋਟਉ ਠਾਕੁਰੁ ਸਬਦ ਮਾਹਿ ॥ ਮਨੁ ਨਾਨਕ ਮਾਨਿਆ ਸਚੁ ਸਲਾਹਿ ॥੮॥੨॥}

(ਅੰਗ - ੧੧੮੮)

{ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥}

(ਅੰਗ - ੧੧੮੮)

{ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥}

(ਅੰਗ - ੧੧੮੮)

{ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥}

(ਅੰਗ - ੧੧੮੮)

{ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥}

(ਅੰਗ - ੧੧੮੮)

{ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੬॥}

(ਅੰਗ - ੧੧੮੮)

{ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥}

(ਅੰਗ - ੧੧੮੮)

{ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥}

(ਅੰਗ - ੧੧੮੮)

{ਚੰਚਲੁ ਚੀਤੁ ਨ ਪਾਵੈ ਪਾਰਾ ॥ ਆਵਤ ਜਾਤ ਨ ਲਾਗੈ ਬਾਰਾ ॥}

(ਅੰਗ - ੧੧੮੯)

{ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥}

(ਅੰਗ - ੧੧੮੯)

{ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥ ਸਹਜਿ ਮਰਉ ਜੀਵਤ ਹੀ ਜੀਵਉ ॥}

(ਅੰਗ - ੧੧੮੯)

{ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥}

(ਅੰਗ - ੧੧੮੯)

{ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥}

(ਅੰਗ - ੧੧੮੯)

{ਗੁਰ ਸਬਦੁ ਬੀਚਾਰਹਿ ਆਪੁ ਜਾਇ ॥ ਸਾਚ ਜੋਗੁ ਮਨਿ ਵਸੈ ਆਇ ॥੮॥}

(ਅੰਗ - ੧੧੮੯)

{ਗੁਣ ਨਾਨਕੁ ਬੋਲੈ ਭਲੀ ਬਾਣਿ ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥}

(ਅੰਗ - ੧੧੮੯)

{ਦੁਬਿਧਾ ਦੁਰਮਤਿ ਅਧੁਲੀ ਕਾਰ ॥ ਮਨਮੁਖਿ ਭਰਮੈ ਮਝਿ ਗੁਬਾਰ ॥੧॥}

(ਅੰਗ - ੧੧੯੦)

{ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥}

(ਅੰਗ - ੧੧੯੦)

{ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥ ਪਸੂ ਭਏ ਅਭਿਮਾਨੁ ਨ ਜਾਈ ॥੨॥}

(ਅੰਗ - ੧੧੯੦)

{ਸਗਲੀ ਭੂਲੈ ਨਹੀ ਸਬਦੁ ਅਚਾਰੁ ॥ ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥}

(ਅੰਗ - ੧੧੯੦)

{ਨਾਨਕ ਭੂਲੇ ਗੁਰੁ ਸਮਝਾਵੈ ॥ ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥}

(ਅੰਗ - ੧੧੯੦)

{ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥}

(ਅੰਗ - ੧੧੯੦)

{ਜਨ ਕਉ ਜਨੁ ਮਿਲਿ ਸੋਭਾ ਪਾਵੈ ਗੁਣ ਮਹਿ ਗੁਣ ਪਰਗਾਸਾ ॥
ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ ਜੋ ਹੋਵਹਿ ਦਾਸਨਿ ਦਾਸਾ ॥੭॥}

(ਅੰਗ - ੧੧੯੧)

{ਆਪੇ ਜਲੁ ਅਪਰੰਪਰੁ ਕਰਤਾ ਆਪੇ ਮੇਲਿ ਮਿਲਾਵੈ ॥
ਨਾਨਕ ਗੁਰਮੁਖਿ ਸਹਜਿ ਮਿਲਾਏ ਜਿਉ ਜਲੁ ਜਲਹਿ ਸਮਾਵੈ ॥੮॥੧॥੯॥}

(ਅੰਗ - ੧੧੯੧)

{ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥}

(ਅੰਗ - ੧੧੯੨)

{ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥੫॥}

(ਅੰਗ - ੧੧੯੨)

{ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥}

(ਅੰਗ - ੧੧੯੨)

{ਗੋਬਿੰਦ ਭਜਹੁ ਮੇਰੇ ਸਦਾ ਮੀਤ ॥ ਸਾਚ ਸਬਦ ਕਰਿ ਸਦਾ ਪ੍ਰੀਤਿ ॥੧॥ ਰਹਾਉ ॥}

(ਅੰਗ - ੧੧੯੨)

{ਪਾਪ ਕਰੰਤੋ ਨਹ ਸੰਗਾਇ ॥ ਬਿਖੁ ਕਾ ਮਾਤਾ ਆਵੈ ਜਾਇ ॥੨॥}

(ਅੰਗ - ੧੧੯੨)

{ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥}

(ਅੰਗ - ੧੧੯੨)

{ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥}

(ਅੰਗ - ੧੧੯੨)

{ਮਨ ਉਧਰਣ ਕਾ ਸਾਜੁ ਨਾਹਿ ॥ ਪਾਪ ਬੰਧਨ ਨਿਤ ਪਉਤ ਜਾਹਿ ॥੪॥}

(ਅੰਗ - ੧੧੯੨)

{ਜਾ ਕੈ ਕੀਨ੍ਹੈ ਹੋਤ ਬਿਕਾਰ ॥ ਸੇ ਛੋਡਿ ਚਲਿਆ ਖਿਨ ਮਹਿ ਗਵਾਰ ॥੫॥}

(ਅੰਗ - ੧੧੯੩)

{ਤੁਝ ਬਿਨੁ ਦੂਜਾ ਨਹੀ ਠਾਉ ॥ ਕਰਿ ਕਿਰਪਾ ਪ੍ਰਭ ਦੇਹੁ ਨਾਉ ॥੭॥}

(ਅੰਗ - ੧੧੯੩)

{ਤੂ ਕਰਤਾ ਤੂ ਕਰਣਹਾਰੁ ॥ ਤੂ ਊਚਾ ਤੂ ਬਹੁ ਅਪਾਰੁ ॥
ਕਰਿ ਕਿਰਪਾ ਲੜਿ ਲੇਹੁ ਲਾਇ ॥ ਨਾਨਕ ਦਾਸ ਪ੍ਰਭ ਕੀ ਸਰਣਾਇ ॥੮॥੨॥}

(ਅੰਗ - ੧੧੯੩)

{ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥ ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥}

{ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥}

(ਅੰਗ - ੧੧੯੩)

{ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਊਪਜਿਆ ਨਾਨਕਾ ਸੋਈ ਫਿਰਿ ਹੋਆ ॥੨॥}

(ਅੰਗ - ੧੧੯੩)

{ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥}

(ਅੰਗ - ੧੧੯੩)

{ਰਾਜਾ ਰਾਮੁ ਮਉਲਿਆ ਅਨਤ ਭਾਇ ॥ ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥}

(ਅੰਗ - ੧੧੯੩)

{ਦੁਤੀਆ ਮਉਲੇ ਚਾਰਿ ਬੇਦ ॥ ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥}

(ਅੰਗ - ੧੧੯੩)

{ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥੧॥}

(ਅੰਗ - ੧੧੯੩)

{ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ ॥}

(ਅੰਗ - ੧੧੯੩)

{ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥}

(ਅੰਗ - ੧੧੯੪)

{ਨਾਇਕੁ ਏਕੁ ਬਨਜਾਰੇ ਪਾਚ ॥ ਬਰਧ ਪਚੀਸਕ ਸੰਗੁ ਕਾਚ ॥}

(ਅੰਗ - ੧੧੯੫)

{ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥੪॥੧॥੭॥}

(ਅੰਗ - ੧੧੯੫)

{ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥੧॥}

(ਅੰਗ - ੧੧੯੬)

{ਗਰਬਵਤੀ ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥}

(ਅੰਗ - ੧੧੯੬)

{ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥}

(ਅੰਗ - ੧੧੯੬)

{ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥
ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੋਕਾਨੀ ॥੩॥}

(ਅੰਗ - ੧੧੯੭)

{ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ॥
ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ॥੩॥}

(ਅੰਗ - ੧੧੯੭)

{ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥
ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥੨॥}

(ਅੰਗ - ੧੧੯੮)

{ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥}

(ਅੰਗ - ੧੧੯੮)

{ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥
ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥}

(ਅੰਗ - ੧੧੯੮)

{ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥
ਮਿਲਿ ਸਤਸੰਗਤਿ ਪਰਮ ਪਦੁ ਪਾਇਆ ਆਤਮ ਰਾਮੁ ਰਹਿਆ ਭਰਪੂਰਿ ॥੧॥ ਰਹਾਉ ॥}

{ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥
ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥}

(ਅੰਗ - ੧੧੯੮)

{ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ ਸੇਵਾ ਸੁਰਤਿ ਬੀਚਾਰੀ ॥
ਅਨਦਿਨੁ ਰਾਮ ਨਾਮੁ ਜਪਿ ਹਿਰਦੈ ਸਰਬ ਕਲਾ ਗੁਣਕਾਰੀ ॥੧॥}

(ਅੰਗ - ੧੧੯੮)

{ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ ॥
ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥੩॥}

(ਅੰਗ - ੧੧੯੮)

{ਹਰਿ ਹਰਿ ਅੰਮ੍ਰਿਤ ਨਾਮੁ ਦੇਹੁ ਪਿਆਰੇ ॥
ਜਿਨ ਊਪਰਿ ਗੁਰਮੁਖਿ ਮਨੁ ਮਾਨਿਆ ਤਿਨ ਕੇ ਕਾਜ ਸਵਾਰੇ ॥੧॥ ਰਹਾਉ ॥}

(ਅੰਗ - ੧੧੯੯)

{ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ ਰਸੁ ਗਾਵਹਿ ਰਸੁ ਬੀਚਾਰੇ ॥
ਗੁਰ ਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ ਓਇ ਪਾਵਹਿ ਮੋਖ ਦੁਆਰੇ ॥੨॥}

(ਅੰਗ - ੧੧੯੯)

{ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ ॥

ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ ॥੪॥}

(ਅੰਗ - ੧੧੯੯)

{ਗੋਬਿਦ ਕੀ ਐਸੀ ਕਾਰ ਕਮਾਇ ॥
ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥੧॥ ਰਹਾਉ ॥}

(ਅੰਗ - ੧੧੯੯)

{ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥}

(ਅੰਗ - ੧੧੯੯)

{ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥੩॥}

(ਅੰਗ - ੧੧੯੯)

{ਹਰਿ ਕੈ ਰੰਗਿ ਰਤੇ ਬੈਰਾਗੀ ਜਿਨ੍ ਗੁਰਮਤਿ ਨਾਮੁ ਪਛਾਨੀ ॥
ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ ॥੨॥}

(ਅੰਗ - ੧੧੯੯)

{ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ ॥
ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥੪॥੫॥}

(ਅੰਗ - ੧੧੯੯)

{ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ ॥
ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ ਆਧਾਰੁ ॥੪॥੬॥}

(ਅੰਗ - ੧੨੦੦)

{ਕਾਹੇ ਪੂਤ ਝਗਰਤ ਹਉ ਸੰਗਿ ਬਾਪ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ਰਹਾਉ॥}

(ਅੰਗ - ੧੨੦੦)

{ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥}

(ਅੰਗ - ੧੨੦੦)

{ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥
ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥੧॥}

(ਅੰਗ - ੧੨੦੧)

{ਹਰਿ ਰਾਮ ਬੋਲਿ ਹਰਿ ਰਾਮ ਬੋਲਿ ਸਭਿ ਪਾਪ ਗਵਾਧੂ ॥}

(ਅੰਗ - ੧੨੦੧)

{ਜੋ ਜਨ ਸੇਵਹਿ ਸਦ ਸਦਾ ਮੇਰਾ ਹਰਿ ਹਰੇ ਤਿਨ ਕਾ ਸਭੁ ਦੂਖੁ ਭਰਮੁ ਭਉ ਜਾਸੀ ॥

ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਜਿਉ ਚਾਤ੍ਰਿਕੁ ਜਲਿ ਪੀਐ ਤ੍ਰਿਪਤਾਸੀ ॥੨॥੫॥੧੨॥}

(ਅੰਗ - ੧੨੦੨)

{ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥ ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥੧॥}

(ਅੰਗ - ੧੨੦੨)

{ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥
ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥੨॥}

(ਅੰਗ - ੧੨੦੨)

{ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ॥ ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ॥੨॥}

(ਅੰਗ - ੧੨੦੨)

{ਅਬ ਮੋਰੋ ਨਾਚਨੋ ਰਹੋ ॥ ਲਾਲੁ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ ॥੧॥ ਰਹਾਉ ॥}

(ਅੰਗ - ੧੨੦੨)

{ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥
ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ ॥੨॥}

(ਅੰਗ - ੧੨੦੩)

{ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ ॥
ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ ॥੪॥੪॥}

(ਅੰਗ - ੧੨੦੩)

{ਦ੍ਰਿਸਟਿ ਭਈ ਤਬ ਭੀਤਰਿ ਆਇਓ ਮੇਰਾ ਮਨੁ ਅਨਦਿਨੁ ਸੀਤਲਾਗਿਓ ॥
ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ ॥੪॥੫॥}

(ਅੰਗ - ੧੨੦੩)

{ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥}

(ਅੰਗ - ੧੨੦੪)

{ਸਰਨਿ ਸਰਨਿ ਸਰਨਿ ਪ੍ਰਭ ਪਾਵਉ ਦੀਜੈ ਸਾਧਸੰਗਤਿ ਕਿਰਪਾਨਦ ॥
ਨਾਨਕ ਪੂਰਿ ਰਹਿਓ ਹੈ ਸਰਬ ਮੈ ਸਗਲ ਗੁਣਾ ਬਿਧਿ ਜਾਂਨਦ ॥੪॥੭॥}

(ਅੰਗ - ੧੨੦੪)

{ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ ਹਰਿ ਗੁਣ ਗਾਏ ॥੨॥}

(ਅੰਗ - ੧੨੦੪)

{ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥
ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥}

(ਅੰਗ - ੧੨੦੪)

{ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ॥ ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥੧॥ਰਹਾਉ॥}

(ਅੰਗ - ੧੨੦੫)

{ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥
ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ ॥੨॥}

(ਅੰਗ - ੧੨੦੫)

{ਕਾਟੈ ਪੇਡੁ ਡਾਲ ਪਰਿ ਠਾਢੋ ਖਾਇ ਖਾਇ ਮੁਸਕਾਰੈ ॥
ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥੩॥}

(ਅੰਗ - ੧੨੦੫)

{ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥ ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ॥੪॥੧੦॥}

(ਅੰਗ - ੧੨੦੫)

{ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥ ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥੩॥}

{ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ ਹਰਿ ਸਿਮਰਨਿ ਬੰਧਨ ਤੂਟੇ ॥
ਮੋਹ ਮਗਨ ਅਹੰ ਅੰਧ ਮਮਤਾ ਗੁਰ ਕਿਰਪਾ ਤੇ ਛੂਟੇ ॥੩॥}

(ਅੰਗ - ੧੨੦੬)

{ਬਲਿਹਾਰੀ ਗੁਰਦੇਵ ਚਰਨ ॥
ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ ਉਪਦੇਸੁ ਹਮਾਰੀ ਗਤਿ ਕਰਨ ॥੧॥ ਰਹਾਉ ॥}

(ਅੰਗ - ੧੨੦੬)

{ਜਾ ਕੋ ਮੰਤ੍ਰੁ ਉਤਾਰੈ ਸਹਸਾ ਊਣੇ ਕਉ ਸੁਭਰ ਭਰਨ ॥
ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥੨॥}

(ਅੰਗ - ੧੨੦੬)

{ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥}

(ਅੰਗ - ੧੨੦੬)

{ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥}

(ਅੰਗ - ੧੨੦੬)

{ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ ॥
ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ ॥੩॥}

(ਅੰਗ - ੧੨੦੬)

{ਕਰਹਿ ਬੁਰਾਈ ਠਗਾਈ ਦਿਨੁ ਰੈਨਿ ਨਿਹਫਲ ਕਰਮ ਕਮਾਹੀ ॥
ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ ॥੨॥}

(ਅੰਗ - ੧੨੦੭)

{ਮਿਥਿਆ ਸੰਗਿ ਕੂੜਿ ਲਪਟਾਇਓ ਉਰਝਿ ਪਰਿਓ ਕੁਸਮਾਂਹੀ ॥
ਧਰਮ ਰਾਇ ਜਬ ਪਕਰਸਿ ਬਵਰੇ ਤਉ ਕਾਲ ਮੁਖਾ ਉਠਿ ਜਾਹੀ ॥੩॥}

(ਅੰਗ - ੧੨੦੭)

{ਕਿਉ ਜੀਵਨੁ ਪ੍ਰੀਤਮ ਬਿਨੁ ਮਾਈ॥ ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ ॥੧॥ਰਹਾਉ॥}

(ਅੰਗ - ੧੨੦੭)

{ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥
ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥੨॥੪॥੧੮॥}

(ਅੰਗ - ੧੨੦੭)

{ਅੰਮ੍ਰਿਤ ਨਾਮੁ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ ॥
ਜਨਮ ਜਨਮ ਕੇ ਕਿਲਬਿਖ ਨਾਸਹਿ ਆਗੈ ਦਰਗਹ ਹੋਇ ਖਲਾਸ ॥੧॥}

(ਅੰਗ - ੧੨੦੭)

{ਮਨ ਕਹਾ ਲੁਭਾਈਐ ਆਨ ਕਉ ॥ ਈਤ ਊਤ ਪ੍ਰਭੁ ਸਦਾ ਸਹਾਈ ਜੀਅ ਸੰਗਿ ਤੇਰੇ ਕਾਮ ਕਉ ॥੧॥ ਰਹਾਉ॥}

(ਅੰਗ - ੧੨੦੮)

{ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦}

(ਅੰਗ - ੧੨੦੮)

{ਛੋਡਿ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ ॥
ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ ਜਮ ਤੇ ਹੋਵੈ ਧਰਮ ਰਾਇ ॥੧॥}

(ਅੰਗ - ੧੨੦੮)

{ਏਕਸ ਬਿਨੁ ਨਾਹੀ ਕੋ ਦੂਜਾ ਆਨ ਨ ਬੀਓ ਲਵੈ ਲਾਇ ॥
ਮਾਤ ਪਿਤਾ ਭਾਈ ਨਾਨਕ ਕੋ ਸੁਖਦਾਤਾ ਹਰਿ ਪ੍ਰਾਨ ਸਾਇ ॥੨॥੨॥੨੧॥}

(ਅੰਗ - ੧੨੦੮)

{ਮਾਰਗਿ ਚਲੇ ਤਿਨ੍ੀ ਸੁਖੁ ਪਾਇਆ ਜਿਨ੍ ਸਿਉ ਗੋਸਟਿ ਸੇ ਤਰੇ ॥
ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ ॥੧॥}

(ਅੰਗ - ੧੨੦੮)

{ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰੁ ਮੂਖਿ ਗਰੁੜਾਰੀ ॥
ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ ॥੧॥}

(ਅੰਗ - ੧੨੦੯)

{ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ ॥੨॥੨॥੨੫॥}

(ਅੰਗ - ੧੨੦੯)

{ਅਬ ਮੋਹਿ ਸਰਬ ਉਪਾਵ ਬਿਰਕਾਤੇ॥ ਕਰਣ ਕਾਰਣ ਸਮਰਥ ਸੁਆਮੀ ਹਰਿ ਏਕਸੁ ਤੇ ਮੇਰੀ ਗਾਤੇ ॥੧॥ਰਹਾਉ॥}

(ਅੰਗ - ੧੨੦੯)

{ਭ੍ਰਮਤੋ ਭ੍ਰਮਤੋ ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ ॥
ਕਹੁ ਨਾਨਕ ਮੈ ਸਰਬ ਸੁਖੁ ਪਾਇਆ ਇਹ ਸੂਖਿ ਬਿਹਾਨੀ ਰਾਤੇ ॥੨॥੩॥੨੬॥}

(ਅੰਗ - ੧੨੦੯)

{ਅਬ ਮੋਹਿ ਲਬਧਿਓ ਹੈ ਹਰਿ ਟੇਕਾ ॥ ਗੁਰ ਦਇਆਲ ਭਏ ਸੁਖਦਾਈ ਅੰਧੁਲੈ ਮਾਣਿਕੁ ਦੇਖਾ ॥੧॥ ਰਹਾਉ ॥}

(ਅੰਗ - ੧੨੦੯)

{ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥
ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥੧॥}

(ਅੰਗ - ੧੨੦੯)

{ਜਹ ਤੇ ਉਠਿਓ ਤਹ ਹੀ ਆਇਓ ਸਭ ਹੀ ਏਕੈ ਏਕਾ ॥
ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ ਪ੍ਰਾਣਪਤੀ ਹਰਿ ਸਮਕਾ ॥੨॥੪॥੨੭॥}

(ਅੰਗ - ੧੨੦੯)

{ਗੁਣ ਨਿਧਾਨ ਮਨਮੋਹਨ ਲਾਲਨ ਸੁਖਦਾਈ ਸਰਬਾਂਗੈ ॥
ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥}

(ਅੰਗ - ੧੨੦੯)

{ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥
ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੋਦਿਓ ਦੁਸਟੁ ਬਿਗਾਨਾ ॥੧॥ ਰਹਾਉ ॥}

(ਅੰਗ - ੧੨੧੦)

{ਤੁਮ ਹੀ ਨਾਇਕ ਤੁਮ੍ਹਿ ਛਤ੍ਰਪਤਿ ਤੁਮ ਪੂਰਿ ਰਹੇ ਭਗਵਾਨਾ ॥
ਪਾਵਉ ਦਾਨੁ ਸੰਤ ਸੇਵਾ ਹਰਿ ਨਾਨਕ ਸਦ ਕੁਰਬਾਨਾਂ ॥੨॥੬॥੨੯॥}

(ਅੰਗ - ੧੨੧੦)

{ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ ॥ ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ ॥੧॥ ਰਹਾਉ॥}

(ਅੰਗ - ੧੨੧੦)

{ਛੂਟਰਿ ਤੇ ਗੁਰਿ ਕੀਈ ਸੋਹਾਗਨਿ ਹਰਿ ਪਾਇਓ ਸੁਘੜ ਸੁਜਾਨੀ ॥
ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ ॥੧॥}

(ਅੰਗ - ੧੨੧੦)

{ਅਬ ਮੇਰੋ ਪੰਚਾ ਤੇ ਸੰਗੁ ਤੂਟਾ ॥ ਦਰਸਨੁ ਦੇਖਿ ਭਏ ਮਨਿ ਆਨਦ ਗੁਰ ਕਿਰਪਾ ਤੇ ਛੂਟਾ ॥੧॥ ਰਹਾਉ ॥}

(ਅੰਗ - ੧੨੧੦)

{ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ ਰਾਖ ਸੂਰੂਟਾ ॥
ਬਿਖਮ ਗਾਰ੍ਹ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ ਲੂਟਾ ॥੧॥}

(ਅੰਗ - ੧੨੧੦)

{ਅਬ ਮੇਰੋ ਠਾਕੁਰ ਸਿਉ ਮਨੁ ਲੀਨਾ ॥
ਪ੍ਰਾਨ ਦਾਨੁ ਗੁਰਿ ਪੂਰੈ ਦੀਆ ਉਰਝਾਇਓ ਜਿਉ ਜਲ ਮੀਨਾ ॥੧॥ ਰਹਾਉ ॥}

(ਅੰਗ - ੧੨੧੦)

{ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥
ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥੧॥}

(ਅੰਗ - ੧੨੧੦)

{ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ॥

ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥}

(ਅੰਗ - ੧੨੧੦)

{ਅਬ ਮੋਹਿ ਧਨੁ ਪਾਇਓ ਹਰਿ ਨਾਮਾ ॥
ਭਏ ਅਚਿੰਤ ਤ੍ਰਿਸਨ ਸਭ ਬੁਝੀ ਹੈ ਇਹੁ ਲਿਖਿਓ ਲੇਖੁ ਮਥਾਮਾ ॥੧॥ ਰਹਾਉ ॥}

(ਅੰਗ - ੧੨੧੧)

{ਆਨ ਬਾਪਾਰ ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ ॥
ਗੋਬਿਦ ਭਜਨ ਕੇ ਨਿਰਭੈ ਵਾਪਾਰੀ ਹਰਿ ਰਾਸਿ ਨਾਨਕ ਰਾਮ ਨਾਮਾ ॥੨॥੧੨॥੩੫॥}

(ਅੰਗ - ੧੨੧੧)

{ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ ਮੋਹਿ ਕਲੜ੍ ਸਹਿਤ ਸਭਿ ਗੋਲਾ ॥
ਮਾਣੁ ਤਾਣੁ ਸਭੁ ਤੂਹੈ ਤੂਹੈ ਇਕੁ ਨਾਮੁ ਤੇਰਾ ਮੈ ਓਲ੍ਹਾ ॥੧॥}

(ਅੰਗ - ੧੨੧੧)

{ਕਿਲਵਿਖ ਗਏ ਮਨ ਨਿਰਮਲ ਹੋਈ ਹੈ ਗੁਰਿ ਕਾਢੇ ਮਾਇਆ ਦ੍ਰੋਹਾਂ ॥
ਕਹੁ ਨਾਨਕ ਮੈ ਸੋ ਪ੍ਰਭੁ ਪਾਇਆ ਕਰਣ ਕਾਰਣ ਸਮਰਥੋਹਾਂ ॥੨॥੧੪॥੩੭॥}

(ਅੰਗ - ੧੨੧੧)

{ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ ॥
ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ ਸਭ ਪੂਰਨ ਹੋਈ ਆਸਾ ॥੨॥੧੫॥੩੮॥}

(ਅੰਗ - ੧੨੧੧)

{ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥
ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ ॥੧॥ ਰਹਾਉ ॥}

(ਅੰਗ - ੧੨੧੨)

{ਚਰਨਹ ਗੋਬਿੰਦ ਮਾਰਗੁ ਸੁਹਾਵਾ ॥
ਆਨ ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ ॥੧॥ ਰਹਾਉ ॥}

(ਅੰਗ - ੧੨੧੨)

{ਸਰਬ ਨਿਧਾਨ ਨਾਮਿ ਹਰਿ ਹਰਿ ਕੈ ਜਿਸੁ ਕਰਮਿ ਲਿਖਿਆ ਤਿਨਿ ਪਾਵਾ ॥
ਜਨ ਨਾਨਕ ਕਉ ਗੁਰੁ ਪੂਰਾ ਭੇਟਿਓ ਸੁਖਿ ਸਹਜੇ ਅਨਦ ਬਿਹਾਵਾ ॥੨॥੧੬॥੩੯॥}

(ਅੰਗ - ੧੨੧੨)

{ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਏ ਰਸਨ ਚਖਾ ॥
ਕਹੁ ਨਾਨਕ ਸੁਖ ਸਹਜੁ ਮੈ ਪਾਇਆ ਗੁਰਿ ਲਾਹੀ ਸਗਲ ਤਿਖਾ ॥੨॥੧੭॥੪੦॥}

(ਅੰਗ - ੧੨੧੨)

{ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥
ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ ॥੧॥ ਰਹਾਉ ॥}

(ਅੰਗ - ੧੨੧੨)

{ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਠਾ ॥

ਭਇਓ ਪਰਾਪਤਿ ਅੰਮ੍ਰਿਤ ਨਾਮਾ ਬਲਿ ਬਲਿ ਪ੍ਰਭ ਚਰਣੀਠਾ ॥੧॥}

(ਅੰਗ - ੧੨੧੨)

{ਰੇ ਮੂੜੇ ਆਨ ਕਾਹੇ ਕਤ ਜਾਈ ॥ ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ ਭੂਲਿ ਭੂਲਿ ਬਿਖੁ ਖਾਈ ॥੧॥ ਰਹਾਉ ॥}

(ਅੰਗ - ੧੨੧੩)

{ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ ਤਿਸ ਸਿਉ ਰੁਚ ਨਹੀ ਰਾਈ ॥
ਮੋਹਨਿ ਸਿਉ ਬਾਵਰ ਮਨੁ ਮੋਹਿਓ ਝੂਠਿ ਠਗਉਰੀ ਪਾਈ ॥੧॥}

(ਅੰਗ - ੧੨੧੩)

{ਮਨ ਓਇ ਦਿਨਸ ਧੰਨਿ ਪਰਵਾਨਾਂ ॥ ਸਫਲ ਤੇ ਘਰੀ ਸੰਜੋਗ ਸੁਹਾਵੇ ਸਤਿਗੁਰ ਸੰਗਿ ਗਿਆਨਾਂ ॥੧॥ ਰਹਾਉ॥}

(ਅੰਗ - ੧੨੧੩)

{ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ ॥
ਆਇ ਨ ਜਾਵੈ ਨ ਕਤ ਹੀ ਡੋਲੈ ਥਿਰੁ ਨਾਨਕ ਰਾਜਇਆ ॥੨॥੨੪॥੪੭॥}

(ਅੰਗ - ੧੨੧੩)

{ਏਕ ਓਟ ਪਕਰੀ ਠਾਕੁਰ ਕੀ ਗੁਰ ਮਿਲਿ ਮਤਿ ਬੁਧਿ ਪਾਈਐ ॥
ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ ਸਗਲ ਚੁਕੀ ਮੁਹਤਾਈਐ ॥੨॥੨੬॥੪੯॥}

(ਅੰਗ - ੧੨੧੪)

{ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੋਰੈ ॥
ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥੧॥}

(ਅੰਗ - ੧੨੧੪)

{ਪ੍ਰਭ ਸਿਮਰਤ ਦੂਖ ਬਿਨਾਸੀ ॥ ਭਇਓ ਕ੍ਰਿਪਾਲੁ ਜੀਅ ਸੁਖਦਾਤਾ ਹੋਈ ਸਗਲ ਖਲਾਸੀ ॥੧॥ ਰਹਾਉ ॥}

(ਅੰਗ - ੧੨੧੪)

{ਹਾਥ ਦੇਇ ਰਾਖੇ ਪ੍ਰਭਿ ਅਪੁਨੇ ਸਦ ਜੀਵਨ ਅਬਿਨਾਸੀ ॥
ਕਹੁ ਨਾਨਕ ਮਨਿ ਅਨਦੁ ਭਇਆ ਹੈ ਕਾਟੀ ਜਮ ਕੀ ਫਾਸੀ ॥੨॥੨੮॥੫੧॥}

(ਅੰਗ - ੧੨੧੪)

{ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ ॥
ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ ॥੧॥}

(ਅੰਗ - ੧੨੧੪)

{ਅੰਮ੍ਰਿਤ ਨਾਮੁ ਮਨਹਿ ਆਧਾਰੋ ॥ ਜਿਨ ਦੀਆ ਤਿਸ ਕੈ ਕੁਰਬਾਨੈ ਗੁਰ ਪੂਰੇ ਨਮਸਕਾਰੋ ॥੧॥ ਰਹਾਉ ॥}

(ਅੰਗ - ੧੨੧੫)

{ਬੂਝੀ ਤ੍ਰਿਸਨਾ ਸਹਜਿ ਸੁਹੇਲਾ ਕਾਮੁ ਕ੍ਰੋਧੁ ਬਿਖੁ ਜਾਰੋ ॥
ਆਇ ਨ ਜਾਇ ਬਸੈ ਇਹ ਠਾਹਰ ਜਹ ਆਸਨੁ ਨਿਰੰਕਾਰੋ ॥੧॥}

(ਅੰਗ - ੧੨੧੫)

{ਏਕੈ ਪਰਗਟੁ ਏਕੈ ਗੁਪਤਾ ਏਕੈ ਧੁੰਧੂਕਾਰੋ॥ ਆਦਿ ਮਧਿ ਅੰਤਿ ਪ੍ਰਭੁ ਸੋਈ ਕਹੁ ਨਾਨਕ ਸਾਚੁ ਬੀਚਾਰੋ॥੨॥੩੧॥੫੪॥}

(ਅੰਗ - ੧੨੧੫)

{ਝੂਠੋ ਮਾਇਆ ਕੋ ਮਦ ਮਾਨੁ ॥ ਧ੍ਰੋਹ ਮੋਹ ਦੂਰਿ ਕਰਿ ਬਪੁਰੇ ਸੰਗਿ ਗੋਪਾਲਹਿ ਜਾਨੁ ॥੧॥ ਰਹਾਉ ॥}

(ਅੰਗ - ੧੨੧੫)

{ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ ॥
ਕਰਨ ਕਰਾਵਨ ਨਾਨਕ ਕੇ ਪ੍ਰਭ ਸੰਤਨ ਸੰਗਿ ਉਧਾਰੀ ॥੨॥੩੬॥੫੯॥}

(ਅੰਗ - ੧੨੧੫)

{ਸਾਦ ਬਿਕਾਰ ਬਿਕਾਰ ਝੂਠ ਰਸ ਜਹ ਜਾਨੋ ਤਹ ਭੀਰ ਬਾਟੁਲੀ ॥
ਕਹੁ ਨਾਨਕ ਸਮਝੁ ਰੇ ਇਆਨੇ ਆਜੁ ਕਾਲਿ ਖੁਲ੍ਹੈ ਤੇਰੀ ਗਾਂਠੁਲੀ ॥੨॥੩੮॥੬੧॥}

(ਅੰਗ - ੧੨੧੬)

{ਤੁਮ ਤੇ ਸੇਵ ਤੁਮ ਤੇ ਜਪ ਤਾਪਾ ਤੁਮ ਤੇ ਤਤੁ ਪਛਾਨਿਓ ॥
ਕਰੁ ਮਸਤਕਿ ਧਰਿ ਕਟੀ ਜੇਵਰੀ ਨਾਨਕ ਦਾਸ ਦਸਾਨਿਓ ॥੨॥੩੯॥੬੨॥}

(ਅੰਗ - ੧੨੧੬)

{ਹਰਿ ਹਰਿ ਦੀਓ ਸੇਵਕ ਕਉ ਨਾਮ ॥ ਮਾਨਸੁ ਕਾ ਕੋ ਬਪੁਰੋ ਭਾਈ ਜਾ ਕੋ ਰਾਖਾ ਰਾਮ ॥੧॥ ਰਹਾਉ ॥}

(ਅੰਗ - ੧੨੧੬)

{ਆਪਿ ਮਹਾ ਜਨੁ ਆਪੇ ਪੰਚਾ ਆਪਿ ਸੇਵਕ ਕੈ ਕਾਮ ॥ ਆਪੇ ਸਗਲੇ ਦੂਤ ਬਿਦਾਰੇ ਠਾਕੁਰ ਅੰਤਰਜਾਮ ॥੧॥}

(ਅੰਗ - ੧੨੧੬)

{ਆਪੇ ਪਤਿ ਰਾਖੀ ਸੇਵਕ ਕੀ ਆਪਿ ਕੀਓ ਬੰਧਾਨ ॥
ਆਦਿ ਜੁਗਾਦਿ ਸੇਵਕ ਕੀ ਰਾਖੈ ਨਾਨਕ ਕੋ ਪ੍ਰਭੁ ਜਾਨ ॥੨॥੪੦॥੬੩॥}

(ਅੰਗ - ੧੨੧੬)

{ਜਨਮ ਜਨਮ ਕੇ ਬਿਖਈ ਤੁਮ ਤਾਰੇ ਸੁਮਤਿ ਸੰਗਿ ਤੁਮਾਰੈ ਪਾਈ ॥
ਅਨਿਕ ਜੋਨਿ ਭ੍ਰਮਤੇ ਪ੍ਰਭ ਬਿਸਰਤ ਸਾਸਿ ਸਾਸਿ ਹਰਿ ਗਾਈ ॥੧॥}

(ਅੰਗ - ੧੨੧੭)

{ਜੋ ਜੋ ਸੰਗਿ ਮਿਲੇ ਸਾਧੂ ਕੈ ਤੇ ਤੇ ਪਤਿਤ ਪੁਨੀਤਾ ॥
ਕਹੁ ਨਾਨਕ ਜਾ ਕੇ ਵਡਭਾਗਾ ਤਿਨਿ ਜਨਮੁ ਪਦਾਰਥੁ ਜੀਤਾ ॥੨॥੪੨॥੬੫॥}

(ਅੰਗ - ੧੨੧੭)

{ਠਾਕੁਰ ਬਿਨਤੀ ਕਰਨ ਜਨੁ ਆਇਓ ॥ ਸਰਬ ਸੂਖ ਆਨੰਦ ਸਹਜ ਰਸ ਸੁਨਤ ਤੁਹਾਰੋ ਨਾਇਓ ॥੧॥ ਰਹਾਉ॥}

(ਅੰਗ - ੧੨੧੭)

{ਰਹਿਤ ਬਿਕਾਰ ਅਲਪ ਮਾਇਆ ਤੇ ਅਹੰਬੁਧਿ ਬਿਖੁ ਤਿਆਗੀ ॥
ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ ॥੧॥}

(ਅੰਗ - ੧੨੧੭)

{ਅਚਿੰਤ ਸੋਇ ਜਾਗਨੁ ਉਠਿ ਬੈਸਨੁ ਅਚਿੰਤ ਹਸਤ ਬੈਰਾਗੀ ॥
ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ ॥੨॥੪੪॥੬੭॥}

(ਅੰਗ - ੧੨੧੭)

{ਨਿਰਭਉ ਭਏ ਸਗਲ ਭਉ ਮਿਟਿਆ ਚਰਨ ਕਮਲ ਆਧਾਰੈ ॥
ਗੁਰ ਕੈ ਬਚਨਿ ਜਪਿਓ ਨਾਉ ਨਾਨਕ ਪ੍ਰਗਟ ਭਇਓ ਸੰਸਾਰੈ ॥੨॥੪੫॥੬੮॥}

(ਅੰਗ - ੧੨੧੭)

{ਹਰਿ ਜਨ ਛੋਡਿਆ ਸਗਲਾ ਆਪੁ ॥ ਜਿਉ ਜਾਨਹੁ ਤਿਉ ਰਖਹੁ ਗੁਸਾਈ ਪੇਖਿ ਜੀਵਾਂ ਪਰਤਾਪੁ ॥੧॥ ਰਹਾਉ॥}

(ਅੰਗ - ੧੨੧੭)

{ਗੁਰ ਉਪਦੇਸਿ ਸਾਧ ਕੀ ਸੰਗਤਿ ਬਿਨਸਿਓ ਸਗਲ ਸੰਤਾਪੁ ॥
ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ ਸਗਲ ਸੰਭਾਖਨ ਜਾਪੁ ॥੧॥}

(ਅੰਗ - ੧੨੧੭)

{ਸਿਮਰਤ ਨਾਮੁ ਪ੍ਰਾਨ ਗਤਿ ਪਾਵੈ ॥ ਮਿਟਹਿ ਕਲੇਸ ਤ੍ਰਾਸ ਸਭ ਨਾਸੈ ਸਾਧਸੰਗਿ ਹਿਤੁ ਲਾਵੈ ॥੧॥ ਰਹਾਉ ॥}

(ਅੰਗ - ੧੨੧੮)

{ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ ॥
ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ ॥੧॥}

(ਅੰਗ - ੧੨੧੮)

{ਅਪੁਨੇ ਗੁਰ ਪੂਰੇ ਬਲਿਹਾਰੈ ॥ ਪ੍ਰਗਟ ਪ੍ਰਤਾਪੁ ਕੀਓ ਨਾਮ ਕੋ ਰਾਖੇ ਰਾਖਨਹਾਰੈ ॥੧॥ ਰਹਾਉ ॥}

(ਅੰਗ - ੧੨੧੮)

{ਸਫਲ ਸੇਵਾ ਸੁਆਮੀ ਮੇਰੇ ਕੀ ਮਨ ਬਾਂਛਤ ਫਲ ਪਾਵਹੁ ॥
ਕਹੁ ਨਾਨਕ ਲਾਭੁ ਲਾਹਾ ਲੈ ਚਾਲਹੁ ਸੁਖ ਸੇਤੀ ਘਰਿ ਜਾਵਹੁ ॥੨॥੫੦॥੭੩॥}

(ਅੰਗ - ੧੨੧੮)

{ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ ॥
ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥੧॥}

(ਅੰਗ - ੧੨੧੮)

{ਨਿਰਭਉ ਕੀਏ ਸੇਵਕ ਦਾਸ ਅਪਨੇ ਸਗਲੇ ਦੂਖ ਬਿਦਾਰੈ ॥
ਆਨ ਉਪਾਵ ਤਿਆਗਿ ਜਨ ਸਗਲੇ ਚਰਨ ਕਮਲ ਰਿਦ ਧਾਰੈ ॥੧॥}

(ਅੰਗ - ੧੨੧੮)

{ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥
ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥੧॥}

(ਅੰਗ - ੧੨੧੮)

{ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥}

(ਅੰਗ - ੧੨੧੮)

{ਹਰਿ ਕੇ ਨਾਮ ਕੀ ਗਤਿ ਠਾਂਢੀ ॥ ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ॥੧॥ ਰਹਾਉ ॥}

(ਅੰਗ - ੧੨੧੯)

{ਰਾਮ ਨਾਮੁ ਰਤਨ ਧਨੁ ਸੰਚਹੁ ਮਨਿ ਤਨਿ ਲਾਵਹੁ ਭਾਉ ॥
ਆਨ ਬਿਭੂਤ ਮਿਥਿਆ ਕਰਿ ਮਾਨਹੁ ਸਾਚਾ ਇਹੈ ਸੁਆਉ ॥੧॥}

(ਅੰਗ - ੧੨੧੯)

{ਜੀਅ ਪ੍ਰਾਨ ਮੁਕਤਿ ਕੋ ਦਾਤਾ ਏਕਸ ਸਿਉ ਲਿਵ ਲਾਉ ॥
ਕਹੁ ਨਾਨਕ ਤਾ ਕੀ ਸਰਣਾਈ ਦੇਤ ਸਗਲ ਅਪਿਆਉ ॥੨॥੫੩॥੭੬॥}

(ਅੰਗ - ੧੨੧੯)

{ਪੰਚ ਦੋਖ ਛਿਦ੍ਰ ਇਆ ਤਨ ਮਹਿ ਬਿਖੈ ਬਿਆਧਿ ਕੀ ਕਰਣੀ ॥
ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ ॥੧॥}

(ਅੰਗ - ੧੨੧੯)

{ਸਿਮਰਤ ਸਾਂਤਿ ਮਹਾ ਸੁਖੁ ਪਾਈਐ ਮਿਟਿ ਜਾਹਿ ਸਗਲ ਬਿਖਾਦ ॥
ਹਰਿ ਹਰਿ ਲਾਭੁ ਸਾਧਸੰਗਿ ਪਾਈਐ ਘਰਿ ਲੈ ਆਵਹੁ ਲਾਦਿ ॥੧॥}

(ਅੰਗ - ੧੨੧੯)

{ਆਇਓ ਸੁਨਨ ਪੜਨ ਕਉ ਬਾਣੀ॥ ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥੧॥ਰਹਾਉ॥}

(ਅੰਗ - ੧੨੧੯)

{ਉਦਮੁ ਸਕਤਿ ਸਿਆਣਪ ਤੁਮ੍ਰੀ ਦੇਹਿ ਤ ਨਾਮੁ ਵਖਾਣੀ ॥
ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ ॥੨॥੫੬॥੭੯॥}

(ਅੰਗ - ੧੨੧੯)

{ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥੧॥}

(ਅੰਗ - ੧੨੧੯)

{ਧਨਵੰਤ ਨਾਮ ਕੇ ਵਣਜਾਰੇ ॥ ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ ॥੧॥ ਰਹਾਉ ॥}

(ਅੰਗ - ੧੨੧੯)

{ਕੋਇ ਨ ਜਾਣੈ ਤੁਮਰੀ ਗਤਿ ਮਿਤਿ ਆਪਹਿ ਏਕ ਪਸਾਰਾ ॥
ਸਾਧ ਨਾਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ ॥੨॥੫੮॥੯੧॥}

(ਅੰਗ - ੧੨੨੦)

{ਕਰਿ ਕਿਰਪਾ ਜੋ ਅਪੁਨਾ ਕੀਨੋ ਤਾ ਕੀ ਊਤਮ ਬਾਣੀ ॥
ਸਾਧਸੰਗਿ ਨਾਨਕ ਨਿਸਤਰੀਐ ਜੋ ਰਾਤੇ ਪ੍ਰਭ ਨਿਰਬਾਣੀ ॥੨॥੫੯॥੯੨॥}

(ਅੰਗ - ੧੨੨੦)

{ਹੋਹੁ ਕ੍ਰਿਪਾਲ ਨਾਮੁ ਦੇਹੁ ਅਪੁਨਾ ਬਿਨਤੀ ਏਹ ਕਹੀ ॥
ਆਨ ਬਿਉਹਾਰ ਬਿਸਰੇ ਪ੍ਰਭ ਸਿਮਰਤ ਪਾਇਓ ਲਾਭੁ ਸਹੀ ॥੧॥}

(ਅੰਗ - ੧੨੨੦)

{ਜਾ ਤੇ ਸਾਧੂ ਸਰਣਿ ਗਹੀ ॥ ਸਾਂਤਿ ਸਹਜੁ ਮਨਿ ਭਇਓ ਪ੍ਰਗਾਸਾ ਬਿਰਥਾ ਕਛੂ ਨ ਰਹੀ ॥੧॥ ਰਹਾਉ ॥}

(ਅੰਗ - ੧੨੨੦)

{ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ ॥
ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ ॥੨॥੬੦॥੯੩॥}

(ਅੰਗ - ੧੨੨੦)

{ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥ ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ ॥੧॥ ਰਹਾਉ॥}

(ਅੰਗ - ੧੨੨੦)

{ਸੋਧਤ ਸੋਧਤ ਤਤੁ ਬੀਚਾਰਿਓ ਭਗਤਿ ਸਰੇਸਟ ਪੂਰੀ ॥
ਕਹੁ ਨਾਨਕ ਇਕ ਰਾਮ ਨਾਮ ਬਿਨੁ ਅਵਰ ਸਗਲ ਬਿਧਿ ਊਰੀ ॥੨॥੬੨॥੯੫॥}

(ਅੰਗ - ੧੨੨੦)

{ਰਸਨਾ ਰਾਮ ਕੋ ਜਸੁ ਗਾਉ ॥ ਆਨ ਸੁਆਦ ਬਿਸਾਰਿ ਸਗਲੇ ਭਲੋ ਨਾਮ ਸੁਆਉ ॥੧॥ ਰਹਾਉ ॥}

(ਅੰਗ - ੧੨੨੦)

{ਸਤਿ ਪਰਮੇਸਰੁ ਸਤਿ ਸਾਧ ਜਨ ਨਿਹਚਲੁ ਹਰਿ ਕਾ ਨਾਉ ॥
ਭਗਤਿ ਭਾਵਨੀ ਪਾਰਬ੍ਰਹਮ ਕੀ ਅਬਿਨਾਸੀ ਗੁਣ ਗਾਉ ॥੧॥}

(ਅੰਗ - ੧੨੨੧)

{ਗੁਰ ਕੇ ਚਰਨ ਬਸੇ ਮਨ ਮੇਰੈ ॥ ਪੂਰਿ ਰਹਿਓ ਠਾਕੁਰੁ ਸਭ ਥਾਈ ਨਿਕਟਿ ਬਸੈ ਸਭ ਨੇਰੈ ॥੧॥ ਰਹਾਉ ॥}

(ਅੰਗ - ੧੨੨੧)

{ਬੰਧਨ ਤੋਰਿ ਰਾਮ ਲਿਵ ਲਾਈ ਸੰਤਸੰਗਿ ਬਨਿ ਆਈ ॥
ਜਨਮੁ ਪਦਾਰਥੁ ਭਇਓ ਪੁਨੀਤਾ ਇਛਾ ਸਗਲ ਪੁਜਾਈ ॥੧॥}

(ਅੰਗ - ੧੨੨੧)

{ਸਿਮਰਨ ਰਾਮ ਕੋ ਇਕੁ ਨਾਮ ॥ ਕਲਮਲ ਦਗਧ ਹੋਹਿ ਖਿਨ ਅੰਤਰਿ ਕੋਟਿ ਦਾਨ ਇਸਨਾਨ ॥੧॥ ਰਹਾਉ ॥}

(ਅੰਗ - ੧੨੨੧)

{ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ ॥
ਜਨਮ ਮਰਨ ਸੰਕਟ ਤੇ ਛੂਟੈ ਜਗਦੀਸ ਭਜਨ ਸੁਖ ਧਿਆਨ ॥੧॥}

(ਅੰਗ - ੧੨੨੧)

{ਤੇਰੀ ਸਰਨਿ ਪੂਰਨ ਸੁਖ ਸਾਗਰ ਕਰਿ ਕਿਰਪਾ ਦੇਵਹੁ ਦਾਨ ॥
ਸਿਮਰਿ ਸਿਮਰਿ ਨਾਨਕ ਪ੍ਰਭ ਜੀਵੈ ਬਿਨਸਿ ਜਾਇ ਅਭਿਮਾਨ ॥੨॥੬੬॥੯੯॥}

(ਅੰਗ - ੧੨੨੧)

{ਧੁਰਤੁ ਸੋਈ ਜਿ ਧੁਰ ਕਉ ਲਾਗੈ ॥ ਸੋਈ ਧੁਰੰਧਰੁ ਸੋਈ ਬਸੁੰਧਰੁ ਹਰਿ ਏਕ ਪ੍ਰੇਮ ਰਸ ਪਾਗੈ ॥੧॥ ਰਹਾਉ ॥}

(ਅੰਗ - ੧੨੨੧)

{ਬਲਬੰਚ ਕਰੈ ਨ ਜਾਨੈ ਲਾਭੈ ਸੋ ਧੂਰਤੁ ਨਹੀ ਮੂੜ੍ਹਾ ॥
ਸੁਆਰਥੁ ਤਿਆਗਿ ਅਸਾਰਥਿ ਰਚਿਓ ਨਹ ਸਿਮਰੈ ਪ੍ਰਭੁ ਰੂੜਾ ॥੧॥}

(ਅੰਗ - ੧੨੨੧)

{ਸੰਚਨਿ ਰਾਮ ਨਾਮ ਧਨੁ ਰਤਨਾ ਮਨ ਤਨ ਭੀਤਰਿ ਸੀਵਨਿ ॥
ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ ॥੧॥}

(ਅੰਗ - ੧੨੨੨)

{ਹਰਿ ਕੇ ਨਾਮਹੀਨ ਬੇਤਾਲ ॥ ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ ॥੧॥ ਰਹਾਉ ॥}

(ਅੰਗ - ੧੨੨੨)

{ਪ੍ਰਭ ਦੀਨ ਦਇਆਲ ਸੁਨਹੁ ਬੇਨੰਤੀ ਕਿਰਪਾ ਅਪਨੀ ਧਾਰੁ ॥
ਨਾਮੁ ਨਿਧਾਨੁ ਉਚਰਉ ਨਿਤ ਰਸਨਾ ਨਾਨਕ ਸਦ ਬਲਿਹਾਰੁ ॥੨॥੭੦॥੯੩॥}

{ਹਰਿ ਕੇ ਨਾਮਹੀਨ ਮਤਿ ਥੋਰੀ ॥ ਸਿਮਰਤ ਨਾਹਿ ਸਿਰੀਧਰ ਠਾਕੁਰ ਮਿਲਤ ਅੰਧ ਦੁਖ ਘੋਰੀ ॥੧॥ ਰਹਾਉ ॥}

(ਅੰਗ - ੧੨੨੨)

{ਚਿਤਵਉ ਵਾ ਅਉਸਰ ਮਨ ਮਾਹਿ॥ ਹੋਇ ਇਕਤ੍ਰ ਮਿਲਹੁ ਸੰਤ ਸਾਜਨ ਗੁਣ ਗੋਬਿੰਦ ਨਿਤ ਗਾਹਿ ॥੧॥ਰਹਾਉ॥}

{ਗੁਰ ਪਰਸਾਦੀ ਦ੍ਰਿਸਟਿ ਨਿਹਾਰਉ ਦੂਸਰ ਨਾਹੀ ਕੋਇ ॥
ਦਾਨੁ ਦੇਹਿ ਨਾਨਕ ਅਪਨੇ ਕਉ ਚਰਨ ਜੀਵਾਂ ਸੰਤ ਧੋਇ ॥੨॥੭੪॥੯੭॥}

(ਅੰਗ - ੧੨੨੩)

{ਮਨ ਰੇ ਨਾਮ ਕੋ ਸੁਖ ਸਾਰ ॥ ਆਨ ਕਾਮ ਬਿਕਾਰ ਮਾਇਆ ਸਗਲ ਦੀਸਹਿ ਛਾਰ ॥੧॥ ਰਹਾਉ ॥}

(ਅੰਗ - ੧੨੨੩)

{ਜੀਵਤੁ ਰਾਮ ਕੇ ਗੁਣ ਗਾਇ ॥ ਕਰਹੁ ਕ੍ਰਿਪਾ ਗੋਪਾਲ ਬੀਠੁਲੇ ਬਿਸਰਿ ਨ ਕਬ ਹੀ ਜਾਇ ॥੧॥ ਰਹਾਉ ॥}

(ਅੰਗ - ੧੨੨੩)

{ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥ ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰ ਬਾਰ ॥੧॥}

(ਅੰਗ - ੧੨੨੩)

{ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ ॥
ਭਗਤਿ ਵਛਲ ਭੈ ਕਾਟਨਹਾਰੇ ਨਾਨਕ ਕੇ ਮਾਈ ਬਾਪ ॥੨॥੭੭॥੧੦੦॥}

(ਅੰਗ - ੧੨੨੩)

{ਆਤੁਰੁ ਨਾਮ ਬਿਨੁ ਸੰਸਾਰ ॥ ਤ੍ਰਿਪਤਿ ਨ ਹੋਵਤ ਕੂਕਰੀ ਆਸਾ ਇਤੁ ਲਾਗੋ ਬਿਖਿਆ ਛਾਰ ॥੧॥ ਰਹਾਉ ॥}

(ਅੰਗ - ੧੨੨੩)

{ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ ॥
ਸਹਜ ਅਨਦ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ ॥੧॥}

(ਅੰਗ - ੧੨੨੪)

{ਕੀਨ੍ਹੇ ਪਾਪ ਕੇ ਬਹੁ ਕੋਟ ॥ ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾਹੀ ਛੋਟ ॥੧॥ ਰਹਾਉ ॥}

(ਅੰਗ - ੧੨੨੪)

{ਮਹਾ ਬਜਰ ਬਿਖ ਬਿਆਧੀ ਸਿਰਿ ਉਠਾਈ ਪੋਟ ॥ ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ॥੧॥}

(ਅੰਗ - ੧੨੨੪)

{ਪਸੁ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ ॥
ਭਜੁ ਸਾਧਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ ॥੨॥੯੧॥੧੦੪॥}

(ਅੰਗ - ੧੨੨੪)

{ਅੰਧੇ ਖਾਵਹਿ ਬਿਸੂ ਕੇ ਗਟਾਕ ॥ ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਤ ਘਾਟ ॥੧॥ ਰਹਾਉ ॥}

(ਅੰਗ - ੧੨੨੪)

{ਅਨਾਥ ਰਵਾਣਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ ॥
ਕਿਲਬਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ ॥੧॥}

(ਅੰਗ - ੧੨੨੪)

{ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਉਪਰਿ ਮਟਾਕ ॥
ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ ॥੨॥੯੨॥੧੦੫॥}

(ਅੰਗ - ੧੨੨੪)

{ਟੂਟੀ ਨਿੰਦਕ ਕੀ ਅਧ ਬੀਚ ॥ ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ ॥੧॥ਰਹਾਉ॥}

(ਅੰਗ - ੧੨੨੪)

{ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ ॥
ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ ॥੧॥}

(ਅੰਗ - ੧੨੨੪)

{ਤ੍ਰਿਸਨਾ ਚਲਤ ਬਹੁ ਪਰਕਾਰਿ ॥ ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥੧॥ ਰਹਾਉ ॥}

(ਅੰਗ - ੧੨੨੪)

{ਸਾਂਤਿ ਸੂਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ ॥ ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥੧॥}

(ਅੰਗ - ੧੨੨੫)

{ਰੇ ਪਾਪੀ ਤੈ ਕਵਨ ਕੀ ਮਤਿ ਲੀਨ॥ ਨਿਮਖ ਘਰੀ ਨ ਸਿਮਰਿ ਸੁਆਮੀ ਜੀਉ ਪਿੰਡੁ ਜਿਨਿ ਦੀਨ॥੧॥ਰਹਾਉ॥}

(ਅੰਗ - ੧੨੨੫)

{ਮਹਾ ਮਾਦ ਬਿਕਾਰ ਬਾਧਾ ਅਨਿਕ ਜੋਨਿ ਭ੍ਰਮੀਨ ॥
ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ ਸੁਖੁ ਨਾਨਕ ਹਰਿ ਪਦ ਚੀਨ੍ ॥੨॥੯੫॥੧੦੯॥}

(ਅੰਗ - ੧੨੨੫)

{ਮਾਈ ਰੀ ਚਰਨਹ ਓਟ ਗਹੀ ॥ ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ ॥੧॥ ਰਹਾਉ ॥}

(ਅੰਗ - ੧੨੨੫)

{ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ ॥
ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ ॥੨॥੯੭॥੧੧੦॥}

(ਅੰਗ - ੧੨੨੫)

{ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥
ਤਿਆਗਿ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥੧॥ ਰਹਾਉ ॥}

(ਅੰਗ - ੧੨੨੫)

{ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥
ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ ॥੧॥}

(ਅੰਗ - ੧੨੨੫)

{ਹਰਿ ਕਾਟੀ ਕੁਟਿਲਤਾ ਕੁਠਾਰਿ ॥ ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ ॥੧॥ ਰਹਾਉ ॥}

(ਅੰਗ - ੧੨੨੫)

{ਕਾਮ ਕ੍ਰੋਧ ਨਿੰਦਾ ਪਰਹਰੀਆ ਕਾਢੇ ਸਾਧੂ ਕੈ ਸੰਗਿ ਮਾਰਿ ॥
ਜਨਮੁ ਪਦਾਰਥੁ ਗੁਰਮੁਖਿ ਜੀਤਿਆ ਬਹੁਰਿ ਨ ਜੂਐ ਹਾਰਿ ॥੧॥}

(ਅੰਗ - ੧੨੨੫)

{ਆਠ ਪਹਰ ਪ੍ਰਭ ਕੇ ਗੁਣ ਗਾਵਹ ਪੂਰਨ ਸਬਦਿ ਬੀਚਾਰਿ ॥
ਨਾਨਕ ਦਾਸਨਿ ਦਾਸੁ ਜਨੁ ਤੇਰਾ ਪੁਨਹ ਪੁਨਹ ਨਮਸਕਾਰਿ ॥੨॥੯੯॥੧੧੨॥}

(ਅੰਗ - ੧੨੨੫)

{ਪੋਥੀ ਪਰਮੇਸਰ ਕਾ ਥਾਨੁ ॥ ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥}

(ਅੰਗ - ੧੨੨੬)

{ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧਸੰਗੇਹੁ ॥
ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥੨॥੯੧॥੧੧੪॥}

(ਅੰਗ - ੧੨੨੬)

{ਕਰੁ ਮਸਤਕਿ ਧਾਰਿਓ ਮੇਰੈ ਮਾਥੈ ਸਾਧਸੰਗਿ ਗੁਣ ਗਾਏ ॥
ਤੁਮਰੀ ਕ੍ਰਿਪਾ ਤੇ ਸਭ ਫਲ ਪਾਏ ਰਸਕਿ ਰਾਮ ਨਾਮ ਧਿਆਏ ॥੧॥}

(ਅੰਗ - ੧੨੨੬)

{ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ ॥
ਗੁਰ ਨਾਨਕ ਜਬ ਭਏ ਦਇਆਰਾ ਸਰਬ ਸੁਖਾ ਨਿਧਿ ਪਾਂਹੀ ॥੨॥੯੨॥੧੧੫॥}

(ਅੰਗ - ੧੨੨੬)

{ਨਿਬਹੀ ਨਾਮ ਕੀ ਸਚੁ ਖੇਪ ॥ ਲਾਭੁ ਹਰਿ ਗੁਣ ਗਾਇ ਨਿਧਿ ਧਨੁ ਬਿਖੈ ਮਾਹਿ ਅਲੇਪ ॥੧॥ ਰਹਾਉ ॥}

(ਅੰਗ - ੧੨੨੬)

{ਭਏ ਕ੍ਰਿਪਾਲ ਦਇਆਲ ਗੋਬਿਦ ਭਇਆ ਸਾਧੂ ਸੰਗੁ ॥
ਹਰਿ ਚਰਨ ਰਾਸਿ ਨਾਨਕ ਪਾਈ ਲਗਾ ਪ੍ਰਭ ਸਿਉ ਰੰਗੁ ॥੨॥੯੩॥੧੧੬॥}

(ਅੰਗ - ੧੨੨੬)

{ਮਾਤ ਪਿਤਾ ਬੰਧਪ ਹੈ ਸੋਈ ਮਨਿ ਹਰਿ ਕੋ ਅਹਿਲਾਦ ॥
ਸਾਧਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ ॥੧॥}

(ਅੰਗ - ੧੨੨੬)

{ਮਾਈ ਰੀ ਮਾਤੀ ਚਰਣ ਸਮੂਹ ॥ ਏਕਸੁ ਬਿਨੁ ਹਉ ਆਨ ਨ ਜਾਨਉ ਦੁਤੀਆ ਭਾਉ ਸਭ ਲੂਹ ॥੧॥ ਰਹਾਉ॥}
(ਅੰਗ - ੧੨੨੭)

{ਤਿਆਗਿ ਗੋਪਾਲ ਅਵਰ ਜੋ ਕਰਣਾ ਤੇ ਬਿਖਿਆ ਕੇ ਖੂਹ ॥
ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥੧॥}
(ਅੰਗ - ੧੨੨੭)

{ਸੰਤ ਪ੍ਰਸਾਦਿ ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ ॥
ਰਾਮ ਰੰਗਿ ਰਾਤੇ ਦਾਸ ਨਾਨਕ ਮਉਲਿਓ ਮਨੁ ਤਨੁ ਜੂਹ ॥੨॥੯੫॥੧੧੮॥}
(ਅੰਗ - ੧੨੨੭)

{ਬਿਨਸੇ ਕਾਚ ਕੇ ਬਿਉਹਾਰ ॥ ਰਾਮ ਭਜੁ ਮਿਲਿ ਸਾਧਸੰਗਤਿ ਇਹੈ ਜਗ ਮਹਿ ਸਾਰ ॥੧॥ ਰਹਾਉ ॥}
(ਅੰਗ - ੧੨੨੭)

{ਈਤ ਊਤ ਨ ਡੋਲਿ ਕਤਹੂ ਨਾਮੁ ਹਿਰਦੈ ਧਾਰਿ ॥ ਗੁਰ ਚਰਨ ਬੋਹਿਥ ਮਿਲਿਓ ਭਾਗੀ ਉਤਰਿਓ ਸੰਸਾਰ ॥੧॥}
(ਅੰਗ - ੧੨੨੭)

{ਜਲਿ ਥਲਿ ਮਹੀਅਲਿ ਪੂਰਿ ਰਹਿਓ ਸਰਬ ਨਾਥ ਅਪਾਰ ॥
ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ ਆਨ ਰਸ ਸਭਿ ਖਾਰ ॥੨॥੯੬॥੧੧੯॥}
(ਅੰਗ - ੧੨੨੭)

{ਤਾ ਤੇ ਕਰਣ ਪਲਾਹ ਕਰੇ ॥ ਮਹਾ ਬਿਕਾਰ ਮੋਹ ਮਦ ਮਾਤੌ ਸਿਮਰਤ ਨਾਹਿ ਹਰੇ ॥੧॥ ਰਹਾਉ ॥}
(ਅੰਗ - ੧੨੨੭)

{ਸਾਧਸੰਗਿ ਜਪਤੇ ਨਾਰਾਇਣ ਤਿਨ ਕੇ ਦੋਖ ਜਰੇ ॥ ਸਫਲ ਦੇਹ ਧੰਨਿ ਓਇ ਜਨਮੇ ਪ੍ਰਭ ਕੈ ਸੰਗਿ ਰਲੇ ॥੧॥}
(ਅੰਗ - ੧੨੨੭)

{ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ ॥
ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ ॥੨॥੯੮॥੧੨੧॥}
(ਅੰਗ - ੧੨੨੭)

{ਹਰਿ ਕੇ ਨਾਮ ਕੇ ਜਨ ਕਾਂਖੀ ॥
ਮਨਿ ਤਨਿ ਬਚਨਿ ਏਹੀ ਸੁਖੁ ਚਾਹਤ ਪ੍ਰਭ ਦਰਸੁ ਦੇਖਹਿ ਕਬ ਆਖੀ ॥੧॥ ਰਹਾਉ ॥}
(ਅੰਗ - ੧੨੨੭)

{ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ ॥
ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ ॥੨॥੯੮॥੧੨੧॥}
(ਅੰਗ - ੧੨੨੭)

{ਮਾਖੀ ਰਾਮ ਕੀ ਤੂ ਮਾਖੀ ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥੧॥ ਰਹਾਉ ॥}
(ਅੰਗ - ੧੨੨੭)

{ਜੀਅ ਜੰਤ ਸਗਲੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ ॥
ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥}
(ਅੰਗ - ੧੨੨੭)

{ਮਾਈ ਰੀ ਕਾਟੀ ਜਮ ਕੀ ਫਾਸ ॥ ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ ॥੧॥ ਰਹਾਉ ॥}

(ਅੰਗ - ੧੨੨੭)

{ਕਰਿ ਕਿਰਪਾ ਲੀਨੇ ਕਰਿ ਅਪੁਨੇ ਉਪਜੀ ਦਰਸ ਪਿਆਸ ॥
ਸੰਤਸੰਗਿ ਮਿਲਿ ਹਰਿ ਗੁਣ ਗਾਏ ਬਿਨਸੀ ਦੁਤੀਆ ਆਸ ॥੧॥}

(ਅੰਗ - ੧੨੨੭)

{ਹਰਿ ਕੇ ਨਾਮ ਕੀ ਮਤਿ ਸਾਰ ॥ ਹਰਿ ਬਿਸਾਰਿ ਜੁ ਆਨ ਰਾਚਹਿ ਮਿਥਨ ਸਭ ਬਿਸਥਾਰ ॥੧॥ ਰਹਾਉ ॥}

(ਅੰਗ - ੧੨੨੮)

{ਸਾਧਸੰਗਮਿ ਭਜੁ ਸੁਆਮੀ ਪਾਪ ਹੋਵਤ ਖਾਰ ॥ ਚਰਨਾਰਬਿੰਦ ਬਸਾਇ ਹਿਰਦੈ ਬਹੁਰਿ ਜਨਮ ਨ ਮਾਰ ॥੧॥}

(ਅੰਗ - ੧੨੨੮)

{ਮਾਨੀ ਤੂੰ ਰਾਮ ਕੈ ਦਰਿ ਮਾਨੀ ॥ ਸਾਧਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ ॥੧॥ ਰਹਾਉ॥}

(ਅੰਗ - ੧੨੨੮)

{ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ ॥
ਜਾ ਕਉ ਮੇਲਿ ਲਏ ਪ੍ਰਭੁ ਨਾਨਕੁ ਸੇ ਜਨ ਦਰਗਹ ਮਾਨੇ ॥੨॥੧੦੫॥੧੨੮॥}

(ਅੰਗ - ੧੨੨੮)

{ਚਿਤਵਤਾ ਗੋਪਾਲ ਦਰਸਨ ਕਲਮਲਾ ਕਛੁ ਧੋਇ ॥ ਜਨਮ ਮਰਨ ਬਿਕਾਰ ਅੰਕੁਰ ਹਰਿ ਕਾਟਿ ਛਾਡੇ ਖੋਇ ॥੧॥}

(ਅੰਗ - ੧੨੨੮)

{ਹਰਿ ਭਜਿ ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ ॥੧॥ ਰਹਾਉ ॥}

(ਅੰਗ - ੧੨੨੯)

{ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ॥ ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ ਮਹਾਂ ਅੰਧਾਰ॥੨॥}

(ਅੰਗ - ੧੨੨੯)

{ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ ॥
ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥੩॥}

(ਅੰਗ - ੧੨੨੯)

{ਕਰਿ ਕ੍ਰਿਪਾ ਪ੍ਰਭ ਸੰਤ ਰਾਖੇ ਚਰਨ ਕਮਲ ਅਧਾਰ ॥
ਕਰ ਜੋਰਿ ਨਾਨਕੁ ਸਰਨਿ ਆਇਓ ਗੋਪਾਲ ਪੁਰਖ ਅਪਾਰ ॥੪॥੧॥੧੨੯॥}

(ਅੰਗ - ੧੨੨੯)

{ਸੁਭ ਬਚਨ ਬੋਲਿ ਗੁਨ ਅਮੋਲ ॥ ਕਿੰਕਰੀ ਬਿਕਾਰ ॥ ਦੇਖੁ ਰੀ ਬੀਚਾਰ ॥}

(ਅੰਗ - ੧੨੨੯)

{ਗੁਰ ਸਬਦੁ ਧਿਆਇ ਮਹਲੁ ਪਾਇ ॥ ਹਰਿ ਸੰਗਿ ਰੰਗ ਕਰਤੀ ਮਹਾ ਕੇਲ ॥੧॥ ਰਹਾਉ ॥}

(ਅੰਗ - ੧੨੨੯)

{ਮਨ ਅਨਿਕ ਸੋਚ ਪਵਿਤ੍ਰ ਕਰਤ ॥ ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥੧॥ ਰਹਾਉ ॥}

(ਅੰਗ - ੧੨੨੯)

{ਰਾਮ ਦਇਆਰ ਸੁਨਿ ਦੀਨ ਬੇਨਤੀ ॥ ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ ॥੨॥੨॥੧੩੧॥}
(ਅੰਗ - ੧੨੨੯)

{ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ ਗੁਰ ਗੋਪਾਲ ਭਏ ਕ੍ਰਿਪਾਲ ਲਬਧਿ ਅਪਨੀ ਪਾਈ ॥੧॥}
(ਅੰਗ - ੧੨੨੯)

{ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥
ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥੨॥੩॥੧੩੨॥}
(ਅੰਗ - ੧੨੨੯)

{ਕਹਤ ਮੁਕਤ ਸੁਨਤ ਮੁਕਤ ਰਹਤ ਜਨਮ ਰਹਤੇ ॥ ਰਾਮ ਰਾਮ ਸਾਰ ਭੂਤ ਨਾਨਕ ਤਤੁ ਬੀਚਾਰੇ ॥੨॥੪॥੧੩੩॥}
(ਅੰਗ - ੧੨੨੯)

{ਨਾਮ ਭਗਤਿ ਮਾਗੁ ਸੰਤ ਤਿਆਗਿ ਸਗਲ ਕਾਮੀ ॥੧॥ ਰਹਾਉ ॥}
(ਅੰਗ - ੧੨੩੦)

{ਗੁਨ ਲਾਲ ਗਾਵਉ ਗੁਰ ਦੇਖੇ ॥ ਪੰਚਾ ਤੇ ਏਕੁ ਛੂਟਾ ਜਉ ਸਾਧਸੰਗਿ ਪਗ ਰਉ ॥੧॥ ਰਹਾਉ ॥}
(ਅੰਗ - ੧੨੩੦)

{ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ ॥ ਏਕੈ ਹਰਿ ਪ੍ਰੀਤਿ ਲਾਇ ਮਿਲਿ ਸਾਧਸੰਗਿ ਸੋਹਾ ॥੧॥}
(ਅੰਗ - ੧੨੩੦)

{ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ ॥
ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥੨॥੯॥੧੩੭॥}
(ਅੰਗ - ੧੨੩੦)

{ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ ॥
ਉਪਜਤਾ ਬਿਕਾਰ ਦੁੰਦਰ ਨਉਪਰੀ ਝੂਠੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ ॥ਰਹਾਉ॥}
(ਅੰਗ - ੧੨੩੧)

{ਕਹਾ ਮਨ ਬਿਖਿਆ ਸਿਉ ਲਪਟਾਹੀ ॥
ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥੧॥ ਰਹਾਉ ॥}
(ਅੰਗ - ੧੨੩੧)

{ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥
ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥੨॥੨॥}
(ਅੰਗ - ੧੨੩੧)

{ਕਹਾ ਨਰ ਅਪਨੋ ਜਨਮੁ ਗਵਾਵੈ ॥
ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥}
(ਅੰਗ - ੧੨੩੧)

{ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥
ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ ॥}
(ਅੰਗ - ੧੨੩੧)

{ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥
ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੧॥}

(ਅੰਗ - ੧੨੩੨)

{ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥
ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥}

(ਅੰਗ - ੧੨੩੨)

{ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ ॥
ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥੫॥}

(ਅੰਗ - ੧੨੩੨)

{ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥}

(ਅੰਗ - ੧੨੩੨)

{ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ ॥
ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥੭॥}

(ਅੰਗ - ੧੨੩੨)

{ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉ ਰੰਗੀ ॥
ਅਨਭਉ ਬਿਸਰਿ ਗਏ ਪ੍ਰਭੁ ਜਾਚਿਆ ਹਰਿ ਨਿਰਮਾਇਲੁ ਸੰਗੀ ॥੧॥}

(ਅੰਗ - ੧੨੩੨)

{ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ ਏਕ ਸਬਦਿ ਲਿਵ ਲਾਗੀ ॥
ਹਰਿ ਰਸੁ ਚਾਖਿ ਤ੍ਰਿਖਾ ਨਿਵਾਰੀ ਹਰਿ ਮੇਲਿ ਲਏ ਬਡਭਾਗੀ ॥੨॥}

(ਅੰਗ - ੧੨੩੨)

{ਅਭਰਤ ਸਿੰਚਿ ਭਏ ਸੁਭਰ ਸਰ ਗੁਰਮਤਿ ਸਾਚੁ ਨਿਹਾਲਾ ॥
ਮਨ ਰਤਿ ਨਾਮਿ ਰਤੇ ਨਿਹਕੇਵਲ ਆਦਿ ਜੁਗਾਦਿ ਦਇਆਲਾ ॥੩॥}

(ਅੰਗ - ੧੨੩੨)

{ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥
ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥੫॥}

(ਅੰਗ - ੧੨੩੨)

{ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ ॥
ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ ॥੬॥}

(ਅੰਗ - ੧੨੩੨)

{ਮਨ ਮੇਰੇ ਹਰਿ ਕੈ ਨਾਮਿ ਵਡਾਈ ॥
ਹਰਿ ਬਿਨੁ ਅਵਰੁ ਨ ਜਾਣਾ ਕੋਈ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥}

(ਅੰਗ - ੧੨੩੩)

{ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਹਣੁ ਭਗਤਿ ਬਡਾਈ ॥
ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ ॥੨॥}

(ਅੰਗ - ੧੨੩੩)

{ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥
ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ ॥੩॥}

(ਅੰਗ - ੧੨੩੩)

{ਮਨ ਕੇ ਤਰੰਗ ਸਬਦਿ ਨਿਵਾਰੇ ਰਸਨਾ ਸਹਜਿ ਸੁਭਾਈ ॥
ਸਤਿਗੁਰ ਮਿਲਿ ਰਹੀਐ ਸਦ ਅਪੁਨੇ ਜਿਨਿ ਹਰਿ ਸੇਤੀ ਲਿਵ ਲਾਈ ॥੪॥}

(ਅੰਗ - ੧੨੩੩)

{ਮਨੁ ਸਬਦਿ ਮਰੈ ਤਾ ਮੁਕਤੋ ਹੋਵੈ ਹਰਿ ਚਰਣੀ ਚਿਤੁ ਲਾਈ ॥
ਹਰਿ ਸਰੁ ਸਾਗਰੁ ਸਦਾ ਜਲੁ ਨਿਰਮਲੁ ਨਾਵੈ ਸਹਜਿ ਸੁਭਾਈ ॥੫॥}

(ਅੰਗ - ੧੨੩੩)

{ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥
ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥}

(ਅੰਗ - ੧੨੩੩)

{ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥
ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥}

(ਅੰਗ - ੧੨੩੩)

{ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥
ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥}

(ਅੰਗ - ੧੨੩੩)

{ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥
ਜਨਮ ਜਨਮ ਕੇ ਕਿਲਵਿਖ ਭਉ ਭੰਜਨ ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥}

(ਅੰਗ - ੧੨੩੩)

{ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ ॥
ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ ॥੩॥}

(ਅੰਗ - ੧੨੩੩)

{ਪੰਡਿਤ ਪੜਿ੍ ਪੜਿ੍ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥
ਗੁਰ ਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥}

(ਅੰਗ - ੧੨੩੩)

{ਆਵਾ ਗਉਣੁ ਨਿਵਾਰਿ ਸਚਿ ਰਾਤੇ ਸਾਚ ਸਬਦੁ ਮਨਿ ਭਾਇਆ ॥
ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ ਗਵਾਇਆ ॥੫॥}

(ਅੰਗ - ੧੨੩੪)

{ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥
ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥੬॥}

(ਅੰਗ - ੧੨੩੪)

{ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ ॥
ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ ॥੭॥}

(ਅੰਗ - ੧੨੩੪)

{ਹਰਿ ਗਹਿਰ ਗੰਭੀਰੁ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ ॥
ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੈ ਬਉਰਾਨਿਆ ॥੧॥}

(ਅੰਗ - ੧੨੩੪)

{ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ ਤਿਸੁ ਨਾਇ ਲਾਏ ॥
ਗੁਰੂ ਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ ॥੪॥}

(ਅੰਗ - ੧੨੩੪)

{ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ ॥
ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵ ਲਾਈ ॥੮॥੨॥}

(ਅੰਗ - ੧੨੩੪)

{ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ ॥
ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥੨॥}

(ਅੰਗ - ੧੨੩੪)

{ਜਿਨ੍ ਦਰੁ ਸੂਝੈ ਸੇ ਕਦੇ ਨ ਵਿਗਾੜਹਿ ਸਤਿਗੁਰਿ ਬੂਝ ਬੁਝਾਈ ॥
ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ ਆਵਣ ਜਾਣੁ ਰਹਾਈ ॥੬॥}

(ਅੰਗ - ੧੨੩੪)

{ਆਪੇ ਗੁਰਮੁਖਿ ਆਪੇ ਦੇਵੈ ਆਪੇ ਕਰਿ ਕਰਿ ਵੇਖੈ ॥
ਨਾਨਕ ਸੇ ਜਨ ਥਾਇ ਪਏ ਹੈ ਜਿਨ ਕੀ ਪਤਿ ਪਾਵੈ ਲੇਖੈ ॥੮॥੩॥}

(ਅੰਗ - ੧੨੩੪)

{ਗੁਸਾਈਂ ਪਰਤਾਪੁ ਤੁਹਾਰੋ ਡੀਠਾ ॥ ਕਰਨ ਕਰਾਵਨ ਉਪਾਇ ਸਮਾਵਨ ਸਗਲ ਛਤ੍ਰਪਤਿ ਬੀਠਾ ॥੧॥ ਰਹਾਉ॥}

(ਅੰਗ - ੧੨੩੪)

{ਰਾਣਾ ਰਾਉ ਰਾਜ ਭਏ ਰੰਕਾ ਉਨਿ ਝੂਠੇ ਕਹਣੁ ਕਹਾਇਓ ॥
ਹਮਰਾ ਰਾਜਨੁ ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ ॥੧॥}

(ਅੰਗ - ੧੨੩੪)

{ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥੧॥}

(ਅੰਗ - ੧੨੩੫)

{ਹਮ ਨਾਨ੍ਹੇ ਨੀਚ ਤੁਮ੍ਹੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ ॥
ਮਨੁ ਤਨੁ ਸੀਤਲੁ ਗੁਰ ਦਰਸ ਦੇਖੇ ਨਾਨਕ ਨਾਮੁ ਅਧਾਰਾ ॥੮॥੧॥}

(ਅੰਗ - ੧੨੩੫)

{ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥}

(ਅੰਗ - ੧੨੩੫)

{ਅਪੁਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥
ਕ੍ਰਿਪਾ ਨਿਧਾਨ ਨਾਨਕ ਦਇਆਲ ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥}

(ਅੰਗ - ੧੨੩੫)

{ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ ॥
ਭਇਆ ਪ੍ਰਗਾਸੁ ਰਿਦੈ ਉਲਾਸੁ ਪ੍ਰਭੁ ਲੋੜੀਦਾ ਪਾਇਆ ॥}

(ਅੰਗ - ੧੨੩੬)

{ਦੁਖੁ ਨਾਠਾ ਸੁਖੁ ਘਰ ਮਹਿ ਵੂਠਾ ਮਹਾ ਅਨੰਦ ਸਹਜਾਇਆ ॥
ਕਹੁ ਨਾਨਕ ਮੈ ਪੂਰਾ ਪਾਇਆ ਕਰਿ ਕਿਰਪਾ ਅਪੁਨੇ ਪਹਿ ਆਇਆ ॥੪॥੧॥}

(ਅੰਗ - ੧੨੩੬)

{ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥}

(ਅੰਗ - ੧੨੩੭)

{ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥
ਗੁਰ ਪਰਸਾਦੀ ਉਬਰੇ ਜਿਨ ਭਾਣਾ ਭਾਇਆ ॥ ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥}

(ਅੰਗ - ੧੨੩੭)

{ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥੨॥}

(ਅੰਗ - ੧੨੩੭)

{ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥}

(ਅੰਗ - ੧੨੩੮)

{ਆਵਹਿ ਨੰਗੇ ਜਾਹਿ ਨੰਗੇ ਵਿਚੇ ਕਰਹਿ ਵਿਥਾਰ ॥ ਨਾਨਕ ਹੁਕਮੁ ਨ ਜਾਣੀਐ ਅਗੈ ਕਾਈ ਕਾਰ ॥੧॥}

(ਅੰਗ - ੧੨੩੮)

{ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ ॥ ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ॥}

(ਅੰਗ - ੧੨੩੮)

{ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥}

(ਅੰਗ - ੧੨੩੮)

{ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨ੍ੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥}

(ਅੰਗ - ੧੨੩੮)

{ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥

ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥ ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥}

(ਅੰਗ - ੧੨੩੮)

{ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥ ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥੧॥}

(ਅੰਗ - ੧੨੩੮)

{ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥ ਜੀਵਿ ਜੀਵਿ ਮੁਏ ਮੁਏ ਜੀਵੇ ॥}

(ਅੰਗ - ੧੨੩੮)

{ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ ॥ ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ ॥}

(ਅੰਗ - ੧੨੩੮)

{ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥}

(ਅੰਗ - ੧੨੩੮)

{ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ ॥ ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ ॥}

(ਅੰਗ - ੧੨੩੯)

{ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥
ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥੪॥}

(ਅੰਗ - ੧੨੩੯)

{ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥}

(ਅੰਗ - ੧੨੩੯)

{ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥}

(ਅੰਗ - ੧੨੩੯)

{ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥ ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ॥੨॥}

(ਅੰਗ - ੧੨੩੯)

{ਵਡਾ ਆਖਣੁ ਭਾਰਾ ਤੋਲੁ ॥ ਹੋਰ ਹਉਲੀ ਮਤੀ ਹਉਲੇ ਬੋਲ ॥}

(ਅੰਗ - ੧੨੩੯)

{ਮੂਰਖ ਅੰਧਿਆ ਅੰਧੀ ਧਾਤੁ ॥ ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥}

(ਅੰਗ - ੧੨੩੯)

{ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥}

(ਅੰਗ - ੧੨੩੯)

{ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥ ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥
ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥}

(ਅੰਗ - ੧੨੪੦)

{ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥}

(ਅੰਗ - ੧੨੪੦)

{ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ ॥
ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ॥ ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ॥੭॥}

(ਅੰਗ - ੧੨੪੦)

{ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥ ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥}

(ਅੰਗ - ੧੨੪੦)

{ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥ ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥}

(ਅੰਗ - ੧੨੪੦)

{ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥ ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥੧॥}

(ਅੰਗ - ੧੨੪੦)

{ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥}

(ਅੰਗ - ੧੨੪੦)

{ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ ॥
ਨਾਨਕ ਨਾਮੁ ਤਿਨੀ ਸਾਲਾਹਿਆ ਜਿਨ ਗੁਰੂ ਮਿਲਾਇਆ ॥੧੦॥}

(ਅੰਗ - ੧੨੪੧)

{ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ ॥
ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ ॥੯॥}

(ਅੰਗ - ੧੨੪੧)

{ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ ॥ ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ ॥
ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ ॥}

(ਅੰਗ - ੧੨੪੧)

{ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥}

(ਅੰਗ - ੧੨੪੨)

{ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥ ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥}

(ਅੰਗ - ੧੨੪੨)

{ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥ ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥
ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥}

(ਅੰਗ - ੧੨੪੨)

{ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ ॥ ਨਾਨਕ ਪੂਰੇ ਗੁਰ ਤੇ ਨਾਉ ਮੰਨੀਐ ਜਿਨ ਦੇਵੈ ਸੋਈ ॥੧੨॥}

(ਅੰਗ - ੧੨੪੨)

{ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ ॥ ਨਾਨਕ ਸਚਾ ਸਚੀ ਨਾਂਈ ਸਚੁ ਪਵੈ ਧੁਰਿ ਲੇਖੈ ॥੨॥}

(ਅੰਗ - ੧੨੪੨)

{ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥}

(ਅੰਗ - ੧੨੪੩)

{ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥}

(ਅੰਗ - ੧੨੪੩)

{ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥੨॥}

(ਅੰਗ - ੧੨੪੩)

{ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ ॥ ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ ॥
ਸਾਹਿਬ ਸਬਦੁ ਨ ਊਚਰੈ ਮਾਇਆ ਮੋਹ ਪਸਾਰੀ ॥}

(ਅੰਗ - ੧੨੪੩)

{ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥ ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥੧੪॥}

(ਅੰਗ - ੧੨੪੩)

{ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥}

(ਅੰਗ - ੧੨੪੩)

{ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥ ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥੧੫॥}

(ਅੰਗ - ੧੨੪੩)

{ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ ॥}

(ਅੰਗ - ੧੨੪੩)

{ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥
ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥੧੬॥}

(ਅੰਗ - ੧੨੪੪)

{ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ ॥ ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ ॥੨॥}

(ਅੰਗ - ੧੨੪੪)

{ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥ ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥}

(ਅੰਗ - ੧੨੪੪)

{ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥}

(ਅੰਗ - ੧੨੪੪)

{ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ॥ ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥}

(ਅੰਗ - ੧੨੪੪)

{ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ ਆਇਆ ਸੋਇ ॥੧॥}

(ਅੰਗ - ੧੨੪੪)

{ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ ॥ ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ ॥}

(ਅੰਗ - ੧੨੪੪)

{ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ ॥ ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ ॥
ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ ॥੧੮॥}

(ਅੰਗ - ੧੨੪੪)

{ਸਭੁ ਕੋ ਭਰਿਆ ਫੂਕਿ ਆਖਣਿ ਕਹਣਿ ਨ ਥੰਮ੍ਹੀਐ ॥ ਨਾਨਕ ਵੇਖੈ ਆਪਿ ਫੂਕ ਕਢਾਏ ਢਹਿ ਪਵੈ ॥੨॥}

(ਅੰਗ - ੧੨੪੪)

{ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥ ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥}

(ਅੰਗ - ੧੨੪੪)

{ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥

ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥
ਜਿਨ੍ ਕੈ ਪੋਤੈ ਪੁੰਨੁ ਹੈ ਤਿਨ੍ੀ ਦਰਸਨੁ ਪਾਇਆ ॥੧੯॥}

(ਅੰਗ - ੧੨੪੪)

{ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥ ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥}

(ਅੰਗ - ੧੨੪੫)

{ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥}

(ਅੰਗ - ੧੨੪੫)

{ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥ ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ॥}

(ਅੰਗ - ੧੨੪੫)

{ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥ ਜਮਕਾਲੁ ਜੋਹਿ ਨ ਸਕਣੀ ਘਟਿ ਚਾਨਣੁ ਬਲਿਆ ॥
ਨਾਨਕ ਬਖਸਿ ਮਿਲਾਇਅਨੁ ਫਿਰਿ ਗਰਭਿ ਨ ਗਲਿਆ ॥੨੦॥}

(ਅੰਗ - ੧੨੪੫)

{ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥}

(ਅੰਗ - ੧੨੪੫)

{ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥}

(ਅੰਗ - ੧੨੪੫)

{ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥}

(ਅੰਗ - ੧੨੪੫)

{ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥}

(ਅੰਗ - ੧੨੪੫)

{ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ ॥ ਕਰਿ ਕਰਿ ਹੇਤੁ ਵਧਾਇਦੇ ਪਰ ਦਰਬੁ ਚੁਰਾਇਆ ॥}

(ਅੰਗ - ੧੨੪੫)

{ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥}

(ਅੰਗ - ੧੨੪੫)

{ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥}

(ਅੰਗ - ੧੨੪੫)

{ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥}

(ਅੰਗ - ੧੨੪੫)

{ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥

ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥}

(ਅੰਗ - ੧੨੪੬)

{ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ਹੀ ॥ ਮਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ ॥}

(ਅੰਗ - ੧੨੪੬)

{ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥}

(ਅੰਗ - ੧੨੪੬)

{ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ ॥
ਨਾਨਕ ਤਿਨ੍ਹਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ ॥੨॥}

(ਅੰਗ - ੧੨੪੬)

{ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਚੈ ਸਬਦਿ ਜਿਨ੍ਹਾ ਏਕ ਲਿਵ ਲਾਗੀ ॥}

(ਅੰਗ - ੧੨੪੬)

{ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥ ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥੧॥}

(ਅੰਗ - ੧੨੪੬)

{ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥ ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ ॥}

(ਅੰਗ - ੧੨੪੬)

{ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥}

(ਅੰਗ - ੧੨੪੬)

{ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥}

(ਅੰਗ - ੧੨੪੬)

{ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ ॥
ਨਾਨਕ ਸੁਖਦਾਤਾ ਸਦਾ ਸਲਾਹਿਹੁ ਰਸਨਾ ਰਾਮੁ ਰਵੀਜੈ ॥੨॥}

(ਅੰਗ - ੧੨੪੬)

{ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ ॥ ਨਾਨਕ ਨਾਮੁ ਨ ਚੇਤਿਓ ਅੰਤਿ ਲਏ ਛਡਾਈ ॥੨੪॥}

(ਅੰਗ - ੧੨੪੭)

{ਦੁਬਿਧਾ ਚੂਕੀ ਸਹਜਿ ਸੁਭਾਇ ॥ ਅੰਤਰਿ ਨਾਮੁ ਵਸਿਆ ਮਨਿ ਆਇ ॥}

(ਅੰਗ - ੧੨੪੭)

{ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥ ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ ॥੨॥}

(ਅੰਗ - ੧੨੪੭)

{ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥

ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥੧॥}

(ਅੰਗ - ੧੨੪੭)

{ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥੧॥}

(ਅੰਗ - ੧੨੪੭)

{ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ ॥
ਨਾਨਕ ਨਾਮ ਵਿਹੂਣਿਆ ਤਿਨ੍ ਤਨ ਖਾਵਹਿ ਕਾਉ ॥੨॥}

(ਅੰਗ - ੧੨੪੭)

{ਗੁਰਮੁਖਿ ਜਨਮੁ ਸਕਾਰਥਾ ਨਿਰਮਲੁ ਮਲੁ ਖੋਈ॥ ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾ ਪਦੁ ਹੋਈ॥੨੫॥}

(ਅੰਗ - ੧੨੪੭)

{ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ॥ ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ॥}

(ਅੰਗ - ੧੨੪੭)

{ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥੧॥}

(ਅੰਗ - ੧੨੪੭)

{ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ ॥ ਆਪੇ ਬਖਸੇ ਮੇਲਿ ਲਏ ਆਪਤੁ ਗਵਾਵੈ ॥}

(ਅੰਗ - ੧੨੪੭)

{ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ ॥
ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ ॥ ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ ॥}

(ਅੰਗ - ੧੨੪੭)

{ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ ॥ ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ ॥੨੭॥}

(ਅੰਗ - ੧੨੪੭)

{ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥ ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ ॥੧॥}

(ਅੰਗ - ੧੨੪੮)

{ਮਾਇਆ ਮੋਹਿ ਵਿਸਾਰਿਆ ਸਚੁ ਮਰਣਾ ਹਰਿ ਨਾਮੁ ॥ ਧੰਧਾ ਕਰਤਿਆ ਜਨਮੁ ਗਇਆ ਅੰਦਰਿ ਦੁਖੁ ਸਹਾਮੁ॥}

(ਅੰਗ - ੧੨੪੮)

{ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥
ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ ॥੨॥}

(ਅੰਗ - ੧੨੪੮)

{ਸਤਿਗੁਰਿ ਨਾਲਿ ਦਿਖਾਲਿਆ ਰਵਿ ਰਹਿਆ ਸਭ ਥਾਇ ॥
ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ ॥੨੯॥}

(ਅੰਗ - ੧੨੪੮)

{ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥ ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥}

(ਅੰਗ - ੧੨੪੮)

{ਵਲਵੰਚ ਕਰਿ ਉਪਾਵ ਮਾਇਆ ਹਿਰਿ ਆਣਿਆ ॥ ਜਮਕਾਲੁ ਨਿਹਾਲੇ ਸਾਸ ਆਵ ਘਟੈ ਬੇਤਾਲਿਆ ॥}

(ਅੰਗ - ੧੨੪੮)

{ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ ਰਖਵਾਲਿਆ ॥੩੦॥}

(ਅੰਗ - ੧੨੪੮)

{ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ ॥
ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥}

(ਅੰਗ - ੧੨੪੯)

{ਸਚੁ ਵਣਜਹਿ ਸਚੁ ਸੇਵਦੇ ਜਿ ਗੁਰਮੁਖਿ ਪੈਰੀ ਪਾਹਿ ॥
ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ ॥੨॥}

(ਅੰਗ - ੧੨੪੯)

{ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥ ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥}

(ਅੰਗ - ੧੨੪੯)

{ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥
ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ ॥੧॥}

(ਅੰਗ - ੧੨੪੯)

{ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ ਸਰਸੇ ਸਜਣ ਸੰਤ ਪਿਆਰੇ ॥
ਜੋ ਧੁਰਿ ਮਿਲੇ ਨ ਵਿਛੁੜਹਿ ਕਬਹੂ ਜਿ ਆਪਿ ਮੇਲੇ ਕਰਤਾਰੇ ॥
ਅੰਤਰਿ ਸਬਦੁ ਰਵਿਆ ਗੁਰੁ ਪਾਇਆ ਸਗਲੇ ਦੂਖ ਨਿਵਾਰੇ ॥}

(ਅੰਗ - ੧੨੪੯)

{ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ ਸਰਣਾਗਤਿ ਪਏ ਗੁਰ ਦੁਆਰੇ ॥
ਨਾਨਕ ਗੁਰਮੁਖਿ ਸੇ ਸੁਹੇਲੇ ਭਏ ਮੁਖ ਊਜਲ ਦਰਬਾਰੇ ॥੨॥}

(ਅੰਗ - ੧੨੪੯)

{ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥ ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥੩੩॥}

(ਅੰਗ - ੧੨੪੯)

{ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥ ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥}

(ਅੰਗ - ੧੨੫੦)

{ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ॥ ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ॥}

(ਅੰਗ - ੧੨੫੦)

{ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ ॥
ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ ॥}

(ਅੰਗ - ੧੨੫੦)

{ਗੁਰਮੁਖਿ ਜਿਨਾ ਸਬਦੁ ਮਨਿ ਵਸੈ ਦਰਗਹ ਮੋਖ ਦੁਆਰੁ ॥ ਨਾਨਕ ਆਪੇ ਮੇਲਿ ਲਏ ਆਪੇ ਬਖਸਣਹਾਰੁ ॥੧॥}

(ਅੰਗ - ੧੨੫੦)

{ਜਿਨ੍ਹਾ ਗੁਰਮੁਖਿ ਨਾਮੁ ਅਰਾਧਿਆ ਤਿਨਾ ਦੁਖ ਭੁਖ ਲਹਿ ਜਾਇ ॥
ਜਨ ਨਾਨਕੁ ਤ੍ਰਿਪਤੈ ਗਾਇ ਗੁਣ ਹਰਿ ਦਰਸਨੁ ਦੇਹੁ ਸੁਭਾਇ ॥੩॥}

(ਅੰਗ - ੧੨੫੦)

{ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ ਸਵਾਈਆ ॥ ਤੁਸਿ ਦੇਵੈ ਆਪਿ ਦਇਆਲੁ ਨ ਛਪੈ ਛਪਾਈਆ ॥
ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ ॥}

(ਅੰਗ - ੧੨੫੦)

{ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ ॥}

(ਅੰਗ - ੧੨੫੧)

{ਸਚੁ ਖਾਣਾ ਸਚੁ ਪੈਨਣਾ ਸਚੁ ਨਾਮੁ ਅਧਾਰੁ ॥ ਗੁਰਿ ਪੂਰੈ ਮੇਲਾਇਆ ਪ੍ਰਭੁ ਦੇਵਣਹਾਰੁ ॥
ਭਾਗੁ ਪੂਰਾ ਤਿਨ ਜਾਗਿਆ ਜਪਿਆ ਨਿਰੰਕਾਰੁ ॥}

(ਅੰਗ - ੧੨੫੧)

{ਕਾਏਂ ਰੇ ਮਨ ਬਿਖਿਆ ਬਨ ਜਾਇ ॥ ਭੂਲੌ ਰੇ ਠਗਮੂਰੀ ਖਾਇ ॥੧॥ ਰਹਾਉ ॥}

(ਅੰਗ - ੧੨੫੨)

{ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ ਸਾਧਸੰਗਤਿ ਕਬਹੂ ਨਹੀ ਕਰੈ ॥}

(ਅੰਗ - ੧੨੫੨)

{ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥
ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥}

(ਅੰਗ - ੧੨੫੨)

{ਹਰਿ ਕੇ ਸੰਗ ਬਸੇ ਹਰਿ ਲੋਕ ॥
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥}

(ਅੰਗ - ੧੨੫੩)

{ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥}

(ਅੰਗ - ੧੨੫੩)

{ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥
ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥੨॥}

(ਅੰਗ - ੧੨੫੪)

{ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ ॥
ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ ॥੩॥}

(ਅੰਗ - ੧੨੫੪)

{ਪ੍ਰਾਣੀ ਏਕੋ ਨਾਮੁ ਧਿਆਵਹੁ ॥ ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥}

(ਅੰਗ - ੧੨੫੪)

{ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥
ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥}

(ਅੰਗ - ੧੨੫੪)

{ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥
ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥੪॥੨॥}

(ਅੰਗ - ੧੨੫੪)

{ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥
ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥}

(ਅੰਗ - ੧੨੫੪)

{ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥
ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥}

(ਅੰਗ - ੧੨੫੪)

{ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮੁ ਨ ਭਾਇਆ ॥
ਰਤਨ ਪਦਾਰਥੁ ਪਰਹਰਿ ਤਿਆਗਿਆ ਜਤ ਕੋ ਤਤ ਹੀ ਆਇਆ ॥}

(ਅੰਗ - ੧੨੫੫)

{ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ ॥
ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥੨॥}

(ਅੰਗ - ੧੨੫੫)

{ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥
ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥}

(ਅੰਗ - ੧੨੫੫)

{ਹਮ ਨੀਚ ਹੁਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥
ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥੩॥}

(ਅੰਗ - ੧੨੫੫)

{ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥
ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥੫॥੪॥}

(ਅੰਗ - ੧੨੫੫)

{ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥ ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ॥੧॥}

(ਅੰਗ - ੧੨੫੫)

{ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥}

(ਅੰਗ - ੧੨੫੫)

{ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥
ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥੩॥}

(ਅੰਗ - ੧੨੫੫)

{ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥੪॥੫॥}

(ਅੰਗ - ੧੨੫੫)

{ਗੁਣ ਗੋਬਿੰਦ ਨ ਜਾਣੀਅਹਿ ਮਾਇ ॥ ਅਣਡੀਠਾ ਕਿਛੁ ਕਹਣੁ ਨ ਜਾਇ ॥
ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥}

(ਅੰਗ - ੧੨੫੬)

{ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥ ਸੋਈ ਪੁਰਖੁ ਜਿ ਸਚਿ ਸਮਾਇ ॥੩॥}

(ਅੰਗ - ੧੨੫੬)

{ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥}

(ਅੰਗ - ੧੨੫੬)

{ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥}

(ਅੰਗ - ੧੨੫੬)

{ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥}

(ਅੰਗ - ੧੨੫੭)

{ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥ ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥}

(ਅੰਗ - ੧੨੫੭)

{ਜਿਨਿ ਤਨੁ ਸਾਜਿ ਦੀਏ ਨਾਲਿ ਖੰਭ ॥ ਅਤਿ ਤ੍ਰਿਸਨਾ ਉਡਣੈ ਕੀ ਡੰਝ ॥}

(ਅੰਗ - ੧੨੫੭)

{ਨਦਰਿ ਕਰੇ ਤਾਂ ਬੰਧਾਂ ਧੀਰ ॥ ਜਿਉ ਵੇਖਾਲੇ ਤਿਉ ਵੇਖਾਂ ਬੀਰ ॥੩॥}

(ਅੰਗ - ੧੨੫੭)

{ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥
ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ ॥੩॥}

(ਅੰਗ - ੧੨੫੭)

{ਜਿਨੀ ਹੁਕਮੁ ਪਛਾਣਿਆ ਸੇ ਮੇਲੇ ਹਉਮੈ ਸਬਦਿ ਜਲਾਇ ॥
ਸਚੀ ਭਗਤਿ ਕਰਹਿ ਦਿਨੁ ਰਾਤੀ ਸਚਿ ਰਹੇ ਲਿਵ ਲਾਇ ॥
ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ ॥੧॥}

(ਅੰਗ - ੧੨੫੮)

{ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥

ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥}

(ਅੰਗ - ੧੨੫੮)

{ਗੁਰ ਪਰਸਾਦੀ ਬੁਝੀਐ ਸਬਦੇ ਕਾਰ ਕਮਾਇ ॥
ਨਾਨਕ ਨਾਮੁ ਸਲਾਹਿ ਤੂ ਹਰਿ ਹਰਿ ਦਰਿ ਸੋਭਾ ਪਾਇ ॥੪॥੨॥}

(ਅੰਗ - ੧੨੫੮)

{ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥ ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ॥੨॥}

(ਅੰਗ - ੧੨੫੮)

{ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ ॥
ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ ਲਏਇ ॥੧॥}

(ਅੰਗ - ੧੨੫੮)

{ਹਰਿ ਹਰਿ ਨਾਮੁ ਅੰਮ੍ਰਿਤੁ ਹੈ ਨਦਰੀ ਪਾਇਆ ਜਾਇ ॥ ਅਨਦਿਨੁ ਹਰਿ ਹਰਿ ਉਚਰੈ ਗੁਰ ਕੈ ਸਹਜਿ ਸੁਭਾਇ॥
ਨਾਨਕ ਨਾਮੁ ਨਿਧਾਨੁ ਹੈ ਨਾਮੇ ਹੀ ਚਿਤੁ ਲਾਇ ॥੪॥੩॥}

(ਅੰਗ - ੧੨੫੮)

{ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥ ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ॥
ਅਨਦਿਨੁ ਹਰਿ ਰਵਿਆ ਰਿਦ ਅੰਤਰਿ ਸਹਜਿ ਸਮਾਧਿ ਲਗਾਹੀ ॥੨॥}

(ਅੰਗ - ੧੨੫੮)

{ਸਤਿਗੁਰ ਸਬਦੀ ਇਹੁ ਮਨੁ ਭੇਦਿਆ ਹਿਰਦੈ ਸਾਚੀ ਬਾਣੀ ॥
ਮੇਰਾ ਪ੍ਰਭੁ ਅਲਖੁ ਨ ਜਾਈ ਲਖਿਆ ਗੁਰਮੁਖਿ ਅਕਥ ਕਹਾਣੀ ॥
ਆਪੇ ਦਇਆ ਕਰੇ ਸੁਖਦਾਤਾ ਜਪੀਐ ਸਾਰਿੰਗਪਾਣੀ ॥੩॥}

(ਅੰਗ - ੧੨੫੮)

{ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ ॥ ਏਕੋ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ॥
ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ ॥੫॥੪॥}

(ਅੰਗ - ੧੨੫੮)

{ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥ ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ ॥੧॥ਰਹਾਉ॥}

(ਅੰਗ - ੧੨੫੮)

{ਗੁਰਮੁਖਿ ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦੁ ਵੀਚਾਰਿ ॥
ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ ਉਰਿ ਧਾਰਿ ॥}

(ਅੰਗ - ੧੨੫੯)

{ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥
ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ ॥੩॥}

(ਅੰਗ - ੧੨੫੯)

{ਮਨਮੁਖ ਪਾਖੰਡੁ ਕਦੇ ਨ ਚੂਕੈ ਦੂਜੈ ਭਾਇ ਦੁਖੁ ਪਾਏ ॥
ਨਾਮੁ ਵਿਸਾਰਿ ਬਿਖਿਆ ਮਨਿ ਰਾਤੇ ਬਿਰਥਾ ਜਨਮੁ ਗਵਾਏ ॥}

(ਅੰਗ - ੧੨੫੯)

{ਸਤਿਗੁਰ ਤੇ ਪਾਵੈ ਘਰੁ ਦਰੁ ਮਹਲੁ ਸੁ ਥਾਨੁ ॥ ਗੁਰ ਸਬਦੀ ਚੂਕੈ ਅਭਿਮਾਨੁ ॥੧॥}

(ਅੰਗ - ੧੨੫੯)

{ਇਸੁ ਮਨ ਕੀ ਬਿਧਿ ਮਨ ਹੂ ਜਾਣੈ ਬੂਝੈ ਸਬਦਿ ਵੀਚਾਰਿ ॥
ਨਾਨਕ ਨਾਮੁ ਧਿਆਇ ਸਦਾ ਤੂ ਭਵ ਸਾਗਰੁ ਜਿਤੁ ਪਾਵਹਿ ਪਾਰਿ ॥੪॥੬॥}

(ਅੰਗ - ੧੨੫੯)

{ਮਨੁ ਤਨੁ ਭੀਜੈ ਏਕ ਲਿਵ ਲਾਗੈ ਸਹਜੇ ਰਹੇ ਸਮਾਈ ॥
ਗੁਰ ਪਰਸਾਦੀ ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ ॥੨॥}

(ਅੰਗ - ੧੨੬੦)

{ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ ॥
ਕੋਟਿ ਮਧੇ ਕਿਸਹਿ ਬੁਝਾਏ ਤਿਨਿ ਰਾਮ ਨਾਮਿ ਲਿਵ ਲਾਈ ॥੩॥}

(ਅੰਗ - ੧੨੬੦)

{ਜਹ ਜਹ ਦੇਖਾ ਤਹ ਏਕੋ ਸੋਈ ਇਹ ਗੁਰਮਤਿ ਬੁਧਿ ਪਾਈ ॥
ਮਨੁ ਤਨੁ ਪ੍ਰਾਨ ਧਰੀ ਤਿਸੁ ਆਗੈ ਨਾਨਕ ਆਪੁ ਗਵਾਈ ॥੪॥੭॥}

(ਅੰਗ - ੧੨੬੦)

{ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥
ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥੨॥}

(ਅੰਗ - ੧੨੬੦)

{ਆਪੇ ਸਾਜੇ ਸਭ ਕਾਰੈ ਲਾਏ ਸੋ ਸਚੁ ਰਹਿਆ ਸਮਾਈ ॥
ਨਾਨਕ ਨਾਮ ਬਿਨਾ ਕੋਈ ਕਿਛੁ ਨਾਹੀ ਨਾਮੇ ਦੇਇ ਵਡਾਈ ॥੪॥੮॥}

(ਅੰਗ - ੧੨੬੦)

{ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ ॥
ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ ॥੧॥}

(ਅੰਗ - ੧੨੬੦)

{ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥}

(ਅੰਗ - ੧੨੬੦)

{ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ ॥
ਹਰਿ ਜਨ ਕਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ ॥੩॥}

(ਅੰਗ - ੧੨੬੦)

{ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ ਰਹਾਉ ॥}

(ਅੰਗ - ੧੨੬੧)

{ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥ ਅਨਦਿਨੁ ਏਕੋ ਨਾਮੁ ਵਖਾਣੈ ॥}

(ਅੰਗ - ੧੨੬੧)

{ਭ੍ਰਮਿ ਭ੍ਰਮਿ ਜੋਨਿ ਮਨਮੁਖ ਭਰਮਾਈ ॥ ਜਮਕਾਲੁ ਮਾਰੇ ਨਿਤ ਪਤਿ ਗਵਾਈ ॥}

(ਅੰਗ - ੧੨੬੧)

{ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥ ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥੧॥ ਰਹਾਉ ॥}

(ਅੰਗ - ੧੨੬੧)

{ਹਉਮੈ ਮਮਤਾ ਬਹੁ ਮੋਹੁ ਵਧਾਇਆ ॥ ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥੩॥}

(ਅੰਗ - ੧੨੬੧)

{ਆਪੇ ਕਰਤਾ ਅਗਮ ਅਥਾਹਾ ॥ ਗੁਰ ਸਬਦੀ ਜਪੀਐ ਸਚੁ ਲਾਹਾ ॥
ਹਾਜਰੁ ਹਜੂਰਿ ਹਰਿ ਵੇਪਰਵਾਹਾ ॥ ਨਾਨਕ ਗੁਰਮੁਖਿ ਨਾਮਿ ਸਮਾਹਾ ॥੪॥੨॥੧੧॥}

(ਅੰਗ - ੧੨੬੧)

{ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥
ਗੁਰ ਕਾ ਸਬਦੁ ਮਹਾ ਰਸੁ ਮੀਠਾ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥}

(ਅੰਗ - ੧੨੬੨)

{ਜੀਵਤ ਮੁਕਤ ਗੁਰਮਤੀ ਲਾਗੇ ॥ ਹਰਿ ਕੀ ਭਗਤਿ ਅਨਦਿਨੁ ਸਦ ਜਾਗੇ ॥}

(ਅੰਗ - ੧੨੬੨)

{ਸਤਿਗੁਰੁ ਸੇਵਹਿ ਆਪੁ ਗਵਾਇ ॥ ਹਉ ਤਿਨ ਜਨ ਕੇ ਸਦ ਲਾਗਉ ਪਾਇ ॥੧॥}

(ਅੰਗ - ੧੨੬੨)

{ਮਾਇਆ ਮੋਹੁ ਅਗਿਆਨੁ ਗੁਬਾਰੁ ॥ ਮਨਮੁਖ ਮੋਹੇ ਮੁਗਧ ਗਵਾਰ ॥}

(ਅੰਗ - ੧੨੬੨)

{ਗੁਰਮੁਖਿ ਰਾਮ ਨਾਮਿ ਲਿਵ ਲਾਈ ॥ ਕੂੜੈ ਲਾਲਚਿ ਨਾ ਲਪਟਾਈ ॥}

(ਅੰਗ - ੧੨੬੨)

{ਬੰਧਨ ਤੋੜੇ ਮੁਕਤਿ ਘਰਿ ਰਹੈ ॥ ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥}

(ਅੰਗ - ੧੨੬੨)

{ਮੇਰੇ ਮਨ ਕਾਹੇ ਰੋਸੁ ਕਰੀਜੈ ॥ ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ ॥੧॥ਰਹਾਉ॥}

(ਅੰਗ - ੧੨੬੨)

{ਨਾਮਹੀਣੁ ਬਿਨਸੈ ਦੁਖੁ ਪਾਇ ॥ ਤ੍ਰਿਸਨਾ ਜਲਿਆ ਭੂਖ ਨ ਜਾਇ ॥}

(ਅੰਗ - ੧੨੬੨)

{ਬਿਖਿਆ ਮੈਲੁ ਬਿਖਿਆ ਵਾਪਾਰੁ ॥ ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥}

(ਅੰਗ - ੧੨੬੨)

{ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥}

(ਅੰਗ - ੧੨੬੨)

{ਅਨਦਿਨੁ ਹਰਿ ਹਰਿ ਧਿਆਇਓ ਹਿਰਦੈ ਮਤਿ ਗੁਰਮਤਿ ਦੂਖ ਵਿਸਾਰੀ ॥

ਸਭ ਆਸਾ ਮਨਸਾ ਬੰਧਨ ਤੂਟੇ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥}

(ਅੰਗ - ੧੨੬੨)

{ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥}

(ਅੰਗ - ੧੨੬੨)

{ਤੀਰਥਿ ਅਠਸਠਿ ਮਜਨੁ ਨਾਈ ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇੜੀ ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥}

(ਅੰਗ - ੧੨੬੩)

{ਤਿਸੁ ਜਨ ਕੇ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ ॥
ਹਰਿ ਜਨ ਕਉ ਮਿਲਿਆਂ ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ ॥੨॥}

(ਅੰਗ - ੧੨੬੩)

{ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥੩॥}

(ਅੰਗ - ੧੨੬੪)

{ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥
ਤਿਨ੍ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ ॥੧॥ ਰਹਾਉ ॥}

(ਅੰਗ - ੧੨੬੪)

{ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥
ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥੩॥}

(ਅੰਗ - ੧੨੬੪)

{ਤੁਧੁ ਆਪੇ ਆਪਿ ਉਪਾਇਆ ਸਭੁ ਜਗੁ ਤੁਧੁ ਆਪੇ ਵਸਿ ਕਰਿ ਲਇਆ ॥
ਜਨ ਨਾਨਕ ਕਉ ਪ੍ਰਭਿ ਕਿਰਪਾ ਧਾਰੀ ਬਿਖੁ ਡੁਬਦਾ ਕਾਢਿ ਲਇਆ ॥੪॥੬॥}

(ਅੰਗ - ੧੨੬੪)

{ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥
ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥}

(ਅੰਗ - ੧੨੬੫)

{ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ ॥
ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗੁ ਜੀਵਣੁ ਧ੍ਰਿਗੁ ਖਾਈ ॥੧॥}

(ਅੰਗ - ੧੨੬੫)

{ਪ੍ਰਾਣੀ ਗੁਰਮੁਖਿ ਨਾਮੁ ਧਿਆਈ ॥
ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ ॥੧॥ ਰਹਾਉ ॥}

(ਅੰਗ - ੧੨੬੫)

{ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥

ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥}

(ਅੰਗ - ੧੨੬੫)

{ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ ॥
ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥੩॥}

(ਅੰਗ - ੧੨੬੫)

{ਸਤਿਗੁਰ ਤੇ ਹਰਿ ਹਰਿ ਮਨਿ ਵਸਿਆ ਸਤਿਗੁਰ ਕਉ ਸਦ ਬਲਿ ਜਾਈ ॥
ਮਨੁ ਤਨੁ ਅਰਪਿ ਰਖਉ ਸਭੁ ਆਗੈ ਗੁਰ ਚਰਣੀ ਚਿਤੁ ਲਾਈ ॥}

(ਅੰਗ - ੧੨੬੫)

{ਅਪਣੀ ਕ੍ਰਿਪਾ ਕਰਹੁ ਗੁਰ ਪੂਰੇ ਆਪੇ ਲੈਹੁ ਮਿਲਾਈ ॥
ਹਮ ਲੋਹ ਗੁਰ ਨਾਵ ਬੋਹਿਥਾ ਨਾਨਕ ਪਾਰਿ ਲੰਘਾਈ ॥੪॥੭॥}

(ਅੰਗ - ੧੨੬੫)

{ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥੩॥}

(ਅੰਗ - ੧੨੬੬)

{ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥
ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ ॥੩॥}

(ਅੰਗ - ੧੨੬੬)

{ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥
ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧॥}

(ਅੰਗ - ੧੨੬੬)

{ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥
ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ ॥੩॥੪॥}

(ਅੰਗ - ੧੨੬੭)

{ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ ॥
ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ ॥੧॥}

(ਅੰਗ - ੧੨੬੭)

{ਦੁਸਮਨ ਹਤੇ ਦੋਖੀ ਸਭਿ ਵਿਆਪੇ ਹਰਿ ਸਰਣਾਈ ਆਇਆ ॥
ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ ॥੧॥}

(ਅੰਗ - ੧੨੬੮)

{ਕਰਿ ਕਿਰਪਾ ਕਿਲਵਿਖ ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ ॥
ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖ ਨ ਬੀਆ ॥੨॥੪॥੮॥}

(ਅੰਗ - ੧੨੬੮)

{ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ ॥

ਨਾਮ ਅਧਾਰੁ ਜੀਵਨ ਧਨੁ ਨਾਨਕ ਪ੍ਰਭ ਮੇਰੇ ਕਿਰਪਾ ਕੀਜੈ ॥੨॥੫॥੯॥}

(ਅੰਗ - ੧੨੬੮)

{ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ ॥
ਅੰਗੀਕਾਰੁ ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥੨॥੭॥੧੧॥}

(ਅੰਗ - ੧੨੬੮)

{ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ ॥
ਦੀਨ ਦਇਆਲ ਜਪਹਿ ਕਰੁਣਾ ਮੈ ਨਾਨਕ ਸਦ ਬਲਿਹਾਰੇ ॥੨॥੯॥੧੩॥}

(ਅੰਗ - ੧੨੬੯)

{ਆਜੁ ਮੈ ਬੈਸਿਓ ਹਰਿ ਹਾਟ ॥ ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ ॥੧॥ ਰਹਾਉ ॥}

(ਅੰਗ - ੧੨੬੯)

{ਧਾਰਿ ਅਨੁਗ੍ਰਹੁ ਪਾਰਬ੍ਰਹਮਿ ਰਾਖੇ ਭ੍ਰਮ ਕੇ ਖੁਲ੍ਹੇ ਕਪਾਟ ॥
ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ ॥੧॥}

(ਅੰਗ - ੧੨੬੯)

{ਸਰਨਿ ਗਹੀ ਅਚੁਤ ਅਬਿਨਾਸੀ ਕਿਲਬਿਖ ਕਾਢੇ ਹੈ ਛਾਂਟਿ ॥
ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ ਮਾਟ ॥੨॥੧੦॥੧੪॥}

(ਅੰਗ - ੧੨੬੯)

{ਬਹੁ ਬਿਧਿ ਮਾਇਆ ਮੋਹ ਹਿਰਾਨੋ ॥ ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥੧॥ ਰਹਾਉ ॥}

(ਅੰਗ - ੧੨੬੯)

{ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ ॥
ਲੋਗ ਦੁਰਾਇ ਕਰਤ ਠਗਿਆਈ ਹੋਤੋਂ ਸੰਗਿ ਨ ਜਾਨੋ ॥੧॥}

(ਅੰਗ - ੧੨੬੯)

{ਦੁਸਟ ਮੁਏ ਬਿਖੁ ਖਾਈ ਰੀ ਮਾਈ ॥
ਜਿਸ ਕੇ ਜੀਅ ਤਿਨ ਹੀ ਰਖਿ ਲੀਨੇ ਮੇਰੇ ਪ੍ਰਭ ਕਉ ਕਿਰਪਾ ਆਈ ॥੧॥ ਰਹਾਉ ॥}

(ਅੰਗ - ੧੨੬੯)

{ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥ ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥}

(ਅੰਗ - ੧੨੭੦)

{ਗੁਰਮੁਖਿ ਨਾਦ ਬੇਦ ਬੀਚਾਰੁ ॥ ਬਿਨੁ ਗੁਰ ਪੂਰੇ ਘੋਰ ਅੰਧਾਰੁ ॥੧॥}

(ਅੰਗ - ੧੨੭੦)

{ਗੁਰ ਕੀ ਧੂੜਿ ਕਰਉ ਇਸਨਾਨੁ ॥ ਸਾਚੀ ਦਰਗਹ ਪਾਈਐ ਮਾਨੁ ॥੨॥}

(ਅੰਗ - ੧੨੭੦)

{ਗੁਰੁ ਮੇਰੀ ਜੀਵਨਿ ਗੁਰੁ ਆਧਾਰੁ ॥ ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ ॥}

(ਅੰਗ - ੧੨੭੦)

{ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥}

(ਅੰਗ - ੧੨੭੦)

{ਜਪਿ ਜਪਿ ਜੀਵਹਿ ਤੇਰਾ ਨਾਂਉ ॥ ਤੁਝ ਬਿਨੁ ਦੂਜਾ ਨਾਹੀ ਥਾਉ ॥੨॥}

(ਅੰਗ - ੧੨੭੦)

{ਸਦਾ ਸਦਾ ਮਨ ਨਾਮੁ ਸਮ੍ਹਾਲਿ ॥ ਗੁਰ ਪੂਰੇ ਕੀ ਸੇਵਾ ਪਾਇਆ ਐਥੈ ਓਥੈ ਨਿਬਹੈ ਨਾਲਿ ॥੧॥ ਰਹਾਉ ॥}

(ਅੰਗ - ੧੨੭੧)

{ਕਾਲੁ ਗਵਾਇਆ ਕਰਤੈ ਆਪਿ ॥ ਸਦਾ ਸਦਾ ਮਨ ਤਿਸ ਨੋ ਜਾਪਿ ॥}

(ਅੰਗ - ੧੨੭੧)

{ਏਕੋ ਕਰਤਾ ਆਪੇ ਆਪ ॥ ਹਰਿ ਕੇ ਭਗਤ ਜਾਣਹਿ ਪਰਤਾਪ ॥}

(ਅੰਗ - ੧੨੭੧)

{ਨਾਵੈ ਕੀ ਪੈਜ ਰਖਦਾ ਆਇਆ ॥ ਨਾਨਕੁ ਬੋਲੈ ਤਿਸ ਕਾ ਬੋਲਾਇਆ ॥੪॥੩॥੨੧॥}

(ਅੰਗ - ੧੨੭੧)

{ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥੨॥}

(ਅੰਗ - ੧੨੭੧)

{ਗੁਰ ਕੀ ਮਹਿਮਾ ਕਥਨੁ ਨ ਜਾਇ ॥ ਗੁਰੁ ਪਰਮੇਸਰੁ ਸਾਚੈ ਨਾਇ ॥}

(ਅੰਗ - ੧੨੭੧)

{ਸਚੁ ਸੰਜਮੁ ਕਰਣੀ ਸਭੁ ਸਾਚੀ ॥ ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥੩॥}

(ਅੰਗ - ੧੨੭੧)

{ਗੁਰੁ ਪੂਰਾ ਪਾਈਐ ਵਡ ਭਾਗਿ ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥}

(ਅੰਗ - ੧੨੭੧)

{ਕਰਿ ਕਿਰਪਾ ਗੁਰ ਚਰਣ ਨਿਵਾਸਿ ॥ ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥}

(ਅੰਗ - ੧੨੭੧)

{ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ ॥ ਕੀਨੋ ਰੀ ਸਗਲ ਸੰਗੀਆਰ ॥
ਤਜਿਓ ਰੀ ਸਗਲ ਬਿਕਾਰ ॥ ਧਾਵਤੋ ਅਸਥਿਰੁ ਥੀਆ ॥੧॥ ਰਹਾਉ ॥}

(ਅੰਗ - ੧੨੭੧)

{ਤਿਆਗਿ ਮਾਇਆ ਧੋਹ ॥ ਮਿਲਿ ਸੰਤ ਨਾਨਕ ਜਾਗਿਆ ॥੨॥੫॥੨੭॥}

(ਅੰਗ - ੧੨੭੨)

{ਛੋਡਿ ਮਾਨੁ ਤਜਿ ਗੁਮਾਨੁ ਮਿਲਿ ਸਾਧੂਆ ਕੈ ਸੰਗਿ ॥ ਹਰਿ ਸਿਮਰਿ ਏਕ ਰੰਗਿ ਮਿਟਿ ਜਾਂਹਿ ਦੋਖ ਮੀਤ ॥੧॥}

(ਅੰਗ - ੧੨੭੨)

{ਪਾਰਬ੍ਰਹਮ ਭਏ ਦਇਆਲ ॥ ਬਿਨਸਿ ਗਏ ਬਿਖੈ ਜੰਜਾਲ ॥}

(ਅੰਗ - ੧੨੭੨)

{ਸਾਧ ਜਨਾਂ ਕੈ ਚਰਨ ਲਾਗਿ ॥ ਨਾਨਕ ਗਾਵੈ ਗੋਬਿੰਦ ਨੀਤ ॥੨॥੬॥੨੮॥}

(ਅੰਗ - ੧੨੭੨)

{ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ ॥
ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ ॥੨॥}

(ਅੰਗ - ੧੨੭੨)

{ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ ॥
ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ ॥੫॥}

(ਅੰਗ - ੧੨੭੩)

{ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥
ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥੭॥}

(ਅੰਗ - ੧੨੭੩)

{ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈ ॥
ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ॥੮॥੧॥}

(ਅੰਗ - ੧੨੭੩)

{ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥
ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥}

(ਅੰਗ - ੧੨੭੩)

{ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥
ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥}

(ਅੰਗ - ੧੨੭੪)

{ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥
ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ॥੧੦॥੩॥}

(ਅੰਗ - ੧੨੭੪)

{ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥ ਮਾਰਗੁ ਮੁਕਤਾ ਹਉਮੈ ਮਾਰਿ ॥੧॥}

(ਅੰਗ - ੧੨੭੪)

{ਮੈ ਅੰਧੁਲੇ ਨਾਵੈ ਕੀ ਜੋਤਿ ॥ ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ ॥੧॥ ਰਹਾਉ ॥}

(ਅੰਗ - ੧੨੭੪)

{ਸਤਿਗੁਰ ਸਬਦੀ ਪਾਧਰੁ ਜਾਣਿ ॥ ਗੁਰ ਕੈ ਤਕੀਐ ਸਾਚੈ ਤਾਣਿ ॥}

(ਅੰਗ - ੧੨੭੪)

{ਕਰਣ ਪਲਾਵ ਕਰੈ ਬਿਲਲਾਤਉ ਬਿਨੁ ਗੁਰ ਨਾਮੁ ਨ ਜਾਪੈ ॥
ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਞਾਪੈ ॥੪॥}

(ਅੰਗ - ੧੨੭੪)

{ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥
ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥}

(ਅੰਗ - ੧੨੭੫)

{ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥੬॥}

(ਅੰਗ - ੧੨੭੫)

{ਜਾਂਮਣੁ ਮਰਣਾ ਦੀਸੈ ਸਿਰਿ ਊਭੌ ਖੁਧਿਆ ਨਿਦ੍ਰਾ ਕਾਲੰ ॥
ਨਾਨਕ ਨਾਮੁ ਮਿਲੈ ਮਨਿ ਭਾਵੈ ਸਾਚੀ ਨਦਰਿ ਰਸਾਲੰ ॥੮॥੧॥੪॥}

(ਅੰਗ - ੧੨੭੫)

{ਸਤਿਗੁਰੁ ਸੇਵਿ ਤੂਟੈ ਜਮਕਾਲੁ ॥ ਹਿਰਦੈ ਸਾਚਾ ਸਬਦੁ ਸਮ੍ਾਲੁ ॥੬॥}

(ਅੰਗ - ੧੨੭੫)

{ਗੁਰਮਤਿ ਸਾਚੀ ਸਬਦੁ ਹੈ ਸਾਰੁ ॥ ਹਰਿ ਕਾ ਨਾਮੁ ਰਖੈ ਉਰਿ ਧਾਰਿ ॥੭॥}

(ਅੰਗ - ੧੨੭੫)

{ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥ ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ॥੨॥}

(ਅੰਗ - ੧੨੭੬)

{ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥
ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥੩॥}

(ਅੰਗ - ੧੨੭੬)

{ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥}

(ਅੰਗ - ੧੨੭੬)

{ਧਾਤੁਰ ਬਾਜੀ ਸੰਸਾਰੁ ਅਚੇਤੁ ਹੈ ਚਲੈ ਮੂਲੁ ਗਵਾਇ॥ ਲਾਹਾ ਹਰਿ ਸਤਸੰਗਤਿ ਪਾਈਐ ਕਰਮੀ ਪਲੈ ਪਾਇ॥੫॥}

(ਅੰਗ - ੧੨੭੬)

{ਹਰਿ ਨਾਮਾਂ ਹਰਿ ਟੇਕ ਹੈ ਹਰਿ ਹਰਿ ਨਾਮੁ ਅਧਾਰੁ ॥
ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ ਪਾਵਉ ਮੋਖ ਦੁਆਰੁ ॥੭॥}

(ਅੰਗ - ੧੨੭੬)

{ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥ ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥}

(ਅੰਗ - ੧੨੭੭)

{ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ॥ ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ॥
ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥}

(ਅੰਗ - ੧੨੭੭)

{ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ ॥ ਦੁਖੁ ਪਲ੍ਰਿ ਹਰਿ ਨਾਮੁ ਵਸਾਏ ॥}

(ਅੰਗ - ੧੨੭੭)

{ਸਾਚੀ ਗਤਿ ਸਾਚੈ ਚਿਤੁ ਲਾਏ ॥ ਗੁਰ ਕੀ ਬਾਣੀ ਸਬਦਿ ਸੁਣਾਏ ॥੧॥}

(ਅੰਗ - ੧੨੭੭)

{ਬਿਨੁ ਪਿਰ ਕਾਮਣਿ ਕਰੇ ਸੰਗੀਗਾਰੁ ॥ ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥}

(ਅੰਗ - ੧੨੭੭)

{ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥}

(ਅੰਗ - ੧੨੭੭)

{ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ ਸਬਦੇ ਪਿਰੁ ਰਾਖਿਆ ਉਰ ਧਾਰਿ ॥}

(ਅੰਗ - ੧੨੭੭)

{ਏਕੁ ਪਛਾਣੈ ਹਉਮੈ ਮਾਰਿ ॥ ਸੋਭਾਵੰਤੀ ਕਹੀਐ ਨਾਰਿ ॥੩॥}

(ਅੰਗ - ੧੨੭੭)

{ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ ਮਨਮੁਖ ਲੋਭਿ ਦੂਜੈ ਲੋਭਾਇਆ ॥}

(ਅੰਗ - ੧੨੭੭)

{ਕਹਿ ਕਹਿ ਕਹਣੁ ਕਹੈ ਸਭੁ ਕੋਇ ॥ ਬਿਨੁ ਮਨ ਮੂਏ ਭਗਤਿ ਨ ਹੋਇ ॥}

(ਅੰਗ - ੧੨੭੭)

{ਗਿਆਨ ਮਤੀ ਕਮਲ ਪਰਗਾਸੁ ॥ ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥}

(ਅੰਗ - ੧੨੭੭)

{ਹਉਮੈ ਭਗਤਿ ਕਰੇ ਸਭੁ ਕੋਇ ॥ ਨਾ ਮਨੁ ਭੀਜੈ ਨਾ ਸੁਖੁ ਹੋਇ ॥}

(ਅੰਗ - ੧੨੭੭)

{ਕਹਿ ਕਹਿ ਕਹਣੁ ਆਪੁ ਜਾਣਾਏ ॥ ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥}

(ਅੰਗ - ੧੨੭੭)

{ਸੇ ਭਗਤ ਸਤਿਗੁਰ ਮਨਿ ਭਾਏ ॥ ਅਨਦਿਨੁ ਨਾਮਿ ਰਹੇ ਲਿਵ ਲਾਏ ॥}

(ਅੰਗ - ੧੨੭੭)

{ਸਦ ਹੀ ਨਾਮੁ ਵੇਖਹਿ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥}

(ਅੰਗ - ੧੨੭੭)

{ਹਰਿ ਚਰਨ ਕਮਲ ਮਨੁ ਲੀਨਾ ॥ ਪ੍ਰਭ ਜਲ ਜਨ ਤੇਰੇ ਮੀਨਾ ॥
ਜਲ ਮੀਨ ਪ੍ਰਭ ਜੀਉ ਏਕ ਤੂਹੈ ਭਿੰਨ ਆਨ ਨ ਜਾਨੀਐ ॥
ਗਹਿ ਭੁਜਾ ਲੇਵਹੁ ਨਾਮੁ ਦੇਵਹੁ ਤਉ ਪ੍ਰਸਾਦੀ ਮਾਨੀਐ ॥}

(ਅੰਗ - ੧੨੭੮)

{ਮਿਲਿ ਸੰਗਿ ਸੋਹੇ ਦੇਖਿ ਮੋਹੇ ਪੁਰਬਿ ਲਿਖਿਆ ਪਾਇਆ ॥
ਬਿਨਵੰਤਿ ਨਾਨਕ ਸਰਨਿ ਤਿਨ ਕੀ ਜਿਨ੍ੀ ਹਰਿ ਹਰਿ ਧਿਆਇਆ ॥੪॥੧॥}

(ਅੰਗ - ੧੨੭੮)

{ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥ ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥}

(ਅੰਗ - ੧੨੭੮)

{ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥
ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥}

(ਅੰਗ - ੧੨੭੮)

{ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥}

(ਅੰਗ - ੧੨੭੯)

{ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥}

(ਅੰਗ - ੧੨੭੯)

{ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ ਸਚੇ ਹੀ ਪਤੀਆਇ ਸਚਿ ਸਮਾਇਆ ॥੨॥}

(ਅੰਗ - ੧੨੭੯)

{ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥ ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ॥੧॥}

(ਅੰਗ - ੧੨੮੦)

{ਰੰਗੁ ਰਹਿਆ ਤਿਨ੍ ਕਾਮਣੀ ਜਿਨ੍ ਮਨਿ ਭਉ ਭਾਉ ਹੋਇ ॥
ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ ॥੧॥}

(ਅੰਗ - ੧੨੮੦)

{ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥
ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ ॥}

(ਅੰਗ - ੧੨੮੦)

{ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ ॥ ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥}

(ਅੰਗ - ੧੨੮੦)

{ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ ਸਤਿਗੁਰੁ ਸੇਵਨਿ ਆਪਣਾ ਤਿਨ੍ਾ ਵਿਟਹੁ ਹਉ ਵਾਰਿਆ॥੫॥}

(ਅੰਗ - ੧੨੮੦)

{ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥ ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥੧॥}

(ਅੰਗ - ੧੨੮੦)

{ਹਰਿ ਜੀਉ ਸਚਾ ਸਚੁ ਤੂ ਸਚੇ ਲੈਹਿ ਮਿਲਾਇ ॥ ਦੂਜੇ ਦੂਜੀ ਤਰਫ ਹੈ ਕੂੜਿ ਮਿਲੈ ਨ ਮਿਲਿਆ ਜਾਇ ॥}

(ਅੰਗ - ੧੨੮੧)

{ਸੇ ਸੁਖੀਏ ਸਦਾ ਸੋਹਣੇ ਜਿਨ੍ ਵਿਚਹੁ ਆਪੁ ਗਵਾਇ ॥
ਤਿਨ੍ ਸੋਗੁ ਵਿਜੋਗੁ ਕਦੇ ਨਹੀ ਜੋ ਹਰਿ ਕੈ ਅੰਕਿ ਸਮਾਇ ॥੭॥}

(ਅੰਗ - ੧੨੮੧)

{ਗੁਰਮੁਖਿ ਜਿਨ੍ੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ ॥
ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ ॥}

(ਅੰਗ - ੧੨੮੧)

{ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ ॥੨॥}

(ਅੰਗ - ੧੨੮੧)

{ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ ॥ ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ॥}

(ਅੰਗ - ੧੨੮੨)

{ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ ॥
ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ ॥}

(ਅੰਗ - ੧੨੮੨)

{ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ ॥
ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ ॥੮॥}

(ਅੰਗ - ੧੨੮੨)

{ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ ॥੧॥}

(ਅੰਗ - ੧੨੮੨)

{ਅਗਨਿ ਉਪਾਈ ਵਾਦੁ ਭੁਖ ਤਿਹਾਇਆ ॥
ਦੁਨੀਆ ਕੈ ਸਿਰਿ ਕਾਲੁ ਦੂਜਾ ਭਾਇਆ ॥ ਰਖੈ ਰਖਣਹਾਰੁ ਜਿਨਿ ਸਬਦੁ ਬੁਝਾਇਆ ॥੯॥}

(ਅੰਗ - ੧੨੮੨)

{ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥
ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ ॥}

(ਅੰਗ - ੧੨੮੩)

{ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ ॥ ਕਟੇ ਪਾਪ ਅਸੰਖ ਨਾਵੈ ਇਕ ਕਣੀ ॥੧੧॥}

(ਅੰਗ - ੧੨੮੩)

{ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ ॥
ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ ॥੨॥}

(ਅੰਗ - ੧੨੮੩)

{ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ ॥ ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁ ਹੋਈ ॥੧੨॥}

(ਅੰਗ - ੧੨੮੩)

{ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ ॥ ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ ॥}

(ਅੰਗ - ੧੨੮੩)

{ਆਪੇ ਜਗਤੁ ਉਪਾਇ ਕੈ ਗੁਣ ਅਉਗਣ ਕਰੇ ਬੀਚਾਰੁ ॥ ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥}

(ਅੰਗ - ੧੨੮੪)

{ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥ ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥}

(ਅੰਗ - ੧੨੮੪)

{ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ ॥
ਜਿਨੀ ਪੁਰਖੀ ਉਰਿ ਧਾਰਿਆ ਸਚਾ ਅਲਖ ਅਪਾਰੁ ॥}

(ਅੰਗ - ੧੨੮੪)

{ਤੂ ਗੁਣਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ ॥ ਜਿਸੁ ਬਖਸੇ ਸੋ ਪਾਇਸੀ ਗੁਰ ਸਬਦੀ ਵੀਚਾਰੁ ॥੧੩॥}

(ਅੰਗ - ੧੨੮੪)

{ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥ ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥}

(ਅੰਗ - ੧੨੮੪)

{ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥ ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥}

(ਅੰਗ - ੧੨੮੪)

{ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ ॥ ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥੧੪॥}

(ਅੰਗ - ੧੨੮੪)

{ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ ॥ ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥}

(ਅੰਗ - ੧੨੮੪)

{ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ ॥
ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥੧॥}

(ਅੰਗ - ੧੨੮੪)

{ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ ॥
ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ ॥}

(ਅੰਗ - ੧੨੮੪)

{ਨਦਰਿ ਕਰੇ ਜੇ ਆਪਣੀ ਤਾਂ ਸਤਿਗੁਰੁ ਮਿਲੈ ਸੁਭਾਇ ॥
ਨਾਨਕ ਸਤਿਗੁਰ ਤੇ ਅੰਮ੍ਰਿਤ ਜਲੁ ਪਾਇਆ ਸਹਜੇ ਰਹਿਆ ਸਮਾਇ ॥੨॥}

(ਅੰਗ - ੧੨੮੪)

{ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥ ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥

ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥}

(ਅੰਗ - ੧੨੮੫)

{ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ ॥
ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ ॥ ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ ॥੨॥}

(ਅੰਗ - ੧੨੮੫)

{ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥ ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥}

(ਅੰਗ - ੧੨੮੫)

{ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥}

(ਅੰਗ - ੧੨੮੫)

{ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥ ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥੧॥}

(ਅੰਗ - ੧੨੮੫)

{ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ ॥
ਨਾਨਕ ਪਿਰ ਕੀ ਸਾਰ ਨ ਜਾਣਈ ਸਭੁ ਸੀਗਾਰੁ ਖੁਆਰੁ ॥੨॥}

(ਅੰਗ - ੧੨੮੫)

{ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥ ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥
ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥ ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥}

(ਅੰਗ - ੧੨੮੫)

{ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥ ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥੧੭॥}

(ਅੰਗ - ੧੨੮੫)

{ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥
ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥}

(ਅੰਗ - ੧੨੮੫)

{ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥ ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥}

(ਅੰਗ - ੧੨੮੫)

{ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥
ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥}

(ਅੰਗ - ੧੨੮੫)

{ਗੁਰਮੁਖਿ ਸਬਦੁ ਸਮ੍ਹਾਲੀਐ ਸਚੇ ਕੇ ਗੁਣ ਗਾਉ ॥ ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ ॥੨॥}

(ਅੰਗ - ੧੨੮੬)

{ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥}

(ਅੰਗ - ੧੨੮੬)

{ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥ ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥}

(ਅੰਗ - ੧੨੮੬)

{ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥ ਦਰਿ ਸਚੈ ਸਚਿਆਰੁ ਸਚਾ ਆਇਆ ॥}

(ਅੰਗ - ੧੨੮੬)

{ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥ ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥}

(ਅੰਗ - ੧੨੮੬)

{ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥}

(ਅੰਗ - ੧੨੮੬)

{ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥
ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥}

(ਅੰਗ - ੧੨੮੬)

{ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥
ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥}

(ਅੰਗ - ੧੨੮੬)

{ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ॥
ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥੧੯॥}

(ਅੰਗ - ੧੨੮੬)

{ਮਨਿ ਮੁਖਿ ਗਲਾ ਗੋਈਆ ਕੀਤਾ ਚਾਉ ਰਲੀ ॥ ਨਾਨਕ ਸਚੇ ਨਾਮ ਬਿਨੁ ਸਿਰ ਖੁਰ ਪਤਿ ਪਾਟੀ ॥੨॥}

(ਅੰਗ - ੧੨੮੭)

{ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥
ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ ॥}

(ਅੰਗ - ੧੨੮੭)

{ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ ॥੨੦॥}

(ਅੰਗ - ੧੨੮੭)

{ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥ ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥}

(ਅੰਗ - ੧੨੮੭)

{ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥ ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥}

(ਅੰਗ - ੧੨੮੭)

{ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥}

(ਅੰਗ - ੧੨੮੭)

{ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥ ਚੋਰ ਜਾਰ ਜੂਆਰ ਪੀੜੇ ਘਾਣੀਐ ॥}

(ਅੰਗ - ੧੨੮੭)

{ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥ ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥}

(ਅੰਗ - ੧੨੮੭)

{ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥}

(ਅੰਗ - ੧੨੮੮)

{ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ੀ ਕਮਾਣਾ ਨਾਉ ॥ ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥}

(ਅੰਗ - ੧੨੮੮)

{ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥}

(ਅੰਗ - ੧੨੮੮)

{ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥}

(ਅੰਗ - ੧੨੮੮)

{ਏਨਾ ਠਗਨ੍ਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥}

(ਅੰਗ - ੧੨੮੮)

{ਅਕਥ ਕੀ ਕਥਾ ਸੁਣੇਇ ॥ ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥੧॥}

(ਅੰਗ - ੧੨੮੯)

{ਹੁਕਮੈ ਬੂਝੈ ਤਤੁ ਪਛਾਣੈ ॥ ਇਹੁ ਪਰਸਾਦੁ ਗੁਰੂ ਤੇ ਜਾਣੈ ॥}

(ਅੰਗ - ੧੨੮੯)

{ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥}

(ਅੰਗ - ੧੨੮੯)

{ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥ ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥}

(ਅੰਗ - ੧੨੮੯)

{ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ॥ ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ॥੧॥}

(ਅੰਗ - ੧੨੮੯)

{ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥}

(ਅੰਗ - ੧੨੮੯)

{ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥}

(ਅੰਗ - ੧੨੯੦)

{ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥}

(ਅੰਗ - ੧੨੯੦)

{ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥}

(ਅੰਗ - ੧੨੯੦)

{ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥}

(ਅੰਗ - ੧੨੯੦)

{ਲਥੇ ਸਭਿ ਵਿਕਾਰ ਸਬਦਿ ਨੀਸਾਣਿਆ ॥ ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ॥}

(ਅੰਗ - ੧੨੯੧)

{ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥}

(ਅੰਗ - ੧੨੯੧)

{ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥
ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥ ਸੁਧੁ}

(ਅੰਗ - ੧੨੯੧)

{ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾ ਮਲੁ ਲਹੀਆ ॥
ਹਉਮੈ ਦੁਰਤੁ ਗਇਆ ਸਭੁ ਨੀਕਰਿ ਜਿਉ ਸਾਬੁਨਿ ਕਾਪਰੁ ਕਰਿਆ ॥੩॥}

(ਅੰਗ - ੧੨੯੪)

{ਜਪਿ ਮਨ ਰਾਮ ਨਾਮ ਪਰਗਾਸ ॥ ਹਰਿ ਕੇ ਸੰਤ ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ ਉਦਾਸ ॥੧॥ ਰਹਾਉ॥}

(ਅੰਗ - ੧੨੯੫)

{ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ ॥
ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ ਪਾਸ ॥੪॥੩॥}

(ਅੰਗ - ੧੨੯੫)

{ਮੇਰੈ ਮਨਿ ਰਾਮ ਨਾਮੁ ਜਪਿਓ ਗੁਰ ਵਾਕ ॥
ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ ਦੁਰਮਤਿ ਦੂਜਾ ਭਾਉ ਗਇਓ ਸਭ ਝਾਕ ॥੧॥ ਰਹਾਉ ॥}

(ਅੰਗ - ੧੨੯੫)

{ਨਾਨਾ ਰੂਪ ਰੰਗ ਹਰਿ ਕੇਰੇ ਘਟਿ ਘਟਿ ਰਾਮੁ ਰਵਿਓ ਗੁਪਲਾਕ ॥
ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ ॥੧॥}

(ਅੰਗ - ੧੨੯੫)

{ਮੇਰੇ ਮਨ ਹਰਿ ਹਰਿ ਰਾਮ ਨਾਮੁ ਜਪਿ ਚੀਤਿ ॥
ਹਰਿ ਹਰਿ ਵਸਤੁ ਮਾਣਿਆ ਗੜਿ ਵੇੜੀ ਗੁਰ ਕੈ ਸਬਦਿ ਲੀਓ ਗੜੁ ਜੀਤਿ ॥੧॥ ਰਹਾਉ ॥}

(ਅੰਗ - ੧੨੯੫)

{ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ ॥

ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ ॥੪॥੫॥}

(ਅੰਗ - ੧੨੯੫)

{ਸੁਆਮੀ ਅਭੈ ਨਿਰੰਜਨ ਨਰਹਰਿ ਤੁਮ੍ ਰਾਖਿ ਲੇਹੁ ਹਮ ਪਾਪੀ ਪਾਥ ॥
ਕਾਮ ਕ੍ਰੋਧ ਬਿਖਿਆ ਲੋਭਿ ਲੁਭਤੇ ਕਾਸਟ ਲੋਹ ਤਰੇ ਸੰਗਿ ਸਾਥ ॥੧॥}

(ਅੰਗ - ੧੨੯੬)

{ਹਰਿ ਤੁਮ ਵਡ ਵਡੇ ਵਡੇ ਵਡ ਊਚੇ ਸੋ ਕਰਹਿ ਜਿ ਤੁਧੁ ਭਾਵੀਸ ॥
ਜਨ ਨਾਨਕ ਅੰਮ੍ਰਿਤੁ ਪੀਆ ਗੁਰਮਤੀ ਧਨੁ ਧੰਨੁ ਧਨੁ ਧੰਨੁ ਗੁਰੂ ਸਾਬੀਸ ॥੨॥੨॥੮॥}

(ਅੰਗ - ੧੨੯੬)

{ਸਭ ਸਿਸਟਿ ਧਾਰ ਹਰਿ ਤੁਮ ਕਿਰਪਾਲ ਕਰਤਾ ਸਭੁ ਤੂ ਤੂ ਤੂ ਰਾਮ ਰਾਮ ਰਾਮ ॥
ਜਨ ਨਾਨਕੋ ਸਰਣਾਗਤੀ ਦੇਹੁ ਗੁਰਮਤੀ ਭਜੁ ਰਾਮ ਰਾਮ ਰਾਮ ॥੨॥੩॥੯॥}

(ਅੰਗ - ੧੨੯੭)

{ਬਿਖੁ ਮਾਇਆ ਸੰਚਿ ਬਹੁ ਚਿਤੈ ਬਿਕਾਰ ਸੁਖੁ ਪਾਈਐ ਹਰਿ ਭਜੁ ਸੰਤ ਸੰਤ ਸੰਗਤੀ ਮਿਲਿ ਸਤਿਗੁਰੂ ਗੁਰੁ ਸਾਧੋ॥
ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ ॥੧॥}

(ਅੰਗ - ੧੨੯੭)

{ਹਰਿ ਜਸੁ ਗਾਵਹੁ ਭਗਵਾਨ ॥ ਜਸੁ ਗਾਵਤ ਪਾਪ ਲਹਾਨ ॥}

(ਅੰਗ - ੧੨੯੭)

{ਮਤਿ ਗੁਰਮਤਿ ਸੁਨਿ ਜਸੁ ਕਾਨ ॥ ਹਰਿ ਹੋ ਹੋ ਕਿਰਪਾਨ ॥੧॥ ਰਹਾਉ ॥}

(ਅੰਗ - ੧੨੯੭)

{ਤੇਰੇ ਜਨ ਧਿਆਵਹਿ ਇਕ ਮਨਿ ਇਕ ਚਿਤਿ ਤੇ ਸਾਧੂ ਸੁਖ ਪਾਵਹਿ ਜਪਿ ਹਰਿ ਹਰਿ ਨਾਮੁ ਨਿਧਾਨ ॥
ਉਸਤਤਿ ਕਰਹਿ ਪ੍ਰਭ ਤੇਰੀਆ ਮਿਲਿ ਸਾਧੂ ਸਾਧ ਜਨਾ ਗੁਰ ਸਤਿਗੁਰੂ ਭਗਵਾਨ ॥੧॥}

(ਅੰਗ - ੧੨੯੭)

{ਗਾਈਐ ਗੁਣ ਗੋਪਾਲ ਕ੍ਰਿਪਾ ਨਿਧਿ ॥
ਦੁਖ ਬਿਦਾਰਨ ਸੁਖਦਾਤੇ ਸਤਿਗੁਰ ਜਾ ਕਉ ਭੇਟਤ ਹੋਇ ਸਗਲ ਸਿਧਿ ॥੧॥ ਰਹਾਉ ॥}

(ਅੰਗ - ੧੨੯੮)

{ਸਿਮਰਤ ਨਾਮੁ ਮਨਹਿ ਸਾਧਾਰੈ ॥ ਕੋਟਿ ਪਰਾਧੀ ਖਿਨ ਮਹਿ ਤਾਰੈ ॥੧॥}

(ਅੰਗ - ੧੨੯੮)

{ਤਾ ਕੈ ਹਿਰਦੈ ਬਸਿਓ ਨਾਮੁ ॥ ਜਾ ਕਉ ਸੁਆਮੀ ਕੀਨੋ ਦਾਨੁ ॥੧॥}

(ਅੰਗ - ੧੨੯੮)

{ਤਾ ਕੈ ਹਿਰਦੈ ਆਈ ਸਾਂਤਿ ॥ ਠਾਕੁਰ ਭੇਟੇ ਗੁਰ ਬਚਨਾਂਤਿ ॥੨॥}

(ਅੰਗ - ੧੨੯੮)

{ਸਰਬ ਕਲਾ ਸੋਈ ਪਰਬੀਨ ॥ ਨਾਮ ਮੰਤ੍ਰੁ ਜਾ ਕਉ ਗੁਰਿ ਦੀਨ ॥੩॥}

(ਅੰਗ - ੧੨੯੮)

{ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥ ਨਾਮੁ ਲੈਤ ਸਰਬ ਸੁਖ ਪਾਇਆ ॥੩॥}

(ਅੰਗ - ੧੨੯੮)

{ਅਗਿਆਨ ਭਰਮੁ ਬਿਨਸੈ ਦੁਖ ਡੇਰਾ ॥ ਜਾ ਕੈ ਹ੍ਰਿਦੈ ਬਸਹਿ ਗੁਰ ਪੈਰਾ ॥੩॥}

(ਅੰਗ - ੧੨੯੮)

{ਕਹਨ ਕਹਾਵਨ ਸਗਲ ਜੰਜਾਰ ॥ ਨਾਨਕ ਦਾਸ ਸਚੁ ਕਰਣੀ ਸਾਰ ॥੪॥੫॥}

(ਅੰਗ - ੧੨੯੯)

{ਅਸਥਿਤ ਭਏ ਬਸੇ ਸੁਖ ਥਾਨਾ ਬਹੁਰਿ ਨ ਕਤਹੂ ਧਾਇਓ ॥੩॥
ਸੰਤ ਪ੍ਰਸਾਦਿ ਤਰੇ ਕੁਲ ਲੋਗਾ ਨਾਨਕ ਲਿਪਤ ਨ ਮਾਇਓ ॥੪॥੭॥}

(ਅੰਗ - ੧੨੯੯)

{ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥}

(ਅੰਗ - ੧੨੯੯)

{ਤੁਮਰੀ ਦਇਆ ਮਇਆ ਸੁਖੁ ਪਾਵਉ ਹੋਹੁ ਕ੍ਰਿਪਾਲ ਤ ਭਉਜਲੁ ਤਰਨਾ ॥
ਅਭੈ ਦਾਨੁ ਨਾਮੁ ਹਰਿ ਪਾਇਓ ਸਿਰੁ ਡਾਰਿਓ ਨਾਨਕ ਸੰਤ ਚਰਨਾ ॥੨॥੯॥}

(ਅੰਗ - ੧੨੯੯)

{ਸਾਧ ਸਰਨਿ ਚਰਨ ਚਿਤੁ ਲਾਇਆ ॥
ਸੁਪਨ ਕੀ ਬਾਤ ਸੁਨੀ ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ ॥੧॥ ਰਹਾਉ ॥}

(ਅੰਗ - ੧੩੦੦)

{ਬਿਨੁ ਬੂਝੇ ਪਸੂ ਕੀ ਨਿਆਈ ਭ੍ਰਮਿ ਮੋਹਿ ਬਿਆਪਿਓ ਮਾਇਆ ॥
ਸਾਧਸੰਗਿ ਜਮ ਜੇਵਰੀ ਕਾਟੀ ਨਾਨਕ ਸਹਜਿ ਸਮਾਇਆ ॥੨॥੧੦॥}

(ਅੰਗ - ੧੩੦੦)

{ਪੁੰਨ ਦਾਨ ਅਨੇਕ ਕਿਰਿਆ ਸਾਧੂ ਸੰਗਿ ਸਮਾਇ ॥ ਤਾਪ ਸੰਤਾਪ ਮਿਟੇ ਨਾਨਕ ਬਾਹੁੜਿ ਕਾਲੁ ਨ ਖਾਇ॥੨॥੧੧॥}

(ਅੰਗ - ੧੩੦੦)

{ਕਥੀਐ ਸੰਤਸੰਗਿ ਪ੍ਰਭ ਗਿਆਨੁ ॥ ਪੂਰਨ ਪਰਮ ਜੋਤਿ ਪਰਮੇਸੁਰ ਸਿਮਰਤ ਪਾਈਐ ਮਾਨੁ ॥੧॥ ਰਹਾਉ ॥}

(ਅੰਗ - ੧੩੦੦)

{ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥੨॥੧॥੧੨॥}

(ਅੰਗ - ੧੩੦੦)

{ਸੰਤ ਰੇਨੁ ਨਿਤਿ ਮਜਨੁ ਕਰੈ ॥ ਜਨਮ ਜਨਮ ਕੇ ਕਿਲਬਿਖ ਹਰੈ ॥੧॥}

(ਅੰਗ - ੧੩੦੦)

{ਸੰਤ ਜਨਾ ਕੀ ਊਚੀ ਬਾਨੀ ॥ ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ ॥੨॥੨॥੧੩॥}

(ਅੰਗ - ੧੩੦੦)

{ਈਤ ਊਤ ਕਹਾ ਲੁੋਭਾਵਹਿ ਏਕ ਸਿਉ ਮਨੁ ਲਾਇ ॥੧॥
ਮਹਾ ਪਵਿਤ੍ਰ ਸੰਤ ਆਸਨੁ ਮਿਲਿ ਸੰਗਿ ਗੋਬਿਦੁ ਧਿਆਇ ॥੨॥}

(ਅੰਗ - ੧੩੦੦)

{ਸਗਲ ਤਿਆਗਿ ਸਰਨਿ ਆਇਓ ਨਾਨਕ ਲੇਹੁ ਮਿਲਾਇ ॥੩॥੩॥੧੪॥}

(ਅੰਗ - ੧੩੦੦)

{ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥੨॥
ਸੰਤ ਪ੍ਰਸਾਦਿ ਕਮਲੁ ਬਿਗਸੈ ਗੋਬਿੰਦ ਭਜਉ ਪੇਖਿ ਨੇਰੈ ॥੩॥}

(ਅੰਗ - ੧੩੦੧)

{ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ ॥੪॥੫॥੧੬॥}

(ਅੰਗ - ੧੩੦੧)

{ਚਰਨ ਸਰਨ ਗੋਪਾਲ ਤੇਰੀ ॥ ਮੋਹ ਮਾਨ ਧੋਹ ਭਰਮ ਰਾਖਿ ਲੀਜੈ ਕਾਟਿ ਬੇਰੀ ॥੧॥ ਰਹਾਉ ॥}

(ਅੰਗ - ੧੩੦੧)

{ਸੀਤਲਾ ਹਰਿ ਨਾਮੁ ਤੇਰਾ ॥ ਪੂਰਨੋ ਠਾਕੁਰ ਪ੍ਰਭੁ ਮੇਰਾ ॥੨॥}

(ਅੰਗ - ੧੩੦੧)

{ਮੋਹਿ ਅਨਾਥੁ ਦਾਸੁ ਜਨੁ ਤੇਰਾ ਅਵਰ ਓਟ ਸਗਲੀ ਮੋਹਿ ਤਿਆਗੀ ॥
ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ ॥੧॥}

(ਅੰਗ - ੧੩੦੧)

{ਕੁਚਿਲ ਕਠੋਰ ਕਪਟ ਕਾਮੀ ॥ ਜਿਉ ਜਾਨਹਿ ਤਿਉ ਤਾਰਿ ਸੁਆਮੀ ॥੧॥ ਰਹਾਉ ॥}

(ਅੰਗ - ੧੩੦੧)

{ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥
ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥੨॥੮॥੧੯॥}

(ਅੰਗ - ੧੩੦੧)

{ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ ॥
ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ ॥੧॥}

(ਅੰਗ - ੧੩੦੨)

{ਕਰਤ ਰਹੇ ਕ੍ਰਤਗ੍ਹ ਕਰੁਣਾ ਮੈ ਅੰਤਰਜਾਮੀ ਗ੍ਯਾਨ ॥
ਆਠ ਪਹਰ ਨਾਨਕ ਜਸੁ ਗਾਵੈ ਮਾਂਗਨ ਕਉ ਹਰਿ ਦਾਨ ॥੨॥੨॥੨੧॥}

(ਅੰਗ - ੧੩੦੨)

{ਕਹਨ ਕਹਾਵਨ ਕਉ ਕਈ ਕੇਤੈ ॥ ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥੧॥ ਰਹਾਉ ॥}

(ਅੰਗ - ੧੩੦੨)

{ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥ ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥}

(ਅੰਗ - ੧੩੦੨)

{ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨॥੩॥੨੨॥}

(ਅੰਗ - ੧੩੦੨)

{ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ ॥
ਕਾਟੇ ਅਗਿਆਨ ਭਰਮ ਮੋਹ ਮਾਇਆ ਲੀਓ ਕੰਠਿ ਲਗਾਇ ॥੨॥੪॥੨੩॥}

(ਅੰਗ - ੧੩੦੨)

{ਨਾਮੋ ਗਿਆਨੁ ਨਾਮੁ ਇਸਨਾਨਾ ਹਰਿ ਨਾਮੁ ਹਮਾਰੇ ਕਾਰਜ ਸਵਾਰੈ ॥
ਹਰਿ ਨਾਮੋ ਸੋਭਾ ਨਾਮੁ ਬਡਾਈ ਭਉਜਲੁ ਬਿਖਮੁ ਨਾਮੁ ਹਰਿ ਤਾਰੈ ॥੧॥}

(ਅੰਗ - ੧੩੦੨)

{ਅਗਮ ਪਦਾਰਥ ਲਾਲ ਅਮੋਲਾ ਭਇਓ ਪਰਾਪਤਿ ਗੁਰ ਚਰਨਾਰੈ ॥
ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ ਮਗਨ ਭਏ ਹੀਅਰੈ ਦਰਸਾਰੈ ॥੨॥੫॥੨੪॥}

(ਅੰਗ - ੧੩੦੨)

{ਸਾਜਨ ਮੀਤ ਸੁਆਮੀ ਨੇਰੋ ॥ ਪੇਖਤ ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ ਫੇਰੋ ॥੧॥ ਰਹਾਉ ॥}

(ਅੰਗ - ੧੩੦੨)

{ਅਟਕਿਓ ਸੁਤ ਬਨਿਤਾ ਸੰਗ ਮਾਇਆ ਦੇਵਨਹਾਰੁ ਦਾਤਾਰੁ ਬਿਸੇਰੋ ॥
ਕਹੁ ਨਾਨਕ ਏਕੈ ਭਾਰੋਸਉ ਬੰਧਨ ਕਾਟਨਹਾਰੁ ਗੁਰੁ ਮੇਰੋ ॥੨॥੬॥੨੫॥}

(ਅੰਗ - ੧੩੦੨)

{ਬਿਖੈ ਦਲੁ ਸੰਤਨਿ ਤੁਮ੍ਰੈ ਗਾਹਿਓ ॥ ਤੁਮਰੀ ਟੇਕ ਭਰੋਸਾ ਠਾਕੁਰ ਸਰਨਿ ਤੁਮ੍ਹਾਰੀ ਆਹਿਓ ॥੧॥ ਰਹਾਉ ॥}

(ਅੰਗ - ੧੩੦੩)

{ਜਨਮ ਜਨਮ ਕੇ ਮਹਾ ਪਰਾਛਤ ਦਰਸਨੁ ਭੇਟਿ ਮਿਟਾਹਿਓ ॥
ਭਇਓ ਪ੍ਰਗਾਸੁ ਅਨਦ ਉਜੀਆਰਾ ਸਹਜਿ ਸਮਾਧਿ ਸਮਾਹਿਓ ॥੧॥}

(ਅੰਗ - ੧੩੦੩)

{ਕਉਨੁ ਕਹੈ ਤੁਮ ਤੇ ਕਛੁ ਨਾਹੀ ਤੁਮ ਸਮਰਥ ਅਥਾਹਿਓ ॥
ਕ੍ਰਿਪਾ ਨਿਧਾਨ ਰੰਗ ਰੂਪ ਰਸ ਨਾਮੁ ਨਾਨਕ ਲੈ ਲਾਹਿਓ ॥੨॥੭॥੨੬॥}

(ਅੰਗ - ੧੩੦੩)

{ਬੂਡਤ ਪ੍ਰਾਨੀ ਹਰਿ ਜਪਿ ਧੀਰੈ ॥ ਬਿਨਸੈ ਮੋਹੁ ਭਰਮੁ ਦੁਖੁ ਪੀਰੈ ॥੧॥ ਰਹਾਉ ॥}

(ਅੰਗ - ੧੩੦੩)

{ਸਿਮਰਉ ਦਿਨੁ ਰੈਨਿ ਗੁਰ ਕੇ ਚਰਨਾ ॥ ਜਤ ਕਤ ਪੇਖਉ ਤੁਮਰੀ ਸਰਨਾ ॥੧॥}

(ਅੰਗ - ੧੩੦੩)

{ਸਿਮਰਤ ਨਾਮੁ ਮਨਹਿ ਸੁਖੁ ਪਾਈਐ ॥ ਸਾਧ ਜਨਾ ਮਿਲਿ ਹਰਿ ਜਸੁ ਗਾਈਐ ॥੧॥ ਰਹਾਉ ॥}

(ਅੰਗ - ੧੩੦੩)

{ਕਰਿ ਕਿਰਪਾ ਪ੍ਰਭ ਰਿਦੈ ਬਸੇਰੋ ॥ ਚਰਨ ਸੰਤਨ ਕੈ ਮਾਥਾ ਮੇਰੋ ॥੧॥}

(ਅੰਗ - ੧੩੦੩)

{ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ ॥
ਕਰੁ ਗਹਿ ਲੀਏ ਨਾਨਕ ਜਨ ਅਪਨੇ ਅੰਧ ਘੋਰ ਸਾਗਰ ਨਹੀ ਮਰਸਨ ॥੨॥੧੦॥੨੯॥}

(ਅੰਗ - ੧੩੦੩)

{ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ ॥੧॥ ਰਹਾਉ ॥}

(ਅੰਗ - ੧੩੦੩)

{ਅਹੰ ਮਤ ਅਨ ਰਤ ਕੁਮਿਤ ਹਿਤ ਪ੍ਰੀਤਮ ਪੇਖਤ ਭ੍ਰਮਤ ਲਾਖ ਗਰੀਆ ॥੧॥
ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮ ਮਦ ਮਾਤ ਕੋਪ ਜਰੀਆ ॥
ਕਰੁਣ ਕ੍ਰਿਪਾਲ ਗੋਪਾਲ ਦੀਨ ਬੰਧੁ ਨਾਨਕ ਉਧਰੁ ਸਰਨਿ ਪਰੀਆ ॥੨॥੧੧॥੩੦॥}

(ਅੰਗ - ੧੩੦੩)

{ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥
ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥੧॥}

(ਅੰਗ - ੧੩੦੩)

{ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥
ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥}

(ਅੰਗ - ੧੩੦੩)

{ਚਰਨ ਕਮਲ ਰਿਦੈ ਧਾਰਿ ॥ ਉਤਰਿਆ ਦੁਖੁ ਮੰਦ ॥੧॥}

(ਅੰਗ - ੧੩੦੪)

{ਰਾਜ ਧਨੁ ਪਰਵਾਰੁ ਮੇਰੈ ਸਰਬਸੋ ਗੋਬਿੰਦ ॥ ਸਾਧਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ ॥੨॥੧੩॥੩੨॥}

(ਅੰਗ - ੧੩੦੪)

{ਪ੍ਰਭ ਪੂਜਹੋ ਨਾਮੁ ਅਰਾਧਿ ॥ ਗੁਰ ਸਤਿਗੁਰ ਚਰਨੀ ਲਾਗਿ ॥}

(ਅੰਗ - ੧੩੦੪)

{ਹਰਿ ਪਾਵਹੁ ਮਨੁ ਅਗਾਧਿ ॥ ਜਗੁ ਜੀਤੋ ਹੋ ਹੋ ਗੁਰ ਕਿਰਪਾਧਿ ॥੧॥ ਰਹਾਉ ॥}

(ਅੰਗ - ੧੩੦੪)

{ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ ॥
ਪ੍ਰਭ ਬਾਹ ਪਕਰਿ ਜਿਸੁ ਮਾਰਗਿ ਪਾਵਹੁ ਸੋ ਤੁਧੁ ਜੰਤ ਮਿਲਾਸਿ ॥੧॥}

(ਅੰਗ - ੧੩੦੪)

{ਮਨਸਾ ਮਾਨਿ ਏਕ ਨਿਰੰਕੇਰੈ ॥ ਸਗਲ ਤਿਆਗਹੁ ਭਾਉ ਦੂਜੇਰੈ ॥}

(ਅੰਗ - ੧੩੦੪)

{ਹਰਿ ਸੰਤਨਾ ਕੀ ਰੇਨ ॥ ਹੀਉ ਅਰਪਿ ਦੇਨ ॥}

(ਅੰਗ - ੧੩੦੫)

{ਪ੍ਰਭ ਭਏ ਹੈ ਕਿਰਪੇਨ ॥ ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ ਭੇਟਨਾ ॥੨॥੨॥੩੫॥}

(ਅੰਗ - ੧੩੦੫)

{ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥ ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥}

(ਅੰਗ - ੧੩੦੫)

{ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥ ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥}

(ਅੰਗ - ੧੩੦੫)

{ਤਿਖ ਬੂਝਿ ਗਈ ਗਈ ਮਿਲਿ ਸਾਧ ਜਨਾ ॥
ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ ॥੧॥ ਰਹਾਉ ॥}

(ਅੰਗ - ੧੩੦੫)

{ਅਨਿਕ ਦਾਸ ਕੀਰਤਿ ਕਰਹਿ ਤੁਹਾਰੀ ॥
ਸੋਈ ਮਿਲਿਓ ਜੋ ਭਾਵਤੋ ਜਨ ਨਾਨਕ ਠਾਕੁਰ ਰਹਿਓ ਸਮਾਇ ॥ ਏਕ ਤੂਹੀ ਤੂਹੀ ਤੂਹੀ ॥੨॥੧॥੩੭॥}

(ਅੰਗ - ੧੩੦੫)

{ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ ਹਾਂ ਹਾਂ ਮਨ ਚਰਨ ਰੇਨ ॥੧॥ ਰਹਾਉ ॥
ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ ॥੧॥}

(ਅੰਗ - ੧੩੦੫)

{ਕ੍ਰਿਪਾਲ ਦਇਆ ਮਇਆ ਧਾਰਿ ॥ ਨਾਨਕੁ ਮਾਗੈ ਨਾਮੁ ਦਾਨੁ ॥
ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥}

(ਅੰਗ - ੧੩੦੫)

{ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ ॥੧॥ ਰਹਾਉ ॥}

(ਅੰਗ - ੧੩੦੫)

{ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥੧॥
ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥
ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥੨॥੨॥੩੯॥}

(ਅੰਗ - ੧੩੦੬)

{ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ ॥
ਬਿਕਲ ਮਾਇਆ ਸੰਗਿ ਧੰਧ ॥ ਕਰੁ ਗਹੇ ਪ੍ਰਭ ਆਪਿ ਕਾਢਹੁ ਰਾਖਿ ਲੇਹੁ ਗੋਬਿੰਦ ਰਾਇ ॥੧॥}

(ਅੰਗ - ੧੩੦੬)

{ਅਨਾਥ ਨਾਥ ਸਨਾਥ ਸੰਤਨ ਕੋਟਿ ਪਾਪ ਬਿਨਾਸ ॥ ਮਨਿ ਦਰਸਨੈ ਕੀ ਪਿਆਸ ॥}

(ਅੰਗ - ੧੩੦੬)

{ਪ੍ਰਭ ਪੂਰਨ ਗੁਨਤਾਸ ॥ ਕ੍ਰਿਪਾਲ ਦਇਆਲ ਗੁਪਾਲ ਨਾਨਕ ਹਰਿ ਰਸਨਾ ਗੁਨ ਗਾਇ ॥੨॥੨॥੪੧॥}

(ਅੰਗ - ੧੩੦੬)

{ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥
ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥}

(ਅੰਗ - ੧੩੦੬)

{ਅਹੰ ਤੋਰੋ ਮੁਖੁ ਜੋਰੋ ॥ ਗੁਰੁ ਗੁਰੁ ਕਰਤ ਮਨੁ ਲੋਰੋ ॥ ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥੧॥ ਰਹਾਉ ॥}

(ਅੰਗ - ੧੩੦੬)

{ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ ॥੧॥
ਆਇ ਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ ॥}

(ਅੰਗ - ੧੩੦੬)

{ਛੁਟਕੀ ਹਉਮੈ ਸੋਰੋ ॥ ਗਾਇਓ ਰੀ ਗਾਇਓ ਪ੍ਰਭ ਨਾਨਕ ਗੁਨੀ ਗਹੇਰੋ ॥੨॥੪॥੪੩॥}

(ਅੰਗ - ੧੩੦੬)

{ਜੋ ਰਾਤੇ ਮਾਤੇ ਸੰਗਿ ਬਪੁਰੀ ਮਾਇਆ ਮੋਹ ਸੰਤਾਪ॥੧॥ ਨਾਮੁ ਜਪਤ ਸੋਊ ਜਨੁ ਉਧਰੈ ਜਿਸਹਿ ਉਧਾਰਹੁ ਆਪ॥
ਬਿਨਸਿ ਜਾਇ ਮੋਹ ਭੈ ਭਰਮਾ ਨਾਨਕ ਸੰਤ ਪ੍ਰਤਾਪ ॥੨॥੫॥੪੪॥}

(ਅੰਗ - ੧੩੦੬)

{ਐਸੋ ਦਾਨੁ ਦੇਹੁ ਜੀ ਸੰਤਹੁ ਜਾਤ ਜੀਉ ਬਲਿਹਾਰਿ ॥
ਮਾਨ ਮੋਹੀ ਪੰਚ ਦੋਹੀ ਉਰਝਿ ਨਿਕਟਿ ਬਸਿਓ ਤਾਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ ॥੧॥ ਰਹਾਉ ॥}

(ਅੰਗ - ੧੩੦੭)

{ਕਿਰਪਾ ਗੋਬਿੰਦ ਭਈ ਮਿਲਿਓ ਨਾਮੁ ਅਧਾਰੁ ॥ ਦੁਲਭ ਜਨਮੁ ਸਫਲੁ ਨਾਨਕ ਭਵ ਉਤਾਰਿ ਪਾਰਿ ॥੨॥੧॥੪੫॥}

(ਅੰਗ - ੧੩੦੭)

{ਸਹਜ ਸੁਭਾਏ ਆਪਨ ਆਏ ॥ ਕਛੂ ਨ ਜਾਨੌ ਕਛੂ ਦਿਖਾਏ ॥ ਪ੍ਰਭੁ ਮਿਲਿਓ ਸੁਖ ਬਾਲੇ ਭੋਲੇ ॥੧॥ ਰਹਾਉ ॥}

(ਅੰਗ - ੧੩੦੭)

{ਸੰਜੋਗਿ ਮਿਲਾਏ ਸਾਧ ਸੰਗਾਏ ॥ ਕਤਹੂ ਨ ਜਾਏ ਘਰਹਿ ਬਸਾਏ ॥ ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ ॥੧॥}

(ਅੰਗ - ੧੩੦੭)

{ਚਰਨ ਲੁਭਾਏ ਆਨ ਤਜਾਏ ॥ ਥਾਨ ਥਨਾਏ ਸਰਬ ਸਮਾਏ ॥ ਰਸਕਿ ਰਸਕਿ ਨਾਨਕੁ ਗੁਨ ਬੋਲੈ ॥੨॥੧॥੪੬॥}

(ਅੰਗ - ੧੩੦੭)

{ਲਾਇ ਪ੍ਰੀਤਿ ਕੀਨ ਆਪਨ ਤੂਟਤ ਨਹੀ ਜੋਰੁ ॥ ਪ੍ਰਾਨ ਮਨੁ ਧਨੁ ਸਰਬਸੁ ਹਰਿ ਗੁਨ ਨਿਧੇ ਸੁਖ ਮੋਰ ॥੧॥}

(ਅੰਗ - ੧੩੦੭)

{ਈਤ ਊਤ ਰਾਮ ਪੂਰਨੁ ਨਿਰਖਤ ਰਿਦ ਖੋਰਿ ॥ ਸੰਤ ਸਰਨ ਤਰਨ ਨਾਨਕ ਬਿਨਸਿਓ ਦੁਖੁ ਘੋਰ ॥੨॥੩॥੪੮॥}

(ਅੰਗ - ੧੩੦੭)

{ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ ॥
ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ ॥੨॥੪॥੪੯॥}

(ਅੰਗ - ੧੩੦੭)

{ਜਨ ਕੋ ਪ੍ਰਭੁ ਸੰਗੇ ਅਸਨੇਹੁ ॥ ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ ॥੧॥ ਰਹਾਉ ॥}

(ਅੰਗ - ੧੩੦੭)

{ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ ॥
ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ ॥੨॥੪॥੪੯॥}

(ਅੰਗ - ੧੩੦੭)

{ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ ॥
ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥੧॥}

(ਅੰਗ - ੧੩੦੮)

{ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ ॥
ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨॥੫॥੫੦॥੧੨॥੬੨॥}

(ਅੰਗ - ੧੩੦੮)

{ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥
ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥}

(ਅੰਗ - ੧੩੦੮)

{ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥
ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥੪॥}

(ਅੰਗ - ੧੩੦੮)

{ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥
ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥}

(ਅੰਗ - ੧੩੦੮)

{ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥
ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥}

(ਅੰਗ - ੧੩੦੮)

{ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥
ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥}

(ਅੰਗ - ੧੩੦੮)

{ਕ੍ਰਿਪਾ ਕ੍ਰਿਪਾ ਕ੍ਰਿਪਾ ਕਰਿ ਹਰਿ ਜੀਉ ਕਰਿ ਕਿਰਪਾ ਨਾਮਿ ਲਗਾਵੈਗੋ ॥
ਕਰਿ ਕਿਰਪਾ ਸਤਿਗੁਰੂ ਮਿਲਾਵਹੁ ਮਿਲਿ ਸਤਿਗੁਰ ਨਾਮੁ ਧਿਆਵੈਗੋ ॥੧॥}

(ਅੰਗ - ੧੩੦੮)

{ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥
ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ ਸਬਦਿ ਗੁਰੂ ਹਰਿ ਪਾਵੈਗੋ ॥੨॥}

(ਅੰਗ - ੧੩੦੮)

{ਸੰਗਤਿ ਸੰਤ ਮਿਲਹੁ ਸਤਸੰਗਤਿ ਮਿਲਿ ਸੰਗਤਿ ਹਰਿ ਰਸੁ ਆਵੈਗੋ ॥
ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ ॥੩॥}

(ਅੰਗ - ੧੩੦੮)

{ਭਗਤ ਜਨਾ ਕੇ ਹਰਿ ਰਖਵਾਰੇ ਜਨ ਹਰਿ ਰਸੁ ਮੀਠ ਲਗਾਵੈਗੋ ॥
ਖਿਨੁ ਖਿਨੁ ਨਾਮੁ ਦੇਇ ਵਡਿਆਈ ਸਤਿਗੁਰ ਉਪਦੇਸਿ ਸਮਾਵੈਗੋ ॥੪॥}

(ਅੰਗ - ੧੩੦੮)

{ਤੂ ਅਬਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥੧॥}

(ਅੰਗ - ੧੩੦੯)

{ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥}

(ਅੰਗ - ੧੩੦੯)

{ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥}

(ਅੰਗ - ੧੩੦੯)

{ਮਨੁ ਹਰਿ ਰੰਗਿ ਰਾਤਾ ਗਾਵੈਗੋ ॥ ਭੈ ਭੈ ਤ੍ਰਾਸ ਭਏ ਹੈ ਨਿਰਮਲ ਗੁਰਮਤਿ ਲਾਗਿ ਲਗਾਵੈਗੋ ॥੧॥ ਰਹਾਉ ॥}

(ਅੰਗ - ੧੩੧੦)

{ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥
ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥}

(ਅੰਗ - ੧੩੧੦)

{ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ ॥
ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ ॥੩॥}

(ਅੰਗ - ੧੩੧੦)

{ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥
ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥੪॥}

(ਅੰਗ - ੧੩੧੦)

{ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥
ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥੫॥}

(ਅੰਗ - ੧੩੧੦)

{ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੂ ਮਿਲਾਵੈਗੋ ॥
ਸਤਿਗੁਰ ਮਿਲਤ ਮਹਾ ਸੁਖੁ ਪਾਇਆ ਮਤਿ ਮਲੀਨ ਬਿਗਸਾਵੈਗੋ ॥੭॥}

(ਅੰਗ - ੧੩੧੦)

{ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥
ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥੩॥}

(ਅੰਗ - ੧੩੧੦)

{ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ ॥
ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ ॥੬॥}

(ਅੰਗ - ੧੩੧੦)

{ਸੰਤਹੁ ਰਾਮ ਨਾਮੁ ਧਨੁ ਸੰਚਹੁ ਲੈ ਖਰਚੁ ਚਲੇ ਪਤਿ ਪਾਵੈਗੋ ॥
ਖਾਇ ਖਰਚਿ ਦੇਵਹਿ ਬਹੁਤੇਰਾ ਹਰਿ ਦੇਦੇ ਤੋਟਿ ਨ ਆਵੈਗੋ ॥੭॥}

(ਅੰਗ - ੧੩੧੦)

{ਰਾਮ ਨਾਮ ਧਨੁ ਹੈ ਰਿਦ ਅੰਤਰਿ ਧਨੁ ਗੁਰ ਸਰਣਾਈ ਪਾਵੈਗੋ ॥
ਨਾਨਕ ਦਇਆ ਦਇਆ ਕਰਿ ਦੀਨੀ ਦੁਖੁ ਦਾਲਦੁ ਭੰਜਿ ਸਮਾਵੈਗੋ ॥੮॥੫॥}

(ਅੰਗ - ੧੩੧੦)

{ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ ॥
ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ ॥੭॥}

(ਅੰਗ - ੧੩੧੧)

{ਰਾਮ ਨਾਮੁ ਸਭ ਜਗ ਕਾ ਤਾਰਕੁ ਲਗਿ ਸੰਗਤਿ ਨਾਮੁ ਧਿਆਵੈਗੋ ॥
ਨਾਨਕ ਰਾਖੁ ਰਾਖੁ ਪ੍ਰਭ ਮੇਰੇ ਸਤਸੰਗਤਿ ਰਾਖਿ ਸਮਾਵੈਗੋ ॥੮॥੬॥}

(ਅੰਗ - ੧੩੧੧)

{ਸਤਿਗੁਰੁ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ ॥
ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ ਗੁਰੁ ਸੇਵਕ ਪੈਜ ਰਖਾਵੈਗੋ ॥੧॥}

(ਅੰਗ - ੧੩੧੧)

{ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥
ਜਿਉ ਅੰਬਰੀਕਿ ਅਮਰਾ ਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ ॥੨॥}

(ਅੰਗ - ੧੩੧੧)

{ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ ॥
ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥੫॥}

(ਅੰਗ - ੧੩੧੧)

{ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ ॥
ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨੁ ਪਾਏ ॥੧॥}

(ਅੰਗ - ੧੩੧੨)

{ਲੇ ਕੰਠਿ ਲਾਏ ਸੁਖ ਦਿਖਾਏ ਬਿਕਾਰ ਬਿਨਸੇ ਮੰਦਾ ॥
ਬਿਨਵੰਤਿ ਨਾਨਕ ਮਿਲੇ ਸੁਆਮੀ ਪੁਰਖ ਪਰਮਾਨੰਦਾ ॥੪॥੧॥}

(ਅੰਗ - ੧੩੧੨)

{ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ ॥ ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥}

(ਅੰਗ - ੧੩੧੨)

{ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥
ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥}

(ਅੰਗ - ੧੩੧੨)

{ਗੋਵਿੰਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ ਗੁਣੀ ਨਿਧਾਨੁ ॥
ਗੋਵਿਦੁ ਗੋਵਿਦੁ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥}

(ਅੰਗ - ੧੩੧੩)

{ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ ॥ ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ ॥
ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ ॥੧॥}

(ਅੰਗ - ੧੩੧੩)

{ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥
ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥
ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੧॥}

(ਅੰਗ - ੧੩੧੩)

{ਸਤਿਗੁਰ ਕੈ ਭਾਣੈ ਜੋ ਚਲੈ ਤਿਨ ਦਾਲਦੁ ਦੁਖੁ ਲਹਿ ਜਾਇ ॥
ਆਪਣੈ ਭਾਣੈ ਕਿਨੈ ਨ ਪਾਇਓ ਜਨ ਵੇਖਹੁ ਮਨਿ ਪਤੀਆਇ ॥
ਜਨੁ ਨਾਨਕੁ ਦਾਸਨ ਦਾਸੁ ਹੈ ਜੋ ਸਤਿਗੁਰ ਲਾਗੇ ਪਾਇ ॥੨॥}

(ਅੰਗ - ੧੩੧੩)

{ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ ਗੁਰਮਤੀ ਤੁਧੈ ਲਾਵਣੀ ॥
ਜਿਨ ਹੋਹਿ ਦਇਆਲੁ ਤਿਨ ਸਤਿਗੁਰੁ ਮੇਲਹਿ ਮੁਖਿ ਗੁਰਮੁਖਿ ਹਰਿ ਸਮਝਾਵਣੀ ॥}

(ਅੰਗ - ੧੩੧੪)

{ਸਭਿ ਬੋਲਹੁ ਰਾਮ ਰਮੋ ਸ੍ਰੀ ਰਾਮ ਰਮੋ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਵਣੀ ॥੩॥}

(ਅੰਗ - ੧੩੧੪)

{ਹਰਿ ਹਰਿ ਅੰਮ੍ਰਿਤੁ ਨਾਮ ਰਸੁ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥
ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥}

(ਅੰਗ - ੧੩੧੪)

{ਮਨਿ ਹਰਿ ਹਰਿ ਨਾਮੁ ਧਿਆਇਆ ਬਿਖੁ ਹਉਮੈ ਕਢੀ ਮਾਰਿ ॥
ਜਿਨ ਹਰਿ ਹਰਿ ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭੁ ਹਾਰਿ ॥}

(ਅੰਗ - ੧੩੧੪)

{ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥
ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥}

(ਅੰਗ - ੧੩੧੪)

{ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ ॥
ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ ॥}

(ਅੰਗ - ੧੩੧੪)

{ਹਰਿ ਦੇਹੁ ਪ੍ਰਭੂ ਮਤਿ ਊਤਮਾ ਗੁਰ ਸਤਿਗੁਰ ਕੈ ਪਗਿ ਪਾਹ ॥
ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ ॥}

(ਅੰਗ - ੧੩੧੪)

{ਸਭ ਆਸਾ ਮਨਸਾ ਵਿਸਰੀ ਮਨਿ ਚੂਕਾ ਆਲ ਜੰਜਾਲੁ ॥
ਗੁਰਿ ਤੁਠੈ ਨਾਮੁ ਦ੍ਰਿੜਾਇਆ ਹਮ ਕੀਏ ਸਬਦਿ ਨਿਹਾਲੁ ॥}

(ਅੰਗ - ੧੩੧੫)

{ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿ ਨਾਮਾ ਹਰਿ ਧਨੁ ਮਾਲੁ ॥੨॥}

(ਅੰਗ - ੧੩੧੫)

{ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰ ਮੰਤ ॥
ਹਰਿ ਅਗਮੁ ਅਗੋਚਰੁ ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ ॥}

(ਅੰਗ - ੧੩੧੫)

{ਹਰਿ ਆਪੇ ਘਟਿ ਘਟਿ ਵਰਤਦਾ ਹਰਿ ਆਪੇ ਆਪਿ ਬਿਅੰਤ ॥
ਹਰਿ ਆਪੇ ਸਭ ਰਸ ਭੋਗਦਾ ਹਰਿ ਆਪੇ ਕਵਲਾ ਕੰਤ ॥}

(ਅੰਗ - ੧੩੧੫)

{ਹਰਿ ਪ੍ਰਭੁ ਸਜਣੁ ਨਾਮੁ ਹਰਿ ਮੈ ਮਨਿ ਤਨਿ ਨਾਮੁ ਸਰੀਰਿ ॥
ਸਭਿ ਆਸਾ ਗੁਰਮੁਖਿ ਪੂਰੀਆ ਜਨ ਨਾਨਕ ਸੁਣਿ ਹਰਿ ਧੀਰ ॥੨॥}

(ਅੰਗ - ੧੩੧੫)

{ਆਦਿ ਜੁਗਾਦਿ ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ ॥
ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ ਲਜਿਆ ॥
ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ ॥੭॥}

(ਅੰਗ - ੧੩੧੫)

{ਭਗਤਿ ਸਰੋਵਰੁ ਉਛਲੈ ਸੁਭਰ ਭਰੇ ਵਹੰਨਿ ॥ ਜਿਨਾ ਸਤਿਗੁਰੁ ਮੰਨਿਆ ਜਨ ਨਾਨਕ ਵਡ ਭਾਗ ਲਹੰਨਿ ॥੧॥}

(ਅੰਗ - ੧੩੧੬)

{ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ ॥

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥}

(ਅੰਗ - ੧੩੧੬)

{ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ ॥
ਨਾਨਕ ਹਰਿ ਹਰਿ ਚਉਦਿਆ ਸਭੁ ਦਾਲਦੁ ਦੁਖੁ ਲਹਿ ਜਾਇ ॥੨॥}

(ਅੰਗ - ੧੩੧੬)

{ਹਰਿ ਅਗਮੁ ਧਿਆਇਆ ਗੁਰਮਤੀ ਤਿਸੁ ਰੂਪੁ ਨਹੀ ਪ੍ਰਭ ਰੇਖਿਆ ॥
ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ ॥}

(ਅੰਗ - ੧੩੧੬)

{ਹਰਿ ਨਿਕਟਿ ਵਸੈ ਜਗਜੀਵਨਾ ਪਰਗਾਸੁ ਕੀਓ ਗੁਰ ਮੀਤਿ ॥
ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥
ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥੧॥}

(ਅੰਗ - ੧੩੧੭)

{ਹਰਿ ਮੇਲਿ ਦਿਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ ॥
ਤਿਨ ਵਿਟਹੁ ਨਾਨਕੁ ਵਾਰਿਆ ਜੋ ਜਪਦੇ ਹਰਿ ਨਿਰਬਾਣੀ ॥੧੦॥}

(ਅੰਗ - ੧੩੧੭)

{ਹਰਿ ਪ੍ਰਭ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ ॥
ਮੈ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੇਇ ॥੧॥}

(ਅੰਗ - ੧੩੧੭)

{ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ ॥
ਸਤਿਗੁਰਿ ਮਿਲਿਐ ਨਾਮੁ ਊਪਜੈ ਤ੍ਰਿਸਨਾ ਭੁਖ ਸਭ ਜਾਇ ॥ ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੨॥}

(ਅੰਗ - ੧੩੧੭)

{ਹਰਿ ਊਤਮੁ ਹਰਿ ਪ੍ਰਭ ਨਾਮੁ ਹੈ ਗੁਰ ਬਚਨਿ ਸਭਾਗੈ ਲੀਤਾ ॥
ਦੁਖੁ ਦਾਲਦੁ ਸਭੋ ਲਹਿ ਗਇਆ ਜਾਂ ਨਾਉ ਗੁਰੂ ਹਰਿ ਦੀਤਾ ॥}

(ਅੰਗ - ੧੩੧੭)

{ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥
ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ ॥੧॥}

(ਅੰਗ - ੧੩੧੭)

{ਜਨ ਕਉ ਕ੍ਰਿਪਾ ਕਰਹੁ ਮਧਸੂਦਨ ਹਰਿ ਦੇਵਹੁ ਨਾਮੁ ਜਪਾਇਆ ॥
ਮੈ ਮੂਰਖ ਅੰਧੁਲੇ ਨਾਮੁ ਟੇਕ ਹੈ ਜਨ ਨਾਨਕ ਗੁਰਮੁਖਿ ਪਾਇਆ ॥੪॥੧॥}

(ਅੰਗ - ੧੩੧੯)

{ਹਰਿ ਜਨੁ ਗੁਨ ਗਾਵਤ ਹਸਿਆ ॥
ਹਰਿ ਹਰਿ ਭਗਤਿ ਬਨੀ ਮਤਿ ਗੁਰਮਤਿ ਧੁਰਿ ਮਸਤਕਿ ਪ੍ਰਭਿ ਲਿਖਿਆ ॥੧॥ ਰਹਾਉ ॥}

(ਅੰਗ - ੧੩੧੯)

{ਮੇਰੇ ਮਨ ਜਪੁ ਜਪਿ ਜਗੰਨਾਥੇ ॥ ਗੁਰ ਉਪਦੇਸਿ ਹਰਿ ਨਾਮੁ ਧਿਆਇਓ ਸਭਿ ਕਿਲਬਿਖ ਦੁਖ ਲਾਥੇ॥੧॥ਰਹਾਉ॥}

(ਅੰਗ - ੧੩੨੦)

{ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ ॥
ਹਮਰੀ ਮਤਿ ਵਸਗਤਿ ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ ॥੪॥੩॥}

(ਅੰਗ - ੧੩੨੦)

{ਹਮਰੇ ਦੋਖ ਬਹੁ ਜਨਮ ਜਨਮ ਕੇ ਦੁਖੁ ਹਉਮੈ ਮੈਲੁ ਲਗਥਈ ॥
ਗੁਰਿ ਧਾਰਿ ਕ੍ਰਿਪਾ ਹਰਿ ਜਲਿ ਨਾਵਾਏ ਸਭ ਕਿਲਬਿਖ ਪਾਪ ਗਥਈ ॥੨॥}

(ਅੰਗ - ੧੩੨੦)

{ਅਉਰ ਸਭ ਤਿਆਗਿ ਸੇਵਾ ਕਰਿ ਅਚੁਤ ਜੋ ਸਭ ਤੇ ਊਚ ਠਾਕੁਰੁ ਭਗਵਾਨੈ ॥
ਹਰਿ ਸੇਵਾ ਤੇ ਕਾਲੁ ਜੋਹਿ ਨ ਸਾਕੈ ਚਰਨੀ ਆਇ ਪਵੈ ਹਰਿ ਜਾਨੈ ॥੧॥}

(ਅੰਗ - ੧੩੨੦)

{ਹਰਿ ਕੇ ਚੋਜ ਵਿਡਾਨ ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ ਪਛਾਨੈ ॥
ਤਾ ਤੇ ਜਨ ਕਉ ਅਨਦੁ ਭਇਆ ਹੈ ਰਿਦ ਸੁਧ ਮਿਲੇ ਖੋਟੇ ਪਛੁਤਾਨੈ ॥੩॥}

(ਅੰਗ - ੧੩੨੦)

{ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥ ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥੩॥}

(ਅੰਗ - ੧੩੨੧)

{ਦੀਨ ਦਇਆਲ ਜਗਦੀਸ ਦਮੋਦਰ ਹਰਿ ਅੰਤਰਜਾਮੀ ਗੋਬਿੰਦੇ ॥
ਤੇ ਨਿਰਭਉ ਜਿਨ ਸ੍ਰੀਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿ ਮੁਕੰਦੇ ॥੧॥}

(ਅੰਗ - ੧੩੨੧)

{ਹਮਾਰੈ ਏਹ ਕਿਰਪਾ ਕੀਜੈ ॥ ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ ॥੧॥ ਰਹਾਉ ॥}

(ਅੰਗ - ੧੩੨੧)

{ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥੧॥
ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ ॥੨॥੧॥}

(ਅੰਗ - ੧੩੨੧)

{ਜਾਚਿਕੁ ਨਾਮੁ ਜਾਚੈ ਜਾਚੈ ॥ ਸਰਬ ਧਾਰ ਸਰਬ ਕੇ ਨਾਇਕ ਸੁਖ ਸਮੂਹ ਕੇ ਦਾਤੇ ॥੧॥ ਰਹਾਉ ॥}

(ਅੰਗ - ੧੩੨੧)

{ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ ॥੧॥
ਸਫਲ ਸਫਲ ਸਫਲ ਦਰਸੁ ਰੇ ਪਰਸਿ ਪਰਸਿ ਗੁਨ ਗਾਈਐ ॥
ਨਾਨਕ ਤਤ ਤਤ ਸਿਉ ਮਿਲੀਐ ਹੀਰੈ ਹੀਰੁ ਬਿਧਾਈਐ ॥੨॥੨॥}

(ਅੰਗ - ੧੩੨੧)

{ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ ॥
ਸਾਧਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ ॥੨॥੧॥੪॥}

(ਅੰਗ - ੧੩੨੨)

{ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥੧॥}

(ਅੰਗ - ੧੩੨੨)

{ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ ॥
ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥੨॥੨॥੫॥}

(ਅੰਗ - ੧੩੨੨)

{ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ ॥
ਕਹੁ ਨਾਨਕ ਨਾਮ ਰਸੁ ਪਾਈਐ ਸਾਧੂ ਚਰਨ ਗਹਉ ॥੨॥੩॥੬॥}

(ਅੰਗ - ੧੩੨੨)

{ਪ੍ਰਾਨਪਤਿ ਦਇਆਲ ਪੁਰਖ ਪ੍ਰਭ ਸਖੇ ॥ ਗਰਭ ਜੋਨਿ ਕਲਿ ਕਾਲ ਜਾਲ ਦੁਖ ਬਿਨਾਸਨੁ ਹਰਿ ਰਖੇ ॥੧॥ਰਹਾਉ॥}

(ਅੰਗ - ੧੩੨੨)

{ਅਨਾਥ ਦੀਨ ਆਸਵੰਤ ॥ ਨਾਮੁ ਸੁਆਮੀ ਮਨਹਿ ਮੰਤ ॥੨॥}

(ਅੰਗ - ੧੩੨੨)

{ਸਰਬ ਕਾਰਜ ਸਿਧਿ ਭਏ ਗਾਇ ਗੁਨ ਗੁਪਾਲ ॥ ਮਿਲਿ ਸਾਧਸੰਗਤਿ ਪ੍ਰਭੂ ਸਿਮਰੇ ਨਾਠਿਆ ਦੁਖ ਕਾਲ ॥੧॥}

(ਅੰਗ - ੧੩੨੨)

{ਪ੍ਰਭੁ ਮੇਰਾ ਅੰਤਰਜਾਮੀ ਜਾਣੁ ॥ ਕਰਿ ਕਿਰਪਾ ਪੂਰਨ ਪਰਮੇਸਰ ਨਿਹਚਲੁ ਸਚੁ ਸਬਦੁ ਨੀਸਾਣੁ ॥੧॥ ਰਹਾਉ॥}

(ਅੰਗ - ੧੩੨੩)

{ਹਰਿ ਚਰਨ ਸਰਨ ਕਲਿਆਨ ਕਰਨ ॥ ਪ੍ਰਭ ਨਾਮੁ ਪਤਿਤ ਪਾਵਨੋ ॥੧॥ ਰਹਾਉ ॥}

(ਅੰਗ - ੧੩੨੩)

{ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ ॥
ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ ॥੨॥੬॥੯॥}

(ਅੰਗ - ੧੩੨੩)

{ਰਾਮਾ ਰਮ ਰਾਮੋ ਸੁਨਿ ਮਨੁ ਭੀਜੈ ॥ ਹਰਿ ਹਰਿ ਨਾਮੁ ਅੰਮ੍ਰਿਤੁ ਰਸੁ ਮੀਠਾ ਗੁਰਮਤਿ ਸਹਜੇ ਪੀਜੈ ॥੧॥ਰਹਾਉ॥}

(ਅੰਗ - ੧੩੨੩)

{ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥
ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥੧॥}

(ਅੰਗ - ੧੩੨੩)

{ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥
ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥੨॥}

(ਅੰਗ - ੧੩੨੩)

{ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ ॥
ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਧਿ ਦੀਜੈ ॥੭॥}

(ਅੰਗ - ੧੩੨੩)

{ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ ਤਿਨ੍ ਦੀਜੈ ॥
ਰਾਮ ਨਾਮ ਤੁਲਿ ਅਉਰੁ ਨ ਉਪਮਾ ਜਨ ਨਾਨਕ ਕ੍ਰਿਪਾ ਕਰੀਜੈ ॥੮॥੧॥}

(ਅੰਗ - ੧੩੨੩)

{ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ ॥
ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ ॥੨॥}

(ਅੰਗ - ੧੩੨੪)

{ਚੰਦਨ ਵਾਸੁ ਭੁਇਅੰਗਮ ਵੇੜੀ ਕਿਵ ਮਿਲੀਐ ਚੰਦਨੁ ਲੀਜੈ ॥
ਕਾਢਿ ਖੜਗੁ ਗੁਰ ਗਿਆਨੁ ਕਰਾਰਾ ਬਿਖੁ ਛੇਦਿ ਛੇਦਿ ਰਸੁ ਪੀਜੈ ॥੩॥}

(ਅੰਗ - ੧੩੨੪)

{ਆਨਿ ਆਨਿ ਸਮਧਾ ਬਹੁ ਕੀਨੀ ਪਲੁ ਬੈਸੰਤਰ ਭਸਮ ਕਰੀਜੈ ॥
ਮਹਾ ਉਗ੍ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ ਦੀਜੈ ॥੪॥}

(ਅੰਗ - ੧੩੨੪)

{ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ ਭਰੀਜੈ ॥
ਮੈਨਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ ॥੩॥}

(ਅੰਗ - ੧੩੨੪)

{ਮਹਾ ਅਭਾਗ ਅਭਾਗ ਹੈ ਜਿਨ ਕੇ ਤਿਨ ਸਾਧੂ ਧੂਰਿ ਨ ਪੀਜੈ ॥
ਤਿਨਾ ਤਿਸਨਾ ਜਲਤ ਜਲਤ ਨਹੀ ਬੂਝਹਿ ਡੰਡੁ ਧਰਮ ਰਾਇ ਕਾ ਦੀਜੈ ॥੬॥}

(ਅੰਗ - ੧੩੨੪)

{ਸਭਿ ਤੀਰਥ ਬਰਤ ਜਗ੍ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ ॥
ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ ਤੁਲੀਜੈ ॥੭॥}

(ਅੰਗ - ੧੩੨੪)

{ਰਾਮਾ ਰਮ ਰਾਮੋ ਪੂਜ ਕਰੀਜੈ ॥ ਮਨੁ ਤਨੁ ਅਰਪਿ ਧਰਉ ਸਭੁ ਆਗੈ ਰਸੁ ਗੁਰਮਤਿ ਗਿਆਨੁ ਦ੍ਰਿੜੀਜੈ॥੧॥ਰਹਾਉ॥}

(ਅੰਗ - ੧੩੨੫)

{ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ ॥
ਗੁਰ ਪਰਸਾਦਿ ਪਦਾਰਥੁ ਪਾਇਆ ਸਤਿਗੁਰ ਕਉ ਇਹੁ ਮਨੁ ਦੀਜੈ ॥੨॥}

(ਅੰਗ - ੧੩੨੫)

{ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ ਬਿਧੀਜੈ ॥
ਮਨੁ ਮੋਤੀ ਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ ॥੩॥}

(ਅੰਗ - ੧੩੨੫)

{ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥੫॥}

(ਅੰਗ - ੧੩੨੫)

{ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥

ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥੬॥}

(ਅੰਗ - ੧੩੨੫)

{ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ ॥
ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥੭॥}

(ਅੰਗ - ੧੩੨੫)

{ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥੧॥}

(ਅੰਗ - ੧੩੨੫)

{ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥
ਅੰਗੀਕਾਰੁ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਢਿ ਕਢੀਜੈ ॥੨॥}

(ਅੰਗ - ੧੩੨੫)

{ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਸਬਦੁ ਗੁਰ ਦੀਜੈ ॥
ਤਨਿ ਮਨਿ ਸਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੂਖਿ ਸਵੀਜੈ ॥੩॥}

(ਅੰਗ - ੧੩੨੫)

{ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ ਰਵੀਜੈ ॥
ਸਾਧੂ ਸਾਧ ਮਿਲੇ ਰਸੁ ਪਾਵੈ ਤਤੁ ਨਿਜ ਘਰਿ ਬੈਠਿਆ ਪੀਜੈ ॥੪॥}

(ਅੰਗ - ੧੩੨੫)

{ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥੬॥}

(ਅੰਗ - ੧੩੨੫)

{ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ ॥
ਧਰਮ ਰਾਇ ਕੀ ਕਾਨਿ ਚੁਕਾਵੈ ਬਿਖੁ ਡੁਬਦਾ ਕਾਢਿ ਕਢੀਜੈ ॥੨॥}

(ਅੰਗ - ੧੩੨੬)

{ਰਾਮ ਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ ॥
ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ ॥੪॥}

(ਅੰਗ - ੧੩੨੬)

{ਜੇ ਵਡ ਭਾਗੁ ਹੋਇ ਅਤਿ ਨੀਕਾ ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥
ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ ਸਹਜੇ ਹਰਿ ਰਸੁ ਪੀਜੈ ॥੬॥}

(ਅੰਗ - ੧੩੨੬)

{ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ ॥
ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ ॥੭॥}

(ਅੰਗ - ੧੩੨੬)

{ਨਾਨਕ ਰਾਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ ॥

ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ ਰਾਮ ਨਾਮੈ ਰਲੈ ਮਿਲੀਜੈ ॥੮॥੬॥}

(ਅੰਗ - ੧੩੨੬)

{ਨਾਇ ਤੇਰੈ ਤਰਣਾ ਨਾਇ ਪਤਿ ਪੂਜ ॥ ਨਾਉ ਤੇਰਾ ਗਹਣਾ ਮਤਿ ਮਕਸੂਦੁ ॥}

(ਅੰਗ - ੧੩੨੬)

{ਨਾਇ ਤੇਰੈ ਸਹਜੁ ਨਾਇ ਸਾਲਾਹ ॥ ਨਾਉ ਤੇਰਾ ਅੰਮ੍ਰਿਤੁ ਬਿਖੁ ਉਠਿ ਜਾਇ ॥}

(ਅੰਗ - ੧੩੨੭)

{ਜਾਂ ਸਦੇ ਤਾਂ ਢਿਲ ਨ ਪਾਇ ॥ ਨਾਨਕ ਕੂੜੁ ਕੂੜੋ ਹੋਇ ਜਾਇ ॥੪॥੧॥}

(ਅੰਗ - ੧੩੨੭)

{ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥}

(ਅੰਗ - ੧੩੨੭)

{ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥}

(ਅੰਗ - ੧੩੨੭)

{ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨॥}

(ਅੰਗ - ੧੩੨੭)

{ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ ॥
ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ ॥੧॥ ਰਹਾਉ ॥}

(ਅੰਗ - ੧੩੨੮)

{ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ ॥
ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ॥੨॥}

(ਅੰਗ - ੧੩੨੮)

{ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਢਾਵੈ ॥
ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ ॥੩॥}

(ਅੰਗ - ੧੩੨੮)

{ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ ॥
ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥੪॥੩॥}

(ਅੰਗ - ੧੩੨੮)

{ਅਉਧੂ ਸਹਜੇ ਤਤੁ ਬੀਚਾਰਿ ॥ ਜਾ ਤੇ ਫਿਰਿ ਨ ਆਵਹੁ ਸੈਸਾਰਿ ॥੧॥ ਰਹਾਉ ॥}

(ਅੰਗ - ੧੩੨੮)

{ਜਾ ਕੈ ਆਸ ਨਾਹੀ ਨਿਰਾਸ ਨਾਹੀ ਚਿਤਿ ਸੁਰਤਿ ਸਮਝਾਈ ॥
ਤੰਤ ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ ॥੪॥੪॥}

(ਅੰਗ - ੧੩੨੮)

{ਪ੍ਰਗਟੀ ਜੋਤਿ ਚੂਕਾ ਅਭਿਮਾਨੁ ॥ ਸਤਿਗੁਰਿ ਦੀਆ ਅੰਮ੍ਰਿਤ ਨਾਮੁ ॥੨॥}

(ਅੰਗ - ੧੩੨੮)

{ਕਲਿ ਮਹਿ ਆਇਆ ਸੋ ਜਨੁ ਜਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੩॥}

(ਅੰਗ - ੧੩੨੮)

{ਕਹਣਾ ਸੁਨਣਾ ਅਕਥ ਘਰਿ ਜਾਇ ॥ ਕਥਨੀ ਬਦਨੀ ਨਾਨਕ ਜਲਿ ਜਾਇ ॥੪॥੫॥}

(ਅੰਗ - ੧੩੨੮)

{ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁ ਖੋਜਿ ਲਹੈ ॥੧॥}

(ਅੰਗ - ੧੩੨੮)

{ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ ਰਹਾਉ ॥}

(ਅੰਗ - ੧੩੨੮)

{ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥}

(ਅੰਗ - ੧੩੨੮)

{ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ ॥
ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜ ਪਦੁ ਪਾਈਐ ॥੪॥੬॥}

(ਅੰਗ - ੧੩੨੮)

{ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥੧॥}

(ਅੰਗ - ੧੩੨੯)

{ਕਰਤਾ ਤੂ ਮੇਰਾ ਜਜਮਾਨੁ ॥ ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥ ਰਹਾਉ ॥}

(ਅੰਗ - ੧੩੨੯)

{ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ॥ ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ॥੨॥}

(ਅੰਗ - ੧੩੨੯)

{ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥੩॥}

(ਅੰਗ - ੧੩੨੯)

{ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥}

(ਅੰਗ - ੧੩੨੯)

{ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥
ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥੩॥}

(ਅੰਗ - ੧੩੨੯)

{ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ ॥
ਜਿਸ ਤੇ ਹੋਆ ਸੋਈ ਕਰਿ ਮਾਨਿਆ ਨਾਨਕ ਗਿਰਹੀ ਉਦਾਸੀ ਸੋ ਪਰਵਾਣੁ ॥੪॥੮॥}

(ਅੰਗ - ੧੩੨੯)

{ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ ॥
ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ ॥੧॥}

(ਅੰਗ - ੧੩੨੯)

{ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥੪॥੯॥}

(ਅੰਗ - ੧੩੨੯)

{ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ ॥
ਤਸਕਰ ਸਬਦਿ ਨਿਵਾਰਿਆ ਨਗਰੁ ਵੁਠਾ ਸਾਬਾਸਿ ॥ ਜਾ ਤੂ ਰਾਖਹਿ ਰਾਖਿ ਲੈਹਿ ਸਾਬਤੁ ਹੋਵੈ ਰਾਸਿ ॥੧॥}

(ਅੰਗ - ੧੩੩੦)

{ਐਸਾ ਨਾਮੁ ਰਤਨੁ ਨਿਧਿ ਮੇਰੈ ॥ ਗੁਰਮਤਿ ਦੇਹਿ ਲਗਉ ਪਗਿ ਤੇਰੈ ॥੧॥ ਰਹਾਉ ॥}

(ਅੰਗ - ੧੩੩੦)

{ਪੰਚ ਮਾਰਿ ਸੁਖੁ ਪਾਇਆ ਐਸਾ ਬ੍ਰਹਮੁ ਵੀਚਾਰੁ ॥੨॥}

(ਅੰਗ - ੧੩੩੦)

{ਘਟਿ ਘਟਿ ਏਕੁ ਵਖਾਣੀਐ ਕਹਉ ਨ ਦੇਖਿਆ ਜਾਇ ॥ ਖੋਟੋ ਪੂਠੋ ਰਾਲੀਐ ਬਿਨੁ ਨਾਵੈ ਪਤਿ ਜਾਇ ॥}

(ਅੰਗ - ੧੩੩੦)

{ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥
ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥੪॥੧੦॥}

(ਅੰਗ - ੧੩੩੦)

{ਜਾਗਤੁ ਬਿਗਸੈ ਮੂਠੋ ਅੰਧਾ ॥ ਗਲਿ ਫਾਹੀ ਸਿਰਿ ਮਾਰੇ ਧੰਧਾ ॥}

(ਅੰਗ - ੧੩੩੦)

{ਆਸਾ ਆਵੈ ਮਨਸਾ ਜਾਇ ॥ ਉਰਝੀ ਤਾਣੀ ਕਿਛੁ ਨ ਬਸਾਇ ॥੧॥}

(ਅੰਗ - ੧੩੩੦)

{ਜਾਗਸਿ ਜੀਵਣ ਜਾਗਣਹਾਰਾ ॥ ਸੁਖ ਸਾਗਰ ਅੰਮ੍ਰਿਤ ਭੰਡਾਰਾ ॥੧॥ ਰਹਾਉ ॥}

(ਅੰਗ - ੧੩੩੦)

{ਕਹਿਓ ਨ ਬੂਝੈ ਅੰਧੁ ਨ ਸੂਝੈ ਭੋਂਡੀ ਕਾਰ ਕਮਾਈ ॥ ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ ॥੨॥}

(ਅੰਗ - ੧੩੩੦)

{ਦਿਨੁ ਦਿਨੁ ਆਵੈ ਤਿਲੁ ਤਿਲੁ ਛੀਜੈ ਮਾਇਆ ਮੋਹੁ ਘਟਾਈ ॥
ਬਿਨੁ ਗੁਰ ਬੂਡੋ ਠਉਰ ਨ ਪਾਵੈ ਜਬ ਲਗ ਦੂਜੀ ਰਾਈ ॥੩॥}

(ਅੰਗ - ੧੩੩੦)

{ਭੂਲ ਚੂਕ ਤੇਰੈ ਦਰਬਾਰਿ ॥ ਨਾਮ ਬਿਨਾ ਕੈਸੇ ਆਚਾਰ ॥੧॥}

(ਅੰਗ - ੧੩੩੦)

{ਐਸੇ ਝੂਠਿ ਮੁਠੇ ਸੰਸਾਰਾ ॥ ਨਿੰਦਕੁ ਨਿੰਦੈ ਮੁਝੈ ਪਿਆਰਾ ॥੧॥ ਰਹਾਉ ॥}

(ਅੰਗ - ੧੩੩੦)

{ਮੈ ਮੈਲੌ ਊਜਲੁ ਸਚੁ ਸੋਇ ॥ ਊਤਮੁ ਆਖਿ ਨ ਊਚਾ ਹੋਇ ॥}

(ਅੰਗ - ੧੩੩੦)

{ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥ ਗੁਰਮੁਖਿ ਹੋਇ ਸੁ ਰਾਚੈ ਨਾਇ ॥੩॥}

(ਅੰਗ - ੧੩੩੦)

{ਅੰਧੌ ਬੋਲੌ ਮੁਗਧੁ ਗਵਾਰੁ ॥ ਹੀਣੌ ਨੀਚੁ ਬੁਰੌ ਬੁਰਿਆਰੁ ॥}

(ਅੰਗ - ੧੩੩੦)

{ਨੀਧਨ ਕੌ ਧਨੁ ਨਾਮੁ ਪਿਆਰੁ ॥ ਇਹੁ ਧਨੁ ਸਾਰੁ ਹੋਰੁ ਬਿਖਿਆ ਛਾਰੁ ॥੪॥}

(ਅੰਗ - ੧੩੩੦)

{ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥ ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥੧॥}

(ਅੰਗ - ੧੩੩੧)

{ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥ ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥੨॥}

(ਅੰਗ - ੧੩੩੧)

{ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ ॥
ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ ॥੪॥}

(ਅੰਗ - ੧੩੩੧)

{ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥ ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥੩॥}

(ਅੰਗ - ੧੩੩੧)

{ਪੈਨ੍ਹਣੁ ਖਾਣਾ ਚੀਤਿ ਨ ਪਾਈ ॥ ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥}

(ਅੰਗ - ੧੩੩੧)

{ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥ ਤ੍ਰਿਪਤਿ ਤਰੰਗ ਤਤੁ ਬੀਚਾਰੀ ॥੩॥}

(ਅੰਗ - ੧੩੩੧)

{ਅੰਤਰਿ ਵਸੈ ਚੂਕੈ ਮੈ ਮੋਰ ॥ ਕਿਸੁ ਸੇਵੀ ਦੂਜਾ ਨਹੀ ਹੋਰੁ ॥੪॥}

(ਅੰਗ - ੧੩੩੧)

{ਗੁਰ ਕਾ ਸਬਦੁ ਮਹਾ ਰਸੁ ਮੀਠਾ ॥ ਐਸਾ ਅੰਮ੍ਰਿਤੁ ਅੰਤਰਿ ਡੀਠਾ ॥}

(ਅੰਗ - ੧੩੩੧)

{ਜਿਨਿ ਚਾਖਿਆ ਪੂਰਾ ਪਦੁ ਹੋਇ ॥ ਨਾਨਕ ਧ੍ਰਾਪਿਓ ਤਨਿ ਸੁਖੁ ਹੋਇ ॥੫॥੧੪॥}

(ਅੰਗ - ੧੩੩੧)

{ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ ॥
ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ ॥੧॥}

(ਅੰਗ - ੧੩੩੧)

{ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ ॥
ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲ ਸਗੂੜੌ ॥੧॥ ਰਹਾਉ ॥}

(ਅੰਗ - ੧੩੩੧)

{ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ॥
ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ ॥੨॥}

(ਅੰਗ - ੧੩੩੧)

{ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ ॥
ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ ॥੩॥}

(ਅੰਗ - ੧੩੩੧)

{ਅਤਿ ਰਸਿ ਰੰਗਿ ਚਲੂਲੈ ਰਾਤੀ ਦੂਜਾ ਰੰਗੁ ਨ ਕੋਈ ॥
ਨਾਨਕ ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ ॥੪॥੧੫॥}

(ਅੰਗ - ੧੩੩੧)

{ਸਬਦਿ ਰਤੇ ਪੂਰੇ ਬੈਰਾਗੀ ॥ ਅਉਹਠਿ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ ॥੧॥ ਰਹਾਉ ॥}

(ਅੰਗ - ੧੩੩੨)

{ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥
ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥੨॥}

(ਅੰਗ - ੧੩੩੨)

{ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ ॥
ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥}

(ਅੰਗ - ੧੩੩੨)

{ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥}

(ਅੰਗ - ੧੩੩੨)

{ਸੰਤਾ ਕੀ ਰੇਣੁ ਸਾਧ ਜਨ ਸੰਗਤਿ ਹਰਿ ਕੀਰਤਿ ਤਰੁ ਤਾਰੀ ॥
ਕਹਾ ਕਰੈ ਬਪੁਰਾ ਜਮੁ ਡਰਪੈ ਗੁਰਮੁਖਿ ਰਿਦੈ ਮੁਰਾਰੀ ॥੧॥}

(ਅੰਗ - ੧੩੩੨)

{ਜਲਿ ਜਾਉ ਜੀਵਨੁ ਨਾਮ ਬਿਨਾ ॥ ਹਰਿ ਜਪਿ ਜਾਪੁ ਜਪਉ ਜਪਮਾਲੀ ਗੁਰਮੁਖਿ ਆਵੈ ਸਾਦੁ ਮਨਾ॥੧॥ਰਹਾਉ॥}

(ਅੰਗ - ੧੩੩੨)

{ਗੁਰ ਉਪਦੇਸ ਸਾਚੁ ਸੁਖੁ ਜਾ ਕਉ ਕਿਆ ਤਿਸੁ ਉਪਮਾ ਕਹੀਐ ॥
ਲਾਲ ਜਵੇਹਰ ਰਤਨ ਪਦਾਰਥ ਖੋਜਤ ਗੁਰਮੁਖਿ ਲਹੀਐ ॥੨॥}

(ਅੰਗ - ੧੩੩੨)

{ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ ॥
ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥੩॥}

(ਅੰਗ - ੧੩੩੨)

{ਸਾਇਰ ਸਪਤ ਭਰੇ ਜਲ ਨਿਰਮਲਿ ਉਲਟੀ ਨਾਵ ਤਰਾਵੈ ॥
ਬਾਹਰਿ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ ॥੪॥}

(ਅੰਗ - ੧੩੩੨)

{ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ ॥
ਨਾਨਕੁ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ ਮਨੁ ਮਾਨਿਆ ॥੫॥੧੭॥}

(ਅੰਗ - ੧੩੩੨)

{ਗੁਰਮੁਖਿ ਵਿਰਲਾ ਕੋਈ ਬੂਝੈ ਸਬਦੇ ਰਹਿਆ ਸਮਾਈ ॥
ਨਾਮਿ ਰਤੇ ਸਦਾ ਸੁਖੁ ਪਾਵੈ ਸਾਚਿ ਰਹੈ ਲਿਵ ਲਾਈ ॥੧॥}

(ਅੰਗ - ੧੩੩੨)

{ਹਰਿ ਹਰਿ ਨਾਮੁ ਜਪਹੁ ਜਨ ਭਾਈ ॥
ਗੁਰ ਪ੍ਰਸਾਦਿ ਮਨੁ ਅਸਥਿਰੁ ਹੋਵੈ ਅਨਦਿਨੁ ਹਰਿ ਰਸਿ ਰਹਿਆ ਅਘਾਈ ॥੧॥ ਰਹਾਉ ॥}

(ਅੰਗ - ੧੩੩੨)

{ਅਨਦਿਨੁ ਭਗਤਿ ਕਰਹੁ ਦਿਨੁ ਰਾਤੀ ਇਸੁ ਜੁਗ ਕਾ ਲਾਹਾ ਭਾਈ ॥
ਸਦਾ ਜਨ ਨਿਰਮਲ ਮੈਲੁ ਨ ਲਾਗੈ ਸਚਿ ਨਾਮਿ ਚਿਤੁ ਲਾਈ ॥੨॥}

(ਅੰਗ - ੧੩੩੨)

{ਸੁਖੁ ਸੀਗਾਰੁ ਸਤਿਗੁਰੂ ਦਿਖਾਇਆ ਨਾਮਿ ਵਡੀ ਵਡਿਆਈ ॥
ਅਖੁਟ ਭੰਡਾਰ ਭਰੇ ਕਦੇ ਤੋਟਿ ਨ ਆਵੈ ਸਦਾ ਹਰਿ ਸੇਵਹੁ ਭਾਈ ॥੩॥}

(ਅੰਗ - ੧੩੩੨)

{ਆਪੇ ਕਰਤਾ ਜਿਸ ਨੋ ਦੇਵੈ ਤਿਸੁ ਵਸੈ ਮਨਿ ਆਈ ॥
ਨਾਨਕ ਨਾਮੁ ਧਿਆਇ ਸਦਾ ਤੂ ਸਤਿਗੁਰਿ ਦੀਆ ਦਿਖਾਈ ॥੪॥੧॥}

(ਅੰਗ - ੧੩੩੨)

{ਹਰਿ ਜੀਉ ਤੁਧੁ ਵਿਟਹੁ ਬਲਿ ਜਾਈ ॥ ਤਨੁ ਮਨੁ ਅਰਪੀ ਤੁਧੁ ਆਗੈ ਰਾਖਉ ਸਦਾ ਰਹਾਂ ਸਰਣਾਈ॥੧॥ਰਹਾਉ॥}

(ਅੰਗ - ੧੩੩੩)

{ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ ਹਰਿ ਨਾਮੋ ਦੇਹਿ ਵਡਿਆਈ ॥
ਪੂਰੇ ਗੁਰ ਤੇ ਭਾਣਾ ਜਾਪੈ ਅਨਦਿਨੁ ਸਹਜਿ ਸਮਾਈ ॥੨॥}

(ਅੰਗ - ੧੩੩੩)

{ਗੁਰਮੁਖਿ ਹਰਿ ਸਾਲਾਹਿਆ ਜਿੰਨਾ ਤਿਨ ਸਲਾਹਿ ਹਰਿ ਜਾਤਾ ॥
ਵਿਚਹੁ ਭਰਮੁ ਗਇਆ ਹੈ ਦੂਜਾ ਗੁਰ ਕੈ ਸਬਦਿ ਪਛਾਤਾ ॥੧॥}

(ਅੰਗ - ੧੩੩੩)

{ਤੇਰੈ ਭਾਣੈ ਭਗਤਿ ਜੇ ਤੁਧੁ ਭਾਵੈ ਆਪੇ ਬਖਸਿ ਮਿਲਾਈ ॥
ਤੇਰੈ ਭਾਣੈ ਸਦਾ ਸੁਖੁ ਪਾਇਆ ਗੁਰਿ ਤ੍ਰਿਸਨਾ ਅਗਨਿ ਬੁਝਾਈ ॥੩॥}

(ਅੰਗ - ੧੩੩੩)

{ਜੋ ਤੂ ਕਰਹਿ ਸੁ ਹੋਵੈ ਕਰਤੇ ਅਵਰੁ ਨ ਕਰਣਾ ਜਾਈ ॥
ਨਾਨਕ ਨਾਵੈ ਜੇਵਡੁ ਅਵਰੁ ਨ ਦਾਤਾ ਪੂਰੇ ਗੁਰ ਤੇ ਪਾਈ ॥੪॥੨॥}

(ਅੰਗ - ੧੩੩੩)

{ਜਿਨਿ ਮੀਠਾ ਲਾਇਆ ਸੋਈ ਜਾਣੈ ਤਿਸੁ ਵਿਟਹੁ ਬਲਿ ਜਾਈ ॥
ਸਬਦਿ ਸਲਾਹੀ ਸਦਾ ਸੁਖਦਾਤਾ ਵਿਚਹੁ ਆਪੁ ਗਵਾਈ ॥੩॥}

(ਅੰਗ - ੧੩੩੩)

{ਸਤਿਗੁਰੁ ਮੇਰਾ ਸਦਾ ਹੈ ਦਾਤਾ ਜੋ ਇਛੈ ਸੋ ਫਲੁ ਪਾਏ ॥
ਨਾਨਕ ਨਾਮੁ ਮਿਲੈ ਵਡਿਆਈ ਗੁਰ ਸਬਦੀ ਸਚੁ ਪਾਏ ॥੪॥੩॥}

(ਅੰਗ - ੧੩੩੩)

{ਤੇਰੀ ਸਰਣਾਈ ਸਚੀ ਹਰਿ ਜੀਉ ਨਾ ਓਹ ਘਟੈ ਨ ਜਾਇ ॥
ਜੋ ਹਰਿ ਛੋਡਿ ਦੂਜੈ ਭਾਇ ਲਾਗੈ ਓਹੁ ਜੰਮੈ ਤੈ ਮਰਿ ਜਾਇ ॥੩॥}

(ਅੰਗ - ੧੩੩੩)

{ਜੋ ਤੇਰੀ ਸਰਣਾਈ ਹਰਿ ਜੀਉ ਤਿਨਾ ਦੁਖ ਭੂਖ ਕਿਛੁ ਨਾਹਿ ॥
ਨਾਨਕ ਨਾਮੁ ਸਲਾਹਿ ਸਦਾ ਤੂ ਸਚੈ ਸਬਦਿ ਸਮਾਹਿ ॥੪॥੪॥}

(ਅੰਗ - ੧੩੩੩)

{ਗੁਰਮੁਖਿ ਹਰਿ ਜੀਉ ਸਦਾ ਧਿਆਵਹੁ ਜਬ ਲਗੁ ਜੀਅ ਪਰਾਨ ॥}

(ਅੰਗ - ੧੩੩੪)

{ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ ॥}

(ਅੰਗ - ੧੩੩੪)

{ਮੇਰੇ ਮਨ ਗੁਰ ਕੀ ਸਿਖ ਸੁਣੀਜੈ ॥ ਹਰਿ ਕਾ ਨਾਮੁ ਸਦਾ ਸੁਖਦਾਤਾ ਸਹਜੇ ਹਰਿ ਰਸੁ ਪੀਜੈ ॥੧॥ ਰਹਾਉ ॥}

(ਅੰਗ - ੧੩੩੪)

{ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ ॥
ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ ॥
ਸਭਨਾ ਮਹਿ ਏਕੋ ਸਚੁ ਵਰਤੈ ਵਿਰਲਾ ਬੂਝੈ ਕੋਈ ॥੨॥}

(ਅੰਗ - ੧੩੩੪)

{ਗੁਰਮਤੀ ਮਨੁ ਨਿਰਮਲੁ ਹੋਆ ਅੰਮ੍ਰਿਤੁ ਤਤੁ ਵਖਾਨੈ ॥
ਹਰਿ ਕਾ ਨਾਮੁ ਸਦਾ ਮਨਿ ਵਸਿਆ ਵਿਚਿ ਮਨ ਹੀ ਮਨੁ ਮਾਨੈ ॥
ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਤੁ ਆਤਮ ਰਾਮੁ ਪਛਾਨੈ ॥੩॥}

(ਅੰਗ - ੧੩੩੪)

{ਮਾਨਸ ਜਨਮਿ ਸਤਿਗੁਰੂ ਨ ਸੇਵਿਆ ਬਿਰਥਾ ਜਨਮੁ ਗਵਾਇਆ ॥
ਨਦਰਿ ਕਰੇ ਤਾਂ ਸਤਿਗੁਰੁ ਮੇਲੇ ਸਹਜੇ ਸਹਜਿ ਸਮਾਇਆ ॥
ਨਾਨਕ ਨਾਮੁ ਮਿਲੈ ਵਡਿਆਈ ਪੂਰੈ ਭਾਗਿ ਧਿਆਇਆ ॥੪॥੫॥}

(ਅੰਗ - ੧੩੩੪)

{ਕਲੀ ਕਾਲ ਮਹਿ ਰਵਿਆ ਰਾਮੁ ॥
ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥}

(ਅੰਗ - ੧੩੩੪)

{ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥}

(ਅੰਗ - ੧੩੩੪)

{ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥
ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥}

(ਅੰਗ - ੧੩੩੪)

{ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥}

(ਅੰਗ - ੧੩੩੪)

{ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥}

(ਅੰਗ - ੧੩੩੪)

{ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ ਕੋਟਿ ਮਧੇ ਕੋਈ ਵਿਰਲਾ ਲੇਇ ॥ ਜਿਸ ਨੋ ਅਪਣੀ ਨਦਰਿ ਕਰੇਇ ॥੧॥}

(ਅੰਗ - ੧੩੩੫)

{ਗੁਰ ਕੇ ਚਰਣ ਮਨ ਮਾਹਿ ਵਸਾਇ ॥ ਦੁਖੁ ਅਨ੍ਹੇਰਾ ਅੰਦਰਹੁ ਜਾਇ ॥ ਆਪੇ ਸਾਚਾ ਲਏ ਮਿਲਾਇ ॥੨॥}

(ਅੰਗ - ੧੩੩੫)

{ਸਚਾ ਮਨਾਏ ਅਪਣਾ ਭਾਣਾ ॥ ਸੋਈ ਭਗਤੁ ਸੁਘੜੁ ਸੁਜਾਣਾ ॥
ਨਾਨਕੁ ਤਿਸ ਕੈ ਸਦ ਕੁਰਬਾਣਾ ॥੪॥੭॥੧੭॥੭॥੨੪॥}

(ਅੰਗ - ੧੩੩੫)

{ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥
ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥}

(ਅੰਗ - ੧੩੩੫)

{ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਹਾਲਹਿ ਹਰਿ ਗਾਲ ॥
ਹਮਰੈ ਪ੍ਰਭਿ ਹਮ ਲੋਚ ਲਗਾਈ ਹਮ ਕਰਹ ਪ੍ਰਭੂ ਹਰਿ ਭਾਲ ॥੧॥}

(ਅੰਗ - ੧੩੩੫)

{ਮੇਰਾ ਮਨੁ ਸਾਧੂ ਧੂਰਿ ਰਵਾਲ ॥
ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ ॥੧॥ ਰਹਾਉ ॥}

(ਅੰਗ - ੧੩੩੫)

{ਸਾਕਤ ਕਉ ਦਿਨੁ ਰੈਨਿ ਅੰਧਾਰੀ ਮੋਹਿ ਫਾਥੇ ਮਾਇਆ ਜਾਲ ॥
ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ ਰਿਨਿ ਬਾਧੇ ਬਹੁ ਬਿਧਿ ਬਾਲ ॥੨॥}

(ਅੰਗ - ੧੩੩੫)

{ਸਤਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ ॥
ਹਰਿ ਨਾਮਾ ਹਰਿ ਮੀਠ ਲਗਾਨਾ ਗੁਰਿ ਕੀਏ ਸਬਦਿ ਨਿਹਾਲ ॥੩॥}

(ਅੰਗ - ੧੩੩੫)

{ਹਮ ਬਾਰਿਕ ਗੁਰ ਅਗਮ ਗੁਸਾਈ ਗੁਰ ਕਰਿ ਕਿਰਪਾ ਪ੍ਰਤਿਪਾਲ ॥
ਬਿਖੁ ਭਉਜਲ ਡੁਬਦੇ ਕਾਢਿ ਲੇਹੁ ਪ੍ਰਭ ਗੁਰ ਨਾਨਕ ਬਾਲ ਗੁਪਾਲ ॥੪॥੨॥}

(ਅੰਗ - ੧੩੩੫)

{ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ ॥
ਜੈਸੇ ਸੀਗਾਰੁ ਕਰੈ ਦੇਹ ਮਾਨੁਖ ਨਾਮ ਬਿਨਾ ਨਕਟੇ ਨਕ ਕੀਕ ॥੩॥}

(ਅੰਗ - ੧੩੩੬)

{ਘਟਿ ਘਟਿ ਰਮਈਆ ਰਮਤ ਰਾਮ ਰਾਇ ਸਭ ਵਰਤੈ ਸਭ ਮਹਿ ਈਕ ॥
ਜਨ ਨਾਨਕ ਕਉ ਹਰਿ ਕਿਰਪਾ ਧਾਰੀ ਗੁਰ ਬਚਨ ਧਿਆਇਓ ਘਰੀ ਮੀਕ ॥੪॥੩॥}

(ਅੰਗ - ੧੩੩੬)

{ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥
ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥੨॥}

(ਅੰਗ - ੧੩੩੬)

{ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ ॥
ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥੩॥}

(ਅੰਗ - ੧੩੩੬)

{ਤੁਮ ਵਡ ਅਗਮ ਅਗਾਧਿ ਬੋਧਿ ਪ੍ਰਭ ਮਤਿ ਦੇਵਹੁ ਹਰਿ ਪ੍ਰਭ ਲਹੇ ॥
ਜਨ ਨਾਨਕ ਕਉ ਗੁਰਿ ਹਾਥੁ ਸਿਰਿ ਧਰਿਓ ਹਰਿ ਰਾਮ ਨਾਮਿ ਰਵਿ ਰਹੇ ॥੪॥੪॥}

(ਅੰਗ - ੧੩੩੬)

{ਮਨਿ ਲਾਗੀ ਪ੍ਰੀਤਿ ਰਾਮ ਨਾਮ ਹਰਿ ਹਰਿ ਜਪਿਓ ਹਰਿ ਪ੍ਰਭੁ ਵਡਫਾ ॥
ਸਤਿਗੁਰ ਬਚਨ ਸੁਖਾਨੇ ਹੀਅਰੈ ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ ॥੧॥}

(ਅੰਗ - ੧੩੩੬)

{ਮੇਰੇ ਮਨ ਭਜੁ ਰਾਮ ਨਾਮ ਹਰਿ ਨਿਮਖਫਾ ॥
ਹਰਿ ਹਰਿ ਦਾਨੁ ਦੀਓ ਗੁਰਿ ਪੂਰੈ ਹਰਿ ਨਾਮਾ ਮਨਿ ਤਨਿ ਬਸਫਾ ॥੧॥ ਰਹਾਉ ॥}

(ਅੰਗ - ੧੩੩੬)

{ਤੁਮਰੇ ਜਨ ਤੁਮ ਹੀ ਤੇ ਜਾਨੇ ਪ੍ਰਭ ਜਾਨਿਓ ਜਨ ਤੇ ਮੁਖਫਾ ॥
ਹਰਿ ਹਰਿ ਆਪੁ ਧਰਿਓ ਹਰਿ ਜਨ ਮਹਿ ਜਨ ਨਾਨਕੁ ਹਰਿ ਪ੍ਰਭੁ ਇਕਫਾ ॥੪॥੫॥}

(ਅੰਗ - ੧੩੩੬)

{ਰਾਮ ਨਾਮੁ ਰਸੁ ਰਾਮ ਰਸਾਇਣੁ ਰਸੁ ਪੀਆ ਗੁਰਮਤਿ ਰਸਭਾ ॥
ਲੋਹ ਮਨੂਰ ਕੰਚਨੁ ਮਿਲਿ ਸੰਗਤਿ ਹਰਿ ਉਰ ਧਾਰਿਓ ਗੁਰਿ ਹਰਿਭਾ ॥੨॥}

(ਅੰਗ - ੧੩੩੭)

{ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ ॥
ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਰਭਾ ॥੩॥}

(ਅੰਗ - ੧੩੩੭)

{ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥ ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ ॥
ਸੁਨਿ ਮਨ ਗੁਰਮੁਖਿ ਪਾਵਹਿ ਮਾਨੁ ॥੧॥}

(ਅੰਗ - ੧੩੩੭)

{ਜਪਿ ਮਨ ਪਰਮੇਸੁਰੁ ਪਰਧਾਨੁ ॥ ਖਿਨ ਖੋਵੈ ਪਾਪ ਕੋਟਾਨ ॥ ਮਿਲੁ ਨਾਨਕ ਹਰਿ ਭਗਵਾਨ ॥੨॥੧॥੭॥}

(ਅੰਗ - ੧੩੩੭)

{ਦਾਤਿ ਕਰੈ ਨਹੀ ਪਛੋਤਾਵੈ ॥ ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ॥੩॥}

(ਅੰਗ - ੧੩੩੭)

{ਗੁਰ ਮਿਲਿ ਆਏ ਤੁਮਰੈ ਦੁਆਰ ॥ ਜਨ ਨਾਨਕ ਦਰਸਨੁ ਦੇਹੁ ਮੁਰਾਰਿ ॥੪॥੧॥}

(ਅੰਗ - ੧੩੩੭)

{ਪ੍ਰਭ ਕੀ ਸੇਵਾ ਜਨ ਕੀ ਸੋਭਾ ॥ ਕਾਮ ਕ੍ਰੋਧ ਮਿਟੇ ਤਿਸੁ ਲੋਭਾ ॥}

(ਅੰਗ - ੧੩੩੮)

{ਨਾਮੁ ਤੇਰਾ ਜਨ ਕੈ ਭੰਡਾਰਿ ॥ ਗੁਨ ਗਾਵਹਿ ਪ੍ਰਭ ਦਰਸ ਪਿਆਰਿ ॥੧॥}

(ਅੰਗ - ੧੩੩੮)

{ਤੁਮਰੀ ਭਗਤਿ ਪ੍ਰਭ ਤੁਮਹਿ ਜਨਾਈ ॥ ਕਾਟਿ ਜੇਵਰੀ ਜਨ ਲੀਏ ਛਡਾਈ ॥੧॥ ਰਹਾਉ ॥}

(ਅੰਗ - ੧੩੩੮)

{ਸੋ ਸੁਖੀਆ ਸਭ ਤੇ ਊਤਮੁ ਸੋਇ ॥ ਜਾ ਕੈ ਹ੍ਰਿਦੈ ਵਸਿਆ ਪ੍ਰਭੁ ਸੋਇ ॥}

(ਅੰਗ - ੧੩੩੮)

{ਸੋਈ ਨਿਹਚਲੁ ਆਵੈ ਨ ਜਾਇ ॥ ਅਨਦਿਨੁ ਪ੍ਰਭ ਕੇ ਹਰਿ ਗੁਣ ਗਾਇ ॥੩॥}

(ਅੰਗ - ੧੩੩੮)

{ਕਰਿ ਕਿਰਪਾ ਮੋਹਿ ਠਾਕੁਰ ਦੇਵਾ ॥ ਨਾਨਕੁ ਉਧਰੈ ਜਨ ਕੀ ਸੇਵਾ ॥੪॥੨॥}

(ਅੰਗ - ੧੩੩੮)

{ਜਾ ਕੈ ਸਿਮਰਨਿ ਕਲਮਲ ਜਾਹਿ ॥ ਤਿਸੁ ਗੁਰ ਕੀ ਹਮ ਚਰਨੀ ਪਾਹਿ ॥੧॥}

(ਅੰਗ - ੧੩੩੮)

{ਸੁਮਤਿ ਦੇਵਹੁ ਸੰਤ ਪਿਆਰੇ ॥ ਸਿਮਰਉ ਨਾਮੁ ਮੋਹਿ ਨਿਸਤਾਰੇ ॥੧॥ ਰਹਾਉ ॥}

(ਅੰਗ - ੧੩੩੮)

{ਜਿਨਿ ਗੁਰਿ ਕਹਿਆ ਮਾਰਗੁ ਸੀਧਾ ॥ ਸਗਲ ਤਿਆਗਿ ਨਾਮਿ ਹਰਿ ਗੀਧਾ ॥}

(ਅੰਗ - ੧੩੩੮)

{ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥ ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥}

(ਅੰਗ - ੧੩੩੮)

{ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥}

(ਅੰਗ - ੧੩੩੮)

{ਪਾਰਬ੍ਰਹਮ ਨਾਨਕ ਗੁਰਦੇਵ ॥ ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥}

(ਅੰਗ - ੧੩੩੮)

{ਸਗਲੇ ਦੂਖ ਮਿਟੇ ਸੁਖ ਦੀਏ ਅਪਨਾ ਨਾਮੁ ਜਪਾਇਆ ॥
ਕਰਿ ਕਿਰਪਾ ਅਪਨੀ ਸੇਵਾ ਲਾਏ ਸਗਲਾ ਦੁਰਤੁ ਮਿਟਾਇਆ ॥੧॥}

(ਅੰਗ - ੧੩੩੮)

{ਹਮ ਬਾਰਿਕ ਸਰਨਿ ਪ੍ਰਭ ਦਇਆਲ ॥
ਅਵਗਣ ਕਾਟਿ ਕੀਏ ਪ੍ਰਭਿ ਅਪੁਨੇ ਰਾਖਿ ਲੀਏ ਮੇਰੈ ਗੁਰ ਗੋਪਾਲਿ ॥੧॥ ਰਹਾਉ ॥}

(ਅੰਗ - ੧੩੩੮)

{ਤਾਪ ਪਾਪ ਬਿਨਸੇ ਖਿਨ ਭੀਤਰਿ ਭਏ ਕ੍ਰਿਪਾਲ ਗੁਸਾਈ ॥
ਸਾਸਿ ਸਾਸਿ ਪਾਰਬ੍ਰਹਮੁ ਅਰਾਧੀ ਅਪੁਨੇ ਸਤਿਗੁਰ ਕੈ ਬਲਿ ਜਾਈ ॥੨॥}

(ਅੰਗ - ੧੩੩੮)

{ਸਿਮਰਤ ਨਾਮੁ ਕਿਲਬਿਖ ਸਭਿ ਨਾਸੇ ॥ ਸਚੁ ਨਾਮੁ ਗੁਰਿ ਦੀਨੀ ਰਾਸੇ ॥}

(ਅੰਗ - ੧੩੩੮)

{ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥
ਸਗਲੇ ਰੋਗ ਦੋਖ ਸਭਿ ਬਿਨਸਹਿ ਅਗਿਆਨੁ ਅੰਧੇਰਾ ਮਨ ਤੇ ਜਾਈ ॥੧॥ ਰਹਾਉ ॥}

(ਅੰਗ - ੧੩੩੯)

{ਜਨਮ ਮਰਨ ਗੁਰਿ ਰਾਖੇ ਮੀਤ ॥ ਹਰਿ ਕੇ ਨਾਮ ਸਿਉ ਲਾਗੀ ਪ੍ਰੀਤਿ ॥}

(ਅੰਗ - ੧੩੩੯)

{ਕੋਟਿ ਜਨਮ ਕੇ ਗਏ ਕਲੇਸ ॥ ਜੋ ਤਿਸੁ ਭਾਵੈ ਸੋ ਭਲ ਹੋਸ ॥੨॥}

(ਅੰਗ - ੧੩੩੯)

{ਕਰਿ ਕਿਰਪਾ ਅਪੁਨੇ ਪ੍ਰਭਿ ਕੀਏ ॥ ਹਰਿ ਕਾ ਨਾਮੁ ਜਪਨ ਕਉ ਦੀਏ ॥}

(ਅੰਗ - ੧੩੩੯)

{ਆਠ ਪਹਰ ਗੁਨ ਗਾਇ ਗੁਬਿੰਦ ॥ ਭੈ ਬਿਨਸੇ ਉਤਰੀ ਸਭ ਚਿੰਦ ॥੧॥}

(ਅੰਗ - ੧੩੩੯)

{ਉਬਰੇ ਸਤਿਗੁਰ ਚਰਨੀ ਲਾਗਿ ॥ ਜੋ ਗੁਰੁ ਕਹੈ ਸੋਈ ਭਲ ਮੀਠਾ ਮਨ ਕੀ ਮਤਿ ਤਿਆਗਿ ॥੧॥ ਰਹਾਉ ॥}

(ਅੰਗ - ੧੩੩੯)

{ਮਨਿ ਤਨਿ ਵਸਿਆ ਹਰਿ ਪ੍ਰਭੁ ਸੋਈ ॥ ਕਲਿ ਕਲੇਸ ਕਿਛੁ ਬਿਘਨੁ ਨ ਹੋਈ ॥
ਸਦਾ ਸਦਾ ਪ੍ਰਭੁ ਜੀਅ ਕੈ ਸੰਗਿ ॥ ਉਤਰੀ ਮੈਲੁ ਨਾਮ ਕੈ ਰੰਗਿ ॥੨॥}

(ਅੰਗ - ੧੩੩੯)

{ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥}

(ਅੰਗ - ੧੩੩੯)

{ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥ ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥}

(ਅੰਗ - ੧੩੩੯)

{ਹਰਿ ਹਰਿ ਨਾਮੁ ਜਪਹੁ ਮਨ ਮੀਤ ॥ ਗੁਰੁ ਪੂਰਾ ਪਾਈਐ ਵਡਭਾਗੀ ਨਿਰਮਲ ਪੂਰਨ ਰੀਤਿ ॥੧॥ ਰਹਾਉ ॥}

(ਅੰਗ - ੧੩੩੯)

{ਪਾਇਆ ਲਾਭੁ ਵਜੀ ਵਾਧਾਈ ॥ ਸੰਤ ਪ੍ਰਸਾਦਿ ਹਰਿ ਕੇ ਗੁਨ ਗਾਈ ॥੨॥}

(ਅੰਗ - ੧੩੩੯)

{ਸਫਲ ਜਨਮੁ ਜੀਵਨ ਪਰਵਾਨੁ ॥ ਗੁਰ ਪਰਸਾਦੀ ਹਰਿ ਰੰਗੁ ਮਾਨੁ ॥੩॥}

(ਅੰਗ - ੧੩੩੯)

{ਬਿਨਸੇ ਕਾਮ ਕ੍ਰੋਧ ਅਹੰਕਾਰ ॥ ਨਾਨਕ ਗੁਰਮੁਖਿ ਉਤਰਹਿ ਪਾਰਿ ॥੪॥੭॥}

(ਅੰਗ - ੧੩੩੯)

{ਗੁਰੁ ਪੂਰਾ ਪੂਰੀ ਤਾ ਕੀ ਕਲਾ ॥ ਗੁਰ ਕਾ ਸਬਦੁ ਸਦਾ ਸਦ ਅਟਲਾ ॥}

(ਅੰਗ - ੧੩੪੦)

{ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥}

(ਅੰਗ - ੧੩੪੦)

{ਗੁਰ ਪਰਸਾਦੀ ਉਤਰੇ ਪਾਰਿ ॥ ਭਉ ਭਰਮੁ ਬਿਨਸੇ ਬਿਕਾਰ ॥}

(ਅੰਗ - ੧੩੪੦)

{ਮਨ ਤਨ ਅੰਤਰਿ ਬਸੇ ਗੁਰ ਚਰਨਾ ॥ ਨਿਰਭੈ ਸਾਧ ਪਰੇ ਹਰਿ ਸਰਨਾ ॥੨॥}

(ਅੰਗ - ੧੩੪੦)

{ਅਨਦ ਸਹਜ ਰਸ ਸੂਖ ਘਨੇਰੇ ॥ ਦੁਸਮਨੁ ਦੂਖੁ ਨ ਆਵੈ ਨੇਰੇ ॥}

(ਅੰਗ - ੧੩੪੦)

{ਗੁਰਿ ਪੂਰੈ ਅਪੁਨੇ ਕਰਿ ਰਾਖੇ ॥ ਹਰਿ ਨਾਮੁ ਜਪਤ ਕਿਲਬਿਖ ਸਭਿ ਲਾਥੇ ॥੩॥}

(ਅੰਗ - ੧੩੪੦)

{ਸੰਤ ਸਾਜਨ ਸਿਖ ਭਏ ਸੁਹੇਲੇ ॥ ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ ॥}

(ਅੰਗ - ੧੩੪੦)

{ਜਨਮ ਮਰਨ ਦੁਖ ਫਾਹਾ ਕਾਟਿਆ ॥ ਕਹੁ ਨਾਨਕ ਗੁਰਿ ਪੜਦਾ ਢਾਕਿਆ ॥੪॥੮॥}

(ਅੰਗ - ੧੩੪੦)

{ਸਤਿਗੁਰਿ ਪੂਰੈ ਨਾਮੁ ਦੀਆ ॥ ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ ॥੧॥ਰਹਾਉ॥}

(ਅੰਗ - ੧੩੪੦)

{ਚਰਨ ਕਮਲ ਗੁਰ ਕੇ ਮਨਿ ਵੂਠੇ ॥ ਦੂਖ ਦਰਦ ਭ੍ਰਮ ਬਿਨਸੇ ਝੂਠੇ ॥੧॥}

(ਅੰਗ - ੧੩੪੦)

{ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥੨॥}

(ਅੰਗ - ੧੩੪੦)

{ਦੁਇ ਕਰ ਜੋੜਿ ਕਰੀ ਅਰਦਾਸਿ ॥ ਸਦਾ ਜਪੇ ਨਾਨਕੁ ਗੁਣਤਾਸੁ ॥੪॥੯॥}

(ਅੰਗ - ੧੩੪੦)

{ਕਿਲਬਿਖ ਮੇਟੇ ਸਬਦਿ ਸੰਤੋਖੁ ॥ ਨਾਮੁ ਅਰਾਧਨ ਹੋਆ ਜੋਗੁ ॥}

(ਅੰਗ - ੧੩੪੦)

{ਸਾਧਸੰਗਿ ਹੋਆ ਪਰਗਾਸੁ ॥ ਚਰਨ ਕਮਲ ਮਨ ਮਾਹਿ ਨਿਵਾਸੁ ॥੧॥}

(ਅੰਗ - ੧੩੪੦)

{ਜਿਸਹਿ ਨਿਵਾਜੇ ਕਿਰਪਾ ਧਾਰਿ ॥ ਪੂਰਨ ਕਰਮ ਤਾ ਕੇ ਆਚਾਰ ॥੨॥}

(ਅੰਗ - ੧੩੪੦)

{ਜਲਿ ਥਲਿ ਮਹੀਅਲਿ ਪੇਖੈ ਭਰਪੂਰਿ ॥ ਨਾਨਕ ਉਧਰਸਿ ਤਿਸੁ ਜਨ ਕੀ ਧੂਰਿ ॥੪॥੧੦॥}

(ਅੰਗ - ੧੩੪੦)

{ਅੰਮ੍ਰਿਤ ਬਾਣੀ ਸੁਣਤ ਨਿਹਾਲ ॥ ਬਿਨਸਿ ਗਏ ਬਿਖਿਆ ਜੰਜਾਲ ॥੧॥}

(ਅੰਗ - ੧੩੪੦)

{ਸਾਚ ਸਬਦ ਸਿਉ ਲਾਗੀ ਪ੍ਰੀਤਿ ॥ ਹਰਿ ਪ੍ਰਭੁ ਅਪੁਨਾ ਆਇਆ ਚੀਤਿ ॥੨॥}

(ਅੰਗ - ੧੩੪੦)

{ਨਾਮੁ ਜਪਤ ਹੋਆ ਪਰਗਾਸੁ ॥ ਗੁਰ ਸਬਦੇ ਕੀਨਾ ਰਿਦੈ ਨਿਵਾਸੁ ॥੩॥}

(ਅੰਗ - ੧੩੪੦)

{ਸੰਤਸੰਗਤਿ ਮਿਲਿ ਭਇਆ ਪ੍ਰਗਾਸ ॥ ਹਰਿ ਹਰਿ ਜਪਤ ਪੂਰਨ ਭਈ ਆਸ ॥੧॥}

(ਅੰਗ - ੧੩੪੧)

{ਹਰਿ ਕੋ ਨਾਮੁ ਜਪੀਐ ਨੀਤ ॥ ਕਾਮ ਕ੍ਰੋਧ ਅਹੰਕਾਰੁ ਬਿਨਸੈ ਲਗੈ ਏਕੈ ਪ੍ਰੀਤਿ ॥੧॥ ਰਹਾਉ ॥}

(ਅੰਗ - ੧੩੪੧)

{ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ॥ ਸਾਧਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ॥੩॥}

(ਅੰਗ - ੧੩੪੧)

{ਜਨਮ ਜਨਮ ਬਿਖਾਦ ਬਿਨਸੇ ਰਾਖਿ ਲੀਨੇ ਆਪਿ ॥
ਮਾਤ ਪਿਤਾ ਮੀਤ ਭਾਈ ਜਨ ਨਾਨਕ ਹਰਿ ਹਰਿ ਜਾਪਿ ॥੪॥੧॥੧੩॥}

(ਅੰਗ - ੧੩੪੧)

{ਆਪੁ ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ ॥੧॥
ਨਾਨਕੁ ਬਾਰਿਕੁ ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ ॥੨॥੧॥੧੪॥}

(ਅੰਗ - ੧੩੪੧)

{ਪ੍ਰਾਨ ਅਧਾਰ ਦੁਖ ਬਿਦਾਰ ਦੈਨਹਾਰ ਬੁਧਿ ਬਿਬੇਕ ॥੧॥}

(ਅੰਗ - ੧੩੪੧)

{ਨਮਸਕਾਰ ਰਖਨਹਾਰ ਮਨਿ ਅਰਾਧਿ ਪ੍ਰਭੂ ਮੇਕ ॥ ਸੰਤ ਰੇਨੁ ਕਰਉ ਮਜਨੁ ਨਾਨਕ ਪਾਵੈ ਸੁਖ ਅਨੇਕ॥੨॥੨॥੧੫॥}

(ਅੰਗ - ੧੩੪੧)

{ਦੁਬਿਧਾ ਬਉਰੀ ਮਨੁ ਬਉਰਾਇਆ ॥ ਝੂਠੈ ਲਾਲਚਿ ਜਨਮੁ ਗਵਾਇਆ ॥}

(ਅੰਗ - ੧੩੪੨)

{ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥ ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ ॥੧॥}

(ਅੰਗ - ੧੩੪੧)

{ਨਾ ਮਨੁ ਮਰੈ ਨ ਮਾਇਆ ਮਰੈ ॥ ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ॥੧॥ਰਹਾਉ॥}

(ਅੰਗ - ੧੩੪੨)

{ਮਾਇਆ ਮਮਤਾ ਹੈ ਬਹੁ ਰੰਗੀ ॥ ਬਿਨੁ ਨਾਵੈ ਕੋ ਸਾਥਿ ਨ ਸੰਗੀ ॥੨॥}

(ਅੰਗ - ੧੩੪੨)

{ਜੈਸਾ ਕਰਮੁ ਤੈਸੀ ਲਿਵ ਲਾਵੈ ॥ ਸਤਿਗੁਰੁ ਪੂਛਿ ਸਹਜ ਘਰੁ ਪਾਵੈ ॥੩॥}

(ਅੰਗ - ੧੩੪੨)

{ਰਾਗਿ ਨਾਦਿ ਮਨੁ ਦੂਜੈ ਭਾਇ ॥ ਅੰਤਰਿ ਕਪਟੁ ਮਹਾ ਦੁਖੁ ਪਾਇ ॥}

(ਅੰਗ - ੧੩੪੨)

{ਸਤਿਗੁਰੁ ਭੇਟੈ ਸੋਝੀ ਪਾਇ ॥ ਸਚੈ ਨਾਮਿ ਰਹੈ ਲਿਵ ਲਾਇ ॥੪॥}

(ਅੰਗ - ੧੩੪੨)

{ਸਚੈ ਸਬਦਿ ਸਚੁ ਕਮਾਵੈ ॥ ਸਚੀ ਬਾਣੀ ਹਰਿ ਗੁਣ ਗਾਵੈ ॥}

(ਅੰਗ - ੧੩੪੨)

{ਗੁਰ ਸੇਵਾ ਬਿਨੁ ਭਗਤਿ ਨ ਹੋਈ ॥ ਅਨੇਕ ਜਤਨ ਕਰੈ ਜੇ ਕੋਈ ॥}

(ਅੰਗ - ੧੩੪੨)

{ਹਉਮੈ ਮੇਰਾ ਸਬਦੇ ਖੋਈ ॥ ਨਿਰਮਲ ਨਾਮੁ ਵਸੈ ਮਨਿ ਸੋਈ ॥੬॥}

(ਅੰਗ - ੧੩੪੨)

{ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ॥}

(ਅੰਗ - ੧੩੪੨)

{ਸਬਦੇ ਨਾਮੁ ਰਖੈ ਉਰਿ ਧਾਰਿ ॥ ਸਬਦੇ ਗਤਿ ਮਤਿ ਮੋਖ ਦੁਆਰੁ ॥੭॥}

(ਅੰਗ - ੧੩੪੨)

{ਅਵਰੁ ਨਾਹੀ ਕਰਿ ਦੇਖਣਹਾਰੋ ॥ ਸਾਚਾ ਆਪਿ ਅਨੂਪੁ ਅਪਾਰੋ ॥}

(ਅੰਗ - ੧੩੪੨)

{ਰਾਮ ਨਾਮ ਊਤਮ ਗਤਿ ਹੋਈ ॥ ਨਾਨਕ ਖੋਜਿ ਲਹੈ ਜਨੁ ਕੋਈ ॥੮॥੧॥}

(ਅੰਗ - ੧੩੪੨)

{ਮਾਇਆ ਮੋਹਿ ਸਗਲ ਜਗੁ ਛਾਇਆ ॥ ਕਾਮਣਿ ਦੇਖਿ ਕਾਮਿ ਲੋਭਾਇਆ ॥}

(ਅੰਗ - ੧੩੪੨)

{ਸੁਤ ਕੰਚਨ ਸਿਉ ਹੇਤੁ ਵਧਾਇਆ ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥}

(ਅੰਗ - ੧੩੪੨)

{ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥}

(ਅੰਗ - ੧੩੪੨)

{ਭਾਉ ਭਗਤਿ ਗੁਰਮਤੀ ਪਾਏ ॥ ਹਉਮੈ ਵਿਚਹੁ ਸਬਦਿ ਜਲਾਏ ॥}

(ਅੰਗ - ੧੩੪੨)

{ਧਾਵਤੁ ਰਾਖੈ ਠਾਕਿ ਰਹਾਏ ॥ ਸਚਾ ਨਾਮੁ ਮੰਨਿ ਵਸਾਏ ॥੪॥}

(ਅੰਗ - ੧੩੪੨)

{ਬਿਸਮ ਬਿਨੋਦ ਰਹੇ ਪਰਮਾਦੀ ॥ ਗੁਰਮਤਿ ਮਾਨਿਆ ਏਕ ਲਿਵ ਲਾਗੀ ॥}

(ਅੰਗ - ੧੩੪੨)

{ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥}

(ਅੰਗ - ੧੩੪੨)

{ਏਕੋ ਜਾਣੈ ਅਵਰੁ ਨ ਕੋਇ ॥ ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥}

(ਅੰਗ - ੧੩੪੨)

{ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥}

(ਅੰਗ - ੧੩੪੨)

{ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥}

(ਅੰਗ - ੧੩੪੨)

{ਤਨੁ ਮਨੁ ਧਨੁ ਹਰਿ ਆਗੈ ਰਾਖਿਆ ॥ ਨਾਨਕੁ ਕਹੈ ਮਹਾ ਰਸੁ ਚਾਖਿਆ ॥੮॥੨॥}

(ਅੰਗ - ੧੩੪੨)

{ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥}

(ਅੰਗ - ੧੩੪੩)

{ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥}

(ਅੰਗ - ੧੩੪੩)

{ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥}

(ਅੰਗ - ੧੩੪੩)

{ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥}

(ਅੰਗ - ੧੩੪੩)

{ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥}

(ਅੰਗ - ੧੩੪੩)

{ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥}

(ਅੰਗ - ੧੩੪੩)

{ਏ ਭ੍ਰਮਿ ਭੂਲੇ ਮਰਹੁ ਨ ਕੋਈ ॥ ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥}

(ਅੰਗ - ੧੩੪੩)

{ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥}

(ਅੰਗ - ੧੩੪੩)

{ਸੋ ਸੇਵਹੁ ਜਿਸੁ ਮਾਈ ਨ ਬਾਪੁ ॥ ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥}

(ਅੰਗ - ੧੩੪੩)

{ਜਹ ਜਹ ਦੇਖਾ ਤਹ ਤਹ ਸੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥}

(ਅੰਗ - ੧੩੪੩)

{ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥}

(ਅੰਗ - ੧੩੪੩)

{ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ ਘਰਿ ਬਾਹਰਿ ਏਕੋ ਕਰਿ ਜਾਣੁ ॥}

(ਅੰਗ - ੧੩੪੩)

{ਏਹਾ ਮਤਿ ਸਬਦੁ ਹੈ ਸਾਰੁ ॥ ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥}

(ਅੰਗ - ੧੩੪੩)

{ਕਰਣੀ ਕੀਰਤਿ ਗੁਰਮਤਿ ਸਾਰੁ ॥ ਸੰਤ ਸਭਾ ਗੁਣ ਗਿਆਨੁ ਬੀਚਾਰੁ ॥}

(ਅੰਗ - ੧੩੪੩)

{ਮਨੁ ਮਾਰੇ ਜੀਵਤ ਮਰਿ ਜਾਣੁ ॥ ਨਾਨਕ ਨਦਰੀ ਨਦਰਿ ਪਛਾਣੁ ॥੮॥੩॥}

(ਅੰਗ - ੧੩੪੩)

{ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ ॥ ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ॥੫॥}

(ਅੰਗ - ੧੩੪੪)

{ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥
ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ ॥੭॥}

(ਅੰਗ - ੧੩੪੪)

{ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ ॥੮॥੪॥}

(ਅੰਗ - ੧੩੪੪)

{ਆਖਣਾ ਸੁਨਣਾ ਨਾਮੁ ਅਧਾਰੁ ॥ ਧੰਧਾ ਛੁਟਕਿ ਗਇਆ ਵੇਕਾਰੁ ॥}

(ਅੰਗ - ੧੩੪੪)

{ਜਿਉ ਮਨਮੁਖਿ ਦੂਜੈ ਪਤਿ ਖੋਈ ॥ ਬਿਨੁ ਨਾਵੈ ਮੈ ਅਵਰੁ ਨ ਕੋਈ ॥੧॥}

(ਅੰਗ - ੧੩੪੪)

{ਗੁਰਮੁਖਿ ਵਿਰਲਾ ਚੀਨ੍ਹੈ ਕੋਈ ॥ ਨਾਮ ਬਿਹੂਨਾ ਮੁਕਤਿ ਨ ਹੋਈ ॥੨॥}

(ਅੰਗ - ੧੩੪੪)

{ਆਪੇ ਸਦੇ ਢਿਲ ਨ ਹੋਇ ॥ ਸਬਦਿ ਮਰੈ ਸਹਿਲਾ ਜੀਵੈ ਸੋਇ ॥}

(ਅੰਗ - ੧੩੪੪)

{ਬਿਨੁ ਗੁਰ ਸੋਝੀ ਕਿਸੈ ਨ ਹੋਇ ॥ ਆਪੇ ਕਰੈ ਕਰਾਵੈ ਸੋਇ ॥੪॥}

(ਅੰਗ - ੧੩੪੪)

{ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ ਸਹਜਿ ਸਮਾਵੈ ॥}

(ਅੰਗ - ੧੩੪੪)

{ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥੫॥}

(ਅੰਗ - ੧੩੪੪)

{ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥}

(ਅੰਗ - ੧੩੪੪)

{ਭਉ ਖਾਣਾ ਪੀਣਾ ਸੁਖੁ ਸਾਰੁ ॥ ਹਰਿ ਜਨ ਸੰਗਤਿ ਪਾਵੈ ਪਾਰੁ ॥}

(ਅੰਗ - ੧੩੪੪)

{ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ ਠਾਕਿ ਰਹਾਵੈ ॥੬॥}

(ਅੰਗ - ੧੩੪੪)

{ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥}

(ਅੰਗ - ੧੩੪੪)

{ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥}

(ਅੰਗ - ੧੩੪੪)

{ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥}

(ਅੰਗ - ੧੩੪੪)

{ਰਾਮ ਨਾਮੁ ਜਪਿ ਅੰਤਰਿ ਪੂਜਾ ॥ ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ ॥੧॥}

(ਅੰਗ - ੧੩੪੫)

{ਮਨੁ ਤਨੁ ਆਗੈ ਜੀਅੜਾ ਤੁਝ ਪਾਸਿ ॥ ਜਿਉ ਭਾਵੈ ਤਿਉ ਰਖਹੁ ਅਰਦਾਸਿ ॥੨॥}

(ਅੰਗ - ੧੩੪੫)

{ਸਚੁ ਜਿਹਵਾ ਹਰਿ ਰਸਨ ਰਸਾਈ ॥ ਗੁਰਮਤਿ ਛੂਟਸਿ ਪ੍ਰਭ ਸਰਣਾਈ ॥੩॥}

(ਅੰਗ - ੧੩੪੫)

{ਕਰਮ ਧਰਮ ਪ੍ਰਭਿ ਮੇਰੈ ਕੀਏ ॥ ਨਾਮੁ ਵਡਾਈ ਸਿਰਿ ਕਰਮਾਂ ਕੀਏ ॥੪॥}

(ਅੰਗ - ੧੩੪੫)

{ਸਤਿਗੁਰ ਕੈ ਵਸਿ ਚਾਰਿ ਪਦਾਰਥ ॥ ਤੀਨਿ ਸਮਾਏ ਏਕ ਕ੍ਰਿਤਾਰਥ ॥੫॥}

(ਅੰਗ - ੧੩੪੫)

{ਮਨੁ ਤਨੁ ਸੀਤਲੁ ਗੁਰਿ ਬੂਝ ਬੁਝਾਈ ॥ ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ ॥੭॥}

(ਅੰਗ - ੧੩੪੫)

{ਕਹੁ ਨਾਨਕ ਗੁਰਿ ਬੂਝ ਬੁਝਾਈ ॥ ਨਾਮ ਬਿਨਾ ਗਤਿ ਕਿਨੈ ਨ ਪਾਈ ॥੮॥੬॥}

(ਅੰਗ - ੧੩੪੫)

{ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥}

(ਅੰਗ - ੧੩੪੫)

{ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ ॥
ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ ॥੩॥}

(ਅੰਗ - ੧੩੪੫)

{ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥
ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥}

(ਅੰਗ - ੧੩੪੫)

{ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥}

(ਅੰਗ - ੧੩੪੫)

{ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥੭॥}

(ਅੰਗ - ੧੩੪੫)

{ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥}

(ਅੰਗ - ੧੩੪੬)

{ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥}

(ਅੰਗ - ੧੩੪੬)

{ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥}

(ਅੰਗ - ੧੩੪੬)

{ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥}

(ਅੰਗ - ੧੩੪੬)

{ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥}

(ਅੰਗ - ੧੩੪੬)

{ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥}

(ਅੰਗ - ੧੩੪੬)

{ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥}

(ਅੰਗ - ੧੩੪੬)

{ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥}

(ਅੰਗ - ੧੩੪੬)

{ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥ ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ॥੧੧॥੧॥}

(ਅੰਗ - ੧੩੪੬)

{ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ ॥੧॥}

(ਅੰਗ - ੧੩੪੬)

{ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥ ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ ॥੧॥ ਰਹਾਉ॥}

(ਅੰਗ - ੧੩੪੬)

{ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥
ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥}

(ਅੰਗ - ੧੩੪੬)

{ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ ॥ ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ ॥੩॥}

(ਅੰਗ - ੧੩੪੬)

{ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ ॥੪॥}

(ਅੰਗ - ੧੩੪੬)

{ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥੫॥}

(ਅੰਗ - ੧੩੪੬)

{ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ ॥
ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ ॥੭॥}

(ਅੰਗ - ੧੩੪੬)

{ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ ॥
ਨਾਨਕ ਨਾਮੁ ਨ ਵੀਸਰੈ ਜੋ ਕਿਛੁ ਕਰੈ ਸੁ ਹੋਗੁ ॥੮॥੨॥੭॥੨॥੯॥}

(ਅੰਗ - ੧੩੪੬)

{ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ॥}

(ਅੰਗ - ੧੩੪੭)

{ਮੁਖਿ ਮੀਠੀ ਖਾਈ ਕਉਰਾਇ ॥ ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥}

(ਅੰਗ - ੧੩੪੭)

{ਲੋਭ ਮੋਹ ਸਿਉ ਗਈ ਵਿਖੋਟਿ ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥}

(ਅੰਗ - ੧੩੪੭)

{ਇਹ ਠਗਵਾਰੀ ਬਹੁਤੁ ਘਰ ਗਾਲੇ ॥ ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥}

(ਅੰਗ - ੧੩੪੭)

{ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥}

(ਅੰਗ - ੧੩੪੭)

{ਜਹ ਦੇਖਉ ਤਹ ਮਹਾ ਚੰਡਾਲ ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥}

(ਅੰਗ - ੧੩੪੭)

{ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥}

(ਅੰਗ - ੧੩੪੭)

{ਇਹੁ ਨੀਘਰੁ ਘਰੁ ਕਹੀ ਨ ਪਾਏ ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥}

(ਅੰਗ - ੧੩੪੭)

{ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥ ਸਗਲ ਦੂਤ ਮੇਰੀ ਸੇਵਾ ਲਾਏ ॥}

(ਅੰਗ - ੧੩੪੭)

{ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥}

(ਅੰਗ - ੧੩੪੭)

{ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥}

(ਅੰਗ - ੧੩੪੮)

{ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ ਰਹਾਉ ॥}

(ਅੰਗ - ੧੩੪੮)

{ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥}

(ਅੰਗ - ੧੩੪੮)

{ਘੂਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ ॥}

(ਅੰਗ - ੧੩੪੮)

{ਵਰਮੀ ਮਾਰੀ ਸਾਪੁ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥੩॥}

(ਅੰਗ - ੧੩੪੮)

{ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥੫॥}

(ਅੰਗ - ੧੩੪੮)

{ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥}

(ਅੰਗ - ੧੩੪੮)

{ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥ ਹੁਕਮੁ ਨ ਬੂਝੈ ਵਿਆਪਿਆ ਮਮਤਾ ॥੬॥}

(ਅੰਗ - ੧੩੪੮)

{ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥੭॥}

(ਅੰਗ - ੧੩੪੮)

{ਜਿਸ ਨੋ ਭਏ ਗੋਬਿੰਦ ਦਇਆਲਾ ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥}

(ਅੰਗ - ੧੩੪੮)

{ਕੋਟਿ ਮਧੇ ਕੋਈ ਸੰਤੁ ਦਿਖਾਇਆ ॥ ਨਾਨਕ ਤਿਨ ਕੈ ਸੰਗਿ ਤਰਾਇਆ ॥੮॥}

(ਅੰਗ - ੧੩੪੮)

{ਜੇ ਹੋਵੈ ਭਾਗੁ ਤਾ ਦਰਸਨੁ ਪਾਈਐ ॥ ਆਪਿ ਤਰੈ ਸਭੁ ਕੁਟੰਬੁ ਤਰਾਈਐ ॥੧॥ ਰਹਾਉ ਦੂਜਾ ॥੨॥}

(ਅੰਗ - ੧੩੪੮)

{ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥ ਧਰਮ ਰਾਇ ਕੇ ਕਾਗਰ ਫਾਟੇ ॥}

(ਅੰਗ - ੧੩੪੮)

{ਚੂਕਾ ਗਉਣੁ ਮਿਟਿਆ ਅੰਧਿਆਰੁ ॥ ਗੁਰਿ ਦਿਖਲਾਇਆ ਮੁਕਤਿ ਦੁਆਰੁ ॥}

(ਅੰਗ - ੧੩੪੮)

{ਹਰਿ ਪ੍ਰੇਮ ਭਗਤਿ ਮਨੁ ਤਨੁ ਸਦ ਰਾਤਾ ॥ ਪ੍ਰਭੂ ਜਨਾਇਆ ਤਬ ਹੀ ਜਾਤਾ ॥੨॥}

(ਅੰਗ - ੧੩੪੮)

{ਘਟਿ ਘਟਿ ਅੰਤਰਿ ਰਵਿਆ ਸੋਇ ॥ ਤਿਸੁ ਬਿਨੁ ਬੀਜੋ ਨਾਹੀ ਕੋਇ ॥}

(ਅੰਗ - ੧੩੪੮)

{ਬੈਰ ਬਿਰੋਧ ਛੇਦੇ ਭੈ ਭਰਮਾਂ ॥ ਪ੍ਰਭਿ ਪੁੰਨਿ ਆਤਮੈ ਕੀਨੇ ਧਰਮਾ ॥੩॥}

(ਅੰਗ - ੧੩੪੮)

{ਮਹਾ ਤਰੰਗ ਤੇ ਕਾਂਢੈ ਲਾਗਾ ॥ ਜਨਮ ਜਨਮ ਕਾ ਟੂਟਾ ਗਾਂਢਾ ॥}

(ਅੰਗ - ੧੩੪੮)

{ਜਪੁ ਤਪੁ ਸੰਜਮੁ ਨਾਮੁ ਸਮ੍ਹਾਲਿਆ ॥ ਅਪੁਨੈ ਠਾਕੁਰਿ ਨਦਰਿ ਨਿਹਾਲਿਆ ॥੪॥}

(ਅੰਗ - ੧੩੪੮)

{ਪ੍ਰਭ ਸੁਪ੍ਰਸੰਨ ਭਏ ਗੋਪਾਲ ॥ ਜਨਮ ਜਨਮ ਕੇ ਮਿਟੇ ਬਿਤਾਲ ॥੫॥}

(ਅੰਗ - ੧੩੪੮)

{ਚਰਨ ਕਮਲ ਨਿਮਖ ਰਿਦੈ ਧਾਰੇ ॥ ਗੋਬਿੰਦ ਜਪਤ ਸਭਿ ਕਾਰਜ ਸਾਰੇ ॥੬॥}

(ਅੰਗ - ੧੩੪੮)

{ਊਚੇ ਤੇ ਊਚਾ ਪ੍ਰਭ ਥਾਨੁ ॥ ਹਰਿ ਜਨ ਲਾਵਹਿ ਸਹਜਿ ਧਿਆਨੁ ॥}

(ਅੰਗ - ੧੩੪੮)

{ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥ ਰਾਮ ਰਤਨੁ ਪਾਇਆ ਕਰਤ ਬੀਚਾਰਾ ॥੧॥ ਰਹਾਉ ॥}

(ਅੰਗ - ੧੩੪੯)

{ਜਹ ਅਨੰਦੁ ਦੁਖੁ ਦੂਰਿ ਪਇਆਨਾ ॥ ਮਨੁ ਮਾਨਕੁ ਲਿਵ ਤਤੁ ਲੁਕਾਨਾ ॥੨॥}

(ਅੰਗ - ੧੩੪੯)

{ਜੋ ਕਿਛੁ ਹੋਆ ਸੁ ਤੇਰਾ ਭਾਣਾ ॥ ਜੋ ਇਵ ਬੂਝੈ ਸੁ ਸਹਜਿ ਸਮਾਣਾ ॥੩॥}

(ਅੰਗ - ੧੩੪੯)

{ਕਹਤੁ ਕਬੀਰੁ ਕਿਲਬਿਖ ਗਏ ਖੀਣਾ ॥ ਮਨੁ ਭਇਆ ਜਗਜੀਵਨ ਲੀਣਾ ॥੪॥੧॥}

(ਅੰਗ - ੧੩੪੯)

{ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ ॥
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ ॥੪॥}

(ਅੰਗ - ੧੩੪੯)

{ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ ॥ ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥}

(ਅੰਗ - ੧੩੪੯)

{ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥}

(ਅੰਗ - ੧੩੪੯)

{ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥}

(ਅੰਗ - ੧੩੫੦)

{ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥}

(ਅੰਗ - ੧੩੫੦)

{ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥}

(ਅੰਗ - ੧੩੫੦)

{ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥੩॥}

(ਅੰਗ - ੧੩੫੦)

{ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ ॥
ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ ॥੪॥੪॥}

(ਅੰਗ - ੧੩੫੦)

{ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ॥੨॥}

(ਅੰਗ - ੧੩੫੦)

{ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥ ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ॥੩॥੫॥}

(ਅੰਗ - ੧੩੫੦)

{ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥
ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥}

(ਅੰਗ - ੧੩੫੦)

{ਤੁਮ੍ ਚੇ ਪਾਰਸੁ ਹਮ ਚੇ ਲੋਹਾ ਸੰਗੇ ਕੰਚਨੁ ਭੈਇਲਾ ॥ ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ॥੩॥੨॥}

(ਅੰਗ - ੧੩੫੧)

{ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥ ਆਪ ਹੀ ਕਰਤਾ ਬੀਠੁਲੁ ਦੇਉ ॥੨॥}

(ਅੰਗ - ੧੩੫੧)

{ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥੩॥}

(ਅੰਗ - ੧੩੫੧)

{ਰਿਦੈ ਛੁਰੀ ਸੰਧਿਆਨੀ ॥ ਪਰ ਦਰਬੁ ਹਿਰਨ ਕੀ ਬਾਨੀ ॥੨॥}

(ਅੰਗ - ੧੩੫੧)

{ਪਗ ਨਾਚਸਿ ਚਿਤੁ ਅਕਰਮੰ ॥ ਏ ਲੰਪਟ ਨਾਚ ਅਧਰਮੰ ॥੩॥}

(ਅੰਗ - ੧੩੫੧)

{ਰਿਦੈ ਕੂੜੁ ਕੰਠਿ ਰੁਦ੍ਰਾਖੰ ॥ ਰੇ ਲੰਪਟ ਕ੍ਰਿਸਨੁ ਅਭਾਖੰ ॥੪॥}

(ਅੰਗ - ੧੩੫੧)

{ਜਿਨਿ ਆਤਮ ਤਤੁ ਨ ਚੀਨ੍ਹਿਆ ॥ ਸਭ ਫੋਕਟ ਧਰਮ ਅਬੀਨਿਆ ॥}

(ਅੰਗ - ੧੩੫੧)

{ਕਹੁ ਬੇਣੀ ਗੁਰਮੁਖਿ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥}

(ਅੰਗ - ੧੩੫੧)

{ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥੧॥ ਰਹਾਉ ॥}

(ਅੰਗ - ੧੩੫੨)

{ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ ॥
ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ ॥੨॥੨॥}

(ਅੰਗ - ੧੩੫੨)

{ਰੇ ਮਨ ਕਉਨ ਗਤਿ ਹੋਇ ਹੈ ਤੇਰੀ ॥ ਇਹ ਜਗ ਮਹਿ ਰਾਮ ਨਾਮੁ ਸੋ ਤਉ ਨਹੀ ਸੁਨਿਓ ਕਾਨਿ ॥
ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ ॥੧॥ ਰਹਾਉ ॥}

(ਅੰਗ - ੧੩੫੨)

{ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥
ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ ॥੨॥੪॥}

(ਅੰਗ - ੧੩੫੩)

{ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥}

(ਅੰਗ - ੧੩੫੩)

{ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ ॥ ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ ॥੩॥}

(ਅੰਗ - ੧੩੫੩)

{ਪਤੰਤਿ ਮੋਹ ਕੂਪ ਦੁਰਲਭ੍ਰ ਦੇਹੰ ਤਤ ਆਸ੍ਰਯੰ ਨਾਨਕ ॥ ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥੩॥}

(ਅੰਗ - ੧੩੫੪)

{ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥ ਅਨਾਥ ਨਾਥੇ ਨਾਨਕ ਸਰਣੰ ॥੫॥}

(ਅੰਗ - ੧੩੫੪)

{ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸ੍ਰੂਰਾ ਚਤੁਰ ਦਿਸਹ ॥
ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ ॥}

(ਅੰਗ - ੧੩੫੪)

{ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ ॥
ਮਿਟੰਤਿ ਤਤ੍ਰਾਗਤ ਭਰਮ ਮੋਹੰ ॥ ਭਗਵਾਨ ਰਮਣੰ ਸਰਬਤ੍ਰ ਥਾਨ੍ਹੰ ॥}

(ਅੰਗ - ੧੩੫੪)

{ਨਹ ਬਿਲੰਬ ਧਰਮੰ ਬਿਲੰਬ ਪਾਪੰ ॥ ਦ੍ਰਿੜੰਤ ਨਾਮੰ ਤਜੰਤ ਲੋਭੰ ॥}

(ਅੰਗ - ੧੩੫੪)

{ਸਰਣਿ ਸੰਤੰ ਕਿਲਬਿਖ ਨਾਸੰ ਪ੍ਰਾਪਤੰ ਧਰਮ ਲਖ੍ਰਿਣ ॥ ਨਾਨਕ ਜਿਹ ਸੁਪ੍ਰਸੰਨ ਮਾਧਵਹ ॥੧੦॥}

(ਅੰਗ - ੧੩੫੪)

{ਰਾਜੰ ਤ ਮਾਨੰ ਅਭਿਮਾਨੰ ਤ ਹੀਨੰ ॥ ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥
ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ ਨਾਨਕ ਭਗਵੰਤ ਭਜਨਾਸਨੰ ॥੧੨॥}

(ਅੰਗ - ੧੩੫੪)

{ਕਿਰਪੰਤ ਹਰੀਅੰ ਮਤਿ ਤਤੁ ਗਿਆਨੰ ॥ ਬਿਗਸੀਧ੍ਰਿ ਬੁਧਾ ਕੁਸਲ ਥਾਨੰ ॥}

(ਅੰਗ - ੧੩੫੫)

{ਬਸ੍ਰਿੰਤ ਰਿਖਿਅੰ ਤਿਆਗਿ ਮਾਨੰ ॥ ਸੀਤਲੰਤ ਰਿਦਯੰ ਦ੍ਰਿੜੁ ਸੰਤ ਗਿਆਨੰ ॥}

(ਅੰਗ - ੧੩੫੫)

{ ਰਹੰਤ ਜਨਮੰ ਹਰਿ ਦਰਸ ਲੀਣਾ ॥ ਬਾਜੰਤ ਨਾਨਕ ਸਬਦ ਬੀਣਾਂ ॥੧੩॥}

(ਅੰਗ - ੧੩੫੫)

{ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ ॥ ਦ੍ਰਿੜੰਤ ਸੁਬਿਦਿਆ ਹਰਿ ਹਰਿ ਕ੍ਰਿਪਾਲਾ ॥
ਨਾਮ ਦਾਨੁ ਜਾਚੰਤ ਨਾਨਕ ਦੈਨਹਾਰ ਗੁਰ ਗੋਪਾਲਾ ॥੧੪॥}

(ਅੰਗ - ੧੩੫੫)

{ਅਨਿਤ੍ਰ ਵਿਤੰ ਅਨਿਤ੍ਰ ਚਿਤੰ ਅਨਿਤ੍ਰ ਆਸਾ ਬਹੁ ਬਿਧਿ ਪ੍ਰਕਾਰੰ ॥
ਅਨਿਤ੍ਰ ਹੇਤੰ ਅਹੰ ਬੰਧੰ ਭਰਮ ਮਾਇਆ ਮਲਨੰ ਬਿਕਾਰੰ ॥
ਫਿਰੰਤ ਜੋਨਿ ਅਨੇਕ ਜਠਰਾਗਨਿ ਨਹ ਸਿਮਰੰਤ ਮਲੀਣ ਬੁਧ੍ਰੰ ॥}

(ਅੰਗ - ੧੩੫੫)

{ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ ॥
ਅਨਿਕ ਸਾਧਨੰ ਨ ਸਿਧ੍ਰਤੇ ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਰਜਨਹ ॥੧੭॥}

(ਅੰਗ - ੧੩੫੫)

{ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘ ਖੰਡਨਹ ॥
ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ ॥}

(ਅੰਗ - ੧੩੫੫)

{ਭਗੜੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥
ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥੨੦॥}

(ਅੰਗ - ੧੩੫੫)

{ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੋਪਾਲ ਕੀਰਤਨਹ ॥
ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ ॥੨੯॥}

(ਅੰਗ - ੧੩੫੬)

{ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੁਮ ਛਾਯਾ ਰਚਿ ਦੁਰਮਤਿਹ ॥
ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥}

(ਅੰਗ - ੧੩੫੬)

{ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥}

(ਅੰਗ - ੧੩੫੬)

{ਚਰਣਾਰਬਿੰਦ ਭਜਨੰ ਰਿਦਯੰ ਨਾਮ ਧਾਰਣਹ ॥ ਕੀਰਤਨੰ ਸਾਧਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ॥੩੪॥}

(ਅੰਗ - ੧੩੫੬)

{ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ ॥
ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧ੍ਯੰ ਸਾਧਸੰਗਿ ਕ੍ਰਿਪਾ ਪ੍ਰਭੰ ॥੩੫॥}

(ਅੰਗ - ੧੩੫੭)

{ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ ॥
ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ ਲਿਪ੍ਯਤੇ ॥੩੬॥}

(ਅੰਗ - ੧੩੫੭)

{ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥}

(ਅੰਗ - ੧੩੫੭)

{ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਗਿ ਸਗਲ ਰੇਣੁਕਹ ॥}

(ਅੰਗ - ੧੩੫੭)

{ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ ॥ ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ ॥}

(ਅੰਗ - ੧੩੫੭)

{ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖ੍ਯਣ ਪ੍ਰਭ ਮਇਆ ॥
ਸਾਧ ਸੰਗਮ ਰਾਮ ਰਾਮ ਰਮਣੰ ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥੪੪॥}

(ਅੰਗ - ੧੩੫੭)

{ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥ ਗਣ ਗੰਧਰਬ ਦੇਵ ਮਾਨੁਖੰ ਪਸੁ ਪੰਖੀ ਬਿਮੋਹਨਹ ॥
ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ ॥੪੫॥}

(ਅੰਗ - ੧੩੫੭)

{ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਣਹ ॥}

(ਅੰਗ - ੧੩੫੮)

{ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥ ਬਿਖਯੰਤ ਜੀਵੰ ਵਸ੍ਮੰ ਕਰੋਤਿ ਨਿਰਤ੍ਮੰ ਕਰੋਤਿ ਜਥਾ ਮਰਕਟਹ॥}

(ਅੰਗ - ੧੩੫੮)

{ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥}

(ਅੰਗ - ੧੩੫੮)

{ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥ ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥}

(ਅੰਗ - ੧੩੫੮)

{ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥
ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥੪੯॥}

(ਅੰਗ - ੧੩੫੮)

{ਚਰਣ ਕਮਲ ਸਰਣੰ ਰਮਣੰ ਗੋਪਾਲ ਕੀਰਤਨਹ ॥
ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ ॥੫੧॥}

(ਅੰਗ - ੧੩੫੮)

{ਗੁਸਾਂਈ ਗਰਿਸ੍ਟ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ॥ ਲਬਧ੍ਯੰ ਸੰਤ ਸੰਗੇਣ ਨਾਨਕ ਸ੍ਵਛ ਮਾਰਗ ਹਰਿ ਭਗਤਣਹ॥੫੪॥}

(ਅੰਗ - ੧੩੫੮)

{ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ ॥
ਸਾਧ ਸੰਗੇਣਿ ਸਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ ॥੫੫॥}

(ਅੰਗ - ੧੩੫੯)

{ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ ॥੫੬॥}

(ਅੰਗ - ੧੩੫੯)

{ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥
ਬਿਖਮ ਸਥਾਨ ਮਨ ਮੋਹ ਮਦਿਰੰ ਮਹਾਂ ਅਸਾਧ ਪੰਚ ਤਸਕਰਹ ॥}

(ਅੰਗ - ੧੩੫੯)

{ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲ੍ਹੰ ਰੋਗ ਖੰਡਣਹ ॥
ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ ਪਰਮੇਸੁਰਹ ॥੫੯॥}

(ਅੰਗ - ੧੩੫੯)

{ਸਿਆਮਲੰ ਮਧੁਰ ਮਾਨੁਖੰ ਰਿਦਯੰ ਭੂਮਿ ਵੈਰਣਹ ॥ ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸ੍ਵਜਨਹ ॥੬੦॥}

(ਅੰਗ - ੧੩੫੯)

{ਰਚੰਤਿ ਪੁਰਖਹ ਕੁਟੰਬ ਲੀਲਾ ਅਨਿਤ ਆਸਾ ਬਿਖਿਆ ਬਿਨੋਦ ॥
ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ ਸਰਣਿ ਨਾਨਕ ਕਰੁਣਾ ਮਯਹ ॥੬੧॥}

(ਅੰਗ - ੧੩੫੯)

{ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ ॥ ਸਤ ਹਤੰ ਪਰਮ ਬਾਦੰ ਅਵਰਤ ਏਬਹ ਸੁਧ ਅਛਰਣਹ ॥
ਗੋਬਿੰਦ ਦਾਮੋਦਰ ਮਾਧਵੇ ॥੬੨॥}

(ਅੰਗ - ੧੩੫੯)

{ਗਰਬੰਤਿ ਨਾਰੀ ਮਦੋਨ ਮਤੰ ॥ ਬਲਵੰਤ ਬਲਾਤ ਕਾਰਣਹ ॥
ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ ॥}

(ਅੰਗ - ੧੩੫੯)

{ਅੰਧਕਾਰ ਕੋਟਿ ਸੂਰ ਉਜਾਰੰ ॥ ਬਿਨਵੰਤਿ ਨਾਨਕ ਹਰਿ ਗੁਰ ਦਯਾਰੰ ॥੬੪॥}

(ਅੰਗ - ੧੩੫੯)

{ਬ੍ਰਹਮਣਹ ਸੰਗਿ ਉਧਰਣੰ ਬ੍ਰਹਮ ਕਰਮ ਜਿ ਪੂਰਣਹ ॥ ਆਤਮ ਰਤੰ ਸੰਸਾਰ ਗਹੰ ਤੇ ਨਰ ਨਾਨਕ ਨਿਹਫਲਹ॥੬੫॥}

(ਅੰਗ - ੧੩੬੦)

{ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ ॥
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ ॥੬੬॥}

(ਅੰਗ - ੧੩੬੦)

{ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ ॥ ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ ॥੬੭॥੪॥}

(ਅੰਗ - ੧੩੬੦)

{ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ ॥ ਕੀਰਤਿ ਸਾਧਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ ॥੩॥}

(ਅੰਗ - ੧੩੬੦)

{ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥ ਲਬਧ੍ਯੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ॥੪॥}

(ਅੰਗ - ੧੩੬੦)

{ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥ ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ ॥੫॥}

(ਅੰਗ - ੧੩੬੦)

{ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ ॥ ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ ॥੬॥}

(ਅੰਗ - ੧੩੬੦)

{ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ ॥ ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ॥੧੦॥}

(ਅੰਗ - ੧੩੬੦)

{ਸੁੰਦਰ ਮੰਦਰ ਸੈਣਹ ਜੇਣ ਮਧ੍ਯ ਹਰਿ ਕੀਰਤਨਹ ॥ ਮੁਕਤੇ ਰਮਣ ਗੋਬਿੰਦਹ ਨਾਨਕ ਲਬਧ੍ਯੰ ਬਡ ਭਾਗਣਹ ॥੧੨॥}

(ਅੰਗ - ੧੩੬੦)

{ਅਪਜਸੰ ਮਿਟੰਤ ਸਤ ਪੁਤ੍ਰਹ ॥ ਸਿਮਰਤਬ੍ਰ ਰਿਦੈ ਗੁਰ ਮੰਤ੍ਰਣਹ ॥}

(ਅੰਗ - ੧੩੬੦)

{ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿ ਨਾਮ ਧ੍ਯਾਵਣਹ ॥}

(ਅੰਗ - ੧੩੬੧)

{ਲਭਣੰ ਸਾਧ ਸੰਗੇਣ ॥ ਨਾਨਕ ਹਰਿ ਪੂਰਬਿ ਲਿਖਣਹ ॥੧੫॥}

(ਅੰਗ - ੧੩੬੧)

{ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ ॥ ਬ੍ਯਾਧਿ ਉਪਾੜਣ ਸੰਤੰ ॥ ਨਾਨਕ ਲਬਧ ਕਰਮਣਹ ॥੧੬॥}

(ਅੰਗ - ੧੩੬੧)

{ਬੇਦ ਪੁਰਾਣ ਸਾਸਤ੍ਰ ਬੀਚਾਰੰ ॥ ਏਕੰਕਾਰ ਨਾਮ ਉਰ ਧਾਰੰ ॥}

(ਅੰਗ - ੧੩੬੧)

{ਕੁਲਹ ਸਮੂਹ ਸਗਲ ਉਧਾਰੰ ॥ ਬਡਭਾਗੀ ਨਾਨਕ ਕੋ ਤਾਰੰ ॥੨੦॥}

(ਅੰਗ - ੧੩੬੧)

{ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣਃ ॥ ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖ੍ਹਣਃ॥੨੨॥}

(ਅੰਗ - ੧੩੬੧)

{ਸੰਤ ਸਭਾ ਮਹਿ ਬੈਸਿ ਕਿ ਕੀਰਤਿ ਮੈ ਕਹਾਂ ॥ ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ ॥}

(ਅੰਗ - ੧੩੬੧)

{ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ ॥ ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ ॥}

(ਅੰਗ - ੧੩੬੧)

{ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ ॥
ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ ॥੪॥}

(ਅੰਗ - ੧੩੬੧)

{ਮੈ ਤਨਿ ਅਵਗਣ ਬਹੁਤੁ ਕਿ ਅਵਗਣ ਛਾਇਆ ॥ ਹਰਿਹਾਂ ਸਤਿਗੁਰ ਭਏ ਦਇਆਲ ਤ ਮਨੁ ਠਹਰਾਇਆ॥੫॥}

(ਅੰਗ - ੧੩੬੨)

{ਮਿਟਿਆ ਆਵਾ ਗਉਨੁ ਜਾਂ ਪੂਰਾ ਪਾਇਆ ॥ ਹਰਿਹਾਂ ਅੰਮ੍ਰਿਤੁ ਹਰਿ ਕਾ ਨਾਮੁ ਸਤਿਗੁਰ ਤੇ ਪਾਇਆ ॥੬॥}

(ਅੰਗ - ੧੩੬੨)

{ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥ ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ ਕਤ ਢਾਕੀਅਹਿ ॥}

(ਅੰਗ - ੧੩੬੨)

{ਹਰਿ ਗੁਣ ਰਮਤ ਪਵਿਤ੍ ਸਗਲ ਕੁਲ ਤਾਰਣੀ ॥ ਹਰਿਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮੁ ਬੀਚਾਰਣੀ ॥੮॥}

(ਅੰਗ - ੧੩੬੨)

{ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥}

(ਅੰਗ - ੧੩੬੨)

{ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥ ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥੧੦॥}

(ਅੰਗ - ੧੩੬੨)

{ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ ॥ ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ॥}

(ਅੰਗ - ੧੩੬੨)

{ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥ ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥੧੨॥}

(ਅੰਗ - ੧੩੬੨)

{ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ ॥ ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ ॥}

(ਅੰਗ - ੧੩੬੨)

{ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥ ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥}

(ਅੰਗ - ੧੩੬੩)

{ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥ ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥੧੬॥}

(ਅੰਗ - ੧੩੬੩)

{ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ ॥ ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ ॥}

(ਅੰਗ - ੧੩੬੩)

{ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥ ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ ॥੧੭॥}

(ਅੰਗ - ੧੩੬੩)

{ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ ॥ ਸਾਜਨ ਮਨਿ ਆਨੰਦੁ ਨਾਨਕ ਨਾਮੁ ਜਪਿ ॥੧੮॥}

(ਅੰਗ - ੧੩੬੩)

{ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ ॥ ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ ॥}

(ਅੰਗ - ੧੩੬੩)

{ਹਰਿਚੰਦਉਰੀ ਪੇਖਿ ਕਾਹੇ ਸੁਖੁ ਮਾਨਿਆ ॥ ਹਰਿਹਾਂ ਹਉ ਬਲਿਹਾਰੀ ਤਿੰਨ ਜਿ ਦਰਗਹਿ ਜਾਨਿਆ ॥੧੯॥}

(ਅੰਗ - ੧੩੬੩)

{ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ ॥ ਮਹਾ ਦੁਗੰਧਤ ਵਾਸੁ ਸਠ ਕਾ ਛਾਰੁ ਤਨ ॥}

(ਅੰਗ - ੧੩੬੩)

{ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ ॥ ਹਰਿਹਾਂ ਹਰਿਚੰਦਉਰੀ ਪੇਖਿ ਕਾਹੇ ਸਚੁ ਮਾਨਈ ॥੨੦॥}

(ਅੰਗ - ੧੩੬੩)

{ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ ॥ ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ ॥}

(ਅੰਗ - ੧੩੬੩)

{ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥ ਹਰਿਹਾਂ ਦੁਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥੨੩॥}

(ਅੰਗ - ੧੩੬੩)

{ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ ॥ ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ ॥੨॥}

(ਅੰਗ - ੧੩੬੩)

{ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ ॥
ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥੫॥}

(ਅੰਗ - ੧੩੬੩)

{ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ ॥ ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ ॥੮॥}

(ਅੰਗ - ੧੩੬੩)

{ਲਖ ਘਾਟੀਂ ਊਂਚੌ ਘਨੋ ਚੰਚਲ ਚੀਤ ਬਿਹਾਲ ॥ ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ ॥੯॥}

(ਅੰਗ - ੧੩੬੪)

{ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ ॥
ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥੧੧॥}

(ਅੰਗ - ੧੩੬੪)

{ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥ ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ ॥੧॥}

(ਅੰਗ - ੧੩੬੪)

{ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥ ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥੨॥}

(ਅੰਗ - ੧੩੬੪)

{ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ ॥ ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਉ ॥੩॥}

(ਅੰਗ - ੧੩੬੪)

{ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥ ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥੪॥}

(ਅੰਗ - ੧੩੬੪)

{ਕਬੀਰ ਐਸਾ ਏਕੁ ਆਧੁ ਜੋ ਜੀਵਤ ਮਿਰਤਕੁ ਹੋਇ ॥ ਨਿਰਭੈ ਹੋਇ ਕੈ ਗੁਨ ਰਵੈ ਜਤ ਪੇਖਉ ਤਤ ਸੋਇ ॥੫॥}

(ਅੰਗ - ੧੩੬੪)

{ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ ॥ ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋਬਿੰਦੁ ॥੬॥}

(ਅੰਗ - ੧੩੬੪)

{ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥ ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥}

(ਅੰਗ - ੧੩੬੪)

{ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥ ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥੮॥}

(ਅੰਗ - ੧੩੬੪)

{ਕਬੀਰ ਸੋਈ ਮਾਰੀਐ ਜਿਹ ਮੂਐ ਸੁਖੁ ਹੋਇ ॥ ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ ਕੋਇ ॥੯॥}

(ਅੰਗ - ੧੩੬੪)

{ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥}

(ਅੰਗ - ੧੩੬੫)

{ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥ ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥੧੨॥}

(ਅੰਗ - ੧੩੬੫)

{ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥

ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥੧੩॥}

(ਅੰਗ - ੧੩੬੫)

{ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥ ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥੧੪॥}

(ਅੰਗ - ੧੩੬੫)

{ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ ॥
ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ ॥੧੫॥}

(ਅੰਗ - ੧੩੬੫)

{ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥ ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥੧੬॥}

(ਅੰਗ - ੧੩੬੫)

{ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥ ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥੧੭॥}

(ਅੰਗ - ੧੩੬੫)

{ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥ ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥੧੮॥}

(ਅੰਗ - ੧੩੬੫)

{ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ ॥ ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ॥੧੯॥}

{ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ ॥ ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ॥੨੦॥}

{ਕਬੀਰ ਸੁਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ ॥ ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥੨੧॥}

(ਅੰਗ - ੧੩੬੫)

{ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥}

(ਅੰਗ - ੧੩੬੫)

{ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥੨੩॥}

(ਅੰਗ - ੧੩੬੫)

{ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ ॥ ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ ॥੨੪॥}

(ਅੰਗ - ੧੩੬੫)

{ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥ ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥੨੫॥}

(ਅੰਗ - ੧੩੬੫)

{ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥੨੬॥}

(ਅੰਗ - ੧੩੬੫)

{ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥ ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥੨੭॥}

(ਅੰਗ - ੧੩੬੫)

{ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ॥ ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ॥੨੮॥}

(ਅੰਗ - ੧੩੬੫)

{ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥੨੯॥}

(ਅੰਗ - ੧੩੬੫)

{ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥੩੦॥}

(ਅੰਗ - ੧੩੬੬)

{ਕਬੀਰਾ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ ॥ ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥੩੧॥}

(ਅੰਗ - ੧੩੬੬)

{ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ ॥ ਕਰਮ ਕਰੀਮ ਜੁ ਕਰ�ि ਰਹੇ ਮੇਟਿ ਨ ਸਾਕੈ ਕੋਇ ॥੩੨॥}

(ਅੰਗ - ੧੩੬੬)

{ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੩੩॥}

(ਅੰਗ - ੧੩੬੬)

{ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ ॥
ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ ॥੩੪॥}

(ਅੰਗ - ੧੩੬੬)

{ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥ ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥੩੫॥}

(ਅੰਗ - ੧੩੬੬)

{ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥
ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥੩੬॥}

(ਅੰਗ - ੧੩੬੬)

{ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ ॥ ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ ॥੩੭॥}

(ਅੰਗ - ੧੩੬੬)

{ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ ॥ ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ ॥੩੮॥}

(ਅੰਗ - ੧੩੬੬)

{ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥
ਅਜਹੁ ਸੁ ਨਾਉ ਸਮੁੰਦ੍ ਮਹਿ ਕਿਆ ਜਾਨਉ ਕਿਆ ਹੋਇ ॥੩੯॥}

(ਅੰਗ - ੧੩੬੬)

{ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ ॥ ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ ॥੪੦॥}

(ਅੰਗ - ੧੩੬੬)

{ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥ ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥੪੧॥}

(ਅੰਗ - ੧੩੬੬)

{ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ ॥
ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ ॥੪੨॥}

(ਅੰਗ - ੧੩੬੬)

{ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ ॥ ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ ॥੪੩॥}

(ਅੰਗ - ੧੩੬੬)

{ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ ॥ ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ ॥੪੪॥}

(ਅੰਗ - ੧੩੬੬)

{ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥
ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ ॥੪੫॥}

(ਅੰਗ - ੧੩੬੬)

{ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ ॥
ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ ॥੪੬॥}

(ਅੰਗ - ੧੩੬੬)

{ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ ॥
ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ ॥੪੭॥}

(ਅੰਗ - ੧੩੬੭)

{ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟ ਮਫੂਟ ॥ ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ ॥੪੮॥}

(ਅੰਗ - ੧੩੬੭)

{ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ ॥ ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ॥੪੯॥}

(ਅੰਗ - ੧੩੬੭)

{ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ ॥ ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ ॥੫੦॥}

(ਅੰਗ - ੧੩੬੭)

{ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ ॥ ਦੀਨ ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ ॥੫੧॥}

(ਅੰਗ - ੧੩੬੭)

{ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ ॥
ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ ॥੫੨॥}

(ਅੰਗ - ੧੩੬੭)

{ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ ॥ ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ ॥੫੩॥}

(ਅੰਗ - ੧੩੬੭)

{ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ ॥੫੪॥}

(ਅੰਗ - ੧੩੬੭)

{ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥}

(ਅੰਗ - ੧੩੬੭)

{ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ ॥ ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ ॥੫੬॥}

(ਅੰਗ - ੧੩੬੭)

{ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ ॥
ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ ॥੫੭॥}

(ਅੰਗ - ੧੩੬੭)

{ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ ॥
ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ ॥੫੮॥}

(ਅੰਗ - ੧੩੬੭)

{ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੫੯॥}

(ਅੰਗ - ੧੩੬੭)

{ਕਬੀਰ ਨਾ ਮੁੋਹਿ ਛਾਨਿ ਨ ਛਾਪਰੀ ਨਾ ਮੁੋਹਿ ਘਰੁ ਨਹੀ ਗਾਉ ॥
ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ ॥੬੦॥}

(ਅੰਗ - ੧੩੬੭)

{ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥੬੧॥}

(ਅੰਗ - ੧੩੬੭)

{ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰ�ि ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥੬੨॥}

(ਅੰਗ - ੧੩੬੭)

{ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ ॥ ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥੬੩॥}

(ਅੰਗ - ੧੩੬੭)

{ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ ॥ ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥੬੪॥}

(ਅੰਗ - ੧੩੬੭)

{ਕਬੀਰ ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ ॥
ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ ॥੬੫॥}

(ਅੰਗ - ੧੩੬੭)

{ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥ ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥੬੬॥}

(ਅੰਗ - ੧੩੬੭)

{ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ ॥

ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ ॥੬੭॥}

(ਅੰਗ - ੧੩੬੭)

{ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥
ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥੬੮॥}

(ਅੰਗ - ੧੩੬੮)

{ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ ॥ ਏਕੁ ਕਬੀਰਾ ਨਾ ਮੂਆ ਜਿਹ ਨਾਹੀ ਰੋਵਨਹਾਰੁ ॥੬੯॥}

(ਅੰਗ - ੧੩੬੮)

{ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ ॥ ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ ॥੭੦॥}

(ਅੰਗ - ੧੩੬੮)

{ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ॥ ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥੭੧॥}

(ਅੰਗ - ੧੩੬੮)

{ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ ॥ ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ ॥੭੨॥}

(ਅੰਗ - ੧੩੬੮)

{ਕਬੀਰ ਗਾਗਰਿ ਜਲ ਭਰੀ ਆਜੁ ਕਾਲ੍ਹਿ ਜੈਹੈ ਫੂਟਿ ॥
ਗੁਰੁ ਜੁ ਨ ਚੇਤਹਿ ਆਪਨੋ ਅਧ ਮਾਝਿ ਲੀਜਹਿਗੇ ਲੂਟਿ ॥੭੩॥}

(ਅੰਗ - ੧੩੬੮)

{ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥ ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥੭੪॥}

(ਅੰਗ - ੧੩੬੮)

{ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥
ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥੭੫॥}

(ਅੰਗ - ੧੩੬੮)

{ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥੭੬॥}

(ਅੰਗ - ੧੩੬੮)

{ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ ॥ ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ ॥੭੭॥}

(ਅੰਗ - ੧੩੬੮)

{ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥
ਏਕੁ ਜੁ ਸਾਧੂ ਮੋਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ ॥੭੮॥}

(ਅੰਗ - ੧੩੬੮)

{ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥ ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ ॥੭੯॥}

(ਅੰਗ - ੧੩੬੮)

{ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥ ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ॥੮੦॥}

(ਅੰਗ - ੧੩੬੯)

{ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥੮੧॥}

(ਅੰਗ - ੧੩੬੯)

{ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥੮੨॥}

(ਅੰਗ - ੧੩੬੯)

{ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ ॥ ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ ॥੮੩॥}

(ਅੰਗ - ੧੩੬੯)

{ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ ॥ ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ ॥੮੪॥}

(ਅੰਗ - ੧੩੬੯)

{ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ ॥
ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ ॥੮੫॥}

(ਅੰਗ - ੧੩੬੯)

{ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥ ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥}

(ਅੰਗ - ੧੩੬੯)

{ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥ ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥੮੭॥}

(ਅੰਗ - ੧੩੬੯)

{ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥੮੮॥}

(ਅੰਗ - ੧੩੬੯)

{ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ ॥ ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ ॥੮੯॥}

(ਅੰਗ - ੧੩੬੯)

{ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ ॥ ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ ॥੯੦॥}

(ਅੰਗ - ੧੩੬੯)

{ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥ ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥੯੧॥}

(ਅੰਗ - ੧੩੬੯)

{ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ ॥
ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ ॥੯੨॥}

(ਅੰਗ - ੧੩੬੯)

{ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥ ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥੯੩॥}

(ਅੰਗ - ੧੩੬੯)

{ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ ॥

ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ ॥੯੪॥}

(ਅੰਗ - ੧੩੬੯)

{ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ ॥
ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ ॥੯੫॥}

(ਅੰਗ - ੧੩੬੯)

{ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥}

(ਅੰਗ - ੧੩੬੯)

{ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ ॥
ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ ॥੯੭॥}

(ਅੰਗ - ੧੩੬੯)

{ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥੯੮॥}

(ਅੰਗ - ੧੩੬੯)

{ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥ ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨ ਜਾਉ ॥੯੯॥}

(ਅੰਗ - ੧੩੬੯)

{ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥ ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥੧੦੦॥}

(ਅੰਗ - ੧੩੬੯)

{ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥ ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥੧੦੧॥}

(ਅੰਗ - ੧੩੬੯)

{ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ ਤ ਜਾਉ॥ ਚਰਨ ਕਮਲ ਚਿਤੁ ਬੇਧਿਆ ਰਾਮਹਿ ਨਾਮਿ ਸਮਾਉ॥੧੦੨॥}

(ਅੰਗ - ੧੩੬੯)

{ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ ॥ ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨਹਾਰ ॥੧੦੩॥}

(ਅੰਗ - ੧੩੬੯)

{ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥}

(ਅੰਗ - ੧੩੬੯)

{ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ ॥ ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ ॥੧੦੫॥}

(ਅੰਗ - ੧੩੭੦)

{ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ ॥
ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ ॥੧੦੬॥}

(ਅੰਗ - ੧੩੭੦)

{ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥
ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥੧੦੭॥}

(ਅੰਗ - ੧੩੭੦)

{ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥੧੦੮॥}

(ਅੰਗ - ੧੩੭੦)

{ਕਬੀਰ ਚਤੁਰਾਈ ਅਤਿ ਘਨੀ ਹਰਿ ਜਪਿ ਹਿਰਦੈ ਮਾਹਿ ॥ ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ॥੧੦੯॥}

(ਅੰਗ - ੧੩੭੦)

{ਕਬੀਰ ਸੁੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥ ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥੧੧੦॥}

(ਅੰਗ - ੧੩੭੦)

{ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥ ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ ॥੧੧੧॥}

(ਅੰਗ - ੧੩੭੦)

{ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ ॥
ਇਆ ਸੁਖ ਤੇ ਭਿਖ੍ਯਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ ॥੧੧੨॥}

(ਅੰਗ - ੧੩੭੦)

{ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ ॥ ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥੧੧੩॥}

(ਅੰਗ - ੧੩੭੦)

{ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥ ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥੧੧੪॥}

(ਅੰਗ - ੧੩੭੦)

{ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ ॥ ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ ॥੧੧੫॥}

(ਅੰਗ - ੧੩੭੦)

{ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ ॥
ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥੧੧੬॥}

(ਅੰਗ - ੧੩੭੦)

{ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ ॥
ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ ॥੧੧੭॥}

(ਅੰਗ - ੧੩੭੦)

{ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ ॥ ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ ॥੧੧੮॥}

(ਅੰਗ - ੧੩੭੦)

{ਕਬੀਰ ਨੈਨ ਨਿਹਾਰਉ ਤੁਝ ਕਉ ਸ੍ਰਵਨ ਸੁਨਉ ਤੁਅ ਨਾਉ ॥
ਬੈਨ ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ ॥੧੧੯॥}

(ਅੰਗ - ੧੩੭੦)

{ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥}

(ਅੰਗ - ੧੩੭੦)

{ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥}

(ਅੰਗ - ੧੩੭੦)

{ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ॥ ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ॥੧੨੨॥}

(ਅੰਗ - ੧੩੭੦)

{ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ ॥ ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ ॥੧੨੩॥}

(ਅੰਗ - ੧੩੭੧)

{ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ ॥
ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ ॥੧੨੪॥}

(ਅੰਗ - ੧੩੭੧)

{ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ ॥
ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ ॥੧੨੫॥}

(ਅੰਗ - ੧੩੭੧)

{ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ ॥ ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥੧੨੬॥}

(ਅੰਗ - ੧੩੭੧)

{ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ ॥ ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥੧੨੭॥}

(ਅੰਗ - ੧੩੭੧)

{ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥ ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥੧੨੮॥}

(ਅੰਗ - ੧੩੭੧)

{ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥ ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ ॥੧੨੯॥}

(ਅੰਗ - ੧੩੭੧)

{ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ॥ ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ॥੧੩੦॥}

(ਅੰਗ - ੧੩੭੧)

{ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥}

(ਅੰਗ - ੧੩੭੧)

{ਕਬੀਰਾ ਰਾਮੁ ਨ ਚੇਤਿਓ ਜਰਾ ਪਹੂੰਚਿਓ ਆਇ॥ ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ॥੧੩੨॥}

(ਅੰਗ - ੧੩੭੧)

{ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰਿ ॥ ਤਿਸੁ ਬਿਨੁ ਦੂਸਰੁ ਕੋ ਨਹੀ ਏਕੈ ਸਿਰਜਨਹਾਰੁ ॥੧੩੩॥}

(ਅੰਗ - ੧੩੭੧)

{ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ ॥
ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ ॥੧੩੪॥}

(ਅੰਗ - ੧੩੭੧)

{ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥ ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥੧੩੫॥}

(ਅੰਗ - ੧੩੭੧)

{ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥ ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥੧੩੬॥}

(ਅੰਗ - ੧੩੭੧)

{ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥ ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥੧੩੭॥}

(ਅੰਗ - ੧੩੭੧)

{ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮॥}

(ਅੰਗ - ੧੩੭੧)

{ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ ॥ ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ ॥੧੩੯॥}

(ਅੰਗ - ੧੩੭੧)

{ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ ॥
ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ ॥੧੪੦॥}

(ਅੰਗ - ੧੩੭੧)

{ਕਬੀਰੁ ਕਸਤੂਰੀ ਭਇਆ ਭਵਰ ਭਏ ਸਭ ਦਾਸ ॥
ਜਿਉ ਜਿਉ ਭਗਤਿ ਕਬੀਰ ਕੀ ਤਿਉ ਤਿਉ ਰਾਮ ਨਿਵਾਸ ॥੧੪੧॥}

(ਅੰਗ - ੧੩੭੧)

{ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ ॥
ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ ॥੧੪੨॥}

(ਅੰਗ - ੧੩੭੨)

{ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥
ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥੧੪੩॥}

(ਅੰਗ - ੧੩੭੨)

{ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ॥ ਚਲਤੀ ਬਾਰ ਨ ਕਛੂ ਮਿਲਿਓ ਲਈ ਲੰਗੋਟੀ ਤੋਰਿ॥੧੪੪॥}

(ਅੰਗ - ੧੩੭੨)

{ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ ॥
ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ ॥੧੪੫॥}

(ਅੰਗ - ੧੩੭੨)

{ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥
ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥}

(ਅੰਗ - ੧੩੭੨)

{ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ ॥
ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥੧੪੭॥}

(ਅੰਗ - ੧੩੭੨)

{ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ ॥
ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥੧੪੮॥}

(ਅੰਗ - ੧੩੭੨)

{ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ ॥
ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥੧੪੯॥}

(ਅੰਗ - ੧੩੭੨)

{ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ ॥ ਰਾਮ ਸਨੇਹੀ ਬਾਹਰਾ ਜਮ ਪੁਰੁ ਮੇਰੇ ਭਾਂਇ॥੧੫੧॥}

(ਅੰਗ - ੧੩੭੨)

{ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥ ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥੧੫੨॥}

(ਅੰਗ - ੧੩੭੨)

{ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥੧੫੩॥}

(ਅੰਗ - ੧੩੭੨)

{ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥ ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥੧੫੪॥}

(ਅੰਗ - ੧੩੭੨)

{ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥}

(ਅੰਗ - ੧੩੭੨)

{ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥}

(ਅੰਗ - ੧੩੭੨)

{ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥
ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥੧੫੭॥}

(ਅੰਗ - ੧੩੭੨)

{ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥}

(ਅੰਗ - ੧੩੭੨)

{ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ ॥
ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ ॥੧੬੦॥}

(ਅੰਗ - ੧੩੭੩)

{ਕਬੀਰ ਬੂਨੀ ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ ॥ ਕਬੀਰ ਹੀਰਾ ਬਨਜਿਆ ਮਾਨ ਸਰੋਵਰ ਤੀਰ॥੧੬੧॥}

{ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ ॥
ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ ॥੧੬੨॥}

(ਅੰਗ - ੧੩੭੩)

{ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥}

(ਅੰਗ - ੧੩੭੩)

{ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ ॥੧੬੫॥}

(ਅੰਗ - ੧੩੭੩)

{ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ ॥
ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ ॥੧੬੬॥}

(ਅੰਗ - ੧੩੭੩)

{ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ ॥ ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥੧੬੯॥}

(ਅੰਗ - ੧੩੭੩)

{ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ ॥ ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥੧੭੨॥}

(ਅੰਗ - ੧੩੭੩)

{ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ ॥ ਬਾਵਨ ਅਖਰ ਸੋਧਿ ਕੈ ਹਰਿ ਚਰਨੀ ਚਿਤੁ ਲਾਇ ॥੧੭੩॥}

(ਅੰਗ - ੧੩੭੩)

{ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥}

(ਅੰਗ - ੧੩੭੩)

{ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥
ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ ॥੧੭੫॥}

(ਅੰਗ - ੧੩੭੩)

{ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ ॥ ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ॥੧੭੬॥}

(ਅੰਗ - ੧੩੭੩)

{ਕਬੀਰ ਭਲੀ ਭਈ ਜੋ ਭਉ ਪਰਿਆ ਦਿਸਾ ਗਈਂ ਸਭ ਭੁਲਿ ॥
ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ ॥੧੭੭॥}

(ਅੰਗ - ੧੩੭੩)

{ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ ॥
ਕਹਿਓ ਕਬੀਰ ਬਿਚਾਰਿ ਕੈ ਸੰਤ ਸੁਨਹੁ ਮਨ ਮਾਹਿ ॥੧੮੦॥}

(ਅੰਗ - ੧੩੭੪)

{ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ ॥
ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥੧੮੧॥}

(ਅੰਗ - ੧੩੭੪)

{ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ ਪੁਕਾਰੈ ਅਉਰ ॥ ਲਾਗੀ ਚੋਟ ਮਰੰਮ ਕੀ ਰਹਿਓ ਕਬੀਰਾ ਠਉਰ॥੧੮੨॥}

(ਅੰਗ - ੧੩੭੪)

{ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ ॥ ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ ॥੧੮੩॥}

(ਅੰਗ - ੧੩੭੪)

{ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥}

(ਅੰਗ - ੧੩੭੪)

{ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ ॥
ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ ॥੧੮੫॥}

(ਅੰਗ - ੧੩੭੪)

{ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥
ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ॥੧੮੬॥}

(ਅੰਗ - ੧੩੭੪)

{ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥ ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥੧੮੭॥}

(ਅੰਗ - ੧੩੭੪)

{ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥ ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥}

(ਅੰਗ - ੧੩੭੪)

{ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪਿ ॥੧੮੯॥}

(ਅੰਗ - ੧੩੭੪)

{ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥ ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ ॥੧੯੧॥}

(ਅੰਗ - ੧੩੭੪)

{ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥੧੯੨॥}

(ਅੰਗ - ੧੩੭੪)

{ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥ ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥੧੯੩॥}

(ਅੰਗ - ੧੩੭੪)

{ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥੧੯੪॥}

(ਅੰਗ - ੧੩੭੪)

{ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ ॥
ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥੧੯੫॥}

(ਅੰਗ - ੧੩੭੪)

{ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥
ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥੧੯੬॥}

(ਅੰਗ - ੧੩੭੫)

{ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ੍ ਫੁਰਮਾਈ ਗਾਇ ॥੧੯੭॥}

(ਅੰਗ - ੧੩੭੫)

{ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ ॥
ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ ॥੧੯੮॥}

(ਅੰਗ - ੧੩੭੫)

{ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥}

(ਅੰਗ - ੧੩੭੫)

{ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥ ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥੨੦੦॥}

(ਅੰਗ - ੧੩੭੫)

{ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥ ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥੨੦੧॥}

(ਅੰਗ - ੧੩੭੫)

{ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥}

(ਅੰਗ - ੧੩੭੫)

{ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥}

(ਅੰਗ - ੧੩੭੫)

{ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ ॥ ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ ॥੨੦੫॥}

(ਅੰਗ - ੧੩੭੫)

{ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ ॥

ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ ॥੨੦੬॥}

(ਅੰਗ - ੧੩੭੫)

{ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ ॥ ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ ॥੨੦੭॥}

(ਅੰਗ - ੧੩੭੫)

{ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ ॥
ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ ॥੨੦੮॥}

(ਅੰਗ - ੧੩੭੫)

{ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ ॥
ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ ॥੨੦੯॥}

(ਅੰਗ - ੧੩੭੫)

{ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥ ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥੨੧੦॥}

(ਅੰਗ - ੧੩੭੫)

{ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥੨੧੧॥}

(ਅੰਗ - ੧੩੭੫)

{ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥}

(ਅੰਗ - ੧੩੭੫)

{ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ ॥
ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ ॥੨੧੫॥}

(ਅੰਗ - ੧੩੭੬)

{ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥}

(ਅੰਗ - ੧੩੭੬)

{ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ ॥
ਪਾਪ ਕਰੰਤਾ ਮਰਿ ਗਇਆ ਅਉਧ ਪੁਨੀ ਖਿਨ ਮਾਹਿ ॥੨੨੧॥}

(ਅੰਗ - ੧੩੭੬)

{ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥
ਸਾਬਤੁ ਰਖਹਿ ਤ ਰਾਮ ਭਜੁ ਨਾਹਿ ਤ ਬਿਨਠੀ ਬਾਤ ॥੨੨੨॥}

(ਅੰਗ - ੧੩੭੬)

{ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥੨੨੩॥}

(ਅੰਗ - ੧੩੭੬)

{ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਧ ਮੰਤੁ ॥
ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ ॥੨੨੪॥}

(ਅੰਗ - ੧੩੭੬)

{ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ॥ ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ॥੨੨੮॥}

(ਅੰਗ - ੧੩੭੬)

{ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥ ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥੨੨੯॥}

(ਅੰਗ - ੧੩੭੬)

{ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ ॥ ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥੨੩੦॥}

(ਅੰਗ - ੧੩੭੬)

{ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ ॥
ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ ॥੨੩੧॥}

(ਅੰਗ - ੧੩੭੬)

{ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥}

(ਅੰਗ - ੧੩੭੭)

{ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥}

(ਅੰਗ - ੧੩੭੭)

{ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥੨੩੭॥}

(ਅੰਗ - ੧੩੭੭)

{ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥੨੩੮॥}

(ਅੰਗ - ੧੩੭੭)

{ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥
ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ॥੨੪੦॥}

(ਅੰਗ - ੧੩੭੭)

{ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥}

(ਅੰਗ - ੧੩੭੭)

{ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥}

(ਅੰਗ - ੧੩੭੮)

{ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥ ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥}

(ਅੰਗ - ੧੩੭੮)

{ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥}

(ਅੰਗ - ੧੩੭੮)

{ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥ ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥}

(ਅੰਗ - ੧੩੭੮)

{ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥ ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥੧੭॥}

(ਅੰਗ - ੧੩੭੮)

{ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥}

(ਅੰਗ - ੧੩੭੮)

{ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥੧੯॥}

(ਅੰਗ - ੧੩੭੮)

{ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥੨੩॥}

(ਅੰਗ - ੧੩੭੯)

{ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥}

(ਅੰਗ - ੧੩੭੯)

{ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥ ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥}

(ਅੰਗ - ੧੩੭੯)

{ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥}

(ਅੰਗ - ੧੩੭੯)

{ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ ॥ ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥੩੧॥}

(ਅੰਗ - ੧੩੭੯)

{ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥ ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥੩੨॥}

(ਅੰਗ - ੧੩੭੯)

{ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥}

(ਅੰਗ - ੧੩੭੯)

{ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥ ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥੩੮॥}

(ਅੰਗ - ੧੩੭੯)

{ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥}

(ਅੰਗ - ੧੩੭੯)

{ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥ ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥੪੦॥}

(ਅੰਗ - ੧੩੭੯)

{ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥ ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥}

(ਅੰਗ - ੧੩੮੦)

{ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥

ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥ ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥}

(ਅੰਗ - ੧੩੮੦)

{ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥}

(ਅੰਗ - ੧੩੮੦)

{ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥}

(ਅੰਗ - ੧੩੮੦)

{ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥੫੨॥}

(ਅੰਗ - ੧੩੮੦)

{ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥ ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥੫੩॥}

(ਅੰਗ - ੧੩੮੦)

{ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥ ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥}

(ਅੰਗ - ੧੩੮੦)

{ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥ ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ॥੫੫॥}

(ਅੰਗ - ੧੩੮੦)

{ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥ ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥੫੭॥}

(ਅੰਗ - ੧੩੮੦)

{ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥
ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ ॥੫੮॥}

(ਅੰਗ - ੧੩੮੦)

{ਫਰੀਦਾ ਜਿਨ੍ੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥}

(ਅੰਗ - ੧੩੮੧)

{ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥ ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥੬੦॥}

(ਅੰਗ - ੧੩੮੧)

{ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥ ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥}

(ਅੰਗ - ੧੩੮੧)

{ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥ ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥੬੨॥}

(ਅੰਗ - ੧੩੮੧)

{ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥ ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥੬੩॥}

(ਅੰਗ - ੧੩੮੧)

{ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥ ਚਿੰਜੂ ਬੋੜਨ੍ਹਿ ਨਾ ਪੀਵਹਿ ਉਡਣ ਸੰਦੀ ਡੰਝ ॥੬੪॥}

(ਅੰਗ - ੧੩੮੧)

{ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥ ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥}

(ਅੰਗ - ੧੩੮੧)

{ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥}

(ਅੰਗ - ੧੩੮੧)

{ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥}

(ਅੰਗ - ੧੩੮੧)

{ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥ ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥੭੪॥}

(ਅੰਗ - ੧੩੮੧)

{ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥}

(ਅੰਗ - ੧੩੮੧)

{ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥}

(ਅੰਗ - ੧੩੮੧)

{ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥ ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥}

(ਅੰਗ - ੧੩੮੨)

{ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥ ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ॥੮੦॥}

(ਅੰਗ - ੧੩੮੨)

{ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥}

(ਅੰਗ - ੧੩੮੨)

{ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥ ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ ॥੮੨॥}

(ਅੰਗ - ੧੩੮੨)

{ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥੮੩॥}

(ਅੰਗ - ੧੩੮੨)

{ਫਰੀਦਾ ਭੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥ ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥੮੫॥}

(ਅੰਗ - ੧੩੮੨)

{ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥ ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥੮੬॥}

(ਅੰਗ - ੧੩੮੨)

{ਫਰੀਦਾ ਗਲੀਂ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥ ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ॥੮੭॥}

(ਅੰਗ - ੧੩੮੨)

{ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥ ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥੮੮॥}

(ਅੰਗ - ੧੩੮੨)

{ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੮੦॥}

(ਅੰਗ - ੧੩੮੨)

{ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥ ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੮੧॥}

(ਅੰਗ - ੧੩੮੨)

{ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥ ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੮੨॥}

(ਅੰਗ - ੧੩੮੨)

{ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥ ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ॥੮੩॥}

(ਅੰਗ - ੧੩੮੨)

{ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥ ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੮੪॥}

(ਅੰਗ - ੧੩੮੨)

{ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੮੫॥}

(ਅੰਗ - ੧੩੮੨)

{ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥ ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੮੬॥}

(ਅੰਗ - ੧੩੮੨)

{ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥}

(ਅੰਗ - ੧੩੮੩)

{ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥}

(ਅੰਗ - ੧੩੮੩)

{ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥ ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥}

(ਅੰਗ - ੧੩੮੩)

{ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਹਾ ਵਾਸੁ ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥੧੦੧॥}

(ਅੰਗ - ੧੩੮੩)

{ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥}

(ਅੰਗ - ੧੩੮੩)

{ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ॥ ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਰੁ॥੧੦੫॥}

(ਅੰਗ - ੧੩੮੩)

{ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥ ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥੧੦੬॥}

(ਅੰਗ - ੧੩੮੩)

{ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥}

(ਅੰਗ - ੧੩੮੩)

{ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥ ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥੧੦੮॥}

(ਅੰਗ - ੧੩੮੩)

{ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥ ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥}

(ਅੰਗ - ੧੩੮੩)

{ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥੧੧੦॥}

(ਅੰਗ - ੧੩੮੩)

{ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥
ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥}

(ਅੰਗ - ੧੩੮੩)

{ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥ ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥}

(ਅੰਗ - ੧੩੮੪)

{ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਇਕਿ ਜਾਗੰਦੇ ਨਾ ਲਹਨ੍ਹਿ ਇਕਨ੍ਹਾ ਸੁਤਿਆ ਦੇਇ ਉਠਾਲਿ ॥੧੧੩॥}

(ਅੰਗ - ੧੩੮੪)

{ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥ ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥੧੧੭॥}

(ਅੰਗ - ੧੩੮੪)

{ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥ ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥੧੧੮॥}

(ਅੰਗ - ੧੩੮੪)

{ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥੧੨੦॥}

(ਅੰਗ - ੧੩੮੪)

{ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥}

(ਅੰਗ - ੧੩੮੪)

{ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥}

(ਅੰਗ - ੧੩੮੪)

{ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥ ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥}

(ਅੰਗ - ੧੩੮੪)

{ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥ ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥}

(ਅੰਗ - ੧੩੮੪)

{ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥}

(ਅੰਗ - ੧੩੮੪)

{ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥੧੨੮॥}

(ਅੰਗ - ੧੩੮੪)

{ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥}

(ਅੰਗ - ੧੩੮੪)

{ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥}

(ਅੰਗ - ੧੩੮੪)

{ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥ ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥}

(ਅੰਗ - ੧੩੮੫)

{ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥ ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥}

(ਅੰਗ - ੧੩੮੬)

{ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥}

(ਅੰਗ - ੧੩੮੭)

{ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ ॥
ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥}

(ਅੰਗ - ੧੩੮੭)

{ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ ॥
ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ ॥}

(ਅੰਗ - ੧੩੮੭)

{ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ ॥
ਸੀਲ ਧਰਮ ਦਯਾ ਸੁਚ ਨਾਸ੍ਹਿ ਆਇਓ ਸਰਨਿ ਜੀਅ ਕੇ ਦਾਨੀ ॥
ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ ॥੧॥}

(ਅੰਗ - ੧੩੮੭)

{ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ ॥
ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ ॥
ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧਉ ॥}

(ਅੰਗ - ੧੩੮੭)

{ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭਉ ॥
ਸਿਖ੍ਹਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰਉ ॥੨॥}

(ਅੰਗ - ੧੩੮੭)

{ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ ॥
ਮਿਤ੍ ਨ ਪੁਤ੍ ਕਲਤ੍ ਸਾਜਨ ਸਖ ਉਲਟਤ ਜਾਤ ਬਿਰਖ ਕੀ ਛਾਂਰਹੁ ॥
ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥}

(ਅੰਗ - ੧੩੮੮)

{ਧਾਵਨ ਪਾਵਨ ਕੂਰ ਕਮਾਵਨ ਇਹ ਬਿਧਿ ਕਰਤ ਅਉਧ ਤਨ ਜਾਰੀ ॥
ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ ॥}

(ਅੰਗ - ੧੩੮੮)

{ਨਾਨਕ ਸੰਤ ਚਰਨ ਸੰਗਿ ਉਧਰੇ ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥੬॥}

(ਅੰਗ - ੧੩੮੮)

{ਦਹ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ ਹੈ ॥
ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥}

(ਅੰਗ - ੧੩੮੮)

{ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ ॥
ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥੮॥}

(ਅੰਗ - ੧੩੮੮)

{ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥
ਇਸਨਾਨ ਦਾਨ ਤਾਪਨ ਸੁਚਿ ਕਿਰਿਆ ਚਰਣ ਕਮਲ ਹਿਰਦੈ ਪ੍ਰਭ ਧਾਰੀ ॥}

(ਅੰਗ - ੧੩੮੯)

{ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥ ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥}

(ਅੰਗ - ੧੩੯੦)

{ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥ ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ॥}

(ਅੰਗ - ੧੩੯੦)

{ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥
ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥}

(ਅੰਗ - ੧੩੯੧)

{ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ ਤਿਮਰ ਅਗ੍ਯਾਨ ਜਾਹਿ ਦਰਸ ਦੁਆਰ ॥

ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ ਤੇ ਨਰ ਭਵ ਉਤਾਰਿ ਕੀਏ ਨਿਰਭਾਰ ॥}

(ਅੰਗ - ੧੩੯੧)

{ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ ਗੁਰੁ ਪਰਸਿ ਮੁਰਾਰਿ ॥੪॥}

(ਅੰਗ - ੧੩੯੧)

{ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥ ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥}

(ਅੰਗ - ੧੩੯੧)

{ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ ॥ ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ ॥}

(ਅੰਗ - ੧੩੯੧)

{ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਬਿ ਦੀਓ ॥ ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰਗਤਿ ਪੀਓ ॥}

(ਅੰਗ - ੧੩੯੨)

{ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ ॥ ਸਤਿਗੁਰੁ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ॥}

(ਅੰਗ - ੧੩੯੨)

{ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ ॥
ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ ॥}

(ਅੰਗ - ੧੩੯੨)

{ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥ ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥}

(ਅੰਗ - ੧੩੯੨)

{ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥ ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥}

(ਅੰਗ - ੧੩੯੨)

{ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥}

(ਅੰਗ - ੧੩੯੩)

{ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ ਚਾਯ ਮੁਖਿ ਮਿਸ੍ਰ ਬਾਣੀ ॥
ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ ॥}

(ਅੰਗ - ੧੩੯੩)

{ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ ॥
ਸਕਯਥ ਤਿ ਨਰ ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ ॥੨॥੧੧॥}

(ਅੰਗ - ੧੩੯੪)

{ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁ ਮਤਿ ਜਲ੍ਹ ਜਾਣੀ ਜੁਗਤਿ ॥
ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ ॥੪॥੧੩॥}

(ਅੰਗ - ੧੩੯੪)

{ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ ॥
ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥੫॥੧੪॥}

(ਅੰਗ - ੧੩੯੫)

{ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥}

(ਅੰਗ - ੧੩੯੫)

{ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥ ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥}

(ਅੰਗ - ੧੩੯੫)

{ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥ ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥}

(ਅੰਗ - ੧੩੯੫)

{ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥}

(ਅੰਗ - ੧੩੯੫)

{ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥
ਗੁਰੁ ਮਿਲਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥੧॥੧੯॥}

(ਅੰਗ - ੧੩੯੫)

{ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥}

(ਅੰਗ - ੧੩੯੬)

{ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥ ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥}

(ਅੰਗ - ੧੩੯੬)

{ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥ ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥}

(ਅੰਗ - ੧੩੯੬)

{ਸਤਗੁਰ ਮਤਿ ਗੂੜ੍ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ ॥
ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ ॥}

(ਅੰਗ - ੧੩੯੬)

{ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਯਾ ਤਿਸੁ ਪ੍ਰਸਾਦਿ ਵਸਿ ਪੰਚ ਕਰੇ ॥
ਕਵਿ ਕਲ੍ਹ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥੩॥}

(ਅੰਗ - ੧੩੯੬)

{ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ ॥
ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ॥}

(ਅੰਗ - ੧੩੯੭)

{ਅਭਰ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ ॥ ਦੁਖ ਭੰਜਨੁ ਆਤਮ ਪ੍ਰਬੋਧੁ ਮਨਿ ਤਤੁ ਬੀਚਾਰਿਓ ॥}

(ਅੰਗ - ੧੩੯੭)

{ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥ ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥}

(ਅੰਗ - ੧੩੯੭)

{ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥ ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ ॥}

(ਅੰਗ - ੧੩੯੭)

{ਅਬਿਗਤ ਅਗੋਚਰੁ ਅਪਰਪਰੁ ਮਨਿ ਗੁਰ ਸਬਦੁ ਵਸਾਇਅਉ ॥
ਗੁਰ ਰਾਮਦਾਸ ਕਲ੍ਯ੍ਚਰੈ ਤੈ ਜਗਤ ਉਧਾਰਣੁ ਪਾਇਅਉ ॥੯॥}

(ਅੰਗ - ੧੩੯੭)

{ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ ॥ ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਧੈ ਨਿਵਾਰਣੁ ॥}

(ਅੰਗ - ੧੩੯੭)

{ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥ ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥}

(ਅੰਗ - ੧੩੯੭)

{ਗੁਰੁ ਜਿਨ੍ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ॥ ਜਿਨ੍ ਕਉ ਗੁਰੁ ਸੁਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ॥}

(ਅੰਗ - ੧੩੯੮)

{ਗੁਰੁ ਜਿਨ੍ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ॥ ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥}

(ਅੰਗ - ੧੩੯੮)

{ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ ਤਿਨ੍ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ ॥
ਤਾਰਣ ਤਰਣ ਖਿਨ ਮਾਝ੍ ਜਾ ਕਉ ਦ੍ਰਿਸ੍ਟਿ ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ ॥}

(ਅੰਗ - ੧੩੯੮)

{ਜੀਅਨ ਸਭਨ ਦਾਤਾ ਅਗਮ ਗ੍ਯਾਨ ਬਿਖ੍ਯਾਤਾ ਅਹਿਨਿਸਿ ਧ੍ਯਾਨ ਧਾਵੈ ਪਲਕ ਨ ਸੋਵੈ ਜੀਉ ॥
ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ ॥}

(ਅੰਗ - ੧੩੯੮)

{ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ ॥
ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥੨॥}

(ਅੰਗ - ੧੩੯੮)

{ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥}

(ਅੰਗ - ੧੩੯੯)

{ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥ ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥}

(ਅੰਗ - ੧੩੯੯)

{ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥ ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥}

(ਅੰਗ - ੧੩੯੯)

{ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ ॥
ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥}

(ਅੰਗ - ੧੩੯੯)

{ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ ॥
ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥}

(ਅੰਗ - ੧੩੯੯)

{ਸਮਰਥ ਗੁਰੂ ਸਿਰਿ ਹਥੁ ਧਰ੍ਯਉ ॥ ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਯਉ ॥}

(ਅੰਗ - ੧੪੦੦)

{ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ ॥
ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥}

(ਅੰਗ - ੧੪੦੦)

{ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ ॥
ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ ॥}

(ਅੰਗ - ੧੪੦੧)

{ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥੩॥੧੫॥}

(ਅੰਗ - ੧੪੦੧)

{ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਤਾਰਹੁ ॥}

(ਅੰਗ - ੧੪੦੧)

{ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ ॥
ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ ॥}

(ਅੰਗ - ੧੪੦੨)

{ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ ॥
ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ ਧਰੰ ॥}

(ਅੰਗ - ੧੪੦੨)

{ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥੯॥}

(ਅੰਗ - ੧੪੦੩)

{ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ ਨਿਸਿ ਬਾਸੁਰ ਹੋਇ ਕਲ੍ਯਾਨੁ ਲਹਹਿ ਪਰਮ ਗਤਿ ਜੀਉ॥
ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ ॥}

(ਅੰਗ - ੧੪੦੩)

{ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ ॥
ਤਾ ਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ ਅੰਧ੍ਯਾਰ ਕੋ ਨਾਸੁ ॥}

(ਅੰਗ - ੧੪੦੬)

{ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥
ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥੧॥}

(ਅੰਗ - ੧੪੦੬)

{ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥}

(ਅੰਗ - ੧੪੦੬)

{ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਯਉ ॥ ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਯਉ ॥}

(ਅੰਗ - ੧੪੦੬)

{ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥ ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥}

(ਅੰਗ - ੧੪੦੬)

{ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥}

(ਅੰਗ - ੧੪੦੬)

{ਸਤਿਗੁਰ ਚਰਣ ਕਵਲ ਰਿਦਿ ਧਾਰੰ ॥ ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥}

(ਅੰਗ - ੧੪੦੬)

{ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥ ਸਗਲ ਮਨੋਰਥ ਪੂਰੀ ਆਸਾ ॥}

(ਅੰਗ - ੧੪੦੬)

{ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥ ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਯਾਯਉ ॥}

(ਅੰਗ - ੧੪੦੭)

{ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ॥੨॥}

(ਅੰਗ - ੧੪੦੭)

{ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥ ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥}

(ਅੰਗ - ੧੪੦੭)

{ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ ॥ ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ ॥}

(ਅੰਗ - ੧੪੦੭)

{ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਯਉ ॥
ਪੰਚਾਹਰੁ ਨਿਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰ੍ਯਉ ॥}

(ਅੰਗ - ੧੪੦੮)

{ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥ ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ॥}

(ਅੰਗ - ੧੪੧੦)

{ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥ ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥੮॥}

(ਅੰਗ - ੧੪੧੦)

{ਕਲਰ ਕੇਰੀ ਛਪੜੀ ਕਉਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥}

(ਅੰਗ - ੧੪੧੧)

{ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥}

(ਅੰਗ - ੧੪੧੧)

{ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥੧੦॥}

(ਅੰਗ - ੧੪੧੧)

{ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ ॥ ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ ॥}

(ਅੰਗ - ੧੪੧੧)

{ਵੇਖਣੁ ਸੁਨਣਾ ਝੂਠੁ ਹੈ ਮੁਖਿ ਝੂਠਾ ਆਲਾਉ ॥ ਨਾਨਕ ਨਾਮੁ ਸਲਾਹਿ ਤੂ ਹੋਰੁ ਹਉਮੈ ਆਵਉ ਜਾਉ ॥੧੧॥}

(ਅੰਗ - ੧੪੧੧)

{ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥}

(ਅੰਗ - ੧੪੧੧)

{ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥}

(ਅੰਗ - ੧੪੧੧)

{ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥}

(ਅੰਗ - ੧੪੧੧)

{ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥}

(ਅੰਗ - ੧੪੧੧)

{ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥}

(ਅੰਗ - ੧੪੧੧)

{ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥}

(ਅੰਗ - ੧੪੧੧)

{ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਨੁ ॥}

(ਅੰਗ - ੧੪੧੧)

{ਲਬੁ ਲੋਭੁ ਜੇ ਕੂੜੁ ਕਮਾਵੈ ॥ ਅਪਣਾ ਕੀਤਾ ਆਪੇ ਪਾਵੈ ॥੧੭॥}

(ਅੰਗ - ੧੪੧੧)

{ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥}

(ਅੰਗ - ੧੪੧੨)

{ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥੨੨॥}

(ਅੰਗ - ੧੪੧੨)

{ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥ ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥}

(ਅੰਗ - ੧੪੧੨)

{ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ ॥ ਗਲਾਂ ਕਰੇ ਘਣੇਰੀਆ ਤਾਂ ਅੰਨੇ੍ ਪਵਣਾ ਖਾਤੀ ਟੋਵੈ ॥੨੨॥}

(ਅੰਗ - ੧੪੧੨)

{ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ ॥੨੩॥}

(ਅੰਗ - ੧੪੧੨)

{ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥ ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥}

(ਅੰਗ - ੧੪੧੩)

{ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ ॥੪॥}

(ਅੰਗ - ੧੪੧੩)

{ਮਾਥੈ ਜੋ ਧੁਰਿ ਲਿਖਿਆ ਸੁ ਮੇਟਿ ਨ ਸਕੈ ਕੋਇ ॥
ਨਾਨਕ ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸ ਨੋ ਨਦਰਿ ਹੋਇ ॥੫॥}

(ਅੰਗ - ੧੪੧੩)

{ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ ॥ ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ ॥}

(ਅੰਗ - ੧੪੧੩)

{ਆਪਿ ਭੁਲਾਏ ਭੁਲੀਐ ਆਪੇ ਮੇਲਿ ਮਿਲਾਇ ॥ ਨਾਨਕ ਗੁਰਮੁਖਿ ਛੁਟੀਐ ਜੇ ਚਲੈ ਸਤਿਗੁਰ ਭਾਇ ॥੬॥}

(ਅੰਗ - ੧੪੧੩)

{ਸਾਲਾਹੀ ਸਾਲਾਹਣਾ ਭੀ ਸਚਾ ਸਾਲਾਹਿ ॥ ਨਾਨਕ ਸਚਾ ਏਕੁ ਦਰੁ ਬੀਭਾ ਪਰਹਰਿ ਆਹਿ ॥੭॥}

(ਅੰਗ - ੧੪੧੩)

{ਦੁਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ ॥ ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ ॥੮॥}

(ਅੰਗ - ੧੪੧੩)

{ਜਿਨਾ ਸਤਿਗੁਰੁ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ ॥
ਗੁਰ ਸਬਦੀ ਹਰਿ ਮਨਿ ਵਸੈ ਮਾਇਆ ਕੀ ਭੁਖ ਜਾਇ ॥}

(ਅੰਗ - ੧੪੧੩)

{ਸੇ ਜਨ ਨਿਰਮਲ ਊਜਲੇ ਜਿ ਗੁਰਮੁਖਿ ਨਾਮਿ ਸਮਾਇ ॥
ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥੧੧॥}

(ਅੰਗ - ੧੪੧੩)

{ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ ॥
ਭੈ ਭਗਤੀ ਭਗਤ ਬਹੁ ਲੋਚਦੇ ਪ੍ਰਭ ਲੋਚਾ ਪੂਰਿ ਮਿਲਾਇ ॥}

(ਅੰਗ - ੧੪੧੩)

{ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ ॥
ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ ॥੧੨॥}

(ਅੰਗ - ੧੪੧੪)

{ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ ॥
ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ ॥੧੩॥}

(ਅੰਗ - ੧੪੧੪)

{ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥}

(ਅੰਗ - ੧੪੧੪)

{ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥}

(ਅੰਗ - ੧੪੧੪)

{ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥}

(ਅੰਗ - ੧੪੧੪)

{ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥੧੬॥}

(ਅੰਗ - ੧੪੧੪)

{ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ ॥ ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ॥}

(ਅੰਗ - ੧੪੧੪)

{ਜੰਮਣੁ ਮਰਣੁ ਨ ਚੁਕਈ ਰੰਗੁ ਲਗਾ ਦੂਜੈ ਭਾਇ ॥ ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥੧੭॥}

(ਅੰਗ - ੧੪੧੪)

{ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥
ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥
ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥੧੮॥}

(ਅੰਗ - ੧੪੧੪)

{ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ ॥
ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ ॥੨੦॥}

(ਅੰਗ - ੧੪੧੫)

{ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥}

(ਅੰਗ - ੧੪੧੫)

{ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ ॥

ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ ॥੨੦॥}

(ਅੰਗ - ੧੪੧੫)

{ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥ ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥}

(ਅੰਗ - ੧੪੧੫)

{ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ ॥
ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ ॥}

(ਅੰਗ - ੧੪੧੫)

{ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ ॥
ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ ॥੨੧॥}

(ਅੰਗ - ੧੪੧੫)

{ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥}

(ਅੰਗ - ੧੪੧੫)

{ਸਤਿਗੁਰ ਪੁਰਖੁ ਨਿਰਵੈਰੁ ਹੈ ਨਿਤ ਹਿਰਦੈ ਹਰਿ ਲਿਵ ਲਾਇ ॥
ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ ॥}

(ਅੰਗ - ੧੪੧੫)

{ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ ॥
ਕੂੜੁ ਬੋਲਿ ਬੋਲਿ ਨਿਤ ਭਉਕਦੇ ਬਿਖੁ ਖਾਧੇ ਦੂਜੈ ਭਾਇ ॥}

(ਅੰਗ - ੧੪੧੫)

{ਬਿਖੁ ਮਾਇਆ ਕਾਰਣਿ ਭਰਮਦੇ ਫਿਰਿ ਘਰਿ ਘਰਿ ਪਤਿ ਗਵਾਇ ॥
ਬੇਸੁਆ ਕੇਰੇ ਪੂਤ ਜਿਉ ਪਿਤਾ ਨਾਮੁ ਤਿਸੁ ਜਾਇ ॥}

(ਅੰਗ - ੧੪੧੫)

{ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥
ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿ ਨਾਮੁ ਰਖਹਿ ਉਰ ਧਾਰਿ ॥}

(ਅੰਗ - ੧੪੧੫)

{ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ ॥ ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ ॥
ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ ॥੨੬॥}

(ਅੰਗ - ੧੪੧੫)

{ਜਨ ਕੀ ਟੇਕ ਹਰਿ ਨਾਮੁ ਹਰਿ ਬਿਨੁ ਨਾਵੈ ਠਵਰ ਨ ਠਾਉ॥ ਗੁਰਮਤੀ ਨਾਉ ਮਨਿ ਵਸੈ ਸਹਜੇ ਸਹਜਿ ਸਮਾਉ॥}

(ਅੰਗ - ੧੪੧੬)

{ਲਖ ਚਉਰਾਸੀਹ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ ॥
ਇਹੁ ਮੋਹੁ ਮਾਇਆ ਸਭੁ ਪਸਰਿਆ ਨਾਲਿ ਚਲੈ ਨ ਅੰਤੀ ਵਾਰ ॥}

(ਅੰਗ - ੧੪੧੬)

{ਵਡਭਾਗੀ ਸਤਿਗੁਰੁ ਪਾਇਆ ਬੂਝਿਆ ਬ੍ਰਹਮੁ ਬਿਚਾਰੁ ॥
ਤਿਸਨਾ ਅਗਨਿ ਸਭ ਬੁਝਿ ਗਈ ਜਨ ਨਾਨਕ ਹਰਿ ਉਰਿ ਧਾਰਿ ॥੨੮॥}

(ਅੰਗ - ੧੪੧੬)

{ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥}

(ਅੰਗ - ੧੪੧੬)

{ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਟਿ ਵਿਕਾਰ ॥
ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ ॥੨੯॥}

(ਅੰਗ - ੧੪੧੬)

{ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨ੍ ॥ ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨ੍ ॥੩੦॥}

(ਅੰਗ - ੧੪੧੬)

{ਇਹੁ ਮਨੁ ਸਬਦਿ ਨ ਭੇਦਿਓ ਕਿਉ ਹੋਵੈ ਘਰ ਵਾਸੁ ॥ ਮਨਮੁਖੀਆ ਦੋਹਾਗਣੀ ਆਵਣ ਜਾਣਿ ਮੁਈਆਸੁ ॥}

(ਅੰਗ - ੧੪੧੬)

{ਗੁਰਮੁਖਿ ਨਾਮੁ ਸੁਹਾਗੁ ਹੈ ਮਸਤਕਿ ਮਣੀ ਲਿਖਿਆਸੁ ॥
ਹਰਿ ਹਰਿ ਨਾਮੁ ਉਰਿ ਧਾਰਿਆ ਹਰਿ ਹਿਰਦੈ ਕਮਲ ਪ੍ਰਗਾਸੁ ॥}

(ਅੰਗ - ੧੪੧੬)

{ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ ॥
ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ ॥}

(ਅੰਗ - ੧੪੧੬)

{ਮੁਖਿ ਸੰਜਮ ਹਛਾ ਨ ਹੋਵਈ ਕਰਿ ਭੇਖ ਭਵੈ ਸਭ ਕੋਈ॥ ਗੁਰ ਕੀ ਪਉੜੀ ਜਾਇ ਚੜੈ ਕਰਮਿ ਪਰਾਪਤਿ ਹੋਈ॥}

(ਅੰਗ - ੧੪੧੬)

{ਅੰਤਰਿ ਆਇ ਵਸੈ ਗੁਰ ਸਬਦੁ ਵੀਚਾਰੈ ਕੋਇ ॥ ਨਾਨਕ ਸਬਦਿ ਮਰੈ ਮਨੁ ਮਾਨੀਐ ਸਾਚੇ ਸਾਚੀ ਸੋਇ ॥੩੩॥}

(ਅੰਗ - ੧੪੧੬)

{ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ ॥
ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥}

(ਅੰਗ - ੧੪੧੭)

{ਗੁਰਮਤੀ ਗਿਆਨੁ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ ॥
ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ ॥੩੪॥}

(ਅੰਗ - ੧੪੧੭)

{ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ ॥
ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿ ਧਾਰਿ ॥}

(ਅੰਗ - ੧੪੧੭)

{ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ ॥

ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ ॥੩੫॥}

(ਅੰਗ - ੧੪੧੭)

{ਹੋਮ ਜਗ ਸਭਿ ਤੀਰਥਾ ਪੜਿ੍ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥}

(ਅੰਗ - ੧੪੧੭)

{ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ ॥
ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ ॥੩੭॥}

(ਅੰਗ - ੧੪੧੭)

{ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ ਮਰਿ ਬਿਨਸਿ ਜਾਇ ਖਿਨ ਵਾਰ ॥}

(ਅੰਗ - ੧੪੧੭)

{ਵਡ ਭਾਗੁ ਹੋਵੈ ਸਤਿਗੁਰੁ ਮਿਲੈ ਹਉਮੈ ਤਜੈ ਵਿਕਾਰ ॥
ਹਰਿ ਨਾਮਾ ਜਪਿ ਸੁਖੁ ਪਾਇਆ ਜਨ ਨਾਨਕ ਸਬਦੁ ਵੀਚਾਰ ॥੩੮॥}

(ਅੰਗ - ੧੪੧੭)

{ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥ ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥}

(ਅੰਗ - ੧੪੧੭)

{ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥
ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ ਗਾਇ ॥੪੦॥}

(ਅੰਗ - ੧੪੧੭)

{ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ ॥
ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥}

(ਅੰਗ - ੧੪੧੭)

{ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥ ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ॥੪੧॥}

(ਅੰਗ - ੧੪੧੭)

{ਮਨ ਆਵਣ ਜਾਣੁ ਨ ਸੁਝਈ ਨਾ ਸੁਝੈ ਦਰਬਾਰੁ ॥ ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ ॥}

(ਅੰਗ - ੧੪੧੮)

{ਸਬਦਿ ਮਰੈ ਸੋ ਮੁਆ ਜਾਪੈ ॥ ਗੁਰ ਪਰਸਾਦੀ ਹਰਿ ਰਸਿ ਧ੍ਰਾਪੈ ॥ ਹਰਿ ਦਰਗਹਿ ਗੁਰ ਸਬਦਿ ਸਿਞਾਪੈ ॥}

(ਅੰਗ - ੧੪੧੮)

{ਬਿਨੁ ਸਬਦੈ ਮੁਆ ਹੈ ਸਭੁ ਕੋਇ ॥ ਮਨਮੁਖੁ ਮੁਆ ਅਪੁਨਾ ਜਨਮੁ ਖੋਇ ॥
ਹਰਿ ਨਾਮੁ ਨ ਚੇਤਹਿ ਅੰਤਿ ਦੁਖੁ ਰੋਇ ॥ ਨਾਨਕ ਕਰਤਾ ਕਰੇ ਸੁ ਹੋਇ ॥੪੩॥}

(ਅੰਗ - ੧੪੧੮)

{ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥

ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥੪੪॥}

(ਅੰਗ - ੧੪੧੮)

{ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨ੍ਹਾ ਅੰਤਰਿ ਹਰਿ ਸੁਰਤਿ ਨਾਹੀ ॥
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮ ਰਾਇ ਕੈ ਜਾਂਹੀ ॥}

(ਅੰਗ - ੧੪੧੮)

{ਬੁਰਾ ਕਰੇ ਸੁ ਕੇਹਾ ਸਿਝੈ ॥ ਆਪਣੈ ਰੋਹਿ ਆਪੇ ਹੀ ਦਝੈ ॥ ਮਨਮੁਖਿ ਕਮਲਾ ਰਗੜੈ ਲੁਝੈ ॥}

(ਅੰਗ - ੧੪੧੮)

{ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ ॥ ਨਾਨਕ ਗੁਰਮੁਖਿ ਮਨ ਸਿਉ ਲੁਝੈ ॥੪੬॥}

(ਅੰਗ - ੧੪੧੮)

{ਜਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥}

(ਅੰਗ - ੧੪੧੮)

{ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ ॥
ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ ॥}

(ਅੰਗ - ੧੪੧੮)

{ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ ॥
ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ ॥੪੭॥}

(ਅੰਗ - ੧੪੧੮)

{ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥}

(ਅੰਗ - ੧੪੧੮)

{ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥
ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥
ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥੪੮॥}

(ਅੰਗ - ੧੪੧੮)

{ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ ॥
ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ ॥}

(ਅੰਗ - ੧੪੧੮)

{ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ ॥
ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ ॥੪੯॥}

(ਅੰਗ - ੧੪੧੯)

{ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥
ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥}

(ਅੰਗ - ੧੪੧੯)

{ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥
ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੫੦॥}

(ਅੰਗ - ੧੪੧੯)

{ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥
ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥}

(ਅੰਗ - ੧੪੧੯)

{ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ ॥ ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ ॥}

(ਅੰਗ - ੧੪੧੯)

{ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ ਰਹਾਉ ॥
ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ ॥}

(ਅੰਗ - ੧੪੧੯)

{ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥
ਸੰਗਤਿ ਢੋਈ ਨਾ ਮਿਲੈ ਭਾਈ ਬੈਸਣਿ ਮਿਲੈ ਨ ਥਾਉ ॥}

(ਅੰਗ - ੧੪੧੯)

{ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ ॥ ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨ੍ਹਿ ॥੫੨॥}

(ਅੰਗ - ੧੪੧੯)

{ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥
ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥ ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥}

(ਅੰਗ - ੧੪੧੯)

{ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥੫੩॥}

(ਅੰਗ - ੧੪੧੯)

{ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ ॥ ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ ॥}

(ਅੰਗ - ੧੪੧੯)

{ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ ॥ ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ ॥}

(ਅੰਗ - ੧੪੨੦)

{ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ ॥ ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ ॥}

(ਅੰਗ - ੧੪੨੦)

{ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ ॥
ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥}

(ਅੰਗ - ੧੪੨੦)

{ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ॥ ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥੫੬॥}

(ਅੰਗ - ੧੪੨੦)

{ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ ਬੂੰਦ ਮੁਹਿ ਪਾਇ ॥}

(ਅੰਗ - ੧੪੨੦)

{ਹਰਿ ਗੁਣ ਗਾਵਹੁ ਕਾਮਣੀ ਸਚੈ ਸਬਦਿ ਸਮਾਇ ॥ ਭੈ ਕਾ ਸਹਜੁ ਸੀਗਾਰੁ ਕਰਿਹੁ ਸਚਿ ਰਹਹੁ ਲਿਵ ਲਾਇ ॥
ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ ॥੫੭॥}

(ਅੰਗ - ੧੪੨੦)

{ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ ॥
ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥
ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ ॥੫੮॥}

(ਅੰਗ - ੧੪੨੦)

{ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥
ਨਾਨਕ ਨਾਮੁ ਨ ਵੀਸਰੈ ਜਿਨਿ ਸਿਰਿਆ ਸਭੁ ਕੋਇ ॥੬੦॥}

(ਅੰਗ - ੧੪੨੦)

{ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ ॥ ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ ॥}

(ਅੰਗ - ੧੪੨੦)

{ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ ॥
ਨਦਰਿ ਕਰਹਿ ਜੇ ਆਪਣੀ ਤਾਂ ਆਪੇ ਲੈਹਿ ਸਵਾਰਿ ॥}

(ਅੰਗ - ੧੪੨੦)

{ਨਾਨਕ ਗੁਰਮੁਖਿ ਜਿਨ੍ਹੀ ਧਿਆਇਆ ਆਏ ਸੇ ਪਰਵਾਣੁ ॥੬੩॥}

(ਅੰਗ - ੧੪੨੧)

{ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥ ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥੬੪॥}

(ਅੰਗ - ੧੪੨੧)

{ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥ ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥੬੬॥}

(ਅੰਗ - ੧੪੨੧)

{ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ ॥ ਨਾਨਕ ਨਦਰੀ ਬਾਹਰੀ ਕਰਣ ਪਲਾਹ ਕਰੇ ॥੬੭॥}

(ਅੰਗ - ੧੪੨੧)

{ਵਡਭਾਗੀਆ ਸੋਹਾਗਣੀ ਜਿਨ੍ਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥੧॥}

(ਅੰਗ - ੧੪੨੧)

{ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥}

(ਅੰਗ - ੧੪੨੧)

{ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥}

(ਅੰਗ - ੧੪੨੧)

{ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥}

(ਅੰਗ - ੧੪੨੧)

{ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥ ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ॥}

(ਅੰਗ - ੧੪੨੧)

{ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥
ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥}

(ਅੰਗ - ੧੪੨੨)

{ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ ॥
ਸਤਿਗੁਰ ਕਾ ਦਰਸਨੁ ਸਫਲੁ ਹੈ ਜੋ ਇਛੈ ਸੋ ਫਲੁ ਪਾਇ ॥}

(ਅੰਗ - ੧੪੨੨)

{ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ॥ ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ॥੧੦॥}

(ਅੰਗ - ੧੪੨੨)

{ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥ ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥}

(ਅੰਗ - ੧੪੨੨)

{ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥}

(ਅੰਗ - ੧੪੨੨)

{ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥੧੫॥}

(ਅੰਗ - ੧੪੨੨)

{ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥ ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥}

(ਅੰਗ - ੧੪੨੨)

{ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ॥
ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥੧੬॥}

(ਅੰਗ - ੧੪੨੨)

{ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥ ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥
ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥}

(ਅੰਗ - ੧੪੨੨)

{ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥
ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥}

(ਅੰਗ - ੧੪੨੨)

{ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥
ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥੧੮॥}

(ਅੰਗ - ੧੪੨੩)

{ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥ ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥}

(ਅੰਗ - ੧੪੨੩)

{ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥}

(ਅੰਗ - ੧੪੨੩)

{ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ ॥
ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥}

(ਅੰਗ - ੧੪੨੩)

{ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ ਅਨਦਿਨੁ ਸੇਵਾ ਕਰਤ ਸਮਾਇ ॥
ਅੰਤਰਿ ਸਤਿਗੁਰੁ ਗੁਰੂ ਸਭ ਪੂਜੇ ਸਤਿਗੁਰ ਕਾ ਦਰਸੁ ਦੇਖੈ ਸਭ ਆਇ ॥}

(ਅੰਗ - ੧੪੨੩)

{ਮੰਨੀਐ ਸਤਿਗੁਰ ਪਰਮ ਬੀਚਾਰੀ ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ ॥
ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥
ਨਾਨਕ ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ ॥੨੦॥}

(ਅੰਗ - ੧੪੨੩)

{ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਉ ਚਿਤੁ ਲਾਇ ॥
ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ ਨਿਰਦੋਖ ਭਏ ਲਿਵ ਲਾਇ ॥}

(ਅੰਗ - ੧੪੨੩)

{ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ ॥
ਨਾਨਕ ਗੁਰ ਪੂਰੇ ਤੇ ਪਾਇਆ ਸਹਜਿ ਮਿਲਿਆ ਪ੍ਰਭੁ ਆਇ ॥੨੨॥}

(ਅੰਗ - ੧੪੨੩)

{ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥
ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ ॥ ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥}

(ਅੰਗ - ੧੪੨੩)

{ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥
ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥੨੩॥}

(ਅੰਗ - ੧੪੨੩)

{ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥}

(ਅੰਗ - ੧੪੨੩)

{ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥
ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥}

(ਅੰਗ - ੧੪੨੩)

{ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ॥ ਗੁਰਮਤੀ ਨਾਮੁ ਨਿਰਮਲੁ ਨਿਰਮਲ ਨਾਮੁ ਧਿਆਇ॥}

(ਅੰਗ - ੧੪੨੪)

{ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥
ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥}

(ਅੰਗ - ੧੪੨੪)

{ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥ ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥}

(ਅੰਗ - ੧੪੨੪)

{ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥
ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥੨੬॥}

(ਅੰਗ - ੧੪੨੪)

{ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥}

(ਅੰਗ - ੧੪੨੪)

{ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥}

(ਅੰਗ - ੧੪੨੪)

{ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥
ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥}

(ਅੰਗ - ੧੪੨੪)

{ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥

ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ॥}

(ਅੰਗ - ੧੪੨੪)

{ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥
ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥}

(ਅੰਗ - ੧੪੨੪)

{ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥}

(ਅੰਗ - ੧੪੨੪)

{ਗੁਰਮਤੀ ਹਰਿ ਹਰਿ ਬੋਲੇ ॥ ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥
ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥}

(ਅੰਗ - ੧੪੨੪)

{ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ ॥
ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥}

(ਅੰਗ - ੧੪੨੪)

{ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ॥ ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ॥੩॥}

(ਅੰਗ - ੧੪੨੫)

{ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥੫॥}

(ਅੰਗ - ੧੪੨੫)

{ਕਰੇ ਸੁ ਚੰਗਾ ਮਾਨਿ ਦੁਯੀ ਗਣਤ ਲਾਹਿ ॥ ਅਪਣੀ ਨਦਰਿ ਨਿਹਾਲਿ ਆਪੇ ਲੈਹੁ ਲਾਇ ॥}

(ਅੰਗ - ੧੪੨੫)

{ਜਨ ਦੇਹੁ ਮਤੀ ਉਪਦੇਸੁ ਵਿਚਹੁ ਭਰਮੁ ਜਾਇ ॥ ਜੋ ਧੁਰਿ ਲਿਖਿਆ ਲੇਖੁ ਸੋਈ ਸਭ ਕਮਾਇ ॥}

(ਅੰਗ - ੧੪੨੫)

{ਸਭੁ ਕਛੁ ਤਿਸ ਦੈ ਵਸਿ ਦੂਜੀ ਨਾਹਿ ਜਾਇ ॥ ਨਾਨਕ ਸੁਖ ਅਨਦ ਭਏ ਪ੍ਰਭ ਕੀ ਮੰਨਿ ਰਜਾਇ ॥੭॥}

(ਅੰਗ - ੧੪੨੫)

{ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥ ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥੮॥}

(ਅੰਗ - ੧੪੨੫)

{ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥੯॥}

(ਅੰਗ - ੧੪੨੫)

{ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥ ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥}

(ਅੰਗ - ੧੪੨੫)

{ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ ॥ ਨਾਨਕ ਸੇਈ ਉਬਰੇ ਜਿਨਾ ਭਾਗੁ ਮਥਾਹਿ ॥੧੧॥}

(ਅੰਗ - ੧੪੨੫)

{ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥ ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥੧੩॥}

(ਅੰਗ - ੧੪੨੫)

{ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥ ਦੂਜੈ ਭਾਵੀ ਨਾਨਕਾ ਵਹਣਿ ਲੁੜ੍ਹੰਦੜੀ ਜਾਇ ॥੧੬॥}

(ਅੰਗ - ੧੪੨੬)

{ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ ॥ ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧ੍ਯਾਰ ॥੧੮॥}

(ਅੰਗ - ੧੪੨੬)

{ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥ ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥੧੯॥}

{ਤਿਚਰੁ ਮੂਲਿ ਨ ਬੁੜੀਦੋ ਜਿਚਰੁ ਆਪਿ ਕ੍ਰਿਪਾਲੁ ॥
ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥੨੦॥}

(ਅੰਗ - ੧੪੨੬)

{ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥ ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥}

(ਅੰਗ - ੧੪੨੬)

{ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥}

(ਅੰਗ - ੧੪੨੬)

{ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥}

(ਅੰਗ - ੧੪੨੬)

{ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥ ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥੩॥}

(ਅੰਗ - ੧੪੨੬)

{ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥ ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥}

(ਅੰਗ - ੧੪੨੬)

{ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥}

(ਅੰਗ - ੧੪੨੬)

{ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥}

(ਅੰਗ - ੧੪੨੬)

{ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥}

(ਅੰਗ - ੧੪੨੭)

{ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥}

{ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥}

{ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥}

(ਅੰਗ - ੧੪੨੭)

{ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥}

(ਅੰਗ - ੧੪੨੭)

{ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥}

(ਅੰਗ - ੧੪੨੭)

{ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥}

(ਅੰਗ - ੧੪੨੭)

{ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥}

(ਅੰਗ - ੧੪੨੭)

{ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥}

(ਅੰਗ - ੧੪੨੭)

{ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥ ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ॥੨੬॥}

(ਅੰਗ - ੧੪੨੭)

{ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥}

(ਅੰਗ - ੧੪੨੭)

{ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ॥੨੮॥}

(ਅੰਗ - ੧੪੨੭)

{ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥ ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥}

(ਅੰਗ - ੧੪੨੭)

{ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥}

(ਅੰਗ - ੧੪੨੮)

{ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ॥ ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ॥੩੧॥}

(ਅੰਗ - ੧੪੨੮)

{ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥ ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥}

(ਅੰਗ - ੧੪੨੮)

{ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥}

(ਅੰਗ - ੧੪੨੮)

{ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥ ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥}

(ਅੰਗ - ੧੪੨੮)

{ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥ ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥੩੮॥}

(ਅੰਗ - ੧੪੨੮)

{ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥}

(ਅੰਗ - ੧੪੨੮)

{ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥ ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥}

(ਅੰਗ - ੧੪੨੮)

{ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥ ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥}

(ਅੰਗ - ੧੪੨੮)

{ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥੪੨॥}

(ਅੰਗ - ੧੪੨੮)

{ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥}

(ਅੰਗ - ੧੪੨੮)

{ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥}

(ਅੰਗ - ੧੪੨੮)

{ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥੪੬॥}

(ਅੰਗ - ੧੪੨੮)

{ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥}

(ਅੰਗ - ੧੪੨੮)

{ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥੫੦॥}

(ਅੰਗ - ੧੪੨੮)

{ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥}

(ਅੰਗ - ੧੪੨੯)

{ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥ ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥}

(ਅੰਗ - ੧੪੨੯)

{ਬਲੁ ਛੂਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥}

(ਅੰਗ - ੧੪੨੯)

{ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥}

(ਅੰਗ - ੧੪੨੯)

{ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥ ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥੫੫॥}

(ਅੰਗ - ੧੪੨੯)

{ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥}

(ਅੰਗ - ੧੪੨੯)

{ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥ ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥੫੭॥੧॥}

(ਅੰਗ - ੧੪੨੯)

{ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥}

(ਅੰਗ - ੧੪੨੯)

{ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥}

(ਅੰਗ - ੧੪੨੯)

{ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥}

(ਅੰਗ - ੧੪੨੯)